ਖਾਲਸੇ ਦੇ 300 ਸਾਲਾ ਪ੍ਰਕਾਸ਼ ਉਤਸਵ ਨੂੰ ਸਮਰਪਤ

ਸ੍ਰੀ
ਗੁਰੂ ਗ੍ਰੰਥ ਕੋਸ਼

ਗੁਰਮੁਖੀ ਤੋਂ ਗੁਰਮੁਖੀ

ਸੰਪਾਦਕ
ਡਾ. ਗੁਰਚਰਨ ਸਿੰਘ

2000
ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ
ਪਟਿਆਲਾ

ਭੂਮਿਕਾ

ਪ੍ਰੋਫੈਸਰ ਸਾਹਿਬ ਸਿੰਘ ਜੀ 20ਵੀਂ ਸਦੀ ਦੇ ਮੁੱਢਲੇ ਅੱਧ ਵਿਚ ਸਿਰਕੱਢ ਸਿੱਖ ਸ਼ਖ਼ਸੀਅਤ ਹੋ ਚੁੱਕੇ ਹਨ। ਉਨ੍ਹਾਂ ਨੇ ਉਮਰ ਭਰ ਇੱਕ ਲਗਨ, ਸਿਰੜ ਤੇ ਸਿਦਕ ਨਾਲ ਗੁਰਬਾਣੀ ਦੀ ਖੋਜ, ਪ੍ਰਚਾਰ ਤੇ ਪਰਸਾਰ ਦਾ ਕੰਮ ਕੀਤਾ। ਵਿਆਕਰਣ ਨੂੰ ਲਾਗੂ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (10 ਜਿਲਦਾਂ) ਵਿਚ ਕੀਤਾ ਟੀਕਾ, ਗੁਰਬਾਣੀ ਦੀ ਵਿਆਖਿਆ ਦੇ ਖੇਤਰ ਦਾ ਇੱਕ ਮੀਲ ਪੱਥਰ ਹੈ। ਇਸ ਤਰ੍ਹਾਂ ਪ੍ਰੋਫੈਸਰ ਸਾਹਿਬ ਸਿੰਘ ਆਪਣੇ ਯੋਗਦਾਨ ਕਰਕੇ ਸੰਸਥਾ ਹੋ ਗਏ ਹਨ ਅਤੇ ਅਕਾਦਮਿਕ ਸ਼ਬਦਾਵਲੀ ਵਿਚ ਸਿੱਖ ਧਰਮ ਵਿਗਿਆਨੀ (ਠਹਏੋਲੋਗਸਿਟ) ਦਾ ਰੁਤਬਾ ਹਾਸਲ ਕਰ ਗਏ ਹਨ।

ਉਹਨਾਂ ਦੀ ਯਾਦ ਨੂੰ ਸਮਰਪਿਤ ਅਤੇ ਉਹਨਾਂ ਵਲੋਂ ਛੋਹੇ ਗਏ ਗੁਰਮਤਿ ਦੇ ਅਧਿਐਨ ਲਈ ਸ੍ਰੋਤ–ਸਾਹਿਤ ਦੀ ਤਿਆਰੀ ਲਈ, 1993 ਵਿਚ ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਦੀ ਸਥਾਪਨਾ ਉਨ੍ਹਾਂ ਦੇ ਵਿਦਿਆਰਥੀਆਂ ਤੇ ਪ੍ਰਸੰਸਕਾਂ ਵੱਲੋਂ ਕੀਤੀ ਗਈ ਸੀ। ਇਸ ਦਾ ਉਦੇਸ਼, ਅਨੁਕ੍ਰਮਣਿਕਾ (ਛੋਨਚੋਰਦੳਨਚਏ), ਸ਼ਬਦ ਕੋਸ਼ ਤੇ ਹੋਰ ਗੁਰਮਤਿ ਸਬੰਧੀ ਹਵਾਲਾ ਪੁਸਤਕਾਂ ਦੀ ਤਿਆਰੀ, ਸਿੱਖ ਰਹਿਤ ਮਰਿਯਾਦਾ ਬਾਰੇ ਪੁਸਤਕਾਂ ਦਾ ਸੰਪਾਦਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭਾਰਤੀ ਅਤੇ ਵਿਸ਼ਵ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ, ਗੁਰਮਤਿ ਸਿੱਖਿਆਵਾਂ ਅਤੇ ਪ੍ਰੰਪਰਾਵਾਂ ਬਾਰੇ ਸਾਹਿਤ ਸਿਰਜਨ ਅਤੇ ਹੋਰ ਗੁਰਮਤਿ ਦੇ ਮੂਲ ਗ੍ਰੰਥਾਂ ਦੇ ਸੁਨੇਹੇ ਦੇ ਪ੍ਰਚਾਰ ਤੇ ਪਰਸਾਰ ਲਈ ਸਾਹਿਤ ਆਦਿ ਦੀ ਤਿਆਰੀ ਨੂੰ ਰੱਖਿਆ ਗਿਆ ਸੀ। ਸਮੇਂ ਸਮੇਂ ਸਿਰ ਪ੍ਰਾਪਤ ਵਿਤੀ ਸਾਧਨਾਂ ਦੇ ਅਨੁਸਾਰ ਡਾ. ਗੁਰਚਰਨ ਸਿੰਘ ਦੇ ਨਿਰਦੇਸ਼ਨ ਅਧੀਨ ਇਸ ਉਦੇਸ਼ ਦੀ ਪ੍ਰਾਪਤੀ ਲਈ ਦੋ ਅਥਵਾ ਤਿੰਨ ਖੋਜ ਸਹਾਇਕ ਨਿਰੰਤਰ ਕੰਮ ਕਰ ਰਹੇ ਹਨ।

ਹੁਣ ਤੱਕ ਦਾ ਕਾਰਜ

ਛਪ ਚੁੱਕੀਆਂ ਪੁਸਤਕਾਂ

(ੳ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ

1. ਤੁੱਕ–ਤਤਕਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਕ – ਸ. ਅਮਰ ਸਿੰਘ

(ਅ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ

1.	ਬਾਣੀ ਭਗਤ ਰਵਿਦਾਸ ਜੀ (ਪਾਠ, ਤੁੱਕ–ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਸ. ਅਮਰ ਸਿੰਘ
2.	ਬਾਣੀ ਭਗਤ ਨਾਮਦੇਵ ਜੀ (ਪਾਠ, ਤੁੱਕ–ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਸ. ਅਮਰ ਸਿੰਘ
3.	ਬਾਣੀ ਗੁਰੂ ਅੰਗਦ ਦੇਵ ਜੀ (ਪਾਠ, ਤੁੱਕ–ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਸ. ਅਮਰ ਸਿੰਘ ਗਿਆਨੀ ਦਵਿੰਦਰ ਸਿੰਘ ‘ਰਾਜ਼’
4.	ਸ੍ਰੀ ਮੁੱਖ ਬਾਣੀਆਂ ਪਾਤਸ਼ਾਹੀ 10 ਵੀਂ (ਪਾਠ, ਤੁੱਕ–ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਡਾ. ਗੁਰਮੁਖ ਸਿੰਘ ਪ੍ਰੋ. ਬਲਜਿੰਦਰ ਕੌਰ ਜ਼ੋਸ਼ੀ
5.	ਅਤਿਰਿਕਤ ਭਗਤ ਬਾਣੀ (ਪਾਠ, ਤੁੱਕ–ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਸ. ਅਮਰ ਸਿੰਘ ਸ. ਪਿਆਰਾ ਸਿੰਘ
6.	ਬਾਣੀ ਗੁਰੂ ਨਾਨਕ ਦੇਵ ਜੀ (ਤੁੱਕ–ਤਤਕਰਾ)	ਸੰਪਾਦਕ – ਸ. ਅਮਰ ਸਿੰਘ

		ਬੀਬਾ ਬਲਜੀਤ ਕੌਰ
7.	ਬਾਣੀ ਗੁਰੂ ਅਮਰਦਾਸ ਜੀ (ਤੁੱਕ-ਤਤਕਰਾ)	ਸੰਪਾਦਕ – ਸ. ਅਮਰ ਸਿੰਘ
8.	ਬਾਣੀ ਗੁਰੂ ਰਾਮਦਾਸ ਜੀ ਸੰਪਾਦਕ (ਤੁੱਕ-ਤਤਕਰਾ)	ਸੰਪਾਦਕ – ਸ. ਅਮਰ ਸਿੰਘ ਸ. ਪਿਆਰਾ ਸਿੰਘ
9.	ਬਾਣੀ ਗੁਰੂ ਅਰਜਨ ਦੇਵ ਜੀ (ਤੁੱਕ-ਤਤਕਰਾ)	ਸੰਪਾਦਕ – ਪ੍ਰੋ. ਨਵਦੀਪ ਕੌਰ
10.	ਭੱਟਾਂ ਦੇ ਸਵੱਯੈ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਡਾ. ਗੁਰਮੁਖ ਸਿੰਘ ਪ੍ਰੋ. ਬਲਜਿੰਦਰ ਕੌਰ ਜ਼ੋਸ਼ੀ

(ੲ) ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ ਵੱਲੋਂ

1.	ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਉਸ ਦੇ ਰਚਯਿਤਾ ਭਗਤ	ਸ. ਰਤਨ ਸਿੰਘ
2.	ਵੀਚਾਰ ਸਾਂਝਾਂ	ਸ. ਰਤਨ ਸਿੰਘ
3.	‘ਹਉਮੈ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਅਮਰ ਸਿੰਘ
4.	‘ਸਤਸੰਗਤਿ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਅਮਰ ਸਿੰਘ
5.	ਭੱਟਾਂ ਦੇ ਸਵੱਯੈ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਡਾ. ਗੁਰਮੁਖ ਸਿੰਘ ਪ੍ਰੋ. ਬਲਜਿੰਦਰ ਕੌਰ ਜ਼ੋਸ਼ੀ
6.	‘ਨਦਰਿ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਅਮਰ ਸਿੰਘ

ਛਪਾਈ ਲਈ ਤਿਆਰ

1.	ਬਾਣੀ ਭਗਤ ਕਬੀਰ ਜੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਪ੍ਰੋ. ਗੁਰਬੀਰ ਸਿੰਘ
2.	ਬਾਣੀ ਗੁਰੂ ਤੇਗ਼ ਬਹਾਦਰ ਜੀ (ਪਾਠ, ਤੁੱਕ-ਤਤਕਰਾ, ਅਨੁਕ੍ਰਮਣਿਕਾ ਤੇ ਕੋਸ਼)	ਸੰਪਾਦਕ – ਡਾ. ਗੁਰਚਰਨ ਸਿੰਘ ਸ. ਅਮਰ ਸਿੰਘ
3.	‘ਸੁੱਖ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਹਰਿਬੰਸ ਸਿੰਘ
4.	‘ਦੁੱਖ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਹਰਿਬੰਸ ਸਿੰਘ
5.	‘ਨਿੰਦਾ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਅਮਰਜੀਤ ਸਿੰਘ
6.	‘ਪੰਥ ਪ੍ਰਕਾਸ਼’ ਸਬੰਧ ਸੂਚਕ ਤਤਕਰਾ	ਸੰਪਾਦਕ – ਸ. ਅਮਰ ਸਿੰਘ
7.	‘ਭਾਈ ਨੰਦ ਲਾਲ’ ਤੁੱਕ-ਤਤਕਰਾ ਤੇ ਵਿਚਾਰ ਕੋਸ਼	ਸੰਪਦਕ – ਬੀਬੀ ਇੰਦਰਜੀਤ ਕੌਰ

ਤਿਆਰੀ ਅਧੀਨ

1.	‘ਮਾਇਆ’ ਗੁਰਮਤਿ ਪਰਿਪੇਖ	ਸੰਪਾਦਕ – ਪ੍ਰੋ. ਗੁਰਬੀਰ ਸਿੰਘ
2.	‘ਡਰ ਤੇ ਭੈਅ’ ਗੁਰਮਤਿ ਪਰਿਪੇਖ	ਸੰਪਾਦਕ – ਡਾ. ਸ. ਸ. ਕਿਸ਼ਨਪੁਰੀ
3.	‘ਹੁਕਮ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਪਿਆਰਾ ਸਿੰਘ
4.	‘ਸੇਵਾ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਸ. ਪਿਆਰਾ ਸਿੰਘ
5.	‘ਸਿਮਰਨ’ ਦਾ ਗੁਰਮਤਿ ਪਰਿਪੇਖ	ਸੰਪਾਦਕ – ਡਾ. ਜਸਬੀਰ ਕੌਰ

ਟਰੱਸਟ ਵਲੋਂ ਡਾ. ਕੁਲਬੀਰ ਸਿੰਘ ਥਿੰਦ ਐਮ. ਡੀ., ਅਮਰੀਕਾ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁੱਕ-ਤਤਕਰੇ ਅਥਵਾ 'ਹਉਮੈ' ਦਾ ਗੁਰਮਤਿ ਪਰਿਪੇਖ ਪੁਸਤਕ ਦੀ ਸੀ. ਡੀ. ਰੋਮ ਵੀ ਤਿਆਰ ਕੀਤੀ ਜਾ ਚੁੱਕੀ ਹੈ । ਟਰੱਸਟ ਨੂੰ ਡਾ. ਥਿੰਦ ਦੇ ਸਹਿਯੋਗ ਤੇ ਮਾਣ ਹੈ ।

ਸੰਕੇਤ ਵਿਧੀ

ਕੋਸ਼ ਵਿਚ ਦਿੱਤੇ ਸੰਕੇਤਾਂ ਦੀ ਵਿਧੀ ਇਸ ਪ੍ਰਕਾਰ ਹੈ :

1. ਹਰ ਤੁੱਕ ਲਈ ਦਿੱਤੇ ਸੰਕੇਤ ਵਿਚ ਆਉਂਦਾ ਪਹਿਲਾ ਸੰਖੇਪ-ਚਿੰਨ੍ਹ, ਉਸ ਰਾਗ ਦੀ ਸੂਚਨਾ ਦਿੰਦਾ ਹੈ ਜਿਸ ਵਿਚ ਉਹ ਤੁੱਕ ਆਉਂਦੀ ਹੈ। ਜਿਹੜੀਆਂ ਰਚਨਾਵਾਂ ਰਾਗਾਂ ਦੀ ਬੰਦਸ਼ ਤੋਂ ਬਾਹਰ ਹਨ, ਉਨ੍ਹਾਂ ਵਿਚ ਆਉਂਦੀਆਂ ਤੁੱਕਾਂ ਦੇ ਹਵਾਲਿਆਂ ਵਿਚ ਇਹ ਪਹਿਲਾ ਸੰਖੇਪ-ਚਿੰਨ੍ਹ ਬਾਣੀ ਦੇ ਨਾਂ ਅਥਵਾ ਕਾਵਿ-ਰੂਪ ਦਾ ਸੂਚਕ ਹੁੰਦਾ ਹੈ ਜਿਵੇਂ ਜਪੁ, ਸਲੋ (ਸਲੋਕ), ਸਵ (ਸਵਯੇ) ਆਦਿ। ਸਾਰ ਸੰਖੇਪ ਚਿੰਨ੍ਹ ਵੱਧ ਤੋਂ ਵੱਧ ਦੋ ਅੱਖਰਾਂ ਦਾ ਹੈ।

2. ਪਹਿਲੇ ਸੰਖੇਪ-ਚਿੰਨ੍ਹ ਤੋਂ ਅਗੇ ਮੋਟੇ ਹਿੰਦਸੇ ਅਥਵਾ ਅੱਖਰਾਂ ਵਿਚ ਦਿੱਤਾ ਸੰਕੇਤ ਕਰਤਾ ਦਾ ਹੈ।

3. ਇਸ ਮੋਟੇ ਹਿੰਦਸੇ ਤੋਂ ਬਾਅਦ ਜੇ ਕੋਈ ਸੰਖੇਪ-ਚਿੰਨ੍ਹ ਆਉਂਦਾ ਹੈ ਤਾਂ ਉਹ ਕਾਵਿ-ਰੂਪ ਅਥਵਾ ਬਾਣੀ ਦੇ ਨਾਂ ਦਾ ਸੰਕੇਤਕ ਹੈ ਜਿਵੇਂ ਅਸ (ਅਸਟਪਦੀ) ਛੰਤ, ਸੋਲ੍ਹਾ, ਵਾਰ, ਸੁਖ (ਸੁਖਮਨੀ), ਪਟੀ, ਸਿਗੋ (ਸਿੱਧ ਗੋਸ਼ਟ) ਆਦਿ। ਜੇ ਕੋਈ ਸੰਖੇਪ-ਚਿੰਨ੍ਹ ਨਹੀਂ ਤਾਂ ਭਾਵ ਹੈ ਕਿ ਅੱਗੇ ਦਿੱਤਾ ਅੰਕ 'ਸ਼ਬਦਾਂ' ਅਥਵਾ ਦੁਪਦੇ ਤੋਂ ਛੇ ਪਦੇ ਵਾਲੀਆਂ ਰਚਨਾਵਾਂ ਦਾ ਹੈ ਜੋ ਹਰ ਰਾਗ ਵਿਚ ਸਭ ਤੋਂ ਪਹਿਲਾਂ ਦਰਜ ਹਨ।

4. ਮੋਟੇ ਹਿੰਦਸੇ ਤੋਂ ਬਾਅਦ ਆਉਂਦਾ ਹਿੰਦਸਾ ਸ਼ਬਦ ਅਥਵਾ ਅਸਟਪਦੀ ਅਥਵਾ ਉਸ ਬਾਣੀ ਦੀ ਪਉੜੀ ਆਦਿ ਦਾ ਨੰਬਰ ਹੈ।

5. ਇਸ ਤੋਂ ਬਾਅਦ ਦਿੱਤਾ ਹਿੰਦਸਾ ਉਸ ਸ਼ਬਦ, ਅਸਟਪਦੀ ਅਥਵਾ ਛੰਤ ਦੇ ਬੰਦ ਵਲ ਸੰਕੇਤ ਕਰਦਾ ਹੈ। ਇਸ ਬੰਦ ਵਲ ਸੰਕੇਤ ਕਰਦੇ ਹਿੰਦਸੇ ਤੋਂ ਬਾਅਦ ਹਮੇਸ਼ਾ ਕੋਲਨ ਵਰਤਿਆ ਗਿਆ ਹੈ।

6. ਸੰਕੇਤ ਦਾ ਆਖਰੀ ਹਿੰਦਸਾ ਅਰਥਾਤ ਕੋਲਨ ਤੋਂ ਪਿੱਛੋਂ ਆਉਂਦਾ ਹਿੰਦਸਾ ਹਮੇਸ਼ਾ ਬੰਦ ਦੀ ਤੁੱਕ ਨੰਬਰ ਦਾ ਸੰਕੇਤ ਕਰਦਾ ਹੈ।

7. ਤੁੱਕ ਨੰਬਰ ਦਾ ਸੰਕੇਤ ਕਰਦੇ ਅੰਕ ਤੋਂ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਸ ਪੰਨੇ ਦਾ ਸੰਕੇਤ ਹੈ ਜਿਸ ਉਪਰ ਉਸ ਤੁੱਕ ਵਿਸ਼ੇਸ਼ ਆਈ ਹੈ। ਇਹ ਪੰਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 1430 ਪੰਨਿਆਂ ਵਾਲੀ ਬੀੜ ਦੇ ਹਨ। ਕਿਉਂਕਿ ਵੱਖ ਵੱਖ ਛਾਪਾਂ ਵਿਚ ਬਹੁਤ ਵਾਰੀ ਪੰਨੇ ਦੀ ਅਖ਼ੀਰਲੀਆਂ ਅਥਵਾ ਮੁੱਢਲੀਆਂ ਸਤਰਾਂ ਜਾਂ ਸ਼ਬਦ ਅਗਲੇ ਅਥਵਾ ਪਿਛਲੇ ਪੰਨੇ ਉਪਰ ਚਲੇ ਜਾਂਦੇ ਹਨ, ਇਸ ਲਈ ਇਨ੍ਹਾਂ ਸਤਰਾਂ/ਸ਼ਬਦਾਂ ਦੇ ਸੰਦਰਭ ਵਿਚ ਇਹ ਪੰਨੇ ਅਗੇ ਪਿਛੇ ਹੋ ਸਕਦੇ ਹਨ।

8 . ਬੰਦ ਵਾਲੇ ਹਿੰਦਸੇ ਉੱਤੇ ਦਿੱਤਾ 'ਐਸਟੈਰਿਕ' (*) ਦਾ ਨਿਸ਼ਾਨ (ਅਸਟਇਰਕਿ ਮਓਰਕ) 'ਰਹਾਉ' ਵਾਲੇ ਬੰਦ ਦਾ ਲਖਾਇਕ ਹੈ। ਇਸ ਰਹਾਉ ਵਾਲੇ ਬੰਦ ਬਾਰੇ ਅੱਗੇ ਦਿੱਤੀਆਂ ਕੁੱਝ ਗੱਲਾਂ ਵਿਸ਼ੇਸ਼ ਧਿਆਨ ਯੋਗ ਹਨ। ਇਹ 'ਰਹਾਉ' ਵਾਲੇ ਬੰਦ 'ਸ਼ਬਦ' ਵਿਚ ਆਮ ਕਰਕੇ ਸ਼ਬਦ ਦੇ ਪਹਿਲੇ ਬੰਦ ਤੋਂ ਬਾਅਦ ਹੁੰਦਾ ਹੈ। ਕਈ ਵਾਰੀ ਇਹ ਸ਼ਬਦ ਦੇ ਆਰੰਭ ਉੱਤੇ ਵੀ ਆ ਜਾਂਦਾ ਹੈ ਅਤੇ ਕਈ ਵਾਰੀ ਇਕ ਸ਼ਬਦ ਵਿਚ ਇਸ ਦੀ ਗਿਣਤੀ ਇਕ ਤੋਂ ਵੱਧ ਵੀ ਹੁੰਦੀ ਹੈ। ਇਹ ਆਰੰਭਲੇ ਬੰਦ ਤੋਂ ਬਾਅਦ

ਵੀ ਅਤੇ ਸ਼ਬਦ ਦੇ ਅਖ਼ੀਰ ਉੱਤੇ ਵੀ ਹੁੰਦਾ ਹੈ ਤੇ ਕਈ ਵਾਰੀ ਇਹ ਹਰ ਬੰਦ ਤੋਂ ਬਾਅਦ ਵੀ ਆ ਜਾਂਦਾ ਹੈ। ਪਹਿਲੇ 'ਰਹਾਉ' ਵਾਲੇ ਬੰਦ ਦਾ ਸੰਕੇਤ '1' ਕਰਕੇ ਹੈ ਅਤੇ ਬਾਅਦ ਵਿਚ ਆਉਂਦੇ 'ਰਹਾਉ' ਵਾਲੇ ਬੰਦ ਜਿਸ ਸਾਧਾਰਨ ਬੰਦ ਪਿੱਛੋਂ ਵੀ ਆਏ ਹਨ, ਉਸ ਬੰਦ ਦੇ ਹਿੰਦਸੇ ਉੱਤੇ ਇਹ (*) ਨਿਸ਼ਾਨ ਲਾ ਕੇ ਦਰਸਾਇਆ ਗਿਆ ਹੈ। 'ਰਹਾਉ' ਵਾਲੇ ਬੰਦ ਵਿਚ ਤੁਕਾਂ ਦੀ ਗਿਣਤੀ ਵੀ 1 ਤੋਂ ਲੈ ਕੇ 4 ਤਕ ਘਟਦੀ ਵਧਦੀ ਹੈ।

9. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 176 ਉਪਰ ਰਾਗੁ ਗਉੜੀ ਵਿਚ ਗੁਰੂ ਅਰਜਨ ਸਾਹਿਬ ਦੇ 70 ਵੇਂ ਸ਼ਬਦ ਤੋਂ ਬਾਅਦ ਦੇ (ਨੰਬਰ ਰਹਿਤ) ਸ਼ਬਦ ਨੂੰ 71ਵਾਂ ਸ਼ਬਦ ਗਿਣ ਕੇ ਅਗਲੇ ਸ਼ਬਦ ਦੀ ਗਿਣਤੀ 71* ਕਰਕੇ ਗਿਣੀ ਗਈ ਹੈ। ਇਵੇਂ ਹੀ ਪੰਨਾ 200 ਉਪਰ ਸ਼ਬਦਾਂ ਦੀ ਸੰਚਿਤ ਗਿਣਤੀ 174 ਤੋਂ ਬਾਅਦ ਭਾਗ ਅੰਕ ਅਨੁਸਾਰ ਅਗਲੇ ਸ਼ਬਦ ਨੂੰ 201 ਪੰਨੇ ਉਪਰ 106 ਕਰਕੇ ਗਿਣਿਆ ਹੈ। ਇਨ੍ਹਾਂ ਦੁਬਾਰਾ ਆਉਂਦੇ ਅੰਕਾਂ ਉਪਰ ਵੀ * ਦਾ ਨਿਸ਼ਾਨ ਹੈ।

'ਸਵਯੇ ਮੁਖਵਾਕ ਮ: 5' ਵਿਚ ਵੀ 20 ਸਵੱਯਾਂ ਦੀ ਗਿਣਤੀ 1 ਤੋਂ 9 ਅਤੇ ਫਿਰ 1 ਤੋਂ 11 ਕਰਕੇ ਕੀਤੀ ਗਈ ਹੈ।ਦੂਜੀ ਗਿਣਤੀ ਦੇ ਸੰਕੇਤਕ ਅੰਕਾਂ ਉਪਰ ਵੀ * ਦਾ ਨਿਸ਼ਾਨ ਹੈ।

10. ਬੰਦ ਵਾਲੇ ਹਿੰਦਸੇ ਨਾਲ ਆਉਂਦਾ 'ਸ' ਅਤੇ 'ਡ' ਅੱਖਰ ਉਸ ਬੰਦ ਤੋਂ ਪਹਿਲਾਂ ਆਉਂਦੇ ਸਲੋਕ ਅਥਵਾ ਡਖਣੇ ਵਲ ਸੰਕੇਤ ਕਰਦਾ ਹੈ। ਛੰਤਾਂ ਵਿਚ, ਸੁਖਮਨੀ, ਬਾਵਨ ਅਖਰੀ ਆਦਿ ਬਾਣੀਆਂ ਵਿਚ ਇਹ ਸਲੋਕ ਆਮ ਹਨ।

11. ਕਾਵਿ-ਰੂਪ ਅਥਵਾ ਬਾਣੀ-ਨਾਮ ਦੇ ਸੰਕੇਤਕ ਸੰਖੇਪ-ਚਿੰਨ੍ਹ ਤੋਂ ਮਗਰੋਂ ਜੇ (:) ਨਾਲ ਨਿਖੇੜੇ ਹਿੰਦਸੇ ਆ ਜਾਂਦੇ ਹਨ ਤਾਂ ਉਸ ਦਾ ਭਾਵ ਹੈ ਕਿ ਉਸ ਕਾਵਿ-ਰੂਪ ਵਿਚ ਰਚੀ ਗਈ ਰਚਨਾ ਅਥਵਾ ਬਾਣੀ ਲਗਾਤਾਰ ਰਚਨਾ ਹੈ ਤੇ ਪਹਿਲਾ ਹਿੰਦਸਾ ਪਉੜੀ ਅਥਵਾ ਬੰਦ ਦੇ ਨੰਬਰ ਵਲ ਸੰਕੇਤ ਕਰਦਾ ਹੈ ਤੇ ਦੂਜਾ ਹਿੰਦਸਾ ਤੁਕ ਨੰਬਰ ਵਲ। ਇਸ ਤਰ੍ਹਾਂ ਦੇ ਸੰਕੇਤ ਜਪੁਜੀ, ਬਾਰਾਮਾਹ, ਵਾਰ, ਬਾਵਨ ਅਖਰੀ, ਪਟੀ, ਓਅੰਕਾਰ, ਸਿਧ-ਗੋਸਟ, ਅਨੰਦ ਸਾਹਿਬ ਦੀਆਂ ਲੰਮੀਆਂ ਬਾਣੀਆਂ ਵਿਚ ਆਉਂਦੇ ਹਨ।

12. 'ਵਾਰਾਂ' ਦੀ ਤਰਤੀਬ ਥੋੜ੍ਹੀ ਜਹੀ ਗੁੰਝਲਦਾਰ ਹੈ। ਇਸ ਲਈ ਇਨ੍ਹਾਂ ਵਿਚ ਤੁੱਕ ਦਾ ਹਵਾਲਾ ਥੋੜ੍ਹਾ ਜਿਹਾ ਵੱਖਰਾ ਹੋ ਜਾਂਦਾ ਹੈ। ਜਿਹਾ ਕਿ ਅਸੀਂ ਜਾਣਦੇ ਹਾਂ ਵਾਰਾਂ ਵਿਚ ਪਉੜੀਆਂ ਤਾਂ ਇੱਕੋ ਗੁਰੂ ਸਾਹਿਬ ਦੀਆਂ ਹਨ ਸਿਵਾਏ ਰਾਗ ਗਉੜੀ ਵਾਰ ਮ: 4 ਵਿਚ ਪੰਜ ਅਤੇ ਸਾਰੰਗ ਤੇ ਮਲਾਰ ਰਾਗ ਦੀਆਂ ਵਾਰਾਂ ਵਿਚ ਗੁਰੂ ਅਰਜਨ ਸਾਹਿਬ ਦੀ ਇੱਕ ਇੱਕ ਪਉੜੀ ਦੇ। ਇਨ੍ਹਾਂ ਵਾਰਾਂ ਵਿਚ ਇਸ ਗੱਲ ਦਾ ਸੰਕੇਤ 'ਪਉੜੀ ਮ: 5 ਕਰਕੇ ਉੱਥੇ ਦਿੱਤਾ ਹੋਇਆ ਹੈ ਪਰ ਸਲੋਕ ਬਹੁਤ ਸਾਰੀਆਂ ਵਾਰਾਂ ਵਿਚ ਕਈ ਗੁਰੂ ਸਾਹਿਬਾਂ ਦੇ ਹਨ। ਇਸ ਲਈ ਸੰਕੇਤ ਨੂੰ ਵਧੇਰਾ ਨਿਸਚਿਤ ਅਤੇ ਵਿਗਿਆਨਿਕ ਬਣਾਉਣ ਲਈ ਇਹ ਵਿਧੀ ਅਪਣਾਈ ਗਈ ਹੈ :

(1) ਜੇ 'ਤੁੱਕ' ਵਾਰ ਦੀਆਂ ਪਉੜੀਆਂ ਵਿਚ ਹੈ ਤਾਂ ਕਰਤਾ ਨੂੰ ਸੰਕੇਤਦੇ ਮੋਟੇ ਅੱਖਰਾਂ ਤੋਂ ਬਾਅਦ 'ਵਾਰ' ਲਿਖ ਕੇ ਕੋਲਨ (:) ਰਾਹੀਂ ਨਿਖੇੜੇ ਗਏ ਦੋ ਹਿੰਦਸਿਆਂ ਰਾਹੀਂ ਪਉੜੀ ਨੰਬਰ ਅਤੇ ਤੁਕ ਨੰਬਰ ਦਾ ਹਵਾਲਾ ਦਿੱਤਾ ਗਿਆ ਹੈ।

(2) ਪਰ ਜੇ ਸ਼ਬਦ ਪਉੜੀ ਤੋਂ ਪਹਿਲਾਂ ਸਲੋਕਾਂ ਵਿਚ ਹੈ ਤਾਂ ਪਉੜੀ ਨੂੰ ਸੰਕੇਤਦੇ ਹਿੰਦਸੇ ਨਾਲ ਅੱਖਰ 'ਸ' ਪਾ ਦਿੱਤਾ ਗਿਆ ਹੈ।

(3) ‘ਸ’ ਤੋਂ ਬਾਅਦ ਦਾ ਮੋਟਾ ਹਿੰਦਸਾ ਉਸ ਸਲੋਕ ਦੇ ਕਰਤਾ ਦਾ ਸੂਚਕ ਹੈ ਅਤੇ ਇਸ ਤੋਂ ਉਪਰੰਤ ਦੇ ਕੋਲਨ ਨਾਲ ਨਿਖੇੜੇ ਹਿੰਦਸੇ ਸਲੋਕ ਦੇ ਨੰਬਰ ਤੇ ਤੁੱਕ ਦੇ ਨੰਬਰ ਦਾ ਸੰਕੇਤ ਦਿੰਦੇ ਹਨ।

13. ਸਵੱਯੈ ਮ: 5 ਵਿਚ ਭੱਟ ‘ਕਲਸਹਾਰ’ ਦੇ ਸਵੈਯਾਂ ਵਿਚ ‘9’ ਤੋਂ ਬਾਅਦ ਆਉਂਦੇ ਤਿੰਨ, ਸਵੱਯੇ 10, 11, 12 ਕਰਕੇ ਗਿਣੇ ਗਏ ਹਨ।

14. ਗੁਰੂ ਗ੍ਰੰਥ ਸਾਹਿਬ ਵਿਚ ਆਉਂਦੀ ਅੰਤਲੀ ਰਚਨਾ ‘ਰਾਗ ਮਾਲਾ’ ਵਿਚ ਹਰ ਬੰਦ ਦੇ ਪਿਛੋਂ ‘1’ ਦੀ ਗਿਣਤੀ ਹੈ। ਇਸ ਲਈ ਸੰਕੇਤ ਦੇਣ ਲਈ ਇਸ ਸਾਰੀ ਰਚਨਾ ਨੂੰ ਇਕ ਬੰਦ ਅਥਵਾ ਇਕ ਇਕਾਈ ਮੰਨ ਕੇ, ਇਸ ਦੀਆਂ ਤੁੱਕਾਂ ਦੀ ਗਿਣਤੀ ਮੁੱਢ ਤੋਂ ਹੀ ਲਈ ਗਈ ਹੈ।

ਇਸ ਵਿਧੀ ਨੂੰ ਸਪੱਸ਼ਟ ਕਰਨ ਲਈ ਕੁਝ ਉਦਾਹਰਣ ਹੇਠਾਂ ਦਿੱਤੇ ਜਾ ਰਹੇ ਹਨ :

(1) ਸੋ ਸੇਵਕੁ ਜਮ ਤੇ ਕੈਸਾ ਡਰੈ ॥ – ਧਨਾ 1, 4, 4 : 4 – 661
(2) ਪ੍ਰੇਮ ਕੀ ਸਾਰ ਸੋਈ ਜਾਣੈ ਜਿਸ ਨੋ ਨਦਰਿ ਤੁਮਾਰੀ ਜੀਉ ॥
– ਮਾਰੂ 3, ਅਸ 1, 1*: 3 – 1016

ਭਾਵ ਹੈ : ‘ਇਹ ਤੁੱਕ (1) ਰਾਗ ਧਨਸਰੀ ਵਿਚ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਚੌਥੇ ਸ਼ਬਦ ਦੇ ਚੌਥੇ ਬੰਦ ਦੀ ਚੌਥੀ ਤੁੱਕ ਹੈ ਅਤੇ ਇਹ ਤੁੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 661 ਉਪਰ ਹੈ। ਦੂਜੀ (2) ਤੁੱਕ ਰਾਗ ਮਾਰੂ ਵਿਚ ਗੁਰੂ ਅਮਰਦਾਸ ਜੀ ਦੀ ਪਹਿਲੀ ਅਸਟਪਦੀ ਦੇ ਰਹਾਉ ਵਾਲੇ ਬੰਦ ਦੀ ਤੀਜੀ ਤੁੱਕ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1016 ਉਪਰ ਦਰਜ ਹੈ।

(1) ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
– ਵਡ 4, ਵਾਰ 21 ਸ, 3, 1 : 4 – 594
(2) ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦ॥ – ਗਉ 4, ਵਾਰ 5, 31 : 2 – 316

ਭਾਵ ਹੈ : ਤੁੱਕ (1) ਰਾਗ ਵਡਹੰਸ ਦੀ ਗੁਰੂ ਰਾਮਦਾਸ ਜੀ ਦੀ ਵਾਰ ਦੀ 21ਵੀਂ ਪਉੜੀ ਤੋਂ ਪਹਿਲਾਂ ਆਉਂਦੇ ਗੁਰੂ ਅਮਰਦਾਸ ਸਾਹਿਬ ਦੇ ਪਹਿਲੇ ਸਲੋਕ ਦੀ ਚੌਥੀ ਤੁੱਕ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 594 ਉਪਰ ਹੈ। ਦੂਜੀ ਤੁੱਕ (2) ਗਉੜੀ ਰਾਗ ਦੀ ਗੁਰੂ ਰਾਮ ਦਾਸ ਜੀ ਦੀ ਵਾਰ ਦੀ 31ਵੀਂ ਪਉੜੀ ਜੋ ਗੁਰੂ ਅਰਜਨ ਸਾਹਿਬ ਦੀ ਪਉੜੀ ਹੈ ਦੀ ਦੂਸਰੀ ਤੁੱਕ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਾ 316 ਉਪਰ ਹੈ।

(1) ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ॥ – ਚਉ 5, 10 : 2 – 1364
(2) ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਧਰੇ ॥ – ਸਲੋ ਫਰ, 124 : 1 – 1384

ਭਾਵ ਹੈ : ਤੁੱਕ (1) ਗੁਰੂ ਅਰਜਨ ਸਾਹਿਬ ਦੇ 10ਵੇਂ ਚਉਬੋਲੇ ਦੀ ਦੂਜੀ ਤੁੱਕ ਹੈ ਅਤੇ ਦੂਜੀ (2) ਤੁੱਕ ਸੇਖ ਫਰੀਦ ਜੀ ਦੇ 124ਵੇਂ ਸਲੋਕ ਦੀ ਪਹਿਲੀ ਤੁੱਕ ਹੈ ਜੋ ਕ੍ਰਮਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1364 ਅਤੇ 1384 ਉਪਰ ਹਨ।

(1) ਗੁਰ ਪ੍ਰਸਾਦਿ ਹਰਿ ਗੁਣ ਸਦ ਗਾਵਉ ॥ – ਸਵ 4, ਕਲੵ, 1 : 2 – 1396

ਭਾਵ ਹੈ : ਇਹ ਤੁੱਕ ਸਵੱਯੈ ਮ: 4, ਵਿਚ ਭਟ ‘ਕਲਸਹਾਰ’ ਦੇ ਪਹਿਲੇ ਸਵਯੇ ਦੀ ਦੂਜੀ ਤੁੱਕ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1396 ਉਪਰ ਹੈ।

ਸੰਖੇਪ ਚਿੰਨ੍ਹਾਂ ਦੀ ਸੂਚੀ

ਤੁੱਕ-ਤਤਕਰੇ ਵਿਚ ਵਰਤੇ ਸੰਖੇਪ-ਚਿੰਨ ਇਸ ਪ੍ਰਕਾਰ ਹਨ :

(1) ਰਾਗ-ਨਾਮਾਂ ਲਈ ਵਰਤੇ ਸੰਖੇਪ-ਚਿੰਨ੍ਹ

ਸਾਰ	- ਰਾਗ ਸਾਰੰਗ	ਧਨਾ	- ਰਾਗ ਧਨਾਸਰੀ
ਸੋਰ	- ਰਾਗ ਸੋਰਠਿ	ਨਟ	- ਰਾਗ ਨਟ ਨਰਾਇਨ
ਕਲਿ	- ਰਾਗ ਕਲਿਆਣ	ਪ੍ਰਭਾ	- ਰਾਗ ਪ੍ਰਭਾਤੀ
ਕਾਨ	- ਰਾਗ ਕਾਨੜਾ	ਬਸੰ	- ਰਾਗ ਬਸੰਤ
ਕੇਦਾ	- ਰਾਗ ਕੇਦਾਰਾ	ਬਿਹਾ	- ਰਾਗ ਬਿਹਾਗੜਾ
ਗਉ	- ਰਾਗ ਗਉੜੀ	ਬਿਲਾ	- ਰਾਗ ਬਿਲਾਵਲ
ਗੂਜ	- ਰਾਗ ਗੂਜਰੀ	ਬੈਰਾ	- ਰਾਗ ਬੈਰਾੜੀ
ਜੈਜਾ	- ਰਾਗ ਜੈਜਾਵੰਤੀ	ਭੈਰ	- ਰਾਗ ਭੈਰਉ
ਜੈਤ	- ਰਾਗ ਜੈਤਸਰੀ	ਮਲਾ	- ਰਾਗ ਮਲਾਰ
ਤਿਲੰ	- ਰਾਗ ਤਿਲੰਗ	ਮਾਲੀ	- ਰਾਗ ਮਾਲੀ ਗਉੜਾ
ਤੁਖਾ	- ਰਾਗ ਤੁਖਾਰੀ	ਰਾਮ	- ਰਾਗ ਰਾਮਕਲੀ
ਦੇਵ	- ਰਾਗ ਦੇਵਗੰਧਾਰੀ	ਵਡ	- ਰਾਗ ਵਡਹੰਸ

(2) ਕਰਤਾ ਸੂਚਕ ਅੰਕ-ਚਿੰਨ੍ਹ ਤੇ ਸੰਖੇਪ-ਚਿੰਨ੍ਹ

(ਅੰਕ ਕ੍ਰਮ ਅਥਵਾ ਅੱਖਰ-ਕ੍ਰਮ ਅਨੁਸਾਰ)

(ੳ) ਗੁਰੂ ਸਾਹਿਬ

1	- ਗੁਰੂ ਨਾਨਕ ਦੇਵ	4	- ਗੁਰੂ ਰਾਮ ਦਾਸ
2	- ਗੁਰੂ ਅੰਗਦ ਦੇਵ	5	- ਗੁਰੂ ਅਰਜਨ ਦੇਵ
3	- ਗੁਰੂ ਅਮਰ ਦਾਸ	9	- ਗੁਰੂ ਤੇਗ਼ ਬਹਾਦਰ

(ਅ) ਭਗਤ ਜਨ

ਸਧ	- ਭਗਤ ਸਧਨਾਂ ਜੀ	ਪਰ	- ਭਗਤ ਪਰਮਾਨੰਦ ਜੀ
ਸੁੰਦ	- ਬਾਬਾ ਸੁੰਦਰ ਜੀ	ਪੀਪਾ	- ਭਗਤ ਪੀਪਾ ਜੀ
ਸੂਰ	- ਭਗਤ ਸੂਰਦਾਸ ਜੀ	ਫਰ	- ਸ਼ੇਖ ਬਾਬਾ ਫ਼ਰੀਦ ਜੀ
ਸੈਣ	- ਭਗਤ ਸੈਣ ਜੀ	ਬਸ	- ਬਲਵੰਡ ਸਤਾ ਜੀ
ਕਬ	- ਭਗਤ ਕਬੀਰ ਜੀ	ਬੇਣੀ	- ਭਗਤ ਬੇਣੀ ਜੀ
ਜੈਦੇ	- ਭਗਤ ਜੈਦੇਵ ਜੀ	ਭੀਖ	- ਭਗਤ ਭੀਖਣ ਜੀ
ਤ੍ਰਿਲੋ	- ਭਗਤ ਤ੍ਰਿਲੋਚਨ ਜੀ	ਮਰ	- ਮਰਦਾਨਾ ਜੀ
ਧੰਨਾ	- ਭਗਤ ਧੰਨਾ ਜੀ	ਰਵਿ	- ਭਗਤ ਰਵਿਦਾਸ ਜੀ
ਨਾਮ	- ਭਗਤ ਨਾਮਦੇਵ ਜੀ	ਰਾਮਾ	- ਭਗਤ ਰਾਮਾਨੰਦ ਜੀ

(ੲ) ਭੱਟ ਜਨ

ਸਲ	- ਸਲ੍ਯ	ਕੀਰ	- ਕੀਰਤ
ਹਰਿ	- ਹਰਿਬੰਸ	ਗਯੰ	- ਗਯੰਦ

ਕਲ - ਕਲਸਹਾਰ

ਜਾਲ - ਜਾਲਪੁ
ਮਥੁ - ਮਥੁਰਾ

(3) ਬਾਣੀਆਂ ਦੇ ਨਾਵਾਂ ਤੇ ਕਾਵਿ ਰੂਪਾਂ ਦੇ ਸੰਖੇਪ-ਚਿੰਨ੍ਹ

ਬਾਣੀ-ਨਾਮ ਸੰਖੇਪ-ਚਿੰਨ੍ਹ ਵੇਰਵਾ

(ਅੱਖਰ-ਕ੍ਰਮ ਅਨੁਸਾਰ)

ਓਅੰ - ਓਅੰਕਾਰ
ਅਨੰ - ਅਨੰਦ
ਅਲ - ਅਲਾਹਣੀਆਂ
ਸਸ - ਸਲੋਕ ਸਹਸਕ੍ਰਿਤੀ
ਸਿਗੋ - ਸਿਧ-ਗੋਸਟਿ
ਸੁਖ - ਸੁਖਮਨੀ
ਸੁਚ - ਸੁਚਜੀ
ਸੋਹ - ਸੋਹਲਾ
ਸੋਦ - ਸੋਦਰ
ਸੋਪੁ - ਸੋ ਪੁਰਖ
ਕਰ - ਕਰਹਲੇ
ਕੁਚ - ਕੁਚਜੀ

ਚਉ - ਚਉਬੋਲੇ
ਡ - ਡਖਣਾ
ਦਿਨ - ਦਿਨ ਰੈਣਿ
ਪਹ - ਪਹਿਰੇ
ਫੁਨ - ਫੁਨਹੇ
ਬਾਅ - ਬਾਵਨ ਅਖਰੀ
ਬਾਰਾ - ਬਾਰਾ ਮਾਹਾ
ਬਿਰ - ਬਿਰਹੜੇ
ਮੁੰਦਾ - ਮੁੰਦਾਵਣੀ
ਰਾਗ - ਰਾਗਮਾਲਾ
ਵਣ - ਵਣਜਾਰਾ
ਵਾ - ਸਤਵਾਰ

(4) ਕਾਵਿ-ਰੂਪ ਸੰਖੇਪ ਚਿੰਨ੍ਹ ਵੇਰਵਾ

ਅਸ - ਅਸਟਪਦੀ
ਸ - ਸਲੋਕ
ਸਲੋ - ਸਲੋਕ ਵਾਰਾਂ ਤੋਂ ਵਧੀਕ

ਸਮੁ - ਸਵੱਯੈ ਮੁਖਬਾਕ
ਸਵ - ਸਵੱਯੈ
ਸੋਲਾ - ਸੋਲਹਾ

ਉ

ਉਆ ------- (ਹਿੰ.) ਉਸ
"ਉਆ ਹੂ ਸਿਉ ਮਨੁ ਰਾਤੋ।"
– ਗਉ ੫, ੧੫੭*, ੧:੨ (214)
"ਉਆ ਕਉ ਕਹੀਐ ਸਹਜ ਮਤਵਾਰਾ।"
– ਗਉ ਕਬ, ੨੭, ੧*:੧ (328)

ਹੋਰ ਰੂਪ:

ਉਆਹਿ –
"ਉਆਹਿ ਜਪੇ ਬਿਨੁ ਉਬਰ ਨ ਹੋਊ।"
– ਗਉ ੫, ਬਾਅ ੪੩:੬ (259)
ਉਇ –
"ਉਇ ਲੇ ਜਾਰੇ ਓਹਿ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ।"
– ਸੋਰ ਕਬ, ੧, ੧:੨ (654)

ਉਸ -------- ਉਹ ਦਾ ਦੂਸਰਾ ਰੂਪ
"ਉਸ ਤੇ ਬਾਹਰਿ ਕਛੂ ਨ ਹੋਗੁ।"
– ਗਉ ੫, ੭੬, ੧:੨ (177)

ਹੋਰ ਰੂਪ:

ਉਸੁ – (ਉਸ ਲਈ)
"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।"
– ਮਾਝ ੧, ਵਾਰ ੭ ਸ, ੧, ੨:੧ (141)
ਓਸ –
"ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ।"
– ਗਉ ੪, ਵਾਰ ੫:੩ (302)
ਓਸੁ – (ਉਸ ਨੂੰ)
"ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।"
– ਸਿਰੀ ੫, ਅਸ ੨੬, ੧:੪ (70)

ਉਸਟ ------ (ਸੰ. ਪ੍ਰ.) ਊਠ
"ਪਸੁ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ।"
–ਸਾਰ ੫, ੧੦੪, ੨:੧ (1224)
"ਤੁਰੇ ਉਸਟ ਮਾਇਆ ਮਹਿ ਭੇਲਾ।"
– ਭੈਰ ਕਬ, ੧੩, ੨:੩ (1160)

ਉਸਟੀਅਹਿ -- (ਸੰ. ਪ੍ਰਾ. (ਉਸਡ) ਉੱਚਾ, ਉਤਾਂਹ ਵਲ ਉ=ਚੁੱਕਕੇ+ਸੁਟੀਅਹਿ (ਸੁਟੇ ਜਾਂਦੇ ਹਨ) ਚੁੱਕ ਕੇ ਸੁੱਟੇ ਜਾਂਦੇ ਹਨ।
"ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ।"
– ਸੋਰ ੪, ਵਾਰ ੧੬ਸ, ੩, ੨:੨ (648)

ਉਸਤਤਿ ----- (ਸੰ.) – ਸਿਫਤ, ਉਸਤਤੀ, ਸ਼ਲਾਘਾ

“ਉਸਤਤਿ ਨਿੰਦਾ ਕਰੈ ਨਰੁ ਕੋਈ।”

– ਭੈਰ ਨਾਮ, ੪, ੪:੧ (1164)

“ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।”

– ਗਉ ੯, ੧, ੨:੧ (219)

ਹੋਰ ਰੂਪ:

ਉਸਤਤੀ –

“ਸਤਪੁਰਖ ਕੀ ਤਪਾ ਨਿੰਦਾ ਕਰੈ, ਸੰਸਾਰੈ ਕੀ ਉਸਤਤੀ ਵਿਚਿ ਹੋਵੈ, ਏਤੁ ਦੋਖੈ ਤਪਾ ਦਯਿ ਮਾਰਿਆ।”

– ਗਉ ੪, ਵਾਰ ੩੦ਸ, ੪, ੧:੬ (315)

ਉਸ੍ਤੁਤਿ –

“ਕਵਨੁ ਜੋਗੁ ਕਉਨੁ ਗ੍ਯਾਨੁ ਧ੍ਯਾਨੁ ਕਵਨ ਬਿਧਿ ਉਸ੍ਤੁਤਿ ਕਰੀਐ।”

– ਸਮ੍ਯ ੫, ੮:੧ (1386)

ਉਸਤਾਦ ---- (ਫਾ. ਉਸਤਾਦ), ਅਧਿਆਪਕ, ਗੁਰੂ

“ਜਿਨਾ ਭਾਗ ਮਥਾਹੜੈ ਤਿਨ ਉਸਤਾਦ ਪਨਾਹਿ।”

– ਮਾਰੂ ੫, ਵਾਰ ੬ਸ, ੫, ੧:੨ (1096)

ਹੋਰ ਰੂਪ:

ਉਸਤਾਦੁ –

“ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ।”

– ਸਿਰੀ ੧, ੨੭, ੨:੨ (24)

ਉਸਨ ------ (ਸੰ. (ਸੜਨਾ;) –) (ਗਰਮੀ, ਗਰਮੀ ਦਾ ਮੌਸਮ) – ਗਰਮੀ, ਹੁਸੜ

“ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ।”

– ਰਾਮ ੧, ੯, ੨:੧ (879)

“ਮਰੈ ਨ ਆਵੈ ਨ ਜਾਇ ਬਿਨਸੈ ਬਿਆਪਤ ਉਸਨ ਨ ਸੀਤ।”

– ਮਾਰੂ ੫, ੨੬, ੧:੨ (1006)

ਹੋਰ ਰੂਪ:

ਉਸਨੁ –

“ਨਾ ਇਸੁ ਉਸਨੁ ਨਹੀ ਇਸੁ ਸੀਤੁ।”

– ਗੋਂਡ ੧, ੨੧, ੨:੧ (868)

ਉਸਰਈਆ -- (ਸੰ.) (ਉਪਰ ਵਲ ਸਰਕਨਾ, ਉਪਰ ਵਲ ਜਾਣਾ) ਉਸਰਣਾ

“ਮਨ ਹਠਿ ਕਰਮ ਕਰੈ ਅਭਿਮਾਨੀ ਜਿਉ ਬਾਲਕ ਬਾਲੂ ਘਰ ਉਸਰਈਆ।”

– ਬਿਲਾ ੪, ਅਸ ੩, ੭:੧ (835)

ਹੋਰ ਰੂਪ:

ਉਸਰੇ –

“ਢਾਹਿ ਉਸਾਰੈ ਉਸਰੇ ਢਾਹੈ।”

– ਰਾਮ ੧, ਓਅੰ ੪੧:੨ (935)

ਉਸਾਰਹੁ –

"ਰਾਖਹੁ ਕੰਧ ਉਸਾਰਹੁ ਨੀਵਾਂ।"
– ਸੋਰ ਰਵਿ, ੬, ੨:੧ (659)

ਉਸਾਰਿ –
"ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ।"
– ਗਉ ੧, ੧੪, ੨:੨ (255)

ਉਸਾਰਿਆ –
"ਕਰਿ ਮਨ ਖੁਸੀ ਉਸਾਰਿਆ ਦੂਜੈ ਹੇਤਿ ਪਿਆਰਿ।"
– ਸਿਰੀ ੧, ਅਸ ੧੫, ੧:੨ (62)

ਉਸਾਰੇ –
"ਢਾਹਿ ਉਸਾਰੇ ਧਰੇ ਧਿਆਨੁ।"
– ਆਸਾ ੧, ੧੮, ੧:੪ (354)

ਉਸਾਰੇਦੇ –
"ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ।"
– ਸਲੋ ਫਰ, ੪੬:੧ (1380)

ਉਸਾਰੈ –
"ਢਵੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ।"
ਆਸਾ ੧, ਪਟੀ ੧੭:੧ (433)

ਉਸਾਸ ----- **(ਸੰ.) ਸਾਹ, ਸਵਾਸ**
"ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ।"
– ਸਲੋ ਕਬ, ੧੮੩:੧ (1374)

ਹੋਰ ਰੂਪ:

ਉਸਾਸਾ – (ਹਉਕਾ, ਲੰਮਾ ਸਾਹ)
"ਪੰਥੁ ਨਿਹਾਰੈ ਕਾਮਨੀ ਲੋਚਨ ਭਰੀਲੇ ਉਸਾਸਾ।"
– ਗਉ ਕਬ, ੬੫, ੧:੧ (338)

ਉਹ ------- **(ਸੰ.) – ਅਣਯ ਪੁਰਖ, ਓਹ**
"ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ।"
– ਸਿਰੀ ੫, ੮੮, ੨:੨ (49)

ਹੋਰ ਰੂਪ:

ਉਹੀ –
"ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ।"
– ਸਲੋ ਕਬ, ੧੨੨:੨ (1371)

ਉਹੁ –
"ਓਹ ਬਿਨਸੈ ਉਹੁ ਮਨਿ ਪਛੁਤਾਵੈ।"
– ਗਉ ੫, ਸੁਖ ੫, ੩:੪ (268)

ਓਇ –
"ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ।"
– ਸਿਰੀ ੩, ੩੮, ੧:੩ (28)

ਓਈ –

"ਉਨ੍ਹਾਂ ਭਿ ਆਵਹਿ ਓਈ ਸਾਦ।"

– ਆਸਾ ੧, ਵਾਰ ੧੯ਸ, ੧, ੨:੪ (471)

ਓਹ –

"ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ।"

– ਗਉ ੪, ੫੧, ੨:੨ (168)

ਓਹਾ –

"ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ।"

– ਆਸਾ ੫, ੪੯, ੩:੧ (383)

ਓਹਿ –

"ਓਹਿ ਅੰਦਰਹੁ ਬਾਹਰਹੁ ਨਿਰਮਲੇ ਸਚੈ ਨਾਇ ਸਮਾਇਆ।"

– ਮਾਝ ੧, ਵਾਰ ੩:੮ (139)

ਓਹੁ –

"ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਓਹੁ ਭਿੰਨ ਦ੍ਰਿਸਟੋ।"

– ਸਾਰ ੫, ੩, ੪:੧ (1203)

ਓਹੇ –

"ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ ਪਤਿਤ ਪਾਵਨ ਨਾਮੁ ਜਾ ਕੋ ਸਿਮਰਿ ਨਾਨਕ ਓਹੇ।"

– ਸਾਰੰ ੫, ੧੩੯, ੨:੧ (1231)

ਓਹੈ –

"ਪਾਠ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ।"

– ਮਾਰੂ ੧, ਅਸ ੭, ੪:੩ (1013)

ਓਹੋ –

"ਮਨਿ ਓਹੋ ਸੁਖੁ ਜਾਤੋ।"

– ਗਉ ੫, ੧੫੭*, ੨:੨ (214)

ਉਕਤਿ ----- (ਸੰ.) (1) ਦਲੀਲ, ਯੁਕਤੀ, ਤਰਕ, ਬੁੱਧੀ (ਕੇਵਲ ਗੁਰੂ ਅਰਜਨ ਸਾਹਿਬ ਨੇ ਵਰਤਿਆ ਹੈ)

"ਸਗਲ ਉਕਤਿ ਉਪਾਵਾ।"

– ਸਿਰੀ ੫, ਅਸ ੨੭, ੮:੧ (71)

ਹੋਰ ਰੂਪ:

ਉਕਤੇ – (ਕਥਨ ਵਿਚ, ਬੋਲਣੋਂ)

"ਕਰਤ ਕਰਤ ਇਵਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੁਆ।"

– ਗਉ ੫, ੧੨੭*, ੩:੧ (206)

(2) ਜੁਗਤ, ਢੰਗ

"ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ।"

– ਧੰਨਾ ੫, ੩੯, ੧:੧ (680)

ਉਗਲਾਰੇ ---- (ਸੰ. ਪ੍ਰਾ.) ਉਲਟ ਦੇਣਾ, ਬਾਹਰ ਕਢ ਦੇਣਾ

"ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ।"

– ਗਉ ੪, ਵਾਰ ੨੧ਸ, ੪, ੧:੬ (312)

ਉਗਵਹਿ ---- (ਸੰ. ਪ੍ਰਾ.) ਚੜ੍ਹੇ ਪ੍ਰਗਟ ਹੋਵੇ, ਉਦੈ ਹੋਵੇ
"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।"
– ਆਸਾ ੧, ਵਾਰ ੧ਸ, ੨, ੨:੧ (463)

ਉਗਵਣਹੁ --- ਜਿਸ ਪਾਸਿਉਂ ਸੂਰਜ ਚੜਦਾ ਅਥਵਾ ਉਦੈ ਹੁੰਦਾ ਹੈ, ਅਰਥਾਤ ਪੂਰਬ ਵਲੋਂ, ਚੜਦੇ ਪਾਸਿਉਂ
"ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ।"
– ਰਾਮ ਬਸ, ਵਾਰ ੮:੬ (968)

ਉਗਵਿ ----- ਫੁਟਿਆ, ਪ੍ਰਗਟ ਹੋਇਆ
"ਗੁਰਮੁਖਿ ਹਿਰਦੈ ਸਾਂਤਿ ਹੈ ਨਾਉ ਉਗਵਿ ਆਇਆ।"
– ਸਾਰ ੪, ਵਾਰ ੧੮:੧ (1244)

ਉਗਵੈ ----- (1) ਉਦੈ ਹੋਵੈ, ਚੜੇ
"ਬਾਰਸਿ ਬਾਰਹ ਉਗਵੈ ਸੂਰ।"
– ਗਉ ਕਬ, ਥਿਤੀ ੧੩:੧ (344)
"ਉਗਵੈ ਦਿਨਸੁ ਆਲੁ ਜਾਲੁ ਸਮਾਲੈ ਬਿਖੁ ਮਾਇਆ ਕੇ ਬਿਸਥਾਰੇ।"
– ਨਟ ੪, ਅਸ ੨, ੫:੧ (981)
(2) ਉਗੇ, ਫੁਟੇ, ਸਫੁਟਿਤ ਹੋਵੈ
"ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ।"
– ਆਸਾ ੧, ਵਾਰ ੧੧ਸ, ੧, ੧:੨ (468)
"ਨਾਉ ਬੀਜੇ ਨਾਉ ਉਗਵੈ ਨਾਮੇ ਰਹੈ ਸਮਾਇ।"
– ਰਾਮ ੩, ਵਾਰ ੧ਸ, ੩, ੧:੨ (947)
(3) ਪ੍ਰਗਟ ਹੋਣਾ, ਬਾਹਰ ਆਉਣਾ
"ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ।"
– ਆਸਾ ੧, ਵਾਰ ੨੨ਸ, ੨, ੨:੧ (474)

ਉਗਾਹਿ ---- (ਸੰ.) ਪਕੜਕੇ
"ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ।"
– ਮਾਰੂ ੫, ਅਸ ੩, ੨:੧ (1017)

ਉਗਾਹੀ ---- (ਫਾ. ਗਵਾਹੀ) ਗੁਆਹੀ, ਸ਼ਹਾਦਤ ਸਾਖੀ
"ਲੈ ਕੈ ਵਢੀ ਦੇਨਿ ਉਗਾਹੀ ਦੁਰਮਤਿ ਕਾ ਗਲਿ ਫਾਹਾ ਹੇ।"
– ਮਾਰੂ ੧, ਸੋਲਾ ੧੨, ੩:੩ (1032)

ਉਗ੍ਰ ------- (ਸੰ.) ਵਡਾ, ਗੰਭੀਰ
"ਮਹਾ ਉਗ੍ਰ ਪਾਪ ਸਾਕਤ ਨਰ ਕੀਨੇ ਮਿਲਿ ਸਾਧੂ ਲੂਕੀ ਦੀਜੈ।"
– ਕਲਿ ੪, ਅਸ ੨, ੪:੨ (1324)

ਉਗ੍ਰਸੈਣ ---- ਕੰਸ ਦਾ ਪਿਤਾ; ਕ੍ਰਿਸ਼ਨ ਭਗਤ; ਕ੍ਰਿਸ਼ਨ ਜੀ ਨੇ ਹੀ ਇਸ ਨੂੰ ਦੁਬਾਰਾ ਗਦੀ ਦੁਆਈ। ਪ੍ਰਭੂ ਆਪਣੇ ਭਗਤਾਂ ਦੀ ਰਖਿਆ ਕਰਦਾ ਹੈ ਅਥਵਾ ਭਗਤੀ ਕਰ ਗਤੀ ਪ੍ਰਾਪਤ ਕਰਨ ਦੇ ਦ੍ਰਿਸ਼ਟਾਂਤ ਵਜੋਂ ਵਰਤਿਆ ਗਿਆ ਹੈ।
"ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਕੀਓ।"

– ਸਵ ੧, ੭:੪ (1390)

ਹੋਰ ਰੂਪ:

ਉਗ੍ਰਸੈਣਿ –
“ਨਾਮੁ ਜਪਤ ਉਗ੍ਰਸੈਣਿ ਗਤਿ ਪਾਈ ਤੋੜਿ ਬੰਧਨ ਮੁਕਤਿ ਕਰੇ।”
– ਮਾਰੂ ੪, ੧, ੩:੩ (995)

ਉਗ੍ਰਸੈਨ –
“ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ।”
– ਗਉ ਨਾਮ, ੧, ੨:੧ (345)

ਉਘਰਿ ----- (ਸੰ. ਪ੍ਰਾ.) (1) ਪ੍ਰਗਟ ਹੋਣਾ, ਜ਼ਾਹਿਰ ਹੋਣਾ, ਉਘੜਨਾ
“ਉਘਰਿ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾ ਆਇਆ।”
– ਆਸਾ ੫, ੪੨, ੩:੧ (381)

ਹੋਰ ਰੂਪ:

ਉਘੜੈ –
“ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ।”
– ਗਉ ੪, ਵਾਰ ੩੦ਸ, ੪, ੨:੭ (316)

(2) ਖੁਲ੍ਹਣਾ, ਪ੍ਰਗਟ ਹੋਣਾ
“ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ।”
– ਕਾਨ ੪, ੪, ੧:੨ (1295)

ਹੋਰ ਰੂਪ:

ਉਘੜਿ –
“ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ।”
– ਗਉ ੪, ਵਾਰ ੭ਸ, ੪੧:੪ (303)

ਉਘੜਿਆ –
“ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ।”
– ਰਾਮ ੫, ਵਾਰ ੭ਸ, ੫, ੨:੮ (960)

ਉਘੜੈ –
“ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀਹਥਿ।”
– ਸਾਰ ੪, ਵਾਰ ੧ਸ, ੨, ੧:੨ (1237)

ਉਘਲਾਨਾ --- (ਸੰ. ਪ੍ਰਾ.) ਊਂਘਣਾ
“ਮੇਰਾ ਮਨੁ ਆਲਸੀਆ ਉਘਲਾਨਾ।”
– ਜੈਤ ੪, ੩, ੧*:੧ (697)

ਉਘਾ ------ (ਸੰ. ਪ੍ਰਾ.) ਪ੍ਰਤੱਖ, ਪ੍ਰਗਟ, ਨੰਗਾ
“ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ।”
– ਗਉ ੪, ਵਾਰ ੩੦ਸ, ੪, ੧:੧੦ (316)

ਉਚ ------- (ਸੰ.) (1) ਉਚੀ, ਉਤਮ, ਉਚਾ (ਸਥਾਨ/ਪਦਵੀ ਵਿਚ)
“ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ।”

– ਜੈਤ ੫, ਵਾਰ ੧੯:੩ (710)

(2) ਉਚ (ਉਚਾਈ ਵਿਚ)
“ਮੈ ਗੁਰ ਮਿਲਿ ਉਚ ਦੁਮਾਲੜਾ।”
– ਸਿਰੀ ੫, ਅਸ ੨੯, ੧੭:੨ (74)

ਹੋਰ ਰੂਪ:

ਉਚੜੀਐ –
“ਪਿਰੁ ਉਚੜੀਐ ਮਾੜੜੀਐ, ਤਿਹੁ ਲੋਆ ਸਿਰਤਾਜਾ ਰਾਮ।”
– ਸੂਹੀ ੧, ਛੰਤ ੩, ੪:੧ (765)

ਉਚਾ/ਉਚੀਆ –
“ਖੇਤਿ ਮਿਆਲਾ ਉਚੀਆ ਘਰੁਉਚਾ ਨਿਰਣਉ।”
– ਗੁਜ ੩, ਵਾਰ ੨੧ਸ, ੩, ੧:੧ (517)

ਉਚਹਦੀ --- ਉਚੀ ਹਦ ਵਾਲਾ, ਉਚਾ ਭਾਵ ਉਤਮ
“ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿ ਕਿਓਨੁ।”
– ਰਾਮ ਬਸ, ਵਾਰ ੪:੨ (967)

ਉਚਕਾ ----- ਚੁਕ ਕੇ ਲੈ ਜਾਣ ਵਾਲਾ, ਚੋਰ, ਦੂਜਿਆਂ ਦਾ ਮਾਲ ਚੁਕ ਲੈਣ ਵਾਲਾ, ਠੱਗ
“ਹਰਿ ਧਨ ਕਉ ਉਚਕਾ ਨੇੜਿ ਨ ਆਵਈ
ਜਮੁ ਜਾਗਾਤੀ ਡੰਡੁ ਨ ਲਗਾਈ।”
– ਸੂਹੀ ੪, ੧੦, ੪:੨ (734)

ਉਚਕਿ ----- ਖਤਮ ਹੋਣਾ, ਲਹਿਣਾ, ਉਤਰਨਾ
“ਦਾਸੁ ਕਬੀਰੁ ਤਾਸੁ ਮਦ ਮਾਤਾ ਉਚਕਿ ਨ ਕਬਹੂ ਜਾਈ।”
– ਰਾਮ ਕਬ, ੨, ੩:੨ (969)

ਉਚਰੁ ----- (ਸੰ.) ਕਹਿਣਾ, ਬੋਲਣਾ, ਉਚਰਨਾ
“ਸ੍ਰੀ ਰਾਮ ਨਾਮਾ ਉਚਰੁ ਮਨਾ।”
– ਗਉ ੧, ੧੪, ੧*:੧ (155)

ਹੋਰ ਰੂਪ:

ਉਚਰਉ –
“ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ।”
– ਧਨਾ ਨਾਮ, ੨, ੧*:੨ (693)

ਉਚਰਸਿ –
“ਜਾਮਿ ਨ ਉਚਰਸਿ ਸ੍ਰੀ ਗੋਬਿੰਦ।”
– ਭੈਰ ਨਾਮ, ੧, ੧:੨ (1163)

ਉਚਰਹਿ –
“ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ।”
– ਗਉ ੪, ਵਾਰ ੨੨ਸ, ੪, ੧:੫ (313)

ਉਚਰਹੀ –
“ਪੰਚ ਰਾਗਨੀ ਸੰਗਿ ਉਚਰਹੀ।”
– ਰਾਗ ੧:੪ (1429)

ਉਚਰਹੁ –
“ਉਚਰਹੁ ਰਾਮ ਨਾਮੁ ਲਖ ਬਾਰੀ।”
– ਗਉ ੫, ੧੪੪, ੧*:੧ (194)

ਉਚਰਤ –
“ਚਤੁਰ ਬੇਦ ਉਚਰਤ ਦਿਨੁ ਰਾਤਿ।”
– ਦੇਵ, ੫, ੩੫, ੨:੩ (535)

ਉਚਰੰਤਿ –
“ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ।”
– ਜੈਤ ੫, ਵਾਰ ੪ਸ, ੫, ੧:੨ (706)

ਉਚਰਾਂ –
“ਨਾਮੁ ਨਿਰੰਜਨੁ ਉਚਰਾਂ ਪਤਿ ਸਿਉ ਘਰਿ ਜਾਂਈ।”
– ਸਾਰ ੪, ਵਾਰ ੪:੨ (1239)

ਉਚਰਾ –
“ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ।”
– ਗੂਜ ੩, ਵਾਰ ੧੭ਸ, ੩, ੧:੫ (515)

ਉਚਰਿ –
“ਕੋਈ ਗਾਵੈ ਕੋ ਸੁਣੈ ਕੋ ਉਚਰਿ ਸੁਨਾਵੈ।”
– ਕਾਨ ੪, ਵਾਰ ੧੫:੧ (1318)

ਉਚਰੀਐ –
“ਮਿਲਿ ਸਾਧੂ ਹਰਿਨਾਮੁ ਉਚਰੀਐ।”
– ਸੂਹੀ ੫, ੨੧, ੧*:੨ (741)

ਉਚਰੁ –
“ਸ੍ਰੀ ਰਾਮ ਨਾਮਾ ਉਚਰੁ ਮਨਾ।”
– ਗਉ ੧, ੧੪, ੧*:੧ (155)

ਉਚਰੇ –
“ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ।”
– ਪ੍ਰਭਾ ੧, ੩, ੧:੧ (1328)

ਉਚਰੈ –
“ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ।”
– ਸਿਰੀ ੫, ੮੮, ੩:੨ (49)

ਉਚਾ ------ (1) ਉਚਾ/ਤੀਬਰ – (ਆਵਾਜ਼/ਸੁਰ/ ਧੁਨੀ)
“ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹੁ ਪਿਆਰੁ।”
– ਸਿਰੀ ੪, ਵਾਰ ੧੦ਸ, ੩, ੧:੧ (86)

ਹੋਰ ਰੂਪ:

ਉਚੀ –
“ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ।”
– ਸਲੋ ੩, ੬੨:੨ (1420)

(2) ਉਚਾ (ਉਚਾਈ ਵਿਚ), ਵੇਖੋ ‘ਉਚ’ (2)

ਉਚਾਇਨਿ੍ --- (ਸੰ.) ਉਚਾ ਚੁੱਕਦੇ ਹਨ, ਉਠਾਂਦੇ ਹਨ, ਚੁੱਕਦੇ ਹਨ
"ਦਿਲਿ ਖੋਟੈ ਆਕੀ ਫਿਰਨਿ੍ ਬੰਨ੍ ਭਾਰੁ ਉਚਾਇਨਿ੍ ਛਟੀਐ।"
– ਰਾਮ ਬਸ, ਵਾਰ ੨:੧੧ (967)

ਹੋਰ ਰੂਪ:

ਉਚਾਈ –
"ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ।"
– ਗਉ ੧, ੧੬, ੨:੧ (156)

ਉਚਾਪਤਿ --- ਹੁਦਾਰ, ਦੁਕਾਨ ਤੋਂ ਫੜੀ ਦਸਤੀ ਰਕਮ ਜਾਂ ਲਿਆ ਹੁਦਾਰ
"ਦੋਤਿ ਉਚਾਪਤਿ ਲੇਖੁ ਨ ਲਿਖੀਐ, ਪ੍ਰਗਟੀ ਜੋਤਿ ਮੁਰਾਰੀ।"
– ਤੁਖਾ ੧, ਛੰਤ ੫, ੪:੫ (1112)

ਉਚਾਰ ----- ਉਚਰ, ਬੋਲ, ਪ੍ਰਗਟ ਕਰ, ਉਚਾਰਣ ਕਰ (ਵੇਖੋ 'ਉਚਰੁ')
"ਦੇਤ ਦਰਸਨੁ ਸ੍ਰਵਨ ਹਰਿ ਜਸੁ, ਰਸਨ ਨਾਮ ਉਚਾਰ।"
– ਗੂਜ ੫, ਅਸ ੨, ੮:੧ (508)

ਹੋਰ ਰੂਪ:

ਉਚਾਰਣ –
"ਸਾਧ ਸੰਗਤਿ ਗੁਣ ਓਚਾਰਣ ਹਰਿਨਾਮ ਅੰਮ੍ਰਿਤ ਪਾਥ।"
– ਮਾਰੂ ੫, ੩੦, ੨:੧ (1007)

ਉਚਾਰਣਾ –
"ਨਾਮੁ ਜਪੀ ਨਾਮਿ ਸਹਜਿ ਸਮਾਵਾ ਨਾਮੁ ਨਾਨਕ ਮਿਲੈ ਉਚਾਰਣਾ।"
– ਮਾਰੂ ੫, ਸੋਲਾ ੬, ੧੬:੩ (1077)

ਉਚਾਰਣੇ –
"ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ।"
– ਸਲੋ ੫, ੧੩:੨ (1425)

ਉਚਾਰਾ –
"ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ।"
– ਆਸਾ ਕਬ, ੨੪, ੨:੧ (482)

ਉਚਾਰਿਓ –
"ਚਰਨ ਕਮਲ ਬਸਿਆ ਰਿਦ ਭੀਤਰਿ ਸਾਸਿ ਗਿਰਾਸਿ ਉਚਾਰਿਓ।"
– ਦੇਵ ੫, ੩੦, ੨:੧ (534)

ਉਚਾਰੀ –
"ਪ੍ਰਾਤਹ ਕਾਲਿ ਹਰਿਨਾਮੁ ਉਚਾਰੀ।"
– ਸੂਹੀ ੫, ੩੦, ੧:੧ (743)

ਉਚਾਰੁ –
"ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ।"
– ਦੇਵ ੫, ੧੪, ੧:੨ (531)

ਉਚਾਰੇ –
"ਜਿਤੁ ਰਸਨਾ ਹਰਿਨਾਮੁ ਉਚਾਰੇ।"
– ਸੂਹੀ ੫, ੩੨, ੧:੨ (743)

ਉਚਾਰੈ –
“ਸੋ ਜਨੁ ਰਸਨਾ ਨਾਮੁ ਉਚਾਰੈ।”
– ਗਉ ੫, ੧੨੧, ੧:੨ (190)

ਉਚੀ ------ ਉਚੇ ਪੱਧਰ ਦੀ
“ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ।”
– ਮਾਝ ੧, ਵਾਰ ੨੧ਸ, ੧, ੨:੨ (148)

ਉਛਲਿਆ --- (ਸੰ.) ਉਪਰ ਵਲ ਕੁਦਿਆ
“ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਲ ਸਕਤਿ ਗਲਿ ਬਾਂਧਿਆ।”
– ਸਿਰੀ ਬੇਣੀ, ੧, ੨:੪ (93)

ਹੋਰ ਰੂਪ:

ਉਛਲੈ –
(1) (ਟਪਨਾ, ਟਿੱਕ ਕੇ ਨਾ ਬਹਿਣਾ)
“ਹੁਕਮਿ ਉਛਲੈ ਹੁਕਮੇ ਰਹੈ।”
– ਰਾਮ ੫, ਵਾਰ ੧੧ਸ, ੫, ੨:੧ (962)
(2) (ਤਲਾ/ਸਰੋਵਰ) ਭਰ ਕੇ ਲਹਿਰਮਈ ਹੋਣਾ
“ਭਗਤਿ ਸਰੋਵਰੁ ਉਛਲੈ ਸੁਭਰ ਭਰੇ ਵਹੰਨਿ।”
– ਕਾਨ ੪, ਵਾਰ ੮ਸ, ੪, ੧:੧ (1316)

ਉਛਾਹੜਾ --- (ਸੰ. ਪ੍ਰਾ.) ਖੁਸ਼ ਹੋਕੇ, ਖੁਸ਼ੀ ਖੁਸ਼ੀ, ਚਾਅ ਨਾਲ
“ਕੂੜੁ ਮਾਰੇ ਕਾਲੁ ਉਛਾਹੜਾ।”
– ਮਾਰੂ ੧, ਸੋਲਾ ੬, ੬:੨ (1026)

ਹੋਰ ਰੂਪ:

ਉਛਾਹਿ –
“ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ।”
– ਸਵ ੪, ਗਯੰ ੮:੨ (1403)

ਉਜਲ ----- (ਸੰ. ਪ੍ਰ.) ਸਾਫ, ਸਵਛ, ਨਿਰਮਲ
“ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ।”
– ਗਉ ੪, ਵਾਰ ੨੦:੫ (312)

ਹੋਰ ਰੂਪ:

ਉਜਲਾ –
“ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ।”
– ਸਿਰੀ ੧, ੫, ੩:੨ (16)

ਉਜਲਿਆ – (ਭਾਵ ਚਿੱਟੇ)
“ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।”
– ਆਸਾ ੧, ਪਟੀ ੫:੧ (432)

ਉਜਲੀ –

"ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।"
– ਸੋਰ ੪, ਵਾਰ ੨੨ਸ, ੩, ੧:੨ (651)

ਉਜਲੁ – (ਚਮਕੀਲੀ)
"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।"
– ਸੂਹੀ ੧, ੩, ੨:੨ (729)

ਉਜਲੇ –
"ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ।"
– ਸਿਰੀ ੧, ੨੨, ੪:੩ (22)

ਊਜਲ –
"ਗੋਵਿੰਦੁ ਊਜਲੁ ਊਜਲ ਹੰਸਾ।"
– ਮਾਝ ੩, ਅਸ ੨੧, ੧:੧ (121)

ਊਜਲੀ –
"ਜੇ ਤਿਸੁ ਭਾਵੈ ਊਜਲੀ ਸਤਸਰਿ ਨਾਵਣ ਜਾਉ।"
– ਸਿਰੀ ੧, ੯, ੩:੩ (17)

ਊਜਲੁ –
"ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ।"
– ਸਿਰੀ ੫, ੭੮, ੧:੧ (44)

ਊਜਲੇ –
"ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ।"
– ਸਿਰੀ ੫, ੯੧, ੪:੨ (46)

ਊਜਲੋ –
"ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ।"
– ਸਿਰੀ ੧, ਅਸ ੩, ੨:੨ (54)

ਉਜੜੁ ----- (ਸੰ. ਪ੍ਰਾ.) (1) ਉਜੜੀ ਥਾਂ, ਉਜਾੜ, ਉਜੜਿਆ ਹੋਇਆ
"ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ।"
– ਸਿਰੀ ੫, ਅਸ ੨੯, ੬:੩ (73)

ਹੋਰ ਰੂਪ:

ਉਜੜੈ –
"ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ।"
– ਸਾਰ ੪, ਵਾਰ ੨੦ਸ, ੧, ੧:੨ (1245)

ਉਜਾੜਿ –
"ਖੋਜੀ ਲਧਮੁ ਖੋਜੁ ਛਡੀਆ ਉਜਾੜਿ।"
– ਗੂਜ ੫, ਵਾਰ ੧੨ਸ, ੫, ੨:੧ (521)

ਉਜਾੜੀ –
"ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ।"
– ਮਾਝ ੫, ੩੭, ੧:੩ (105)

ਉਜਾਗਰ ---- (ਸੰ.) ਮਸ਼ਹੂਰ, ਪ੍ਰਸਿੱਧ, ਪ੍ਰਗਟ, ਰੌਸ਼ਨ
"ਹਰਿ ਕੇ ਨਾਮ ਕਬੀਰ ਉਜਾਗਰ।"

– ਆਸਾ ਰਵਿ, ੫, ੧:੧ (487)

ਹੋਰ ਰੂਪ:

ਉਜਾਗਰੁ –
“ਜਗ ਅਉਰੁ ਨਾ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ।”
– ਸਵ ੫, ਮਥ ੫:੧ (1409)

ਉਜਾਨਾ ----- (ਸੰ.) ਵਿਮਾਨਾਂ ਵਿਚ ਜਾਣ ਵਾਲੇ ਦੇਵਤੇ, ਦੇਵਤੇ
“ਸੁਰਿਨਰ ਮੁਨਿਜਨ ਕਉਤਕ ਆਏ ਕੋਟਿ ਤੇਤੀਸ ਉਜਾਨਾ।”
– ਆਸਾ ਕਬ, ੨੪, ੩:੧ (482)

ਉਜਾਰਾ/ਉਜਾਲਾ ਵੇਖੋ ‘ਉਜਲ’; ਰੌਸ਼ਨੀ, ਪ੍ਰਕਾਸ਼, ਉਜਾਲਾ, ਚਾਨਣ
“ਜਹ ਅਨਹਤ ਸੂਰ ਉਜਾਰਾ।”
– ਗਉ, ਕਬ, ਬਾਅ ੧੪:੪ (340)

ਹੋਰ ਰੂਪ:

ਉਜਾਰੰ –
“ਅੰਧਕਾਰ ਕੋਟਿ ਸੂਰ ਉਜਾਰੰ।”
– ਸਸ ੫, ੬੪:੩ (1360)

ਉਜਾਰਉ –
“ਤਬ ਜਾਇ ਜੋਤਿ ਉਜਾਰਉ ਲਹੈ।”
– ਗਉ ਕਬ, ਬਾਅ ੧੪:੪ (340)

ਅੂਜਾਰਾ –
“ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ।”
– ਗਉ ਕਬ, ੭੩, ੨:੨ (339)

ਉਜਾਰੇ –
“ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ।” (ਉਜਲ ਕਰਨਾ)
– ਮਾਰੂ ੫, ੨, ੩:੨ (999)

ਉਜਾਰੈ –
“ਸਬਦੇ ਸੁਹਾਵੈ ਤਾ ਪਤਿ ਪਾਵੈ ਦੀਪਕ ਦੇਹ ਉਜਾਰੈ।”
– ਗਉ ੧, ਛੰਤ ੨, ੨:੩ (243)

ਉਜਾਰੋ –
“ਸਤਿਗੁਰ ਸਬਦਿ ਉਜਾਰੋ ਦੀਪਾ।”
– ਬਿਲਾ ੫, ੮੭, ੧*:੧ (821)

ਉਜਾਲਾ –
“ਨਿਰਦਇਆ ਨਹੀ ਜੋਤਿ ਉਜਾਲਾ।”
– ਰਾਮ ੧, ਅਸ ੨, ੪:੩ (903)

ਉਜਿਆਰਾ –
“ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ।”
– ਮਾਰੂ ਕਬ, ੨, ੧*:੨ (969)

ਉਜਿਆਰੀਆ –
“ਗੁਰ ਗਿਆਨ ਦੀਪਕ ਉਜਿਆਰੀਆ।”

– ਗਉ ੫, ੧੪੦*, ੧:੨ (210)

ਉਜਿਆਲਾ –

“ਰਵਿ ਸਸਿ ਦੇਖਉ ਦੀਪਕ ਉਜਿਆਲਾ।”

– ਗਉ ੧, ਅਸ ੫, ੭:੧ (223)

ਉਜੀਆਰਉ –

“ਤਾ ਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ।”

– ਸਵ ੪, ਕੀਰ ੧:੨ (1405)

ਉਜੀਆਰਾ –

“ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ।”

– ਗਉ ੫, ੧੩੬*, ੨:੧ (209)

ਉਜੀਆਰੇ –

“ਮਨ ਨਿਰਮਲ ਉਜੀਆਰੇ।”

– ਮਲਾ ੫, ੨੬, ੧:੨ (1272)

ਉਜਿਆਰੋ –

“ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।”

– ਧਨਾ ਰਵਿ, ੩, ੨:੨ (694)

ਉਜ੍ਯਾਰਾ –

“ਜਹ ਅਨਹਤ ਸੂਰ ਉਜ੍ਯਾਰਾ।”

– ਸੋਰ ਨਾਮ, ੧, ੪:੧ (657)

ਉਜੂ ------- (ਅ. ਵਜ਼ੂ) ਨਮਾਜ਼ ਪੜ੍ਹਨ ਲਈ ਹੱਥ ਪੈਰ ਧੋਣ ਦੀ ਕ੍ਰਿਆ

“ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ।”

– ਪ੍ਰਭਾ ਕਬ, ੪, ੩:੧ (1350)

“ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ।”

– ਸਲੋ ਫਰ, ੭੧:੧ (1381)

ਉਝਰਤ ---- ਉਝੜਦਿਆਂ, ਖਤਮ ਹੁੰਦਿਆਂ

“ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ। 31ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ।”

– ਆਸਾ ੧, ਅਸ ੨੨, ੪:੨ (422)

ਉਝੜ ------ (ਸੰ. ਪ੍ਰ.) ਕੁਰਾਹੇ, ਪੁੱਠੇ ਰਾਹ, ਔਜੜ, ਅਜਿਹੀ ਰੋਹੀ ਜਿਸ ਵਿਚ ਰਸਤੇ ਦਾ ਥਹੁ ਪਤਾ ਨਾ ਲਗੇ

“ਵਿਸਮਾਦੁ ਉਝੜ ਵਿਸਮਾਦੁ ਰਾਹ।”

– ਆਸਾ ੧, ਵਾਰ ੩ਸ ੧, ੧:੧੨ (464)

“ਭਾਣੈ ਉਝੜ ਭਾਣੈ ਰਾਹਾ।”

– ਮਾਝ ੫, ੧੪, ੨:੧ (98)

ਉਝੜ ਪੰਥਿ -- ਅਗਿਆਨੀ, ਘਨੇ ਜੰਗਲ ਵਿਚ ਔਜੜੀਂ ਪਿਆ ਮਨੁੱਖ

“ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਧਕੇ ਖਾਇਆ।”

– ਸੂਹੀ ੪, ਛੰਤ ੧, ੩:੪ (773)

ਹੋਰ ਰੂਪ:

ਉਝੜਿ –
“ਉਝੜਿ ਭੁਲੇ ਰਾਹ ਗੁਰਿ ਵੇਖਾਲਿਆ।”
– ਮਾਝ ੧, ਵਾਰ ੨੪:੩ (149)

ਉਝੜੁ –
“ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ।”
– ਵਡ ੧, ਅਲਾ ੪, ੩:੧ (581)

ਉਝਾਰੈ ----- ਉਜਾੜਨਾ, ਖਤਮ ਕਰਨਾ
“ਭਣਤਿ ਨਾਨਕੁ ਜਬ ਖੇਲੁ ਉਝਾਰੈ ਤਬ ਏਕੈ ਏਕੰਕਾਰਾ।”
– ਮਾਰੂ ੫, ੪, ੪:੨ (999)

ਉਠਈਆ --- ਪੈਦਾ ਹੋਣਾ, ਉਤਪਨ ਹੋਣਾ, ਉਠਣਾ
“ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ।”
– ਬਿਲਾ ੪, ਅਸ ੬, ੧:੧ (836)

ਹੋਰ ਰੂਪ:

ਉਠਸੀ –
“ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।”
– ਤਿਲੰ ੧, ੫, ੨:੫ (723)

ਉਠਹਿ –
“ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ।”
– ਨਟ ੪, ੬, ੨:੨ (977)

ਉਠੰਦਾ –
“ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ।”
– ਜੈਤ ੫, ਛੰਤ ੧, ੨:੪ (703)

ਉਠਨਿ –
“ਫਰੀਦਾ ਰਾਤੀ ਵਡੀਆ ਧੁਖਿ ਧੁਖਿ ਉਠਨਿ ਪਾਸ।”
– ਸਲੋ ਫਰ, ੨੧:੧ (1379)

ਉਠਾਲਿਓ –
“ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ।”
– ਮਾਰੂ ੫, ਵਾਰ ੬:੮ (1096)

ਉਠਿਓ –
“ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ।”
– ਸਾਰ ੫, ੨੭, ੨:੧ (1209)

ਉਠੇ –
“ਸੁਖਹੁ ਉਠੇ ਰੋਗ ਪਾਪ ਕਮਾਇਆ।”
– ਮਾਝ ੧, ਵਾਰ ੪:੪ (139)

ਉਠਹੁ ----- ਖੜੇ ਹੋ ਜਾਓ, ਸਾਵਧਾਨ ਹੋ ਜਾਓ
“ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ।”
– ਗਉ ੪, ਵਾਰ ੨੧ਸ, ੪, ੧:੨ (312)

ਹੋਰ ਰੂਪ:

ਉਠਣਾ –
“ਸਾਚੈ ਬੈਸਣੁ ਉਠਣਾ ਸਚੁ ਭੋਜਨੁ ਭਾਖਿਆ।”
– ਮਾਰੂ ੧, ਅਸ ੪, ੫:੧ (1011)

ਉਠਤ –
“ਬੈਠਤ ਉਠਤ ਕੁਟਿਲਤਾ ਚਾਲਹਿ।”
– ਗਉ ਕਬ, ੪੪, ੩:੧ (332)

ਉਠੰਦਿਆਂ –
“ਉਠੰਦਿਆਂ ਬਹੰਦਿਆ ਸਵੰਦਿਆ ਸੁਖੁ ਸੋਇ।”
– ਗਉ ੫, ਵਾਰ ੧੩ਸ, ੫, ੧:੧ (321)

ਉਠਦਿਆ –
“ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ।”
– ਗਉ ੪, ਵਾਰ ੧੧ਸ, ੪, ੨:੪ (305)

ਉਠਾਇਓ –
“ਸੁਦੁ ਸੁਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ।”
– ਮਲਾ ਨਾਮ, ੨, ੧:੨ (1292)

ਉਠਾਇਆ –
“ਭਗਤਿ ਕਰਤ ਨਾਮਾ ਪਕਰਿ ਉਠਾਇਆ।”
– ਭੈਰ ਨਾਮ, ੬, ੧:੨ (1164)

ਉਠਾਰਿਓ –
“ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ।”
– ਆਸਾ ੫, ੧੫੨, ੧:੨ (408)

ਉਠਦਿਆ --- ਜਾਗਕੇ, ਨੀਂਦ ਤੋਂ ਮੁਕਤ ਹੋ
“ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ।”
– ਸੂਹੀ ੪, ਅਸ ੨, ੪:੧ (758)

ਹੋਰ ਰੂਪ:

ਉਠਦੇ –
“ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ।”
– ਗਉ ੪, ਵਾਰ ੨੨ਸ, ੪, ੧:੫ (313)

ਉਠਾਲਿ – (ਨੀਂਦ ਤੋਂ ਮੁਕਤ ਕਰ)
“ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ।”
– ਸਿਰੀ ੪, ਵਾਰ ੨ਸ, ੧, ੧:੨ (83)

ਉਠਿ –
“ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਣਜਾਣਿ।”
– ਸਿਰੀ ੫, ੭੩, ੧:੧ (43)

ਉਠੁ –
“ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ।”
– ਸਲੋ ਫਰ, ੭੧:੧ (1381)

ਉਠੇ –
“ਸਚੁ ਸੁਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ।”
– ਗਉ ੧, ਵਾਰ ੨੧:੧ (312)

ਉਠੋ –
“ਖੁਲੀ ਗੰਠਿ ਉਠੋ ਲਿਖਿਆ ਆਇਆ ਰਾਮ।”
– ਤੁਖਾ ੧, ਛੰਤ ੨, ੫:੧ (1110)

ਉਠਰੀਐ --- ਉਠਾਣਾ, (ਝਗਲਾ, ਵਿਰੋਧ)
“ਨਿੰਦਕੁ ਪ੍ਰਭੂ ਭੁਲਾਇਆ ਕਾਲੁ ਨੇਰੈ ਆਇਆ ਹਰਿ ਜਨ ਸਿਉ ਬਾਦੁ ਉਠਰੀਐ।”
– ਬਿਲਾ ੫, ੯੫, ੨:੧ (823)

ਉਠਾਇਆ -- ਚੁਕਣਾ
“ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ।”
– ਗਉ ੪, ੪੮, ੧:੨ (166)

ਹੋਰ ਰੂਪ:

ਉਠਾਈ –
“ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ।”
– ਗਉ ੫, ੧੫੯*, ੪:੧ (214)

ਉਠਾਏ –
“ਨਿੰਦਾ ਕਰਹਿ ਸਿਰਿ ਭਾਰੁ ਉਠਾਏ।”
– ਆਸਾ ੫, ੮, ੨:੨ (372)

ਉਠਾਲੀ –
“ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨ ਲਾਗੈ।”
– ਰਾਮ ੧, ੪੧*:੨ (877)

ਉਠਾਲੀਆ –
“ਤੁਧੁ ਆਪੇ ਗੋਇ ਉਠਾਲੀਆ।”
– ਸਿਰੀ ੧, ਅਸ ੨੮, ੨੨:੨ (73)

ਉਠਾਵਹਿ –
“ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ।”
– ਗਉ ੧, ੧੩, ੧:੨ (154)

ਉਠਾਵਤ –
“ਗਲੀ ਸੈਲ ਉਠਾਵਤ ਚਾਹੈ ਓਇ ਊਹਾ ਹੀ ਹੈ ਧਰੇ।”
– ਟੋਡੀ ੫, ੧੨, ੧:੧ (714)

ਉਠਾਵਨ –
“ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ।”
– ਮਾਰੂ ੫, ੧੧, ੩:੨ (1001)

ਉਠਾਵੈ –
“ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ।”
– ਮਾਝ ੩, ਅਸ ੧੫, ੪:੩ (118)

ਉਠਾਈ ---- ਨਿਬੇੜ ਦੇ, ਮੁਕਾ ਦੇ, ਦੂਰ ਕਰ ਦੇ

“ਜਨ ਨਾਨਕ ਦੀਨ ਸਰਨਿ ਆਇਓ ਪ੍ਰਭ ਸਭੁ ਲੇਖਾ ਰਖਹੁ ਉਠਾਈ।”
– ਸੋਰ ੫, ੩, ੪:੨ (609)

ਹੋਰ ਰੂਪ:

ਉਠਿ –
“ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ।” (ਦੂਰ ਹੋ ਗਿਆ)
– ਸੂਹੀ ੧, ਛੰਤ ੪, ੧:੩ (765)

ਉਠਾਹੀ ----- ਚੰਬੇੜਨਾ (ਭਾਵ)
“ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ।”
– ਗਉ ੪, ਵਾਰ ੧੫ਸ, ੪, ੨:੯ (309)

ਉਠਾਵੈ ----- ਚੁਕੇ (ਧੁਨੀ)
“ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ।”
– ਆਸਾ ੪, ੬੨, ੨:੧ (368)

ਉਠਿ ------ (ਸੰ. ਪ੍ਰਾ.) ਖੜਾ ਹੋ ਕੇ, ਸਾਵਧਾਨ ਹੋ ਕੇ
“ਕੀਏ ਉਪਾਵ ਮੁਕਤਿ ਕੇ ਕਾਰਨਿ ਦਹਦਿਸਿ ਕਉ ਉਠਿ ਧਾਇਆ।”
– ਜੈਤ ੯, ੨, ੨:੧ (703)

ਉਠਿ ------ ਜਾਣਾ, ਤੁਰ ਜਾਣਾ (ਭਾਵ ‘ਜਾਇ ਉਠਿ’)
“ਇਕਿ ਆਵਹਿ ਇਕ ਜਾਹਿ ਉਠਿ ਰਖੀਅਹਿ ਨਾਵ ਸਲਾਰ।”
– ਸਿਰੀ ੧, ੬, ੩:੧ (16)

ਉਠਿਅਹਿ --- ਉਠ ਜਾਣ, ਮੁਕ ਜਾਣ
“ਜਿਤੁ ਦਾਰੂ ਰੋਗ ਉਠਿਅਹਿ ਤਨਿ ਸੁਖੁ ਵਸੈ ਆਇ।”
– ਮਲਾ ੧, ਵਾਰ ੩ਸ, ੨, ੨:੩ (1279)

ਉਠੀ ------ ਉਠ ਕੇ
“ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ।”
– ਸਾਰ ੪, ੫ਸ, ੨, ੧:੬ (1239)

ਉਡਹਿ ----- ਭਟਕਣਾ
“ਉਡਹਿ ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ।”
– ਮਾਰੂ ੩, ਸੋਲਾ ੨੪, ੧੩:੩ (1068)

ਹੋਰ ਰੂਪ:

ਉਡਣੈ –
“ਅਤਿ ਤ੍ਰਿਸਨਾ ਉਡਣੈ ਕੀ ਡੰਝ।”
– ਮਲਾ ੧, ੯, ੩:੨ (1257)

ਉਡੈ –
“ਹਰਿ ਰਸੁ ਪੀਵੈ ਸਹਜਿ ਰਹੈ ਉਡੈ ਨ ਆਵੈ ਜਾਇ।”
– ਸਿਰੀ ੩, ਅਸ ੨੦, ੧:੨ (66)

ਉਡਹੁ ------ (ਸੰ.) ਖੰਭਾਂ ਦੇ ਆਸਰੇ ਜਾਂ ਉਂਝ ਹਵਾ ਵਿਚ ਗਮਨ ਕਰਨਾ, ਪਰਵਾਜ਼ ਕਰਨਾ

“ਉਡਹੁ ਨ ਕਾਗਾ ਕਾਰੇ। ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ।”
– ਗਉ ਕਬ, ੬੫, ੧*:੧ (338)

ਹੋਰ ਰੂਪ:

ਉਡਹਿ –
“ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ।”
– ਰਾਮ ੧, ਓਅੰ ੩੩:੩ (934)

ਉਡਣ –
“ਚਿੰਜੁ ਬੋੜਨਿ ਨ ਪੀਵਹਿ ਉਡਣ ਸੰਦੀ ਡੰਝ।”
– ਸਲੋ ਫਰ, ੬੪:੨ (1381)

ਉਡੰਤ –
“ਕਾਮ ਕ੍ਰੋਧ ਵਸਿ ਕਰੈ ਪਵਣੁ ਉਡੰਤ ਨ ਧਾਵੈ।”
– ਸਵ ੫, ੧੯:੩ (1395)

ਉਡਤਾ/ਉਡਤੇ –
“ਤੁਰਦੇ ਕਉ ਤਰਦਾ ਮਿਲੈ ਉਡਤੇ ਕਉ ਉਡਤਾ।”
– ਸੂਹੀ ੩, ਵਾਰ ੮ਸ, ੨, ੨:੧ (788)

ਉਡਨ –
“ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ।”
– ਸਾਰ ਕਬ, ੧, ੨:੨ (1253)

ਉਡਰਿ –
“ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ।”
– ਤੁਖਾ ੧, ਛੰਤ ੪, ੧:੫ (1111)

ਉਡਰਿਆ --- (ਭਾਵ ਲੋਪ ਹੋ ਗਿਆ)
“ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।”
– ਮਾਝ ੧, ਵਾਰ ੧੬ਸ, ੧, ੧:੧ (145)

ਉਡਾਏ –
“ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।”
– ਗਉ ੧, ੧੭, ੨:੨ (156)

ਉਡਿਓ –
“ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ।”
– ਸਲੋ ਕਬ, ੧੧੮:੧ (1370)

ਉਡਿਆ –
“ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ।”
– ਸਿਰੀ ਬੇਣੀ, ੧, ੫:੩ (93)

ਉਡੈ –
“ਹਰਿਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ।”
– ਬਿਹਾ ੪, ਵਾਰ ੧੪ਸ ੫, ੧:੧ (553)

ਉਡਵਾ ----- (ਸੰ.) ਨਛੱਤ੍ਰ, ਤਾਰਾ ਮੰਡਲ
“ਹਰਿਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ।”

– ਪ੍ਰਭਾ ੪, ੩, ੨:੨ (1336)

ਉਡਾਏ ------ ਹਵਾ ਵਿਚ ਖਿੰਡਾਣਾ/ਖਿੰਡਣਾ
"ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ।"
– ਸਲੋ ੪, ੧੯:੪ (1423)

ਹੋਰ ਰੂਪ:

ਉਡਾਈਐ –
"ਦੇਹੀ ਹੋਵਗਿ ਖਾਕੁ ਪਵਣੁ ਉਡਾਈਐ।"
– ਸੂਹੀ ੧, ਅਸ ੪, ੪:੧ (752)
ਉਡਾਨੀ –
"ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।"
– ਗਉ ਕਬ, ਅਸ ੪੩, ੧:੨ (331)
ਉਡਾਵੈ –
"ਖਰ ਬਾਹਨੁ ਉਹੁ ਛਾਰੁ ਉਡਾਵੈ।"
– ਗੋਂਡ ਨਾਮ, ੬, ੧:੨ (874)
ਉਡਿ –
"ਉਡਿ ਉਡਿ ਰਾਵਾ ਝਾਟੈ ਪਾਇ।"
– ਆਸਾ ੧, ਵਾਰ ਪਸ, ੧, ੨:੩ (465)

ਉਡਾਵਤ ---- ਉਡਾਣਾ
"ਕਾਗ ਉਡਾਵਤ ਭੁਜਾ ਪਿਰਾਨੀ।"
– ਸੂਹੀ ਕਬ, ੨, ੪:੧ (792)

ਹੋਰ ਰੂਪ:

ਉਡਾਵੈ –
"ਨਾ ਮਨੁ ਚਲੈ ਨ ਪਉਣੁ ਉਡਾਵੈ।"
– ਮਾਰੂ ੧, ਸਲੋ ੧੯, ੮:੧ (1040)
ਉਡਿ –
"ਉਡਿ ਨ ਜਾਹੀ ਸਿਧ ਨ ਹੋਹਿ।"
– ਆਸਾ ੧, ਵਾਰ ਪਸ, ੧, ੨:੨੪ (465)

ਉਡਿ ------ 1. ਭਸਮ ਹੋ ਗਿਆ, ਖਤਮ ਹੋ ਗਿਆ, ਮੁਕ ਗਿਆ
"ਨਿਤ ਉਪਾਵ ਕਰੈ ਮਾਇਆ ਧਨੁ ਕਾਰਣਿ ਅਗਲਾ ਧਨੁ ਭੀ ਉਡਿ ਗਇਆ।"
– ਗਉ ੪, ਵਾਰ ੧੩ਸ, ੪, ੨:੩ (307)
2. ਉਡਾਣਾ, ਵੇਖੋ 'ਉਡਾਵਤ'

ਉਡੀਸੇ ----- (ਸੰ.) ਭਾਰਤ ਦੇ ਇਕ ਪ੍ਰਾਂਤ ਬੰਗਾਲ ਦਾ ਉਹ ਇਲਾਕਾ ਜਿਸ ਵਿਚ ਕਟਕ, ਬਲਸੁਰ ਤੇ ਪੁਰੀ ਦੇ ਜ਼ਿਲੇ ਆਉਂਦੇ ਹਨ, ਇਸ ਦਾ ਪੁਰਾਣਾ ਨਾਂ ਉਂਤਕਲ () ਵੀ ਹੈ, ਪੁਰੀ ਵਿਚ ਜਗਨਨਾਥ ਦਾ ਸੁਪ੍ਰਸਿੱਧ ਮੰਦਰ ਹੈ।
"ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏ।"
– ਪ੍ਰਭਾ ਕਬ, ੨, ੪:੧ (1349)

ਉਡੀਣੀ ---- (ਸੰ.) 1. ਉਦਾਸ, ਉਡੀਕ ਵਿਚ ਨਿਮੋਝੂਨੀ
“ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ।”
– ਆਸਾ ੪, ਛੰਤ ੨੧, ੪:੩ (452)

ਹੋਰ ਰੂਪ:

ਉਡੀਣੀਆ –
“ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ
ਜਿਉ ਜਲ ਬਿਨੁ ਕਮਲ ਉਦਾਸੇ ਰਾਮ।”
– ਬਿਹਾ ੪, ਛੰਤ ੧, ੪:੨ (538)

ਉਡੀਨੀ –
“ਉਡੀਨੀ ਉਡੀਨੀ ਉਡੀਨੀ ਕਬ ਘਰਿ ਆਵੈ ਰੀ।”
– ਬਿਲਾ ੫, ੧੨੮, ੧*:੨ (830)

2. ਉਦਾਸ, ਹੈਰਾਨ ਕਰਨ ਵਾਲੀ, ਔਖੀ
“ਵਾਟ ਹਮਾਰੀ ਖਰੀ ਉਡੀਣੀ।”
– ਸੂਹੀ ਫਰ, ੧, ੪:੧ (794)

ਉਡੀਣੀਆ -- 1. ਵਿਆਕੁਲ
“ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ।”
– ਗਉ ੫, ਛੰਤ ੧, ੧:੩ (247)
“ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ।”
– ਸੂਹੀ ੪, ੫, ੨:੩ (776)

2. ਉਦਾਸ – ਵੇਖੋ ‘ਉਡੀਣੀ’

ਉਤ ------- (ਸੰ.) 1. ਉਧਰ, ਉਥੇ
“ਇਤ ਉਤ ਮਨਮੁਖ ਬਾਧੇ ਕਾਲ।”
– ਗਉ ੧, ੧੧, ੩:੨ (154)

ਹੋਰ ਰੂਪ:

ਉਤਹਿ –
“ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ।”
– ਆਸਾ ੫, ਛੰਤ ੧੧, ੩:੫ (460)

ਉਤਹੀ –
“ਸਤਿਗੁਰੁ ਸਾਚਾ ਮਨਿ ਵਸੈ ਸਾਜਨੁ ਉਤਹੀ ਠਾਇ।”
– ਮਾਰੂ ੩, ਵਾਰ ੩ਸ, ੧, ੧:੩ (1087)

2. ਉਸ ਪਾਸੇ
“ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ।”
– ਧੰਨ ੫, ੩੬, ੧*:੨ (680)

ਹੋਰ ਰੂਪ:

ਉਤੁ (ਇਸ)
“ਉਤੁ ਭੁਖੈ ਖਾਇ ਚਲੀਅਹਿ ਦੂਖ।”
– ਆਸਾ ੧, ਸੋਦ ੩, ੧:੪ (9)

ਉਤਸਾਹਾ --- (ਸੰ.) ਉਦਮ, ਪੁਰਸ਼ਾਰਥ
"ਦੀਨ ਦਇਆਲ ਕਰਹੁ ਉਤਸਾਹਾ।"
– ਸੂਹੀ ੫, ੨੬, ੪:੧ (742)

ਉਤੰਗੀ ----- (ਸੰ.) ਬਹੁਤ ਉਚਾ
"ਉਤੰਗੀ ਪੈਓਹਰੀ ਗਹਿਰੀ ਗੰਭੀਰੀ।"
– ਸਲੋ ੧, ੧:੧ (1410)

ਉਤਪਤਿ ---- (ਸੰ.) 1. ਜਨਮ, ਪੈਦਾਇਸ਼, ਰਚਨਾ
"ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।"
– ਗਉ ਕਬ, ੪੮, ੧:੧ (333)

ਹੋਰ ਰੂਪ:

ਉਤਪਤਿਆ –
"ਹਰਿ ਇਕੋ ਵਰਤੈ ਇਕੁ ਇਕੋ ਉਤਪਤਿਆ।"
– ਸੋਰ ੪, ਵਾਰ ੯:੩ (646)

ਉਤਪਾਤਿ –
"ਅਨਿਕ ਪਰਲਉ ਅਨਿਕ ਉਤਪਾਤਿ।"
– ਸਾਰ ੫, ਅਸ, ੨, ੯:੨ (1236)

ਉਤਪਾਤੀ –
"ਬ੍ਰਹਮ ਬਿੰਦੁ ਤੇ ਸਭ ਉਤਪਾਤੀ।"
– ਗਉ ਕਬ, ੭, ੧:੨ (324)

ਉਤਭੁਜ ---- (ਸੰ.) ਬਨਸਪਤੀ ਜਿਸ ਦਾ ਅੰਕੁਰ ਜਮੀਨ ਨੂੰ ਪਾੜ ਕੇ ਨਿਕਲੇ
"ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ।"
– ਆਸਾ ੧, ੧੯, ੧:੧ (354)

ਹੋਰ ਰੂਪ:

ਉਤਭੁਜਾਂ –
"ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹੁ।"
– ਆਸਾ ੧, ਵਾਰ ੮ਸ, ੧, ੧:੩ (467)

ਉਤਭੁਜਾ –
"ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ।"
– ਬਿਲਾ ੫, ੬੦, ੩:੧ (816)

ਉਤਭੁਜੁ –
"ਅੰਤਰਿ ਉਤਭੁਜੁ ਅਵਰੁ ਨ ਕੋਈ।"
– ਰਾਮ ੧, ਅਸ ੬, ੧:੧ (905)

ਉਤਮ ------ (ਸੰ.) ਅਤਿ ਸ੍ਰੇਸ਼ਟ, ਅਤਿ ਚੰਗੇ
"ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ।"
– ਮਾਝ ੧, ੨੧ਸ, ੧, ੨:੧ (148)

ਹੋਰ ਰੂਪ:

ਉਤਮੁ –
“ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ।”
– ਸਿਰੀ ੪, ਵਣ ੧, ੧:੧ (81)

ਉਤਰ ------ (ਸੰ.) ਜਵਾਬ
“ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ।”
– ਰਾਮ ੫, ਓਅੰ ੪੫:੫ (936)

ਹੋਰ ਰੂਪ:

ਉਤਰੁ –
“ਆਪੇ ਆਖੈ ਆਪੇ ਸਮਝੈ ਤਿਸੁ ਕਿਆ ਉਤਰੁ ਦੀਜੈ।”
– ਰਾਮ ੧, ਸਿਗੋ ੪:੩ (938)

ਉਤਰਉ ---- (ਸੰ. ਪ੍ਰਾ) ਲੰਘਾਂ, ਦੂਜੇ ਪਾਸੇ ਪੁਜਾਂ; ਤਰਾਂ (ਭਾਵ)
“ਅੰਧ ਕੂਪਿ ਮਾਇਆ ਮਨੁ ਗਾਡਿਆ ਕਿਉ ਕਰਿ ਉਤਰਉ ਪਾਰਿ ਸੁਆਮੀ।”
– ਰਾਮ ੧, ੨, ੧*:੨ (876)

ਹੋਰ ਰੂਪ:

ਉਤਰਸਿ –
“ਰਾਮ ਨਾਮ ਬਿਨੁ ਕੈਸੇ ਉਤਰਸਿ ਪਾਰਿ।”
– ਗਉ ੫, ੧੬੬, ੩:੨ (199)

ਉਤਰਹਿ –
“ਨਾਮਿ ਰਤੇ ਭਉਜਲ ਉਤਰਹਿ ਪਾਰੇ।”
– ਗਉ ੩, ੩੩, ੨:੪ (161)

ਉਤਰਹੁ –
“ਗੁਰਮੁਖਿ ਭਉਜਲੁ ਉਤਰਹੁ ਪਾਰਾ।”
– ਗਉ ੩, ਅਸ ੨, ੧*:੨ (230)

ਉਤਰਿ –
“ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ।”
– ਧਨਾ ਕਬ, ੫, ੨:੨ (692)

ਉਤਰਿਓ –
“ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ।”
– ਮਾਰੂ ੫, ਅਸ ੩, ੨:੨ (1018)

ਉਤਰਿਆ –
“ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ।”
– ਸਿਰੀ ੫, ੭੬, ੩:੩ (44)

ਉਤਰੀਆ –
“ਸਿਮਰਤ ਨਾਮੁ ਭੈ ਪਾਰਿ ਉਤਰੀਆ।”
– ਗਉ ੫, ੧੨੦, ੧*:੨ (190)

ਉਤਰੀਐ –
“ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ।”
– ਗਉ ੫, ਵਾਰ ੧੧:੩ (320)

ਉਤਰੁ –
“ਨਾਨਕ ਕਹਤ ਗਾਇ ਕਰੁਨਾਮੈ ਭਵ ਸਾਗਰ ਕੈ ਪਾਰਿ ਉਤਰੁ ਰੇ।”
– ਗਉ ੯, ੯, ੨:੨ (220)

ਉਤਰੇ –
“ਸਹਜੇ ਸਿਫਤੀ ਰਤਿਆ ਭਵਜਲੁ ਉਤਰੇ ਪਾਰਿ।”
– ਸਿਰੀ ੫, ੮੬, ੨:੩ (48)

ਉਤਰੈ –
“ਗੁਰਮੁਖਿ ਕੋਈ ਉਤਰੈ ਪਾਰਿ।”
– ਆਸਾ ੧, ੨੩, ੩:੨ (356)

ਉਤਰਸਿ ---- (1) ਉਤਰਨਾ, ਲਹਿਣਾ
“ਗੁਨ ਗਾਵਤ ਤੇਰੀ ਉਤਰਸਿ ਮੈਲੁ।”
– ਗਉ ੫, ਸੁਖ ੧੯, ੭:੧ (289)
“ਤੀਰਥਿ ਨਾਇ ਨ ਉਤਰਸਿ ਮੈਲੁ।”
– ਬਿਲਾ ੫, ੨੪, ੨:੧ (890)

ਹੋਰ ਰੂਪ:

ਉਤਰਸੁ –
“ਪਾਣੀ ਧੋਤੈ ਉਤਰਸੁ ਖੇਹ।”
– ਜਪੁ ੨੦:੪ (4)

ਉਤਰਹਿ –
“ਜਿਨ ਦੇਖੇ ਸਭ ਉਤਰਹਿ ਕਲਮਲ।”
– ਮਾਝ ੫, ੪੯, ੪:੨ (108)
“ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ।”
– ਮਾਝ ੧, ਵਾਰ ੨੪ਸ, ੧, ੧:੨ (149)

ਉਤਰਿ –
“ਰਾਮ ਰੰਗੁ ਕਦੇ ਉਤਰਿ ਨ ਜਾਇ।”
– ਗਉ ੫, ੧੪੧, ੧:੧ (194)

ਉਤਰਿਆ –
“ਕਾਮ ਕ੍ਰੋਧ ਕਾ ਉਤਰਿਆ ਰੰਗੁ।”
– ਭੈਰ ੫, ੪੦, ੨:੨ (1147)

ਉਤਰੀ –
“ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਹਰਿ ਸਰਿ ਨਾਤੇ ਰਾਮ।”
– ਬਿਹਾ ੪, ੩, ੪:੩ (539)

ਉਤਰੇ –
“ਅੰਦਰਿ ਮੈਲੁ ਨ ਉਤਰੇ ਹਉਮੈ ਫਿਰਿ ਫਿਰਿ ਆਵੈ ਜਾਵੈ।”
– ਰਾਮ ੫, ਵਾਰ ੭ਸ, ੫, ੧:੩ (960)

ਉਤਰੈ –
“ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ।”
– ਸਿਰੀ ੧, ੧੨, ੪:੧ (18)

2. ਪਾਰ ਲੰਘਣਾ, ਵੇਖੋ ‘ਉਤਰਉ’

ਉਤਰਹਿ ---- ਮੁਕਨਾ, ਖਤਮ ਹੋਣਾ (ਭਾਵ)
“ਰੋਗੁ ਜਾਇ ਤਾਂ ਉਤਰਹਿ ਦੂਖ।”
– ਭੈਰ ੫, ੪੫, ੩:੨ (1149)

ਹੋਰ ਰੂਪ:

ਉਤਰਨਿ –
“ਕਿਲਵਿਖ ਸਭੇ ਉਤਰਨਿ ਨੀਤ ਨੀਤ ਗੁਣ ਗਾਉ।”
– ਗੂਜ ੫, ਵਾਰ ੧੯ਸ, ੫, ੧:੧ (522)

ਉਤਰਿ –
“ਉਤਰਿ ਗਏ ਸਭ ਸੋਗ ਸੰਤਾਪੇ।”
– ਮਾਝ ੫, ੩੬, ੪:੨ (105)

ਉਤਰਿਆ –
“ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ।”
– ਸੋਰ ੫, ੧੯, ੩:੧ (614)

ਉਤਰੀ –
“ਮਿਟੇ ਵਿਸੂਰੇ ਉਤਰੀ ਚਿੰਤ।”
– ਗਉ ੫, ੧੨੨, ੨:੨ (190)
“ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ।”
– ਟੋਡੀ ੫, ੨੯, ੧:੨ (717)

ਉਤਰੇ –
“ਜਨਮ ਜਨਮ ਕੇ ਕਿਲਵਿਖ ਦੁਖ ਉਤਰੇ ਹਰਿ ਹਰਿ ਨਾਮਿ ਸਮਾਇਆ।”
– ਆਸਾ ੪, ਛੰਤ ੧੦, ੩:੪ (445)

ਉਤਰੈ –
“ਸਤਿਗੁਰੁ ਭੇਟੇ ਤਾ ਉਤਰੈ ਪੀਰ।”
– ਆਸਾ ੩, ੪੨, ੩:੨ (361)

ਉਤਰਿ ----- (1) ਥਲੇ ਉਤਰਨਾ
“ਉਤਰਿ ਅਵਘਟਿ ਸਰਵਰਿ ਨਾਵੈ।”
– ਆਸਾ ੧, ਅਸ ੧, ੧:੧ (411)
“ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ।”
– ਸਲੋ ਕਬ, ੬੭:੨ (1368)

ਹੋਰ ਰੂਪ:

ਉਤਰੈ –
“ਜਮ ਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ।”
– ਮਾਝ ੧, ਵਾਰ ੫:੫ (140)

(2) ਉਤਰ ਦਿਸ਼ਾ
“ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈਕਾਰੁ ਜਪੰਥਿ ਨਰਾ।”
– ਸਵ ੩, ੧:੬ (1392)

3. ਲੰਘਣਾ, ਪਾਰ ਹੋਣਾ; ਵੇਖੋ ‘ਉਤਰਉ’।
4. ਉਤਰਨਾ, ਲਹਿਣਾ; ਵੇਖੋ ‘ਉਤਰਸਿ’।

5. ਮੁਕਨਾ, ਖਤਮ ਹੋਣਾ; ਵੇਖੋ ‘ਉਤਰਹਿ’।
6. ਤ੍ਰਿਪਤ ਹੋਣਾ, ਮਿਟਣਾ; ਵੇਖੋ ‘ਉਤਰੈ’।
7. ਅਵਤਰਿਓ, ਜਨਮ ਲਿਆ
“ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ।”
– ਸਵ ੫, ਕਲ ੧:੨ (1407)

ਉਤਰਿਆ --- ਵੇਖੋ ‘ਉਤਰਹਿ’ ਠਹਿਰਿਆ, ਮੁਕਾਮ ਕੀਤਾ
“ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿਆ ਘਰਿ ਜਿਸੁ ਜਾਇ।”
– ਸੂਹੀ ੪, ੮, ੧:੨ (733)

ਹੋਰ ਰੂਪ:

ਉਤਰੀ – (ਘੇਰਾ ਪਾਈ ਬੈਠਾ ਹੈ)
“ਅੰਤਰਿ ਬਿਖਿਆ ਉਤਰੀ ਘੇਰੇ।”
– ਆਸਾ ੫, ੮, ੩:੨ (372)

ਉਤਰੈ ----- ਤ੍ਰਿਪਤ ਹੋਣਾ, ਮਿਟਣਾ
“ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ।”
– ਮਾਝ ੫, ੮, ੧:੩ (96)
“ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ।”
– ਵਡ ੫, ੯, ੬:੧ (564)

ਹੋਰ ਵੇਖੋ ‘ਉਤਰਿ’ (1)

ਹੋਰ ਰੂਪ:

ਉਤਰਹਿ –
“ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ।”
– ਮਾਝ ੫, ਬਾਰਾ ੯:੭ (135)

ਉਤਰਿ –
“ਉਤਰਿ ਜਾਇ ਤੇਰੇ ਮਨ ਕੀ ਪਿਆਸ।”
– ਗਉ ੫, ੭੯, ੩:੧ (179)

ਉਤਵਤਾਏ --- ਉਤ+ਵਤੇ (ਉਖੜ ਕੇ ਫਿਰੇ) ਉਖੜਿਆ ਹੋਇਆ, ਡਾਵਾਂਡੋਲ ਹੋਏ ਫਿਰਨਾ, ਬੌਂਦਲੇ ਫਿਰਨਾ
“ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ।”
– ਆਸਾ ੩, ਅਸ ੩੨, ੫:੨ (427)

ਉਤਾਹਿ ----- ਵੇਖੋ ‘ਉਤੈ’

ਉਤਾਰ ----- (1) ਵੇਖੋ ‘ਉਤਰਉ’, ਪਾਰਲੇ ਪਾਸੇ ਪੁਚਾਣਾ, ਲੰਘਾਣਾ, ਤਾਰਨਾ
“ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ।”
– ਗਉ ੫, ਬਾਅ ੫੨ਸ:੨ (261)

ਹੋਰ ਰੂਪ:

ਉਤਾਰਨ –
“ਹਰਿ ਨਾਮੁ ਬੋਹਿਥੁ ਬਡੌ ਕਲਿ ਮੈ ਭਵ ਸਾਗਰ ਪਾਰਿ ਉਤਾਰਨ ਕਉ।”

– ਸਵ ੪, ਮਥ ੨:੪ (1404)

ਉਤਾਰਾ –
“ਕਿਲ ਬਿਖ ਕਾਟੇ ਨਿਮਖ ਅਰਾਧਿਆ ਗੁਰਮੁਖਿ ਪਾਰਿ ਉਤਾਰਾ।”
– ਸੋਰ ੫, ੧੦, ੧:੨ (611)

ਉਤਾਰਿ –
“ਕਬਹੂੰ ਨ ਪਾਰ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ।”
– ਆਸਾ ਕਬ, ੨੬, ੨:੨ (482)

ਉਤਾਰਿਓ –
“ਅਗਨਿ ਸਾਗਰੁ ਗੁਰਿ ਪਾਰਿ ਉਤਾਰਿਓ।”
– ਗਉ ੫, ੭੭, ੧*:੨ (178)

ਉਤਾਰਿਅਨੁ –
“ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ।”
– ਸੋਰ ੩, ਅਸ ੨, ੨:੨ (638)

ਉਤਾਰਿਆ –
“ਕਰਿ ਕਿਰਪਾ ਪਾਰਿ ਉਤਾਰਿਆ।”
– ਆਸਾ ੧, ਵਾਰ ੧੩:੫ (470)

ਉਤਾਰੀ –
“ਜਿ ਓਸੁ ਮਿਲੈ ਤਿਸੁ ਪਾਰਿ ਉਤਾਰੀ।”
– ਗਉ ੪, ਵਾਰ ੩੩ਸ, ੩, ੧:੪ (317)

ਉਤਾਰੁ –
“ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ।”
– ਸਿਰੀ ੧, ਅਸ ੧੦, ੪:੩ (59)

ਉਤਾਰੇ –
“ਅਗਨਿ ਸਾਗਰ ਗੁਰਿ ਪਾਰਿ ਉਤਾਰੇ।”
– ਗਉ ੫, ੧੨੫, ੨:੨ (191)

ਉਤਾਰੈ –
“ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ।”
– ਬਿਲਾ ੫, ੪, ੪:੩ (802)

(2) ਲਾਹਣਾ, ਉਤਾਰਨਾ
“ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲਖ ਖਨਿ ਉਤਾਰ ਤਿਮਰ ਅਗ੍ਯਾਨ ਜਾਹਿ ਦਰਸ ਦੁਆਰ।”
– ਸਵ ੨, ੨:੧ (1391)

ਹੋਰ ਰੂਪ:

ਉਤਾਰਈ –
“ਲਗਾ ਰੰਗੁ ਅਪਾਰੁ ਕੋ ਨ ਉਤਾਰਈ।”
– ਸਲੋ ੫, ੬:੪ (1425)

ਉਤਾਰਨ – (ਦੂਰ ਕਰਨ/ਲਾਹੁਣ ਲਈ)
“ਬਾਣੀ ਮੰਤ੍ਰੁ ਮਹਾਪੁਰਖਨ ਕੀ ਮਨਹਿ ਉਤਾਰਨ ਮਾਨ ਕਉ।”
– ਸਾਰ ੫, ੨੦, ੨:੧ (1208)

ਉਤਾਰਿ –
“ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ।”
– ਸੂਹੀ ੩, ਵਾਰ ੪ਸ, ੩, ੧:੪ (786)

ਉਤਾਰਿਆ –
“ਰਾਖਨਹਾਰੈ ਰਾਖਿਓ ਬਾਰਿਕੁ ਸਤਿਗੁਰਿ ਤਾਪੁ ਉਤਾਰਿਆ।”
– ਸੋਰ ੫, ੪੦, ੧:੨ (619)

ਉਤਾਰੀ –
“ਸੁਣਿ ਹਰਿ ਕਥਾ ਉਤਾਰੀ ਮੈਲੁ।”
– ਗਉ ੫, ੭੭, ੧:੧ (178)

ਉਤਾਰੀਅਨੁ –
“ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ।”
– ਰਾਮ ੩, ਵਾਰ ੯ਸ ੩, ੨:੮ (951)

ਉਤਾਰੁ –
“ਗੁਰਪਰਸਾਦੀ ਮੈਲੁ ਉਤਾਰੁ।”
– ਗਉ ੩, ਅਸ ੩, ੧*:੨ (230)

ਉਤਾਰੇ –
“ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।”
– ਆਸਾ ੧, ਵਾਰ ੧੮ਸ, ੧, ੧:੬ (472)

ਉਤਾਰੈ –
“ਜਨਮ ਜਨਮ ਕੀ ਮੈਲ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ।”
– ਭੈਰ ੫, ੪੫, ੧*:੨ (1149)

(3) ਮਿਟਾਣਾ, ਦੂਰ ਕਰਨਾ
“ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ।”
– ਸਿਰੀ ੧, ੧੮, ੨:੧ (21)

ਹੋਰ ਰੂਪ:

ਉਤਾਰਿਓ –
“ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ।”
– ਦੇਵ ੫, ੬, ੧:੧ (529)

ਉਤਾਰਿਅਨੁ –
“ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ।”
– ਸਿਰੀ ੫, ੮੨, ੪:੩ (46)

ਉਤਾਰਿਆ –
“ਮੇਰੈ ਗੁਰਿ ਮੋਰੋ ਸਹਸਾ ਉਤਾਰਿਆ।”
– ਸਾਰ ੫, ੭੦, ੧:੧ (1218)

ਉਤਾਰੇ –
“ਬਿਬੇਕੁ ਗੁਰੂ ਗੁਰੂ ਸਮਦਰਸੀ ਤਿਸੁ ਮਿਲੀਐ ਸੰਕ ਉਤਾਰੇ।”
– ਨਟ ੪, ਅਸ ੨, ੩:੧ (981)

4. ਲਾਹਣਾ, ਬਣਾਨਾ
“ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ।”

– ਸੂਹੀ ੫, ੧, ੧:੩ (736)

ਹੋਰ ਰੂਪ:

ਉਤਾਰਿਐ –
"ਸ੍ਵਾਂਗਿ ਉਤਾਰਿਐ ਫਿਰਿ ਪਛੁਤਾਵੈ।"
– ਭੈਰ ੫, ੩੩, ੩:੨ (1145)

(5) ਲਾਹ ਕੇ ਵਖਰਾ ਕਰ ਦੇ
"ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।"
– ਮਾਰੂ ੫, ਵਾਰ ੧ਸ, ੫, ੧:੧ (1094)

ਹੋਰ ਰੂਪ:

ਉਤਾਰੇ –
"ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ।"
– ਜੈਤ ੫, ਛੰਤ ੧, ੧:੩ (703)

ਉਤਾਰੀਆ --- ਜਾ ਉਤਾਰਨਾ/ਲਾਹਣਾ
"ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ।"
– ਮਾਰੂ ੩, ਵਾਰ ੨ਸ, ੪, ੩:੩ (1087)

ਉਤਾਵਲਾ --- ਤੁਰਤ, ਛੇਤੀ
"ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ।"
– ਆਸਾ ੧, ਅਸ ੧੭, ੧:੨ (420)

ਹੋਰ ਰੂਪ:

ਉਤਾਵਲੀ – (ਕਾਹਲੀ)
"ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ।"
– ਬਸੰ ਰਵਿ, ੧, ੧*:੨ (1196)

ਉਤੈ ------- ਉਪਰ
"ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ।"
– ਸਲੋ ਫਰ, ੯੬:੧ (1382)

ਹੋਰ ਰੂਪ:

ਉਤਾਹਿ –
"ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ।"
– ਰਾਮ ੧, ਓਅੰ ੪੩:੨ (936)

ਉਥਪਿ ----- (ਸੰ.) ਉਥਾਪਨਾ, ਪੁਟ ਦੇਣਾ, ਮੇਟਨਾ, ਨਾਸ ਕਰਨਾ
"ਤਿਨਰ ਦੁਲੀਚੈ ਬਹਹਿ ਤਿਨਰ ਉਥਪਿ ਬਿਥਪਹਿ।"
– ਸਵ ੩, ੧੧:੩ (1394)

ਹੋਰ ਰੂਪ:

ਉਥਾਪਦਾ –
"ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ।"

– ਜੈਤ ੫, ਵਾਰ ੧:੩ (706)

ਉਥਾਪਿ –
“ਅਨਿਕ ਜੁਗਤਿ ਰਚਿ ਥਾਪਿ ਉਥਾਪਿ।”
– ਗਉ ੫, ਸੁਖ ੧੪, ੬:੬ (282)

ਉਥਾਪੇ –
“ਖਿਨ ਮਹਿ ਥਾਪਿ ਉਥਾਪੇ ਕੁਦਰਤਿ ਸਭਿ ਕਰਤੇ ਕੇ ਕਾਰਨਾ।”
– ਰਾਮ ੫, ਅਸ ੫, ੨:੧ (915)

ਉਥਾਪੈ –
“ਆਪੇ ਹੀ ਸਭੁ ਆਪਿ ਹੈ ਪਿਆਰਾ ਆਪੇ ਥਾਪਿ ਉਥਾਪੈ।”
– ਸੋਰ ੪, ੩, ੧:੧ (605)

ਉਥਾਰੈ ----- (ਸੰ. ਪ੍ਰਾ.) ਸੁਤਿਆਂ ਪਿਆ ਛਾਤੀ ਤੇ ਬੋਝ ਮਹਿਸੂਸ ਕਰਨਾ ਤੇ ਬਰੜਾ ਉਠਣਾ, ਇਕ ਰੋਗ
“ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ।”
– ਸੋਰ ੪, ਵਾਰ ੨੩ਸ, ੩, ੧:੧ (651)

ਉਦਉ ----- (ਸੰ.) ਪ੍ਰਗਟ ਹੋਣਾ, ਉਪਰ ਆਉਣਾ
“ਪੂਰੈ ਭਾਗਿ ਸਤਿਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ।”
– ਸਿਰੀ ੩, ੪੬, ੩:੧ (31)

ਉਦਕ ----- (ਸੰ.) ਪਾਣੀ, ਜਲ
“ਆਠ ਪਹਰ ਉਦਕ ਇਸਨਾਨੀ।”
– ਆਸਾ ੫, ੯੦, ੧:੧ (393)

ਹੋਰ ਰੂਪ:

ਉਦਕਿ –
“ਰਾਮ ਉਦਕਿ ਤਨੁ ਜਲਤ ਬੁਝਾਇਆ।”
– ਗਉ ਕਬ, ੧, ੧*:੨ (323)

ਉਦਕੁ –
“ਨਿਰਮਲ ਉਦਕੁ ਗੋਵਿੰਦ ਕਾ ਨਾਮ।”
– ਗਉ ੫, ੧੬੪, ੧:੧ (198)

ਉਦਧਿ ----- (ਸੰ.) ਸਮੁੰਦਰ (ਉਦ+ਧਿ= ਪਾਣੀ+ਰਖਣਾ)
“ਉਦਧਿ ਗੁਰੁ ਗਹਿਰ ਗੰਭੀਰ ਬੇਅੰਤ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ।”
– ਸਵ ੪, ਕਲ ੧੫:੨ (1401)

ਉਦਮ ----- (ਸੰ.) ਯਤਨ, ਕੋਸ਼ਿਸ਼
“ਸਗਲ ਉਦਮ ਮਹਿ ਉਦਮੁ ਭਲਾ।”
– ਗਉ ੫, ਸੁਖ ੩, ੮:੫ (266)

ਹੋਰ ਰੂਪ:

ਉਦਮਹ –

"ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ।"
– ਜੈਤ ੫, ਵਾਰ ੪ਸ, ੫, ੧:੧ (706)

ਉਦਮੁ –
"ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ।"
– ਸਿਰੀ ੫, ੮੭, ੧:੧ (48)

ਉਦਿਮ –
"ਭਾਗ ਉਦਿਮ ਲਬਧੁੰ ਮਾਇਆ ਨਾਨਕ ਸਾਧ ਸੰਗਿ ਖਲ ਪੰਡਿਤਹ।"
– ਸਸ ੫, ੩੧:੩ (1356)

ਉਦਮਾਤ ---- (ਸੰ.) ਮਸਤ, ਮਤਵਾਲਾ
"ਮਾਇਆ ਮਦ ਚਾਖਿ ਭਏ ਉਦਮਾਤੇ ਹਰਿ ਹਰਿ ਕਬਹੁ ਨ ਗਾਏ।"
– ਮਾਰੂ ੫, ੩, ੨:੨ (999)

ਹੋਰ ਰੂਪ:

ਉਦਮਾਦਾ –
"ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਦਮਾਦਾ।"
– ਬਿਲਾ ੫, ੫੮, ੧:੧ (815)

ਉਦਰ ------ (ਸੰ.) 1. ਪੇਟ
"ਹਿਰਹਿ ਪਰ ਦਰਬੁ ਉਦਰ ਕੈ ਤਾਈ।"
– ਗਉ ੫, ਥਿਤੀ ੯:੫ (298)

ਹੋਰ ਰੂਪ:

ਉਦਰ –
"ਨਰਕ ਉਦਰ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ।"
– ਸਾਰ ੫, ੧੨੯, ੧:੨ (1229)

ਉਦਰੁ –
"ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ ਭਰਨ ਕੈ ਤਾਈ।"
– ਗੂਜ ੧, ਅਸ ੩, ੨:੧ (504)

ਉਦਰੈ –
"ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ।"
– ਰਾਮ ੩, ਵਾਰ ੬ਸ, ੩, ੨:੨ (949)

(2) ਗਰਭ
"ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ।"
– ਆਸਾ ਧੰਨਾ, ੩, ੧:੧ (488)

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ।"
– ਸਿਰੀ ੪, ਪਹ, ੩, ੧:੧ (76)

ਹੋਰ ਰੂਪ:

ਉਦਰਿ –
"ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ।"
– ਆਸਾ ਕਬ, ੨੩, ੧:੨ (481)

ਉਦਰੈ –
“ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ।”
– ਸਿਰੀ ੫, ਪਹ ੪, ੧:੧ (77)

ਉਦਵਿਅਉ -- ਵੇਖੋ ‘ਉਦਉ’, ਪ੍ਰਗਟ ਹੋਇਆ
“ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ।”
– ਸਵ ੫, ਕਲ ੫:੪ (1407)

ਉਦਾਸ ----- (ਸੰ.) (1) ਉਪਰਾਮ, (ਚਿੰਤਾਤੁਰ)
“ਅਸੰਖ ਜੋਗ ਮਨਿ ਰਹਹਿ ਉਦਾਸ।”
– ਜਪੁ ੧, ੧੭:੪ (4)

ਹੋਰ ਰੂਪ:

ਉਦਾਸਿ –
“ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ।”
– ਗਉ ੪, ਵਾਰ ੨੬:੨ (314)

ਉਦਾਸੀ –
“ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ।”
– ਬਿਲਾ ੫, ੧, ੪:੧ (801)

ਉਦਾਸੁ –
“ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ।”
– ਸਿਰੀ ੩, ੩੪, ੪:੨ (26)
“ਕਹਿ ਕਬੀਰ ਹਉ ਭਇਆ ਉਦਾਸੁ। ਤੀਰਥੁ ਬਡਾ ਕਿ ਹਰਿ ਕਾ ਦਾਸੁ।”
– ਗਉ ਕਬ, ਅਸ ੪੨, ੩:੧;੨ (331)

ਉਦਾਸੇ –
“ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ।”
– ਬਿਹਾ ੪, ਛੰਤ ੧, ੪:੨ (538)

ਉਦਾਸੇਰਾ –
“ਸਿੰਙੀ ਵਾਜੈ ਨਿਤ ਉਦਾਸੇਰਾ।”
– ਰਾਮ ੫, ੧੩, ੩:੨ (886)

(2) ਨਿਰਲੇਪ, ਨਿਰਾਲਾ, ਨਿਰਮੋਹ
“ਸਭ ਕੈ ਮਧਿ ਸਗਲ ਤੇ ਉਦਾਸ।”
– ਗਉ ੫, ਸੁਖ ੨੪, ੬:੬ (296)

ਹੋਰ ਰੂਪ:

ਉਦਾਸਾ –
“ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ।”
– ਸਿਰੀ ੩, ੪੧, ੧*:੨ (29)

ਉਦਾਸੀ –
“ਗਿਰਹੀ ਮਹਿ ਸਦਾ ਹਰਿਜਨ ਉਦਾਸੀ ਗਿਆਨ ਤਤ ਬੀਚਾਰੀ।”
– ਸੋਰ ੩, ੧, ੨:੨ (599)

ਉਦਾਸੁ –
“ਸਗਲ ਸੰਗਿ ਆਤਮ ਉਦਾਸੁ।”
– ਗਉ ੫, ਸੁਖ ੯, ੬:੯ (275)

(3) ਸੰਨਿਆਸ, ਉਦਾਸੀਪੁਨਾ, ਉਪਰਾਮਤਾ
“ਗਿਰਸਤ ਮਹਿ ਚਿੰਤ ਉਦਾਸ ਅਹੰਕਾਰ।”
– ਆਸਾ ੫, ੫੮, ੩:੧ (385)

ਹੋਰ ਰੂਪ:

ਉਦਾਸਿ –
“ਉਦਾਸੀ ਉਦਾਸਿ ਰਾਤਾ।”
– ਸਿਰੀ ੫, ਅਸ ੨੭, ੩:੩ (71)
“ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ।”
– ਸੂਹੀ ੧, ਕੁਚ ੨:੩ (762)

ਉਦਾਸੀ –
“ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ।”
– ਸਿਰੀ ੩, ੪੧, ੧:੧ (29)
“ਕਰਿ ਅਪੁਨੀ ਦਾਸੀ ਮਿਟੀ ਉਦਾਸੀ ਹਰਿ ਮੰਦਰਿ ਥਿਤਿ ਪਾਈ।”
– ਸੂਹੀ ੫, ਛੰਤ ੮, ੨:੩ (782)

ਉਦਾਸੁ –
“ਸੋ ਉਦਾਸੀ ਜਿ ਪਾਲੇ ਉਦਾਸੁ।”
– ਰਾਮ ੩, ਵਾਰ ੧੨ਸ, ੧, ੪:੧ (952)

(4) ਉਦਾਸੀ, ਤਿਆਗੀ, ਸੰਨਿਆਸੀ
“ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ।”
– ਆਸਾ ਰਵਿ, ੧, ੪:੧ (486)
“ਕਹੁ ਨਾਨਕ ਗੁਰ ਪੂਰਾ ਭੇਟਿਆ ਪਰਵਾਣੁ ਗਿਰਸਤ ਉਦਾਸ।”
– ਗੂਜ ੫, ੫, ੪:੨ (496)

ਹੋਰ ਰੂਪ:

ਉਦਾਸਾ –
“ਨਾਨਕ ਨਾਮੁ ਵਸਿਆ ਜਿਸੁ ਅੰਤਰਿ ਪਰਵਾਣੁ ਗਿਰਸਤ ਉਦਾਸਾ ਜੀਉ।”
– ਮਾਝ ੫, ੪੭, ੪:੩ (108)
“ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ।”
– ਮਾਝ ੧, ਵਾਰ ੫:੪ (140)

ਉਦਾਸਾਏ –
“ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ।”
– ਭੈਰ ੫, ੧੫, ੧:੧ (1139)

ਉਦਾਸੀ –
“ਉਦਾਸੀ ਉਦਾਸਿ ਰਾਤਾ।”
– ਸਿਰੀ ੫, ਅਸ ੨੭, ੩:੩ (71)
“ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ।”
– ਮਾਝ ੫, ਅਸ ੩੬, ੧:੩ (131)

ਉਦਾਸੁ –
“ਮਹਾ ਉਦਾਸੁ ਤਪੀਸਰੁ ਥੀਵੈ।”
– ਗਉ ੫, ਸੁਖ ੩, ੨:੨ (265)

ਉਦਾਸੇ –
“ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ।”
– ਆਸਾ ੧, ੩੪, ੧:੨ (359)

ਉਦਾਰ ----- (ਸੰ.) ਦਾਤਾ, ਸੁਖੀ, ਦਾਨੀ ਖੁਲ੍ਹੇ ਦਿਲ ਵਾਲਾ
“ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ ਸੁਨੀਅਤੁ ਸੁਜਸੁ ਤੁਮ੍ਹਾਰ।”
– ਬਿਲਾ ਕਬ, ੭, ੧:੧ (856)

ਹੋਰ ਰੂਪ:

ਉਦਾਰਉ –
“ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ।”
– ਸਵ ੨, ੭:੫ (1392)

ਉਦਾਰੁ –
“ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ।”
– ਸਵ ੫, ੭:੨ (1407)

ਉਦਿਆਨ --- (ਸੰ.) (1) ਉਜਾੜ, ਬਨ, ਜੰਗਲ
“ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ।”
– ਗਉ ੫, ੧੬੦*, ੨:੧ (215)
“ਕਾਹੂ ਉਦਿਆਨ ਭ੍ਰਮਤ ਪਛੁਤਾਪੈ।”
– ਗਉ ੫, ਬਾਅ ੧੭:੬ (253)

ਹੋਰ ਰੂਪ:

ਉਦਿਆਨਦ –
“ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ।”
– ਸਾਰ ੫, ੭, ੨:੧ (1204)

ਉਦਿਆਨਾ –
“ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ।”
– ਸੋਰ ੯, ੩, ੨:੨ (632)

ਉਦਿਆਨੇ –
“ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ।”
– ਰਾਮ ੧, ਸਿਗੋ ੭:੧ (938)

ਉਦਿਆਨੈ –
“ਮਨੁ ਕੁੰਚਰੁ ਕਾਇਆ ਉਦਿਆਨੈ।”
– ਗਉ ੧, ਅਸ ੨, ੧:੧ (221)

ਉਦਿਆਨੀ --- ਜੰਗਲ ਦਾ ਨਿਵਾਸੀ
“ਸੋਮਪਾਕ ਅਪਰਸ ਉਦਿਆਨੀ।”
– ਗਉ ੫, ਬਾਅ ੧੬:੪ (253)

ਉਦੈ -------- (ਸੰ.) (1) ਸੂਰਜ ਦਾ ਪ੍ਰਗਟ ਹੋਣਾ
"ਕਹਿ ਕਬੀਰ ਮਨਿ ਭਇਆ ਪ੍ਰਗਾਸਾ ਉਦੈ ਭਾਨੁ ਜਬ ਚੀਨਾ।"
– ਗਉ ਕਬ, ੪੩, ੨:੨ (332)
(2) ਪ੍ਰਗਟ ਹੋਏ
"ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਦੇ ਬਹੁ ਧਾਯਉ।"
– ਸਵ ੫, ਮਥੁ ੬:੧ (1409)
(3) ਤਰਕੀ, ਵ੍ਰਿਧੀ
"ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ।"
– ਆਸਾ ਕਬ, ੧, ੩:੨ (475)

ਉਦੋਸਾਹੈ ---- (1) ਸਾਹ ਚੜ੍ਹਿਆ ਰਹਿਣਾ, ਫੁਰਤੀ ਨਾਲ ਕੰਮ ਕਰਨਾ (ਸ਼ਬਦਾਰਥ)
(2) ਹੰਕਾਰੀ ਸ਼ਾਹ (ਸ੍ਰੀ ਗੁਰੂ ਗ੍ਰੰਥ ਕੋਸ਼)
(3) ਉਤਸ਼ਾਹ (ਮਹਾਨ ਕੋਸ਼/ਪ੍ਰੋ. ਸਾਹਿਬ ਸਿੰਘ)
(4) ਨਵਾਂ ਬਣਿਆ ਸ਼ਾਹ
"ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ।"
– ਸਲੋ ੧, ੨੯:੧ (1412)

ਉਦੋਸੀਅ --- (1) ਹਫੜਾ ਦਫੜੀ (ਸ਼ਬਦਾਰਥ)
(2) ਪਾਤਸ਼ਾਹੀ (ਸ੍ਰੀ ਗੁਰੂ ਗ੍ਰੰਥ ਕੋਸ਼)
(3) ਪ੍ਰਭੁਤਾ (ਮਹਾਨ ਕੋਸ਼)
(4) ਉਦਾਸੀ, ਉਪਰਾਮਤਾ, ਲਾਪਰਵਾਹੀ
"ਉਦੋਸੀਅ ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ।"
– ਸਲੋ ੧, ੨੯:੨ (1412)

ਉਦੋਤ ----- (ਸੰ.) ਪ੍ਰਕਾਸ਼, ਚਮਤਕਾਰ
"ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ।"
– ਜੈਤ ੫, ਵਾਰ ੧੫ਸ, ੫, ੧:੧ (709)

ਹੋਰ ਰੂਪ:

ਉਦੋਤੁ –
"ਗਹਿ ਭੁਜਾ ਲੀਨੀ ਦਾਸਿ ਕੀਨੀ ਅੰਕੁਰਿ ਉਦੋਤੁ ਜਣਾਇਆ।"
– ਬਿਲਾ ੫, ਛੰਤ ੨, ੩:੩ (846)

ਉਦੋਤੁ ----- (1) ਪ੍ਰਭਾਤ, ਤੜਕਾ
"ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ।"
– ਮਾਰੂ ੫, ਅਸ ੮, ੧:੩ (1019)
"ਉਦੌਤੁ ਭਇਓ ਪੂਰਨ ਭਾਵੀ ਕੋ ਭੇਟੇ ਸੰਤ ਸਹਾਈ।"
– ਮਲਾ ੫, ੧੦, ੧:੨ (1268)
(2) ਪ੍ਰਕਾਸ਼, ਚਮਤਕਾਰ; ਵੇਖੋ 'ਉਦੋਤ'

ਉਧਰ ------ (ਸੰ.) (1) ਉਧਾਰ ਕਰਨਾ/ ਹੋਣਾ, ਮੁਕਤ ਕਰਨਾ/ਹੋਣਾ, ਨਿਸਤਾਰਾ ਕਰਨਾ/ਹੋਣਾ
"ਜਾ ਕੈ ਸਿਮਰਨਿ ਕੁਲਹ ਉਧਰ।"
– ਮਾਲੀ ੪, ੨, ੧:੪ (986)

ਹੋਰ ਰੂਪ:

ਉਧਰਸਿ –
“ਨਾਮੁ ਜਪੈ ਨਾਨਕੁ ਦਾਸੁ ਤੁਮਰੋ ਉਧਰਸਿ ਆਖੀ ਫੋਰ।”
– ਗੂਜ ੫, ੨੦, ੨:੨ (500)

ਉਧਰਣੰ –
“ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ।”
– ਗਾਥਾ ੫, ੨੧:੧ (1361)

ਉਧਰਣ –
“ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।”
– ਤੁਖਾ ੪, ਛੰਤ ੪, ੨:੫ (1116)

ਉਧਰਣਹ –
“ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ।”
– ਗਾਥਾ ੫, ੧੯:੧ (1361)

ਉਧਰੰਤ –
“ਦੁਰਲਭ ਦੇਹ ਉਧਰੰਤ ਸਾਧ ਸਰਣ ਨਾਨਕ।”
– ਸਸ ੫, ੪:੪ (1354)

ਉਧਰਤ –
“ਦਰਸਨੁ ਪੇਖਤ ਉਧਰਤ ਸ੍ਰਿਸਟਿ।”
– ਗਉ ੫, ਸੁਖ ੨੨, ੮:੨ (293)

ਉਧਰਤੇ –
“ਪਤਿਤ ਪਾਵਨ ਬਿਰਦੁ ਸੁਆਮੀ ਉਧਰਤੇ ਹਰਿ ਧਿਆਇ।”
– ਕਾਨ ੫, ੪੧, ੧*:੨ (1306)

ਉਧਰਨ –
“ਹਰਿ ਚਰਨ ਕਾਰਨ ਕਰਨ ਸੁਆਮੀ ਪਤਿਤ ਉਧਰਨ ਹਰਿ ਹਰੇ।”
– ਆਸਾ ੫, ਛੰਤ ੬, ੩:੩ (456)

ਉਧਾਰਿਆ –
“ਕਲਿਜੁਗੁ ਉਧਾਰਿਆ ਗੁਰਦੇਵ।”
– ਆਸਾ ੫, ਛੰਤ ੧੪੦, ੧*:੧ (406)

ਉਧਾਰੀ –
“ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ।”
– ਕੇਦਾ ੫, ੫, ੨:੨ (1120)

ਉਧਾਰੁ –
“ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ।”
– ਸਿਰੀ ੫, ੯੫, ੧:੨ (51)

(2) ਪਾਰ ਕਰਨਾ, ਤਾਰ ਦੇਣਾ
“ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ।”
– ਸਵ ੪, ਕਲ ੨:੩ (1396)

ਹੋਰ ਰੂਪ:

ਉਧਰਸਿ –

"ਨਾਨਕ ਉਧਰਸਿ ਤਿਸੁ ਜਨ ਕੀ ਧੂਰਿ।"
– ਪ੍ਰਭਾ ੫, ੧੦, ੪:੪ (1340)

ਉਧਰਹਿ –
"ਉਧਰਹਿ ਆਪਿ ਤਰੈ ਸੰਸਾਰੁ।"
– ਗਉ ੫, ੯੭, ੩:੧ (185)

ਉਧਰਹੁ –
"ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ।"
– ਬਿਲਾ ੫, ੨੨, ੧*:੨ (808)

ਉਧਰਣੰ –
"ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ।"
– ਸਸ ੫, ੬੭:੧ (1360)

ਉਧਰਣ –
"ਤੁਧੁ ਅਪੜਿ ਕੋਇ ਨ ਸਕੈ ਤੂ ਅਬਿਨਾਸੀ ਜਗ ਉਧਰਣ।"
– ਮਾਰੂ ੫, ਵਾਰ ੨:੪ (1095)

ਉਧਰਤੇ –
"ਸਤਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ ਮੋਰ।"
– ਕੇਦਾ ੫, ੧੦, ੧:੨ (1121)

ਉਧਰਾ –
"ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ ਗੁਰਦੇਵ ਮੰਤੁ ਹਰਿ ਜਪਿ ਉਧਰਾ।"
– ਗਉ ੫, ਬਾਅ ੧ਸ:੭ (250)

ਉਧਰਿਓ –
"ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ।"
– ਬਿਲਾ ੪, ੧, ੩:੨ (799)

ਉਧਾਰਿਆ –
"ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ।"
– ਜੈਤ ੫, ਵਾਰ ੧੬:੩ (709)

ਉਧਾਰੀ –
"ਸੁਣਿ ਸੁੰਦਰਿ ਸਾਧੂ ਬਚਨ ਉਧਾਰੀ।"
– ਆਸਾ ੫, ੨੮, ੧*:੧ (377)

ਉਧਰੁ –
"ਨਾਨਕ ਉਧਰੁ ਕ੍ਰਿਪਾ ਸੁਖ ਸਾਗਰ।"
– ਗਉ ੫, ੧੪੭, ੪:੨ (195)

ਉਧਾਰੇ –
"ਸਾਧ ਸੰਗਿ ਖਿਨ ਮਾਹਿ ਉਧਾਰੇ।"
– ਮਾਝ ੫, ੨੯, ੩:੨ (103)

(3) ਬਚ ਜਾਣਾ, ਬਚਣਾ
"ਜੀਹ ਭਣਿਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ।"
– ਸਸ ੫, ੩੨, (1356)

ਹੋਰ ਰੂਪ:

ਉਧਰਣ –
“ਅਗਮ ਨਿਗੰਮ ਉਧਰਣ ਜਰਾ ਜੰਮਿਹਿ ਆਰੋਅਹ।”
– ਸਵ ੪, ਬਲ ੨:੪ (1406)

ਉਧਰਿ –
“ਸੰਸਾਰ ਕੂਪ ਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ।”
– ਆਸਾ ੫, ਬਿਹ ੩, ੮:੧ (432)

ਉਧਰਿਆ –
“ਭਗਤ ਜਨਾ ਲੇ ਉਧਰਿਆ ਪਾਰਿ।”
– ਭੈਰ ਨਾਮ, ੧੦, ੨੭:੧ (1166)

ਉਧਰਿਓ –
“ਕਹਤ ਕਬੀਰੁ ਸਗਲ ਪਾਪ ਖੰਡਨੁ ਸੰਤਹ ਲੈ ਉਧਰਿਓ।”
– ਬਿਲਾ ਕਬ, ੪, ੪:੨ (856)

ਉਧਾਰਿਆ –
“ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ ਧੁਰੇ ਪਿਆ ਸੰਜੋਗੁ।”
– ਸੋਰ ੫, ਅਸ ੨, ੩:੪ (841)

ਉਧਾਰੀ –
“ਜਹ ਮੁਸਕਲ ਹੋਵੈ ਅਤਿ ਭਾਰੀ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ।”
– ਗਉ ੫, ਸੁਖ ੨, ੧:੫;੬ (264)

ਉਧਾਰੀਅਲੇ –
“ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।”
– ਮਾਲੀ ਨਾਮ, ੨, ੧:੧ (988)

ਉਧਾਰੇ –
“ਪ੍ਰਹਲਾਦ ਉਧਾਰੇ ਕਿਰਪਾ ਧਾਰੀ।”
– ਗਉ ੧, ਅਸ ੯, ੪:੩ (224)

ਉਧਰਣਹਾਰੁ -- ਤਾਰਣਹਾਰ, ਪਾਰ ਕਰਨ ਵਾਲਾ
“ਆਪਿ ਤਰੈ ਕੁਲ ਉਧਰਣਹਾਰ।”
– ਆਸਾ ੩, ੪੪, ੩:੪ (362)

ਉਧਰਨਹਾਰਾ – ਪਾਰ ਕਰਨ ਵਾਲਾ
“ਦੀਨਾ ਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ।”
– ਦੇਵ ੫, ੨੦, ੧:੨ (532)

ਉਧਰਨਹਾਰੁ -- ਤਰਨ ਯੋਗ, ਤਰਨ ਹਾਰ
“ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਉਧਰਨਹਾਰੁ।”
– ਗਉ ੫, ਸੁਖ ੧੩:੧ (279)

ਉਧਰਨਹਾਰੇ -- ਤਰਨਯੋਗ, ਤਰਨ ਵਾਲੇ
“ਲਾਇ ਲਏ ਲੜਿ ਦਾਸ ਜਨ ਅਪੁਨੇ ਉਧਰੇ ਉਧਰਨਹਾਰੇ।”
– ਜੈਤ ੫, ੧੧, ੨:੧ (702)

ਉਨ ------- ਉਨ੍ਹਾਂ

"ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ।"

– ਮਾਝ ੫, ੨੦, ੪:੧ (100)

ਹੋਰ ਰੂਪ:

ਉਨਿ –
"ਮੇਲੀ ਅਪਨੇ ਉਨਿ ਲੇ ਬਾਂਧੇ।"

– ਆਸਾ ੫, ੮੭, ੩:੩ (392)

ਉਨ੍ –
"ਲੈਤ ਦੇਤ ਉਨ੍ ਮੂਕਰਿ ਪਰਨਾ।"

– ਆਸਾ ੫, ੮, ੧:੨ (372)

ਉਨ੍ਹਾ –
"ਹਮ ਛੂਟੇ ਅਬ ਉਨ੍ਹਾ ਤੇ ਓਇ ਹਮ ਤੇ ਛੂਟੇ।"

– ਆਸਾ ੫, ੧੧੯, ੧*:੨ (400)

(2) ਉਸ ਦੀ/ਦੇ/ਨੇ
"ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ।"

– ਸਿਰੀ ੪, ੬੬, ੪:੨ (40)

ਹੋਰ ਰੂਪ:

ਉਨਿ –
"ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ।"

– ਸਿਰੀ ੪, ਅਸ ੨੬, ੪:੨ (70)

(3) ਉਸ ਨੂੰ
"ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾ ਹੀ ਸੰਨਿ।"

– ਮਾਝ ੫, ਬਾਰਾ ੪:੩ (134)

ਹੋਰ ਰੂਪ:

ਉਨਹ –
"ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੋ ਗਾਵੈ।"

– ਸਵ ੩, ੨੨:੩ (1396)

ਉਨਹੂ –
"ਓਇ ਸੁਖ ਨਿਧਾਨ ਉਨਹੂ ਬਨਿ ਆਏ।"

– ਗਉ ੫, ਸੁਖ ੧੪, ੮:੩ (282)

ਉਨ ------- (ਸੰ.) ਭੇਡਾਂ ਆਦਿ ਦੇ ਵਾਲ, ਪਸ਼ਮ
"ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ।"

– ਸਲੋ ਫਰ, ੨੩:੨ (1379)

ਉਨਮਤ ---- (ਸੰ.) ਮਸਤ, ਬਾਵਲਾ, ਮਤਵਾਲਾ
"ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ।"

– ਸਿਰੀ ਬੇਣੀ, ੧, ੩:੨ (93)

ਹੋਰ ਰੂਪ:

ਉਨਮਦ – (ਮਸਤੀ)
“ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ।”
– ਰਾਮ ਕਬ, ੨, ੧*:੨ (969)

ਉਨਮਨ ---- (ਸੰ.) (1) ਯੋਗਮਤਿ ਅਨੁਸਾਰ ਮਨ ਦੀ ਉਹ ਅਵਸਥਾ ਜਦੋਂ ਉਹ ਗਿਆਨਵਾਨ ਹੋ ਜਾਂਦਾ ਹੈ, ਦੁਨਿਆਵੀਂ ਖਿੱਚਾਂ ਤੋਂ ਉੱਚਾ ਹੋ ਟਿਕਾਉ ਵਿਚ ਆ ਜਾਂਦਾ ਹੈ। ਜੋਗਮਤਿ ਵਿਚ ਇਸ ਨੂੰ ‘ਤੁਰੀਆ ਅਵਸਥਾ’ ਕਹਿੰਦੇ ਹਨ।
“ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ।”
– ਗਉ ਰਵਿ, ਅਸ ੧, ੬:੨ (346)

ਹੋਰ ਰੂਪ:

ਉਨਮਨਿ –
“ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ।”
– ਸਿਰੀ ੪, ਵਾਰ ੨੧ਸ, ੩, ੨:੩ (91)

(2) (ਸੰ.) ਉਚਾ ਮਨ
“ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ।”
– ਸੂਹੀ ੩, ਵਾਰ ੧੦ਸ, ੧, ੧:੪ (788)

ਹੋਰ ਰੂਪ:

ਉਨਮਾਨਿ –
“ਅਨਭਉ ਉਨਮਾਨਿ ਅਕਲ ਲਿਵ ਲਾਗੀ ਪਾਰਸੁ ਭੇਟਿਆ ਸਹਜ ਘਰੇ।”
– ਸਵ ੪, ਕਲ ੪:੧ (1397)

ਉਨਮਾਦ ---- (ਸੰ.) (1) ਚਿਤ ਦਾ ਉਖੜਨਾ, ਮਸਤੀਆਂ
“ਹਰਿ ਗੁਣ ਗਾਵੈ ਸੰਤ ਪ੍ਰਸਾਦਿ।
ਕਾਮ ਕ੍ਰੋਧ ਮਿਟਹਿ ਉਨਮਾਦ।”
– ਗੋਂਡ ੫, ੧੬, ੩:੨ (867)

ਉਨਮਾਨ ---- (ਸੰ.) (1) ਅੰਦਾਜ਼ਾ
“ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ।”
– ਸਲੋ ਕਬ, ੧੨੧:੧ (1370)

ਉਨਮਾਨਿ --- ਉਚਾ ਮਨ; ਵੇਖੋ ਉਨਮਨ (2)

ਹੋਰ ਰੂਪ:

ਉਨਮਾਨੁ –
“ਤੈ ਤਾ ਹਦਰਥਿ ਪਾਇਓ ਮਾਨੁ, ਸੇਵਿਆ ਗੁਰੁ ਪਰਵਾਨੁ, ਸਾਧਿ ਅਜਗਰੁ ਜਿਨਿ ਕੀਆ ਉਨਮਾਨੁ।”
– ਸਵ ੨, ੪:੧ (1391)

ਉਨਮਾਨਿਅਉ – ਉਚਾ ਕੀਤਾ (ਮਾਇਆ ਤੋਂ)
“ਬਡਭਾਗੀ ਉਨਮਾਨਿਅਉ ਰਿਦਿ ਸਬਦੁ ਬਸਾਯਉ।”
– ਸਵ ੫, ਕਲ ੨:੧ (1407)

ਉਂਨਮੋ ----- (ਸੰ. ਰਖਿਅਕ) ਰਖਿਅਕ ਕਰਤਾਰ ਨੂੰ ਨਮਸਕਾਰ
"ਉਂਨਮੋ ਭਗਵੰਤ ਗੁਸਾਈ।"
– ਰਾਮ ੫, ੪੫, ੧*:੧ (897)

ਉਨਵਿ ----- (ਸੰ.) ਵ੍ਰਿਧੀ ਵਾਲਾ, ਉਮਡਿਆ ਹੋਇਆ, ਝੁਕਿਆ ਹੋਇਆ।
"ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।"
– ਰਾਮ ੫, ਰੁਤੀ ੪:੨ (928)

ਹੋਰ ਰੂਪ:

ਉਨਵੈ –
"ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ।"
– ਨਟ ੪, ੨, ੩:੨ (975)

ਉਪਈਆ --- ਪੈਦਾ ਕੀਤਾ
"ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ।"
– ਬਿਲਾ ੪, ਅਸ ੪, ੬:੧ (835)

ਉਪਹਾਸ ---- (ਸੰ.) ਹਸ ਹਸ ਕੇ, ਖੁਸ਼ੀ ਨਾਲ
"ਕੁਆਰ ਕੰਨਿਆਂ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ।"
– ਸਾਰ ੫, ੩, ੧:੧ (1203)

ਉਪਕੰਠਿ ---- (ਸੰ.) ਕਿਨਾਰੇ ਤੇ, ਕੰਢੇ ਉਪਰ
"ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ।"
– ਮਲਾ ੧, ਅਸ ੨, ੫:੧ (1274)

ਉਪਕਰੇ ---- (ਸੰ.) ਬਹੁੜੇ, ਸਹਾਇਤਾ ਲਈ ਪਹੁੰਚੇ
"ਜਿਨ ਕਾਰਣਿ ਗੁਰੂ ਵਿਸਾਰਿਆ ਸੇ ਨ ਉਪਕਰੇ ਅੰਤੀ ਵਾਰ।"
– ਵਡ ੪, ਵਾਰ ੨੧ਸ, ੩, ੨:੩ (594)

ਹੋਰ ਰੂਪ:

ਉਪਕਰੈ –
"ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ ਦੂਖਿ ਸੁਖਾਸਾ।"
– ਗੋਂਡ ੪, ੨, ੩:੩ (860)

ਉਪਕਾਰ ---- (ਸੰ.) ਭਲਾ ਕੰਮ
"ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ।"
– ਗਉ ਕਬ, ਬਾਅ ੩:੨ (340)

ਹੋਰ ਰੂਪ:

ਉਪਕਾਰੁ –
"ਬਧਾ ਚਟੀ ਜੋ ਭਰੇ ਨਾ ਗੁਣ ਨਾ ਉਪਕਾਰੁ।"
– ਸੂਹੀ ੩, ਵਾਰ ੭ਸ, ੨, ੩:੧੧ (787)

ਉਪਕਾਰੇ –
"ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ ਸਦਾ ਸਦਾ ਉਪਕਾਰੇ।"

– ਸੂਹੀ ੫, ੬, ੨:੧ (738)

ਉਪਕਾਰੀ --- (ਸੰ.) ਚੰਗਿਆਈ, ਭਲਾਈ; ਭਲਾ ਕਰਨ ਵਾਲਾ
“ਸੰਤਨ ਸਿਉ ਬੋਲੇ ਉਪਕਾਰੀ।”
– ਗੌਡ ਕਬ, ੧, ੨:੧ (870)
“ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ।”
– ਸਲੋ ਕਬ, ੨੩੦:੧ (1376)

ਉਪਜਹਿ ---- (ਸੰ.) ਜੰਮਣਾ, ਪੈਦਾ ਹੋਣਾ
“ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।”
– ਗਉ ੫, ਬਾਰਾ ੧:੪ (133)

ਹੋਰ ਰੂਪ:

ਉਪਜਤ –
“ਉਪਜਤ ਬਿਨਸਤ ਰੋਵਤ ਰਹਿਬੋ।”
– ਗਉ ਕਬ, ੮, ੧*:੨ (325)

ਉਪਜਤਉ –
“ਕਰਿ ਅਨੁਗ੍ਰਹੁ ਆਪਿ ਰਾਖਿਓ ਨਾ ਉਪਜਤਉ ਬੇਕਾਰੁ।”
– ਕੇਦਾ ੫, ੧੨, ੧:੧ (1121)

ਉਪਜਤਾ –
“ਉਪਜਤਾ ਬਿਕਾਰ ਦੁੰਦਰ ਨਉਪਰੀ ਝੁੰਨਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ।”
– ਸਾਰ ੫, ੧੩੯, ੧*:੨ (1231)

ਉਪਜਾਈ --- (ਪੈਦਾ ਕੀਤੀ)
“ਜਗ ਝੂਠੇ ਕਉ ਸਾਚੁ ਜਾਨ ਕੈ ਤਾ ਸਿਉ ਰੁਚ ਉਪਜਾਈ।”
– ਟੋਡੀ ੯, ੧, ੧:੧ (718)

ਉਪਜਾਵੈ –
“ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ।”
– ਗਉ ੯, ੬, ੧:੨ (220)

ਉਪਜਿ –
“ਨਿੰਦਕੁ ਮੁਆ ਉਪਜਿ ਵਡਤਾਪੁ।”
– ਗਉ ੫, ੧੬੭, ੨:੨ (199)

ਉਪਜਿਓ –
“ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ।”
– ਧੰਨਾ ੯, ੪, ੨:੧ (685)

ਉਪਜਿਅੜਾ –
“ਜਿਸ ਤੇ ਉਪਜਿਅੜਾ ਤਿਨਿ ਲੀਆ ਸਮਾਈ ਰਾਮ।”
– ਬਿਹਾ ੫, ਛੰਤ ੫, ੪:੨ (545)

ਉਪਜਿਆ –
“ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ।”
– ਸਿਰੀ ੫, ੯੧, ੧:੧ (50)

ਉਪਜੀ –
“ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ।”
– ਦੇਵ ੫, ੯, ੨:੧ (530)

ਉਪਜੇ –
“ਤਿਸ ਤੇ ਉਪਜੇ ਦੇਵ ਮੋਹ ਪਿਆਸਾ।”
– ਗਉ ੩, ਅਸ ੪, ੧:੨ (230)

ਉਪਜੈ –
“ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ।”
– ਸਿਰੀ ੧, ੧੩, ੨:੩ (19)

ਉਪਜੰਪਿ ---- (ਸੰ.) (1) ਐਨੀ ਧੀਮੀ ਆਵਾਜ਼ ਵਿਚ ਕੀਤਾ ਜਾਪ ਜੋ ਦੂਜੇ ਨੂੰ ਸੁਣਾਈ ਨਾ ਦੇਵੇ, ਗੁਪਤ ਜਾਪ।
“ਉਪਜੰਪਿ ਉਪਾਇ ਨ ਪਾਈਐ ਕਤਹੂ ਗੁਰਿ ਪੂਰੈ ਹਰਿ ਪ੍ਰਭ ਲਾਭਾ।”
– ਪ੍ਰਭਾ ੪, ੬, ੧*:੨ (1337)
(2) (ਸੰ.) ਸਵੇਰੇ, ਸੂਰਜ ਪ੍ਰਗਟ ਹੁੰਦਿਆਂ ਹੀ
“ਉਪਜੰਪਿ ਦਰਸਨੁ ਕੀਜੈ ਤਾ ਕਾ।”
– ਗਉ ੧, ਅਸ ੧੬, ੧:੨ (228)

ਉਪਠੀ ----- (ਸੰ.) ਪਿੱਠ ਵਲ ਨੂੰ, ਉਲਟੀ, ਵਿਪ੍ਰੀਤ
“ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।”
– ਆਸਾ ੧, ਵਾਰ ੧੬:੪ (472)

ਉਪਤਿਸਟਤੇ -- (ਸੰ.) ਕੋਲ ਖੜੇ ਹੋਣਾ, ਸਮੀਪ ਹੋਣਾ
“ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ।”
– ਸਸ ੫, ੨੭:੨ (1356)

ਉਪਦੇਸ ---- (ਸੰ.) (1) ਸਿਖਿਆ, ਸਿੱਧਾਂਤ
“ਛਿਅ ਘਰ ਛਿਅ ਗੁਰ ਛਿਅ ਉਪਦੇਸ।”
– ਆਸਾ ੧, ਸੋਹ ੨, ੧:੧ (12)

ਹੋਰ ਰੂਪ:

ਉਪਦੇਸੰ –
“ਉਪਦੇਸੰ ਸਮ ਮਿਤ ਸਤ੍ਰਹ ਭਗਵੰਤ ਭਗਤਿ ਭਾਵਨੀ।”
– ਸਸ ੫, ੪੦:੫ (1357)

ਉਪਦੇਸਦਾ –
“ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ।”
– ਰਾਮ ੩, ਵਾਰ ੨੧:੨ (956)

ਉਪਦੇਸੜਾ –
“ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ।”
– ਸੂਹੀ ੫, ਕੁਚ ੩:੩ (763)

ਉਪਦੇਸਿ –
“ਸਤਿਗੁਰੁ ਸੇਵਿ ਸਦਾ ਸੋਹਾਗਣਿ ਸਚ ਉਪਦੇਸਿ ਸਮਾਵਣਿਆ।”

– ਮਾਝ ੩, ਅਸ ੨੩, ੪:੩ (123)

ਉਪਦੇਸਿਆ –
"ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ।"
– ਗਉ ੫, ੧੫੮*, ੪:੧ (214)

ਉਪਦੇਸਿਐ –
"ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ।"
– ਸਿਰੀ ੪, ੮੬, ੧:੨ (48)

ਉਪਦੇਸੀ –
"ਗਿਆਨੀ ਧਿਆਨੀ ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ।"
– ਗਉ ਕਬ, ੬੭, ੨:੧ (338)

ਉਪਦੇਸੀਐ –
"ਤਿਨ ਕਉ ਕਿਆ ਉਪਦੇਸੀਐ ਜਿਨ ਗੁਰ ਨਾਨਕ ਦੇਉ।"
– ਮਾਝ ੧, ਵਾਰ ੨੭ਸ, ੨, ੧:੨ (150)

ਉਪਦੇਸੁ –
"ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ।"
– ਸਿਰੀ ੫, ਅਸ ੨੫, ੪:੨ (69)

ਉਪਦੇਸੇ –
"ਸਾਧੂ ਕੇ ਪੂਰਨ ਉਪਦੇਸੇ।"
– ਗਉ ੫, ਸੁਖ ੧੮, ੭:੪ (287)

ਉਪਦੇਸੇਨਿ –
"ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ।"
– ਸੂਹੀ ੩, ਅਸ ੩, ੯:੧ (755)

ਉਪਦੇਸੈ –
"ਗੁਰਦੇਵ ਦਾਤਾ ਹਰਿਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ।"
– ਗਉ ੫, ਬਾਅ ੧ਸ:੩ (250)

ਉਪਦੇਸੋ –
"ਕਰਉ ਬੇਨਤੀ ਸਤਿਗੁਰ ਅਪੁਨੇ ਮੈ ਮੂਰਖ ਦੇਹੁ ਉਪਦੇਸੋ ਰੇ।"
– ਸੋਰ ੫, ੧੩, ੩:੨ (612)

(2) ਦੇਸ ਖੰਡ
"ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।"
– ਜਪੁ ੩੫:੧ (7)

ਉਪਦੇਸਾ ---- ਦੀਖਿਆ
"ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ।"
– ਸੋਰ ੫, ੧੨, ੨:੨ (612)
"ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ ਪਰਾਤਾ।"
– ਸੋਰ ੫, ੨੦, ੧*:੨ (614)

ਹੋਰ ਰੂਪ:

ਉਸਦੇਸਤੇ –
"ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ।"

– ਸਲੋ ਕਬ, ੯੮:੧ (1369)
ਉਪਦੇਸਿ –
“ਗੁਰ ਉਪਦੇਸਿ ਹਰਿ ਨਾਮੁ ਧਿਆਇਓ ਸਭਿ ਕਿਲਬਿਖ ਦੁਖ ਲਾਥੇ।”
– ਕਲਿ ੪, ੩, ੧*:੨ (1320)

ਉਪਦ੍ਰਹ ---- (ਸੰ.) ਵਿਘਨ; ਦੁਖ, ਕਸ਼ਟ
“ਮਿਟੇ ਉਪਦ੍ਰਹ ਮਨ ਤੇ ਬੈਰ।”
– ਆਸਾ ੫, ੯੮, ੨:੨ (395)

ਉਪੰਨਾ ----- ਵੇਖੋ ‘ਉਤਪਤ’, ਪੈਦਾ ਕੀਤਾ
“ਆਪੇ ਆਪੁ ਉਪਾਇ ਉਪੰਨਾ।”
– ਮਾਰੂ ੩, ੮, ੧:੧ (1051)
ਹੋਰ ਰੂਪ:
ਉਪੰਨਿਆ –
“ਸਭੁ ਕਿਛੁ ਆਪੇ ਆਪਿ ਆਪਿ ਉਪੰਨਿਆ।”
– ਰਾਮ ੫, ਵਾਰ ੨੦:੩ (965)
ਉਪੰਨੀ –
“ਚਉਥੈ ਪਿਆਰਿ ਉਪੰਨੀ ਖੇਡ।”
– ਮਾਝ ੧, ਵਾਰ ੧ਸ, ੧, ੨:੪ (137)
ਉਪੰਨੇ –
“ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ।”
– ਮਾਝ ੧, ਵਾਰ ੨੬ਸ, ੧, ੧:੧੪ (150)

ਉਪਮਾ ----- (ਸੰ.) (1) ਵਡਿਆਈ, ਸਿਫਤ, ਸ਼ੋਭਾ
“ਜਨ ਕੀ ਉਪਮਾ ਤੁਝਹਿ ਵਡਈਆ।”
– ਗਉ ੪, ੪੬, ੧*:੨ (166)
“ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ।”
– ਗਉ ੫, ਸੁਖ ੭, ੮:੩ (272)
(2) ਤੁਲਣਾ, ਸਮਾਨਤਾ
“ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ।”
– ਆਸਾ ੫, ੧੪੧, ੪:੧ (406)
“ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ।”
– ਬਿਲਾ ਰਵਿ, ੧, ੩:੨ (858)

ਉਪਰਹੁ ---- ਉਤੋਂ
“ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।”
– ਆਸਾ ੧, ਅਸ ੧੧, ੨:੩ (417)

ਉਪਰਜਤੇ --- (ਸੰ.) ਪੈਦਾ ਹੁੰਦੇ
“ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ।”
– ਸਸ ੫, ੪੭:੧ (1358)

ਉਪਰਿ ----- (ਸੰ.) (1) ਉਤੇ
"ਧਵਲੈ ਉਪਰਿ ਕੇਤਾ ਭਾਰੁ।"
– ਜਪੁ ੧੬:੧੦ (3)

(2) ਅਨੁਸਾਰ
"ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ।"
– ਗਉ ੧, ੧੮, ੩:੨ (157)

(3) ਤੋਂ
"ਊਚੇ ਉਪਰਿ ਊਚਾ ਨਾਉ।"
– ਜਪੁ ੨੪:੧੨ (5)

(4) ਉਤਾਂਹ
"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।"
– ਸਿਰੀ ੧, ਅਸ ੧੪, ੫:੩ (62)

ਹੋਰ ਰੂਪ:

ਉਪਰੇ –
"ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ।"
– ਜੈਤ ੫, ਵਾਰ ੨ਸ, ੫, ੨:੧ (706)

ਉਪਰੀਆ --- ਉਪਾਉ, ਇਲਾਜ 'ਗੁਰੂ ਗ੍ਰੰਥ ਕੋਸ਼' ਇਸ ਨੂੰ 'ਉਪਾਰ' ਉਪਜ ਤੋਂ ਲੈਂਦਾ ਅਰਥ ਸ੍ਰਿਸ਼ਟੀ ਕਰਦਾ ਹੈ।)
"ਅਨਿਕ ਉਪਰੀਆ।"
– ਬਿਹਾ ੫, ੧, ੧:੩ (537)

ਉਪਰੇ ----- (1) ਉਪਰ, ਤੇ
"ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ।"
– ਸਿਰੀ ੫, ਅਸ ੨੯, ੧੪:੩ (74)

(2) ਉਤਾਂਹ, ਵੇਖੋ 'ਉਪਰਿ'

ਉਪਾਉ ----- (ਸੰ.) (1) ਸਾਧਨ, ਯਤਨ
"ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ।"
– ਗਉ ੯, ੯, ੨:੧ (220)

(2) ਇਲਾਜ, ਦਾਰੂ
"ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ।"
– ਗੂਜ ੩, ਵਾਰ ੮ਸ, ੩, ੨:੨ (511)

ਉਪਾਇ ---- (ਸੰ.) (1) ਯਤਨ, ਸਾਧਨ, ਵੇਖੋ 'ਉਪਾਉ'।
"ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ।"
– ਸਿਰੀ ੩, ੫੧, ੪:੧ (33)

2. (ਸੰ.) ਪੈਦਾ ਕੀਤੀ
"ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ।"
– ਸਿਰੀ ੩, ੬੦, ੧:੧ (37)

ਹੋਰ ਰੂਪ:

ਉਪਈਆ –
"ਅੰਡਜ ਜੇਰਜ ਸੇਤਜ ਉਤਭੁਜ ਸਭਿ ਵਰਨ ਰੂਪ ਜੀਅ ਜੰਤ ਉਪਈਆ।"
– ਬਿਲਾ ੪, ਅਸ ੪, ੬:੧ (835)

ਉਪਾਇਓ --- (1) ਪੈਦਾ ਕੀਤੇ
"ਆਪਨਿ ਆਪੁ ਆਪਹਿ ਉਪਾਇਓ।"
– ਗਉ ੫, ਬਾਅ ੧:੫ (250)

ਹੋਰ ਰੂਪ:

ਉਪਾਇਓਨੁ –
"ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ।"
– ਸੂਹੀ ੩, ਵਾਰ ੪:੧ (786)

ਉਪਾਇਅਨੁ –
"ਆਪੇ ਦਸ ਅਠ ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ।"
– ਬਿਹਾ ੪, ਵਾਰ ੧੩:੨ (553)
"ਵਿਚਿ ਆਪੇ ਜੰਤ ਉਪਾਇਅਨੁ ਮੁਖਿ ਆਪੇ ਦੇਇ ਗਿਰਾਸੁ।"
– ਗਉ ੪, ਵਾਰ ੬ਸ, ੪, ੨:੨ (302)

ਉਪਾਇਆ –
"ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣੁ ਕਰਿ ਆਕਾਰੁ।"
– ਸਿਰੀ ੧, ੧੬, ੪:੧ (20)

ਉਪਾਇਦਾ –
"ਹਰਿ ਆਪੇ ਆਪੁ ਉਪਾਇਦਾ ਹਰਿ ਆਪੇ ਦੇਵੈ ਲੇਇ।"
– ਸਿਰੀ ੪, ਵਣ ੧, ੪:੧ (82)

ਉਪਾਈ –
"ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।"
– ਜਪੁ ੬:੨ (2)

ਉਪਾਈਓਨੁ –
"ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ।"
– ਮਾਰੂ ੩, ਵਾਰ ੧੦:੧ (1090)

ਉਪਾਈਅਨੁ –
"ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ।"
– ਵਡ ੧, ਛੰਤ ੧, ੪:੧ (566)

ਉਪਾਈਆ –
"ਵਡਭਾਗੀ ਪਾਈ ਨਾਮੁ ਸਖਾਈ ਜਨ ਨਾਨਕ ਰਾਮਿ ਉਪਾਈਆ।"
– ਵਡ ੪, ਘੋੜੀ ੧, ੧:੬ (575)

ਉਪਾਈਐ –
"ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ।"
– ਮਾਝ ੧, ਵਾਰ ੧:੩ (138)

ਉਪਾਏ –
"ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ।"
– ਸਿਰੀ ੧, ੬, ੩:੨ (16)

ਉਪਾਯਉ –
“ਆਪੁਨ ਆਪੁ ਆਪ ਹੀ ਉਪਾਯਉ।”
– ਸਵ ੪, ਬਲ ੧:੨ (1405)

(2) ਪੈਦਾਇਸ਼, ਸ੍ਰਿਸ਼ਟੀ
“ਸਗਲ ਭਾਤਿ ਕਰਿ ਕਰਹਿ ਉਪਾਇਓ।”
– ਗਉ ੫, ਬਾਅ, ੨:੫ (250)

(3) ਉਪਾ, ਯਤਨ
“ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ।”
– ਦੇਵ ੫, ੧੫, ੧:੧ (531)

ਹੋਰ ਰੂਪ:

ਉਪਾਇਆ –
“ਏ ਸਾਜਨ ਕਛੁ ਕਹਹੁ ਉਪਾਇਆ।”
– ਗਉ ੫, ਬਾਅ ੭:੫ (251)

ਉਪਾਏ –
“ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂ ਕਰਹਿ ਉਪਾਏ।”
– ਮਲਾ ੫, ੧, ੧:੧ (1266)

(4) ਪ੍ਰਗਟ ਕਰਦਾ ਹੈ, ਟਿਕਾਂਦਾ ਹੈ
“ਅਸਥਿਰੁ ਥਾਨ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ।”
– ਮਾਰੂ ੧, ਸੋਲਾ ੧੩, ੧:੩ (1033)

ਉਪਾਸ ----- (ਸੰ.) ਕੋਲ ਬੈਠਣਾ, ਉਪਾਸਨਾ, ਪੂਜਨਾ
“ਮਨ ਚਰਣਾਰਬਿੰਦ ਉਪਾਸ।”
– ਗੂਜ ੫, ੩੧, ੧*:੧ (502)

ਉਪਾਹਾ ----- (ਸੰ.) ਪੈਦਾ ਕਰਨਾ, ਉਪਜਾਣਾ
“ਪਿਛੋ ਦੇ ਤੈਂ ਜੰਤੁ ਉਪਾਹਾ।”
– ਮਾਝ ੫, ਅਸ ੩੫, ੬:੨ (130)

ਉਪਾਤੀ ----- ਪੈਦਾ ਕੀਤੀ ਸਾਜੀ
“ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ।”
– ਮਾਝ ੧, ਵਾਰ ੧:੧ (138)

ਉਪਾਧਿ ----- (ਸੰ.) (1) ਛਲ, ਭੁਲੇਵਾਂ, ਫਰੇਬ
“ਸਹਿਜ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ।”
– ਗਉ ੫, ਛੰਤ ੪, ੨:੨ (249)

(‘ਸ਼ਬਦਾਰਥ’ ਨੇ ਇਥੇ ਇਸ ਦੇ ਅਰਥ ‘ਕਲਪਣਾ’ ਕੀਤੇ ਹਨ।)

(2) ਉਪਦਰ ਖਰਾਬੀ, ਦੁੱਖ ਦਾ ਕਾਰਨ/ਸਾਮਾਨ, ਦੁਖ, ਝਗੜੇ ਆਦਿ ਦਾ ਸੁਭਾਓ (ਸਾਹਿਬ ਸਿੰਘ)
“ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ।”
– ਗਉ ੫, ਬਾਅ ੨੫ਸ:੨ (255)

“ਤਨ ਮਹਿ ਹੋਤੀ ਕੋਟਿ ਉਪਾਧਿ।”

– ਗਉ ਕਬ, ੧੭, ੨:੧ (327)

"ਜਨਮ ਮਰਣ ਸਭ ਮਿਟੀ ਉਪਾਧਿ।" (ਦੁੱਖ)

– ਗੌਂਡ ੫, ੧੨, ੨:੩ (865)

ਹੋਰ ਰੂਪ:

ਉਪਾਧੇ –

"ਕਹੁ ਨਾਨਕ ਦਿਨੁ ਰੈਨਿ ਧਿਆਵਉ ਮਾਰਿ ਕਾਢੀ ਸਗਲ ਉਪਾਧੇ।"

– ਆਸਾ ੫, ੧੨੬, ੪:੨ (403)

3. ਝਗੜਾ, ਬਿਪਤਾ

"ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ।"

– ਧਨਾ ੪, ੧੨, ੨:੧ (670)

ਉਪਾਮ ----- ਵੇਖੋ 'ਉਪਾਇ', ਪੈਦਾ ਕੀਤੀ ਹੋਈ, ਸ੍ਰਿਸ਼ਟੀ

"ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ ਸਭ ਗਾਵਤ ਜੇਤ ਉਪਾਮ।"

– ਬੈਰਾ ੪, ੧, ੨:੧ (719)

ਉਪਾਰਜਨਾ -- (ਸੰ.) (1) ਜਮਾ ਕਰਨਾ, ਸੰਚਿਤ ਕਰਨਾ (ਮਹਾਨਕੋਸ਼); ਪ੍ਰਾਪਤ ਹੋਈ, ਉਪਜੀ (ਸ਼ਬਦਾਰਥ, ਗੁਰੂ ਗ੍ਰੰਥ ਸਾਹਿਬ)

"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ।"

– ਮਾਝ ੫, ਬਾਰਾ ੧੩:੧ (136)

(2) (ਸੰ.) ਪੈਦਾ ਕੀਤੀ ਹੋਈ, ਸ੍ਰਿਸ਼ਟੀ (ਮਹਾਨਕੋਸ਼)

(ਸੰ.) ਪੈਦਾ ਕੀਤੀ ਸ੍ਰਿਸ਼ਟੀ (ਗੁਰੂ ਗ੍ਰੰਥ)

"ਜੇਤ ਕੀਨ ਉਪਾਰਜਨਾ ਪ੍ਰਭੁ ਦਾਨੁ ਦੇਇ ਦਾਤਾਰ।"

– ਮਾਲੀ ੫, ੭, ੧:੨ (988)

"ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ।"

– ਮਾਰੂ ੫, ਸੋਲਾ ੮, ੧:੩ (1079)

(3) (ਸੰ.) ਰੰਗਨਾ, ਚਿੱਤਰਨਾ, ਸ਼ਿੰਗਾਰਨਾ (ਮਹਾਨਕੋਸ਼)

"ਕੋਟਿ ਉਪਾਰਜਨਾ ਤੇਰੈ ਅੰਗਿ।"

– ਭੈਰ ੫, ਅਸ ੨, ੨:੩ (1156)

('ਸ਼ਬਦਾਰਥ' ਨੇ ਇਥੇ ਵੀ ਅਰਥ 'ਸ੍ਰਿਸ਼ਟੀ' ਹੀ ਕੀਤਾ ਹੈ)

ਉਪਾਰਾ ----- ਵੇਖੋ 'ਉਪਾਇ' ਪੈਦਾ ਕੀਤੇ

"ਕਈ ਜੰਤ ਬਿਨਾਹਿ ਉਪਾਰਾ।"

– ਸੂਹੀ ੫, ੧੬, ੨:੨ (740)

ਹੋਰ ਰੂਪ:

ਉਪਾਰੀਐ –

"ਸਭਸੈ ਦੇ ਦਾਤਾਰੁ ਜੇਤ ਉਪਾਰੀਐ।"

– ਗੂਜ ੫, ਵਾਰ ੧:੪ (518)

ਉਪਾਵ ----- ਵੇਖੋ 'ਉਪਾਉ' (1) ਯਤਨ, ਹੀਲਾ

"ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ।"

– ਸਿਰੀ ੪, ੬੫, ੩:੧ (40)

ਹੋਰ ਰੂਪ:

ਉਪਾਵੰ –
“ਮ੍ਰਿਤ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਹਤੇ।”
– ਸਸ ੫, ੪੨:੩ (1357)

ਉਪਾਵਾ –
“ਸਗਲ ਉਕਤਿ ਉਪਾਵਾ।”
– ਸਿਰੀ ੫, ਅਸ ੨੭, ੮:੧ (71)

(2) ਦਾਰੂ, ਇਲਾਜ
“ਕੋਟਿ ਉਪਾਵ ਚਿਤਵਤ ਹੈ ਪ੍ਰਾਣੀ।”
– ਭੈਰ ੫, ੧੭, ੧:੩ (1139)
“ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ।”
– ਮਲਾ ੫, ੨੪, ੨:੧ (1272)

ਹੋਰ ਰੂਪ:

ਉਪਾਵੀ –
“ਅਨਿਕ ਉਪਾਵੀ ਰੋਗੁ ਨ ਜਾਇ।”
– ਗਉ ੫, ਸੁਖ ੧੯, ੨:੭ (288)

ਉਪਾਵਹਿ --- ਵੇਖੋ ‘ਉਪਾਇ’ (2) ਪੈਦਾ ਕਰ
“ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ।”
– ਮਾਰੂ ੫, ਸੋਲਾ ੧੧, ੧੫:੩ (1083)

ਹੋਰ ਰੂਪ:

ਉਪਾਵਹੁ –
“ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰੁ ਤਾਰੇ।” (ਕਰਹੁ)
– ਗਉ ੧, ੧੭, ੫:੨ (156)

ਉਪਾਵਣੀ –
“ਰੰਗ ਪਰੰਗ ਸਿਸਟਿ ਸਭ ਸਾਜੀ ਬਹੁ ਬਹੁ ਬਿਧਿ ਭਾਂਤਿ ਉਪਾਵਣੀ।”
– ਕਾਨ ੪, ਵਾਰ ੩:੨ (1314)

ਉਪਾਵਨ –
“ਆਪਿ ਉਪਾਵਨ ਆਪਿ ਸਧਰਨਾ।”
– ਬਿਲਾ ੫, ੭, ੧:੧ (803)

ਉਪਾੜਣ ---- (ਸੰ.) ਪੁਟਣਾ, ਉਖਾੜਨਾ
“ਬ੍ਯਾਧਿ ਉਪਾੜਣ ਸੰਤੰ।”
– ਗਾਥਾ ੫, ੧੬:੨ (1361)

ਹੋਰ ਰੂਪ:

ਉਪਾੜਾ –
“ਬਿਨਵੰਤਿ ਨਾਨਕ ਸਰਣਿ ਸੁਆਮੀ ਬਹੁੜਿ ਜਮਿ ਨ ਉਪਾੜਾ।”
– ਆਸਾ ੫, ਛੰਤ ੧੨, ੪:੬ (461)

ਉਪਾੜਿ –

"ਖਿਨ ਮਹਿ ਭੈਆਨ ਰੂਪ ਨਿਕਸਿਆ ਥੰਮ੍ ਉਪਾੜਿ।"

– ਭੈਰ ੩, ੨੦, ੪:੩ (1133)

ਉਪਾੜੀ –

"ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ।"

– ਮਾਝ ੫, ੩੭, ੩:੩ (105)

ਊਪਾੜੀਲੇ –

"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।"

– ਧੰਨਾ ਤ੍ਰਿਲੋ, ੧, ੫:੧ (695)

ਉਪੇਤਾਣਾ --- ਜਿਸ ਦੇ ਪੈਰ ਜੁਤੀ ਨਹੀਂ, ਨੰਗੇ ਪੈਰ

"ਪਗ ਉਪੇਤਾਣਾ ਅਪਣਾ ਕੀਆ ਕਮਾਣਾ।"

– ਆਸਾ ੧, ਵਾਰ ੯ਸ, ੧, ੨:੯ (467)

ਉਬਟ ------ (ਸੰ.) ਬਿਖੜਾ ਰਾਹ, ਔਖਾ ਮਾਰਗ; ਉਲਟੇ (ਸ਼ਬਦਾਰਥ)

"ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ।"

– ਕੇਦਾ ਕਬ, ੩, ੪:੨ (1124)

ਉਬਰ ------ ਉਧਾਰ, ਬਚਾ; ਤਰਨਾ

"ਉਆਹਿ ਜਪੇ ਬਿਨੁ ਉਬਰ ਨ ਹੋਊ।"

– ਗਉ ੫, ਬਾਅ ੪੩:੬ (259)

ਹੋਰ ਰੂਪ:

ਉਬਰਹਿ –

"ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰਧਾਰਿ।"

– ਸਿਰੀ ੫, ੫੩, ੩:੩ (34)

ਉਬਰਹੁ –

"ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ।"

– ਮਾਰੂ ੧, ਸੋਲਾ ੬, ੮:੩ (1026)

ਉਬਰਨ –

"ਯਾ ਉਬਰਨ ਧਾਰੈ ਸਭੁ ਕੋਊ।"

– ਗਉ ੫, ਬਾਅ ੪੩:੫ (259)

ਉਬਰਿਓ –

"ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸ ਗੁਰੁ ਪੂਰਾ।"

– ਆਸਾ ੫, ੧੨੭, ੪:੧ (403)

ਉਬਰਿਆ –

"ਸੋ ਉਬਰਿਆ ਮਾਇਆ ਅਗਨਿ ਤੇ।"

– ਗਉ ੫, ੧੪੫*, ੩:੨ (211)

ਉਬਰੀ –

"ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ।"

– ਸਿਰੀ ੧, ੧੧, ੧:੧ (18)

ਉਬਰੇ –

"ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ।" (ਬਚ ਗਏ)

– ਸਿਰੀ ੧, ੧੪, ੨:੩ (19)

ਉਬਰੈ –
“ਜਿਸੁ ਨਦਰਿ ਕਰੇ ਸੋ ਉਬਰੈ ਹਰਿ ਸੇਤੀ ਲਿਵ ਲਾਇ।”
– ਸਿਰੀ ੩, ੩੭, ੪:੪ (28)

ਉਬਰਤ ---- (ਸੰ.) ਉਪਰ ਆਉਣ ਦੀ ਕ੍ਰਿਆ, ਮੁਕਤੀ ਪਾਉਣੀ
“ਉਬਰਤ ਰਾਜਾ ਰਾਮ ਕੀ ਸਰਣੀ।”
– ਗਉ ੫, ੧੬੨*, ੧*:੧ (215)

ਉਬਲੀ ----- (ਸੰ.) ਉਪਰ ਵਲ ਜਾਣਾ, ਅੱਗ ਦੇ ਸੇਕ ਨਾਲ ਉਪਰ ਉਠਣਾ, ਰਿੱਝਣਾ
“ਜਿਉ ਉਬਲੀ ਮਜੀਠੈ ਰੰਗ ਗਹਗਹਾ।”
– ਗਉ ੪, ਵਾਰ ੨੦ਸ, ੩, ੧:੪ (311)

ਉਬਾਰਿ ----- ਵੇਖੋ ‘ਉਬਰ’ – ਉਧਾਰਨਾ, ਮੁਕਤ ਕਰਨਾ, ਉਚਾ ਚੁਕਣਾ, ਤਾਰਨਾ
“ਨਾਨਕ ਸੰਤ ਭਾਵੈ ਤਾ ਲਏ ਉਬਾਰਿ।”
– ਗਉ ੫, ਸੁਖ ੧੩, ੫:੧੦ (280)

ਹੋਰ ਰੂਪ:

ਉਬਾਰਿਅਨੁ –
“ਸਭੇ ਸਿਖ ਉਬਾਰਿਅਨੁ ਪ੍ਰਭਿ ਕਾਜ ਸਵਾਰੇ।”
– ਗਉ ੫, ਵਾਰ ੨੦ਸ, ੫, ੨:੨ (323)

ਉਬਾਰਿਆ –
“ਅਪੁਨਾ ਦਾਸੁ ਹਰਿ ਆਪਿ ਉਬਾਰਿਆ ਨਾਨਕ ਨਾਮ ਅਧਾਰਾ।”
– ਸੋਰ ੫, ੩੪, ੨:੨ (618)

ਉਬਾਰੇ
“ਹਰਿ ਧਾਰਹੁ ਹਰਿ ਧਾਰਹੁ ਕਿਰਪਾ, ਕਰਿ ਕਿਰਪਾ ਲੇਹੁ ਉਬਾਰੇ ਰਾਮ।”
– ਵਡ ੪, ਛੰਤ ੪, ੪:੧ (575)

(2) ਬਚਾਨਾ
“ਹਰਿ ਤੇਰਾ ਕਹਾ ਤੁਝੁ ਲਏ ਉਬਾਰਿ।”
“ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ।”
– ਭੈਰ ੩, ੨੦, ੪:੨;੪ (1133)

ਹੋਰ ਰੂਪ:

ਉਬਾਰਿਆ –
“ਗਰਭ ਅਗਨਿ ਮਹਿ ਜਿਨਹਿ ਉਬਾਰਿਆ।”
– ਗਉ ੫, ਸੁਖ ੪, ੧:੪ (266)
– ਮਾਰੂ ੫, ਸੋਲਾ ੧੩, ੨:੧ (1084)

ਉਬਾਰੀ –
“ਅਪਨੇ ਸੰਤਹ ਲੇਹੁ ਉਬਾਰੀ।”
– ਸੋਰ ਭੀਖ, ੧, ੧*:੨ (659)

ਉਬਾਰੀਅਲੇ –
“ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।”

– ਮਾਲੀ ਨਾਮ, ੨, ੧:੨ (988)

ਉਬਾਰੀਆ –
“ਮੈ ਤਕੀ ਓਟ ਸੰਤਾਹ ਲੇਹੁ ਉਬਾਰੀਆ।”
– ਗਉ ੫, ਅਸ ੧੨, ੨:੨ (241)

ਉਬਾਰੇ –
“ਰਾਮ ਉਦਕਿ ਜਨ ਜਲਤ ਉਬਾਰੇ।”
– ਗਉ ਕਬ, ੧, ੨:੨ (323)

ਉਭਕਲੇ ---- ਉਭ+ਕਲੇ – ਉਪਰ ਥਲੇ
“ਪਿੰਧੀ ਉਭਕਲੇ ਸੰਸਾਰਾ।”
– ਧਨਾ ਨਾਮ, ੪, ੩:੧ (693)

ਉਭਾਰਾ ----- ਚੁਕਿਆ, (ਰਾਗ ਦਾ ਅਲਾਪ) ਉਚਾਰਨ ਕੀਤਾ
“ਪ੍ਰਬਲ ਚੰਡ ਕਉਸਕ ਉਭਾਰਾ।”
– ਰਾਗੁ ੧:੨੦ (1430)

ਉਭਿ ------ ਖੜੋਤੇ
“ਭਰਮਿ ਸੂਕੇ ਬਹੁ ਉਭਿ ਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ।”
– ਕਲਿ ੪, ਅਸ ੬, ੩:੧ (1326)

ਉਭੇ ------- (1) ਲੰਮੇ, ਰੁਕ ਰੁਕ ਕੇ ਆਉਣ ਵਾਲੇ, ਔਖੇ
“ਲੋਕਾ ਵਿਚਿ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ।”
– ਸੋਰ ੪, ਵਾਰ ੩ਸ, ੩, ੧:੬ (643)
“ਨਾਵੈ ਧਉਲੇ ਉਭੇ ਸਾਹ।”
– ਮਾਝ ੧, ਵਾਰ ੧ਸ, ੧, ੨:੯ (138)
(2) ਖੜੋਣਾ
“ਹਰਖ ਸੋਕ ਉਭੇ ਦਰਵਾਰਿ।”
– ਗਉ ੧, ਅਸ ੩, ੫:੨ (222)

ਉਮਕਾਈ --- ਉਮੰਗ, ਉਤਸ਼ਾਹ, ਅਨੰਦਮਈ ਅਵਸਥਾ
“ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ।”
– ਸਾਰ ੫, ੧੫, ੧*:੨ (1207)

ਹੋਰ ਰੂਪ:

ਉਮਕਿਓ – (ਚਾਹ ਨਾਲ ਉਛਲਿਆ)
“ਓਮਕਿਓ ਹੀਉ ਮਿਲਨ ਪ੍ਰਭੁ ਤਾਈ।”
– ਸੂਹੀ ੫, ੫, ੧:੧ (737)

ਉਮਕਿ ----- ਤਰਸੇਵਾਂ, ਚਾਹ
“ਉਮਕਿ ਤਰਸਿ ਚਾਲੈ।”
– ਮਲਾ ੫, ੨੪, ੧*:੨ (1272)

ਉਮੰਗ ----- ਅਨੰਦ ਦੀ, ਖੁਸ਼ੀ ਦੀ ਲਹਿਰ
“ਏਕ ਦਿਵਸ ਮਨ ਭਈ ਉਮੰਗ।”

– ਬਸੰ ਰਾਮਾ, ੧, ੧:੧ (1195)

ਉਮਗਿ ----- ਦੇਖੋ ‘ਉਮਕਿ’, ਚਾਉ, ਉਤਸ਼ਾਹ
“ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ।”
– ਕਾਨ ੫, ੩੫, ੧:੧ (1305)

ਉਮਤਿ ----- (ਅ. ‘ਉਮਤ’) ਜਾਤੀ, ਸਿਖ ਸੇਵਕ, ਪੈਰੋਕਾਰ
“ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ।”
– ਰਾਮ ਸਬ, ਵਾਰ ੩:੬ (967)

ਉਮਰ ------ (ਅ. ‘ਉਮਰ’) ਆਯੂ, ਅਵਸਥਾ
“ਫਰੀਦਾ ਉਮਰ ਸੁਹਾਵੜੀ ਸੰਗਿ ਸਵੰਨੜੀ ਦੇਹ।”
– ਰਾਮ ੫, ਵਾਰ ੨੧ਸ, ੫, ੨:੧ (966)

ਉਮਰਥਲ --- (ਸੰ.) ਅੰਦਰ ਦਾ ਫੋੜਾ, ਅੰਤੜੀ ਦਾ ਫੋੜਾ ਜੋ ਬਹੁਤ ਦੁੱਖਦਾਈ ਹੁੰਦਾ ਹੈ
“ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ।”
– ਗਉ ੪, ਵਾਰ ੧੯ਸ, ੪, ੧:੧ (311)

ਉਮਰਾ/ਉਮਰਾਉ (ਅ. ਉਮਰਾ’)
(ਅਮੀਰ ਦਾ ਬਹੁਵਚਨ) ਅਮੀਰ, ਰਾਜ ਪ੍ਰਬੰਧ ਦੇ ਉਚੇ ਅਧਿਕਾਰੀ
“ਪਾਤਿਸਾਹ ਸਾਹ ਉਮਰਾਉ ਪਤੀਆਏ।”
– ਗੋਂਡ ੫, ਅਸ ੧, ੨:੧ (869)

ਹੋਰ ਰੂਪ:

ਉਮਰਾਵ –
“ਜਿਤਨੇ ਪਾਤਿਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ ਤਿਤਨੇ ਸਭਿ ਹਰਿ ਕੇ ਕੀਏ।”
– ਬਿਲਾ ੪, ਵਾਰ ੬:੧ (851)

ਉਮਰਾਵਹੁ –
“ਉਮਰਾਵਹੁ ਆਗੈ ਝੇਰਾ।”
– ਸੋਰ ੫, ੫੧, ੧:੩ (621)

ਉਮਰੇ –
“ਮਿਥਿਆ ਰਾਜ ਜੋਬਨ ਅਰੁ ਉਮਰੇ ਮੀਰ ਮਲਕ ਅਰੁ ਖਾਨਾ।”
– ਸਾਰ ੫, ੫੮, ੧:੧ (1215)

ਉਮਾਹੜਾ/ਉਮਾਹਾ ਉਤਸ਼ਾਹ, ਉਮੰਗ, ਖੁਸ਼ੀ
“ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ।”
– ਮਾਝ ੫, ਬਾਰਾ ੮:੧ (134–35)

“ਬ੍ਰਹਮਗਿਆਨੀ ਪਰਉਪਕਾਰ ਉਮਾਹਾ।”
– ਗਉ ੫, ਸੁਖ ੮, ੪:੪ (273)

ਹੋਰ ਰੂਪ:

ਉਮਾਹਿਓ – (ਖੁਸ਼ ਹੋਣਾ, ਉਤਸ਼ਾਹਿਤ ਹੋਣਾ)
“ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ।”

– ਆਸਾ ੫, ੧੨੫, ੨:੨ (402)

ਉਮਾਹੈ –
“ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ।”
– ਬਿਲਾ ੫, ੬੫, ੧:੧ (823)

ਉਮਾਹਾ –
“ਹਰਿ ਹਰਿ ਹਰਿ ਹਰਿ ਭਗਤਿ ਦ੍ਰਿੜਾਵਹੁ ਹਰਿ ਹਰਿ ਨਾਮੁ ਉਮਾਹਾ ਰਾਮ।”
– ਜੈਤ ੪, ੮, ੧:੩ (698)

ਉਮਾਪਤਿ --- ਉਮਾ (ਪਾਰਬਤੀ) ਦਾ ਪਤੀ ਸ਼ਿਵਜੀ

“ਬ੍ਰਹਮਾ ਦੀ ਆਪਣੀ ਧੀ ਉਤੇ ਬੁਰੀ ਨਜ਼ਰ ਤੋਂ ਕ੍ਰੋਧਿਤ ਹੋ ਕੇ ਸ਼ਿਵਜੀ ਨੇ ਬ੍ਰਹਮਾ ਦਾ ਪੰਜਵਾਂ ਸਿਰ ਕੱਟ ਦਿੱਤਾ ਸੀ। ਇਹ ਉਸ ਦੇ ਹਥਾਂ ਨਾਲ ਹੀ ਚਿੰਬੜ ਗਿਆ। ਇਹ ਉਦੋਂ ਤਕ ਨਾ ਲਥਾ ਜਦ ਤਕ ਉਹ ਤੀਰਥਾਂ ਤੇ ਭੌਂਦਾ ਭੌਂਦਾ ਕਪਾਲ-ਮੋਚਨ ਨਾ ਪੁਜਾ।”

“ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨਾ ਪਾਰੁ ਰੀ। ਕਰਮ ਕਰਿ ਕਪਾਲ ਮਫੀਟਸਿ ਰੀ।”
– ਧਨਾ ਤਿਲੋ, ੧, ੩:੧;੨ (695)

“ਗੋਤਮ ਨਾਰਿ ਉਮਾਪਤਿ ਸ੍ਵਾਮੀ।”
– ਜੈਤ ਰਵਿ, ੧, ੪:੧ (710)

ਉਮੇਰੀਆ --- ਮੇਰੀ ਮੇਰੀ (ਸ਼ਬਦਾਰਥ)

ਉਮਰਾ, ਅਮੀਰ ਲੋਕ (ਮਹਾਨ ਕੋਸ਼)
“ਔਹ ਮੇਰੀਆ’ ਦਾ ਸੰਖੇਪ (ਗੁਰੂ ਗ੍ਰੰਥ ਕੋਸ਼)
ਉਮਰਾਂ (ਗੁਰੂ ਗ੍ਰੰਥ ਕੋਸ਼)
“ਅਨਿਕ ਉਮੇਰੀਆ।”
(ਗੁਰੂ ਗ੍ਰੰਥ ਕੋਸ਼ ਨੇ ਇਸ ਤੁਕ ਦਾ ਪਦ ਛੇਦ ਅਨ+ਕਉ+ਮੇਰੀਆਂ ਕਰਕੇ ਅਰਥ ‘ਅਨ (ਦਵੈਤ) ਨੂੰ ਮੇਲਦੇ’ ਹਨ ਕੀਤੇ ਹਨ)
– ਬਿਹਾ ੫, ੧, ੨:੨ (537)

ਉਰ ------- (ਸੰ.) ਹਿਰਦਾ, ਮਨ, ਦਿਲ

“ਉਰ ਨਾ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ।”
– ਗਉ ਕਬ, ੬੫, ੧:੨ (338)

“ਹਰਿ ਮਾਲਾ ਉਰ ਅੰਤਰਿ ਧਾਰੈ।”
– ਆਸਾ ੫, ੭੦, ੨:੧ (388)

ਹੋਰ ਰੂਪ:

ਉਰਿ –
“ਸਭ ਦਿਨਸੁ ਰੈਣਿ ਗੁਣ ਉਚਰੈ ਹਰਿ ਹਰਿ ਹਰਿ ਉਰਿ ਲਿਵ ਲਾਗੁ।”
– ਬਿਲਾ ੪, ਵਾਰ ੧ਸ, ੪, ੧:੩ (849)

ਉਰਸਾ ----- ਕੇਸਰ ਘੋਟਨ ਵਾਲਾ ਗੋਲ ਪਥਰ

“ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ।”
– ਗੂਜ ੧, ੧, ੧:੧ (489)

ਉਰਹਾਰਿ --- ਉਰ+ਹਾਰਿ – ਦਿਲ ਦਾ ਹਾਰ
“ਸਾਂਤਿ ਸੂਖ ਅਰੁ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰਹਾਰਿ।”
– ਬਿਲਾ ੫, ੧੧੧, ੧:੨ (826)

ਹੋਰ ਰੂਪ:

ਉਰਹਾਰੁ –
“ਦੀਪਕੁ ਸਬਦਿ ਵਿਗਾਸਿਆ ਰਾਮਨਾਮੁ ਉਰਹਾਰੁ।”
– ਸਿਰੀ ੧, ਅਸ ੨, ੫:੩ (54)

ਉਰਹਿ ----- ਵੇਖੋ ‘ਉਰ’, ਗਲੇ
“ਘਰ ਕੀ ਨਾਰਿ ਉਰਹਿ ਤਨ ਲਾਗੀ।”
– ਧੰਨਾ ਰਵਿ, ੩, ੩:੧ (794)

ਉਰਕਟ ---- (ਸੰ.) ਤਿਆਰ ਕੀਤਾ ਹੋਇਆ, ਰਿੰਨਿਆ ਹੋਇਆ
“ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ।”
– ਆਸਾ ਕਬ, ੪, ੧:੧ (476)

ਉਰਛੇ ----- ਵੇਖੋ ‘ਉਰ’ – ਦਿਲ ਵਿਚ
“ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ ਹਰਿ ਧਾਰਿਓ ਹਰਿ ਉਰਛੇ।”
– ਬਸੰ ੪, ੪, ੩:੨ (1178)

ਉਰਝਾਇ --- (ਸੰ.) (1) ਉਲਝੇ, ਫਸੇ
“ਚਾਰ ਅਚਾਰ ਰਹੇ ਉਰਝਾਇ।”
– ਗਉ ਕਬ, ੯, ੨:੨ (325)

ਹੋਰ ਰੂਪ:

ਉਰਝਾਇਓ –
“ਚੰਚਲੁ ਸੁਪਨੇ ਹੀ ਉਰਝਾਇਓ।”
– ਦੇਵ ੫, ੧੫, ੧*:੧ (531)

ਉਰਝਾਈ –
“ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ।”
– ਸੋਰ ੯, ੬, ੧*:੨ (632)

ਉਰਝੇ –
“ਤਿਨ ਹੀ ਮਾਹਿ ਅਟਕਿ ਜੋ ਉਰਝੇ ਇਦ੍ਰੀ ਪ੍ਰੇਰਿ ਲਇਓ।”
– ਗਉ ਕਬ, ੫੯, ੩:੨ (326)

ਉਰਝੈ –
“ਨੈਨ ਦੇਖਿ ਪਤੰਗੁ ਉਰਝੈ ਪਸੁ ਨ ਦੇਖੈ ਆਗਿ।”
– ਆਸਾ ਕਬ, ੨੭, ੨:੧ (482)

(2) ਝਗੜਨਾ, ਝਗੜਾ ਖੜਾ ਕਰਨਾ
“ਜਤਨ ਕਰਉ ਉਰਝਾਇ ਪਰੇਵੈ।”
– ਆਸਾ ੫, ੪, ੧*:੨ (371)

(3) ਚਿੰਬੜੇ ਹੋਣਾ
“ਸਿਧ ਸਾਧਿਕ ਅਰ ਜਖ੍ਯ ਕਿੰਨਰ ਨਰ ਰਹੀ ਕੰਠਿ ਉਰਝਾਇ।”

– ਗੁਜ ੫, ੧੩, ੨:੧ (500)

ਹੋਰ ਰੂਪ:

ਉਰਝਾਇਓ –
“ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ।”
– ਮਾਰੂ ੫, ਅਸ ੧, ੧*:੨ (1013)

ਉਰਝਾਇਓ -- (1) ਚਿੰਬੜੇ ਹੋਣਾ, ਵੇਖੋ ‘ਉਰਝਾਇ’ (3)
(2) ਮਗਨ/ਮਸਤ ਰਹਿਣਾ
“ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ।”
– ਸੋਰ ੫, ੧੬, ੧:੧ (613)

ਉਰਝਾਈ --- ਉਲਝੀ ਹੋਈ, ਅੜੇ ਪਏ ਹੋਏ, ਵੇਖੋ ‘ਉਰਝਾਇ’
“ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ।”
– ਗਉ ਕਬ, ੫੪, ੪:੧ (335)

ਉਰਧ ------ (ਸੰ.) (1) ਉਪਰ, ਉਤੇ, ਉਪਰ ਵਲ
“ਅਰਧ ਉਰਧ ਮੁਖਿ ਲਾਗੋ ਕਾਸੁ।”
– ਭੈਰ ਕਬ, ਅਸ ੧, ੫:੧ (1162)
“ਅਰਧ ਉਰਧ ਕਰੇ ਨਿਰੰਜਨ ਵਾਸੁ।”
– ਰਾਮ ੫, ਵਾਰ ੧੨ਸ, ੧, ੪:੨ (952)
(2) ਉਤਕ੍ਰਿਸ਼ਟ ਤਪ, ਸਿੱਧਾਂ ਦਾ ਇਕ ਆਸਨ, ਬਾਹਵਾਂ ਉਚੀਆਂ ਕਰ ਤਪ ਕਰਨਾ
“ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ।”
– ਸਿਰੀ ੩, ੫੧, ੧:੧ (33)
“ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ।”
– ਧਨਾ ੫, ੧੩, ੨:੧ (674)
(3) (ਸੰ.) ਉਲਟਾ, ਮੂੰਧਾ
“ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ।”
– ਸਿਰੀ ਬੇਣੀ, ੧, ੧:੧ (93)
“ਉਰਧ ਪੰਕ ਲੈ ਸੂਧਾ ਕਰੈ।”
– ਗਉ ਕਬ, ਵਾਰ ੪:੪ (344)
(4) ਕਰਤਾਰ ਜੋ ਸਭ ਤੋਂ ਉਚਾ ਹੈ
“ਅਰਧ ਉਰਧ ਕੀ ਸੰਧਿ ਕਿਉ ਜਾਨੈ।”
– ਗਉ ੧, ਅਸ ੧੬, ੭:੧ (228)
‘ਸ਼ਬਦਾਰਥ’ ਨੇ ਇਸ ਦੇ ਅਰਥ ਉਚ ਨੀਚ ਕੀਤੇ ਹਨ। ਇਕ ਹੋਰ ਉਦਾਹਰਣ
“ਅਰਧਹ ਉਰਧ ਦੋਊ ਤਹ ਨਾਹੀ ਰਾਤਿ ਦਿਨਸ ਤਹਿ ਨਾਹੀ।”
– ਗਉ ਕਬ, ੪੮, ੨:੧ (333)
“ਅਰਧ ਛਾਡਿ ਉਰਧ ਜਉ ਆਵਾ।”
– ਗਉ ਕਬ, ਬਾਅ ੨੫:੩ (341)

ਹੋਰ ਰੂਪ:

ਉਰਧਿ –

"ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ।"
– ਮਾਝ ੧, ਵਾਰ ੪ਸ, ੧, ੧:੨ (139)
"ਅੰਤਰਿ ਗਰਭ ਉਰਧਿ ਲਿਵ ਲਾਗੀ ਸੋ ਪ੍ਰਭੁ ਸਾਰੇ ਦਾਤਿ ਕਰੇ।"
– ਮਾਰੂ ੧, ਅਸ ੮, ੧:੨ (1013)

(5) ਉਚਾ
"ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ।"
– ਗੂਜ ੧, ਅਸ ੭, ੨:੧ (503)

ਹੋਰ ਰੂਪ:

ਉਰਧਹ –
"ਅਰਧਹਿ ਉਰਧਹ ਮੰਝਿ ਬਸੇਰਾ।"
– ਗਉ ਕਬ, ਬਾਅ ੨੫:੨ (341)

ਉਰਧਾਰਿ --- ਉਰ+ਧਾਰ – ਦਿਲ ਵਿਚ ਟਿੱਕਾਣਾ, ਦਿਲ ਵਿਚ ਰਖਨਾ, ਹਿਰਦੇ ਵਿਚ ਵਸਾਣਾ
"ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰਧਾਰਿ।"
– ਸਿਰੀ ੩, ੩੪, ੩:੨ (26)

ਹੋਰ ਰੂਪ:

ਉਰਧਰਿਓ –
"ਜਨ ਨਾਨਕ ਹਰਿ ਕਿਰਪਾ ਧਾਰੀ ਉਰਧਰਿਓ ਨਾਮੁ ਹਰੇ।"
– ਮਾਰੂ ੪, ੧, ੪:੩ (995)

ਉਰਧਰਿਆ –
"ਭਵਰੁ ਏਕੁ ਪੁਹਪ ਰਸ ਬੀਧਾ ਬਾਰਹ ਲੇ ਉਰਧਰਿਆ।"
– ਰਾਮ ਕਬ, ੬, ੨:੧ (970)

ਉਰਧਾਰੰ –
"ਏਕੰਕਾਰ ਨਾਮ ਉਰਧਾਰੰ।"
– ਗਾਥਾ ੫, ੨੦:੨ (1361)

ਉਰਧਾਰਹਿ –
"ਹਰਿ ਕੇ ਗੁਣ ਹਿਰਦੈ ਉਰਧਾਰਹਿ।"
– ਮਾਰੂ ੩, ਸੋਲਾ ੨੩, ੩:੨ (1067)

ਉਰਧਾਰਾ –
"ਹਰਿ ਜੀਉ ਰਾਖਹੁ ਹਿਰਦੈ ਉਰਧਾਰਾ।"
– ਗਉ ੩, ਅਸ ੨, ੧:੨ (229)

ਉਰਧਾਰਿਓ –
"ਕਿਲਬਿਖ ਖੀਨ ਭਏ ਸਾਂਤਿ ਆਈ ਹਰਿ ਉਰਧਾਰਿਓ ਵਡਭਾਗਾ।"
– ਮਾਲੀ ੪, ੪, ੧:੨ (985)

ਉਰਧਾਰਿਆ –
"ਗੁਰਮੁਖਿ ਸੇਵਿ ਸਲਾਹਿ ਸਚਾ ਉਰਧਾਰਿਆ।"
– ਸੂਹੀ ੩, ਵਾਰ ੧੬:੨ (791)

ਉਰਧਾਰੀ –
"ਚਰਨ ਕਮਲ ਹਿਰਦੈ ਉਰਧਾਰੀ।"

– ਗਉ ੫, ੧੩੯, ੨:੧ (193)

ਉਰਧਾਰੁ –
“ਕਲਜੁਗ ਮਹਿ ਰਾਮ ਨਾਮੁ ਉਰਧਾਰੁ।”
– ਭੈਰ ੫, ੯, ੧:੧ (1129)

ਉਰਧਾਰੇ –
“ਗੁਰ ਕਾ ਸਬਦੁ ਰਖੈ ਉਰਧਾਰੇ।”
– ਮਾਝ ੩, ਅਸ ੧੩, ੪:੨ (117)

ਉਰਵਾਰ ---- (1) ਉਰਲਾ ਕੰਢਾ
“ਕਹਿ ਕਬੀਰ ਉਰਵਾਰ ਨ ਪਾਰ।”
– ਗਉ ਕਬ, ਥਿਤੀ ੧ਸ:੨ (343)

ਹੋਰ ਰੂਪ:

ਉਰਵਾਰੁ –
“ਕੰਧੀ ਦਿਸਿ ਨਾ ਆਵਈ ਨਾ ਉਰਵਾਰੁ ਨ ਪਾਰੁ।”
– ਮਾਰੂ ੧, ਅਸ ੨, ੧:੨ (1009)

(2) ਪਰਲਾ ਕੰਢਾ, ਉਸ ਪਾਰ
“ਇਸੁ ਤਨ ਧਨ ਕੀ ਕਵਨ ਬਡਾਈ। ਧਰਨਿ ਪਰੈ ਉਰਵਾਰਿ ਨਾ ਜਾਈ।”
– ਗਉ ਕਬ, ੧੬, ੧*:੧;੨ (326)

(3) ਲੋਕ, ਇਹ ਲੋਕ
“ਕਹੁ ਕਬੀਰ ਭਜੁ ਸਾਰਿਗਪਾਨੀ। ਉਰਵਾਰਿ ਪਾਰਿ ਸਭ ਏਕੋ ਦਾਨੀ।”
– ਗਉ ਕਬ, ੬੧, ੪:੧;੨ (357)
“ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ।”
– ਗਉ ਰਵਿ, ੧, ੩:੧ (346)

ਉਰਿ ------ (1) ਹਿਰਦਾ, ਮਨ, ਵੇਖੋ ‘ਉਰ’
(2) ਛਾਤੀ, ਗਲ
“ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ।”
– ਬਿਲਾ ੫, ੧੨੩, ੧*:੨ (829)

(3) ਗਲਾ
“ਗੁਰਮਤਿ ਹਰਿ ਗਾਇਆ ਹਰਿ ਹਾਰੁ ਉਰਿ ਪਾਇਆ ਹਰਿਨਾਮਾ ਕੰਠਿ ਧਾਰੇ।”
– ਆਸਾ ੪, ਛੰਤ ੧੨, ੨:੪ (446)
“ਨਾਨਕ ਨਾਮੁ ਨਿਧਾਨੁ ਰਿਦੈ ਉਰਿ ਹਾਰਈ।”
– ਸਲੋ ੫, ੬:੬ (1425)

ਉਰਿਹਾਰੁ --- ਵੇਖੋ ‘ਉਰਹਾਰਿ’

ਉਲੰਘੇ ----- (ਸੰ.) ਕਿਸੇ ਨਦੀ ਜਾਂ ਪਹਾੜ ਨੂੰ ਪਾਰ ਕਰਨਾ, ਅਗੇ ਵਧਨਾ
“ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ।”
– ਸਲੋ ਕਬ, ੧੧੪:੨ (1370)

ਉਲਝਾਇਓ -- ਵੇਖੋ ‘ਉਰਝਾਇ’ (1) ਫਸਿਆ
“ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ।”

– ਗਉ ੫, ਅਸ ੧੫, ੪:੧ (242)

ਉਲਝਿ ----- ਉਲਝੇ, ਵੇਖੋ ‘ਉਰਝਾਇ’ (1)
“ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ।”
– ਸਾਰ ੫, ੪, ੨:੧ (1203)

ਉਲਟ ----- (1) ਵਿਪਰੀਤ, ਵਿਰੁੱਧ
“ਉਲਟ ਭਈ ਘਰੁ ਘਰ ਮਹਿ ਆਣਿਆ।”
– ਆਸਾ ੧, ੧੨, ੪:੨ (352)

ਹੋਰ ਰੂਪ:

ਉਲਟਾਇਆ –
“ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ।”
– ਆਸਾ ੫, ੧੨੫, ੨:੨ (402)

(2) ਮੁੜ ਕੇ, ਫਿਰ, ਪਲਟਕੇ
“ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ।”
– ਧੰਨਾ ੧, ਛੰਤ ੧, ੨:੩ (688)

“ਅਬ ਮਨੁ ਉਲਟਿ ਸਨਾਤਨੁ ਹੂਆ।”
– ਗਉ ਕਬ, ੧੭, ੩:੨ (327)

ਹੋਰ ਰੂਪ:

ਉਲਟਤ –
“ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ।”
– ਗਉ ਕਬ, ੪੭, ੧:੧ (333)

ਉਲਟੀ –
“ਸਤਿਗੁਰ ਮਿਲਿਐ ਉਲਟੀ ਭਈ ਭਾਈ ਜੀਵਤ ਮਰੈ ਤਾ ਬੂਝ ਪਾਇ।”
– ਸੋਰ ੩, ੮, ੧:੧ (602)

ਉਲਟਿ ----- ਉਲਟਿ ਬਦਲ ਕੇ, ਉਲਟਾ ਕੇ
“ਜਮ ਤੇ ਉਲਟਿ ਭਏ ਹੈ ਰਾਮ।”
– ਗਉ ਕਬ, ੧੭, ੧:੧ (326)

ਹੋਰ ਰੂਪ:

ਉਲਟਾ –
“ਉਲਟਾ ਰਹੈ ਅਭੰਗ ਅਛੇਦ।”
– ਗਉ ਕਬ, ਥਿਤੀ ੯:੪ (343)

ਉਲਟਿਓ –
“ਫਿਰਿ ਉਲਟਿਓ ਜਨਮੁ ਹੋਵੈ ਗੁਰਬਚਨੀ ਗੁਰੁ ਪੁਰਖੁ ਮਿਲੈ ਰੰਗੁ ਲਾਵੈਗੋ।”
– ਕਾਨ ੪, ਅਸ ੪, ੨:੨ (1330)

ਉਲਟੀ –
“ਸਤਗੁਰਿ ਮਿਲਿਐ ਉਲਟੀ ਭਈ ਕਹਣਾ ਕਿਛੂ ਨਾ ਜਾਇ।”
– ਵਡ ੩, ੧, ੩:੨ (558)

ਓਲਟੀਐ –

“ਮਨ ਹਰਿ ਰਸ ਘੁਟੀਐ ਸੰਗਿ ਸਾਧੂ ਉਲਟੀਐ।”
– ਬਿਲਾ ੫, ੧੨੯, ੨:੨ (830)

ਉਲਟੇ –
“ਸੰਤਨ ਕੇ ਹਮ ਉਲਟੇ ਸੇਵਕ ਭਗਤਨ ਤੇ ਡਰ ਪਾਵਉ।”
– ਧੰਨਾ ਨਾਮ, ੨, ੨:੨ (693)

ਉਲਟੈ –
“ਪ੍ਰਿਅ ਜਿਸਿ ਪ੍ਰੀਤਿ ਨ ਉਲਟੈ ਕਬਹੂ ਜੋ ਤੈ ਭਾਵੈ ਸਾਈ।”
– ਮਲਾ ੧, ਅਸ ੩, ੨:੧ (1274)

ਉਲਟੋ –
“ਮਨ ਮਹਿ ਮਨੁ ਉਲਟੋ ਮਰੈ ਜੇ ਗੁਣ ਹੋਵਹਿ ਨਾਲਿ।”
– ਰਾਮ ੧, ਓਅੰ ੪੨:੪ (936)

ਉਲਥੜੇ ---- ਆ ਉਤਰੇ, ਆ ਬੈਠੇ
“ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ।”
– ਸਿਰੀ ੧, ਪਹ ੨, ੩:੧ (75)

ਹੋਰ ਰੂਪ:

ਉਲਥੇ –
“ਕਲਰ ਕੇਰੀ ਛਪੜੀ ਆਇ ਉਲਥੇ ਹੰਝ।”
– ਸਲੋ ਫਰ, ੬੪:੧ (1381)

ਉਲਾਸ ----- (ਸੰ.) (1) ਉਮੰਗ, ਚਾਓ
“ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖਿ ਸਤਿ ਕਹੇ।”
– ਆਸਾ ੫, ੧੪੨, ੨:੧ (406)

ਹੋਰ ਰੂਪ:

ਉਲਾਸੁ –
“ਭਇਆ ਪ੍ਰਗਾਸੁ ਰਿਦੈ ਉਲਾਸੁ ਪ੍ਰਭੁ ਲੋੜੀਦਾ ਪਾਇਆ।”
– ਸਾਰ ੫, ਛੰਤ ੧, ੪:੪ (1237)

(2) ਹੌਂਸਲਾ, ਉਤਸ਼ਾਹ
“ਰਣੁ ਦੇਖਿ ਸੂਰੇ ਚਿਤ ਉਲਾਸ।”
– ਬੰਸ ੫, ੨, ੩:੨ (1180)

ਉਲਾਸਹਿ --- ਲਲਚਾਉਣਾ, ਤਾਂਘਣਾ
“ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ।”
– ਗਉ ੫, ਵਾਰ ੧੯ਸ, ੫, ੨:੨ (322)

ਉਲਾਸਾ ---- ਅਨਦ, ਖੁਸ਼ੀ
“ਜਿਉ ਮੀਨਾ ਜਲ ਮਾਹਿ ਉਲਾਸਾ।”
– ਗਉ ੧, ਅਸ ੧੧, ੮:੨ (226)

ਹੋਰ ਰੂਪ:

ਉਲਾਸਿ –

"ਖਾਤ ਪੀਤ ਬਰਤੈ ਅਨਦ ਉਲਾਸਿ।"
– ਗਉ ੫, ਸੁਖ ੫, ੨:੨ (268)

ਉਲਾਸੁ –
"ਪੇਖਿ ਪੇਖਿ ਸੁਆਮੀ ਕੀ ਸੋਭਾ ਆਨਦੁ ਸਦਾ ਉਲਾਸੁ।"
– ਧੰਨਾ ੫, ੨੬, ੧*:੨ (677)

ਉਲਾਹਨੇ ---- (ਸੰ.) ਉਲਾਂਭੇ, ਮਿਹਣੇ, ਸ਼ਿਕਾਇਤ
"ਲਾਖ ਉਲਾਹਨੇ ਮੋਹਿ ਹਰਿ ਜਬ ਲਗੁ ਨਹ ਮਿਲੈ ਰਾਮ।"
– ਬਿਹਾ ੫, ਛੰਤ ੨, ੨:੧ (542)

ਹੋਰ ਰੂਪ:

ਉਲਾਹਨੋ –
"ਉਲਾਹਨੋ ਮੈ ਕਾਹੂ ਨ ਦੀਓ।"
– ਨਟ ੫, ੨, ੧*:੧ (978)

ਉਲਾਹਿ ---- ਉਤਾਰਣੇ, ਮਿਟਾਉਣੇ, ਲਾਹੁਣੇ
"ਮਨਿ ਵਾਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ।"
– ਜੈਤ ੫, ਵਾਰ ੫ਸ, ੫, ੨:੨ (706)

ਹੋਰ ਰੂਪ:

ਉਲਾਹਿਅਮੁ –
"ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ।"
– ਮਾਰੂ ੫, ਵਾਰ ੪ਸ, ੫, ੧:੨ (1095)

ਉਲਾਹੀ –
"ਹਰਿਨਾਮੁ ਲਾਹਾ ਦਾਸ ਕਉ ਦੀਆ ਸਗਲੀ ਤ੍ਰਿਸਨ ਉਲਾਹੀ ਸੰਤਹੁ।"
– ਰਾਮ ੫, ਅਸ ੭, ੧*:੨ (916)

ਉਲਾਮੇ ----- ਵੇਖੋ 'ਉਲਾਹਨੇ' – ਰੋਸ, ਸ਼ਿਕਾਇਤ
"ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ।"
– ਆਸਾ ਫਰ, ੨, ੮:੨ (488)

ਉਵਟੀਐ ---- ਵਟਣ ਦਾ ਭਾਵ, ਖਟੀ, ਕਮਾਈ, ਜਿਤ
"ਕਉਣ ਹਾਰੇ ਕਿਨਿ ਉਵਟੀਐ।"
– ਰਾਮ ਸਬ, ੨:੧੩ (967)

ਉਵਤਿਆ --- ਘਬਰਾਇਆ ਹੋਇਆ, ਅਵੈੜਾ
"ਆਇਆ ਉਠੀ ਖੇਲੁ ਫਿਰੈ ਉਵਤਿਆ।"
– ਮਲਾ ੧, ਵਾਰ ੨੪:੭ (1289)

ਉਵਾ ------ ਵੇਖੋ 'ਉਆ', ਉਨ੍ਹਾਂ
"ਗਾਵਨ ਭਾਵਨ ਸੰਤਨੁ ਤੋਰੈ ਚਰਨ ਉਵਾ ਕੈ ਪਾਉ।"
– ਦੇਵ ੫, ੩੮, ੧*:੨ (536)

ਊਸਰਹਿ ---- ਉਸਰਣ, ਬਣਨ

"ਮੋਤੀ ਤ ਮੰਦਰ ਊਸਰਹਿ ਰਤਨੀ ਤੇ ਹੋਹਿ ਜੜਾਉ।"
– ਸਿਰੀ ੧, ੧, ੧:੧ (14)

ਊਹਾ ------ ਉਥੇ
"ਈਹਾ ਊਹਾ ਜੋ ਕਾਮਿ ਤੇਰੈ।"
– ਗਉ ੫, ਅਸ ੨, ੧*:੨ (236)

ਹੋਰ ਰੂਪ:

ਊਹਾ –
"ਆਗੈ ਚਲਣੁ ਅਉਰੁ ਹੈ ਭਾਈ ਊਹਾ ਕਾਮਿ ਨ ਆਇਆ।"
– ਗਉ ੫, ੧੬੪*, ੧:੨ (216)

ਊਹਾਂ –
"ਊਹਾਂ ਖੈਰਿ ਸਦਾ ਮੇਰੇ ਭਾਈ।"
– ਗਉ ਰਵਿ, ੨, ੧*:੨ (345)

ਊਹੀ ------ ਇਥੇ
"ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ।"
– ਸਾਰ ੫, ੬੧, ੧:੧ (1216)

ਊਖਰੁ ------ (ਸੰ.) ਕਲਰ, ਰੋਹੀ
"ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ।"
– ਧੰਨਾ ਕਬ, ੩, ੨:੨ (692)

ਊਗਵਿਆ --- ਪ੍ਰਗਟ ਹੋਇਆ, ਪ੍ਰਕਾਸ਼ਵਾਨ ਹੋਇਆ
"ਊਗਵਿਆ ਅਸਰੂਪੁ ਦਿਖਾਵੈ।"
– ਰਾਮ ੧, ਓਅੰ ੮:੩ (930)

ਹੋਰ ਰੂਪ:

ਊਗਵੈ –
"ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ।"
– ਸਿਰੀ ੧, ੧੦, ੪:੨ (18)

ਊਂਘ ------ ਨੀਂਦ ਦਾ ਝੌਂਕਾ, ਨੀਂਦ
"ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ।"
– ਮਾਝ ੧, ਵਾਰ ੧੭ਸ, ੧, ੧:੭ (146)

ਊਘੈ ------ (1) ਵੇਖੋ 'ਊਂਘ', ਨੀਂਦ
"ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ।"
– ਗਉ ੪, ਵਾਰ ੬ਸ, ੪, ੨:੨ (304)

(2) ਉਥੇ, ਉਧਰ
"ਈਘੇ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ।"
– ਬਿਲਾ ੫, ੧੧੭, ੧*:੨ (827)

ਊਚ ------- ਵੇਖੋ 'ਉਚ', ਉਚਾ

“ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ।”

– ਮਾਝ ੫, ੧੦, ੧:੩ (97)

ਹੋਰ ਰੂਪ:

ਊਚੰ –

“ਊਚੰ ਤੇ ਨੀਚੰ ਨਾਨ੍ਹਾ ਸੁ ਮੂਚੰ।”

– ਸਸ ੫, ੧੨:੨ (1355)

ਊਚਉ –

“ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ।”

– ਸਿਰੀ ੧, ੧੨, ੨:੧ (18)

“ਊਚਉ ਦੇਖਿ ਸਬਦਿ, ਬੀਚਾਰੈ।” (ਊਚੇ ਪ੍ਰਭੂ ਨੂੰ ਵੇਖ ਕੇ ਸਬਦ ਦੁਆਰਾ ਵਿਚਾਰ ਕਰਦਾ ਹੈ)

– ਰਾਮ ੧, ਓਅੰ ੯:੨ (930)

ਊਚਹ –

“ਅਗਮ ਅਗਮ ਊਚਹ ਤੇ ਊਚ।”

– ਬਸੰ ੫, ੭, ੩:੩ (1182)

ਊਚਾ –

“ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ।”

– ਸਿਰੀ ੫, ੭੭, ੪:੧ (44)

ਊਚੀ –

“ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ।”

– ਮਾਝ ੫, ਅਸ ੭, ੪:੩ (113)

ਊਚੇ –

“ਊਚੇ ਮੰਦਰ ਸੁੰਦਰ ਛਾਇਆ।”

– ਗਉ ੫, ੭੧, ੧:੨ (175)

ਊਚੈ –

“ਊਚੈ ਥਲਿ ਫੂਲੇ ਕਮਲ ਅਨੂਪ।”

– ਰਾਮ ੫, ੫੦, ੩:੨ (898)

ਊਚੋ –

“ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ।”

– ਸਿਰੀ ੫, ੭੭, ੪:੨ (44)

ਊਚੌ –

“ਊਤਮ ਊਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ।”

– ਗਉ ੫, ਥਿਤੀ ੬:੨ (298)

ਊਂਚੌ –

“ਲਖ ਘਾਟੀਂ ਊਂਚੌ ਘਨੋ ਚੰਚਲ ਚੀਤ ਬਿਹਾਲ।”

– ਚਉ ੫, ੯:੧ (1364)

(2) ਊਤਮ

“ਹਰਿ ਜਸੁ ਊਚ ਸਭਨਾ ਤੇ ਊਪਰਿ ਹਰਿ ਹਰਿ ਹਰਿ ਸੇਵਿ ਛਡਾਈ।”

– ਧੰਨਾ ੪, ੮, ੧*:੨ (669)

ਹੋਰ ਰੂਪ:

ਊਚਾ –
“ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ।”
– ਸਿਰੀ ੧, ਅਸ ੧੪, ੬:੧ (62)

ਊਚੀ –
“ਸੰਤ ਜਨਾ ਕੀ ਊਚੀ ਬਾਨੀ।”
– ਕਾਨ ੫, ੧੩, ੨:੧ (1300)

ਊਚਰਹਿ ---- ਦੇਖੋ ‘ਉਚਰੁ’, ਬੋਲਣਾ, ਉਚਾਰਨਾ
“ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ।”
– ਆਸਾ ੧, ਵਾਰ ੧੯ਸ, ੧, ੧:੮ (473)

ਹੋਰ ਰੂਪ:

ਊਚਰੈ –
“ਸਹਜੇ ਹੀ ਗੁਣ ਊਚਰੈ ਭਗਤਿ ਕਰੇ ਲਿਵ ਲਾਇ।”
– ਸਿਰੀ ੩, ਅਸ ੨੩, ੩:੨ (68)

ਊਛਲੈ ----- ਵੇਖੋ ‘ਉਛਲਿਆ’ – ਉਪਰ ਉਠਣਾ, ਕੰਢਿਆਂ ਤੋਂ ਬਾਹਰ ਹੋਣਾ
“ਨਾ ਸਰਵਰੁ ਨਾ ਊਛਲੈ ਐਸਾ ਪੰਥੁ ਸੁਹੇਲਾ।”
– ਸੂਹੀ ੧, ੪, ੧:੨ (729)

ਊਜਰੁ ----- ਵੇਖੋ ‘ਉਜੜ’, ਉਜਾੜ, ਜਿਥੇ ਕੋਈ ਨਾ ਵਸਦਾ ਹੋਵੇ
“ਬਸਤੋ ਹੋਇ ਹੋਇ ਸੁੋ ਊਜਰੁ, ਊਜਰੁ ਹੋਇ ਸੁ ਬਸੈ।”
– ਸਾਰ ਕਬ, ੨, ੧:੨ (1252)

ਊਠਉ ----- ਵੇਖੋ ‘ਉਠਿ’ (1) ਉਠਾਂ, ਸਾਵਧਾਨ ਹੋਵਾਂ
“ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ।”
– ਆਸਾ ੫, ੧੨੧, ੨:੧ (401)

ਹੋਰ ਰੂਪ:

ਊਠਤ –
“ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ।”
– ਮਾਝ ੫, ੨੪, ੧:੩ (101)

ਊਠਹਿ ----- ਵੇਖੋ ‘ਉਠਿ’ (2), ਪੈਦਾ ਹੋਣਾ, ਉਤਪੰਨ ਹੋਣਾ
“ਜਲ ਤੇ ਊਠਹਿ ਅਨਿਕ ਤਰੰਗਾ।”
– ਸੂਹੀ ੫, ੧, ੨:੧ (736)

ਊਠਤ ----- ਵੇਖੋ ਉਠਿ (3) ਨੀਂਦ ਤੋਂ ਮੁਕਤ, ਜਾਗਿਆ
“ਊਠਤ ਸੋਵਤ ਹਰਿ ਸੰਗਿ ਪਹਰੂਆ।”
– ਗਉ ੫, ੧੫੪, ੧*:੧ (196)

ਊਠਨੁ ----- ਵੇਖੋ ਉਠਿ (1), ਖੜਾ ਹੋਣਾ
“ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ।”

– ਬਿਲਾ ੫, ੧੨੦, ੧:੧ (828)

ਊਠਿ ------ (1) ਵੇਖੋ ਉਠਿ (9), ਤੁਰ ਪਏ
"ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ।"
– ਗਉ ੫, ਬਾਅ ੨੬:੨ (255)
(2) ਵੇਖੋ ਉਠਿ (1), ਖੜਾ ਹੋਣਾ
"ਬੁਰੇ ਕਾਮ ਕਉ ਊਠਿ ਖਲੋਇਆ।"
– ਸੂਹੀ ੫, ੮, ੧:੧ (738)
(3) ਊਠ, ਇਕ ਜਾਨਵਰ
"ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ।"
– ਮਾਰੂ ਕਬ, ੧, ੧:੨ (1105)

ਊਡਉ ----- ਵੇਖੋ 'ਉਡਹੁ' (1), ਉਡਨਾ, ਪਰਵਾਜ਼ ਕਰਨਾ
"ਰੂਖੀ ਬਿਰਖੀਂ ਊਡਉ ਭੂਖਾ ਪੀਵਾ ਨਾਮੁ ਸੁਭਾਈ।"
– ਮਲਾ ੧, ਅਸ ੩, ੪:੧ (1274)

ਊਡਹਿ ----- ਵੇਖੋ 'ਉਡਹੁ', ਉਡਦੇ ਹਨ
"ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।"
– ਸਿਰੀ ੩, ਅਸ ੨੦, ੨:੧ (66)

ਊਡਤੀ ----- ਵੇਖੋ 'ਉਡਹੁ', (1), ਉਡਦੀ
"ਜੈਸੀ ਗਗਨਿ ਫਿਰੰਤੀ ਉਡਤੀ ਕਪਰੇ ਬਾਗੇ ਵਾਲੀ।"
– ਗਉ ੪, ੫੧, ੨:੧ (168)

ਊਡਾਂ ------ ਵੇਖੋ 'ਉਡਹੁ' (1) ਮੈਂ ਉਡਾਂ, ਮੈਂ ਪਰਵਾਜ਼ ਕਰਾਂ
"ਊਡਾਂ ਊਡਿ ਚੜਾ ਅਸਮਾਨਿ।"
– ਮਲਾ ੧, ੯, ੨:੧ (1257)

ਊਡਿ ------ (1) ਵੇਖੋ 'ਉਡਹਿ' (1), ਪਰਵਾਜ਼ ਕਰਕੇ
"ਊਡੈ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।"
– ਗੂਜ ੫, ੧, ੩:੧ (495)
(2) ਵੇਖੋ 'ਉਡਹਿ' (2), ਖਿੰਡ ਜਾਣਾ
"ਊਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ।"
– ਸੋਰ ੫, ੪, ੧*:੨ (609)
(3) ਚਲੇ ਗਏ
"ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ।"
– ਧਨਾ ੫, ੫੨, ੧*:੨ (683)

ਊਡੇ/ਊਡੈ --- ਵੇਖੋ 'ਉਡਹਿ' (1)
"ਊਡੇ/ਊਡੈ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।"
– ਗੂਜ ੫, ੧, ੩:੧ (495)

ਊਂਡੀ ------ ਝੁਕੀ ਹੋਈ, ਮੂਧੀ ਹੋਈ ਹੋਈ (ਸ਼ਬਦਾਰਥ); ਨਿਵਾਨ (ਮਹਾਨਕੋਸ਼)
"ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ।"

– ਸੋਰ ੧, ਅਸ ੨, ੨:੩ (635)

ਊਣ ------- (ਸੰ.) (ਨਯੂਨ) ਖਾਲੀ, ਸਖਣਾ

"ਡਿਠੜੋ ਹਭ ਠਾਇ ਊਣ ਨ ਕਾਈ ਜਾਇ।"

– ਗਉ ੫, ਵਾਰ ੪ਸ, ੫, ੧:੧ (318)

ਹੋਰ ਰੂਪ:

ਓਣੰ –

"ਬੂਡੰਤ ਤਰੀਅੰ ਊਣੰ ਤ ਭਰੀਅੰ।"

– ਸਸ ੫, ੬੪:੨ (1359)

ਊਣਮ –

"ਦੇਹ ਛਿਜੰਦੜੀ ਊਣਮ ਝੂਣਾ ਗੁਰਿ ਸਜਣਿ ਜੀਉ ਧਰਾਇਆ।"

– ਰਾਮ ੫, ਵਾਰ ੧੬ਸ, ੫, ੨:੧ (964)

ਊਣਾ –

"ਜਾ ਕੈ ਊਣਾ ਕਛਹੂ ਨਾਹਿ।"

– ਗਉ ੫, ੧੦੮, ੧:੨ (187)

ਊਣੀ –

"ਊਣੀ ਆਸ ਮਿਥਿਆ ਸਭਿ ਬੋਲਾ।"

– ਮਾਰੂ ੫, ੧੯, ੨:੮ (1004)

ਊਣੇ –

"ਖਿਨ ਮਹਿ ਕਰੇ ਨਿਹਾਲੁ ਊਣੇ ਸੁਭਰ ਭਰਿ।"

– ਗੂਜ ੫, ਵਾਰ ੬:੬ (519)

ਊਣਾ ------ (1) ਵੇਖੋ 'ਊਣ' – ਖਾਲੀ

(2) ਘਟ

"ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ।"

– ਗੂਜ ੫, ਵਾਰ ੧੯:੩ (523)

ਹੋਰ ਰੂਪ:

ਊਣੀ –

"ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ।"

– ਰਾਮ ੫, ਵਾਰ ੬ਸ, ੫, ੧:੪ (959)

ਊਣੇ –

"ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ।"

– ਗਉ ੧, ੧੬, ੪:੧ (156)

(3) ਘਾਟ, ਕਮੀ

"ਊਣਾ ਨਾਹੀ ਕਿਛੁ ਜਨ ਤਾ ਕੈ।"

– ਭੈਰ ੫, ੫੦, ੪:੩ (1150)

ਹੋਰ ਰੂਪ:

ਊਣੀ –

"ਸਗਲ ਮਨੋਰਥ ਕੀਨੇ ਕਰਤੇ ਊਣੀ ਬਾਤ ਨ ਕਾਈ।"

– ਸੋਰ ੫, ੬੪, ੧*:੨ (625)

ਊਤ ------- ਵੇਖੋ 'ਉਤ' – ਉਧਰ, ਉਥੇ
"ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ।"
– ਗਉ ੫, ੧੩੫*, ੩:੧ (209)

ਹੋਰ ਰੂਪ:

ਊਤਹਿ –
"ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰ ਹੀ ਤੂੰ ਹੀ ਮੋਹਿਨਾ।
– ਆਸਾ ੫, ੧੪੪, ੧:੧ (407)

ਊਤਮ ------ ਵੇਖੋ 'ਉਤਮ' – ਸ੍ਰੇਸ਼ਟ, ਚੰਗੇ
"ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ।"
– ਸਿਰੀ ੧, ੪, ੧*:੨ (15)

ਹੋਰ ਰੂਪ:

ਊਤਮਾ –
"ਭਗਤਿ ਰਤੇ ਸੇ ਊਤਮਾ ਜਤਿ ਪਤਿ ਸਬਦੇ ਹੋਇ।"
– ਆਸਾ ੩, ਅਸ ੩੦, ੭:੧ (426)

ਊਤਮੁ –
"ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ।"
– ਗਉ ੪, ੫੭, ੩:੧ (170)

ਊਤਮੋ–
"ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ।"
– ਆਸਾ ੫, ੧੧੮, ੧:੨ (480)

ਊਤਰੈ ----- ਵੇਖੋ 'ਉਤਰ' (6) – ਤ੍ਰਿਪਤ ਹੋਵੇ, ਮਿਟੇ
"ਜਲ ਬਿਨੁ ਪਿਆਸ ਨ ਊਤਰੈ ਛੁਟਿਕ ਜਾਂਹਿ ਮੇਰੇ ਪ੍ਰਾਨ।"
– ਮਲਾ ੧, ਵਾਰ ੧੩ਸ, ੩, ੨:੨ (1284)

ਊਦਕ ----- ਵੇਖੋ 'ਉਦਕ' – ਜਲ, ਪਾਣੀ
"ਆਨੀਲੈ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ।"
– ਆਸਾ ਨਾਮ, ੨, ੧:੧ (485)

ਊਂਦਰ -----(ਸੰ.), ਚੂਹਾ
"ਊਂਦਰ ਦੂੰਦਰ ਪਾਸਿ ਧਰੀਜੈ।"
– ਰਾਮ ੫, ਅਸ ੫, ੮:੧ (905)

ਊਧ ------- ਮੂੰਧਾ, ਉਲਟਾ
"ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ।"
– ਗਉ ੫, ਬਾਅ ੨੨ਸ:੧ (254)

ਹੋਰ ਰੂਪ:

"ਊਂਧ –

"ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ।"
– ਮਾਝ ੫, ੪੯, ੨:੩ (108)

ਊਂਧਉ –
"ਊਂਧਉ ਖਪਰੁ ਪੰਚ ਭੂ ਟੋਪੀ।"
– ਰਾਮ ੧, ਸਿਗੋ ੧੧:੧ (939)

ਊਧਉ –
"ਹੁਕਮੈ ਅੰਦਰਿ ਜੰਮਿਆ ਪਿਆਰੇ ਊਧਉ ਸਿਰ ਕੈ ਭਾਰਿ।"
– ਸੋਰ ੧, ਅਸ ੩, ੪:੨ (636)

ਊਧਾ –
"ਮਨਮੁਖ ਊਧਾ ਕਉਲੁ ਹੈ ਨਾ ਤਿਸੁ ਭਗਤਿ ਨ ਨਾਉ।"
– ਗੂਜ ੩, ਵਾਰ ੮ਸ, ੩, ੨:੧ (511)

ਊਂਧੈ –
"ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ।"
– ਗੂਜ ੧, ਅਸ ੨, ੫:੨ (504)

ਊਂਧੋ –
"ਊਂਧੋ ਕਵਲੁ ਸਗਲ ਸੰਸਾਰੈ।"
– ਗਉ ੧, ਅਸ ੧, ੨:੧ (225)

ਊਧੌਂ ------ (ਸੰ.) ਕ੍ਰਿਸ਼ਨ ਜੀ ਦਾ ਭਗਤ ਉਥੋਂ, ਇਹ ਦੇਵ ਭਾਗ ਯਾਦਵ ਦਾ ਪੁੱਤਰ ਤੇ ਕ੍ਰਿਸ਼ਨ ਜੀ ਦਾ ਚਾਚਾ ਤੇ ਮਿਤ੍ਰ ਸੀ ਅਤੇ ਉਨ੍ਹਾਂ ਦੇ ਸੁਨੇਹੇ ਲੈ ਬਿੰਦ੍ਰਾਬਨ ਦੀਆਂ ਗੋਪੀਆਂ ਕੋਲ ਗਿਆ ਸੀ।
"ਊਧੌਂ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ।"
– ਸਵ ੧, ੪:੩ (1389)

ਊਨ ------- (ਸੰ.) (1) ਘਾਟ, ਕਮੀ
"ਜਾ ਕੈ ਊਨ ਨਾਹੀ ਕਾਹੂ ਬਾਤ।"
– ਗਉ ੫, ਅਸ ੬, ੭:੧ (238)

(2) ਖਾਲੀ, ਵਿਹੂਣੀ
"ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ।"
– ਗਉ ੫, ਬਾਅ ੪੬ਸ:੧ (259)

"ਨੀਚਾ ਤੇ ਊਚ ਊਨ ਪੂਰੀਨਾ।"
– ਬਿਲਾ ੫, ੧੨, ੩:੧ (804)

(3) ਮੁਥਾਜ (ਭਾਵ), ਨਿਵਾਨ
"ਊਚ ਊਨ ਸਭ ਏਕ ਸਮਾਨਾ ਮਨਿ ਲਾਗਾ ਸਹਿਜ ਧਿਆਨਾ ਹੇ।"
– ਮਾਰੂ ੫, ਸੋਲਾ ੪, ੬:੩ (1075)

ਊਨਵਿ ----- ਉਮਡ ਕੇ, ਝੁੱਕ ਕੇ
"ਊਨਵਿ ਬਰਸੈ ਨੀਝਰ ਧਾਰਾ।"
– ਰਾਮ ੧, ਓਅੰ ੮:੫ (930)

ਹੋਰ ਰੂਪ:

ਊਂਨਵਿ –

“ਊਂਨਵਿ ਊਂਨਵਿ ਆਇਆ ਅਵਰਿ ਕਰੇਦਾ ਵੰਨ।”
– ਮਲਾ ੧, ਵਾਰ ਪਸ, ੩, ੧:੧ (1280)

ਊਨਾ ------ ਕਸਰ, ਘਾਟ, ਵੇਖੋ ‘ਊਨ’
“ਸਰਬ ਸਿਧਿ ਨਵਨਿਧਿ ਤਿਤੁ ਗ੍ਰਿਹਿ ਊਨਾ ਨਹੀਂ ਸਭੁ ਕਛੂ।”
– ਆਸਾ ੫, ਛੰਤ ੭, ੨:੪ (457)

ਊਨੇ ------- (1) ਖਾਲੀ
“ਜੋ ਖਿਨ ਮਹਿ ਊਨੇ ਸੁਭਰ ਭਰਾਹੂ।”
– ਗਉ ੫, ਬਾਅ ੪੯:੨ (260)

(2) ਅਧੂਰੇ
“ਊਨੇ ਕਾਜ ਨ ਹੋਵਤ ਪੂਰੇ।”
– ਰਾਮ ੫, ੫੨, ੨:੧ (899)

ਊਪਜਹਿ ---- ਵੇਖੋ ‘ਉਪਜਹਿ’ – ਜੰਮਣਾ, ਪੈਦਾ ਹੋਣਾ
“ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ।”
– ਸਿਰੀ ੫, ੮੦, ੧*:੨ (45)

ਹੋਰ ਰੂਪ:

ਊਪਜੀ –
“ਹਰਿ ਕੀ ਪ੍ਰੀਤਿ ਤਿਨ ਊਪਜੀ ਹਰਿ ਪ੍ਰੇਮ ਕਸਾਏ।”
– ਗੂਜ ੩, ਵਾਰ ੧੧:੨ (513)

ਊਪਜੇ –
“ਨਾਮੈ ਤੇ ਸਭਿ ਊਪਜੇ ਭਾਈ ਨਾਇ ਵਿਸਰਿਐ ਮਰਿ ਜਾਇ।”
– ਸੋਰ ੩, ੯, ੨:੧ (603)

ਊਪਜੈ –
“ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ।”
– ਸਿਰੀ ੧, ੧੦, ੫:੧ (18)
“ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ।” (ਭਾਵ ਪ੍ਰਾਪਤੀ ਹੁੰਦੀ ਹੈ)
– ਆਸਾ ੩, ਅਸ ੩੧, ੫:੨ (427)

ਊਪਰ ------ (1) ਵੇਖੋ ‘ਉਪਰਿ’ (1) – ਉਤੇ
“ਊਪਰ ਕਉ ਮਾਂਗਉ ਖੀਂਧਾ।”
– ਸੋਰ ਕਬ, ੧੧, ੩:੩ (656)

ਹੋਰ ਰੂਪ:

ਊਪਰਿ –
“ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ।”
– ਸਿਰੀ ੧, ੧੨, ੨:੧ (18)

ਊਪਰੇ –
“ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ।”
– ਬਿਲਾ ੫, ੩੬, ੧:੧ (809)

ਊਪਰਿ ----- (1) ਵੇਖੋ ‘ਉਪਰਿ’ (5) – ਓਪਰ, ਤੇ
“ਜਿਸੁ ਊਪਰਿ ਪ੍ਰਭੁ ਕਿਰਪਾ ਕਰੈ।”
ਤਿਸੁ ਊਪਰ ਤੇ ਕਾਲੁ ਪਰਹਰੈ।”
– ਭੈਰ ੫, ੩੮, ੧:੩;੪ (1146)
“ਤਿਸੁ ਊਪਰਿ ਮਨ ਕਰਿ ਤੂੰ ਆਸਾ।”
– ਗਉ ੫, ੧੦੮, ੩:੧ (187)
ਊਪਰੇ –
“ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ।”
– ਬਿਲਾ ੫, ੩੪, ੧*:੧ (809)
(2) ਲਈ, ਵਾਸਤੇ
“ਭੂਮੀਆ ਭੂਮਿ ਊਪਰਿ ਨਿਤ ਲੁਝੈ।”
– ਗਉ ੫, ੧੧੩, ੨:੧ (188)
(3) ਉਪਰ, ਕੋਲ, ਹਾਜ਼ਰੀ ਵਿਚ
“ਬਿਰਧਿ ਭਇਆ ਊਪਰਿ ਸਾਕ ਸੈਨ।”
– ਗਉ ੫, ਸੁਖ ੪, ੧:੭ (267)
(4) ਉਤਾਂਹ, ਸ੍ਰੇਸ਼ਟ, ਵੇਖੋ ‘ਉਪਰ’
“ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ।”
– ਆਸਾ ੫, ੧੨੦, ੩:੧ (401)
ਹੋਰ ਰੂਪ:
ਊਪਰੇ –
“ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ।”
– ਰਾਮ ੫, ਰੁਤੀ ੮:੫ (929)
(5) ਵੱਧ
“ਸਰਪਨੀ ਤੇ ਊਪਰਿ ਨਹੀ ਬਲੀਆ।”
– ਆਸਾ ਕਬ, ੧੯, ੧:੧ (480)
(6) ਤੋਂ–ਵੇਖੋ ‘ਉਪਰਿ (3)
“ਗੁਰ ਕੇ ਚਰਣ ਊਪਰਿ ਬਲਿ ਜਾਈ।”
– ਸੋਰ ੫, ੭੮, ੧*:੧ (628)

ਊਪਰੁ ----- ਉਪਰ ਵਲ
“ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ।”
– ਨਟ ੪, ਅਸ ੪, ੧*:੨ (982)

ਊਪਰੇ ----- ਉਪਰ, ਉਤੇ
“ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰ ਕੋ ਆਹਾ।”
– ਆਸਾ ੫, ੧੨੩, ੨:੨ (402)

ਊਬਰਹਿ ---- ਵੇਖੋ ‘ਉਬਰਨ’ – ਉਧਾਰ ਹੋਣਾ, ਤਰ ਜਾਣਾ
“ਭਜੁ ਸਰਨਿ ਸਤਿਗੁਰ ਊਬਰਹਿ ਹਰਿਨਾਮੁ ਰਿਤ ਰਮਣੰ।”
– ਗੁਜ ੧, ਅਸ ੫, ੫:੨ (505)

ਹੋਰ ਰੂਪ:

ਊਬਰਨਾ –
"ਬੇਦ ਪੁਰਾਨ ਸਿੰਮ੍ਰਿਤ ਸਭ ਖੋਜੇ ਕਹੂ ਨ ਊਬਰਨਾ।"
– ਆਸਾ ਕਬ, ੫, ੪:੧ (477)

ਊਬਰੇ –
"ਨਾਮਿ ਲਗੇ ਸੇ ਊਬਰੇ ਬਿਨੁ ਨਾਵੈ ਜਮ ਪੁਰਿ ਜਾਂਹਿ।"
– ਸਲੋ ੩, ੨੪:੧ (1415)

ਊਬਰੈ –
"ਤਿਸ ਕੀ ਸਰਣੀ ਊਬਰੈ ਭਾਈ ਜਿਨਿ ਰਚਿਆ ਸਭੁ ਕੋਇ।"
– ਸੋਰ ੫, ੪੭, ੨:੧ (620)

ਊਭ ------- (1) ਅਸਮਾਨ, ਅਕਾਸ਼
"ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ।"
– ਆਸਾ ੪, ਛੰਤ ੯, ੫:੨ (443)
"ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਆਏ।"
– ਭੈਰ ੫, ੧੫, ੧*:੨ (1139)

ਹੋਰ ਰੂਪ:

ਊਭਿ –
"ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ।"
– ਰਾਮ ੧, ੧, ੨:੧ (876)

(2) ਅਭਿਮਾਨ, ਆਕੜ
"ਪਹਿਰਾਵਾ ਦੇਖੇ ਊਭਿ ਜਾਹਿ।"
– ਬਸੰ ਰਵਿ, ੧, ੧:੨ (1196)

(3) ਵੇਖੋ 'ਉਭ'–ਉਪਰ
"ਕਬਹੂ ਊਭ ਅਕਾਸ ਪਇਆਲ।"
– ਗਉ ੫, ਸੁਖ ੧੧, ੫:੮ (277)

(4) ਖੜੋਤੇ, ਖੜਾ ਹੈ
"ਸਾਕਤ ਕੂੜੇ ਊਭ ਸੁਕ ਹੂਏ ਮਨਿ ਅਭਿਮਾਨੁ ਵਿਛੁੜਿ ਦੂਰਿ ਗਈਆ।"
– ਬਿਲਾ ੪, ਅਸ ੨, ੨:੨ (834)

ਹੋਰ ਰੂਪ:

ਊਭਉ –
"ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ।"
– ਸੋਰ ੩, ੧੨, ੨:੨ (604)

ਊਭੀ – (ਖੜੋ ਕੇ)
"ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।"
– ਸੋਰ ੪, ਵਾਰ ੧੪ਸ, ੩, ੧:੨ (648)

ਊਭੇ –
"ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ।"
– ਸਿਰੀ ੫, ਅਸ ੨੦, ੪:੧ (66)

ਊਭੌ –
“ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ।”
– ਵਡ ੧, ਅਲਾ ੪, ੩:੪ (581)

ਊਭਾ ------ ਸਿੱਧਾ
“ਜਲੁ ਮੇਟਿਆ ਊਭਾ ਕਰਿਆ।”
– ਸੋਰ ਕਬ, ੧੦, ੨:੨ (656)

ਊਭੈ ------- (1) ਉਥੇ
“ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ।”
– ਆਸਾ ਨਾਮ, ੨, ੪:੧ (485)
(2) ਭਾਰ (ਮਾਥੈ ਊਭੈ–ਮੂੰਹ ਭਾਰ)
“ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣੁ ਨਾਮਿ।”
– ਮਾਰੂ ੩, ਵਾਰ ੧੩ਸ, ੧, ੩:੨ (1090)

ਊਰਧ ------ ਉਲਟਾ – ਵੇਖੋ ‘ਉਰਧ’ (3)
“ਗੁਰ ਪ੍ਰਸਾਦਿ ਊਰਧ ਕਮਲ ਬਿਗਾਸ।”
– ਗੋਂਡ ੫, ੭, ੩:੧ (864)

ਊਰਧੀ ----- ਉਤੇ, ਉਪਰ – ਵੇਖੋ ‘ਉਰਧ’ (1)
“ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ।”
– ਗਉ ੧, ਅਸ ੧੭, ੩:੧ (228)

ਊਰਮ ------ (ਸੰ.) ਲਹਿਰ, ਸਮੁੰਦਰ, ਜਲ
“ਊਰਮ ਧੂਰਮ ਜੋਤਿ ਉਜਾਲਾ।”
– ਰਾਮ ੧, ਓਅੰ ੮:੧ (930)

ਊਰਾ ------ ਅਪੂਰਨ, ਘਟ, ਅਧੂਰਾ
“ਕਹਤ ਨਾਮਦੇਉ ਤੂੰ ਮੇਰੋ ਠਾਕੁਰੁ ਜਨੁ ਊਰਾ ਤੂੰ ਪੂਰਾ।”
– ਸਾਰ ਨਾਮ, ੨, ੨:੨ (1252)

ਹੋਰ ਰੂਪ:

ਊਰੀ –
“ਕਾਈ ਬਾਤ ਨ ਰਹੀਆ ਊਰੀ।”
– ਸੋਰ ੫, ੫੮, ੧:੨ (623)

ਊਰੇ –
“ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ।”
– ਸੋਰ ੧, ੫, ੨:੧ (597)

ਊੜੈ ------- ਗੁਰਮੁਖੀ ਲਿਪੀ ਦਾ ਪਹਿਲਾ ਅਖਰ, ‘ੳ’ ਦੁਆਰਾ
“ਊੜੈ ਉਪਮਾ ਤਾ ਕੀ ਕੀਜੈ ਜਾ ਕਾ ਅੰਤੁ ਨ ਪਾਇਆ।”
– ਆਸਾ ੧, ਪਟੀ ੩:੧ (432)

ਓਅੰ ------ (ਸੰ.) ਰਖਿਆ ਕਰਨ ਵਾਲਾ, ਕਰਤਾਰ, ਹਰੀ

“ਓਅੰ ਸਾਧ ਸਤਿਗੁਰ ਨਮਸਕਾਰੰ।”
– ਗਉ ੫, ਓਅੰ ੧:੧ (250)

“ਓਅੰਕਾਰ ਆਦਿ ਮੈ ਜਾਨਾ।”
– ਗਉ ਕਬ, ਬਾਅ ੬:੧ (340)

ਹੋਰ ਰੂਪ:

ਓਅੰਕਾਰਿ –
“ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ।”
– ਰਾਮ ੫, ੮, ੧:੧ (885)

ਓਅੰਕਾਰੁ –
“ਓਅੰਕਾਰੁ ਕੀਆ ਜਿਨਿ ਚਿਤਿ।”
– ਰਾਮ ੧, ਓਅੰ ੧:੨ (929)

ਓਇ ------ ਉਹ ਤੇ, ਉਸ ਦਾ ਬਹੁ – ਵਚਨ, ਵੇਖੋ ‘ਉਆ’
“ਓਇ ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ।”
– ਸਿਰੀ ੩, ੩੮, ੧:੩ (28)

ਓਈ ------ ਉਹੋ ਹੀ
“ਉਨ੍ਾ ਭਿ ਆਵਹਿ ਓਈ ਸਾਦ।”
– ਆਸਾ ੧, ਵਾਰ ੧੬ਸ, ੧, ੨:੪ (471)

ਓਸ ------- ਉਸ, ਵੇਖੋ ‘ਉਆ’
“ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ।”
– ਗਉ ੪, ਵਾਰ ੫:੩ (302)

ਹੋਰ ਰੂਪ:

ਓਸੁ –
“ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।”
– ਸਿਰੀ ੫, ਅਸ ੨੬, ੧:੪ (70)

ਓਹ ------- ਉਹ – ਵੇਖੋ ‘ਉਆ’
“ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ।”
– ਗਉ ੪, ੫੧, ੨:੨ (168)

ਹੋਰ ਰੂਪ:

ਓਹਾ – (ਉਹੀ)
“ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ।”
– ਆਸਾ ੫, ੪੯, ੩:੧ (383)

ਓਹਿ –
“ਤੂ ਓਨਾ ਕਾ ਤੇਰੇ ਓਹਿ।”
– ਸਿਰੀ ੧, ੩੦, ੨:੪ (25)

ਓਹੁ –
“ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ।”

– ਸਿਰੀ ੧, ੩, ੧*:੨ (15)

ਓਹੇ – ਉਸ ਨੂੰ)
“ਉਧਰੇ ਹਰਿ ਸੰਤ ਦਾਸ ਕਾਟਿ ਦੀਨੀ ਜਮ ਕੀ ਫਾਸ ਪਤਿਤ ਪਾਵਨ ਨਾਮੁ ਜਾਕੋ ਸਿਮਰਿ ਨਾਨਕ ਓਹੇ।”
– ਸਾਰ ੫, ੧੩੯, ੨:੧ (1231)

ਓਹੈ – (ਉਹੀ)
“ਜਪਿ ਗੋਵਿੰਦੁ ਗੋਵਿੰਦੁ ਧਿਆਈਐ ਸਭ ਕਉ ਦਾਨੁ ਦੇਇ ਪ੍ਰਭ ਓਹੈ।”
– ਗੂਜ ੪, ੨, ੧:੨ (492)

ਓਹਾੜ ------ ਝਖੜ, ਤੂਫਾਨ, ਹੜ
“ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ।”
– ਸਲੋ ੧, ੪:੧ (1410)

ਓਕ ------- ਬੁੱਕ
“ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ।”
– ਸੋਰ ਕਬ, ੯, ੨:੨ (656)

ਓਗਾਹਾ ------ (ਫਾ. ਗਵਾਹ) ਸਾਖੀ, ਦੇਖੀ ਗੱਲ ਦਸਣ ਵਾਲਾ
“ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ।”
– ਸਲੋ ਫਰ, ੯੮:੪ (1383)

ਓਚਕਾ ------ ਠਗ, ਵੇਖੋ ‘ਉਚਕਾ’
“ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ।”
– ਗੂਜ ੩, ਵਾਰ ੭ਸ, ੩, ੨:੨ (511)

ਓਛਾ ------ (ਸੰ.) (1) ਨੀਚ
“ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ।”
– ਆਸਾ ਰਵਿ, ੩, ੩:੧ (486)

ਓਛੀ ------ ਵੇਖੋ ‘ਓਛਾ’ – ਘਟੀਆ
“ਓਛੀ ਮਤਿ ਮੇਰੀ ਜਾਤਿ ਜੁਲਾਹਾ।”
– ਗੂਜ ਕਬ, ੨, ੩:੧ (524)

ਹੋਰ ਰੂਪ:

ਓਛੇ –
“ਓਛੇ ਤਪ ਕਰਿ ਬਾਹੁਰਿ ਐਬੋ।”
– ਧਨਾ ਕਬ, ੪, ੧:੨ (692)

ਓਜਾੜੀ ------ ਆਬਾਦੀ ਰਹਿਤ ਸਥਾਨ, ਨਿਰਜਨ, ਵੇਖੋ ‘ਉਜੜੁ’ (1)
“ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ।”
– ਗਉ ੪, ਵਾਰ ੧੫ਸ, ੪, ੧:੨ (308)

ਹੋਰ ਰੂਪ:

ਓਜਾੜਿ –

"ਜਿਉ ਵਾੜੀ ਓਜਾੜਿ ਉਜਾੜੀ।"
– ਮਾਰੂ ੧, ਸੋਲਾ ੫, ੬:੨ (1024)

ਓਜਾੜੇ ----- ਤਬਾਹੀ
"ਤੀਨੇ ਓਜਾੜੇ ਕਾ ਬੰਧੁ।"
– ਧਨਾ ੧, ੭, ੨:੪ (662)

ਓਟ ------- ਆਸਰਾ, ਪਨਾਹ
"ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰਚਰਣਾ ਜੀਉ।"
– ਮਾਝ ੫, ੧੯, ੪:੩ (100)

ਹੋਰ ਰੂਪ:

ਓਟਾ –
"ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ।"
– ਗਉ ੫, ੧੨੫*, ੧*:੨ (206)

ਓਟਾਇਓ –
"ਅਨਾਥਹ ਨਾਥ ਕ੍ਰਿਪਾਲ ਦੀਨ ਸੰਮ੍ਰਿਥ ਸੰਤ ਓਟਾਇਓ।"
– ਗਉ ੫, ਅਸ ੧੪, ੬:੧ (241)

ਓਟਾਇਆ –
"ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ।"
– ਆਸਾ ੫, ੧੨੫, ੧*:੨ (402)

ਓਟਾਈ –
"ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ।"
– ਮਾਰੂ ੫, ੬, ੪:੧ (1000)

ਓਟਾਹਾ –
"ਸਦਾ ਕੀਰਤਿ ਕਰਿ ਨਾਨਕ ਹਰਿ ਕੀ ਉਬਰੇ ਸਤਿਗੁਰ ਚਰਣ ਓਟਾਹਾ।"
– ਆਸਾ ੫, ੧੨੩, ੪:੨ (402)

ਓਟਿ –
"ਓਟਿ ਗਹੀ ਨਿਰਭਉ ਪਦੁ ਪਾਈਐ।"
– ਆਸਾ ੫, ੯੯, ੩:੩ (395)

ਓਡਾ ------ 'ਓਛਾ', ਇਕ ਜਾਤ ਜੋ ਧਰਤੀ ਹੇਠਾਂ ਲੁਕੇ ਖੂਹ ਦਾ ਪਤਾ ਦਿੰਦੀ ਹੈ ਅਥਵਾ ਪੁਟੇ ਜਾਣ ਵਾਲੇ ਖੂਹ ਦੀ ਪੁਟੀ ਗਈ ਮਿਟੀ ਜਾਂ ਰੋੜੇ ਵਟਿਆਂ ਤੋਂ ਉਸ ਦੇ ਖਾਰੇ ਜਾਂ ਮਿਠੇ ਪਾਣੀ ਵਾਲੇ ਹੋਣ ਬਾਰੇ ਦਸਦੀ ਹੈ।
"ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ।"
– ਬਸੰ ੪, ੬, ੨:੨ (1179)

ਓਡਾਰੀ ----- ਉਡਾਰੀ, ਉਡਾਣ ਵੇਖੋ 'ਉਡਹੁ'
"ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ।"
– ਗਉ ੫, ਵਾਰ ੧੯ਸ, ੫, ੨:੨ (322)

ਓਢਲੀਆ --- ਪਹਿਨ ਲਿਆ, ਓਢ ਲਿਆ
"ਕਾਨ ਕੁੰਡਲੀਆ ਬਸਤ੍ਰ ਓਢਲੀਆ।"

– ਆਸਾ ੫, ੫੫, ੧*:੨ (385)

ਓਢਾਇਆ -- ਪਹਿਰਾਵਾ, ਪੌਸ਼ਾਕ ਪਾਉਣੀ।
“ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ।”
– ਟੋਡੀ ੫, ੪, ੧*:੨ (712)

ਹੋਰ ਰੂਪ:

ਓਢਾਏ –
“ਅਨਿਕ ਪ੍ਰਕਾਰੀ ਬਸਤ੍ਰ ਓਢਾਏ।”
– ਧਨਾ ੫, ੫੬, ੨:੧ (684)

ਓਢਾਨੇ –
“ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ।”
– ਆਸਾ ੫, ੧੨੩, ੨:੧ (402)

ਓਢਿ –
“ਕਿਆ ਪਹਿਰਉ ਕਿਆ ਓਢਿ ਦਿਖਾਵਉ।”
– ਗਉ ੧, ਅਸ ੧੦, ੧*:੧ (225)

ਓਢੈ –
“ਕੋਈ ਓਢੈ ਨੀਲ ਕੋਈ ਸੁਪੇਦ।”
– ਰਾਮ ੫, ੯, ੩:੨ (885)

ਉਤਾਕੁ ----- (ਫਾ. ਔਤਾਕ) ਘਰ ਵਿਚ ਮਰਦਾਂ ਦੇ ਬੈਠਣ ਦਾ ਕਮਰਾ, ਨਿਵਾਸ, ਟਿਕਾਣਾ
“ਤਿਤੁ ਤਨਿ ਮੈਲੁ ਨ ਲਗਈ ਸਚ ਘਰਿ ਜਿਸੁ ਓਤਾਕੁ।”
– ਸਿਰੀ ੧, ਅਸ ੩, ੫:੨ (55)

ਓਤਿਪੋਤਿ --- ਤਾਣਾ ਪੇਟਾ
“ਓਤਿਪੋਤਿ ਸੇਵਕ ਸੰਗਿ ਰਾਤਾ।”
– ਮਾਝ ੫, ੨੫, ੧:੧ (101)

ਓਤੁ ------- ਉਸ, ਵੇਖੋ ‘ਉਤ’ (3)
“ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ।”
– ਸਿਰੀ ੧, ੮, ੧:੩ (17)

ਓਥੈ ------- ਉਥੈ ਭਾਵ ਪ੍ਰਲੋਕ ਵਿਚ।
“ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ।”
– ਸਿਰੀ ੫, ੯੦, ੧:੨ (49)

ਓਦਾਸੀ – ਉਦਾਸੀ, ਤਿਆਗੀ, ਵੇਖੋ ਉਦਾਸ (4)
“ਨਾ ਇਹੁ ਗਿਰਹੀ ਨਾ ਓਦਾਸੀ।”
– ਗੋਂਡ ਕਬ, ੫, ੨:੧ (871)

ਓਨ ------- ਉਸ ਨੇ
“ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ।”
– ਆਸਾ ੩, ਅਸ ੩੨, ੫:੨ (427)

ਓਨਮ ------ ਓ+ਨਮ:=ਪਰਮੇਸ਼ਰ ਨੂੰ ਨਮਸਕਾਰ ਹੈ। ਪੁਰਾਣੇ ਸਮੇਂ ਪੱਟੀ ਲਿਖਣ ਲਗੇ ਪਹਿਲਾਂ ਬੰਦਨਾਂ ਵਜੋਂ ਪਟੀ ਦੇ ਉਪਰ ਲਿਖਿਆ ਜਾਂਦਾ ਸੀ।
"ਓਨਮ ਅਖਰ ਸੁਣਹੁ ਬੀਚਾਰੁ ਓਨਮ ਅਖਰੁ ਤ੍ਰਿਭਵਣ ਸਾਰੁ।"
– ਰਾਮ ੧, ਓਅੰ ੧:੭;੮ (930)

ਓਨਾ ------ ਉਨ੍ਹਾਂ, ਵੇਖੋ 'ਉਆ'
"ਓਨਾ ਅੰਦਰਿ ਨਾਮੁ ਨਿਧਾਨ ਹੈ ਨਾਮੋ ਪਰਗਟੁ ਹੋਇ।"
– ਸਿਰੀ ੧, ੮, ੩:੨ (17)

ਹੋਰ ਰੂਪ:

ਉਨਾਹਾ –
"ਓਨਾ ਪਿਆਰਾ ਰਬੁ ਓਨਾਹਾ ਜੋਗਈ।"
– ਰਾਮ ੫, ਵਾਰ ੪:੬ (958)
ਓਨਿ –
"ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ।"
– ਗਉ ੪, ਵਾਰ ੮ਸ, ੪, ੨:੬ (304)
ਓਨੀ –
"ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ।"
– ਸਿਰੀ ੪, ੭੦, ੨:੨ (42)
ਉਨਿ –
"ਉਨਿ ਸਤਿਗੁਰ ਸੇਵਿ ਪਰਮਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ।"
– ਸਾਰ ੫, ੨, ੪:੨ (1203)
ਓਨ੍ਹਾ –
"ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ੍ਹਿ ਓਨ੍ਹਾ ਅੰਦਰਿ ਹਿਰਦੈ ਭਾਈ।"
– ਬਿਲਾ ੪, ਵਾਰ ੪:੨ (850)
ਓਨੀ –
"ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ।"
– ਆਸਾ ੧, ਅਸ ੧੨, ੫:੨ (418)

ਓਪਤਿ ----- ਵੇਖੋ 'ਉਤਪਤਿ' – ਉਪਜ, ਪੈਦਾਇਸ਼, ਜਨਮ, ਰਚਨਾ
"ਸਬਦੇ ਹੀ ਫਿਰਿ ਓਪਤਿ ਹੋਵੈ।"
– ਮਾਝ ੩, ਅਸ ੧੪, ੧:੨ (117)

ਓਪਮਾ ----- ਵਡਿਆਈ, ਸਿਫਤ, ਵੇਖੋ 'ਉਪਮਾ' (1)
"ਬਹੁਤੁ ਓਪਮਾ ਥੋਰ ਕਹੀ।"
– ਮਾਲੀ ੫, ੩, ੪:੧ (987)

ਓਪਾਉ ----- ਵੇਖੋ 'ਉਪਾਉ' (2) – ਇਲਾਜ, ਦਾਰੂ
"ਓਪਾਵਾ ਸਿਰਿ ਓਪਾਉ ਹੈ ਨਾਉ ਪਰਾਪਤਿ ਹੋਇ।"
– ਬਿਲਾ ੪, ਵਾਰ ੬ਸ, ੩, ੧:੨ (851)

ਉਪਾਇ ---- ਵੇਖੋ 'ਉਪਾਇ' (2) ਪੈਦਾ ਕਰਨਾ
"ਜੀਅ ਜੰਤ ਉਪਾਇ ਸਮਾਇਆ।"

– ਮਾਰੂ ੫, ਸੋਲਾ ੧੦, ੯:੨ (1081)

ਉਪਾਵਾ ----- ਵੇਖੋ ‘ਉਪਾਉ’ – ਇਲਾਜ, ਦਾਰੂ
“ਉਪਾਵਾ ਸਿਰਿ ਉਪਾਉ ਹੈ ਨਾਉ ਪਰਾਪਤਿ ਹੋਇ।”
– ਬਿਲਾ ੪, ਵਾਰ ੬ਸ, ੩, ੧:੨ (851)
(2) ਸਾਧਨ, ਵਸੀਲਾ
“ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ।”
– ਮਾਰੂ ੫, ੧੫, ੩:੧ (1003)

ਉਮਾਹਓ ---- ਵੇਖੋ ‘ਉਮਾਹੜਾ’ – ਉਤਸ਼ਾਹ, ਉਮੰਗ, ਖੁਸ਼ੀ
“ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ।”
– ਗਉ ੧, ਛੰਤ ੧, ੪:੩ (242)

ਹੋਰ ਰੂਪ:

ਓਮਾਹਾ –
“ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ।”
– ਬਿਹਾ ੫, ਛੰਤ ੩, ੩:੫ (543)

ਓਮਾਹੀਆ –
“ਆਇਆ ਲਗਨੁ ਗਣਾਇ ਹਿਰਦੈ ਧਨ ਓਮਾਹੀਆ ਬਲਿਰਾਮ ਜੀਉ।”
– ਸੂਹੀ ੫, ਛੰਤ ੧, ੪:੧ (773)

ਓਮਾਹੈ –
“ਦੀਪਕ ਰਸ ਤੇਲੋ ਧਨ ਪਿਰ ਮੇਲੋ ਓਮਾਹੈ ਸਰਸੀ।”
– ਤੁਖਾ ੧, ਬਾਰਾ ੧੨:੩ (1109)

ਓਬਰੀ ----- ਕੋਠੜੀ, ਪਸ਼ੂਆਂ ਨੂੰ ਬੰਨ੍ਹਣ ਵਾਲਾ ਕਮਰਾ
“ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ।”
– ਸਲੋ ਕਬ, ੧੩੭:੧ (1371)

ਓਮੀ ------ (ਅ. ‘ਊਮੀ’) ਅਨਪੜ, ਅਸਿਖਸ਼ਿਤ (ਉੱਮ (ਮਾਂ) ਤੋਂ ਜਿਹਾ ਪੈਦਾ ਹੋਇਆ ਹੈ, ਉਹੋ ਹੀ ਜਿਹਾ)
“ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ।”
– ਆਸਾ ੧, ਵਾਰ ੧੨:੧ (469)

ਹੋਰ ਰੂਪ:

ਓਮੀਆ –
“ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ।”
– ਆਸਾ ੧, ਵਾਰ ੧੨:੪ (469)

ਓਰ ------- (1) ਕਿਨਾਰਾ, ਅੰਤ
“ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰ ਕੋ ਆਹਾ।”
– ਆਸਾ ੫, ੧੨੩, ੨:੨ (402)

ਹੋਰ ਰੂਪ:

ਓਰੁ –

"ਕਥਨੀ ਕਥਉ ਨ ਆਵੈ ਓਰੁ।"

– ਗਉ ੧, ਅਸ ੪, ੮:੧ (223)

(2) ਤਰਫ, ਵਲ

"ਚਿਤਿ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਰੀ ਓਰ।"

– ਗੂਜ ੫, ੨੦, ੧*:੨ (500)

ਹੋਰ ਰੂਪ:

ਓਰਿ –

"ਨਿਰਖਉ ਤੁਮਰੀ ਓਰਿ ਹਰਿ ਨੀਤ।"

– ਧਨਾ ੫, ੪੪, ੧*:੧ (681)

ਓਰੁ –

"ਨਾਮਿ ਰਤੋ ਚਾਹਉ ਤੁਝ ਓਰੁ।"

– ਬਸੰ ੧, ਅਸ ੧, ੩:੩ (1187)

ਓਰਾ ------ ਓਲਾ, ਗੜਾ

"ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।"

– ਸਲੋ ਕਬ, ੧੭੭:੨ (1374)

ਹੋਰ ਰੂਪ:

ਓਰੇ –

"ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ।"

– ਜੈਜਾ ੯, ੨, ੧*:੩ (1352)

ਓਰੈ ------- ਇਸ ਪਾਸੇ, ਉਰਾਂਹ

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।"

– ਸਿਰੀ ੧, ਅਸ ੧੪, ੫:੩ (62)

ਓਲਾ ------ (1) ਆਸਰਾ, ਓਟ

"ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ ਤੁਮ ਸੰਗਿ ਲਵੈ ਨ ਲਾਵਣਿਆ।"

– ਮਾਝ ੫, ਅਸ ੩੭, ੧*:੨ (131)

ਹੋਰ ਰੂਪ:

ਓਲ੍ਹਾ –

"ਪ੍ਰੀਤਮੁ ਭਾਈ ਬਾਪੁ ਮੋਰੋ ਮਾਈ ਭਗਤਨ ਕਾ ਓਲ੍ਹਾ।"

– ਆਸਾ ੫, ੧੪੫, ੨:੧ (407)

ਓਲ੍ਹੈ –

"ਸਰਬ ਸੁਖਾ ਬਨੇ ਤੇਰੈ ਓਲ੍ਹੈ।"

– ਆਸਾ ੫, ੫੭, ੧*:੧ (385)

(2) ਪਰਦਾ

"ਜਿਹ ਪ੍ਰਸਾਦਿ ਤੇਰਾ ਓਲਾ ਰਹਤ।"

– ਗਉ ੫, ਸੁਖ ੬, ੩:੩ (270)

ਹੋਰ ਰੂਪ:

ਓਲ੍ਹਾ –
"ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ।"
– ਆਸਾ ੫, ੧੫੨, ੩:੨ (408)

ਓਲਾਮਾ ---- ਵੇਖੋ 'ਓਲਾਹਨੇ' – ਰੋਸ, ਸ਼ਿਕਾਇਤ, ਉਲਾਂਭੇ
"ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ।"
– ਰਾਮ ੧, ਅਸ ੧, ੮:੨ (903)

ਹੋਰ ਰੂਪ:

ਓਲਾਮ੍ਹੇ –
"ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨਿ ਸਹੰਸ।"
– ਸੂਹੀ ੩, ਵਾਰ ੧੬ਸ, ੧, ੨:੧ (790)

ਓਲੈ ------- ਪਰਦੇ ਵਿਚ, ਵੇਖੋ – 'ਓਲਾ' (2)
"ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ।"
– ਰਾਮ ੪, ੧, ੩:੩ (880)

ਓਲ੍ਹਗ ----- (1) ਜੂਠ (ਮਹਾਨ ਕੋਸ਼); ਦਾਸ, ਪਛਾਣ, ਓਹ ਲਗਨ ਜੋ ਉਨ੍ਹਾਂ ਨੂੰ ਲਗੀ ਹੈ (ਗੁਰੂ ਗ੍ਰੰਥ ਕੋਸ਼); ਜੂਠੇ ਭਾਂਡੇ ਮਾਂਜਣ ਵਾਲਾ (ਸ਼ਬਦਾਰਥ)
"ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ।"
– ਆਸਾ ਰਵਿ, ੨, ੨:੧ (486)

ਹੋਰ ਰੂਪ:

ਓਲ੍ਹਗੀ/ਓਲ੍ਹਗੀਆ –
"ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ।"
– ਆਸਾ ੧, ਅਸ ੧੯, ੧*:੧ (421)

ਓੜ ------- ਓਹਲੇ
"ਪਸਚਮ ਦੁਆਰੇ ਕੀ ਸਿਲ ਓੜ।"
– ਭੈਰ ਕਬ, ੧੦, ੩:੧ (1159)

ਓੜਕ ----- ਅੰਤ, ਹਦ, ਤੋੜ, ਆਖਰ
"ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।"
– ਜਪੁ ੧, ੨੨:੨ (5)

ਹੋਰ ਰੂਪ:

ਓੜਕਿ –
"ਸੁਧੁ ਨ ਹੋਈਐ ਕਾਹੂ ਜਤਨਾ ਓੜਕਿ ਕੋ ਨ ਪਹੂਚੇ।"
– ਸੋਰ ੫, ੯, ੧:੨ (611)

ਓੜਕੁ –
"ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ।"
– ਸਿਰੀ ੧, ਪਹ ੨, ੫:੧ (76)

ਓੜਿ ------ (1) ਤੋੜ

"ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ।"
– ਗਉ ੫, ੧੩੫*, ੧*:੨ (209)

(2) ਆਸਰਾ
"ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ।"
– ਗਉ ੫, ੧੬੦*, ੪:੧ (215)

ਓੜੁ ------- ਅੰਤ
"ਓੜੁ ਨ ਕਥਨੈ ਸਿਫਤਿ ਸਜਾਈ।"
– ਮਾਰੂ ੧, ਸੋਲਾ ੧੨, ੧੫:੧ (1033)

ਅ

ਅਉ ------ ਅਤੇ, ਔਰ
"ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਅਨ ਕੀ ਸੇਵਾ।"
– ਗਉ ੯, ੭, ੧:੧ (220)

ਅਉਸਰ ---- (ਸੰ.) ਸਮਾਂ, ਮੌਕਾ
"ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ।"
– ਗਉ ੫, ਬਾਅ ੩੩:੪ (257)

ਹੋਰ ਰੂਪ:

ਅਉਸਰਿ –
"ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ।"
– ਸਿਰੀ ੫, ੮੮, ੩:੧ (88)

ਅਉਸਰੁ –
"ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ।"
– ਸਿਰੀ ੫, ਅਸ ੨੯, ੨੧:੨ (74)

ਅਉਹਠ ---- ਹਿਰਦਾ (ਸ਼ਬਦਾਰਥ, ਗੁਰੂ ਗ੍ਰੰਥ ਕੋਸ਼), ਅਯੋਗ ਹਠ
"ਅਉਹਠ ਪਟਣ ਮਹਿ ਭੀਖਿਆ ਕਰੈ।"
– ਰਾਮ ੩, ਵਾਰ ੧੨ਸ, ੧, ੩:੩ (952)

ਹੋਰ ਰੂਪ:

ਅਉਹਠਿ –
"ਅਉਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ।"
– ਰਾਮ ੧, ਅਸ ੯, ੧:੧ (907)

ਅਉਹਾਣੀ --- ਨਾਸ਼ਮਾਨ
"ਓਹੁ ਅਉਹਾਣੀ ਕਦੇ ਨਾਹਿ ਨਾ ਆਵੈ ਨਾ ਜਾਇ।"
– ਗੂਜ ੩, ਵਾਰ ੨ਸ, ੩, ੧:੨ (509)

ਅਉਹਾਰ ---- ਨਾਸ਼, ਹਾਨੀ, ਨੁਕਸਾਨ
"ਬਿਨੁ ਮੁਕੰਦ ਤਨੁ ਹੋਇ ਅਉਹਾਰ।"

– ਗੋਂਡ ਰਵਿ, ੧, ੧:੨ (875)

ਅਉਹੇਰੀ ---- (1) ਨਿਰਾਦਰੀ
"ਖਸਮਿ ਦੁਹਾਗਨਿ ਤਜਿ ਅਉਹੇਰੀ।"
– ਗੋਂਡ ਕਬ, ੯, ੪:੨ (872)
(2) ਲੁਟਨ ਵਾਲੀ (ਮਹਾਨ ਕੋਸ਼) – ਵਿਸ਼ੇਸ਼ ਕਰਕੇ ਗਹੁ ਨਾਲ ਦੇਖਦੀ ਹੈ (ਗੁਰੂ ਗ੍ਰੰਥ ਕੋਸ਼, ਸ਼ਬਦਾਰਥ)
"ਸਗਲ ਮਾਹਿ ਨਕਟੀ ਕਾ ਵਾਸਾ ਸਗਲ ਮਾਹਿ ਅਉਹੇਰੀ।"
– ਆਸਾ ਕਬ, ੪, ੨:੧ (476)

ਅਉਖਦ ---- (ਸੰ.) ਦੁਆਈ, ਦਾਰੂ, ਰੋਗ ਦੂਰ ਕਰਨ ਵਾਲੀ
"ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ।"
– ਫੁਨ ੫, ੨੩:੨ (1363)

ਹੋਰ ਰੂਪ:

ਅਉਖਦੁ –
"ਸਰਬ ਰੋਗ ਕਾ ਅਉਖਦੁ ਨਾਮੁ।"
– ਗਉ ੫, ਸੁਖ ੯, ੫:੭ (274)

ਅਉਖਧ –
"ਅਉਖਧ ਮੰਤ੍ਰ ਮੂਲੁ ਮਨ ਏਕੈ ਜੇਕਰਿ ਦ੍ਰਿੜੁ ਚਿਤੁ ਕੀਜੈ ਰੇ।"
– ਗਉ ੧, ੧੬, ੧:੧ (156)

ਅਉਖਧੁ –
"ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ।"
– ਮਾਝ ੪, ੩, ੩:੩ (95)

ਅਉਖਾ ----- (1) ਮੁਸ਼ਕਲ, ਕਠਿਨ, ਔਖਾ, ਦੁਖਦਾਈ
"ਆਖਣਿ ਅਉਖਾ ਸਾਚਾ ਨਾਉ।"
– ਆਸਾ ੧, ਸੋਦ ੩, ੧:੨ (9)

ਹੋਰ ਰੂਪ:

ਅਉਖੀ –
"ਜਿਸ ਦੀ ਸੇਵਾ ਕੀਤੀ ਫਿਰਿ ਲੇਖਾ ਮੰਗੀਐ ਸਾ ਸੇਵਾ ਅਉਖੀ ਹੋਈ।"
– ਗਉ ੪, ਵਾਰ ੧੨ਸ, ੪, ੨:੩ (306)

(2) ਦੁੱਖੀ
"ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ।
... ... ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ।"
– ਗਉ ੪, ਵਾਰ ੧੬ਸ, ੪, ੨:੧;੩ (309)

ਹੋਰ ਰੂਪ:

ਅਉਖੇ –
"ਅਉਖੇ ਹੋਵਹਿ ਚੋਟਾ ਖਾਹਿ।"
– ਭੈਰ ੩, ੭, ੩:੨ (1129)

ਅਉਖੀਵਨਾ -- ਅਪ+ਖੀਵਨ, ਨਸ਼ੇਹੀਣ ਅਥਵਾ ਨਸ਼ੇ ਦੀ ਤੋਟ ਵਿਚ ਹੋਣਾ
"ਮਾਤਿਆ ਹਰਿ ਰਸ ਮਹਿ ਰਾਤੇ ਤਿਸੁ ਬਹੁੜਿ ਨ ਕਬਹੂ ਅਉਖੀਵਨਾ।"
– ਮਾਰੂ ੫, ਅਸ ੬, ੬:੧ (1019)

ਅਉਗਣ ---- (ਸੰ.) ਗੁਣਾਂ ਦੇ ਉਲਟ, ਦੋਸ਼
"ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ।"
– ਸਿਰੀ ੧, ੧੦, ੧:੩ (17)

ਹੋਰ ਰੂਪ:

ਅਉਗਣੀ –
"ਅਉਗਣੀ ਭਰਿਆ ਸਰੀਰੁ ਹੈ ਕਿਉ ਸੰਤਹੁ ਨਿਰਮਲੁ ਹੋਇ।"
– ਗਉ ੪, ਵਾਰ ੧੯ਸ, ੪, ੨:੧ (311)

ਅਉਗਣੁ –
"ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ।"
– ਬਿਹਾ ੫, ਛੰਤ ੬, ੨:੪ (545)

ਅਉਗਨ –
"ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮ੍ਾਰਿਆ।"
– ਆਸਾ ੫, ੪੫, ੧:੧ (382)

ਅਉਗਨੁ –
"ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ।"
– ਸਲੋ ਕਬ, ੨੧੬:੧ (1376)

ਅਉਘਟ ---- (1) (ਸੰ.) ਬਿਖੜਾ, ਔਖਾ
"ਅਉਘਟ ਰੁਧੇ ਰਾਹ ਗਲੀਆਂ ਰੋਕੀਆਂ।"
– ਮਲਾ ੧, ਵਾਰ ੨੩:੩ (1288)
"ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ।"
– ਸਲੋ ਕਬ, ੮੯:੨ (1369)

(2) ਔਖ, ਮੁਸੀਬਤ, ਕਠਿਨਾਈ
"ਅਉਘਟ ਕੀ ਘਟ ਲਾਗੀ ਆਇ।"
– ਭੈਰ ਨਾਮ, ੧੦, ੨੧:੨ (1166)

ਹੋਰ ਰੂਪ:

ਅਉਘਟੁ –
"ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ।"
– ਮਾਰੂ ੫, ਸੋਲਾ ੫, ੧੧:੧ (1076)

ਅਉਜਾਤਿ --- ਨੀਵੀਂ ਜਾਤ, ਨੀਚ ਕੁਲ
"ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।"
– ਬਿਲਾ ੪, ਅਸ ੪, ੭:੧ (835)

ਅਉਤਰਾਸੀ -- ਅਵਤਾਰ ਧਾਰਦਾ ਹੈ, ਜਨਮ ਲੈਂਦਾ ਹੈ
"ਮਛੁ ਕਛੁ ਕੂਰਮੁ ਆਗਿਆ ਅਉਤਰਾਸੀ।"
– ਮਾਰੂ ੫, ੧੧, ੮:੧ (1082)

ਅਉਤਰਿਆ -- ਉਤਰ ਆਇਆ, ਜਨਮ ਲਿਆ
"ਅਉਤਰਿਆ ਅਉਤਾਰ ਲੈ ਸੋ ਪੁਰਖੁ ਸੁਜਾਣ।"
– ਰਾਮ ਸਬ, ਵਾਰ ੬:੧੩ (968)

ਹੋਰ ਰੂਪ:

ਅਉਤਰੈ –
"ਸਰਪ ਜੋਨਿ ਵਲਿ ਵਲਿ ਅਉਤਰੈ।"
– ਗੂਜ ਤ੍ਰਿਲੋ, ੨, ੧:੨ (526)

ਅਉਤਾਕ --- (ਫਾ. ਔਤਾਕ) ਬੈਠਕ, ਮਹਿਰਾਬਦਾਰ ਹੁਜਰਾ
"ਇਹੁ ਕਿਥੈ ਘਰੁ ਅਉਤਾਕ ਮਹਲੁ ਨ ਪਾਈਐ।"
– ਸੂਹੀ ੧, ਅਸ ੪, ੪:੨ (752)

ਅਉਤਾਰ ---- (ਸੰ.) (1) ਉਤਰਨਾ, ਜਨਮ ਲੈਣਾ
"ਤਬ ਨਰਕ ਸੁਰਗ ਕਹੁ ਕਉਨ ਅਉਤਾਰ।"
– ਗਉ ੫, ਸੁਖ ੨੧, ੨:੪ (291)

ਹੋਰ ਰੂਪ:

ਅਉਤਾਰਾ –
"ਨਰਕ ਸੁਰਗ ਰਹਤ ਅਉਤਾਰਾ।"
– ਗਉ ੫, ਬਾਅ ੪੨:੪ (259)

ਅਉਤਾਰੁ –
"ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ।"
– ਬਿਹਾ ੪, ਵਾਰ ੨੦ਸ, ੧, ੧:੧ (556)
(2) ਹਿੰਦੂ ਧਰਮ ਅਨੁਸਾਰ ਕਿਸੇ ਦੇਵਤੇ ਅਥਵਾ ਪਰਮਾਤਮਾ ਦਾ ਮਨੁੱਖੀ ਜਨਮ ਲੈਣਾ
"ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ।"
– ਸੂਹੀ ੫, ੪੯, ੩:੧ (747)

ਹੋਰ ਰੂਪ:

ਅਉਤਾਰੁ –
"ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ।"
– ਗੂਜ ੩, ਵਾਰ ੧੯:੧ (516)

(3) ਉਤਰਨਾ, ਭਾਵ ਪੈਣਾ
"ਤਬ ਨਰਕ ਸੁਰਗ ਕਹੁ ਕਉਨ ਅਉਤਾਰ।"
– ਗਉ ੫, ਸੁਖ ੨੧, ੨:੪ (291)

ਅਉਤਾਰੁ ---- (1) ਜਨਮ
"ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ।"
– ਮਲਾ ੫, ੧੯, ੨:੨ (1270)
(2) ਉਤਰਨਾ, ਜਨਮ ਲੈਣਾ, 'ਵੇਖੋ ਅਉਤਾਰ' (1)
(3) ਦੇਵਤਾ, ਵੇਖੋ 'ਅਉਤਾਰ' (2)

ਅਉਤਾਰੇ ---- ਉਤਾਰੇ, ਪਾਵੇ

"ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ।"
- ਰਾਮ ੫, ਵਾਰ ੧੨ਸ, ੫, ੩:੭ (963)

ਅਉਤੁ ----- ਸੰਤਾਨ ਰਹਿਤ, ਔਤਰ
"ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ।"
- ਰਾਮ ੩, ਵਾਰ ੧੭ਸ, ੧, ੧:੪ (955)

ਅਉਧ ----- ਆਯੂ, ਉਮਰ
"ਅਉਧ ਘਟੈ ਦਿਨਸੁ ਰੈਨਾਰੇ।"
- ਗਉ ੫, ੧੨੪*, ੧*:੧ (205)

ਹੋਰ ਰੂਪ:

ਅਉਧਹਿ -
"ਧੰਧਾ ਕਰਤ ਬਿਹਾਨੀ ਅਉਧਹਿ ਗੁਣਨਿਧਿ ਨਾਮੁ ਨ ਗਾਇਓ।"
- ਗੂਜ ੫, ੨੫, ੧*:੨ (501)

ਅਉਧੂ ----- (ਸੰ.) ਫਿਕਰਾਂ ਚਿੰਤਾਵਾਂ ਦਾ ਅਵਧੂਨਨ ਕਰਨ ਅਥਵਾ ਝਾੜ ਕੇ ਪਰ੍ਹਾਂ ਸੁੱਟ ਦੇਣ ਵਾਲਾ, ਸੰਨਿਆਸੀ, ਯੋਗੀ, ਵਿਰਕਤ ਸਾਧੂ, ਤਿਆਗੀ
"ਸੁਣ ਮਾਛਿੰਦ੍ਰਾ ਅਉਧੂ ਨੀਸਾਣੀ।"
- ਰਾਮ ੧, ੫, ੩:੨ (877)

ਹੋਰ ਰੂਪ:

ਅਉਧੂਤ -
"ਦਸ ਨਾਰੀ ਅਉਧੂਤ ਦੇਨਿ੍ ਚਮੋੜੀਐ।"
- ਗੂਜ ੫, ਵਾਰ ੧੫:੩ (522)

ਅਉਧੂਤਾ -
"ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ।"
- ਸੂਹੀ ੫, ੪੯, ੩:੧ (747)

ਅਉਧੂਤੀ -
"ਨਾ ਅਉਧੂਤੀ ਨਾ ਸੰਸਾਰੀ।"
- ਰਾਮ ੧, ਅਸ ੨, ੧:੪ (903)

ਅਉਧੂਤੁ -
"ਸੋ ਅਉਧੂਤੁ ਐਸੀ ਮਤਿ ਪਾਵੈ।"
- ਰਾਮ ੧, ੫, ੧*:੧ (877)

ਅਉਰ ----- (1) ਅਤੇ
"ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ।"
- ਰਾਮ ਬੇਣੀ, ੧, ੧:੧ (974)

ਹੋਰ ਰੂਪ:

ਅਉਰੁ -
"ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।"
- ਸਿਰੀ ੧, ਅਸ ੧, ੩:੧ (53)

(2) ਹੋਰ
"ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ।"
– ਸਿਰੀ ਕਬ, ੩, ੪:੨ (92)

ਹੋਰ ਰੂਪ:

ਅਉਰਾ –
"ਮੈ ਬਿਗਰਿਓ ਬਿਗਰੈ ਮਤਿ ਅਉਰਾ।"
– ਬਿਲਾ ਕਬ, ੨, ੧*:੨ (855)

ਅਉਰੀ –
"ਅਉਰੀ ਕਰਮ ਨ ਲੇਖੈ ਲਾਇ।"
– ਰਾਮ ੩, ਵਾਰ ੧੪ਸ, ੧, ੧:੨੨ (954)

ਅਉਰੁ –
"ਨਾਨਕ ਦਾਤਾ ਏਕੁ ਹੈ ਦੂਜਾ ਅਉਰੁ ਨ ਕੋਇ।"
– ਸਿਰੀ ੩, ਅਸ ੧੯, ੮:੧ (65)

ਅਉਰੈ –
"ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ।"
– ਭੈਰ ਨਾਮ, ੯, ੨:੨ (1165)

ਅਉਰੋ –
"ਉਸੁ ਰਖਵਾਰਾ ਅਉਰੋ ਹੋਵੈ।"
– ਗੋਂਡ ਕਬ, ੭, ੧:੨ (871)

ਅਉਰਨ ---- ਹੋਰਨਾਂ, ਦੂਜਿਆ
"ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗਮਾਤ।"
– ਮਾਰੂ ਕਬ, ੧, ੨:੧ (1105)

ਹੋਰ ਰੂਪ:

ਅਉਰਨ੍ –
"ਅਉਰਨ੍ ਪਹਿ ਜਾਨਾ ਚੂਕਾ।"
– ਸੋਰ ਕਬ, ੬, ੩:੩ (655)

ਅਉਰਤ ---- (ਫਾ. ਔਰਤ) ਇਸਤ੍ਰੀ, ਜਨਨੀ, ਨਾਰੀ
"ਕਾਇਆ ਕਿਰਦਾਰ ਅਉਰਤ ਯਕੀਨਾ।"
– ਮਾਰੂ ੫, ੧੨, ੧੨:੧ (1084)

ਅਉਰਾਤ ---- (ਫਾ. ਔਰਾਤ)'ਅਉਰਤ' ਦਾ ਬਹੁ ਵਚਨ, ਇਸਤ੍ਰੀਆ, ਨਾਰੀਆਂ।
"ਦਸ ਅਉਰਾਤ ਰਖਹੁ ਬਦ ਰਾਹੀ।"
– ਮਾਰੂ ੫, ਸੋਲਾ ੧੨, ੪:੨ (1083)

ਅਉਲਿ ----- (ਅ. ਔਲੀਆ) 'ਵਲੀ' ਦਾ ਬਹੁ ਵਚਨ, ਧਾਰਮਿਕ ਆਗੂ, ਪੀਰ, ਮਦਦਗਾਰ, ਦੋਸਤ ਰਬੀ ਦਰਗਾਹ ਵਿਚ ਪਰਵਾਨ ਵਿਅਕਤੀ
"ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।"
– ਮਾਝ ੧, ਵਾਰ ੮ਸ, ੧, ੧:੨ (141)

ਹੋਰ ਰੂਪ:

ਅਉਲੀਏ –
“ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ।”
– ਮਾਰੂ ੫, ਵਾਰ ੧੭:੫ (1100)

ਅਇਆਨੇ --- ਅਗਿਆਨੀ, ਬੇਸਮਝ
“ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ ਅਇਆਨੇ।”
– ਕੇਦਾ ਕਬ, ੪, ੪:੧ (1124)

ਅਈਆ ---- ਆ
“ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੇ ਭਾਉ ਪਵੈ ਤਿਤੁ ਅਈਆ।”
– ਬਿਲਾ ੪, ਅਸ ੩, ੨:੨ (834)

ਅਈਏ ----- ਇਹ
“ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਓ।”
– ਧਨਾ ਨਾਮੁ, ੪, ੨:੫ (693)

ਅੰਸ ------ (ਸੰ.) ਭਾਗ, ਹਿੱਸਾ, ਤਤ।
“ਸਰਬਕਲਾ ਜਗਦੀਸੈ ਅੰਸ।”
– ਆਸਾ ੧, ੧੨, ੧:੪ (352)

ਹੋਰ ਰੂਪ:

ਅੰਸੁ –
“ਕਹੁ ਕਬੀਰ ਇਹੁ ਰਾਮ ਕੀ ਅੰਸੁ।”
– ਗੋਂਡ ਕਬ, ੫, ੪:੩ (871)

ਅਸ ------ ਐਸਾ
“ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡ ਭਾਗ ਹਮਾਰਾ।”
– ਆਸਾ ਕਬ, ੨੪, ੨:੨ (482)
(2) ਹੈ (ਮਹਾਨ ਕੋਸ਼), ਅਤੇ (ਦਰਪਣ), ਮੇਲਾ (ਨਿਰਣੈ)
“ਅਸਗਾ ਅਸ ਉਸਗਾ।”
– ਧਨਾ ਨਾਮ, ੪, ੧*:੨ (693)

ਅਸੰਖ ----- ਸੰਖਿਆਂ ਤੋਂ ਬਾਹਰ, ਅਣਗਿਣਤ, ਬੇਅੰਤ
“ਅਸੰਖ ਜਪ ਅਸੰਖ ਭਾਉ।”
– ਜਪੁ, ੧੭:੧ (3)

“ਖੋਜਤ ਫਿਰੇ ਅਸੰਖ ਅੰਤ ਨ ਪਾਰੀਆ।”
– ਗਉ ੫, ਅਸ ੧੨, ੧:੧ (240)

ਹੋਰ ਰੂਪ:

ਅਸੰਖਾ –
“ਇਸੁ ਕਾਇਆ ਅੰਦਰਿ ਵਸਤੁ ਅਸੰਖਾ।”
– ਮਾਝ ੩, ੨, ੩:੧ (110)

ਅਸਗਾ ----- (ਸੰ.) ਸਮੂਹ, ਸਭ ਕੁਝ (ਮਹਾਨਕੋਸ਼), ਇਹ ਭਾਵ ਮਾਇਆ। (ਦਰਪਣ, ਸ਼ਬਦਾਰਥ)
"ਅਸਗਾ ਅਸ ਉਸਗਾ।"
– ਧਨਾ ਨਾਮ, ੪, ੧*:੩ (693)

ਅਸਗਾਹ ---- ਅਥਾਹ, ਜਿਸ ਦਾ ਥਹੁ ਨ ਪਾਇਆ ਜਾ ਸਕੇ, ਅਗਾਧ
"ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ।"
– ਮਾਝ ੧, ਵਾਰ ੧੪ਸ, ੧, ੧:੩ (144)

ਹੋਰ ਰੂਪ:

ਅਸਗਾਹੁ – (ਡੂੰਘਾ)
"ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ।"
– ਸਿਰੀ ੧, ਅਸ ੪, ੧:੧ (55)

ਅਸਜਰਿ ---- ਆਪਣੇ ਪਦਾਰਥਾਂ ਦੇ ਮੋਹ ਨੂੰ ਸਾੜਨਾ, ਲੋਭ ਨੂੰ ਮਾਰਨਾ (ਸ਼ਬਦਾਰਥ); ਅਸ (ਮਨ) ਦੀ ਜਲਨ, ਚਿਤ ਦਾ ਸੰਤਾਪ (ਮਹਾਨ ਕੋਸ਼); ਅਸ (ਆਪਣੀ) +ਜ਼ਰ (ਫਾ.) ਧਨ; ਦੌਲਤ (ਗੁਰੂ ਗ੍ਰੰਥ ਕੋਸ਼)
"ਅਸਜਰਿ ਪਰਜਰਿ ਜਰਿ ਜਬ ਰਹੈ।"
– ਗਉ ਕਬ, ਬਾਅ ੧੪:੩ (340)

ਅਸਟ ----- (ਸੰ.) ਅੱਠ
"ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ।"
– ਸਿਰੀ ੧, ਅਸ ੧੩, ੪:੨ (61)

ਹੋਰ ਰੂਪ:

ਅਸਟਮ –
"ਅਸਟਮ ਥੀਤਿ ਗੋਵਿੰਦ ਜਨਮਾਸੀ।"
– ਭੈਰ ੫, ੧, ੧:੨ (1136)

ਅਸਟਮੀ –
"ਅਸਟਮੀ ਅਸਟ ਸਿਧਿ ਬੁਧਿ ਸਾਧੈ।"
– ਬਿਲਾ ੧, ਥਿਤੀ ੧੦:੧ (839)

ਅਸਟਿ/ਅਸਟੀ –
"ਦਸ ਅਸਟਿ ਅਸਟੀ ਮਿਲਿ ਏਕੋ ਕਹਿਆ।"
– ਰਾਮ ੫, ੧੨, ੧:੩ (886)

ਅਸਤ ----- (1) (ਸੰ.) ਹੱਡੀ
"ਬਿਸਟਾ ਅਸਤ ਰਕਤੁ ਪਰੇਟੇ ਚਾਮ।"
– ਆਸਾ ੫, ੧੪, ੩:੧ (374)

ਹੋਰ ਰੂਪ:

ਅਸਤੀ –
"ਲਉ ਨਾੜੀ ਸੂਆ ਹੈ ਅਸਤੀ।"
– ਰਾਮ ੫, ੧੩, ੧:੨ (886)

(2) (ਸੰ. ਵਲਰ) ਲੋਪ ਹੋਣਾ, ਸੂਰਜ ਦਾ ਛੁਪਣਾ

"ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ।"
– ਆਸਾ ਕਬ, ੧, ੩:੨ (475)

ਹੋਰ ਰੂਪ:

ਅਸਤੁ –
"ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ।"
– ਮਾਰੂ ੫, ਅਸ ੮, ੧:੩ (1019)

ਅਸੰਤ ----- (ਸੰ.) ਜੋ ਸੰਤ ਨਹੀਂ, ਖੋਟੇ ਪੁਰਸ਼
"ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ।"
– ਸਲੋ ਕਬ, ੧੭੪:੧ (1373)

ਹੋਰ ਰੂਪ:

ਅਸੰਤੁ – (ਮਨੁਮੁਖ) –
"ਅਸੰਤੁ ਅਨਾੜੀ ਕਦੇ ਨ ਬੂਝੈ।"
– ਗਉ ੩, ੩੦, ੨:੧ (160)

ਅਸਤਿ ----- (1) (ਫਾ. ਅਸਤ) ਹੈ
"ਅਸਤਿ ਏਕ ਦਿਗਰਿ ਕੁਈ।"
– ਮਾਝ ੧, ਵਾਰ ੧੩ਸ, ੧, ੨:੩ (143)
(2) (ਸੰ.) ਝੂਠ, ਨਾਸ਼ਵਾਨ
"ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ।"
– ਮਾਰੂ ੫, ੧੦, ੩:੧ (1001)
(3) ਵੇਖੋ 'ਅਸਤ' (1), ਹੱਡੀ
"ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ।"
– ਕੇਦਾ ਕਬ, ੪, ੧*:੨ (1124)

ਅਸਥਨ ---- (ਸੰ.) ਥਣ
"ਬਿਨੁ ਅਸਥਨ ਗਊ ਲਵੇਰੀ।"
– ਬਸੰ ਕਬ, ੩, ੩:੧ (1194)

ਅਸਥੰਭੰ ---- (1) (ਸੰ.) ਥੰਮ, ਖੰਭਾ, ਆਸਰਾ
"ਅਨਿਕ ਸਾਧਨੰ ਨ ਸਿਧ੍ਯਤੇ ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ।"
– ਸਸ ੫, ੧੭:੩ (1355)

ਹੋਰ ਰੂਪ:

ਅਸਥੰਭਨਹ –
"ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।"
– ਸਸ ੫, ੪:੨ (1354)

ਅਸਥੰਭੁ –
"ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ।"
– ਰਾਮ ੧, ਸਿਗੋ ੬੬:੨ (945)

ਅਸਥੰਮਨੁ –
“ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ।”
– ਗਉ ੫, ਸੁਖ ੧੫, ੩:੨ (282)

(2) ਬੜਾ ਹੋਇਆ
“ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ।”
– ਸਸ ੫, ੫੩:੪ (1359)

ਅਸਥਲ ---- (ਸੰ.) (ਥਾਂ) ਜੋ ਅੱਛੀ ਥਾਂ ਨਹੀਂ, ਉਜਾੜ
“ਸੇ ਅਸਥਲ ਸੋਇਨ ਚਉਬਾਰੇ।”
– ਮਾਝ ੫, ੩੭, ੧:੨ (105)

ਅਸਥਾਨ ---- (ਸੰ.) ਥਾਂ, ਜਗਾ, ਟਿਕਾਨਾ
“ਸਗਲ ਅਸਥਾਨ ਭੈ ਭੀਤ ਚੀਨ।”
– ਗਉ ੫, ੧੪੪*, ੨:੧ (211)

ਹੋਰ ਰੂਪ:

ਅਸਥਾਨੰ –
“ਲਬਧੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ।”
– ਗਾਥਾ ੫, ੪:੨ (1360)

ਅਸਥਾਨਾ –
“ਗੁਰੁ ਸਾਸਤ ਸਿਮ੍ਰਿਤ ਖਟੁ ਕਰਮਾ ਗੁਰੁ ਪਵਿਤ੍ਰੁ ਅਸਥਾਨਾ ਹੇ।”
– ਮਾਰੂ ੫, ਸੋਲਾ ੪, ੧:੩ (1074)

ਅਸਥਾਨਿ – (ਭਾਵ ਸੰਗਤ)
“ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ।”
– ਸੋਰ ੫, ੮੨, ੧*:੨ (629)

ਅਸਥਾਨੁ –
“ਊਚ ਅਸਥਾਨੁ ਤਬ ਸਹਜੇ ਪਾਇਓ।”
– ਗਉ ੫, ੧੧੯, ੩:੨ (189)

ਅਸਥਾਨੇ –
“ਗੁਰਮੁਖਿ ਮਨੁ ਅਸਥਾਨੇ ਸੋਈ।”
– ਆਸਾ ੧, ਅਸ ੮, ੪:੧ (415)

ਅਸਥਾਪਨੰ --- (ਸੰ.) ਟਿਕਾਉਣਾ, ਸਥਿਤ ਕਰਨਾ
“ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ।”
– ਜੈਤ ੫, ਵਾਰ ੨ਸ, ੫, ੧:੧ (708)

ਅਸਥਾਵਰ --- (ਸੰ.) ਅਚਲ, ਠਹਿਰਣ ਵਾਲਾ, ਜੋ ਆਪਣੇ ਆਪ ਇਕ ਤੋਂ ਦੂਜੀ ਥਾਂ ਨਾ ਜਾ ਸਕੇ।
“ਅਸਥਾਵਰ ਜੰਗਮ ਕੀਟਿ ਪਤੰਗਾ।”
– ਗਉ ਕਬ, ੧੩, ੧:੧ (325)

ਅਸਥਿਤ ---- (ਸੰ.) ਠਹਿਰਿਆ ਹੋਇਆ, ਕਾਇਮ, ਅਟੱਲ, ਅਡੋਲ
“ਅਸਥਿਤ ਭਏ ਬਸੇ ਸੁਖ ਥਾਨਾ ਬਹੁਰਿ ਨ ਕਤਹੂ ਧਾਇਓ।”
– ਕਾਨ ੫, ੭, ੩:੧ (1299)

ਹੋਰ ਰੂਪ:

ਅਸਥਿਤਿ –
“ਹਰਿਚੰਦਉਰੀ ਦੇਖਿ ਭੂਲਾ ਕਹਾ ਅਸਥਿਤਿ ਪਾਈਐ।”
– ਬਿਹਾ ੫, ਛੰਤ ੯, ੩:੩ (548)

ਅਸਥਿਰ ---- (ਸੰ.) (1) ਕਾਇਮ, ਸਥਿਰ, ਅਡੋਲ – ਚਿਤ, ਭਟਕਣ ਮੁਕਨ ਵਾਲੀ ਸਥਿਤੀ
“ਅਸਥਿਰ ਭਏ ਬਸੇ ਸੁਖ ਆਸਨ।”
– ਗਉ ੫, ੧੧੦, ੪:੨ (202)
“ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ।”
– ਧਨਾ ੫, ੨੮, ੩:੧ (678)

ਹੋਰ ਰੂਪ:

ਅਸਥਿਰੁ –
“ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ।”
– ਸਿਰੀ ੪, ਵਾਰ ੧੧:੫ (87)

(2) ਅਵਿਨਾਸ਼ੀ, ਸਦਾ ਕਾਇਮ
“ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ ਪੀਠੇ।”
– ਟੋਡੀ ੫, ੨੭, ੧:੨ (717)

ਹੋਰ ਰੂਪ:

ਅਸਥਿਰੰ –
“ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ।”
– ਸਸ ੫, ੪:੩ (1354)

ਅਸਥਿਰੁ –
“ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ।”
– ਸਿਰੀ ੧, ਅਸ ੩, ੪:੧ (54)

ਅਸਥਿਰੁ ---- ਅ+ਸਥਿਰ – ਜੋ ਸਥਿਰ ਨਹੀਂ, ਜੋ ਡੋਲਦਾ ਹੈ
“ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ।”
– ਧਨਾ ੫, ੧੪, ੧:੨ (674)

(2) ਸਥਿਰ – ਵੇਖੋ ਅਸਥਿਰੁ (1)
(3)ਅਵਿਨਾਸ਼ੀ ਵੇਖੋ (ਅਸਥਿਰੁ (2)

ਅਸਥੂਲ ---- (ਸੰ.) (1) ਪ੍ਰਗਟ, ਦ੍ਰਿਸ਼ਟਮਾਨ
“ਸੂਖਮ ਅਸਥੂਲ ਸਗਲ ਭਗਵਾਨ।”
– ਗਉ ੫, ਥਿਤੀ ੧੪:੭ (299)

ਹੋਰ ਰੂਪ:

ਅਸਥੂਲਾ –
“ਆਪਹਿ ਸੂਖਮ ਆਪਹਿ ਅਸਥੂਲਾ।”
– ਗਉ ੫, ਬਾਅ ੧:੭ (250)

ਅਸਥੂਲੀ –

"ਤੂੰ ਸੂਖਮੁ ਹੋਆ ਅਸਥੂਲੀ।"

– ਮਾਝ ੫, ੨੮, ੧:੨ (102)

ਅਸਥੂਲੁ –

"ਸੂਖਮ ਮਹਿ ਜਾਨੈ ਅਸਥੂਲੁ।"

– ਗਉ ੫, ੯, ੪:੮ (274)

(2) ਮੋਟਾ

"ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁਦੇ ਜਾਇ।"

– ਗੂਜ ੩, ਵਾਰ ੪ਸ, ੩, ੨:੨ (510)

ਅਸਨਾਈ --- (ਫਾ. ਆਸ਼ਨਾਈ) ਵਾਕਫੀਅਤ, ਜਾਣਕਾਰੀ

"ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ।"

– ਬਿਲਾ ੧, ੧, ੨:੧ (795)

('ਦਰਪਨ' ਇਸ ਦੇ ਅਰਥ 'ਵਡਿਆਈ' ਦੇ ਕਰਦਾ ਹੈ ਤੇ ਇਸ ਦਾ ਮੂਲ ਅਰਥ 'ਸਨਾ' ਵਡਿਆਈ ਸਿਫਤ ਮੰਨਦਾ ਹੈ)

ਅਸਨਾਹਾ --- (ਫਾ. ਆਸ਼ਨਾਹ) ਦੋਸਤ, ਮਿੱਤਰ

"ਗੁਰਕਿਰਪਾ ਤੇ ਮੋਹਿ ਅਸਨਾਹਾ।"

– ਗਉ ੫, ੧੦੯, ੧:੨ (187)

ਅਸਨੇਹ ---- (ਸੰ.) (1) ਪਿਆਰ, ਮੁਹੱਬਤ

"ਨਾਮੁ ਨ ਪਾਵਹਿ ਬਿਨੁ ਅਸਨੇਹ।"

– ਗਉ ੩, ੨੪, ੨:੧ (159)

ਹੋਰ ਰੂਪ:

ਅਸਨੇਹਿ –

"ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।"

– ਸਿਰੀ ੧, ਅਸ ੧੧, ੧:੨ (59)

ਅਸਨੇਹੁ –

"ਨਾਮ ਬਿਨਾ ਧ੍ਰਿਗੁ ਧ੍ਰਿਗੁ ਅਸਨੇਹੁ।"

– ਗਉ ੫, ਅਸ ੧੦, ੧*:੨ (240)

(2) ਮੋਹ

"ਕਾਮ ਕ੍ਰੋਧ ਲਪਟਿਓ ਅਸਨੇਹ।"

– ਗਉ ੫, ੭੮, ੨:੨ (178)

ਅਸਨੇਹੀ ---- ਪਿਆਰ ਕਰਨ ਵਾਲਾ

"ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ।"

– ਸੋਰ ੫, ੪, ੧:੨ (609)

ਅਸਪਤਿ ---- (ਸੰ.) ਘੋੜਿਆਂ ਦਾ ਮਾਲਕ, ਸੂਰਜ ਦੇਵਤਾ

"ਅਸਪਤਿ ਗਜਪਤਿ ਨਰਹ ਨਰਿੰਦ।"

– ਤਿਲੰ ਨਾਮ, ੩, ੪:੧ (727)

ਅਸਮਝੁ ---- ਅਗਿਆਨੀ, ਮੂਰਖ

“ਮਨ ਅਸਮਝੁ ਸਾਧਸੰਗਿ ਪਤੀਆਨਾ।”
– ਰਾਮ ੫, ੨੫, ੧:੨ (890)

ਅਸਮਾਨ ---- (1) (ਫਾ. ਆਸਮਾਨ) ਅਕਾਸ਼, ਅਸ=(ਚਕੀ)+ਮਾਨ (=ਮਾਨਿੰਦ) ਚੱਕੀ ਵਾਂਗੂੰ ਫਿਰਨ ਵਾਲਾ
“ਕਹੁ ਕਬੀਰ ਖੋਜਉ ਅਸਮਾਨ।”
– ਗਉ ਕਬ, ੩੪, ੨:੨ (330)

ਹੋਰ ਰੂਪ:

ਅਸਮਾਨਿ –
“ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ।”
– ਸੋਰ ੧, ੧, ੩:੨ (595)

ਅਸਮਾਨੀ –
“ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।”
– ਸਿਰੀ ੧, ੨, ੩:੧ (14)

ਅਸਮਾਨੁ –
“ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ।”
– ਸਿਰੀ ੧, ਅਸ ੧੭, ੭:੨ (64)

(2) ਕਿਸੇ ਨੂੰ ਆਪਣੇ ਤੁਲ ਨਾ ਸਮਝਣਾ
“ਹੰਸੁ ਹੇਤੁ ਆਸਾ ਅਸਮਾਨੁ।”
– ਗਉ ੧, ੨, ੩:੧ (151)

ਅਸਰਾਉ ---- (ਸੰ.) (1) ਆਸਰਾ, ਸਹਾਰਾ
“ਅੰਬਰੁ ਧਰਤਿ ਵਿਛੋੜਿਅਨੁ ਵਿਚਿ ਸਚਾ ਅਸਰਾਉ।”
– ਰਾਮ ੩, ਵਾਰ ੬:੧ (949)

(2) ਓਟ, ਪਨਾਹ
“ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ।”
– ਸਿਰੀ ੫, ਅਸ ੨੬, ੧:੩ (70)

ਅਸਰਾਲਾ --- (1) ਭਿਆਨਕ, ਡਰਾਉਣਾ
“ਚਾਰਿ ਨਦੀ ਅਗਨੀ ਅਸਰਾਲਾ।”
– ਮਾਰੂ ੧, ੧੧, ੫:੧ (1031)

ਹੋਰ ਰੂਪ:

ਅਸਰਾਲੁ –
“ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ।”
– ਮਾਰੂ ੧, ਅਸ ੨, ੧:੩ (1009)

(2) ਨਰਕ (ਮਹਾਨ ਕੋਸ਼)
“ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਭੈ ਸਾਗਰ ਅਸਰਾਲਿ ਪਾਇਆ।”
– ਰਾਮ ੧, ਅਸ ੭, ੯:੧ (906)

ਅਸਰੂਪੁ ---- (ਸੰ.) ਸ਼ਕਲ, ਅਕਾਰ, ਸਰੂਪ
“ਪਉਣ ਪਾਣੀ ਅਗਨੀ ਅਸਰੂਪੁ।”

– ਗਉ ੧, ਓਅੰ ੭:੨ (930)

ਅਸਲਿ ----- (ਅ. ਅਸਲ) ਖਰਾ, ਸਚਾ, ਵਾਸਤਵ ਵਿਚ
"ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।"
– ਸਾਰ ੪, ਵਾਰ ੨੨ਸ, ੧, ੨:੩ (1246)

ਹੋਰ ਰੂਪ:

ਅਸੁਲੂ –
"ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।"
– ਜਪੁ ੧, ੨੨:੩ (5)

ਅਸਵਾਰ ---- (ਫਾ. ਅਸਵਾਰ) ਘੋੜੇ ਤੇ ਚੜਿਆ ਹੋਇਆ
"ਇਕਿ ਹੋਏ ਅਸਵਾਰ ਇਕ ਨਾ ਸਾਖਤੀ।"
– ਮਾਝ ੧, ਵਾਰ ੧੦:੭ (142)

ਹੋਰ ਰੂਪ:

ਅਸਵਾਰਾ –
"ਕਹਤ ਕਬੀਰ ਭਲੇ ਅਸਵਾਰਾ।"
– ਗਉ ਕਬ, ੩੧, ੩:੧ (329)

ਅਸਵਾਰੀ –
"ਅਸੁ ਪਵਨ ਹਸਤਿ ਅਸਵਾਰੀ।"
– ਗਉ ੫, ੮੧, ੨:੧ (179)

ਅਸਵਾਰੁ –
"ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ।"
– ਰਾਮ ੩, ਵਾਰ ੧੯ਸ, ੧, ੩:੧ (956)

ਅਸਾ ------ ਅਸੀਂ, ਅਸਾਂ, 'ਮੈਂ' ਦਾ ਬਹੁ ਬਚਨ
"ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ।"
– ਸੂਹੀ ੪, ੨੪, ੧*:੨ (736)

ਅੰਸਾ ------ (ਸੰ.) ਅੰਸ਼ ਵਾਲਾ, ਭਾਗ ਵਾਲਾ; ਅੰਸ਼, ਹਿੱਸਾ, ਤੱਤ
"ਅੰਸਾ ਅਉਤਾਰੁ ਉਪਾਇਓਨੁ ਭਾਉ ਦੂਜਾ ਕੀਆ।"
– ਗੂਜ ੩, ਵਾਰ ੧੯:੧ (516)

ਹੋਰ ਰੂਪ:

ਅੰਸੁ –
"ਜਿਸੁ ਮਹਿ ਨਾਮੁ ਨਿਰੰਜਨ ਅੰਸੁ।"
– ਮਲਾ ੧, ੭, ੪:੨ (1256)

ਅਸਾਹ ----- (1) ਅਸਾਂ ਵਿਚ, ਸਾਡੇ ਵਿਚ
"ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ।"
– ਸਿਰੀ ੧, ੧੦, ੧:੩ (17)

(2) ਅ+ਸਾਹ, ਸਾਹ ਤੋਂ ਬਿਨਾਂ
"ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।"

– ਮਾਝ ੧, ਵਾਰ ੧੪ਸ, ੧, ੧:੫ (144)

ਅਸਾਜੁੰ ----- ਨਾ ਸਾਜਨ ਯੋਗ, ਨਾ ਬਣਨ ਯੋਗ
"ਅਕਰਣੰ ਕਰੋਤਿ ਆਖਾਦ੍ਰਿ ਖਾਦੁੰ ਅਸਾਜੁੰ ਸਾਜਿ ਸਮਜਯਾ।"
– ਸਸ ੫, ੪੮:੪ (1358)

ਅਸਾਡੜਾ --- ਅਸਾਂ ਦਾ, ਸਾਡਾ
"ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ।"
– ਮਾਰੂ ੫, ਵਾਰ ੨ਸ, ੫, ੧:੧ (1094)

ਹੋਰ ਰੂਪ:

ਅਸਾਡੜੇ –
"ਜਿਨ੍ਹਾਂ ਦਿਸੰਦੜਿਆਂ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ।"
– ਗੂਜ ੫, ਵਾਰ ੯ਸ, ੫, ੨:੧ (520)

ਅਸਾਡਾ –
"ਇਹੁ ਅੰਨੁ ਅਸਾਡਾ ਫਿਟੈ।"
– ਆਸਾ ੧, ਵਾਰ ੧੬ਸ, ੧, ੨:੧੮ (472)

ਅਸਾਧ ----- (ਸੰ.) ਕਠਿਨਾਈ ਨਾਲ ਠੀਕ ਹੋਣ ਵਾਲਾ ਅਥਵਾ ਨਾ ਠੀਕ ਹੋਣ ਵਾਲਾ, ਲਾਇਲਾਜ
"ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।"
– ਆਸਾ ਰਵਿ, ੧, ੧:੨ (486)

ਹੋਰ ਰੂਪ:

ਅਸਾਧੁ –
"ਮਨੁ ਅਸਾਧੁ ਸਾਧੈ ਜਨੁ ਕੋਈ।"
– ਧਨਾ ੩, ੬, ੩:੧ (665)

ਅਸਾਰ ----- (1) (ਸੰ.) ਮੀਂਹ ਦੀ ਧਾਰ ਵਾਂਗ, ਸਹਿਜ ਸੁਭਾ, ਆਪ ਮੁਹਾਰੇ
"ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ।"
– ਆਸਾ ਕਬ, ੧੫, ੩:੧ (479)

2. ਲਾਪਰਵਾਹੀ
"ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ।"
– ਸਾਰ ੫, ੧੨੯, ੧:੧ (1229)

(3) (ਸੰ.) ਬੇਖਬਰ, ਬੇਫਿਕਰ
"ਕਿਸਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ।"
– ਸਿਰੀ ੧, ਅਸ ੧੬, ੩:੩ (63)

ਅਸਾਰਥਿ --- ਲਾਭ ਰਹਿਤ, ਅਸਾਰ ਰੂਪ ਪਦਾਰਥ
"ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ।"
– ਸਾਰ ੫, ੯੦, ੧:੨ (1221)

ਅਸਾਰੇ ----- ਆਸਰਾ
"ਮਨ ਮਹਿ ਰਾਖਉ ਏਕ ਅਸਾਰੇ।"
– ਦੇਵ ੫, ੨੫, ੪:੧ (533)

ਅਸਾੜਾ ---- ਵੇਖੋ 'ਅਸਾਡਾ', ਸਾਡਾ
"ਸਭ ਕਿਛੁ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ।"
- ਮਾਝ ੫, ੩੧, ੩:੩ (103)

ਹੋਰ ਰੂਪ:

ਅਸਾੜੀ -
"ਰਾਖਹੁ ਸਰਮ ਅਸਾੜੀ ਜੀਉ।"
- ਮਾਝ ੫, ੩੭, ੪:੩ (105)

ਅਸਿ ------ ਇਕ ਨਦੀ ਦਾ ਨਾਂ ਜੋ ਬਨਾਰਸ ਕੋਲ ਵਗਦੀ ਹੈ ਤੇ ਪਵਿਤਰ ਮੰਨੀ ਜਾਂਦੀ ਹੈ
"ਬਨਾਰਸਿ ਅਸਿ ਬਸਤਾ।"
- ਗੋਂਡ ਨਾਮ, ੧, ੨:੩ (873)

ਅਸੀ ------ 'ਮੈਂ' ਦਾ ਇਕ ਪੁਰਖ ਬਹੁ ਵਚਨ, ਅਸੀਂ
"ਅਸੀ ਬੋਲ ਵਿਗਾੜ ਵਿਗਾੜਹ ਬੋਲ।"
- ਸਿਰੀ ੧, ੩੦, ੩:੧ (25)

ਅਸੀਸੜੀਆ - (ਸੰ.) ਦੁਆ, ਅਸੀਸ
"ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।"
- ਗਉ ੧, ਸੋਹ ੧, ੩:੨ (12)

ਅਸੀਹਾਂ ---- ਅੱਸੀ ਸਾਲਾਂ ਦਾ ਹੋ ਕੇ
"ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ।"
- ਮਾਝ ੧, ਵਾਰ ੧ਸ, ੧, ੩:੩ (136)

ਅਸੁ ------ (ਸੰ.) ਘੋੜਾ
"ਅਸੁ ਪਵਨ ਹਸਤਿ ਅਸਵਾਰੀ।"
- ਗਉ ੫, ੯੧, ੨:੧ (179)

ਅਸੁਧ ----- (ਸੰ.) ਮਲੀਨ, ਅਪਵਿਤਰ
"ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ।"
- ਗਉ ੪, ੫੬, ੧*:੨ (169)

ਅਸੁਨਿ ----- ਬਿਕਰਮੀ ਚੰਦਰਵਰਸ਼ ਦਾ ਸਤਵਾਂ ਮਹੀਨਾ, ਅਸੂ
"ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ।"
- ਮਾਝ ੫, ਬਾਰਾ ੮:੧ (135)

ਅਸੁਭ ----- ਜੋ ਸ਼ੁਭ ਨਹੀਂ, ਜੋ ਚੰਗਾ ਨਹੀਂ
"ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ।"
- ਗਉ ੫, ਬਾਅ ੮ਸ:੧ (251)

ਅਸੁਮੇਧ ---- (ਸੰ.) ਘੋੜੇ ਦੀ ਬਲੀ
"ਅਸੁਮੇਧ ਜਗਨੇ।"
- ਗੌਂਡ ਨਾਮ, ੧, ੧*:੧ (873)

ਅਸੁਰ ----- (ਸੰ. '੍' ਧਾਤੂ ਤੋਂ) (1) ਵਿਕਰਮ, ਵਿਕਾਰ

"ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ।"
– ਸਿਰੀ ੩, ੪੪, ੩:੩ (30)

(2) ਵਿੱਕਰਮੀ ਦੈਂਤ
"ਸੁਖ ਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰ।"
– ਸਿਰੀ ੧, ਅਸ ੧੦, ੩:੩ (59)
"ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ।"
– ਸਿਰੀ ੫, ਅਸ ੨੬, ੪:੨ (70)

ਹੋਰ ਰੂਪ:

ਅਸੁਰਹ –
"ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ।"
– ਸਵ ੪, ਬਲ, ੧:੪ (1405)

ਅਸੂ ------ ਬਿਕਰਮੀ ਸੰਮਤ ਦਾ ਸਤਵਾਂ ਮਹੀਨਾ
"ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ।"
– ਰਾਮ ੫, ਰੁਤੀ ੫:੧ (928)

ਅਸੋਚ ----- ਵਿਚਾਰਹੀਨ, ਸੋਚ ਹੀਨ
"ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।"
– ਆਸਾ ਰਵਿ, ੧, ੨:੧ (486)

ਹੋਰ ਰੂਪ:

ਅਸੋਚਾ – (ਸੋਚ ਰਹਿਤ)
"ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ।"
– ਧਨਾ ੫, ੪, ੩:੧ (671)

ਅਸ੍ਚਰਜ ---- (ਸੰ.) ਤੁਅਜਬ, ਹੈਰਾਨੀ, ਅਚੰਭਾ
"ਅਸ੍ਚਰਜ ਰੂਪੰ ਰਹੰਤ ਜਨਮੰ।"
– ਸਸ ੫, ੫੭:੨ (1359)

ਅਸ੍ਤ ------ ਵੇਖੋ 'ਅਸਤ' (1) ਹੱਡੀ
"ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ।"
– ਸਮੁ ੫, ੮*:੨ (1388)

ਅਸਥਲੁ ---- ਵੇਖੋ 'ਅਸਥਲ' ਸਥਾਨ; ਹਿਰਦੇਸਥਲ, ਦਿਲ (ਮਹਾਨ ਕੋਸ਼)
"ਜਾ ਕਾ ਅਸਥਲੁ ਤੋਲੁ ਅਮਿਤੋ।"
– ਗਾਥਾ ੫, ੧੩:੩ (1361)

ਅਸਥਿੰਤ ---- ਵੇਖੋ 'ਅਸਥਿਤ' ਸਥਿਤ, ਟਿਕਾਊ ਵਾਲਾ; ਅ+ਸਥਿਤ, ਚਲਾਇਮਾਨ (ਮਹਾਨ ਕੋਸ਼)
"ਅਸਥਿੰਤ ਸੋਗ ਹਰਖੰ ਭੈ ਖੀਣੰ ਤ ਨਿਰਭਵਹ।"
– ਸਸ ੫, ੪੪:੩ (1357)

ਅਸ੍ਵ ------ ਵੇਖੋ 'ਅਸੁ', ਘੋੜਾ
"ਕਨਿਕ ਅਸ੍ਵ ਹੈਵਰ ਭੂਮਿ ਦਾਨ।"

– ਗਉ ੫, ਸੁਖ ੩, ੨:੪ (265)

ਅਹੰ ------ (ਸੰ.) ਅਹੰਕਾਰ, ਗਰਬ, ਅਭਿਮਾਨ, ਹਉਮੈ
"ਕਟੀਐ ਤੇਰਾ ਅਹੰ ਰੋਗੁ।"
– ਗਉ ੫, ੧੪੬*, ੧:੧ (211)

ਅਹਕਰਣੁ --- ਵੇਖੋ 'ਅਹੰ', ਹੰਕਾਰ
"ਜਿਨਿ ਵਿਚਹੁ ਅਹਕਰਣੁ ਚੁਕਾਇਆ।"
– ਸਿਰੀ ੧, ਅਸ ੨੮, ੧੧:੨ (72)

ਹੋਰ ਰੂਪ:

ਅਹੰਕਰਣ –
"ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣ ਮਾਰਿਆ।"
– ਸਿਰੀ ੪, ਵਾਰ ੧੧ਸ, ੩, ੧:੧ (86)

ਅਹੰਕਾਰ ---- ਵੇਖੋ 'ਅਹੰ', ਹੰਕਾਰ, ਗਰਬ, ਅਭਿਮਾਨ
"ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ।"
– ਗਉ ੩, ੩੪, ੩:੨ (162)

ਹੋਰ ਰੂਪ:

ਅਹੰਕਾਰੰ –
"ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ।"
– ਸਸ ੫, ੪੯:੧ (1358)

ਅਹੰਕਾਰਾ –
"ਲੋਭੁ ਅਭਿਮਾਨੁ ਬਹੁਤੁ ਅਹੰਕਾਰਾ।"
– ਮਾਝ ੩, ੧੯, ੩:੨ (120)

ਅਹੰਕਾਰਿ –
"ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ।"
– ਸਿਰੀ ੧, ੧੪, ੧*:੨ (19)

ਅਹੰਕਾਰੀ --- (ਗਰਬ ਕਰਨ ਵਾਲਾ)
"ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ।"
– ਸਿਰੀ ੪, ਵਾਰ ੧੨ਸ, ੩, ੧:੮ (87)

ਅਹੰਕਾਰੀਆ –
"ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ।"
– ਸਿਰੀ ੫, ੭੧, ੩:੩ (42)

ਅਹੰਕਾਰੁ –
"ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ।"
– ਸਿਰੀ ੩, ੪੨, ੧*:੧ (30)

ਅਹੰਕਾਰੇ –
"ਸਾਦਿ ਮੋਹਿ ਲਾਦੀ ਅਹੰਕਾਰੇ।"
– ਆਸਾ ੫, ੭੬, ੩:੧ (389)

ਅਹੰਕਾਰੋ –

“ਐਥੈ ਆਇਆ ਸਭੁ ਕੋ ਜਾਸੀ ਕੂੜਿ ਕਰਹੁ ਅਹੰਕਾਰੋ।”
– ਵਡਾ ੧, ਅਲਾ ੧, ੪:੫ (579)

ਅਹਰਣਿ ---- ਲੋਹੇ ਦਾ ਪਿੰਡ ਜਿਸ ਉਤੇ ਠੰਢਾ ਜਾਂ ਤੱਤਾ ਲੋਹਾ ਰਖ ਕੇ ਲੋਹਾਰ ਹਥੌੜੇ ਨਾਲ ਉਸ ਨੂੰ ਕੂਟਦਾ ਹੈ
“ਅਹਰਣਿ ਮਤਿ ਵੇਦੁ ਹਥਿਆਰ।”
– ਜਪੁ ੧, ੩੮:੧ (8)

ਅਹਲਿਆ --- ਵ੍ਰਿਧਾਸ ਦੀ ਪੁਤਰੀ ਅਤੇ ਗੋਤਮ ਰਿਸ਼ੀ ਦੀ ਪਤਨੀ ਜਿਸ ਨਾਲ ਇੰਦਰ ਨੇ ਚੰਦਰਮਾ ਨਾਲ ਸ਼ੜਜੰਤਰ ਰਚ ਕੇ ਕਪਟ ਕਰਕੇ ਸੰਗ ਕੀਤਾ। ਗੋਤਮ ਦੇ ਸਰਾਪ ਨਾਲ ਇੰਦਰ ਦਾ ਸਰੀਰ ਭਗ – ਰੂਪ ਹੋ ਗਿਆ ਤੇ ਅਹਲਿਆ ਸੈਲ ਪਥਰ ਹੋ ਗਈ। ਰਾਮ ਚੰਦਰ ਜੀ ਦੀ ਛੋਹ ਪ੍ਰਾਪਤ ਕਰ ਉਹ ਮੁਕਤ ਹੋਈ।
“ਗੋਤਮਨਾਰਿ ਅਹਲਿਆ ਭਾਰੀ ਪਾਵਨ ਕੇਤਕ ਉਭਾਰੀਅਲੇ।”
– ਮਾਲੀ ਨਾਮੁ, ੨, ੨:੧ (988)

ਅਹਲੈ ----- ਨਾ ਹਿਲਣ ਵਾਲੇ, ਸਥਿਰ
“ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ।”
– ਗਉ ੫, ਵਾਰ ੮:੩ (320)

ਅਹਵਾਲ ---- (ਅ. ਅਹਿਵਾਲ) ‘ਹਾਲ’ ਦਾ ਬਹੁਵਚਨ, ਦਿਸ਼ਾ, ਹਾਲਤ
“ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ।”
– ਤਿਲੰ ੧, ੧, ੩:੨ (721)

ਅਹਾ ------ ਸੀ
“ਜਹ ਕਛੁ ਅਹਾ ਤਹਾ ਕਿਛੁ ਨਾਹੀ ਪੰਚ ਤਤੁ ਤਹ ਨਾਹੀ।”
– ਗਉ ਕਬ, ੫੨, ੧:੧ (334)

ਅਹਾਜੁ ----- (ਸੰ.) ਨਾ ਅੰਗੀਕਾਰ ਕਰਨ ਯੋਗ, ਨਾ ਖਾਣ ਯੋਗ, ਅਖਾਜ
“ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ।”
– ਸਾਰ ੪, ਵਾਰ ੧੪ਸ, ੧, ੨:੨ (1243)

ਅਹਾਰੁ ----- (ਸੰ.) ਭੋਜਨ, ਖੁਰਾਕ, ਖਾਣਾ
“ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ।”
– ਆਸਾ ਧੰਨਾ, ੩, ੧:੨ (488)

“ਜਨ ਕੀ ਭੂਖ ਤੇਰਾ ਨਾਮੁ ਅਹਾਰੁ।”
– ਸੂਹੀ ੫, ੩੨, ੩:੧ (743)

ਹੋਰ ਰੂਪ:

ਅਹਾਰੰ –
“ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ।”
– ਰਾਮ ੧, ਸਿਗੋ ੮:੪ (939)

ਅਹਾਰੋ –
“ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ।”
– ਰਾਮ ੧, ਸਿਗੋ ੭:੨ (939)

ਅਹਾੜੀ ---- ਬਿਕਰਮਈ ਚੰਦਰਵਰਸ਼ ਦੇ ਚੌਥੇ ਮਹੀਨੇ (‘ਹਾੜ’) ਦੀ
“ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ।”
– ਮਲਾ ੧, ਵਾਰ ੧੯ਸ, ੧, ੧:੫ (1286)

ਹੋਰ ਰੂਪ:

ਅਹਾੜੁ –
“ਸਾਵਣੁ ਰਾਤਿ ਅਹਾੜੁ ਦਿਹੁ ਕਾਮੁ ਕ੍ਰੋਧ ਦੁਇ ਖੇਤ।”
– ਰਾਮ ੩, ਵਾਰ ੧੭, ੧, ੧:੧ (955)

ਅਹਿ ------ (1) ਇਹ
“ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।”
– ਸੂਹੀ ਫਰ, ੨, ੩:੨ (794)
(2) ਇਸ
“ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਇਕ ਘੜੀ ਮੁਹਤੁ ਨ ਲਗੈ।”
– ਮਾਰੂ ੫, ਵਾਰ ੧੧:੩ (1098)
(3) ਅਹੰਕਾਰ
“ਰਾਮਚੰਦਿ ਮਾਰਿਓ ਅਹਿ ਰਾਵਣੁ।”
– ਰਾਮ ੧, ਸਿਗੋ ੪੦:੩ (942)

ਅਹਿਨਿਸਿ --- (ਸੰ. ; ਪ੍ਰੋ) (1) ਦਿਨ ਰਾਤ
“ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।”
– ਸਿਰੀ ੧, ੧੩, ੧:੨ (18)
(2) ਨਿਰੰਤਰ, ਸਦਾ, ਲਗਾਤਾਰ
“ਅਹਿਨਿਸਿ ਭਗਤਿ ਕਰੇ ਦਿਨ ਰਾਤੀ ਹਉਮੈ ਮਾਰਿ ਨਿਚੰਦੁ।”
– ਸਿਰੀ ੩, ੪੧, ੨:੨ (29)

ਅਹਿਰਖ ---- (ਸੰ.) ਈਰਖਾ, ਕਿਸੇ ਨੂੰ ਵੇਖ ਕੇ ਸੜਨਾ ਜਾਂ ਕੁੜਨਾ
“ਅਹਿਰਖ ਵਾਦੁ ਨ ਕੀਜੈ ਰੇ ਮਨ।”
– ਆਸਾ ਕਬ, ੧੬, ੧*:੧ (479)

ਅਹਿਲਾ ---- ਅ+ਲਾਹਾ, ਨਿਸਫਲ, ਬਿਨਾਂ ਲਾਭ ਦੇ (ਸ਼ਬਦਾਰਥ ਫ. ਆਲਾ) ਵਧੀਆ, ਉਤਮ (ਦਰਪਣ) ਸੋਹਣਾ (ਸੰਬਿਆ)
“ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ।”
– ਸਿਰੀ ੧, ਪਹ ੧, ੩:੪ (75)

ਅਹਿਲਾਦ --- (ਸੰ.) ਅਨੰਦ, ਖੁਸ਼ੀ
“ਮਾਤ ਪਿਤਾ ਬੰਧਪ ਹੈ ਸੋਈ ਮਨਿ ਹਰਿ ਕੋ ਅਹਿਲਾਦ।”
– ਸਾਰ ੫, ੧੧੭, ੧:੧ (1226)

ਅਹੀ ------ (1) (ਸੰ.), ਹੈ
“ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ।”
– ਸਾਰ ੫, ੯੩, ੨:੧ (1220)
(2) ਚਾਹਨਾ, ਖਾਹਿਸ਼ ਕਰਨਾ, ਲੋਚਨਾ

"ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ ਸਰਣਿ ਤੁਮਾਰੀ ਅਹੀ।"
– ਦੇਵ ੫, ੭, ੨:੧ (529)

ਹੋਰ ਰੂਪ:

ਅਹੀਐ –
"ਆਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ।"
– ਦੇਵ ੫, ੧੭, ੧:੨ (531)

ਅਹੀਰੁ ----- (ਸੰ.) ਗੁਆਲਾ, ਆਜੜੀ, ਵਗ ਚਾਰਨ ਵਾਲਾ
"ਗਲਾ ਬਾਂਧਿ ਦੁਹਿ ਲੇਇ ਅਹੀਰੁ।"
– ਸਾਰ ਨਾਮ, ੧, ੨:੨ (1252)

ਅਹੇ ------ (1) ਹੇ
"ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।"
– ਸਿਰੀ ਰਵਿ, ੧, ੧*:੧ (93)
(2) ਵਿਨਾਸ਼ ਹੋਏ
"ਸਾਧਸੰਗਿ ਮਿਲਿ ਹਰਿ ਗੁਨ ਗਾਏ ਜਮਦੂਤਨ ਕਉ ਤ੍ਰਾਸ ਅਹੇ।"
– ਬਿਲਾ ੫, ੧੦੩, ੧*:੨ (824)

ਅਹੇਰਾ ----- ਸ਼ਿਕਾਰ
"ਅਹੇਰਾ ਪਾਇਓ ਘਰ ਕੋ ਗਾਇ।"
– ਭੈਰ ੫, ੪, ੨:੨ (1136)

ਅਹੇਰੀ ----- ਸ਼ਿਕਾਰੀ
"ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ।"
– ਧਨਾ ਕਬ, ੨, ੧:੨ (692)

ਅਹੈ ------ ਹੈ
"ਜੋ ਕਿਛੁ ਅਹੈ ਸਭ ਤੇਰੀ ਰਜਾਇ।"
– ਭੈਰ ੧, ੧, ੧*:੨ (1125)

ਅਹੋ ------ ਵਾਹ, ਅਸਚਰਜਤਾ ਬੋਧ ਸ਼ਬਦ
"ਅਹੋ ਜਸੵ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ।"
– ਸਸ ੫, ੬:੨ (1354)

ਅਹੋਈ ----- ਅਹਿੰ ਵੰਸ ਵਿਚ ਹੋਣ ਵਾਲੀ ਇਕ ਦੇਵੀ ਜਿਸ ਦੀ ਪੂਜਾ ਕੁਆਰੀਆਂ ਲੜਕੀਆਂ ਨੌਰਾਤਿਆਂ ਵਿਚ ਉਸ ਦੀ ਮੂਰਤੀ ਬਣਾ ਅਸ਼ਟਮੀ ਨੂੰ ਵਰਤ ਰਖ ਕੇ ਤੇ ਕਤਕ ਦੀ ਚਾਣਨੀ ਏਕਮ ਨੰ ਜਲਪਰਵਾਹ ਕਰਕੇ ਕਰਦੀਆਂ ਹਨ।
"ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਅਹੋਈ ਰਾਖੈ ਨਾਰਿ।"
– ਸਲੋ ਕਬ, ੧੦੮:੧ (1370)

ਅਕ ------ (ਸੰ.) ਇਕ ਬੂਟਾ ਜਿਸ ਦੇ ਫੁਲ ਤੇ ਦੁੱਧ ਨੂੰ ਔਸ਼ਧੀ ਰੂਪ ਵਿਚ ਵਰਤਿਆ ਜਾਂਦਾ ਹੈ
"ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ।"
– ਗਉ ੫, ਵਾਰ ੭ਸ, ੫, ੧:੧ (319)

ਹੋਰ ਰੂਪ:

ਅਕਿ –
“ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ।”
– ਮਾਝ ੧, ਵਾਰ ੨੧ਸ, ੧, ੨:੨ (148)

ਅਕੁ –
“ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ।”
– ਮਾਝ ੧, ਵਾਰ ੨੧ਸ, ੧, ੭:੧ (147)

ਅੰਕਸੁ ----- (ਸੰ.) ਹਾਥੀ ਨੂੰ ਤੋਰਨ ਵਾਲਾ ਕੁੰਡਾ
“ਗੁਰੁ ਅੰਕਸੁ ਮਾਰਿ ਜੀਵਾਲਣਹਾਰਾ।”
– ਗਉ ੩, ੨੫, ੨:੪ (159)

ਅਕਹ ----- ਅਕਥਨੀਯ, ਜਿਸ ਨੂੰ ਬਿਆਨਿਆ ਨਾ ਜਾ ਸਕੇ
“ਅਕਹ ਕਹਾ ਕਹਿ ਕਾ ਸਮਝਾਵਾ।”
– ਗਉ ਕਬ, ਬਾਅ ੭:੪ (340)

ਅਕਹੀਉ ---- ਕਰਤਾਰ
“ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ”
– ਸਵ ੩, ੯:੨ (1394)

ਅਕਹੁ ----- ਅਕ ਤੋਂ
“ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ।”
– ਵਡ ੫, ਅਸ ੨, ੫:੨ (565)

ਅਕਤਿਡਾ --- ਅਕ ਉਪਰ ਰਹਿਣ ਵਾਲਾ ਇਕ ਤਿਡਾ (ਜੀਵ)
“ਅਕ ਸਿਉ ਪ੍ਰੀਤਿ ਕਰੇ ਅਕਤਿਡਾ ਅਕ ਡਾਲੀ ਬਹਿ ਖਾਇ।”
– ਮਲਾ ੧, ਵਾਰ ੧੯ਸ, ੧, ੨:੧ (1285)

ਅਕਥ ----- (ਸੰ.) (1) ਜਿਸ ਨੂੰ ਕਥਿਆ ਨਾ ਜਾ ਸਕੇ
“ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ।”
– ਗਉ ੫, ਸੋਹ ੫, ੨:੨ (13)

ਹੋਰ ਰੂਪ:

ਅਕਥਾ –
“ਅਕਥਾ ਹਰਿ ਅਕਥ ਕਥਾ ਕਿਛੁ ਜਾਇ ਨ ਜਾਣੀ ਰਾਮ।”
– ਆਸਾ ੫, ੨, ੧:੧ (453)

ਅਕਥੀ –
“ਅਕਥੀ ਕਥਉ ਚਿਹਨੁ ਨਹੀ ਕੋਈ ਪੂਰਿ ਰਹਿਆ ਮਨਿ ਭਾਇਦਾ।”
– ਮਾਰੂ ੧, ਸੋਲਾ ੧੩, ੮:੩ (1033)

ਅਕਥੁ –
“ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ।”
– ਸਿਰੀ ੫, ਛੰਤ ੩, ੫:੬ (81)

ਅਕਥੈ –

“ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ।”
– ਸੋਰ ੧, ਅਸ ੧, ੬:੨ (635)

ਅਕਥੋ –
“ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ।”
– ਸਿਰੀ ੧, ਅਸ ੧੦, ੬:੩ (59)

(2) ਰਬ, ਕਰਤਾਰ, ਪਰਮਾਤਮਾ
“ਅਕਥ ਕਥਉ ਨਹ ਕੀਮਤਿ ਪਾਈ।”
– ਆਸਾ ੧, ਅਸ ੨, ੬:੨ (412)

ਹੋਰ ਰੂਪ:

ਅਕਥੁ –
“ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ।”
– ਸਿਰੀ ੧, ਅਸ ੧੦, ੨:੧ (59)

“ਗੁਰਮੁਖਿ ਬੂਝੈ ਅਕਥੁ ਕਹਾਵੈ।”
– ਮਾਝ ੧, ਅਸ ੧, ੮:੧ (109)

ਅਕਥੋ –
“ਅਕਥੋ ਕਥੀਐ ਸਬਦਿ ਸੁਹਾਵੈ।”
– ਮਾਝ ੩, ਅਸ ੩੧, ੩:੧ (128)

ਅਕਥੌ –
“ਅਕਥੌ ਕਥਉ ਕਿਆ ਮੈ ਜੋਰੁ।”
– ਪ੍ਰਭਾ ੧, ੧੪, ੪:੧ (1331)

ਅਕਯਥ ---- ਅਕਾਰਥ, ਨਿਹਫਲ
“ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ।”
– ਸਵ ੪, ਨਲ ੮:੬ (1399)

ਅਕਰਖਤੇ --- (ਸੰ.)ਖਿਚਣਾ
“ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ।”
– ਸਸ ੫, ੭:੩ (1354)

ਅਕਰਣੰ ---- (ਸੰ.) ਨਾ ਕਰਨ ਯੋਗ
“ਅਕਰਣੰ ਕਰੋਤਿ ਅਖਾਦ੍ਿ ਖਾਦ੍ੰ ਅਸਾਜ੍ੰ ਸਾਜਿ ਸਮਜਯਾ।”
– ਸਸ ੫, ੪੮:੪ (1358)

ਅਕਰਮ ---- (ਸੰ.) ਕੁਕਰਮ, ਨਾ ਕਰਨ ਯੋਗ ਕਰਮ, ਮੰਦ ਕਰਮ, ਮਾੜੇ ਕੰਮ
“ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ।”
– ਗਉ ਰਵਿ, ਅਸ ੧, ੩:੧ (346)

ਹੋਰ ਰੂਪ:

ਅਕਰਮੰ –
“ਪਗ ਨਾਚਸਿ ਚਿਤੁ ਅਕਰਮੰ।”
– ਪ੍ਰਭਾ ਬੇਣੀ, ੧, ੩:੩ (1351)

ਅਕਰਮਾ ---- ਕਰਮ (ਬਖਸ਼ਿਸ਼) ਵਿਹੂਣਾ, ਮੰਦ ਭਾਗਾ

"ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ।"

– ਬਿਲਾ ੪, ੨, ੧:੨ (799)

ਅਕਲ ----- (1) ਕਲਾ ਰਹਿਤ, ਕਰਤਾਰ

"ਜਿਸੁ ਗੁਰ ਤੇ ਅਕਲ ਗਤਿ ਜਾਣੀ।"

– ਗਉ ੫, ਅਸ ੯, ੪:੨ (239)

ਹੋਰ ਰੂਪ:

ਅਕਲਹਿ –

"ਨਿਵਾਜ ਸੋਈ ਜੋ ਨਿਆਉ ਬਿਚਾਰੇ ਕਲਮਾ ਅਕਲਹਿ ਜਾਨੈ।"

– ਆਸਾ ਕਬ, ੧੭, ੩:੧ (480)

ਅਕਲੁ –

"ਅਕਲੁ ਗਾਇ ਜਮ ਤੇ ਕਿਆ ਡਰੀਐ।"

– ਮਾਰੂ ੧, ਸੋਲਾ ੨੦, ੩:੨ (1040)

(2) (ਸੰ.) (ਗਿਣਤੀ); ਅਕਲ=ਗਿਣਤੀ ਤੋਂ ਪਰਾਂ (ਪ੍ਰੋ. ਸਾਹਿਬ ਸਿੰਘ); (ਸੰ.) ਜੋ ਵਿਭਾਜਨ ਨਹੀਂ ਕੀਤਾ ਜਾ ਸਕਦਾ, ਅਖੰਡ (ਭਾਈ ਕਾਨ ਸਿੰਘ)

"ਅਕਲ ਕਲਾ ਸਚੁ ਸਾਚਿ ਟਿਕਾਵੈ।"

– ਆਸਾ ੧, ਅਸ ੭, ੪:੨ (414)

"ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ।"

– ਮਾਰੂ ੫, ਵਾਰ ੧੩:੧ (1098)

('ਸ਼ਬਦਾਰਥ' ਇਥੇ ਇਸ ਦੇ ਅਰਥ ਚੰਗੇ ਤੋਂ ਚੰਗਾ ਹੁਨਰ ਕਰਦਾ ਹੈ)

"ਸਦਾ ਅਕਲ ਲਿਵ ਰਹੇ ਕਰਨ ਸਿਉ ਇਛਾ ਚਾਰਹ।"

– ਸਵ ੨, ੬:੧ (1391)

('ਸ਼ਬਦਾਰਥ' ਇਸ ਦੇ ਅਰਥ ਬਣਾਵਟ ਤੋਂ ਰਹਿਤ ਕਰਦਾ ਹੈ)

(3) ਹੁਨਰ ਰਹਿਤ

"ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ।"

– ਆਸਾ ੧, ਵਾਰ ੧੨ਸ, ੧, ੨:੧ (469)

(4) (ਅ. ਅਕਲ) ਮਤ, ਬੁੱਧੀ

"ਕਾਲੂਬਿ ਅਕਲ ਮਨ ਗੋਰ ਨ ਮਾਨੀ।"

– ਮਲਾ ੧, ਵਾਰ ੨੭ਸ, ੧, ੨:੨ (1291)

ਹੋਰ ਰੂਪ:

ਅਕਲਿ –

"ਗੁਰਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ।"

– ਗਉ ਕਬ, ੪੭, ੧*:੨ (333)

ਅਕਲੀ –

"ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ।"

– ਗਉ ੧, ਅਸ ੧੮, ੨:੧ (229)

ਅਕਲਪਤ --- (ਸੰ) ਕਲਪਨਾ ਤੋਂ ਉਪਰ, ਜਿਸ ਦਾ ਖਿਆਲ ਨਾ ਕੀਤਾ ਜਾ ਸਕੇ

“ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ।”
– ਰਾਮ ੧, ਸਿਗੋ ੨੩:੨ (940)

ਅਕਾਸ ----- (1) (ਸੰ.) ਅਸਮਾਨ, ਅੰਬਰ
“ਕਈ ਕੋਟ ਅਕਾਸ ਬ੍ਰਹਮੰਡ।”
– ਗਉ ੫, ਸੁਖ ੧੦, ੭:੨ (276)

ਹੋਰ ਰੂਪ:

ਅਕਾਸੰ –
“ਆਪੇ ਧਰਤੀ ਧਉਲੁ ਅਕਾਸੰ।”
– ਮਾਰੂ ੧, ਸੋਲਾ ੨, ੧:੧ (1021)

ਅਕਾਸਿ –
“ਜਉ ਗੁਰਦੇਉ ਤ ਸੀਸੁ ਅਕਾਸਿ।”
– ਭੈਰ ਨਾਮ, ੧੧, ੪:੩ (1166)

ਅਕਾਸੁ –
“ਧਰਨਿ ਅਕਾਸੁ ਦਸੋਦਿਸ ਨਾਹੀ ਤਬ ਇਹ ਨੰਦੁ ਕਹਾ ਥੋ ਰੇ।”
– ਗਉ ਕਬ, ੭੦, ੧*:੨ (338)

(2) ਸਵਰਗ
“ਸੰਤ ਕਾ ਨਿੰਦਕੁ ਅਕਾਸ ਤੇ ਟਾਰਉ।”
– ਗੋਂਡ ੫, ੧੮, ੧:੨ (867)

ਅਕਾਜੁ ----- (ਸੰ.) ਬਿਰਥਾ, ਫਜ਼ੂਲ
“ਬੀਤ ਜੈਹੈ ਬੀਤ ਜੈਹੈ ਜਨਮੁ ਅਕਾਜੁ ਰੇ।”
– ਜੈਜਾ ੯, ੪, ੧:੧ (1352)

ਅਕਾਥ ----- (ਸੰ.) ਅਕਾਰਥ, ਬੇਅਰਥ, ਨਿਰਪ੍ਰਯੋਜਨ
“ਤੂ ਹਮਰੋ ਪ੍ਰੀਤਮੁ ਮਨ ਮੋਹਨੁ ਤੁਝ ਬਿਨੁ ਜੀਵਨੁ ਸਗਲ ਅਕਾਥ।”
– ਬਿਲਾ ੫, ੧੨੨, ੧*:੨ (828)

ਹੋਰ ਰੂਪ:

ਅਕਾਥਾ –
“ਤਿਨ ਸਾਧੂ ਚਰਣ ਨ ਸੇਵੇ ਕਬਹੂ ਤਿਨ ਸਭੁ ਜਨਮੁ ਅਕਾਥਾ।”
– ਜੈਤ ੪, ੧, ੨:੨ (696)

ਅਕਾਰ ----- (ਸੰ.) (1) ਸ਼ਕਲ, ਸੂਰਤ, ਸ਼ਕਲ ਵਿਚ ਆਈ ਰਚਨਾ
“ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ।”
– ਗੂਜ ੧, ਅਸ ੨, ੪:੧ (504)

ਹੋਰ ਰੂਪ:

ਅਕਾਰਾ –
“ਪਵਨਿ ਪਰੋਇਓ ਸਗਲ ਅਕਾਰਾ ਪਾਵਕ ਕਾਸਟ ਸੰਗੇ।”
– ਸਾਰ ੫, ਅਸ ੧, ੩:੧ (1235)

ਅਕਾਰੁ –

"ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ।"
– ਸਿਰੀ ੪, ਵਾਰ ੧ਸ, ੩, ੧:੪ (83)

(2) ਅਕਾਰ ਸਹਿਤ, ਸਾਕਾਰ
"ਆਪਿ ਅਕਾਰ ਆਪਿ ਨਿਰੰਕਾਰ।"
– ਗੋਂਡ ੫, ੫, ੩:੩ (863)

(3) ਦ੍ਰਿਸ਼ਟਮਾਨ ਸੰਸਾਰ
"ਬ੍ਰਹਮ ਗਿਆਨੀ ਕਾ ਸਗਲ ਅਕਾਰੁ।"
– ਗਉ ੫, ਸੁਖ ੮, ੮:੭ (274)

ਅਕਾਰਥ ---- ਵੇਖੋ 'ਅਕਾਥ', ਨਿਰਾਰਥਿਕ, ਪ੍ਰਯੋਜਨਹੀਨ, ਵਿਅਰਥ, ਨਿਸਫਲ
"ਮਾਨਸ ਜਨਮੁ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ।"
– ਆਸਾ ੯, ੧, ੨:੧ (411)

ਹੋਰ ਰੂਪ:

ਅਕਾਰਥੁ –
"ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ।"
– ਸੋਰ ੯, ੧੦, ੧:੧ (633)

ਅਕਾਲ ----- ਵਾਹਿਗੁਰੂ ਜੋ ਸਮੇ ਦੀ ਪਕੜ ਤੋਂ ਉਪਰ ਹੈ
"ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ।"
– ਮਾਰੂ ੧, ਸੋਲਾ ੧੮, ੩:੧ (1038)

"ਅਕਾਲ ਮੂਰਤਿ।"
– ਜਪੁ* (1)

"ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ।"
– ਰਾਮ ੫, ਅਸ ੬, ੧੮:੧ (916)

"ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ।"
– ਮਾਰੂ ੫, ੧੧, ੭:੨ (1082)

ਹੋਰ ਰੂਪ:

ਅਕਾਲਿ –
"ਹਮ ਪੰਖੀ ਮਨ ਕਰਹਲੇ ਹਰਿ ਤਰਵਰੁ ਪੁਰਖੁ ਅਕਾਲਿ।"
– ਗਉ ੪, ਕਰ ੨, ੧੦:੧ (235)

ਅਕਾਲੁ ----- (1) ਚਿਰਜੀਵੀ, ਅਬਿਨਾਸ਼ੀ
"ਕਾਲ ਅਕਾਲੁ ਖਸਮ ਕਾ ਕੀਨਾ ਇਹੁ ਪਰਪੰਚੁ ਬਧਾਵਨ।"
– ਮਾਰੂ ਕਬ, ੬, ੨:੧ (1104)

"ਸਿਮਰੈ ਕਾਲੁ ਅਕਾਲੁ ਸੁਚਿ ਸੋਚਾ।"
– ਮਾਰੂ ੫, ਸੋਲਾ ੮, ੭:੨ (1079)

ਅੰਕਿ ------ (ਸੰ.) (1) ਅੰਗ, ਗੋਦ, ਸਰੀਰ, ਨਿਕਟਤਾ, ਸਮੀਪਤਾ
"ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।"
– ਸਿਰੀ ੧, ੧੦, ੧:੧ (17)

(ਇਕ ਗੋਦ ਵਿਚ ਖੇਡੀਆਂ (ਪਿਆਰੀਆਂ) ਸਹੇਲੀਆਂ ਅਥਵਾ ਸਮੀਪਤਾ ਵਿਚ ਰਹੀਆਂ ਸਹੇਲੀਆਂ)

"ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ।" (ਅੰਗ ਨਾਲ, ਗੋਦੀ ਵਿਚ)

– ਸਿਰੀ ੧, ਅਸ ੧੩, ੧*:੨ (60)

(2) ਦਿਲ ਵਿਚ (ਭਾਵ ਕਬੂਲ ਕਰੇ)

"ਗੁਰ ਕਾ ਕਹਿਆ ਅੰਕਿ ਸਮਾਵੈ।"

– ਰਾਮ ੧, ਓਅੰ ੨੭:੩ (933)

" ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ।"

– ਤੁਖਾ ੧, ਬਾਰਾ ੨:੩ (1107)

"ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ।" (ਹਿਰਦੇ ਵਿਚ)

– ਤੁਖਾ ੧, ਬਾਰਾ ੧੫:੨ (1109)

ਹੋਰ ਰੂਪ:

ਅੰਕੁ –

"ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ।"

– ਸੂਹੀ ੧, ਛੰਤ ੫, ੮:੩ (767)

ਅੰਕੇ –

"ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ।"

– ਤੁਖਾ ੧, ਬਾਰਾ ੧੫:੩ (1109)

(3) ਪਹਿਰਾਵਾ, ਲਬਾਸ (ਇਹ ਅਰਥ ਕੇਵਲ ਮਹਾਨ ਕੋਸ਼ ਦੇ ਹਨ, ਸੰਥਿਆ ਤੇ ਦਰਪਣ ਇਥੇ ਵੀ ਅਰਥ 'ਅੰਗ' ਹੀ ਕਰਦੇ ਹਨ)

"ਅੰਕੁ ਜਲਉ ਤਨ ਜਾਲੀਅਉ ਮਨੁ ਧਨੁ ਬਲਿ ਬਲਿ ਜਾਇ"

– ਸਿਰੀ ੧, ਅਸ ੨, ੭:੨ (54)

ਅਕਿਰਤਘਣ – (ਸੰ.) ਉਪਕਾਰ ਨੂੰ ਭੁਲਾ ਦੇਣ ਵਾਲਾ

"ਕੀਆ ਨ ਜਾਣੈ ਅਕਿਰਤਘਣ ਵਿਚਿ ਜੋਨੀ ਫਿਰਤੇ।"

– ਗਉ ੪, ਵਾਰ ੩੨:੫ (317)

ਹੋਰ ਰੂਪ:

ਅਕਿਰਤਘਣਾ –

"ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ।"

– ਸਿਰੀ ੫, ੮੩, ੪:੪ (47)

ਅਕਿਰਤਘਣੈ –

"ਅਕਿਰਤਘਣੈ ਕਉ ਰਖੈ ਨ ਕੋਈ ਨਰਕ ਘੋਰ ਮਹਿ ਪਾਵਣਾ।"

– ਮਾਰੂ ੫, ਸੋਲਾ ੧੪, ੭:੩ (1086)

ਅਕਿਰਤਘਨਾ –

"ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ।"

– ਬਿਹਾ ੫, ਛੰਤ ੮, ੩:੨ (547)

ਅਕਿਰਤਘਨਾਰੇ –

"ਤੁਮ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ।"

– ਬਿਲਾ ੫, ੩੪, ੩:੧ (809)

ਅਕ੍ਰਿਤਘਣੁ –
“ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ।”
– ਬਿਹਾ ੫, ਛੰਤ ੭, ੩:੧ (546)
ਅਕ੍ਰਿਤਘਨ –
“ਕੋਟਿ ਪਰਾਧ ਮਹਾ ਅਕ੍ਰਿਤਘਨ ਬਹੁਰਿ ਬਹੁਰਿ ਪ੍ਰਭ ਸਹੀਐ।”
– ਦੇਵ ੫, ੧੭, ੨:੧ (531)

ਅੰਕੁਰ ----- (ਸੰ.) (1) ਕੂਮਲ, ਅੰਗੂਰ
“ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।”
– ਗਉ ੫, ੧੧੯*, ੨:੧ (204)

ਹੋਰ ਰੂਪ:

ਅੰਕੁਰਿ –
“ਗਹਿ ਭੁਜਾ ਲੀਨੀ ਦਾਸਿ ਕੀਨੀ ਅੰਕੁਰਿ ਉਦੋਤੁ ਜਣਾਇਆ।”
– ਬਿਲਾ ੫, ਛੰਤ ੨, ੩:੩ (846)
ਅੰਕੁਰੁ –
“ਗਹਿ ਕੰਠਿ ਲਾਏ ਸਹਜਿ ਸੁਭਾਏ ਆਦਿ ਅੰਕੁਰੁ ਆਇਆ।”
– ਬਿਹਾ ੫, ਛੰਤ ੭, ੫:੫ (547)
(2) ਭਾਗ, ਨਸੀਬ
“ਸਹਿਜ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ।”
– ਟੋਡੀ ੫, ੨੮, ੧*:੨ (717)
“ਪਰਾ ਪੂਰਬਲਾ ਅੰਕੁਰੁ ਜਾਗਿਆ।”
– ਸੋਰ ੫, ੭੨, ੨:੧ (627)
(3) ਬੀਜ, ਮੂਲ, ਜੜ
“ਜਾਨਿ ਬੂਝਿ ਅਪਨਾ ਕੀਓ ਨਾਨਕ ਭਗਤਨ ਕਾ ਅੰਕੁਰੁ ਰਾਖਿਓ।”
– ਧਨਾ ੫, ੨੬, ੨:੨ (677)

ਅਕੁਲ ----- ਕੁਲ ਰਹਿਤ, (ਪ੍ਰਭੂ)
“ਅਕੁਲ ਨਿਰੰਜਨ ਏਕੈ ਭਾਇ।”
– ਗਉ ਕਬ, ਥਿਤੀ ੩:੪ (343)
“ਤਾ ਮਹਿ ਅਕੁਲ ਮਹਾ ਨਿਧਿ ਰਾਇਆ।”
– ਗਉ ਕਬ, ਥਿਤੀ ੯:੨ (343)

ਹੋਰ ਰੂਪ:

ਅਕੁਲੁ –
“ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ।”
– ਗਉ ਕਬ, ੪੫, ੪:੨ (332)

ਅਕੁਲੀਣਿ --- ਕੁਲ ਰਹਿਤ
“ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ।”
– ਰਾਮ ੧, ਸਿਗੋ ੬੭:੩ (945)

ਅਕੂਅਣਾ --- (ਸੰ. ਧਾਤੂ, ਸ਼ਬਦ ਕਰਨਾ, ਬੋਲਣਾ) ਨਾ ਬੋਲਣ ਵਾਲਾ, ਮੋਨੀ

"ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ।"
– ਵਡ ੧, ੨, ੩:੨ (557)

ਅਕੂਰੁ ----- ਅਕਰੂਰ, ਕੰਸ ਦਾ ਭਰਾ ਜੋ ਕ੍ਰਿਸ਼ਨ ਜੀ ਦਾ ਭਗਤ ਸੀ ਤੇ ਰਿਸ਼ਤੇ ਵਿਚ ਚਾਚਾ
"ਜਾਗੈ ਸੁਕਦੇਉ ਅਰੁ ਅਕੂਰੁ।"
– ਬਸੰ ਕਬ, ੨, ੨:੧ (1193)

ਹੋਰ ਰੂਪ:

ਅਕ੍ਰੂਰੁ –
"ਉਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ।"
–ਸਵ ੧, ੪:੩ (1390)

ਅਕੇਲਾ ----- ਇਕੱਲਾ, ਸਾਥੀ ਤੋਂ ਬਿਨਾਂ
"ਮਰਘਟ ਲਉ ਸਭੁ ਲੋਗੁ ਕੁਟੰਬ ਭਇਓ ਆਗੈ ਹੰਸੁ ਅਕੇਲਾ।"
– ਸੋਰ ਕਬ, ੨, ੩:੨ (654)

ਹੋਰ ਰੂਪ:

ਅਕੇਲੀ –
"ਬਛਰੇ ਬਿਨੁ ਗਾਇ ਅਕੇਲੀ।"
–ਗੋਂਡ ਨਾਮੁ, ੪, ੧:੨ (874)

ਅਕੈ ------ ਜਾਂ
"ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ
ਏਹੁ ਹਰਿ ਧਨੁ ਜੋਰਿ ਕੀਤੈ ਕਿਸੈ ਨਾਲਿ ਨ ਜਾਇ ਵੰਡਾਇਆ।"
– ਬਿਲਾ ੪, ਵਾਰ ੯:੨ (853)

ਅਕੋਰਿ ----- ਭੇਟਾ
"ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ।"
– ਜੈਤ ੫, ੯, ੧*:੨ (701)

ਅਖਇਓ ---- (ਸੰ.) ਨਾਸ ਰਹਿਤ, ਅਵਿਨਾਸੀ
"ਅਟਲ ਅਖਇਓ ਦੇਵਾ ਮੋਹਨ ਅਲਖ ਅਪਾਰਾ।"
– ਮਾਰੂ ੫, ੨੨, ੪:੧ (1006)

ਅਖੰਡ ----- (1) (ਸੰ.) ਨਿਰੰਤਰ, ਲਗਾਤਾਰ
"ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ।"
– ਗਉ ੫, ਅਸ ੨, ੮:੩ (236)

ਹੋਰ ਰੂਪ:

ਅਖੰਡਲੀ –
"ਜੋਗ ਜੁਗਤਿ ਗਿਆਨ ਭੁਗਤਿ ਸੁਰਤਿ ਸਬਦ ਤਤ ਬੇਤੇ ਜਪੁ ਤਪੁ ਅਖੰਡਲੀ।"
– ਕਲਿ ੫, ੫, ੨:੧ (1322)

2. ਅਵਿਵਾਜਿਤ, ਪੂਰਨ, ਇਕਾਗਰ
"ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨ ਬਜਾਵਉਗੋ।"

– ਰਾਮ ਨਾਮ, ੨, ੧:੨ (972)

“ਅਹਿਨਿਸਿ ਅਖੰਡ ਸੁਰਹੀ ਜਾਇ।”

– ਗਉ ਕਬ, ਵਾ, ੧:੩ (344)

3. ਅਟੱਲ (ਭਾਵ)

“ਨਾਨਕ ਦਾਸ ਤਾ ਕੀ ਸਰਨਾਈ ਜਾ ਕੋ ਸਬਦੁ ਅਖੰਡ ਅਪਾਰ।”

– ਬਿਲਾ ੫, ੨੭, ੨:੧ (807)

4. ਅਤੁੱਟ

“ਅਖੰਡ ਪੂਰਨ ਜਾ ਕੋ ਪ੍ਰਤਾਪੁ।”

– ਬਸੰ ੫, ੧੨, ੪:੨ (1183)

ਅਖਰ ----- (ਸੰ.) (1) ਵਰਣ, ਲਿਪੀ ਚਿੰਨ੍ਹ

“ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ।”

– ਸਾਰ ੧, ਵਾਰ ੨੨ਸ, ੧, ੨:੫ (1246)

“ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ।”

– ਸੋਰ ਰਵਿ, ੪, ੨:੧ (658)

ਹੋਰ ਰੂਪ:

ਅਖਰੀ –

“ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ।”

– ਰਾਮ ੧, ਓਅੰ ੩੨:੫ (934)

ਅਖਰੁ –

“ਸਕਿਆ ਨ ਅਖਰੁ ਏਕੁ ਪਛਾਨਿ।”

– ਗਉ ਕਬ, ਬਾਅ ੪੫:੨ (343)

ਅਛਰ –

“ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ।”

– ਗਉ ਕਬ, ਬਾਅ ੧:੧ (340)

(2) ਪ੍ਰਭੂ, ਇਕਸਾਰ ਰਹਿਣ ਵਾਲਾ

“ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ।”

– ਗਉ ਕਬ, ਬਾਅ ੧:੨ (340)

(3) ਵਿਦਿਆ, ਪੁਸਤਕਾਂ (ਨਿਰੁਕਤ)

“ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ।”

– ਸਿਰੀ ੧, ਅਸ ੧੨, ੪:੧ (61)

ਹੋਰ ਰੂਪ:

ਅਖਰੁ –

“ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ।”

– ਆਸਾ ੧, ਵਾਰ ੧੯:੪ (473)

(4) ਸ਼ਬਦ

“ਹਰਿ ਹਰਿ ਅਖਰ ਮਨ ਮਹਿ ਲੇਖੁ।”

– ਗਉ ੫, ੧੩੧, ੩:੨ (192)

“ਅਖਰ ਕਰਿ ਕਰਿ ਬੇਦ ਬੀਚਾਰੇ।”

ਗਉ ੫, ਬਾਅ ੫੪:੨ (261)

"ਹਰਿ ਹਰਿ ਅਖਰ ਦੁਇ ਇਹ ਮਾਲਾ।"

– ਆਸਾ ੫, ੭੦, ੧:੧ (388)

ਹੋਰ ਰੂਪ:

ਅਖਰਾ –

"ਅਖਰਾ ਸਿਰਿ ਸੰਜੋਗੁ ਵਖਾਣਿ।"

– ਜਪੁ ੧੯:੭ (4)

ਅਖਰੀ –

"ਅਖਰੀ ਨਾਮੁ ਅਖਰੀ ਸਾਲਾਹ ਅਖਰੀ ਗਿਆਨ ਗੀਤ ਗੁਣ ਗਾਹ।"

– ਜਪੁ ੧੯:੪; ੫ (4)

ਅਖਰੁ –

"ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ।"

– ਗਉ ੫, ਬਾਅ ੫੪ਸ:੨ (261)

(5) (ਸ.) ਅਟੱਲ, ਬਚਨ ਜੋ ਨਾਸ਼ ਨ ਹੋਣ

"ਲੇਹੁ ਅਖਰੁ ਤਿਨਿ ਆਖਿਆ ਜਿਨਿ ਜਗਤੁ ਸਭੁ ਉਪਾਇਆ।"

– ਗਉ ੪, ਵਾਰ ੧੨ਸ, ੪, ੧:੯ (306)

ਅਖਰੁ ----- (1) ਸਿਖਿਆ ਉਪਦੇਸ਼ ਵੇਖੋ ਅੱਖਰ (5)

"ਅਖਰੁ ਨਾਨਕ ਅਖਿਉ ਆਪ।"

– ਮਝਿ ੧, ਵਾਰ ੨੭ਸ, ੧, ੨:੬ (150)

"ਨਾਨਕ ਮਨਮੁਖਿ ਬੋਲਣੁ ਵਾਉ। ਅੰਧਾ ਅਖਰੁ ਵਾਉ ਦੁਆਉ।"

– ਗਉ ੧, ੧, ੩:੪ (151)

(2) ਮੰਤਰ

"ਕਵਣੁ ਸੁ ਅਖਰੁ ਕਵਣ ਗੁਣ ਕਵਣੁ ਸੁ ਮਣੀਆ ਮੰਤੁ।"

– ਸਲੋ ਫਰ, ੧੨੬:੧ (1384)

(3) ਵਰਣ, ਵੇਖੋ 'ਅਖਰ' (1)

(4) ਵਿਦਿਆ, ਵੇਖੋ 'ਅਖਰ' (3)

ਅਖਲੀ ----- (1) ਲਮਢੀਂਗ (ਇਕ ਪੰਛੀ – ਫਰੀਦਕੋਟ; ਦਰਪਨ)

(2) (ਸੰ.) ਸਮਗਰ, ਅਖਿਲ (ਸਾਰੇ, ਸਭ) (ਸ਼ਬਦਾਰਥ, ਮਹਾਨ ਕੋਸ਼)

(3) (ਸੰ.) ਸਵੈ ਇਛਾ (ਮਨ ਮਰਜੀ ਨਾਲ, ਨਿਰੁਕਤ)

"ਅਖਲੀ ਊਂਡੀ ਜਲੁ ਭਰ ਨਾਲਿ।"

– ਮਲਾ ੧, ਅਸ ੪, ੧:੧ (1275)

ਅਖੜੀਆ --- ਵੇਖੋ 'ਅਖੀ', ਪਿਆਰੀਆਂ ਅਖਾਂ।

"ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।"

– ਮਾਰੂ ੫, ਵਾਰ ੧੬ਸ, ੫, ੩:੨ (1100)

ਹੋਰ ਰੂਪ:

ਅਖੜੀਆਂ –

"ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।"

– ਵਡ ੫, ਛੰਤ ੨, ੨ਸ:੨ (577)

ਅਖਾਇਦਾ --- ਅਖਵਾਉਂਦਾ, ਕਹਾਉਂਦਾ
"ਵਾਹੁ ਵਾਹੁ ਆਪਿ ਅਖਾਇਦਾ ਗੁਰੁ ਸਬਦੀ ਸਚੁ ਸੋਇ।"
– ਗੂਜ, ਵਾਰ, ੧੪ਸ, ੩, ੧:੧ (514)

ਅਖਾਏ ----- ਅਖਵਾਏ
"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।"
– ਗਉ ੪ਠ ਵਾਰ ੧੧ਸ, ੪, ੨:੧ (305)

ਅਖਾਦਿ ---- (ਸੰ.) ਨਾ ਖਾਣ ਯੋਗ
"ਅਕਰਣੰ ਕਰੋਤਿ ਅਖਾਦ੍ਿ ਖਾਦ੍ੰ ਅਸਾਜੵੰ ਸਾਜਿ ਸਮਜਯਾ।"
– ਸਸ ੫, ੪੮:੪ (1358)

ਹੋਰ ਰੂਪ:

ਅਖਾਧਿ –
"ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ।"
– ਆਸਾ ੫, ੧੨੫, ੩:੧ (401)

ਅਖਾਰਾ ---- (ਸੰ.) ਵੇਖੋ 'ਅਖਾੜਾ' ਪਿੜ, ਜਿਥੇ ਤਮਾਸ਼ਾ ਕੀਤਾ ਜਾਵੇ
"ਜਿਉ ਬੇਸਬਾ ਕੇ ਪਰੇ ਅਖਾਰਾ।"
– ਭੈਰ ਨਾਮ, ੮, ੩:੧ (1165)

ਅਖਾਰੇ ----- (1) ਸਮਾਗਮ ਸਥਾਨ, ਇਕੱਠੇ ਹੋਣ ਦੀ ਥਾਂ, ਸੰਤਾਂ/ਸਾਧੂਆਂ ਦਾ ਡੇਰਾ
"ਤਹ ਸਹਜ ਅਖਾਰੇ ਅਨੇਕ ਅਨੰਤਾ।"
– ਗਉ ੫, ੧੦੪, ੩:੧ (186)
(2) ਇਕਠ, ਜੋੜ ਮੇਲ।
"ਤਹ ਗੀਤ ਨਾਦ ਅਖਾਰੇ ਸੰਗਾ।"
– ਸੂਹੀ ੫, ੧੨, ੨:੧ (739)
"ਕੋਟਿ ਅਖਾਰੇ ਚਲਿਤ ਬਿਸਮਾਦ।"
– ਭੈਰ ੫, ਅਸ ੨, ੪:੨ (1156)

ਅਖਾੜਾ ---- (ਸੰ.) (1) ਰੰਗ ਭੂਮੀ, ਜਿਥੇ ਤਮਾਸ਼ਾ ਕੀਤਾ ਜਾਵੇ, ਪਿੜ
"ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ।"
– ਮਾਝ ੫, ੩੧, ੨:੩ (103)
"ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ।"
– ਬਿਹਾ ੫, ਛੰਤ ੧, ੧:੨ (542)
(2) ਖੇਤਰ
"ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ
ਜਿਨਿ ਆਪਣੇ ਜੋਰਿ ਸਭਿ ਆਣਿ ਨਿਵਾਏ।"
– ਗਉ ੪, ਵਾਰ ੧੪ਸ, ੪, ੨:੩ (308)
(3) (ਸੰ.) ਰਣ ਭੂਮੀ
"ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ।"

– ਆਸਾ ੫, ਛੰਤ ੧, ੪:੨ (453)

ਅਖਾੜੈ ----- ਹਾੜ (ਅਹਾੜ੍ਹ) ਦੀ
"ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।"
– ਰਾਮ ੫, ਰੁਤੀ ੩:੧ (928)

ਅਖਿਓ ----- ਕਹਿਆ, ਆਖਿਆ
"ਅਖਰ ਨਾਨਕ ਅਖਿਓ ਆਪਿ।"
– ਮਾਝ ੧, ਵਾਰ ੨੭ਸ, ੧, ੨:੬ (150)

ਅਖੀ ------ ਸਰੀਰ ਦਾ ਉਹ ਅੰਗ ਜਿਸ ਨਾਲ ਜੀਵ ਵੇਖਦਾ ਹੈ, ਨੇਤਰ
"ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ।"
– ਸਿਰੀ ੧, ਪਹ ੨, ੪:੨ (76)

ਹੋਰ ਰੂਪ:

ਅਖੰੀ
"ਅਖੰੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ।"
– ਸਾਰ ੪, ਵਾਰ ੧੧ਸ, ੧, ੨:੧ (1241)

ਅਖੀਅਨ –
"ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ ਅਖੀਅਨ ਕਉ ਸੰਤੋਖੁ ਪ੍ਰਭ ਦਰਸਨ।"
– ਕਾਨ ੫, ੨੯, ੧*:੨ (1303)

ਅਖੁਟ ----- ਜੋ ਨ ਮੁਕੇ, ਅਮੁਕ, ਅਤੁਟ
"ਅਨਦਿਨੁ ਲਾਹਾ ਹਰਿਨਾਮੁ ਲੈਨਿ ਅਖੁਟ ਭਰੇ ਭੰਡਾਰ।"
– ਸਿਰੀ ੩, ਅਸ ੨੩, ੧੦:੨ (68)

ਹੋਰ ਰੂਪ:

ਅਖੁਟਉ –
"ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ।"
– ਮਾਰੂ ੩, ਵਾਰ ੧੩ਸ, ੧, ੨:੧ (1090)

ਅਖੁਟੁ –
"ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ।"
– ਸਰੀ ੩, ੩੪, ੩:੪ (26)

ਅਖੂਟ –
"ਭਰੇ ਭੰਡਾਰ ਅਖੂਟ ਅਤੋਲ।"
– ਗਉ ੫, ੧੦੦, ੨:੨ (180)

ਅਖੂਟੁ –
"ਮੈ ਸੋ ਧਨੁ ਪਲੈ ਸਾਚੁ ਅਖੂਟੁ।"
– ਆਸਾ ੧, ਅਸ ੫, ੪:੩ (414)

ਅਖੁਟੀ ----- (ਸੰ. ਕੁਚਾਲ) ਖੋਟੇ ਰਾਹ, ਕੁਮਾਰਗ
"ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।"
– ਬਿਹਾ ੪, ਵਾਰ ੨੦ਸ, ੧, ੨:੧ (556)

ਅਖੈ ------ (ਸੰ.) (1) ਜਿਸ ਦਾ ਨਾਸ ਨਾ ਹੋਵੇ, ਅਵਿਨਾਸ਼ੀ।
“ਤਉ ਹੋਇ ਨਿਖਿਅਉ ਅਖੈ ਪਦੁ ਲਹੈ।”
- ਗਉ ਕਬ, ਬਾਅ ੮:੪ (341)

(2) ਅਮੁਕ (ਨਿਰੁਕਤ, ਕੇਵਲ)
“ਹਰਿ ਕਾ ਨਾਮੁ ਅਖੈ ਨਿਧਿ ਅਪੵਉ।”
- ਸਵ ੪, ਗਯੰ ੧:੧੪ (1404)

ਅਖੋਟ ----- ਅਖੁਟ, ਅਮੁਕ (ਖੋਟ ਰਹਿਤ - ਮਹਾਨ ਕੋਸ਼)
“ਲਾਲ ਪਦਾਰਥ ਸਾਚੁ ਅਖੋਟ।”
- ਰਾਮ ੧, ਓਅੰ ੨੭:੬ (933)

ਅਖੵਉ ----- ਵੇਖੋ ‘ਅਖੈ’ ਨਾਸ ਰਹਿਤ, ਅਵਿਨਾਸ਼ੀ
“ਪੂਰਾ ਗੁਰੁ ਅਖੵਉ ਜਾ ਕਾ ਮੰਤ੍ਰੁ।”
- ਗਉ ੫, ਸੁਖ ੧੮, ੪:੭ (287)

ਅੰਗ ------ (1) ਪਾਲਣ ਵਾਲਾ
“ਬੇਵਜੀਰ ਬਡੇ ਧੀਰਿ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ।” (ਧਰਮ ਪਾਲਣ ਵਾਲਾ)
- ਸਵ ੪, ਗਯੰ ੮:੨ (1403)

(2) ਭਾਗ, ਹਿੱਸੇ
“ਦੁਤੀਆ ਦੁਹ ਕਰਿ ਜਾਨੈ ਅੰਗ।”
- ਗਉ ਕਬ, ਥਿਤੀ ੩:੧ (343)

(3) ਸਰੀਰ ਦੇ ਅੰਗ
“ਕਹਿ ਕਬੀਰ ਤਬ ਨਿਰਮਲ ਅੰਗ”
- ਗਉ ਕਬ, ਵਾਰ ੮:੪ (345)
“ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ।”
- ਕਲਿ ੫, ੪, ੧*:੨ (1322)

ਹੋਰ ਰੂਪ:

ਅੰਗੁ -
“ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।”
- ਸਲੋ ਫਰ, ੩੦:੧ (1379)
“ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ।”
- ਗੂਜ ੫, ਵਾਰ ੧੮ਸ, ੫, ੨:੧ (523)

ਅੰਗੇ -
“ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ।”
- ਕਲਿ ੫, ੪, ੧*:੨ (1322)

(4) (ਸੰ.) ਸਰੀਰ
“ਅੰਗ ਸੰਗਿ ਲਾਗੇ ਦੂਖ ਭਾਗੇ ਪ੍ਰਾਣ ਮਨ ਤਨ ਸਭ ਹਰੇ।”
- ਆਸਾ ੫, ਛੰਤ ੧੦, ੨:੪ (459)
“ਅੰਗ ਸੰਗਿ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ।”
- ਗੂਜ ੫, ਅਸ ੨, ੮:੨ (508)

"ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ।"
– ਚਉ ੫, ੧੧:੧ (1364)

ਹੋਰ ਰੂਪ:

ਅੰਗਿ – (ਭਾਵ ਗਲੇ ਨਾਲ)
"ਜੋ ਪਿਰਿ ਮੇਲਿ ਲਈ ਅੰਗਿ ਲਾਏ।"
– ਮਾਝ ੫, ੧੧, ੪:੨ (97)
"ਧ੍ਰਿਗੁ ਧਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ।"
– ਬਿਲਾ ੩, ੧, ੧:੧ (796)
ਅੰਗੁ –
"ਜਉ ਤਨੁ ਚੀਰਹਿ ਅੰਗੁ ਨਾ ਮੋਰਉ।"
– ਆਸਾ ਕਬ, ੩੫, ੨:੧ (484)

ਅਗਹ ----- (1) ਜੋ ਫੜਿਆ ਨਾ ਜਾ ਸਕੇ, ਗ੍ਰਹਿਣ ਨ ਕੀਤਾ ਜਾ ਸਕੇ
"ਸਰਬ ਸੁਖਾ ਮੈ ਤੁਝ ਤੇ ਪਾਏ ਮੇਰੇ ਠਾਕੁਰ ਅਗਹ ਅਤੋਲੇ।"
– ਗਉ ੫, ੧੨੮*, ੧:੨ (207)
"ਅਗਹ ਅਤੋਲਾ ਨਾਮੋ।"
– ਮਾਰੂ ੫, ੨੩, ੧*:੨ (1006)
(2) ਅਥਾਹ, ਅਗਾਧ
"ਰਸਨਾ ਅਗਹ ਅਗਹ ਗੁਨ ਰਾਤੀ ਨੈਨ ਦਰਸ ਰੰਗੁ ਲਾਏ।"
– ਬਿਲਾ ੫, ੮੧, ੧:੧ (820)
(3) ਪ੍ਰਾਨ ਜਿਨ੍ਹਾਂ ਨੂੰ ਰੋਕਣਾ ਕਠਿਨ ਹੈ (ਮਹਾਨ ਕੋਸ਼)
"ਅਗਹ ਗਹੈ ਗਹਿ ਗਗਨ ਰਹਾਈ।"
– ਗਉ ਕਬ, ਬਾਅ ੯:੪ (340)

ਅਗਹੁ ----- (1) ਅਗੋਂ, ਅਗਲੇ ਪਾਸਿਓਂ
"ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।"
– ਗਉ ੧, ੧੭, ੩:੨ (156)
(2) ਪਹਿਲਾਂ
"ਨਾਨਕ ਅਗਹੁ ਹਉਮੈ ਤੁਟੈ ਤਾ ਕੋ ਲਿਖੀਐ ਲੇਖੈ।"
– ਸਾਰ ੪, ਵਾਰ ੧੯ਸ, ੨, ੧:੭ (1243)
(3) ਪਹੁੰਚ ਤੋਂ ਪਰੇ, ਅਥਾਹ, ਵੇਖੋ 'ਅਗਹ' (2)
"ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ।"
– ਸਵ ੫, ੮:੪ (1386)

ਅਗਹੂਚਾ ---- ਅਗਹ+ਊਚਾ, ਬਹੁਤ ਉਚਾ, ਅਥਾਹ ਉਚਾ (ਭਾਈ ਵੀਰ ਸਿੰਘ ਇਸ ਦੇ ਅਰਥ ਨਾ ਫੜਿਆ ਜਾਣ ਵਾਲਾ ਕਰਦੇ ਹਨ)
"ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ।"
– ਦੇਵ ੫, ੩੨, ੧:੧ (534)

ਅਗਛਮੀ ---- ਅਚਲ, ਜੋ ਗਮਨ ਕਰਨ ਵਾਲਾ ਨਾ ਹੋਵੇ, ਅਵਿਨਾਸ਼ੀ, ਥਿਰ ਰਹਿਣ ਵਾਲਾ

"ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ।"
– ਮਾਰੂ ੩, ਵਾਰ ੧੩ਸ, ੧, ੧:੧ (1090)

ਅਗਣਤ ---- ਗਿਣਤੀ ਤੋਂ ਬਾਹਰ, ਬੇਅੰਤ
"ਅਗਣਤ ਊਚ ਅਪਾਰ ਠਾਕੁਰ ਅਗਮ ਜਾ ਕੋ ਧਾਮਾ।"
– ਬਿਹਾ ੫, ਛੰਤ ੬, ੩:੫ (546)

ਹੋਰ ਰੂਪ:

ਅਗਣਤੁ –
"ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ।"
– ਗਉ ੪, ਵਾਰ ੨੪:੨ (314)

ਅਗਨਤੁ –
"ਸਿਮਰਹਿ ਜਖ੍ਯ਼ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ।"
– ਮਾਰੂ ੫, ਸੋਲਾ ੪, ੩:੩ (1079)

ਅਗਥ ----- ਕਥਨ ਤੋਂ ਬਾਹਰ, ਅਕਥਨੀਯ
"ਸਮਰਥ ਅਗਥ ਅਪਾਰ ਨਿਰਮਲ ਸੁਣਹੁ ਸੁਆਮੀ ਬਿਨਉ ਏਹੁ।"
– ਆਸਾ ੫, ਛੰਤ ੫, ੧:੫ (457)

ਹੋਰ ਰੂਪ:

ਅਗਥਾ –
"ਭੋਗਹੁ ਭੁੰਚਹੁ ਭਾਈ ਹੋ ਪਲੈ ਨਾਮੁ ਅਗਥਾ।"
– ਮਾਰੂ ੫, ਵਾਰ ੨੦:੬ (1101)

ਅੰਗਦ ----- (ਸੰ. – ਪੁੱਤਰ) ਸਿੱਖਾਂ ਦੇ ਦੂਜੇ ਗੁਰੂ। (31 ਮਾਰਚ, 1504 – 29 ਮਾਰਚ 1552) ਪਿਤਾ: ਫੇਰੂ ਮਲ ਖਤਰੀ। ਮਾਤਾ: ਦਇਆ ਕੌਰ। ਜਨਮ ਸਥਾਨ: ਮਤੇ ਦੀ ਸਰਾਏ (ਫਿਰੋਜ਼ਪੁਰ)। ਪਹਿਲਾਂ ਨਾਂ; ਭਾਈ ਲਹਿਣਾ। ਵਿਆਹ: ਦੇਵੀ ਚੰਦ ਖਤਰੀ ਦੀ ਪੁਤਰੀ ਮਾਤਾ ਖੀਵੀ ਜੀ ਨਾਲ ਖਡੂਰ ਸਾਹਿਬ 1519 ਵਿਚ। ਦੋ ਪੁੱਤਰ: ਭਾਈ ਦਾਸੂ ਤੇ ਦਿਤੂ। ਦੋ ਪੁਤਰੀਆਂ: ਬੀਬੀ ਅਮਰੋ ਤੇ ਬੀਬੀ ਅਨੋਖੀ ਦੇਵੀ ਦੇ ਉਪਾਸ਼ਕ ਸਨ। 1532 ਵਿਚ ਗੁਰੂ ਨਾਨਕ ਸਾਹਿਬ ਨਾਲ ਮੇਲ ਹੋਇਆ। 1539 ਵਿਚ ਗੁਰੂ ਅੰਗਦ ਬਣ ਗੁਰੂ ਨਾਨਕ ਦੀ ਗਦੀ ਤੇ ਬਿਰਾਜਮਾਨ ਹੋਏ। ਗੁਰ ਸਿਧਾਂਤਾਂ ਤੇ ਗਰਮੁਖੀ ਦਾ ਪ੍ਰਚਾਰ ਕੀਤਾ ਤੇ ਤਕਰੀਬਨ 48 ਸਾਲ ਦੀ ਆਯੂ ਭੋਗ 1552 ਨੂੰ ਗੁਰਪੁਰੀ ਸਿਧਾਰ ਗਏ।
"ਪਰਸਾਦਿ ਨਾਨਕ ਗੁਰੂ ਅੰਗਦ ਪਰਮ ਪਦਵੀ ਪਾਵਹੇ।"
– ਰਾਮ ਸੁੰਦ, ਸਦ, ੧:੪ (923)

ਹੋਰ ਰੂਪ:

ਅੰਗਦਿ –
"ਗੁਰਿ ਬਾਬੇ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ।"
– ਗਉ ੪, ਵਾਰ ੧੪ਸ, ੪, ੨:੫ (307)

ਅੰਗਦੁ –
"ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।"
– ਸਵ ੧, ੭:੫ (1390)

ਅਗਦੁ ----- ਵਿਆਹ, ਨਿਕਾਹ
"ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।"
– ਤਿਲੰ ੧, ੫, ੧:੪ (722)

ਅਗਧਾ ----- ਅਥਾਹ, ਅਗਾਧ
"ਨਾਨਕ ਪਾਇਆ ਸੋ ਧਣੀ ਹਰਿ ਅਗਮ ਅਗਧਾ।"
– ਗਉ ੫, ਵਾਰ ੧੦:੫ (320)

ਅਗਨਈ ---- (ਸੰ.) ਅਗਨੀ (ਮਾਇਆ/ ਤ੍ਰਿਸ਼ਨਾ ਦੀ)
"ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ।"
– ਰਾਮ ੫, ਵਾਰ ੭:੭ (961)

ਅਗਨਤ ---- ਅਣਗਿਣਤ, ਬੇਅੰਤ
"ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ।"
– ਗਉ ੫, ਬਾਅ ੩੪:੨ (257)

ਹੋਰ ਰੂਪ:

ਅਗਨਤੁ –
"ਤੂ ਅਗਨਤੁ ਜੀਅ ਕਾ ਦਾਤਾ।"
– ਰਾਮ ੫, ੩੭, ੩:੩ (894)

ਅਗਨਾਰਿ --- ਅਗਨੀ, ਗਰਭ ਦੀ ਅਗਨੀ, ਜਠਰ – ਅਗਨੀ
"ਅਨਦੁ ਕਰੈ ਸਾਸਿ ਸਾਸਿ ਸਮ੍ਹਾਰੈ ਨ ਪੋਹੈ ਅਗਨਾਰਿ।"
– ਆਸਾ ੫, ੩੭, ੨:੨ (379)

ਅਗਨਿ ----- (ਸੰ. – ਫਾ. ਆਤਿਸ਼) (1) ਅਗ
"ਭਉ ਖਲਾ ਅਗਨਿ ਤਪ ਤਾਉ।"
– ਜਪੁ ੩੮:੩ (8)
"ਜਿਉ ਅਗਨਿ ਮਰੈ ਜਲਿ ਪਾਈਐ ਤਿਉ ਤ੍ਰਿਸਨਾ ਦਾਸਨਿਦਾਸਿ।"
– ਸਿਰੀ ੧, ੨੧, ੨:੨ (22)
"ਅਗਨਿ ਸੀਤ ਕਾ ਲਾਹਸਿ ਦੂਖ।"
– ਗਉ ੫, ੭੯, ੨:੩ (178)

ਹੋਰ ਰੂਪ:

ਅਗਨੀ –
"ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ"
– ਸਿਰੀ ੧, ਅਸ ੧੫, ੫:੨ (63)

ਅਗਨੇ –
"ਪਾਪੀ ਕਾ ਘਰੁ ਅਗਨੇ ਮਾਹਿ।"
– ਭੈਰ ਨਾਮ, ੮, ੧*:੧ (1165)

(2) ਤ੍ਰਿਸਨਾ
"ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ।"
– ਸਿਰੀ ੧, ੨੦, ੧:੩ (21)

"ਸਤਿਗੁਰ ਦਰਸਨਿ ਅਗਨਿ ਨਿਵਾਰੀ।"

– ਗਉ ੫, ੯੧, ੧:੧ (183)

"ਅਗਨਿ ਬੁਝੀ ਸਭ ਹੋਈ ਸਾਂਤਿ।"

– ਆਸਾ ੫, ੧੦੦, ੨:੩ (395)

ਹੋਰ ਰੂਪ:

ਅਗਨੀ –

"ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ।"

– ਸਲੋ ੩, ੨੧:੧ (1415)

(3) ਜਠਰ–ਅਗਨੀ, ਗਰਭ/ਪੇਟ ਦੀ ਅਗਨੀ

"ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ।"

– ਗਉ ੫, ਸੁਖ ੨੦, ੪:੫ (290)

ਹੋਰ ਰੂਪ:

ਅਗਨੀ –

"ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ।"

– ਸਿਰੀ ੪, ਪਹ ੩, ੧:੩ (76)

(4) ਲਾਲਚ/ਲੋਭ ਦੀ ਅਗ

"ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ।"

– ਗਉ ੫, ਥਿਤੀ ੯:੫ (298)

(ਨੋਟ: ਮਨੁੱਖੀ ਸਰੀਰ ਅੰਦਰ ਚਾਰ ਅਗਨੀਆਂ – ਹਿੰਸਾ, ਮੋਹ, ਲੋਭ ਤੇ ਗੁਸਾ ਮੰਨੀਆਂ ਗਈਆਂ ਹਨ)

"ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।"

– ਮਾਝ ੧, ਵਾਰ ੨੦ਸ, ੧, ੨:੫ (147)

"ਚਾਰਿ ਨਦੀਆ ਅਗਨੀ ਤਨਿ ਚਾਰੇ।"

– ਬਸੰ ੩, ੨, ੪:੧ (1172)

(5) ਪਿਆਸ

"ਜਲ ਮਹਿ ਅਗਨਿ ਉਠੀ ਅਧਿਕਾਇ।"

– ਗਉ ਕਬ, ੨, ੧*:੨ (323)

(6) ਅਗਨੀ ਦੇਵਤਾ

"ਭੈ ਵਿਚਿ ਅਗਨਿ ਕਢੈ ਵੇਗਾਰਿ।"

– ਆਸਾ ੧, ਵਾਰ ੪ਸ, ੧, ੧:੩ (464)

ਅਗਮ ----- **(1) ਜੋ ਗਮਨ ਨਾ ਕਰੇ, ਅਚਲ (ਮਹਾਨ ਕੋਸ਼)**

"ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ।"

– ਸਾਰ ੧, ਅਸ ੨, ੭:੧ (1233)

(2) (ਸੰ.) ਜਿਥੇ ਪਹੁੰਚਿਆਂ ਨਾ ਜਾ ਸਕੇ, ਪਹੁੰਚ ਤੋਂ ਪਰੇ, ਸਮਝ ਤੋਂ ਪਰੇ

"ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ।"

– ਸੂਹੀ ੫, ਛੰਤ ੧੧, ੩:੨ (784)

"ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ।"

– ਸਸ ੫, ੫੮:੪ (1359)

"ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ।"

– ਸਿਰੀ ੫, ੯੯, ੩:੩ (52)

ਹੋਰ ਰੂਪ:

ਅਗੰਮ –

"ਊਚ ਅਥਾਹ ਅਗੰਮ ਅਪਾਰਾ।"

– ਮਾਰੂ ੫, ੧, ੧੧:੨ (1072)

ਅਗਮਈ –

"ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ।"

– ਆਸਾ ੫, ੧੨੪, ੪:੧ (402)

ਅਗਮਾ –

"ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ।"

– ਆਸਾ ੪, ਸੋਪੁ ੧, ੧:੧ (10)

ਅਗੰਮਾ –

"ਅਗਮ ਅਗੰਮਾ ਕਵਨ ਮਹਿੰਮਾ ਮਨੁ ਜੀਵੈ ਸੁਨਿ ਸੋਊ।"

– ਦੇਵ ੫, ੩੩, ੧:੧ (535)

ਅਗਮੁ –

"ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ।"

– ਮਾਝ ੫, ੧੧, ੪:੩ (98)

ਅਗੰਮੁ –

"ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ।"

– ਸਿਰੀ ੧, ਅਸ ੧੭, ੬:੧ (64)

ਅਗਾਮੰ –

"ਮਨਿਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ।"

– ਸੋਰ ੧, ਅਸ ੧, ੫:੪ (635)

ਅਗਾਮਾ – (ਬੇਕੀਮਤਾ, ਅਗੰਮਾ)

"ਗੁਰਿ ਕ੍ਰਿਪਾਲਿ ਸਉਦਾ ਇਹੁ ਜੋਰਿਓ ਹਥਿ ਚਰਿਓ ਲਾਲੁ ਅਗਾਮਾ।"

– ਸਾਰ ੫, ੩੫, ੧:੨ (1211)

(3) ਭਵਿਖ –

"ਏਹ ਗਲ ਹੋਵੈ ਹਰਿ ਦਰਗਹ ਸਚੇ ਕੀ ਜਨ ਨਾਨਕ ਅਗਮੁ ਵੀਚਾਰਿਆ।"

– ਗਉ ੪, ਵਾਰ ੨੧ਸ, ੪, ੨:੬ (312)

(4) (ਸੰ.) ਆਗਮ, ਵੇਦ ਸ਼ਾਸਤਰ

"ਅਗਮ ਨਿਗਮ ਸਤਿਗੁਰੂ ਦਿਖਾਇਆ।"

– ਮਾਰੂ ੩, ਅਸ ੧, ੬:੧ (1016)

"ਤੇਰਸਿ ਤੇਰਹ ਅਗਮ ਬਖਾਣਿ। ਅਰਧ ਉਰਧ ਵਿਚਿ ਸਮ ਪਹਿਚਾਣਿ।"

– ਗਉ ਕਬ, ਥਿਤੀ ੧੪:੧ (344)

(ਨੋਟ: ਤੇਰਾਂ ਵੇਦ ਸ਼ਾਸਤਰ ਹਨ: ਚਾਰ ਵੇਦ, ਛੇ ਵੇਦਾਂਗ, ਸਿੰਮ੍ਰਿਤਿ, ਪੁਰਾਣ ਤੇ ਤੰਤ੍ਰ ਸ਼ਾਸਤਰ)

(5) ਭਾਰੀ, ਬਹੁਤ ਤੇਜ਼

"ਅਨਲ ਅਗਮ ਜੈਸੇ ਲਹਰਿ ਮਇਓ ਦਧਿ ਜਲ ਕੇਵਲ ਜਲ ਮਾਹੀ।"

– ਸੋਰ ਰਵਿ, ੧, ੧:੨ (654)

(6) ਗੁਝੀ ਗਲ, ਭੇਦ ਵਾਲੀ ਡੂੰਘੀ ਗੱਲ
“ਪ੍ਰਣਵਤਿ ਨਾਨਕੁ ਅਗਮੁ ਸੁਣਾਏ।
– ਰਾਮ ੫, ੫, ੪:੧ (877)

ਅਗਰ ----- (ਸੰ.) ਇਕ ਸੁਗੰਧਤ ਲੱਕੜ ਦਾ ਦਰਖਤ
“ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ।”
– ਮਾਰੂ ੫, ਅਸ ੩, ੩:੧ (1018)

ਹੋਰ ਰੂਪ:

ਅਗਰਿ –
“ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।”
– ਸਿਰੀ ੧, ੧, ੧:੨ (14)

ਅੰਗਰਉ ---- ਗੁਰੂ ਅੰਗਦ ਦੇਵ
“ਗੁਰੁ ਜਗਤ ਫਿਰਣ ਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ।”
– ਸਵ ੨, ੫:੬ (1391)

ਅਗਰਕ ---- (ਸੰ.) – ਮੋਹਰੀ, ਆਗੂ, ਮੁਸਾਹਿਬ
“ਅਗਰਕ ਉਸ ਕੇ ਵਡੇ ਠਗਾਊ।”
– ਆਸਾ ੫, ੮੭, ੩:੧ (392)

ਅਗਰਵਾਸੁ -- ਅਗਰ ਦੀ ਵਾਸ਼ਨਾ, ਇਕ ਸੁਗੰਧੀ
“ਤੀਰਥਿ ਨਾਵਹਿ ਅਰਚਾ ਪੂਜਾ ਅਗਰਵਾਸੁ ਬਹਕਾਰੁ।”
– ਆਸਾ ੧, ਵਾਰ ੬ਸ, ੧, ੧:੪ (465)

ਹੋਰ ਰੂਪ:

ਅਗਰਿਵਾਸੁ –
“ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿਵਾਸੁ ਤਨਿ ਸਾਸੁ।”
– ਸਿਰੀ ੧, ੮, ੧:੧ (17)

ਅੰਗਰੈ ----- ਅੰਗਿਰਾ ਰਿਖੀ; ਇਹ ਸਤ ਮੁਖ ਵੈਦਿਕ ਰਿਸ਼ੀਆਂ ਵਿਚੋਂ ਇਕ ਸੀ ਜੋ ਮਹਾਭਾਰਤ ਅਨੁਸਾਰ ‘ਅਗਨੀ’ ਦਾ ਪੁਤਰ ਸੀ ਤੇ ਇਕ ਹੋਰ ਪਰੰਪਰਾ ਅਨੁਸਾਰ ਬ੍ਰਹਮਾ ਦੇ ਮੁਖ ਤੋਂ ਜਨਮਿਆ ਮਹਾਂ ਵਿਦਵਾਨ ਜਿਸਨੇ ਬਹੁਤ ਸਾਰੀਆਂ ਵੈਦਿਕ ਰਿਚਾਵਾਂ ਦੀ ਰਚਨਾ ਕੀਤੀ।
“ਦੂਰਬਾ ਪਰੂਰਉ ਅੰਗਰੈ ਗੁਰੁ ਨਾਨਕ ਜਸ ਗਾਇਓ।”
– ਸਵ ੧, ੧੦:੫ (1390)

ਅਗਲਾ ----- (1) ਪਹਿਲਾਂ
“ਨਿਤ ਉਪਾਵ ਕਰੈ ਮਾਇਆ ਧਨ ਕਾਰਣਿ ਅਗਲਾ ਧਨੁ ਭੀ ਉਡਿ ਗਇਆ।”
– ਗਉ ੪, ਵਾਰ ੧੩ਸ, ੪, ੨:੩ (307)
“ਵਜਹੁ ਗਵਾਏ ਅਗਲਾ ਮੁਹੇ ਮੁਹਿ ਪਾਣਾ ਖਾਇ।”
– ਆਸਾ ੧, ਵਾਰ ੨੨:੪ (474)
(2) (ਸੰ.) ਬਹੁਤਾ, ਅਧਿਕ, ਗੁਣਾਤਮਕ। (ਘਟ ਦੇ ਵਿਪ੍ਰੀਤ)

“ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ।”

– ਸਿਰੀ ੧, ੬, ੪:੧ (16)

ਹੋਰ ਰੂਪ:

ਅਗਲੀ –

“ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ।”

– ਸਿਰੀ ੧, ੧੭, ੨:੨ (20)

ਅਗਲੀਆ –

“ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ।”

– ਸਲੋ ਫਰ, ੪੭:੧ (1380)

ਅਗਲੇ –

“ਮਾਤ ਪਿਤਾ ਸਾਕ ਅਗਲੇ ਤਿਸੁ ਬਿਨੁ ਅਵਰੁ ਨ ਕੋਇ।”

– ਸਿਰੀ ੫, ੮੯, ੧:੨ (49)

ਅਗਲੇ –

“ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ।”

– ਮਾਰੂ ੧, ੧, ੨:੨ (989)

ਅਗਲੋ –

“ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ।”

– ਸਿਰੀ ੧, ਅਸ ੭, ੧:੩ (57)

(3) ਜ਼ਿਆਦਾ (ਤੁਓਨਟਟਿ) । (ਥੋੜੇ ਦੇ ਵਿਪ੍ਰੀਤ)

“ਸਭਨਾ ਸਾਹਿਬੁ ਏਕੁ ਹੈ ਵੇਖੈ ਧੰਧੈ ਲਾਇ

“ਕਿਸੈ ਥੋੜਾ ਕਿਸੈ ਅਗਲਾ ਖਾਲੀ ਕੋਈ ਨਾਹਿ।”

– ਸਾਰ ੪, ਵਾਰ ੨ਸ, ੨, ੧:੩;੪ (1238)

“ਰਿਜਕੁ ਉਪਾਇਓਨੁ ਅਗਲਾ ਠਾਂਢਿ ਪਈ ਸੰਸਾਰਿ।”

– ਸਾਰ ੪, ਵਾਰ ੩੬ਸ, ੫, ੨:੨ (1251)

(4) (ਸੰ.) ਸ਼੍ਰੇਸ਼ਟ, ਉਚਾ, ਵਡਾ

“ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ।”

– ਗੂਜ ੩, ਵਾਰ ੧੮:੪ (516)

ਅਗਲੀ ----- (1) ਭਵਿਖ ਦੀ, ਅਗੋਂ ਦੀ

“ਹਰਿਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ।”

– ਵਡ ੪, ਵਾਰ ੧੭:੪ (593)

“ਅਗਲੀ ਕਿਛੁ ਖਬਰਿ ਨ ਪਾਈ।”

– ਰਾਮ ੫, ੧੦, ੨:੧ (885)

(2) ਬਹੁਤ, ਵੇਖੋ ‘ਅਗਲਾ’ (2)

ਅਗਵਨ ---- ਟੰਟੇ, ਪੁਆੜੇ

“ਇੜਾ ਪਿੰਗਲਾ ਸੁਖਮਨ ਬੰਦੇ ਏ ਅਗਵਨ ਕਤ ਜਾਹੀ।”

– ਗਉ ਕਬ, ੫੨, ੧:੨ (334)

ਅੰਗਾ ------ (1) ਸਹਾਇਕ, ਅੰਗ ਕਰਨ ਵਾਲਾ

“ਜਾ ਕਉ ਤੁਮ ਭਏ ਸਮਰਥ ਅੰਗਾ।”

– ਗਉ ੫, ੧੧੦, ੧:੧ (188)

(2) ਅੰਗਾਂ ਨਾਲ

“ਚੋਆ ਚੰਦਨੁ ਮਰਦਨ ਅੰਗਾ।”

– ਗਉ ਕਬ, ੧੧, ੩:੧ (325)

(3) ਸਾਥ, ਅੰਗ

“ਤੁਮ੍ਹਰੀ ਸੇਵਾ ਤੁਮ੍ਹਾਰੇ ਅੰਗਾ।”

– ਬਿਲਾ ੫, ੧੨੦, ੧*:੩ (828)

(4) (ਸੰ.) ਗਿਣਤੀ

“ਬਾਸੁਦੇਵ ਨਿਰੰਜਨ ਦਾਤੇ ਬਰਨਿ ਨ ਸਾਕਉ ਗੁਣ ਅੰਗਾ।”

– ਮਾਰੂ ੫, ਸੋਲਾ ੧੧, ੫:੩ (1082)

ਅਗਾਸ ----- ਅਕਾਸ਼, ਅਸਮਾਨ, ਵੇਖੋ ‘ਅਕਾਸ’ (1)

“ਜਿਨਿ ਧਾਰੇ ਬਹੁ ਧਰਣਿ ਅਗਾਸ।”

– ਗਉ ੫, ੯੫, ੨:੧ (184)

ਅਗਾਹ ----- (ਸੰ.) ਜੋ ਗਾਹਿਆ ਨਾ ਜਾ ਸਕੇ, ਅਗਾਧ, ਅਥਾਹ

“ਮਹਾ ਅਗਾਹ ਅਗਨਿ ਕਾ ਸਾਗਰੁ।”

– ਆਸਾ ੫, ੨੬, ੨:੧ (377)

“ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤਮਾਤੀ।”

– ਧਨਾ ੪, ੫, ੨:੧ (668)

ਹੋਰ ਰੂਪ:

ਅਗਾਹਾ –

“ਗੁਰ ਪਰਸਾਦਿ ਰਵਿਆ ਘਟ ਅੰਤਰਿ ਤਿਤੁ ਘਟਿ ਮਤਿ ਅਗਾਹਾ ਹੇ।”

– ਮਾਰੂ ੩, ਸੋਲਾ ੧੨, ੧:੩ (1055)

ਅਗਾਹਿ –

“ਗੁਰ ਸਬਦੁ ਸੁਣਾਏ ਮਤਿ ਅਗਾਹਿ।”

– ਬਸੰ ੧, ੨, ੮:੨ (1188)

ਅਗਾਹੀ –

“ਆਦਿ ਅੰਤਿ ਪ੍ਰਭ ਅਗਮ ਅਗਾਹੀ।”

– ਮਾਰੂ ੫, ੧੯, ੪:੧੦ (1005)

ਅਗਾਹੁ –

“ਹਰਿ ਅਗਮ ਅਗਾਹੁ ਅਗਾਧਿ ਨਿਰਾਲਾ।”

– ਮਾਰੂ ੧, ੮, ੩:੧ (1027)

ਅਗਾਹਾ ---- (1) ਅਗੇ ਵਲ

“ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ।”

– ਸਾਰ ੪, ਵਾਰ ੨੩ਸ, ੪, ੨:੪ (1246)

(2) ਅਥਾਹ – ਵੇਖੋ ‘ਅਗਾਹਾ’

ਅਗਾਜਾ ---- (ਸੰ.) (1) ਗੂੰਜ, ਪ੍ਰਤਿਧੁਨੀ

“ਸਰਬ ਥਾਨ ਕੋ ਰਾਜਾ ਤਹ ਅਨਹਦ ਸਬਦ ਅਗਾਜਾ।”

– ਸੋਰ ੫, ੫੧, ੪:੧;੨ (621)

(2) ਪ੍ਰਗਟ, ਜੋ ਗੁਝਾ ਨਹੀਂ

"ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ।"

– ਸੂਹੀ ੧, ਛੰਤ ੩, ੪:੨ (765)

ਹੋਰ ਰੂਪ:

ਅਗਾਜਿ – (ਪ੍ਰਤਖ ਤੌਰ ਤੇ) (ਮਹਾਨ ਕੋਸ਼ ਇਥੇ 'ਅਗਾਜਿ' ਦੇ ਅਰਥ 'ਜੋ ਗ੍ਰਹਿਣ ਨਾ ਕੀਤਾ ਜਾ ਸਕੇ' ਕਰਦਾ ਹੈ)

"ਤ ਧਰਿਓ ਮਸਤਕਿ ਹਥੁ ਸਹਜਿ। ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ।"

– ਸਵ ੨, ੧:੪ (1391)

ਅਗਾਜੇ –

"ਅਨਹਦ ਵਾਜੇ ਸਬਦ ਅਗਾਜੇ ਨਿਤ ਨਿਤ ਜਿਸਹਿ ਵਧਾਈ।

– ਰਾਮ ੫, ਛੰਤ ੧, ੪:੩ (924)

ਅਗਾਧਿ ---- (ਸੰ.) (1) ਜਿਸ ਦਾ ਥਹੁ ਨ ਪਾਇਆ ਜਾ ਸਕੇ, ਬਹੁਤ ਡੂੰਘਾ

"ਅਗਮ ਅਗਾਧਿ ਪਾਰਬ੍ਰਹਮੁ ਸੋਇ।"

– ਗਉ ੫, ਸੁਖ ੭ਸ:੧ (271)

"ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ।"

– ਸੋਰ ੫, ੧੪, ੧*:੨ (612)

ਹੋਰ ਰੂਪ:

ਅਗਾਧਿਓ –

"ਬਲਿਹਾਰੈ ਨਾਨਕ ਲਖ ਬੇਰਾ ਮੇਰੇ ਠਾਕੁਰ ਅਗਮ ਅਗਾਧਿਓ।"

– ਦੇਵ ੫, ੧੩, ੨:੨ (531)

ਅਗਾਧੇ –

"ਨਾਮੁ ਦਾਨੁ ਦੀਜੈ ਨਾਨਕ ਕਉ ਤਿਸੁ ਪ੍ਰਭ ਅਗਮ ਅਗਾਧੇ ਜੀਉ।"

– ਮਾਝ ੫, ੨੭, ੪:੩ (102)

ਅਗਾਧੋ –

"ਹਰਿ ਹਰਿ ਅਗਮ ਅਗਾਧੋ।"

– ਕਾਨ ੪, ੧੧, ੧*:੨ (1297)

(2) ਵਰਣਨ ਤੋਂ ਬਾਹਰੀ

"ਪ੍ਰਭ ਕੀ ਅਗਮ ਅਗਾਧਿ ਕਥਾ।"

– ਗੂਜ ੫, ੧੧, ੧*:੧ (498)

(3) ਬੇਅੰਤ

"ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ।"

– ਸਿਰੀ ੫ ਛੰਤ ੩, ੪:੨ (81)

(ਵਧੇਰੇ ਕਰਕੇ ਇਹ ਸ਼ਬਦ 'ਅਗਾਧਿ ਬੋਧ'/ਅਗਾਧਿ ਬੋਧਿ' ਜਿਸ ਦੇ ਗਿਆਨ ਦਾ ਅੰਤ ਨਹੀਂ, ਸਮਾਸ ਰੂਪ ਵਿਚ ਜਾਂ 'ਅਗਮ/ਅਗਮਿ ਅਗਾਧਿ' ਰੂਪ ਵਿਚ 'ਪ੍ਰਮਾਤਮਾ' ਲਈ ਵਰਤਿਆ ਗਿਆ ਹੈ।)

ਅੰਗਾਰ ----- (ਸੰ.) ਅੱਗ ਦਾ ਭਖਦਾ ਅੰਗਾਰ ਭਾਵ ਆਤਮਕ ਗਿਆਨ, ਨਾਮ
"ਕਢੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ।"
– ਆਸਾ ਕਬ ੬, ੪:੨ (477)

ਹੋਰ ਰੂਪ:

ਅੰਗਾਰਾ –
"ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ।"
– ਸਲੋ ਫਰ, ੨੨:੨ (1379)

ਅੰਗਿਆਰੁ –
"ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰੁ।"
– ਆਸਾ ੧, ਵਾਰ ੬ਸ, ੧, ੨:੩ (466)

ਅੰਗਿਆਰ –
"ਮਾਇਆ ਤਪਤਿ ਬੁਝਿਆ ਅੰਗਿਆਰ।"
– ਗਉ ਕਬ, ੪੦, ੩:੧ (331)

ਅੰਗਿ ------ (1) ਸਹਾਈ, ਪੱਖ ਕਰਨ ਵਾਲਾ
"ਤਾ ਕਉ ਕੋਇ ਨ ਪਹੁਚਨਹਾਰਾ ਜਾ ਕੈ ਅੰਗਿ ਗੁਸਾਈ।"
– ਧਨਾ ੪, ੩੩, ੨:੯ (679)

(2) ਸਰੀਰ, ਵੇਖੋ 'ਅੰਗ' (4)

ਅਗਿ ------ (ਸੰ.) ਅਗਨੀ
"ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।"
– ਸਿਰੀ ੧, ੧੪, ੨:੨ (19)

ਹੋਰ ਰੂਪ:

ਅਗੀ –
"ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।"
– ਸਿਰੀ ੧, ੨, ੨:੨ (14)

ਅਗੇ –
"ਰਾਮ ਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ
ਜੋ ਭਗਤ ਜਨਾ ਕੀ ਪਤਿ ਰਾਖੈ ਵਿਚ ਕਲਿਜੁਗ ਅਗੇ।"
– ਸਾਰ ੪, ੧੩, ੨:੧ (1202)

ਅਗਿਆਨ --- (ਸੰ.) ਨਾ ਜਾਣਨ ਦੀ ਸਥਿਤੀ, ਅਣਜਾਣਪੁਣਾ, ਬੇਸਮਝੀ
"ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ।"
– ਸਿਰੀ ੩, ੬੧, ੩:੨ (38)
"ਅੰਤਰਿ ਅਗਿਆਨ ਦੁਖੁ ਭਰਮ ਹੈ ਵਿਚਿ ਪੜਦਾ ਦੂਰਿ ਪਈਆਸਿ।"
– ਸਿਰੀ ੪, ੬੭, ੩:੨ (40)
"ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ।"
– ਮਾਝ ੫, ਦਿਨ ੪:੭ (137)
"ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨ ਦੀਪਾਇਓ।"
– ਗਉ ੫, ਅਸ ੧੪, ੨:੧ (241)

ਹੋਰ ਰੂਪ:

ਅਗਿਆਨਾ –
“ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ।”
– ਸੋਰ ੫, ੮, ੨:੧ (610)

ਅਗਿਆਨਿ –
“ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ।”
– ਆਸਾ ੫, ਛੰਤ ੧੧, ੨:੬ (460)

ਅਗਿਆਨੁ –
“ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ।”
– ਸਿਰੀ ੩, ੪੦, ੨:੩ (29)

(2) ਅਗਿਆਨੀ, ਗਿਆਨਹੀਣ, ਬੇਸਮਝ
“ਮੂਰਖ ਮੁਗਧ ਅਗਿਆਨ ਅਵੀਚਾਰੀ।”
– ਆਸਾ ੫, ੬੯, ੨:੧ (388)
“ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ।”
– ਧੰਨਾ ੫, ੧੨, ੨:੨ (674)
“ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ।”
– ਜੈਤ ੫, ਵਾਰ ੮ਸ, ੫, ੧:੨ (707)

ਹੋਰ ਰੂਪ:

ਅਗਿਆਨਥ – (ਹੇ ਅਗਿਆਨੀ)
“ਪ੍ਰਾਨ ਸੁਖ ਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ।”
– ਮਾਰੂ ੫, ੧੦, ੧:੧ (1001)

ਅਗਿਆਨਾ –
“ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ।”
– ਤਿਲੰ ੯, ੧, ੧:੧ (726)

ਅਗਿਆਨਿ –
“ਮਨਮੁਖ ਅਗਿਆਨਿ ਕੁਮਾਰਗਿ ਪਾਏ।”
– ਗਉ ੩, ਅਸ ੪, ੩:੧ (231)

ਅਗਿਆਨੁ –
“ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ।”
– ਸਿਰੀ ੫, ਪਹ ੪, ੩:੧ (77)

ਅਗਿਆਨੀ -- (ਸੰ.) (1) ਗਿਆਨ ਵਿਹੂਣਾ, ਬੇਸਮਝ
“ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ।”
– ਸਿਰੀ ੪, ਵਾਰ ੧੩ਸ, ੩, ੨:੨ (88)
“ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ।”
– ਮਾਝ ੩, ਅਸ ੨, ੫:੩ (110)

(2) ਅਚਾਨਕ, ਗਿਆਨ ਤੋਂ ਬਿਨਾ, ਅਚਨਚੇਤ
(ਇਹ ਅਰਥ ਕੇਵਲ ‘ਮਹਾਨ ਕੋਸ਼’ ਦੇ ਹਨ ਬਾਕੀ ਵਿਦਵਾਨ ਇਸ ਦੇ ਅਰਥ ‘ਹੇ ਅਗਿਆਨੀ’ ਕਰਦੇ ਹਨ)

“ਬਿਨਸੈ ਕਾਚੀ ਦੇਹ ਅਗਿਆਨੀ।”
– ਸੋਰ ੫, ੨੨, ੧*:੨ (615)

ਅੰਗੀ ------ ਸਹਾਇਕ, ਵੇਖੋ ‘ਅੰਗ’ (1)
“ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ।”
– ਸੂਹੀ ੪, ੩, ੩:੧ (732)

ਅੰਗੀਕਾਰ/ਅੰਗੀਕਾਰੁ (ਸੰ.) ਪੱਖ, ਸਹਾਇਤਾ, ਸਾਥ
“ਅੰਗੀਕਾਰ ਕੀਆ ਪ੍ਰਭਿ ਅਪਨੈ ਬੈਰੀ ਸਗਲੇ ਸਾਧੇ।”
– ਰਾਮ ੫, ੫, ੧:੧ (884)
“ਭਗਤਾ ਕਾ ਅੰਗੀਕਾਰੁ ਕਰਦਾ ਆਇਆ।”
– ਭੈਰ ੩, ੨, ੧੩:੩ (1155)
(2) ਸਵੀਕਾਰ/ਕਬੂਲ ਕੀਤਾ, ਲੜ ਲਾਇਆ, ਪਲਾ ਫੜਾਇਆ
“ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ ਹਮ ਪਰੇ ਭਾਗਿ ਤੁਮ ਪਾਖਾ।”
– ਜੈਤ ੪, ੨, ੩:੨ (696)

ਅੰਗੀਕ੍ਰਿਤੁ --- ਪੱਖ, ਸਹਾਇਤਾ, ਪਰਵਾਨਗੀ
“ਪ੍ਰਭਿ ਦੀਨ ਦਇਆਲਿ ਕੀਓ ਅੰਗੀਕ੍ਰਿਤ ਮਨਿ ਹਰਿ ਹਰਿ ਨਾਮੁ ਜਪੇਨ।”
– ਕਾਨ ੪, ੨, ੧:੨ (1294)

ਅੰਗੁ ------
(1) ਸਰੀਰ ਦਾ ਅੰਗੁ – ਵੇਖੋ ‘ਅੰਗ’ (3)
(2) ਸਰੀਰ – ਵੇਖੋ ‘ਅੰਗ’ (4)
(3) ਸਹਾਈ, ਪੱਖ ਕਰਨ ਵਾਲਾ, ਸਹਾਇਤਾ ਕਰਨ ਵਾਲਾ
“ਜਾ ਕਾ ਅੰਗੁ ਦਇਆਲ ਪ੍ਰਭ ਤਾ ਕੇ ਸਭ ਦਾਸ।”
– ਬਿਲਾ ੫, ੩੦, ੨:੧ (808)
(4) ਸਹਾਰਾ
“ਜਿਸ ਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ।”
– ਰਾਮ ੫, ਵਾਰ ੮:੩ (961)

ਅੰਗੁਸਟ ---- (ਸੰ.) ਅੰਗੂਠਾ
“ਕੁਬਿਜਾ ਉਧਰੀ ਅੰਗੁਸਟ ਧਾਰ।”
– ਬਸੰ ੫, ਅਸ ੧, ੩:੨ (1192)

ਅੰਗੁਰੀਆ --- (ਸੰ.) ਉਂਗਲੀ
“ਗਰਤ ਪਰਤ ਗਹਿ ਲੇਹੁ ਅੰਗੁਰੀਆ।”
– ਗਉ ੫, ੧੧੫*, ੧*:੨ (203)

ਅੰਗੁਲ ----- ਵੇਖੋ ‘ਅੰਗੁਰੀਆ’, ਉਂਗਲੀ
“ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਅਧਾਰੋ।”
– ਰਾਮ ੧, ਸਿਗੋ ੫੮:੨ (944)

ਅੰਗੂਰੀ ----- (1) (ਸੰ.) ਕੋਮਲ, ਅੰਗੂਰ
“ਚੰਚਲੁ ਚੀਤੁ ਨ ਰਹਈ ਠਾਇ। ਚੋਰੀ ਮਿਰਗੁ ਅੰਗੂਰੀ ਖਾਇ।”

– ਰਾਮ ੧, ਓਅੰ ੨੩:੧;੨ (932)

ਹੋਰ ਰੂਪ:

ਅੰਗੂਰੁ –
“ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ।”
– ਸਿਰੀ ੧, ੧੬, ੨:੧ (20)

(2) ਸਜਰਾ ਉਗਿਆ ਘਾਹ, ਕੋਮਲ ਘਾਹ (ਨਿਰੁਕਤ)
“ਹਰੀ ਅੰਗੂਰੀ ਗਦਹਾ ਚਰੈ।”
– ਗਉ ਕਬ, ੧੪, ੧:੧ (326)

ਅਗੈ ------ (ਸੰ.) (1) ਅਗੇ, ਉਹ ਸਥਾਨ ਜੋ ਅਗੇ ਆਉਣਾ ਹੈ ਭਾਵ ਪਰਲੋਕ
“ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ।”
– ਜਪੁ ੨੧:੧੮ (5)

(2) ਸਾਹਮਣੇ, ਅਗੇ, ਹਜ਼ੂਰ
“ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।”
– ਜਪੁ ੪:੩ (2)

“ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ।”
– ਸਿਰੀ ੩, ੪੭, ੧:੧ (31)

(3) ਅਗੋਂ
“ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ।”
– ਮਾਝ ੧, ਵਾਰ ੨੨ਸ, ੨, ੨:੭ (148)

“ਅਗੈ ਸੰਗਤੀ ਕੁੜਮੀ ਵੇਮੁਖ ਰਲਣਾ ਨ ਮਿਲੈ
ਤਾ ਵਹੁਟੀ ਭਤੀਜੰੀ ਫਿਰਿ ਆਣਿ ਘਰਿ ਪਾਇਆ।”
– ਗਉ ੪, ਵਾਰ ੧੨ਸ, ੪, ੧:੫ (306)

(4) ਅਗੈ, ਅਗਾੜੀ
“ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।”
– ਆਸਾ ੧, ਵਾਰ ੧੩ਸ, ੧, ੧:੪ (470)

ਅਗੋ ------ (1) ਅਗੜ (ਪਿਛੜ), ਅਗੇ
“ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।”
– ਮਾਝ ੧, ਵਾਰ ੨੬ਸ, ੧, ੧:੬ (149)

(2) (ਸੰ.) ਪਹਿਲੋਂ
“ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।”
– ਆਸਾ ੧, ਅਸ ੧੧, ੫:੧ (417)

ਅਗੋਚਰ ---- (1) (ਸੰ.) ਉਹਲੇ
“ਕਬਹੁ ਨ ਹੋਵਹੁ ਦ੍ਰਿਸਟਿ ਅਗੋਚਰ ਜੀਅ ਕੈ ਸੰਗਿ ਬਸੇ।”
– ਬਿਲਾ ੫, ੧੦੯, ੧*:੨ (826)

(2) (ਸੰ.) ਇੰਦਰੀਆਂ ਤੋਂ ਨਾ ਲਖਿਆ ਜਾਣ ਵਾਲਾ, ਜੋ ਇੰਦ੍ਰੀਆਂ ਦਾ ਵਿਸ਼ਾ ਨਹੀਂ, ਵਾਹਿਗੁਰੂ।
“ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ।”
– ਗਉ ੫, ੧੨੮*, ੨:੨ (207)

ਹੋਰ ਰੂਪ:

ਅਗੋਚਰਾ –
“ਸਰਣਿ ਸਮਰਥ ਅਕਥ ਅਗੋਚਰਾ ਪਤਿਤ ਉਧਾਰਣ ਨਾਮੁ ਤੇਰਾ।”
– ਧਨਾ ੫, ੫੪, ੨:੧ (683)

“ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ।” (ਸੰਬੋਧਨ)
– ਰਾਮ ੩, ਅਨੰ ੧੨:੨ (918)

ਅਗੋਚਰੁ –
“ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ।”
– ਸਿਰੀ ੫, ੯੯, ੨:੨ (52)

“ਗੁਰਮੁਖਿ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ।”
– ਬਿਲਾ ੪, ਅਸ ੩, ੧:੧ (834)

ਅਗੋਚਰੋ – (ਉਤਮ, ਇਲਾਹੀ)
“ਉਦਮੁ ਅਗਮੁ ਅਗੋਚਰੋ ਚਰਨ ਕਮਲ ਨਮਸਕਾਰ।”
– ਰਾਮ ੫, ਰੁਤੀ ੨, ੧ਸ:੧ (927)

ਅਗੋਦੇ ----- ਪਹਿਲਾਂ, ਪਹਿਲੇ ਹੀ
“ਅਗੋਦੇ ਸਤਭਾਉ ਨ ਦਿਚੈ ਪਿਛੋਦੇ ਆਖਿਆ ਕੰਮਿ ਨ ਆਵੈ।”
– ਗਉ ੪, ਵਾਰ ੧੧ਸ, ੪, ੧:੧ (305)

ਅਗ੍ਰਣੀਵਹ -- (ਸੰ. – ਮੋਹਰੀ, ਆਗੂ) ਅਗੇ, ਮੋਹਰੀ
“ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ।”
– ਸਸ ੫, ੨੦:੧ (1355)

ਅਗ੍ਰੇ ------ ਅਗੇ, ਸਾਹਮਣੇ
“ਦਾੜਾ ਅਗ੍ਰੇ ਪ੍ਰਿਥਮਿ ਧਰਾਇਣ।”
– ਮਾਰੂ ੫, ਸੋਲਾ ੧੧, ੩:੨ (1082)

ਅਗ੍ਯਾਨਣੋ --- (ਅਗਿਆਨਣੋ) ਅਗਿਆਨੀ, ਬੇਸਮਝ
“ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ।”
– ਗਾਥਾ ੫, ੧:੨ (1360)

ਅਗ੍ਯਾਨ ----- (ਅਗਿਆਨੁ) ਬੇਸਮਝੀ, ਗਿਆਨ – ਹੀਣਤਾ
“ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯਾਨੁ ਅੰਧਾਰੁ।”
– ਬਿਹਾ ੪, ਵਾਰ ੨ਸ, ੩, ੧:੮ (549)

ਹੋਰ ਰੂਪ:

ਅਗ੍ਯਾਨ –
“ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ
ਤਿਮਰ ਅਗ੍ਯਾਨ ਜਾਹਿ ਦਰਸ ਦੁਆਰ।”
– ਸਵ ੨, ੨:੧ (1391)

ਅਘ ------ (ਸੰ.) ਪਾਪ

"ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ।"
– ਸਿਰੀ ੫, ਅਸ ੨੬, ੪:੨ (70)

"ਸੰਤ ਕੀ ਧੂਰਿ ਮਿਟੇ ਅਘ ਕੋਟ।"
– ਗਉ ੫, ੧੧੫, ੧:੧ (189)

ਹੋਰ ਰੂਪ:

ਅਘਾ – (ਬਹੁ ਵਚਨ)
"ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ।"
– ਜੈਤ ੫, ਵਾਰ ੫:੧ (707)

ਅਘਈਹੈ --- ਰਜੇਗਾ, ਭਰੇਗਾ
"ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈਹੈ।"
– ਗੂਜ ਕਬ, ੧, ੨:੧ (524)

ਅਘਖੰਡੁ ---- ਪਾਪਾਂ ਦਾ ਨਾਸ ਕਰਨ ਵਾਲਾ, ਪ੍ਰਭੂ
"ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘਖੰਡੁ।"
– ਸਿਰੀ ੫, ੯੦, ੪:੧ (50)

ਅਘਟ ----- (ਸੰ.) ਸਰੀਰ ਰਹਿਤ
"ਘਟ ਮਹਿ ਖੇਲੈ ਅਘਟ ਅਪਾਰ।"
– ਗਉ ਕਬ, ਥਿਤੀ ੨:੨ (343)

ਅਘਨ ----- ਪਾਪ
"ਗੁਰ ਅਮਰ ਗੁਰੂ ੴੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ।"
– ਸਵ ੪, ਨਲ ੪:੪ (1399)

ਹੋਰ ਰੂਪ:

ਅਘੰਨ –
"ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰੵਉ।"
– ਸਵ ੪, ਨਲ ੧੧:੨ (1400)

ਅਘਨਾ –
"ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘੰਨਾ।"
– ਸਮੁ ੫, ੪*:੪ (1388)

ਅਘਨਾਸ ---- (ਸੰ.) ਪਾਪਾਂ ਦੇ ਨਾਸ ਕਰਨ ਵਾਲਾ
"ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ।"
– ਗਉ ੫, ਬਾਅ ੫੫:੧ (1261)

ਹੋਰ ਰੂਪ:

ਅਘਨਾਸਨ – (ਸੰ.)
"ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ।"
– ਜੈਤ ੫, ਵਾਰ ੧ਸ, ੫, ੧:੨ (705)

ਅਘੜੁ ----- ਅਣਘੜਿਆ, ਅਣਸੋਧਿਆ
"ਗੁਰਮੁਖਿ ਬਾਣੀ ਅਘੜੁ ਘੜਾਵੈ।"
- ਰਾਮ ੧, ਸਿਗੋ ੨੭:੨ (941)

ਹੋਰ ਰੂਪ:

ਅਘੜੋ –
"ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿਰਸ ਪੀਤਿਆ।"
- ਵਡ ੪, ਘੋੜੀ ੧, ੩:੪ (575)

ਅਘਾਇ ---- (ਸੰ.) (1) ਤ੍ਰਿਪਤ, ਪੂਰੀ ਤਰ੍ਹਾਂ ਰਜੇ ਹੋਏ
"ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ।"
- ਮਾਝ ੫, ੧੦, ੨:੩ (97)
"ਜਿਸ ਕੈ ਦੀਐ ਰਹੈ ਅਘਾਇ।"
- ਗਉ ੫, ਸੁਖ ੧੪, ੧:੩ (281)

ਹੋਰ ਰੂਪ:

ਅਘਾਇਣ –
"ਗਹਿ ਕੰਠਿ ਲਾਏ ਗੁਰਿ ਮਿਲਾਇ ਗੋਵਿੰਦ ਜਪਤ ਅਘਾਇਣ।"
- ਆਸਾ ੫, ਛੰਤ ੧੨, ੩:੫ (460)

ਅਘਾਈਂ –
"ਤੁਮ੍ਰੀ ਕ੍ਰਿਪਾ ਤੇ ਤ੍ਰਿਪਤਿ ਅਘਾਈਂ।"
- ਆਸਾ ੫, ੬੦, ੧:੨ (386)

ਅਘਾਈ –
"ਭੋਜਨ ਪੂਰਨ ਰਹੇ ਅਘਾਈ।"
- ਆਸਾ ੫, ੭੯, ੧:੨ (390)

ਅਘਾਏ –
"ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿਰਸੁ ਪੀਆ ਅਘਾਏ।" (ਰਜੇ ਹੋਏ)
- ਸਿਰੀ ੩, ੪੧, ੩:੩ (29)
"ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ।"
- ਮਾਝ ੫, ੩੦, ੩:੩ (103)

ਅਘਾਹੀ –
"ਸਤਿਗੁਰੁ ਜਿਨੀ ਧਿਆਇਆ ਸੇ ਤ੍ਰਿਪਤਿ ਅਘਾਹੀ।"
- ਸਿਰੀ ੪, ਵਾਰ ੧੪:੨ (88)

ਅਘਾਣੇ –
"ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤ ਮੀਠਾ ਰਾਮ।"
- ਵਡ ੫, ਛੰਤ ੨, ੩:੨ (577)

ਅਘਾਨਾ –
"ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿਰਸ ਨਾਨਕ ਤ੍ਰਿਪਤਿ ਅਘਾਨਾ ਜੀਉ।"
- ਮਾਝ ੫, ੨੦, ੪:੩ (100)

ਅਘਾਨਿਆ –
"ਹਰਿਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ।"

– ਜੈਤ ੫, ਛੰਤ ੨, ੪:੩ (705)

ਅਘਾਨੇ –
"ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ।"
– ਆਸਾ ੫, ੯੨, ੧:੩ (393)

ਅਘਾਵਹਿ –
"ਆਠ ਪਹਰ ਰਸਨਾ ਗੁਨ ਗਾਵੈ ਜਸੁ ਪੂਰਿ ਅਘਾਵਹਿ ਸਮਰਥ ਕਾਨ।"
– ਟੋਡੀ ੫, ੨੨, ੨:੨ (716)

ਅਘਾਵਣਿਆ –
"ਜਿਨ ਪੀਆ ਸੇਈ ਤ੍ਰਿਪਤਾਸੇ ਸਚੇ ਸਚਿ ਅਘਾਵਣਿਆ।"
– ਮਾਝ ੫, ਅਸ ੩੫, ੪:੩ (130)

ਅਘਾਵਨ –
"ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਨ ਕਉ।"
– ਸਾਰ ੫, ੨੦, ੧:੧ (1208)

ਅਘਾਵਨੁ –
"ਤ੍ਰਿਪਤਿ ਅਘਾਵਨੁ ਹਰਿ ਕੈ ਦਰਸਨਿ।"
– ਗਉ ੫, ੮੬, ੧:੪ (181)

ਅਘਾਵੈ –
"ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ।"
– ਮਾਝ ੫, ੯, ੨:੩ (97)

2. ਰਜਵਾਂ, ਬਹੁਤ
"ਅੰਤਰਿ ਕਮਲ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ।"
– ਸਿਰੀ ੧, ੨੦, ੪:੨ (22)

3. ਸੰਤੁਸ਼ਟ, ਸੰਤੋਖ ਵਿਚ
"ਜਗਤੁ ਉਧਾਰਨੁ ਸੰਤ ਤੁਮਾਰੇ ਦਰਸਨੁ ਪੇਖਤ ਰਹੇ ਅਘਾਇ।"
– ਆਸਾ ੫, ੯, ੨:੨ (373)

"ਨਾਮ ਰੰਗਿ ਜਨ ਰਹੇ ਅਘਾਇ।"
– ਗੋਂਡ ੫, ੫, ੪:੩ (863)

ਹੋਰ ਰੂਪ:

ਅਘਾਇਆ – (ਸੰਤੋਖ ਆਇਆ)
"ਹਰਿਰਸੁ ਚਾਖਿ ਸਦਾ ਮਨੁ ਤ੍ਰਿਪਤਿਆ ਗੁਣ ਗਾਵੈ ਗੁਣੀ ਅਘਾਇਆ।"
– ਸੋਰ ੩, ੭, ੩:੨ (602)

ਅਘਾਈ –
"ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ।"
– ਸੋਰ ੫, ੮, ੨:੨ (610)

ਅਘਾਈ ---- (1) ਤ੍ਰਿਪਤ ਹੋਈ – ਵੇਖੋ 'ਅਘਾਇ' (1)
(2) ਸੰਤੋਖ/ਸੰਤੁਸ਼ਟਤਾ ਆਈ – ਵੇਖੋ 'ਅਘਾਇ' (3)
(3) ਪੂਰੀ ਹੋਈ/ਭਾਵ ਸਫਲ ਹੋਈ
"ਜਉ ਮਿਲੈ ਤਾ ਘਾਲ ਅਘਾਈ।"
– ਸੋਰ ਕਬ, ੬, ੧:੨ (655)

ਅਘੁਲੀਐ --- ਛੁਟਕਾਰਾ ਪਾਈਐ, ਮੁਕਤ ਹੋਈਐ
"ਤਿਨ ਕੀ ਧੂੜਿ ਅਘੁਲੀਐ ਸੰਗਤਿ ਮੇਲਿ ਮਿਲਾਉ।"
– ਰਾਮ ੧, ਓਅੰ ੩੧:੪ (933)
(ਕੇਵਲ 'ਨਿਰੁਕਤ' ਵਿਚ ਇਸ ਦੇ ਅਰਥ 'ਇਸ਼ਨਾਨ ਕਰਾਂ' ਕੀਤੇ ਹਨ।)

ਹੋਰ ਰੂਪ:

ਅਘੁਲੈ –
"ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਘੁਲੈ।"
– ਪ੍ਰਭਾ ੧, ੪, ੮:੨ (1344)

ਅੰਙਣੁ ----- (ਸੰ.) ਵਿਹੜਾ
"ਹਭੇ ਟੋਲ ਸੁਹਾਵਣੇ ਸਹੁ ਬੈਠਾ ਅੰਙਣੁ ਮਲਿ।"
– ਮਾਰੂ ੫, ਵਾਰ ੩ਸ, ੫, ੨:੧ (1095)
ਅੰਙਨੜੇ –
"ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ।"
– ਵਡ ੧, ਅਲਾ ੩, ੫:੨ (580)

ਅੰਙੁ ------ (ਸੰ.) ਪੱਖ, ਸਾਥ, ਸੰਗ
"ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ।"
– ਸੂਹੀ ੪, ੩, ੨:੧ (732)

ਅੰਙੈ ------ ਅੰ: ਆ ਦੁਆਰਾ ਮੁਹਾਰਨੀ ਪੜਾਉਨ ਲਗਿਆਂ ਸੰਗੀਤਕ ਲੈ ਲਈ 'ਅਯੋ ਅੰਙੈ' ਅਰਥਾਤ 'ਆ ਈ ਉ ਓ ਅੰ ਅ:' ਉਚਾਰਨ ਕੀਤਾ ਜਾਂਦਾ ਸੀ
"ਅਯੋ ਅੰਙੈ ਸਭੁ ਜਗੁ ਆਇਆ ਕਾਖੈ ਅੰਙੈ ਕਾਲੁ ਭਇਆ।"
– ਆਸਾ ੩, ਪਟੀ ੧:੧ (434)

ਅੰਚ ------ (ਸੰ. , ਅਰ੍ਚਿ) ਅਗ, ਸੇਕ
"ਜੋ ਨਰ ਪੀਰਿ ਨਿਵਾਜਿਆ ਤਿਨ੍ਾ ਅੰਚ ਨ ਲਾਗ।"
– ਰਾਮ ੫, ਵਾਰ ੨੧ਸ, ੫, ੧:੨ (966)

ਅਚੰਭਉ ---- (ਸੰ.) ਹੈਰਾਨਗੀ, ਅਚੰਭਾ ਹੈਰਾਨਗੀ ਵਾਲੀ ਗੱਲ, ਕੌਤਕ, ਅਸਚਰਜ ਗਲ
"ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ।"
– ਗਉ ੫, ੧੬੧*, ੪:੧ (215)
"ਏਕੁ ਅਚੰਭਉ ਸੁਨਹੁ ਤੁਮ੍ ਭਾਈ।"
– ਆਸਾ ਕਬ, ੨੨, ੧*:੧ (481)

ਅਚਰਜ ---- (ਸੰ.) (1) ਅਨੋਖੀ ਹੋਂਦ ਵਾਲਾ
"ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ।"
– ਧਨਾ ੫, ੨੭, ੩:੨ (677)

ਹੋਰ ਰੂਪ:

ਅਚਰਜੁ –
"ਨਾਨਕ ਅਚਰਜੁ ਅਚਰਜ ਸਿਉ ਮਿਲਿਆ ਕਹਣਾ ਕਛੂ ਨ ਜਾਏ।"
– ਬਿਲਾ ੫, ੫, ੪:੪ (803)

"ਤੂ ਅਚਰਜੁ ਕੁਦਰਤਿ ਤੇਰੀ ਬਿਸਮਾ।"

– ਵਡ ੫, ੮, ੧*:੧ (563)

(2) ਹੈਰਾਨੀ ਭਰਪੂਰ ਕੌਤਕ/ਗਲ

"ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ।"

– ਸਿਰੀ ਕਬ, ੩, ੧:੧ (92)

ਹੋਰ ਰੂਪ:

ਅਚਰਜਾ –

"ਆਪਨ ਆਪ ਆਪ ਹੀ ਅਚਰਜਾ।"

– ਗਉ ੫, ਸੁਖ ੨੧, ੩:੯ (291)

ਅਚਰਜੁ –

"ਏਕੁ ਅਚਰਜੁ ਜਨ ਦੇਖਹੁ ਭਾਈ।"

– ਧਨਾ ੩, ੧, ੩:੧ (663)

"ਦੇਖਹੁ ਅਚਰਜੁ ਭਇਆ।"

– ਸੋਰ ੫, ੧੪, ੧*:੧ (612)

(3) ਅਦਭੁਤ, ਵਿਸਮਾਦ ਰੂਪ

"ਅਚਰਜ ਰੂਪੁ ਵਡੀ ਵਡਿਆਈ।"

– ਮਾਰੂ ੫, ਸੋਲਾ ੧੪, ੧੫:੨ (1086)

"ਮਹਾ ਮੰਤ੍ਰੁ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ।"

– ਆਸਾ ੫, ੫੧, ੩:੨ (384)

ਹੋਰ ਰੂਪ:

ਅਚਰਜੁ –

"ਅਚਰਜੁ ਤੇਰੀ ਵਡਿਆਈ।"

– ਸੋਰ ੫, ੮੭, ੨:੩ (630)

(4) ਅਨੋਖੇ, ਹੈਰਾਨੀ ਜਨਕ

"ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗੁ।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।"

– ਗਉ ੫, ਵਾਰ ੬ਸ, ੫, ੧:੧;੨ (319)

"ਗੁਣ ਗੋਵਿੰਦ ਅਚਰਜ ਪਰਤਾਪ।"

– ਗਉ ੫, ੧੬੩, ੨:੨ (198)

"ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ।"

– ਦੇਵ ੯, ੩, ੧:੧ (536)

ਅੰਚਰਿ ------ (ਸੰ.) ਪਲਾ, ਕੰਨੀ

"ਆਏ ਪ੍ਰਭ ਪਹਿ ਅੰਚਰਿ ਲਾਗਿ।"

– ਪ੍ਰਭਾ ੫, ਅਸ ੧, ੭:੩ (1347)

ਅਚਰੀਅਤ -- (ਸੰ.) ਵਿਹਾਰ ਵਿਚ, ਕਰਨੀ ਵਿਚ

"ਕਹੀਅਤ ਆਨ ਅਚਰੀਅਤ ਆਨ ਕਛੁ ਸਮਝ ਨ ਪਰੈ ਅਪਰ ਮਾਇਆ।"

– ਸੋਰ ਰਵਿ, ੩, ੩:੧ (658)

ਅਚਰੁ ----- (1) ਅਸਾਧ/ਬੇਕਾਬੂ ਮਨ, ਅਮੋੜ ਮਨ (ਨਿਰੁਕਤ)
"ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖ ਮਿਲਾਇ।"
– ਮਲਾ ੩, ਅਸ ੧, ੪:੨ (1276)

ਨੋਟ: 'ਗੁਰੂ ਗ੍ਰੰਥ ਕੋਸ਼' ਇਸ ਦੇ ਅਰਥ 'ਨਾ ਚਰੇ/ਖਾਦੇ ਜਾਣ ਵਾਲਾ' ਕਰਦਾ ਹੈ। 'ਸ਼ਬਦਾਰਥ' ਵੀ ਇਕ ਅਰਥ ਇਹ ਹੀ ਦਿੰਦਾ ਹੈ, ਯਥਾ
"ਅਚਰੁ ਚਰੈ ਤਾ ਨਿਰਮਲੁ ਹੋਇ।"
– ਗਉ ੩, ੨੫, ੩:੨ (159)

ਅਚਲ ----- (ਸੰ.) ਸਥਿਰ, ਜੋ ਚਲਾਇਮਾਨ ਨਾ ਹੋਵੇ, ਸਥਾਈ
"ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ।"
– ਬਿਲਾ ੯, ੧, ੨:੧ (830)

ਹੋਰ ਰੂਪ:

ਅਚਲੁ –
"ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ।"
– ਬਿਹਾ ੪, ਵਾਰ ੨ਸ, ੩, ੧:੩ (548)

ਅਚਲੈ –
"ਭਗਤ ਸੋਹਨਿ ਗੁਣ ਗਾਵਦੇ ਗੁਰਮਤਿ ਅਚਲੈ।"
– ਰਾਮ ੩, ਵਾਰ ੧੯:੩ (956)

ਅੰਚਲ ----- ਪਲਾ ਲੜ ਵੇਖੋ 'ਅੰਚਲਾ'
"ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ।"
– ਆਸਾ ੫, ਛੰਤ ੯, ੨:੪ (458)

ਅਚਲਾ ----- ਅਡੋਲ, ਸਥਿਰ, ਜੋ ਨਾ ਚਲੇ
"ਸਤਿਗੁਰੁ ਪੁਰਖੁ ਅਚਲ ਅਚਲਾ ਮਤਿ ਜਿਸੁ ਦ੍ਰਿੜਤਾ ਨਾਮੁ ਅਧਾਰੇ।"
– ਸਾਰ ੪, ੩, ੩:੧ (1199)

ਅੰਚਲਾ ----- ਲੜ, ਪਲਾ ਵੇਖੋ 'ਅੰਚਰਿ'
"ਸੁਪਨੈ ਊਭੀ ਭਈ ਗਹਿਓ ਕੀ ਨ ਅੰਚਲਾ।"
– ਫੁਨ ੫, ੧੩:੧ (1362)

"ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ।"
– ਨਟ ੫, ੬, ੧:੧ (979)

ਹੋਰ ਰੂਪ:

ਅੰਚਲਿ – (ਪਲੇ, ਲੜ)
"ਅੰਚਲਿ ਲਾਇ ਸਭ ਸਿਸਟਿ ਤਰਾਈ।"
– ਮਾਝ ੫, ੪੮, ੪:੧ (108)

ਅੰਚਲੁ –
"ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ।"
– ਗਉ ੫, ੧੭੨*, ੨:੧ (218)

ਅੰਚਲੋ –
"ਭਗਤਿ ਵਛਲੁ ਸੁਨਿ ਅੰਚਲੋ ਗਹਿਆ ਘਟਿ ਘਟਿ ਪੂਰ ਸਮਾਨਿਆ।"

– ਕੇਦਾ ੫, ਛੰਤ ੧, ੪:੪ (1123)

ਅਚਾਰ ----- (1) (ਸੰ.) ਰੀਤ, ਰਹਿਤ, ਰਸਮਰਿਵਾਜ
“ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ।”
– ਧਨਾ ੫, ੫੦, ੨:੧ (682)
“ਨਾਮ ਬਿਨਾ ਨਹ ਪੜਉ ਅਚਾਰ।” (ਰਹਿਣੀ ਬਹਿਣੀ)
– ਭੈਰ, ੩, ਅਸ ੧, ੨:੩ (1154)

ਹੋਰ ਰੂਪ:

ਅਚਾਰਿ –
“ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ।”
– ਧਨਾ ੧, ੩, ੧:੪ (689)

ਅਚਾਰੁ – (ਰਹਿਤ)
“ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ।”
– ਸਿਰੀ ੧, ੧੩, ੩:੧ (19)
“ਨਾ ਰਿਦੈ ਨਾਮੁ ਨ ਸਬਦੁ ਅਚਾਰੁ।”
– ਰਾਮ ੧, ਅਸ ੪, ੬:੪ (904)

(2) ਚੰਗੇ ਕਰਮ, ਪੁੰਨ ਕਰਮ, ਸ਼ੁਭ ਕਰਨੀ, ਦਾਨ-ਯਗ ਆਦਿ
“ਕਰਮਕਾਂਡ ਬਹੁ ਕਰਹਿ ਅਚਾਰ।”
– ਗਉ ੩, ੩੪, ੩:੧ (162)
“ਚਜ ਅਚਾਰ ਕਿਛੁ ਬਿਧਿ ਨਹੀ ਜਾਨੀ।”
– ਆਸਾ ੫, ੭, ੧:੩ (372)

ਹੋਰ ਰੂਪ:

ਅਚਾਰਾ –
“ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ।”
– ਆਸਾ ੫, ੧੧੮, ੧:੧ (400)

ਅਚਾਰਿ –
“ਗੁਰਮੁਖਿ ਪਾਈਐ ਸਬਦਿ ਅਚਾਰਿ।”
– ਰਾਮ ੩, ਸਿਗੋ ੨੯:੪ (941)

ਅਚਾਰੁ –
“ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ।”
– ਆਸਾ ੫, ੧੩੭, ੨:੨ (409)

ਅਚਾਰੇ –
“ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ।”
– ਮਲਾ ੫, ੭, ੨:੨ (1268)

(3) ਅਚਾਰਵਤਿ, ਚੰਗੇ/ਸ਼ੁਭ ਕਰਮ ਕਰਨ ਵਾਲਾ
“ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ।”
– ਗਉ ੫, ਅਸ ੧੫, ੩:੧ (242)

(4) ਮੰਦੇ, ਅਸ਼ੁਭ (ਚਾਰ, ‘ਚੰਗੇ’ ਸ਼ੁਭ ਦੇ ਉਲਟ-ਸ਼ਬਦਾਰਥ, ਨਿਰਣਯ, ਦਰਪਣ)
“ਚਾਰ ਅਚਾਰ ਰਹੇ ਉਰਝਾਇ।”

– ਗਉ ਕਬ, ੯, ੨:੨ (325)

ਨੋਟ: ‘ਸੰਥਿਆ’ ਇਸ ਦੇ ਅਰਥ ‘ਚਾਰ ਵੇਦਾਂ ਅਨੁਸਾਰ ਦਸੇ ਗਏ ਕਰਮਾਂ’ ਦਾ ਕਰਦੇ ਹਨ।

ਅਚਾਰਵੰਤਿ -- (ਸੰ.) ਸ਼ੁਭ ਆਚਾਰ ਵਾਲੀ, ਚੰਗੀ ਰਹਿਣੀ ਸਹਿਣੀ ਵਾਲੀ
“ਅਚਾਰਵੰਤਿ ਸਾਈ ਪਰਧਾਨੇ।”
– ਮਾਝ ੫, ੧੧, ੩:੧ (97)

ਹੋਰ ਰੂਪ:

ਅਚਾਰਵੰਤੁ –
“ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ।”
– ਸਿਰੀ ੫, ਅਸ ੨੬, ੭:੧ (70)

ਅਚਿਤ ----- (ਸੰ.) ਜੜ੍ਹ, ਅਚੇਤਨ (ਮਹਾਨ ਕੋਸ਼), ਜਿਸ ਦਾ ਚਿਤ ਟਿਕਾਣੇ ਨਾ ਹੋਵੇ (ਨਿਰੁਕਤ, ਗੁਰੂ ਗ੍ਰੰਥ ਕੋਸ਼), ਬੇਧਿਆਨਾ (ਦਰਪਣ, ਸ਼ਬਦਾਰਥ), ਬੇਖ਼ਬਰ (ਸੋਢੀ)
“ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ ਗੁਰਿ ਕੀਏ ਸੁਚਿਤ ਚਿਤੇਨ।”
– ਕਾਨ ੪, ੨, ੧:੧ (1294)

ਅਚਿੰਤ ----- (1) ਬਿਨਾ ਫਿਕਰ ਦੇ, ਸਹਿਜੇ ਹੀ, ਸੁਤੇ ਸਿਧ, ਅਚੇਤ ਹੀ, ਅਚਾਨਕ
“ਅਚਿੰਤ ਨਾਮੁ ਵਸਿਆ ਮਨਿ ਆਈ।”
– ਬਿਲਾ ੩, ੬, ੧:੨ (768)
“ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ।”
– ਸੋਰ ੩, ਅਸ ੧, ੫:੧ (638)
“ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚ ਪਾਥਰ ਕੀਟ ਪਖਾਣੀ ਹੇ।”
– ਮਾਰੂ ੪, ਸੋਲਾ ੨੭੬:੩ (1070)

ਹੋਰ ਰੂਪ:

ਅਚਿੰਤਾ –
“ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।”
– ਸਿਰੀ ੧, ੪, ੧*:੨ (55)

ਅਚਿੰਤੁ –
“ਹਰਿ ਜੀ ਅਚਿੰਤੁ ਵਸੈ ਮਨਿ ਆਈ।”
– ਮਾਝ ੩, ਅਸ ੧੦, ੧:੨ (114)

ਅਚਿੰਤੋ –
“ਅਚਿੰਤੋ ਹੀ ਇਹੁ ਮਨੁ ਵਸਿ ਕੀਤਾ।”
– ਭੈਰ ੫, ਅਸ ੩, ੩:੪ (1157)

(2) ਨਿਸਚਿੰਤਤਾ, ਬੇਫ਼ਿਕਰੀ, ਅਚਿੰਤਤਾਈ
“ਬ੍ਰਹਮ ਗਿਆਨੀ ਕੈ ਹੋਇ ਅਚਿੰਤ।”
– ਗਉ ੫, ਸੁਖ ੮, ੬:੩ (273)

ਹੋਰ ਰੂਪ:

ਅਚਿੰਤਾ –
“ਚਿੰਤ ਅਚਿੰਤਾ ਸੋਚ ਅਸੋਚਾ ਸੋਗੁ ਲੋਭੁ ਮੋਹੁ ਥਾਕਾ।”

– ਧਨਾ ੫, ੪, ੩:੧ (671)

(3) ਬੇਫ਼ਿਕਰ, ਨਚਿੰਤ, ਚਿੰਤਾ ਰਹਿਤ

“ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ।”

– ਆਸਾ ਨਾਮ, ੫, ੧:੨ (486)

“ਛੋਡਿ ਚਿੰਤ ਅਚਿੰਤ ਹੋਏ ਬਹੁੜਿ ਦੂਖੁ ਨ ਪਾਇਆ।”

– ਬਿਹਾ ੫, ਅਸ ੮, ੪:੫ (547)

“ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ।”

– ਫੁਨ ੫, ੪:੩ (1362)

ਹੋਰ ਰੂਪ:

ਅਚਿੰਤਾ –

“ਤਾ ਤੂੰ ਸੁਖਿ ਸੋਉ ਹੋਇ ਅਚਿੰਤਾ।”

– ਗਉ ੫, ੭੧*, ੨:੨ (176)

ਅਚਿੰਤੁ –

“ਹੋਹਿ ਅਚਿੰਤੁ ਬਸੈ ਸੁਖ ਨਾਲਿ।”

– ਗਉ ੫, ਸੁਖ ੧੯, ੭:੩ (289)

(4) ਜਿਸ ਦਾ ਚਿੰਤਨ ਨਾ ਕੀਤਾ ਜਾ ਸਕੇ, ਜੋ ਖ਼ਿਆਲ ਵਿਚ ਨਹੀਂ ਆਉਂਦਾ (ਮਹਾਨਕੋਸ਼), ਪ੍ਰਭੂ

“ਅਚਿੰਤ ਹਮਾਰੈ ਕਾਰਜ ਪੂਰੇ।”

– ਭੈਰ ੫, ਅਸ ੩, ੩:੧ (1157)

ਹੋਰ ਰੂਪ:

ਅਚਿੰਤੋ –

“ਅਚਿੰਤੋ ਹੀ ਇਹੁ ਮਨੁ ਵਸਿ ਕੀਤਾ।”

– ਭੈਰ ੫, ਅਸ ੩, ੩:੪ (1157)

ਅਚਿੰਤਾ ---- (1) ਅਗਿਆਤ, ਜਿਸ ਬਾਰੇ ਸੋਚਿਆ ਨਹੀਂ, ਅਚਨਚੇਤ

“ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ।”

– ਰਾਮ ੩, ਵਾਰ ੧੯ਸ, ੧, ੨:੨ (955)

“ਨਾਨਕ ਕਉ ਪ੍ਰਭ ਮਿਲਿਓ ਅਚਿੰਤਾ।”

– ਭੈਰ ੫, ਅਸ ੩, ੧:੪ (1157)

2. ਸਹਿਜੇ ਹੀ, ਸੁਤੇ ਸਿੱਧ ਵੇਖੋ ‘ਅਚਿੰਤ’ (1)
3. ਬੇਫ਼ਿਕਰੀ, ਅਚਿੰਤਤਾਈ ਵੇਖੋ ‘ਅਚਿੰਤ’ (2)
4. ਬੇਫ਼ਿਕਰ, ਨਚਿੰਤ, ਵੇਖੋ ‘ਅਚਿੰਤ’ (3)

ਅਚਿੰਤੁ ----- (1) ਚਿੰਤਾ – ਰਹਿਤ, ਵਾਹਿਗੁਰੂ

“ਜਾ ਕੈ ਅਚਿੰਤੁ ਵਸੈ ਮਨਿ ਆਇ।”

– ਗਉ ੫, ੧੦੩, ੨:੧ (186)

“ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ।”

– ਵਡ ੪, ਵਾਰ ੪ਸ, ੩, ੨:੨ (587)

2. ਅਚਨਚੇਤ, ਅਗਿਆਤ, ਵੇਖੋ ‘ਅਚਿੰਤਾ’ (1)

“ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ।”

– ਸੋਰ ੪, ਵਾਰ ੨੦ਸ, ੩, ੨:੪ (650)

ਹੋਰ ਰੂਪ:

ਅਚਿੰਤੇ –
“ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।”
– ਸਲੋ ਫਰ, ੯੯:੨ (1383)

(3) ਸੁਤੇ ਸਿਧ ਵੇਖੋ ‘ਅਚਿੰਤ’ (1)
(4) ਬੇਫ਼ਿਕਰ ਵੇਖੋ, ‘ਅਚਿੰਤ’ (3)

ਅਚੁਤ ----- (ਸੰ.) (1) ਅਚਲ, ਸਥਿਰ, ਅਬਿਨਾਸੀ, ਅਟਕ, ਨਾ ਡਿਗਣ ਵਾਲਾ
“ਗੁਣ ਗਾਉ ਮਨਾ ਅਚੁਤ ਅਬਿਨਾਸੀ ਸਭ ਤੇ ਊਚ ਦਇਆਲਾ।”
– ਗਉ ੫, ਛੰਤ ੩, ੪:੧ (249)

ਹੋਰ ਰੂਪ:

ਅਚੁਤਹ –
“ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ।”
– ਸਸ ੫, ੫੨:੪ (1359)

(2) ਪਰਮੇਸਰ ਦੇ ਪੁਤਰ, ਸੰਤਜਨ
“ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੵੰ ਅਚੁਤ ਤਨਹ।”
– ਸਸ ੫, ੧:੪ (1354)

ਅਚੇਤ ----- (ਸੰ.) (1) ਗਿਆਨਹੀਨ, ਮੂੜ, ਬੇਸਮਝ, ਬੇ – ਖਬਰ, ਮੂਰਖ
“ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ।”
– ਸਿਰੀ ੧, ਪਹ ੧, ੨:੪ (75)

ਹੋਰ ਰੂਪ:

ਅਚੇਤਿ –
“ਭੂਲੋ ਰਾਵਣੁ ਮੁਗਧੁ ਅਚੇਤਿ।”
– ਗਉ ੧, ਅਸ ੯, ੫:੩ (224)

ਅਚੇਤਿਆ –
“ਬਿਨੁ ਨਾਮ ਹਰਿ ਕੇ ਭਰਮ ਭੂਲੇ ਪਚਹਿ ਮੁਗਧ ਅਚੇਤਿਆ।”
– ਆਸਾ ੧, ਛੰਤ ੫, ੪:੪ (439)

ਅਚੇਤੀ –
“ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ।”
– ਤੁਖਾ ੧, ਛੰਤ ੨, ੨:੧ (1110)

ਅਚੇਤੁ –
“ਮਨਮੁਖੁ ਅਚੇਤੁ ਮਾਇਆ ਮੋਹੁ ਗੁਬਾਰੁ।”
– ਆਸਾ ੩, ੪੯, ੩:੨ (364)

(2) ਜੋ ਗਲ ਚਿਤ ਚੇਤੇ ਨਾ ਹੋਵੇ
“ਨਰ ਅਚੇਤ ਪਾਪ ਤੇ ਡਰੁ ਰੇ।”
– ਗਉ ੯, ੯, ੧*:੧ (220)

(‘ਅਚੇਤ’ ਪਾਪ ਦਾ ਵਿਸ਼ੇਸ਼ਣ ਹੈ। ਜੇ ਕਰ ਇਹ ‘ਨਰ’ ਦਾ ਵਿਸ਼ੇਸ਼ਣ ਬਣਾਇਆ ਜਾਵੇ ਤਾਂ ਅਰਥ ‘ਮੂਰਖ, ਗਿਆਨਹੀਨ’ ਹੋਵੇਗਾ।)
(3) ਬੇਹੋਸ਼ੀ ਭਰੀ, ਗਫਲਤ ਵਾਲੀ
“ਅਚੇਤ ਬਿਵਸਥਾ ਮਹਿ ਲਪਟਾਨੈ।”
– ਸੂਹੀ ੫, ੧੬, ੧*:੨ (740)

ਅਚੇਤਾ ----- ਜੋ ਚੇਤੇ ਨਹੀਂ ਕਰਦਾ, ਜੋ ਸਿਮਰਦਾ ਨਹੀਂ
“ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ।”
– ਸਿਰੀ ੪, ਵਾਰ ੮:੫ (85)

ਅਚੇਤੁ ----- (1) ਬੇਸਮਝ, ਮੂਰਖ, ਵੇਖੋ ‘ਅਚੇਤ’ (1)
(2) ਗਾਫਲ ਬੇਸੁਰਤ
“ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ।”
– ਸਿਰੀ ੩, ੪੩, ੪:੨ (30)
“ਨਾਨਕ ਚਿਤੁ ਅਚੇਤੁ ਹੈ ਚਿੰਤਾ ਬਧਾ ਜਾਇ।” (ਲਾਪਰਵਾਹ)
– ਰਾਮ ੩, ਵਾਰ ੧੮ਸ, ੧, ੨:੩ (955)
(3) ਭੋਲੀ, ਗਿਆਨਹੀਨ
“ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ।”
– ਸਿਰੀ ੧, ਪਹ ੨, ੧:੧ (75)

ਅਛਤ ----- (ਸੰ.) ਹੁੰਦਿਆਂ
“ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।”
– ਸੋਰ ਰਵਿ, ੧, ੨:੨ (657)

ਅਛਰ ----- (ਸੰ.) (1) ਅਖਰ
“ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ।”
– ਗਉ ਕਬ, ਬਾਅ ੧:੧ (344)

ਹੋਰ ਰੂਪ:

ਅਛਰਣਹ –
“ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ।”
– ਸਸ ੫, ੬੨:੨ (1359)

ਅਛਰੁ ----- ਲੇਖ
“ਆਦਿ ਪੁਰਖਿ ਪਰਤਖਿ ਲਿਖੵਉ ਅਛਰੁ ਮਸਤਕਿ ਧੁਰਿ।”
– ਸਵ ੫, ਮਥੁ ੨:੨ (1408)

ਅਛਲ ----- (ਸੰ.) (1) ਜੋ ਛਲਿਆ ਨਾ ਜਾ ਸਕੇ
“ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।”
– ਸਿਰੀ ੧, ੩੩, ੧:੧ (25)

ਹੋਰ ਰੂਪ:

ਅਛਲਿਓ – (ਭਾਵ ਪ੍ਰਭੂ)
“ਇਸਨਾਨੁ ਦਾਨੁ ਸੁਗਿਆਨੁ ਮਜਨੁ ਆਪਿ ਅਛਲਿਓ ਕਿਉ ਛਲੈ।”

– ਸੂਹੀ ੫, ਛੰਤ ੫, ੧:੪ (766)

ਅਛਲੀ –

“ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ।”

– ਆਸਾ ਧਨਾ ੧, ੪:੧ (487)

ਅਛਲੁ –

“ਅਟਲ ਅਛਲੁ ਗੁਰਮਤੀ ਧਾਰੁ।”

– ਆਸਾ ੧, ਅਸ ੩, ੮:੨ (413)

(2) ਅਚਲ

“ਨਿਰੰਕਾਰੁ ਅਛਲ ਅਡੋਲੋ।”

– ਮਾਰੂ ੫, ਸੋਲਾ ੧੧, ੧੪:੧ (1083)

ਅਛਾਦਿਓ --- (ਸੰ.) ਢਕਿਆ/ਕਜਿਆ ਹੋਇਆ

“ਐਸੇ ਗੁਨਹ ਅਛਾਦਿਓ ਪ੍ਰਾਨੀ।”

– ਅਸਾ ੫, ੨੨, ੨:੨ (376)

ਅਛਿਤਾ ---- (ਸੰ.) ਜੋ ਟੁੱਟਿਆ ਨਾ ਹੋਵੇ, ਸੰਪੂਰਨ, ਸੰਯੁਕਤ

“ਸਗਲ ਧਰਮ ਅਛਿਤਾ।”

– ਗੋਂਡ ਨਾਮ, ੧, ੩:੧ (873)

ਅਛੇਦ ----- (ਸੰ.) (1) ਜੋ ਛੇਦਿਆ/ ਵੰਡਿਆ ਨਾ ਜਾ ਸਕੇ।

“ਅਟਲ ਅਛੇਦ ਅਭੇਦ ਸੁਆਮੀ ਸਰਣਿ ਤਾ ਕੀ ਆਉ।”

– ਗੂਜ ੫, ੨੮, ੩:੧ (501)

(2) ਅਕੱਟ, ਜਿਸ ਨੂੰ ਤੋੜਿਆ ਨਾ ਜਾ ਸਕੇ

“ਗੁਰ ਕਾ ਬਚਨੁ ਅਟਲ ਅਛੇਦ।”

– ਗਉ ੫, ੭੪, ੨:੧ (177)

(3) ਅਬਿਨਾਸੀ, ਨਾਸ ਰਹਿਤ

“ਜਹ ਅਛਲ ਅਛੇਦ ਅਭੇਦ ਸਮਾਇਆ ਊਹਾ ਕਿਸਹਿ ਬਿਆਪਤ ਮਾਇਆ।”

– ਗਉ ੫, ਸੁਖ ੨੧, ੬:੧;੨ (291)

“ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ।”

– ਗਉ ਕਬ, ਬਾਅ ੪:੨ (340)

ਅਜ ------ (ਸੰ.) ਬਕਰੀ

“ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ।”

– ਆਸਾ ੫, ੪੪, ੧*:੨ (381)

ਅਜਹੁ ----- ਅਜੇ ਵੀ, ਤਾਂ ਵੀ

“ਬਿਖਿਆ ਅਜਹੁ ਸੁਰਤਿ ਸੁਖ ਆਸਾ।”

– ਗਉ ਕਬ, ਅਸ ੩੬, ੧*:੧ (330)

“ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ।”

– ਬਿਲਾ ਕਬ, ੩, ੧:੨ (855)

ਹੋਰ ਰੂਪ:

ਅਜਹੂ –

"ਮਨ ਮੂਰਖ ਅਜਹੂ ਨਹ ਸਮਝਤ ਸਿਖ ਦੇ ਹਾਰਿਓ ਨੀਤ।"
- ਦੇਵ ੯, ੩, ੨:੧ (536)

ਅਜਹੂੰ - (ਹੁਣ ਵੀ)
"ਖਿਰਤ ਖਪਤ ਅਜਹੂੰ ਨਹ ਚੇਤੇ।"
- ਗਉ ਕਬ, ਬਾਅ ੪੪:੨ (342)

ਅਜਹੂ ----- (1) ਅਜੇ ਵੀ, ਵੇਖੋ 'ਅਜਹੁ'
(2) ਹੁਣ ਤਕ, ਅਜ ਤਕ (ਨਿਰੁਕਤ)
"ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ।"
- ਤਿਲੰ ੯, ੧, ੨:੧ (726)

ਅਜਗਰ ---- (ਸੰ.) ਬਹੁਤ ਵਡਾ
"ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ।"
- ਮਾਰੂ ੧, ਸੋਲਾ ੨੨, ੧੧:੩ (1043)

ਹੋਰ ਰੂਪ:

ਅਜਗਰਿ -
"ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ।"
- ਮਾਰੂ ੧, ਸੋਲਾ ੫, ੮:੩ (1025)

ਅਜਗਰੁ -
"ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ।"
- ਆਸਾ ੫, ੧੦, ੧:੨ (373)

ਅਜਗਰੁ ---- (ਸੰ. ਬਕਰਾ)(ਨਿਗਲ ਲੈਣ ਵਾਲਾ), ਵਡਾ ਸਪ
"ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ
ਸਾਧਿ ਅਜਗਰੁ ਜਿਨਿ ਕੀਆ ਉਨਮਾਨੁ।"
- ਸਵ ੨, ੪:੧ (1391)

ਅੰਜਨ ----- (ਸੰ., ਕਜਲ ਸਿਆਹੀ) (1) ਮਾਇਆ, ਕਾਲਖ ਰੂਪੀ ਸੰਸਾਰ
"ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ।"
- ਮਾਝ ੩, ਅਸ ੬, ੧*:੨ (112)

ਹੋਰ ਰੂਪ:

ਅੰਜਨੁ -
"ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ।"
- ਬਿਹਾ ੪, ਵਾਰ ੧੦:੩ (552)

2. ਸੁਰਮਾ
"ਗੁਰ ਗਿਆਨ ਅੰਜਨ ਪ੍ਰਭ ਨਿਰੰਜਨ ਜਲਿ ਥਲਿ ਮਹੀਅਲਿ ਪੂਰਿਆ।"
- ਆਸਾ ੫, ਛੰਤ ੬, ੨:੩ (456)
"ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ।"
- ਬਿਹਾ ੫, ਛੰਤ ੨, ੧:੫ (542)

ਹੋਰ ਰੂਪ:

ਅੰਜਨਾ –
“ਭਰਮ ਅੰਧੇਰ ਬਿਨਾਸ ਗਿਆਨ ਗੁਰ ਅੰਜਨਾ।”
– ਆਸਾ ੫, ਛੰਤ ੬, ੨:੨ (456)

ਅੰਜਨਿ –
“ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ।”
– ਮਾਰੂ ੫, ਸੋਲਾ ੮, ੧੨:੩ (1079)

ਅੰਜਨੁ –
“ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ।”
– ਸਿਰੀ ੧, ਅਸ ੭, ੩:੧ (57)

ਅੰਜਨੋ –
“ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ।”
– ਆਸਾ ੧, ਛੰਤ ੩, ੪:੧ (437)

ਅਜਨਮਾ ---- (ਸੰ.) ਜਨਮ ਤੋਂ ਰਹਿਤ
“ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ।”
– ਗਉ ੪, ੬੫, ੧:੩ (173)

ਅਜਪਾ ----- (ਸੰ.) ਉਚਾਰਨ ਤੋਂ ਬਿਨਾਂ, ਹਿਰਦੇ ਵਿਚ
“ਅਜਪਾ ਜਾਪੁ ਜਪੈ ਮੁਖਿ ਨਾਮ।”
– ਬਿਲਾ ੧, ਥਿਤੀ ੧੬:੪ (840)

ਅਜਬ ----- (ਅ. ਅਜਬ) ਅਨੋਖਾ, ਵਚਿਤਰ
“ਅਜਬ ਕੰਮ ਕਰਤੇ ਹਰਿ ਕੇਰੇ।”
– ਮਾਝ ੩, ਅਸ ੧੬, ੫:੧ (118)

ਹੋਰ ਰੂਪ:

ਅਜਬੁ – (ਅਨੋਖੀ/ਅਸਚਰਜ ਗਲ)
“ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ।”
– ਮਾਝ ੧, ਵਾਰ ੧੧ਸ, ੧, ੧:੪ (142)

ਅਜਰ ----- ਜੋ ਜਰਿਆ (ਬਰਦਾਸ਼ਤ) ਨਾ ਜਾ ਸਕੇ, ਜੋ ਝਲਿਆ ਨ ਜਾ ਸਕੇ
“ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਮਿਉ ਪੀਜੈ।”
– ਮਾਰੂ ੧, ੯, ੨:੧ (991)

ਅਜਰਾਈਲ -- (ਅ. ਅਜ਼ਰਾਈਲ) ਮੌਤ ਦਾ ਫਰਿਸ਼ਤਾ, ਜਮਰਾਜ
“ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।”
– ਤਿਲੰ ੧, ੧, ੧*:੨ (721)

ਹੋਰ ਰੂਪ:

ਅਜਰਾਈਲਿ –
“ਅਜਰਾਈਲਿ ਫੜੇ ਫੜਿ ਕੁਠੇ।”
– ਮਾਰੂ ੫, ਅਸ ੮, ੨:੨ (1019)

ਅਜਰਾਈਲੁ –
"ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।"
– ਗਉ ੪, ਵਾਰ ੨੭:੪ (315)

ਅਜਰਾਵਰੁ --- (1) (ਸੰ.) ਸ਼੍ਰੇਸ਼ਟ ਦੇਵਤਾ, ਦੇਵਪਤੀ, ਪ੍ਰਮਾਤਮਾ
"ਤੂ ਅਜਰਾਵਰੁ ਅਮਰੁ ਤੂ ਸਭ ਚਾਲਣਹਾਰੀ।"
– ਮਾਰੂ ੧, ਅਸ ੧, ੧*:੧ (1008)
(2) (ਸੰ.) ਜਿਸ ਤੇ 'ਜਰ' ਬੁਢਾਪਾ ਨਹੀਂ ਆਉਂਦਾ, ਜੋ ਸਮੇਂ ਦੇ ਬੰਦਨ ਤੋਂ ਮੁਕਤ ਹੈ
"ਨਾ ਤਿਸੁ ਓਪਤਿ ਖਪਤਿ ਕੁਲ ਜਾਤੀ ਓਹੁ ਅਜਰਾਵਰੁ ਮਨਿ ਭਾਇਆ।"
– ਮਾਰੂ ੧, ਸੋਲਾ ੧੮, ੨:੩ (1038)

ਅਜਰੁ ----- ਨਾ ਜਰੇ ਜਾ ਸਕਣ ਵਾਲੀ
"ਇਹੁ ਅਜਰੁ ਨਾਨਕ ਸੁਖ ਸਹੀਐ ਜੀਉ।"
– ਗਉ ੫, ੧੬੭*, ੪:੪ (217)
"ਸਾਧੂ ਕੈ ਸੰਗਿ ਅਜਰੁ ਸਹੈ।"
– ਗਉ ੫, ਸੁਖ ੭, ੪:੪ (271)

ਅਜਾ ------ (ਸੰ.) ਬਕਰੀ
"ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।"
– ਸਸ ੫, ੪੧:੧ (1357)

ਅਜਾਇ ---- (ਸੰ. ਜ਼ਾਇਆ) ਵਿਅਰਥ, ਅਜਾਈਂ
"ਜੋ ਕਿਛੁ ਕੀਆ ਸੁ ਮਨ ਕੀਆ ਮੂੰਡਾ ਮੂੰਡੁ ਅਜਾਇ।"
– ਸਲੋ ਕਬ, ੧੦੧:੨ (1369)

ਹੋਰ ਰੂਪ:

ਅਜਾਈ –
"ਪਾਪ ਪੁੰਨ ਕੀ ਸਾਰ ਨਾ ਜਾਣੈ ਭੂਲਾ ਫਿਰੈ ਅਜਾਈ।"
– ਪ੍ਰਭਾ ੧, ੯, ੧:੨ (1329)

ਅਜਾਏ –
"ਜਾ ਦਿਨਿ ਬਿਸਰੈ ਪ੍ਰਾਨ ਸੁਖ ਦਾਤਾ ਸੋ ਦਿਨੁ ਜਾਤ ਅਜਾਏ।"
– ਗਉ ੫, ੧੫੨*, ੧*:੨ (212)

ਅਜਾਂਈ –
"ਤਿਸ ਕੀ ਘਾਲ ਅਜਾਂਈ ਜਾਇ।"
– ਭੈਰ ਕਬ, ੧੨, ੧:੪ (1160)

ਅਜਾਚੀ ---- (ਸੰ.) (1) ਨਾ ਮੰਗਣ ਵਾਲਾ, ਨਿਸ਼ਕਾਮ ਭਗਤ ਜੋ ਯਾਚਨਾ ਨਹੀਂ ਕਰਦੇ
"ਅਮਰ ਅਜਾਚੀ ਹਰਿ ਮਿਲੇ ਤਿਨ ਕੈ ਹਉ ਬਲਿ ਜਾਉ।"
– ਰਾਮ ੧, ਓਅੰ ੩੧:੩ (933)
(2) ਜਿਸ ਨੂੰ ਜਾਚਿਆ ਨਾ ਜਾ ਸਕੇ, ਅਤੋਲ (ਅਤੁਲ)
"ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ।"
– ਮਾਰੂ ੧, ੧੧, ੩:੧ (992)

ਅਜਾਣ ----- (ਸੰ.) ਨਾ ਜਾਣਨ ਵਾਲਾ, ਅਗਿਆਨੀ, ਮੂਰਖ, ਅਣਜਾਣ
“ਫਿਕਾ ਬੋਲ ਵਿਗੁਚਣਾ ਸੁਣਿ ਮੂਰਖ ਮਨ ਅਜਾਣ।”
– ਸਿਰੀ ੧, ੪, ੩:੨ (15)

ਹੋਰ ਰੂਪ:

ਅਜਾਣਾ –
“ਸੁਣਿ ਮੂਰਖ ਮੰਨ ਅਜਾਣਾ।”
– ਗਉ ੧, ੧੩, ੫*:੧ (155)

ਅਜਾਣਿ– (ਬੇਸਮਝ)
“ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ।”
– ਸਿਰੀ ੫, ੭੩, ੧:੧ (43)

ਅਜਾਣੀ –
“ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ।”
– ਗਉ ੪, ਵਾਰ ੫:੩ (302)

ਅਜਾਣੁ –
“ਸੋਈ ਅਜਾਣੁ ਕਹੈ ਮੈ ਜਾਨਾ ਜਾਣਨਹਾਰੁ ਨ ਛਾਨਾ ਰੇ।”
– ਆਸਾ ੫, ੪੪, ੪:੧ (382)

ਅਜਾਣੈ –
“ਤਿਸੁ ਸਿਉ ਕਿਛੁ ਨ ਕਹੀਐ ਅਜਾਣੈ।”
– ਮਾਰੂ ੪, ਸੋਲਾ ੨, ੫:੨ (1070)

ਅਜਾਣੰਤਾ --- ਬਿਨਾਂ ਸਮਝੇ, ਜਾਣਦਾ/ਸਮਝਦਾ ਕੁਝ ਨਹੀਂ
“ਪੂਕਾਰੰਤਾ ਅਜਾਣੰਤਾ।”
– ਸਾਰ ੪, ਵਾਰ ੧੩ਸ, ੧, ੧:੨ (1242)

ਅਜਾਣਾ ---- (1) ਇੰਞਾਣਾ, ਭੋਲਾ, ਅਗਿਆਨੀ
“ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ।”
– ਬਸੰ ੫, ੨੦, ੪:੨ (1186)

(2) ਅਗਿਆਨੀ, ਮੂਰਖ – ਵੇਖੋ ‘ਅਜਾਣਾ’

ਅਜਾਤਿ ---- (1) (ਸੰ.) (ਜੋ ਜਨਮਿਆ ਨਹੀਂ) ਨੀਵੀਂ ਜਾਤ
“ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ।”
– ਵਡ ੪, ਛੰਤ ੪, ੩:੫ (575)

ਹੋਰ ਰੂਪ:

ਅਜਾਤੁ –
“ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨੁ ਲਾਵੈ ਹੇਤੁ।”
– ਕੇਦਾ ਰਵਿ, ੧, ੨:੧ (1124)

(2) (ਫਾ. ਆਜ਼ਾਦ) ਸੁਤੰਤਰ, ਆਜ਼ਾਦ
“ਜੋ ਲਉਡਾ ਪ੍ਰਭਿ ਕੀਆ ਅਜਾਤਿ।”
– ਆਸਾ ੫, ੨੧, ੩:੧ (376)

(3) ਜਾਤ ਰਹਿਤ

"ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।"
– ਸੋਰ ੧, ੬, ੧:੨ (597)

ਅਜਾਨ ----- (1) (ਸੰ.)ਅਗਿਆਨੀ, ਮੂਰਖ
"ਭੂਲਾ ਕਾਹੇ ਫਿਰਹਿ ਅਜਾਨ।"
– ਗਉ ੫, ਸੁਖ ੧੫, ੪:੬ (283)

ਹੋਰ ਰੂਪ:

ਅਜਾਨਾ –
"ਕਰੁ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ।"
– ਆਸਾ ੫, ੭, ੧*:੨ (372)
(2) ਅੰਞਾਣਾ, ਭੋਲਾ ਬਾਲਕ
"ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ।"
– ਗਉ ੫, ਬਾਅ ੪੭ਸ:੧ (260)

ਹੋਰ ਰੂਪ:

ਅਜਾਨੁ –
"ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ।"
– ਬਿਲਾ ੫, ੫੫, ੪:੧ (815)
(3) ਬੇਸਮਝ
"ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ।"
– ਸੋਰ ਰਵਿ, ੩, ੨:੧ (658)

ਹੋਰ ਰੂਪ:

ਅਜਾਨੁ –
"ਤਿਸਹਿ ਬਿਸਾਰੈ ਮੁਗਧੁ ਅਜਾਨੁ।"
– ਗਉ ੫, ਸੁਖ ੪, ੩:੮ (267)

ਅਜਾਮਲ ---- ਇਕ ਕੁਕਰਮੀ ਬ੍ਰਾਹਮਣ ਜਿਸ ਨੇ ਆਪਣੀ ਵਿਆਹੁਤਾ ਪਤਨੀ ਨੂੰ ਤਿਆਗ ਕਾਮ ਵਸ ਇਕ ਗਨਿਕਾ ਨਾਮੀ ਵੇਸਵਾ ਨਾਲ ਵਿਆਹ ਕੀਤਾ। ਪੰਛੀਆਂ ਦਾ ਸ਼ਿਕਾਰ ਕਰ ਪੇਟ ਭਰਦਾ ਸੀ। ਸਾਧ – ਜਨਾਂ ਦੇ ਕਹਿਣ ਉਤੇ ਛੋਟੇ ਪੁੱਤਰ ਦਾ 'ਨਾਰਾਇਣ' ਨਾਂ ਰਖਿਆ ਤੇ ਅੰਤ ਸਮੇਂ ਉਸੇ ਨੂੰ ਆਵਾਜ਼ ਮਾਰ ਤਰ ਗਿਆ।
"ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ।
ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ।"
– ਧਨਾ ਕਬ, ੫, ੨:੧ (692)

ਹੋਰ ਰੂਪ:

ਅਜਾਮਲੁ –
"ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ।"
– ਸੋਰ ੯, ੪, ੩:੧ (632)
ਅਜੈਮਲ –
"ਅਜੈਮਲ ਕੀਓ ਬੈਕੁੰਠਹਿ ਥਾਨ।"

– ਗੋਂਡ ਨਾਮ, ੫, ੨:੨ (874)

ਅਜਿਤ ----- (ਸੰ.) ਜੋ ਜਿਤਿਆ ਨਾ ਜਾਵੇ
"ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ।"
– ਸਸ ੫, ੪੫:੧ (1358)

ਹੋਰ ਰੂਪ:

ਅਜਿਤੰ –
"ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹ ਤਨਿ ਨਿਮ੍ਰਤਾਹ।"
– ਸਸ ੫, ੨੯:੧ (1356)

ਅਜਿਤਾ –
"ਵਰਨਾ ਚਿਹਨਾ ਬਾਹਰਾ ਓਹੁ ਅਗਮੁ ਅਜਿਤਾ।"
– ਰਾਮ ੫, ਵਾਰ ੧੯:੩ (965)

ਅਜਿਤੁ –
"ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ।"
– ਸੋਰ ੪, ਵਾਰ ੬ਸ, ੩, ੨:੧ (644)

ਅੰਜੀਐ ---- (ਸੰ. ,) ਲਾਈਏ, ਪਾਈਏ, ਸਜਾਈਏ
"ਅੰਜਨੁ ਤੈਸਾ ਅੰਜੀਐ ਜੈਸਾ ਪਿਰੁ ਭਾਵੈ।"
– ਸੂਹੀ ੧, ਛੰਤ ੫, ੪:੧ (766)

ਅਜੁ ------ (ਸੰ.) ਚਲ ਰਿਹਾ ਦਿਨ, ਅਜ
"ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ।"
– ਸਿਰੀ ੧, ਅਸ ੧੧, ੮:੨ (60)

ਅਜੁਕਲਿ ---- ਛੇਤੀ ਹੀ
"ਨਾਨਕ ਅਜੁਕਲਿ ਆਵਸੀ ਗਾਫਲ ਫਾਈ ਪੇਰੁ।"
– ਗੂਜ ੫, ਵਾਰ ੩ਸ, ੫, ੧:੨ (518)

ਅੰਜੁਲੀ ----- (ਸੰ.) ਦੁਹਾਂ ਹੱਥਾਂ ਦਾ ਬੁਕ ਬਣਾ ਕੇ ਸਿਰ ਤਕ ਲੈ ਜਾਣਾ, ਹੱਥ ਜੋੜ ਕੇ ਨਮਸਕਾਰ ਕਰਨਾ
"ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ।"
– ਗਉ ੪, ਸੋਹ ੪, ੧*:੧ (13)

ਅਜੂਨੀ ----- (ਸੰ.) ਜੂਨੀਆਂ ਤੋਂ ਰਹਿਤ
"ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾ ਜੀਉ।"
– ਮਾਝ ੫, ੧੬, ੨:੩ (99)

ਅਜੈ ------ (1) (ਸੰ.) ਇਕ ਸੂਰਜਵੰਸ਼ੀ ਰਾਜਾ ਜਿਸ ਬਾਰੇ ਕਈ ਮਿਥਿਹਾਸਿਕ ਕਥਾਵਾਂ ਪ੍ਰਸਿੱਧ ਹਨ; ਇਹ ਦਸ਼ਰਥ ਦਾ ਪਿਤਾ ਸੀ ਤੇ ਰਾਣੀ ਇੰਦੂਮਤੀ ਦੇ ਵਿਯੋਗ ਵਿਚ ਭਿਖਾਰੀ ਬਣ ਗਿਆ ਸੀ। ਇਸ ਨੇ ਇਕ ਸਾਧੂ ਨੂੰ ਲਿਦ ਭਿਖਿਆ ਵਿਚ ਦਿੱਤੀ ਜੋ ਇਸਨੂੰ ਆਪ ਖਾਣੀ ਪਈ
"ਅਜੈ ਸੁ ਰੋਵੈ ਭੀਖਿਆ ਖਾਇ।"
– ਰਾਮ ੩, ਵਾਰ ੧੪ਸ, ੧, ੧:੩ (953)

(2) ਹੁਣ ਤੋੜੀ, ਹੁਣ ਤਕ
“ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ।”
– ਸਲੋ ਫਰ, ੯੦:੨ (1382)

(3) (ਸੰ.) ਅਜਿਤ, ਜੋ ਜਿਤਿਆ ਨਾ ਜਾ ਸਕੇ
“ਅਜੈ ਚਵਰੁ ਸਿਰਿ ਢੁਲੈ ਨਾਮੁ ਅੰਮ੍ਰਿਤੁ ਮੁਖਿ ਲੀਅਉ।”
– ਸਵ ੫, ਹਰਿ ੧:੩ (1409)

(4) ਅਚੱਲ
“ਅਜੈ ਗੰਗ ਜਲੁ ਅਟਲੁ ਸਿਖ ਸੰਗਤਿ ਸਭ ਨਾਵੈ।”
– ਸਵ ੫, ਹਰਿ ੧:੧ (1409)

(5) ਹੁਣ ਹੀ, ਹੁਣ ਵੀ
“ਅਜੈ ਸੁ ਜਾਗਉ ਆਸ ਪਿਆਸੀ।”
– ਆਸਾ ੧, ੨੬, ੩*:੨ (357)
“ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ।” (ਅਜੇ ਹੁਣ ਵੀ)
– ਸਲੋ ਫਰ, ੭੩:੨ (1381)

ਅਜੋਨੀ ----- (ਸੰ.) ਜੂਨੀਆਂ ਤੋਂ ਰਹਿਤ, ਜਨਮ ਵਿਚ ਨਾ ਆਉਣ ਵਾਲਾ
“ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ।”
– ਮਾਝ ੩, ਅਸ ੧੫, ੧:੩ (118)

ਅਜੌਂ ------ ਅਜੇ ਵੀ
“ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ।”
– ਜੈਤ ਰਵਿ, ੧, ੩:੨ (710)

ਅਟਕ ----- ਰੋਕ, ਰੁਕਾਵਟ
“ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ।”
– ਮਾਰੂ ੫, ੧੪, ੨:੨ (1002)

ਅਟਕਲੈ ---- ਅਨੁਮਾਨ, ਅੰਦਾਜੇ, ਅਟਾ ਸਟਾ ਲਾਉਣਾ, ਜਾਚਣਾ
“ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ।”
– ਆਸਾ ੪, ੫੪, ੫:੨ (366)

ਅਟਕਾਇ --- ਅਟਕਾਏ ਹੋਏ ਹਨ, ਰੋਕੇ ਹੋਏ ਹਨ
“ਜੈ ਜੈ ਪਹਿ ਕਹਉ ਬ੍ਰਿਥਾ ਹਉ ਅਪੁਨੀ ਤੇਊ ਤੇਊ ਗਹੇ ਰਹੇ ਅਟਕਾਇ।”
– ਕਾਨ ੫, ੨੩, ੧:੧ (1302)

ਹੋਰ ਰੂਪ:

ਅਟਕਾਵਸਿ – (ਰੋਕਦਾ ਹੈ, ਠਹਿਰਾਉਂਦਾ / ਫਸਾਉਂਦਾ ਹੈ)
“ਥੋਰੀ ਬਾਤ ਅਲਪ ਸੁਪਨੇ ਕੀ ਬਹੁਰਿ ਬਹੁਰਿ ਅਟਕਾਵਸਿ ਰੇ।”
– ਮਾਰੂ ੫, ੭, ੩:੨ (1000)

ਅਟਕਾਵੈ – (ਰੋਕਦਾ)
“ਮਹਰਮ ਮਹਲ ਨ ਕੋ ਅਟਕਾਵੈ।”
– ਗਉ ਰਵਿ, ੨, ੩:੨ (345)

ਅਟਕਿ – (ਰੁਕ ਗਏ)

“ਤਿਨ ਹੀ ਮਾਹਿ ਅਟਕਿ ਜੋ ਉਰਝੇ ਇਦ੍ਰੀ ਪ੍ਰੇਰਿ ਲਇਓ।”
– ਗਉ ਕਬ, ੫੯, ੩:੨ (336)

ਅਟਿਕਿਓ – (ਫਸ/ਰੁਕ ਕੇ)
“ਅਟਿਕਿਓ ਸੁਤ ਬਨਿਤਾ ਸੰਗ ਮਾਇਆ ਦੇਵਨ ਹਾਰੁ ਦਾਤਾਰੁ ਬਿਸੇਰੋ।”
– ਕਾਨ ੫, ੨੫, ੨:੧ (1303)

ਅਟਕੈ – (ਰੁਕੇ, ਫਸੇ)
“ਬਾਰੰਬਾਰ ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ।”
– ਬਿਲਾ ਕਬ, ੧੨, ੧:੨ (857)

ਅਟਲ ----- (1) (ਸੰ.) ਸਥਿਰ, ਦ੍ਰਿੜ, ਅਚਲ ਪਦਵੀ
“ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ।”
– ਸੋਰ ੯, ੪, ੧:੧ (632)
“ਅਟਲ ਪਦਵੀ ਨਾਮ ਸਿਮਰਣ ਦ੍ਰਿੜੁ ਨਾਨਕ ਹਰਿ ਹਰਿ ਸਰਣ।”
– ਗੂਜ ੫, ੨੯, ੪:੨ (502)

ਹੋਰ ਰੂਪ:

ਅਟਲਾ –
“ਗੁਰ ਕਾ ਸਬਦੁ ਸਦਾ ਸਦ ਅਟਲਾ।”
– ਪ੍ਰਭਾ ੫, ੮, ੧:੧ (1339)

ਅਟਲਾਧਾ –
“ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ।”
– ਸਾਰ ੫, ੬, ੧:੨ (1204)

ਅਟਲੁ –
“ਏਕ ਬੂੰਦ ਗੁਰਿ ਅੰਮ੍ਰਿਤੁ ਦੀਨੋ ਤਾ ਅਟਲ ਅਮਰੁ ਨ ਮੁਆ।”
– ਸੋਰ ੫, ੧੪, ੪:੧ (612)

(2) ਨਾ ਟਾਲੇ ਜਾ ਸਕਨ ਵਾਲਾ
“ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ।”
– ਬਿਲਾ ੫, ੪੬, ੧:੧ (812)
“ਗੁਰ ਕਾ ਬਚਨੁ ਅਟਲ ਅਛੇਦ।”
– ਗਉ ੫, ੭੪, ੨:੧ (177)

ਹੋਰ ਰੂਪ:

ਅਟਲੁ –
“ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ।”
– ਬਿਲਾ ੫, ਛੰਤ ੧, ੩:੧ (845)

(3) ਜਿਸ ਵਿਚ ਪਰਿਵਰਤਨ ਨਾ ਆਵੈ
“ਕਹੁ ਨਾਨਕ ਅਟਲ ਇਹੁ ਧਰਮੁ।”
– ਗਉ ੫, ੧੪੯, ੪:੨ (196)
“ਅਟਲ ਪਦਾਰਥੁ ਪਾਇਆ।”
– ਮਾਝ ੫, ਅਸ ੩੮, ੮:੧ (132)

ਅਟਵੀ ----- (ਸੰ.) ਜੰਗਲ, ਬਨ

“ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ।”
– ਸਾਰ ੫, ੧੨੩, ੨:੧ (1228)

ਹੋਰ ਰੂਪ:

ਅਟਵੀਅੰ –
“ਭੈ ਅਟਵੀਅੰ ਮਹਾ ਨਗਰ ਬਾਸੰ ਧਰਮ ਲਖੵਣ ਪ੍ਰਭ ਮਇਆ।”
– ਸਸ ੫, ੪੪:੪ (1358)

ਅਟਾਰੇ ----- (ਸੰ.) ਸਿਖਰ, ਉਪਰ (ਨਿਰੁਕਤ); ਪਦ (ਸ਼ਬਦਾਰਥ)
“ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ।”
– ਮਾਰੂ ੫, ੨, ੧:੧ (999)

ਅਟਿਆ ---- (ਸੰ.) (1) ਭਰਿਆ, ਲਿਬੜਿਆ
“ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ।”
– ਆਸਾ ੩, ਛੰਤ ੭, ੬:੧ (441)
“ਲਾਲਚਿ ਅਟਿਆ ਨਿਤ ਫਿਰੈ ਸੁਆਰਥੁ ਕਰੇ ਨ ਕੋਇ।”
– ਗਉ ੫, ਵਾਰ ੧੩ਸ, ੫, ੨:੧ (321)
(2) ਭੌਂਦਾ, ਫਿਰਦਾ (ਕੋਸ਼); ਲਿਬੜਿਆ– (ਸ਼ਬਦਾਰਥ) ਨਕੋ ਨਕ ਭਰਿਆ (ਸੰਥਿਆ)
“ਸਾਰਾ ਦਿਨ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ।”
– ਗਉ ੪, ਵਾਰ ੯ਸ, ੪, ੨:੧ (304)

ਹੋਰ ਰੂਪ:

ਅਟੀਆ – (ਨਕੋ ਨਕ ਭਰੀਆਂ)
“ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ।”
– ਸਿਰੀ ੩, ੬੧, ੨:੨ (38)

ਅਠ ------ (ਸੰ.) 8, ਗਿਣਤੀ ਵਿਚ 7 ਤੋਂ ਅਗਲਾ ਤੇ 9 ਤੋਂ ਪਹਿਲਾਂ ਅੰਕ
“ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ।”
– ਮਾਝ ੧, ਵਾਰ ੧੮ਸ, ੨, ੧:੧ (146)

ਅਠਸਿਠ ---- (ਸੰ.) ਅਠਾਹਠ (ਅਠ+ਸਠ)
“ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ।”
– ਸਿਰੀ ੧, ੮, ੧:੨ (17)

ਹੋਰ ਰੂਪ:

ਅਠਸਠੇ –
“ਦਸਅਠਾ ਅਠਸਠੇ ਚਾਰੇ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ।”
– ਧੰਨਾ ਰਵਿ ੩, ੪:੧ (694)

ਅਠਤਰੈ ---- ਅਠਤਰ ਸੰਮਤ ਵਿਚ
“ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।”
– ਤਿਲੰ ੧, ੫, ੨:੫ (723)

ਅਠਦਸ ---- (ਸੰ.) ਅਠਾਰਾਂ, ਅਠਾਰਾਂ ਪੁਰਾਣ
"ਅਠਦਸ ਬੇਦ ਸੁਨੇ ਕਹ ਡੋਰਾ।"
– ਰਾਮ ੫, ੩੦, ੨:੧ (892)

ਅਠਵੈ ----- (ਸੰ.) ਅਠਵੇਂ
"ਅਠਵੈ ਕ੍ਰੋਧ ਹੋਆ ਤਨ ਨਾਸੁ।"
– ਮਾਝ ੧, ਵਾਰ ੧ਸ, ੧, ੨:੮ (137)

ਅਠਾਸੀ ---- ਅਸੀ+ਅਠ
"ਸੇਖ ਜੁ ਕਹੀਅਹਿ ਕੋਟਿ ਅਠਾਸੀ।"
– ਭੈਰ ਕਬ, ੧੫, ੧:੩ (1161)

ਅਠਾਰ ----- ਅਠਾਰਾਂ, ਅਠਾਰਾਂ ਪੁਰਾਣ
"ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ।"
– ਸਿਰੀ ੧, ੨੬, ੩:੨ (23)
"ਨਿਸਿ ਦਿਨ ਉਚਰੈ ਭਾਰ ਅਠਾਰ।"
– ਸਾਰ ੪, ਵਾਰ ੧ਸ, ੧, ੩:੨(1237)

ਅਠਾਰਹ ---- ਅਠਾਰਾਂ
"ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ।"
– ਸਿਰੀ ੪, ਵਾਰ ੨੧ਸ, ੩, ੨:੨ (91)

ਅਠੀ ------ ਅਠੇ ਪਹਿਰ, ਹਰ ਸਮੇਂ
"ਸਭੇ ਵੇਲਾ ਵਖਤ ਸਭਿ ਜੇ ਅਠੀ ਭਉ ਹੋਇ।"
– ਮਾਝ ੧, ਵਾਰ ੧੭ਸ, ੧, ੧:੯ (146)

ਅਠੂਹਿਆ --- ਇਕ ਪ੍ਰਕਾਰ ਦਾ ਜ਼ਹਿਰੀਲਾ ਕੀੜਾ ਜਿਸ ਦੇ ਅਠ ਪੈਰ ਹੁੰਦੇ ਹਨ ਤੇ ਦੰਦਾਂ ਤੋਂ ਜ਼ਹਿਰੀਲਾ ਡੰਗ ਮਾਰਦਾ ਹੈ।
"ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ।"
– ਮਾਝ ੧, ਵਾਰ ੨੨ਸ, ੨, ੧:੧ (148)

ਅਠੇ ------ ਅਠੇ ਪਹਿਰ, ਹਰ ਸਮੇਂ
"ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ।"
–ਗਉ ੪, ਵਾਰ ੪ਸ, ੪, ੧:੧ (301)

ਅੰਡ ------ (ਸੰ.) (1) ਅੰਡਜ ਦਾ ਸੰਖੇਪ, ਅੰਡੇ ਤੋਂ
"ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ।"
– ਸਾਰਾ ੫, ੬, ੨:੧ (1204)

ਅੰਡਜ ----- (ਸੰ.) ਅੰਡੇ ਤੋਂ ਪੈਦਾ ਹੋਣ ਵਾਲੇ ਜੀਵ ਜੰਤੂ
"ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ।"
– ਆਸਾ ੧, ਵਾਰ ੮ਸ, ੧, ੧:੩ (467)

ਅਡੰਬਰ ---- (ਸੰ.) (1) ਸਜ ਧਜ, ਠਾਠ ਬਾਠ
"ਨਾਨਕ ਹਭ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ।"

– ਜੈਤ ੫, ਵਾਰ ੭ਸ, ੫, ੨:੨ (707)

ਹੋਰ ਰੂਪ:

ਅਡੰਬੁਰ –

“ਮੁਚੁ ਅਡੰਬੁਰ ਹਭੁ ਕਿਹੁ ਮੰਞਿ ਮੁਹਬਤਿ ਨੇਹ।”

– ਜੈਤ ੫, ਵਾਰ ੬ਸ, ੫, ੨:੧ (707)

ਅਡੰਬਰੋ –

“ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ।

– ਰਾਮ ੫, ਰੁਤੀ ੫: ੧ (928)

(2) ਦਿਖਾਵਾ, ਦਿਖਾਵੇ ਦਾ ਸਾਮਾਨ

“ਲਾਖ ਅਡੰਬਰ ਬਹੁਤੁ ਬਿਸਥਾਰਾ।”

– ਗਉ ੫, ਅਸ ੧੦, ੭:੧ (240)

(3) ਸਿੰਗਾਰ, ਸਜਧਜ

“ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ।”

– ਸਿਰੀ ੧, ੧੩, ੪:੩ (19)

ਅਡੀਠੁ ----- (ਸੰ.) ਅਦਿਖ, ਗੁਪਤ

“ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ।”

–ਸਿਰੀ ੧, ਅਸ ੩, ੨:੩ (54)

ਅਡੋਲ ----- ਜੋ ਨ ਡੋਲੇ, ਸਥਿਰ

“ਅਤੁਲ ਅਥਾਹ ਅਡੋਲ ਸੁਆਮੀ ਨਾਨਕ ਖਸਮ ਹਮਾਰਾ।”

– ਰਾਮ ੫, ੫, ੪:੨ (884)

ਹੋਰ ਰੂਪ:

ਅਡੋਲੁ –

“ਮੇਰੇ ਠਾਕੁਰ ਪੂਰੇ ਤਖਤਿ ਅਡੋਲੁ।”

– ਸਿਰੀ ੧, ੯, ੧*:੧ (17)

ਅਡੋਲੈ –

“ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੈ।”

– ਮਾਰੂ ੫, ਵਾਰ ੨੩:੧ (1102)

ਅਡੋਲੋ –

“ਨਿਰੰਕਾਰੁ ਅਛਲ ਅਡੋਲੋ।”

– ਮਾਰੂ ੫, ਸੋਲਾ ੧੧, ੧੪:੧ (1083)

ਅਢਾਈ ---- ਢਾਈ, ਦੋ ਤੇ ਅਧਾ

“ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ।”

–ਗਉ ਕਬ, ੫੪, ੨:੧ (335)

ਅਢੁ ------ ਦਮੜੀ ਦਾ ਅੱਧਾ ਹਿਸਾ, ਅਧੀ ਦਮੜੀ, ਕੌਡੀ

“ਅਢੁ ਨਾ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ।”

– ਜੈਤ ੫, ਵਾਰ ੧੦ਸ, ੫, ੨:੨ (708)

ਅਣਹੋਦਾ ---- ਅਣਹੋਣਾ
"ਅਣਹੋਦਾ ਅਜਗਰੁ ਭਾਰੁ ਉਠਾਏ ਨਿੰਦਕੁ ਅਗਨੀ ਮਾਹਿ ਜਲਾਵੈ।"
-ਆਸਾ ੫, ੧੦, ੧:੨ (373)
(2) ਅਯੋਗ; ਹੋਣ ਤੋਂ ਬਿਨਾਂ, ਨਾ ਹੁੰਦਿਆ
"ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧੁ ਲਇਆ।"
- ਆਸਾ ੩, ਪਟੀ ੩:੨ (434)

ਹੋਰ ਰੂਪ:

ਅਣਹੋਦੀ -
" ਜਿ ਸਾਹਿਬ ਕੈ ਘਰਿ ਵਥੁ ਹੋਵੈ ਸੁ ਨਫਰੈ ਹਥਿ ਆਵੈ ਅਣਹੋਦੀ ਕਿਥਹੁ ਪਾਏ।"
- ਗਉ ੪, ਵਾਰ ੧੨ਸ, ੪, ੨:੨ (306)

ਅਣਹੋਦੇ-
"ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ।"
-ਗਉ ੪, ਵਾਰ ੮ਸ, ੪, ੨:੨ (303)

ਅਨਹੋਦਾ -
"ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ।"
- ਭੈਰ ੩, ਅਸ ੧, ੭:੩ (1154)

ਅਣਹੋਦੀ ---- (1) ਝੂਠੀ, ਅਯੋਗ
"ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ।"
- ਗਉ ੪, ਵਾਰ ੧੫ਸ, ੪, ੧:੪ (308)
(2) ਨਾ ਹੁੰਦਿਆ - ਵੇਖੋ 'ਅਣਹੋਦਾ' (2)

ਅਣਹੋਂਦੀ --- ਜਿਸ ਦੀ ਹੋਂਦ ਨਹੀਂ, ਮਾਇਆ
"ਹੋਂਦੀ ਕਉ ਅਣਹੋਂਦੀ ਹਿਰੈ।"
- ਰਾਮ ੫, ੫੪, ੨:੪ (900)

ਅਣਹੋਦੇ ---- (1) ਨਾ ਹੁੰਦਿਆਂ, ਵੇਖੋ 'ਅਣਹੋਦਾ' (2)
(2) ਘਟ ਹੁੰਦਿਆਂ, ਥੋੜਾ ਹੁੰਦਿਆਂ
"ਅਣਹੋਦੇ ਆਪੁ ਵੰਡਾਏ।"
- ਸਲੋ ਫਰ, ੧੨੮:੩ (1384)

ਅਣਚਾਰੀ --- (ਸੰ.) ਭੈੜੇ ਆਚਰਨ ਵਾਲਾ, ਕੁਕਰਮੀ
"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ।"
- ਸਲੋ ੩, ੪:੧ (1413)

ਅਣਜਾਣਤ -- ਨਾ ਜਾਣਦੇ ਹੋਏ, ਬਿਨਾਂ ਜਾਣਿਆ
"ਅਣਜਾਣਤ ਨਾਮੁ ਵਖਾਣੀਐ।"
- ਬਸੰ ੧, ੨, ੩:੪ (1168)

ਅਣਠਗਦਾ -- ਨਾ ਠਗੇ ਜਾਣ ਵਾਲਾ ਭਾਵ ਜੀਵ

“ਠਗਣਹਾਰ ਅਣਠਗਦਾ ਠਾਗੈ।”
– ਰਾਮ ੫, ੫੪, ੩:੩ (900)

ਅਣਡੀਠਾ --- (ਸੰ.) ਅਦਿੱਖ
“ਅਣਡੀਠਾ ਕਿਛੁ ਕਹਣੁ ਨ ਜਾਇ।”
(ਸ਼ਬਦਾਰਥ ਇਸ ਦੇ ਅਰਥ ‘ਬਿਨਾਂ ਵੇਖਿਆ’ ਕਰਦਾ ਹੈ।)

ਅਣਨਾਤਿਆ – ਬਿਨਾਂ ਨਹਾਇਆਂ
“ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ।”
– ਸੂਹੀ ੩, ਵਾਰ ੧੨ਸ, ੧, ੨:੪ (789)

ਅਣਪੜਿਆ -- ਅਣਪੜ, ਬਿਨਾਂ ਪੜਿਆ ਹੋਇਆ ਹੋਣ ਤੇ
“ਪੜਿਆ ਅਣਪੜਿਆ ਪਰਮ ਗਤਿ ਪਾਵੈ।”
– ਗਉ ੫, ੧੫੯, ੧:੨ (197)

ਅਣਮੰਗਿਆ – ਬਿਨਾਂ ਮੰਗਣ ਤੇ
“ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ।”
– ਸਿਰੀ ੧, ਅਸ ੨੮, ੨੪:੩ (73)

ਅਣਮੜਿਆ -- ਜਿਸ ਉਪਰ ਚਮੜਾ ਨ ਚੜ੍ਹਿਆ ਹੋਵੇ
“ਅਣਮੜਿਆ ਮੰਦਲੁ ਬਾਜੈ।”
– ਸੋਰ ਨਾਮ, ੩, ੧:੧ (657)

ਅਣਵੀਚਾਰੀ -- ਵਿਚਾਰਹੀਣ, ਵੀਚਾਰ ਰਹਿਤ
“ਬੰਧਨ ਸਉਦਾ ਅਣਵੀਚਾਰੀ।”
– ਆਸਾ ੧, ਅਸ ੧੦, ੫:੧ (416)

ਅਣਾਇਆ -- ਮੰਗਵਾਇਆ
“ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ।”
– ਸਿਰੀ ੧, ੧੩, ੪:੧ (19)

ਅਣੀਆ ---- ਹੀਰਾ
“ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ।”
– ਆਸਾ ੪, ਛੰਤ ੧੫, ੨:੧ (449)

ਅਣੀਆਲੇ --- ਤਿਖੀਆਂ ਨੋਕਾਂ ਵਾਲੇ
“ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ।”
– ਆਸਾ ੪, ਛੰਤ ੧੫, ੨:੧ (449)

ਅੰਤ ------ (ਸੰ) (1) ਅਖੀਰ, ਆਖਰੀ
“ਕਹਿ ਕਬੀਰ ਮਿਲੁ ਅੰਤ ਕੀ ਬੇਲਾ।”
– ਗਉ ਕਬ, ੨, ੪:੨ (324)
“ਸਰ ਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ।”
– ਗਉ ਕਬ, ੪੫, ੩:੧ (332)

ਹੋਰ ਰੂਪ:

ਅੰਤਹਿ –
“ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ।”
– ਜੈਤ ੫, ੧, ੧:੨ (700)

ਅੰਤਿ –
“ਓਹ ਵੇਲਾ ਹਥਿ ਨ ਆਵਈ ਅੰਤਿ ਗਇਆ ਪਛੁਤਾਇ।”
– ਸਿਰੀ ੩, ੩੭, ੪:੩ (28)

“ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ।”
– ਸਿਰੀ ੪, ੭੦, ੧*:੨ (41)

ਅੰਤੁ –
“ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਰਾਵਾਰੁ।”
–ਸਿਰੀ ੧, ੬, ੧:੩ (16)

(2) ਸੀਮਾ, ਆਖਰੀ ਸਿਰਾ
“ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ।”
– ਬਿਲਾ ੫, ੮੭, ੪:੨ (821)

“ਸਾਧ ਕੀ ਸੋਭਾ ਕਾ ਨਾਹੀ ਅੰਤ।”
– ਗਉ ੫, ਸੁਖ ੭, ੮:੫ (272)

ਹੋਰ ਰੂਪ:

ਅੰਤਿ –
“ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ।”
– ਮਾਝ ੫, ੨੮, ੨:੩ (102)

ਅੰਤੁ –
“ਸਦਾ ਸਦਾ ਹਰਿ ਧਿਆਈਐ ਸੁਖਦਾਤਾ ਜਾ ਕਾ ਅੰਤੁ ਨ ਪਾਰਾਵਾਰਾ।”
– ਬੈਰਾ ੪, ੫, ੧*:੩ (720)

“ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ।”
– ਸਿਰੀ ੧, ੫੦, ੧:੧ (32)

(3) ਅੰਦਰ, ਵਿਚ, ਭੀਤਰ
“ਅਗਮ ਅਗੋਚਰੁ ਰਹਿਆ ਅਭ ਅੰਤ।”
– ਭੈਰ ਕਬ, ਅਸ ੧, ੩:੩ (1162)

ਅੰਤਕ ----- (ਸੰ.) ਜਮ, ਮਾਰਨ ਵਾਲਾ
“ਅਘ ਅੰਤਕ ਬਦੈ ਨ ਸਲ ਕਵਿ ਗੁਰ ਰਾਮਦਾਸ ਤੇਰੀ ਸਰਣ।”
– ਸਵ ੪, ਸਲ ੨:੬ (1406)

ਅਤਤਾਈ --- (ਸੰ.) ਅਤਿ ਕਰਨ ਵਾਲਾ, ਅਤਿਆਚਾਰੀ।
“ਸੰਤ ਕਾ ਨਿੰਦਕੁ ਮਹਾ ਅਤਤਾਈ।”
– ਗਉ ੫, ਸੁਖ ੧੩, ੩:੧ (280)

ਅਤਰ ----- (ਸੰ.) ਜੋ ਤਰਿਆ ਨ ਜਾ ਸਕਿਆ
“ ਤਤਾ ਅਤਰ ਤਰਿਓ ਨਹ ਜਾਈ।”
– ਗਉ ਕਬ, ਬਾਅ ੨੨:੧ (341)

ਅੰਤਰ ----- (ਸੰ.) (1) ਅੰਦਰ, ਹਿਰਦਾ
"ਅੰਤਰ ਕੀ ਗਤਿ ਸਤਿਗੁਰੁ ਜਾਣੈ।"
– ਮਾਰੂ ੧, ਸੋਲਾ ੨੧, ੧੩:੧ (1042)
ਹੋਰ ਵੇਖੋ 'ਅੰਤਰੁ'

ਹੋਰ ਰੂਪ:

ਅੰਤਰਹੁ –
"ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ।"
– ਸਲੋ ੪, ੧੯:੩ (1423)

ਅੰਤਰਗਤਿ -- (ਸੰ.) (1) ਅੰਦਰਲੀ ਅਧਿਆਤਮਕ ਅਵਸਥਾ
"ਮਨੁ ਤਨੁ ਅਰਪਿਓ ਅੰਤਰਗਤਿ ਕੀਨੀ।"
– ਗਉ ੧, ਅਸ ੧੫, ੪:੨ (227)
(2) ਆਪਣੇ ਅੰਤਰ
"ਅੰਤਰਗਤਿ ਤੀਰਥਿ ਮਲਿ ਨਾਉ।"
– ਜਪੁ ੨੧:੪ (4)
(3) ਅੰਤਰ ਆਤਮੇ
"ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ।"
– ਸਵ ੨, ੭:੨ (1392)
(4) ਅੰਦਰੋਂ ਹੀ
"ਅੰਤਰਗਤਿ ਜਿਸੁ ਆਪਿ ਜਨਾਏ।"
– ਗਉ ੫, ਸੁਖ ੨੩, ੫:੯ (294)
(5) ਅੰਦਰ ਮੁਖੀ
"ਰਾਮੁ ਜਪਹੁ ਅੰਤਰਗਤਿ ਧਿਆਨੇ।"
– ਮਾਰੂ ੧, ੧੦, ੧:੨ (1030)

ਅੰਤਰਜਾਮ --- (ਸੰ.) ਅੰਦਰ ਦੀ ਜਾਣਨ ਵਾਲਾ
"ਆਪੇ ਸਗਲੇ ਦੂਤ ਬਿਦਾਰੇ ਠਾਕੁਰ ਅੰਤਰਜਾਮ।"
– ਸਾਰ ੫, ੬੩, ੧:੨ (1216)

ਹੋਰ ਰੂਪ:

ਅੰਤਰਜਾਮਿ –
"ਨਰ ਨਾਰਾਇਣ ਅੰਤਰਜਾਮਿ।"
– ਗਉ ੧, ੮, ੩:੩ (153)

ਅੰਤਰਜਾਮੀ -- (ਸੰ.) (1) ਅੰਤਰ ਵਸ ਰਿਹਾ, ਹਿਰਦੈ ਵਿਖੇ ਸਥਿਤ
"ਐਸੋ ਰਾਮ ਰਾਇ ਅੰਤਰਜਾਮੀ। ਜੈਸੇ ਦਰਪਨ ਮਾਹਿ ਬਦਨ ਪਰਵਾਨੀ।"
– ਕਾਨ ਨਾਮ ੧, ੧:੧;੨ (1318)
"ਜਹ ਜਹ ਦੇਖਾ ਤਹ ਤਹ ਸੁਆਮੀ। ਤੂ ਘਟਿ ਘਟਿ ਰਵਿਆ ਅੰਤਰਜਾਮੀ।"
– ਮਾਝ ੪, ੭, ੨:੧;੨ (96)
(2) ਅੰਦਰ ਦੀ ਜਾਣਨ ਵਾਲਾ, ਜਾਣੀਜਾਣ
"ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ।"

– ਧੰਨਾ ੫, ੩੬, ੧:੧ (680)

“ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ।”

– ਸੋਰ ੫, ੬੨, ੩:੧ (625)

ਹੋਰ ਰੂਪ:

ਅੰਤਰਜਾਮੀਆ –

“ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ।”

– ਸੂਹੀ ੫, ਛੰਤ ੨, ੩:੪ (778)

(3) ਪ੍ਰੇਰਿਕ, ਅੰਦਰ ਦੀ ਪ੍ਰੇਰਨਾ ਦੇਣ ਵਾਲੇ

“ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ।
ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ।”

– ਗਉ ੪, ੫੦, ੪:੧, ੨ (167)

(4) ਹਰੀ, ਪ੍ਰਭੂ (ਭਾਵ)

“ਜਤ ਪੇਖਉ ਤਤ ਅੰਤਰਜਾਮੀ।”

– ਗਉ ਕਬ, ਅਸ ੪੦, ੩:੪ (331)

ਅੰਤਰਾ ----- (ਸੰ.) ਫਰਕ, ਭੇਦ, ਵਿੱਥ

“ਜਿਨ ਕੈ ਭੀਤਰਿ ਹੈ ਅੰਤਰਾ। ਜੈਸੇ ਪਸੁ ਤੈਸੇ ਓਇ ਨਰਾ।”

– ਭੈਅ ਨਾਮ, ੨, ੨:੧;੨(1163)

ਹੋਰ ਰੂਪ:

ਅੰਤਰੁ –

“ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।”

– ਸਿਰੀ ਰਵਿ, ੧, ੧:੧ (93)

ਅੰਤਰਿ ----- (ਸੰ.) (1) ਦਿਲ ਵਿਚ

“ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ।”

– ਸਿਰੀ ੧, ੧੮, ੧:੩ (20)

“ਗੁਰਮੁਖਿ ਅੰਤਰਿ ਹਰਿਨਾਮੁ ਵਸਾਏ।”

– ਗਉ ੩, ੨੮, ੩:੨ (160)

“ਅੰਤਰਿ ਗੋਵਿੰਦ ਜਿਸੁ ਲਾਗੈ ਪ੍ਰੀਤਿ।”

– ਗੂਜ ੩, ੬, ੧*:੧ (491)

“ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ।”

– ਗੂਜ ੫, ਵਾਰ ੧ਸ, ੫, ੧:੧ (517)

(2) ਅੰਦਰ

“ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ।”

– ਸਿਰੀ ੩, ੪੨, ੧:੧ (29)

“ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ।”

– ਆਸਾ ੧, ਅਸ ੧੪, ੪:੨ (419)

“ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ।”

– ਸਿਰੀ ੫, ੮੫, ੪:੨ (48)

ਹੋਰ ਰੂਪ:

ਅੰਤਰੁ –
"ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ ਸਾਚ ਸਬਦਿ ਬੀਚਾਰੀ।"
ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ।"
– ਵਡ ੩, ਛੰਤ ੫, ੨:੩;੪ (570)

ਅੰਤਰੇ –
"ਘਟ ਅੰਤਰੇ ਸਾਚੀ ਬਾਣੀ ਸਾਚੋ ਆਪਿ ਪਛਾਣੇ ਰਾਮ।"
–ਸੂਹੀ ੩, ੩, ੪:੨ (769)

ਅੰਤਰੈ –
"ਹਰਿ ਓਟ ਗਹੀ ਮਨ ਅੰਤਰੈ ਜਪਿ ਜਪਿ ਜੀਵਾਂ ਨਾਉ।"
–ਮਾਝ ੫, ਦਿਨ ੪:੨ (137)

(3) ਅੰਦਰੋਂ
"ਅੰਤਰਿ ਸਬਦਿ ਮਿਲੀ ਸਹਜੇ ਤਪਤਿ ਬੁਝਾਈ ਰਾਮ।"
– ਆਸਾ ੩, ਛੰਤ ੬, ੩:੨ (440)

(4) ਸਰੀਰ ਵਿਚ
"ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ।"
– ਆਸਾ ੪, ਛੰਤ ੧੧, ੨:੧ (445)

(5) ਆਤਮਿਕ, ਅੰਦਰਲਾ
"ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ।"
– ਧਨਾ ੧, ਛੰਤ ੧, ੧:੨ (687)

(6) ਵਿਚ
"ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ।"
– ਸਿਰੀ ੫, ਪਹ ੪, ੫:੫ (78)
"ਸਰਬ ਸੋ ਸੂਖ ਅਨੰਦਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ।"
– ਸਿਰੀ ੫, ਛੰਤ ੩, ੩:੫ (81)
"ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ।"
– ਆਸਾ ਕਬ, ੭, ੩:੨ (477)

(7) ਘਰ ਅੰਦਰ
"ਹਰਿ ਰੁਖੀ ਰੋਟੀ ਖਾਇ ਸਮਾਲੈ ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ।"
– ਮਾਝ ੫, ੩੭, ੨:੨ (105)
"ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁਕੁੰਡੀ ਜਾਣੀਐ।"
– ਮਾਝ ੧, ਵਾਰ ੨ਸ, ੨, ੨:੩ (138)

ਨੋਟ: 'ਅੰਤਰਿ ਬਾਹਰਿ' ਮੁਹਾਵਰੇ ਵਜੋਂ ਆਉਂਦਾ ਹੈ ਤਾਂ ਅਰਥ ਹਰ ਥਾਂ ਘਰ 'ਬਾਹਰ' ਦੇ ਹਨ। ਯਥਾ:
"ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ।"
– ਮਾਝ ੫, ੨੫, ੨:੩ (101)
"ਗੁਰਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ।"
– ਮਾਝ ੫, ੨੬, ੧:੩ (102)

(8) ਕੋਲ (ਅੰਦਰ)
"ਸੋ ਜਨੁ ਰਲਾਇਆ ਨ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ।"

– ਸਿਰੀ ੩, ੩੯, ੨:੩ (28)

ਅੰਤਰੁ ----- (1) ਹਿਰਦਾ
“ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ।”
– ਆਸਾ ੩, ੪੮, ੨:੩ (363)
“ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ।”
– ਗੂਜ ਤਿਲੋ, ੧, ੧:੧ (525)
(2) ਅੰਦਰ – ਵੇਖੋ ‘ਅੰਤਰਿ’ (2)
(3) ਫਰਕ, ਵਿੱਥ, ਵੇਖੋ ‘ਅੰਤਰ’
“ਮਨ ਤਨੁ ਮਨੁ ਦੇਇ ਨ ਅੰਤਰੁ ਰਾਖੈ।”
– ਸੂਹੀ ਰਵਿ, ੧, ੧:੩ (783)
“ਤਿਹਿ ਨਰ ਹਰਿ ਅੰਤਰੁ ਨਹੀ ਨਾਨਕ ਸਾਚੀ ਮਾਨੁ।”
– ਸਲੋ ੯, ੪੩:੨ (1428)

ਅੰਤਰੇ ----- (1) ਅੰਦਰੇ, ਅੰਦਰ ਹੀ
“ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ।”
– ਸੂਹੀ ੧, ਛੰਤ ੫, ੮:੩ (767)
(2) ਅੰਦਰ, ਵੇਖੋ ‘ਅੰਤਰਿ’ (2)

ਅੰਤਾ ------ ਓੜਕ, ਹਦ
“ਅੰਤ ਨ ਅੰਤਾ ਸਦਾ ਬੇਅੰਤਾ ਕਹੁ ਨਾਨਕ ਊਚੋ ਊਚਾ।”
– ਬਿਲਾ ੫, ੮੭, ੪:੨ (821)

ਅਤਿ ------ (ਸੰ.) ਬਹੁਤ, ਬੜੀ
“ਨੀਚਾ ਅੰਦਰਿ ਨੀਚ ਜਾਤਿ ਨੀਚੀ ਹੁ ਅਤਿ ਨੀਚੁ।”
– ਸਿਰੀ ੧, ੩, ੪:੧ (15)
“ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੈ ਸੁ ਫਲੁ ਪਾਏ।”
– ਸਿਰੀ ੩, ੪੫, ੩:੧ (31)

ਅੰਤਿ ------ (ਸੰ.) ਅਖੀਰ, ਵੇਖੋ ‘ਅੰਤ’ (1)

ਅਤਿਪਤਿ --- (ਸੰ.) ਅਤ੍ਰਿਪਤ, ਅਸੰਤੁਸ਼ਟ
“ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ।”
– ਸਸ ੫, ੬੬:੧ (1360)

ਅਤਿਵੰਤੁ ---- ਬਹੁਤ ਹੀ, ਅਤਿਅੰਤ
“ਦਾਨਿ ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ।”
– ਸਵ ੪, ਮਥੁ ੭:੩ (1405)

ਅਤੀ ------ ਸਿਖਰ, ਤੋੜ
“ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ।”
– ਮਾਝ ੧, ਵਾਰ ੨੨ਸ, ੨, ੧:੩ (148)

ਅੰਤੀ ------ ਅਖੀਰੀ, ਅੰਤਲਾ, ਅੰਤਮ
“ਸੋ ਐਸਾ ਹਰਿਨਾਮੁ ਜਪੀਐ ਮਨ ਮੇਰੇ ਜੋ ਅੰਤੀ ਅਉਸਰਿ ਲਏ ਛਡਾਏ।”

– ਸਿਰੀ ੪, ਵਾਰ ੧੫:੨ (89)

ਅਤੀਤ ----- (ਸੰ.) (1) ਨਿਰਲੇਪ, ਅਛੋਹ, ਅਲਗ
"ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ।"
– ਰਾਮ ਨਾਮ, ੨, ੧*:੨ (973)

ਹੋਰ ਰੂਪ:

ਅਤੀਤਿ –
"ਸਬਦਿ ਅਤੀਤਿ ਅਨਾਹਦਿ ਰਾਤਾ।"
– ਗਉ ਕਬ, ੧੮, ੧:੨ (327)

ਅਤੀਤੁ –
"ਆਪਿ ਅਤੀਤੁ ਅਲਿਪਤੁ ਰਹੈ ਨਿਰਜੋਗੁ ਹਰਿ ਜੋਗੀ।"
– ਗੂਜ ੫, ਵਾਰ ੧੩:੩ (514)

"ਰਹੈ ਅਤੀਤੁ ਜਾਣੈ ਸਭੁ ਤਿਸ ਕਾ।"
– ਬਿਲਾ ੧, ਅਸ ੨, ੮:੧ (832)

(2) ਵਿਕਰਤ, ਤਿਆਗੀ, ਦੁਨੀਆਂ ਦੇ ਬੰਧਨਾ ਤੋਂ ਦੂਰ ਹੋ ਚੁਕਾ
"ਅਤੀਤ ਭਏ ਮਾਰੇ ਬੈਰਾਈ।"
– ਬਿਲਾ ੧, ਥਿਤੀ ੧੫:੫ (840)

"ਬਾਲ ਸੁਭਾਇ ਅਤੀਤ ਉਦਾਸੀ।"
– ਮਾਰੂ ੫, ਸੋਲਾ ੫, ੧੫:੨ (1075)

ਹੋਰ ਰੂਪ:

ਅਤੀਤੰ –
"ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ।"
– ਆਸਾ ੧, ੩੭, ੩:੨ (360)

ਅਤੀਤੁ –
"ਸਹਜਿ ਸਮਾਵੈ ਤਾ ਹਰਿ ਮਨਿ ਭਾਵੈ ਸਦਾ ਅਤੀਤੁ ਬੈਰਾਗੀ।"
– ਧਨਾ ੪, ਛੰਤ ੧, ੩:੩ (690)

"ਮੈ ਦੇਵਾਨਾ ਭਇਆ ਅਤੀਤੁ।"
– ਤਿਲੰ ੧, ੨, ੧:੨ (721)

ਅਤੀਤਾ ---- (1) ਨਿਰਲੇਪ
"ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ।"
– ਗਉ ੯, ੧, ੧:੨ (219)

"ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ।"
– ਪ੍ਰਭਾ ੧, ਅਸ ੭, ੭:੨ (1345)

(2) ਤਿਆਗੀ
"ਐਸੇ ਹਰਿ ਕੇ ਲੋਗ ਅਤੀਤਾ।"
– ਬਸੰ ੧, ਅਸ ੪, ੫:੪ (1189)

ਅਤੀਤੁ ----- (1) ਨਿਰਲੇਪ, ਵੇਖੋ 'ਅਤੀਤ' (1)
(2) ਤਿਆਗੀ, ਵਿਰਕਤ, ਵੇਖੋ 'ਅਤੀਤ' (2)

(3) ਆਜ਼ਾਦ, ਮੁਕਤ
"ਆਪਿ ਅਤੀਤੁ ਅਜੋਨੀ ਸੰਭਉ ਨਾਨਕ ਗੁਰਮਤਿ ਸੋ ਪਾਇਆ।"
– ਮਾਰੂ ੧, ਸੋਲਾ ੨੧;੧੨:੩ (1042)

ਅਤੀਮਾ ---- (ਅ. ਯਤੀਮ) ਯਤੀਮਾ ਵਾਂਗ
"ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ।"
– ਸਲੋ ਫਰ, ੪੫:੨ (1380)

ਅੰਤੀਵਾਰੇ --- ਆਖ਼ਰੀ ਸਮੇਂ, ਅੰਤ ਸਮੇਂ
"ਅਗੈ ਪਾਛੈ ਅੰਤੀਵਾਰੇ।"
– ਦੇਵ ੫, ੨੫, ੧:੨ (533)

ਅੰਤੁ ------ (1) ਮੁਕਨ ਤੇ (ਭਾਵ), ਅਖੀਰ ਤੇ
"ਰੈਣਿ ਭਈ ਤਬ ਅੰਤੁ ਨ ਜਾਨੇ।"
– ਆਸਾ ੫, ੧੫, ੨:੨ (375)
(2) ਅਖੀਰ, ਵੇਖੋ 'ਅੰਤ' (1)
(3) ਸੀਮਾ, ਅਖੀਰਲਾ ਸਿਰਾ, ਵੇਖੋ 'ਅੰਤ' (2)

ਅਤੁਟ ----- (ਸੰ.) ਨਾ ਮੁਕਣ ਵਾਲਾ, ਅਖੁਟ
"ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ ਦੇਵਾਇਆ।"
– ਸਿਰੀ ੪, ਵਾਰ ੮:੪ (85)

ਹੋਰ ਰੂਪ:

ਅਤੁਟੁ –
"ਜਨ ਨਾਨਕਿ ਅਤੁਟੁ ਧਨੁ ਪਾਇਆ ਹਰਿ ਨਾਮਾ ਹਰਿ ਧਨੁ ਮਾਲੁ।"
– ਕਾਨ ੪, ਵਾਰ ੫ਸ, ੪, ੨:੫ (1315)

ਅਤੁਲ ----- (ਸੰ.) (1) ਅਤੋਲ, ਨਾ ਤੋਲਿਆ ਜਾ ਸਕਨ ਵਾਲਾ, ਅਖੁਟ (ਭਾਵ)
"ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ।"
– ਗਉ ੫, ਵਾਰ ੯ਸ, ੫, ੧:੩ (320)

ਹੋਰ ਰੂਪ:

ਅਤੁਲਾ –
"ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੁਜੈ ਨ ਤੋਲ ਤੁਲੀਜੈ।"
– ਕਲਿ ੪, ਅਸ ੩, ੭:੨ (1325)
ਅਤੁਲੁ –
"ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ।"
– ਸਿਰੀ ੧, ਅਸ ੯, ੫:੩ (59)
"ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ।"
– ਬਿਹਾ ੪, ਵਾਰ ੧੮ਸ, ੩, ੧:੨ (555)
ਅਤੁਲੋ –
"ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ।"
– ਸਾਰ ੫, ੯, ੪:੧ (1205)

(2) ਬਹੁਤ, ਬੇਅੰਤ

"ਗੁਨ ਗਾਵਤ ਅਤੁਲ ਸੁਖੁ ਪਾਇਆ ਠਾਕੁਰ ਅਗਮ ਅਪਾਰੇ।"

– ਟੋਡੀ ੫, ੩੦, ੧:੨ (718)

"ਅਤੁਲ ਅਥਾਹ ਅਡੋਲ ਸੁਆਮੀ ਨਾਨਕ ਖਸਮੁ ਹਮਾਰਾ।"

– ਰਾਮ ੫, ੫, ੪:੨ (884)

ਹੋਰ ਰੂਪ:

ਅਤੁਲੁ –

"ਨਉ ਨਿਧਿ ਪਾਵਹਿ ਅਤੁਲੁ ਸੁਖੋ।"

– ਗਉ ੫, ਅਸ ੧੩, ੪:੨ (241)

ਅੰਤੇ ------ (1) ਅੰਤ ਵੇਲੇ

"ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ ਅੰਤੇ ਹੋਇ ਸਖਾਈ।"

– ਸਿਰੀ ੩, ੪੮, ੩:੩ (32)

"ਨਾਨਕ ਮਨੁ ਤਨੁ ਸੁਖੀ ਹੋਇ ਅੰਤੇ ਮਿਲੈ ਗੋਪਾਲੁ।"

– ਆਸਾ ੫, ਛੰਤ ੮ਸ, ੧:੨ (457)

"ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।"

– ਰਾਮ ਸੁੰਦ, ਸਦ ੫:੧ (923)

(2) ਜਮ ਤੋਂ (ਭਾਵ)

"ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ।"

– ਸਿਰੀ ੪, ਵਣ ੧, ੩:੨ (82)

"ਹਲਤਿ ਪਲਤਿ ਨਾਲਿ ਚਲਦਾ ਹਰਿ ਅੰਤੇ ਲਏ ਛਡਾਇ।"

– ਮਾਰੂ ੪, ੩, ੧:੨ (996)

(3) ਅਖੀਰ, ਅੰਤ

"ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ।"

– ਆਸਾ ੫, ੯, ੩:੪ (458)

ਅਤੈ ------ ਅਤੇ, ਤੇ

"ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ।"

– ਆਸਾ ੧, ਵਾਰ ੧੨:੪ (469)

ਅੰਤੋ ------ ਅੰਤ, ਅਖੀਰ, ਤੋੜ

"ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ।"

– ਰਾਮ ੩, ਅਨੰ ੧੨:੨ (918)

ਅਤੋਲ ----- ਤੋਲ ਤੋਂ ਰਹਿਤ, ਵੇਖੋ 'ਅਤੁਲ' (1)

"ਭਰੇ ਭੰਡਾਰ ਅਖੂਟ ਅਤੋਲ।"

– ਗਉ ੫, ੧੦੦, ੨:੨ (186)

ਹੋਰ ਰੂਪ:

ਅਤੋਲਈ –

"ਨਿਤਿ ਜਪਹਿ ਤੇਰੇ ਦਾਸ ਪੁਰਖ ਅਤੋਲਈ ਜੀਉ।"

– ਧਨਾ ੫, ਛੰਤ ੧, ੪:੨ (691)

ਅਤੋਲੁ –

“ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ।”

– ਸਿਰੀ ੧, ੯, ੧*:੨ (17)

ਅਤੋਲੇ –

“ਨਿਰਭਉ ਨਿਰਵੈਰ ਅਥਾਹ ਅਤੋਲੇ।”

– ਮਾਝ ੫, ੧੬, ੨:੨ (99)

ਅਤੋਲੈ –

“ਬੇਸੁਮਾਰ ਅਥਾਹ ਅਗਨਤ ਅਤੋਲੈ।”

– ਗਉ ੫, ਸੁਖ ੨੧, ੮:੯ (292)

ਅਤੋਲਕੁ ---- ਜੋ ਤੋਲਿਆ ਨਾ ਜਾ ਸਕੇ

“ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ।”

– ਆਸਾ ੪, ਛੰਤ ੮, ੪:੪ (442)

ਅਤੋਲਵਾ ---- ਤੋਲ ਤੋਂ ਪਰੇ

“ਓਹ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ।”

– ਸਿਰੀ ੧, ੧੭, ੨:੩ (20)

ਅਤੋਲਵੀ ---- ਬੇ ਹਿਸਾਬੀ, ਬਹੁਤ

“ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ।”

– ਸਲੋ ਫਰ, ੫੭:੨ (1380)

ਅਤੋਲਾ ----- ਜੋ ਤੋਲਿਆ ਨਾ ਜਾ ਸਕੇ, ਤੋਲ ਤੋਂ ਅਗੇ

“ਅਗਮ ਅਗੋਚਰੁ ਬੇਅੰਤ ਅਤੋਲਾ ਹੈ ਨਾਹੀ ਕਿਛੁ ਆਹਾੜਾ।”

– ਮਾਰੂ ੫, ਸੋਲਾ ੧੦, ੧੦:੩ (1081)

ਹੋਰ ਰੂਪ:

ਅਤੋਲੀ –

“ਹਰਿ ਹਰਿ ਨਿਕਟਿ ਵਸੈ ਸਭ ਜਗ ਕੈ ਅਪਰੰਪਰ ਪੁਰਖੁ ਅਤੋਲੀ।”

– ਗਉ ੪, ੫੩, ੩:੧ (169)

ਅਤੁੰਤ ----- ਬਹੁਤ, ਅਤਿਅੰਤ

“ਅਤੁੰਤ ਆਸਾ ਆਥਿਤ੍ਰ ਭਵਨੰ।”

– ਸਸ ੫, ੩:੩ (1354)

ਅਥਕੁ ----- ਨਿਰੰਤਰ, ਲਗਾਤਾਰ

“ਅਹਿਨਿਸਿ ਦੀਵਾ ਬਲੈ ਅਥਕੁ।”

– ਰਾਮ ੧, ੭, ੧:੪ (878)

ਅਥਰਬਣੁ --- ਅਥਰਵਾ ਰਿਸ਼ੀ ਰਚਿਤ ਚੌਥਾ ਵੇਦ, ਹੋਰ ਤਿੰਨ ਹਨ: ਰਿਗ, ਯਜੁਰ, ਸਾਮ

“ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।”

– ਆਸਾ ੧, ਵਾਰ ੧੩ਸ, ੧, ੨:੯ (470)

ਅਥਵਾ ----- (ਸੰ.) ਅਤੇ

"ਜੀਵਤਿਆ ਅਥਵਾ ਮੁਇਆ ਕਿਛੁ ਕਾਮਿ ਨ ਆਵੈ।"
– ਬਿਲਾ ੫, ੬੦, ੧*:੧ (816)

ਅਥਾਹ ----- (1) ਜਿਸ ਦਾ 'ਥਾਹ' ਨਾ ਪਾਇਆ ਜਾ ਸਕੇ, ਬਹੁਤ ਡੂੰਘਾ
"ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ।"
– ਮਾਝ ੫, ੧੬, ੧:੩ (99)

ਹੋਰ ਰੂਪ:

ਅਥਾਹਾ –
"ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ।"
– ਮਾਝ ੫, ੧੪, ੩:੩ (98)

ਅਥਾਹਿਓ –
"ਸਭ ਤੇ ਪਰੈ ਪਰੈ ਤੇ ਊਚਾ ਗਹਿਰ ਗੰਭੀਰ ਅਥਾਹਿਓ।"
– ਕਾਨ ੫, ੬, ੨:੧ (1299)

ਅਥਾਹੁ –
"ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ।"
– ਸਿਰੀ ੫, ੮੨, ੨:੧ (46)

ਅਥਾਹੇ –
"ਆਪੇ ਮਿਹਰਵਾਨ ਅਗਮ ਅਥਾਹੇ।"
– ਮਾਰੂ ੩, ਸੋਲਾ ੨੩, ੧:੨ (1067)

(2) ਅਥਾਹ (ਸੰਸਾਰ ਸਾਗਰ)
"ਗਲਿ ਪਾਥਰ ਕੈਸੇ ਤਰੈ ਅਥਾਹ।"
– ਗਉ ੫, ਸੁਖ, ੪, ੫:੮ (267)

ਹੋਰ ਰੂਪ:

ਅਥਾਹੁ –
"ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ।"
– ਸਿਰੀ ੧, ੧੬, ੮:੩ (64)

(3) ਅਥਾਹ (ਪ੍ਰਭੂ)
"ਥਥਾ ਅਥਾਹ ਥਾਹ ਨਹੀ ਪਾਵਾ।"
– ਗਉ ਕਬ, ਬਾਅ ੨੩:੧ (341)

ਹੋਰ ਰੂਪ:

ਅਥਾਹੁ –
"ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ।"
– ਗੂਜ ੩, ਵਾਰ ੧੮ਸ, ੩, ੧:੨ (515)

ਅਥਾਹਿਓ --- (1) ਜਿਸ ਦਾ ਥਾਹ ਨ ਪਾਇਆ ਜਾ ਸਕੇ, ਵੇਖੋ 'ਅਥਾਹ' (1)
(2) ਬਹੁਤ, ਬੇਅੰਤ
"ਕਉਨੁ ਕਹੈ ਤੁਮ ਤੇ ਕਛੁ ਨਾਹੀ ਤੁਮ ਸਮਰਥ ਅਥਾਹਿਓ।"
– ਕਾਨ ੫, ੨੬, ੨:੧ (1303)

ਅਥਾਕ ----- ਥਕਾਵਟ ਤੋਂ ਰਹਿਤ, ਅਥਕ

"ਹੈਵਰ ਗੈਵਰ ਬਹੁਰੰਗੇ ਕੀਏ ਰਥ ਅਥਾਕ।"
– ਸਿਰੀ ੫, ੭੧, ੨:੧ (42)

ਅਥਿ ------ (ਸੰ.) ਫਿਰ ਵੀ
"ਮਜਾ ਰੁਧਿਰ ਦਜ਼੍ਰਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ।"
– ਗਾਥਾ ੫, ੧:੨ (1360)

ਅਥੋਨ ----- (ਸੰ.) ਫਿਰ, ਉਪਰੰਤ
"ਅਥੋਨ ਪੁਰਸਾ ਦਮਰਾ।"
– ਧਨ ਨਾਮ, ੪, ੧*:੨ (693)

ਅੰਦਰ ----- (ਫਾ. ਅੰਦਰ) ਵਿਚ, ਭੀਤਰ
"ਘਰ ਹੀ ਅੰਦਰ ਸਾਚਾ ਸੋਈ।"
– ਮਾਰੂ ੩, ਸੋਲਾ ੧੬, ੧੦:੧ (1060)

ਹੋਰ ਰੂਪ:

ਅੰਦਰਿ –
"ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ।"
– ਸਿਰੀ ੧, ੨੫, ੨:੨ (23)

ਅੰਦਰਹੁ ---- (ਸੰ.) ਅੰਦਰੋਂ, ਭੀਤਰ ਤੋਂ
"ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ।"
– ਸਿਰੀ ੩, ੩੮, ੪:੨ (28)

(2) ਮਨ ਕਰਕੇ, ਹਿਰਦੇ ਤੋਂ (ਭਾਵ)
"ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭੁ ਦੇਖੈ ਬ੍ਰਹਮੁ ਇਕ ਸੋਇ।"
– ਗਉ ੪, ਵਾਰ ੫ਸ, ੪, ੨:੨ (302)
"ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ।"
– ਆਸਾ ੧, ਅਸ ੨, ੪:੨ (412)
"ਅੰਦਰਹੁ ਤ੍ਰਿਸਨਾ ਅਗਨਿ ਬੁਝੀ ਹਰਿ ਅੰਮ੍ਰਿਤਸਰਿ ਨਾਤਾ।"
– ਗੂਜ ੩, ਵਾਰ ੬:੪ (510)

ਹੋਰ ਰੂਪ:

ਅੰਦ੍ਰਹੁ –
"ਤਪਾ ਨ ਹੋਵ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।"
– ਗਉ ੪, ਵਾਰ ੩੦ਸ, ੪, ੧:੧ (315)

ਅੰਦਰਲਾ ---- ਭੀਤਰੀ, ਅੰਦਰੂਨੀ, ਹਿਰਦੇ ਦਾ
"ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ।"
– ਗਉ ੪, ਵਾਰ ੩੦ਸ, ੪, ੧:੧੦ (316)

ਅੰਦਰਿ ----- (1) ਭੀਤਰ, ਵੇਖੋ 'ਅੰਦਰ'
"ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤੁ।"
– ਸਿਰੀ ੪, ਵਾਰ ੫:੧ (84)

(2) ਅਨੁਸਾਰ ਵਿਚ

"ਤੂ ਨਦਰੀ ਅੰਦਰਿ ਤੋਲਹਿ ਤੋਲ।"
– ਸਿਰੀ ੧, ੩੦, ੩:੨ (25)
"ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।"
– ਆਸਾ ੧, ਵਾਰ ੩ਸ, ੧, ੨:੯ (464)
(3) ਹਿਰਦੇ ਵਿਚ
"ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ।"
– ਸਿਰੀ ੩, ੩੭, ੩:੪ (28)
"ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ।" (ਦਿਲ ਦੀ)
– ਸਿਰੀ ੪, ਵਾਰ ੨੧:੨ (91)
"ਅੰਦਰਿ ਧੋਖਾ ਨੀਦ ਨ ਸੋਵੈ।"
– ਸਿਰੀ ੪, ਵਾਰ ੮ਸ, ੩, ੧:੨ (85)
ਹੋਰ ਰੂਪ:

ਅੰਦਰੁ –
"ਅੰਦਰੁ ਲਗਾ ਰਾਮਨਾਮਿ ਅੰਮ੍ਰਿਤ ਨਦਰਿ ਨਿਹਾਲੁ।"
– ਸਿਰੀ ੫, ੮੬, ੧:੩ (48)
(4) ਵਿਚ
"ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ।"
– ਸਿਰੀ ੪, ੪੩, ੩:੩ (30)
"ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ।"
– ਸਿਰੀ ੧, ਅਸ ੨, ੬:੧ (54)
"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।"
– ਸਿਰੀ ੧, ੧੨, ੮:੧ (61)

ਅੰਦਰੁ ----- (1) ਹਿਰਦੇ ਵਿਚ, ਵੇਖੋ 'ਅੰਦਰਿ' (3)
(2) ਹਿਰਦਾ
"ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ।"
– ਗਉ ੪, ਵਾਰ ੨੦:੧ (312)

ਅੰਦਰੇ ----- ਵਿਚ, ਭੀਤਰ
"ਆਪੇ ਸਭ ਘਟ ਅੰਦਰੇ ਆਪੇ ਹੀ ਬਾਹਰਿ।"
– ਬਿਹਾ ੪, ਵਾਰ ੧੮:੧ (555)

ਅਦਲੀ ----- (ਅ. ਅਦਲੀ) ਨਿਆਕਾਰ, ਮੁਨਸਿਫ਼, ਇਨਸਾਫ ਕਰਨ ਵਾਲਾ
"ਅਦਲੀ ਹੋਇ ਬੈਠਾ ਪ੍ਰਭੁ ਆਪਿ।"
– ਗਉ ੫, ੧੬੮, ੩:੨ (199)

ਅਦਲੁ ----- (ਅ. ਅਦਲ) ਇਨਸਾਫ, ਨਿਆਂ
"ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ।"
– ਸੂਹੀ ੧, ਛੰਤ ੩, ੨:੫ (765)

ਅੰਦਾਜਾ ---- ਸੋਚ ਸਮਝ ਕੇ, ਸੂਝ ਬੂਝ ਨਾਲ (ਨਿਰੁਕਤ), ਪੂਰੀ ਤਰ੍ਹਾਂ (ਸ਼ਬਦਾਰਥ)
"ਭਿਸਤੁ ਪੀਰ ਲਫਜ ਕਮਾਇ ਅੰਦਾਜਾ।"

– ਮਾਰੂ ੫, ਸੋਲਾ ੧੨, ੫:੨ (1084)

(2) (ਫਾ. ਅੰਦਾਜ਼ਾ) ਅਨੁਮਾਨ, ਗਿਣਤੀ

“ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ।”

– ਬਿਲਾ ਕਬ, ੫, ੧:੨ (856)

ਅਦਿਸਟਿ --- (ਸੰ.) ਜੋ ਨਾ ਦਿਸੇ, ਅਦ੍ਰਿਸ਼ਟ ਹਰੀ

“ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ।”

– ਰਾਮ ੩, ਅਸ ੨, ੨੪:੧ (910)

ਹੋਰ ਰੂਪ:

ਅਦਿਸਟੁ –

“ਸਹਜੇ ਅਦਿਸਟੁ ਪਛਾਣੀਐ ਨਿਰਭਉ ਜੋਤਿ ਨਿਰੰਕਾਰੁ।”

– ਸਿਰੀ ੩, ਅਸ ੨੩, ੯:੧ (68)

ਅੰਦੇਸਰਾ ---- ਫ਼ਿਕਰ, ਚਿੰਤਾ, ਡਰ, ਵੇਖੋ ‘ਅੰਦੇਸਾ’

“ਭਏ ਕ੍ਰਿਪਾਲ ਦਇਆਲ ਦੁਖ ਭੰਜਨ ਮੇਰਾ ਸਗਲ ਅੰਦੇਸਰਾ ਗਇਆ।”

– ਦੇਵ ੫, ੨੪, ੧*:੨ (533)

ਹੋਰ ਰੂਪ:

ਅੰਦੇਸਰੋ –

“ਜਿਨਾ ਬਾਤ ਕੋ ਬਹੁਤ ਅੰਦੇਸਰੋ ਤੇ ਮਿਟੇ ਸਭਿ ਗਇਆ।”

– ਸੋਰ ੫, ੧੪, ੧:੧ (612)

ਅੰਦੇਸਾ ----- (ਫਾ. ਅੰਦੇਸ਼ਾ) (1) ਡਰ, ਫਿਕਰ, ਚਿੰਤਾ ਤੌਖਲਾ

“ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ।”

– ਸਿਰੀ ੧, ੧੨, ੩:੧ (18)

ਹੋਰ ਰੂਪ:

ਅਦੇਸਾ –

“ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ।”

– ਵਡ ੫, ਛੰਤ ੧, ੨:੩ (576)

ਅੰਦੇਸਿਆ –

“ਮਿਟੇ ਅੰਦੇਸਿਆ ਹਾਂ।”

– ਆਸਾ ੫, ੧੬੦, ੧:੫ (410)

ਅੰਦੇਸੇ –

“ਮਿਟੇ ਅੰਦੇਸੇ ਨਾਨਕ ਸੁਖੁ ਪਾਇਆ।”

– ਗਉ ੫, ੧੩੦, ੪:੨ (192)

ਅਦੇਸੁ ----- (ਸੰ.) ਨਮਸਕਾਰ, ਪ੍ਰਣਾਮ

“ਬ੍ਰਹਮ ਗਿਆਨੀ ਕਉ ਸਦਾ ਅਦੇਸੁ।”

– ਗਉ ੫, ਸੁਖ ੮, ੭:੪ (273)

ਅਦੇਖਿ ----- (ਸੰ.) ਅਦ੍ਰਿਸ਼ਟ, ਜੋ ਨਹੀਂ ਦਿਸਦਾ

“ਜਸ ਅਦੇਖਿ ਤਸ ਰਾਖਿ ਬਿਚਾਰਾ।”

– ਗਉ ਕਬ, ਬਾਅ ੨੪:੨ (341)

ਅੰਦੋਹੁ ----- (ਫਾ. ਅਦੋਹ) ਚਿੰਤਾ, ਫਿਕਰ, ਦੁਖ
"ਦੂਖੁ ਅੰਦੋਹੁ ਨਹੀ ਤਿਹਿ ਠਾਉ।"
– ਗਉ ਰਵਿ, ੨, ੧:੨ (345)

ਅਦ੍ਰਿਸਟ ---- ਅਦਿਖ, ਵੇਖੋ 'ਅਦਿਸਿਟ'
"ਅਦ੍ਰਿਸਟ ਅਗੋਚਰੁ ਨਾਮੁ ਅਪਾਰਾ।"
– ਮਾਰੂ ੧, ਸੋਲਾ ੨੧, ੫:੧ (1041)

ਹੋਰ ਰੂਪ:

ਅਦ੍ਰਿਸਟੁ –
"ਤਿਸ ਰੂਪੁ ਨ ਰੇਖ ਅਦ੍ਰਿਸਟੁ ਕਹੁ ਜਨ ਕਿਉ ਧਿਆਈਐ।"
– ਸੋਰ ੪, ਵਾਰ ੪:੨ (644)

ਅਦ੍ਰਿਸਟੁ ---- (1) ਅਦਿਖ, ਵੇਖੋ 'ਅਦ੍ਰਿਸਟ
(2) ਅਦਿਖ ਪ੍ਰਭੂ
"ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ।"
– ਸੋਰ ੧, ੧੧, ੩:੨ (599)

ਅਦ੍ਰਿਸਟੋ ---- ਅਦਿਖ ਸ੍ਰਿਸਟੀ/ਰਚਨਾ
"ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ।"
– ਗੋਂਡ ੫, ੧, ੧:੨ (862)

ਅਧ ------- (1) (ਸੰ.) ਹੇਠਾਂ
"ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ।" (ਭਾਵ ਨਰਕ)
– ਗਉ ੧, ਅਸ ੧੭, ੩:੧ (228)

(2) ਅਧਵਾਟੇ
"ਅਧ ਵਿਚਿ ਫਿਰੈ ਮਨੁਮੁਖ ਵੇਚਾਰਾ ਗਲੀ ਕਿਉ ਸੁਖੁ ਪਾਵੈ।"
– ਗਉ ੪, ਵਾਰ ੧੧ਸ, ੪, ੧:੨ (305)
"ਮਨਮੁਖਾ ਉਰਵਾਰੁ ਨ ਪਾਰੁ ਹੈ ਅਧ ਵਿਚਿ ਰਹੇ ਲਪਟਾਇ।"
– ਸਲੋ ੩, ੩੪:੩ (1417)

(3) ਅੱਧੀ/ਅੱਧਾ
"ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ।"
– ਆਸਾ ੧, ਵਾਰ ੨੨ਸ, ੨, ੫:੨ (474)
"ਅਧ ਸੇਰੁ ਮਾਂਗਉ ਦਾਲੇ।"
– ਸੋਰ ਕਬ, ੧੧, ੨:੩ (656)

(4) ਅਧ (ਵਿਚਕਾਰੋਂ), ਵਿਚਕਾਰੋਂ
"ਸੰਤ ਕਾ ਦੋਖੀ ਅਧ ਬੀਚ ਤੇ ਟੂਟੈ।"
– ਗਉ ੫, ਸੁਖ ੧੩, ੫:੧ (280)
"ਟੂਟੀ ਨਿੰਦਕ ਕੀ ਅਧ ਬੀਚ।"
– ਸਾਰ ੫, ੧੦੬, ੧*:੧ (1224)

ਅੰਧ ------ (ਸੰ.) (1) ਅੰਨ੍ਹਾ/ਅਗਿਆਨੀ, ਬੇਸਮਝ ਮਨੁੱਖ

"ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ।"

– ਸਿਰੀ ੩, ੪੫, ੧:੩ (31)

ਹੋਰ ਰੂਪ:

ਅੰਧਹ –

"ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ।"

– ਜੈਤ ੫, ਵਾਰ ੮ਸ, ੫, ੧:੨ (707)

ਅੰਧੁ –

"ਮਨਮੁਖ ਅੰਧੁ ਐਸੇ ਕਰਮ ਕਮਾਏ।"

– ਮਾਝ ੩, ੩੦, ੭:੨ (127)

(2) (ਸੰ.) ਘੁਪ, ਗੂੜਾ, ਘੋਰ

"ਬਾਝੁ ਗੁਰੂ ਹੈ ਅੰਧ ਅੰਧਾਰਾ।"

– ਮਾਝ ੩, ੨੬, ੭:੧ (125)

"ਕਈ ਕੋਟਿ ਅੰਧ ਅਗਿਆਨੀ।"

– ਗਉ ੫, ਸੁਖ ੧੦, ੨:੨ (275)

ਹੋਰ ਰੂਪ:

ਅੰਧੁ –

"ਅਗਿਆਨੀ ਅੰਧਾ ਅੰਧੁ ਅੰਧਾਰਾ।"

– ਮਾਝ ੩, ਅਸ ੧੨, ੫:੨ (116)

(3) ਅੰਨ੍ਹੇ ਵਾਲੀ

"ਅੰਧੀ ਕੰਮੀ ਅੰਧ ਸਜਾਇ।"

– ਆਸ ੩, ੪੪, ੨:੨ (362)

(4) ਅੰਨ੍ਹਿਆ ਕਰਨ ਵਾਲਾ

"ਬਾਝ ਗੁਰੂ ਹੈ ਅੰਧੁ ਗੁਬਾਰਾ।"

– ਮਾਝ ੩, ੧੨, ੫:੨ (116)

"ਜਮ ਮਾਰਗ ਪੰਥੁ ਨ ਸੁਝਈ ਉਛੜੁ ਅੰਧ ਗੁਬਾਰੋਵਾ।"

– ਵਡ ੧, ਅਲਾ ੪, ੩:੧ (581)

ਹੋਰ ਰੂਪ:

ਅੰਧੁ –

"ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧੁ ਗੁਬਾਰੁ।"

– ਸਿਰੀ ੧, ੧੩, ੩:੨ (19)

(5) ਅੰਨ੍ਹਾ, ਅਗਿਆਨ

"ਅੰਧ ਬਿਲਾ ਤੇ ਕਾਢਹੁ ਕਰਤੇ ਕਿਆ ਨਾਹੀ ਘਰਿ ਤੇਰੈ।"

– ਦੇਵ ੫, ੧੨, ੨:੧ (530)

(6) ਬਿਲਕੁਲ ਨਾ ਸਮਝਣ ਵਾਲਾ (ਭਾਵ)

"ਅਸੰਖ ਮੂਰਖ ਅੰਧ ਘੋਰ।"

– ਜਪੁ ੧੮:੧੧ (4)

(ਪਰੰਪਰਕ ਤੌਰ ਉਪਰ 'ਮੂਰਖਾਂ' ਦੀਆਂ ਤਿੰਨ ਕਿਸਮਾਂ ਕੀਤੀ ਜਾਂਦੀਆਂ ਹਨ:

ਮੂਰਖ – ਬੇਸਮਝ, ਪਰ ਸਮਝਾਇਆ ਸਮਝ ਜਾਣ ਵਾਲੇ।
ਅੰਧ ਮੂਰਖ – ਜੋ ਸਮਝਾਇਆਂ ਵੀ ਨ ਸਮਝਣ।
ਘੋਰ ਮੂਰਖ – ਜੋ ਸਮਝਾਇਆ ਸਗੋਂ ਲੜਨ ਨੂੰ ਪੈਣ।)

ਹੋਰ ਰੂਪ:

ਅੰਧੁ –
"ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ।"
– ਸਿਰੀ ੧, ਪਹ ੪, ੩:੧ (77)

(7) ਅੰਨ੍ਹਾ, ਬਹੁਤ ਡੂੰਘਾ
"ਅੰਧ ਕੂਪ ਤੇ ਕੰਢੈ ਚਾੜੇ।"
– ਮਾਝ ੫, ਅਸ ੩੭, ੪:੧ (131)

"ਗ੍ਰਿਹ ਅੰਧ ਕੂਪਾਇਆ।"
– ਸੂਹੀ ੫, ੪੬, ੩:੧ (746)

(8) ਨੇਤਰਹੀਨ, ਅੰਨ੍ਹਾ
"ਅੰਧ ਗੁੰਗ ਪਿੰਗੁਲ ਮਤਿਹੀਨਾ ਪ੍ਰਭ ਰਾਖਹੁ ਰਾਖਨਹਾਰਾ।"
– ਦੇਵ ੫, ੧੧, ੨:੧ (530)

ਹੋਰ ਰੂਪ:

ਅੰਧਕਹ – (ਸੰ.)
"ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ।"
– ਸਸ ੫, ੫੫:੨ (1359)

ਅੰਧਾ –
"ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ।"
– ਸੂਹੀ ੧, ਛੰਤ ੫, ੬:੧ (767)

ਅੰਧੇ –
"ਅੰਧੇ ਗੁੰਗੇ ਅੰਧ ਅੰਧਾਰੁ।"
– ਬਿਹਾ ੪, ਵਾਰ ੨੦ਸ, ੧, ੨:੩ (556)

ਅੰਧੁ –
"ਮਨਮੁਖ ਮਨੁ ਤਨੁ ਅੰਧੁ ਹੈ ਤਿਸ ਨਉ ਠਉਰ ਨ ਠਾਉ।"
– ਸਿਰੀ ੩, ੪੩, ੨:੧ (30)

ਅੰਧਕਾਰ ---- **(ਸੰ.) (1) ਬੇਸਮਝੀ/ ਅਗਿਆਨ ਦਾ ਹਨੇਰਾ**
"ਅੰਧਕਾਰ ਸੁਖਿ ਕਬਹਿ ਨ ਸੋਈਹੈ।"
– ਗਉ ਕਬ, ੮, ੧:੧ (325)

ਹੋਰ ਰੂਪ:

ਅੰਧਕਾਰੁ –
"ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ।"
– ਗਉ ੫, ੧੩੩*, ੧:੧ (208)

(2) ਹਨੇ੍ਰਾ
"ਅੰਧਕਾਰ ਦੀਪਕ ਦੀਪਾਹਿ।"

– ਗਉ ੫, ੭੯, ੨:੨ (179)

ਹੋਰ ਰੂਪ:

ਅੰਧਕਾਰੁ –
"ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ।"
– ਕੇਦਾ ਕਬ, ੧, ੪:੧ (1123)

ਅਧਕੀ ----- (ਸੰ.) ਵਧੇਰੀ, ਬਹੁਤੀ, ਜ਼ਿਆਦਾ
"ਅਧਕੀ ਤ੍ਰਿਸਨਾ ਵਿਆਪੈ ਕਾਮੁ।"
– ਗਉ ੧, ਅਸ ੧੨, ੩:੨ (226)

ਅੰਧਕੂਪ ---- (ਸੰ.) ਅੰਨ੍ਹਾ ਕੂਪ (ਅਗਿਆਨਤਾ/ਮੋਹ ਮਾਇਆ ਦਾ)
"ਅੰਧਕੂਪ ਤੇ ਕੰਢੈ ਚਾੜੈ।"
– ਮਾਝ ੫, ਅਸ ੩੭, ੪:੧ (131)

ਅੰਧਗਤਿ ---- ਅੰਨ੍ਹਿਆਂ ਵਾਂਗ
"ਢੂੰਢਤ ਡੋਲਹਿ ਅੰਧਗਤਿ ਅਰੁ ਚੀਨਤ ਨਾਹੀ ਸੰਤ।"
– ਸਲੋ ਕਬ, ੨੪੧:੧ (1377)

ਅੰਧਘੋਰ ---- ਵਡਾ ਬੇਸਮਝ, ਘੋਰ ਅਗਿਆਨੀ
"ਅਸੰਖ ਮੂਰਖ ਅੰਧਘੋਰ।"
– ਜਪੁ ੧੮:੧ (4)

ਅੰਧਘੋਰੁ ---- ਘੁਪ ਹਨੇਰਾ, ਭਿਆਨਕ ਹਨੇਰਾ
"ਦਿਹੁ ਦੀਵੀ ਅੰਧਘੋਰੁ ਘਬੁ ਮੁਹਾਈਐ।"
– ਸੂਹੀ ੧, ਅਸ ੪, ੫:੧ (752)

ਅਧਪਤਿ ---- (ਸੰ.) ਮਾਲਕ, ਰਾਜਾ, ਸ਼ਾਸਕ
"ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ।"
– ਪ੍ਰਭਾ ਕਬ, ੫, ੧:੧ (1350)

ਅਧਪੰਧੇ ---- ਅਧਵਾਟੇ
"ਬਾਬਾ ਆਇਆ ਹੈ ਉਠਿ ਚਲਣਾ ਅਧਪੰਧੇ ਹੈ ਸੰਸਾਰੋਵਾ।"
– ਵਡ ੧, ਅਲਾ ੪, ੨:੧ (581)

ਅਧਮ ----- (ਸੰ.) (1) ਮਾਮੂਲੀ ਜਿਹਾ
"ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ।"
– ਚਉ ੫, ੧੧:੨ (1364)

(2) ਨੀਚ
"ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸੇਸਟਾਈ ਰੇ।"
– ਆਸਾ ੫, ੪੪, ੧:੧ (381)

ਹੋਰ ਰੂਪ:

ਅਧਮੰ –
"ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ।"

– ਸਸ ੫, ੪੭:੪ (1358)

ਅਧਮੁ –
“ਐਸਾ ਅਧਮੁ ਅਜਾਤਿ ਨਾਮਦੇਉ ਭਉ ਸਰਨਾਗਤਿ ਆਈਅਲੇ।”
– ਮਾਲੀ ਨਾਮ, ੨, ੨:੨ (988)

ਅਧਮਾਈ --- (ਸੰ.) ਨੀਚਤਾ, ਨੀਵਾਂਪਣ, ਗਿਰਾਵਟ
“ਬਿਖਿਆ ਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ।”
– ਸੋਰ ੯, ੬, ੧:੨ (632)

ਅਧਮਾਝਿ --- ਅਧ ਵਿਚਾਲੇ
“ਗੁਰੁ ਜੁ ਨ ਚੇਤਹਿ ਆਪਨੋ ਅਧਮਾਝਿ ਲੀਜਹਿਗੇ ਲੂਟਿ।”
– ਸਲੋ ਕਬ, ੭੩:੨ (1368)

ਅਧਰ ----- ਬਿਨਾਂ ਆਸਰੇ ਦੇ
“ਹੁਕਮੇ ਧਾਰਿ ਅਧਰ ਰਹਾਵੈ।”
– ਗਉ ੫, ਸੁਖ ੧੧, ੧:੫ (277)

ਅਧਰੰ ----- ਨਿਆਸਰੇ, ਬੇਸਹਾਰੇ
“ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ।”
– ਸਸ ੫, ੨੧:੧ (1355)

ਅਧਰਮੰ ---- ਧਰਮ ਰਹਿਤ, ਕੁਕਰਮੀ, ਧਰਮ ਵਿਪਰੀਤ
“ਏ ਲੰਪਟ ਨਾਚ ਅਧਰਮੰ।”
– ਪ੍ਰਭਾ ਬੇਣੀ, ੧, ੩:੪ (1351)

ਅਧਰਮਿ ---- (ਸੰ.) ਬੇਨਿਆਈ/ ਬੇਇਨਸਾਫੀ ਨਾਲ
“ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ।”
– ਸਿਰੀ ੪, ਵਾਰ ੧੯:੩ (90)

ਅਧਰਮੁ ---- ਧਰਮ ਦੇ ਵਿਪ੍ਰੀਤ, ਅਧਰਮ
“ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।”
– ਮਾਰੂ ਕਬ, ੧, ੨:੧ (1103)

ਅਧਰੀਆ --- (ਸੰ.) ਆਸਰਾ, ਟੇਕ, ਆਧਾਰ
“ਨਾਮੋ ਹੋ ਨਾਮੁ ਸਾਹਿਬ ਕੋ ਪ੍ਰਾਨ ਅਧਰੀਆ।”
– ਗਉ ੫, ੧੪੩*, ੧*:੨ (211)

ਅੰਧਲੀ ----- ਅੰਨ੍ਹੀ (ਗੁਮਰਾਹ ਕਰਨ ਵਾਲੀ)
“ਕਿਉ ਰਾਹਿ ਜਾਵੈ ਮਹਲੁ ਪਾਵੈ ਅੰਧ ਕੀ ਮਤਿ ਅੰਧਲੀ।”
– ਸੂਹੀ ੧, ਛੰਤ ੫, ੬:੩ (767)

ਹੋਰ ਰੂਪ:

ਅੰਧੁਲੇ –
“ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ।”
– ਮਾਰੂ ੧, ਸੋਲਾ ੧੨, ੧੧:੩ (1033)

ਅਧਵੀਚਹੁ --- ਅਧ ਵਿਚੋਂ
"ਸਾਕਤ ਸਿਉ ਮੁਖਿ ਜੋਰਿਐ ਅਧਵੀਚਹੁ ਟੂਟੈ।"
– ਬਿਲਾ ੫, ੪੪, ੪:੧ (811)

ਅੰਧਾ ------ (1) ਨੇਤਰਹੀਨ, ਅੰਨ੍ਹਾ
"ਸਹ ਦੇਖੇ ਬਿਨੁ ਪ੍ਰੀਤਿ ਨ ਊਪਜੈ ਅੰਧਾ ਕਿਆ ਕਰੇਇ।"
– ਸਿਰੀ ੧, ਵਾਰ ੧ਸ, ੩, ੨:੩ (83)
"ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ।"
– ਮਾਝ ੩, ਅਸ ੨, ੫:੩ (110)
"ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ।"
– ਆਸਾ ੧, ਅਸ ੧੨, ੪:੩ (418)
(2) ਗਿਆਨਹੀਨ, ਅਗਿਆਨੀ
"ਦੋਸੁ ਦੇਤ ਆਗਹ ਕਉ ਅੰਧਾ।"
– ਗਉ ੫, ਬਾਅ ੩੯:੬ (258)
"ਅੰਧਾ ਲੋਕ ਨ ਜਾਣਈ ਮੂਰਖੁ ਏਆਣਾ।"
– ਗਉ ਕਬ, ੫੦, ੧:੨ (333)
"ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ।"
– ਸੂਹੀ ੧, ਛੰਤ ੫, ੬:੧ (767)
ਹੋਰ ਰੂਪ:
ਅੰਧੋ –
"ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ।"
– ਆਸਾ ੩, ੩੧, ੧*:੨ (358)
(3) ਅੰਨ੍ਹਾ (ਵਿਵੇਕਹੀਨ)
"ਅੰਧਾ ਸਚਾ ਅੰਧੀ ਸਟ।"
– ਗਉ ੧, ੧, ੨:੪ (151)
"ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ।"
– ਗੂਜ ੩, ੭, ੩:੨ (491)

ਅਧਾਖੵਰੁ ---- (ਸੰ.) ਅਧਾ ਅਖਰ
"ਬ੍ਰਹਮ ਗਿਆਨੀ ਕਾ ਕਥਿਆ ਨਾ ਜਾਇ ਅਧੵਾਖਰੁ।"
– ਗਉ ੫, ਸੁਖ ੮, ੭:੫ (273)

ਅੰਧਾਤਾ ---- ਅੰਧਕਾਰ
"ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ।"
– ਗਉ ੧, ੧੫, ੨:੨ (155)

ਅਧਾਰ ----- (ਸੰ.) (1) ਆਸਰਾ, ਸਹਾਰਾ, ਭਰੋਸਾ
"ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ।"
– ਸਿਰੀ ੫, ਛੰਤ ੩, ੧:੨ (80)
ਹੋਰ ਰੂਪ:
ਅਧਾਰਾ –

“ਜੀਅ ਪ੍ਰਾਣ ਪ੍ਰਭ ਮਨਹਿ ਅਧਾਰਾ।”

– ਮਾਝ ੫, ੩੨, ੧:੧ (103)

ਅਧਾਰਿ –

“ਜੈਸੇ ਜਨਨਿ ਜਠਰ ਮਹਿ ਪ੍ਰਾਨੀ ਓਹ ਰਹਤਾ ਨਾਮੁ ਅਧਾਰਿ।”

– ਆਸਾ ੫, ੩੭, ੨:੧ (379)

ਅਧਾਰੀ –

“ਮਨ ਤਨ ਧਨ ਗੁਰ ਪ੍ਰਾਨ ਅਧਾਰੀ।”

– ਗਉ ੫, ੧੩੯, ੧:੨ (193)

ਅਧਾਰੁ –

“ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ।”

– ਸਿਰੀ ੫, ੭੬, ੩:੨ (44)

ਅਧਾਰੇ –

“ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ।”

– ਸਿਰੀ ੫, ਛੰਤ ੨, ੨:੫ (79)

ਅਧਾਰੈ –

“ਨਾਮੋ ਗਾਵਨੁ ਨਾਮੁ ਧਿਆਵਨੁ ਨਾਮੁ ਹਮਾਰੇ ਪ੍ਰਾਨ ਅਧਾਰੈ।”

– ਕਾਨ ੫, ੨੪, ੧*:੨ (1302)

ਅਧਾਰੋ –

“ਨਾਨਕ ਕਾਮਣਿ ਸਹਿਜ ਸਮਾਣੀ ਜਿਸੁ ਸਾਚਾ ਨਾਮੁ ਅਧਾਰੋ।”

– ਗਉ ੩, ਛੰਤ ੨, ੩:੬ (244)

(2) ਆਹਾਰ (ਸਹਾਰਾ)

“ਭੂਖੇ ਕਉ ਦੇਵਤ ਅਧਾਰ।”

– ਗਉ ੫, ਸੁਖ ੧੫, ੭:੨ (283)

ਹੋਰ ਰੂਪ:

ਅਧਾਰਿ –

“ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ।”

– ਮਲਾ ੫, ੨, ੧:੧ (1266)

ਅਧਾਰੀ –

“ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ।”

– ਗੂਜ ੪, ਅਸ ੧, ੧:੧ (506)

ਅਧਾਰੁ –

“ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ।”

– ਸਿਰੀ ੩, ੩੬, ੫:੨ (27)

“ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ।”

– ਰਾਮ ੩, ਅਨੰ ੪:੨ (917)

ਅਧਾਰੇ –

“ਗੁਰ ਕੈ ਤਕੀਐ ਨਾਮਿ ਅਧਾਰੇ।

– ਮਾਝ ੩, ਅਸ ੧੫, ੩:੨ (118)

ਅਧਾਰੋ –

"ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ।"

– ਮੁੰਦਾ ੫, ੧:੨ (1429)

ਅੰਧਾਰ ----- (ਸੰ.) ਅੰਧਕਾਰ, ਹਨੇਰਾ

"ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।"

– ਆਸਾ ੧, ਵਾਰ ੧ਸ, ੨, ੨:੨ (463)

ਹੋਰ ਰੂਪ:

ਅੰਧਾਰਾ –

"ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ।"

– ਮਾਰੂ ੩, ਸੋਲਾ ੧੧, ੪:੧ (1054)

ਅੰਧਾਰਿ –

"ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ।" (ਹਨੇਰੀ)

– ਗੂਜ ੧, ੨, ੨:੨ (489)

ਅੰਧਾਰੀ –

"ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ।"

– ਗਉ ੫, ੧੫੦, ੧;੨ (212)

ਅੰਧਾਰੁ –

"ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ।"

– ਸਿਰੀ ੩, ੫੩, ੩:੧ (34)

ਅੰਧਾਰੇ –

"ਸਾਧ ਸੰਗਿ ਮਿਟੇ ਭਰਮ ਅੰਧਾਰੇ।"

– ਆਸਾ ੫, ੭੬, ੪:੧ (389)

ਅੰਧਾਰੋ –

"ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ।"

– ਵਡ ੧, ਅਲਾ ੩, ੧:੩ (580)

ਅੰਧੵਾਰ –

"ਬਲਿਓ ਚਰਾਗੁ ਅੰਧੵਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ।"

– ਸਮੁ ੯:੫ (1387)

ਅੰਧੵਾਰੁ –

"ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਗਿਆਨੁ ਅੰਧੵਾਰੁ।"

– ਗਉ ੪, ਵਾਰ ੩੧ਸ, ੪, ੧:੪ (316)

ਅਧਾਰੀ ---- (1) ਆਸਰਾ, ਵੇਖੋ 'ਅਧਾਰ' (1)

(2) ਅਹਾਰ, ਵੇਖੋ 'ਅਧਾਰ' (2)

(3) ਓਟ

"ਆਨੰਦ ਮੂਲੁ ਅਨਾਥ ਅਧਾਰੀ।"

– ਧਨਾ ੧, ਅਸ ੧, ੫:੧ (685)

ਅੰਧਾਰੁ ----- (1) ਅੰਧਕਾਰ, ਹਨੇਰਾ ਵੇਖੋ 'ਅੰਧਕਾਰ'

(2) ਅਗਿਆਨਤਾ

"ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ।"

– ਸਿਰੀ ੫, ੯੫, ੨:੨ (51)

ਹੋਰ ਰੂਪ:

ਅੰਧਾਰੇ –

“ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ।”

– ਸੂਹੀ ੫, ਛੰਤ ੪, ੪:੩ (779)

ਅੰਧਿਆਂ ---- ਅਗਿਆਨੀਆਂ, ਅੰਨ੍ਹਿਆਂ

“ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ।”

– ਸੋਰ ੪, ਵਾਰ ੧੨ਸ, ੩, ੨:੨ (647)

ਹੋਰ ਰੂਪ:

ਅੰਧਿਆ –

“ਮੂਰਖ ਅੰਧਿਆ ਅੰਧੀ ਧਾਤੁ।”

– ਸਾਰ ੪, ਵਾਰ ੬ਸ, ੧, ੧:੯ (1239)

ਅਧਿਆਤਮ -- (1) (ਸੰ.) ਨਿਜ ਨਾਲ ਸਬੰਧਿਤ, ਸੁਆਰਥ (ਸੰਥਾ ਪੋਥੀਆਂ, ਕੋਸ਼ ਤੇ ਨਿਰੁਕਤ)

“ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ।”

– ਸਿਰੀ ੩, ੫੧, ੧:੨ (33)

(ਮਹਾਨ ਕੋਸ਼, ਸ਼ਬਦਾਰਥ ਤੇ ਨਿਰਣਯ ਇਸ ਦੇ ਅਰਥ “ਆਤਮ ਗਿਆਨ” ਦੇ ਕਰਦੇ ਹਨ)

(2) (ਸੰ.) ਆਤਮਾ ਸਬੰਧੀ, ਆਤਮਕ

“ਅਧਿਆਤਮ ਕਰਮ ਕਰੇ ਤਾ ਸਾਚਾ।”

– ਗਉ ੧, ਅਸ ੬, ੧:੧ (223)

(3) ਆਤਮਕ ਗਿਆਨ ਪ੍ਰਾਪਤੀ ਲਈ, ਆਤਮ ਗਿਆਨ ਨੂੰ ਸਾਧਨ ਲਈ

“ਅਧਿਆਤਮ ਕਰਮ ਕਰੇ ਦਿਨੁ ਰਾਤੀ।”

– ਮਾਰੂ ੧, ਸੋਲਾ ੧੮, ੯:੧ (1039)

ਅਧਿਆਤਮੀ - ਆਤਮ ਗਿਆਨੀ

“ਅਧਿਆਤਮੀ ਹਰਿ ਗੁਣਤਾਸੁ ਮਨਿ ਜਪਹਿ ਏਕੁ ਮੁਰਾਰਿ।”

– ਸਿਰੀ ੩, ੬੩, ੨:੩ (38)

ਅੰਧਿਆਰ --- ਹਨੇਰਾ, ਵੇਖੋ ‘ਅੰਧਾਰ’

“ਪੰਚ ਦੂਤ ਬਿਆਪਤ ਅੰਧਿਆਰ।”

– ਗਉ ੫, ੮੮, ੩:੪ (182)

ਹੋਰ ਰੂਪ:

ਅੰਧਿਆਰਾ –

“ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ।”

– ਸਿਰੀ ੪, ਵਾਰ ੧੨:੪ (87)

“ਸਾਂਝ ਪਰੀ ਦਹਦਿਸ ਅੰਧਿਆਰਾ।”

– ਸੂਹੀ ਰਵਿ, ੨, ੩:੨ (794)

ਅੰਧਿਆਰਿ –

"ਨਾਮੁ ਮਿਲੈ ਚਾਨਣੁ ਅੰਧਿਆਰਿ।"
– ਬਿਲਾ ੧, ੩, ੨:੪ (796)

ਅੰਧਿਆਰਾ -- (1) ਹਨੇਰਾ, ਵੇਖੋ 'ਅੰਧਿਆਰ'
(2) ਅਗਿਆਨਤਾ (ਦਾ ਹਨੇਰਾ)
"ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਵਾਣਿਆ।"
– ਮਾਝ ੩, ਅਸ ੨, ੬:੩ (110)

ਅੰਧਿਆਰੀ -- (1) ਹਨੇਰੀ
"ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ।"
– ਸਿਰੀ ੧, ੨, ੭:੧ (54)
"ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ।"
– ਤੁਖਾ ੧, ਛੰਤ ੨, ੧:੧ (1110)

ਹੋਰ ਰੂਪ:

ਅੰਧਿਆਰੇ –
"ਅੰਧਿਆਰੇ ਦੀਪਕੁ ਚਹੀਐ।"
– ਸੋਰ ਕਬ, ੭, ੨;੧ (655)

ਅੰਧਿਆਰੈ –
"ਜਿਉ ਅੰਧਿਆਰੈ ਦੀਪਕੁ ਪਰਗਾਸਾ।"
– ਮਾਝ ੫, ੨੧, ੩:੧ (100)

(2) ਅਗਿਆਨਤਾ ਰੂਪੀ ਹਨੇਰੇ ਵਿਚ
"ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ।"
– ਸਿਰੀ ੫, ਪਹ ੪, ੪:੫ (78)

ਹੋਰ ਰੂਪ:

ਅੰਧਿਆਰੀਆ –
"ਕਲਿ ਕਾਲਖ ਅੰਧਿਆਰੀਆ।"
– ਗਉ ੫, ੧੪੦*, ੧:੧ (210)

ਅੰਧਿਆਰੁ –
"ਚੂਕਾ ਗਉਣੁ ਮਿਟਿਆ ਅੰਧਿਆਰੁ।"
– ਪ੍ਰਭਾ ੫, ਅਸ ੩, ੨:੧ (1348)

ਅੰਧਿਆਰੈ --- (1) ਹਨੇਰੇ, ਵੇਖੋ 'ਅੰਧਿਆਰੀ' (1)
(2) ਅੰਨ੍ਹੇ
"ਬੂਝੀ ਨਹੀ ਕਾਜੀ ਅੰਧਿਆਰੈ।"
– ਗੋਂਡ ਕਬ, ੪, ੩:੪ (871)

ਅੰਧਿਹੋ ----- ਅੰਨਿਓ, ਨੇਤਰ ਹੀਣੋਂ, ਬੇਸਮਝੋ
"ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ।"
– ਆਸਾ ੧, ਅਸ ੧੫, ੫:੧ (419)

ਅਧਿਕ ----- (1) (ਸੰ.) ਬਹੁਤ

“ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ।”
– ਸਿਰੀ ੩, ਅਸ ੨੧, ੫:੨ (67)
“ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।”
– ਸਿਰੀ ਕਬ, ੧, ੧:੩ (91)

ਹੋਰ ਰੂਪ:

ਅਧਿਕਉ –
“ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰਿ।” (ਵਧੇਰਾ, ਵਧ)
– ਸਿਰੀ ੧, ਅਸ ੧੧, ੨:੨ (60)
ਅਧਿਕੁ –
“ਕਾਪੜੁ ਪਹਿਰਸਿ ਅਧਿਕੁ ਸੀਗਾਰੁ।”
– ਬਸੰ ੧, ਅਸ ੧, ੬:੧ (1187)
(2) ਵਡੇ
“ਅਧਿਕ ਗਰਤ ਸੰਸਾਰ ਸਾਗਰ ਕਰ ਦਇਆ ਚਾਰਹੁ ਧੋਰ।”
– ਕੈਦਾ ੫, ੧੦, ੧:੧ (1121)
“ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ।”
– ਸਾਰ ਕਬ, ੧, ੨:੨ (1251)
(3) ਹੋਰ, ਵਧੇਰਾ
“ਅਧਿਕ ਬਿਥਾਰੁ ਕਰਉ ਕਿਸੁ ਕਾਮਿ।”
– ਗਉ ੧, ੮, ੩:੨ (153)
“ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।”
– ਸੋਰ ੫, ਅਸ ੩, ੧:੨ (641)
(4) ਵਡਿਆਇਆ, ਵਡਾ ਕੀਤਾ
“ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ।”
– ਮਾਰੂ ਨਾਮ, ੧, ੩:੧ (1105)

ਅਧਿਕਾਇ --- ਹੋਰ ਵਧੇਰੀ, ਹੋਰ ਅਧਿਕ
“ਜਲ ਮਹਿ ਅਗਨਿ ਉਠੀ ਅਧਿਕਾਇ।”
– ਗਉ ਕਬ, ੨, ੧*:੨ (323)

ਹੋਰ ਰੂਪ:

ਅਧਿਕਾਈ –
“ਸਾਠ ਸੂਤ ਨਵਖੰਡ ਬਹਤਰਿ ਪਾਟੁ ਲਗੋ ਅਧਿਕਾਈ।”
– ਗਉ ਕਬ, ੫੪, ੧:੨ (335)
“ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ।”
– ਸੋਰ ੩, ਅਸ ੧, ੭:੧ (638)

ਅਧਿਕਾਈ --- (1) ਬਹੁਤ, ਹੋਰ ਅਧਿਕ, ਵੇਖੋ ‘ਅਧਿਕਾਇ’
(2) ਚੰਗੀ ਤਰ੍ਹਾਂ
“ਹਉਮੈ ਮਾਰਿ ਸਚਿ ਸਬਦਿ ਸਮਾਣੇ ਸਚਿ ਰਤੇ ਅਧਿਕਾਈ।”
– ਵਡ ੩, ਛੰਤ ੩, ੩:੫ (569)
(‘ਨਿਰੁਕਤ’ ਇਥੇ ਅਰਥ ‘ਵਧੇ ਹਨ’ ਦੇ ਕਰਦਾ ਹੈ)

(3) ਵਡਾ

"ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬੁਲਾਏ।"

– ਧਨਾ ਨਾਮ, ੧, ੧:੨ (692)

4. ਚਾਹਵਾਨ, ਬਹੁਤ ਇਛੁੱਕ

"ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ।"

– ਕਲਿ ੪, ਅਸ ੬, ੭:੧ (1326)

ਅਧਿਕਾਰ --- (ਸੰ.) ਯੋਗਤਾ

"ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।"

– ਸਲੋ ੧, ੨੫:੧ (1412)

('ਗੁਰੂ ਗ੍ਰੰਥ ਕੋਸ਼' ਇਸ ਦੇ ਅਰਥ 'ਅਧਿਕ' ਦਿੰਦਾ ਹੈ)

ਅਧੀ ------ (1) (ਸੰ.) ਬੁੱਧੀਹੀਨ ਮਨੁੱਖ, ਸਾਧਾਰਨ/ਭੋਲਾ ਮਨੁੱਖ

"ਤੁਧੁ ਭਾਵੈ ਅਧੀ ਪਰਵਾਣੁ।"

– ਧਨਾ ੧, ੬, ੪:੩ (662)

(ਇਸ ਦੇ ਅਰਥ 'ਅਧੀ ਘੜੀ' ਦੇ ਵੀ ਲਏ ਜਾਂਦੇ ਹਨ – ਸ੍ਰੀ ਗੁਰੂ ਗ੍ਰੰਥ ਕੋਸ਼)

(2) (ਸੰ. ,) ਸਾਬਤ/ਪੂਰੇ ਦੋ ਦੋ ਹਿੱਸਿਆਂ ਵਿਚੋਂ ਇਕ

"ਦਇਆ ਦੁਆਪੁਰਿ ਅਧੀ ਹੋਈ।"

– ਮਾਰੂ ੧, ਸੋਲਾ ੪, ੮:੧ (1023)

ਅੰਧੀ ------ (1) ਅੰਨ੍ਹੀ

"ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ।"

– ਸਿਰੀ ੩, ੪੭, ੩:੨ (32)

(2) ਅਗਿਆਨਤਾ

"ਅੰਧਾ ਸਚਾ ਅੰਧੀ ਸਟ।"

– ਗਉ ੧, ੧, ੨:੪ (151)

"ਅੰਧੀ ਕੰਮੀ ਅੰਧ ਸਜਾਇ।"

– ਸਾਰ ੪, ਵਾਰ ੯ਸ, ੧, ੧:੬ (1240)

ਹੋਰ ਰੂਪ:

ਅੰਧੀਂ –

"ਅੰਧੀਂ ਕੰਮੀ ਅੰਧ ਸਜਾਇ।"

– ਆਸਾ ੩, ੪੪, ੨:੨ (362)

(3) ਅਗਿਆਨੀ, ਨਾ ਜਾਣਨ ਵਾਲੀ, ਮੂਰਖ

"ਅੰਧੀ ਦੁਨੀਆ ਸਾਹਿਬੁ ਜਾਣੁ।"

– ਆਸਾ ੧, ੪, ੧*:੨ (349)

"ਧਨ ਅੰਧੀ ਪਿਰੁ ਚਪਲੁ ਸਿਆਨਾ।"

– ਮਾਰੂ ੫, ਸੋਲਾ ੨, ੬:੧ (1072)

ਅਧੁ ------ (ਸੰ.) ਅਧਾ

"ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ।"

– ਗਉ ੫, ੧੬੯*, ੩:੨ (218)

"ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ।"
– ਮਲਾ ੧, ਵਾਰ ੧੯ਸ, ੧, ੨:੫ (1286)

ਅੰਧੁ ------ (1) ਹਨੇਰਾ
"ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ।"
– ਸਿਰੀ ੩, ੪੩, ੩:੧ (30)
(2) ਮੂੜ, ਬੇਸਮਝ, ਬਿਲਕੁਲ ਨਾ ਸਮਝਣ ਵਾਲਾ, ਵੇਖੋ 'ਅੰਧ' (6)
"ਤੀਜੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਖੁ ਸੰਚੈ ਅੰਧੁ ਅਗਿਆਨੁ।"
– ਸਿਰੀ ੧, ਪਹ ੪, ੩:੧ (77)
(3) ਅੰਨਿਆਂ ਕਰਨ ਵਾਲਾ, ਵੇਖੋ 'ਅੰਧ' (4)
(4) ਘੁਪ, ਘੋਰ, ਵੇਖੋ 'ਅੰਧ' (2)
(5) ਅੰਨ੍ਹਾ, ਵੇਖੋ 'ਅੰਧ' (8)
(6) ਅਗਿਆਨੀ, ਬੇਸਮਝ, ਵੇਖੋ 'ਅੰਧ' (1)
(7) ਅਗਿਆਨਤਾ ਵਾਲੇ ਕਰਮ
"ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਅੰਧਾ ਅੰਧੁ ਕਮਾਇ।"
– ਮਾਝ ੧, ਵਾਰ ੨ਸ, ੧, ੧:੪ (138)
"ਨਾਨਕ ਸਚੇ ਨਾਮੁ ਬਿਨ ਵਰਤਣਿ ਵਰਤੈ ਅੰਧੁ।"
– ਬਿਹਾ ੪, ਵਾਰ ੭ਸ, ੩, ੧:੪ (551)
(8) ਅਗਿਆਨਤਾ ਵਾਲਾ
"ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿ ਮਾਰਗੁ ਕਿਉ ਪਾਏ।"
– ਗਉ ੩, ਛੰਤ ੫, ੪:੨ (247)

ਅੰਧਲਉ ---- ਅੰਨੇ/ਅਗਿਆਨੀ ਪੁਰਖ
"ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ।"
– ਭੈਰ ੧, ੫, ੩:੨ (1126)

ਅੰਧੁਲਾ ----- (1) ਅੰਨ੍ਹਾ, ਅਗਿਆਨੀ, ਵਾਹਿਗੁਰੂ ਤੋਂ ਵੇਮੁਖ
"ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ।"
– ਸਿਰੀ ੩, ੫੬, ੩:੩ (35)
"ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ।"
– ਸੂਹੀ ੧, ੯, ੪:੧ (731)

ਹੋਰ ਰੂਪ:

ਅੰਧੁਲੀ –
"ਦੁਬਿਧਾ ਗੁਰਮਤਿ ਅੰਧੁਲੀ ਕਾਰ।"
– ਬਸੰ ੧, ੬, ੧:੧ (1190)

ਅੰਧੁਲੇ –
"ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ।"
– ਸਿਰੀ ੩, ਅਸ ੮, ੨:੩ (58)

ਅੰਧੁਲੈ –
"ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧੁ ਗੁਬਾਰੁ।"
– ਸਿਰੀ ੧, ੧੩, ੩:੨ (19)

(2) ਜੋਤਹੀਨ, ਅੰਨ੍ਹਾ ਜੋ ਵੇਖ ਨਹੀਂ ਸਕਦਾ
"ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ।"
– ਮਾਝ ੧, ਵਾਰ ੩ਸ, ੨, ੨:੨ (139)
"ਬਿਖੈ ਰਾਜ ਤੇ ਅੰਧੁਲਾ ਭਾਰੀ।"
– ਗਉ ੫, ੧੫੧, ੧:੧ (196)

ਹੋਰ ਰੂਪ:

ਅੰਧੁਲੇ –
"ਅਹਿਨਿਸਿ ਅੰਧੁਲੇ ਦੀਪਕੁ ਦੇਇ।"
– ਆਸਾ ੧, ੧੮, ੩:੧ (354)
"ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ।"
– ਧਨ ੫, ੩੨, ੨:੧ (679)

ਅੰਧੁਲੈ –
"ਜਿਉ ਅੰਧੁਲੈ ਹਥਿ ਟੋਹਣੀ ਹਰਿਨਾਮੁ ਹਮਾਰੈ।"
– ਆਸਾ ੧, ੨੨, ੬:੧ (422)

ਅੰਧੁਲਾ ----- (1) ਅਗਿਆਨੀ, ਅਸਲੀਅਤ ਨੂੰ ਨ ਦੇਖ ਸਕਨ ਵਾਲਾ, ਵੇਖੋ 'ਅੰਧੁਲਾ' (1)
(2) ਨੇਤਰਹੀਨ, ਅੰਨ੍ਹਾ, ਜੋਤਹੀਨ, ਵੇਖੋ 'ਅੰਧੁਲਾ' (2)
"ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ।"
– ਤੁਖਾ ੧, ਛੰਤ ੨, ੪:੫ (1110)
(3) ਹੇ ਅੰਨ੍ਹੇ (ਅਗਿਆਨੀ)
"ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ।"
– ਸਿਰੀ ੪, ਪਹ ੨, ੩:੩ (76)

ਅਧੂਆ ---- (ਅੰ. ਅਦਨਾ) ਅਧੀ
"ਐ ਜੀ ਸਰਣਿ ਪਰੇ ਪ੍ਰਭੁ ਬਖਸਿ ਮਿਲਾਵੈ ਬਿਲਮ ਨ ਅਧੂਆ ਰਾਈ।"
– ਗੂਜ ੧, ਅਸ ੪, ੫:੧ (505)

ਅੰਧੇ ------ (1) ਅੰਨ੍ਹੇ, ਜੋਤਹੀਨ
"ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ।"
– ਰਾਮ ੩, ਵਾਰ ੧੬ਸ, ੨, ੧:੧ (954)
(2) ਅਗਿਆਨੀ
"ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ।"
– ਸਿਰੀ ੩, ਅਸ ੧੮, ੪:੨ (65)
(3) ਹੇ ਅੰਨ੍ਹੇ, ਹੇ ਅਗਿਆਨੀ
"ਅੰਧੇ ਤੂੰ ਬੈਠਾ ਕੰਧੀ ਪਾਹਿ।"
– ਸਿਰੀ ੫, ੭੪, ੧*:੧ (43)
(4) ਅੰਨ੍ਹਿਆਂ (ਅਗਿਆਨੀਆਂ) ਵਾਲੇ
"ਨਾਨਕ ਬਿਨੁ ਸਤਿਗੁਰ ਭੇਟੇ ਜਗੁ ਅੰਧੁ ਹੈ ਅੰਧੇ ਕਰਮ ਕਮਾਇ।"
– ਬਿਹਾ ੪, ਵਾਰ ੧੫ਸ, ੩, ੧:੧ (554)
"ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ।"
– ਰਾਮ ੩, ਵਾਰ ੧੦ਸ, ੩, ੨:੧ (951)

ਅਧੇਰ ----- ਹਨੇਰਾ, ਅਗਿਆਨ

“ਸਕਤਿ ਅਧੇਰ ਜੇਵੜੀ ਭ੍ਰਮੁ ਚੁਕਾ ਨਿਹਚਲੁ ਸਿਵ ਘਰਿ ਬਾਸਾ।”

– ਗਉ ਕਬ, ੪੬, ੨:੨ (332)

ਅੰਧੇਰ ----- (1) ਹਨੇਰਾ

“ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ।”

– ਗਉ ੫, ਸੁਖ ੨੩ਸ:੧ (293)

“ਮਿਟੇ ਅੰਧੇਰ ਭਏ ਪਰਗਾਸਾ।”

– ਭੈਰ ੫, ੨੭, ੨:੨ (1143)

ਹੋਰ ਰੂਪ:

ਅਧੇਰਾ –

“ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ਭਰਮ ਅਧੇਰਾ ਲਹੀ।”

– ਦੇਵ ੫, ੭, ੧:੨ (529)

ਅੰਧੇਰਾ –

“ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ।”

– ਸਿਰੀ ੩, ੪੦, ੨:੩ (29)

ਅੰਧੇਰੀ –

“ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ।”

– ਤੁਖਾ ੧, ਛੰਤ ੨, ੧:੪ (1110)

ਅੰਧੇਰੀਆ –

“ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ।”

– ਤੁਖਾ ੧, ਛੰਤ ੨, ੧:੬ (1110)

ਅੰਧੇਰੁ –

“ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ।”

– ਸਿਰੀ ੩, ੬੧, ੩:੨ (38)

ਅਧੇਰੁ –

“ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ।”

– ਗੁਜ ੩, ਵਾਰ ੧੧ਸ, ੩, ੧:੪ (512)

ਅੰਧੇਰੇ –

“ਮਿਟੀ ਤਿਆਸ ਅਗਿਆਨ ਅੰਧੇਰੇ।”

– ਆਸਾ ੫, ੬੬, ੧:੧ (387)

ਅੰਧੇਰੈ –

“ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ।”

– ਸਿਰੀ ੩, ੬੪, ੨:੪ (39)

ਅੰਧੇਰੋ –

“ਆਗੈ ਦ੍ਰਿਸਟਿ ਆਵਤ ਸਭ ਪਰਗਟ ਈਹਾ ਮੋਹਿਓ ਭਰਮ ਅੰਧੇਰੋ।”

– ਕਾਨ ੫, ੨੫, ੧:੨ (1303)

(2) ਅਗਿਆਨਤਾ

“ਅਚਿੰਤ ਹਮਾਰੇ ਮਿਟੇ ਅੰਧੇਰ।”

– ਭੈਰ ੫, ਅਸ ੩, ੫:੨ (1157)

ਹੋਰ ਰੂਪ:

ਅੰਧੇਰਾ –
"ਸਤਗੁਰੁ ਮਿਲੈ ਅੰਧੇਰਾ ਜਾਇ।"
– ਰਾਮ ੧, ੨, ੩:੩ (877)

ਅਧੇਰਾ –
"ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ।"
– ਬਿਹਾ ੫, ਛੰਤ ੧, ੪:੪ (542)

ਅੰਧੇਰੁ –
"ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।"
– ਗਉ ੫, ੧੧੯*, ੨:੨ (204)

ਅੰਧੈ ------ (1) ਅੰਨ੍ਹੇ (ਅਗਿਆਨੀ) ਨੇ
"ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ।"
– ਸਿਰੀ ੧, ੩, ੧*:੨ (15)

ਅੰਧੋ ------ ਅੰਨ੍ਹਾ, ਗਿਆਨਹੀਨ – ਵੇਖੋ 'ਅੰਧਾ' (2)
"ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ।"
– ਆਸਾ ੧, ੩੧, ੧*:੨ (358)

ਹੋਰ ਰੂਪ:

ਅੰਧੌ –
"ਅੰਧੌ ਬੋਲੌ ਮੁਗਧੁ ਗਵਾਰੁ।"
– ਪ੍ਰਭਾ ੧, ੧੨, ੪:੧ (1331)

ਅਧੋਰੀ ----- ਆਸਰਾ ਦੇਣ ਵਾਲਾ; ਪਕਾ ਸਹਾਇਕ (ਸ਼ਬਦ ਕੋਸ਼)
"ਤੁਮ ਸਮਰਥ ਅਪਾਰ ਅਤਿ ਊਚੈ ਸੁਖਦਾਤੇ ਪ੍ਰਭ ਪ੍ਰਾਨ ਅਧੇਰੀ।"
– ਗਉ ੫, ੧੩੪*, ੪:੧ (208)

ਅਧ੍ਰੁਵ ----- (ਸੰ.) ਚਲਾਇਮਾਨ, ਨਾਸਵੰਤ
"ਸਭ ਅਧ੍ਰੁਵ ਡਿਠੇ ਜੀਉ ਤਾ ਚਰਨ ਕਮਲ ਚਿਤੁ ਲਾਇਆ।"
– ਸੂਹੀ ੫, ਛੰਤ ੧੧, ੪:੨ (785)

ਅਨ ------- (1) (ਸੰ.) ਹੋਰ, ਦੂਜੇ
"ਅਨ ਭੈ ਵਿਸਰੇ ਨਾਮਿ ਸਮਾਇਆ।"
– ਗਉ ੧, ੧੧, ੧:੨ (154)

"ਬਿਨੁ ਭਗਵੰਤ ਨਾਹੀ ਅਨ ਕੋਇ।"
– ਗਉ ੫, ੧੩੦, ੧*:੧ (192)

"ਨਾਮੁ ਬਿਸਾਰਿ ਲਗੈ ਅਨ ਸੁਆਇ।"
– ਗਉ ੫, ੧੩੪, ੩:੧ (192)

ਹੋਰ ਰੂਪ:

ਅੰਨ –

"ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ।"

– ਸਵ ੪, ੧੩:੩ (1400)

(2) ਹੋਰਨਾਂ

"ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ।"

– ਸਿਰੀ ੩, ੪੩, ੨:੨ (30)

"ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ।"

– ਸਿਰੀ ੧, ਅਸ ੫, ੬:੨ (56)

(3) ਹੋਰ ਕਿਸੇ ਦੀ

"ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ।"

– ਭੈਰ ੫, ੧੪, ੧:੨ (1138)

"ਬਿਨੁ ਪ੍ਰਭ ਸੇਵ ਕਰਤ ਅਨ ਸੇਵਾ ਬਿਰਥਾ ਕਾਟੈ ਕਾਲ।"

– ਸਾਰ ੫, ੯੨, ੧:੧ (1222)

(4) ਭਿੰਨ, ਵਖਰਾ

"ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ।"

– ਬਿਲਾ ੫, ੧੧੭, ੨:੨ (827)

(5) ਦ੍ਵੈਤ

"ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾਦੂ ਹੋਇ।"

– ਗਉ ੫, ਬਾਅ ੩੧:੨ (256)

ਅੰਨ ------ (1) (ਸੰ.) ਅਨਾਜ

"ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ।"

– ਆਸਾ ੧, ਵਾਰ ੧੯ਸ, ੧, ੧:੩ (472)

ਹੋਰ ਰੂਪ:

ਅੰਨਿ –

"ਤਜਿਐ ਅੰਨਿ ਨ ਮਿਲੈ ਗੁਪਾਲੁ।"

– ਗੋਂਡ ਕਬ, ੧੧, ੪:੧ (873)

ਅਨੁ –

"ਜਿਸੁ ਕਾ ਅਨੁ ਧਨੁ ਸਹਜਿ ਨ ਜਾਨਾ।"

– ਆਸਾ ੧, ਅਸ ੬, ੭:੧ (414)

ਅੰਨੁ –

"ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ।"

– ਮਾਝ ੧, ਵਾਰ ੨੬ਸ, ੧, ੧:੬ (149)

ਅੰਨੈ –

"ਅੰਨੈ ਬਾਹਰਿ ਜੋ ਨਰ ਹੋਵਹਿ।"

– ਗੌਂਡ ਕਬ, ੧੧, ੨:੩ (873)

(2) ਹੋਰ, ਵੇਖੋ 'ਅਨ' (1)

ਅਨਹਤ ---- (ਸੰ.) (1) ਅਘਾਤ ਰਹਿਤ, ਜਿਸ ਦੀ ਉਤਪਤੀ ਆਘਾਤ ਤੋਂ ਨਾ ਹੋਈ ਹੋਵੇ, ਬਿਨਾਂ ਰਗੜ ਤੋਂ ਉਪਜੀ, ਉਹ ਆਵਾਜ ਜੋ ਜੋਗੀ ਦਸਵੇਂ ਦੁਆਰ ਵਿਚ ਅਪੜ ਕੇ ਸੁਣਦੇ ਹਨ।

"ਜਾਸੁ ਜਪਤ ਸੁਣਿ ਅਨਹਤ ਧੁਨੇ।"

- ਗਉ ੫, ਅਸ ੨, ੭:੨ (236)

"ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ।" (ਬਿਨਾਂ ਵਜਾਇਆਂ ਵਜਣ ਵਾਲੇ ਵਾਜੇ)

- ਗਉ ੫, ਛੰਤ ੧, ੪:੫ (247)

ਹੋਰ ਰੂਪ:

ਅਨਹਤਾ -

"ਅਨਹਤਾ ਸਬਦ ਵਾਜੰਤ ਭੇਰੀ।"

- ਧੰਨਾ ੧, ੯, ੧*:੨ (663)

ਅਨਹਤਿ -

"ਅਨਹਤਿ ਰਾਤੇ ਇਹੁ ਮਨੁ ਲਾਇਆ।"

- ਰਾਮ ੧, ਸਿਗੋ ੨੦:੨ (940)

(2) ਆਤਮਕ ਮੰਡਲ ਦਾ ਸੰਗੀਤ ਜੋ ਸਰੀਰਿਕ ਕੰਨਾਂ ਦਾ ਵਿਸ਼ਾ ਨਹੀਂ

"ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ।"

- ਮਾਝ ੩, ਅਸ ੧੦, ੪:੩ (115)

(3) ਨਾਸ ਨ ਹੋਣ ਵਾਲਾ, ਅਮਿਟ

"ਜਹ ਅਨਹਤ ਸੂਰ ਉਜ੍ਯਾਰਾ।"

- ਸੋਰ ਨਾਮ, ੧, ੪:੧ (657)

"ਅਨਹਤ ਸੁੰਨੁ ਕਹਾ ਤੇ ਹੋਈ।"

- ਰਾਮ ੧, ਸਿਗੋ ੫੨:੨ (943)

(4) ਇਕ ਰਸ, ਲਗਾਤਾਰ ਨਿਰਤੰਰ

"ਮਧੁਰ ਮਧੁਰ ਧੁਨਿ ਅਨਹਤ ਗਾਜੈ।"

- ਮਾਲੀ ਨਾਮ, ੧, ੧*:੨ (988)

ਅਨਹਤਿ ---- (1) ਇਕ ਰਸ, ਲਗਾਤਾਰ, ਨਿਰੰਤਰ

"ਅਨਹਤਿ ਲਾਲਾ ਬੇਧਿਆ ਪ੍ਰਭ ਹੇਤਿ ਪਿਆਰੀ।"

- ਮਾਰੂ ੧, ਅਸ ੪, ੭:੧ (1011)

ਅਨਹਦ ---- (1) ਬੇਹਦ, ਹਦ ਤੋਂ ਬਾਹਰ

"ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ।"

- ਸੂਹੀ ੫, ਛੰਤ ੯, ੪:੨ (783)

(2) ਚੋਟ/ਅਘਾਤ ਤੋਂ ਬਿਨਾਂ ਪੈਦਾ ਹੋਣ ਵਾਲੀ ਧੁਨੀ

"ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ।"

- ਸਿਰੀ ੧, ੧੮, ੨:੩ (21)

"ਤਹ ਬਾਜੇ ਨਾਨਕ ਅਨਹਦ ਤੂਰੇ।" (ਬਿਨਾਂ ਵਜਾਇਆਂ ਵਜਣ ਵਾਲੇ।)

- ਗਉ ੫, ਬਾਅ ੩੬:੮ (258)

ਹੋਰ ਰੂਪ:

ਅਨਹਦਿ -

"ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ।"

- ਮਾਰੂ ੧, ਸੋਲਾ ੫, ੧੨:੩ (1025)

ਅਨਹਦੁ –

"ਅਨਹਦੁ ਵਾਜੈ ਸਹਜਿ ਸੁਹੇਲਾ।"

– ਮਾਝ ੫, ੧੦, ੧:੧ (97)

ਅਨਹਦੋ –

"ਅਨਹਦੋ ਅਨਹਦੁ ਵਾਜੈ ਰੁਣ ਝੁਣ ਕਾਰੇ ਰਾਮ।"

– ਆਸਾ ੧, ਛੰਤ ੨, ੧:੧ (436)

3. ਨਿਰੰਤਰ, ਲਗਾਤਾਰ

"ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ।"

– ਸੂਹੀ ੫, ਛੰਤ ੯, ੪:੨ (783)

"ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ।"

– ਬਿਹਾ ੫, ੫, ੨:੧ (545)

4. ਆਤਮ ਆਨੰਦ ਦਾ ਸੰਗੀਤ

"ਅਨਹਦ ਧੁਨੀ ਸਦਾ ਵਜਦੇ ਉਨਮਨਿ ਹਰਿ ਲਿਵ ਲਾਇ।"

– ਸਿਰੀ ੪, ਵਾਰ ੨੧ਸ, ੩, ੨:੩ (91)

ਹੋਰ ਰੂਪ:

ਅਨਹਦਾ –

"ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ।"

– ਸੂਹੀ ੫, ਛੰਤ ੨, ੩:੫ (778)

ਅਨਹਦੁ –

"ਵਾਜੈ ਅਨਹਦੁ ਮੇਰਾ ਮਨੁ ਲੀਣਾ।"

– ਰਾਮ ੧, ਅਸ ੩, ੧:੩ (903)

ਅਨਹਦਿ ---- (1) ਅਟੱਲ (ਸੱਚ)

"ਅਨਹਦਿ ਰਾਤਾ ਏਕ ਲਿਵਤਾਰ।"

– ਬਸੰ ੧, ੩, ੪:੩ (1188)

(2) ਬਿਨਾਂ ਚੋਟ ਤੋਂ ਪੈਦਾ ਹੋਣ ਵਾਲੀ ਆਵਾਜ਼, ਵੇਖੋ 'ਅਨਹਦ' (2)

(3) ਇਕਰਸ ਟਿਕੇ ਰਹਿਣ ਵਾਲਾ ਪ੍ਰਭੂ, ਅਬਿਨਾਸੀ ਪ੍ਰਭੂ

"ਹਉਮੈ ਤਿਆਗੀ ਅਨਹਦਿ ਰਾਤਾ।"

– ਮਾਰੂ ੧, ਸੋਲਾ ੧੯, ੯:੨ (1040)

ਅਨਹੋਦਾ ---- ਜੋ ਹੈ ਨਹੀਂ ਭਾਵ ਬਿਨਾਂ ਹੋਂਦ ਦੇ

"ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ।"

– ਭੈਰ ੩, ਅਸ ੧, ੭:੩ (1154)

ਅਨਹੋਨੀ ---- ਅਸੰਭਵ, ਨ ਹੋ ਸਕਨ ਵਾਲੀ

"ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।"

– ਸਲੋ ੯, ੫੧:੧ (1428)

ਅਨਹੋਵਨੁ --- ਜੋ ਨਹੀਂ ਹੈ, ਨਾਸ਼ਵਾਨ, ਮਾਇਆ

"ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ।"

– ਬਿਲਾ ੫, ੯੬, ੧:੨ (823)

ਅਨਕ ----- ਅਨੇਕ
"ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਕ ਦੋਖਾ ਤਨਿ ਛਾਦਿ ਪੂਰੇ।"
– ਧਨਾ ੫, ੫੩, ੧:੧ (683)

ਹੋਰ ਰੂਪ:

ਅਨਿਕ –
"ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ।"
– ਗਉ ੫, ੧੨੧, ੧:੧ (204)

ਅਨਕਾਏ ---- ਹੋਰ: (ਸੰ.) ਤੁਛ, ਨੀਵੀਆਂ, ਅਧਮ (ਨਿਰੁਕਤ)
"ਅਨਕਾਏ ਰਾਤੜਿਆ ਵਾਟ ਦੁਹੇਲੀ ਰਾਮ।"
– ਬਿਹਾ ੫, ਛੰਤ ੭, ੧:੧ (546)

ਅਨਕਾਜ ---- (ਸੰ.) ਹੋਰ ਕੰਮ
"ਨਾਮੁ ਤਿਆਗਿ ਕਰੇ ਅਨਕਾਜ।"
– ਗਉ ੫, ਅਸ ੧੦, ੪:੧ (240)

ਅਨਗਰੂਆ -- ਨ ਵਡਾ, ਛੋਟਾ ਜਿਹਾ
"ਸਰਬ ਸਾਸਤ੍ਰ ਬਹੁ ਰੂਪੀਆ ਅਨਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ।"
– ਮਲਾ ਨਾਮ, ੧, ੩:੨ (1292)

ਅਨਗਾਹ ---- ਅੰਨ ਗਾਹੁਣ ਵਾਲੇ ਫਲੇ
"ਲਾਟੂ ਮਾਧਾਣੀਆ ਅਨਗਾਹ।"
– ਆਸਾ ੧, ਵਾਰ ੫ਸ, ੧, ੨:੧੭ (465)

ਅਨਜਾਨਤ --- (1) ਨਾ ਜਾਣਦਿਆਂ
"ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ।"
– ਗਉ ੫, ੧੬੩*, ੧:੧ (215)

(2) ਅਣਜਾਣਪੁਣੇ ਵਿਚ
"ਅਨਜਾਨਤ ਬਿਖਿਆ ਮਹਿ ਰਚੇ।"
– ਗਉ ੫, ਸੁਖ ੧੧, ੩:੫ (277)

(3) ਜੋ ਸਾਡੇ ਗਿਆਨ ਵਿਚ ਨਹੀਂ
"ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ।"
– ਆਸਾ ੫, ਛੰਤ ੫, ੪:੨ (456)

ਅਨਟੇਕ ---- ਹੋਰ ਆਸਰਾ
"ਬਿਨੁ ਸਾਚੇ ਅਨਟੇਕ ਹੈ ਸੋ ਜਾਣਹੁ ਕਾਚਾ।"
– ਆਸਾ ੫, ੧੦੩, ੧*:੨ (396)

ਅਨਤ ----- (1) (ਸੰ.) ਬੇਅੰਤ, ਅਨੰਤ (ਪ੍ਰਭੂ), ਸੀਮਾ ਰਹਿਤ
"ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ।"
– ਗਉ ੧, ੧੮, ੨:੧ (156)

ਹੋਰ ਰੂਪ:

ਅਨੰਤ –
“ਏਕਸ ਕੇ ਗੁਣ ਗਾਉ ਅਨੰਤ।” (ਇਕ ਅਨੰਤ ਹਰਿ ਦੇ ਗੁਣ ਗਾਓ।)
– ਗਉ ੫, ਸੁਖ ੧੯, ੮:੩ (289)
“ਸੋ ਅੰਤਰਿ ਸੋ ਬਾਹਰਿ ਅਨੰਤ।”
– ਗਉ ੫, ਸੁਖ ੨੩, ੨:੧ (293)

ਅਨੰਤਾ –
“ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।”
– ਸਿਰੀ ਰਵਿ, ੩, ੧*:੧ (93)

ਅਨੰਤੁ –
“ਰੈਣਾਇਰ ਮਾਹਿ ਅਨੰਤੁ ਹੈ ਕੂੜੀ ਆਵੈ ਜਾਇ।”
– ਰਾਮ ੩, ਵਾਰ ੭ਸ, ੩, ੧:੧ (949)

(2) ਅਣਗਿਣਤ, ਅਨੇਕਾਂ, ਬੇਅੰਤ
“ਪਸਰਿਓ ਆਪਿ ਹੋਇ ਅਨਤ ਤਰੰਗ।”
– ਗਉ ੫, ਸੁਖ ੯, ੮:੪ (275)
“ਅਨਤ ਤਰੰਗ ਭਗਤਿ ਹਰਿ ਰੰਗਾ।”
– ਆਸਾ ੧, ੧੭, ੨:੧ (354)

ਹੋਰ ਰੂਪ:

ਅਨੰਤ –
“ਤਿਨ ਕੇ ਨਾਮ ਅਨੇਕ ਅਨੰਤ।”
– ਜਪੁ ੩੪:੫ (7)

ਅਨੰਤਾ –
“ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਇ ਜੀਉ।”
– ਮਾਝ ੫, ਅਸ ੩੬, ੯:੩ (131)

ਅਨਤਾ –
“ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ।”
– ਸੂਹੀ ੪, ਛੰਤ ੫, ੩:੩ (776)

ਅਨੰਤੁ –
“ਥਲ ਵਾਰੋਲੇ ਬਹੁਤੁ ਅਨੰਤੁ।”
– ਆਸਾ ੧, ਵਾਰ ੫ਸ, ੧, ੨:੧੬ (465)

(3) ਅਮਰ, ਸਦੀਵ
“ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨਿ ਬਿਧਿ ਭਵਸਾਗਰੁ ਤਰਣਾ।”
– ਸਿਰੀ ਕਬ, ੧, ੨:੨ (92)

(4) (ਸੰ.) ਕਿਸੇ ਹੋਰ ਪਾਸੇ
“ਅਨਤ ਨ ਜਾਇ ਪਰਮ ਸਚੁ ਪਾਵੈ।”
– ਗਉ ਕਬ, ਬਾਅ ੩੬:੨ (342)
“ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ।”
– ਆਸਾ ੫, ਬਿਰ ੧, ੬:੧ (431)

(5) ਹੋਰ
“ਤਉ ਕਤ ਅਨਤ ਸਾਦਿ ਲੋਭਾਈ।”

– ਸੂਹੀ ੪, ੭, ੧*:੨ (773)

"ਫੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ
ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ।"

– ਸਵ ੪, ਨਲ, ੩:੩ (1399)

(6) (ਸੰ.) ਹੋਰ ਕੋਈ, ਹੋਰ ਦੂਜਾ, ਹੋਰ ਕਿਸੇ ਤਰ੍ਹਾਂ

"ਕਹਿ ਨਾਨਕ ਅਬਿ ਨਾਹਿ ਅਨਤ ਗਤਿ ਬਿਨੁ ਹਰਿ ਕੀ ਸਰਨਾਈ।"

– ਟੋਡੀ ੯, ੧, ੨:੨ (718)

(7) (ਸੰ.) ਬਿਨਸਨਹਾਰ (ਮਾਇਆ)

"ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ।"

– ਗਉ ੧, ੧੮, ੨:੨ (156)

(ਇਥੇ ਦੂਜੇ 'ਅਨਤ' ਦੇ ਅਰਥ 'ਬੇਅੰਤ ਪ੍ਰਭੂ' ਦੇ ਹਨ।)

ਹੋਰ ਰੂਪ:

ਅਨਤਾ –

"ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਏ।"

– ਗਉ ੧, ੧੮, ੨:੧ (156)

ਅਨੰਤਹਿ ---- ਸੀਮਾ ਰਹਿਤ (ਹਰਿ) ('ਨਿਰੁਕਤ' ਇਸ ਦੇ ਅਰਥ 'ਬੇਅੰਤ' ਕਰਦਾ ਹੈ।)

"ਸੰਤ ਅਨੰਤਹਿ ਅੰਤਰੁ ਨਾਹੀ।"

– ਆਸਾ ਰਵਿ, ੨, ੪:੨ (486)

ਅਨਤਾ ----- (1) ਬੇਅੰਤ, ਬਹੁਤ, ਵੇਖੋ, 'ਅਨੰਤ' (2)
(2) ਬਿਨਸਨਹਾਰ (ਮਾਇਆ), ਵੇਖੋ 'ਅਨਤ' (7)

ਅਨੰਤਾ ----- (1) ਬੇਅੰਤ ਪ੍ਰਭੂ, ਵੇਖੋ 'ਅਨਤ' (1)
(2) ਅਣਗਿਣਤ, ਅਨੇਕ, ਵੇਖੋ 'ਅਨੰਤ' (2)

ਅਨਦ ----- (1) () ਖੁਸ਼ੀਆਂ, ਪ੍ਰਸੰਨਤਾ

"ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ।"

–ਮਾਝ ੫, ੧੧, ੧:੩ (97)

ਹੋਰ ਰੂਪ:

ਅਨੰਦ –

"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ।"

– ਮਾਝ ੫, ਬਾਰਾ ੧੩:੧ (136)

"ਜਿਉ ਅੰਧੁਲੇ ਪੇਖਤ ਹੋਇ ਅਨੰਦ।"

– ਰਾਮ ੫, ਅਸ ੪, ੪:੧ (914)

ਅਨੰਦਾ –

"ਕਹੁ ਕਬੀਰ ਮਨਿ ਭਇਆ ਅਨੰਦਾ।"

– ਗਉ ਕਬ, ੨੦, ੩:੧ (327)

ਅਨਦਿ –

"ਜਪਿ ਅਨਦਿ ਰਹਉ ਗੁਰਚਰਣਾ।" (ਪ੍ਰਸੰਨਤਾ ਨਾਲ)

– ਸੋਰ ੫, ੫੪, ੧*:੧ (622)

ਅਨਦੁ –

“ਲੋਭੀ ਅਨਦੁ ਕਰੇ ਪੇਖਿ ਧਨਾ।”

– ਗਉ ੫, ੧੬੨, ੩:੧ (198)

ਅਨੰਦੁ –

“ਕਰਹਿ ਅਨੰਦੁ ਸਚਾ ਮਨਿ ਸੋਇ।”

– ਜਪੁ ੧, ੩੭:੧੦ (8)

(2) ਸੁਖ

“ਪ੍ਰਭ ਕਉ ਸਿਮਰਹਿ ਤਿਨ ਅਨਦ ਘਨੇਰੇ।”

– ਗਉ ੫, ਸੁਖ ੧, ੬:੭ (263)

ਹੋਰ ਰੂਪ:

ਅਨੰਦ –

“ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ। ਕੋਟਿ ਅਨੰਦ ਜਹ ਹਰਿ ਗੁਨ ਗਾਹੀ।”

– ਗਉ ੫, ੧੫੮, ੧:੧;੨ (197)

ਅਨੰਦਾ –

“ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗ ਮਨੁ ਰੰਗੀਨਾ ਜੀਉ।”

– ਮਾਝ ੫, ੨੧, ੩:੩ (100)

ਅਨਦੁ –

“ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ।”

– ਮਾਝ ੫, ੨੪, ੨:੩ (101)

ਅਨੰਦੁ –

“ਤਿਥੈ ਨਾਦ ਬਿਨੋਦ ਕੋਡ ਅਨੰਦੁ।”

– ਜਪੁ ੧, ੩੬:੨ (7)

“ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ।”

– ਮਾਝ ੫, ਬਾਰਾ ੨:੧ (133)

ਅਨੰਦੇ –

“ਅਨਦ ਮੂਲੁ ਧਿਆਇਓ ਪੁਰਖੋਤਮੁ ਅਨਦਿਨੁ ਅਨਦ ਅਨੰਦੇ।”

– ਬਿਲਾ ੪, ੬, ੧:੧ (800)

ਅਨਦੋ –

“ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ।”

– ਆਸਾ ੫, ਛੰਤ ੧, ੧:੧ (452)

(3) ਅਨੰਦ, ਪੂਰਨ ਸੰਤੁਸ਼ਟਤਾ/ਟਿਕਾਉ/ ਸ਼ਾਤੀ ਵਾਲੀ ਅਵਸਥਾ/ਸਥਿਤੀ

“ਅਨਦ ਬਿਨੋਦ ਮੰਗਲ ਸੁਖ ਤਾਹਾ।”

– ਸੂਹੀ ੫, ੨੬, ੧:੨ (742)

ਹੋਰ ਰੂਪ:

ਅਨੰਦ –

“ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ।”

– ਮਾਝ ੫, ੪੩, ੪:੩ (107)

“ਨਾਮੁ ਜਪਤ ਮਨਿ ਭਏ ਅਨੰਦ।”

– ਗਉ ੫, ੧੧੦*, ੧:੩ (201)

ਅਨੰਦਾ –
“ਜਾਸੁ ਸੁਨੀ ਮਨਿ ਹੋਇ ਅਨੰਦਾ ਦੂਖ ਰੋਗ ਮਨ ਸਗਲੇ ਲਥਾ।”
– ਆਸਾ ੫, ੬੧, ੧:੨ (386)
“ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ।”
– ਸੋਰ ੫, ੩੦, ੧:੧ (617)

ਅਨੰਦਿ–
“ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ।”
– ਸਿਰੀ ੩, ੪੫, ੩:੩ (31)

ਅਨਦੁ –
“ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ ਪੁਜੀ ਜਨ ਕੇਰੀ।”
– ਗਉ ੪, ੫੮, ੩:੨ (170)

ਅਨੰਦੁ –
“ਤਿਨਾ ਅਨੰਦੁ ਸਦਾ ਸੁਖੁ ਹੈ ਜਿਨਾ ਸਚੁ ਨਾਮੁ ਆਧਾਰ।”
– ਸਿਰੀ ੩, ੫੮, ੧:੧ (36)

ਅਨਦਾਈ ---- (1) (ਸੰ.) ਸੁਖ ਦੇਣ ਵਾਲਾ
“ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ।”
– ਸਾਰ ੫, ੪੮, ੧:੧ (1214)
(2) ਅਨੰਦਿਤ ਹੋ ਜਾਈਦਾ ਹੈ
“ਹਰਿ ਆਰਾਧੇ ਅਰੋਗ ਅਨਦਾਈ।”
– ਸਾਰ ੫, ੧੫, ੧*:੧ (612)

ਅਨਦਿਨੁ ---- (ਸੰ.) ਨਿਤਪ੍ਰਤੀ, ਹਰ ਰੋਜ਼, ਹਰ ਵੇਲੇ
“ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ।”
– ਸਿਰੀ ੩, ੩੭, ੩:੨ (27)

ਹੋਰ ਰੂਪ:

ਅਨਦਿਨੋ – (ਨਿਰੰਤਰ)
“ਨਾਮ ਕਾ ਵਾਪਾਰੁ ਮੀਠਾ ਭਗਤਿ ਲਾਹਾ ਅਨਦਿਨੋ।”
– ਗਉ ੧, ਛੰਤ ੨, ੪:੩ (243)
“ਅਨਦਿਨੋ ਪ੍ਰਭ ਧਿਆਵਉ।”
– ਆਸਾ ੫, ੨੫੪, ੨:੨ (408)

ਅਨੰਦੀ ----- (1) (ਸੰ.) ਅਨੰਦ ਸਰੂਪ
“ਹਰ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰ ਪਾਇਆ ਪੁਰਖੁ ਅਨੰਦੀ।”
– ਸਿਰੀ ੪, ਛੰਤ ੧, ੩:੫ (78)
(2) ਅਨੰਦ ਦਾਇਕ, ਅਨੰਦ ਦੇਣ ਵਾਲਾ
“ਹਰਖ ਸੋਗ ਬੈਰਾਗ ਅਨੰਦੀ ਖੇਲ ਰੀ ਦਿਖਾਇਓ।”
– ਆਸਾ ੫, ੧੫੬, ੧*:੧ (409)

ਅਨਦ੍ਰਿਸਟਿ -- (ਸੰ.) ਨਾ ਦਿਸਨ ਵਾਲਾ, ਅਦ੍ਰਿਸ਼ਟ

"ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ।"
– ਗਉ ੫, ਸੁਖ ੧੪, ੬:੩ (281)

ਅਨਨ ----- (ਸੰ.) ਕੋਈ ਹੋਰ ਨਾ; ਇਕ ਰੁਖਾ, ਕੇਵਲ ਇਕ ਨਾਲ ਸਬੰਧ ਰਖਣ ਵਾਲਾ
"ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ।"
– ਸਵ ੪, ਨਲ, ੭:੩ (1399)

ਹੋਰ ਰੂਪ:

ਅਨੰਨਿ –
"ਹੋਇ ਅਨੰਨਿ ਮਨਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ।"
– ਗੂਜ ੫, ੫, ੩:੧(496)

ਅਨਪਾਵਨੀ -- (ਸੰ.) ਦ੍ਰਿੜ, ਪੱਕੀ, ਜਿਸ ਦਾ ਨਾਸ਼ ਨਾ ਹੋਵੇ
"ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ।"
– ਸਾਰ ਪਰ, ੧, ੧*:੨ (1253)

ਅਨਬੋਲਤ --- ਬਿਨਾਂ ਬੋਲਿਆ, ਬਿਨਾਂ ਦੱਸਿਆਂ
"ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ।"
– ਬਿਲਾ ੫, ੧੨੧, ੨:੧ (828)

ਹੋਰ ਰੂਪ:

ਅਨਬੋਲੇ –
"ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ।"
– ਬਿਲਾ ੫, ੯੪, ੧:੧ (823)

ਅਨਭਉ ---- (1) ਪ੍ਰਮਾਤਮਾ, ਗਿਆਨਸਰੂਪ
"ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ ਜੀਉ।"
– ਮਾਝ ੫, ੧੦, ੨:੩ (97)
"ਚੀਨਤ ਚੀਤੁ ਨਿਰੰਜਨ ਲਾਇਆ। ਕਹੁ ਕਬੀਰ ਤੌ ਅਨਭਉ ਪਾਇਆ।"
– ਗਉ ਕਬ, ੨੭, ੩:੧; ੨ (328)
(2) (ਸੰ.) ਗਿਆਨ, ਪ੍ਰਤਖ ਗਿਆਨ, ਆਤਮ ਗਿਆਨ
"ਕਹੁ ਕਬੀਰ ਅਨਭਉ ਇਕੁ ਦੇਖਿਆ ਰਾਮਨਾਮਿ ਲਿਵ ਲਾਗੀ।"
– ਗਉ ਕਬ, ੪੬, ੪:੨ (333)
"ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ਬਿਨੁ ਭੈ ਅਨਭਉ ਹੋਇ ਵਣਾਹੰਬੇ।"
– ਮਾਰੂ ਕਬ, ੮, ੧:੧;੨ (1104)

ਹੋਰ ਰੂਪ:

ਅਨਭੈ –
"ਕਰਤਾ ਹੋਇ ਸੁ ਅਨਭੈ ਰਹੈ।" (ਨਿਰਭਉ, ਨਿਡਰ ਹੈ–ਦਰਪਣ)
– ਭੈਰ ਰਵਿ, ੧, ੨:੪ (1167)
(3) ਤਜਰਬੇ ਵਾਲਾ, ਅਨੁਭਵ ਵਾਲਾ
"ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਅਨਭਉ ਠਹਰਾਯਉ।"
– ਸਵ ੫, ਕਲ, ੨:੪ (1407)

(4) (ਸੰ.) ਪ੍ਰਭਾਵ

“ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ।”

– ਮਾਰੂ ੧, ੪, ੨:੨ (990)

(5) ਆਤਮਕ ਗਿਆਨ ਦਾ (ਮੰਡਲ), ਪ੍ਰਮਾਤਮਾ ਦੀ ਨਗਰੀ

“ਤਹਾ ਸੰਗਤਿ ਸਾਧ ਗੁਣ ਰਸੈ। ਅਨਭਉ ਨਗਰੁ ਤਹਾ ਸਦ ਵਸੈ।”

– ਗਉ ੫, ਅਸ ੪, ੬:੪ (237)

(ਸ਼ਬਦਾਰਥ ਇਸ ਦੇ ਅਰਥ ‘ਭੈ ਤੋਂ ਰਹਿਤ ਕਰਦਾ ਹੈ)

(6) ਨਿਰਭੈ (ਪਦਵੀ), ਗਿਆਨ ਅਵਸਥਾ

“ਅਨਭਉ ਪਦੁ ਪਾਵੈ ਆਪੁ ਗਵਾਏ।”

– ਮਾਰੂ ੧, ਸੋਲਾ ੨੧, ੪:੨ (1041)

(7) ਪ੍ਰਭੂ ਦਾ ਪ੍ਰਤਖ (ਪਿਆਰ); ਪ੍ਰੇਮ ਸਰੂਪ (ਪ੍ਰਭੂ)

“ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ।”

– ਰਾਮ ਰਵਿ, ੧, ੧:੧ (973)

(8) ਨਿਰਡਰ/ਭੈ ਰਹਿਤ (ਹਰੀ/ਹਰੀ ਦਾ ਗਿਆਨ)

“ਗੁਰ ਪਰਸਾਦੀ ਜਾਣੀਐ ਤਉ ਅਨਭਉ ਪਾਵੈ।”

– ਤਿਲੰ ੧, ਅਸ ੧, ੮:੨ (725)

“ਜਹ ਅਨਭਉ ਤਹ ਭੈ ਨਹੀ ਜਹ ਭਉ ਤਹ ਹਰਿ ਨਾਹਿ।”

– ਸਲੋ ਕਬ ੧੮੦:੧ (1374)

ਹੋਰ ਰੂਪ:

ਅਨੰਭਉ –

“ਭਯ ਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ।”

– ਸਵ ੫, ਕਲ ੫:੨ (1407)

(‘ਨਿਰੁਕਤ’ ਨੇ ਇਸ ਦੇ ਅਰਥ ‘ਗਿਆਨ ਸਰੂਪ’ ਦੇ ਕੀਤੇ ਹਨ।)

ਅਨਭੈ ----- (1) (ਸੰ.) ਹੋਰ ਡਰ

“ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ।”

– ਗਉ ੫, ੧੩੬, ੨:੨ (209)

(2) ਗਿਆਨ, ਵੇਖੋ ‘ਅਨਭਉ’ (2)

(3) ਨਿਰਭੈਅਤਾ (ਦੇਣ ਵਾਲਾ)

“ਸਭ ਦੇਖੀਐ ਅਨਭੈ ਕਾ ਦਾਤਾ।”

– ਸਾਰ ੫, ਛੰਤ ੧, ੧:੧ (1236)

(4) ਨਿਡਰ (ਪ੍ਰਭੂ)

“ਪੰਡਿਤ ਹੋਇ ਸੁ ਅਨਭੈ ਰਹੈ।”

– ਗਉ ਕਬ, ਬਾਅ ੪੫:੪ (343)

(5) ਨਿਡਰਤਾ ਵਾਲਾ

“ਤਿਨ ਭਉ ਨਿਵਾਰਿ ਅਨਭੈ ਪਦ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ।”

–ਸਵ ੪, ਕਲ ੨:੩ (1396)

ਅਨਰਸ ---- ਹੋਰ ਸੁਆਦ, ਹੋਰ ਰਸ

“ਜਿਤਨੀ ਭੂਖ ਅਨਰਸ ਸਾਦ ਹੈ ਤਿਤਨੀ ਭੂਖ ਫਿਰਿ ਲਾਗੈ।”

– ਗਉ ੪, ੪੮, ੪:੧ (167)

"ਅਨਰਸ ਮਹਿ ਭੋਲਾਇਆ ਬਿਨੁ ਨਾਮੈ ਦੁਖ ਪਾਇ।"

– ਆਸਾ ੩, ੩੭, ੧:੧ (430)

ਹੋਰ ਰੂਪ:

ਅਨਰਸਿ –

"ਘਰ ਮੰਦਰ ਘੋੜੇ ਖੁਸੀ ਮਨੁ ਅਨਰਸਿ ਚਲਾਇਆ।"

– ਗਉ ੪, ੫੦, ੧:੨ (167)

ਅਨਰਸੁ –

"ਅਨਰਸੁ ਚੂਕੈ ਹਰਿ ਰਸੁ ਮੰਨਿ ਵਸਾਏ।"

– ਮਾਝ ੩, ਅਸ ੧੧, ੩:੨ (115)

ਅਨਰਤ ---- (ਸੰ.) ਹੋਰ ਰਸਾਂ ਵਿਚ ਰਤਾ/ਲਗਾ

"ਅਹੰਮਤ ਅਨਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲਾਖ ਗਰੀਆ।"

– ਕਾਨ ੫, ੩੦, ੧:੧ (1303)

ਅਨਰਥ ---- ਅਨਿਆਂ, ਧੱਕਾ, ਪਾਪਕਰਮ

"ਕਰਿ ਕਰਿ ਅਨਰਥ ਵਿਹਾਝੀ ਮਾਇਆ।"

– ਆਸਾ ੫, ੯੬, ੧:੨ (391)

ਅਨਰਾਉ ---- (ਸੰ.) ਪ੍ਰੇਮ, ਚਾਓ, ਉਮੰਗ

"ਨਾਨਕ ਕੈ ਮਨਿ ਇਹੁ ਅਨਰਾਉ।"

– ਗਉ ੫, ਸੁਖ ੧੬, ੧:੧੦ (284)

ਅਨਰਾਗਾ --- ਵੈਰਾਗੀ, ਰਾਗ (ਮੋਹ) ਤੋਂ ਰਹਿਤ

"ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰਮੁਖਿ ਸੋ ਅਨਰਾਗਾ।"

– ਸੋਰ ੧, ੧੦, ੨:੨ (598)

ਅਨਰਾਗੀ --- (1) ਰਾਗ (ਪ੍ਰੇਮ) ਵਾਲੀ, ਪ੍ਰੇਮ ਵਿਚ ਰੰਗੀ ਹੋਈ, ਪ੍ਰੇਮੀ

"ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ।"

– ਗਉ ਕਬ, ੪੭, ੧:੧ (333)

"ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜਘਰਿ ਬਸਤਉ ਪਵਨੁ ਅਨਰਾਗੀ।"

– ਰਾਮ ੧, ਸਿਗੋ ੬੭:੨ (945)

(2) ਰਾਗ (ਪ੍ਰੇਮ, ਮੋਹ) ਰਹਿਤ

"ਸਭ ਮਹਿ ਵਸੈ ਅਤੀਤੁ ਅਨਰਾਗੀ।"

– ਭੈਰ ੩, ੫, ੫:੨ (1129)

ਅਨਰਾਗੈ ---- ਵੈਰਾਗ/ਉਦਾਸੀਨਤਾ ਵਿਚ

"ਕਾਮ ਕ੍ਰੋਧ ਮਦ ਮਾਨ ਮੋਹ ਬਿਨਸੈ ਅਨਰਾਗੈ।"

– ਬਿਲਾ ੫, ੬੮, ੨:੧ (818)

('ਨਿਰੁਕਤ' ਇਸ ਦੇ ਅਰਥ 'ਪ੍ਰੇਮ' ਵਿਚ ਕਰਦੇ ਹਨ)

ਅਨਰਾਧਾ --- (ਸੰ.) ਅਮੋੜ, ਅਣਸਾਧਿਆ

"ਚੇਤਿ ਰਾਮੁ ਨਾਹੀ ਜਮਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ।"

– ਸਿਰੀ ਬੇਣੀ, ੧, ੧*:੧ (93)

ਅਨਰੂਪਿਓ -- ਮਿਥੀ, ਵਿਉਂਤੀ, ਡੌਲੀ
"ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ।"
– ਗੂਜ ੫, ੫, ੧*:੨ (496)

ਅਨਰੂਪੁ ---- (ਸੰ.) ਕਰੂਪ
"ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ।"
– ਟੋਡੀ ੫, ੨੦, ੧:੨ (716)

ਅਨਲ ----- (1) (ਸੰ.) ਅਗਨੀ
"ਅਨਲ ਵਾਉ ਭਰਮਿ ਭੁਲਾਈ।" (ਤ੍ਰਿਸ਼ਨਾ ਰੂਪੀ ਅਗਨੀ)
– ਮਾਰੂ ੩, ਸੋਲਾ ੫, ੧੪:੧ (1048)

ਹੋਰ ਰੂਪ:

ਅਨਲੁ –
"ਮੁਕਤੈ ਗੁਰਿ ਅਨਲੁ ਬੁਝਾਇਆ।"
– ਰਾਮ ਕਬ, ੧੦, ੧:੨ (971)

(2) (ਸੰ.) ਪੌਣ, ਹਵਾ
"ਅਨਲ ਅਗਮ ਜੈਸੇ ਲਹਰਿ ਮਇਓਦਧਿ ਜਲ ਕੇਵਲ ਜਲ ਮਾਹੀ।"
– ਸੋਰ ਰਵਿ, ੧, ੧:੨ (657)

ਅੰਨਾ ------ ਅੱਖਾਂ ਦੀ ਜੋਤ ਤੋਂ ਵਿਹੂਣਾ
"ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ।"
– ਮਾਝ ੩, ੪, ੪:੩ (111)
"ਮਾਇਆਧਾਰੀ ਅਤਿ ਅੰਨਾ ਬੋਲਾ।"
–ਗਉ ੪, ਵਾਰ ੨੪ਸ, ੩, ੨:੧(313)

ਹੋਰ ਰੂਪ:

ਅੰਨ੍ਹਾ –
"ਹਿੰਦੂ ਅੰਨ੍ਹਾ ਤੁਰਕੂ ਕਾਣਾ।"
– ਗੌਂਡ ਨਾਮ, ੭, ੪:੧ (875)

ਅੰਨ੍ਹੇ –
"ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ।"
– ਸਾਰ ੪, ਵਾਰ ੩੨ਸ, ੩, ੧:੩ (1249)

ਅਨਾਹਤਿ --- (1) ਅਬਿਨਾਸੀ, ਕਾਲ ਤੋਂ ਮੁਕਤ
"ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।"
– ਜਪੁ ੧, ੨੮:੫ (6)

(2) ਜੋ 'ਹਤ' ਨਹੀ ਹੋਇਆ: ਪ੍ਰਭੂ (ਮਹਾਨ ਕੋਸ਼)
"ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ।"
– ਪ੍ਰਭ ਕਬ, ੪, ੨:੨ (1350)
(ਪਹਿਲੀਆਂ ਛਾਪਾਂ ਵਿਚ ਇਹ ਸ਼ਬਦ 'ਅਨਾਹਤਿ' ਕਰਕੇ ਹੈ।)

ਅਨਾਹਦ ---- ਆਤਮਕ ਅਨੰਦ ਦੇ ਸੰਗੀਤ ਦੀ ਧੁਨੀ ਜੋ ਬਿਨਾਂ ‘ਆਹਤ’ (ਚੋਟ) ਤੋਂ ਉਪਜਦੀ ਹੈ – ਵੇਖੋ ‘ਅਨਹਦ’ (4)

“ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ।”

– ਆਸਾ ੧, ੩੮, ੧*:੨ (360)

“ਹਰਿ ਕੀ ਕਥਾ ਅਨਾਹਦ ਬਾਨੀ।” (ਆਤਮਿਕ ਆਨੰਦ ਦੀ)

– ਆਸਾ ਕਬ, ੩੧, ੧*੧ (483)

ਅਨਾਹਦਿ --- (1) ਨਾਸ ਰਹਿਤ, ਅਬਿਨਾਸ਼ੀ

“ਸਬਦਿ ਅਤੀਤਿ ਅਨਾਹਦਿ ਰਾਤਾ।”

– ਗਉ ਕਬ, ੧੮, ੧:੨ (327)

(2) ਬਿਨਾ ਆਹਤ (ਚੋਟ) ਤੋਂ ਉਪਜੀ ਧੁਨੀ, ਆਤਮਕ ਅਨੰਦ ਦੇ ਸੰਗੀਤ ਦੀ ਧੁਨੀ

“ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ।”

– ਆਸਾ ੧, ੮, ੪:੨ (351)

ਹੋਰ ਰੂਪ:

ਅਨਾਹਦੁ –

“ਜੋਗੀ ਸਬਦੁ ਅਨਾਹਦੁ ਵਾਵੈ।”

– ਮਾਰੂ ੧, ਸੋਲਾ ੧੯, ੮:੨ (1040)

(3) ਇਕ ਰਸ

“ਆਦਿ ਜੁਗਾਦਿ ਅਨਾਹਦਿ ਅਨਦਿਨੁ ਘਟਿ ਘਟਿ ਸਬਦੁ ਰਜਾਈ ਹੇ।”

– ਮਾਰੂ ੧, ਸੋਲਾ, ੭, ੩:੩ (1020)

ਅਨਾਜ ----- ਅੰਨ

“ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ।”

– ਗਉ ਕਬ, ੫੭, ੨:੧ (336)

ਹੋਰ ਰੂਪ:

ਅਨਾਜੁ –

“ਅਨਾਜੁ ਮਗਉ ਸਤ ਸੀ ਕਾ।”

– ਧਨਾ ਧੰਨਾ, ੧, ੧:੪ (695)

ਅਨਾਥ ----- (ਸੰ.) ਦੀਨ, ਦੁਖੀ

“ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ।”

– ਸਿਰੀ ੪, ਵਾਰ ੧੬:੪ (89)

(2) ਜਿਸ ਦਾ ਕੋਈ ਮਾਲਕ ਨਹ॥

“ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ।”

– ਸਿਰੀ ੫, ਛੰਤ ੩, ੨:੫ (80)

“ਗੁਰ ਕਾ ਬਚਨੁ ਅਨਾਥ ਕੋ ਨਾਥ।”

– ਗਉ ੫, ੭੪, ੩:੨ (177)

ਹੋਰ ਰੂਪ:

ਅਨਾਥੁ –

“ਸਭ ਤਜਿ ਅਨਾਥੁ ਏਕ ਸਰਣਿ ਆਇਓ।” (ਮਾਂ ਪਿਉ ਵਿਹੂਣਾ)

– ਗਉ ੫, ੧੧੯, ੩:੧ (189)

"ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ।"

– ਮਾਰੂ ੫, ੨, ੧:੧ (999)

(3) ਨਿਆਸਰਾ, ਨਿਮਾਣਾ

"ਮਹਾ ਗਰੀਬ ਜਨ ਸਾਧ ਅਨਾਥ।"

– ਗਉ ੫, ੧੫੪, ੪:੧ (197)

ਹੋਰ ਰੂਪ:

ਅਨਾਥੁ –

"ਮੋਹਿ ਨਿਰਗੁਣੁ ਨੀਚ ਅਨਾਥੁ ਪ੍ਰਭ ਅਗਮ ਅਪਾਰੀਆ ਜੀਉ।"

– ਧਨਾ ੫, ਛੰਤ ੧, ੩:੨ (691)

(4) ਜਿਸ ਦਾ ਕੋਈ ਸੁਆਮੀ ਨਹੀ; ਸੁਤੰਤਰ

"ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ।"

– ਮਲਾ ੧, ਅਸ ੨, ੩:੨ (1274)

ਹੋਰ ਰੂਪ:

ਅਨਾਥੁ –

"ਹਰਿ ਅਗਮੁ ਅਗੋਚਰੁ ਅਨਾਥੁ ਅਜੋਨੀ ਸਤਿਗੁਰ ਕੈ ਭਾਇ ਪਾਵਣਿਆ।"

– ਮਾਝ ੩, ਅਸ ੧੫, ੧:੩ (118)

"ਗਗਨੁ ਅਗੰਮੁ ਅਨਾਥੁ ਅਜੋਨੀ।"

– ਰਾਮ ੨, ਓਅੰ ੨੦:੫ (932)

ਅਨਾਥਹ ---- (1) ਅਨਾਥਾਂ ਨੂੰ

"ਰਾਖਿ ਲੇਹੁ ਪਿਤਾ ਪ੍ਰਭ ਮੇਰੇ ਅਨਾਥਹ ਕਰਿ ਪ੍ਰਤਿਪਾਲਾ।"

– ਗਉ ੫, ੧੩੦, ੩:੨ (207)

(2) ਅਨਾਥਾਂ ਦੇ

"ਅਨਾਥਹ ਨਾਥ ਦਇਆਲ ਸੁਖ ਸਾਗਰ ਸਰਬ ਦੋਖ ਭੈ ਹਰਣੀ।"

– ਸਾਰ ੫, ੭੭, ੨:੧ (1219)

ਅਨਾਥਾ ---- (1) ਅਨਾਥਾਂ ਨੂੰ

"ਗਰੀਬਾ ਅਨਾਥਾ ਤੇਰਾ ਮਾਣਾ।"

– ਮਾਝ ੫, ੧੪, ੧:੨ (98)

(2) ਅਨਾਥਾਂ ਦੇ

"ਅਨਾਥਾ ਨਾਥ ਭਗਤ ਭੈ ਮੇਟਨ।"

– ਸੂਹੀ ੫, ੨, ੨:੧ (760)

ਅਨਾਥਿ ---- ਨਿਆਸਰੀ, ਨਿਮਾਨੀ

"ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ।"

– ਬਿਹਾ ੫, ਛੰਤ ੨, ੩:੩ (543)

ਅਨਾਥਿਆ -- ਅਨਾਥਾਂ ਨੂੰ

"ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ।"

– ਸਿਰੀ ੪, ਵਾਰ ੧੭:੫ (90)

ਅਨਾਦਿ ---- (1) (ਸੰ.) ਜਿਸ ਦਾ ਆਦਿ ਨਹੀ।
"ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।"
– ਜਪੁ ੨੮:੫ (6)
"ਅਗਮੁ ਅਨੰਤੁ ਅਨਾਦਿ ਆਦਿ ਜਿਸੁ ਕੋਇ ਨਾ ਜਾਣੈ।"
– ਸਵ ੪, ਮਥ, ੧:੧ (1404)
(2) (ਅੰਨ+ਆਦਿ) ਅੰਨ/ਭੋਜਨ ਆਦਿਕ
"ਧੰਨੁ ਅਨਾਦਿ ਭੂਖੇ ਕਵਲੁ ਟਹਕੇਵ।"
– ਗੌਂਡ ਕਬ, ੧੧, ੧:੨ (873)
"ਜਿਸਹਿ ਧਾਰ੍ਿਉ ਧਰਤਿ ਅਰੁ ਵਿਉਮੁ ਅਰੁ
ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ।"
– ਸਵ ੪, ਕਲ, ੫:੧ (1399)

ਅਨਾਲਕਾ --- (ਸੰ.) ਬੇਸਹਾਰਗੀ (ਨਿਰੁਕਤ); ਜੋ ਅਸਲੀ ਨਹੀ, ਜੋ ਨਾਲ ਦਾ ਨਹੀ ਭਾਵ ਓਪਰਾ, (ਕੋਸ਼, ਮਹਾਨ ਕੋਸ਼, ਸ਼ਬਦਾਰਥ, ਬਾਣੀ ਪ੍ਰਕਾਸ਼), ਅਨਾਦਿ ਕਾਲ ਦਾ (ਕੋਸ਼)
"ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ।"
– ਮਾਰੂ ੫, ਸੋਲਾ ੧੩, ੧੫:੩ (1085)

ਅਨਾੜੀ ---- ਬੇਸਮਝ, ਮੂਰਖ, ਅਮੋੜ, ਹਠੀ (ਸ਼ਬਦਾਰਥ)
"ਅਸੰਤੁ ਅਨਾੜੀ ਕਦੇ ਨ ਬੂਝੇ।"
– ਗਉ ੩, ੩੦, ੨:੧ (160)

ਅਨਿ ------ ਅਨੇਕ, ਹੋਰ ਬਹੁਤ ਸਾਰੇ
"ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ।"
– ਗਉ ੪, ੫੦, ੩:੨ (167)

ਅਨਿਆਇ -- (ਸੰ.) ਅਨਿਆਂ ਦੁਆਰਾ, ਅਨਿਆਈ
"ਤਉ ਕੜੀਐ ਜੇ ਅਨਿਆਇ ਕੋ ਮਰਤਾ।"
– ਭੈਰ ੫, ੧੮, ੨:੨ (1140)

ਅਨਿਕ ----- (ਸੰ.) ਅਨੇਕ, ਬਹੁਤ
"ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ।"
– ਸਿਰੀ ੫, ੯੧, ੪:੧ (50)

ਅਨਿਕਤ ---- ਅਨੇਕਾਂ ਹੀ
"ਖੋਜ ਅਸੰਖਾ ਅਨਿਕਤ ਪੰਥਾ ਬਿਨੁ ਗੁਰ ਨਹੀ ਪਹੂਚਾ।"
– ਦੇਵ ੫, ੩੨, ੨:੧ (534)

ਅਨਿਗ ----- ਅਨੇਕ
"ਉਪਜਤਾ ਬਿਕਾਰ ਦੁੰਦਰ ਨਉਪਰੀ ਝੁੰਨਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ।"
– ਸਾਰਾ ੫, ੧੩੯, ੧*:੨ (1231)

ਅਨਿਤ ----- (ਸੰ.) ਜੋ ਇਕੋ ਜਿਹੀ ਨਾ ਰਹੇ, ਨਾਸ਼ਵਾਨ, ਅਸਥਾਈ, ਨਾ ਰਹਿਣ ਵਾਲੀ ਵਸਤੂ
"ਜਿਸਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ।"

– ਸਿਰੀ ੫, ੭੧, ੩:੨ (42)

ਹੋਰ ਰੂਪ:

ਅਨਿਤ੍ਰ –
“ਅਨਿਤ੍ਰ ਵਿਤੰ ਅਨਿਤ੍ਰ ਚਿਤੰ ਅਨਿਤ੍ਰ ਆਸਾ ਬਹੁਤ ਬਿਧਿ ਪ੍ਰਕਾਰੰ।”
– ਸਸ ੫, ੧੬:੧ (1355)

ਅਨਿੰਦ ----- (1) (ਸੰ.) ਜਿਸ ਦੀ ਨਿੰਦਿਆ ਨਾ ਕੀਤੀ ਗਈ ਹੋਵੇ, ਭਲਾ/ਸ਼੍ਰੇਸ਼ਟ ਪੁਰਸ਼
“ਤਜਿ ਕਾਮੁ ਕ੍ਰੋਧੁ ਅਨਿੰਦ ਨਿੰਦਾ ਪ੍ਰਭ ਸਰਣਾਈ ਆਇਆ।”
– ਆਸਾ ੫, ਛੰਤ ੧੩, ੩:੪ (461)

ਹੋਰ ਰੂਪ:

ਅਨਿੰਦੁ –
“ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ।” (ਜੋ ਨਿੰਦਨ ਯੋਗ ਨਹੀ)
– ਗੂਜ ੫, ੫, ੩:੨ (496)

ਅਨਿਨ ----- ਅਨੇਕ
“ਅਨਿਨ ਉਪਾਵ ਕਰਿ ਹਾਂ।”
– ਆਸਾ ੫, ੧੫੭, ੧:੩ (409)
(ਸ਼ਬਦਾਰਥ ਨੇ ਪਦਛੇਦ ਕਰਕੇ ਅਰਥ ‘ਹੋਰ ਕੋਈ ਉਪਾਵ ਨ ਕਰਾਂ’ ਅਰਥ ਕੀਤੇ ਹਨ)

ਅਨਿੰਨ ----- ਇਕ ਨਿਸ਼ਟ, ਜੋ ਹੋਰ ਕਿਸੇ ਵਲ ਰੁਚਿਤ ਨ ਹੋਵੇ
“ਦਾਸ ਅਨਿੰਨ ਮੇਰੋ ਨਿਜਰੂਪ।”
– ਸਾਰ ਨਾਮ, ੩, ੧*:੧ (1252)

ਅਨਿਲ ----- (ਸੰ.) ਹਵਾ, ਹਵਾ ਦਾ ਤੂਫਾਨ
“ਅਨਿਲ ਬੇੜਾ ਹਉ ਖੇਵਿ ਨ ਸਾਕਉ।”
– ਬਸੰ ਨਾਮ, ੨, ੨:੧ (1196)

ਅੰਨੀ ------ (1) ਜੋਤਹੀਨ, ਅੰਨ੍ਹੀ
“ਦੂਜੀ ਦੁਰਮਤਿ ਅੰਨੀ ਬੋਲੀ।”
– ਮਾਰੂ ੩, ਸੋਲਾ ੩, ੧:੧ (1022)

(2) ਅੰਨ
“ਜੂਠਿ ਨ ਅੰਨੀ ਜੂਠਿ ਨ ਨਾਈ।”
– ਸਾਰ ੪, ਵਾਰ ੭ਸ, ੧, ੧:੩ (1240)

(3) ਅੰਨ ਦੀ, ਅੰਨ ਕਰਕੇ
“ਉਦੋਸਾਹੈ ਕਿਆ ਨੀਸਾਨੀ ਤੋਟਿ ਨ ਆਵੈ ਅੰਨੀ।”
– ਸਲੋ ੧, ੨੯:੧ (1412)

ਅਨੀਆਲੇ --- ਤਿਖੀਆਂ ਨੋਕਾਂ ਵਾਲੇ
“ਰਾਮ ਭਗਤਿ ਅਨੀਆਲੇ ਤੀਰ।”
– ਗਉ ਕਬ, ੨੧, ੧*:੨ (327)

ਅਨੀਤਿ ---- (1) ਅਯੋਗ, ਨੀਤੀ ਦੇ ਵਿਪ੍ਰੀਤ
“ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ।”
– ਸਿਰੀ ੫, ਛੰਤ ੩, ੧:੨ (80)

(2) ਅਨਿਤ, ਨਾਸਵੰਤ
“ਜਲਿ ਧੋਵੈ ਬਹੁ ਦੇਹ ਅਨੀਤਿ।”
– ਗਉ ੫, ਸੁਖ ੩, ੩:੭ (265)

(3) ਬਦਨੀਤੀ, ਖੋਟ
“ਮਨੂਆ ਡੋਲੈ ਚੀਤਿ ਅਨੀਤਿ।”
– ਬਸੰ ੧, ਅਸ ੧, ੧:੩ (1187)

ਹੋਰ ਰੂਪ:

ਅਨੀਤੇ –
“ਗਾਵਹਿ ਗੀਤੇ ਚੀਤਿ ਅਨੀਤੇ।”
– ਆਸਾ ੧, ਅਸ ੭, ੧:੧ (414)

ਅਨੀਤੇ ----- (1) ਕੁਕਰਮ (ਖੋਟ), ਪਾਪ ਵਾਸੁਨਾ
“ਬਿਨੁ ਨਾਵੈ ਮਨਿ ਝੂਠੁ ਅਨੀਤੇ।”
– ਆਸਾ ੧, ੭, ੧:੩ (414)

(2) ਖੋਟ, ਬਦਨੀਤੀ, ਵੇਖੋ ‘ਅਨੀਤਿ’ (3)

ਅਨੀਲ ----- ਬੇਅੰਤ, ਅਣਗਿਣਤ (ਤ੍ਰਿਸਨਾਂ)
“ਨੀਲ ਅਨੀਲ ਅਗਨਿ ਇਕ ਠਾਈ।”
– ਗਉ ੧, ਅਸ ੨, ੩:੧ (221)

(‘ਸੰਥਿਆ’, ‘ਨਿਰੁਕਤ’ ਇਸ ਦੇ ਅਰਥ ‘ਰੰਗ (ਮੈਲ) ਰਹਿਤ /ਉਜਲ/ਬੇਦਾਗ’ ਕਰਦੇ ਹਨ)

ਹੋਰ ਰੂਪ:

ਅਨੀਲੁ –
“ਨੀਲੁ ਅਨੀਲੁ ਅਗੰਮੁ ਸਰਜੀਤੁ ਸਬਾਇਆ।”
– ਮਲਾ ੧, ਵਾਰ ੯:੫ (1282)

ਅਨੀਲੁ ----- ਬੇਦਾਗ, ਉਜਲ
“ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।”
– ਜਪੁ ੧, ੨੮:੫ (6)

ਅਨੁਗ੍ਰਹ ---- (ਸੰ.) ਮਿਹਰ, ਕ੍ਰਿਪਾ
“ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿਗੁਨ ਗਾਏ।”
– ਧਨਾ ੫, ੩੪, ੨:੨ (679)

ਹੋਰ ਰੂਪ:

ਅਨੁਗ੍ਰਹੰ –
“ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸ ਸਿਮਰਣ ਰਿਦੰਤਰਹ।”
– ਸਸ ੫, ੨੫:੧ (1356)

ਅਨੁਗ੍ਰਹੁ –
"ਨਾਨਕ ਕੇ ਸੁਆਮੀ ਧਾਰਿ ਅਨੁਗ੍ਰਹੁ ਮਨਿ ਤਨਿ ਅੰਕਿ ਸਮਾਵਏ।"
– ਸਿਰੀ ੫, ਛੰਤ ੩, ੧:੬ (80)

ਅਨੁਗ੍ਰਹੋ –
"ਧੁਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ।"
– ਬਿਹਾ ੫, ਛੰਤ ੯, ੪:੩ (548)

ਅਨੁਰਾਗਾ --- (ਸੰ.) ਮੋਹ, ਪਿਆਰ
"ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ।"
– ਧਨਾ ੫, ੪੭, ੨:੨ (682)

ਹੋਰ ਰੂਪ:

ਅਨੁਰਾਗਿਓ –
"ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰ ਚਰਨਨ ਅਨੁਰਾਗਿਓ।"
– ਮਾਰੂ ੯, ੩, ੨:੧ (1008)

ਅਨੂਪ ----- (1) (ਸੰ.) ਅਦੁਤੀ, ਉਪਮਾ ਤੋਂ ਪਰੇ, ਅਦਭੁਤ
"ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ।"
– ਸਿਰੀ ੫, ਛੰਤ ੩, ੨:੧ (80)

ਹੋਰ ਰੂਪ:

ਅਨੂਪੁ –
"ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।"
– ਜਪੁ ੧, ੩੬:੪ (7)

ਅਨੂਪੇਰੈ –
"ਹਰਿ ਰੰਗ ਰੰਗ ਰੰਗ ਅਨੂਪੇਰੈ।"
– ਕਾਨ ੫, ੩੪, ੧*:੩ (1304)

ਅਨੂਪੈ –
"ਏਕ ਅਨੰਤ ਅਨੂਪੈ ਠਾਉ।"
– ਦੇਵ ੫, ੩੮, ੧:੨ (536)

(2) ਸੁੰਦਰ, ਬਹੁਤ ਸੁੰਦਰ
"ਮੋਹਨ ਲਾਲ ਅਨੂਪ ਸਰਬ ਸਾਧਾਰੀਆ।"
– ਗਉ ੫ ਅਸ ੧੨, ੩:੧ (241)
"ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ।"
– ਟੋਡੀ ੫, ੨੫, ੧:੨ (717)

ਹੋਰ ਰੂਪ:

ਅਨੂਪਾ –
"ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ।"
– ਬਿਲਾ ੫, ੮੭, ੧*:੨ (821)

ਅਨੂਪਿਆ–
"ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ।"

– ਮਾਰੂ ੫, ਸੋਲਾ ੧.੧, ੪:੨ (1082)

ਅਨੂਪੁ –
“ਅਵਰੁ ਨ ਫੂਲ ਅਨੂਪੁ ਨ ਪਾਵਉ।”
– ਗੂਜ ਰਵਿ ੧, ੧*:੨ (525)

(3) ਮਧੁਰ ਧੁਨੀ ਵਿਚ, ਸੋਹਣੀ ਧੁਨ ਵਿਚ
“ਕਿੰਕੁਰੀ ਅਨੂਪ ਵਾਜੈ।”
– ਰਾਮ ੫, ੧੨, ੧*:੧ (886)

ਅੰਨੇ ------ ਜੋਤ ਹੀਨ, ਅਗਿਆਨੀ
“ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ।”
– ਸੋਰ ੩, ੪, ੩:੧ (601)

ਹੋਰ ਰੂਪ:

ਅੰਨ੍ਹੇ –
“ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ।”
– ਸਲੋ ੧, ੩੨:੨ (1412)

ਅਨੇਕ ----- (ਸੰ.) ਬਹੁਤ, ਜੋ ਇਕ ਨਹੀ
“ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ।”
– ਜਪੁ ੧, ੨੭:੨ (6)

“ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ।”
– ਮਾਝ ੫, ਬਾਰਾ ੧੩, ੯ (136)

ਹੋਰ ਰੂਪ:

ਅਨੇਕਹਿ –
“ਏਕਹਿ ਆਪਿ ਅਨੇਕਹਿ ਭਾਤਿ।” (ਅਨੇਕਾਂ, ਬਹੁਤ ਸਾਰੀਆਂ)
– ਗਉ ੫, ਅਸ ੬, ੭:੨ (238)

ਅਨੇਕਾ –
“ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਹੀ ਤੇਰੇ ਗੁਣ ਕੇਤੇ।” (ਅਨੇਕਾਂ, ਬਹੁਤ ਸਾਰੇ)
– ਆਸਾ ੧, ੩੩, ੧*:੨ (358)

ਅਨੇਕੈ –
“ਨਾਮੁ ਜਪਤ ਅਗਨਤ ਅਨੇਕੈ।” (ਅਨੇਕਾਂ, ਬਹੁਤ ਸਾਰੇ)
– ਗਉ ੫, ਸੁਖ ੧, ੧:੪ (262)

ਅਨੇਕੰ –
“ਸਗਲੀ ਜੋਤਿ ਹਮਾਰੀ ਸੰਮਿਆ ਨਾਨ੍ਹਾ ਵਰਨ ਅਨੇਕੰ।”
– ਆਸਾ ੧, ੩੭, ੪:੧ (360)

ਅਨੇਤ ----- ਵੇਖੋ ‘ਅਨਿਤ’ – ਨਾਸਵੰਤ, ਚਲਾਇਮਾਨ
“ਸਰਪਰ ਹੋਵਤ ਜਾਨੁ ਅਨੇਤ।”
– ਗਉ ੫, ਸੁਖੁ ੫, ੩:੨ (268)

ਅਨੇਤਾ ----- (1) ਨਾਸ਼ਵਾਨ

"ਜੋ ਕਛੁ ਕੀਨੋ ਸੋਊ ਅਨੇਤਾ।"

– ਗਉ ੫, ਬਾਅ ੧੬, ੬ (253)

(2) ਨੇਤਰ ਹੀਣ, ਅੰਨ੍ਹਾਂ ਜੀਵ

"ਬਹੁ ਬਿਧਿ ਜੋਨੀ ਫਿਰਤ ਅਨੇਤਾ।"

– ਮਾਰੂ ੫, ੧੯, ੩:੨ (1005)

ਅਨੇਰਾ ----- (1) ਹਨੇਰਾ (ਅਗਿਆਨਤਾ)

"ਘਰ ਹੀ ਮਾਹਿ ਦੂਜੈ ਭਾਈ ਅਨੇਰਾ।"

– ਮਾਝ ੩, ਅਸ ੨੮, ੫:੧ (126)

"ਦੁਖੁ ਦਰਦੁ ਅਨੇਰਾ ਭ੍ਰਮੁ ਨਸੈ।"

– ਗਉ ੪, ੧੪੫*, ੧:੨ (211)

ਹੋਰ ਰੂਪ:

ਅਨ੍ਹੇਰਾ –

"ਦੁਖੁ ਅਨ੍ਹੇਰਾ ਵਿਚਹੁ ਜਾਇ।"

– ਆਸਾ ੧, ੩, ੩:੪ (349)

(2) ਹਨੇਰਾ

"ਚੰਦ ਅਨੇਰਾ ਕਿ ਕਰੇ ਪਉਣ ਪਾਣੀ ਕਿਆ ਜਾਤਿ।"

– ਮਾਝ ੧, ਵਾਰ ੨੬ਸ, ੨, ੨:੨ (150)

ਹੋਰ ਰੂਪ:

ਅਨੇਰੀ –

"ਰਾਤਿ ਅਨੇਰੀ ਸੁਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ।"

– ਗਉ ੧, ੧੬, ੨:੨ (156)

ਅਪਸਗਨ --- ਬੁਰੇ/ਭੈੜੇ ਸ਼ਗਨ, ਬਦਸ਼ਗਨ

"ਤਉ ਸਗਨ ਅਪਸਗਨ ਕਹਾ ਬੀਚਾਰੈ।"

– ਗਉ ੫, ਸੁਖ ੨੧, ੫:੬ (291)

ਹੋਰ ਰੂਪ:

ਅਪਸਗੁਨ –

"ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ।"

– ਆਸਾ ੫, ੧੨੦, ੨:੧ (401)

ਅਪਸਰ ---- ਬੁਰੇ, ਮੰਦੇ

"ਸਰ ਅਪਸਰ ਕੀ ਸਾਰ ਨਾ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ।"

– ਸੋਰ ੧, ੯, ੨:੨ (598)

ਹੋਰ ਰੂਪ:

ਅਪਸਰੁ –

"ਤਰੁਣ ਤੇਜੁ ਪਰਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ।"

– ਸਿਰੀ ਬੈਣੀ, ੧, ੩:੧ (93)

ਅਪਸਰਾ ---- (ਸੰ.) ਅਪਛਰਾਂ, ਇੰਦਰ ਦੀਆਂ ਨਰਤਕੀਆਂ, ਅਕਾਸ਼ ਵਿਚ ਰਹਿਣ ਵਾਲੀਆਂ ਦੇਵਾਂਗਨਾਂ, ਪਾਣੀ ਵਿਚੋਂ ਨਿਕਲਣ ਵਾਲੀ।
“ਹਾ ਹਾ ਹੂ ਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ।”
– ਮਲਾ ੫, ੨੫, ੧*:੨ (1272)

ਅਪਕੀਰਤਿ -- (ਸੰ.) ਨਿੰਦਾ, ਭੈੜੀ ਸੋਭਾ, ਅਪਜਸ
“ਕਬਹੂ ਅਪਕੀਰਤਿ ਮਹਿ ਆਵੈ।”
– ਗਉ ੫, ਸੁਖ ੧੧, ੬:੭ (277)

ਅਪਜਸੰ ---- (ਸੰ.) ਬਦਨਾਮੀ
“ਅਪਜਸੰ ਮਿਟੰਤ ਸਤ ਪੁਤ੍ਰਹ।”
– ਗਾਥਾ ੫, ੧੪:੧ (1361)

ਹੋਰ ਰੂਪ:

ਅਪਜਸੁ –
“ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ।”
– ਗੂਜ ੫, ੨੨, ੧:੧ (500)

ਅਪਣਾ ----- ਆਪਣਾ
“ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ।”
– ਸਿਰੀ ੫, ੮੧, ੩:੨ (46)

ਹੋਰ ਰੂਪ:

ਅਪਨਾ –
“ਹੋਇ ਕ੍ਰਿਪਾਲੁ ਸੁਆਮੀ ਅਪਨਾ ਨਾਉ ਨਾਨਕ ਘਰ ਮਹਿ ਆਇਆ ਜੀਉ।”
– ਮਾਝ ੫, ੩੨, ੪:੩ (104)

ਅਪਣਿਆ --- ਆਪਣਿਆਂ
“ਕਰ ਜੋੜਿ ਨਾਨਕ ਦਾਨੁ ਮਾਗੈ ਅਪਣਿਆ ਸੰਤਾ ਦੇਹਿ ਹਰਿ ਦਰਸੁ।”
– ਆਸਾ ੫, ੧੪੦, ੪:੨ (406)

ਅਪਣੀ ----- ਆਪਣੀ
“ਗੁਰ ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲਿ।”
– ਸਿਰੀ ੫, ੯੦, ੧:੩ (49)

ਹੋਰ ਰੂਪ:

ਅਪਨੀ –
“ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ।”
– ਸਿਰੀ ੪, ਛੰਤ ੩, ੧:੨ (78)
“ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ।” (ਆਪਣੇ ਵਲੋਂ)
– ਦੇਵ ੯, ੧, ੧*:੨ (536)

ਅਪਣੇ ----- ਆਪਣੇ
“ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ।”

– ਮਾਝ ੫, ੨੮, ੩:੩ (102)

ਹੋਰ ਰੂਪ:

ਅਪਣੈ –
“ਜੇਹਾ ਨਿੰਦਕ ਅਪਣੈ ਜੀਇ ਕਮਾਵਦੇ ਤੇਹੋ ਫਲੁ ਪਾਈ।”
– ਗਉ ੪, ਵਾਰ ੩੦ਸ, ੪, ੨:੬ (316)

ਅਪਨੇ –
“ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ। ਪਇ ਪੈਰੀ ਤਿਸਹਿ ਮਨਾਈ ਜੀਉ।”
– ਮਾਝ ੫, ੪੧, ੨:੩ (106)

ਅਪਨੈ –
“ਮਨਿ ਅਪਨੈ ਹੈ ਸਭ ਤੇ ਨੀਚਾ।”
– ਗਉ ੫, ਸੁਖ ੮, ੨:੮ (272)

ਅਪਣੋ ----- ਆਪਣਾ
“ਅਪਣੋ ਕਰਿ ਰਾਖਹੁ ਗੁਰ ਭਾਵੈ।”
– ਬਸੰ ੧, ਅਸ ੪, ੭:੩ (1189)

ਹੋਰ ਰੂਪ:

ਅਪਨੋ –
“ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ।”
– ਗਉ ੯, ੮, ੧:੧ (220)

ਅਪਤਹ ---- ਨਿਰਲੱਜਾ/ਬੇਪਤਿਆ ਨੇ
“ਹਮ ਅਪਤਹ ਅਪੁਨੀ ਪਤਿ ਖੋਈ।”
– ਗਉ ਕਬ, ੩, ੧*:੧ (324)

ਅਪਤਨ ---- ਆਪਣਾ ਸਰੀਰ
“ਅਪਤਨ ਕਾ ਜੋ ਕਰੇ ਬੀਚਾਰੁ।”
– ਬਸੰ ਰਵਿ, ੧, ੨:੩ (1196)

ਅਪਤਿ ----- ਬੇਪਤੀ, ਬੇਇਜ਼ਤੀ, ਨਰਾਦਰੀ
“ਪਤਿ ਅਪਤਿ ਤਾ ਕੀ ਨਹੀ ਲਾਜ।”
– ਗਉ ਕਬ, ੩, ੩:੧ (324)

ਅਪਤੀਜੁ ---- ਨਾ ਪਤੀਜਨ ਵਾਲਾ, ਸਿਦਕ ਵਿਚ ਨਾ ਆਉਣ ਵਾਲਾ
“ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿਗੁਰ ਕਿਨਿ ਪਤਿ ਪਾਈ ਹੇ।”
– ਮਾਰੂ ੧, ਸੋਲਾ ੪, ੧੨:੩ (1024)

ਅਪਤੁ ----- (1) ਆਪਾ ਭਾਵ, ਅਹੰਕਾਰ
“ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ।”
– ਸਵ ੩, ੨੧:੪ (1396)

(2) ਬੇਪਤਾ
“ਅਪਤੁ ਪਸੂ ਮਨਮੁਖੁ ਬੇਤਾਲਾ।”
– ਮਾਰੂ ੧, ਸੋਲਾ ੯, ੭:੨ (1029)

ਅਪਦਸੇ ---- ਆਪਣੇ ਦਾਸ
"ਕਾਟਿ ਸਿਲਕ ਦੁਖ ਮਾਇਆ ਕਰਿ ਲੀਨੇ ਅਪਦਸੇ।"
- ਜੈਤ ੫, ਵਾਰ ੧੯:੪ (710)

ਅਪਦਾ ----- (ਸੰ.) ਕਲੇਸ਼, ਮੁਸੀਬਤ, ਸੰਕਟ, ਬਿਪਤਾ
"ਕਹੁ ਨਾਨਕ ਪ੍ਰਭਿ ਅਪਦਾ ਕਾਟੀ।"
- ਗਉ ੫, ੧੪੩, ੪:੨ (194)

ਅਪਧਾਰੀ --- ਆਤਮ ਮੋਹ (ਂਓਰਚਸਿਸਸਿਮ), ਅਪਣੱਤ, ਮੇਰ
"ਸਗਲ ਰੇਨ ਇਹੁ ਮਨੁ ਭਇਆ ਬਿਨਸੀ ਅਪਧਾਰੀ।"
- ਬਿਲਾ ੫, ੪੦, ੨:੨ (810)

ਅਪਨ ----- ਆਪਣੇ
"ਅਪਨ ਕਮਾਇਐ ਆਪੇ ਬਾਧੇ।"
- ਗਉ ੫, ੧੯੮, ੪:੧ (199)

ਅਪਨਾਇਆ - ਆਪਣਾ
"ਬਾਹ ਪਕੜਿ ਪ੍ਰਭਿ ਕਾਢਿਆ ਕੀਨਾ ਅਪਨਾਇਆ।"
- ਬਿਲਾ ੫, ੬੫, ੨:੧ (817)

ਅਪਨਹੀ ---- ਆਪਣੇ
"ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ।"
- ਗੂਜ ੫, ੧੪, ੧:੧ (498)

ਅਪਨਾਇਓ -- ਆਪਣਾ ਆਪ, ਆਪਣਾ ਅਸਲਾ
"ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ।"
- ਟੋਡੀ ੫, ੩, ੩:੨ (712)

ਅਪਨਾਇਆ - (1) ਆਪਣਾ ਬਣਾ ਕੇ
"ਨਾਨਕ ਆਹਿ ਸਰਣ ਪ੍ਰਭ ਆਇਓ ਰਾਖੁ ਲਾਜ ਅਪਨਾਇਆ।"
- ਆਸਾ ੫, ੧੨੫, ੪:੨ (402)
(2) ਆਪਣਾ ਬਣਾਏ ਦੀ, ਸੇਵਕ ਦੀ
"ਨਾਨਕ ਦੀਨ ਸਰਣਿ ਸੁਖਸਾਗਰ ਰਾਖੁ ਲਾਜ ਅਪਨਾਇਆ।"
- ਸੂਹੀ ੫, ਛੰਤ ੧, ੪:੬ (777)

ਅਪਨਾਈ --- ਆਪਣੀ
"ਧਨੁ ਧਰਨੀ ਘਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ।"
- ਸਾਰ ੯, ੧, ੧:੧ (1231)

ਅਪਨਾਏ ---- ਆਪਣੇ ਬਣਾ ਲਏ
"ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ।"
- ਮਲਾ ੫, ੧, ੩:੧ (1266)

ਅਪਨਾਕ ---- ਅਪਣਾ ਬਣਾ ਕੇ
"ਤੁਮ੍ਹਰੇ ਜਨ ਤੁਮ੍ਹ ਹੀ ਪ੍ਰਭ ਕੀਏ ਹਰਿ ਰਾਖਿ ਲੇਹੁ ਆਪਨ ਅਪਨਾਕ।"

– ਕਾਨ ੪, ੪, ੪:੧ (1295)

ਅਪਨੀਧੇ ---- ਆਪਣੇ ਦਾਸ ਦੀ; ਆਪਣੇ ਜਾਣ ਕੇ (ਮਹਾਨ ਕੋਸ਼)
"ਹਮਰੇ ਕਰਮ ਨ ਬਿਚਰਹ ਠਾਕੁਰ ਤੁਮ੍ ਪੈਜ ਰਖਹੁ ਅਪਨੀਧੇ।"
– ਬਸੰ ੪, ੫, ੪:੧ (1179)

ਅਪਨੈ ----- (1) ਆਪਣੇ, ਵੇਖੋ 'ਅਪਣੇ'
(2) ਆਪੋ ਆਪਣੇ
"ਸਗਲ ਸਹੇਲੀ ਅਪਨੈ ਰਸ ਮਾਤੀ।"
– ਗਉ ੫, ੮੯, ੨:੧ (182)

"ਸਗਲ ਸਮਗ੍ਰੀ ਅਪਨੈ ਸੂਤਿ ਧਾਰੈ।"
–ਗਉ ੫, ਸੁਖ ੧੦, ੩:੯ (276)

ਅਪਬਲੁ ---- ਦੁਰਬਲਤਾ, ਬਲਹੀਨਤਾ, ਕਮਜ਼ੋਰ
"ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪਬਲੁ।"
– ਮਾਝ ੧, ਵਾਰ ੧ਸ, ੧, ੩:੪ (138)

ਅਪਬਾਦੁ ---- (ਸੰ.) ਝਗੜਾ
"ਪਰ ਧਨ ਪਰ ਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ।"
– ਰਾਮ ਕਬ, ੮, ੨:੧ (971)

ਅਪਮਾਨ ---- (1) (ਸੰ.) ਨਿਰਾਦਰ/ਨਿਰਾਦਰੀ
"ਦੂਖ ਸੂਖ ਮਾਨ ਅਪਮਾਨ।"
– ਗਉ ੫, ਸੁਖ ੨੧, ੭:੭ (292)

ਹੋਰ ਰੂਪ:

ਅਪਮਾਨੰ –
"ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ।"
– ਸਸ ੫, ੪੨:੨ (1357)

ਅਪਮਾਨਾ –
"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।"
– ਗਉ ੯, ੧, ੧:੧ (219)

ਅਪਮਾਨੁ –
"ਕਿਸਹੀ ਮਾਨੁ ਕਿਸੇ ਅਪਮਾਨੁ।"
– ਆਸਾ ੧, ੧੮, ੧:੩ (354)

(2) (ਸੰ.) ਅਭਿਮਾਨ, ਅਹੰਕਾਰ
"ਕਿਨਹੂੰ ਪ੍ਰੀਤਿ ਲਾਈ ਦੂਜਾ ਭਾਉ ਰਿਦ ਧਾਰਿ
ਕਿਨਹੂੰ ਪ੍ਰੀਤਿ ਲਾਈ ਮੋਹ ਅਪਮਾਨ।"
– ਆਸਾ ੪, ੬੬, ੨:੧ (369)

ਹੋਰ ਰੂਪ:

ਅਪਮਾਨਾ –
"ਗੁਰ ਸਿਮਰਤ ਮਨੁ ਨਿਰਮਲੁ ਹੋਵੈ ਗੁਰ ਕਾਟੇ ਅਪਮਾਨਾ ਹੇ।"

– ਮਾਰੂ ੫, ਸੋਲਾ ੪, ੨:੩ (1075)

ਅਪਰ ----- (ਸੰ.) ਪਾਰ ਤੋਂ ਰਹਿਤ, ਬਿਅੰਤ, ਸ੍ਰੇਸ਼ਟ ਤੋਂ ਸ੍ਰੇਸ਼ਟ
"ਪਪਾ ਅਪਰ ਪਾਰੁ ਨਹੀ ਪਾਵਾ।"
– ਗਉ ਕਬ, ਬਾਅ ੨੭:੧ (341)

ਹੋਰ ਰੂਪ:

ਅਪਰ ਅਪਾਰ –
"ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ।"
– ਸੋਰ ੧, ਅਸ ੧, ੪:੪ (634)

ਅਪਰ ਅਪਾਰਾ –
"ਨਾਨਕ ਕਾ ਪ੍ਰਭੁ ਅਪਰ ਅਪਾਰਾ।"
– ਗਉ ੫, ੯੩, ੪:੪ (184)

ਅਪਰ ਅਪਾਰੀ –
"ਆਪਿ ਨਿਰਾਲਮੁ ਅਪਰ ਅਪਾਰੀ।"
– ਮਾਰੂ ੧, ਸੋਲਾ ੧੭, ੧:੨ (1037)

ਅਪਰ ਅਪਾਰੇ –
"ਆਦਿ ਜੁਗਾਦਿ ਅਪਰ ਅਪਾਰੇ।"
– ਮਾਰੂ ੧, ਸੋਲਾ ੪, ੧:੧ (1023)

ਅਪਰ ਅਪਾਰੈ –
"ਤਾੜੀ ਲਾਈ ਅਪਰਅਪਾਰੈ।" (ਬੇਅੰਤ ਹਰੀ)
– ਮਾਰੂ ੧, ਸੋਲਾ ੭, ੧:੨ (1026)

ਅਪਰ ਅਪਾਰ ਅਨੰਤ, ਬੇਅੰਤ
"ਘਾੜਤ ਤਿਸ ਕੀ ਅਪਰ ਅਪਾਰ।" (ਅਤਿ ਸੁੰਦਰ)
– ਰਾਮ ੩, ਵਾਰ ੧੯ਸ, ੧, ੨:੨ (956)
"ਸੋਭਾ ਤਾ ਕੀ ਅਪਰ ਅਪਾਰ।"
– ਸਾਰ ੫, ਅਸ ੨, ੨:੨ (1235)

ਅਪਰ ਅਪਾਰੋ –
"ਤਿਸੁ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ।"
– ਰਾਮ ੧, ਸਿਗੋ ੧:੩ (938)

ਅਪਰਸ ---- ਜੋ ਕਿਸੇ ਨਾਲ ਨ ਛੂਹੇ; ਇਕ ਪ੍ਰਕਾਰ ਦੇ ਸਾਧੂ ਜੋ ਕਿਸੇ ਧਾਤ ਨਾਲ ਨਹੀ ਛੂੰਹਦੇ ਅਰਥਾਤ ਮਾਇਆ ਤੋਂ ਬੇਲਾਗ ਰਹਿੰਦੇ ਹਨ।
"ਸੋਮਪਾਕ ਅਪਰਸ ਉਦਿਆਨੀ।"
– ਗਉ ੫, ਬਾਅ ੧੬:੪ (253)
"ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਤਿ।"
– ਆਸਾ ਕਬ, ੨, ੩:੧ (476)

ਹੋਰ ਰੂਪ:

ਅਪਰਸੁ –
"ਨਾਨਕ ਓਹੁ ਅਪਰਸੁ ਸਗਲ ਨਿਸਤਾਰੈ।"

– ਗਉ ੫, ਸੁਖ ੯ਸ, ੪ (274)

(2) ਅਛੋਹੇ ਰਹਿ ਕੇ

"ਅਪਰਸ ਕਰਤ ਪਾਕਸਾਰ।"

– ਸਾਰ ੫, ੧੩੧, ੨:੩ (1229)

ਅਪਰ ਪਰੰਪਰੁ ਹੇ ਅੰਤ ਤੋਂ ਰਹਿਤ

"ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ।"

– ਸੋਰ ੧, ੬, ੨:੨ (597)

ਅਪਰੰਪਰ --- (ਸੰ.) (1) ਬੇਅੰਤ, ਜਿਸ ਦਾ ਪਾਰ ਨ ਪਾਇਆ ਜਾ ਸਕੇ, ਪਰੇ ਤੋਂ ਪਰੇ

"ਪਾਰਬ੍ਰਹਮ ਅਪਰੰਪਰ ਦੇਵਾ।"

– ਮਾਝ ੫, ੧੩, ੧:੧ (98)

ਹੋਰ ਰੂਪ:

ਅਪਰੰਪਰਾ –

"ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ।"

– ਗਉ ੫, ਬਾਅ ੧ਸ, ੫ (250)

ਅਪਰੰਪਰੁ –

"ਆਦਿ ਪੁਰਖੁ ਅਪਰੰਪਰੁ ਆਪੇ।"

– ਮਾਝ ੪, ਅਸ ੩੪, ੧:੧ (129)

ਅਪਰੰਪਰੋ –

"ਅਪਰੰਪਰੋ ਪਾਰਬ੍ਰਹਮੁ ਸੁਆਮੀ ਹਰਿ ਅਲਖੁ ਗੁਰੂ ਲਖਾਇਓ।"

– ਮਾਲੀ ੪, ੩, ੧*:੨ (985)

(2) ਬੇਅੰਤ ਹਰੀ/ਪ੍ਰਭੂ

"ਕਹੁ ਨਾਨਕ ਅਪਰੰਪਰ ਮਾਨੁ।"

– ਗਉ ੧, ਅਸ ੬, ੮:੨ (223)

ਹੋਰ ਰੂਪ:

ਅਪਰੰਪਰਿ –

"ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ।"

– ਬਿਲਾ ੧, ਛੰਤ ੨, ੩:੫ (844)

ਅਪਰਪਰੁ –

"ਅਬਿਗਤ ਅਗੋਚਰੁ ਅਪਰਪਰੁ ਮਨਿ ਗੁਰ ਸਬਦ ਵਸਾਇਅਉ।"

– ਸਵ ੪, ਕਲ ੮:੫ (1397)

ਅਪਰੰਪਰੋ –

"ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕ ਤਾਰੈ।"

– ਸਿਰੀ ੧, ੨੬, ੩:੨ (23)

(3) ਉਪਰ

"ਆਦਿ ਪੁਰਖ ਅਪਰੰਪਰ ਦੇਵ।" (ਸਭ ਦੇਵਤਿਆਂ ਤੋਂ ਉਪਰ ਹੈ)

– ਗਉ–੫, ੧੦੮, ੨:੨ (187)

ਅਪਰਪਰਾ -- (1) ਵਿਆਪਕ (ਨਿਰੁਕਤ)

"ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ।"
– ਤੁਖਾ ੪, ੨, ੧:੧ (1114)

(2) ਸਰਵਸ਼੍ਰੇਸ਼ਟ, ਸਰਵੋਤਮ
"ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ।"
– ਮਾਰੂ ੫, ਸੋਲਾ ੧੨, ੯:੩ (1084)

(3) ਪਰੇ ਤੋਂ ਪਰੇ
"ਕਿਆ ਆਰਾਧੇ ਜਿਹਵਾ ਇਕ ਤੂ ਅਬਿਨਾਸੀ ਅਪਰਪਰਾ।"
– ਮਾਰੂ ੫, ਵਾਰ ੫:੬ (1096)

ਅਪਰਾਧ ---- (ਸੰ.) ਜੁਰਮ, ਕਸੂਰ
"ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ।"
– ਗਉ ੪, ੬੩, ੪:੧ (172)

"ਜਾਸੁ ਜਪਤ ਕੋਟਿ ਮਿਟਹਿ ਅਪਰਾਧ।"
– ਗਉ ੫, ਅਸ ੨, ੪:੧ (236)

ਹੋਰ ਰੂਪ:

ਅਪਰਾਧੰ –
"ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ।"
– ਸਸ ੫, ੪੨:੧ (1357)

ਅਪਰਾਧੁ –
"ਕਿਆ ਅਪਰਾਧੁ ਸੰਤ ਹੈ ਕੀਨਾ।"
– ਗੌਂਡ ਕਬ, ੪, ੩:੧ (871)

ਅਪ੍ਰਾਧ –
"ਕੋਇ ਅਪ੍ਰਾਧੁ ਸਾਧ ਸੰਗਿ ਮਿਟੈ।"
– ਗਉ ੫, ਸੁਖ ੨੪, ੭:੩ (296)

ਅਪਰਾਧੀ --- (ਸੰ.) ਪਾਪੀ, ਕਸੂਰਵਾਰ, ਅਪਰਾਧ ਕਰਨ ਵਾਲਾ
"ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿਨਾਮੁ ਛਡਾਵੈ।"
– ਗਉ ੪, ੪੯, ੨:੩ (167)

ਹੋਰ ਰੂਪ:

ਅਪਰਾਧੂ –
"ਹੋਤ ਪੁਨੀਤ ਕੋਟ ਅਪਰਾਧੂ।"
– ਗਉ ੫, ਬਾਅ ੩੭:੩ (258)

ਅਪ੍ਰਾਧੀ –
"ਕੋਟਿ ਅਪ੍ਰਾਧੀ ਸੰਤ ਸੰਗਿ ਉਧਰੈ ਜਮੁ ਤਾ ਕੈ ਨੇੜਿ ਨ ਆਵੈ।"
– ਸੂਹੀ ੫, ੫੧, ੨:੧ (748)

ਅਪਰਿ ----- ਪਹੁੰਚ, ਅਪੜ
"ਤਾ ਕਉ ਕੋਈ ਅਪਰਿ ਨ ਸਾਕੈ ਜਾ ਕੀ ਭਗਤਿ ਮੇਰਾ ਪ੍ਰਭੁ ਮਾਨੈ।"
– ਕਲਿ ੪, ੫, ੨:੨ (1320)

ਅਪਵਾਦ ---- (ਸੰ.) ਵੇਖੋ 'ਅਪਬਾਦੁ' ਝਗੜਾ

"ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ।"
– ਸਮੁ ੫, ੧:੪ (1387)

ਹੋਰ ਰੂਪ:

ਅਪਵਾਦੁ –
"ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ।"
– ਗਉ ੪, ਵਾਰ ੨ਸ, ੪, ੧:੩ (301)

ਅਪਵਾਦੀ --- ਖੋਟੇ ਬੋਲ ਬੋਲਣ ਵਾਲਾ, ਨਿੰਦਕ, ਬਦ-ਜ਼ੁਬਾਨ
"ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ।"
– ਆਸਾ ੫, ੧੪੧, ੧:੧ (406)

ਅਪਵਿਤ ---- (ਸੰ.) ਅਪਵਿਤਰ
"ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ।"
– ਗਉ ੪, ਵਾਰ ੯ਸ, ੪, ੨:੪ (304)

ਹੋਰ ਰੂਪ:

ਅਪਵਿਤਿੁ –
"ਸੰਤ ਕਾ ਦੋਖੀ ਸਦਾ ਅਪਵਿਤੁ।"
– ਗਉ ੫, ਸੁਖ ੧੩, ੪:੧ (280)

ਅਪਵਿਤ੍ਰ –
"ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ।"
– ਦੇਵ ੫, ੧੧, ੧*:੨ (530)

ਅਪਵਿਤ੍ਰਹ –
"ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ।"
– ਮਾਰੂ ੫, ਅਸ ੩, ੫:੨ (1018)

ਅਪਵਿਤ੍ਰਤਾ –
"ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ।"
– ਗਉ ੫, ਥਿਤੀ ੪:੬ (297)

ਅਪਵਿਤ੍ਰੁ –
"ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪਹਿਨਣੁ ਖਾਣੁ।"
– ਸਿਰੀ ੧, ੫, ੪:੨ (16)

ਅਪਵੀਤ –
"ਨਉਮੀ ਨਵੇ ਛਿਦ੍ਰ ਅਪਵੀਤ।"
– ਗਉ ੫, ਥਿਤੀ ੯:੧ (298)

ਅਪੜਾ ----- ਪਹੁੰਚਾਂ, ਪੁਜਾਂ
"ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨਾ ਪਾਰੁ"
– ਰਾਮ ੧, ਓਅੰ ੩੭:੫ (935)

ਹੋਰ ਰੂਪ:

ਅਪੜਾਏ –
"ਲਖ ਚਉਰਾਸੀ ਰਿਜਕੁ ਆਪਿ ਅਪੜਾਏ।" (ਪੁਜਾਂਦਾ ਹੈ, ਪਹੁੰਚਾਉਂਦਾ ਹੈ)

– ਮਾਝ ੫, ਅਸ ੫, ੮:੨ (112)

ਅਪੜਿ –
“ਜਨ ਨਾਨਕ ਨਾਮੁ ਅਰਾਧਿਤਿ ਤਿਸੁ ਅਪੜਿ ਕੋ ਨ ਸਕਾਹੀ।” (ਪਹੁੰਚ)
– ਗਉ ੪, ਵਾਰ ੧੫ਸ, ੪, ੨:੧੩ (309)

ਅਪੜੈ –
“ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ।” (ਪਹੁੰਚਦਾ)
– ਮਲਾ ੧, ਵਾਰ ੬:੬ (1281)

ਅਪਾਇਣੋ --- **ਆਪਾ ਭਾਵ, ਅਹੰਕਾਰ**
“ਮੈ ਛਡਿਆ ਸਗਲ ਅਪਾਇਣੋ ਭਰਵਾਸੇ ਗੁਰ ਸਮਰਥਾ।”
– ਮਾਰੂ ੫, ਵਾਰ ੨੦:੪ (1101)

ਅਪਾਹਿ ---- **ਆਪੇ ਹੀ**
“ਮਾਣਿਕੂ ਮੋਹਿ ਮਾਉ ਡਿੰਨਾ ਧਣੀ ਅਪਾਹਿ।” (‘ਮਹਾਨ ਕੋਸ਼’ ਇਥੇ ਵੀ ਅਰਥ ‘ਨਿਰਲੇਪ’ ਹੀ ਕਰਦਾ ਹੈ।)
– ਮਾਰੂ ੫, ਵਾਰ ੧੨ਸ, ੫, ੨:੧ (1098)

ਅਪਾਹੁ ----- **ਨਿਰਲੇਪ; ਪਾਹ ਰਹਿਤ**
“ਆਪੇ ਆਪਿ ਵਰਤਦਾ ਪਿਆਰਾ ਆਪੇ ਆਪਿ ਅਪਾਹੁ।”
– ਸੋਰ ੪, ੧, ੧:੨ (604)

ਅਪਾਕੀ ---- **ਆਪੇ ਹੀ**
“ਤੁਮ ਵਡ ਪੁਰਖ ਵਡ ਅਗਮ ਅਗੋਚਰ ਤੁਮ ਆਪੇ ਆਪਿ ਅਪਾਕੀ।”
– ਧਨਾ ੪, ੬, ੪:੧ (668)

ਅਪਾਰ ----- **(ਸੰ.) ਬੇਅੰਤ**
“ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ।”
– ਸਿਰੀ ੫, ੭੧, ੧:੨ (42)
“ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ।”
– ਸਿਰੀ ੫, ੮੪, ੧:੨ (47)
“ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ।”
– ਸਿਰੀ ੧, ਅਸ ੧੬, ੩:੨ (63)

ਹੋਰ ਰੂਪ:

ਅਪਾਰਾ –
“ਹਰਿਨਾਮੋ ਵਣੰਜੜਿਆ ਰਸਿ ਮੋਲਿ ਅਪਾਰਾ ਰਾਮ।”
– ਆਸਾ ੧, ਛੰਤ ੧, ੩:੨ (436)

ਅਪਾਰੀ –
“ਆਪਿ ਨਿਰੰਜਨੁ ਅਲਖ ਅਪਾਰੀ।”
– ਮਾਰੂ ੧, ਸੋਲਾ ੪, ੧੬:੨ (1024)

ਅਪਾਰੁ –
“ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ।”
– ਸਿਰੀ ੬, ੭, ੪:੧ (17)

"ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ।" (ਬੇਹੱਦ)
- ਸਿਰੀ ੩, ੪੬, ੨:੩ (31)

"ਲੇਖ ਅਸੰਖ ਅਲੇਖੁ ਅਪਾਰੁ।"
-ਆਸਾ ੧, ਅਸ ੩, ੧:੪ (412)

ਅਪਾਰੇ -
"ਪ੍ਰੀਤਮ ਤੇਰੀ ਗਤਿ ਅਗਮ ਅਪਾਰੇ।"
- ਮਲਾ ੫, ਛੰਤ ੧, ੨:੧ (1278)

ਅਪਾਰੈ-
"ਕਿਆ ਸਾਲਾਹੀ ਅਗਮ ਅਪਾਰੈ।"
-ਮਾਰੂ ੧, ਸੋਲਾ, ੨, ੧੩:੧ (1022)

(2)ਬੇਅੰਤ/ਅਨੰਤ/ਪਾਰਰਹਿਤ ਵਾਹਿਗੁਰੂ

"ਨਾਨਕ ਆਪਿ ਮਿਲਾਇਅਨੁ ਪੂਰੇ ਸਬਦਿ ਅਪਾਰ।"
- ਸਿਰੀ ੩, ੪੯, ੪:੩ (32)

"ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ।"
- ਸਿਰੀ ੫, ੮੧, ੪:੩ (46)

ਹੋਰ ਰੂਪ:

ਅਪਾਰਾ -
"ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ।"
- ਆਸਾ ੧, ੮, ੪:੧ (351)

ਅਪਾਰਿ -
"ਸੋਹਾਗਣੀ ਵਿਚਿ ਰੰਗੁ ਰਖਿਓਨੁ ਸਚੈ ਅਲਖਿ ਅਪਾਰਿ।"
- ਆਸਾ ੩, ਅਸ ੩੦, ੫:੧ (426)

"ਨਾਨਕ ਸਰਣਿ ਪਰਿਓ ਦੁਖ ਭੰਜਨ ਗੁਨ ਗਾਵੈ ਸਦਾ ਅਪਾਰਿ।"
- ਧਨਾ ੪, ੧੫, ੨:੧ (674)

"ਆਵਤ ਜਾਵਤ ਹੁਕਮਿ ਅਪਾਰਿ।"
- ਰਾਮ ੫, ੧੦, ੩:੨ (885)

ਅਪਾਰਿਆ-
"ਸਭੁ ਕਿਛੁ ਆਪੇ ਆਪਿ ਬੇਅੰਤ ਅਪਾਰਿਆ।"
- ਗੂਜ ੫, ਵਾਰ ੧੯:੭ (523)

ਅਪਾਰੀ -
"ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ।"
- ਬਿਹਾ ੪, ਛੰਤ ੩, ੪:੫ (544)

ਅਪਾਰੁ -
"ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।"
- ਸਿਰੀ ੪, ਵਾਰ ੧ਸ, ੩, ੧:੨ (83)

ਅਪਾਰੇ -
"ਘਟਿ ਘਟਿ ਰਵਿ ਰਹਿਆ ਅਲਖ ਅਪਾਰੇ ਰਾਮ।"
- ਬਿਲਾ ੩, ਛੰਤ ੧, ੪:੨ (843)

(3) (ਕਥਨ) ਤੋ ਉਪਰ, ਬਿਆਨ ਤੋਂ ਬਾਹਰ

"ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ।"
- ਗਉ ਰਵਿ, ੧, ੩:੧ (346)

ਹੋਰ ਰੂਪ:

ਅਪਾਰੰ –
"ਗੰਭੀਰ ਧੀਰ ਨਾਮ ਹੀਰ ਊਚ ਮੂਚ ਅਪਾਰੰ।"
- ਰਾਮ ੫, ੫੯, ੨:੧ (901)

ਅਪਾਰਹੁ –
"ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ।"
- ਸਮੁ ੫, ੫*:੭ (1388)

ਅਪਾਰਣਾ –
"ਦੁਇ ਕਰ ਜੋੜਿ ਸਿਮਰਉ ਦਿਨੁ ਰਾਤੀ ਮੇਰੇ ਸੁਆਮੀ ਅਗਮ ਅਪਾਰਣਾ।"
- ਮਾਰੂ ੫, ਸੋਲਾ ੬, ੧੦:੩ (1077)

ਅਪਾਰਾ –
"ਸੋ ਪੁਰਖੁ ਨਿਰੰਜਨ ਹਰਿ ਪੁਰਖੁ ਨਿਰੰਜਨ ਹਰਿ ਅਗਮਾ ਅਗਮ ਅਪਾਰਾ।"
- ਆਸ ੪, ਸੋਪੁ ੧, ੧:੧ (10)

ਅਪਾਰਿ –
"ਸਹਜੇ ਹੀ ਸੋਝੀ ਪਈ ਸਚੈ ਸਬਦਿ ਅਪਾਰਿ।"
- ਸਿਰੀ ੩, ਅਸ ੨੩, ੮:੨ (68)

ਅਪਾਰੀ –
"ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ।"
- ਆਸਾ ੫, ੧੩੩, ੨:੧ (404)
"ਪੰਚ ਤਤੁ ਮਿਲਿ ਅਹਿਨਿਸਿ ਦੀਪਕੁ ਨਿਰਮਲ ਜੋਤਿ ਅਪਾਰੀ।" (ਅਦੁਤੀ)
- ਰਾਮ ੧, ੯, ੬:੧ (907)

ਅਪਾਰੀਆ –
"ਜਨ ਨਾਨਕ ਲਧਾ ਰਤਨ ਅਮੋਲੁ ਅਪਾਰੀਆ।" (ਅਦੁੱਤੀ
- ਗਉ ੫, ਅਸ ੬੨, ੮:੧ (241)

ਅਪਾਰੀਐ –
"ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ।" (ਅਦੁਤੀ, ਕਥਨ ਤੋਂ ਪਰੇ, ਬੇਅੰਤ)
- ਗੂਜ ੫, ਵਾਰ ੧:੧ (518)

ਅਪਾਰੁ –
"ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ।"
- ਸਿਰੀ ੫, ੯੯, ੩:੩ (52)

ਅਪਾਰੇ –
"ਮਿਲਿ ਗਾਵਹ ਗੁਣ ਅਗਮ ਅਪਾਰੇ।"
- ਮਾਝ ੫, ੩੫, ੧:੨ (104)

ਅਪਾਰੋ –
"ਪ੍ਰਾਣ ਮਨ ਤਨ ਜੀਅ ਦਾਤਾ ਬੇਅੰਤ ਅਗਮ ਅਪਾਰੋ।"
- ਗਉ ੫, ਛੰਤ ੩, ੩:੩ (249)

(4) ਡੂੰਘੇ/ਅਥਾਹ

“ਨਾਮਿ ਰਤੇ ਪ੍ਰਭ ਰੰਗਿ ਅਪਾਰ।”
– ਧਨਾ ੫, ੨੩, ੧:੧ (676)

“ਸ੍ਰੀ ਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ।”
– ਜੈਤ ੫, ਛੰਤ ੩, ੩:੫ (705)

ਹੋਰ ਰੂਪ:

ਅਪਾਰਾ –
“ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ।”
– ਮਾਝ ੩, ਅਸ ੧੩, ੬:੩ (117)

ਅਪਾਰੰ ----- (1) ਸੁੰਦਰ, ਅਦੁਤੀ
“ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ।”
– ਜੈਤ ੫, ਵਾਰ ੬ਸ, ੫, ੧:੨ (707)

ਹੋਰ ਰੂਪ:

ਅਪਾਰਾ –
“ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।”
– ਗਉ ੫, ਛੰਤ ੨, ੧:੧ (248)

(2) ਅਥਾਹ, ਵੇਖੋ ‘ਅਪਾਰ’ (4)

ਅਪਾਰਗਿ --- ਜਿਸਦਾ ਪਾਰਾਵਾਰ ਨ ਪਾਇਆ ਜਾ ਸਕੇ, ਅਸੀਮ
“ਮਨ ਬਾਂਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ।”
– ਸੂਹੀ ੫, ਛੰਤ ੬, ੩:੫ (781)

ਅਪਾਰਪਰੇ --- ਅਥਾਹ, ਜਿਸਦਾ ਪਾਰਾਵਾਰ ਨਾ ਪਾਇਆ ਜਾ ਸਕੇ।
“ਅਬਿਨਾਸੀ ਅਚਲੁ ਅਜੋਨੀ ਸੰਭਉ ਪੁਰਖੋਤਮੁ ਅਪਾਰਪਰੇ।”
– ਸਵ ੪, ਬਲ ੧:੫ (1405)

ਅਪਾਰਲਾ --- ਬੇਅੰਤ/ਅਸੀਮ ਪ੍ਰਮੇਸ਼ਰ
“ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿ ਭੁਜ ਭਇਓ ਅਪਾਰਲਾ।”
– ਮਲਾ ਨਾਮ, ੨, ੩:੧ (1292)

ਅਪਾਰਾ ---- (1) ਮਹਾਨ
“ਹਰਿਨਾਮੁ ਧਨੁ ਨਿਰਮਲੁ ਅਤਿ ਅਪਾਰਾ।”
– ਧਨਾ ੩, ੨, ੧:੧ (664)

(2) ਬੇਅੰਤ, ਵੇਖੋ ‘ਅਪਾਰ’ (1)
(3) ਬੇਅੰਤ ਵਾਹਿਗੁਰੂ, ਵੇਖੋ ‘ਅਪਾਰ’ (2)
(4) ਕਥਨ ਤੋਂ ਉਪਰ, ਵੇਖੋ ‘ਅਪਾਰ’ (3)
(5) ਡੂੰਘਾ, ਅਥਾਹ, ਵੇਖੋ ‘ਅਪਾਰ’ (4)
(6) ਸੁੰਦਰ, ਅਦੁਤੀ, ਵੇਖੋ ‘ਅਪਾਰੰ’ (1)

ਅਪਾਰਿ ---- ਅਤੁੱਟ, ਬਹੁਤ
“ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ।”
– ਸਿਰੀ ੩, ੫੩, ੫:੪ (34)

ਹੋਰ ਰੂਪ:

ਅਪਾਰੁ –
“ਘਰ ਹੀ ਸੋ ਪਿਰੁ ਪਾਇਆ ਗੁਰ ਕੈ ਹੇਤਿ ਅਪਾਰਿ।”
– ਸਿਰੀ ੧, ਅਸ ੧੨, ੫:੩ (61)

ਅਪਾਰੇ –
“ਸਚੁ ਵਣੰਜਹਿ ਗੁਰ ਹੇਤਿ ਅਪਾਰੇ।”
– ਮਾਝ ੩, ਅਸ ੧੪, ੪:੨ (117)

ਅਪਾਰੁ ----- (1) ਉਰਲਾ ਕੰਢਾ
“ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ।”
– ਸਿਰੀ ੧, ਅਸ ੩, ੩:੧ (54)

(2) ਬੇਅੰਤ, ਵੇਖੋ ‘ਅਪਾਰ’ (1)
(3) ਕਥਨ ਤੋਂ ਉਪਰ, ਅਦੁਤੀ ਵੇਖੋ ‘ਅਪਾਰ’ (3)
(4) ਬੇਅੰਤ ਪ੍ਰਭੂ, ਵੇਖੋ ‘ਅਪਾਰ’ (2)
(5) ਵਡਾ
“ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟ ਨਾਲੇ।”
– ਗਉ ੩, ਵਾਰ ੧੫:੧ (309)

“ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ।”
– ਗੂਜ ੩, ਵਾਰ ੧੩:੧ (514)

(6) ਅਮੁੱਕ, ਅਤੁੱਟ
“ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ।
ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ।”
–ਗਉ ੫, ਵਾਰ ੯ਸ, ੫, ੧:੪ (320)

(7) ਬੇਹਦ
“ਬਾਬਾ ਅਲਹੁ ਅਗਮ ਅਪਾਰੁ।”
– ਸਿਰੀ ੧, ਅਸ ੧, ੧*:੧ (53)

(8) ਅੰਤ, ਸੀਮਾ, ਗਤਿ ਮਿਤਿ
“ਫੁਨਿ ਜਾਨੈ ਕੋ ਤੇਰਾ ਅਪਾਰੁ ਨਿਰਭਉ ਨਿਰੰਕਾਰੁ ਅਕਥ ਕਥਨਹਾਰੁ ਤੁਝਹਿ ਬੁਝਾਈ ਹੈ।”
– ਸਵ ੪, ਕਲ ੨:੩ (1398)

(9) ਪਰੇ, ਦੂਰ
“ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ ।”
– ਰਾਮ ੧, ਓਅੰ ੪੯:੮ (937)

ਅਪਾਵਨ ---- (ਸੰ.) ਅਪਵਿਤਰ, ਮਲੀਨ, ਅਸ਼ੁਧ
“ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ।”
– ਦੇਵ ੫, ੧੧, ੧*:੨ (530)

ਅਪਿਉ ----- (1) ਅੰਮ੍ਰਿਤ (ਗਿਆਨ)
“ਅਪਿਉ ਪੀਐ ਸੋ ਭਰਮੁ ਗਵਾਏ।”
– ਮਾਝ ੩, ਅਸ ੫, ੭:੧ (112)

ਹੋਰ ਰੂਪ:

ਅਪਿਓ –
"ਅਪਿਓ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ।"
– ਜੈਤ ੫, ੬, ੨:੨ (701)

(2) ਅੰਮ੍ਰਿਤ (ਨਾਮ)
"ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ।"
– ਸੋਰ ੧, ੧੧, ੪:੧ (599)

ਹੋਰ ਰੂਪ:

ਅਪਿਓ
"ਜਿਨਿ ਅਕਥੁ ਕਹਾਇਆ ਅਪਿਓ ਪੀਆਇਆ।"
– ਗਉ ੧, ੧੧, ੧:੧ (154)

ਅਪਿਆਉ --- (ਸੰ.) (1) ਭੋਜਨ, ਖਾਣਾ, ਸੁਆਦੀ ਭੋਜਨ
"ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ।"
– ਸਿਰੀ ੧, ੨, ੧:੧ (14)

(2) ਖੁਰਾਕ, ਰਿਜ਼ਕ
"ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ।"
– ਧਨਾ ੫, ੨੭, ੨:੧ (677)

ਅਪੁ ------ (ਸੰ.), (ਫਾ. ਆਬ) ਪਾਣੀ
"ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।"
– ਗਉ ਕਬ, ੧੮, ੪:੧ (327)

ਅਪੁਸਟ ---- (ਸੰ.) ਉਲਟੀ, ਪੁਠੀ
"ਅਪੁਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ।"
– ਆਸਾ ੫, ੧੨੪, ੧:੧ (402)

ਅਪੁਛਿਆ --- ਬਿਨਾਂ ਕਿਸੇ ਤੋਂ ਪੁਛਿਆਂ
"ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ।"
– ਸਿਰੀ ੪, ਵਾਰ ੬:੫ (84)

ਅਪੁਣਾ ----- (ਸੰ.) ਆਪਣਾ
"ਨਾਨਕ ਕਉ ਪ੍ਰਭ ਮਾਇਆ ਕਰਿ ਸਚੁ ਦੇਵਹੁ ਅਪੁਣਾ ਨਾਉ।"
– ਸਿਰੀ ੫, ੭੭, ੪:੩ (44)

ਹੋਰ ਰੂਪ:

ਅਪੁਨਾ –
"ਸਭੁ ਕਿਛੁ ਅਪੁਨਾ ਕਰਿ ਕਰਿ ਰਾਖਿਆ ਖਿਨ ਮਹਿ ਭਇਆ ਪਰਾਇਆ।"
– ਸਿਰੀ ੧ ਪਹ, ੨, ੩:੪ (76)

ਅਪੁਣੀ ----- ਆਪਣੀ
"ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ।"

– ਮਾਝ ੫, ੩੭, ੩:੩ (105)

ਹੋਰ ਰੂਪ:

ਅਪੁਨੀ –
“ਸੇਵਾ ਮੰਗੈ ਸੇਵਕੋ ਲਾਈਆ ਅਪੁਨੀ ਸੇਵ।”
– ਸਿਰੀ ੫, ੭੫, ੩:੧ (43)

ਅਪੁਨੋ –
“ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ।”
– ਗਉ ੫, ੧੩੮*, ੪:੨ (210)

ਅਪੁਣੈ ----- ਆਪਣੇ
“ਹੰਉ ਸਤਿਗੁਰ ਅਪੁਣੇ ਕਉ ਸਦਾ ਨਮਸਕਾਰੀ ਜਿਤੁ ਮਿਲਿਐ ਹਰਿਨਾਮੁ ਮੈ ਜਾਤਾ।”
– ਵਡਾ ੪, ਵਾਰ ੧੬:੫ (592)

ਹੋਰ ਰੂਪ:

ਅਪੁਨੇ –
“ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ।”
– ਸਿਰੀ ੩, ਅਸ ੨੨, ੭:੩ (68)

ਅਪੁਨੈ –
“ਅਪੁਨੈ ਠਾਕੁਰਿ ਜੋ ਪਹਿਰਾਇਆ।”
– ਮਾਝ ੫, ੨੫, ੪:੧ (102)

ਅਪੁਨਾਇਓ -- ਆਪਣਾ ਬਣਾ ਕੇ
“ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਲਾਜੁ ਅਪੁਨਾਇਓ।”
– ਟੋਡੀ ੫, ੩, ੫:੨ (712)

ਅਪੂਛੈ ----- ਨਿਰਸੰਦੇਹ, ਨਿਰਵਿਵਾਦ
“ਦੇਸ ਮੇਰੇ ਬੇਅੰਤ ਅਪੂਛੇ।”
– ਭੈਰ ੫, ੨੨, ੨:੨ (1141)

ਅਪੂਠਾ ----- ਪੁਠਾ, ਸਿਧੇ ਦਾ ਉਲਟ
“ਸੀਧਾ ਛੋਡਿ ਅਪੂਠਾ ਬੁਨਨਾ।”
– ਗਉ ੫, ੯੮, ੩:੨ (185)

ਅਪੂਰਬ ---- (ਸੰ.) ਜੋ ਪੂਰਬ ਨਹੀਂ ਹੋਇਆ, ਅਨੋਖਾ, ਅਸਚਰਜ, ਅਦੁਤੀ
“ਸੁਰਿ ਨਰ ਗਣ ਗੰਧਰਬ ਮਿਲਿ ਆਏ ਅਪੂਰਬ ਜੰਞ ਬਣਾਈ।”
– ਸੂਹੀ ੪, ਛੰਤ ੩, ੪:੫ (775)

ਅਪੈ ------ (ਸੰ.) ਅਰਪੈ, ਦਿੰਦਾ ਹੈ (ਸ਼ਬਦਾਰਥ, ਦਰਪਣ); ਧਾਰਨ ਕਰੇ (ਨਿਰੁਕਤ, ਸ਼ਬਦਕੋਸ਼) ਮਿਲਾਪ (ਮਹਾਨਕੋਸ਼)
“ਸ਼ਬਦੁ ਹਰਿ ਹਰਿ ਜਪੈ ਨਾਮੁ ਨਵਨਿਧਿ ਅਪੈ ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ।”
– ਸਵ ੪, ਨਲ ੧੩:੨ (1400)

ਹੋਰ ਰੂਪ:

ਅਪ੍ਰਉ –
“ਹਰਿ ਕਾ ਨਾਮੁ ਅਖੈ ਨਿਧਿ ਅਪ੍ਰਉ।”
– ਸਵ ੪, ਗਯੰ ੧:੧੪ (1401)

ਅਫਜੂ ----- (ਫਾ. ਅਫ਼ਜ਼ੂੰ) ਬਾਕੀ, ਅਟੱਲ
“ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ।”
– ਮਾਝ ੧, ਵਾਰ ੧੩ਸ, ੧, ੧:੨ (143)

ਅਫਰਿਉ ---- ਅਮੋੜ, ਨਾ ਟਲਨ ਵਾਲਾ
“ਅਫਰਿਉ ਕਾਲੁ ਕੂੜੁ ਸਿਰਿ ਮਾਰੈ।”
– ਗਉ ੧, ਅਸ ੧੪, ੫:੩ (227)

ਅਫਰਿਓ ---- (1) ਨਾ ਫੜਿਆ ਜਾਣ ਵਾਲਾ
“ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ।”
– ਰਾਮ ੧, ਓਅੰ ੬:੧ (930)
“ਅਫਰਿਓ ਵੇਪਰਵਾਹੁ ਸਦਾ ਤੂ ਨਾ ਤਿਸੁ ਤਿਲੁ ਨ ਤਮਾਈ ਹੇ।” (ਵਿਆਪਕ, ‘ਨਿਰੁਕਤ’)
– ਮਾਰੂ ੧, ਸੋਲਾ ੧, ੧੪:੩ (1021)
(2) ਆਫਰਿਆ ਹੋਇਆ, ਹੰਕਾਰੀ
“ਗੁਰਮੁਖਿ ਨਾਮੁ ਨਿਰੰਜਨੁ ਪਾਈਐ ਅਫਰਿਓ ਭਾਰੁ ਅਫਾਰੁ ਟਰੈ।”
– ਮਾਰੂ ੧, ਅਸ ੮, ੧*:੨ (1013)
(3) ਅਮੋੜ, ਨਾ ਟਲਨ ਵਾਲਾ
“ਅਫਰਿਓ ਜਮੁ ਮਾਰਿਆ ਨ ਜਾਈ।”
– ਮਾਰੂ ੩, ਸੋਲਾ ੧੧, ੭:੨ (1054)

ਅਫਰਿਆ --- ਬੇਰੋਕ/ਬੇਖੌਫ/ਨਿਡਰ ਹੋ ਕੇ
“ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ।”
– ਸਿਰੀ ੫, ੭੨, ੩:੧ (42)

ਅਫਾਰ ----- (1) ਹੰਕਾਰੀ, ਮਗ਼ਰੂਰ
“ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ।”
– ਗਉ ੫,੭੧, ੧:੩ (42)
(2) ਬਹੁਤ, ਅਧਿਕ
“ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ।”
– ਗਉ ੫, ਬਾਅ ੯:੩ (252)
(3) ਅਮੋੜ
“ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ।”
– ਸਿਰੀ ੫, ਅਸ ੨੬, ੬:੨ (70)
(4) ਆਫਰਿਆ ਹੋਇਆ, ਫੁਲਿਆ ਹੋਇਆ
“ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ।”
– ਸਾਰ ੫, ੬੧, ੧*:੨ (1216)

ਅਫਾਰਾ ---- (1) ਆਫਰਿਆ ਹੋਇਆ, ਆਕੜਿਆ ਹੋਇਆ
"ਮਨ ਕਹ ਅਹੰਕਾਰਿ ਅਫਾਰਾ।"
– ਦੇਵ ੫, ੧੧, ੧*:੧ (530)

ਹੋਰ ਰੂਪ:

ਅਫਾਰੀ –
"ਜਗਨ ਕਰੈ ਬਹੁ ਭਾਰ ਅਫਾਰੀ।"
– ਗਉ ੧, ਅਸ ੯, ੨:੨ (224)

ਅਫਾਰੋ –
"ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ।"
– ਗਉ ੫, ੧੨੬*, ੧:੧ (206)

(2) ਬਹੁਤ, ਵਡਾ, ਅਪਾਰ
"ਗੁਰਮਤੀ ਹਰਿਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ।"
– ਵਡ ੩, ਛੰਤ ੫, ੧:੨ (570)

ਹੋਰ ਰੂਪ:

ਅਫਾਰੁ –
"ਮਹਘੋ ਮੋਲਿ ਭਾਰਿ ਅਫਾਰੁ।"
– ਆਸਾ ੧, ਅਸ ੩, ੮:੧ (413)

(3) ਅਮੋੜ; ਵਿਆਪਕ (ਨਿਰੁਕਤ)
"ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ।"
– ਸੋਰ ੫, ਅਸ ੩, ੭:੧ (642)

ਹੋਰ ਰੂਪ:

ਅਫਾਰੁ –
"ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ।"
– ਸਿਰੀ ੧, ਅਸ ੪, ੨:੧ (55)

ਅਫਾਰੁ ----- (1) ਭਾਰਾ
"ਗੁਰਮੁਖਿ ਨਾਮੁ ਨਿਰੰਜਨੁ ਪਾਈਐ ਅਫਰਿਓ ਭਾਰੁ ਅਫਾਰੁ ਟਰੈ।"
– ਮਾਰੂ ੧, ਅਸ ੮, ੧*:੨ (1013)
(2) ਬਹੁਤ ਵਡਾ, ਅਪਾਰ–ਵੇਖੋ "ਅਫਾਰਾ" (2)
(3) ਅਮੋੜ, ਅਮਿਟ, ਵੇਖੋ 'ਅਫਾਰਾ' (3)

ਅੰਬ ------ ਹੁਨਾਲ ਦੀ ਰੁਤ ਦਾ ਇਕ ਫਲ
"ਕੋਕਿਲ ਅੰਬ ਪਰੀਤ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ।"
– ਆਸਾ ੫, ਛੰਤ ੪, ੩:੨ (455)

ਹੋਰ ਰੂਪ:

ਅੰਬੁ –
"ਜਿਉ ਕੋਕਲਿ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਮਈਆ।"
– ਧਨਾ ਨਾਮ, ੩, ੨:੨ (693)

ਅਬ -------- (1) (ਸੰ.), (ਫਾ. ਆਬ) ਪਾਣੀ

"ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ।"

– ਆਸਾ ੫, ਛੰਤ ੪, ੧:੧ (454)

('ਦਰਪਣ' ਤੇ 'ਸ਼ਬਦਾਰਥ' ਇਸ ਦੇ ਅਰਥ 'ਤਦੋਂ' ਅਥਵਾ 'ਹੁਣ' ਦੇ ਲੈਂਦੇ ਹਨ।)

(2) (ਸੰ.) ਹੁਣ

"ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ।"

– ਸਿਰੀ ਬੇਣੀ ੧, ੧:੩ (93)

"ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ।" (ਇਸ/ਹੁਣ ਦੀ ਵਾਰੀ)

– ਮਾਰੂ ਕਬ, ੭, ੩:੨ (1104)

ਹੋਰ ਵੇਖੋ, ਭੈਰ ਨਾਮ, ੧੦, ੨੬:੧ (1166)

ਹੋਰ ਰੂਪ:

ਅਬਿ –

"ਸਾਧੋ ਕਉਨੁ ਜੁਗਤਿ ਅਬਿ ਕੀਜੈ।"

– ਰਾਮ ੯, ੨, ੧*:੧ (902)

(3) ਅਚਲ, ਸਦਾ ਸਥਿਰ (ਮਹਾਨ ਕੋਸ਼)

"ਸੁਹਾਗੁ ਹਮਾਰੋ ਅਬ ਹੁਣਿ ਸੋਹਿਓ।"

– ਆਸਾ ੫, ੭, ੨:੧ (372)

ਅਬਹਿ ------ (1) ਹੁਣ ਭਾਵ ਇਸ ਜਨਮ ਵਿਚ

"ਅਬਹਿ ਨ ਮਾਤਾ ਸੁ ਕਬਹੁ ਨ ਮਾਤਾ।"

– ਬਿਲਾ ਕਬ, ੨, ੫:੧ (855)

ਹੋਰ ਰੂਪ:

ਅਬਹੀ –

"ਅਬਹੀ ਕਬਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ।"

– ਰਾਮ ੧, ੧, ੧:੩ (876)

(2) ਹੁਣੇ, ਹੁਣ ਹੀ

"ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ।"

– ਸਲੋ ਕਬ, ੧੩੮:੧ (1371)

ਅਬਕੇ ------ ਹੁਣ; ਇਸ ਵਾਰੀ (ਮਹਾਨ ਕੋਸ਼)

"ਅਬਕੇ ਛੁਟਕੇ ਠਉਰ ਨ ਠਾਇਓ।"

– ਗਉ ਕਬ, ੬੨, ੩:੨ (337)

ਹੋਰ ਰੂਪ:

ਅਬਕੈ –

"ਅਬਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ।"

– ਮਾਰੂ ੧, ੧੨, ੪:੩ (994)

ਅਬਗਤੁ ----- (ਸੰ.) ਬੁਰਾ ਹਾਲ

"ਸਾਧੂ ਬਿਨੁ ਐਸੇ ਅਬਗਤੁ ਜਾਵੈ।"
- ਗੋਂਡ ਕਬ, ੯, ੧:੪ (872)

ਅਬਤਬ ---- ਕਦੀ/ਕਿਸੇ ਸਮੇਂ ਵੀ
"ਅਬਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ।"
- ਗੂਜ ੧, ਅਸ ੨, ੮:੧ (504)
(2) ਹਮੇਸ਼ਾਂ/ਨਿਤ
"ਅਬਤਬ ਏਕੋ ਏਕੁ ਪੁਕਾਰਉ ਆਦਿ ਜੁਗਾਦਿ ਸਖਾਈ।"
- ਗੂਜ ੧, ਅਸ ੩, ੬:੨ (504)

ਅਬਦਾਲਾ --- (1) (ਅ. ਅਬਦਾਲ) ਜੋ ਬਦਲ ਜਾਵੇ (ਗੁਰੂ ਗ੍ਰੰਥ ਕੋਸ਼)
"ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।"
- ਮਾਰੂ ੫, ਸੋਲਾ ੧੨, ੩:੩ (1083)
(ਮਾਰਫਤ, ਬਦਲ ਜਾਣ ਵਾਲੇ ਮਨ ਨੂੰ ਮਾਰਨਾ ਹੈ।)
(2) ਹੇ ਅਬਦਾਲ (ਨਿਰੁਕਤ, ਦਰਪਣ, ਸ਼ਬਦਾਰਥ)
(ਅਬਦਾਲ, ਮੁਸਲਮਾਨੀ ਮਤ ਅਨੁਸਾਰ ਫਕੀਰਾਂ ਦੇ ਪੰਜ ਦਰਜਿਆਂ ਵਿਚੋਂ ਚੌਥਾ ਦਰਜਾ ਹੈ। ਇਹ ਦਰਜੇ ਹਨ –
ਵਲੀ, ਗੌਂਸ, ਕੁਤਬ, ਅਬਦਾਲ ਤੇ ਕਲੰਦਰ।)
(ਉਦਾਹਰਣ ਉਪਰੋਕਤ ਤੁਕ ਦੀ ਹੀ ਹੈ)

ਹੋਰ ਰੂਪ:

ਅਬਦਾਲੀ –
"ਆਉ ਕਲੰਦਰ ਕੇਸਵਾ ਕਰਿ ਅਬਦਾਲੀ ਭੇਸਵਾ।" (ਅਬਦਾਲੀਆ ਫ਼ਕੀਰਾਂ ਵਾਲਾ ਭੇਸ)
- ਭੈਰ ਨਾਮ, ੧, ੧*:੨ (1167)

ਅਬਧ ----- (1) ਜੋ ਰੋਕਿਆ/ਟਾਲਿਆ ਨਾ ਜਾ ਸਕੇ।
"ਕਾਲਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।"
- ਆਸਾ ਰਵਿ, ੧, ੩:੨ (486)
(2) (ਸੰ.) – ਜੋ ਬੱਧ ਨ ਕੀਤੀ ਜਾ ਸਕੇ/ਟੁੱਟੇ ਨਾ
"ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰਬਰੀ ਅਬਧ।"
- ਸਲੋ ਕਬ, ੨੦੨:੧ (1375)

ਅਬਨਾਸੀ --- (ਸੰ.) ਅਟੱਲ, ਨਾ ਨਾਸ ਹੋਣ ਵਾਲਾ
"ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜ ਲੀਓ ਅਬਨਾਸੀ।"
- ਭੈਰ ਕਬ, ੧੭, ੬:੨ (1162)

ਅੰਬਰ ----- (1) (ਸੰ.) ਕਪੜਾ, ਵਸਤਰ
"ਦੁਹ ਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।"
- ਮਾਲੀ ਨਾਮ, ੨, ੧:੨ (988)

ਹੋਰ ਰੂਪ:

ਅੰਬਰਹ –

"ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ।"
– ਸਸ ੫, ੩੫:੨ (1357)

ਅੰਬਾਰੇ –
"ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ।"
– ਵਡ ੧, ਅਲਾ, ੩, ੬:੧ (580)

(2) (ਸੰ.) ਆਕਾਸ਼, ਆਸਮਾਨ
"ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰਤਾਲ।"
– ਸਲੋ ਕਬ, ੧੨੪:੧ (1371)

ਹੋਰ ਰੂਪ:

ਅੰਬਰਿ –
"ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ।" (ਭਾਵ ਦਿਮਾਗ, ਸਿਰ)
– ਸੂਹੀ ੧, ਕੁਚ, ੧:੧੧ (762)

ਅੰਬਰੁ –
"ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।"
– ਮਾਝ ੧, ਵਾਰ ੧੯ਸ, ੧, ੧:੩ (147)

ਅਬਰਨ ---- (ਸੰ.) ਨੀਵੀਂ ਜਾਤ, ਕੁਜਾਤ
"ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ।"
– ਬਿਲਾ ਰਵਿ, ੨, ੧*:੨ (858)

ਹੋਰ ਰੂਪ:

ਅਬਰਨਾ –
"ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ।"
– ਦੇਵ ੫, ੪, ੧*:੨ (529)

ਅੰਬਰਾਵੈ ---- ਪਹੁੰਚਾਉਂਦਾ/ਅਪੜਾਂਦਾ ਹੈ
"ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ।"
– ਸੂਹੀ ਰਵਿ, ੨, ੨:੧ (794)

ਅਬਰੀਕ ---- ਪੌਰਾਣਿਕ ਵਿਸ਼ਵਾਸ ਅਨੁਸਾਰ ਅਯੋਧਿਆ ਦਾ ਇਕ ਸੂਰਜਵੰਸ਼ੀ ਵਿਸ਼ਨੂੰ ਭਗਤ ਰਾਜਾ ਜਿਸ ਲਈ ਵਿਸ਼ਨੂੰ ਨੇ ਦੁਰਬਾਸਾ ਰਿਸ਼ੀ ਦਾ ਅਭਿਮਾਨ ਭੰਗ ਕੀਤਾ।
"ਅਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ।"
– ਮਾਰੂ ਨਾਮ, ੧, ੩:੧ (1105)

ਹੋਰ ਰੂਪ:

ਅੰਬਰੀਕ –
"ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ।"
– ਸਵ ੩, ੩:੨ (1393)

ਅੰਬਰੀਕਿ –
"ਜਿਉ ਅੰਬਰੀਕਿ ਅਮਰਾ ਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ।"
– ਕਾਨ ੪, ਅਸ ੬, ੨:੨ (1311)

ਅੰਬਰੀਕੁ –

"ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।"

– ਮਲਾ ਨਾਮ, ੧, ੫:੧ (1292)

ਅਬਲ ----- (ਸੰ.) ਕੰਮਜ਼ੋਰ, ਨਿਰਬਲ

"ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ।"

– ਮਾਰੂ ਜੈਦੇ, ੧, ੧:੧ (1106)

ਹੋਰ ਰੂਪ:

ਅਬਲੁ –

"ਬਲੁ ਅਬਲੁ ਕਿਆ ਇਸ ਤੇ ਹੋਈ।"

– ਆਸਾ ਕਬ, ੧੯, ੪:੨ (480)

ਅੰਬੜਾ ----- ਪੁਜ ਸਕਾਂ, ਅਪੜਾਂ (ਤੁਲ ਹੋਵਾਂ – ਮਹਾਨਕੋਸ਼)

"ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੇ ਤੇਰੈ ਜਾਉ ਜੀਉ।"

– ਸੂਹੀ ੧, ਕੁਚ ੧:੬ (762)

ਹੋਰ ਰੂਪ:

ਅੰਬੜਿ –

"ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ।"

– ਸਿਰੀ ੧, ਅਸ ੧, ੫:੩ (53)

ਅੰਬੜੈ –

"ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ।"

– ਸੂਹੀ ੩, ਵਾਰ ੧੧ਸ, ੧, ੧:੨ (789)

ਅੰਬੜੈ ----- (1) ਬਰਾਬਰ/ਤੁਲ ਹੋਣਾ

"ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ।"

– ਵਡ ੧, ੧, ੧:੧ (557)

(2) ਪੁਜੈ, ਵੇਖੋ 'ਅੰਬੜਾ'

ਅੰਬਾਰੇ ----- ਵੇਖੋ ਅੰਬਰ (1)

ਅੰਬਿ ------ ਇਕ ਫਲਦਾਰ ਦਰਖਤ, ਅੰਬ ਦਾ ਬੂਟਾ

"ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ।"

– ਗਉ ੧, ੧੯, ੨:੧ (157)

ਹੋਰ ਰੂਪ:

ਅੰਬੀ – ਅੰਬ ਦੇ ਦਰਖਤ ਹੇਠ

"ਜਿੰਨ੍ੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ।"

– ਸੂਹੀ ੧, ਕੁਚ ੧:੩ (762)

ਅਬਿਗਤ ---- (1) (ਸੰ.) ਨਾਸ ਰਹਿਤ (ਸ਼ਬਦਾਰਥ), ਜੋ ਜਾਣਿਆ ਨਾ ਜਾ ਸਕੇ (ਮਹਾਨਕੋਸ਼) (ਸੰ.) ਅਦ੍ਰਿਸ਼ਮਾਨ, ਨਿਰਗੁਣ, ਨਿਰਾਕਾਰ (ਨਿਰੁਕਤ), ਅਦ੍ਰਿਸ਼ (ਨਿਰਣਯ, ਦਰਪਣ)

"ਜਬ ਅਬਿਗਤ ਅਗੋਚਰ ਪ੍ਰਭ ਏਕਾ।"

– ਗਉ ੫, ਸੁਖ ੨੧, ੩:੫ (291)

(2) ਅਬਿਨਾਸ਼ੀ, ਪ੍ਰਮਾਤਮਾ (ਸ਼ਬਦਾਰਥ, ਮਹਾਨ ਕੋਸ਼), ਬਿਨਾਂ ਮੁਕਤ ਹੋਇਆਂ (ਨਿਰੁਕਤ)

"ਅਬਿਗਤ ਸਮਝੁ ਇਆਨਾ।"

– ਗਉ ਕਬ, ੬੭, ੧*:੨ (338)

ਹੋਰ ਰੂਪ:

ਅਬਿਗਤੁ –

"ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾਚੀ ਅਬਿਗਤੁ ਬਾਣੀ।"

– ਪ੍ਰਭਾ ਨਾਮ, ੧, ੪:੧ (1351)

(3) (ਸੰ.) ਨਿਰੰਕਾਰ, ਅਦ੍ਰਿਸ਼ਮਾਨ

"ਅਬਿਨਾਸੀ ਅਬਿਗਤ ਆਪੇ ਆਪਿ ਉਤਪਤਿ।"

– ਸਮੁ ੫, ੧:੪ (1385)

(4) ਜੋ ਜਾਣਿਆ ਨਾ ਜਾ ਸਕੇ (ਸ਼ਬਦਾਰਥ), ਨਿਰਾਕਾਰ ਪ੍ਰਮਾਤਮਾ (ਨਿਰੁਕਤ)

"ਹਰਿਨਾਮੁ ਹਮਾਰਾ ਪ੍ਰਭੁ ਅਬਿਗਤੁ ਅਗੋਚਰੁ ਅਬਿਨਾਸੀ ਪੁਰਖੁ ਬਿਧਾਤਾ।"

– ਵਡ ੪, ਵਾਰ ੧੬:੧ (592)

ਅਬਿਚਲ ---- (ਸੰ.) ਅਟੱਲ, ਸਦਾ ਕਾਇਮ, ਅਹਿੱਲ

"ਅਬਿਚਲ ਨਗਰੀ ਨਾਨਕ ਦੇਵ।"

– ਆਸਾ ੫, ਅਸ ੧, ੮:੨ (430)

ਹੋਰ ਰੂਪ:

ਅਬਿਚਲੁ –

"ਤੂ ਦਾਨਾ ਤੂ ਅਬਿਚਲੁ ਤੂਹੀ ਤੂ ਜਾਤਿ ਮੇਰੀ ਪਾਤੀ।"

– ਰਾਮ ੫, ੬, ੧:੧ (884)

ਅਬਿਦਿਆ -- (ਸੰ.) ਅਗਿਆਨਤਾ, ਮੂਰਖਤਾਈ

"ਮਾਧੋ ਅਬਿਦਿਆ ਹਿਤ ਕੀਨ।"

– ਆਸਾ ਰਵਿ, ੧, ੧*:੧ (486)

ਅਬਿਨਾਸ --- (ਸੰ.) ਨਾਸ਼ ਤੋਂ ਰਹਿਤ, ਅਮਰ

"ਪਾਰਬ੍ਰਹਮੁ ਕਰਤਾ ਅਬਿਨਾਸ।"

– ਗਉ ੫, ਸੁਖ ੯, ੮:੮ (275)

"ਮਿਤਿ ਨਾਹੀ ਬ੍ਰਹਮ ਅਬਿਨਾਸ।"

– ਗੋਂਡ ੫, ੧੭, ੨:੪ (867)

ਅਬਿਨਾਸੀ --- (1) ਨਾਸ ਤੋਂ ਰਹਿਤ, ਅਟੱਲ, ਸਦੀਵੀਂ, ਸਦਾ ਕਾਇਮ ਵੇਖੋ "ਅਬਿਨਾਸ"

"ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨ ਕਦੇ ਮਰੈ ਨ ਜਾਇਆ।"

– ਸਿਰੀ ੪, ਛੰਤ ੧, ੨:੫ (78)

(2) ਅਟੱਲ ਪ੍ਰਭੂ ਵਿਚ, ਨ ਨਾਸ ਹੋਣ ਵਾਲੇ ਪ੍ਰਭੂ ਵਿਚ, ਵਾਹਿਗੁਰੂ ਵਿਚ

"ਕਿਉ ਅਬਿਨਾਸੀ ਸਹਿਜ ਸਮਾਵੈ।"

– ਗਉ ੧, ੬, ੧:੪ (152)

ਹੋਰ ਰੂਪ:

ਅਬਿਨਾਸੀਐ –
“ਗੁਣ ਗਾਵੈ ਅਬਿਨਾਸੀਐ ਜੋਨਿ ਗਰਭਿ ਨ ਦਧਾ।”
– ਗਉ ੫ ਵਾਰ ੧੦:੩ (320)

(3) ਨਾ ਟਲਣ ਵਾਲਾ, ਸਦਾ ਸਥਿਰ, ਸਦੀਵੀਂ
“ਗੁਰ ਕਾ ਬਚਨੁ ਸਦਾ ਅਬਿਨਾਸੀ।”
– ਗਉ ੫, ੭੪, ੧:੧ (177)
“ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ।”
– ਟੋਡੀ ੫, ੧੦, ੨:੨ (714)

ਅਬਿਬੇਕੇ ---- (ਸੰ.) ਵਿਚਾਰਹੀਨਤਾ, ਬੇਸਮਝੀ
“ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੇ।”
– ਸੋਰ ਰਵਿ, ੩, ੧:੧ (658)

ਅਬਿਰਥਾ --- (ਸੰ.) ਬੇਅਰਥ, ਫਜ਼ੂਲ
“ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ।”
– ਮਾਰੂ ਕਬ, ੧, ੩:੨ (1103)

ਅਬੀਨਿਆ -- (ਫਾ. ਨਾਬੀਨਾ) ਅੰਨ੍ਹੇ, ਬਿਨਾਂ ਸਮਝੇ ਸੋਚੇ
“ਸਭ ਫੋਕਟ ਧਰਮ ਅਬੀਨਿਆ।”
– ਪ੍ਰਭਾ ਬੇਣੀ, ੧, ੫:੨ (1351)

ਅੰਬੁ ------ (ਸੰ.) ਰੋਗ
“ਓਸੁ ਅਗੈ ਪਿਛੈ ਢੋਈ ਨਾਹੀ ਜਿ ਅੰਦਰਿ ਨਿੰਦਾ ਮੁਹਿ ਅੰਬੁ ਪਇਆ।”
– ਗਉ ੪, ਵਾਰ ੧੩ਸ, ੪, ੨:੬ (307)

ਅਬੁਝਣਾ ---- ਨਾ ਸਮਝਣਾ, ਅਗਿਆਨ
“ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿਕਾਰ।”
– ਆਸਾ ੩, ਅਸ ੩੨, ੩:੧ (427)

ਅਬੇ ------ (ਅ. ਅੱਬਾ) ਪਿਉ
“ਅੰਮ ਅਬੇ ਥਾਵਹੁ ਮਿਠੜਾ।”
– ਸਿਰੀ ੫, ਅਸ ੨੯, ੧:੧ (73)

ਅਬੇਚਲੁ ---- () ਅੱਟਲ, ਸਦਾ ਕਾਇਮ
“ਮਾਲੁ ਹਮਾਰਾ ਅਖੂਟੁ ਅਬੇਚਲੁ।”
– ਭੈਰ ੫, ੨੨, ੨:੪ (1141)

ਅਬੇਤਬੇ ---- (1) ਐਰੇ ਗੈਰੇ
“ਅਬੇਤਬੇ ਕੀ ਚਾਕਰੀ ਕਿਉ ਦਰਗਹ ਪਾਵੈ।”
– ਆਸਾ ੧, ਅਸ ੧੭, ੪:੬ (420)

(2) ਨਿਰਾਦਰ ਪੂਰਬ ਬੁਲਾਣਾ
“ਅਬੇਤਬੇ ਕੂੜੇ ਹੈ ਪਾਜਾ।”
– ਗਉ ੧, ਅਸ ੧੦, ੭:੨ (225)

ਅਬੋਲ ----- (1) ਬੋਲੀ ਨਹੀਂ, ਭਾਸ਼ਾ ਹੀਣਤਾ
"ਜਹ ਅਬੋਲ ਤਹ ਮਨੁ ਨ ਰਹਾਵਾ।"
– ਗਉ ਕਬ, ਬਾਅ ੨:੨ (340)

('ਦਰਪਣ' ਇਸ ਦੇ ਅਰਥ 'ਉਹ ਅਵਸਥਾ ਜੋ ਬਿਆਨ ਨਹੀਂ ਕੀਤੀ ਜਾ ਸਕਦੀ' ਕਰਦਾ ਹੈ।)

(2) ਜੜ੍ਹ ਵਸਤੂ (ਸੋਢੀ ਤੇਜਾ ਸਿੰਘ)
"ਬੋਲ ਅਬੋਲ ਮਧਿ ਹੈ ਸੋਈ।"
– ਗਉ ਕਬ, ਬਾਅ ੨:੩ (340)

(3) ਬੋਲਦਾ ਨਹੀਂ, ਚੁਪ ਹੈ
"ਕਾਰਨ ਕਵਨ ਅਬੋਲ।"
– ਧਨਾ ਰਵਿ ੧, ੧*:੨ (694)

ਅੰਬ੍ਰਿਤ ----- (ਸੰ.) ਅੰਮ੍ਰਿਤ
"ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਬ੍ਰਿਤ ਬਯਣ।"
– ਸਵ ੫, ਮਥੁ ੧:੫ (1408)

ਅਭ ------- (ਸੰ.) ਪਾਣੀ
"ਬਿਨ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ।"
–ਸਿਰੀ ੧, ੫, ੧:੩ (56)

ਹੋਰ ਰੂਪ:

ਅੰਭ –
"ਜਲਤ ਅੰਭ ਥੰਭਿ ਮਨੁ ਧਾਵਤ ਭਰਮ ਬੰਧਨ ਭਉ ਭਾਗਾ।"
– ਗਉ ਕਬ, ੫੮, ੩:੨ (336)

ਅੰਭੁ –
"ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ।"
– ਰਾਮ ੩, ੩, ੪:੨ (883)

ਅੰਭੈ –
"ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ।"
– ਸਾਰ ੫, ੩, ੪:੨ (1203)

(2) ਹਿਰਦਾ, ਮਨ
"ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ।"
– ਸਿਰੀ ੧, ਅਸ ੭, ੧:੨ (57)

"ਐਸਾ ਗਿਆਨੁ ਸੁਨਹੁ ਅਭ ਮੋਰੇ।"
– ਆਸਾ ੧, ਅਸ ੧, ੧*:੧ (411)

(3) ਅੰਤਹਕਰਣ
"ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ।"
– ਆਸਾ ੧, ਛੰਤ ੧, ੩:੬ (436)

ਅਭਉ ----- (ਸੰ.) ਨਿਰਭਉ (ਪ੍ਰਭੂ)
"ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ।"
– ਸਵ ੩, ੧੪:੪ (1394)

ਅਭਅੰਤਰਿ -- ਦਿਲੀ, ਮਨ ਵਜੋਂ
"ਸਚੁ ਕਰਣੀ ਅਭਅੰਤਰਿ ਸੇਵਾ।"
- ਗਉ ੧, ਅਸ ੮, ੩:੧ (224)
"ਜਲ ਮਹਿ ਕੇਤਾ ਰਾਖੀਐ ਅਭਅੰਤਰਿ ਸੂਕਾ।"
- ਆਸਾ ੧, ਅਸ ੧੫, ੭:੨ (419)

ਅਭਖੁ ----- (ਸੰ.) ਨਾ ਖਾਣ ਯੋਗ, ਮੰਦੀ (ਵਸਤ)
"ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ।"
- ਸਿਰੀ ੫, ੯੧, ੨:੨ (50)

ਅਭਗ ----- (ਸੰ.) ਅਟੁੱਟ, ਨਾ ਟੁੱਟਣ ਵਾਲੀ, ਅਖੰਡ
"ਅਭਗ ਸਭਾ ਸੰਗਿ ਹੈ ਸਾਧਾ।"
- ਆਸਾ ੫, ੯੦, ੩:੨ (393)

ਹੋਰ ਰੂਪ:

ਅਭਗਾ -
"ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ।"
- ਮਾਰੂ ੫, ਸੋਲਾ ੧੧, ੧੨:੩ (1083)
ਅਭਗੁ - (ਅਟੱਲ)
"ਤਿਸੁ ਜੋ ਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ।"
- ਆਸਾ ੧, ਵਾਰ ੮ਸ, ੧, ੧:੮ (467)
ਅਭਗੈ -
"ਜਿਨਿ ਜਨਿ ਗੁਰਮੁਖਿ ਸੇਵਿਆ ਤਿਸੁ ਘਰਿ ਦੀਬਾਣੁ ਅਭਗੈ।"
- ਮਾਰੂ ੫, ਵਾਰ ੧੧:੭ (1098)

ਅਭੰਗ ----- ਅਵਿਨਾਸੀ
"ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ।"
- ਗਉ ਕਬ, ਬਾਅ ੪:੨ (340)

ਅਭਰ ----- (1) ਖਾਲੀ
"ਕਵਿ ਕਲ੍ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ।"
- ਸਵ ੪, ਕਲ ੧:੧੩ (1396)
(2) ਨਾ ਭਰੇ ਜਾਣ ਵਾਲਾ
"ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ।"
- ਸਵ ੫, ਕਲ ੮:੪ (1408)

ਹੋਰ ਰੂਪ:

ਅਭਰਾ -
"ਸਤੁ ਸੰਤੋਖੁ ਸਮਾਚਰੇ ਅਭਰਾ ਸਰੁ ਭਰਿਆ।"
- ਸਵ ੪, ਕਲ ੧੩:੧ (1398)

ਅਭਰਤ ---- ਨਾ ਭਰੇ ਹੋਏ, ਖਾਲੀ
"ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ ਨਿਹਾਲਾ।"

– ਸਾਰ ੧, ਅਸ ੨, ੩:੧ (1233)

ਅਭਰਨ ---- (ਸੰ.) ਗਹਿਣੇ
"ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ।"
– ਬਿਲਾ ੫, ੧੨੮, ੧*:੧ (830)

ਅਭਾਉ ----- (ਸੰ.) ਵੈਰ, ਦ੍ਵੈਖ
"ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ।"
– ਸੋਰ ੫, ੩, ੧:੧ (609)

ਅਭਾਇ ---- ਮੰਦਾ ਖਿਆਲ, ਮੰਦੀ ਵਾਸਨਾ
"ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ।"
– ਮਾਰੂ ੫, ਅਸ ੩, ੭:੧ (1018)

ਅਭਾਖੰ ----- ਕੁਝ ਨਾ ਕਹਿਣਾ
"ਰੇ ਲੰਪਟ ਕ੍ਰਿਸਨੁ ਅਭਾਖੰ।"
– ਪ੍ਰਭਾ ਬੇਣੀ ੧, ੪:੪ (1351)

ਹੋਰ ਰੂਪ:

ਅਭਾਖੈ –
"ਅਵਰਾ ਦੇਖਿ ਨ ਸੁਨੈ ਅਭਾਖੈ।"
– ਸੂਹੀ ਰਵਿ, ੧, ੧:੪ (793)

ਅਭਾਖਿਆ -- (ਸੰ.) ਵਿਦੇਸ਼ੀ/ਗੈਰ ਭਾਸ਼ਾ ਭਾਵ 'ਕਲਮਾ' ਜੋ ਅਰਬੀ ਭਾਸ਼ਾ ਵਿਚ ਹੈ ਤੇ ਜਿਸਨੂੰ ਪੜ੍ਹਕੇ ਮੁਸਲਮਾਨ ਜਾਨਵਰ (ਬਕਰਾ ਆਦਿ) ਨੂੰ ਜ਼ਿਬਾਹ ਕਰਦੇ ਹਨ।
"ਅਭਾਖਿਆ ਕਾ ਕੁਠਾ ਬਕਰਾ ਖਾਣਾ।"
– ਆਸਾ ੧, ਵਾਰ ੧੬ਸ, ੧, ੨:੧੩ (472)

ਅਭਾਗ ----- 1. ਭੈੜੇ ਕਰਮਾਂ ਵਾਲਾ, ਅਭਾਗਾ, ਬਦਨਸੀਬ, ਵੇਖੋ 'ਅਭਾਗਾ'
"ਰਿਦੈ ਰਾਮੁ ਕੀ ਨ ਜਪਸਿ ਅਭਾਗਾ।"
– ਭੈਰ ਰਵਿ, ੧, ੪:੪ (1167)

2. ਮੰਦੇ/ਭੈੜੇ ਕਰਮ, ਬਦਨਸੀਬੀ
"ਮਹਾਂ ਅਭਾਗ ਅਭਾਗ ਹੈ ਜਿਨ ਕੇ ਤਿਨ ਸਾਧੂ ਧੂਰਿ ਨ ਪੀਜੈ।"
– ਕਲਿ ੪, ਅਸ ੩, ੬:੧ (1325)

ਅਭਾਗਾ ---- (ਸੰ.) ਬਦ ਕਿਸਮਤ, ਬਦਨਸੀਬ, ਭਾਗਹੀਨ
"ਨਾਮੁ ਵਿਸਾਰਿ ਅਨਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ।"
– ਸੋਰ ੧, ੧੦, ੧*:੨ (598)

ਹੋਰ ਰੂਪ:

ਅਭਾਗੀ –
"ਜਿਨੀ ਰਾਮੋ ਰਾਮ ਨਾਮੁ ਵਿਸਾਰਿਆ ਸੇ ਮਨਮੁਖ ਮੂੜ ਅਭਾਗੀ ਰਾਮ।"
– ਆਸਾ ੧, ਛੰਤ ੯, ੪:੧ (443)

ਅਭਾਗੇ –

"ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ।"
– ਗਉ ੪, ੬੨, ੪:੨ (172)

"ਮਰਿ ਜਇਬੇ ਕਉ ਕਿਆ ਕਰਹੁ ਅਭਾਗੇ।" (ਹੇ ਅਭਾਗੇ)
– ਸੂਹੀ ਕਬ, ੧, ੧*:੨ (792)

ਅਭਾਗੀ ---- (1) ਨਸ ਗਈ, ਭਜ ਗਈ
"ਦੁਰਮਤਿ ਬਿਨਸੀ ਕੁਬੁਧਿ ਅਭਾਗੀ।"
– ਮਾਝ ੫, ੧੮, ੪:੨ (100)

(2) ਬਦ ਕਿਸਮਤ, ਵੇਖੋ 'ਅਭਾਗਾ'

ਅਭਾਗੁ ----- ਬਦਕਿਸਮਤੀ, ਭੈੜੇ ਭਾਗ
"ਰਾਮ ਨ ਜਪਹੁ ਅਭਾਗੁ ਤੁਮਾਰਾ।"
– ਗਉ ੧, ਅਸ ੧੬, ੧*:੧ (228)

"ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ।"
– ਸਲੋ ਕਬ, ੨੪੩:੨ (1377)

ਅਭਾਵ ----- (ਸੰ.) ਨਾ ਹੋਣਾ, ਅਣਹੋਂਦ
"ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ।"
– ਆਸਾ ਕਬ, ੧, ੩:੧ (475)

ਅਭਿਉ ----- (ਸੰ.) ਸੰਸਾ, ਭ੍ਰਮ, ਕਸ਼ਟ, ਮਾਨਸਿਕ ਕਲੇਸ਼, ਝਗੜਾ (ਨਿਰੁਕਤ)
"ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ।"
– ਆਸਾ ਕਬ, ੧, ੨:੨ (475)

ਅਭਿਆਸ --- (ਸੰ.) ਜਤਨ ਕਰਨਾ, ਕਿਸੇ ਕਰਮ ਨੂੰ ਬਾਰ ਬਾਰ ਕਰਨਾ ਤਾਂ ਜੋ ਉਹ ਸੁਭਾ ਦਾ ਸਹਿਜ ਭਾਗ ਬਣ ਜਾਵੇ, ਰਿਆਜ਼
"ਜੋਗ ਅਭਿਆਸ ਕਰਮ ਧ੍ਰਮ ਕਿਰਿਆ।"
– ਗਉ ੫, ਸੁਖ ੩, ੧:੩ (265)

"ਪੜਿ ਥਾਕੇ ਸਿਮ੍ਰਿਤਿ ਬੇਦ ਅਭਿਆਸ।"
– ਆਸਾ ੫, ੪, ੨:੫ (371)

ਹੋਰ ਰੂਪ:

ਅਭਿਆਸਾ –
"ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ।"
– ਗਉ ੧, ਅਸ ੯, ੬:੩ (224)

ਅਭਿਆਸੁ –
"ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ।"
– ਧਨਾ ੧, ੮, ੪:੧ (663)

ਅਭਿਆਗਤ -- ਤਿਆਗੀ ਸਾਧੂ, ਰਮਤੇ ਫਕੀਰ, ਭਿਖਿਆ ਮੰਗਣ ਵਾਲੇ ਸਾਧੂ
"ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ।"
– ਸਲੋ ੩, ਸਲੋ ੧:੧ (1413)

ਅਭਿਗ ----- (ਸੰ.) ਨਾ ਭਿਜਣ ਵਾਲੇ

“ਕਈ ਕੋਟਿ ਅਭਿਗ ਆਤਮ ਨਿਕੋਰ।”
– ਗਉ ੫, ਸੁਖ ੧੦, ੨:੪ (275)

ਅਭਿੰਨੁ ----- ਅਭਿੱਜ
“ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ।”
– ਸਾਰ ੪, ਵਾਰ ੧੬:੩ (1244)

ਅਭਿਮਾਨ --- (1) (ਸੰ.) ਅਹੰਕਾਰ, ਗੁਮਾਨ, ਘੁਮੰਡ
“ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ।”
– ਸਿਰੀ ੧, ਅਸ ੧੬, ੬:੨ (63)

ਹੋਰ ਰੂਪ:

ਅਭਿਮਾਨੰ –
“ਰਾਜੰ ਤ ਮਾਨੰ ਅਭਿਮਾਨੰ ਤ ਹੀਨੰ।”
– ਸਸ ੫, ੧੨:੩ (1355)

ਅਭਿਮਾਨਾ –
“ਮਨਮੁਖ ਕਰਮ ਕਰੇ ਬਹੁਤ ਅਭਿਮਾਨਾ।”
– ਗਉ ੩, ਅਸ ੨, ੬:੧ (230)
“ਮੇਰ ਤੇਰ ਤਜਉ ਅਭਿਮਾਨਾ ਸਰਨਿ ਸੁਆਮੀ ਕੀ ਪਰਤ।”
– ਦੇਵ ੫, ੩, ੧*:੨ (529)

ਅਭਿਮਾਨਾਨਾ –
“ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ।”
– ਗਉ ਕਬ, ੭੪, ੨:੨ (339)

ਅਭਿਮਾਨਿ – (ਹੈਂਕੜ ਵਿਚ)
“ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ।”
– ਸਿਰੀ ੩, ੫੩, ੧:੨ (34)
“ਭਰਿ ਜੋਬਨਿ ਬੂਡੈ ਅਭਿਮਾਨਿ।”
– ਆਸਾ ੧, ਅਸ ੬, ੬:੨ (414)

ਅਭਿਮਾਨੀ –
“ਸਾਧਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ।”
– ਸਾਰ ੫, ੧੨੭, ੧:੨ (1228)

ਅਭਿਮਾਨੁ –
“ਅੰਤਰਿ ਹਰਿਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ।”
– ਸਿਰੀ ੩, ੩੪, ੨:੨ (26)

ਅਭਿਮਾਨੇ – (ਅਭਿਮਾਨ ਵਿਚ)
“ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ।”
– ਪ੍ਰਭ ੧, ਅਸ ੪, ੭:੬ (1334)

ਅਭਿਮਾਨੈ – (ਅਭਿਮਾਨ ਨੂੰ)
“ਮਾਨੈ ਹੁਕਮੁ ਤਜੈ ਅਭਿਮਾਨੈ।”
– ਸੂਹੀ ੫, ੩, ੧:੨ (737)

ਅਭਿਮਾਨੋ –

"ਤਜਿਓ ਮਨ ਤੇ ਅਭਿਮਾਨੋ।"

– ਮਾਰੂ ੫, ੨੩, ੨:੪ (1006)

(2) ਅਪਮਾਨ, ਨਿਰਾਦਰੀ

"ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ।"

– ਸਿਰੀ ੫, ੯੬, ੨:੧ (51)

"ਜਹ ਨਿਰੰਜਨ ਨਿਰੰਕਾਰ ਨਿਰਬਾਨ। ਤਹ ਕਉਨ ਕਉ ਮਾਨ ਕਉਨ ਅਭਿਮਾਨ।"

– ਗਉ ੫, ਸੁਖ ੨੧, ੪:੪ (291)

ਹੋਰ ਰੂਪ:

ਅਭਿਮਾਨਾ –

"ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ।"

– ਕੇਦਾ ਕਬ, ੧, ੧:੧ (1123)

ਅਭਿਮਾਨੁ –

"ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ।"

– ਗਉ ੫, ੧੬੦, ੧:੧ (215)

"ਤੈਸਾ ਮਾਨੁ ਤੈਸਾ ਅਭਿਮਾਨੁ।"

– ਗਉ ੫, ਸੁਖ ੯, ੭:੭ (275)

"ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।"

– ਆਸਾ ੧, ਵਾਰ ੩ਸ, ੧, ੨:੬ (464)

ਅਭਿਮਾਨਿ --- ਹੇ ਅਹੰਕਾਰੀ/ਘਮੰਡੀ

"ਰਾਮੁ ਬਿਸਾਰਿਓ ਹੈ ਅਭਿਮਾਨਿ।" (ਅਹੰਕਾਰੀ)

– ਕੇਦਾ ਕਬ, ੫, ੧*:੧ (1124)

ਹੋਰ ਰੂਪ:

ਅਭਿਮਾਨੀ –

"ਕਈ ਕੋਟਿ ਭਏ ਅਭਿਮਾਨੀ।"

– ਗਉ ੫, ਸੁਖ ੧੦, ੨:੧ (275)

ਅਭਿਮਾਨੀ --- (1) ਅਭਿਮਾਨ ਅਵਸਥਾ

"ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ।"

– ਤੁਖਾ ੧, ਛੰਤ ੩, ੨:੧ (1111)

(2) ਅਹੰਕਾਰੀ, ਘੁਮੰਡੀ, ਵੇਖੋ 'ਅਭਿਮਾਨ' (3)

(3) ਅਹੰਕਾਰ – ਵੇਖੋ 'ਅਭਿਮਾਨ (1)

ਅਭੀਚੁ ----- (ਸੰ.) ਨਛੱਤਰ, ਤਾਰਿਆਂ ਦਾ ਸਮੂੰਹ ਜਿਹੜਾ ਧਰਤੀ ਦੀ ਪ੍ਰਕਰਮਾ ਕਰਨ ਸਮੇਂ ਚੰਦਰਮਾ ਦੇ ਰਾਹ ਵਿਚ ਆਉਂਦਾ ਹੈ।

"ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ।"

– ਤੁਖਾ ੪, ਛੰਤ ੪, ੧:੧ (1116)

ਅੰਭੁਲਾ ----- ਵੇਖੋ 'ਅੰਭ' (1) ਪਾਣੀ

"ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮ ਲੇ ਤੁਝਹਿ ਕਉ ਚਾਰੇ।"

– ਧਨਾ ਰਵਿ, ੩, ੧:੨ (694)

ਅਭੁਲੁ ----- ਜੋ ਭੁਲਣ ਵਿਚ ਨਹੀਂ, ਜੋ ਕਦੀ ਭੁਲਦਾ ਨਹੀਂ
"ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।"
– ਸਿਰੀ ੧, ੧੨, ੮:੧ (61)

ਹੋਰ ਰੂਪ:

ਅਭੂਲਾ –
"ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ।"
– ਸਾਰ ੫, ੪੫, ੧:੧ (1213)

ਅਭੂਲੁ –
"ਅਭੂਲੁ ਨ ਭੂਲੈ ਲਿਖਿਓ ਨ ਚਲਾਵੈ ਮਤਾ ਨ ਕਰੈ ਪਚਾਸਾ।"
– ਸਾਰ ੫, ੩੮, ੧:੧ (1212)

ਅਭੇਉ ----- ਜਿਸ ਦੇ ਭੇਦ ਨ ਪਾਇਆ ਜਾ ਸਕੇ।
"ਅਲਖ ਅਭੇਉ ਹਰਿ ਰਹਿਆ ਸਮਾਏ।"
– ਮਾਝ ੩, ੩੦, ੨:੧ (127)

ਅਭੇਦ ----- (ਸੰ.) ਭੇਦ ਰਹਿਤ, ਫਰਕ ਤੋਂ ਬਿਨਾਂ, ਜੋ ਭਿੰਨ ਨ ਹੋਵੇ, ਜਿਸਦੇ ਭੇਦ ਨਹੀਂ ਲਭਦਾ।
"ਜਹ ਅਛਲ ਅਛੇਦ ਅਭੇਦ ਸਮਾਇਆ।"
– ਗਉ ੫, ਸੁਖ ੨੧, ੬:੧ (291)

ਅਭੇਵ ----- ਜਿਸਦਾ ਭੇਦ ਨ ਪਾ ਸਕੀਏ
"ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ।"
– ਸਿਰੀ ੫, ੧੦੦, ੧*:੨ (53)

ਹੋਰ ਰੂਪ:

ਅਭੇਵਏ –
"ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ।"
– ਸੂਹੀ ੧, ਛੰਤ ੫, ੪:੪ (766)

ਅਭੇਵਹੁ –
"ਜੋ ਉਪਜੈ ਸੁ ਅਲਖ ਅਭੇਵਹੁ।"
– ਆਸਾ ੧, ੨੪, ੩:੨ (356)

ਅਭੇਵਾ –
"ਅਗਮ ਅਗੋਚਰ ਅਲਖ ਅਭੇਵਾ।"
– ਮਾਝ ੫, ੧੩, ੧:੧ (98)

ਅਭੇਵਿਆ –
"ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ।"
– ਰਾਮ ੫, ਰੁਤੀ ੬:੪ (929)

ਅਭੇਵੀਐ –
"ਅਲਖ ਅਭੇਵੀਐ ਹਾਂ।"
– ਆਸਾ ੫, ੧੫੯, ੨:੨ (410)

ਅਭੇਵੇ –
"ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ।"

– ਸਿਰੀ ੫, ਛੰਤ ੨, ੩:੩ (79)

ਅਭੇਵੈ –
"ਬਿਨੁ ਗੁਰ ਅੰਤੁ ਨ ਪਾਇ ਅਭੇਵੈ।"
– ਗਉ ੧, ੯, ੩:੨ (224)

ਅਭੈ ------ (ਸੰ.) (1) ਭੈ ਰਹਿਤ, ਨਿਡਰ, ਨਿਰਭਉ
"ਭਉ ਭਜਿ ਜਾਇ ਅਭੈ ਹੋਇ ਰਹੀਐ।"
– ਗਉ ਕਬ, ੯, ੧*:੨ (325)
(2) ਨਿਰਭੈਤਾ, ਨਿਡਰਤਾ
"ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ।"
– ਜੈਤ ੯, ੨, ੩:੨ (703)

ਅੰਭੈ ------ ਪਾਣੀ, ਵੇਖੋ 'ਅਭ'

ਅੰਮ ------ (ਸੰ.) (ਅੰ. ਉ–ੱਮ) ਮਾਂ, ਮਾਤਾ
"ਅੰਮ ਅਬੇ ਥਾਵਹੁ ਮਿਠੜਾ।"
– ਸਿਰੀ ੫, ੨੯, ੧:੩ (73)

ਅਮਰ ----- (1) (ਅ. ਅਮਰ) ਹੁਕਮ ਫੁਰਮਾਨ
"ਅਸੰਖ ਅਮਰ ਕਰਿ ਜਾਹਿ ਜੋਰ।"
– ਜਪੁ ੧੮:੩ (4)
"ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ।"
– ਸਾਰ ੪, ਵਾਰ ੯ਸ, ੧, ੨:੪ (1241)

ਹੋਰ ਰੂਪ:

ਅਮਰੁ –
"ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ।"
– ਸਿਰੀ ੫, ੮੩, ੪:੧ (48)

ਅਮਰੈ –
"ਬਿਨੁ ਅਮਰੈ ਕੈਸੇ ਰਾਜ ਮੰਡਿਤ।"
– ਭੈਰ ੫, ੧੯, ੩:੨ (1140)
(2) (ਸੰ.) ਕਦੀ ਨ ਮਰਨ ਵਾਲਾ, ਨਾਸ਼ ਰਹਿਤ, ਮੌਤ ਰਹਿਤ, ਸਦੀਵ
"ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ।"
– ਮਾਝ ੧, ਵਾਰ ੧ਸ, ੧, ੧:੨ (137)
"ਅਮਰ ਭਏ ਸਦ ਸਦ ਹੀ ਜੀਵਹਿ।"
– ਗਉ ੫, ਸੁਖ ੧੦, ੮:੬ (276)
"ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ।"
– ਮਾਰੂ ੧, ੯, ੨:੧ (991)

ਹੋਰ ਰੂਪ:

ਅਮਰੁ –
"ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ।"

– ਸਿਰੀ ੧, ਅਸ ੬, ੨:੧ (63)

(3) ਗੁਰੂ ਅਮਰਦਾਸ, (1479–1574) ਸਿੱਖਾਂ ਦੇ ਤੀਜੇ ਗੁਰੂ, ਹੋਰ ਵੇਖੋ 'ਅਮਰਦਾਸ'

"ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ।"

– ਸਵ ੩, ੧੦, ੧;੨ (1394)

"ਗੁਰ ਅਮਰ ਗੁਰੂ ਸ੍ਰੀ ਸਤਿ ਕਲਿਜੁਗਿ ਰਾਖੀ ਪਤਿ ਅਘਨ ਦੇਖਤ ਗਤੁ ਚਰਨ ਕਵਲ ਜਾਸ।"

– ਸਵ ੪, ਨਲ ੪:੪ (1399)

ਹੋਰ ਰੂਪ:

ਅਮਰਿ –

"ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ।"

ਸਵ ੩, ੭:੪ (1393)

ਅਮਰੁ –

"ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ।"

– ਰਾਮ ਸਬ, ਵਾਰ ੭:੮ (968)

"ਸਚੁ ਸਚਾ ਸਤਿਗੁਰੁ ਅਮਰੁ ਹੈ ਜਿਸੁ ਅੰਦਰਿ ਹਰਿ ਉਰਿ ਧਾਰਿਆ।"

– ਗਉ ੪, ਵਾਰ ੧੭:੨ (310)

(ਸੰਖਿਆ ਇਥੇ ਵੀ ਅਰਥ ਗੁਰੂ ਅਮਰਦਾਸ ਕਰਦੀ ਹੈ)

ਅਮਰਕੁ ---- (ਸੰ.) ਦਿਵਯ, ਸੁਤੈ ਪ੍ਰਕਾਸ਼ (ਨਿਰੁਕਤ), ਅਮਰ ਕਰਨ ਵਾਲਾ (ਸ਼ਬਦਾਰਥ, ਦਰਪਣ) ਨਾ ਮਰਨ ਵਾਲਾ (ਮਹਾਨ ਕੋਸ਼)

"ਸੋ ਦੀਪਕੁ ਅਮਰਕੁ ਸੰਸਾਰਿ।"

– ਰਾਮ ਕਬ, ੯, ੩:੩ (971)

ਅਮਰਤੁ ---- ਅਟੱਲ, ਅਮਰ

"ਅਮਰਦਾਸਿ ਅਮਰਤੁ ਛਤ੍ਰ ਗੁਰ ਰਾਮਹਿ ਦੀਅਉ।"

– ਸਵ ੫, ਮਥੁ ੧:੪ (1408)

ਅਮਰਦਾਸ --- ਸਿੱਖਾਂ ਦੇ ਤੀਜੇ ਗੁਰੂ ਜੀਵਨ ਕਾਲ: 1479–1574, ਪਿਤਾ ਦਾ ਨਾਂ: ਭਾਈ ਤੇਜ ਭਾਨ, ਜਨਮ ਸਥਾਨ: ਬਾਸਰਕੇ (ਜ਼ਿਲ੍ਹਾ ਅੰਮ੍ਰਿਤਸਰ), 1540 ਵਿਚ ਗੁਰੂ ਅੰਗਦ ਦੇਵ ਨਾਲ ਖਡੂਰ ਸਾਹਿਬ ਵਿਚ ਸੰਪਰਕ, 1552 ਵਿਚ ਗੁਰਗਦੀ ਸੰਭਾਲੀ। ਲੰਗਰ ਦੀ ਪ੍ਰਥਾ ਨੂੰ ਪਕਿਆਂ ਕੀਤਾ, ਪ੍ਰਚਾਰ ਹਿਤ 22 ਮੰਜੀਆਂ ਸਥਾਪਿਤ ਕੀਤੀਆਂ, ਗੋਇੰਦਵਾਲ ਬਾਵਲੀ ਸਾਹਿਬ ਦੀ ਸਥਾਪਨਾ, ਸਮਾਜ ਸੁਧਾਰ ਦੇ ਖੇਤਰ ਵਿਚ ਸਤੀ ਦੇ ਰਿਵਾਜ ਦੀ ਨਿਖੇਧੀ, ਨਸ਼ਿਆਂ ਦੇ ਸੇਵਨ ਦਾ ਤ੍ਰਿਸਕਾਰ, ਜਾਤਪਾਤ ਤੇ ਕਰਮਕਾਂਡ ਦਾ ਖੰਡਨ, ਬਾਬਾ ਮੋਹਨ ਜੀ ਤੇ ਬਾਬਾ ਮੋਹਰੀ ਜੀ ਆਪਦੇ ਦੋ ਸਪੁੱਤਰ ਤੇ ਬੀਬੀ ਦਾਸੀ ਜੀ ਤੇ ਬੀਬੀ ਭਾਨੀ ਜੀ ਦੋ ਸਪੁੱਤਰੀਆਂ ਸਨ। ਆਪ ਜੀ ਦੀ ਗੁਰੂ ਗ੍ਰੰਥ ਵਿਚ ਰਚਨਾ 870 ਸਬਦ ਸ਼ਲੋਕਾਂ ਦੀ ਹੈ।

"ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ।"

– ਸਵ ੩, ੧:੪ (1393)

"ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ।"

– ਸਵ ੩, ੧:੮ (1393)

ਹੋਰ ਰੂਪ:

ਅਮਰਦਾਸਿ –

“ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ।”

– ਸਵ ੩, ੧੪:੬ (1395)

ਅਮਰਦਾਸੁ –

“ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ।”

– ਸਵ ੩, ੧੦:੬ (1394)

ਅਮਰਪਦੁ --- ਮੋਖ, ਮੁਕਤੀ, ਅਬਿਨਾਸੀ ਪਦਵੀ

“ਹਰਿ ਹਰਿ ਨਾਮੁ ਅਮਰਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ।”

– ਆਸਾ ੪, ਛੰਤ ੧੩, ੪:੪ (447)

ਹੋਰ ਰੂਪ:

ਅਮਰਾਪਦ –

“ਜਿਉ ਅੰਬਰੀਕਿ ਅਮਰਾਪਦ ਪਾਏ ਸਤਿਗੁਰ ਮੁਖ ਬਚਨ ਧਿਆਵੈਗੋ।”

– ਕਾਨ ੪, ਅਸ ੬, ੨:੨ (1311)

ਅਮਰਾਪਦੁ –

“ਅਮਰ ਭਏ ਅਮਰਾਪਦੁ ਪਾਇਆ।”

– ਗਉ ੫, ਸੁਖ ੨੨, ੮:੯ (293)

ਅਮਰਾਪੁਰ --- ਨਾਸ਼ਰਹਿਤ ਸਥਾਨ, ਸਚਖੰਡ

“ਅਮਰਾਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ।”

– ਸਲੋ ਕਬ, ੧੬੩:੨ (1373)

ਹੋਰ ਰੂਪ:

ਅਮਰਾਪੁਰਿ –

“ਸਚਾ ਅਮਰੁ ਸਚੇ ਅਮਰਾਪੁਰਿ ਸੋ ਸਚੁ ਮਿਲੈ ਵਡਾਈ ਹੇ।”

– ਮਾਰੂ ੧, ਸੋਲਾ ੩, ੭:੩ (1022)

ਅਮਰਾਪੁਰੀ –

“ਅਕਥ ਕਥਾ ਅਮਰਾਪੁਰੀ ਜਿਸੁ ਦੇਇ ਸੁ ਪਾਵੈ।”

– ਸਵ ੪, ਕਲ ੧੩:੩ (1398)

ਅਮਰਿਓ ---- ਅਪੜਿਆ, ਪਹੁੰਚਿਆ

“ਕਿਸੁ ਜਾਤ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ।”

– ਕੇਦਾ ਰਵਿ, ੧, ੧*:੩ (1124)

ਅੰਮਰੀਕਿ --- ਇਕ ਵਿਸ਼ਨੂ ਭਗਤ ਸੂਰਜਵੰਸ਼ੀ ਰਾਜਾ, ਵੇਖੋ ‘ਅੰਬਰੀਕ’

“ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ।”

– ਸਵ ੩, ੧੩:੪ (1394)

ਅਮਰੁ ----- (1) ਹੁਕਮ, ਵੇਖੋ ‘ਅਮਰ’ (1)

(2) ਅਬਿਨਾਸ਼ੀ, ਵੇਖੋ ‘ਅਮਰ’ (2)

(3) ਗੁਰੂ ਅਮਰਦਾਸ, ਸਿਖਾਂ ਦੇ ਤੀਜੇ ਗੁਰੂ, ਵੇਖੋ 'ਅਮਰ' (3)
(4) ਰਾਜ
"ਹਰਿ ਇਕਸੈ ਦਾ ਹੈ ਅਮਰੁ ਇਕੋ ਹਰਿ ਚਿਤਿ ਧਰਿ।"
– ਸਿਰੀ ੪, ਵਾਰ ੧:੨ (83)
"ਸਚਾ ਤੇਰਾ ਅਮਰੁ ਸਚਾ ਦੀਬਾਣੁ।"
– ਆਸਾ ੧, ਵਾਰ ੨ਸ, ੧, ੧:੪ (463)
(5) ਅਮਿੱਟ, ਅਟੱਲ
"ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ।"
– ਆਸਾ ੫, ਬਿਰ ੨, ੭:੧ (432)

ਅਮਲ ----- (1) ਅ (ਅਮਲ) ਕੰਮ
"ਅਵਰਿ ਦਿਵਾਜੇ ਦੁਨੀ ਦੇ ਝੂਠੇ ਅਮਲ ਕਰੇਹੁ।"
– ਮਾਝ ੧, ਵਾਰ ੬ਸ, ੧, ੧:੪ (140)

ਹੋਰ ਰੂਪ:

ਅਮਲੁ –
"ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।"
– ਸਿਰੀ ੧, ੨੭, ੧:੧ (24)
(2) (ਸੰ.) ਮਲ ਰਹਿਤ, ਨਿਰਮਲ
"ਅਮਲ ਨ ਮਲ ਨ ਛਾਹ ਨਹੀ ਧੂਪ।"
– ਗਉ ਕਬ, ਥਿਤੀ ੧੧:੪ (344)

ਹੋਰ ਰੂਪ:

ਅਮਲੁ –
"ਅਜੋਨੀਉ ਭਲੁ ਅਮਲੁ ਸਤਿਗੁਰ ਸੰਗਿ ਨਿਵਾਸੁ।"
– ਸਵ ੪, ਕਲ ੧੦:੩ (1398)
('ਨਿਰੁਕਤ' ਇਸ ਦਾ ਅਰਥ 'ਗੁਰੂ ਅਮਰਦਾਸ' ਕਰਦੇ ਹਨ।)
(3) (ਫਾ. ਮੂਲ) ਨਸ਼ਾ
"ਜਨ ਨਾਨਕ ਹਰਿ ਅਮਲ ਹਰਿ ਲਾਏ ਹਰਿ ਮੇਲਹੁ ਅਨਦ ਭਲੇ।"
– ਨਟ ੪, ੨, ੪:੨ (976)

ਹੋਰ ਰੂਪ:

ਅਮਲਨ –
"ਅਮਲਨ ਸਿਉ ਅਮਲੀ ਲਪਟਾਇਓ ਭੂਮਨ ਭੂਮਿ ਪਿਆਰੀ।"
– ਸੋਰ ੫, ੧੬, ੨:੧ (613)
ਅਮਲਿ –
"ਬਿਨੁ ਨਾਵੈ ਮਰਿ ਜਾਈਐ ਮੇਰੇ ਠਾਕੁਰ ਜਿਉ ਅਮਲੀ ਅਮਲਿ ਲੁਭਾਨਾ।"
– ਜੈਤ ੪, ੩, ੨:੨ (697)
ਅਮਲੁ –
"ਅਮਲੀ ਜੀਵੈ ਅਮਲੁ ਖਾਇ।"
– ਬਸੰ ੫, ੨, ੧:੩ (1180)

ਅਮਲੈ –
“ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ ਤਿਵੁ ਹਰਿ ਬਿਨੁ ਹਮ ਮਰਿ ਜਾਤੀ।”
– ਧਨਾ ੪, ੫, ੧*:੨ (668)

ਅਮਲੀ ----- ਨਸ਼ੱਈ, ਨਸ਼ਾ ਕਰਨ ਵਾਲਾ
“ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ।”
– ਆਸਾ ੫, ੧੧੪, ੪:੨ (399)

ਅਮਲੁ ----- (1) ਨਸ਼ਾ, ਵੇਖੋ ‘ਅਮਲ’ (3)
(2) ਕੰਮ, ਵੇਖੋ ‘ਅਮਲ’ (1)
(3) (ਅ. ਅਮਲ) ਰਾਜ, ਹਕੂਮਤ
“ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।”
– ਆਸਾ ੧, ਵਾਰ ੧੩ਸ, ੧, ੨:੧੦ (470)
(4) ਨੌਕਰੀ/ਮੁਲਾਜ਼ਮਤ ਦਾ ਸਮਾਂ; ਕਾਰਜ ਖੇਤਰ (ਨਿਰੁਕਤ)
“ਅਮਲੁ ਸਿਰਾਨੋ ਲੇਖਾ ਦੇਨਾ।”
– ਸੂਹੀ ਕਬ, ੩, ੧:੧ (792)
(5) ਮਲ ਰਹਿਤ, ਵੇਖੋ ‘ਅਮੁਲ’ (2)
“ਆ ਜੋਨੀਉ ਭਲੁ ਅਮਲੁ ਸਤਿਗੁਰ ਸੰਗਿ ਨਿਵਾਸੁ।”
– ਸਵ ੪, ਕਲ ੧੦:੩ (1398)
(ਮਹਾਨਕੋਸ਼ ਇਥੇ ‘ਅਮਲੁ’ ਦੇ ਅਰਥ ‘ਅਮਰ’ ਕਰਦਾ ਹੈ)

ਅੰਮੜੀਆਸੁ -- ਪੁਜ ਗਈ ਹਾਂ
“ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ।”
– ਵਡ ੧, ੨, ੩:੧ (557)

ਅਮਾਉ ----- (ਸੰ.) ਹੇ ਅਨੰਤ, ਅਮਾਪ, ਅਮਿੱਤ
“ਅਗਿਆਨ ਬਿਨਾਸਨ ਤਮਹਰਣ ਊਚੇ ਅਗਮ ਅਮਾਉ।”
– ਮਾਝ ੫, ਦਿਨ ੪:੭ (137)

ਅਮਾਣ ----- (1) (ਅ. ਅਮਾਨਤ) ਅਮਾਨਤ, ਹਿਫਾਜ਼ਤ ਵਿਚ ਰਖੀ ਹੋਈ ਚੀਜ਼
“ਪਰਾਈ ਅਮਾਣ ਕਿਉ ਰਖੀਐ ਦਿਤੀ ਹੀ ਸੁਖੁ ਹੋਇ।”
– ਸਾਰ ੪, ਵਾਰ ੩੨ਸ, ੩, ੧:੧ (1249)

ਹੋਰ ਰੂਪ:

ਅਮਾਨ –
“ਅਪੁਨੀ ਅਮਾਨ ਕਛੁ ਬਹੁਰਿ ਸਾਹੁ ਲੇਇ।”
– ਗਉ ੫, ਸੁਖ ੫, ੨:੩ (268)

ਅਮਾਨਾ ---- (ਅਮਾਨਤ, ਅਣਵਰਤੀ)
“ਬੈਰੀ ਕਾਰਣਿ ਪਾਪ ਕਰਤਾ ਬਸਤੁ ਰਹੀ ਅਮਾਨਾ।”
– ਆਸਾ ੫, ੧੨੭, ੩:੧ (403)
(2) (ਅ. ਅਮਾਨ) ਸੁਰਖਿਅਤ, ਸਲਾਮਤ
“ਸੇਈ ਰਹੇ ਅਮਾਣ ਜਿਨਾ ਸਤਿਗੁਰੁ ਭੇਟਿਆ।”

– ਮਾਰੂ ੫, ਵਾਰ ੮ਸ, ੫, ੩:੨ (1097)

ਅਮਾਨ ----- (1) ਅਮਾਨਤ, ਵੇਖੋ 'ਅਮਾਣ' (1)
(2) ਅਪਮਾਨ
"ਨੀਚ ਊਚ ਨਹੀ ਮਾਨ ਅਮਾਨ।"
– ਗਉ ਕਬ, ਥਿਤੀ ੧੪:੩ (344)

ਅਮਾਰਗਿ --- (ਸ.) ਕੁਰਾਹੇ, ਪੁਠੇ ਰਾਹ
"ਮਾਰਗੁ ਛੋਡਿ ਅਮਾਰਗਿ ਪਾਇ।"
– ਭੈਰ ਨਾਮ, ੮, ੨:੨ (1165)

ਅੰਮਾਲੀ ---- ਹੇ ਮਾਂ (ਨਿਰੁਕਤ), ਅਮ+ਮਾਲੀ–ਹੇ ਸਖੀ (ਸ਼ਬਦਾਰਥ, ਸੰਥਿਆ)
"ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ।"
– ਵਡ ੧, ੩, ੧:੧੦ (558)
(ਮਹਾਨ ਕੋਸ਼' ਇਥੇ 'ਅੰਮਾਲੀ' ਦੇ ਅਰਥ 'ਕਰਮਾਂ ਕਰਕੇ' ਕਰਦਾ ਹੈ।)
"ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ।"
– ਵਡ ੫, ੯, ੫:੧ (564)

ਅਮਾਵਸ ---- (ਸੰ.) ਮਸਿਆ, ਹਨ੍ਹੇਰੀ ਰਾਤ
"ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ।"
– ਰਾਮ ਕਬ, ੫, ੨:੨ (970)

ਹੋਰ ਰੂਪ:

ਅੰਮਾਵਸ –
"ਅੰਮਾਵਸ ਮਹਿ ਆਸ ਨਿਵਾਰਹੁ।"
– ਗਉ ਕਬ, ਥਿਤੀ ੧:੧ (343)

ਅਮਾਵਸਿਆ –
"ਅਮਾਵਸਿਆ ਚੰਦੁ ਗੁਪਤੁ ਗੈਣਾਰਿ।"
– ਬਿਲਾ ੧, ਥਿਤੀ ੧੯:੧ (840)

ਅੰਮਾਵਿਣ --- ਅਸੀਮ, ਅਣਗਿਣਤ
"ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ।"
– ਸੂਹੀ ੧, ਕੁਚ ੧:੧ (762)

ਅਮਿਉ ----- ਅੰਮ੍ਰਿਤ
"ਹਰਿ ਅਮਿਉ ਰਸਾਇਣੁ ਪੀਵੀਐ।"
–ਮਾਝ ੫, ਅਸ ੩੮, ੪:੧ (132)

ਅਮਿਅ ----- 1. ਅਮ੍ਰਿਤ
"ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ।"
– ਬਿਹਾ ੫, ਛੰਤ ੬, ੩:੧ (546)
2. ਦ੍ਰਿਸ਼ਟ, ਮਿਹਰ ਦੀ ਦ੍ਰਿਸ਼ਟੀ
"ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ।"
– ਸਵ ੨, ੧੦:੧ (1392)

ਅਮਿਤਾ ---- (ਸੰ.) ਅਸੀਮ, ਬੇਹਦ, ਬੇਅੰਤ

"ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ।"

– ਗਉ_੫, ਵਾਰ ੧੯: ੫ (323)

ਹੋਰ ਰੂਪ:

ਅਮਿਤਿ –

"ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ
ਮੇਰਾ ਗੋਵਿੰਦੁ ਅਲਖ ਅਪਾਰ ਜੀਉ।"

– ਆਸਾ ੪, ਛੰਤ ੧੪, ੧:੨ (448)

ਅਮਿਤਿਆ–

"ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ।"

– ਗਉ ੪, ਵਾਰ ੨੮:੨ (315)

ਅਮਿਤੋ–

"ਜਾ ਕਾ ਅਸਥਲੁ ਤੋਲੁ ਅਮਿਤੋ।"

–ਗਾਥਾ ੫, ੧੩:੩ (1361)

ਅੰਮੁਹਾ ----- ਅਮੋੜ, ਬਿਨਾਂ ਰੱਸੀ, ਬਿਨਾਂ ਨਕੇਲ

"ਮਾਤਾ ਭੈਸਾ ਅੰਮੁਹਾ ਜਾਇ।"

– ਗਉ ਕਬ ੧੪, ੨:੧ (326)

ਅਮੁਲ ----- (ਸੰ.) ਜਿਸ ਦਾ ਮੁਲ ਨਾ ਪਾਇਆ ਜਾ ਸਕੇ, ਅਮੋਲਕ

"ਅਮੁਲ ਗੁਣ ਅਮੁਲ ਵਾਪਾਰ।"

– ਜਪੁ ੨੬:੧ (5)

ਹੋਰ ਰੂਪ:

ਅਮੁਲਉ –

"ਰਤਨ ਨਾਮੁ ਅਪਾਰੁ ਕੀਮ ਨਹੁ ਪਵੈ ਅਮੁਲਉ।"

– ਸਮੁ ੫, ੭:੪ (1386)

ਅਮੁਲਏ –

"ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ।"

– ਸੂਹੀ ੧, ਛੰਤ ੫, ੯:੪ (767)

ਅਮੁਲਕੁ –

ਹਰਿ ਆਪ ਅਮੁਲਕੁ ਹੈ ਮੁਲਿ ਨ ਪਾਇਆ ਜਾਇ।"

– ਰਾਮ ੩, ਅਨੰ ੩੦:੧ (921)

ਅਮੁਲਾ –

"ਸੁਖਦਾਈ ਪਵਨੁ ਪਾਵਕੁ ਅਮੁਲਾ।"

– ਗਉ ੫, ਸੁਖ ੪, ੨:੪ (267)

ਅਮੁਲਿਆ –

"ਸੁੰਦਰੁ ਸੁਘਰੁ ਸੁਜਾਣੁ ਬੇਤਾ ਗੁਣ ਗੋਵਿੰਦ ਅਮੁਲਿਆ।"

– ਰਾਮ ੫ ਰੁਤੀ ੨:੪ (928)

ਅਮੁਲੁ –

“ਨਾਮੁ ਪਦਾਰਥੁ ਅਮੁਲੁ ਸਾ ਗੁਰਮੁਖਿ ਪਾਵੈ ਕੋਈ।”
- ਆਸਾ ੩, ਅਸ ੨੮, ੪:੨ (425)

ਅਮੁਲੈ -
“ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ।”
- ਰਾਮ ੧, ੫, ੨:੨ (877)

ਅਮੁਲੋ -
“ਅਮੁਲੋ ਅਮੁਲੁ ਆਖਿਆ ਨਾ ਜਾਇ।”
- ਜਪੁ ੧, ੨੬:੯ (5)

ਅਮੁੋਲੁ -
“ਮੁੋਲਿ ਅਮੁੋਲੁ ਨਾ ਪਾਈਐ ਵਣਜਿ ਨ ਲੀਜੈ ਹਾਟਿ।”
- ਮਾਰੂ ੩, ਵਾਰ ੧ਸ, ੧, ੧:੪ (1087)

ਅਮੁਲੀਕ ---- ਅਮੋਲਕ, ਜਿਸ ਦੀ ਕੀਮਤ ਨਾ ਪਾਈ ਜਾ ਸਕੇ
“ਅਮੁਲੀਕ ਲਾਲ ਏਹਿ ਰਤਨ।”
- ਗਉ ੫, ਸੁਖ ੨੪, ੩:੨ (295)

ਅਮੇਉ ----- ਬੇਅੰਤ, ਵੇਖੋ ‘ਅਮਾਉ’
“ਨਾਨਕ ਆਪਿ ਅਮੇਉ ਹੈ ਗੁਰ ਕਿਰਪਾ ਤੇ ਰਹਿਆ ਸਮਾਇ।”
- ਬਿਹਾ ੪, ਵਾਰ ੧੮ਸ, ੩, ੧:੫ (555)

ਅਮੇਧ ----- (ਸੰ.) ਮੈਲੇ, ਅਪਵਿਤਰ, ਗੰਦੇ
“ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ।”
- ਗਉ ੪, ਵਾਰ ੯ਸ, ੪, ੨:੪ (304)

ਅਮੋਘ ----- (ਸੰ.) ਸਫਲ, ਅਚੂਕ, ਜੋ ਮੋਘ (ਅਸਫਲ) ਨਾ ਹੋਵੇ
“ਅਮੋਘ ਦਰਸਨ ਬੇਅੰਤ ਅਪਾਰਾ।”
-ਮਾਝ ੫, ੧੩, ੪:੧ (98)
(ਇਹ ਹਮੇਸ਼ਾਂ ‘ਦਰਸ਼ਨ’ ਨਾਲ ਹੀ ਆਇਆ ਹੈ)

ਅਮੋਲ ----- 1. ਅਮੋਲਕ, ਜਿਸ ਦਾ ਮੁਲ ਨਾ ਪਾਇਆ ਜਾ ਸਕੇ
“ਅਮੋਲ ਰਤਨੁ ਸਾਚੁ ਦਿਖਲਾਇਆ।”
- ਗਉ ੫, ੫, ੪:੨ (181)

ਹੋਰ ਰੂਪ:

ਅਮੋਲਾ -
‘ਤੂੰ ਊਚ ਅਥਾਹੁ ਅਪਾਰੁ ਅਮੋਲਾ।”
- ਮਾਝ ੫, ਅਸ ੩੭, ੮:੧ (132)

ਅਮੋਲਿ -
“ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ।”
- ਸਿਰੀ ੧, ੨੧, ੧:੩ (22)

ਅਮੋਲੀ -
“ਹਰਿ ਗੁਣ ਗਾਵਤ ਰਸਨ ਅਮੋਲੀ।”
- ਗਉ ੫, ੮੪, ੩:੪ (180)

ਅਮੋਲੁ –
“ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ।
– ਸਿਰੀ ੫, ਛੰਤ ੩, ੫:੧ (81)

ਅਮੋਲੇ –
ਦੁਖ ਭੰਜਨ ਨਿਧਾਨ ਅਮੋਲੇ।”
– ਮਾਝ ੫, ੧੬, ੨:੧ (99)

ਅਮੋਲੈ –
“ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ।”
– ਮਾਰੂ ੫, ਵਾਰ ੨੩:੬ (1102)

ਅਮੋਲੋ –
“ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈ ਤਾ ਮੁੰਧ ਭਲੀ।”
– ਅਸਾ ੧, ਛੰਤ ੧, ੩:੩ (436)

2. ਬਿਨਾਂ ਮੁਲ ਦੇ, ਬਿਨਾਂ ਦਮਾਂ ਦੇ
“ਅਮੋਲ ਦਾਸੁ ਕਰਿ ਲੀਨੋ ਅਪਨਾ।”
– ਗਉ ਕਬ, ੪੦, ੧:੪ (331)

“ਚਰਣ ਬੰਦਨਾ ਅਮੋਲ ਦਾਸਰੋ ਦੇਉ ਸਾਧਸੰਗਤਿ ਅਰਦਾਗਿਓ।”
– ਸਾਰ ੫, ੫, ੩:੧ (1204)

ਹੋਰ ਰੂਪ:

ਅਮੋਲੀ –
“ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭ ਗੋਲ ਅਮੋਲੀ।”
– ਗਉ ੪, ੫੩, ੧*:੨ (168)

ਅਮੋਲਈ ---- ਅਮੋਲਕ, ਜਿਸਦੀ ਕੀਮਤ ਨ ਪਾਈ ਜਾ ਸਕੇ
“ਤੇਰਾ ਦਰਸੁ ਅਪਾਰੁ ਨਾਮੁ ਅਮੋਲਈ ਜੀਉ।”
– ਧਨਾ ੫, ਛੰਤ ੧, ੪:੧ (691)

ਅਮੋਲਕ ---- ਜਿਸ ਦੀ ਕੀਮਤ ਨਾ ਪਾਈ ਜਾ ਸਕੇ, ਅਮੁਲ
“ਗੁਣ ਅਮੋਲਕ ਪਾਏ ਨਾ ਜਾਹਿ।”
– ਆਸਾ ੩, ੪੧, ੩:੧ (361)

ਹੋਰ ਰੂਪ:

ਅਮੋਲਕਾ –
“ਨਾਨਕ ਲਾਲੁ ਅਮੋਲਕਾ ਗੁਰਮੁਖਿ ਖੋਜਿ ਲਹੰਨਿ।”
– ਸਲੋ ੩, ੩੦:੪ (1416)

ਅਮੋਲਕੁ –
“ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ।”
– ਸਿਰੀ ੪, ੬੬, ੨:੧ (40)

ਅਮੋਲਵੇ ---- ਅਮੋਲਕ
“ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।”
– ਸਲੋ ਫਰ, ੧੨੯:੨ (1384)

ਅੰਮ੍ਰਿਤ ----- 1. ਰਾਤ ਦਾ ਪਿਛਲਾ, ਪਹਿਰ, ਉਹ ਸਮਾਂ ਜੋ ਅੰਮ੍ਰਿਤ ਵਰਗਾ ਰਸਦਾਇਕ ਤੇ ਅਮਰ ਪਦਵੀ ਵਲ ਲੈ ਜਾਣ ਲਈ ਉਪਯੋਗੀ ਹੁੰਦਾ ਹੈ।

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।"

– ਜਪੁ ੧, ੪:੫ (2)

"ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ।"

– ਮਲਾ ੧, ਵਾਰ ੧੯ਸ, ੩, ੧:੧ (1285)

"ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।"

– ਸੂਹੀ ੪, ੧੦, ੩:੨ (734)

2. ਰਸਦਾਇਕ ਭੋਜਨ

"ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ।"

– ਸਿਰੀ ੧, ੭, ੧:੩ (16)

'ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ।"

– ਗਉ ੫, ਸੁਖ ੬, ੧:੧ (269)

"ਜਿਹ ਮੁਖਿ ਪਾਚਉ ਅੰਮ੍ਰਿਤ ਖਾਏ।"

– ਗਉ ਕਬ, ੩੨, ੧:੧ (329)

(ਇਹ ਪੰਜ ਅੰਮ੍ਰਿਤ ਹਨ – ਦੁੱਧ ਦਹੀ, ਘਿਉ, ਖੰਡ, ਮਾਖਿਉ)

ਹੋਰ ਰੂਪ:

ਅੰਮ੍ਰਿਤ –

"ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ।"

– ਗਉ ੫, ੧੪, ੩:੪ (177)

3. ਅਮਰ ਕਰ ਦੇਣ ਵਾਲਾ/ਵਾਲੀ ਰਸਦਾਇਕ ਵਸਤੂ

"ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ।"

– ਸਿਰੀ ੫, ੮੨, ੧:੨ (46)

"ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ।"

– ਸਿਰੀ ੩, ਅਸ ੨੦, ੨:੩ (66)

"ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ।"

– ਸਿਰੀ ੩, ੨੪, ੬:੧ (69)

"ਅੰਮ੍ਰਿਤ ਬਾਣੀ ਹਰਿ ਹਰਿ ਤੇਰੀ।"

–ਮਾਝ ੫, ੩੦, ੧:੧ (103)

"ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ।"

– ਗਉ ੫, ੧੨੭, ੧:੨ (191)

ਹੋਰ ਰੂਪ:

ਅੰਮ੍ਰਿਤੁ –

"ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ।"

– ਗਉ ੧, ੬, ੧*:੧ (152)

4. ਮਖਨ, ਵੇਖੋ 'ਅੰਮ੍ਰਿਤ' (8)

5. ਦੁੱਧ

“ਸੁੋਇਨ ਕਟੋਰੀ ਅੰਮ੍ਰਿਤ ਭਰੀ।”

– ਭੈਰ ਨਾਮ, ੩, ੨:੧ (1163)

ਹੋਰ ਰੂਪ:

ਅੰਮ੍ਰਿਤੁ –

“ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤ ਦੇਹਿ।” (ਦੁੱਧ ਰੂਪੀ ਅੰਮ੍ਰਿਤ)

– ਗਜੂ ੧, ੧, ੩:੧ (489)

6. ਅਬਿਨਾਸ਼ੀ, ਅਮਰ

“ਅੰਮ੍ਰਿਤ ਰੰਗਿ ਰਤਾ ਲਿਵ ਲਾਏ।”

– ਮਾਝ ੩, ਅਸ ੧੬, ੩:੧ (118)

“ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ।”

– ਗਉ ੧, ੧੩, ੧:੧ (154)

“ਪੀਵਤ ਰਾਮਰਸੁ ਅੰਮ੍ਰਿਤ ਗੁਣ ਜਾਸੁ।”

– ਗਉ ੫, ੧੪੯, ੧*:੧ (195)

“ਜਉ ਗੁਰਦੇਉ ਤ ਅੰਮ੍ਰਿਤ ਦੇਹ।”

–ਭੈਰ ਨਾਮ, ੧੧, ੩:੩ (1166)

7. ਅਮਰ ਕਰ ਦੇਣ ਵਾਲਾ ਜਲ, ਆਬਿ ਹਯਾਤ

“ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।”

– ਮਾਝ ੫, ੨੬, ੨:੧ (102)

“ਹਰਿ ਆਪੇ ਸਾਰਿੰਗ ਅੰਮ੍ਰਿਤ ਧਾਰਾ।” (ਸਵਾਂਤੀ ਬੂੰਦ)

– ਗਉ ੪, ੪੪, ੩:੧ (165)

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ।”

– ਗਉ ੫, ਬਾਅ ੧*ਸ:੫ (250)

ਹੋਰ ਰੂਪ:

ਅੰਮ੍ਰਿਤਾ–

“ਰਿਧਿ ਸਿਧਿ ਨਵਨਿਧਿ ਜਾ ਕੇ ਅੰਮ੍ਰਿਤਾ ਪਰਵਾਹ।”

– ਮਾਰੂ ੫, ਅਸ ੨, ੫:੧ (1017)

ਅੰਮ੍ਰਿਤਿ –

“ਅੰਮ੍ਰਿਤਿ ਭਰੇ ਤੇਰੇ ਭੰਡਾਰਾ।”

– ਮਾਝ ੩, ਅਸ ੧੩, ੪:੨ (119)

“ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ।”

– ਵਡ ੩, ਛੰਤ ੫ ੨:੪ (570)

ਅੰਮ੍ਰਿਤੁ –

“ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ।”

– ਸਿਰੀ ੧, ੧੬, ੩:੨ (20)

“ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ।”

– ਸਿਰੀ ੩, ੫੫, ੨:੩ (35)

ਅੰਮ੍ਰਿਤੋ –

“ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ।”

– ਕਾਨ ੫, ੩੧, ੧:੧ (1304)

ਅੰਮ੍ਰਿਤੋ –

“ਹਰਿ ਘਟਿ ਘਟੇ ਡੀਠਾ ਅੰਮ੍ਰਿਤੋ ਵੂਠਾ ਜਨਮ ਮਰਨ ਦੁਖ ਨਾਠੇ।”

– ਆਸਾ ੫, ਛੰਤ ੩, ੧:੩ (454)

ਅੰਮ੍ਰੇਤ –

“ਨਾਨਕ ਪਾਇਆ ਸਾਧਸੰਗਿ ਹਰਿ ਹਰਿ ਅੰਮ੍ਰੇਤ।”

– ਬਿਲਾ ੫, ੩੯, ੪:੨ (810)

8. ਕ੍ਰਿਪਾ, ਮਿਹਰ (ਭਾਵ)

“ਅੰਦਰੁ ਲਗਾ ਰਾਮਨਾਮਿ ਅੰਮ੍ਰਿਤ ਨਦਰਿ ਨਿਹਾਲ।”

– ਸਿਰੀ ੫, ੮੬, ੧:੨ (48)

“ਕੋਟਿ ਰਾਜ ਨਾਮ ਧਨੁ ਮੇਰੈ ਅੰਮ੍ਰਿਤ ਦ੍ਰਿਸਟਿ ਧਾਰਹੁ ਪ੍ਰਭਮਾਨ।”

– ਟੋਡੀ ੫, ੨੨, ੧:੨ (716)

“ਅੰਮ੍ਰਿਤ ਦ੍ਰਿਸਟਿ ਨਿਮਖ ਪ੍ਰਭ ਜੀਵਾ ਸਰਬ ਰੰਗ ਰਸ ਮਾਨਾ।”

– ਸੂਹੀ ੫, ਛੰਤ ੪, ੨:੪ (779)

(9) ਸ੍ਰੇਸ਼ਟ, ਉਚੇ

“ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ।”

– ਗਉ ੫, ੯੬, ੧:੩ (184)

“ਸਦਾ ਸਹਾਈ ਸੰਗਿ ਪ੍ਰਭ ਅੰਮ੍ਰਿਤ ਗੁਣ ਚੀਨ।”

– ਬਿਲਾ ੫, ੩੦, ੧*:੨ (808)

“ਜਿਹਵੇ ਅੰਮ੍ਰਿਤ ਗੁਣ ਹਰਿ ਗਾਉ।”

– ਸਾਰ ੫, ੭੬, ੧*:੧ (1219)

(10) ਮਿਠੀ/ਮਿਠੇ (ਬਚਨ)

“ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ।”

– ਗਉ ੫, ਅਸ ੮, ੨:੨ (239)

“ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ।”

– ਗਉ ੫, ਸੁਖ ੬, ੬:੩ (270)

“ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ।”

– ਬਿਹਾ ੪, ਛੰਤ ੧, ੨:੧ (538)

“ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ।”

– ਸੂਹੀ ੧, ੪, ੪:੨ (729)

ਹੋਰ ਰੂਪ:

ਅੰਮ੍ਰਿਤਹ –

“ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ।”

– ਜੈਤ ੫, ਵਾਰ ੧੪ਸ, ੫, ੧:੧ (709)

ਅੰਮ੍ਰਿਤੁ –

“ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ।”

– ਮਾਝ ੪, ੬, ੩:੩ (96)

(11) ਰਸਦਾਇਕ, ਸ੍ਰੇਸ਼ਟ

“ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮਿ੍ ਰਹਾਇਆ।”

– ਆਸਾ ੩, ਛੰਤ ੭, ੪:੪ (441)

"ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ।"

– ਆਸਾ ੫, ਛੰਤ ੧, ੧:੫ (452)

"ਕਊਆ ਕਾਗ ਕਉ ਅੰਮ੍ਰਿਤ ਰਸ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ।"

– ਗੂਜ ੪, ੨, ੩:੨ (493)

"ਗੂੰਗੇ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੈ ਕਹਨੁ ਨ ਜਾਈਹੇ।"

– ਸੋਰ ਨਾਮ, ੨, ੩:੨ (657)

ਹੋਰ ਰੂਪ:

ਅੰਮ੍ਰਿਤੁ –

"ਗੁਰਪ੍ਰਸਾਦਿ ਅੰਮ੍ਰਿਤੁ ਬਿਖੁ ਖਾਦੀ।"

– ਗਉ ੫, ੭੫, ੪:੨ (177)

"ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ।"

– ਗਉ ੫, ੮੨, ੩:੨ (180)

"ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ।"

– ਗਉ ੯, ੭, ੨:੧ (220)

"ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤ ਲੋਨੁ।"

– ਸਲੋ ਕਬ, ੧੮੮, ੧ (1374)

(12) ਜੀਵਨ ਦੇਣ ਵਾਲਾ ਪਦਾਰਥ

"ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ।"

– ਵਡ ੩, ਅਸ ੨, ੫:੧ (565)

"ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭ ਮੋਹ ਅਹੰਕਾਰਾ।
ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ ਕੋਇ ਨ ਸੁਣੈ ਪੂਕਾਰਾ।" (ਜੀਵਨ ਤੱਤ)

– ਸੋਰ ੩, ੨, ੨, ੧:੨ (600)

"ਅੰਮ੍ਰਿਤ ਸੰਗਿ ਨਾਹਿ ਰੁਚ ਆਵਤ ਬਿਖੈ ਠਗਉਰੀ ਪ੍ਰੀਤਿ।"

– ਧਨਾ ੫, ੯, ੨:੨ (673)

"ਰਾਮ ਨਾਮ ਛਾਡਿ ਅੰਮ੍ਰਿਤ ਕਾਹੇ ਬਿਖੁ ਖਾਈ।"

– ਧਨਾ ਕਬ, ੫, ੩:੨ (692)

"ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ।"

– ਨਟ ੪, ਅਸ ੬, ੫:੧ (983)

ਹੋਰ ਰੂਪ:

ਅੰਮ੍ਰਿਤੰ –

"ਬਿਖਯਾ ਭਯੰਤਿ ਅੰਮ੍ਰਿਤੰ ਦ੍ਰੂਸਟਾਂ ਸਖਾ ਸ੍ਵਜਨਹ।"

– ਸਸ ੫, ੩੭:੧ (1357)

ਅੰਮ੍ਰਿਤਿ –

"ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ।"

– ਬਿਹਾ ੪, ਛੰਤ ੨, ੧:੨ (538)

ਅੰਮ੍ਰਿਤੁ –

"ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ।"

– ਸਿਰੀ ੩, ੧੯, ੪:੨ (65)

“ਬੀਜੇ ਬਿਖੁ ਮੰਗੈ ਅੰਮ੍ਰਿਤੁ ਵੇਖਹੁ ਏਹੁ ਨਿਆਓ।”

– ਆਸਾ ੧, ਵਾਰ ੨੨ਸ, ੨, ੨:੨ (474)

(13) (ਅੰਮ੍ਰਿਤ ਵਰਗਾ) ਮਿੱਠਾ (ਭਾਵ)

“ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ।”

– ਸੂਹੀ ੫, ਛੰਤ ੧੧, ੧:੬ (784)

“ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ।”

– ਰਾਮ ੫, ਛੰਤ ੧, ੧:੩ (924)

“ਗੁਰ ਕਾ ਸਬਦੁ ਅੰਮ੍ਰਿਤ ਹੈ ਬਾਣੀ।”

– ਮਾਰੂ ੩, ਸੋਲ ੧੩, ੧੦:੧ (1057)

“ਸਾਧਸੰਗਿ ਧਿਆਈਐ ਪਰਮੇਸਰੁ ਅੰਮ੍ਰਿਤ ਜਾ ਕੇ ਸੁਆਦ।”

– ਸਾਰ ੫, ੧੦੩, ੧*:੨ (1224)

ਅੰਮ੍ਰਿਤਾ –

“ਅੰਮ੍ਰਿਤਾ ਪ੍ਰਿਅ ਬਚਨ ਤੁਹਾਰੇ।”

– ਦੇਵ ੫, ੨੯, ੧*:੧ (534)

“ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ।”

– ਕਾਨ ੫, ੧੫, ੪:੧ (1301)

ਅੰਮ੍ਰਿਤੁ –

“ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ।”

– ਸਿਰੀ ੪, ੬੯, ੧:੧ (41)

“ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ।”

– ਮਾਝ ੪, ੬, ੩:੩ (96)

“ਨਿੰਮੁ ਬਿਰਖੁ ਬਹੁ ਸੰਚੀਐ ਅੰਮ੍ਰਿਤੁ ਰਸੁ ਪਾਇਆ।”

– ਸਾਰ ੪, ਵਾਰ ੧੬:੧ (1244)

ਅੰਮ੍ਰਿਤਸਰਿ -- (1) ਅੰਮ੍ਰਿਤ ਦਾ ਸਰੋਵਰ ਭਾਵ ਸਤਿਸੰਗਤ (ਜਿਥੇ ਇਸ ਨਾਲ ਨਾਇ/ਨਾਵੈ ਆਇਆ ਹੈ।)

“ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।”

– ਗਉ ੪, ਵਾਰ ੧੧ਸ, ੪, ੨:੨ (305)

“ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤਸਰਿ ਸਦ ਹੀ ਭਰਪੂਰਾ।”

– ਆਸਾ ੫, ੧੭, ੧*:੨ (375)

(ਸਾਧ ਸੰਗਤ ਰੂਪ ਅੰਮ੍ਰਿਤ ਸਰੋਵਰ ਨਿਤ ‘ਨਾਮ’ ਰੂਪੀ ਅੰਮ੍ਰਿਤ ਨਾਲ ਭਰਪੂਰ ਰਹਿੰਦਾ ਹੈ।)

(2) ਨਾਮ ਦੇ ਗਿਆਨ ਰੂਪੀ ਅੰਮ੍ਰਿਤ ਦਾ ਸਰੋਵਰ

“ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ। ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤਸਰਿ ਤੀਰਥਿ ਨਾਇ।”

– ਵਡ ੪, ਵਾਰ ੪ਸ, ੩, ੨:੪ (587)

“ਗੁਰਿ ਅੰਮ੍ਰਿਤਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ।”

– ਸੂਹੀ ੪, ੩, ੩:੨ (732)

ਹੋਰ ਰੂਪ:

ਅੰਮ੍ਰਿਤਸਰੁ –

“ਹਰਿ ਅੰਮ੍ਰਿਤਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ।”
– ਗਉ ੪, ਕਰ ੧, ੭:੨ (234)

ਅੰਮ੍ਰਿਤਿ ---- (1) ਅਮਰ ਵਾਹਿਗੁਰੂ
“ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ।”
– ਮਾਝ ੩, ਅਸ ੧੬, ੧:੩ (118)
(2) ਅਮਰ ਕਰ ਦੇਣ ਵਾਲਾ ਜਲ, ਆਬਿਹਿਯਾਤ, ਵੇਖੋ ‘ਅੰਮ੍ਰਿਤ’ (7)
(3) ਜੀਵਨ ਦਾਨ ਦੇਣ ਵਾਲਾ ਪਦਾਰਥ, ਵੇਖੋ ‘ਅੰਮ੍ਰਿਤ’ (12)

ਅੰਮ੍ਰਿਤੁ ----- (1) ਆਬਿਹਿਯਾਤ, ਅਮਰ ਕਰ ਦੇਣ ਵਾਲਾ ਜਲ–ਵੇਖੋ ‘ਅੰਮ੍ਰਿਤ’ (7)
(2) ਅਮਰ ਕਰ ਦੇਣ ਵਾਲਾ ਰਸਦਾਇਕ ਵੇਖੋ ‘ਅੰਮ੍ਰਿਤ’ (3)
(3) ਜੀਵਨ ਦਾਨ ਦੇਣ ਵਾਲਾ–ਵੇਖੋ ‘ਅੰਮ੍ਰਿਤ’ (12)
(4) ਰਸਦਾਇਕ – ਵੇਖੋ ‘ਅੰਮ੍ਰਿਤ’ (11)
(5) ਦੁੱਧ – ਵੇਖੋ ‘ਅੰਮ੍ਰਿਤ’ (5)
(6) ਅੰਮ੍ਰਿਤ ਰੂਪੀ ਮੋਤੀ
“ਗੁਰੁ ਸਾਗਰੁ ਰਤਨੀ ਭਰਪੂਰੇ ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ।”
– ਧਨਾ ੧, ਅਸ ੧, ੧:੨ (685)
(7) ਅੰਮ੍ਰਿਤ ਰੂਪੀ ਨਾਮ, ਨਾਮ ਅਮ੍ਰਿਤ
“ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿਨਾਮਿ ਸੁਹਾਵੀ।”
– ਤਿਲੰ ੪, ਅਸ ੨, ੧੮:੧ (726)
“ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ।”
– ਸਲੋ ੪, ੨੫:੧ (1423)
(8) ਮਖਣ
“ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ।” ਭਾਵ (ਨਾਮ)
– ਸੂਹੀ ੧, ੧, ੨:੩ (728)
“ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ।”
– ਮਾਰੂ ੧, ਅਸ ੧, ੩:੨ (1009)
(9) ਅਮਰ
“ਅੰਮ੍ਰਿਤੁ ਮੂਲੁ ਸਿਖਰਿ ਲਿਵਤਾਰੈ।”
– ਬਿਲਾ ੧, ਥਿਤੀ ੧੭:੨ (840)

ਅਯਾਨਾ ---- ਅਣਜਾਣ, ਅਗਿਆਨੀ, ਭੋਲਾ, ਹੋਰ ਵੇਖੋ ‘ਇਆਣਾ’।
“ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮ ਅਯਾਨਾ।”
– ਆਸਾ ਕਬ, ੩੭, ੧:੨ (484)

ਅਯੋ ------ ਮੁਹਾਰਨੀ ਦੇ ਪਹਿਲੇ ਤਿੰਨ ਅਖਰ ਜਿਨ੍ਹਾਂ ਦੀ ਧੁਨੀ ਹੈ ਅ+ੲ+ੳ/ਓ
“ਅਯੋ ਅੰਙੈ ਸਭੁ ਜੁਗ ਆਇਆ ਕਾਖੈ ਘੰਙੈ ਕਾਲੁ ਭਇਆ।”
– ਆਸਾ ੩, ਪਟੀ ੧:੧ (434)

ਅਰ ------- ਅਤੇ
“ਸਿਧ ਸਾਧਿਕ ਅਰ ਜਖੵ ਕਿੰਨਰ ਨਰ ਰਹੀ ਕੰਠਿ ਉਰਝਾਇ।”
– ਗੂਜ ੫, ੨੧, ੨:੧ (500)

ਅਰਸਹੁ ---- (ਅ. ਅਰਸ਼) ਅਸਮਾਨ ਤੋਂ, ਆਕਾਸ਼ ਤੋਂ, ਅਰਸ਼ ਤੋਂ
“ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।”
– ਰਾਮ ਸਬ, ਵਾਰ ੨:੭ (967)

ਅਰਚਾ ----- (ਸੰ.) (1) ਪੂਜਾ, ਆਰਾਧਨਾ, ਫੁੱਲ ਆਦਿ ਭੇਟਾ ਕਰਕੇ ਅਥਵਾ ਚੰਦਨ ਛਿੜਕ ਕੇ ਪੂਜਾ ਕਰਨੀ
“ਪੂਜਾ ਅਰਚਾ ਬੰਧਨ ਦੇਵਾ ਜੀਉ।”
– ਗਉ ੫, ੧੬੭*, ੩:੨ (217)

(2) ਸਤਿਕਾਰ, ਮਾਨਤਾ
“ਪੂਜਾ ਅਰਚਾ ਆਹਿ ਨ ਤੋਰੀ।”
– ਗੂਜ ਰਵਿ, ੧, ੫:੧ (525)

ਅਰਜ ----- (ਅੰ. ਅਰਜ਼) ਬੇਨਤੀ, ਪ੍ਰਾਰਥਨਾ
“ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।”
– ਤਿਲੰ ੧, ੧, ੧:੧ (721)

ਹੋਰ ਰੂਪ:

ਅਰਜੁ –
“ਸਚਾ ਅਰਜੁ ਸਚੀ ਅਰਦਾਸਿ।”
– ਆਸਾ ੧, ੨੧, ੨:੧ (355)

ਅਰਜਨ ---- ਸਿੱਖਾਂ ਦੇ ਪੰਜਵੇਂ ਗੁਰੂ, ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਣੀ ਦੀ ਕੁੱਖੋਂ ਗੋਇੰਦਵਾਲ ਜ਼ਿਲ੍ਹਾ ਅੰਮ੍ਰਿਤਸਰ ਵਿਖੇ 15 ਅਪ੍ਰੈਲ, 1563 ਨੂੰ ਜਨਮ ਹੋਇਆ। ਸਤੋਗੁਣੀ ਸੁਭਾ ਦੇ ਸਨ। 1588 ਵਿਚ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ, ਅੰਮ੍ਰਿਤਸਰ ਸ਼ਹਿਰ ਵਸਾਇਆ। 1590 ਵਿਚ ਤਰਨਤਾਰਨ ਦੇ ਸਰੋਵਰ ਦਾ ਨਿਰਮਾਣ ਆਰੰਭ ਹੋਇਆ ਮੰਨਿਆ ਜਾਂਦਾ ਹੈ। ਲਾਹੌਰ ਬਉਲੀ ਸਾਹਿਬ ਤਿਆਰ ਕਰਵਾਈ। ਕਰਤਾਰਪੁਰ ਨਗਰ ਆਬਾਦ ਕੀਤਾ। 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। 30 ਮਈ 1606 ਨੂੰ ਆਪ ਜੀ ਨੂੰ ਵੇਲੇ ਦੀ ਸਰਕਾਰ ਵਲੋਂ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਆਪ ਜੀ ਦੀ ਇਕੋ ਇਕ ਸੰਤਾਨ ਗੁਰੂ ਹਰਿਗੋਬਿੰਦ ਸਾਹਿਬ ਸਨ ਜੋ ਆਪ ਪਿਛੋਂ ਛੇਵੇਂ ਗੁਰੂ ਦੇ ਰੂਪ ਵਿਚ ਗਦੀ ਤੇ ਬਿਰਾਜਮਾਨ ਹੋਏ। ਗੁਰੂ ਅਰਜਨ ਦੇਵ 24 ਸਾਲ 9 ਮਹੀਨੇ ਗੁਰਗਦੀ ਤੇ ਬਿਰਾਜਮਾਨ ਰਹੇ। ਆਪ ਜੀ ਦੀ ਕੁਲ ਆਯੂ 43 ਸਾਲ 1 ਮਹੀਨਾ 15 ਦਿਨ ਸੀ।
“ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ।”
– ਰਾਮ ਸਬ, ੮:੫ (968)

ਹੋਰ ਰੂਪ:

ਅਰਜੁਨ –
“ਗੁਰ ਅਰਜੁਨ ਗੁਣ ਸਹਜਿ ਬਿਚਾਰੰ।”
– ਸਵ ੫, ਕਲ ੧:੪ (1406)

ਅਰਜੁਨੁ –
“ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ।”
– ਸਵ ੫, ੧, ੧:੧੨ (1407)

ਅਰਜਨੁ ---- ਕੁੰਤੀ ਦੀ ਕੁਖੋਂ ਜਨਮਿਆ ਰਾਜਾ ਪਾਂਡੂ ਦਾ ਤੀਜਾ ਪੁੱਤਰ ਜੋ ਕੁਸ਼ਲ ਤੀਰ ਅੰਦਾਜ਼ ਤੇ ਬੀਰ ਬਹਾਦਰ ਪੁਰਸ਼ ਸੀ, ਸ੍ਰੀ ਕ੍ਰਿਸ਼ਨ ਤੋਂ ਕਰਤੱਵ ਪਾਲਣਾ ਦੀ ਸਿੱਖਿਆ ਲੈ ਇਸਨੇ ਮਹਾਂਭਾਰਤ ਯੁੱਧ ਵਿਚ ਭਾਗ ਲਿਆ।

"ਜਾਂਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।"

– ਮਲਾ ਨਾਮ, ੧, ੫:੧ (1292)

ਅਰਜਾਧੇ ---- ਆਰਜਾ, ਉਮਰ, ਆਯੂ

"ਮੇਰੀ ਮੇਰੀ ਕਰਤ ਦਿਨੁ ਰੈਨਿ ਬਿਹਾਵੈ ਪਲੁ ਖਿਨੁ ਛੀਜੈ ਅਰਜਾਧੇ।"

– ਆਸਾ ੫, ੧੨੬, ੨:੧ (403)

ਅਰਜਾਰੀ --- (ਸਿੰ. ਆਰਜਾ) ਆਯੂ, ਉਮਰ

"ਬਿਨ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ।"

– ਟੋਡੀ ੫, ੨, ੧:੧ (712)

ਅਰੜਿ ----- ਫਸਣਾ, ਉਲਝਣਾ, ਰੁਕਣਾ

"ਅਰੜਿ ਉਰੜਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।"

– ਸਲੋ ਕਬ, ੨੩੭:੨ (1377)

ਅਰਥ ----- (ਸੰ.) (1) ਪਦਾਰਥ, ਧਨ, ਸੰਪਦੀ

"ਅਰਥ ਆਨ ਸਭਿ ਵਾਰਿਆ ਪ੍ਰਿਆ ਨਿਮਖ ਸੋਹਾਗਉ।"

– ਬਿਲਾ ੫, ੩੨, ੨:੨ (808)

"ਨਿਰਾਸ ਆਸ ਕਰਣੰ ਸਗਲ ਅਰਥ ਆਲਯਹ।"

– ਸਸ ੫, ੪੩:੩ (1357)

ਹੋਰ ਰੂਪ:

ਅਰਥਾ –

"ਸਭਿ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ।"

– ਆਸਾ ੪, ਛੰਤ ੯, ੬:੨ (443)

ਅਰਥੁ –

"ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ
ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ।"

– ਧਨਾ ੫, ੩੦, ੧:੨ (678)

(2) ਜੀਵਨ ਦੇ ਚਾਰ ਪੁਰਸਾਰਥਾਂ (ਧਰਮ, ਅਰਥ, ਕਾਮ, ਮੋਕੁਸ਼) ਵਿਚੋਂ ਇਕ

"ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ।"

– ਸੂਹੀ ੫, ਛੰਤ ੧੧, ੪:੪ (785)

"ਅਰਥ ਧਰਮ ਕਾਮ ਮੋਖ ਕਾ ਦਾਤਾ।"

– ਬਿਲਾ ੫, ੧੭, ੩:੧ (806)

ਹੋਰ ਰੂਪ:

ਅਰਥੁ –

"ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ
ਧਰਮੁ ਅਰਥੁ ਕਾਮ ਮੋਖੁ ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ।"

– ਸਾਰ ੪, ੬, ੨:੪ (1201)

(3) ਕੰਮ
“ਕਵਨ ਅਰਥ ਮਿਰਤਕ ਸੀਗਾਰ।”
– ਗਉ ੫, ੧੧੧, ੨:੨ (188)

(4) ਪ੍ਰਯੋਜਨ, ਮਤਲਬ, ਗਲਾਂ
“ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ।”
– ਟੋਡੀ ੫, ੧੫, ੧:੧ (714)

ਹੋਰ ਰੂਪ:

ਅਰਥਾ –
“ਕਛੂ ਨ ਹੋਈ ਹੈ ਪੂਰਨ ਅਰਥਾ।”
– ਬਸੰ ੫, ੮, ੧:੨ (1182)

ਅਰਥਿ –
“ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂ ਆਇਆ।”
– ਸਿਰੀ ੪, ਵਾਰ ੨੧:੩ (91)

(5) ਲੋੜਾਂ
“ਨਾਨਕ ਦਰਸ ਮਗਨ ਮਨੁ ਮੋਹਿਓ ਪੂਰਨ ਅਰਥ ਬਿਸੇਖਾ।”
– ਸਾਰ ੫, ੮੮, ੨:੩ (1221)

ਹੋਰ ਰੂਪ:

ਅਰਥਾ –
“ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ।”
– ਸਾਰ ੫, ੫੭, ੧:੨ (1215)

ਅਰਥਾ ----- (1) ਖਾਤਰ, ਲਈ, ਵਾਸਤੇ
“ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ।”
– ਤੁਖਾ ੪, ਛੰਤ ੪, ੨:੫ (1116)

ਹੋਰ ਰੂਪ:

ਅਰਥਿ –
“ਨਰੁ ਪ੍ਰਾਣੀ ਚਾਕਰੀ ਕਰੇ ਨਰਪਤਿ ਰਾਜੇ ਅਰਥਿ ਸਭ ਮਾਇਆ।”
– ਗਉ ੪, ੪੮, ੨:੧ (166)
“ਹਰਿ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ।” (ਨਮਿਤ)
– ਸਾਰ ੪, ਵਾਰ ੨੨:੨ (1246)

(2) ਪਦਾਰਥ, ਵੇਖੋ ‘ਅਰਥ’ (1)
(3) ਪ੍ਰਯੋਜਨ, ਮਤਲਬ, ਵੇਖੋ ‘ਅਰਥ’ (4)
(4) ਲੋੜਾਂ, ਵੇਖੋ ‘ਅਰਥ’ (5)

ਅਰਥਾਇ --- ਅਰਥ ਦਸੇ, ਸਮਝੇ
“ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ।”
– ਗਉ ੧, ਅਸ ੧੮, ੮:੧ (229)

ਹੋਰ ਰੂਪ:

ਅਰਥਾਵੈ –
"ਏਸੁ ਸਬਦ ਕਉ ਜੋ ਅਰਥਾਵੈ ਤਿਸ੍ ਗੁਰ ਤਿਲੁ ਨ ਤਮਾਈ।"
– ਰਾਮ ੧, ਸਿਗੋ ੨੨:੨ (940)
"ਅਨਹਦੁ ਬਾਣੀ ਗੁਰਮੁਖਿ ਜਾਣੀ ਬਿਰਲੋ ਕੋ ਅਰਥਾਵੈ।" (ਅਰਧ ਸਮਝੇ)
– ਰਾਮ ੧, ਸਿਗੋ ੬੫:੫ (945)

ਅਰਥੀ ----- (ਸੰ.) ਗਰਜ਼ੀ, ਲੋੜਵੰਦ ਹੋਕੇ
"ਜਬ ਇਹੁ ਧਾਵੈ ਮਾਇਆ ਅਰਥੀ।"
– ਗਉ ੫, ਅਸ ੧, ੬:੧ (235)

ਹੋਰ ਰੂਪ:

ਅਰਥੀਏ –
"ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ ਸਭਿ ਹਰਿ ਕੇ ਅਰਥੀਏ।"
– ਬਿਲਾ ੪, ਵਾਰ ੬:੨ (851)

ਅਰਥੁ ----- (1) ਮਾਹਣੇ, ਭਾਵ
"ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ।"
– ਗਉ ੧, ੧੨, ੨:੩ (154)
(2) ਧਨ, ਸੰਪਤੀ, ਵੇਖੋ 'ਅਰਥ' (1)
(3) ਜੀਵਨ ਦੇ ਚਾਰ ਪੁਰਸ਼ਾਰਥਾਂ ਵਿਚੋਂ ਇਕ, ਵੇਖੋ 'ਅਰਥ' (2)

ਅਰਦਾਸਾ --- (ਫਾ. ਅਰਜ਼ਦਾਸ਼ਤ) ਅਰਦਾਸ, ਬੇਨਤੀ, ਜੋਦੜੀ, ਪ੍ਰਾਰਥਨਾ
"ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ।"
– ਸੋਰ ੫, ੪੫, ੨:੨ (620)

ਹੋਰ ਰੂਪ:

ਅਰਦਾਸਿ –
"ਨਾਨਕੁ ਏਕ ਕਹੈ ਅਰਦਾਸਿ।"
– ਸਿਰੀ ੧, ੩੧, ੩:੩ (25)

ਅਰਦਾਸੇ –
"ਮੇਲਿ ਲੈਹੁ ਨਾਨਕ ਅਰਦਾਸੇ।"
– ਸੂਹੀ ੧, ਅਸ ੧, ੮:੨ (759)

ਅਰਦਾਗਿਓ -- ਅਰਦਾਸ ਕਰਦਾ ਹਾਂ
"ਚਰਣ ਬੰਦਨਾ ਅਮੋਲ ਦਾਸਰੋ ਦੇਉ ਸਾਧ ਸੰਗਤਿ ਅਰਦਾਗਿਓ।"
– ਸਾਰ ੫, ੫, ੩:੧ (1204)

ਅਰਧ ----- (ਸੰ.) ਅਧੋ ਅਧ, ਦੋ ਬਰਾਬਰ ਟੋਟਿਆ ਵਿਚ
"ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ।"
– ਸਿਰੀ ੫, ਅਸ ੧੪, ੩:੧ (62)

ਹੋਰ ਰੂਪ:

ਅਰਧੋ –
"ਦੁਤੀਆਂ ਅਰਧੋ ਅਰਧਿ ਸਮਾਇਆ।"

– ਰਾਮ ੫, ੧੨, ੨:੩ (886)

(2) (ਸੰ. ;)ਹੇਠਾਂ
"ਅਰਧ ਉਰਧ ਕੀ ਸੰਧਿ ਕਿਉ ਜਾਨੈ।"

– ਗਉ ੧, ਅਸ ੧੬, ੭:੧ (228)

ਹੋਰ ਰੂਪ:

ਅਰਧਹ – (ਹੇਠਾਂ ਤੋਂ, ਹੇਠਲੇ)
"ਅਰਧਹ ਛਾਡਿ ਉਰਧ ਜਉ ਆਵਾ।"

– ਗਉ ਕਬ, ਬਅ ੨੫:੩ (341)

(3) ਨੀਚ
"ਅਰਧ ਉਰਧ ਦੋਊ ਤਹ ਨਾਹੀ ਰਾਤਿ ਦਿਨਸੁ ਤਹ ਨਾਹੀ।"

– ਗਉ ਕਬ, ੪੮, ੨:੧ (333)

(4) ਅੱਧਾ
"ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ।"

– ਆਸਾ ਕਬ, ੮, ੩:੨ (477)

ਹੋਰ ਰੂਪ:

ਅਰਧਿ –
"ਦੁਤੀਆ ਅਰਧੋ ਅਰਧਿ ਸਮਾਇਆ।"

– ਰਾਮ ੫, ੧੨, ੨:੩ (886)

(5) ਸਿਧੇ
"ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ।"

– ਸਾਰ ੪, ਵਾਰ ੬ਸ, ੧, ੨:੨ (1239)

ਅਰਧਹਿ ---- ਜੀਵਾਤਮਾ
"ਧਧਾ ਅਰਧਹਿ ਉਰਧਿ ਨਿਬੇਰਾ।"

– ਗਉ ਕਬ, ਬਾਅ ੨੫:੧ (341)

ਅਰਧਾਂਭਾ --- ਆਰਾਧਨ ਯੋਗ
"ਜਪਿ ਮਨ ਰਾਮ ਨਾਮੁ ਅਰਧਾਂਭਾ।"

– ਪ੍ਰਭ ੪, ੬, ੧*:੧ (1337)

ਅਰਧਿ ----- (1) ਹੇਠਾਂ, ਲੋਕ ਵਿਚ, ਇਸ ਦੁਨੀਆਂ/ ਬ੍ਰਹਮੰਡ ਵਿਚ
"ਸਦਾ ਅਨੰਦਿ ਗਾਵਹਿ ਗੁਣ ਸਾਚੇ ਅਰਧਿ ਉਰਧਿ ਉਰਿਧਾਰਿ।"

– ਬਿਹਾ ੪, ਵਾਰ ੮ਸ, ੩, ੧:੨ (551)

(2) ਅਰਾਧਨਯੋਗ
"ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ
ਸਲਲ ਕਉ ਸਲਲਿ ਸੰਮਾਨਿ ਆਇਆ।"

– ਮਾਰੂ ਜੈਦੇ, ੧, ੨:੧ (1106)

3. ਅੱਧਾ, ਵੇਖੋ 'ਅਰਧ' (4)

ਅਰਧਿਆ --- ਆਰਾਧਿਆ
"ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ

ਸਲਲ ਕਉ ਸਲਲ ਸੰਮਾਨਿ ਆਇਆ।”
– ਮਾਰੂ ਜੈਦੇ, ੧, ੨:੧ (1106)

ਅਰਪਉ ---- (ਸੰ.) ਭੇਟਾ/ਅਰਪਨ/ਹਵਾਲੇ ਕਰ ਦਿਆਂ, ਸੌਂਪ ਦਿਆਂ
“ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ।”
– ਗਉ ੫, ੧੧੯*, ੧:੧ (204)

ਹੋਰ ਰੂਪ:

ਅਰਪਾਹਾ – (ਅਰਪੀਏ)
“ਮਨੁ ਤਨੁ ਪ੍ਰਾਣ ਜੀਉ ਅਰਪਾਹਾ।”
– ਸੂਹੀ ੫, ੨੬, ੩:੧ (742)

ਅਰਪਿ – (ਭੇਟਾ ਕਰ)
“ਅਰਪਿ ਸਾਧ ਕਉ ਅਪਨਾ ਜੀਉ।”
– ਗਉ ੫, ਸੁਖ ੧੫, ੬:੨ (283)

ਅਰਪਿਓ –
“ਮਨੁ ਤਨੁ ਅਰਪਿਓ ਅੰਤਰਗਤਿ ਕੀਨੀ।”
– ਗਉ ੧, ਅਸ ੧੫, ੪:੨ (227)

ਅਰਪਿਆ –
“ਅਰਪਿਆ ਤ ਸੀਸੁ ਸੁਥਾਨਿ ਗੁਰ ਪਹਿ ਸੰਗਿ ਪ੍ਰਭੂ ਦਿਖਾਇਆ।”
– ਗਉ ੫, ਛੰਤ ੧, ੩:੩ (247)

ਅਰਪਿਹੁ –
“ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ।”
– ਮਾਰੂ ੫, ਵਾਰ ੧੨:੫ (1098)

ਅਰਪੀ –
“ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ।”
– ਸਿਰੀ ੪, ੬੨, ੩:੨ (38)

ਅਰਪੀਐ –
“ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ।”
– ਆਸਾ ੫, ਛੰਤ ੪, ੧:੩ (454)

ਅਰਪੀਜੈ –
“ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ ਇਉ ਦਰਸਨੁ ਹਰਿ ਜੀਉ ਪਾਈਐ।”
– ਸੋਰ ੫, ੧੨, ੩:੨ (612)

ਅਰਪੇ –
“ਤਨੁ ਮਨੁ ਅਰਪੇ ਸਤਿਗੁਰ ਸਰਣਾਈ।”
– ਆਸਾ ੩, ੪੬, ੧:੨ (336)

ਅਰਪੇਹਾ –
“ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ।”
– ਬਿਹਾ ੫, ਛੰਤ ੧, ੩:੨ (542)

ਅਰਪੈ –
“ਮਨੁ ਤਨੁ ਅਰਪੈ ਬਿਸਨ ਪਰੀਤਿ।”
– ਗਉ ੫, ਸੁਖ ੯, ੩:੮ (274)

ਅਰਬ ----- (ਸੰ.) ਦਸ ਕ੍ਰੋੜ
"ਲਾਖ ਅਰਬ ਖਰਬ ਦੀਨੋ ਦਾਨੁ।"
– ਗਉ ੫, ੧੧੧*, ੧:੨ (202)

ਅਰਬਦ ---- (ਸੰ.) ਸਾਲ, ਵਰ੍ਹਾ (ਨਿਰੁਕਤ); (ਸੰ.) ਦਸ ਕਰੋੜ (ਸ਼ਬਦਾਰਥ, ਦਰਪਣ); (ਸੰ.) ਆਰੰਭ ਕੀਤਾ (ਮਹਾਨ ਕੋਸ਼)
"ਅਰਬਦ ਨਰਬਦ ਧੁੰਧੂਕਾਰਾ ਧਰਣਿ ਨ ਗਗਨਾ ਹੁਕਮੁ ਅਪਾਰਾ।"
– ਮਾਰੂ ੧, ਸਲੋ ੧੫, ੧:੧ (1035)

ਅਰਬਿੰਦ ---- (ਸੰ.) ਕਮਲ
"ਤੁਝਹਿ ਚਰਨ ਅਰਬਿੰਦ ਭਵਨ ਮਨੁ।"
– ਆਸਾ ਰਵਿ, ੪, ੧*:੧ (486)

ਅਰੰਭਿਓ ---- ਅਰੰਭ ਦਿੱਤੇ
"ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ।"
– ਮਲਾ ੫, ੩, ੧:੨ (1266)

ਅਰੰਭੁ ----- ਮੁੱਢ, ਆਦਿ ਬਿੰਦੂ
"ਪਵਨ ਅਰੰਭੁ ਸਤਿਗੁਰ ਮਤਿ ਵੇਲਾ।"
– ਰਾਮ ੧, ਸਿਗੋ ੪੪:੧ (943)

ਹੋਰ ਰੂਪ:

ਅਰੰਭੇ – (ਸ਼ੁਰੂ ਕੀਤੇ, ਬਣਾਏ)
"ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀਆਇਦਾ।"
– ਮਾਰੂ ੧, ਸੋਲਾ ੧੫, ੧੫:੩ (1036)

ਅਰਲੁ ----- ਅਸਪਸ਼ਟ ਬੋਲ, ਕਬੋਲ
"ਓਸੁ ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ।"
– ਸੋਰ ੪, ਵਾਰ ੨੭ਸ, ੪, ੨:੩ (653)

ਅਰੜਾਵੈ ---- ਚੀਖ ਪੁਕਾਰ ਕਰਦਾ ਹੈ
"ਅਰੜਾਵੈ ਬਿਲਲਾਵੈ ਨਿੰਦਕੁ।"
– ਆਸਾ ੫, ੧੦, ੧*:੧ (373)

ਅਰਾਧਉ ---- ਉਪਾਸ਼ਨਾ ਕਰਦਾ/ਨਾਮ ਜਪਦਾ ਹਾਂ
"ਚਿਤਿ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਰੀ ਓਰ।"
– ਗੂਜ ੫, ੨੦, ੧*:੨ (500)

ਹੋਰ ਰੂਪ:

ਅਰਾਧਹਿ –
"ਏਕੋ ਸੇਵਹਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ।"
– ਸਿਰੀ ੩, ਅਸ ੨੪, ੬:੨ (69)

ਅਰਾਧਹੁ –
"ਏਕੁ ਅਰਾਧਹੁ ਸਾਚਾ ਸੋਇ।"

– ਰਾਮ ੫, ੫੮, ੧:੧ (901)

ਅਰਾਧਾ – (ਸਿਮਰਿਆ)
“ਨਾਮੁ ਪ੍ਰਭੂ ਕਾ ਮਨਹਿ ਅਰਾਧਾ।”
– ਆਸਾ ੫, ੬੯, ੩:੨ (388)

ਅਰਾਧਿ – (ਸਿਮਰ, ਧਿਆਨ ਧਰ, ਭਜ)
“ਨਾਨਕ ਨਾਮ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ।”
– ਸਿਰੀ ੪, ਵਾਰ ੧੫:੫ (89)
“ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ।” (ਸਿਮਰਕੇ)
– ਸੋਰ ੪, ਵਾਰ ੧੦:੫ (646)

ਅਰਾਧਿਓ –
“ਮਨ ਗੁਰ ਮਿਲਿ ਨਾਮੁ ਅਰਾਧਿਓ।”
– ਦੇਵ ੫, ੧੩, ੧*:੧ (530)

ਅਰਾਧਿਆ –
“ਗੁਰਮੁਖਿ ਜਿਨੀ ਅਰਾਧਿਆ ਤਿਨੀ ਤਰਿਆ ਭਉਜਲੁ ਸੰਸਾਰੁ।”
– ਸਿਰੀ ੪, ਵਾਰ ੧੯ਸ, ੩, ੨:੬ (90)

ਅਰਾਧਿਐ –
“ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ।”
– ਗੂਜ ੫, ਵਾਰ ੧੪ਸ, ੫, ੨:੨ (521)

ਅਰਾਧੀ –
“ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ।”
– ਸੂਹੀ ੪, ਅਸ ੧, ੨:੧ (757)

ਅਰਾਧੀਅਹਿ –
“ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ।”
– ਕਾਨ ੪, ਵਾਰ ੧੪:੨ (1318)

ਅਰਾਧੀਐ –
“ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ।”
– ਮਾਝ ੫, ਬਾਰਾ ੨:੧ (133)

ਅਰਾਧੁ –
“ਕਰਮ ਧਰਮ ਤਤੁ ਨਾਮ ਅਰਾਧੁ।”
– ਗਉ, ੫, ਬਾਅ ੪੭:੨ (260)

ਅਰਾਧੇ –
“ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ।” (ਸਿਮਰਦਾ ਹੈ)
– ਮਾਝ ੫, ੩੦, ੪:੩ (103)
“ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ ਹਰਿ ਹਰਿ ਨਾਮੁ ਅਰਾਧੇ ਰਾਮ।” (ਸਿਮਰੀਏ)
– ਬਿਹਾ ੫, ਛੰਤ ੧, ੨:੧ (542)

ਅਰਾਧੈ –
“ਰਸਨਾ ਅਰਾਧੈ ਏਕੁ ਸੁਆਮੀ ਹਰਿ ਨਾਮਿ ਮਨੁ ਤਨੁ ਭੀਨਾ।”
– ਬਿਹਾ ੫, ਛੰਤ ੯, ੪:੫ (548)

ਅਰਾਘੋ –
“ਕਲਿ ਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਘੋ।”
– ਗਉ ੫, ਛੰਤ ੩, ੧:੫ (248)

ਅਰਾਧਣਾ --- ਸਿਮਰਨ ਕਰਨਾ, ਉਪਾਸ਼ਨਾ ਕਰਨੀ
“ਸੋਈ ਸਚੁ ਅਰਾਧਣਾ ਭਾਈ ਜਿਸ ਤੇ ਸਭੁ ਕਿਛੁ ਹੋਇ।”
– ਸੋਰ ੫, ੨, ੧*:੧ (608)

ਹੋਰ ਰੂਪ:

ਅਰਾਧਨ –
“ਨਾਮੁ ਅਰਾਧਨ ਹੋਆ ਜੋਗੁ।”
– ਪ੍ਰਭਾ ੫, ੧੦, ੧:੨ (1340)

ਅਰਾਧਨਹ –
“ਚਿਤਵੰਤਿ ਚਰਨ ਕਮਲੰ ਸਾਸਿ ਸਾਸਿ ਅਰਾਧਨਹ।”
– ਜੈਤ ੫, ਵਾਰ ੧੩ਸ, ੫, ੧:੧ (708)

ਅਰਾਧਨਿ –
“ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ।”
– ਮਾਝ ੫, ਦਿਨ ੩:੧ (137)

ਅਰਾਧਨੁ –
“ਸੂਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ।”
– ਜੈਤ ੫, ੪, ੧:੧ (700)

ਅਰਾਧਤੇ ---- ਧਿਆਨ ਧਰਦੇ ਹਨ, ਯਾਦ ਕਰਦੇ ਹਨ, ਉਪਾਸ਼ਨਾ ਕਰਦੇ ਹਨ
“ਮਾਨੁਖੁ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ।”
– ਆਸਾ ੫, ਛੰਤ ੫, ੧:੫ (455)

ਅਰਾਧਿ ---- (1) ਯਾਦ ਕਰ
“ਸਤਿਗੁਰ ਕੈ ਬਚਨਿ ਅਰਾਧਿ ਤੂ ਅਨਦਿਨੁ ਗੁਣ ਗਾਉ।”
– ਮਾਰੂ ੩, ੫, ੧*:੨ (994)

ਹੋਰ ਰੂਪ:

ਅਰਾਧਿਆ –
“ਜਨ ਨਾਨਕ ਸਚੁ ਅਰਾਧਿਆ ਗੁਰਮੁਖਿ ਸੁਖੁ ਪਾਈ।”
– ਬਿਲਾ ੪, ਵਾਰ ੫:੫ (851)

ਅਰਾਘੇ –
“ਹੁਕਮੋ ਸੇਵੇ ਹੁਕਮੁ ਅਰਾਘੇ ਹੁਕਮੇ ਸਮੈ ਸਮਾਏ।”
– ਸਲੋ ੪, ੧੮:੨ (1423)

(2) ਸਿਮਰ, ਵੇਖੋ ‘ਅਰਾਧਉ’

ਅਰਾਪਉ ---- (ਸੰ.) ਅਰਪਨ/ਭੇਟਾ ਕਰ ਦੇਵਾਂ
“ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ ਮਿਲਥੇ।”
– ਕਲਿ ੪, ੩, ੩:੧ (1320)

ਹੋਰ ਰੂਪ:

ਅਰਾਪਉਂ –
"ਹੰੀਉ ਅਰਾਪਉ ਦੇਹੁ ਸਦੇਸਾ।"
– ਸਾਰ ੫, ਛੰਤ ੧, ੩:੨ (1237)

ਅਰਿਓ ----- ਅੜ/ਉਲਝ ਗਿਆ
"ਮਾਈ ਰੀ ਅਰਿਓ ਪ੍ਰੇਮ ਕੀ ਖੋਰਿ।"
– ਸਾਰ ੫, ੧੨੪, ੧*:੧ (1228)

ਅਰੀ ------ ਹੇ
"ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ।"
– ਗੂਜ ਤ੍ਰਿਲੋ, ੨, ੧*:੧ (526)

ਅਰੁ ------ (ਸੰ.) ਅਤੇ
"ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।"
– ਸਿਰੀ ੧, ੨੪, ੧:੧ (23)

ਅਰੁਣ ----- (ਸੰ.) ਸੂਰਜ ਦਾ ਰਥਵਾਨ
"ਕਰਮ ਕਰਿ ਅਰੁਣ ਪਿੰਗੁਲਾ ਰੀ।"
– ਧਨਾ ਤ੍ਰਿਲੋ, ੧, ੨:੨ (695)

ਅਰੂੜਾ ----- ਸਥਿਰ
"ਸਤ ਸੰਗਤਿ ਸਾਧ ਪਾਈ ਵਡਭਾਗੀ ਮਨੁ ਚਲਤੌ ਭਇਓ ਅਰੂੜਾ।"
– ਜੈਤ ੪, ੬, ੧:੧ (698)

ਅਰੋਗ ----- ਨਿਰੋਗ, ਰੋਗ ਰਹਿਤ
"ਆਸ ਅਨਿਤ ਗੁਰਮੁਖਿ ਮਿਟੈ ਨਾਨਕ ਨਾਮ ਅਰੋਗ।"
– ਗਉ ੫, ਬਾਅ ੧੯ਸ:੨ (254)

ਹੋਰ ਰੂਪ:

ਅਰੋਗਾ – (ਨਰੋਆ)
"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।"
– ਸੋਰ ੫, ੧੧, ੧:੧ (611)

ਅਰੋਗੁ – (ਰੋਗ ਰਹਿਤ)
"ਨਾਨਕ ਸੋ ਜਨੁ ਸਦਾ ਅਰੋਗੁ।"
– ਗਉ ੫, ਸੁਖ ੧੫, ੨:੧੦ (282)

ਅਰੋਗਤ ---- ਤੰਦਰੁਸਤ, ਨਰੋਆ
"ਗੁਰਮੁਖਿ ਜਪਿ ਸਭਿ ਰੋਗ ਗਵਾਇਆ ਅਰੋਗਤ ਭਏ ਸਰੀਰਾ।"
– ਵਡ ੪, ਛੰਤ ੪, ੩:੩ (574)

ਅਲ ------ (ਸੰ.) ਕਾਫੀ, ਪੂਰੀ ਪੂਰੀ, ਪੂਰਣ
"ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ ਪੀਵਤ ਬਿਨਸਤ ਤਾਪ।"

– ਆਸਾ ੫, ਛੰਤ ੧੪, ੩:੩ (462)

ਹੋਰ ਰੂਪ:

ਅਲੁ – ਵੇਖੋ 'ਅਲੁ'

ਅਲਉਤੀ --- (ਸੰ.) ਕੁੰਡਲਿਨੀ, ਅਖਰੀ ਅਰਥ ਸਪਨੀ (ਨਿਰੁਕਤ); ਮਿਸਰੀ (ਸ਼ਬਦਾਰਥ, ਨਿਰਣਯ, ਸੰਥਿਆ)
"ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ।"
– ਗਉ ਕਬ, ੪੭, ੨:੨ (333)

ਅਲਸਾਈਐ -- ਆਲਸ ਕਰੀਏ
"ਨਾਮੁ ਜਪਤ ਗੋਬਿੰਦ ਨਹ ਅਲਸਾਈਐ।"
– ਆਸਾ ੫, ਛੰਤ ੬, ੧:੧ (456)

ਅਲਹ ----- (1) (ਅ. ਅਲਾਹ) ਰਬ, ਪਰਮੇਸ਼ਰ
"ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ।"
– ਆਸਾ ਕਬ, ੧੭, ੧:੨ (480)
"ਅਲਹ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ।" (ਅਲਾ ਨੂੰ)
– ਗਉ ਕਬ, ਬਾਅ ੩:੧ (340)

ਹੋਰ ਰੂਪ:

ਅਲਹੁ –
"ਬਾਬਾ ਅਲਹੁ ਅਗਮ ਅਪਾਰੁ।"
– ਸਿਰੀ ੧, ਅਸ ੧, ੧*:੩ (53)
"ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ।" (ਅਲਾ ਨੂੰ)
– ਆਸਾ ਕਬ, ੨੯, ੧:੧ (483)

(2) ਰਬ ਕਰੇ
"ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।"
– ਸਲੋ ਫਰ, ੨੫:੧ (1379)

ਅਲਕਾਇਆ – ਆਲਸ ਕਰ ਜਾਂਦਾ ਹੈ
"ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ।"
– ਆਸਾ ੫, ੧੨੫, ੨:੧ (402)

ਹੋਰ ਰੂਪ:

ਅਲਕਾਈਐ –
"ਆਪਨ ਕਾਜ ਕਉ ਕਿਉ ਅਲਕਾਈਐ।"
– ਸੋਰ ੫, ੮੩, ੧*:੧ (629)

ਅੰਲਕਾਰ ---- (ਸੰ.) ਗਹਿਣੇ
"ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ।"
– ਧਨਾ ੫, ੫, ੩:੨ (672)

ਅਲਖ ----- (ਸੰ.) ਜੋ ਜਾਣਿਆ ਨਾ ਜਾ ਸਕੇ, ਸਮਝ ਤੋਂ ਪਰੇ ਅਦ੍ਰਿਸ਼

“ਸਤਿਗੁਰ ਤੁਠੈ ਪਾਈਐ ਪੂਰਨ ਅਲਖ ਅਭੇਵ।”
– ਸਿਰੀ ੫, ੧੦੦, ੧*:੨ (53)

(ਵਧੇਰੇ ਕਰਕੇ ‘ਅਲਖ ਅਭੇਵ’, ਅਲੱਖ ਅਪਾਰ ਇੱਕਠਾ ਆਇਆ ਹੈ)

ਹੋਰ ਰੂਪ:

ਅਲਖੰ –
“ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ।”
– ਰਾਮ ੧, ਸਿਗੋ ੫੯:੧ (944)

ਅਲੰਖ –
“ਸਤਿਗੁਰ ਮਿਲੇ ਸੁ ਉਬਰੇ ਸਾਚੈ ਸਬਦਿ ਅਲੰਖ।”
– ਸਲੋ ੩, ੧੦:੨ (1413)

ਅਲਖਿ –
“ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ।”
– ਮਾਝ ੧, ਵਾਰ ੨੪:੨ (149)

ਅਲਖੁ –
“ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ।”
– ਸਿਰੀ ੩, ੬੦, ੧:੨ (37)

ਅਲਖੈ –
“ਨਾਨਕ ਤਿਸੁ ਸਰਣਾਗਤੀ ਜੋ ਪੁਰਖੁ ਅਲਖੈ।”
– ਗਉ ੪, ਵਾਰ ੨੮:੫ (315)

(2) ਜੋ ਵਖਾਈ ਨ ਦੇਵੇ (ਮਹਾਨਕੋਸ਼)
“ਅਗਮ ਅਗੋਚਰ ਅਲਖ ਅਪਾਰਾ ਚਿੰਤਾ ਕਰਹੁ ਹਮਾਰੀ।”
– ਬਿਲਾ ੧, ੨, ੨:੧ (795)

ਅਲਗਉ ---- (ਸੰ.) ਵਖ, ਨਿਰਲੇਪ
“ਅਲਗਉ ਜੋਇ ਮਧੁਕਰਉ ਸਾਰੰਗਪਾਣਿ ਸਬਾਇ।”
– ਮਾਰੂ ੩, ਵਾਰ ੧੨ਸ, ੧, ੨:੧ (1090)

ਅਲਗੁ ----- ਵਖਰਾ
“ਜੰਤੁ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ।”
– ਰਾਮ ੧, ਓਅੰ ੪੯:੮ (937)

ਅਲਪ ----- (1) (ਸੰ.) ਨਿਰਲੇਪ, ਬਚਿਆ, ਅਭਿਜ
“ਰਹਿਤ ਬਿਕਾਰ ਅਲਪ ਮਾਇਆ ਤੇ ਅਹੰਬੁਧਿ ਬਿਖੁ ਤਿਆਗੀ।”
– ਸਾਰ ੫, ੬੭, ੧:੧ (1217)

ਹੋਰ ਰੂਪ:

ਅਲਪਹੀਅਉ –
“ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ।”
– ਜੈਤ ੫, ੨, ੨:੧ (700)

(2) (ਸੰ.) ਥੋੜਾ, ਥੋੜੀ
“ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ।”

– ਰਾਮ ੧, ਸਿਗੋ ੮:੪ (939)

(3) ਥੁੜ ਚਿਰਾ, ਨਾਸਵੰਤ
“ਅਲਪ ਸੁਖ ਛਾਡਿ ਪਰਮ ਸੁਖ ਪਾਵਾ।”
– ਗਉ ਕਬ, ਬਾਅ ੪੧:੩ (342)

“ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ।” (ਥੁੜ ਚਿਰ)
– ਧਨਾ ੫, ੨੭, ੧*:੨ (677)

(4) ਤੁਛ
“ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ।” (ਅਲਪ ਮਤਿ, ਤੁਛ ਬੁੱਧੀ ਵਾਲਾ, ਮੂਰਖ)
– ਧਨਾ ੫, ੧੨, ੨:੨ (674)

ਅਲ ਪਲਾਲੀਆ ਵਾਧੂ, ਵਿਅਰਥ, ਫੋਕੀਆਂ
“ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ।”
– ਗਉ ੫, ਵਾਰ ੧੨ਸ, ੫, ੧:੨ (320)

ਅਲੰਬਨੁ ---- (ਸੰ.) ਆਸਰਾ, ਸਹਾਰਾ
“ਹਸਤ ਅਲੰਬਨੁ ਦੇਹੁ ਪ੍ਰਭ ਗਰਤਹੁ ਉਧਰੁ ਗੋਪਾਲ।”
– ਗਉ ੫, ੧੧੬, ੨:੧ (203)

ਅਲਭੁ ----- (ਸੰ.) ਦੁਰਲਭ
“ਇਸੁ ਜਗ ਮਹਿ ਨਾਮੁ ਅਲਭੁ ਹੈ ਗੁਰਮੁਖਿ ਵਸੈ ਮਨਿ ਆਇ।”
– ਸੋਰ ੪, ਵਾਰ ੬ਸ, ੩, ੧:੪ (644)

ਅਲਮਸਤੁ --- (ਅ. ਅਲ+ਫਾ. ਮਸਤ) ਪੂਰੀ ਮਸਤੀ ਵਿਚ ਰਹਿਣ ਵਾਲਾ
“ਹਰਿ ਰਸੁ ਪੀਵੈ ਅਲਮਸਤੁ ਮਤਵਾਰਾ।”
– ਆਸਾ ੫, ੨੭, ੧*:੧ (377)

ਅਲਾ ------ (ਅੰ. ਅਲਾਹ) ਹੇ ਅੱਲਾ, ਹੇ ਰਬ
“ਸੋਈ ਲਗੈ ਸਚਿ ਜਿਸੁ ਤੂੰ ਦੇਹਿ ਅਲਾ।”
– ਆਸਾ ੫, ੧੦੭, ੨:੨ (397)

ਅਲਾਉ ----- (ਸੰ.) ਬਚਨ, ਬੋਲ
“ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ।”
– ਸੋਰ ੩, ਅਸ ੧, ੩:੩ (638)

ਅਲਾਇ ---- (1) ਉਚਾਰਣ ਕਰਨ, ਅਲਾਪਣ, ਆਖਣ, ਬੋਲਣ
“ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ।”
– ਮਾਝ ੫, ਬਾਰਾ ੧੩:੫ (136)

ਹੋਰ ਰੂਪ:

ਅਲਾਏ – (ਅਲਾਪਦਾ ਹੈ)
“ਜਿਸ ਦੈ ਅੰਦਰਿ ਸਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ।”
– ਮਾਝ ੧, ਵਾਰ ੫ਸ, ੪, ੨:੧ (140)

2. ਸੁਣਾਏ

"ਤੇਰਾ ਸਦੜਾ ਸੁਦੀਜੈ ਭਾਈ ਜੇ ਕੋ ਬਹੈ ਅਲਾਇ।"
- ਸੂਹੀ ੧, ੭, ੧*:੧ (730)

ਅਲਾਏ ----- ਕਹਿੰਦਾ ਹੈ
"ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ।"
- ਮਾਰੂ ੫, ਵਾਰ ੧੫ਸ, ੫, ੫:੧ (1099)

ਅਲਾਏਸੀ --- ਬੁਲਾਏਗਾ, ਸਦੇਗਾ
"ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ।"
- ਸੂਹੀ ਫਰ, ੨, ੩:੧ (794)

ਅਲਾਹ ----- (ਅ. ਅਲਾਹ) ਰਬ, ਪਰਮੇਸ਼ਰ
"ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ।"
- ਆਸਾ ੩, ੩੬, ੯:੧ (430)

ਹੋਰ ਰੂਪ:

ਅਲਾਹਿ -
"ਕੋਈ ਸੇਵੈ ਗੁਸਈਆ ਕੋਈ ਅਲਾਹਿ।"
- ਰਾਮ ੫, ੯, ੧:੨ (885)

ਅਲਾਹੁ -
"ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ।"
- ਸਿਰੀ ੧, ਅਸ ੧੭, ੬:੧ (64)

ਅਲਾਪਹਿ --- ਅਲਾਪਦੇ ਹਨ, ਗਾਉਂਦੇ ਹਨ
"ਸੰਗਿ ਅਲਾਪਹਿ ਆਠਉ ਨੰਦਨ।"
- ਰਾਗ ੧:੨ (1429)

ਹੋਰ ਰੂਪ:

ਅਲਾਪਿ - (ਅਲਾਪ ਕਰ, ਉਚਾਰ)
"ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ।"
- ਰਾਗੁ ੧:੩੫ (1430)

ਅਲਾਪੀ - (ਉਚਾਰੀ ਹੈ)
"ਤਿਹ ਪਾਛੈ ਸਿੰਧਵੀ ਅਲਾਪੀ।"
- ਰਾਗੁ ੧:੪੫ (1430)

ਅਲਾਪੇ -
"ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ।"
- ਮਾਰੂ ੫, ੧੫, ੩:੩ (1003)

ਅਲਾਪੈ -
"ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ।"
- ਰਾਮ ੫, ੮, ੧:੧ (885)

ਅਲਾਵਣੁ ---- ਬੋਲਣਾ
"ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ।"

– ਮਾਰੂ ੫, ਵਾਰ ੧੭ਸ, ੫, ੩:੧ (1100)

ਹੋਰ ਰੂਪ:

ਅਲਾਵੈ –
“ਝੂਠੁ ਅਲਾਵੈ ਕਾਮਿ ਨ ਆਵੈ ਨ ਪਿਰੁ ਦੇਖੈ ਨੈਣੀ।”
– ਧਨਾ ੧, ਛੰਤ ੩, ੪:੩ (689)

ਅਲਿ ------ (ਸੰ.) ਭੌਰਾ
“ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ।”
– ਆਸਾ ੪, ੬੭, ੧:੨ (370)

ਅਲਿਪ ----- ਅਲਿਪਤ, ਨਿਰਲੇਪ
“ਕਹੁ ਨਾਨਕ ਤਿਨ੍ਹ ਜਨ ਬਲਿਹਾਰੀ ਜੋ ਅਲਿਪ ਰਹੇ ਮਨ ਮਾਂਹੀ।”
– ਸਾਰ ੫, ੧੬, ੪:੨ (1207)

ਅਲਿਪਤ ---- (ਸੰ.) ਨਿਰਲੇਪ, ਨਿਰਬੰਧਨ
“ਸਭ ਕੈ ਮਧੇ ਅਲਿਪਤ ਨਿਰਬਾਣੇ।”
– ਮਾਝ ੫, ੨੭, ੩:੨ (102)

ਹੋਰ ਰੂਪ:

ਅਲਿਪਤਾ –
“ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ।”
– ਮਾਰੂ ੫, ਅਸ ੭, ੨:੩ (1019)

ਅਲਿਪਤੁ –
“ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ।”
– ਸਿਰੀ ੪, ੭੦, ੨:੧ (42)

ਅਲਿਪਤੋ –
“ਸਭ ਕੈ ਮਧਿ ਅਲਿਪਤੋ ਰਹੈ।”
– ਗਉ ੫, ਸੁਖ ੨੩, ੬:੭ (294)

ਅਲਿਪਨਾ --- ਨਿਰਲੇਪ, ਅਲੇਪ
“ਆਪ ਹੀ ਘਟਿ ਘਟਿ ਆਪਿ ਅਲਿਪਨਾ।”
– ਬਿਲਾ ੫, ੭, ੩:੨ (803)

ਅਲਿਪਾਇ --- ਨਿਰਮਲ, ਨਿਰਲੇਪ
“ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ।”
– ਮਾਰੂ ੫, ੧੧, ੪:੧ (1001)

ਅਲਿਪਾਤਾ --- ਨਿਰਲੇਪ
“ਘਟਿ ਘਟਿ ਪੂਰਨ ਹੈ ਅਲਿਪਾਤਾ।”
– ਸਾਰ ੫, ਛੰਤ ੧, ੧:੨ (1236)

ਅਲਿਪਾਰੀ --- ਅਲਿਪਤ, ਨਿਰਲੇਪ
“ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ।”

– ਸਾਰ ੫, ੨੫, ੧:੨ (1209)

ਅਲੀਅਲ --- ਭੌਰਾ
"ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ
ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ।"
– ਆਸਾ ੫, ਛੰਤ ੧੪, ੩:੧ (462)

ਅਲੀਆ ---- ਝੂਠ; ਮਾੜੇ ਬੋਲ
"ਜਾਗਤੁ ਰਹੈ ਨ ਅਲੀਆ ਭਾਖੈ।"
– ਰਾਮ ਬੇਣੀ, ੧, ੬;੧ (974)

ਅਲੁ ------ ਪੂਰਨ, ਵੇਖੋ 'ਅਲ'
"ਹੋਆ ਓਹੀ ਅਲੁ ਜਗ ਮਹਿ ਗੁਰ ਗਿਆਨੁ ਜਪਾਈ।"
– ਮਾਰੂ ੫, ਵਾਰ ੧੬:੭ (1100)

ਅਲੁਮਲੁ ---- ਗੰਦਗੀ
"ਅਲੁਮਲੁ ਖਾਈ ਸਿਰਿ ਛਾਈ ਪਾਈ।"
– ਆਸਾ ੧, ਵਾਰ ੯ਸ, ੧, ੨:੧੦ (467)

ਅਲੂਣੀ ----- (1) ਥੋਥੀ
"ਮਤਿ ਅਲੂਣੀ ਫਿਕਾ ਸਾਦੁ।"
– ਸਿਰੀ ੧, ੩੨, ੩:੨ (25)

(2) ਫਿਕੀ, ਬੇਸੁਆਦੀ
"ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ।"
– ਬਿਹਾ ੪, ਵਾਰ ੧੪ਸ, ੫, ੧:੨ (554)

(3) ਕਠਿਨ, ਕਰੜੀ
"ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ।"
– ਰਾਮ ਸਬ, ਵਾਰ ੨:੪ (966)

ਅਲੇਖ ----- ਬੇਅੰਤ, ਜੋ ਲੇਖੇ ਵਿਚ ਨਹੀਂ
"ਤੂ ਪੁਰਖੁ ਅਲੇਖ ਅਗੰਮ ਨਿਰਾਲਾ।"
– ਮਾਰੂ ੧, ਸੋਲਾ ੧੮, ੩:੨ (1038)

ਹੋਰ ਰੂਪ:

ਅਲੇਖੰ –
"ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ।"
– ਮਾਰੂ ੫, ਵਾਰ ੧੩:੧ (1099)

ਅਲੇਖੁ –
"ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ।"
– ਗਉ ੫, ਛੰਤ ੨, ੨:੩ (248)

ਅਲੇਖੁ ----- (1) ਜਿਸ ਦੇ ਸਿਰ ਤੇ ਕੋਈ ਲੇਖ ਨਹੀਂ
"ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ।
ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ।"

– ਸੋਰ ੧, ੧੧, ੧:੧;੨ (598-99)

(2) ਬੇਅੰਤ, ਜੋ ਲੇਖੇ ਵਿਚ ਨਹੀਂ – ਵੇਖੋ ‘ਅਲੇਖ’

ਅਲੇਖੈ ----- (1) ਬਿਨਾ ਲੇਖੇ (ਹਿਸਾਬ ਕਿਤਾਬ) ਦੇ

“ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ।”

– ਟੋਡੀ ੫, ੯, ੧:੨ (713)

(2) ਲੇਖੇ ਤੋਂ ਰਹਿਤ

“ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ।”

– ਮਾਰੂ ੫, ਸੋਲਾ ੧੦, ੩:੩ (1081)

ਅਲੇਪ ----- ਨਿਰਲੇਪ, ਬੇਲਾਗ

“ਜੈਸੇ ਜਲ ਮਹਿ ਕਮਲ ਅਲੇਪ।”

– ਗਉ ੫, ਸੁਖ ੮, ੧:੨ (272)

ਹੋਰ ਰੂਪ:

ਅਲੇਪਾ –

“ਆਪਿ ਅਲੇਪਾ ਨਿਰਗੁਨੁ ਰਹਤਾ।”

– ਆਸਾ ੫, ੬੪, ੩:੨ (387)

ਅਲੋਅ ----- (ਸੰ.) ਅਜੀਬ, ਅਨੋਖਾ

“ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।”

– ਧਨਾ ੧, ੮, ੨:੨ (663)

ਅਲੋਇ ----- (1) (ਸੰ.) ਵੇਖਿਆ

“ਇਹ ਬਿਧਿ ਨਾਨਕ ਹਰਿ ਨੈਣ ਅਲੋਇ।”

– ਟੋਡੀ ੫, ੧੮, ੨:੨ (715)

ਹੋਰ ਰੂਪ:

ਅਲੋਇਅੜਾ –

“ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ।”

– ਰਾਮ ੫, ਛੰਤ ੧, ੧:੨ (924)

ਅਲੋਇਆ –

“ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪ੍ਰਿਅ ਗੂੜਾ।”

– ਰਾਮ ੫, ਛੰਤ ੧, ੧:੩ (924)

ਅਲੋਈਐ –

“ਕੋਇ ਨ ਮੇਟੈ ਪ੍ਰਭ ਕਾ ਕੀਆ ਦੂਸਰ ਨਾਹੀ ਅਲੋਈਐ।”

– ਦੇਵ ੫, ੨, ੨:੧ (528)

(2) ਖੋਲ੍ਹ ਕੇ

“ਸਭਿ ਥਾਨ ਦੇਖੇ ਨੈਣ ਅਲੋਇ।”

– ਰਾਮ ੫, ਅਸ ੪, ੮:੧ (915)

ਅਲੋਕ ----- (ਸੰ.) ਵੇਖ ਕੇ

“ਆਨ ਬਸਤੁ ਸਿਉ ਕਾਜੁਨ ਕਛੂਐ ਸੁੰਦਰ ਬਦਨ ਅਲੋਕ।”

– ਸਾਰ ਸੁਰ, ੧, ੧:੨ (1253)

ਅਲੋਕਨ ---- ਵੇਖਣਾ
“ਈਤ ਉਤ ਦਹਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਉ।”
– ਰਾਮ ੫, ਰੁਤੀ ੫:੫ (928)

ਅਲੋਗਨੀ ---- (ਸੰ.) ਅਲੌਕਿਕ
“ਸੁਰਗ ਪਵਿਤ੍ਰਾ ਮਿਰਤ ਪਵਿਤ੍ਰਾ ਪਇਆਲ ਪਵਿਤ੍ਰ ਅਲੋਗਨੀ।”
– ਰਾਮ ੫, ੩, ੨:੧ (883)

ਅਲੋਗੀ ----- ਅਲਗ (ਨਿਰੁਕਤ, ਸੰਥਿਆ;) ਅਲੌਕਿਕ, ਲੋਕਾਂ ਤੋਂ ਵੱਖਰੀ, ਨਿਰਾਲੀ (ਸ਼ਬਦਾਰਥ, ਨਿਰਣਯ, ਦਰਪਣ)
“ਕਹੁ ਨਾਨਕ ਲੋਗ ਅਲੋਗੀ ਰੀ ਸਖੀ।”
– ਆਸਾ ੫, ੧੫੭, ੨:੬ (409)

ਅਲੋਵਉ ---- ਦਰਸਨ ਕਰੋ
“ਨੈਨ ਅਲੋਵਉ ਸਾਧ ਜਨੋ।”
– ਗਉ ੫, ੧੩, ੫:੧ (241)

ਅਲੋਵਣਾ ---- ਵੇਖਣਾ
“ਅੰਤਰਿ ਬਾਹਰਿ ਇਕੁ ਨੈਣ ਅਲੋਵਣਾ।”
– ਗੁਜ ੫, ਵਾਰ ੧੮:੬ (523)

ਅਵਸਥਾ ---- (1) (ਸੰ.) ਹਾਲਤ, ਦਸ਼ਾ, ਮਨੋਦਸ਼ਾ
“ਤੁਰੀ ਅਵਸਥਾ ਸਤਿਗੁਰ ਤੇ ਹਰਿ ਜਾਨੁ।”
– ਗਉ ੧, ੧੨, ੧:੪ (154)

(2) ਉਮਰ
“ਅਨਿਕ ਜਤਨ ਕਰਿ ਇਹ ਤਨੁ ਰਾਖਹੁ ਰਹੈ ਅਵਸਥਾ ਪੂਰੇ।”
– ਕੇਦਾ ਕਬ, ੪, ੨:੨ (1124)

ਅਵਖਦ ---- (ਸੰ.) ਦੁਆਈ, ਦਾਰੂ
“ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ।”
– ਬਿਲਾ ੫, ੨੮, ੧:੨ (807)

ਹੋਰ ਰੂਪ:

ਅਵਖਦੁ –
“ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ।”
– ਸੋਰ ੫, ੬੨, ੪:੩ (625)

ਅਵਖਧ –
“ਅਵਖਧ ਸਭੇ ਕੀਤੀਅਨ ਨਿੰਦਕ ਕਾ ਦਾਰੂ ਨਾਹਿ।”
– ਗਉ ੪, ਵਾਰ ੨੯ਸ, ੫, ੨:੧ (315)

ਅਵਖਧੁ –
“ਨਾਮੁ ਅਵਖਧੁ ਜਿਨਿ ਜਨ ਤੇਰੈ ਪਾਇਆ।”
– ਮਾਝ ੫, ੪੬, ੩:੧ (107)

ਅਵਖਧ ---- (1) ਸਾਧਨ, ਤਰੀਕਾ
"ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ।"
– ਗੌਂਡ ਨਾਮ, ੩, ੧:੨ (874)
(2) ਦੁਆਈ, ਵੇਖੋ 'ਅਵਖਦ'

ਅਵਗਣ ---- (ਸਂ.) ਦੋਸ਼, ਐਬ, ਔਗੁਣ
"ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ।"
– ਸਿਰੀ ੧, ੨੪, ੪:੨ (23)

ਹੋਰ ਰੂਪ:

ਅਵਗਣਾ –
"ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ।"
– ਸੂਹੀ ੧, ਕੁਚ ੧:੧੫ (762)
ਅਵਗਣਿ – (ਅਉਗਣਾਂ ਸਦਕਾ)
"ਮਨਮੁਖਿ ਸਬਦੁ ਨ ਜਾਣਈ ਅਵਗਣਿ ਸੋ ਪ੍ਰਭੁ ਦੂਰਿ।"
– ਸਿਰੀ ੩, ੫੯, ੨:੨ (37)
ਅਵਗਣੁ –
"ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ।"
– ਸੂਹੀ ੧, ਛੰਤ ੪, ੨:੫ (765)
ਅਵਗਨ –
"ਮੇਰੇ ਗੁਣ ਅਵਗਨ ਨ ਬੀਚਾਰਿਆ।"
– ਸਿਰੀ ੧, ਅਸ ੨੮, ੧੮:੧ (72)
ਅਵਗਨੁ –
"ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ।"
– ਆਸਾ ੫, ੭, ੧:੧ (372)
ਅਵਗੁਣ –
"ਗੁਣ ਵੀਚਾਰੀ ਗੁਣ ਸੰਗ੍ਰਹ ਅਵਗੁਣ ਕਢਾ ਧੋਇ।"
– ਸਿਰੀ ੩, ੬੦, ੪:੨ (37)
ਅਵਗੁਣਿ –
"ਠਹਕਿ ਮੁਈ ਅਵਗੁਣਿ ਪਛੁਤਾਇ।"
– ਰਾਮ ੧, ਓਅੰ ੨੯:੨ (933)
ਅਵਗੁਣੀ –
"ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲਿ।"
– ਰਾਮ ੧, ਓਅੰ ੪੪:੭ (936)
ਅਵਗੁਣੁ –
"ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ।"
– ਵਡ ੫, ਛੰਤ ੧, ੪:੪ (577)
ਅਵਗੁਨ –
"ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ।"
– ਕਾਨ ੪, ੩, ੪:੨ (1295)

ਅਵਗੁਨੁ –
"ਹਮ ਪਾਪੀ ਪਾਖੰਡੀ ਲੋਭੀ ਹਮਰਾ ਗੁਨੁ ਅਵਗੁਨੁ ਸਭੁ ਸਹਿਆ।"
– ਦੇਵ ੫, ੨੪, ੧:੧ (533)

(2) ਭੈੜੇ ਕੰਮ
"ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛਤਾਇ।"
– ਸਿਰੀ ੧, ਪਹ ੨, ੩:੫ (76)

ਹੋਰ ਰੂਪ:

ਅਵਗਨ –
"ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ।"
– ਬਿਲਾ ੫, ੩੪, ੨:੧ (809)

ਅਵਗਣਿਆਰ ਗੁਣਹੀਣ, ਗੁਣਾਂ ਤੋਂ ਵਿਹੂਣਾ
"ਤੂ ਗੁਣਦਾਤਾ ਨਿਧਾਨੁ ਹਹਿ ਅਸੀ ਅਵਗਣਿਆਰ।"
– ਮਲਾ ੧, ਵਾਰ ੧੩:੭ (1284)

ਹੋਰ ਰੂਪ:

ਅਵਗਣਿਆਰਿ – (ਪਾਪਣ, ਗੁਣ ਹੀਣ)
"ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ।"
– ਸਿਰੀ ੧, ਅਸ ੫, ੪:੧ (56)

ਅਵਗਣਿਆਰੁ –
"ਲਾਲੇ ਵਿਚਿ ਗੁਣੁ ਕਿਛੁ ਨਹੀ ਲਾਲਾ ਅਵਗਣਿਆਰੁ।"
– ਮਾਰੂ ੧, ਅਸ ੫, ੬:੧ (1011)

ਅਵਗਣਿਆਰੇ –
"ਗੁਣਦਾਤਾ ਹਰਿ ਰਾਇ ਹੈ ਹਮ ਅਵਗਣਿਆਰੇ।"
– ਗਉ ੩, ੩੮, ੩:੧ (163)

ਅਵਗਨਿਆਰੇ –
"ਅਵਗਨਿਆਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ।"
– ਨਟ ੪, ੩, ੩:੨ (976)

ਅਵਗਨੀਆਰੇ –
"ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ।"
– ਕਾਨ ੪, ੩, ੩:੨ (1295)

ਅਵਗੁਣਿਆਰੀ –
"ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ।"
– ਵਡ ੩, ਅਲਾ ੨, ੨:੪ (583)

ਅਵਗੁਨੀਆਰੇ –
"ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ।"
– ਸਲੋ ਕਬ, ੭੨:੨ (1368)

ਅਵਗਤਿ ---- (1) ਨਰਕ; ਮੰਦਾ (ਸ਼ਬਦਾਰਥ)
"ਗਤਿ ਅਵਗਤਿ ਕੀ ਚਿੰਤ ਨਾਹੀ ਸਤਿਗੁਰੂ ਫੁਰਮਾਈ।"
– ਪ੍ਰਭਾ ੧, ੪, ੩:੨ (1328)

(2) (ਸੰ.)
ੳ. ਜੋ ਜਾਣਿਆ ਨਾ ਜਾਵੇ, ਭਾਵ ਈਸ਼ਵਰ (ਅਲਖ)
ਅ. ਜੋ ਚੰਗੀ ਤਰ੍ਹਾਂ ਜਾਣਿਆ ਗਿਆ ਭਾਵ ਗਿਆਨ (ਸੰਥਾ)
ੲ. ਅਵਿਨਾਸ਼ੀ (ਸ਼ਬਦਾਰਥ)
"ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ।"
– ਸਿਰੀ ਬੇਣੀ, ੧, ੪:੪ (93)

ਅਵਗਨ ---- (1) ਐਬ ਔਗਣ ਵੇਖੋ ਅਵਗਣ(1)
(2) ਭੈੜੇ ਕੰਮ, ਵੇਖੋ ਅਵਗਣ (2)
(3) ਟੰਟੇ, ਪੁਆੜੇ
"ਇੜਾ ਪਿੰਗਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ।" (ਇਹ ਅਭਿਆਸ ਦੇ ਟੰਟੇ ਕਿਥੇ ਗਏ।)
– ਗਉ ਕਬ, ੫੨, ੧:੨ (334)

ਅਵਗਾਹਿ --- ਖੋਜ ਭਾਲ ਕਰਦਿਆਂ, ਖੋਜ ਖੋਜ ਕੇ, ਗਾਹ ਗਾਹ ਕੇ
"ਸਗਲ ਦੇਵ ਹਾਰੇ ਅਵਗਾਹਿ।"
– ਗਉ ੫, ਸੁਖ ੧੬, ੩:੨ (284)

ਹੋਰ ਰੂਪ:

ਅਵਗਾਹੀਆ –
"ਮਨ ਮੰਧੇ ਪ੍ਰਭੁ ਅਵਗਾਹੀਆ।"
– ਮਾਝ ੫, ਅਸ ੩੮, ੬:੧ (132)

ਅਵਗਾਹੇ –
"ਭਾਤਿ ਭਾਤਿ ਬਨ ਬਨ ਅਵਗਾਹੇ।"
– ਮਾਝ ੫, ੧੨, ੧:੨ (98)

ਅਵਗਿਆ --- (ਸੰ.) ਨਿਰਾਦਰੀ, ਹਤਕ
"ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ।"
– ਧਨਾ ੫, ੫੨, ੧:੨ (683)

ਅਵਘਟ ---- (ਸੰ.) (1) ਉਚਾ ਨੀਵਾਂ, ਔਖਾ, ਔਖੀ
"ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ।"
– ਗਉ ਰਵਿ, ੧, ੧:੧ (345)
"ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ।"
– ਸਲੋ ਕਬ, ੧੬੫:੨ (1373)

ਹੋਰ ਰੂਪ:

ਅਵਘਟਿ –
"ਉਤਰਿ ਅਵਘਟਿ ਸਰਵਰਿ ਨ੍ਹਾਵੈ।"
– ਆਸਾ ੧, ਅਸ ੧, ੧:੧ (411)
(2) ਕੁਮਾਰਗ (ਔਖਾ ਰਾਹ, 'ਸ਼ਬਦਾਰਥ')
"ਸੋ ਘਟੁ ਛਾਡਿ ਅਵਘਟ ਕਤ ਧਾਵਾ।"
– ਗਉ ਕਬ, ਬਾਅ ੧੦:੪ (340)

ਅਵਘਟਿ ---- (1) ਬਾਹਰ
"ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ।"
– ਦੇਵ ੫, ੧, ੧:੨ (528)
(2) ਔਖਾ, ਵੇਖੋ 'ਅਵਘਟਿ'

ਅਵਝੇਰਾ ---- ਉਲਝਨ
"ਚਿਤ੍ਰ ਬਚਿਤ੍ਰ ਇਹੈ ਅਵਝੇਰਾ।"
– ਗਉ ਕਬ, ਬਾਅ ੧੨:੩ (340)

ਅਵਤਰਿ ---- (ਸੰ.) ਜਨਮ ਲੈਕੇ
"ਅਵਤਰਿ ਆਇ ਕਹਾ ਤੁਮ ਕੀਨਾ।"
– ਸੂਹੀ ਕਬ, ੧, ੧:੧ (792)

ਹੋਰ ਰੂਪ:

ਅਵਤਰਿਉ – (ਪ੍ਰਗਟ ਹੋ/ਜਨਮ ਲੈ ਕੇ)
"ਨਾਨਕੁ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ।"
– ਸਵ ੩, ੧੬:੫ (1395)

ਅਵਤਾ ----- ਬੇਥੁਵਾ, ਆਪ ਮੁਹਾਰਾ, ਅਵੈੜ
"ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ।"
– ਗਉ ੫, ਵਾਰ ੧੧ਸ, ੫, ੧:੧ (320)

ਅਵਤਾਰ ---- (ਸੰ.) (1) ਧਰਤੀ ਉਤੇ ਜਨਮ ਲੈਣ ਵਾਲਾ ਦੇਵਤਾ
"ਬਿਆਪਤ ਸੁਰਗ ਨਰਕ ਅਵਤਾਰ।"
– ਗਉ ੫, ੮੮, ੧:੨ (182)
"ਕਈ ਕੋਟਿ ਹੋਏ ਅਵਤਾਰ।"
– ਗਉ ੫, ਸੁਖ ੧੦, ੭:੩ (276)

ਹੋਰ ਰੂਪ:

ਅਵਤਾਰਾ –
"ਹੁਕਮਿ ਉਪਾਏ ਦਸ ਅਵਤਾਰਾ।"
– ਮਾਰੂ ੧, ਸੋਲਾ ੧੬, ੧੩:੧ (1037)
ਅਵਤਾਰੀ –
"ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ।"
– ਆਸਾ ੩, ਅਸ ੨੩, ੭:੧ (423)
ਅਵਤਾਰੁ –
"ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ।"
– ਸਵ ੫, ਮਥ ੬:੩ (1409)
(2) ਜਨਮ
"ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ।"
– ਗਉ ੫, ੧੫੮, ੨:੨ (214)
"ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।"
– ਆਸਾ ਰਵਿ, ੧, ੨:੨ (486)

ਹੋਰ ਰੂਪ:

ਅਵਤਾਰੁ –
“ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ।”
– ਗਉ ਕਬ, ੭੦, ੧:੨ (338)

(3) ਪ੍ਰਵੇਸ਼, ਉਤਾਰਾ, ਪੈਣਾ
“ਨਾਨਕ ਨਾਮਿ ਬਿਸਾਰਿਐ ਨਰਕ ਸੁਰਗ ਅਵਤਾਰੁ।”
– ਗਉ ੫, ਥਿਤੀ ੯ਸ:੨ (298)

ਹੋਰ ਰੂਪ:

ਅਵਤਾਰਾ –
“ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ।”
– ਮਾਰੂ ੧, ਸੋਲਾ ੯, ੧੨:੩ (1029)

ਅਵਤਾਰੀ –
“ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ।”
– ਆਸਾ ੩, ਅਸ ੨੩, ੬:੨ (423)

ਅਵਤਾਰੁ –
“ਹਉ ਵਿਚਿ ਨਰਕਿ ਸੁਰਗਿ ਅਵਤਾਰੁ।”
– ਆਸਾ ੧, ਵਾਰ ੭ਸ, ੧, ੧:੭ (466)

ਅਵਤਾਰੀ --- (1) ਅਵਤਾਰ ਧਾਰਨ ਵਿਚ
“ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ।”
– ਵਡ ੩, ੫, ੩:੧ (559)

(2) ਪ੍ਰਵੇਸ਼, ਵੇਖੋ ‘ਅਵਤਾਰ’ (3)
(3) ਅਵਤਾਰ, ਵੇਖੋ ‘ਅਵਤਾਰ’ (1)

ਅਵਧ ----- (ਸੰ.) ਉਮਰ, ਆਯੂ
“ਜਨਨੀ ਜਾਨਤ ਸੁਤੁ ਬਡਾ ਹੋਤੁ ਹੈ
ਇਤਨਾਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।”
– ਸਿਰੀ ਕਬ, ੧, ੧:੧ (91)

ਹੋਰ ਰੂਪ:

ਅਵਧਹਿ –
“ਹਾ ਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ।”
– ਜੈਤ ੫, ੧, ੨:੨ (700)

(2) ਸਮਾਂ, ਵੇਲਾ
“ਇਨ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ।”
– ਧਨਾ ਕਬ, ੫, ੧:੨ (692)

ਅਵਧੂਤਾ ---- ਤਿਆਗੀ, ਨਾਂਗਾ ਸਾਧੂ, ਵੇਖੋ ‘ਅਉਧੂ’
“ਇਕ ਸਬਦੀ ਬਹੁਰੂਪਿ ਅਵਧੂਤਾ।”
– ਸਿਰੀ ੫, ੨੭, ੫:੧ (71)

ਅਵਰ ----- (1) (ਸੰ.) ਹੋਰ, ਦੂਜਾ
"ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ।"
– ਸਿਰੀ ੧, ੪, ੪:੩ (15)

ਹੋਰ ਰੂਪ:

ਅਵਰਹਿ – (ਕਿਸ ਹੋਰ)
"ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉ ਰੇ।"
– ਆਸਾ ੫, ੧੩੧, ੨:੧ (404)

ਅਵਰਾ –
"ਸੁਪਨੀ ਤੇ ਆਨ ਛੂਛ ਨਹੀ ਅਵਰਾ।"
– ਆਸਾ ਕਬ, ੧੯, ੩:੧ (480)

ਅਵਰਿ –
"ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ।"
– ਮਾਝ ੫, ੨੨, ੧:੩ (100)

ਅਵਰੀ –
"ਧਨਵੰਤਾ ਇਵ ਹੀ ਕਹੈ ਅਵਰੀ ਧਨ ਕਉ ਜਾਉ।"
– ਸਾਰ ੧, ਵਾਰ ੧੯ਸ, ੧, ੧:੧ (1244)

ਅਵਰੁ –
"ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।"
– ਸਿਰੀ ੧, ੧, ੧*:੨ (14)

ਅਵਰੇ ----- (ਹੋਰ ਵੀ, ਬਾਕੀ)
"ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ।"
– ਸਿਰੀ ੧, ਅਸ ੧੭, ੩:੨ (64)
"ਨਾਨਕ ਨਾਮੁ ਨ ਚੇਤਨੀ ਅਗਿਆਨੀ ਅੰਧੁਲੇ ਅਵਰੇ ਕਰਮ ਕਮਾਹਿ।" (ਹੋਰ ਹੀ)
– ਸੋਰ ੪, ਵਾਰ ੧੫ਸ, ੩, ੧:੧ (648)

ਅਵਰੇਂ –
"ਮਿਥਿਆ ਜਿਹਬਾ ਅਵਰੇਂ ਕਾਮ।"
– ਭੈਰ ਨਾਮ, ੧, ੨:੧ (1163)

ਅਵਰੈ –
"ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ।"
– ਗਉ ਕਬ, ੪੭, ੧*:੨ (333)

ਅਵਰੋ – (ਹੋਰ ਵੀ)
"ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ।"
– ਆਸਾ ੧, ਪਟੀ ੨੮:੨ (434)

(2) ਹੋਰਨਾਂ
"ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ।"
– ਸਿਰੀ ਬੇਣੀ, ੧, ੩:੪ (93)
"ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ।"
– ਆਸਾ ੫, ੪੩, ੨:੧ (381)

ਹੋਰ ਰੂਪ:

ਅਵਰਹ –
“ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ।”
– ਗਉ ੫, ਸੁਖ ੯, ੨:੯ (274)

ਅਵਰਾ –
“ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ।”
– ਮਾਝ ੩, ਅਸ ੧੬, ੨:੩ (118)

ਅਵਰਾਹਾ – (ਹੋਰਨਾਂ ਨਾਲ)
“ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।”
– ਵਡ ੧, ੩, ੧:੬ (557)

ਅਵਰੀ –
“ਅਵਰੀ ਨੋ ਸਮਝਾਵਣਿ ਜਾਇ।” (ਹੋਰਨਾਂ ਨੂੰ)
– ਮਾਝ ੧, ਵਾਰ ਪਸ, ੧, ੧:੨ (140)
“ਤੇਰੇ ਗੁਣ ਹੋਹਿ ਨ ਅਵਰੀ।” (ਹੋਰਨਾਂ ਵਿਚ)
– ਆਸਾ ੧, ੩੫, ੧*:੨ (359)

ਅਵਰੁ –
“ਆਪੇ ਕਾਰ ਕਰਾਇਸੀ ਅਵਰੁ ਨ ਕਰਣਾ ਜਾਇ।”
– ਸਿਰੀ ੩, ੪੯, ੩:੩ (32)

ਅਵਰੇ –
“ਸੇਵਾ ਏਕ ਨ ਜਾਨਸਿ ਅਵਰੇ।”
– ਗਉ ੧, ਅਸ ੧੧, ੧:੧ (225)

ਅਵਰੈ –
“ਮਾਇਆ ਮੋਹ ਭੂਲੋ ਅਵਰੈ ਹੀਤ।”
– ਧਨਾ ੫, ੯, ੧*:੧ (673)

3. ਤੇ, ਅਤੇ
“ਸਿਰਹਾਨਾ ਅਵਰ ਤੁਲਾਈ।”
– ਸੋਰ ਕਬ, ੧੧, ੩:੨ (656)

ਹੋਰ ਰੂਪ:

ਅਵਰੁ –
“ਅੰਬਰੀਕ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ।”
– ਸਵ ੪, ਬਲ ੩:੨ (1405)

ਅਵਰਤ ---- (ਸੰ.) ਜਮ; ਅਭਿਆਸ (ਨਿਰੁਕਤ); ਆਣਕੇ, ਵਰਤਕੇ (ਬਾਣੀ ਪ੍ਰਕਾਸ਼)
“ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ।”
– ਸਸ ੫, ੬੨:੨ (1359)
(ਦਰਪਣ ‘ਅਵਰਤਏਥਹ’ ਨੂੰ ਇਕ ਸ਼ਬਦ ਲੈ ਕੇ ਇਸ ਨੂੰ () ਤੋਂ ਨਿਕਲਿਆ ਮੰਨ ਇਸ ਦੇ ਅਰਥ ‘ਮੁੜ ਮੁੜ ਉਚਾਰਨ’ ਕਰ ਲੈਂਦਾ ਹੈ।)

ਅਵਰਦਾ ---- (ਸੰ.) ਆਯੁ, ਉਮਰ
“ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ।”

– ਮਾਝ ੫, ੨੪, ੧:੩ (101)

ਅਵਰਨ ---- ਹੋਰਨਾਂ ਨੂੰ
“ਅਵਰਨ ਹਸਤ ਆਪ ਹਹਿ ਕਾਂਨੇ।”
– ਗਉ ਕਬ, ੪੪, ੬:੧ (332)

ਅਵਰਨੁ ---- ਵਰਨ ਆਸ਼ਰਮ ਰਹਿਤ, ਅਜਾਤ (ਸ਼ਬਦਾਰਥ, ਦਰਪਣ); ਜੋ ਅਮਰ ਨਹੀਂ, ਮਰਨ ਵਾਲਾ (ਨਿਰੁਕਤ, ਮਹਾਨਕੋਸ਼); ਛਾਦਨ ਰਹਿਤ (ਬਾਣੀ ਪ੍ਰਕਾਸ਼)
“ਕਿ ਇਹ ਮਨੁ ਅਵਰਨੁ ਸਦਾ ਅਵਿਨਾਸੀ।”
– ਮਲਾ ੩, ੧੦, ੧:੨ (1261)

ਅਵਰਾ ----- 1. ਜੋ ਵਰ (ਸ੍ਰੇਸ਼ਟ) ਨਹੀਂ, ਅਧਮ, ਨੀਵਾਂ
“ਆਪਿ ਨਾਥੁ ਨਾਥੀ ਸਭੁ ਜਾ ਕੀ ਰਿਧਿ ਸਿਧਿ ਅਵਰਾ ਸਾਦ।”
– ਜਪੁ ੧, ੨੯:੨ (6)
(ਸੰਤ ਸੰਗਤ ਸਿੰਘ ਨੂੰ ‘ਅਵਰਨ’ (ਪਰਦਾ) ਤੋਂ ਨਿਕਲਿਆ ਮੰਨ ਇਸ ਦੇ ਅਰਥ ‘ਰੁਕਾਵਟ’ ਕਰਦੇ ਹਨ। (ਰਿਧੀਆਂ ਸਿਧੀਆਂ, ਉਸ ਸੁਆਦ ਨੂੰ ਮਾਨਣ ਦੇ ਰਾਹ ਵਿਚ ਰੁਕਾਵਟ ਹਨ।)
2. ਹੋਰ, ਦੂਜਾ, ਵੇਖੋ ‘ਅਵਰ’ (1)
3. ਹੋਰਨਾਂ, ਵੇਖੋ ‘ਅਵਰ’ (2)

ਅਵਰੀਤਾ --- (ਸੰ.) ਨਿਰੰਤਰ (ਨਿਰੁਕਤ); (ਸੰ.) ਦੋਸ਼ ਰਹਿਤ, ਜਿਸ ਤੇ ਅਗਿਆਨ ਦਾ ਪਰਦਾ ਨਹੀਂ (ਸ਼ਬਦਾਰਥ, ਮਹਾਨਕੋਸ਼); ਜਿਨ੍ਹਾਂ ਦੀ ਹੋਰ ਰੀਤੀ ਹੈ (ਬਾਣੀ ਪ੍ਰਕਾਸ਼)
“ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ।”
– ਸੂਹੀ ੧, ਛੰਤ ੪, ੨:੧ (765)

ਅਵਲਿ ----- (ਅ. ਅਵਲ) ਪਹਿਲਾਂ
“ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।”
– ਮਾਝ ੧, ਵਾਰ ੮ਸ, ੧, ੧:੨ (141)
(2) ਸਭ ਤੋਂ ਪਹਿਲਾਂ ਦੀ, ਆਦਿ ਦੀ
“ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ।”
– ਆਸਾ ਕਬ, ੧੭, ੧:੨ (480)
(3) ਪਹਿਲੀ (ਗਿਣਤੀ)
“ਅਵਲਿ ਸਿਫਤਿ ਦੂਜੀ ਸਾਬੂਰੀ।”
– ਮਾਰੂ ੫, ਸੋਲਾ ੧੨, ੯:੧ (1084)

ਅਵਲੋਕਨ --- (ਸੰ.) ਵੇਖਣਾ, ਤਕਨਾ
“ਕਰਿ ਕਿਰਪਾ ਪ੍ਰਭੁ ਨਦਰਿ ਅਵਲੋਕਨ ਅਪੁਨੈ ਚਰਣਿ ਲਗਾਈ।”
– ਆਸਾ ੫, ੫੧, ੪:੧ (384)

ਹੋਰ ਰੂਪ:

ਅਵਲੋਕਨੁ –
“ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ।”
– ਧਨਾ ੫, ੪੫, ੧:੨ (681)

ਅਵਲੋਕ੍ਯਾ – (ਦੇਖਿਆ)
"ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ਯ ਦਿਸ੍ਟਿ ਕਾਰਣ ਕਰਣੰ।"
– ਸਵ ੪, ਗਯੰ ੨:੫ (1402)

ਅਵਾਈ ---- (1) ਵਿਅਰਥ ਗਲਾਂ (ਸ਼ਬਦਾਰਥ), ਅਵੈੜ ਹੋ ਕੇ (ਦੁਬਿੱਧਾ ਵਿਚ) (ਬਾਣੀ ਪਰਕਾਸ਼, ਦਰਪਣ); ਆਵੇ ਦੀ ਅਗ (ਨਿਰੁਕਤ, ਕੋਸ਼); ਨਿਸਫਲ, ਵਿਰਥਾ (ਮਹਾਨਕੋਸ਼)
"ਗੁਰਮੁਖਿ ਹੋਵੈ ਸੁ ਸਾਚੁ ਵਖਾਣੈ ਮਨਮੁਖਿ ਪਚੈ ਅਵਾਈ ਹੇ।"
– ਮਾਰੂ ੧, ਸੋਲਾ ੪, ੬:੩ (1023)

(2) ਅਵੈੜ, ਬੇਮੁਹਾਰਾ
"ਮਨਮੁਖਿ ਰਾਮੁ ਨ ਜਪੈ ਅਵਾਈ।"
– ਮਾਰੂ ੧, ੫, ੧੫:੨ (1025)

ਅਵਾਸੁ ----- (ਸੰ.) ਘਰ, ਮਕਾਨ, ਨਿਵਾਸ
"ਕਬੀਰ ਗਰਬੁ ਨ ਕੀਜੀਐ ਊਚਾ ਦੇਖਿ ਅਵਾਸੁ।"
– ਸਲੋ ਕਬ, ੩੮:੧ (1366)

ਅਵਾਹਨੁ ---- (ਸੰ.) ਅਹਿਲ, ਸਥਿਰ
"ਕਵਨ ਗੁਫਾ ਜਿਤੁ ਰਹੈ ਅਵਾਹਨੁ।"
– ਰਾਮ ੧, ਸਿਗੋ ੪੫:੪ (943)

ਅਵਿਗਤ ---- (1) (ਸੰ.) ਅਗਿਆਤ, ਅਰੂਪ, ਅਲਖ
"ਅਵਿਗਤ ਨਾਥੁ ਨ ਲਖਿਆ ਜਾਇ।"
– ਆਸਾ ੧, ਅਸ ੧, ੬:੪ (411)

ਹੋਰ ਰੂਪ:

ਅਵਿਗਤੁ –
"ਆਪੇ ਅਵਿਗਤੁ ਆਪ ਸੰਗਿ ਰਚਨਾ।" (ਅਰੂਪ, ਵਿਅਕਤੀ ਰਹਿਤ)
– ਬਿਲਾ ੫, ੭, ੪:੧ (803)

ਅਵਿਗਤੈ –
"ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ।" (ਵਿਅਕਤੀ ਰਹਿਤ, ਅਦ੍ਰਿਸ਼ਟ)
– ਰਾਮ ੧, ਸਿਗੋ ੨੨:੩ (940)

ਅਵਿਗਤੋ –
"ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ।"
– ਰਾਮ ੧, ਸਿਗੋ ੨੪:੧ (940)

(2) ਅਵਿਨਾਸ਼ੀ, ਨਾਸ ਰਹਿਤ, ਜੋ ਚਲਾਇਮਾਨ ਨਹੀਂ
"ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ।"
– ਆਸਾ ੫, ਛੰਤ ੫, ੪:੩ (456)

ਹੋਰ ਰੂਪ:

ਅਵਿਗਤਿ –
"ਗੁਰ ਬਚਨੀ ਅਵਿਗਤਿ ਸਮਾਈਐ ਤਤੁ ਨਿਰੰਜਨੁ ਸਹਿਜਿ ਲਹੈ।"
– ਰਾਮ ੧, ਸਿਗੋ ੨੩:੩ (940)

ਅਵਿਗਤੁ –
“ਅਵਿਨਾਸੀ ਅਵਿਗਤੁ ਅਗੋਚਰੁ ਸਦਾ ਸਲਾਮਤਿ ਖਸਮੁ ਹਮਾਰਾ।”
– ਆਸਾ ੫, ੨੧, ੧*:੨ (376)

ਅਵਿਗਤੋ –
“ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ।”
– ਬਿਲਾ ੧, ਛੰਤ ੨, ੧:੩ (843)

ਅਵਿਗਤਿ --- (1) ਅਮੁਕਤੀ, ਬੇਗਤੀ, ਮਾੜੀ ਗਤੀ (ਅਪਗਤਿ)
“ਗਤਿ ਅਵਿਗਤਿ ਕਛੁ ਨਦਰਿ ਨ ਆਇਆ।”
– ਸਿਰੀ ੫, ੯੬, ੪:੧ (51)
(2) ਨੀਵੀਂ ਹਾਲਤ/ਦਸ਼ਾ
“ਤਿਨ ਕੀ ਗਤਿ ਅਵਿਗਤਿ ਤੂੰ ਹੈ ਜਾਣਹਿ ਜਿਨਿ ਇਹ ਰਚਨ ਰਚਾਈ।”
– ਆਸਾ ੩, ਛੰਤ ੭, ੯:੪ (441)
“ਤੇਰੀ ਗਤਿ ਅਵਿਗਤਿ ਨਹੀ ਜਾਣੀਐ।”
– ਬਸੰ ੧, ੨, ੩:੩ (1168)
(3) ਅਵਿਨਾਸ਼ੀ, ਵੇਖੋ ‘ਅਵਿਗਤ’ (2)

ਅਵਿਜਾਤਾ --- (ਸੰ. , (ਨਿਊਨ, ਕਮੀਨ)) ਨੀਵੀਂ ਜਾਤੀ/ਵਰਣ ਦਾ
“ਤੁਮਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ।”
– ਬਸੰ ੪, ੪, ੨:੧ (1178)

ਅਵਿਤ ----- (ਸੰ.) ਧਨਹੀਨ, ਦੀਨ
“ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ।”
– ਸਸ ੫, ੪੬:੩ (1358)

ਅਵਿਨਾਸੀ --- (ਸੰ.) ਅਮਰ, ਨਾਸ ਰਹਿਤ
“ਪ੍ਰਭ ਅਵਿਨਾਸੀ ਮਨ ਮਹਿ ਲੇਖੁ।”
– ਗਉ ੫, ੧੨੦, ੨:੨ (190)

ਅਵਿਲੰਬਿ --- (ਸੰ.) ਆਸਰੇ
“ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜਮਤਿ ਏਹ।”
– ਗੋਂਡ ਨਾਮੁ, ੩, ੨:੨ (874)

ਅਵਿਲੋਕਉ -- (ਸੰ.) ਮੈਂ ਵੇਖਦਾ ਹਾਂ
“ਅਵਿਲੋਕਉ ਰਾਮ ਕੋ ਮੁਖਾਰਬਿੰਦ।”
– ਕਾਨ ੫, ੩੨, ੧*:੧ (1304)

ਅਵਿਲੋਕਨੋ -- ਵੇਖਣ ਲਈ
“ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।”
– ਧਨਾ ਰਵਿ, ੨, ੧:੧ (694)

ਹੋਰ ਰੂਪ:

ਅਵਿਲੋਕੇ – (ਧਿਆਨ ਨਾਲ ਵੇਖੇ)
“ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤ ਬੀਚਾਰਾ।”

– ਦੇਵ ੫, ੨੦, ੧:੧ (532)

ਅਵੀਚਾਰੀ --- (ਸੰ.) ਅਗਿਆਨੀ, ਵਿਚਾਰਹੀਨ, ਬੇਸਮਝ
"ਮੂਰਖ ਮੁਗਧ ਅਗਿਆਨ ਅਵੀਚਾਰੀ।"
– ਆਸਾ ੫, ੬੯, ੨:੧ (388)

ਅੜੈ ------ ਉਲਝਦਾ/ਅੜਦਾ/ਖੁਣਸ ਜਾਂਦਾ ਹੈ
"ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ।"
– ਮਾਝ ੧, ਵਾਰ ੨੨ਸ, ੨, ੧:੪ (148)

ਆ ------- (ਫਾ. ਆਨ) ਉਸ, ਉਹ
"ਨ ਰਿਜਕੁ ਦਸਤ ਆ ਕਸੇ।"
– ਮਾਝ ੧, ਵਾਰ ੧੩ਸ, ੧, ੫:੧ (144)

ਆਉ ------ (1) (ਸੰ.) ਆਉਣਾ, ਗਤੀ ਦਾ (ਚਾਲ ਦਾ) ਭਾਵ ਹੈ
"ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।"
– ਸਿਰੀ ੧, ੧, ੩:੧ (14)

"ਆਉ ਸਖੀ ਹਰਿ ਮੇਲੁ ਕਰੇਹਾ।"
– ਮਾਝ ੪, ੩, ੨:੧ (95)

ਹੋਰ ਰੂਪ:

ਆਓ –
"ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ।"
– ਤੁਖਾ ੧, ਬਾਰਾ ੧੬:੩ (1109)

(2) ਸਨਮਾਨ ਵਜੋਂ 'ਆਵੋ' ਕਹਿਣਾ, ਜੀ ਆਇਆ ਕਹਿਣਾ
"ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ।"
– ਵਡ ੧, ਅਲਾ ੫, ੧:੪ (581)

"ਆਉ ਬੈਠ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ।"
– ਸੋਰ ੫, ੯੪, ੨:੧ (631)

(3) ਆਉਣਾ ਕੇਵਲ ਕਿਰਿਆ ਰੂਪ ਵਿਚ
"ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ।"
– ਬਿਲਾ ੫, ਛੰਤ ੩, ੧:੧ (847)

(ਪਹਿਲਾ 'ਆਉ' (1) ਅਰਥ ਵਿਚ ਹੈ।)

ਆਇ ----- (1) (ਸੰ.) (ਆਉਣਾ) ਆ ਕੇ
"ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ।"
– ਸਿਰੀ ੧, ੨੩, ੩:੩ (23)

"ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੁ ਮਿਲੈ ਹਰਿ ਆਇ।"
– ਸਿਰੀ ੩, ੩੯, ੪:੨ (29)

"ਆਇ ਨ ਜਾਈ ਥਿਰੁ ਸਦਾ ਗੁਰਸਬਦੀ ਸਚੁ ਜਾਣੁ।"
– ਸਿਰੀ ੫, ੨੬, ੧*:੨ (10)

ਹੋਰ ਰੂਪ:

ਆਇਉ – (ਆਇਆ ਹੈ)
"ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬਗਤੰ।"
– ਗੂਜ ਜੈਦੇ, ੧, ੫:੨ (526)

ਆਇਓ – (ਚਲਕੇ ਆਉਣਾ)
"ਸਭ ਤਜਿ ਅਨਾਥੁ ਏਕ ਸਰਣਿ ਆਇਓ।"
– ਗਉ ੫, ੧੧੯, ੩:੧ (189)

ਆਇਓਇ – (ਆ ਗਿਆ ਹੈ)
"ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ।"
– ਸਿਰੀ ੫, ੯੨, ੪:੨ (50)

ਆਇਓਹਿ – (ਆਇਆ ਹੈ)
"ਦੂੜਾ ਆਇਓਹਿ ਜਮਹਿ ਤਣਾ।"
– ਸਿਰੀ ਤਿਲੋ, ੨, ੧*:੧ (92)

ਆਇਅਉ – (ਆਇਆ ਹੈ)
"ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ।"
– ਸਵ ੫, ਹਰਿ ੨:੬ (1409)

ਆਇਅੜਾ –
"ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ।"
– ਬਿਲਾ ੫, ਛੰਤ ੧, ੪:੨ (846)

ਆਇਅੜੇ –
"ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ।"
– ਸੂਹੀ ੧, ਛੰਤ ੩, ੨:੧ (765)

ਆਇਆ –
"ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।"
– ਸਿਰੀ ੧, ੧੮, ੪:੨ (21)

ਆਇਆਂ – (ਆਉਣ ਨਾਲ)
"ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ।"
– ਸਿਰੀ ੫, ੯੯, ੪:੩ (52)

ਆਇਬੋ –
"ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ।"
– ਧਨਾ ਪੀਪਾ, ੧, ੧:੨ (695)

ਆਇਲਾ –
"ਗਰੁੜ ਚੜ੍ਹੇ ਗੋਬਿੰਦ ਆਇਲਾ।"
– ਭੈਰ ਨਾਮ, ੧੦, ੧੫:੨ (1166)

ਆਇੜਿਆਂ –
"ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ।"
– ਸਲੋ ਫਰ, ੨੨:੧ (1379)

ਆਈ –
"ਰੂਪ ਹੀਨ ਬੁਧਿ ਬਲਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।"
– ਗਉ ੫, ੧੧੮*, ੧:੧ (204)

"ਇਕਿ ਆਵਹਿ ਇਕਿ ਜਾਵਹਿ ਆਈ।" (ਆਕੇ)

- ਆਸਾ ੧, ੧੫, ੧:੧ (353)

ਆਈਅਲੇ –

"ਐਸਾ ਅਧਮੁ ਅਜਾਤਿ ਨਾਮਦੇਉ ਤਉ ਸਰਨਾਗਤਿ ਆਈਅਲੇ।"

- ਮਾਲੀ ਨਾਮ, ੨, ੨:੨ (988)

ਆਈਆ –

"ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ।"

- ਸਿਰੀ ੧, ਅਸ ੨, ੧:੨ (54)

ਆਈਐ –

"ਗੁਰ ਸਰਣਿ ਨ ਆਈਐ ਬ੍ਰਹਮੁ ਨ ਪਾਈਐ।"

- ਰਾਮ ੧, ਅਸ ੪, ੬:੧ (904)

ਆਈਹੋ –

"ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ।"

- ਵਰ ੧, ਆਲਾ ੩, ੭:੧ (580)

ਆਈਲੇ –

"ਰੁਤਿ ਆਈਲੇ ਸਰਸ ਬਸੰਤ ਮਾਹਿ।"

- ਬਸੰ ੧, ੨, ੧:੧ (1168)

ਆਏ –

"ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ।"

- ਗੂਜ ੪, ਸੋਦ ੪, ੩:੨ (10)

(2) ਇਕ ਸਥਿਤੀ ਦਾ ਲਖਾਇਕ (ਭਾਵ)

"ਕਰਿ ਕਿਰਪਾ ਮੇਲਾਇਅਨੁ ਹਰਿਨਾਮੁ ਵਸਿਆ ਮਨਿ ਆਇ।"

- ਸਿਰੀ ੩, ੪੪, ੧:੨ (30)

"ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ।"

- ਸਿਰੀ ੩, ੬੪, ੧:੩ (39)

"ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ।"

- ਸਿਰੀ ੩, ਅਸ ੧੯, ੧:੧ (65)

"ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ।"

- ਗਉ ੪, ਵਾਰ ੩੦:੩ (316)

ਹੋਰ ਰੂਪ:

ਆਇਆ –

"ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ।"

- ਸਿਰੀ ੧, ਪਹ ੧, ੪:੧ (75)

"ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ।"

- ਸਿਰੀ ੧, ਪਹ ੨, ੫:੧ (70)

ਆਇਐ –

"ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ।"

- ਗੁਜ ੫, ਵਾਰ ੮:੩ (520)

('ਚਿਤਿ ਆਈਐ', 'ਆਇਐ ਚਿਤਿ' ਕਰਕੇ ਹੀ ਆਇਆ ਹੈ)

ਆਈ – (ਆ ਜਾਂਦੀ ਹੈ)

“ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।”

– ਜਪ ੧, ੩੨:੪ (7)

“ਮੇਰੈ ਮਨਿ ਐਸੀ ਭਗਤਿ ਬਨਿ ਆਈ।”

– ਆਸਾ ੪, ੬੨, ੧:੨ (368)

ਆਈਆ –

“ਵਵੈ ਵਾਰੀ ਆਈਆ ਮੂੜੇ ਵਾਸੁਦੇਉ ਤੁਧੁ ਵੀਸਰਿਆ।”

– ਆਸਾ ੩, ਪਟੀ ੧੨:੧ (435)

ਆਈਐ –

“ਸੇਵਿ ਸੁਆਮੀ ਸਤਿਗੁਰੁ ਦਾਤਾ ਮਨ ਬੰਛਤ ਫਲ ਆਈਐ।”

– ਗਉ ੫, ੧੫੩, ੨:੨ (213)

ਆਏ –

“ਨਿਰਮਲ ਨਾਮੁ ਵਸਿਆ ਮਨਿ ਆਏ।”

– ਮਾਝ ੩, ਅਸ ੨੦, ੨:੧ (121)

(3) ਨਾਲ (ਭਾਵ)

“ਮਿਲੀਆ ਆਇ ਸੰਜੋਗਿ ਜਾਂ ਤਿਸੁ ਭਾਵੀਆ।”

– ਰਾਮ ੫, ਵਾਰ ੧੫:੮ (964)

“ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ।”

– ਸਲੋ ੧, ੧੦:੨ (1411)

(4) ਜੰਮਦਾ (ਭਾਵ)

“ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ।”

– ਮਾਰੂ ੧, ਸੋਲਾ ੧੨, ੧੧:੩ (1033)

ਹੋਰ ਰੂਪ:

ਆਈਐ –

“ਸਭੁ ਜਗੁ ਠਗਿਓ ਠਗਿ ਆਈਐ ਜਾਈਐ।”

– ਮਾਝ ੧, ਵਾਰ ੧੯:੭ (147)

ਆਇਓ ---- (1) ਆਇਆ (ਪ੍ਰਾਪਤੀ)

“ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ।”

– ਸਿਰੀ ੩, ੩੮, ੨:੨ (28)

“ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ।”

– ਸਿਰੀ ੫, ੭੪, ੩:੩ (43)

“ਉਨ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ।”

– ਸਾਰ ੫, ੩੧, ੨:੧ (1210)

ਹੋਰ ਰੂਪ:

ਆਇਆ –

“ਗਤਿ ਅਵਿਗਤਿ ਕਛੁ ਨਦਰਿ ਨ ਆਇਆ।”

– ਸਿਰੀ ੫, ੯੬, ੪:੧ (51)

“ਜਿਨਾ ਭਾਣੇ ਕਾ ਰਸੁ ਆਇਆ।”

– ਸਿਰੀ ੧, ਅਸ ੨੮, ੧੦:੧ (72)

"ਜਮ ਕਾ ਮਾਰਗੁ ਦ੍ਰਿਸਟਿ ਨ ਆਇਆ।"

– ਗਉ ੫, ੧੫੫, ੨:੨ (197)

"ਘਟਿ ਘਟਿ ਨਦਰੀ ਆਇਆ।"

– ਗਉ ੫, ੧੪੦, ੪:੨ (210)

ਆਈਆ –

"ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ।"

– ਗਉ ੪, ਵਾਰ ੨੩:੪ (313)

(2) ਚਲ ਕੇ ਆਉਣ, ਵੇਖੋ 'ਆਇ' (1)

(3) ਜਾਣਾ, ਗਿਆ (ਭਾਵ)

"ਜਤਕਤ ਦੇਖਉ ਤਤ ਤਤ ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ।"

– ਗਉ ੫, ੧੨੩*, ੧:੧ (205)

ਹੋਰ ਰੂਪ:

ਆਏ –

"ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁ ਆਵਗੀਰ ਸਭਿ ਉਘੜਿ ਆਏ।"

– ਗਉ ੪, ਵਾਰ ੭ਸ, ੪, ੧:੫ (303)

ਆਇਆ --- (1) ਆਉਣਾ ਭਾਵ ਜਨਮ ਲੈਣਾ

"ਜੋ ਇਸੁ ਮਾਰੇ ਤਿਸ ਕਾ ਆਇਆ ਗਨੀ।"

– ਗਉ ੫, ਅਸ ੫, ੪:੧ (238)

ਹੋਰ ਰੂਪ:

ਆਏ –

"ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ।"

– ਸਿਰੀ ੩, ੩੮, ੪:੩ (28)

(2) ਜ਼ਰੂਰੀ ਹੈ, ਆਵਸ਼ਕ ਹੈ

"ਸਭਨਾ ਮਰਣਾ ਆਇਆ ਵੇਛੋੜਾ ਸਭਨਾਹ।"

– ਸੋਰ ੧, ੧, ੧:੧ (595)

(3) ਪਿਆ (ਭਾਵ)

"ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ।"

– ਸੂਹੀ ੧, ਛੰਤ ੪, ੨:੪ (765)

(4) ਹੋ ਗਿਆ

"ਕਾਰਜੁ ਆਇਆ ਸਗਲਾ ਰਾਸਿ।"

– ਭੈਰ ੫, ੫੬, ੧:੨ (1152)

(5) ਰਲਕੇ ਆਉਣਾ, ਵੇਖੋ 'ਆਇ' (1)

(6) ਇਕ ਸਥਿਤੀ ਦਾ ਲਖਾਇਕ, ਵੇਖੋ 'ਆਇ' (2)

(7) ਪ੍ਰਾਪਤੀ, ਵੇਖੋ 'ਆਇਓ' (1)

ਆਇੜੈ ---- 'ਆਇੜੇ (ਗੁਰਮੁਖੀ ਲਿਪੀ ਦੇ ਦੂਜੇ ਸੂਰ ਚਿਨ੍ਹ) ਦੁਆਰਾ

"ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ।"

– ਆਸਾ ੧, ਪਟੀ ੩੫:੧ (434)

ਆਈ ------ (1) ਸਾਬਤ/ਸਿਧ ਹੋਈ
"ਗੁਰ ਕੀ ਮਤਿ ਜੀਇ ਆਈ ਕਾਰਿ।"
– ਗਉ ੧, ਅਸ ੧, ੧:੪ (220)
(2) ਚਲਕੇ ਆਉਣਾ, 'ਵੇਖੋ ਆਇ' (1)
(3) ਇਕ ਸਥਿਤੀ ਦਾ ਲਖਾਇਕ, ਵੇਖੋ 'ਆਇ' (2)
(4) ਆਉਣੀ ਹੈ
"ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ।"
– ਆਸਾ ੧, ਵਾਰ ੨੦:੩ (474)
(5) ਹੋ ਜਾਣਾ, ਹੋਈ
"ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ।"
– ਟੋਡੀ ਨਾਮ, ੨, ੧:੧ (718)
(6) ਮਾਇਆ
"ਆਈ ਪੂਤਾ ਇਹੁ ਜਗੁ ਸਾਰਾ।"
– ਬਿਲਾ ੧, ਥਿਤੀ ੧੧:੩ (839)
('ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਇਸ ਦੇ ਅਰਥ ਆ+ਈ ਕਰਕੇ ਇਉਂ ਵੀ ਕੀਤੇ ਹੋਏ ਹਨ: "ਹੇ ਪੁਤ੍ਰ ਇਹ ਸਾਰਾ ਜਗਤ (ਆ) ਸਭ ਪਾਸਿਉਂ (ਈ) ਈਸਵਰ ਰੂਪ ਹੈ।)"
"ਆਈ ਨ ਮੇਟਣ ਕੋ ਸਮਰਥੁ।"
– ਰਾਮ ੧, ਓਅੰ ੧੪:੨ (931)
('ਸ੍ਰੀ ਗੁਰੂ ਗ੍ਰੰਥ ਕੋਸ਼' ਵਿਚ ਇਥੇ 'ਆਈ' ਦੇ ਅਰਥ 'ਮੌਤ' ਕੀਤੇ ਹੋਏ ਹਨ)
(7) ਗਈ
"ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ।"
– ਮਾਰੂ ੩, ਸੋਲਾ ੧, ੬:੩ (1044)
(8) ਪੈਦਾ ਹੋਈ/ਜਨਮੀ ਲੋਕਾਈ
"ਨਾਵੈ ਨੋ ਲੋਚੈ ਜੇਤੀ ਸਭ ਆਈ।"
– ਮਾਰੂ ੩, ਸੋਲਾ ੨੦, ੧੩:੧ (1064)

ਆਸ ------ (ਸੰ.) (1) ਕਾਮਨਾ, ਲੋਚਾ, ਇਛਾ, ਤ੍ਰਿਸ਼ਨਾ
"ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ।"
– ਸਿਰੀ ੧, ੧੨, ੪:੨ (18)
"ਮੈ ਏਹਾ ਆਸ ਏਹੋ ਆਧਾਰੁ।"
– ਸਿਰੀ ੧, ੨੯, ੧*:੪ (24)

ਹੋਰ ਰੂਪ:

ਆਸਾ –
"ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ।"
– ਸਿਰੀ ੩, ੪੧, ੧*:੧ (29)
"ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ।"
– ਸਿਰੀ ੧, ਅਸ ੯, ੭:੨ (59)
"ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।"
– ਆਸਾ ੯, ੧, ੧:੨ (411)

ਆਸਾਇ –

“ਬਸਤ ਸੰਗਿ ਹਰਿ ਸਾਧ ਕੈ ਪੂਰਨ ਆਸਾਇ।”

– ਬਿਲਾ ੫, ੪੯, ੨:੨ (813)

(2) ਆਸਾ (ਨਿਰਾਸ ਦੇ ਉਲਟ), ਉਮੈਦ

“ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ।”

– ਸਿਰੀ ੧, ੯, ੪:੨ (17)

“ਤ੍ਰਿਬਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ।”

– ਸਿਰੀ ੧, ੧੨, ੩:੧ (18)

“ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ।”

– ਮਾਝ ੫, ਬਾਰਾ ੫:੨ (134)

ਹੋਰ ਰੂਪ:

ਆਸਾ –

“ਆਸਾ ਮਾਹਿ ਨਿਰਾਸੁ ਬੁਝਾਇਆ।”

– ਗਉ ੧, ੧੨, ੪:੨ (154)

“ਆਸਾ ਬੰਧੀ ਮੂਰਖ ਦੇਹ।”

– ਗਉ ੫, ੭੮, ੨:੧ (178)

ਆਸੂਣੀ –

“ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ।”

– ਸਲੋ ਫਰ, ੧੦੦:੨ (1383)

ਆਸੋ –

“ਮਿਲੁ ਸਾਧਸੰਗੇ ਨਾਮ ਰੰਗੇ ਤਹਾ ਪੂਰਨ ਆਸੋ।”

– ਬਿਹਾ ੫, ਛੰਤ ੫, ੧:੫ (545)

(3) ਭਰੋਸਾ

“ਮਾਧਉ ਜਾ ਕਉ ਹੈ ਆਸ ਤੁਮਾਰੀ।”

– ਗਉ ੫, ੧੧੦, ੧*:੧ (188)

“ਬ੍ਰਹਮ ਗਿਆਨੀ ਏਕ ਊਪਰਿ ਆਸ।”

– ਗਉ ੫, ਸੁਖ ੮, ੪:੧ (273)

ਹੋਰ ਰੂਪ:

ਆਸੈ –

“ਸਭ ਕੋ ਆਸੈ ਤੇਰੀ ਬੈਠਾ।”

– ਮਾਝ ੫, ੯, ੩:੧ (97)

(4) ਨੇੜੇ, ਦੁਆਲੇ (ਮੁਹਾਵਰਾ ‘ਆਸ–ਪਾਸ’)

“ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿ ਗਾਊਂ ਰੇ।”

– ਗਉ ਕਬ, ੬੬, ੧:੧ (338)

“ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।”

– ਮਲਾ ਰਵਿ, ੧, ੩:੧ (1293)

ਹੋਰ ਰੂਪ:

ਆਸਿ –

“ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ।”
- ਆਸਾ ੫, ੫੬, ੧*:੩ (385)

(5) ਟੇਕ, ਆਸਰਾ
“ਨਾਮ ਤੇਰੇ ਕੀ ਆਸ ਮਨਿ ਧਾਰੀ।”
- ਆਸਾ ੫, ੬੯, ੨:੨ (388)

“ਬਿਨਵੰਤਿ ਨਾਨਕ ਆਸ ਤੇਰੀ ਸਰਣਿ ਸਾਧੂ ਰਾਖੁ ਨੀਚੁ।”
- ਆਸਾ ੫, ਛੰਤ ੮, ੨:੬ (458)

ਹੋਰ ਰੂਪ:

ਆਸਾ –
“ਆਸਾ ਸਭੇ ਲਾਹਿ ਕੈ, ਇਕਾ ਆਸ ਕਮਾਉ।”
- ਸਿਰੀ ੫, ੭੫, ੧:੩ (43)

ਆਸਕਤ ---- (ਸੰ.) ਲਿਪਤ, ਖਚਿਤ
“ਬਿਖੈ ਰਸ ਸਿਉ ਆਸਕਤ ਮੂੜੇ ਕਾਹੇ ਸੁਖ ਮਾਨਿ।”
- ਕਾਨ ੫, ੩੧, ੧:੨ (1304)

ਆਸਕੀ ---- (ਫਾ. ਆਸ਼ਕੀ) ਪ੍ਰੇਮ, ਪ੍ਰੀਤ
“ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ।”
- ਆਸਾ ੧, ਵਾਰ ੨੧ਸ, ੨, ੧:੧ (474)

ਹੋਰ ਰੂਪ:

ਆਸਕੁ – (ਫਾ. ਆਸ਼ਕ) ਪ੍ਰੇਮੀ
“ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ।”
- ਆਸਾ ੧, ਵਾਰ ੨੧ਸ, ੨, ੧:੨ (474)

ਆਸਣ ----- (ਸੰ.) (1) ਬੈਠਕ, ਬੈਠਣ ਦੀ ਵਿਧੀ/ਸਥਿਤੀ
“ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ।”
- ਵਡ ੩, ੧, ੨:੧ (558)

ਹੋਰ ਰੂਪ:

ਆਸਣੁ –
“ਧਿਆਨ ਰੂਪਿ ਹੋਇ ਆਸਣੁ ਪਾਵੈ।”
- ਰਾਮ ੧, ੫, ੨:੩ (877)

ਆਸਣਿ ---- (1) ਬੈਠਣ ਦੀ ਵਸਤੂ
“ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ।”
- ਆਸਾ ੧, ੩੭, ੨:੧ (360)

“ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ।”
- ਰਾਮ ੧, ਸਿਗੋ ੧:੧ (938)

ਹੋਰ ਰੂਪ:

ਆਸਣੁ –
“ਮ੍ਰਿਗ ਆਸਣੁ ਤੁਲਸੀ ਮਾਲਾ।”

– ਪ੍ਰਭਾ ਬੇਣੀ, ੧, ੪:੧ (1351)

(2) ਬੈਠਣ ਦੀ ਥਾਂ, ਗਦੀ

“ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ।”

– ਆਸਾ ਫਰ, ੨, ੫:੨ (488)

ਹੋਰ ਰੂਪ:

ਆਸਣੁ –

“ਆਸਣੁ ਲੋਇ ਲੋਇ ਭੰਡਾਰ।”

– ਜਪੁ ੧, ੩੧:੧ (7)

ਆਸਨ –

“ਅਬਿਨਾਸੀ ਸੁਖ ਆਪਨ ਆਸਨ।”

– ਗਉ ੫, ਸੁਖ ੨੧, ੩:੧ (291)

“ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ।”

– ਸੋਰ ਰਵਿ, ੩, ੧:੨ (658)

ਆਸਨਿ –

“ਜਬ ਪ੍ਰਿਅ ਆਇ ਬਸੇ ਗ੍ਰਿਹਿ ਆਸਨਿ ਤਬ ਹਮ ਮੰਗਲੁ ਗਾਇਆ।”

– ਮਲਾ ੫, ੩, ੩:੧ (1267)

“ਆਇ ਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ।” (ਭਾਵ ਸੈਂ-ਸਰੂਪ ਵਿਚ)

– ਕਾਨ ੫, ੪੩, ੨:੧ (1306)

ਆਸਨੁ –

“ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ।”

– ਗਉ ੫, ੧੩੨, ੪:੧ (208)

“ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ ਨਿਰੰਕਾਰੋ।” (ਟਿਕਾਣਾ)

– ਸਾਰ ੫, ੫੪, ੧:੨ (1215)

ਆਸਨੋ –

“ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।”

– ਧਨਾ ਰਵਿ, ੩, ੧:੧ (694)

ਆਸਣੁ ----- (1) ਸਿੱਧਾਂ ਜੋਗੀਆਂ ਦੀ ਇਕ ਕਿਰਿਆ

“ਖਟੁ ਕਰਮਾ ਅਰੁ ਆਸਣੁ ਧੋਤੀ।”

– ਰਾਮ ੫, ੧੭, ੩:੧ (888)

ਹੋਰ ਰੂਪ:

ਆਸਨ –

“ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ।”

– ਮਾਝ ੫, ੧੨, ੨:੩ (98)

ਆਸਨੁ –

“ਆਸਨੁ ਪਵਨ ਦੂਰਿ ਕਰਿ ਬਵਰੇ।”

– ਬਿਲਾ ਕਬ, ੮, ੧*:੧ (856)

(2) ਬੈਠਣ ਦੀ ਵਿਧੀ, ਵੇਖੋ ‘ਆਸਣ’ (1)

(3) ਗਦੀ, ਬੈਠਣ ਦੀ ਥਾਂ, ਵੇਖੋ ‘ਆਸਣਿ’ (2)
(4) ਬੈਠਣ ਦੀ ਵਸਤੂ, ਜਿਸ ਉਪਰ ਬੈਠਿਆ ਜਾਵੇ, ਵੇਖੋ ‘ਆਸਣਿ’ (1)

ਆਸਤ ----- (ਸੰ.) ਸੂਰਜ ਡੁਬਣ ਸਮੇਂ
“ਪਾਠ ਪੁਰਾਣ ਉਦੈ ਨਹੀ ਆਸਤ।”
– ਮਾਰੂ ੧, ਸੋਲਾ ੧੫, ੧੩:੨ (1036)

ਆਸਤਿ ---- (ਸੰ.) ਹੋਂਦ
“ਆਸਤਿ ਨਾਸਤਿ ਏਕੋ ਨਾਉ।”
– ਰਾਮ ੩, ਵਾਰ ੧੨ਸ, ੧, ੭:੩ (953)

ਆਸਨ ----- (1) ਸਮਾਧੀ
“ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ।”
– ਸਾਰ ੫, ੫੩, ੧:੨ (1215)
(2) ਬੈਠਣ ਦੀ ਥਾਂ, ਗਦੀ, ਤਖਤ, ਵੇਖੋ ‘ਆਸਣਿ’ (2)

ਆਸਨੰ ----- ਬੈਠਣਾ ਹੋਵੇ
“ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ।”
– ਜੈਤ ੫, ਵਾਰ ੮ਸ, ੫, ੧:੧ (707)

ਆਸਨੀ ---- ਆਸਾਂ, ਉਮੇਦਾਂ, ਲੋਚਾਵਾਂ
“ਪ੍ਰਭ ਪੂਰਨ ਆਸਨੀ ਮੇਰੇ ਮਨਾ।”
– ਆਸਾ ੫, ੧੫੯, ੧:੫ (410)

ਆਸੰਭਉ ---- (ਸੰ.) ਜੋ ਸੰਭਵ ਨਾ ਹੋਵੇ; ਜੋ ਜਨਮਿਆ ਹੀ ਨਾ ਹੋਵੇ, ਨਾ ਜੰਮਨ ਵਾਲਾ
“ਆਸੰਭਉ ਉਦਵਿਅਉ ਪੁਰਖੁ ਪੂਰਨ ਬਿਧਾਤਉ।”
– ਸਵ ੫, ਕਲ ੫:੪ (1407)

ਆਸਰ ----- (ਸੰ.) ਸਹਾਰੇ, ਓਟ ਨਾਲ
“ਇਹ ਆਸਰ ਪੂਰਨ ਭਏ ਕਾਮ।”
– ਗਉ ੫, ੧੫੦, ੨:੨ (196)

ਹੋਰ ਰੂਪ:

ਆਸਰੰ –
“ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ।”
– ਜੈਤ ੫, ਵਾਰ ੧੭ਸ, ੫, ੧:੧ (709)

ਆਸਰਾ –
“ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ।”
– ਸਿਰੀ ੫, ੭੯, ੧:੨ (45)

ਆਸਰੈ –
“ਸਾਧ ਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ।”
– ਰਾਮ ੫, ਵਾਰ ੨੧:੪ (966)

ਆਸਰੋ –
“ਪ੍ਰਭ ਚਰਨ ਨਾਨਕ ਆਸਰੋ।”

– ਕੇਦਾ ੫, ੨, ੨:੪ (1119)

ਆਸਰਮ ---- (ਸੰ.) ਹਿੰਦੂ ਸ਼ਾਸ਼ਤਰਾਂ ਅਨੁਸਾਰ ਜੀਵਨ ਦੀਆਂ ਵਿਭਿੰਨ ਅਵਸਥਾਵਾਂ ਜੋ ਚਾਰ ਮੰਨੀਆਂ ਜਾਂਦੀਆਂ ਹਨ – ਬ੍ਰਹਮਚਰਜ, ਗ੍ਰਿਹਸਥ, ਵਾਨਪ੍ਰਸਤ ਅਤੇ ਸੰਨਿਆਸ
"ਚਾਰਿ ਆਸਰਮ ਚਾਰਿ ਬਰੰਨਾ ਮੁਕਤਿ ਭਏ ਸੇਵਤੋਊ।"
– ਦੇਵ ੫, ੩੩, ੧:੨ (535)

ਹੋਰ ਰੂਪ:

ਆਸਰਮਾ –
"ਸਿਮਰਹਿ ਨਰ ਨਾਰੀ ਆਸਰਮਾ।"
– ਮਾਰੂ ੫, ਸੋਲਾ ੮, ੬:੧ (1079)

ਆਸ੍ਰਮ –
"ਸਗਲ ਆਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ।"
– ਧਨਾ ੫, ਅਸ ੧, ੫:੧ (687)

ਆਸਵੰਤ ---- ਆਸ ਰਖਣ ਵਾਲਾ, ਆਸਵਾਨ
"ਅਨਾਥ ਦੀਨ ਆਸਵੰਤ।"
– ਕਲਿ ੫, ੭, ੨:੧ (1322)

ਹੋਰ ਰੂਪ:

ਆਸਾਵੰਤੀ –
"ਆਸਾਵੰਤੀ ਆਸ ਗੁਸਾਈ ਪੂਰੀਐ।"
– ਜੈਤ ੫, ਵਾਰ ੧੩:੧ (708)

ਆਸੜੀ ---- ਆਸਾਂ, ਲੋਚਾਵਾਂ
"ਨਾਨਕ ਆਸੜੀ ਨਿਬਾਹਿ ਸਦਾ ਪੇਖੰਦੋ ਸਚੁ ਧਣੀ।"
– ਜੈਤ ੫, ਵਾਰ ੧੩ਸ, ੫, ੨:੨ (708)

ਆਸਾ ----- (1) (ਅ. ਆਸਾ) ਛੋਟੀ ਸੋਟੀ ਜੋ ਫਕੀਰ ਹੱਥ ਵਿਚ ਪਕੜੀ ਰਖਦੇ ਹਨ
"ਮਨਸਾ ਮਾਰਿ ਨਿਵਾਰਹੁ ਆਸਾ।"
– ਮਾਰੂ ੫, ਸੋਲਾ ੧੨, ੨:੨ (1083)
(2) ਲੋਚਾ, ਤ੍ਰਿਸਨਾ, ਵੇਖੋ 'ਆਸ' (1)
(3) ਆਸ, ਉਮੈਦ, ਵੇਖੋ 'ਆਸ' (2)
(4) ਟੇਕ, ਆਸਰਾ, ਵੇਖੋ 'ਆਸ' (5)
(5) ਸੁਆਰਥ
"ਆਸਕੁ ਆਸਾ ਬਾਹਰਾ ਮੂ ਮਨਿ ਵਡੀ ਆਸ।"
– ਮਾਰੂ ੫, ਵਾਰ ੧੯ਸ, ੫, ੨:੧ (1100)
(6) ਇਕ ਸੰਪੂਰਨ ਜਾਤ ਦੀ ਰਾਗਨੀ; ਗੁਰੂ ਗ੍ਰੰਥ ਸਾਹਿਬ ਵਿਚ ਇਹ ਸਿਰੀ, ਮਾਝ ਤੇ ਗਉੜੀ ਤੋਂ ਬਾਅਦ ਚੌਥੇ ਸਥਾਨ ਤੇ ਆਉਂਦੀ ਹੈ; ਗਾਉਣ ਦਾ ਸਮਾਂ ਅੰਮ੍ਰਿਤ ਵੇਲਾ ਹੈ
"ਪੁਨਿ ਗਾਵਹਿ ਆਸਾ ਗੁਨ ਗੁਨੀ।"
– ਰਾਗ ੧:੫੨ (1430)

ਆਸਾਇ ---- ਆਸ਼ਾ, ਲੋਚਾ, ਵੇਖੋ 'ਆਸ' (2)

ਆਸਾਈ ---- ਆਸ਼ਾ, ਤਾਂਘ, ਵੇਖੋ 'ਆਸ' (1)
"ਮਨ ਮਹਿ ਚਿਤਵਉ ਐਸੀ ਆਸਾਈ।"
– ਆਸਾ ੫, ੧੧, ੧:੫ (373)

ਆਸਾਸਹਿ --- ਲੋਚਦੇ ਹਨ, ਤਾਂਘਦੇ ਹਨ
"ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ।"
– ਸਵ ੩, ੧੪:੨ (1394)

ਹੋਰ ਰੂਪ:

ਆਸਾਸੈ –
"ਸੁਰਿ ਨਰ ਗਣ ਗੰਧਰਬ ਛਿਅ ਦਰਸਨ ਆਸਾਸੈ।"
– ਸਵ ੩, ੫:੪ (1393)

ਆਸਾਧਿਓ --- ਨਾ ਸਾਧੇ ਜਾਣ ਵਾਲਾ, ਲਾਇਲਾਜ, ਅਸਾਧ
"ਦੀਰਘ ਰੋਗੁ ਮਾਇਆ ਆਸਾਧਿਓ।"
– ਗਉ ੫, ਥਿਤੀ ੧੩:੬ (299)

ਆਸਾਵਰੀ --- ਸੰਪੂਰਨ ਜਾਤਿ ਦੀ ਇਕ ਰਾਗਨੀ ਜੋ ਗੁਰੂ ਗ੍ਰੰਥ ਸਾਹਿਬ ਵਿਚ 'ਆਸਾ' ਰਾਗਨੀ ਵਿਚ ਰਲਾ ਕੇ ਲਿਖੀ ਗਈ ਹੈ; ਗਾਉਣ ਦਾ ਸਮਾਂ ਸੂਰਜ ਚੜ੍ਹਨ ਤੋਂ ਪਹਿਰ ਸਮੇਂ ਤਕ ਦਾ ਮੰਨਿਆ ਜਾਂਦਾ ਹੈ।
"ਗਵਰੀ ਗਾਵਹਿ ਆਸਾਵਰੀ।"
– ਰਾਗ ੧:੪ (1430)

ਆਸਾੜੁ ---- ਬਿਕਰਮੀ ਸੰਮਤ ਦਾ ਚੌਥਾ ਮਹੀਨਾ
"ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।"
– ਮਾਝ ੫, ਬਾਰਾ ੫:੧ (134)

ਆਸੀਸ ---- (ਸੰ.) ਅਸ਼ੀਰਵਾਦ, ਦੁਆ
"ਪੂਤਾ ਮਾਤਾ ਕੀ ਆਸੀਸ।"
– ਗੂਜ ੫, ੪, ੧*੧ (496)

ਹੋਰ ਰੂਪ:

ਆਸੀਸੜੀਆ –
"ਦੇਹੁ ਸਜਣ ਆਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।"
– ਗਉ ੧, ੨੦, ੩:੨ (157)

ਆਸੀਸਾ –
"ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ।"
– ਵਡ ੧, ਅਲਾ ੫, ੨:੧ (582)

ਆਸੀਨਾ ---- (ਸੰ.) ਆਸਾਂ, ਕਾਮਨਾਵਾਂ, ਲੋਚਾਂ (ਸ਼ਬਦਾਰਥ, ਦਰਪਣ) ਇਸਥਿਤ, ਪੱਕਾ ਹੋਣਾ (ਗਰੂ ਗ੍ਰੰਥ ਕੋਸ਼)
"ਸਗਲ ਮਨੋਰਥ ਪੂਰਨ ਆਸੀਨਾ।"

– ਬਿਲਾ ੫, ੧੨, ੧:੨ (804)

ਆਸੁਣੀ ---- ਆਸ ਦੀ, ਵੇਖੋ ‘ਆਸ’ (2)
“ਆਇਓ ਬੰਦਾ ਦੁਨੀ ਵਿਚਿ ਵਤਿ ਆਸੁਣੀ ਬੰਨਿ।”
– ਸਲੋ ਫਰ, ੧੦੦:੨ (1383)

ਆਸ੍ਰਮ ----- (1) ਜੀਵਨ ਦੇ ਚਾਰ ਭਾਗ, ਵੇਖੋ ‘ਆਸਰਮ’
(2) ਚਾਰ ਵਰਨ (ਜਾਤਾਂ) ਬ੍ਰਾਹਮਣ, ਖਤਰੀ, ਵੈਸ਼, ਸੂਦਰ
“ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ।”
– ਬਿਲਾ ੫, ੬੧, ੨:੧ (816)

ਆਸ੍ਰਮਾਈ --- (ਸੰ.) ਵਗਣਾ, ਨਿਕਲਣਾ, ਟਪਕਨਾ
“ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ।”
– ਸਿਰੀ ੧, ੨੬, ੨:੨ (23)

ਆਸ੍ਰਮੁ ----- ਟਿਕਾਣਾ
“ਚਰਨ ਕਮਲ ਗੁਰਿ ਆਸ੍ਰਮੁ ਦੀਆ।”
– ਬਿਲਾ ੫, ੮, ੩:੨ (804)

ਆਸ੍ਰਯੰ ----- ਆਸਰਾ
“ਪਤੰਤਿ ਮੋਹ ਕੂਪ ਦੁਰਲਭ੍ਯ ਦੇਹੰ ਤਤ ਆਸ੍ਰਯੰ ਨਾਨਕ।”
– ਸਸ ੫, ੩:੫ (1354)

ਆਹ ------ ਹੈ
“ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ।”
– ਮਾਰੂ ੫, ਵਾਰ ੧੫ਸ, ੫, ੩:੧ (1099)

ਹੋਰ ਰੂਪ:

ਆਹਿ –
“ਤੂੰ ਤਰਵਰੁ ਹਉ ਪੰਖੀ ਆਹਿ।”
– ਗਉ ਕਬ, ੨, ੩:੧ (323)

ਆਹਿਓ –
“ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ।”
– ਸੋਰ ੫, ੨੯, ੧*:੨ (617)

ਆਹੀ –
“ਦੋਮ ਨ ਸੇਮ ਏਕ ਸੋ ਆਹੀ।”
– ਗਉ ਰਵਿ, ੨, ੨:੨ (345)

ਆਹਰ ----- ਉਦਮ
“ਆਹਰ ਸਭਿ ਕਰਦਾ ਫਿਰੈ ਆਹਰੁ ਇਕੁ ਨ ਹੋਇ।”
– ਰਾਮ ੫, ਵਾਰ ੧੮ਸ, ੫, ੨:੧ (965)

ਹੋਰ ਰੂਪ:

ਆਹਰਿ –

“ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।”
– ਗੂਜ ੫, ਸੋਦ ੫, ੧:੧ (10)

ਆਹਰੁ –
“ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ।”
– ਗਉ ੪, ਵਾਰ ੨੭ਸ, ੫, ੧:੧ (315)

ਆਹਰੋ ----- ਰੁਝੇਵਾਂ
“ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ।”
– ਗੂਜ ੫, ਵਾਰ ੬ਸ, ੫, ੧:੨ (519)

ਆਹਾ ------ ਹੈ
“ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰ ਕੋ ਆਹਾ।”
– ਆਸਾ ੫, ੧੨੩, ੨:੨ (402)

ਆਹਾਰ ---- ਭੋਜਨ, ਖੁਰਾਕ, ਵੇਖੋ ‘ਅਹਾਰੁ’
“ਰਾਮ ਰਾਮ ਰਾਮ ਕਰਿ ਆਹਾਰ।”
– ਗੌਂਡ ੫, ੧੦, ੨:੨ (865)

ਹੋਰ ਰੂਪ:

ਆਹਾਰੁ –
“ਕੂੜੁ ਬੋਲਿ ਕਰਹਿ ਆਹਾਰੁ।”
– ਆਸਾ ੧, ਵਾਰ ੧੯ਸ, ੧, ੨:੬ (471)

ਆਹਾਰੇ –
“ਦੁਖ ਭੰਜਨ ਸੁਖ ਸਾਗਰ ਸੁਆਮੀ ਦੇਤ ਸਗਲ ਆਹਾਰੇ ਜੀਉ।”
– ਮਾਝ ੫, ੩੬, ੨:੩ (105)

ਆਹਾਰੋ –
“ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ।”
– ਰਾਮ ੧, ਸਿਗੋ ੬੦:੧ (944)

ਆਹਾਰੀ ---- ਭੋਜਨ ਕਰਨ ਵਾਲਾ, ਆਹਾਰ ਕਰਤਾ (ਨਿਰਣਯ, ਸੰਥਿਆ)
(‘ਦਰਪਣ’, ‘ਸ਼ਬਦਾਰਥ’ ਇਸ ਦੇ ਅਰਥ ਭੋਜਨ ਹੀ ਕਰਦਾ ਹੈ)
“ਅੰਮ੍ਰਿਤ ਭੋਜਨੁ ਕਰੇ ਆਹਾਰੀ।”
– ਗਉ ੫, ੮੫, ੧:੨ (181)

ਆਹਾੜਾ ---- ਤੋਲਿਆ ਹੋਇਆ, ਜਾਂਚਿਆ ਮਿਣਿਆ ਹੋਇਆ
“ਅਗਮ ਅਗੋਚਰੁ ਬੇਅੰਤ ਅਤੋਲਾ ਹੈ ਨਾਹੀ ਕਿਛੁ ਆਹਾੜਾ।”
– ਮਾਰੂ ੫, ਸੋਲਾ ੧੦, ੧੦:੩ (1081)

ਆਹਿ ------ (1) ਚਾਹ ਕਰ
“ਰੇ ਮਨ ਮੇਰੇ ਤੂੰ ਤਾ ਕਉ ਆਹਿ।”
– ਗਉ ੫, ੧੦੮, ੧:੧ (187)

“ਏਕੁ ਸਿਮਰਿ ਏਕੋ ਮਨ ਆਹਿ।”
– ਗਉ ੫, ਸੁਖ ੧੯, ੮:੨ (289)

ਹੋਰ ਰੂਪ:

ਆਹਿਓ –

“ਮੋਹਿ ਅਨਾਥ ਨਿਰਗੁਨ ਗੁਣੁ ਨਾਹੀ ਮੈ ਆਹਿਓ ਤੁਮੑਰਾ ਧੋਰਾ।”

– ਗੂਜ ੫, ੧੬, ੧*:੨ (499)

ਆਹਿਆ –

“ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ।”

– ਮਾਝ ੫, ੪੩, ੨:੩ (107)

ਆਹੀ –

“ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ।” (ਚਾਹਾਂ, ਪ੍ਰੇਮ ਕਰਾਂ)

– ਗਉ ੫, ਅਸ ੧੨, ੫:੨ (241)

ਆਹੀਐ ---- (ਲੋਚੀਦੇ/ਚਾਹੀਏ)

“ਜਿਸੁ ਸੰਗਿ ਲਾਗੇ ਪ੍ਰਾਣ ਤਿਸੈ ਕਉ ਆਹੀਐ।”

– ਫੁਨ ੫, ੧੧:੨ (1362)

ਆਹੇ –

“ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲਿ ਮਕਰੰਦ ਕਮਲ ਜਿਉ।”

– ਬਿਲਾ ੫, ੧੨੯, ੧:੧ (830)

ਆਹੈ –

“ਜੋਗੀ ਜਤੀ ਸਿਧ ਹਰਿ ਆਹੈ।”

– ਗਉ ੫, ੧੦੭*, ੨:੨ (203)

(2) ਹੈ, ਵੇਖੋ ‘ਆਹ’

(3) ਹਨ

“ਸਿਮਰਤ ਸਿਮਰਤ ਪ੍ਰਭੁ ਆਪਣਾ ਸਭ ਫਲ ਪਾਏ ਆਹਿ।”

– ਗੂਜ ੫, ਵਾਰ ੫ਸ, ੫, ੨:੧ (519)

ਹੋਰ ਰੂਪ:

ਆਹੇ –

“ਕਰਿ ਕਿਰਪਾ ਰਾਖੇ ਸਤਿਸੰਗੇ ਨਾਨਕ ਸਰਣਿ ਆਹੇ।”

– ਆਸਾ ੫, ੧੪੨, ੪:੧ (406)

(4) ਹੋ ਸਕਨਾ

“ਪੂਜਾ ਅਰਚਾ ਆਹਿ ਨ ਤੋਰੀ।”

– ਗੂਜ ਰਵਿ, ੧, ੫:੧ (525)

(5) ਹਾਂ

“ਕੋ ਕੋ ਨ ਬਿਗੂਤੋ ਮੈ ਕੋ ਆਹਿ।”

– ਬਸੰ ਕਬ, ੫, ੧:੪ (1194)

ਆਹੇ ------ (1) ਸੀ

“ਹੈ ਹੋਸੀ ਆਹੇ।”

– ਮਾਰੂ ੫, ੨੧, ੩:੨ (1005)

(2) ਚਾਹੇ, ਵੇਖੋ ‘ਆਹਿ’ (1)

(3) ਹਨ, ਵੇਖੋ ‘ਆਹਿ’ (3)

ਆਹੈ ------ (1) ਹੁੰਦੀਆਂ ਹਨ
“ਮੂਲ ਬਿਨਾ ਸਾਖਾ ਕਤ ਆਹੈ।”
– ਭੈਰ ੫, ੪੫, ੧:੪ (1149)
(2) ਚਾਹਨਾ, ਵੇਖੋ ‘ਆਹਿ’ (1)

ਆਹੋ ------ ਆਇਆ ਸੀ
“ਲੇਖਾ ਰਬੁ ਮੰਗੇਸੀਆ ਤੂ ਆਹੋ ਕੇਰ੍ਹੇ ਕੰਮਿ।”
– ਸਲੋ ਫਰ, ੩੮:੨ (1379)

ਆਕ ------ (ਸੰ.) ਅੱਕ ਦਾ ਬੂਟਾ ਜਿਸ ਦੇ ਫੁਲ ਆਕਰਸ਼ਕ ਪਰ ਖੁਸ਼ਕ ਚਿਰੇ, ਕਉੜੇ ਤੇ ਵਿਹੁ ਭਰੇ ਹੁੰਦੇ ਹਨ
“ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ।”
– ਆਸਾ ੫, ੧੨੭, ੨:੧ (403)

ਆਕਰਖੈ ---- (ਸੰ.)
“ਜਹਾ ਤ੍ਰਿਖਾ ਮਨ ਤੁਝੁ ਆਕਰਖੈ।”
– ਗਉ ੫, ਸੁਖ ੨, ੪:੯ (264)

ਆਕਲ ----- (ਸੰ.) ਵਿਆਕੁਲ, ਘਬਰਾਇਆ ਹੋਇਆ
“ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟਪੋਟ ਹੋਇ ਪਈਆ।”
– ਬਿਲਾ ੪, ਅਸ ੫, ੧:੨ (836)

ਆਕਾਸ ---- (ਸੰ.) ਅਸਮਾਨ
“ਸੁਣਿਐ ਧਰਤਿ ਧਵਲ ਆਕਾਸ।”
– ਜਪੁ ੧, ੮:੨ (2)

“ਭੈ ਵਿਚਿ ਆਡਾਣੇ ਆਕਾਸ।”
– ਆਸਾ ੧, ਵਾਰ ੪ਸ, ੧, ੧:੧੦ (464)

ਹੋਰ ਰੂਪ:

ਆਕਾਸੰ –
“ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ।”
– ਸਸ ੫, ੫੩:੧ (1359)

ਆਕਾਸਹ –
“ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ।”
– ਗਾਥਾ ੫, ੨:੧ (1360)

ਆਕਾਸਾ –
“ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।”
– ਗਉ ਕਬ, ੧੮, ੪:੧ (327)

ਆਕਾਸਿ –
“ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ।”
– ਗਉ ੧, ਅਸ ੧੭, ੬:੨ (228)

ਆਕਾਸੀ – (ਅਸਮਾਨਾਂ ਤੇ)
“ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ।”
– ਸਿਰੀ ੧, ਅਸ ੧੩, ੯:੧ (62)

ਆਕਾਸੁ –
“ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ।”
– ਮਾਝ ੧, ਵਾਰ ੧੨ਸ, ੧, ੧:੧ (143)

ਆਕਾਸੈ –
“ਜਿਉ ਆਕਾਸੈ ਪੰਖੀਅਲੋ ਖੋਜ ਨਿਰਖਿਉ ਨ ਜਾਈ।”
– ਗੂਜ ਨਾਮ, ੨, ੨:੧ (525)

ਆਕਾਸਿ ---- (1) ਦੁਆਰ
“ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ।”
– ਸਲੋ ੩, ੧੬:੧ (1414)

ਹੋਰ ਰੂਪ:

ਆਕਾਸੇ – (ਦਸਮ ਦੁਆਰ)
“ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ।”
– ਰਾਮ ਕਬ, ੬, ੨:੨ (970)

(2) ਆਸਮਾਨ, ਵੇਖੋ ‘ਆਕਾਸ’

ਆਕਾਸੁ ---- (1) ਆਕਾਸ਼ ਦੇ ਵਾਸੀ ਅਰਥਾਤ ਦੇਵ ਲੋਕ ਦੇ ਵਾਸੀ, ਦੇਵਤੇ (ਭਾਵ)
“ਤ੍ਰੈਗੁਣ ਮੋਹੇ ਮੋਹਿਆ ਆਕਾਸੁ।”
– ਆਸਾ ੫, ੧, ੩:੩ (370)

(2) ਅਭਿਮਾਨ (ਭਾਵ)
“ਊਪਰਿ ਚਰਨ ਤਲੈ ਆਕਾਸੁ।”
– ਰਾਮ ੫, ੫੪, ੧:੩ (900)

(3) ਅਸਮਾਨ – ਵੇਖੋ ‘ਆਕਾਸ’

ਆਕਾਰ ---- (ਸੰ.) ਸਰੂਪ, ਵਜੂਦ, ਰਚਨਾ
“ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।”
– ਜਪੁ ੧, ੨:੧ (1)

ਹੋਰ ਰੂਪ:

ਆਕਾਰਾ –
“ਬਿਨਸਿ ਜਾਇਗੋ ਸਗਲ ਆਕਾਰਾ।”
– ਗਉ ੫, ਅਸ ੪, ੫:੪ (237)

ਆਕਾਰੀ – (ਆਕਾਰਾਂ ਵਿਚ)
“ਤ੍ਰੈ ਗੁਣ ਮਾਇਆ ਮੋਹੁ ਪਸਾਰਾ ਸਭ ਵਰਤੈ ਆਕਾਰੀ।”
– ਮਲਾ ੩, ੯, ੨:੧ (1260)

ਆਕਾਰੁ –
“ਜਿਨਿ ਏਹੁ ਜਗਤੁ ਉਪਾਇਆ ਤ੍ਰਿਭਵਣ ਕਰਿ ਆਕਾਰੁ।”
– ਸਿਰੀ ੧, ੧੬, ੪:੧ (20)

ਆਕਾਰੈ – (ਆਕਾਰ ਵਿਚ)
"ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ।"
– ਭੈਰ ਨਾਮ, ੧, ੩:੨ (1167)

ਆਕਾਰੁ ---- (1) ਦ੍ਰਿਸ਼ਟਮਾਨ
"ਚਾਰੇ ਬੇਦ ਕਥਹਿ ਆਕਾਰੁ।"
– ਗਉ ੧, ੧੨, ੧:੨ (154)
"ਸਭੋ ਸੂਤਕੁ ਜੇਤਾ ਮੋਹੁ ਆਕਾਰੁ।"
– ਗਉ ੩, ਅਸ ੧, ੨:੧ (229)
"ਸੋਈ ਗੁਪਤੁ ਸੋਈ ਆਕਾਰੁ।"
– ਆਸਾ ੫, ੬੮, ੧:੨ (387)
(2) ਵਜੂਦ, ਹੋਂਦ, ਵੇਖੋ 'ਆਕਾਰ'
(3) ਰਚਨਾ, ਸ੍ਰਿਸ਼ਟੀ
"ਸਚੁ ਵੇਖਣਾ ਸਚੁ ਬੋਲਣਾ ਸਚਾ ਸਭੁ ਆਕਾਰੁ।"
– ਵਡ ੩, ਅਸ ੧, ੭:੨ (565)
"ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ।"
– ਵਡ ੪, ਵਾਰ ੨ਸ, ੩, ੧:੧ (586)

ਆਕੀ ----- (ਅ. ਆਕੀ) ਬਾਗ਼ੀ
"ਦਿਲਿ ਖੋਟੈ ਆਕੀ ਫਿਰਨਿ ਬੰਨ੍ਹ ਭਾਰੁ ਉਚਾਇਨਿ ਛਟੀਐ।"
– ਰਾਮ ਸਬ, ਵਾਰ ੨:੧੧ (967)

ਹੋਰ ਰੂਪ:

ਆਕੀਆ – (ਬਾਗ਼ੀਆ)
"ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ।"
– ਰਾਮ ੩, ਵਾਰ ੧੩ਸ, ੧, ੨:੩ (953)

ਆਕੁਲ ----- (ਆ (ਰਹਿਤ) +ਕੁਲ) ਕੁਲ ਰਹਿਤ, ਸੁਤਯ ਪ੍ਰਕਾਸ਼
"ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉ ਗੋ।"
– ਰਾਮ ਨਾਮ, ੨, ੧*:੨ (973)

ਹੋਰ ਰੂਪ:

ਆਕੁਲ –
"ਕਉਣੁ ਕਹੈ ਕਿਇ ਬੂਝੀਐ ਰਮਈਆ ਆਕੁਲ ਰੀ ਬਾਈ।"
– ਗੂਜ ਨਾਮ, ੨, ੧*:੧ (525)

ਆਖਉ ----- ਮੈਂ ਆਖਾਂ, ਆਖੇ
"ਬੈਸਿ ਗੁਫਾ ਮਹਿ ਆਖਉ ਕੈਸਾ।"
– ਗਉ ੧, ਅਸ ੨, ੪:੨ (221)
"ਭਾਵੈ ਸਭੁ ਆਖਉ ਸੰਸਾਰੁ।"
– ਧਨਾ ੧, ੬, ੪:੨ (662)

ਹੋਰ ਰੂਪ:

ਆਖਹਿ – (ਆਖਦੇ ਹਨ)
“ਕੀਮਤਿ ਕਿਨੈ ਨ ਪਾਈਆ ਸਭਿ ਸੁਣਿ ਸੁਣਿ ਆਖਹਿ ਸੋਇ।”
– ਸਿਰੀ ੧, ਅਸ ੧, ੨:੩ (53)
ਆਖਹੁ –(ਕਹੈ)
“ਸਭਿ ਆਖਹੁ ਸਤਿਗੁਰੁ ਵਾਹੁ ਵਾਹੁ ਜਿਨਿ ਦਾਨੁ ਹਰਿਨਾਮੁ ਮੁਖਿ ਦੀਆ।”
– ਵਡ ੪, ਵਾਰ ੧:੫ (585)
ਆਖਣ – (ਕਹਿਣ)
“ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ।”
– ਮਾਝ ੧, ਵਾਰ ੯ਸ, ੧, ੧:੪ (142)
“ਆਖਣ ਵਾਲਾ ਕਿਆ ਬੇਚਾਰਾ।”
– ਆਸਾ ੧, ੧, ੪:੧ (349)
ਆਖਣਾ –
“ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ।”
– ਸਿਰੀ ੧, ੨, ੧*:੨ (14)
ਆਖਣਿ –
“ਕੇਤਾ ਆਖਣੁ ਆਖੀਐ ਆਖਣਿ ਤੋਟਿ ਨ ਹੋਇ।”
– ਸਿਰੀ ੧, ੧੧, ੨:੧ (18)
ਆਖਣੁ –
“ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ।”
– ਸਿਰੀ ੧, ੭, ੪:੨ (17)
ਆਖਾ – ਕਹਾਂ
“ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।”
– ਸਿਰੀ ੧, ੧, ੩:੧ (14)
“ਮੁਖਿ ਨਿੰਦਾ ਆਖਾ ਦਿਨੁ ਰਾਤਿ।” (ਕਹਿੰਦਾ ਹਾਂ)
– ਸਿਰੀ ੧, ੨੯, ੨:੧ (24)
ਆਖਾਏ –
“ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ।”
– ਰਾਮ ੫, ਵਾਰ ੭ਸ, ੫, ੨:੧ (960)
ਆਖਾਂ – (ਆਖਦੀ ਹਾਂ)
“ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ।”
– ਵਡ ੧, ੨, ੩:੧ (557)
“ਕਿਸੁ ਨੇੜੈ ਕਿਸੁ ਆਖਾਂ ਦੂਰੇ।” (ਕਹਾਂ)
– ਮਾਰੂ ੧, ਸੋਲਾ ੨੨, ੨:੨ (1042)
ਆਖਿ – (ਕਹਿ)
“ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ।”
– ਸਿਰੀ ੧, ਅਸ ੧, ੧:੧ (53)
“ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ।”
– ਮਾਝ ੧, ਵਾਰ ੧੯ਸ, ੧, ੧:੫ (147)
ਆਖਿਆ –

"ਅਮੁਲੋ ਅਮੁਲੁ ਆਖਿਆ ਨ ਜਾਇ।"

– ਜਪੁ ੧, ੨੬:੯ (5)

ਆਖੀ –

"ਕਿਆ ਉਪਮਾ ਤੇਰੀ ਆਖੀ ਜਾਇ।"

– ਆਸਾ ੧, ੭, ੧*:੧ (350)

ਆਖੀਂ –

"ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ।"

– ਸਲੋ ੩, ੯੭:੨ (1383)

ਆਖੀਅਹ –

"ਨ ਹਮ ਚੰਗੇ ਆਖੀਅਹ ਬੁਰਾ ਨ ਦਿਸੈ ਕੋਇ।"

– ਮਾਰੂ ੧, ਅਸ ੧੦, ੮:੧ (1015)

ਆਖੀਅਹਿ – (ਕਹੀਏ)

"ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ।"

– ਜਪੁ ੧, ੩੨:੨ (7)

ਆਖੀਐ –

"ਨਾਨਕ ਵਡਾ ਆਖੀਐ ਆਪੇ ਜਾਣੈ ਆਪੁ।"

– ਜਪੁ ੧, ੨੨:੫ (5)

ਆਖੁ –

"ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ।"

– ਤਿਲੰ ੧, ੫, ੨:੧ (722)

ਆਖੇ –

"ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੇ ਕੋਇ।"

– ਰਾਮ ੩, ਵਾਰ ੧੬ਸ, ੨, ੨:੨ (954)

ਆਖੈ –

"ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ।"

– ਜਪੁ ੧, ੨੧:੧੬ (5)

ਆਖਣਿ ---- (1) ਕਹਿਣਾ, ਵੇਖੋ 'ਆਖਉ'

(2) ਗਲਾਂ

"ਆਖਣਿ ਆਖੈ ਬਕੈ ਸਭੁ ਕੋਇ।"

– ਆਸਾ ੩, ੪੩, ੩:੧ (362)

ਆਖਣੁ ----- (1) ਮੂੰਹ

" ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ।"

– ਮਾਝ ੧, ਵਾਰ ੧੯ਸ, ੨, ੨:੧ (147)

(2) ਕਹਿਣਾ, ਬਿਆਨ ਕਰਨਾ, ਆਖਣਾ, ਵੇਖੋ 'ਆਖਉ'

ਆਖਦਾ ---- ਕਹਿੰਦਾ

"ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ।"

– ਸੂਹੀ ੩, ਅਸ ੪, ੭:੧ (757)

ਆਖਾਰ ---- ਅਖਾੜਾ, ਰੰਗ ਭੂਮੀ

"ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ।"
– ਰਾਮ ੫, ੭, ੨:੧ (884)

ਹੋਰ ਰੂਪ:

ਆਖਾਰਾ –
"ਰਾਸਿ ਮੰਡਲੁ ਕੀਨੋ ਅਖਾਰਾ।"
– ਸੂਹੀ ੫, ੪੫, ੧*:੧ (746)

ਆਖਾਰੇ –
"ਨਟ ਨਾਟਿਕ ਆਖਾਰੇ ਗਾਇਆ।"
– ਗਉ ੫, ੮੧, ੨:੩ (179)

ਆਖਾੜਾ –
"ਵੇਖੈ ਵਿਗਸੈ ਸਭਿ ਰੰਗ ਮਾਣੇ ਰਚਨੁ ਕੀਨਾ ਇਕ ਆਖਾੜਾ।"
– ਮਾਰੂ ੫, ਸੋਲਾ ੧੦, ੯:੩ (1081)

ਆਖਾੜੇ –
"ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ।"
– ਆਸਾ ੫, ੩੮, ੨:੧ (380)

ਆਖਿ ----- (1) ਪੜ
"ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।"
– ਮਾਝ ੧, ਵਾਰ ੭ਸ, ੧, ੩:੪ (141)
(2) ਕਹਿਕੇ, ਵੇਖੋ 'ਆਖਉ'
(3) ਬਿਆਨ ਕਰਕੇ
"ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ।"
– ਗਉ, ਵਾਰ ੩੦ਸ, ੪, ੧:੧੩ (316)
(4) ਉਚੀ ਉਚੀ ਬੋਲ ਕੇ, ਬੋਲ ਬੋਲ ਕੇ
"ਇਹੁ ਮਨੁ ਅੰਧਾ ਬੋਲਾ ਹੈ ਕਿਸੁ ਆਖਿ ਸੁਣਾਇ।"
– ਆਸਾ ੩, ੫੧, ੧:੨ (364)

"ਕਹਿ ਕਹਿ ਕਹਣਾ ਆਖਿ ਸੁਣਾਏ।"
– ਆਸਾ ੩, ੫੦, ੩:੩ (364)

"ਗੁਰਮੁਖਿ ਹਰਿ ਗੁਣ ਆਖਿ ਵਖਾਣੀ।"
– ਆਸਾ ੪, ੫੭, ੧:੨ (367)
"ਕਿਆ ਕਹੀਐ ਕਿਸੁ ਆਖਿ ਸੁਣਾਈਐ ਜਿ ਕਹਣਾ ਸੁ ਪ੍ਰਭ ਜੀ ਪਾਸਿ।"
– ਆਸਾ ੫, ੪੬, ੩:੧ (382)
(5) ਸਿਮਰੀਏ (ਭਾਵ)
"ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ।"
– ਸੋਰ ੪, ਵਾਰ ੧੪:੫ (648)

ਆਖਿਐ ---- ਕਹੈ/ਹੁਕਮ ਅਨੁਸਾਰ
"ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ ਭਲ ਭਲਾ।"
– ਗਉ ੪, ਵਾਰ ੯ਸ, ੪, ੨:੬ (304)

ਆਖਿਰ ---- (ਅ. ਆਖਿਰ) ਅੰਤਮ ਤੌਰ ਤੇ, ਅੰਤ ਨੂੰ

“ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ।”

– ਤਿਲੰ ੧, ੧, ੨:੨ (721)

ਆਖੀ ----- (1) ਅੱਖਾਂ ਨਾਲ

“ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ।”

– ਸਿਰੀ ੪, ਵਾਰ ੧੨:੫ (88)

“ਮੂਰਖੁ ਹੋਇ ਨ ਆਖੀ ਸੂਝੈ।”

– ਆਸਾ ੧, ਆਸ ੧, ੬:੧ (414)

(2) ਕਹੀ, ਵੇਖੋ ‘ਆਖਉ’ (1)

ਆਖੀਅਹਿ -- (1) ਕਹੀਏ, ਵੇਖੋ ‘ਆਖਉ’ (1)

(2) ਕਹੀਆਂ ਜਾਂਦੀਆਂ ਹਨ

“ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ।”

– ਸਿਰੀ ੧, ਅਸ ੫, ੮:੧ (56)

ਹੋਰ ਰੂਪ:

ਆਖੀਅਨਿ –

“ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।”

– ਸੂਹੀ ੩, ਵਾਰ ੬ਸ, ੩, ੧:੧ (787)

(3) ਦਸੀਏ, ਸੁਣਾਈਏ

“ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ।”

– ਸਿਰੀ ੧, ੫, ੩:੩ (16)

ਆਖੂੰ ------ ਮੂੰਹ ਨਾਲ

“ਆਖੂ ਆਖਾਂ ਸਦਾ ਸਦਾ ਕਹਣਿ ਨ ਆਵੈ ਤੋਟਿ।”

– ਸਾਰ ੪, ਵਾਰ ੧੦ਸ, ੧, ੨:੨ (1241)

ਆਖੂਟਾ ---- ਨਾ ਮੁਕਣ ਵਾਲਾ, ਵੇਖੋ ‘ਅਖੁਟ’

“ਬਹੁਤੁ ਖਜਾਨੇ ਮੇਰੈ ਪਾਲੈ ਪਰਿਆ ਅਮੋਲ ਲਾਲ ਆਖੂਟਾ।”

– ਸਾਰ ੫, ੩੨, ੨:੧ (1210)

ਹੋਰ ਰੂਪ:

ਅਖੂਟੁ –

“ਮਾਲੁ ਹਮਾਰਾ ਅਖੂਟ ਅਬੇਚਲੁ।”

– ਭੈਰ ੫, ੨੨, ੨:੪ (1141)

ਆਖੇਰ ----- (ਸੰ.) ਸ਼ਿਕਾਰ ਵਾਲੀ

“ਆਖੇਰ ਬਿਰਤਿ ਬਾਹਰਿ ਆਇਓ ਧਾਇ।”

– ਭੈਰ ੫, ੪, ੨:੧ (1136)

ਹੋਰ ਰੂਪ:

ਆਖੇੜ –

“ਆਖੇੜ ਬਿਰਤਿ ਰਾਜਨ ਕੀ ਲੀਲਾ।”

– ਗਉ ੫, ੮੧, ੩:੩ (179)

ਆਖੈ ------ (1) ਕਹੈ, ਵੇਖੋ ‘ਆਖਉ’ (1)
(2) ਦਸੇ
“ਦੂਜੀ ਦੁਰਮਤਿ ਆਖੈ ਦੋਇ।”
– ਗਉ ੧, ਅਸ ੫, ੨:੧ (223)
(3) ਅੱਖਾਂ
“ਫੂਟੀ ਆਖੈ ਕਛੁ ਨ ਸੂਝੈ ਬੂਡਿ ਮੂਏ ਬਿਨੁ ਪਾਨੀ।”
– ਕੇਦਾ ਕਬ, ੪, ੧:੨ (1124)

ਆਖੁਰ ----- ਅਖਰ
“ਕੀਨੇ ਰਾਮ ਨਾਮ ਇਕ ਆਖੁਰ।”
– ਗਉ ੫, ਸੁਖ ੧, ੧:੬ (262)

ਆਗਹ ----- ਜੋ ਅਗੇ ਹਨ, ਹੋਰਨਾਂ ਨੂੰ
“ਦੋਸੁ ਦੇਤ ਆਗਹ ਕਉ ਅੰਧਾ।”
– ਗਉ ੫, ਬਾਅ ੩੯:੬ (258)

ਆਗੰਜਤ ---- (ਸੰ.) ਅਜਿਤ, ਅਬਿਨਾਸੀ
“ਆਤਮੁ ਜਿਤਾ ਗੁਰਮਤੀ ਆਗੰਜਤ ਪਾਗਾ।”
– ਰਾਮ ੫, ਵਾਰ ੧੭:੪ (964)
(‘ਸ੍ਰੀ ਗੁਰੂ ਗ੍ਰੰਥ ਕੋਸ਼’ ਨੇ ‘ਅਗੰਜ’ ਦੇ ਅਰਥ ‘ਨਾ ਟੁੱਟਣ’ ਵਾਲਾ ਵੀ ਕੀਤਾ ਹੈ।’)

ਆਂਗਣਿ ---- (ਸੰ.) ਵੇਹੜਾ
“ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ।”
– ਆਸਾ ੪, ਛੰਤ ੨੧, ੪:੨ (452)

ਹੋਰ ਰੂਪ:

ਆਗਨਿ –
“ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ।”
– ਗੂਜ ੧, ਅਸ ੧, ੩:੧ (503)
ਆਂਗਨਿ – (ਹਿਰਦੇ ਰੂਪੀ ਵੇਹੜਾ)
“ਆਂਗਨਿ ਮੇਰੈ ਸੋਭਾ ਚੰਦ।”
– ਆਸਾ ੫, ੭, ੨:੩ (372)

ਆਗਨਤਾ --- ਬੇਅੰਤ
“ਪਾਰਬ੍ਰਹਮੁ ਐਸੋ ਆਗਨਤਾ।”
– ਗਉ ੫, ਬਾਅ, ੪੯:੬ (260)

ਆਗਮ ----- (1) ਸ਼ਾਸਤਰ
“ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ।”
– ਆਸਾ ਕਬ, ੫, ੨:੧ (476)

ਹੋਰ ਰੂਪ:

ਆਗਮੁ –

"ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ।"
- ਗਉ ੪, ਵਾਰ ੮ਸ, ੪, ੨:੭ (304)

(2) ਤੰਤ੍ਰ ਸ਼ਾਸ਼ਤਰ ਜਿਸ ਵਿਚ ਸਤ ਅੰਗ ਹੋਣ
(ਉਤਪਤਿ, ਪ੍ਰਲੈ, ਦੇਵਪੂਜਨ, ਮੰਤ੍ਰਸਾਧਨ, ਪੁਰਸ਼ਚਰਣ, ਖੱਟ ਕਰਮਾਂ ਦੇ ਸਾਧਨ ਅਤੇ ਧਿਆਨ।)
"ਆਗਮ ਨਿਗਮੁ ਕਹੈ ਜਨੁ ਨਾਨਕੁ ਸਭੁ ਦੇਖੈ ਲੋਕੁ ਸਬਾਇਆ।"
- ਟੋਡੀ ੫, ੧੧, ੨:੨ (714)

ਆਗਮਨਿ --- (ਸੰ.) ਆਉਣਾ, ਪਹੁੰਚਣਾ ਆਮਦ
"ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ।"
- ਸੂਹੀ ੩, ਵਾਰ ੧੯ਸ, ੧, ੧:੧ (791)

ਆਗਮੁ ----- (1) ਪਹੁੰਚ, ਆਮਦ, ਵੇਖੋ 'ਆਗਮਨਿ'
"ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ।"
- ਰਾਮ ੩, ਅਨੰ ੩੪:੧ (921)

(2) ਸ਼ਾਸ਼ਤਰ, ਵੇਖੋ 'ਆਗਮ' (1)
ਆਗਰ - (ਸੰ.) ਪ੍ਰਥਮ, ਸ਼੍ਰੇਸ਼ਟ, ਮੁਖੀਏ, ਸਿਆਣੇ
"ਚਾਰਿ ਚਰਨ ਕਹਹਿ ਬਹੁ ਆਗਰ।"
- ਗਉ ਕਬ, ੫, ੩:੧ (324)

(2) ਜ਼ਬਾਨੀ (ਭਾਵ)
"ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ।"
- ਧਨਾ ੪, ੭, ੨:੧ (668)

ਆਗਰੁ ----- (ਸੰ.) ਪਹਿਲਾਂ
"ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ।"
- ਸਵ ੪, ਮਥੁ ੪:੧ (1404)

ਆਗਲ ----- ਬਹੁਤ, ਬਹੁਤਾ
"ਬਹੁਤੁ ਸਿਆਣਪ ਆਗਲ ਭਾਰਾ।"
- ਗਉ ੫, ੭੯, ੧:੨ (178)

"ਸੁਖ ਮਾਂਗਤ ਦੁਖੁ ਆਗਲ ਹੋਇ।"
- ਗਉ ੧, ਅਸ ੪, ੩:੧ (222)

ਹੋਰ ਰੂਪ:

ਆਗਲੜਾ -
"ਮਾਇਆ ਮੋਹੁ ਮਨਿ ਆਗਲੜਾ ਪ੍ਰਾਣੀ ਜਰਾ ਮਰਣੁ ਭਉ ਵਿਸਰਿ ਗਇਆ।"
- ਸਿਰੀ ਤ੍ਰਿਲੋ, ੨, ੧:੧ (92)

ਆਗਲੜੈ --- ਸਾਹਮਣੇ, ਅਗੇ
"ਤਿਨ ਆਗਲੜੈ ਮੈ ਰਹਣੁ ਨ ਜਾਇ।"
- ਸਿਰੀ ਤ੍ਰਿਲੋ, ੨, ੧*:੨ (92)
"ਤਹ ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ।"

– ਸਿਰੀ ਤ੍ਰਿਲੋ, ੨, ੪:੨ (92)

ਆਗਾਸ ---- ਅਸਮਾਨ, ਵੇਖੋ ‘ਆਕਾਸ’
“ਨਾਮ ਕੇ ਧਾਰੇ ਆਗਾਸ ਪਾਤਾਲ।”
– ਗਉ ੫, ਸੁਖ ੧੬, ੫:੫ (284)

ਹੋਰ ਰੂਪ:

ਆਗਾਸਾ –
“ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।”
– ਜਪੁ ੧, ੨੨:੧ (5)

ਆਗਾਸੀ –
“ਹੁਕਮੇ ਆਡਾਣੇ ਆਗਾਸੀ।”
– ਮਾਰੂ ੧, ਸਲੋ ੧੬, ੧੨:੧ (1037)

ਆਗਾਸੁ –
“ਸਾਝ ਬਿਹਾਗ ਤਕਹਿ ਆਗਾਸੁ।”
– ਗਉ ੧, ੬, ੩:੩ (152)

ਆਗਾਹ ---- ਬੇਅੰਤ, ਅਥਾਹ
“ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨ ਆਗਾਹ।”
– ਸਲੋ ਫਰ (ਮ:੫), ੧੦੫:੧ (1383)

ਆਗਾਹਾ ---- ਅਗੇ ਵਲ
“ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।”
– ਮਾਰੂ ੫, ਵਾਰ ੭ਸ, ੫, ੧:੧ (1096)

ਆਗਾਜਾ ---- (ਫਾ. ਆਗ਼ਾਜ਼, ਆਰੰਭ) ਉਤਪਤਿ, ਪ੍ਰਗਟ ਹੋਣਾ
“ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ।”
– ਰਾਮ ੫, ੭, ੧:੨ (884)

ਆਗਾਧਾ ---- ਅਥਾਹ, ਵਰਣਨ ਤੋਂ ਬਾਹਰ, ਵੇਖੋ ‘ਅਗਾਧ’ (2)
“ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ।”
– ਸਾਰ ੫, ੬, ੬:੨ (1204)

ਆਗਾਧਿ ---- ਜਿਨਾ ਦਾ ਥਹੁ ਨ ਪਾਇਆ ਜਾ ਸਕੇ, ਵੇਖੋ ‘ਅਗਾਧ((1)
“ਪਾਰਬ੍ਰਹਮ ਠਾਕੁਰ ਆਗਾਧਿ।”
– ਗਉ ੫, ੮੪, ੩:੧ (180)

ਆਗਿ ----- (1) (ਸੰ.) ਅੱਗ
“ਸੁਰਿ ਨਰ ਦਾਧੇ ਲਾਗੀ ਆਗਿ।” (ਭਾਵ ‘ਤ੍ਰਿਸ਼ਨਾ’ ਦੀ ਅੱਗ)
– ਗਉ ਕਬ, ੨੪, ੨:੧ (328)
“ਆਗਿ ਲਗਾਇ ਮੰਦਰ ਮੈਂ ਸੋਵਹਿ।” (ਵਿਸ਼ੈ ਵਿਕਾਰਾਂ ਦੀ ਅੱਗ ਲਾਕੇ)
– ਗਉ ਕਬ, ੪੪, ੫:੨ (332)

(2) ਅਗਿਆਨਤਾ
“ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ।”

– ਸੂਹੀ ੧, ਅਸ ੪, ੬:੨ (752)

ਆਗਿਓ ---- (ਸੰ.) ਹੁਕਮ, ਆਗਿਆ
“ਸਰਬ ਸੂਖ ਆਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ।”
– ਗਉ ੫, ੧੬੦*, ੧*:੨ (215)

ਹੋਰ ਰੂਪ:

ਆਗਿਆ –
“ਪ੍ਰਭ ਕੀ ਆਗਿਆ ਸਤਿ ਕਰਿ ਮਾਨੁ।”
– ਗਉ ੫, ੭੩, ੪:੨ (177)

ਆਗਿਆ --- (1) ਹੁਕਮ, ਵੇਖੋ ‘ਆਗਿਓ’
(2) ਅਖਤਿਆਰ
“ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ।”
– ਗੂਜ ੫, ਅਸ ੧, ੭:੨ (507)

ਆਗਿਆਕਾਰ – ਹੁਕਮ ਵਿਚ ਰਹਿਣ ਵਾਲੇ, ਹੁਕਮ ਮੰਨਣ ਵਾਲੇ
“ਕੋਇ ਸਕਤਿ ਸਿਵ ਆਗਿਆਕਾਰ।”
– ਭੈਰ ੫, ੫, ੪:੩ (1156)
“ਏਕੁ ਨਿਹਾਰਹਿ ਆਗਿਆਕਾਰ।”
– ਗਉ ੫, ੮੬, ੨:੨ (181)

ਹੋਰ ਰੂਪ:

ਆਗਿਆਕਾਰੀ – (ਸੰ.)
“ਆਗਿਆਕਾਰੀ ਹਰਿ ਹਰਿ ਰਾਇ।”
– ਗਉ ੫, ੧੦੩, ੧:੩ (186)

ਆਗੀ ----- ਅਗਨੀ (ਤ੍ਰਿਸ਼ਨਾਰੂਪੀ) ਵੇਖੋ ‘ਆਗਿ’
“ਦੇਖਿ ਨਿਵਾਰਿਆ ਜਲ ਮਹਿ ਆਗੀ।”
– ਪ੍ਰਭਾ ੧, ਅਸ ੨, ੫:੩ (1343)

ਆਗੂ ------ ਰਹਿਬਰ
“ਨਾਨਕ ਐਸਾ ਆਗੂ ਜਾਪੈ।”
– ਮਾਝ ੧, ਵਾਰ ੫ਸ, ੧, ੧:੪ (140)
“ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ।”
– ਸੂਹੀ ੧ ਛੰਤ, ੫, ੬:੧ (767)

ਆਗੇ ------ (1) ਕੋਲ, ਨੂੰ
“ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ।”
– ਗਉ ੪, ੬੨, ੧:੧ (171)
“ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ।”
– ਗਉ ੪, ੬੨, ੫:੨ (172)

ਹੋਰ ਰੂਪ:

ਆਗੈ –

"ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ।"

– ਗਉ ੪, ੪੮, ੪:੨ (167)

(2) ਅਗੇ, ਸਾਹਮਣੇ

"ਮੈਂ ਤਾਣੁ ਦੀਬਾਣੁ ਤੂ ਹੈ ਮੇਰੇ ਸੁਆਮੀ ਮੈ ਤੁਧੁ ਆਗੇ ਅਰਦਾਸਿ।"

– ਸੂਹੀ ੪, ੧੨, ੨:੧ (735)

"ਇਸੁ ਮਨ ਆਗੇ ਪੂਰੈ ਤਾਲ।"

– ਗੋਂਡ ਕਬ, ੧੦, ੨:੩ (872)

ਹੋਰ ਰੂਪ:

ਆਗੈ –

"ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ।"

– ਸਿਰੀ ੩, ੩੯, ੩:੨ (28)

"ਸੁਖੁ ਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ।"

– ਸਿਰੀ ੫, ੭੭, ੩:੨ (44)

(3) ਪਹਿਲਾ

"ਕਹਿ ਕਬੀਰ ਆਗੇ ਤੇ ਨ ਸੰਮ੍ਹਾਰਾ।"

– ਸੂਹੀ ਕਬ, ੧, ੩:੨ (792)

ਹੋਰ ਰੂਪ:

ਆਗੈ –

"ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।"

– ਗਉ ੫, ਸੋਹ ੫, ੧:੨ (10)

(4) ਅਗੋਂ

"ਜਉ ਨਿਰਧਨੁ ਸਰਧਨ ਕੈ ਜਾਇ ਆਗੇ ਬੈਠਾ ਪੀਠਿ ਫਿਰਾਇ।"

– ਗਉ ਕਬ, ੮, ੧:੨ (1159)

ਹੋਰ ਰੂਪ:

ਆਗੈ –

"ਆਗੈ ਠਾਕੁਰਿ ਤਿਲੁ ਨਹੀ ਮਾਨੀ।"

– ਗਉ ੫, ਬਾਅ ੨੪:੪ (255)

"ਆਸ ਪਿਆਸੀ ਸੇਜੈ ਆਵਾ ਆਗੈ ਸਹ ਭਾਵਾ ਕਿ ਨ ਭਾਵਾ।"

– ਆਸਾ ੧, ੨੬, ੨, ੧:੨ (357)

ਆਗੈ ------ (1) ਅਗੇ, ਪਰਲੋਕ ਵਿਚ, ਰਬੀ ਦਰਗਾਹ ਵਿਚ

"ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।"

– ਗਉ ੫, ਸੋਹ ੫, ੧:੨ (13)

(2) ਪਹਿਲਾਂ ਹੀ, ਅਗੇ ਤੋਂ ਹੀ, ਵੇਖੋ 'ਆਗੇ' (3)

"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।"

– ਸਿਰੀ ੪, ਵਾਰ ੩ਸ, ੨, ੨:੧ (83)

"ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾ।"

– ਆਸਾ ੫, ੪੮, ੧:੧ (383)

"ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ।"
– ਬਿਲ ੫, ੨੭, ੧:੧ (807)

(3) ਆਗੇ (ਸਥਾਨਮਈ special), ਅਗਾਂਹ
"ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ।"
– ਸਿਰੀ ੧, ੧੬, ੨:੧ (20)
"ਮਨਮੁਖੁ ਅਹੰਕਾਰੀ ਮਹਲੁ ਨ ਜਾਣੈ ਖਿਨੁ ਆਗੈ ਖਿਨੁ ਪੀਛੈ।"
– ਗਉ ੪, ਵਾਰ ੨੫ਸ, ੩, ੨:੧ (314)

(4) ਸਾਹਮਣੇ, ਅੱਗੇ, ਹਜ਼ੂਰ, ਵੇਖੋ 'ਆਗੇ' (2)
"ਮਨੁ ਤਨੁ ਅਪਨਾ ਆਗੈ ਧਰਹੁ।"
– ਗਉ ੫, ੧੨੬, ੧:੨ (191)

(5) ਕੋਲ, ਵੇਖੋ ਆਗੈ (1)
"ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ।"
– ਮਾਝ ੧, ਵਾਰ ੧੨:੪ (143)
"ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।"
– ਗਉ ੧, ੧੪, ੧:੨ (155)
"ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ।"
– ਧਨਾ ੫, ੧੦, ੧:੧ (673)

(6) ਪ੍ਰਤਖ
"ਜੀਵਤੁ ਮਰੈ ਮਹਾ ਰਸੁ ਆਗੈ।"
– ਗਉ ੧, ੯, ੨:੩ (153)
"ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ।"
– ਵਡ ੧, ਅਲਾ ੨, ੧:੫ (579)

(7) ਭਵਿਖ ਵਿਚ, ਅਗੇ (temporal)
"ਕਿਆ ਜਾਣਾ ਕਿਆ ਆਗੈ ਹੋਇ।"
– ਗਉ ੧, ੧੦, ੧:੨ (154)
"ਹਮ ਜਾਨਿਆ ਕਛੂ ਨਾ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੈ।"
– ਗਉ ੫, ੫੯, ੪:੧ (171)

(8) ਅਗਲੀ, ਪਹਿਲੀ
"ਘੂੰਘਟੁ ਕਾਢਿ ਗਈ ਤੇਰੀ ਆਗੈ।"
– ਆਸਾ ਕਬ, ੩੪, ੧:੧ (484)

ਆਗਿ ----- ਕੋਲ, ਅਗੇ
"ਅਬ ਮੈ ਸੁਖੁ ਪਾਇਓ ਗੁਰ ਆਗਿ।"
– ਜੈਤ ੫, ੫, ੧*:੧ (701)

ਆਘਾਇ ---- (ਸੰ.) ਤ੍ਰਿਪਤ, ਰਜਨਾ
(ਪਰੰਪਰਾ ਅਨੁਸਾਰ, 'ਪੀਣ' ਤੋਂ ਜੋ ਰਜ ਹੁੰਦਾ ਹੈ ਉਹ ਤ੍ਰਿਪਤ ਹੁੰਦਾ ਹੈ ਤੇ 'ਖਾਣ' ਤੋਂ ਜੋ ਹੁੰਦਾ ਹੈ ਉਹ 'ਆਘਾਇ' ਹੈ)
"ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ।"
– ਮਾਝ ੫, ਬਾਰਾ ੮:੫ (135)
"ਗੁਰਸਿਖ ਪ੍ਰੀਤਿ ਗੁਰਮਿਲਿ ਆਘਾਇ।" (ਤ੍ਰਿਪਤ ਹੁੰਦਾ ਹੈ)

– ਗਉ ੪, ੪੨, ੧:੩ (164)

ਹੋਰ ਰੂਪ:

ਆਘਾਈ –

“ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਆਘਾਈ।”

– ਗਉ ੪, ਵਾਰ ੧੮:੩ (311)

“ਭੋਜਨੁ ਸਾਚੁ ਮਿਲੈ ਆਘਾਈ।” (ਰਜੀਦਾ ਹੈ)

– ਮਾਰੂ ੧, ਸੋਲਾ ੫, ੭:੧ (1024)

ਆਘਾਏ –

“ਤ੍ਰਿਪਤਿ ਆਘਾਏ ਸੰਤਾ।”

– ਮਾਰੂ ੫, ੨੩, ੧:੧ (1006)

ਆਘਾਣੇ –

“ਸੀਤਲ ਆਘਾਣੇ ਅੰਮ੍ਰਿਤ ਬਾਣੇ ਸਜਨ ਸੰਤ ਬਸੀਠਾ।”

– ਆਸਾ ੫, ਛੰਤ ੧, ੧:੫ (452)

ਆਘਾਨਾ –

“ਮਨੁ ਆਘਾਨਾ ਹਰਿ ਰਸਹਿ ਸੁਆਦਿ।”

– ਬਸੰ ੫, ੬, ੩:੪ (1181)

ਆਘਾਨਿਆ –

“ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰ ਕਰਾਇਆ।”

– ਬਿਲਾ ੫, ੩੩, ੨:੨ (808)

ਆਘਾਨੇ –

“ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ।”

– ਸਿਰੀ ੫, ਛੰਤ ੨, ੫:੩ (80)

ਆਘਾਵੈ –

“ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ।”

– ਮਾਰੂ ੫, ਅਸ ੬, ੧:੧ (1019)

ਆਘਾਨੇ ---- (1) ਰਜ ਗਏ, ਵੇਖੋ ‘ਆਘਾਇ’
(2) ਸੰਤੁਸ਼ਟ ਹੋ ਗਏ, ਤ੍ਰਿਪਤ ਹੋ ਗਏ
“ਸੁਨਿ ਕਰਿ ਬਚਨ ਕਰਨ ਆਘਾਨੇ।”

– ਗਉ ੫, ਸੁਖ ੧੮, ੪:੫ (287)

ਹੋਰ ਰੂਪ:

ਆਘਾਵੈ –

“ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ।”

– ਮਾਝ ੫, ੧੪, ੪:੩ (98)

ਆਘਾਵੈ ---- (1) ਰਜੇ, ਵੇਖੋ ‘ਆਘਾਇ’
(2) ਸੰਤੁਸ਼ਟ/ਤ੍ਰਿਪਤ ਹੋਵੇ, ਵੇਖੋ ‘ਆਘਾਨੇ’

ਆਘੀਜਾ ---- ਰਜਿਆ, ਤ੍ਰਿਪਤ, ਤ੍ਰਿਸ਼ਨਾ ਮੁਕਤ, ਵੇਖੋ ‘ਆਘਾਇ’
“ਤੋਟਿ ਨ ਆਵੈ ਪੂਰ ਭੰਡਾਰੈ ਤ੍ਰਿਪਤਿ ਰਹੇ ਆਘੀਜਾ ਹੇ।”

– ਮਾਰੂ ੫, ਸੋਲਾ ੩, ੮:੩ (1074)

ਆਘੁ ------ ਅਗੇ
“ਸਚੁ ਜਾਣੈ ਕਚੁ ਵੈਦਿਓ ਤੂ ਆਘੁ ਆਘੇ ਸਲਵੇ।”
– ਮਾਰੂ ੫, ਵਾਰ ੫ਸ, ੫, ੨:੧ (1095)

ਹੋਰ ਰੂਪ:

ਆਘੇ –
“ਸਚੁ ਜਾਣੈ ਕਚੁ ਵੈਦਿਓ ਤੂ ਆਘੁ ਆਘੇ ਸਲਵੇ।”
– ਮਾਰੂ ੫, ਵਾਰ ੫ਸ, ੫, ੨:੧ (1095)

ਆਚ ------ (ਸੰ.) ਸੇਕ
“ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ।”
– ਆਸਾ ੫, ਛੰਤ ੪, ੧:੧ (454)

ਹੋਰ ਰੂਪ:

ਆਂਚ –
“ਆਂਚ ਨ ਲਾਗੈ ਅਗਨਿ ਸਾਗਰ ਤੇ ਸਰਨਿ ਸੁਆਮੀ ਕੀ ਅਹੀਐ।”
– ਦੇਵ ੫, ੧੭, ੧:੨ (531)

ਆਚੁ –
“ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ।”
– ਮਲਾ ੧, ਅਸ ੨, ੧:੧ (1274)

ਆਚਰਜ ---- ਅਦਭੁਤ, ਵਿਸਮਾਦੀ, ਵੇਖੋ ‘ਅਚਰਜ’ (3)
“ਖਿਨ ਮਹਿ ਥਾਪਿ ਉਥਾਪਦਾ ਆਚਰਜ ਤੇਰੇ ਰੂਪ।”
– ਤਿਲੰ ੫, ੪, ੧:੧ (724)

ਹੋਰ ਰੂਪ:

ਆਚਰਜੁ –
“ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਨਿਆ।”
– ਆਸਾ ੫, ੧੨, ੨:੪ (460)

ਆਚਰਣ ---- (ਸੰ.) ਵਿਹਾਰ, ਕਰਣੀ, ਚਾਲ ਚਲਣ
“ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ।”
– ਆਸਾ ਰਵਿ, ੨, ੨:੧ (486)

ਹੋਰ ਰੂਪ:

ਆਚਰਣੰ –
“ਲੋਭਾਦਿ ਦ੍ਰਿਸਟਿ ਪਰਗ੍ਰਿਹੰ ਜਦਿ ਬਿਧਿ ਆਚਰਣੰ।”
– ਗੂਜ ਜੈਦੇ, ੧, ੩:੧ (526)

ਆਚਾਰ ---- (1) ਰਹਿਣੀ ਬਹਿਣੀ, ਵੇਖੋ ‘ਅਚਾਰ’ (1)
“ਆਚਾਰ ਬਿਉਹਾਰ ਬਿਆਪਤ ਇਹ ਜਾਤਿ।”
– ਗਉ ੫, ੮੮, ੪:੩ (182)

ਹੋਰ ਰੂਪ:

ਆਚਾਰੁ –
“ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।”
– ਸਿਰੀ ੧, ਅਸ ੧੪, ੫:੩ (62)

“ਕਰਿ ਬੀਚਾਰੁ ਆਚਾਰੁ ਪਰਾਤਾ।” (ਸ਼ੁਭ ਰਹਿਣੀ)
– ਆਸਾ ੧, ਅਸ ੭, ੧੦:੧ (415)

(2) ਚੰਗੇ ਕਰਮ, ਵੇਖੋ ‘ਆਚਾਰ’ (2)

“ਜਿਹ ਪ੍ਰਸਾਦਿ ਤੂ ਆਚਾਰ ਬਿਉਹਾਰੀ।”
– ਗਉ ੫, ਸੁਖ ੬, ੫:੩ (270)

ਹੋਰ ਰੂਪ:

ਆਚਾਰੁ – (ਸ਼ੁਭ ਕਰਮ)
“ਜਿਉ ਭਾਵੈ ਤਿਉ ਰਾਖੁ ਤੂੰ ਹਰਿਨਾਮੁ ਮਿਲੈ ਆਚਾਰੁ।”
– ਸਿਰੀ ੧, ਅਸ ੩, ੧:੨ (54)

“ਕਰਿ ਆਚਾਰੁ ਸਚੁ ਸੁਖੁ ਹੋਈ।”
– ਰਾਮ ੧, ਓਅੰ ੧੫:੭ (931)

(3) ਕਰਮ, ਕੰਮਕਾਜ, ਕਿਰਿਆ

“ਆਚਾਰ ਕਰਹਿ ਸੋਭਾ ਮਹਿ ਲੋਗ।”
– ਆਸਾ ੫, ੧੨, ੩:੨ (374)

“ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨੁ ਆਚਾਰ।”
– ਮਲਾ ੧, ੫, ੧*:੨ (1256)

“ਨਾਮ ਬਿਨਾ ਕੈਸੇ ਆਚਾਰ।”
– ਪ੍ਰਭਾ ੧, ੧੨, ੧:੪ (1330)

ਹੋਰ ਰੂਪ:

ਆਚਾਰਾ –
“ਜਾਤਿ ਰਹੇ ਪਤਿ ਕੇ ਆਚਾਰਾ।”
– ਗਉ ੧, ਅਸ ੧, ੪:੩ (221)

ਆਚਾਰੀ –
“ਗਲੀ ਅਸੀ ਚੰਗੀਆ ਆਚਾਰੀ ਬੁਰੀਆਹ।” (ਕੰਮ/ਕਰਮ ਕਰਕੇ)
– ਸਿਰੀ ੪, ਵਾਰ ੭ਸ, ੧, ੨:੧ (85)

ਆਚਾਰੁ –
“ਨਿੰਦਕ ਕਾ ਮੈਲਾ ਆਚਾਰੁ।” (ਕਰਣੀ)
– ਭੈਰ ੫, ੫੪, ੧:੩ (1151)

(4) ਧਰਮ ਕਰਮ

“ਆਚਾਰ ਬਿਉਹਾਰ ਜਾਤਿ ਹਰਿ ਗੁਨੀਆ।”
– ਟੋਡੀ ੫, ੭, ੩:੧ (715)

(5) ਸ਼ਾਸ਼ਤਰਾਂ ਦੇ ਦਸੇ ਹੋਏ ਕਰਮ

“ਕੋਈ ਕਰੈ ਆਚਾਰ ਸੁਕਰਣੀ।”
– ਰਾਮ ੫, ਅਸ ੧, ੭:੩ (913)

"ਨਾਮੁ ਹਮਾਰੈ ਸਗਲ ਆਚਾਰ।"

– ਭੈਰ ੫, ੩੫, ੩:੩ (1145)

"ਕਰਿ ਆਚਾਰ ਬਹੁ ਸੰਪਉ ਸੰਚੈ ਜੋ ਕਿਛੁ ਕਰੈ ਸੁ ਨਰਕਿ ਪਰੈ।"

– ਪ੍ਰਭਾ ੩, ੬, ੪:੨ (1334)

ਹੋਰ ਰੂਪ:

ਆਚਾਰੀ –

"ਆਚਾਰੀ ਨਹੀ ਜੀਤਿਆ ਜਾਇ।" (ਕਰਮ ਕਾਂਡ ਦੁਆਰਾ)

– ਆਸਾ ੧, ੨੦, ੫:੧ (355)

ਆਚਾਰੁ –

"ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ।" (ਕਰਮ ਕਾਂਡ)

– ਆਸਾ ੧, ੨੦, ੧*:੨ (355)

(6) ਆਚਰਣ

"ਸਿਮਰਤ ਨਾਮ ਪੂਰਨ ਆਚਾਰ।"

– ਭੈਰ ੫, ੮, ੩:੨ (1137)

"ਪੂਰਨ ਕਰਮ ਤਾ ਕੇ ਆਚਾਰ।"

– ਪ੍ਰਭਾ ੫, ੧੦, ੨:੪ (1340)

ਹੋਰ ਰੂਪ:

ਆਚਾਰਿ –

"ਰੂਪਿ ਅਨੂਪ ਪੂਰੀ ਆਚਾਰਿ।"

– ਆਸਾ ੫, ੩, ੧:੨ (370)

(7) ਮਰਯਾਦਾ/ਸਤਿਕਾਰ

"ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ।"

– ਮਲਾ ਰਵਿ, ੨, ੩:੨ (1293)

ਆਚਾਰਨ --- ਮਰਿਯਾਦਾਵਾਨ, ਸਥਾਪਿਤ ਰੀਤ ਅਨੁਸਾਰ ਚਲਣ ਵਾਲੇ

"ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ।"

– ਗੂਜ ੫, ਅਸ ੧, ੪:੧ (507)

ਅਚਾਰਾ ---- (1) ਆਚਾਰਵਾਨ, ਕਰਣੀਵਾਲਾ

"ਅਚਾਰਾ ਵੀਚਾਰੁ ਸਰੀਰਿ।"

– ਧਨਾ ੧, ਅਸ ੨, ੭:੧ (686)

ਹੋਰ ਰੂਪ:

ਆਚਾਰਿ –

"ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ।"

– ਤੁਖਾ ੧, ਛੰਤ ੬, ੨:੪ (1113)

ਆਚਾਰੀ –

"ਜਗਿ ਗਿਆਨੀ ਵਿਰਲਾ ਆਚਾਰੀ।"

– ਆਸਾ ੧, ਅਸ ੩, ੬:੨ (413)

(2) ਕਰਮ, ਕਿਰਿਆ, ਵੇਖੋ ਆਚਾਰ (3)

ਆਛਹਿ ---- ਇਛਾ, ਚਾਹ

"ਧਨੁ ਨਹੀ ਬਾਛਹਿ ਸੁਰਗ ਨ ਆਛਹਿ।"

– ਗਉ ੫, ਬਾਅ ੪:੩ (251)

ਆਛਹੁ ----- (ਸੰ.) ਹੋ

"ਤੁਮ੍ਹ ਜੁ ਨਾਇਕ ਆਛਹੁ ਅੰਤਰਜਾਮੀ।"

– ਸਿਰੀ ਰਵਿ, ੧, ੨:੧ (93)

ਆਛਤ -----ਸੀ

"ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ।"

– ਸਿਰੀ ਬੇਣੀ, ੧, ੧:੧ (93)

ਆਛਾ ----- ਅਛਾ, ਚੰਗਾ, ਨਿਰਮਲ

"ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ।"

– ਸਲੋ ਕਬ, ੧੪੩:੧ (1372)

ਆਛੈ ------ (1) ਆਉਂਦਾ ਹੈ

"ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ।"

– ਆਸਾ ੧, ਵਾਰ ੧੩ਸ, ੧, ੨:੧ (470)

('ਗੁਰੂ ਗ੍ਰੰਥ ਕੋਸ਼' ਇਥੇ 'ਆਛੈ' ਦੇ ਅਰਥ 'ਅਸਤਿ' ਤੋਂ ਵਿਉਤਪਤਿ ਦੇ 'ਹੈ' ਕਰਦੇ ਹਨ।)

"ਸੁ ਸਬਦੁ ਨਿਰੰਤਰਿ ਨਿਜਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ।" (ਆਵੈ)

– ਰਾਮ ੧, ਸਿਗੋ ੬੫:੩ (945)

(2) ਚਾਹੁੰਦਾ ਹੈ, ਇਛਾਵਾਨ ਹੈ

"ਦਰਸਨ ਨਾਮ ਕਉ ਮਨੁ ਆਛੈ।"

– ਦੇਵ ੫, ੨੮, ੧*:੧ (533)

(3) (ਸੰ.) ਹੈ

"ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ।"

– ਟੋਡੀ, ਨਾਮ, ੩, ੧*:੧ (718)

(4) ਹੈਂ

'"ਸਗਲੋ ਭੂ ਮੰਡਲ ਖੰਡਲ ਪ੍ਰਭ ਤੁਮ ਹੀ ਆਛੈ।"

– ਮਾਰੂ ੫, ੨੨, ੩:੨ (1006)

ਆਛੋਪ ----- (ਸੰ.) ਅਛੂਤ, ਨਾ ਛੋਹਣ ਯੋਗ, ਨੀਚ

"ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ।"

– ਮਲਾ ਰਵਿ, ੨, ੧:੧ (1293)

ਆਜ ------ ਨਹੂੰ

"ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ।"

– ਸਵਾ ੪, ਨਲ ੧੨:੨ (1400)

ਆਜੁ ------ ਅੱਜ

"ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮਰਾਓ।"

– ਸਿਰੀ ਤਿਲੋ, ੨, ੪:੧ (92)
“ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।”
– ਆਸਾ ਫਰ, ੨, ੧:੧ (488)

ਆਜੂਨੀ ---- (ਸੰ.) ਜੂਨ ਰਹਿਤ, ਜਮਨ ਵਿਚ ਨਾ ਆਉਣ ਵਾਲਾ
“ਅਮੋਘ ਦਰਸਨ ਆਜੂਨੀ ਸੰਭਉ।”
– ਮਾਰੂ ੫, ਸੋਲ ੧੧, ੭:੧ (1082)

ਆਂਜੈ ------ ਆਵੈ, ਆਉਂਦਾ ਹੈ
“ਜੋ ਆਂਜੈ ਸੋ ਦੀਸੈ ਕਾਲਿ।”
– ਬਿਲਾ ੧, ਅਸ ੧, ੪:੩ (831)

ਆਜੋਨੀ ---- ਜੋ ਜਨਮ ਵਿਚ ਨਾ ਆਵੇ ਵੇਖੋ “ਆਜੂਨੀ”
“ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ।”
– ਸਾਰ ੫, ੪੨, ੧:੧ (1212)

ਆਂਟ ------ ਅੰਗੂਠਾ ਤੇ ਨਾਲ ਦੀਆਂ ਦੋ ਉਂਗਲਾਂ
“ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ।”
– ਧਨਾ ੧, ੮, ੨:੧ (663)

ਆਟਾ ----- ਪੀਸਿਆ ਹੋਇਆ ਅਨਾਜ
“ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ।”
– ਸਲੋ ਕਬ, ੧੧੭:੨ (1370)

ਆਠ ------ ਅਠ
“ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ।”
– ਸਿਰੀ ੫, ੭੭, ੧:੨ (44)

ਹੋਰ ਰੂਪ:

ਆਠਉ –
“ਸੰਗਿ ਅਲਾਪਹਿ ਅਠਾਉ ਨੰਦਨ।”
– ਰਾਗ ੧:੨ (1429)

ਆਡੰਬਰ ---- ਸਜ ਧਜ, ਠਾਠ ਬਾਠ, ਵੇਖੋ ‘ਅਡੰਬਰ’
“ਮੇਰੀ ਸੇਜੜੀਐ ਆਡੰਬਰ ਬਣਿਆ।”
– ਆਸਾ ੫, ਛੰਤ ੧੦, ੨:੧ (459)

ਆਂਡਾ ----- ਅੰਡਾ
“ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ।”
– ਮਾਰੂ ੫, ੧੪, ੧:੧ (1002)

ਹੋਰ ਰੂਪ:

ਆਂਡੋ –
“ਜੈਸੋ ਆਂਡੋ ਹਿਰਦੇ ਮਾਹਿ।”
– ਮਾਲੀ ੫, ੩, ੩:੩ (987)

ਆਡਾਣੁ ---- ਫੈਲਾਓ, ਰਚਨਾ (ਖਗੋਲ)
“ਬਾਝੁ ਕਲਾ ਆਡਾਣੁ ਰਹਾਇਆ।”
– ਮਾਰੂ ੫, ਸੋਲਾ ੧੫, ੧੪:੨ (1036)

ਹੋਰ ਰੂਪ:

ਆਡਾਣੇ –
“ਭੈ ਵਿਚਿ ਆਡਾਣੇ ਆਕਾਸ।” (ਫੈਲੇ ਰਹਿੰਦੇ ਹਨ, ਅਡੇ ਹੋਏ ਹਨ)
– ਆਸਾ ੧, ਵਾਰ ੪ਸ, ੧, ੧:੧੦ (464)

ਆਡੀ ----- ਆਸਰਾ
“ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ।”
– ਭੈਰ ਕਬ, ੧੭, ੧:੧ (1161)

ਆਢ ------ ਅੱਧੀ ਦਮੜੀ, ਕੌਡੀ
“ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ।”
– ਆਸਾ ੫, ੧੨੪, ੩:੧ (402)

ਹੋਰ ਰੂਪ:

ਆਢੁ –
“ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ।”
– ਗਉ ੫, ੧੬੪, ੧:੧ (216)

ਆਢੈ –
“ਅੰਤ ਕੀ ਬਾਰ ਲਹੈਗੀ ਨ ਆਢੈ।”
– ਆਸਾ ਕਬ, ੩੪, ੧:੨ (484)

ਆਢਲਿ ---- ਆਸਰੇ, ਸਹਾਰੇ
“ਨਾਨਕ ਸੋ ਸਹੁ ਆਹਿ ਜਾ ਕੈ ਆਢਲਿ ਹਭੁ ਕੋ।”
– ਗੂਜ ੫, ਵਾਰ ੧੧ਸ, ੫, ੨:੨ (520)

ਆਢਿ ----- ਸਹਿਤ, ਨਾਲ
“ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ।”
– ਗੂਜ ੫, ਅਸ ੨, ੬:੧ (508)

ਆਣਹਿ ---- ਕਰੇ
“ਤੁਧੁ ਭਾਵੈ ਤਾ ਆਣਹਿ ਰਾਸਿ।”
– ਸੂਹੀ ੫, ੨, ੪:੨ (737)

ਹੋਰ ਰੂਪ:

ਆਣਗੁ –
“ਭਾਂਡਾ ਆਣਗੁ ਰਾਸਿ ਜਾਂ ਤਿਸੁ ਭਾਵਸੀ।” (ਲਿਆਵੇਗਾ, ਕਰੇਗਾ)
– ਸਲੋ ੧, ੧੪:੩ (1411)

ਆਣਿ ----- (1) ਲਿਆ ਕੇ, ਲਿਆ
“ਸਚੁ ਬੂਝਣੁ ਆਣਿ ਜਲਾਈਐ।”

– ਸਿਰੀ ੧, ੩੩, ੨:੩ (25)

(‘ਮਹਾਨ ਕੋਸ਼’ ਇਥੇ ‘ਆਣਿ’ ਦੇ ਅਰਥ ‘ਅਗਨੀ’ ਕਰਦੇ ਹਨ)

ਹੋਰ ਰੂਪ:

ਆਣਿਆ –
“ਉਲਟ ਭਈ ਘਰੁ ਘਰ ਮਹਿ ਆਣਿਆ।”
– ਆਸਾ ੧, ੧੨, ੪:੨ (352)
“ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ।”
– ਸੂਹੀ ੧, ੩, ੭:੧ (752)

ਆਣਿਹੁ –
“ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ।”
– ਸੂਹੀ ੪, ਛੰਤ ੬, ੨:੧ (776)

ਆਣੀ –
“ਗੁਰ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ।”
– ਆਸਾ ੫, ੩, ੨:੪ (371)
“ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤ ਪੀਸਣ ਜਾਉ।” (ਮੈਂ ਲੈ ਆਵਾਂ)
– ਮਾਰੂ ੧, ੬, ੩:੧ (991)

ਆਣੁ –
“ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ।”
– ਬਸੰ ੪, ੧, ੧*:੧ (1191)

ਆਣੇ –
“ਨਾਨਕ ਆਣੇ ਆਵੈ ਰਾਸਿ।”
– ਸਿਰੀ ੧, ੩੨, ੩:੩ (25)

ਆਣੈ –
“ਧਾਵਤੁ ਰਾਖੈ ਇਕਤੁ ਘਰਿ ਆਣੈ।”
– ਸਿਰੀ ੩, ਵਾਰ ੧੪ਸ, ੩, ੨:੩ (88)

(2) (ਫਾ. ਆਨ) ਮਾਨ, ਪ੍ਰਤਿਸਟਾ
“ਜਿਸ ਕੀ ਮੀਰਾ ਰਾਖੈ ਆਣਿ।”
– ਆਸਾ ੫, ੨੧, ੨:੨ (370)

(3) ਕਰ (ਭਾਵ)
“ਹੋਇ ਇਆਣਾ ਕਰੇ ਕੰਮੁ ਆਣਿ ਨ ਸਕੈ ਰਾਸਿ।”
– ਆਸਾ ੧, ਵਾਰ ੨੨ਸ, ੨, ੫:੧ (474)

(4) ਓਟ, ਸਰਨ, ਆਸਰਾ
“ਕਹਤ ਨਾਮ ਦੇਉ ਤਾ ਚੀ ਆਣਿ ਨਿਰਭੈ ਹੋਇ ਭਜੀਐ ਭਗਵਾਨ।”
– ਸਾਰੰ ਨਾਮ, ੧, ੪:੩;੪ (1252)

ਆਤ ------ ਆਉਣਾ
“ਸਿਆਨਪ ਕਾਹੂ ਕਾਮਿ ਨ ਆਤ।”
– ਗੂਜ ੫, ੫, ੧:੧ (496)

ਆਤਸ ----- (ਫਾ. ਆਤਿਸ਼) ਅੱਗ

"ਆਤਸ ਦੁਨੀਆ ਖੁਨਕ ਨਾਮੁ ਖੁਦਾਇਆ।"
– ਮਲਾ ੧, ਵਾਰ ੨੭ਸ, ੧, ੨:੮ (1291)

ਹੋਰ ਰੂਪ:

ਆਤਸੜੀ –
"ਨਾਨਕ ਆਤਸੜੀ ਮੰਝਿ ਨੈਣ ਬਿਆ ਢਲਿ ਪਬਣਿ ਜਿਉ ਜੁੰਮਿਓ।"
– ਮਾਰੂ ੫, ਵਾਰ ੫ਸ, ੫, ੨:੨ (1095)

ਆਤਪਤੁ ---- (ਸੰ.) ਆਤਮ (ਧੁਪ) ਤੋਂ ਬਚਣ ਵਾਲੀ, ਰਾਜਸਤਾ ਦਾ ਚਿੰਨ–ਛਤਰ
"ਸਿਰੀ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ।"
– ਸਵ ੪, ਸਲ ੧:੫ (1406)

ਆਤਮ ----- (1) ਜੀਅ, ਉਚੀ ਸੁਰਤ
"ਗੁਰ ਜੇਵਡੁ ਦਾਤਾ ਕੋ ਨਹੀ ਜਿਨਿ ਦਿਤਾ ਆਤਮ ਦਾਨੁ।"
– ਸਿਰੀ ੫, ੯੮, ੨:੩ (52)

(2) ਅੰਤਹਕਰਣ, ਮਨ
"ਆਤਮ ਗੜੁ ਬਿਖਮੁ ਤਿਨਾ ਹੀ ਜੀਤਾ।"
– ਮਾਝ ੫, ੧੮, ੩:੨ (99)

"ਪ੍ਰਭ ਕੀ ਆਗਿਆ ਆਤਮ ਹਿਤਾਵੈ।"
– ਗਉ ੫, ਸੁਖ ੯, ੭:੧ (275)

"ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ।" (ਹਿਰਦਾ)
– ਗਉ ੫, ਸੁਖ ੧੨, ੩:੫ (278)

ਹੋਰ ਰੂਪ:

ਆਤਮੁ –
"ਸਹਜ ਕਥਾ ਮਹਿ ਆਤਮੁ ਰਸਿਆ।" (ਮਨ)
– ਗਉ ੫, ੩, ੬:੩ (237)

ਆਤਮੈ –
"ਰੰਗਿ ਰਵਹੁ ਆਤਮੈ ਰਾਮ।"
– ਮਾਰੂ ਕਬ, ੨, ੧:੨ (1103)

(3) ਆਤਮਾ ਦਾ/ਦੀ
"ਚਰਣ ਕਮਲ ਆਤਮ ਆਧਾਰ।"
– ਗਉ ੫, ੮੬, ੨:੧ (181)

"ਸਭੁ ਕਛੁ ਜਾਨੈ ਆਤਮ ਕੀ ਰਹਤ।"
– ਗਉ ੫, ਸੁਖ ੫, ੮:੬ (269)

(4) ਆਪਣੇ ਆਪ ਨੂੰ
"ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ।"
– ਦੇਵ ੫, ੧੯, ੧:੨ (532)

"ਅੰਮ੍ਰਿਤ ਬਾਣੀ ਘਰ ਤੇ ਉਚਰਉ ਆਤਮ ਕਉ ਸਮਝਾਵਉ।"
– ਧਨਾ ਨਾਮ, ੨, ੧:੨ (693)

ਹੋਰ ਰੂਪ:

ਆਤਮੁ – (ਆਪਣੇ ਮਨ ਨੂੰ)

“ਰਿਧਿ ਸਿਧਿ ਨਵਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ।”

– ਬਿਹਾ ੫, ਛੰਤ ੩, ੨:੫ (543)

(5) (ਸੰ.) ਗੂੜਾ ਹਨੇਰਾ (ਅਗਿਆਨ ਦਾ)

“ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ।”

– ਮਾਰੂ ੧, ਅਸ ੭, ੩:੩ (1013)

(6) ਜੀਵ ਆਤਮਾ

“ਆਤਮ ਮਹਿ ਰਾਮੁ ਰਾਮ ਮਨਿ ਆਤਮੁ ਚੀਨਸਿ ਗੁਰ ਬੀਚਾਰਾ।”

– ਭੈਰ ੧, ਅਸ ੧, ੧:੧ (1153)

ਹੋਰ ਰੂਪ:

ਆਤਮੁ –

“ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।”

– ਭੈਰ ੧, ਅਸ ੧, ੧:੧ (1153)

ਆਤਮੇ –

“ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ।”

– ਸਿਰੀ ੪, ਵਾਰ ੧੨ਸ, ੩, ੧:੨ (87)

(7) ਆਤਮਕ

“ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।”

– ਸਵ ੨, ੫:੪ (1391)

“ਜਿਤੁ ਕਰਮਿ ਸੁਖੁ ਉਪਜੈ ਭਾਈ ਸੁ ਆਤਮ ਤਤੁ ਬੀਚਾਰੀ।”

– ਸੋਰ ੧, ਅਸ ੨, ੧*:੨ (635)

ਆਤਮੰ ----- ਆਤਮਾ

“ਆਤਮੰ ਸ੍ਰੀ ਬਾਸ੍ਵਦੇਵਸ ਜੇ ਕੋਈ ਜਾਨਸਿ ਭੇਵ।”

– ਸਸ ੧, ੪:੨ (1353)

ਹੋਰ ਰੂਪ:

ਆਤਮੁ –

“ਆਤਮੁ ਚੀਨੈ ਸੁ ਤਤੁ ਬੀਚਾਰੇ।”

– ਗਉ ੧, ਅਸ ੮, ੮:੨ (224)

ਆਤਮੈ –

“ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।” (ਆਤਮਾ ਅੰਦਰ)

– ਸਿਰੀ ੧, ੨੬, ੨:੧ (23)

ਆਤਮ ਘਾਤੀ – ਆਤਮ (ਸ੍ਵੈ) ਦਾ ਘਾਤ (ਤਬਾਹ) ਕਰਨ ਵਾਲਾ, ਖ਼ੁਦਕਸ਼ੀ ਕਰਨ ਵਾਲਾ

“ਆਤਮਘਾਤੀ ਹੈ ਜਗਤ ਕਸਾਈ।”

– ਮਾਝ ੩, ਅਸ ੧੫, ੪:੨ (118)

“ਨਾਮੁ ਨ ਜਪਹਿ ਤੇ ਆਤਮਘਾਤੀ।”

– ਗਉ ੫, ੧੧੧, ੧:੨ (188)

ਆਤਮਦੇਉ -- ਬ੍ਰਹਮ, ਪ੍ਰਭੂ

“ਆਤਮ ਦੇਉ ਪੂਜੀਐ ਬਿਨੁ ਸਤਿਗੁਰ ਬੂਝ ਨ ਪਾਇ।”

– ਸਿਰੀ ੪, ਵਾਰ ੧੩ਸ, ੩, ੨:੩ (88)

ਹੋਰ ਰੂਪ:

ਆਤਮਦੇਵ –

“ਪਰਮ ਸੁਖ ਪਾਵਹਿ ਆਤਮ ਦੇਵ।”

– ਬਸੰ ੩, ੧, ੧:੨ (1172)

ਆਤਮਾਦੇਉ –

“ਆਤਮਾਦੇਉ ਪੂਜੀਐ ਗੁਰ ਕੈ ਸਹਜਿ ਸੁਭਾਇ।”

– ਸਿਰੀ ੪, ਵਾਰ ੧੨ਸ, ੩, ੧:੧ (87)

ਆਤਮਦੇਵ --- (1) ਆਤਮਾ, ਰੂਹ

“ਸੁਨਿ ਸੁਨਿ ਆਤਮਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ।”

– ਬਿਲਾ ੪, ਅਸ ੧, ੬:੨ (833)

(2) ਪ੍ਰਮਾਤਮਾ, ਹਰੀ, ਵੇਖੋ ‘ਆਤਮ ਦੇਉ’

ਆਤਮਰਾਉ -- ਆਤਮ, ਮਨ

“ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮਰਾਉ ।”

– ਆਸਾ ੧, ੩੨, ੩:੧ (358)

ਆਤਮਰਾਮ -- ਪ੍ਰਭੂ, ਪ੍ਰਮਾਤਮਾ, ਸਭ ਆਤਮਾਂ ਵਿਚ ਰਮਿਆ ਅਥਵਾ ਸਭ ਵਿਚ ਵਿਆਪਕ ਆਤਮਾ

“ਆਤਮ ਰਾਮ ਪਰਗਾਸੁ ਗੁਰ ਤੇ ਹੋਵੈ।”

– ਮਾਝ ੩, ਅਸ ੨੪, ੧:੧ (123)

“ਜਬ ਨਹੀ ਚੀਨਸਿ ਆਤਮਰਾਮ।”

– ਗਉ ਕਬ, ੪, ੧*:੨ (324)

ਹੋਰ ਰੂਪ:

ਆਤਮਰਾਮੁ –

“ਆਤਮਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ।”

– ਸਿਰੀ ੩, ੬੩, ੩:੨ (39)

ਆਤਮਰਾਮੈ –

“ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਮਾਨਹੁ ਇਉ ਆਤਮਰਾਮੈ ਲੀਨਾ ਹੇ।”

– ਮਾਰੂ ੧, ਸੋਲਾ ੮, ੧੪:੨ (1028)

ਆਤਮਾਰਾਮੁ –

“ਆਤਮਾਰਾਮੁ ਨ ਪੂਜਨੀ ਦੂਜੇ ਕਿਉ ਸੁਖੁ ਹੋਇ।”

– ਸਲੋ ੩, ੨੦:੨ (1414)

ਆਤਮਰਾਮੁ -- (1) ਆਤਮਾ, ਰੂਹ (ਸ਼ਬਦਾਰਥ), (ਦਰਪਣ, ਸੰਥਿਆ ਤੇ ਨਿਰਣਯ ਇਸ ਦੇ ਅਰਥ ‘ਪ੍ਰਭੂ ਦੇ ਹੀ ਕਰਦੇ ਹਨ।)

“ਗੁਰਮੁਖਿ ਮਨ ਸਮਝਾਈਐ ਆਤਮਰਾਮੁ ਬੀਚਾਰਿ।”

– ਸਿਰੀ ੧, ੧੨, ੨:੩ (18)

(2) ਪ੍ਰਭੂ, ਵੇਖੋ ‘ਆਤਮਰਾਮ’

ਆਤਮਾ ---- (1) (ਸੰ.) ਰੂਹ
“ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ।”
– ਸਿਰੀ ੩, ੬੩, ੨:੨ (38)
“ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾਤ ਆਤਮਾ ।”
– ਆਸਾ ੧, ਵਾਰ ੧੨ਸ, ੨, ੪:੧ (469)
(2) ਅੰਤਰਹਕਰਣ, ਮਨ
“ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ।”
– ਸਿਰੀ ੪, ਵਾਰ ੧੨ਸ, ੩, ੧:੩ (87)
“ਪੰਚ ਭੂ ਆਤਮਾ ਹਰਿਨਾਮ ਰਸਿ ਪੋਖੈ।”
– ਰਾਮ ੫, ਥਿਤੀ ੧੨:੬ (299)

ਆਤਮੇ ----- (1) ਪ੍ਰਭੂ, ਬ੍ਰਹਮ
“ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ।”
– ਸਿਰੀ ੪, ਵਾਰ ੧੨ਸ, ੩, ੧:੨ (87)
(2) ਜੀਵ ਆਤਮ, ਵੇਖੋ ‘ਆਤਮਾ (6)

ਆਤੁਰ ----- (1) ਵਿਆਕੁਲ, ਘਬਰਾਇਆ ਹੋਇਆ
“ਮੋਹਿ ਆਤੁਰ ਤੇਰੀ ਗਤਿ ਨਹੀ ਜਾਨੀ ਤੂੰ ਆਪਿ ਕਰਹਿ ਪ੍ਰਤਿਪਾਲ।”
– ਧਨਾ ੫, ੧੮, ੧:੨ (675)
(‘ਸ਼ਬਦਾਰਥ’ ਤੇ ‘ਦਰਪਣ’ ਇਥੇ ਅਰਥ ‘ਦੁਖੀ’ ਕਰਦੇ ਹਨ।)

ਹੋਰ ਰੂਪ:

ਆਤੁਰੁ –
“ਆਤੁਰੁ ਨਾਮ ਬਿਨੁ ਸੰਸਾਰ।”
– ਸਾਰ ੫, ੧੦੧, ੧*:੧ (1223)
(‘ਮਹਾਨ ਕੋਸ਼’ ਇਸ ਦੇ ਅਰਥ ‘ਰੋਗੀ’ ਕਰਦਾ ਹੈ।)

ਆਥਣ ----- (ਸੰ.) ਅਸਤ ਹੋਣ (ਡੁਬਣ) ਤੱਕ
“ਉਗਵਣਹੁ ਤੇ ਆਥਣ ਚਹੁ ਚਕੀ ਕੀਅਨੁ ਲੋਆ।”
– ਰਾਮ ਸਬ, ਵਾਰ ੮:੬ (968)

ਹੋਰ ਰੂਪ:

ਆਥਵੈ –
“ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ।”
– ਸਿਰੀ ੪, ੭੦, ੧:੧ (41)

ਆਥਾਹਾ ---- ਅਥਾਹ, ਬਹੁਤ ਡੂੰਘਾ, ਜਿਸ ਦਾ ਥਾਹ ਨ ਪਾਇਆ ਜਾ ਸਕੇ, ਵੇਖੋ ‘ਅਥਾਹ’ (1)
“ਅਗਮ ਅਗੋਚਰੁ ਵੇਪਰਵਾਹਾ ਭਗਤਿ ਵਛਲੁ ਅਥਾਹਾ ਹੇ।”
– ਮਾਰੂ ੩, ੧੨, ੬:੩ (1055)

ਆਥਿ ----- (ਸੰ.) ਧਨ, ਦੌਲਤ, ਮਾਇਆ
“ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ।”
– ਸਿਰੀ ੧, ਅਸ ੧੦, ੬:੨ (50)

(‘ਮਹਾਨਕੋਸ਼’ ਇਥੇ ‘ਆਥਿ’ ਦੇ ਅਰਥ ਇਛਾਵਾਨ (ਸੰ.) ਕਰਦਾ ਹੈ।)
“ਆਥਿ ਸੈਲ ਨੀਚ ਘਰਿ ਹੋਇ। ਆਥਿ ਦੇਖਿ ਨਿਵੈ ਜਿਸੁ ਦੋਇ।”
– ਰਾਮ ੧, ਓਅੰ ੧੪:੩;੪ (931)

(2) (ਸੰ.) ਥਕਿਆ ਹੋਇਆ, ਨਿਢਾਲ (ਮਹਾਨਕੋਸ਼)
“ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ।”
– ਧਨਾ ੧, ਛੰਤ ੨, ੫:੧ (689)

(‘ਸ਼ਬਦਾਰਥ’, ‘ਦਰਪਣ’ ਇਥੇ ਵੀ ‘ਆਥਿ’ ਦੇ ਅਰਥ ‘ਮਾਇਆ’ ਹੀ ਕਰਦੇ ਹਨ।)

(3) (ਸੰ.) ਇਥੇ
“ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ।”
– ਰਾਮ ੧, ਓਅੰ ੪੨:੨ (935)

(4) (ਸੰ.) ਹੈ
“ਹਰਿ ਨਾਮੁ ਰਸਾਇਣੁ ਸਹਿਜ ਆਥਿ।”
– ਬਸੰ ੧, ੭, ੧:੪ (1170)

(5) ਲੋਪ ਹੋਇਆ (ਮਹਾਨ ਕੋਸ਼)
“ਮੋਰੋ ਜਨਮ ਮਰਨ ਦੁਖੁ ਆਥਿ ਧੀਰ।”
– ਬਸੰ ਕਬ, ੫, ੩:੩ (1194)

(‘ਸ਼ਬਦਾਰਥ’ ਤੇ ‘ਦਰਪਣ’ ਅਰਥ ‘ਮਾਇਆ’ ਹੀ ਕਰਦੇ ਹਨ।)

ਆਥਿੜ ---- (ਸੰ.) ਪਰਹੁਣਾ, ਮਹਿਮਾਨ
“ਅਤ੍ਰੰਤਆਸਾ ਆਥਿੜ ਭਵਨੰ।”
– ਸਸ ੫, ੩:੩ (1354)

ਆਦਮ ----- (ਅ. ਆਦਮ) ਕੁਰਾਨ ਤੇ ਅੰਜੀਲ ਅਨੁਸਾਰ ਧਰਤੀ ਦਾ ਪਹਿਲਾ ਮਨੁੱਖ
“ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ।”
– ਭੈਰ ਕਬ, ੧੫, ੨:੩ (1161)

ਆਦਮੀ ---- (ਅ. ਆਦਮੀ) ਮਨੁੱਖ, ਆਦਮ ਕੀ ਸੰਤਾਨ
“ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ।”
– ਆਸਾ ੧, ਵਾਰ ੧੯ਸ, ੧, ੨:੪ (472)
“ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।”
– ਧਨਾ ੧, ੨, ੧:੧ (660)

ਆਦਰੁ ----- ਸਤਿਕਾਰ, ਸਨਮਾਨ, ਅਦਬ
“ਆਉ ਬੈਠੁ ਆਦਰੁ ਸੁਭ ਦੇਉ।”
– ਗਉ ੫, ਬਾ ਅ ੧੦:੪ (252)

ਹੋਰ ਰੂਪ:

ਆਦਰੋ –
“ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ।”
– ਜੈਤ ੫, ਵਾਰ ੭:੨ (707)

ਆਂਦਾ ----- ਲਿਆਂਦਾ

“ਮਜਨੁ ਗੁਰ ਆਂਦਾ ਰਾਸੇ।”

– ਸੋਰ ੫, ੫੭, ੧:੩ (623)

ਆਦਿ ----- (1) ਮੁੱਢਲਾ, ਸਭ ਰਚਨਾ ਤੋਂ ਪਹਿਲਾਂ, ਜੋ ਆਦਿ ਤੇ ਮੌਜੂਦ ਸੀ

“ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।”

– ਜਪੁ ੧, ੨੮:੫ (6)

“ਤੂੰ ਆਦਿ ਪੁਰਖੁ ਅਪਰੰਪਰੁ ਕਰਤਾ ਜੀ ਤੁਧੁ ਜੇਵਡੁ ਅਵਰੁ ਨ ਕੋਈ।”

– ਆਸਾ ੪, ਸੋਪੁ ੧, ੫:੧ (11)

“ਗੁਣ ਗਾਵਹਿ ਸਨਕਾਦਿ ਆਦਿ ਜਨਕਾਦਿ ਜੁਗਹ ਲਗਿ।”

– ਸਵ ੧, ੬:੩ (1390)

(2) ਮੁੱਖ ਵਿਚ

“ਆਦਿ ਸਚੁ ਜੁਗਾਦਿ ਸਚੁ।”

– ਜਪੁ ੧, ੧:੧ (1)

“ਆਦਿ ਜੁਗਾਦਿ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ।” (ਮੁੱਢ ਤੋਂ)

– ਸਿਰੀ ੫, ਛੰਤ ੨, ੨:੫ (79)

(3) ਧੁਰ ਤੋਂ, ਮੁੱਢ ਤੋਂ

“ਜਿਨ ਕਉ ਆਦਿ ਮਿਲੀ ਵਡਿਆਈ।”

– ਮਾਰੂ ੪, ਸੋਲਾ ੧, ੧੬:੧ (1070)

“ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ।”

– ਸਾਰ ੪, ਵਾਰ ੪ਸ, ੨, ੧:੪ (1238)

(4) ਆਦਿਕ

“ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਹਤੰ।”

– ਗੂਜ ਜੈਦੇ, ੧, ੧:੧ (526)

(5) ਮੁੱਢ

“ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁਨੰ ਕਹਾ ਘਰ ਵਾਸੋ।”

– ਰਾਮ ੧, ਸਿਗੋ ੨੧:੧ (940)

(‘ਮਹਾਨਕੋਸ਼’ ਇਥੇ ‘ਆਦਿ’ ਦਾ ਅਰਥ ‘ਬ੍ਰਹਮ’, ‘ਕਰਤਾਰ’ ਕਰਦੇ ਹਨ।)

“ਤੇਰਾ ਕਿਨੈ ਨ ਪਾਇਆ ਆਦਿ ਅੰਤੁ।”

– ਬਸੰ ੩, ੧, ੧:੪ (1172)

(6) ਪ੍ਰਭੂ, ਬ੍ਰਹਮ (ਭਾਵ)

“ਮਨ ਆਦਿ ਗੁਣ ਆਦਿ ਵਖਾਣਿਆ।”

– ਮਾਰੂ ਜੈਦੇ, ੧, ੧:੧ (1106)

(‘ਦਰਪਣ’ ਦੂਜੇ ‘ਆਦਿ’ ਦੇ ਅਰਥ ‘ਆਦਿਕ’ ਕਰਦਾ ਹੈ; ‘ਸ਼ਬਦਾਰਥ’ ‘ਮੁਢਲੇ’।)

ਆਦਿਤ ---- (ਸੰ.) ਸੂਰਜ ਦੇ ਦਿਨ, ਐਤਵਾਰ

“ਆਦਿਤ ਕਰੈ ਭਗਤਿ ਆਰੰਭ।”

– ਗਉ ਕਬ, ੧, ੧:੧ (344)

ਆਦਿਤ ਵਾਰਿ (ਸੰ.) ਸੂਰਜ ਦਾ ਦਿਨ, ਐਤਵਾਰ

“ਆਦਿਤ ਵਾਰਿ ਆਦਿ ਪੁਰਖੁ ਹੈ ਸੋਈ।”

– ਬਿਲਾ ੩, ਵਾ ੧, ੧:੧ (841)

ਆਦੀ ----- ਲਿਆਂਦਾ/ਲਿਆਂਦੀ
"ਚਉਥੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਚਲਣ ਵੇਲਾ ਆਦੀ।"
– ਸਿਰੀ ੪, ਪਹ ੩, ੪:੧ (77)
"ਜਿਨਿ ਸੀਤਾ ਆਦੀ ਡਉਰੂ ਵਾਇ।"
– ਰਾਮ ੩, ਵਾਰ ੧੪ਸ, ੧, ੨:੮ (154)

ਆਦੇ ------ ਲਿਆਂਦੇ
"ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ।"
– ਸਿਰੀ ੫, ਅਸ ੨੯, ੪:੩ (73)

ਆਦੇਸਾ ---- ਜੋਗੀਆ ਦੇ ਪਰਸਪਰ ਮਿਲਣ ਸਮੇਂ ਦਾ ਸ੍ਰਿਸ਼ਟਾਚਾਰਕ ਸ਼ਬਦ, ਨਮਸਕਾਰ, ਪਰਣਾਮ
"ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ।"
– ਵਡ ੫, ੯, ੩:੪ (564)

ਹੋਰ ਰੂਪ:

ਆਦੇਸੁ –
"ਆਦੇਸੁ ਤਿਸੈ ਆਦੇਸੁ।"
– ਜਪੁ ੧, ੨੮:੪ (6)

ਆਦੇਸੋ –
"ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿਪੁਰਖ ਆਦੇਸੋ।"
– ਭੈਰ ੧, ੬, ੨:੧ (1127)

ਆਦੇਸੁ ----- (1) ਨਮਸਕਾਰ, ਵੇਖੋ 'ਆਦੇਸਾ'
(2) (ਸੰ.) ਮੁੱਢਲਾ ਈਸ਼ਵਰ, ਪ੍ਰਭੂ ਜੋ ਆਦਿ ਵਿਚ ਵੀ ਸੀ
"ਆਦੇਸੁ ਤਿਸੈ ਆਦੇਸੁ।"
– ਜਪੁ ੧, ੨੮:੪ (6)
(ਇਹ ਅਰਥ ਕੇਵਲ 'ਸ਼ਬਦਾਰਥ' ਦੇ ਹਨ।)

ਆਧ ------ (ਸੰ.) ਅੱਧਾ
"ਆਧ ਘਰੀ ਕੋਊ ਨਹਿ ਰਾਖੈ ਘਰਿ ਤੇ ਦੇਤ ਨਿਕਾਰਿ।"
– ਦੇਵ ੯, ੨, ੧:੨ (536)

ਹੋਰ ਰੂਪ:

ਆਧੀ –
"ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ।"
– ਸਲੋ ਕਬ, ੨੩੨:੧ (1377)

ਆਧੁ –
"ਤੇਰਾ ਜਨੁ ਏਕੁ ਆਧੁ ਕੋਈ।"
– ਕੇਦਾ ਕਬ, ੧, ੧:੧ (1123)

ਆਧਾਰ ---- (1) ਆਸਰਾ, ਸਹਾਰਾ, ਟੇਕ
"ਤੇਰੇ ਬਚਨ ਅਨੂਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ।"

– ਸਿਰੀ ੫, ਛੰਤ ੩, ੨:੧ (80)

ਹੋਰ ਰੂਪ:

ਆਧਾਰਾ –

"ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ। ਜਪਿ ਜਪਿ ਨਾਨਕ ਜੀਵਤੇ।"

– ਸਿਰੀ ੫, ਛੰਤ ੩, ੩:੬ (81)

ਆਧਾਰਿ –

"ਇਕਿ ਨਿਰੰਕਾਰੀ ਨਾਮ ਆਧਾਰਿ।"

– ਮਾਝ ੧, ਵਾਰ ੧੪ਸ, ੧, ੨:੫ (144)

ਆਧਾਰੀ –

"ਨਾਮੁ ਦਾਨੁ ਗੁਰਿ ਪੂਰੈ ਦੀਓ ਮੈ ਏਹੋ ਆਧਾਰੀ।"

– ਆਸਾ ੫, ੧੨੨, ੧:੨ (401)

ਆਧਾਰੁ –

"ਮੈ ਏਹਾ ਆਸ ਏਹੋ ਆਧਾਰੁ।"

– ਸਿਰੀ ੧, ੨੯, ੧:੪ (24)

ਆਧਾਰੇ –

"ਭਗਤ ਵਸਹਿ ਕੀਰਤਨ ਆਧਾਰੇ।"

– ਗਉ ੫, ਅਸ ੪, ੭:੪ (237)

ਆਧਾਰੈ –

"ਨਿਰਭਉ ਭਏ ਸਗਲ ਭਉ ਮਿਟਿਆ ਚਰਨ ਕਮਲ ਆਧਾਰੈ।"

– ਸਾਰ ੫, ੬੮, ੨:੧ (1217)

ਆਧਾਰੋ –

"ਅੰਮ੍ਰਿਤ ਨਾਮੁ ਮਨਹਿ ਆਧਾਰੋ।"

– ਸਾਰ ੫, ੫੪, ੧:੧ (1215)

(2) ਭੋਜਨ, ਆਹਾਰ

"ਨਾਨਕ ਸੋ ਸਾਲਾਹੀਐ ਜਿ ਸਭਸੈ ਦੇ ਆਧਾਰ।"

– ਸੂਹੀ ੩, ਵਾਰ ੧੯ਸ, ੨, ੨:੨ (791)

ਹੋਰ ਰੂਪ:

ਆਧਾਰਾ –

"ਹਰਿ ਨਾਮੁ ਭੋਜਨੁ ਸਚੁ ਆਧਾਰਾ।"

– ਮਾਰੂ ੩, ਸੋਲਾ ੫, ੫:੨ (1048)

ਆਧਾਰੁ –

"ਭਉ ਖਾਣਾ ਪੀਣਾ ਆਧਾਰੁ।"

– ਗਉ ੧, ੨, ੩:੩ (151)

"ਆਪੇ ਜੰਤੁ ਉਪਾਇਅਨੁ ਆਪੇ ਆਧਾਰੁ।"

– ਬਿਹਾ ੪, ਵਾਰ ੨੧:੧ (556)

"ਸਗਲ ਸ੍ਰਿਸਟਿ ਕਉ ਦੇ ਆਧਾਰੁ।"

– ਸੂਹੀ ੫, ੨੨, ੧:੨ (741)

ਆਧਾਰੇ –

"ਸਤਿਗੁਰੁ ਦਾਤਾ ਮੇਲਿ ਮਿਲਾਵਹੁ ਹਰਿਨਾਮੁ ਦੇਵਹੁ ਆਧਾਰੇ।"
– ਸੋਰ ੩, ੧੧, ੧:੨ (603)

ਆਧਾਰੋ –
"ਸਾਧਸੰਗਿ ਨਾਨਕ ਬੁਧਿ ਪਾਈ ਹਰਿ ਕੀਰਤਨੁ ਆਧਾਰੋ।"
– ਗੂਜ ੫, ੧੦, ੨:੧ (498)

"ਸਾਚਾ ਨਾਮੁ ਮੇਰਾ ਅਧਾਰੋ।"
– ਰਾਮ ੩, ਅਨੰ ੪:੧ (917)

ਆਧਾਰੀ ---- (1) ਜੋਗੀਆਂ ਦੀ ਭੀਖ ਮੰਗਣ/ਪਾਉਣ ਵਾਲੀ ਝੋਲੀ
"ਡੰਡਾ ਮੁੰਦ੍ਰਾ ਖਿੰਥਾ ਆਧਾਰੀ।"
– ਬਿਲਾ ਕਬ, ੮, ੧:੧ (856)
(2) ਆਸਰਾ, ਵੇਖੋ 'ਆਧਾਰ' (1)

ਆਧਾਰੁ ---- (1) ਭਰੋਸਾ
"ਤੇਰੀ ਟੇਕ ਤੇਰਾ ਆਧਾਰੁ।"
– ਤਿਲੰ ੫, ੨, ੧:੩ (723)
(2) ਆਸਾਰਾ, ਵੇਖੋ 'ਆਧਾਰ' (1)
(3) ਭੋਜਨ, ਵੇਖੋ 'ਆਧਾਰ' (2)

ਆਧਿ ----- (ਸੰ.) ਮਨ ਦਾ ਰੋਗ, ਚਿੰਤਾ, ਫਿਕਰ
"ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ।"
– ਗਉ ੫, ਥਿਤੀ ੩:੫ (297)

ਆਂਧੀ ----- ਹਨੇਰੀ
"ਦੇਖੌ ਭਾਈ ਗ੍ਹਾਨ ਕੀ ਆਈ ਆਂਧੀ।"
– ਗਉ ਕਬ, ੪੩, ੧:੧ (331)

ਆਂਧੇ ------ ਅੰਨ੍ਹੇ, ਦ੍ਰਿਸ਼ਟੀ ਹੀਨ
"ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਂਧੇ।"
– ਆਸਾ ੫, ੧੨੬, ੧:੨ (402)

ਆਧੇਰੈ ----- ਹਨ੍ਹੇਰੇ ਵਿਚ
"ਆਧੇਰੈ ਰਾਹੁ ਨ ਕੋਈ।"
– ਮਾਝ ੧, ਵਾਰ ੧੯ਸ, ੧, ੧:੪ (145)

ਆਨ ------ (1) (ਸੰ.) ਦੂਜੇ/ਹੋਰ ਕਿਸੇ ਨੂੰ
"ਆਨ ਮਨਉ ਤਉ ਪਰ ਘਰ ਜਾਉ।"
– ਗਉ ੧, ੮, ੪:੧ (153)
"ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ।" (ਹੋਰ ਕਿਸੇ ਦਾ)
– ਗਉ ੫, ਬਾਅ ੨੦ਸ:੧ (254)
(2) ਹੋਰ
"ਆਨ ਰਸਾ ਜੇਤੇ ਤੈ ਚਾਖੇ।"
– ਗਉ ੫, ੮੪, ੧:੧ (180)

ਹੋਰ ਰੂਪ:

ਆਨੰ –
“ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।”
– ਮਲਾ ਰਵਿ, ੧, ੧:੨ (1293)

(3) ਲਿਆਓ
“ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ।”
– ਮਲਾ ਰਵਿ, ੨, ੧:੨ (1293)
“ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।” (ਲਿਆਉਂਦਾ)
– ਸਲੋ ੯, ੧੬:੧ (1427)

(4) (ਫਾ. ਆਨ) ਇਜ਼ਤ, ਪ੍ਰਤਿਸ਼ਟਾ
“ਉਨ੍ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ।”
– ਸਾਰ ੫, ੩੧, ੨:੧ (1210)

ਹੋਰ ਰੂਪ:

ਆਨਿ –
“ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ।”
– ਬਿਲਾ ੫, ੬੬, ੧:੧ (817)

(5) ਭਾਵ ਸ਼ਰਨ
“ਜਬ ਲਗੁ ਘਟ ਮਹਿ ਦੂਜੀ ਆਨ। ਤਉ ਲਉ ਮਹਲਿ ਨ ਲਾਭੈ ਜਾਨ।”
– ਗਉ ਕਬ, ਵਾ ੮:੧; ੨ (345)

(6) ਪਰਾਇਆ
“ਆਨ ਆਪਨਾ ਕਰਤ ਬੀਚਾਰਾ ਤਉ ਲਉ ਬੀਚੁ ਬਿਖਾਈ।”
– ਸੋਰ ੫, ੩, ੧:੨ (609)

(7) ਹਾਂ (ਸੰ.)
“ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ।”
– ਧਨਾ ਨਾਮ, ੪, ੨:੫ (693)

ਆਨੰਤ ----- ਬੇਅੰਤ, ਵੇਖੋ ‘ਅਨਤ’ (1)
“ਹਰਖਵੰਤ ਆਨੰਤ ਦਇਆਲਾ।”
– ਮਾਰੂ ੫, ਸੋਲਾ ੩, ੨:੧ (1073)

ਹੋਰ ਰੂਪ:

ਆਨੰਤਾ –
“ਸਹਜ ਬਿਨੋਦ ਚੋਜ ਆਨੰਤਾ।”
– ਭੈਰ ੫, ਅਸ ੩, ੧:੩ (1157)

ਆਨਦ ----- (1) ਪ੍ਰਸੰਨਤਾ, ਸੰਤੁਸ਼ਟੀ, ਖੁਸ਼ੀ, ਵੇਖੋ ‘ਅਨਦ’ (1)
“ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥ ਸਫਲੁ ਸਵੇਰਾ।”
– ਗਉ ੫, ੧੨੧, ੨:੨ (204)

ਹੋਰ ਰੂਪ:

ਆਨੰਦ –

"ਸੁਖ ਸਹਜ ਆਨੰਦ ਰਸ ਜਨ ਨਾਨਕ ਹਰਿਗੁਣ ਗਾਉ।"

– ਸਿਰੀ ੫, ੮੭, ੪:੨ (48)

ਆਨਦਾ –

"ਸਰਬ ਕੁਸਲ ਸੁਖ ਬਿਸ੍ਰਾਮ ਆਨਦਾ ਆਨੰਦ ਨਾਮ ਜਮ ਕੀ ਕਛੁ ਨਾਹਿ ਤ੍ਰਾਸ ਸਿਮਰਿ ਅੰਤਰਜਾਮੀ।

– ਸਾਰ ੫, ੧੩੪, ੨:੧ (1230)

ਆਨੰਦਾ –

"ਸੁਖ ਸਹਜ ਆਨੰਦਾ।"

– ਸੋਰ ੫, ੫੫, ੧:੧ (622)

ਆਨੰਦਿ –

"ਆਨੰਦਿ ਮਾਤੇ ਆਨਦਿਨ ਜਾਈ।"

– ਗਉ ਕਬ, ੨੭, ੨:੨ (328)

ਆਨਦੁ –

"ਸੁਖ ਸਹਜ ਆਨਦੁ ਘਣਾ ਹਰਿ ਕੀਰਤਨੁ ਗਾਉ।"

– ਆਸਾ ੫, ੧੨੦, ੧:੧ (400)

ਆਨੰਦੁ –

"ਸਰਬ ਸੂਖ ਇਹੁ ਆਨੰਦੁ ਲਹਿਆ।"

– ਗਉ ੫, ੮੧, ੪:੨ (179)

ਆਨਦੋ –

"ਹਰਿ ਆਵਤੇ ਕੀ ਖਬਰਿ ਗੁਰਿ ਪਾਈ ਮਨਿ ਤਨਿ ਆਨਦੋ ਆਨੰਦ ਭਏ ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ।"

– ਨਟ ੪, ੭, ੨:੧ (977)

(2) ਸੁਖ, ਵੇਖੋ 'ਆਨਦ' (2)

"ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ।"

– ਗੂਜ ੪, ੬, ੪:੧ (494)

ਆਨੰਦਾ ---- 1. ਆਨੰਦ ਸਰੂਪ

"ਗੁਰ ਗੋਪਾਲ ਆਨੰਦਾ।"

– ਸੋਰ ੫, ੬੦, ੪:੧ (624)

ਹੋਰ ਰੂਪ:

ਆਨੰਦੀ –

"ਸਦਾ ਅਨੰਦੁ ਕਰੇ ਆਨੰਦੀ ਜਿਸੁ ਸਿਰਪਾਉ ਪਇਆ ਗਲਿ ਖਾਸਾ ਹੇ।"

– ਮਾਰੂ ੫, ਸੋਲਾ ੨, ੧੩:੩ (1073)

2. ਪ੍ਰਸੰਨਤਾ, ਵੇਖੋ 'ਆਨਦ' (1)

3. ਪ੍ਰਸੰਨ, ਖੁਸ਼

"ਪੇਖਿ ਪੇਖਿ ਲੀਲਾ ਮਨਿ ਆਨੰਦਾ।"

– ਸੂਹੀ ੫, ੧੭, ੩:੧ (740)

ਆਨਾ ----- ਵਖ, ਹੋਰ

"ਜੋ ਹਰਿ ਹਰੇ ਸੁ ਹੋਹਿ ਨ ਆਨਾ।"

– ਗਉ ਕਬ, ਅਸ ੩੭, ੨:੧ (330)

ਹੋਰ ਰੂਪ:

ਆਨਾਨਾਂ –
“ਮਾਈ ਮੋਹਿ ਅਵਰੁ ਨ ਜਾਨਿਓ ਆਨਾਨਾਂ।”
– ਗਉ ਕਬ, ੭੪, ੧:੧ (339)

ਆਨਿ –
“ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ।”
– ਸਿਰੀ ਬੇਣੀ, ੮, ੨:੪ (93)

ਆਨਾਨਾ ---- ਲਿਆਂਦਾ
“ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ।”
– ਗਉ ਕਬ, ੭੪, ੨:੧ (339)

ਆਨਿ ----- 1. ਵਖ, ਹੋਰ, ਵੇਖੋ ‘ਆਨਾ’
2. ਲਿਆ/ਲਿਆ ਕੇ
“ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ ਸਬਦੁ ਮੁਖਿ ਲੀਨ੍ਾ।”
– ਗਉ ੪, ੬੧, ੪:੧ (171)
3. ਆਕੇ
“ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ।”
– ਸੋਰ ੯, ੧੨, ੧:੧ (634)
4. (ਫਾ. ਆਨ) ਇਜ਼ਤ, ਵੇਖੋ ‘ਆਨਾ’ (4)

ਆਨਿਓ ---- ਲਿਆਂਦਾ
“ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੋ।”
– ਸਾਰ ੫, ੩, ੪:੧ (1203)

ਹੋਰ ਰੂਪ:

ਆਨਿਆ –
“ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ।”
– ਪ੍ਰਭਾ ਕਬ, ੪, ੨:੧ (1350)

ਆਨੀ –
“ਤਿਹ ਨਿੰਦਹਿ ਜਿਹ ਗੰਗਾ ਆਨੀ।” (ਲਿਆਂਦੀ)
– ਗਉ ਕਬ, ੪੪, ੨:੨ (332)
“ਬਿਨੁ ਤਾਗੇ ਬਿਨੁ ਸੂਈ ਆਨੀ ਮਨੁ ਹਰਿ ਭਗਤੀ ਸੰਗਿ ਸੀਵਨਾ।” (ਲਿਆਂਦਿਆ)
– ਮਾਰੂ ੫, ਅਸ ੬, ੫:੧ (1019)

ਹੋਰ ਰੂਪ:

ਆਂਨੀ –
“ਗੁਣ ਰਾਸਿ ਬੰਨਿ ਪਲੈ ਆਂਨੀ।”
– ਆਸਾ ੫, ੬, ੧:੩ (372)

ਆਨੀਲੇ –
“ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ।” (ਲਿਆਕੇ)

– ਆਸਾ ਨਾਮ, ੨, ੧:੧ (485)

“ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ।” (ਲਿਆਂਦਾ)

– ਰਾਮ ਨਾਮ, ੧, ੧:੧ (972)

ਆਨੈ –

“ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।”

– ਗਉ ੫, ੧੨੬, ੩:੨ (206)

“ਬਾਹਰਿ ਜਾਤਾ ਭੀਤਰਿ ਆਨੈ।” (ਲਿਆਵੇ)

– ਭੈਰ ਕਬ, ੧੧, ੩:੨ (1160)

ਆਨੋ –

“ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ।”

– ਬਸੰ ੯, ੧, ੨:੧ (1186)

“ਮ੍ਰਿਗ ਪੰਖੀ ਮੀਨ ਦੀਨ ਨੀਚ ਇਹ ਸੰਕਟ ਫਿਰਿ ਆਨੋ।” (ਆਵੀਦਾ ਹੈ)

– ਮਲਾ ੫, ੧੫, ੨:੧ (1269)

ਆਨੀਤਾ ---- ਅਨਿਤ, ਜੋ ਸਦੀਵੀ ਨਾ ਹੋਵੇ, ਥੁੜ ਚਿਰਾ

“ਸਾਜਨ ਸੰਤ ਹਮਾਰੇ ਮੀਤਾ ਬਿਨੁ ਹਰਿ ਹਰਿ ਆਨੀਤਾ ਰੇ।”

– ਆਸਾ ੫, ੧੩੦, ੧:੧ (404)

ਆਨੂਪ ----- ਬਹੁਤ ਸੁੰਦਰ, ਜਿੰਨ੍ਹਾਂ ਦੀ ਉਪਮਾ ਨ ਹੋ ਸਕੇ

“ਚਰਨ ਕਮਲ ਆਨੂਪ ਹਰਿ ਸੰਤ ਮੰਤ।”

– ਆਸਾ ੫, ੩੯, ੩:੧ (380)

ਹੋਰ ਰੂਪ:

ਆਨੂਪੁ –

“ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ।”

– ਧਨਾ ੫, ੨੭, ੩:੨ (677)

ਆਨੇਰਾ ---- ਹਨੇਰਾ

“ਬਿਨੁ ਸਬਦੈ ਅੰਤਰਿ ਆਨੇਰਾ।”

– ਮਾਝ ੩, ਅਸ ੨੫, ੭:੧ (124)

ਹੋਰ ਰੂਪ:

ਆਨੇਰੁ –

“ਗੁਰਮਤੀ ਘਟਿ ਚਾਨਣਾ ਆਨੇਰੁ ਬਿਨਾਸਿਣ।”

– ਰਾਮ ੩, ਵਾਰ ੫:੨ (948)

ਆਨ੍ਹੇਰੁ –

“ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ।”

– ਸਾਰ ੪, ਵਾਰ ੮:੨ (1240)

ਆਪ ------ 1. ਆਪਾ ਭਾਵ, ਹਉਮੈ, ਅਹੰਕਾਰ

“ਜਬ ਤੇ ਛੁਟੇ ਆਪ ਹਾਂ।”

– ਆਸਾ ੫, ੧੬੨, ੧:੩ (410)

ਹੋਰ ਰੂਪ:

ਆਪਿ –

“ਆਪਿ ਮੂਆ ਮਨੁ ਮਨ ਤੇ ਜਾਨਿਆ।”

– ਗਉ ੧, ੮, ੨:੨ (153)

“ਓਨਾ ਵਿਚਿ ਆਪਿ ਵਰਤਦਾ ਕਰਣਾ ਕਿਛੂ ਨਾ ਜਾਇ।”

– ਮਾਰੂ ੩, ੪, ੩:੩ (994)

ਆਪੁ –

“ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ।”

– ਸਿਰੀ ੧, ੨੨, ੨:੩ (22)

“ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ।”

– ਸਿਰੀ ੧, ੨੮, ੩:੧ (24)

ਆਪੁ –

“ਜਹ ਨਹੀ ਆਪੁ ਤਹਾ ਹੋਇ ਗਾਵਉ।”

– ਭੈਰ ਕਬ, ੭, ੨:੨ (1159)

“ਆਪੁ ਗਇਆ ਤਾ ਆਪਹਿ ਭਏ।”

– ਗਉ ੫, ੧੧੦, ੩:੩ (202)

2. ਭਾਵ ਕਰਤਾਰ

“ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।”

– ਸਲੋ ਕਬ, ੧੫੫:੨ (1372)

ਹੋਰ ਰੂਪ:

ਆਪਹਿ –

“ਆਪੁ ਗਇਆ ਤਾ ਆਪਹਿ ਭਏ।”

– ਗਉ ੫, ੧੧੦, ੩:੩ (202)

ਆਪਿ –

“ਸਤਿਗੁਰ ਵਿਚ ਆਪਿ ਵਰਤਦਾ ਹਰਿ ਆਪੇ ਰਖਣਹਾਰੁ।”

– ਗਉ ੪, ਵਾਰ ੬ਸ, ੪, ੧:੫ (302)

3. ਆਪਣਾ ਗਿਆਨ, ਆਤਮ ਬੋਧ

“ਆਪੈ ਨੋ ਆਪੁ ਖਾਇ ਮਨੁ ਨਿਰਮੁਲ ਹੋਵੈ ਗੁਰਸਬਦੀ ਵੀਚਾਰੁ।”

– ਸਿਰੀ ੩, ਵਾਰ ੧੦ਸ, ੩, ੨:੩ (86)

4. ਆਪਣਾ

“ਇਸਟ ਮੀਤ ਆਪ ਬਾਪੁ ਨ ਮਾਈ।”

– ਗਉ ੫, ੧੦੬, ੨:੨ (187)

5. ਆਪਣਾ ਆਪਾ

“ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ।”

– ਸਿਰੀ ੧, ਅਸ ੮, ੮:੧ (58)

“ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ।” (ਆਪਣੇ ਆਪ ਨੂੰ)

– ਮਾਝ ੧, ਵਾਰ ੨੨ਸ, ੨, ੨:੧ (148)

ਹੋਰ ਰੂਪ:

ਆਪਿ –

"ਜੇਵਡੁ ਆਪਿ ਜਾਣੈ ਆਪਿ ਆਪਿ।"

– ਜਪੁ ੧, ੨੪:੧੫ (5)

ਆਪੁ –

"ਨਾਨਕ ਵਡਾ ਆਖੀਐ ਆਪੇ ਜਾਣੈ ਆਪੁ।"

– ਜਪੁ ੧, ੨੨:੫ (5)

"ਰਸਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।"

– ਸਿਰੀ ੧, ੪, ੧:੩ (15)

"ਤਿਨਿ ਕਰਤੈ ਆਪੁ ਲੁਕਾਇਆ।"

– ਸਿਰੀ ੧, ਅਸ ੨੮, ੧੫:੨ (72)

6. ਖੁਦ

"ਆਪਹਿ ਬਾਪ ਆਪ ਹੀ ਮਾਇਓ।"

– ਗਉ ੫, ਬਾਅ ੧:੬—(250)

ਹੋਰ ਰੂਪ:

ਆਪਿ –

"ਆਪੇ ਆਪਿ ਨਿਰੰਜਨੁ ਸੋਇ।"

– ਜਪੁ ੧, ੫:੨ (2)

ਆਪੁ – (ਖੁਦ ਨੂੰ)

"ਤੁਧ ਆਪੇ ਆਪੁ ਉਪਾਇਆ।"

– ਸਿਰੀ ੧, ਅਸ ੨੮, ੨੦:੧ (72)

"ਏਕਮ ਏਕੈ ਆਪੁ ਉਪਾਇਆ।"

– ਮਾਝ ੩, ਅਸ ੭, ੪:੧ (113)

ਆਪਸ ----- ਆਪਣੇ ਆਪ

"ਆਪਸ ਕਉ ਜੋ ਜਾਣੈ ਨੀਚਾ।"

– ਗਉ ੫, ਸੁਖ ੩, ੬:੩ (266)

ਆਪਹਿ ---- 1. ਪ੍ਰਭੂ (ਭਾਵ), ਵੇਖੋ 'ਆਪ' (2)

2. ਆਪ ਹੀ

"ਜਬ ਏਕ ਨਿਰੰਜਨ ਨਿਰੰਕਾਰ ਪ੍ਰਭ ਸਭੁ ਕਿਛੁ ਆਪਹਿ ਕਰਤਾ।"

– ਗਉ ੫, ੧੬੩*, ੩:੨ (216)

ਹੋਰ ਰੂਪ:

ਆਪਹੁ –

"ਆਪਹੁ ਤੁਧੁ ਖੁਆਇਆ।"

– ਸਿਰੀ ੧, ਅਸ ੨੮, ੬:੨ (72)

ਹੋਰ ਵੇਖੋ 'ਆਪੇ'

3. ਆਪਣੇ ਵਿਚ, ਆਪਣੇ ਆਪ ਨਾਲ

"ਨਾਨਕ ਹਰਿ ਪ੍ਰਭਿ ਆਪਹਿ ਮੇਲੇ।"

– ਗਉ ੫, ਸੁਖ ੨੨, ੪:੧੦ (293)

ਆਪਹੁ ----- 1. ਆਪਣੇ ਆਪ ਨੂੰ

"ਆਪਹੁ ਜੇ ਕੋ ਭਲਾ ਕਹਾਏ।"

– ਸਿਰੀ ੪, ਵਾਰ ੩ਸ, ੧, ੧:੩ (83)

2. ਆਪ ਹੀ, ਵੇਖੋ 'ਆਪਹਿ' (2)

3. ਆਪਣੇ ਆਪ

"ਆਪਹੁ ਕਛੂ ਨ ਕਿਨਹੂ ਲਇਆ।"

– ਗਉ ੪, ਸੁਖ ੬, ੮:੮ (271)

"ਆਪਹੁ ਕੋਈ ਮਿਲੈ ਨ ਭੂਲੇ।"

– ਆਸਾ ੫, ੮੫, ੪:੧ (391)

4. ਆਪਣੇ ਆਪ ਤੋਂ, ਆਪਣੇ ਸਰੂਪ ਤੋਂ

"ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ।"

– ਬਿਹਾ ੪, ਵਾਰ ੨੧ਸ, ੩, ੧:੨ (556)

"ਆਪਹੁ ਕਛੂ ਨ ਹੋਵਤ ਭਾਈ।"

– ਬਿਲਾ ੫, ੧੫, ੩:੧ (805)

ਹੋਰ ਰੂਪ:

ਆਪਿ –

"ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ।"

– ਸਿਰੀ ੩, ੫੮, ੪:੨ (36)

ਆਪਣ ----- 1. ਆਪਣੇ

"ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।"

–ਸਿਰੀ ੧, ੨੪, ੩੧ (23)

2. ਆਪਣੀ

"ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ।"

– ਜੈਤ ੫, ਛੰਤ ੧, ੩:੧ (703)

"ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ।"

– ਤੁਖਾ ੧, ਛੰਦ ੨, ੫:੪ (1110)

3. ਆਪਣੇ ਯਤਨ, ਆਪਣੇ ਕਰਕੇ

"ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ।"

– ਮਾਰੂ ੩, ਅਸ ੧, ੫:੩ (1016)

ਆਪਣਾ ---- ਸ੍ਵੈ ਦਾ, ਆਪ ਦਾ

"ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ।"

– ਜਪੁ ੧, ੨੭:੨੦ (6)

"ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।"

– ਸਿਰੀ ੧, ੧, ੧:੨ (14)

ਹੋਰ ਰੂਪ:

ਆਪਣਾ –

"ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾ ਸੇਵਕੁ ਆਪਿ ਹਰਿ ਭਾਵੈ।"

– ਬਿਹਾ ੪, ਵਾਰ ੧੭:੨ (555)

ਆਪਣਿਆ –

“ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ।”
– ਮਾਝ ੫, ੪੩, ੩:੩ (107)

ਆਪਣੀ –
“ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।”
– ਜਪੁ ੧, ੩੮ਸ:੪ (8)

ਆਪਣੇ –
“ਸਰਣਿ ਪਏ ਪ੍ਰਭ ਆਪਣੇ ਗੁਰ ਹੋਆ ਕਿਰਪਾਲੁ।”
– ਸਿਰੀ ੫, ੮੬, ੧:੧ (48)

ਆਪਣੈ–
“ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ।”
– ਸਿਰੀ ੩, ੪੮, ੪:੧ (32)

ਆਪਣੋ –
“ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ।”
– ਗਉ ੫, ਬਾਅ ੩੧:੫ (256)

ਆਪਤ ----- (ਸੰ.) ਮੁਸੀਬਤ, ਬਿਪਤਾ
“ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ।”
– ਗਉ ੫, ੧੬੦, ੧:੨ (215)

ਹੋਰ ਰੂਪ:

ਆਪਦ –
“ਜਹਾਂ ਬੀਸਰੈ ਠਾਕੁਰੁ ਪਿਆਰੋ ਤਹਾਂ ਦੂਖ ਸਭ ਆਪਦ।”
– ਸਾਰ ੫, ੭, ੧:੧ (1204)

ਆਪਤੁ ----- (ਸੰ.) ਅੰਹਕਾਰ, ਹਉਮੈ ਅਤੇ ਅ ਾਪਾ ਭਾਵ, ਖੁਦ ਪਸੰਦੀ
“ਕਾਮ ਕ੍ਰੋਧ ਲੋਭ ਮੋਹ ਆਪਤੁ ਪੰਚ ਦੂਤ ਬਿਖੰਡਿਓ।”
– ਸਵ ੩, ੨੨:੪ (1396)

“ਛੋਡਿ ਆਪਤੁ ਬਾਦੁ ਅਹੰਕਾਰ ਮਾਨੁ ਸੋਈ ਜੋ ਹੋਗੁ।”
– ਟੋਡੀ ੫, ੮, ੧:੨ (713)

ਆਪਦ ----- ਮੁਸੀਬਤ, ਬਿਪਤਾ, ਵੇਖੋ ‘ਅਪਾਤ’

ਆਪਨ ----- 1. ਆਪਣਾ, ਆਪਣੇ
“ਆਪਨ ਤਨੁ ਨਹੀ ਜਾ ਕੋ ਗਰਬਾ।” (ਆਪਣਾ)
– ਗਉ ੫, ੧੦੬, ੧:੧ (187)

“ਹੈਵਰ ਗੈਵਰ ਆਪਨ ਨਹੀ ਕਾਮ।” (ਆਪਣੇ)
– ਗਉ ੫, ੧੦੬, ੩:੨ (187)

ਹੋਰ ਰੂਪ:

ਆਪਨੜਾ –
“ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ।”
– ਗਉ ੫, ਛੰਤ ੪, ੪:੨ (249)

ਆਪਨੜੇ –

"ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ।"

–ਆਸਾ ੫, ੧੧੪, ੩:੨ (399)

ਆਪਨੜੈ –

"ਆਪਨੜੈ ਮਨਿ ਚਿਤਿ ਕਹਿਨ ਚੰਗੇਰਿਆ।"

– ਮਾਝ ੧, ਵਾਰ ੧੧:੩ (143)

ਆਪਨਾ –

"ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ।"

– ਗਉ ੫, ਥਿਤੀ ੧੭:੮ (300)

"ਆਨ ਆਪਨਾ ਕਰਤ ਬੀਚਾਰਾ ਤਉ ਲਉ ਬੀਚੁ ਬਿਖਾਈ।"

– ਸੋਰ ੫, ੩, ੧:੨ (609)

ਆਪਨੀ –

"ਹਰਿ ਆਪਨੀ ਕ੍ਰਿਪਾ ਕਰੀ, ਆਪਿ ਗ੍ਰਿਹਿ ਆਇਓ ਹਮ ਹਰਿ ਕੀ ਗੁਰ ਕੀਈ ਹੈ ਬਸੀਠੀ ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ।"

– ਨਟ ੪, ੭, ੧:੨ (977)

ਆਪਨੇ –

"ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ।"

– ਜੈਤ ੫, ਛੰਤ ੨, ੪:੪ (705)

ਆਪਨੈ –

"ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ।"

– ਗਉ ੫, ਸੁਖ ੧੬, ੫:੯ (284)

ਆਪਨੋ –

"ਜੋ ਜੋ ਕੀਨੋ ਆਪਨੋ ਤਿਸੁ ਅਭੈ ਦਾਨ ਦੀਤਾ।"

– ਬਿਲਾ ੫, ੩੭, ੨:੨ (809)

2. ਆਪ

"ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ।"

– ਗਉ ੫, ਬਾਅ ੨੭:੪ (255)

"ਤਉ ਕੀਜੈ ਜਉ ਆਪਨ ਜੀਜੈ।"

– ਗਉ ਕਬ, ੧੨, ੧:੨ (325)

3. ਆਪੇ, ਆਪਣੇ ਆਪ

"ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ।"

– ਆਸਾ ਕਬ, ੮, ੨:੨ (477)

4. ਆਪਹੀ

"ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ।"

– ਸੋਰ ਨਾਮ ੨, ੨:੨ (657)

5. ਆਪਣੇ ਆਪ ਨੂੰ

"ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹੁ ਦੂਰਿ ਕਰਹੁ ਆਪਨ ਗਹੁ ਰੇ।"

– ਕੇਦਾ ੪, ੨, ੨:੧ (1119)

ਆਪਰਸਾ --- ਜੋ ਕਿਸੇ ਨੂੰ ਨਾ ਛੂਹੇ, ਵੇਖੋ 'ਅਪਰਸ'(1)

"ਨਿਰਹਾਰ ਵਰਤੀ ਆਪਰਸਾ।"

– ਸਿਰੀ ੫, ਅਸ ੨੭, ੬:੧ (71)

ਆਪਾ ----- 1. ਆਪਣਾ

"ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ।"

– ਸਿਰੀ ੫, ੯੭, ੨: ੧ (51)

"ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ।"

– ਆਸਾ ਕਬ, ੧, ੨:੨ (475)

2. ਆਪਣਾ ਆਪ

"ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ।

–ਗਉ ਕਬ, ੬੪, ੨:੧ (337)

3. (ਜੀਵ) ਆਪੇ (ਹਸਤੀ)

"ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ।"

– ਪ੍ਰਭਾ ੧, ੭, ੧:੨ (1329)

ਆਪਾਉ ---- ਪਾਉਣਾ, ਸਿੰਜਣਾ

"ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ।"

– ਸਿਰੀ ੧, ੨੬, ੧:੧ (23)

ਆਪਾਇਓ -- 1. ਆਪਣਾ ਕਰ ਲਿਆ

"ਨਾ ਹਮ ਕਰਮ ਨ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ।"

– ਗਉ ੫, ਅਸ ੧੪, ੪:੧ (241)

2. ਆਪ ਹੀ

"ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ ਆਪਿ ਆਪਾਇਓ।"

– ਸਾਰ ੫, ੫੩, ੨:੧ (1215)

ਹੋਰ ਰੂਪ:

ਆਪਾਹੁ –

"ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ।"

– ਸੂਹੀ ੩, ਵਾਰ ੧੦ਸ, ੧, ੧:੩ (788)

ਆਪਾਹੇ –

"ਕਰਣ ਕਾਰਣ ਸਮਰਥ ਆਪਾਹੇ।"

– ਮਾਰੂ ੫, ਸੋਲਾ ੧, ੨:੨ (1071)

ਆਪਾਰ ---- ਬੇਅੰਤ, ਅਣਗਿਣਤ, ਵੇਖੋ 'ਅਪਾਰ' (1)

"ਕਉਤਕ ਕਰੈ ਰੰਗ ਆਪਾਰ।"

– ਗਉ ੫, ਸੁਖ ੧੨, ੭:੮ (279)

ਹੋਰ ਰੂਪ:

ਆਪਾਰਾ –

"ਬਹੁ ਬਿਧਿ ਰੂਪ ਰੰਗ ਆਪਾਰਾ।"

– ਸੂਹੀ ੫, ੪੫, ੧:੧ (746)

ਆਪਾਰਾ ---- 1. ਬੇਅੰਤ, ਵੇਖੋ ‘ਆਪਾਰ’
2. ਸੁੰਦਰ, ਅਦੁਤੀ, ਵੇਖੋ ‘ਅਪਾਰੰ’ (1)
“ਮੂਰਤਿ ਸੂਰਤਿ ਕਰਿ ਆਪਾਰਾ।”
– ਮਾਰੂ ੧, ਸੋਲਾ ੩, ੪:੨ (1022)

ਹੋਰ ਰੂਪ:

ਆਪਾਰੁ –
“ਕੋਟਿ ਮਧੇ ਕੋ ਜਨੁ ਆਪਾਰੁ।”
– ਰਾਮ ੧, ਅਸ ੪, ੭:੪ (905)

ਆਪਾਰੁ ---- 1. ਅਦੁਤੀ, ਸੁੰਦਰ, ਵੇਖੋ ‘ਆਪਾਰਾ’ (2)
2. ਬੇਅੰਤ ਵਾਹਿਗੁਰੂ, ਵੇਖੋ ‘ਅਪਾਰਾ’ (2)
“ਗੁਰਮੁਖਿ ਗਿਆਨੁ ਧਿਆਨੁ ਆਪਾਰੁ।”
– ਮਾਰੂ ੩, ਸੋਲਾ ੧੫, ੧:੨ (1058)

ਆਪਿ ----- 1. ਖੁਦ, ਵੇਖੋ ਆਪ (6)
2. ਆਪਣਾ ਆਪ, ਵੇਖੋ ‘ਆਪ’ (5)
3. ਆਪਣੇ ਆਪ ’(ਭਾਵ ਪ੍ਰਭੂ) ਤੋਂ, ਵੇਖੋ ‘ਆਪਹੁ’ (4)
4. ਆਪਾ ਭਾਵ, ਅਹੰਕਾਰ, ਵੇਖੋ ‘ਆਪ’ (1)
5. ਭਾਵ ਪ੍ਰਭੂ, ਕਰਤਾਰ, ਵੇਖੋ ‘ਆਪ’ (2)

ਆਪਿਓ ---- (ਸੰ.) ਅਪਣਾ ਦਿਤੀ, ਆਪਣੀ ਬਣਾ ਦਿਤੀ, ਦੇ ਦਿੱਤੀ
“ਨਾਮੇ ਕੇ ਸੁਆਮੀ ਸੀਆ ਬਹੋਰੀ ਲੰਕ ਭਭੀਖਣ ਆਪਿਓ ਹੇ।”
– ਸੋਰ ਨਾਮ, ੨, ੪:੨ (657)

ਆਪੀਣੈ ---- ਆਪ ਹੀ
“ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ।”
– ਸੂਹੀ ੩, ਵਾਰ ੧੦ਸ, ੧, ੧:੩ (788)

ਹੋਰ ਰੂਪ:

ਆਪੀਨੈ –
“ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮਿ੍ ਖਲੋਆ।”
– ਰਾਮ ਸਬ, ਵਾਰ ੮:੨ (968)

ਆਪੀਨ੍ਹੈ –
“ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ।”
– ਆਸਾ ੧, ਵਾਰ ੧:੧ (463)

ਆਪੀਨੈ ---- 1. ਆਪ
“ਇਕ ਆਪੀਨੈ ਪਤਲੀ ਸਹ ਕੇ ਰੇ ਬੋਲਾ।”
– ਸੂਹੀ ਫਰ, ੨, ੨:੧ (794)
2. ਆਪ ਹੀ, ਵੇਖੋ ‘ਆਪੀਣੈ’

ਆਪੀਨ੍ਹੈ ---- ਆਪਣੇ, ਖੁਦ ਦੇ
“ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।”

– ਆਸਾ ੧, ਵਾਰ ੩:੨ (464)

2. ਆਪ ਹੀ, ਵੇਖੋ ‘ਆਪੀਣੈ”

ਆਪੁ ------ 1. ਅਸਲਾ, ਆਪਣੇ ਆਪ (ਸਰੂਪ) ਨੂੰ
“ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ।”
– ਸਿਰੀ ੧, ਅਸ ੬, ੫:੧ (56)

2. ਆਪਾ ਭਾਵ, ਹਉਮੈ, ਅਹੰਕਾਰ ਵੇਖੋ ‘ਆਪ’ (1)
3. ਆਪਣਾ ਆਪ, ਵੇਖੋ ‘ਆਪ’ (5)
4. ਆਪੇ, ਆਪਣੇ ਨਾਲ

“ਆਪੈ ਆਪੁ ਮਿਲਾਏ ਬੂਝੈ ਨਿਰਮਲੁ ਹੋਵੈ ਸੋਈ।”
– ਸਿਰੀ ੩, ਅਸ ੪੮, ੧:੨ (32)
“ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ।”
– ਸਿਰੀ ੩, ਅਸ ੧੮, ੧:੨ (64)

5. ਖੁਦ (ਨੂੰ) ਵੇਖੋ ‘ਆਪ’ (6)
6. ਆਪਣਾ ਸਰੂਪ

“ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ।”
– ਮਾਝ ੩, ਅਸ ੧੦, ੫:੨ (115)

7. ਆਤਮਾ ਨੂੰ

“ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ।”
– ਗਉ ੩, ੫, ੩:੪ (246)

ਆਪੁਨ ----- ਆਪਣਾ, ਵੇਖੋ ‘ਆਪਨ’ (1)
“ਆਪੁਨ ਆਪੁ ਆਪ ਹੀ ਉਪਾਯਉ।”
– ਸਵ ੪, ਬਲ, ੧:੨ (1405)

ਹੋਰ ਰੂਪ:

ਆਪੁਨਾ –
“ਆਪੁਨਾ ਦਾਸਰਾ ਆਪੇ ਮੁਲਿ ਲੀਉ।”
– ਗਉ ੫, ੯, ੬:੨ (240)

ਆਪੁਨੀ –
“ਆਪੁਨੀ ਭਗਤਿ ਨਿਬਾਹਿ।” (ਆਪਣੀ)
– ਆਸਾ ੫, ੧੪੬, ੧:੧ (407)

ਆਪੁਨੋ –
“ਆਪੁਨੋ ਭਾਵਨੁ ਕਰਿ ਮੰਡ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖ ਤੁ ਘਰਿ।”
–ਸਮੁ ੫, ੨:੨ (1385)

ਆਪੇ ------ ਆਪ ਹੀ, ਵੇਖੋ ‘ਆਪਹਿ’ (2)

ਹੋਰ ਰੂਪ:

ਆਪੈ –
“ਆਪੈ ਜਪਹੁ ਆਪਨਾ ਜਾਪ।”
– ਗਉ ਕਬ, ਥਿਤੀ ੫:੪ (343)

ਆਪੈ ------ 1. ਆਪਣੇ ਆਪ, ਆਪ ਹੀ ਆਪ
"ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਸੋਈ।"
– ਸਿਰੀ ੩, ੪੮, ੧:੨ (32)
2. ਸ੍ਵੈ ਸਰੂਪ
"ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ।"
– ਸਿਰੀ ੪, ਛੰਤ ੧, ੨:੪ (78)
3. ਆਪਣੇ ਆਪ ਨੂੰ
"ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।"
– ਆਸਾ ੧, ੩੯, ੧:੨ (360)
"ਕਉਡੀ ਬਦਲੈ ਜਨਮੁ ਗਵਾਇਆ ਚੀਨਸਿ ਨਾਹੀ ਆਪੈ।"
– ਸੂਹੀ ੩, ਅਸ ੧, ੧:੩ (753)
4. ਆਪਣੀ
"ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ।"
– ਆਸਾ ੫, ੧, ੨:੨ (370)
"ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ।" (ਆਪਣੇ)
– ਗੂਜ ੩, ਵਾਰ ੧ਸ, ੩, ੨:੧ (508)
ਹੋਰ ਰੂਪ:
ਆਪੋ –
"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।"
– ਜਪੁ ੧, ੩੮ਸ:੪ (8)

ਆਪੋ ------ 1. ਆਪਣੇ ਆਪ ਨੂੰ
"ਗੁਰ ਪਰਸਾਦੀ ਆਪੋ ਚੀਨੈ੍ ਜੀਵਤਿਆ ਇਵ ਮਰੀਐ।"
– ਰਾਮ ੧, ਓਅੰ ੪੧:੯ (935)
2. ਆਪਣੀ, ਵੇਖੋ 'ਆਪੈ' (4)
3. ਵਖਰਾ ਵਖਰਾ (ਆਪੋ ਆਪਣੀ)
"ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ।"
– ਬਿਲਾ ੩, ੪, ੩:੧ (797)

ਆਪੌ ------ ਆਪਣੇ ਆਪ ਤੋਂ
"ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ।"
– ਜਪੁ ੧, ੨੧:੧੮ (5)

ਆਬ ------ (ਫ. ਆਬ) 1. ਪਾਣੀ, ਜਲ
"ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ।"
– ਸਿਰੀ ੧, ੨੮, ੧:੨ (24)
(2) ਆਦਤ, ਸੁਭਾਉ (ਸ਼ਬਦਾਰਥ; ਮਹਾਨਕੋਸ਼; ਨਿਰਣਯ); ਸੁੰਦਰਤਾ, ਚਮਕ (ਦਰਪਣ); ਪਾਣੀ, ਤਰਾਵਟ
"ਅਮੁਲ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।"
– ਸਿਰੀ ੧, ੨੭, ੧:੨ (24)

ਆਂਬ ------ ਅੰਬ
"ਕਬੀਰ ਫਲ ਲਾਗੇ ਫਲਨਿ ਪਾਕਨ ਲਾਗੇ ਆਂਬ।"
– ਸਲੋ ਕਬ, ੧੩੪:੧ (1371)

ਹੋਰ ਰੂਪ:

ਆਂਬੁ –
"ਨੰੀਬੁ ਭਇਓ ਆਂਬੁ ਆਂਬੁ ਭਇਓ ਨੰੀਬਾ ਕੇਲਾ ਪਾਕਾ ਝਾਰਿ।"
– ਰਾਮ ਕਬ, ੧੨, ੧:੧ (972)

ਆਬਾਦਾਨ --- (ਫਾ. ਆਬਾਦਾਨ) ਵਸਿਆ ਹੋਇਆ, ਘਣਾ ਆਬਾਦ
"ਆਬਾਦਾਨੁ ਸਦਾ ਮਸਹੂਰ।"
– ਰਵਿ, ੨, ੨:੩ (345)

ਆਭਰਣ – (ਸੰ.) ਗਹਿਣੇ, ਭੂਸ਼ਨ
"ਸਗਲ ਆਭਰਣ ਸੋਭਾ ਕੰਠਿ ਫੂਲ।"
– ਆਸਾ ੫, ੭, ੩:੨ (372)

ਹੋਰ ਰੂਪ:

ਆਭਰਣੀ –
"ਹਰਿ ਦਰਸਨ ਤ੍ਰਿਪਤਿ ਨਾਨਕ ਦਾਸ ਪਾਵਤ ਹਰਿ ਨਾਮ ਰੰਗ ਆਭਰਣੀ।"
– ਜੈਤ ੫, ੧੨, ੨:੨ (702)

ਆਭਾਗਾ ---- ਭਾਗਹੀਨ, ਬਦਕਿਸਮਤ
"ਜਨਮਤ ਕੀ ਨ ਮੂਓ ਆਭਾਗਾ।"
– ਮਾਰੂ ੩, ਸੋਲਾ ੨, ੯:੨ (1045)

ਆਭੁਲੁ ----- ਨਾ ਭੁਲਣਵਾਲਾ, ਕੋਈ ਉਕਾਈ ਨ ਕਰਨ ਵਾਲਾ
"ਸਚਿ ਸਿਰਜਿਉ ਸੰਸਾਰੁ ਆਪਿ ਆਭੁਲੁ ਨ ਭੁਲਉ।"
– ਸਮੁ ੫, ੭:੨ (1386)

ਆਭੂਖਨ ---- (ਸੰ.) ਗਹਿਣੇ
"ਜਿਹ ਪ੍ਰਸਾਦਿ ਆਭੂਖਨ ਪਹਿਰੀਜੈ।"
– ਗਉ ੫, ਸੁਖ ੬, ੪:੧ (270)

ਆਮਦ ----- (ਫਾ. ਆਮਦ) ਆਇਆ
"ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ।"
– ਤਿਲੰ ਨਾਮ, ੩, ੧:੧ (727)

ਆਮਰਿ ---- (ਅ. ਆਮਲ) ਕਾਰਿੰਦਾ, ਸੇਵਕ
(ਅ. ਆਮਰ) ਹੁਕਮ ਕਰਨ ਵਾਲਾ, ਹਾਕਮ
"ਧੁਰ ਕੀ ਭੇਜੀ ਆਈ ਆਮਰਿ।"
– ਆਸਾ ੫, ੪, ੨:੧ (371)

"ਇਹ ਆਮਰਿ ਹਮ ਗੁਰਿ ਕੀਏ ਦਰਬਾਰੀ।"
– ਆਸਾ ੫, ੪, ੪*:੨ (371)

ਆਮਰੋ ----- ਅਮਰ, ਸਦੀਵੀ
"ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਣ ਬਿਸਰੋਹੀ।"
– ਸਾਰ ੫, ੪, ੨:੨ (609)

ਆਯਉ ---- 1. ਹੋਈ
"ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ।"
– ਸਵ ੩, ੨੦:੪ (1396)

2. ਆਏ
"ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ।"
– ਸਵ ੫, ਕਲ ੧:੧੨ (1407)

ਹੋਰ ਰੂਪ:

ਆਯਾ – (ਆਇਆ)
"ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ।"
– ਸਲੋ ਕਬ, ੧੧੫:੨ (1370)

ਆਰ ------ ਸੂਆ
"ਆਰ ਨਹੀ ਜਿਹ ਤੋਪਉ।"
– ਸੋਰ ਰਵਿ, ੭, ੧:੧ (659)

ਆਰਸੀ ---- (ਸੰ.) ਸ਼ੀਸ਼ਾ, ਦਰਪਣ
"ਇਹੁ ਮਨੁ ਆਰਸੀ ਕੋਈ ਗੁਰਮੁਖਿ ਵੇਖੈ।"
– ਮਾਝ ੩, ਅਸ ੧੦, ੪:੧ (115)

ਹੋਰ ਰੂਪ:

ਆਰਸੀਆ –
"ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ।"
– ਆਸਾ ੧, ਅਸ ੧੨, ੧:੩ (417)

ਆਰਜਾ ---- 1. ਆਯੂ, ਉਮਰ
"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ।"
– ਜਪੁ ੧, ੭:੧ (2)

2. ਜੀਵਨ (ਭਾਵ)
"ਬਿਰਥੀ ਸਾਕਤ ਕੀ ਆਰਜਾ।"
– ਗਉ ੫, ਸੁਖ ੫, ੬:੧ (269)

ਆਰਜਾਰੀ --- ਉਮਰ
"ਬਿਨੁ ਸਿਮਰਨ ਜੈਸੇ ਸਰਪ ਆਰਜਾਰੀ।"
– ਗਉ ੫, ਅਸ ੭, ੧:੧ (239)

ਆਰਣਿ ---- ਭੱਠੀ
"ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ।"
– ਸੂਹੀ ੧, ਅਸ ੪, ੧:੧ (752)

ਹੋਰ ਰੂਪ:

ਆਰਣੁ –
“ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ।”
– ਮਾਰੂ ੧, ੩, ੩:੧ (990)

ਆਰਤਾ ---- (ਸੰ.) ਪੀੜਤ, ਦੁਖੀ (‘ਮਹਾਨਕੋਸ਼’ ‘ਦਰਪਣ’); ਮੰਗਤਾ, (‘ਦਰਪਣ’)
“ਗੋਪਾਲ ਤੇਰਾ ਆਰਤਾ।”
– ਧਨਾ ਧੰਨਾ, ੧, ੧:੧ (695)
(ਹੇ ਗੋਪਾਲ! ਤੇਰਾ ਪੀੜਤ ਦਾਸ ਤੇਰੀ ਸ਼ਰਨ ਹੈ)
(ਸੰ.) ਰਾਤ ਸਮੇਂ ਪੂਜਯ ਅਗੇ ਦੀਵੇ ਫੇਰਨੇ (ਸ਼ਬਦਾਰਥ, ਕੋਸ਼)

ਆਰਤੀ ---- (ਸੰ.) ਰਾਤ ਸਮੇਂ ਪੂਯਜ ਅਗੇ ਦੀਵੇ ਫੇਰਨੇ
“ਕੈਸੀ ਆਰਤੀ ਹੋਇ। ਭਵਖੰਡਨਾ ਤੇਰੀ ਆਰਤੀ।”
– ਧੰਨਾ ੧, ਸੋਹ ੩, ੧:੧:੨ (13)

ਆਰੰਭ ----- (ਸੰ.) ਸ਼ੁਰੂ
“ਆਦਿਤ ਕਰੈ ਭਗਤਿ ਆਰੰਭ।”
– ਗਉ ਕਬ, ਵਾ ੧:੧ (344)

ਹੋਰ ਰੂਪ:

ਆਰੰਭਹਿ –
“ਤਪੁ ਤਾਪਨ ਤਾਪਹਿ ਜਰਾ ਪੁਨ ਅਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ।”
(ਸ਼ੁਰੂ ਕਰੇ)
– ਆਸਾ ੪, ਛੰ ੩, ੧੧;੩:੨ (445)

ਆਰੰਭੁ –
“ਉਦਮੁ ਕੀਆ ਕਰਾਇਆ ਆਰੰਭੁ ਰਚਾਇਆ।” (ਮੁੱਢ ਬੰਨ੍ਹਿਆ)
– ਆਸਾ ੫, ੧੧੫, ੧:੧ (399)

ਆਰੰਭੈ –
“ਥੋੜੈ ਥਲਿ ਥਾਨਕ ਆਰੰਭੈ।”
– ਗਉ ਕਬ, ਬਾਅ ੨੩:੩ (341)

ਆਰਾਉ ---- (ਫਾ. ਆਰਾ) ਸੰਵਾਰਨਾ
“ਜਾ ਕੇ ਰੁਖ ਬਿਰਖ ਆਰਾਉ।”
– ਸਿਰੀ ੧, ੩੨, ੨:੧ (25)
(‘ਮਹਾਨ ਕੋਸ਼’ ‘ਆਰਾਮ ਗਾਹ’ ਅਰਥ ਕਰਦੇ ਹਨ)

ਆਰਾਧਉ --- (ਸੰ.) ਉਪਾਸ਼ਨਾ ਕਰਨਾ, ਸਿਮਰਨਾ, ਧਿਆਨ ਵਿਚ ਲਿਆਉਣਾ
“ਕਵਨ ਰੂਪੁ ਤੇਰਾ ਆਰਾਧਉ।”
– ਗਉ ੫, ੧੦੫, ੧:੧ (186)

ਹੋਰ ਰੂਪ:

ਆਰਾਧਹਿ –
“ਸਗਲ ਜੀਅ ਜਾਕਉ ਆਰਾਧਹਿ ਤਾਹੂ ਕਉ ਤੂੰ ਜਾਚੁ।” (ਸਿਮਰਦੇ ਹਨ)
– ਗੂਜ ੫, ੨੩, ੧:੨ (500)

ਆਰਾਧਹੁ –
“ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ।” (ਸਿਮਰੋ, ਭਜੋ)
– ਗੂਜ ੫, ੧੩, ੧:੧ (498)
ਆਰਾਧਣਾ –
“ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ।” (ਸਿਮਰਨਾ, ਯਾਦ ਕਰਨਾ)
– ਮਾਝ ੫, ਬਾਰਾ ੧੦:੯ (135)
ਆਰਾਧਤ –
“ਚਰਨ ਕਮਲ ਆਰਾਧਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ।”
– ਗਉ ੫, ੧੩੮, ੨:੨ (210)
ਆਰਾਧਤੇ –
“ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ।” (ਸਿਮਰਦੇ)
– ਬਿਲਾ ੫, ੫੯, ੧:੨ (815)
ਆਰਾਧਦੇ –
“ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ।” (ਸਿਮਰਦੇ)
– ਸਿਰੀ ੪, ਵਾਰ ੪:੪ (84)
ਆਰਾਧਨ –
“ਪ੍ਰਭੁ ਆਰਾਧਨ ਨਿਰਮਲ ਰੀਤਿ।”
– ਭੈਰ ੫, ੬, ੨:੧ (1137)
ਆਰਾਧਨਾ –
“ਸਾਧ ਸੰਗਿ ਆਰਾਧਨਾ ਹਰਿ ਨਿਧਿ ਆਪਾਰ।”
– ਬਿਲਾ ੫, ੬੨, ੨:੧ (816)
ਆਰਾਧਨਿ –
“ਸਾਸਿ ਸਾਸਿ ਆਰਾਧਨਿ ਹਰਿ ਹਰਿ ਕਿਉ ਸਿਮਰਤ ਕੀਜੈ ਆਲਕਾ।”
– ਮਾਰੂ ੫, ਸੋਲਾ ੧੩, ੮:੩ (1085)
ਆਰਾਧਾ –
“ਹਰਿ ਕਾ ਨਾਮੁ ਜਿਨਿ ਮਨਿ ਨ ਆਰਾਧਾ।” (ਸਿਮਰਿਆ, ਯਾਦ ਕੀਤਾ)
– ਗਉ ੫, ਅਸ ੧੦, ੬:੧ (240)
ਆਰਾਧਿ –
“ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ।” (ਸਿਮਰ)
– ਸਿਰੀ ੫, ੭੯, ੧:੨ (45)
ਆਰਾਧਿਆ –
“ਨਾਨਕ ਹਰਿਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵਤਾਰ।”
– ਸਿਰੀ ੪, ਵਾਰ ੧੯ਸ, ੩, ੨:੧ (90)
ਆਰਾਧਿਹੁ –
“ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ।”
– ਗੂਜ ੫, ਵਾਰ ੧੨:੧ (521)
ਆਰਾਧਿਤੰ –
“ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ।”
– ਗੂਜ ੧, ਅਸ ੫, ੧:੧ (505)

ਆਰਾਧੀ –
"ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ।"
– ਦੇਵ ੫, ੨੮, ੧:੧ (533)

ਆਰਾਧੀਐ –
"ਹਰਿ ਜਪੀਐ ਆਰਾਧੀਐ ਆਠ ਪਹਿਰ ਗੋਵਿੰਦੁ।"
– ਸਿਰੀ ੫, ੮੨, ੪:੧ (46)

ਆਰਾਧੂ –
"ਹਰਿ ਰਾਮ ਬੋਲਹੁ ਹਰਿ ਸਾਧੂ ਹਰਿ ਕੇ ਜਨ ਸਾਧੂ ਜਗਦੀਸੁ ਜਪਹੁ
ਮਨਿ ਬਚਨਿ ਕਰਮਿ ਹਰਿ ਹਰਿ ਆਰਾਧੂ ਹਰਿ ਕੇ ਜਨ ਸਾਧੂ।"
– ਸਾਰ ੪, ੯, ੨:੧ (1201)

ਆਰਾਧੇ –
"ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ।"
– ਸਿਰੀ ੪, ਪਹ ੩, ੧:੩ (76)

ਆਰਾਧੈ –
"ਨਾਮੋ ਸੇਵਿ ਨਾਮੋ ਆਰਾਧੈ ਬਿਨੁ ਨਾਮੈ ਅਵਰੁ ਨ ਕੋਇ ਜੀਉ।"
– ਆਸਾ ੪, ਛੰਤ ੧੨, ੩:੫ (446)

ਆਰਾਪਾਰੁ --- ਉਰਲਾ ਤੇ ਪਰਲਾ ਕਿਨਾਰਾ, ਲੋਕ ਪ੍ਰਲੋਕ
"ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾਪਾਰੁ ਨ ਸੂਝ।"
– ਗਉ ਰਵਿ, ੧, ੧:੨ (346)

ਆਰੂੜਤੇ ---- (ਸੰ.) ਚੜਦੇ ਹਨ
"ਆਰੂੜਤੇ ਅਸ੍ਵ ਰਥ ਨਾਂਗਹ ਬੁਝੰਤੇ ਪ੍ਰਭ ਮਾਰਗਹ।"
– ਸਸ ੫, ੨੯:੩ (1356)

ਆਰੋਅਹ --- (ਸੰ.) ਚੜ੍ਹਿਆ ਹੋਇਆ, ਸਵਾਰ
"ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ।"
– ਸਵ ੪, ਸਲ ੨:੪ (1406)

ਆਰੋਗ ----- ਰੋਗ ਰਹਿਤ
"ਜਿਹ ਪ੍ਰਸਾਦਿ ਆਰੋਗ ਕੰਚਨ ਦੇਹੀ।"
– ਗਉ ੫, ਸੁਖ ੬, ੩:੧ (270)

ਹੋਰ ਰੂਪ:

ਆਰੋਗਤ –
"ਹਉਮੈ ਪੀਰ ਗਈ ਸੁਖੁ ਪਾਇਆ ਆਰੋਗਤ ਭਏ ਸਰੀਰਾ।" (ਆਰੋਗ, ਤੰਦਰੁਸਤ)
– ਸੂਹੀ ੪, ਛੰਤ ੧, ੨:੫ (773)

ਆਰੋਗੰ –
"ਆਰੋਗੰ ਮਹਾ ਰੋਗੰ ਬਿਸਿਮ੍ਰਿਤੇ ਕਰੁਣਾਮਯਹ।"
– ਸਸ ੫, ੨੪:੨ (1356)

ਆਲ ------ (ਸੰ.) ਘਰ ('ਸ਼ਬਦਾਰਥ', 'ਗੁਰੂ ਗ੍ਰੰਥ ਕੋਸ਼'); ਸੰਸਾਰ ('ਨਿਰਣਯ'), ਸਾਰੇ ('ਮਹਾਨ ਕੋਸ਼')

"ਆਲ ਜਾਲ ਮਾਇਆ ਜੰਜਾਲ।"
– ਗਉ ੫, ਸੁਖ ੨੧, ੭:੫ (292)

ਹੋਰ ਰੂਪ:

ਆਲਿ –
"ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ।"
– ਸਿਰੀ ੪, ਪਹ ੩, ੩:੧ (76)

ਆਲੁ –
"ਉਗਵੈ ਦਿਨਸੁ ਆਲੁ ਜਾਲੁ ਸਮਾਲੈ ਬਿਖੁ ਮਾਇਆ ਕੇ ਬਿਸਥਾਰੈ।"
– ਨਟ ੪, ਅਸ ੨, ੪:੧ (981)

ਆਲਸ ----- (ਸੰ.) ਸੁਸਤੀ, ਦਲਿਦਰ
"ਸੰਤ ਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ।"
– ਮਾਝ ੫, ੪੮, ੧:੨ (108)

ਹੋਰ ਰੂਪ:

ਆਲਸਾ –
"ਵੰਞੁ ਮੇਰੇ ਆਲਸਾ ਹਰਿ ਪਾਸ ਬੇਨੰਤੀ।"
– ਆਸਾ ੫, ੧੨, ੧:੧ (460)

ਆਲਸੀਆ –
"ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ।" (ਸੁਸਤ, ਦਲਿਦਰੀ)
– ਸਿਰੀ ਤ੍ਰਿਲੋ, ੨, ੨:੨ (92)

ਆਲਸੁ –
"ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ।"
– ਸਿਰੀ ੩, ੩੯, ੧:੨ (28)

ਆਲਕ ----- ਸੁਸਤੀ, ਵੇਖੋ 'ਆਲਸ'
"ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ।"
– ਮਾਰੂ ੫, ਵਾਰ ੨੧:੩ (1101)

ਹੋਰ ਰੂਪ:

ਆਲਕਾ –
"ਸਾਸਿ ਸਾਸਿ ਆਰਾਧਨਿ ਹਰਿ ਹਰਿ ਕਿਉ ਸਿਮਰਤ ਕੀਜੈ ਆਲਕਾ।"
– ਮਾਰੂ ੫, ਸੋਲਾ ੧੩, ੮:੩ (1085)

ਆਲਕੁ –
"ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ।"
– ਮਾਰੂ ੫, ਵਾਰ ਪਸ, ੫, ੩:੧ (1095)

"ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ।"
– ਗੂਜ ੫, ਵਾਰ ੩ਸ, ੫, ੧:੧ (518)

ਆਲਜੁ ----- (ਸੰ.) ਬੇਸ਼ਰਮ, ਲਜਾ ਰਹਿਤ
"ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ।"

– ਬਿਲਾ ਰਵਿ, ੧, ੩:੨ (858)

ਆਲਪਤਾਲ -- ਉਲਟ ਪੁਲਟ

“ਗਾਵਹਿ ਰਾਜੇ ਰਾਣੀਆ ਬੋਲਹਿ ਆਲਪਤਾਲ।”

– ਆਸਾ ੧, ਵਾਰ ੪ਸ, ੧, ੨:੫ (464)

ਹੋਰ ਰੂਪ:

ਆਲਪਤਾਲੁ –

“ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲਪਤਾਲੁ।”

– ਗਉ ਰਵਿ, ੧, ੩:੧ (346)

ਆਲੁਪਤਾਲੁ –

“ਓਹ ਆਲੁਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ।”

– ਗਉ ੪, ਵਾਰ ੧੯:੫ (311)

ਆਲਮ ----- (1) (ਅ. ਆਲਮ) ਲੋਕ, ਸੰਸਾਰ, ਮੰਡਲ

“ਖਾਕ ਨੂਰ ਕਰਦੰ ਆਲਮ ਦੁਨੀਆਇ।”

– ਤਿਲੰ ੫, ੧, ੧:੧ (723)

“ਚੰਦੀ ਹਜਾਰ ਆਲਮ ਏਕਲ ਖਾਨਾਂ।”

– ਤਿਲੰ ਨਾਮ, ੩, ੩:੧ (727)

(‘ਮਹਾਨਕੋਸ਼’ ਨੇ ਇਸ ਦੇ ਅਰਥ ‘ਖਾਣੀ, ਜੀਵ’ ਦਿੱਤੇ ਹਨ ਅਤੇ ‘ਸ਼ਬਦਾਰਥ’ ਨੇ ‘ਭਵਨ’)

ਆਲਯਹ ---- (ਸੰ.) ਘਰ, ਵੇਖੋ ‘ਆਲ’

“ਨਿਰਾਸ ਆਸ ਕਰਣੰ ਸਗਲ ਅਰਥ ਆਲਯਹ।”

– ਸਸ ੫, ੪੩:੩ (1357)

ਆਲਾ ----- (ਸੰ.) ਆਸਨ, ਜਗਾ;ਕੰਧ ਵਿਚ ਕੁਝ ਰਖਣ ਲਈ ਬਣਾਇਆ ਸਥਾਨ

“ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ।”

– ਰਾਮ ਬੇਣੀ, ੧, ੪:੨ (974)

ਹੋਰ ਰੂਪ:

ਆਲੇ –

“ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ।”

– ਰਾਮ ਬੇਣੀ, ੧, ੪:੨ (974)

2. ਘਰ, ਸੰਸਾਰ (ਭਾਵ ਮੋਹ ਮਾਇਆ)

“ਆਲਾ ਤੇ ਨਿਵਾਰਣਾ ਜਮ ਕਾਰਣਾ।”

– ਧਨਾ ਨਾਮ, ੪, ੩:੬ (694)

3. (ਅ. ਆਲਾ) ਵਧੀਆ, ਉਤਮ, ਸ੍ਰੇਸ਼ਟ

“ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।”

– ਮਾਰੂ ੫, ਸੋਲਾ ੧੨, ੫:੩ (1084)

ਹੋਰ ਰੂਪ:

ਆਲੇ –

"ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ।"

– ਤਿਲੰ ਨਾਮ, ੩, ੧:੩ (727)

ਆਲਾਉ ---- **ਆਖਿਆ ਹੋਇਆ, ਆਲਾਪ ਕੀਤਾ ਹੋਇਆ**

"ਵਡੀ ਵਡਿਆਈ ਜਾਣੈ ਆਲਾਉ।"

– ਆਸਾ ੧, ਵਾਰ ੨ਸ, ੧, ੨:੪ (463)

"ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ।"

(ਬੋਲਦਾ/ਆਖਦਾ/ਅਲਾਪਦਾ ਹੈ)

– ਗੂਜ ੩, ਵਾਰ ੮ਸ, ੩, ੨:੩ (511)

"ਸੁਤਿਆ ਗੁਰੁ ਸਾਲਾਹੀਐ ਉਠਦਿਆ ਭੀ ਗੁਰੁ ਆਲਾਉ।"

(ਪੁਕਾਰਾਂ, ਯਾਦ ਕਰਾਂ, ਅਲਾਪਾਂ)

– ਸੂਹੀ ੪, ਅਸ ੨, ੪:੧ (758)

ਹੋਰ ਰੂਪ:

ਆਲਾਇ –

"ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ।"

(ਆਖ, ਪੁਕਾਰ, ਆਵਾਜ਼ ਦੇਹ)

– ਸਲੋ ੧, ੪:੨ (1410)

"ਹਰਿ ਰਸੁ ਨ ਚਾਖੈ ਫੀਕਾ ਆਲਾਇ।"

– ਗਉ ੩, ੨੩, ੨:੨ (158)

ਆਲਾਇਆ –

"ਕੂੜੁ ਕਪਟੁ ਕਮਾਵਦੇ ਕੂੜੋ ਆਲਾਇਆ।" (ਬੋਲਦੇ ਹਨ)

– ਸਾਰ ੪, ਵਾਰ ੩:੨ (1238)

ਆਲਾਏ –

"ਵਡੀ ਵਡਿਆਈ ਵਡੇ ਕੀ ਗੁਰਮੁਖਿ ਆਲਾਏ।"(ਆਖਦਾ ਹੈ)

– ਗਉ ੪, ਵਾਰ ੭:੫ (303)

ਆਲਾਪ ---- **ਉਚਾਰ**

"ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ।"

– ਬਿਲਾ ੫, ੮੫, ੧:੧ (821)

"ਭਗਤਿ ਵਛਲ ਭੈ ਭੰਜਨ ਸੁਆਮੀ ਗੁਣਗਾਵਤ ਨਾਨਕ ਆਲਾਪ।" (ਉਚਾਰਨ ਕਰਕੇ)

– ਬਿਲਾ ੫, ੧੦੬, ੨:੨ (825)

ਹੋਰ ਰੂਪ:

ਆਲਾਪਹਿ –

"ਦੂਤੀਆ ਮਾਲਕਉਸਕ ਆਲਾਪਹਿ।"

– ਰਾਗ ੧:੧੩ (1429)

ਆਲਾਪਤ –

"ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ।"

– ਰਾਮ ੫, ਵਾਰ ੪ਸ, ੫, ੧:੧ (958)

ਆਲਾਵੰਤੀ --- ਘਰ/ਮੰਦਰ ਵਾਲੇ
"ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਉਪਰਿ ਸਭ ਕੋਪਿਲਾ।"
– ਮਲਾ ਨਾਮ, ੨, ੧:੧ (1292)

ਆਲੀਣਾ ---- ਲੀਣ ਹੋਇਆ, ਸਮਾਇਆ, ਵਰਤ ਰਿਹਾ
"ਜਨਕ ਰਾਜੁ ਬਰਤਾਇਆ ਸਤਜੁਗੁ ਆਲੀਣਾ।"
– ਸਵ ੫, ਕਲ ੩:੧ (1407)

ਆਲੂਦਿਆ -- (ਫ਼ਾ. ਆਲੂਦਨ>ਆਯੂਦਾ) ਅਪਵਿਤਰ, ਗੰਦੇ
"ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ।"
– ਮਾਰੂ ੫, ਵਾਰ ੧੦ਸ, ੫, ੩:੨ (1097)

ਆਲੇ ------ 1. ਸ੍ਰੇਸ਼ਟ, ਉਚਾ, ਵੇਖੋ 'ਆਲਾ' (3)
2. ਕੰਧ ਵਿਚ ਰੱਖਣ ਲਈ ਬਣਾਈ ਥਾਂ, ਵੇਖੋ 'ਆਲਾ' (2)

ਆਵ ------ ਉਮਰ, ਆਯੂ
"ਰੰਡ ਬੈਠੀ ਦੂਜੇ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ।"
– ਵਡ ੩, ਅਲਾ ੨, ੩:੩ (583)

ਹੋਰ ਰੂਪ:

ਆਂਵ –
"ਆਂਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ।"
– ਸਿਰੀ ੫, ੭੦, ੧:੨ (41)

ਆਵਉ ----- ਆਓ, ਆਉਣ ਦੀ ਕਿਰਿਆ
"ਨਾਵਹੁ ਭੁਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ।"
– ਸਿਰੀ ੧, ਅਸ ੬, ੭:੩ (57)
"ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ।' (ਆਉਂਦੀ ਹਾਂ)
– ਮਾਰੂ ੧, ਅਸ ੯, ੧:੧ (1014)

ਹੋਰ ਰੂਪ:

ਆਵਈ –
"ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ।"
– ਸਿਰੀ ੩, ੪੬, ੧:੨ (31)

ਆਵਸਿ –
"ਕਿਆ ਲੇ ਆਵਸਿ ਕਿਆ ਲੇ ਜਾਵਸਿ ਰਾਮ ਜਪਹੁ ਗੁਣਕਾਰੀ।"
– ਭੈਰ ੧, ੫, ੧:੨ (1126)

ਆਵਸੀ –
"ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ।"
– ਸਲੋ ਫਰ, ੧੦੦:੩ (1383)

ਆਵਹ –
"ਬੰਧਨ ਕਾਟਿ ਲੇਹੁ ਅਪੁਨੇ ਕਰਿ ਕਬਹੂ ਨ ਆਵਹ ਹਾਰਿ।"
– ਧਨਾ ੫, ੧੮, ੧:੨ (675)

ਆਵਹਿ –
“ਇਕਿ ਆਵਹਿ ਇਕ ਜਾਹਿ ਉਠਿ ਰਖੀਅਹਿ ਨਾਵ ਸਲਾਰ।”
– ਸਿਰੀ ੧, ੬, ੩:੧ (16)

ਆਂਵਹਿ –
“ਆਂਵਹਿ ਜਾਵਹਿ ਮਰਹਿ ਅਭਾਗੇ।”
– ਬਿਲਾ ੩, ਵਾ ੨, ੧:੪ (842)

ਆਵਹੀ –
“ਤੂ ਪਾਰਬ੍ਰਹਮ ਪਰਮੇਸਰੁ ਜੋਨਿ ਨ ਆਵਹੀ।”
– ਮਾਰੂ ੫, ਵਾਰ ੩:੧ (1095)

ਆਵਹੂੰੀ –
“ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੂੰੀ।”
–ਜੈਤ ੫, ਛੰਤ ੩, ੨:੨ (705)

ਆਵਹੁ –
“ਨਾਨਕ ਹੁਕਮੀ ਆਵਹੁ ਜਾਹੁ।”
– ਜਪੁ ੧, ੨੦:੧੦ (4)

ਆਵਹੇ –
“ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ।”
– ਬਿਹਾ ੫, ਛੰਤ ੭, ੧:੪ (546)

ਆਵਹੋ–
“ਆਵਹੋ ਸੰਤ ਜਨਹੁ ਗੁਣ ਗਾਵਹ ਗੋਵਿੰਦ ਕੇਰੇ ਰਾਮ।”
– ਸੂਹੀ ੪, ਛੰਤ ੪, ੧:੧ (775)

ਆਵਣ –
“ਸਭ ਦੁਨੀਆ ਆਵਣ ਜਾਣੀਆ।”
– ਸਿਰੀ ੩, ੩੩, ੩:੩ (26)

(ਵਧੇਰੇ ਕਰਕੇ ‘ਆਵਣ ਜਾਵਣ’ ਆਦਿ ਹੀ ਆਇਆ ਹੈ ਅਤੇ ਅਰਥ ‘ਜਨਮ ਮਰਨ’ ਅਥਵਾ ਸੰਸਾਰ ਉਤੇ ਆਉਣ ਤੇ ਜਾਣ ਦੇ ਹੀ ਹਨ)

ਆਵਣਾ –
“ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ।”
– ਬਸੰ ੧, ੧, ੪:੧ (1168)

ਆਵਣਿ –
“ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ।”
– ਸੂਹੀ ੧, ਕੁਚ ੨:੩ (762)

ਆਵਣਿਆ –
“ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ।”
– ਮਾਝ ੩, ਅਸ ੩੧, ੧:੩ (128)

ਆਵਣੁ –
“ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ।”
– ਸਿਰੀ ੧, ੧੨, ੩:੩ (19)

“ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ।”

– ਸਾਰ ੪, ਵਾਰ ੨੯ਸ, ੩, ੨:੨ (1248)

ਆਵਣੇ –

"ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ।"

– ਸੂਹੀ ੧, ਛੰਤ ੫, ੭:੪ (767)

ਆਵਤ –

"ਆਵਤ ਜਾਤ ਜੋਨੀ ਦੁਖੁ ਖੀਨਾ।"

– ਗਉ ੫, ੧੨੪, ੧*:੨ (190)

"ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ।"

– ਆਸਾ ੫, ਛੰਤ ੧੦, ੨:੨ (459)

ਆਵੰਤ –

"ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ।"

– ਸਸ ੫, ੪੯:੩ (1358)

ਆਵਤੁ –

"ਆਵਤੁ ਕਰਤਾ ਜਾਤੁ ਭੀ ਕਰਤਾ।"

– ਗੌਂਡ ੫, ੧, ੨:੨ (862)

ਆਵਤੇ –

"ਹਰਿ ਆਵਤੇ ਕੀ ਖਬਰਿ ਗੁਰਿ ਪਾਈ ਮਨਿ ਤਨਿ ਆਨਦੋ ਆਨੰਦ ਭਏ ਹਰਿ ਆਵਤੇ ਸੁਨੇ ਮੇਰੇ ਲਾਲ ਹਰਿ ਲਾਲ।"

– ਨਟ ੪, ੭, ੨:੧ (977)

ਆਵਦਾ –

"ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ।"

– ਬਿਹਾ ੪, ਵਾਰ ੨੧ਸ, ੩, ੧:੧ (556)

ਆਵਦੇ –

"ਵਣਜਾਰੇ ਸਿਖ ਆਵਦੇ ਸਬਦਿ ਲਘਾਵਣਹਾਰੁ।"

– ਗਉ ੪, ਵਾਰ ੨੨ਸ, ੪, ੨:੪ (313)

ਆਵਨ –

"ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ।"

– ਗਉ ੫, ਬਾਅ ੭ਸ:੨ (251)

"ਏਕਹਿ ਆਵਨ ਫਿਰਿ ਜੋਨਿ ਨ ਆਇਆ।"

– ਗਉ ੫, ਬਾਅ ੧੩:੭ (252)

ਆਵਨਿ –

"ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।"

– ਤਿਲੰ ੧, ੫, ੨:੫ (723)

ਆਵੰਨਿ –

"ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ।"

– ਗਉ ੧, ਸੋਹ ੧, ੪:੨ (12)

ਆਵਨੀ –

"ਓਇ ਬਾਹੁੜਿ ਜੋਨਿ ਨ ਆਵਨੀ ਫਿਰਿ ਹੋਹਿ ਨ ਬਿਨਾਸਾ।"

– ਸਾਰਾ ੪, ਵਾਰ ੨੬:੨ (1247)

ਆਵਨੁ –

“ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ।”

– ਸਿਰੀ ੧, ੧੯, ੧:੧ (21)

“ਪਾਛੈ ਬਹੁਰਿ ਨ ਆਵਨੁ ਪਾਵਉ।”

– ਧਨਾ ਨਾਮ, ੨, ੬:੧ (693)

ਆਵਊ ----- ਆਵਾਂ (ਸਹਾਇਕ ਕਿਰਿਆ)

“ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ।”

– ਸਿਰੀ ੧, ੨, ੩:੨ (14)

ਹੋਰ ਰੂਪ:

ਆਵਈ –

“ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ।”

– ਜਪੁ ੧, ੭:੪ (2)

ਆਵਸਿ –

“ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ।”

– ਆਸਾ ੫, ੬੭, ੧:੪ (387)

ਆਵਸੀ –

“ਨਾਨਕ ਅਜੁਕਲਿ ਆਵਸੀ ਗਾਫਲ ਫਾਹੀ ਪੇਰੁ।”

– ਗੂਜ ੫, ਵਾਰ ੩ਸ, ੫, ੧:੨ (518)

ਆਵਸੁ–

“ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ।”

– ਜੈਤ ੫, ਵਾਰ ੯ਸ, ੫, ੨:੧ (707)

ਆਵਹਿ –

“ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ।”

– ਸਿਰੀ ੫, ੭੮, ੨:੧ (45)

ਆਵਹੀ –

“ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆ ਨਾਲਿ।”

– ਵਡ ੧, ੧, ੩:੧ (557)

ਆਵਗਿ –

“ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ।”

– ਆਸਾ ੫, ੧੨੩, ੩:੨ (402)

ਆਵਣਿਆ –

“ਪੂਰਨ ਪੂਰਿ ਰਹਿਆ ਸਭ ਆਪੇ ਗੁਰਮਤਿ ਨਦਰੀ ਆਵਣਿਆ।”

– ਮਾਝ ੩, ਅਸ ੧੭, ੭:੩ (119)

ਆਵਤ –

“ਸਗਲ ਸਰੀਰ ਆਵਤ ਸਭ ਕਾਮ।”

– ਗਉ ੫, ੧੨੪, ੩:੧ (190)

“ਦੀਸਿ ਆਵਤ ਹੈ ਬਹੁਤੁ ਭੀਹਾਲਾ।”

– ਆਸਾ ੫, ੫੪, ੩:੧ (384)

ਆਵਦਾ –

“ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ।”
– ਸਿਰੀ ੪, ਵਾਰ ੫ਸ, ੩, ੨:੧ (84)

ਆਵਨਿ –
“ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ।”
– ਜਪੁ ੧, ੨੭:੧੬ (6)

ਆਵਨੀ –
“ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ।”
– ਆਸਾ ੧, ਅਸ ੨੦, ੫:੨ (421)

ਆਵਨ੍ਹੀ –
“ਨਾਨਕ ਬਿਨੁ ਸਤਿਗੁਰ ਵਸਿ ਨ ਆਵਨ੍ਹੀ ਨਾਮਿ ਹਉਮੈ ਮਾਰੀ।”
– ਆਸਾ ੩, ਅਸ ੨੭, ੮:੨ (425)

ਆਵਈ ---- 1. ਸਹਾਇਕ ਕਿਰਿਆ, ਆਵੇ, ਵੇਖੋ ‘ਆਵਊ’
2. ਆਉਣ ਦੀ ਕਿਰਿਆ, ਵੇਖੋ ‘ਆਵਉ’
3. ਪੈਣਾ, (ਨੀਂਦ ਦਾ) ਆਉਣਾ
“ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ।”
– ਸਿਰੀ ੩, ੪੭, ੨:੨ (31)
“ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ।”
– ਸਿਰੀ ੩, ੧੯, ੨:੧ (65)
“ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ।”
– ਗਉ ੧, ਵਾਰ ੨੬ਸ, ੩, ੧:੩ (314)

ਹੋਰ ਰੂਪ:

ਆਵਸਿ –
“ਚੀਤਿ ਨ ਆਵਸਿ ਦੂਜੀ ਬਾਤਾ ਸਿਰ ਊਪਰਿ ਰਖਵਾਰਾ।”
– ਰਾਮ ੫, ੫, ੨:੧ (884)

ਆਵਹਿ –
“ਆਨ ਸੁਖਾ ਨਹੀ ਆਵਹਿ ਚੀਤਿ।”
– ਗਉ ੫, ੧੫੧, ੩:੨ (196)

ਆਵਹੀ –
“ਮਨਿਮੁਖਿ ਵਸਹਿ ਤਿਸੁ ਜਿਸੁ ਤੂੰ ਚਿਤਿ ਨ ਆਵਹੀ।”
– ਮਾਝ ੧, ਵਾਰ ੨੧ਸ, ੧, ੧:੨ (147)

ਆਵਟਣੁ ---- ਉਬਾਲਾ, ਸੇਕ (ਸ਼ਬਦਾਰਥ) ਹੰਲਾਲ (ਮਹਾਨਕੋਸ਼)
“ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ।”
– ਸਿਰੀ ੧, ਅਸ ੧੧, ੪:੨ (60)

ਆਵਟੇ ----- ਤਪਾਏ ਜਾਂਦੇ ਹਨ (ਸ਼ਬਦਾਰਥ) ਕੁੱਟਣਾ, ਤਾੜਨਾ
“ਜਹ ਆਵਟੇ ਬਹੁਤ ਘਨ ਸਾਥ।”
– ਆਸਾ ੫, ੯੧, ੩:੧ (393)

ਆਵਧ ----- (ਸੰ.) ਜਿਸ ਨਾਲ ਯੁੱਧ ਕਰੀਏ, ਸ਼ਸ਼ਤਰ, ਹਥਿਆਰ

“ਕੋਇ ਆਵਧ ਤਿਸੁ ਬੇਧਤ ਨਾਹਿ।”
– ਸੂਹੀ ੫, ੨੫, ੨:੨ (742)

ਹੋਰ ਰੂਪ:

ਆਵਧਹ –
“ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ ਆਵਧਹ।”
– ਸਸ ੫, ੬:੧ (1354)

ਆਵਨੀ ---- 1. ਸਹਾਇਕ ਕਿਰਿਆ, ਵੇਖੋ ‘ਆਵਉ’
2. ਆਉਂਦੇ, ਜਾਚ ਹੋਣੀ
“ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ।”
– ਤਿਲੰ ੧, ਅਸ ੧, ੪:੨ (725)
3. ਆਉਣ ਦੀ ਕ੍ਰਿਆ, ਵੇਖੋ ‘ਆਵਉ’

ਆਵਰਤ ---- (ਸੰ.) ਘੁੰਮਣਘੇਰ, ਪਾਣੀ ਦਾ ਚੱਕਰ
“ਤੀਨਿ ਆਵਰਤ ਕੀ ਚੂਕੀ ਘੇਰ।”
– ਰਾਮ ੫, ੫੧, ੧:੩ (899)

ਆਵਰਦਾ --- ਆਯੂ, ਉਮਰ
“ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ।”
– ਧਨਾ ੫, ੪੨, ੧*:੧ (681)

ਆਵਲ ----- ਪਰੇਸ਼ਾਨ
“ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ।”
– ਦੇਵ ੪, ੩, ੧:੧ (527)

ਆਵਾ ------ 1. ਆਉਂਦੇ ਹਨ, ਹੁੰਦੇ ਹਨ
“ਜਹਾ ਬੋਲ ਤਹ ਅਛਰ ਆਵਾ।”
– ਗਉ ਕਬ, ਬਾਅ ੨:੧ (340)
2. ਆਉਣ ਦੀ ਕਿਰਿਆ
“ਖਖਾ ਇਹੈ ਖੋੜਿ ਮਨ ਆਵਾ।” (ਐਸੇ ਟਿਕਾਣੇ ਤੇ ਮਨ ਆ ਗਿਆ ਹੈ)
– ਗਉ ਕਬ, ਬਾਅ ੮:੧ (340)

“ਅਰਧਹ ਛਾਡਿ ਉਰਧ ਜਉ ਆਵਾ।”
– ਗਉ ਕਬ, ਬਾਅ ੨੫:੨ (341)

“ਆਸ ਪਿਆਸੀ ਸੇਜੈ ਆਵਾ।”
– ਆਸਾ ੧, ੨੬, ੨:੧ (357)
3. ਸਹਾਇਕ ਕਿਰਿਆ
“ਅਬ ਭਉ ਭਾਨਿ ਭਰੋਸਉ ਆਵਾ।”
– ਗਉ ਕਬ, ਬਾਅ ੩੦:੨ (342)

ਆਵਾਇਲੇ --- ਆਵਾਗਮਣ; ਅਮੋੜਪਣ
“ਮਨ ਸਮਝੁ ਛੋਡਿ ਆਵਾਇਲੇ।”
– ਗੌਂਡ ੫, ੨, ੧*੧ (862)

ਆਵਾਗਉਣੁ -- 1. (ਸੰ.) ਆਉਣ ਜਾਣ ਦੀ ਕਿਰਿਆ, ਜਨਮ ਮਰਨ
"ਆਵਾਗਉਣੁ ਨਿਵਾਰਿਆ ਹੈ ਸਾਚਾ ਸੋਈ।"
- ਸੂਹੀ ੧, ੪, ੩:੨ (729)

ਹੋਰ ਰੂਪ:

ਆਵਾਗਵਨ -
"ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ।"
- ਗਉ ੫, ਥਿਤੀ ੧੫:੫ (300)

ਆਵਾਗਵਨੁ -
"ਆਵਾਗਵਨੁ ਮਿਟੈ ਪ੍ਰਭ ਸੇਵੇ।"
- ਗਉ ੫, ਸੁਖ ੧੯, ੪:੩ (288)

2. ਸੰਸਾਰ, ਜਨਮ ਮਰਨ ਵਿਚ ਪਈ ਸ੍ਰਿਸ਼ਟੀ (ਭਵ)
"ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ।"
- ਰਾਮ ਸਬ, ਵਾਰ ੪:੪ (967)

ਹੋਰ ਰੂਪ:

ਆਵਾਗਵਣੁ -
"ਆਵਾਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ।"
- ਵਡ ੧, ਅਲ ੩, ੩:੧ (580)

ਆਵੀ ------ 1. ਸਹਾਇਕ ਕਿਰਿਆ, ਆਉਂਦੀ
"ਮਿਰਤੁ ਨ ਆਵੀ ਚਿਤਿ ਤਿਸੁ ਅਹਿਨਿਸ ਭੋਗੈ ਭੋਗੁ।"
- ਸਿਰੀ ੫, ਅਸ ੨੬, ੮:੨ (71)
"ਮਨਮੁਖਾ ਨੋ ਪਰਤੀਤਿ ਨ ਆਵੀ ਅੰਤਰਿ ਲੋਭ ਸੁਆਉ।"
- ਸੋਰ ੩, ਅਸ ੧, ੩:੧ (637)

2. ਮਿੱਟੀ ਦੇ ਭਾਂਡੇ ਪਕਾਣ ਦੀ ਭੱਠੀ
"ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ।"
- ਆਸਾ ੧, ਪਟੀ ੭:੨ (431)

ਆਵੀਐ------ ਆਈਦਾ, ਪਵੀਦਾ
"ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ।"
- ਧਨਾ ੫, ਛੰਤ ੧, ੧:੫ (691)

ਆਵੈ ------ 1. ਆਉਂਦੀ
"ਕਥਨਾ ਕਥੀ ਨ ਆਵੈ ਤੋਟਿ।"
- ਜਪੁ ੧, ੩:੯ (2)
"ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।"
- ਜਪੁ ੧, ੩੦:੪ (7)

ਹੋਰ ਰੂਪ:

ਆਂਵੈਂ - (ਆਏ)
"ਸਗਲ ਸੂਖ ਜਾਂ ਤੂੰ ਚਿਤਿ ਆਂਵੈਂ।"
- ਆਸਾ ੫, ੫੯, ੧*:੧ (385)

2. ਆਉਣ ਦੀ ਕਿਰਿਆ
“ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।”
– ਗਉ ੫, ਸੋਦ ੫, ੩:੧ (10)
“ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ।”
– ਸਿਰੀ ੧, ੧੪, ੪:੨ (19)

ਆੜਿ ------ (ਸੰ.) ਬਗਲੇ ਵਰਗਾ ਇਕ ਪੰਛੀ: ਇਕ ਪ੍ਰਕਾਰ ਦੀ ਮੱਛੀ
“ਤੂ ਕੈਸੇ ਆੜਿ ਫਾਥੀ ਜਾਲਿ।”
– ਮਲਾ ੧, ੫, ੧*:੧ (1275)

ਐ -------- ਸੰਬੋਧਕ ਸ਼ਬਦ
“ਐ ਜੀ ਜਪੁ ਤਪੁ ਸੰਜਮੁ ਸਚੁ ਅਧਾਰ।”
-ਗੂਜੀ ੧, ਅਸ ੨, ੧*:੧ (503)
(‘ਐ ਜੀ’ ਇਕਠਾ ਹੀ ਆਇਆ ਹੈ। ਕੇਵਲ ਇਕ ਥਾਂ ‘ਐ ਜੀਉ((405) ਹੈ।

ਐਸਾ ------ 1. ਅਜਿਹਾ, ਇਸ ਤਰ੍ਹਾਂ (ਪ੍ਰਕਾਰ) ਦਾ, ਇਹੋ ਜਿਹਾ
“ਐਸਾ ਨਾਮੁ ਨਿਰਜਨੁ ਹੋਇ।”
– ਜਪੁ ੧, ੧੨:੫ (3)
“ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ।”
– ਸਿਰੀ ੩, ੪੪, ੩:੨ (30)

ਹੋਰ ਰੂਪ:

ਐਸੀ –
“ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।” (ਅਜਿਹੀ ਇਸ ਪ੍ਰਕਾਰ ਦੀ)
– ਸਿਰੀ ੧, ਅਸ ੧੧, ੧:੧ (59)

ਐਸੇ –
“ਮਨਮੁਖ ਅੰਧੁ ਐਸੇ ਕਰਮ ਕਮਾਏ।” (ਇਸ ਪ੍ਰਕਾਰ ਦੇ, ਅਜਿਹੇ)
– ਮਾਝ ੩, ਅਸ ੩੦, ੭:੨ (127)

ਐਸੈ –
“ਐਸੈ ਰੰਗਿ ਰਾਤੀ ਸਹਜ ਕੀ ਮਾਤੀ ਅਹਿਨਿਸਿ ਭਾਇ ਸਮਾਣੀ।”
– ਤਿਲੰ ੧, ੪, ੪:੪ (722)

ਐਸੋ –
“ਐਸੋ ਪਰਚਉ ਪਾਇਓ।” (ਇਹੋ ਜਿਹਾ)
– ਗਉ ੫, ੧੨੩, ੧*:੧ (205)

2. ਇਸ ਤਰ੍ਹਾਂ, ਇਸ ਪ੍ਰਕਾਰ
“ਐਸਾ ਤੈਂ ਜਗੁ ਭਰਮਿ ਲਾਇਆ।”
– ਸਿਰੀ ਕਬ, ੧, ੧*:੧ (92)

ਹੋਰ ਰੂਪ:

ਐਸੀ –
“ਕਹਤ ਕਬੀਰੁ ਸੁਨਹੁ ਰੇ ਸੰਤਹੁ ਅਬ ਐਸੀ ਬਨਿ ਆਈ।”

– ਗਉ ਕਬ, ੪੯, ੩:੧ (333)

ਐਸੇ –
“ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ।”
– ਸਿਰੀ ਕਬ, ੩, ੪:੧ (92)

ਐਠਿ ------ **ਅਭਿਮਾਨ/ਆਕੜ ਵਿਚ**
“ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ।”
– ਬਿਲਾ ੫, ੮੮, ੨:੨ (821)

ਐਡਾਨੋ ----- **ਅਹੰਕਾਰੀ ਹੋਣਾ, ਆਕੜਿਆ**
“ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ।”
– ਬਸੰ ੯, ੧, ੧:੧ (1186)

ਐਂਡੋ ------ **ਆਕੜਿਆ**
“ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੋ ਟੇਢੌ ਜਾਤੁ।”
– ਸਾਰ ਕਬ, ੧, ੧*:੨ (1251)

ਐਤੁ ------ **ਇਸ**
“ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ।”
– ਆਸਾ ੧, ਵਾਰ ੧੯:੩ (473)

ਐਥੇਂ ------ **ਇਥੇ, ਇਸ ਥਾਂ, ਇਸ ਲੋਕ (ਜਨਮ) ਵਿਚ**
“ਐਥੇਂ ਨਾਵਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ।”
– ਮਾਰੂ ੩, ੨, ੨:੧ (994)

ਹੋਰ ਰੂਪ:

ਐਥੇ –
“ਐਥੇ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ।”
– ਸਿਰੀ ੧, ੧੯, ੪:੧ (21)
“ਤਿਨ ਐਥੈ ਉਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ।” (ਇਸ ਲੋਕ ਵਿਚ)
– ਸਿਰੀ ੪, ਵਾਰ ੧੪:੫ (89)
“ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ।” (ਇਸ ਥਾਂ ਤੇ)
– ਆਸਾ ੧, ਅਸ ੧੨, ੧:੩ (417)

ਐਬ ------ **(ਅ. ਐਬ) ਭੈੜੀ ਵਾਦੀ, ਔਗੁਣ**
“ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ।”
– ਸਿਰੀ ੧, ੨੭, ੨:੧ (24)

ਐਬੋ ------ **ਆ ਜਾਵੇਗਾ**
“ਓਛੇ ਤਪ ਕਰਿ ਬਾਹੁਰਿ ਐਬੋ।”
– ਧਨਾ ਕਬ, ੪, ੧:੨ (692)

ਐਵਡ ----- **ਐਨੇ ਵਡੇ**
“ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ।”
ਰਾਮ ਸਬ, ਵਾਰ ੪:੫ (967)

ੲ

ਇਉ ------ (ਸੰ.) - ਇਵੇਂ, ਇਸ ਤਰ੍ਹਾਂ, ਇੰਞ
“ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ।”
- ਸਿਰੀ ੧, ੨੧, ੨:੩ (22)

ਇਆ ----- (ਸੰ.) - ਇਹ
“ਇਆ ਜੁਗ ਜਿਤੁ ਜਿਤੁ ਆਪਹਿ ਲਾਇਓ।”
- ਗਉ ੫, ਬਾਅ ੮:੩ (251)
“ਇਆ ਮਾਇਆ ਮਹਿ ਜਨਮਹਿ ਮਰਨਾ।” (ਇਸ)
- ਗਉ ੫, ਬਾਅ ੧੧:੩ (252)
“ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ।”
- ਜੈਤ ੫, ੯, ੧:੨ (701)

ਇਆਣਾ ---- (1) ਗਿਆਨ - ਵਿਹੂਣਾ, ਬੇਸਮਝ, (ਅਖਰੀ ਅਰਥ ਹੁਣੇ ਹੁਣੇ ਆਇਆ)
“ਸਿਰ ਕੇ ਲੇਖ ਨ ਪੜੈ ਇਆਣਾ।”
- ਧਨਾ ੧, ੭, ੧:੨ (662)
“ਮਨਮੁਖੁ ਸਬਦੁ ਨ ਬੂਝੈ ਇਆਣਾ।”
- ਮਾਰੂ ੩, ਸੋਲ ੮, ੮:੨ (1051)

ਹੋਰ ਰੂਪ:

ਇਆਣਿਆ -
“ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ।”
- ਤੁਖਾ ੧, ਛੰਤ ੬, ੧:੧ (1112)

ਇਆਣੀ -
“ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮ ਅਪਾਰਾ।”
- ਗਉ ੩, ਛੰਤ ੩, ੪:੧ (245)
“ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ।”
- ਆਸਾ ੩, ਅਸ ੨੩, ੫:੨ (423)

ਇਆਣੇ -
“ਜਿਨ ਹਰਿ ਹਰਿ ਨਾਮੁ ਨ ਚੇਤਿਓ ਮੇਰੀ ਜਿੰਦੁੜੀਏ ਤੇ ਮਨਮੁਖ ਮੂੜ ਇਆਣੇ ਰਾਮ।”
- ਬਿਹਾ ੪, ਛੰਤ ੫, ੧:੧ (540)

ਇਆਨ-
“ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ।”
- ਕਲਿ ੪, ੬, ੧:੧ (1321)

ਇਆਨਾ -
“ਸਸਾ ਸਿਆਨਪ ਛਾਡੁ ਇਆਨਾ।”
- ਗਉ ੫, ਬਾਅ ੫੦:੧ (260)

ਇਆਨਿਆ -

“ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ।”
– ਗਉ ੫, ਸੁਖ ੪ਸ:੧ (266)

ਇਆਨੇ –
“ਗੁਰ ਕੀ ਮਤਿ ਤੂੰ ਲੇਹਿ ਇਆਨੇ।”
– ਗਉ ੫, ਸੁਖ ੧੯, ੬:੨ (288)

ਏਆਨਾ –
ਵੇਖੋ ‘ਏਆਣਾ’

(2) ਬਾਲ-ਬੁੱਧ
“ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ।”
– ਗਉ ੧, ੧੫, ੪:੧ (156)

ਹੋਰ ਰੂਪ:

ਇਆਣਿਆ –
“ਹਮ ਕਿਉ ਕਰਿ ਜਪਹ ਇਆਣਿਆ ਹਰਿ ਤੁਮ ਵਡ ਅਗਮ ਅਗਾਹ।”
– ਕਾਨ ੪, ਵਾਰ ੫ਸ, ੪, ੧:੨ (1314)

ਇਆਣੀ –
“ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ।”
– ਸਿਰੀ ੪, ਛੰਤ ੧, ੧:੧ (78)

“ਪੇਵਕੜੈ ਧਨ ਖਰੀ ਇਆਣੀ।”
– ਆਸਾ ੧, ੨੭, ੧:੧ (357)

“ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ।”
– ਤਿਲੰ ੧, ੪, ੨:੧ (722)

ਇਆਣੀਆ –
“ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ।”
– ਵਡ ੩, ਅਲਾ ੨, ੩:੨ (583)

ਇਆਣੇ –
“ਮਨਮੁਖਿ ਗਰਬਿ ਨ ਪਾਇਓ ਅਗਿਆਨ ਇਆਣੇ।”
– ਗਉ ੩, ੩੭, ੩:੧ (163)

“ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ।”
– ਗਉ ੪, ੫੧, ੧*:੧ (168)

ਇਆਨਾ –
“ਮਮਾ ਮਾਗਨਹਾਰ ਇਆਨਾ।”
– ਗਉ ੫, ਬਾਅ ੪੧:੧ (258)

ਇਆਨੇ –
“ਅਚੇਤ ਇਆਨੇ ਬਾਰਿਕ ਨਾਨਕ ਹਮ ਤੁਮ ਰਾਖਹੁ ਧਾਰਿ ਕਰੀ।”
– ਗੂਜ ੫, ੧੮, ੨:੨ (499)

ਇਆਣੇ ---- 1. ਬਾਲਕ
“ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ।”
– ਆਸਾ ੧, ਵਾਰ ੨੨ਸ, ੨, ੩:੧ (474)

2. ਬਾਲ ਬੁੱਧ, ਵੇਖੋ ‘ਇਆਣਾ’ (2)

3. ਬੇਸਮਝ, ਗਿਆਨ-ਹੀਣ, ਵੇਖੋ ‘ਇਆਣਾ’ (1)

ਇਆਨਥ --- ਬੇਸਮਝੀ, ਵੇਖੋ ‘ਇਆਣਾ’ (1)
“ਰੇ ਨਰ ਐਸੀ ਕਰਹਿ ਇਆਨਥ।”
– ਮਾਰੂ ੫, ੧੦, ੧*:੧ (1001)

ਇਆਨਪ --- ਬੇਸਮਝੀ, ਮੂਰਖਤਾ
“ਸੁਖਦਾਈ ਪੂਰਨ ਪ੍ਰਭੁ ਕਰਤਾ ਮੇਰੀ ਬਹੁਤੁ ਇਆਨਪ ਜਰਤ।”
– ਦੇਵ ੫, ੩, ੨:੧ (529)

ਇਆਨੜੀਏ - ਝਲੀਏ, ਬੇਸਮਝੇ, ਕਮਲੀਏ
“ਇਆਨੜੀਏ ਮਾਨੜਾ ਕਾਇ ਕਰੇਹਿ।”
– ਤਿਲੰ ੧, ੪, ੧:੧ (722)

ਇਸ ------ (ਸੰ.) ਇਹ, ਕਾਲ ਸਥਾਨ ਦਿਸ਼ਾ ਵਿਅਕਤੀ ਵਸਤੂ ਦਾ ਸੰਕੇਤਕ ਸ਼ਬਦ
“ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ।”
– ਸਿਰੀ ੪, ਵਾਰ ੮ਸ, ੩, ੨:੨ (85)

ਹੋਰ ਰੂਪ:

ਇਸੁ–
“ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ।”
– ਸਿਰੀ ੧, ੩੩, ੧:੨ (25)

ਇਸਕ – (ਅ) ਪਿਆਰ, ਪ੍ਰੇਮ, ਨੇਹੁੰ
“ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ।”
– ਆਸਾ ਫਰ, ੧, ੧*:੧ (488)

ਇਸਟ ----- (ਸੰ.) ਪਿਆਰਾ, ਪਿਆਰੇ
“ਇਸਟ ਮੀਤ ਆਪ ਬਾਪੁ ਨ ਮਾਈ।”
– ਗਉ ੫, ੧੦੬, ੨:੨ (187)

ਹੋਰ ਰੂਪ:

ਇਸਟੁ – (ਪਿਆਰਾ)
“ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ।”
– ਗਉ ੫, ੧੫੩*, ੩:੧ (213)

ਇਸਟੁ ----- (1) ਧਰਮ
“ਮਨ ਕਾ ਇਸਟੁ ਗੁਰ ਸੰਗਿ ਧਿਆਨੁ।”
– ਗੋਂਡ ੫, ੪, ੧*:੨ (863)

(2) ਪਿਆਰਾ, ਵੇਖੋ ‘ਇਸਟ’

ਇਸਟੰ ----- (ਸੰ.) ਪੂਜਨੀਕ, ਹਸਤੀ, ਗੁਰੂ
“ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ।”
– ਸਸ ੫, ੪੮:੩ (1358)

ਇਸਤਰੀ --- (ਸੰ.) ਨਾਰੀ

"ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ।"
– ਗਉ ੩, ੩੫, ੩:੧ (162)

ਹੋਰ ਰੂਪ:

ਇਸਤਰੀਆ –
"ਜੇ ਲਖ ਇਸਤਰੀਆ ਭੋਗ ਕਰਹਿ ਨਵ ਖੰਡ ਰਾਜੁ ਕਮਾਹਿ।"
– ਸਿਰੀ ੩, ੩੫, ੩:੧ (26)

ਇਸਤ੍ਰੀ –
"ਐਸੀ ਇਸਤ੍ਰੀ ਇਕ ਰਾਮਿ ਉਪਾਈ।"
– ਆਸਾ ੫, ੯੬, ੧*:੧ (394)
"ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ।"
– ਮਲਾ ੫, ੭, ੧:੨ (1268)

(2) ਪਤਨੀ
"ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ।"
– ਸਾਰ ੪, ਵਾਰ ੩੨:੧ (1249)

ਹੋਰ ਰੂਪ:

ਇਸਤਰੀਆ –
"ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ।"
– ਮਾਝ ੧, ਵਾਰ ੯ਸ, ੧, ੪:੨ (142)

ਇਸਤ੍ਰੀ – (ਪਤਨੀ)
"ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।"
– ਗੂਜ ਤ੍ਰਿਲੋ ੨, ੨:੧ (526)
"ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।"
– ਮਾਰੂ ੧, ਅਸ ੭, ੬:੨ (1013)

ਇਸਨਾਨ --- (ਸੰ.) ਨਹਾਉਣਾ, ਪਾਣੀ ਵਿਚ ਡੁਬਕੀ ਲਾਣੀ
"ਕੋਟਿ ਮਜਨ ਕੀਨੋ ਇਸਨਾਨ।"
– ਗਉ ੫, ੧੧੧*, ੧:੧ (202)

ਹੋਰ ਰੂਪ:

ਇਸਨਾਨੰ –
"ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ।"
– ਜੈਤ ੫, ਵਾਰ ੫ਸ, ੫, ੧:੧ (706)

ਇਸਨਾਨਹੁ – (ਨਹਾਉਣ ਤੋਂ)
"ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।"
– ਮਾਰੂ ੧, ਵਾਰ ੨੬ਸ, ੧, ੧:੧੩ (150)

ਇਸਨਾਨਨ –
"ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ।"
– ਗੂਜ ੫, ਅਸ ੧, ੬:੨ (507)

ਇਸਨਾਨਾ –

"ਪੂਜਾ ਤਿਲਕੁ ਤੀਰਥ ਇਸਨਾਨਾ।"

– ਮਾਝ ੫, ੧੨, ੨:੨ (98)

ਇਸਨਾਨਾਂ –

"ਪੂਜਾ ਤਿਲਕ ਕਰਤ ਇਸਨਾਨਾਂ।"

– ਗਉ ੫, ੧੦੭*, ੨:੧ (201)

ਇਸਨਾਨੀ --- (ਸੰ.) ਨਹਾਉਣ ਵਾਲਾ

"ਗਿਆਨ ਧਿਆਨ ਤੀਰਥ ਇਸਨਾਨੀ।"

– ਗਉ ੫, ਬਾਅ ੧੬:੩ (253)

"ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ।"

– ਗਉ ੫, ਸੁਖ ੧, ੩:੫ (262)

ਹੋਰ ਰੂਪ:

ਇਸਨਾਨੁ –

"ਸੁਣਿਐ ਅਠਸਠਿ ਕਾ ਇਸਨਾਨੁ।"

– ਜਪੁ, ੧, ੧੦:੨ (3)

ਇਸਨਾਨੇ –

"ਪ੍ਰਾਗ ਇਸਨਾਨੇ।"

– ਗੋਂਡ ਨਾਮ, ੧, ੧:੩ (873)

ਇਸਨਾਨੈ –

"ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ
ਗਿਆਨ ਅੰਜਨਿ ਮੇਰਾ ਮਨੁ ਇਸਨਾਨੈ।"

– ਧਨਾ ੫, ਅਸ ੧, ੪:੨ (687)

ਇਸ੍ਨਾਨੁ –

"ਸੰਧਿਆ ਪ੍ਰਾਤ ਇਸ੍ਨਾਨੁ ਕਰਹੀ।

– ਗਉ ਕਬ, ੫, ੧:੧ (324)

ਇਹ ------ (ਸੰ.) (1) ਸਮੇਂ, ਸਥਾਨ, ਸਥਿਤੀ, ਵਿਅਕਤੀ, ਵਸਤੂ ਸੰਕੇਤਕ ਸ਼ਬਦ

"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।"

– ਆਸਾ ੫, ਸੋਪੁ ੪, ੧:੨ (12)

ਇਹ –

"ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ।"

– ਧਨਾ ਨਾਮ, ੨, ੩:੧ (693)

ਹੋਰ ਰੂਪ:

ਇਹਾ –

"ਸੰਤਹੁ ਇਹਾ ਬਤਾਵਹੁ ਕਾਰੀ।"

– ਸੋਰ ੫, ੨੮, ੧*:੧ (616)

ਇਹਿ –

"ਬਿਸਰੁ ਨਾਹੀ ਕਬਹੂ ਹੀਏ ਤੇ ਇਹਿ ਬਿਧਿ ਮਨ ਮਹਿ ਪਾਵਹੁ।"

– ਸੋਰ ੫, ੩੧, ੨:੧ (617)

ਇਹੀ –

"ਇਹੀ ਅਚਾਰ ਇਹੀ ਬਿਉਹਾਰਾ ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ।"
– ਆਸਾ ੫, ੨੮, ੩:੧ (377)

ਇਹੁ –
"ਨਾਨਕ ਕਰਤੇ ਕਾ ਇਹੁ ਧਨੁ ਮਾਲੁ।"
– ਆਸਾ ੧, ੯, ੪:੩ (351)

ਇਹੈ –
"ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ।"
– ਆਸਾ ੫, ੧੨੭, ੪:੧ (403)

ਏਹੋ –
"ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ।"
– ਮਾਰੂ ੧, ਸੋਲ ੧੫, ੧੨:੩ (1036)

ਏਹ –
"ਵੇਖੋ 'ਏਹ'

ਇਕ ------ (ਸੰ. ; ਫਾ.;) (1) ਗਿਣਤੀ ਵਿਚ ਪਹਿਲਾਂ
"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।" (ਭਾਵ ਕੋਈ ਵੀ)
– ਜਪੁ ੧:੪ (1)

"ਗੁਰਾ ਇਕ ਦੇਹਿ ਬੁਝਾਈ।"
– ਜਪੁ ੫:੧੦ (2)

ਹੋਰ ਰੂਪ:

ਇਕਿ –
"ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ।"
– ਸੂਹੀ ੧, ਕੁਚ ੧:੨ (762)

ਇਕੁ –
"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ।"
– ਜਪੁ ੧, ੫:੧੦ (2)

ਇਕੇ –
"ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ।" (ਇਕੋ ਹੀ)
– ਗਉ ੪, ਵਾਰ ੮:੨ (304)

ਏਕ –
"ਵਾਰਿਆ ਨ ਜਾਵਾ ਏਕ ਵਾਰ।"
– ਜਪੁ ੧, ੧੬:੨੩ (3)

ਏਕਿ –
"ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ।"
– ਰਾਮ ੧, ੧, ੩:੨ (876)

ਏਕੁ –
"ਪੰਚਾ ਕਾ ਗੁਰੁ ਏਕੁ ਧਿਆਨੁ।"
– ਜਪੁ ੧, ੧੬:੪ (3)

(2) ਇਕ ਪ੍ਰਭੂ/ਪਰਮਾਤਮਾ

"ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ।"
– ਗਉ ੫, ਬਾਅ ੩੫ਸ:੧ (257)

"ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ।"
– ਸੋਰ ਰਵਿ, ੨, ੪:੧ (658)

"ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ।"
– ਧਨਾ ੫, ੩੪, ੨:੧ (679)

"ਪਉਣ ਪਾਣੀ ਅਗਨੀ ਇਕ ਵਾਸਾ।"
– ਮਾਰੂ ੧, ਸੋਲਾ ੧੩, ੪:੧ (1033)

ਹੋਰ ਰੂਪ:

ਇਕੁ –
"ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਸਦ ਬਲਿਹਾਰੈ ਜਾਉ।"
– ਰਾਮ ੫, ਵਾਰ ੪ਸ, ੫, ੧:੩ (958)

"ਗੁਰਿ ਮਿਲਿਐ ਇਕੁ ਪ੍ਰਗਟੁ ਹੋਇ।"
– ਬਸੰ ੪, ੧, ੨:੨ (1177)

ਇਕੋ – ਵੇਖੋ ਇਕੋ (2)

ਏਕ –
"ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ।"
– ਸਿਰੀ ੫, ੮੩, ੩:੨ (47)

"ਸਰਬ ਨਿਰੰਤਰਿ ਰਵਿ ਰਹਿਆ ਜਪਿ ਨਾਨਕ ਜੀਵੈ ਏਕ।"
– ਸਿਰੀ ੫, ੯੮, ੪:੩ (52)

ਏਕੁ –
"ਮਨ ਏਕੁ ਨ ਚੇਤਸਿ ਮੂੜ ਮਨਾ।"
– ਆਸਾ ੧, ਸੋਪੁ ੩, ੧*:੧ (12)

(3) ਅਗੇਤਰ ਵਜੋਂ (ੳ) – ਇਕ ਮਨਿ – ਇਕਾਗਰ ਚਿਤ
"ਜਿਨਿ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ।"
– ਸਿਰੀ ੩, ੩੮, ੧:੧ (28)

"ਭਾਈ ਰੇ ਇਕ ਮਨਿ ਨਾਮੁ ਧਿਆਇ।"
– ਸਿਰੀ ੩, ੪੬, ੧*:੧ (31)

(ਅ) 'ਇਕਰੰਗਿ'

(1) ਇਕ ਰਸ ਹੋਕੇ
"ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ।"
– ਸਿਰੀ ੫, ੮੮, ੧*:੧ (48)

(2) ਇਕ ਰੰਗੁ, ਨਿਆਰਾ
"ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ।"
– ਤਿਲੰ ੪, ਅਸ ੨, ੨੨:੧ (726)

(ੲ) 'ਇਕ ਚਿਤਿ' ਇਕਾਗਰ ਚਿਤ ਨਾਲ
"ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ।"
– ਸਿਰੀ ੪, ਵਾਰ ੧੧:੫ (87)

(ਸ) 'ਇਕ ਭੋਰੀ' ਥੋੜੀ ਜਿਹੀ

"ਨਾਨਕ ਦਾਸੁ ਸਦਾ ਗੁਣ ਗਾਵੈ
ਇਕ ਭੋਰੀ ਨਦਰਿ ਨਿਹਾਲੀਐ ਜੀਉ।"

– ਮਾਝ ੫, ੨੮, ੪:੩ (102)

(ਹ) 'ਇਕ ਪਲੇ' ਤੁਰਤ, ਇਕ ਪਲ ਵਿਚ

"ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ।"

– ਜੈਤ ੫, ਛੰਤ ੨, ੪:੬ (705)

(4) ਕੋਈ ਕੁਝ

"ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।"

– ਆਸਾ ੧, ਅਸ ੧੨, ੬:੧ (418)

"ਇਕ ਆਪੇ ਗੁਰਮੁਖਿ ਕੀਤਿਅਨੁ ਬੂਝਨਿ ਵੀਚਾਰਾ।"

– ਆਸਾ ੩, ਅਸ ੨੭, ੬:੧ (425)

"ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ ਇਨ ਮਹਿ ਕਹੀਐ ਕਿਆ ਕੂੜਾ।" (ਕੁਝ ਨੂੰ)

– ਮਾਰੂ ੫, ਸੋਲਾ ੧੦, ੫:੩ (1081)

ਹੋਰ ਰੂਪ:

ਇਕਿ –

"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।" (ਕੁਝ ਨੂੰ)

– ਜਪੁ ੧, ੨:੪ (1)

"ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ।"

– ਆਸਾ ੪, ਸੋ ੫, ੧੨:੨ (11)

"ਇਕੁ –

"ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ।" (ਕੋਈ ਇਕ ਕੋਈ ਵਿਰਲਾ)

– ਗਉ ਕਬ, ੪੧, ੩:੧ (331)

ਏਕਿ –

"ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ।"

– ਰਾਮ ੫, ੭, ੪:੨ (884)

(5) ਇਕੋ (ਤੂੰ ਹੀ)

"ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ।" (ਇਕੋ ਤੂੰ ਹੀ ਸਭਨਾ ਨੂੰ ਦਾਤਾ ਦੇਂਦਾ ਹੈ।)

– ਧਨਾ ੪, ੧੩, ੨:੨ (670)

"ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ।" (ਇਕੋ ਵਾਰ)

– ਬਸੰ ੧, ਅਸ ੮, ੨:੨ (1190)

ਹੋਰ ਰੂਪ:

ਏਕ –

"ਦੀਬਾਨੁ ਹਮਾਰੋ ਤੁਹੀ ਏਕੁ।"

– ਗਉ ੫, ੧੪੧, ੧*:੧ (210)

(6) ਕੇਵਲ

"ਬਲਿਓ ਚਰਾਗੁ ਅੰਧ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ।"
– ਸਮੁ ੫, ੯:੫ (1387)

ਇਕਸ ----- ਕੇਵਲ ਇਕ (ਪ੍ਰਭੁ)
"ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ।"
– ਸਿਰੀ ੫, ੭੫, ੪:੩ (44)

ਹੋਰ ਰੂਪ:

ਇਕਸੁ –
"ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ।"
– ਸਿਰੀ ੫, ੭੯, ੧*:੨ (45)

ਇਕਸੈ –
"ਇਕਸੈ ਕੀ ਸਾਮਗਰੀ ਇਕਸੈ ਦੀ ਹੈ ਰੀਤਿ।"
– ਸਿਰੀ ੪, ੭੫, ੪:੨ (44)

ਇਕਸਬਦੀ -- ਸਾਧੂਆਂ ਦਾ ਉਹ ਫਿਰਕਾ ਜੋ ਇਕ ਸ਼ਬਦ 'ਅਲਖ' ਆਦਿ ਬੋਲਕੇ ਭਿਖਿਆ ਮੰਗਦੇ ਹਨ ਅਤੇ ਇਸੇ ਵਿਚ ਹੀ ਪ੍ਰਭੂ ਪ੍ਰਾਪਤੀ ਸਮਝਦੇ ਹਨ।
"ਇਕਸਬਦੀ ਬਹੁ ਰੂਪਿ ਅਵਧੂਤਾ।"
– ਸਿਰੀ ੫, ਅਸ ੨੭, ੫:੧ (71)

ਇਕਸਰ ---- ਇਕਲਿਆਂ ਹੀ (ਸ਼ਬਦਾਰਥ) ਸਮਾਨ, ਬਰਾਬਰ (ਮਹਾਨਕੋਸ਼), ਇਕਠਾ (ਕੋਸ਼)
"ਮਰਤੀ ਬਾਰ ਇਕਸਰ ਦੁਖੁ ਪਾਇਆ।"
– ਸੂਹੀ ਕਬ, ੧, ੨:੨ (792)

ਇਕਸਾਹਾ --- ਇਕੋ ਸਾਹ ਨਾਲ, ਲਗਾਤਾਰ, ਨਿਰੰਤਰ
"ਇਕ ਸਾਹਾ ਤੁਧੁ ਧਿਆਇਦਾ।"
– ਸਿਰੀ ੫, ਅਸ ੨੯, ੬:੨ (73)

ਇਕਸੁ ----- (1) ਇਕ
"ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ।"
– ਗਉ ੧੬੯, ੩:੧ (218)
"ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ।"
– ਬਿਹਾ ੫, ਛੰਤ ੭, ੨:੫ (546)

ਹੋਰ ਰੂਪ:

ਏਕਸ –
"ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ।"
– ਸਲੋ ਕਬ, ੩੪:੨ (1366)

ਏਕਸੁ –
"ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ।"
– ਗਉ, ੫, ੧੩੨*, ੨:੧ (208)

ਏਕਹਿ –
"ਏਕਹਿ ਆਪਿ ਅਨੇਕਹਿ ਭਾਤਿ।"

– ਗਉ ੫, ਅਸ ੬, ੭:੨ (238)
“ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ।”
– ਭੈਰ ਕਬ, ੧੭, ੪:੨ (1161)

(2) ਕੇਵਲ ਇਕ ਪ੍ਰਭੂ – ਵੇਖੋ ‘ਇਕਸ’

ਹੋਰ ਰੂਪ:

ਏਕਸ –
“ਮੇਰੇ ਮਨ ਏਕਸ ਸਿਉ ਚਿਤੁ ਲਾਇ।”
ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ।” (ਇਕ ਪ੍ਰਭੂ)
– ਸਿਰੀ ੫, ੭੬, ੧:੧*;੨ (44)

ਏਕਸੁ –
“ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ।”
– ਸਿਰੀ ੫, ੮੧, ੧:੨ (46)

ਏਕਸੇ –
“ਤਤੁ ਚੁਗਹਿ ਮਿਲਿ ਏਕਸੇ ਤਿਨ ਕਉ ਫਾਸ ਨ ਰੰਚ।” (ਇਕ ਪ੍ਰਭੂ ਨੂੰ)
– ਰਾਮ ੧, ਓਅੰ ੩੩:੨ (934)

ਏਕਸੈ –
“ਸਭੁ ਲੋਕੁ ਸਲਾਹੇ ਏਕਸੈ।”
– ਬਸੰ ੧, ੨, ੪:੨ (1168)

ਏਕਹਿ –
“ਯਾ ਜੁਗ ਮਹਿ ਏਕਹਿ ਕਉ ਆਇਆ।” (ਇਕੋ ਹਰਿ ਪ੍ਰਭੂ ਲਈ)
– ਗਉ ੫, ਬਾਅ ੬:੧ (251)

ਇਕਸੈ ----- ਵੇਖੋ ‘ਇਕਸ’

ਇਕਹੁ ----- ਇਕ (ਰੂਪ) ਤੋਂ
“ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ।”
– ਸਵ, ੩, ੧:੫ (1394)

ਇਕਠਾ ---- ਏਕਤ੍ਰਿਤ, ਇਕੋ ਸਥਾਨ ਤੇ ਜਮ੍ਹਾਂ
“ਵੈਦਾ ਸੰਦਾ ਸੰਗੁ ਇਕਠਾ ਹੋਇਆ।”
– ਫੁਨ ੫, ੨੩:੧ (1363)

ਹੋਰ ਰੂਪ:

ਇਕਠੀਆ–
“ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ।”
– ਸਿਰੀ ੫, ਅਸ ੨੯, ੧੭:੩ (74)

ਇਕਠੇ –
“ਸਭ ਇਕਠੇ ਹੋਇ ਆਇਆ।”
– ਸਿਰੀ ੫, ਅਸ ੨੯, ੧੯:੧ (74)

ਇਕਠੇ ----- (1) ਮਿਲ ਕੇ, ਰਲ ਕੇ
“ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।”

– ਸੂਹੀ ੩, ਵਾਰ ੯ਸ, ੩, ੩:੧ (788)

(2) ਏਕਤ੍ਰਿਤ – ਵੇਖੋ ਇਕਠਾ

ਇਕਤ ----- ਇਕੱਠੀ, ਇਕਤਰ

"ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ।"

– ਸਿਰੀ ੫, ੭੧, ੩:੧ (42)

ਇਕੰਤੀ ---- ਇਕਲਾ (ਸ਼ਬਦਾਰਥ) (ਸੰ.) – ਜੋ ਪ੍ਰੇਮ ਨੂੰ ਆਪਣੇ ਮਨ ਵਿਚ ਗੁਪਤ ਰੱਖਦਾ ਹੈ (ਮਹਾਨਕੋਸ਼) ਨਵੇਕਲਾ ਰਹਿਣਾ ਵਾਲਾ (ਨਿਰਣੈ)

"ਆਪਿ ਇਕੰਤੀ ਆਪਿ ਪਸਾਰਾ।"

– ਮਾਝ ੫, ੪੮, ੩:੨ (108)

ਇਕਤੀਆਰ – (ਅ. ਅਖਤਿਆਰ) – ਧਾਰਨ/ ਅੰਗੀਕਾਰ ਕਰ

"ਬੰਦੇ ਬੰਦਗੀ ਇਕਤੀਆਰ।"

–ਗਉ ਕਬ, ੬੯, ੧*:੧ (338)

ਇਕਤੁ ----- (1) ਇਕੋ

"ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ।"

– ਸਿਰੀ ੧, ੭੧, ੩:੧ (58)

"ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ।"

– ਮਾਝ ੧, ਵਾਰ ੧੭:੮ (146)

ਹੋਰ ਰੂਪ:

ਇਕਤੈ –

"ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿਵੈ ਨਿਬਾਹਿ ਜੀਉ।"

– ਸਿਰੀ ੧, ਅਸ ੨੯, ੩:੩ (73)

(2) ਸੈਂ ਸਰੂਪ ਵਿਚ (ਭਾਵ)

"ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ।
ਦੁਹੀ ਮਿਲਿ ਕੈ ਸ੍ਰਿਸਟਿ ਉਪਾਈ।
ਦੋਵੈ ਮਾਰਿ ਜਾਇ ਇਕਤੁ ਘਰਿ ਆਵੈ
ਗੁਰਮਤਿ ਸਹਿਜ ਸਮਾਵਣਿਆ।"

– ਮਾਝ ੩, ਅਸ ੨੮, ੪:੩ (126)

(3) (ਸੰ. , ਏਕਤ੍ਰਣ) – ਏਕਤਾ ਦੇ, ਏਕਤ' ਦੇ

"ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ।"

– ਆਸਾ ੪, ਛੰਤ ੯, ੫:੨ (443)

"ਧਾਵਤੁ ਰਾਖੈ ਇਕਤੁ ਘਰਿ ਆਣੈ।"

– ਸਿਰੀ ੪, ਵਾਰ ੧੪ਸ, ੩, ੨:੩ (88)

ਹੋਰ ਰੂਪ:

ਇਕਤੈ –

"ਅਠੀ ਵੇਪਰਵਾਹ ਰਹਨਿ ਇਕਤੈ ਰੰਗਿ।"

– ਮਾਝ ੧, ਵਾਰ ੧੭ਸ, ੨, ੨:੨ (146)

ਇਕਤ੍ਰ ----- ਇਕਠੇ

"ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ।"

- ਗਉ ੫, ਛੰਤ ੨, ੧:੪ (248)

ਹੋਰ ਰੂਪ:

ਇਕਤ੍ਰਾ –

"ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ।"

- ਗਉ ੫, ੧੩੨*, ੨:੧ (208)

ਇਕਥੈ ----- ਇਕ ਪਾਸੇ

"ਇਕਥੈ ਪੜਿ ਬੁਝੈ ਸਭੁ ਆਪੇ ਇਕਥੈ ਆਪੇ ਕਰੇ ਇਆਣੇ।"

- ਬਿਹ ੪, ਵਾਰ ੧੧:੩ (522)

"ਇਕਥੈ ਗੁਪਤੁ ਪਰਗਟੁ ਹੈ ਆਪੇ ਗੁਰਮੁਖਿ ਭ੍ਰਮ ਭਉ ਜਾਈ ਹੇ।" (ਇਕ ਥਾਂ/ਸਥਾਨ ਤੇ)

- ਮਾਰੂ ੩, ੪, ੧੫:੩ (1048)

ਇਕਦਮੀ --- ਇਕ ਸੁਆਸ ਦਾ, ਅਤਿ ਥੁੜ ਚਿਰਾ

"ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।"

- ਧਨਾ ੧, ੨, ੧:੧ (660)

ਇਕਦੂ ----- ਇਕ ਤੋਂ

"('ਦੂ' – ਤੋਂ, ਨਾਲੋਂ ਦੇ ਅਰਥਾਂ ਵਿਚ 'ਸਭਦੂ' 'ਆਪਦੂ' ਨਾਲ ਵੀ ਆਇਆ ਹੈ। ਵੇਖੋ 'ਦੂ')

"ਨਾਨਕ ਆਖਣਿ ਸਭੁ ਕੋ ਆਖੈ ਇਕਦੂ ਇਕੁ ਸਿਆਣਾ।"

- ਜਪੁ ੧, ੨੧:੧੬ (5)

"ਇਕਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ।"

- ਸੂਹੀ ੧, ਕੁਚ ੧:੨ (762)

ਇਕਨਾ ----- ਕਈਆਂ ਨੂੰ, ਕੁਝ ਨੂੰ

"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।"

- ਜਪੁ ੧, ੨:੪ (1)

"ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ।"

- ਸਿਰੀ ੧, ੬, ੩:੨ (16)

ਹੋਰ ਰੂਪ:

ਇਕਨੀ –

"ਇਕਨੀ ਬਧੇ ਭਾਰ ਇਕਨਾ ਤਾਖਤੀ।"

-ਮਾਝ ੧, ਵਾਰ ੧੦:੮ (142)

ਇਕਨੈ –

"ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ।"

- ਸਿਰੀ ੧, ਅਸ ੧੪, ੬:੨ (62)

ਇਕਨ੍ਹਾ –

"ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ।"

– ਆਸਾ ੧, ਅਸ ੧੧, ੬:੧ (417)

ਇਕਨ੍ਹੀ –
"ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ।"
– ਆਸਾ ੧, ਵਾਰ ੨੪ਸ, ੧, ੧:੨ (475)

ਇਕਨਿ ----- ਕੋਈ ਵਿਰਲਾ
"ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ।"
– ਸਲੋ ਫਰ, ੧੧੮:੨ (1384)

ਇਕਫਾ ----- ਇਕ ਰੂਪ (ਸ਼ਬਦਾਰਥ, ਬਾਣੀ ਪ੍ਰਕਾਸ਼, ਕੋਸ਼, ਦਰਪਣ) (ਅ. ਇਕਫਾ) ਗਾਇਨ ਕਰਨ ਦੀ ਕਿਰਿਆ, ਹੋਰ ਵਲੋਂ ਮੋੜ ਕੇ ਆਪਣੇ ਵਲ ਲਾਉਣਾ (ਮਹਾਨਕੋਸ਼)
"ਹਰਿ ਹਰਿ ਆਪੁ ਧਰਿਓ ਹਰਿ ਜਨ ਮਹਿ ਜਨ ਨਾਨਕੁ ਹਰਿ ਪ੍ਰਭੁ ਇਕਫਾ।"
– ਪ੍ਰਭਾ ੪, ੫, ੪:੨ (1337)

ਇਕਮਨਿ --- 1. ਇਕਾਗਰਚਿਤ, ਇਕਾਗਰਤਾ ਨਾਲ, ਵੇਖੋ 'ਇਕ (3)
2. ਪੂਰੀ ਤਰ੍ਹਾਂ (ਨਿਰਣੈ): ਦਿਲੋਂ ਹੋ ਕੇ (ਬਾਣੀ ਪ੍ਰਕਾਸ਼): ਖਾਸ ਧਿਆਨ ਨਾਲ (ਦਰਪਣ) ਪ੍ਰਭੂ, ਕਰਤਾਰ, (ਮਹਾਨਕੋਸ਼)
"ਜਿਨ ਇਕਮਨਿ ਤੁਠਾ ਸੇ ਸਤਿਗੁਰ ਸੇਵਾ ਲਾਏ।"
– ਗਉ ੩, ੨੭, ੩:੧ (160)

ਇਕ ਰੰਗੀ --- (1) ਇਕ ਰਸ ਵਿਚ ਰਹਿਣ ਵਾਲੇ: ਇਕ ਵਾਹਿਗੁਰੂ ਦੇ ਰੰਗ ਵਾਲੇ
"ਸਾਚਿ ਰਤੇ ਭਗਤ ਇਕ ਰੰਗੀ ਦੂਜਾ ਰੰਗੁ ਨ ਕੋਈ।"
– ਸੂਹੀ ੩, ਛੰਤ ੩, ੪:੫ (769)
"ਸਾਚੈ ਸਬਦਿ ਰਤੇ ਇਕ ਰੰਗੀ ਸਾਚੈ ਸਬਦਿ ਮਿਲਾਈ ਹੇ।"
– ਮਾਰੂ ੩, ਸੋਲਾ ੩, ੧੧:੩ (1046)
(2) ਇਕ ਰਸ ਹੋਕੇ, ਹੋਰ ਵੇਖੋ 'ਇਕ' (3)
"ਸਬਦ ਰਤੇ ਸਦਾ ਇਕ ਰੰਗੀ ਹਰਿ ਸਿਉ ਰਹੇ ਸਮਾਈ।"
– ਸੋਰ ੩, ੩, ੧:੩ (600)

ਇਕਲ ----- ਇਕਲਾ
"ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ।"
– ਸਲੋ ਫਰ, ੬੬:੨ (1381)

ਇਕਾ ------ (1) ਇਕੋ/ਕੇਵਲ ਇਕ ਪ੍ਰਭੂ
"ਸਭਨਾ ਜੀਆ ਇਕਾ ਛਾਉ।"
–ਸਿਰੀ ੭, ਵਾਰ ੩ਸ, ੧, ੧:੨ (83)
(2) ਇਕੋ
"ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ।"
– ਮਾਝ ੪, ੭, ੩:੨ (96)
"ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ।"
– ਸਿਰੀ ੫, ੭੫, ੧:੩ (43)
(3) ਇਕ–
"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।" (ਸ਼ਬਦ ਇਕ ਹੈ)

– ਸੋਰ ੪, ਵਾਰ ੧੦ਸ, ੩, ੨:੧ (646)

ਇਕਾਕੀ ---- ਇਕੋ ਹਰੀ ਦੀ, ਇਕ ਮਾਤਰ ਹਰੀ ਦੀ
"ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ।"
– ਧਨਾ ੪, ੬, ੧*:੨ (668)

ਇਕਾਂਤ ----- ਨਵੇਕਲਾ, ਅਲਗ, ਇਕਲਾ
"ਪੇਖਿ ਪੇਖਿ ਬਿਗਸਾਉ ਸਾਜਨ ਪ੍ਰਭੁ ਆਪਨਾ ਇਕਾਂਤ।"
– ਕਾਨ ੫, ੧੫, ੧*:੧ (1301)

ਹੋਰ ਰੂਪ:

ਇਕਾਂਤਿ
"ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।"
– ਰਾਮ ੧, ਸਿਗੋ ੫:੩ (938)

ਇਕਾਂਤੀ
"ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ।"
– ਮਾਰੂ ੫, ੧੫, ੧:੨ (1003)

ਇਕਾਤੀ ---- (1) ਇਕਲਾ ਰਹਿਣ ਵਾਲਾ, ਨਵੇਕਲਾ
"ਆਪਿ ਇਕਾਤੀ ਹੋਇ ਰਹੈ ਆਪੇ ਵਡ ਪਰਵਾਰੁ।"
– ਬਿਹਾ ੪, ਵਾਰ ੨੧:੩ (556)

ਹੋਰ ਰੂਪ:

ਇਕਾਂਤੀ –
"ਸੋ ਇਕਾਂਤੀ ਜਿਸੁ ਰਿਦਾ ਥਾਇ।"
– ਬਸੰ ੫, ੩, ੩:੩ (1180)

ਇਕਾਤੀਆ –
"ਆਪੇ ਹੀ ਵਡ ਪਰਵਾਰੁ ਆਪਿ ਇਕਾਤੀਆ।"
– ਰਾਮ ੫, ਵਾਰ ੨੦:੧ (965)

(2) ਅਨਿਨ – (ਸੰ.੍ਰ) ਉਹ ਭਗਤ ਜੋ ਪ੍ਰੇਮ ਨੂੰ ਹਿਰਦੇ ਵਿਚ ਗੁਪਤ ਰਖਦਾ ਹੈ।
"ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤੁ ਇਕਾਤੀ ਜੀਉ।"
– ਮਾਝ ੫, ੧੩, ੩:੩ (98)

ਇਕਿ ------ (1) ਕੋਈ ਇਕ
"ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ।"
– ਰਾਮ ੩, ਅਨੰ ੧੩:੩ (918)

(2) ਇਕ, ਵੇਖੋ 'ਇਕ' (1)
(3) ਕੁਝ, ਵੇਖੋ 'ਇਕ' (4)

ਇਕੀਸ ----- (1) ਇਕ+ਈਸ਼ – ਇਕ ਪ੍ਰਭੂ
"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।"
– ਜਪੁ ੧, ੩੨:੩ (7)

(2) ਇਕੀਹ, ਵੀਹ ਤੇ ਇਕ

(ਪਰੰਪਰਾ ਅਨੁਸਾਰ ਇਹ ਗਿਣਤੀ ਇਉਂ ਬਣਾਈ ਗਈ ਹੈ।)
5 ਤੱਤ (ਅਗਨ, ਮਿੱਟੀ, ਪਾਣੀ, ਹਵਾ, ਆਕਾਸ਼) 5 ਵਿਸ਼ੇ (ਸ਼ਬਦ, ਸਪਰਸ਼, ਰੂਪ, ਰਸ, ਗੰਧ), 10 ਪ੍ਰਾਣ (ਪ੍ਰਾਣ, ਅਨਾਥ, ਸਮਾਨ, ਵਸਣ, ਉਦਾਨ, ਨਾਗ, ਨੂਰਮ, ਕ੍ਰਿਕਲ, ਦੇਵਦਤ, ਧਨੰਤਰ) ਤੇ ਆਤਮਾ
"ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ।"
– ਗਉ ਕਬ, ੫੪, ੧:੧ (335)

(3) 'ਬੀਸ ਇਕੀਸ' ਮੁਹਾਵਰੇ ਦੇ ਰੂਪ ਵਿਚ– ਭਾਵ ਹੈ ਅਵਸ਼
"ਗੁਰਮਤਿ ਮਿਲੀਐ ਬੀਸ ਇਕੀਸ।"
– ਰਾਮ ੧, ਓਅੰ ੨੫:੮ (933)

ਇਕੀਹ ----- ਇਕੀਸ, ਵੀਹ ਤੇ ਇਕ
"ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ।"
– ਗਉ ੪, ੪੬, ੨:੩ (166)

ਇਕੁ ------ ਅਣਵੰਡਿਆ, ਸਾਬਤ
"ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ।"
– ਆਸਾ ੧, ਵਾਰ ੧੧ਸ, ੧, ੧:੩ (468)

(2) ਇਕ, ਵੇਖੋ 'ਇਕ' (1)
(3) ਇਕ ਪ੍ਰਭੂ, ਵੇਖੋ 'ਇਕ((2)
(4) ਕੋਈ ਵਿਰਲਾ – ਵੇਖੋ 'ਇਕ' (4)
(5) ਕਿਸੇ ਨੂੰ
"ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।"
– ਸਲੋ ਫਰ, ੧੨੯:੧ (1384)

ਇਕੇਲੜੀਆਹ – ਇਕਲੀਆਂ
"ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ।"
– ਮਾਝ ੫, ਬਾਰਾ ੧੦:੪ (135)

ਇਕੇਲਾ ---- (1) ਇਕਲਾ
"ਜਿਹ ਮਾਰਗਿ ਇਹੁ ਜਾਤ ਇਕੇਲਾ।"
– ਗਉ ੫, ਸੁਖ ੨, ੨:੭ (264)

ਹੋਰ ਰੂਪ:

ਇਕੇਲੀ –
"ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ।" (ਇਕਲਿਆਂ ਹੀ)
– ਬਿਹਾ ੫, ਛੰਤ ੭, ੧:੫ (546)

(2) ਇਕਾਂਤ ਵਿਚ
"ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ।"
– ਤਿਲੰ ੧, ੫, ੨:੨ (723)

(3) ਇਕ ਇਕ ਕਰਨਾ, ਵਖ–ਵਖ ਕਰਨਾ
"ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ।"
ਪਵਨੁ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ।"

– ਰਾਮ ੫, ੭, ੨:੧;੨ (884)

(4) ਕੋਈ, ਵਿਰਲਾ
"ਹਰਿ ਸਿਮਰਨ ਕੀ ਸਗਲੀ ਬੇਲਾ।
ਹਰਿ ਸਿਮਰਨੁ ਬਹੁ ਮਾਹਿ ਇਕੇਲਾ।"
– ਭੈਰ ੫, ੪੯, ੩:੨ (1150)

ਇਕੋ ------ (1) ਇਕ ਹੀ
"ਲੇਖਾ ਇਕੋ ਆਵਹੁ ਜਾਹੁ।"
– ਸਿਰੀ ੧, ੩੦, ੧:੪ (25)
"ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ।" (ਇਕੋ ਇਕ)
– ਸਿਰੀ ੫, ੭੧, ੪:੧ (42)
"ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ।" (ਕੇਵਲ ਇਕ ਹੀ)
– ਮਾਝ ੫, ਬਾਰਾ ੬:੨ (134)

ਹੋਰ ਰੂਪ:

ਏਕੋੁ –
"ਭਗਤਾ ਕੀ ਜਤਿ ਪਤਿ ਏਕੋੁ ਨਾਮ ਹੈ ਆਪੇ ਲਏ ਸਵਾਰਿ।"
–ਆਸਾ ੩, ੩੬, ੮:੧ (429)

(2) ਇਕ ਪ੍ਰਭੂ
"ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ।"
– ਸਿਰੀ ੫, ੭੫, ੧:੧ (43)

(3) ਇਕੋ ਜਿਹਾ
"ਗੁਰਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ।"
– ਸੋਰ ੪, ਵਾਰ ੧੪:੪ (648)

ਇਕੋਡੀ ---- ਗੋਡੇ ਪਰਣੇ, ਡਿੰਗੀ ਇਥੇ ਉਲਟੀ, ਪੁਠੀ
"ਕਹਿਹ ਤ ਧਰਨਿ ਇਕੋਡੀ ਕਰਉ।"
– ਭੈਰ ਨਾਮੁ, ੧੦, ੧੭:੧ (1166)

ਇਖ ------ (ਸੰ.) ਗੰਨਾ
"ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਟੈ।"
– ਮਾਰੂ ੫, ਵਾਰ ੧੩ਸ, ੫, ੨:੨ (1098)

ਹੋਰ ਰੂਪ:

ਈਖ –
"ਸ਼ਬਦਿ ਰਤੇ ਮੀਠੇ ਰਸ ਈਖ।"
– ਗਉ ੧, ੫, ੩:੪ (152)

ਇਖਲਾਸ --- (ਅ. ਅਖਲਾਸ) ਪਵਿਤਰਤਾ, ਖਾਲਿਸਪੁਣਾ
"ਰਿਦੈ ਇਖਲਾਸੁ ਨਿਰੀਖ ਲੇ ਮੀਰਾ।"
– ਭੈਰ ਕਬ, ੭, ੪:੧ (1159)

ਇਛ ------ (ਸੰ.) ਇੱਛਾ, ਖਾਹਿਸ਼, ਚਾਹਨਾ, ਮੁਰਾਦ

"ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ।"
– ਸਿਰੀ ੫, ਛੰਤ ੨, ੪:੩ (80)

ਹੋਰ ਰੂਪ:

ਇਛਸਿ –
"ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ।" (ਚਾਹੁੰਦਾ/ਇੱਛਾ ਕਰਦਾ ਹੈ।)
– ਗੂਜ ਜੈਦ ੧, ੨:੧ (526)

ਇਛਹਿ –
"ਹਰਿ ਚੇਤਿ ਅਚੇਤ ਮਨਾ ਜੋ ਇਛਹਿ ਸੋ ਫਲੁ ਹੋਈ।" (ਚਾਹੇ, ਮੰਗੇ)
– ਗੂਜ ੩, ੭, ੧*:੧ (491)

ਇਛਹੁ –
"ਜੋ ਇਛਹੁ ਸੋਈ ਫਲੁ ਪਾਵਹੁ ਫਿਰਿ ਭੁਖ ਨ ਲਾਗੈ ਆਇ।"
– ਆਸਾ ੪, ੬੩, ੨:੨ (368)

ਇਛਤ –
"ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਤ ਹੈ।" (ਚਾਹੇ)
– ਸਵ ੪, ਮਥੁ ੩:੩ (1404)

ਇਛਦਾ –
"ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ।"
– ਗਉ ੪, ਵਾਰ ੫ਸ, ੪, ੨:੫ (302)

ਇਛਨਿ –
"ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ।"
– ਮਾਰੂ ੩, ਵਾਰ ੧੪:੨ (1091)

ਇਛਿਅੜਾ –
"ਜੀਇ ਇਛਿਅੜਾ ਫਲੁ ਪਾਇਆ।"
– ਸਿਰੀ ੧, ਅਸ ੨੮, ੧੯:੨ (72)

ਇਛੀ –
"ਚਿਤੁ ਥਿਰੁ ਰਾਖੈ ਸੋ ਮੁਕਤਿ ਹੋਵੈ ਜੋ ਇਛੀ ਸੋਇ ਫਲੁ ਪਾਈ।"
– ਗੂਜ ੩, ੧, ੧:੩ (506)

ਇਛੇ –
"ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ।"
– ਸਿਰੀ ੫, ੮੭, ੧*:੨ (48)

ਇਛੈ –
"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ।"
– ਸਿਰੀ ੩, ੩੪, ੧:੩ (26)

ਇਛਾ ------ ਖਾਹਿਸ਼, ਮੁਰਾਦ, ਵੇਖੋ 'ਇਛ'
"ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ।"
– ਸਿਰੀ ੩, ੫੪, ੨:੧ (34)

ਹੋਰ ਰੂਪ:

ਇਛਾਂ –
“ਮਨ ਕੀਆ ਇਛਾਂ ਪੂਰੀਆ ਪਾਇਆ ਨਾਮੁ ਨਿਧਾਨੁ।”
– ਸਿਰੀ ੫, ੮੧, ੨:੧ (46)

ਇਛਾਚਾਰਹ -- (ਸੰ.) – ਇਛਾ/ਮਰਜ਼ੀ ਅਨੁਸਾਰ ਵਿਚਰਨ ਵਾਲਾ, ਕਾਰਜ ਵਿਚ ਸੁਤੰਤਰ
“ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾਚਾਰਹ।”
– ਸਵ ੨, ੬:੧ (1392)

ਇਛਾਪੂਰਕੁ -- ਖਾਹਿਸ਼ਾਂ ਪੂਰੀਆਂ ਕਰਨ ਵਾਲਾ
“ਇਛਾਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ।”
– ਧਨਾ ੪, ੧੨, ੧:੧ (669)

ਇਜਾਰਾ ---- (ਅ. ਆਜ਼ਾਦ) ਪਾਜਾਮਾ
“ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ।”
– ਭੈਰ ਨਾਮ, ੧, ੨:੧ (1167)

ਇਟ ------ (ਸੰ. ,) ਮਿੱਟੀ ਦੀ ਆਇਤਾਕਾਰ ਆਕਾਰ ਦੀ ਵਸਤੂ ਜਿਸ ਨੂੰ ਅਗਨੀ ਵਿਚ ਪਕਾ ਕੇ ਅਥਵਾ ਕਚਿਆਂ ਹੀ ਭਵਨ ਜਾਂ ਹੋਰ ਉਸਾਰੀ ਲਈ ਵਰਤਿਆਂ ਜਾਂਦਾ ਹੈ।
“ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ।”
– ਸਲੋ ਫਰ, ੬੭:੧ (1381)

ਹੋਰ ਰੂਪ:

ਈਂਟ –
“ਮਤਿ ਕੋਊ ਮਾਰੈ ਈਂਟ ਢੇਮ।”
– ਬਸੰ ਕਬ, ੧*:੪;੨ (1196)

ਇਠ ------ (ਸੰ.) ਪਿਆਰਾ
“ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨਾ ਸਿੰਨਾ।”
– ਜੈਤੁ ੫, ਵਾਰ ੭:੩ (707)

ਹੋਰ ਰੂਪ:

ਇਠੜਾ –
“ਗੋਸਾਈ ਮਿਹੰਡਾ ਇਠੜਾ।”
– ਸਿਰੀ ੫, ਅਸ ੨੯, ੧:੧ (73)

ਇਠੈ –
“ਹਰਿ ਇਠੈ ਨਿਤ ਧਿਆਇਦਾ।” (ਪਿਆਰੇ ਨੂੰ)
– ਸਿਰੀ ੫, ਅਸ ੨੯, ੭:੧ (73)

ਇਤ ------ (1) ਇਧਰ
“ਇਤ ਉਤੁ ਜਾਹਿ ਕਾਲ ਕੇ ਚਾਪੇ।”
– ਆਸਾ ੧, ਅਸ ੮, ੧:੩ (415)

“ਇਤ ਉਤ ਮਾਇਆ ਦੇਖਿ ਪਸਾਰੀ ਮੋਹ ਮਾਇਆ ਕੈ ਮਗਨੁ ਭਇਆ।” (ਚਾਰੇ ਪਾਸੇ ਇਧਰ ਉਧਰ)
– ਰਾਮ ੧, ਅਸ ੭, ੫:੨ (906)

(2) ਇਸ ਲੋਕ ਵਿਚ, ਇਥੇ
"ਇਤ ਉਤ ਮਨਮੁਖ ਬਾਧੇ ਕਾਲ।"
– ਗਉ ੧, ੧੧, ੩:੨ (154)

(ਨੋਟ: ਇਹ ਸ਼ਬਦ 'ਇਤ ਉਤ' 'ਇਤ ਉਤਹਿ' 'ਇਤ ਊਤ' ਦੇ ਰੂਪ ਵਿਚ ਹੀ ਆਇਆ ਹੈ– ਭਾਵ ਹੈ 'ਹਰ ਥਾਂ' ਇਸ ਲੋਕ ਵਿਚ ਤੇ ਪਰਲੋਕ ਵਿਚ ਵੀ, ਕਿਤੇ ਕਿਤੇ ਇਹ 'ਇਧਰ ਉਧਰ' ਚਾਰੇ ਪਾਸੇ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ।)

(3) ਇਸ ਨਾਲ
"ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ।"
– ਸੂਹੀ ੪, ਅਸ ੧, ੩:੧ (757)

ਇਤ ਨਕੁ --- ਐਨਾ ਕੁ, ਥੋੜਾ ਜਿਹਾ
"ਤਬ ਹਮ ਇਤਨਕੁ ਪਸਰਿਓ ਤਾਨਾਂ।"
– ਆਸਾ ਕਬ, ੩੬, ੧:੨ (484)

"ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ।" (ਇਤਨੀ ਕੁ)
– ਕੇਦਾ ਕਬ, ੬, ੧*:੨ (1128)

ਹੋਰ ਰੂਪ:

ਇਤਨਾਕੁ –
"ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।"
– ਸਿਰੀ ਕਬ ੧, ੧:੧ (91)

ਇਤਨੀ ----- ਐਨੀ ਕੁ (ਗਲ)
"ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ।"
– ਦੇਵ ੫, ੧੫, ੧*:੨ (531)

"ਅਪੁਨੀ ਇਤਨੀ ਕਛੂ ਨ ਸਾਰੀ।" (ਥੋੜੀ ਵੀ)
– ਸਾਰ ੫, ੫੯, ੧*:੧ (1216)

ਹੋਰ ਰੂਪ:

ਇਤਨੀਕ –
"ਤੁਮ ਵਡੇ ਵਡੇ ਵਡ ਊਚੇ ਹਉ ਇਤਨੀਕ ਲਹੁਰੀਆ ਰਾਮ।"
– ਸੂਹੀ ੫, ਛੰਤ ੪, ੨:੨ (779)

ਇਤਨੇ ----- (1) ਬਹੁਤ ਸਾਰੇ, ਐਨੇ
"ਇਤਨੇ ਜਨਮ ਭੁਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ।"
– ਗਉ ੩, ੩੫, ੩:੧ (162)

(2) ਐਨੀ ਕੁ, ਥੋੜੀ ਜਿਹੀ ਲਈ
"ਇਤਨੇ ਕਉ ਤੁਮ੍ ਕਿਆ ਗਰਬੇ।"
– ਆਸਾ ੫, ੧੪, ੧*:੨ (374)

ਹੋਰ ਰੂਪ:

ਇਤਨੋ –

“ਗਰਬੁ ਬਡੋ ਮੂਲੁ ਇਤਨੋ।”(ਐਨਾ ਕੁ, ਥੋੜਾ/ਨਿਮੂਨਾ ਜਿਹਾ)
– ਗਉ ੫, ੧੪੮*, ੧*:੧ (212)

ਇਤੜੇ ----- ਐਨੇ/ਬਹੁਤ ਸਾਰੇ
“ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ।”
– ਸਵ ੩, ੧੪:੬ (1395)

ਇਤਾਲ ----- ਇਸੇ ਘੜੀ, ਫੌਰਨ
“ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁ ਇਤਾਲ।”
– ਸਲ ਕਬ, ੧੩੮:੧ (1371)

ਇਤੀ ------ (1) ਐਨੀ ਕੁ, ਥੋੜ੍ਹੀ ਜਿਹੀ
“ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ।”
– ਮਾਰੂ ੫, ਵਾਰ ੩ਸ, ੫, ੩:੨ (1095)
(2) ਬਹੁਤ ਸਾਰੀ
“ਆਸਾ ਇਤੀ ਆਸ ਕਿ ਆਸ ਪੁਰਾਈਐ।”
– ਫੁਨ ੫, ੫;੧ (1362)
“ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ। (ਐਨਾ ਵਡੇ/ਬਹੁਤ ਸਾਰੇ)
– ਸਲੋ ਫਰ, ੭੬:੨ (1381)

ਇਤੁ ------ (1) ਇਸ, ਏਸ
“ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ।”
– ਸਿਰੀ ੧, ੨੭, ੧*:੨ (24)
“ਭਉ ਵਟੀ ਇਤੁ ਤਨਿ ਪਾਈਐ।”
– ਸਿਰੀ ੫, ੩੩, ੧:੨ (25)
“ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ।” (ਇਨ੍ਹਾਂ)
– ਗੂਜ ੫, ੨, ੧:੧ (495)
(2) ਐਸੀ, ਇਹੋ ਜਿਹੀ
“ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ।”
– ਗੂਜ ੫, ਵਾਰ ੧੦ਸ, ੩, ੨:੪ (512)

ਇਤੇ ------ ਇਤਨੇ, ਐਨੇ
“ਨਾਨਕ ਸਦ ਬਲਿਹਾਰ ਜਿਸੁ ਗੁਰ ਕੇ ਗੁਣ ਇਤੇ।”
– ਸੋਰ ੪ ਵਾਰ ੨੭:੫ (653)

ਹੋਰ ਰੂਪ:

ਇਤੜੰਤ –
“ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤੜੰਤ ਮਾਇਆ ਬ੍ਯਾਪਿਤੰ।”
– ਸ ਸ ੫, ੧੧:੩ (1355)

ਇੰਦ ------ (ਸੰ.) ਇੰਦਰ ਦੇਵਤਾ
“ਆਖਹਿ ਬਰਮੇ ਆਖਹਿ ਇੰਦ।”
– ਜਪੁ ੧, ੨੬:੧੩ (5)

ਹੋਰ ਰੂਪ:

ਇੰਦੁ –
“ਸੁਣਿਐ ਈਸਰੁ ਬਰਮਾ ਇੰਦੁ।”
– ਜਪੁ ੧, ੯:੧ (2)

ਇੰਦ੍ਰ –
“ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ।”
– ਆਸਾ ੧, ਸੋਦ ੧, ੧:੭ (8)

ਇੰਦ੍ਰਾ –
“ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ।”
– ਦੇਵ ੫, ੨੯, ੧:੨ (534)

ਇੰਦ੍ਰਿ –
“ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ।”
– ਮਾਰੂ ੧, ਸੋਲਾ, ੧੧, ੧੪:੨ (1032)

ਇੰਦ੍ਰੈ –
“ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ।”
– ਮਾਰੂ ੫, ਵਾਰ ੧੮:੨ (1100)

ਇੰਦਾਸਣਿ --- **ਇੰਦਰ ਦਾ ਆਸਣ**
“ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆ ਦਰਿ ਨਾਲੇ।”
– ਜਪੁ ੧, ੨੭:੭ (6)

ਇੰਦ੍ਰਾਸਣਾ –
“ਬ੍ਰਹਮੇ ਤੁਧੁ ਧਿਆਇਨਿ ਇੰਦ੍ਰ ਇੰਦ੍ਰਾਸਣਾ।”
– ਗੂਜ ੫, ਵਾਰ ੨:੩ (518)

ਇੰਦ੍ਰਾਸਣਿ –
“ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ।”
– ਆਸਾ ੧, ਸੋਦ, ੧, ੧:੭ (8)

ਇੰਦੁ ------ **(1) ਬਦਲ**
“ਇੰਦੁ ਵਰਸੈ ਧਰਤਿ ਸੁਹਾਵੀ ਘਟਿ ਘਟਿ ਜੋਤਿ ਸਮਾਣੀ।”
– ਮਲਾ ੧, ਅਸ ੪, ੬:੨ (1275)

ਹੋਰ ਰੂਪ:

ਇੰਦ੍ਰੁ –
“ਜਿਉ ਧਰਣੀ ਕਉ ਇੰਦ੍ਰੁ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ।” (ਮੀਂਹ)
– ਧਨਾ ਨਾਮ, ੩, ੨:੧ (693)

ਇੰਦ੍ਰੈ –
“ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ।”
– ਮਲਾ ੧, ਵਾਰ ੭ਸ, ੩, ੨:੩ (1281)

(2) ਇੰਦਰ ਦੇਵਤਾ – ਵੇਖੋ ‘ਇੰਦ’

ਇੰਦਪੁਰੀ --- **ਉਹ ਪੁਰੀ/ਲੋਕ ਜਿਥੇ ਇੰਦਰ ਦੇਵਤੇ ਦਾ ਰਾਜ ਹੈ।**

"ਇੰਦ੍ਰਪੁਰੀ ਮਹਿ ਸਰਪਰ ਮਰਣਾ।"

– ਗਉ ੫, ਅਸ ੪, ੨:੧ (237)

ਇੰਦ੍ਰਲੋਕ ---- ਇੰਦਰ ਦਾ ਮੰਡਲ, ਇਦ੍ਰਪੁਰੀ, ਸਵਰਗ

"ਬ੍ਰਹਮ ਲੋਕ ਅਰੁ ਰੁਦ੍ ਲੋਕ ਆਈ ਇੰਦ੍ਰ ਲੋਕ ਤੇ ਧਾਇ।"

– ਗੂਜ ੫, ੨੧, ੧:੧ (500)

ਇੰਦ੍ਰਾ ------ (1) ਇੰਦਰਪੁਰੀ, ਸਵਰਗ

"ਮਾਇਆ ਅੰਤਰਿ ਭੀਨੇ ਦੇਵ।
ਸਾਗਰ ਇੰਦ੍ਰਾ ਅਰੁ ਧਰਤੇਵ।"

– ਭੈਰ ਕਬ, ੧੩, ੫:੧;੨ (1160)

(2) ਇੰਦਰ ਦੇਵਤਾ, ਵੇਖੋ 'ਇੰਦ'

ਇੰਦ੍ਰਾਦਿ ---- ਇੰਦਰ ਆਦਿਕ ਦੇਵਤੇ

"ਗਾਵਹਿ ਇੰਦ੍ਰਾਦਿ ਭਗਤ ਪਹਿਲਾਦਿਕ ਆਤਮ ਰਸੁ ਜਿਨਿ ਜਾਣਿਓ।"

– ਸਵ ੧, ੨:੩ (1389)

ਹੋਰ ਰੂਪ:

ਇੰਦ੍ਰਾਦਿਕ –

"ਜਤੀ ਸਤੀ ਸੰਤੋਖੀ ਧਿਆਇਆ ਮੁਖਿ ਇੰਦ੍ਰਾਦਿਕ ਰਵਿਆ।"

– ਮਾਰੂ ੪, ੨, ੧:੨ (995)

ਇੰਦ੍ਰੀ ------ (ਸੰ.) (1) ਸਰੀਰ ਦੇ ਉਹ ਸੂਖਮ ਤੇ ਸਥੂਲ ਅੰਗ ਜਿੰਨ੍ਹਾਂ ਦੁਆਰਾ ਅੰਦਰਲੇ ਅਥਵਾ ਬਾਹਰਲੇ ਵਿਸ਼ਿਆ ਬਾਰੇ ਗਿਆਨ ਪ੍ਰਾਪਤ ਹੋਵੇ: ਇੰਦਰੇ।

"ਇੰਦ੍ਰੀ ਵਸਿ ਸਚ ਸੰਜਮਿ ਜੁਗਤਾ।"

– ਮਾਝ ੩, ੨੧, ੭:੨ (122)

5 ਗਿਆਨ ਤੇ 5 ਕਰਮ ਇੰਦ੍ਰੀਆਂ ਮੰਨੀਆਂ ਜਾਂਦੀਆਂ ਹਨ ਜੋ ਕ੍ਰਮਵਾਰ ਕੰਨ, ਖਲੜੀ, ਅੱਖ, ਜੀਭ, ਨੱਕ ਅਤੇ ਵਾਤ, ਹੱਥ, ਪੈਰ, ਗੁਦਾ ਤੇ ਲਿੰਗ ਹਨ। (ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ). 4 ਅੰਤਹਰਕਣ ਦੀਆਂ ਇੰਦ੍ਰੀਆਂ ਮੰਨੀਆਂ ਜਾਦੀਆਂ ਹਨ–ਮਨ, ਬੁੱਧ, ਚਿੱਤ, ਅੰਹਕਾਰ

ਹੋਰ ਰੂਪ:

ਇੰਦ੍ਰੀਆ –

"ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ।"

– ਮਾਰੂ ੫, ਵਾਰ ੧੦:੫ (1097)

(2) ਵਿਸ਼ੇ ਇੰਦ੍ਰੀ, ਲਿੰਗ

"ਤਗੁ ਨ ਇੰਦ੍ਰੀ ਤਗੁ ਨ ਨਾਰੀ।"

– ਆਸਾ ੧, ਵਾਰ ੧੫ ਸ, ੧, ੪:੧ (471)

"ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ।"

– ਗੌਂਡ ੫, ੨, ੨:੧ (862)

(3) ਵਿਸ਼ਿਆਂ ਵਾਲੀ ਬਿਰਤੀ

"ਅਨੇਕ ਜਤਨ ਕਰੇ ਇੰਦ੍ਰੀ ਵਸਿ ਨ ਹੋਈ।"

– ਮਾਰੂ ੩, ਸੋਲਾ, ੧੯, ੧੫:੧ (1062)

ਇੰਦ੍ਰੀਜਿਤ --- ਇੰਦਰੇ ਜਿੱਤਣ ਵਾਲਾ

"ਇੰਦ੍ਰੀ ਜਿਤ ਪੰਚ ਦੋਖ ਤੇ ਰਹਤ।"

- ਗਉ ੫, ਸੁਖ ੯, ੧:੯ (274)

ਇੰਦ੍ਰੀਰਸ --- ਭੋਗ ਦਾ ਸੁਆਦ

"ਉਰਝਿ ਰਹਿਓ ਇੰਦ੍ਰੀਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ।"

- ਬਿਲਾ ੫, ੮੮, ੧:੨ (821)

ਇਨ ------ (1) ਇਸ ਦਾ ਬਹੁਬਚਨ, ਇੰਨ੍ਹਾਂ

"ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।"

- ਸਿਰੀ ੧, ੨੬, ੨:੧ (23)

ਹੋਰ ਰੂਪ:

ਇਨਾ –

"ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ।"

- ਸਿਰੀ ੧, ਅਸ ੪, ੮:੩ (55)

ਇਨੀ –

"ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ।"

- ਤਿਲੰ ੧, ੪, ੨:੫ (722)

ਇਨ੍ਹ –

"ਇਨ੍ਹ ਮੈ ਕਛੁ ਨਾਹਿ ਤੇਰੋ ਕਾਲ ਅਵਧ ਆਈ।"

- ਧਨਾ ਕਬ ੫, ੧:੨ (692)

ਇਨ੍ਹੀ –

"ਜਿਨਿ ਕਰਿ ਉਪਦੇਸੁ ਗਿਆਨੁ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ।"

- ਆਸਾ ੧ ਵਾਰ ੧੩:੧ (470)

(2) ਇਸ –

"ਮੇਰੇ ਰਾਮ ਰਾਇ ਇਨ ਬਿਧਿ ਮਿਲੈ ਗੁਸਾਈ।"

- ਗਉ ੫, ੧੨੨*, ੪*:੧ (205)

ਹੋਰ ਰੂਪ:

ਇਨਿ –

"ਇਨਿ ਮਨਿ ਡੀਠੀ ਸਭ ਆਵਣ ਜਾਣੀ।"

- ਮਾਝ ੩, ਅਸ ੧੮, ੩:੨ (120)

ਇਨੁ –

"ਘਟ ਹੀ ਭੀਤਰਿ ਸੋ ਸਹੁ ਤੋਲੀ ਇਨੁ ਬਿਧਿ ਚਿਤ ਰਹਾਵਾ।"

- ਸੂਹੀ ੩, ੯, ੨:੨ (731)

ਇਨ੍ਹ –

"ਇਨ੍ਹ ਸਿਉ ਪ੍ਰੀਤਿ ਕਰੀ ਘਨੇਰੀ।"

- ਆਸਾ ੧, ੮੭, ੧:੧ (392)

ਇਨਹਿ ----- ਇੰਨ੍ਹਾਂ ਨੇ

"ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ।"

– ਗਉ ੫, ੧੬੩*, ੧:੧ (215)

ਹੋਰ ਰੂਪ:

ਇਨਹੀ –
“ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ।” (ਇੰਨ੍ਹਾਂ ਨੇ ਹੀ)
– ਗਉ ਕਬ, ਅਸ ੩੬, ੫:੨ (330)

ਇਨਹੁ –
“ਮੇਰੇ ਠਾਕੁਰ ਕੇ ਜਨ ਇਨਹੁ ਨ ਬਾਛਹਿ ਹਰਿ ਮਾਗਹਿ ਹਰਿ ਰਸੁ ਦੀਜੈ।” (ਇੰਨਾ ਨੂੰ)
– ਕਲਿ, ੪ ਅਸ ੧, ੬:੨ (1323)

ਇਨੇਹੀ ----- ਇਹੋ ਜਿਹੀ
“ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ।”
– ਤਿਲੰ ੧, ੨, ੨:੨ (721)

ਇਫਤਰਾ --- (ਅ.) ਮੁਬਾਲਗਾ, ਬਣਾਵਟ
“ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ।”
– ਤਿਲੰ, ਕਬ, ੧, ੧:੧ (727)

ਇਬ ------ ਹੁਣ, ਇਸ ਸਮੇਂ
“ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ।”
– ਵਡ ੧, ਅਲਾ ੪, ੩:੫ (581)

ਇਰੰਡ ----- (ਸੰ.) – ਇਕ ਬੂਟਾ ਜਿਸ ਦੇ ਬੀਜ ਤੋਂ ਨਿਕਲਿਆ ਤੇਲ ਬਾਲਣ ਤੇ ਪੁਰਜ਼ਿਆਂ ਨੂੰ ਦੇਣ ਲਈ ਵਰਤਿਆ ਜਾਂਦਾ ਹੈ, ਇਹ ਤੇਲ ਦਵਾਈਆਂ ਦੇ ਰੂਪ ਵਿਚ ਇਸਤੇਮਾਲ ਹੁੰਦਾ ਹੈ।
“ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।”
– ਆਸਾ ਰਵਿ, ੩, ੧:੧ (486)

ਇਲ ------ ਇਕ ਪੰਛੀ ਜੋ ਉਚਾ ਉਡਦਾ ਹੈ, ਪਰ ਮੁਰਦਾਰ ਖਾਂਦਾ ਹੈ।
“ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ।”
– ਗਉ ੫, ਵਾਰ ੧੭ਸ, ੫, ੨:੨ (322)

ਇਲਤਿ ---- ਸ਼ਰਾਰਤ
“ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ।”
– ਮਲਾ ੧, ਵਾਰ ੨੨ਸ, ੨, ੧:੩ (1288)

ਇਵ ------ (1) ਇਸ ਤਰ੍ਹਾਂ, ਇੰਝ, ਇਉਂ
“ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।”
– ਧਨਾ ੧, ਸੋਹ ੩, ੩:੨ (13)

ਹੋਰ ਰੂਪ:

ਇਵੈ –
“ਕਹੁ ਨਾਨਕ ਨਿਤ ਇਵੈ ਧਿਆਈ।”

- ਆਸਾ ੫, ੬੦, ੪:੧ (386)

(2) ਹੁਣ (ਮਹਾਨਕੋਸ਼)
“ਇਵ ਛੁਟੈ ਫਿਰਿ ਫਾਸ ਨ ਪਾਇ।”
- ਰਾਮ ੧, ਓਅੰ, ੩੯:੯ (935)

ਇਵੇਹਾ ----- (1) ਇਹੋ ਜਿਹਾ, ਇਸ ਪ੍ਰਕਾਰ ਦਾ
“ਧ੍ਰਿਗੁ ਇਵੇਹਾ ਜੀਵਣਾ ਜਿਤੁ ਹਰਿ ਪ੍ਰੀਤਿ ਨ ਪਾਇ।”
- ਗੂਜ ੩, ੩, ੧:੧ (490)

ਹੋਰ ਰੂਪ:

ਇਵੇਹੀ -
“ਸਾਦੁ ਨਾਹੀ ਇਵੇਹੀ ਗਲੈ।” (ਇਹੋ ਜਿਹੀ, ਇਸ)
- ਸਲੋ ੧, ੨੪:੨ (1412)

(2) ਇਸੇ, ਹੁਣ ਦੀ
“ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।”
- ਮਾਰੂ ੫, ਵਾਰ ੭ਸ, ੫, ੧:੨ (1096)

ਇੜਾ ------ (ਸੰ.) - ਜੋਗੀਆਂ ਅਨੁਸਾਰ ਇਕ ਨਾੜੀ ਜੋ ਖੱਬੀ ਨਾਸਿਕਾ ਤੋਂ ਕੰਗਰੋੜ ਰਾਹੀਂ ਦਿਮਾਗ ਤੱਕ ਜਾਂਦੀ ਹੈ, ਜਿਸ ਰਾਹੀਂ ਪਰਣਾਯਾਮ ਸਮੇਂ ਸਵਾਸ ਨੂੰ ਅੰਦਰ ਖਿਚਿਆ ਜਾਂਦਾ ਹੈ, ਇਸ ਨੂੰ ਚੰਦ੍ਰ ਨਾੜੀ ਵੀ ਆਖਿਆ ਜਾਂਦਾ ਹੈ।
“ਇੜਾ ਪਿੰਗੁਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ।”
- ਗਉ ਕਬ, ੫੨, ੧:੨ (334)

ਈ ------- (1) ਹਈ
“ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ।”
- ਗਉ ੫, ਵਾਰ ੨ਸ, ੫, ੧:੧ (318)

(2) ਹੀ
“ਕਰਮ ਧਰਮ ਸਗਲਾ ਈ ਖੋਵੈ।”
- ਧਨਾ ੫, ੨੨, ੩:੨ (676)

“ਐਸੋ ਗਿਆਨ ਬਿਰਲੋ ਈ ਪਾਏ।”
- ਬਿਲਾ ੪, ੬, ੧*:੧ (803)

(3) ਸਰਸਵਤੀ (ਮਹਾਨਕੋਸ਼)
“ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।” (ਮ: ਲਛਮੀ ਈ ਸਰਸਵਤੀ)
- ਜਪੁ ੧, ੫:੮ (2)

ਈਂ ------- (ਫਾ.) ਇਹ
“ਗਾਹੇ ਨ ਨੇਕੀ ਕਾਰ ਕਰਦਮ ਮਮ ਈ ਚਿਨੀ ਅਹਵਾਲ।”
- ਤਿਲੰ ੧, ੧, ੩:੨ (721)

ਈਸ ------ 1. (ਸੰ.) ਈਸ਼ਵਰ, ਮਾਲਕ
“ਜਗਦੀਸ ਈਸ ਗੋੁਪਾਲ ਮਾਧੋ ਗੁਣ ਗੋਵਿੰਦ ਵੀਚਾਰੀਐ।”
- ਰਾਮ ੫, ਛੰਤ ੨, ੧:੫ (925)

"ਤਉ ਗੁਨ ਈਸ ਬਰਨਿ ਨਹੀ ਸਾਕਉ ਤੁਮ ਮੰਦਰ ਤਮ ਨਿਕ ਕੀਰੇ।"
- ਨਟ ੪, ਅਸ ੫, ੮:੧ (983)

ਹੋਰ ਰੂਪ:

ਈਸਹ -
"ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ।"
- ਵਡ ੫, ਛੰਤ ੨, ੩:੪ (578)

ਈਸਰੁ - (ਸੰ.)
"ਸੰਪੈ ਕਉ ਈਸਰੁ ਧਿਆਈਐ।"
- ਰਾਮ ੧, ਓਅੰ ੫੦:੩ (937)

ਈਸੈ -
"ਨਹ ਨੈਣ ਦੀਸੈ ਬਿਨੁ ਭਜਨ ਈਸੈ ਛੋਡਿ ਮਾਇਆ ਚਾਲਿਆ।"
- ਜੈਤ ੫, ਛੰਤ ੩, ੩:੩ (705)

(2) ਰਾਜੇ
"ਮੈਲੇ ਬ੍ਰਹਮੰਡਾਇ ਕੈ ਈਸ।"
- ਭੈਰ ਕਬ, ੩, ੨:੧ (1158)

(3) ਵਿਸ਼ਨੁ
"ਈਸ ਮਹੇਸ਼ਰੁ ਸੇਵ ਤਿਨ੍ਹੀ ਅੰਤੁ ਨ ਪਾਇਆ।"
- ਮਲਾ ੧, ਵਾਰ ੩:੫ (1279)

ਈਸਰ ----- ਸ਼ਿਵ
"ਆਖਹਿ ਈਸਰ ਆਖਹਿ ਸਿਧ।"
- ਜਪੁ ੧, ੨੬:੧੫ (6)

ਹੋਰ ਰੂਪ:

ਈਸਰੁ -
"ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।"
- ਜਪੁ ੧, ੫:੮ (2)

ਈਸੁ -
"ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮੵ ਗੵਾਨੁ ਧੵਾਨ ਧਰਤ ਹੀਐ ਚਾਹਿ ਜੀਉ।"
- ਸਵ ੪, ਗਯੰ ੬:੪ (1402)

ਈਸਰਿ ---- ਸ਼ਕਤੀ ਸੰਪੰਨ, ਸਮਰਥ, ਮਹਾਂਪੁਰਖ
"ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ।"
- ਰਾਮ ਬਸ, ੪:੨ (967)

ਹੋਰ ਰੂਪ:

ਈਸੁਰ -
"ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ।" (ਵਡਾ)
- ਬਿਲਾ ੫, ੬੧, ੩:੨ (816)

ਈਸੁਰੁ –
"ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ।" (ਵਡਾ ਅਮੀਰ)
– ਬਿਲ ਰਵਿ ੨, ੧*:੨ (858)

ਈਸਰੁ ------ (1) ਇਕ ਸਿੱਧ
"ਬੋਲੈ ਈਸਰੁ ਸਤਿ ਸਰੂਪੁ।"
– ਰਾਮ ੩, ਵਾਰ ੧੨ਸ, ੧, ੨:੫ (952)
(2) ਈਸ਼ਵਰ, ਵੇਖੋ 'ਈਸ' (1)
(3) ਸ਼ਿਵ, ਵੇਖੋ 'ਈਸਰ'

ਈਹਾ ------ (1) ਇਥੇ, ਇਸ ਸੰਸਾਰ/ਲੋਕ ਵਿਚ
"ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।"
– ਗਉ ੫, ਸੋਹ ੫, ੧:੨ (13)

ਹੋਰ ਰੂਪ:

ਈਹਾਂ –
"ਨਿੰਦਕ ਕਾ ਮਾਥਾ ਈਹਾਂ ਊਹਾ ਕਾਲਾ।"
– ਭੈਰ ੫, ੯, ੩:੨ (1137)

(2) ਇਥੇ, ਇਸ ਟਿਕਾਣੇ ਤੇ
"ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ।"
– ਗਉ ਕਬ, ੫੪, ੪:੨ (335)
"ਈਹਾ ਬਸਨਾ ਰਾਤਿ ਮੁੜੇ।"
– ਰਾਮ ੫, ੨੩, ੧*:੨ (889)

ਹੋਰ ਰੂਪ:

ਈਹਾਂ –
"ਊਹਾਂ ਤਉ ਜਾਈਐ ਜਉ ਈਹਾਂ ਨ ਹੋਇ।"
– ਬਸੰ ਰਾਮ ੧, ੨:੪ (1195)

(3) ਇਸ
"ਕੋਈ ਜਾਨੈ ਕਵਨੁ ਈਹਾ ਜਗਿ ਮੀਤੁ।"
– ਜੈਤ ੫, ੧, ੧*:੧ (700)

(4) ਕਿਤੇ, ਕਿਸੇ ਥਾਂ
"ਊਹਾ ਹੁਕਮੁ ਤੁਮਾਰਾ ਸੁਣੀਐ।
ਈਹਾ ਹਰਿ ਜਸੁ ਤੇਰਾ ਭਣੀਐ।"
– ਮਾਰੂ ੫, ਸਲੋ ੧੦, ੩:੨ (1081)

ਈਕ ------ ਇਕ ਹੋ ਕੇ
"ਘਟਿ ਘਟਿ ਰਮਈਆ ਰਮਤ ਰਾਮ ਰਾਇ ਸਭ ਵਰਤੈ ਸਭ ਮਹਿ ਈਕ।"
– ਪ੍ਰਭ ੪, ੩, ੪:੧ (1336)

ਈਖ ------ ਵੇਖੋ 'ਇਖ'

ਈਘੈ ------ ਇਧਰ, ਇਥੇ, ਇਕ ਪਾਸੇ।
“ਈਘੈ ਨਿਰਗੁਨ ਉਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ।”
– ਬਿਲਾ ੫, ੧੧੭, ੧*:੨ (827)

ਈਂਟ ------ (ਸਂ.) ਵੇਖੋ ‘ਇਟ’

ਈਟੀ ------ ਕਾਠ ਦੀ ਗੁਲੀ ਜੋ ਵਿਚਕਾਰੋਂ ਮੋਟੀ ਹੁੰਦੀ ਹੈ। ਇਸ ਨਾਲ ਨੇੜੇ ਦੀ ਰਸੀ ਫੜ ਕੇ ਦੁੱਧ ਰਿੜਕਦੇ ਹਨ।
“ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ।”
– ਸੂਹੀ ੧, ੧, ੨:੧ (728)

ਈਠ ------ (ਸਂ.) – ਪਿਆਰਾ
“ਈਠ ਮੀਤ ਕੋਊ ਸਖਾ ਨਾਹਿ।”
– ਬਸਂ ੫, ਅਸ ੨, ੫:੧ (1192)

ਈਤ ------ (1) ਇਥੇ, ਇਸ ਲੋਕ ਵਿਚ
“ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੈ।”
ਗਉ ੫, ੧੩੫*, ੩:੧ (209)
(2) (ਸਂ.) ਇਧਰ
“ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ।” (ਇਧਰ ਉਧਰ)
– ਬਿਲਾ ੫, ਛੰਤ ੪, ੪:੩ (848)
“ਗੁਰ ਬਚਨਿ ਕਾਰਜ ਸਰਬ ਪੂਰਨ ਈਤ ਊਤ ਨ ਹਲੀ।”
– ਕੇਦਾ ੫, ੧੪, ੧:੧ (1122)

ਈਤਹਿ ----- ਇਥੇ
“ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ।” (ਹਰ ਥਾਂ, ਉਥੇ ਇਥੇ)
– ਆਸਾ ੫, ੧੪੪, ੧:੧ (407)

ਈਦਿ ------ (ਅ. ਈਦ) ਪਰਵ, ਉਤਸਵ, ਸ਼ੁਭ ਅਵਸਰ
“ਜਾ ਕੈ ਈਦਿ ਬਕਰੀਦਿ ਕੁਲ ਗਊਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।”
– ਮਲਾ ਰਵਿ, ੨, ੨:੧ (1293)

ਈਧਣੁ ----- (ਸਂ.) – ਲਕੜ, ਬਾਲਣ
“ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ।”
– ਗੂਜ ੫, ਵਾਰ ੧੧ਸ, ੫, ੨:੧ (521)

ਹੋਰ ਰੂਪ:

ਈਧਨ –
“ਅਗਨਿ ਉਪਾਇ ਈਧਨ ਮਹਿ ਬਾਧੀ ਸੋ ਪ੍ਰਭੁ ਰਾਖੈ ਭਾਈ ਹੇ।”
– ਮਾਰੂ ੫, ਸੋਲ ੧, ੧:੩ (1071)

ਂਈਧਨ –
“ ਂਈਧਨ ਤੇ ਬੈਸੰਤਰੁ ਭਾਗੈ।”
– ਰਾਮ ੫, ੫੪, ੧:੧ (900)

ਈਧਨਿ –
"ਜਿਉ ਪਾਵਕੁ ਈਧਨਿ ਨਹੀ ਧ੍ਰਾਪੈ।"
– ਗਉ ੫, ਸੁਖ ੧੩, ੬:੪ (280)

ਈਧਨੁ –
"ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ।"
– ਸੋਰ ੧, ਅਸ ੪, ੧੦:੧ (637)

ਈਭੈ ------ ਇਸ ਪਾਸੇ, ਇਥੇ
"ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀਂ।"
– ਆਸਾ ਨਾਮ, ੨, ੪:੧ (485)

ਈਮਾਨੁ ----- (ਅ. ਈਮਾਨ) – ਯਕੀਨ, ਵਿਸ਼ਵਾਸ
"ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ।"
– ਸਿਰੀ ੧, ੨੭, ੧:੨ (24)

ਈਰਖ ----- (ਸ.) – ਈਰਖਾ, ਹਸਦ, ਸਾੜਾ
"ਸੁਆਦ ਬਾਦ ਈਰਖ ਮਦ ਮਾਇਆ।"
– ਸੂਹੀ ੫, ੧੯, ੩:੧ (741)

ਈਵੜੀ ----- ਈੜੀ, ਗੁਰਮੁਖੀ ਵਰਣਮਾਲਾ ਦਾ ਤੀਜਾ ਅੱਖਰ, ਸੂਰ
"ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ।"
– ਆਸਾ ੧, ਪਟੀ ੨:੧ (432)

ਏ -------- (1) ਇਹ
"ਰਸਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।"
– ਸਿਰੀ ੧, ੪। ੧:੩ (15)

(2) ਸੰਬੋਧਨ, ਤੇ
"ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ।"
– ਸਿਰੀ ੩, ੩੯, ੧*:੨ (28)

ਏਉ ------- ਇਸ ਪ੍ਰਕਾਰ, ਇੰਞ
"ਭੂਲੀ ਮਾਲਨੀ ਹੈ ਏਉ।"
– ਆਸਾ ਕਬ, ੧੪, ੧*:੧ (479)

ਏਊ ------- (1) ਇਹ
"ਏਊ ਜੀਅ ਬਹੁਤੁ ਗ੍ਰਭ ਵਾਸੇ।"
- ਗਉ ੫, ਬਾਅ ੭:੧ (251)

(2) ਇਹੋ ਜਿਹੇ
"ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ।"
- ਗਉ ੫, ਬਾਅ ੯:੪ (252)
"ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ।"
- ਗਉ ੫, ਬਾਅ ੩੧:੭ (256)

ਏਆਣਾ ---- ਅਣਜਾਣ, ਬੇਸਮਝ

"ਅੰਧਾ ਲੋਕੁ ਨ ਜਾਣਈ ਮੂਰਖੁ ਏਆਣਾ।"

- ਗਉ ਕਬ, ੫੨, ੧:੨ (333)

ਏਇ ------ **ਇਹ**

"ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ।"

– ਗਉ ਕਬ, ੫੧, ੧:੨ (334)

ਏਈ ------ **ਇਹ ਹੀ**

"ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।"

– ਆਸਾ ੧, ਵਾਰ ੭ਸ, ੨, ੨:੨ (466)

ਏਸ ------- **ਇਸ**

"ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ।"

– ਗਉ ਕਬ, ੫੦, ੪:੨ (334)

ਹੋਰ ਰੂਪ:

ਏਸੁ –

"ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ।"

– ਗਉ ੪, ਵਾਰ ੩੦ ਸ ੪, ੧:੧੧ (316)

ਏਹ ------- **(1) ਇਹ, ਹੋਰ ਵੇਖੋ 'ਇਹ'**

"ਅੰਧੈ ਨਾਮੁ ਵਿਸਾਰਿਆ ਨ ਤਿਸੁ ਏਹ ਨ ਓਹੁ।" (ਇਹ ਮਾਇਆ)

– ਸਿਰੀ ੧, ੩, ੧*:੨ (15)

('ਮਹਾਨ ਕੋਸ਼' ਇਥੇ 'ਏਹ' ਦੇ ਅਰਥ 'ਇਹ ਲੋਕ' ਕਰਦਾ ਹੈ)

ਹੋਰ ਰੂਪ:

ਏਹਿ –

"ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ।"

– ਜਪੁ ੧, ੧੯:੮ (4)

(2) ਏਹੁ

"ਏਹੁ ਲੇਖਾ ਲਿਖਿ ਜਾਣੈ ਕੋਇ।"

– ਜਪੁ ੧, ੧੬:੧੬ (3)

"ਤਬ ਉਹੀ ਉਹੁ ਏਹੁ ਨ ਹੋਈ।" (ਇਹ ਜੀਵ)

– ਗਉ ਕਬ, ੪੨:੪ (324)

(2) ਇਹੋ, ਇਹ ਹੀ

"ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਂਹਿ।"

– ਆਸਾ ੫, ੧੪, ੬, ੨:੩ (407)

ਹੋਰ ਰੂਪ:

ਏਹਿ –

"ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ।"

– ਮਾਝ ੧, ਵਾਰ ੧੨ਸ, ੧, ੧:੮ (143)

ਏਹੀ –

“ਨਿਮਖ ਨਿਮਖ ਏਹੀ ਆਰਾਧਉ।”

– ਆਸਾ ੫, ੮੪, ੪:੧ (391)

ਏਹੋ –

“ਧਰਮ ਖੰਡ ਕਾ ਏਹੋ ਧਰਮੁ।”

– ਜਪੁ ੧, ੩੫:੧ (7)

“ਗੁਣੁ ਏਹੋ ਹੋਰ ਨਾਹੀ ਕੋਇ।”

– ਆਸਾ ੧, ਸੋਦ ੩, ੩:੩ (9)

(ਹੋਰ ਵੇਖੋ ‘ਏਹਾ’)

(3) ਐਸੀ

“ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ।”

– ਬਿਲਾ ੫, ੮੧, ੩:੧ (820)

(4) ਇਹੋ ਜਿਹੀ

“ਮੰਦੇ ਅਮਲ ਕਰੇਦਿਆਂ ਏਹ ਸਜਾਇ ਤਿਨਾਹ।”

– ਸਲੋ ਫਰ, ੪੯:੩ (1380)

“ਅਭਿਆਗਤ ਏਹੁ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ।” (ਇਹੋ ਜਿਹੇ ਨੂੰ)

– ਸਲੋ ੩, ੧:੧ (1413)

ਹੋਰ ਰੂਪ:

ਏਹਿ –

“ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ।” (ਇਹੋ ਜਿਹੇ)

– ਮਾਝ ੧, ਵਾਰ ੧੪ਸ, ੧, ੧:੨ (144)

“ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ।”

– ਵਡ ੪, ਵਾਰ ੫ਸ, ੩, ੧:੪ (587)

ਏਂਹ ------ ਇਸ

“ਕਬੀਰ ਸੁਖੁ ਨ ਏਂਹ ਜੁਗਿ ਕਰਹਿ ਜੁ ਬਹੁਤੈ ਮੀਤ।”

– ਸਲੋ ਕਬ, ੨੧:੧ (1365)

ਏਹੜ ------ ਇਧਰ (ਸ਼ਬਦਾਰਥ), ਮੈਂ (ਮਹਾਨਕੋਸ਼) ਇਸ ਦੇਹ ਦਾ ਇਸ ਜਗਤ ਦੀਆਂ (ਗੁਰੂ ਗ੍ਰੰਥ ਕੋਸ਼) ਮੇਰ (ਬਾਣੀ ਪ੍ਰਕਾਸ਼)

“ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ।”

– ਸੋਰ ੪, ਵਾਰ ੧੧ਸ, ੩, ੧:੨ (646)

ਏਹਾ ------ ਇਹ ਹੀ, ਇਹੋ ਹੀ

“ਮੈਂ ਏਹਾ ਆਸ ਏਹੋ ਆਧਾਰੁ।”

– ਸਿਰੀ ੧, ੨੯, ੧*:੪ (24)

ਹੋਰ ਰੂਪ

ਏਹੁ –

“ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ।”

– ਵਡ ੧, ਅਲ ੧, ੨:੧ (579)

(ਇਹੋ ਜਿਹੀ, ਇੰਝ ਦੀ ਹੀ)

“ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ।”

– ਸੋਰ ੧, ਅਸ ੨, ੫:੨ (635)

ਏਹਿ ------ (1) ਇਹਨਾਂ/ਉਹਨਾਂ ਨੂੰ
“ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।”
– ਸੂਹੀ ੩, ਵਾਰ ੯ਸ, ੩, ੩:੧ (788)
“ਏਹਿ ਥਿਤੀ ਵਾਰ ਦੂਜਾ ਦੋਇ।”
– ਬਿਲਾ ੩, ਵਾ, ੨, ੧੦:੨ (843)

ਹੋਰ ਰੂਪ:

ਏਹੁ –
“ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ।”
– ਆਸਾ ੧, ਵਾਰ ੨੧ ਸ, ੨, ੧:੪ (474)
(2) ਇਹ, ਵੇਖੋ ‘ਏਹ’ (1)
(3) ਇਹੋ, ਵੇਖੋ ‘ਏਹ’ (2)
(4) ਇਹੋ ਜਿਹੇ – ਵੇਖੋ ਏਹ (4)

ਏਹੁ ------- (1) ਐਸਾ (ਭਾਵ)
“ਏਹੁ ਨਿਰਤਿਕਾਰੀ ਜਨਮਿ ਨ ਆਵੈ।”
– ਰਾਮ ੫, ੮, ੩:੪ (885)
(2) ਇਹ, ਵੇਖੋ ‘ਏਹ’ (1)
(3) ਇਹੋ ਹੀ, ਵੇਖੋ ‘ਏਹਾ’ (1)
(4) ਉਹਨਾਂ, ਵੇਖੋ ਏਹਿ (1)
(5) ਇਹ ਲੋਕ
“ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ।”
– ਰਾਮ ੧, ਓਅੰ ੩੭:੨ (934)

ਏਕ ------- (1) ਕੋਈ (ਭਾਵ)
“ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।”
– ਧਨਾ ੧, ਸੋਹ ੩, ੨:੧ (13)
(2) ਇਨ, ਵੇਖੋ ‘ਇਨ’ (1)
(3) ਇਕਲੀ
“ਢਾਹਿ ਮੜੋਲੀ ਲੂਟਿਆ ਦੇਹੁਰਾ ਸਾ ਧਨ ਪਕੜੀ ਏਕ ਜਨਾ।”
– ਗਉ ੩, ੧੪, ੩:੧ (155)
(4) ਇਕ ਪ੍ਰਭੂ, ਵੇਖੋ ਇਕ (2)
“ਜੋ ਏਕ ਛਾਡਿ ਅਨ ਕਤਹਿ ਨ ਜਾਹੂ।”
– ਗਉ ੫, ਬਾਅ ੪:੬ (251)

ਹੋਰ ਰੂਪ:

ਏਕੰ –
“ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ।”
– ਆਸਾ ੧, ੩੭, ੪:੨ (360)
(5) ਇਕੋ

"ਮਨ ਕਰਹਲਾ ਵਡਭਾਗੀਆ ਹਰਿ ਏਕ ਨਦਰਿ ਨਿਹਾਲ।"
– ਗਉ ੪, ਕਰ ੨, ੪:੧ (235)

(6) ਇਕਸਾਰ, ਇਕੋ ਜਿਹਾ
"ਬ੍ਰਹਮ ਗਿਆਨੀ ਕੈ ਧੀਰਜੁ ਏਕ। ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।"
– ਗਉ ੫, ਸੁਖ ੮, ੧:੭ (272)

ਏਕਸੁ ----- (1) ਏਕਤ੍ਵ, ਦਵੈਤ ਦਾ ਅਭਾਵ
"ਏਕਸੁ ਮਹਿ ਪ੍ਰਭੁ ਏਕੁ ਸਮਾਣਾ ਅਪਣੈ ਰੰਗਿ ਸਦਾ ਰਾਤਾ ਹੇ।"
– ਮਾਰੂ ੩, ਸੋਲ ੮, ੭:੩ (1051)
(2) ਇਕ, ਵੇਖੋ 'ਇਕਸੁ' (1)
(3) ਇਕ ਪ੍ਰਭੂ, ਵੇਖੋ ਇਕਸੁ (2)

ਏਕਸੇ ----- (1) ਇਕੱਠੇ
"ਸੰਜੋਗੀ ਮਿਲਿ ਏਕਸੇ ਵਿਜੋਗੀ ਉਠਿ ਜਾਇ।"
– ਸਿਰੀ ੧, ੧੧, ੩:੨ (18)
(2) ਇਕ ਪ੍ਰਭੂ ਨੂੰ, ਵੇਖੋ 'ਇਕਸੁ' (2)

ਏਕਹਿ ----- (1) ਇਕੋ
"ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ।"
– ਗਉ ੫, ਬਾਅ ੨ਸ:੨ (250)
"ਏਕਹਿ ਆਪਿ ਕਰਾਵਨਹਾਰਾ।"
– ਗਉ ੫, ਬਅ ੮:੧ (251)
"ਨਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ।"
– ਗਉ ੫ ਬਾਅ ੩੧:੫ (256)
(2) ਇਕ, ਵੇਖੋ 'ਇਕਸੁ' (1)
(3) ਇਕ ਪ੍ਰਭੂ, ਵੇਖੋ 'ਇਕਸੁ' (2)
(4) ਇਕੋ ਵਾਰ
"ਏਕਹਿ ਆਵਨ ਫਿਰਿ ਜੋਨਿ ਨ ਆਇਆ।"
– ਗਉ ੫, ਬਾਅ ੧੩:੭ (252)
(5) ਇਕ ਮਨ (ਭਾਵ)
"ਮਾਰੈ ਏਕਹਿ ਤਜਿ ਜਾਇ ਘਣੈ।"
– ਗਉ ਕਬ, ਬਾਅ, ੨੧:੪ (341)
(6) ਕਿਸੇ ਨੂੰ, ਕੁੱਝ ਨੂੰ
"ਏਕਹਿ ਪ੍ਰਾਣ ਪਿੰਡ ਤੇ ਪਿਆਰੀ।"
– ਮਾਰੂ ੫, ੧੮, ੩:੧ (1004)

ਏਕੰਕਾਰ ---- (1) ਰਖਿਆ ਕਰਨ ਵਾਲਾ ਹਰੀ, ਕਰਤਾਰ, ਇਕ ਪ੍ਰਭੂ, 'ਏਕ ਓਅੰਕਾਰ' ਦਾ ਰੂਪ।
"ਏਕੰਕਾਰ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ।"
– ਮਾਰੂ ੫, ਸਲੋ ੭, ੮:੩ (1078)

ਹੋਰ ਰੂਪ:

ਏਕੰਕਾਰੁ –

“ਨਾਨਕ ਦਰਿ ਘਰਿ ਏਕੰਕਾਰੁ।”

– ਗੁਰੂ ੧, ੭, ੪:੪ (153)

“ਦ੍ਰਿਸਟਿ ਆਵੈ ਸਭੁ ਏਕੰਕਾਰੁ।”

– ਗਉ ੫, ੧੧੫, ੨:੨ (189)

(2) ਇਕ ਰੂਪ

“ਕਈ ਬਾਰ ਪਸਰਿਓ ਪਾਸਾਰ। ਸਦਾ ਸਦਾ ਇਕੁ ਏਕੰਕਾਰ।”

– ਗਉ ੫, ਸੁਖ ੧੦, ੭:੬ (276)

ਹੋਰ ਰੂਪ:

ਏਕੰਕਾਰਾ –

“ਬੀਜੁ ਬੀਜਿ ਦੇਖਿਓ ਬਹੁ ਪਰਕਾਰਾ।
ਫਲ ਪਾ ਕੇ ਤੇ ਏਕੰਕਾਰਾ।”

– ਸੂਹੀ ੫, ੧, ੨:੩;੪ (736)

ਏਕੰਕਾਰੁ –

“ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ।”

– ਗਉ ੫, ਥਿਤੀ ੧ਸ:੨ (296)

(3) ਅਦ੍ਵੈਤ ਬ੍ਰਹਮ

“ਸਾਧਸੰਗਤਿ ਕਉ ਵਾਰਿਆ ਭਾਈ ਜਿਨ ਏਕੰਕਾਰ ਅਧਾਰਾ।”

– ਸੋਰ ੫, ੨, ੧:੪ (608)

ਹੋਰ ਰੂਪ:

ਏਕੰਕਾਰੰ –

“ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ।”

– ਰਾਮ ੫, ੫੯, ੧*:੨ (901)

ਏਕੰਕਾਰਾ –

“ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ਤਬ ਏਕੋ ਏਕੰਕਾਰਾ।”

– ਸੂਹੀ ੫, ੧, ੧:੪ (736)

ਏਕੰਕਾਰਿ –

“ਸਿਮਰਿ ਸਿਮਰਿ ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ।”

– ਮਾਰੂ ੫, ਸੋਲਾ ੧, ੧੫:੩ (1072)

ਏਕੰਕਾਰੀ –

“ਹਰਿ ਏਕੋ ਸੁਤੁ ਵਰਤੈ ਜੁਗ ਅੰਤਰਿ ਸੁਤੁ ਖਿੰਚੈ ਏਕੰਕਾਰੀ।”

– ਗੂਜ ੫, ਅਸ ੧, ੭:੨ (507)

ਏਕੰਕਾਰੁ –

“ਹਰਿ ਜੀਉ ਸਦਾ ਧਿਆਇ ਤੂ ਗੁਰਮੁਖਿ ਏਕੰਕਾਰੁ।”

– ਸਿਰੀ ੧, ੪੨, ੧*:੨ (30)

“ਜਹ ਦੇਖਉ ਤਹ ਏਕੰਕਾਰੁ।”

– ਗਉ ੧, ਅਸ ੧੫, ੫:੩ (227)

ਏਕੰਕਾਰੇ –

“ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ।”

– ਆਸਾ ੫, ੪੩, ੧:੨ (381)
ਏਕੰਕਾਰੈ –
“ਪ੍ਰਾਨ ਅਧਾਰ ਮੀਤ ਸਾਜਨ ਪ੍ਰਭ ਏਕੈ ਏਕੰਕਾਰੈ।”
– ਸਾਰ ੫, ੭੨, ੨:੧ (1218)

ਏਕਠੇ ----- ਇਕਠੇ, ਇਕ ਥਾਂ ਤੇ ਇਕੱਤਰ (ਕਰ), ਵੇਖੋ ‘ਇਕਠੇ’
“ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।”
– ਆਸਾ ੧, ੩੨, ੧*:੨ (358)

ਏਕਤ ------ ਇਕ ਥਾਂ, ਇਕ ਜਗ੍ਹਾ
“ਨੀਰੁ ਧਰਣਿ ਕਰਿ ਰਾਖੇ ਏਕਤ ਕੋਇ ਨ ਕਿਸ ਹੀ ਸੰਗੇ।”
– ਸਾਰ ੫, ਅਸ ੧, ੩:੨ (1235)

ਏਕਤੁ ----- ਏਕਤ
“ਏਕਤੁ ਰਾਚੈ ਪਰਹਰਿ ਦੋਇ।”
– ਬਸੰ ੧, ਅਸ ੩, ੧:੨ (1188)
“ਏਕੋ ਰੂਪ, ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ।”
– ਕਾਨ ੪, ਅਸ ੪, ੪:੨ (1310)

ਏਕਤ੍ਰ ----- ਇਕੱਠੇ
“ਮਿਲਿ ਏਕਤ੍ਰ ਵਸਹਿ ਦਿਨੁ ਰਾਤੀ ਪ੍ਰਿਉ ਦੇ ਧਨਹਿ ਦਿਲਾਸਾ ਹੇ।”
– ਮਾਰੂ ੫, ਸੋਲਾ ੨, ੨:੩ (1072)

ਏਕਮ ------ (1) ਪਹਿਲੀ ਥਿਤ, ਪਹਿਲਾ (ਭਾਵ)
“ਏਕਮ ਏਕੰਕਾਰੁ ਪ੍ਰਭੁ ਕਰਉ ਬੰਦਨਾ ਧਿਆਇ।”
– ਗਉ ੫, ਥਿਤੀ ੧:੧ (296)
(2) ਅਦੁੱਤੀ ਲਾਸਾਨੀ (ਮਹਾਨਕੋਸ਼)
“ਏਕਮ ਏਕੈ ਆਪੁ ਉਪਾਇਆ।”
– ਮਾਝ ੩, ਅਸ ੭, ੪:੧ (113)

ਏਕਲ ----- ਇਕੋ ਹੀ
“ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।”
– ਮਾਲੀ ਨਾਮ, ੩, ੧:੧ (988)
“ਚੰੰਦੀ ਹਜਾਰ ਆਲਮ ਏਕਲ ਖਾਨਾਂ।” (ਇਕੋ ਇਕ, ਇਕੋ ਹੀ)
– ਤਿਲੰ ੩, ੩:੧ (727)

ਏਕਲੜੀ ---- ਇਕਲੀ
“ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ।”
– ਗਉ ੧, ਛੰਤ ੨, ੧:੧ (243)

ਏਕਾ ------ (1) ਇਕ
“ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।”
– ਜਪੁ ੧, ੩੦:੧ (7)
(2) ਇਕੋ

"ਜੋ ਕਿਛੁ ਪਾਇਆ ਸੁ ਏਕਾ ਵਾਰ।"
- ਜਪੁ ੧, ੩੧:੨ (7)

"ਏਕਾ ਬਖਸ ਫਿਰਿ ਬਹੁਰਿ ਨ ਬੁਲਾਵੈ।" (ਇਕੋ ਵਾਰੀ)
- ਪ੍ਰਭਾ ੫, ੧, ੩:੪ (1337)

(3) ਇਕ ਪ੍ਰਭੂ
"ਜਹ ਦੇਖਉ ਤਹ ਏਕੋ ਏਕਾ।"
- ਬਿਲਾ ੧, ਥਿਤੀ ੧੪:੧ (840)

"ਤਿਸੁ ਬਿਨੁ ਦੂਜਾ ਅਵਰੁ ਨ ਦੀਸੈ ਏਕਾ ਜਗਤਿ ਸਬਾਈ ਹੇ।"
- ਮਾਰੂ ੫ ਸੋਲਾ ੧, ੧੪:੩ (1072)

(4) ਇਕੋ, ਇਕਤੀ, ਸਮਾਂਨਤਰ
"ਹਰਿ ਗੁਰ ਮੂਰਤਿ ਏਕਾ ਵਰਤੈ ਨਾਨਕ, ਹਰਿ ਗੁਰ ਭਾਇਆ।"
- ਮਾਰੂ ੧, ਸੋਲਾ ੨੨, ੧੦:੩ (1043)

(5) ਆਪਣੀ ਆਪਣੀ (ਭਾਵ)
"ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ।"
- ਬਸੰ ੧, ਅਸ ੮, ੧:੨ (1190)

(6) ਏਕਤ੍ਵ
"ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ ਗਤਿ ਮਿਤਿ ਕਹਿ ਨ ਸਕਾਉ।"
- ਸਾਰ ੫, ੧, ੩:੧ (1202)

(7) ਇਕ ਦੂਜੇ ਵਿਚ ਸਮਾ ਕੇ ਇਕ ਹੋਣਾ
"ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ।"
- ਸਾਰ ੫, ੨੭, ੧:੨ (1209)

ਏਕਾਗਰ ---- (ਸੰ.) ਇਕ ਪਾਸੇ/ਥਾਂ ਤੇ (ਧਿਆਨ ਦਾ) ਜੁੜੇ ਹੋਣਾ
"ਸਾਵਧਾਨ ਏਕਾਗਰ ਚੀਤ।"
- ਗਉ ੫, ਸੁਖ ੨੪, ੫:੨ (295)

ਏਕਾਦਸੀ --- (ਸੰ.) ਚੰਦਰਮਾਸ ਦੀ ਹਨੇਰੇ ਤੇ ਚਾਣਨੇ ਪੱਖ ਦੀ ਦਸ ਤੇ ਇਕ ਅਰਥਾਤ 11 ਵੀ ਤਿਥਿ
"ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ।"
- ਗਉ ੫, ਥਿਤੀ ੧੧:੧ (299)

ਏਕਿ ------ (1) ਜ਼ਰਾ ਵੀ (ਭਾਵ)
"ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ।"
- ਵਡ ੧, ੩, ੧:੧੦ (558)

(2) ਇਕ, ਵੇਖੋ 'ਇਕ' (1)
(3) ਕੁਝ, ਵੇਖੋ 'ਇਕ' (4)

ਏਕਿਆ ---- ਇਕ ਹੋ ਗਏ
"ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ।"
- ਕਾਨ ੪, ਵਾਰ ੯:੪ (1316)

ਏਕੀ ------ (1) ਇਕੋ
"ਜਬ ਇਨਿ ਏਕੋ ਏਕੀ ਬੂਝਿਆ।"

– ਗਉ ੫ ਅਸ ੧, ੫:੩ (235)

(2) ਇਕ

“ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ।”

– ਆਸਾ ੧, ੭, ੪:੨ (351)

“ਏਕੀ ਕਾਰਣਿ ਪਾਪੀ ਭਇਆ।” (ਇਕ ਗਲਤੀ)

– ਰਾਮ ੩, ਵਾਰ ੧੪ਸ, ੧, ੧:੧੨ (954)

(3) ਇਕ ਪ੍ਰਭੂ (ਭਾਵ)

“ਏਕੋ ਏਕੀ ਨੈਨ ਨਿਹਾਰਉ।”

– ਆਸਾ ੫, ੬੪, ੧:੧ (386)

“ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ।” (ਇਕ ਪ੍ਰਭੂ ਤੋਂ)

– ਆਸਾ ੧, ਵਾਰ ੨੪:੪ (475)

ਏਕੁ ------- ਇਕ ਮਨ

“ਪੰਚਾ ਤੇ ਏਕੁ ਛੂਟਾ ਜਉ ਸਾਧ ਸੰਗਿ ਪਗ ਰਉ।”

– ਸਾਰ ੫, ੧੩੫, ੧*, ੨ (1230)

ਏਕੇ ------- (1) ਇਕ ਪ੍ਰਭੂ ਦੇ (ਹੋਏ)

“ਏਕੇ ਕਉ ਨਾਹੀ ਭਉ ਕੋਇ।”

– ਬਿਲਾ ੧, ੩, ੩:੩ (796)

(2) ‘ਇਕ’ ਦਾ, ਇਕ ਪ੍ਰਭੂ

“ਇਸੁ ਏਕੇ ਕਾ ਜਾਣੈ ਭੇਉ।”

– ਰਾਮ ੧, ਓਅੰ ੮:੭ (930)

“ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ।”

– ਰਾਮ ੧, ਸਿਗੋ, ੨੪:੩ (940)

ਏਕੈ ------- (1) ਇਕ

“ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ।”

– ਸਿਰੀ ੧, ੧੨, ੧:੩ (18)

“ਏਕੈ ਜਾਲਿ ਫਹਾਏ ਪੰਖੀ।”

– ਗਉ ੫, ੮੨, ੪:੧ (180)

“ਕਾਰਨ ਕਰਨਾ ਧਾਰਨ ਧਰਨਾ।
ਏਕੈ ਏਕੈ ਸੋਹਿਨਾ।” (ਇਕੋ ਇਕ)

– ਆਸਾ ੫, ੧੪੪, ੨:੨ (40)

(2) ਇਕ ਪ੍ਰਭੂ

“ਏਕਮ ਏਕੈ ਆਪੁ ਉਪਾਇਆ।”

– ਮਾਝ ੩, ਅਸ ੭, ੪:੧ (115)

(3) ਇਕੋ

“ਸਾਹ ਵਾਪਾਰੀ ਏਕੈ ਥਾਟ।” (ਇਕੋ ਬਾਨ੍ਹਣੂੰ)

– ਆਸਾ ੫, ਅਸ ੧, ੪:੨ (430)

“ਏਕੈ ਠਾਹਰ ਦੁਹਾ ਬਸੇਰਾ।”

– ਆਸਾ ਕਬ, ੩, ੪:੨ (476)

(4) ਇਕੋ ਜਿਹੇ
"ਸੋਈ ਸੰਤੁ ਜਿ ਭਾਵੈ ਰਾਮ
ਸੰਤ ਗੋਬਿੰਦ ਕੈ ਏਕੈ ਕਾਮ।੧। ਰਹਾਉ।
– ਗੋਂਡ ੫, ੧੮, ੧*:੨ (867)

(5) ਇਕ ਸਰੀਰ (ਭਾਵ) ਇਕ ਦੀ ਗਿਣਤੀ ਵਾਲਾ ਪਦਾਰਥ/ਵਸਤੂ
"ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ।"
– ਰਾਮ ੫, ੭, ੩:੨ (884)

(6) ਕਿਸੇ ਨੇ ਕੁਝ ਨੇ
"ਏਕੈ ਸੂਮੁ ਕਰਿ ਗਾਡੀ ਗਡਹੈ।" (ਕਿਸੇ ਨੇ ਮਿਹਨਤ ਨਾਲ)
– ਮਾਰੂ ੫, ੧੮, ੨:੧ (1004)

ਏਕੋ -------- (1) ਇਕ ਹੀ
"ਕੀਤਾ ਪਸਾਉ ਏਕੋ ਕਵਾਉ।"
– ਜਪੁ ੧, ੧੬:੯ (3)

(2) ਇਕੋ
"ਗੁਰੁ ਗੁਰੁ ਏਕੋ ਵੇਸ ਅਨੇਕ।" (ਸਾਰੇ ਗੁਰੂਆਂ ਦਾ ਮੂਲ ਗੁਰੂ ਇਕੋ ਹੈ)
– ਆਸਾ ੧, ਸੋਹ ੨, ੧:੨ (12)

(3) ਇਕੋ ਪ੍ਰਭੂ
"ਨਾਨਕ ਏਕੋ ਰਵਿ ਰਹਿਆ ਦੂਜਾ ਅਵਰੁ ਨ ਕੋਇ।"
– ਸਿਰੀ ੧, ਅਸ ੬, ੮:੩ (57)

(4) ਇਕ ਮਿਕ
"ਆਤਮਾ ਪਰਮਾਤਮਾ ਏਕੋ ਕਰੈ।"
– ਧਨਾ ੧, ੪, ੧:੩ (661)

ਏਤ -------- ਇਤਨੀ ਕੁ (ਸ਼ਬਦਾਰਥ), ਇਸ (ਮਹਾਨਕੋਸ਼), ਇਤਨੀਆਂ (ਗੁਰੂ ਗ੍ਰੰਥ ਕੋਸ਼)
"ਏਤ ਛਡਾਈ ਮੋਹਿ ਤੇ ਇਤਨੀ ਦ੍ਰਿੜਤਾਰੀ।"
– ਬਿਲਾ ੫, ੪੦, ੨:੧ (810)

ਏਤੜਿਆ --- ਇਤਨੀਆਂ
"ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ।"
– ਗੂਜ ੩, ਵਾਰ ੧੨ਸ ੩, ੨:੬ (513)

ਹੋਰ ਰੂਪ:

ਏਤੜੇ –
"ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ।" (ਇਤਨੇ, ਐਨੇ)
– ਸੂਹੀ ੨ ਵਾਰ ੧੫ ਸ, ੧, ੩:੨ (790)

ਏਤਾ ------- ਇਤਨਾ, ਐਨਾ
"ਏਤਾ ਤਾਣੁ ਹੋਵੈ ਮਨ ਅੰਦਰਿ ਕਰੀ ਭਿ ਆਖਿ ਕਰਾਈ।"
– ਮਾਝ ੧, ਵਾਰ ੧੯ ਸ, ੧, ੧:੫ (147)

ਹੋਰ ਰੂਪ:

ਏਤੀ –

"ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।"
– ਜਪੁ ੧, ੨੩:੧ (5)

ਏਤੀਆ –
"ਏਤੇ ਗੁਣ ਏਤੀਆ ਚੰਗਿਆਈਆਂ ਦੇਇ ਨ ਪਛੋਤਾਵੈ।"
– ਪ੍ਰਭਾ ੧, ੩, ੩:੨ (1328)

ਏਤੇ –
"ਏਤੇ ਕੀਤੇ ਹੋਰਿ ਕਰੇਹਿ।" (ਇਤਨੇ)
– ਜਪੁ ੧, ੨੬:੨੧ (6)

ਏਤੈ –
"ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾਂ ਕੇ ਨਾਹਿ।"
– ਮਲਾ ੧, ਵਾਰ ੯ਸ ੩, ੨:੪ (1282)

ਏਤੁ ------- **(1) ਇਸ**
"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।"
– ਜਪੁ ੧, ੩੨:੩ (7)
"ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ।" (ਇੰਨਾਂ ਵਿਚ)
– ਸਲੋ ਫਰ, ੫੧:੧ (1380)

(2) ਇਸ ਤਰ੍ਹਾਂ
"ਸੁਰਤੀ ਸੁਰਤਿ ਰਲਾਈਐ ਏਤੁ।"
– ਰਾਮ ੧, ੭, ੧:੧ (878)

ਏਤੇ ------- **(1) ਬਹੁਤ ਸਾਰੇ**
"ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ।"
– ਬਿਲਾ ੧, ੧, ੪:੨ (795)

(2) ਇਤਨੇ, ਐਨੇ, ਵੇਖੋ 'ਏਤਾ'
"ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ।" (ਓਤਨੇ)
– ਸਲੋ ੩, ੪:੩ (1413)

ਏਤੈ ------- **(1) ਇਸ**
"ਗੁਣ ਗਾਵਾ ਦਿਨੁ ਰੈਣਿ ਏਤੈ ਕੰਮਿ ਲਾਇ।"
– ਰਾਮ ੫, ਵਾਰ ੮ਸ, ੫, ੧:੫ (961)

(2) ਇਤਨੇ, ਐਨੇ, ਵੇਖੋ 'ਏਤਾ'

ਏਥਹ ------ **ਇਹਨਾਂ**
"ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ।" (ਇਹਨਾਂ ਚੰਗੇ ਅੱਖਰਾਂ)
– ਸਸ ੫, ੬੨:੨ (1359)

ਏਥਹੁ ------ **ਇਥੋਂ (ਇਸ ਜਨਮ ਤੋਂ)**
"ਏਥਹੁ ਛੁੜਕਿਆ ਠਉਰ ਨ ਪਾਇ।"
– ਆਸਾ ੩, ੪੫, ੩:੨ (362)

ਏਥੈ ------- **ਇਥੇ**
"ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ।"

– ਸਿਰੀ ੧, ੩, ੨:੧ (15)
"ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ।" (ਇਸ ਲੋਕ ਵਿਚ)
– ਬਿਹਾ ੪, ਵਾਰ ੧੯ਸ ੩, ੧:੪ (556)

ਏਦੂ ------- ਇਸ ਤੋਂ
"ਨਾਨਕ ਨਾਮੁ ਮਿਲੈ ਵਡਿਆਈ ਏਦੂ, ਉਪਰਿ ਕਰਮੁ ਨਹੀ।"
– ਰਾਮ ੧, ਅਸ ੧, ੮:੧ (903)

ਏਨਾ ------ ਇੰਨਾ ਨੂੰ
"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।"
– ਮਾਝ ੧, ਵਾਰ ੧੪ ਸ, ੧, ੧:੧ (144)

ਹੋਰ ਰੂਪ:

ਏਨ੍ਹਾ –
"ਏਨ੍ਹਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ।"
– ਆਸਾ ੧, ਪਟੀ ੪:੨ (432)

ਏਨਿ ------ ਇਸ
"ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ।"
– ਮਾਰੂ ੫, ਵਾਰ ੬:੪ (1096)

ਏਨੀ ------ ਇੰਨਾਂ
"ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ।"
– ਸੂਹੀ ੧, ਕੁਚ ੧:੧੦ (762)

ਹੋਰ ਰੂਪ:

ਏਨ੍ਹੀ –
"ਤਾਹੂ ਖਰੇ ਸੁਜਾਣ ਵੰਵਾ ਏਨ੍ਹੀ ਕਪਰੀ।"

– ਸਲੋ ੧, ੩:੨ (1410)

ਏਨੈ ------- ਇਸ ਨੇ
ਏਨੈ ਚਿਤਿ ਕਠੋਰਿ ਸੇਵ ਗਵਾਈਐ।"
– ਮਾਝ ੧, ਵਾਰ ੨੭:੩ (146)

ਏਵ ------- (1) ਇੰਝ, ਇਉਂ, ਇਸ ਤਰ੍ਹਾਂ
"ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ।"
– ਸਿਰੀ ੪, ਵਾਰ ੪ਸ, ੩, ੨:੧ (84)

ਹੋਰ ਰੂਪ:

ਏਵੈ –
"ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ।"
– ਆਸਾ ੫, ੪੧, ੩:੧ (381)

(2) ਇਹ ਭੀ –
"ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ।"

– ਗੂਜ ੩, ਵਾਰ ੨ਸ, ੩, ੧:੬ (509)

"ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ।"

– ਸੋਰ ੪, ਵਾਰ ੧੬ਸ, ੩, ੨:੩ (648)

ਏਵਡ ------ ਇਤਨਾ ਵੱਡਾ

"ਵਿਸਰੁ ਨਾਹੀ ਏਵਡ ਦਾਤੇ।"

– ਮਾਝ ੫, ੧੯, ੧:੧ (100)

"ਨਾਨਕ ਤਿਸੁ ਬਲਿਹਾਰਣੈ ਜਿਸੁ ਏਵਡ ਭਾਗਾ।" (ਇਤਨੇ ਵੱਡੇ)

– ਰਾਮ ੫, ਵਾਰ ੧੭:੮ (965)

"ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ।" (ਇਤਨੀ)

– ਸਾਰ ੪, ਵਾਰ ੧੦ਸ, ੧, ੨:੩ (1241)

ਹੋਰ ਰੂਪ:

ਏਵਡੁ –

"ਏਵਡੁ ਊਚਾ ਹੋਵੈ ਕੋਇ।"

– ਜਪੁ ੧, ੨੪:੧੩ (5)

ਏਵੈ ------- (1) ਐਵੈਂ, ਅਜਾਈਂ

"ਚੰਗਾ ਮੰਦਾ ਕਿਛੁ ਸੂਝੈ ਨਾਹੀ ਇਹੁ ਤਨੁ ਏਵੈ ਖੋਵੈ।"

– ਵਡ ੧, ਅਲਾ ੧, ੪:੪ (579)

"ਮਤੁ ਸੇਜੈ ਕੰਤੁ ਨ ਆਵਈ ਏਵੈ ਬਿਰਥਾ ਜਾਇ।"

– ਸੂਹੀ ੩, ਵਾਰ ੯ਸ, ੩, ੧:੨ (788)

(2) ਇਸ ਤਰ੍ਹਾਂ ਇੰਝ ਵੇਖੋ 'ਏਵ' (1)

ਸ

ਸੰ. ------- (ਸੰ.) – ਨਾਲ

"ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰਾਉ।"

– ਸਵ ੫, ਕਲ, ੧੨, ੨:੨ (1408)

ਸਉ ------- 1. (ਸੰ.) – ਸੌ

"ਜੇ ਸਉ ਵੇਰੁ ਕਮਾਈਐ ਕੂੜੈ ਕੂੜਾ ਜੋਰੁ।"

– ਸਿਰੀ ੧, ੮, ੧*:੨ (17)

2. (ਸੰ.) – ਸਉਣਾ

"ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ।"

– ਬਿਲਾ ੪, ਵਾਰ ੨:੨ (849)

"ਕੰਤਾ ਤੂ ਸਉ ਸੇਜੜੀ ਮੈਡਾ ਹਭੋ ਦੁਖੁ ਉਲਾਹਿ।"

– ਮਾਰੂ ੫, ਵਾਰ, ੨ਸ, ੫, ੨:੨ (1094)

ਹੋਰ ਰੂਪ:

ਸਉਣ –

"ਚੰਦ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ।"

– ਸਿਰੀ ੧, ੨, ੧:੨ (14)

ਸਉਣਾ –

“ਬਾਬਾ ਹੋਰੁ ਸਉਣਾ ਖੁਸੀ ਖੁਆਰੁ।”

– ਸਿਰੀ ੧, ੭, ੪:*੧ (17)

ਸਉਦਿਆ –

“ਜਨ ਨਾਨਕ ਪ੍ਰਭ ਦੇਹੁ ਮਤੀ ਛਡਿ ਆਸਾ ਨਿਤ ਸੁਖਿ ਸਉਦਿਆ।”

– ਸੂਹੀ ੪, ਛੰਤ ੬, ੨:੪ (776)

ਸਉਦੇ –

“ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ।”

– ਗਉ ੪, ਵਾਰ ੨੨ਸ, ੪, ੧:੫ (313)

3. ਨੂੰ –

“ਮੋ ਸਉ ਕੋਊ ਨ ਕਹੈ ਸਮਝਾਇ।”

– ਗਉੜੀ ਬੈਰਾਗਣਿ ੧, ੧*:੨ (346)

4. ਨਾਲ, ਸਾਥ

“ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ।”

– ਗਉ ਕਬ, ਅਸ ੪੨, ੧:੧ (331)

“ਪਾਖੰਡ ਧਰਮੁ ਪ੍ਰੀਤਿ ਨਹੀ– ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ।”

– ਮਾਰੂ ੧, ਸੋਲਾ ੨੨, ੧੪:੩ (1043)

5. ਵਿਚ, ਵਲ

“ਤੁਮ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ।”

– ਆਸਾ ਕਬ, ੨੬, ੩:੨ (482)

6. ਲਈ

“ਹਰਿ ਤਾਰਨ ਤਰਨ ਸਮਰਥ ਸਭੈ ਬਿਧਿ ਕੁਲਹ ਸਮੂਹ ਉਧਾਰਨ ਸਉ।”

– ਸਮ ੨*:੨ (1387)

ਸਉਹੇ ------ ਸਾਹਮਣੇ, ਮੂੰਹ ਤੇ, ਅੱਗੋਂ

“ਚਾਕਰੁ ਕਹੀਐ ਖਸਮ ਕਾ ਸਉਹੇ ਉਤਰ ਦੇਇ।”

– ਰਾਮ ੧, ਦਓ ੪੫:੫ (936)

ਸਉਕਨਿ ---- ਪਤੀ ਦੀ ਦੂਜੀ ਪਤਨੀ

“ਸਉਕਨਿ ਘਰ ਕੀ ਕੰਤਿ ਤਿਆਗੀ।”

– ਆਸਾ ੫, ੯੫, ੧:੨ (394)

ਸਉਣ ----- 1. (ਸੰ.) ਸੌਣਾ, ਨੀਂਦ ਲੈਣੀ, ਵੇਖੋ ‘ਸਉ’ (2)

“ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ।”

– ਸਿਰੀ ੧, ੨, ੧:੨ (14)

ਹੋਰ ਰੂਪ:

ਸਉਦੇ –

“ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ।”

– ਗਉ ੪, ਵਾਰ ੨੨ਸ, ੪, ੧:੫ (313)

2. (ਸੰ.) ਭਲਾ ਅਥਵਾ ਬੁਰਾ ਫਲ ਸੂਚਕ ਕਾਰਣ ਤੇ ਚਿੰਨ੍ਹ, ਸ਼ਗਨ

“ਛਨਿਛਰਵਾਰਿ ਸਉਣ ਸਾਸਤ ਬੀਚਾਰੁ।”

- ਬਿਲਾ ੩, ਵਾ ੧, ੮:੧ (841)

"ਨਾਮੁ ਹਮਾਰੈ ਸਉਣ ਸੰਜੋਗ।"

- ਭੈਰ ੫, ੩੫, ੩:੧ (1145)

ਹੋਰ ਰੂਪ:

ਸਉਣੁ -

"ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ।"

- ਸਿਰੀ ੫, ੮੮, ੧:੧ (48)

ਸਉਤੁ ----- (ਸੰ.) ਪੁਤਰ ਵਾਲਾ, ਔਲਾਦ ਵਾਲਾ

"ਸਫਲੁ ਜਨਮੁ ਹਰਿ ਜਨ ਕਾ ਉਪਜਿਆ ਜਿਨਿ ਕੀਨੋ ਸਉਤੁ ਬਿਧਾਤਾ।"

- ਦੇਵ ੫, ੨੧, ੨:੧ (532)

ਸਉਦਾ ----- 1. (ਫ਼ਾ. ਸਉਦਾ) ਲੈਣ ਦੇਣ, ਖਰੀਦ ਫਰੋਖਤ, ਵਣਜ ਵਪਾਰ

"ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ।"

- ਗਉ ੪, ੪੮, ੩:੧ (166)

"ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ।"

- ਗਉ ੪, ਵਾਰ ੧੫:੪ (309)

ਹੋਰ ਰੂਪ:

ਸਉਦੀ -

"ਕਾਚੀ ਸਉਦੀ ਤੋਟਾ ਆਵੈ।" (ਲੈਣ ਦੇਣ, ਵਣਜ)

- ਮਾਰੂ ੧, ਸੋਲਾ ੧੨, ੧੦:੧ (1032)

ਸਉਂਦੀ -

"ਸਗਲੀ ਸਉਂਦੀ ਤੋਟਾ ਆਵੈ।"

- ਆਸਾ ੧, ੨੪, ੫:੧ (356)

ਸਉਦੇ -

"ਸਉਦੇ ਕਉ ਧਾਵੈ ਬਿਨੁ ਪੂੰਜੀ।"

- ਗਉ ੫, ੧੬੦, ੩:੨ (198)

2. ਵਪਾਰ ਦੀ ਵਸਤ, ਵਖਰ

"ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ।"

- ਸਿਰੀ ੧, ੧੧, ੪:੩ (18)

"ਬਿਨੁ ਦਮ ਕੇ ਸਉਦਾ ਨਹੀ ਹਾਟ।"

ਗਉ ੧, ਅਸ ੧੨, ੫:੧ (226)

ਸਉਦਾਗਰੀ -- ਸਉਦਾ, ਵਾਪਾਰ

"ਲੈ ਤੁਰੇ ਸਉਦਾਗਰੀ ਸਉਦਾਗਰ ਧਾਵੈ।

- ਗਉ ੪, ੪੭, ੨:੧ (166)

"ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ।"

- ਸੋਰ ੧, ੨, ੩:੧ (595)

ਸਉਦਾਗਰੁ --- (ਫ਼ਾ. ਸਉਦਾਗਰ) ਵਪਾਰੀ

"ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ।"

– ਗਉ ੪, ੪੭, ੨:੧ (166)

ਸਉਦੇ ----- (1) ਸਉਣਾ ਵੇਖੋ 'ਸਉਣ' (1)
(2) ਵਪਾਰ ਵੇਖੋ 'ਸਉਦਾ' (1)

ਸਉਪਉ ---- (ਸੰ.) ਅਰਪਨ ਕਰਨਾ, ਭੇਟਾ ਕਰਨਾ
(ਫਾ. ਸਪੁਰਦਨ) ਸੌਂਪਣਾ, ਹਵਾਲੇ ਕਰਨਾ, ਸਪੁਰਦ ਕਰਨਾ
"ਤਨੁ ਮਨੁ ਸਉਪਉ ਕ੍ਰਿਸਨ ਪਰੀਤਿ।"
– ਆਸਾ ੧, ਅਸ ੪, ੫:੪ (413)

ਹੋਰ ਰੂਪ:

ਸਉਪਤੇ –
"ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ।"
– ਸਲੋ ਕਬ, ੨੦੩:੨ (1375)

ਸਉਪਾਈ –
"ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ।"
– ਗਉ ੫, ੧੨੨*, ੩:੧ (205)

ਸਉਪਿ –
"ਤਨੁ ਮਨੁ ਧਨੁ ਗਿਹੁ ਸਉਪਿ ਸਰੀਰੁ।"
– ਗਉ ਕਬ, ੨੩, ੩:੧ (328)

ਸਉਪਿਓਨੁ –
"ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ।"
ਮਾਰੂ ੫, ਵਾਰ ੨੧:੬ (1102)

ਸਉਪਿਆ –
"ਨਾਨਕ ਸਤਿਗੁਰ ਸੋ ਧਨੁ ਸਉਪਿਆ ਜਿ ਜੀਅ ਮਹਿ ਰਹਿਆ ਸਮਾਇ।"
– ਗੂਜ ੩, ਵਾਰ ੫ਸ, ੩, ੧:੭ (510)

'ਸਉਪੀ –
"ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ।"
– ਸੋਰ ੫, ੧੯, ੩:੧ (614)

ਸਉਪੀਐ –
"ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ।"
– ਰਾਮ ੩, ਅਨੰ: ੩੦:੩ (921)

ਸਉਪੇ –
"ਮਨੁ ਤਨੁ ਸਉਪੇ ਆਗੇ ਧਰੇ ਹਉਮੈ ਵਿਚਹੁ ਮਾਰਿ।"
– ਸਿਰੀ ੩, ੩੯, ੩:੨ (28)

ਸਉਰੈ ----- (ਸੰ.) ਸੁਗੰਧਤ ਹੋਣਾ
"ਜਾਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ।"
– ਪ੍ਰਭਾ ੧, ੬, ੩:੨ (1329)

ਸਉਲਾ ----- (ਸੰ.) ਪ੍ਰਸੰਨ, ਰੀਝਿਆ ਹੋਇਆ
"ਸੋ ਬੂਝੈ ਜਿਸੁ ਆਪਿ ਬੁਝਾਇਸੀ ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ।"

– ਕਾਨ ੪, ਵਾਰ ੬:੪ (1315)

ਸਉੜਿ ----- ਸੌੜੀ ਥਾਂ (ਦਰਪਣ, ਸ਼ਬਦ ਕੋਸ਼, ਸ਼ਬਦਾਰਥ), ਸੌਣ ਸਮੇਂ ਉਪਰ ਲੈਣ ਵਾਲਾ ਕੱਪੜਾ (ਮਹਾਨ ਕੋਸ਼)
"ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ।"
– ਮਲਾ ੧, ਵਾਰ ੨੩ਸ, ੧, ੧:੨ (1288)

ਸਇਆਨ --- ਸਿਆਣਾ, ਗਿਆਨਵਾਨ, ਗਿਆਨੀ
"ਘ੍ਰਿਤ ਕਾਰਨ ਦਧਿ ਮਥੈ ਸਇਆਨ।"
– ਭੈਰ ਰਵਿ, ੧, ੪:੧ (1167)

ਸਈਆਦ --- (ਅੰ. ਸਈਸਾਦ) ਸ਼ਿਕਾਰ ਕਰਨ ਵਾਲਾ, ਸ਼ਿਕਾਰੀ
"ਰੰਨਾਂ ਹੋਈਆ ਬੋਧੀਆ ਪੁਰਸ ਹੋਏ ਸਈਆਦ।"
– ਸਾਰ ੪, ਵਾਰ ੧੪ਸ, ੧, ੨:੧ (1243)

ਸਸਤ ------ ਸਸਤੀ (ਸ਼ਬਦਾਰਥ, ਛਾਏ ਸੰਥਿਆ, ਦਰਪਣ), (ਸੰ.) ਪ੍ਰਸੰਸਾਯੋਗ, ਪ੍ਰਸੰਸਿਤ
"ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ।"
– ਆਸਾ ੫, ੧੨੫, ੧:੨ (402)

ਸਸਤ੍ਰਗਿਆ -- (ਸੰ.) ਸ਼ਾਸਤਰਾਂ ਦਾ ਗਿਆਤਾ
"ਧਰਤ ਧਿਆਨੁ ਗਿਆਨੁ ਸਸਤ੍ਰਗਿਆ ਅਜਰ ਪਦੁ ਕੈਸੇ ਜਰਉ।"
– ਕਲਿ ੫, ੬, ੧*:੨ (1322)

ਸਸਤ੍ਰਿ ----- (ਸੰ.) ਹਥਿਆਰ, ਕਟਣ ਦਾ ਸੰਦ
"ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ।"
– ਮਾਰੂ ੫, ਅਸ ੩, ੧:੧ (1017)

ਸੰਸਯਹ ---- (ਸੰ.) ਸ਼ੱਕ ਭਰਮ, ਸੰਦੇਹ
"ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ।"
– ਸਸ ੫, ੬੭:੨ (1360)

ਹੋਰ ਰੂਪ:

ਸੰਸਾ –
"ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ।"
– ਸਿਰੀ ੩, ੫੮, ੩:੧ (36)

ਸੰਸੇ –
"ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ।"
– ਗਉ ੫, ਸੋਹ ੫, ੨:੧ (13)

ਸੰਸੈ –
"ਸੰਸੈ ਭਰਮੁ ਨਹੀਂ ਕਛੁ ਬਿਆਪਤ।"
– ਗਉ ੫, ਬਾਅ ੩:੫ (250)

ਸਹਸਾ –
"ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ।"
– ਸਿਰੀ ੧, ੨੦, ੨:੨ (21)

ਸਸਾ ------ ਗੁਰਮੁੱਖੀ ਵਰਣ ਮਾਲਾ ਦਾ ਚੌਥਾ ਅੱਖਰ

"ਸਸਾ ਸਤਿ ਸਤਿ ਸਤਿ ਸੋਊ।"

– ਗਉ ੫, ਬਾਅ ੩:੧ (250)

ਹੋਰ ਰੂਪ:

ਸਸੈ –

"ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ।"

– ਆਸਾ ੧, ਪਟੀ ੧:੧ (432)

ਸੰਸਾਰ ----- ਜਗਤ, ਜੋ ਸੰਸਰਣ ਕਰੇ (ਬਦਲਦਾ ਰਹੇ), ਦੁਨੀਆਂ ਸ੍ਰਿਸ਼ਟੀ

"ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ।"

– ਸਿਰੀ ਤ੍ਰਿਲੋ ੨, ੨:੧ (92)

"ਸੰਸਾਰ ਕੂਪ ਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ।"

– ਆਸਾ ੫, ਬਿਰ ੩, ੮:੧ (432)

"ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ।"

– ਮਾਰੂ ਕਬ, ੨, ੧:੨ (1103)

ਹੋਰ ਰੂਪ:

ਸੰਸਾਰੰ –

"ਮਾਇਆ ਮੋਹੁ ਤਬ ਬਿਸਰਿ ਗਇਆ ਜਾ ਤਜੀਅਲੇ ਸੰਸਾਰੰ।"

– ਸਿਰੀ ਤ੍ਰਿਲੋ, ੨, ੩:੨ (92)

ਸੰਸਾਰਸੵ –

"ਸਾਗਰੰ ਸੰਸਾਰਸੵ ਗੁਰ ਪਰਸਾਦੀ ਤਰਹਿ ਕੇ।"

– ਸਸ ੧, ੨:੨ (1353)

ਸੰਸਾਰਹ –

"ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੵੰ ਕਰੋਤਿ ਪੰਚ ਤਸਕਰਹ।"

– ਸਸ ੫, ੨੯:੫ (1356)

"ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲ ਸਰਾ।" (ਸੰਸਾਰ ਵਿਚ)

– ਸਵ ੩, ੧:੫ (1392)

ਸੰਸਾਰਾ –

"ਸੋ ਮੁਕਤਾ ਸਾਗਰ ਸੰਸਾਰਾ।"

– ਮਾਝ ੫, ੨੪, ੩:੨ (101)

"ਭੈ ਮਹਿ ਰਚਿਓ ਸਭੁ ਸੰਸਾਰਾ।" (ਸ੍ਰਿਸ਼ਟੀ)

– ਗਉ ੫, ੧੩੨, ੧:੧ (192)

"ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ।" (ਸੰਸਾਰ ਵਿਚ)

– ਆਸਾ ੫, ੧੩, ੩:੨ (461)

ਸੰਸਾਰਿ –

"ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ।"

– ਸਿਰੀ ੧, ੨੦, ੧*:੨ (21)

"ਬੰਧਨ ਮਾਤ ਪਿਤਾ ਸੰਸਾਰਿ।" (ਸੰਸਾਰੀ, ਸੰਸਾਰ ਦੇ)

– ਆਸਾ ੧, ਅਸ ੧੦, ੨:੧ (416)

“ਦੂਖ ਭੂਖ ਸੰਸਾਰਿ ਕੀਏ ਸਹਸਾ ਏਹੁ ਚੁਕਾਵਹੇ।” (ਦੁਨੀਆਂ ਵਿਚ)
– ਵਡ ੧, ਛੰਤ ੨, ੬:੫ (567)

ਸੰਸਾਰਿਆ –

“ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ।” (ਸੰਸਾਰ ਰੂਪੀ)
– ਜੈਤ ੫, ਵਾਰ ੧੬:੫ (709)

“ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ।” (ਸੰਸਾਰ ਨੂੰ)
– ਮਾਰੂ ੫, ਵਾਰ ੧:੨ (1096)

ਸੰਸਾਰੀ –

“ਅਨਦ ਰੂਪ ਪ੍ਰਗਟੇ ਸੰਸਾਰੀ।” (ਸੰਸਾਰ ਵਿਚ)
– ਰਾਮ ੫, ੧੪, ੨:੪ (887)

“ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ।” (ਸੰਸਾਰ ਵਿਚ)
– ਪ੍ਰਭਾ ਨਾਮ, ੧, ੨:੨ (1350)

ਸੰਸਾਰੁ –

“ਜੋਰੁ ਨ ਜੁਗਤੀ ਛੁਟੈ ਸੰਸਾਰੁ।”
– ਜਪੁ ੧, ੩੩:੬ (7)

ਸੰਸਾਰੇ –

“ਮਨ ਪਿਆਰਿਆ ਜੀਉ ਮਿਤ੍ਰਾ ਬਿਖੁ ਸਾਗਰੁ ਸੰਸਾਰੇ।”
– ਸਿਰੀ ੫, ਛੰਤ ੨, ੨:੨ (79)

“ਗੁਰਮੁਖਿ ਅਲਿਪਤੁ ਰਹੈ ਸੰਸਾਰੇ।” (ਸੰਸਾਰ ਤੋਂ)
– ਮਾਝ ੩, ਅਸ ੧੫, ੩:੧ (118)

ਸੰਸਾਰੈ –

‘“ਊਂਧੋ ਕਵਲੁ ਸਗਲ ਸੰਸਾਰੈ।” (ਸੰਸਾਰ ਦਾ)
– ਗਉ ੧, ਅਸ ੧੧, ੨:੧ (225)

“ਨਿਹਚਲੁ ਕੋਇ ਨ ਦਿਸੈ ਸੰਸਾਰੈ।”
– ਗਉ ੧, ਅਸ ੧੪, ੫:੨ (227)

ਸੰਸਾਰੋ –

“ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ।”
– ਸਿਰੀ ੧, ੨੮, ੧:੧ (24)

ਸੰਸਾਰੋਵਾ –

“ਬਾਬਾ ਆਇਆ ਹੈ ਉਠਿ ਚਲਣਾ ਅਧ ਪੰਧੈ ਹੈ ਸੰਸਾਰੋਵਾ।”
– ਵਡ ੧, ਅਲਾ ੪, ੨: ੧ (581)

(2) ਦੁਨੀਆਂ ਦੇ ਲੋਕ

“ਤਿਸ ਕੈ ਸੰਗਿ ਤਰੈ ਸੰਸਾਰ।”
– ਤਿਲੰ ੫, ੨, ੪:੨ (724)

“ਜਾ ਕੀ ਰੇਨੁ ਬਾਂਛੈ ਸੰਸਾਰ।”
– ਗੋਂਡ ੫, ੬, ੨:੪ (863)

ਹੋਰ ਰੂਪ:

ਸੰਸਾਰਾ –

"ਪੰਚ ਦੂਤ ਮੁਹਹਿ ਸੰਸਾਰਾ।" (ਸੰਸਾਰ ਦੇ ਲੋਕਾਂ ਨੂੰ)
– ਮਾਝ ੩, ੭, ੨:੧ (113)
"ਮੈ ਨ ਮਰਉ ਮਰਿਬੋ ਸੰਸਾਰਾ।" (ਸੰਸਾਰੀ ਲੋਕ)
– ਗਉ ਕਬ, ੧੨, ੧*:੧ (325)

ਸੰਸਾਰੀ –
"ਤਾ ਕਉ ਕਛੁ ਨਾਹੀ ਸੰਸਾਰੀ।" (ਦੁਨੀਆਂ ਦੇ ਲੋਕਾਂ ਦੀ) (ਸ਼ਬਦਾਰਥ)
– ਗਉ ੫, ੧੧੦, ੧*:੨ (108)
"ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ।" (ਦੁਨੀਆਂ ਦੇ ਲੋਕ)
– ਗੂਜ ੫, ੨, ੧:੧ (495)

ਸੰਸਾਰੁ –
"ਉਧਰਹਿ ਆਪਿ ਤਰੈ ਸੰਸਾਰੁ।"
– ਗਉ ੫, ੯੭, ੩:੧ (185)
"ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ।"
– ਗਉ ੫, ਸੁਖ ੮, ੪:੧੦ (273)

ਸੰਸਾਰੀ ----- (1) ਗ੍ਰਿਹਸਥੀ
"ਨਾ ਅਉਧੂਤੀ ਨਾ ਸੰਸਾਰੀ।"
– ਰਾਮ ੧, ਅਸ ੨, ੧:੪ (903)
(2) ਦੁਨਿਆਵੀ, ਜਗਤ ਦੇ
"ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ।"
– ਸੋਰ ੧, ਅਸ ੨, ੨:੧ (635)
(3) ਸੰਸਾਰ ਰਚਨ ਵਾਲਾ
"ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।"
– ਜਪੁ ੩੦:੨ (7)
(4) ਸੰਸਾਰ ਵਿਚ ਖਚਿਤ ਹੋਣ ਵਾਲੀ ਬਿਰਤੀ, ਸੰਸਾਰੀਆਂ ਵਾਲੀ ਚਾਲ, ਸੰਸਾਰੀ ਮੁਠਾ (1123)
"ਕਾਮੁ ਕ੍ਰੋਧ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ।"
– ਰਾਮ ਕਬ, ੨, ੨:੨ (969)

ਸਸਿ ------ (ਸੰ.) 1. ਚੰਦਰਮਾ
"ਦਿਨੁ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ।"
– ਸਿਰੀ ੧, ਅਸ ੧੭, ੮:੧ (64)

ਹੋਰ ਰੂਪ:

ਸਸੀ –
"ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇ।"
– ਮਾਰੂ ੫, ੧੧, ੪:੧ (1001)

ਸਸੀਅ –
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।"
– ਧਨਾ ਤ੍ਰਿਲੋ, ੧, ੪:੧ (695)

ਸਸੀਅਰ –

"ਕਈ ਕੋਟਿ ਸਸੀਅਰ ਸੂਰ ਨਖ੍ਯ੍ਤ੍ਰ।"

- ਗਉ ੫, ਸੁਖ ੧੦, ੩:੭ (296)

ਸਸੀਅਰੁ -

"ਸਸੀਅਰੁ ਗਗਨਿ ਜੋਤਿ ਤਿਹੁ ਲੋਈ।"

- ਬਿਲਾ ੧, ਥਿਤੀ ੧੯:੩ (840)

(2) ਯੋਗ ਮੱਤ ਅਨੁਸਾਰ ਖੱਬਾ ਸੁਰ (ਪਿੰਗਲਾ ਸੁਰ) ਅਤੇ ਮਸਤਕ ਵਿਚ ਸਥਿਤ ਚੰਦਰਮਾ ਜਿਸ ਤੋਂ ਅੰਮ੍ਰਿਤ ਟਪਕਦਾ ਹੈ।

"ਰਵਿ ਸਸਿ ਲਉਕੇ ਇਹੁ ਤਨੁ ਕਿੰਗੁਰੀ ਵਾਜੈ ਸਬਦੁ ਨਿਰਾਰੀ।"

- ਰਾਮ ੧, ਅਸ ੯, ੭:੧ (907)

ਸਸੁ ------- (ਸੰ.) ਸਹੁਰੇ ਦੀ ਇਸਤਰੀ, ਵਹੁਟੀ/ਪਤੀ ਦੀ ਮਾਂ

"ਸਸੁ ਵਿਰਾਇਣ ਨਾਨਕ ਜੀਉ ਸਸੁਰਾਵਾਦੀ ਜੇਠੋ ਪਉ ਪਉ ਲੂਹੈ।"

- ਰਾਮ ੫, ਵਾਰ ੧੩ਸ, ੫, ੨:੧ (963)

ਹੋਰ ਰੂਪ:

ਸਸੁੜਿ -

"ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ।"

- ਸਲੋ ੧, ੧:੧ (1410)

ਸਸੁੜੀਆਹਿ -

"ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ।"

- ਮਾਰੂ ੧, ੧੦, ੧:੧ (1015)

ਸਸੂ -

"ਸਸੂ ਤੇ ਪਿਰਿ ਕੀਨੀ ਵਾਖਿ।"

- ਆਸਾ ੫, ੨, ੧:੧ (370)

ਸਸੁਰ ------ (ਸੰ.) ਸਹੁਰਾ, ਪਤੀ/ਪਤਨੀ ਦਾ ਪਿਤਾ

"ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠਿ ਕੇ ਨਾਮਿ ਡਰਉ ਰੇ।"

- ਆਸਾ (ਕਬ), ੨੫, ੧:੧ (482)

ਹੋਰ ਰੂਪ:

ਸਸੁਰਾ -

"ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ।"

- ਰਾਮ ੫, ਵਾਰ ੧੩ਸ, ੫, ੨:੧ (963)

ਸਸੁਰੈ -

"ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ।"

- ਸੋਰ ੧, ੩, ੧:੧ (596)

(2) ਸਸ, ਸਹੁਰਾ

"ਸਰਮ ਸੁਰਤਿ ਦੁਇ ਸਸੁਰ ਭਏ।"

- ਗਉ ੧, ੩, ੨:੧ (152)

ਸਸੁਰੈ ------ (ਸੰ.) 1. ਸਹੁਰੇ ਦਾ ਘਰ

"ਸਸੁਰੈ ਪੇਈਐ ਤਿਸੁ ਕੰਤੁ ਕੀ ਵਡਾ ਜਿਸੁ ਪਰਵਾਰੁ।"

– ਮਾਝ ੫, ਦਿਨ ੨:੩ (137)

(2) ਸਹੁਰਾ, ਪਤੀ/ਪਤੀ ਦਾ ਪਿਤਾ, ਵੇਖੋ 'ਸਸੁਰ'

ਸਸੈ ------- (1) ਸਹੇ

"ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ।"

– ਆਸਾ ਕਬ, ੬, ੩:੨ (477)

(2) ਗੁਰਮੁੱਖੀ ਵਰਣਮਾਲਾ ਦਾ ਚੌਥਾ ਅੱਖਰ, ਵੇਖੋ 'ਸਸਾ'

ਸਹ ------- (1) ਸਹਾਰਾ, ਆਸਰਾ, ਓਟ

"ਨਾਨਕ ਸਹ ਪਕਰੀ ਸੰਤਨ ਕੀ ਰਿਦੈ ਭਏ ਮਗਨ ਚਰਨਾਰਾ।"

– ਸੋਰ ੫, ੧੫, ੪:੨ (613)

(2) (ਫਾ. ਸ਼ਹੁ) ਪਤੀ

"ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ।"

– ਸਿਰੀ ੫, ੮੯, ੨:੩ (49)

ਹੋਰ ਰੂਪ:

ਸਹਿ –

"ਨਾਨਕ ਧੰਨੁ ਸੁਹਾਗਣੀ ਜਿਨ ਸਹਿ ਨਾਲਿ ਪਿਆਰੁ।"

– ਸਿਰੀ ੧, ੧੩, ੫:੩ (19)

ਸਹੁ –

"ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ।"

– ਸਿਰੀ ੧, ੨੩, ੧*:੨ (22)

ਸਹੈ –

"ਭਗਤਿ ਕਰਹੁ ਤੁਮ ਸਹੈ ਕੇਰੀ ਜੋ ਸਹ ਪਿਆਰੇ ਭਾਵਏ।"

– ਆਸਾ ੩, ਛੰਤ ੭, ੧:੩ (440)

'ਸਹੋ –

"ਸੋ ਸਹੋ ਅਤਿ ਨਿਰਮਲੁ ਦਾਤਾ ਜਿਨਿ ਵਿਚਹੁ ਆਪੁ ਗਵਾਇਆ ਰਾਮ।"

– ਸੂਹੀ ੩, ਛੰਤ ੬, ੩:੨ (771)

(3) ਮਾਲਕ

"ਗੁਰਮੁਖਿ ਹੁਕਮੁ ਮੰਨੇ ਸਹ ਕੇਰਾ ਹੁਕਮੇ ਹੀ ਸੁਖੁ ਪਾਏ।"

– ਸਲੋ ੪, ੧੮:੧ (1422)

ਹੋਰ ਰੂਪ:

ਸਹਿ –

"ਸਹਿ ਟਿਕਾ ਦਿਤੋਸੁ ਜੀਵਦੈ।"

– ਰਾਮ ਸਬ, ਵਾਰ ੧:੭ (966)

ਸਹੁ –

"ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ।"

– ਗੂਜ ੩, ਵਾਰ ੧੬ਸ, ੩, ੧:੧ (510)

ਸਹਸ ------ (ਸੰ.) ਹਜ਼ਾਰ

"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।"

– ਜਪੁ ੧:੪ (1)

ਹੋਰ ਰੂਪ:

ਸਹੰਸ –

“ਸਹੰਸ ਨਾਮ ਲੈ ਲੈ ਕਰਉ ਸਲਾਮੁ।”

– ਆਸਾ ਕਬ, ੧੩, ੩:੨ (478)

ਸਹੰਸਰ –

“ਸਹੰਸਰ ਦਾਨ ਦੇ ਇੰਦ੍ਰ ਰੋਆਇਆ।”

– ਰਾਮ ੩, ਵਾਰ ੧੪ਸ, ੩, ੧:੧ (953)

ਸਹਸਾ –

“ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ।”

– ਆਸਾ ੧, ਵਾਰ ੬ਸ, ੧, ੧:੮ (466)

ਸਹਸੈ –

“ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ।”

– ਗਉ ੫, ਵਾਰ ੭ਸ, ੫, ੧:੨ (319)

ਸਹਸਬਾਹੁ --- ਹਜ਼ਾਰ ਬਾਹਾਂ ਵਾਲਾ ਅਰਜਨ

“ਸਹਸਬਾਹੁ ਮਧੁ ਕੀਟ ਮਹਖਾਸਾ।”

– ਗਉ ੧, ਅਸ ੯, ੬:੧ (224)

ਸਹਸਾ ----- (ਸੰ.) (1) ਸ਼ੱਕ, ਭਰਮ

‘“ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ।”

– ਸਿਰੀ ੩, ੪੪, ੪:੨ (30)

“ਗੁਨ ਨਿਧਾਨ ਨਿਤਿ ਗਾਵੈ ਨਾਨਕੁ ਸਹਸਾ ਦੁਖੁ ਮਿਟਾਇ।”

– ਆਸਾ ੫, ੩੧, ੨:੨ (378)

ਹੋਰ ਰੂਪ:

ਸਹਸਾਇਆ –

“ਸਰਣਿ ਪਰੇ ਕੀ ਰਾਖਤਾ ਨਾਹੀ ਸਹਸਾਇਆ।” (ਸ਼ੱਕ)

– ਬਿਲਾ ੫, ੪੬, ੨:੧ (812)

ਸਹਸੇ –

“ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ।”

– ਸਿਰੀ ੫, ੭੨, ੧:੨ (42)

ਸਹਸੈ –

“ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ।”

– ਗਉ ੫, ਵਾਰ ੭ਸ ੫, ੧:੨ (319)

(2) ਫਿਕਰ, ਚਿੰਤਾ

“ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ।”

– ਗਉ ੫, ੧੨੩*, ੨:੧ (205)

“ਜਨਮ ਮਰਣ ਕੋ ਚੂਕੋ ਸਹਸਾ ਸਾਧ ਸੰਗਤਿ ਦਰਸਾਰੀ।”

– ਗਉ ੫, ੧੨੮, *੩:੨ (207)

“ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ।”

– ਗਉ ਕਬ, ੫੭, ੨:੨ (336)

(3) ਹਜ਼ਾਰ (ਦੇਖੋ 'ਸਹਸਾ')

"ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ।"

– ਆਸਾ ੧, ਵਾਰ ੬ਸ, ੧, ੧:੮ (466)

"ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕੁ ਦਾਤਾ ਸਭ ਹੈ ਮੰਗਾ।"

– ਮਾਰੂ ੫, ਸੋਲਾ ੧੧, ੪:੩ (1082)

ਸਹਸਮੁਖ --- ਹਜ਼ਾਰ ਮੂੰਹ ਵਾਲਾ, ਸ਼ੇਸ਼ਨਾਗ

"ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ
ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ।"

– ਸਵ ੪, ਗਯੰ ੯:੩ (1403)

ਸਹਸਾਕਿਰਤਾ – ਸੰਸਕ੍ਰਿਤ, ਪਾਲੀ ਤੇ ਪ੍ਰਾਕ੍ਰਿਤ ਤੋਂ ਰਲ ਕੇ ਬਣੀ ਭਾਸ਼ਾ ਜਿਸ ਨੂੰ ਗਾਥਾ ਕਰਕੇ ਵੀ ਜਾਣਿਆ ਜਾਂਦਾ ਹੈ।

"ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ।"

– ਰਾਮ ੧, ੧, ੧:੧ (876)

ਸਹਸੀ ----- ਸਹਾਰੇ ਗਾ, ਸਹੇ ਗਾ, ਬਰਦਾਸ਼ਤ ਕਰੇ ਗਾ

"ਬਿਨੁ ਸਮਝੇ ਜਮ ਕਾ ਦੁਖੁ ਸਹਸੀ।"

– ਆਸਾ ੧, ਅਸ ੮, ੨:੨ (415)

ਹੋਰ ਰੂਪ:

ਸਹਹਿ –

"ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰੀ ਡੰਡਾ ਹੇ।"

– ਗਉ ੪, ਸੋਰ ੪, ੨:੨ (13)

ਸਹਹੁ –

"ਕਰਮ ਧਰਮ ਕੀ ਸੂਲ ਨ ਸਹਹੁ।"

– ਗਉ ਕਬ, ਥਿਤੀ ੭:੪ (343)

ਸਹਸ੍ਰਫਨੀ --- ਹਜ਼ਾਰ ਫਨਾਂ ਵਾਲਾ, ਸ਼ੇਸ਼ਨਾਗ, ਨਾਗਬੰਸ ਅਤੇ ਪਾਤਾਲ ਦਾ ਰਾਜਾ, ਪੁਰਾਣਾਂ ਅਨੁਸਾਰ ਇਹ ਆਪਣੇ ਹਜ਼ਾਰ ਫਨਾਂ ਨਾਲ ਵਿਸ਼ਨੂੰ ਦੇ ਸਿਰ ਤੇ ਛਾਇਆ ਕਰਦਾ ਹੈ। ਇਕ ਮਤ ਅਨੁਸਾਰ ਇਸ ਨੇ ਸੱਤ ਪਾਤਾਲਾਂ ਨੂੰ ਆਪਣੇ ਫਨਾਂ ਉਪਰ ਚੁੱਕਿਆ ਹੋਇਆ ਹੈ। ਵਿਸ਼ਨੂੰ ਪੁਰਾਣ ਅਨੁਸਾਰ ਇਸ ਦੇ ਉਬਾਸੀ ਲੈਣ ਨਾਲ ਧਰਤੀ ਉਪਰ ਭੂਚਾਲ ਆ ਜਾਂਦਾ ਹੈ। ਇਕ ਕਲਪ (4320,000,000 ਵਰ੍ਹਿਆਂ) ਬਾਅਦ ਇਹ ਆਪਣੇ ਮੂੰਹ ਵਿਚੋਂ ਅੱਗ ਕੱਢ ਸਾਰੀ ਸ੍ਰਿਸ਼ਟੀ ਨੂੰ ਸੁਆਹ ਕਰ ਦਿੰਦਾ ਹੈ।

"ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਰਫਨੀ ਬਾਸਕੁ ਸੇਜ ਵਾਲੂਆ।"

– ਮਲਾ ਨਾਮ, ੧, ੪:੧ (1292)

ਸਹਕੰ ------ (ਸੰ.) ਖੁਸ਼ਕ, ਸੁਕਾ, ਜਿਸ ਵਿਚ ਨਮੀ ਨਾ ਹੋਵੇ

"ਤ੍ਰਿਣੰ ਤ ਮੇਰੰ ਸਹਕੰ ਤ ਹਰੀਅੰ।"

– ਸਸ ੫, ੬੪:੧ (1360)

ਸਹਕਾਈਐ -- ਸਹਕਣਾ, ਤਰਸਨਾ

"ਸੰਤ ਕਾ ਦੋਖੀ ਸਦਾ ਸਹਕਾਈਐ।"

– ਗਉ ੫, ਸੁਖ ੧੩, ੭:੩ (280)

ਸਹਘੋ ------ (ਸੰ. ਸਿੰਧੀ ਸਹਾਂਗੋ) ਸਸਤਾ, ਸੁਵਲਾ

"ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ।"

– ਮਾਰੂ ੩, ਵਾਰ ੧ਸ, ੧, ੧:੧ (1086)

ਸਹਜ ------ (1) ਗਿਆਨ

"ਸਹਜ ਗੁਫਾ ਮਹਿ ਝਾੜੀ ਲਾਈ ਆਸਣੁ ਊਚ ਸਵਾਰਿਆ ਜੀਉ।"

– ਮਾਝ ੫, ੧੦, ੧:੩ (97)

"ਪੂਨਿਉ ਪੂਰਾ ਚੰਦ ਅਕਾਸ। ਪਸਰਹਿ ਕਲਾ ਸਹਜ ਪਰਗਾਸ।"

– ਗਉ ਕਬ, ਥਿਤੀ ੧੬, ੧:੨ (344)

ਹੋਰ ਰੂਪ:

ਸਹਜਿ –

"ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਆਧਾਰਿ।"

– ਸਿਰੀ ੧, ਅਸ ੧੨, ੩:੨ (61)

"ਕੋਕਿਲ ਹੋਵਾਂ ਅੰਬਿ ਬਸਾ ਸਹਜਿ ਸਬਦ ਬੀਚਾਰੁ।"

– ਗਉ ੧, ੧੯, ੨:੧ (157)

ਸਹਜੁ –

"ਨਾਇ ਤੇਰੈ ਸਹਜੁ ਨਾਇ ਸਾਲਾਹ।"

– ਪ੍ਰਭਾ ੧, ੧, ੩:੧ (1327)

ਸਹਜੇ –

"ਗੁਰ ਕੇ ਭਾਣੇ ਵਿਚਿ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ।"

– ਸਿਰੀ ੩, ੪੬, ੪:੧ (31)

"ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ।"

– ਆਸਾ ੧, ੩੮, ੨:੧ (34)

(2) ਅਨੰਦ, ਸ਼ੋਕ ਦਾ ਅਭਾਵ, ਬੇਫਿਕਰੀ

"ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ।"

– ਮਾਝ ੫, ੧੯, ੩:੩ (100)

"ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ।"

– ਆਸਾ ੧, ੩੮, ੧*:੧ (360)

ਹੋਰ ਰੂਪ:

ਸਹਜਿ –

"ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ।"

– ਗਉ ੫, ੧੫੯*, ੩:੨ (214)

ਸਹਜਇਆ –

"ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਇਆ।" (ਸਹਜ ਵਾਲਾ, ਅਨੰਦ ਮਈ ਸ਼ਾਂਤੀ ਵਾਲਾ)

– ਦੇਵ ੫, ੨੪, ੨:੧ (533)

ਸਹਜਾਇਆ –

“ਮਹਾ ਅਨੰਦ ਅਚਿੰਤ ਸਹਜਾਇਆ।” (ਸਹਜ ਸੁਖ)
– ਆਸਾ ੫, ੫, ੧*:੧ (371)

ਸਹਜਾਰੀ –
“ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧ ਸੰਗਿ ਨਾਨਕ ਪੀਕੀ ਰੇ।”
– ਆਸਾ ੫, ੧੩੩, ੨:੧ (404)

(3) ਪ੍ਰਭੂ, ਕਰਤਾਰ

“ਸਹਜ ਕੀ ਅਕਥ ਕਥਾ ਹੈ ਨਿਰਾਰੀ।”
– ਗਉ ਕਬ, ੪੮, ੧*:੧ (355)

ਹੋਰ ਰੂਪ:

ਸਹਜਿ –
“ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ।”
(‘ਸਹਜਿ’ ਦੇ ਅਰਥ ‘ਮਹਾਨਕੋਸ਼’ ਵਿਚ ਪ੍ਰਭੂ, ਕਰਤਾਰ ਦੇ ਕੀਤੇ ਗਏ ਹਨ)
– ਸਿਰੀ ੩, ਅਸ ੨੩, ੩:੧ (68)

(4) ਨਿਰਯਤਨ, ਸੁਤੇ ਹੀ, ਆਪ ਮੁਹਾਰੇ

“ਸਹਜ ਸੁਹੇਲਾ ਫਲ ਮਸਕੀਨੀ।”
– ਗਉ ੫, ਅਸ ੧, ੧*:੧ (35)

“ਸਹਜ ਭਾਇ ਸਚੀ ਲਿਵ ਲਾਗੀ।”
– ਮਾਰੂ ੩, ਸੋਲਾ ੧੯, ੬:੨ (1063)

“ਨਾਮ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ।”
– ਆਸਾ ੫, ਛੰਤ ੧, ੩:੩ (452)

ਹੋਰ ਰੂਪ:

ਸਹਜ-ਸੁਭਾਇਆ –
“ਸੁਖ ਸਾਗੁਰੋ ਪਾਇਆ ਸਹਜ- ਸੁਭਾਇਆ ਜਨਮ ਮਰਨ ਦੁਖ ਹਾਰੇ।”
– ਕੇਦਾ ੫, ਛੰਤ ੧, ੪:੫ (1122)

ਸਹਜਾਏ –
“ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ।” (ਸਹਜੇ ਹੀ)
– ਆਸਾ ੫, ੧੫੩, ੧:੧ (408)

ਸਹਜਿ –
“ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ।”
– ਮਾਝ ੩, ਅਸ ੩੧, ੧*:੨ (128)

“ਨਾਨਕ ਨਾਮੁ ਨ ਛੋਡੈ ਸਾਧਨ ਨਾਮਿ ਸਹਜਿ ਸਮਾਣੀਆ।”
– ਗਉ ੧, ਛੰਤ ੧, ੨:੬ (242)
ਹੋਰ ੩:੬ (241)

“ਨਾਨਕ ਤੇ ਜਨ ਸਹਜਿ ਸਮਾਤਿ।”
– ਗਉ ੫, ਸੁਖ ੪, ੫:੧੦ (267)

“ਹਰਿ ਹਰਿ ਨਾਮੁ ਅਮੋਲਾ ਓਹੁ ਸਹਜਿ ਸੁਹੇਲਾ।”
ਆਸਾ ੫, ੧੪੫, ੧*:੧:੨ (407)

“ਸਤਿਗੁਰ ਤ ਪਾਇਆ ਸਹਜਿ ਸੇਤੀ ਮਨਿ ਵਜੀਆ ਵਾਧਾਈਆਂ।”
– ਰਾਮ ੩, ਅਨੰ ੧:੨ (917)

“ਸਤਿਗੁਰਿ ਮੇਲੀ ਤਾਂ ਸਹਜਿ ਮਿਲੀ ਪਿਰੁ ਰਾਖਿਆ ਉਰਧਾਰੇ।”
– ਵਡਾ ੩, ਅਲਾ ੩, ੨:੨ (584)

“ਨਾਨਕ ਸਹਜਿ ਭਾਇ ਗੁਣ ਗਾਇ।”
– ਧਨਾ ੧, ਅਸ ੨, ੮:੪ (686)

“ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ।”
– ਰਾਮ ੧, ਓਅ, ੨:੧ (930)

ਸਹਜੇ –

“ਸਹਜੇ ਸਹਜਿ ਸਮਾਵੈ ਸੋਇ।”
– ਗਉ ੩, ੩੨, ੨:੪ (161)

“ਸਹਜੇ ਦੁਬਿਧਾ ਤਨ ਕੀ ਨਾਸੀ।”
– ਗਉ ੫, ਅਸ ੧੩, ੫:੧ (237)

“ਗੁਰਮਤਿ ਨਾਮੁ ਨ ਬੀਸਰੈ ਸਹਜੇ ਪਤਿ ਪਾਈਐ।”
– ਗਉ ੧, ਅਸ ੧੭, ੭:੧ (228)

“ਸਹਜੇ ਹੀ ਸਚਿ ਸਮਾਇਆ।”
– ਆਸਾ ੧, ਵਾਰ ੧੧:੫ (469)

(5) ਸੁਭਾਵਿਕ

“ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ।”
– ਰਾਮ ੧, ਸਿਗੋ ੧:੪ (938)

ਹੋਰ ਰੂਪ:

ਸਹਜਿ –

“ਸਹਜਿ ਸੁਖਿ ਸੋਈਐ ਹਾਂ।”
– ਆਸਾ ੫, ੧੬੨, ੧*:੪ (410)

“ਗੁਰਮੁਖਿ ਹਰਿ ਵੇਖਹਿ ਗੁਰਮੁਖਿ ਹਰਿ ਬੋਲਹਿ ਗੁਰਮੁਖਿ ਹਰਿ ਸਹਜਿ ਰੰਗੁ ਲਾਇਆ।”
– ਗੂਜ ੩, ਵਾਰ ੧੧, ੩੧:੪ (512)

“ਜਨੁ ਨਾਨਕੁ ਸਹਜਿ ਮਿਲਾਇਆ ਹਰਿ ਰਸਿ ਹਰਿ ਧ੍ਰਾਪੈ ਰਾਮ।”
– ਬਿਲਾ ੪, ਛੰਤ ੧, ੨:੪ (844)

ਸਹਜੇ –

“ਸਹਜੇ ਆਵੈ ਸਹਜੇ ਜਾਇ।
ਮਨ ਤੇ ਉਪਜੈ ਮਨ ਮਾਹਿ ਸਮਾਇ।”
– ਗਉ ੧, ੬, ੨:੧;੨ (152)

“ਸਹਜੇ ਜਾਗੈ ਸਹਜੇ ਸੋਵੈ।”
– ਮਾਰੂ ੪, ਸੋਲਾ ੧, ੧੨*:੨ (1069)

(6) ਅਸਾਨੀ ਨਾਲ, ਸੁਖਾਲੇ

“ਗੁਰਿ ਕਿਰਪਾ ਕੀਨੀ ਚੁਕਾ ਅਭਿਮਾਨੁ ਸਹਜ ਭਾਇ ਪਾਇਆ ਹਰਿ ਨਾਮੁ।”
– ਬਸੰ ੩, ੧੩, ੩:੧;੨ (1176)

“ਮਨ ਮੇਰੇ ਸੁਖ ਸਹਜ ਸੇਤੀ ਜਪਿ ਨਾਉ।”
– ਸਿਰੀ ੫, ੭੭, ੧*:੧ (44)

“ਨਾਨਕ ਕ੍ਰਿਪਾ ਕਰੇ ਜਗ ਜੀਵਨ ਸਹਜ ਭਾਇ ਲਿਵ ਲਾਏ।”

– ਆਸਾ ੧, ੧੬, ੪:੨ (353)

ਹੋਰ ਰੂਪ:

ਸਹਜਿ –
“ਅਨਹਦੁ ਵਾਜੈ ਸਹਜਿ ਸੁਹੇਲਾ।”
– ਮਾਝ ੫, ੧੦, ੧:੧ (97)
“ਸਹਜਿ ਸਹਜਿ ਗੁਣ ਰਮੈ ਕਬੀਰੁ।”
ਗਉ ਕਬ, ੨੬, ੩:੨ (328)

ਸਹਜੇ –
“ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ।” (ਆਰਾਮ ਨਾਲ)
– ਗਉ ੫, ਬਾਅ, ੩੦:੪ (256)

(7) ਤੁਰੀਆ ਅਵਸਥਾ, ਪੂਰਨ ਗਿਆਨ/ ਟਿਕਾਉ/ਅਡੋਲਤਾ/ਆਤਮਕ ਅਡੋਲਤਾ ਵਾਲੀ ਅਵਸਥਾ

“ਸੁਖ ਸਹਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ।”
– ਸਿਰੀ ੫, ੮੭, ੪:੨ (48)
“ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ।”
– ਮਾਝ ੫, ੪੨, ੧:੩ (106)
“ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ।”
– ਮਾਝ ੫, ੪੩, ੪:੩ (107)
“ਸਾਂਤਿ ਸਹਜ ਆਨਦ ਗੁਣ ਗਾਏ ਦੂਤ ਦੁਸਟ ਸਭਿ ਹੋਏ ਖਇਆ।”
– ਬਿਲਾ ੫, ੧੨੪, ੧:੨ (829)

ਹੋਰ ਰੂਪ:

ਸਹਜਾਏ –
“ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ।”
– ਆਸਾ ੫, ੧੫੩, ੨:੧ (408)

ਸਹਜਿ –
“ਸਹਜਿ ਸੰਤੋਖਿ ਸਦਾ ਤ੍ਰਿਪਤਾਸੇ।”
– ਮਾਝ ੫, ੪੨, ੨:੩ (1067)

ਸਹਜੇ –
“ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ।”
– ਮਾਰੂ ੫, ੧੨, ੪:੧ (1002)
“ਗੁਰ ਪਰਸਾਦੀ ਸਹਜੇ ਮਾਤੇ।”
– ਮਾਰੂ ੩, ਸੋਲਾ ੨੨, ੬:੨ (1066)

(8) ਸਹ+ਜ – ਜੋ ਨਾਲ ਹੀ ਉਪਜੇ, ਕੁਦਰਤੀ

“ਨਾਨਕ ਜਿਉ ਪਾਵਕ ਕਾ ਸਹਜ ਸੁਭਾਉ।”
– ਗਉ ੫, ਸੁਖ ੮, ੧:੧੦ (272)

ਹੋਰ ਰੂਪ:

ਸਹਜਿ –
“ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ।”

- ਸਿਰੀ ੫, ੮੪, ੧:੧ (47)

“ਮੁੰਧ ਸਹਜਿ ਸਲੋਨੜੀਏ ਇਕ ਪ੍ਰੇਮ ਬਿਨੰਤੀ ਰਾਮ।”

- ਅਸ ੧, ਛੰਤ ੧, ੨:੧ (436)

“ਸਹਜਿ ਸੀਗਾਰ ਕਾਮਣਿ ਕਰਿ ਆਵੈ।” (ਕੁਦਰਤੀ ਸੁੰਦਰਤਾ ਵਾਲੀਏ)

- ਸੂਹੀ ੧, ਅਸ, ੧, ੨:੧ (750)

(9) ਆਰਾਮ, ਸੁਖ

“ਸਾਦ ਸਹਜ ਸੁਖ ਰਸਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ।”

- ਆਸਾ ੧, ੩੩, ੩:੧ (358)

“ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ।”

- ਸੋਰ ੫, ੨੮, ੧:੧ (678)

(10) ਨਿਸ਼ਕਾਮ ਪ੍ਰੇਮ, ਉਹ ਪਿਆਰ ਜਿਸ ਵਿਚ ਸਰੀਰਕ ਚੇਸ਼ਟਾ ਨਾ ਹੋਵੇ

“ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ।”

- ਬਿਹਾ ੫, ਛੰਤ ੪, ੧:੪ (544)
ਹੋਰ ਆਸਾ ੫, ੩੩, ੩:੨ (328)
ਵਡ ੩, ਅਲਾ ੧, ੩:੪ (583)

ਹੋਰ ਰੂਪ:

ਸਹਜਿ –

“ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ।”

- ਸੂਹੀ ੧, ਛੰਤ ੨, ੧:੩ (764)
ਹੋਰ ਸੂਹੀ ੪, ਛੰਤ ੪, ੨:੫ (775)
ਹੋਰ ੭੮੭, ੮੪੬, ਬਿਲਾ ੫, ਛੰਤ ੧, ੪:੩

ਸਹਜੇ –

“ਪ੍ਰਭਿ ਆਪਿ ਮਿਲਾਇਆ ਸਚੁ ਮੰਨਿ ਵਸਾਇਆ ਕਾਮਣਿ ਸਹਜੇ ਮਾਤੀ।”

- ਆਸਾ ੩, ਛੰਤ ੬, ੧:੩ (439)

ਸਹਿਜ ----- (1) ਧੀਰੇ ਧੀਰੇ, ਸਹਿਜ ਨਾਲ, ਧੀਰਜ ਨਾਲ

“ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।”

- ਸਿਰੀ ੧, ੧੦, ੨:੨ (17)

“ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ।”

- ਆਸਾ ਕਬ, ੧੦, ੧*:੨ (478)

ਹੋਰ ਰੂਪ:

ਸਹਜੇ –

“ਗੁਰਮੁਖਿ ਸਭੁ ਵਾਪਾਰੁ ਭਲਾ ਜੇ ਸਹਜੇ ਕੀਜੈ ਰਾਮ।”

ਵਡ ੩, ਛੰਤ ੨, ੧:੧ (568)

(2) ਗਿਆਨ, ਵੇਖੋ ‘ਸਹਜ’ (1)
(3) ਅਨੰਦ, ਸ਼ੋਕ ਦਾ ਅਭਾਵ, ਵੇਖੋ ‘ਸਹਜ’ (2)
(4) ਪ੍ਰਭੂ, ਵੇਖੋ ‘ਸਹਜ’ (3)
(5) ਨਿਰਯਤਨ, ਸੁਤੇ ਹੀ, ਵੇਖੋ ‘ਸਹਜ’ (4)
(6) ਸੁਭਾਵਕ, ਵੇਖੋ ‘ਸਹਜ’ (5)

(7) ਆਸਾਨੀ ਨਾਲ ਵੇਖੋ 'ਸਹਜ' (6)
(8) ਤੁਰੀਆ ਅਵਸਥਾ ਵੇਖੋ 'ਸਹਜ' (7)
(9) ਜ਼ੋ ਨਾਲ ਹੀ ਉਪਜੇ, ਵੇਖੋ 'ਸਹਜ' (8)
(9) ਨਿਸ਼ਕਾਮ ਪ੍ਰੇਮ, ਵੇਖੋ 'ਸਹਜ' (10)

ਸਹਜੁ ------ (ਸੰ.) ਸੁਭਾ, ਫਿਤਰਤ, ਆਦਤ
"ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ।"
– ਸਾਰ ੧, ੨, ੩:੧ (1197)
"ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ
ਕਹਿਤ ਕਬੀਰ ਉਆ ਕੋ ਸਹਜੁ ਨ ਜਾਈ।"
– ਆਸਾ ਕਬ, ੨੦, ੫:੨ (481)
"ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ।"
ਸੂਹੀ ੧, ਛੰਤ ੧, ੧:੪ (763)
(2) ਗਿਆਨ, ਵੇਖੋ 'ਸਹਜ' (1)

ਸਹਜੇ ------ (1) ਗਿਆਨ, ਵੇਖੋ 'ਸਹਜ'
(2) ਨਿਰਯਤਨ, ਸੁਤੇ ਹੀ, ਆਪ ਮੁਹਾਰੇ, ਵੇਖੋ 'ਸਹਜ' (4)
(3) ਸੁਭਾਵਕ, ਵੇਖੋ 'ਸਹਜ' (5)
(4) ਆਸਾਨੀ ਨਾਲ, ਸੁਖਾਵੇਂ
"ਆਪੇ ਆਪਿ ਆਪਿ ਮਿਲਿ ਰਹਿਆ ਸਹਜੇ ਸਹਜਿ ਸਮਾਵਣਿਆ।"
– ਮਾਝ ੩, ਅਸ ੧੦, ੫:੩ (115)
"ਸਦਾ ਮੁਕਤੁ ਹਰਿ ਮੰਨਿ ਵਸਾਏ ਸਹਜੇ ਸਹਜਿ ਸਮਾਵਣਿਆ।"
– ਮਾਝ ੩, ਅਸ ੨੪, ੩:੩ (123)
"ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ।"
– ਗੂਜ ੩, ਵਾਰ ਕਬ ੧:੪ (509)

ਸਹਣ ------ (ਸੰ.) ਸਹਾਰਨਾ, ਬਰਦਾਸ਼ਤ ਕਰਨਾ
"ਸਹਣ ਸੀਲ ਸੰਤੰ ਸਮ ਮਿਤ੍ਰਸੵ ਦੁਰਜਨਹ।"
– ਸਸ ੫, ੨੭:੧ (1356)

ਹੋਰ ਰੂਪ:

ਸਹਣਾ –
"ਜੋ ਤੂੰ ਦੇਹਿ ਸੋਈ ਸੁਖੁ ਸਹਣਾ।"
– ਮਾਝ ੫, ੪੦, ੩:੨ (106)

ਸਹਤਾ –
"ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ।"
– ਮਾਝ ੫, ਅਸ ੩੬, ੪:੨ (131)

ਸਹਦਿਆ –
"ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ।"
– ਸਲੋ ਫਰ, ੧੪:੨ (1378)

ਸਹਨ –
"ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ।"

– ਮਾਰੂ ੫, ੪, ੨:੧ (999)

ਸਹਨਾ –
"ਨਾਮਹੁ ਭੂਲੈ ਜਮ ਕਾ ਦੁਖੁ ਸਹਨਾ।"
– ਗਉ ੧, ੧੪, ੩:੨ (227)

ਸਹੰਨਿ –
"ਨਾ ਓਇ ਜਨਮਹਿ ਨਾ ਮਰਹਿ ਨਾ ਓਇ ਦੁਖ ਸਹੰਨਿ।"
– ਸੂਹੀ ੩, ਅਸ ੩, ੩੩:੧ (756)

ਸਹੰਨ੍ਹਿ –
"ਨਾਨਕ ਸਾਕਤ ਨਰਕ ਮਹਿ ਜਮਿ ਬਧੇ ਦੁਖ ਸਹੰਨ੍ਹਿ।"
– ਬਿਲਾ ੪, ਵਾਰ ੧੨ਸ, ੩, ੧:੬ (854)

ਸਹੰਮਾ –
"ਨਾਮਹੀਨ ਧ੍ਰਿਗੁ ਜੀਵਤੇ ਤਿਸ ਵਡ ਦੂਖ ਸਹੰਮਾ।"
– ਬਿਲਾ ੪, ੨, ੩:੧ (799)

ਸਹਾਂ –
"ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ।"
– ਸਲੋ ਫਰ, ੭੬:੨ (1381)

ਸਹਾਹਿ –
"ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ।"
– ਸਿਰੀ ੩, ੫੭, ੩:੩ (36)

ਸਹਾਹੀ –
"ਜਮਪੁਰਿ ਬਧਾ ਦੁਖ ਸਹਾਹੀ।" (ਬਰਦਾਸ਼ਤ ਕਰਨਾ)
– ਮਾਝ ੫, ਅਸ ੪, ੪:੨ (111)

ਸਹਾਮ –
"ਓਇ ਖਸਮੈ ਕੇ ਗ੍ਰਿਹਿ ਉਨ ਦੂਖ ਸਹਾਮ।"
– ਗਉ ੫, ੮੦, ੨:੨ (179)

ਸਹਾਮੰ –
"ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ।"
– ਸੋਰ ੧, ਅਸ ੧, ੫:੨ (635)

ਸਹਾਮਾ –
"ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ।"
– ਸਾਰ ੫, ੩੫, ੨:੧ (1211)

ਸਹਾਮੁ –
"ਧੰਧਾ ਕਰਤਿਆ ਜਨਮੁ ਗਇਆ ਅੰਦਰਿ ਦੁਖੁ ਸਹਾਮੁ।"
– ਸਾਰ ੫, ਵਾਰ ੨੮ਸ, ੩, ੨:੨ (1248)

ਸਹਿ –
"ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ। ਮਿਰਗੁ ਮਰੈ ਸਹਿ ਆਪੁਨਾ ਕੀਨਾ।"
– ਗਉ ੧, ਅਸ ੧੨, ੩;੧:੨ (225)

ਸਹਿਓ –
"ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸਿ।"

– ਗਉ ਕਬ, ੫੭, ੧:੨ (336)

ਸਹਿਆ –

"ਹਮ ਪਾਪੀ ਪਾਖੰਡੀ ਲੋਭੀ ਹਮਰਾ ਗੁਨੁ ਅਵਗੁਨੁ ਸਭੁ ਸਹਿਆ।"

– ਦੇਵ ੫, ੨੪, ੧:੧ (533)

ਸਹੁ –

"ਆਗਿਆ ਸਤਿ ਸਹੁ ਹਾਂ।"

– ਆਸਾ ੫, ੧੬੦, ੧*:੩ (410)

ਸਹੇ –

"ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ।"

– ਆਸਾ ਫਰ, ੨, ੮:੨ (488)

ਸਹੈ –

"ਸਾਧੂ ਕੈ ਸੰਗਿ ਅਜਰੁ ਸਹੈ।"

– ਗਉ ੫, ਸੁਖ ੭, ੪:੪ (271)

ਸਹਤਾ ----- (1) ਟਿਕਦਾ, ਆਸਰਾ ਲੈਂਦਾ

"ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ।"

– ਰਾਮ ੧, ਸਿਗੋ ੬੬:੨ (945)

(2) ਸਹਾਰਨਾ ਵੇਖੋ 'ਸਹਣ'

ਸਹਨਕ ----- (ਸੰ. ਸਹਨਕ) ਤਸ਼ਤਰੀ, ਪਲੇਟ, ਥਾਲੀ

"ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ।"

– ਭੈਰ ਨਾਮ, ੧, ੨:੨ (1167)

ਸਹਨਾਈ ---- (ਫਾ. ਸ਼ਹਿਨਾਈ) ਤੂਤੀ, ਨਫੀਰੀ

"ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ।"

– ਆਸਾ ੧, ਅਸ ੧੨, ੧:੧ (417)

ਸਹੰਮ ------ (ਫਾ. ਸਹਿਮ) ਡਰ, ਭੈ

"ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ।"

– ਸੂਹੀ ੩, ਵਾਰ ੧੧ਸ, ੧, ੨:੨ (789)

ਹੋਰ ਰੂਪ:

ਸਹੰਮਾ –

"ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ।"

– ਤੁਖਾ ੧, ਬਸ ੧:੨ (1107)

ਸਹੰਮੀ –

"ਜੋ ਲੇਵੈ ਸੋ ਦੇਵੈ ਨਾਹੀ ਖਟੇ ਦੰਮ ਸਹੰਮੀ।"

– ਸਲੋ ੧, ੨੯:੪ (1412)

ਸਹੰਮਾ ----- (1) ਸਹਾਰਨਾ – ਵੇਖੋ 'ਸਹਣਾ'

(2) ਸਹਿਮ, ਡਰ, ਨੈ–ਦੇਖੋ 'ਸਹੰਮ'

ਸਹਰ ------ (ਫਾ. ਸ਼ਹਿਰ) ਨਗਰ

"ਬੇਗਮ ਪੁਰਾ ਸਹਰ ਕੋ ਨਾਉ।"

– ਗਉ ਰਵਿ, ੨:੧:੧ (345)

ਹੋਰ ਰੂਪ:

ਸਹਰੁ –
"ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ।"

– ਸਲੋ ੧, ੨੭:੧ (1412)

ਸਹਲੰਗਾ ---- (ਸੰ.) ਮਿਲੇ ਹੋਏ, ਜੁੜੇ ਹੋਏ, ਨਾਲ ਲੱਗੇ ਹੋਏ, ਜੋਟੀਦਾਰ
"ਪਉਣੁ ਪਾਣੀ ਬੈਸੰਤਰੁ ਸਭਿ ਸਹਲੰਗਾ।"

– ਗਉ ੩, ੨੯, ੧:੨ (160)

ਹੋਰ ਰੂਪ:

ਸਹਲੰਙੁ –
"ਸਹਿਪ੍ਰਭੁ ਚਿਤਿ ਨ ਆਇਓ ਮਨਿ ਦੂਜਾ ਭਾਉ ਸਹਲੰਙੁ।"

– ਸੂਹੀ ੪, ੩, ੨:੨ (1327)

ਸਹਲੀ ----- ਲਾਹੇਵੰਦ, ਲਾਭਵਾਲੀ, ਫਾਇਦੇਮੰਦ
"ਸਹਲੀ ਖੇਪ ਨਾਨਕੁ ਲੈ ਆਇਆ।"

– ਆਸਾ ੫, ੬, ੪:੪ (372)

ਸਹਾਉ ----- ਸੁਭਾਉ
"ਹਮਰੋ ਸਹਾਉ ਸਦਾ ਸਦ ਭੂਲਨ ਤੁਮਰੋ ਬਿਰਦੁ ਪਤਿਤ ਉਧਰਨ।"

– ਬਿਲਾ ੫, ੧੧੮, ੨:੧ (828)

ਸਹਾਇ ----- (ਸੰ.)
(1) ਸਹਾਇਤਾ
"ਜਨ ਕੀ ਕੀਨੀ ਆਪਿ ਸਹਾਇ।"

– ਗਉ ੫, ੧੧੦*, ੩:੧ (202)

"ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ।"

– ਸਲੋ ਕਬ, ੯੭:੧ (1369)

(2) ਸਹਾਇਕ, ਸਹਾਇਤਾ ਕਰਨ ਵਾਲਾ, ਮਦਦਗਾਰ
"ਨਾਮੁ ਤੇਰਾ ਜਪਿ ਜੀਵੈ ਨਾਨਕੁ ਓਤਿ ਪੋਤਿ ਮੇਰੈ ਸੰਗਿ ਸਹਾਇ।"

– ਆਸਾ ੫, ੯, ੪:੨ (373)

ਹੋਰ ਰੂਪ:

ਸਹਾਈ –
"ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ।"

– ਸਿਰੀ ੫, ੭੮, ੧*:੨ (45)

ਸਹਾਏ –
"ਤਾਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ।"

– ਮਲਾਰ ੫, ੧, ੧:੨ (1266)

ਸਹਾਤ –

"ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ।"
– ਕੇਦਾ ੫, ੭, ੨:੨ (1120)

ਸਹਾਹਿ – ਵੇਖੋ 'ਸਹਣ'
ਸਹਾਮ – ਵੇਖੋ 'ਸਹਣ'

ਸਹਾਰੁ ----- ਆਸਰਾ, ਸਹਾਰਾ, ਓਟ
"ਸੰਤ ਸਹਾਰੁ ਸਦਾ ਬਿਖਿਆਤਾ।"
– ਸਵ ੧, ੧:੨ (1389)

ਹੋਰ ਰੂਪ:

ਸਹਾਰੰ –
"ਉਲਟੀ ਲੇ ਸਕਤਿ ਸਹਾਰੰ।"
– ਰਾਮ ਕਬ, ੧੦, ੨:੧ (972)

ਸਹਾਰੇ ----- ਬਰਦਾਸ਼ਤ ਕਰੇ, ਸਹੇ
"ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ।"
– ਸਵ ੩, ੬:੨ (1393)

ਹੋਰ ਰੂਪ:

ਸਹਾਰੈ –
"ਸੁਕ੍ਰਿਤੁ ਸਹਾਰੈ ਸੁ ਇਹ ਬ੍ਰਿਤਿ ਚੜੈ।"
– ਗਉ ਕਬ, ਵਾ ੬:੧ (344)

ਸਹਾਰ੍ਉ –
"ਪੰਚਾਹਰੁ ਨਿਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰ੍ਉ।"
– ਸਵ ੫, ਕਬ ੯:੨ (1408)

ਸਹਿ ------ (1) ਪਤੀ, ਸਹੁ ਵੇਖੋ 'ਸਹ' (f)
(2) ਬਰਦਾਸ਼ਤ ਕਰਨਾ, ਝਲਣਾ ਵੇਖੋ 'ਸਹਣ (f)
(3) ਮਾਲਕ – ਵੇਖੋ 'ਸਹ' (f)

ਸਹਿਓ ----- ਸਹਾਰਿਆ, ਬਰਦਾਸ਼ਤ ਕੀਤਾ, ਵੇਖੋ 'ਸਹਣ' (f)

ਸਹਿਆ ---- ਸਹਾਰਿਆ, ਬਰਦਾਸ਼ਤ ਕੀਤਾ ਵੇਖੋ 'ਸਹਣ' (f)

ਸਹਿਤ ----- (1) ਨਾਲ, ਸਾਥ
"ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ।"
– ਸੋਰ ੫, ੩੨, ੨:੧ (617)

(2) ਸਮੇਤ
"ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ।"
– ਬਿਲਾ ੩, ੧, ੧:੨ (796)

ਹੋਰ ਰੂਪ:

ਸਹੇਤ –
"ਮੈਲੇ ਜੋਗੀ ਜੰਗਮ ਜਟਾ ਸਹੇਤਿ।"

– ਭੈਰ ਕਬ, ੩, ੫:੧ (1158)

ਸਹਿਲਾ ----- (1) ਲਾਭ ਵਾਲਾ, ਸਫਲ
“ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ।”
– ਮਾਝ ੧, ਵਾਰ ੨੫ਸ, ੩, ੧:੨ (149)
“ਨਾਨਕ ਜੋ ਮਰਿ ਜੀਵਿਆ ਸਹਿਲਾ ਆਇਆ ਸੋਇ।”
– ਰਾਮ ੩, ਵਾਰ ੨੦ਸ, ੩, ੧:੨ (1956)
(2) ਸੋਖਾ, ਸੁਗਮ
“ਜੇ ਕਰਿ ਸਾਹਿਬੁ ਮਨਹੁ ਨ ਵੀਸਰੈ ਤਾ ਸਹਿਲਾ ਮਰਣਾ ਹੋਇ।”
– ਬਿਹਾ ੪, ਵਾਰ ੧੭ਸ, ੩, ੨:੨ (555)

ਸਹੀ ------ (1) (ਸੰ.) ਸਹੇਲੀ, ਸਖੀ
“ਸੋਈ ਸਹੀ ਸੰਦੇਹ ਨਿਵਾਰੈ।”
– ਗਉ ਕਬ, ਬਾਅ ੪੧:੨ (342)
ਹੋਰ ਰੂਪ:
ਸਹੀਅਉ –
“ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਉ।”
– ਜੈਤ ੫, ੨, ੧*:੨ (700)
ਸਹੀਆ –
“ਸੇ ਸਹੀਆ ਸੋਹਾਗਣੀ ਜਿਨ ਕਉ ਨਦਰਿ ਕਰੇਇ।”
– ਸਿਰੀ ੩, ੬੧, ੪:੧ (38)
ਸਹੀਆਹ –
“ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ।”
– ਮਾਰੂ ੩, ਅਸ ੧੦, ੧:੨ (1015)
(2) (ਅ. ਸਹੀ) ਬਿਨਾ ਸੰਸੇ, ਨਿਸਚੇ ਕਰਕੇ
“ਹੈ ਤਉ ਸਹੀ ਲਖੈ ਜੇ ਕੋਈ।”
– ਗਉ ਕਬ, ਬਾਅ ੪੨:੩ (342)
“ਜਿਨਾ ਸਾਸਿ ਗਿਰਾਸਿ ਨ ਵਿਸਰੈ ਸੋ ਹਰਿ ਜਨ ਪੂਰੇ ਸਹੀ ਜਾਣਿ।”
– ਸੋਰਠ ਵਾਰ ੨੨:੪ (651)
(3) ਠੀਕ, ਯਥਾਰਥ, ਸਚ
“ਞੰਞਾ ਞਾਣਹੁ ਦ੍ਰਿੜ ਸਹੀ ਬਿਨਸਿ ਜਾਤ ਏਹ ਹੇਤ।”
– ਗਉ ੫, ਬਾਅ ੨੬:੧ (255)
“ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ।”
– ਰਾਮ, ਵਾਰ ੧੩ਸ, ੧, ੨:੧ (953)
“ਞਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ।”
ਗਉ ੫, ਬਾਅ ੨੬:੪ (255)
“ਜਿਨੀ ਚਲਣੁ ਸਹੀ ਜਾਣਿਆ ਸਤਿਗੁਰੁ ਸੇਵਹਿ ਨਾਮੁ ਸਮਾਲੇ।”
– ਵਡ ੩, ਅਲਾ ੩, ੧:੨ (584)
“ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ।”
– ਸੋਰ ੯, ੨, ੧:੨ (631)

(4) ਨਿਰਣਾ

"ਦੀਨ ਦਇਆਲ ਪ੍ਰੀਤਮ ਮਨਮੋਹਨ ਮਿਲਿ ਸਾਧਹ ਕੀਨੋ ਸਹੀ।"

– ਸਾਰ ੫, ੧੦੯, ੨:੧ (1225)

"ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ।"

– ਤੁਖਾਰ ੪, ਛੰਤ ੪, ੬:੨ (1117)

(5) ਸਾਹਮਣੇ

"ਟੂਟੈ ਨੇਹੁ ਕਿ ਬੋਲਹਿ ਸਹੀ।" (ਸਾਹਮਣੇ ਬੋਲਣ ਨਾਲ ਨੇਹੁ ਟੁੱਟ ਜਾਂਦਾ ਹੈ)

– ਰਾਮ ੧, ਓਅੰ ੨੮:੧ (933)

(6) ਸੁਖ ਸਾਂਦ ਨਾਲ, ਠੀਕ ਠਾਕ

"ਸਹੀ ਸਲਾਮਤਿ ਘਰਿ ਲੈ ਆਇਆ।"

– ਆਸਾ ੫, ੬, ੩:੪ (372)

"ਸਹੀ ਸਲਾਮਤਿ ਨਾਇ ਆਏ।"

– ਸੋਰ ੫, ੫੭, ੨:੩ (623)

"ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ।"

– ਸੋਰ ੫, ੬੫, ੧*:੨ (625)

(7) ਅਸਲ

"ਆਨ ਬਿਉਹਾਰ ਬਿਸਰੇ ਪ੍ਰਭ ਸਿਮਰਤ ਪਾਇਓ ਲਾਭੁ ਸਹੀ।"

– ਸਾਰ ੫, ੮੩, ੨:੨ (1220)

(8) ਸਹਾਰੀ ਜਾਣੀ

"ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।"

– ਸਾਰ ੫, ੧੩੯, ੧:੧ (1231)

ਹੋਰ ਰੂਪ:

ਸਹੀਐ –

"ਸਿਰਿ ਧਰਿ ਚਲੀਐ ਸਹੀਐ ਭਾਰੁ।"

– ਗਉ ੧, ੧, ੧:੩ (151)

ਸਹੀਜੈ –

"ਰਾਮ ਨਾਮ ਬਿਨੁ ਦੂਖੁ ਸਹੀਜੈ।"

– ਰਾਮ ੧, ਅਸ ੫, ੨:੩ (905)

ਸਹੀਦ ----- (ਸੰ. ਸ਼ਹੀਦ) ਸ਼ਹਾਦਤ ਦੇਣ ਵਾਲਾ, ਕੁਰਬਾਨੀ ਦੇਣ ਵਾਲਾ

"ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।"

– ਸਿਰੀ ੧, ਅਸ ੧, ੩:੧ (53)

ਸਹੁ –

(1) ਪਤੀ, ਵੇਖੋ 'ਸਹ' (2)

(2) ਮਾਲਕ, ਵੇਖੋ 'ਸਹ' (3)

'"ਨਾਨਕ ਸੋ ਸਹੁ ਆਹਿ ਜਾ ਕੇ ਆਢਲਿ ਹਭੁ ਕੋ।"

– ਗੁਜ ੫, ਵਾਰ ੧੧ਸ, ੫, ੨:੨ (521)

(3) ਸਹਣਾ, ਬਰਦਾਸ਼ਤ ਕਰਨਾ ਵੇਖੋ 'ਸਹਣ'

"ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ।"

– ਮਾਰੂ ੧, ੧੨, ੪:੩ (993)

ਸਹੇ –

(1) ਬਰਦਾਸ਼ਤ ਕਰਨਾ, ਸਹਾਰਨਾ, ਵੇਖੋ 'ਸ਼ਹਣ'

(2) ਸਹੀ ਕੀਤਾ, ਪ੍ਰਗਟ ਕੀਤਾ

"ਕਾਇਆ ਨਗਰਿ ਨਗਰਿ ਹਰਿ ਬਸਿਓ ਮਤਿ ਗੁਰਮਤਿ ਹਰਿ ਹਰਿ ਸਹੇ।"

– ਪ੍ਰਭਾ ੪, ੨:੧ (1336)

ਸਹੇਤ ------ ਸਮੇਤ ਵੇਖੋ 'ਸਹਿਤ' (2)

ਸਹੇਰਾ ----- (ਸੰ.) ਨਾਲ ਖੇਡਣ ਵਾਲਾ, ਮਿੱਤਰ, ਸਾਥੀ

"ਭਾਈ ਬੰਧ ਕੁਟੰਬ ਸਹੇਰਾ।"

– ਸੂਹੀ ਰਵਿ, ੩, ੨:੧ (794)

ਹੋਰ ਰੂਪ:

ਸਹੇਰੀ –

"ਚੁਕਾ ਨਿਹੋਰਾ ਸਖੀ ਸਹੇਰੀ।"

– ਆਸਾ ੫, ੫੩, ੧*:੧ (384)

ਸਹੇਲੜੀਆਹ –

"ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।"

– ਸਿਰੀ ੧, ੧੦, ੧:੧ (77)

ਸਹੇਲੜੀਹੋ –

"ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ।"

– ਗਉ ੧, ਛੰਤ ੧, ੩:੧ (242)

ਸਹੇਲੀ –

"ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ।"

– ਸਿਰੀ ੧, ਅਸ ੫, ੩:੧ (56)

ਸਹੇਲੀਆ –

"ਨਾਹ ਬਿਨੁ ਘਰ ਵਾਸੁ ਨਾਹੀ ਪੁਛਹੁ ਸਖੀ ਸਹੇਲੀਆ।"

– ਗਉ ੧, ਛੰਤ ੧, ੨:੩ (242)

ਸਹੇਲੀਹੋ –

"ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ।"

– ਸਿਰੀ ੩, ੬੧, ੩:੩ (38)

ਸਹੇਲੀ ----- (1) ਵੇਖੋ 'ਸਹੇਰਾ'

(2) ਇੰਦਰੇ

"ਸਗਲ ਸਹੇਲੀ ਅਪਨੈ ਰਸ ਮਾਤੀ।"

– ਗਉ ੫, ੮੯, ੨:੧ (182)

ਸਹੇਲੀਆ --- ਸੁਖਦਾਇਕ

"ਰੁਤਿ ਬਰਸੁ ਸਹੇਲੀਆ ਸਾਵਣ ਭਾਦਵੇ ਆਨੰਦ ਜੀਉ।"

– ਰਾਮ ੫, ਰੁਤੀ ੪:੧ (928)

(‘ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ’ ਵਿਚ ਪ੍ਰੋ: ਸਾਹਿਬ ਸਿੰਘ ਨੇ ਇਸ ਸ਼ਬਦ ਨੂੰ ‘ਸੁਹੇਲੀਆ’ ਕਰਕੇ ਲਿਖਿਆ ਹੋਇਆ ਹੈ)

ਸਹੇੜੀਐ --- ਵਿਹਾਣੀਐ, ਇਕਠੀ ਕਰੀਏ
“ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ।”
– ਮਲਾ ੧, ਵਾਰ ੨੧ਸ, ੧, ੨:੧ (1287)

ਸਹੋ ------- ਵੇਖੋ ‘ਸਹ’ (2)

ਸਹੋਦਰਾ ---- (ਸੰ.) ਉਸੇ ਉਧਰ ਤੋਂ ਜਨਮਿਆ ਹੋਇਆ, ਸਕਾ ਭਰਾ
“ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ।”
– ਗਉ ੫, ਬਾਅ ੧ਸ:੨ (250)

ਹੋਰ ਰੂਪ:- ਸਕ (ਫਾ.)

“ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ।”
– ਤਿਲੰ ਕਬ, ੧, ੪:੧ (727)

ਸੰਕ ------- (1) (ਸੰ.) ਸੰਸਾ, ਸ਼ਕ, ਭਰਮ
“ਅੰਤਰ ਕੀ ਗਤਿ ਜਾਣੀਐ ਗੁਰ ਮਿਲੀਐ ਸੰਕ ਉਤਾਰਿ।”
– ਸਿਰੀ ੧, ੧੮, ੨:੧ (21)

(ff) ਸੰਗ, ਝਿਜਕ
“ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ।”
– ਸਿਰੀ ੫, ਅਸ ੨੬, ੮:੩ (71)

“ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ।”
– ਰਾਮ ੧, ਓਅੰ ੧੨:੨ (931)

“ਸਤਿਗੁਰ ਸੇਵਹੁ ਸੰਕ ਨ ਕੀਜੈ।”
– ਮਾਰੂ ੧, ਸਲੋ ੨੨, ੯:੧ (1043)

ਸਕਉ ----- (ਸੰ.) ਯੋਗ, ਸਮਰਥ ਹੋਣਾ, ਸਕਣਾ
“ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ।”
– ਗਉ ੪, ੬੭, ੩:੨ (174)

ਹੋਰ ਰੂਪ:

ਸਕਈ – (ਸਕਦੀ)
“ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ।”
– ਸਿਰੀ ੫, ੭੩, ੪:੧ (43)

ਸਕਸਿ –
“ਜਨ ਕਉ ਪਹੁਚ ਨ ਸਕਸਿ ਕੋਇ।”
– ਬਸੰ ੫, ੧੨, ੩:੪ (1133)

ਸਕਹ –
“ਤੁਮ੍ਹਰੀ ਗਤਿ ਮਿਤਿ ਕਹਿ ਨ ਸਕਹ ਪ੍ਰਭ ਹਮ ਕਿਉ ਕਰਿ ਮਿਲਹ ਅਭਾਗੀ।”
– ਧਨਾ ੪, ੨, ੩:੨ (667)

ਸਕਹਿ –
"ਤਾ ਆਖਿ ਨ ਸਕਹਿ ਕੇਈ ਕੇਇ।"
– ਜਪੁ ੨੬:੨੨ (6)

ਸਕਹੁ –
"ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ।"
– ਸਲੋ ਕਬ, ੨੭:੧ (1365)

ਸਕਤ –
"ਦਰਸ਼ਨ ਰੁਚਿਤ ਪਿਆਸ ਮਨਿ ਸੁੰਦਰ ਸਕਤ ਨ ਕੋਈ ਤੋਰਿ।"
– ਸਾਰਾ ੫, ੧੨੪, ੧*:੨ (1228)

ਸੰਕਟ ------ (ਸੰ.) ਦੁਖ, ਕਲੇਸ਼, ਮੁਸੀਬਤ
"ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ।"
– ਗਉ ੯, ੬, ੧:੨ (220)

ਹੋਰ ਰੂਪ:

ਸੰਕਟਵੈ –
"ਸਾਹਿਬੁ ਸੰਕਟਵੈ ਸੇਵਕੁ ਭਜੈ।"
– ਬਸੰ ਨਾਮ, ੧, ੧:੧ (1195)

ਸੰਕਟਿ –
"ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ।"
– ਗਉ ਕਬ, ੭੦, ੨:੧ (339)

ਸਕਤ ------

(1) ਮਾਇਆ
"ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ।"
– ਆਸਾ ੫, ੮੧, ੨:੨ (390)

(2) ਬਲਵਾਨ (ਸੰ.) ਸਮਰਥ, ਸ਼ਕਤੀ ਵਾਲਾ, ਤਾਕਤਵਰ
"ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ।"
– ਕੇਦਾ ੫, ੧੦, ੨:੨ (1121)

(3) (ਸੰ.) ਪਰਾਇਣ, ਲੀਣ ਵੇਖੋ 'ਬਿਖਿਆ ਸਕਤ'
"ਬਿਖਿਆ ਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ।"
– ਸੋਰ ੯, ੬, ੧:੧ (632)

ਸਕਤਵਾਰ --- ਤਾਕਤਵਰ (ਵੇਖੋ 'ਸਕਤ' (2))
"ਇਕੁ ਦੁਖੁ ਸਕਤਵਾਰ ਜਮਦੂਤ।"
– ਮਲਾ ੧, ੭, ੧:੨ (1256)

ਸਕਤਾ ----- ਬਲਵਾਨ (ਵੇਖੋ 'ਸਕਤ' (2))
"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।"
– ਆਸਾ ੧, ੩੯, ੧*:੨ (360)

ਸਕਤਿ ----- (1) ਤਾਕਤ, ਸ਼ਕਤੀ, ਸਮਰਥਾ
"ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ।"

– ਬਿਲਾ ੫, ੫, ੧:੩ (803)

"ਜੋਰੁ ਸਕਤਿ ਨਾਨਕ ਕਿਛੁ ਨਾਹੀ ਪ੍ਰਭ ਰਾਖਹੁ ਸਰਣਿ ਪਰੇ।"

– ਟੋਡੀ ੫, ੧੨, ੨:੨ (714)

ਹੋਰ ਰੂਪ:

ਸਕਤੀ –

"ਇਹੁ ਮਨੁ ਸਕਤੀ ਇਹ ਮਨੁ ਸੀਉ।"

– ਗਉ ਕਬ, ਬਾਅ ੩੩:੧ (342)

(2) ਪ੍ਰਭਾਵ, ਅਸਰ

"ਸਕਤਿ ਅੰਧੇਰ ਜੇਵੜੀ ਭ੍ਰਮੁ ਚੂਕਾ ਨਿਹਚੁਲ ਸਿਵ ਘਰਿ ਬਾਸਾ।"

– ਗਉ ਕਬ, ਘਰ ੪੬, ੨:੨ (332)

(ਕੇਵਲ ਮਹਾਨਕੋਸ਼), ਮਾਇਆ, ਸ਼ਬਦਾਰਥ, ਨਿਰਣਾ, ਦਰਪਣ, ਸੰਥਿਆ

(3) ਮਾਇਆ, ਪ੍ਰਕਿਤੀ

"ਸਿਵ ਸਕਤਿ ਮਿਟਾਈਆ ਚੂਕਾ ਅੰਧਿਆਰਾ।"

– ਗਉ ੩, ੩੮, ੧:੩ (163)

"ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ।"

– ਗੂਜ ੩, ਆਸਾ ੧, ੩:੧ (506)

"ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ।"

– ਮਾਰੂ ੫, ਵਾਰ ੬:੫ (1096)

ਹੋਰ ਰੂਪ:

ਸਕਤੀ –

"ਜਹਿ ਦੇਖਾ ਤਹਿ ਰਵਿ ਰਹੇ ਸਿਵ ਸਕਤੀ ਕਾ ਮੇਲ।"

– ਸਿਰੀ ੧, ੧੮, ੪:੧ (21)

"ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ।"

– ਸੂਰ ੩, ਵਾਰ ੮ ਸ, ੩, ੨:੨ (511)

4. ਇਸਤ੍ਰੀ (ਭਾਵ) ਸ਼ਕਤੀ, ਦੇਵਤਿਆਂ ਦੀਆਂ ਇਸਤ੍ਰੀਆਂ ਨੂੰ ਸ਼ਕਤੀਆਂ ਕਹਿੰਦੇ ਹਨ (ਸੰਥਿਆ)

"ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ।"

– ਸਿਰੀ ਬੇਣੀ, ੧, ੨:੪ (93)

"ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ।"

– ਆਸਾ ਕਬ, ੮, ੨:੧ (477)

5. ਬਰਛੀ, (ਕੇਵਲ ਮਹਾਨਕੋਸ਼) ਸੈਹਬੀ

"ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ।"

– ਸਵ ੨, ੪:੩ (1391)

6. ਪਾਰਬਤੀ (ਭਾਵ)

"ਸਿਵਾ ਸਕਤਿ ਸੰਬਾਦੰ।"

– ਗੋਂਡ ਨਾਮ, ੧:੪:੧ (873)

7. ਸੰਬੰਧ, ਸੰਯੋਗ (ਮਹਾਨਕੋਸ਼)

ਦਰਪਣ ਸ਼ਬਦਾਰਥ ਸਹਿਮਤ ਨਹੀਂ ਜਿਵੇ

ਮਾਇਆ ਦਾ ਸੂਰਜ ਬਹੁਤ ਤਪਦਾ ਹੋਵੇ, ਗੁਰੂ ਚੰਦਰਮਾ ਦੇ ਦਰਸ਼ਨ ਕੀਤੀਆਂ ਠੰਢ ਪੈ ਜਾਂਦੀ ਹੈ।
"ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ।"
– ਗੋਂਡ ੪, ੩, ੧:੨ (860)

ਸਕਤੀ ----- (1) ਜੜ੍ਹ (ਚੇਤਨਾ ਸਿਵਾ ਕੇ ਵਿਪ੍ਰੀਤ)
"ਆਪੇ ਸਿਵ ਸਕਤੀ ਸੰਜੋਗੀ।"
– ਭੈਰ ੫, ੫੦, ੨:੩ (1150)
(2) ਤਾਕਤ, ਸ਼ਕਤੀ, ਸਮਰਥਾ, ਵੇਖੋ 'ਸਕਤਿ' (1)
(3) ਮਾਇਆ, ਪ੍ਰਕ੍ਰਿਤੀ, ਵੇਖੋ 'ਸਕਤਿ' (3)

ਸਕੰਦਾ ----- ਸਕਨਾ, ਸਮਰਥ ਹੋਣਾ
"ਨਾਲਿ ਹੋਵੰਦਾ ਲਹਿ ਨ ਸਕੰਦਾ।"
– ਰਾਮ ੫, ਛੰਤ, ੧, ੧:੪ (924)

ਹੋਰ ਰੂਪ:

ਸਕਨਿ –
"ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਹਾ ਪਰਾਇਆ ਭਲਾ ਨ ਸੁਖਾਈ।"
– ਬਿਲਾ ੪, ਵਾਰ ੪:੩ (850)

ਸਕਨੀ –
"ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ ਓਨ੍ਹਾ ਅਗੈ ਪਿਛੈ ਥਾਉ ਨਾਹੀ।"
– ਗਉ ੪, ਵਾਰ ੧੫ਸ, ੪, ੨:੭ (308)

ਸਕਯਥ ---- (ਸੰ.) ਸਰਲ, ਸਾਰਥਕ
"ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ।"
– ਸਵ ੩, ੧੦:੧ (1394)

ਹੋਰ ਰੂਪ:

ਸਕਯਥਉ –
"ਪਰਚਉ ਪ੍ਰਮਾਣ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ।"
– ਸਵ ੪ ਕਲ, ੧੧:੫ (1398)

ਸਕਯਥੁ –
"ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ।"
– ਸਵ ੧, ੬:੪ (1390)

ਸਕਰ ------ (ਫ.) ਖੰਡ, ਸ਼ਕਰ
"ਸਗਲੀ ਧਰਤੀ ਸਕਰ ਹੋਵੈ ਖੁਸੀ ਕਰੇ ਨਿਤ ਜੀਉ।"
– ਮਾਝ ੧, ਵਾਰ ੯ ਸ, ੧, ੧:੨ (142)

ਸੰਕਰ ------ (ਸੰ.) ਪੁਰਾਣਾ ਅਨੁਸਾਰ ਸ਼ਿਵ ਦਾ ਸੰ (ਕਲਿਆਣ) ਕਰਤਾ ਰੂਪ ਸ਼ਿਵਜੀ
"ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ।"
– ਆਸਾ ੫, ਛੰਤ ੫, ੨:੧ (455)
(2) ਸ਼ਿਵਜੀ
"ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ।"

– ਗੁਜ ੫, ਵਾਰ ੨:੪ (518)

ਹੋਰ ਰੂਪ:

ਸੰਕਰਦੇਉ –
“ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ।”
– ਆਸਾ ਕਬ, ੧੪, ੨:੧ (479)

ਸੰਕਰਾ –
“ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ।”
– ਧਨਾ ਤਿਲੋ ੧, ੧:੧ (695)

ਸੰਕਰਿ –
“ਸੰਕਰਿ ਬ੍ਰਹਮੈ ਦੇਵੀ ਜਪਿਓ ਮੁਖਿ ਹਰਿ ਹਰਿ ਨਾਮੁ ਜਪਿਆ।”
– ਮਾਰੂ ੪, ੨, ੨:੧ (995)

ਸੰਕਰੁ –
“ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।”
– ਮਾਰੂ ੧, ੧੦, ੨:੧ (992)

ਸਕਲ ------ ਸਗਲ, ਸਾਰੇ
“ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ।”
– ਗੁਜ ਜੈਦੇ ੧, ੩:੨ (526)
“ਦੀਨਾ ਨਾਥ ਸਕਲ ਭੈ ਭੰਜਨ ਜਸੁ ਤਾ ਕੋ ਬਿਸਰਾਇਓ।”
– ਸੋਰ ੯, ੯, ੨:੨ (633)

ਸਕਾ ------ (ਵੇਖੋ ‘ਸਕੰਦਾ’) ਸਕਣਾ, ਸਮਰਥ ਹੋਣਾ, ਹੋਰ ਵੇਖੋ ‘ਸਾਕਾ’ ਸਾਕੈ
“ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ।”
– ਮਾਝ ੪, ੧, ੩:੩ (94)

ਹੋਰ ਰੂਪ:

ਸਕਾਉ –
“ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ।”
– ਸਿਰੀ ੫, ੭੭, ੪:੨ (44)

ਸਕਾਈਐ –
“ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ।”
– ਬਸੰ ੪, ੬, ੨:੧ (1179)

ਸਕਾਸਾ –
“ਤਿਸ ਕਾ ਭਰਵਾਸਾ ਕਿਉ ਕੀਜੈ ਮਨ ਮੇਰੇ ਜੋ ਅੰਤੀ ਅਉਸਰਿ ਰਖਿ ਨ ਸਕਾਸਾ।”
– ਗੋਂਡ ੪, ੨, ੪:੧ (860)

ਸਕਾਹਿ –
“ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ।”
– ਗੁਜ ੫, ੧੧, ੧:੨ (498)

ਸਕਾਹੀ –
“ਜਨ ਨਾਨਕ ਨਾਮੁ ਅਰਾਧਿ ਤੂ ਤਿਸੁ ਅਪੜਿ ਕੋ ਨ ਸਕਾਹੀ।”
– ਗਉ ੪, ਵਾਰ ੧੫ਸ, ੪, ੨:੧੨ (309)

ਸਕਿਓ –
“ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।”
– ਸੂਹੀ ਫਰ ੨, ੧:੧ (794)

ਸਕਿਆ –
“ਸਕਿਆ ਨ ਅਖਰੁ ਏਕੁ ਪਛਾਨਿ।”
– ਗਉ ਕਬ, ਬਾਅ ੪੫:੨ (343)
“ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ।”
– ਮਾਰੂ ੪, ੨, ੪:੧ (995)

ਸਕੀ –
“ਮਨਮੁਖ ਹਰਿ ਹਰਿ ਕਰਿ ਥਕੇ ਮੈਲੁ ਨ ਸਕੀ ਧੋਇ।”
– ਸਿਰੀ ੩, ੬੪, ੧*:੨ (39)

ਸਕੀਐ –
“ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ।”
– ਸਿਰੀ ੪, ਵਾਰ ੧੬ ਸ, ੩, ੧:੪ (89)

ਸਕੀਜੈ –
“ਹੁਕਮੁ ਨ ਜਾਪੀ ਕੇਤੜਾ ਕਹਿ ਨ ਸਕੀਜੈ ਕਾਰ।”
– ਸਾਰ ੪, ਵਾਰ ੧੧ ਸ, ੧, ੧:੫ (1241)

ਸਕੈ –
“ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ।”
– ਮਾਰੂ ੧, ਸੋਲ ੧੭, ੬:੩ (1038)

ਸਕੈ –
“ਸੁਣਿਐ ਪੋਹਿ ਨ ਸਕੈ ਕਾਲੁ।”
– ਜਪੁ ੧, ੮:੪ (2)

ਸਕੋਈ –
“ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ।”
– ਗਉ ੪, ਵਾਰ ੧੫ ਸ, ੪, ੩:੪ (309)

ਸੰਕਾ ------ (ਸੰ.) ਸ਼ਕ, ਸੰਸਾ, ਭਟਕਣਾ
“ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ।”
– ਗਉ ਰਵਿ, ਅਸ ੧, ੩:੧ (346)
“ਮਰਨ ਜੀਵਨ ਕੀ ਸੰਕਾ ਨਾਸੀ।”
– ਪ੍ਰਭਾ ਕਬ, ੧, ੧:੧ (1349)

ਸਕਾਰਥਾ --- ਸਫਲ, ਲਾਹੇਵੰਦ
“ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ।”
– ਸਿਰੀ ੪, ਵਾਰ ੭ ਸ, ੧, ੨:੬ (85)

ਹੋਰ ਰੂਪ:

ਸਕਾਰਥੁ –
“ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ ਬਸਾਹਿ।”
– ਆਸਾ ੫, ੧੪੬, ੧:੧ (407)

ਸਕੀ ------ (1) ਸਕਨਾ, ਸਮਰਥ ਹੋਣਾ, ਵੇਖੋ ‘ਸਕਾ’
(2) ਸਕਿਆ, ਖ਼ੂਨ ਦੇ ਰਿਸ਼ਤੇਦਾਰਾਂ
“ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ।”
– ਬਿਲਾ ੪, ਵਾਰ ੧੦:੨ (853)

ਸੰਕੁਰਾ ----- ਤੰਗ, ਭੀੜਾ
“ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ।”
– ਸਲੋ ਕਬ, ੫੮:੧ (1367)

ਹੋਰ ਰੂਪ:

ਸੰਕੁੜਾ –
“ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ।”
– ਗੂਜ ੩, ਵਾਰ ੪ ਸ, ਕਬ, ੧:੧ (509)

ਸਕੇਲਾ ---- (ਸੰ.) ਸਮੇਟ ਲਿਆ, ਇਕੱਠਾ ਕਰ ਲਿਆ
“ਬਾਜੀਗਰ ਸ੍ਵਾਂਗ ਸਕੇਲਾ।”
– ਸੋਰ ਕਬ, ੪, ੨:੩ (655)

ਹੋਰ ਰੂਪ:

ਸਕੇਲਿ –
“ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ।”
– ਸਲੋ ਕਬ, ੧੭੮:੧ (1374)

ਸਕੇਲੀਐ –
“ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ।”
– ਸੋਰ ੧, ਅਸ ੪, ੧੦:੧ (637)

ਸੰਕੋਚੈ ----- (ਸੰ) ਸਮੇਟੇ, ਸੰਕੁਚਿਤ ਕਰੇ
“ਖੇਲੁ ਸੰਕੋਚੈ ਤਉ ਨਾਨਕ ਏਕੈ।”
– ਗਉ ੫, ਸੁਖ ੨੧, ੭:੧੦ (292)

ਸਖ ------- (ਸੰ.) ਮਿਤਰ, ਸਹਿਚਾਰੀ, ਸਾਥੀ
“ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ।”
– ਸਮੁ, ੫*:੬ (1388)

ਸੰਖ ------- (1) ਇਕ ਗਿਣਤੀ, ਇਕ ਲੱਖ ਕਰੋੜ ਭਾਵੇ ਬੇਅੰਤ, ਅਣਗਿਣਤ
(ਸੰ.) ਗਿਣਤੀ, ਹਿਸਾਬ ਲਗਾਣਾ
“ਕਰਮ ਧਰਮ ਬਹੁ ਸੰਖ ਅਸੰਖ।” (ਗਿਣਤੀ ਅਣਗਿਣਤ ਹੈ)
– ਅਸਾ ੧, ਅਸ ੪, ੬:੨ (413)
(2) (ਸੰ.) ਸਮੁੰਦਰ ਦਾ ਇਕ ਜੀਵ ਜਿਸ ਦੇ ਖੋਲ ਮੰਦਰਾਂ ਵਿਚ ਬਿਗਲ ਵਾਂਗ ਵਜਾਇਆ ਜਾਂਦਾ ਹੈ।

ਹੋਰ ਰੂਪ:

ਸੰਖੁ –

"ਢੁਲਕੇ ਚਵਰ ਸੰਖ ਘਨ ਗਾਜੇ।"

– ਰਾਮ ਬੇਣੀ, ੧, ੯:੪ (974)

"ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ।"

–ਆਸਾ, ਕਬ, ੬, ੨:੨ (477)

(2) ਵਿਸ਼ਨੂੰ ਦੇ ਸੰਖ ਦਾ ਚੰਦਨ ਆਦਿ ਨਾਲ ਬਣਾਇਆ ਵੈਸ਼ਨਵ ਦੇ ਸਰੀਰ ਉਤੇ ਚਿੰਨ੍ਹ ਅਥਵਾ ਧਾਤੂ ਨਾਲ ਤਪਾ ਕੇ ਲਾਇਆ ਛਾਪਾ।

"ਸੰਖ ਚਕ੍ਰ ਗਦਾ ਹੈ ਧਾਰੀ ਮਹਾਸਾਰਥੀ ਸਤ ਸੰਗਾ।"

– ਮਾਰ ੫ ਸੋਲਾ ੧੧, ੧੦:੩ (1082)

ਸਖਣੀਆਹਾ -- ਖਾਲੀ ਹਨ

"ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ।"

– ਸੂਹੀ ੧, ੩, ੨:੨ (729)

ਹੋਰ ਰੂਪ:

ਸਖਨਾਵੈ –

"ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ।" (ਖਾਲੀ ਕਰੇ)

– ਬਿਹਾ ੯, ੧, ੧:੨ (537)

ਸਖਨੀ –

"ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ।" (ਸਖਨੀ, ਅਸੰਤੁਸ਼ਟ, ਭਾਵ ਭੁੱਖੀ,)

– ਆਸਾ ੫, ੪੪, ੧:੨ (381)

"ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।"

– ਪ੍ਰਭਾ ੧, ੮, ੨:੧ (1329)

ਸਖਾ ------ (ਸੰ.) (1) ਮਿਤ੍ਰ, ਸਾਥੀ, ਸਹਿਚਾਰੀ, ਦੋਸਤ, ਬੇਲੀ

"ਹਰਿ ਪ੍ਰਭੁ ਸਖਾ ਮੀਤੁ ਪ੍ਰਭੁ ਮੇਰਾ ਅੰਤੇ ਹੋਇ ਸਖਾਈ।"

– ਸਿਰੀ ੩, ੪੮, ੩:੩ (32)

ਹੋਰ ਰੂਪ:

ਸਖਾਇ –

"ਸਤਿਗੁਰਿ ਮੇਲੀ ਭੈ ਵਸੀ ਨਾਨਕ ਪ੍ਰੇਮੁ ਸਖਾਇ।" (ਪ੍ਰੇਮ ਉਸ ਦਾ ਸਾਥੀ ਹੈ)

– ਸਿਰੀ ੧, ੨, ੮:੩ (54)

"ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਮਾਇ।"

– ਰਾਮ ੪, ੨, ੪:੧ (981)

ਸਖਾਇਆ –

"ਮੈ ਹਰਿ ਬਿਨੁ ਅਵਰੁ ਨ ਕੋਈ ਬੇਲੀ ਮੇਰਾ ਪਿਤਾ ਮਾਤਾ ਹਰਿ ਸਖਾਇਆ।"

– ਰਾਮ ੪, ੫, ੧*:੨ (882)

ਸਖਾਈ –

"ਸਤਿਗੁਰ ਮਿਤ੍ਰੁ ਮੇਰਾ ਬਾਲ ਸਖਾਈ।"

– ਮਾਝ ੪, ੧, ੪:੧ (94)

ਸਖਾਤਾ –

"ਤਿਸੁ ਗੁਰ ਸੇਵਿ ਸਦਾ ਦਿਨੁ ਰਾਤੀ ਦੁਖ ਭੰਜਨ ਸੰਗਿ ਸਖਾਤਾ ਹੇ।"

– ਮਾਰੂ ੧, ੧੧, ੧੩:੩ (1032)

ਸਖੀ –

“ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ।”

– ਸਿਰੀ ੧, ਅਸ ੫, ੩:੧ (56)

“ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਨ ਮਾਇਆ ਹੋਹਿਆ।” (ਮਿਤਰਾਂ)

– ਸਿਰੀ ੫, ਛੰਤ ੩, ੪:੫ (81)

“ਸੁਣਿ ਸਖੀ ਸਹੇਲੀ ਸਾਚਿ ਸੁਹੇਲੀ ਸਾਚੇ ਕੇ ਗੁਣ ਸਾਰੈ। (ਹੇ ਸਹੇਲੀ)

– ਗਉ ੧, ਛੰਤ, ੨, ੨:੪ (243)

“ਸਖੀ ਸਾਜਨੀ ਕੇ ਹਉ ਚਰਨ ਸਰੇਵਉ, ਹਰਿ ਗੁਰ ਕਿਰਪਾ ਤੇ ਨਦਰਿ ਧਰੀ।” (ਭਾਵ ਸੰਤਜਨ)

– ਆਸਾ ੧, ੨੨, ੨:੨ (355)

“ਪੰਚ ਸਖੀ ਹਮ ਏਕੁ ਭਤਾਰੋ।” (ਭਾਵ ਗਿਆਨ ਇੰਦਰੇ)

– ਆਸਾ ੫, ੩੪, ੩:੧ (359)

“ਪੰਚ ਸਖੀ ਮਿਲਿ ਮੰਗਲੁ ਗਾਇਆ।”

– ਆਸਾ ੫, ੧੭, ੩:੧ (375)

ਸਖੀਂ –

“ਜਿਨੀ ਸਖੀਂ ਕੰਤੁ ਪਛਾਣਿਆ ਹਉ ਤਿਨ ਕੈ ਲਾਗਉ ਪਾਇ।”

– ਸਿਰੀ ੩, ੬੧, ੧:੩ (37)

ਸਖੀਅ –

“ਸੁਣਿ ਸਖੀਅ ਸਹੇਲੜੀਹੋ ਮਿਲਿ ਮੰਗਲੁ ਗਾਵਹ ਰਾਮ।”

– ਬਿਲਾ ੫, ਛੰਤ ੨, ੨:੧ (846)

ਸਖੀਆ –

“ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ।”

– ਆਸਾ ੫, ਛੰਤ ੧੦, ੩:੧ (459)

“ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ।” (ਸਤਸੰਗੀ)

– ਸੋਰ ੪, ਵਾਰ ੮:੧ (645)

ਸਖੀਏ –

“ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ।”

– ਸਿਰੀ ੧, ੨੫, ੩:੧ (23)

ਸਖੀਹੋ –

“ਸਖੀਹੋ ਸਹੇਲੜੀਹੋ ਮੇਰਾ ਪਿਰੁ ਵਣਜਾਰਾ ਰਾਮੁ।” (ਹੇ ਸਹੇਲੀਓ)

– ਆਸਾ ੧, ਛੰਤ ੧, ੩:੧ (436)

ਸਖੇ –

“ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ।” (ਮਿੱਤਰ ਸਾਥੀ)

– ਗਉ ੫, ਅਸ ੧੫, ੫:੧ (242)

“ਮੀਤ ਸਖੇ ਕੇਤੇ ਜਗ ਮਾਹੀ।” (ਸੰਗੀ ਸਾਥੀ)

– ਮਾਰੂ ੧, ਸੋਲਾ ੮, ੧੧:੧ (1028)

ਸਖੈਨੀ –

“ਰਾਮ ਜਪਹੁ ਮੇਰੀ ਸਖੀ ਸਖੈਨੀ।” (ਸਹੇਲੀ)

– ਆਸਾ ੧, ੧੦, ੧*:੧ (416)

(2) ਸਹਾਈ, ਮੱਦਦਗਾਰ, ਸਹਾਇਤਾ ਕਰਨ ਵਾਲਾ

"ਜੈਸੇ ਰਣ ਮਹਿ ਸਖਾ ਭ੍ਰਾਤ।" (ਭਰਾ ਹੀ ਸਹਾਈ ਹੁੰਦਾ ਹੈ)

– ਮਾਲੀ ੫, ੩, ੨:੧ (987)

ਹੋਰ ਰੂਪ:

ਸਖਾਇ –

"ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ ਤੂੰ ਗੁਰੁ ਬੰਧਪੁ ਮੇਰਾ ਸਖਾ ਸਖਾਇ।"

– ਗਉ ੧, ੪੯, ੩:੩ (167)

ਸਖਾਇਆ –

"ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ।"

– ਸਿਰੀ ੧, ੨੬, ੧*:੨ (23)

ਸਖਾਈ –

"ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ।"

– ਗੂਜ ੪, ਸੋਦ ੪, ੧*:੨ (10)

"ਮੇਰਾ ਪ੍ਰਾਣ ਸਖਾਈ ਸਦਾ ਨਾਲਿ ਚਲੈ।"

– ਮਾਝ ੪, ੧, ੨:੨ (94)

ਸਖਾਤਾ ----- ਸਾਥੀ, ਵੇਖੋ 'ਸਖਾ' (1)

ਸਖੀਆ ---- (1) ਸਹੇਲੀਆਂ (ਵੇਖੋ 'ਸਖਾ' 1)

(2) ਦਾਸੀਆਂ, ਪਤਨੀਆਂ

"ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ ਜੋ ਭਾਵੈ ਪਿਰ ਸਾ ਭਲੀ।"

– ਦੇਵ ੪, ੨, ੨:੧ (527)

ਸਗ ------- (ਫਾ. ਸਗ) ਕੁਤਾ, ਕੂਕਰ

"ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ।"

– ਮਲਾ ੧, ਵਾਰ ੨੭ਸ, ੧, ੨:੭ (1291)

ਹੋਰ ਰੂਪ:

ਸਗਿ –

"ਮਨਮੁਖ ਬੰਨ੍ਹਿ ਚਲਾਈਅਹਿ ਨਾ ਮਿਲਹੀ ਵਗਿ ਸਗਿ।"

– ਸਲੋ ੩, ੬:੪ (1413)

ਸੰਗ ------- (1) ਸਾਧ, ਸੰਗਤ

"ਹਤੇ ਦੁਖ ਜਨਮਹ ਮਰਨ ਸੰਤ ਸੰਗੁ ਪਰਤਾਪ।"

– ਗਉ ੫, ਬਾਅ ੫੧:੪ (260)

"ਆਦਿ ਅੰਤਿ ਬੇਅੰਤ ਖੋਜਹਿ ਸੁਨੀ ਉਧਰਨ ਸੰਤ ਸੰਗ ਬਿਧੇ।" (ਤਰਨ ਦੀ ਵਿਧੀ ਸੰਤਾਂ ਦੀ ਸੰਗਤ ਹੀ ਸੁਣੀ ਹੈ।)

– ਆਸਾ ੫, ਛੰਤ ੬, ੩:੫ (456)

ਹੋਰ ਰੂਪ:

ਸੰਗਰੀਆ –

“ਦੂਤਨ ਸੰਗਰੀਆ।”

– ਬਿਹਾ ੫, ੧, ੧:੧ (537)

ਸੰਗਿ –

“ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ।”

– ਸਿਰੀ ੫, ਛੰਤ ੨, ੪:੧ (79)

“ਸੰਤਾ ਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ।”

– ਮਾਝ ੫, ੪੮, ੧:੩ (108)

“ਸੰਗਿ ਨ ਸਾਥੀ ਗਵਨੁ ਇਕੇਲਾ।” (ਸਾਥ)

– ਸੂਹੀ ਰਵਿ ੧, ੨:੪ (793)

ਸੰਗੁ –

“ਸਾਧ ਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ।”

– ਸਿਰੀ ੫, ਪਹ ੪, ੩:੪ (77)

ਸੰਙੁ –

“ਹਰਿ ਦੀਨਾ ਦੀਨ ਦਇਆਲ ਪ੍ਰਭੁ ਸਤਸੰਗਤਿ ਮੇਲਹੁ ਸੰਙੁ।”

– ਸੂਹੀ ੪, ੩, ੪:੧ (732)

(2) ਟੋਲੀ, ਸਾਥੀਆਂ ਦਾ ਇਕੱਠ, ਮੰਡਲੀ

“ਹਰਿ ਜਨ ਸਗਲ ਉਧਾਰੇ ਸੰਗ ਕੇ।”

– ਸਾਰ ੫, ੨੨, ੧*:੧ (1208)

“ਸ਼ੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ।”

– ਸਲੋ ੯, ੫੫:੧ (1429)

ਹੋਰ ਰੂਪ:

ਸੰਗਾ – ਵੇਖੋ ‘ਸੰਗਾ’ (2)

ਸੰਗੁ –

“ਸੰਗੁ ਚਲਤ ਹੈ ਹਮ ਭੀ ਚਲਨਾ।”

– ਸੂਹੀ ਰਵਿ, ੨, ੧:੩ (793)

(3) ਨਾਲ

“ਭ੍ਰਮ ਕੇ ਮੋਹੇ ਨਹ ਬੁਝਹਿ ਮੋ ਪ੍ਰਭੁ ਸਦਹੂ ਸੰਗ।”

– ਗਉ ੫, ਬਾਅ ੯:੬ (252)

“ਬ੍ਰਹਮ ਗਿਆਨੀ ਕੈ ਬਸੈ ਪ੍ਰਭੁ ਸੰਗ।”

– ਗਉ ੫, ਸੁਪ ੮, ੫:੨ (273)

“ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ।” (ਨਾਲ ਦੀਓ)

– ਆਸਾ ੫, ੧੧੭, ੩:੧ (400)

“ਅੰਗ ਸੰਗ ਭਗਵਾਨ ਪਰਸਨ ਪ੍ਰਭ ਨਾਨਕ ਪਤਿਤ ਉਧਾਰ।”

– ਗੂਜ ੫, ਅਸ ੨, ੮:੨ (508)

ਹੋਰ ਰੂਪ:

ਸੰਗਾ – ਵੇਖੋ ‘ਸੰਗਾ’ (1)

ਸੰਗਿ –

“ਭਰੀਐ ਮਤਿ ਪਾਪਾ ਕੈ ਸੰਗਿ।”

– ਜਪੁ ੧, ੨੦:੫ (4)

"ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ।" (ਅੰਗ ਸੰਗ)
– ਸਿਰੀ ੫, ੭੮, ੧*:੨ (45)

(4) ਮੇਲ, ਮਿਲਾਪ

"ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ।"
– ਆਸਾ ੧, ਛੰਤ ੧੪, ੧:੪ (462)

ਹੋਰ ਰੂਪ:

ਸੰਗੁ –

"ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨ੍ਾ ਆਪਣਾ ਸੁਆਉ।"
– ਗੂਜ ੫, ਵਾਰ ੧੦ਸ, ੫, ੨:੨ (520)

(5) ਸਾਥੀ, ਸੰਗੀ

"ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।"
– ਸਵ ੪, ਗਯੰ ੬:੨ (1402)

ਹੋਰ ਰੂਪ:

ਸੰਗਿ –

"ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ।"
– ਮਾਝ ੧, ਅਸ, ੧, ੪:੩ (109)

"ਗੁਰ ਕਾ ਬਚਨੁ ਜੀਅ ਕੈ ਸੰਗਿ।"

– ਗਉ ੫, ੭੪, ੧:੩ (177)

"ਮਿਥਿਆ ਸੰਗਿ ਸੰਗਿ ਲਪਟਾਏ ਮੋਹ ਮਾਇਆ ਕਰਿ ਬਾਧੇ।"
– ਆਸਾ ੫, ੧੨੬, ੧:੧ (402)

ਦੂਜੇ 'ਸੰਗਿ' ਦੇ ਅਰਥ ਨਾਲ ਹਨ।

ਸੰਗੀ –

"ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ।"
– ਸਿਰੀ ੧, ਅਸ ੪, ੩:੩ (55)

"ਸਦਾ ਸੰਗੀ ਹਰਿ ਰੰਗ ਗੋਪਾਲਾ।" (ਸਹਾਇਕ, ਮਦਦਗਾਰ, ਸਾਥੀ)
– ਮਾਝ ੫, ਅਸ ੧੬, ੩:੧ (79)

ਸੰਗਤਿ ----- (1) ਸ.) ਮੰਡਲੀ, ਇਕੱਠ, ਮਜਲਸ, ਹਰ ਜਸ ਲਈ ਜੁੜਿਆ ਜਨ ਸਮੂਹ

"ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ।"
– ਗੂਜ ੪, ਸੋਦ ੪, ੨:੨ (10)

"ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗ ਜੀਵੇ ਧ੍ਰਿਗ ਜੀਵਾਸਿ।"
– ਗੂਜ ੪, ਸੋਦ ੪, ੩:੨ (10)

ਹੋਰ ਰੂਪ:

ਸੰਗਤੀ –

"ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ।" (ਸੰਗਤ ਵਿਚ)
– ਸਿਰੀ ੫, ੮੨, ੨:੨ (46)

"ਅਗੈ ਸੰਗਤੀ ਕੁੜਮੀ ਵੇਮੁਖ, ਰਲਣਾ ਨ ਮਿਲੈ ਤਾ ਵਹੁਟੀ ਭਤੀਜੰੀ ਫਿਰਿ ਆਣਿ ਘਰਿ ਪਾਇਆ।" (ਸੰਗਤਾਂ ਨੇ)

– ਗਉ ੪, ਵਾਰ ੧੨ ਸ, ੪, ੧:੫ (306)

"ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ।" (ਸੰਗਤਾਂ ਤੋਂ)

– ਆਸਾ ੩, ੩੧, ੬:੧ (427)

(2) ਸਾਥ, ਸੰਗ

"ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ।"

– ਸਿਰੀ ੧, ੧੭, ੩:੨ (20)

"ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ।"

– ਸਿਰੀ ੫, ੭੦, ੪:੨ (42)

ਸਗਨ ------ (ਸੰ.) ਸ਼ੁਭ ਘੜੀ, ਦਸਨ ਵਾਲ ਚਿੰਨ੍ਹ, ਸ਼ੁਭ ਘੜੀ

"ਤਉ ਸਗਨ ਅਪਸਗਨ ਕਹਾ ਬੀਚਾਰੈ।"

– ਗਉ ੫, ਸੁਖ ੨੧, ੫:੬ (291)

ਸ਼ੰਗਨਾ ----- (1) ਸੰਗਤ, ਸਾਥ, ਸੰਗ

"ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਈ ਸੰਤ ਪਲਾ। ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ।"

– ਧਨਾ ੫, ੩੦, ੨:੧ (679)

(2) ਝਕਣਾ, ਸੰਗ ਕਰਨੀ

"ਨਿਵਿ ਨਿਵਿ ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ।"

– ਮਾਰੂ ੫, ਸੋਲ ੯, ੩:੩ (1080)

ਸੰਗਮ ------ (ਸੰ.) ਮਿਲਾਪ

"ਉਲਟੀ ਗੰਗਾ ਜਮੁਨ ਮਿਲਾਵਉ।
ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ।"

– ਗਉ ਕਬ, ੧੮, ੩:੨ (327)

(ਇੜਾ ਪਿੰਗੁਲਾ (ਗੰਗਾ ਜਮੁਨਾ) ਦੇ ਸੰਗਮ 'ਸੁਖਮਨਾ' ਵਿਚ ਵਿਚਰ ਅਰਥਾਤ ਮਨ ਦੀ ਇਕਾਗਰਤਾ ਵਿਚ ਵਿਚਰ ਇਸ਼ਨਾਨ ਕਰੋ)

"ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ।"

– ਤੁਖਾ ੧, ਬਾਰਾ, ੨੫:੪ (1109)

ਹੋਰ ਰੂਪ:

ਸੰਗਮਿ –

"ਮੈ ਮਨਿ ਤਨਿ ਹਰਿ ਭਾਵੈ ਪ੍ਰਭ ਸੰਗਮਿ ਰਾਤੀ ਰਾਮ।"

– ਆਸਾ ੧, ਅਸ ੧, ੨:੨ (436)

"ਗੋਸਟਿ ਭਈ ਸਾਧ ਕੈ ਸੰਗਮਿ ਕਾਮ ਕ੍ਰੋਧੁ ਲੋਭੁ ਮਾਰਿਆ।" (ਮਿਲਣ ਨਾਲ)

– ਧਨਾ ੫, ੧੬, ੧:੧ (675)

ਸੰਗਮੁ –

"ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ।"

– ਧਨਾ ੧, ਛੰਤ ੧, ੩:੪ (688)

ਸੰਗਮੇ –

"ਸਾਧੂ ਸੰਗਮੇ ਹਾਂ।" (ਮਿਲਾਪ/ਸੰਗਤ ਵਿਚ)

– ਆਸਾ ੫, ੧੬੨, ੧:੧ (410)

"ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ।" (ਮਿਲਾਪ/ਬੰਧਨ ਵਿਚ)

– ਮਾਰੂ ੧, ਅਸ ੬, ੪:੨ (1012)

(2) ਸੰਗਤ

"ਬਿਨਵੰਤ ਨਾਨਕ ਬਿਨੁ ਸਾਧ ਸੰਗਮ ਸਭ ਮਿਥਿਆ ਸੰਸਾਰੀ।"

– ਬਿਹਾ ੫, ਛੰਤ ੯, ੧:੬ (547)

ਹੋਰ ਰੂਪ:

ਸੰਗਮਹ –

"ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ।"

– ਜੈਤ ੫, ੭ਸ, ੫, ੧:੨ (707)

ਸੰਗਮਿ –

"ਸਾਧ ਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ।"

– ਦੇਵ ੫, ੩੦, ੧:੧ (534)

ਸਗਰ ------ (ਸੰ.) ਸਗਲ, ਸਾਰੇ, ਸਭ

"ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ।"

– ਮਲਾ ੫, ੨੪, ੨:੧ (1272)

ਹੋਰ ਰੂਪ:

ਸਗਰਾਇਆ –

"ਪਾਵਕੁ ਸਗਰਾਇਆ।"

– ਸੂਹੀ ੫, ੪੬, ੩:੨ (746)

ਸਗਰੀ –

"ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ।"

– ਸਾਰ ੯, ੧, ੧:੧ (1231)

ਸਗਰੇ –

"ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ।"

– ਸੋਰ ੯, ੯, ੧:੧ (633)

ਸਗਰੋ –

"ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ।"

– ਸੋਰ ੫, ੬੧, ੪:੧ (624)

ਸੰਗਰਹੁ ---- (ਸੰ.) ਇਕੱਠਾ ਕਰੋ

"ਨਾਮੁ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ।"

– ਰਾਮ ੧, ਓਅੰ ੫੪:੨ (938)

ਸੰਗਰਾਮ ---- (ਸੰ.) ਯੁੱਧ, ਲੜਾਈਆਂ

"ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ।"

– ਆਸਾ ੩, ਵਾਰ ੮ਸ, ੧, ੨:੩ (467)

ਸਗਲ ------ (ਸੰ.) (1) ਸਭ, ਸਾਰੇ, ਸਾਰੀਆਂ, ਸਭ ਕੁਝ

"ਮੰਨੈ ਸਗਲ ਭਵਨ ਕੀ ਸੁਧਿ।"

– ਜੁਪ ੧, ੧੩:੨ (3)

"ਛੋਡਿ ਸਗਲ ਸਿਆਣਪਾ ਸਾਚਿ ਸਬਦਿ ਲਿਵ ਲਾਇ।"

– ਸਿਰੀ ੫, ੯੪, ੧*:੨ (51)

"ਸਗਲ ਤਿਆਗਿ ਗੁਰ ਸਰਣੀ ਆਇਆ।"

– ਗਉ ੫, ੧੩੦, ੪:੧ (192)

ਹੋਰ ਰੂਪ:

ਸਗਲਹ –

"ਵਰਨ ਚਿਹਨ ਸਗਲਹ ਤੇ ਰਹਤਾ।"

– ਗਉ ੫, ਬਾਅ ੪੬:੭ (260)

ਸਗਲਾ –

"ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ।"

– ਮਾਝ ੫, ੧੭, ੨:੨ (99)

ਸਗਲਾਣਾ –

"ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ।"

– ਸਿਰੀ ੫, ੯੬, ੧:੧ (51)

ਸਗਲਾਰੇ –

"ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।"

– ਧਨਾ ਰਵਿ, ੩, ੨:੨ (694)

ਸਗਲਿਆ –

"ਸਗਲਿਆ ਭਉ ਲਿਖਿਆ ਸਿਰਿ ਲੇਖੁ।" (ਸਾਰਿਆਂ ਦੇ –ਸਗਲਿਆਂ)

– ਆਸਾ ੧, ਵਾਰ ੪ਸ, ੧, ੧:੩ (464)

ਸਗਲੀ –

"ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ।" (ਸਾਰੀ)

– ਸਿਰੀ ੫, ਪਹ ੪, ੪:੫ (78)

"ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ।" (ਸਾਰੀ, ਨਿਰੀ...)

– ਗਉ ੫, ੬੪*, ੩:੨ (216)

"ਸਗਲੀ ਦਾਸੀ ਠਾਕੁਰੈ ਸਭ ਕਹਤੀ ਮੇਰਾ।" (ਸਾਰੀਆਂ, ਸਗਲੀ)

– ਆਸਾ ੫, ੧੧੭, ੪:੧ (400)

ਸਗਲੰੀ –

"ਸਗਲੰੀ ਸਉਦੀ ਤੋਟਾ ਆਵੈ।"

– ਆਸਾ ੧, ੨੪, ੫:੧ (356)

ਸਗਲੀਆ –

"ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ।" (ਸਾਰੀਆਂ ਨੇ ਸਗਲੀਆਂ)

– ਸਿਰੀ ੧, ਅਸ ੨, ੧:੧ (54)

ਸਗਲੇ –

"ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ।"

– ਸਿਰੀ ੫, ੮੨, ੪:੩ (16)

ਸਗਲੋ –

"ਗਵਨੁ ਕਰੈਗੋ ਸਗਲੋ ਲੋਗਾ।"

– ਗਉ ੫, ਅਸ ੪, ੪:੪ (237)

ਸਗਲੰ –

"ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੰ ਰੋਗ ਖਡਣਹ।"

– ਸਸ ੫, ੨੯:੧ (1359)

(2) ਹਰ ਥਾਂ, ਸਭ ਥਾਂ (ਭਾਵ)

"ਕਹੁ ਨਾਨਕ ਗੁਰਿ ਭਰਮੁ ਕਾਟਿਆ ਸਗਲ ਬ੍ਰਹਮ ਬੀਚਾਰ।"

– ਸਿਰੀ ੫, ੯੫, ੪:੨ (51)

"ਕਰਿ ਪੂਜੈ ਸਗਲ ਪਾਰਬ੍ਰਹਮੁ।" (ਸਭ ਥਾਂ/ਸਰਬ ਵਿਚ ਵਿਆਪਕ ਪਾਰਬ੍ਰਹਮ)

– ਗਉ ੫, ਸੁਖ ੯, ੩:੪ (274)

ਹੋਰ ਰੂਪ:

ਸਗਲੋ –

"ਤਿਸੁ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ।"

– ਸੋਰ ੫, ੬, ੧*:੨ (610)

"ਏਕ ਰੂਪ ਸਗਲੋ ਪਾਸਾਰਾ।"

– ਬਿਲਾ ੫, ੬, ੧:੧ (803)

(3) ਸਾਰੀ ਲੋਕਾਈ (ਭਾਵ)

"ਤੇਰੋ ਰੂਪੁ ਸਗਲ ਦੇਖਿ ਮੋਹੀ।"

– ਗਉ ੫, ੧੨੯, ੧*:੨ (207)

"ਏਕੁ ਦਾਤਾਰੁ ਸਗਲ ਹੈ ਜਾਚਿਕ ਦੂਸਰ ਕੈ ਪਹਿ ਜਾਵਉ।"

– ਆਸਾ ੫, ੧੨੧, ੧:੨ (401)

ਹੋਰ ਰੂਪ:

ਸਗਲੀ –

"ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ।"

– ਸਿਰੀ ੫, ਅਸ ੨੬, ੭:੩ (70)

"ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ।" (ਸਾਰੀ ਲੋਕਾਈ)

– ਮਾਝ ੫, ਬਾਰਾ, ੩:੪ (133)

ਸਗਲੇ –

"ਸਗਲੇ ਜਾਚਹਿ ਗੁਰ ਭੰਡਾਰੀ।" (ਸਾਰੇ ਲੋਕ)

– ਮਾਰੂ ੧, ਸੋਬ ੪, ੧੬:੧ (1024)

(4) ਪੂਰੀ

"ਤਿਸੁ ਭਈ ਖਲਾਸੀ ਹੋਈ ਸਗਲ ਸਿਧਿ।"

– ਗਉ ੫, ਅਸ ੫, ੮:੧ (238)

ਸੰਗਲ ----- (ਸੰ.) ਜੰਜੀਰ

"ਨਾ ਸਤਿ ਹਸਤੀ ਬਧੇ ਸੰਗਲ ਨ ਸਤਿ ਗਾਈ ਘਾਹੁ ਚਰਹਿ।"

– ਰਾਮ ੩, ਵਾਰ ੧੨ਸ, ੧, ੧:੪ (952)

ਹੋਰ ਰੂਪ:

ਸੰਗਲਿ –

“ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ।”

– ਆਸਾ ੧, ਪਟੀ ੫:੨ (432)

ਸੰਗਲੁ –

“ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ।”

– ਗਉ ੧, ੧੪, ੩:੨ (155)

ਸਗਵਾ ----- ਸਗੋਂ

“ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ।”

– ਬਿਲਾ ੪, ਵਾਰ ੮:੩ (852)

ਹੋਰ ਰੂਪ:

ਸਗਵੀ –

“ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ।”

– ਮਾਝ ੧, ਵਾਰ ਪਸ, ੪, ੨:੩ (140)

ਸੰਗਾ ------ (1) ਨਾਲ, ਸੰਗ

“ਪ੍ਰਭ ਕਉ ਜਾਣੈ ਸਦ ਹੀ ਸੰਗਾ।”

– ਗਉ ੫, ੮੬, ੧:੨ (181)

“ਅਨਦਿਨੁ ਸੂਚੇ ਹਰਿਗੁਣ ਸੰਗਾ।” (ਅੰਗ ਸੰਗ)

– ਆਸਾ ੧, ੧੭੭, ੨:੨ (354)

“ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ।” (ਨਾਲ ਨਾਲ)

– ਮਾਰੂ ੫, ਸੋਲਾ ੧੭, ੨:੩ (1082)

ਹੋਰ ਰੂਪ:

ਸੰਗਾਤ –

“ਮਾਤ ਪਿਤਾ ਬਨਿਤਾ ਸੁਤ ਸੰਪਤਿ ਅੰਤਿ ਨ ਚਲਤ ਸੰਗਾਤ।”

– ਸਾਰ ਕਬ, ੧, ੪:੧ (1252)

(2) ਸੰਗਤ/ਸੰਗ ਵਿਚ, ਮੰਡਲੀ ਵਿਚ

“ਬਿਆਪਤ ਗੀਤ ਨਾਦ ਸੁਣਿ ਸੰਗਾ।”

– ਗਉ ੫, ੮੮, ੩:੨ (182)

“ਤਹ ਗੀਤ ਨਾਦ ਅਖਾਰੇ ਸੰਗਾ।” (ਸੰਗਤਾਂ ਦੇ ਅਖਾੜੇ/ਜੋੜਮੇਲ)

– ਸੂਹੀ ੫, ੧੨, ੨:੧ (739)

ਹੋਰ ਰੂਪ:

ਸੰਗਾਇਆ –

“ਚਰਨ ਬਸਾਇਆ ਸੰਤ ਸੰਗਾਇਆ ਅਗਿਆਨ ਅੰਧੇਰੁ ਗਵਾਇਆ।”

– ਸਾਰ ੫, ਛੰਤ ੧, ੪:੩ (1237)

ਸੰਗਾਹਿ –

“ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ।”

– ਆਸਾ ੫, ੧੪੬, ੨:੧ (407)

(3) ਸਕਦਾ

“ਨਵਤਨ ਨਾਮ ਜਪੈ ਦਿਨੁ ਰਾਤੀ ਇਕੁ ਗੁਣੁ ਨਾਹੀ ਪ੍ਰਭ ਕਹਿ ਸੰਗਾ।”

– ਮਾਰੂ ੫, ਸੋਲਾ ੧੧, ੧੬:੩ (1083)

(4) ਵਿਚ (ਭਾਵ)
"ਕੀਟ ਹਸਤ ਪੂਰਨ ਸਭ ਸੰਗਾ।"
– ਕਾਨ ੫, ੩੬, ੧*:੨ (1305)

ਸਗਾਹੀ ----- ਸੰਗਦੇ ਹਨ
"ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ"
– ਮਾਝ ੧, ਵਾਰ ੨੬ਸ, ੧, ੧:੨ (149)

ਸੰਗਾਤ ----- ਨਾਲ ਵੇਖੋ 'ਸੰਗਾ' (1)

ਸੰਗਾਤੀ ----- ਸੰਗ/ਮੰਡਲੀ/ਇਕੱਠ ਨਾਲ
"ਆਵਤ ਸੰਗ ਨ ਜਾਤ ਸੰਗਾਤੀ।"
– ਭੈਰ ਕਬ, ੨, ੨:੧ (1158)

ਸੰਗਾਦਿ ---- ਸੰਗੀ/ਸਾਥੀ ਆਦਿਕ
"ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ।"
– ਸਵ ੪, ਕਲ ੧੦:੨ (1398)

ਸੰਗਾਨਿ ----- ਨਾਲ, ਸੰਗ
"ਓਤਿ ਪੋਤਿ ਭਗਤਨ ਸੰਗਾਨਿ।"
– ਰਾਮ ੫, ੩੦, ੩:੨ (892)

ਹੋਰ ਰੂਪ:

ਸੰਗਾਨੈ –
"ਪਿਰ ਧਨਹਿ ਸੀਗਾਰਿ ਰਖੈ ਸੰਗਾਨੈ।"
– ਮਾਰੂ ੫, ਸੋਲ ੨, ੨:੨ (1072)

ਸੰਗਾਨੀ ----- ਸੰਗਤ
"ਨੀਕੀ ਸਾਧ ਸੰਗਾਨੀ।"
– ਆਸਾ ੨, ੧੩੫, ੧*:੨ (404)

ਹੋਰ ਰੂਪ:

ਸੰਗਾਨੇ –
"ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ।"
– ਗਉ ਕਬ, ੫੬, ੩:੨ (335)

ਸੰਗਾਰ ----- ਸੰਗਤ, ਸਾਥ, ਸੰਗ
"ਕਹੁ ਨਾਨਕ ਤਿਨਿ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ।"
– ਦੇਵ ੫, ੩੧, ੪:੧ (534)
"ਜਿਨਾ ਮਸਤਕਿ ਲੀਖਿਆ ਤੇ ਮਿਲੇ ਸੰਗਾਰ।" (ਸਤ ਸੰਗਤ/ਸੰਗਤ ਵਿਚ)
– ਮਾਲੀ ੫, ੧, ੧:੧ (986)

ਹੋਰ ਰੂਪ:

ਸੰਗਾਰਾ –

"ਉਆਹੂ ਜਤਨ ਸਾਧ ਸੰਗਾਰਾ।"
– ਗਉ ੫, ਬਾਅ ੪੩, ੪ (259)

ਸੰਗਾਰੀ –
"ਬੂਡਤ ਅੰਧ ਨਾਨਕ ਪ੍ਰਭ ਕਾਢਤ ਸਾਧ ਜਨਾ ਸੰਗਾਰੀ।"
– ਧਨਾ ੫, ੪੨, ੨:੨ (681)

ਸੰਗਾਰੇ –
"ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ।" (ਸੰਗਤ ਕਰਕੇ/ਵਿਚ)
– ਆਸਾ ੫, ੧੪੧, ੧:੧ (406)

ਸਗਾਰਵਾ ---- ਸਿੰਗਾਰਵਾਂ, ਸੁਹਣਾ, ਸਜੀਲ
"ਮਨੁ ਤਨੁ ਤਾਮਿ ਸਗਾਰਵਾ ਜਾ ਦੇਖਾ ਹਰਿ ਨੈਣੇ।"
– ਕਾਨ ੪, ਵਾਰ ੧੨ਸ, ੪, ੨:੧ (1317)

ਸੰਗਾਰਿ ----- ਸੰਗੀ, ਸਾਥੀ, ਨਾਲ ਰਹਿਣ ਵਾਲਾ
"ਗ੍ਰਿਹੁ ਮੰਦਰ ਮਹਲਾ ਜੋ ਦੀਸਹਿ ਨਾ ਕੋਈ ਸੰਗਾਰਿ।"
– ਆਸਾ ੫, ੩੭, ੪:੧ (379)

ਹੋਰ ਰੂਪ:

ਸੰਗਾਰੀ –
"ਸਤਸੰਗਤਿ ਮਹਿ ਬਿਸਾਸੁ ਹੋਇ ਹਰਿ ਜੀਵਤ ਮਰਤ ਸੰਗਾਰੀ।" (ਸੰਗ ਹੈ)
– ਆਸਾ ੫, ੧੨੨, ੩:੨ (401)
"ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ।" (ਸੰਗੀ ਸਾਥੀ)
– ਬਿਲਾ ਕਬ, ੧, ੩:੨ (855)

ਸੰਗਾਰੈ –
"ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ।" (ਅੰਗ ਸੰਗ ਨਾਲ)
– ਆਸਾ ੫, ੯੫, ੩:੪ (391)

ਸੰਗਾਰੀ ----- (1) ਸੰਗਤ ਵੇਖੋ 'ਸੰਗਾਰ'
(2) ਸਾਥੀ, ਸੰਗੀ, ਵੇਖੋ 'ਸੰਗਾਰਿ'

ਸੰਗਾਰੇ ----- (1) ਸੰਗਤ, ਵੇਖੋ 'ਸੰਗਾਰ'
(2) ਸਾਥ, ਅੰਗ ਸੰਗ, ਨਾਲ ਵੇਖੋ 'ਸੰਗਾਰਿ'

ਸੰਗਿ ------ (1) ਵਿਚ (ਭਾਵ)
"ਸੋ ਤਨੁ ਧਰ ਸੰਗਿ ਰੁਲਿਆ।"
– ਗਉ ੫, ੧੩੯, ੩:੨ (210)
"ਭਰਣ ਪੋਖਣ ਸੰਗਿ ਅਉਧ ਬਿਹਾਣੀ।" (ਸਰੀਰ ਨੂੰ ਪਾਲਣ ਪੋਸ਼ਣ ਵਿਚ ਹੀ)
– ਸੂਹੀ ੫, ੩੩, ੩:੧ (743)
(2) ਸਮੇਤ
"ਤਰੇ ਕੁਟੰਬ ਸੰਗਿ ਲੋਗ ਕੁਲ ਸਬਾਇਆ।"
– ਜੈਤ ੫, ਵਾਰ ੧੮:੫ (710)
(3) ਸਾਥ, ਸੰਗਤ, ਵੇਖੋ 'ਸੰਗ' (1)
(4) ਨਾਲ, ਵੇਖੋ ਸੰਗ (3)

(5) ਸਾਥੀ, ਸੰਗੀ ਵੇਖੋ 'ਸੰਗ' (5)
(6) (ਫਾ.) ਡਾਕੂ, ਫੰਧਕ (ਕੇਵਲ 'ਮਹਾਨ ਕੋਸ਼')
"ਗੁਰੁ ਸਿਮਰਤ ਜੰਮ ਸੰਗਿ ਨ ਫਾਸਹਿ।"
- ਮਾਰੂ ੫, ਸੋਲਾ ੪, ੨:੨ (1074-75)
('ਦਰਪਣ' ਇਥੇ ਵੀ ਅਰਥ 'ਸੰਗਤ' ਦੇ ਕਰਦੇ ਹਨ)
(7) (ਫਾ. ਸੰਗ) ਪਥਰ (ਕੇਵਲ 'ਮਹਾਨਕੋਸ਼')
"ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ।"
- ਕਾਨ ੪, ਵਾਰ ਪਸ, ੪, ੧:੪ (1314)
('ਦਰਪਣ' ਇਥੇ ਵੀ ਅਰਥ 'ਸੰਗਤ' ਦਾ ਹੀ ਕਰਦੇ ਹਨ)

ਸੰਗੀ ------ (1) ਸਤਿਸੰਗੀ, ਸਤਸੰਗ ਦਾ ਸਾਥੀ, ਸਹਿਚਾਰੀ
"ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋੁਬਿੰਦੁ।"
- ਸਲੋ ਕਬ, ੬:੨ (1364)
(2) ਸਾਥੀ, ਵੇਖੋ 'ਸੰਗ' (5)
(3) ਨਾਲ ਚੱਲਣ ਵਾਲਾ, ਸਥਿਰ (ਭਾਵ)
"ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ।"
- ਸਲੋ ੯, ੫:੨ (1426)

ਸੰਗੀਆ ---- ਸਾਥੀ, ਵੇਖੋ 'ਸੰਗ' (5)
"ਮਨ ਫੇਰਤੇ ਹਰਿ ਸੰਗਿ ਸੰਗੀਆ।"
- ਮਲ ੫, ੨੩, ੨:੪ (1272)

ਸੰਗੀਐ ----- ਸੰਗਤ ਵਿਚ
"ਆਠ ਪਹਰ ਗੁਣ ਗਾਇ ਸਾਧੂ ਸੰਗੀਐ।"
- ਆਸਾ ੫, ੧੧੦, ੧*:੨ (398)

ਸੰਗੀਤ ----- (1) ਸੰਗ੍ਰਹਿਤ ਦਾ ਸੰਖੇਪ (ਕੇਵਲ 'ਮਹਾਨਕੋਸ਼')
"ਬਹੁ ਭੋਜਨ ਕਾਪਰ ਸੰਗੀਤ।"
- ਗਉ ੫, ਸੁਖ ੨੦, ੮:੫ (290)
(ਬਾਕੀ ਸਾਰੇ ਵਿਦਵਾਨ ਅਰਥ ਰਾਗ ਰੰਗ ਹੀ ਕਰਦੇ ਹਨ)
(2) ਰਾਗ ਗਾਇਨ
"ਅਨਿਕ ਧੁਨਿਤ ਲਲਿਤ ਸੰਗੀਤ।"
- ਸਾਰ ੫, ਅਸ ੧, ੧੦:੩ (1236)

ਸੰਗੀਤਾ ----- ਗਵਈਏ, ਗਾਵਣ ਵਾਲੇ
"ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ।"
- ਰਾਮ ੫, ੭, ੩:੨ (884)

ਸੰਗੀਤਿ ---- ਸੰਗ, ਨਾਲ
"ਚੰਦਨ ਲੇਪ ਹੋਤ ਦੇਹ ਕਉ ਸੁਖੁ ਗਰਧਭ ਭਸਮ ਸੰਗੀਤਿ।"
- ਧਨਾ ੫, ੬, ੨:੧ (673)

ਸੰਗੁ ------- (1) ਝਿਜਕ, ਸ਼ਰਮ/ਲਜਾ ਮਹਿਸੂਸ ਕਰ

"ਮਨ ਪਾਪ ਕਰਤ ਤੂ ਸਦਾ ਸੰਗੁ।"
– ਬਸੰ ੫, ੧੧, ੩:੨ (1183)

ਹੋਰ ਰੂਪ:

ਸੰਗੈ –
"ਜੀਆਂ ਕੁਹਤ ਨ ਸੰਗੈ ਪਰਾਣੀ।"
– ਗਉ ੫, ੧੦੭*, ੩:੨ (201)

(2) ਸਾਥ, ਸੰਗਤ, ਵੇਖੋ 'ਸੰਗ' (1)

(3) ਟੋਲੀ, ਸਾਥ, ਸਾਥੀਆਂ ਦਾ ਇਕੱਠ, ਵੇਖੋ 'ਸੰਗ' (2)
"ਵੈਦਾ ਸੰਦਾ ਸੰਗੁ ਇਕਠਾ ਹੋਇਆ।" (ਸਤਸੰਗਤ)
– ਫੁਨ ੫, ੨੩:੧ (1363)

(4) ਸਬੰਧ, ਰਿਸਤਾ
"ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ।"
– ਕਾਨ ੫, ੪੩, ੧:੧ (1306)

ਸਗੁਨ ------ (ਸੰ.) ਚੰਗੇ ਸ਼ਗਨ, ਸ਼ੁਭ ਲਗਨ
"ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ।"
– ਅਸ ੫, ੧੨੦, ੨:੧ (401)

ਸੰਗੂਤੀ ----- ਜੁੜੀ ਹੋਈ
"ਗੁਰ ਕੈ ਭਾਇ ਚਲੋ ਸਾਚਿ ਸੰਗੂਤੀ ਰਾਮ।"
– ਬਿਲਾ ੧, ਛੰਤ ੧, ੩:੨ (843)

ਸਗੂੜੌ ----- ਗੂੜਾ
"ਦੀਨ ਦਇਆਲੁ ਪ੍ਰੀਤਮ ਮਨਮੋਹਨੁ ਅਤਿ ਰਸ ਲਾਲ ਸਗੂੜੌ।"
– ਪ੍ਰਭਾ ੫, ੧੫, ੧*:੨ (1331)

ਸੰਗੇ ------- (1) ਨਾਲ, ਅੰਗ ਸੰਗ
"ਜਿਨਿ ਪਿਰੁ ਸੰਗੇ ਜਾਣਿਆ ਪਿਰੁ ਰਾਵੇ ਸਦਾ ਹਦੂਰਿ।"
– ਸਿਰੀ ੩, ੬੨, ੧:੪ (38)

(2) ਸੰਗਤ ਵਿਚ
"ਆਇ ਬਸਹਿ ਸਾਧੂ ਕੈ ਸੰਗੇ।"
– ਗਉ ੫, ਬਾਅ ੧੩:੩ (252)
"ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ।"
– ਆਸਾ ੫, ੧੨, ੧:੩ (460)

ਸੰਗੇਣ ----- (1) ਸੰਗਤ ਵਿਚ
"ਨਿਰਮਲੰ ਸੰਤ ਸੰਗੇਣ ਓਟ ਨਾਨਕ ਪਰਮੇਸੁਰਹ।"
– ਜੈਤ ੫, ਵਾਰ ੨੭ਸ:੨ (709)

ਸੰਗੈ ------- ਝਿਜਕੇ ਵੇਖੋ 'ਸੰਗੁ'

ਸੰਗੋਇਆ --- ਨਾਲ, ਸੰਗ
"ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ।"

- ਗਉ ੪, ਵਾਰ ੧੯ਸ, ੪, ੧:੯ (309)

ਸਗੋਨੀ ----- ਗੁਣਾਂ ਸਹਿਤ
"ਅਸਥਿਰੁ ਚੀਤੁ ਸਮਾਧਿ ਸਗੋਨੀ।"
- ਰਾਮ ੧, ਓਅੰ ੨੦:੬ (932)

ਸੰਗੋਰੀ ----- ਸੰਗਤ ਸਾਥ
"ਨਾਨਕ ਕਉ ਪ੍ਰਭ ਕੀਜੈ ਕਿਰਪਾ ਉਨ ਸੰਤਨ ਕੈ ਸੰਗਿ ਸੰਗੋਰੀ।" (ਸੰਤਾਂ ਦੀ ਸੰਗਤ ਨਾਲ)
- ਗਉ ੫, ੧੩੪, ੪:੨ (209)

ਸੰਗ੍ਰਹਹਿ ---- (ਸੰ.) ਇਕਠਾ ਕਰਦੇ ਹਨ
"ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ।"
- ਵਡ ੪, ਵਾਰ ੧ਸ, ੩, ੧:੨ (585)

ਹੋਰ ਰੂਪ:

ਸੰਗ੍ਰਹਣ –
"ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।" (ਇਕਠੇ ਕਰਨ ਵਾਲੇ)
- ਸਵ ੨, ੫:੪ (1391)

ਸੰਗ੍ਰਹਨ –
"ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚ ਇਆਨਾ।"
- ਬਿਹਾ ੫, ਛੰਤ ੮, ੩:੪ (542)

ਸੰਗ੍ਰਹਾ –
"ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ।"
- ਸਿਰੀ ੩, ੬੦, ੪:੨ (37)

ਸੰਗ੍ਰਹਿ –
"ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ।"
- ਗਉ ੧, ਅਸ ੧, ੩:੩ (221)

ਸੰਗ੍ਰਹਿਅਉ –
"ਸਚੁ ਨਾਮ ਕਰਤਾਰੁ ਸੁ ਦ੍ਰਿੜੁ ਨਾਨਕਿ ਸੰਗ੍ਰਹਿਅਉ।"
- ਸਵ ੩, ੧੫:੧ (1395)

ਸੰਗ੍ਰਹੁ –
"ਗੁਣ ਸੰਗ੍ਰਹੁ ਵਿਚਹੁ ਅਉਗੁਣ ਜਾਹਿ।"
- ਆਸ ੩, ੪੧, ੧*:੧ (361)

ਸੰਗ੍ਰਹੇਇ –
"ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ।"
- ਬਸੰ ੧, ੧੧, ੩:੨ (1171)

ਸੰਗ੍ਰਹੈ –
"ਨਾਮੁ ਸੁਣੇ ਨਾਮੁ ਸੰਗ੍ਰਹੈ ਨਾਮੇ ਲਿਵ ਲਾਵਉ।"
- ਗਉ ੫, ਵਾਰ ੧ਸ, ੫, ੨:੩ (318)

ਸੰਗ੍ਰਹਿਓ ---- (ਸੰ.) ਗ੍ਰਹਿਣ ਕੀਤਾ, ਧਾਰਨ ਕੀਤਾ ਹੈ

"ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ।"

– ਸਵ ੩, ੧੬:੪ (1395)

ਸੰਗ੍ਰਾਮੰ ----- (ਸੰ.) ਯੁੱਧ, ਲੜਾਈ, ਜੰਗ, ਰਣ

"ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲ ਨਾ ਬਹੁ ਮਰਦਨਹ।"

– ਸਸ ੫, ੪੫:੧ (1358)

ਹੋਰ ਰੂਪ:

ਸੰਗ੍ਰਾਮਿ –

"ਇਹੁ ਮਨੁ ਰਾਜਾ ਸੂਰ ਸੰਗ੍ਰਾਮਿ।"

– ਆਸਾ ੧, ਅਸ ੮, ੬:੧ (415)

ਸਘਨ ------ (1) ਗੂੜ੍ਹੀ, ਗਾੜ੍ਹੀ, ਸੰਘਣੀ

"ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ।"

– ਗੂਜ ੫, ੩੦, ੧:੧ (502)

"ਸਘਨ ਬਾਸ ਕੂਲੇ।" (ਕੋਮਲ ਬ੍ਰਿਛਾਂ ਵਿਚ ਸੰਘਣੀ ਵਾਸ਼ਨਾ ਹੈ)

– ਬਸੰ ੫, ੧੮, ੧:੧ (1185)

"ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।" (ਸੰਘਣੀ)

– ਫੁਨ ੫, ੧੦:੩ (1362)

(2) ਬਹੁਤ, ਅਧਿਕ ਮਾਤਰਾ ਵਿਚ

"ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ ।"

– ਸਲੋ ਕਬ, ੧੧੨:੧ (1370)

(ਮਹਾਨ ਕੋਸ਼ ਇਥੇ 'ਸਘਨ' ਦੇ ਅਰਥ ਵਾਜਿਆਂ ਸਹਿਤ ਕਰਦਾ ਹੈ)

ਸੰਘਰਹਿ ---- ਵੇਖੋ 'ਸੰਗ੍ਰਹਿ' ਇਕੱਠਾ ਕਰਦੇ ਹਨ।

"ਸਚ ਵਣੰਜਹਿ ਸਚੁ ਸੰਘਰਹਿ ਸਚੁ ਵਾਪਾਰੁ ਕਰਾਵਣਿਆ।"

– ਮਾਝ ੩, ੧੧, ੧:੩ (115)

ਹੋਰ ਰੂਪ:

ਸੰਘਰੈ –

"ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ।"

– ਸੂਹੀ ੩, ਅਸ ੩, ੯:੧ (355)

ਸੰਘਾਰ ----- (ਸੰ.) ਤਬਾਹੀ, ਜ਼ੁਲਮ, ਮਾਰ

"ਛੁਟਹਿ ਸੰਘਾਰ ਨਿਮਖ ਕਿਰਪਾ ਤੇ ਕੋਟ ਬ੍ਰਹਮੰਡ ਉਧਾਰਹਿ।"

– ਸਾਰ ੫, ੩੪, ੧*:੨ (1211)

"ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧ੍ਯਾਈ ਹੈ।" (ਜ਼ੂਨੀਆਂ ਦੀ ਮਾਰ)

– ਸਵ ੪, ਨਲ ੨:੪ (1398)

ਹੋਰ ਰੂਪ:

ਸੰਘਾਰਹਿ –

"ਦੂਜੈ ਭਾਇ ਆਤਮ ਸੰਘਾਰਹਿ।" (ਆਤਮਾ ਦਾ ਨਾਸ ਕਰ ਲੈਂਦਾ ਹੈ)

– ਆਸਾ ੩, ੪੫, ੧:੨ (362)

ਸੰਘਾਰਹੇ –

“ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ।” (ਮਾਰ ਲਏ)

– ਤੁਖਾ ੧, ਛੰਤ ੬, ੩:੪ (1113)

ਸਘਾਰਣ –

“ਅਸੁਰ ਸਘਾਰਣ ਰਾਮੁ ਹਮਾਰਾ।”

– ਮਾਰੂ ੧, ਸੋਲ ੯, ੧:੧ (1028)

ਸੰਘਾਰਣੁ –

“ਮੇਰਾ ਪ੍ਰਭੁ ਸਾਚਾ ਅਸੁਰ ਸੰਘਾਰਣੁ।”

– ਮਾਰੂ ੩, ਸੋਲ ੧੨, ੧੧:੧ (1056)

ਸੰਘਾਰਾ –

“ਰਸ ਭੋਗਣ ਪਾਤਿਸਾਹੀਆ ਦੁਖ ਸੁਖ ਸੰਘਾਰਾ।”

– ਮਾਰੂ ੧, ਅਸ ੧, ੭:੧ (1009)

ਸੰਘਾਰਿ –

“ਦੈਤ ਸੰਘਾਰਿ ਸੰਤ ਨਿਸਤਾਰੇ।”

– ਗਉ ੧, ਅਸ ੯, ੭:੩ (224)

ਸੰਘਾਰਿਓ –

“ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ ਮਟਾਕ।”

– ਸਾਰ ੫, ੧੦੫, ੨:੧ (1224)

ਸੰਘਾਰਿਆ –

“ਜੋ ਉਪਜੈ ਸੋ ਕਾਲਿ ਸੰਘਾਰਿਆ।”

– ਗਉ ੧, ਅਸ ੧੪, ੧*:੧ (227)

“ਰਕਤ ਕਿਰਮ ਮਹਿ ਨਹੀ ਸੰਘਾਰਿਆ।” (ਮਾਰਿਆ)

– ਮਾਰੂ ੫, ਸੋਲ ੧੩, ੨:੨ (1084)

ਸੰਘਾਰੁ –

“ਸੁਖਦਾਤਾ ਦੁਖ ਮੇਟਣੋ ਸਤਿਗੁਰੁ ਅਸੁਰ ਸੰਘਾਰੁ।” (ਮੇਟਣ/ਮਾਰਨ)

– ਸਿਰੀ ੧, ਅਸ ੧੦, ੩:੩ (59)

ਸਘਾਰੇ –

“ਪਚੈ ਪਤੰਗੁ ਮ੍ਰਿਗ ਭ੍ਰਿੰਗ ਕੁੰਚਰ ਮੀਨ ਇਕ ਇੰਦ੍ਰੀ ਪਕਰਿ ਸਘਾਰੇ।”

– ਨਟ ੪, ਅਸ ੬, ੨:੧ (983)

ਸੰਘਾਰੇ –

“ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ।” (ਮਾਰੇ, ਨਸ਼ਟ ਕੀਤੇ)

– ਗਉ ੧, ਅਸ ੯, ੬:੩ (224)

ਸੰਘਾਰੈ –

“ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ।”

– ਸਿਰੀ ੩, ੪੪, ੩:੩ (30)

“ਅਨਿਕ ਬਿਘਨ ਜਹ ਆਇ ਸੰਘਾਰੈ।” (ਬਰਬਾਦ ਕਰਨ)

– ਗਉ ੫, ਸੁਖ ੨, ੩:੩ (264)

ਸਘਾਰੈ ----- **ਸਗਲੇ, ਸਾਰੇ, ਸਭ**

"ਜਬ ਭੁਖੌ ਤਬ ਭੋਜਨੁ ਮਾਂਗੈ ਅਘਾਏ ਸੁਖ ਸਘਾਰੈ।"
– ਸਾਰ ੫, ੫੨, ੧:੧ (1214)

ਸੰਘੈ ------- ਸੰਘ/ਗਲੇ/ਕੰਠ ਵਿਚ
"ਚਬੈ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ।"
– ਗਉ ੪, ਵਾਰ ੩੨:੨ (317)

ਸੰਙਿਆ --- ਦਸ਼ਾ, ਹਾਲਤ, ਪ੍ਰਕਾਰ (ਮਹਾਨ- ਕੋਸ਼), ਗਿਣਤੀ (ਸ਼ਬਦਾਰਥ) ਨਾਮ ਰੱਖਣਾ (ਕੋਸ਼) ਗੁਣ (ਦਰਪਣ ਮਾਇਆ ਦੇ ਤਿੰਨ ਗੁਣ ਰਲਾਕੇ)
"ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ।"
– ਸੋਰ ੫, ੪, ੨:੧ (609)

ਸੰਙ ------- ਸਾਧ, ਵੇਖੋ 'ਸੰਗ'

ਸਚ ------- (ਸੰ.) (1) ਮਿਥਿਆ/ਝੂਠ ਦਾ ਵਿਰੁੱਧ, ਵਾਸਤਵ
"ਸਚ ਖੰਡਿ ਵਸੈ ਨਿਰੰਕਾਰੁ।"
– ਜਪੁ ੧, ੩੭:੧ (8)

"ਸਚ ਫਲੁ ਲਾਗੈ ਸਤਿਗੁਰ ਭਾਇ।"
– ਬਸੰ ੩, ੬, ੧*:੨ (1173)

ਹੋਰ ਰੂਪ:

ਸਚਹ –
"ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ।"
– ਸਵ ੪, ਨਲ ੭:੪ (1399)

ਸਚੜਾ –
"ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ।" (ਠੀਕ, ਸਚਾ)
– ਤਿਲੰ ੧, ੫, ੨:੩ (723)

ਸਚਾ –
"ਸਚੁ ਖਾਣਾ ਸਚੁ ਪੈਨਣਾ ਸਚੇ ਸਚਾ ਨਾਉ।"
– ਸਿਰੀ ੫, ੧੦੦, ੨:੩ (53)

ਸਚਿ –
"ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ।"
– ਸਿਰੀ ੧, ੨੧, ੩:੧ (22)

ਸਚੀ –
"ਸਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ।"
– ਸਿਰੀ ੧, ੧੪, ੪:੧ (19)

"ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ।" (ਸਤਿ ਸੰਗਤਿ)
– ਸਿਰੀ ੩, ਅਸ ੨੫, ੧:੩ (69)

ਸਚੁ –
"ਸਚੁ ਮਿਲਿਆ ਤਿਨ ਸੋਫੀਆਂ ਰਾਖਣ ਕਉ ਦਰਵਾਰੁ।"
– ਸਿਰੀ ੧, ੫, ੧:੩ (15)

(2) ਸਚ ਰੂਪ ਪ੍ਰਭੂ

"ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ।"

– ਸਿਰੀ ੫, ੧੦, ੪:੧ (18)

"ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ।"

– ਸਿਰੀ ੫, ੮੩, ੧:੧ (46)

"ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ।"

– ਗਉ ੫, ਵਾਰ ੧੯:੩ (311)

ਹੋਰ ਰੂਪ:

ਸਚਹੁ –

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।"

– ਸਿਰੀ ੧, ਅਸ ੧੪, ੫:੩ (62)

ਸਚੜਾ –

"ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ।"

– ਵਡ ੧, ਅਲਾ ੪, ੧:੨ (581)

"ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ।"

– ਵਡ ੧, ੪, ੨:੨ (581)

ਸਚੜੈ –

"ਸਚੜੈ ਆਪਿ ਜਗਤੁ ਉਪਾਇਆ ਗੁਰ ਬਿਨੁ ਘੋਰ ਅੰਧਾਰੋ।"

– ਵਡ ੩, ਅਲਾ ੩, ੪:੧ (584)

ਸਚਾ –

"ਕਰਹਿ ਅਨੰਦੁ ਸਚਾ ਮਨਿ ਸੋਇ।"

– ਜਪੁ ੧, ੩੭:੧੦ (8)

"ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ।"

– ਸਿਰੀ ੫, ੮੯, ੧:੧ (49)

ਸਚਿ –

"ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ।"

– ਸਿਰੀ ੧, ੨੧, ੩:੩ (22)

(ਪਹਿਲੇ 'ਸਚਿ' ਦੇ ਅਰਥ ਸਚਾਈ ਦੇ ਹਨ)

"ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ।"

– ਸਿਰੀ ੩, ੩੬, ੧:੪ (27)

ਸਚਿਆ –

"ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ ਬਲਿ ਬਲਿ ਹਉ ਤਿਨ ਜਾਤੀ।" (ਹੇ ਮੇਰੇ ਸਚੇ ਪ੍ਰਭੂ)

– ਮਾਝ ੧, ਵਾਰ ੧:੮ (138)

ਸਚੁ –

"ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ।"

– ਸਿਰੀ ੧, ੧੦, ੪:੨ (18)

"ਮਨ ਰੇ ਸਚੁ ਮਿਲੈ ਭਉ ਜਾਇ।"

– ਸਿਰੀ ੧, ੧੧, ੧*:੧ (18)

ਸਚੇ – ਵੇਖੋ ਸਚੈ (1)

ਸਚੋ –
“ਸਚੇ ਸੇਤੀ ਰਤਿਆ ਸਚੋ ਪਲੈ ਪਾਇ।”
– ਸਿਰੀ ੧, ਅਸ ੪, ੪:੧ (55)

(3) ਅਸਲ, ਸਚੀ, ਸਥਿਰ ਰਹਿਣ ਵਾਲੀ
“ਸਚ ਪਉੜੀ ਸਾਚਉ ਮੁਖਿ ਨਾਉਂ।”
– ਆਸਾ ੧, ੧੧, ੧:੩ (351)
“ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ।” (ਅਸਲੀ, ਵਾਸਤਵ ਵਿਚ)
– ਆਸਾ ੫, ੧੧੪, ੪:੨ (399)

ਹੋਰ ਰੂਪ:

ਸਚਉ –
“ਮਸਤਕਿ ਨੀਸਾਣੁ ਸਚਉ ਕਰਮੁ ਕਲ੍ਹ ਜੋੜਿ ਕਰ ਧ੍ਯਾਇਅਉ।”
– ਸਵ ੩, ੯:੫ (1394)

ਸਚੜਾ –
“ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ।”
– ਵਡ ੧, ਅਲਾ ੫, ੨:੨ (582)

ਸਚੜੇ –
“ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ।”
– ਸਲੋ ੫, ੧੭:੨ (1425)

ਸਚਾ –
“ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ।”
– ਸਿਰੀ ੧, ੬, ੧*:੨ (16)
“ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ।”
– ਸਿਰੀ ੧, ੯੯, ੧:੩ (52)
“ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ।” (ਅਸਲ ਆਤਮਕ, ਭਾਵ)
– ਮਾਝ ੧, ਵਾਰ ੧੭ਸ, ੧, ੧:੧੦ (146)

ਸਚਿ –
“ਕਿਰਪਾ ਤੇ ਹਰਿ ਪਾਈਐ ਸਚਿ ਸਬਦਿ ਵੀਚਾਰਿ।”
– ਸਿਰੀ ੩, ੫੩, ੩:੪ (34)

ਸਚਿਆ –
“ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ।”
– ਆਸਾ ਫਰ, ੧, ੧:੧ (488)

ਸਚੀ –
“ਘੜੀਐ ਸਬਦੁ ਸਚੀ ਟਕਸਾਲ।”
– ਜਪੁ ੧, ੩੮:੫ (8)
“ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ।”
– ਸਿਰੀ ੧, ੧੫, ੨:੩ (19)

ਸਚੀਆ –
“ਸੇ ਦਾੜੀਆ ਸਚੀਆ ਜਿ ਗੁਰ ਚਰਨੀ ਲਗੰਨਿ੍।”
– ਸਲੋ ੩, ੫੨:੧ (1419)

ਸਚੁ –
“ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ।” (ਅਸਲੀ/ਸਚਾ ਸੁਰਮਾ)
– ਮਾਝ ੩, ਅਸ ੨੫, ੩:੧ (124)

(4) ਸਦਾ ਸਥਿਰ ਰਹਿਣ ਵਾਲਾ, ਸਦੀਵ
“ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ।”
– ਆਸਾ ੧, ੨੦, ੧*:੧ (421)

ਹੋਰ ਰੂਪ:

ਸਚੜਾ –
“ਗੋਸਾਈ ਸੇਵੀ ਸਚੜਾ।”
– ਸਿਰੀ ੫, ਅਸ ੨੯, ੮:੨ (73)

ਸਚੜੈ –
“ਜੀਵਤ ਮਰੈ ਸੁ ਜਾਣੀਐ ਪਿਰ ਸਚੜੈ ਹੇਤਿ ਪਿਆਰੇ।”
– ਵਡ ੧, ਅਲ ੩, ੬੧੪ (580)

ਸਚਾ –
“ਸਚਾ ਆਪਿ ਸਚਾ ਦਰਬਾਰੁ।”
– ਜਪੁ ੧, ੩੪:੮ (7)

ਸਚੁ –
“ਆਦਿ ਸਚੁ ਜੁਗਾਦਿ ਸਚ।” (ਹੋਂਦ ਵਾਲਾ)
– ਜਪੁ ੧, ੧:੧ (1)

(5) ਸਚਾਈ
“ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਣਿਓ।”
– ਟੋਡੀ ੫, ੧੧, ੧:੧ (714)

ਹੋਰ ਰੂਪ:

ਸਚਾ –
“ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।”
– ਸਿਰੀ ੩, ੬੩, ੨:੧ (38)

ਸਚਿ –
“ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ।”
– ਸਿਰੀ ੧, ੧੫, ੨:੨ (19)

ਸਚੁ –
“ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ।” (ਸਚਾਈ ਤੇ ਪਰਹੇਜ਼ਗਾਰੀ ਵਾਲੀ ਕਰਣੀ)
– ਸਿਰੀ ੩, ੩੫, ੧*:੨ (26)

(6) ਸਚੇ
“ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ।”
– ਮਾਰੂ ੧, ਸੋਲਾ ੧੨, ੪:੩ (1032)
(ਸਚੇ ਸੁਚਿਆਂ ਨੇ ‘ਸੁਚ’ ਨੂੰ ਆਪਣਾ ਰੂਪ ਬਣਾਇਆ ਹੈ)

ਸੰਚਉ ----- ਇਕਠੀ ਕਰਦਾ ਹਾਂ, ਵੇਖੋ ‘ਸੰਚਾ’

"ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ।"
– ਗਉ ੫, ਅਸ ੧੫, ੧*:੧ (242)

ਹੋਰ ਰੂਪ:

ਸੰਚਉਨੀ –
"ਰਾਮ ਨਾਮ ਧਨੁ ਕਰਿ ਸੰਚਉਨੀ ਸੋ ਧਨੁ ਕਤ ਹੀ ਨ ਜਾਵੈ।" (ਇਕੱਠਾ)
– ਗਉ ਕਬ, ੫੮, ੧:੨ (336)

ਸੰਚਸਿ –
"ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ।" (ਇਕੱਠੀਆਂ ਹਨ, ਸਮਾਈਆਂ ਹੋਈਆਂ ਹਨ)
– ਮਾਰੂ ੧, ੪, ੩:੧ (990)

ਸੰਚਹਿ –
"ਸਾਹ ਮਰਹਿ ਸੰਚਹਿ ਮਾਇਆ ਦਾਮ।"
– ਗਉ ੧, ਅਸ ੧੪, ੪:੨ (227)

ਸੰਚਹੁ –
"ਸੋ ਧਨੁ ਸੰਚਹੁ ਜੋ ਚਾਲੈ ਨਾਲੇ।"
– ਗਉ ੫, ੧੨੬, ੩:੨ (191)

ਸੰਚਣ –
"ਸੰਚਣ ਕਉ ਹਰਿ ਏਕੋ ਨਾਮੁ।"
– ਧਨਾ ੫, ੨੩, ੧:੩ (676)

ਸੰਚਤ –
"ਸੰਚਤ ਸੰਚਤ ਥੈਲੀ ਕੀਨ੍ਹੀ।"
– ਆਸਾ ੫, ੮੬, ੧:੩ (392)

ਸੰਚੰਤਿ –
"ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ।"
– ਜੈਤ ੫, ਵਾਰ ੧੦ਸ, ੫, ੧:੨ (708)

ਸੰਚਨਿ –
"ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ।" (ਇਕੱਠਾ ਕਰਦਾ ਹਾਂ)
– ਸੋਰ ੫, ੩੮, ੧:੧ (618)

ਸੰਚਨੁ –
"ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲਾ।"
– ਧਨਾ ੫, ੮, ੪:੨ (673)

ਸੰਚਵੈ –
"ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ।"
–ਸਿਰੀ ੪, ਪਹ, ੩, ੩:੨ (76)

ਸੰਚੀ –
"ਸੰਪਉ ਸੰਚੀ ਭਏ ਵਿਕਾਰ।"
– ਗਉ ੧, ਅਸ ੩, ੫:੧ (222)

ਸੰਚੀਐ –

“ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ।” (ਇਕਠਾ ਕਰੀਦਾ ਹੈ)
– ਸਿਰੀ ੧, ਅਸ ੧੦, ੩:੨ (59)

“ਸੋਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ।”
– ਸਿਰੀ ੧, ਅਸ ੧੬, ੪:੧ (63)

ਸੰਚੇ –
“ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ।”
– ਗਉ ੧, ੧੩, ੫:੨ (155)

ਸੰਚੈ –
“ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ।” (ਇਕੱਠੀ ਕਰਦਾ ਹੈ)
– ਗਉ ੪, ੪੭, ੩:੧ (166)

ਸੰਚਹੁ ------ (1) ਦਿਓ, ਭੇਟਾ ਕਰੋ, ਛਕਾਓ (ਭਾਵ)
“ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।”
– ਮਲਾ ੪, ੪, ੪:੨ (1264)

(2) ਇਕਠੀ ਕਰੋ, ਵੇਖੋ ‘ਸੰਚਉ’

ਸੰਚਰੵਉ ---- ਖਿਲਰ ਗਿਆ ਹੈ
“ਹਰਿਬੰਸ ਜਗਤਿ ਜਸੁ ਸੰਚਰੵਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ।”
– ਸਵ ੫, ਹਰਿ ੧:੬ (1409)

ਸੰਚਰੈ ------ (ਸੰ.)
(1) ਪ੍ਰਵੇਸ਼ ਕਰਨਾ, ਆਉਣਾ, ਵਿਚਰੇ, ਦਖਲ ਦੇ
“ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ।”
– ਸਿਰੀ ੧, ਅਸ ੪, ੬:੩ (55)

(2) ਮੇਲ ਕਰੇ
“ਨਾ ਨਿਵੈ ਨ ਫੁਨਿ ਸੰਚਰੈ।”
– ਗਉ ਕਬ, ਬਾਅ ੨੧:੨ (341)

(‘ਮਹਾਨਕੋਸ਼’ ਇਥੇ ਅਰਥ ‘ਨਠਣਾ ਭਜਣਾ’ ਕਰਦਾ ਹੈ)

ਸਚੜਾਉ ---- (1) ਸਚੀ
“ਨਦਰਿ ਸਰਾਫ ਵੰਨੀ ਸਚੜਾਉ।”
– ਰਾਮ ੧, ਓਅੰ ੧੮:੪ (932)

(2) ਪਕਾ
“ਗੁਰਮੁਖਿ ਲਾਲੋ ਲਾਲ ਹੈ ਜਿਸੁ ਰੰਗਿ
ਮਜੀਠ ਸਚੜਾਉ।”
– ਸੂਹੀ ੩, ਵਾਰ ੩ਸ, ੩, ੧:੩ (786)

ਹੋਰ ਰੂਪ:

ਸਚੜਾਇਆ –
“ਨਦਰਿ ਸਰਾਫ ਵੰਨੀ ਸਚੜਾਇਆ।”
– ਮਾਰੂ ੫, ਸੋਲਾ ੩, ੧੬:੨ (1074)

ਸਚਾ ------ (1) ਕਾਲਬ, ਸਾਂਚਾ ਜਿਸ ਵਿਚ ਕੋਈ ਚੀਜ਼ ਢਾਲੀ ਜਾਂਦੀ ਹੈ।
"ਅੰਧਾ ਸਚਾ ਅੰਧੀ ਸਟ।"
– ਗਉ ੧, ੧, ੨:੪ (151)
(ਕੇਵਲ ਇਕ ਵਾਰੀ)
(2) ਮਿਥਿਆ ਦੇ ਉਲਟ, ਵਾਸਤਵ, ਵੇਖੋ 'ਸਚਾ' (1)
(3) ਸਚ ਰੂਪ ਪ੍ਰਭੂ, ਵੇਖੋ 'ਸਚ' (2)
(4) ਅਸਲੀ, ਸਚੀ, ਵੇਖੋ 'ਸਚ' (3)
(5) ਸਦਾ ਸਥਿਰ ਰਹਿਣ ਵਾਲਾ, ਵੇਖੋ 'ਸਚ' (4)
(6) ਸਚਾਈ, ਵੇਖੋ 'ਸਚ' (5)
(7) ਪਕਾ (ਭਾਵ)
"ਸਚਾ ਰੰਗੁ ਮਜੀਠ ਕਾ ਗੁਰਮੁਖਿ ਬ੍ਰਹਮ ਬੀਚਾਰੁ।"
– ਸੂਹੀ ੩, ਵਾਰ ੪ਸ, ੧, ੨:੨ (386)

ਸੰਚਾ ------ (ਸੰ.) ਇਕਠਾ ਕੀਤਾ, ਇਕੱਤਰ ਕੀਤਾ, ਸਿੰਜਿਆ (ਮਹਾਨਕੋਸ਼) ਹੋਰ ਵੇਖੋ 'ਸੰਚਉ'
"ਅੰਮ੍ਰਿਤ ਨਾਮੁ ਰਿਦੈ ਲੈ ਸੰਚਾ।"
– ਗਉ ੫, ੧੧੫, ੩:੮ (189)

ਹੋਰ ਰੂਪ:

ਸੰਚਾਣਾ –
"ਸੋ ਸਚੁ ਸਾਹੁ ਜਿਸੁ ਘਰਿ ਹਰਿ ਧਨੁ ਸੰਚਾਣਾ।"
– ਆਸਾ ੫, ੧੮, ੩:੧ (375)

ਸੰਚਿ –
"ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ।" (ਇਕਠਾ ਕਰ)
– ਸਿਰੀ ੫, ੯੫, ੧:੧ (51)

ਸੰਚਾਰੇ ----- ਅਪੜਾਏ, ਪਹੁੰਚਾਏ, ਮੇਲ/ਮਿਲਾਪ ਕਰਾਏ (ਮਹਾਨਕੋਸ਼) ਵੇਖੋ 'ਸੰਚਰੈ'
"ਕਵਨੁ ਸੁ ਦਾਤਾ ਲੇ ਸੰਚਾਰੇ।"
– ਗਉ ੫, ੮੫, ੩:੪ (181)

ਸਚਾਵਾ ----- ਸਚ ਦਾ
"ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨਿ ਕੈ।"
– ਗੂਜ ੫, ਵਾਰ ੧੩ ਸ, ੫, ੨:੧ (521)
"ਸਾਚੀ ਨਗਰੀ ਤਖਤੁ ਸਚਾਵਾ।"
– ਮਾਰੂ ੧, ਸੋਲਾ ੩, ੧੧:੧ (1023)

ਹੋਰ ਰੂਪ:

ਸਚਾਵਾਂ –
"ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ।"
– ਸਲੋ ਫਰ ੧੦੮:੨ (1383)

ਸਚਾਵੀਆ –
"ਸੀਲਵੰਤਿ ਪਰਧਾਨਿ ਰਿਦੈ ਸਚਾਵੀਆ।"
– ਰਾਮ ੫, ਵਾਰ ੧੫:੪ (964)

ਸਚਿ ------ (1) ਸਚ ਦੁਆਰਾ, ਸ੍ਰੇਸ਼ਟ ਕਰਨੀ, ਸਿਮਰਨ (ਭਾਵ)

"ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ।"

– ਗੂਜ ੫, ਵਾਰ ੧੭:੬ (522)

"ਸਚਿ ਨਵੇ ਲੜੀਏ ਜੋਬਨਿ ਬਾਲੀ ਰਾਮ।"

– ਬਿਲਾ ੧, ਛੰਤ ੧, _੨:੧ (843)

(2) ਸਚ, ਝੂਠ ਦੇ ਉਲਟ, ਵੇਖੋ 'ਸਚ'(1)

(3) ਸਚ ਰੂਪ ਪ੍ਰਭੂ, ਵੇਖੋ 'ਸਚ' (2)

(4) ਸਚਾ, ਅਸਲੀ, ਵੇਖੋ 'ਸਚ' (3)

(5) ਸਚਾਈ, ਵੇਖੋ 'ਸਚ' (5)

(6) ਸਚੀ ਤਰ੍ਹਾਂ, ਅਸਲ ਰੂਪ ਵਿਚ, ਠੀਕ ਠੀਕ

"ਚਿਤ ਮਹਿ ਠਾਕੁਰ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ।"

– ਸੋਰ ੧, ਅਸ ੪, ੨:੨ (637)

(7) ਸਦਾ ਸਥਿਰ ਰਹਿਣਾ ਵਾਲਾ (ਹਰਿਨਾਮ) (ਭਾਵ)

"ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ।"

– ਸੂਹੀ ੩, ਛੰਤ ੬, ੧:੪ (771)

(ਸਦਾ ਸਥਿਰ ਰਹਿਣ ਵਾਲੇ ਹਰਿਨਾਮ ਦਾ ਬੰਧਨ (ਸੰਜਮ))

ਸੰਚਿ ------ (1) ਸਿੰਜਣਾ

"ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ।"

– ਗਉ ੫, ੧੨੭, ੧:੨ (191)

ਹੋਰ ਰੂਪ:

ਸੰਚਿਓ –

"ਸਹਜ ਭਾਇ ਸੰਚਿਓ ਕਿਰਣਿ ਅੰਮ੍ਰਿਤ ਕਲ ਬਾਣੀ।"

– ਸਵ ੨, ੬:੪ (1392)

ਸੰਚਿਆ –

"ਅੰਮ੍ਰਿਤ ਨਾਮੁ ਜਲੁ ਸੰਚਿਆ ਗੁਰ ਭਏ ਸਹਾਈ।" (ਤਰੌਂਕਿਆ)

– ਬਿਲਾ ੫, ੫੨, ੨:੨ (814)

(2) ਇਕਠਾ ਕਰ; ਇਕਠਾ ਕਰਕੇ, ਵੇਖੋ 'ਸੰਚਾ'

"ਸੰਚੇ ਸੰਚਿ ਨ ਦੇਈ ਕਿਸ ਹੀ ਅੰਧੁ ਜਾਣੈ ਸਭ ਮੇਰੀ।"

– ਗਉ ੧, ੧੩, ੫:੨ (155)

ਹੋਰ ਰੂਪ:

ਸੰਚਿਓ –

"ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤੁ ਨਾਮ।" (ਇਕਠਾ ਕੀਤਾ)

– ਗਉ ੫, ਬਾਅ ੫੩:੩ (261)

ਸੰਚਿਆ –

"ਤਿਉ ਹਰਿ ਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ।"

– ਗਉ ੪, ੪੭, ੩:੩ (166)

ਸੰਜਿ –

"ਸਤਵੇਂ ਸੰਜਿ ਕੀਆ ਘਰ ਵਾਸੁ।"

– ਮਾਝ ੧, ਵਾਰ ੧ਸ, ੧, ੨:੭ (137)

ਸਚਿਆਰ --- (1) ਸਚ ਨੂੰ ਧਾਰਨ ਕਰਨ ਵਾਲਾ

"ਨਾਨਕ ਦਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ।"
– ਸਿਰੀ ੩, ੫੪, ੪:੪ (35)

(2) ਸਚਾ, ਅਸਲੀ

"ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੇ ਥਾਇ ਭਾਲੇ।"
– ਗਉ ੪, ਵਾਰ ੧੦ਸ, ੪, ੧:੩ (305)

(3) ਸਚਿਆ ਸੁਰਖਰੂ (ਭਾਵ)

"ਨਾਨਕ ਗੁਰਿ ਸਚੈ ਸਚਿਆਰ ਹਹਿ ਹਉ ਤਿਨ ਬਲਿਹਾਰੈ ਜਾਉ।"
– ਸਿਰੀ ੩, ੨੧, ੪:੦ (35)

"ਗੁਰਮੁਖਿ ਸਚੈ ਭਾਵਦੇ ਦਰਿ ਸਚੈ ਸਚਿਆਰ।"
– ਬਿਹਾ ੪, ਵਾਰ ੩ਸ, ੩, ੧:੧ (549)

"ਗੁਰਮੁਖਿ ਦਰਿ ਸਚੈ ਸਚਿਆਰ ਹਹਿ ਸਾਚੇ ਮਾਹਿ ਸਮਾਹਿ।"
– ਵਡ ੩, ਅਸ ੧, ੫:੨ (565)

ਹੋਰ ਰੂਪ:

ਸਚਿਆਰਾ –
"ਨਿਰਮਲੁ ਨਾਮੁ ਮੰਨਿਆ ਦਰਿ ਸਚੈ ਸਚਿਆਰਾ।"
– ਮਾਝ ੧, ਵਾਰ ੬:੬ (140)

ਸਚਿਆਰੁ –
"ਦਰਿ ਸਾਚੈ ਦੀਸੈ ਸਚਿਆਰੁ।"
– ਆਸਾ ੩, ਅਸ ੨੪, ੪:੩ (423)

(4) (ਸੰ.) ਸਤਿ/ਸਚ ਦਾ ਸੋਮਾ (ਦਰਪਣ), ਪ੍ਰਭੂ

"ਸਾਚੇ ਸਚਿਆਰ ਵਿਟਹੁ ਕੁਰਬਾਣੁ।"
– ਸੋਰ ੧, ੬, ੧:੨ (597)

ਸਚਿਆਰੋ –
"ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ।"
– ਆਸਾ ੧, ਛੰਤ ੩, ੩:੩ (437)

(5) ਸਚਾ ਪ੍ਰਭੂ (ਸ਼ਬਦਾਰਥ), ਸੱਚਾ ਮਨੁੱਖ (ਦਰਪਣ)

"ਬਿਨੁ ਬੋਲੇ ਬੁਝੀਐ ਸਚਿਆਰ।"
– ਧਨਾ ੧, ੬, ੧*:੨ (662)

ਹੋਰ ਰੂਪ:

ਸਚਿਆਰਾ – ਵੇਖੋ 'ਸਚਿਆਰਾ' (3)
ਸਚਿਆਰੁ – ਵੇਖੋ 'ਸਚਿਆਰ' (3)

ਸਚਿਆਰਾ --- (1) ਸਚਿਆ, ਸਚ ਨੂੰ ਧਾਰਨ ਕਰਨ ਵਾਲੇ

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।"
– ਜਪੁ ੧, ੧:੫ (1)

"ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ।" (ਸਚਿਆਂ ਨੂੰ)

– ਸਿਰੀ ੪, ਵਾਰ ੧੬:੩ (89)

ਹੋਰ ਰੂਪ:

ਸਚਿਆਰੀ –
“ਸਚਿਆਰੀ ਸਚੁ ਸੰਚਿਆ ਸਾਚਉ ਨਾਮੁ ਅਮੋਲੁ।” (ਸਚਿਆਂ ਨੂੰ)
– ਰਾਮ ੧, ਓਅੰ ੪੮;੩ (937)

ਸਚਿਆਰੀਆ –
“ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ।” (ਸਚਿਆਂ ਦਾ)
– ਗਉ ੫, ਵਾਰ ੨੦:੫ (312)

(2) ਸੁਰਖਰੂ, ਵੇਖੋ ‘ਸਚਿਆਰ’ (3)

(3) ਸਚਾ ਪ੍ਰਭੂ
“ਓਹੁ ਆਪੇ ਤਖਤਿ ਬਹੈ ਸਚਿਆਰਾ।”
– ਮਾਰੂ ੧, ਸੋਲਾ ੬, ੧੪:੨ (1026)

ਹੋਰ ਰੂਪ:

ਸਚਿਆਰੁ –
“ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।”
– ਜਪੁ ੧, ੪:੭ (2)

ਸਚਿਆਰੁ –
“ਜੇ ਕੋ ਬੁਝੈ ਹੋਵੈ ਸਚਿਆਰੁ।”
– ਜਪੁ ੧, ੧੬:੯ (3)

“ਮਲੁ ਕੂੜੀ ਨਾਮਿ ਉਤਾਰੀਅਨੁ ਜਪਿ ਨਾਮੁ ਹੋਆ ਸਚਿਆਰੁ।”
– ਰਾਮ ੩, ਵਾਰ ੯ਸ, ੩, ੨:੮ (950)

ਸਚਿਆਰੋਵਾ –
“ਸਚਾ ਘਰ ਸਚੜੈ ਸੇਵੀਐ ਸਚ ਖਰਾ ਸਚਿਆਰੋਵਾ।” (ਸਚਿਆਰ ਹੋਣ ਨਾਲ)
– ਵਡ ੧, ਅਲਾ ੫, ੧:੨ (581)

ਸਚੀ ------ (1) ਸਚ ਦੀ
“ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ।”
– ਸਿਰੀ ੫, ਅਸ ੨੯, ੧੧:੩ (74)

(2) ਮਿਥਿਆ/ਝੂਠ ਦੇ ਉਲਟ, ਵਾਸਤਵ, ਵੇਖੋ ‘ਸਚ’ (1)

(3) ਅਸਲ, ਸਥਿਰ ਰਹਿਣ ਵਾਲੀ, ਵੇਖੋ ‘ਸਚ’ (3)
“ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ।” (ਸਾਰਥਕ)
– ਸਿਰੀ ੪, ਵਾਰ ੧ਸ, ੧, ੧:੪ (83)

(4) ਸਫਲ (ਭਾਵ)
“ਸਚੀ ਬੈਸਕ ਤਿਨਾ ਸੰਗਿ ਜਿਨ ਸੰਗਿ ਜਪੀਐ ਨਾਉ।”
– ਗੂਜ ੫, ਵਾਰ ੧੦ਸ, ੫, ੨:੧ (520)

(5) ਚੰਗੇ, ਸੋਹਣੇ (ਭਾਵ)
“ਵਾਜੇ ਵਜੇ ਸਚੀ ਬਾਣੀਆਂ ਪੰਚ ਮੁਏ ਮਨੁ ਮਾਰੇ।” (ਚੰਗੇ ਸ਼ਬਦ ਬੋਲੇ/ਗਾਏ ਜਾਂਦੇ ਹਨ)
– ਵਡ ੧, ਅਲਾ ੩, ੬:੨ (580)

"ਸਚੀ ਕਾਰ ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ।" (ਚੰਗਾ ਕੰਮ)
– ਵਡ ੪, ਵਾਰ ੩ਸ, ੩, ੧:੩ (584)

ਸੰਚੀ ------ (1) ਇਕਠੀ ਕੀਤੀ, ਵੇਖੋ 'ਸੰਚਉ'
(2) ਸਿੰਜੀ, ਪਾਲੀ ਪੋਸੀ (ਭਾਵ)
"ਅਮਰ ਜਾਨਿ ਸੰਚੀ ਇਹ ਕਾਇਆ
ਇਹ ਮਿਥਿਆ ਕਾਚੀ ਗਗਰੀ।"
– ਬਿਲਾ ਕਬ, ੬, ੧:੧ (856)

ਸਚੁ ------- (1) ਮਿਥਿਆ ਦੇ ਉਲਟ, ਵਾਸਤਵ, ਵੇਖੋ 'ਸਚ' (1)
"ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ।" (ਅਸਲ) ਸਹੀ ਮਨੋਰਥ)
– ਸਿਰੀ ੫, ੭੫, ੧:੨ (43)

(2) ਸਚ ਰੂਪ ਪ੍ਰਭੂ, ਵੇਖੋ 'ਸਚ' (2)
"ਦੂਜਾ ਥਾਉ ਨ ਕੋ ਸੁਝੈ ਗੁਰ ਮੇਲੇ ਸਚੁ ਸੋਇ।"
– ਸਿਰੀ ੫, ੯੦, ੧*:੨ (49)

(3) ਸਥਿਰ ਰਹਿਣ ਵਾਲਾ, ਸਦੀਵ, ਸਚ (4)
(4) ਚੰਗੀ
"ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ।" (ਚੰਗੇ ਕਰਮਾਂ ਕਰਕੇ)
– ਸਿਰੀ ੧, ੧੨, ੨:੨ (18)

"ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ।"
– ਸਵ ੪, ਨਲ ੮:੩ (1399)

(5) ਸਚਾਈ, ਵੇਖੋ 'ਸਚ' (5)
(6) ਅਸਲ ਸਚਾ ਵੇਖੋ 'ਸਚ' (3) (ਅਸਲੀ)
"ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ।" (ਅਸਲੀ ਸਚਾ ਭੋਜਨ)
– ਗਉ ੫, ਵਾਰ ੨੧, ੧ (323)

(7) ਅਨੰਦ (ਕੇਵਲ ਮਹਾਨਕੋਸ਼)
"ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ।"
– ਸਿਰੀ ੧, ੧੦, ੪:੧ (18)

(ਦਰਪਣ, ਨਿਰਣੈ, ਸੰਥਿਆ ਇਸ ਦੇ ਅਰਥ 'ਸਚ ਸਰੂਪ ਪ੍ਰਭੂ' ਹੀ ਕਰਦੇ ਹਨ)
(8) ਕਬੂਲ, ਸਫਲ (ਭਾਵ)
"ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ।"
– ਗਉ ੪, ਵਾਰ ੧੬:੫ (310)

(ਤੇਰੀ ਵਲੋਂ ਸਚੇ ਦੀ ਸਚੀ ਸੇਵਾ (ਆਪਣੇ) ਆਪ ਹੁੰਦੀ ਰਹੇਗੀ 'ਸੰਥਿਆ' ਪਰ 'ਸਚੁ' ਦੇ ਅਰਥ 'ਸਚਮੁੱਚ' ਦਿੱਤੇ ਹਨ। 'ਸਚਮੁੱਚ ਤੇਰੀ ਸੇਵਾ ਸੱਚੇ ਦੇ ਦਰ ਤੇ ਕਬੂਲ ਹੋਵੇਗੀ। (ਸ਼ਬਦਾਰਥ, ਦਰਪਣ) – ਹੇ ਸਚੇ (ਇਹੋ) ਸਚਰੂਪ ਤੇਰੀ ਸੇਵਾ ਹੁੰਦੀ ਹੈ (ਨਿਰਣੈ)
(9) ਸਚ ਵਾਲਾ
"ਜੋ ਤਿਨਿ ਕੀਆ ਸੋ ਸਚੁ ਥੀਆ।"
– ਆਸਾ ੧, ੧੪, ੧:੧ (352)

(10) ਸਚ ਮੁਚ, ਅਸਲ ਵਿਚ
"ਮੂਏ ਕਉ ਸਚੁ ਰੋਵਹਿ ਮੀਤ।" (ਸਚਮੁੱਚ ਮਿੱਤਰ ਹੀ ਰੋਂਦੇ ਹਨ)
- ਆਸਾ ੧, ਅਸ ੪, ੫:੧ (413)
"ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ।" (ਸਚ ਜਾਣੋ, ਸਚਮੁੱਚ ਹੀ)
- ਗੂਜ ੫, ਵਾਰ ੧੧ਸ, ੫, ੧*:੨ (520)

(11) ਨਿਸ਼ਚੇ ਕਰਕੇ
"ਏਕੁ ਬੁਰਾ ਭਲਾ ਸਚੁ ਏਕੈ।"
- ਰਾਮ ੧, ਅਸ ੪, ੮:੧ (905)
"ਏਕੇ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ।"
- ਰਾਮ ੧, ਸਿਗੋ ੨੪:੩ (940)
"ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ।" (ਕਰਤੇ ਨੇ ਨਿਸਚੇ ਕਰਕੇ ਉਸ ਐਲਾਨ ਦੀ ਪੁਸ਼ਟੀ ਕਰ ਦਿਤੀ)
- ਰਾਮ ਬਸ, ਵਾਰ ੩:੪ (967)

ਸਚੇ ------- ਸਚ ਰੂਪ ਪ੍ਰਭੂ
"ਨਾਨਕ ਸਚੇ ਕੀ ਸਚੀ ਕਾਰ।"
- ਜਪੁ ੧, ੩੧:੪ (7)
"ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ।" (ਸਚ ਰੂਪ ਪ੍ਰਭੂ ਵਿਚ)
- ਸਿਰੀ ੩, ੫੨, ੩:੩ (34)
"ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ।" (ਸਚੇ ਕੋਲ)
- ਗਉ ੪, ਵਾਰ ੧੬:੫ (310)

ਹੋਰ ਰੂਪ:

ਸਚੈ -
"ਨਾਨਕ ਨਾਮੁ ਨ ਵੀਸਰੈ ਕਰਮਿ ਸਚੈ ਨੀਸਾਣੁ।"
- ਸਿਰੀ ੧, ੧੯, ੪:੩ (21)
(ਸਚੇ ਪ੍ਰਭੂ ਦੀ ਬਖਸ਼ਿਸ਼ ਕਰਕੇ)
"ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ।"
- ਸਿਰੀ ੫, ਅਸ ੨੫, ੮:੧ (70)

(2) ਹੇ ਸਦਾ ਸਥਿਰ ਰਹਿਣ ਵਾਲਾ/ਸਦੀਵ (ਸੰਬੋਧਨ)
"ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ।"
- ਆਸਾ ੪, ਸੋਧੁ ੧, ੧:੨ (10)
"ਮੈਂ ਧਰ ਸਚੇ ਨਾਮ ਕੀ
ਹਰਿ ਨਾਮਿ ਰਹਾ ਲਿਵ ਲਾਇ।"
- ਸੂਹੀ ੪, ਅਸ ੨, ੯:੨ (759)

(3) ਸਦੀਵੀ
"ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ।"
(ਪਹਿਲੇ 'ਸਚੇ' ਦੇ ਅਰਥ 'ਸਚ ਰੂਪ ਪ੍ਰਭੂ' ਹਨ)
- ਸਿਰੀ ੧, ੧੬, ੫:੨ (20)

ਹੋਰ ਰੂਪ:

ਸਚੈ –
“ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ।” (ਸੱਚੇ (ਸਦਾ ਸਥਿਰ ਰਹਿਣ ਵਾਲੇ) ਸ਼ਬਦ ਦੀ ਕਮਾਈ ਰਾਹੀਂ)

– ਸਿਰੀ ੪, ੫੪, ੧:੪ (34)

(4) ਜਿਸ ਅੰਦਰ ‘ਸਚ’ ਵਸਿਆ ਹੋਵੇ, ਸਚਾ, ਸਚਿਆਰ

“ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ।”

– ਸਿਰੀ ੩, ੩੬, ੧:੩ (27)

“ਸਚੁ ਸਲਾਹਨਿ ਸੇ ਸਚੇ ਸਚਾ ਨਾਮੁ ਅਧਾਰੁ।”
ਸਚੀ ਕਾਰ ਕਮਾਵਣੀ ਸਚੇ ਨਾਲਿ ਪਿਆਰੁ।”

– ਸਿਰੀ ੩, ੫੩, ੨:੧;੨ (34)

(ਦੂਜੇ ‘ਸਚੇ’ ਦਾ ਅਰਥ ‘ਸਚ ਰੂਪ ਪ੍ਰਭੂ’ ਹੈ)

(5) ਮਿਥਿਆ/ਝੂਠ ਦੇ ਉਲਟ, ਵਾਸਤਵ

“ਸਚੇ ਤੇਰੇ ਖੰਡ ਸਚੇ ਬ੍ਰਹਮੰਡ।”

– ਆਸਾ ੧, ਵਾਰ ੨ਸ, ੧, ੧:੨ (463)

ਹੋਰ ਰੂਪ:

ਸਚੈ –
“ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ।” (ਸਚੇ ਥਾਂ ਭਾਵ ਸਤਿਸੰਗਤ)

– ਸਿਰੀ ੧, ਅਸ ੧੬, ੨:੩ (63)

“ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ।”

– ਸੋਰ ੪, ਵਾਰ ੨੭:੧ (653)

(6) ਕੇਵਲ ਸਚ (ਭਾਵ)

“ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।”

– ਆਸਾ ੧, ਵਾਰ ੨:੨ (463)

“ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ।”

– ਵਡ ੩, ਅਲਾ ੧, ੪:੩ (583)

(ਨਿਰੋਲ ਸੱਚ ਵਿਚ ਮਗਨ)

(7) ਅਸਲ

“ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ।”

– ਬਿਹਾ ੫, ਛੰਤ ੩, ੩:੬ (544)

“ਨਾਨਕ ਨਾਮਿ ਰਤੇ ਸੇ ਸਚੇ ਬੈਰਾਗੀ।”

– ਸਾਰ ੪, ਵਾਰ ੨੩ਸ, ੪, ੧:੪ (1246)

ਹੋਰ ਰੂਪ:

ਸਚੈ –
“ਨਾਨਕ ਸਚੈ ਪਾਤਸਾਹਿ ਡੁਬਦਾ ਲਇਆ ਕਢਾਇ।”

– ਸਿਰੀ ੫, ੭੩, ੪:੩ (43)

(8) ਸਫਲ (ਭਾਵ)

“ਆਵਹਿ ਸਚੇ ਜਾਵਹਿ ਸਚੇ ਫਿਰਿ ਜੂਨੀ ਮੂਲਿ ਨ ਪਾਹਿ।” (ਆਉਣਾ ਤੇ ਜਾਣਾ ਸਫਲ ਹੈ)

– ਵਡ ੩, ਅਸ ੧, ੫:੧ (565)

(9) ਸਤਿਕਾਰ ਦੇ ਹੱਕਦਾਰ, ਆਦਰ ਯੋਗ ਪਵਿੱਤਰ (ਭਾਵ)

"ਮੁਖ ਸਚੇ ਸਚਿ ਦਾੜੀਆ ਸਚੁ ਬੋਲਹਿ ਸਚੁ ਕਮਾਹਿ।"

– ਸਲੋ ੩, ੫੩:੧ (1419)

ਸਚੈ ------- (1) ਸਚੇ ਨਾਮ (ਭਾਵ)

"ਸਚੁ ਸਚੈ ਕਾ ਆਪੇ ਦਾਤਾ ਜਿਸੁ ਦੇਵੈ ਸੋ ਸਚੁ ਪਾਇਦਾ।"

– ਮਾਰੂ ੩, ਸੋਲਾ ੧੯, ੭:੩ (1063)

(2) ਸਚ ਰੂਪ ਪ੍ਰਭੂ, ਵੇਖੋ 'ਸਚੇ' (1)

(3) ਸਦੀਵੀ, ਵੇਖੋ 'ਸਚੇ' (3)

(4) ਮਿਥਿਆ/ਝੂਠ ਦੇ ਉਲਟ, ਵਾਸਤਵ, ਵੇਖੋ 'ਸਚੇ' (5)

(5) ਅਸਲ, ਵੇਖੋ 'ਸਚੇ' (7)

(6) ਸਚਾਈ

"ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ।" (ਸਚ ਤੇ ਸ਼ਰਮ (ਉਦਮ) ਤੋਂ ਬਿਨਾਂ)

– ਸਾਰ ੪, ਵਾਰ ੨੦ਸ, ੧, ੧:੩ (1245)

ਸੰਚੈ ------- ਇਕੱਠੀ ਕਰਦਾ ਹੈ, ਇਕੱਠੀ ਕਰੇ, ਵੇਖੋ 'ਸੰਚਿਉ'

"ਜਉ ਸੰਚੈ ਤਉ ਭਉ ਮਨ ਮਾਹੀ।"

– ਮਾਰੂ ੫, ਅਸ ੬, ੬:੨ (1019)

ਸਚੋ ------- (1) ਬਿਲਕੁਲ ਸਚ, ਨਿਰੋਲ ਸਚ, (ਇਹ ਅਧਿਕ ਕਰਕੇ 'ਸਚੋ ਸਚ' ਕਰਕੇ ਆਇਆ ਹੈ।

"ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ।"

– ਸਿਰੀ ੩, ੫੫, ੩:੧ (35)

(2) ਸਚ ਰੂਪ ਪ੍ਰਭੂ, ਵੇਖੋ 'ਸਚ' (2)

"ਸਚੋ ਸਚ ਵਖਾਣੀਐ ਸਚੋ ਬੁਧਿ ਬਿਬੇਕ।" (ਵਿਚਾਰ ਵਾਲੀ ਬੁੱਧੀ ਵਿਚ ਵੀ ਸਚੇ (ਸਚ ਰੂਪ ਪ੍ਰਭੂ ਨੂੰ ਰਖੀਏ)

– ਸਿਰੀ ੫, ੯੮, ੪:੨ (52)

"ਗੁਰਮਤੀ ਮਨਿ ਸਚੋ ਭਾਵੈ।"

– ਮਾਝ ੩, ਅਸ ੩੧, ੩:੨ (128)

"ਸਚੋ ਦਹ ਦਿਸਿ ਪਸਰਿਆ ਗੁਰ ਕੈ ਸਹਜਿ ਸੁਭਾਏ।"

– ਬਿਲਾ ੪, ਵਾਰ ੪ਸ, ੩, ੧:੬ (850)

(3) 'ਸਚ' ਰੂਪ ਹੈ

"ਸਚੋ ਸਚੁ ਵਰਤੈ ਸਭਨੀ ਥਾਈ ਸਚੇ ਸਚਿ ਸਮਾਵਣਿਆ।"

– ਮਾਝ ੩, ੬, ੩:੩ (112)

(4) ਸਦਾ ਸਥਿਰ, ਸਦੀਵ

"ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ।"

– ਰਾਮ ੩, ਵਾਰ ੧੯ਸ, ੧, ੧:੮ (956)

ਹੋਰ ਰੂਪ:

ਸਚੌ –

"ਸਿਰਿ ਆਤਪਤੁ ਸਚੌ ਤਖਤੁ ਜੋਗ ਭੋਗ ਸੰਜੁਤੁ ਬਲਿ।"

– ਸਵ ੪, ਸਲ ੧:੫ (1406)

(5) ਮਿਥਿਆ ਦੇ ਉਲਟ, ਅਸਲ, ਸਚਾ

"ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ।"

– ਮਾਰੂ ੧, ਸੋਲਾ ੧੬, ੮:੩ (1036)

ਸਜਣ ------ (1) (ਸੰ.) ਮਿੱਤਰ, ਸਨੇਹੀ

"ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਉ ਮੇਲੁ।"

– ਗਉ ੧, ਸੋਹਾ ੧, ੩:੨ (12)

"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।"

– ਸਿਰੀ ੧, ੨੪, ੨:੧ (23)

"ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ।"

– ਮਾਝ ੫, ੪੩, ੨:੩ (107)

ਹੋਰ ਰੂਪ:

ਸਜਣਾ –

"ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾ ਹੀ ਕੋਇ ਜੀਉ।"

– ਸਿਰੀ ੫, ਅਸ ੨੯, ੧:੩ (73)

ਸਜਣਿ –

"ਦੇਹ ਜਿੰਦੜੀ ਉਣਮਝੁਣਾ ਗੁਰਿ ਸਜਣਿ ਜੀਉ ਧਰਾਇਆ।"

– ਰਾਮ ੫, ਵਾਰ ੧੬ਸ, ੫, ੨:੧ (964)

ਸਜਣੁ –

"ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨ।" (ਹਰਿ ਦਾ ਮਿਤਰ ਪਸੰਗ)

– ਸਿਰੀ ੧, ੧੯, ੪:੨ (21)

"ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੇ।" (ਹਰਿ ਰੂਪ)

– ਆਸਾ ੪, ਛੰਤ ੨੧, ੩:੪ (452)

ਸਜਣੈ –

"ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ।"

– ਵਡ ੪, ਵਾਰ ੨:੧ (586)

ਸਜਣੋ –

"ਇਕੋ ਦਿਸੈ ਸਜਣੋ ਇਕੋ ਭਾਈ ਮੀਤੁ।"

– ਸਿਰੀ ੫, ੭੫, ੪:੧ (44)

ਸਜਨ –

"ਸੁਖਿ ਬੈਸਹੁ ਸੰਤ ਸਜਨ ਪਰਵਾਰੁ।"

– ਗਉ ੫, ੯੬, ੪:੧ (185)

ਸਜਨੁ –

"ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ।"

– ਸਾਰ ੫, ੬੭, ੧*:੨ (1217)

(2) (ਸੰ.) ਭਲਾ ਪੁਰਸ਼

"ਗੁਰਮੁਖਿ ਸਜਣੁ ਗੁਣਕਾਰੀਆ ਮਿਲ ਸਜਣ ਹਰਿ ਗੁਣ ਗਾਇ।"

– ਸਿਰੀ ੪, ੬੭, ੧:੨ (40)

"ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ।"

– ਸਿਰੀ ੪, ੬੯, ੧*:੧ (41)

ਹੋਰ ਰੂਪ:

ਸਜਣਾ –
“ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ।” (ਜਸ਼ਨਾ)
– ਸਿਰੀ ੪, ੬੫, ੧:੩ (39)

ਹੋਰ ਰੂਪ:

ਸਜਣੁ –
“ਕੋਈ ਐਸਾ ਸਜਣੁ ਲੋੜਿ ਲਹੁ ਮੈ ਪ੍ਰੀਤਮੁ ਦੇਇ ਮਿਲਾਇ।”
– ਸੂਹੀ ੪, ਅਸ ੨, ੫:੧ (758)

ਸਜਨ –
“ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ।”
– ਆਸਾ ੫, ੩੮, ੪:੧ (380)

(3) ਪਿਆਰਾ (ਪਤੀ ਪ੍ਰਭੂ)
“ਮਹਲ ਭਗਤੀ ਘਰਿ ਸਚੈ ਸਜਣ ਪਾਹੁਣਿਅਉ।” (ਪਿਆਰਾ ਪ੍ਰਾਹੁਣਾ ਬਣਕੇ ਆਉਂਦਾ ਹੈ)
– ਗੂਜ ੩, ਵਾਰ ੨੧ਸ, ੩, ੧:੨ (517)
“ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ।”
– ਮਾਰੂ ੫, ਵਾਰ ੧੭ਸ, ੫, ੨:੧ (1100)
“ਮੂੰ ਪਿਰੀਆ ਸਉ ਨੇਹੁ ਕਿਉ ਸਜਣ ਮਿਲਹਿ ਪਿਆਰਿਆ।”
– ਸਲੋ ੪, ੪:੧ (1421)

ਹੋਰ ਰੂਪ:

ਸਜਣਾ –
“ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ।” (ਪਿਆਰੇ ਪ੍ਰਭੂ)
– ਸੂਹੀ ੧, ਛੰਤ ੩, ੧:੧ (764)

ਸਜਣੁ –
“ਸੁਣਿ ਸਾ ਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ।
ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ।” (ਪਿਆਰਾ ਪ੍ਰਭੂ)
– ਗਉ ੪, ਵਾਰ ੫ਸ, ੪, ੧:੨ (302)
“ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ।” (ਮੇਰਾ ਪਿਆਰਾ)
– ਸੋਰ ੪, ਵਾਰ ੫ਸ, ੩, ੨:੧ (644)

ਸਜਨ –
“ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ।” (ਸਜਨ ਹਰੀ ਦਾ ਸਚ ਮਨ ਵਿਚ ਹੋਵੇ)
– ਗਉ ੧, ਛੰਤ ੧, ੨:੫ (242)

ਸਜਨਈ ---- ਮਿੱਤਰ
“ਅਪੁਸ਼ਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ।”
– ਆਸਾ ੫, ੧੨੪, ੧:੧ (402)

ਸਜਨੀ ----- ਪਿਆਰੀ, ਸਖੀ, ਸਹੇਲੀ

"ਪ੍ਰੀਤਮ ਪ੍ਰਾਨ ਭਏ ਸੁਨਿ ਸਜਨੀ ਦੂਤ ਮੁਏ ਬਿਖੁ ਖਾਈ।"

– ਸਾਰ ੧, ਅਸ ੧, ੫:੧ (1232)

ਸੰਜਮ ------ (1) (ਸੰ.) ਚੰਗੀ ਤਰ੍ਹਾਂ ਬੰਨਣ ਦੀ ਕਿਰਿਆ, ਮਨ ਇੰਦ੍ਰੀਆਂ ਨੂੰ ਵਿਕਾਰਾਂ ਤੋਂ ਰੋਕਣ ਦੇ ਕਰੜੇ ਸਾਧਨ/ਕ੍ਰਿਆ

"ਜਪੁ ਤਪ ਸੰਜਮ ਪੂਰੀ ਵਡਿਆਈ।"

– ਗਉ ੫, ੧੫੦, ੩:੧ (196)

ਹੋਰ ਰੂਪ:

ਸੰਜਮਾ –

"ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ।"

– ਸਿਰੀ ੫, ੮੬, ੩:੧ (48)

ਸੰਜਮੁ –

"ਜਪੁ ਤਪੁ ਸੰਜਮੁ ਧਰਮੁ ਨ ਕਮਾਇਆ।"

– ਆਸਾ ੫, ਸੋਲ ੪, ੨:੧ (12)

ਸੰਜਮੇ –

"ਪੂਰਨ ਸੰਜਮੇ ਹਾਂ।"

– ਆਸਾ ੫, ੬੨, ੧:੨ (410)

(2) ਜੋਗ ਦੀ ਇਕ ਕ੍ਰਿਆ

"ਜਪ ਤਪ ਤੀਰਥ ਸੰਜਮ ਕਰੇ ਮੇਰੇ ਪ੍ਰਭ ਭਾਇਆ।"

– ਸਾਰ ੪, ਵਾਰ ੧੮:੨ (1244)

ਸੰਜਮਿ –

"ਬਹੁ ਸੰਜਮਿ ਸਾਂਤਿ ਨ ਪਾਵੈ ਕੋਇ।"

– ਬਸੰ ੩, ੧੨, ੨:੨ (1175)

(3) ਸੰਕੋਚ, ਕਿਰਸ

"ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ।"

– ਦੇਵ ੫, ੯, ੨:੨ (530)

(4) ਪਰਹੇਜ਼, ਜ਼ਬਤ

"ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ।"

– ਆਸਾ ੪, ਛੰਤ ੧੧, ੨:੧ (445)

ਹੋਰ ਰੂਪ:

ਸੰਜਮਿ –

"ਸਚਿ ਸੰਜਮਿ ਸਦਾ ਹੈ ਨਿਰਮਲ ਗੁਰ ਕੈ ਸਬਦਿ ਸੀਗਾਰੀ।" (ਪਰਹੇਜ਼ ਨਾਲ)

– ਸੂਹੀ ੩, ਛੰਤ ੬, ੧:੪ (771)

ਸੰਜਮੁ –

"ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ।" (ਪਰਹੇਜ਼ਗਾਰੀ ਵਾਲੀ ਕਰਨੀ)

– ਸਿਰੀ ੩, ੩੫, ੧*:੨ (26)

"ਗੁਰਿ ਪੂਰੈ ਸੰਜਮੁ ਕਰਿ ਦੀਆ।" (ਪਰਹੇਜ਼ ਨਿਸ਼ਚਿਤ ਕਰ ਦਿੱਤਾ)

– ਗਉ ੫, ਬਾਅ ੪੫:੭ (259)

"ਭੈ ਕਾ ਸੰਜਮੁ ਜੇ ਕਰੈ ਦਾਰੂ ਭਾਉ ਲਏਇ।"

– ਰਾਮ ੩, ਵਾਰ ੪ਸ, ੩, ੩:੨ (948)

(5) ਯਤਨ, ਉਪਾ

"ਜਿਉ ਬੈਸੰਤਰੁ ਕਾਸਟ ਮਝਾਰਿ
ਬਿਨੁ ਸੰਜਮ ਨਹੀ ਕਾਰਜ ਸਾਰਿ।" (ਯਤਨ)

– ਦੇਵ ੪, ੩੪, ੨:੧ (535)

"ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ।" (ਉਪਾ)

– ਗਉ ਕਬ, ੫੬, ੧:੨ (335)

"ਕਾਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ।"

– ਧਨਾ ੫, ੧੩, ੧:੨ (674)

"ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿ ਕਾਲ।"

– ਧਨਾ ੫, ੨੦, ੧*:੨ (675)

ਹੋਰ ਰੂਪ:

ਸੰਜਮੁ –

"ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਨਾ।" (ਉਪਾਉ, ਇਲਾਜ਼)

– ਰਾਮ ੩, ਵਾਰ ੧੩ਸ, ੩, ੧:੫ (953)

(6) ਚੰਗੇ ਜ਼ਬਤ (ਅਨੁਸ਼ਾਸਨ) ਵਾਲੀ ਰਹਿਣੀ

"ਮਤਾ ਕਰਉ ਸੋ ਪਕਨਿ ਨ ਦੇਈ
ਸੀਲ ਸੰਜਮ ਕੈ ਨਿਕਟਿ ਖਲੋਈ।"

– ਆਸਾ ੫, ੪, ੧:੧;੨ (371)

ਹੋਰ ਰੂਪ:

ਸੰਜਮੁ –

"ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ।"

– ਸੂਹੀ ੩, ਵਾਰ ੪ਸ, ੩, ੧:੨ (386)

(7) ਜੀਵਨ ਜੁਗਤ, ਰਹਿਣ ਦੇ ਢੰਗ

"ਸੰਜਮ ਸਹਸ ਸਿਆਣਪਾ ਪਿਆਰੇ ਇਕ ਨ ਚਲੀ ਨਾਲਿ।"

– ਸੋਰ ੫, ਅਸ ੨, ੬:੧ (641)

ਹੋਰ ਰੂਪ:

ਸੰਜਮਿ –

"ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ।"

– ਸਿਰੀ ੧, ਪਹ ੨, ੫:੩ (76)

ਸੰਜਮੁ –

"ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।"

– ਆਸਾ ੧, ਵਾਰ ੧੬ਸ, ੧, ੧:੩ (471)

(ਮਹਾਨ ਕੋਸ਼ ਇਥੇ ਸੰਜਮ ਦੇ ਅਰਥ 'ਰੀਤ' ਰਸਮ' ਕਰਦਾ ਹੈ)

"ਨਾਨਕ ਇਹੁ ਸੰਜਮੁ ਕਿਰਪਾ ਪਾਈਐ।"

– ਗਉ ੫, ਥਿਤੀ ੧੦:੮ (299)

(ਮਹਾਨਕੋਸ਼ ਇਥੇ ‘ਸੰਜਮੁ’ ਦੇ ਅਰਥ ‘ਨਿਯਮ’ ਕਰਦਾ ਹੈ)
“ਸਚੁ ਸੰਜਮੁ ਕਰਣੀ ਹਰਿ ਕੀਰਤਿ ਹਰਿ ਸੇਤੀ ਲਿਵ ਲਾਈ।” (ਜੀਵਨ ਜਾਂਚ, ਸੱਚ ਵਾਲੀ)

– ਮਲਾ ੩, ੮, ੨:੨ (1260)

ਸੰਜਮੋ –
“ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ।”

– ਸਿਰੀ ੫, ੮੮, ੧:੩ (48)

ਸੰਜਮਿ ----- (1) ਮਰਯਾਦਾ ਵਿਚ, ਜੁਗਤੀ ਵਿਚ
“ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ।”

– ਸਿਰੀ ੩, ਅਸ ੨੫, ੬:੨ (70)

“ਅੰਤਰਿ ਸਾਂਤਿ ਮਨਿ ਸੁਖੁ ਹੋਇ ਸਚ ਸੰਜਮਿ ਕਾਰ ਕਮਾਇ।” (ਨਿਯਮ ਅਨੁਸਾਰ)

– ਵਡ ੪, ਵਾਰ ੧੪ਸ, ੩, ੧:੪ (591)

(2) ਰਹਿਣੀ, ਜੀਵਨ ਜੁਗਤ, ਵੇਖੋ ਸੰਜਮ (8)
“ਸਤਿਗੁਰਿ ਮਿਲਿਐ ਸਚ ਸੰਜਮਿ ਸੂਚਾ।” (ਸਚ ਦੀ ਰਹਿਣੀ ਵਿਚ)

– ਗਉ ੧, ੯, ੩:੧ (153)

(3) ਸੰਜਮੀ
“ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ।”

– ਮਾਝ ੧, ਵਾਰ ੪ਸ, ੧, ੨:੧ (138)

(4) ਢੰਗ, ਤਰੀਕਾ, ਜੁਗਤ
“ਕਾਮੁ ਕ੍ਰੋਧ ਅਹੰਕਾਰੁ ਗਾਖਰੋ ਸੰਜਮਿ ਕਉਨ ਛੁਟਿਓ ਰੀ।”

– ਆਸ ੫, ੫੧, ੧:੧ (384)

“ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ।”

– ਆਸਾ ੧, ਵਾਰ ੭ਸ, ੧, ੨:੩ (466)

(5) ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਇ।”

– ਰਾਮ ੩, ਅਨੰ ੧੮:੨ (919)

“ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ।”

– ਕਲਿ ੪, ਅਸ ੧, ੧:੧ (1323)

ਹੋਰ ਰੂਪ:

ਸੰਜਮੁ –
“ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ।” (ਜੁਗਤੇ-ਚੌਂਕਾ ਸੁੱਚਾ ਰੱਖਣ ਦੀ)

– ਸਿਰੀ ੪, ਵਾਰ ੨੦ ਸ, ੧, ੧:੩ (91)

“ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ।” (ਢੰਗ ਤਰੀਕਾ)

– ਵਡ ੩, ੧, ੩:੧ (558)

ਸੰਜਮੋ –
“ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ।”

– ਗਉ ੫, ਬਾਅ ੨੯:੨ (256)

ਸੰਜਮੀ ----- (1) ਸੰਜਮ ਵਾਲਾ, ਇੰਦ੍ਰੀਆ ਨੂੰ ਰੋਕਣ ਦੀ ਸਾਧਣਾ ਕਰਨ ਵਾਲਾ

"ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ।"

- ਸਿਰੀ ੩, ੪੦, ੪:੧ (29)

(2) ਰਹਿਣੀ ਵਾਲਾ/ਵਾਲੀ

"ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ।"

- ਮਾਰੂ ੩, ਵਾਰ ੫ਸ, ੧, ੨:੧ (1088)

ਸੰਜਰੀਆ --- ਇਕੱਠੀ ਹੋਈ, ਪ੍ਰਾਪਤ ਹੋਈ, ਮਿਲੀ

"ਚਿਰੰਕਾਲ ਇਹ ਦੇਹ ਸੰਜਰੀਆ।"

- ਗਉ ੫, ੭੨, ੧*:੨ (176)

ਸਜਾਇ ----- (ਫਾ. ਸਜ਼ਾ) ਦੰਡ, ਸਜਾ

"ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ।"

- ਸਿਰੀ ੩, ੫੧, ੪:੨ (33)

ਹੋਰ ਰੂਪ:

ਸਜਾਈ –

"ਨਿੰਦਕਾ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ।" (ਬਹੁ ਵਚਨ)

- ਗਉ ੪, ਵਾਰ ੩੦ਸ, ੪, ੨:੫ (316)

ਸਜਾਈ –

"ਅਨਿਕ ਸਜਾਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ।"

- ਸਾਰ ੫, ੧੧੧, ੧:੨ (1225)

ਸਜਾਏ – ਨਾਵਹੁ ਭੁਲੇ ਦੇਇ ਸਜਾਏ।"

- ਮਾਝ ੩, ਅਸ ੨੯, ੫:੨ (127)

ਸਜਾਈ ----- (1) ਸਜੀ ਹੋਈ, ਸੁਸਜਿਤ, ਸੋਹਣੀ

"ਓੜੁ ਨ ਕਥਨੈ ਸਿਫਤਿ ਸਜਾਈ।"

- ਮਾਰੂ ੧, ਸੋਲਾ ੧੨, ੧੫:੧ (1033)

(2) ਸਜਾਵਾਂ – ਵੇਖੋ 'ਸਜਾਇ'

ਸੰਜਾਰੀਐ --- ਖਿਲਾਰੀ ਹੈ

"ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ।"

- ਗੂਜ ੫, ਵਾਰ ੧:੫ (518)

ਸੰਜਿ ------ ਇਕਠਾ ਕਰਕੇ, ਵੇਖੋ 'ਸੰਚਿ' (2)

"ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ।"

- ਮਾਰੂ ੩, ਵਾਰ ੨੦:੫ (1093)

ਹੋਰ ਰੂਪ:

ਸੰਜਿਆ –

"ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ।"

- ਮਾਝ ੫, ੩੮, ੩:੩ (132)

ਸੰਜਿਆਹੀ –

"ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੁ ਸੰਜਿਆਹੀ" (ਇਕਠੀ ਕੀਤੀ ਉ)

– ਸਿਰੀ ੧, ੨੭, ੪:੨ (24)

ਸੰਜੀਅਹਿ –
"ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ।"

– ਆਸਾ ੧, ੩੧, ੨:੧ (358)

ਸੰਜੀਐ –
"ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ।"

– ਜੈਤ ੫, ਵਾਰ ੧੦:੧ (708)

ਸੰਜੈ –
"ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ।" (ਧਨ ਇਕੱਠਾ ਕਰਨ ਨਾਲ ਪਿਆਰ ਹੈ)

– ਆਸਾ ੧, ਵਾਰ ੧੧ਸ, ੧, ੨:੭ (469)

ਸਜੁ -------- ਸਜਾਵਟ ਕਰ/ਸਜਾ ਕੇ
"ਸਜੁ ਕਾਇਆ ਪਟੁ ਹਢਾਏ।"

– ਮਾਰੂ ੧, ੨, ੩:੧ (989)

ਸੰਜੁਗਤੁ ---- (ਸੰ.) ਜੁੜਿਆ ਹੋਇਆ, ਸਬੰਧਿਤ ਸਹਿਤ
"ਖਟੁ ਕਰਮ ਕੁਲ ਸੰਜੁਗਤੁ ਹੈ ਹਰਿ ਭਗਤਿ ਹਿਰਦੈ ਨਾਹਿ।" (ਕੁਲ ਵਾਲਾ)

– ਕੇਦਾ ਰਵਿ, ੧, ੧:੧ (1124)

ਸਜੁਤੀਆ --- (ਸੰ.) ਜੋੜ ਦਿੱਤਾ ਹੈ
"ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤੀਆ।"

– ਸੂਹੀ ੪, ਛੰਤ ੬, ੧:੩ (776)

ਸੰਜੁਤੁ ----- (ਸੰ.) – ਜੁੜਿਆ ਹੋਇਆ, ਸਹਿਤ, ਨਾਲ
"ਸਿਰਿ ਆਤਪਤੁ ਸਚ ਤਖਤੁ ਜੋਗ ਭੋਗ ਸੰਜੁਤੁ ਬਲਿ।"

– ਸਵ ੪, ਸਲ ੧:੫ (1406)

ਸੰਜੈ -------- ਇਕਠਾ ਕਰਨਾ, ਵੇਖੋ 'ਸੰਜਿ'

ਸੰਜੋਉ ----- ਜ਼ਰਹ ਬਖਤਰ, ਲੜਾਈ ਸਮੇਂ ਸਰੀਰ ਦੀ ਰੱਖਿਆ ਲਈ ਪਾਇਆ ਜਾਣ ਵਾਲਾ ਲੋਹੇ ਦਾ ਬਸ਼ਤਰ।
"ਸਤਿਗੁਰੂ ਕਾ ਖੜਗੁ ਸੰਜੋਉ ਹਰਿ ਭਗਤਿ ਹੈ ਜਿਤੁ ਕਾਲੁ ਕੰਟਕੁ ਮਾਰਿ ਵਿਡਾਰਿਆ।"

– ਗਉ ੪, ਵਾਰ ੨੧ਸ, ੪, ੨:੩ (312)

ਸੰਜੋਇਓ ---- ਜੋੜ ਰਿਹਾ ਹੈ
"ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ।" (ਮਨ ਨੂੰ ਜੋੜ ਰਿਹਾ ਹੈ)

– ਟੋਡੀ ੫, ੧੯, ੧:੨ (715)

ਹੋਰ ਰੂਪ:

ਸੰਜੋਇਆ –
“ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਪ੍ਰਭੂ ਸੰਜੋਇਆ।” (ਜੋੜ ਸਬੰਧ)
– ਸਿਰੀ ੫, ੪੦, ੪, ੧:੪ (77)

ਸੰਜੋਈ –
“ਇਸੁ ਮਟੁਕੀ ਮਹਿ ਸਬਦੁ ਸੰਜੋਈ।”
– ਆਸਾ ਕਬ, ੧੦, ੨:੨ (478)

ਸੰਜੋਗ ----- (ਸੰ.) (1) ਕਰਮਫਲ, ਭਾਗ
“ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ।”
– ਮਾਝ ੫, ਬਾਰਾ ੯:੬ (135)

“ਤਿਸੁ ਭੇਟੇ ਜਿਸੁ ਧੁਰਿ ਸੰਜੋਗ।”
– ਆਸਾ ੫, ੬੫, ੨:੨ (387)

“ਹਰਿ ਸਿਮਰਨੁ ਪਾਈਐ ਸੰਜੋਗੁ।”
– ਰਾਮ ਕਬ, ੯, ੭:੩ (971)

ਹੋਰ ਰੂਪ:

ਸੰਜੋਗਾ –
“ਗੁਰ ਬੋਹਿਥੁ ਪਾਇਆ ਕਿਰਪਾ ਤੇ ਨਾਨਕ ਧੁਰਿ ਸੰਜੋਗਾ ਜੀਉ।” (ਧੁਰ ਤੋਂ ਲਿਖੇ ਚੰਗੇ ਭਾਗਾਂ ਕਰਕੇ)
– ਮਾਝ ੫, ੪੮, ੪:੩ (108)

“ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ।”
– ਮਾਰੂ ੫, ਸੋਲਾ ੮, ੭:੩ (1079)

ਸੰਜੋਗਿ –
“ਕਿਰਤਿ ਸੰਜੋਗਿ ਸਤੀ ਉਠਿ ਹੋਈ।” (ਕੀਤੇ ਕੰਮਾਂ ਤੇ ਭਾਗਾਂ ਸਦਕਾ)
– ਗਉ ੫, ੯੯, ੧*:੨ (185)

“ਚਿਰੁ ਜੀਵਨੁ ਉਪਜਿਆ ਸੰਜੋਗਿ।” (ਵਡੇ ਭਾਗਾਂ ਕਰਕੇ)
– ਆਸਾ ੫, ੧੦੧, ੧:੨ (396)

“ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ।” (ਭਾਗਾਂ/ ਕਰਮਾਂ ਕਰਕੇ)
– ਬਿਹਾ ੫, ਛੰਤ ੭, ੩:੬ (546)

ਸੰਜੋਗੀ –
“ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ।”
– ਸਿਰੀ ੧, ਪਹ ੨, ੧:੪ (75)

“ਹੁਕਮਿ ਸੰਜੋਗੀ ਆਇਆ ਚਲੁ ਸਦਾ ਰਜਾਈ।” (ਕਰਮਾਂ ਕਰਕੇ)
– ਆਸਾ ੧, ਅਸ ੨੦, ੮:੧ (421)

ਸੰਜੋਗੁ –
“ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ।” (ਕਰਮਾਂ ਕਰਕੇ)
– ਸਿਰੀ ੧, ਅਸ ੧੫, ੩:੧ (63)

(2) ਗ੍ਰਹਿ ਰਾਸ਼ੀ ਯੋਗ ਆਦਿ ਦਾ ਮੇਲ, ਮੌਕਾ ਬਣਿਆ, ਢੋ ਢੁਕਣਾ
“ਭਲੇ ਦਿਨਸ ਭਲੇ ਸੰਜੋਗ।”
– ਗਉ ੫, ੧੨੯, ੧:੧ (191)

"ਆਇ ਬਸਹੁ ਘਰ ਦੇਸ ਮਹਿ ਇਹ ਭਲੇ ਸੰਜੋਗੁ।" (ਭਲਾ ਮੌਕਾ)
– ਬਿਲਾ ੫, ੨੮, ੨:੧ (807)

"ਨਾਮੁ ਹਮਾਰੈ ਸਉਣ ਸੰਜੋਗੁ।"
– ਭੈਰ ੫, ੩੫, ੩:੧ (1145)

ਹੋਰ ਰੂਪ:

ਸੰਜੋਗੜਾ –
"ਧਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ।"
– ਰਾਮ ੫, ਵਾਰ ੪ਸ, ੫, ੨:੨ (958)

ਸੰਜੋਗਾ –
"ਧੰਨੁ ਮੂਰਤ ਚਲੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ।" (ਮੇਲ ਦਾ ਸਮਾਂ)
– ਮਾਝ ੫, ੧੭, ੧:੩ (99)

ਸੰਜੋਗਿ –
"ਮਿਲਿ ਸੰਜੋਗਿ ਹੁਕਮਿ ਤੂੰ ਆਇਆ।"
– ਗਉ ੫, ੧੧੨, ੧*:੨ (188)

"ਨਦਰਿ ਕਰੇ ਸੰਜੋਗਿ ਮਿਲਾਏ।" (ਢੋ ਢੁਕਾ ਕੇ, ਮੌਕਾ ਬਣਾਕੇ)
– ਆਸਾ ੧, ਅਸ ੨, ੫:੪ (412)

ਸੰਜੋਗੀ –
"ਕਰਣ ਕਰਾਵਨਹਾਰ ਸੁਆਮੀ ਆਪਨ ਹਾਥਿ ਸੰਜੋਗੀ।" (ਸਾਰੇ ਸੰਜੋਗ ਢੋ ਢੁਕਾਉਣੇ ਉਸ ਨੇ ਆਪਣੇ ਹੱਥ ਰੱਖੇ ਹੋਏ ਹਨ)
– ਸੋਰ ੫, ੬, ੧:੨ (610)

ਸੰਜੋਗੁ –
"ਗੁਰਮੁਖਿ ਜਿਸੁ ਹਰਿ ਮਨਿ ਵਸੈ ਤਿਸੁ ਮੇਲੇ ਗੁਰੁ ਸੰਜੋਗੁ।" (ਢੋ ਢੁਕਾ ਕੇ)
– ਸਿਰੀ ੧, ੨੦, ੨:੩ (21)

(3) ਮੇਲ ਮਿਲਾਪ

"ਨਾਨਕ ਤਿਹ ਉਸਤਤਿ ਕਰਉ ਵਾਹੂ ਕੀਓ ਸੰਜੋਗ।"
– ਗਉ ੫, ਬਾਅ ੨੬:੮ (255)

"ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ।"
– ਸਲੋ ਕਬ, ੮੦:੨ (1368)

"ਮਨ ਕੀਆ ਇਛਾ ਪੂਰੀਆ ਪਾਇਆ ਧੁਰਿ ਸੰਜੋਗ।"
– ਰਾਮ ੫, ਵਾਰ ੫ਸ, ੫, ੧:੧੦ (959)

"ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ।" (ਹੇ ਨਾਨਕ, ਮਿਲਾਪ ਫਿਰ ਵੀ ਹੋ ਸਕਦਾ ਹੈ)
– ਮਾਰੂ ੧, ੧, ੪:੨ (989)

ਹੋਰ ਰੂਪ:

ਸੰਜੋਗਾ –
"ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨੁ ਦੁਰਾਤੇ।"
– ਮਾਰੂ ੫, ੪, ੨:੨ (999)

ਸੰਜੋਗਿ –

"ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ।"
– ਮਾਰੂ ੧, ਅਸ ੮, ੧:੧ (1013)

ਸੰਜੋਗੀ –
"ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ।" (ਮਿਲਾਪ ਦੇ ਨਿਯਮ ਅਨੁਸਾਰ)
– ਆਸਾ ੧, ਸੋਰ ੫, ੨, ੨:੪ (11)
"ਨਾਮ ਸੰਜੋਗੀ ਗੋਇਲਿ ਥਾਟੁ।" (ਨਾਮ ਦੇ (ਮਿਲਾਪੀ)
– ਗਉ ੧, ੬, ੪:੧ (153)
"ਹੁਕਮਿ ਸੰਜੋਗੀ ਨਿਜ ਘਰਿ ਜਾਉ।" (ਹੁਕਮ ਨਾਲ ਜੁੜ/ਮਿਲ ਕੇ)
– ਗਉ ੧, ਅਸ ੧, ੬:੪ (221)
"ਸੰਤ ਸੰਜੋਗੀ ਨਾਨਕਾ ਗ੍ਰਿਹਿ ਪ੍ਰਗਟੇ ਪ੍ਰਭ ਮੀਤ।" (ਮਿਲਾਪ ਨਾਲ)
– ਸੂਹੀ ਰਾਮ ੫, ਰੁਤੀ ੭, ੧ਸ:੨ (929)

ਸੰਜੋਗੁ –
"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੈ ਆਵਹਿ ਭਾਗ।"
– ਜਪੁ ੧, ੨੯:੩ (6)

ਸੰਜੋਗੋ –
"ਅਨਦਿਨੁ ਸੁਖਿ ਮਾਣੇ ਨਿਤ ਰਲੀਆ ਨਾਨਕ ਧੁਰਿ ਸੰਜੋਗੋ।"
– ਸੂਹੀ ੪, ਛੰਤ ੧, ੧:੬ (773)

(4) ਉਪਾਇ, ਯਤਨ (ਮਹਾਨਕੋਸ਼)
"ਕਵਨ ਸੰਜੋਗ ਮਿਲਉ ਪ੍ਰਭ ਅਪਨੇ।"
– ਬਿਲਾ ੫, ੧੯, ੧:੧ (806)
('ਸ਼ਬਦਾਰਥ ਇਥੇ ਵੀ 'ਸੰਜੋਗ' ਦੇ ਅਰਥ 'ਸ਼ੁਭ ਮੌਕਾ' ਕਰਦਾ ਹੈ)

(5) ਜੁੜੀ ਹੋਣਾ
"ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ।"
– ਚਉ ੫, ੨:੨ (1364)

ਹੋਰ ਰੂਪ:

ਸੰਜੋਗੀ –
"ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ।" (ਕੁਟੰਬ ਨਾਲ ਜੁੜੇ ਹੋਏ)
– ਭੈਰ ੧, ਅਸ ੧, ੩:੨ (1153)

ਸੰਜੋਗੁ –
"ਜੋਤੀ ਜੋਤਿ ਮਿਲਾਈਐ
ਸੁਰਤੀ ਸੁਰਤਿ ਸੰਜੋਗੁ।" (ਜੋੜੀਏ)
– ਸਿਰੀ ੧, ੨੦, ੨:੧ (21)

ਸੰਜੋਗਿ ----- (1) ਭਾਗ, ਵੇਖੋ 'ਸੰਜੋਗ' (1)
(2) ਗ੍ਰਹਿਰਾਸ਼ੀ ਯੋਗ ਆਦਿ ਦਾ ਮੇਲ, ਮੌਕਾ ਬਣਨ/ਢੋ ਢੁਕਣ ਉਤੇ, ਵੇਖੋ 'ਸੰਜੋਗ' (2)
(3) ਪੂਰੇ ਹੋਣ ਤੇ (ਭਾਵ)
"ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ।"

- ਸੂਹੀ ੫, ਅਸ ੩:੩:੧ (760)
(4) ਮਿਲਾਪ, ਮੇਲ, ਵੇਖੋ ‘ਸੰਜੋਗ’ (3)

ਸੰਜੋਗੀ ----- (1) ਕਰਮ ਫਲ, ਭਾਗ ਵੇਖੋ ‘ਸੰਜੋਗ’ (1)
(2) ਢੋ ਢੁਕਵਾ, ਗ੍ਰਹਿਰਾਸ਼ੀ ਯੋਗ ਆਦਿ ਦਾ ਮੇਲ, ਵੇਖੋ ‘ਸੰਜੋਗ’ (2)
(3) ਮੇਲ, ਮਿਲਾਪ, ਵੇਖੋ ‘ਸੰਜੋਗ’ (3)
(4) ਸਬੰਧ ਕਰਕੇ
“ਉਦਰ ਸੰਜੋਗੀ ਧਰਤੀ ਮਾਤਾ।” (ਪੇਟ ਦੇ ਸਬੰਧ ਕਰਕੇ ਧਰਤੀ ਮਾਤਾ ਹੈ)
- ਮਾਰੂ ੧, ਸੋਲ ੧, ੧੦:੨ (1021)
(5) ਸੰਜੋਗ ਕਰਨ ਵਾਲਾ, ਢੋ ਢੁਕਾਣ ਵਾਲਾ
“ਆਪੇ ਰਸੀਆ ਪਰਮ ਸੰਜੋਗੀ।”
- ਮਾਰੂ ੧, ਸੋਲ ੧, ੧੨:੨ (1021)
“ਆਪੇ ਸਿਵ ਸਕਤੀ ਸੰਜੋਗੀ।”
ਭੈਰ ੫, ੫੦, ੨:੩ (1150)

ਹੋਰ ਰੂਪ:

ਸਜੋਗੀ -
“ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ।”
- ਸੂਹੀ ੧, ਛੰਤ ੩, ੩:੬ (765)
(6) ਜੁੜਕੇ
“ਹੁਕਮਿ ਸੰਜੋਗੀ ਨਿਜ ਘਰਿ ਜਾਉ।” (ਹੁਕਮ ਵਿਚ ਸੰਜੋਗੀ ਹੋ/ਜੁੜ ਕੇ)
- ਗਉ ੧, ਅਸ ੧, ੬:੪ (221)
(7) ਧਾਰਨੀ (ਭਾਵ)
“ਪੰਚ ਤਤੁ ਸੁੰਨਹੁ ਪਰਗਾਸਾ।
ਦੇਹ ਸੰਜੋਗੀ ਕਰਮ ਅਭਿਆਸਾ।”
(ਇਨਾਂ ਤੱਤਾਂ ਤੋਂ ਦੇਹ ਦਾ ਧਾਰਨੀ ਬਣ ਕਰਮ ਅਭਿਆਸ ਕਰਦਾ ਹੈ)
- ਮਾਰੂ ੧, ਸੋਲਾ ੧੭, ੧੪:੧;੨ (1038)

ਸੰਜੋਗੁ ----- (1) ਸਬੰਧ, ਰਿਸ਼ਤਾ
“ਅਖਰਾ ਸਿਰਿ ਸੰਜੋਗੁ ਵਖਾਣਿ।”
- ਜਪੁ ੧, ੧੯:੭ (4)
(2) ਮਿਲਾਪ, ਵੇਖੋ ‘ਸੰਜੋਗ’ (3)
(3) ਜੋੜੀਏ, ਵੇਖੋ ‘ਸੰਜੋਗ’ (5)
(4) ਕਰਮਫਲ, ਭਾਗ, ਵੇਖੋ ‘ਸੰਜੋਗ’ (1)
(5) ਗ੍ਰਹਿ ਰਾਸ਼ੀ ਯੋਗ ਆਦਿ ਦਾ ਮੇਲ, ਮੌਕਾ, ਵੇਖੋ ‘ਸੰਜੋਗੁ’ (2)
(6) ਹਲ ਜੋੜਨਾ (ਮਹਾਨਕੋਸ਼)
“ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤ੍ਰ ਵਖਤ ਸੰਜੋਗੁ।”
- ਰਾਮ ੩, ਵਾਰ ੧੭ਸ, ੧, ੨:੨ (955)
(ਸ਼ਬਦਾਰਥ ਇਥੇ ਵਿਚ ‘ਸੰਜੋਗੁ’ ਦਾ ਅਰਥ ‘ਮੇਲ’ ਅਥਵਾ ‘ਪ੍ਰਭੂ ਮਿਲਾਪ’ ਕਰਦਾ ਹੈ)

ਸੰਜੋਰਿ ------ ਚੰਗੀ ਤਰ੍ਹਾਂ ਜੋੜ ਕੇ
“ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿਚੈ ਸੁਧਾ ਸੰਜੋਰਿ।” (ਚੰਗੀ ਤਰ੍ਹਾਂ ਜੋੜ ਕੇ)
– ਜੈਤ ੫, ੯, ੧:੧ (701)

ਸਟ ------- ਚੋਟ
“ਅੰਧਾ ਸਚਾ ਅੰਧੀ ਸਟ।”
– ਗਉ ੧, ੧, ੨:੪ (151)

ਸਟਿ ------ ਸੁਟਣਾ, ਦੂਰ ਕਰਨਾ
“ਜੋ ਹਰਿਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ।”
– ਸੋਰ ੪, ਵਾਰ ੯:੪ (646)
“ਮਹਾ ਕਸਾਬਿ ਛੁਰੀ ਸਟਿ ਪਾਈ।”
– ਰਾਮ ੫, ੫੦, ੨:੨ (898)
ਹੋਰ ਰੂਪ:
ਸਟਿਆ –
“ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ।”
– ਆਸਾ ੧, ਵਾਰ ੧੯ਸ, ੧, ੧:੪ (473)
ਸਟੀਅਹਿ –
“ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ।”
– ਮਾਝ ੧, ਵਾਰ ੧੨:੩ (143)
ਸਟੀਅਨਿ –
“ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ।”
– ਗਉ ੪, ਵਾਰ ੬:੪ (302)
ਸਟੀਐ –
“ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।”
– ਆਸਾ ੧, ਵਾਰ ੨੦ਸ, ੧, ੧:੩ (473)

ਸਟੈ ------- ਬਦਲੇ ਵਿਚ, ਵਟਾਂਦਰੇ ਵਿਚ
“ਮੈ ਤਉ ਮੋਲਿ ਮਹਗੀ ਲਈ ਜੀਅ ਸਟੈ।”
– ਧਨਾ ਰਵਿ, ੨, ੧*:੨ (694)

ਸਠ ------- (ਸੰ.) ਬੁੱਧੂ, ਮੂਰਖ, ਮੂੜ
“ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ।”
– ਆਸਾ ੫, ਛੰਤ ੮, ੨:੨ (458)

ਸਠਿ ------ ਸੱਠ, 60 (ਪ੍ਰੰਪਰਾ ਅਨੁਸਾਰ ਮੰਨਿਆ ਜਾਂਦਾ ਹੈ ਕਿ 20 ਵਰ੍ਹੇ ਬ੍ਰਹਮਾ, ਵੀਹ ਵਰ੍ਹੇ ਵਿਸ਼ਨੂੰ ਤੋਂ ਵੀਹ ਵਰ੍ਹੇ ਸ਼ਿਵਜੀ ਰਾਜ ਕਰਦੇ ਹਨ)
“ਤੇਰੇ ਸਠਿ ਸੰਬਤ ਸਭਿ ਤੀਰਥਾ।”
– ਬਸੰ ੧, ੨, ੩:੧ (1168)
ਹੋਰ ਰੂਪ:

ਸਠੀ –
“ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ।”
– ਮਾਝ ੧, ਵਾਰ ੧ਸ, ੧, ੩:੨ (138)

ਸਠੋਰਿ ----- (ਸੰ.) ਮੂਰਖ ਦੇ ਹਿਰਦੇ ਵਾਲਾ, ਮੂਰਖ
“ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ।”
– ਸੋਰ ਕਬ, ੨, ੨:੧ (654)

ਸੰਡਾ ------ ਦੈਤਾਂ ਦਾ ਪ੍ਰੋਹਤ, ਸ਼ੁਕਰ ਦਾ ਪੁੱਤਰ ਜਿਸ ਨੂੰ ਪ੍ਰਹਿਲਾਦ ਦੇ ਮਿੱਤਰਾਂ ਨੇ ਉਸ ਨੂੰ ਪੜਾਨ ਲਈ ਨਿਯੁਕਤ ਕੀਤਾ ਹੋਇਆ ਸੀ।
“ਸੰਡਾ ਮਰਕਾ ਸਭਿ ਜਾਇ ਪੁਕਾਰੇ।”
– ਭੈਰ ੩, ੨੦, ੩:੧ (1133)

ਹੋਰ ਰੂਪ:

ਸੰਡੈ –
“ਸੰਡੈ ਮਰਕੈ ਕੀਈ ਪੂਕਾਰ।”
– ਭੈਰ ੩, ਅਸ ੧, ੫:੧ (1154)

ਸੜੁ ------- ਸਦ ਆਵਾਜ਼
“ਫਰੀਦਾ ਗੋਰ ਨਿਮਾਣੀ ਸੜੁ ਕਰੇ ਨਿਘਰਿਆ ਘਰਿ ਆਉ।”
– ਸਲੋ ਫਰ, ੯੩:੧ (1382)

ਸਡੋ ------- ਸੱਦ, ਉਸਤਤੀ ਦਾ ਗੀਤ
“ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ।”
– ਸਲੋ ਫਰ, ੪੫:੧ (1380)

ਸੰਢੀਐ ----- (ਸੰ. ਸੰਡੀਐ) – ਮਿਲਾਈਏ, ਚੁਕਾਈਏ
“ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ।”
– ਆਸਾ ੧, ਵਾਰ ੧੯:੨ (473)

ਸਣਿ ------ (ਸੰ.) ਸਮੇਤ ਸਣੇ, ਨਾਲ
“ਜਣੀ ਲਖਾਵਹੁ ਅਸੰਤ ਪਾਪੀ ਸਣਿ।”
– ਆਸਾ ਰਵਿ, ੨, ੩:੨ (486)

ਹੋਰ ਰੂਪ:-

ਸਣੁ – (ਸੰ.)
“ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ।” ਸਮੇਤ, ਨਾਲ, ਸਣੇ
– ਸਿਰੀ ੫, ੭੧, ੩:੨ (42)

ਸਣੇ –
“ਲਸਕਰ ਸਣੇ ਦਮਾਮਿਆ ਛੁਟੇ ਬੰਕ ਦੁਆਰ।”
– ਸਾਰ ੪, ਵਾਰ ੧੭ਸ, ੧, ੧:੪ (1244)

ਸਣੈ –
“ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਓਠਿ ਘਰਿ ਆਇਆ।”

– ਗਉ ੪, ਵਾਰ ੧੨ਸ, ੪, ੧:੪ (306)

ਸੰਤ ------- (ਸੰ.) ਜਿਸ ਨੇ ਮਨ ਇੰਦ੍ਰੀਆਂ ਨੂੰ ਵਸ/ਸ਼ਾਂਤ/ਸੰਤੁਸ਼ਟ ਕੀਤਾ ਹੋਇਆ ਹੈ
"ਭਾਈ ਰੇ ਸੰਤ ਜਨਾ ਕੀ ਰੇਣੁ।"
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ।"
– ਸਿਰੀ ੧, ੧੨, ੧*:੧;੨ (18)

ਹੋਰ ਰੂਪ:

ਸੰਤਹ –
"ਸੰਤਹ ਸੰਗਿ ਬੈਸਿ ਗੁਨ ਗਾਇ।" (ਸੰਤਾਂ – ਬਹੁ ਵਚਨ)
– ਗਉ ੫, ੧੪੧, ੨:੧ (194)

ਸੰਤਹੁ –
"ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ।" (ਬਹੁਵਚਨ)
– ਆਸਾ ੪, ਸੋਪੁ ੧, ੧:੪ (10)

ਸੰਤਹੋ –
"ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ।"
– ਮਾਰੂ ੫, ਵਾਰ ੧੨:੪ (1098)

(ਹੋਰ ਵੇਖੋ 'ਸੰਤਨ'

ਸੰਤਾ –
"ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮ ਨਾਮੁ ਸੁਖੁ ਪਾਇ।" (ਸੰਤਾਂ ਦੀ)
– ਸਿਰੀ ੫, ੪੬, ੧:੨ (31)
"ਸੰਤਾ ਸੇਤੀ ਰੰਗੁ ਨ ਲਾਏ।" (ਸੰਤਾਂ)
– ਮਾਝ ੫, ੩੭, ੩:੧ (105)
"ਮਨੁ ਦੇਵਾ ਸੰਤਾ ਮੇਰਾ ਪ੍ਰਭੁ ਮੇਲੇ ਜੀਉ।" (ਸੰਤਾਂ ਨੂੰ)
– ਮਾਝ ੪, ੬੬, ੨:੩ (173)

ਸੰਤਾਂ –
"ਸੰਤਾਂ ਸੰਗਤਿ ਪਾਈਐ ਜੇ ਮੇਲੇ ਮੇਲਣਹਾਰੁ।"
– ਸਿਰੀ ੫, ਅਸ ੬, ੪:੧ (56)

ਸੰਤਾਹ –
"ਮੈ ਤਕੀ ਓਟ ਸੰਤਾਹ ਲੇਹੁ ਉਬਾਰੀਐ।" (ਸੰਤਾਂ ਦੀ)
– ਗਉ ੫, ਅਸ ੧੨, ੨:੨ (241)

ਸੰਤਿ –
"ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ।"
– ਗਉ ੫, ੧੨੭*, ੪:੨ (206)

ਸੰਤੁ –
"ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ।"
ਮਾਝ ੪, ੨, ੧:੩ (94)
"ਭਾਗ ਹੋਆ ਗੁਰਿ ਸੰਤੁ ਮਿਲਾਇਆ।"
– ਮਾਝ ੫, ੯, ੪:੧ (97)

ਸੰਤੋ –
"ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਸੰਤੋ ਮੋਹਿ ਮਾਰਗ ਦਿਖਲਾਵੈ।"

– ਸਾਰ ੪, ੧੦, ੧:੨ (120)

(2) ਗੁਰੂ (ਭਾਵ)

“ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ।”

– ਗਉ ੫, ੯੦, ੪:੪ (183)

ਹੋਰ ਰੂਪ:

ਸੰਤਿ –

“ਬਿਨਵੰਤਿ ਨਾਨਕ ਸਭ ਸਤਿ ਮੇਲੀ ਪ੍ਰਭੁ ਕਰਣ ਕਾਰਣ ਜੋਗੋ।” (ਗੁਰੂਸੰਤ)

– ਬਿਲਾ ੫, ਛੰਤ ੧, ੩:੬ (846)

ਸੰਤੁ –

“ਵਡਭਾਗੀ ਹਰਿ ਸੰਤੁ ਮਿਲਾਇਆ।”

– ਮਾਝ ੪, ੫, ੩:੧ (95)

“ਸਾਜਨ ਐਸੋ ਸੰਤੁ ਸਹਾਈ।” (ਉਤਮ/ ਸ੍ਰੇਸ਼ਠ ਪੁਰਸ਼)

– ਗੂਜ ੫, ੧੭, ੧*:੧ (499)

(3) ਭਲੇ ਪੁਰਸ਼ (ਭਾਵ)

“ਦੈਤ ਸੰਘਾਰਿ ਸੰਤ ਨਿਸਤਾਰੇ।”

– ਗਉ ੧, ਅਸ ੯, ੭:੩ (224)

ਹੋਰ ਰੂਪ:

ਸੰਤੁ –

“ਸੰਤੁ ਮਿਲੈ ਕਿਛੁ ਸੁਨੀਐ ਕਹੀਐ।”

– ਗੋਂਡ ਕਬ, ੧, ੧:੨ (870)

ਸੰਤੈ –

“ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ।”

– ਨਟ ੪, ਅਸ ੬, ੬:੨ (983)

ਸਤ -------- (1) ਪੁੰਨ, ਦਾਨ

“ਸਭਿ ਸਤ ਸਭਿ ਤਪ ਸਭਿ ਚੰਗਿਆਈਆ।”

– ਆਸਾ ੧, ਸੋਦ ੨, ੩:੧ (9)

ਹੋਰ ਰੂਪ:

ਸਤੁ –

“ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ।”

– ਸਿਰੀ ੧, ੫, ੩:੧ (16)

(2) (ਸੰ.) ਸਚੀ, ਸਚਾ

“ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ।”

– ਸਿਰੀ ੩, ਅਸ ੨੨, ੭:੧ (67)

“ਕਰਮ ਧਰਮ ਸੰਜਮੁ ਸਤ ਭਾਉ।” (ਸਚਾ ਪਿਆਰ)

– ਆਸਾ ੧, ੧੪, ੪:੨ (353)

ਹੋਰ ਰੂਪ:

ਸਤਿ –

"ਘਰਿ ਬੈਠਿਆ ਹਰਿ ਪਾਏ ਸਦਾ ਚਿਤੁ ਲਾਏ ਸਹਜੇ ਸਤਿ ਸੁਭਾਏ।" (ਸਚੀ ਭਾਵਨਾ)

– ਗਉ ੩, ਛੰਤ ੫, ੧:੩ (246)

"ਤਿਸ ਕਾ ਨਾਮੁ ਸਤਿ ਰਾਮਦਾਸੁ।" (ਅਸਲ, ਸਚਾ)

– ਗਉ ੫, ਸੁਖ ੯, ੬:੨ (275)

(3) ਸਚ, ਪਵਿੱਤਰਤਾ

"ਮੈ ਸਤ ਦਾ ਹਲੁ ਜੋਆਇਆ।"

– ਸਿਰੀ ੫, ਅਸ ੨੯, ੨:੨ (73)

"ਸਤ ਸੰਤੋਖ ਕਾ ਧਰਹੁ ਧਿਆਨ।"

– ਗਉ ਕਬ, ਥਿਤੀ ੧੫:੩ (344)

ਹੋਰ ਰੂਪ:

ਸਤਿ –

"ਸਤਿ ਸੁਹਾਣੁ ਸਦਾ ਮਨਿ ਚਾਉ।"

– ਜਪੁ ੧, ੨੧:੮ (4)

"ਹਰਿ ਧਿਆਵਹੁ ਹਰਿ ਪ੍ਰਭ ਸਤਿ।" (ਸਚ ਸਰੂਪ)

– ਸਿਰੀ ੧, ਵਣ ੧, ੫*:੧ (82)

"ਸਤਿ ਕਹਉ ਸੁਨਿ ਮਨ ਮੇਰੇ ਸਰਨਿ ਪਰਹੁ ਹਰਿ ਰਾਇ।"

– ਗਉ ੫, ਬਾਅ ੫੦ਸ:੧ (260)

"ਸਾਰ ਭੂਤ ਸਤਿ ਹਰਿ ਕੋ ਨਾਉ।" (ਸਚਾਈ 'ਹਰਿ ਨਾਮ' ਹੈ)

– ਗਉ ੪, ਸੁਖ ੧੯, ੬:੯ (289)

ਸਤੁ –

"ਸੁਣਿਐ ਸਤੁ ਸੰਤੋਖੁ ਗਿਆਨ।" (ਸਚ)

– ਜਪੁ ੧, ੧੦:੧ (23)

('ਦਰਪਣ' ਇਥੇ 'ਸਤੁ' ਦੇ ਅਰਥ 'ਦਾਨ' ਕਰਦਾ ਹੈ)

"ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਾਸਾਏ।" (ਪਵਿਤਰਤਾ)

– ਸਿਰੀ ੩, ੪੫, ੩:੨ (31)

"ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।" (ਸਚ)

– ਗਉ ਰਵਿ, ਅਸ ੧, ੧:੧ (346)

(4) (ਸੰ.) ਸਤ

"ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤੁ ਚਟੇ ਸਿਰਿ ਛਾਈ।"

– ਮਾਝ ੧, ਵਾਰ ੨੬ਸ, ੧:੨੫ (150)

ਹੋਰ ਰੂਪ:

ਸਤਵੈ –

"ਸਤਵੈ ਸੰਜਿ ਕੀਆ ਘਰ ਵਾਸੁ।"

– ਮਾਝ ੧, ਵਾਰ ੧ਸ, ੧, ੨:੭ (137)

ਹੋਰ ਵੇਖੋ 'ਸਤੀ' (7)

(5) ਸਦਾ ਸਥਿਰ ਸਦਾ ਕਾਇਮ ਰਹਿਣ ਵਾਲਾ, ਅਟਲ

"ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ।"

– ਗਉ ੪, ਵਾਰ ੩੦ਸ, ੪, ੧:੬ (315)

ਹੋਰ ਰੂਪ:

ਸਤਿ –
"ਸਤਿ ਸਤਿ ਸਤਿ ਪ੍ਰਭੁ ਸੋਈ।"

– ਮਾਝ ੫, ੫੩, ੪:੧ (104)

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।" (ਅਟਲ)

– ਗਉ ੪, ਵਾਰ ੧੪ਸ, ੪, ੨:੭ (308)

(6) ਸਤ ਧਰਮ, ਪਤੀ ਬ੍ਰਤ ਧਰਮ

"ਬਿਨੁ ਸਤ ਸਤੀ ਹੋਇ ਕੈਸੇ ਨਾਰਿ।"

– ਗਉ ਕਬ, ੨੩, ੧:੧ (328)

"ਸਤ ਕੈ ਖਟਿਐ ਦੁਖੁ ਨਹੀ ਪਾਇਆ।" (ਸਚ ਧਰਮ ਦੁਆਰਾ ਪ੍ਰਾਪਤ ਹੋਈ ਹੈ)

– ਆਸਾ ੫, ੬, ੩:੩ (372)

(7) ਪ੍ਰਭੂ

"ਸਤ ਕਾ ਸਬਦੁ ਕਬੀਰਾ ਕਹੈ।"

– ਕਉ ਕਬ, ਬਾਅ ੪੫:੩ (343)

(ਨਿਰਣੈ ਤੇ ਸੰਥਾ ਪੋਥੀਆਂ 'ਸਤ' ਦਾ ਅਰਥ 'ਸਚ' 'ਅਸਲੀਅਤ', 'ਯਥਾਰਥ' ਕਰਦੇ ਹਨ)

"ਤੇ ਬੈਰਾਗੀ ਸਤ ਸਮਾਨਿ।" (ਪ੍ਰਭੂ ਦੇ ਬਰਾਬਰ ਅਥਵਾ ਉਸ ਦਾ ਰੂਪ)

– ਰਾਮ ੩, ਵਾਰ ੧੨ਸ, ੧, ੬:੪ (953)

ਹੋਰ ਰੂਪ:

ਸਤਿ –
"ਸਤਿ ਮਾਹਿ ਲੇ ਸਤਿ ਸਮਾਇਆ।"

– ਰਾਮ ੫, ੨੫, ੧:੪ (890)

(8) (ਸੰ.) ਸੌ (ਦੂਜੇ 'ਸਤਿ' ਦਾ ਅਰਥ 'ਸਤਿ ਸਰੂਪ' ਹੋ ਕੇ ਹੈ)

"ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ।"

– ਆਸਾ ਨਾਮ, ੧, ੧*:੩ (485)

"ਰੇ ਜਿਹਬਾ ਕਰਉ ਸਤ ਖੰਡ।" (ਸੌ ਟੋਟੇ)

– ਭੈਰ ਨਾਮ, ੧, ੧:੧ (1163)

(9) ਸਤੋ ਗੁਣ, ਦੁਖ ਸੁਖ ਤੋਂ ਨਿਰਲੇਪ, ਵੈਰਾਗ ਮਈ ਬਿਰਤੀ

"ਰਜ ਤਮ ਸਤ ਕਲ ਤੇਰੀ ਛਾਇਆ।"

– ਮਾਰੂ ੧, ਸੋਲਾ ੧੭, ੧੧:੧ (1038)

"ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ।"

– ਕੇਦਾ ਕਬ, ੧, ੨:੧ (1123)

(10) ਸਹਜ ਜਦੋਂ 'ਸਤ ਭਾਇ'ਆਇਆ ਹੈ

"ਮਤਿ ਸਤ ਭਾਇ ਭਗਤਿ ਗੋਬਿੰਦਾ।" (ਮੇਰੀ ਮਤ ਵਿਚ ਸਹਿਜ ਭਾਇ ਗੋਬਿੰਦ ਦੀ ਭਗਤੀ ਟਿਕੀ ਹੋਈ ਹੈ।)

– ਪ੍ਰਭਾ ੧, ੧੪, ੨:੨ (1331)

(11) ਚੰਗੇ, ਸੁਸ਼ੀਲ

"ਅਪਜਸੰ ਮਿਟੰਤ ਸਤ ਪੁਤ੍ਰਹ।" (ਸਪੁੱਤਾਂ ਦੇ ਜਨਮ ਨਾਲ)

– ਗਾਥਾ ੫, ੧੪:੧ (1361)

(12) ਨਿਸਚੇ ਕਰਕੇ

"ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ ਸਤ ਕਰਿ ਸੰਗਤਿ ਉਧਰੀਆ।"

– ਸਵ ੩, ੪:੩ (1393)

ਹੋਰ ਰੂਪ:

ਸਤਿ –

"ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ।" (ਨਿਸਚੇ ਕਰਕੇ)

– ਮਾਝ ੩, ਅਸ ੯, ੭:੩ (114)

"ਜਾਨੁ ਸਤਿ ਕਰਿ ਹੋਇਗੀ ਮਾਟੀ।"

– ਆਸਾ ੫, ੧੪, ੧:੨ (374)

(13) ਸਦ, ਨੇਕ

"ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ।"

– ਸਵ ੩, ੭:੧ (1393)

ਹੋਰ ਵੇਖੋ 'ਸਤਪੁਰਖ'

ਹੋਰ ਰੂਪ:

ਸਤਿ –

"ਕਰਿ ਮਨ ਮੇਰੇ ਸਤਿ ਬਿਉਹਾਰ।" (ਚੰਗਾ ਸਦ)

– ਗਉ ੫, ਸੁਖ ੧੪, ੨:੨ (281)

ਸਤਸੰਗ ---- (ਸੰ.) ਉਤਮ/ਨੇਕ/ਸਚੀ ਸੰਗਤ

"ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ।"

– ਸੋਰ ੪, ੭, ੧*:੨ (607)

"ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ।"

– ਸਾਰ ੪, ੬, ੩:੨ (1200)

ਹੋਰ ਰੂਪ:

ਸਤਸੰਗਾ –

"ਮਿਲ ਸੰਤ ਜਨਾ ਹਰਿ ਪਾਇਆ ਨਾਨਕ ਸਤਸੰਗਾ।"

– ਆਸਾ ੪, ਛੰਤ ੧੫, ੩:੪ (449)

ਸਤਸੰਗਿ –

"ਮਿਲਿ ਸਤਸੰਗਿ ਬੋਲੀ ਹਰਿ ਬਾਣੀ।"

– ਮਾਝ ੪, ੪, ੨:੧ (95)

ਸਤਸੰਗੀਆ –
“ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ।” (ਸਤਸੰਗਤ ਦੁਆਰਾ)

– ਜੈਤ ੪, ਛੰਤ ੧, ੪:੪ (704)

ਸਤਸੰਗੁ –
“ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ।”

– ਮਾਝ ੪, ੪, ੩:੩ (95)

ਸਤਸੰਗੇ –
“ਭਈ ਕ੍ਰਿਪਾ ਨਾਨਕ ਸਤਸੰਗੇ ਤਉ ਧਨ ਪਿਰ ਅਨੰਦ ਉਲਾਸਾ ਹੇ।” (ਸਤਿ ਸੰਗਤ ਵਿਚ)

– ਮਾਰੂ ੫, ਸੋਲ ੨, ੫:੩ (1072)

ਸਤਸੰਗੈ –
“ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ।”

– ਮਾਰੂ ੫ ਵਾਰ ੧੧:੫ (1098)

ਸਤਿਸੰਗੇ –
“ਕਰਿ ਕਿਰਪਾ ਰਾਖੇ ਸਤਿਸੰਗੇ।”

– ਆਸਾ ੫, ੧੪੨, ੪:੧ (406)

ਸਤਸੰਗਤਿ --- **ਸਚੀ/ਉਤਮ ਸੰਗਤ, ਸਾਧ ਸੰਗਤ**
“ਧਨੁ ਧੁੰਨ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ।”

– ਗੂਜ ੪, ਸੋਦ ੪, ੪:੨ (10)

“ਸਤਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ।”

– ਸਿਰੀ ੧, ਅਸ ੨੮, ੫:੧;੨ (72)

ਹੋਰ ਰੂਪ:

ਸਤਸੰਗਤੀ –
“ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ।” (ਸਤ ਸੰਗਤ ਵਿਚ)

– ਵਡ ੪, ਵਾਰ ੪:੧ (587)

ਸਤਸੰਗਾ ---- **(1) ਸਤਸੰਗੀ**
“ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ।” (ਸਤਸੰਗੀ)

– ਮਾਰੂ ੫, ਸੋਲਾ ੧੧, ੧੦:੩ (1082)

(2) ਸਤਸੰਗਤ ਵਿਚ ਵੇਖੋ ‘ਸਤਸੰਗ’

ਸਤਸਰਿ ---- **ਸਚਾ ਸਰੋਵਰ, ਸਤਿ ਸੰਗ ਰੂਪੀ ਸਰੋਵਰ**
“ਜੇ ਤਿਸੁ ਭਾਵੈ ਊਜਲੀ ਸਤਸਰਿ ਨਾਵਣ ਜਾਉ।”

– ਸਿਰੀ ੧, ੯, ੩:੩ (17)

“ਗੁਰਮਤਿ ਸਤਸਰਿ ਹਰਿ ਜਲਿ ਨਾਇਆ।”

– ਆਸਾ ੩, ੪੪, ੪:੩ (362)

ਹੋਰ ਰੂਪ:

ਸਤਸਰੁ –
“ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ।”
– ਆਸਾ ੫, ੧੦੪, ੩:੧ (397)

ਸਤਹੁ ------ ਸਤ ਗੁਣਾਂ ਦਾ
“ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ।”
– ਰਾਮ ਬਸ, ੬:੯ (968)

ਸਤਗੁਰ ---- (ਸੰ.) ਚੰਗੀ ਸਿਖਿਆ ਦੇਣ ਵਾਲਾ ਗੁਰੂ ਸਚਾ ਗੁਰੂ
“ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ।”
– ਸਿਰੀ ੩, ੩੫, ੩:੨ (26)

ਹੋਰ ਰੂਪ:

ਸਤਗੁਰਿ –
“ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ।” (ਸਤਿਗੁਰੂ ਨੇ)
– ਸਿਰੀ ੧, ੧੭, ੪:੩ (20)
“ਸਤਿਗੁਰਿ ਮਿਲਿਐ ਸਦ ਭੈ ਰਚੈ ਆਪਿ ਵਸੈ ਮਨਿ ਆਇ।” (ਸਤਿਗੁਰੂ ਦੇ)
– ਸਿਰੀ ੩, ੫੦, ੧:੩ (33)

ਸਤਗੁਰੁ –
“ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ।” (ਸਤਿਗੁਰੂ ਨੂੰ)
– ਸਿਰੀ ੧, ੧੯, ੩:੨ (21)
“ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ।” (ਸਤਿਗੁਰੂ)
– ਸਿਰੀ ੧, ੨੨, ੪:੧ (22)

ਸਤਗੁਰੂ –
“ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ।” (ਗੁਰੂ ਨੇ)
– ਸਿਰੀ ੩, ੪੧, ੩:੩ (29)
“ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ।”
– ਸਿਰੀ ੩, ੫੩, ੧:੩ (34)

ਸਤਗੁਰੈ –
“ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ।”
– ਵਡ ੪, ੩, ੧:੨ (561)

ਸਤਿਗੁਰ –
“ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ।”
– ਗੂਜ ੪, ਸੋਦ ੪, ੧:੧ (10)

ਸਤਿਗੁਰਾ –
“ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ।”
– ਸਿਰੀ ੪, ੬੫, ੧*:੧ (39)

ਸਤਿਗੁਰਿ –
“ਸਤਿਗੁਰਿ ਹਰਿ ਪ੍ਰਭੁ ਬੁਝਿਆ ਗੁਰ ਜੇਵਡੁ ਅਵਰੁ ਨ ਕੋਇ।”
– ਸਿਰੀ ੪, ੬੫, ੨:੨ (39)

ਸਤਿਗੁਰੁ –
“ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ।”
– ਮਾਝ ੧, ਵਾਰ ੧੫:੨ (145)

ਸਤਿਗੁਰੈ –
“ਅੰਦਰਿ ਸਾਚਾ ਨੇਹੁ ਪੂਰੈ ਸਤਿਗੁਰੈ ਜੀਉ।” (ਸਤਿਗੁਰੂ ਨਾਲ)
– ਧਨਾ ੪, ਛੰਤ ੧, ੨:੧ (690)
“ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ।” (ਸਤਿਗੁਰੂ ਨੂੰ)
– ਸੂਹੀ ੪, ਛੰਤ ੫, ੧:੨ (776)

ਸੰਤਜਨ ----- ਸੰਤ
“ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ।”
– ਸਿਰੀ ੩, ੪੯, ੧:੩ (32)

ਹੋਰ ਰੂਪ:

ਸੰਤਜਨਹੁ –
“ਰਾਮ ਨਾਮੁ ਰਸੁ ਰਾਮ ਰਸਾਇਣੁ ਹਰਿ ਸੇਵਹੁ ਸੰਤ ਜਨਹੁ।”
– ਬਿਲਾ ੪, ੪, ੪:੧ (800)

ਸੰਤਜਨਾ –
“ਭਾਈ ਰੇ ਸੰਤਜਨਾ ਕੀ ਰੇਣੁ।” (ਸੰਤਾਂ, ਬਹੁ ਵਚਨ)
– ਸਿਰੀ ੧, ੧੨, ੧*:੧ (18)

ਸੰਤਜਨਾਂ –
“ਹਮ ਸੰਤਜਨਾਂ ਰੇਨਾਰਾ।”
– ਸੋਰ ੫, ੫੯, ੨:੨ (623)

ਸੰਤਜਨੀ –
“ਸੰਤ ਜਨੀ ਕੀਆ ਉਪਦੇਸੁ।”
– ਬਸੰ, ੫, ੧੧, ੨:੧ (1183)

ਸੰਤਜਨੋ –
“ਗੁਰੁ ਸੰਤਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ।” (ਸੰਬੋਧਨ)
– ਸੂਹੀ ੪, ੫, ੧:੧ (776)

ਸਤਜੁਗਿ ---- (ਸੰ.) ਉਹ ਸਮਾਂ ਜਿਸ ਵਿਚ ਸਚ ਪ੍ਰਧਾਨ ਹੋਵੇ; ਸਮੇਂ ਦਾ ਇਕ ਖੰਡ ਹਿੰਦੂ ਧਰਮ ਅਨੁਸਾਰ ਚਾਰ ਯੁੱਗ ਮੰਨੇ ਜਾਂਦੇ ਹਨ – ਸਤਿਗੁਰ, ਤ੍ਰੇਤਾ, ਦੁਆਪਰ ਤੇ ਕਲਿਯੁਗ। ਸਤਿਜੁਗ ਦਾ ਸਮਾਂ 4800 ਦੇਵ ਸਾਲ ਮੰਨਿਆ ਜਾਂਦਾ ਹੈ। ਦੇਵ ਸਾਲ 360 ਸਾਧਾਰਨ ਸਾਲਾਂ ਦੇ ਬਰਾਬਰ ਹੁੰਦਾ ਹੈ।
“ਸਤਜੁਗਿ ਸਚੁ ਕਹੈ ਸਭੁ ਕੋਈ।” (ਸਤਿਜੁਗ ਵਿਚ)
– ਰਾਮ ੩, ੧, ੧:੧ (880)

ਹੋਰ ਰੂਪ:

ਸਤਜੁਗੁ –
“ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਉਤਮੋ ਜੁਗਾ ਮਾਹਿ।”
– ਆਸਾ ੫, ੧੪੦, ੩:੧ (406)

ਸੰਤਤ ------ ਨਿਰੰਤਰ, ਇਕ ਰਸ
"ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ।"
– ਸਵ ੪, ਮਥੁ ੩:੧ (1404)

ਸੰਤਤਿ ----- ਸੰਤਾਨ, ਔਲਾਦ
"ਸਚੁ ਸੰਤਤਿ ਕਹੁ ਨਾਨਕ ਜੋਗੁ।"
– ਗਉ ੧, ੩, ੩:੨ (152)

ਸੰਤਨ ------ ਸੰਤਾਂ, ਸੰਤਜਨਾਂ
"ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।"
– ਗਉ ੫, ਸੋਹ ੫, ੪:੨ (13)

ਹੋਰ ਰੂਪ:

ਸੰਤਨਾ –
"ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ।" (ਸੰਤਾਂ ਨੇ)
– ਗਉ ੫, ੧੪੮, ੧:੧ (212)
"ਮਨ ਸੰਤਨਾ ਕੈ ਚਰਨਿ ਲਾਗੁ।"
– ਆਸਾ ੫, ੧੫੫, ੧:੨ (409)
ਸੰਤਨਿ –
"ਬਿਖੈ ਦਲੁ ਸੰਤਨਿ ਤੁਮ੍ਾਰੈ ਗਾਹਿਓ।" (ਸੰਤਾਂ ਰਾਹੀ/ਦੁਆਰਾ)
– ਕਾਨ ੫, ੨੬, ੧*:੧ (1303)

ਸਤਪੁਰਖ --- () ਭਲੇ/ਸ੍ਰੇਸ਼ਟ ਵਿਅਕਤੀ, ਉੱਤਮ ਪੁਰਸ਼
"ਜਿਨ ਦਰਸਨੁ ਸਤਿਗੁਰ ਸਤਪੁਰਖ ਨ ਪਾਇਆ ਤੇ ਭਾਗਹੀਣ ਜਮਿ ਮਾਰੇ।"
– ਗੂਜ ੪, ੩, ੩:੧ (493)

ਹੋਰ ਰੂਪ:

ਸਤਪੁਰਖਾ –
"ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ।"
– ਗੂਜ ੪, ਸੋਦ ੪, ੧:੧ (10)
"ਸੇ ਧੰਨੁ ਵਡੇ ਸਤਪੁਰਖਾ ਪੂਰੇ ਜਿਨ ਗੁਰਮਤਿ ਨਾਮੁ ਧਿਆਇਆ।"
– ਆਸਾ ੪, ਛੰਤ ੧੦, ੪:੪ (445)
ਸਤਪੁਰਖੁ –
"ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ।"
– ਮਾਝ ੪, ੬, ੪:੧ (96)
"ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ।"
– ਵਡ ੪, ਵਾਰ ੧੯:੧ (594)

ਸਤਪੁਰਖੁ --- (1) ਸ੍ਰੇਸ਼ਟ ਪੁਰਸ਼, ਵੇਖੋ 'ਸਤਪੁਰਖ'
(2) ਪ੍ਰਭੂ, ਵਾਹਿਗੁਰੂ (ਭਾਵ)
"ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤਪੁਰਖੁ ਮਨਾਇਓ।"
– ਟੋਡੀ ੫, ੩, ੨:੧ (712)
ਹੋਰ ਵੇਖੋ 'ਸਤਿਪੁਰਖ'

ਸਤਭਾਉ ---- (ਸੰ.) (1) ਸ਼ੁਭ ਵਿਚਾਰ (ਮਹਾਨਕੋਸ਼)
"ਕਰਮ ਧਰਮ ਸੰਜਮੁ ਸਤਭਾਉ।"
– ਆਸਾ ੧, ੧੪, ੪:੨ (353)
(ਸ਼ਬਦਾਰਥ ਤੇ 'ਦਰਪਣ' ਸਤਭਾਉ' ਨੂੰ ਨਿਖੇੜ ਕੇ ਅਰਥ 'ਸਚਾ ਪਿਆਰ' ਕਰਦਾ ਹੈ।) ਸੰਥਿਆ ਤੇ ਨਿਰਣੈ 'ਸਚ ਦਾ ਪਿਆਰ' ਅਰਥ ਦਿੰਦਾ ਹੈ।
"ਤਰਫ ਜਿਣੈ ਸਤ ਭਾਉ ਦੇ ਜਨ ਨਾਨਕ ਸਬਦੁ ਵੀਚਾਰੇ।" (ਨੇਕ ਨੀਤੀ)
– ਸੂਹੀ ੩, ਵਾਰ ੭ਸ, ੨, ੪:੨ (787)
(2) ਚੰਗਾ, ਸਲੂਕ, ਆਦਰ ਭਾਉ
"ਅਗੋ ਦੇ ਸਤਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ।"
– ਗਉ ੪, ਵਾਰ ੧੧ਸ, ੪, ੧:੧ (305)
(ਮਹਾਨ ਕੋਸ਼ ਇਥੇ ਅਰਥ 'ਯਥਾਰਥ ਵਿਚਾਰ' ਦੇ ਦਿੰਦਾ ਹੈ)

ਹੋਰ ਰੂਪ:

ਸਤਭਾਇ –
"ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ।" (ਆਦਰ ਭਾਵ ਨਾਲ)
– ਸਿਰੀ ੫, ੮੩, ੧:੩ (46)

ਸਤ ਭਿਖਿਆ – ਚੰਗੀ ਭਿਖਿਆ
"ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨ ਹਠਿ ਜਨਮੁ ਗਵਾਇਆ।"
– ਗੂਜ ੩, ਵਾਰ ੧੨ਸ, ੩, ੨:੫ (513)

ਸਤਮ ------ (ਸੰ.) ਅਤਿ ਉਤਮ (ਮਹਾਨਕੋਸ਼)
(ਸੰ.) ਨਿਸਚੇ ਕਰਕੇ (ਦਰਪਣ, ਸ਼ਬਦਾਰਥ)
"ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ।"
– ਗਾਥਾ ੫, ੨੩:੨ (1361)

ਸਤਰੰਜ ---- (ਅ. ਸ਼ਤਰੰਜ) ਸੋਚ ਵਿਚਾਰ ਕੇ ਖੇਡੀ ਜਾਣ ਵਾਲੀ ਖੇਡ, 64 ਖਾਨਿਆਂ ਦੀ ਬਸਾਤ ਉਪਰ 32 ਮੋਹਰਿਆਂ ਨਾਲ ਖੇਡੀ ਜਾਣ ਵਾਲੀ ਖੇਡ
"ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ।"
– ਆਸਾ ੧, ੩੬, ੩:੨ (359)

ਸਤਰਿ ----- (1) ਸਤ ਦਹਾਕੇ, 70
"ਸਤਰਿ ਕਾ ਮਤਿਹੀਣ ਅਸੀਹਾਂ ਕਾ ਵਿਉਹਾਰੁ ਨਾ ਪਾਵੈ।"
– ਮਾਝ ੧, ਵਾਰ ੧ਸ, ੧, ੩:੩ (138)
"ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ।" (ਸਤਰ+ਦੋ–72)
– ਧਨਾ ਨਾਮ, ੨, ੧:੨ (693)
(ਸਰੀਰ ਦੀਆਂ ਮੁੱਖ ਨਾੜੀਆਂ 72 ਮੰਨੀਆਂ ਜਾਂਦੀਆਂ ਹਨ)
(2) ਗੁਪਤ, (ਮਹਾਨਕੋਸ਼)
"ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ।"
– ਆਸਾ ਕਬ, ੧੭, ੨:੨ (480)
('ਸ਼ਬਦਾਰਥ' ਇਥੇ ਵੀ ਅਰਥ '70' ਹੀ ਕਰਦਾ ਹੈ। '70 ਕਾਬੇ' ਅਰਥਾਤ 70 ਵਾਰ ਹਜ ਕਰਨਾ।')

ਸਤਵੰਤਾ ---- ਸਤ ਵਾਲਾ, ਸਤੀ

“ਆਪਿ ਸੁ ਗਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ।”

– ਮਾਰੂ ੫, ਸੋਲਾ ੧੦, ੧੧:੩ (1081)

ਸਤਵੰਤਾ ਸਾੜਾ ਬ੍ਰਹਮਚਾਰੀ, ਪਲਾਸਚੰਡ ਧਾਰਨ ਕਰਨ ਵਾਲਾ

“ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ।”

– ਮਾਰੂ ੫, ਵਾਰ ੧੦:੫ (1097)

ਹੋਰ ਰੂਪ:

ਸਤਵੰਤੀ –

“ਤੂੰ ਸਤਵੰਤੀ ਤੂੰ ਪਰਧਾਨਿ।”

– ਆਸਾ ੫, ੫੨, ੩:੧ (384)

ਸੰਤਾਇ ----- ਸਤਾਏ, ਦੁਖ ਦੇਵੇ, ਤੰਗ ਕਰੇ

“ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ।”

– ਸਿਰੀ ੧, ਅਸ ੯, ੫:੨ (59)

ਹੋਰ ਰੂਪ:

ਸੰਤਾਈ –

“ਗੁਰ ਸਰਣਾਈ ਜੋਹਿ ਨ ਸਾਕੈ ਦੂਤੁ ਨ ਸਕੈ ਸੰਤਾਈ।”

– ਗੂਜ ੧, ਅਸ ੩, ੪:੧ (504)

ਸੰਤਾਏ –

“ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ।”

– ਗਉ ੩, ਛੰਤ ੫, ੩:੫ (246)

ਸਤਾਣਾ ----- ਬਲ ਵਾਲਾ, ਤਾਣ ਵਾਲਾ

“ਮੈ ਨਿਧਰਿਆ ਧਰ ਟੇਕ ਤੂੰ ਮੈ ਤਾਣੁ ਸਤਾਣਾ।”

– ਆਸਾ ੧, ੨੦, ੧:੨ (421)

“ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ।”

– ਮਲਾ ੧, ਵਾਰ ੧੯ਸ, ੧, ੨:੮ (1286)

ਹੋਰ ਰੂਪ:

ਸਤਾਣੀ –

“ਹਰਿ ਹਰਿ ਜਨ ਕੈ ਓਟ ਸਤਾਣੀ।” (ਬਲਵਾਨ, ਤਕੜੀ)

– ਗਉ ੫, ਸੁਖ ੨, ੭:੩ (265)

ਸਤਾਣੇ –

“ਜਨ ਨਾਨਕ ਨਾਮੁ ਦੀਬਾਣੁ ਹੈ ਹਰਿ ਤਾਣੁ ਸਤਾਣੇ।”

– ਆਸਾ ੪, ਛੰਤ ੧੯, ੧:੪ (450)

ਸਤਾਣੀ ----- (1) ਬਲ ਵਾਲੀ, ਤਕੜੀ, ਵੇਖੋ ‘ਸਤਾਣਾ’

(2) ਸਥਾਨ (ਮਹਾਨਕੋਸ਼)

“ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ।”

ਸਲੋ ਫਰ, ੫੮:੧ (1381)

(‘ਮਰਗ ਸਤਾਣਾ–ਸਮਸ਼ਾਨਘਾਟ)

ਸਤਾਨਵੇ ---- 97, ਸੋ ਤੋਂ ਤਿੰਨ ਘੱਟ
“ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।”
– ਤਿਲੰ ੧, ੫, ੨:੫ (723)

ਸੰਤਾਲੀ ----- ਸੰਤਾਂ ਦੀ
“ਉਨ੍ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨਿ ਸੰਤਾਨੀ।”
– ਸਾਰ ੫, ੩੧, ੨:੧ (1210)

ਸੰਤਾਪ ----- (1) ਦੁਖ ਮਾਨਸਕ ਦੁੱਖ, ਕਲੇਸ਼, ਸਾੜਾ
“ਨਾਨਕ ਕਉ ਗੁਰੁ ਭੇਟਿਆ ਬਿਨਸੇ ਸਗਲ ਸੰਤਾਪ।”
– ਸਿਰੀ ੫, ੭੮, ੪:੩ (845)
“ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ।” (ਸਾੜਾ ਕੀਨਾ)
– ਆਸਾ ੫, ਛੰਤ ੧੪, ੩:੯ (462)

ਹੋਰ ਰੂਪ:

ਸੰਤਾਪਾ –
“ਹਰਿ ਪ੍ਰਭਿ ਕ੍ਰਿਪਾ ਧਾਰੀ ਸੁਖਦਾਤੇ ਦੁਖ ਲਾਥੇ ਪਾਪ ਸੰਤਾਪਾ।”
– ਵਡ ੪, ਛੰਤ ੪, ੨:੫ (574)

ਸੰਤਾਪਿ –
“ਦੇਰ ਜਿਠਾਣੀ ਮੁਈ ਦੂਖਿ ਸੰਤਾਪਿ।” (ਸਾੜਾ)
– ਆਸਾ ੫, ੨, ੧:੨ (370)

ਸੰਤਾਪਿਆ –
“ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ।” (ਦੁਖੀ ਕੀਤਾ ਹੋਇਆ)
– ਰਾਮ ੫, ਵਾਰ ੭ਸ, ੫, ੧:੪ (960)

ਸੰਤਾਪੀ –
“ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸ ਆਗੈ ਜਾਇ ਪੁਕਾਰੈ।” (ਦੁੱਖੀ)
– ਗਉ ੩, ਛੰਤ ੩, ੩:੫ (245)
“ਬਿਨੁ ਹਰਿ ਸਿਮਰਣ ਪਾਪਿ ਸੰਤਾਪੀ।” (ਦੁੱਖੀ ਹੁੰਦਾ ਹੈ)
– ਆਸਾ ੧, ੨੪, ੨:੨ (356)

ਸੰਤਾਪੁ –
“ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ।”
– ਸਿਰੀ ੧, ੧੭, ੩:੨ (20)
“ਭਿਖਿਆ ਭੋਜਨੁ ਕਰੈ ਸੰਤਾਪੁ।” (ਕਸ਼ਟ ਸਹਾਰਨ ਨੂੰ)
– ਰਾਮ ੩, ਵਾਰ ੧੨ਸ, ੧, ੩:੨ (952)

ਸੰਤਾਪੇ –
“ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ।”
– ਮਾਝ ੫, ੩੪, ੩:੩ (104)

ਸੰਤਾਪੈ –
“ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ।”

– ਸਿਰੀ ਬੇਣੀ, ੧, ੨:੨ (93)
ਸੰਤਾਪੋ –
“ਕਉਨੁ ਮਰੈ ਕੋ ਦੇਇ ਸੰਤਾਪੋ।”
– ਗਉ ਕਬ, ਅਸ ੩੯, ੧:੨ (331)

ਸੰਤਾਪਣਾ --- ਸਤਾਏਗਾ
“ਜੇ ਚਲਹਿ ਗੁਣ ਨਾਲਿ ਨਾਹੀ ਦੁਖੁ ਸੰਤਾਪਣਾ।”
– ਸੂਹੀ ੧, ਅਸ ੩, ੫:੨ (752)

ਸੰਤਾਪਾ ----- (1) ਦੁਖ, ਕਲੇਸ਼, ਵੇਖੋ ‘ਸੰਤਾਪ’
(2) ਸਤਾਂਦਾ
“ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ।”
– ਸੋਰ ਰਵਿ, ੨, ੩:੨ (658)

ਹੋਰ ਰੂਪ:

ਸੰਤਾਪੇ –
“ਕਾਲੁ ਨ ਜੋਹੈ ਦੁਖੁ ਨ ਸੰਤਾਪੇ।” (ਸਤਾਉਂਦਾ)
– ਮਾਝ ੩, ਅਸ ੨੬, ੧:੨ (124)
“ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੈ ਪਤਿ ਗਵਾਈ।”
– ਵਡ ੩, ਛੰਤ ੩, ੩:੪ (569)
ਸੰਤਾਪੈ –
“ਕਾਲੁ ਨ ਚਾਪੈ ਦੁਖੁ ਨ ਸੰਤਾਪੈ।”
– ਮਾਝ ੩, ਅਸ ੫, ੧:੨ (111)

ਸਤਾਵਉ ---- ਤੰਗ ਕਰਦਾ, ਸਤਾਉਂਦਾ
“ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ।”
– ਰਾਮ ਨਾਮ, ੨, ੩:੧ (973)

ਸੰਤਾਵਹਿ ---- ਤੰਗ ਕਰਦੇ/ਸਤਾਉਂਦੇ ਹਨ
“ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ।”
– ਗਉ ੫, ੧੨੫*, ੧:੨ (206)

ਹੋਰ ਰੂਪ:

ਸਤਾਵਹਿ –
“ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ।”
– ਫੁਨ ੫, ੧੬:੨ (1363)

ਸਤਾਵਹੁ –
“ਮੋ ਕਉ ਕਹਾ ਸਤਾਵਹੁ ਬਾਰ ਬਾਰ।”
– ਬਸੰ ਕਬ, ੪, ੩:੧ (1194)

ਸੰਤਾਵਤ –
“ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ।”
– ਸੋਰ ੫, ੧੪, ੨:੧ (612)

ਸੰਤਾਵੈ –

“ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ।”
– ਗਉ ੩, ਅਸ ੪, ੪:੩ (231)

ਸਤਿ ------ (1) ਸਚ, ਸਚੀ ਗਲ
“ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ।”
– ਆਸਾ ੫, ੧੨੫, ੩:੨ (402)
(2) ਸਚੀ, ਅਸਲ, ਸਚਾ ਵੇਖੋ ‘ਸਤ’ (2)
(3) ਸਚ, ਪਵਿਤਰਤਾ, ਵੇਖੋ ‘ਸਤ’ (3)
(4) ਸਦਾ ਸਥਿਰ ਰਹਿਣ ਵਾਲਾ, ਅਟਲ, ਵੇਖੋ ‘ਸਤ’ (6)
“ਜੋ ਤਿਸੁ ਭਾਵੈ ਸਤਿ ਕਰਿ ਮਾਨੈ ਭਾਣਾ ਮੰਨਿ ਵਸਾਈ।”
– ਆਸਾ ਕਬ, ੧੬, ੪:੨ (480)
(5) ਨਿਸਚੇ ਕਰਕੇ, ਵੇਖੋ ‘ਸਤ’ (12)
(6) ਸਟ, ਨੇਕ, ਵੇਖੋ ‘ਸਤ’ (13)
(7) ਸਚਾ ਪ੍ਰਭੂ, ਵੇਖੋ ‘ਸਤ’ (7)
(8) ਸਿਧੀ
“ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨ ਸਤਿ ਪਾਣੀ ਜੰਤ ਫਿਰਹਿ।”
– ਰਾਮ ੩, ਵਾਰ ੧੨ਸ, ੧, ੧:੧ (952)
(9) ਸ਼ਰਧਾ ਨਾਲ (ਭਾਵ) ਅਸਲ ਭਾਵਨਾ ਨਾਲ
“ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।”
– ਮਲਾ ੪, ੪, ੪:੨ (1264)
(10) ਸਚੀ ਮੁਚੀ
“ਸਤਿਗੁਰੁ ਕਲ ਸਤਿਗੁਰ ਤਿਲਕੁ ਸਤਿ ਲਾਗੈ ਸੋ ਪੈ ਤਰੈ।”
– ਸਵ ੨, ੫:੫ (1391)

ਸਤਿਆ ---- ਅਬਿਨਾਸੀ, ਅਟੱਲ
“ਹਰਿ ਇਕੁ ਧਿਆਵਹਿ ਇਕੁ ਇਕੋ ਹਰਿ ਸਤਿਆ।”
– ਸੋਰ ੪, ਵਾਰ ੯:੨ (646)

ਸਤਿਗੁਰ ---- (1) ਸਚਾ ਗੁਰੂ ਚੰਗੀ ਸਿਖਿਆ ਦੇਣ ਵਾਲਾ ਗੁਰੂ, ਵੇਖੋ ‘ਸਤਗੁਰ’
(2) ਪ੍ਰਭੂ, ਅਕਾਲਪੁਰਖ
“ਮਨ ਮੇਰੇ ਸਤਿਗੁਰ ਕੈ ਭਾਣੈ ਚਲੁ।”
– ਸਿਰੀ ੩, ੫੯, ੧*:੧ (37)
“ਜਪਿ ਜਪਿ ਜੀਵਾ ਸਤਿਗੁਰ ਨਾਉ।”
– ਗਉ ੫, ੧੩੯, ੧:੨ (193)

ਹੋਰ ਰੂਪ:

ਸਤਿਗੁਰਏ –
“ਆਦਿ ਗੁਰਏ ਨਮਹ। ਜੁਗਾਦਿ ਗੁਰਏ ਨਮਹ।
ਸਤਿਗੁਰਏ ਨਮਹ। ਸ੍ਰੀ ਗੁਰਦੇਵਏ ਨਮਹ।”
– ਗਉ ੫, ਸੁਖ ੧ਸ:੧ (262)

ਸਤਿਗੁਰਿ –
“ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ।”
– ਸਿਰੀ ੩, ੨੫, ੧:੧ (69)

ਸਤਿਗੁਰੁ –
“ਸਤਿਗੁਰੁ ਜਾਗਤਾ ਹੈ ਦੇਉ।” (ਸਤਿਗੁਰੂ-ਦੇਵ (ਵਾਹਿਗੁਰੂ) ਜੀਉਂਦਾ ਜਾਗਦਾ ਹੈ)
– ਆਸਾ ਕਬ, ੧੪, ੧*:੨ (479)

ਸਤਿਨਾਮੁ --- ਸਚਾ/ਸਦਾ ਸਥਿਰ (ਇਕ ਰਸ), ਨਾਮ, ਹਰ ਕਾਲ ਵਿਚ ਇਕ ਰਸ ਰਹਿਣ ਵਾਲਾ, ਪ੍ਰਭੂ ਦੇ ਇਕ ਗੁਣ ਦਾ ਲਖਾਇਕ
“ਸਤਿਨਾਮੁ ਪ੍ਰਭੁ ਕਾ ਸੁਖਦਾਈ।”
– ਗਉ ੫, ਸੁਖ ੧੬, ੬:੯ (284)
“ਜਪਿ ਮਨ ਸਤਿਨਾਮੁ ਸਦਾ ਸਤਿਨਾਮੁ।”
– ਧਨਾ ੪, ੧੨, ੧*:੧ (670)
“ਕਹੈ ਰਵਿਦਾਸੁ ਨਾਮੁ ਤੇਰੋ ਆਰਤੀ ਸਤਿਨਾਮੁ ਹੈ ਹਰਿ ਭੋਗ ਤੁਹਾਰੇ।”
– ਧਨਾ ਰਵਿ, ੩, ੪:੨ (694)

ਸਤਿਪੁਰਖ --- (1) ਪ੍ਰਭੂ (ਇਕ ਰਸ ਰਹਿਣ ਵਾਲਾ ਪੁਰਖ)
“ਸਤਿਪੁਰਖ ਤੇ ਭਿੰਨ ਨ ਕੋਉ।”
– ਗਉ ੫, ਬਾਅ ੩:੨ (250)

ਹੋਰ ਰੂਪ:

ਸਤਿਪੁਰਖੁ –
“ਸਤਿਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।”
– ਗਉ ੫, ਸੁਖ ੧੮ਸ:੧ (286)
“ਸਤਿਪੁਰਖੁ ਜਾ ਕੋ ਹੈ ਨਾਉ।”
– ਗੋਂਡ ੫, ੩, ੪:੧ (863)

(2) ਪ੍ਰਭੂ ਦਾ ਇਕ ਗੁਣ
“ਸਤਿਪੁਰਖੁ ਸਤਿਗੁਰੁ ਪਰਮੇਸਰੁ ਜਿਸੁ ਭੇਟਤ ਪਾਰਿ ਪਰਾਇਣਾ।”
– ਮਾਰੂ ੫, ਸੋਲਾ ੭, ੫:੩ (1078)

(3) ਸ੍ਰੇਸ਼ਟ ਪੁਰਖ
“ਵਾਹੁ ਵਾਹੁ ਸਤਿਗੁਰੁ ਸਤਿਪੁਰਖੁ ਹੈ ਜਿਸ ਨੋ ਸਮਤੁ ਸਭ ਕੋਇ।”
– ਸਲੋ ੪, ੨:੩ (1421)

ਸਤਿਬਚਨ --- ਸ੍ਰੇਸ਼ਟ/ਸਚੇ/ਸਾਰਥਕ/ਠੀਕ ਬਚਨ
“ਸਤਿਬਚਨ ਸਾਧੂ ਕਹਹਿ ਨਿਤ ਜਪਹਿ ਗੋਪਾਲ।”
– ਬਿਲਾ ੫, ੨੯, ੨:੧ (807)
“ਸਤਿਬਚਨ ਵਰਤਹਿ ਹਰਿ ਦੁਆਰੇ।”
– ਗੋਂਡ ੫, ਅਸ ੧, ੭:੨ (869)

ਸਤਿਮਤੀ --- ਸਚੀ ਮਤ, ਸ੍ਰੇਸ਼ਟ ਬੁੱਧੀ
“ਅਸਥਾਨੁ ਹਰਿ ਨਿਹ ਕੇਵਲੰ ਸਤਿਮਤੀ ਨਾਮ ਤਪੰ।”
– ਗੁਜ ੧, ਅਸ ੫, ੪:੨ (505)

ਸਤਿਵੰਤੁ ---- **ਸਤਿਵਾਦੀ**
"ਸਤਿਵੰਤੁ ਹਰਿ ਨਾਮੁ ਮੰਤ੍ਰ ਨਵ ਨਿਧਿ ਨ ਨਿਖੁਟੈ।"
- ਸਵ ੪, ਕਲ ੭:੪ (1407)

ਸਤਿਵਾਦੀ --- **ਸਚ ਸੋਚਣ ਵਾਲਾ**
"ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ।"
- ਗੂਜ ੪, ੨, ੪:੧ (493)

ਸੰਤੀ ------ **ਸੰਤਾ ਨੇ**
"ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।"
- ਗਉ ੫, ੧੨੫, ੩:੨ (206)

ਸਤੀ ------ **(1) ਸਤਿ ਰੂਪ, ਅਵਿਨਾਸ਼ੀ**
"ਗੁਰਿ ਨਾਮੁ ਦ੍ਰਿੜਾਇਆ ਹਰਿ ਹਰਿ ਨਾਮੁ ਹਰਿ ਸਤੀ।"
- ਵਡ ੪, ਛੰਤ ੩, ੪:੫ (574)
"ਇਕਨਾ ਨੋ ਨਾਉ ਬਖਸਿਓਨੁ ਅਸਥਿਰੁ ਹਰਿ ਸਤੀ।"
- ਰਾਮ ੩, ਵਾਰ ੩:੨ (948)

ਹੋਰ ਰੂਪ:

ਸਤੇ -
"ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ।"
- ਸਿਰੀ ੪, ਛੰਤ ੧, ੩:੧ (78)

(2) ਸੰਜਮੀ, ਸੰਤੋਖੀ
"ਅਸੰਖ ਸਤੀ ਅਸੰਖ ਦਾਤਾਰੁ।"
- ਜਪੁ ੧, ੧੭:੬ (4)

(3) ਇਸਤ੍ਰੀ
"ਗਉਤਮ ਸਤੀ ਸਿਲਾ ਨਿਸਤਾਰੀ।"
- ਗੋਂਡ ਨਾਮ ੫, ੩:੪ (874)

(4) (ਸੰ.) ਪਵਿੱਤਰ
"ਬਿਨ ਸਤ ਸਤੀ ਹੋਇ ਕੈਸੇ ਨਾਰਿ।"
- ਗਉ ਕਬ, ੨੩, ੧:੧ (318)

(5) ਸਤ/ਸਚ ਦਾ ਧਾਰਨੀ
"ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ।"
- ਆਸਾ ੧, ਸੋਪੁ ੩, ੨:੧ (12)

(6) ਸਤਾ
"ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ।"
- ਮਾਝ ੧, ਵਾਰ ੧੮ਸ, ੨, ੧:੯ (146)

(7) ਪਤੀ ਨਾਲ ਸੜ ਕੇ ਮਰ ਜਾਣ ਵਾਲੀ
"ਕਿਰਤਿ ਸੰਜੋਗਿ ਸਤੀ ਉਠਿ ਹੋਈ।"
- ਗਉ ੫, ੯੯, ੧*:੨ (185)

ਹੋਰ ਰੂਪ:

ਸਤੀਆ – (ਬਹੁ ਬਚਨ)
“ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।”
– ਸੂਹੀ ੩, ਵਾਰ ੬ਸ, ੩, ੧:੧ (787)

(8) ਦਾਨੀ
“ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ।”
– ਆਸਾ ੫, ੧, ੨:੩ (370)

“ਸਤੀ ਪਾਪੁ ਕਰਿ ਸਤੁ ਕਮਾਹਿ।” (ਦਾਨੀ ਪਾਪ ਦੀ ਕਮਾਈ ਕਰ ਦਾਤ (ਸਤ) ਦਿੰਦੇ ਹਨ)
– ਰਾਮ ੩, ਵਾਰ ੧੧ਸ, ੧, ੧:੧ (951)

ਹੋਰ ਰੂਪ:

ਸਤੀਆ – (ਬਹੁ ਵਚਨ)
“ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ।”
– ਆਸਾ ੧, ਵਾਰ ੬ਸ, ੧, ੧:੭ (466)

(9) (ਸੰ.) ਸੋ ਭਾਵ ਬਹੁਤ
“ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ।”
– ਸਲੋ ੧, ੨੯:੩ (1412)

ਸੰਤੁ -------- ਵੇਖੋ ‘ਸੰਤ’

ਸਤੁ -------- (1) ਸਚਾਈ ਵਾਲੀ ਦ੍ਰਿੜਤਾ
“ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।”
– ਆਸਾ ੧, ਵਾਰ ੧੫ਸ, ੧, ੧:੧ (471)

(2) ਦਾਨ, ਵੇਖੋ ‘ਸਤ’ (1)
“ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ।” (ਦਇਆ ਦਾਨ)
– ਬਸੰ ੫, ੧੮, ੨:੧ (1185)

(3) ਸਚ, ਪਵਿੱਤਰਤਾ, ਵੇਖੋ ‘ਸਤ’ (3)

ਸੰਤੁਸਟੁ ---- (1) (ਸੰ.) ਬਹੁਤ ਖੁਸ਼, ਪ੍ਰਸੰਨ ਰਾਜੀ
“ਜਿਨਾ ਗੁਰਸਿਖਾ ਕਉ ਹਰਿ ਸੰਤੁਸਟੁ ਹੈ ਤਿਨ੍ੀ ਸਤਿਗੁਰ ਕੀ ਗਲ ਮੰਨੀ।”
– ਵਡ ੪, ਵਾਰ ੧੨:੪ (591)

(2) ਤ੍ਰਿਪਤ, ਸ਼ਾਂਤ
“ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ।”
– ਧਨਾ ੪, ੯, ੧:੨ (669)

ਸਤੇ -------- (1) ਸਤਿ (ਸਚ) ਸਰੂਪ, ਵੇਖੋ ‘ਸਤੀ’ (1)
“ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ।”
– ਗੂਜ ੫, ਵਾਰ ੨੦:੫ (524)

(2) ਸਚੋ (ਜਦੋਂ ‘ਸਤਿ’ ਨਾਲ ਸਮਾਸ ਰੂਪ ਵਿਚ ਆਉਂਦਾ ਹੈ)
“ਰਾਮੋ ਰਾਮ ਨਾਮੁ ਸਤੇ ਸਤਿ ਗੁਰਮੁਖਿ ਜਾਣਿਆ ਰਾਮ।”
– ਆਸਾ ੪, ਛੰਤ ੯, ੮:੧ (444)

(3) ਗੁਰੂ ਅਰਜਨ ਸਾਹਿਬ ਦੇ ਦਰਬਾਰ ਦਾ ਕੀਰਤਨੀਆ ਜਿਸ ਦੀ ਆਪਣੇ ਸਾਥੀ ਰਾਏ ਬਲਵੰਡ ਨਾਲ ਰਲ ਕਿ ਲਿਖੀ ਗੁਰਸਤਗੁ ਦੀ ਵਾਰ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਵਿਚ ਦਰਜ਼ ਹੈ।
"ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ।"
– ਰਾਮ ਬਸ, ਵਾਰ ੬:੧੭ (968)

ਸਤੈ ------- ਆਦਰ, ਸਤਿਕਾਰ
"ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ।"
– ਗਉ ੪, ਵਾਰ ੩੦ਸ, ੪, ੧:੨ (315)

ਸੰਤੋਸ਼ ------ (ਸੰ.) ਸਬਰ, ਲੋਭ ਦਾ ਤਿਆਗ
"ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸ਼।"
– ਮਾਰੂ ੧, ਅਸ ੨, ੪:੩ (1009)

ਸੰਤੋਖ ------ (1) (ਸੰ.) ਸਬਰ, ਰੱਜ ਤ੍ਰਿਪਤੀ, ਲੋਭ ਦਾ ਤਿਆਗ
"ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ।"
– ਸਿਰੀ ੧, ੭, ੨:੩ (16)

"ਬਿਨਾ ਸੰਤੋਖ ਨਹੀ ਕੋਊ ਰਾਜੈ।"
– ਗਉ ੫, ਸੁਖ ੧੨, ੫:੫ (279)

ਹੋਰ ਰੂਪ:

ਸੰਤੋਖੰ –
"ਖਿਮਾ ਗਹੀ ਬ੍ਰਤੁ ਸੀਲ ਸੰਤੋਖੰ।"
– ਗਉ ੧, ੭, ੧:੧ (223)

ਸੰਤੋਖਾ –
"ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ।"
– ਰਾਮ ੫, ੮:੨:੧ (885)

ਸੰਤੋਖਾਏ –
"ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।"
– ਸੂਹੀ ੫, ੪੧, ੨:੧ (745)

ਸੰਤੋਖਿ –
"ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।"
– ਸਿਰੀ ੧, ੧੦, ੨:੨ (17)
"ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ।" (ਸੰਤੋਖ ਰਾਹੀਂ)
– ਗਉ ੧, ਛੰਤ ੧, ੨:੫ (242)

ਸੰਤੋਖਿਅਉ –
"ਮਨੁ ਮਾਣਕੁ ਸੰਤੋਖਿਅਉ ਗੁਰਿ ਨਾਮੁ ਦ੍ਰਿੜਾਯਉ।"
– ਸਵ ੫, ਕਲ ੨:੨ (1407)

ਸੰਤੋਖਿਆ –
"ਇਹੁ ਮਨੁ ਸਾਚਿ ਸੰਤੋਖਿਆ ਨਦਰਿ ਕਰੇ ਤਿਸੁ ਮਾਹਿ।" (ਤ੍ਰਿਪਤ ਕੀਤਾ)
– ਸਿਰੀ ੧, ੧੫, ੪:੧ (19)

“ਅੰਦਰੁ ਤ੍ਰਿਪਤਿ ਸੰਤੋਖਿਆ ਫਿਰਿ ਭੁਖ ਨ ਲਗੈ ਆਇ।” (ਸ਼ਾਂਤ ਹੋ ਗਿਆ)
– ਸੋਰ ੪, ਵਾਰ ੯ਸ, ੩, ੨:੩ (650)

ਸੰਤੋਖੀਅਹਿ –
“ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਗਿਆਨੁ ਅੰ੍ਧਾਰੁ।”
– ਗਉ ੪, ਵਾਰ ੩੧ਸ, ੪, ੧:੪ (316)

ਸੰਤੋਖੀਆਨਿ –
“ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗੵਾਨੁ ਅੰਧਾਰੁ।”
– ਬਿਹਾ ੪, ਵਾਰ ੨ਸ, ੩, ੧:੮ (549)

ਸੰਤੋਖੀਆ –
“ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ।”
– ਆਸਾ ੧, ੨੦, ੩:੧ (421)

ਸੰਤੋਖੀਐ –
“ਨਾਨਕ ਮਨ ਸੰਤੋਖੀਐ ਏਕਸੁ ਸਿਉ ਲਿਵ ਲਾਇ।”
– ਗਉ ੫, ਥਿਤੀ ੭ਸ:੨ (298)

ਸੰਤੋਖੁ –
“ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।”
– ਜਪੁ ੧, ੨੮:੧ (6)

(2) ਸ਼ਾਂਤੀ (ਭਾਵ)
“ਮਨ ਤਨ ਭਏ ਸੰਤੋਖ ਪੂਰਨ ਪ੍ਰਭੁ ਪਾਇਆ।”
– ਜੈਤ ੫, ਵਾਰ ੧੮:੪ (710)

“ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ।” (ਸ਼ਾਂਤੀ ਦਾ ਸਰੋਵਰ)
– ਸਵ ੪, ਕਲ ੪:੩ (1397)

ਹੋਰ ਰੂਪ:

ਸੰਤੋਖੁ –
“ਸੰਤੋਖੁ ਭਇਆ ਸੰਸਾਰੇ।”
– ਸੋਰ ੫, ੮੫, ੧:੩ (629)

ਸੰਤੋਖੀ ----- (1) ਸੰਤੋਖ ਵਾਲੇ, ਤ੍ਰਿਪਤ/ਸ਼ਾਂਤ
“ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ।”
– ਜਪੁ ੧, ੨੭:੯ (6)

ਹੋਰ ਰੂਪ:

ਸੰਤੋਖੀਆ –
“ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ।”
– ਸਿਰੀ ੧, ੧੨, ੧:੩ (18)

ਸੰਤੋਖੀਂਈ –
“ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ।”
– ਆਸਾ ੧, ਵਾਰ ੭:੧ (466-67)

(2) ਮੁਕਾ ਦਿੱਤਾ, ਖਤਮ ਕਰ ਦਿੱਤਾ

"ਸਗਲ ਸੰਤੋਖੀ ਦੇਰ ਜੇਠਾਨੀ।"
– ਆਸਾ ੫, ੩, ੩:੪ (371)

ਸੰਤੋਖੀਆ --- (1) ਸੰਤੋਖ ਵਾਲੇ (ਬਹੁ ਵਚਨ) ਵੇਖੋ 'ਸੰਤੋਖੀ'
(2) ਰਜੇ/ਤ੍ਰਿਪਤ ਰਹਿਣਾ, ਵੇਖੋ 'ਸੰਤੋਖ' (1)
"ਅਖੀ ਸੰਤੋਖੀਆ ਏਕ ਲਿਵ ਲਾਇ।"
– ਵਡ ੩, ੭, ੨:੧ (560)

(3) (ਮੈਨੂੰ) ਸੰਤੋਖ ਆ ਜਾਵੇ
"ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ।"
– ਰਾਮ ੫, ਵਾਰ ੩ਸ, ੫, ੨:੨ (958)
"ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ।" (ਸੰਤੋਖ ਕਰਦਾ ਹਾਂ)
– ਮਾਰੂ ੩, ਵਾਰ ੨ਸ, ੪, ੨:੨ (1087)

ਹੋਰ ਰੂਪ:

ਸੰਤੋਖੀਆ –
"ਨਾਉ ਮਿਲੈ ਸੰਤੋਖੀਆ ਪਿਆਰੇ ਨਦਰੀ ਮੇਲਿ ਮਿਲਾਉ।" (ਮੈਂ ਰਜ ਜਾਵਾਂ)
– ਸੋਰ ੧, ਅਸ ੩, ੭:੩ (636)

ਸੰਤੋਖੇ ------ (1) ਸ਼ਾਂਤ ਹੋਏ, ਤ੍ਰਿਪਤ ਹੋਏ
"ਨੇਤ੍ਰ ਸੰਤੋਖੇ ਏਕ ਲਿਵ ਤਾਰਾ।"
– ਗਉ ੧, ੮, ੨:੧ (224)

ਹੋਰ ਰੂਪ:

ਸੰਤੋਖੈ –
"ਕੋਮਲ ਬਾਣੀ ਸਭ ਕਉ ਸੰਤੋਖੈ।" (ਸ਼ਾਂਤ) ਤ੍ਰਿਪਤ ਕਰਦੀ ਹੈ)
– ਗਉ ੫, ਥਿਤੀ ੧੨:੫ (299)

(2) ਸੰਤੋਖ ਆਵੈ
"ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ।"
– ਬਸੰ ੧, ਅਸ ੧, ੮:੪ (1187)

ਸਤ੍ਰ ------- (ਸੰ.) ਵੈਰੀ, ਦੁਸ਼ਮਣ
"ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ।"
– ਰਾਮ ੫, ੭ਸ, ੫, ੨:੧੦ (960)

ਹੋਰ ਰੂਪ:

ਸਤ੍ਰੰ –
"ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ।"
– ਸਸ ੫, ੪੯:੨ (1358)

ਸਤ੍ਰਹ –
"ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ।"
– ਸਸ ੫, ੪੦:੫ (1357)

ਸਤ੍ਰੂ –

“ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ।”
– ਗਉ ੫, ਸੁਖ ੮, ੨:੫ (272)

ਸਤ੍ਰੇਣ –
“ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ।”
– ਗਾਥਾ ੫, ੬:੨ (1360)

ਸਤ੍ਰਿੰ ------ ਸਚਾ, ਹੋਰ ਵੇਖੋ ‘ਸਤ’ (2)
“ਸਾਧਸੰਗ ਸ੍ਨੇਹ ਸਤ੍ਰਿੰ ਸੁਖਯੰ ਬਸੰਤਿ ਨਾਨਕਹ।”
– ਸਸ ੫, ੨:੪ (1354)

ਸਥ ------- ਸਾਥ, ਪੰਚਾਇਤ (ਸਲਾਹ)/ਵਿਚਾਰ ਕਰਨੀ)
“ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ।”
– ਸਿਰੀ ੪, ਵਾਰ ੧੨ਸ, ੩, ੨:੫ (87)

ਹੋਰ ਰੂਪ:

ਸਥੁ –
“ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ।” (ਸਾਥ)
– ਸਵ ੪, ਮਥੁ ੭:੨ (1404)

ਸਥੈ –
“ਅੰਧਾ ਝਗੜਾ ਅੰਧੀ ਸਥੈ।” (ਪੰਚਾਇਤ/ਸਭਾ ਵਿਚ)
– ਸੁਰ ੪, ਵਾਰ ੯ਸ, ੧, ੧:੮ (1241)

ਸਥਾਨ ----- (ਸੰ.) ਜਗ੍ਹਾ
“ਦੁਰਗਮ ਸਥਾਨ ਸੁਗਮੰ ਮਹਾ ਦੂਖ ਸੂਖਣਹ।” (ਵੇਖੋ ਸਥਾਨ)
– ਸਸ ੫, ੪੪:੧ (1358)
(ਪੁਰਾਣੀਆਂ ਬੀੜਾਂ ਵਿਚ ਇਹ ਸ਼ਬਦ ਅੱਧੇ ‘ਸ’ ਨਾਲ ਹੈ। ਮਹਾਨ ਕੋਸ਼ ਵਿਚ ਵੀ ‘ਸਥਾਨ’ ਹੀ ਹੈ)

ਸਥਾਨੈ ----- ਜਗ੍ਹਾ/ਸਥਾਨ ਦੀ
“ਦੇਵ ਸਥਾਨੈ ਕਿਆ ਨੀਸਾਣੀ।”
– ਰਾਮ ਬੇਣੀ, ੧, ੨:੧ (974)

ਸਦ ------- (ਸੰ.) (1) ਹਮੇਸ਼ਾ, ਨਿਤ, ਸਦੇਵ, ਸਦਾ
“ਕੇਤਿਆ ਦੂਖ ਭੂਖ ਸਦ ਮਾਰ।”
– ਜਪ ੧, ੨੫:੮ (5)

“ਹਰਿ ਗੁਣ ਸਦ ਹੀ ਆਖਿ ਵਖਾਣੈ।”
– ਆਸਾ ੫, ਸੋਪੁ ੨, ੩:੨ (11)

(2) (ਫਾ. ਸਦ) ਸੌ
“ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ।” (ਸੌ ਵਾਰੀ)
– ਗੁਜ ੫, ਸੋਦ ੫, ੪:੨ (101)

(3) ਅਮਰ, ਹਮੇਸ਼ਾ ਰਹਿਣ ਵਾਲਾ
“ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ।”

– ਬਿਹਾ ੪, ਵਾਰ ੧੭ਸ, ੩, ੨:੫ (555)

ਸਦਈਆ --- ਸਦਿਆ/ਕਿਹਾ ਜਾਵੇ, ਬੁਲਾਇਆ ਜਾਵੇ
“ਬੇਸੁਆ ਕੈ ਘਰਿ ਬੇਟਾ ਜਨਮਿਆ ਪਿਤਾ ਤਾਹਿ ਕਿਆ ਨਾਮੁ ਸਦਈਆ।”
– ਬਿਲਾ ੪, ਅਸ ੬, ੬:੨ (837)

ਸਦਕਾ ----- (ਅ. ਸਦਕਾ) ਦਾਨ, ਕੁਰਬਾਨੀ ਬਰਕਤ
“ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ।” (ਬਰਕਤ)
– ਤੁਖਾ ੫, ਛੰਤ ੧, ੪:੧ (1117)
“ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ।”
– ਸਵ ੪, ਗਥੰ ੧੧:੧ (1403)

ਸਦਕਾਰੀ --- ਕਰਕੇ, ਸਦਕਾ
“ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ।”
– ਸਾਰ ੫, ੨੫, ੨:੨ (1209)

ਸਦਕੇ ------ ਕੁਰਬਾਨ
“ਬਾਰਿ ਬਾਰਿ ਜਾਉ ਸੰਤ ਸਦਕੇ।”
– ਗਉ ੫, ਬਾਅ ੨੭:੭ (255)

ਹੋਰ ਰੂਪ:

ਸਦਕੈ –
“ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ।”
– ਸਿਰੀ ੫, ਛੰਤ ੩, ੫:੬ (81)

ਸਦਣਹਾਰਾ -- ਬੁਲਾ ਭੇਜਣ ਵਾਲਾ
“ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ।”
– ਗਉ ੧, ਸੋਹ ੧, ੪:੨ (12)

ਸਦਰੰਗ ---- ਪਕਾ ਰੰਗ
“ਤੇਰਾ ਏਕੋ ਨਾਮੁ ਮਜੀਠੜਾ ਰਤਾ ਮੇਰਾ ਚੋਲਾ ਸਦਰੰਗ ਢੋਲਾ।”
– ਸੂਹੀ ੧, ੨, ੧*:੧ (729)

ਸੰਦੜਾ ----- ਦਾ
“ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।”
– ਮਾਝ ੫, ਬਾਰਾ ੭:੭ (134)

ਹੋਰ ਰੂਪ:

ਸੰਦੜੀ –
“ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ।” (ਦੀ)
– ਗਉ ੫, ਵਾਰ ੧੮ਸ, ੫, ੧:੨ (322)
“ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ।”
– ਮਾਰੂ ੫, ਵਾਰ ੧੩ਸ, ੫, ੨:੧ (1098)

ਸੰਦੜੇ –

"ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ।"

– ਸੂਹੀ ੧, ਕੁਚ ੧:੯ (762)

ਸੰਦੜੈ–

"ਅਠੇ ਪਹਿਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ।" (ਦੇ)

– ਗਉ ੫, ਵਾਰ ੮ਸ, ੫, ੨:੧ (319)

ਸਦੜਾ ------ (1) ਜਸ ਦਾ ਗੀਤ

"ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ।"

(ਸ਼ਬਦਾਰਥ ਇਥੇ 'ਸਦੜਾ' ਦਾ ਅਰਥ 'ਸੁਨੇਹਾ' ਕਰਦਾ ਹੈ)

– ਸੂਹੀ ੧, ੭, ੧*:੧ (730)

(2) ਬੁਲਾਵਾ, ਸਦਾ

"ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ।"

– ਮਾਰੂ ੧, ੧, ੧:੧ (989)

ਹੋਰ ਰੂਪ:

ਸਦੜੇ –

"ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ।"

– ਗਉ ੧, ਸੋਹ ੧, ੪:੧ (12)

(3) ਉਪਦੇਸ਼

"ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ।"

– ਮਾਰੂ ੧, ਅਸ ੯, ੬:੧ (1015)

ਸੰਦਾ ------ ਦਾ, ਕਾ, ਕੀ

"ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।" (ਦਾ)

– ਗਉ ੪, ਵਾਰ ੧੬ਸ, ੪, ੧:੫ (309)

ਹੋਰ ਰੂਪ:

ਸੰਦੀ –

"ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ।"

ਮਾਝ ੫, ਬਾਰ ੫:੨ (134)

ਸੰਦੀਆ –

"ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ।"

– ਸਲੋ ਫਰ, ੧੧੩:੧ (1384)

ਸੰਦੇ –

"ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ।" (ਦੇ)

– ਗਉ ੪, ਵਾਰ ੧੨:੭ (306)

"ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ।"

– ਗਉ ੫, ਵਾਰ ੨ਸ, ੫, ੨:੧ (318)

ਸੰਦੈ –

"ਕੁਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ।"

– ਸਲੋ ਫਰ, ੭੨:੨ (1381)

ਸਦਾ ------ (ਸੰ.) ਨਿਤ, ਹਮੇਸ਼ਾ
“ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।”
- ਜਪੁ ੧, ੨:੪ (1)

ਸਦਾਇ ------ ਅਖਵਾਏ
“ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।”
- ਮਾਝ ੧, ਵਾਰ ੭ਸ, ੧, ੩:੪ (141)

ਹੋਰ ਰੂਪ:

ਸਦਾਇਦੇ -
“ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ।” (ਆਖੇ ਜਾਂਦੇ ਹਨ)
- ਆਸਾ ੧, ਵਾਰ ੯:੪ (468)

ਸਦਾਇਨਿ -
“ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।”
- ਮਾਝ ੫, ੯, ੨:੩ (97)

ਸਦਾਈਐ -
“ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ।” (ਆਖੇ ਜਾਂਦੇ ਹਨ)
- ਸਿਰੀ ੧, ਅਸ ੧੬, ੬:੨ (63)

ਸਦਾਏ -
“ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ।” (ਅਖਵਾਏ)
- ਸਿਰੀ ੧, ੮, ੨:੨ (17)

ਸਦਾਵਹਿ -
“ਇਕਿ ਸਾਹ ਸਦਾਵਹਿ ਸੰਚਿ ਧਨੁ ਦੂਜੈ ਪਤਿ ਖੋਈ।” (ਅਖਵਾਏ)
- ਮਲਾ ੧, ਵਾਰ ੧੨:੫ (1283)

ਸਦਾਵੈ -
“ਹਰਿ ਜਨੁ ਊਤਮੁ ਭਗਤੁ ਸਦਾਵੈ ਆਗਿਆ ਮਨਿਸੁਖੁ ਪਾਈ।”
- ਆਸਾ ਕਬ, ੧੬, ੪:੧ (480)

ਸਦਾਇਆ --- ਬੁਲਾਇਆ
“ਸਤਿਗਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ।”
- ਰਾਮ ਸੁਦ, ੪:੧ (923)

ਸਦਾਈਐ --- (1) ਕਹੇ/ਆਖੇ ਜਾਂਦੇ ਹਨ, ਵੇਖੋ ‘ਸਦਾਇ’
(2) ਮੰਗਾਈਏ
“ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।”
- ਸਿਰੀ ੪, ਵਾਰ ੫ਸ, ੩, ੧:੧ (84)

(3) ਅਖਵਾਈਏ
“ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।”
- ਆਸਾ ੧, ਵਾਰ ੫:੩ (465)

ਸਦਿ ------ (1) ਬੁਲਾ ਕੇ
“ਹਰਿ ਪੁਛਿਆ ਢਾਢੀ ਸਦਿ ਕੈ ਕਿਤੁ ਅਰਥਿ ਤੂੰ ਆਇਆ।”

– ਸਿਰੀ ੪, ਵਾਰ ੨੧:੩ (91)

ਹੋਰ ਰੂਪ:

ਸਦਿਅਹੁ –
“ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ।”
– ਰਾਮ ਸੁੰਦ, ੫:੨ (923)

ਸਦਿਆ –
“ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ।”
– ਗਉ ੪, ਵਾਰ ੩੦ਸ, ੪, ੧:੨ (315)

ਸਦਿਹੁ –
“ਪਿਛੈ ਪਤਲਿ ਸਦਿਹੁ ਕਾਵ।”
– ਮਾਝ ੧, ਵਾਰ ੧ਸ, ੧, ੨:੧੪ (138)

ਸਦੇ –
“ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ।” (ਬੁਲਾਏ ਜਾਣ ਤੇ)
– ਸਾਰ ੪, ਵਾਰ ੫ਸ, ੨, ੧:੮ (1239)

“ਆਪੇ ਸਦੇ ਢਿਲ ਨ ਹੋਇ।” (ਬੁਲਾਏ)
– ਪ੍ਰਭਾ ੧, ਅਸ ੫, ੪:੧ (1344)

(2) ਤੁਰੰਤ, ਫੌਰਨ (ਮਹਾਨਕੋਸ਼)
“ਆਪੇ ਦੇਵੈ ਸਦਿ ਬੁਲਾਏ।”
– ਮਾਝ ੩, ਅਸ ੨੯, ੮:੧ (127)

ਸਦੀਐ ----- ਆਖਿਆ ਜਾਂਦਾ ਹੈ
“ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।”
– ਆਸਾ ੧, ਵਾਰ ੨੦ਸ, ੧, ੧:੨ (473)

ਸਦੀਵ ----- (1) ਹਮੇਸ਼ਾ ਹੀ, ਨਿਤਯ, ਸਚ
“ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ।”
– ਗਉ ੫, ਬਾਅ ੧੯:੬ (253)

(2) ਸਦਾ ਕਾਇਮ ਰਹਿਣ ਵਾਲਾ
“ਨਾਨਕ ਆਪਿ ਸਦੀਵ ਹੈ ਪੂਰਾ ਜਿਸੁ ਭੰਡਾਰੁ।”
– ਸਾਰ ੪, ਵਾਰ ੪ਸ, ੨, ੨:੫ (1239)

ਸਦੁ ------- (1) (ਅ. ਸਦਾਅ) ਭਿਖਿਆ ਲਈ ਦਿਤੀ ਆਵਾਜ਼
“ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ।”
– ਮਲਾ ੧, ਵਾਰ ੧੫:੧ (1284)

(2) ਸਬਦ ਉਪਦੇਸ਼ (ਭਾਵ)
“ਨਾਨਕ ਸੋ ਪ੍ਰਭੁ ਮੈ ਮਿਲੈ ਹਉ ਜੀਵਾ ਸਦੁ ਸੁਣੇ।”
– ਕਾਨ ੪, ਵਾਰ ੧੨ਸ, ੪, ੨:੨ (1317)

ਸੰਦੂਰ ------ (ਸੰ.) ਇਕ ਰੰਗ, ਸੁਹਾਗ ਦੀ ਨਿਸ਼ਾਨੀ, ਜੋ ਸੁਹਾਗਨਾਂ ਚੀਰ ਵਿਚ ਪਾਂਦੀਆਂ ਹਨ।
“ਬਸੰਤੀ ਸੰਦੂਰ ਸੁਹਾਈ।”

– ਰਾਗ ੧:੨੬ (1430)

ਸਦੇਈ ----- ਬੁਲਾਏ/ਸਦੇਗੀ
“ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ।”
– ਸਿਰੀ ੧, ੨੮, ੪:੨ (24)

ਸੰਦੇਸਰਾ ---- ਸੁਨੇਹਾ, ਪੈਗਾਮ
“ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ।”
– ਗਉ ੪, ਵਾਰ ਪਸ, ੪, ੧:੧ (302)

ਹੋਰ ਰੂਪ:

ਸੰਦੇਸਾ –
“ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ।”
– ਗਉ ੫, ੧੬੭*, ੧:੩ (217)

ਸਦੇਸਾ –
“ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ ਜੋ ਪ੍ਰਭ ਦੇਇ ਸਦੇਸਾ।”
– ਗਉ ੫, ਛੰਤ ੧, ੩:੨ (247)

ਸੰਦੇਸਿਆ –
“ਸੁਨਤ ਸੰਦੇਸਿਆ ਹਾਂ।”
– ਆਸਾ ੫, ੧੬੩, ੧*:੨ (410)

ਸੰਦੇਹ ------ ਸ਼ਕ, ਸੰਸਾ, ਤੌਖਲਾ
“ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ।”
– ਗਉ ਕਬ, ਬਾਅ ੧੧:੧ (340)
“ਸੋਈ ਸਹੀ ਸੰਦੇਹ ਨਿਵਾਰੈ।”
– ਗਉ ਕਬ, ਬਾਅ ੪੧*:੨ (342)

ਸਦੇਰੇ ------ ਸਦੀਵ, ਹਮੇਸ਼ਾ, ਸਦਾ, ਨਿਤ
“ਸਤਿਗੁਰੁ ਸੇਵਿ ਦਿਨੁ ਰਾਤਿ ਸਦੇਰੇ।”
– ਮਾਰੂ ੫, ਸੋਲਾ ੨, ੧੧:੨ (1073)

ਸੰਧਉਰਾ ---- (ਸੰ.) ਸੰਧੂਰ (ਮਹਾਨਕੋਸ਼) ਨਾਰੀਅਲ ਜੋ ਸਤੀ ਹਥ ਵਿਚ ਪਕੜ ਕੇ ਸਤੀ ਹੁੰਦੀ ਹੈ। ਪਾਨ ਦਾ ਬੀੜਾ ਜੋ ਯੋਧੇ ਯੁੱਧ ਵਿਚ ਲੈਂਦੇ ਹਨ (ਕੋਸ਼) ਖੰਡਾ ਜੋ ਸੂਰਮੇ ਯੁੱਧ ਵਾਸਤੇ ਪਕੜਦੇ ਹਨ (ਬਾਣੀ ਪ੍ਰਕਾਸ਼)
“ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ।”
– ਗਉ ਕਬ, ੬੮, ੧*:੨ (338)

ਸਧਨਾ ----- ਭਗਤ ਨਾਮਦੇਵ ਦਾ ਸਮਕਾਲੀ ਸਿੰਧ ਪ੍ਰਾਂਤ ਦੇ ਪਿੰਡ ਸਿਹਵਾਂ ਦਾ ਵਾਸੀ ਕਸਾਈ ਜਿਸ ਨੂੰ ਆਤਮ ਗਿਆਨੀ ਦੀ ਸੰਗਤ ਵਿਚ ਭਗਤੀ ਦੀ ਚੇਟਕ ਲੱਗੀ, ਇਸ ਦੇ ਦੇਹਰਾ ਸਰਹਿੰਦ ਵਿਚ ਹੈ, ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਇਕ ਸ਼ਬਦ ਦਰਜ਼ ਹੈ।
“ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ।”
– ਬਿਲਾ ਸਧ, ੧, ੪:੨ (858)

ਸਧਰਨਾ ---- (ਸੰ.) ਸੰਘਾਰ ਕਰਨਾ (ਮਹਾਨਕੋਸ਼) ਆਸਰਾ ਦੇਣਾ (ਸ਼ਬਦਾਰਥ/ਬਾਣੀ ਪ੍ਰਕਾਸ਼)

"ਆਪਿ ਉਪਾਵਨ ਆਪਿ ਸਧਰਨਾ।"
– ਬਿਲਾ ੫, ੭, ੧:੧ (803)

ਸਧਾ ------ ਸ਼ਰਧਾ, ਨਿਸਚਾ, ਵਿਸ਼ਵਾਸ
"ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ।"
– ਸਵ ੪, ਕਲ ੧੦:੧ (1398)

ਸਧਾਰੇ ----- ਆਸਰੇ, ਅਧਾਰ, ਆਸਰਾ ਦੇਣ ਵਾਲੇ
"ਬਰਸੁ ਪਿਆਰੇ ਮਨਹਿ ਸਧਾਰੇ ਹੋਇ ਅਨਦੁ ਸਦਾ ਮਨਿ ਚਾਉ।"
– ਮਲਾ ੫, ੭, ੧*:੨ (1268)

ਸਧਾਰਣ ---- ਆਸਰੇ (ਸ਼ਬਦਾਰਥ), ਧਾਰਨ ਕਰਨਾ, ਭਰਨਾ (ਮਹਾਨਕੋਸ਼)
"ਗਰਬ ਨਿਵਾਰਣ ਸਰਬ ਸਧਾਰਣ ਕਿਛੁ ਕੀਮਤਿ ਕਹੀ ਨ ਜਾਈ ਹੇ।"
– ਮਾਰੂ ੫, ਸੋਲਾ ੧, ੪:੩ (1071)

ਹੋਰ ਰੂਪ:

ਸਧਾਰਨ –
"ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ।" (ਆਸਰਾ ਦੇਣ ਵਾਲੇ)
– ਦੇਵ ੫, ੧੬, ੧*:੨ (531)

ਸਧਾਰਣਾ ---- ਸੁਧਾਰਦਾ ਹੈ, ਸੰਵਾਰਦਾ ਹੈ
"ਤਿਸੁ ਜਨ ਕੈ ਸੰਗਿ ਤਰੈ ਸਭੁ ਕੋਈ ਸੋ ਪਰਵਾਰ ਸਧਾਰਣਾ।"
– ਮਾਰੂ ੫, ਸੋਲਾ ੬, ੧੫:੩ (1077)

ਹੋਰ ਰੂਪ:

ਸਧਾਰੀ –
"ਪਰਉਪਕਾਰੀ ਸਰਬ ਸਧਾਰੀ ਸਫਲ ਦਰਸਨ ਸਹਜਾਇਆ।"
– ਦੇਵ ੫, ੨੪, ੨:੧ (533)

ਸਧਾਰੁ –
"ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ।"
– ਗਉ ੪, ੪੬, ੨:੩ (166)

ਸਧਾਰੇ –
"ਉਨ ਸਮ੍ਾਰਿ ਮੇਰਾ ਮਨੁ ਸਧਾਰੇ।" (ਸੁਧਰਦਾ ਹੈ)
– ਦੇਵ ੫, ੨੫, ੨:੨ (533)
"ਸਾਧ ਜਨਾ ਕੀ ਰੇਨ ਨਾਨਕ ਮੰਗਲ ਸੂਖ ਸਧਾਰੇ।" (ਸੁੱਖ ਸੰਵਾਰਦੀ/ ਦਿੰਦੀ ਹੈ)
– ਧਨਾ ੫, ੩੧, ੨:੨ (679)

ਸਧਾਰੇ ----- (1) ਸੁਧਾਰੇ, ਸੰਵਾਰੇ ਵੇਖੋ 'ਸਧਾਰਣਾ'
(2) ਆਸਰਾ
"ਜਾ ਕੀ ਧੀਰਕ ਇਸੁ ਮਨਹਿ ਸਧਾਰੇ।" (ਮਨ ਨੂੰ ਆਸਰਾ ਦਿੰਦੀ ਹੈ)
– ਸੂਹੀ ੫, ੧੩, ੩:੧ (739)

ਹੋਰ ਰੂਪ:

ਸਧਾਰੈ –
“ਭੰਡਾਰ ਦਰਬ ਅਰਬ ਖਰਬ ਪੇਖਿ ਲੀਲਾ ਮਨੁ ਸਧਾਰੈ।” (ਮਨ ਨੂੰ ਢਾਰਸ ਬੰਨ੍ਹਦਾ/ਆਸਰਾ ਦਿੰਦਾ ਹੈ)
– ਰਾਮ ੫, ੬੦, ੧:੧ (901)

ਸਧਾਰੋ –
“ਨਾਨਕ ਦਾਸ ਗੋਬਿੰਦ ਸਰਣਾਈ ਹਰਿ ਪ੍ਰੀਤਮੁ ਮਨਹਿ ਸਧਾਰੋ।”(ਆਸਰਾ)
– ਸੂਹੀ ੫, ਛੰਤ ੧੧, ੩:੬ (785)

ਸੰਧਿ ------ (1) ਸੰਗਤਿ
“ਗੁਰਮੁਖ ਸੰਧਿ ਮਿਲੈ ਮਨੁ ਮਾਨੈ।”
– ਗਉ ੧, ਅਸ ੧੬, ੭:੨ (228)

(2) ਮੇਲ, ਮਿਲਾਪ
“ਅਰਧ ਉਰਧ ਕੀ ਸੰਧਿ ਕਿਉ ਜਾਨੈ।”
– ਗਉ ੧, ਅਸ ੧੬, ੭:੧ (228)

“ਗੁਰ ਚੇਲੇ ਕੀ ਸੰਧਿ ਮਿਲਾਏ।”
– ਰਾਮ ੧, ੫, ੪:੨ (877)

“ਕੋ ਗਿਰਹੀ ਕਰਮਾ ਕੀ ਸੰਧਿ।” (ਕਰਮਾਂ ਦੀ ਮਿਟਾਉਣ ਵਾਲੇ ਭਾਵ ਕਰਮ ਕਾਂਡੀ)
– ਬਸੰ ੩, ੩, ੩:੩ (1169)

(3) ਸਥਿਤ (ਮਹਾਨਕੋਸ਼)
“ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ।” (ਸੰਸਾਰ ਵਿਚ ਸਥਿਤ)
– ਬਿਲਾ ਕਬ, ੧੧, ੨:੧ (857)

(‘ਸ਼ਬਦਾਰਥ’ ਇਥੇ ਵੀ ਅਰਥ ‘ਮੇਲ’ ਕਰਦਾ ਹੈ ਤਿੰਨ ਗੁਣਾਂ ਦੇ ਮੇਲ ਵਿਚ ਭਾਵ ਸੰਸਾਰ ਵਿਚ)

(4) ਸੰਧਿਆ, ਪਾਠ ਪੂਜਾ, ਉਹ ਪਾਠ ਪੂਜਾ ਜੋ ਸਵੇਰੇ, ਦੁਪਹਿਰੇ ਤੇ ਸ਼ਾਮ ਨੂੰ ਕੀਤੀ ਜਾਂਦੀ ਹੈ।
“ਬਰਤ ਸੰਧਿ ਸੋਚ ਚਾਰ।”
– ਸਾਰ ੫, ੧੩੧, ੨:੧ (1229)

ਹੋਰ ਰੂਪ:

ਸੰਧਿਆ –
“ਪੜਿ ਪੁਸਤਕ ਸੰਧਿਆ ਬਾਦੰ।” (ਸੰਧਿਆ ਕਰਦੇ)
– ਆਸਾ ੧, ਵਾਰ ੧੪ਸ, ੧, ੨:੧ (470)

“ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ।”
– ਬਿਹਾ ੪, ਵਾਰ ੨੩ਸ, ੩, ੧:੧ (553)

ਸੰਧਿਆ ---- (1) ਸ਼ਾਮ
“ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ।”
– ਗਉ ਕਬ, ੫, ੧:੧ (324)

(2) ਪਾਠ–ਪੂਜਾ ਦਾ ਕਰਮ, ਵੇਖੋ ‘ਸੰਧਿ’ (4)
“ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ।”
– ਸੋਰ ੩, ੧੦, ੨:੨ (603)

(3) ਮਾਰਿਆ
"ਹਰਿ ਜਨ ਹਰਿ ਹਰਿ ਚਉਦਿਆ ਸਰੁ ਸੰਧਿਆ ਗਵਾਰ।"
– ਕਾਨ ੪, ਵਾਰ ੧੩ਸ, ੪, ੧:੧ (1317)

(4) ਖਿਚਿਆ
"ਨਾਨਕ ਹਰਿ ਜਨ ਹਰਿ ਲਿਵ ਉਬਰੇ ਜਿਨ ਸੰਧਿਆ ਤਿਸੁ ਫਿਰਿ ਮਾਰ।"
– ਕਾਨ ੪, ਵਾਰ ੧੩ਸ, ੪, ੧:੨ (1318)

ਸੰਧਿਆਨੀ --- ਖਿਚੀ ਹੋਈ ਹੈ
"ਰਿਦੈ ਛੁਰੀ ਸੰਧਿਆਨੀ।"
– ਪ੍ਰਭਾ ਬੇਣੀ, ੧, ੨:੩ (1351)

ਸੰਧਿਕ ----- ਚੋਰ
"ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ।"
– ਬਿਲਾ ਕਬ, ੬, ੨:੧ (856)

ਸੰਧੂਰਏ ---- ਮਸਤ ਹੁੰਦਾ ਹੈ
"ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ।"
– ਵਡ ੧, ਛੰਤ ੨, ੮:੪ (567)

ਸੰਧੂਰੁ ------ ਵੇਖੋ 'ਸੰਦੂਰ' ਹਲਦੀ ਆਉਲਾ ਮਿਲਾਕੇ ਬਣਾਇਆ ਇਕ ਲਾਲ ਰੰਗ ਜੋ ਸੁਹਾਗਣ ਆਪਣੇ ਚੀਰ ਵਿਚ ਸੁਹਾਗ ਦੀ ਨਿਸ਼ਾਨੀ ਵਜੋਂ ਪਾਉਂਦੀਆਂ ਹਨ।
"ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ।"
– ਸਿਰੀ ੧, ੧੩, ੪:੧ (19)

ਹੋਰ ਰੂਪ:

ਸੰਧੂਰੇ –
"ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ।"
– ਵਡ ੧, ੩, ੧:੧੧ (558)

ਸੰਧੇ ------- ਵਲ
"ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ।"
– ਮਾਝ ੧, ਵਾਰ ੨੨ਸ, ੨, ੨:੬ (148)

ਸਨਕ ------ (1) ਬ੍ਰਹਮਾ ਦੇ ਚਾਰ ਮਾਨਸਕ ਪੁੱਤਰਾਂ ਵਿਚੋਂ ਵੱਡਾ; ਬ੍ਰਹਮਾ ਦੇ ਚਾਰ ਪੁੱਤਰ ਹਨ। ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ – ਇਨ੍ਹਾਂ ਨੂੰ ਵਿਸ਼ਨੂੰ ਵਲੋਂ ਸਦਾ ਜਵਾਨ ਰਹਿਣ ਦਾ ਵਰ ਪ੍ਰਾਪਤ ਸੀ।
"ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ ਤਿਨ ਕਉ ਮਹਲੁ ਦੁਲਭਾਵਉ।"
– ਆਸਾ ੫, ੧੨੧, ੨:੨ (401)

(2) ਸ਼ੁਨਕ ਦੇ ਪੁੱਤਰ ਅਥਰਵ ਵੇਦ ਆਚਾਰੀਆ ਰਿਖੀ ਸੌਨਕ ਦਾ ਰਚਿਆ ਗ੍ਰੰਥ 'ਸੌਨਕੀਯ'
"ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ।"
– ਮਲਾ ਰਵਿ, ੨, ੧:੨ (1293)

ਸਨਕਾਦਿ --- ਸਨਕ ਆਦਿ, ਸਨਕ ਤੇ ਉਸ ਦੇ ਹੋਰ ਭਰਾ, ਦੇਵ ਕੁਮਾਰ
"ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ।"
– ਗਉ ਕਬ, ੭੪, ੧*:੨ (339)

ਹੋਰ ਰੂਪ:

ਸਨਕਾਦਿਕ –
"ਬਰਮਾਦਿਕ ਸਨਕਾਦਿਕ ਚਾਹੈ।"
– ਗਉ ੫, ੧੨੭*, ੨:੧ (203)

ਸਨਤ ਕੁਮਾਰ – ਬ੍ਰਹਮਾ ਦੇ ਚਾਰ ਆਤਮਕ ਪੁੱਤਰਾਂ ਵਿਚੋਂ ਸਭ ਤੋਂ ਛੋਟਾ
"ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ ਤਿਨ੍ ਕਉ ਮਹਲੁ ਦੁਲਭਾਵਉ।"
– ਆਸਾ ੫, ੧੨੧, ੨:੨ (401)

ਸਨੰਦ ------ (ਸਨੰਦਨ ਦਾ ਸੰਖੇਪ) ਬ੍ਰਹਮਾ ਦਾ ਪੁੱਤਰ
"ਸਨਕ ਸਨੰਦ ਅੰਤੁ ਨਹੀ ਪਾਇਆ।"
– ਆਸਾ ਕਬ, ੧੦, ੧:੧ (478)

ਹੋਰ ਰੂਪ:

ਸਨੰਦਨ –
"ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ।"
– ਗੂਜ ੪, ਅਸ ੧, ੨:੧ (507)

ਸਨਦੀਆ --- ਨਦੀਆਂ ਸਹਿਤ
"ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ।"
– ਭੈਰ ੧, ਅਸ ੧, ੫:੧ (1153)

ਸਨਬੰਧ ----- (1) (ਸੰ.) ਸਬੰਧ, ਮੇਲ, ਸੰਜੋਗ
"ਨਾਨਕ ਉਬਰੇ ਜਪਿ ਹਰੀ ਸਾਧਸੰਗਿ ਸਨਬੰਧ।"
– ਗਉ ੫, ਬਾਅ ੩੦ਸ:੨ (256)

"ਪਉਣੈ ਪਾਣੀ ਅਗਨੀ ਕਾ ਸਨਬੰਧ।" (ਸੰਜੋਗ)
– ਮਲਾ ੧, ੯, ੪:੨ (1257)

ਹੋਰ ਰੂਪ:

ਸਨਬੰਧੁ –
"ਮੰਨੈ ਧਰਮ ਸੇਤੀ ਸਨਬੰਧੁ।" (ਸੰਜੋਗ ਮਿਲਾਪ)
– ਜਪੁ ੧, ੧੪:੪ (3)
"ਨਾਮੁ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ।" (ਮੇਲਾਪ)
– ਸੂਹੀ ੫, ਅਸ ੩, ੨:੩ (760)

(2) ਰਿਸ਼ਤੇ
"ਮਾਇਆ ਕੇ ਸਨਬੰਧ ਸੈਨ ਸਾਕ ਕਿਤਹੀ ਕਾਮਿ ਨ ਆਇਆ।"
– ਗੂਜ ੫, ੭, ੨:੧ (497)

ਹੋਰ ਰੂਪ:

ਸਨਬੰਧੇਹੀ –
"ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ ਮਾਇਆ ਸਨਬੰਧੇਹੀ।"
– ਸੋਰ ੫, ੪, ੧:੧ (609)

ਸਨਬੰਧੀ ---- (ਸੰ.) ਰਿਸ਼ਤੇਦਾਰ
"ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ।" (ਰਿਸ਼ਤੇਦਾਰ)
– ਸੋਰ ੯, ੯, ੧:੧ (633)

(2) ਸਬੰਧ ਰੱਖਣ ਵਾਲਾ
"ਇਨ ਸਨਬੰਧੀ ਰਸਾਤਲਿ ਜਾਇ।"
– ਪ੍ਰਭਾ ੫, ਅਸ ੧, ੫:੩ (1347)

ਸਨਮੁਖ ----- (ਸੰ.) ਸਾਹਮਣੇ, ਮੁਖ ਦੇ ਅਗੇ
"ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ।"
– ਆਸਾ ੫, ਛੰਤ ੧੪, ੨:੨ (462)

"ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ।"
– ਜੈਤ ੫, ਵਾਰ ੧੨:੩ (708)

ਹੋਰ ਰੂਪ:

ਸਨਮੁਖੁ –
"ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ।"
– ਬਿਲਾ ੪, ਵਾਰ ੭:੩ (852)

ਸਨਮੁਖੁ ---- (1) ਹਜ਼ੂਰੀਆਂ, ਆਗਿਆ ਮੰਨਣ ਲਈ ਹਰ ਸਮੇਂ ਤਿਆਰ
"ਕਉਣੁ ਸੁ ਸਨਮੁਖੁ ਕਉਣ ਵੇਮੁਖੀਆ।"
– ਮਾਝ ੫, ਅਸ ੩੬, ੩:੨ (131)

"ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ।"
– ਰਾਮ ੩, ਅਨੰ ੨੧:੧ (919)

(2) ਸ਼ਾਹਮਣੇ; ਵੇਖੋ 'ਸਨਮੁਖ'
(3) ਆਗਿਆਕਾਰੀ, ਹੁਕਮ ਮੰਨਣ ਵਾਲਾ
"ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ।"
– ਰਾਮ ਸੁੰਦਰ, ਸਦ ੬:੨ (924)

ਸਨਾਇ ----- (ਅ. ਸ਼ਨਾ) ਉਸਤਤ, ਵਡਿਆਈ, ਸ਼ੋਭਾ, ਜਸ
"ਚਉਥੀ ਨੀਅਤਿ ਰਾਸਿ ਮਨੁ ਪੰਜਵੀਂ ਸਿਫਤਿ ਸਨਾਇ।"
– ਮਾਝ ੧, ਵਾਰ ੭ਸ, ੧, ੩:੩ (141)

"ਅੰਤਰੁ ਸਚਾ ਮਨੁ ਸਚਾ ਸਚੀ ਸਿਫਤਿ ਸਨਾਇ।" (ਸ਼ੋਭਾ)
– ਵਡ ੩, ਅਸ ੧, ੬:੧ (565)

ਹੋਰ ਰੂਪ:

ਸਨਾਈ –
"ਨਾਨਕ ਨਾਮੁ ਧਿਆਈਐ ਸਚੁ ਸਿਫਤਿ ਸਨਾਈ।"
– ਰਾਮ ੩, ਵਾਰ ੧੦:੫ (951)

ਸਨਾਹ ----- (ਸੰ.) ਚੰਗੀ ਤਰਾਂ ਬੰਨ੍ਹਿਆ ਹੋਇਆ, ਕਵਚ, ਸੰਜੋਅ, ਜ਼ਰਾਬਕਤਰ
"ਪਾਰਬ੍ਰਹਮੁ ਜਪਿ ਪਹਿਰਿ ਸਨਾਹ।"
– ਸੂਹੀ ੫, ੨੫, ੨:੧ (742)

ਹੋਰ ਰੂਪ:

ਸੰਨਾਹੰ –
"ਸੈਨਾ ਸਾਧ ਸਮੂਹ ਸੂਰ ਅਜਿਤੰ।" ਸੰਨਾਹੰ ਤਨਿ ਨਿੰਮ੍ਰਤਾਹ।"
– ਸਸ ੫, ੨੯:੧ (1356)

ਸੰਨਾਹਾ –
"ਹਰਿ ਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ।"
– ਮਾਰੂ ੫, ਸੋਲਾ, ੧੪, ੧:੩ (1057)

ਸਨਾਹਾ –
"ਦੁਖ ਸੁਖ ਹੀ ਤੇ ਭਏ ਨਿਰਾਲੇ ਗੁਰਮੁਖਿ ਸੀਲੁ ਸਨਾਹਾ ਹੇ।"
– ਮਾਰੂ ੧, ਸੋਲ, ੧੨, ੮:੩ (1032)

ਸੰਨਾਹੁ –
"ਰਾਮ ਕਵਚੁ ਦਾਸ ਕਾ ਸੰਨਾਹੁ।"
– ਗੋਂਡ ੫, ੨੦, ੨:੧ (868)

ਸਨਾਹੁ –
"ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ।"
– ਸਵ ੩, ੨੧:੧ (1396)

ਸਨਾਤਨ ---- ਬ੍ਰਹਮਾ ਦਾ ਇਕ ਪੁਤਰ, ਵੇਖੋ 'ਸਨਕ'
"ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ ਤਿਨ ਕਉ ਮਹਲੁ ਦੁਲਭਾਵਉ।"
– ਆਸਾ ੫, ੧੨੧, ੨:੨ (401)

ਸਨਾਤਨੁ ---- ਪੁਰਾਣੀ ਹਾਲਤ (ਸ਼ਬਦਾਰਥ); ਪਰਮਾਤਮਾ, ਕਰਤਾਰ (ਮਹਾਨ ਕੋਸ਼), ਆਦਿ ਰੂਪ (ਬ੍ਰਹਮ) (ਬਾਣੀ ਪ੍ਰਕਾਸ਼)
"ਅਬ ਮਨੁ ਉਲਟਿ ਸਨਾਤਨੁ ਹੂਆ।"
– ਗਉ ਕਬ, ੧੭, ੩:੧ (327)

ਸਨਾਤਿ ----- ਨੀਚ ਜਾਤ
"ਨਾਨਕ ਨਾਵੈ ਬਾਝੁ ਸਨਾਤਿ।"
– ਆਸਾ ੧, ਸੋਦ ੩, ੪:੪ (10)

ਹੋਰ ਰੂਪ:

ਸਨਾਤੰੀ –
"ਵਿਚਿ ਸਨਾਤੰੀ ਸੇਵਕੁ ਹੋਇ।" (ਛੋਟੀਆਂ ਜਾਤਾਂ ਵਿਚ)
– ਮਲਾ ੧, ੬, ੪:੩ (1256)

ਸਨਾਤੀ –
"ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।"
– ਤਿਲੰ ੧, ੫, ੧:੬ (722)

ਸਨਾਥ ------ ਨਾਥ (ਸੁਆਮੀ, ਮਾਲਕ) ਵਾਲਾ
“ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ।”
– ਮਾਰੂ ੫, ਅਸ ੩, ੮:੧ (1018)

ਹੋਰ ਰੂਪ:

ਸਨਾਥੁ –
“ਧਨੁ ਧੰਨੁ ਤੇ ਜਨ ਜਿਨ ਹਰਿ ਨਾਮੁ ਜਪਿਆ ਤਿਨ ਦੇਖੇ ਹਉ ਭਇਆ ਸਨਾਥੁ।”
– ਤੁਖਾ ੪, ਛੰਤ ੩, ੧:੫ (1115)

ਸਨਾਥਾ ----- (1) (ਮਾਲਕ ਵਾਲਾ) ਵਫਾਦਾਰ
“ਇਨ ਤੇ ਕਹਹੁ ਤੁਮ ਕਵਨ ਸਨਾਥਾ।”
– ਗਉ ੫, ਸੁਖ ੧੯, ੫:੪ (288)
(2) ਅਰਥ ਵਾਲਾ, ਮਾਲਕ ਦਾ ਹੋ ਕੇ ਗੁਜਰਨ ਵਾਲਾ
“ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ।”
– ਜੈਤ ੪, ੧, ੩:੧ (696)

ਸੰਨਿ ------ ਚੋਰੀ ਲਈ ਕੰਧ ਵਿਚ ਲਾਇਆ ਪਾੜ
“ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ।”
– ਸਿਰੀ ੧, ੨੪, ੪:੧ (23)

ਹੋਰ ਰੂਪ:

ਸੰਨ੍ਹਿ –
“ਪੰਚ ਚੋਰ ਤਿਨਾ ਘਰੁ ਮੁਹਨ੍ਹਿ ਹਉਮੈ ਅੰਦਰਿ ਸੰਨ੍ਹਿ।”
– ਬਿਲਾ ੪, ਵਾਰ ੧੨ਸ, ੩, ੧:੨ (854)
ਸੰਨ੍ਹੀ –
“ਨਾਨਕ ਜਮ ਪੁਰਿ ਬਧੇ ਮਾਰੀਅਹਿ ਜਿਉ ਸੰਨ੍ਹੀ ਉਪਰਿ ਚੋਰ।”
– ਸਾਰ ੪, ਵਾਰ ੨੬ਸ, ੩, ੧:੨ (1247)

ਸਨਿ ------ ਭੂਤ ਕਾਲ ਕਿਰਿਆ ‘ਸੀ’ ਦਾ ਬਹੁ ਵਚਨ
“ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ।”
– ਸਲੋ ਫਰ, ੯੯:੪ (1383)

ਸੰਨਿਆਸ --- (ਸੰ.) ਤਿਆਗੀ, ਸੰਨਿਆਸਧਾਰੀ
“ਤਟਿ ਤੀਰਥਿ ਨ ਛੋਡੇ ਜੋਗ ਸੰਨਿਆਸ।”
– ਆਸਾ ੫, ੪, ੨:੩ (371)
“ਜੋਗੀ ਜੰਗਮ ਅਰੁ ਸੰਨਿਆਸ।”
– ਬਸੰ ੯, ੨, ੧:੧ (1186)

ਹੋਰ ਰੂਪ:

ਸੰਨਿਆਸਾ –
“ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ।” (ਸੰਨਿਆਸੀ)
– ਮਾਝ ੧, ਵਾਰ ੫:੨ (140)

ਸੰਨਿਆਸੀ –

"ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ।"
– ਸਿਰੀ ੩, ਅਸ ੨੨, ੫:੧ (67)

ਸਨਿਆਸੀ –
"ਸਨਿਆਸੀ ਬ੍ਰਹਮਚਾਰੀ।"
– ਸਿਰੀ ੫, ੨੭, ੩:੨ (71)

ਸੰਨਿਆਸੀਆ –
"ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ।"
– ਮਾਰੂ ੫, ਵਾਰ ੧੮:੫ (1100)

ਸੰਨਿਆਸੈ --- ਤਿਆਗ/ਸੰਨਿਆਸ ਵਿਚ
"ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ।"
– ਭੈਰ ੫, ੧੫, ੨:੧ (1139)

ਸਨੇਹ ------ (ਸੰ.) ਮੋਹ, ਪਿਆਰ, ਅਨੁਰਾਗ, ਲਗਾਉ
"ਮੇਰੀ ਮੇਰੀ ਕਿਆ ਕਰਹਿ ਪੁਤ੍ਰ ਕਲਤ੍ਰ ਸਨੇਹ।"
– ਮਾਰੂ ੫, ਵਾਰ ੨੦ਸ, ੫, ੩:੧ (1101)

ਹੋਰ ਰੂਪ:

ਸਨੇਹੰ –
"ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ।"
– ਸਲ ੫, ੨:੧ (1354)

ਸਨੇਹਾ –
"ਭਾਗੁ ਮਸਤਕਿ ਹੋਇ ਜਿਸ ਕੈ ਤਿਸੁ ਗੁਰ ਨਾਲਿ ਸਨੇਹਾ।"
– ਬਿਹਾ ੫, ਛੰਤ ੧, ੩:੫ (542)

ਸਨੇਹੁ –
"ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ।"
– ਗਉ ਕਬ, ੨੩, ੧*:੧ (328)

ਸਨੇਹੋ –
"ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ।"
– ਤੁਖਾ ੧, ਬਾਰਾ ੧੪:੬ (1109)

ਸਨੇਹਾ ----- (1) ਪੈਗਾਮ, ਸੁਨੇਹਾ
"ਮੇਰੇ ਪ੍ਰੀਤਮ ਕੇ ਮੈ ਦੇਇ ਸਨੇਹਾ।"
– ਮਾਝ ੪, ੩, ੨:੨ (95)

(2) ਪਿਆਰ, ਵੇਖੋ 'ਸਨੇਹ'

ਸਨੇਹੀ ----- (1) ਪਿਆਰ ਕਰਨ ਵਾਲਾ
"ਜਲੈ ਨ ਪਾਈਐ ਰਾਮ ਸਨੇਹੀ।"
– ਗਉ ੫, ੯੯, ੧*:੧ (185)

(2) ਪਿਆਰਾ
"ਬਿਨੁ ਦਰਸਨ ਕੈਸੇ ਰਵਉ ਸਨੇਹੀ।"
– ਮਾਰੂ ੧, ੫, ੪:੨ (990)

(3) ਮਿੱਤਰ, ਸਹਾਇਕ (ਭਾਵ)
“ਰਾਮੁ ਨ ਜਪਈ ਅੰਤਿ ਸਨੇਹੀ।”
– ਮਾਰੂ ੧, ਸੋਲਾ ੭, ੧੧:੨ (1027)

ਸੰਨਿ ------ ਵੇਖੋ ‘ਸੰਨਿ’

ਸੰਨ੍ਹੀ ------ (1) ਚੋਰੀ ਲਈ ਕੰਧ ਵਿਚ ਪਾਇਆ ਪਾੜ ਵੇਖੋ ‘ਸੰਨਿ’
(2) ਲੁਹਾਰ ਦਾ ਚਿਮਟੀ ਵਰਗਾ ਦੋ ਮੂੰਹਾਂ ਔਜ਼ਾਰ ਜਿਸ ਨਾਲ ਉਹ ਗਰਮ ਧਾਤ, ਅਥਵਾ ਕੋਲਾ ਪਕੜਦਾ ਹੈ।
“ਕੋਇਲੇ ਪਾਪ ਪੜੇ ਤਿਸੁ ਊਪਰਿ ਮਨ ਜਲਿਆ ਸੰਨ੍ਹੀ ਚਿੰਤ ਭਈ।”
– ਮਾਰੂ ੧, ੩, ੩:੨ (990)

ਸੰਪਉ ----- (ਸੰ.) ਧਨ, ਦੌਲਤ, ਮਾਲ, ਸਮੱਗਰੀ, ਪਦਾਰਥ
“ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ।”
– ਸਿਰੀ ੪, ਵਾਰ ੭ਸ, ੩, ੧:੧ (84)
“ਸੰਪਉ ਸੰਚੀ ਭਏ ਵਿਕਾਰ।”
– ਗਉ ੧, ਅਸ ੩, ੫:੧ (222)

ਸੰਪਟ ------ (ਸੰ.) ਰਤਨਪੇਟੀ, ਡਬਾ; ਡਬਾ ਜਿਸ ਵਿਚ ਸਾਲਗ੍ਰਾਮ ਰੱਖਦੇ ਹਨ
“ਸਸਿ ਬਿਗਾਸ ਸੰਪਟ ਨਹੀ ਆਵਾ।”
– ਗਉ ਕਬ, ਬਾਅ ੭:੨ (340)

ਹੋਰ ਰੂਪ:

ਸੰਪਟੁ –
“ਘਟਿ ਘਟਿ ਸੰਪਟੁ ਹੈ ਰੇ ਜਾ ਕਾ।”
– ਆਸਾ ੫, ੯੦, ੩:੧ (393)
“ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ।”
– ਸੂਹੀ ੧, ੧, ੩:੧ (728)

ਸਪਤ ------ (1) (ਸੰ.) ਸਭ
“ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।”
– ਸਿਰੀ ੪, ਵਾਰ ੪:੧ (84)
(2) ਸਤ ਪਾਤਾਲ (ਭਾਵ)
“ਨ ਸਪਤ ਜੇਰ ਜਿਮੀ।”
– ਮਾਝ ੧, ਵਾਰ ੧੩ਸ, ੧, ੩:੨ (144)

ਸੰਪਤ ------ (ਸੰ.) ਉਚੀ ਪਦਵੀ (ਮਹਾਨਕੋਸ); ਧਨ ਦੀ ਖੁਸ਼ੀ (ਸ਼ਬਦਾਰਥ) ਪਦਾਰਥਾਂ ਕਰਕੇ (ਬਾਣੀ ਪ੍ਰਕਾਸ਼)
“ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ।”
– ਗਉ ੫, ੧੬੦*, ੧:੨ (215)

ਸਪਤਮਿ ---- ਸਤਵੀਂ
“ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ।”
– ਗਉ ੫, ਥਿਤੀ ੭:੧ (298)

ਸੰਪਤਾ ----- ਡਾਲ, ਟਾਹਣੀ (ਭਾਵ)
"ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ।"
- ਗਾਥਾ ੫, ੮:੧ (1360)

ਸਪਤਾਹਰੋ --- ਸਤਾ
"ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ।"
- ਸਿਰੀ ੧, ੨੬, ੩:੧ (23)

ਸੰਪਤਿ ----- (ਸੰ.) ਉਚੀ ਪਦਵੀ, ਐਸਵਰਜ਼ (ਮਹਾਨਕੋਸ਼) ਧਨਮਾਲ (ਕੋਸ਼)
"ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮ ਰਿਦੈ ਤੇ ਖੋਇਆ।"
- ਸਿਰੀ ਬੇਣੀ, ੧, ੩:੩ (93)
"ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ।"
- ਆਸਾ ੫, ੧੨੪, ੧*:੨ (402)
"ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ।" (ਪਦਾਰਥ ਸਮਾਨ)
- ਤਿਲੰ ੯, ੩, ੧:੧ (727)
"ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ।" (ਐਸਵਰਜ਼)
- ਸਾਰ ੯, ੧, ੧:੧ (1231)

ਸੰਪਟ ------ (ਸੰ.) ਧਨ, ਐਸ਼ਵਰਜ਼, ਪ੍ਰਭਤਾ
"ਜਹ ਗੁਨ ਗਾਇ ਆਨੰਦ ਮੰਡਲ ਰੂਪ ਤਹਾਂ ਸਦਾ ਸੁਖ ਸੰਪਦ।"
- ਸਾਰ ੫, ੭, ੧:੨ (1204)

ਸਪਰਵਾਰਿ -- ਪਰਿਵਾਰ ਨਾਲ, ਪਰਿਵਾਰ ਵਿਚ ਰਹਿੰਦਿਆਂ
"ਗੁਰਮੁਖਿ ਨਿਬਹੈ ਸਪਰਵਾਰਿ।"
- ਰਾਮ ੧, ਸਿਗੋ ੨੯:੨ (941)

ਹੋਰ ਰੂਪ:

ਸਪਰਵਾਰਿਆ -
"ਲਬੁ ਲੋਭੁ ਕਾਮੁ ਕ੍ਰੋਧ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ।" (ਪਰਵਾਰ ਸਮੇਤ)
- ਰਾਮ ਬਸ, ਵਾਰ ੭:੬ (968)

ਸੰਪਾਨੀ ----- ਸਪੁਰਦ/ਹਵਾਲੇ ਕੀਤੀ, ਸੌਂਪੀ
"ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ।"
- ਗਉ ੫, ਅਸ ੧੫, ੫:੧ (242)

ਸਪੀਅਲ ---- ਪੀਲੇ ਰੰਗ ਦੇ
"ਤੁਮ ਮਖਤੂਲ ਸੁਪਦੇ ਸਪੀਅਲ ਹਮ ਬਪੁਰੇ ਜਸ ਕੀਰਾ।"
- ਆਸਾ ਰਵਿ, ੩, ੨:੧ (486)

ਸਪੁ ------- (ਸੰ.) ਸਪ
"ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ।"
- ਮਾਰੂ ੧, ਅਸ ੨, ੪:੧ (1009)

ਹੋਰ ਰੂਪ:

ਸਪੈ –
“ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ।”
– ਸੂਹੀ ੩, ਅਸ ੩, ੧੬:੨ (755)

ਸਪੁਤ ------ ਚੰਗੇ/ਸੁਸ਼ੀਲ ਪੁਤਰ
“ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।”
– ਰਾਮ ੩, ਵਾਰ ੧੦ਸ, ੩, ੧:੧ (951)

ਸਪੁੰਨ ------ ਸੰਪੰਨ, ਸਹਿਤ
“ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ।”
– ਸਵ ੪, ਕਲ ੮:੪ (1399)

ਸਪੂਰ ------ ਭਰਪੂਰ, ਪੂਰਨਤਾ ਸਹਿਤ ਭਰਿਆ ਹੋਇਆ
“ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ।”
– ਸਵ ੨, ੬:੨ (1392)

ਸੰਪੂਰਣ ---- (ਸੰ.) ਸਭ ਨੂੰ
“ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣ:।”
– ਗਉ ੫, ਗਾਥਾ, ੨੩:੧ (1361)

ਸੰਪੂਰਨ ---- (1) ਚੰਗੀ ਤਰ੍ਹਾਂ, ਪੂਰੀ ਤਰ੍ਹਾਂ
“ਜਿਹ ਪ੍ਰਸਾਦਿ ਸੰਪੂਰਨ ਫਲਹਿ।”
– ਗਉ ੫, ਸੁਖ ੬, ੬:੬ (270)

“ਸੋਲਹ ਕਲਾ ਸੰਪੂਰਨ ਫਲਿਆ।”
– ਮਾਰੂ ੫, ਸੋਲਾ, ੯, ੧੬:੧ (1081)

(2) ਮੁਕੰਮਲ, ਪੂਰਨ, ਪੂਰਾ
“ਇਨਿ ਬਿਧਿ ਬਰਤੁ ਸੰਪੂਰਨ ਭਇਆ।”
– ਗਉ ੫, ਥਿਤੀ, ੧੧:੪ (299)

ਹੋਰ ਰੂਪ:

ਸੰਪੂਰਨੁ –
“ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ।”
– ਬਿਲਾ ੫, ੮੭, ੩:੨ (821)

(3) ਭਰਿਆ ਹੋਇਆ, ਸੰਪੰਨ
“ਵਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ।”
– ਬਿਹਾ ੫, ਛੰਤ ੪, ੨:੫ (544)

“ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ।” (ਭਰੀ ਹੋਈ)
– ਰਾਮ ੫, ੪, ੧:੨ (883)

ਸੰਪੂਰਨਾ ---- (1) ਸਾਰਾ
“ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ।”
– ਮਾਰੂ ੫, ਵਾਰ ੧੩:੪ (1099)

(2) ਪੂਰਨ ਸਮਰਥ

"ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ।"
– ਗਉ ੪, ੧੪੮*, ੨:੧ (212)

ਸੰਪੈ ------- (1) ਸੰਪਦਾ, ਪਦਾਰਥ, ਮਾਲ ਧਨ
"ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ।"
– ਸਿਰੀ ੩, ੪੭, ੩:੧ (32)
(2) ਐਸਵਰਜ਼ ਨੂੰ
"ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ।"
– ਗਉ ਕਬ, ੬੩, ੩:੧ (337)

ਸਫਰੀ ----- (ਅ. ਮੁਸਾਫਰ) ਮੁਸਾਫਰ, ਸਫਰ/ਯਾਤਰਾ ਕਰਨ ਵਾਲਾ, ਰਾਹੀ
"ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ।" (ਫਿਰ ਤੁਰਕੇ ਰੋਜੀ ਕਮਾਉਣ ਵਾਲਾ)
– ਸਾਰ ੫, ੨, ੩:੧ (1203)

ਸਫਰੀਆ --- (ਅ. ਸਫ਼) ਸੰਗਤ, ਸਫ ਵਿਚ ਬੈਠਣ ਵਾਲੀ ਮੰਡਲੀ/ਸਭਾ
"ਥਿਰੁ ਸਾਧ ਸਫਰੀਆ।"
– ਬਿਹਾ ੫, ੧, ੪:੧ (537)

ਸਫਲ ------ (1) ਫਲ ਸਹਿਤ, ਫਲਦਾਇਕ, ਸਾਰਥਿਕ, ਨਤੀਜੇ ਸਹਿਤ
"ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ।"
– ਸਿਰੀ ੫, ੭੬, ੩:੧ (44)
"ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ।" (ਚੰਗੀ ਫਲ ਵਾਲੀ)
– ਮਾਝ ੫, ੨੯, ੧:੧ (103)

ਹੋਰ ਰੂਪ:

ਸਫਲਿਉ –
"ਸਫਲਿਉ ਬਿਰਖੁ ਸੁਹਾਵੜਾ ਹਰਿ ਸਫਲ ਅੰਮ੍ਰਿਤਾ।"
– ਰਾਮ ੫, ਵਾਰ ੧੯:੧ (965)

ਸਫਲਿਓ –
"ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ।" (ਫਲ ਵਾਲਾ)
– ਸਿਰੀ ੧, ਅਸ ੧੦, ੨:੧ (59)

ਸਫਲੁ –
"ਸਤਿਗੁਰ ਕਾ ਦਰਸਨੁ ਸਫਲੁ ਹੈ ਜੇਹਾ ਕੋ ਇਛੇ ਤੇਹਾ ਫਲੁ ਪਾਏ।" (ਫਲ ਦੇਣ ਵਾਲਾ)
– ਬਿਲਾ ੪, ਵਾਰ ੪ਸ, ੩, ੧:੨ (850)

(2) ਕਾਮਯਾਬ –
"ਸਫਲ ਸਫਲ ਭਈ ਸਫਲ ਜਾਤ੍ਰਾ।"
– ਧਨਾ ੫, ੩, ੮*:੧ (687)

ਹੋਰ ਰੂਪ:

ਸਫਲਾ –
"ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ।" (ਸਕਾਰਥੀ)

– ਬਿਹਾ ੫, ਛੰਤ ੨, ੪:੩ (543)

ਸਫਲਿਉ –

"ਕਹੁ ਨਾਨਕ ਗੁਰ ਸਬਦਿ ਸਵਾਰੀ ਸਫਲਿਉ ਜਨਮੁ ਸਬਾਇਆ।"

– ਆਸਾ ੩, ਛੰਤ ੬, ੧:੬ (439)

ਸਫਲਿਉ –

"ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਸਫਲਿਉ ਰੈਣਿ ਭਗਤਾ ਦੀ।"

– ਸਿਰੀ ੪, ਪਾ ੩, ੪:੬ (77)

"ਤਿਨ ਕਾ ਜਨਮੁ ਸਫਲਿਓ ਸਭੁ ਕੀਆ ਕਰਤੈ, ਜਿਨ ਗੁਰ ਬਚਨੀ ਸਚੁ ਭਾਖਿਆ।" (ਸਕਾਰਥਾ)

– ਤੁਖਾ ੪, ਛੰਤ ੨, ੩:੪ (1115)

ਸਫਲੁ –

"ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਿਗੁਰ ਭਾਇ।"

– ਸਿਰੀ ੩, ੩੮, ੩:੧ (28)

(3) ਚੰਗਾ ਫਲ

"ਸਫਲਿਉ ਬਿਰਖੁ ਸੁਹਾਵੜਾ ਹਰਿ ਸਫਲ ਅੰਮ੍ਰਿਤਾ।"

– ਰਾਮ ੫, ਵਾਰ ੧੯:੧ (965)

ਹੋਰ ਰੂਪ:

ਸਫਲਿਓ –

"ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ।"

– ਸੂਹੀ ੧, ਛੰਤ ੨, ੩:੪ (764)

(4) ਸਫਲੀ ਕਰ, ਸਾਰਥਕ ਕਰ

"ਮੇਰੇ ਮਨ ਸੇਵ ਸਫਲ ਹਰਿ ਘਾਲ।"

– ਨਟ ੪, ੭, ੧*:੧ (977)

ਸਫਲੁ ------ (1) ਚੰਗਾ, ਸੁਭਾਗਾ

"ਸਫਲੁ ਓਹੁ ਮਾਥਾ ਸੰਤ ਨਮਸਕਾਰਸਿ।"

– ਗਉ ੫, ੧੨੯, ੩:੧ (191)

(2) ਸਕਾਰਥਾ, ਕਾਮਯਾਬ, ਵੇਖੋ 'ਸਫਲ' (2)

ਸਫਾ ------ ਬਸਾਤ, ਚੋਪੜ ਖੇਡਣ ਦਾ ਕਪੜਾ

"ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ।"

– ਬਸੰ ੫, ੧੯, ੧:੨ (1185)

ਸਫੁਟੰ ------ (ਸੰ.) ਸਪਟੀ ਕ੍ਰਿਤ, ਸਪੱਸ਼ਟ, ਪ੍ਰਤੱਖ

"ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ।"

– ਗੂਜ ਜੈਦ, ੧, ੫:੨ (526)

ਸਬ ------- (ਫਾ. ਸਬ) ਰਾਤ

"ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।"

– ਤਿਲੰ ੧, ੧, ੩:੧ (721)

ਸੰਬਹੀ ----- (ਸੰ.) ਮਾਲਸ਼ ਕਰਨਾ, ਮੁਠੀ ਚਾਪੀ ਕਰਨਾ (ਮਹਾਨਕੋਸ਼) ਸਜੀ ਹੋਈ (ਸ਼ਬਦਾਰਥ) ਦਰਪਣ, ਸਜੀ ਫਬੀ (ਭਾਈ ਵੀਰ ਸਿੰਘ)

"ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ।"

– ਸਲੋ ਫਰ., ੩੩:੧ (1379)

ਸਬਹੂ ------ ਸਭਨਾ ਲਈ

"ਸਬਹੂ ਕੋ ਰਸੁ ਹਰਿ ਹੋ।" (479 ਛਾਪ ਵਿਚ ਇਹ ਸ਼ਬਦ 'ਸਭਹੂ' ਹੈ)

– ਗਉ ੫, ੧੫੫*, ੧*:੧ (213)

ਸੰਬਤ ------ (ਸੰ.) ਵਰਾ, ਸਾਲ

"ਤੇਰੇ ਸਠਿ ਸੰਬਤ ਸਭਿ ਤੀਰਥਾ।" (ਸਠ ਸਾਲ)

– ਬਸੰ ੧, ੨, ੩:੧ (1168)

ਹੋਰ ਰੂਪ:

ਸੰਬਤਿ –

"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।"

– ਗਉ ੧, ਸੋਹ ੧, ੩:੧ (12)

ਸਬਦ ------ (1) (ਸੰ.) ਧੁਨੀ, ਸੁਰ

"ਅਨਹਤਾ ਸਬਦ ਵਾਜੰਤ ਭੇਰੀ।"

– ਧਨਾ ੧, ਸੋਲਾ ੩, ੧*:੩ (13)

"ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ।"

– ਸੂਹੀ ੧, ਛੰਤ ੨, ੧:੬ (764)

(ਇਹ ਪੰਜ ਸ਼ਬਦ ਹਨ – ਤਾਰ, ਚੰਮ, ਧਾਤ, ਘੜੇ ਤੇ ਫੂਕ ਵਾਲੇ ਸਾਜਾਂ ਦੇ)

ਹੋਰ ਰੂਪ:

ਸਬਦਿ –

"ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ।"

– ਸਿਰੀ ੧, ੧੮, ੨:੩ (21)

"ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ।"

– ਮਲਾ ੧, ੩, ੧:੧ (1274)

ਸਬਦੁ –

"ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।"

– ਮਾਝ ੩, ਅਸ ੨, ੩:੩ (110)

"ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ।" (ਸਚੇ ਨਾਮ ਭਜਨ ਦੀ ਧੁਨੀ)

– ਮਾਝ ੩, ਅਸ ੮, ੧:੩ (113)

"ਜੇਤਾ ਸਬਦੁ ਸੁਰਤਿ ਧੁਨਿ ਤੇਤਾ ਜੇਤਾ ਰੂਪੁ ਕਾਇਆ ਤੇਰੀ।"

– ਆਸਾ ੧, ੫, ੧:੧ (350)

(2) ਗੁਰੂ ਦਾ ਸ਼ਬਦ/ਬਾਣੀ /ਗੁਰਬਾਣੀ

"ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ।"

– ਸਿਰੀ ੧, ਅਸ ੫, ੧:੩ (56)

“ਅਤਿ ਨਿਰਮਲੁ ਗੁਰ ਸਬਦ ਵੀਚਾਰ।” (ਅਤਿ ਨਿਰਮਲ ਗੁਰੂ ਦੇ ਸ਼ਬਦ ਦਾ ਵਿਚਾਰ ਕਰਦੇ ਹਨ)

– ਆਸਾ ੩, ੪੩, ੪:੩ (362)

“ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ।” (ਬਾਣੀ ਦਾ ਸਰੋਵਰ)

– ਸਵ ੧, ੨:੧ (1379)

ਹੋਰ ਰੂਪ:

ਸਬਦੰ –

“ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।”

– ਬਸ ੫, ੮:੧ (1354)

ਸਬਦਾਹ –

“ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ।”

– ਸਿਰੀ ੧, ੧੭, ੫:੧ (64)

ਸਬਦਿ –

“ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ।”

– ਸਿਰੀ ੧, ੧੩, ੫:੨ (19)

“ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ।” (ਗੁਰਸ਼ਬਦ ਦੁਆਰਾ)

– ਸਿਰੀ ੧, ੨੧, ੧*:੨ (22)

ਸਬਦੀ –

“ਗੁਰ ਸਬਦੀ ਸਾਲਾਹੀਐ ਅੰਤੁ ਨ ਪਾਰਾ ਵਾਰ।”

– ਸਿਰੀ ੧, ਅਸ, ੪, ੭:੨ (55)

(ਗੁਰਬਾਣੀ ਦੁਆਰਾ)

ਸਬਦੁ –

“ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ।”

– ਸਿਰੀ ੧, ੨੨, ੪:੩ (22)

(‘ਜਿਨਾ ਦੇ ਅੰਦਰ ਗੁਰੂ ਸ਼ਬਦ/ਬਾਣੀ ਦੀ ਧੁਨੀ ਉਪਜਦੀ ਹੈ)

“ਸਿਖਹੁ ਸਬਦੁ ਪਿਆਰਹੋ ਜਨਮ ਮਰਨ ਕੀ ਟੇਕ।” (ਗੁਰੂ ਦੇ ਸ਼ਬਦ/ਬਾਣੀ ਦੇ ਪਿਆਰ ਨੂੰ ਸਿਖੋ)

– ਗਉ ੫, ਵਾਰ ੯ਸ, ੫, ੨:੧ (320)

ਸਬਦੇ –

“ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ।”

– ਸਿਰੀ ੩, ੫੫, ੩:੧ (35)

ਸਬਦੈ –

“ਸਬਦੈ ਸਾਦੁ ਨ ਆਇਓ ਲਾਗੇ ਦੂਜੈ ਭਾਇ।

– ਸਿਰੀ ੩, ੩੮, ੨:੨ (28)

ਸਬਦੋ –

“ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ।”

– ਸਿਰੀ ੧, ੨੭, ੧:੧ (24)

(3) ਨਾਮ

"ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ।"

– ਸਿਰੀ ੧, ਅਸ ੧੪, ੧:੨ (62)

"ਸੁ ਸਬਦ ਕਉ ਨਿਰੰਤਰਿ ਵਾਸੁ ਅਲੇਖੰ ਜਹ ਦੇਖਾ ਤਹ ਸੋਈ।"

– ਰਾਮ ੧, ਸਿਗੋ, ੫੯:੧ (944)

"ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ।" (ਨਾਮ ਤੋਂ ਬਿਨਾਂ)

– ਆਸਾ ੧, ਛੰਤ ੫, ੨:੫ (439)

ਹੋਰ ਰੂਪ:

ਸਬਦਿ –

"ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ।"

– ਸਿਰੀ ੧, ੧੧, ੧*:੨ (18)

ਸਬਦੁ –

"ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ।"

– ਰਾਮ ੩, ਅਨੰ ੨੨:੪ (920)

ਸਬਦੇ –

"ਮਨੁ ਤਨੁ ਸਉਪੇ ਕੰਤ ਕਉ ਸਬਦੇ ਧਰੇ ਪਿਆਰੁ।"

– ਸਿਰੀ ੪, ਵਾਰ ੧੬ਸ, ੩, ੧:੫ (89)

"ਉਤਪਤਿ ਪਰਲਉ ਸਬਦੇ ਹੋਵੈ।
ਸਬਦੇ ਹੀ ਫਿਰਿ ਓਪਤਿ ਹੋਵੈ।

– ਮਾਝ ੩, ੧੪, ੧:੧;੨ (117)

ਸਬਦੈ –

"ਸੇਵਕ ਸੇਵ ਕਰਹਿ ਸਭਿ ਤੇਰੀ ਜਿਨ ਸਬਦੈ ਸਾਦੁ ਆਇਆ।"

– ਸੋਰ ੩, ੧, ੧:੧ (599)

ਸਬਦੌ –

"ਸਬਦੌ ਹੀ ਭਗਤ ਜਾਪਦੇ ਜਿਨ੍ ਕੀ ਬਾਣੀ ਸਚੀ ਹੋਇ।"

– ਆਸਾ ੩, ਅਸ ੩੬, ੧:੧ (429)

(4) ਉਪਦੇਸ਼

"ਬਿਨੁ ਗੁਰ ਸਬਦ ਨ ਸਵਰਸਿ ਕਾਜਾ।"

– ਗਉ ੧, ਅਸ ੧੦, ੭:੩ (225)

"ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ।"

– ਗਉ ੧, ਅਸ ੧੮, ੨*:੧ (229)

ਹੋਰ ਰੂਪ:

ਸਬਦਿ –

"ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ।"

– ਸਿਰੀ ੩, ਅਸ ੨੨, ੮:੩ (68)

"ਵਡੈ ਭਾਗਿ ਨਾਉ ਪਾਈਐ ਗੁਰਮਤਿ ਸਬਦਿ ਸੁਹਾਈ।" (ਗੁਰਮਤਿ ਅਤੇ ਗੁਰ ਉਪਦੇਸ਼ ਦੁਆਰਾ ਜੀਵਨ ਸੋਹਣਾ ਬਣਿਆ ਹੈ)

– ਸਿਰੀ ੩, ਅਸ ੨੪, ੩:੧ (69)

ਸਬਦੀ –

"ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ।" (ਗੁਰ ਉਪਦੇਸ਼ ਰਾਹੀਂ)

– ਮਾਝ ੫, ਅਸ ੨੨, ੮:੩ (122)

ਸਬਦੁ –
"ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ।"

– ਸਿਰੀ ੧, ੧੦, ੨:੩ (18)

ਸਬਦੇ –
"ਸਬਦੇ ਹੀ ਹਰਿ ਮਨਿ ਵਸੈ ਰਸਨਾ ਹਰਿ ਰਸੁ ਖਾਇ।"

– ਸਿਰੀ ੩, ੨੩, ੩:੩ (68)

"ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ ਗੁਰ ਸਬਦੇ ਭਵਜਲੁ ਤਰਣਾ।"

– ਭੈਰ ੩, ੧੮, ੧*:੨ (1132)

ਸਬਦੈ –
"ਭਵਜਲੁ ਬਿਨੁ ਸਬਦੈ ਕਿਉ ਤਰੀਐ।"

– ਭੈਰ ੧, ੨, ੧*:੧ (1125)

"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ।"

– ਰਾਮ ੧, ਸਿਗੋ ੭੨:੧ (946)

(ਮਹਾਨਕੋਸ਼ ਇਥੇ 'ਸਬਦੈ' ਦਾ ਅਰਥ 'ਵਿਚਾਰ', ਗੋਸ਼ਟੀ ਕਰਦਾ ਹੈ)

(5) ਗੀਤ, ਸੋਹਲਾ, ਕਾਵਿ-ਇਕਾਈ
"ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ।"

– ਰਾਮ ੩, ਅਨੰ ੧:੩ (917)

ਹੋਰ ਰੂਪ:

ਸਬਦੋ –
"ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ।"

– ਰਾਮ ੩, ਅਨੰ ੧:੪ (917)

(6) ਵਿਚਾਰ
"ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ।
ਏਸੁ ਸਬਦ ਕਉ ਜੋ ਅਰਥਾਵੈ ਤਿਸ ਗੁਰ ਤਿਲੁ ਨ ਤਮਾਈ।" (ਇਸ ਵਿਚਾਰ ਨੂੰ ਜੋ ਸਮਝੇ)

– ਰਾਮ ੧, ਸਿਗੋ ੨੨:੧;੨ (940)

ਹੋਰ ਰੂਪ:

ਸਬਦੁ –
"ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ।" (ਗਲ)

– ਸਿਰੀ ੧, ੧੦, ੧*:੨ (17)

(7) ਬਚਨ
"ਸਬਦ ਸੂਰ ਬਲਵੰਡ ਕਾਮ ਅਰੁ ਕ੍ਰੋਧ ਬਿਨਾਸਨ।"

– ਸਵ ੨, ੫:੨ (1391)

ਸਬਦੰ ------ (1) ਧਰਮ
"ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ।"

– ਆਸਾ ੧, ਵਾਰ ੧੨ਸ, ੨, ੨:੧ (469)

(2) ਨਾਮ, ਵੇਖੋ ‘ਸਬਦ’ (3)

ਸਬਦਿ ----- (1) ਪ੍ਰਭੂ, ਕਰਤਾਰ

“ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ।”

– ਸਿਰੀ ੩, ਅਸ ੨੦, ੩:੨ (66)

“ਆਪੇ ਮੇਲਿ ਮਿਲਾਇਦਾ ਨਾਨਕ ਸਬਦਿ ਸਮਾਇ।”

– ਸਿਰੀ ੫, ਅਸ ੨੪, ੮:੨ (69)

ਹੋਰ ਰੂਪ:

ਸਬਦੁ –

“ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ।”

– ਰਾਮ ੧, ਸਿਗੋ ੬੫:੩ (945)

“ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ।”

– ਆਸਾ ੧, ੧੦, ੨:੨ (351)

ਸਬਦੇ –

“ਆਪੇ ਰੰਗਣਿ ਰੰਗਿਓਨੁ ਸਬਦੇ ਲਾਇਓਨੁ ਮਿਲਾਇ।”

– ਸਿਰੀ ੩, ੫੯, ੩:੧ (37)

(2) ਸੁਰ, ਧੁਨੀ ਵੇਖ ‘ਸਬਦ’ (1)
(3) ਗੁਰੂ ਦੀ ਬਾਣੀ/ਸਬਦ, ਵੇਖੋ ‘ਸਬਦ’ (2)
(4) ਨਾਮ, ਵੇਖੋ ‘ਸਬਦ’ (3)
(5) ਉਪਦੇਸ਼, ਵੇਖੋ ‘ਸਬਦ’ (4)
(6) ਧੁਨੀਆ ਦਾ ਸਾਰਥਕ ਇਕੱਠ, ਲਫਜ਼

“ਗੁਰਮੁਖਿ ਸਬਦਿ ਵਖਾਣੈ ਕੋਇ।” (ਕੋਈ ਗੁਰਮੁਖ ਹੀ ‘ਸ਼ਬਦ’ ਰਾਹੀਂ ਉਸ ਨੂੰ ਬਿਆਨਦਾ ਹੈ)

– ਆਸਾ ੩, ੪੨, ੨:੪ (361)

ਹੋਰ ਰੂਪ:

ਸਬਦੀ –

“ਇਕ ਸਬਦੀ ਬਹੁ ਰੂਪਿ ਅਵਧੂਤਾ।”

– ਸਿਰੀ ੫, ਅਸ ੨੭, ੫:੧ (71)

(7) ਹੁਕਮ –

“ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ।”

– ਗਉ ਕਬ, ੫੧, ੧:੨ (334)

“ਤੁਧੁ ਆਪੇ ਭਾਵੈ ਤਿਵੈ ਚਲਾਵਹਿ ਸਭ ਤੇਰੇ ਸਬਦਿ ਸਮਾਇ ਜੀਉ।”

– ਆਸਾ ੪, ਛੰਤ ੧੪, ੪:੨ (448)

“ਨਾ ਜੀਉ ਮਰੈ ਨ ਮਾਰਿਆ ਜਾਈ ਕਰਿ ਦੇਖੈ ਸਬਦਿ ਰਜਾਈ ਹੇ।” (ਉਹ ਵਾਹਿਗੁਰੂ ਹੁਕਮ ਦੁਆਰਾ ਕਰਕੇ ਵੇਖਦਾ ਹੈ)

– ਮਾਰੂ ੧, ਸੋਲਾ ੬, ੧੩:੩ (1026)

ਹੋਰ ਰੂਪ:

ਸਬਦੁ –

"ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ।"

– ਗਉ ੩, ੩੫, ੪:੧ (162)

"ਸਭੁ ਇਕੋ ਸਬਦੁ ਵਰਤਦਾ ਮੇਰੇ ਗੋਵਿੰਦਾ ਜਨ ਨਾਨਕ ਨਾਮੁ ਧਿਆਇਆ ਜੀਉ।"

– ਗਉ ੪, ੬੬, ੪:੪ (173)

"ਆਵਣ ਜਾਣਾ ਸਬਦੁ ਪਛਾਣੁ।"

– ਮਾਰੂ ੩, ਸੋਲਾ ੧੫, ੧੩:੨ (1059)

(8) ਸਮੁੰਦਰ (ਭਾਵ)

"ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।"

– ਰਾਮ ਬਸ ਵਾਰ ੪:੩ (967)

ਸਬਦੀ ----- (1) ਸ਼ਬਦ ਵਾਲਾ, ਸ਼ਬਦ ਦਾ ਦਾਤਾ, ਅਰਥਾਤ ਗੁਰੂ (ਸੰਥਿਆ, ਨਿਰਣੈ (ਮਹਾਨਕੋਸ਼)

"ਨਾਨਕ ਸਬਦੀ ਸਚੁ ਹੈ ਕਰਮੀ ਪਲੈ ਪਾਇ।"

– ਸਿਰੀ ੪, ਵਾਰ ੫ਸ, ੩, ੨:੩ (84)

('ਦਰਪਣ' ਤੇ ਸਾਰ ਵਿਸਤਾਰ' ਇਥੇ ਵੀ 'ਸਬਦੀ' ਦੇ ਅਰਥ 'ਸ਼ਬਦ/ਬਾਣੀ/ਦੁਆਰਾ ਕਰਦੇ ਹਨ।)

(2) (ਸੰ.) ਸ਼ਬਦ ਬੋਲਣ ਵਾਲਾ, ਵਕਤਾ, (ਇਕ ਸ਼ਬਦ– ਅਲਖ, ਅਲੱਖ ਉਚਾਰਨ ਕਰਨ ਵਾਲਾ – ਜੋਗੀਆਂ ਦਾ ਇਕ ਫਿਰਕਾ)

"ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।"

– ਸੋਰ ਕਬ, ੩, ੨:੨ (654)

(3) ਗੁਰਬਾਣੀ, ਵੇਖੋ 'ਸਬਦ' (2)

(4) ਲਫਜ਼, ਵੇਖੋ 'ਸਬਦਿ' (6)

"ਜੇਤਾ ਆਖਣੁ ਸਾਹੀ ਸਬਦੀ ਭਾਖਿਆ ਭਾਇ ਸੁਭਾਈ।"

– ਸਾਰ ੪, ਵਾਰ ੧੨ਸ, ੧, ੩ (1242)

(5) ਉਪਦੇਸ਼, ਵੇਖੋ 'ਸ਼ਬਦ' (4)

ਸਬਦੁ ------ (1) ਆਚਰਣ, ਜੀਵਨ ਦਾ ਰਸਤਾ (ਸ਼ਬਦਾਰਥ –ਮਹਾਨਕੋਸ਼); ਵਤੀਰਾ (ਸਾਰ ਵਿਸਥਾਰ)

"ਘੜੀਐ ਸਬਦੁ ਸਚੀ ਟਕਸਾਲ।"

– ਜਪੁ ੧, ੩੮:੫ (8)

"ਤਿਸੁ ਪਾੜੀਐ ਸਬਦੁ ਸਚੀ ਟਕਸਾਲੀ।"

– ਭੈਰ ੪, ੩, ੨:੨ (1134)

(ਬਾਕੀ ਟੀਕਾਕਾਰ ਇਥੇ ਸ਼ਬਦ ਦੇ ਅਰਥ 'ਨਾਮ' (ਸ਼ਬਦ) ਦੇ ਕੀਤੇ ਹਨ)

"ਗੁਰਮੁਖਿ ਸਬਦੁ ਪਛਾਣੀਐ ਹਰਿ ਅੰਮ੍ਰਿਤ ਨਾਮਿ ਸਮਾਇ।" (ਧਰਮ ਦਾ ਰਸਤਾ, ਆਦਰਸ਼ ਢੰਗ ਸ਼ਬਦਾਰਥ) ('ਸੰਥਿਆ', 'ਨਿਰਣੈ' ਇਥੇ ਸ਼ਬਦ ਦੇ ਅਰਥ 'ਬ੍ਰਹਮ' ਦੇ ਕਰਦੇ ਹਨ)

– ਸਿਰੀ ੩, ੪੦, ੨:੨ (29)

(2) ਗੁਰੂ ਦਾ ਸ਼ਬਦ, ਬਾਣੀ, ਵੇਖੋ 'ਸਬਦ' (2)

(3) ਨਾਮ, ਵੇਖੋ 'ਸਬਦ' (3)

(4) ਪ੍ਰਭੂ, ਕਰਤਾਰ, ਵੇਖੋ 'ਸਬਦਿ' (1)

"ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ।"
– ਵਡ ੧, ਅਲਾ ੪, ੧:੨ (581)

(5) ਗਲ, ਵਿਚਾਰ, ਵੇਖੋ 'ਸਬਦ' (6)
(6) ਉਪਦੇਸ, ਵੇਖੋ 'ਸਬਦ' (4)
(7) ਧੁਨੀ, ਵੇਖੋ 'ਸਬਦ' (1)
"ਰੂਧਾ ਕੰਠੁ ਸਬਦੁ ਨਹੀਂ ਉਚਰੈ ਅਬ ਕਿਆ ਕਰਹਿ ਪਰਾਨੀ।" (ਆਵਾਜ਼)
– ਸੋਰ ਭੀਖ ੧, ੧:੨ (59)

(8) ਹੁਕਮ, ਵੇਖੋ 'ਸਬਦਿ' (7)
"ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ।"
– ਆਸਾ ੪, ਛੰਤ ੧੪, ੩:੪ (448)

(ਮਹਾਨ ਕੋਸ਼ ਇਥੇ 'ਸਬਦ' ਦੇ ਅਰਥ ਸੰਸਾਰ ਕਰਦਾ ਹੈ)

(9) ਸ਼ਬਦ ਦੇ ਉਦੇਸ਼ (ਮਕਸਦ) (ਮਹਾਨਕੋਸ਼)
"ਨ ਸਬਦੁ ਬੂਝੈ ਨ ਜਾਣੈ ਬਾਣੀ।"
– ਧਨਾ ੩, ੫, ੩:੧ (665)

(10) ਸੁਨੇਹਾ
"ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ।"
– ਮਲਾ ੧, ਅਸ ੧, ੫:੧ (1273)

ਸਬਰ ------ (ਅ. ਸਬਰ) ਸੰਤੋਖ
"ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍।"
– ਸਲੋ ਫਰ, ੧੧੬:੧ (1384)

ਹੋਰ ਰੂਪ:

ਸਬਰੁ –
"ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ।"
– ਸਿਰੀ ੪, ਵਾਰ, ੨ਸ, ੧, ੧:੧ (83)

ਸਬਲ ------ (1) ਬਲ ਵਾਲਾ, ਤਾਕਤਵਰ
"ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ।"
– ਸਿਰੀ ੩, ੫੧, ੪:੧ (33)

ਹੋਰ ਰੂਪ:

ਸਬਲਾ –
"ਕਾਮੁ ਕ੍ਰੋਧ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ।"
– ਬਿਹਾ ੪, ਵਾਰ ੪ਸ, ੩, ੨:੫ (550)

ਸਬਲੁ –
"ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ।"
– ਗਉ ੩, ਛੰਤ ੪, ੧:੧ (245)

(2) ਬਲਵਾਨ/ਮਾਇਆ
"ਸਗਲ ਭਵਨ ਮਹਿ ਸਬਲ ਪ੍ਰਵੇਸੈ।"
– ਆਸਾ ੫, ੪, ੩:੨ (371)

ਸਬਾਇ ----- **ਸਭ/ਸਾਰੀਆਂ ਥਾਵਾਂ**
"ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ।"
-ਮਾਰੂ ੩, ਵਾਰ ੧੨ਸ, ੧, ੨:੧ (1090)

ਸਬਾਇਆ --- **ਸਭ, ਸਾਰਾ, ਸਭ ਕੁਝ**
"ਮਾਇਆ ਮੋਹੁ ਜਗਤ ਸਬਾਇਆ।"
– ਮਾਝ ੩, ੩੩, ੧:੧ (129)
"ਬਹੁ ਕਰਮ ਕਮਾਵੈ ਦੁਖੁ ਸਬਾਇਆ।" (ਸਾਰਾ/ਨਿਰਾ)
– ਆਸਾ ੩, ਅਸ ੨੫, ੬:੩ (424)
"ਆਪੇ ਜਾਣੈ ਆਪਿ ਪਛਾਣੈ ਸਭੁ ਤਿਸੁ ਦਾ ਚੋਜੁ ਸਬਾਇਆ।" (ਸਾਰਾ ਜਗਤ)
– ਮਾਰੂ ੧, ਸੋਲਾ ੧੯, ੧੧:੩ (1040)
"ਗੁਰ ਪੂਰੇ ਕੀ ਚਾਕਰੀ ਥਿਰੁ ਕੰਧੁ ਸਬਾਇਆ।" (ਸਾਰਾ ਜੀਵਨ)
– ਸਾਰ ੪, ਵਾਰ ੩੩:੪ (1250)
"ਮਾਇਆ ਮੋਹ ਦੁਖ ਸਬਾਇਆ।" (ਹਰ ਪ੍ਰਕਾਰ ਦੇ, ਸਾਰੇ)
– ਮਾਰੂ ੩, ਸੋਲਾ ੭, ੯:੨ (1050)

ਹੋਰ ਰੂਪ:

ਸਬਾਇਐ –
"ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ।"
– ਸਲੋ ਫਰ, ੮੧:੧ (1382)

ਸਬਾਈ –
"ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ।"
– ਸਿਰੀ ੪, ੭੦, ੧:੧ (41)
"ਨਾਮ ਬਿਹੂਣੀ ਦੁਖਿ ਜਲੈ ਸਬਾਈ।" (ਸਾਰੀ ਸ੍ਰਿਸ਼ਟੀ)
– ਆਸਾ ੩, ੪੫, ੨:੩ (362)
"ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ।" (ਸਭ ਥਾਂ)
– ਸੋਰ ੧, ੬, ੩:੧ (597)
"ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ।" (ਸਾਰੀਆਂ)
– ਸੂਹੀ ੫, ਛੰਤ ੫, ੪:੧ (780)

ਸਬਾਈਆ –
"ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ।" (ਸਾਰੀ)
– ਰਾਮ ੩, ਅਸ ੧੭:੩ (979)

ਸਬਾਏ –
"ਮਨਮੁਖ ਭੂਲੇ ਲੋਕ ਸਬਾਏ।"
– ਮਾਝ ੩, ਅਸ ੧੪, ੫:੨ (117)

(2) ਸਭ ਤੋਂ, ਸਭਨਾਂ ਤੋਂ
"ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ।"
– ਮਾਰੂ ੧, ਸੋਲਾ ੨0, ੧੪:੩ (1041)

(2) ਸਭ ਵਿਚ
"ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ।"
– ਮਾਰੂ ੧, ਸਲੋ ੨੨, ੨:੩ (1042)

ਹੋਰ ਰੂਪ:

ਸਬਾਈ –
“ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟ ਵਸੈ ਹਰਿ ਕੋਲੀ।”
– ਗਉ ੪, ਪ੩, ੨:੨ (168-169)

ਸਬਾਈਆ –
“ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ।”
– ਮਾਝ ੪, ੭, ੩:੧ (96)

(4) ਸਭ ਨੂੰ
“ਹਰਿ ਭਾਵੈ ਗੁਰ ਮੇਲਿ ਮਿਲਾਏ ਹਰਿ ਤਾਰੇ ਜਗਤੁ ਸਬਾਇਆ।”
– ਮਾਰੂ ੧, ਸੋਲਾ ੨੧, ੭:੩ (1042)

ਹੋਰ ਰੂਪ:

ਸਬਾਈ –
“ਮਾਤਾ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ।”
– ਸਿਰੀ ੧, ਪਹ ੨, ੧:੩ (75)

ਸਬਾਏ –
(5) ਪੂਰੀ ਤਰ੍ਹਾਂ
“ਸਬਦਿ ਰੰਗਾਏ ਹੁਕਮਿ ਸਬਾਏ।”
– ਮਾਝ ੧, ਅਸ ੧, ੧:੧ (109)
“ਨਿਤ ਭਜਹੁ ਸੁਆਮੀ ਅੰਤਰਜਾਮੀ ਸਫਲ ਜਨਮੁ ਸਬਾਇਆ।”
– ਕਾਨ ੫, ਛੰਤ ੧, ੩:੩ (1312)

ਸਬਾਇੜੀਏ -- ਸਬਾਇ+ਅੜੀਏ, ਤੇ ਅੜੀਏ ਸਭ ਥਾਈ
“ਜੋਤਿ ਸਬਾਇੜੀਏ ਤ੍ਰਿਭਵਣ ਸਾਰੇ ਰਾਮ।”
– ਬਿਲਾ ੧, ਛੰਤ ੧, ੪:੧ (843)

ਸਬਾਈ ----- (1) ਸਾਰੀ ਲੋਕਾਈ
“ਪ੍ਰਭੁ ਦੂਰਿ ਨ ਹੋਈ ਘਟਿ ਘਟਿ ਸੋਈ ਤਿਸ ਕੀ ਨਾਰਿ ਸਬਾਈ।”
– ਸੂਹੀ ੧, ਛੰਤ ੩, ੩:੩ (765)
“ਗਿਆਨ ਵਿਹੂਣੀ ਭਵੈ ਸਬਾਈ।” (ਸਾਰੀ ਦੁਨੀਆਂ)
– ਮਾਰੂ ੧, ਸੋਲਾ ੧੪, ੮:੧ (1034)
(2) ਸਾਰਾ, ਸਭ ਵੇਖੋ ‘ਸਬਾਇਆ’ (1)
(3) ਸਭ ਵਿਚ, ਵੇਖੋ ‘ਸਬਾਇਆ’ (3)
(4) ਸਭ ਨੂੰ, ਵੇਖੋ ‘ਸਬਾਇਆ’ (4)
(5) ਕੁਲ (ਓਰਵ੍ਹ;) ਸਾਰੀ
“ਲਖ ਚਉਰਾਸੀਹ ਜੋਨਿ ਸਬਾਈ।”
– ਮਾਰੂ ੫, ਸੋਲ, ੫, ੨:੧ (1075)
(6) ਸਭ ਥਾਂ, ਹਰ ਜਗ੍ਹਾਂ
“ਰਾਮ ਨਾਮੁ ਹੈ ਜੋਤਿ ਸਬਾਈ ਤਤੁ ਗੁਰਮਤਿ ਕਾਢਿ ਲਈਜੈ।”
– ਕਲਿ ੪, ਅਸ ੧, ੧:੨ (1323)

ਹੋਰ ਰੂਪ:

ਸਬਾਏ –
“ਘਰਿ ਬਾਹਰਿ ਸੁਖ ਸਹਜ ਸਬਾਏ।” (ਹਰ ਥਾਂ)
– ਗਉ ੫, ੯੬, ੧*:੨ (184)

ਸਬਾਹ ----- (ਅੰ: ਸ਼ਬ) ਰਾਤ
“ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ।”
– ਮਾਝ ੧, ਵਾਰ ੧੮ਸ, ੨, ੧:੪ (146)

ਸਬਾਹਿ ---- (ਸੰ.)ਸਭਨਾਂ ਨੂੰ
“ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ।”
– ਗੂਜ ੩, ਵਾਰ ੧੬ਸ, ੩, ੧:੪ (515)

ਸੰਬਾਹਾ ----- (ਸੰ.) ਪਹੁੰਚਾਉਂਦਾ/ਦੇਂਦਾ ਹੈ, ਹੋਰ ਵੇਖੋ ‘ਸਮਾਹਦਾ’
“ਸਭਨਾ ਪ੍ਰਤਿਪਾਲ ਕਰੇ ਜਗਜੀਵਨੁ ਦੇਦਾ ਰਿਜਕੁ ਸੰਬਾਹਾ ਹੇ।”
– ਮਾਰੂ ੩, ਸੋਲਾ ੧੨, ੨:੩ (1055)

ਹੋਰ ਰੂਪ:

ਸੰਬਾਹਿ –
“ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ।”
– ਸਿਰੀ ੪, ਵਾਰ ੯ਸ, ੩, ੧:੩ (85)
“ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ।” (ਲਿਆ ਕੇ ਦਿੰਦਾ ਹੈ)
– ਆਸਾ ੪, ਵਾਰ ੨੪:੨ (475)

ਸੰਬਾਹਿਆ –
“ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ।”
– ਸਿਰੀ ੪, ਵਾਰ ੮:੧ (85)

ਸੰਬਾਹਿਦਾ –
“ਸਭਨਾ ਰਿਜਕੁ ਸੰਬਾਹਿਦਾ ਤੇਰਾ ਹੁਕਮੁ ਨਿਰਾਲਾ।”
– ਸੂਹੀ ੩, ਵਾਰ ੧:੪ (785)

ਸੰਬਾਹੇ –
“ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।”
– ਗੂਜ ੫, ਸੋਦ ੫, ੨:੨ (10)

(2) ਇਕਠ
“ਲਸਕਰ ਜੋੜੇ ਕੀਆ ਸੰਬਾਹਾ।”
– ਆਸਾ ੫, ੮੬, ੨:੩ (392)

ਸਬਾਹੀ ----- (ਸੰ. ਸੁਬਾਅ) ਸਵੇਰੇ, ਅੰਮ੍ਰਿਤ ਵੇਲੇ
“ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ।”
– ਮਾਝ ੧, ਵਾਰ ੧੭ਸ, ੧, ੧:੧ (145)
(ਸ਼ਬਦਕੋਸ਼ ਨੇ ਇਸ ਦੇ ਇਕ ਅਰਥ ‘ਨਿਰੰਤਰ’ ਦੇ ਵੀ ਕੀਤੇ ਹਨ)

ਸੰਬਾਹੇ ----- (1) ਪਹੁੰਚਾਉਂਦਾ ਹੈ, ਵੇਖੋ ‘ਸੰਬਾਹ’

(2) ਇਕਠੇ ਕੀਤੇ, ਮੰਗਵਾਏ
"ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ।"
– ਗੂਜ ੫, ੮, ੪:੧ (497)

ਸੰਬਾਦੰ ----- (ਸੰ.) ਚਰਚਾ
"ਸਿਵਾ ਸਕਤਿ ਸੰਬਾਦੰ।"
– ਗੌਂਡ ਨਾਮੁ, ੧, ੪:੧ (873)

ਸਬੁਧੀ ----- ਚੰਗੀ ਬੁੱਧੀ ਵਾਲੇ, ਸਿਆਣੇ
"ਕਵਿ ਜਨ ਕਲੵ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ।"
– ਸਵ ੩, ੧:੪ (1392)

ਸੰਬੂਹ ------ ਸਭ, ਸਾਰੇ
"ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ।"
– ਗੂਜ ੫, ਵਾਰ ੧੧ਸ, ੫, ੧:੨ (520)

ਹੋਰ ਰੂਪ:

ਸੰਬੂਹਾ –
"ਹਰਿ ਦੇਖਿ ਦਰਸਨੁ ਇਛ ਪੁੰਨੀ ਕੁਲ ਸੰਬੂਹਾ ਸਭਿ ਤਰੇ।"
– ਆਸਾ ੫, ਛੰਤ ੯, ੪:੫ (459)

ਸਬੂਰੀ ----- (1) (ਫਾ. ਸਬੂਰੀ) ਸਬਰ ਦਾ ਭਾਵ, ਸੰਤੋਖ
"ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾ।"
– ਸਿਰੀ ੪, ੨ਸ, ੧, ੨:੧ (83)

(2) ਸਾਬਰ, ਸਬਰ/ਸੰਤੋਖ ਵਾਲਾ, ਸੰਤੋਖੀ
"ਭਾਂਖਿ ਲੇਨੇ ਪੰਚੈ ਹੋਇ ਸਬੂਰੀ।"
– ਭੈਰ ਕਬ, ੪, ੨:੨ (1158)

ਸਬੈ ------- (ਸੰ.) ਸਾਰੀਆਂ, ਸਭੇ
"ਸੁਰਖੀ ਪਾਂਚਉ ਰਾਖੈ ਸਬੈ।"
– ਗਉ ਕਬ, ੬, ੩ (344)

ਸਭ ------- (ਸੰ.) ਸਾਰੀ, ਕੁਲ ਸਾਰੇ
"ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।" (ਸਾਰੀ ਸ੍ਰਿਸ਼ਟੀ)
– ਜਪੁ ੧, ੨੯:੨ (6)
"ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ।" (ਸਾਰੀ ਸ੍ਰਿਸ਼ਟੀ)
– ਸਿਰੀ ੪, ਵਾਰ ੨:੧ (83)
"ਸਭ ਕੀਮਤਿ ਮਿਲਿ ਕੀਮਤਿ ਪਾਈ।" (ਸਾਰੇ ਮੁਲ ਲਾਉਣ ਵਾਲਿਆਂ ਨੇ)
– ਆਸਾ ੧, ਸੋਦ ੨, ੨:੨ (9)
"ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ।" (ਸਾਰਿਆਂ)
– ਸਿਰੀ ੩, ੩੬, ੨:੩ (27)
"ਆਪੁ ਛੋਡਿ ਸਭੁ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ।" (ਸਾਰਿਆਂ ਦੀ)
– ਸਿਰੀ ੫, ੯੫, ੩:੨ (51)

"ਗੁਪਤੁ ਪ੍ਰਗਟੁ ਸਭੁ ਜਾਣੀਐ ਜੇ ਮਨੁ ਰਾਖੈ ਠਾਇ।" (ਭਾਵ ਪ੍ਰਭੂ)
– ਸਿਰੀ ੧, ਅਸ ੭, ੩:੨ (57)
"ਸਭ ਨਦਰੀ ਕਰਮ ਕਮਾਵਦੇ ਨਦਰੀ ਬਾਹਰਿ ਨ ਕੋਇ।" (ਸਾਰੇ ਜੀਵ)
– ਸਿਰੀ ੩, ਅਸ ੨੦, ੮:੧ (66)
"ਸਭੁ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ।"
– ਸਿਰੀ ੫, ਅਸ ੨੯, ੧੩:੩ (74)

ਹੋਰ ਰੂਪ:

ਸਭਿ –
"ਸਭਿ ਗੁਣ ਤੇਰੇ ਮੈ ਨਾਹੀ ਕੋਇ।"
– ਜਪੁ ੧, ੨੧:੫ (4)

ਸਭੁ –
"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।" (ਸਾਰੇ, ਹਰ ਕੋਈ)
– ਜਪੁ ੧, ੨:੫ (1)
"ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ।" (ਸਾਰਾ)
– ਆਸਾ ੪, ਸੋਪੁ ੧, ੩:੩ (11)
"ਤੂੰ ਆਪੇ ਕਰਤਾ ਤੇਰਾ ਕੀਆ ਸਭੁ ਹੋਇ।" (ਸਾਰਾ ਕੁਝ)
– ਆਸਾ ੪, ਸੋਪੁ ੨, ੪:੧ (12)

ਸਭੇ –
"ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ।" (ਸਾਰੀਆਂ, ਸਭ)
– ਸਿਰੀ ੫, ੭੫, ੧:੧ (43)

ਸਭੈ –
"ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।"
– ਗਉ ਕਬ, ਅਸ ੪੩, ੧:੨ (331)

ਸਭੋ –
"ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ।" (ਸਾਰੀ ਹੀ)
– ਸਿਰੀ ੫, ੮੩, ੪:੨ (47)

ਸੰਭਉ ----- (ਸੰ.) ਆਪ ਹੀ ਆਪ ਉਤਪੰਨ ਹੋਣ ਵਾਲਾ, ਆਪਣੇ ਆਪ ਤੋਂ ਉਤਪਤ
"ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ।"
– ਸੋਰ ੧, ੬, ੧:੨ (597)
ਵੇਖੋ 'ਸੰਭਵਿਅਉ ਸੰਭੂ, ਸੰਭੌ'

ਸਭਸ ------ ਸਾਰਿਆਂ ਦਾ, ਸਭਨਾਂ ਦਾ
"ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ।"
– ਗਉ ੪, ਵਾਰ ੩:੪ (301)

ਹੋਰ ਰੂਪ:

ਸਭਸੁ –
"ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ।" (ਸਭ ਨੂੰ)
– ਸਿਰੀ ੫, ੭੭, ੧:੨ (44)

“ਸਭੁ ਕੋ ਤੇਰਾ ਤੂੰ ਸਭਸੁ ਦਾ ਤੂੰ ਸਭਨਾ ਰਾਸਿ।” (ਸਭਨਾਂ, ਸਭ)

– ਸਿਰੀ ੪, ਵਾਰ ੯:੧ (86)

ਸਭਸੈ –

“ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ।” (ਸਭਨਾ)

– ਆਸਾ ੪, ਸੋਪੁ ੧, ੫:੫ (11)

“ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰੁ।” (ਸਾਰਿਆਂ ਨੂੰ)

– ਸਿਰੀ ੩, ੩੬, ੫:੨ (27)

“ਸਭਸੈ ਦੇ ਦਾਤਾਰੁ ਜੇਤ ਉਪਾਰੀਐ।” (ਸਾਰੀ ਸ੍ਰਿਸ਼ਟੀ ਦਾ)

– ਗੂਜ ੫, ਵਾਰ ੧:੪ (518)

“ਜਿਨਿ ਕਰਿ ਕਾਰਣੁ ਧਾਰਿਆ ਸਭਸੈ ਦੇਇ ਆਧਾਰੁ ਜੀਉ।”

– ਸੂਹੀ ੧, ਅਸ ੨, ੮:੧ (751)

“ਸੂਰਜ ਚੜੈ ਵਿਜੋਗਿ ਸਭਸੈ ਘਟੈ ਆਰਜਾ।” (ਸਾਰਾ ਦਿਨ)

– ਸਾਰ ੪, ਵਾਰ ੧੯ਸ, ੧, ੨:੧ (1244)

ਸਭਸੈਂ –

“ਸਭਸੈਂ ਊਪਰਿ ਗੁਰ ਸਬਦੁ ਬੀਚਾਰੁ।” (ਸਭ ਤੋਂ)

– ਰਾਮ ੧, ਅਸ ੪, ੨:੩ (904)

ਸਭਹਿ –

“ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ।” (ਸਭ ਤੋਂ)

– ਸਿਰੀ ੫, ੯੭, ੨:੨ (51)

“ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ।”

– ਨਟ ੪, ਅਸ ੬, ੭:੧ (983)

“ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ।” (ਸਾਰੇ)

– ਭੈਰ ੫, ੨੨, ੧*:੧ (1141)

ਸਭਹੁ –

“ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ।” (ਸਭ ਤੋਂ)

– ਸੋਰ ਨਾਮ ੨, ੨:੨ (657)

“ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ।” (ਸਭ ਦੀ)

– ਰਾਮ ੫, ੭, ੩:੩ (884)

ਸਭਹੂ –

“ਸਭ ਤੇ ਨੇਰੈ ਸਭਹੂ ਤੇ ਦੂਰਿ।” (ਸਭਨਾਂ ਤੋਂ)

– ਗਉ ੫, ਸੁਖ ੧੦, ੪:੯ (276)

“ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ।” (ਸਭਨਾਂ)

– ਦੇਵ ੫, ੨੯, ੧*:੨ (534)

“ਬਾਰੈ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ।” (ਸਭ ਨੂੰ)

– ਬਿਲਾ ਕਬ, ੧, ੧:੧ (855)

ਸਭਹੂੰ –

“ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ।”

– ਦੇਵ ੫, ੪, ੧*:੨ (529)

ਸਭਤੁ ------ (1) ਸਭ ਥਾਂ, ਹਰ ਜਗ੍ਹਾ

"ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ।"
– ਸਿਰੀ ੪, ੬੯, ੩:੧ (41)

ਹੋਰ ਰੂਪ:

ਸਭਤੈ –
"ਮੇਰਾ ਪ੍ਰਭੁ ਨਿਰਮਲਾ ਸਭਤੈ ਰਹਿਆ ਸਮਾਇ।" (ਸਭ ਥਾਈਂ)
– ਗਉ ੩, ਅਸ ੮, ੨:੨ (233)

(2) ਸਾਰੇ
"ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।"
– ਗੂਜ ੪, ਵਾਰ ੧੨ਸ, ੪, ੧:੪ (306)

ਸਭਦੂ ------ ਸਭ ਤੋਂ
"“ਤੂ ਸਚ ਸਭਸ ਦਾ ਖਸਮੁ ਹੈ ਸਭਦੂ ਤੂ ਚੜੀਐ।"
– ਗਉ ੪, ਵਾਰ ੩:੪ (301)

ਸਭਨ ------ ਸਾਰਿਆ, ਸਭਨਾਂ
"ਘਟਿ ਘਟਿ ਵਸਹਿ ਸਭਨ ਕੈ ਨੇਰੇ।"
– ਮਾਰੂ ੫, ਸੋਲਾ ੧੪, ੯:੨ (1086)

ਹੋਰ ਰੂਪ:

ਸਭਨਾਂ –
"ਨਾਨਕ ਇਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ।"
– ਬਿਲ ੪, ਵਾਰ ੧੩:੫ (855)

ਹੋਰ ਰੂਪ:

ਸਭਨਾ –
"ਸਭਨਾ ਜੀਆ ਦਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।" (ਸਾਰੇ)
– ਜਪੁ ੧, ੫:੧੧ (2)
"ਸਭਨਾ ਲਿਖਿਆ ਵੁੜੀ ਕਲਾਮ।" (ਸਾਰਿਆਂ ਨੂੰ)
– ਜਪੁ ੧, ੧੬:੧੫ (3)
"ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ।" (ਸਭ ਦੀ)
– ਸਿਰੀ ੩, ੩੬, ੫:੩ (27)
"ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ।" (ਸਭ ਨੇ)
– ਸਿਰੀ ੫, ੯੩, ੪:੧ (50-51)

ਸਭਨਾਹ –
"ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ।" (ਸਾਰਿਆਂ ਨੂੰ)
– ਆਸਾ ੧, ਵਾਰ ੮ਸ, ੧, ੧:੫ (467)

ਸਭਨਾਹਾ –
"ਤੂ ਅਣਮੰਗਿਆ ਦਾਨੁ ਦੇਵਣਾ ਸਭਨਾਹਾ ਜੀਆ।" (ਸਾਰਿਆਂ)
– ਵਡ ੪, ਵਾਰ ੧:੪ (585)

ਸਭਨੀ –
“ਸਭ ਤੇਰੀ ਤੂ ਸਭਨੀ ਧਿਆਇਆ।” (ਸਾਰਿਆਂ ਨੇ)
– ਆਸਾ ੪, ਸੋਪੁ ੨, ੧:੧ (11)
“ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਨਹਾਰੁ ਜੀਉ।” (ਸਾਰੀਆਂ)
– ਆਸਾ ੧, ਛੰਤ ੪, ੧:੧ (438)

ਸਭਰਾਈ ---- ਵੱਧ ਪ੍ਰਕਾਸ਼ ਦੇਣ ਵਾਲੀ, ਸ+ਭਰਾਈ– ਭਰਾਵਾਂ ਵਾਲੀ, ਇਜ਼ਤਮਾਨ ਵਾਲੀ, ਰਾਇ ਦੀ ਪਤਨੀ– ਰਾਣੀ
“ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ।”
– ਮਾਝ ੫, ੧੧, ੩:੩ (97)

ਸੰਭਵ ------ (ਸੰ.) ਹਸਤੀਆਂ, (ਸ਼ਬਦਾਰਥ), ਉਤਪਤੀ, ਜਨਮ (ਮਹਾਨਕੋਸ਼) ਕੁਦਰਤੀ/ਨਿਰਣੈ (ਦਰਪਣ)
“ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ।”
– ਆਸਾ ਰਵਿ, ੧, ੨:੧ (486)

ਸੰਭਵਿਅਉ -- (ਸੰ.) ਸ੍ਵੈ ਤੋਂ ਉਪਜਿਆ, ਵੇਖੋ ‘ਸੰਭਉ’
“ਆਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ।”
– ਸਵ ੪, ਕਲ ੮:੪ (1397)

ਸਭਾ ------ (1) (ਸੰ.) ਸਾਰੀ, ਸਭ (ਉਚਾਰਣ ਸੱਭਾ)
“ਜਾ ਪਤਿ ਲੇਖੈ ਨ ਪਵੈ ਸਭਾ ਪੂਜ ਖੁਆਰੁ।”
– ਸਿਰੀ ੧, ੮, ੨:੩ (17)

(2) ਸਭਾ ਦਾ ਸਥਾਨ, ਰਾਜ ਦਰਬਾਰ
“ਤਖਤ ਸਭਾ ਮੰਡਨ ਦੋਲੀਚੇ।”
– ਗਉ ੫, ੮੧, ੩:੧ (179)
“ਲਾਲ ਸੁਪੇਦ ਦੁਲੀਚਿਆ ਬਹੁ ਸਭਾ ਬਣਾਈ।”
– ਸਾਰ ੪, ਵਾਰ ੨੪:੩ (1247)

(3) ਸੰਗਤ
“ਸਿਖ ਸਭਾ ਦੀਖਿਆ ਕਾ ਭਾਉ।”
– ਆਸਾ ੧, ੬, ੪:੧ (350)

ਸੰਭਾਖਨ ---- (ਸੰ.) ਬੋਲਣਾ, ਗਲਬਾਤ, ਵਾਰਤਾਲਾਪ
“ਮਿਤ੍ਰੂ ਸਤ੍ਰੂ ਪੇਖਿ ਸਮਤੁ ਬੀਚਾਰਿਓ ਸਗਲ ਸੰਭਾਖਨ ਜਾਪੁ।”
– ਸਾਰ ੫, ੬੯, ੧:੨ (1218)

ਹੋਰ ਰੂਪ:

ਸੰਭਾਖਨੁ –
“ਸੰਤਹ ਸੰਗੁ ਸਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ।”
– ਧਨਾ ੫, ੧੪, ੨:੨ (674)

ਸਭਾਗਾ ----- (1) ਸ+ਭਾਗ (ਸੰ.) ਚੰਗੀ ਕਿਸਮਤ/ਸੁਭਾਗ ਵਾਲਾ
“ਧਨਿ ਧਨਿ ਉਆ ਦਿਨ ਸੰਜੋਗ ਸਭਾਗਾ।”

– ਗਉ ੫, ਬਾਅ ੨੨:੨ (254)

ਹੋਰ ਰੂਪ:

ਸਭਾਗੇ –
“ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ।”
– ਆਸਾ ੫, ਛੰਤ ੧੪, ੪:੪(462)

ਸਭਾਗੈ –
“ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ।”
– ਰਾਮ ੩, ਅਨੰ ੫:੧ (917)

(2) (ਸੰ.) ਚੰਗੇ ਭਾਗਾਂ ਵਾਲਾ ਮਨੁੱਖ
“ਬੁਝੈ ਬੂਝਨਹਾਰੁ ਸਭਾਗਾ।”
– ਗਉ ਕਬ, ੨੯, ੧*:੨ (329)

ਹੋਰ ਰੂਪ:

ਸਭਾਗੀ –
“ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ।”
– ਵਡ ੧, ੩, ੧:੧੭ (558)

ਸਭਾਗੇ –
“ਹੋਇ ਕ੍ਰਿਪਾਲੁ ਪ੍ਰਭ ਮਿਲਹ ਸਭਾਗੇ।”
– ਸੂਹੀ ੫, ਛੰਤ ੫, ੩:੪ (737)

ਸਭਾਗੈ –
“ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ ਪਾਵਏ।” (ਸ਼ਬਦ ਕਰਕੇ ਸਭਾਗਣ ਹੋਈ)
– ਆਸਾ ੧, ਛੰਤ ੧, ੪:੪ (436)

“ਹਰਿ ਊਤਮੁ ਹਰਿ ਪ੍ਰਭ ਨਾਮੁ ਹੈ ਗੁਰ ਬਚਨਿ ਸਭਾਗੈ ਲੀਤਾ।”
– ਕਾਨ ੪, ਵਾਰ ੧੧:੩ (1317)

(4) ਚੰਗਾ, ਸ਼ੁਭ
“ਹਰਿ ਹਰਿ ਨਾਮੁ ਜਪਿਆ ਆਰਾਧਿਆ ਮੁਖਿ ਮਸਤਕਿ ਭਾਗੁ ਸਭਾਗਾ।”
– ਆਸਾ ੪, ਛੰਤ ੧੨, ੪:੪ (447)

“ਧੰਨਿ ਧੰਨਿ ਸੰਜੋਗੁ ਸਭਾਗਾ।”
– ਰਾਮ ੫, ੪੯, ੨:੨ (898)

ਹੋਰ ਰੂਪ:

ਸਭਾਗੇ –
“ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ।”
– ਗਉ ੪, ੬੨, ੧:੨ (171)

ਸੰਭਾਰਾ ----- ਸੰਭਾਲਿਆ, ਯਾਦ ਕੀਤਾ
“ਪਾਵਨ ਨਾਮੁ ਜਗਤ ਮੈ ਹਰਿ ਕੋ ਕਬਹੂ ਨਾਹਿ ਸੰਭਾਰਾ।”
– ਜੈਤ ੯, ੩, ੨:੧ (703)

ਸਭਾਲਿ ----- ਸਾਂਭ, ਯਾਦ ਕਰ

"ਕਾਰਜ ਆਪਿ ਸਵਾਰਿਅਨੁ ਸੋ ਪ੍ਰਭ ਸਦਾ ਸਭਾਲਿ।"
– ਰਾਮ ੫, ਵਾਰ ੩ਸ, ੫, ੧:੨ (957)

ਸੰਭੂ ------- (ਸੰ.) ਆਪ ਹੀ ਆਪ ਉਤਪੰਨ ਹੋਣ ਵਾਲਾ
"ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ।"
– ਗੂਜ ੧, ਅਸ ੧, ੩:੨ (503)

ਸਭੋਗੀ ----- (ਸ+ਭੋਗੀ) ਭੋਗਾਂ ਸਹਿਤ
"ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ।"
– ਭੈਰ ੧, ਅਸ ੧, ੩:੧ (1153)

ਸੰਭੌ ------- (ਸੰ.) ਆਪਣੇ ਆਪ ਤੋਂ ਉਤਪੰਨ ਹੋਇਆ
"ਅਕਾਲ ਮੂਰਤਿ ਅਜੂਨੀ ਸੰਭੌ।"
– ਮਾਝ ੫, ੧੬, ੨:੩ (99)

ਸਮ ------- (1) (ਸੰ.) ਤੁੱਲ, ਸਾਮਾਨ, ਇਕੋ ਜਿਹਾ
"ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ।"
– ਮਾਝ ੩, ਅਸ ੧੧, ੮:੩ (116)
"ਅਰਧ ਉਰਧ ਬਿਚਿ ਸਮ ਪਹਿਚਾਨਿ।" (ਹੇਠ ਉਤਾਂਹ ਭਾਵ ਸਭ ਥਾਂ ਪ੍ਰਭੂ ਨੂੰ ਇਕੋ ਜਿਹਾ ਪਹਿਚਾਣ)
– ਗਉ ਕਬ, ਥਿਤੀ ੧੪:੨ (344)
"ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮ ਲੋਚਨ।"
(ਬਰਾਬਰ ਨੇਤਰਾਂ ਵਾਲਾ ਭਾਵ ਹਰ ਇਕ ਨੂੰ ਇਕੋ ਨਜ਼ਰ ਨਾਲ ਵੇਖਣ ਵਾਲਾ)
– ਸਵ ੧, ੮:੨ (1390)
(2) ਬਰਾਬਰ ਕਰੇ, ਖਤਮ ਕਰੇ
"ਤ੍ਰਿਤੀਆ ਤੀਨੇ ਸਮ ਕਰਿ ਲਿਆਵੈ।" (ਤਿੰਨਾਂ ਗੁਣਾਂ ਨੂੰ ਬਰਾਬਰ ਕਰੇ ਭਾਵ ਖਤਮ ਕਰੇ)
– ਗਉ ਕਬ, ਥਿਤੀ ੪:੧ (343)
(3) ਤੁੱਲ, ਬਰਾਬਰ
"ਸਮ ਸੁਪਨੈ ਕੈ ਇਹੁ ਜਗੁ ਜਾਨੁ।"
– ਬੰਸ ੯, ੫, ੧:੧ (1187)
"ਬਿਨਸਤ ਨਹ ਲਗੈ ਬਾਰ ਓਰੇ ਸਮ ਗਾਤੁ ਹੈ।" (ਵਾਂਗ, ਬਰਾਬਰ)
– ਜੰਜ ੯, ੨, ੧*:੩ (1352)
"ਸਬਦ ਸਾਰੁ ਹਰਿ ਸਮ ਉਦਾਰੁ ਅਹੰਮੇਵ ਨਿਵਾਰਣੁ।" (ਹਰਿ ਵਾਂਗ ਖੁਲ੍ਹੇ ਦਿਲ ਵਾਲਾ)
– ਸਵ ੫, ਕਲ ੭:੨ (1407)
ਹੋਰ ਵੇਖੋ 'ਸਮਿ'

ਸਮਉ ----- (ਸੰ.) ਸਮਾਂ, ਵਕਤ
"ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ।"
– ਮਾਰੂ ੫, ੧੩, ੧*:੨ (1002)

ਸਮਉਲਾ ---- ਸਮਾ ਜਾਈਦਾ ਹੈ: ਪੂਰਨ ਆਨੰਦ ਨੂੰ ਪ੍ਰਾਪਤ ਹੋਇਆ (ਮਹਾਨਕੋਸ਼), ਸ+ਮੋਲਾ, ਵਾਹਿਗੁਰੂ ਵਾਲੇ (ਕੋਸ਼)

"ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦ ਹਰੇ ਗੁਣ ਗਾਵਤ ਗੁਣੀ ਸਮਉਲਾ।"

– ਕਾਨ ੪, ਵਾਰ ੬:੫ (1315)

ਸਮਇਆ --- ਸਮਾਵਣ ਨਾਲ, ਮਿਲਣ ਨਾਲ

"ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ।"

– ਸੂਹੀ ੩, ਵਾਰ੧੪:੫ (790)

ਹੋਰ ਰੂਪ:

ਸਮਈਆ –

"ਨਾਨਕ ਦੀਨ ਦਇਆਲ ਭਏ ਹੈ ਭਗਤਿ ਭਾਇ ਹਰਿ ਨਾਮਿ ਸਮਈਆ।"
(ਕੇਵਲ ਗੁਰੂ ਰਾਮ ਦਾਸ ਜੀ ਨੇ ਬਿਲਾਵਲ ਰਾਗ ਵਿਚ ਵਰਤਿਆ ਹੈ)

– ਬਿਲਾ ੪, ਅਸ ੧, ੮:੨ (833)

ਸਮਏ ------ (ਸੰ.) ਸਮੇ, ਵਕਤ

"ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ।"

– ਸਮ ੫, ੫੦:੪ (1358)

ਸਮਸਰਿ ---- (1) (ਸੰ.) ਤੁਲ, ਬਰਾਬਰ

"ਸੂਖ ਸਹਜ ਆਨੰਦ ਤਿਨਾ ਸੰਗਿ ਉਨ ਸਮਸਰਿ ਅਵਰ ਨ ਦਾਤੇ।"

– ਗਉ ੫, ੧੩੧*, ੧:੨ (207)

ਹੋਰ ਰੂਪ:

ਸਮਸਰੇ –

"ਕਿਛੁ ਪੁੰਨੁ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ।"

– ਵਡ ੧, ਛੰਤ ੧, ੪:੪ (566)

(2) ਇਕੋ ਜਿਹਾ, ਸਮਾਨ

"ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ।"

– ਆਸਾ ੧, ੧੧, ੧:੧ (351)

"ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ।"
(ਸਮਾਨ, ਵਰਗੇ)

– ਸੋਰਿ ਰਵਿ, ੩, ੧:੨ (658)

(3) ਇਕ ਸਮਾਨ ਭਾਵ ਸੰਤੁਲਿਤ

"ਗਿਆਨੁ ਧਿਆਨੁ ਲੇ ਸਮਸਰਿ ਰਹੈ।"

– ਰਾਮ ੧, ਓਅੰ ੭:੫ (930)

ਸਮਹੀ ----- ਸਮਾ ਗਈ

"ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ।"

– ਸਾਰ ੫, ੮੩, ੨:੨ (1220)

ਸਮਕਾ ----- (ਸੰ.) ਚੰਗੀ ਤਰ੍ਹਾਂ, (ਮਹਾਨਕੋਸ਼) ਸਮਾਨ (ਸ਼ਬਦਾਰਥ), ਇਕ ਸਮਾਨ (ਦਰਪਣ)ਸਮਾਇਆ ਹੋਇਆ (ਕੋਸ਼)

"ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ ਪ੍ਰਾਣਪਤੀ ਹਰਿ ਸਮਕਾ।"

– ਸਾਰ ੫, ੨੭, ੨:੨ (1209)

ਸਮਗਰੀ ---- (ਸੰ.) ਸਾਮਾਨ

"ਪੂਰਨ ਭਈ ਸਮਗਰੀ ਕਬਹੂ ਨਹੀ ਤੂਟ।"

– ਬਿਲਾ ੫, ੬੨, ੧*:੨ (816)

ਹੋਰ ਰੂਪ:

ਸਮਗ੍ਰੀ–

"ਸਗਲ ਸਮਗ੍ਰੀ ਸੰਗਿ ਸਾਥਿ ਬਸਾ।"

– ਗਉ ੫, ਸੁਖ ੪, ੨:੬ (267)

ਸਮਗ੍ਰੀ ----- (1) ਸਾਮਾਨ, ਵੇਖੋ 'ਸਮਗਰੀ'

"ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ।"

– ਸੋਰ ੫, ੨੦, ੧:੧ (614)

(2) ਚੀਜ਼ ਵਸਤ, ਭਾਵ ਸ੍ਰਿਸ਼ਟੀ ਰਚਨਾ

"ਸਗਲ ਸਮਗ੍ਰੀ ਅਪਨੈ ਸੂਤਿ ਧਾਰੈ।"

– ਗਉ ੫, ਸੁਖ ੧੦, ੩:੯ (276)

"ਸਗਲ ਸਮਗ੍ਰੀ ਜਾ ਕਾ ਤਨਾ।"

– ਗਉ ੫, ਸੁਖ ੨੩, ੬:੩ (294)

"ਸਗਲ ਸਮਗ੍ਰੀ ਮੋਹਿ ਵਿਆਪੀ ਕਬ ਊਚੇ ਕਬ ਨੀਚੇ।" (ਰਚਨਾ)

– ਸੋਰ ੫, ੯, ੧:੧ (611)

ਹੋਰ ਵੇਖੋ ' ਸਮਿਗ੍ਰੀ

ਸਮਘਾ------- ਸਮਾ ਗਏ

"ਭਉ ਜਨਮ ਮਰਣਾ ਮੇਟਿਓ ਗੁਰ ਸਬਦੀ ਹਰਿ ਅਸਥਿਰੁ ਸੇਵਿ ਸੁਖਿ ਸਮਘਾ।"

–ਸੂਹੀ ੪, ੧੧, ੧:੧ (731)

ਸਮਜਯਾ–(ਸੂੰ.) ਸਭਾ, ਮੰਡਲੀ (ਮਹਾਨਕੋਸ਼) ਦਰਪਣ, ਸਿਧ ਕਰਦਾ ਹੈ ਸ਼ਬਦਾਰਥ)(ਚੰਗੀ ਤਰਾਂ, ਸੰਥਿਆ)

"ਅਕਰਣੰ ਕਰੋਤਿ ਅਖਾਦ੍ਿ ਖਾਦ੍ੰ ਅਸਾਜੰ ਸਾਜਿ ਸਮਜਯਾ।"

–ਸਸ ੫, ੪੮;੪ (1358)

ਸਮਜਿ------- ਸਮੇਟ ਕੇ (ਸ਼ਬਦਾਰਥ/ਦਰਪਣ); ਮੰਡਲੀ (ਮਹਾਨਕੋਸ਼) ਨਾ ਜਿਤੇ ਜਾਣ ਵਾਲੇ (ਸੰਥਿਆ)

"ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਭੂਤ ਏਕ ਘਰਿ ਰਾਖਿ ਲੇ ਸਮਜਿ।"

–ਸਵ ੨, ੧:੪ (1391)

ਸਮੰਜੀਐ ---- ਸਮਾਈਦਾ ਹੈ

"ਪ੍ਰਭੁ ਛੋਡਿ ਅਨ ਲਾਗੈ ਨਰਕਿ ਸਮੰਜੀਐ।"

–ਜੈਤ ੫, ਵਾਰ ੧੦:੪ (708)

ਸਮਝ ------ ਬੁੱਧੀ, ਅਕਲ, ਸੂਝ ਬੋਧ/ਗਿਆਨ ਹੋਣਾ

"ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ।"

-ਸੋਰ ਰਵਿ, ੩, ੩:੧ (658)

"ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ।" (ਗਿਆਨ)

-ਰਾਮ ੧, ੮, ੨:੨ (879)

ਹੋਰ ਰੂਪ:

ਸਮਝਈ–

"ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ।"(ਸਮਝਦਾ)

-ਸਲੋ ੧, ੨੬:੩ (1412)

ਸਮਝਸਿ–

"ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ।"

- ਰਾਮ ਰਵਿ, ੧, ੩:੧ (974)

ਸਮਝਹੁ–

"ਗੁਰਮੁਖਿ ਸਮਝਹੁ ਸਦਾ ਸੁਖੁ ਹੋਈ।"

-ਗਉ ੩, ਅਸ ੨, ੪:੨ (230)

ਸਮਝਣੰ–

"ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ।"

-ਗਾਥਾ ੫, ੧੦:੧ (1360)

ਸਮਝਤ–

"ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ।"

-ਦੇਵ ੯, ੩, ੨:੧ (536)

ਸਮਝਾ–

"ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ।"

- ਧਨਾ ੧, ਛੰਤ ੧, ੪:੨ (688)

ਸਮਝਾਊ–

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ।" ਸਿਖਿਆ ਦਿੰਦਾ ਬੋਧ ਕਰਾਉਂਦਾ ਹੈ)

- ਗੋਂਡ ਨਾਮ, ੭, ੧*:੧ (874)

ਸਮਝਾਇ–

"ਭਾਈ ਰੇ ਇਸੁ ਮਨ ਕਉ ਸਮਝਾਇ।"
(ਸਿਖਿਆ ਦੇ)

- ਸਿਰੀ ੩, ੩੯, ੧*:੧ (28)

"ਕਰਹੁ ਕ੍ਰਿਪਾ ਭ੍ਰਮੁ ਚੁਕਈ ਮੈਂ ਸੁਮਤਿ ਦੇਹੁ ਸਮਝਾਇ।" (ਬੋਧ ਕਰਵਾਓ)

-ਗਉ ਰਵਿ, ੧, ੨:੨ (346)

ਸਮਝਾਇਓ–

"ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ।"

-ਸਾਰ ੯, ੪, ੧:੨ (1232)

ਸਮਝਾਇਆ–

"ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ।"

-ਸਿਰੀ ੧, ਅਸ ੧੨, ੮:੨ (61)

ਸਮਝਾਇਸੀ –

"ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ।"

-ਸਲੋ ੩, ੬੭;੧ (1421)

ਸਮਝਾਦੀ –

"ਨਿਮਖ ਮਾਹਿ ਨਾਨਕ ਸਮਝਾਈ।"

– ਗਉ ੫, ਬਾਅ ੪੭:੮ (260)

ਸਮਝਾਈਐ –

"ਜਿਥੈ ਬਹਿ ਸਮਝਾਇਐ ਤਿਥੈ ਕੋਇ ਨ ਚਲਿਓ ਨਾਲਿ।"

-ਸਿਰੀ ੧, ੩, ੨:੨ (15)

ਸਮਝਾਏ –

"ਹਮ ਬਾਰਿਕ ਤੂੰ ਗੁਰੁ ਪਿਤਾ ਹੈ ਦੇ ਮਤਿ ਸਮਝਾਏ।"

-ਅਸ ੪, ਛੰਤ ੧੭, ੪:੩ (450)

ਸਮਝਾਹਿ –

"ਨਾਨਕ ਗੁਰਮੁਖਿ ਮਨੁ ਸਮਝਾਹਿ।"

-ਰਾਮ ੧, ਸਿਗੋ ੫੨:੬ (943)

ਸਮਝਾਹੀ –

"ਹਰਿ ਕੇ ਗੁਣ ਨਿਤ ਗਾਵਦੇ ਹਰਿ ਗੁਣ ਗਾਇ ਗੁਣੀ ਸਮਝਾਹੀ।"

-ਸੋਰ ੪, ਵਾਰ ੧੭:੪ (649)

ਸਮਝਾਵਉ –

"ਹਿੰਦੂ ਤੁਰਕ ਦੋਊ ਸਮਝਾਵਉ।"

-ਆਸਾ ਕਬ, ੧੩, ੪:੨(479)

ਸਮਝਾਵਓ –

"ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ।"

-ਤੁਖਾ ੧, ਛੰਤ ੬, ੫:੬ (1113)

ਸਮਝਾਵਹਿ –

"ਤੂੰ ਸਮਝਾਵਹਿ ਮੇਲਿ ਮਿਲਾਉ।"

-ਗਉ ੧, ੫, ੧:੪ (152)

ਸਮਝਾਵਹਿਗੇ –

"ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇਂ।"

-ਕਲਿ ੪, ੬, ੧:੧(1321)

ਸਮਝਾਵਹੁ –

"ਲੋਕ ਸਮਝਾਵਹੁ ਸੁਣੇ ਨ ਕੋਈ।"

-ਗਉ ੩, ਅਸ ੨, ੪:੨ (230)

ਸਮਝਾਵਣਿ –

"ਅਵਰੀ ਨੋ ਸਮਝਾਵਣਿ ਜਾਇ।"

-ਮਾਝ ੧, ਵਾਰ ੫ਸ, ੧, ੧:੨(140)

ਸਮਝਾਵਣੀ –

"ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ।"

-ਆਸਾ ੧, ੩੧, ੩:੧ (358)

ਸਮਝਾਵਤ–
"ਰੇ ਮਨ ਮੂੜ ਸਿਮਰਿ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ।"
-ਸਮ ੫, ੭*:੬ (1388)

ਸਮਝਾਵਨ –
"ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।"
-ਗਉ ਕਬ, ਬਾਅ ੫:੨ (340)

ਸਮਝਾਵਾ–
"ਅਕਹ ਕਹਾ ਕਹਿ ਕਾ ਸਮਝਾਵਾ।"
-ਗਉ ਕਬ, ਬਾਅ ੭:੪ (340)

ਸਮਝਾਵੈ –
"ਰਵਿਦਾਸ ਸਮ ਦਲ ਸਮਝਾਵੈ ਕੋਊ।"
-ਸਿਰੀ ਰਵਿ, ੧, ੩:੨ (93)

ਸਮਝਿਓ –
"ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ।"
-ਸਾਰ ੯, ੪, ੧:੨(1232)

ਸਮਝੁ –
"ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ।"
-ਸਿਰੀ ੧, ਅਸ ੧੭, ੪:੨ (64)

ਸਮਝੇ –
"ਬਿਨੁ ਸਮਝੇ ਜਮ ਕਾ ਦੁਖੁ ਸਹਸੀ।"
-ਆਸਾ ੧, ਅਸ ੮, ੨:੨ (415)

ਸਮਝੈ –
"ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ।"
-ਸਿਰੀ ੫, ੭੪, ੧:੧ (43)

ਸਮਝਸਿ –
(1) ਸਮਝੇ, ਬੋਧ ਪ੍ਰਾਪਤ ਕਰੇ, ਵੇਖੋ 'ਸਮਝ'
(2) ਸਮਝਦਾਰ
"ਮਨੁ ਭੂਲਉ ਸਮਝਸਿ ਸਾਚ ਨਾਇ।"
(ਭੁਲਾ ਹੋਇਆ ਮਨ ਸੱਚੇ ਨਾਮ ਨਾਲ ਸਮਝਦਾਰ ਹੋ ਸਕਦਾ ਹੈ)
-ਬਸੰ ੧, ਅਸ ੨, ੧*:੧ (1187)

ਸਮਣੇ ------ ਸਮਾਏ
"ਜਿਉ ਸਲਲੈ ਸਲਲ ਉਠਹਿ ਬਹੁ ਲਹਰੀ ਮਿਲਿ ਸਲਲੈ ਸਲਲ ਸਮਣੇ।"
- ਨਟ ੪, ੬, ੨:੨ (977)

ਸਮਤ ------ (ਸੰ.) ਸਮਾਨ, ਇਕ ਰੂਪ, ਇਕੋ ਜਿਹੇ
"ਮਿਤ੍ਰੂ ਸਤ੍ਰੂ ਨ ਕਛੂ ਜਾਨੈ ਸਰਬ ਜੀਅ ਸਮਤ।"
- ਮਾਰੂ ੫, ਅਸ ੩, ੪:੨ (1018)
"ਅਰਚਾ ਬੰਦਨ ਹਰਿ ਸਮਤ ਨਿਵਾਸੀ ਬਹੁੜਿ ਜੋਨਿ ਨ ਨੰਗਨਾ।"

(ਇਕੋ ਜਿਹੇ ਵਿਆਪਕ, ਇਕ ਸਮਾਨ ਵਰਤ ਰਹੇ)
– ਮਾਰੂ ੫, ਸੋਲਾ ੯, ੫:੩ (1080)

ਹੋਰ ਰੂਪ:

ਸਮਤੁ–
“ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ।” (ਸਾਰੇ ਇਕੋ ਜਿਹੇ ਹਨ)
– ਗਉ ੪, ਵਾਰ ੧ਸ, ੪, ੧:੧(300)

ਸਮਤੁਲਿ ---- ਸਮਾਨ, ਬਰਾਬਰ
“ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮਤੁਲਿ ਨਹੀਂ ਆਨ ਕੋਊ।”
– ਮਲਾ ਰਵਿ, ੨, ੧*:੧ (1293)

ਸਮਥੁ ------ (ਸੰ.) ਸ਼ਕਤੀਸ਼ਾਲੀ, ਤਾਕਤ ਰਖਨ ਵਾਲਾ
“ਭੰਜਨ ਗੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ।”
–ਸਵ ੪, ਮਥੁ ੧:੪ (1404)

ਸਮਦਰਸੀ --- (1) ਇਕ ਨਜ਼ਰ ਨਾਲ ਵੇਖਣ ਵਾਲਾ
“ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ।”
– ਸਿਰੀ ੫ ੯੬, ੨:੨ (51)

(2) ਇਕੋ ਦ੍ਰਿਸ਼ਟ ਨਾਲ ਵੇਖਣ ਵਾਲਾ (ਵਾਹਿਗੁਰੂ)
“ਗੁਰਮੁਖਿ ਖੋਜਿ ਲਹਹਿ ਜਨ ਪੂਰੇ ਇਉ ਸਮਦਰਸੀ ਚੀਨਾ ਹੇ।”
– ਮਾਰ ੧, ਸੋਲਾ ੮, ੧੩:੩ (1028)

ਸਮਦਲ ---- ਸਮੂੰਹ (ਦਲ) ਵਿਚ ਇਕ ਸਮਾਨ ਵਿਆਪਕ (ਹਰੀ)
“ਰਵਿਦਾਸ ਸਮਦਲ ਸਮਝਾਵੈਂ ਕੋਊ।”
– ਸਿਰੀ ਰਵਿ ੧, ੩:੨(93)

ਸਮਦ੍ਰਿਸਟਾ -- ਇਕੋ/ਸਮਾਨ ਦ੍ਰਿਸ਼ਟੀ ਨਾਲ ਵੇਖਣ ਵਾਲਾ
“ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ।”
–ਗੋਂਡ ੫, ੧, ੨:੪ (862)

ਸਮਦ੍ਰਿਸਟਿ -- ਬਰਾਬਰ ਸਮਾਨ
“ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਮ ਦ੍ਰਿਸਟਿ ਦਿਖਾਈ।”
–ਵਡ ੪, ਵਾਰ ੧੯:੪ (594)

ਸਮਧਾ ----- (1) (ਸੰ.)ਲਕੜੀ ਖਾਸ ਕਰਕੇ ਯੱਗ ਕਰਨ ਯੋਗ ਲਕੜੀ
“ਤਨੁ ਮਨੁ ਸਮਧਾ ਜੇ ਕਰੀ ਅਨਦਿਨੁ ਅਗਨਿ ਜਲਾਇ।”
–ਸਿਰੀ ੧, ੧੪, ੨:੨(62)

ਹੋਰ ਰੂਪ:

ਸਮਧਾਂ –
“ਸਾਦ ਕਰਿ ਸਮਧਾਂ ਤ੍ਰਿਸਨਾ ਘਿਉ ਤੇਲੁ।”

- ਮਲਾ ੧, ੮, ੩:੧(1257)

(2) ਟਿਕਾਉ ਵਾਲਾ, ਸ਼ਾਂਤ, ਪੂਰਨ ਅਵਸਥਾ ਵਾਲਾ
"ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮਖਿ ਨਾਮੁ ਧਿਆਇਆ।"
- ਗੂਜ ੩, ਵਾਰ ੧੨ਸ, ੩, ੨:੬ (513)

('ਮਹਾਨ ਕੋਸ਼ ਇਥੇ ਸੰ. ਤੋਂ ਉਤਪਤਿ ਮੰਨ 'ਸਮਧਾ' ਦੇ ਅਰਥ ਵਿਸ਼ੇਸ਼ ਰਿਧਿ ਵਾਲਾ, ਬਹੁਤ ਸੰਪਦਾ ਵਾਲਾ ਕਰਦਾ ਹੈ।)

ਹੋਰ ਰੂਪ:

ਸਮਧੇ -
"ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ।"
- ਬਿਲਾ ੪, ਵਾਰ ੮ਸ, ੩, ੧:੧੦ (852)

ਸੰਮਨ ------ ਮੂਸਨ ਦਾ ਪਿਤਾ - ਸ਼ਾਹਬਾਜਪੁਰੇ ਦਾ ਭਾਣਾ ਮੰਨਣ ਵਿਚ ਅਦੁੱਤੀ- ਗੁਰੂ ਅਰਜਨ ਸਾਹਿਬ ਦਾ ਇਕ ਸਿੱਖ
"ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ।"
-ਚਉ ੫, ੧:੧ (1363)

ਸਮਪਉ ----- (ਸੰ.) ਸਉਂਪਾਂ। ਸਪੁਰਦ ਕਰਾਂ
"ਜੀਉ ਸਮਪਉ ਆਪਣਾ ਤਨੁ ਮਨੁ ਆਗੈ ਦੇਉ।"
-ਰਾਮ ੧, ਓਅੰ ੪੩:੬ (936)

ਸਮਪਹਿ----- ਦਿੰਦੇ ਹਨ
"ਤਿ ਨਰ ਸੇਵ ਨਹੁ ਕਰਹਿ ਤਿ ਨਰ ਸਯ ਸਹਸ ਸਮਪਹਿ।"
-ਸਵ ੩, ੧੧:੩ (1394)

ਸਮਬ੍ਰਿਅੰ ---- ਇਕੋ ਜਿਹਾ, ਇਕ ਰਸ
"ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨਮਿਦੰ।"
- ਗੂਜ ਜੈਦੇ ੧, ੨:੨(526)

ਸਮਰਥ ----- (1) ਸ਼ਕਤੀਵਾਨ, ਬਲਵਾਨ, ਯੋਗ, ਹੋਰ ਵੇਖੋ 'ਸਮ੍ਰਥ'
"ਤੁਮ ਸਮਰਥ ਸਦਾ ਸੁਖਦਾਤੇ।"
- ਮਾਝ ੫, ੧੮, ੨:੨ (99)

"ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ।"
(ਸ਼ਕਤੀਸ਼ਾਲੀ ਪ੍ਰਭੂ)
-ਗੂਜ ੫, ਅਸ ੨, ੪:੧ (508)

ਹੋਰ ਰੂਪ:

ਸਮਰਥਹ -
"ਕਰਣ ਕਾਰਣ ਸਮਰਥਹ ਦਾਨੁ ਦੇਤ ਪ੍ਰਭੁ ਪੂਰਨਹ।"
- ਸਸ ੫, ੪੩:੨ (1357)

ਸਮਰਥਾ -
"ਸਤਿਗੁਰੁ ਮੇਰਾ ਵਡ ਸਮਰਥਾ।"
-ਮਾਝ ੫, ੧੫, ੨:੧ (99)

ਸਮਰਥੋਰੰ –

"ਕਹੁ ਨਾਨਕ ਮੈ ਸੋ ਪ੍ਰਭੁ ਪਾਇਆ ਕਰਣ ਕਾਰਣ ਸਮਰਥੋਹੰ।"

–ਸਾਰ ੫, ੩੭, ੨:੧(1211)

ਸਮਰਥਿ –

ਦਇਆ ਧਾਰੀ ਸਮਰਥਿ ਚੁਕੇ ਬਿਲਬਿਲਾਪ।

– ਗੂਜ ੫, ਵਾਰ ੧੩:੩ (521)

ਸਮਰਥੁ –

"ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ।"

–ਸਿਰੀ ੫, ੯0, ੨:੩(49)

"ਬਿਨਵੰਤਿ ਨਾਨਕ ਕਰਹੁ ਕਿਰਪਾ ਸਮਰਥ ਸਭ ਕਲ ਧਾਰੀ।"
(ਸਮਰਥ ਪ੍ਰਭੂ ਨੇ)

– ਗਉ ੫, ਛੰਤ ੩, ੩:੪ (249)

"ਤੂ ਕਰਣ ਕਾਰਣ ਸਮਰਥੁ ਹੈ ਤੂ ਕਰਹਿ ਸੁ ਥੀਆ।"

– ਵਡ ੪, ਵਾਰ ੧:੩ (585)

ਸਮਰਥੇ –

"ਹਮਰੀ ਮਤਿ ਵਸਗਤਿ ਪ੍ਰਭ ਤੁਮਰੈ ਜਨ ਨਾਨਕ ਕੇ ਪ੍ਰਭ ਸਮਰਥੇ।"

– ਕਲਿ ੪, ੩, ੪:੨ (1320)

ਸਮਰਥੋ –

"ਕਰਨ ਕਰਾਵਨ ਸਮਰਥੋ ਭਾਈ ਸਰਬ ਕਲਾ ਭਰਪੂਰ।"

– ਸੋਰ ੫, ਅਸ ੧, ੪:੪ (640)

ਸਮਰਾਥ –

"ਨਾਨਕ ਪਾਰਬ੍ਰਹਮ ਸਮਰਾਥ।"

–ਗਉ ੫, ੯੫, ੪:੪(184)

ਸਮਰਾਥਾ –

"ਕਹੁ ਨਾਨਕ ਮੇਰਾ ਗੁਰੁ ਸਮਰਾਥਾ।"

–ਗਉ ੫, ਅਸ੯, ੮:੨(240)

ਸਮ੍ਰਥੁ –

"ਤਾਰਣ ਤਰਣ ਸਮ੍ਰਥੁ ਕਲਿਜੁਗਿ ਸੁਨਤ ਸਮਾਧਿ ਸਬਦ ਜਿਸੁ ਕੇਰੇ।"

–ਸਵ ੪, ਨਲ ੯:੨ (1400)

(2) ਬਰਾਬਰ, ਤੁਲ, ਬਰਾਬਰ

"ਕਰਨ ਕਰਾਵਨ ਸਭ ਕਿਛੁ ਤੁਮ ਹੀ ਤੁਮ ਸਮਰਥ ਨਾਹੀ ਅਨ ਹੋਰੀ।"

– ਗਉ ੫, ੧੩੪, ੧:੧ (208)

ਹੋਰ ਰੂਪ:

ਸਮਰਥੁ –

"ਹਮ ਹਰਿ ਸਿਉ ਧੜਾ ਕੀਆ ਜਿਸ ਕਾ ਕੋਈ ਸਮਰਥੁ ਨਾਹਿ।"

–ਆਸਾ ੪, ੫੪, ੨:੪ (366)

(3) ਸ਼ਕਤੀ, ਸਮਰਥਾ, ਤਾਕਤ

"ਞਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ।"

– ਗਉ ੫, ਬਾਅ ੨੬:੭ (255)

ਹੋਰ ਰੂਪ:

ਸਮਰਥੰ –
"ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ।"
– ਸਸ ੫, ੨੨:੧ (1356)

(4) ਸ਼ਕਤੀ ਵਾਲੀ, ਤਾਕਤ ਵਾਲੀ
"ਸਰਣਿ ਸਮਰਥ ਏਕ ਕੇਰੀ ਦੂਜਾ ਨਾਹੀ ਠਾਉ।"
– ਆਸਾ ੫, ੧੩੬, ੨:੧ (405)

ਸੰਮਲਾ ----- ਸੰਭਾਲਾਂ, ਯਾਦ ਕਰਾਂ
"ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ।"
– ਸਿਰੀ ੧, ੧੬, ੩:੧ (20)

ਹੋਰ ਰੂਪ:

ਸੰਮਲੁ –
"ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ"
– ਸਿਰੀ ਬੇਣੀ, ੧, ੧:੩ (93)

ਸੰਮਲੈ –
"ਪੇਵਕੜੈ ਗੁਣ ਸੰਮਲੈ ਸਾਹੁਰੈ ਵਾਸੁ ਪਾਇਆ।"
-ਗਉ ੩, ੩੭, ੧:੩ (162)

ਸੰਮਲਿ ----- ਜਾਂਚ/ਪਰਖ ਕਰਕੇ
"ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।"
– ਸੂਹੀ ੫, ਛੰਤ ੧੧, ੧:੨(784)

ਸਮਲਿ ----- ਹੁਸ਼ਿਆਰ/ਖਬਰਦਾਰ/ਸੁਚੇਤ ਹੋ ਕੇ
"ਫਰੀਦਾ ਜੇ ਜਾਣਾ ਤਿਲ ਥੋੜੜੇ ਸਮਲਿ ਬੁਕੁ ਭਰੀ।"
– ਸਲੋ ਫਰ, ੪:੧ (1378)

ਸੰਮਲੁ ----- (1) ਸੰਭਾਲ, ਸਾਂਭ
"ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ।"
– ਸਿਰੀ ੫, ੯੨, ੧:੨ (50)

ਹੋਰ ਰੂਪ:

ਸੰਮਲੇ –
"ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ।"
– ਰਾਮ ੧, ਓਅੰ ੪੫:੧ (936)

(2) ਯਾਦ ਕਰਕੇ, ਵੇਖੋ 'ਸੰਮਲਾ'

ਸਮਾਉ------ (ਸੰ.) ਸਮਾਉਂਦੇ ਹਨ, ਲੀਨ ਹੁੰਦੇ ਦਿਸਦੇ ਹਨ/ ਮੈਂ ਸਮਾਵਾਂ
"ਦਰਿ ਸਚੈ ਸਚੀ ਵਡਿਆਈ ਸਹਜੇ ਸਚਿ ਸਮਾਉ।"
-ਸਿਰੀ ੩, ੪੫, ੪:੨(31)
"ਹੁਕਮੇ ਹਰਿ ਹਰਿ ਮਨਿ ਵਸੈ ਹੁਕਮੇ ਸਚਿ ਸਮਾਉ।"
-ਸਿਰੀ ੩, ਅਸ 20, ੫:੩ (66)

“ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ ਸਮਾਉ।”
– ਮਾਝ ੫, ਦਿਨ ੪:੩ (137)

ਹੋਰ ਰੂਪ:

ਸਮਾਓ –
“ਸੁਣਿ ਸਖੀ ਸਹੇਲੀ ਜੀਅ ਕੀ ਮੇਲੀ ਗੁਰ ਕੈ ਸਬਦਿ ਸਮਾਓ।”
– ਗਉ ੩, ਛੰਤ ੧, ੨:੪ (243)

ਸਮਾਇ –
“ਕਹਣੈ ਵਾਲੇ ਤੇਰੇ ਰਹੇ ਸਮਾਇ।”
– ਆਸਾ ੧, ਸੋਦ ੨, ੧:੪ (9)
(ਹੋਰ ਵੇਖੋ ‘ਸਮਾਵਉ’)

ਸਮਾਇਓ –
“ਸਹਜਿ ਸਮਾਇਓ ਦੇਵ।”
– ਗਉ ੫, ੧੩੬*, ੧:੧ (209)

ਸਮਾਇਅਉ –
“ਨਾਨਕ ਆਦਿ ਅੰਗਦ ਅਮਰ ਸਤਿਗੁਰ ਸਬਦਿ ਸਮਾਇਅਉ।”
–ਸਵ ੫, ਕਲ ੫:੫ (1407)

ਸਮਾਇਅਨੁ –
“ਨਾਨਕ ਸਹਜਿ ਸਮਾਇਅਨੁ ਹਰਿ ਆਪਣੀ ਕ੍ਰਿਪਾ ਕਰੇ।”
– ਸਿਰੀ ੪, ਵਾਰ ੧੯ਸ, ੩, ੨:੪ (90)

ਸਮਾਇਆ –
“ਸਹਜੇ ਹੀ ਹਰਿ ਨਾਮਿ ਸਮਾਇਆ।”
– ਆਸਾ ੪, ਸੋਪੁ ੨, ੩:੪ (11)

ਸਮਾਇਣ–
“ਬਿਨਵੰਤਿ ਨਾਨਕ ਜਨ ਧੂਰਿ ਬਾਂਛਹਿ ਹਰਿ ਦਰਸ ਸਹਜਿ ਸਮਾਇਣ।”
–ਕਾਨ ੫, ਛੰਤ ੧, ੨:੬ (1312)

ਸਮਾਇਣੁ –
“ਲਬਿ ਲੋਭਿ ਅਹੰਕਾਰਿ ਮਾਤਾ ਗਰਬਿ ਭਇਆ ਸਮਾਇਣੁ।”
– ਆਸਾ ੫, ਛੰਤ ੧੧, ੨:੫ (460)

ਸਮਾਇਲਾ –
“ਤੂ ਦਇਆਲੁ ਰਤਨੁ ਲਾਲੁ ਨਾਮਾ ਸਾਚਿ ਸਮਾਇਲਾ।”
–ਪ੍ਰਭ ਨਾਮ, ੨, ੩:੨ (1351)

ਸਮਾਇਲੋ –
“ਨਾਦਿ ਸਮਾਇਲੋ ਰੇ ਸਤਿਗੁਰੁ ਭੇਟਿਲੇ ਦੇਵਾ।”
– ਸੋਰ ਨਾਮ, ੧, ੧*:੧ (656)

ਸਮਾਈ –
“ਆਪੇ ਮਨਿ ਵਸਿਆ ਪ੍ਰਭੁ ਕਰਤਾ ਸਹਜੇ ਰਹਿਆ ਸਮਾਈ।”
–ਸਿਰੀ ੩, ੨੪, ੩:੨ (69)

“ਤੇ ਜਨ ਨਾਨਕ ਨਾਮਿ ਸਮਾਈ।”
–ਗਉ ੪, ੪੦, ੪:੨ (164)

ਸਮਾਈਐ –
"ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ।" (ਲੀਨ ਹੋਈਦਾ ਹੈ)
-ਸਿਰੀ ੧, ਅਸ ੬, ੧*:੨ (56)

ਸਮਾਏ –
"ਗੁਰ ਕੈ ਸਬਦਿ ਸਦ ਰਹੈ ਸਮਾਏ।"
– ਮਾਝ ੩, ਅਸ ੧੯, ੫:੨ (120)

ਸਮਾਇ ----- (1) ਲੀਨ, ਵੇਖੋ 'ਸਮਾਉ'
(2) ਵਿਆਪਕ
"ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ।"
-ਸਿਰੀ ੧, ੪, ੪:੧ (15)

"ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ।"
-ਸਿਰੀ ੩, ੩੬, ੨:੩ (27)

"ਆਗੈ ਪਾਛੈ ਹੁਕਮਿ ਸਮਾਇ।"
– ਗਉ ੧, ੨, ੨:੪ (151)

ਹੋਰ ਰੂਪ:

ਸਮਾਇਓ –
"ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ।"
-ਸੋਰ ੫, ੨੯, ੨:੨ (617)

ਸਮਾਇਆ –
"ਤੂੰ ਸਭਨਾ ਮਾਹਿ ਸਮਾਇਆ।"
– ਸਿਰੀ ੧, ਅਸ ੨੮, ੧੫:੧ (72)

ਸਮਾਇਣੁ –
"ਪੂਰਨ ਪੂਰਿ ਰਹੇ ਕਿਰਪਾ ਨਿਧਿ ਘਟਿ ਘਟਿ ਦਿਸਟਿ ਸਮਾਇਣੁ।"
– ਨਟ ੫, ੭, ੧:੨ (939)

ਸਮਾਇਦਾ –
"ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ।"
– ਮਾਰੂ ੧, ਸੋਲਾ ੧੩, ੬:੩ (1033)

ਸਮਾਈ –
"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।"
– ਜਪੁ ੧, ੫:੭ (2)

"ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ।"
-ਗਉ ੪, ੩੯, ੪:੧ (164)

ਸਮਾਈਐ –
"ਅੰਤਰਿ ਏਕੋ ਬਾਹਰਿ ਏਕੋ ਸਭ ਮਹਿ ਏਕੁ ਸਮਾਈਐ।"
– ਦੇਵ ੫, ੧, ੧:੧ (528)

ਸਮਾਏ –
"ਅਲਖ ਅਭੇਉ ਹਰਿ ਰਹਿਆ ਸਮਾਏ।"
– ਮਾਝ ੩, ਅਸ ੩੦, ੨:੧ (127)

(3) ਮਿਲ ਜਾਣਾ, ਰਲ ਜਾਣਾ

“ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ।”

– ਸਿਰੀ ੧, ੨੨, ੨:੩ (22)

ਹੋਰ ਰੂਪ:

ਸਮਾਇਆ –

“ਮਿਲਿ ਬ੍ਰਹਮ ਜੋਤੀ ਓਤਿ ਪੋਤੀ ਉਦਕੁ ਉਦਕਿ ਸਮਾਇਆ।”

– ਬਿਹਾ ੫, ਛੰਤ ੫, ੪:੩ (545)

ਸਮਾਇਦਾ–

“ਗੁਰਮੁਖਿ ਹੋਇ ਸੁ ਹੁਕਮੁ ਪਛਾਣੈ ਮਾਨੈ ਹੁਕਮੁ ਸਮਾਇਦਾ।” (ਮਿਲ ਜਾਂਦਾ ਹੈ)

– ਮਾਰੂ ੧, ਸੋਲ ੧੬, ੯:੩ (1037)

ਸਮਾਏ –

“ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਿਜ ਸਮਾਏ।”

– ਗਉ ੩, ੩, ੧:੨ (245)

“ਜਿਸ ਤੇ ਉਪਜੇ ਤਿਸੁ ਮਹਿ ਸਮਾਏ”

–ਗਉ ੫, ਸੁਖ ੧੪, ੮:੭ (282)

ਸਮਾਇਯਉ –

“ਗੁਰ ਗਮ ਪ੍ਰਮਾਣਿ ਅਜਰ ਜਰਿਓ ਸਤ ਸੰਤੋਖ ਸਮਾਇਯਉ।”

– ਸਵ ੫, ਕਲ ੮:੫ (1408)

(4) ਮੁਕ ਜਾਣਾ, ਦੂਰ ਹੋ ਜਾਣਾ

“ਗੁਰ ਪਰਸਾਦੀ ਮਨਿ ਵਸੈ ਮਲੁ ਹਉਮੈ ਜਾਇ ਸਮਾਇ।”

– ਸਿਰੀ ੩, ੬੪, ੨:੩ (39)

“ਆਸ ਅੰਦੇਸਾ ਦੂਰਿ ਕਰਿ ਇਉ ਮਲੁ ਜਾਇ ਸਮਾਇ।” (ਮੁਕ ਜਾਣਾ)

– ਸਿਰੀ ੧, ਅਸ ੭, ੪:੩ (57)

ਹੋਰ ਰੂਪ:

ਸਮਾਇਆ –

“ਹੁਕਮੇ ਆਇਆ ਹੁਕਮਿ ਸਮਾਇਆ।”

–ਮਾਰੂ ੧, ਸੋਲਾ ੧੬, ੧੦:੧ (1037)

“ਜੀਅ ਜੰਤ ਓਪਾਇ ਸਮਾਇਆ।” (ਮੁਕਾ ਦਿੰਦਾ ਹੈ)

– ਮਾਰੂ ੫, ਸੋਲਾ ੧੦, ੯:੨ (1081)

ਸਮਾਇਲੇ –

“ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ।”(ਰੋਕ ਕੇ, ਮੁਕਾ ਕੇ)

– ਆਸਾ ੧, ਅਸ ੧੫, ੧:੧ (419)

ਸਮਾਏ –

“ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ।” (ਮੁਕਾ ਦੇਵੇ)

–ਆਸਾ ੧, ੧੬, ੪:੧ (353)

(5) ਲਗ ਜਾਣਾ

“ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ।” (ਪਤੀ ਦੇ ਅੰਗ ਲਗ ਜਾਂਦੀ ਹੈ)

– ਸਿਰੀ ੩, ਅਸ ੨੧, ੨:੩ (66)

ਹੋਰ ਰੂਪ:

ਸਮਾਈਐ –
“ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ।”
– ਗਉ ੩, ਛੰਤ ੨, ੧:੪ (244)

(6) (ਫਾ. ਸੁਨਵਾਈ ਸੁਲਾਹ ਹੋ ਜਾਣੀ, ਸਮਾਈ ਹੋਣੀ ਸੁਣਾਈ ਹੋਣੀ (ਕੇਵਲ ਸ਼ਬਦਾਰਥ)
“ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ।”
– ਸਿਰੀ੧, ਵਾਰ ੧੨ਸ, ੩, ੨:੫ (87)

(7) ਇਕ ਕਰ ਦੇਵੇ ਅਰਥਾਤ ਇਕੋ ਸਮਝੇ
“ਨਾਦ ਬਿੰਦ ਕੀ ਸੁਰਤਿ ਸਮਾਇ।
– ਆਸਾ ੧, ੧੨, ੨:੩ (352)

(8) ਕਾਇਮ/ਸਥਿਰ ਰਹਿਣਾ
“ਸਾਚੀ ਪ੍ਰੀਤਿ ਨ ਤੁਟਈ ਜੁਗੁ ਜੁਗੁ ਰਹੀ ਸਮਾਇ।”
– ਆਸਾ ੫, ਬਿਰ ੨, ੬:੧ (432)

(9) ਅਭਿਆਸ, ਅਮਲ
“ਤਉ ਦਰਸਨ ਕੀ ਕਰਉ ਸਮਾਇ।”
– ਤਿਲੰ ੧, ੨, ੧*:੧ (721)
(ਮਹਾਨ ਕੋਸ਼ ਇਥੇ ‘ਸਮਾਇ’ ਦੇ ਅਰਥ ‘ਵਜਦ’ ਮਸਤੀ ਦੀ ਹਾਲਤ, ‘ਸਮਾਧੀ’ ਕਰਦਾ ਹੈ। ਵਿਉਤਪਤੀ ਅਰਬੀ ਸ਼ਬਦ ਤੋਂ ਲਈ ਹੈ)
“ਨਾਉ ਲੈਨਿ ਅਰੁ ਕਰਨਿ ਸਮਾਇ।”
– ਸਲੋ ੧, ੬:੩ (1410)

(10) (ਸੰ.) ਪਹੁੰਚਾ ਦਿੰਦਾ ਹੈ
“ਜਿਨ੍ਹਿ ਕੀਤੇ ਤਿਸੈ ਨ ਸੇਵਨ੍ਹੀ ਦੇਦਾ ਰਿਜਕੁ ਸਮਾਇ।”
– ਸਾਰ ੪, ਵਾਰ ੩੧ਸ, ੩, ੧:੩ (1249)
(ਮਹਾਨਕੋਸ਼ ਇਥੇ ‘ਸਮਾਇ’ ਦੇ ਅਰਥ ਕਿਰਪਾ ਸਹਿਤ ਕਰਦਾ ਹੈ)

(11) ਪ੍ਰਾਪਤੀ – (ਮਹਾਨਕੋਸ਼)
“ਹਰਿ ਰਸੁ ਸਾਧੂ ਹਾਟਿ ਸਮਾਇ।”
– ਆਸਾ ੫, ੨੭, ੨:੨ (377)

(12) ਸ+ਮਾਇ: ਮਾਇਆ ਸਹਿਤ (ਮਹਾਨਕੋਸ਼)
“ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ।”
– ਸਿਰੀ ੩, ੧੯, ੨:੨ (65)

(13) (ਅ.) ਸੁਣ ਕੇ
“ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ।”
(ਕੰਨਾਂ ਰਾਹੀਂ ਸੁਣਕੇ ਧਿਆਨ ਜੋੜਦਾ ਹੈ)
– ਮਾਝ ੧, ਵਾਰ ੨ਸ, ੧, ੧:੨ (138)

(14) ਅਭਿਮਾਨ (ਮਹਾਨਕੋਸ਼)
“ਕੋਈ ਰਾਜਾ ਰਹਿਆ ਸਮਾਇ।”
– ਮਾਝ ੧, ੧੮, ੧:੨ (354)

ਸਮਾਇਓ --- (1) ਲੀਨ ਹੋਣਾ, ਵੇਖੋ ‘ਸਮਾਉ’

(2) ਵਿਆਪਕ, ਵੇਖੋ 'ਸਮਾਇ' (2)
(3) ਸਮਾ ਜਾਣਾ, ਪੂਰਾ ਆ..ਜਾਣਾ
"ਸਿੰਧੁ ਸਮਾਇਓ ਘਟੁਕੇ ਮਾਹਿ।"
– ਰਾਮ ੫, ੫੧, ੩:੩ (899)

ਸਮਾਇਆ -- (1) ਸਮੇਟਿਆ, ਖਤਮ ਕੀਤਾ
"ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ।"
– ਵਡ ੧, ਅਲਾ ੪, ੧:੧ (581)
(2) ਲੀਨ ਹੋਣਾ, ਵੇਖੋ 'ਸਮਾਉ'
(3) ਵਿਆਪਕ, ਵੇਖੋ 'ਸਮਾਇ' (2)
(4) ਮਿਲ ਜਾਣਾ, ਰਲ ਜਾਣਾ ਵੇਖੋ 'ਸਮਾਇ' (3)
(5) ਵਰਤੀਨ ਲਗਾ (ਭਾਵ)
"ਦੁਤੀਆ ਅਰਧੋ ਅਰਧਿ ਸਮਾਇਆ।"
– ਰਾਮ ੫, ੧੨, ੨:੩ (886)
(6) ਮਿਟ ਗਿਆ, ਵੇਖੋ 'ਸਮਾਇ' (4)
(7) ਵਾਸਾ ਹੋਇਆ, ਨਿਵਾਸ ਮਿਲਿਆ
"ਬਿਸਟਾ ਕੀਟ ਭਏ ਉਤ ਹੀ ਤੇ ਉਹ ਹੀ ਮਾਹਿ ਸਮਾਇਆ।"
– ਮਲਾ ੧, ੩, ੨:੩ (1255)

ਸਮਾਇਣੁ --- (1) ਲੀਨ ਹੋਣ, ਵੇਖੋ 'ਸਮਾਉ'
(2) ਜਾਗ ਜੋ ਦੁੱਧ ਨੂੰ ਦਹੀ ਬਣਾਉਣ ਵਾਸਤੇ ਲਾਉਂਦੇ ਹਨ।
"ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ।"
– ਸੂਹੀ ੧, ੧, ੧:੨ (728)
(3) ਵਿਆਪਕ, ਵੇਖੋ 'ਸਮਾਇ' (2)
(4) ਸਮੇਟ ਲੈ, ਸਮਾ ਲੈ
"ਗੁਰ ਸਬਦੀ ਹਰਿ ਭਜੁ ਸੁਰਤਿ ਸਮਾਇਣੁ।"
– ਭੈਰ ੪, ੧, ੧:੨ (1134)

ਸਮਾਈ ----- (1) ਲੀਨ ਹੋਣਾ, ਵੇਖੋ 'ਸਮਾਉ'
"ਆਤਮੁ ਚੀਨਿ ਪਰਮ ਪਦੁ ਪਾਇਆ ਸੇਵਾ ਸੁਰਤਿ ਸਮਾਈ ਹੇ।" (ਜੁੜੀ ਹੈ)
– ਮਾਰੂ ੪, ਸੋਲਾ ੧, ੧੫:੩ (1070)
(2) ਵਿਆਪਕ, ਵੇਖੋ 'ਸਮਾਇ' (2)
(3) ਪਾਈ, ਰਖ ਦਿੱਤੀ
"ਮਾਈ ਅੰਧੀ ਸੁਰਤਿ ਸਮਾਈ।"
– ਮਾਝ ੫, ੧੯, ੨:੧ (100)
"ਕਾਚੇ ਭਾਡੇ ਸਾਜਿ ਨਿਵਾਜੇ ਅੰਤਰਿ ਜੋਤਿ ਸਮਾਈ।"
– ਰਾਮ ੫, ੧, ੨:੧ (882)

ਹੋਰ ਰੂਪ:

ਸਮਾਈਐ –
"ਇਕਨੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨਿ੍ ਚੜੇ।"

– ਆਸਾ ੧, ਵਾਰ ੨੪ਸ, ੧, ੧:੨ (475)

(4) ਸਮਾਈ ਕਰਨਾ/ਓਟ (ਪਨਾਹ) ਦੇਣਾ

"ਸਰਣਿ ਸਮਾਣੀ ਦਾਸ ਹਿਤ ਊਚੇ ਅਗਮ ਅਪਾਰ।"

– ਗਉ ੫, ੧੧੬, ੩:੨ (203)

(5) ਮੁਕ ਜਾਣਾ, ਮਿਟ ਜਾਣਾ

"ਉਪਜੈ ਨਿਪਜੈ ਨਿਪਜਿ ਸਮਾਈ।"

– ਗਉ ਕਬ, ੧੧, ੧:੧ (325)

"ਪੰਚ ਸਮਾਈ ਸੁਖੀ ਸਭੁ ਲੋਗੁ।"

– ਆਸਾ ੧, ਅਸ ੬, ੩:੩ (414)

(6) ਜਾਣਾ (ਰਲ ਜਾਣਾ)

"ਤਨ ਛੂਟੇ ਮਨੁ ਕਹਾ ਸਮਾਈ।"

– ਗਉ ਕਬ, ੩੬, ੪:੨ (330)

"ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ।"

– ਗਉ ਕਬ, ੫੨, ੧*:੧ (334)

ਹੋਰ ਰੂਪ:

ਸਮਾਈਆ –

"ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਇਆ।"

– ਮਾਰੂ ੫, ਵਾਰ ੬:੮ (1096)

(7) ਪ੍ਰਗਟ ਹੋ ਰਹੀ ਹੈ (ਭਾਵ)

"ਭਗਤ ਜਨਾ ਕੀ ਊਤਮ ਬਾਣੀ ਜੁਗਿ ਜੁਗਿ ਰਹੀ ਸਮਾਈ।"

– ਰਾਮ ੩, ਅਸ ੨, ੨੦:੧ (909)

ਸਮਾਏ ----- (1) ਵਸ ਗਏ, ਟਿਕ ਗਏ

"ਦੁਖ ਨਾਠੇ ਸੁਖ ਆਇ ਸਮਾਏ।"

– ਗਉ ੫, ੧੨੭, ੩:੧ (191)

"ਚਰਣ ਕਮਲ ਰਿਦ ਮਾਹਿ ਸਮਾਏ ਤਹ ਭਰਮੁ ਅੰਧੇਰਾ ਨਾਹੀ।"

– ਗੂਜ ੫, ੧੯, ੧:੨ (499)

(2) ਲੀਨ ਹੋਣਾ, ਵੇਖੋ 'ਸਮਾਉ'

(3) ਵਿਆਪਕ, ਵੇਖੋ 'ਸਮਾਇ' (2)

(4) ਰਲ ਜਾਣਾ, ਵੇਖੋ 'ਸਮਾਇ' (3)

(5) ਮੁਕਾ ਦੇਵੇ, ਵੇਖੋ 'ਸਮਾਇ' (4)

"ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ।" (ਨਾਸ ਕਰ ਦਿੱਤਾ)

– ਮਾਰੂ ੧, ਸੋਲ ੨, ੬:੩ (1021)

"ਤੀਨਿ ਸਮਾਏ ਏਕ ਕ੍ਰਿਤਾਰਥ।" (ਮੁਕ ਜਾਂਦੇ ਹਨ)

– ਪ੍ਰਭ ੧, ਅਸ ੬, ੫:੨ (1345)

(6) ਪੈਂਦਾ ਹੈ

"ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ।"

–ਆਸਾ ੧, ਅਸ ੧੮, ੫:੧ (420)

ਸਮਾਸੀ ----- (1) ਲੀਨ ਹੋਵਣਗੇ, ਸਮਾਵਣਗੇ

"ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ।"

- ਆਸਾ ੪, ਸੋਪੁ ੧, ੩:੪ (11)

(2) ਨਾਸ ਹੋ ਜਾਣਗੇ

"ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ।"

- ਮਾਰੂ ੫, ਵਾਰ ੧੮:੩ (1100)

ਸਮਾਹਦਾ ---- (ਸੰ.) ਪਹੁੰਚਾਉਂਦਾ, ਵੇਖੋ 'ਸੰਬਾਹਾ'

"ਸਭਨਾ ਰਿਜਕੁ ਸਮਾਹਦਾ ਪਿਆਰਾ ਦੂਜਾ ਅਵਰੁ ਨ ਕੋਇ।"

- ਸੋਰ ੪, ੨, ੨:੨ (605)

ਸਮਾਹਰਾ ---- (1) ਸਮਾਉਂਦਾ ਹੈ

"ਸੋ ਭਗਤਾ ਮਨਿ ਵੁਠਾ ਸਚਿ ਸਮਾਹਰਾ।"

- ਗੂਜ ੫, ਵਾਰ ੧੭:੬ (522)

"ਤੂੰ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ।"(ਸਮਾਇਆ ਹੋਇਆ)

- ਮਾਰੂ ੫, ਵਾਰ ੫:੪ (1096)

ਹੋਰ ਰੂਪ:

ਸਮਾਹਰਿ -

"ਜਨ ਨਾਨਕ ਸਚੇ ਸਚਿ ਸਮਾਹਰਿ।"

- ਰਾਮ ੫, ਵਾਰ ੧੮ਸ, ੫, ੧:੫ (965)

ਸਮਾਹੜਾ ---- ਅਨੰਦ, ਖੁਸ਼ੀ, (ਸੰ.) ਹੌਸਲਾ, ਧੀਰਜ (ਦਰਪਣ) ਅਨੰਦ ਸਹਿਤ (ਮਹਾਨਕੋਸ਼)

"ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ।"

- ਬਿਲਾ ੫, ਛੰਤ ੧, ੨:੧ (845)

ਸਮਾਹਾ ----- (1) (ਸੰ.) ਪਹੁੰਚਾਉਣਾ, ਵੇਖੋ 'ਸਮਾਹਦਾ' ਤੇ 'ਸੰਬਾਹਾ'

"ਪਹਿਲੋ ਦੇ ਤੈਂ ਰਿਜਕੁ ਸਮਾਹਾ।"

- ਮਾਝ ੫, ਅਸ ੩੫, ੬:੧ (130)

"ਜੀਅ ਜੰਤ ਸਭਿ ਪਾਛੈ ਕਰਿਆ ਪ੍ਰਥਮੇ ਰਿਜਕੁ ਸਮਾਹਾ।"

- ਸਾਰ ੫, ਅਸ ੧, ੪:੨ (1235)

ਹੋਰ ਰੂਪ:

ਸਮਾਹੀਐ -

"ਜਿਸੁ ਰਖੈ ਕਿਰਪਾ ਧਾਰਿ ਰਿਜਕੁ ਸਮਾਹੀਐ।"

- ਰਾਮ ੫, ਵਾਰ ੨:੨ (957)

ਸਮਾਹੇ -

"ਆਪਿ ਉਪਾਏ ਦਾਨੁ ਸਮਾਹੇ।"

- ਮਾਰੂ ੧, ਸੋਲਾ ੫, ੧੧:੨ (1025)

ਸਮਾਹੈ -

"ਜੀਅਨ ਪ੍ਰਤਿਪਾਲਿ ਸਮਾਹੈ।"

- ਮਾਰੂ ੫, ਵਾਰ ੨੧, ੩:੧ (1005)

(2) ਸਮਾਈ ਹੋਈ, ਵਿਆਪਕ ਹੋਣੀ

"ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ।"

– ਗਉ ੫, ਸੁਖ ੮, ੪:੩ (273)
“ਆਪੇ ਗੁਣ ਗਵਾਇਦਾ ਪਿਆਰਾ ਆਪੇ ਸਬਦਿ ਸਮਾਹਾ।”
(ਸਮਾਧੀ ਸਥਿਤ/ਮਹਾਨਕੋਸ਼)
– ਸੋਰ ੪, ੬, ੧:੨ (606)

ਹੋਰ ਰੂਪ:

ਸਮਾਹਿ –
“ਅਮੁਲ ਭਾਇ ਅਮੁਲਾ ਸਮਾਹਿ।” (ਲੀਨ ਹੋਏ)
– ਜਪੁ ੧, ੨੬:੪ (5)

ਸਮਾਹੁ –
“ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ।”
– ਮਾਝ ੫, ਬਾਰਾ ੧੧:੫ (135)

ਸਮਾਹੂ –
“ਘਟ ਘਟੈ ਅੰਤਰਿ ਬ੍ਰਹਮ ਸਮਾਹੂ।”
– ਗਉ ੫, ਬਾਅ ੪੬:੨ (259)

ਸਮਾਹਿ ----- (1) ਲੀਨ, ਸਮਾਇਆ ਹੋਇਆ, ਵੇਖੋ ‘ਸਮਾਹਾ’ (2)
“ਨਾਨਕ ਨਦਰੀ ਮਨਿ ਵਸੈ ਗੁਰਮੁਖਿ ਸਹਜਿ ਸਮਾਹਿ।”
– ਗੂਜ ੩, ਵਾਰ ੧ਸ, ੩, ੧:੪ (508)

ਹੋਰ ਰੂਪ:

ਸਮਾਹਿਓ –
“ਗੁਰ ਪ੍ਰਸਾਦਿ ਗਾਵੈ ਗੁਣ ਨਾਨਕ ਸਹਜ ਸਮਾਧਿ ਸਮਾਹਿਓ।”
– ਕਾਨ ੫, ੬, ੪:੧ (1299)

ਸਮਾਂਹਿ –
“ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ।”
– ਸਲੋ ੩, ੫੩:੨ (1419)

ਸਮਾਹੀ –
“ਭਲੀ ਭਾਤਿ ਸਭ ਸਹਜਿ ਸਮਾਹੀ।”
– ਆਸਾ ੫, ੯੯, ੨:੨ (395)

ਸਮਾਹੁ –
“ਸਚੈ ਮਹਲਿ ਸਚਿ ਨਾਮਿ ਸਮਾਹੁ।”
– ਗਉ ੩, ੩੧, ੧:੩ (161)

(2) ਵਿਆਪਕ
“ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ।”
– ਗਉ ੫, ਬਾਅ ੨੦:੨ (254)

ਹੋਰ ਰੂਪ:

ਸਮਾਹਿਓ –
“ਸੰਤਹੁ ਘਟਿ ਘਟਿ ਰਹਿਆ ਸਮਾਹਿਓ।”
– ਸੋਰ ੫, ੨੯, ੧*:੧ (617)

ਸਮਾਹਿਆ –

"ਸਹਜ ਅਨੰਦ ਗਾਵਹਿ ਗੁਣ ਗੋਵਿੰਦ ਪ੍ਰਭ ਨਾਨਕ ਸਰਬ ਸਮਾਹਿਆ ਜੀਉ।"

– ਮਾਝ ੫, ੪੩, ੪:੩ (107)

(3) ਰਲ ਜਾਣਾ, ਭਾਗ ਬਣ ਜਾਣਾ

"ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ।"

– ਗਉ ੫, ਬਾਅ ੨੭:੬ (255)

"ਜਾ ਕੈ ਘਰਿ ਸਗਲੇ ਸਮਾਹਿ।"

– ਮਾਲੀ ੫, ੫, ੨:੧ (987)

(4) ਵਸਦੀਆਂ

"ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ।"

– ਸੋਰ ੪, ਵਾਰ ੧੬ਸ, ੩, ੨:੩ (648)

"ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ।" (ਵਸਾਉਂਦੇ ਹਨ)

– ਰਾਮ ੩, ਵਾਰ ੧੧ਸ, ੧, ੧:੧੧ (951)

ਹੋਰ ਰੂਪ:

ਸਮਾਹੀ –

"ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ।"

– ਗਉ ਕਬ, ੪੮, ੨:੨ (333)

(5) ਸਮਾਈ ਹੋਣੀ

"ਹਰਿ ਬਿਨਾ ਕਤਹਿ ਸਮਾਹਿ।"

– ਬਿਲਾ ੫, ਅਸ ੨, ੪:੪ (838)

"ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ।"

– ਮਲਾ ੧, ਵਾਰ ੧੯ਸ, ੧, ੧:੪ (1286)

ਸਮਾਹੀ ----- (1) ਰੁਝੇ ਰਹਿੰਦੇ ਹਨ

"ਜੋ ਕਿਛੁ ਕਰਤੁ ਹੈ ਕੋਈ ਹੈ ਰੇ ਤੈਸੇ ਜਾਇ ਸਮਾਹੀ।"

–ਗਉ ੩, ੩੫, ੧*:੨ (162)

('ਨਿਰਣੈ' ਇਸ ਦੇ ਅਰਥ ਵੀ ਸਮਾ ਜਾਣ ਦੇ ਹੀ ਲੈਂਦੇ ਹਨ)

(2) ਸਮਾ ਜਾਣਾ, ਵੇਖੋ 'ਸਮਾਹਿ' (1)

'"ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ।"

– ਮਾਝ ੩, ੩੫, ੨:੨ (162)

ਹੋਰ ਰੂਪ:

ਸਮਾਹੀ –

"ਨਾਨਕ ਗੁਰਮੁਖਿ ਐਸਾ ਜਾਣੈ ਪੂਰੇ ਮਾਂਹਿ ਸਮਾਹੀ।"

– ਸਲੋ ੧, ੩੩:੨ (1412)

(3) ਵਸਦੇ ਹੋਣਾ, ਸਮਾਏ/ਵਿਆਪਕ ਹੋਣਾ– ਵੇਖੋ 'ਸਮਹਿ' (4)

'"ਘਟ ਘਟ ਅੰਤਰਿ ਸਰਬ ਸਮਾਹੀ।"

– ਗੋਂਡ ੫, ੧੫, ੨:੨ (866)

ਸਮਾਗਮ ---- ਇਕੱਠ, ਸੰਗਤ

"ਏਕ ਪਲਕ ਸੁਖ ਸਾਧ ਸਮਾਗਮ ਕੋਇ ਬੈਕੁੰਠਹ ਪਾਏ।"

– ਸਾਰ ੫, ੨੩, ੧*:੨ (1208)

ਸਮਾਗਾ ----- ਸਮਾਇਆ ਹੋਇਆ ਵਿਆਪਕ
“ਮਨ ਕਾ ਜੀਉ ਪਵਨਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ।”
– ਸੋਰ ੧, ੧੦, ੪:੧ (598)

ਸਮਾਗੈ ----- ਸਮਾਗਮ/ਜੋੜ ਮੇਲ/ਸੰਗਤ ਦੁਆਰਾ
“ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ।”
– ਬਿਲਾ ੫, ੯੮, ੧:੧ (817)

ਸਮਾਚਰਿਓ -- ਅਭਿਆਸ ਕਰਨਾ, ਕਮਾਵਾਂ, ਅਮਲ ਕਰਨਾ
“ਗੁਰ ਸਬਦਿ ਸਮਾਚਰਿਓ ਨਾਮੁ ਟੇਕ ਸੰਗਾਦਿ ਬੋਹੈ।”
– ਸਵ ੪, ਕਲ ੧੦:੨ (1398)

ਸਮਾਚਰੀ --- ਪ੍ਰਗਟੀ, ਪੈਦਾ ਹੋਈ, ਉਪਜੀ
“ਐਸੀ ਬੁਧਿ ਸਮਾਚਰੀ ਘਟ ਮਾਹਿ ਤਿਆਗੀ।”
– ਬਿਲਾ ਕਬ, ੧੧, ੨:੨ (857)

ਸਮਾਚਰੇ ---- ਸੰਚਿਤ ਕੀਤੇ, ਇਕਠੇ ਕੀਤੇ (ਸ਼ਬਦਾਰਥ/ਦਰਪਣ) ਚੰਗੀ ਤਰ੍ਹਾਂ ਵਰਤੇ (ਸੰਧਿਆ) ਅਭਿਆਸ ਕਰਨਾ (ਮਹਾਨਕੋਸ਼)
“ਸੰਤੁ ਸੰਤੋਖ ਸਮਾਚਰੇ ਅਭਰਾ ਸਰੁ ਭਰਿਆ।”
– ਸਵ ੪, ਕਲ ੧੩:੨ (1398)

ਸਮਾਚਰਿਓ -- ਵਿਚਰਨਾ, ਵਿਚ ਸਮਾਨਾ, (ਸ਼ਬਦਾਰਥ, ਦਰਪਣ)
“ਖੇਲੁ ਗੂੜਉ ਕੀਅਉ ਹਰਿ ਰਾਇ ਸੰਤੋਖਿ ਸਮਾਚਰਿਓ।”
– ਸਵ ੫, ਕਲ ੪:੧ (1407)
(‘ਸੰਥਿਆ’ ਨੇ ‘ਸੰਤੋਖਿ ਸਮਾਚਰਿਓ’ ਦੇ ਅਰਥ ‘ਚਾਉ ਭਰਿਆ ਕੌਤਕ’ ਕੀਤਾ ਹੈ)

ਸਮਾਣਉ ---- ਸਮਾਇਆ, ਸੰਮਿਲਤ ਹੋਇਆ
“ਖੇਲੁ ਗੂੜ੍ਹਉ ਕੀਅਉ ਹਰਿ ਰਾਇ ਸੰਤੋਖਿ ਸਮਾਚਰਿਉ ਬਿਮਲ ਬੁਧਿ ਸਤਿਗੁਰਿ ਸਮਾਣਉ।”
– ਸਵ ੫, ਕਲ ੪:੧ (1407)

ਸਮਾਣਾ ----- (1) ਸਮਾਇਆ ਹੋਇਆ ਹੋਣਾ, ਵਿਆਪਕ ਹੋਣਾ
“ਠਾਕੁਰੁ ਸਰਬੇ ਸਮਾਣਾ।”
– ਸਿਰੀ ੫, ੯੬, ੧*:੧ (51)

ਹੋਰ ਰੂਪ:

ਸਮਾਣਿਆ –
“ਸਚਾ ਸਬਦੁ ਵੀਚਾਰਿ ਸਚਿ ਸਮਾਣਿਆ।”
– ਮਾਝ ੧, ਵਾਰ ੧੩:੪ (144)

(2) ਪ੍ਰਗਟ ਹੋਇਆ, ਵਿਆਪਕ ਹੋਇਆ
“ਦੁਖ ਗਇਆ ਸੁਖੁ ਆਇ ਸਮਾਣਾ।”
– ਵਡ ੧, ਛੰਤ ੨, ੨:੨ (566)

(3) ਲੀਨ ਹੋਣਾ –
“ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ।”
– ਬਿਲਾ ੪, ਛੰਤ ੧, ੧:੧ (844)

ਹੋਰ ਰੂਪ:

ਸਮਾਣਿਆ –
“ਲਾਹਾ ਨਾਮੁ ਸੁ ਸਾਰੁ ਸਬਦਿ ਸਮਾਣਿਆ।”
– ਆਸਾ ੪, ੬੪, ੧*:੨ (369)
ਸਮਾਣੀ –
“ਜੋਤੀ ਵਿਚਿ ਮਿਲਿ ਜੋਤਿ ਸਮਾਣੀ ਸੁਣਿ ਮਨ ਸਚਿ ਸਮਾਵਣਿਆ।”
– ਮਾਝ ੩, ਅਸ ੫, ੧:੩ (111)
ਸਮਾਣੀਆ –
“ਗੁਰਮੁਖਿ ਸਹਜਿ ਸਮਾਣੀਆ ਹਰਿ ਹਰਿ ਮਨਿ ਭਾਇਆ।”
– ਗਉ ੩, ੩੭, ੧:੪ (162)
(4) ਆਦਰ ਕੀਤਾ/ਸਮਾਨਿਆ/ ਪਰਵਾਨ ਕੀਤਾ ਗਿਆ
“ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ।”
– ਮਲਾ ੧, ਵਾਰ ੨੫ਸ, ੧, ੨:੧੮ (1290)

ਸਮਾਣਿਆ --- (1) ਸਮੋਇਆ, ਧਾਰਨ ਕੀਤਾ
“ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ।”
– ਸਿਰੀ ੧, ਪਹ ੨, ੫:੨ (76)
(2) ਸਮਾ ਜਾਣਾ, ਰਲ ਜਾਣਾ, ਵੇਖੋ ‘ਸਮਾਣਾ’ (1)
(3) ਲੀਨ ਹੋਣਾ, ਵੇਖੋ ‘ਸਮਾਣਾ’ (3)
ਸਮਾਣੀਆ –
“ਤੇਰਿਆ ਭਗਤਾ ਰਿਦੈ ਸਮਾਣੀਆ।”
– ਸਿਰੀ ੧, ਅਸ ੨੮, ੧੨:੨ (72)

ਸਮਾਣੀ ----- (1) ਵਸ ਗਈ
“ਮਨ ਤਨ ਅੰਤਰਿ ਸਾਂਤਿ ਸਮਾਣੀ।”
– ਮਾਝ ੫, ੩੮, ੩:੨ (105)
“ਸਤਿਗੁਰਿ ਸੇਵਿਐ ਰਿਦੈ ਸਮਾਣੀ।”
– ਮਾਝ ੩, ਅਸ ੧੬, ੮:੨ (119)

ਹੋਰ ਰੂਪ:

(2) ਲੀਣ ਹੋਈ, ਵੇਖੋ ‘ਸਮਾਣਾ’ (2)
“ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ।”
– ਤਿਲੰ ੧, ੪, ੨:੪ (722)

ਹੋਰ ਰੂਪ:

ਸਮਾਣੇ –
“ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ।”
– ਗਉ ੪, ਸੋਹ ੪, ੩:੧ (13)

(3) ਵਿਆਪਕ
"ਨਿਰਮਲ ਜੋਤਿ ਸਭ ਮਾਹਿ ਸਮਾਣੀ।"
- ਮਾਝ ੩, ਅਸ ੨੦, ੧:੨ (121)
"ਸਤਿ ਪੁਰਖ ਸਭ ਮਾਹਿ ਸਮਾਣੀ।"
- ਗਉ ੫, ਸੁਖ ੧੬, ੬:੪ (284)
"ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ।"
- ਮਾਰੂ ੫, ਵਾਰ ੨੪ਸ, ੫, ੨:੧ (1029)

ਹੋਰ ਰੂਪ:

ਸੰਮਾਣੀ –
"ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ।"
- ਸਵ ੩, ੧੩:੧ (1394)

(4) ਸਮਾਈ/ਰਲੀ ਹੋਈ
"ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ।"
- ਮਾਝ ੧, ਵਾਰ ੨੬ਸ, ੧, ੧:੧੯ (150)
"ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ।" (ਰਲ ਗਈ)
- ਤੁਖਾ ੧, ਛੰਤ ੪, ੨:੫ (1111)

(5) ਸਮੋਣਾ, ਸੀਮਤ ਕਰਨਾ, ਦਬਣਾ
"ਹਉਮੈ ਮਾਰਿ ਮਨਸਾ ਮਨਹਿ ਸਮਾਣੀ ਗੁਰ ਕੈ ਸਬਦਿ ਪਛਾਤਾ।"
- ਸੋਰ ੩, ਅਸ ੧, ੪:੩ (638)

(6) ਲਗੀ
"ਹਰਿ ਅੰਕ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ।"
- ਤੁਖ ੧, ਬਾਰਾ ੨:੩ (1107)

(7) ਫੈਲ ਜਾਂਦੀ, ਵਿਆਪਕ ਹੁੰਦੀ ਹੈ
"ਤਿਸ ਜਨ ਕੀ ਹੈ ਸਾਚੀ ਬਾਣੀ। ਗੁਰ ਕੈ ਸਬਦਿ ਜਗ ਮਾਹਿ ਸਮਾਣੀ।"
- ਬਸੰ ੩, ੭, ੨:੨ (1174)

ਸਮਾਣੇ ----- (1) ਟਿਕ ਗਏ
"ਚਰਣ ਠਾਕੁਰ ਕੇ ਰਿਦੈ ਸਮਾਣੇ।"
- ਮਾਝ ੫, ੩੮, ੧:੧ (105)

(2) ਲੀਨ ਹੋਏ, ਵੇਖੋ 'ਸਮਾਨੀ' (2)

(3) ਮੁਕ ਗਏ
"ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ।"
(ਗੁਣਾਂ ਕਰਕੇ ਮੁਕ ਗਏ)
- ਤੁਖਾ ੧, ਛੰਤ, ੩, ੩:੬ (1111)

(4) ਵਿਆਪਕ, ਸਮਾ ਰਿਹਾ
"ਘਟ ਘਟ ਅੰਤਰਿ ਤੁਮਹਿ ਸਮਾਣੇ।"
- ਭੈਰ ੫, ੩੧, ੨:੪ (1144)

ਸਮਾਤਾ ----- ਸਮਾਂਦਾ ਹੈ
"ਨਾਨਕ ਸੋ ਜਨੁ ਸਚਿ ਸਮਾਤਾ।"

– ਗਉ ੫, ਸੁਖ ੧੫, ੮:੧੦ (283)

ਹੋਰ ਰੂਪ:

ਸਮਾਤਿ –
"ਨਾਨਕ ਤੇ ਜਨ ਸਹਜਿ ਸਮਾਤਿ।"
– ਗਉ ੫, ਸੁਖ ੪, ੫:੧੦ (267)
"ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ।"
– ਗਉ ੫, ਸੁਖ ੧੦, ੭:੮ (276)

ਸਮਾਤੇ –
"ਅਨਦਿਨੁ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ।"
– ਸਿਰੀ ੩, ੨੪, ੫:੨ (69)

ਸਮਾਧੰ ----- (ਸੰ.) ਸਮਾਧੀ ਲਾਉਂਦੇ ਹਨ, ਧਿਆਨ ਵਿਚ ਸਥਿਤ ਹੁੰਦੇ ਹਨ
"ਸਿਲ ਪੂਜਸਿ ਬਗੁਲ ਸਮਾਧੰ।"
– ਆਸਾ ੧, ਵਾਰ ੨੪ਸ, ੧, ੨:੨ (470)

ਹੋਰ ਰੂਪ:

ਸਮਾਧਿ –
"ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ।" (ਧਿਆਨ ਦੀ ਲੀਨਤਾ ਸਮਾਧੀ)
– ਸਿਰੀ ੩, ਅਸ ੨੧, ੫:੧ (67)
(ਇਹ ਸ਼ਬਦ ਅਧਿਕਤਰ 'ਸੁੰਨ ਸਮਾਧਿ' ਅਥਵਾ 'ਸਹਿਜ ਸਮਾਧਿ' ਦੇ ਸਮਾਸ ਰੂਪ ਵਿਚ ਆਇਆ ਹੈ)

ਸਮਾਧੀ –
"ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ।"
– ਜਪੁ ੧, ੨੭:੮ (6)

ਸਮਾਧਿਓ --- ਲਿਵਲੀਨ ਹੋ/ਸਮਾਧੀ ਅਵਸਥਾ ਵਿਚ ਧਿਆਇਆ
"ਜਹ ਨਾਮੁ ਸਮਾਧਿਓ ਹਰਖੁ ਸੋਗੁ ਸਮ ਕਰਿ ਸਹਾਰੇ।"
– ਸਵ ੩, ੬:੨ (1393)

ਸਮਾਨ ----- (1) ਬਰਾਬਰ, ਤੁਲ
"ਪਾਪ ਪੁੰਨ ਦੁਇ ਏਕ ਸਮਾਨ।"
– ਗਉ ਕਬ, ੯, ੩:੧ (325)

ਹੋਰ ਰੂਪ:

ਸਮਾਨੰ –
"ਜਗ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ।"
– ਆਸਾ ਕਬ, ੨੭, ੧:੧ (482)

ਸੰਮਾਨ –
"ਬੈਰੀ ਮੀਤ ਹੋਏ ਸੰਮਾਨ।"
– ਭੈਰ ੫, ੪੦, ੩:੧ (1147)

ਸਮਾਨਾ –

“ਮੀਤ ਕੇ ਕਰਤਬ ਕੁਸਲ ਸਮਾਨਾ।”

– ਗਉ ੫, ੧੦੯, ੧:੨ (187)

ਸਮਾਨਾਂ –

“ਊਚ ਊਨ ਸਭ ਏਕ ਸਮਾਨਾਂ ਮਨਿ ਲਾਗਾ ਸਹਜਿ ਧਿਆਨਾ ਹੇ।”

– ਮਾਰੂ ੫, ਸੋਲਾ ੪, ੬:੩ (1075)

ਸਮਾਨਿ –

“ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ।”

– ਗਉ ੫, ਸੁਖ ੮, ੨:੫ (272)

“ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ। (ਤਿਲ ਜਿੰਨਾਂ ਥੋਹੜਾ ਜਿਹਾ ਵੀ)

– ਗਉ ੫, ਸੁਖ ੧੨, ੨:੨ (278)

ਸਮਾਨੀ –

“ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ।”

– ਗਉ ੫, ਅਸ ੧੫, ੨:੧ (242)

ਸਮਾਨੇ –

“ਚਾਰਿ ਪਹਰ ਚਹੁ ਜੁਗਹ ਸਮਾਨੇ।”

– ਆਸਾ ੫, ੧੫, ੨:੧ (375)

ਸਮਾਨੈ –

“ਸਾਚੁ ਕਹੈ ਸੋ ਬਿਖੈ ਸਮਾਨੈ।”

– ਗਉ ੫, ੮੨, ੨:੨ (180)

ਸੰਮਾਨੈ –

“ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਲੈ।”

– ਸੋਰ ੫, ੧੮, ੨:੧ (613)

(2) ਸਮਾਇਆ, ਮਿਲਿਆ, ਰਲਿਆ

“ਸਹਜਿ ਸੁਭਾਇ ਨਾਨਕ ਮਿਲੇ ਜੋਤੀ ਜੋਤਿ ਸਮਾਨ।”

– ਬਿਲਾ ੫, ੬੬, ੨:੨ (817)

“ਸਫਲ ਜਨਮੁ ਤਿਸੁ ਪ੍ਰਾਨੀ ਕੇਰਾ ਹਰਿ ਕੈ ਨਾਮਿ ਸਮਾਨ।” (ਸਮਾਉਂਦਾ ਹੈ)

– ਪ੍ਰਭਾ ੩, ੫, ੧:੩ (1334)

ਹੋਰ ਰੂਪ:

ਸਮਾਨਾ –

“ਜੋਤਿ ਭਈ ਜੋਤੀ ਮਾਹਿ ਸਮਾਨਾ।”

– ਗਉ ੧, ਅਸ ੧, ੭:੨ (221)

ਸਮਾਨਾਂ –

“ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ।”

–ਆਸਾ ਕਬ, ੧, ੪:੨ (475)

ਸਮਾਨਾਨਾ –

“ਕਾਟਿ ਸਕਤਿ ਸਿਵ ਸਾਜੁ ਪ੍ਰਗਾਸਿਓ ਐਕੇ ਏਕ ਸਮਾਨਾਨਾ।”

– ਗਉ ਕਬ, ੭੪, ੪:੧ (340)

ਸਮਾਨਿਆ –

“ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ।”

– ਆਸਾ ਧਨਾ ੧, ੪:੨ (487)

ਸੰਮਾਨਿਆ –

“ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ।”

– ਮਾਰੂ ਜੈਦੇ ੧, ੧*:੨ (1106)

ਸਮਾਨੀ –

“ਪ੍ਰਭ ਕੈ ਸਿਮਰਨਿ ਸਹਜਿ ਸਮਾਨੀ।”

– ਗਉ ੫, ਸੁਖ ੧, ੭:੪ (263)

ਸਮਾਨੁ –

“ਆਤਮ ਰਾਮੁ ਪਛਾਣਿਆ ਸਹਜੇ ਨਾਮਿ ਸਮਾਨੁ।”

– ਸਿਰੀ ੩, ੬੦, ੩:੨ (39)

ਸਮਾਨੇ –

“ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ।”

– ਗਉ ੪, ੫੬, ੪:੨ (170)

ਸਮਾਨੋ –

“ਸਹਜ ਸਮਾਨੋ ਤ ਭਰਮ ਭਾਜ।”

– ਬਸੰ ਕਬ, ੬, ੩:੪ (1195)

(3) ਇਕੋ ਜਿਹੀ

“ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ।”

– ਮਾਰੂ ੫, ਅਸ ੩, ੬:੧ (1018)

ਹੋਰ ਰੂਪ:

ਸਮਾਨਿ –

“ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ।”

– ਗਉ ੫, ਸੁਖ ੮, ੧:੫ (272)

“ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ।”

– ਕਲਿ ੫, ੪, ੧:੧ (1322)

ਸਮਾਨਿਆ –

“ਜਲਿ ਥਲਿ ਮਹੀਅਲਿ ਪੂਰਿ ਪੂਰਨ ਕੀਟ ਹਸਤਿ ਸਮਾਨਿਆ।”

– ਆਸਾ ੫, ਛੰਤ ੯, ੩:੩ (453)

ਸਮਾਨੇ –

“ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ।”

– ਗਉ ੫, ੧੬੦, ੧:੧ (215)

“ਕੀਟ ਹਸਤਿ ਮਹਿ ਪੂਰ ਸਮਾਨੇ।”

– ਗਉ ੫, ਬਾਅ ੧੨:੫ (252)

ਸਮਾਨੈ –

“ਕਰਣੀ ਕੀਰਤਿ ਕਰਮ ਸਮਾਨੈ।”

– ਗਉ ੧, ੬, ੩:੨ (223)

ਸਮਾਨੋ –

“ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ।”

– ਧਨਾ ੯, ੩, ੧:੧ (685)

(4) ਜਿਹਾ, ਵਰਗਾ

"ਹਰਿ ਹਰਿ ਦਰਸ ਸਮਾਨ ਆਤਮਾ ਵੰਤ ਗਿਆਨ ਜਾਣੀਅ ਅਕਲ ਗਤਿ ਗੁਰ ਪਰਵਾਨ।"

– ਸਵ ੨, ੪:੨ (1391)

ਹੋਰ ਰੂਪ:

ਸਮਾਨਉ –

"ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ।"

– ਤਿਲੰ ੯, ੨, ੨:੨ (727)

ਸਮਾਨਿ –

"ਹਰਿ ਜਨ ਪ੍ਰਭਿ ਰਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ।"

– ਆਸਾ ੪, ਛੰਤ ੨੩, ੩:੫ (447)

"ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ।"

– ਮਾਰੂ ਕਬ, ੯, ੨:੧ (1105)

ਸਮਾਨਾ ----- (1) ਮੁਕ ਜਾਣਾ

"ਕਿਆ ਡਰੀਐ ਡਰੁ ਡਰਹਿ ਸਮਾਨਾ।" (ਡਰ ਵਿਚ ਹੀ ਮੁਕ ਗਿਆ ਹੈ)

– ਗਉ ੧, ੧੧, ੧*:੧ (154)

(2) ਵਿਆਪਕ, ਸਮਾਇਆ ਹੋਇਆ

"ਸੋ ਕਿਉ ਵਿਸਰੈ ਸਭ ਮਾਹਿ ਸਮਾਨਾ।"

– ਗਉ ੩, ੨੭, ੧:੨ (159)

ਹੋਰ ਰੂਪ:

ਸਮਾਨੀ –

"ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ।"

– ਬਿਲਾ ੩, ਅਸ ੧, ੪:੨ (832)

ਸਮਾਨੇ –

"ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ।"

– ਸੋਰ ੫, ੮, ੩:੧ (610)

ਸਮਾਨੋ –

"ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ।"

– ਗਉ ੫, ੧੨੯, ੧:੧ (207)

(3) ਤੁਲ, ਬਰਾਬਰ, ਵੇਖੋ 'ਸਮਾਨ' (1)

(4) ਸਮਾਗਦੀ, ਵੇਖੋ 'ਸਮਾਨ' (2)

"ਨਾਨਕ ਗੁਰਮਤਿ ਸਹਜਿ ਸਮਾਨਾ।"

– ਗਉ ੧, ਅਸ ੧, ੮:੪ (221)

(5) ਸ਼ਾਮਿਆਨਾ, ਚੰਦੋਆ, ਰਾਜਗੀਰੀ ਦਾ ਨਿਸ਼ਾਨ, ਭਾਵ ਪਰਤਾਪ, ਸ਼ਾਹੀ ਪਰਤਾਪ

"ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ।"

– ਟੋਡੀ ੫, ੧, ੧:੧ (711)

(6) ਸ਼ਾਮਲ, ਰਲਿਆ ਹੋਇਆ

"ਮਨਮੁਖ ਤਤੁ ਨ ਜਾਣਨੀ ਪਸ਼ੂ ਮਾਹਿ ਸਮਾਨਾ।"

- ਮਾਰੂ ੧, ਅਸ ੧, ੩:੩ (1009)

(7) ਵਾਂਗ
"ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸ਼ੂ ਸਮਾਨਾ।" (ਵਾਂਗ)
- ਭੈਰ ੫, ੧੪, ੨:੨ (1139)

ਸਮਾਨਾਂ ----- (1) ਸਮਾ ਗਏ, ਮਿਲ ਗਏ, ਵੇਖੋ 'ਸਮਾਨ' (2)
"ਜਗਜੀਵਨ ਸਿਉ ਜੀਉ ਸਮਾਨਾਂ।" (ਲੀਣ ਹੋ ਗਿਆ)
- ਬਿਲਾ ਨਾਮ, ੧, ੨:੨ (858)

(2) ਵਰਗਿਆਂ, ਜੇਹਿਆਂ
"ਸਨਕ ਸਨੰਦ ਮਹੇਸ ਸਮਾਨਾਂ।"
- ਧਨਾ ਕਬ, ੧, ੧:੧ (691)

(3) ਬਰਾਬਰ, ਤੁਲ, ਵੇਖੋ 'ਸਮਾਨ' (1)
(4) ਆਇਆ ਹਾਂ (ਭਾਵ)
"ਦਾਸੁ ਕਬੀਰੁ ਤੇਰੀ ਪਨਹ ਸਮਾਨਾਂ।"
- ਭੈਰ ਕਬ, ੧੫, ੪:੩ (1161)

ਸੰਮਾਨਿ ----- ਵਾਂਗ
"ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਸਲਿ ਸੰਮਾਨਿ ਆਇਆ।"
- ਮਾਰੂ ਜੈਦੇ, ੧, ੨:੧ (1106)

ਸਮਾਨਿਆ --- (1) ਇਕੋ ਜਿਹਾ, ਵੇਖੋ ਸਮਾਨ (3)
(2) ਸਮਾ ਗਿਆ, ਰਲ/ਮਿਲ ਗਿਆ, ਵੇਖੋ 'ਸਮਾਨ' (2)
(3) ਧਾਰਨੇ, ਗ੍ਰਹਿਣ ਕਰਕੇ
"ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ।"
- ਤੁਖਾ ੧, ਬਾਰਾ ੧੫:੨ (1109)

(4) ਪਰੇ ਰਹਿਣਾ, ਫਸੇ ਰਹਿਣਾ
"ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ।"
- ਸਾਰ ੧, ੨, ੩:੨ (1197)

ਸਮਾਨੀ ----- (1) ਸਮਾ ਗਈ, ਵੇਖੋ 'ਸਮਾਨ' (2)
"ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ।" (ਵਸ/ਸਮਾ ਗਈ)
- ਆਸਾ ਧੰਨਾ, ੧, ੪:੧ (487)

(2) ਪ੍ਰਵੇਸ਼ ਕਰ ਗਈ
"ਗੁਰ ਪਰਸਾਦਿ ਐਸੀ ਬੁਧਿ ਸਮਾਨੀ।"
- ਗਉ ਕਬ, ੬੧, ੩:੧ (337)

"ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ।"
- ਸਾਰ ੧, ੧, ੩:੧ (1197)

ਸਮਾਯਉ ---- ਲੀਨ ਹਨ, ਸਮਾਏ ਹੋਏ ਹਨ
"ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ।"
- ਸਵ ੪, ਕਲ ੮:੩ (1397)

ਸਮਾਰ ----- ਸੰਭਾਲਣ/ਚੇਤੇ/ਯਾਦ ਕਰਨ ਨਾਲ, ਹੋਰ ਵੇਖੋ ‘ਸੰਮੁਲਾ’
“ਭਉ ਨਾਹੀ ਸੁਖ ਸਹਜ ਅਨੰਦਾ ਅਨਿਕ ਓਹੀ ਰੇ ਏਕ ਸਮਾਰ।”
– ਦੇਵ ੫, ੩੬, ੧*:੨ (535)

ਹੋਰ ਰੂਪ:

ਸਮਾਰਉ –
“ਪ੍ਰਭੁ ਅਪੁਨਾ ਸਾਸਿ ਸਾਸਿ ਸਮਾਰਉ।” (ਮੈਂ ਚੇਤੇ ਕਰਦਾ ਹਾਂ)
– ਮਾਝ ੫, ੩੩, ੩:੧ (104)
“ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ।” (ਯਾਦ ਕਰਾਂ)
– ਆਸਾ ੪, ੬੨, ੧:੨ (368)

ਸਮਾਰਸਿ –
“ਅਪੁਨੇ ਪ੍ਰਭ ਕਉ ਕਿਉ ਨ ਸਮਾਰਸਿ ਰੇ।”
– ਮਾਰੂ ੫, ੭, ੧*:੧ (1000)

ਸਮਾਰਹੁ –
“ਹਰਿ ਸਿਮਰਹੁ ਗੁਰ ਬਚਨ ਸਮਾਰਹੁ ਸੰਗਤਿ ਹਰਿ ਜਨ ਭਾਉ ਕਰੇ।”
– ਮਾਰੂ ੧, ਅਸ ੮, ੧੨:੧ (1014)

ਸਮਾਰਿ –
“ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ।”
– ਸਿਰੀ ੪, ਪਹ ੩, ੧:੨ (76)

ਸਮਾਰਿਆ –
“ਸਤਿਗੁਰੂ ਨੋ ਮਿਲੇ ਸੇਈ ਜਨ ਉਬਰੇ ਜਿਨ ਹਿਰਦੈ ਨਾਮੁ ਸਮਾਰਿਆ।”
– ਗਉ ੪, ਵਾਰ ੨੦ਸ, ੪, ੨:੯ (312)

ਸਮਾਰੇ –
“ਅਪੁਨੇ ਜਨ ਕਉ ਸਾਸਿ ਸਾਸਿ ਸਮਾਰੇ।” (ਧਿਆਨ ਵਿਚ ਰੱਖੇ, ਚੇਤੇ ਰੱਖੇ)
– ਗਉ ੫, ਸੁਖ ੧੦, ੮:੯ (276)
“ਜਿਸੁ ਕਾ ਇਹੁ ਖੇਲੁ ਸੋਈ ਕਰਿ ਵੇਖੈ ਜਨ ਨਾਨਕ ਨਾਮੁ ਸਮਾਰੇ।”
– ਗਉ ੪, ਵਾਰ ੨੭ਸ, ੪, ੧:੮ (312)

ਸਮਾਰੈ –
“ਸਾਸਿ ਸਾਸਿ ਜਨੁ ਨਾਮੁ ਸਮਾਰੈ।”
– ਗਉ ੫, ੧੧੮, ੩:੨ (189)

ਸਮਾਰਿਆ --- (1) ਸੰਭਾਲਿਆ, ਪਾਲਿਆ, ਨਿਬਾਹਿਆ
“ਪ੍ਰਭਿ ਅਪਣਾ ਬਿਰਦੁ ਸਮਾਰਿਆ।”
– ਸਿਰੀ ੧, ੨੮, ੧੮:੨ (72)

ਹੋਰ ਰੂਪ:

ਸਮਾਰੇ –
“ਪ੍ਰਭਿ ਅਪੁਨਾ ਬਿਰਦੁ ਸਮਾਰੇ।”
– ਸੋਰ ੫, ੭੩, ੨:੨ (627)

(2) ਯਾਦ ਕੀਤਾ, ਵੇਖੋ ‘ਸਮਾਰ’
(3) ਸੰਭਾਲਦਾ ਹੈ

"ਹਰਿ ਪ੍ਰਭੁ ਠਾਕੁਰੁ ਰਵਿਆ ਸਭ ਠਾਈ ਸਭੁ ਚੇਰੀ ਜਗਤੁ ਸਮਾਰੇ।"
- ਨਟ ੪, ਅਸ ੪, ੩:੧ (982)
"ਬਿਸਰਤ ਨਾਮ ਐਸੇ ਦੋਖ ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ।"
- ਮਾਰੂ ੧, ਅਸ ੮, ੮:੨ (1014)

ਹੋਰ ਰੂਪ:

ਸੰਮਾਰੇ -
"ਜੀਉ ਬਾਰਿਕ ਮਾਤਾ ਸੰਮਾਰੇ।"
- ਮਾਝ ੫, ੩੬, ੨:੨ (105)

ਸਮਾਰੈ -
"ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ।"
- ਗਉ ੫, ਸੁਖ ੧੮, ੧:੧੦ (286)

ਸਮਾਲਸੀ --- **ਯਾਦ ਕਰੇਗਾ**
"ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ।"
- ਤਿਲੰ ੧, ੫, ੨:੪ (723)

ਹੋਰ ਰੂਪ:

ਸਮਾਲਹਿ -
"ਹਰਿ ਨਾਮੁ ਸਮਾਲਹਿ ਸੇ ਵਡਭਾਗੀ।"
- ਮਾਝ ੩, ਅਸ ੧੮, ੫:੨ (120)
"ਨਾਮੁ ਸਮਾਲਹਿ ਸੁਖਿ ਵਸਹਿ ਭਾਈ ਸਦਾ ਸੁਖੁ ਸਾਂਤਿ ਸਰੀਰ।" (ਜਪੇ, ਯਾਦ ਰੱਖੇ)
- ਸੋਰ ੩, ਅਸ ੩, ੮:੧ (639)

ਸਮਾਲਹੁ -
"ਮੂਲੁ ਸਮਾਲਹੁ ਅਚੇਤ ਗਵਾਰਾ।"
- ਆਸਾ ੫, ੧੪, ੧*:੧ (374)

ਸਮਾਲਹੇ -
"ਸਾਥਿ ਤੇਰੈ ਸੋ ਸਹੁ ਸਦਾ ਹੈ ਇਕੁ ਖਿਨੁ ਹਰਿ ਨਾਮੁ ਸਮਾਲਹੇ।"
- ਅਸ ੩, ਛੰਤ ੭, ੩:੩ (440)

ਸਮਾਲਾ -
"ਕਾਇਆ ਕਾਮਣਿ ਸਦਾ ਸੁਹੇਲੀ ਗੁਰਮੁਖਿ ਨਾਮੁ ਸਮਾਲਾ।" (ਯਾਦ ਕਰਦੀ, ਜਪਦੀ)
- ਸੂਹੀ ੩, ਅਸ ੨, ੨:੩ (754)

ਸਮਾਲਿ -
"ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ।"
- ਸਿਰੀ ੩, ੪੩, ੪:੩ (30)
"ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ।"
- ਸਿਰੀ ੫, ੭੩, ੨:੩ (43)
"ਤੂਹੈ ਰਾਖਹਿ ਸਾਰਿ ਸਮਾਲਿ।" (ਖਬਰ ਰੱਖ ਕੇ)
- ਗਉ ੫, ੧੭੪, ੧:੨ (200)

ਸੰਮਾਲਿ –

“ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਇ।”

–ਵਡ ੩, ਅਲਾ ੨, ੧:੩ (583)

ਸਮਾਲਿਆ –

“ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ।”

– ਸਿਰੀ ੪, ਛੰਤ ੧, ੩:੩ (78)

ਸਮਾਲਿਹੁ –

“ਸਾਚੋ ਸਾਚੁ ਸਮਾਲਿਹੁ ਦੁਖੁ ਜਾਇ।”

– ਧਨਾ ੩, ੫, ੧:੩ (665)

ਸਮਾਲੀ –

“ਜਾ ਦੁਖੁ ਲਾਗੈ ਤਾ ਤੁਝੈ ਸਮਾਲੀ।” (ਯਾਦ ਕਰਦੀ ਹਾਂ)

– ਸਿਰੀ ੧, ੩੧, ੧*:੨ (25)

ਸਮਾਲੀਐ –

“ਖਿਨੁ ਖਿਨੁ ਨਾਮੁ ਸਮਾਲੀਐ ਗੁਰਮੁਖਿ ਪਾਵੈ ਕੋਇ।”

– ਸਿਰੀ ੩, ੪੨, ੧:੨ (29)

ਸਮਾਲੇ –

“ਮਨ ਪਿਆਰਿਆ ਜੀਉ ਮਿਤ੍ਰਾ ਗੋਬਿੰਦ ਨਾਮੁ ਸਮਾਲੇ।”

– ਸਿਰੀ ੫, ਛੰਤ ੨, ੧:੧ (79)

ਸੰਮਾਲੇਹੁ –

“ਗੁਰੂਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ।”

– ਬਿਹਾ ੪, ਵਾਰ ੧੫ਸ, ੩, ੨:੨ (554)

ਸੰਮਾਲੇਨਿ –

“ਨਾਨਕ ਤੇ ਮੁਖ ਉਜਲੇ ਜਿ ਨਿਤ ਉਠਿ ਸੰਮਾਲੇਨਿ।”

– ਗਉ ੪, ਵਾਰ ੨੨ਸ, ੪, ੧:੬ (313)

ਸਮਾਲੇਨਿ –

“ਸਚੈ ਲਾਏ ਸਚਿ ਲਗੇ ਸਦਾ ਸਚੁ ਸਮਾਲੇਨਿ।”

– ਰਾਮ ੩, ਵਾਰ ੧੦ਸ, ੩, ੧:੪ (951)

ਸਮਾਲੈ –

“ਹਰਿ ਨਾਮਾ ਹਰਿ ਹਰਿ ਕਦੇ ਨ ਸਮਾਲੈ ਜਿ ਹੋਵੈ ਅੰਤਿ ਸਖਾਈ।”

– ਸਿਰੀ ੪, ਪਹ, ੩, ੩:੩ (76)

ਸਮਾਲਹਿ --- (1) ਯਾਦ ਕਰੇ, ਜਪੇਂ, ਵੇਖੋ ‘ਸਮਾਲਸੀ’

ਹੋਰ ਰੂਪ:

ਸਮ੍ਹਾਲਹਿ –

“ਸਾਚੂ ਸਮ੍ਹਾਲਹਿ ਸਾਚਿ ਸਮਾਹਿ।”

– ਬਸੰ ੩, ੩, ੧*:੨ (1172)

(2) ਸੰਭਾਲੇ, ਸਾਂਭੇ

“ਅਪਣਾ ਘਰੁ ਨ ਸਮਾਲਹਿ ਅੰਤਿ ਵਿਗੂਤੇ।”

– ਮਾਰੂ ੩, ਸੋਲਾ ੫, ੧੫:੨ (1049)

“ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ।”
– ਕੇਦਾ ੫, ੪, ੨:੧ (1120)

ਹੋਰ ਰੂਪ:

ਸੰਮਾਲਤਾ –
“ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ।” (ਖਬਰਦਾਰੀ, ਸੰਭਾਲ)
– ਧਨਾ ੫, ੨੭, ੨:੨ (677)

ਸਮਾਲਿ –
“ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।”
– ਸਿਰੀ ੧, ੨੩, ੧:੧ (22)
“ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ।” (ਸੰਭਾਲ ਕੇ ਵੇਖ)
– ਗਉ ੪, ਕਰ ੨, ੧:੧ (234)
“ਆਪਿ ਛਡਾਏ ਛੁਟੀਐ ਸਤਿਗੁਰ ਚਰਣ ਸਮਾਲਿ।” (ਪਕੜ)
– ਗਉ ੪, ਕਰ ੨, ੪:੨ (235)

ਸਮਾਲੀਅਨਿ –
“ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ।”
– ਗਉ ੧, ਸੋਲਾ ੧, ੨:੧ (12)

ਸਮਾਲੀਐ –
“ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ।”
– ਮਾਝ ੧, ਵਾਰ ੧੧ਸ, ੧, ੨:੪ (143)
“ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ।”
– ਆਸਾ ੧ ਅਸ ੨੦, ੫:੧ (421)

ਸਮਾਲੇ –
“ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।”
– ਜਪੁ ੧, ੨੭:੧ (6)

ਸੰਮਾਲੇ –
“ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ।”
– ਆਸਾ ੧, ਵਾਰ ੮ਸ, ੧, ੧:੫ (467)

ਸਮਾਲੈ –
“ਉਗਵੈ ਦਿਨਸੁ ਆਲੁ ਜਾਲੁ ਸਮਾਲੈ ਬਿਖੁ ਮਾਇਆ ਕੇ ਬਿਸਥਾਰੇ।”
– ਨਟ ੪, ਅਸ ੨, ੫:੧ (981)

ਸਮਾਲਿ ----- (1) ਸਮਝ
“ਕੇਤੀ ਨਾਰਿ ਵਰੁ ਏਕੁ ਸਮਾਲਿ।” (ਇਹ ਸਮਝ ਕਿ ਇਕ ਪਤੀ ਤੇ ਕਿਤਨੀਆਂ ਹੀ ਉਸ ਦੀਆਂ ਪਤਨੀਆਂ ਹਨ)
– ਰਾਮ ੧, ਦਓ ੨੧:੬ (932)
(2) ਯਾਦ ਕਰ, ਵੇਖੋ ‘ਕਮਾਲਸੀ’
(3) ਸਾਂਭ, ਵੇਖੋ ‘ਸਮਾਲਹਿ’

ਸਮਾਲਿਆ --- (1) ਯਾਦ ਰਖਿਆ, ਵੇਖੋ ‘ਸਮਾਲਸੀ’
(2) ਧਿਆਨ ਰਖਦਾ ਹੈ

"ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ।"
– ਮਾਰੂ ੫, ਸੋਲਾ ੧, ੩:੨ (1071)

ਸਮਾਲੇ ----- (1) ਪੂਰਾ ਕਰੇ
"ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ।"
– ਧਨਾ ੫, ੪੬, ੧:੧ (682)
(2) ਯਾਦ ਕਰੇ, ਵੇਖੋ 'ਸਮਾਲਸੀ'
(3) ਸਾਂਭੇ, ਸੰਭਾਲੇ, ਵੇਖੋ 'ਸਮਾਲਹਿ'

ਸਮਾਲੈ ----- (1) ਰਖੇ
"ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ।" (ਖਬਰ ਰੱਖਦਾ ਹੈ)
– ਸੋਰ ੫, ੧੩, ੧:੨ (612)
(2) ਯਾਦ ਕਰੇ, ਵੇਖੋ 'ਸਮਾਲਸੀ'

ਸਮਾਵਉ ---- ਵੇਖੋ 'ਸਮਾਉ' ਲੀਨ ਹੋਣਾ, ਰਲ ਜਾਣਾ, ਸਮਾ ਜਾਣਾ, ਵੇਖੋ 'ਸਮਾਇ' (3)
"ਹੋਇ ਸਗਲ ਕੀ ਰੇਣੁਕਾ ਹਰਿ ਸੰਗਿ ਸਮਾਵਉ।"
– ਗਉ ੫, ਵਾਰ ੧੭:੩ (322)

ਹੋਰ ਰੂਪ:

ਸਮਾਵਈ –
"ਚਲੈ ਸਦਾ ਰਜਾਇ ਅੰਕਿ ਸਮਾਵਈ।"
– ਆਸਾ ੧, ਅਸ ੧੭, ੨:੨ (420)

ਸਮਾਵਏ –
"ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ।"
– ਵਡ ੧, ਛੰਤ ੨, ੪:੪ (567)

ਸਮਾਵਸੀ –
"ਸਚੇ ਮਾਹਿ ਸਮਾਵਸੀ ਜਿਸ ਨੋ ਨਦਰਿ ਕਰੇਇ।"
– ਮਾਰੂ ੩, ਵਾਰ ੯ਸ, ੩, ੨:੭ (1089)

ਸਮਾਵਹਿ –
"ਨਾਨਕ ਗੁਰਮੁਖਿ ਸਚਿ ਸਮਾਵਹਿ ਸਚੁ ਨਾਮੁ ਉਰ ਧਾਰਿ।"
– ਸਿਰੀ ੪, ਵਾਰ ੧੬ਸ, ੩, ੨:੫ (89)

ਸਮਾਵਹਿਗੇ –
"ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ।"
– ਮਾਰੂ ਕਬ, ੪, ੧:੧ (1103)

ਸਮਾਵਈ ---- (1) ਲੀਨ ਹੋਵੇ, ਵੇਖੋ 'ਸਮਾਵਉ'
(2) ਸਹਾਰੀ ਜਾਂਦੀ, ਸੁਖਾਂਦੀ
"ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ।"
– ਮਾਰੂ ੫, ਵਾਰ ੩ਸ, ੫, ੩:੨ (1095)

ਸਮਾਵਏ ---- (1) ਵਸ ਜਾਇ, ਸਮਾ ਜਾਏ
"ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।"

– ਤੁਖਾ ੧, ਬਾਰਾ ੯:੬ (1108)

(2) ਲੀਨ ਹੋਏ, ਵੇਖੋ 'ਸਮਾਵਉ'

ਸਮਾਵਹਿ ---- (1) ਖਚਿਤ, ਰੁਝੇ ਹੋਏ; ਮਹਿਦੂਦ (ਸ਼ਬਦਾਰਥ)

"ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ।" (ਖਚਿਤ, ਰੁਝੇ ਹੋਏ)

– ਗਉ ੧, ੧੬, ੧*:੨ (156)

(2) ਲੀਨ ਹੋਣ, ਵੇਖੋ 'ਸਮਾਵਉ'

ਹੋਰ ਰੂਪ:

ਸਮਾਵਹੀ –

"ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ।"

– ਮਾਰੂ ੫, ਵਾਰ ੩:੨ (1095)

ਸਮਾਵਹੁ –

"ਤਿਸਹਿ ਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁ ਕੀਆ।"

– ਆਸਾ ੧, ਪਟੀ ੩੩:੨ (434)

ਸਮਾਵਣਿਆ –

"ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ।"

– ਮਾਝ ੧, ਅਸ ੧, ੭:੩ (109)

ਸਮਾਵਤ –

"ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ।"

– ਸਮ ੫, ੭*:੪ (1388)

ਸਮਾਵਨ –

"ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ।" (ਲੀਨ ਹੋ ਜਾਈਦਾ ਹੈ)

– ਧਨਾ ੫, ੩੫, ੧*:੨ (680)

ਸਮਾਵਨਾ –

"ਮੋਹਿ ਨਿਰਗੁਨ ਕਉ ਕੋਇ ਨ ਰਾਖੈ ਸੰਤਾ ਸੰਗਿ ਸਮਾਵਨਾ।"

– ਮਾਰੂ ੫, ਅਸ ੫, ੭:੧ (1018)

ਸਮਾਵਾ –

"ਨਾਨਕ ਸਾਚੇ ਸਾਚਿ ਸਮਾਵਾ।"

– ਗਉ ੪, ੨੨, ੪:੪ (158)

ਸਮਾਵਾਂ –

"ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇਕਰਿ ਸਚਿ ਸਮਾਵਾਂ।"

– ਬਸੰ ੧, ੧੦, ੩:੧ (1171)

ਸਮਾਵੈ –

"ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ।"

– ਸਿਰੀ ੪, ਪਹ ੨, ੫:੫ (76)

ਸਮਾਵਣਹ --- ਸਮਾਨ, ਇਕੋ ਜਿਹਾ (ਸ਼ਬਦਾਰਥ)

"ਅਲਖ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ।" (ਇਕੋ ਜਿਹਾ ਦੁਖ ਦੇਣ ਵਾਲੇ)

– ਸਸ ੫, ੪੬:੩ (1358)

ਸਮਾਵਣਾ --- **ਸਮਾ ਜਾਣਾ, ਰਲ ਜਾਣਾ**

"ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ।"

– ਮਾਝ ੧, ਵਾਰ ੨੧:੪ (148)

"ਤਾ ਕੀ ਕੀਮਤਿ ਕਹਣੁ ਨ ਜਾਈ ਜਤ ਕਤ ਓਹੀ ਸਮਾਵਣਾ।" (ਸਮਾਇਆ ਹੋਇਆ)

– ਮਾਰੂ ੫, ਸੋਲਾ ੧੪, ੧੧:੩ (1086)

ਹੋਰ ਰੂਪ:

ਸਮਾਵਣਿਆ –

"ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ।"

– ਮਾਝ ੩, ਅਸ ੮, ੩:੩ (113)

ਸਮਾਵਨ –

"ਕਰਨ ਕਰਾਵਨ ਉਪਾਇ ਸਮਾਵਨ ਸਗਲ ਛਤ੍ਰਪਤਿ ਬੀਠਾ।" (ਸਮਾ ਲੈਣ ਵਾਲਾ)

– ਸਾਰ ੫, ਅਸ ੧, ੧*:੨ (1235)

ਸਮਾਵਾ –

"ਜਉ ਤ੍ਰਿਭਵਣ ਤਨ ਮਾਹਿ ਸਮਾਵਾ।" (ਸਮਾ ਜਾਏ, ਰਲ ਕੇ ਮੁਕ ਜਾਵੇ)

– ਗਉ ਕਬ, ਬਾਅ ੨੨:੩ (341)

"ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ।" (ਸਮਾਏ ਮੰਨਦਾ ਹਾਂ)

– ਤੁਖਾ ੧, ਬਾਰਾ ੧੫:੪ (1109)

ਸਮਾਵੈ –

"ਕਹ ਉਪਜੈ ਕਹ ਜਾਇ ਸਮਾਵੈ।" (ਸਮਾ ਜਾਂਦਾ ਹੈ/ਨਾਸ਼ ਹੋ ਜਾਂਦਾ ਹੈ)

– ਗਉ ੧, ੬, ੧:੨ (152)

"ਹੁਕਮੈ ਉਪਜੈ ਹੁਕਮਿ ਸਮਾਵੈ।" (ਨਾਸ਼ ਹੋ ਜਾਵੇ)

– ਗਉ ੫, ਸੁਖ ੧੧, ੧:੬ (277)

ਸਮਾਵੈਗੋ –

"ਜਿਉ ਜਿਉ ਜਪੈ ਤਿਵੈ ਸੁਖੁ ਪਾਵੈ ਸਤਿਗੁਰੁ ਸੇਵਿ ਸਮਾਵੈਗੋ।"

– ਕਾਨ ੪, ਅਸ ੧, ੧*:੨ (1308)

ਸਮਾਵਣੀ --- **ਪ੍ਰਵੇਸ਼ ਕਰਨਾ**

"ਮੈਲੀ ਅਵਗਣਿ ਚਿਤਿ ਬਿਨੁ ਗੁਰ ਗੁਣ ਨ ਸਮਾਵਨੀ ਬਲਿਰਾਮ ਜੀਉ।"

– ਸੂਹੀ ੧, ਛੰਤ ੧, ੧:੨ (763)

ਹੋਰ ਰੂਪ:

ਸਮਾਵੈ –

"ਗੁਰ ਕੈ ਸਬਦਿ ਸਹਜੇ ਸੁਖਿ ਸਮਾਵੈ।"

– ਮਾਝ ੩, ਅਸ ੯, ੬:੨ (114)

"ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ।" (ਵਸ ਜਾਵੇ)

– ਗਉ ੯, ੬, ੨:੨ (220)

ਸਮਾਵੈ ----- **(1) ਖਤਮ/ਨਾਸ ਕਰ ਦਿੰਦਾ ਹੈ**

"ਢਾਹਿ ਉਸਾਰੇ ਹੁਕਮਿ ਸਮਾਵੈ।"
– ਆਸਾ ੧, ਅਸ ੬, ੫:੧ (414)

"ਤੀਨਿ ਸਮਾਵੈ ਚਉਥੈ ਵਾਸਾ।"
(ਤਿਨਾਂ ਗੁਣਾਂ ਨੂੰ ਮੇਟ ਕੇ)
– ਬਿਲਾ ੧, ਥਿਤੀ ੫:੫ (839)

(2) ਲੀਨ ਹੋਵੇ, ਵੇਖੋ 'ਸਮਾਵਹਿ'
"ਅਹਿਨਿਸਿ ਸੁੰਨਿ ਸਮਾਧਿ ਸਮਾਵੈ।"
– ਬਿਲਾ ੧, ੫, ੧*:੨ (877)

(3) ਸਮਾ/ਰਲ ਜਾਵੇ, ਵੇਖੋ 'ਸਮਾਵਣਾ'
(4) ਪ੍ਰਵੇਸ਼ ਕਰਨਾ ਵੇਖੋ 'ਸਮਾਵਣੀ'
"ਸਸੀਅਰ ਕੈ ਘਰਿ ਸੂਰੁ ਸਮਾਵੈ।" (ਆ ਵਸੇ)
– ਬਿਲਾ ੧, ਥਿਤੀ ੧੮:੩ (840)

(5) ਰਹਿੰਦਾ ਹੈ (ਭਾਵ)
"ਸਰਬ ਸੂਖ ਭੋਗ ਰਸ ਦੇਵੈ ਮਨ ਹੀ ਨਾਲਿ ਸਮਾਵੈ।"
– ਧਨਾ ੫, ੩੯, ੧:੨ (680)

"ਇਕਤੁ ਠਉਰ ਓਹ ਕਹੀ ਨ ਸਮਾਵੈ।" (ਇਕ ਥਾਂ ਤੇ ਉਹ ਕਦੀ ਨਹੀਂ ਟਿਕਦੀ)
– ਰਾਮ ੫, ੨੯, ੩:੧ (892)

(6) ਮੁਕ ਜਾਂਦਾ ਹੈ
"ਅਪਿਓ ਪੀਵੈ ਜੋ ਨਾਨਕਾ ਭ੍ਰਮੁ ਭ੍ਰਮਿ ਸਮਾਵੈ।"
– ਤਿਲੰ ੧, ਅਸ ੧, ੧੦:੧ (725)

(7) ਅੰਕ ਸਮਾਵੈ – ਕਬੂਲ ਕਰ ਲੈਂਦਾ ਹੈ
"ਗੁਰ ਕਾ ਕਹਿਆ ਅੰਕਿ ਸਮਾਵੈ।"
– ਰਾਮ ੧, ਓਅੰ ੨੭:੩ (933)

ਸਮਿ ------ ਬਰਾਬਰ ਤੁੱਲ, ਵੇਖੋ 'ਸਮਿ'
"ਅਉਰ ਧਰਮ ਤਾ ਕੈ ਸਮਿ ਨਾਹਨਿ ਇਹ ਬਿਧਿ ਬੇਦੁ ਬਤਾਵੈ।"
– ਸੋਰ ੯, ੫, ੨:੨ (632)

ਸਮਿਓ ----- ਸਮਾਂ, ਵੇਲਾ
"ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ।"
– ਸਲੋ ੯, ੩੬:੨ (1428)

ਸੰਮਿ ------ (ਸੰ.) ਸੌਂ ਕੇ
"ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ।"
– ਸਲੋ ਫਰ, ੩੮:੧ (1379)

ਸੰਮਿਆ ---- ਆਧਾਰ, ਟੇਕ ਟਿਕਟਿਕੀ ਜਿਸ ਉਤੇ ਜੋਗੀ ਬਾਹਾਂ ਰੱਖਕੇ ਧਿਆਨ ਲਾਉਂਦੇ ਹਨ
"ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ।"
– ਆਸਾ ੧, ੩੭, ੪:੧ (360)

ਸਮਿਗ੍ਰੀ ---- ਚੀਜਾਂ, ਭਾਵ ਸਾਰੀ ਸ੍ਰਿਸ਼ਟੀ, ਵੇਖੋ 'ਸਮਗ੍ਰੀ' (2)
"ਸਗਲ ਸਮਿਗ੍ਰੀ ਏਕਸੁ ਘਟ ਮਾਹਿ।"

– ਗਉ ੫, ਸੁਖ ੨੩, ੧:੩ (293)

ਸਮੀਆ ---- **ਸਮਾਨ ਰੂਪ ਵਿਚ ਵਿਆਪਕ**
"ਜਾ ਕਾ ਮੀਤੁ ਸਾਜਨੁ ਹੈ ਸਮੀਆ।"
– ਗਉ ੫, ੧੦੨, ੧:੧ (186)
(ਮਹਾਨ ਕੋਸ਼ ਇਸ ਦੇ ਅਰਥ 'ਨੇੜੇ' ਕਰਦੇ ਹਨ)

ਸਮੀਜੈ ----- **ਸਮਾਈਦਾ ਹੈ**
"ਨਾਨਕ ਸੁਖਿ ਸਹਜਿ ਸਮੀਜੈ।"
– ਰਾਮ ੫, ੪੧, ੪:੪ (896)

ਸਮੀਤਾ ----- **ਸਮਾ ਜਾਂਦਾ ਹੈ**
"ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ।"
– ਗੂਜ ੩, ਵਾਰ ੪:੩ (510)

ਸਮੀਪ ----- **(ਸੰ.) ਕੋਲ, ਨੇੜੇ ਨਿਕਟ**
"ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ।"
– ਬਿਲਾ ਰਵਿ, ੨, ੩:੨ (858)

ਹੋਰ ਰੂਪ:

ਸਮੀਪਤ – (ਸੰ.)
"ਮਿਰਤ ਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ।"
– ਮਾਰੂ ੫, ਸੋਲਾ ੧੧, ੧੨:੩ (1083)
ਸਮੀਪਿ –
"ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।"
– ਸਸ ੫, ੪੧:੧ (1357)

ਸਮੁਹਾ ----- **ਮੂੰਹ ਤਾਈਂ**
"ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ।"
– ਸਲੋ ਕਬ, ੧੭੦:੧ (1373)

ਸਮੁੰਦ ------ **ਸਮੁੰਦਰ, ਸਾਗਰ**
"ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ।"
– ਜਪੁ ੧, ੨੩:੩ (5)
"ਸਾਤ ਸਮੁੰਦ ਭਰੇ ਨਿਰਮਲ ਨੀਰਿ।" (ਪੰਜ ਇੰਦ੍ਰੀਆਂ ਮਨ ਤੇ ਬੁੱਧੀ, ਭਰੇ ਹੋਣ ਭਾਵ ਪੂਰੀ ਨਿਸ਼ਾ ਹੋ ਜਾਵੇ)
– ਬਿਲਾ ੧, ਥਿਤੀ ੯:੨ (839)

ਹੋਰ ਰੂਪ:

ਸਮੁਦ –
"ਕਈ ਕੋਟਿ ਕੀਏ ਰਤਨ ਸਮੁਦ।"
– ਗਉ ੫, ਸੁਖ ੧੦, ੪:੩ (276)
ਸਮੁੰਦਹਿ –
"ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ।"

– ਸਲੋ ਕਬ, ੮੧:੧ (1368)

ਸਮੁੰਦਿ –
“ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ।”
– ਜਪੁ ੧, ੨੩:੨ (5)

ਸਮੁੰਦੁ –
“ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ।”
– ਮਾਝ ੧, ਵਾਰ ੨੬ਸ, ੧, ੧:੨੪ (150)

“ਜੇਤਾ ਸਮੁੰਦ ਸਾਗਰੁ ਨੀਰਿ ਭਰਿਆ ਤੇਤੇ ਅਉਗੁਣ ਹਮਾਰੇ।” (ਸਮੁੰਦ ਸਾਗਰ – ਹਦ ਤੀਕ ਸਮੁੰਦਰ)
– ਗਉ ੧, ੧੭, ੫:੧ (156)

ਸਮੁਦੁ –
“ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ।”
– ਮਾਰੂ ੫, ੧੧, ੨:੨ (1001)

ਸਮੁੰਦੇ –
“ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ।”
– ਬਸੰ ਨਾਮ, ੨, ੧*:੧ (1196)

ਸਮੁਦ੍ਰ –
“ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ।”
– ਸਵ ੪, ਨਲ, ੫:੩ (1399)

ਸਮੁਦ੍ਰੁ –
“ਖਾਰ ਸਮੁਦ੍ਰੁ ਢੰਢੋਲੀਐ ਇਕੁ ਮਣੀਆ ਪਾਵੈ।”
– ਮਾਰੂ ੧, ਅਸ ੬, ੬:੧ (1012)

ਸਮੁਦ੍ਰੈ –
“ਕਹੁ ਕਬੀਰ ਕੰਚਨੁ ਭਇਆ ਭ੍ਰਮੁ ਗਇਆ ਸਮੁਦ੍ਰੈ ਪਾਰਿ।”
– ਮਾਰੂ ਕਬ, ੩, ੪:੨ (1103)

ਸਮੁੰਦੁ ----- (1) ਸਮੁੰਦਰ, ਸਾਗਰ, ਵੇਖੋ ‘ਸਮੁੰਦ’
(2) ਖਾੜੀ
“ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ।”
– ਬਿਹਾ ੪, ਵਾਰ ੯:੨ (552)

(3) ਪ੍ਰਭੂ (ਭਾਵ)
“ਇਹ ਟੋਘਨੈ (ਟੋਭੇ, ਦੇਵੀ ਦੇਵਤੇ) ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ।”
– ਸਲੋ ਕਬ, ੪੯:੨ (1367)

ਸਮੁਧਰਿਆ -- (ਸੰ.) ਮੁਕਤ, ਚੰਗੀ ਤਰਾਂ ਤਰਿਆ
“ਸੋਈ ਨਾਮੁ ਸਿਵਰਿ ਨਵ ਨਾਥ ਨਿਰੰਜਨੁ ਸਿਵ ਸਨਕਾਦਿ ਸਮੁਧਰਿਆ।”
– ਸਵ ੩, ੩:੧ (1393)

ਹੋਰ ਰੂਪ:

ਸਮੁਧਰੇ –
“ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ।”

– ਸਵ ੩, ੮:੩ (1393)

ਸਮੁਲਵੈ ---- (ਉਚਰਣ (ਕਥਨ) ਕਰਦਾ ਹੈ
"ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ।"
– ਸਵ ੨, ੬:੬ (1392)

ਸਮੂਹ ------ (1) ਸਭ
"ਸਗਲ ਸਮੂਹ ਲੈ ਉਬਰੇ ਨਾਨਕ ਪੂਰਨ ਬ੍ਰਹਮ ਪਛਾਤਾ।" (ਸਗਲ ਸਮੂਹ – ਸਾਰੇ ਦੇ ਸਾਰੇ)
– ਦੇਵ ੫, ੨੧, ੨:੨ (532)
"ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ।" (ਸਾਰੀਆਂ)
– ਦੇਵ ੫, ੩੦, ੧:੨ (534)

ਹੋਰ ਰੂਪ:

ਸਮੂਹਣਹ –
"ਸਿਮਰਣੰ ਗੋਬਿੰਦ ਨਾਮੰ ਉਧਰਣੰ ਕੁਲ ਸਮੂਹਣਹ।"
– ਗਾਥਾ ੫, ੨੧:੧ (1361)

ਸਮੂਹਾ –
"ਮਿਲੁ ਸਾਧਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ।"
– ਆਸਾ ੫, ਛੰਤ ੧੩, ੨:੪ (461)

ਸਮੂਹਾਂ –
"ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੇ।"
– ਸਾਰ ੫, ੧੧੦, ੨:੨ (1225)

(2) ਪੂਰਨ ਤੌਰ ਤੇ, ਸਾਰੀ ਦੀ ਸਾਰੀ
"ਮਾਈ ਰੀ ਮਾਤੀ ਚਰਣ ਸਮੂਹ।"
– ਸਾਰ ੫, ੧੧੮, ੧*:੧ (1227)

(3) ਇਕਠ
"ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ।"
– ਸਵ ੪, ਮਥੁ ੬:੩ (1404)

ਸਮੂਰਤੁ ---- ਸ਼ੁਭ ਘੜੀ, ਸ਼ੁਭ ਸਮਾਂ
"ਭਲੋ ਸਮੂਰਤੁ ਪੂਰਾ।"
– ਸੋਰ ੫, ੩੬, ੧*:੧ (618)

ਸਮੇਉ ----- ਲੀਨ ਕਰ ਲਵੋ, ਸਮਾਉਣ ਲਵੋ, ਵੇਖੋ 'ਸਮਾਉ'
"ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ।"
– ਸਿਰੀ ੧, ੧੬, ੩:੩ (20)
"ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ।" (ਸਮਾ ਜਾਵੋ, ਲੀਨ ਹੋ ਜਾਵੋ)
– ਮਾਝ ੧, ਵਾਰ ੨੨ਸ, ੨, ੧:੧ (150)

ਹੋਰ ਰੂਪ:

ਸਮੇਇ –

“ਮਨੁ ਤਨੁ ਰਾਤਾ ਗੁਰ ਕੀ ਬਾਣੀ ਸੇਵਾ ਸੁਰਤਿ ਸਮੇਇ।” (ਲਗੀ, ਸਮਾਈ ਰਹਿੰਦੀ ਹੈ)
– ਮਲਾ ੩, ੫, ੪:੨ (1259)

ਸਮੇਟਿਆ --- ਇਕੱਠਾ/ਇਕਾਗਰ ਕਰਕੇ
“ਤਤੁ ਗਿਆਨੁ ਲਾਇ ਧਿਆਨੁ ਦ੍ਰਿਸਟਿ ਸਮੇਟਿਆ।”
– ਗੂਜ ੫, ਵਾਰ ੧੦:੫ (520)

ਸਮੇਤਿ ----- ਨਾਲ, ਸਹਿਤ
“ਲੂਟੀ ਲੰਕਾ ਸੀਸ ਸਮੇਤਿ।”
– ਗਉ ੧, ਅਸ ੯, ੫:੨ (224)

ਸਮੇਵ ------ ਸਮਾਇਆ ਹੋਇਆ/ਸਮਾਂਦਾ ਹੈ
“ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ।”
– ਸਸ ੫, ੬੭:੧ (1360)

ਸਮੈ ------- (1) ਸਮੇਂ, ਵੇਲੇ
“ਮੇਘ ਸਮੈ ਮੋਰ ਨਿਰਤਿਕਾਰ।”
– ਬਸੰ ੫, ੨, ੨:੧ (1180)
(2) ਮੌਕੇ, ਅਵਸਰ ਤੇ
“ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਵਾਬੁ ਨ ਹੋਇ।”
– ਸਾਰ ਨਾਮ, ੩, ੧:੨ (1252)
(3) ਲੀਨ ਹੋਏ
“ਹੁਕਮੋ ਸੇਵੇ ਹੁਕਮੁ ਅਰਾਧੇ ਹੁਕਮੇ ਸਮੈ ਸਮਾਏ।” (ਆਪ ਲੀਨ ਹੁੰਦਾ ਹੈ ਅਤੇ ਦੂਜਿਆਂ ਨੂੰ ਕਰਦਾ ਹੈ)
– ਸਲੋ ੪, ੧੮:੨ (1423)
(ਮਹਾਨਕੋਸ਼ ਨੇ ਇਥੇ ਸਮੈ ਦੇ ਅਰਥ ‘ਸੋਂਦਾ ਹੈ’ ਕੀਤੇ ਹਨ ‘ਦਰਪਣ’ ਸਮੈਂ ਦੇ ਅਰਥ ‘ਹਰ ਸਮੇਂ’ ਕਰਦਾ ਹੈ)

ਸਮੈਸਰਿ ---- ਸਮਾਨ, ਇਕੋ ਜਿਹੀ, ਵੇਖੋ ‘ਸਮਸਰਿ’ (2)
“ਰਹੈ ਗਗਨ ਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ।”
– ਰਾਮ ੧, ਅਸ ੮, ੨:੧ (907)

ਸਮੋ ------- ਵੇਲਾ, ਸਮਾ
“ਭਲੋ ਸਮੋ ਸਿਮਰਨ ਕੀ ਬਰੀਆ।”
– ਗਉ ੫, ੧੨੦, ੧*:੧ (190)

ਸਮੋਇ ----- ਸਮਾ ਰਹੀ ਹੈ
“ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।”
– ਸਿਰੀ ੧, ੧੫, ੩:੨ (19)
“ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ ਗੁਰ ਗਿਆਨੁ ਸਮੋਇ।” (ਸਮਾਵੈ)
– ਸੋਰ ੧, ਅਸ ੪, ੨:੨ (637)

ਹੋਰ ਰੂਪ:

ਸਮੋਈ –
“ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ।”
– ਸੋਰ ੧, ੧੧, ੨:੨ (599)

ਸਮੋਈ ----- (1) ਸਮਾ ਰਹੀ ਹੈ, ਵੇਖੋ ‘ਸਮੋਇ’
(2) ਪਾਈ ਹੈ
“ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ।”
– ਮਾਰੂ ੧, ਸੋਲਾ ੮, ੧:੨ (1027)

ਸਮ੍ਰਥ ------ (ਸੰ.) ਯੋਗ, ਸਮਰਥ, ਸ਼ਕਤੀਵਾਨ, ਸਭ ਕੁਝ ਕਰ ਸਕਨ ਵਾਲੇ
“ਸਰਨਿ ਸਮ੍ਰਥ ਅਕਥ ਸੁਖਦਾਤਾ ਕਿਰਪਾ ਸਿੰਧ ਬਡੋ ਦਇਆਲ।”
– ਬਿਲਾ ੫, ੧੦੨, ੧:੧ (824)

ਹੋਰ ਰੂਪ:

ਸੰਮ੍ਰਥ –
“ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।”
– ਸਿਰੀ ੧, ੧੦, ੧:੨ (17)

ਸੰਮ੍ਰਥੁ –
“ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ।”
– ਵਡ ੧, ਅਲਾ ੨, ੨:੨ (579)

ਸੰਮ੍ਰਿਥ –
“ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ।”
– ਮਾਝ ੫, ਦਿਨ ੨:੧ (136)

ਸੰਮ੍ਰਿਥ –
“ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ।”
– ਸਿਰੀ ੫, ੯੧, ੪:੨ (50)

ਸੰਮ੍ਹਲਾ ----- ਯਾਦ ਕਰਾਂ, ਵੇਖੋ ‘ਸਮਾਰ’
“ਗੁਰ ਪਰਸਾਦੀ ਤਿਸੁ ਸੰਮ੍ਹਲਾ ਤਾ ਤਨਿ ਦੂਖੁ ਨ ਹੋਇ।”
– ਰਾਮ ੧, ਓਅੰ ੩੧:੮ (934)

ਹੋਰ ਰੂਪ:

ਸੰਮ੍ਹਲਿਆ –
“ਸੰਮ੍ਹਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ।”
– ਸੂਹੀ ੫, ਛੰਤ ੨, ੩:੧ (778)

ਸਮ੍ਹਾਰਨ ---- ਸੰਭਾਲਣ
“ਗੁਰੂ ਸਮਰਥੁ ਗਹਿ ਕਰੀਆ ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ।”
– ਸਵ ੪, ਮਥੁ ੨:੧ (1404)

ਸਮ੍ਹਾਰਿ ----- ਯਾਦ ਕਰਕੇ
“ਉਨ ਸਮ੍ਹਾਰਿ ਮੇਰਾ ਮਨੁ ਸਧਾਰੇ।”
– ਦੇਵ ੫, ੨੫, ੨:੨ (533)

ਹੋਰ ਰੂਪ:

ਸਮ੍ਹਾਰੇ –
“ਪੂੰਜੀ ਨਾਮੁ ਲੇਖਾ ਸਾਚੁ ਸਮ੍ਹਾਰੇ।”
– ਆਸਾ ੫, ਅਸ ੧, ੭:੨ (430)

ਸਮ੍ਹਾਰੇ ----- (1) ਯਾਦ ਕਰੇ, ਵੇਖੋ ‘ਸਮ੍ਾਰਿ’
(2) ਸੰਭਾਲੇ –
“ਸਭ ਮਧੇ ਰਵਿਆ ਮੇਰਾ ਠਾਕੁਰੁ ਦਾਨੁ ਦੇਤ ਸਭਿ ਜੀਅ ਸਮ੍ਹਾਰੇ।”
– ਆਸਾ ੫, ੩੬, ੨:੨ (379)

ਸਮ੍ਹਾਲਹਿ --- ਯਾਦ ਕਰੇ
“ਸਾਚੁ ਸਮ੍ਹਾਲਹਿ ਸਾਚਿ ਸਮਾਹਿ।”
– ਬਸੰ ੩, ੩, ੧*:੨ (1173)

ਹੋਰ ਰੂਪ:

ਸਮ੍ਾਲੀਐ –
“ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ।”
– ਆਸਾ ੧, ਵਾਰ ੨੧:੧ (474)

ਸੰਮ੍ਹਾਲੇ –
“ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਠੇ ਸੰਮ੍ਹਾਲੇ।”
– ਵਡ ੪, ਵਾਰ ੨੦ਸ, ੧, ੧:੧ (594)

ਸਮ੍ਾਰਉ ---- ਯਾਦ ਕਰਾਂ
“ਸਦਾ ਸਦਾ ਹਰਿ ਨਾਮੁ ਸਮ੍ਾਰਉ।”
– ਆਸਾ ੫, ੬੪, ੧:੨ (387)

ਹੋਰ ਰੂਪ:

ਸਮਾਰਹੁ –
“ਅੰਤਰਜਾਮੀ ਰਾਮੁ ਸਮਾਰਹੁ।”
– ਗਉ ਕਬ, ਥਿਤੀ ੧:੨ (343)

ਸਮ੍ਾਰਿ ----- ਸੰਭਾਲ
“ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ।”
– ਸੂਹੀ ਫਰ, ੧, ੪:੪ (794)

ਸੰਮ੍ਹਾਰਿ ----- ਯਾਦ ਕਰ
“ਬਿਸਨ ਸੰਮ੍ਹਾਰਿ ਨ ਆਵੈ ਹਾਰਿ।”
– ਗਉ ਕਬ, ਬਾਅ ੩੭:੨ (342)

ਸਮ੍ਾਰਿਆ --- ਸੰਭਾਲਿਆ
“ਸਗਲ ਅਨੰਦੁ ਕੀਆ ਪਰਮੇਸਰਿ ਅਪਣਾ ਬਿਰਦੁ ਸਮ੍ਾਰਿਆ।”
– ਬਿਲਾ ੫, ੨੩, ੧:੧ (806)

ਸਮ੍ਾਰੀ ----- ਯਾਦ ਕਰਦਾ ਹਾਂ

"ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਹਾਰੀ।"
– ਆਸਾ ੫, ੧੨੨, ੨:੧ (401)

"ਕਿਆ ਗੁਣ ਤੇਰੋ ਸਾਰਿ ਸਮ੍ਹਾਰੀ।" (ਸੰਭਾਲਾਂ, ਹਿਰਦੇ ਵਿਚੇ ਸਮਾਵਾਂ)
– ਬਿਲਾ ੫, ੧੦੯, ੨:੧ (826)

ਹੋਰ ਰੂਪ:

ਸਮ੍ਹਾਰੇ –
"ਸਤਿਗੁਰੁ ਅਪਨਾ ਸਦ ਸਦਾ ਸਮ੍ਹਾਰੇ।"
– ਆਸਾ ੫, ੬੭, ੧:੧ (387)

ਸਮ੍ਹਾਰੇ ------ (1) ਯਾਦ ਕਰੇ/ਕਰਾਂ, ਵੇਖੋ 'ਸਮ੍ਹਾਰੀ'
(2) ਸੰਭਾਲੇ
"ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੇਹੁ ਸਮ੍ਹਾਰੇ।"
– ਮਲਾ ੫, ਛੰਤ ੧, ੨:੬ (1278)

ਸਮ੍ਹਾਰੈ –
(1) ਯਾਦ ਕਰੇਗਾ
"ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ।"
–ਆਸਾ ੪, ੬੨, ੩:੨ (368)
"ਅਨਦੁ ਕਰੈ ਸਾਸਿ ਸਾਸਿ ਸਮ੍ਹਾਰੈ ਨਾ ਪੋਹੈ ਅਗਨਾਰਿ।" (ਯਾਦ ਕਰੇ)
– ਆਸਾ ੫, ੩੭, ੨:੨ (379)
(2) ਸੰਭਾਲਦਾ ਹੈ
"ਦੀਨ ਦਇਆਲ ਕ੍ਰਿਪਾ ਨਿਧੇ ਸਾਸਿ ਸਾਸਿ ਸਮ੍ਹਾਰੈ।"
– ਬਿਲਾ ੫, ੪੮, ੨:੨ (813)

ਸਮ੍ਹਾਲ ------ ਯਾਦ ਕਰ
"ਗੁਰ ਪਰਸਾਦੀ ਸਦ ਸਮ੍ਹਾਲ।"
– ਬਸੰ ੩, ੩, ੪:੨ (1173)

ਸਮ੍ਹਾਲਸਿ --- ਸੰਭਾਲਦਾ ਹੈ, ਚੇਤੇ ਰਖਦਾ ਹੈ
"ਨਾਮੁ ਸਮ੍ਹਾਲਸਿ ਰੂੜੀ ਬਾਣਿ।"
– ਮਲਾ ੧, ੪, ੨:੩ (1275)

ਸਮ੍ਹਾਲਣੋ ---- ਯਾਦ ਕਰਦਾ ਹੈ
"ਜਿਸ ਨੋ ਲਾਏ ਸਚਿ ਤਿਸੁ ਸਚੁ ਸਮ੍ਹਾਲਣੋ।"
– ਰਾਮ ੫, ਵਾਰ ੧੩:੪ (963)

ਹੋਰ ਰੂਪ:

ਸਮ੍ਹਾਲਦਾ –
"ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ।"
– ਬਿਹਾ ੪, ਵਾਰ ੧੯ਸ, ੩, ੨:੩ (556)

ਸੰਮ੍ਹਾਲੰਨਿ –
"ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਹਾਲੰਨਿ।"
– ਸੂਹੀ ੩, ਵਾਰ ੬ਸ, ੩, ੨:੨ (787)

ਸਮ੍ਹਾਲਿ ---- (1) ਯਾਦ ਕਰ, ਸਿਮਰ

"ਬਾਂਧਾ ਛੂਟੈ ਨਾਮੁ ਸਮ੍ਹਾਲਿ।"

-ਆਸਾ ੧, ੩, ੨:੨ (412)

ਹੋਰ ਰੂਪ:

ਸੰਮ੍ਹਾਲਿ –

"ਨਾਮਾ ਕਹੈ ਤਿਲੋਚਨਾਂ ਮੁਖ ਤੇ ਰਾਮੁ ਸੰਮ੍ਹਾਲਿ।"

– ਸਲੋ ਕਬ, ੨੧੩:੧ (1376)

ਸੰਮ੍ਹਾਲਿਓਇ –

"ਜਾ ਸੁਖੁ ਤਾ ਸਹੁ ਰਾਵਿਓ ਦੁਖਿ ਭੀ ਸੰਮਾਲਿਓਇ।"

– ਸੂਹੀ ੩, ਵਾਰ ੨੦ਸ, ੨, ੨:੧ (792)

ਸੰਮ੍ਹਾਲਿਆ –

"ਗੁਰ ਪੂਰੇ ਕੀ ਟੇਕ ਨਾਨਕ ਸੰਮ੍ਹਾਲਿਆ।"

– ਗੂਜ ੫, ਵਾਰ ੧੯:੮ (523)

ਸਮ੍ਹਾਲਿਹ –

"ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ।"

– ਵਡ ੧, ਅਲਾ ੨, ੧:੩ (579)

ਸਮ੍ਹਾਲੀ –

"ਕਿਆ ਗੁਣ ਤੇਰੇ ਸਾਰਿ ਸਮ੍ਹਾਲੀ ਮੋਹਿ ਨਿਰਗੁਨ ਕੇ ਦਾਤਾ ਰੇ।"

– ਸੂਹੀ ੫, ੬, ੧:੧ (738)

ਸਮ੍ਹਾਲੁ –

"ਹਿਰਦੈ ਸਾਚਾ ਸਬਦੁ ਸਮ੍ਹਾਲੁ।"

– ਮਲਾ ੧, ਅਸ ੫, ੬:੨ (1276)

ਸੰਮ੍ਹਾਲੇਹਾ –

"ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ।"

– ਵਡ ੧, ਅਲਾ ੨, ੧:੨ (579)

(2) ਸੰਭਾਲ ਕੇ

"ਸਾਰਿ ਸਮਾਲਿ ਸਰਬ ਸੁਖ ਦੀਏ ਆਪਿ ਕਰੇ ਪ੍ਰਤਿਪਾਲਾ।"

– ਸੂਹੀ ੫, ੫੨, ੨:੨ (748)

ਸਮ੍ਹਾਲੇ –

"ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮ੍ਹਾਲੇ।"

– ਆਸਾ ੧, ਸੋਦ ੧, ੧:੧ (347)

ਸਮ੍ਹਾਲੈ –

"ਅਹਿਨਿਸਿ ਜੀਅ ਦੇਖਿ ਸਮ੍ਹਾਲੈ ਸੁਖੁ ਦੁਖੁ ਪੁਰਬਿ ਕਮਾਈ।"

– ਪ੍ਰਭਾ ੧, ੧੧, ੪:੧ (1330)

(3) ਆਪਣਾ ਬਣਾ ਲੈ, ਅਪਣਾ ਲੈ (ਭਾਵ)

"ਸੁਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ।"

– ਸੂਹੀ ੩, ਵਾਰ ੧ਸ, ੩, ੨:੧ (785)

ਸਮ੍ਹਾਲੀਐ –

"ਗੁਰਮੁਖਿ ਸਬਦੁ ਸਮ੍ਹਾਲੀਐ ਸਚੇ ਕੇ ਗੁਣ ਗਾਉ।"

– ਮਲਾ ੧, ਵਾਰ ੧੯ਸ, ੩, ੨:੩ (1286)

(4) ਯਾਦ ਰਖ
"ਤਜਿ ਕੂੜੁ ਕਟੁੰਬ ਹਉਮੈ ਬਿਖੁ ਤ੍ਰਿਸ਼ਨਾ ਚਲਣੁ ਰਿਦੈ ਸਮ੍ਹਾਲਿ।"
– ਮਲਾ ੩, ੪, ੧*:੨ (1258)

ਸਮ੍ਹਾਲੇ –
"ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ।"
– ਆਸਾ ੫, ੯੩, ੧*:੨ (394)

(5) ਲੈਂਦੀ ਹੈ–
"ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ।"
– ਮਲਾ ੫, ੨, ੧:੨ (1266)

ਹੋਰ ਰੂਪ:

ਸਮ੍ਹਾਲੇ –
"ਨਿਤ ਸਾਰਿ ਸਮ੍ਹਾਲੇ ਸਭ ਜੀਅ ਜੰਤ ਹਰਿ ਵਸੈ ਨਿਕਟਿ ਸਭ ਜਉਲਾ।"
(ਸਾਰ/ਖਬਰ ਲੈਂਦਾ ਹੈ)
– ਕਾਨ ੪, ਵਾਰ ੬:੩ (1315)

ਸਮ੍ਹਾਲੇ ----- (1) ਖਿਆਲ ਰਖਦਾ ਹੈ, ਸੰਭਾਲਦਾ ਹੈ– ਹੋਰ ਵੇਖੋ 'ਸਮਾਲਿ' (2)
"ਸਭਸੈ ਨੋ ਕਿਰਪਾਲੁ ਸਮ੍ਹਾਲੇ ਸਾਹਿ ਸਾਹਿ।"
– ਰਾਮ ੫, ਵਾਰ ੯:੭ (962)

ਹੋਰ ਰੂਪ:

ਸੰਮ੍ਹਾਲੇ –
"ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸਮ੍ਹਾਲੇ।"
– ਗੂਜ ੧, ੧, ੪:੧ (489)

(2) ਯਾਦ ਰੱਖ, ਵੇਖੋ 'ਸਮਾਲਿ' (4)
(3) ਲੈਂਦਾ ਹੈ, ਵੇਖੋ 'ਸਮਾਲਿ' (5)

ਸਯ ------- ਸੌ, ਸੈਂਕੜੇ
"ਤਿ ਨਰ ਸੇਵ ਨਹੁ ਕਰਹਿ ਤਿ ਨਰ ਸਯ ਸਹਸ ਸਮਪਹਿ।"
– ਸਵ ੩, ਜਾਲ ੧੧:੩ (1394)

ਸਰ ------- (1) (ਸੰ.) ਸਰੋਵਰ, ਤਾਲ, ਹੋਰ ਵੇਖੋ 'ਸਰੁ'
"ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ।"
– ਸਿਰੀ ੧, ਅਸ ੧੧, ੩:੨ (60)

(2) ਚੰਗੇ, ਯੋਗ (ਸਮਾ)
"ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ।"
– ਸੋਰ ੧, ੯, ੨:੨ (598)

(3) (ਸੰ.) ਬਾਣ, ਤੀਰ
"ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ।"
– ਸੋਰ ੪, ੯, ੧:੨ (607)

(4) (ਫਾ. ਸਰ) ਸਿਰ

"ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।"
– ਤਿਲੰ ੧, ੧, ੧*:੨ (721)

(5) ਸੁਰ, ਦਮ, ਸਵਾਸ
"ਆਵਤ ਜਾਤ ਨਾਕ ਸਰ ਹੋਈ।" (ਨਕ ਦਮ)
– ਗੋਂਡ ਕਬ, ੬, ੧*:੨ (871)

(6) ਸਾਗਰ, ਸਮੁੰਦਰ
"ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ।" (ਸੰਸਾਰ ਸਮੁੰਦਰ ਨੂੰ ਭਰਕੇ)
– ਰਾਮ ੧, ਓਅੰ ੪੧:੩ (935)

"ਰਾਹੁ ਬੁਰਾ ਭੀਹਾਵਲਾ ਸਰ ਡੂਗਰ ਅਸਗਾਹ।"
– ਰਾਮ ੧, ਓਅੰ, ੪੪:੩ (936)

(7) ਵਾਂਗ, ਵਾਕਰ
"ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ।"
– ਤੁਖਾ ੧, ਬਾਰਾ ੭:੨ (1108)

(8) ਬਰਾਬਰ
"ਨਾਮੇ ਸਰ ਭਰਿ ਸੋਨਾ ਲੇਹੁ।"
– ਭੈਰ ਨਾਮ, ੧੦, ੧੦:੨ (1166)

(9) ਸਾਰ, ਖਬਰ
"ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ।"
– ਸਾਰ ੪, ਵਾਰ ੨੨ਸ, ੧, ੨:੫ (1246)

ਸਰਸ ------ (1) ਸਹਿਤ ਰਸ ਦੇ, ਆਨੰਦ ਦਾਇਕ
"ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।"
– ਰਾਮ ੫, ਰੁਤੀ ੨:੧ (927)

(2) () ਖੁਸ਼ ਹੋ, ਖਿੜਨਾ
"ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।"
– ਤੁਖਾ ੧, ਬਾਰਾ ੯:੧ (1108)

ਹੋਰ ਰੂਪ:

ਸਰਸੀ –
"ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ।" (ਰਸ ਵਾਲੀ ਹੋਈ/ਖਿੜੀ)
– ਮਾਝ ੫, ਬਾਰਾ ੬:੧ (134)

ਸਰਸੇ –
"ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ।" (ਪ੍ਰਸੰਨ ਹੋਏ)
– ਸਿਰੀ ੪, ਪਹ ੩, ੧:੪ (76)

ਸਰਸਉ ---- (ਸੰ.) ਸਰਹੋ, ਸਰਸੋਂ
"ਕਾਚੀ ਸਰਸਉ ਪੇਲਿ ਕੇ ਨਾ ਖਲਿ ਭਈ ਨ ਤੇਲਿ।"
– ਸਲੋ ਕਬ, ੨੪੦:੨ (1377)

ਸਰਸਨ ----- ਖਿੜਨਾ, ਪ੍ਰਫੁਲਿਤ ਹੋਣਾ
"ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ।"
– ਕਾਨ ੫, ੨੯, ੧:੨ (1303)

ਸਰਸਬਾਨ --- ਰਾਗ ਹਿੰਡੋਲ ਦੇ ਅੱਠ ਪੱਤਰਾਂ ਵਿਚੋਂ ਇਕ ਬਾਕੀ ਸੱਤ ਹਨ: ਸੁਰਮਾ ਨੰਦ, ਭਾਸਕਰ, ਚੰਦ੍ਰ, ਬਿੰਬ, ਮੰਗਲਨ, ਬਿਨੌਦਾ, ਬਸੰਤ ਤੇ ਕਮੋਦਾ
"ਸਰਸਬਾਨ ਅਉ ਆਹਿ ਬਿਨੋਦਾ।"
– ਰਾਗ ੧:੩੧ (1430

ਸਰਸਾ ----- ਖਿੜਿਆ, ਅਨੰਦ ਪ੍ਰਸੰਨ ਹੋਇਆ
"ਨਾਮੋ ਨਾਮੁ ਸੁਣੀ ਮਨੁ ਸਰਸਾ।"
– ਆਸਾ ੪, ੬੦, ੨:੧ (367)

ਸਰਸਿਅੜੇ -- ਖੁਸ਼ ਹੋਏ, ਪ੍ਰਸੰਨ ਹੋਏ
"ਸਰਸਿਅੜੇ ਸਰਸਿਅੜੇ ਮੇਰੇ ਭਾਈ ਸਭ ਮੀਤਾ ਰਾਮ।"
– ਆਸਾ ੫, ਛੰਤ ੧, ੪:੧* (453)

ਸਰਸਿਆ --- ਖੁਸ਼ ਹੋਏ
"ਦੁਸਮਨ ਕਢੇ ਮਾਰਿ ਸਜਣ ਸਰਸਿਆ।"
– ਮਾਝ ੧, ਵਾਰ ੨੩:੪ (148)

ਸਰਸੀ ----- (1) ਅਨੰਦਿਤ ਹੋਈ, ਖਿੜੀ, ਵੇਖੋ 'ਸਰਸ' (2)
(2) ਹੋਵੇ/ਸੌਰੇ ਗਾ
"ਕਹਿ ਕਬੀਰ ਮਨ ਸਰਸੀ ਕਾਜ।"
– ਬਸੰ ਕਬ, ੬, ੩:੩ (1195)

ਸਰਸੁ ------ ਜੇਹਾ, ਵਰਗਾ
"ਤੀਨਿ ਭਵਨ ਭਰਪੂਰਿ ਰਹਿਓ ਸੋਈ ਅਪਨ ਸਰਸੁ ਕੀਅਉ ਨ ਜਗਤ ਕੋਈ।"
(ਆਪਣੇ ਵਰਗਾ)
– ਸਵ ੪, ਬਲ ੧:੧ (1405)

ਸਰਸੁਤੀ ---- ਵੇਦਾਂ ਅਨੁਸਾਰ ਇਕ ਨਦੀ ਜੋ ਬ੍ਰਹਮਵਰਤ ਦੀ ਹੱਦ ਸੀ
"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ।"
– ਮਲਾ ੪, ੨, ੧:੧ (1263)

ਸਰਕਾਰ ---- (ਫਾ. ਸਰਕਾਰ) ਹਕੂਮਤ, ਸਰੋਕਾਰ ਸਬੰਧ, ਇਲਾਕਾ, ਕਾਰਜ ਖੇਤਰ
"ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ।" (ਮਹਾਨਕੋਸ਼, 'ਸਰਕਾਰ' ਦੇ ਅਰਥ 'ਪਰਜਾ' ਕਰਦਾ ਹੈ)
– ਸਿਰੀ ੩, ੬੩, ੨:੨ (38)

ਹੋਰ ਰੂਪ:

ਸਰਕਾਰਾ –
"ਅਹਿਨਿਸਿ ਜੀਆ ਦੇਖਿ ਸਮਾਲੇ ਤਿਸ ਹੀ ਕੀ ਸਰਕਾਰਾ।" (ਹਕੂਮਤ)
–ਪ੍ਰਭਾ ੧, ੧੫, ੧:੨ (1331)

ਸਰਗੁਣ ---- ਮਾਇਆ ਦੇ ਤਿੰਨ ਗੁਣ – ਰਜੋ ਸਤੋ ਤਮੋ– ਸਹਿਤ
"ਸਰਗੁਣ ਨਿਰਗੁਣ ਥਾਪੈ ਨਾਉ।"
– ਆਸਾ ੫, ੬੮, ੩:੧ (387)

ਹੋਰ ਰੂਪ:

ਸਰਗੁਣੁ –
"ਨਿਰਗੁਣ ਸਰਗੁਣ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ।"
– ਮਾਝ ੫, ੧੨, ੧:੨ (98)

ਸਰਗੁਨ –
"ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।"
– ਗਉ ੫, ਬਾਅ ੫ਸ:੧ (250)

ਸਰਗੁਨੀ –
"ਤੂੰ ਨਿਰਗੁਨੁ ਤੂੰ ਸਰਗੁਨੀ।"
– ਗਉ ੫, ੧੪੩*, ੨:੨ (211)

ਸਰਗੁਨੁ –
"ਨਿਰਗੁਨੁ ਆਪਿ ਸਰਗੁਨੁ ਭੀ ਓਹੀ।"
– ਗਉ ੫, ਸੁਖ ੧੮, ੮:੧ (287)

ਸਰੰਜਾਮ ---- (1) (ਫਾ. ਸਰੰਜਾਮ) ਕਾਰਜ ਸਿੱਧ ਕਰਨ ਦਾ ਸਾਮਾਨ, ਪ੍ਰਬੰਧ
"ਸਗਲ ਸਰੰਜਾਮ ਕਰੇ ਪ੍ਰਭੁ ਆਪੇ।"
– ਬਿਲਾ ੫, ੧੭, ੨:੧ (805)

ਹੋਰ ਰੂਪ:

ਸਰੰਜਾਮਿ –
"ਸਰੰਜਾਮਿ ਲਾਗੁ ਭਵਜਲ ਤਰਨ ਕੈ।" (ਪ੍ਰਬੰਧ, ਆਹਰ)
– ਆਸਾ ੫, ਸੋਪੁ ੪, ੧*:੧ (12)

(2) ਪੂਰੀਆਂ ਹੁੰਦੀਆਂ ਹਨ, ਸਫਲ ਹੁੰਦੀਆਂ ਹਨ।
"ਅਨਿਕ ਜਤਨ ਉਆ ਕੈ ਸਰੰਜਾਮ।"
– ਰਾਮ ੫, ੧੮, ੧*:੨ (888)

ਸਰਜੀਉ ---- ਜੀਵਨ, ਪ੍ਰਾਣਾਧਾਰੀ
"ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ।"
– ਗਉ ਕਬ, ੪੫, ੩:੧ (332)

ਸਰਜੀਤੁ ---- ਸਿਰਜਣਾ ਕਰਨ ਵਾਲਾ, ਸਿਰਜਣਹਾਰ
"ਨੀਲੁ ਅਨੀਲੁ ਅਗੰਮੁ ਸਰਜੀਤੁ ਸਬਾਇਆ।"
– ਮਲਾ ੧, ਵਾਰ ੯:੫ (1282)

ਸਰਣ ------ (ਸੰ.) ਓਟ, ਆਸਰਾ, ਸਥਾਨ, ਹੋਰ ਵੇਖੋ 'ਸਰਨ' 'ਸਰਾਨ'
"ਦੁਖ ਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ।"
– ਗਉ ੫, ਛੰਤ ੩, ੧:੩ (248)

ਹੋਰ ਰੂਪ:

ਸਰਣੰ –
"ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ।"
– ਗੂਜ ਜੈਦੇ, ੧, ੩:੨ (526)

ਸਰਣਈ –

"ਦਾਸੁ ਦਾਸ ਦਾਸ ਕੋ ਕਰੀਅਹੁ ਜਨ ਨਾਨਕ ਹਰਿ ਸਰਣਈ।"

– ਆਸਾ ੫, ੧੨੪, ੪:੨ (402)

ਸਰਣਾ –

"ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂੰ ਨਾਹੀ ਵੀਸਰਿਆ।"

– ਆਸਾ ੧, ਸੋਪੁ ੩, ੨:੨ (12)

ਸਰਣਾਇ –

"ਗੁਰਮਤਿ ਹਰਿ ਲਿਵ ਉਬਰੇ ਅਲਿਪਤੁ ਰਹੇ ਸਰਣਾਇ।"

– ਸਿਰੀ ੫, ੭੦, ੨:੧ (42)

ਸਰਣਾਇਓ –

"ਗੋਬਿੰਦ ਦਇਆਲ ਕ੍ਰਿਪਾਲ ਸੁਖ ਸਾਗਰ ਨਾਨਕ ਹਰਿ ਸਰਣਾਇਓ।"

– ਗੂਜ ੫, ੨੫, ੨:੨ (501)

ਸਰਣਾਇਆ –

"ਭੈ ਭੰਜਨ ਕੀ ਸਰਣਾਇਆ।" (ਸਰਣ)

– ਮਾਝ ੫, ਅਸ ੩੮, ੮:੨ (132)

"ਸਗਲ ਤਿਆਗਿ ਨਾਨਕੁ ਸਰਣਾਇਆ।" (ਸਰਣ ਆਇਆ ਹੈ)

– ਸੂਹੀ ੫, ੧੯, ੪:੨ (741)

ਸਰਣਾਈ –

"ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ।"

– ਗੂਜ ੪, ਸੋਦ ੪, ੧:੨ (10)

ਸਰਣਾਏ –

"ਆਪਿ ਕ੍ਰਿਪਾਲੁ ਕ੍ਰਿਪਾ ਕਰਿ ਦੇਵੈ ਨਾਨਕ ਗੁਰ ਸਰਣਾਏ।" (ਸ਼ਰਣ)

– ਆਸਾ ੪, ਛੰਤ ੯, ੨:੬ (443)

ਸਰਣਾਗਤਿ -- (1) ਸਰਨ+ਆਗਤ– ਸਰਨ ਆਇਆ ਹੋਇਆ

"ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ।" (ਸਰਣ ਆਇਆ ਹੋਇਆ)

– ਗਉ ੩, ੩੮, ੩:੪ (163)

ਹੋਰ ਰੂਪ:

ਸਰਣਾਗਤੀ –

"ਜੋ ਸਤਗੁਰ ਕੀ ਸਰਣਾਗਤੀ ਹਉ ਤਿਨ ਕੈ ਬਲਿ ਜਾਉ।" (ਸ਼ਰਣ ਆਉਂਦੇ ਹਨ)

– ਸਿਰੀ ੩, ੪੫, ੪:੧ (31)

"ਹਮ ਮੂਰਖ ਮੁਗਧ ਸਰਣਾਗਤੀ ਕਰ ਕਿਰਪਾ ਮੇਲੇ ਹਰਿ ਸੋਇ।" (ਸਰਣ ਆਇਆ ਹਾਂ)

– ਸਿਰੀ ੪, ੬੫, ੧*:੨ (39)

"ਸਰਣਾਗਤੀ ਪ੍ਰਭ ਪਾਲਤੇ ਹਰਿ ਭਗਤਿ ਵਛਲੁ ਨਾਇਆ।" (ਸ਼ਰਨ ਆਏ)

– ਮਾਲੀ ੪, ੧, ੨:੧ (984)

(2) ਸਰਣ

"ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ।" (ਸਰਣ)

– ਗਉ ੪, ੬੩, ੪:੨ (172)

"ਗੁਰ ਪਰਸਾਦੀ ਸੇ ਨਰ ਉਬਰੇ ਜਿ ਹਰਿ ਸਰਣਾਗਤਿ ਭਜਿ ਪਇਆ।" (ਸ਼ਰਣ)
– ਆਸਾ ੧, ਪਟੀ ੨੫:੨ (433)

ਹੋਰ ਰੂਪ:

ਸਰਣਾਗਤੀ –
"ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ ਵਡਭਾਗੀ ਨਾਮੁ ਧਿਆਵੈ ਰਾਮ।"
– ਬਿਹਾ ੪, ਛੰਤ ੧, ੩:੪ (538)
"ਚਰਨ ਕਮਲ ਸਰਣਾਗਤੀ ਅਨਦ ਮੰਗਲ ਗੁਣ ਗਾਮ।" (ਓਟ)
– ਰਾਮ ੫, ਛੰਤ ੪, ੧ਸ:੧, (926)

ਸਰਣਾਗਿਓ -- ਸ਼ਰਣ
"ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ।"
– ਗਉ ੫, ੧੬੦*, ੪:੧ (215)

ਸਰਣਿ ----- (1) ਓਟ/ਪਨਾਹ/ਸ਼ਰਣ ਵਿਚ
"ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ।"
– ਗੂਜ ੪, ਸੋਦ ੪, ੩:੨ (10)
"ਹਉ ਮਾਗਉ ਸਰਣਿ ਹਰਿ ਨਾਮ ਕੀ ਹਰਿ ਹਰਿ ਮੁਖਿ ਪਾਇਆ।"
– ਆਸਾ ੪, ਛੰਤ ੧੫, ੪:੨ (449)

ਹੋਰ ਰੂਪ:

ਸਰਣਿਜੋਗ –
"ਹੇ ਸਰਣਿਜੋਗ ਦਯਾਲਹ ਦੀਨਾ ਨਾਥ ਮਯਾ ਕਰੋ।" (ਸਰਣ ਦੇਣ ਯੋਗ)
– ਸਸ ੫, ੫੦:੩ (1358)

ਸਰਣਿਜੋਗੁ –
"ਸਰਣਿਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ।"
– ਗਉ ੫, ਛੰਤ ੩, ੩:੪ (249)

ਸਰਣੀ –
"ਪਉ ਸੰਤ ਸਰਣੀ ਲਾਗ ਚਰਣੀ ਮਿਟੈ ਦੂਖੁ ਅੰਧਾਰੁ।" (ਸ਼ਰਨ ਵਿਚ)
– ਸਿਰੀ ੫, ੯੫, ੨:੨ (51)

ਸਰਣੇ –
"ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ।"
– ਸੂਹੀ ੫, ਛੰਤ ੬, ੪:੩ (781)

(2) ਓਟ/ਸ਼ਰਣ ਵਿਚ ਆਏ ਦੀ
"ਤੁਮ ਦਇਆਲ ਸਰਣਿ ਪ੍ਰਤਿਪਾਲਕ ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ।"
– ਗਉ ੪, ੫੫, ੩:੧ (169)

ਹੋਰ ਰੂਪ:

ਸਰਣੀਆ –
"ਸੇ ਉਬਰੇ ਜੋ ਸਤਿਗੁਰ ਸਰਣੀਆ।"
– ਮਾਰੂ ੫, ਸੋਲਾ ੫, ੪:੨ (1075)

ਸਰਦ ------ (1) (ਫ਼ਾ.) ਠੰਡੀ, ਸੀਤਲ

“ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ।”
– ਜੈਤ ੫, ਵਾਰ ੧੭ਸ, ੫, ੨:੧ (709)

(2) (ਸ.) ਪਤਝੜ ਦਾ ਮੌਸਮ, ਅਸੂ ਕਤਕ ਦੇ ਮਹੀਨਿਆਂ ਵਾਲੀ ਰੁੱਤ
“ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ।”
– ਰਾਮ ੫, ਰੁਤੀ ੫:੧ (928)

ਸਰਧ ------ (1) (ਸੰ.) ਤਾਂਘ, ਪ੍ਰਬਲ ਲੋਚਾ
“ਸੇਜ ਵਿਛਾਈ ਸਰਧ ਅਪਾਰਾ।”
– ਸੂਹੀ ੫, ੪, ੪:੨ (737)

(2) ਇੱਛਾ, ਖਾਹਿਸ਼
“ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ।”
– ਵਡ ੪, ਵਾਰ ੧੭:੨ (593)

ਸਰਧਨ ----- ਧਨਵਾਨ, ਦੌਲਤਮੰਦ, ਅਮੀਰ
“ਜਉ ਨਿਰਧਨੁ ਸਰਧਨ ਕੈ ਜਾਇ।”
– ਭੈਰ ਕਬ, ੮, ੧:੧ (1159)

ਹੋਰ ਰੂਪ:

ਸਰਧਨੁ –
“ਜਉ ਸਰਧਨੁ ਨਿਰਧਨ ਕੈ ਜਾਇ।”
– ਭੈਰ ਕਬ, ੮, ੨:੧ (1159)

ਸਰਧਾ ----- (1) (ਸੰ.) ਭਰੋਸਾ, ਯਕੀਨ, ਸਤਿਕਾਰ ਭਰਿਆ ਵਿਸ਼ਵਾਸ਼, ਨਿਸ਼ਚਾ
“ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।”
– ਗੂਜ ੪, ਸੋਦ ੪, ੨:੧ (10)
“ਜੋ ਜਨੁ ਸੁਣੈ ਸਰਧਾ ਭਗਤਿ ਸੇਤੀ ਕਰਿ ਕਿਰਪਾ ਹਰਿ ਨਿਸਤਾਰੇ।” (ਸਿਦਕ)
– ਗੂਜ ੪, ੩, ੧:੨ (493)

ਹੋਰ ਰੂਪ:

ਸਰਧਿ – ਵੇਖੋ ‘ਸਰਧਿ’
ਸਰਧਿਆ –
“ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ।” (ਸ਼ਰਧਾ ਕੀਤੀ)
– ਮਾਰੂ ਜੈਦੇ, ੧, ੨:੧ (1106)

(2) ਇਛਾ, ਲੋਚਾ, ਮੁਰਾਦ
“ਮੈ ਮਨਿ ਤਨਿ ਪ੍ਰੇਮੁ ਅਗਮ ਠਾਕੁਰ ਕਾ ਖਿਨੁ ਖਿਨੁ ਸਰਧਾ ਮਨਿ ਬਹੁਤੁ ਉਠਈਆ।”
“ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ।”
– ਬਿਲਾ ੪, ੬, ੧:੧;੨ (836)

(ਪਹਿਲੀ ਸ਼ਰਧਾ ਦਾ ਅਰਥ ਪ੍ਰੇਮ ਤੇ ਦੂਜੀ ਦਾ ਲੋਚਾ, ਇਛਾ ਹੈ)
“ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ।”

- ਗਉ ੫, ਸੋਹ ੫, ੪:੧ (13)

“ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ।”

- ਮਾਝ ੪, ੪, ੧:੩ (95)

(3) ਪ੍ਰੀਤ, ਪਿਆਰ (ਭਾਵ)

“ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ।”

- ਗੂਜ ੪, ੭, ੨:੧ (494)

“ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ।” (ਵਿਸ਼ਵਾਸ ਭਰਿਆ ਪ੍ਰੇਮ)

- ਵਡ ੪, ਛੰਤ ੨, ੩:੫ (573)

ਸਰਧਿ ----- **ਸਰਧਾਯੋਗ**

“ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ।”

- ਮਾਰੂ ਜੈਦੇ ੧, ੨:੧ (1106)

ਸਰਨ ------ **ਵੇਖੋ ‘ਸਰਣ’ (1) ਓਟ, ਆਸਰਾ**

“ਅਸਥਿਰੁ ਭਗਤਿ ਸਾਧ ਕੀ ਸਰਨ।”

- ਗਉ ੫, ਸੁਖ, ੫, ੪:੬ (268)

ਹੋਰ ਰੂਪ:

ਸਰਨਇਆ -

“ਕਰਹਿ ਬੇਨਤੀ ਰਾਖੁ ਠਾਕੁਰ ਤੇ ਹਮ ਤੇਰੀ ਸਰਨਇਆ।” (ਸਰਨ ਆਏ ਹਾਂ)

- ਸੋਰ ੫, ੧੪, ੨:੨ (612)

ਸਰਨਹੀਐ -

“ਕਰੁਣਾ ਮੈ ਪੂਰਨ ਪਰਮੇਸੁਰ ਨਾਨਕ ਤਿਸੁ ਸਰਨਹੀਐ।” (ਸਰਣ ਆਈਐ/ਮੰਗੀਐ)

- ਦੇਵ ੫, ੧੭, ੨:੨ (531)

ਸਰਨਗੇ -

“ਜਨਮ ਜਨਮ ਕੇ ਭੂਲ ਚੂਕ ਹਮ ਅਬ ਆਏ ਪ੍ਰਭ ਸਰਨਗੇ।” (ਸ਼ਰਣ ਵਿਚ)

- ਨਟ ੪, ੪, ੧:੧ (976)

ਸਰਨਨ -

“ਚਰਨਨ ਸਰਨਨ ਸੰਤਨ ਬੰਦਨ।”

- ਆਸ ੫, ੧੪੩, ੩:੧ (407)

ਸਰਨਭਾ -

“ਤੁਮਰੇ ਗੁਨ ਤੁਮ ਹੀ ਪ੍ਰਭ ਜਾਨਹੁ ਹਮ ਪਰੇ ਹਾਰਿ ਤੁਮ ਸਰਨਭਾ।”

- ਪ੍ਰਭਾ ੪, ੬, ੪:੧ (1337)

ਸਰਨਰੀਆ -

“ਨਾਨਕ ਸਰਨਰੀਆ।” (ਸ਼ਰਣ ਲਈ ਹੈ)

- ਬਿਹਾ ੫, ੧, ੪:੩ (537)

ਸਰਨਾ -

“ਯਜਾ ਜਾਇ ਪਰਹੁ ਸੰਤ ਸਰਨਾ।” (ਸ਼ਰਣ ਵਿਚ)

– ਗਉ ੫, ਬਾਅ ੧੪:੩ (253)
"ਸਗਲ ਤਿਆਗਿ ਪਾਈ ਪ੍ਰਭ ਸਰਨਾ।" (ਸ਼ਰਣ)
– ਆਸਾ ੫, ੧੦੦, ੪:੨ (396)

ਸਰਨਾਇ –
"ਢਹਤ ਢਹਤ ਅਬ ਢਹਿ ਪਰੇ ਸਾਧ ਜਨਾ ਸਰਨਾਇ।"
– ਗਉ ੫, ਬਾਅ ੩੦:੭ (256)

ਸਰਨਾਇਓ –
"ਕਹਿ ਨਾਨਕ ਸਭਿ ਅਉਗੁਨ ਮੋ ਮਹਿ ਰਾਖਿ ਲੇਹੁ ਸਰਨਾਇਓ।"
– ਸਾਰ ੯, ੪, ੨:੨ (1232)

ਸਰਨਾਇਆ –
"ਤੇਰੇ ਦਾਸ ਚਰਨ ਸਰਨਾਇਆ।"
– ਪ੍ਰਭਾ ੫, ਅਸ ੩, ੧*:੨ (1348)

ਸਰਨਾਇਲੇ –
"ਤੂ ਹੋਆ ਪੰਚ ਵਾਸਿ ਵੈਰੀ ਕੈ ਛੂਟਹਿ ਪਰੁ ਸਰਨਾਇਲੇ।"
– ਗੋਂਡ ੫, ੨, ੩:੨ (862)

ਸਰਨਾਈ –
"ਨਾਨਕ ਦਾਸ ਸਦਾ ਸਰਨਾਈ।" (ਸ਼ਰਣ ਵਿਚ)
– ਗਉ ੫, ੧੧੩*, ੪:੨ (202)

ਸਰਨਾਂਹੀ –
"ਪਲ ਲਗਿ ਰਾਮ ਰਹੈ ਸਰਨਾਂਹੀ।"
– ਧਨਾ ਕਬ, ੧, ੪:੨ (691)

ਸਰਨਿ –
"ਤਿਆਗੀ ਸਰਨਿ ਪਾਵਾ।" (ਸ਼ਰਣ ਵਿਚ)
– ਸਿਰੀ ੫, ਅਸ ੨੭, ੮:੨ (71)
"ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ।" (ਸ਼ਰਣ, ਓਟ)
– ਗਉ ੫, ਥਿਤੀ ੧੫:੫ (300)

ਸਰਨੀ –
"ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ।" (ਸ਼ਰਣ ਵਿਚ)
– ਸਿਰੀ ੫, ੭੭, ੨:੧ (44)

(2) ਸ਼ਰਨੀ ਆਇਆਂ ਦੀ
"ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ।"
– ਗੁਜ ੫, ਅਸ ੧, ੫:੧ (507)

ਸਰਨਾ ----- (1) ਸ਼ਰਣ ਵਿਚ, ਵੇਖੋ ਸਰਨ (1)
(2) ਸ਼ਰਣ ਦੇਣ (ਯੋਗ)
"ਮਨਸਾ ਪੂਰਨ ਸਰਨਾ ਜੋਗ।"
– ਗਉ ੫, ਸੁਖ ੧੬, ੨:੧ (284)

ਸਰਨਾਗਤਾ -- ਸ਼ਰਣ ਆ ਗਿਆ, ਹੋਰ ਵੇਖੋ 'ਸਰਣਾਗਤਿ'
"ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ।"
– ਬਿਲਾ ਰਵਿ, ੧, ੨:੧ (858)

ਹੋਰ ਰੂਪ:

ਸਰਨਾਗਤਿ –
"ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ।" (ਸ਼ਰਣ ਆਇਆ ਹਾਂ)
– ਸੋਰ ਰਵਿ, ੬, ੫:੨ (659)

ਸਰਨਾਗਤੀ –
"ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ।" (ਸ਼ਰਣ ਆਏ ਹਨ)
– ਬਿਲਾ ਰਵਿ ੧, ੧*:੨ (858)

ਸਰਨਾਗਨਾ –
"ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ।" (ਸ਼ਰਣ ਆ ਗਿਆ)
– ਮਾਰੂ ੫, ਅਸ ੪, ੮:੧ (1018)

ਸਰਨਾਗੈ –
"ਅਨੰਦ ਮਗਨ ਰਸਿ ਰਾਮ ਰੰਗਿ ਨਾਨਕ ਸਰਨਾਗੈ।" (ਸ਼ਰਣ ਵਿਚ ਆ ਕੇ)
– ਬਿਲਾ ੫, ੬੮, ੨:੨ (818)

ਸਰਨਾਗਤਿ -- (1) ਸ਼ਰਣ ਆਇਆ ਹਾਂ, ਵੇਖੋ 'ਸਰਨਾਗਤਾ'
(2) ਸ਼ਰਣ
"ਨਾਨਕ ਹਾਰਿ ਪਰਿਓ ਸਰਨਾਗਤਿ ਅਭੈ ਦਾਨੁ ਪ੍ਰਭ ਦੀਜੈ।"
– ਜੈਤ ੯, ੨, ੩:੨ (703)

ਹੋਰ ਰੂਪ:

ਸਰਨਾਗਤੀ –
"ਆਏ ਪ੍ਰਭ ਸਰਨਾਗਤੀ ਕਿਰਪਾ ਨਿਧਿ ਦਇਆਲ।"
– ਗਉ ੫, ਬਾਅ ੫੪ਸ:੧ (261)

ਸਰਪ ------ (ਸੰ.) ਸਪ
"ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ।"
– ਸਿਰੀ ੫, ਅਸ ੨੬, ੬:੪ (70)

ਹੋਰ ਰੂਪ:

ਸਰਪਨਿ –
"ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ।" (ਸਪਨੀ ਮਾਇਆ ਰੂਪੀ)
– ਸਿਰੀ ੧, ਅਸ ੧੫, ੭:੨ (63)

ਸਰਪਨੀ –
"ਸਰਪਨੀ ਤੇ ਊਪਰਿ ਨਹੀ ਬਲੀਆ।" (ਭਾਵ ਮਾਇਆ)
– ਆਸਾ ਕਬ, ੧੯, ੧:੧ (480)

ਸਰਪੁ –
"ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ।"
– ਸਲੋ ੩, ੨੨:੧ (1415)

ਸਰਪਰ ----- ਨਿਰਸੰਦੇਹ, ਨਿਸਚੇ ਹੀ, ਜਰੂਰੀ ਹੀ, ਵੇਖੋ 'ਸਰਾਪਰ'
"ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ।"
- ਸਿਰੀ ੫, ੯੨, ੩:੨ (50)

ਸ਼ਰਫੈ ------ (ਅ. ਸਰਫ਼ਾ) ਸੂਮਪੁਨਾ, ਕੰਜੂਸਪੁਨਾ
"ਸਰਫੈ ਸਰਫੈ ਸਦਾ ਸਦਾ ਏਵੈ ਗਈ ਵਿਹਾਇ।"
- ਸਲੋ ੧, ੩੧:੩ (1412)

ਸਰਬ ------ (ਸੰ.) ਸਭ, ਸਗਲ, ਸਾਰੇ, ਹੋਰ ਵੇਖੋ 'ਸਰਬੀ'
"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।"
- ਜਪੁ ੧, ੨੭:੧ (6)

ਹੋਰ ਰੂਪ:

ਸਰਬੰ -
"ਸਰਬੰ ਸਾਚਾ ਏਕੁ ਹੈ ਦੂਜਾ ਨਾਹੀ ਕੋਇ।" (ਸਭ ਥਾਂ)
- ਧਨਾ ੧, ੧, ੩:੧ (660)

ਸਰਬਸੁ ----- (1) (ਸੰ.) ਸਭ ਕੁਝ, ਸਾਰਾ ਧਨ
"ਲੜਿ ਲੀਨੇ ਲਾਏ ਨਉਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ।"
- ਸਿਰੀ ੫, ਛੰਤ ੨, ੫:੫ (80)
"ਸਰਬਸੁ ਨਾਮੁ ਭਗਤ ਕਉ ਦੀਨ।" (ਸਭ ਧਨ ਪਦਾਰਥ)
- ਗਉ ੫, ਅਸ ੧੧, ੮:੨ (240)

ਹੋਰ ਰੂਪ:

ਸਰਬਸੋ -
"ਰਾਜ ਧਨੁ ਪਰਵਾਰੁ ਮੇਰੈ ਸਰਬਸੋ ਗੋਬਿੰਦ।"
- ਕਾਨ ੫, ੩੨, ੨:੧ (1304)

ਸਰਬਸੋੁ -
"ਪ੍ਰਾਨ ਮਨੁ ਧਨੁ ਸਰਬਸੋੁ ਹਰਿ ਗੁਨ ਨਿਧੇ ਸੁਖ ਮੋਰ।"
- ਕਾਨ ੫, ੪੮, ੧:੨ (1307)

(2) ਸਭ ਰਸ (ਭਾਵ)
"ਸਰਬਸੁ ਛੋਡਿ ਮਹਾ ਰਸੁ ਪੀਜੈ।"
- ਗਉ ਕਬ, ੫, ੪:੨ (324)

(3) (ਸੰ.) ਸਾਰੀ ਦੌਲਤ, ਸਾਰੀ ਵਿਭੂਤੀ
"ਦਾਮੋਦਰ ਦਇਆਲ ਸੁਆਮੀ ਸਰਬਸੁ ਸੰਤ ਜਨਾ ਧਨ ਮਾਲ।"
- ਬਿਲਾ ੫, ੧੦੨, ੨:੧ (824)

ਸਰਬੰਗ ---- (1) ਸਰਬ ਗੁਣਾ, ਸਰਬਾ ਰੂਪ
"ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ।"
- ਸਲੋ ਕਬ, ੧੪੮:੨ (1372)

ਸਰਬਗਤੰ --- ਸਰਬ ਵਿਆਪਕ
"ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬਗਤੰ।"

– ਗੂਜ ਜੈਦੇ, ੧, ੫:੨ (526)

ਹੋਰ ਰੂਪ:

ਸਰਬਗਤਿ –
“ਇਹੈ ਤਤੁ ਜਾਣਿਓ ਸਰਬਗਤਿ ਅਲਖੁ ਬਿਡਾਣੀ।”
– ਸਵ ੨, ੬:੩ (1392)

ਸਰਬੰਗਨਾ --- ਸਾਰਾ ਅੰਗਾਂ ਵਿਚ, ਸਭ ਵਿਚ
“ਭਰਮ ਭੀਤਿ ਖੋਈ ਗੁਰਿ ਪੂਰੈ ਏਕੁ ਰਵਿਆ ਸਰਬੰਗਨਾ।”
– ਮਾਰੂ ੫, ਸੋਲਾ ੯, ੮:੩ (1080)

ਸਰਬੰਗਾ ---- ਸਾਰੇ ਅੰਗ (ਗੁਣ) ਸਭ ਗੁਣਾਂ
“ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ।”
– ਮਾਰੂ ੫, ਸੋਲਾ ੧੧, ੧੧:੩ (1083)

ਸਰਬਗਿ ---- (ਸੰ. /) ਸਭ ਦੀ ਜਾਨਣ ਵਾਲਾ
“ਗੰਭੀਰੰ ਊਚੈ ਸਰਬਗਿ ਅਪਾਰਾ।”
– ਸਸ ੫, ੫:੨ (1354)

ਹੋਰ ਰੂਪ:-

ਸਰਬਗੇ –
“ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ।”
– ਸਾਰ ੪, ੧੩, ੧*:੨ (1202)

ਹੋਰ ਰੂਪ:

ਸਰਬਗ੍ਯ –
“ਸਰਬਗ੍ਯ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ ਮਯਹ।”
– ਸਮ ੫, ੨੧:੪ (1356)

ਸਰਬਤ ----- (ਸੰ.) (1) ਸਭ ਥਾਂ
“ਰਵਿ ਰਹਿਆ ਸਰਬਤ ਸੁਆਮੀ।”
– ਗਉ ੫, ੧੩੧, ੪:੧ (192)

ਹੋਰ ਰੂਪ:

ਸਰਬਤਿ –
“ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ।”
– ਸਿਰੀ ੫, ਛੰਤ ੨, ੪:੫ (80)

ਸਰਬਤ੍ਰ –
“ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ।”
– ਗਉ ੫, ਬਾਅ ੪੬ਸ:੧ (259)

(2) ਸਭ ਨੇ –
“ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ।”
– ਸੋਰ ੪, ਵਾਰ ੨੫:੨ (652)

(‘ਮਹਾਨਕੋਸ਼’ ਇਥੇ ‘ਸਰਬਤ’ ਦੇ ਅਰਥ ‘ਸ਼ੁਭ ਸਮੇਂ’ ਕਰਦਾ ਹੈ)

"ਪ੍ਰਭ ਏਕ ਅਨਿਕ ਸਰਬਤ ਪੂਰਨ ਬਿਖੈ ਅਗਨਿ ਨ ਜਲੀ।"
– ਕੇਦਾ ੫, ੧੪, ੧:੨ (1122)

ਹੋਰ ਰੂਪ:

ਸਰਬਤਿ –
"ਰਵਿ ਰਹਿਆ ਸਰਬਤਿ ਨਾਨਕੁ ਬਲਿ ਜਾਈ।" (ਸਭ ਵਿਚ)
– ਰਾਮ ੩, ਵਾਰ ੨੦:੫ (956)

ਸਰਬਤ੍ਰ –
"ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ।" (ਸਭ ਵਿਚ)
– ਧਨਾ ੫, ੨੭, ੧:੨ (677)
"ਮਨ ਇਛਾ ਦਾਨ ਕਰਣੰ ਸਰਬਤ੍ਰ ਆਸਾ ਪੂਰਨਹ।" (ਸਾਰੀਆਂ, ਸਭ)
– ਜੈਤ ੫, ਵਾਰ ੩ਸ, ੫, ੧:੧ (706)

ਸਰਬਧਾਰ --- (1) ਸਭ ਨੂੰ ਧਾਰਨ ਵਾਲਾ (ਸ਼ਬਦਾਰਥ), (ਸੰ.) ਸਭ ਦਾ ਅਧਾਰ (ਮਹਾਨਕੋਸ਼)
"ਸਰਬਧਾਰ ਸਮਰਥ ਹਉ ਤਿਸੁ ਕੁਰਬਾਣੀਐ।"
– ਰਾਮ ੫, ਵਾਰ ੨:੬ (957)

(2) ਸਭ ਦੇ ਆਸਰੇ/ਆਧਾਰ
"ਸਰਬਧਾਰ ਸਰਬ ਕੇ ਨਾਇਕ ਸੁਖ ਸਮੂਹ ਕੇ ਦਾਤੇ।"
– ਕਲਿ ੫, ੨, ੧*:੨ (1321)

ਸਰਬ ਨਿਵਾਸੀ ਸਭ ਥਾਂ ਵਸਣ ਵਾਲਾ, ਸਰਬ-ਵਿਆਪਕ
"ਖਾਣੀ ਬਾਣੀ ਸਰਬ ਨਿਵਾਸੀ ਸਭਨਾ ਕੈ ਮਨਿ ਭਾਵਣਿਆ।"
– ਮਾਝ ੫, ਅਸ ੩੫, ੩:੩ (130)
"ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ।"
– ਸੋਰ ੯, ੧, ੧*:੨ (684)

ਸਰਬਪਾਲ --- ਸਭ ਦੀ ਪਾਲਣਾ ਕਰਨ ਵਾਲਾ
"ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬਪਾਲ।"
– ਬਸੰ ੧, ੫, ੧*:੨ (1169)

ਸਰਬਮੈ ----- ਸਰਬ ਰੂਪ
"ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬਮੈ ਨਿਰੰਜਨਾ।"
– ਬਿਹਾ ੫, ਛੰਤ ੮, ੧:੪ (547)

ਸਰਬਰ ----- (1) ਮੁਕਾਬਲਾ, ਲੜਾਈ
"ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।"
– ਗੋਂਡ ਨਾਮ ੭, ੩:੨ (875)

(2) ਬਰਾਬਰੀ
"ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ ਬੇਸੁਮਾਰ ਸਰਬਰ ਕਉ ਕਾਹਿ ਜੀਉ।"
– ਸਵ ੪, ਗਯੰ ੭:੧ (1402)

ਸਰਬਾਗਿ --- ਸਰਬ-ਗਿਆਤਾ, ਸਭ ਕੁਝ ਜਾਣਨ ਵਾਲਾ

"ਕਰਹੁ ਤਪਾਵਸੁ ਪ੍ਰਭ ਸਰਬਾਗਿ।"
– ਪ੍ਰਭਾ ੫, ਅਸ ੧, ੭:੪ (1347)

ਹੋਰ ਰੂਪ:

ਸਰਬਾਗਿਓ –
"ਨਿਰਭਉ ਭਏ ਸੰਤ ਭ੍ਰਮੁ ਡਾਰਿਓ ਪੂਰਨ ਸਰਬਾਗਿਓ।"
– ਗਉ ੫, ੧੬੦*, ੨:੨ (215)

ਸਰਬਾਂਗੈ ---- ਸਭ ਦੇ ਨਾਲ (ਵਸਣ ਵਾਲੇ) (ਸ਼ਬਦਾਰਥ) (ਸੰ.) ਸਾਰਾ ਬ੍ਰਹਮੰਡ ਜਿਸ ਦਾ ਸਰੀਰ ਹੈ) ਵਿਸ ਰੂਪ ਕਰਤਾਰ (ਮਹਾਨਕੋਸ਼) ਸਭ ਜੀਆਂ ਵਿਚ ਵਿਆਪਕ (ਦਰਪਣ)
"ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ।"
– ਸਾਰ ੫, ੨੮, ੨:੧ (1210)

ਸਰਬਾਣਾ ---- (ਸੰ.) ਤੀਰ ਚਲਾਣ ਵਾਲਾ, ਧਨੁਸ਼ਧਾਰੀ
"ਆਪੇ ਧਨਖੁ ਆਪੇ ਸਰਬਾਣਾ।"
– ਮਾਰੂ ੧, ਸੋਲਾ ੧, ੯:੧ (1021)

ਸਰਬਾਤਮੁ --- (ਸੰ.) ਸਭ ਦਾ ਆਤਮਾ, ਪ੍ਰਭੂ
"ਉਂਧੌ ਅਕ੍ਰੂਰੁ ਬਿਦਰੁ ਗੁਣ ਗਾਵੈ ਸਰਬਾਤਮੁ ਜਿਨਿ ਜਾਣਿਓ।"
– ਸਵ ੧, ੪:੩ (1390)

ਸਰਬੀ ----- ਸਾਰੇ, ਸਭ, ਹੋਰ ਵੇਖੋ 'ਸਰਬ
"ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ।"
– ਆਸਾ ੧, ੨੨, ੧*:੨ (355)

ਸਰਬੇ ------ ਸਭ ਥਾਂਈਂ
"ਠਾਕੁਰੁ ਸਰਬੇ ਸਮਾਣਾ।"
– ਸਿਰੀ ੫, ੯੬, ੧*:੧ (51)
"ਸਰਬੇ ਥਾਈਂ ਏਕੁ ਤੂੰ ਜਿਉ ਭਾਵੈ ਤਿਉ ਰਾਖੁ।" (ਸਭ ਵਿਚ)
– ਸਿਰੀ ੧, ਅਸ ੧੩, ੮:੧ (52)
"ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ।" (ਸਭ ਵਿਚ)
– ਬਿਹਾ ੫, ਛੰਤ ੧, ੪:੩ (542)

ਸਰਮ ------ (1) (ਸੰ.) ਮਿਹਨਤ, ਉਦਮ, ਘਾਲਣਾ
"ਸਰਮ ਖੰਡ ਕੀ ਬਾਣੀ ਰੂਪੁ।"
– ਜਪੁ ੧, ੩੬:੩ (7)

ਹੋਰ ਰੂਪ:

ਸਰਮੁ –
"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।"
– ਜਪੁ ੧, ੨੮:੧ (6)

ਸਰਮੈ –
"ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ।"
– ਸਾਰ ੪, ਵਾਰ ੨੦ਸ, ੧, ੧:੩ (1245)

(2) (ਫਾ. ਸ਼ਰਮ) ਲਜਾ
“ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ।”
– ਮਾਝ ੫, ੩੭, ੪:੨ (105)

ਹੋਰ ਰੂਪ:

ਸਰਮਾ –
“ਸਰਣਿ ਪਰੇ ਕੀ ਰਾਖਹੁ ਸਰਮਾ।”
– ਆਸਾ ੫, ਸੋਪੁ ੪, ੨:੪ (12)

ਸਰਮਾਵੈ –
“ਬੇਸੁਆ ਭਜਤ ਕਿਛੁ ਨਹ ਸਰਮਾਵੈ।”
– ਭੈਰ ੫, ੨੮, ੧:੨ (1143)

ਸਰਮੁ –
“ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ।”
– ਬਿਹਾ ੪, ਵਾਰ ੧੨ਸ, ਮਰ, ੧:੫ (553)
“ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।”
– ਤਿਲੰ ੧, ੫, ੧:੩ (722)

ਸਰਮਿੰਦਾ --- (ਫਾ. ਸਰਮਿੰਦਾ) ਲਜਿਤ, ਸ਼ਰਮਸਾਰ
“ਜਿਹ ਕਰਣੀ ਹੋਵਹਿ ਸਰਮਿੰਦਾ ਇਹਾ ਕਮਾਨੀ ਰੀਤਿ।”
– ਧਨਾ ੫, ੯, ੧:੧ (673)

ਸਰਵਰ ----- (1) ਸਰੋਵਰ, ਝੀਲ, ਤਲਾ
“ਜੈਸੇ ਹੰਸੁ ਸਰਵਰ ਬਿਨੁ ਰਹਿ ਨ ਸਕੈ ਤੈਸੇ ਹਰਿ ਜਨੁ ਕਿਉ ਰਹੈ ਹਰਿ ਸੇਵਾ ਬਿਨੁ।”
– ਆਸਾ ੪, ੬੬, ੧:੨ (369)

(ਜਿਥੇ ਵੀ ‘ਸਰਵਰ’ ਹੰਸ ਜਾਂ ਕਮਲ ਨਾਲ ਆਇਆ ਹੈ ਭਾਵ ਮਾਨਸਰੋਵਰ’ ਹੈ ਜਾਂ ਪ੍ਰਤੀਕ ਰੂਪ ਵਿਚ ‘ਸਰਵਰ’ ਗੁਰੂ ਅਥਵਾ ‘ਸਤਸੰਗਤ’ ਤੇ ਹੰਸ ਤੇ ਕਮਲ ਗੁਰਮੁਖ ਅਥਵਾ (ਸੰਤ) ਹੈ)

ਹੋਰ ਰੂਪ:

ਸਰਵਰੜੈ –
“ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।”
– ਆਸਾ ੧, ਸਪੁ ੩, ੧:੧ (12)

ਸਰਵਰਿ –
“ਬਿਨੁ ਜਲ ਸਰਵਰਿ ਕਮਲੁ ਨ ਦੀਸੈ।”
– ਆਸਾ ੧, ੧੨, ੧*:੨ (352)
(ਜਲ ਨਾਮ ਰੂਪੀ, ਸਰਵਰਿ ਸਤਿ ਸੰਗਤਿ, ਕਮਲ–ਗੁਰਮੁਖ)
“ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ।” (ਤਲਾ)
– ਆਸਾ ਕਬ, ੧੫, ੨:੧ (479)

ਸਰਵਰੁ –
“ਹਰਿ ਗੁਰੁ ਸਰਵਰੁ ਸੇਵਿ ਤੂੰ ਪਾਵਹਿ ਦਰਗਹ ਮਾਨੁ।”

– ਸਿਰੀ ੧, ੧੮, ੧*:੨ (21)

“ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰ ਤੂ ਹੰਸੁ।”

– ਸਿਰੀ ੧, ੨੫, ੪:੧ (23)

(2) ਸਮੁੰਦਰ –

“ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ।”

– ਧਨਾ ੪, ੫, ੨:੧ (668)

ਹੋਰ ਰੂਪ:

ਸਰਵਰੁ –

“ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ।”

– ਸਲੋ ਕਬ ੧੭੦:੧ (1373)

ਸਰਵਰੁ ----- (1) ਸਰਵੋਰ, ਵੇਖੋ ਸਰਵਰ (1)

(2) ਭੰਵਰ, ਪਾਣੀ ਵਿਚ ਪੈਦਾ ਚਕਰ (’ਹਰਿਲਪੋਲ)

(3) ਦਰਿਆ –

“ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ।”

– ਸੂਹੀ ਫਰ, ੨, ੧:੨ (794)

ਸਰਾ ------ (1) ਸਰੋਵਰਾਂ

“ਸੁਣਿਐ ਸਰਾ ਗੁਣਾ ਕੇ ਗਾਹ।”

– ਜਪੁ ੧, ੧੧:੧ (3)

(ਮਹਾਨਕੋਸ਼ ਨੇ ਇਥੇ ‘ਸਰਾ’ ਦੇ ਅਰਥ ‘ਧਰਮ ਦੀ ਮਰਯਾਦਾ’ ਦੇ ਕੀਤੇ ਹਨ)

“ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨਾਏ ਸੰਤੋਖ ਗੁਰ ਸਰਾ।”

– ਬਿਲਾ ੪, ੩, ੪:੧ (799)

(2) ਸ਼ਰਾਬ

“ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ।”

– ਸਿਰੀ ੧, ੫, ੨:੧ (15)

(3) (ਅ. ਸ਼ਰਾ) ਸਿਧਾ/ਸਚਾ ਰਾਹ, ਮੁਸਲਮਾਨਾਂ ਦੀ ਧਰਮ ਦੀ ਮਰਯਾਦਾ, ਧਰਮ ਦੀ ਮਰਯਾਦਾ ਹੋਰ ਵੇਖੋ ‘ਸਰੈ’

“ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ।”

– ਰਾਮ ੧, ਅਸ ੧, ੫:੧ (903)

ਸਰਾਂ ------ ਸਮੁੰਦਰਾਂ

“ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ।”

– ਆਸਾ ੧, ਵਾਰ ੮ਸ, ੧, ੧:੪ (467)

ਸਰਾਇ ----- (ਫਾ. ਸਰਾਏ) ਮੁਸਾਫਰਖਾਨਾ

“ਸੁਬਹ ਨਿਵਾਜ ਸਰਾਇ ਗੁਜਾਰਉ।” (ਸਰਾਂ ਵਿਚ ਭਾਵ ਰਸਤੇ ਵਿਚ)

– ਸੂਹੀ ਕਬ, ੩, ੨:੪ (792)

ਹੋਰ ਰੂਪ:

ਸਰਾਈ –

“ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ।”

– ਆਸਾ ੧, ਅਸ ੧੨, ੨:੧ (417)

ਸਰਾਇਚਉ -- (ਫਾ. ਸਹਾਇਤਾ) ਛੋਟਾ ਘਰ, ਛੋਟਾ ਤੰਬੂ

"ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹ ਸੋਹੈ।"

– ਸਵ ੪, ਕਲ ੧੦:੧ (1398)

ਹੋਰ ਰੂਪ:

ਸਰਾਇਚਾ –

"ਜਾਂਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ।"

– ਮਲਾ ਨਾਮ, ੧, ੧:੧ (1292)

ਸਰਾਇਚੇ –

"ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।" (ਕਨਾਤ)

– ਮਾਝ ੧, ਵਾਰ ੮:੭ (141)

ਸਰਾਇਰਾ --- ਜਲ ਨਾਲ ਤਰ, ਸਰਸਬਜ਼ (ਮਹਾਨਕੋਸ਼), ਤੀਰ ਵਰਗਾ ਸਿੱਧਾ (ਸ਼ਬਦਾਰਥ)

"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ।"

– ਆਸਾ ੧, ਵਾਰ ੧੪ਸ, ੧, ੧:੧ (470)

ਸਰਾਈ ----- (1) ਮੁਸਾਫਰਖਾਨੇ, ਘਰ, ਵੇਖੋ 'ਸਰਾਇ'

(2) ਲੋਕ, ਸਥਾਨ

"ਦੁਹੀ ਸਰਾਈ ਖੁਨਾਮੀ ਕਹਾਏ।"

– ਸੂਹੀ ੫, ੨੯, ੧:੨ (743)

(3) ਮਾੜੀਆਂ, ਘਰ (ਮਹਲ ਸਰਾਈ)

"ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ।"

– ਰਾਮ ੩, ਵਾਰ ੧:੩ (947)

ਸਰਾਹਉ ---- ਸਲਾਹੁੰਦਾ ਹਾਂ

"ਖਖਾ ਖਰਾ ਸਰਾਹਉ ਤਾਹੂ।"

– ਗਉ ੫, ਬਾਅ ੪੯:੧ (260)

ਹੋਰ ਰੂਪ:

ਸਰਾਹੀਐ –

"ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ।" (ਸਲਾਹੀਐ, ਵਡਿਆਈ ਕਰੀਏ)

– ਗਉ ੫, ਬਾਅ ੫੩:੮ (261)

ਸਰਾਹੈ –

"ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ।"

– ਕੇਦਾ ਰਵਿ, ੧, ੨:੨ (1124)

ਸਰਾਨ ----- ਸ਼ਰਣ, ਵੇਖੋ 'ਸਰਣ'

"ਸਾਧ ਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ।"

– ਸਾਰ ੫, ੨, ੫:੨ (1203)

ਸਰਾਪਰ ---- ਨਿਸਚੇ ਹੀ, ਨਿਰਸੰਦੇਹ
"ਅਤਿ ਰਚਿਓ ਕਰਿ ਲੀਨੋ ਅਪੁਨਾ ਉਨਿ ਛੋਡਿ ਸਰਾਪਰ ਜਾਨਾ।"
- ਧਨਾ ੫, ੨, ੩:੨ (671)

ਸਰਾਪਿ ----- (ਸੰ.) ਸਰਾਪ, ਬਦ ਦੁਆ
"ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ।"
- ਸਲੋ ੧, ੨੫:੩ (1412)

ਹੋਰ ਰੂਪ:

ਸਰਾਪਿਆ -
"ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ।"
- ਗਉ ੪, ਵਾਰ ੧੨:੯ (306)

ਸਰਾਪੀ ----- ਜਿਸ ਨੂੰ ਸਰਾਪ ਦਿੱਤਾ ਜਾਵੇ
"ਦਰਿ ਭ੍ਰਸਟ ਸਰਾਪੀ ਨਾਮ ਬੀਨੁ।"
- ਬਸੰ ੧, ਅਸ ੨, ੩:੨ (1188)

ਸਰਾਫ ----- (1) ਰੁਪੈ ਆਦਿ ਦੀ ਪਰਖ ਕਰਨ ਵਾਲਾ, ਰੁਪੈ ਪੈਸੇ ਦਾ ਅਦਲ ਬਦਲ ਕਰਨ ਵਾਲਾ
"ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ।"
- ਸੋਰ ੧, ਅਸ ੨, ੮:੧ (636)
"ਨਦਰਿ ਸਰਾਫ ਵੰਨੀ ਸਚੜਾਇਆ।" (ਗੁਰੂ ਰੂਪ ਸਰਾਫ)
ਮਾਰੂ ੫, ਸੋਲਾ ੩, ੧੬:੨ (1074)

ਹੋਰ ਰੂਪ:

ਸਰਾਫਾ -
"ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ।"
- ਆਸਾ ੫, ੪੨, ੩:੧ (381)

ਸਰਾਫੀ -
"ਐਸਾ ਸਾਹੁ ਸਰਾਫੀ ਕਰੈ।" (ਪਰਖਨ ਦਾ ਕੰਗ)
- ਆਸਾ ੧, ਅਸ ੫, ੧*:੧ (413)
"ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ।" (ਸਰਾਫਾਂ ਨੇ)
- ਮਾਰੂ ੫, ਸੋਲਾ ੩, ੧੬:੩ (1074)

ਸਰਾਫੁ -
"ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ।" (ਸੋਨੇ ਦੀ ਪਰਖ ਕਰਨ ਵਾਲਾ)
- ਗਉ ੪, ਵਾਰ ੭ਸ, ੪, ੧:੫ (303)

(2) ਖੋਟੇ ਖਰੇ ਦਾ ਪਾਰਖੂ ਅਰਥਾਤ ਪ੍ਰਭੂ (ਭਾਵ)
"ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ।"
- ਮਾਝ ੧, ਵਾਰ ੧੮ਸ, ੨, ੧:੮ (146)

ਸਰਿ ------ (1) ਸਰੋਵਰ
"ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ।" (ਸਿਰ ਰੂਪੀ ਸਰੋਵਰ; ਹੰਸ ਇਥੇ ਚਿਟੇ ਵਾਲਾਂ ਦਾ ਪ੍ਰਤੀਕ ਹੈ)

– ਸਿਰੀ ੧, ਪਹ ੨, ੩:੧ (75)

"ਪੰਕਜ ਮੋਹ ਸਰਿ ਹਾਂ।" (ਸੰਸਾਰ ਰੂਪੀ ਸਰੋਵਰ)

– ਆਸਾ ੫, ੧੫੭, ੧:੧ (409)

(2) ਤੁਲ, ਬਰਾਬਰ

"ਜਨ ਨਾਨਕ ਕੇ ਪ੍ਰਭ ਸੁੰਦਰ ਸੁਆਮੀ ਮੋਹਿ ਤੁਮ ਸਰਿ ਅਵਰੁ ਨ ਲਾਗੇ।"

– ਦੇਵ ੪, ੧, ੨:੨ (527)

(3) ਚਲਦੇ ਹਨ

"ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ਪਰੇ ਹੀ ਤੇ ਪਰੈ ਅਪਰ ਅਪਾਰ ਪਰਿ।"

– ਸਮੁ ੫, ੨:੧ (1385)

(4) ਤੀਰ

"ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ।"

– ਸਵ ੩, ੨੧:੨ (1396)

(5) ਸਮੁੰਦਰ

"ਮਤਿ ਮਾਤਾ ਸੰਤੋਖੁ ਪਿਤਾ ਸਰਿ ਸਹਜ ਸਮਾਯਉ।"

– ਸਵ ੪, ਕਲ ੮:੩ (1387)

(6) ਨਾਲ, ਯੋਗ

"ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ।"

– ਸਵ ੫, ਕਲ ੧੨, ੩:੨ (1408)

ਸਰਿਓ ----- ਸਾਰਿਆ ਪੂਰਨ ਹੋਇਆ

"ਮਨ ਰੇ ਸਰਿਓ ਨ ਏਕੈ ਕਾਜਾ।"

– ਸੋਰ ਕਬ, ੩, ੧*:੧ (654)

ਸਰਿਆ ---- ਹੋਇਆ, ਬਣਿਆ ਸਰੋਵਰ

"ਤਿਸੁ ਭਾਣਾ ਤਾ ਬਲ ਸਿਰਿ ਸਰਿਆ।"

– ਭੈਰ ੫, ੨੩, ੩:੨ (1142)

ਸਰੀ ------ (1) (ਸਿਧ) ਹੋਣਾ (ਪੂਰਾ) ਹੋਣਾ

"ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ।" (ਚੰਗੀ ਗੱਲ ਹੋਈ)

– ਸਿਰੀ ੧, ੧੧, ੧:੧ (18)

(2) ਤੀਰਾਂ ਨਾਲ

"ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ।"

– ਕੇਦਾ ੫, ੯, ੨:੧ (1121)

(3) ਬਣ ਆਈ, ਹੋ ਸਕੀ

"ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ।"

– ਮਲਾ ਰਵਿ, ੨, ੨:੨ (1293)

ਸਰੀਅਤਿ --- ਧਰਮ ਦੇ ਆਗੂ ਦੀ ਥਾਪੀ ਹੋਈ ਰੀਤ, ਕੁਰਾਨ ਸ਼ਰੀਫ਼ ਅਨੁਸਾਰ ਦੱਸੇ ਮਾਰਗ ਦੀ ਰਹੁਰੀਤ ਮੁਸਲਮਾਨੀ ਕਾਨੂੰਨ

"ਸਰੈ ਸਰੀਅਤਿ ਕਰਹਿ ਬੀਚਾਰੁ।"

– ਸਿਰੀ ੪, ਵਾਰ ੪ਸ, ੧, ੧:੫ (84)

"ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ।"

– ਆਸਾ ੧, ਵਾਰ ੬ਸ, ੧, ੧:੧ (465)

ਸਰੀਆ ---- ਰਚਿਆ, ਸਿਰਜਿਆ
"ਬਿੰਦੁ ਰਕਤੁ ਮਿਲਿ ਪਿੰਡੁ ਸਰੀਆ।"
– ਮਾਰੂ ੧, ਸੋਲਾ ੭, ੪:੧ (1026)

ਸਰੀਕ ----- (ਅ. ਸ਼ਰੀਕ) ਸ਼ਰੀਕਾ ਕਰਨ ਵਾਲੇ, ਵਿਰੋਧੀ
"ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ।"
– ਸਿਰੀ ੫, ਅਸ ੨੯, ੪:੩ (73)

ਸਰੀਕੀ ----- (1) ਸਾਂਝ, ਭਾਈ-ਵਾਲੀ
"ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ।"
– ਆਸਾ ਕਬ, ੧੭, ੪:੨ (480)

(2) ਬਰਾਬਰੀ
"ਜਿਸ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ।"
– ਵਡ ੧, ਛੰਤ ੧, ੩:੪ (566)

ਸਰੀਕੁ ----- ਬਰਾਬਰ ਦਾ (ਹਿੱਸਾ ਵੰਡਾਣ ਵਾਲਾ), ਹਿੱਸੇਦਾਰ
"ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ।"
– ਗਉ ੪, ਵਾਰ ੨:੩ (301)

ਸਰੀਰ ----- (1) ਕਾਇਆ, ਦੇਹ
"ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ।"
– ਸਿਰੀ ੧, ੪, ੨:੩ (15)

"ਗੁਰਿ ਮਿਲਿਐ ਹਮ ਕਉ ਸਰੀਰ ਸੁਧਿ ਭਈ।" (ਸਰੀਰ ਦੀ)
– ਗਉ ੩, ਅਸ ੮, ੭:੧ (233)

ਹੋਰ ਰੂਪ:

ਸਰੀਰੰ –
"ਨਿਤਪ੍ਰਤਿ ਇਸਨਾਨੁ ਸਰੀਰੰ।"
– ਪ੍ਰਭਾ ਬੇਣੀ ੧, ੨:੧ (1351)

ਸਰੀਰਹੁ –
"ਸਚੈ ਸਬਦਿ ਸਦਾ ਮਨੁ ਰਾਤਾ ਗਇਆ ਸਰੀਰਹੁ ਦੂਰਿ।" (ਸਰੀਰ ਤੋਂ)
– ਸਿਰੀ ੩, ੫੪, ੨:੩ (34)

ਸਰੀਰਾ –
"ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਇ।" (ਸਰੀਰ)
– ਸਿਰੀ ੩, ੪੫, ੩:੨ (31)

"ਏਕਾ ਜੋਤਿ ਜੋਤਿ ਹੈ ਸਰੀਰਾ।" (ਸਰੀਰ ਵਿਚ)
– ਮਾਝ ੩, ੨੭, ੧:੧ (125)

ਸਰੀਰਿ –
"ਗੁਰਮੁਖਿ ਦੁਖੁ ਕਦੇ ਨ ਲਗੈ ਸਰੀਰਿ।"
– ਮਾਝ ੩, ਅਸ ੨੬, ੪:੧ (125)

"ਸਰੀਰਿ ਸਰੋਵਰਿ ਗੁਣ ਪਰਗਟਿ ਕੀਏ।"

– ਆਸਾ ੪, ੫੭, ੪:੧ (367)

ਸਰੀਰੀ –
“ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ।”
– ਆਸਾ ਕਬ, ੮, ੩:੨ (477)
“ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ।” (ਸਰੀਰਾਂ ਤੇ)
– ਤਿਲੰ ੧, ੨, ੨:੧ (721)

ਸਰੀਰੁ –
“ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।”
– ਸਿਰੀ ੩, ੪੫, ੨:੧ (31)

ਸਰੀਰੇ –
“ਮੈ ਅਵਗਣ ਭਰਪੂਰਿ ਸਰੀਰੇ।” (ਸਰੀਰ ਵਿਚ)
– ਵਡ ੪, ੧, ੨:੧ (561)

ਸਰੀਰੈ –
“ਹਰਿ ਜੀਉ ਬਖਸੇ ਬਖਸਿ ਲਏ ਸੂਖ ਸਦਾ ਸਰੀਰੈ।”
– ਸਿਰੀ ੩, ੬੩, ੧:੩ (38)

ਸਰੀਰਾ ----- (1) ਸਰੀਰ, ਸਰੀਰਾ, ਵੇਖੋ ‘ਸਰੀਰ’
(2) ਜੀਵਨ (ਭਾਵ)
“ਕਹੁ ਨਾਨਕ ਭਵ ਸਾਗਰੁ ਤਰਿਓ ਭਏ ਪੁਨੀਤ ਸਰੀਰਾ।”
– ਆਸਾ ੫, ੧੨੭, ੪:੨ (403)

ਹੋਰ ਰੂਪ:

ਸਰੀਰਿ –
“ਆਚਾਰਾ ਵੀਚਾਰੁ ਸਰੀਰਿ।” (ਜੀਵਨ ਵਿਚ)
– ਧਨਾ ੧, ਅਸ ੨, ੭:੧ (686)

ਸਰੀਰੁ –
“ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ।” (ਜੀਵਨ)
– ਜੈਤ ੪, ੬, ੩:੧ (698)

(3) ਪ੍ਰਾਣੀ, ਮਨੁਖ, ਲੋਕ
“ਸਤਜੁਗਿ ਸਭੁ ਸੰਤੋਖ ਸਰੀਰਾ।”
– ਆਸਾ ੪, ਛੰਤ ੧੧, ੧:੧ (445)
“ਸਤਜੁਗਿ ਸਤੁ ਸੰਤੋਖ ਸਰੀਰਾ।”
– ਮਾਰੂ ੧, ਸੋਲਾ ੪, ੩:੧ (1023)

ਹੋਰ ਰੂਪ:

ਸਰੀਰੁ –
“ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ।” (ਜੀਵ)
– ਬਿਲਾ ੩, ੧, ੧:੨ (796)

(4) ਆਪਣੇ ਆਪੇ
“ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ।”

– ਸੋਰ ਕਬ, ੧, ੪:੧ (654)

ਸਰੀਰੁ ----- (1) ਸਰੀਰ, ਵੇਖੋ ‘ਸਰੀਰ’
(2) ਜੀਵਨ ਵੇਖੋ ‘ਸਰੀਰਾ’ (2)
“ਪੁੰਨ ਦਾਨ ਕਾ ਕਰੈ ਸਰੀਰੁ।” (ਜੀਵਨ)
– ਸਲੋ ੧, ੧੭:੨ (1411)
(3) ਪ੍ਰਾਣੀ, ਮਨੁੱਖ, ਵੇਖੋ ‘ਸਰੀਰਾ’ (3)
(4) ਸਰੀਰ ਦੀ ਅਪਣਤ
“ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ।”
– ਸਲੋ ਕਬ, ੩੧:੨ (1366)
(5) ਸਰੀਰਿਕ ਤੌਰ ਤੇ
“ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ।”
– ਸਲੋ ਕਬ, ੬੨:੧ (1367)

ਸਰੁ ------- (1) ਸਰੋਵਰ, ਵੇਖੋ ‘ਸਰ’ (1)
“ਗੁਰੁ ਸਰੁ ਸਾਗਰੁ ਬੋਹਿਥਾ ਗੁਰੁ ਤੀਰਥੁ ਦਰੀਆਉ।”
– ਸਿਰੀ ੧, ੯, ੩:੨ (17)
“ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ।”
– ਸਲੋ ਫਰ, ੪੩:੧ (1380)
(ਦਰਪਣ/ਟਰੰਪ ਪਦ ਛੰਦ ‘ਕੈਸਰੁ’ ਕਰ ਕੇ ਅਰਥ ਬਾਦਸ਼ਾਹ ਕਰਦੇ ਹਨ) (ਸ਼ਬਦਾਰਥ ਤੇ ਸੰਥਿਆ ਅਰਥ ਤਲਾ/ਸਰੋਵਰ ਕਰਦੇ ਹਨ) (‘ਗੁਰੂ ਗ੍ਰੰਥ ਕੋਸ਼’ ਵਿਚ ਅਰਥ ‘ਸਿਰ’ ਕੀਤੇ ਹਨ)
(2) ਸਮੁੰਦਰ –
“ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ।”
– ਸਿਰੀ ੧, ਅਸ ੪, ੧:੧ (55)
“ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ।” (ਸੰਸਾਰ ਸਾਗਰ)
– ਮਾਰੂ ੧, ੧੦, ੧:੧ (992)
(3) ਚੰਗਾ –
“ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪ ਸਰੁ ਨ ਪਛਾਣਿਆ।”
– ਸਿਰੀ ਬੇਣੀ, ੧, ੩:੧ (93)
(4) (ਸੰ.) ਤੀਰ
“ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ।”
– ਮਾਝ ੧, ਵਾਰ ੨੨ਸ, ੨, ੨:੬ (148)
(5) ਸੁਰ
“ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ।”
– ਮਾਰੂ ੧, ੯, ੧:੧ (991)

ਸਰੁਦ੍ਰਾ ----- (ਸੰ.) ਸ਼ਿਵਜੀ ਸਮੇਤ
“ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ।”
– ਭੈਰ ੧, ਅਸ ੧, ੪:੧ (1153)

ਸਰੂਪ –

(1) ਮੂਰਤ, ਰੂਪ, ਵਜੂਦ
"ਜਹ ਸਰੂਪ ਕੇਵਲ ਜਗਦੀਸ।"
– ਗਉ ੫, ਸੁਖ ੨੧, ੪:੫ (291)
"ਜੋਤਿ ਸਰੂਪ ਅਨਾਹਦੁ ਵਾਜਿਆ।"
– ਆਸਾ ੫, ੨, ੩:੨ (370)

ਹੋਰ ਰੂਪ:

ਸਰੂਪਾ –
"ਆਨੰਦ ਰੂਪੁ ਅਨੂਪੁ ਸਰੂਪਾ ਗੁਰਿ ਪੂਰੈ ਦੇਖਾਇਆ।"
– ਮਾਰੂ ੧, ਸੋਲਾ ੨੧, ੨:੩ (1041)

ਸਰੂਪੀ –
"ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ।" (ਜੋਤ ਦੀ ਸ਼ਕਲ (ਸਰੂਪ) ਵਿਚ)
– ਗਉ ੫, ਸੁਖ ੨੧, ੪:੭ (291)

ਸਰੂਪੁ –
"ਸਤਿ ਸਰੂਪੁ ਰਿਦੈ ਜਿਨਿ ਮਾਨਿਆ।"
– ਗਉ ੫, ਸੁਖ ੧੭, ੨:੧ (285)

(2) ਸੋਹਣੇ ਰੂਪ ਵਾਲੀ, ਮੋਹਣੀ
"ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ।"
– ਗਉ ੪, ਵਾਰ ੧:੩ (301)

ਹੋਰ ਰੂਪ:

ਸਰੂਪਿ –
"ਸੋਹਨੀ ਸਰੂਪਿ ਸੁਜਾਣਿ ਬਿਚਖਨਿ।"
– ਆਸਾ ੫, ੧੨, ੧*:੧ (374)

ਸਰੂਪੀ –
"ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ।" (ਸੋਹਣੇ ਰੂਪ ਵਾਲਾ)
– ਮਾਰੂ ੧, ਸੋਲਾ ੨, ੫:੩ (1021)

ਸਰੂਪੁ –
"ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ।"
– ਗਉ ਕਬ, ੬੬, ੧:੨ (338)
"ਤ੍ਰਿਭਵਣ ਦੇਵਾ ਸਗਲ ਸਰੂਪੁ।" (ਸੁੰਦਰ)
– ਆਸਾ ੧, ਅਸ ੫, ੪:੨ (414)

ਸਰੇ ------- (1) ਸਫਲ ਹੋਏ, ਪੂਰੇ ਹੋਏ, ਹੋਰ ਵੇਖੋ 'ਸਰੈ' (4)
"ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ।"
– ਮਾਝ ੫, ਬਾਰਾ ੧੪:੧ (136)

(2) ਸਮੁੰਦਰ
"ਕਰਿ ਮਜਨੋ ਸਪਤ ਸਰੇ ਮਨ ਨਿਰਮਲ ਮੇਰੇ ਰਾਮ।"
– ਆਸਾ ੧, ਛੰਤ ੨, ੩:੨ (437)

(3) ਤੁਲ, ਬਰਾਬਰ
"ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ।"

– ਬਿਹਾ ੪, ਵਾਰ ੯:੫ (552)

(4) ਸਰੋਵਰ –

“ਗਾਵਉ ਗੁਨ ਪਰਮ ਗੁਰੂ ਸੁਖ ਸਾਗਰ ਦੁਰਤ ਨਿਵਾਰਣ ਸਬਦ ਸਰੇ।”

– ਸਵ ੧, ੨:੧ (1389)

ਸਰੇਉ ------ ਕਰਾਂ

“ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹ ਜੁਗ ਜੋਰਿ ਕਰ।”

– ਸਵ ੪, ਨਲ ੩:੨ (1398)

ਸਰੇਸਟ ---- (ਸੰ.) ਉਤਮ

“ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ।”

– ਸਿਰੀ ੪, ਵਾਰ ੧੨:੩ (87)

“ਸਭ ਪਰਵਾਰੈ ਮਾਹਿ ਸਰੇਸਟ।” (ਉਤਮ, ਪ੍ਰਧਾਨ)

– ਆਸਾ ੫, ੩, ੪:੧ (371)

ਸਰੇਵਉ ---- ਸੇਵਾ ਕਰਾਂ

“ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਕਰੀ।”

– ਆਸਾ ੧, ੨੨, ੨:੨ (356)

ਹੋਰ ਰੂਪ:

ਸਰੇਵਹ –

“ਤਿਨ੍ ਹਮ ਚਰਣ ਸਰੇਵਹ ਖਿਨੁ ਖਿਨੁ ਪਗ ਧੋਵਹ ਜਿਨ ਹਰਿ ਮੀਠ ਲਗਾਨ ਜੀਉ।” (ਸੇਵੀਏ, ਸੇਵਾ ਕਰੀਏ)

– ਆਸਾ ੪, ਛੰਤ ੧੨, ੨:੨ (446)

“ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨ ਕੈ ਪਾਏ ਰਾਮ।” (ਅਸੀ ਸੇਵਾ ਕਰਦੇ ਹਾਂ, ਚਰਣ ਪੂਜਦੇ ਹਾਂ)

– ਵਡ ੪, ਛੰਤ ੨, ੨:੨ (573)

ਸਰੇਵਹਿ –

“ਗੁਰ ਚਰਨ ਸਰੇਵਹਿ ਗੁਰਸਿਖ ਤੋਰ।” (ਪੂਜਦੇ ਹਨ)

– ਬਸੰ ੧, ੭, ੨:੧ (1170)

ਸਰੇਵਹੁ –

“ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ।”

– ਗਉ ੫, ਵਾਰ ੮:੧ (320)

ਸਰੇਵਣੇ –

“ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ।”

– ਸਿਰੀ ੫, ੧੦੦, ੧:੨ (52)

ਸਰੇਵਤ –

“ਗੁਰ ਚਰਣ ਸਰੇਵਤ ਦੁਖੁ ਗਇਆ।”

– ਬਸੰ ੫, ੧੩, ੧:੧ (1183)

ਸਰੇਵਦੇ –

“ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ।”

– ਸੂਹੀ ੪, ੧੧, ੨:੨ (734)

ਸਰੇਵਿਆ –

"ਹਰਿ ਉਤਮੁ ਤਿਨੀ ਸਰੇਵਿਆ ਜਿਨ ਕਉ ਧੁਰਿ ਲਿਖਿਆ ਆਹਿ।" (ਸੇਵਿਆ)

– ਗਉ ੪, ਵਾਰ ੧੭ਸ, ੪, ੧:੪ (310)

ਸਰੇਵਿਹੁ –

"ਤਿਸੈ ਸਰੇਵਿਹੁ ਪ੍ਰਾਣੀਹੋ ਤਿਸੁ ਬਿਨੁ ਅਵਰੁ ਨ ਕੋਇ।"

– ਮਲਾ ੧, ਵਾਰ ੮ਸ, ੩, ੧:੨ (1281)

ਸਰੇਵੀ –

"ਸਦਾ ਸਰੇਵੀ ਇਕ ਮਨਿ ਧਿਆਈ ਗੁਰਮੁਖਿ ਸਚਿ ਸਮਾਵਣਿਆ।"

– ਮਾਝ ੩, ੨੮, ੧:੩ (126)

ਸਰੇਵੀਅਹਿ –

"ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ।"

– ਸੋਰ ੫, ਅਸ ੧, ੩:੧ (639)

ਸਰੇਵੀਐ –

"ਸੋ ਹਰਿ ਸਦਾ ਸਰੇਵੀਐ ਜਿਸੁ ਕਰਤ ਨ ਲਾਗੈ ਵਾਰ।"

– ਮਲਾ ੧, ਵਾਰ ੬:੧ (1280)

ਸਰੇਵੈ –

"ਏਕੁ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ।"

– ਰਾਮ ੧, ਓਅੰ ੬:੪ (930)

ਸਰੈ ------- (1) ਸ਼ਰਾ, ਵੇਖੋ 'ਸਰਾ' (3)

"ਸਰੈ ਸਰੀਅਤਿ ਕਰਹਿ ਬੀਚਾਰੁ।"

– ਸਿਰੀ ੪, ਵਾਰ ੪ਸ, ੧, ੧:੫ (84)

(2) ਗੁਜ਼ਾਰਾ ਹੋਵੇ, ਨਿਭੇ, ਪੁਜ ਆਵੇ

"ਤਿਸੁ ਬਿਨੁ ਕਿਉ ਸਰੈ ਹਾਂ।"

– ਆਸਾ ੫, ੧੬੧, ੨:੬ (410)

"ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ।"

– ਮਾਰੂ ਰਵਿ, ੧, ੨:੨ (1106)

(3) ਬਣ ਆਉਂਦੀ ਹੈ

"ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ।"

– ਗੁਜ ੩, ਵਾਰ ੨੧ਸ, ੩, ੧:੨ (517)

(4) ਪੂਰੇ ਹੋਣ

"ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ।"

– ਦੇਵ ੯, ੧, ੨:੨ (536)

"ਤਬ ਲਗੁ ਕਾਜੁ ਏਕੁ ਨਹੀ ਸਰੈ।"

– ਭੈਰ ਕਬ, ੧੪, ੧:੨ (1160)

ਸਰੋਤ ------ (ਸੰ.) ਗਿਆਨ ਇੰਦ੍ਰੀਆਂ, ਸਰਵਣ ਇੰਦ੍ਰੀ, ਕੰਨ

"ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ।"

– ਆਸਾ ੫, ਛੰਤ ੧੪, ੨:੨ (462)

ਹੋਰ ਰੂਪ:

ਸਰੋਤਿ –
“ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ।” (ਕੰਨਾਂ ਦੀ ਸੁਣਨ ਦੀ ਸ਼ਕਤੀ)
– ਗਉ ੪, ਵਾਰ ੧੬:੪ (310)
“ਜਨਮਿ ਮੂਏ ਬਿਨੁ ਭਗਤਿ ਸਰੋਤਿ।” (ਧੁਨੀ, ਅਵਾਜ਼)
– ਆਸਾ ੧, ਅਸ ੪, ੪:੪ (413)

ਸਰੋਤੇ ------ (ਸੰ.) ਸੁਣਨ ਵਾਲਾ
“ਅਨਿਕ ਸਰੋਤੇ ਸੁਨਹਿ ਨਿਧਾਨ।”
– ਸਾਰ ੫, ਅਸ ੨, ੬:੩ (1236)

ਸਰੋਵਰ ----- ਪਵਿੱਤਰ ਤਲਾ
“ਹਰਿ ਚਰਣਿ ਸਰੋਵਰ ਤਹ ਕਰਹੁ ਨਿਵਾਸੁ ਮਨਾ।”
– ਬਿਹਾ ੫, ਛੰਤ ੫, ੧:੧ (545)
“ਸੰਤ ਸਰੋਵਰ ਨਾਵੈ।” (ਸੰਤ ਸਰੋਵਰ – ਸਾਧ ਸੰਗਤ)
– ਸੋਰ ੫, ੫੭, ੩:੧ (623)
“ਸੁੰਨਹੁ ਸਪਤ ਸਰੋਵਰ ਥਾਪੇ।”
(ਇਹ ਸੱਤ ਸਰੋਵਰ ਹਨ: ਪੰਜ ਗਿਆਨ ਇੰਦ੍ਰੇ, ਮਨੁ ਤੇ ਬੁੱਧਿ)
– ਮਾਰੂ ੧, ਸੋਲਾ ੧੭, ੪:੧ (1037)
“ਸਗਲ ਸਰੋਵਰ ਜੋਤਿ ਸਮਾਣੀ।” (ਭਾਵ ਦਿਲ)
– ਪ੍ਰਭਾ ੧, ਅਸ ੨, ੩:੩ (1342)

ਹੋਰ ਰੂਪ:

ਸਰੋਵਰੰ –
“ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ।”
– ਸਸ ੫, ੫੩:੪ (1359)

ਸਰੋਵਰਿ –
“ਸੁੰਨ ਸਰੋਵਰਿ ਪਾਵਹੁ ਸੁਖ।”
– ਗਉ ਕਬ, ਥਿਤੀ ੮:੪ (343)

ਸਰੋਵਰੁ –
“ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ।”
– ਗਉ ੫, ਬਾਅ ੧ਸ;੫ (250)

ਸਰੋਵਰੋ –
“ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ।”
– ਬਿਹਾ ੫, ਛੰਤ ੬, ੩:੧ (546)

ਸਲਖਨਾ ---- ਚੰਗੇ ਲਛਣਾਂ ਵਾਲਾ
“ਨਾ ਸੋਹੈ ਬਤੀ ਸਲਖਨਾ।”
– ਭੈਰ ਨਾਮ, ੨, ੩:੨ (1163)

(ਸਰੀਰਕ ਸੁੰਦਰਤਾ ਦੇ ਪਰੰਪਰਕ ਬੱਤੀ ਲੱਛਣ ਹਨ – ਲੰਮੀਆਂ ਬਾਹਵਾਂ, ਚੋੜੀ ਛਾਤੀ, ਆਦਿ ਪੂਰਾ ਵੇਰਵਾ ਹੈ: ਤਿੰਨ ਛੋਟੇ (ਧੌਣ, ਜੰਘਾਂ, ਲਿੰਗ) ਛੇ ਉ–ੱਚੇ (ਲੱਕ ਦੀ ਹੱਡੀ, ਪੇਟ, ਪੱਸਲੀ, ਮੋਢੇ, ਮੂੰਹ, ਹੱਥ ਦੇ ਉਪਰਲੇ ਪਾਸੇ ਤਿੰਨ ਗੰਭੀਰ (ਸੁਰ, ਨਾਭੀ, ਸੁਭਾਵ) ਤਿੰਨ ਚੌੜੇ (ਮੱਥਾ ਛਾਤੀ, ਕਮਰ) ਵਿਸਥਾਰ ਵਾਲੇ ਪੰਜ ਦੀਰਘ (ਅੱਖਾਂ ਜਬਾੜੇ, ਨਕ, ਵੱਖੀ ਬਾਹਵਾਂ) ਪੰਜ ਸੂਖਮ – (ਤੁਚਾ, ਕੇਸ, ਉਂਗਲਾਂ ਦੀਆਂ ਗੱਠਾਂ, ਉਂਗਲਾਂ, ਦੰਦ) ਸਤ ਲਾਲ (ਹੱਥਲੀਆਂ, ਪੈਰਾਂ ਦੀਆਂ ਤਲੀਆਂ, ਅੱਖਾਂ ਦੇ ਕੋਏ, ਤਾਲੂ, ਜੀਭ, ਬਹੁ, ਨਹੁੰ)

ਸੰਲਗਨ ---- ਇਕੋ ਜਿਹਾ ਲਗਿਆ ਹੋਇਆ
"ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ।"
– ਮਾਰੂ ੫, ਅਸ ੩, ੪:੧ (1018)

ਸਲਲ ------ (ਸੰ.) ਪਾਣੀ, ਜਲ
"ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ।"
– ਸਿਰੀ ੧, ਕਨ, ੨:੩ (22)

ਹੋਰ ਰੂਪ:

ਸਲਿਲ –
"ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ।"
– ਸਿਰੀ ੧, ੨੬, ੧:੩ (23)

ਸਲਲਿ –
"ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ।"
– ਮਾਰੂ ਜੈਦੇ ੧, ੨:੧ (1106)

ਸਲਲੇ –
"ਹਰਿ ਹਰਿ ਅਗਮ ਅਗੋਚਰੁ ਸੁਆਮੀ ਜਨ ਜਪਿ ਮਿਲਿ ਸਲਲ ਸਲਲੇ।"
– ਨਟ ੪, ੨, ੧:੧ (975)

ਸਲਲੈ –
"ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ।"
– ਸਿਰੀ ੧, ੨੨, ੨:੩ (22)

ਸਲਵੇ ------ ਸਿੰ. ਗਮਨ ਕਰਦਾ/ਫਿਰਦਾ ਹੈ
"ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੂ ਸਲਵੇ।"
– ਮਾਰ ੫, ਵਾਰ ਪਸ, ੫, ੨:੧ (1095)

ਸਲਾਈਆ --- ਸੁਰਮਚੂ
"ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।"
– ਤਿਲੰ ੧, ੪, ੧:੪ (722)

ਸਲਾਹ ----- (ਸੰ.ੋ) ਪਰਸੰਸਾ, ਵਡਿਆਈ, ਉਸਤਤੀ
"ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ।"
– ਗਉ ੪, ਵਾਰ ੧੯:੨ (311)

ਹੋਰ ਰੂਪ:

ਸਲਾਹਹ –
"ਹਰਿ ਨਾਮੁ ਸਲਾਹਹ ਦਿਨੁ ਰਾਤਿ ਏਹਾ ਆਸ ਆਧਾਰੋ।"
– ਆਸਾ ੪, ਛੰਤ ੧੭, ੩:੨ (450)

ਸਲਾਹਹਿ –
"ਗੁਰਮੁਖਿ ਪੜਹਿ ਹਰਿ ਨਾਮੁ ਸਲਾਹਹਿ ਦਰਿ ਸਚੈ ਸੋਭਾ ਪਾਵਣਿਆ।" (ਸਲਾਹੁੰਦੇ ਹਨ)
– ਮਾਝ ੩, ੩੦, ੧*:੨ (127)

ਸਲਾਹਹੁ –
"ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ।"
– ਮਾਰੂ ੧, ਸੋਲਾ ੬, ੭:੩ (1026)

ਸਲਾਹਣਾ –
"ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।" (ਆਪੁ ਸਲਾਹਣਾ–ਖੁਦ ਪਸੰਦੀ)
– ਸਿਰੀ ੧, ੪, ੧:੩ (15)
"ਗੁਰਮਤੀ ਸਚੁ ਸਲਾਹਣਾ ਜਿਸੁ ਦਾ ਅੰਤੁ ਨ ਪਾਰਾਵਾਰੁ।"
– ਸਿਰੀ ੩, ੬੦, ੩:੧ (37)

ਸਲਾਹਣੁ –
"ਸਿਫਤਿ ਸਲਾਹਣੁ ਸਹਜ ਅਨੰਦ।"
– ਆਸਾ ੧, ੧੧, ੩:੧ (352)

ਸਲਾਹਣੇ –
"ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।"
– ਸਿਰੀ ੧, ਅਸ ੫, ੭:੨ (56)

ਸਲਾਹਦਾ –
"ਆਪੇ ਆਪਿ ਸਲਾਹਦਾ ਪਿਆਰਾ ਜਨ ਨਾਨਕ ਹਰਿ ਰਸੁ ਧ੍ਰਾਪੈ।"
– ਸੋਰ ੪, ੩, ੪:੩ (605)

ਸਲਾਹਦੇ –
"ਮਨਮੁਖ ਅਹੰਕਾਰ ਸਲਾਹਦੇ ਹਉਮੈ ਮਮਤਾ ਵਾਦੁ।"
– ਗਉ ੪, ਵਾਰ ੨ਸ, ੪, ੧:੨ (301)

ਸਲਾਹਨਿ –
"ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ।"
– ਆਸਾ ੪, ਸੋਪੁ ੧, ੪:੨ (11)

ਸਲਾਹਾ –
"ਰਸਿ ਰਸਿ ਰਾਮੁ ਰਸਾਲੁ ਸਲਾਹਾ।"
– ਜੈਤ ੪, ੮, ੧:੧ (699)

ਸਲਾਹਿ –
"ਸਤਸੰਗਤਿ ਸਤਗੁਰੁ ਪਾਈਐ ਅਹਿਨਿਸਿ ਸਬਦਿ ਸਲਾਹਿ।" (ਸਲਾਹ ਕੇ)
–ਸਿਰੀ ੧, ੨੧, ੧:੨* (22)

ਸਲਾਹਿਆ –

"ਜਿਨੀ ਗੁਰਮੁਖਿ ਨਾਮੁ ਸਲਾਹਿਆ ਤਿਨਾ ਸਭ ਕੋ ਕਹੇ ਸਾਬਾਸਿ।"
– ਸਿਰੀ ੫, ੭੦, ੪:੧ (42)

ਸਲਾਹਿਐ –
"ਨਾਨਕ ਨਾਮਿ ਸਲਾਹਿਐ ਮਨੁ ਤਨੁ ਸੀਤਲੁ ਹੋਇ।"
– ਗਉ ੫, ਵਾਰ ੧੩ਸ, ੫, ੧:੨ (321)

ਸਲਾਹਿਹੁ –
"ਸਲਾਹਿਹੁ ਹਰਿ ਸਭਨਾ ਤੇ ਵਡਾ ਜੋ ਸੰਤ ਜਨਾਂ ਕੀ ਪੈਜ ਰਖਦਾ ਆਇਆ।"
– ਬਿਹਾ ੪, ਵਾਰ ੧:੫ (548)

ਸਲਾਹੀ –
"ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ।"
– ਮਾਝ ੩, ਅਸ ੨੦, ੧*:੨ (121)
"ਕਰਿ ਕਿਰਪਾ ਸਰਬ ਪ੍ਰਤਿਪਲਕ ਪ੍ਰਭ ਕਉ ਸਦਾ ਸਲਾਹੀ।"
– ਗੂਜ ੫, ੧੯, ੧*:੨ (499)

ਸਲਾਹੰੀ –
"ਜੋ ਕਿਛੁ ਵਰਤੈ ਤੁਧੈ ਸਲਾਹੰੀ ਸਭ ਤੇਰੀ ਵਡਿਆਈ।"
– ਪ੍ਰਭਾ ੧, ਅਸ ੪, ੪:੨ (1344)

ਸਲਾਹੀਐ –
"ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ।"
– ਸਿਰੀ ੧, ੧੭, ੧:*੨ (20)

ਸਲਾਹੇ –
"ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ।"
– ਮਾਝ ੩, ਅਸ ੧੬, ੧:੩ (118)

ਸਲਾਹੈ –
"ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ।"
– ਭੈਰ ੧, ਅਸ ੧, ੯:੧ (1153)

ਸਲਾਹੀ ----- (1) ਸਲਾਹਣ ਯੋਗ (ਪ੍ਰਭੂ)
"ਸਬਦਿ ਸਲਾਹੀ ਮਨਿ ਵਸੈ ਹਉਮੈ ਦੁਖੁ ਜਲ ਜਾਉ।"
– ਸਿਰੀ ੧, ਅਸ ੮, ੫:੨ (58)
(2) ਸਲਾਹੁੰਦਾ ਹਾਂ, ਜਸ ਕਰਦਾ ਹਾਂ ਵੇਖੋ 'ਸਲਾਹ'
"ਜਿਉ ਭਾਵੈ ਤਿਉ ਰਾਖਹੁ ਹਰਿ ਜੀਉ ਜਨ ਨਾਨਕ ਸਬਦਿ ਸਲਾਹੀ ਜੀਉ।"
– ਸੋਰ ੧, ੯, ੪:੨ (598)

ਸਲਾਮ ----- (ਅ. ਸਲਾਮ) ਅਖਰੀ ਅਰਥ ਕੁਸ਼ਲ, ਸ਼ਾਂਤ, ਪ੍ਰਣਾਮ, ਸਤਿਕਾਰ ਦਾ ਪ੍ਰਗਟਾ
"ਬਧੇ ਕਰਨਿ ਸਲਾਮ ਖਸਮ ਨ ਭਾਣਿਆ।"
– ਮਾਝ ੧, ਵਾਰ ੧੧:੬ (143)

ਹੋਰ ਰੂਪ:

ਸਲਾਮੁ –
"ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ।" (ਭਾਵ ਦੀਨ ਮੰਨਣਾ)
– ਮਾਝ ੧, ਵਾਰ ੧੧:੮ (143)

"ਤਿਸ ਮੁਲਾ ਕਉ ਸਦਾ ਸਲਾਮੁ।" (ਸਤਿਕਾਰ, ਨਮਸਕਾਰ)
– ਭੈਰ ਕਬ, ੧੧, ੧:੪ (1159)

ਸਲਾਮਤਿ --- (1) (ਅ. ਸਲਾਮਤ) ਸਥਿਤ
"ਤੂ ਸਦਾ ਸਲਾਮਤਿ ਨਿਰੰਕਾਰ।"
– ਜਪੁ ੧, ੧੬:੨੬ (3)
(2) ਸਲਾਮਤੀ/ਹਫਾਜ਼ਤ/ਸੁਰੱਖਿਅਤਾ /ਸੁਖ ਸਾਂਦ ਨਾਲ
"ਸਹੀ ਸਲਾਮਤਿ ਘਰਿ ਲੈ ਆਇਆ।"
– ਆਸਾ ੫, ੬, ੩:੪ (372)
"ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ।" (ਸੁਰੱਖਿਅਤ)
– ਮਾਰੂ ੧, ਸੋਲਾ ੧੨, ੧੦:੩ (1032)
(3) ਜਿਉਂਦਾ ਰਹਿਣ ਵਾਲਾ
"ਮੀਤ ਸਾਜਨ ਸਰਬ ਗੁਣ ਨਾਇਕ ਸਦਾ ਸਲਾਮਤਿ ਦੇਵਾ।"
– ਧਨਾ ੫, ੩੯, ੨:੧ (680)
"ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ।"(ਜਿਉਂਦਿਆਂ)
– ਰਾਮ ਬਸ, ਵਾਰ ੧:੬ (966)

ਸਲਾਰ ----- (ਫਾ. ਸਲਾਰ) ਸਰਦਾਰ
"ਇਕ ਆਵਹਿ ਇਕ ਜਾਹਿ ਉਠਿ ਰਖੀਅਹਿ ਨਾਵ ਸਲਾਰ।"
– ਸਿਰੀ ੧, ੬, ੩:੧ (16)
"ਸਤਰਿ ਸੈਇ ਸਲਾਰ ਹੈ ਜਾ ਕੇ।" (ਸਿਪਾਹ ਸਲਾਰ, ਫੌਜ ਦੇ ਸਰਦਾਰ)
– ਭੈਰ ਕਬ, ੧੫, ੧:੧ (1161)

ਸਲਿ ------ (ਸੰ.) ਪੀੜਾ, ਘਾਓ
"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।"
– ਧਨਾ ਤਿਲੋ, ੧, ੫:੧ (695)

ਸਲਿਤਾ ----- (ਸੰ.) ਨਦੀ, (ਸ਼ੋਰ ਕਰਨ ਵਾਲੀ)
"ਗੰਗਾ ਕੈ ਸੰਗਿ ਸਲਿਤਾ ਬਿਗਰੀ।"
– ਭੈਰ ਕਬ, ੫, ੧:੧ (1158)

ਸਲਿਲ ---- ਪਾਣੀ ਵੇਖੋ 'ਸਲਲ'

ਸਲੁੰਵੁ ----- (ਸੰ.) ਉਖਾੜਨਾ, ਪੁਟਣਾ ਵਾਲਾ/ਕੇਸਾਂ ਸਮੇਤ/ਤੋਂ
"ਰਾਮ ਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਵੁ।"
– ਬਸੰ ੪, ੭, ੧:੨ (1179)

ਸਲੋਕ ----- (ਸੰ.) ਸਿਫਤ ਸਲਾਹ ਦਾ ਗੀਤ
"ਉਤਮ ਸਲੋਕ ਸਾਧ ਕੇ ਬਚਨ।"
– ਗਉ ੫, ਸੁਖ ੨੪, ੩:੧ (295)

ਹੋਰ ਰੂਪ:

ਸਲੋਕੁ –
"ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ।"

– ਆਸਾ ੧, ਵਾਰ ੧੯ਸ, ੧, ੧:੩ (473)

ਸਲੋਨੜੀਏ --- ਹੇ ਸੁੰਦਰ/ਸੋਹਣੇ ਨੈਣਾਂ ਵਾਲੀ
"ਮੂੰਧ ਸਹਜਿ ਸਲੋਨੜੀਏ ਇਕ ਪ੍ਰੇਮ ਬਿਨੰਤੀ ਰਾਮ।"
– ਆਸਾ ੧, ਛੰਤ ੧, ੨:੧ (436)

ਸਲੋਨੀ ----- ਸੁੰਦਰ (ਨੈਣਾਂ ਵਾਲੀ)
"ਨੈਨ ਸਲੋਨੀ ਸੁੰਦਰ ਨਾਰੀ।"
– ਗਉ ੧, ਅਸ ੧੦, ੩:੧ (225)

ਸਲ੍ਹ ------- ਇਕ ਭੱਟ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ: ਕੇਵਲ ਦੋ ਸਵਯੈ ਹਨ ਇਕ ਗੁਰੂ ਅਮਰਦਾਸ ਅਤੇ ਇਕ ਗੁਰੂ ਰਾਮ ਦਾਸ ਜੀ ਦੀ ਉਸਤਤਿ ਵਿਚ।
"ਗੁਰ ਰਾਮਦਾਸ ਸਚੁ ਸਲ੍ਹ ਭਣਿ ਤੂ ਅਟਲੁ ਰਾਜਿ ਅਭਗੁ ਦਲਿ।"
– ਸਵ ੪, ਸਲ, ੧:੬ (1406)

ਸਵਹਿ ----- (ਸੰ.) ਸੌਣਾ
"ਅਨਦਿਨੁ ਜਾਗਹਿ ਨਾ ਸਵਹਿ ਜਾਗਤ ਰੈਣਿ ਵਿਹਾਣੀ।"
– ਗੂਜ ੩, ਵਾਰ ੧੭:੩ (515)

ਸਵਣਾ ----- ਵੇਖੋ 'ਸਵਹਿ' – ਸੌਣਾ
"ਕਿਆ ਸਵਣਾ ਕਿਆ ਜਾਗਣਾ ਗੁਰਮੁਖਿ ਤੇ ਪਰਵਾਣੁ।"
– ਗਉ ੪, ਵਾਰ ੨੨ਸ, ੪, ੧: ੧ (313)

ਹੋਰ ਰੂਪ:

ਸਵਣੁ –
"ਫਰੀਦਾ ਇਟ ਸਿਰਣੇ ਭੁਇ ਸਵਣੁ ਕੀੜਾ ਲੜਿਓ ਮਾਸਿ।"
– ਸਲੋ ਫਰ, ੬੭:੧ (1381)

ਸਵੰਤ –
"ਖਾਤ ਪੀਵਤ ਸਵੰਤ ਸੁਖੀਆ ਨਾਮੁ ਸਿਮਰਤ ਖੀਨ।"
– ਸਾਰ ੫, ੧੦੮, ੧:੧ (1225)

ਸਵੰਤੀ –
"ਸਭ ਨਾਨਕ ਸੁਖਿ ਸਵੰਤੀ।"
– ਸੋਰ ੫, ੭੫, ੨:੪ (627)

ਸਵਦ ------ (ਫਾ. ਸ਼ੋਰ) ਹੋਣਾ, ਹੋਵੇ
"ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ।"
– ਤਿਲੰ ੧, ੧, ੨:੨ (721)

ਸਵੰਦਿਆ --- ਵੇਖੋ 'ਸਵਹਿ' ਸਉਦਿਆਂ
"ਉਠੰਦਿਆ, ਬਹੰਦਿਆ ਸਵੰਦਿਆ ਸੁਖੁ ਸੋਇ।"
– ਗਉ ੫, ਵਾਰ ੧੩ਸ, ੫, ੧:੧ (321)

ਸਵੰਧਿ ----- ਸੌਦੀਆਂ ਹਨ
"ਸੁਖਿ ਸਵੰਧਿ ਸੋਹਾਗਣੀ ਪਿਰੁ ਪਾਇਆ ਗੁਣਤਾਸੁ।"

– ਮਾਰੂ ੧, ਅਸ ੯, ੩:੨ (1014)

ਸਵੰਨਵੀ ---- (ਸੰ.) ਸੁੰਦਰ, ਸੋਹਣੀ ਬਣਤ ਵਾਲੀ
"ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ।"
– ਸਲੋ ਫਰ ੬੮:੧ (1381)

ਸਵੰਨਿ ----- ਸੌਂਦੀਆ ਹਨ
"ਗੁਰਿ ਤੁਠੈ ਸਜਣੁ ਮੇਲਿਆ ਜਨ ਨਾਨਕ ਸੁਖਿ ਸਵੰਨਿ।"
– ਗਉ ੪, ਵਾਰ ੫ਸ, ੪, ੧:੨ (302)

ਹੋਰ ਰੂਪ:

ਸਵਨੁ –
"ਨਾਨਕ ਸੁਖਿ ਸਵਨੁ ਸੋਹਾਗਣੀ ਜਿਨ੍ਹ ਸਹ ਨਾਲਿ ਪਿਆਰੁ।"
– ਮਲਾ ੧, ਵਾਰ ੪ਸ, ੨, ੨:੨ (1280)

ਸਵਨ੍ਹਿ –
"ਨਾਨਕ ਸੁਖਿ ਸਵਨ੍ਹਿ ਸੋਹਾਗਣੀ ਸਚੇ ਨਾਮਿ ਸਮਾਇ।"
– ਸਲੋ ੩, ੫੬:੬ (1420)

ਸਵੰਨ੍ਹਿ –
"ਸੁਤੜੇ ਸੁਖੀ ਸਵੰਨ੍ਹਿ ਜੋ ਰਤੇ ਸਹ ਆਪਣੈ।"
– ਸਲੋ ੫, ੧੨:੧ (1425)

ਸਵਰਸਿ ---- ਸੌਂਰਦਾ, ਰਾਸ ਹੁੰਦਾ, ਹੋਰ ਵੇਖੋ 'ਸਵਾਰ'
"ਬਿਨੁ ਗੁਰ ਸਬਦ ਨ ਸਵਰਸਿ ਕਾਜਾ।"
– ਗਉ ੧, ਅਸ ੧੦, ੭:੩ (225)

ਹੋਰ ਰੂਪ:

ਸਵਰੇ –
"ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ।"
– ਮਾਰੂ ੫, ੫, ੪:੧ (1000)

ਸਵਰੈ –
"ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ।"
– ਸਿਰੀ ੪, ਛੰਤ ੧, ੪:੨ (79)

ਸਵਰਾ ----- (ਫਾ. ਸ਼ੌਹਰ) ਸ+ਵਰਾ–ਸ੍ਰੇਸ਼ਟ ਪਤੀ
"ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ।"
– ਵਡ ੪, ੩, ੨:੪ (561)

ਸਵਲੀ ----- ਲਾਭ ਵਾਲੀ, ਲਾਹੇਵੰਦ
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ।"
– ਸਿਰੀ ੫, ਛੰਤ ੨, ੩:੧ (79)

ਸਵਾ ------ (ਸੰ.) ਸੁਆਇਆ, ਇਕ ਚੌਥਾਈ ਵੱਧ
"ਇਕੁ ਲਖੁ ਪੂਤ ਸਵਾ ਲਖੁ ਨਾਤੀ।"
– ਆਸਾ ਕਬ, ੨੧, ੨:੧ (481)

ਹੋਰ ਰੂਪ:

ਸਵਾਇਆ –
“ਹਰਿ ਪੁਰਖੁ ਨ ਕਬਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ।”
(ਚੜੇ ਸਵਾਇਆ ਅਖਣਾ ਹੈ, ਵਾਧਾ ਹੁੰਦਾ ਰਹਿਣਾ) (ਚੜੈ ਸਵਾਇਆ ਇਕੱਠਾ ਹੀ ਆਇਆ ਹੈ)
– ਸਿਰੀ ੪, ਛੰਤ ੧, ੫:੪ (79)

ਸਵਾਈ –
“ਜਿਉ ਜਿਉ ਨਿੰਦਕ ਨਿੰਦ ਕਰਹਿ ਤਿਉ ਤਿਉ ਨਿਤ ਨਿਤ ਚੜੈ ਸਵਾਈ।”
– ਗਉ ੪, ਵਾਰ ੧੩ਸ, ੪, ੧:੫ (307)

ਸਵਾਈਆ –
“ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ।”
– ਸਾਰ ੪, ਵਾਰ ੩੪:੧ (1250)

ਸਵਾਹੀ ----- **ਸਵਾਹ**
“ਸਤਿਗੁਰੁ ਜਿਨਿ ਧਿਆਇਆ ਸੇ ਕੜਿ ਨ ਸਵਾਹੀ।”
– ਸਿਰੀ ੪, ਵਾਰ ੧੪:੧ (88)

ਸਵਾਰ ----- **ਸਵਾਰੇ, ਰਾਸ ਕਰੇ, ਠੀਕ ਕਰੇ ਵੇਖੋ ‘ਸਵਰਸਿ’**
“ਮਿਲਿ ਸਤਿਗੁਰ ਸਭਿ ਕਾਜ ਸਵਾਰ।”
– ਗੋਂਡ ੫, ੧੬, ੪:੨ (867)

ਹੋਰ ਰੂਪ:

ਸਵਾਰਸੀ –
“ਜਿਨ ਕਉ ਭਾਡੈ ਭਾਉ ਤਿਨਾ ਸਵਾਰਸੀ।”
– ਸੂਹੀ ੧, ੫, ੧:੧ (729)

ਸਵਾਰਹਿ –
“ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ।”
– ਮਾਝ ੩, ਅਸ ੬, ੮:੩ (113)

ਸਵਾਰਹੁ –
“ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਈ।”
– ਮਲਾ ੧, ਅਸ ੧, ੮:੧ (1273)

ਸਵਾਰਣਹਾਰ –
“ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ।”(ਸਵਾਰਣ ਵਾਲਾ)
– ਸਿਰੀ ੪, ਵਾਰ ੧੮ਸ, ੩, ੨:੩ (90)
“ਚਲਣ ਸਾਰ ਨ ਜਾਣਨੀ ਕਾਜ ਸਵਾਰਣਹਾਰ।” (ਆਪਣੇ ਧੰਧਿਆਂ ਵਿਚ ਲੱਗੇ ਹਨ)
– ਸੂਹੀ ੩, ਵਾਰ ੭ਸ, ੨, ੧:੨ (787)

ਸਵਾਰਣਹਾਰਾ –
“ਨਾਨਕ ਸਚੁ ਸਵਾਰਣਹਾਰਾ।” (ਸਵਾਰਣ ਵਾਲਾ)
– ਆਸਾ ੧, ਸੋਦ ੨, ੪:੪ (9)
“ਗੁਰਮੁਖਿ ਹੋਵੈ ਸੋਈ ਬੁਝੈ ਸਚਿ ਸਵਾਰਣਹਾਰਾ।”
(ਸਚ ਦੁਆਰਾ ਆਪਣੇ ਆਪ ਨੂੰ ਸੁਧਾਰਦਾ ਹੈ)

– ਵਡ ੩, ਛੰਤ ੫, ੪:੪ (571)

ਸਵਾਰਣਹਾਰੁ –

“ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ।”

– ਸਿਰੀ ੩, ੫੩, ੧:੪ (34)

“ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ।” (ਆਪਣਾ ਕਾਰਜ ਸਵਾਰ ਲਵੇ)

– ਸਿਰੀ ੫, ੭੪, ੧:੧ (43)

ਸਵਾਰਣਹਾਰੋ –

“ਢਾਹੇ ਢਾਹਿ ਉਸਾਰੇ ਆਪੇ ਹੁਕਮਿ ਸਵਾਰਣਹਾਰੋ।”

– ਵਡ ੧, ਅਲਾ ੧, ੩:੫ (579)

ਸਵਾਰਣਾ –

“ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ।”

– ਰਾਮ ੩, ਅਨੰ ੨:੩ (917)

ਸਵਾਰਣਿਆ –

“ਨਾਨਕ ਨਾਮੁ ਧਿਆਇ ਸਦਾ ਤੂੰ ਜੰਮਣੁ ਮਰਣੁ ਸਵਾਰਣਿਆ।”

– ਮਾਝ ੩, ਅਸ ੨, ੮:੩ (110)

ਸਵਾਰਤਾ –

“ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ।”

– ਧਨਾ ਧੰਨਾ ੧, ੧*:੨ (695)

ਸਵਾਰਨਹਾਰਾ –

“ਨਾਨਕ ਆਪਿ ਸਵਾਰਨਹਾਰਾ।”

– ਗਉ ੫, ਬਾਅ ੮:੮ (251)

ਸਵਾਰਿ –

“ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ ਰਖਿਆ ਸਹਜਿ ਸਵਾਰਿ।”

– ਸਿਰੀ ੫, ੮੪, ੧:੧ (47)

“ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ।”

– ਸਿਰੀ ੧, ਅਸ ੨੮, ੨੨:੩ (73)

ਸਵਾਰਿਓ –

“ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ।”

– ਮਾਰੂ ੫, ਅਸ ੩, ੧:੨ (1017)

ਸਵਾਰਿਓਨੁ –

“ਹਲਤੁ ਪਲਤੁ ਸਵਾਰਿਓਨੁ ਨਿਚਹਲ ਦਿਤੀਅਨੁ ਜਾਇ।”

– ਮਾਝ ੫, ਬਾਰ ੧੩:੭ (136)

ਸਵਾਰਿਅਨੁ –

“ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ।”

– ਸਿਰੀ ੫, ਅਸ ੨੯, ੭:੩ (73)

ਸਵਾਰਿਆ –

“ਦ੍ਰਿਸ਼ਟਿ ਧਾਰਿ ਅਪਨਾ ਦਾਸੁ ਸਵਾਰਿਆ।” (ਸਿਧੇ ਰਾਹ ਪਾਇਆ)

– ਮਾਝ ੫, ੪੬, ੪:੧ (108)

ਸਵਾਰਿਐ –

"ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ।"
– ਮਾਰੂ ੫, ਵਾਰ ੭:੮ (1096)

ਸਵਾਰੀ –
"ਹਮਰੈ ਹਰਿ ਧੜਾ ਜਿ ਹਲਤੁ ਪਲਤੁ ਸਭੁ ਸਵਾਰੀ।"
– ਰਾਮ ੪, ੫੪, ੩:੪ (366)

ਸਵਾਰੀਓਨੁ –
"ਸੋਹਾਗਣੀ ਆਪਿ ਸਵਾਰੀਓਨੁ ਲਾਇ ਪ੍ਰੇਮ ਪਿਆਰੁ।"
– ਆਸਾ ੩, ਅਸ ੩੦, ੨:੧ (426)

ਸਵਾਰੀਅਹਿ –
"ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ।"
– ਸਿਰੀ ੫, ੮੫, ੨:੨ (47)

ਸਵਾਰੀਆ –
"ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ।" (ਸ਼ਬਦ ਦੁਆਰਾ ਸਵਾਰੇ ਹੋਏ)
– ਮਾਝ ੧, ਬਾਅ ੨੨:੩ (148)

ਸਵਾਰੀਆਸੁ –
"ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ।" (ਅਸੀਂ ਸਵਾਰੀਆਂ ਗਈਆਂ)
– ਮਾਝ ੧, ਵਾਰ ੨੨:੮ (148)

ਸਵਾਰੀਐ –
"ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।"
– ਆਸਾ ੧, ਵਾਰ ੨੦:੫ (474)

ਸਵਾਰੇ –
"ਸਚੀ ਬਾਣੀ ਸਬਦਿ ਸਵਾਰੇ।"
– ਮਾਰੂ ੩, ਸੋਲਾ ੧੧, ੧੪:੨ (1055)
"ਅਨਦਿਨੁ ਭਗਤਿ ਕਰਹਿ ਗੁਰ ਆਗੈ ਗੁਰ ਕੈ ਸਬਦਿ ਸਵਾਰੇ।"
– ਸਾਰ ੪, ੩, ੧:੨ (1199)

ਸਵਾਰੈ –
"ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ।"
– ਗਉ ੫, ਸੁਖ ੧੮, ੧:੯ (286)

ਸਵਾਰਹਿ ---- (1) ਰਾਸ ਕਰੇ, ਸਵਾਰੇ ਵੇਖੋ 'ਸਵਾਰ'
(2) ਸਫਲ ਕਰੇ
"ਨਾਨਕ ਜਨਮ ਸਵਾਰਹਿ ਆਪਣਾ ਕੁਲ ਭੀ ਛੁਟੀ ਨਾਲਿ।"
– ਸੂਹੀ ੩, ਵਾਰ ੧ਸ, ੩, ੨:੨ (385)
"ਸਬਦਿ ਮਰਹਿ ਸੇ ਮਰਣੁ ਸਵਾਰਹਿ।" (ਮੌਤ ਸਫਲੀ ਕਰੇ)
– ਮਾਰੂ ੩, ਸੋਲਾ ੨੩, ੩:੧ (1067)

ਹੋਰ ਰੂਪ:

ਸਵਾਰਨਿ –
"ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ।"
– ਬਿਹਾ ੪, ਵਾਰ ੧੧ਸ, ੩, ੨:੨ (552)

ਸਵਾਰਿ –

"ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ।"

– ਸਿਰੀ ੧, ਅਸ ੨੮, ੨੩:੩ (73)

ਸਵਾਰਿਆ –

"ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ।"

– ਸਿਰੀ ੫, ਛੰਤ ੩, ੫:੩ (81)

ਸਵਾਰੀ –

"ਜਨਮ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ।"

– ਸੋਰ ੩, ਅਸ ੨, ੭*:੨ (638)

ਸਵਾਰੇ –

"ਸਤਿਗੁਰਿ ਤੁਮਰੇ ਕਾਜ ਸਵਾਰੇ।"

– ਗਉ ੫, ੧੦੮, ੧*:੨ (201)

ਸਵਾਰੈ–

"ਜੀਵਤ ਮਰੈ ਮਰਿ ਮਰਣੁ ਸਵਾਰੈ।"

– ਬਸੰ ੩, ੯, ੧:੧ (1174)

ਸਵਾਰਦੀ ---- ਬਣਾਂਦੀ, ਚੰਗੀ ਤਰ੍ਹਾਂ ਬਣਾਂਦੀ

"ਬਹੁ ਰਸੁ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ।"

– ਸਲੋ ੩, ੧੨:੨ (1413)

ਸਵਾਰਾ ----- ਪਕੜਿਆ, ਸੰਭਾਲਿਆ

"ਜਨਮੁ ਸਿਰਾਨੋ ਪੰਥੁ ਨ ਸਵਾਰਾ।"

– ਸੂਹੀ ਰਵਿ, ੨, ੩:੧ (794)

ਸਵਾਰਿ ----- (1) ਠੀਕ ਕਰਕੇ, ਰਾਸ ਕਰਕੇ, ਵੇਖੋ 'ਸਵਾਰਸਿ'

(2) ਚੰਗੀ ਤਰ੍ਹਾਂ, ਵਧੀਆ ਰੂਪ ਵਿਚ

"ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।"

– ਗੂਜ ੧, ੨, ੧:੧ (489)

(3) ਸਿਰਜ ਕੇ, ਵੇਖੋ 'ਸਿਰਜੀਆ'

"ਹਰਿ ਆਪੇ ਸ੍ਰਿਸਟਿ ਸਵਾਰਿ ਸਿਰਿ ਧੰਧੈ ਲਾਇਦਾ।"

– ਸੋਰ ੪, ਵਾਰ ੫:੨ (644)

ਹੋਰ ਰੂਪ:

ਸਵਾਰਿਓਨੁ –

"ਆਪੇ ਪਿੰਡੁ ਸਵਾਰਿਓਨੁ ਵਿਚਿ ਨਵਨਿਧਿ ਨਾਮੁ।"

– ਮਾਰੂ ੩, ਵਾਰ ੧੩:੧ (1090)

ਸਵਾਰਿਅਉ –

"ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ।"

– ਸਵ ੫, ਕਲ ੯, ੧:੨ (1408)

ਸਵਾਰਿਆ –

"ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਉਚ ਸਵਾਰਿਆ ਜੀਉ।"

– ਮਾਝ ੫, ੧੦, ੧:੩ (97)

ਸਵਾਰੇ –

“ਆਪਨ ਆਪਿ ਆਪਿ ਪ੍ਰਭੁ ਠਾਕੁਰੁ ਪ੍ਰਭੁ ਆਪੇ ਸ੍ਰਿਸਟਿ ਸਵਾਰੇ।” (ਸਿਰਜਦਾ ਹੈ)
- ਨਟ ੪, ਅਸ ੪, ੮:੧ (982)

(4)ਸਫਲ, ਵੇਖੋ ‘ਸਵਾਰਹਿ’
“ਦੁਲਭ ਦੇਹ ਸਵਾਰਿ।” (ਸਫਲ ਕਰ)
- ਰਾਮ ੫, ੪੧, ੧:੧ (895)

ਸਵਾਰਿਓ --- (1) ਸੰਵਾਰਿਆ, ਸਿੰਗਾਰਿਆ, ਸਜਾਇਆ
“ਹਰਿ ਕਾ ਗ੍ਰਿਹੁ ਹਰਿ ਆਪਿ ਸਵਾਰਿਓ ਹਰਿ ਰੰਗ ਰੰਗ ਮਹਲ ਬੇਅੰਤ ਲਾਲ ਲਾਲ ਹਰਿ ਲਾਲ।”
- ਨਟ ੪, ੭, ੧:੧ (977)

ਹੋਰ ਰੂਪ:

ਸਵਾਰਿਅਨੁ-
“ਨਾਨਕ ਨਾਮੇ ਲਾਇ ਸਵਾਰਿਅਨੁ ਸਬਦੇ ਲਏ ਮਿਲਾਇ।”
- ਆਸਾ ੩, ੩੧, ੮:੨ (427)

ਸਵਾਰਿਆ -
“ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ।”
- ਸਿਰੀ ੫, ੯੫, ੧:੨ (51)

ਸਵਾਰਿਆ -
“ਪਾਰਬ੍ਰਹਮਿ ਸਾਜਿ ਸਵਾਰਿਆ।” (ਸੁਹਣਾ ਬਣਾਇਆ)
- ਸੋਰ ੫, ੭੪, ੧:੧ (727)
“ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ।” (ਵਡਿਆਈ ਦਿਤੀ)
- ਰਾਮ ਬਸ, ਵਾਰ ੭:੧ (968)

ਸਵਾਰੀ -
“ਸਬਦਿ ਸਵਾਰੀ ਸੋਹਣੀ ਪਿਰੁ ਰਾਵੈ ਗੁਣ ਨਾਲਿ।”
- ਸਿਰੀ ੧, ਅਸ ੫, ੩:੩ (56)

ਸਵਾਰੇ -
“ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ।”
- ਜਪੁ ੧, ੨੭:੬ (6)
“ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ।”
- ਸੋਰ ੫, ੪, ੪:੧ (609)

(2) ਸੁਧਾਰ ਲਿਆ
“ਕਰਿ ਕਿਰਪਾ ਨਾਮੁ ਹਰਿ ਦੀਓ ਸਹਜਿ ਸੁਭਾਇ ਸਵਾਰਿਓ।”
- ਨਟ ੫, ੪, ੧:੨ (979)

(3) ਸਵਾਰਨਾ, ਠੀਕ ਕਰਨਾ, ਵੇਖੋ ‘ਸਵਾਰਹਿ’

ਸਵਾਰੀ ----- (1) ਸਵਾਰਿਆ, ਸੁਧਾਰਿਆ, ਰਾਸ ਕੀਤਾ, ਵੇਖੋ ‘ਸਵਾਰ’
(2) ਸ਼ਿੰਗਾਰਿਆ, ਵੇਖੋ ‘ਸਵਾਰਿਓ’ (1)
(3) ਲਗਿਆਂ, ਸਮੇਂ
“ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ।”
- ਆਸਾ ੫, ੧੨੨, ੧:੧ (401)

(4) ਰਖ ਲਈ
“ਜਨ ਕੀ ਪੈਜ ਸਵਾਰੀ ਆਪ।”
– ਗੂਜ ੫, ੨੪, ੧:੧ (500)

ਹੋਰ ਰੂਪ:

ਸਵਾਰੇ –
“ਮੇਰੇ ਪ੍ਰਭਿ ਸਰਧਾ ਭਗਤਿ ਮਨਿ ਭਾਵੈ ਜਨ ਕੀ ਪੈਜ ਸਵਾਰੇ।” (ਰੱਖਦਾ ਹੈ)
– ਨਟ ੪, ਅਸ ੪, ੧:੨ (982)

ਸਵਾਰੈ –
“ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ।”
– ਸਾਰ ੫, ੬੮, ੧:੨ (1217)

(5) ਸਨਮਾਨੀ, ਸਤਿਕਾਰੀ, ਮਾਨ ਬਖਸ਼ਿਆ
“ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ।”
– ਵਡ ੩, ਛੰਤ ੧, ੧:੩ (567)

(6) ਸਫਲ ਕਰਨਾ, ਵੇਖੋ ‘ਸਵਾਰਹਿ’ (2)

(7) ਬਣਾ ਲਿਆ ਹੈ
“ਈਤ ਊਤ ਕੀ ਓਟ ਸਵਾਰੀ।”
– ਸੂਹੀ ੫, ੩੦, ੧:੨ (743)

ਸਵਾਰੀਅ --- ਰਚੀ, ਸਿਰਜੀ, ਵੇਖੋ ‘ਸਵਾਰਿ’ (3)
“ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ ਸਵਾਰੀਅ।”
– ਸਵ ੧, ੯:੪ (1390)

ਹੋਰ ਰੂਪ:

ਸਵਾਰੀਅਹਿ –
“ਘਰ ਮੰਦਰ ਮਹਲ ਸਵਾਰੀਅਹਿ ਕਿਛੁ ਸਾਥਿ ਨ ਜਾਈ।”
– ਸੋਰ ੪, ਵਾਰ ੧੫:੨ (648)

ਸਵਾਰੇ ----- (1) ਖਿੜਦਾ ਹੈ
“ਸੰਤੈ ਸੰਤੁ ਮਿਲੈ ਮਨੁ ਬਿਗਸੈ ਜਿਉ ਜਲ ਮਿਲਿ ਕਮਲ ਸਵਾਰੇ।”
– ਨਟ ੪, ੬, ੬:੨ (983)
(2) ਸਵਾਰਦਾ ਹੈ, ਸਫਲ ਕਰਦਾ ਹੈ, ਵੇਖੋ ‘ਸਵਾਰਹਿ’ (2)
(3) ਸਿਰਜਦਾ ਹੈ, ਵੇਖੋ ‘ਸਵਾਰਿ’ (3)
(4) ਸ਼ਿੰਗਾਰਦਾ, ਸਜਾਂਦਾ ਹੈ ਵੇਖੋ ‘ਸਵਾਰਿਓ’ (1)
(5) ਸਵਾਰਦਾ ਹੈ, ਰਾਸ ਕਰਦਾ ਹੈ ਵੇਖੋ ‘ਸਵਾਰ’

ਸਵਾਰੈ ----- (1) ਸਵਾਈ ਨਿੰਦ੍ਰਾ ਵਿਚ ਰੱਖਦਾ ਹੈ
“ਜਾਹਿ ਸਵਾਰੈ ਸਾਝ ਬਿਆਲ।”
– ਗਉ ੧, ੧੧, ੩:੧ (154)
(2) ਸਵਾਰਦਾ ਹੈ, ਵੇਖੋ ‘ਸਵਾਰ’
(3) ਸਵੇਰੇ –
“ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ।”

– ਆਸਾ ੧, ਅਸ ੨੨, ੬:੨ (422)

(4) ਸਵਾਰਦਾ ਹੈ, ਰਾਸ ਕਰਦਾ/ਪੂਰੇ ਕਰਦਾ ਹੈ
“ਪਸੁ ਮਰੈ ਦਸ ਕਾਜ ਸਵਾਰੈ।”
– ਗੋਂਡ ਕਬ, ੨, ੧:੨ (870)

(5) ਸਫਲ ਕਰੇ, ਵੇਖੋ ‘ਸਵਾਰਹਿ’ (2)

(6) ਠੀਕ ਕਰ
“ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ।”
– ਸਾਰ ੫, ੧੦, ੧:੨ (1205)
“ਓਹੁ ਮਾਂਗ ਸਵਾਰੈ ਬਿਖੈ ਕਉ ਓਹੁ ਸਿਮਰੈ ਹਰਿ ਨਾਮੁ।” (ਠੀਕ ਕਰਦੀ ਹੈ, ਸਿੰਗਾਰਦੀ ਹੈ)
– ਸਲੋ ਕਬ, ੧੬੦:੨ (1373)

(7) ਰਖ ਲਵੇ, ਵੇਖੋ ‘ਸਵਾਰੀ’ (4)

ਸਵਾਲਿਆ --- ਸਵਾਇਆ
“ਜਾ ਤਿਨਿ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ।”
– ਬਿਹਾ ੪, ਵਾਰ ੧੬ਸ, ੩, ੨:੨ (554)

ਸਵਿ ------ ਸੌਂ
“ਜਾ ਤਿਨਿ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ।”
– ਬਿਹਾ ੪, ਵਾਰ ੧੬ਸ, ੩, ੨:੨ (554)

ਸਵੀਜੈ ----- ਸੌਂਦਾ ਹੈ
“ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ।”
– ਮਾਰੂ ੩, ਵਾਰ ੭:੫ (1089)
“ਤਨਿ ਮਨਿ ਸ਼ਾਂਤਿ ਹੋਇ ਅਧਿਕਾਈ ਰੋਗੁ ਕਾਟੈ ਸੂਖਿ ਸਵੀਜੈ।” (ਸਵੀਂਏ)
– ਕਲਿ ੪, ਅਸ ੫, ੩:੨ (1326)

ਸਵੇਰਾ ----- (1) ਸੁਵਖਤੇ
“ਹਿਰਦੈ ਨਾਮੁ ਸਮ੍ਹਾਰਿ ਸਵੇਰਾ।”
– ਸੂਹੀ ਰਵਿ, ੫, ੨:੪ (794)

(2) ਛੇਤੀ
“ਓਇ ਭੀ ਲਾਗੇ ਕਾਢੁ ਸਵੇਰਾ।”
– ਸੂਹੀ ਰਵਿ, ੩, ੨:੨ (794)

ਸਵੇਰੈ ------ ਸਵੇਰ ਵੇਲੇ, ਦਿਨ ਚੜ੍ਹੇ
“ਸਿਮਰਿ ਧਿਆਇ ਗਾਇ ਗੁਨ ਗੋਬਿੰਦ ਦਿਨੁ ਰੈਨਿ ਸਾਝ ਸਵੇਰੈ।”
– ਦੇਵ ੫, ੧੨, ੧*:੨ (530)

ਸਵੈ ------- (1) ਸੌਂਦਾ ਹੈ
“ਸੁਪਨੈ ਸੁਖੁ ਨ ਪਾਵਈ ਦੁਖ ਮਹਿ ਸਵੈ ਸਮਾਇ।”
– ਸਿਰੀ ੩, ੧੯, ੨:੨ (65)

(2) ਲੀਨ ਹੁੰਦੇ ਹਨ
“ਗੁਣ ਗਾਵਹਿ ਗੁਣ ਉਚਰਹਿ ਗੁਣ ਮਹਿ ਸਵੈ ਸਮਾਇ।”

– ਸਲੋ ੩, ੨੨:੩ (1423)

ਸੜੰਦੇ ------ ਸੜਦੇ ਹਨ
"ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ।"
– ਗਉ ੪, ਵਾਰ ੧੨:੫ (306)

ਸੜਿਓਹਿ --- ਸੜਿਆ ਹੈ
"ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈਂ ਤਨਿ ਭੰਗੁ।"
– ਸਲੋ ੧, ੩੦:੨ (1412)

ਸਾ ------- (1) ਉਹ, ਉਹੀ
"ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ।"
– ਸਿਰੀ ੧, ਅਸ ੬, ੬:੩ (57)
"ਜੋ ਪਾਵਹਿ ਭਾਂਡੈ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ।"
– ਆਸਾ ੪, ਛੰਤ ੧੭, ੨:੩ (449)
(2) ਜਿਹਾ, ਵਰਗਾ
"ਹਰਿ ਸਾ ਪ੍ਰੀਤਮੁ ਕਰਿ ਮਨ ਮੀਤ।"
– ਗਉ ੫, ੧੦੮, ੧*:੧ (187)
"ਜਾ ਕੈ ਹਰਿ ਸਾ ਠਾਕੁਰੁ ਭਾਈ।"
– ਗਉ ਕਬ, ੨੨, ੧:੧ (328)
"ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ।"
– ਆਸਾ ੧, ੨੨, ੩:੧ (356)
(3) ਸੀ
"ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ।"
– ਗਉ ੫, ੧੨੩*, ੨:੨ (205)
"ਜਿਸ ਕਾ ਸਾ ਤਿਨਿ ਕਿਰਪਾ ਧਾਰੀ।"
– ਗਉ ੫, ਸੁਖ ੧੮, ੭:੭ (287)
"ਜਿਚਰੁ ਦੂਜਾ ਭਰਮੁ ਸਾ ਅੰਮਾਲੀ ਤਿਚਰੁ ਮੈ ਜਾਣਿਆ ਪ੍ਰਭੁ ਦੂਰੇ।"
– ਵਡ ੫, ੯, ੫:੧ (564)
(4) ਹੈ (ਉਹ)
"ਜੈਸਾ ਸਾ ਤੈਸਾ ਦ੍ਰਿਸਟਾਇਆ।"
– ਗਉ ੫, ਸੁਖ ੧੪, ੫:੫ (281)

ਸਾਉ ------ (1) ਸਵਾਦ, ਅਨੰਦ
"ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ।"
– ਮਾਝ ੧, ਵਾਰ ੩ਸ, ੨, ੨:੧ (139)
(2) ਰਸ, ਲਗਨ
"ਸੇਵਕ ਸੇਵਹਿ ਭਾਉ ਕਰਿ ਲਾਗਾ ਸਾਉ ਪਰਾਣੀ।"
– ਵਡ ੧, ਛੰਤ ੨, ੩:੨ (566)
(3) ਸਨਮਾਨ (ਮਹਾਨਕੋਸ਼)
"ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ।"
– ਸੂਹੀ ੩, ਵਾਰ ੧੬ਸ, ੧, ੧:੧ (790)

(ਸ਼ਬਦਾਰਥ, ਦਰਪਣ ਇਥੇ ਵੀ ਅਰਥ 'ਸੁਆਦ' ਹੀ ਕਰਦਾ ਹੈ)

(4) ਮਰਜ਼ੀ, ਮਨੋਰਥ

"ਪਿਰ ਕਾ ਸਾਉ ਨ ਜਾਣੈ ਮੂਰਖਿ ਬਿਨੁ ਗੁਰ ਬੂਝ ਨ ਪਾਈ ਹੇ।"

– ਮਾਰੂ ੩, ਸੋਲਾ ੪, ੬:੩ (1047)

"ਪਿਰੀਏ ਤੂ ਜਾਣੁ ਮਹਿਜਾ ਸਾਉ ਜੋਈ ਸਾਈ ਮੁਹੁ ਖੜਾ।"

– ਮਾਰੂ ੫, ਵਾਰ ੪ਸ, ੫, ੨:੨ (1095)

ਸਾਇ ------ (1) ਓਹੀ

"ਸੁੰਦਰਿ ਸਾਇ ਸਰੂਪ ਬਿਚਖਣਿ ਕਹੀਐ ਸਾ ਸਿਆਣੀ।"

– ਤਿਲੰ ੧, ੪, ੪:੫ (722)

"ਮੇਰਾ ਪਿਰੁ ਰੀਸਾਲੂ ਸੰਗਿ ਸਾਇ।"

– ਬਸੰ ੧, ੬, ੧:੨ (1169)

(ਮਹਾਨਕੋਸ਼ ਇਥੇ ਅਰਥ 'ਸੌਣ' ਦੇ ਕਰਦਾ ਹੈ)

"ਮਾਤ ਪਿਤਾ ਭਾਈ ਨਾਨਕ ਕੋ ਸੁਖਦਾਤਾ ਹਰਿ ਪ੍ਰਾਨ ਸਾਇ।"

– ਸਾਰ ੫, ੨੧, ੨:੨ (1208)

(ਮਹਾਨਕੋਸ਼ ਇਥੇ ਅਰਥ ਸੁਆਮੀ/ ਮਾਲਕ ਕਰਦਾ ਹੈ)

ਸਾਇਰ ----- (1) (ਅ. ਸ਼ਾਇਰ) ਕਵੀ

"ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ।"

– ਸਿਰੀ ੧, ਅਸ ੧, ੨:੨ (53)

ਹੋਰ ਰੂਪ:

ਸਾਇਰੁ –

"ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ।"

– ਧਨਾ ੧, ੨, ੨:੨ (660)

(2) ਸਿੰ. ਸਮੁੰਦਰ, ਜਲ ਨਿਧਿ

"ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿ ਸੁਕ।"

– ਮਾਝ ੧, ਵਾਰ ੨੩ਸ, ੧, ੧:੨ (148)

"ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ।" (ਸਾਇਰ ਦੀ ਪੁਤ੍ਰੀ – ਮਾਇਆ)

– ਆਸਾ ੧, ਛੰਤ ੫, ੧:੪ (439)

ਹੋਰ ਰੂਪ:

ਸਾਇਰਾ –

"ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ।"

– ਰਾਮ ੩, ਵਾਰ ੧੮ਸ, ੨, ੧:੬ (955)

ਸਾਇਰਿ –

"ਗੁਰਮੁਖਿ ਸਾਇਰਿ ਪਾਹਣ ਤਾਰੇ।" (ਸੰਸਾਰ ਸਾਗਰ)

– ਰਾਮ ੧, ਸਿਗੋ ੪੦:੫ (942)

ਸਾਇਰੁ –

"ਜਿਥੇ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ।"

– ਮਲਾ ੧, ਵਾਰ ੨੧ਸ, ੧, ੪:੩ (1287)

(3) ਸਰੋਵਰ

"ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ।"
– ਮਾਰੂ ੧, ਸੋਲਾ ੧੬, ੨:੩ (1036)
"ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।"
– ਤੁਖਾ ੧, ਬਾਰਾ ੧੦:੫ (1108)

ਹੋਰ ਰੂਪ:

ਸਾਇਰੁ –
"ਗੁਰੁ ਸਾਇਰੁ ਸਤਿਗੁਰੁ ਸਚੁ ਸੋਇ।"
– ਆਸਾ ੩, ੪੯, ੧:੧ (363)

ਸਾਈ ------ (1) ਉਹੀ
"ਜੋ ਤੁਧੁ ਭਾਵੈ ਸਾਈ ਭਲੀ ਕਾਰ।"
– ਜਪੁ ੧, ੧੬:੨੪ (3)

(2) ਮਾਲਕ, ਸਵਾਮੀ
"ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ।"
– ਸਿਰੀ ੫, ਛੰਤ ੩, ੩੩:੧ (80)
"ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂ ਸਚਾ ਸਾਈ।"
– ਸਿਰੀ ੪, ਵਾਰ ੨:੩ (83)

ਹੋਰ ਰੂਪ:

ਸਾਂਈ –
"ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ।"
– ਸੂਹੀ ੫, ਅਸ ੪, ੧:੧ (761)
ਸਾਂਈ –
"ਤੂੰ ਕਰਤਾ ਸਚਿਆਰੁ ਮੈਡਾ ਸਾਂਈ।"
– ਆਸਾ ੪, ਸੋਪੁ ੨, ੧*:੧ (11)
"ਨਾਨਕ ਜਾਣੈ ਸਤਿ ਸਾਂਈ ਸੰਤ ਨ ਬਾਹਰਾ।" (ਮਾਲਕ ਪ੍ਰਭੂ)
– ਵਡ ੫, ਛੰਤ ੨, ੪ਸ:੨ (578)
ਸਾਂਈਂ –
"ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ।"
– ਸਲੋ ਫਰ, ੩:੨ (1378)
ਸਾਈਆ –
"ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ।"
– ਮਾਰੂ ੫, ਵਾਰ ੧੨:੩ (1098)
ਸਾਂਈਐ –
"ਜੇ ਸਿਮਰੰਦੇ ਸਾਂਈਐ।" (ਮਾਲਕ ਪ੍ਰਭੂ)
– ਮਾਝ ੫, ਅਸ ੩੮, ੨:੧ (132)

ਸਾਸ ------ (ਸੰ.) – ਸਾਹ, ਦਮ, ਵੇਖੋ 'ਸਾਸਾ'
"ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ।"
– ਸਿਰੀ ੫, ਛੰਤ ੩, ੨:੨ (80)
"ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ।" (ਨਿਤ, ਹਰਦਮ)

– ਮਾਝ ੫, ੧੯, ੪:੩ (100)

"ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ।" (ਪ੍ਰਾਨਾਂ)

– ਗਉ ਕਬ, ੫੬, ੧*:੧ (335)

ਹੋਰ ਰੂਪ:

ਸਾਸੰ –

"ਜੇਨ ਕਲਾ ਸਸਿ ਸੂਰ ਨਖ੍ਯ੍ਰ ਜੋਤ੍ਰਿੰ ਸਾਸੰ ਸਰੀਰ ਧਾਰਣੰ।"

– ਸਸ ੫, ੫੩:੨ (1359)

(2) ਆਯੂ, ਉਮਰ (ਭਾਵ) ਹੋਰ ਵੇਖੋ 'ਸਾਸਿ' (2)

"ਤੂ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ।" (ਆਯੂ, ਉਮਰ)

– ਸਿਰੀ ੧, ੧੮, ੧:੨ (20)

(3) ਸ਼ਾਸਤ੍ਰ –

"ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ।"

– ਮਾਰੂ ੧, ੪, ੪:੧ (990)

(4) ਸੁਰ (ਮਹਾਨਕੋਸ਼)

"ਪੂਰੇ ਤਾਲ ਨਿਹਾਲੈ ਸਾਸ।"

– ਭੈਰ ਨਾਮ, ੮, ੩:੧ (1165)

(ਸ਼ਬਦਾਰਥ 'ਦਰਪਣ' ਇਸ ਦੇ ਅਰਥ 'ਸਵਾਸ' ਹੀ ਕਰਦੇ ਹਨ)

ਸਾਸਤ ----- (ਸੰ., ਹੁਕਮ,) – ਸ਼ਾਸ਼ਤ੍ਰ, ਉਹ ਪੁਸਤਕ ਜੋ ਆਗਿਆ ਦੇਵੇ, ਧਾਰਮਿਕ ਗ੍ਰੰਥ ਹਿੰਦੂ ਫਲਸਫੇ ਦੇ ਛੇ ਗ੍ਰੰਥ – ਸਾਂਖ, ਪਤੰਜਲ, (ਜੋਗ) ਨਿਆਇ, ਵੈਸ਼ੇਸ਼ਿਕ, ਮੀਮਾਨਸਾ, ਵੇਦਾਂਤ

"ਸੁਣਿਐ ਸਾਸਤ ਸਿਮ੍ਰਿਤਿ ਵੇਦ।"

– ਜਪੁ ੧, ੯:੪ (3)

"ਖਟੁ ਸਾਸਤ ਬਿਚਰਤ ਮੁਖਿ ਗਿਆਨਾ।"

– ਮਾਝ ੫, ੧੨, ੨:੧ (98)

ਹੋਰ ਰੂਪ:

ਸਾਸਤਾ –

"ਓਥੈ ਵੇਦ ਪੁਰਾਨ ਨ ਸਾਸਤਾ ਆਪੇ ਹਰਿ ਨਰਹਰਿ।"

– ਬਿਹਾ ੪, ਵਾਰ ੧੮:੪ (555)

ਸਾਸਤੁ –

"ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ।"

– ਸਿਰੀ ੫, ੮੮, ੧:੧ (48)

ਸਾਸਤ੍ਰ –

"ਮਨਹਠਿ ਕਿਤੈ ਉਪਾਇ ਨ ਛੁਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ।"

– ਸਿਰੀ ੩, ਅਸ ੧੯, ੬:੧ (65)

ਸਾਸਤ੍ਰਗਿ --- (ਸੰ.) – ਸ਼ਾਸਤ੍ਰਾਂ ਦਾ ਗਿਆਤਾ

"ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ।"

– ਗੂਜ ੫, ੧੪, ੧:੧ (498)

ਸਾਸਨ ------ (1) (ਸੰ.) – ਤਾੜਨਾ
"ਕਰਿ ਪਾਪ ਜੋਨੀ ਭੈ ਭੀਤ ਹੋਈ ਦੇਇ ਸਾਸਨ ਜਾਮ ਜੀਉ।"
– ਰਾਮ ੫, ਰੁਤੀ ੩:੫ (928)

ਹੋਰ ਰੂਪ:

ਸਾਸਨਾ –
"ਸਾਸਨਾ ਤੇ ਬਾਲਕੁ ਗਮੁ ਨ ਕਰੈ।"
– ਭੈਰ ੩, ੨੦, ੧*:੨ (1133)
ਸਾਸਨਿ –
"ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ।"
– ਕਾਨ ੪, ਅਸ ੩, ੬:੧ (1310)
(2) ਸਵਾਸ ਸਵਾਸ, ਨਿਤ
"ਚਿਤਵਉ ਚਰਨਾਰਬਿੰਦ ਸਾਸਨ ਨਿਸਿ ਭੋਰ।"
– ਕਾਨ ੫, ੪੮, ੧*:੨ (1307)

ਸਾਸਾ ------ 1. ਸਵਾਸ, ਦਮ
"ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ।"
– ਮਾਝ ੫, ੪੭, ੧:੨ (108)

ਹੋਰ ਰੂਪ:

ਸਾਸਿ –
"ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ।" (ਸਾਹ ਲੈਂਦਿਆਂ)
– ਸਿਰੀ ੫, ੧੦੦, ੩:੧ (53)
('ਸਾਸਿ ਗਿਰਾਸਿ' ਅਥਵਾ ਸਾਸਿ ਸਾਸਿ ਬਹੁਤ ਆਇਆ ਹੈ)
ਸਾਸੁ –
"ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ।"
– ਸਿਰੀ ੧, ੮, ੧:੧ (17)
"ਜਿਸ ਕਾ ਸਾਸੁ ਨ ਕਾਢਤ ਆਪਿ।"
(ਜਾਨ)
– ਗਉ ੫, ਸੁਖ ੧੭, ੫:੩ (285)
(2) ਜੀਵਨ (ਭਾਵ)
"ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ।"
– ਆਸਾ ਕਬ, ੨੩, ੩:੧ (482)
(3) ਖਿਨ (ਭਾਵ)
"ਸਾਸਿ ਸਾਸਿ ਹਮ ਭੂਲਨਹਾਰੇ।"
– ਗਉ ੫, ਬਾਅ ੪੮:੫ (260)

ਸਾਸੁ ------ (1) ਸਵਾਸ, ਦਮ, ਜਿੰਦ ਵੇਖੋ 'ਸਾਸਾ' (1)
(ਸੰ.)
(2)ਪਤਨੀ/ਪਤੀ ਦੀ ਮਾਂ (ਸੱਸ)

"ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ।" (ਮਾਇਆ ਰੂਪੀ ਸੱਸ)

– ਆਸਾ ੧, ੨੨, ੨:੧ (355)

ਸਾਹ ------ (1) ਬਾਦਸ਼ਾਹ ਵੇਖੋ 'ਸਾਹਾ' ਸਾਹੀ

"ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ।"

– ਜਪੁ ੧, ੨੩:੩ (5)

"ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ।"

– ਆਸਾ ੧, ਪਟੀ ੬:੧ (432)

ਹੋਰ ਰੂਪ:

ਸਾਹਨ –

"ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ।"
"ਸੁਤਹ ਸਿਧ ਰੁਪੁ ਧਰਿਓ ਸਾਹਨ ਕੋ ਸਾਹਿ ਜੀਉ।"

– ਸਵ ੪, ਗਯੰ ੮:੩ (1403)

(2)ਸਵਾਸ

"ਲੇਖੇ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ।"

– ਸਿਰੀ ੧, ੩, ੧:੩ (15)

"ਨਾਵੈ ਧਉਲੇ ਉਭੇ ਸਾਹ।"

– ਮਾਝ ੧, ਵਾਰ ੧ਸ, ੧, ੨:੯ (137)

"ਹੁਕਮੀ ਸਾਹ ਗਿਰਾਹ ਦੇਂਦਾ ਜਾਣੀਐ।" (ਭਾਵ ਜੀਵਨ, ਜ਼ਿੰਦਗੀ)

– ਮਲਾ ੧, ਵਾਰ ੨੩:੮ (1288)

ਹੋਰ ਰੂਪ:

ਸਾਹਾ –

"ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।"

– ਮਾਝ ੧, ਵਾਰ ੧੪ਸ, ੧, ੧:੫ (144)

ਸਾਹਿ –

"ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ।"

– ਸਿਰੀ ੧, ੧੬, ੩:੧ (20)

ਸਾਹਿਆ –

"ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ।" (ਸੁਆਸਾਂ ਦਾ ਓੜਕ ਅੰਤ ਆਇਆ)

– ਸਿਰੀ ੧, ਪਹ ੨, ੫:੧ (76)

(3) ਸ਼ਾਹ, ਸ਼ਾਹੂਕਾਰ

"ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾਚੇ।"

– ਗਉ ੪, ੫੫, ੪:੧ (169)

"ਸਾਹ ਮਰਹਿ ਸੰਚਹਿ ਮਾਇਆ ਦਾਮ।"

– ਗਉ ੧, ਅਸ ੧੪, ੪:੨ (227)

"ਹੁਕਮੁ ਸਿਵਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ।" ਮਾਲਕ

– ਸੋਰ ੧, ਅਸ ੩, ੬:੩ (636)

ਹੋਰ ਰੂਪ:

ਸਾਹਨ –
"ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ।" (ਵਡਾ ਸ਼ਾਹ)
– ਗੂਜ ੫, ਅਸ ੧, ੪:੨ (507)

ਸਾਹਾ –
"ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।" (ਸ਼ਾਹਾਂ ਦਾ)
– ਜਪੁ ੧, ੨੭:੨੨ (6)

ਸਾਹੁ –
"ਤੂੰ ਵਡ ਸਾਹੁ ਜਾ ਕੇ ਕੋਟਿ ਵਣਜਾਰੇ।"
– ਗਉ ੫, ੮੫, ੩:੨ (181)

(4) ਸ਼ਾਹ ਭਾਵ ਗੁਰੂ, ਹੋਰ ਵੇਖੋ 'ਸਾਹਾ' (4)
"ਸਾਹ ਵਪਾਰੀ ਦੁਆਰੇ ਆਏ।"
– ਆਸਾ ੫, ੬, ੧*:੧ (372)

(ਸਤਿਗੁਰ ਨੂੰ ਸਪਸ਼ਟ ਰੂਪ ਵਿਚ 'ਸਾਹਾ' ਕਿਹਾ ਵੀ ਹੈ)
"ਹਰਿ ਪੂਜੀ ਹਰਿ ਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ।"
– ਆਸਾ ੧, ਛੰਤ ੮, ੩:੨ (442)

(5) ਪ੍ਰਭੂ (ਭਾਵ) ਹੋਰ ਵੇਖੋ 'ਸਾਹਾ'
"ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ।"
– ਮਾਰੂ ੧, ੭, ੧*:੧ (991)

"ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ।" (ਹਰਿ)
– ਸਾਰ ੪, ਵਾਰ ੩ਸ, ੨, ੧:੧ (1238)

ਸਾਹੰ ------ ਸਾ+ਹੰ, ਉਹ ਮੈਂ ਹਾਂ, ਉਹ ਮੇਰਾ ਹੀ ਰੂਪ ਹੈ (ਸੰਥਿਆ): ਉਤਸ਼ਾਹ, ਚਾਉ (ਦਰਪਣ) ਸਮੇਤ, ਸਹਿਤ, ਨਾਲ (ਮਹਾਨਕੋਸ਼, ਸ਼ਬਦਾਰਥ)
"ਮਿਰਤ ਮੋਹੰ ਅਲਪ ਬੁਧੵੰ ਰਚੰਤਿ ਬਨਿਤਾ ਬਿਨੋਦ ਸਾਹੰ।"
– ਸਸ ੫, ੧੧:੧ (1354)

ਸਾਹਨਿ ----- ਸ਼ਾਹਣੀ (ਪ੍ਰਭੂ), ਸਾਹ ਦੀ ਇਸਤਰੀ, ਭਾਵ ਮਾਇਆ
"ਸਾਹਨਿ ਸਤੁ ਕਰੈ ਜੀਅ ਅਪਨੈ।"
– ਗਉ ਕਬ, ੨੩, ੨:੧ (328)

ਸਾਹਬਿ ----- (ਸੰ. ਸਾਹਿਬ) ਮਾਲਕ, ਪ੍ਰਭੂ, ਹੋਰ ਵੇਖੋ 'ਸਾਹਿਬ'
"ਸਾਹਬਿ ਅੰਧਾ ਜੋ ਕੀਆ ਕਰੇ ਸੁਜਾਖਾ ਹੋਇ।"
– ਰਾਮ ੩, ਵਾਰ ੧੬ਸ, ੨, ੨:੧ (954)

ਹੋਰ ਰੂਪ:

ਸਾਹਬੁ –
"ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ।" (ਮਾਲਕ, ਸਵਾਮੀ)
– ਸਿਰੀ ੧, ੩, ੩:੩ (15)

ਸਾਹਾ ------ (1) (ਸੁ+ਆਹ ਚੰਗਾ ਦਿਨ) ਸ਼ੁਭ ਅਵਸਰ/ਦਿਹਾੜਾ, ਲਗਨ ਵੇਖੋ 'ਸਾਹੇ'
"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।"

– ਗਉ ੧, ਸੋਹ ੧, ੩:੧ (12)
(2) ਸਾਹਾਂ, ਸ਼ਾਹੂਕਾਰਾਂ ਵੇਖੋ ‘ਸਾਹ’ (3)
“ਧਨੁ ਸਾਚਾ ਤੇਊ ਸਚ ਸਾਹਾ।”
– ਗਉ ੫, ਬਾਅ ੩੫:੩ (257)
(3) ਸਵਾਸ, ਵੇਖੋ ‘ਸਾਹ’ (2)
(4) ਗੁਰੂ (ਭਾਵ)
“ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ।”
– ਧਨਾ ੪, ੧੩, ੧*:੧ (670)
(5) ਪਰਮੇਸ਼ਰ, ਪ੍ਰਭੂ (ਭਾਵ)
“ਸਭੁ ਕੋ ਤੁਝ ਹੀ ਵਿਚਿ ਹੈ ਮੇਰੇ ਸਾਹਾ ਤੁਝ ਤੇ ਬਾਹਰਿ ਕੋਈ ਨਾਹਿ।”
“ਸਭਿ ਜੀਅ ਤੇਰੇ ਤੂੰ ਸਭਸ ਦਾ ਮੇਰੇ ਸਾਹਾ ਸਭਿ ਤੁਝ ਹੀ ਮਾਹਿ ਸਮਾਹਿ।”
– ਧਨਾ ੪, ੧੩, ੩:੧;੨ (670)

ਹੋਰ ਰੂਪ:

ਸਾਹਿ –
“ਕਰਿ ਕਿਰਪਾ ਜਬ ਮੇਲੇ ਸਾਹਿ।”
– ਗਉ ੫, ੮੫, ੪:੩ (181)
“ਸਾਹਿ (ਪ੍ਰਭੂ) ਪਛਾਇਆ ਸਾਹੈ (ਗੁਰੂ) ਪਾਸਿ।”
– ਆਸਾ ੫, ੬, ੧*:੧ (372)
(6) ਬਾਦਸ਼ਾਹ
“ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ।”
– ਮਾਰੂ ੩, ਸੋਲਾ ੧੨, ੩:੩ (1055)

ਹੋਰ ਰੂਪ:

ਸਾਹਾਂ –
“ਸੋਈ ਧਿਆਈਐ ਜੀਅੜੇ ਸਿਰਿ ਸਾਹਾਂ ਪਾਤਿਸਾਹੁ।”
– ਸਿਰੀ ੫, ੭੭, ੧:੧ (44)
“ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।”
– ਆਸਾ ੧, ਅਸ ੧੧, ੫:੨ (417)

ਸਾਹਿ ------ (1) ਪਤੀ
“ਨਾਨਕ ਸਾਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ।”
– ਵਡ ੩, ਛੰਤ, ੧, ੧:੬ (567)
(2) ਸਵਾਸ, ਵੇਖੋ ‘ਸਾਹ’ (2)
(3) ਪ੍ਰਮੇਸ਼ਰ, ਪ੍ਰਭੂ, ਵੇਖੋ ‘ਸਾਹਾ’ (5)

ਸਾਹਿਆ ---- ਸੁਆਸਾਂ ਦਾ, ਵੇਖੋ ‘ਸਾਹ’ (2)

ਸਾਹਿਬ ----- ਮਾਲਕ ਪ੍ਰਭੂ, ਹੋਰ ਵੇਖੋ ‘ਸਾਹਿਬੁ’ ਸਾਹਬ
“ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।” (ਪ੍ਰਭੂ)
–ਗਉ ੧, ਸੋਹ ੧, ੩:੨ (12)
“ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ।” (ਹੇ ਸਾਹਿਬ)

– ਗਉ ੪, ਵਾਰ ੨੪:੪ (314)
“ਵਜਹੁ ਸਾਹਿਬ ਕਾ ਸੇਵ ਬਿਰਾਨੀ।”
– ਆਸਾ ੫, ੨੨, ੨:੧ (376)
“ਤੂੰ ਮੇਰੇ ਸਾਹਿਬ ਤੁ ਮੇਰੇ ਖਾਨ।” (ਮਾਲਕ)
– ਗਉ ੫, ੮੭, ੧:*੨ (181)
“ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।” (ਪਤੀ/ਮਾਲਕ/ਪ੍ਰਭੂ)
– ਵਡ ੧, ੩, ੧:੧੮ (558)

ਹੋਰ ਰੂਪ:

ਸਾਹਿਬਾ –
“ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।”
– ਆਸਾ ੧, ਸੋਦ ੨, ੧:*੧ (9)
“ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ।”
– ਗਉ ੧, ੧੭, ੧*:੧ (156)

ਸਾਹਿਬਿ –
“ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ।”
– ਮਾਝ ੫, ਬਾਰਾ ੧੦:੨ (135)

ਸਾਹਿਬੀ ---- ਸਰਦਾਰੀ, ਮਾਲਕੀ
“ਦਿਵਸ ਚਾਰਿ ਕੀ ਸਾਹਿਬੀ ਜੈਸੇ ਬਨ ਹਰਪਾਤ।”
– ਸਾਰ ਕਬ, ੧, ੧:੨ (1251)

ਸਾਹਿਬੁ – ਮਾਲਕ, ਪ੍ਰਭੂ
“ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ।” (ਪ੍ਰਭੂ)
– ਸਿਰੀ ੧, ੧੬, ੩:੨ (20)
“ਆਪੇ ਸਾਹਿਬੁ ਆਪਿ ਵਜੀਰੁ।” (ਮਾਲਕ, ਬਾਦਸ਼ਾਹ)
– ਗਉ ੩, ੨੬, ੪:੩ (159)
“ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸੁ ਨ ਨਫਰੁ ਕਿਥਹੁ ਰਜਿ ਖਾਇ।”
– ਗਉ ੪, ਵਾਰ ੧੨ਸ, ੪, ੨:੧ (306)

ਹੋਰ ਰੂਪ:

ਸਾਹਿਬੈ –
“ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ।”
– ਸਿਰੀ ੫, ੭੫, ੩:੨ (44)

ਸਾਹਿਬੋ –
“ਅਗਮ ਅਗੋਚਰੁ ਸਾਹਿਬੋ ਜੀਆ ਕਾ ਪਰਣਾ।”
– ਗਉ ੫, ਵਾਰ ੨੦:੨ (323)

ਸਾਹੀ ------ (1) (ਫਾ. ਸਾਹੀ) ਬਾਦਸ਼ਾਹੀ, ਬਾਦਸ਼ਾਹ
“ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ।”
– ਸੂਹੀ ੫, ਅਸ ੪, ੫:੨ (761)

(2) ਸ਼ਾਹ
“ਸਚੁ ਖਜੀਨਾ ਸਾਚਾ ਸਾਹੀ।”

– ਮਾਰੂ ੫, ਸੋਲਾ ੩, ੪:੨ (1073)

ਹੋਰ ਰੂਪ:

ਸਾਹੁ –
“ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ।”

– ਸਿਰੀ ੧, ੨੩, ੧:੩ (22)

“ਸਚਾ ਸਾਹੁ ਸਚੇ ਵਣਜਾਰੇ।”

– ਮਾਝ ੩, ਅਸ ੨੪, ੪:੧ (117)

ਸਾਹੁ ------ (1) ਸ਼ਾਹ, ਵੇਖੋ ‘ਸਾਹੀ’ (2)

(2) ਮਾਲਕ ਪ੍ਰਭੂ
“ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰੁ।”

– ਸਿਰੀ ੩, ੫੩, ੨:੩ (34)

(3) ਬਿਰਤੀ, ਧਿਆਨ
“ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ।”

– ਮਾਝ ੩, ਬਾਰਾ ੧੧:੨ (135)

(4) ਪਤੀ
“ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ।”

– ਆਸਾ ੫, ੩੪, ੪:੨ (359)

(5) ਸਵਾਸ –
“ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ।”

– ਬਿਹਾ ੪, ਛੰਤ ੫, ੨:੨ (540)

“ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ।”

– ਤਿਲੰ ੫, ੩, ੩:੨ (724)

(6) ਬਾਦਸ਼ਾਹ –
“ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ।”

– ਸੂਹੀ ੫, ਅਸ ੪, ੫:੨ (761)

ਸਾਹੁਰੜੀ ---- ਸਹੁਰੇ ਘਰ ਦੀ, ਪ੍ਰਭੂ ਪਤੀ ਵਲੋਂ ਮਿਲੀ
“ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ।”

– ਬਸੰ ੧, ੧੦, ੧:੧ (1171)

ਹੋਰ ਰੂਪ:

ਸਾਹੁਰੜੈ –
“ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ।” (ਸਹੁਰੇ ਘਰ, ਪ੍ਰੋਲੋਕ ਵਿਚ)

– ਸਿਰੀ ੫, ੯੩, ੩:੧ (50)

ਸਾਹੁਰੈ –
“ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ।” (ਸਹੁਰੇ ਘਰ, ਪਤੀ ਦੇ ਘਰ, ਪ੍ਰੋਲੋਕ)

– ਸਿਰੀ ੧, ੨੪, ੩:੨ (23)

ਸਾਹੁਰੜੈ ---- (1) ਸਹੁਰੇ ਘਰ, ਵੇਖੋ ‘ਸਾਹੁਰੜੀ’
(2) ਸਹੁਰੇ ਘਰ ਨਾਲ ਜੁੜ ਕੇ, ਪ੍ਰਭੂ ਪਤੀ ਨਾਲ ਜੁੜ ਕੇ
“ਸਾਹੁਰੜੈ ਧਨ ਸਾਚੁ ਪਛਾਣਿਆ।”
– ਆਸਾ ੧, ੨੭, ੨:੧ (357)

ਸਾਹੂ ------ ਸੁਆਹ, ਭਸਮ
“ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ।”
– ਸੂਹੀ ੩, ਵਾਰ ੧੪ਸ, ੧, ੧:੪ (790)

ਸਾਹੇ ------ (1) ਵੇਖੋ ਸਾਹਾ, ਲਗਨ, ਸ਼ੁਭ ਅਵਸਰ/ਦਿਹਾੜਾ, ਮਹੂਰਤ
“ਸਾਹੇ ਊਪਰਿ ਏਕੰਕਾਰੁ।”
– ਰਾਮ ੧, ਅਸ ੪, ੧:੨ (904)
(2) ਮਿਥਿਆ ਹੋਇਆ/ਨੀਅਤ ਸਮਾਂ
“ਸਾਹੇ ਲਿਖੇ ਨ ਚਲਨੀ ਜਿਦੁ ਕੂੰ ਸਮਝਾਇ।” (ਮਿਥੇ ਹੋਏ ਸਮੇਂ ਟਲਦੇ ਨਹੀਂ)
– ਸਲੋ ਫਰ, ੧:੪ (1377)

ਸਾਹੈ ------ (1) ਸ਼ਾਹ (ਗੁਰੂ) ਕੋਲ
“ਸਾਹਿ ਪਠਾਇਆ ਸਾਹੈ ਪਾਸਿ।”
– ਆਸਾ ੫, ੬, ੨:੧ (372)
(2) ਮਾਲਕ/ਪ੍ਰਭੂ
“ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ।”
– ਮਾਰੂ ੫, ੩੧, ੧:੩ (1007)

ਸਾਕ ------ ਸਬੰਧੀ, ਰਿਸ਼ਤੇਦਾਰ
“ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ।”
– ਸਿਰੀ ੫, ੭੧, ੨:੩ (42)

ਸਾਕਉ ----- ਸਕਦਾ
“ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ।”
– ਗਉ ੫, ੧੨੮,* ੨:੧ (207)

ਹੋਰ ਰੂਪ:

ਸਾਕਸਿ –
“ਤਾ ਕਉ ਕੋਇ ਨ ਸਾਕਸਿ ਮਾਰਾ।” (ਸਕਦਾ)
– ਮਾਰੂ ੪, ਸੋਲਾ ੨, ੨:੨ (1070)

ਸਾਕਹ –
“ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ।” (ਸਕੀਏ)
– ਸੂਹੀ ੪, ੧੫, ੧*:੨ (736)

ਸਾਕਹਿ –
“ਪਹੁਚਿ ਨ ਸਾਕਹਿ ਜਨ ਤੇਰੇ ਕਉ।”
– ਆਸਾ ੫, ੭੭, ੨:੨ (389)
“ਜਾਲਿ ਨ ਸਾਕਹਿ ਤੀਨੇ ਤਾਪ।” (ਸਕਨਗੇ)

– ਸੂਹੀ ੫, ੩੧, ੩:੨ (743)

ਸਾਕਤ ----- (1) (ਸੰ.) ਸ਼ਕਤੀ ਦਾ ਪੂਜਾਰੀ, ਮਾਇਆਧਾਰੀ

"ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ।"

– ਗਉ ੪, ਸੋਹ ੪, ੨:੧ (13)

ਹੋਰ ਰੂਪ:

ਸਾਕਤਾ –

"ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ।" (ਮਾਇਆਧਾਰੀ, ਸ਼ਕਤੀ ਦੇ ਪੂਜਕ)

– ਸਿਰੀ ੧, ੧੯, ੧:੨ (21)

ਸਾਕਤਾਂ –

"ਰਾਤਿ ਨ ਵਿਹਾਵੀ ਸਾਕਤਾਂ ਜਿਨ੍ਹਾ ਵਿਸਰੈ ਨਾਉ।"

– ਮਲਾ ੧, ਵਾਰ ੧੪ਸ, ੫, ੧:੧ (1284)

ਸਾਕਤਿ–

"ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ।"

– ਮਾਰੂ ੧, ਸੋਲਾ ੧੧, ੭:੩ (1031)

ਸਾਕਤੀ–

"ਸਾਕਤੀ ਪਾਪ ਕਰਿਕੈ ਬਿਖਿਆ ਧਨੁ ਸੰਚਿਆ ਤਿਨਾ ਇਕ ਵਿਖ ਨਾਲਿ ਨ ਜਾਈ।"

– ਸੂਹੀ ੪, ੧੦, ੫:੧ (734)

ਸਾਕਤੁ –

"ਸਾਕਤੁ ਭੂਲਾ ਫਿਰੈ ਬੇਬਾਣਿ।"

– ਆਸਾ ੫, ੫, ੩:੪ (371)

(2) ਅ () ਡਿਗਿਆ ਹੋਇਆ, ਪਤਿਤ

"ਸਾਕਤ ਸੰਗਿ ਵਿਕਰਮ ਕਮਾਏ।"

– ਮਾਝ ੫, ੩੭, ੩:੨ (105)

"ਜਿਨ ਕਉ ਪ੍ਰੀਤ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ।"

– ਗਉ ੪, ੫੫, ੨:੧ (169)

(3) ਮਨਮੁਖ

"ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ।"

– ਹੋਰ ਮਾਰੂ ੧, ਸੋਲਾ ੨੧, ੧੦:੧ (1042)
– ਗਉ ੫, ਬਾਅ ੯:੨ (252)

ਹੋਰ ਰੂਪ:

ਸਾਕਤਾ –

"ਇਕਿ ਭਰਮਿ ਭੂਲੇ ਸਾਕਤਾ ਬਿਨੁ ਗੁਰ ਅੰਧ ਅੰਧਾਰ।" (ਮਨਮੁਖ)

– ਮਾਲੀ ੫, ੧, ੩:੧ (986)

ਸਾਕਤੁ –

"ਸਾਕਤੁ ਮੂੜੁ ਲਗੇ ਪਚਿ ਮੁਇਓ।"

– ਗਉ ੫, ਅਸ ੧੩, ੨:੨ (241)

(4) ਮਨੁਕਰ –
"ਝੂਰਤ ਝੂਰਤ ਸਾਕਤ ਮੁਆ।"
– ਗਉ ੫, ਬਾਅ ੨੫:੩ (255)

(5) ਮਾੜਾ ਬੰਦਾ– ਹੋਰ ਵੇਖੋ – ਕਲਿ ੪, ੨, ੨:੧ (1319)
"ਸਾਕਤ ਉਲਟਿ ਸੁਜਨ ਭਏ ਚੀਤਾ।"
– ਗਉ ਕਬ, ੧੭, ੧:੪ (326)

(6) ਨਿਗੁਰਾ –
"ਸਾਕਤ ਪ੍ਰੇਮੁ ਨ ਪਾਈਐ ਹਰਿ ਪਾਈਐ ਸਤਿਗੁਰ ਭਾਇ।"
– ਸੋਰ ੧, ੭, ੪:੧ (597)
"ਸਤਿਗੁਰੁ ਮਿਲੈ ਤਾ ਗੁਰਮਤਿ ਪਾਈਐ ਸਾਕਤ ਬਾਜੀ ਹਾਰੀ ਜੀਉ।"
– ਸੋਰ ੧, ੮, ੩:੨ (598)

ਸਾਕਰ ----- (ਫਾ. ਸ਼ਾਕਰ) ਸ਼ਕਰ, ਮਿਠਾ ਪਦਾਰਥ
"ਜਿਉ ਗੂੰਗੇ ਸਾਕਰ ਮਨੁ ਮਾਨਿਆ।"
– ਗਉ ਕਬ, ੧੮, ੧:੪ (327)
"ਸਾਕਰ ਮਾਖੀ ਅਧਿਕ ਸੰਤਾਪੇ।"
– ਭੈਰ ਕਬ, ੧੩, ੨:੨ (1160)

ਸਾਂਕਲ ----- ਸੰਗਲ, ਜੰਜੀਰ
"ਸਾਂਕਲ ਜੇਵਰੀ ਲੈ ਹੈ ਆਈ।"
– ਗਉ ਕਬ, ੩੦, ੧:੨ (329)

ਸਾਕਾ ------ ਸਕਾਂ, ਵੇਖੋ 'ਸਕਹਿ'
"ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਿਣ ਸੁਨਣਿ ਨ ਧੀਜਏ।"
– ਆਸਾ ੧, ਛੰਤ ੧, ੨:੫ (436)

ਹੋਰ ਰੂਪ:

ਸਾਕੈ –
"ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ।" (ਸਕੇ)
– ਸਿਰੀ ੧, ਪਹ ੩, ੫:੪ (76)

ਸਾਕੁ ------ (1) ਸੰਬੰਧ, ਰਿਸ਼ਤਾ
"ਨਦਰਿ ਕਰੇ ਸਚੁ ਪਾਈਐ ਬਿਨੁ ਨਾਵੈ ਕਿਆ ਸਾਕੁ।"
– ਸਿਰੀ ੧, ਅਸ ੩, ੫:੩ (55)
"ਸਚਾ ਸਾਕੁ ਨ ਤੁਟਈ ਗੁਰੁ ਮੇਲੇ ਸਹੀਆਹ।"
– ਮਾਰੂ ੧, ਅਸ ੧੦, ੧:੨ (1015)

(2) ਰਿਸ਼ਤੇਦਾਰ, ਸਬੰਧੀ
"ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ।"
– ਜੈਤ ੫, ਵਾਰ ੭:੩ (707)

ਸਾਖ ------ (1) (ਫਾ. ਸ਼ਾਖ) ਡਾਲੀ, ਸ਼ਾਖ, ਟਾਹਣੀ
"ਤੂੰ ਪੇਡੁ ਸਾਖ ਤੇਰੀ ਫੂਲੀ।"
– ਮਾਝ ੫, ੨੮, ੧:੧ (102)

ਹੋਰ ਰੂਪ:

ਸਾਖਹ –

"ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ।"

– ਸਵ ੩, ੫:੧ (1393)

ਸਾਖਾ –

"ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ।" (ਤਿੰਨ ਗੁਣਾਂ ਰੂਪੀ ਸ਼ਾਖਾਂ)

– ਸਿਰੀ ੩, ਅਸ ੨੦, ੩:੨ (66)

(2) (ਸੰ.) ਫਸਲ, ਖੇਤੀ

"ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।"

– ਮਾਝ ੫, ਬਾਰਾ ੧, ੧:੪ (133)

(3) ਬਨਸਪਤੀ

"ਕਈ ਜਨਮ ਸਾਖ ਕਰਿ ਉਪਾਇਆ।"

– ਗਉ ੫, ੭੨, ੨:੩ (1026)

"ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ।"

– ਮਾਰੂ ੫, ਸੋਲਾ ੮, ੪:੩ (1079)

ਹੋਰ ਰੂਪ:

ਸਾਖਾ –

"ਵੈਸਾਖੁ ਭਲਾ ਸਾਖਾ ਵੇਸ ਕਰੇ।"

– ਤੁਖਾ ੧, ਬਾਰਾ ੬:੧ (1108)

ਸਾਖਤਿ ----- (ਫਾ. ਸਾਖ਼ਤ) ਦੁਮਚੀ, ਘੋੜੇ ਦੀ ਦੁੰਮ ਨਾਲ ਬੰਨਿਆ ਸਾਜ਼

"ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।"

– ਸਿਰੀ ੧, ੭, ੩:੧ (16)

ਹੋਰ ਰੂਪ:

ਸਾਖਤੀ –

"ਇਕਿ ਹੋਏ ਅਸਵਾਰ ਇਕਨਾ ਸਾਖਤੀ।" (ਦੁਮਚੇ ਕਸਣ ਲੱਗ ਪਏ)

– ਮਾਝ ੧, ਵਾਰ ੧੦:੭ (142)

ਸਾਖਤੀ ----- (1) ਦੁਮਚੀ, ਵੇਖੋ 'ਸਾਖਿਤ'

(2) (ਫਾ. ਸਾਖਤੀ) ਰਚਨਾ, ਬਣਾਉਣ ਦੀ ਕਿਰਿਆ

"ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ।"

– ਆਸਾ ੧, ਵਾਰ ੨੩:੨ (475)

(3) ਬਣ ਆਉਣੀ

"ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ।"

– ਮਾਰੂ ੩, ਵਾਰ ੧੨ਸ, ੧, ੧:੧ (1090)

(4) ਤਿਆਰੀ (ਭਾਵ) ਦੁਮਚੀ ਪਾਣ ਨਾਲ ਘੋੜਾ ਤੁਰਨ ਲਈ ਤਿਆਰ ਹੁੰਦਾ ਹੈ

"ਇਕਨਾ ਹੋਈ ਸਾਖਤੀ ਇਕਨ੍ਹਾ ਹੋਈ ਸਾਰ।"

– ਸਾਰ ੪, ਵਾਰ ੧੭ਸ, ੧, ੧:੩ (1244)

ਸਾਖਾ ------ (1) ਸਾਖ, ਟਾਹਣੀ, ਵੇਖੋ 'ਸਾਖ' (1)

(2) ਬਨਸਪਤੀ, ਵੇਖੋ ‘ਸਾਖਾ’ (2)

(3) ਸੇਵਕ, ਅਖਰੀ ਅਰਥ ਮਿੱਤਰ

“ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ।” (ਮਹਾਨਕੋਸ਼ ਇਸ ਦੇ ਅਰਥ ਸੰਪਰਦਾ ਕਰਦਾ ਹੈ)

– ਸਲੋ ਕਬ, ੯੬:੧ (1369)

(4) ਵੇਦ ਦੇ ਭਾਗ – (ਮਹਾਨਕੋਸ਼)

“ਸਾਖਾ ਤੀਨਿ ਕਹੈ ਨਿਤ ਬੇਦੁ।”

– ਆਸਾ ੧, ੧੨, ੨:੨ (352)

ਸਾਖਿ ------ (ਸੀ.) ਸਾਖੀ, ਗਵਾਹੀ, ਸ਼ਹਾਦਤ

“ਦਿਨੁ ਰੈਨਿ ਸਾਖਿ ਸੁਨਾਇ।”

– ਬਿਲਾ ੫, ਅਸ ੨, ੩:੫ (838)

ਸਾਖਿਓ ----- (ਸੰ.) ਪ੍ਰਤੱਖ ਰੂਪ ਵਿਚ ਦੇਖਿਆ

“ਚਰਨ ਸਰਨਿ ਪੂਰਨ ਪਰਮੇਸੁਰ ਅੰਤਰਜਾਮੀ ਸਾਖਿਓ।”

– ਧਨਾ ੫, ੨੬, ੨:੧ (677)

ਸਾਖੀ ------ (1) ਸਿਖਿਆ, ਉਪਦੇਸ਼

“ਸਚੀ ਸਾਖੀ ਉਪਦੇਸੁ ਸਚੁ ਸਚੇ ਸਚੀ ਸੋਇ।”

– ਸਿਰੀ ੩, ਅਸ ੨੫, ੩:੨ (69)

ਹੋਰ ਰੂਪ:

ਸਾਖੀਐ –

“ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ।” (ਸਿਖਿਆ ਦੁਆਰਾ)

– ਧਨਾ ੧, ਛੰਤ, ੧, ੪:੨ (688)

(2) ਗਵਾਹ –

“ਪਾਪੁ ਪੁੰਨੁ ਦੁਇ ਸਾਖੀ ਪਾਸਿ।”

– ਆਸਾ ੧, ੯, ੨:੪ (351)

“ਅਜੌ ਨ ਪਤ੍ਹਾਇ ਨਿਗਮ ਭਏ ਸਾਖੀ।”

– ਜੈਤ ਰਵਿ, ੧, ੩:੨ (710)

(3) ਪ੍ਰਤੱਖ ਰੂਪ, ਸਾਖਿਆਤ

“ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨਾ।” (ਸੁਰਤ ਦਾ ਪ੍ਰਤੱਖ ਰੂਪ ਆਵਾਜ਼)

– ਆਸਾ ਕਬ, ੧੮, ੨:੨ (480)

“ਗੁਰੂ ਕਾ ਸਬਦੁ ਭਇਓ ਸਾਖੀ।” (ਪ੍ਰਤੱਖ ਹੋਇਆ)

– ਸੋਰ ੫, ੫੬, ੩:੩ (623)

(4) ਸਾਖੀ ਵਾਰਤਾ

“ਪਤਿ ਪਰਮੇਸਰੁ ਗਤਿ ਨਾਰਾਇਣੁ ਧਨੁ ਗੁਪਾਲ ਗੁਣ ਸਾਖੀ।”

– ਧਨਾ ੫, ੨੫, ੨:੧ (677)

“ਸੁਣਿ ਸਾਖੀ ਮਨ ਜਪਿ ਪਿਆਰ।”

– ਬਸੰ ੫, ਅਸ ੧, ੧:੧ (1192)

(5) ਗੱਲ

“ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ।”
– ਸਾਰ ੫, ੧੨੧, ੨:੨ (1227)

(6) ਉਦਾਹਰਣ, ਮਿਸਾਲ
“ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ।”
– ਮਲਾ ੧, ਵਾਰ ੧੪:੪ (1284)

ਸਾਖੁ ------ ਇਤਬਾਰ, ਸ਼ੁਹਰਤ
“ਜਸੁ ਜਾਚਉ ਦੇਵੈ ਪਤਿ ਸਾਖੁ।”
– ਰਾਮ ੧, ਓਅੰ ੨੫:੩ (933)
“ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ।”
– ਬਸੰ ੧, ਅਸ ੨, ੪:੨ (1188)

ਹੋਰ ਰੂਪ:

ਸਾਖੈ –
“ਸਤਿਗੁਰ ਕੀ ਸਚੁ ਸਾਖੈ।”
– ਸੋਰ ੫, ੮੮, ੧:੪ (630)
“ਬਿਨੁ ਸਬਦੈ ਨਾਹੀ ਪਤਿ ਸਾਖੈ।”
– ਰਾਮ ੧, ਸਿਗੋ ੫੫:੪ (944)

ਸਾਂਗ ------ ਬਰਛੀ
“ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ।”
– ਸਿਰੀ ੧, ੭, ੩:੨ (16)

ਸਾਗਰ ----- ਸਮੁੰਦਰ
“ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ।”
– ਸਿਰੀ ਤਿਲੋ ੨, ੨:੧ (92)

ਹੋਰ ਰੂਪ:

ਸਾਗਰੰ –
“ਸਾਗਰੰ ਸੰਸਾਰ ਸਿ ਗੁਰ ਪਰਸਾਦੀ ਤਰਹਿ ਕੇ।”
– ਮਾਝ ੧, ਵਾਰ ੨੩ਸ, ੨, ੨:੨ (148)

ਸਾਗਰਾ –
“ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।”
– ਸਿਰੀ ੪, ਵਾਰ ੪:੧ (84)

ਸਾਗਰਿ –
“ਸਾਗਰਿ ਡੂਗਰਿ ਨਿਰਭਉ ਐਸਾ।”
– ਗਉ ੧, ਅਸ ੨, ੪:੩ (221)

ਸਾਗਰੁ –
“ਗੁਰੁ ਸਰੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ।”
– ਸਿਰੀ ੧, ੯, ੩:੨ (17)
“ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ।” (ਸੰਸਾਰ ਸਾਗਰ)
– ਮਾਝ ੫, ੪੭, ੨:੩ (108)

ਸਾਗਰੋ –
“ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ।”
– ਆਸਾ ੧, ਛੰਤ ੨, ੩:੧ (437)

ਸਾਂਗੀ ------ ਸਾਂਗ ਧਾਰਨ ਵਾਲਾ, ਨਕਲੀਆ, ਬਹੁ ਰੂਪੀਆ
“ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ।”
– ਆਸਾ ੧, ੩੩, ੪:੨ (358)

ਸਾਗੁ ------ (ਸੰ.) ਸਬਜ਼ੀ, ਪੱਤਿਆ ਦੀ ਸਬਜ਼ੀ
“ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਹਾਨੀ।”
– ਮਾਰੂ ਕਬ, ੯, ੨:੧ (1105)

ਸਾਂਗੁ ----- ਨਕਲ, ਸਾਂਗ
“ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ।”
– ਆਸਾ ੧, ੨੨, ੪:੧ (422)

ਸਾਂਗੈ ------ ਬਰਛੀ ਵਾਂਗ
“ਨਿੰਦਕ ਕਉ ਲਾਗੈ ਦੁਖ ਸਾਂਗੈ।”
– ਭੈਰ ੫, ੫੪, ੩:੨ (1152)

ਸਾਚ ------ (1) ਸਦਾ, ਸਥਿਰ, ਅਬਿਨਾਸ਼ੀ (ਪ੍ਰਭੂ)
“ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ।”
–ਸਿਰੀ ੩, ੫੫, ੧:੪ (35)

ਹੋਰ ਰੂਪ:

ਸਾਚਉ –
“ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ।” (ਸਦਾ ਸਥਿਰ ਰਹਿਣ ਵਾਲਾ)
– ਸਿਰੀ ੧, ੨, ੪:੨ (54)
“ਸਾਚਉ ਦੂਰਿ ਨ ਜਾਣੀਐ ਅੰਤਰਿ ਹੈ ਸੋਈ।” (ਅਬਿਨਾਸ਼ੀ ਪ੍ਰਭੂ)
– ਆਸਾ ੧, ਅਸ ੧੯, ੩:੧ (421)

ਸਾਚਾ –
“ਨਾਨਕ ਜਾਣੈ ਸਾਚਾ ਸੋਇ।” (ਸਚਾ ਪ੍ਰਭੂ)
– ਜਪੁ ੧, ੨੬:੨੪ (6)

ਸਾਚਿ –
“ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ।” (ਅਬਿਨਾਸ਼ੀ ਪ੍ਰਭੂ)
– ਸਿਰੀ ੩, ੪੭, ੧:੩ (31)

ਸਾਚੁ –
“ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ।”
– ਸਿਰੀ ੧, ੯, ੧:*੨ (17)
“ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ।”
– ਸਿਰੀ ੧, ਅਸ ੮, ੪:੨ (58)

ਸਾਚੇ –
“ ਨਾਨਕ ਸਾਚੇ ਕਉ ਸਚੁ ਜਾਣੁ।”

– ਸਿਰੀ ੧, ੫, ੧*:੧ (15)

“ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।”

– ਸਿਰੀ ੧, ੧੫, ੩:੧ (19)

ਸਾਚੈ –

“ਗੁਰਮੁਖਿ ਬ੍ਰਹਮੁ ਹਰੀਆਵਲਾ ਸਾਚੈ ਸਹਜਿ ਸੁਭਾਇ।”

– ਸਿਰੀ ੩, ਅਸ ੨੦, ੩:੧ (66)

“ਮਨਿ ਸਾਚੈ ਰਾਤੇ ਹਰਿ ਵੇਪਰਵਾਹੁ।”

– ਗਉ ੩, ੩੧, ੧:੨ (161)

“ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ।”

– ਗਉ ੪, ਵਾਰ ੧੨ਸ, ੪, ੧:੮ (306)

(2) ਸ਼ਚਾ, ਸਚੇ

“ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ।”

– ਮਾਝ ੧, ਵਾਰ ੮ਸ, ੪, ੨:੪ (141)

“ਤਹ ਸਾਚ ਨਿਆਇ ਨਿਬੇਰਾ।” (ਸਚੇ ਇਨਸਾਫ ਵਾਲਾ)

– ਸੋਰ ੫, ੫੧, ੩:੧ (621)

ਹੋਰ ਰੂਪ:

ਸਾਚਉ –

“ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ।”

– ਸਿਰੀ ੧, ੩, ੧:੩ (54)

ਸਾਚਉ –

“ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ।”

– ਸਿਰੀ ੧, ਅਸ ੩, ੭:੧ (55)

ਸਾਚੜਾ –

“ਜਲਿ ਥਲਿ ਮਹੀਅਲਿ ਰਵਿ ਰਹਿਆ ਸਾਚੜਾ ਸਿਰਜਣਹਾਰੋ।”

– ਵਡ ੧, ਅਲਾ ੧, ੩:੨ (579)

ਸਾਚਾ –

“ਸਾਚਾ ਸਾਹਬੁ ਸਾਚੁ ਨਾਇ।”

– ਜਪੁ ੧, ੪:੧ (2)

“ਆਖਣਿ ਆਉਖਾ ਸਾਚਾ ਨਾਉ।”

– ਆਸਾ ੧, ਸੋਦ ੩, ੧:੨ (9)

“ਪ੍ਰਭ ਸੇਵਕ ਸਾਚਾ ਵੇਸਾਹੁ।” (ਸਚਾ ਭਰੋਸਾ)

– ਗਉ ੫, ੯੫, ੪:੨ (184)

ਸਾਚਿ –

“ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ।” (ਸਚੇ ਪਾਸੇ ਰੁਚੀ ਹੋ ਗਈ)

– ਸਿਰੀ ੩, ੫੩, ੪:੩ (34)

“ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ।”

– ਸਿਰੀ ੧, ੫, ੧*:੨ (56)

ਸਾਚੀ –

“ਨਾਨਕ ਸਚੇ ਕੀ ਸਾਚੀ ਕਾਰ।”

– ਜਪੁ ੧, ੩੧:੪ (7)

ਸਾਚੁ –
“ਸਾਧ ਸੰਗਤਿ ਮਨਿ ਵਸੈ ਸਾਚੁ ਹਰਿ ਕਾ ਨਾਉ।”
– ਸਿਰੀ ੫, ੯੪, ੪:੧ (51)

ਸਾਚੇ –
“ਸਾਚੇ ਨਾਮ ਕੀ ਲਾਗੈ ਭੂਖ।”
– ਆਸਾ ੧, ਸੋਦ ੩, ੧:੩ (9)

ਸਾਚੈ –
“ਸਾਚਾ ਸਾਹਿਬ ਸਾਚੈ ਨਾਇ।”
–ਆਸਾ ੧, ਸੋਦ ੩, ੮:੨ (9)

ਸਾਚੋ –
“ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ।”
– ਸਿਰੀ ੧, ੬, ੫:੩ (57)

(3) ਸਚ
“ਸਾਚ ਧਰਮ ਕੀ ਕਰਿ ਦੀਨੀ ਵਾਰਿ।” (ਸਚ ਤੇ ਨਿਆਂ ਦੀ ਵਾੜ)
– ਆਸਾ ੫, ਅਸ ੧, ੨:੧ (430)

ਹੋਰ ਰੂਪ:

ਸਾਚਿ –
“ਸਚੁ ਮਿਲੈ ਸਚੁ ਉਪਜੈ ਸਚ ਮਹਿ ਸਾਚਿ ਸਮਾਇ।” (ਸਚ ਦੁਆਰਾ)
– ਸਰੀ ੧, ੧੦, ੪:੧ (18)

ਸਾਚੁ –
“ਸਾਚੁ ਕਹੈ ਸੁ ਬਿਖੈ ਸਮਾਨੈ।” (ਸਚ ਨੂੰ)
– ਗਉ ੫, ੮੨, ੨:੨ (180)

“ਤਨਿ ਮਨਿ ਸੂਚੇ ਸਾਚੁ ਸੁ ਚੀਤਿ।” (ਸਚ)
– ਗਉ ੧, ਅਸ ੨, ੮:੨ (221)

ਸਾਚਤ ----- (ਸੰ.) ਚਿੰਤਾ/ਫਿਕਰ ਵਿਚ
“ਸੋਚਤ ਸਾਚਤ ਰੈਨਿ ਬਿਹਾਨੀ।”
– ਆਸਾ ੫, ੮੧, ੧*:੧ (390)

“ਸਾਚਿ ਸਹਜਿ ਸੋਭਾ ਘਣੀ, ਹਰਿ ਗੁਣ ਨਾਮ ਅਧਾਰਿ।”
– ਸਿਰੀ ੧, ੧੨, ੩:੨ (61)

(1) ਸਦਾ ਸਥਿਰ ਪ੍ਰਭੂ, ਵੇਖੋ ‘ਸਾਚ’ (1)
(2) ਸਚਾ, ਵੇਖੋ ‘ਸਾਚ’ (2)
(3) ਸਥਿਰ (ਹੋ ਜਾਂਦਾ ਹੈ), ਅਬਿਨਾਸ਼ੀ
“ਇਹੁ ਮਨੁ ਸਾਚਾ ਸਚਿਰਤਾ ਸਚੇ ਰਹਿਆ ਸਮਾਇ।”
– ਸਿਰੀ ੩, ੫੫, ੨:੪ (35)

“ਪਿਰੁ ਪ੍ਰਭੁ ਸਾਚਾ ਸੋਹਣਾ ਪਾਈਐ ਗੁਰ ਬੀਚਾਰਿ।”
– ਸਿਰੀ ੩, ੬੧, ੧*:੨ (38)

ਸਾਚੇ ------ (1) ਸਚੇ ਪ੍ਰਭੂ, ਵੇਖੋ ‘ਸਾਚ’ (1)

(2) ਸਚੇ, ਵੇਖੋ ‘ਸਾਚ’ (2)
(3) ਸੁਰਖਰੂ, ਸਚੇ
“ਐਥੇ ਸਾਚੇ ਸੁ ਆਗੈ ਸਾਚੇ।”
– ਮਾਝ ੩, ਅਸ ੧੩, ੧:੧ (116)
“ਗੁਰਮੁਖਿ ਸਾਚੇ ਸਾਚੈ ਦਰਬਾਰਿ।”
– ਆਸਾ ੧, ੨੧, ੧*:੨ (355)

ਸਾਂਚੈ ------ (ਸੰ.) ਇਕੱਠੇ ਕਰਨ ਲੱਗ ਪਏ
“ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ।”
– ਗਉ ਕਬ, ੬੮, ੧:੨ (338)

ਸਾਚੋ ------ (1) ਸਚੋ, ਸਚਾ
“ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ।”
– ਸਿਰੀ ੩, ੪੪, ੧*:੨ (30)
“ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ।” (ਜੋ ਸਚਾ ਹੈ)
– ਸਿਰੀ ੧, ਅਸ ੬, ੫:੩ (57)
“ਸਾਚੋ ਵਖਰੁ ਸੰਚੀਐ ਪੂਰੈ ਕਰਮਿ ਅਪਾਰੁ।” (ਸਚਾ)
– ਸਿਰੀ ੧, ਅਸ ੧੦, ੩:੨ (59)
“ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ।”
– ਸਾਰ ੯, ੩, ੨:੧ (1231)

ਹੋਰ ਰੂਪ:

ਸਾਚੌ –
“ਚੀਨੈ ਗਿਆਨੁ ਧਿਆਨੁ ਧਨੁ ਸਾਚੌ ਏਕ ਸਬਦਿ ਲਿਵ ਲਾਵੈ।”
– ਪ੍ਰਭਾ ੧, ੧੭, ੬:੧ (1332)
“ਸਾਚੌ ਸਾਹਿਬ ਮਨਿ ਵਸੈ ਹਉਮੈ ਬਿਖੁ ਮਾਰੀ।”
– ਆਸਾ ੧, ੧੫, ੫:੨ (419)

(2) ਸਚਾ/ਅਬਿਨਾਸ਼ੀ ਪ੍ਰਭੂ
“ਹਰਿ ਰਸਿ ਚਾਖਿਐ ਮੁਕਤੁ ਭਏ ਜਿਨਾ ਸਾਚੋ ਭਾਈ।”
– ਆਸਾ ੩, ਅਸ ੨੯, ੧:੨ (426)
“ਸਾਚੋ ਸੇਵਹਿ ਸਾਚੁ ਕਮਾਵਹਿ ਨਾਮੇ ਸਚਿ ਸਮਾਹਾ ਹੇ।”
– ਮਾਰੂ ੩, ਸੋਲਾ ੧੦, ੨:੩ (1053)

ਹੋਰ ਰੂਪ:

ਸਾਚੌ –
“ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ।” (ਸਚੇ ਹਰੀ ਤੋਂ)
– ਰਾਮ ੧, ਸਿਗੋ ੨੫:੧ (940)

ਸਾਜ ------ ਬਣਤ, ਵਿਉਂਤ
“ਜਿਸ ਕ੍ਰਿਪਾ ਕਰੇ ਤਿਸੁ ਪੂਰਨ ਸਾਜ।”
– ਗਉ ਕਬ, ੪੦, ੪:੩ (331)
(2) ਅੰਗ, ਧਿਆਇ (ਭਾਵ ‘ਅਸਟ ਸਾਜ’ ਸਮਾਸ ਵਿਚ)

“ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ।”
– ਧਨਾ ੧, ੮, ੪:੧ (663)

(3) ਸਜ ਧਜ
“ਅਨਿਕ ਸਾਜ ਸੀਗਾਰ ਬਹੁ ਕਰਤਾ ਜਿਉ ਮਿਰਤਕੁ ਓਢਾਇਆ।”
– ਟੋਡੀ ੫, ੪, ੧*:੨ (712)

(4) ਸਾਮਾਨ
“ਧੂੰਮ ਬਾਦਰ ਸਭਿ ਮਾਇਆ ਸਾਜ।”
– ਬਸੰ ੫, ੨, ੨:੨ (1192)

ਸਾਜਹਿ ----- (ਫਾ. ਸਾਜ਼) ਬਣਾਂਦੇ ਹਨ
“ਮਰਣੁ ਲਿਖਾਇ ਮੰਡਲ ਮਹਿ ਆਏ ਜੀਵਣੁ ਸਾਜਹਿ ਮਾਈ।”
– ਰਾਮ ੧, ੧, ੩:੧ (876)

ਹੋਰ ਰੂਪ:

ਸਾਜਹੁ –
“ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ।”
– ਬਸੰ ੫, ੧੯, ੨:੧ (1185)

ਸਾਜਣ ----- (1) ਸੁ+ਜਨ, ਭਲੇ ਪੁਰਸ਼; ਮਿੱਤਰ
“ਸਾਜਣ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ।”
– ਵਡ ੧, ਅਲਾ ੫, ੨:੬ (582)

ਹੋਰ ਰੂਪ:

ਸਾਜਣੁ –
“ਕੋਈ ਕੋਈ ਸਾਜਣੁ ਆਇ ਕਹੈ।”
– ਸਿਰੀ ਤ੍ਰਿਲੋ ੨, ੧*:੩ (92)

“ਹੈ ਕੋਈ ਸਾਜਣੁ ਪਰਦਾ ਤੋਰਾ।”
– ਵਡ ੫, ੧, ੩:੨ (562)

ਸਾਜਨ –
“ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ।” (ਮਿੱਤਰ)
–ਸਿਰੀ ੫, ੯੯, ੧*:੧ (52)

“ਆਉ ਸਾਜਨ ਸੰਤ ਮੀਤ ਪਿਆਰੇ।” (ਭਲੇ ਪੁਰਸ਼)
– ਮਾਝ ੫, ੩੫, ੧:੧ (104)

(2) (ਫਾ.) ਬਣਾਨਾ, ਸਿਰਜਣਾ, ਕਰਨਾ
“ਕੋਟਿ ਬ੍ਰਹਮੇ ਜਗੁ ਸਾਜਣ ਲਾਏ।”
– ਭੈਰ ੫, ੫, ੧:੪ (1156)

ਸਾਜਨ ----- (1) ਭਲੇ ਪੁਰਸ਼, ਮਿੱਤਰ ਵੇਖੋ ‘ਸਾਜਣ’ (1), ਸਾਜਨੁ (3)
ਹੋਰ ਰੂਪ:

ਸਾਜਨਹੁ –
“ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ।”
– ਗਉ ੫, ਬਾਅ ੪੩ਸ:੧ (259)

ਸਾਜਨੀ –

“ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ।”

– ਆਸਾ ੧, ੨੨, ੨:੨ (355)

(2) ਗੁਰਮੁੱਖ (ਭਾਵ)

“ਸਾਜਨ ਮਨਿ ਆਨੰਦੁ ਹੈ ਗੁਰ ਕਾ ਸਬਦੁ ਵੀਚਾਰ।”

– ਬਿਹਾ ੪, ਵਾਰ ੩ਸ, ੩, ੧:੨ (549)

“ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ।” (ਗੁਰਮੁੱਖ, ਗੁਰੂ)

– ਤੁਖਾ ੧, ਬਾਰਾ ੪:੨ (1107)

(3) ਪਤੀ, ਪਿਆਰੇ

“ਮਿਲੁ ਸਾਜਨ ਹਉ ਤੁਝੁ ਕੁਰਬਾਨੋ।”

– ਸੂਹੀ ੫, ੫, ੧*:੨ (737)

ਹੋਰ ਰੂਪ:

ਸਾਜਨੁ –

“ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ।”

– ਗਉ ੧, ਛੰਤ ੧, ੪:੧ (242)

(4) ਪ੍ਰਭੂ, ਹਰਿ (ਭਾਵ)

“ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ।”

– ਸੂਹੀ ੧, ਛੰਤ ੩, ੧:੬ (765)

ਹੋਰ ਰੂਪ:

ਸਾਜਨਹਿ –

“ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ।” (ਸਜਨ ਨੇ)

– ਰਾਮ ੫, ਰੁਤੀ ੪, ੨ਸ:੧ (928)

ਸਾਜਨਿ –

“ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ।”

– ਸਿਰੀ ੧ ਅਸ ੪, ੫:੨ (55)

ਸਾਜਨੁ –

“ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ।”

– ਸਿਰੀ ੧, ਅਸ, ੪, ੫:੧ (55)

ਸਾਜਨੋ –

“ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ।

– ਕਾਨ ੫, ੪੯, ੧:੨ (1308)

(5) ਸਤਸੰਗੀ –

“ਸਾਜਨ ਹੋਵਨਿ ਆਪਣੇ ਕਿਉ ਪਰ ਘਰਿ ਜਾਹੀ।”
“ਸਾਜਨ ਰਾਤੇ ਸਚ ਕੇ ਸੰਗੇ ਮਨ ਮਾਹੀ।”
“ਮਨ ਮਾਹਿ ਸਾਜਨ ਕਰਹਿ ਰਲੀਆ ਕਰਮ ਧਰਮ ਸਬਾਇਆ।”

– ਸੂਹੀ ੧, ਛੰਤ ੫, ੫:੧;੨;੩ (766)

(ਤੀਜੀ ਤੁਕ ਵਿਚ ‘ਸਾਜਨ’ ਦਾ ਭਾਵ ‘ਪ੍ਰਭੂ’ ‘ਹਰਿ’ ਹੈ)

ਸਾਜਨਹਾਰੈ -- ਸਿਰਜਨ, ਬਣਾਨ ਵਾਲੇ

"ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ।"
– ਪ੍ਰਭਾ ਕਬ, ੩, ੨:੧ (1350)

ਸਾਜਨੜਾ ---- ਅਖਰੀ ਅਰਥ ਸਜਨਤਾ ਵਾਲਾ (ਮਹਾਨਕੋਸ਼) ਭਲੇ ਗੁਣਾਂ ਦਾ ਸੁਆਮੀ, ਪਿਆਰਾ ਸੱਜਣ (ਦਰਪਣ) ਭਾਵ ਪ੍ਰਭੂ
"ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ।"
– ਰਾਮ ੫, ਛੰਤ ੧, ੧:੧ (924)

ਸਾਜਨਾ ----- (1) ਪਿਆਰਿਆ, ਮਿਤਰਾ
"ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ।"
– ਗਉ ੪, ਕਰ, ੧, ੯:੧ (234)

(2) ਮਿੱਤਰ
"ਪੇਖੈ ਸਗਲ ਸ੍ਰਿਸਟਿ ਸਾਜਨਾ।"
– ਗਉ ੫, ਸੁਖ ੩, ੬:੮ (266)

(3) ਪਤੀ –
'"ਘਰਿ ਆਇਅੜੈ ਸਾਜਨਾ ਤਾ ਧਨ ਖਰੀ ਸਰਸੀ ਰਾਮ।"
– ਸੂਹੀ ੧, ੩, ੨:੧ (765)

ਸਾਜਨੁ ----- (1) ਕਰਤਾਰ, ਪ੍ਰਭੂ, ਵੇਖੋ 'ਸਾਜਨ' (4)
"ਲੋੜੀਦੜਾ ਸਾਜਨੁ ਮੇਰਾ।"
– ਜੈਤ ੫, ੪, ੧*:੧ (700)

(2) ਸ਼ੁਭ ਭਾਵਨਾਵਾਂ ਰਖਣ ਵਾਲਾ, ਸੁਜਨ
"ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ।"
– ਮਾਝ ੫, ਅਸ ੩੭, ੬:੩ (132)

(3) ਮਿੱਤਰ
"ਸਾਜਨੁ ਦੁਸ਼ਟ ਜਾ ਕੈ ਏਕ ਸਮਾਨੈ।"
– ਗਉ ੫, ਅਸ ੩, ੨:੧ (236)

ਹੋਰ ਰੂਪ:

ਸਾਜਨੈ –
"ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।"
– ਮਾਝ ੫, ਬਾਰਾ ੧:੫ (133)

(4) ਪਤੀ, ਵੇਖੋ 'ਸਾਜਨ' (3)

ਸਾਜਾ ------ (1) ਸਾਂਗ, ਸਰੂਪ
"ਕਬਹੂ ਭੇਖਾਰੀ ਨੀਚ ਕਾ ਸਾਜਾ।"
– ਗਉ ੫, ਸੁਖ ੧੧, ੬:੬ (277)

ਹੋਰ ਰੂਪ:

ਸਾਜੁ –
"ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।" (ਰੂਪ ਧਾਰ ਕੇ ਆ ਜਾਣਾ ਹੈ)
– ਗਉ ੫, ੧੨੬*, ੩:੨ (206)

(2) (ਫਾ. ਸ਼ਾਜ) ਸਾਜ਼, ਵਾਜਾ

"ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ।"

– ਰਾਮ ੫, ੭, ੧:੩ (884)

ਹੋਰ ਰੂਪ:

ਸਾਜੁ –

"ਤਾਗਾ ਤੰਤੁ ਸਾਜੁ ਸਭੁ ਥਾਕਾ ਰਾਮ ਨਾਮ ਬਸਿ ਹੋਈ।"

– ਆਸਾ ਕਬ ੨੮, ੧:੨ (483)

ਸਾਜਿ ------ (1) (ਫਾ. ਸਾਜ਼) ਬਣਾ/ਸਿਰਜ ਕੇ, ਰਚ ਕੇ

"ਗਾਵੈ ਕੋ ਸਾਜਿ ਕਰੇ ਤਨੁ ਖੇਹ।"

– ਜਪ ੧, ੩:੫ (2)

"ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ।"

– ਮਾਝ ੧, ਵਾਰ ੧੨:੧ (143)

ਹੋਰ ਰੂਪ:

ਸਾਜਿਓ –

"ਆਪੀਨ੍ਹੈ ਆਪੁ ਸਾਜਿਓ ਆਪੀਨੈ ਰਚਿਓ ਨਾਉ।"

– ਆਸਾ ੧, ਵਾਰ ੧:੧ (463)

ਸਾਜਿਓਨੁ –

"ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮਿ ਖਲੋਆ।"

– ਰਾਮ ਬਸ, ੮:੨ (968)

ਸਾਜਿਅਨੁ –

"ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ।"

– ਆਸਾ ੧, ਵਾਰ ੨੪ਸ, ੧, ੧:੧ (475)

ਸਾਜਿਆ –

"ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।"

– ਸਿਰੀ ੧, ੧੫, ੩:੨ (19)

ਸਾਜਿਐ –

"ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ।"

– ਸਿਰੀ ੧, ਅਸ ੧੪, ੬:੨ (62)

ਸਾਜੀ –

"ਜਿਨਿ ਸਿਸਟਿ ਸਾਜੀ ਸੋਈ ਜਾਣੈ।"

–ਮਾਝ ੪, ਅਸ ੩੩, ੮:੧ (129)

ਸਾਜੀਅਨੁ –

"ਆਪੇ ਧਰਤੀ ਸਾਜੀਅਨੁ ਆਪੇ ਆਕਾਸੁ।"

– ਗਉ ੪, ਵਾਰ ੬ਸ, ੪, ੨:੧ (302)

ਸਾਜੀਐ –

"ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ।"

– ਸਿਰੀ ੪, ਵਾਰ ੩:੧ (83)

ਸਾਜੇ –

"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"
- ਜਪੁ ੧, ੨੧:੧੪ (4)

"ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ।"
- ਸਿਰੀ ੧, ਅਸ ੧, ੪:੧ (53)

(2) ਕਰ
"ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ।"
- ਸਲੋ ਫਰ, ੭੧:੧ (1381)

ਸਾਜੁ ------ (1) ਰੂਪ, ਸਾਂਗ, ਵੇਖੋ 'ਸਾਜ' (1)
(2) ਸਾਜ, ਵਾਜਾ, ਵੇਖੋ 'ਸਾਜ' (2)
(3) ਸਾਮਾਨ
"ਅੰਮ੍ਰਿਤੁ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ।"
- ਸੂਹੀ ੫, ੧੦, ੧:੩ (783)

(4) ਮਰਯਾਦਾ
"ਸਤਿਗੁਰ ਮੇਰੇ ਸਚਾ ਸਾਜੁ।"
- ਭੈਰ ੫, ੨੪, ੧:੨ (1142)

(5) ਆਹਰ, ਉਦਮ
"ਮਨ ਉਧਰਣ ਕਾ ਸਾਜੁ ਨਾਹਿ।"
- ਬਸੰ ੫, ਅਸ ੨, ੪:੩ (1192)

"ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ।"
- ਸਲੋ ਫਰ, ੭੯:੨ (1382)

(6) ਵੇਸ
"ਅਲਹ ਸੇਤੀ ਰਤਿਆ ਏਹੁ ਸਚਾਵਾਂ ਸਾਜੁ।"
- ਸਲੋ ਫਰ, ੧੦੮:੨ (1383)

ਸਾਜੇ ------ (1) ਬਣਾਏ, ਸਿਰਜੇ, ਵੇਖੋ 'ਸਾਜ' (1)
"ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ।" (ਪੈਦਾ ਕਰੇ)
- ਆਸਾ ੧, ਵਾਰ ੨੪ਸ, ੨, ੨:੧ (475)

(2) ਰਚੇ
"ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ।"
- ਆਸਾ ੧, ਪਟੀ ੯:੧ (432)

(3) ਪੈਦਾ ਕਰੇ
"ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ।"
- ਵਡ ੫, ਛੰਤ ੩, ੪:੫ (578)

(4) ਬਣਾਵੇ
"ਜਿਸਹਿ ਨਿਵਾਜੇ ਗੁਰਮੁਖਿ ਸਾਜੇ।"
- ਮਾਰੂ ੫, ਸੋਲਾ ੧੦, ੧੪:੧ (1082)

ਸਾਝ ------ (1) (ਸੰ.) ਸੰਝ
"ਸਾਝ ਬਿਹਾਗ ਤਕਹਿ ਆਗਾਸੁ।"
- ਗਉ ੧, ੬, ੩:੩ (152)

(2) ਸਾਂਝ, ਹਿੱਸੇਦਾਰੀ
"ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ।"
– ਸੂਹੀ ੧, ਛੰਤ ੪, ੩:੨ (766)

ਹੋਰ ਰੂਪ:

ਸਾਂਝ –
"ਪਿਤਾ ਪੂਤ ਰਲਿ ਕੀਨੀ ਸਾਂਝ।"
– ਭੈਰ ੫, ੨੨, ੩:੨ (1141)

ਸਾਝਿ –
"ਗੁਣ ਕੀ ਸਾਝਿ ਤਿਨ ਸਿਉ ਕਰੀ ਸਭਿ ਅਵਗਣ ਸਬਦਿ ਜਲਾਏ।"
– ਗਉ ੪, ਵਾਰ ੭:੨ (303)

ਸਾਂਝ ------ (1) ਉਮਰ ਦੀ ਸੰਝ, ਬੁਢਾਪਾ
"ਜਨਮ ਸਿਰਾਨੋ ਪੰਥ ਨ ਸਵਾਰਾ।"
ਸਾਂਝ ਪਰੀ ਦਹ ਦਿਸ ਅੰਧਿਆਰਾ।"
– ਸੂਹੀ ਰਵਿ, ੨, ੩:੨ (794)

(2) ਹਿੱਸੇਦਾਰੀ, ਵੇਖੋ 'ਸਾਂਝ' (2)

ਸਾਝਾ ------ (1) ਸਭ ਦਾ ਇਕੋ ਜਿਹਾ, ਜਿਸ ਵਿਚ ਬਹੁਤਿਆਂ ਦਾ ਹਿੱਸਾ ਹੈ।
"ਤੂੰ ਸਾਝਾ ਸਾਹਿਬੁ ਬਾਪੁ ਹਮਾਰਾ।"
– ਮਾਝ ੫, ੯, ੨:੧ (97)

"ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।" (ਇਕੋ ਜਿਹਾ)
– ਸੂਹੀ ੫, ੫੦, ੪:੧ (747)

ਹੋਰ ਰੂਪ:

ਸਾਝੀ –
"ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ।"
– ਸੋਰ ੪, ਵਾਰ ੧੨ਸ, ੩, ੧:੧ (647)

(2) ਭਾਈਵਾਲ, ਸਾਂਝੀ
"ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ।"
– ਜੈਤ ੪, ੫, ੩:੨ (698)

ਹੋਰ ਰੂਪ:

ਸਾਝੀ –
"ਗੁਣ ਸਾਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭਿ ਜਾਪਿ ਜੀਉ।" (ਗੁਣ ਸਾਝੀ–ਸਤਿ ਸੰਗੀ)
– ਸੂਹੀ ੫, ਅਸ ੩, ੭:੨ (761)

"ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ।"
– ਮਾਰੂ ੫, ਵਾਰ ੨੧:੭ (1102)

(3) ਭਾਈਵਾਲਤਾ, ਸਾਂਝ
"ਸਾਝਾ ਕਰੈ ਕਬੀਰ ਸਿਉ ਹਰਿ ਸੰਗਿ ਬਨਜੁ ਕਰੇਇ।"
– ਸਲੋ ਕਬ, ੪੩:੨ (1366)

ਹੋਰ ਰੂਪ:

ਸਾਝੀ –
“ਜੇ ਗੁਣ ਸਾਝੀ ਗੁਰ ਸਿਉ ਕਰੇ ਨਿਤ ਨਿਤ ਸੁਖ ਪਾਈ।”
– ਗਉ ੪, ੪੮, ੩:੩ (166)

ਸਾਂਝੀ –
“ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ।”
– ਵਡ ੪, ੩, ੫:੨ (562)

ਸਾਂਝੀ –
“ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ।”
– ਸਾਰ ੫, ੮੦, ੧*:੨ (1220)

ਸਾਝੀਵਾਲ --- ਭਾਈਵਾਲ, ਹਿੱਸਾਦਾਰ
“ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।”
– ਮਾਝ ੫, ੯, ੩:੩ (97)

ਸਾਟ ------ (1) ਵਟਾਂਦਰਾ
“ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ।”
– ਚਉ ੫, ੧:੧ (1363)

(2) ਮੁਲ, ਕੀਮਤ
“ਜਬ ਹੀ ਪਾਈਐ ਪਾਰਖੂ ਤਬ ਹੀਰਨ ਕੀ ਸਾਟ।”
– ਸਲੋ ਕਬ, ੧੬੨:੨ (1373)

ਸਾਟਿ ------ ਚੋਟ, ਸਟਾ
“ਇਸਹਿ ਤੁਰਾਵਹੁ ਘਾਲਹੁ ਸਾਟਿ।”
– ਗੋਂਡ ਕਬ, ੪, ੨:੨ (871)

ਸਾਠ ------ (ਸੰ.) ਸੱਠ
“ਸਾਠ ਸੂਤ ਨਵਖੰਡ ਬਹਤਰਿ ਪਾਟੁ ਲਗੋ ਅਧਿਕਾਈ।”
– ਗਉ ਕਬ, ੫੪, ੧:੨ (335)

ਸਾਂਠਿ ------ ਜੋੜ ਲਾਵੇ
“ਨਾਨਕ ਇਕੁ ਸ੍ਰੀਧਰ ਨਾਥੁ ਜਿ ਟੂਟੇ ਲੇਇ ਸਾਂਠਿ।”
– ਫੁਨ ੫, ੧੫:੪ (1363)

ਹੋਰ ਰੂਪ:

ਸਾਂਠੇ –
“ਗੁਨ ਗਾਵਤ ਧਿਆਵਤ ਪ੍ਰਭੁ ਅਪਨਾ ਕਾਰਜ ਸਗਲੇ ਸਾਂਠੇ।”
– ਸੋਰ ੫, ੬੩, ੧:੨ (625)

ਸਾਡੜੇ ----- ਰਸ, ਸੁਆਦ
“ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ।”
– ਮਾਰੂ ੧, ੯, ੫:੧ (1015)

ਸਾਂਡੀ ------ ਸਾਂਢਨੀ (ਊਠਨੀ ਜਿਸ ਤੇ ਪੁਰਾਣੇ ਸਮੇਂ ਵਿਚ ਰਾਜਿਆਂ ਦੀ ਡਾਕ ਜਾਂਦੀ ਸੀ)

“ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ।”
– ਟੋਡੀ ਨਾਮ, ੩, ੧:੧ (718)
(ਮਹਾਨਕੋਸ਼ ਇਸ ਦੇ ਅਰਥ ‘ਹਾਥੀ’ ਕਰਦੇ ਹਨ)

ਸਾਢੇ ------ (1) ਜੋੜੇ/ਇਕੱਠੇ ਕਰ ਲਏ ਹਨ
“ਹਮਰੈ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ।”
– ਗਉ ੪, ੫੯, ੨:੧ (171)
(2) (ਸੰ.) ਅਧੇ ਸਹਿਤ
“ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।”
– ਆਸਾ ਕਬ, ੨, ੧:੧ (475)

ਸਾਂਢੈ ------ ਸੰਵਾਰੇ
“ਅਪਨਾ ਬਿਗਾਰਿ ਬਿਰਾਂਨਾ ਸਾਢੈ।”
– ਗੋਂਡ ਰਵਿ, ੨, ੩:੩ (875)

ਸਾਣ ------ (ਸੰ.) ਸਿਕਲੀਗਰ ਦਾ ਚੱਕਰ ਜਿਸ ਉਪਰ ਹਥਿਆਰ ਤੇਜ਼ ਕੀਤੇ ਜਾਂਦੇ ਹਨ
“ਸਬਦੇ ਸਾਣ ਰਖਾਈ ਲਾਇ।”
– ਰਾਮ ੩, ਵਾਰ ੧੯ਸ, ੧, ੨:੩ (956)

ਸਾਣਥ ----- ਸਹਾਇਤਾ ਉਤੇ, ਮੌਜੂਦਗੀ, ਹਾਜ਼ਰੀ (ਮਹਾਨਕੋਸ਼)
“ਪਾਇਆ ਖਜ਼ਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ।”
– ਆਸਾ ੫, ਛੰਤ ੧, ੪:੪ (453)

ਸਾਣੁ ------ ਵਾਂਗੂ
“ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ।”
– ਭੈਰ ੩, ੧੫, ੧:੨ (1131)

ਹੋਰ ਰੂਪ:

ਸਾਣੇ –
“ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ।” (ਨਦੀ ਵਾਂਗ)
– ਰਾਮ ੧, ਸਿਗੋ ੫:੧ (938)

ਸਾਤ ------ (1) ਸਤ
“ਪੰਦ੍ਰਹ ਥਿੰਤੀ ਸਾਤ ਵਾਰ।”
– ਗਉ ਕਬ, ਥਿਤੀ ੧ਸ:੧ (343)
“ਸਾਤ ਸਮੁੰਦ ਭਰੇ ਨਿਰਮਲ ਨੀਰਿ।” (ਸਤ ਸਮੁੰਦਰ ਹਨ-ਪੰਜ ਇੰਦਰੇ, ਮਨ ਤੇ ਬੁੱਧੀ)
– ਬਿਲਾ ੧, ਥਿਤੀ ੯:੨ (839)
‘“ਸਾਤ ਸੂਤ ਮਿਲਿ ਬਨਜੁ ਕੀਨ।” (ਸਤਾਂ ਪ੍ਰਕਾਰਾਂ ਦਾ-ਭਾਵ ਕਈ ਤਰ੍ਹਾਂ ਦੇ ਸੂਤ ਦਾ)
– ਬਸੰ ਕਬ, ੬, ੨:੧ (1195)
(ਮਹਾਨਕੋਸ਼ ਇਥੇ ‘ਸਾਤਸੂਤ’ ਦੇ ਅਰਥ ‘ਸਰੀਰ’ ਕਰਦਾ ਹੈ)
(2) (ਸੂਤਰ) ਸਾਤਰ

“ਸਾਤ ਸੂਤ ਇਨਿ ਮੁੰਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ।”
- ਬਿਲਾ ਕਬ, ੪, ੨:੨ (856)
(ਮਹਾਨਕੋਸ਼ ਇਸ ਦੇ ਅਰਥ ‘ਕਾਰੋਬਾਰ’ ਕਰਦਾ ਹੈ)

ਸਾਤਕ ----- ਸਤੋਗੁਣੀ
“ਕਈ ਕੋਟਿ ਰਾਜਸ ਤਾਮਸ ਸਾਤਕ।”
- ਗਉ ੫, ਸੁਖ ੧੦, ੪:੧ (276)

ਹੋਰ ਰੂਪ:

ਸਾਤਕੁ -
“ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ।”
- ਮਾਰੂ ੫, ੧, ੩:੧ (998)

ਸਾਤਿ ------ (1) ਸ਼ਾਂਤੀ ਦੇਣ ਵਾਲੀ
“ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ।”
- ਮਾਝ ੩, ੧੪, ੧*:੨ (117)

(2) ਸ਼ਾਂਤ ਹੋ ਗਏ
“ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ।”
- ਗਉ ੫, ੯੧, ੧*:੨ (183)

(3) ਸਚੇ, ਸਤਿ
“ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ।”
- ਆਸਾ ੫, ਛੰਤ ੫, ੩:੬ (456)

(4) ਸ਼ਾਂਤੀ, ਟਿਕਾਉ
“ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ।”
- ਗੂਜ ੩, ਵਾਰ ੯ਸ, ੩, ੧:੫ (511)

ਹੋਰ ਰੂਪ:

ਸਾਂਤਿ -
“ਅੰਤਰਿ ਸਾਂਤਿ ਨ ਆਵਈ ਨਾ ਸਚਿ ਲਗੈ ਪਿਆਰੁ।”
- ਸਿਰੀ ੩, ਅਸ ੨੦, ੬:੩ (66)

(5) ਸਚਾ ਪ੍ਰਭੂ
“ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ।”
- ਜੈਤ ੫, ੨, ੧:੨ (700)

ਸਾਂਤਿ ------ (1) ਭਟਕਣ ਰਹਿਤ, ਟਿਕਾਉ ਵਾਲਾ, ਠੰਢਾ
“ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ।”
- ਸਿਰੀ ੫, ੮੩, ੩:੧ (47)

(2) ਸ਼ਾਂਤੀ, ਟਿਕਾਉ, ਵੇਖੋ ‘ਸਾਤਿ (4)

ਹੋਰ ਰੂਪ:

ਸਾਂਤੀ -
“ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ।”
- ਬਿਹਾ ੪, ਵਾਰ ੯ਸ, ੩, ੧:੪ (551)

(3) ਟਿਕਾਉ/ਸ਼ਾਂਤੀ ਵਾਲਾ, ਸ਼ਾਂਤ
‘“ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ।”
– ਸੋਰ ੪, ੭, ੧*:੨ (607)

(4) ਠੰਢ, ਸੀਤਲਤਾ
“ਮਹਾ ਤਪਤਿ ਤੇ ਭਈ ਸਾਂਤਿ ਪਰਸਤ ਪਾਪ ਨਾਠੇ।”
– ਬਿਲਾ ੫, ੪੯, ੧:੧ (813)

ਸਾਤੇ ------ (1) ਸ਼ਾਂਤੀ ਦੇਣ ਵਾਲਾ
“ਹਰਿ ਹਰਿ ਨਾਮੁ ਹਰਿ ਹਰਿ ਜਗਿ ਅਵਖਧੁ ਹਰਿ ਹਰਿ ਨਾਮੁ ਹਰਿ ਸਾਤੇ।”
– ਗਉ ੪, ੫੪, ੨:੧ (169)

(2) ਸਚੇ, ਸਤ-ਰੂਪ
“ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ ਜੋ ਬੋਲਹਿ ਹਰਿ ਹਰਿ ਨਾਮੁ ਹਰਿ ਸਾਤੇ।”
– ਸੋਰ ੪, ਵਾਰ ੧੬:੪ (648)

ਸਾਤੈਂ ------ ਸਤਵੇ
“ਸਾਤੈਂ ਸਤਿ ਕਰਿ ਬਾਚਾ ਜਾਣਿ।”
– ਗਉ ਕਬ, ਥਿਤੀ ੮:੧ (343)

ਸਾਥ ------ (1)ਸੰਗ, ਨਾਲ
“ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ।”
ਗਉ ੫, ਬਾਅ ੩੩ਸ:੨ (257)

ਹੋਰ ਰੂਪ:

ਸਾਥਿ –
“ਮੰਨੈ ਜਮ ਕੈ ਸਾਥਿ ਨ ਜਾਇ।”
– ਜਪੁ ੧, ੧੩:੪ (3)

“ਗੁਰਿ ਰਾਖੇ ਸੇ ਉਬਰੇ ਹੋਰਿ ਫਾਥੈ ਚੋਗੈ ਸਾਥਿ।” (ਨਾਲ)
– ਸਿਰੀ ੧, ਅਸ ੪, ੩:੨ (55)

ਸਾਥੀ –
“ਰੇ ਜੀਅ ਚਲੈ ਤੁਹਾਰੈ ਸਾਥੀ।”
– ਗਉ ੫, ਬਾਅ ੫੦:੬ (260)

ਸਾਥੇ –
“ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ।”
– ਗਉ ੫, ੧੩੫*, ੩:੨ (209)

ਸਾਥੈ –
“ਦਰਬੁ ਗਇਆ ਸਭੁ ਜੀਅ ਕੈ ਸਾਥੈ।” (ਨਾਲ ਹੀ)
– ਗਉ ੫, ੧੬੮, ੪:੨ (199)

“ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ।” (ਨਾਲ ਹੋ ਕੇ)
– ਆਸਾ ੫, ਛੰਤ ੧੩, ੧:੨ (461)

(2) ਸੰਗ, ਟੋਲੇ, ਕਾਫਲੇ ਹੋਰ ਵੇਖੋ ‘ਸਾਥੁ’
“ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ।”

– ਗਉ ੫, ਵਾਰ ਪਸ, ੫, ੨:੧ (319)
"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।" (ਕਾਫਲੇ)
– ਆਸਾ ੧, ਵਾਰ ੯ਸ, ੧, ੧:੧ (467)
"ਡੂਬੇ ਨਾਮ ਬਿਨੁ ਘਨ ਸਾਥ।" (ਪੂਰ)
– ਮਾਰੂ ੫, ੩੦, ੧:*੧ (1007)
(3) ਜੁਲਾਹੇ ਦੀਆਂ ਨਾਲਾ/ਨਲਕੀਆਂ
"ਚੰਦੁ ਸੂਰਜੁ ਦੁਇ ਸਾਥ ਚਲਾਈ।"
– ਆਸਾ ਕਬ, ੩੬, ੨:੨ (484)

ਸਾਥਈ ----- ਸਾਥੀ/ਸੰਗੀ ਹੋ ਕੇ
"ਜਹ ਅੰਤੀ ਅਉਸਰੁ ਆਇ ਬਨਤੁ ਹੈ ਤਹ ਰਾਖੈ ਨਾਮੁ ਸਾਥਈ।"
– ਕਲਿ ੪, ੪, ੩:੨ (1320)

ਸਾਥਰੁ ----- ਸਥਰ, ਧਰਤੀ ਉਤੇ ਸੌਣਾ
"ਹਮ ਕਉ ਸਾਥਰੁ ਉਨ ਕਉ ਖਾਟ।"
– ਗੋਂਡ ਕਬ, ੬, ੩:੨ (871)

ਸਾਥਿ ------ (1) ਨਾਲ, ਵੇਖੋ 'ਸਾਥ) (1)
"ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ।" (ਕੋਲ, ਨਾਲ)
– ਮਾਰੂ ੩, ਵਾਰ ੧੩ਸ, ੧, ੧:੨ (1090)
(2) ਸੰਗੀ, ਨਾਲ ਦਾ, ਸਾਥੀ
"ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ।"
– ਸਿਰੀ ੫, ੭੩, ੨:੨ (43)
"ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ।"
– ਸਿਰੀ ੧, ਅਸ ੪, ੩:੩ (55)

ਹੋਰ ਰੂਪ:

ਸਾਥੀ –
"ਤੀਹ ਕਰਿ ਰਖੇ ਪੰਜਿ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।"
– ਸਿਰੀ ੧, ੨੭, ੪:੧ (24)
ਸਾਥੇ –
"ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ।"
– ਰਾਮ ੫, ੭, ੩:੨ (884)

ਸਾਥੀ ------ (1) ਨਾਲ, ਵੇਖੋ 'ਸਾਥ' (1)
(2) ਸੰਗੀ, ਵੇਖੋ 'ਸਾਥਿ' (2)
(3) ਸਹਾਇਕ, ਮਦਦਗਾਰ
"ਪਾਰਬ੍ਰਹਮੁ ਭਇਓ ਸਾਥੀ।"
– ਸੋਰ ੫, ੬੫, ੨:੨ (625)

ਹੋਰ ਰੂਪ:

ਸਾਥੀਅੜਾ –
"ਸਾਥੀਅੜਾ ਪ੍ਰਭੁ ਏਕੁ ਦੂਸਰ ਨਾਹਿ ਕੋਇ।"

– ਜੈਤ ੫, ਛੰਤ ੨, ੩:੧ (704)

ਸਾਥੇ –
“ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ।”
– ਸਿਰੀ ੫, ਛੰਤ ੩, ੨:੫ (80)

ਸਾਥੁ ------ (1) ਸੰਗ, ਕਾਫਲਾ, ਵੇਖੋ ‘ਸਾਥ’ (2)
“ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ।”
– ਸਿਰੀ ੧, ੧੩, ੨:੩ (61)
“ਕਿਉ ਕਰਿ ਸਾਥੁ ਲੰਘਾਵਹੁ ਪਾਰੇ।”
– ਰਾਮ ੧, ਸਿਗੋ ੧੭:੪ (939)

ਹੋਰ ਰੂਪ:

ਸਾਥੈ –
“ਮੁਠਾ ਆਪਿ ਮੁਹਾਏ ਸਾਥੈ।” (ਸਾਥ ਨੂੰ)
– ਮਾਝ ੧, ਵਾਰ ੫ਸ, ੧, ੧:੩ (140)

ਸਾਦ ------ (1) ਸਵਾਦ, ਰਸ
“ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।”
– ਜਪੁ ੧, ੨੯:੨ (6)
“ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ।”
– ਮਾਝ ੫, ੨੨, ੧:੩ (100)

ਹੋਰ ਰੂਪ:

ਸਾਦਾ –
“ਰਸ ਕਸ ਸਾਦਾ ਬਾਹਰਾ ਸਚੀ ਵਡਿਆਈਐ।”
– ਰਾਮ ੩, ਵਾਰ ੯:੩ (951)

ਸਾਦਿ –
“ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ।”
– ਸਿਰੀ ੧, ਅਸ ੫, ੫:੧ (56)

ਸਾਦੁ –
“ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ।”
– ਗਉ ੪, ਸੋਹ ੪, ੨:੧ (13)

ਸਾਦੇ –
“ਅਨ ਰਸ ਸਾਦੇ ਲਗਿ ਰਹੀ ਦੁਖੁ ਪਾਇਆ ਦੂਜੈ ਭਾਇ।”
– ਵਡ ੩, ੨, ੩:੨ (558)

ਸਾਦੈ –
“ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ।”
– ਮਲਾ ੧, ਵਾਰ ੨੩ਸ, ੧, ੧:੧ (1288)

(2)ਮੌਜਾਂ (ਭਾਵ)
“ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ।”
– ਆਸਾ ੧, ੩੯, ੩:੧ (360)

ਸਾਦਕ ------ (ਸੰ. ਸਾਦਕ਼) ਸਿਦਕ ਰਖਣ ਵਾਲਾ, ਸਚਾ
"ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।"
– ਸਿਰੀ ੧, ਅਸ ੧, ੩:੧ (53)

ਹੋਰ ਰੂਪ:

ਸਾਦਿਕ –
"ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ।"
– ਆਸਾ ੧, ੩੩, ੨:੨ (358)

ਸਾਦਿਕਾ –
"ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ।"
– ਸਿਰੀ ੪, ਵਾਰ ੨ਸ, ੧, ੨:੧ (83)

ਸਾਦਨ ------ (1) ਸਵਾਦ
"ਰਾਜਨ ਭਾਗਨ ਹੁਕਮਨੁ ਸਾਦਨ।"
– ਆਸਾ ੫, ੧੪੩, ੨:੧ (406)
(2) (ਅੰ. ਸਾਦਨ) ਦਰਬਾਨ, ਦਵਾਰਪਾਲ, ਰਥ ਦਾ ਸਵਾਰ (ਮਹਾਨਕੋਸ਼) ਘਰ (ਸ਼ਬਦਾਰਥ)
"ਰਾਜ ਮਾਲ ਸਾਦਨ ਦਰਬਾਰ।"
– ਭੈਰ ੫, ੮, ੩:੧ (1137)

ਸਾਦਾ ------ ਸਵਾਦਾਂ, ਵੇਖੋ 'ਸਾਦ'(1)

ਸਾਦਿ ------ ਸ਼ਾਂਤੀ ਨਾਲ
"ਸੁਖਿ ਸਾਂਦਿ ਫਿਰਿ ਆਏ।"
– ਸੋਰ ੫, ੮੮, ੨:੨ (630)

ਸਾਦੁ ------ (1) ਸਵਾਦ, ਵੇਖੋ 'ਸਾਦ' (1
(2) ਸਿਧਾਂਤ (ਭਾਵ)
"ਪੰਡਿਤ ਪੜਹਿ ਸਾਦੁ ਨ ਪਾਵਹਿ।"
– ਮਾਝ ੩, ੧੩, ੨:੧ (116)
(3) (ਫਾ. ਸ਼ਾਦ) ਖੁਸ਼, ਪ੍ਰਸੰਨ (ਮਹਾਨਕੋਸ਼), ਪ੍ਰਸੰਨਤਾ, ਖੁਸ਼ੀ (ਦਰਪਣ)
"ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ।"
– ਆਸਾ ੧, ਵਾਰ ੨੨ਸ, ੨, ੧:੨ (474)

ਸਾਧ ------ (1) ਸੰਤ, ਸਾਧੂ, ਉਹ ਮਨੁੱਖ ਜਿਸ ਨੇ ਆਪਣੇ ਮਨ ਨੂ ਸਾਧਿਆ ਹੋਵੇ, ਵੇਖੋ 'ਸਾਧਹ' ਹੋਰ ਵੇਖੋ 'ਸਾਧਨ' ਸਾਧਾ, ਸਾਧੂ
"ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ।"
– ਜਪੁ ੧, ੨੭:੮ (6)
(2) ਗੁਰੂ (ਭਾਵ), ਵੇਖੋ 'ਸਾਧੁ'
"ਸੇਵਾ ਸਾਧ ਨ ਜਾਨਿਆ ਹਰਿ ਰਾਇਆ।"
– ਆਸਾ ੫, ਸੋਪੁ ੪, ੨:੨ (12)
"ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ।"
– ਗਉ ੫, ੧੭੨*, ੨:੧ (218)

"ਜਾ ਦਿਨ ਭੇਟੇ ਸਾਧ ਮੋਹਿ ਉਆ ਦਿਨ ਬਲਿਹਾਰੀ।"
- ਬਿਲਾ ੫, ੪੦, ੧*:੧ (810)

"ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ।"
- ਬਿਲਾ ੫, ੬੦, ੪:੧ (816)

(3) (ਸੰ.) ਉਤਮ, ਸ੍ਰੇਸ਼ਟ

"ਜਾਸੁ ਜਪਤ ਹਰਿ ਹੋਵਹਿ ਸਾਧ।" (ਸ੍ਰੇਸ਼ਟ, ਗੁਰਮੁਖ)
- ਗਉ ੫, ਅਸ ੨, ੪:੨ (236)

"ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ।" (ਗੁਰਮੁੱਖਾਂ ਦੀ ਸੰਗਤ ਵਿਚ)
- ਗਉ ੫, ਸੁਖ ੧, ੨:੯ (262)

(4) ਸਧਰ, ਸ਼ਿੱਕ, ਤਾਂਘ (ਸ਼ਬਦਾਰਥ/ ਦਰਪਣ), ਸ਼ਰਧਾ (ਸੰਥਿਆ), ਪੂਰਣਤਾ, ਕਮਾਲੀਅਤ (ਮਹਾਨਕੋਸ਼)

"ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ।"
- ਸਲੋ ਕਬ, ੨੩੯:੧ (1377)

ਸਾਧਉ ----- (1) ਲਵਾਗਾਂ

"ਹਉ ਬੰਧਉ ਹਉ ਸਾਧਉ ਬੈਰੁ।"
- ਗਉ ੫, ੭੮, ੩:੧ (178)

(2) ਕਾਬੂ ਕਰਾਂ

"ਕਵਨ ਜੋਗੁ ਕਾਇਆ ਲੇ ਸਾਧਉ।"
- ਗਉ ੫, ੧੦੫, ੧:੨ (187)

(3) ਕਰਾਂ

"ਦਿਨਸੁ ਰੈਣਿ ਏਹ ਸੇਵਾ ਸਾਧਉ।"
- ਆਸਾ ੫, ੮੪, ੪:੨ (391)

ਸਾਧ ਸੰਗਾਇਆ ਸਾਧ/ਉਤਮ ਪੁਰਸ਼ ਦੀ ਸੰਗਤ ਵਿਚ

"ਗੋਬਿਦੁ ਗਾਇਆ ਸਾਧ ਸੰਗਾਇਆ ਭਈ ਪੂਰਨ ਆਸਾ।"
- ਵਡ ੫, ਛੰਤ ੩, ੩:੪ (578)

ਹੋਰ ਰੂਪ:

ਸਾਧ-ਸੰਗਾਏ -

"ਸੰਜੋਗਿ ਮਿਲਾਏ ਸਾਧ-ਸੰਗਾਏ।" (ਸਾਧ ਸੰਗਤ ਵਿਚ)
- ਕਾਨ ੫, ੪੬, ੧:੧ (1307)

ਸਾਧ ਸੰਗਾਤ -- ਸਾਧ/ਗੁਰੂ ਦੀ ਸੰਗਤ

"ਨਾਨਕ ਪ੍ਰੀਤਿ ਲਗੀ ਤਿਨ੍ ਰਾਮ ਸਿਉ ਭੇਟਤ ਸਾਧ ਸੰਗਾਤ।"
- ਆਸਾ ੫, ਛੰਤ ੪, ੧ਸ:੨ (454)

ਸਾਧ ਸੰਗਾਰੇ -- ਸਾਧ ਸੰਗਤ

"ਓਟ ਗਹੀ ਅਬ ਸਾਧ ਸੰਗਾਰੇ।"
- ਸੂਹੀ ੫, ੧੫, ੨:੨ (740)

ਸਾਧ ਸੰਗਿ --- (1) ਸਾਧ/ਭਲੇ ਪੁਰਸ਼ਾਂ ਦੀ ਸੰਗਤ

"ਭਾਈ ਰੇ ਸੁਖੁ ਸਾਧਸੰਗਿ ਪਾਇਆ।"

– ਸਿਰੀ ੫, ੭੨, ੧*:੧ (42)

ਹੋਰ ਰੂਪ:

ਸਾਧ ਸੰਗੁ –
“ਕਤਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ।”
– ਮਾਝ ੫, ਬਾਰਾ ੯:੯ (135)

ਸਾਧ ਸੰਗੇ –
“ਮਿਲਿ ਸਾਧ ਸੰਗੇ ਨਾਮ ਰੰਗੇ ਮਨਿ ਲੋੜੀਦਾ ਪਾਇਆ।”
– ਆਸਾ ੫, ਛੰਤ ੯, ੪:੪ (459)

ਸਾਧਸੰਗੇਹੁ –
“ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ।”
– ਸਾਰ ੫, ੧੧੪, ੨:੧ (1226)

ਸਾਧਸੰਗੇਣ –
“ਗੋਬਿੰਦ ਭਜਨ ਸਾਧਸੰਗੇਣ ਅਸਥਿਰੰ ਨਾਨਕ ਭਗਵੰਤ ਭਜਨਾਸਨੰ।”
– ਸਸ ੫, ੧੨:੪ (1355)

ਸਾਧ ਸੰਗੇਣਿ –
“ਸਾਧ ਸੰਗੇਣਿ ਸਿਮਰੰਤਿ ਗੋਬਿੰਦ ਸਰਣਿ ਨਾਨਕ ਹਰਿ ਹਰਿ ਹਰੇ।”
– ਸਸ ੫, ੫੫:੩ (1359)

ਸਾਧਸੰਗੇਤ –
“ਪੰਚ ਚੋਰ ਆਗੈ ਭਗੇ ਜਬ ਸਾਧ ਸੰਗੇਤ।”
– ਬਿਲਾ ੫, ੩੯, ੨:੧ (810)

(2) ਗੁਰੂ ਦੀ ਸੰਗਤ
“ਸਾਧਸੰਗਿ ਪਾਈਐ ਨਿਧਿ ਨਾਮਾ।”
– ਗਉ ੫, ੧੧੬, ੨:੧ (189)

ਹੋਰ ਰੂਪ:

ਸਾਧਸੰਗੁ –
“ਜਿਸੁ ਜਨ ਹੋਆ ਸਾਧਸੰਗੁ ਤਿਸੁ ਭੇਟੈ ਹਰਿ ਰਾਇਆ।”
– ਬਿਲਾ ੫, ੪੬, ੧:੨ (812)

ਸਾਧਹ ----- ਸਾਧਾਂ (ਜਿੰਨਾਂ ਨੇ ਕਮਾਈ/ਸਾਧਨਾ ਕੀਤੀ ਹੈ) ਦੀ
“ਇਹੁ ਦਾਨੁ ਮਾਨੁ ਨਾਨਕੁ ਪਾਏ ਸੀਸੁ ਸਾਧਹ ਧਰਿ ਚਰਨੀ।”
– ਆਸਾ ੫, ਛੰਤ ੫, ੪:੬ (456)

ਸਾਧਹਿ ----- (1) ਸਾਧਦੇ/ਕਰਦੇ ਰਹਿੰਦੇ ਹਨ
“ਲਾਖ ਤਪੀਸਰੁ ਤਪੁ ਹੀ ਸਾਧਹਿ।”
– ਵਡ ੫, ੧, ੨:੨ (562)

(2) ਵਸ ਵਿਚ ਕਰਨਾ
“ਤੇਰੀ ਸਰਣਿ ਤੇਰੈ ਭਰਵਾਸੇ ਪੰਚ ਦੁਸਟ ਲੈ ਸਾਧਹਿ।”
– ਸੂਹੀ ੫, ੫੭, ੩:੨ (750)

ਸਾਧਹੁ ----- (1) ਸਵਾਰੋ, ਰਾਸ ਕਰੋ

"ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ।"
- ਸੋਰ ੫, ੭੬, ੧*:੨ (627)

(2) ਵਸ ਵਿਚ ਕਰੋ
"ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ ਘਰੀ ਮੁਹਤਕ ਬੇਲਾ ਆਈ।"
- ਸਾਰ ੫, ਛੰਤ ੧, ੨:੪ (1236)

ਸਾਧਕ ----- ਸਾਧਨਾ/ਅਭਿਆਸ ਕਰਨ ਵਾਲੇ, ਵੇਖੋ 'ਸਾਧਿਕ'
"ਸਾਧਕ ਸਿਧ ਸਗਲ ਮੁਨਿ ਹਾਰੇ।"
- ਗਉ ਕਬ, ੩੭, ੧:੧ (330)

ਸਾਧਗੁਰ ---- ਉਤਮ/ਸ੍ਰੇਸ਼ਟ/ਸਾਧੂ ਗੁਰੂ
"ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ।"
- ਜੈਤ ੪, ੪, ੧:੨ (697)

ਸਾਧਨ ----- (1) (ਸੰ.) ਸਤੀ ਸਵਿਤਰੀ, ਪਵਿੱਤਰ ਇਸਤਰੀ-ਇਸਤਰੀ (ਜੀਵ ਰੂਪੀ)
"ਸਾਧਨ ਨਾਵੈ ਬਾਹਰੀ ਅਵਗਣਵੰਤੀ ਰੋਇ।"
- ਸਿਰੀ ੩, ੬੦, ੩:੪ (37)
"ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ।" (ਜਿੰਦ ਰੂਪ ਇਸਤ੍ਰੀ)
- ਗਉ ੧, ੧੪, ੩:੧ (155)
"ਸਾਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ।"
- ਵਡ ੩, ਛੰਤ ੧, ੧:੫ (567)

ਹੋਰ ਰੂਪ:

ਸਾਧਨਾ -
"ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ।"
- ਗਉ ੧, ੧੪, ੨:੧ (155)

(2) ਤਰੀਕਾ, ਢੰਗ, ਜੁਗਤ
"ਜੈਨ ਮਾਰਗ ਸੰਜਮ ਅਤਿ ਸਾਧਨ।"
- ਗਉ ੫, ਸੁਖ ੩, ੨:੬ (265)
"ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ।"
- ਸਾਰ ੫, ੬੫, ੨:੧ (1222)

ਹੋਰ ਰੂਪ:

ਸਾਧਨੰ -
"ਅਨਿਕ ਸਾਧਨੰ ਨ ਸਿਧ੍ਯਤੇ ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ।"
- ਸਸ ੫, ੧੭:੩ (1355)

(3) ਸਾਧਾਂ, ਸਾਧ ਜਨਾਂ, ਭਲੇ ਪੁਰਸ਼ਾਂ ਦਾ
"ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ।"
- ਸੋਰ ੯, ੮, ੨:੨ (633)
"ਸਾਧਨ ਕਾ ਸੰਗੁ ਸਾਧ ਸਿਉ ਗੋਸਟਿ ਹਰਿ ਸਾਧਨ ਸਿਉ ਲਿਵ ਲਾਉ।"
- ਸਾਰ ੫, ੧, ੪:੧ (1202)

ਸਾਧਨਾ ----- (1) ਜੀਵ ਰੂਪੀ ਇਸਤਰੀ, ਵੇਖੋ ‘ਸਾਧਨ’ (1)
(2) ਯਤਨ
“ਇਸੁ ਦੇਹੀ ਕਉ ਬਹੁ ਸਾਧਨਾ ਕਰੈ।”
– ਗਉ ੫, ਸੁਖ ੩, ੩:੫ (265)

ਸਾਧਾ ------ (1) ਸਾਧ ਜਨਾਂ, ਭਲੇ ਪੁਰਸ਼ਾਂ ਵੇਖੋ ‘ਸਾਧੀ’
“ਸਾਧਾ ਮਹਿ ਇਹ ਹਮਰੀ ਜਿੰਦੁ।”
– ਗਉ ੫, ੯੧, ੩:੪ (183)

ਹੋਰ ਰੂਪ:

ਸਾਧਾਇਆ –
“ਗਹੀ ਓਟ ਸਾਧਾਇਆ।” (ਸਾਧਾਂ ਦੀ)
– ਸੂਹੀ ੫, ੪੬, ੪:੧ (746)
(2) ਕੀਤਾ, ਸਾਧਿਆ, ਵੇਖੋ ‘ਸਾਧੀ’
“ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ।”
– ਗਉ ੫, ੧੬੩, ੧:੧ (215)

ਸਾਧਾਰਏ --- ਸਧਾਰਦਾ/ਸੁਧਾਰਦਾ ਹੈ, ਵੇਖੋ ‘ਸਾਧਾਰੁ’
“ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ।”
– ਆਸਾ ੧, ਛੰਤ ੧, ੩:੬ (436)

ਸਾਧਾਰਣੁ --- ਆਸਰਾ ਦੇਣ ਵਾਲਾ
“ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣੁ।”
– ਰਾਮ ੫, ਵਾਰ ੬ਸ, ੫, ੧:੨ (959)
ਹੋਰ ਵੇਖੋ ‘ਸਾਧਾਰੈ’

ਸਾਧਾਰਾ ---- ਆਸਰੇ-ਸਹਿਤ ਹੋਇਆ, ਆਸ਼ਰਿਤ ਹੋਇਆ
“ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ।”
– ਸੂਹੀ ੫, ੧੧, ੧:੨ (739)

ਹੋਰ ਰੂਪ:

ਸਾਧਾਰਿਆ –
“ਜਾ ਡਿਠਾ ਪੂਰਾ ਸਤਿਗੁਰੂ ਤਾਂ ਅੰਦਰਹੁ ਮਨੁ ਸਾਧਾਰਿਆ।” (ਆਸਰੇ ਸਹਿਤ, ਧੀਰਜ ਵਾਲਾ ਹੋ ਗਿਆ)
– ਗਉ ੪, ਵਾਰ ੧੭:੩ (310)

ਸਾਧਾਰੀ –
“ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ ਜਨ ਨਾਨਕ ਪ੍ਰੇਮ ਸਾਧਾਰੀ ਜੀਉ।” (ਪ੍ਰੇਮ ਦੇ ਆਸਰੇ/ਸਹਿਤ ਹੋਈ)
– ਮਾਝ ੫, ੧੧, ੪:੩ (98)

ਸਾਧਾਰੀਆ –
“ਮੋਹਨ ਲਾਲ ਅਨੂਪ ਸਰਬ ਸਾਧਾਰੀਆ।” (ਆਸਰੇ)
– ਗਉ ੫, ਅਸ ੧੨, ੩:੧ (241)

ਸਾਧਾਰੁ ----- (1) ਸੁਧਾਰਦਾ ਹੈ
"ਮੰਨੈ ਪਰਵਾਰੈ ਸਾਧਾਰੁ।"
- ਜਪੁ ੧, ੧੫:੨ (3)

ਸਾਧਾਰੈ ----- ਆਸਰੇ ਸਹਿਤ, ਆਧਾਰ ਸਹਿਤ
"ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ।"
- ਸਿਰੀ ੫, ੬੪, ੩:੧ (51)

ਸਾਧਿ ------ (1) ਸੁਧਾਰ, ਠੀਕ ਕਰ, ਸੰਵਾਰ, ਵੇਖੋ 'ਸਾਧਿਆ' (1)
"ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ।"
- ਸਿਰੀ ੧, ੧੩, ੨:੨ (19)
"ਸਾਧਸੰਗਿ ਮਿਲਿ ਦੁਇ ਕੁਲ ਸਾਧਿ।" (ਸੰਵਾਰ ਲੈ)
- ਗਉ ੫, ੧੬੬, ੪:੧ (199)
"ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ।" (ਵਾਹ, ਸੰਵਾਰ ਕੇ)
- ਆਸਾ ੧, ਵਾਰ ੧੦ਸ, ੧, ੨:੬ (468)
(2) ਵਸ ਵਿਚ ਰਖ, ਸੰਜਮ ਵਿਚ ਰਖ, ਰੋਕ ਰੱਖ, ਵੇਖੋ 'ਸਾਧਿਆ' (3)
"ਨਉਮੀ ਨਵੈ ਦੁਆਰ ਕਉ ਸਾਧਿ।"
- ਗਉ ਕਬ, ਥਿਤੀ ੧੦:੧ (343)
(3) ਮੁਕਾ ਕੇ ਵੇਖੋ 'ਸਾਧੀਐ'
"ਮਾਰਗੁ ਬਿਖੜਾ ਸਾਧਿ ਗੁਰਮੁਖਿ ਹਰਿ ਦਰਗਹ ਸੋਭਾ ਪਾਈਐ।"
- ਬਿਹਾ ੫, ਛੰਤ ੧, ੨:੩ (542)
('ਦਰਪਣ' ਇਥੇ ਵੀ 'ਸਾਧਿ' ਦੇ ਅਰਥ 'ਸੰਵਾਰ, ਸੁਹਣਾ ਬਣਾ ਕੇ' ਕਰਦਾ ਹੈ)
(4) ਕਰਕੇ (ਸੋਧਿ ਸਾਧਿ ਚੰਗੀ ਤਰ੍ਹਾ, ਵਿਚਾਰ ਕਰਕੇ)
"ਨਿੰਦਕ ਸੋਧਿ ਸਾਧਿ ਬੀਚਾਰਿਆ।"
- ਗੋਂਡ ਰਵਿ, ੨, ੪:੩ (875)

ਸਾਧਿਓ ----- ਜਿਤ ਲਿਆ, ਸਿਧ ਕੀਤਾ, ਵੇਖੋ 'ਸਾਧਿਆ' (2)
"ਭਾਉ ਭਗਤਿ ਗਾਇ ਗੁਣ ਗੋਬਿਦ ਜਮ ਕਾ ਮਾਰਗੁ ਸਾਧਿਓ।"
- ਦੇਵ ੫, ੧੩, ੧:੨ (530)

ਸਾਧਿਆ ---- (1) ਸੁਧਾਰਿਆ, ਸੋਧਿਆ
"ਹਰਿ ਅਹੰਕਾਰੀਆ ਮਾਰਿ ਨਿਵਾਏ ਮਨਮੁਖ ਮੂੜ ਸਾਧਿਆ।"
- ਸਿਰੀ ੪, ਵਾਰ ੧੭:੪ (90)
(2) ਜਿਤਿਆ
"ਗੁਰ ਕਿਰਪਾ ਤੇ ਦਲੁ ਸਾਧਿਆ।"
- ਗਉ ੫, ੧੪੧*, ੨:੨ (210)
(3) ਵਸ ਵਿਚ/ਸੰਜਮ ਵਿਚ ਕਰਕੇ
"ਪਵਨੁ ਨ ਸਾਧਿਆ ਸਚੁ ਨ ਅਰਾਧਿਆ।"
- ਰਾਮ ੧, ਸਿਗੋ ੬੨:੪ (945)

ਸਾਂਧਿਆ ---- ਨਿਸ਼ਾਨਾ ਬੰਨਿਆ, ਸ਼ਿਸ਼ਤ ਲਾਈ
"ਮੋਹ ਕੈ ਫਾਧਿ ਕਾਲ ਸਰੁ ਸਾਂਧਿਆ।"

– ਗਉ ਕਬ, ੩੦, ੧*:੨ (329)

ਸਾਧਿਕ ----- ਸਾਧਨਾ ਕਰਨ ਵਾਲੇ, ਅਭਿਆਸੀ

“ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ।”

– ਸਿਰੀ ੫, ੭੨, ੪:੧ (42)

ਹੋਰ ਰੂਪ:

ਸਾਧਿਕਾ –

“ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ।”

– ਸਿਰੀ ੧, ਅਸ ੭, ੬:੨ (57)

“ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ।” (ਨੇਕੀ ਲਈ ਯਤਨਸ਼ੀਲ)

– ਆਸਾ ੧, ਅਸ ੧੪, ੭:੧ (419)

ਸਾਧਿਕੁ –

“ਆਪੇ ਸਿਧ ਸਾਧਿਕੁ ਵੀਚਾਰੀ।”

– ਮਾਰੂ ੧, ਸੋਲਾ ੨, ੧੦:੧ (1022)

ਸਾਧਿਕੋ –

“ਤੂੰ ਆਪੇ ਹੀ ਸਿਧ ਸਾਧਿਕੋ ਤੂੰ ਆਪੇ ਹੀ ਜੁਗ ਜੋਗੀਆ।”

– ਕਾਨ ੪, ਵਾਰ ੧:੧ (1313)

ਸਾਧੀ ------ (1) ਸਾਧਾਂ/ਭਲੇ ਪੁਰਸ਼ਾਂ ਨੇ

“ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ।”

– ਗਉ ੫, ਵਾਰ ੧੩:੨ (321)

(2) ਕੀਤੀ

“ਜਿਹ ਨਰ ਰਾਮ ਭਗਤਿ ਨਹਿ ਸਾਧੀ।”

– ਗਉ ਕਬ, ੨੫, ੧*:੧ (328)

“ਜਿਹ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ।” (ਕੀਤੀ)

– ਸਾਰ ਪਰ, ੧, ੨:੨ (1253)

ਹੋਰ ਰੂਪ:

ਸਾਧੀਐ –

“ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ।”

– ਸਿਰੀ ੧, ੩, ਅਸ ੬, ੧:੧ (56)

(3) ਸੰਵਾਰੀ, ਵਸ ਵਿਚ ਕੀਤੀ

“ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ।”

–ਮਾਰੂ ੫, ੧੫, ੨:੧ (1003)

ਸਾਧੀਐ ---- (1) ਕੀਤੀ, ਵੇਖੋ ‘ਸਾਧੀ’ (2)

(2) ਕਾਬੂ ਕਰੀਏ/ਵਸ ਵਿਚ ਕਰੀਏ, ਵੇਖੋ ‘ਸਾਧੇ’

“ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ।”

– ਗਉ ੫, ੧੪੪, ੧*:੨ (211)

(3) ਮੁਕਾ ਲਈਏ, ਸੰਵਾਰ ਲਈਏ

“ਜਮ ਪੰਥ ਬਿਖੜਾ ਅਗਨਿ ਸਾਗਰੁ ਨਿਮਖ ਸਿਮਰਤ ਸਾਧੀਐ।”

– ਗਉ ੫, ਛੰਤ ੩, ੧:੪ (248)

“ਜੋਗ ਦਾਨ ਅਨੇਕ ਕਿਰਿਆ ਲਗਿ ਚਰਣ ਕਮਲਹ ਸਾਧੀਐ।”

– ਰਾਮ ੫, ਛੰਤ ੩, ੧:੪ (925)

ਸਾਧੁ ------ (1) ਜਿੰਨ੍ਹਾਂ ਨੇ ਸਾਧਨਾਂ ਕੀਤੀ ਹੋਵੇ, ਭਲੇ ਪੁਰਸ਼, ਕਾਮਾਈ ਵਾਲਾ ਪੁਰਸ਼

“ਸਾਧੁ ਮਿਲੈ ਸਾਧੂ ਜਨੈ ਸੰਤੋਖੁ ਵਸੈ ਗੁਰ ਭਾਇ।”

– ਸਿਰੀ ੧, ਅਸ ੧੪, ੭:੧ (62)

ਹੋਰ ਰੂਪ:

ਸਾਧੂ –

“ਸਾਧੂ ਸਤਿਗੁਰੁ ਜੇ ਮਿਲੈ ਤਾਂ ਪਾਈਐ ਗੁਣੀ ਨਿਧਾਨੁ।”

– ਮਾਝ ੧, ੧੮, ੧:੩ (21)

ਸ਼ਾਧੂਆ –

“ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।”

–ਮਾਝ ੫, ਬਾਰਾ ੧੨:੧ (135)

(2) ਗੁਰੂ

“ਕਰਿ ਕਿਰਪਾ ਮੋਹਿ ਸਾਧੁ ਮਿਲਾਇਆ।”

– ਮਾਝ ੫, ੧੨, ੪:੧ (98)

ਹੋਰ ਰੂਪ:

ਸਾਧੂ –

“ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।”

– ਗਉ ੪, ਸੋਲਾ ੪, ੧:੧ (13)

ਸਾਧੇ ------ (1) ਵਸ ਕੀਤੇ, ਕਾਬੂ ਕੀਤੇ

“ਸਾਧ ਕੈ ਸੰਗਿ ਉਨਿ ਭਉਜਲੁ ਤਰਿਆ ਸਗਲ ਦੂਤ ਉਨਿ ਸਾਧੇ ਜੀਉ।”

– ਮਾਝ ੫, ੨੭, ੩:੩ (102)

ਹੋਰ ਰੂਪ:

ਸਾਧੈ –

“ਮਨੁ ਅਸਾਧੁ ਸਾਧੈ ਜਨੁ ਕੋਇ।”

– ਗਉ ੩, ੨੫, ੩:੧ (159)

(2) ਕੀਤੇ

“ਬਹੁਤੁ ਉਰਧ ਤਪ ਸਾਧਨ ਸਾਧੇ।”

– ਗਉ ੫, ੧੧੧*, ੨:੧ (202)

(3)ਚੰਗੇ ਬਣਾ ਲੈਂਦਾ ਹੈ, ਸੰਵਾਰ ਲੈਂਦਾ ਹੈ

“ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ ਜਮ ਕਾ ਮਾਰਗੁ ਸਾਧੇ ਰਾਮ।”

– ਬਿਹਾ ੫, ਛੰਤ ੧, ੨:੨ (542)

“ਕਾਰਜ ਸਗਲੇ ਸਾਧੇ।” (ਸੰਵਾਰੇ)

– ਸੋਰ ੫, ੮੨, ੧:੧ (629)

ਹੋਰ ਰੂਪ:

ਸਾਧੈ –

"ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ।"
– ਸਿਰੀ ੩, ੫੧, ੧:੧ (33)

"ਜੈਸੈ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਾਹੀ ਜਾਮੈ।" (ਤਿਆਰ ਕਰੇ)
– ਸਾਰ ੫, ੧੧, ੨:੧ (1205)

(4) ਸਾਧੂ ਜਨ

"ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ।"
– ਬਿਹਾ ੫, ਛੰਤ ੧, ੨:੫ (542)

ਹੋਰ ਰੂਪ:

ਸਾਧੋ –

"ਸਾਧੋ ਮਨ ਕਾ ਮਾਨੁ ਤਿਆਗਉ।"
– ਗਉ ੯, ੧, ੧*:੧ (219)

ਸਾਨਥ ----- (1) (ਸੰ.) ਨਿਸਫਲਤਾ ਸਹਿਤ (ਮਹਾਨਕੋਸ਼), ਸਾਥ (ਦਰਪਣ) ਸਾਕਾਹਾਰੀ (ਸ਼ਬਦਾਰਥ)

"ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ।"
– ਮਾਰੂ ੫, ੧੦, ੧*:੨ (1001)

(2) ਸਮੀਪਤਾ, ਸਹਾਇਤਾ

"ਬਿਖਮ ਗਾਰ੍ਹ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ।"
– ਸਾਰ ੫, ੩੨, ੧:੨ (1210)

ਸਾਨੁ ------ ਵਾਂਗ

"ਤਿਸੁ ਵਿਚਿ ਭੁਖ ਬਹੁਤੁ ਨੈ ਸਾਨੁ।"
– ਗਉ ੧, ੨, ੩:੨ (151)

ਸਾਨੇਹੜੇ ---- ਸੁਨੇਹੇ

"ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ।"
– ਤੁਖਾ ੧, ਛੰਤ ੪, ੩:੧ (1111)

ਸਾਂਨਿਹਾ ---- ਸੰਨ, ਪਾੜ

"ਆਈ ਮਸਟਿ ਜੜਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨਿਹਾ।"
– ਸਾਰ ੫, ੪, ੩:੨ (1203)

ਸਾਪਨਿ ----- (ਸੰ.) ਸਪ, ਵੇਖੋ 'ਸਾਪੁ' (2)

"ਸਾ ਸਾਪਨਿ ਹੋਇ ਜਗ ਕਉ ਖਾਈ।"
– ਗਉ ਕਬ, ੩੦, ੨:੨ (329)

ਸਾਪੁ ------ (1) ਸਰਾਪ

"ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ।"
– ਗਉ ੪, ੫੧, ੪:੨ (168)

(2) ਸਪ

"ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ।"

– ਆਸਾ ੫, ੪੨, ੧*:੨ (381)

ਸਾਬਤ ----- (ਅ. ਸਾਬਤ) ਪੂਰਾ, ਮੁਕੰਮਲ, ਅਖੰਡ

“ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ।”

– ਮਾਰੂ ੫, ਸੋਲਾ ੧੨, ੨:੩ (1084)

ਹੋਰ ਰੂਪ:

ਸਾਬਤਿ –

“ਕਬੀਰ ਜਾਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ।”

– ਸਲੋ ਕਬ, ੧੮੫:੨ (1374)

ਸਾਬਤੁ –

“ਸਾਬਤੁ ਵਸਤੁ ਓਹੁ ਅਪਨੀ ਲਹੈ।”

– ਗਉ ੫, ੮੯, ੧:੨ (182)

ਸਾਬਤੁ ----- (1) ਪੂਰੀ, ਅਖੰਡ, ਵੇਖੋ ‘ਸਾਬਤ’

(2) ਸਾਂਭ ਰੱਖੀ ਹੈ (ਭਾਵ)

“ਰਾਮ ਨਾਮ ਧਨੁ ਸੰਚਿਆ ਸਾਬਤੁ ਪੂੰਜੀ ਰਾਸਿ।”

– ਸੂਹੀ ੪, ਅਸ ੨, ੧੪:੧ (759)

(3) ਸਬੂਤ (ਟੁੱਟਾ ਨਾ) ਹੋਣਾ

“ਜਬ ਲਗੁ ਜੀਉ ਪਿੰਡੁ ਹੈ ਸਾਬਤੁ ਤਬ ਲਗਿ ਕਿਛੁ ਨ ਸਮਾਰੇ।”

– ਨਟ ੪, ਅਸ ੩, ੪:੧ (981)

(4) ਸਹੀ ਸਲਾਮਤ

“ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ।”

– ਮਾਰੂ ੧, ਸੋਲ ੫, ੪:੩ (1024)

ਸਾਬਰੀ ----- (ਅ. ਸਾਬਰ) ਸਬਰ ਵਾਲਾ

“ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨ੍ਹਿ।”

– ਸਲੋ ਫਰ, ੧੧੬:੧ (1384)

ਸਾਬਾਸਿ ---- (ਫਾ. ਸ਼ਾਬਾਸ਼) (1) ਸੋਭਾ, ਚੰਗੇ ਕੰਮ ਲਈ ਸ਼ਲਾਘਾ/ਪ੍ਰਸੰਨਤਾ ਵਾਚੀ ਸ਼ਬਦ, ਧੰਨ ਧੰਨ

“ਜਿਨੀ ਸਚੁ ਵਣੰਜਿਆ ਗੁਰਿ ਪੂਰੇ ਸਾਬਾਸਿ।”

– ਸਿਰੀ ੧, ੧੧, ੪:੨ (18)

“ਗੁਰਮੁਖਿ ਜਿਨ੍ਹੀ ਜਾਣਿਆ ਤਿਨ ਕੀਚੈ ਸਾਬਾਸਿ।”

– ਸਿਰੀ ੧, ੧੬, ੫:੧ (20)

“ਸਹਜਿ ਸੁਭਾਇ ਮਿਲੇ ਸਾਬਾਸਿ।” (ਸ਼ੋਭਾ)

– ਗਉ ੧, ੧੧, ੨:੨ (154)

“ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ।” (ਧੰਨ ਧੰਨ)

– ਗਉ ੪, ਵਾਰ ੧੦ਸ, ੪, ੨:੩ (305)

ਹੋਰ ਰੂਪ:

ਸਾਬਾਸੇ –

“ਧਨੁ ਧੰਨੁ ਵਣਜਾਰਾ ਵਣਜੁ ਹੈ ਗੁਰੁ ਸਾਹੁ ਸਾਬਾਸੇ।”

– ਆਸਾ ੪, ਛੰਤ ੧੭, ੧:੩ (449)

(2) ਅਸੀਸ (ਭਾਵ)

“ਜਨ ਨਾਨਕ ਹਰਿ ਸਰਣਾਗਤੀ ਹਰਿ ਮੇਲੇ ਗੁਰ ਸਾਬਾਸਿ।”

– ਗਉ ੪, ਵਾਰ ੩ਸ, ੪, ੨:੨ (301)

(3) ਧੰਨ ਹਨ, ਸਲਾਹਣ ਯੋਗ ਹਨ

“ਨਾਨਕ ਸੇ ਸਾਬਾਸਿ ਜਿਨੀ ਗੁਰ ਮਿਲਿ ਇਕੁ ਪਛਾਣਿਆ।”

– ਗਉ ੫, ਵਾਰ ੫ਸ, ੫, ੨:੨ (319)

“ਸੋ ਧੰਨੁ ਗੁਰੂ ਸਾਬਾਸਿ ਹੈ ਹਰਿ ਦੇਇ ਸਨੇਹਾ।”

– ਤਿਲੰ ੪, ਅਸ ੨, ੧੭:੧ (726)

ਹੋਰ ਰੂਪ:

ਸਾਬਾਸੈ –

“ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ।”

– ਵਡ ੪, ਘੋੜੀ ੧, ੪:੩ (575)

(4) ਧੰਨਵਾਦ/ਕਰਤਗਤਾ ਭਾਵ

“ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ।”

– ਆਸਾ ੧, ਵਾਰ ੨੨:੫ (474)

ਸਾਂਬਾਹਾ ---- ਇਕੱਠ

“ਲਸਕਰ ਜੋੜੇ ਕੀਆ ਸਾਂਬਾਹਾ।”

– ਆਸਾ ੫, ੮੬, ੨:੩ (392)

(ਸਾਂਬਾਹਾ ਪਾਠ ‘ਸ਼ਬਦਾਰਥ’ ਦੀ ਦਸੰਬਰ, 1979 ਛਾਪ ਦਾ ਹੈ। ਹੁਣ ਇਸ ਸ਼ਬਦ ਨੂ ‘ਸੰਬਾਹਾ’ ਕਰ ਦਿਤਾ ਗਿਆ ਹੈ)

ਸਾਬੀਸ ----- ਸਾਬਾਸ਼

“ਜਨ ਨਾਨਕ ਅੰਮ੍ਰਿਤ ਪੀਆ ਗੁਰਮਤੀ ਧਨੁ ਧੰਨੁ ਧਨੁ ਧੰਨੁ ਧੰਨੁ ਗੁਰੂ ਸਾਬੀਸ।”

– ਕਾਨ ੪, ੮, ੨:੨ (1297)

ਸਾਬੁਨਿ ----- ਖਾਰ ਤੇ ਥੰਧਿਆਈ ਨਾਲ ਬਣਾਇਆ ਪਦਾਰਥ ਜੋ ਕਪੜੇ ਤੇ ਸਰੀਰ ਤੋਂ ਮੈਲ ਲਾਹੁਣ ਲਈ ਵਰਤਿਆ ਜਾਂਦਾ ਹੈ; ਸਾਬਣ

“ਜਿਉ ਸਾਬੁਨਿ ਕਾਪਰ ਊਜਲ ਹੋਤ।”

– ਰਾਮ ੫, ਅਸ ੪, ੫:੩ (914)

ਹੋਰ ਰੂਪ:

ਸਾਬੁਨੁ –

“ਮੈਲੁ ਕੀਨੋ ਸਾਬੁਨੁ ਸੁਧੁ।”

– ਰਾਮ ੫, ੫੪, ੨:੨ (900)

ਸਾਬੂਣੁ –

“ਦੇ ਸਾਬੂਣੁ ਲਈਐ ਓਹੁ ਧੋਇ।”

– ਜਪੁ ੧, ੨੦:੪ (4)

ਸਾਬੂਣੈ –

“ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।”

– ਆਸਾ ੧, ਪਟੀ, ੫:੧ (432)

ਸਾਬੂਰੀ ----- (ਅ. ਸੁਬੂਰ) ਸਬਰ
“ਅਵਲਿ ਸਿਫਤਿ ਦੂਜੀ ਸਾਬੂਰੀ।”
– ਮਾਰੂ ੫, ਸੋਲਾ ੧੨, ੯:੧ (1084)

ਸਾਭ ------ ਸਭ, ਸਾਰੇ
“ਪੂਰਨ ਭਏ ਮਨੋਰਥ ਸਾਭ।”
– ਰਾਮ ੫, ੨੮, ੨:੨ (891)

ਸਾਭਾ ------ (1) ਸਾਂਭ, ਸ਼ਰਨ, ਓਟ ਵਿਚ
“ਕਹੁ ਰਵਿਦਾਸ ਪਰਉ ਤੇਰੀ ਸਾਭਾ।”
– ਗਉ ਰਵਿ, ੧, ੩:੧ (345)

ਸਾਮ ------ (1) ਸ਼ਰਨ, ਓਟ, ਪਨਾਹ, ਵੇਖੋ ‘ਸਾਮ੍ਹੈ’
“ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।”
– ਮਾਝ ੫, ਬਾਰਾ ੧:੨ (133)
(2) ਹਿੰਦੂਆਂ ਦੇ ਧਾਰਮਿਕ ਗ੍ਰੰਥ ਵੇਦਾਂ ਵਿਚ ਤੀਜਾ ਵੇਦ
“ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ।”
– ਆਸਾ ੧, ਵਾਰ ੧੩ਸ, ੧, ੨:੧ (470)

ਸਾਮਗਰੀ --- ਸਾਮਾਨ, ਵੇਖੋ ‘ਸਮਗਰੀ’
“ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ।”
– ਸਿਰੀ ੫, ੭੫, ੪:੨ (44)
“ਸਚੁ ਤੇਰੀ ਸਾਮਗਰੀ ਸਚੁ ਤੇਰਾ ਦਰਬਾਰਾ।” (ਪਦਾਰਥ)
– ਸੂਹੀ ੫, ੪੭, ੨:੧ (746)

ਸਾਮਾਨ ----- ਬਰਾਬਰ, ਇਕੋ ਜਿਹਾ ਵੇਖੋ ‘ਸਮਾਨ’ (3)
“ਬਿਆਪਿਕ ਰਾਮ ਸਗਲ ਸਾਮਾਨ।”
– ਗਉ ਕਬ, ਥਿਤੀ ੧੪:੪ (344)

ਹੋਰ ਰੂਪ:

ਸਾਮਾਨਿ –
“ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ।”
– ਮਲਾ ਨਾਮ, ੧, ੧:੧ (1292)

ਸਾਮ੍ਹਾਰਹਿ --- ਸੰਭਾਲਦੇ/ਯਾਦ ਕਰਦੇ ਹਨ
“ਕਰਹਿ ਅਰਦਾਸਿ ਬਹੁਤੁ ਬੇਨੰਤੀ ਨਿਮਖ ਨਿਮਖ ਸਾਮ੍ਹਾਰਹਿ।”
– ਸਾਰ ੫, ੩੪, ੧*:੧ (1211)

ਸਾਮ੍ਹਣੇ ----- ਸਾਹਮਣੇ
“ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ।”
– ਸੂਹੀ ੪, ਅਸ ੨, ੧:੨ (758)

ਸਾਮ੍ਹੈ ------ ਸ਼ਰਨ, ਓਟ
"ਹਉ ਆਇਆ ਸਾਮ੍ਹੈ ਤਿਹੰਡੀਆ।"
- ਸਿਰੀ ੫, ਅਸ ੨੯, ੫:੧ (73)

ਸਾਰ ------ (1) ਲੋਹਾ, ਵੇਖੋ 'ਸਾਰੁ'
"ਅਸੰਖ ਸੂਰ ਮੁਹ ਭਖ ਸਾਰ।" (ਭਾਵ ਤਲਵਾਰ)
- ਜਪੁ ੧, ੧੭:੭ (4)
"ਸਿਮਰਤ ਨਾਨਕ ਤਰੇ ਸਾਰ।"
- ਮਾਲੀ ੫, ੩, ੪:੪ (987)

ਹੋਰ ਰੂਪ:

ਸਾਰੰ -
"ਮੁਖਿ ਝੂਠੁ ਬਿਭੂਖਨ ਸਾਰੰ।"
- ਸਸ ੧, ੧:੩ (1354)

(2) ਕਦਰ, ਮੁੱਲ
"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀਂ ਮੂਲਿ ਪਾਈ।"
- ਸਿਰੀ ੧, ੨੭, ੨:੧ (24)
"ਤਿਸੁ ਸਹ ਕੀ ਮੈ ਸਾਰ ਨ ਜਾਣੀ।"
- ਆਸਾ ੧, ੨੭, ੧:੨ (357)

(3) ਸੰਭਾਲ, ਵੇਖੋ 'ਸਾਰਾ' (1) ਸਾਰਿ (1)
"ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ।" (ਖਬਰ ਲੈਂਦਾ, ਸੰਭਾਲ ਕਰਦਾ)
- ਸਿਰੀ ੩, ੬੦, ੨:੧ (37)
"ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ।" (ਖਬਰਗੀਰੀ, ਸੰਭਾਲ)
- ਸਲੋ ਫਰ, ੧੧੦:੨ (1383)

ਹੋਰ ਰੂਪ:

ਸਾਰਈ -
"ਅੰਦਰਿ ਨਾਮੁ ਨਿਧਾਨੁ ਸਦਾ ਗੁਣ ਸਾਰਈ।" (ਸੰਭਾਲਦੇ ਹਨ)
- ਸਲੋ ੫, ੬:੨ (1425)
(ਮਹਾਨ ਕੋਸ਼ ਇਸ ਦੇ ਅਰਥ ਬਿਆਨ ਕਰਨਾ ਕਰਦਾ ਹੈ)

(4) ਉਤਮ, ਸ੍ਰੇਸ਼ਟ - ਵੇਖੋ ਸਾਰਾ (5) ਸਾਰੀ (1) ਸਾਰੁ (2)
"ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ।"
- ਸਿਰੀ ੫, ੯੫, ੩:੧ (51)
"ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ।" (ਅਸਲ ਉਤਮ)
- ਬਿਲਾ ਰਵਿ, ੨, ੨:੨ (858)

ਹੋਰ ਰੂਪ:

ਸਾਰਈ -
"ਗੁਰਮੁਖਿ ਹਰਿ ਗੁਣ ਗਾਇ ਸਹਜਿ ਸੁਖੁ ਸਾਰਈ।"

– ਸਲੋ ੫, ੬:੫ (1425)

(ਮਹਾਨਕੋਸ਼ ਇਸ ਦੇ ਅਰਥ ਪ੍ਰਾਪਤ ਕਰਨਾ, ਕਰਦਾ ਹੈ, ਵੇਖੋ ‘ਸਾਰਣਾ’)

(5) ਅਸਲੀਅਤ, ਪਛਾਣ

“ਪਾਪ ਪੁੰਨ ਕੀ ਸਾਰ ਨ ਜਾਣੀ।”

– ਮਾਝ ੩, ਅਸ ੨, ੫:੧ (110)

“ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ।”

– ਸੋਰ ੪, ਵਾਰ ੬ਸ, ੩, ੨:੬ (645)

(6) ਸੂਝ, ਸਮਝ

“ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ।”

– ਮਾਝ ੩, ਅਸ ੧੩, ੫:੩ (117)

“ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ।”

– ਆਸਾ ੧, ਛੰਤ ੩, ੧:੫ (437)

(7) ਮਾਤਰ, ਭਰ

“ਙਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰੁ।”

– ਗਉ ੫, ਬਾਅ ੨੧ਸ:੧ (254)

(8) ਨਿਚੋੜ, ਸਿਧਾਂਤ

“ਸਾਰ ਭੂਤ ਸਤਿ ਹਰਿ ਕੋ ਨਾਉ।”

– ਗਉ ੫, ਸੁਖ ੧੯, ੬:੯ (289)

(9) ਖਬਰ (ਮਨਸ਼ਾ)

“ਸਤਿਗੁਰ ਕੇ ਜੀਅ ਕੀ ਸਾਰ ਨ ਜਾਪੈ ਕਿ ਪੂਰੈ ਸਤਿਗੁਰ ਭਾਵੈ।”

– ਗਉ ੪, ਵਾਰ ੩੩ਸ, ੪, ੨:੧ (317)

(10) ਕਰ ਲੈ, ਸਾਰ ਲੈ

“ਜੋ ਕਿਛੁ ਕਰਹਿ ਸੋਈ ਅਬ ਸਾਰ।”

– ਭੈਰ ਕਬ, ੯, ੩:੩ (1159)

ਹੋਰ ਰੂਪ:

ਸਾਰਉ –

“ਕਿਛੁ ਭੀ ਖਰਚੁ ਤੁਮਾਰਾ ਸਾਰਉ।” (ਪ੍ਰਬੰਧ ਕਰਾਂਗਾ) ਪੂਰਾ ਕਰਾਂਗਾ

– ਸੂਹੀ ਕਬ, ੩, ੨:੩ (792)

(11) ਫੈਸਲਾ, ਨਿਰਣਾ, ਨਿਬੇੜਾ

“ਕਰਣੀ ਉਪਰਿ ਹੋਵਗਿ ਸਾਰ।”

– ਬਸੰ ੩, ੪:੨ (1169)

(12) ਸੰਵਾਰਦਾ ਹੈ

“ਈਤ ਊਤ ਪ੍ਰਭ ਕਾਰਜ ਸਾਰ।”

– ਬਸੰ ੫, ੧੧, ੩:੪ (1183)

ਸਾਰਈ ----- **(1) ਸੰਭਾਲਦਾ ਹੈ, ਵੇਖੋ ‘ਸਾਰ’ (3)**
(2) ਸ੍ਰੇਸ਼ਟ, ਉਤਮ, ਵੇਖੋ ‘ਸਾਰ’ (4)

ਸਾਰਏ ----- **ਕਰਦਾ ਹੈ**

“ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ।”

– ਤੁਖਾ ੧, ਛੰਤ ੬, ੩:੫ (1113)

ਸਾਰਹਿ ----- ਸੰਭਾਲਦੇ/ਚੇਤੇ ਕਰਦੇ ਹਨ
“ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ ਜਮੁ ਨੇੜਿ ਨ ਆਵੈ।”
– ਆਸਾ ੧, ਛੰਤ ੪, ੨:੩ (438)

ਸਾਰ ਹੇ ---- ਜੇ ਤੂੰ ਪਾ ਲਵੇਂ
“ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰ ਹੇ।”
– ਤੁਖਾ ੧, ਛੰਤ ੬, ੩:੩ (1113)

ਸਾਰਖਾ ----- (ਸੰ.) ਵਰਗਾ, ਬਰਾਬਰ ਦਾ – ਇਥੇ ‘ਸਾਰਖਾ’ ਗਿਆਨੁ’ ਦੇ ਅਰਥ ਹਨ ਅਸਲ/ਸ੍ਰੇਸ਼ਟ ਗਿਆਨ
“ਜਾ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਅਲੇ।”
– ਸਾਰ ਨਾਮ ੧, ੨:੨ (1292)

ਹੋਰ ਰੂਪ:

ਸਾਰਖੇ –
“ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ।” (ਵਰਗਾ)
– ਸਲੋ ਕਬ, ੧੯੨;੨ (1374)

ਸਾਰੰਗ ----- (ਸੰ.) ਹਾਥੀ
“ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ।”
– ਵਡ ੧, ਛੰਤ ੨, ੮:੪ (567)

ਸਾਰੰਗਧਰ --- ਧਰਤੀ ਦਾ ਆਸਰਾ, ਵਾਹਿਗੁਰੂ
“ਤਜਿ ਸਾਰੰਗਧਰ ਭ੍ਰਮਿ ਤੂ ਭੂਲਾ ਮੋਹਿ ਲਪਟਿਓ ਦਾਸੀ ਸੰਗਿ ਸਾਨਥ।”
– ਮਾਰੂ ੫, ੧੦, ੧*:੨ (1001)

ਸਾਰੰਗਪਾਣਿ -- (ਸੰ.) ਜਿਸ ਦੇ ਹਥ ਵਿਚ ਧਨੁੱਸ਼ ਹੈ (ਵਿਸ਼ਨੂ) ਪ੍ਰਿਥਵੀ ਜਿਸ ਦੇ ਹੱਥ ਵਿਚ ਹੈ। ਜਿਸ ਦੇ ਹੱਥ ਰੋਜੀ ਹੈ, ਵਾਹਿਗੁਰੂ
“ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ।”
– ਮਾਰੂ ੩, ਵਾਰ ੧੨ਸ, ੧, ੨:੧ (1090)

ਸਾਰੰਗਪਾਣੀ –
“ਸਾਧਸੰਗਿ ਮਿਲੇ ਸਾਰੰਗਪਾਣੀ।”
– ਮਾਝ ੫, ੪੭, ੪:੨ (108)

ਸਾਰਗਪਾਨ –
“ਕੁਲ ਜਨ ਮਧੇ ਮਿਲੵੋ ਸਾਰਗਪਾਨ ਰੇ।”
– ਧਨਾ ਤ੍ਰਿਲੋ, ੧, ੧:੨ (695)

ਸਾਰਣਾ ----- ਸੰਭਾਲਣਾ
“ਆਪਿ ਉਪਾਏ ਰਚਿਓਨੁ ਪਸਾਰਾ ਆਪੇ ਘਟਿ ਘਟਿ ਸਾਰਣਾ।”
– ਮਾਰੂ ੫, ਸੋਲਾ ੬, ੩:੩ (1076)
(‘ਮਹਾਨਕੋਸ਼’ ਇਸ ਦੇ ਅਰਥ ਪ੍ਰੇਰਣਾ, ਚਲਾਉਣਾ ਕਰਦਾ ਹੈ)

ਸਾਰਤਾ ----- (ਅ. ਸ਼ਾਰਤ) ਇਸ਼ਾਰਾ, ਸੈਨਤ
"ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ।"
- ਗਉ ੫, ੧੬੯, ੨:੧ (218)

ਸਾਰਥਿ ----- ਅਰਥ (ਧਨ) ਸਹਿਤ, ਮਾਲ ਧਨ ਸਹਿਤ
"ਗਰਬੁ ਨਿਵਾਰਿ ਮਿਲੈ ਪ੍ਰਭੁ ਸਾਰਥਿ।"
- ਰਾਮ ੧, ਅਸ ੪, ੩:੩ (904)

ਸਾਰਥੀ ----- ਰੱਥ ਵਾਲਾ, ਕ੍ਰਿਸ਼ਨ ਭਾਵ ਵਾਹਿਗੁਰੂ
"ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤਸੰਗਾ।"
- ਮਾਰੂ ੫, ਸਲੋ ੧੧, ੧੦:੩ (1082)

ਸਾਰਦ ----- (1) ਡੂੰਬਿਆਂ ਨੂ ਜੋੜਨ ਵਾਲੀ ਡੰਡੀ
"ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ।"
- ਗਉ ਕਬ, ੫੩, ੩:੧ (335)
(2) ਸ਼ਾਰਦਾ, ਸਰਸਵਤੀ ਦੇਵੀ
"ਨਾਰਦ ਸਾਰਦ ਕਰਹਿ ਖਵਾਸੀ।"
- ਆਸਾ ਕਬ, ੧੩, ੨:੧ (478)

ਸਾਰਦੂਲੁ ---- ਸ਼ੇਰ
"ਗਊ ਕਉ ਚਾਰੇ ਸਾਰਦੂਲੁ।"
- ਰਾਮ ੫, ੫੦, ੧:੧ (898)

ਸਾਰਦੇ ----- ਬਿਆਨ ਕਰਦੇ, ਚਿਤਵਦੇ
"ਆਠ ਪਹਰ ਗੁਣ ਸਾਰਦੇ ਰਤੇ ਰੰਗਿ ਅਪਾਰ।"
- ਸਿਰੀ ੫, ੮੧, ੪:੩ (43)

ਸਾਰਨ ----- ਸ਼ਰਨੀਂ
"ਇਨ ਤੇ ਕਾਢਿ ਲੇਹੁ ਮੇਰੇ ਸੁਆਮੀ ਹਾਰਿ ਪਰੇ ਤੁਮ ਸਾਰਨ।"
- ਬਿਲਾ ੫, ੮੩, ੨:੧ (820)

ਸਾਰਨਾ ----- ਪੇਸ਼ ਕਰਨੀ/ਪਹੁੰਚਾਉਣੀ ਹੈ
"ਸੁਖ ਦੂਖ ਇਸੁ ਮਨ ਕੀ ਬਿਰਥਾ ਤੁਮ ਹੀ ਆਗੈ ਸਾਰਨਾ।"
- ਰਾਮ ੫, ਅਸ ੫, ੬:੧ (915)

ਸਾਰ ਭੂਤ --- (ਸਾਰ-ਅਸਲ, ਭੂਤ-ਰੂਪ), ਸਿਧਾਂਤ, ਨਿਚੋੜ
"ਰਾਮ ਰਾਮ ਸਾਰ ਭੂਤ ਨਾਨਕ ਤਤੁ ਬੀਚਾਰੇ।"
- ਸਾਰ ੫, ੧੩੩, ੨:੪ (1230)

ਸਾਰਾ ------ (1) ਖਬਰ, ਸਾਰ/ਲੈਂਦਾ, ਸੰਭਾਲਦਾ
"ਆਪੇ ਬਖਸਿ ਕਰੇ ਜੀਅ ਸਾਰਾ।"
- ਮਾਝ ੫, ੪੧, ੨:੨ (106)
(2) ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ।" (ਸੰਭਾਲ ਕੇ)
- ਗਉ ੧, ਅਸ ੧੭, ੧:੧ (228)
(2) ਖਬਰ, ਸਾਰ

"ਮਨਮੁਖ ਅੰਧੇ ਸੁਧਿ ਨ ਸਾਰਾ।"

– ਮਾਝ ੩, ਅਸ ੭, ੨:੨ (113)

(3) ਅਸਲ

"ਭੈ ਬਿਨਸੇ ਆਤਮ ਸੁਖ ਸਾਰਾ।"

– ਗਉ ੫, ੧੧੩*, ੨:੨ (202)

(4) ਗ੍ਰਹਿਣ ਕਰਨ/ਧਾਰਨ ਕਰਨ ਨਾਲ

"ਜਿਹਵਾ ਸੂਚੀ ਹਰਿ ਰਸ ਸਾਰਾ।"

– ਗਉ ੧, ਅਸ ੮, ੨:੨ (224)

"ਅੰਤਰਿ ਗਿਆਨੁ ਮਹਾ ਰਸੁ ਸਾਰਾ।" (ਗ੍ਰਹਿਣ ਕਰਨਾ, ਮਾਨਣਾ ਹੈ)

– ਆਸਾ ੧, ਅਸ ੧, ੫:੧ (411)

(5) ਸ੍ਰੇਸ਼ਟ

"ਬਿਨਵੰਤਿ ਨਾਨਕ ਦਰਸ ਪਿਆਸੇ ਮਿਲਿ ਦਰਸਨ ਸੁਖੁ ਸਾਰਾ।"

– ਗਉ ੫, ਛੰਤ ੨, ੧:੬ (248)

(6) ਸਭ, ਪੂਰਨ

"ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ।"

– ਗਉ ੪, ਵਾਰ ੯ਸ, ੪, ੨:੧ (304)

(7) ਕਦਰ

"ਮਨਮੁਖ ਹੁਕਮੁ ਨ ਜਾਣਹਿ ਸਾਰਾ।"

– ਮਾਰੂ ੩, ਸੋਲਾ ੧੦, ੧੨:੨ (1054)

ਸਾਰਾਨ ----- ਸ਼ਰਨ, ਓਟ

"ਦੀਨ ਬੰਧਰੋ ਦਾਸ ਦਾਸਰੋ ਸੰਤਹ ਕੀ ਸਾਰਾਨ।"

– ਸਾਰ ੫, ੫੮, ੨:੧ (1215)

ਸਾਰਿ ------ (1) ਸੰਭਾਲਦੇ ਹੋਏ, ਸਮਝ ਕੇ, ਚੇਤੇ ਕਰਕੇ

"ਮੂੜੈ ਰਾਮੁ ਜਪਹੁ ਗੁਣ ਸਾਰਿ।"

– ਸਿਰੀ ੧, ੧੪, ੧*:੧ (19)

"ਹਉ ਜੀਵਾ ਗੁਣ ਸਾਰਿ ਅੰਤਰਿ ਤੂ ਵਸੈ।"

– ਸੂਹੀ ੧, ੩, ੩:੧ (751–52)

(2) ਉਚਾਰਣ/ਬਿਆਨ ਕਰ

"ਮਨ ਰੇ ਅਹਿਨਿਸਿ ਹਰਿ ਗੁਣ ਸਾਰਿ।"

– ਸਿਰੀ ੧, ੨੦, ੧*:੧ (21)

(3) ਸੰਵਾਰ ਕੇ, ਪੂਰਾ ਕਰਕੇ

"ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ।"

– ਸਿਰੀ ੧, ਅਸ ੬, ੩:੨ (56)

"ਸਦਾ ਸਰਣਾਈ ਤਿਸ ਕੀ ਜਿਉ ਭਾਵੈ ਤਿਉ ਕਾਰਜੁ ਸਾਰਿ।" (ਪੂਰਾ ਕਰ/ਸੰਵਾਰ)

– ਆਸਾ ੩, ਅਸ ੩੬, ੮:੨ (430)

ਹੋਰ ਰੂਪ:

ਸਾਰਿਆ –

"ਪ੍ਰਭਿ ਆਪਿ ਲੀਏ ਸਮਾਇ ਸਹਿਜ ਸੁਭਾਇ ਭਗਤ ਕਾਰਜ ਸਾਰਿਆ।" (ਪੂਰਾ ਕਰਦਾ ਹੈ)

– ਆਸਾ ੫, ਛੰਤ ੬, ੪:੩ (457)

(4) ਖਬਰ ਲੈ ਕੇ, ਸੁਰਤ ਲੈ ਕੇ, ਖਬਰਦਾਰੀ ਕਰਕੇ, ਰਾਖੀ ਕਰਕੇ

"ਤੂ ਹੈ ਰਾਖਹਿ ਸਾਰਿ ਸਮਾਲਿ।"

– ਗਉ ੫, ੧੭੪, ੧:੨ (200)

"ਸਾਰਿ ਸਮ੍ਹਾਲੇ ਸਾਚਾ ਸੋਇ।" (ਖਿਆਲ ਰੱਖ ਕੇ, ਸਾਰ ਲੈ ਕੇ)

– ਭੈਰ ੫, ੫੧, ੩:੨ (1151)

ਹੋਰ ਰੂਪ:

ਸਾਰਿਆ –

"ਊਣਾ ਕਹੀ ਨ ਹੋਇ ਘਟੇ ਘਟਿ ਸਾਰਿਆ।"

– ਗੂਜ ੫, ਵਾਰ ੧੯:੩ (523)

(5) ਸਮਝ ਕੇ

"ਸਚੁ ਸੰਜਮੋ ਸਾਰਿ ਗੁਣਾ ਗੁਰ ਸਬਦੁ ਕਮਾਈਐ ਰਾਮ।"

– ਆਸਾ ੧, ਛੰਤ ੨, ੨:੨ (436)

(6) ਪਾ ਕੇ

"ਅੰਜਨੁ ਸਾਰਿ ਨਿਰੰਜਨੁ ਜਾਣੈ ਸਰਬ ਨਿਰੰਜਨੁ ਰਾਇਆ।"

– ਮਾਰੂ, ਸੋਲਾ ੧੯, ੯:੩ (1040)

(7) ਸਾਂਭ ਲੈ

"ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ।"

– ਬਸੰ ੧, ੧, ੧*:੨ (1168)

ਹੋਰ ਰੂਪ:

ਸਾਰਿਆ –

"ਨਾਨਕ ਸਬਦੁ ਅਪਾਰੁ ਤਿਨਿ ਸਭੁ ਕਿਛੁ ਸਾਰਿਆ।" (ਸੰਭਾਲਦਾ)

– ਗਉ ੫, ਵਾਰ ੯ਸ, ੫, ੧:੪ (320)

(8) ਬਤੀਤ ਕਰਕੇ

"ਸਭ ਆਪਨ ਅਉਸਰ ਚਲੇ ਸਾਰਿ।"

– ਬਸੰ ਕਬ, ੫, ੨:੪ (1194)

(9) ਖੇਡ (ਸਾਰਿ > ਸਾਰੀ > ਨਰਦਾ > ਖੇਡ)

"ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ।"

– ਸਵ ੨, ੧:੬ (1391)

"ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ।"

– ਸਵ ੪, ਗਯੰ ੧੨:੪ (1403)

ਸਾਰਿਆ ---- (1) ਸੰਭਾਲ ਵਿਚ ਭਾਵ ਰਈਅਤ

"ਜੀਅ ਜੰਤ ਸਭਿ ਵਸਿ ਤੇਰੈ ਸਗਲ ਤੇਰੀ ਸਾਰਿਆ।"

– ਧਨਾ ੫, ਛੰਤ ੧, ੩:੪ (691)

(2) ਪੂਰਾ ਕਰਦਾ ਹੈ, ਵੇਖੋ 'ਸਾਰਿ' (3)

(3) ਸਾਰ ਲੈਣਾ, ਖਬਰ ਲੈਣਾ, ਵੇਖੋ 'ਸਾਰਿ' (4)
(4) ਸੰਭਾਲਦਾ, ਵੇਖੋ 'ਸਾਰ' (7)
(5) ਕਹੀਹੈ (ਸਾਰਣਾ > ਫੈਲਾਉਣਾ, ਪਹੁੰਚਾਉਣਾ > ਸਾਰੀ > ਕਹੀ)
"ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ।"
– ਜੈਤ ੫, ਵਾਰ ੧੬:੪ (709)

(6) ਯਾਦ ਕੀਤਾ
"ਰਹੈ ਅਤੀਤੁ ਅਪਰੰਪਰਿ ਰਾਤਾ ਸਾਚੁ ਮਨਿ ਗੁਣ ਸਾਰਿਆ।"
– ਬਿਲਾ ੧, ਛੰਤ ੨, ੩:੫ (844)

(7) ਦਿਤਾ, ਪਹੁੰਚਾਇਆ
"ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ।"
– ਰਾਮ ੩, ਅਨੰ ੭:੩ (917)

ਸਾਰਿੰਗ ----- (1) ਪਪੀਹਾ
"ਸਾਰਿੰਗ ਪ੍ਰੀਤਿ ਬਸੈ ਜਲ ਧਾਰਾ।"
– ਗਉ ੪, ੪੧, ੩:੧ (264)

(2) ਹਿਰਨ
"ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ।"
– ਮਲਾ ੧, ਅਸ ੩, ੧:੧ (1274)

ਸਾਰਿੰਗਧਰ -- ਧਣਖਧਾਰੀ, ਪ੍ਰਭੂ
"ਤੋਹਿ ਚਰਨ ਮਨੁ ਲਾਗੋ ਸਾਰਿੰਗਧਰ।"
– ਗਉ ਕਬ, ੬੬, ੧*:੧ (338)

ਸਾਰਿਗਪਾਣਿ – ਪ੍ਰਿਥਵੀ ਜਿਸ ਦੇ ਹੱਥ ਵਿਚ ਹੈ, ਵਾਹਿਗੁਰੂ
"ਜਹ ਦੇਖਉ ਤਹ ਸਾਰਿਗਪਾਣਿ।"
– ਬਸੰ ੧, ਅਸ ੫, ੨:੨ (1189)

ਹੋਰ ਰੂਪ:

ਸਾਰਿੰਗਪਾਣਿ –
"ਕਰਿ ਕਿਰਪਾ ਮੋਹਿ ਸਾਰਿੰਗਪਾਣਿ।"
– ਗਉ ੫, ੮੯, ੪:੧ (182)

ਸਾਰਿਗਪਾਣੀ –
"ਮਨੁ ਰਾਤਾ ਸਾਰਿਗਪਾਣੀ।"
– ਰਾਮ ੧, ੧੦, ੩:੨ (879)

ਸਾਰਿੰਗਪਾਣੀ –
"ਚਿਰੁ ਹੋਆ ਦੇਖੇ ਸਾਰਿੰਗਪਾਣੀ।"
– ਮਾਝ ੫, ੮, ੨:੨ (96)

ਸਾਰਿਗਪਾਣੇ –
"ਚਾਖਿ ਅਘਾਣੇ ਸਾਰਿਗਪਾਣੇ ਜਿਨ ਕੈ ਭਾਗ ਮਥਾਨਾ।"
– ਰਾਮ ੧, ਛੰਤ ੧, ੩:੪ (924)

ਸਾਰਿਗਪਾਨ –
"ਕਹਿ ਕਬੀਰ ਸੁਨਿ ਸਾਰਿਗਪਾਨ।"

– ਭੈਰ ਕਬ, ਅਸ ੨, ੮:੩ (1163)

ਸਾਰਿਗਪਾਨਿ –
"ਨਟ ਵਟ ਖੇਲੈ ਸਾਰਿਗਪਾਨਿ।"
– ਗਉ ਕਬ, ੩੩, ੨:੨ (329)

ਸਾਰਿਗਪਾਨੀ –
"ਕਹੁ ਕਬੀਰ ਭਜੁ ਸਾਰਿਗਪਾਨੀ।"
– ਗਉ ਕਬ, ੬੧, ੪:੧ (337)

ਸਾਰਿੰਗਪਾਨੀ –
"ਕਹਿ ਕਬੀਰ ਭਜੁ ਸਾਰਿੰਗਪਾਨੀ।"
– ਗਉ ਕਬ, ੧, ੪:੧ (323)

ਸਾਰਿਗਪਾਨੇ –
"ਜਪਿ ਜਪਿ ਜੀਵਾ ਸਾਰਿਗਪਾਨੇ।"
– ਆਸਾ ੫, ੯੨, ੧:੨ (393)

ਸਾਰੀ ------ (1) ਸ਼੍ਰੇਸ਼ਟ, ਉਤਮ
"ਇਕਸੁ ਵਿਣੁ ਹੋਰੁ ਦੂਜਾ ਨਾਹੀ ਬਾਬਾ ਨਾਨਕ ਇਹ ਮਤਿ ਸਾਰੀ ਜੀਉ।"
– ਮਾਝ ੫, ੪੬, ੪:੩ (108)

(2) ਨਰਦ
"ਆਪੇ ਧਰਿ ਦੇਖਹਿ ਕਚੀ ਪਕੀ ਸਾਰੀ।"
– ਮਾਝ ੩, ਅਸ ੭, ੭:੨ (113)

"ਆਪੇ ਪਾਸਾ ਆਪੇ ਸਾਰੀ।" (ਭਾਵ ਜੀਵ)
– ਮਾਰੂ ੧, ਸੋਲਾ ੧, ੫:੨ (1020)
"ਕਬੀਰ ਸਾਰੀ ਸਿਰਜਨਹਾਰ ਕੀ ਜਾਨੈ ਨਾਹੀ ਕੋਇ।" (ਖੇਡ)
– ਸਲੋ ਕਬ, ੧੭੬:੧ (1373)

ਹੋਰ ਰੂਪ:

ਸਾਰੀਐ –
"ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ।"
– ਆਸਾ ੧, ਵਾਰ ੨੦:੨ (474)

(3) ਸ੍ਰਿਸ਼ਟੀ –
"ਰਾਜੁ ਕਮਾਵੈ ਦਹ ਦਿਸ ਸਾਰੀ।"
– ਗਉ ੫, ੭੧, ੩:੧ (176)

(4) ਸਾਰੇ, ਸਭ
"ਕਰਿ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ।"
– ਗਉ ੫, ੧੬੧*, ੧:੨ (215)

ਹੋਰ ਰੂਪ:

ਸਾਰੇ –
"ਆਵਣ ਜਾਣ ਰਹੇ ਸੁਖ ਸਾਰੇ।"
– ਗਉ ੫, ੧੨੫, ੧:੨ (191)

ਸਾਰੈ – ਵੇਖੋ 'ਸਾਰੈ' (2)

ਸਾਰੋ –
“ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ।”
– ਗੂਜ ਕਬ, ੧, ੨:੧ (524)

(5) ਯਾਦ ਕਰੇ
“ਹਰਿਗੁਣ ਸਾਰੀ ਤਾ ਕੰਤ ਪਿਆਰੀ ਨਾਮੇ ਧਰੀ ਪਿਆਰੋ।”
– ਗਉ ੩, ਛੰਤ ੧, ੨:੫ (243)

(6) ਸੰਭਾਲੀ
“ਅਵਗਣ ਪਰਹਰਿ ਕਰਣੀ ਸਾਰੀ ਦਰਿ ਸਚੈ ਸਚਿਆਰੋ।”
– ਆਸਾ ੧, ਛੰਤ ੩, ੩:੩ (437)
“ਗੁਰਮੁਖੇ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ।”
– ਸੂਹੀ ੫, ਛੰਤ ੭, ੨:੨ (781)

(7) ਸਮਝਾਈ, ਦਸੀ, ਕਥੀ
“ਗੁਰ ਪੂਰੇ ਏਹ ਗਲ ਸਾਰੀ।”
– ਸੋਰ ੫, ੮੦, ੧:੪ (628)

(8) ਪਹੁੰਚਾਉਂਦਾ ਹਾਂ
“ਅੰਤਰ ਕੀ ਗਤਿ ਤੁਧੁ ਪਹਿ ਸਾਰੀ ਤੁਧੁ ਜੇਵਡੁ ਅਵਰੁ ਨ ਕੋਈ।”
– ਸੂਹੀ ੫, ੫੬, ੩:੧ (749)
“ਹਰਿ ਹਰਿ ਹਰਿ ਕੀਰਤਿ ਜਗਿ ਸਾਰੀ ਘਸਿ ਚੰਦਨੁ ਜਸੁ ਘਸਿਆ।” (ਪਹੁੰਚਾਈ)
– ਕਲਿ ੪, ੨, ੧:੨ (1319)

ਹੋਰ ਰੂਪ:

ਸਾਰੀਐ –
“ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ।”
– ਆਸਾ ੫, ੧੦੯, ੨:੧ (398)

ਸਾਰੁ ------ (1) ਲੋਹਾ, ਵੇਖੋ ‘ਸਾਰ’ (1)
“ਨਾਨਕ ਕਥਨਾ ਕਰੜਾ ਸਾਰੁ।”
– ਜਪੁ ੧, ੩੭:੧੮ (8)

(2) ਸ੍ਰੇਸ਼ਟ, ਵੇਖੋ ‘ਸਾਰ’ (4)
“ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।”
– ਸਿਰੀ ੧, ੬, ੧:੧ (16)

(3) ਤਤ, ਅਸਲ ਭਾਵ
“ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ।”
– ਸਿਰੀ ੧, ੧੬, ੪:੩ (20)
“ਜਿਨਾ ਲਾਗੀ ਪ੍ਰੀਤਿ ਪ੍ਰਭ ਨਾਮ ਸਹਜ ਸੁਖ ਸਾਰੁ।” (ਅਸਲੀਅਤ)
– ਰਾਮ ੫, ੧੦ਸ, ੫, ੧:੭ (962)

(4) ਅਸਲ, ਸਹੀ
“ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ।”
– ਸਿਰੀ ੧, ੧੭, ੨:੩ (20)
“ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।” (ਨਿਰੋਲ, ਅਸਲ)
– ਬਿਹਾ ੪, ਵਾਰ ੧੨ਸ, ਮਰ, ੧:੪ (553)

(5) ਕਰੜਾ
“ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ।” (ਕਰੜਾ ਲੋਹਾ, ਫੌਲਾਦ)
– ਗਉ ੪, ਵਾਰ ੩੨:੨ (317)

(6) ਸੰਭਾਲ
“ਮਨ ਮੇਰੇ ਗੁਰਮਤਿ ਕਰਣੀ ਸਾਰੁ।”
– ਵਡ ੩, ੩, ੧*:੧ (559)

ਹੋਰ ਰੂਪ:

ਸਾਰੇ –
“ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ।” (ਜਾਣਦਾ ਹੈ, ਸੰਭਾਲਦਾ ਹੈ)
– ਸਿਰੀ ੫, ਛੰਤ ੩, ੨:੪ (80)

(7) ਕਰਦੇ ਹਨ, ਸਾਰਦੇ ਹਨ
“ਗੁਰਮੁਖਿ ਸਬਦੁ ਸਚੁ ਕਰਣੀ ਸਾਰੁ।”
– ਵਡ ੩, ੬, ੪:੧ (560)

“ਕਹੁ ਨਾਨਕ ਭਗਤਿ ਪ੍ਰਭ ਸਾਰੁ।” (ਕਰ)
– ਗੋਂਡ ੫, ੧੧, ੪:੩ (865)

“ਜੋ ਕਿਛੁ ਕਰਹਿ ਸੋਈ ਅਬ ਸਾਰੁ।” (ਕਰ ਲੈ)
– ਭੈਰ ਕਬ, ੮, ੩:੩ (1159)

(8) ਸਮਝ
“ਸੁਖ ਮੰਗਲ ਆਨੰਦ ਹਰਿ ਹਰਿ ਪ੍ਰਭ ਚਰਨ ਅੰਮ੍ਰਿਤ ਸਾਰੁ।”
– ਕੇਦਾ ੫, ੧੨, ੨:੧ (1121)

ਸਾਰੇ ------ **(1) ਸਭ, ਵੇਖੋ ‘ਸਾਰੀ’ (4)**
(2) ਸੰਭਾਲਦਾ ਹੈ, ਜਾਣਦਾ ਹੈ, ਵੇਖੋ ‘ਸਾਰੁ’ (6)
(3) ਯਾਦ ਕਰਕੇ
“ਸਾਧਨ ਬਿਨਉ ਕਰੇ ਜੀਉ ਹਰਿ ਕੇ ਗੁਣ ਸਾਰੇ।”
– ਗਉ ੩, ਛੰਤ ੧, ੧:੧ (243)

ਹੋਰ ਰੂਪ:

ਸਾਰੈ –
“ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ।” (ਯਾਦ ਕਰਕੇ ਰੱਖੋ)
– ਸਿਰੀ ੧, ੨੬, ੩:੧ (23)

(4) ਸਮਝੇ
“ਕੂੜੁ ਨਿਵਾਰੇ ਗੁਰਮਤਿ ਸਾਰੇ ਜੂਐ ਜਨਮੁ ਨ ਹਾਰੇ।”
– ਗਉ ੩, ਛੰਤ ੨, ੩:੩ (244)

(5) ਸੰਵਾਰੇ
“ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੇ ਸੇਵਾ।”
– ਆਸਾ ੫, ਛੰਤ ੧, ੨:੩ (452)

(6) ਖਬਰ/ਸਾਰ ਲੈਂਦਾ

"ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰੇ ਸੰਮਾਲੇ।"

– ਗੂਜ ੧, ੧, ੪:੧ (489)

(7) ਪਾਈਏ, ਪ੍ਰਾਪਤ ਕਰੀਏ

"ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ।"

– ਰਾਮ ੫, ਰੁਤੀ ੫:੩ (928)

(8) ਸਮਾਇਆ/ਪਸਰਿਆ/ਫੈਲਿਆ ਹੋਇਆ

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ।"

ਨਟ ੪, ਅਸ ੪, ੫:੧ (982)

(9) ਸੌਂਪ ਦਿਤੇ

"ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ ਬਖਾਨਿਆ।"

–ਕੇਦਾ ੫, ੩੩੧, ੪:੩ (1122)

ਸਾਰੇਦੀ ----- ਯਾਦ ਕਰਦੀ ਹੈ

"ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ।"

– ਤੁਖਾ ੧, ਬਾਰਾ ੭:੩ (1108)

ਸਾਰੇਵਾ ----- ਯਾਦ ਕਰਦੇ ਹਨ

"ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ।"

– ਵਡ ੧, ਅਲਾ ੪, ੪:੧ (581)

ਸਾਰੈ ------ (1) ਪੁਚਾਉਂਦਾ

"ਸੁਖ ਦੂਖ ਇਸੁ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ।"

– ਬਿਲਾ ੫, ੮੨, ੧:੨ (820)

(2) ਸਭ

"ਸਤਿਗੁਰ ਅਪਨੇ ਕਉ ਬਲਿ ਜਾਈ ਜਿਨਿ ਪੈਜ ਰਖੀ ਸਾਰੈ ਸੰਸਾਰਿ।"

– ਬਿਲਾ ੫, ੮੬, ੧*:੨ (821)

(3) ਪਹੁੰਚਾਉਂਦਾ ਹੈ

"ਨਾਮੁ ਨ ਬਿਸਰੈ ਤਬੁ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ।"

– ਸਾਰ ੫, ੫੨, ੨:੨ (1214)

(4) ਯਾਦ ਰਖੇ, ਵੇਖੋ 'ਸਾਰੇ' (3)

ਸਾਲ ------ (ਸੰ.) ਸ਼ਾਲਾ, ਘਰ

"ਊਚੇ ਮੰਦਰ ਸਾਲ ਰਸੋਈ।"

– ਸੂਹੀ ਰਵਿ, ੩, ੧:੧ (794)

ਹੋਰ ਰੂਪ:

ਸਾਲਾ –

"ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ।"

– ਬਿਲਾ ੧, ਅਸ ੨, ੪:੨ (832)

ਸਾਲਕ – (ਅ. ਸਾਲਕ) ਰੱਬ ਦੇ ਰਾਹ ਤੇ ਚਲਣ ਵਾਲਾ; ਸੂਫੀਆਂ ਅਨੁਸਾਰ ਉਹ ਪੁਰਖ ਜੋ ਰੱਬ ਦੀ ਨਿਕਟਤਾ ਵੀ ਚਾਹੇ ਅਤੇ ਬੁਧੀਵਾਨ ਵੀ ਹੋਵੇ

"ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।"

– ਸਿਰੀ ੧, ਅਸ ੧, ੩:੧ (53)

ਸਾਲਕਾ ----- (ਅ. ਸਾਲਕ) ਰਾਹ ਦੱਸਣ ਵਾਲਾ, ਹੋਰ ਵੇਖੋ ‘ਸਾਦਿਕ’
“ਕਰੁ ਗਹਿ ਲੀਨੇ ਅੰਧ ਕੂਪ ਤੇ ਵਿਰਲੇ ਕੇਈ ਸਾਲਕਾ।”
– ਮਾਰੂ ੫, ਸੋਲਾ ੧੩, ੫:੩ (1085)

ਹੋਰ ਰੂਪ:

ਸਾਲਕੁ –
“ਸਾਲਕੁ ਮਿਤੁ ਨ ਰਹਿਓ ਕੋਈ।”
– ਸਲੋ ੧, ੫:੨ (1410)

ਸਾਲਗਿਰਾਮੁ -- ਸਾਲਗ੍ਰਾਮ ਪਿੰਡ ਕੋਲੋਂ ਲੰਘਦੀ ਗੰਡਕ ਨਦੀ ਵਿਚ ਮਿਲਦੇ ਗੋਲ ਧਾਰੀਦਾਰ ਪੱਥਰ ਜਿਸ ਨੂੰ ਹਿੰਦੂ ਵਿਸ਼ਨੂੰ ਦੀ ਮੂਰਤੀ ਮੰਨ ਕੇ ਪੂਜਦੇ ਹਨ।
“ਸਾਲਗਿਰਾਮੁ ਹਮਾਰੈ ਸੇਵਾ।”
– ਆਸਾ ੫, ੯੦, ੧*:੧ (393)

ਹੋਰ ਰੂਪ:

ਸਾਲਗ੍ਰਾਮ –
“ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ।”
– ਬਸੰ ੧, ੯, ੧:੧ (1171)

ਸਾਲਣੇ ----- ਨਮਕੀਨ ਭਾਜੀ
“ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ।”
– ਸਲੋ ੩, ੧੨:੨ (1413)

ਸਾਲਾਹ ----- ਉਸਤਤ, ਵਡਿਆਈ, ਸ਼ਲਾਘਾ, ਵੇਖੋ ‘ਸਲਾਹ’
“ਅਖਰੀ ਨਾਮੁ ਅਖਰੀ ਸਾਲਾਹ।”
– ਜਪੁ ੧, ੧੯:੪ (4)

“ਪੂਰੇ ਤਾਲ ਜਾਣੈ ਸਾਲਾਹ।” (ਪ੍ਰਭੂ ਉਸਤਤੀ)
– ਆਸਾ ੧, ੬, ੧*:੧ (350)

ਹੋਰ ਰੂਪ:

ਸਾਲਾਹਹਿ –
“ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ।”
– ਮਾਝ ੩, ਅਸ ੧੧, ੬:੩ (116)

ਸਾਲਾਹਣ –
“ਸੁਣਿਐ ਮੁਖਿ ਸਾਲਾਹਣ ਮੰਦੁ।”
– ਜਪੁ ੧, ੯:੨ (2)

ਸਾਲਾਹਣਾ –
“ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ।”
– ਸਿਰੀ ੧, ੪, ੪:੨ (15)

ਸਾਲਾਹਣਿਆ –
“ਹਉ ਵਾਰੀ ਜੀਉ ਵਾਰੀ ਸਚੁ ਸਾਲਾਹਣਿਆ।”

– ਮਾਝ ੩, ਅਸ ੧੮, ੧*:੧ (119)

ਸਾਲਾਹਣੁ –
“ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ।”
– ਮਾਝ ੫, ੨੦, ੧:੧ (100)

ਸਾਲਾਹਦੇ –
“ਸਭਿ ਤੁਧੈ ਨੋ ਸਾਲਾਹਦੇ ਦਰਿ ਗੁਰਮੁਖਾ ਨੋ ਪਰਗਾਸਿ।”
– ਸਿਰੀ ੪, ਵਾਰ ੯:੫ (86)

ਸਾਲਾਹਨਿ –
“ਪਿਰੁ ਸਾਲਾਹਨਿ ਆਪਣਾ ਤਿਨ ਕੈ ਹਉ ਸਦ ਬਲਿਹਾਰੈ ਜਾਉ।”
– ਸਿਰੀ ੩, ੬੨, ੩:੧ (38)

ਸਾਲਾਹਾ –
“ਹਰਿ ਸਾਲਾਹਹਿ ਸਦਾ ਸੁਖਦਾਤਾ ਹਰਿ ਬਖਸੇ ਭਗਤਿ ਸਾਲਾਹਾ ਹੇ।”
– ਮਾਰੂ ੩, ਸੋਲਾ ੧੨, ੫:੩ (1055)

ਸਾਲਾਹਿ –
“ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।” (ਸਲਾਹੁੰਦੇ ਹਨ)
– ਜਪੁ ੧, ੨੩:੧ (5)
“ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ।” (ਸਲਾਹ ਕੇ)
– ਸਿਰੀ ੩, ੩੭, ੧:੨ (27)
“ਰਾਮ ਨਾਮੁ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ।” (ਉਸਤਤ ਕਰਕੇ)
– ਸਿਰੀ ੩, ੫੭, ੧*:੨ (36)

ਸਾਲਾਹਿਆ –
“ਗੁਣਵੰਤੀ ਸਾਲਾਹਿਆ ਸਚੇ ਸਚੀ ਸੋਇ।”
– ਸਿਰੀ ੩, ਅਸ ੨੩, ੭:੨ (68)

ਸਾਲਾਹਿਹੁ –
“ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ ਤਾਰਦਾ।”
– ਸਿਰੀ ੪, ਵਾਰ ੧੮:੫ (90)

ਸਾਲਾਹੀ –
“ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ।” (ਉਸਤਤ ਕਰਾਂ)
– ਜਪੁ ੧, ੨੧:੧੫ (5)
“ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।” (ਉਸਤਤ ਕਰਨ ਵਾਲੇ)
– ਜਪੁ ੧, ੨੩:੧ (5)
“ਸਾਲਾਹੀ ਸਚੁ ਸਲਾਹ ਸਚੁ ਸਚੁ ਕੀਮਤਿ ਕਿਨੈ ਨ ਪਾਈ।” (ਉਸਤਤ ਕਰਨ ਯੋਗ ਪ੍ਰਭੂ)
– ਗਉ ੪, ਵਾਰ ੧੮:੨ (310)

ਸਾਲਾਹੀਅਹਿ –
“ਜਿਤੁ ਮੁਖਿ ਤੂ ਸਾਲਾਹੀਅਹਿ ਤਿਤੁ ਮੁਖਿ ਕੈਸੀ ਭੂਖ।”
– ਪ੍ਰਭਾ ੧, ੨, ੩:੨ (1328)

ਸਾਲਾਹੀਐ –
“ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ।”
– ਸਿਰੀ ੩, ੪੯, ੨:੨ (32)

ਸਾਲਾਹੇ –
“ਸਾਸਿ ਸਾਸਿ ਨਾਨਕੁ ਸਾਲਾਹੇ।”
– ਮਾਝ ੫, ੩੪, ੪:੪ (104)

ਸਾਲਾਹੈ –
“ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ।”
– ਸਿਰੀ ੧, ਅਸ ੮, ੮:੧ (58)

ਸਾਲਿਕ ----- ਵੇਖੋ ‘ਸਾਲਕਾ’, ਰਾਹ ਦੱਸਣ ਵਾਲਾ
“ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ।”
– ਆਸਾ ੪, ੩੩, ੨:੨ (358)

ਸਾਲੀ ------ ਚਾਵਲ
“ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ।”
– ਰਾਮ ਬਸ, ੩:੧ (967)

ਸਾਲੁ ------ (1) ਸ਼੍ਰੇਸ਼ਟ
“ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ।”
– ਰਾਮ ਬਸ, ੩:੧ (967)

(2) ਸੱਲ ਕਰਨ ਵਾਲਾ, ਛੇਦ ਕਰਨ ਵਾਲਾ
“ਮਨੁ ਮੋਤੀ ਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ।”
– ਕਲਿ ੪, ੪, ੩:੨ (1325)

ਸਾਲੋਣੇ ----- ਲੂਣ ਵਾਲੇ
“ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ।”
– ਸਿਰੀ ੧, ੭, ੧:੧ (16)

ਸਾਵਕਾ ----- ਨਾਲ ਜਨਮਿਆ ਹੋਇਆ, ਭਾਵ ਸਰੀਰ (ਦਰਪਣ), ਸਾਬਿਕਾ (ਪਿਛਲਾ, ਮੜ੍ਹੇਆ) ਨਿਰਣੈ ਸ਼ਬਦਾਰਥ
“ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ।”
– ਅਸ ਕਬ, ੨੫, ੨:੧ (482)

ਸਾਵਣ ----- ਬਿਕਰਮੀ ਸੰਮਤ ਦਾ ਪੰਜਵਾਂ ਮਹੀਨਾ
“ਬਿਨੁ ਸਾਵਣ ਘਨਹਰੁ ਗਾਜੈ।”
– ਸੋਰ ਨਾਮ, ੩, ੧:੨ (657)

ਹੋਰ ਰੂਪ:

ਸਾਵਣਿ –
“ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ।” (ਸਾਵਣ ਮਹੀਨੇ ਵਿਚ)
– ਮਾਝ ੫, ਬਾਰਾ ੬:੧ (134)

ਸਾਵਣੀ ----- ਸਾਵਣ ਮਹੀਨੇ ਵਿਚ ਬੀਜੇ ਜਾਣ ਵਾਲੀ ਫਸਲ
“ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ।”
– ਮਲਾ ੧, ਵਾਰ ੧੯ਸ, ੧, ੧:੫ (1286)

ਸਾਵਣੁ –

"ਤੇਰੈ ਹੁਕਮੈ ਸਾਵਣੁ ਆਇਆ।"
– ਸਿਰੀ ੫, ਅਸ ੨੯, ੨:੧ (73)

ਸਾਵਧਾਨ ---- ਚੇਤਨ, ਸੁਚੇਤ
"ਸਾਵਧਾਨ ਏਕਾਗਰ ਚੀਤ।"
– ਗਉ ੫, ਸੁਖ ੨੪, ੫:੨ (295)

ਹੋਰ ਰੂਪ:

ਸਾਵਧਾਨੁ –
"ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ।"
– ਗਉ ੫, ੭੩, ੨:੧ (176)

ਸਾਵਧਾਨੁ ---- (1) ਸਹੀ ਸਲਾਮਤ, ਤਿਆਰ ਬਰ ਤਿਆਰ
"ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ।"
– ਮਾਰੂ ੩, ਵਾਰ ੨ਸ, ੪, ੩:੩ (1087)
(2) ਸੁਚੇਤ, ਵੇਖੋ 'ਸਾਵਧਾਨ'

ਸਾਵਲ ----- (1) (ਸੰ.) ਸਾਂਵਲਾ
"ਸਾਵਲ ਸੁੰਦਰ ਰਾਮਈਆ।"
– ਗਉ ਕਬ, ੫੫, ੧*:੧ (335)

ਹੋਰ ਰੂਪ:

ਸਾਂਵਲੀਓ –
"ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ।"
– ਮਾਲੀ ਨਾਮ, ੨, ੧*:੧ (988)
ਸਾਂਵਲੇ –
"ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ।"
– ਤਿਲੰ ਨਾਮ, ੩, ੩:੨ (727)
(2) ਕ੍ਰਿਸ਼ਨ
"ਆਪੇ ਸਾਵਲ ਸੁੰਦਰ ਪਿਆਰਾ।"
– ਸੋਰ ੪, ੬, ੨:੨ (606)

ਸਾਵੀ ------ ਬਰਾਬਰ, ਸਮ ਤੋਲ
"ਖੰਭ ਵਿਕਾਂਦੜੇ ਜੇ ਲਹਾਂ ਘਿਨਾ ਸਾਵੀ ਤੋਲਿ।"
– ਸਲੋ ੫, ੨੧:੧ (1426)

ਸਾੜੀ ------ ਸਾੜਿਆ ਹੈ
"ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ।"
– ਗਉ ੫, ੧੬੭, ੧:੨ (199)

ਸਿ ------- (1) ਉਹ
"ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।"
– ਜਪੁ ੧, ੨੧:੧੦ (4)
(2) (ਫਾ. ਸਹ) ਤਿੰਨ (ਮਹਾਨਕੋਸ਼)

"ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ।"
– ਮਾਰੂ ੩, ਵਾਰ ੧੪ਸ, ੧, ੨:੧ (1091)

ਸਿਉ ------ (1) ਸਮੇਤ, ਸਹਿਤ
"ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।"
– ਜਪੁ ੧, ੨੭:੩ (6)
"ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ।"
– ਗਉ ੪, ਵਾਰ ੩ਸ, ੪, ੨:੧ (310)
(2) ਨਾਲ, ਸੰਗ
"ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।"
– ਗਉ ੧, ਸੋਹ ੧, ੩:੨ (12)
"ਅਪਨੇ ਪ੍ਰਭ ਸਿਉ ਹੋਹੁ ਸਾਵਧਾਨੁ।" (ਪ੍ਰਤਿ)
– ਗਉ ੫, ੭੩, ੨:੧ (176)
"ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ।" (ਤੋਂ)
– ਗਉ ੫, ੧੪੭, ੧*:੧ (195)
(3) ਕੋਲ, ਨੂੰ
"ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ।"
– ਧਨਾ ੧, ੧, ੧*:੧ (660)
"ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ।"
– ਗਉ ੧, ਅਸ ੨, ੨:੧ (229)
"ਐਸੇ ਲੋਗਨ ਸਿਉ ਕਿਆ ਕਹੀਐ।"
– ਗਉ ਕਬ, ੪੪, ੧*:੧ (332)
(4) ਸ੍ਵੈ, ਆਪਣੀ
"ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ।"
– ਸਵ ੨, ੬:੧ (1392)
(5) ਸ਼ਿਵਜੀ
"ਕੋ ਖਟੁ ਕਰਮ ਸਹਿਤ ਸਿਉ ਮੰਡਿਤ।"
– ਰਾਮ ੫, ਅਸ ੧, ੧:੨ (913)
(ਸ਼ਿਵਜੀ ਦੀ ਮੂਰਤੀ ਬਣਾ ਪੂਜਦੇ ਹਨ)

ਸਿਆ ----- ਸੀ
"ਜਾਂ ਨ ਸਿਆ ਕਿਆ ਚਾਕਰੀ ਜਾਂ ਜੰਮੇ ਕਿਆ ਕਾਰ।"
– ਸਾਰ ੪, ਵਾਰ ੧੨ਸ, ੧, ੨:੧ (1242)

ਸਿਆਹਹੁ --- ਕਾਲੇ ਤੋਂ
"ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ।"
– ਮਾਝ ੫, ਬਾਰਾ ੭:੬ (134)

ਸਿਆਹੀ ---- ਮਸ, ਰੋਸ਼ਨਾਈ
"ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।"
– ਸਿਰੀ ੧, ੭, ੨:੨ (96)

ਸਿਆਹੁ ---- ਕਾਲਾ

“ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ।”

– ਗੂਜ ੩, ਵਾਰ ੫ਸ, ੩, ੧:੪ (510)

“ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ।” (ਬਹੁਤ ਕਾਲਾ)

– ਸੋਰ ੪, ਵਾਰ ੨੨ਸ, ੩, ੧:੧ (651)

ਸਿਆਣਪ --- ਚੁਤੁਰਾਈ, ਦਾਨਾਈ, ਹੋਰ ਵੇਖੋ ‘ਸਿਆਨਪ’

“ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ।”

– ਸਿਰੀ ੧, ੧੭, ੩:੧ (20)

ਹੋਰ ਰੂਪ:

ਸਿਆਣਪਾ –

“ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ।”

– ਸਿਰੀ ੧, ੮, ੪:੨ (17)

ਸਿਆਣਪੈ –

“ਨਾ ਤੂ ਆਵਹਿ ਵਸਿ ਕਿਤੈ ਸਿਆਣਪੈ।”

– ਰਾਮ ੫, ਵਾਰ ੧੦:੫ (962)

ਸਿਆਣਾ ---- (1) ਬੁੱਧੀਮਾਨ, ਚਤੁਰ, ਹੋਰ ਵੇਖੋ ‘ਸਿਆਨਾ’

“ਖਰਾ ਸਿਆਣਾ ਬਹੁਤਾ ਭਾਰੁ।”

– ਸਿਰੀ ੧, ੨੯, ੩:੩ (24)

ਹੋਰ ਰੂਪ:

ਸਿਆਣਿਆ –

“ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ।”

– ਸੋਰ ੧, ੧, ੧:੨ (595)

ਸਿਆਣੀ –

“ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ।”

– ਸਿਰੀ ੧, ਅਸ ੪, ੧:੨ (55)

ਸਿਆਣੀਏ –

“ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ।”

– ਮਾਝ ੧, ਵਾਰ ੩ਸ, ੨, ੨:੪ (139)

ਸਿਆਣੇ –

“ਧੰਨੁ ਧੰਨੁ ਗੁਰੂ ਗੁਰ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ।”

– ਗਉ ੪, ੫੧, ੧*:੨ (168)

(2) ਚਾਲਾਕ

“ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ।”

– ਮਲਾ ੧, ਵਾਰ ੨੫ਸ, ੧, ੨;੨੨ (1290)

ਸਿਆਣੀਐ -- ਪਛਾਣੀਏ

“ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ।”

– ਮਾਝ ੧, ਵਾਰ ੨ਸ, ੨, ੨:੬ (138)

ਸਿਆਨਪ --- (1) ਬੁਧੀਮਾਨਤਾ, ਚਤੁਰਤਾ

“ਕਲਮ ਕਾਗਦ ਸਿਆਨਪ ਲੇਖੀ।”

– ਗਉ ੫, ੮੧, ੧:੨ (179)

ਹੋਰ ਰੂਪ:

ਸਿਆਨਪਾ –

“ਤਿਆਗਿ ਸਗਲ ਸਿਆਨਪਾ ਭਜੁ ਪਾਰਬ੍ਰਹਮ ਨਿਰੰਕਾਰੁ।”

– ਆਸਾ ੫, ੧੩੬, ੧:੧ (405)

(2) ਚਾਲਾਕੀਆਂ

“ਸਸ ਸਿਆਨਪ ਛਾਡੁ ਇਆਨਾ।”

– ਗਉ ੫, ਬਾਅ ੫੦:੧ (260)

ਸਿਆਨਾ ---- ਬੁੱਧੀਮਾਨ, ਚਤੁਰ

“ਨਹ ਪੰਡਿਤੁ ਨਹ ਚਤੁਰੁ ਸਿਆਨਾ।”

– ਗਉ ੧, ਅਸ ੧, ੮:੧ (221)

ਹੋਰ ਰੂਪ:

ਸਿਆਨੇ –

“ਭਗਤਿ ਬਿਨਾ ਬਹੁ ਡੂਬੇ ਸਿਆਨੇ।”

– ਗਉ ੫, ਸੁਖ ੧੯, ੬:੨ (288)

ਸਿਆਪਾ ---- ਮਿਰਤਕ ਲਈ ਵਿਰਲਾਪ ਕਰਦਿਆਂ ਛਾਤੀ ਪਿਟਣਾ

“ਸਤੀ ਰੰਨੀ ਘਰੇ ਸਿਆਪਾ ਹੋਵਨਿ ਕੂੜੀ ਕੰਮੀ।”

– ਸਲੋ ੧, ੨੯:੩ (1412)

ਸਿਆਮ ---- (1) ਸਿਆਮ (ਕਾਲਾ) ਮੂਰਤ ਕ੍ਰਿਸ਼ਨ

“ਸੰਤਾਂ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ।”

– ਟੋਡੀ ਨਾਮ ੩, ੪:੧ (718)

“ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ।”

– ਤਿਲੰ ਕਬ, ੧, ੨:੨ (727)

ਹੋਰ ਰੂਪ:

ਸਿਆਮੰ –

“ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ।”

– ਸਸ ੫, ੫੭:੧ (1359)

(2) ਭਾਵ ਵਾਹਿਗੁਰੂ

“ਸਿਆਮ ਸੁੰਦਰ ਤਜਿ ਨੀਦ ਕਿਉ ਆਈ।”

– ਸੂਹੀ ੫, ੪੦, ੧:੧ (745)

ਸਿਆਮਲੰ --- ਸੁੰਦਰ

“ਸਿਆਮਲੰ ਮਧੁਰ ਮਾਨੁਖੵੰ ਰਿਦਯੰ ਭੂਮਿ ਵੈਰਣਹ।”
– ਸਸ ੫, ੬੦:੧ (1359)

ਸਿਆਰੁ ---- ਗਿਦੜ (ਨਿਮਰਤਾ ਰੂਪੀ)
“ਜਬ ਹੀ ਸਿਆਰੁ ਸਿੰਘ ਕਉ ਖਾਇ।”
– ਭੈਰ ਕਬ, ੧੪, ੨:੩ (1161)

ਸਿਆਲ ---- ਗਿਦੜ (ਆਲਸ ਰੂਪੀ)
“ਕਾਢਿ ਦੇਇ ਸਿਆਲ ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ।”
– ਮਾਰੂ ੫, ੭, ੨:੨ (1000)
“ਸੁਆਨ ਸਿਆਲ ਮਾਇਆ ਮਹਿ ਰਾਤਾ।”
– ਭੈਰ ਕਬ, ੧੩, ੪:੧ (1160)

ਸਿਸਟਿ ----- (ਸੰ.) ਰਚਨਾ, ਸ੍ਰਿਸਟੀ, ਜਗਤ, ਦੁਨੀਆ
“ਸਿਸਟਿ ਉਪਾਈ ਸਭ ਤੁਧੁ ਆਪੇ ਰਿਜਕੁ ਸੰਬਾਹਿਆ।”
– ਸਿਰੀ ੪, ਵਾਰ ੮:੧ (85)

ਸਿਸਿ ------ ਸਿਰ ਉਤੇ
“ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ।”
– ਸਿਰੀ ੧, ਅਸ ੧੭, ੭:੧ (64)

ਸਿਸੀਅਰ --- ਮਾਘੁ ਫਗਣ ਦੀ ਰੁਤ, ਸਿਆਲ
“ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ।”
– ਰਾਮ ੫, ਰੁਤੀ, ੬:੧ (929)

ਸਿਸੁ ------ ਸਿਰ, ਸੀਸ
“ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।”
– ਮਾਰੂ ੫, ਵਾਰ ੧ਸ, ੫, ੧:੧ (1094)

ਸਿਹਜ ----- (ਸੰ.) ਬਿਸਤਰਾ, ਮੰਜੀ
“ਜਉ ਗੁਰਦੇਉ ਸਿਹਜ ਨਿਕਸਾਈ।”
– ਭੈਰ ਨਾਮ, ੧੧, ੬:੪ (1167)

ਹੋਰ ਰੂਪ:

ਸਿਹਜਾ –
“ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ।”
– ਰਾਮ ਨਾਮ, ੪, ੩:੧ (973)
“ਸਿਹਜਾ ਧਰਤਿ ਬਰਤਨ ਕਉ ਪਾਨੀ।”
–ਪ੍ਰਭ ੫, ੧, ੧:੩ (1337)

ਸਿਹਜਾਇ –
“ਕੋਟਿ ਜੀਅ ਜਾ ਕੀ ਸਿਹਜਾਇ।” (ਸੇਜਾ ਹੈ, ਜੀਵਾਂ ਵਿਚ ਨਿਵਾਸ ਕਰਦਾ ਹੈ)
– ਭੈਰ ੫, ਅਸ ੨, ੨:੨ (1156)

ਸਿਹਜਾਸਣੀ -- ਸੇਜਾ ਤੇ ਆਸਨ ਲਾਉਣ ਵਾਲਾ

"ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ।"
– ਮਾਝ ੧, ਵਾਰ ੧ਸ, ੧, ੩:੪ (138)

ਸਿਹਰੁ ----- (ਅ. ਸਹਿਰ) – ਜਾਦੂ, ਇੰਦਰ ਜਾਲ
"ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ।"
– ਤਿਲੰ ਕਬ, ੧, ੧*:੨ (727)

ਸਿਕ ------ (ਸੰ.) ਰੁਚੀ, ਚਾਹ, ਤੀਬਰ ਚਾਹ
"ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ।"
– ਸਲੋ ੧੪, ੧੩੦:੨ (1384)

ਸਿਕਦਾਰ --- (ਫਾ. ਸਗਹਦਾਰ) ਰਾਜਾ, ਸਰਦਾਰ (ਸਿਕਦਾਰ, ਪਠਾਨ ਬਾਦਸ਼ਾਹਾਂ ਦੇ ਵੇਲੇ ਇਕ ਹਾਕਮ ਹੁੰਦਾ ਸੀ)
"ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।"
– ਮਾਝ ੧, ਵਾਰ ੮:੧ (141)

ਹੋਰ ਰੂਪ:

ਸਿਕਦਾਰਹੁ –
"ਸਿਕਦਾਰਹੁ ਨਹ ਪਤੀ ਆਇਆ।"
– ਸੋਰ ੫, ੫੧, ੧:੨ (621)

ਸਿਕਦਾਰਾ –
"ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ।" (ਹਾਕਮ)
– ਸੂਹੀ ਕਬ, ੫, ੧:੧ (793)

ਸਿਕਦਾਰਾਂ –
"ਹਰਣਾਂ ਬਾਜਾਂ ਤੇ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ।"
– ਮਲਾ ੧, ਵਾਰ ੨੨ਸ, ੧, ੨:੧ (1288)

ਸਿਕਦਾਰੀ –
"ਇਸੁ ਧਰਤੀ ਮਹਿ ਤੇਰੀ ਸਿਕਦਾਰੀ।"
– ਆਸਾ ੫, ੧੨, ੪:੨ (374)

ਸਿਕਦਾਰੀਆ –
"ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ।"
– ਸਿਰੀ ੫, ਅਸ ੨੬, ੬:੧ (70)

ਸਿਕਦਾਰੁ –
"ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ।"
– ਆਸਾ ੧, ਵਾਰ ੧੧ਸ, ੧, ੨:੧ (468)

ਸਿਕਦਾਰੈ –
"ਰਯਤਿ ਮਹਰ ਮੁਕਦਮ ਸਿਕਦਾਰੈ।"
– ਗਉ ੧, ਅਸ ੧੪, ੫:੧ (227)

ਸਿਕਾਰ ----- (ਫਾ. ਸ਼ਿਕਾਰ) ਜੰਗਲੀ ਜਾਨਵਰਾਂ ਨੂ ਮਾਰਨ ਦਾ ਯਤਨ
"ਸੰਤਸੰਗਿ ਲੇ ਚੜਿਓ ਸਿਕਾਰ।"
– ਭੈਰ ੫, ੪, ੧*:੧ (1136)

ਸਿਖ ------ (1) (ਸੰ.) ਚੇਲਾ, ਅਨੁਯਾਈ, ਹੋਰ ਵੇਖੋ ‘ਸਿਖਿ’

“ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ।”
– ਗਉ ੪, ੫੧, ੨:੩ (168)

(ਦੂਜੀ ‘ਸਿਖ’ ਦਾ ਅਰਥ ‘ਸਿਖਿਆ’ ਹੈ)

“ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।” (ਸਿੱਖ ਗੁਰੂ ਸਾਹਿਬਾਨ ਤੇ ਵਿਸ਼ਵਾਸ ਲਿਆਉਣ ਵਾਲਾ)
– ਗਉ ੫, ਸੁਖ ੧੮, ੧:੧ (286)

“ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ।”
– ਰਾਮ ੩, ਵਾਰ ੧੦ਸ, ੩, ੨:੧ (951)

ਹੋਰ ਰੂਪ:

ਸਿਖਹ –

“ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ।” (ਸਿੱਖਾਂ ਨੇ)
– ਸਵ ੩, ੧੬:੪ (1395)

(2) ਸਿਖਿਆ, ਵੇਖੋ ‘ਸਿਖਿਆ’

“ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇਇਕ ਗੁਰ ਕੀ ਸਿਖ ਸੁਣੀ।”
– ਜਪੁ ੧, ੬:੩ (2)

“ਸਤਿਗੁਰ ਸਾਚੀ ਸਿਖ ਸੁਣਾਈ।”
– ਮਾਝ ੩, ਅਸ ੧੫, ੧:੧ (118)

“ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ।” (ਉਪਦੇਸ਼)
– ਮਾਰੂ ੧, ਅਸ ੭, ੬:੩ (1013)

ਹੋਰ ਰੂਪ:

ਸਿਖੰ –

“ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ।”
– ਮਾਰੂ ੫, ਵਾਰ ੧੩:੬ (1099)

(3) ਸਿਰ

“ਜਬ ਨਖ ਸਿਖ ਇਹੁ ਮਨੁ ਚੀਨ੍ਹਾ।”
– ਰਾਮ ਕਬ, ੧੦, ੧:੩ (971)

(4) (ਸੰ.) ਬੋਦੀ, ਚੋਟੀ

“ਮੁੰਡੁ ਮੁੰਡਾਇ ਜਟਾ ਸਿਖ ਬਾਧੀ ਮੋਨਿ ਰਹੇ ਅਭਿਮਾਨਾ।”
– ਮਾਰੂ ੧, ਅਸ ੭, ੫:੧ (1013)

ਸਿਖਹਿ ----- ਸਿਖਦੇ ਹਨ

“ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ।”
– ਬਿਲਾ ੪, ਅਸ ੪, ੫:੧ (835)

ਹੋਰ ਰੂਪ:

ਸਿਖਹੁ –

“ਸਿਖਹੁ ਸਬਦੁ ਪਿਆਰਹੋ ਜਨਮ ਮਰਨ ਕੀ ਟੇਕ।” (ਸਿਖੋ, ਕਮਾਓ)
– ਗਉ ੫, ਵਾਰ ੯ਸ, ੫, ੨:੧ (320)

ਸਿਖੰਡਂ ----- ਭੁ-ਖੰਡ, ਦੇਸ਼ (ਸ਼ਬਦਾਰਥ, ਸੰਥਿਆ); ਵੇਲ, ਲਤਾ (ਮਹਾਨਕੋਸ਼); ਉਚੀ ਚੋਟੀ ਵਾਲੇ (ਦਰਪਣ)
"ਘਟੰਤ ਬਸੁਧਾ ਗਿਰਿ ਤਰ ਸਿਖੰਡਂ।"
– ਸਸ ੫, ੯:੨ (1354)

ਹੋਰ ਰੂਪ:

ਸਿਖੰਡਣਹ –
"ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ।"
– ਗਾਥਾ ੫, ੨:੧ (1360)

ਸਿਖਰਿ ----- (ਸੰ.) ਭਾਵ ਲੰਮੇ ਕੰਨਾਂ ਵਾਲਾ ਸਤ ਮੂੰਹਾਂ ਘੋੜਾ ਜੋ ਦੇਵਤਿਆਂ ਦੇ ਸਾਗਰ ਮੰਥਨ ਸਮੇਂ ਸਮੁੰਦਰ ਵਿਚੋਂ ਨਿਕਲਿਆ।
"ਅੰਮ੍ਰਿਤਿ ਸਸੀਆ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।"
– ਧਨਾ ਤ੍ਰਿਲੋ ੧, ੪:੧ (695)
(2) ਚੋਟੀ ਤੇ ਭਾਵ ਦਸਵੇਂ ਦੁਆਰ /ਅਥਵਾ ਪ੍ਰਭੂ ਚਰਣਾਂ ਵਿਚ
"ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ।"
– ਬਿਲਾ ੧, ਥਿਤੀ ੧੭:੨ (840)
"ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ।" (ਚੋਟੀ ਤੇ)
– ਸਲੋ ਕਬ, ੧੫੦:੧ (1372)

ਸਿਖਲਾਈ --- ਸਿਖਾਈ, ਜਾਂਚ ਦੱਸੀ
"ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ।"
– ਗੋਂਡ ਕਬ, ੩, ੧:੧ (874)

ਸਿਖਵੰਤੇ ---- ਸਿਖਿਆ ਗ੍ਰਹਿਣ ਕਰਨ/ਧਾਰਨ ਵਾਲੇ
"ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ।"
– ਗੂਜ ੧, ਅਸ ੧, ੪:੧ (503)

ਸਿਖੜਾ ----- ਸਿੱਖ, ਗੁਰੂ ਨੂੰ ਮੰਨਣ ਵਾਲਾ
"ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।"
ਸੂਹੀ ੫, ਕੁਚ ੩:੧੩ (763)

ਸਿਖਾਂ ------ ਸਿਖ ਦਾ ਬਹੁ-ਵਚਨ, ਸਿਖ-ਲੋਕ, ਵੇਖੋ 'ਸਿਖਾ' (3), 'ਸਿਖੀ' (2)
"ਗੁਰ ਸਿਖਾਂ ਕੈ ਮਨਿ ਪਿਆਰੀ ਭਾਣੀ।"
– ਮਾਝ ੪, ੭, ੪:੨ (96)
"ਗੁਰ ਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ।"
– ਗਉ ੪, ਵਾਰ ੩੩ਸ, ੪, ੨:੨ (317)

ਸਿਖਾ ------ (1) ਬੋਦੀ
"ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ।"
– ਆਸਾ ੧, ੩੩, ੪:੧ (358)
(2) ਸਿਖਿਆਵਾਂ, ਦੀਖਿਆਵਾਂ
"ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ।"

– ਆਸਾ ੧, ਵਾਰ ੧੫ਸ, ੧, ੧:੬ (471)

(3) ਸਿਖ, ਗੁਰੂ ਦੇ ਅਨੁਆਈ

"ਹਉ ਬਲਿਹਾਰੀ ਤਿੰਨ ਕੰਉ ਜੋ ਗੁਰਮੁਖਿ ਸਿਖਾ।"

– ਸੋਰ ੪, ਵਾਰ ੧੯:੧ (650)

"ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਣੀ।" (ਸਿਖਾਂ, ਸਿਖ ਦਾ ਬਹੁ ਵਚਨ)

(4) ਸਿਖੀਦਾ ਹੈ

"ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ।"

– ਕਾਨ ੪, ਵਾਰ ੮:੪ (1316)

ਸਿਖਾਇ ---- ਸਿਖਾ/ਦੇ ਕੇ

"ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ।"

– ਦੇਵ ੯, ੧, ੧*:੨ (536)

ਹੋਰ ਰੂਪ:

ਸਿਖਾਇਓ –

"ਸਾਧੂ ਸੰਗਿ ਸਿਖਾਇਓ ਨਾਮੁ।" (ਸਿਖਾਇਆ ਹੈ)

– ਆਸਾ ੫, ੯੨, ੧:੧ (393)

ਸਿਖਾਈ –

"ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ।" (ਸਿਖਾਈ ਗਈ)

– ਆਸਾ ੫, ੪੪, ੧*:੧ (381)

ਸਿਖਾਲਿ –

"ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ।" (ਸਿਖਾ, ਪੜ੍ਹਾ)

– ਆਸਾ ੩, ਪਟੀ ੫:੧ (435)

ਸਿਖਿ ------ ਵੇਖੋ 'ਸਿਖ' (1), ਚੇਲਾ, ਸਿਖਿਆ ਲੈਣ ਤੇ ਧਾਰਨ ਕਰਨ ਵਾਲਾ

"ਗੁਰ ਕੈ ਸਿਖਿ ਸਤਿਗੁਰੂ ਧਿਆਇਆ।"

– ਗੋਂਡ ੫, ਅਸ ੧, ੬, ੩ (869)

ਸਿਖਿਆ ---- (1) ਉਪਦੇਸ਼, ਵੇਖੋ 'ਸਿਖ' (2)

"ਸਿਖਿਆ ਦੀਖਿਆ ਭੋਜਨ ਭਾਉ।"

– ਗਉ ੧, ਅਸ, ੧, ੬:੩ (221)

ਹੋਰ ਰੂਪ:

ਸਿਖਿਐ –

"ਸੁਣਿ ਸਿਖਿਐ ਸਾਦੁ ਨ ਆਇਓ ਜਿਚਰੁ ਗੁਰਮੁਖਿ ਸਬਦਿ ਨ ਲਾਗੈ।" (ਸਿਖਿਆ ਲੈ ਕੇ)

– ਵਡ ੪, ਵਾਰ ੧੧ਸ, ੩, ੨:੧ (590)

(2) ਸਿਖਿਆ ਹੈ

"ਸਿਖੀ ਸਿਖਿਆ ਗੁਰ ਵੀਚਾਰਿ।"

– ਆਸਾ ੧, ਵਾਰ ੫ਸ, ੧, ੨:੧੩ (465)

“ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ।” (ਸਚ ਨੂੰ ਸਿਖ ਲਿਆ)

– ਧਨਾ ੫, ਛੰਤ ੧, ੧:੪ (691)

ਸਿਖੀ ------ (1) ਸ਼ਿਸਤਾ, ਅਨੁਆਇਤਾ, ਭਾਵ ਸਿਖ ਸੰਗਤਾਂ

“ਗੁਰੂ ਸਮੁੰਦੂ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ।”

– ਮਾਝ ੧, ਵਾਰ ੨੬ਸ, ੧, ੧:੨੪ (150)

(2) ਸਿਖਾਂ ਨੇ

“ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ।”

– ਗਉ ੪, ਵਾਰ ੨੫:੩ (314)

ਸਿਖੁ ------ (1) (ਸਿਖਿਆ) ਗ੍ਰਹਿਣ ਕਰ

“ਗੁਰ ਮਿਲਿ ਚਜੁ ਆਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ।”

– ਸਿਰੀ ੫, ੬੩, ੩:੨ (50)

ਹੋਰ ਰੂਪ:

ਸਿਖੈ –

“ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ।” (ਸਿਖਦਾ ਹੈ)

– ਸਿਰੀ ੪, ਛੰਤ ੧, ੧:੨ (78)

(2) ਅਨੁਆਈ, ਚੇਲਾ, ਸਿਖਿਆ ਗ੍ਰਹਿਣ ਕਰਨ ਵਾਲਾ

“ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ।”

– ਗਉ ੫, ਸੁਖ ੧੮ਸ:੨ (286)

“ਗੁਰ ਕਾ ਸਿਖੁ ਵਡਭਾਗੀ ਹੇ।”

– ਗਉ ੫, ਸੁਖ ੧੮, ੧:੮ (286)

(3) ਸਮਝ (ਭਾਵ)

“ਏਕੋ ਨਾਮੁ ਨਿਧਾਨੁ ਪੰਡਿਤ ਸੁਣਿ ਸਿਖੁ ਸਚੁ ਸੋਈ।”

– ਗੂਜ ੩, ੯, ੧:੧ (692)

ਸਿਖੵਾ ------ ਸਿਖਿਆ/ਉਪਦੇਸ਼ ਅਨੁਸਾਰ

“ਸਿਖੵਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰਉ।”

– ਸਮੁ ੫, ੨*:੬ (1387)

ਸਿੰਗ ------ ਪਸ਼ੂ ਆਦਿ ਦੇ ਸਿਰ ਉਤੇ ਹੱਡੀ ਦਾ ਉਗਿਆ ਨੁਕੀਲਾ ਅੰਗ

“ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈ ਹੈ।”

– ਗੂਜ ਕਬ, ੧, ੧:੧ (524)

ਸਿੰਗਾਰ ----- ਆਭੂਸ਼ਨ, ਗਹਿਣੇ, ਸ਼ੋਭਾ ਵਧਾਉਣ ਦੇ ਸਾਧਨ

“ਸਭ ਸਿੰਗਾਰ ਬਣੇ ਤਿਸੁ ਗਿਆਨੇ।”

– ਮਾਝ ੫, ੧੧, ੩:੨ (97)

ਹੋਰ ਰੂਪ:

ਸਿਗਾਰੁ –

“ਪਿਰੁ ਪਰਦੇਸਿ ਸਿਗਾਰੁ ਬਣਾਏ।” (ਆਪਣੇ ਆਪ ਨੂੰ ਸਜਾਏ, ਆਭੂਸ਼ਿਤ ਕਰੇ)

– ਮਾਝ ੩, ਅਸ ੩੦, ੭:੧ (127)

ਸਿੰਗਾਰੁ –
“ਪਿਰ ਕੈ ਸਹਜਿ ਰਹੈ ਰੰਗਿ ਰਾਤੀ ਸਬਦਿ ਸਿੰਗਾਰੁ ਬਣਾਵਣਿਆ।”
– ਮਾਝ ੩, ਅਸ ੩੩, ੫:੩ (129)

ਸਿਗਾਰੀ ---- ਆਭੂਸ਼ਿਤ ਕੀਤੀ, ਸੋਭਾਮਈ ਕੀਤੀ
“ਅਨਦ ਬਿਨੋਦ ਤਿਤੈ ਘਰਿ ਸੋਹਹਿ ਜੇ ਧਨ ਕੰਤਿ ਸਿਗਾਰੀ ਜੀਉ।”
– ਮਾਝ ੫, ੧੧, ੧:੩ (97)

ਸਿੰਗੀ ------ ਜੋਗੀਆਂ ਦੀ ਤੁਰੀ ਜੋ ਸਿੰਗ ਦੀ ਬਣੀ ਹੁੰਦੀ ਹੈ – ਇਕ ਵਾਯੂ ਨਾਲ ਵੱਜਣ ਵਾਲਾ ਸਾਜ਼
“ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ।”
– ਗਉ ੫, ੧੩੨*, ੪:੧ (208)

ਸਿਗੀਤ ----- (ਸੰ.) ਸੰਗੀ ਸਾਥੀ, ਸਾਕ ਸਬੰਧੀ
“ਗਏ ਸਿਗੀਤ ਪੁਕਾਰੀ ਧਾਹ।”
– ਮਾਝ ੧, ਵਾਰ ੧੯, ੧, ੨:੧੧ (138)

ਸਿੰਘ ------ (ਸੰ.) ਸ਼ੇਰ
“ਗਊ ਚਰਿ ਸਿੰਘ ਪਾਛੈ ਪਾਵੈ।”
– ਗਉ ੫, ੧੬੦, ੨:੨ (198)
“ਪੰਜ ਸਿੰਘ ਰਾਖੇ ਪ੍ਰਭਿ ਮਾਰਿ।” (ਪੰਜ ਸਿੰਘਾਂ ਤੋਂ ਭਾਵ ਹੈ ‘ਪੰਜ ਕਾਮਾਦਿਕ’)
– ਰਾਮ ੫, ੫੧, ੧:੧ (899)

ਹੋਰ ਰੂਪ:

ਸਿੰਘਚ –
“ਸਿੰਘਚ ਭੋਜਨੁ ਜੋ ਨਰੁ ਜਾਨੈ।” (ਸ਼ੇਰ ਦਾ, ਭਾਵ ਜ਼ੁਲਮ/ਧਕੇ ਵਾਲਾ)
– ਆਸਾ ਨਾਮ, ੪, ੨:੧ (485)

ਸਿੰਘਾਸਣਿ --- (ਸੰ.) ਗਦੀ, ਬੈਠਣ ਦੀ ਥਾਂ, ਤਖਤ, ਰਾਜ ਗੱਦੀ
“ਜਾਪੈ ਜਿਉ ਸਿੰਘਾਸਣਿ ਲੋਇ।” (ਹਿਰਦੇ ਰੂਪੀ ਗੱਦੀ ਤੇ)
– ਰਾਮ ੧, ੭, ੪:੨ (878)

ਸਿੰਘੁ –
“ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।”
– ਆਸਾ ਕਬ, ੬, ੨:੧ (477)

ਹੋਰ ਰੂਪ:

ਸਿੰਘਾਸਨ –
“ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ।”
– ਆਸਾ ਕਬ, ੫, ੩:੧ (476)

ਸਿੰਘਾਸਨਿ –
“ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।”
– ਸੋਰ ਰਵਿ, ੧, ੨:੧ (657)

ਸਿੰਘਾਸਨੁ–

"ਚਾੜਸਿ ਪਵਨੁ ਸਿੰਘਾਸਨੁ ਭੀਜੈ।" (ਭਾਵ ਦਸਮ ਦੁਆਰ)

"ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ।"

– ਸਵ ੫, ਹਰਿ ੨:੬ (1409)

ਸਿੰਘਾਤਾ ---- (ਸੰ.) ਸ਼ੇਰ ਨੂ ਖਾਣ ਵਾਲਾ (ਮਹਾਨਕੋਸ਼); ਸ਼ੇਰ (ਸ਼ਬਦਾਰਥ, ਦਰਪਣ)

"ਬੰਤਰ ਚੀਤੇ ਅਰੁ ਸਿੰਘਾਤਾ।"

– ਭੈਰ ਕਬ, ੧੩, ੪:੨ (1160)

ਸਿੰਙਿਆ ---- (ਸੰ.) ਬਰਤਨ ਦੇ ਅੰਦਰ ਖਿਚਣ ਵਾਲੀ ਨਾੜੀ, ਇੜਾ

"ਭਾਠੀ ਗਗਨੁ ਸਿੰਙਿਆ ਅਰੁ ਚੁਙਿਆ ਕਨਕ ਕਲਸੁ ਇਕੁ ਪਾਇਆ।"

– ਸਿਰੀ ਕਬ, ੩, ੨:੧ (92)

ਸਿਙੀ ------ ਜੋਗੀਆਂ ਦੀ ਸਿੰਗ ਦੀ ਬਣੀ ਵਲਦਾਰ ਤੂਤਨੀ

"ਜਾ ਤੁਧੁ ਭਾਵੈ ਤਾ ਕਰਹਿ ਬਿਭੂਤਾ ਸਿਙੀ ਨਾਦੁ ਵਜਾਵਹਿ।"

– ਮਾਝ ੧, ਵਾਰ ੧੫ਸ, ੧, ੧:੨ (145)

ਹੋਰ ਰੂਪ:

ਸਿੰਙੀ –

"ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ।"

– ਗਉ ਕਬ, ੫੩, ੨:੧ (334)

ਸਿੰਙੀਆ –

"ਬਾਂਗਾਂ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ।"

– ਸੂਹੀ ੩, ਵਾਰ ੧੪ਸ, ੧, ੨:੧ (790)

ਸਿੰਙ੍ਹਾਰੇ ---- ਸਿੰਗ ਮਾਰਦਾ ਹੈ

"ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ।"

– ਨਟ ੪, ਅਸ ੪, ੪:੧ (982)

ਸਿੰਚਉ ----- (ਸੰ.) ਛਿੜਕਣਾ, ਵੇਖੋ ਸਿੰਚਾ

"ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ।"

– ਸੂਹੀ ੫, ੪੨, ੩:੨ (745)

ਹੋਰ ਰੂਪ:

ਸਿੰਚਹੁ –

"ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ।"

– ਆਸਾ ੪, ੬੧, ੩:੨ (368)

ਸਿੰਚੰਤੀ –

"ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ।"

– ਆਸਾ ੫, ਛੰਤ ੧੨, ੧:੫ (460)

ਸਿੰਚਨ –

"ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ।"

– ਆਸਾ ੪, ੬੧, ੨:੨ (368)

ਸਿੰਚਹਿ ----- ਵੇਖੋ 'ਸੰਚਾ' ਇਕੱਠਾ ਕਰਨਾ, ਹੋਰ ਵੇਖੋ 'ਸਿੰਚੇ'

"ਸਿੰਚਹਿ ਦਰਬੁ ਦੇਹਿ ਦੁਖੁ ਲੋਗ।"
– ਰਾਮ ੫, ੨੩, ੧:੧ (889)

ਸਿੰਚਨਹਾਰੇ -- ਸਿੰਜਨ/ਪਾਣੀ ਦੇਣ ਵਾਲਾ
"ਸਿੰਚਨਹਾਰੇ ਏਕੈ ਮਾਲੀ।"
– ਆਸਾ ੫, ੫੬, ੨:੧ (385)

ਸਿੰਚਾ ------ ਵੇਖੋ 'ਸਿੰਚਉ' ਸਿੰਜ/ਪਾਣੀ ਦੇ ਦੇਵੇ
"ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੇ ਰਿਦੈ ਸਿੰਚਾ।"
– ਧਨਾ ੫, ਅਸ ੧, ੩:੨ (687)

ਹੋਰ ਰੂਪ:

ਸਿੰਚਾਈ –
"ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ।"
– ਆਸਾ ਕਬ, ੨੦, ੫:੧ (481)

ਸਿੰਚਾਈ –
"ਭਏ ਕ੍ਰਿਪਾਲ ਦਇਆਲ ਗੋਬਿੰਦਾ ਅੰਮ੍ਰਿਤੁ ਰਿਦੈ ਸਿੰਚਾਈ।"
– ਧਨਾ ੫, ੩੩, ੧:੧ (679)

ਸਿੰਚਿ –
"ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ ਨਿਹਾਲਾ।"
– ਸਾਰ ੧, ਅਸ ੨, ੩:੧ (1233)

ਸਿੰਚਿਤ –
"ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ।"
– ਆਸਾ ੧, ੧੯, ੩:੧ (354)

ਸਿੰਚੀਐ –
"ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ।"
– ਸਾਰ ੪, ਵਾਰ ੧੬:੪ (1244)

ਸਿੰਚੇ ------ ਇਕੱਠੀ ਕਰਦਾ ਹੈ, ਵੇਖੋ 'ਸੰਚਾ'
"ਤ੍ਰਿਤੀਆ ਬਿਵਸਥਾ ਸਿੰਚੇ ਮਾਇ।"
– ਰਾਮ ੫, ੨੩, ੨:੩ (890)

ਸਿੰਚੈ ------ ਪਾਣੀ ਦਿੰਦਾ ਹੈ, ਵੇਖੋ 'ਸਿੰਚਾ'
"ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ।"
– ਬਿਹਾ ੪, ਵਾਰ ੧੫:੨ (554)

ਸਿਜਉ ----- ਸੇਜਲ ਹੋਵੇ, ਭਿਜੇ
"ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।"
– ਸਲੋ ਫਰ, ੨੫:੧ (1379)

ਸਿਜਦਾ ----- (ਅ. ਸਿਜਦਾ) ਨਮਾਜ਼ ਵੇਲੇ, ਜ਼ਮੀਨ ਤੇ ਮੱਥਾ ਰੱਖ ਕੇ ਨਮਸਕਾਰ ਕਰਨਾ
"ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ।"

– ਸਿਰੀ ੪, ਵਾਰ ੪ਸ, ੧, ੧:੭ (84)

ਸਿਜਾਣਾ ---- ਸਿਆਣੇ/ਪਛਾਣੇ ਜਾਣਾ, ਵੇਖੋ ‘ਸਿਵਾਂਣ’
“ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ।”
– ਵਡ ੧, ਅਲਾ ੫, ੪:੬ (582)

ਸਿਝਦੀ ----- ਕਾਰਜ ਦੀ ਸਿੱਧੀ ਕਰਨੀ, ਉਦੇਸ਼ ਦੀ ਪ੍ਰਾਪਤੀ ਕਰਨੀ, ਕਾਮਯਾਬੀ/ਸਫਲ ਹੋਣਾ
“ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ।”
– ਸੋਰ ੪, ਵਾਰ ੨੧ਸ, ੩, ੨:੧(650)
“ਜੋ ਤੁਧੁ ਭਾਣਾ ਜੰਤੁ ਸੁ ਦਰਗਹ ਸਿਝਈ।”
–ਰਾਮ ੫, ਵਾਰ ੭:੨ (961)

ਹੋਰ ਰੂਪ:

ਸਿਝਸੀ –
“ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ।”
– ਮਾਝ ੧, ਵਾਰ ੯:੫ (142)

ਸਿਝਤ –
“ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ।”
– ਰਾਮ੧, ੬, ੨:੨ (878)

ਸਿਝਾਇਆ –
“ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ।” (ਜਿਤੁ ਲਿਆ)
–ਭੈਰ ਕਬ, ੧੭, ੪:੨(1161)

ਸਿਝਿ –
“ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।”
– ਮਾਰ ੫, ਵਾਰ ੭ਸ, ੫, ੧:੨ (1096)

ਸਿਝੀ –
“ਨਾਨਕ ਸੋ ਜਨੁ ਦਰਿ ਹਰਿ ਸਿਝੀ ਹੇ।” (ਸਫਲ ਹੁੰਦਾ, ਮੁਕਤ ਹੁੰਦਾ)
–ਗਉ ੫, ੧੫੪*, ੪:੨ (213)

ਸਿਝੈ –
“ਸਿਝੈ ਦਰਿ ਦੀਵਾਨਿ ਆਪੁ ਗਵਾਈਐ।”(ਸਫਲ/ ਪਰਵਾਨ ਹੋਵੇਗਾ।
– ਮਾਝ ੧, ਵਾਰ ੯:੮ (142)

ਸਿਵਾਨਿ ---- ਪਛਾਣ, ਸਿਆਣ, ਵੇਖੋ ‘ਸਿਜਾਣਾ’
“ਪਹਿਲਾ ਵਸਤੁ ਸਿਵਾਨਿ ਕੈ ਤਾਂ ਕੀਚੈ ਵਾਪਾਰੁ।”
– ਸਲੋ ੧, ੨:੨ (1410)

ਹੋਰ ਰੂਪ:

ਸਿਵਾਣੀਐ –
“ਗੁਰਮੁਖਿ ਜਾਣਿ ਸਿਵਾਞੀਐ ਗੁਰਿ ਮੇਲੀ ਗੁਣ ਚਾਰੁ।”
– ਸਿਰੀ ੧, ਅਸ ੯, ੨:੩ (58)

ਸਿਵਾਣੁ –
“ਸਾਚ ਸਬਦਿ ਪ੍ਰਭੁ ਏਕੁ ਸਿਵਾਣੁ।”

– ਬਸੰ ੩, ੮, ੪:੨ (1174)

ਸਿਵਾਣੈ –

"ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਵਾਣੈ।" (ਪਛਾਣਦਾ, ਲੱਭ ਲੈਂਦਾ)

–ਆਸਾ ੧, ਅਸ ੧੪, ੮:੧ (419)

ਸਿਵਾਤਾ–

"ਰਤੇ ਸੇਈ ਜਿ ਮੁਖੁ ਨ ਮੋੜੰਨ੍ਹਿ ਜਿਨ੍ਹੀ ਸਿਵਾਤਾ ਸਾਈ।" (ਪਛਾਣਿਆ)

–ਸਲੋ ੫, ੧:੧(1425)

ਸਿਵਾਨ੍ਹੁ –

"ਜਹਾ ਪੰਥਿ ਤੇਰਾ ਕੋ ਨ ਸਿਵਾਨ੍ਹੁ।" (ਜਾਣਨ ਵਾਲਾ, ਵਾਕਿਫ, ਪਛਾਣਨ ਵਾਲਾ)

– ਗਉ ੫, ਸੁਖ ੨, ੪:੫ (264)

ਸਿੰਵਾਪਸਨਿ –

"ਅਗੈ ਗਏ ਸਿੰਵਾਪਸਨਿ ਚੋਟਾਂ ਖਾਸੀ ਕਉਣੁ।" (ਪਛਾਣੈ ਜਾਣਗੇ)

–ਸਲੋ ਫਰ, ੪੪:੨ (1380)

ਸਿਵਾਪਦੇ –

"ਗੁਰਮੁਖਿ ਸਬਦਿ ਸਿਵਾਪਦੇ ਤਿਤੁ ਸਾਚੈ ਦਰਬਾਰਿ।"

– ਸਲੋ ੩, ੨੬:੪ (1415)

ਸਿਵਾਪੈ –

"ਪੂਰੇ ਗੁਰ ਕੈ ਸਬਦਿ ਸਿਵਾਪੈ।"

– ਮਾਝ ੫, ਅਸ ੩੫, ੪:੨ (130)

"ਹੁਕਮੁ ਸਿਵਾਪੈ ਸਾਹ ਕਾ ਪਿਆਰੇ ਸਚੁ ਮਿਲੈ ਵਡਿਆਈ ਹੋਇ।" (ਸਮਝ ਆਵੇ, ਪਛਾਣਿਆ ਜਾਵੇ)

– ਸੋਰ ੧, ਅਸ ੩, ੬:੩ (636)

ਸਿਤਾਬ ----- (ਫਾ. ਸ਼ਤਾਬ) ਛੇਤੀ, ਜਲਦੀ

"ਚਲਹੁ ਸਿਤਾਬ ਦੀਬਾਨਿ ਬੁਲਾਇਆ।"

– ਸੂਹੀ ਕਬ, ੩, ੧:੪ (792)

ਸਿਦਕਿ ----- (ਅ. ਸਿਦਕ) ਨਿਸਚਾ, ਵਿਸ਼ਵਾਸ਼/ਸ਼ਰਧਾ /ਯਕੀਨ ਨਾਲ

"ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ।"

– ਮਾਰੂ ੫, ਸੋਲਾ ੧੨, ੪:੩ (1083)

ਹੋਰ ਰੂਪ:

ਸਿਦਕੁ –

"ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ।"

– ਸਿਰੀ ੧, ਅਸ ੧੭, ੧*:੨ (64)

ਸਿਧ ------ (1) (ਸੰ.) ਸਿਧੀ ਨੂੰ ਪ੍ਰਾਪਤ, ਸਿਧੀ ਵਾਲਾ, ਸ਼ਕਤੀ ਵਾਲਾ ਸੰਤ, ਵੇਖੋ 'ਸਿਧੁ'

"ਸੁਣਿਐ ਸਿਧ ਪੀਰ ਸੁਰਿ ਨਾਥ।"

– ਜਪੁ ੧, ੮:੧ (2)

ਹੋਰ ਰੂਪ:

ਸਿਧਾ –

"ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।"
- ਜਪੁ ੧, ੩੬:੮ (8)

(2) ਕਰਾਮਾਤਾਂ, ਵਾਲੇ ਜੋਗੀ
"ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ।"
- ਸਿਰੀ ੧, ਅਸ ੧੭, ੨:੨ (64)
"ਮਾਇਆ ਭੁਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ।"
- ਸਿਰੀ ੩, ਅਸ ੨੧, ੫:੧ (67)

(3) ਕਰਾਮਾਤੀ, ਸ਼ਕਤੀਆਂ, ਸਿਧੀਆਂ, ਵੇਖੋ 'ਸਿਧਾ' (3), 'ਸਿਧਿ' (1), 'ਸਿਧੇ'(1)
"ਜੋਗ ਗਿਆਨ ਸਿਧ ਸੁਖ ਜਾਨੇ।"
-ਗਉ ੫, ੧੧੧, ੩:੨ (282)

ਹੋਰ ਰੂਪ:

ਸਿਧਾਈ–
"ਜਾ ਕੀ ਸੇਵਾ ਦਸ ਅਸਟ ਸਿਧਾਈ।"
-ਆਸਾ ੫, ੭੯, ੩:੧ (390)

(4) ਸਿੱਧੀ ਵਾਲੇ (ਵਾਹਿਗੁਰੂ), ਹੋਰ 'ਸਿੰਧ'
"ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ।"
-ਰਾਮ ੧, ੬, ੧:੨ (878)

ਸਿਧੰ ------ ਸਿਧ ਹੋਵੇ, ਅਧਿਕਾਰ ਪ੍ਰਾਪਤ ਹੋਵੇ
"ਸਿਧੰ ਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ।"
- ਆਸਾ ੩, ਪਟੀ ੨:੧ (434)

ਸਿਧਉਰਾ --- ਸੰਧੂਰ (ਮਹਾਨਕੋਸ਼), ਨਲੀਏਰ, ਪਾਨ ਬੀੜਾ, ਖੰਡਾ (ਸੰਥਿਆ) ਸੰਧੂਰ ਵਾਲਾ ਨਲੀਏਰ (ਸ਼ਬਦਾਰਥ/ਦਰਪਣ)
"ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ।"
- ਸਲੋ ਕਬ, ੭੧:੨ (1368)

ਸਿਧਨ ----- ਕਰਾਮਾਤੀ ਤਾਕਤਾਂ ਸਿਧ ਜਨ
"ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ।"
- ਗੂਜ ੫, ਅਸ ੧,੭:੧(507)

ਸਿਧਾ ------ (1) ਸਿਧ ਜਨ, ਵੇਖੋ 'ਸਿਧ' (1)
(2) ਸਿਧ ਹੋਇਆ, ਸਾਬਤ/ਪ੍ਰਗਟ ਹੋਇਆ
"ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ।"
- ਆਸਾ ੪, ਛੰਤ ੧੬, ੧:੨ (449)
(3) ਸਿਧੀ, ਕਰਾਮਾਤੀ ਸ਼ਕਤੀ
"ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ।"
-ਗੁਜ ੫, ਅਸ ੧, ੭:੧ (507)

ਸਿਧਾਇਓ --- ਗਿਆ ਹੋਇਆ ਹੈ, ਚਲ ਪਿਆ
"ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ।"

– ਸੋਰ ੫, ੬੧, ੧:੨ (624)

"ਸੰਗਿ ਨ ਚਾਲਿਓ ਇਨ ਮਾਹਿ ਕਛੂਆ ਊਠਿ ਸਿਧਾਇਓ ਨਾਂਗਾ।" (ਚਲ ਪਿਆ)

– ਜੈਤ ੫, ੧, ੩:੨ (700)

ਹੋਰ ਰੂਪ:

ਸਿਧਾਇਆ –

"ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।" (ਚਲ ਪਿਆ)

– ਆਸਾ ੧, ਵਾਰ ੩:੧ (464)

ਸਿਧਾਈ –

"ਰੋਵਨਹਾਰੁ ਭਿ ਊਠਿ ਸਿਧਾਈ।"(ਤੁਰ ਪਏ, ਚਲ ਪਏ)

– ਰਾਮ ੫, ੧0, ੨:੨ (885)

ਸਿਧਾਏ –

"ਏਹ ਵਿਡਾਣੀ ਚਾਕਰੀ ਪਿਰਾ ਜੀਉ ਧਨ ਛੋਡਿ ਪਰਦੇਸਿ ਸਿਧਾਏ।"

– ਗਉ ੩, ਛੰਤ ੫, ੩:੧ (246)

ਸਿਧਾਸ –

"ਲਸਕਰ ਨੇਬ ਖਵਾਸ ਸਭ ਤਿਆਗੇ ਜਮਪੁਰਿ ਊਠਿ ਸਿਧਾਸ।"

– ਗੂਜ ੫, ੫, ੨:੨ (496)

ਸਿਧਾਸਾ –

"ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ।" (ਤੁਰਨਾ, ਚਲ ਪੈਣਾ ਹੈ)

– ਮਾਰੁ ੫, ਸੋਲਾ ੨, ੮:੩ (1073)

ਸਿਧਾਸੀ –

"ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ।"

– ਗਉ ੫, ੧੨੭*, ੧:੨ (206)

ਸਿਧਾਂਤੁ ----- (ਸੰ.) ਕਿਸੇ ਤਰਕ/ ਵਿਚਾਰ ਦਾ ਨਿਚੋੜ/ ਸਾਰ

"ਅਚਿੰਤ ਹਮ੍ਾ ਕਉ ਸਗਲ ਸਿਧਾਂਤੁ।"

– ਭੈਰ ੫, ਅਸ ੩, ੪:੩ (1157)

ਸਿਧਾਦਿਕ --- ਸਿਧ ਆਦਿਕ

"ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ।"

– ਸਵ ੧, ੩:੨ (1389)

ਸਿਧਾਨ ----- ਸਿਧੀ ਦਾ ਬਹੁ-ਵਚਨ, ਸਿਧੀਆਂ, ਕਰਾਮਾਤੀ ਸ਼ਕਤੀਆਂ

"ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ।"

– ਗਜੁ ੫, ਸੋਦ ੫, ੪:੧ (10)

ਸਿਧਾਨਾ ---- ਚਲਾ/ਚੜਾਈ ਕਰ ਗਿਆ

"ਪਾਰਬ੍ਰਹਮ ਪਰਮੇਸੁਰ ਮਾਧੋ ਪਰਮ ਹੰਸੁ ਲੇ ਸਿਧਾਨਾ।"

– ਆਸਾ ਕਬ, ੧੮, ੧:੨ (480)

ਸਿਧਾਰਹੁ ---- ਕੂਚ ਕਰਨਾ/ਚਲਨਾ ਹੈ

"ਰਥ ਨ ਅਸ੍ਵ ਨ ਗਜ ਸਿੰਘਾਸਨ ਛਿਨ ਮਹਿ ਤਿਆਗਤ ਨਾਂਗ ਸਿਧਾਰਹੁ।"
– ਸਮੁ ੫, ੫*:੩ (1388)

ਹੋਰ ਰੂਪ:

ਸਿਧਾਰਾ –
"ਪੇਖਤ ਪੇਖਤ ਊਠਿ ਸਿਧਾਰਾ।"(ਤੁਰ ਗਿਆ)
– ਸੂਹੀ ੫, ੧੬, ੨:੨ (740)

ਸਿਧਾਰਿਓ –
"ਬਜਾਵਨਹਾਰੋ ਊਠਿ ਸਿਧਾਰਿਓ ਤਬ ਫਿਰਿ ਬਾਜੁ ਨ ਭਇਓ।"
– ਸਾਰ ੫, ੩, ੩:੨ (1203)

ਸਿਧਾਰਿਆ –
"ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ।"
– ਗੋਂਡ ਰਵਿ, ੨, ੪:੪ (875)

ਸਿਧਾਰੀਆ –
"ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ।" (ਵਿਦਾ ਹੋਈਆਂ, ਚਲੀਆਂ ਗਈਆਂ)
– ਮਾਝ ੧, ਵਾਰ ੨੨:੫ (148)

ਸਿਧਾਰੇ –
"ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ।" (ਚਲੇ ਗਏ)
– ਗਉ ੫, ਬਾਅ ੨੬:੨ (255)

ਸਿਧਾਰੈ –
"ਅੰਤ ਕੀ ਬਾਰ ਊਠਿ ਸਿਧਾਰੈ।"
– ਰਾਮ ੫, ੨੪, ੧:੪ (890)

ਸਿਧਾਵਹਿ --- ਜਾਏ, ਵੱਲ ਕੂਚ ਕਰੇ
"ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ।"
– ਤੁਖਾ ੧, ਛੰਤ ੬, ੪:੫ (1113)

ਹੋਰ ਰੂਪ:

ਸਿਧਾਵੈ –
"ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈ ਕੁੰਠਿ ਸਿਧਾਵੈ।" (ਜਾਂਦਾ ਹੈ)
– ਰਾਮ ੯, ੧, ੧:੨(902)
"ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ।" (ਤੁਰਦਾ ਹੈ)
– ਆਸਾ ੫, ੧੦, ੧:੧ (373)

ਸਿਧਿ ------ (1) ਵੇਖੋ 'ਸਿਧ'(3) ਸਿਧੀਆਂ, ਕਰਾਮਾਤੀ ਸ਼ਕਤੀਆਂ
"ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।"
– ਜਪੁ ੧, ੨੯:੨ (6)
"ਮੂਡ ਮੁੰਡਾਏ ਜੌ ਸਿਧਿ ਪਾਈ।"
– ਗਉ ਕਬ, ੪, ੨:੧ (324)

ਹੋਰ ਰੂਪ:

ਸਿਧੀ –

"ਤੁਧੁ ਵਿਣੁ ਸਿਧੀ ਕਿਨੈ ਨ ਪਾਈਆ।"

– ਆਸਾ ੧, ਸੋਦ ੨, ੩:੩ (9)

(2) ਪੂਰਨਤਾ, ਸਫਲਤਾ

"ਗੁਰਿ ਪੂਰੇ ਹਰਿ ਨਾਮ ਸਿਧਿ ਪਾਈ ਕੋ ਵਿਰਲਾ ਗੁਰਮਤਿ ਚਲੈ ਜੀਉ।"

–ਮਾਝ ੪, ੧, ੧:੩ (94)

ਹੋਰ ਰੂਪ:

ਸਿਧੀਆ –

"ਏਕ ਨਾਮ ਬਿਨੁ ਕਹ ਲਉ ਸਿਧੀਆ।" (ਕਿਵੇਂ ਸਿੱਧੀ/ਕਾਮਯਾਬੀ ਪ੍ਰਾਪਤ ਹੋਵੇ)

–ਗਉ ੫, ਬਾਅ ੪੩:੨ (259)

(3) ਵੱਡੇ ਜੋਗੀ, ਸਿਧੀਆਂ ਦੇ ਸੁਆਮੀ

"ਸਾਧਿਕ ਸਿਧਿ ਜਿਸੈ ਕਉ ਫਿਰਦੇ।"

– ਮਾਝ ੫, ੩੫, ੨:੧ (130)

(4) ਸਫਲ/ਪੂਰਨ ਹੁੰਦਾ ਹੈ, ਵੇਖੋ 'ਸਿਧੇ' (2)

"ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ।"

– ਮਾਝ ੪, ੬੮, ੪:੪ (175)

(5) ਪ੍ਰਾਪਤੀ, ਵੇਖੋ 'ਸਿਧੁੰ'

"ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ।"

– ਗਉ ੪, ਵਾਰ ੧ਸ, ੪, ੧:੨ (300)

(6) ਕਮਾਈ ਹੋਈ ਅਕਲ

"ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ।"

– ਆਸਾ ੩, ਅਸ ੩੨, ੫:੨ (427)

(7) ਆਤਮਕ ਜ਼ਬਤ /ਸੰਜ਼ਮ

"ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ।"

–ਸੋਰ ੪,੯, ੧:੧ (607)

ਹੋਰ ਰੂਪ:

ਸਿਧੀ–

"ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ।"

–ਸੋਰ ੪, ੯, ੧:੧ (607)

(8)ਪੈਂਡਾ (ਪੂਰਾ) ਕਰਦਾ ਸੀ, ਸਫਰ ਤੈਹ ਕਰਦਾ ਸੀ

"ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ।"

– ਸੋਰ ੫, ੬੧, ੧*:੨ (624)

ਸਿਧੁ ------- (1)ਕਰਾਮਾਤੀ ਸ਼ਕਤੀਆਂ ਦਾ ਮਾਲਕ, ਵਡਾ ਜੋਗੀ, ਵੇਖੋ 'ਸਿਧ' (1)

"ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।"

–ਸਿਰੀ ੧, ੧, ੩:੧ (14)

(2) ਵਾਹਿਗੁਰੂ, ਪਰਾਮਾਤਮਾ

"ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ।"

– ਰਾਮ ੧, ੬, ੨:੧ (878)

(3) ਪ੍ਰਗਟ, ਜ਼ਾਹਰਾ ਜ਼ਹੂਰ ਪ੍ਰਭੂ

"ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ।"
– ਸਵ ੩, ੧੨:੪ (1394)

ਸਿੰਧੁ ------ (1) (ਸੰ.) ਸਮੁੰਦਰ, ਸਾਗਰ
"ਤਹ ਪਾਵਸ ਸਿੰਧੁ ਧੂਪ ਨਹੀਂ ਛਹੀਆ ਤਹ ਉਤਪਤਿ ਪਰਲਉ ਨਾਹੀ।"
– ਗਉ ਕਬ, ੪੮, ੧:੧ (333)
(2) ਲੂਣ
"ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ।"
– ਆਸਾ ੫, ੧੨੩, ੩:੧ (402)
(3) ਪ੍ਰਮਾਤਮਾ (ਭਾਵ)
"ਘਟ ਮਹਿ ਸਿੰਧੁ ਕੀਓ ਪਰਗਾਸੁ।" (ਹਿਰਦੇ (ਘੜੇ) ਵਿਚ ਵਾਹਿਗੁਰੂ (ਸਮੁੰਦਰ) ਦਾ ਪ੍ਰਕਾਸ਼ ਹੈ)
– ਰਾਮ ੫, ੫੪, ੧:੪(900)

ਸਿਧੇ ------ (1) ਕਰਾਮਾਤੀ ਸ਼ਕਤੀਆਂ, ਵੇਖੋ 'ਸਿਧ'(3)
"ਤਾ ਕਉ ਸਗਲ ਸਿਧੇ ਹਾਂ।"
–ਆਸਾ ੫, ੧੬੧, ੧*:੪(410)
(2) ਸਫਲਤਾ, ਵੇਖੋ 'ਸਿਧਿ'(4)
"ਮੋਹਿ ਆਸਰ ਤੁਅ ਚਰਨ ਤੁਮਾਰੀ ਸਰਨਿ ਸਿਧੇ।"
– ਆਸਾ ੫, ਛੰਤ ੬, ੩:੨ (456)

ਸਿਧੵੰ ------ ਪ੍ਰਾਪਤ ਹੋਣਾ, ਵੇਖੋ 'ਸਿਧਿ' (5)
"ਸਿਧੵੰ ਸਰਬ ਕੁਸਲਣਹ।"
– ਗਾਥਾ ੫, ੧੮:੧ (1361)

ਹੋਰ ਰੂਪ:

ਸਿਧੵਤੇ –
"ਅਨਿਕ ਸਾਧਨੰ ਨ ਸਿਧੵਤੇ ਨਾਨਕ ਅਸਥੰਭੰ ਅਸਥੰਭੰ ਅਸਥੰਭੰ ਸਬਦ ਸਾਧ ਸ੍ਵਜਨਹ।"
– ਸਸ ੫, ੧੭:੩ (1355)

ਸਿੰਨਾ ------ ਸੈਣ, ਸਬੰਧੀ (ਦਰਪਣ) ਫੌਜ (ਮਹਾਨਕੋਸ਼)
"ਮਿਤ੍ਰੁ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ।"
– ਜੈਤ ੫, ਵਾਰ ੭:੩ (707)

ਸਿਨਾਖਤੁ --- (ਫਾ. ਸ਼ਨਾਖਤ) ਪਹਿਚਾਣ ਪਛਾਣ
"ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ।" (ਪਛਾਣੀਦਾ ਹੈ)
– ਮਾਝ੧, ਵਾਰ ੮:੮ (141)

ਸਿਪੀਤੀ ---- ਸਿਫਤ, ਉਸਤਤ
"ਜਿਨ ਕਉ ਧੋਤੇ ਪੁੰਨੁ ਹੈ ਤਿਨ੍ਹ ਵਾਤਿ ਸਿਪੀਤੀ।"
– ਰਾਮ ੩, ਵਾਰ ੧੦:੪ (951)

ਸਿਫਤਿ ----- (1) (ਅ. ਸਿਫ਼ਤ) ਉਸਤਤ, ਤਾਰੀਫ, ਜਸ (ਹਰਿ ਦਾ)

"ਜਿਸ ਨੋ ਬਖਸੇ ਸਿਫਤਿ ਸਾਲਾਹ।"
– ਜਪੁ ੧, ੨੫:੧੬ (5)
"ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ।"
– ਸਿਰੀ ੧, ੧੦, ੩:੨ (18)

ਹੋਰ ਰੂਪ:

ਸਿਫਤੀ –
"ਇਕਿ ਆਪਣੀ ਸਿਫਤੀ ਲਾਇਅਨੁ ਦੇ ਸਤਿਗੁਰ ਮਤੀ।"
– ਰਾਮ ੩, ਵਾਰ ੩:੧ (948)

(2) ਜਿਸ ਦੀ ਉਸਤਤ ਕੀਤੀ ਜਾਵੇ ਭਾਵ ਪ੍ਰਭੂ
"ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ।"
– ਸਿਰੀ ੧, ੧੨, ੧:੧ (18)

(3) ਉਪਮਾ/ਉਸਤਤ ਕਰਨ ਨਾਲ, ਸਿਫਤ ਦੁਆਰਾ
"ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤੀ ਵਿਗਾਸਿ।"
– ਆਸਾ ੧, ਵਾਰ ੨੨ਸ, ੨, ੩:੫ (474)
"ਗੁਰਮੁਖਿ ਦਰਗਹ ਸਿਫਤਿ ਸਮਾਇ।"
– ਰਾਮ ੧, ਸਿਗੋ ੪੧:੫ (942)

ਹੋਰ ਰੂਪ:

ਸਿਫਤੀ –
"ਸਿਫਤੀ ਗੰਢੁ ਪਵੈ ਦਰਬਾਰਿ।"
– ਮਾਝ ੧, ਵਾਰ ੧੨ਸ, ੧, ੨:੧੪ (143)

ਸਿਫਤੀ ----- (1) ਜਸ/ਉਪਮਾ/ਸਿਫਤ ਦਾ
"ਅੰਤੁ ਨ ਸਿਫਤੀ ਕਹਣਿ ਨ ਅੰਤੁ।"
– ਜਪੁ ੧, ੨੪:੧ (5)

(2) ਉਪਮਾ/ਜਸ ਕਰਨ ਵਾਲਾ
"ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਮਾਇ" (ਸਿਫਤ ਕਰਨ ਵਾਲਾ)
– ਸਿਰੀ ੧, ੧੨, ੧:੧ (18)

(3) ਸਿਫਤ ਦੁਆਰਾ, ਵੇਖੋ 'ਸਿਫਤਿ' (3)
(4) ਸਿਫਤ (ਹਰਿ) ਜਸ, ਉਪਮਾ, ਵੇਖੋ 'ਸਿਫਤਿ' (1)

ਹੋਰ ਰੂਪ:

ਸਿਫਤੰੀ–
"ਆਖਹਿ ਥਕਹਿ ਆਖਿ ਆਖਿ ਕਰਿ ਸਿਫਤੰੀ ਵੀਚਾਰ।"
– ਸਾਰ ੪, ੧੧ਸ, ੧, ੧:੬ (1141)

ਸਿੰਬਲੁ ----- (ਸੂੰ.) ਇਕ ਉਚਾ ਦਰਖਤ ਜਿਸ ਦੇ ਫੁੱਲ ਸੋਖ ਰੰਗ ਦੇ ਆਕਰਸ਼ਕ ਪਰ ਫਲ ਬੇਸੁਆਦਾ (ਬਕਬਕੇ) ਹੁੰਦੇ ਹਨ
"ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ।"
– ਭੈਰ ਨਾਮ, ੮, ੧:੩ (1165)

ਸਿਬਾਲੁ ----- (ਸੰ.) ਪਾਣੀ ਦਾ ਜਾਲਾ, ਕਾਹੀ, ਵੇਖੋ 'ਸਿਮਰਣ'

"ਕਾਇਆ ਛੀਜੈ ਭਈ ਸਿਬਾਲੁ।"
– ਰਾਮ ੧, ਓਅੰ ੨੪:੮ (933)

ਸਿਮਰੰ ----- (ਸੰ.) ਜਾਪ ਕਰਨਾ
"ਸਿਮਰੰ ਸੋਈ ਪੁਰਖੁ ਅਚਲੁ ਅਬਿਨਾਸੀ।"
– ਸਵ ੫, ਕਲ ੧:੧ (1406)

ਹੋਰ ਰੂਪ:

ਸਿਮਰਉ –
"ਸਿਮਰਉ ਦਿਨੁ ਰੈਨਿ ਸਾਸ ਗਿਰਾਸਾ।" (ਮੈਂ ਸਿਮਰਦਾ ਹਾਂ)
– ਗਉ ੫, ੭੫, ੩:੪ (177)

ਸਿਮਰਹ –
"ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ।" (ਸਿਮਰਦਾ ਹੈ)
– ਆਸਾ ੫, ੧੧੩, ੧*:੨ (399)

ਸਿਮਰਹਿ –
"ਸਿਮਰਹਿ ਸਾਧ ਕਰਹਿ ਆਨੰਦੁ।" (ਸਿਮਰਦੇ ਹਨ)
– ਗਉ ੫, ੧੬੪, ੩:੧ (199)

ਸਿਮਰਹੁ –
"ਸੋ ਸਿਮਰਹੁ ਅਨਾਥ ਕੋ ਨਾਥੁ।"
–ਗਉ ੫, ੯੫, ੧:੨ (184)

ਸਿਮਰਹਿ ---- (1) ਜਾਪ ਕਰਨਾ, ਵੇਖੋ 'ਸਿਮਰੰ'
(2) ਚਾਹਣਾ ਕਰਨੀ
"ਇਸ ਦੇਹੀ ਕਉ ਸਿਮਰਹਿ ਦੇਵ।"
– ਭੈਰ ਕਬ, ੯, ੧:੩ (1159)
(3) ਯਾਦ ਰਖਨਾ, ਚੇਤੇ ਕਰਨਾ
"ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ।"
– ਭੈਰ ੫, ੧੪, ੨:੧ (1138)

ਹੋਰ ਰੂਪ:

ਸਿਮਰਹੁ –
"ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ।"
– ਸਲੋ ਕਬ, ੧੬ ੩:੧ (1373)

ਸਿਮਰਣ ---- (1) ਜਾਪ, ਵੇਖੋ 'ਸਿਮਰੰ'
"ਬਿਨੁ ਹਰਿ ਸਿਮਰਣ ਪਾਪਿ ਸੰਤਾਪੀ।"
– ਆਸਾ ੧, ੨੪, ੨:੨ (356)

ਹੋਰ ਰੂਪ:

ਸਿਮਰਣੰ –
"ਗੁਸਾਂਈ ਗਰਿਸ੍ਟ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ।"
– ਸਸ ੫, ੫੪:੧ (1359)

ਸਿਮਰਣਾ –
“ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ।” (ਜਾਪ ਕਰਨ ਨਾਲ)
– ਸਿਰੀ ੫, ੮੭, ੧:੨ (48)

ਸਿਮਰਣਿ –
“ਜਾ ਕੈ ਸਿਮਰਣਿ ਜਮ ਨਹੀਂ ਡਰੂਆ।”
– ਗਉ ੫, ੧੫੪, ੧*:੨ (196)

ਸਿਮਰਣੁ –
“ਹਰਿ ਹਰਿ ਸਿਮਰਣੁ ਕਿਲਵਿਖ ਹੰਤਾ ।”
– ਆਸਾ ੧, ਅਸ ੯, ੪:੨ (416)

ਸਿਮਰਣੇ –
“ਜਿਨ ਕਉ ਤੁਮ੍ਰੇ ਵਡ ਕਟਾਖ ਹੈ ਤੇ ਗੁਰਮੁਖਿ ਹਰਿ ਸਿਮਰਣੇ।”
– ਨਟ ੪, ੬, ੧:੨ (977)

ਸਿਮਰੰਤ –
“ਦਿਨਸੁ ਰੈਣਿ ਅਨੰਦ ਅਨਦਿਨੁ ਸਿਮਰੰਤ ਨਾਨਕ ਹਰਿ ਹਰੇ।”
– ਆਸਾ ੫, ਛੰਤ ੯, ੪:੬ (459)

ਸਿਮਰਤ –
“ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ।” (ਸਿਮਰਨ ਸਦਕਾ)
–ਸਿਰੀ ੫, ੭੭, ੨:੨ (44)
“ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ।”(ਸਿਮਰਨ ਵਿਚ ਜੁਟਾ ਰਹਿ)
– ਗਉ ੫, ਬਾਅ ੩੨:੬ (257)

ਸਿਮਰਤਬ –
“ਸਿਮਰਤਬ ਰਿਦੈ ਗੁਰ ਮੰਤ੍ਰਣਹ।” (ਸਿਮਰਨ ਯੋਗ)
– ਗਾਥਾ ੫, ੧੪:੨ (1361)

ਸਿਮਰੰਤਿ –
“ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ।”
– ਜੈਤ ੫, ਵਾਰ ੧ਸ, ੫, ੧:੨ (705)

ਸਿਮਰਤੇ –
“ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ।”
– ਸਸ ੫, ੨੨:੨ (1356)

ਸਿਮਰੰਥਿ –
“ਗਾਵਹਿ ਗੁਣ ਬਰਨ ਚਾਰਿ ਘਟ ਦਰਸਨ ਬ੍ਰਹਮਾਦਿਕ ਸਿਮਰੰਥਿ ਗੁਨਾ।”
– ਸਵ ੧, ੫:੧ (1390)

ਸਿਮਰੰਦੇ –
“ਜੋ ਸਿਮਰੰਦੇ ਸਾਂਈਐ।”
– ਮਾਝ ੫, ਅਸ ੩੮, ੨:੧ (132)

ਸਿਮਰਨ –
“ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ।”
– ਗਉ ੫, ੧੧੯, ੨:੨ (189)

ਸਿਮਰਨਿ –

"ਪ੍ਰਭ ਕੇ ਸਿਮਰਨਿ ਗਰਭਿ ਨ ਬਸੈ।"

– ਗਉ ੫, ਸੁਖ ੧, ੨:੧ (262)

ਸਿਮਰਤ----- (1) ਸਿਮਰਨ ਸਦਕਾ, ਵੇਖੋ 'ਸਿਮਰੰ'

(2) ਚਿੰਤਨ ਕਰਦਾ/ ਸੋਚਦਾ ਹੈ

"ਹਰਿ ਪੇਖਨ ਕਉ ਸਿਮਰਤ ਮਨੁ ਮੇਰਾ।"

–ਗਉ ੫, ੧੨੧*, ੧*:੧ (204)

ਸਿਮਰਨੀ ---- ਮਾਲਾ

"ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ।"

–ਸਲੋ ਕਬ, ੧:੧ (1364)

ਸਿਮਰਨੁ----- (1) ਜਾਪ, ਜੀਭ ਦੁਆਰਾ ਪ੍ਰਭੂ ਦੇ ਨਾਮ ਦਾ ਰਟਨ ਕਰਨਾ, ਵੇਖੋ 'ਸਿਮਰੰ'

"ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।"

– ਗਜ ੫, ਸੋਦ ੫, ੩:੨ (10)

"ਹਮਰੈ ਸ੍ਰਵਣੁ ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ।" (ਯਾਦ ਕਰਨ ਹਿਤ)

– ਆਸਾ ੪, ੬੬, ੧*:੧ (369)

ਹੋਰ ਰੂਪ:

ਸਿਮਰਨੋ –

"ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ ਨਾਮੁ ਗੋਬਿੰਦ ਕਾ ਸਦਾ ਲੀਜੈ।"

– ਧਨਾ ੫, ੫੪, ੧*:੧ (683)

(2) ਚਿੰਤਨ ਕਰਨਾ, ਸੋਚਿਆ

"ਉਨ ਕਵਨੁ ਖਲਾਵੈ ਕਵਨੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।" (ਕੀ ਤੂੰ ਮਨ ਵਿਚ ਸੋਚਿਆ ਹੈ?)

– ਗਜ ੫, ੧, ੩:੨ (495)

(3) ਯਾਦ ਕਰਾਂ

"ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।"

–ਧਨਾ ਰਵਿ, ੨, ੧:੧ (694)

ਹੋਰ ਰੂਪ:

ਸਿਮਰਾ –

"ਠਾਕੁਰ ਜਾ ਸਿਮਰਾ ਤੂੰ ਤਾਹੀ।"

– ਗੂਜ ੫, ੧੯, ੧*:੧ (499)

ਸਿਮਰਾਏ --- ਸਿਮਰਨ/ਜਾਪ ਕਰਾਏ

"ਸੇ ਸਿਮਰਹਿ ਜਿਨ ਆਪਿ ਸਿਮਰਾਏ।"

– ਗਉ ੫, ਸੁਖ੧, ੩:੯ (263)

ਹੋਰ ਰੂਪ:

ਸਿਮਰਾਵਹੁ –

"ਪ੍ਰਭ ਬਿਨਾ ਆਨ ਨ ਰਾਖਨਹਾਰਾ ਨਾਮੁ ਸਿਮਰਾਵਹੁ ਸਰਨਿ ਸੂਰੇ।"

– ਧਨਾ ੫, ੫੩, ੧:੨ (683)

ਸਿਮਰਿ ----- **ਸਿਮਰਕੇ, ਜਾਪ ਕੇ**

“ਜਿਨਿ ਤੂੰ ਸਾਜਿ ਸਵਾਰਿਆ ਹਰਿ ਸਿਮਰਿ ਹੋਇ ਉਧਾਰੁ।”
– ਸਿਰੀ ੫, ੯੫, ੧:੨(51)

“ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ।”
– ਸਿਰੀ ੫, ਛੰਤ ੨, ੪:੩ (80)

“ਸੋ ਸਮਰਥੁ ਸਿਮਰਿ ਸਾਸਿ ਗਿਰਾਸਿ।” (ਸਿਮਰ, ਤੂੰ ਸਿਮਰ)
– ਗਉ ੫, ੧੫੬, ੩:੨ (197)

ਹੋਰ ਰੂਪ:

ਸਿਮਰਿਓ –

“ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ।”
– ਮਾਰੂ ੯, ੨, ੧*:੨ (1008)

ਸਿਮਰਿਆ –

“ਹਰਿ ਜਨ ਸਿਮਰਿਆ ਨਾਮ ਅਪਾਰਿ।”
–ਸੋਰ ੫, ੪੬, ੧*:੧ (620)

ਸਿਮਰਿਐ –

“ਸਚਿ ਸਿਮਰਿਐ ਹੋਵੈ ਪਰਗਾਸੁ।” (ਸਿਮਰਨ ਨਾਲ)
– ਧੰਨਾ ੧, ੪, ੨:੧ (661)

ਸਿਮਰਹੁ –

“ਸਾਹਿਬੁ ਸਿਮਰਹੁ ਮੇਰੇ ਭਾਈ ਹੋ ਸਭਨਾ ਏਹੁ ਪਇਆਣਾ।”
–ਵਡ ੧, ਅਲਾ ੧, ੨:੧ (579)

ਸਿਮਰੀ –

“ਕਿਉ ਸਿਮਰੀ ਸਿਵਰਿਆ ਨਹੀਂ ਜਾਇ।” (ਸਿਮਰਾਂ)
– ਧਨਾ੧, ੩, ੧:੧ (661)

“ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋ ਕਉ ਕਹਾ ਡਰਾਈ।”
(ਸਿਮਰਦਾ ਹਾਂ)
– ਆਸਾ ੫, ੧੬, ੧*:੨ (375)

ਸਿਮਰੀਐ –

“ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ।”
– ਗਉ੧, ਸੋਹ੧, ੪:੨ (12)

ਸਿਮਰੀਜੈ –

“ਸੁ ਮਤਿ ਸਾਰ ਜਿਤੁ ਹਰਿ ਸਿਮਰੀਜੈ।” (ਸਿਮਰੀਦਾ ਹੈ)
– ਰਾਮ ੫, ੩੮, ੪:੧ (895)

ਸਿਮਰੁ –

“ਕਰਿ ਸਾਧ ਸੰਗਤਿ ਸਿੰਮਰੁ ਮਾਧੋ ਹੋਹਿ ਪਤਿਤ ਪੁਨੀਤ।” (ਸਿਮਰ)
– ਸੋਰ ੯, ੧, ੧:੧ (631)

ਸਿੰਮਰੁ –

“ਰਾਮੁ ਸਿੰਮਰੁ ਪਛੁਤਾਹਿਗਾ ਮਨ।”

– ਮਾਰੂ ਕਬ, ੧, ੧*:੧ (1106)

ਸਿਮਰੇ –
"ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ।"
– ਗਉ ੧, ਅਸ ੯, ੧:੩ (224)

ਸਿਮਰੈ–
"ਨਾਨਕ ਸਿਮਰੈ ਨਾਮੁ ਨਿਧਾਨੁ।" (ਸਿਮਰਦਾ ਹੈ)
– ਗਉ ੫, ੧੩੫, ੪:੨ (193)

ਸਿੰਮਲ ----- (ਸੰ.) ਇਕ ਪ੍ਰਕਾਰ ਦਾ ਵਡਾ ਸਾਰਾ ਦਰੱਖਤ ਜਿਸ ਦੇ ਫੁੱਲ ਬੜੇ ਆਕਰਸ਼ਕ ਤੇ ਸ਼ੋਖ ਰੰਗ ਦੇ ਹੁੰਦੇ ਹਨ ਪਰ ਫੱਲ ਬਕਬਕੇ
"ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ।"
– ਆਸਾ ੧, ਵਾਰ ੧੪ਸ, ੧, ੧:੧ (470)

ਸਿੰਮ੍ਰਤਬੵ ---- (ਸੰ.)ਸਿਮਰਨ ਯੋਗ,ਯਾਦ ਕਰਨ ਯੋਗ, ਵੇਖੋ 'ਸਿਮਰਣ'
"ਸਦਾ ਸਦਾ ਸਿੰਮ੍ਰਤਬੵ ਸੁਆਮੀ ਸਾਸਿ ਸਾਸਿ ਗੁਣ ਬੋਲਈ।"
– ਧਨਾ ੫, ਛੰਤ੧, ੪:੫ (691)

ਸਿਮ੍ਰਿਤ ----- ਸਿਮ੍ਰਤੀਆਂ, (ਸੰ.) ਵੇਦਾਂ ਦੇ ਵਾਕਾਂ ਨੂੰ ਵਿਆਖਿਆਉਦੇ ਧਰਮ ਗ੍ਰੰਥ, ਗਿਣਤੀ, ਅਨਿਸਚਿਤ ਹੈ, ਪ੍ਰਸਿੱਧ 31 ਮੰਨੀਆਂ ਜਾਂਦੀਆਂ ਹਨ।
"ਸਿਮ੍ਰਿਤ ਸਾਸਤ੍ਰ ਬੇਦ ਪੁਰਾਣ।"
– ਗੋਂਡ ੫, ੧੭, ੧:੧ (867)

ਹੋਰ ਰੂਪ:

ਸਿੰਮ੍ਰਿਤਾਏ –
"ਚਹੁ ਮਹਿ ਪੇਖਿਓ ਘਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ।"
– ਭੈਰ ੫, ੧੫, ੩:੧ (1139)

ਸਿਮ੍ਰਿਤਿ –
"ਸਾਸਤ੍ਰ ਸਿਮ੍ਰਿਤਿ ਨਾਮੁ ਦ੍ਰਿੜਾਮੰ।"
– ਬਿਲਾ੧, ਅਸ੧, ੭:੧ (831)

ਸਿੰਮ੍ਰਿਤਿ –
"ਬੋਲਾ ਜੇ ਸਮਝਾਈਐ ਪੜੀਅਹਿ ਸਿੰਮ੍ਰਿਤਿ ਪਾਠ।"
– ਮਾਝ੧, ਵਾਰ ੧੨ਸ, ੧, ੧:੪ (143)

ਸਿਮ੍ਰਿਤਿ ---- (1) ਧਰਮ-ਗ੍ਰੰਥ, ਵੇਖੋ 'ਸਿੰਮ੍ਰਤ'
(2) ਯਾਦ
"ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ।"
– ਗਉ ਕਬ, ੫੩, ੧:੧ (334)

ਸਿਮ੍ਰਿਤੀ ---- ਹਿੰਦੂਆਂ ਦੇ ਧਰਮ-ਗ੍ਰੰਥ, ਵੇਖੋ ਸਿਮ੍ਰਿਤ
"ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।"
– ਗਉ ੫, ਸੁਖ ੩ਸ:੧ (265)

ਹੋਰ ਰੂਪ:

ਸਿੰਮ੍ਰਿਤੇ –
“ਪੂਛਹੁ ਸਗਲ ਬੇਦ ਸਿੰਮ੍ਰਿਤੇ।”
– ਪ੍ਰਭਾ ੫, ਅਸ ੨, ੭:੨ (1348)

ਸਿਰ –(ਸੰ.)ਸੀਸ, ਵੇਖੋ ‘ਸਿਰਾ’, ਸਿਰਿ, ਸਿਰੁ
“ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।”(ਮੁਹਾਵਰਾ–ਹੱਸ ਕੇ /ਸ਼ੁਕਰ ਕਰਕੇ ਮੰਨੇ)
–ਮਾਝ ੧, ਵਾਰ ੮ਸ, ੧, ੧:੪ (141)
“ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।”
– ਮਾਝ੧, ਵਾਰ ੧੫ਸ, ੧, ੧:੫(145)
“ਸਿਰ ਊਪਰਿ ਮਾਤ ਪਿਤਾ ਗੁਰਦੇਵ।” (ਸਿਰ ਉਤੇ ਹੋਣ ਦਾ ਭਾਵ ਹੈ ਰਾਖੇ ਹੋਣਾ)
– ਧਨਾ ੫, ੨੪, ੧:੧ (677)
“ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ।”
(ਸਿਰ ਉਪਰ ਤੋਂ ਇਥੇ ਭਾਵ ਹੈ ਨਿਕਟ, ਤਾਕ (ਉਡੀਕ) ਵਿਚ)
– ਸੂਹੀ ੩, ਵਾਰ ੫:੩ (787)
“ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ ।” (ਸਿਰ ਸਿਰਹਿ ਦਾ ਭਾਵ ਹੈ ਹਰ ਇਕ ਦੇ ਕਰਮਾਂ ਅਨੁਸਾਰ ਹੈ)
– ਮਾਰ ੫, ਸੋਲਾ ੩, ੧:੨ (1073)
“ਨਾਨਕ ਸਚੇ ਨਾਮ ਬਿਨੁ ਸਿਰ ਖੁਰ ਪਤਿ ਪਾਟੀ।” (ਸਿਰ ਖੁਰਾ ਤੋਂ ਭਾਵ ਹੈ ਸਿਰ ਤੋਂ ਪੈਰਾਂ ਤੱਕ ਭਾਵ ਸਾਰੀ)
– ਮਲਾ੧, ਵਾਰ ੨0ਸ, ੧, ੨:੫ (1287)

ਸਿਰਹਾਨਾ --- (ਸੰ.) ਸਿਰ ਦਾ ਸਹਾਰਾ, ਤਕੀਆ
‘“ਸਿਰਹਾਨਾ ਅਵਰ ਤੁਲਾਈ।”
– ਸੋਰ ਕਬ, ੧੧, ੩:੨ (656)

ਸਿਰਹਿ ----- ਸਿਰ ਅਨੁਸਾਰ, ਵਿਅਕਤੀ ਅਨੁਸਾਰ
“ਘਟਿ ਘਟਿ ਪੂਰਨੁ ਸਿਰ ਸਿਰਹਿ ਨਿਬੇਰਾ।”
–ਮਾਰੂ ੫, ਸੋਲਾ ੩, ੧:੨ (1073)

ਸਿਰਹੁ ----- ਸਿਰ ਤੋਂ
“ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ।”
– ਮਾਝ ੧, ਵਾਰ ੫:੫ (140)

ਸਿਰਕਾਰ --- (1) (ਫਾ. ਸਰਕਾਰ) ਹਕੂਮਤ, ਰਾਜ
“ਜਿਸ ਹੀ ਕੀ ਸਿਰਕਾਰ ਹੈ ਤਿਸ ਹੀ ਕਾ ਸਭੁ ਕੋਇ।”
– ਸਿਰੀ ੩, ੩੬, ੧:੧ (27)
(2) ਪਰਜਾ, ਰਈਅਤ, ਵੇਖੋ ‘ਸਰਕਾਰ’
“ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ।”
– ਗੂਜ ੩, ਵਾਰ ੧੨:੨ (513)

ਹੋਰ ਰੂਪ:

ਸਿਰਕਾਰਾ –

“ਸਚੀ ਕਰਣੀ ਗੁਰ ਕੀ ਸਿਰਕਾਰਾ।”
– ਮਾਰੂ ੧, ਸੋਲਾ ੧੨, ੧੩:੧ (1033)

ਸਿਰਖੁਥੇ ---- ਖੁਸੇ ਹੋਏ ਵਾਲਾਂ ਵਾਲੇ, ਸਿਰ ਵਾਲੇ, ਜੈਨੀਆਂ ਦਾ ਇਕ ਫਿਰਕਾ ਜੋ ਜੜਾਂ ਤੋਂ ਆਪਣੇ ਸਿਰ ਦੇ ਵਾਲ ਪੁਟ ਸੁਟਦੇ ਹਨ, ਹੋਰ ਵੇਖੋ ‘ਸਿਰਿ ਖੁਥੈ’
“ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ।”
– ਮਾਝ ੧, ਵਾਰ ੨੬ਸ, ੧, ੧:੧੮ (150)

ਸਿਰਜਣਹਾਰ – ਸਿਰਜਣ ਵਾਲਾ, ਰਚਨਹਾਰ, ਕਰਤਾ, ਪੈਦਾ ਕਰਨ ਵਾਲਾ, ਕਰਤਾਰ
“ਗਲੀ ਗਲਾ ਸਿਰਜਣਹਾਰ।”
(ਉਤਮ ਗਲਾਂ ਸਿਰਜਣਹਾਰ ਦੀਆਂ ਹਨ)
– ਆਸਾ ੧, ੯, ੧:੨ (351)
“ਕਰਿ ਕਿਰਪਾ ਪ੍ਰਭ ਆਪਣੀ ਸਚੇ ਸਿਰਜਣਹਾਰ।”
–ਸਾਰ ੪, ਵਾਰ ੩੬ਸ, ੫, ੨:੪ (1251)

ਹੋਰ ਰੂਪ:

ਸਿਰਜਣਹਾਰਾ –
“ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ।”
–ਆਸਾ ੪, ਸੁਪ੍ ੧, ੧:੨ (10)

ਸਿਰਜਣਹਾਰਿ –
“ਸਿਰਜਣਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ।”
– ਸਿਰੀ ੫, ੭੧, ੨:੪ (42)

ਸਿਰਜਣਹਾਰਿਆ –
“ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ।” (ਹੇ ਕਰਤਾਰ)
–ਗਉ ੪, ਵਾਰ ੨੦ਸ, ੪, ੨:੬ (311)

ਸਿਰਜਣਹਾਰੁ –
“ਕਰਿ ਕਰਿ ਵੇਖੈ ਸਿਰਜਣਹਾਰੁ।”
– ਜਪੁ ੧, ੩੧:੩ (7)

ਸਿਰਜਣਹਾਰੇ –
“ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ।”
–ਗਉ ੪, ਵਾਰ ੨੧ਸ, ੪, ੧:੭ (312)

ਸਿਰਜਣਹਾਰੈ –
“ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ।”
– ਰਾਮ ਬਸ, ਵਾਰ ੭:੨ (968)

ਸਿਰਜਣਹਾਰੋ –
“ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ।”
– ਗਉ ੧, ਸੋਹ ੧, ੧:੨ (12)

ਸਿਰਜਨਹਾਰ –
“ਆਠ ਪਹਰ ਸਾਲਾਹਿ ਸਿਰਜਨਹਾਰ ਤੂੰ ।”
– ਆਸਾ ੫, ੧੦੭, ੧*:੧ (397)

ਸਿਰਜਨਹਾਰਾ –

"ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ।"
– ਸੂਹੀ ੫, ੪੭, ੧*:੧ (746)

ਸਿਰਜਨਹਾਰਿ –
"ਤਾਪੁ ਲਾਹਿਆ ਗੁਰ ਸਿਰਜਨਹਾਰਿ।" (ਕਰਤਾਰ ਨੇ)
– ਬਿਲਾ ੫, ੮੬, ੧*:੧ (821)

ਸਿਰਜਨਹਾਰਿਆ –
"ਤੂ ਆਪਿ ਸਵਾਰਹਿ ਆਪਿ ਸਿਰਜਨਹਾਰਿਆ।"
– ਸੂਹੀ ੩, ਵਾਰ ੧੬:੫ (791)

ਸਿਰਜਨਹਾਰੀ –
"ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਰਜਨਹਾਰੀ।"(ਸਿਰਜਨਹਾਰ ਨੇ)
– ਭੈਰ ੪, ੬, ੩:੨ (1135)

ਸਿਰਜਨਹਾਰੁ –
"ਓਹ ਰਲਾਈ ਕਿਸੈ ਦੀ ਨ ਰਲੈ ਜਿਸੁ ਰਾਵੇ ਸਿਰਜਨਹਾਰੁ।"
– ਸੂਹੀ ੩, ਵਾਰ ੪ਸ, ੩, ੧:੬ (786)

ਸਿਰਜਨਹਾਰੇ –
"ਦਇਆ ਧਾਰੀ ਤਿਨਿ ਸਿਰਜਨਹਾਰੇ।"
– ਮਾਝ ੫, ੩੦, ੩:੧ (103)

ਸਿਰਜਨਹਾਰੋ –
"ਇਕਨਾ ਮਨ ਆਧਾਰੋ ਸਿਰਜਣਹਾਰੋ ਵਡਭਾਗੀ ਗੁਰੁ ਪਾਇਆ।"
– ਸੂਹੀ ੩, ਛੰਤ੭, ੩:੩ (772)

ਸਿਰਜਿ ----- **ਪੈਦਾ ਕਰਕੇ, ਸਵਾਰ ਕੇ**
"ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ।"
– ਆਸਾ ੪, ਸੋਪੁ ੧, ੫:੪ (11)

ਹੋਰ ਰੂਪ:

ਸਿਰਜਿਓਨੁ –
"ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।" (ਉਸ ਨੇ ਪੈਦਾ ਕੀਤਾ)
– ਸਿਰੀ ੫, ੮੬, ੪:੨ (48)

ਸਿਰਜਿਅਨੁ –
"ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ।"
– ਵਡ ੧, ਅਲਾ ੩, ੧:੪ (580)

ਸਿਰਜਿਆ –
"ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ।"
– ਵਡ ੧, ਅਲਾ ੩, ੩:੧ (580)

ਸਿਰਜਿਐ –
"ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ।"
– ਵਡ ੧, ਅਲਾ ੩, ੨:੨ (580)

ਸਿਰਜੀ –

"ਤੁਧੁ ਆਪੇ ਸਿਰਜੀ ਆਪੇ ਗੋਈ।"

– ਮਾਝ ੩, ਅਸ ੬, ੮:੨ (112)

ਸਿਰਜੀਆ –
"ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ।" (ਬਣਾਈ ਹੈ)

– ਬਿਹਾ ੫, ਛੰਤ ੧, ੧:੩ (542)

ਸਿਰਜੇ –
"ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ।"

– ਸੋਰ ੫, ੪, ੪:੧ (609)

ਸਿਰਜਿਉ –
"ਸਚਿ ਸਿਰਜਿਉ ਸੰਸਾਰੁ ਆਪਿ ਅਭੁਲੁ ਨ ਭੁਲਉ।"

– ਸਵ ੫, ੭:੩ (1386)

ਸਿਰਠਿ ----- (ਸੰ.) ਸ੍ਰਿਸ਼ਟੀ
"ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।"

– ਜਪੁ ੧, ੬:੨ (2)

ਹੋਰ ਰੂਪ:

ਸਿਰਠੀ –
"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"

– ਜਪੁ ੧, ੨੧:੧੪ (4)

ਸਿਰਤਾਜਾ --- ਮੁਕਟ, ਸਿਰ ਦਾ ਤਾਜ
"ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ।"

– ਸੂਹੀ ੧, ਛੰਤ ੩, ੪:੧ (765)

ਸਿਰਤਿ ----- (ਸੰ.) ਸਿਰ ਪੀੜ, ਅੱਧੇ ਸਿਰ ਦੀ ਪੀੜ
"ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ।"

– ਗਉ ੪, ੫੧, ੪:੨ (168)

ਸਿਰੰਦਾ ----- ਸਿਰਜਣ-ਕਰਤਾ, ਸ੍ਰਿਸ਼ਟੀ ਕਰਤਾ, ਸਿਰਜਣਹਾਰ, ਹੋਰ ਵੇਖੋ 'ਸਿਰੰਦਿਆ'
"ਧੰਨੁ ਸਿਰੰਦਾ ਸਚਾ ਪਾਤਸ਼ਾਹੁ ਜਿਨਿ ਜਗੁ ਧੰਧੈ ਲਾਇਆ।"

– ਵਡ ੧, ਅਲਾ ੧, ੧:੧ (578)

ਸਿਰਦਾਰੁ ---- ਸਰਦਾਰ, ਮੁਖੀਆ
"ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ।"

–ਮਾਝ ੧, ਵਾਰ ੧੦:੪ (142)

ਸਿਰੰਦਿਆ --- ਪੈਦਾ ਕਰਨ ਵਾਲਾ, ਸਿਰਜਣਹਾਰ: ਵੇਖੋ 'ਸਿਰੰਦਾ'
"ਤੂ ਸਚਾ ਸਿਰਜਣਹਾਰੁ ਅਲਖ ਸਿਰੰਦਿਆ ਜੀਉ।"

–ਧਨਾ ੧, ਛੰਤ ੨, ੩:੧ (688)

ਹੋਰ ਰੂਪ:

ਸਿਰੰਦੇ–

"ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰਿ ਸਿਰੰਦੇ।" (ਸਿਰਜਣਹਾਰ ਦੀ)

-ਸੂਹੀ ੫, ਛੰਤ ੪, ੩:੩ (779)

ਸਿਰਨਾਵਣੀ -- ਮਾਸਕ ਰਿਤੂ, ਇਸਤ੍ਰੀ ਨੂੰ ਮਹੀਨੇ ਅਥਵਾ ਇਕ ਨਿਸਚਿਤ ਅਵਧੀ ਬਾਅਦ ਆਉਣ ਵਾਲੀ ਰਿਤੂ, ਕਿਉਂਕਿ ਇਸ ਤੋਂ ਬਾਅਦ ਕੇਸੀ ਇਸ਼ਨਾਨ ਕਰਨ ਦਾ ਵਿਧਾਨ ਹੈ, ਇਸ ਲਈ ਇਸ ਨੂੰ ਸਿਰ ਨਾਵਣੀ ਕਹਿੰਦੇ ਹਨ।

"ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ।"

- ਆਸਾ ੧, ਵਾਰ ੧੭ਸ, ੧, ੨:੧ (472)

ਸਿਰਪਾਉ --- (ਫਾ. ਸਰਾਪ, ਸਰੋਪਾ) ਸਾਰਾ: ਮੁਕੰਮਲ, ਪੈਰ ਤੋਂ ਸਿਰ ਤੱਕ ਦਾ ਪਹਿਰਾਵਾ(ਖਿਲਤ, ਬਾਦਸ਼ਾਹ ਅਥਵਾ ਅਮੀਰ ਵਲੋਂ ਸਨਮਾਨ ਵਜੋਂ ਦਿਤੀ ਜਾਣ ਵਾਲੀ ਪੋਸ਼ਾਕ

"ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ।"

-ਸੋਰ ੫, ੯੩, ੨:੨ (631)

"ਭਗਤਿ ਸਿਰਪਾਉ ਕੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ।"

- ਸੋਰ ੫, ੯੪, ੨:੨ (631)

ਸਿਰਮੋਰਹ --- (ਸੰ.) ਸਿਰ ਦਾ ਤਾਜ, ਪ੍ਰਧਾਨ ਮੁਖੀ ਪੁਰਸ਼

"ਹੇ ਲੋਭਾ ਲੰਪਟ ਸੰਗ ਸਿਰਮੋਰਹ, ਅਨਿਕ ਲਹਰੀ ਕਲੋਲਤੇ।"

- ਸਸ ੫, ੪੮:੧ (1358)

ਸਿਰਾ ------ ਸਿਰ ਤੇ, ਵੇਖੋ 'ਸਿਰ', 'ਸਿਰਾਹੁ'

"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ।"

- ਮਾਰੂ ੫, ਸੋਲਾ ੧੨, ੧੨:੩ (1084)

ਹੋਰ ਰੂਪ:

ਸਿਰਾਇ –

"ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ।" (ਸਿਰ ਉਤੇ)

-ਮਾਰੂ ੫, ੧੧, ੨:੧ (1001)

ਸਿਰਾਇਓ --- ਲੰਘਾਇਆ,ਬਿਤਾਇਆ

"ਮਾਇਆ ਕੇ ਮਦਿ ਜਨਮੁ ਸਿਰਾਇਓ ਰਾਮ ਭਜਨਿ ਨਹ ਲਾਗਿਓ।"

- ਮਾਰੂ ੯, ੩, ੧*:੨ (1008)

ਸਿਰਾਹੁ ----- ਸਿਰ ਤੋਂ

"ਕੀਤਾ ਕਾਰਣਿ ਪਾਕੜੀ ਕਾਲੁ ਨਾ ਟਲੈ ਸਿਰਾਹੁ।"

- ਸਿਰੀ ੧, ਅਸ ੪, ੧:੩ (55)

ਸਿਰਾਣੇ ----- ਸਿਰ ਥੱਲੇ

"ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ।"

- ਸਲੋ ਫਰ, ੬੭:੧ (1381)

ਸਿਰਾਤੁ ----- ਬੀਤਣਾ, ਲੰਘਣਾ, ਵੇਖੋ 'ਸਿਹਾਨ'

"ਰਾਮੁ ਭਜੁ ਰਾਮੁ ਭਜੁ ਜਨਮ ਸਿਰਾਤੁ ਹੈ।"

- ਜੈਜੇ ੯, ੨, ੧*:੧ (1352)

ਸਿਰਾਧ ----- (ਸੰ.) ਪਿਤਰਾਂ ਵਾਸਤੇ ਸ਼ਰਧਾ ਨਾਲ ਕੀਤਾ ਅੰਨ ਵਸਤਰਾਂ ਦਾ ਦਾਨ ਜੋ ਹਿੰਦੂਮਤ ਅਨੁਸਾਰ ਹਰ ਸਾਲ ਨਿਸਚਿਤ ਦਿਨ ਕੀਤਾ ਜਾਂਦਾ ਹੈ।
"ਜੀਵਤ ਪਿਤਰ ਨ ਮਾਨੈ ਕੋਊ ਮੂਏ ਸਿਰਾਧ ਕਰਾਹੀ।"
- ਗਉ ਕਬ, ੪੫, ੧:੧ (332)

ਸਿਰਾਨ ----- ਬੀਤਦਾ/ਲੰਘਦਾ ਹੈ, ਵੇਖੋ 'ਸਿਰਾਤੁ', 'ਸਿਰਾਨੋ'
"ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ।"
- ਸਲੋ ੯, ੨੮:੨ (1427)

ਹੋਰ ਰੂਪ:

ਸਿਰਾਨੀ –
"ਨਿਮਖ ਨ ਲੀਨ ਭਇਓ ਚਰਨਨ ਸਿਉ ਬਿਰਥਾ ਅਉਧ ਸਿਰਾਨੀ।" (ਲੰਘਾ ਦਿਤੀ)
- ਗਉ ੯, ੮, ੨:੨ (220)

ਸਿਰਾਨੀ ---- (1) ਲੰਘਾ ਦਿਤੀ, ਵੇਖੋ 'ਸਿਰਾਨ'
(2) ਖਤਮ ਹੋਈ, ਮੁੱਕੀ
"ਕਹਿ ਕਬੀਰ ਇਹ ਕਥਾ ਸਿਰਾਨੀ।"
-ਸੂਹੀ ਕਬ, ੨, ੪:੨ (792)

ਸਿਰਾਨੋ ----- ਲੰਘ ਗਿਆ ਹੈ
"ਅਮਲੁ ਸਿਰਾਨੋ ਲੇਖਾ ਦੇਨਾ।"
- ਸੂਹੀ ਕਬ, ੩, ੧:੧ (792)

ਸਿਰਾਵੈ ----- ਬਿਤਾਉਂਦਾ/ਲੰਘਾਉਂਦਾ ਹੈ
"ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮ ਸਿਰਾਵੈ।"
- ਗਉ ੯, ੬, ੧:੧ (220)

ਸਿਰਿ ------ (1) ਸੀਸਤੇ, ਵੇਖੋ 'ਸਿਰ' 'ਸਿਰੁ'
"ਅਸੰਖ ਕਹਹਿ ਸਿਰਿ ਭਾਰੁ ਹੋਇ।"
- ਜਪੁ ੧, ੧੯:੩ (4)

"ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।"
(ਸਿਰਿ ਸਿਰਿ ਦੇ ਅਰਥ ਹਨ–ਹਰ ਜੀਵ ਨੂੰ /ਲਈ)
- ਗਉ ੫, ਸੋਦ ੫, ੨:੨ (10)

"ਤੂੰ ਦਾਨਾ ਬੀਨਾ ਸਾਚਾ ਸਿਰਿ ਮੇਰੈ।"
- ਗਉ ੧, ੧0, ੩:੩ (154)

(2) ਦੁਆਰਾ, ਨਾਲ
"ਅਖਰਾ ਸਿਰਿ ਸੰਜੋਗ ਵਖਾਣਿ।" (ਅੱਖਰਾਂ ਦੁਆਰਾ ਪ੍ਰਭੂ ਨਾਲ ਸੰਜੋਗ/ ਰਿਸ਼ਤੇ ਨੂੰ ਬਿਆਨਿਆ ਜਾਂਦਾ ਹੈ)
- ਜਪੁ ੧, ੧੯:੭ (4)

(3) ਸ੍ਰੋਮਣੀ, ਮੁਖ, ਵਡਾ
"ਤਾ ਲਿਖੀਐ ਸਿਰਿ ਗਵਾਰਾ ਗਾਵਾਰੁ।"
- ਜਪੁ ੧, ੨੬:੨੬ (6)

"ਕਰਿ ਸੇਵਾ ਸੁਖ ਸਾਗਰੈ ਸਿਰਿ ਸਾਹਾ ਪਾਤਿਸਾਹੁ।" (ਸ਼ਾਹਾਂ ਦੇ ਉਤੇ ਸ਼ਾਹ ਹੈ: ਸ਼੍ਰੋਮਣੀ ਸ਼ਾਹ ਹੈ)

– ਸਿਰੀ ੫, ੮੨, ੨:੩ (46)

"ਤੂੰ ਗੰਠੀ ਮੇਰੁ ਸਿਰਿ ਤੂੰ ਹੈ।"

– ਮਾਝ ੫, ੨੮, ੨:੨ (102)

"ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ।"

– ਰਾਮ ੫, ਵਾਰ ੩ਸ, ੫, ੨:੧ (958)

(4) ਅਨੁਸਾਰ, ਮੁਤਾਬਕ

"ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ।"

-ਸਿਰੀ ੧, ਅਸ ੧੧, ੩:੩ (60)

(5) ਸ੍ਰਿਸ਼ਟੀ

"ਜਿਨਿ ਸਿਰਿ ਸਾਜੀ ਤਿਨਿ ਫੁਨਿ ਗੋਈ।"

– ਆਸਾ ੧, ੨੧, ੧:੩ (355)

(6) ਹਰ ਇਕ ਨੂੰ

"ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ।"

– ਆਸਾ ੩, ਅਸ ੩੧, ੮:੧ (427)

"ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ।"

– ਵਡ ੧, ਅਲਾ ੧, ੨:੫ (579)

ਹੋਰ ਰੂਪ:

ਸਿਰੇ –

"ਸਿਰੇ ਸਿਰਿ ਧੰਧੈ ਲਾਇਆ।"

– ਸਿਰੀ ੧, ੨੮, ੨:੨ (71)

(7) ਮਥਾ (ਭਾਵ)

"ਪੜਿਆ ਬੂਝੈ ਸੋ ਪਰਵਾਣੁ ਜਿਸ ਸਿਰਿ ਦਰਗਹ ਕਾ ਨਿਸਾਣੁ।"

– ਧਨਾ ੧, ੭, ੪:੩;੪ (662)

(8) ਸਿਰੇ ਤੋਂ – ਮੁੱਢ ਤੋਂ

"ਜਿਸਹਿ ਭੁਲਾਈ ਪੰਧ ਸਿਰਿ ਤਿਸਹਿ ਦਿਖਾਵੈ ਕਉਣੁ।"

– ਰਾਮ ੩, ਵਾਰ ੧੨ਸ, ੧, ੧:੯ (952)

(9) ਸਦਕਾ (ਭਾਵ)

"ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ।"

– ਮਾਰੂ ੩, ਵਾਰ ੧੦ਸ, ੩, ੧:੩ (1089)

ਸਿਰਿਉ ---- ਸਿਰਜਿਆ, ਬਣਾਇਆ

"ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ।"

– ਸਵ ੪, ਕਲ ੬:੫ (1397)

ਸਿਰਿਆ ---- (1) ਹੱਦਾਂ, ਪਾਸੇ, ਹੋਰ ਵੇਖੋ 'ਸਿਰੇ'

"ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ।" (ਦੁਹਾ ਸਿਰਿਆ ਤੋਂ ਇਥੇ ਭਾਵ ਹੈ 'ਲੋਕ ਪ੍ਰਲੋਕ')

– ਸਿਰੀ ੫, ਅਸ ੨੬, ੯:੩ (71)

ਹੋਰ ਰੂਪ:

ਸਿਰਿਆ –
"ਦੁਹਾ ਸਿਰਿਆਂ ਕਾ ਕਰਤਾ ਆਪਿ।"
– ਮਲਾ ੫, ੨੦, ੩:੩ (1271)

(2) ਸਿਰਜਿਆ, ਰਚਿਆ, ਉਪਾਇਆ
"ਹਰਿ ਹਰਿ ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ।"
– ਸਿਰੀ ੪, ਵਣ ੧, ੧:੧ (81)

ਸਿਰਿਕਾਰ --- ਸੌਂਪਿਆ ਗਿਆ ਕੰਮ, ਸਿਰ ਤੇ ਕਾਰ ਅਧਿਕਾਰ
"ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿਕਾਰ।"
– ਆਸਾ ੩, ਅਸ ੩੨, ੩:੧ (427)

ਸਿਰਿਖੂਥੈ --- ਖੁਸੇ ਹੋਏ ਵਾਲਾਂ ਦੇ ਸਿਰ ਵਾਲੇ, ਜੈਨੀਆਂ ਦਾ ਇਕ ਫਿਰਕਾ, ਵੇਖੋ 'ਸਿਰਖੁਥੇ'
"ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿਖੂਥੈ।"
– ਮਾਝ ੧, ਵਾਰ ੨੬ਸ, ੧, ੧:੧੩ (150)

ਸਿਰਿ ਮੋਰਾ -- ਸਿਰ ਤੇ ਤਾਜ, ਪ੍ਰਧਾਨ, ਸ਼੍ਰੋਮਣੀ
"ਅਮਰੁ ਅਨਾਥ ਸਰਬ ਸਿਰਮੋਰਾ ਕਾਲ ਬਿਕਾਲ ਭਰਮ ਭੈਖੰਜਨੁ।"
– ਮਲਾ ੧, ਅਸ ੨, ੩:੨ (1274)

ਹੋਰ ਰੂਪ:

ਸਿਰਿਮੋਰੁ –
"ਸਰਬ ਉਪਾਇ ਗੁਰੂ ਸਿਰਿਮੋਰੁ।"
–ਬਸੰ ੧, ਅਸ ੧, ੩:੧ (1187)

ਸਿਰੀ ------ (1) ਸਿਰਜੀ, ਰਚੀ, ਉਪਾਈ
"ਲਖ ਚਉਰਾਸੀਹ ਜਿਨਿ ਸਿਰੀ ਸਭਸੈ ਦੇਇ ਅਧਾਰ।"
– ਸਿਰੀ ੩, ੩੬, ੫:੨ (27)

(2) ਸਿਰਿਆਂ/ਹੱਦਾਂ ਤੇ
"ਨਾਨਕ ਦੁਹੀ ਸਿਰੀ ਖਸਮੁ ਆਪੇ ਵਰਤੈ ਨਿਤ ਕਰਿ ਕਰਿ ਦੇਖੈ ਚਲਤ ਸਬਾਏ।"
– ਗਉ ੪, ਵਾਰ ੭ਸ, ੪, ੧:੭ (303)

(3) ਸਤਿਕਾਰ/ਸ਼ੋਭਾ ਸੂਚਕ, ਮੰਗਲ ਰੂਪ
"ਜਪਿ ਮਨ ਸਿਰੀ ਰਾਮੁ।"
– ਸਾਰ ੪, ੧੩, ੧*:੧ (1202)

"ਸਿਰਿ ਗੁਰੂ ਸਾਹਿਬੁ ਸਭ ਊਪਰਿ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ।"
– ਸਵ ੪, ਗਯੰ ੧:੧ (1401)

ਸਿਰੀਧਰ ---- (ਸੰ.)ਲਛਮੀ (ਮਾਇਆ) ਦਾ ਆਸਰਾ, ਵਿਸਨੂੰ ਭਾਵ ਪਤੀ, ਅਕਾਲ ਪੁਰਖ, ਵਾਹਿਗੁਰੂ
"ਸਿਮਰਤ ਨਾਹਿ ਸਿਰੀਧਰ ਠਾਕੁਰ ਮਿਲਤ ਅੰਧ ਦੁਖ ਘੋਰੀ।"
– ਸਾਰ ੫, ੯੪, ੧*:੨ (1222)

ਸਿਰੁ ------ (1) ਸੀਸ, ਸਿਰੁ, ਭਾਵ ਸਭ ਕੁਝ: ਜੀਵਨ

"ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ।"
– ਸਿਰੀ ੧, ੧੭, ੪:੧ (20)
"ਨਾਨਕ ਸਿਰੁ ਦੇ ਛੁਟੀਐ ਦਰਗਹ ਪਤਿ ਪਾਏ।"
– ਆਸਾ ੧, ਅਸ ੧੮, ੮:੨ (421)
"ਇਹੁ ਸਿਰੁ ਦੀਜੈ ਆਪੁ ਗਵਾਏ।" (ਜੀਵਨ)
– ਆਸਾ ੩, ਅਸ ੨੫, ੩:੩ (424)
"ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ।"(ਸਿਰ)
–ਵਡ ੪, ਵਾਰ ੧ਸ, ੨, ੩:੨ (585)
(2) ਆਪਣਾ ਆਪਾ (ਭਾਵ)
"ਨਾਨਕ ਸਿਰੁ ਦੇ ਛੁਟੀਐ ਮਨਿ ਤਨਿ ਸਾਚਾ ਸੋਇ।"
– ਮਾਰੂ ੧, ੧੦, ੪:੪ (992)

ਸਿਰੇ ------ (1) ਹਰਿ ਇਕ ਨੂੰ (ਮੁਹਾਵਰੇ ਰੂਪ ਵਿਚ 'ਸਿਰੇ ਸਿਰਿ', ਵੇਖੋ 'ਸਿਰਿ'
(2) ਹਦਾਂ, ਪਾਸੇ, ਹੋਰ ਵੇਖੋ 'ਸਿਰਿਆ'
"ਦੋਵੇਂ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ।"
– ਮਾਰੁ ੧, ੧੧ ੪:੧ (992)
(3) ਸਿਰਜੇ, ਬਣਾਏ
"ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ।"
– ਸਵ ੪, ਗਯੰ ੧੧:੩ (1403)

ਸਿਰੈ ------ (1) ਸਿਰ/ਸੀਸ ਉਤੇ
"ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ।"
– ਮਾਝ ੧, ਵਾਰ ੯ਸ, ੧, ੩:੨ (142)
(2) ਬੰਨ੍ਹੇ, ਟਿਕਾਣੇ, ਸਿਰੇ
"ਤਿਸੁ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨਾ ਲਾਵਣਾ।"
– ਮਾਰੁ ੫, ਸੋਲਾ ੧੪, ੮:੩ (1086)
(3) ਦੂਜੇ ਪਾਸੇ
"ਤੇਰੇ ਲਾਲ ਕੀਮਤਿ ਤਾ ਪਵੈ ਜਾਂ ਸਿਰੈ ਹੋਵਹਿ ਹੋਰਿ।"
– ਪ੍ਰਭਾ ੧, ੨, ੨:੨ (1328)

ਸਿਰੋਮਣਿ --- ਉਤਮ, ਸ਼੍ਰੇਸਠ
"ਨਾਮ ਸਿਰਮੋਣਿ ਸਰਬ ਮੈ ਭਗਤ ਰਹੇ ਲਿਵ ਧਾਰਿ।"
– ਸਵ ੩, ੬:੩ (1393)

ਸਿਲ ------ (ਸੰ.),ਪਥਰ, ਚਟਾਨ, ਹੋਰ ਵੇਖੋ 'ਸਿਲਾ'
"ਸਿਲ ਪੂਜਸਿ ਬਗੁਲ ਸਮਾਧੰ।"
ਆਸਾ ੧, ਵਾਰ ੧੪ਸ, ੧, ੨:੧ (470)
"ਪਸਚਮ ਦੁਆਰੇ ਕੀ ਸਿਲ ਓੜ।" (ਅਗਿਆਨਤਾ ਰੂਪ ਪਥਰ)
– ਭੈਰ ਕਬ, ੧੦, ੩:੧ (1159)

ਸਿਲਕ ----- (ਅ.ਸਿਲਕ) ਰਸੀ, ਫਾਹੀ, ਬੰਧਨ

“ਕਾਟਿ ਸਿਲਕ ਪ੍ਰਭਿ ਸੇਵਾ ਲਾਇਆ।”

– ਮਾਝ ੫, ੨੫, ੨:੧ (101)

ਹੋਰ ਰੂਪ:

ਸਿਲਕਾ –
“ਤਿਨÑ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ।” (ਫਾਹੀਆਂ)
– ਆਸਾ ੧, ਅਸ ੧੧, ੩:੩ (417)

ਸਿਲਾ ------ ਪਥਰ, ਚਟਾਨ, ਵੇਖੋ ‘ਸਿੱਲ’
“ਪੂਜਿ ਸਿਲਾ ਤੀਰਥ ਬਨ ਵਾਸਾ।”

– ਧਨਾ ੧, ਅਸ ੨ ੬:੧ (686)

“ਜੇ ਓਹੁ ਦੁਆਦਸ ਸਿਲਾ ਪੂਜਾਵੈ।”

– ਗੋਂਡ ਰਵਿ, ੨, ੧:੨ (875)

(ਇਹ ਬਾਰਾਂ ਸਿੱਲਾਂ/ਸ਼ਿਵਲਿੰਗ) ਸੋਮਨਾਥ, ਕਿਸ਼ਕਿੰਯਾ, ਉਜੈਨ ਪੁਰੀ, ਨਰਬਦਾ, ਦੇਵਗੜ, ਪੂਨਾ, ਰਾਮੇਸ਼ਵਰ, ਦੁਆਰਕਾ, ਕਾਂਸ਼ੀ, ਗੁਦਾਵਰੀ, ਹਿਮਾਲਯ ਤੇ ਔਰੰਗਾਬਾਦ ਪਏ ਹੋਏ ਮੰਨੇ ਜਾਂਦੇ ਹਨ)
(ਇਕ ਵਿਚਾਰਧਾਰ ਇੰਨਾ ਬਾਹਾਂ ਸ਼ਿਲਾਵਾਂ ਨੂੰ ਵਿਸ਼ਨੂੰ, ਲਖਸ਼ਮੀ, ਸ਼ਿਵ, ਪਾਰਵਤੀ, ਬ੍ਰਹਮਾ, ਸਰਸਵਤੀ, ਗਣੇਸ਼, ਕਾਲੀ, ਭੈਰੋ, ਸੂਰਜ, ਇੰਦਰ ਤੇ ਜਮ ਦੇ ਰੂਪ ਵਿਚ ਚਿਤਵਦੀ ਹੈ)

ਸਿਵ ------ (1) ਜੀਵਾਤਮਾ, ਚੇਤੰਨ ਜੀਵ
“ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲ।”

– ਸਿਰੀ ੧, ੧੮, ੪:੧ (21)

“ਤਬ ਸਿਵ ਸਕਤਿ ਕਹਹੁ ਕਿਤੁ ਠਾਇ।”

– ਗਉ ੫, ਸੁਖ ੨੧, ੨:੬(291)

(2) ਪ੍ਰਭੂ, ਵਾਹਿਗੁਰੂ
“ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਾਇਆ ਠਾਕੁਰ ਤੇਰੀ ਦੋਹੀ।”
– ਗਉ ੫, ੧੨੯*, ੧:੨ (207)
(ਮਹਾਨਕੋਸ਼ ਇਥੇ ਸਿਵ ਸਿਵ ਦਾ ਅਰਥ ‘ਅਚਰਜ ਬੋਧਕ ਸ਼ਬਦ ਕਰਦਾ ਹੈ)
“ਸਕਤਿ ਗਈ ਭ੍ਰਮ ਕਟਿਆ ਸਿਵ ਜੋਤਿ ਜਗਾਇਆ।” (ਰੱਬੀ ਜੋਤ)
–ਸਾਰ ੪, ਵਾਰ ੨:੩ (1238)
“ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ।”
(ਪ੍ਰਭੂ ਨਾਲ ਜੁੜਿਆ ਰਹਿੰਦਾ ਹੈ)
–ਸਵ ੫, ਕਲ ੬:੧ (1407)

(3) ਸ਼ਿਵਜੀ
“ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ।”
– ਗਉ ੫, ੧੫੮*, ੩:੧(214)
“ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ।” (ਭਾਵ ਦੇਵਤੇ)
– ਗਉ ਕਬ, ਅਸ ੩੬, ੨:੧ (330)

(4) ਆਤਮਾ ਦਾ, ਆਤਮਕ

"ਕਾਟਿ ਸਕਤਿ ਸਿਵ ਸਹਜੁ ਪ੍ਰਗਾਸਿਓ ਏਕੈ ਏਕ ਸਮਨਾਨਾ।" (ਆਤਮਾ ਦਾ ਗਿਆਨ)

– ਗਉ ਕਬ, ੭੪, ੪:੧ (339)

"ਸਿਵ ਨਗਰੀ ਮਹਿ ਆਸਨਿ ਬੈਸਉ ਕਲਪ ਤਿਆਗੀ ਬਾਦੰ।" (ਆਤਮਾ ਦੇ ਮੰਡਲ)

– ਆਸਾ ੧, ੩੭, ੨:੧ (360)

(5) ਸ਼ਾਂਤੀ ਤੇ ਕਲਿਆਣ

"ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ।"

– ਧਨਾ ੪, ੬, ੩:੨ (668)

"ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ।" (ਸ਼ਾਂਤੀ)

– ਮਾਰੂ ੫, ਸੋਲਾ ੧੦, ੧੩:੩ (1082)

"ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰ ਜਾਈਐ।" (ਸੁਖ ਸ਼ਾਂਤੀ ਦੇ ਘਰ)

– ਪ੍ਰਭ ੧, ੬, ੪:੧ (1329)

(6) ਖਤਾ ਨਾ ਖਾਣਾ ਵਾਲੇ, ਅਮੋਘ

"ਪਾਰਬ੍ਰਹਮ ਪ੍ਰਭ ਭਏ ਦਇਆਲਾ ਸਿਵ ਕੈ ਬਾਣਿ ਸਿਰੁ ਕਾਟਿਓ।"

– ਟੋਡੀ ੫, ੧੧, ੧*:੨ (714)

"ਪਾਂਚ ਮਿਰਗ ਬੇਧੇ ਸਿਵ ਕੀ ਬਾਨੀ।" (ਨਾ ਖਤਾ ਖਾਣ ਵਾਲੇ ਬਾਨਾਂ ਨਾਲ)

– ਭੈਰ ੫, ੪, ੧:੨ (1136)

(7) ਚੇਤੰਨਤਾ

"ਸਿਵ ਕੀ ਪੁਰੀ ਬਸੈ ਬੁਧਿ ਸਾਰੁ।" (ਚੇਤੰਨਤਾ ਦੀ ਨਗਰੀ, ਦਸਮ ਦੁਆਰ)

– ਭੈਰ ਕਬ, ੧੦, ੧:੧ (1159)

(8) ਕਲਿਆਣ ਸਰੂਪ

"ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ, ਹਰਿ ਜਨ ਸਿਵ ਗੁਰ ਗ੍ਯਾਨਿ ਰਤੇ।" (ਕਲਿਆਣ ਸਰੂਪ ਗੁਰੂ)

– ਸਵ ੪, ਗੰਸ ੨:੪ (1401)

ਸਿਵਘਰਿ --- (1) ਆਤਮਕ ਜਾਗ੍ਰਤੀ ਦਾ ਮੰਡਲ, ਵੇਖੋ 'ਸਿਵ '(4)

"ਅਨਦਿਨੁ ਨਾਚੈ ਸਕਤਿ ਨਿਵਾਰੈ ਸਿਵ ਘਰਿ ਨੀਦ ਨ ਹੋਈ।"

– ਗੂਜ ੧, ਅਸ, ੧, ੩:੧ (506)

(2) ਸੁਖ, ਸਾਂਤੀ ਦਾ ਮੰਡਲ, ਵੇਖੋ 'ਸਿਵ' (5)

"ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵਘਰਿ ਜਾਈਐ।"

– ਪ੍ਰਭਾ ੧, ੬, ੪:੧ (1329)

ਸਿਵ ਨਗਰੀ -- ਆਤਮਕ ਮੰਡਲ, ਪ੍ਰਭੂ ਦੀ ਨਗਰੀ

"ਸਿਵ ਨਗਰੀ ਮਹਿ ਆਸਨਿ ਬੈਸਉ ਕਲਪ ਤਿਆਗੀ ਬਾਦੰ।"

– ਆਸਾ ੫, ੩੭, ੨:੧ (360)

"ਸਿਵ ਨਗਰੀ ਮਹਿ ਆਸਨਿ ਬੈਸੇ ਗੁਰ ਸਬਦੀ ਜੋਗੁ ਪਾਈ।" (ਭਾਵ ਸਤਿਸੰਗ)

– ਰਾਮ ੩, ਅਸ ੨, ੧੧:੧ (909)

ਸਿਵਪੁਰਿ --- ਵਾਹਿਗੁਰੂ ਦਾ ਦੇਸ, ਆਤਮਿਕ ਮੰਡਲ

"ਸੋ ਅਉਧੂਤੀ ਸਿਵ ਪੁਰਿ ਚੜੈ।"

– ਰਾਮ ੩, ਵਾਰ ੧੨ਸ, ੧, ੩:੪(952)

ਸਿਵਪੁਰੀ ---- (1)ਸ਼ਿਵ ਜੀ ਦਾ ਨਿਵਾਸ ਅਸਥਾਨ, ਕੈਲਾਸ਼ ਪਰਬਤ ਭਾਵ ਦੇਵ ਲੋਕ
“ਸਿਵ ਪੁਰੀ ਕਾ ਹੋਇਗਾ ਕਾਲਾ”
– ਗਉ ੫, ਅਸ ੪, ੨:੩ (237)
(2) ਕਾਂਸ਼ੀ, ਬਨਾਰਸ
“ਸਗਲ ਜਨਮੁ ਸਿਵਪੁਰੀ ਗਵਾਇਆ।”
– ਗਉ ਕਬ, ੧੫, ੨:੧ (326)

ਸਿਵਰਹੁ ---- ਸਿਮਰੋ, ਸਿਮਰਣ ਕਰੋ
“ਤਿਤੁ ਘਰੁ ਗਾਵਹੁ ਸੋਹਿਲਾ ਸਿਵਰਹੁ ਸਿਰਜਣਹਾਰੋ।”
– ਗਉ ੧, ੨੦, ੧:੨ (157)

ਸਿਵਰਿ ----- ਸਿਮਰ, ਜਪ
“ਸੋਈ ਪੁਰਖੁ ਸਿਵਰਿ ਸਾਚਾ ਜਾ ਕਾ ਇਕੁ ਨਾਮੁ ਅਛਲੁ ਸੰਸਾਰੇ।”
– ਸਵ ੩, ੧:੧ (1392)

ਹੋਰ ਰੂਪ:

ਸਿਵਰਿਆ –
“ਕਿਉ ਸਿਮਰੀ ਸਿਵਰਿਆ ਨਹੀ ਜਾਇ।”
– ਧਨਾ ੧, ੩, ੧:੧ (661)

ਸਿਵਰਿਹੁ –
“ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਣਹਾਰੋ।”
– ਗਉ ੧, ਸੋਂਹ ੧, ੧:੨(12)

ਸਿਵ ਲੋਕਹਿ -- ਸਿਵ (ਸ਼ਿਵਜੀ) ਦੇ ਦੇਸ਼ ਵਿਚ
“ਇੰਦ੍ਰ ਲੋਕ ਸਿਵ ਲੋਕਹਿ ਜੈਬੋ।”
– ਧਨਾ ਕਬ, ੪, ੧:੧ (692)

ਸਿਵਾ ------ ਸ਼ਿਵ ਜੀ, ਵੇਖੋ ‘ਸਿਵ’ (3)
“ਸਿਵਾਸਕਤਿ ਸੰਬਾਦੰ।”
– ਗੋਂਡ ਨਾਮ, ੧, ੪:੧ (873)

ਸਿਵਿ ------ ਪ੍ਰਭੂ, ਅਕਾਲ ਪੁਰਖ, ਵੇਖੋ ‘ਸਿਵ’(2)
“ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ।”
– ਗਉ ੩, ੩੮, ੧:੩ (163)

ਸਿਵੈ ------ (1)ਸਿਮਰਦੀ ਹੈ
“ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ।”
ਆਸਾ ੫, ਛੰਤ ੪, ੪:੨ (455)
(2) ਪ੍ਰਭੂ ਦੇ, ਵੇਖੋ ‘ਸਿਵ’(2)
“ਉਲਟੀ ਸਕਤਿ ਸਿਵੈ ਘਰਿ ਆਈ ਮਨਿ ਵਸਿਆ ਹਰਿ ਅੰਮ੍ਰਿਤ ਨਾਉ।”
– ਸੂਹੀ ੩, ਵਾਰ ੩ਸ, ੩, ੧:੪ (786)

ਸੀ ------- (1) ਵਰਗੀ, ਜੇਹੀ
"ਲੰਕਾ ਸਾ ਕੋਟੁ ਸਮੁੰਦ ਸੀ ਖਾਈ।"
– ਆਸਾ ਕਬ, ੨੧, ੧:੧ (481)
"ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਧਾਰੋ।"
– ਸੋਰ ੯, ੪, ੧*:੨ (632)
(2) ਵਲੋਂ
"ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ।"
– ਦੇਵ ੯, ੧, ੧*:੧ (536)
(3) ਪ੍ਰਕਾਰ
"ਅਨਾਜੁ ਮਾਗਉ ਸਤ ਸੀ ਕਾ।"
– ਧਨਾ ਧੰਨਾ, ੧, ੧:੪ (695)
(4) ਹੋਣ ਦੀ ਭੂਤਕਾਲ ਬੋਧਕ, ਵੇਖੋ 'ਸੀਓ'
"ਕਿਥਹੁ ਆਇਆ ਕਹ ਗਇਆ ਕਿਹੁ ਨ ਸੀਓ ਕਿਹੁ ਸੀ।"
– ਮਲਾ ੧, ਵਾਰ ੨0ਸ, ੧, ੨:੩ (1287)

ਸੀਉ ------ (1) ਸ਼ਿਵ, ਚੇਤੰਨ
"ਇਹੁ ਮਨੁ ਸਕਤੀ ਇਹੁ ਮਨੁ ਸੀਉ।"
– ਗਉ ਕਬ, ਬਾਅ ੩੩:੧ (342)
(2) ਅਕਾਲ ਪੁਰਖ
"ਅਚਰਜੁ ਭਇਆ ਜੀਵ ਤੇ ਸੀਉ।"
– ਗਉ ਕਬ, ਥਿਤੀ ੧੩:੨ (344)

ਸੀਓ ------ ਹੋਣਾ ਦਾ ਭੂਤਕਾਲ ਬੋਧਕ, ਸੀ
"ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ।"
– ਸੂਹੀ ੫, ੫੩, ੧:੧ (748)

ਸੀਅ ------ ਸੀਤਾ
"ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ।"
– ਸੋਰ ਨਾਮ, ੨, ੪:੨ (657)

ਸੀਅਉ ----- ਸੀਵੋ
"ਖਿੰਥਾ ਇਹੁ ਤਨੁ ਸੀਅਉ ਅਪਨਾ ਨਾਮੁ ਕਰਉ ਆਧਾਰੁ।"
– ਰਾਮ ਕਬ, ੭, ੧:੨ (970)

ਸੀਆ ----- ਸਨ
"ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।"
– ਆਸਾ ੧, ਅਸ ੧੧, ੨:੧ (417)

ਸੀਆਲੇ ---- ਠੰਡੀ ਰੁਤ
"ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆ।"
– ਆਸਾ ਫਰ, ੨, ੬:੨ (488)

ਸੀਸ ------ (ਸੰ.) ਸਿਰ, ਵੇਖੋ 'ਸਿਰ'

“ਲੁਟੀ ਲੰਕਾ ਸੀਸ ਸਮੇਤਿ।”
– ਗਉ ੧, ਅਸ ੯, ੫:੨ (224)

ਹੋਰ ਰੂਪ:

ਸੀਸਿ –
“ਕਾਮ ਸੁਆਇ ਗਜ ਬਸਿ ਪਰੇ ਮਨ ਬਉਰਾ ਰੇ ਅੰਕਸੁ ਸਹਿਓ ਸੀਸਿ।”
– ਗਉ ਕਬ, ੫੭, ੧:੨ (336)

ਸੀਸੁ –
“ਉਨ ਸਤਿਗੁਰ ਆਗੈ ਸੀਸੁ ਨ ਬੇਚਿਆ ਓਇ ਆਵਹਿ ਜਾਹਿ ਅਭਾਗੇ।”
– ਗਉ ੪, ੬੨, ੪:੧ (172)
“ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ।” (ਅਹੰਕਾਰ ਤਿਆਗ ਕੇ)
– ਸਲੋ ਕਬ, ੨੩੯:੧ (1377)

ਸੀਸੁਧਰਨਿ -- (ਬ੍ਰਹਮਾ) ਦਾ ਸਿਰ ਧਾਰਨ ਵਾਲਾ, ਸ਼ਿਵ, ਜਿਸ ਦੇ ਹੱਥ ਨੂੰ ਬ੍ਰਹਮਾ ਦਾ ਸਿਰ ਚੰਬੜ ਗਿਆ, ਪੌਰਾਣਿਕ ਵਾਰਤਾ ਹੈ–ਬ੍ਰਹਮਾ ਆਪਣੀ ਹੀ ਧੀ ਉਤੇ ਮੋਹਿਤ ਹੋ ਗਿਆ। ਜਿਸ ਪਾਸੇ ਵੱਲ ਜਾਵੇ ਉਧਰ ਹੀ ਆਪਣਾ ਨਵਾਂ ਮੂੰਹ ਸਿਰਜ ਲਵੇ। ਉਹ ਅਕਾਸ਼ਾਂ ਵੱਲ ਉਡੀ ਤਾਂ ਬ੍ਰਹਮਾ ਨੇ ਆਪਣਾ ਪੰਜਵਾਂ ਮੂੰਹ ਉਪਰ ਵੱਲ ਸਿਰਜ ਲਿਆ। ਸ਼ਿਵਜੀ ਨੇ ਇਹ ਸਿਰ ਆਪਣੇ ਨਹੁੰ ਨਾਲ ਵੱਢ ਦਿੱਤਾ ਪਰ ਇਹ ਉਸ ਦੇ ਹੱਥ ਨਾਲ ਹੀ ਚੰਬੜ ਗਿਆ।
“ਸੀਸੁਧਰਨਿ ਸਹਸ ਭਗ ਗਾਮੀ।”
– ਜੈਤ ਰਵਿ, ੧, ੪:੨ (710)

ਸੀਹ ------ (ਸੰ.) ਸ਼ੇਰ
“ਰਾਜੇ ਸੀਹ ਮੁਕਦਮ ਕੁਤੇ।”
– ਮਲਾ ੧, ਵਾਰ ੨੨ਸ, ੧, ੨:੫ (1288)

ਹੋਰ ਰੂਪ:

ਸੀਹਾ –
“ਸੀਹਾ ਬਾਜਾ ਚਰਗਾ ਕਹੀਆ ਏਨਾ ਖਵਾਲੇ ਘਾਹ।”
– ਮਾਝ ੧, ਵਾਰ ੧੪ਸ, ੧, ੧:੧ (144)

ਸੀਹੁ –
“ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।”
– ਆਸਾ ੧, ੩੯, ੨:੧ (360)

ਸੀਕਾ ------ (ਅ. ਸਿਕਾ) ਸਿਕੇ
“ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ।”
– ਗੂਜ ੫, ਅਸ ੧, ੫:੨ (507)

ਸੀਖ ------ ਸਿਖਿਆ
“ਸਾਚੈ ਗੁਰ ਕੀ ਸਾਚੀ ਸੀਖ।”
– ਗਉ ੧, ੫, ੩:੧ (152)

ਸੀਖੇ ------ ਸਿਖੇ

“ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ।”
- ਸਾਰ ੫, ੯, ੩:੧ (1205)

ਸੀਗਾਰ ----- ਆਭੂਸ਼ਨ, ਸਜਾਵਟ ਵੇਖੋ ‘ਸਿੰਗਾਰ’
“ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ।”
- ਸਿਰੀ ੧, ੧੩, ੫:੧ (19)
“ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ।” ਸਜਾਵਟ
- ਸਿਰੀ ੫, ੭੧, ੧:੧ (142)

ਹੋਰ ਰੂਪ:

ਸੀਂਗਾਰ -
“ਕੀਨੋ ਰੀ ਸਗਲ ਸੀਂਗਾਰ।”
- ਮਲਾ ੫, ੨੩, ੧*:੨ (1271)

ਸੀਂਗਾਰ -
“ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ।”
- ਪ੍ਰਭਾ ੧, ਅਸ ੩, ੨:੪ (1343)

ਸੀਗਾਰਾ -
“ਜਉ ਮੈ ਕੀਓ ਸਗਲ ਸੀਗਾਰਾ।”
- ਆਸਾ ੫, ੧੧, ੧:੧ (373)

ਸੀਂਗਾਰਾ -
“ਕਾਪਰੁ ਪਹਿਰਿ ਕਰਹਿ ਸੀਂਗਾਰਾ।”
- ਭੈਰ ਨਾਮ, ੮, ੩:੨ (1165)

ਸੀਗਾਰਿ -
“ਸਬਦਿ ਰਤੀਆ ਸੋਹਾਗਣੀ ਸਚੈ ਸਬਦਿ ਸੀਗਾਰਿ।”
- ਸਿਰੀ ੩, ੬੨, ੨:੧ (38)
“ਪ੍ਰਭ ਆਪਿ ਸੀਗਾਰਿ ਸਵਾਰਨਹਾਰ।” (ਸ਼ਿਗਾਰ ਕੇ)
- ਆਸਾ ੫, ੫੨, ੪*:੨ (384)

ਸੀਗਾਰਿਆ -
“ਜਿਨਿ ਤਨੁ ਮਨੁ ਸਾਜਿ ਸੀਗਾਰਿਆ ਤਿਸੁ ਸੇਤੀ ਲਿਵ ਲਾਇ।”
- ਸਿਰੀ ੧, ਅਸ ੧੪, ੧*:੨ (62)

ਸੀਗਾਰੀ -
“ਮਨ ਅਸਵਾਰ ਜੈਸੇ ਤੁਰੀ ਸੀਗਾਰੀ।”
- ਗਉ ੫, ੧੬੦, ੧:੧ (198)

ਸੀਗਾਰੀਆ -
“ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।”
- ਸਿਰੀ ੧, ੧੦, ੨:੨ (17)

ਸੀਗਾਰੀਐ -
“ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ।”
- ਸਿਰੀ ੧, ਅਸ ੯, ੧:੧ (58)

ਸੀਗਾਰੁ -
“ਮੁੰਧੇ ਪਿਰ ਬਿਨੁ ਕਿਆ ਸੀਗਾਰੁ।”

– ਸਿਰੀ ੧, ੧੩, ੧*:੧ (18)

ਸੰਗਿਾਰੁ –
“ਬਿਨੁ ਪਿਰ ਕਾਮਣਿ ਕਰੇ ਸੰਗਿਾਰੁ।”
– ਮਲਾ ੩, ਅਸ ੩, ੨:੧ (1277)

ਸੀਗਾਰੇ –
“ਕਾਮਣਿ ਬਿਨਉ ਕਰੇ ਜੀਉ ਸਚਿ ਸਬਦਿ ਸੀਗਾਰੇ।”
– ਗਉ ੩, ਛੰਤ ੩, ੩:੨ (245)

ਸੰਗਿਾਰੋ –
“ਹਰਿ ਕਾ ਨਾਮੁ ਰਿਦੈ ਵਸਾਏ ਐਸਾ ਕਰੇ ਸੰਗਿਾਰੋ।”
– ਗਉ ੩, ਛੰਤ ੨, ੩:੫ (244)

ਸੀਗਾਰੋ –
“ਨਹ ਦੇਖਿਓ ਰੂਪ ਰੰਗ ਸੀਗਾਰੋ।”
– ਆਸਾ ੫, ੭, ੧:੨ (372)

ਸੀਗੁ ------ ਸਿੰਗ, ਵੇਖੋ ‘ਸੀਙ’
“ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ।”
– ਟੋਡੀ ਨਾਮ, ੩, ੨:੨ (718)

ਹੋਰ ਰੂਪ:

ਸੰੀਗੁ –
“ਬਾਣੀਏ ਕੇ ਘਰ ਹੰੀਗੁ ਆਛੈ ਭੈਸਰ ਮਾਥੈ ਸੰੀਗੁਗੋ।”
– ਟੋਡੀ ਨਾਮ, ੩, ੨:੧ (718)

ਸੀਘਰ ----- (ਸੰ.) ਛੇਤੀ, ਸ਼ੀਘਰ, ਫੁਰਤੀ ਨਾਲ
“ਸੀਘਰ ਕਾਰਜੁ ਲੇਹੁ ਸਵਾਰਿ।”
– ਗਉ ੫, ੭੩, ੧*:੨ (176)

ਸੀਙ ------ ਸਿੰਗ
“ਬਿਨੁ ਸਿਮਰਨ ਜੈਸੇ ਸੀਙ ਛਤਾਰਾ।”
– ਗਉ ੫, ਅਸ ੭, ੪:੧ (239)

ਸੀਚਾਨੇ ----- (ਫ਼ਾ. ਸੀਚਾਠੇ) (ਸੀਚਗਨਾ) ਲਾਲ ਰੰਗ ਦੇ ਸਿਰ ਵਾਲਾ ਇਕ ਸ਼ਿਕਾਰੀ ਪੰਛੀ ਜੋ ਬਾਜ਼ ਤੋਂ ਛੋਟਾ ਪਰ ਸ਼ਿਕਰੇ ਤੋਂ ਵੱਡਾ ਹੁੰਦਾ ਹੈ
“ਸੀਚਾਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ।”
– ਸਿਰੀ ੧, ਅਸ ੪, ੩:੧ (55)

ਸੀਝਈ ----- ਸਫਲ/ਕਾਮਯਾਬ ਹੁੰਦਾ
“ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ।”
– ਗਉ ੫, ਸੁਖ ਪਸ:੨ (268)

ਹੋਰ ਰੂਪ:

ਸੀਝਸਿ –
“ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ।”

– ਸਿਰੀ ੧, ੨੩, ੩:੨ (23)

ਸੀਝਹਿ –
“ਰਣਿ ਦਰਗਹਿ ਤਉ ਸੀਝਹਿ ਭਾਈ।”
– ਗਉ ੫, ਬਾਅ ੪੪:੩ (259)

ਸੀਝਿਆ –
“ਸੋਧਤ ਸੋਧਤ ਸੋਧਤ ਸੀਝਿਆ।”
– ਗਉ ੫, ਸੁਖ ੧੪, ੫:੭ (281)

ਸੀਝੀਐ –
“ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ।”
– ਗਉ ੫, ਬਾਅ ੩, ੧:੧ (256)

ਸੀਝੁ, ਸੀਝੈ –
“ਅਬ ਤੂ ਸੀਝੁ ਭਾਵੈ ਨਹੀ ਸੀਝੈ।”
– ਰਾਮ ੫, ਅਸ ੨, ੬:੩ (913)

ਸੀਤ ------ (ਸੰ.) ਠੰਢ, ਸਰਦੀ, ਵੇਖੋ ‘ਸੀਤੁ’
“ਅਗਨਿ ਸੀਤ ਕਾ ਲਾਹਸਿ ਦੂਖ।”
– ਗਉ ੫, ੭੯, ੨:੩ (179)
“ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ।” (ਸੀਤਲ, ਠੰਢੀ)
– ਮਾਰੂ ੫, ਅਸ ੩, ੬:੧ (1018)
(2) (ਸੰ.) ਠੰਢ ਦੀ ਰੁੱਤ, ਸਰਦੀ ਦਾ ਮੌਸਮ
“ਉਸਨ ਸੀਤ ਸਮਸਰਿ ਸਭ ਤਾ ਕੈ।”
– ਗਉ ੫, ਬਾਅ ੫:੬ (251)
(3) (ਸੰ.) ਸੀਤਾ, ਪ੍ਰੋਇਆ ਹੋਇਆ, ਗੰਢਿਆ ਹੋਇਆ
“ਸੰਗ ਚਰਨ ਕਮਲ ਮਨੁ ਸੀਤ।”
– ਨਟ ੫, ੧੦, ੧:੨ (980)

ਹੋਰ ਰੂਪ:

ਸੀਤਮੁ –
“ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ।”
– ਗੂਜ ੫, ਵਾਰ ੯ਸ, ੫, ੧:੨ (520)

ਸੀਤਲ ----- (ਸੰ.) ਠੰਢਾ, ਠੰਢੀ
“ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ।”
– ਮਾਝ ੫, ੩੪, ੧:੩ (104)
“ਸੀਤਲੁ ਭਏ ਕੀਨੀ ਪ੍ਰਭੁ ਦਾਤਿ।”
– ਗਉ ੫, ੧੨੮, ੧:੨ (191)

ਹੋਰ ਰੂਪ:

ਸੀਤਲੰ –
“ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ।”
– ਸਸ ੫, ੩੯:੧ (1357)

ਸੀਤਲਈ –

"ਏਕੁ ਬੋਲੁ ਭੀ ਖਵਤੋ ਨਾਹੀ ਸਾਧ ਸੰਗਤਿ ਸੀਤਲਈ।" (ਠੰਢਾ/ਸ਼ਾਂਤ ਸੁਭਾ ਹੋ ਗਿਆ ਹਾਂ)

ਸੀਤਲੰਤ –

"ਸੀਤਲੰਤ ਰਿਦਾਯੰ ਦ੍ਰਿੜੁ ਸੰਤ ਗਿਆਨੰ।"

– ਸਸ ੫, ੧੩:੪ (1355)

ਸੀਤਲਤਾ –

"ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ।" (ਠੰਢਕ)

– ਸਲੋ ਕਬ, ੧੭੪:੨ (1373)

ਸੀਤਲਾ ----- (1) (ਸੰ.) ਚੇਚਕ ਦੀ ਬੀਮਾਰੀ, ਹਿੰਦੂ ਮਤ ਅਨੁਸਾਰ ਚੀਚਕ ਦੀ ਬਿਮਾਰੀ ਦੀ ਦੇਵੀ ਦਾ ਨਾਂ ਜੋ ਸੁਨਹਿਰੀ ਰੰਗ ਦੀ, ਖੋਤੇ ਉਤੇ ਸਵਾਰ, ਹੱਥ ਵਿਚ ਝਾੜੂ, ਮਥੇ ਉਪਰ ਛੱਜ ਤੇ ਲਾਲ ਰੰਗ ਦੇ ਬਸਤਰਾਂ ਵਾਲੀ ਮੰਨੀ ਜਾਂਦੀ ਹੈ

"ਸੀਤਲਾ ਤੇ ਰਖਿਆ ਬਿਹਾਰੀ।"

– ਗਉ ੫, ੧੭੨, ੧:੧ (200)

(2) ਠੰਢਾ –

"ਸੀਤਲਾ ਸੁਖ ਸਾਂਤਿ ਮੂਰਤਿ ਸਿਮਰਿ ਸਿਮਰਿ ਨਿਤ ਧਿਆਇ।"

– ਕਾਨ ੫, ੧੧, ੧*:੨ (1300)

"ਸੀਤਲਾ ਹਰਿ ਨਾਮੁ ਤੇਰਾ।"

– ਕਾਨ ੫, ੧੭, ੨:੧ (1301)

ਹੋਰ ਰੂਪ:

ਸੀਤਲਾਇਓ –

"ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ।" ਠੰਢਾ

– ਗਉ ੫, ਅਸ ੧੪, ੧:੧ (241)

ਸੀਤਲਾਇਆ –

"ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ।" (ਠੰਢਾ ਹੋਇਆ)

– ਮਾਝ ੫, ੩੧, ੪:੨ (103)

ਸੀਤਲਾਇਣਾ –

"ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ।"

– ਮਾਰੂ ੫, ਸੋਲਾ ੭, ੧੦:੩ (1078)

ਸੀਤਲਾਗਉ –

"ਕਹੁ ਨਾਨਕ ਤਿਨਿ ਪਾਇਆ ਤਨੁ ਮਨੁ ਸੀਤਲਾਗਉ।"

– ਬਿਲਾ ੫, ੩੨, ੪:੨ (808)

ਸੀਤਲਾਗਿਓ –

"ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ।"

– ਸਾਰ ੫, ੫, ੪:੧ (1204)

ਸੀਤਲੁ ----- (1) ਠੰਢਾ, ਸ਼ਾਂਤ, ਵੇਖੋ 'ਸੀਤਲ'

"ਮਨੁ ਤਨੁ ਸੀਤਲੁ ਸਾਚ ਸਿਉ ਸਾਸੁ ਨ ਬਿਰਥਾ ਕੋਇ।"

– ਸਿਰੀ ੩, ੫੫, ੧:੪ (35)

"ਮਾਰੂ ਤੇ ਸੀਤਲੁ ਕਰੇ ਮਨੂਰਹੁ ਕੰਚਨੁ ਹੋਇ।"

– ਮਾਰੂ ੩, ੫, ੧:੧ (994)

(‘ਮਹਾਨਕੋਸ਼’ ਇਹ ‘ਸੀਤਲੁ ਦੇ ਅਰਥ ਸੇਚਿਤ ਜਲ’ ਅਥਵਾ ‘ਜਲ ਸੇਚਿਤ’ ਦਾ ਸੰਖੇਪ ਮੰਨਦਾ ਹੈ)

(2) ਆਰਾਮ ਵਾਲਾ, ਸ਼ਾਂਤ

“ਸਾਗਰੁ ਸੀਤਲੁ ਗੁਰ ਸਬਦ ਵੀਚਾਰਿ।”

– ਮਲਾ ੧, ਅਸ ੪, ੧:੩ (1275)

ਹੋਰ ਰੂਪ:

ਸੀਤਲੋਹੀ –

“ਪਤਿਤ ਪਾਵਨ ਠਾਕੁਰ ਨਾਮੁ ਤੁਮਰਾ ਸੁਖਦਾਈ ਨਿਰਮਲੁ ਸੀਤਲੋਹੀ।”

– ਗਉ ੧, ੧੨੯, ੨:੧ (207)

ਸੀਤੜਾ ----- ਸੀਤਾ ਹੋਇਆ

“ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ।”

– ਜੈਤ ੫, ਵਾਰ ੧੩ਸ, ੫, ੨:੧ (708)

ਸੀਤਾ ------ (1) ਸੀਤਾ ਹੋਇਆ

“ਤਿਥੈ ਸੀਤੋ ਸੀਤਾ ਮਹਿਮਾ ਮਾਹਿ।”

– ਜਪੁ ੧, ੩੭:੫ (8)

(‘ਸ਼ਬਦਾਰਥ’ ਇਸ ਦੇ ਅਰਥ ‘ਸੀਤਾ’ ਰਾਮਚੰਦਰ ਜੀ ਦੀ ਪਤਨੀ ਅਥਵਾ ਬਹਾਦਰ ਇਸਤਰੀਆਂ ਦੇ ਪ੍ਰਤੀਕ ਵਜੋਂ ਕਰਦਾ ਹੈ)

“ਹਉਮੈ ਮਾਰਿ ਨਿਵਾਰਿਆ ਸੀਤਾ ਹੈ ਚੋਲਾ।”

– ਸੂਹੀ ੧, ੪, ੪:੨ (729)

(2) ਭਗਵਾਨ ਰਾਮ ਦੀ ਪਤਨੀ ਰਾਜਾ ਜਨਕ ਦੀ ਪੁੱਤਰੀ

“ਗਾਵਨਿ ਸੀਤਾ ਰਾਜੇ ਰਾਮ।”

– ਆਸਾ ੧, ਵਾਰ ਪਸ, ੧, ੨:੮ (465)

“ਸੀਤਾ ਲਖਮਣੁ ਵਿਛੁੜਿ ਗਇਆ।”

– ਰਾਮ ੩, ਵਾਰ ੧੪ਸ, ੧, ੧:੬ (954)

ਸੀਤੁ ------ ਠੰਢ, ਵੇਖੋ ‘ਸੀਤ’ (1)

“ਨਾ ਇਸੁ ਉਸਨੁ ਨਹੀ ਇਸੁ ਸੀਤੁ।”

– ਗੋਂਡ ੫, ੨੧, ੨:੧ (868)

ਸੀਤੋ ------ ਸੀਤਾ (ਬਣਿਆ)

“ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ ਇਹੁ ਤਨੁ ਸੀਤੋ ਤੁਮਰੈ ਧਾਨ।”

– ਸਾਰ ੫, ੬੪, ੧*:੨ (1217)

“ਤਿਥੈ ਸੀਤੋ ਸੀਤਾ ਮਹਿਮਾ ਮਾਹਿ।”

– ਜਪੁ ੧, ੩੭:੫ (8)

ਸੀਧ ------ ਪੂਰਨ, ਸਿਧ

“ਨਾਮਿ ਹਮਾਰੇ ਕਾਰਜ ਸੀਧ।”

– ਗੋਂਡ ੫, ੪, ੩:੩ (863)

ਸੀਧਰੀ ----- ਸਿੱਧੀ
“ਅਪ੍ਰਸਟ ਬਾਤ ਤੇ ਭਈ ਸੀਧਰੀ ਦੂਤ ਦੁਸਟ ਸਜਨਈ।”
– ਆਸਾ ੫, ੧੨੪, ੧:੧ (402)

ਸੀਧਾ ------ (1) ਸਿੱਧਾ (ਉਲਟੇ ਦੇ ਵਿਰੁਧ)
“ਸੀਧਾ ਛੋਡਿ ਅਪੂਠਾ ਬੁਨਨਾ।”
– ਗਉ ੫, ੯੮, ੩:੨ (185)
(2) ਸਿਧਾ (ਮੂਧੇ ਦੇ ਵਿਰੁੱਧ) ਵੇਖੋ ‘ਸੀਧੈ’
“ਜਾਸੁ ਜਪਤ ਕਮਲੁ ਸੀਧਾ ਹੋਇ।”
– ਗਉ ੫, ਅਸ ੨, ੭:੪ (236)
(3) ਸਿਧਾ (ਵਿੰਗ ਟੇਢ ਰਹਿਤ) ਵੇਖੋ ‘ਸੀਧੈ’
“ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ।”
– ਧਨਾ ੫, ੮, ੧:੨ (672)
(4) ਆਟਾ (ਮਹਾਨਕੋਸ਼ ਇਸ ਦੇ ਅਰਥ ‘ਲੂਣ’ ਕਰਦਾ ਹੈ ਅਤੇ ਇਸ ਦੀ ਵਿਉਤਪਤੀ ਸੰਸਕ੍ਰਿਤ ਸ਼ਬਦ ਤੋਂ ਮੰਨਦਾ ਹੈ।)
“ਦਾਲਿ ਸੀਧਾ ਮਾਗਉ ਘੀਉ।”
– ਧਨਾ ਧੰਨਾ, ੧, ੧:੧ (695)

ਸੀਧਿ ------ ਸਿੱਧੀ, ਸਫਲਤਾ
“ਕ੍ਰਿਪਾਲ ਦਇਆਲ ਗੋਪਾਲ ਗੋਬਿਦ ਜੋ ਜਪੈ ਤਿਸੁ ਸੀਧਿ।”
– ਮਾਰੂ ੫, ੨੬, ੨:੧ (1006)

ਸੀਧੇ ------ (1) ਸੁਧ ਕਰਦਾ, ਕਪਟ ਰਹਿਤ ਕਰਦਾ ਹੈ
“ਗੁਰਮੁਖਿ ਪ੍ਰਾਣੀ ਅਪਰਾਧੀ ਸੀਧੇ।”
– ਗਉ ੩, ਅਸ ੫, ੨:੧ (231)
(‘ਦਰਪਣ’ ਇਸ ਦੇ ਅਰਥ ‘ਸਿਝੇ ਜਾਂਦੇ ਹਨ’ ਕਰਦਾ ਹੈ)
(2) ਸਫਲ ਹੋਏ, ਸਿਧੀ ਨੂੰ ਪ੍ਰਾਪਤ ਹੋਏ
“ਮੇਰਾ ਪ੍ਰਭੁ ਪਾਇਆ ਗੁਰ ਕੈ ਸਬਦਿ ਸੀਧੇ।”
– ਗਉ ੩, ਅਸ ੫, ੨:੩ (231)
(3) ਲਭ ਪਿਆ
“ਵਡੈ ਭਾਗਿ ਗੁਰੁ ਸਤਿਗੁਰੁ ਪਾਇਆ ਵਿਚਿ ਕਾਇਆ ਨਗਰ ਹਰਿ ਸੀਧੇ।”
– ਬਸੰ ੪, ੫, ੧*:੨ (1179)

ਸੀਧੈ ------- (1) ਸਿਧੇ (‘ਮੂਧੇ’ ਦੇ ਉਲਟ)
“ਊਧੇ ਭਾਂਡੇ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ।”
– ਗੂਜ ੧, ਅਸ ੨, ੫:੨ (504)
(2) ਸਿਧੇ (ਵਿੰਗ ਟੇਢ ਰਹਿਤ)
“ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ।”
– ਸਲੋ ੧, ੭:੧ (1410)

ਸੀਧੋ ------ (1) ਸਿਧੀ ਨੂੰ ਪ੍ਰਾਪਤ ਹੋਏ, ਪਵਿੱਤਰ ਹੋਏ, ਮੁਕਤ ਹੋਏ
“ਸਤਿਗੁਰ ਤੇ ਕਵਨੁ ਕਵਨੁ ਨ ਸੀਧੋ ਮੇਰੇ ਭਾਈ।”

– ਗਉ ੩, ਅਸ ੫, ੮:੧ (231)

(2) ਸਿਧ ਹੋਣਾ, ਸਫਲਤਾ ਪ੍ਰਾਪਤ ਹੋਣੀ
“ਕਾਰਜੁ ਸੀਧੋ ਰਿਦੈ ਸਮਾਲਿ।”
– ਬਿਲਾ ੧, ਅਸ ੧, ੪:੪ (831)

ਸੀਨਾ ------ (ਫਾ. ਸੀਨਾ) ਛਾਤੀ
“ਨਾਮੁ ਜਪਤ ਨਾਨਕ ਜੀਵੈ ਸੀਤਲੁ ਮਨੁ ਸੀਨਾ ਰਾਮ।”
– ਬਿਲਾ ੫, ਛੰਤ ੫, ੨:੪ (848)

ਸੀਪੈ ------ ਸੀਤੀ ਜਾਂਦੀ ਹੈ
“ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ।”
– ਰਾਮ ੩, ਵਾਰ ੧੯ਸ, ੧, ੧:੪ (955)

ਸੀਰਾ ------ ਠੰਢਾ, ਸੀਤਲ
“ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ।”
– ਸਲੋ ਕਬ, ੧੪੯:੧ (1372)

ਸੀਲ ------ (1) ਮਿੱਠਾ/ਸ਼ਾਂਤ, ਨਰਮ ਸੁਭਾ
“ਸੀਲ ਸੰਜਮਿ ਪ੍ਰਿਅ ਆਗਿਆ ਮਾਨੈ।”
– ਗਉ ੫, ੯੯, ੩:੧ (185)

ਹੋਰ ਰੂਪ:

ਸੀਲੰ –
“ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ।”
– ਸਸ ੫, ੩੮:੧ (1357)

ਸੀਲਵੰਤਿ –
“ਪੁਤ੍ਰਵੰਤੀ ਸੀਲਵੰਤਿ ਸੁਹਾਗਣਿ।”
– ਮਾਝ ੫, ੧੧, ੨:੨ (97)

ਸੀਲਵੰਤੀ –
“ਨਿਜ ਭਗਤੀ ਸੀਲਵੰਤੀ ਨਾਰਿ।”
– ਆਸਾ ੫, ੩, ੧:੧ (370)

ਸੀਲਵੰਤੁ –
“ਦਾਨਾ ਦਾਤਾ ਸੀਲਵੰਤੁ ਨਿਰਮਲੁ ਰੂਪੁ ਅਪਾਰੁ।”(ਨਰਮ ਸੁਭਾ ਦੀ)
– ਸਿਰੀ ੫, ੮੩, ੨:੧ (47)

(2) ਚੰਗਾ/ਸੁੱਚ ਆਚਰਨ/ਸ਼ਿਸ਼ਟਾਚਾਰ
“ਖਿਮਾ ਗਹੀ ਬ੍ਰਤੁ ਸੀਲ ਸੰਤੋਖੰ।”
– ਗਉ ੧, ਅਸ ੭, ੧:੧ (223)
“ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ।” (ਸ਼ਰਾਫਤ)
– ਬਿਹਾ ੪, ਵਾਰ ੧੨ਸ, ਮਰ, ੧:੫ (553)

ਹੋਰ ਰੂਪ:

ਸੀਲੁ –
“ਸੀਲੁ ਬਿਗਾਰਿਓ ਤੇਰਾ ਕਾਮ।”

– ਆਸਾ ੫, ੧੨, ੪:੪ (374)

“ਓਸੁ ਸੀਲੁ ਨ ਸੰਜਮੁ ਸਦਾ ਝੂਠੁ ਬੋਲੈ ਮਨਮੁਖਿ ਕਰਮ ਖੁਆਰੁ।” (ਪਤੀਬ੍ਰਤਾ ਧਰਮ)

– ਸੂਹੀ ੩, ਵਾਰ ੪ਸ, ੩, ੧:੨ (786)

“ਮਜਨੁ ਸੀਲੁ ਸਚੁ ਰਿਦੈ ਵੀਚਾਰਿ।” (ਪਵਿੱਤਰ ਰਹਿਣੀ)

– ਬਿਲਾ ੧, ਥਿਤੀ ੯:੩ (839)

(3) ਕਰਨ ਵਾਲ

“ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ।” (ਸਹਨ ਸੀਲ ਸਹਨ ਕਰਨ/ਜਰਨ ਵਾਲਾ)

– ਮਾਰੂ ੫, ੪, ੨:੧ (999)

(4) ਸ਼ਾਂਤੀ (ਸ਼ਾਂਤ ਸੁਭਾ)

“ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨੁ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ।” (ਸ਼ਾਂਤੀ ਦੀ ਸੰਜੋਹ)

– ਸਵ ੨, ੪:੩ (1391)

ਹੋਰ ਰੂਪ:

ਸੀਲਹ –

“ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ।” (ਸ਼ਾਂਤੀ ਏਤੀਰ)

– ਸਵ ੩, ੨੧:੨ (1396)

ਸੀਲਿ –

“ਸਾਚਿ ਸੀਲਿ ਚਾਲਹੁ ਸੁਲਿਤਾਨ।”

– ਭੈਰ ਨਾਮ, ੧੦, ੨੪:੨ (1166)

ਸੀਵ ------ ਹੱਦ ਬੰਨਾ, ਵੱਟ

“ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ।”

– ਬਿਲਾ ੪, ਵਾਰ ੯:੪ (853)

ਸੀਵਉ ----- ਸੀਓ

“ਰਾਂਗਨਿ ਰਾਂਗਉ ਸੀਵਨਿ ਸੀਵਉ।”

– ਆਸਾ ਨਾਮ, ੩, ੨:੧ (485)

ਹੋਰ ਰੂਪ:

ਸੀਵਤੇ –

“ਸਰਬ ਸੋ ਸੂਖ ਅਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ।” (ਸੀਦੇ ਪਰੋਂਦੇ)

– ਸਿਰੀ ੫, ਛੰਤ ੩, ੩:੫ (81)

ਸੀਵਨਾ –

“ਬਿਨੁ ਤਾਗੇ ਬਿਨੁ ਸੂਈ ਆਨੀ ਮਨੁ ਹਰਿ ਭਗਤੀ ਸੰਗਿ ਸੀਵਨਾ।”

– ਮਾਰੂ ੫, ਅਸ ੬, ੫:੧ (1019)

ਸੀਵਨਿ –
“ਸੰਚਨਿ ਰਾਮ ਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ।”
– ਸਾਰ ੫, ੯੧, ੨:੧ (1222)

ਸੀਵਾਂ ------ ਹੱਦ, ਸੀਮਾ
“ਸਾਢੇ ਤੀਨਿ ਹਾਥ ਤੇਰੀ ਸੀਵਾਂ।”
– ਸੋਰ ਰਵਿ, ੬, ੨:੨ (659)

ਸੀਵੈ ------ ਸਿਊਏ, ਸੀਏ
“ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ।”
– ਰਾਮ ੩, ਵਾਰ ੧੯, ੧, ੧:੩ (955)

ਸੁ -------- (1) ਉਹ
“ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।”
– ਜਪੁ ੧, ੨੧:੯ (4)
“ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ।” (ਉਹੀ)
– ਵਡ ੧, ਅਲਾ ੪, ੪:੧ (581)
“ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ।” (ਉਹ/ਅਸਲ ਵਸਤੂ)
– ਰਾਮ ੩, ਵਾਰ ੧੬ਸ, ੨, ੨:੩ (954)

ਹੋਰ ਰੂਪ:

ਸੁੋ –
“ਜਿਨ੍ਹਾ ਪਿਰ ਕਾ ਸੁਆਦੁ ਨ ਅਇਓ ਜੋ ਧੁਰਿ ਲਿਖਿਆ ਸੁੋ ਕਮਾਹਿ।”
– ਆਸਾ ੩, ਅਸ ੩੪, ੨:੨ (428)

(2) ਉਸ ਨੂੰ
“ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ।” (ਪ੍ਰਭੂ ਉਸ ਨੂੰ ਤਾਰ ਲੈਂਦਾ ਹੈ)
– ਸਿਰੀ ੧, ੧੬, ੧:੩ (20)
“ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ।”
– ਮਾਝ ੧, ਵਾਰ ੧੧ਸ, ੧, ੨:੨ (143)

(3) ਅਥਵਾ, ਅਤੇ
“ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ।”
– ਸਿਰੀ ੧, ਅਸ ੧੫, ੩:੨ (63)

(4) ਵੀ
“ਅਜੈ ਸੁ ਜਾਗਉ ਆਸ ਪਿਆਸੀ।”
– ਆਸਾ ੧, ੨੬, ੩*:੧ (357)
“ਅਜੈ ਸੁ ਰੋਵੈ ਭੀਖਿਆ ਖਾਇ।”
– ਰਾਮ ੩, ਵਾਰ ੧੪ਸ, ੧, ੧:੩ (953)

(5) ਇਸ ਕਰਕੇ
“ਲਬੁ ਲੋਭੁ ਅਹੰਕਾਰ ਸੁ ਪੀਰਾ।”
– ਆਸਾ ੧, ਅਸ ੭, ੨:੨ (414)
“ਮਥੁਰਾ ਜਨ ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ।”
– ਸਵ ੪, ਮਥੁ ੨:੩ (1404)

(6) ਓਹੀ, ਪਹਿਲੇ ਵਾਲਾ
"ਤੁਮਹਿ ਸੁ ਕੰਤ ਨਾਰਿ ਹਮ ਸੋਈ।"
- ਆਸਾ ਕਬ, ੩੫, ੩:੨ (484)

(7) ਸੋ
"ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ।"
- ਵਡ ੪, ਘੋੜੀ ੧, ੧:੫ (575)

(8) ਜਿਸ ਨੂ
"ਤੇਰੋ ਨਹੀ ਸੁ ਜਾਨੀ ਮੋਰੀ।"
- ਟੋਡੀ ੫, ੧੬, ੧*:੨ (715)

(9) ਉਸ
"ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ।" (ਉਸ ਚੋਭ ਨਾਲ)
- ਰਾਮ ਕਬ, ੩, ੪:੨ (969)

(10) (ਅਗੇਤਰ ਰੂਪ ਵਿਚ) ਚੰਗੇ, ਸ੍ਰੇਸ਼ਟ ਜਿਵੇਂ
"ਭਨਿ ਦਾਸ ਸੁ ਆਸ ਜਗਤੁ ਗੁਰੁ ਕੀ ਪਾਰਸੁ ਭੇਟਿ ਪਰਸੁ ਕਰ੍ਉ।"
- ਸਵ ੪, ਨਲ ੧੧:੪ (1400)

"ਸੁਰੰਗ ਰੰਗੀਲੇ ਹਰਿ ਹਰਿ ਧਿਆਇ।" (ਸੁਹਣੇ ਰੰਗਾਂ ਵਿਚ)
- ਭੈਰ ਨਾਮ, ੧, ੧*:੨ (1163)

"ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ।" (ਉਤਮ ਕਰਣੀ)
- ਆਸਾ ੫, ੩, ੧*:੧ (371)

"ਬੈਸਿ ਸੁਥਾਨਿ ਕਹਾਂ ਗੁਣ ਤੇਰੇ ਕਿਆ ਕਿਆ ਕਥਉ ਅਪਾਰਾ।"(ਸ੍ਰੇਸ਼ਟ/ ਪਵਿੱਤਰ ਥਾਂ ਤੇ)
- ਮਲਾ ੧, ੩, ੪:੧ (1255)

"ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ।"
- ਸਵ ੨, ੧੦:੫ (1392)

(11) ਤਾਂ
"ਅਜਹੁ ਸੁ ਨਾਉ ਸੁਮੰਦ੍ਰ ਮਹਿ ਕਿਆ ਜਾਨਉ ਕਿਆ ਹੋਇ।"
- ਸਲੋ ਕਬ, ੩੯:੧ (1366)

"ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਂਦੀ ਨ ਲਹਾਂ।"
- ਸਲੋ ਫਰ, ੮੭:੧ (1382)

ਸੁਅਸਤਿ ---- **(ਸੰ.) ਅਸ਼ੀਰਵਾਦ, ਕਲਿਆਣ ਹੋਵੇ**
(ਜੈ ਹੋਵੇ ਤੇਰੀ, ਭਾਵ ਮੈਂ ਤੇਰਾ ਹੀ ਆਸਰਾ ਲੈਂਦਾ ਹਾਂ)
"ਸੁਅਸਤਿ ਆਥਿ ਬਾਣੀ ਬਰਮਾਉ।"
- ਜਪੁ ੧, ੨੧:੭ (4)

('ਨਿਰਣੈ' ਇਸ ਦੇ ਅਰਥ 'ਕਲਿਆਣ ਸਰੂਪ' ਕਰਦਾ ਹੈ)
"ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ।" (ਕਲਿਆਣ ਹੋਵੇ)
- ਆਸਾ ੧, ਵਾਰ ੮ਸ, ੧, ੧:੮ (467)

ਸੁਆਉ ----- **(1) ਸੁਆਦ**
"ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ।"
- ਸਿਰੀ ੧, ੧੫, ੨:੨ (19)

"ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ।"
– ਮਾਝ ੧, ਵਾਰ ੯ਸ, ੧, ੨:੧ (142)

ਹੋਰ ਰੂਪ:

ਸੁਆਇ –
"ਨਾਮੁ ਬਿਸਾਰਿ ਲਗੈ ਅਨ ਸੁਆਇ।"
– ਗਉ ੫, ੧੩੪, ੩:੧ (192)

(2) ਪ੍ਰਯੋਜਨ, ਉਦੇਸ਼, ਮਨੋਰਥ
"ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ।"
– ਸਿਰੀ ੫, ੭੫, ੧:੨ (43)
"ਬਿਨ ਸਤਿਗੁਰ ਨਾਉ ਨ ਪਾਈਐ ਬਿਨੁ ਨਾਵੈ ਕਿਆ ਸੁਆਉ।"
– ਸਿਰੀ ੧, ਅਸ ੮, ੩:੨ (58)

ਹੋਰ ਰੂਪ:

ਸੁਆਓ –
"ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ।"
– ਰਾਮ ੧, ਸਿਗੋ ੨:੧ (938)

ਸੁਆਇ –
"ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ।"
– ਸਿਰੀ ੪, ਵਾਰ ੯ਸ, ੩, ੧:੧ (85)

(3) ਲਾਭ
"ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ।"
– ਸਿਰੀ ੫, ੮੫, ੩:੨ (47)
"ਜਨ ਆਵਨ ਕਾ ਇਹੈ ਸੁਆਉ।"
– ਗਉ ੫, ਸੁਖ ੨੩, ੮:੭ (295)
"ਬੋਇ ਖੇਤੀ ਲਾਇ ਮਨੂਆ ਭਲੋ ਸਮਉ ਸੁਆਉ।"
– ਮਾਰੂ ੫, ੧੩, ੧*:੨ (1002)

(4) ਦਿਲਚਸਪੀ
"ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ।" (ਦਿਲਚਸਪੀ ਦੂਜੇ ਭਾਵ ਵਾਲੀ)
– ਆਸਾ ੩, ਅਸ ੩੦, ੧:੨ (426)

(5) ਗਰਜ਼, ਸੁਆਰਥ, ਮਤਲਬ
"ਤਿਨ ਸੰਗਿ ਸੰਗੁ ਨ ਕੀਚਈ ਨਾਨਕ ਜਿਨ੍ਹਾ ਆਪਣਾ ਸੁਆਉ।"
– ਗੂਜ ੫, ਵਾਰ ੧੦ਸ, ੫, ੨:੨ (520)
"ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ।"
– ਬਿਲਾ ੪, ਵਾਰ ੩ਸ ੩, ੨:੨ (850)

ਹੋਰ ਰੂਪ:

ਸੁਆਇ –
"ਅਪੁਨੈ ਸੁਆਇ ਰਿਦੈ ਲੈ ਧਾਰਿਆ।"
– ਗਉ ੫, ੧੪੮, ੨:੧ (195)

ਸੁਆਈ –

"ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ।"
– ਆਸਾ ੪, ੫੪, ੧:੩ (366)

ਸੁਆਹ ----- ਰਾਖ, ਭਸਮ
"ਦਸਵੈ ਦਧਾ ਹੋਆ ਸੁਆਹ।"
– ਮਾਝ ੧, ਵਾਰ ੧ਸ, ੧, ੨:੧੦ (138)

ਹੋਰ ਰੂਪ:

ਸੁਆਹਾ –
"ਨਿਕਸਿਆ ਫੂਕ ਤ ਹੋਇ ਗਇਓ ਸੁਆਹਾ।"
– ਆਸਾ ੫, ੮੬, ੨:੪ (392)

ਸੁਆਹਿ –
"ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ।"
– ਸਿਰੀ ੧, ਅਸ ੧੬, ੭:੨ (64)

ਸੁਆਹੀ –
"ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ।" (ਸੁਆਹ ਨਾਲ)
– ਮਾਝ ੧, ਵਾਰ ੨੬ਸ, ੧, ੧:੩ (149)

ਸੁਆਹੁ –
"ਲੇਟਣਿ ਲੇਟਿ ਜਾਣੈ ਤਨੁ ਸੁਆਹੁ।" (ਸੁਆਹ ਭਾਵ ਤੁੱਛ)
– ਆਸਾ ੧, ੬, ੩:੩ (350)

ਸੁਆਦ ----- (ਸੰ.) ਰਸ, ਜਾਇਕਾ
"ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ।"
– ਗਉ ੫, ਥਿਤੀ ੫:੪ (297)
"ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ।"
– ਆਸਾ ੫, ੧੨੭, ੧:੧ (403)

ਹੋਰ ਰੂਪ:

ਸੁਆਦੰ –
"ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ।"
– ਜੈਤ ੫, ਵਾਰ ੯ਸ, ੫:੧ (707)

ਸੁਆਦਤਿ –
"ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ।" (ਸੁਆਦ ਲਈ)
– ਆਸਾ ਕਬ, ੨੯, ੧:੧ (483)

ਸੁਆਦਿ –
"ਮਾਇਆ ਮਗਨ ਸੁਆਦਿ ਲੋਭ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ।" (ਸੁਆਦ ਵਿਚ)
– ਟੋਡੀ ਮ: ੫, ੩, ੧*:੨ (712)

ਸੁਆਦੀ –
"ਜਿਹਬਾ ਸੁਆਦੀ ਲੀਲਿਤ ਲੋਹ।" (ਸੁਆਦ ਕਰਕੇ)
– ਸਾਰ ਨਾਮ, ੧, ੧:੩ (1252)

ਸੁਆਦੁ –

"ਜਿਨ੍ਹਾ ਪਿਰ ਕਾ ਸੁਆਦੁ ਨ ਆਇਓ ਜੋ ਧੁਰਿ ਲਿਖਿਆ ਸੁੋ ਕਮਾਹਿ।"
– ਆਸਾ ੩, ਅਸ ੩੪, ੧:੨ (428)

ਸੁਆਨ ----- (ਸੰ.) ਕੁਤਾ, ਵੇਖੋ 'ਸੁਆਨੁ'
"ਜਿਨਿ ਦੀਏ ਤਿਸਹਿ ਨ ਜਾਨਹਿ ਸੁਆਨ।" (ਅਕ੍ਰਿਤਘਨ/ਨੀਵਾਂ ਮਨੁੱਖ)
– ਗਉ ੫, ੧੪੫, ੩:੧ (195)
"ਸਭ ਬਿਧਿ ਖੋਈ ਲੋਭਿ ਸੁਆਨ।" (ਲੋਭ ਰੂਪੀ ਕੁੱਤੇ ਨੇ)
– ਆਸਾ ੫, ੧੨, ੨:੪ (374)
"ਕਹਾ ਸੁਆਨ ਕਉ ਸਿੰਮ੍ਰਿਤਿ ਸੁਨਾਏ।" (ਬੇਸਮਝ ਮਨੁੱਖ)
– ਆਸਾ ਕਬ, ੨੦, ੧:੧ (481)

ਸੁਆਨੀ ---- ਕੁੱਤੀ
"ਏਕੁ ਸੁਆਨੁ ਦੁਇ ਸੁਆਨੀ ਨਾਲਿ।"
– ਸਿਰੀ ੧, ੨੯, ੧:੧ (24)

ਸੁਆਨੁ ----- ਕੁੱਤਾ, ਵੇਖੋ 'ਸੁਆਨ'
"ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ।"
– ਮਾਝ ੫, ਬਾਰ ੧੨:੪ (136)

ਸੁਆਮਿ ---- (ਸੰ.) ਮਾਲਕ, ਆਕਾ
"ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਵਾਵਣਾ।"
– ਵਡ ੧, ਛੰਤ ੧, ੩:੩ (566)

ਹੋਰ ਰੂਪ:

ਸੁਆਮੀ –
"ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ।"
– ਸਿਰੀ ੫, ੯੬, ੧*:੨ (51)

ਸੁਆਮੀ ---- (1) ਮਾਲਕ, ਵੇਖੋ 'ਸੁਆਮਿ'

ਹੋਰ ਰੂਪ:

ਸੁਆਮੀਆ –
"ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ।" (ਮਾਲਕ)
– ਸੂਹੀ ੫, ਛੰਤ ੨, ੩:੩ (778)

(2) ਪਤੀ, ਭਰਤਾ
"ਤੂੰ ਮੇਰਾ ਮੀਤੁ ਸਾਜਨੁ ਮੇਰਾ ਸੁਆਮੀ ਤੁਧੁ ਬਿਨੁ ਅਵਰੁ ਨ ਜਾਨਣਿਆ।"
– ਮਾਝ ੫, ਅਸ ੩੭, ੬:੩ (132)

ਸੁਆਰਥ ---- ਗਰਜ਼, ਆਪਣਾ ਮਨੋਰਥ, ਵੇਖੋ 'ਸੁਆਰਥੁ'
"ਗੋਵਿਦ ਭਜੁ ਸਭਿ ਸੁਆਰਥ ਪੂਰੇ ਨਾਨਕ ਕਬਹੁ ਨ ਹਾਰਿ।" (ਲੋੜਾਂ)
– ਮਾਰੂ ੫, ੨੭, ੨:੨ (1007)

ਸੁਆਰਥੀ --- (1) ਮਤਲਬੀ, ਖੁਦਗਰਜ਼
"ਮਨਮੁਖ ਆਪ ਸੁਆਰਥੀ ਕਾਰਜੁ ਨ ਸਕਹਿ ਸਵਾਰਿ।"

– ਸੋਰ ੪, ਵਾਰ ੩ਸ, ੩, ੨:੪ (643)

(2) ਰਥਵਾਨ –
"ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ।"
– ਧਨਾ ਤ੍ਰਿਲੋ, ੧, ੨:੧ (695)

ਸੁਆਰਥੁ ---- (1) ਗਰਜ਼, ਆਪਣਾ ਮਨੋਰਥ
"ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ।"
– ਸਿਰੀ ੫, ੨੬, ੨:੩ (701)

(2) ਆਪਣੇ ਹਿਤ/ਲਾਭ ਵਾਲੀ ਗਲ
"ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ।"
– ਸਾਰ ੫, ੯੦, ੧:੨ (1221)

ਸੁਆਲਿਓ --- (ਸੁ + ਆਲਿਓ – ਸੁੰਦਰਤਾ ਦਾ ਘਰ), ਸੁੰਦਰ, ਸ੍ਰੇਸ਼ਟ
"ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ।"
– ਸਿਰੀ ੪, ਵਾਰ ੨੭ਸ, ੩, ੨:੩ (90)
"ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ।"
(ਸੁ+ਆਲਿਯ –ਸੁੰਦਰਤਾ ਦਾ ਘਰ)
– ਗਉ ੪, ਵਾਰ ੧:੩ (301)

ਹੋਰ ਰੂਪ:

ਸੁਆਲਿਉ –
"ਤਿਨ ਕਾ ਕਿਆ ਸਲਾਹਣਾ ਅਵਰ ਸੁਆਲਿਉ ਕਾਇ।" (ਸੋਹਣੇ, ਸੁੰਦਰ)
– ਸਿਰੀ ੧, ੪, ੪:੨ (15)
"ਕੇਤਾ ਤਾਣੁ ਸਆਲਿਹੁ ਰੂਪੁ।"
– ਜਪੁ ੧, ੧੬:੮ (3)

ਸੁਆਲਿਉ –
"ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ।"
– ਆਸਾ ੧, ਵਾਰ ੨੨ਸ, ੧, ੨:੨ (469)

ਸੁਆਵਗੀਰ -- ਸੁਆਰਥੀ, ਮਤਲਬੀ
"ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ।"
– ਗਉ ੪, ਵਾਰ ੭ਸ, ੪, ੧:੫ (303)
('ਮਹਾਨਕੋਸ਼' ਇਸ ਨੂੰ ਫਾਰਸੀ ਸ਼ਬਦ ਤੋਂ ਵਿਉਂਤਪਤ ਮੰਨ ਕੇ ਇਸ ਦੇ ਅਰਥ ਕਰਦਾ ਹੈ 'ਖਾਲਿਸ ਸਿਕੇ')

ਸੁਆਵੜਾ --- ਸੁਆਦ
"ਓਨੀ ਛਡਿਆ ਮਾਇਆ ਸੁਆਵੜਾ ਧਨੁ ਸੰਚਿਆ ਨਾਮੁ ਅਪਾਰੁ।"
('ਗੁਰ ਗਿਰਾਰਥ ਕੋਸ਼' ਇਸ ਦੇ ਅਰਥ 'ਪ੍ਰਯੋਜਨ', 'ਮਹਾਨਕੋਸ਼' ਖੁਦਗਰਜ਼ੀ ਅਤੇ 'ਦਰਪਣ' 'ਕੋਝਾ ਸੁਆਦ' ਕਰਦਾ ਹੈ)

ਸੁਇ ------ (1) ਉਹ
"ਵਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਤ ਭਿੰਨ।"
– ਗਉ ੫, ਬਾਅ ੨੬:੫ (255)

(‘ਮਹਾਨਕੋਸ਼’ ਇਸ ਦੇ ਅਰਥ ‘ਸ੍ਵ’ ਆਪਣਾ ਆਪ’ ਕਰਦਾ ਹੈ)
(2) ਉਸੇ –
“ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ।”
– ਸਲੋ ਕਬ, ੨੩੮:੧ (1371)

ਸੋੁਇਨ ----- (ਸੰ.) ਸੋਨਾ
“ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਰੀ।”
– ਧਨਾ ਨਾਮ, ੧, ੩:੧ (693)

ਸੁਇਨਾ ----- ਸੋਨਾ, ਵੇਖੋ ‘ਸੁਇਨਾ
“ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।”
– ਸਿਰੀ ੧, ੪, ੨:੧ (15)

ਹੋਰ ਰੂਪ:

ਸੁਇਨੇ –
“ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।”
– ਸਿਰੀ ੧, ੭, ੩:੧ (16)

ਸੁਈ ------ ਉਹ ਹੀ, ਸੋਹੀ
“ਦਿਹੰਦ ਸੁਈ।”
– ਮਾਝ ੧, ਵਾਰ ੧੩ਸ, ੧, ੬:੩ (144)

ਹੋਰ ਰੂਪ:

ਸੋੁਈ –
“ਸੋੁਈ ਨਾਨਕ ਸਖਾ ਜੀਅ ਸੰਗਿ ਕਿਤੋ।”
– ਗਾਥਾ ੫, ੧੩:੪ (1361)

ਸੁਸਾਜਨੁ ---- ਚੰਗੇ/ਸ੍ਰੇਸ਼ਟ ਸਜਣ
“ਚਾੜ੍ਰਿਕ ਚਿਤ ਸੁਚਿਤ ਸੁਸਜਾਨੁ ਚਾਹੀਐ।”
– ਫੁਨ ੫, ੧੧:੧ (1362)

ਸੁਹੰਦਾ ----- ਸ਼ੋਭਾ ਦਿੰਦਾ, ਸੋਹਣਾ/ਸੁਖਾਵਾਂ ਲਗਾਦਾ
“ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ।”
– ਮਾਝ ੫, ਬਾਰਾ ੫:੯ (134)
“ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ।”
– ਗਉ ੫, ੫:੧ (319)
“ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ।”
(ਚੰਗਾ/ਸੋਹਣਾ ਲਗਦਾ)
– ਜੈਤ ੫, ਛੰਤ ੧, ੩:੫ (704)

ਹੋਰ ਰੂਪ:

ਸੁਹੰਦੀ –
“ਹਰਿ ਸਤਿ ਸਤੇ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁਹੰਦੀ।”
–ਸਿਰੀ ੪, ਛੰਤ ੧, ੩:੧ (78)

ਸੁਹੰਦੀਆ –
"ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ।"
– ਮਾਰੂ ੫, ਵਾਰ ੨੨ਸ, ੫, ੨:੨ (1102)

ਸੁੋਹੰਦਾ –
"ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ।"
– ਮਾਝ ੫, ਬਾਰ ੧੧:੯ (135)

ਸੁੋਹੰਦੀ –
"ਹਰਿ ਸਤਿ ਸਤਿ ਮੇਰੇ ਬਾਬੁਲਾ ਹਰਿ ਜਨ ਮਿਲਿ ਜੰਵ ਸੁੋਹੰਦੀ।"
– ਸਿਰੀ ੪, ਛੰਤ ੧, ੩:੬ (78)

ਸੁਹਦੇ ------ **ਸਿੱਧੇ ਸਾਦੇ ਮਸਤ/ਅਲਬੇਦੇ ਫਕੀਰ**
"ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।"
– ਸਿਰੀ ੧, ਅਸ ੧, ੩:੧ (53)

(ਮਹਾਨਕੋਸ਼ ਨੇ 'ਸੁਹਦੇ' ਨੂੰ ਅਰਬੀ ਦੇ ਸ਼ਬਦ ਸ਼ਹਿਦਾਹ (ਸ਼ਹੀਦ ਦਾ ਬਹੁ–ਵਚਨ) ਤੋਂ ਉਤਪਤਿ ਮੰਨਿਆ ਹੈ। 'ਗੁਰੂ ਗਿਰਾਰਥ ਕੋਸ਼' ਧਰਮ ਦੀ ਗਵਾਹੀ ਦੇਣ ਵਾਲੇ' ਕਰਦਾ ਹੈ।

ਸੁਹਲਾਵੀ ---- **ਖੁਸ਼, ਅਨੰਦ, ਸੁਖੀ**
"ਭੋਰੁ ਭਇਆ ਮੈ ਪ੍ਰਿਅ ਮੁਖ ਪੇਖੇ ਗ੍ਰਿਹਿ ਮੰਗਲ ਸੁਹਲਾਵੀ।"
– ਮਲਾ ੫, ੩, ੧*:੨ (1267)

ਸੁਹਾਇ ----- **(1) ਸ਼ੋਭਾਵਾਲੇ/ਸੋਹਣੇ/ਸੁੰਦਰ ਲੱਗੇ**
"ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ।"
– ਸਿਰੀ ੩, ੫੪, ੧:੪ (34)

ਹੋਰ ਰੂਪ:

ਸੁਹਾਇਆ –
"ਸਤਿਗੁਰੁ ਸੇਵੀ ਸਬਦਿ ਸੁਹਾਇਆ।"
– ਮਾਝ ੩, ਅਸ ੧੦, ੨:੧ (115)

ਸੁਹਾਈ –
"ਵਡੈ ਭਾਗਿ ਨਾਉ ਪਾਈਐ ਗੁਰਮਤਿ ਸਬਦਿ ਸੁਹਾਈ।"
– ਸਿਰੀ ੩, ਅਸ ੨੪, ੩:੧ (69)

(2) ਸੁਖਾਂਦੀ, ਚੰਗੀ ਲਗਦੀ
"ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ।"
– ਸਲੋ ਕਬ, ੬੮:੧ (1368)

ਹੋਰ ਰੂਪ:

ਸੁਹਾਈ –
"ਪੂਰੈ ਸਬਦਿ ਭਗਤਿ ਸੁਹਾਈ।"
– ਮਾਰੂ ੩, ਸੋਲਾ ੨੪, ੨:੧ (1068)

ਸੁਹਾਈ ----- **(1) ਸੋਹਣੀ ਲੱਗੀ, ਵੇਖੋ 'ਸੁਹਾਇ'**
(2) ਸੁਖਾਂਦੀ/ਚੰਗੀ ਲੱਗੀ, ਵੇਖੋ 'ਸੁਹਾਇ' (2)

(3) ਸੁਖ ਪਾਇਆ

"ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ।"

– ਮਲਾ ੧, ਅਸ ੩, ੧:੧ (1274)

ਸੁਹਾਏ ----- ਸ਼ੋਭਾ ਵਾਲੇ/ਚੰਗੇ ਲੱਗੇ

"ਹਰਿ ਗੁਣ ਗਾਵੈ ਸਬਦਿ ਸੁਹਾਏ ਮਿਲਿ ਪ੍ਰੀਤਮ ਸੁਖੁ ਪਾਵਣਿਆ।"

– ਮਾਝ ੩, ਅਸ ੨੯, ੪:੩ (126)

"ਤਿਤੁ ਘਰਿ ਬਿਲਾਵਲੁ ਗੁਰ ਸਬਦਿ ਸੁਹਾਏ।" (ਸੁਭਾਇਮਾਨ ਹੁੰਦਾ ਹੈ)

– ਬਿਲਾ ੩, ੫, ੧:੨ (798)

"ਥਿਤੀ ਵਾਰ ਸਭਿ ਸਬਦਿ ਸੁਹਾਏ।" (ਸੁਹਾਵਣੇ ਬਣਦੇ ਹਨ)

– ਬਿਲਾ ੩, ਵਾ ੧, ੪:੬ (842)

ਸੁਹਾਗ ----- (1) ਖਸਮਾਨਾ, ਪਤੀ ਦਾ ਪਿਆਰ, ਵੇਖੋ 'ਸੁਹਾਗ'

"ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ।"

– ਗਉ ੫, ਬਾਅ ੧੯:੮ (254)

"ਸੁਖ ਪ੍ਰਿਅ ਸੁਹਾਗ ਪਲਕ ਰਾਤ।"

– ਕਾਨ ੫, ੪੨, ੧:੨ (1306)

(2) ਸੁਹਾਗਣ ਹੁੰਦੀ ਹੈ

"ਸੰਤ ਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ।"

– ਮਲਾ ੧, ੨੭, ੧:੧ (1272)

ਸੁਹਾਗਣਿ --- ਪਤੀ/ਸੁਹਾਗ/ਪਤੀ ਪ੍ਰੇਮ ਵਾਲੀ

"ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ।"

– ਸਿਰੀ ੧, ਅਸ ੬, ੬:੩ (57)

ਹੋਰ ਰੂਪ:

ਸੋੁਹਾਗਣਿ –

"ਸਾਈ ਸੋੁਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ।"

– ਰਾਮ ੫, ਵਾਰ ੬ਸ, ੫, ੧:੮ (959)

ਸੁਹਾਗਣੀ –

"ਨਾਨਕ ਧੰਨੁ ਸੁਹਾਗਣੀ ਜਿਨ ਸਹਿ ਨਾਲਿ ਪਿਆਰੁ।"

– ਸਿਰੀ ੧, ੧੩, ੫:੩ (19)

ਸੁਹਾਗਣੀ --- (1) ਪਤੀ ਪ੍ਰੇਮ/ਪਤੀ ਵਾਲੀਆਂ, ਵੇਖੋ 'ਸੁਹਾਗਣਿ'

ਹੋਰ ਰੂਪ:

ਸੋੁਹਾਗਣੀ –

"ਨਾਨਕ ਸੁਖਿ ਵਸਨਿ ਸੋੁਹਾਗਣੀ ਜਿਨ੍ ਪਿਆਰਾ ਪੁਰਖੁ ਹਰਿ ਰਾਉ।"

– ਗੂਜ ੩, ਵਾਰ ੬ਸ, ੩, ੨:੨ (510)

ਸੁਹਾਗਣੇ –

"ਹਰਿ ਨਾਰਿ ਸੁਹਾਗਣੇ ਸਭਿ ਰੰਗ ਮਾਣੇ।"

– ਬਿਹਾ ੫, ਛੰਤ ੪, ੩:੧ (544)

ਸੁਹਾਗਨਿ –

“ਸੋਈ ਸੁਹਾਗਨਿ ਕਹੈ ਕਬੀਰੁ।”

– ਗਉ ਕਬ, ੨੩, ੩:੨ (328)

ਸੋੁਹਾਗਨਿ –

“ਛੁਟਰਿ ਤੇ ਗੁਰਿ ਕੀਈ ਸੋੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ।”

– ਸਾਰ ੫, ੩੧, ੧:੧ (1210)

(2) ਚੰਗੇ ਭਾਗਾਂ ਵਾਲੀਆਂ

“ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ।”

– ਮਾਝ ੫, ਬਾਰਾ ੬:੯ (134)

ਸੁਹਾਗਾ ----- ਛਤੀਰ ਵਰਗਾ ਇਕ ਕਿਸਾਨੀ ਸੰਦ ਜਿਸ ਨਾਲ ਜ਼ਮੀਨ ਦੇ ਡਲੇ ਭੰਨੇ ਜਾਂਦੇ ਹਨ।

“ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।”

– ਸੋਰ ੧, ੨, ੧:੨ (595)

ਸੁਹਾਗੁ ----- (1) ਪਤੀ ਪਿਆਰ, ਵੇਖੋ ‘ਸੁਹਾਗੁ’

“ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ।”

– ਸਿਰੀ ੧, ਅਸ ੮, ੧:੩ (58)

ਹੋਰ ਰੂਪ:

ਸੁਹਾਗੋ –

“ਕਹੁ ਨਾਨਕ ਮੇਰੋ ਬਨਿਓ ਸੁਹਾਗੋ ਪਤਿ ਸੋਭਾ ਭਲੇ ਅਚਾਰੇ।”

– ਮਲਾ ੫, ੭, ੨:੨ (1268)

(2) ਪਤੀ

“ਸਭ ਪਰਹਰਿ ਤਾ ਕਉ ਮਿਲੈ ਸੁਹਾਗੁ।”

– ਗਉ ਕਬ, ੨੧, ੩:੨ (327)

ਹੋਰ ਰੂਪ:

ਸੋੁਹਾਗੋ –

“ਸਾਚੈ ਸਬਦਿ ਲਾਗਿ ਮਤਿ ਉਪਜੈ ਗੁਰਮੁਖਿ ਨਾਮੁ ਸੋੁਹਾਗੋ।”

– ਵਡ ੩, ਛੰਤ ੨, ੩:੫ (569)

ਸੁਹਾਣੁ ----- (ਅ. ਸੁਭਾਗਨ) ਪਵਿੱਤਰ

“ਸਤੁ ਸੁਹਾਣੁ ਸਦਾ ਮਨਿ ਚਾਉ।”

– ਜਪੁ ੧, ੨੧:੮ (4)

ਸੁਹਾਨੀ ----- ਸੁਖਾਵੀਂ ਲਗੀ, ਸੁਖਦਾਇਕ ਲਗੀ

“ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ।”

– ਮਲਾ ੧, ੨, ੧*:੨ (1254)

ਸੁਹਾਵਣਾ ---- (1) ਸੋਭਾ ਵਾਲਾ, ਸੁੰਦਰ

“ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ।”

– ਸਿਰੀ ੧, ੧੨, ੨:੧ (18)

“ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ।”

– ਆਸਾ ੧, ਵਾਰ ੧੪:੧ (470)

ਹੋਰ ਰੂਪ:

ਸੁਹਾਵਣਿਆ –

“ਹਉ ਵਾਰੀ ਜੀਉ ਵਾਰੀ ਸਬਦਿ ਸੁਹਾਵਣਿਆ।” (ਸੁੰਦਰ ਹੋਏ ਹਨ)

– ਮਾਝ ੧, ਅਸ ੧, ੧*:੧ (109)

“ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ।” (ਸੰਵਾਰਿਆ/ ਸੁੰਦਰ ਬਣਾਇਆ ਗਿਆ ਹੈ।)

– ਮਾਝ ੧, ਅਸ ੧, ੩:੩ (109)

ਸੁਹਾਵਣੀ –

“ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ।”

– ਸਿਰੀ ੧, ਅਸ ੨, ੬:੨ (54)

ਸੁਹਾਵਣੇ –

“ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ।”

– ਸਿਰੀ ੧, ੧੮, ੨:੩ (21)

ਸੁਹਾਵਣੋ –

“ਗਾਵੈ ਗਾਵਣਹਾਰੁ ਸਬਦਿ ਸੁਹਾਵਣੋ।”

– ਧਨਾ ੧, ਛੰਤ ੧, ੩:੩ (688)

ਸੁਹਾਵਨੀ –

“ਪ੍ਰਿਅ ਕੀ ਸੋਭ ਸੁਹਾਵਨੀ ਨੀਕੀ।”

– ਮਲਾ ੫, ੨੫, ੧*:੧ (1272)

ਸੁਹਾਵਨੇ –

“ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ।” (ਸ਼ੋਭਾ ਵਾਲੇ)

– ਗਉ ੫, ਬਾਅ ੧੮:੬ (253)

(2) ਸੁਖਦਾਈ

“ਸਚਾ ਪੁਰਖੁ ਅਲਖੁ ਸਬਦਿ ਸੁਹਾਵਣਾ।”

– ਮਾਝ ੧, ਵਾਰ ੨੧:੫ (148)

ਹੋਰ ਰੂਪ:

ਸੁਹਾਵਣਿਆ –

“ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ।”

– ਮਾਝ ੩, ਅਸ ੬, ੮:੩ (113)

ਸੁਹਾਵਣੀ –

“ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ।”

– ਮਾਝ ੫, ਬਾਰਾ ੬:੪ (134)

ਸੁਹਾਵਣੇ –

“ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ।”

– ਆਸਾ ੫, ਬਿਰ ੩, ੫:੧ (432)

ਸੁਹਾਵੜਾ ---- ਸੁੰਦਰ

“ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ।”

– ਸਿਰੀ ੩, ਅਸ ੨੦, ੧:੧ (66)

"ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ।"
- ਬਿਲਾ ੫, ਛੰਤ ੧, ੪:੧ (846)

ਹੋਰ ਰੂਪ:

ਸੁਹਾਵੜੀ -
"ਰੈਣਿ ਸੁਹਾਵੜੀ ਦਿਨਸੁ ਸੁਹੇਲਾ।" (ਸੁੰਦਰ, ਸੁਖਦਾਈ)
- ਮਾਝ ੫, ੪੫, ੧:੧ (107)

ਸੁਹਾਵੜੇ -
"ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।"
- ਸਿਰੀ ੩, ਅਸ ੨੦, ੨:੧ (66)

ਸੁਹਾਵਾ ----- (1) ਸੋਹਣਾ
"ਥਾਨੁ ਸੁਹਾਵਾ ਪਵਿਤੁ ਹੈ ਜਿਥੈ ਸੰਤ ਸਭਾ।"
- ਸਿਰੀ ੫, ੭੬, ੪:੧ (44)

"ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ।"
- ਆਸਾ ੪, ਛੰਤ ੧੯, ੨:੧ (450)

ਹੋਰ ਰੂਪ:

ਸੁਹਾਵੀ -
"ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ।" (ਸੋਹਣੀ, ਸ਼ੋਭਨੀਕ)
- ਸੂਹੀ ੫, ਛੰਤ ੧੦, ੧:੨ (783)

"ਮੁੰਧ ਸੁਹਾਵੀ ਸੋਹਣੀ ਜਿਸੁ ਘਰਿ ਸਹਜਿ ਭਤਾਰੁ।" (ਸ਼ੋਭਨੀਕ)
- ਸੂਹੀ ੩, ਵਾਰ ੫ਸ, ੩, ੨:੩ (787)

ਸੁਹਾਵੀਆ -
"ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ।"
- ਗਉ ੫, ਵਾਰ ੭ਸ, ੫, ੧:੧ (319)

ਸੁਹਾਵੇ -
" ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ।" (ਸ਼ੋਭਨੀਕ)
- ਸਿਰੀ ੫, ਅਸ ੨੬, ੬:੨ (70)

ਸੁਹਾਵੈ -
"ਅਕਥੋ ਕਥੀਐ ਸਬਦਿ ਸੁਹਾਵੈ।" (ਸੋਹਣੇ ਸ਼ਬਦਾਂ ਦੁਆਰਾ)
- ਮਾਝ ੩, ਅਸ ੩੧, ੩:੧ (128)

ਸੁੋਹਾਵੈ -
"ਦਾਮੋਦਰ ਦਇਆਲ ਆਰਾਧਹੁ ਗੋਬਿੰਦ ਕਰਤ ਸੁੋਹਾਵੈ।"
- ਸਾਰ ੫, ੭੧, ੨:੧ (1218)

(2) ਸੁਖਦਾਈ, ਸੁਹਾਵਣਾ
"ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ।"
- ਮਾਝ ੫, ਬਾਰਾ ੩:੯ (134)

ਹੋਰ ਰੂਪ:

ਸੁਹਾਵੀ –
“ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ।”
– ਆਸਾ ੧, ਛੰਤ ੧, ੧:੪ (436)
“ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।”
– ਸੂਹੀ ੫, ੪੧, ੧*:੧ (745)
(3) ਸਫਲ/ਸੰਵਾਰਿਆ (ਭਾਵ)
“ਭਗਤਾ ਕਾ ਹਰਿ ਅੰਗੀਕਾਰੁ ਕਰੇ ਕਾਰਜੁ ਸੁਹਾਵਾ ਹੋਇ।”
– ਬਿਹਾ ੪, ਵਾਰ ੨ਸ, ੩, ੧:੪ (549)

ਹੋਰ ਰੂਪ:

ਸੁਹਾਵੇ –
“ਨਾਨਕ ਗੁਰਮੁਖਿ ਸਬਦਿ ਸੁਹਾਵੇ ਅਨਦਿਨੁ ਹਰਿ ਗੁਣ ਗਾਏ।” (ਸੰਵਾਰੇ ਗਏ)
– ਗਉ ੩, ਛੰਤ ੪, ੩:੬ (246)

ਸੁਹਾਵੈ ----- (1) ਸੁੰਦਰ, ਸੋਹਣਾ, ਵੇਖੋ ‘ਸੁਹਾਵਾ’ (1)
(2) ਚੰਗਾ ਲਗਦਾ ਹੈ, ਭਾਉਂਦਾ ਹੈ
“ਹਰਿ ਜਨ ਕਉ ਇਹੀ ਸੁਹਾਵੈ।”
– ਸੋਰ ੫, ੧੬, ੧*:੧ (613)
“ਅਬ ਮੋਹਿ ਨੀਦ ਸੁਹਾਵੈ।”
– ਬਿਲਾ ੫, ੧੨੮, ੨*:੨ (830)

ਸੁਹੀਆ ---- (1) ਸੁੰਦਰ
“ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ।”
– ਮਲਾ ੫, ੨੩, ੧:੨ (1272)
(2) ਸਨਮਾਨ, ਸਤਿਕਾਰ, ਬੰਧਨਾ
“ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ।”
– ਸਲੋ ੧, ੧:੨ (1410)

ਸੁਹੇਲੜਾ ---- ਆਸਾਨ, ਸੌਖੇ, ਵੇਖੋ ‘ਸੁਹੇਲੜੇ’
“ਹਭੇ ਸੁਖ ਸੁਹੇਲੜਾ ਸੁਤਾ ਜਿਤਾ ਜਗੁ ਸਬਾਇਆ।”
– ਰਾਮ ੫, ਵਾਰ ੧੬ਸ, ੫, ੨:੨ (964)

ਸੁਹੇਲੜੀ ---- ਸੁਖੀ
“ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ।”
– ਸਿਰੀ ੫, ੯੩, ੧:੧ (50)

ਸੁਹੇਲੜੇ ---- ਸੌਖੇ, ਆਸਾਨ, ਵੇਖੋ ‘ਸੁਹੇਲੜਾ’
“ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕ ਸਤਿਗੁਰੁ ਤੁਠਾ।”
– ਗਉ ੫, ਵਾਰ ੧੭ਸ, ੫, ੧:੨ (322)

ਸੁਹੇਲਾ ----- (1) ਸੁਖਾਲਾ, ਆਰਾਮਦਾਇਕ
“ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।”

– ਗਉ ੫, ਸੋਹ ੫, ੧:੨ (13)
"ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ।" (ਸੁਖੀ)
– ਮਾਝ ੫, ੧੫, ੧;੩ (98)
"ਨਾਨਕ ਕੀ ਅਰਦਾਸਿ ਹੈ ਸਚ ਨਾਮਿ ਸੁਹੇਲਾ।" (ਨਾਮ ਰਾਹੀਂ ਸੌਖਾ ਹੋਵਾਂ)
– ਆਸਾ ੧, ਅਸ ੨੦, ੧*:੧ (421)

ਹੋਰ ਰੂਪ:

ਸੁੋਹੇਲਾ –
"ਸਰਣਿ ਪਇਆ ਨਾਨਕ ਸੁੋਹੇਲਾ।" (ਸੁਖੀ ਹੋਇਆ)
– ਆਸਾ ੫, ੪੮, ੪:੨ (383)

ਸੁਹੇਲਿਆ –
"ਐਥੇ ਰਹਹੁ ਸੁਹੇਲਿਆ ਅਗੈ ਨਾਲਿ ਚਲੈ।"
– ਗਉ ੫, ਵਾਰ ੮:੨ (320)

ਸੁਹੇਲੀ –
"ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ।" (ਸੁਖਦਾਈ)
– ਗਉ ੫, ੧੨੫*, ੪:੧ (206)

(2) ਸੌਖਾ, ਆਸਾਨ
"ਸੁਹੇਲਾ ਕਹਨੁ ਕਹਾਵਨੁ।" (ਗਲਾ ਸੌਖੀਆਂ)
– ਸਿਰੀ ੫, ੯੧, ੧*:੧ (51)
"ਅਨਹਦੁ ਵਾਜੈ ਸਹਜਿ ਸੁਹੇਲਾ।" (ਆਸਾਨੀ ਨਾਲ)
– ਮਾਝ ੫, ੧੦, ੧:੧ (97)

ਹੋਰ ਰੂਪ:

ਸੁਹੇਲੀ –
"ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ।" (ਸੌਖੀ)
– ਸਿਰੀ ੪, ਛੰਤ ੧, ੧:੪ (78)

(3) ਸੁਖਦਾਈ
"ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ।"
– ਸਿਰੀ ੪, ਛੰਤ ੧, ੪:੩ (79)
"ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ।"
– ਮਾਝ ੫, ੯, ੧:੨ (97)

(4) ਸੁਖ ਦੇਣ ਵਾਲੇ, ਮਿਤਰ
"ਦੇਹੁਰੀ ਲਉ ਬਰੀ ਨਾਰਿ ਸੰਗ ਭਈ ਆਗੈ ਸਜਨ ਸੁਹੇਲਾ।"
– ਸੋਰ ਕਬ, ੨, ੩:੧ (654)

ਸੁਹੇਲੀ ----- (1) ਸੌਖੀ, ਵੇਖੋ 'ਸੁਹੇਲਾ' (2)

ਹੋਰ ਰੂਪ:

ਸੁਹੇਲੀਆ –
"ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ ਵਸਹਿ ਸਾਚਿ ਸੁਹੇਲੀਆ।"
– ਗਉ ੧, ਛੰਤ ੧, ੨:੪ (292)

ਸੁਹੇਲੇ –

"ਜਿਨੀ ਪੂਰਾ ਸਤਿਗੁਰੁ ਸੇਵਿਆ ਸੇ ਦਰਗਹ ਸਦਾ ਸੁਹੇਲੇ।" (ਸੌਖੇ, ਸੁਖਾਲੇ)
– ਸਿਰੀ ੫, ਪਹ ੪, ੫:੪ (78)

ਸੁਹੇਲੈ –
"ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ।" (ਸੌਖੇ)
– ਵਡ ੧, ਅਲਾ ੨, ੨:੩ (579)

(2) ਸੁਖੀ –
"ਈਹਾ ਊਹਾ ਸਦਾ ਸੁਹੇਲੀ।"
– ਗਉ ੫, ੮੪, ੩:੩ (180)

ਹੋਰ ਰੂਪ:

ਸੁਹੇਲੀਆ –
"ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਉ।" (ਸੁਖੀ)
– ਮਲਾ ੧, ਵਾਰ ੧੪ਸ, ੫, ੧:੨ (1284)

ਸੁਹੇਲੇ –
"ਹਰਿ ਕੇ ਚਾਕਰ ਸਦਾ ਸੁਹੇਲੇ ਗੁਰ ਚਰਣੀ ਚਿਤੁ ਲਾਏ।"
– ਗਉ ੩, ਛੰਤ ੫, ੪:੪ (247)

(3) ਸੁਖਦਾਈ, ਵੇਖੋ 'ਸੁਹੇਲਾ' (1)
ਹੋਰ ਵੇਖੋ

ਸੁਹੇਲੀਆ –
"ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ।"
– ਤੁਖਾ ੧, ਛੰਤ ੨, ੪:੩ (1110)

ਸੁਹੇਲੇ –
"ਅੰਤਰ ਕੀ ਬਿਧਿ ਤੁਮ ਹੀ ਜਾਨੀ ਤੁਮ ਹੀ ਸਜਨ ਸੁਹੇਲੇ।" (ਸੁਖ ਦੇਣ ਵਾਲੇ)
– ਗਉ ੫, ੧੨੭*, ੧:੧ (207)

ਸੁਕ -------- (1) (ਸੰ.) ਖੁਸ਼ਕ, ਸੁਕੇ ਹੋਏ ਭਾਵ ਤਿਹਾਏ, ਹੋਰ ਵੇਖੋ 'ਸੁਨਿ'
"ਰਾਜਾ ਰਾਜਿ ਨ ਤ੍ਰਿਪਤਿਆ ਸਾਇਰ ਭਰੇ ਕਿ ਸੁਕ।"
– ਮਾਝ ੧, ਵਾਰ ੨੩ਸ, ੧, ੧:੨ (148)

(2) ਬਿਆਸ ਰਿਖੀ ਦਾ ਪੁੱਤਰ ਤੇ ਜਨਕ ਦਾ ਚੇਲਾ ਸੁਕਦੇਵ ਜੋ ਮਹਾ ਗਿਆਨੀ ਸੀ।
"ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ।"
– ਗਉ ੫, ਥਿਤੀ ੬:੩ (298)

ਸੁਕਚਿਓ ---- ਸੰਕੋਚ ਕਰਨਾ
"ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ।"
– ਤਿਲੰ ੯, ੩, ੨:੨ (727)

ਸੁਕੰਦੇ ------ ਸੁਕ ਜਾਂਦੇ ਹਨ
"ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ।"
– ਗਉ ੪, ਵਾਰ ੧੨:੧੦ (306)

ਸੁਕਦੇਉ ---- ਬਿਆਸ ਰਿਖੀ ਦਾ ਪੁੱਤਰ ਵੇਖੋ 'ਸੁਕ' (2)
"ਜਾਗੈ ਸੁਕਦੇਉ ਅਰੁ ਅਕੂਰੁ।"

– ਬਸੰ ਕਬ, ੨, ੨:੧ (1193)

ਸੁਕਰਣੀ ---- ਚੰਗੀ/ਸ਼੍ਰੇਸ਼ਟ ਕਰਣੀ
"ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ।"
– ਗਉ ੫, ੧੬੬*, ੨:੧ (216)

ਹੋਰ ਰੂਪ:

ਸੁਕਰਨੀ –
"ਭਲੀ ਸੁਕਰਨੀ ਸੋਭਾ ਧਨਵੰਤ।"
– ਗਉ ੫, ਸੁਖ ੨੦, ੮:੭ (290)

ਸੁਕਰਮ ---- ਸ੍ਰੇਸ਼ਟ/ਚੰਗੇ ਕਰਮ, ਸ਼ੁਭ ਕੰਮ
"ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ।"
– ਸੋਰ ੧, ਅਸ ੧, ੫:੩ (635)

ਹੋਰ ਰੂਪ:

ਸੁਕਰਮਾ –
"ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ।"
– ਤੁਖਾ ੧, ਬਾਰਾ ੧:੫ (1107)

ਸੁਕਰਮੁ –
"ਕਰਮ ਸੁਕਰਮੁ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ।"
– ਸਿਰੀ ੫, ਪਹ ੪, ੧:੫ (77)

ਸੁਕਰਾ ----- ਭ੍ਰਿਗੁ ਰਿਖੀ ਦਾ ਪੁੱਤਰ ਤੇ ਦੈਂਤਾਂ ਦਾ ਗੁਰੂ
"ਜਾ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁਕਰਾ ਸਿਰੀ।"
– ਮਲਾ ਨਾਮ, ੧, ੧:੩ (1292)

('ਮਹਾਨਕੋਸ਼', 'ਦਰਪਣ', 'ਗੁਰੂ ਗਿਰਾਰਥ ਇਸ ਦੇ ਅਰਥ ਸ੍ਰੇਸ਼ਟ ਵਿਧੀ ਨਾਲ ਲਾਇਆ 'ਕਰ' (ਹਾਲਾ) ਕਰਦੇ ਹਨ)

ਸੁਕਲੀਧੇ ---- ਸੁਕ ਗਏ, ਵੇਖੋ 'ਸੁਕ'
"ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ।"
– ਬਸੰ, ੪, ੫, ੨:੨ (1179)

ਸੁਕਾ ------ (1) ਖੁਸ਼ਕ ਹੋਇਆ, ਮਚਿਆ ਹੋਇਆ
"ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ ਹਰਿ ਹਰਿ ਨਾਮੁ ਧਿਆਏ ਰਾਮ।"
(ਗੁਣਹੀਣ ਹੋਇਆ)
– ਬਿਹਾ ੪, ਛੰਤ ੨, ੧:੩ (538)

(2) ਲਿਸਾ, ਕੰਮਜ਼ੋਰ
"ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆ ਖੂੰਡਹਿ ਕਾਗ।"
– ਸਲੋ ਫਰ, ੯੦:੧ (1382)

ਸੁਕਾਦਿ ---- ਸੁਕਦੇਵ ਆਦਿ, ਵੇਖੋ 'ਸੁਕ'
"ਸਨਕ ਸਨੰਦਨ ਸਿਵ ਸੁਕਾਦਿ।"

– ਬਸੰ ਕਬ, ੫, ੨:੧ (1194)

ਸੁਕਾਲੁ ----- ਸਸਤ ਸਮਾਂ, ਸੁਖਾਲਾ ਸਮਾਂ
“ਅੰਨੈ ਬਿਨਾ ਨ ਹੋਇ ਸੁਕਾਲੁ।”
– ਗੋਂਡ ਕਬ, ੧੧, ੪:੧ (873)

ਸੁਕਿ ------ (1) ਖੁਸ਼ਕ, ਬੇਨਮ, ਵੇਖੋ ‘ਸੁਕ’ (1)
“ਮਨਮੁਖ ਊਭੇ ਸੁਕਿ ਗਏ ਨਾ ਫਲੁ ਤਿੰਨਾਂ ਛਾਉਂ।”
– ਸਿਰੀ ੩, ਅਸ ੨੦, ੪:੧ (66)

ਹੋਰ ਰੂਪ:

ਸੁਕੈ –
“ਹਰਿ ਕੇ ਨਾਇ ਸਦਾ ਹਰੀਆਵਲੀ ਫਿਰਿ ਸੁਕੈ ਨਾ ਕੁਮਲਾਇ।”
– ਮਲਾ ੩, ਅਸ ੨, ੪:੩ (1277)

(2) ਸੁਕਦੇਵ, ਵੇਖੋ ‘ਸੁਕ’ (2)
“ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ।”
– ਤੁਖਾ ੪, ਛੰਤ ੪, ੬:੩ (1117)

(3) ਖਤਮ ਹੋ ਗਏ
“ਫਰੀਦਾ ਕਿੰਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।”
– ਸਲੋ ਫਰ, ੩੪:੨ (1379)

ਸੁਕ੍ਰਵਾਰਿ --- ਸਾਤੇ (ਹਫਤੇ) ਦਾ ਪੰਜਵਾਂ ਦਿਨ, ਵੀਰਵਾਰ ਤੇ ਛਨਿਚਰਵਾਰ ਦੇ ਵਿਚਕਾਰਲਾ ਦਿਨ
“ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ।”
– ਬਿਲਾ ੩, ਛਾ ੧, ੭:੧ (841)

ਸੁਕ੍ਰਿਤ ----- (1) (ਸੰ.) ਭਲਾ ਕੰਮ, ਚੰਗੇ ਕੰਮ, ਸ਼ੁਭ ਕੰਮ
“ਦੁਕਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ।”
– ਸਿਰੀ ੫, ੯੬, ੧:੧ (51)

ਹੋਰ ਰੂਪ:

ਸੁਕ੍ਰਿਤੁ –
“ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।”
– ਗਉ ੧, ੧੩, ੧*:੨ (154)

(2) ਭਲੀ/ਨੇਕੀ ਵਾਲੀ
“ਸੁਕ੍ਰਿਤੁ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ।” (ਨੇਕੀ ਵਾਲੀ ਬੁੱਧੀ ਦਾ)
– ਆਸਾ ਨਾਮ, ੧, ੩:੨ (485)

(3) ਭਲਾਈ
“ਊਚ ਨੀਚ ਬਿਕਾਰ ਸੁਕ੍ਰਿਤ ਸੰਲਗਨ ਸਭ ਸੁਖ ਛਤ੍ਰ।”
– ਮਾਰੂ ੫, ਅਸ ੩, ੪:੧ (1018)

ਸੁਕ੍ਰਿਤੁ ----- (1) ਸ਼ੁਕਰਵਾਰ

“ਸੁਕ੍ਰਿਤੁ ਸਹਾਰੈ ਸੁ ਇਹ ਬ੍ਰਿਤਿ ਚੜੈ।”
– ਗਉ ਕਬ, ਵਾ ੬:੧ (344)

(2) ਸ਼ੁਭ ਕੰਮ, ਵੇਖੋ ‘ਸੁਕ੍ਰਿਤ’ (1)

(3) ਚੰਗੀ ਕਰਨੀ

“ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।”
– ਆਸਾ ੧, ਵਾਰ ੭:੨ (467)

(4) ਸੁਖ (ਪ੍ਰਭਾਵ)

“ਦੁਕ੍ਰਿਤੁ ਸੁਕ੍ਰਿਤੁ ਧਾਰੋ ਕਰਮੁ ਰੀ।” (ਦੁਖ ਸੁਖ ਤੇਰੇ ਕਰਮਾਂ ਦਾ ਫਲ ਹੈ)
– ਧਨਾ ਤ੍ਰਿਲੋ ੧, ੧*:੨ (695)

ਸੁਖ ------- (1) (ਸੰ.) ਅਨੰਦ, ਖੁਸ਼ੀ, ਪ੍ਰਸੰਨਤਾ, ਆਰਾਮ, ਦੁੱਖ ਦੇ ਵਿਪ੍ਰੀਤ, ਵੇਖੋ ‘ਸੁਖਿ, ‘ਸੁਖੁ’

“ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।”
– ਜਪੁ ੧, ੨:੩ (1)

“ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ।”
– ਸਿਰੀ ੧, ੧੯, ੨:੨ (21)

(2) ਸੁਖੀ

“ਸੁਖ ਦੁਖੀਆ ਮਨਿ ਮੋਹ ਵਿਣਾਸੁ।” (ਕੋਈ ਸੁਖੀ ਤੇ ਕੋਈ ਦੁਖੀ ਮਨ ਵਿਚ ਮੋਹ ਕਰਕੇ ਨਾਸ ਹੁੰਦੇ ਹਨ)
- ਗਉ ੧, ੬, ੩:੨ (152)

(3) ਮੰਨਤ, ਮੁਰਾਦ

“ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ।”
– ਜੈਤ ੫, ਛੰਤ ੧, ੪:੧ (704)

ਸੁਖਸਹਜ --- ਸਹਜ (ਗਿਆਨ) ਤੋਂ ਉਪਜਨ ਵਾਲਾ ਅਨੰਦ, ਸਥਿਰ/ਅਡੋਲ ਸੁਖ, ਸਹਜ ਅਵਸਥਾ ਵਾਲਾ ਸੁੱਖ

“ਘਰਿ ਬਾਹਰਿ ਸੁਖ ਸਹਜ ਸਬਾਏ।”
– ਗਉ ੫, ੯੬, ੧*:੨ (184)

ਹੋਰ ਰੂਪ:

ਸੁਖ ਸਹਜਾ –

“ਆਸੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ।”
– ਸੋਰ ੫, ੫, ੧*:੨ (609)

ਸੁਖਸਹਜਿ –

“ਬਿਨਵੰਤਿ ਨਾਨਕ ਸੁਖਸਹਜਿ ਮੇਲਾ ਪ੍ਰਭੂ ਆਪਿ ਬਣਾਇਆ।”
– ਆਸਾ ੫, ਛੰਤ ੧੨, ੨:੬ (460)

“ਸੁਖਸਹਜਿ ਸੋਵਹਿ ਕਿਲਬਿਖ ਖੋਵਹਿ ਨਾਮ ਰਸਿ ਰੰਗਿ ਜਾਗੀਆ।”
– ਬਿਹਾ ੫, ਛੰਤ ੪, ੩:੪ (544)

ਸੁਖਸਹਜੁ –

“ਕਹੁ ਨਾਨਕ ਸੁਖਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤਿਖਾ।”
– ਸਾਰ ੫, ੪੦, ੨:੨ (1212)

ਸੁਖ ਸਹਜੇ –

"ਤਿਸਹਿ ਤਿਆਗਿ ਸੁਖ ਸਹਜੇ ਸੋਉ।"
– ਗਉ ੫, ਬਾਅ ੧੪:੨ (253)

ਸੁਖਸਾਂਦਿ –
"ਸੁਖਸਾਂਦਿ ਘਰਿ ਆਇਆ।"
– ਸੋਰ ੫, ੮੪, ੧:੧ (629)

ਸੁਖਸਾਰ ---- **ਸ੍ਰੇਸ਼ਟ/ਅਸਲ ਸੁਖ**
"ਰੇ ਮਨ ਟਹਲ ਹਰਿ ਸੁਖਸਾਰ।"
– ਮਾਲੀ ੫, ੧, ੧*:੧ (986)

ਹੋਰ ਰੂਪ:

ਸੁਖਸਾਰਾ –
"ਅੰਮ੍ਰਿਤ ਨਾਮ ਗੁਰੂ ਵਡ ਦਾਣਾ ਨਾਮੁ ਜਪਹੁ ਸੁਖਸਾਰਾ ਹੇ।"
– ਮਾਰੂ ੧, ਸੋਲ ੯, ੧੦:੩ (1029)

ਸੁਖਸਾਰੁ –
"ਸਬਦ ਸੁਰਤਿ ਸੁਖੁ ਉਪਜੈ ਪ੍ਰਭ ਰਾਤਉ ਸੁਖਸਾਰੁ।"
– ਸਿਰੀ ੪, ਅਸ ੧੪, ੧:੨ (62)

ਸੁਖਸਾਰੋ –
"ਜਨ ਨਾਨਕ ਪਿਆਸ ਚਰਨ ਕਮਲਨ੍ ਕੀ ਪੇਖਿ ਦਰਸੁ ਸੁਆਮੀ ਸੁਖਸਾਰੋ।"
– ਬਿਲਾ ੫, ੧੨੩, ੨:੨ (829)

ਸੁਖਸਾਲ ---- **ਸੁਖਾਂ ਦਾ ਘਰ**
"ਗੁਣ ਗਾਵਉ ਤੇਰੇ ਸਾਧਸੰਗਿ ਨਾਨਕ ਸੁਖਸਾਲ।"
– ਬਿਲਾ ੫, ੪੧, ੪:੨ (211)

ਸੁਖਸੇਵਾ ---- **ਸੁਖ ਦੇਣ ਵਾਲੀ ਸੇਵਾ**
"ਸੁਖਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ।"
– ਸਿਰੀ ੧, ਅਸ ੨੮, ੧੨:੩ (72)

ਸੁਖਸੈਲੁ ---- **ਸੁਖ ਦੀ ਸੈਰ**
"ਮਹਾ ਪੁਨੀਤ ਭਏ ਸੁਖਸੈਲੁ।"
– ਗਉ ੫, ੭੭, ੧:੨ (178)

ਸੁਖ ਸੋਹਿਲੜਾ **ਖੁਸ਼ੀ ਸਮੇਂ ਗਾਇਆ ਜਾਣ ਵਾਲਾ ਗੀਤ**
"ਸੁਖ ਸੋਹਿਲੜਾ ਹਰਿ ਧਿਆਵਹੁ।"
– ਸੂਹੀ ੩, ਛੰਤ ੧, ੧:੧ (767)

ਸੁਖਹ ------ **(1) ਆਸਾਨੀ/ਸੌਖ ਨਾਲ**
"ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ।" (ਜਿਸ ਪਾਸ ਆਸਾਨੀ ਨਾਲ ਪਹੁੰਚ ਜਾਈਦਾ ਹੈ)
-ਸਿਰੀ ੫, ਛੰਤ ੨, ੪:੩ (80)

(2) ਸੁਖ/ਆਨੰਦ ਦਾ
"ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ।"

– ਗਉ ੫, ਛੰਤ ੧, ੨:੫ (247)
"ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ।"
– ਧਨਾ ੫, ਛੰਤ ੧, ੨:੩ (691)
"ਸੁਖਹ ਸਮੂਹ ਭਇਆ ਗਇਆ ਵਿਜੋਗੋ ਰਾਮ।" (ਸੁੱਖਾਂ ਦਾ ਇਕੱਠ, ਸਾਰੇ ਸੁੱਖ)
– ਬਿਲਾ ੫, ਛੰਤ ੧, ੩:੨ (846)

ਸੁਖਹਗਾਮੀ -- (1) (ਜਿਸ ਪਾਸ) ਸੁਖ ਨਾਲ ਪਹੁਚਿ ਸਕੀਦਾ ਹੈ
"ਪ੍ਰਭ ਮਿਲੇ ਸੁਆਮੀ ਸੁਖਹਗਾਮੀ ਚਾਵ ਮੰਗਲ ਰਸ ਭਰੇ।"
– ਆਸਾ ੫, ਛੰਤ ੧੦, ੨:੩ (459)
(2) ਸੁਖਾਂ ਵਿਚ ਰਹਿਣ ਵਾਲੇ
"ਭਜੁ ਸਰਣਿ ਸੁਆਮੀ ਸੁਖਹਗਾਮੀ ਤਿਸੁ ਬਿਨਾ ਅਨ ਨਾਹਿ ਕੋਇ।"
– ਜੈਤ ੫, ਛੰਤ ੨, ੩:੫ (704)
(3) ਸੁਖਾਂ ਵਿਚ ਪਹੁੰਚਾਣ ਵਾਲਾ, ਸੁਖ ਦੇਣ ਵਾਲਾ
"ਹਰ ਹਰਾ ਸੁਆਮੀ ਸੁਖਹਗਾਮੀ ਅਨਦ ਮੰਗਲ ਰਸੁ ਘਣਾ।"
– ਬਿਲਾ ੫, ਛੰਤ ੩, ੫:੩ (847)

ਸੁਖਹਿ ----- ਸੁਖ/ਆਰਾਮ ਦਾ
"ਜਿਸਹਿ ਸੀਗਾਰੇ ਨਾਨਕਾ ਤਿਸੁ ਸੁਖਹਿ ਬਸੇਰਾ।"
– ਆਸਾ ੫, ੧੧੭, ੪:੨ (400)
"ਸੁਖਹਿ ਸਮਾਈਐ ਮੇਰੇ ਮਨਾ।"
– ਆਸਾ ੫, ੧੬੦, ੧*:੫ (410)

ਹੋਰ ਰੂਪ:

ਸੁਖਹੁ –
"ਸੁਖਹੁ ਉਠੇ ਰੋਗ ਪਾਪ ਕਮਾਇਆ।"
– ਮਾਝ ੧, ਵਾਰ ੪:੪ (139)

ਸੁਖਦਾਇਓ -- ਸੁਖਦਾਈ, ਸੁਖ ਦੇਣ ਵਾਲਾ
"ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ।"
– ਸੋਰ ੫, ੬੧, ੨:੧ (624)

ਹੋਰ ਰੂਪ:

ਸੁਖਦਾਇਕ –
"ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ।" (ਸੁੱਖ ਦੇਣ ਵਾਲਾ)
– ਮਾਰੂ ੫, ਵਾਰ ੨੧:੫ (1102)
ਸੁਖਦਾਈ –
"ਸੁਖਦਾਈ ਦੂਖ ਬਿਡਾਰਨ ਹਰੀਆ।"
– ਮਾਝ ੫, ੨੨, ੧:੨ (100)
ਸੁਖਦਾਇਆ –
"ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ।"
– ਬਿਲਾ ੫, ੩੩, ੧*:੧ (808)

ਸੁਖਦੇਉ ---- (1) ਸੁਖ ਦੇਣ ਵਾਲਾ, ਸੁਖ ਸਰੂਪ ਪ੍ਰਭੂ

"ਇਹ ਮਨਿ ਲੀਣ ਭਏ ਸੁਖਦੇਉ।"
– ਗਉ ਕਬ, ਅਸ ੩੬, ੮:੨ (330)
(2) ਵਿਆਸ ਮੁਨੀ ਦਾ ਸੁਕਦੇਵ ਵੇਖੋ 'ਸੁਕ'
"ਸੁਖਦੇਉ ਪਰੀਖ੍ਯ੍ਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ।"
–ਸਵ ੧, ੮:੫ (1390)

ਸੁਖਮਨ ----- (1) ਜੋਗ ਮਤ ਅਨੁਸਾਰ ਇਕ ਨਾੜੀ ਜੋ ਨੱਕ ਦੇ ਮੁੱਢ ਤੋਂ ਲੈ ਕੇ ਕੰਗਰੋੜ ਦੇ ਨਾਲ ਹੁੰਦੀ ਹੋਈ ਦਿਮਾਗ ਤੱਕ ਪਹੁੰਚਦੀ ਹੈ। ਇਸ ਦੇ ਖੱਬੇ ਪਾਸੇ 'ਇੜਾ' ਤੇ ਸਜੇ ਪਾਸੇ 'ਪਿੰਗਲਾ' ਮੰਨੀ ਜਾਂਦੀ ਹੈ।
"ਮਨ ਰੇ ਪਵਨ ਦ੍ਰਿੜੁ ਸੁਖਮਨ ਨਾਰੀ।"
– ਗਉ ਕਬ, ੧੮, ੧*:੨ (327)
(2) ਮਿਲਾਪ ਅਵਸਥਾ ਜਿਥੇ 'ਇੜਾ' ਤੇ 'ਪਿੰਗਲਾ' ਮਿਲਦੀਆਂ ਹਨ (ਭਾਵ)
"ਸੁਖਮਨ ਕੈ ਘਰਿ ਰਾਗੁ ਸੁੰਨਿ ਸੁੰਨਿ ਮੰਡਲਿ ਲਿਵ ਲਾਇ।"
– ਮਲਾ ੧, ਵਾਰ ੨੭ਸ, ੧, ੧:੫ (1291)

ਸੁਖਮਨਨਾਰੀ – ਸੁਖਮਨਾ ਨਾੜੀ
"ਸਹਜ ਸੈਨ ਅਰੁ ਸੁਖਮਨਨਾਰੀ ਊਧ ਕਮਲ ਬਿਗਸਇਆ।"
– ਸੋਰ ੫, ੧੪, ੧:੨ (612)

ਸੁਖਮਨਾ ---- ਜੋਗੀਆਂ ਅਨੁਸਾਰ ਇਕ ਨਾੜੀ, ਵੇਖੋ 'ਸੁਖਮਨ'
"ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ।"
– ਰਾਮ ੧, ਸਿਗੋ ੬੦:੫ (944)

ਸੁਖਮਨਿ ---- ਮਨ ਵਿਚ ਸੁਖ ਵਸਾਉਣ ਵਾਲੀ
"ਦੂਖ ਭੁਖ ਮਿਟੈ ਤੇਰੋ ਸਹਸਾ ਸੁਖ ਪਾਵਹਿ ਤੂੰ ਸੁਖਮਨਿ ਨਾਰੀ।"
– ਆਸਾ ੫, ੨੮, ੧*:੨ (377)

ਹੋਰ ਰੂਪ:

ਸੁਖਮਨੀ –
"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ।" (ਸੁਖਾਂ ਦੀ ਮਣੀ)
– ਗਉ ੫, ਸੁਖ ੧*:੧ (262)

ਸੁਖਯੰ ----- ਸੁਖ ਵਿਚ
"ਸਾਧਸੰਗ ਸ੍ਨੇਹ ਸਤ੍ਰਿੰ ਸੁਖਯੰ ਬਸੰਤਿ ਨਾਨਕਹ।"
– ਸਸ ੫, ੨:੫ (1354)

ਸੁਖਰਾਏ ---- ਸੁਖ ਦਾ ਰਾਜਾ, ਸੁਖਦੇਣ ਵਾਲਾ
"ਤੂੰ ਸਮਰਥੁ ਸਰਨਿ ਕੋ ਦਾਤਾ ਦੁਖ ਭੰਜਨੁ ਸੁਖਰਾਏ।"
– ਗੂਜ ੫, ੩੨, ੧:੧ (502)

ਸੁਖਲੀਆ --- ਸੁਖਦਾਇਕ, ਆਰਾਮ ਵਾਲਾ
"ਸੇਜ ਸੁਖਲੀਆ ਮਨਿ ਗਰਬਲੀਆ।"
– ਆਸਾ ੫, ੫੫, ੧:੨ (385)

ਸੁਖਵੰਤ ---- ਸੁਖ ਵਾਲੀ
“ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ।”
– ਆਸਾ ੫, ੭, ੨:੨ (457)

ਸੁਖਵਾਸੀ ---- (1) ਸੁਖ ਨਾਲ ਰਹਿਣ ਵਾਲੇ
“ਹਰਿ ਧਿਆਵਹਿ ਹਰਿ ਧਿਆਵਹਿ ਤੁਧੁ ਜੀ ਸੇ ਜਨ ਜੁਗ ਮਹਿ ਸੁਖਵਾਸੀ।”
– ਆਸਾ ੪, ਸੋਪੁ ੧, ੩:੧ (11)
(2) ਆਰਾਮ ਨਾਲ ਟਿਕ ਜਾਵੇ
“ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ।”
– ਸੋਰ ੧, ਅਸ ੧, ੩:੧ (634)

ਸੁਖਾ ------ ਸੁਖ ਦਾ ਬਹੁ ਵਚਨ
“ਸਰਬ ਸੁਖਾ ਸੁਖ ਊਪਜਹਿ ਦਰਗਹ ਪੈਧਾ ਜਾਇ।”
– ਸਿਰੀ ੫, ੩੦, ੧*:੨ (45)

ਸੁਖਾਊ ----- ਸੁਖ ਦੇਣ ਵਾਲੀ, ਸੁਖਦਾਇਕ
“ਕਥੜੀਆ ਸੰਤਾਹ ਤੇ ਸੁਖਾਊ ਪੰਧੀਆ।”
– ਮਾਰੂ ੫, ਵਾਰ ੨੧ਸ, ੫, ੨:੧ (1101)

ਸੁਖਾਇ ----- ਚੰਗੇ ਲਗੇ
“ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ।”
– ਰਾਮ ੪, ੨, ੩:੧ (881)

ਸੁਖਾਇਓ --- ਸੁਖ ਦਿੱਤਾ, ਸੁਖੀ ਕੀਤਾ
“ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ।”
– ਮਲਾ ੫, ੧੮, ੨:੧ (1270)

ਸੁਖਾਇਆ --- ਭਾਇਆ, ਚੰਗਾ ਲੱਗਾ
“ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ ਮਨਿ ਤਨਿ ਸਾਚੁ ਸੁਖਾਇਆ।”
– ਰਾਮ ੧, ਓਅੰ ੪:੩ (930)

ਹੋਰ ਰੂਪ:

ਸੁਖਾਈ –
“ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ ਓਨ੍ਾ ਪਰਾਇਆ ਭਲਾ ਨ ਸੁਖਾਈ।”
– ਬਿਲਾ ੪, ਵਾਰ ੪:੩ (850)

ਸੁਖਾਸਾ ----- ਸੁਖ ਵਿਚ, ਸੁਖ ਵੇਲੇ
“ਮਨ ਮੇਰੇ ਅਪਨਾ ਹਰਿ ਸੇਵਿ ਦਿਨੁ ਰਾਤੀ ਜੋ ਤੁਧੁ ਉਪਕਰੈ ਦੂਖਿ ਸੁਖਾਸਾ।”
– ਗੋਂਡ ੪, ੨, ੩:੩ (860)

ਸੁਖਾਂਦੀ ----- ਭਾਉਂਦੀ, ਚੰਗੀ ਲਗਦੀ
“ਗੁਰ ਸਤਿਗੁਰ ਸੁਆਮੀ ਭੇਦੁ ਨ ਜਾਣਹੁ ਜਿਤੁ ਮਿਲਿ ਹਰਿ ਭਗਤਿ ਸੁਖਾਂਦੀ।”
– ਸਿਰੀ ੪, ਪਹ ੩, ੪;੫ (77)

ਸੁਖਾਨਿਆ --- ਚੰਗਾ ਲਗਦਾ/ਭਾਉਂਦਾ ਹੈ

“ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮ ਸੁਖਾਨਿਆ।”
– ਮਲਾ ੧, ੨, ੨:੨ (1254)

ਹੋਰ ਰੂਪ:

ਸੁਖਾਨੀ –
“ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ ਮਨਿ ਹਰਿ ਹਰਿ ਕਥਾ ਸੁਖਾਨੀ।”
– ਸਾਰ ੪, ੫, ੧*:੨ (1199)

ਸੁਖਾਨੇ –
“ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ।” (ਸੁਖਾਂਦਾ ਹੈ)
– ਗਉ ੪, ੬੧, ੨:੨ (171)

ਸੁਖਾਲਾ ----- (1) ਸੁਖੀ
“ਹਰਿ ਭਗਵੰਤਾ ਤਾ ਜਨੁ ਖਰਾ ਸੁਖਾਲਾ।”
– ਮਾਝ ੫, ਅਸ ੩੭, ੧:੨ (131)

ਹੋਰ ਰੂਪ:

ਸੁਖਾਲਿਆ –
“ਜਿਨ ਮਨਿ ਵੁਠਾ ਆਪਿ ਸੇ ਸਦਾ ਸੁਖਾਲਿਆ।”
– ਗੂਜ ੫, ਵਾਰ ੧੯:੫ (523)

ਸੁਖਾਲੀ –
“ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ।” (ਸੁਖਦਾਈ)
– ਸਿਰੀ ੩, ੪੫, ੩:੧ (31)
“ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ।” (ਸੁਖ ਨਾਲ)
– ਸਿਰੀ ੫, ਅਸ ੨੯, ੧੩:੩ (74)
“ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ।” (ਭਾਵ ਬੇਫਿਕਰੀ ਨਾਲ)
– ਗਉ ੧, ੧੩, ੧:੧ (154)
“ਦਰ ਘਰ ਮਹਲਾ ਸੇਜ ਸੁਖਾਲੀ।” (ਸੁਖਦਾਇਕ, ਆਰਾਮ ਵਾਲੀ)
– ਗਉ ੧, ਅਸ ੧੦, ੪:੧ (225)

ਸੁਖਾਲੇ –
“ਜਿਸ ਕੇ ਜੀਅ ਤਿਨਿ ਕੀਏ ਸੁਖਾਲੇ ਭਗਤ ਜਨਾ ਕਉ ਸਾਚਾ ਤਾਣੁ।”
– ਬਿਲਾ ੫, ੧੧੨, ੧:੧ (826)

ਸੁਖਾਵਈ --- ਭਾਏ, ਚੰਗੀ ਲਗੇ
“ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ।”
– ਵਡ, ੫, ੩:੩ (564)

ਹੋਰ ਰੂਪ:

ਸੁਖਾਵਏ –
“ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।”
–ਤੁਖਾ ੧, ਬਾਰਾ ੯:੫ (1108)

ਸੁਖਾਵੈ –
“ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ।”

– ਗਉ ੪, ਵਾਰ ੧੦ਸ, ੧:੪ (305)

ਸੁਖਿ ------ ਅਨੰਦ, ਖੁਸ਼ੀ, ਪ੍ਰਸੰਨਤਾ, ਵੇਖੋ ‘ਸੁਖ’
“ਅਸੁਰ ਸੰਘਾਰੈ ਸੁਖਿ ਵਸੈ ਜੋ ਤਿਸੁ ਭਾਵੈ ਸੁ ਹੋਇ।” (ਸੁਖ ਨਾਲ, ਅਨੰਦ ਨਾਲ)
– ਸਿਰੀ ੩, ੪੪, ੩:੩ (30)
“ਦੁਖਿ ਸੁਖਿ ਪਿਆਰੇ ਤੁਧੁ ਧਿਆਈ।” (ਸੁਖ ਵਿਚ)
– ਮਾਝ ੫, ੧੬, ੪:੧ (99)
“ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ।” (ਭਾਵ ਆਦਰ ਨਾਲ)

ਸੁਖੀ ------ (1) ਅਨੰਦਿਤ, ਸੁਖ ਵਾਲਾ
“ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ।”
– ਸਿਰੀ ੫, ੭੮, ੧:੧ (44)

ਹੋਰ ਰੂਪ:

ਸੁਖੀਅਨ –
“ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ।” (ਸੁਖੀਏ)
– ਗੂਜ ੫, ਅਸ ੧, ੨:੧ (507)
ਸੁਖੀਆ –
“ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ।”
– ਮਾਝ ੫, ਅਸ ੩੬, ੩:੧ (131)
(2) ਸ੍ਰੇਸ਼ਟ, (ਭਾਵ) – ਸੁਖੀ ਹੂੰ ਸੁਖਾ ਮੁਹਾਵਰਾ ਸ੍ਰੇਸ਼ਟ ਸੁੱਖ
“ਮੈ ਸੁਖੀ ਹੂੰ ਸੁਖੁ ਪਾਇਆ।”
– ਸਿਰੀ ੫, ਅਸ ੨੯, ੯:੧ (73)
(3) ਸੁੱਕੀ ਹੋਈ
“ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ।”
– ਸਲੋ ਫਰ, ੨੯:੧ (1379)

ਸੁਖੀਆ ---- (1) ਸੁਖੀ, ਸੁਖ/ਅਨੰਦ ਵਿਚ, ਅਨੰਦਿਤ ਵੇਖੋ ‘ਸੁਖੀ’ (1)
(2) ਸੁਖੀ ਕਰਦਾ
“ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ।”
– ਗਵੁ ੫, ਵਾਰ ੯:੧ (320)

ਹੋਰ ਰੂਪ:

ਸੁਖੀਏ –
“ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ।” (ਸੁਖੀ ਹਨ)
– ਸਿਰੀ ੩, ੩੪, ੩:੪ (26)
“ਧਰਮ ਧੀਰਜ ਸਹਜ ਸੁਖੀਏ ਸਾਧਸੰਗਤਿ ਹਰਿ ਭਜੇ।” (ਸਹਿਜ ਸੁਖ ਵਾਲੇ)
– ਆਸਾ ੫, ਛੰਤ ੧੨, ੩:੩ (460)
“ਸੁਖੀਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ।” (ਸੁਖੀ, ਸੁਖਵਾਲੇ)
– ਸੋਰ ੫, ੬, ੧:੧ (610)

ਸੁਖੁ ------- ਸੁੱਖ, ਆਨੰਦ, ਖੁਸ਼ੀ, ਵੇਖੋ ‘ਸੁਖ’
“ਦੁਖ ਪਰਹਰਿ ਸੁਖੁ ਘਰਿ ਲੈ ਜਾਇ।” (ਸੁਖ ਦਾ ਦਿਲ ਵਿਚ ਵਾਸਾ ਕਰ ਲੈਂਦਾ ਹੈ)

– ਜਪੁ ੧, ੫:੬ (2)

“ਜਿਨਿ ਹਰਿ ਸੇਵਿਆ ਤਿਨਿ ਸੁਖੁ ਪਾਇਆ।”

– ਆਸਾ ੪, ਸੁਪ ੨, ੩:੩ (11)

“ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ। (ਖੁਸ਼ੀ/ਆਨੰਦ ਪ੍ਰਾਪਤ ਕਰਦਾ ਹੈ)

– ਮਾਝ ੫, ੨੧, ੨:੨ (100)

ਹੋਰ ਰੂਪ:

ਸੁਖੇ –

“ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ।” (ਸੁੱਖ ਵਿਚ ਹੀ)

– ਸਿਰੀ ੩, ੬੧, ੨:੪ (38)

“ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ।” (ਸੁਖੀ)

– ਸੂਹੀ ੫, ਅਸ ੪, ੨:੨ (761)

ਸੁਖੇਟਿਆ --- ਸੁਖ ਨਾਲ ਭਰਪੂਰ

“ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ।”

– ਗੂਝ ੫, ਵਾਰ ੧੦:੭ (520)

ਸੁਖੇਣ ------ ਸੁਖ (ਇਥੇ ਭਾਵ ਦੁਨਿਆਵੀ/ਪਦਾਰਥਕ ਸੁਖਦਾਈ)

“ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣ।”

– ਗਾਥਾ ੫, ੨੪:੧ (1361)

ਸੁਖੇਦੀ ----- ਸੁਖਦਿਆ (ਮੰਨਤਾਂ), ਮੰਗਦਿਆਂ (ਮੁਰਾਦਾਂ)

“ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ।”

– ਜੈਤ ੩, ਛੰਤ ੧, ੪:੧ (704)

ਸੁਖੈ ------- ਸੁਖ ਦੀ ਆਸ ਰਖਣ ਨਾਲ, ਸੁੱਖ ਮੰਗਣ ਵਾਲੇ ਨੂੰ

“ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ।”

– ਸਿਰੀ ੧, ਅਸ ੭, ੫:੨ (57)

“ਨਾਨਕ ਐਥੇ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ।” (ਸੁਖ ਵਿਚ)

– ਬਿਹਾ ੪, ਵਾਰ ੧੫ਸ, ੩, ੨:੬ (554)

“ਸੁਖੈ ਏਹੁ ਬਿਬੇਕ ਹੈ ਅੰਤਰੁ ਨਿਰਮਲੁ ਹੋਇ।” (ਸੁਖਦਾ)

– ਰਾਮ ੩, ਵਾਰ ੭ਸ, ੩, ੩:੨ (947)

ਸੁਖੈਨਾ ----- (1) ਸੁਖ ਦੇਣ ਵਾਲਾ, ਸੁਖਦਾਤਾ

“ਮਿਲਿਓ ਮਨੋਹਰ ਸਰਬ ਸੁਖੈਨਾ ਤਿਆਗਿ ਨ ਕਤਹੂ ਜਾਏ।”

– ਦੇਵ ੫, ੨੭, ੧:੧ (533)

(2) ਸੁਖ

“ਜਿਸੁ ਨਾਮੁ ਰਿਦੈ ਤਿਸੁ ਸਜਹ ਸੁਖੈਨਾ।” (ਸੁਖ)

– ਭੈਰ ੫, ਅਸ ੧, ੨:੨ (1155)

ਸੁਖੈਨੋ ------ ਸੌਖ ਨਾਲ

“ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ।”

– ਕਾਨ ੫, ੩੭, ੧*:੨ (1305)

ਸੁਖੋ ------- ਸੁਖ
"ਨਉ ਨਿਧਿ ਪਾਵਹਿ ਅਤੁਲੁ ਸੁਖੋ।"
– ਗਉ ੫, ਅਸ ੧੩, ੪:੨ (241)

ਹੋਰ ਰੂਪ:

ਸੁਖੵੰ –
"ਦੁਖੰ ਭਯੰਤਿ ਸੁਖੵੰ ਭ੍ਰੈ ਭੀਤੰ ਤੇ ਨਿਰਭਯਹ।"
– ਸਸ ੫, ੩੭:੨ (1357)

ਸੁਗੰਧ ------ (ਸੰ.) ਖੁਸ਼ਬੂ, ਵੇਖੋ 'ਸੁਗੰਧੁ'
"ਹਰਿ ਹਰਿ ਬਾਸੁ ਸੁਗੰਧ ਬਸਾਈ।"
– ਗਉ ਕਬ, ੧੬, ੫:੨ (326)

ਹੋਰ ਰੂਪ:

ਸੁਗੰਧਤ –
"ਜਿਹ ਪ੍ਰਸਾਦਿ ਸੁਗੰਧਤ ਤਨਿ ਲਾਵਹਿ।" (ਸੁਗੰਧੀਆਂ ਖੁਸ਼ਬੂਆਂ)
– ਗਉ ੫, ਸੁਖ ੬, ੧:੨ (269)

(2) ਸੁਭਾਵ, ਗੁਣ ਨੇਮ
"ਕਬੀਰ ਪਾਰਸ ਚੰਦਨੈ ਤਿਨੑ ਹੈ ਏਕ ਸੁਗੰਧ।"
– ਸਲੋ ਕਬ, ੭੭:੨ (1368)

ਸੁਗੰਧਾ ----- ਸੁਗੰਧੀ ਵਾਲੀਆਂ ਵਸਤੂਆਂ
"ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖੵ ਦੇਹੰ ਮਲੀਣੰ।"
– ਗਾਥਾ ੫, ੧:੧ (1360)

ਸੁਗੰਧੁ ----- ਖੁਸ਼ਬੂ, ਵੇਖੋ 'ਸੁਗੰਧ'
"ਚੰਦਨ ਕੈ ਨਿਕਟੈ ਬਸੈ ਬਾਂਸੁ ਸੁਗੰਧੁ ਨ ਹੋਇ।"
– ਸਲੋ ਕਬ, ੧੨:੨ (1365)

ਸੁਗਮੰ ----- ਸੌਖੇ
"ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ।"
– ਸਸ ੫, ੪੪:੧ (1358)

ਸੁਗਿਆਨ --- ਉਤਮ/ਸ੍ਰੇਸ਼ਟ ਗਿਆਨ, ਵੇਖੋ 'ਸੁਗਿਆਨ' (2)
"ਸਗਲ ਗੁਣ ਸੁਗਿਆਨ ਪੂਰਨ ਆਪਣੇ ਪ੍ਰਭ ਭਾਣੀ।"
– ਆਸਾ ੫, ਛੰਤ ੧੦, ੩:੫ (459)

ਹੋਰ ਰੂਪ:

ਸੁਗਿਆਨਾ –
"ਕਟੀਐ ਜਮ ਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ।"
– ਸੂਹੀ ੫, ਛੰਤ ੬, ੨:੩ (781)

ਸੁਗਿਆਨਾ --- (1) ਉਤਮ/ਸ੍ਰੇਸ਼ਟ ਗਿਆਨਵਾਨ/ ਗਿਆਨੀ

"ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ।"
- ਗਉ ੫, ਛੰਤ ੨, ੩:੫ (248)

ਹੋਰ ਰੂਪ:

ਸੁਗਿਆਨੀ -
"ਜੋ ਇਸੁ ਮਾਰੇ ਸੋਈ ਸੁਗਿਆਨੀ।"
- ਗਉ ੫, ਅਸ ੫, ੫:੩ (238)

ਸੁਗਿਆਨੁ -
"ਮੂੜ ਮੁਗਧੁ ਹੋਇ ਚਤੁਰ ਸੁਗਿਆਨੁ।"
- ਭੈਰ ੫, ੩੬, ੩:੨ (1146)

(2) ਉਤਮ ਗਿਆਨ, ਵੇਖੋ 'ਸੁਗਿਆਨ'

ਹੋਰ ਰੂਪ:

ਸੁਗਿਆਨੁ -
"ਸਾਧ ਕੈ ਸੰਗਿ ਪ੍ਰਗਟੈ ਸੁਗਿਆਨੁ।"
- ਗਉ ੫, ਸੁਖ ੭, ੧:੪ (271)

ਸੁਘਨਾ ----- ਬਹੁਤ, ਬਹੁਤ ਸੰਘਣਾ
"ਸੁਤ ਬਨਿਤਾ ਸਾਜਨ ਸੁਖ ਬੰਧਪ ਤਾ ਸਿਉ ਮੋਹੁ ਬਢਿਓ ਸੁਘਨਾ।"
- ਸਮੁ ੫, ੪*:੩ (1387)

ਸੁਘਰ ----- (1) ਸੁਡੌਲ, ਗਠਿਤ ਸਰੀਰ ਵਾਲਾ
"ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ।"
- ਆਸਾ ੫, ੧੩੨, ੧:੨ (404)

(2) ਸੁਘੜ, ਸਿਆਣਾ, ਹੋਰ ਵੇਖੋ 'ਸੁਘੜ'
"ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ ਹੋਹੁ ਪ੍ਰਭੂ ਕਿਰਪਾਲਾ।"
- ਧਨਾ ੫, ੩੮, ੧*:੨ (680)

"ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ।"
- ਸਾਰ ੫, ੨੯, ੧:੧ (1210)

ਹੋਰ ਰੂਪ:

ਸੁਘਰਿ -
"ਨਹ ਚਤੁਰਿ ਸੁਘਰਿ ਸੁਜਾਨ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ।"
- ਬਿਲਾ ੫, ਛੰਤ ੩, ੩:੩ (847)

ਸੁਘਰੁ -
"ਕੋਊ ਸੁਘਰੁ ਨ ਕੋਊ ਮੂਰਾ।"
- ਗਉ ੫, ਬਾਅ ੧੧:੬ (252)

ਸੁਘੜ ----- ਸਿਆਣਾ, ਸੁਚਜਾ ਵੇਖੋ 'ਸੁਘਡ' (2)
"ਵਡਭਾਗੀ ਮਿਲੁ ਸੁਘੜ ਸੁਜਾਣੀ ਜੀਉ।"
- ਗਉ ੪, ੬੫, ੨:੩ (173)

ਹੋਰ ਰੂਪ:

ਸੁਘੜਿ –
“ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ।” (ਸੁਚੱਜੀ)
– ਮਾਝ ੫, ੧੧, ੨:੩ (97)

ਸੁਘੜੁ –
“ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜੁ ਸੁਜਾਣੀਐ।”
– ਮਾਝ ੧, ਵਾਰ ੨ਸ, ੨, ੨:੭ (138)
“ਚੁਤਰ ਸਿਆਣਾ ਸੁਘੜੁ ਸੋਇ ਜਿਨਿ ਤਜਿਆ ਅਭਿਮਾਨੁ।” (ਸੁਚੱਜਾ)
– ਗਉ ੫, ਥਿਤੀ ੪ਸ:੧ (297)
“ਆਪਿ ਦਇਆ ਕਰਿ ਰਖਦਾ ਪਿਆਰਾ ਆਪੇ ਸੁਘੜੁ ਸੁਜਾਣੁ।”(ਚਾਤਰ ਸਿਆਣਾ)
– ਸੋਰ ੪, ੫, ੧:੩ (606)

ਸੁਚ ------- (1) (ਸੰ.) ਪਵਿੱਤਰਤਾ, ਵੇਖੋ ‘ਸੁਚਾ, ਸਚਿ’
“ਨਾ ਹਮ ਕਰਮ ਨਾ ਧਰਮ ਸੁਚ ਪ੍ਰਭਿ ਗਹਿ ਭੁਜਾ ਆਪਾਇਓ।”
– ਗਉ ੫, ਅਸ ੧੪, ੪:੧ (241)
(2) ਜੂਠ ਦੇ ਉਲਟ
“ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।”
– ਗਉ ਰਵਿ, ਅਸ ੧, ੪:੨ (346)
(3) ਸੁਚੀ (ਪਵਿੱਤਰ) ਰਹਿਣੀ (ਭਾਵ)
“ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।”
– ਰਾਮ ੧, ਅਸ ੧, ੬:੨ (903)

ਸੁਚੱਜੀ ----- ਚੰਗੇ ਚਜ ਆਚਾਰ ਵਾਲੀ, ਨੇਕ ਚਲਣ ਵਾਲੀ
“ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ।”
– ਵਡ ੧, ੩, ੧:੧੦ (558)

ਸੁਚਾ ------ ਪਵਿੱਤਰ, ਸਵੱਛ
“ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ।”
– ਆਸਾ ੧, ਵਾਰ ੧੯ਸ, ੧, ੧:੨ (473)

ਸੁਚਾਰੀ ----- ਚੰਗਾ ਆਚਾਰ
“ਦ੍ਰਿੜੁ ਨਾਮ ਦਾਨ ਇਸਨਾਨੁ ਸੁਚਾਰੀ।”
– ਸੂਹੀ ੫, ੧੮, ੩:੨ (740)

ਸੁਚਿ ------ (1) ਪਵਿੱਤਰਤਾ, ਵੇਖੋ ‘ਸੁੱਚ’
“ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ।”
– ਸਿਰੀ ੧, ਪਹ ੨, ੨:੫ (75)
“ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ।” (ਆਤਮਕ ਪਵਿੱਤਰਤਾ)
– ਗਉ ੫, ਬਾਅ ੩ਸ:੨ (250)
“ਸੁਚਿ ਹੋਵੈ ਤਾ ਸਚੁ ਪਾਈਐ।” (ਦਿਲ ਦੀ ਪਵਿੱਤਰਤਾ)
– ਆਸਾ ੧,, ਵਾਰ ੧੬ਸ, ੧, ੨:੨੨ (472)
(2) ਸਰੀਰਕ ਸਫਾਈ/ਸਵੱਛਤਾ
“ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ।”

– ਗਉ ੫, ਅਸ ੧੫, ੭:੧ (242)

ਸੁਚਿਤ ----- ਸਿਆਣੇ, ਸੁਚੇਤ

“ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ ਗੁਰਿ ਕੀਏ ਸੁਚਿਤ ਚਿਤੇਨ।”

– ਕਾਨ ੪, ੨, ੧:੧ (1294)

“ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ।”

– ਫੁਨ ੫, ੧੧:੧ (1362)

ਸੁਚੀਆ ---- ਪਵਿੱਤਰ, ਭਾਵ ਸਾਰਥਕ

“ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ।”

– ਸਾਰ ੪, ਵਾਰ ੭ਸ, ੧, ੨:੧ (1240)

ਸੁਚੀਤ ----- ਭਲੇ/ਚੰਗੇ ਚਿਤ ਵਾਲੇ

“ਦੁਖੁ ਸੁਖੁ ਪਰਹਰਿ ਸਹਜਿ ਸੁਚੀਤ।”

– ਆਸਾ ੧, ਅਸ ੪, ੫:੩ (413)

ਹੋਰ ਰੂਪ:

ਸੁਚੀਤੁ –

“ਜਤੁ ਸਤੁ ਸੰਜਮੁ ਸਚੁ ਸੁਚੀਤੁ।”

– ਰਾਮ ੧, ਅਸ ੨, ੮:੩ (903)

ਸੁਚੀਤੁ ----- (1) ਪਵਿੱਤਰ

“ਤਰੁ ਤਾਰੀ ਮਨਿ ਨਾਮੁ ਸੁਚੀਤੁ।” (ਮਨ ਵਿਚ ਪਵਿੱਤਰ ਨਾਮ ਰੱਖ ਕੇ ਤਾਰੀ ਤਰ ਜਾ)

– ਗਉ ੧, ੭, ੧:੪ (153)

(2) ਪਵਿੱਤਰ, ਚਿਤ, ਵੇਖੋ ‘ਸੁਚੀਤ’

ਸੁਚੇ ------- (1) ਪਵਿੱਤਰ

“ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ।”

– ਮਾਝ ੫, ਬਾਰਾ ੧੨:੯ (136)

(2) ਪਵਿੱਤਰ (ਪਰੋਸੇ ਹੋਏ ਥਾਲ)

“ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ।”

–ਆਸਾ ੧, ਵਾਰ ੧੯ਸ, ੧, ੧:੨ (473)

ਹੋਰ ਰੂਪ:

ਸੁਚੇਇ –

“ਹਉਮੈ ਮਾਰਿ ਮਿਲਾਇਅਨੁ ਗੁਰ ਕੈ ਸਬਦਿ ਸੁਚੇਇ।” (ਪਵਿੱਤਰ ਹੋ ਗਏ ਹਨ)

– ਬਿਲਾ ੪, ਵਾਰ ੪ਸ, ੩, ੨:੩ (850)

ਸੁਚੇਤ ----- (1) (ਸੰ.) ਸਾਵਧਾਨ, ਚੇਤਨ

“ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ।”

– ਗਉ ਕਬ, ੭੩, ੨:੨ (339)

ਹੋਰ ਰੂਪ:

ਸੁਚੇਤਿ –
"ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ।"
– ਸਲੋ ਫਰ, ੮੬:੨ (1382)

(2) ਸਿਆਣੇ (ਭਾਵ)
"ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।"
– ਆਸਾ ੧, ਵਾਰ ੧ਸ, ੧, ੩:੧ (463)

ਸੁਚੈ ------- (1) ਸੁਚੇ (ਪਵਿੱਤਰ ਚੌਕੇ ਤੇ)
"ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ।"
– ਆਸਾ ੧, ਵਾਰ ੧੯ਸ, ੧, ੧:੧ (473)

(2) ਇਸਨਾਨ
"ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ।"
– ਕੇਦਾ ੫, ੧੫, ੧:੨ (1122)

ਸੁਜਸੁ ------ (ਸੰ.) ਸੁਕੀਰਤੀ, ਸ਼ੋਭਾ
"ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ।"
– ਧਨਾ ਰਵਿ, ੨, ੧:੧ (694)

ਸੁਜਨ ------ ਭਲਾ ਪੁਰਸ਼, ਨੇਕ ਆਦਮੀ
"ਸਾਕਤ ਉਲਟਿ ਸੁਜਨ ਭਏ ਚੀਤਾ।"
– ਗਉ ਕਬ, ੧੭, ੧:੪ (326)

ਸੁਜਾਖਾ ----- (1) (ਸੰ.) ਚੰਗੀ ਨਜ਼ਰ/ ਅੱਖਾਂ ਵਾਲਾ, ਜਿਸ ਨੂੰ ਦਿਸਦਾ ਹੋਵੇ
"ਹੋਇ ਸੁਜਾਖਾ ਨਾਨਕਾ ਸੋ ਕਿਉ ਉਝੜਿ ਪਾਇ।"
– ਰਾਮ ੩, ਵਾਰ ੧੬ਸ, ੨, ੧:੨ (954)

ਹੋਰ ਰੂਪ:

ਸੁਜਾਖੇ –
"ਤੁਮ ਹੋਹੁ ਸੁਜਾਖੇ ਲੇਹੁ ਪਛਾਣਿ।"
– ਬਸੰ ੧, ਅਸ ੫, ੧੦:੨ (1196)

(2) ਗਿਆਨਵਾਨ (ਭਾਵ)
"ਤੁਧੁ ਅਗੈ ਤੁਧੈ ਸਾਲਾਹੀ ਮੈ ਅੰਧੇ ਨਾਉ ਸੁਜਾਖਾ।" (ਅਗਿਆਨੀ ਨੇ ਨਾਂ ਗਿਆਨਵਾਨ ਰੱਖ ਲਿਆ ਹੈ)
– ਸਾਰ ੪, ਵਾਰ ੧੨ਸ, ੧, ੧:੨ (1242)

ਸੁਜਾਗੇ ----- ਉਤਮ ਜਾਗਰਣ ਕਰਤਾ, ਨੀਂਦ ਦਾ ਉਤਮ ਤਿਆਗੀ
"ਨਾਮੁ ਦਾਨੁ ਇਸ਼ਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ।"
– ਆਸਾ ੧, ਅਸ ੧੪, ੭:੨ (419)

ਸੁਜਾਣ ----- ਚੰਗੇ, ਸਿਆਣੇ, ਸੂਝਵਾਨ, ਵੇਖੋ 'ਸੁਜਾਣੀ'
"ਜਿੰਨਾ ਸਤਿਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ।"
– ਸਿਰੀ ੧, ੨੨, ੪:੧ (22)

ਹੋਰ ਰੂਪ:

ਸੁਜਾਣਾ –
“ਕਿਆ ਕਹਉ ਸੁਣਉ ਸੁਆਮੀ ਤੂੰ ਵਡਪੁਰਖੁ ਸੁਜਾਣਾ।” (ਸਿਆਣਾ, ਸਭ ਕੁਝ ਦਾ ਗਿਆਤਾ)
– ਸਿਰੀ ੫, ੯੬, ੧*:੨ (151)

ਸੋੁਜਾਣਾ –
“ਸੋਈ ਭਗਤੁ ਸੁਘੜੁ ਸੋੁਜਾਣਾ।”
– ਪ੍ਰਭਾ ੩, ੭, ੪:੨ (1335)

ਸੁਜਾਣਿ –
“ਪਿਰਿ ਰਖਿਆ ਕੀਨੀ ਸੁਘੜ ਸੁਜਾਣਿ।”
– ਆਸਾ ੫, ੨, ੧:੪ (370)

ਸੁਜਾਣਿਆ --- ਜਾਣਨਹਾਰ (ਪ੍ਰਭੂ) ਨੂੰ
“ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ।”
– ਪ੍ਰਭਾ ੧, ੯, ੨:੨ (1329)

ਸੁਜਾਣੀ ----- (1) ਸਿਆਣੇ, ਸੂਝਵਾਨ
“ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।”
– ਮਾਝ ੧, ਵਾਰ ੨੬ਸ, ੧, ੧:੧੬ (150)

ਹੋਰ ਰੂਪ:

ਸੁਜਾਣੀਐ –
“ਨਾਨਕ ਗੁਰਮੁਖਿ ਨਦਰੀ ਆਇਆ ਹਰਿ ਇਕੋ ਸੁਘੜ ਸੁਜਾਣੀਐ।”
– ਮਾਝ ੧, ਵਾਰ ੨ਸ, ੨, ੨:੭ (138)

(2) ਜਾਣਨ ਵਾਲਾ
“ਸੀਤਲ ਪੁਰਖ ਦ੍ਰਿਸਟਿ ਸੁਜਾਣੀ।”
– ਵਡ ੫, ੨, ੨:੨ (562)

ਸੁਜਾਣੁ ----- (1) ਸਿਆਣਾ ਹੋਰ ਵੇਖੋ ‘ਸੁਜਾਣ’ (1)
“ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ।”
– ਸਿਰੀ ੧, ੧੩, ੨:੧ (19)

ਹੋਰ ਰੂਪ:

ਸੁਜਾਣੋ –
“ਜਾਣੋ ਪ੍ਰਭੁ ਜਾਣੋ ਸੁਆਮੀ ਸੁਘੜੁ ਸੁਜਾਣੋ।”
– ਰਾਮ ੫, ਛੰਤ ੧, ੩:੨ (924)

ਸੁਜਾਨ –
“ਜਿਨ ਤੂੰ ਸੇਵਿਆ ਭਉ ਕਰਿ ਸੇਈ ਪੁਰਖ ਸੁਜਾਨ।”
– ਸਿਰੀ ੫, ੯੮, ੨:੧ (52)

ਸੁਜਾਨਾ –
“ਦੇਨਹਾਰ ਦੇ ਰਹਿਉ ਸੁਜਾਨਾ।” (ਸਿਆਣਾ ਪ੍ਰਭੂ)
– ਗਉ ੫, ਬਾਅ ੪੧:੨ (258)

ਸੁਜਾਨਿ –

"ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ।"
– ਆਸਾ ਕਬ, ੩੨, ੧:੨ (483)

ਸੁਜਾਨੀ –
"ਜਿਸੁ ਕਾ ਤਨੁ ਮਨ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ।"
– ਧਨਾ ੫, ੫, ੧:੧ (671)

ਸੁਜਾਨੁ –
"ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ।"
– ਮਾਝ ੫, ਬਾਰਾ ੧੨:੭ (136)

(2) ਪ੍ਰਭੂ (ਭਾਵ)
"ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ।"
– ਸਿਰੀ ੫, ੭੪, ੪:੨ (43)

(3) ਸੋਝੀ ਵਾਲਾ (ਗੁਰੂ)
"ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ।"
– ਗਉ ੫, ਵਾਰ ੧ਸ, ੫, ੧:੩ (318)

(4) (ਸਭ ਕੁਝ) ਜਾਣਨ ਵਾਲਾ
"ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ।"
– ਰਾਮ ਬਸ, ਵਾਰ ੬:੧੬ (968)

ਹੋਰ ਰੂਪ:

ਸੁਜਾਨੁ –
"ਸਭ ਕੋ ਆਖੈ ਆਪਣਾ ਭਾਈ ਗੁਰ ਤੇ ਬੂਝੈ ਸੁਜਾਨੁ।"
– ਸੋਰ ੧, ਅਸ ੪, ੯:੧ (637)

ਸੁਝਈ ----- **ਸਮਝ ਵਿਚ ਆਉਣਾ, ਦਿਸਣਾ, ਔੜਨਾ**
"ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ।"
– ਜਪ ੧, ੭:੭ (2)

"ਹੋਰ ਦਾਤਾਰੁ ਨ ਸੁਝਈ ਤੂ ਦੇਵਣਹਾਰੁ।" (ਦਿਸ ਆਉਂਦਾ)
– ਬਿਹਾ ੪, ਵਾਰ ੨੧:੫ (556)

ਸੁਝੰਤਾ ----- **ਸਮਝ ਆਉਂਦਾ**
"ਤੁਝਹਿ ਸੁਝੰਤਾ ਕਛੂ ਨਾਹਿ।"
– ਬਸੰ ਰਵਿ, ੧, ੧:੧ (1196)

ਸੁਝਾਏ ----- **ਸਮਝਾਏ**
"ਜਿਸੁ ਆਪਿ ਸੁਝਾਏ ਤਿਸੁ ਸਭੁ ਕਿਛੁ ਸੂਝੈ।"
– ਮਾਝ ੧, ਵਾਰ ੨੭ਸ, ੧, ੨:੨ (150)

ਹੋਰ ਰੂਪ:

ਸੁਝੀ –
"ਬੁਰਾ ਭਲਾ ਨਹੀ ਸੁਝੀ ਹੇ।" (ਸਮਝ ਆਉਂਦਾ)
– ਗਉ ੫, ੧੫੪*, ੨:੨ (213)

ਸੁਝੀਓਸੁ –

"ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ।"

– ਰਾਮ ਸਬ, ਵਾਰ ੬:੧੧ (968)

ਸੁਝੈ –

"ਦੂਜਾ ਥਾਉ ਨ ਕੋ ਸੁਝੈ ਗੁਰੁ ਮੇਲੇ ਸਚੁ ਸੋਇ।" (ਸਮਝ ਆਉਂਦਾ, ਦਿਸਦਾ)

– ਸਿਰੀ ੫, ੯੦, ੧*:੨ (49)

"ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ।" (ਸਮਝ ਆ ਜਾਂਦੀ ਹੈ/ਗਿਆਨ ਹੋ ਜਾਂਦਾ ਹੈ)

– ਗਉ ੫, ਸੁਖ ੧, ੪:੪ (263)

"ਗੁਰ ਪ੍ਰਸਾਦਿ ਆਪਨ ਆਪੁ ਸੁਝੈ।" (ਆਪਣੇ ਆਪ ਨੂੰ ਸਮਝੇ)

– ਗਉ ੫, ਸੁਖ ੧੪, ੪:੪ (281)

"ਨੇੜੇ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ।" (ਦਿਸਦਾ ਹੈ)

– ਰਾਮ ਸਬ, ਵਾਰ ੫:੮ (967)

ਸੁੰਞਿਆ ---- ਸਖਣੇ, ਗੁਣਾਂ ਤੋਂ ਵਿਹੂਣਾ

"ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ।"

– ਆਸਾ ੫, ੧੧੦, ੨:੧ (398)

ਹੋਰ ਰੂਪ:

ਸੁੰਞੀ –

"ਸੁੰਞੀ ਦੇਹ ਡਰਾਵਣੀ ਜਾਂ ਜੀਉ ਵਿਚਹੁ ਜਾਇ।" (ਨਿਸਫਲ, ਨਕਾਰੀ)

– ਸਿਰੀ ੧, ੪੧, ੧:੧ (19)

"ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ।"

– ਜੈਤ ੪, ੫, ੧:੨ (697)

ਸੁਞੀਆ –

"ਕੜਛੀਆਂ ਫਿਰੰਨ੍ਹਿ ਸੁਆਉ ਨ ਜਾਣਨਿ ਸੁਞੀਆ।" (ਖਾਲੀ ਵਿਹੂਣੀਆਂ)

– ਗੂਜ ੫, ਵਾਰ ੧੨ਸ, ੫, ੧:੧ (521)

ਸੁੰਞੁ –

"ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ।" (ਖਾਲੀ, ਸਖਣੀ)

– ਬਸੰ ੪, ੭, ੧:੧ (1179)

ਸੁੰਞੇ –

"ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।" (ਇਕੱਲੇ, ਸੰਗ ਰਹਿਤ)

– ਆਸਾ ੧, ਵਾਰ ੧ਸ, ੧, ੩:੨ (463)

"ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਉ।" (ਬੇਆਬਾਦ)

– ਸੂਹੀ ੩, ਵਾਰ ੧੬ਸ, ੧, ੧:੨ (790)

ਸੁੰਞੈ –

"ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ।" (ਬੇਆਬਾਦ)

– ਸਿਰੀ ੩, ੪੩, ੨:੨ (30)

ਸੁਟਦਾ ----- ਫੈਂਕਦਾ

"ਓਸੁ ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ।"

– ਸਾਰ ੪, ਵਾਰ ੨੭ਸ, ੪, ੨:੩ (653)

ਹੋਰ ਰੂਪ:

ਸੁਟਿ –

“ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਅਤੇ ਰਾਮ।”

– ਬਿਹਾ ੪, ਛੰਤ ੫, ੩:੨ (540)

ਸੁਟੀਅਹਿ –

“ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ।”

– ਸਿਰੀ ੧, ਅਸ ੪, ੩:੩ (55)

ਸੁਟੀਅਨਿ –

“ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ।” (ਸੁਟ ਦਿਤੇ ਜਾਂਦੇ ਹਨ)

– ਵਡ ੩, ਛੰਤ ੪, ੩:੨ (570)

ਸੁਟੀਐ –

“ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।”

– ਆਸਾ ੧, ਵਾਰ ੧੫ਸ, ੧, ੨:੫ (471)

ਸੁਟੇ –

“ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜ ਪਇਆ।”

– ਗਉ ੪, ਵਾਰ ੧੩ਸ, ੪, ੨:੨ (307)

ਸੁੰਡ ------- (ਸੰ.) ਹਾਥੀ ਦੇ ਸਰੀਰ ਦਾ ਇਕ ਅੰਗ ਜੋ ਉਸ ਦੇ ਸਿਰ ਤੋਂ ਅੱਗੇ ਵਲ ਨੂ ਲਟਕਦਾ ਹੈ।

“ਕਰੈ ਗਜਿੰਦੁ ਸੁੰਡ ਕੀ ਚੋਟ।”

– ਭੈਰ ਨਾਮ, ੧੦, ੮:੧ (1165)

ਸੁਣਉ ----- (ਸੰ.) ਸਰਵਣ ਕਰਾਂ, ਸੁਣਾਂ, ਵੇਖੋ ‘ਸੁਨਉ’, ‘ਸੁਨਹੀ’, ‘ਸੁਨਣਾ’ ‘ਸੁਨਤ’, ‘ਸੁਨਤੇ’, ‘ਸੁਨਾ’, ‘ਸੁਨਾਹਿ’, ‘ਸੁਨਾਵਹਿ’, ‘ਸੁਨਾਵਣਾ’, ‘ਸੁਨਿ’, ‘ਸੁਨਿਉ’, ‘ਸੁਨਿਆ’, ‘ਸੁਨਿਬੋ’, ‘ਸੁਨੀ’, ਆਦਿ

“ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖ ਸੁਜਾਣਾ।”

– ਸਿਰੀ ੫, ੯੬, ੧*:੨ (51)

ਹੋਰ ਰੂਪ:

ਸੁਣਈ –

“ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਈ ਕਹਿਆ ਚੁਗਲ ਕੇ।” (ਸੁਣਦਾ)

– ਸਿਰੀ ੪, ਵਾਰ ੬:੪ (84)

ਸੁਣਈਆ –

“ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ।”

– ਬਿਲਾ ੪, ਅਸ ੧, ੬:੧ (833)

ਸੁਣਹ –

“ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸੁ ਕਵਲਾ ਕੰਤਾ।”

– ਸੋਰ ੪, ਵਾਰ ੨੦:੨ (650)

ਸੁਣਹਿ –

“ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ।” (ਸੁਣਦਾ ਹੈ)

– ਸਿਰੀ ੧, ੫, ੨:੨ (16)

ਸੁਣਹੁ –
“ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ।”
– ਗਉ ੫, ਸੋਰ ੫, ੧:੧ (13)

ਸੁਣਣਾ –
“ਗੁਰਮੁਖਿ ਸੁਣਣਾ ਸਾਚਾ ਨਾਉ।”
– ਆਸਾ ੧,੬, ੪:੨ (350)

ਸੁਣਣਿ –
“ਅੰਤੁ ਨ ਵੇਖਣਿ ਸੁਣਣਿ ਨ ਅੰਤੁ।”
– ਜਪੁ ੧, ੨੪:੩ (5)

ਸੁਣਤ –
“ਕਥਾ ਸੁਣਤ ਮਲੁ ਸਗਲੀ ਖੋਵੈ।” (ਸੁਣਨ ਨਾਲ)
– ਮਾਝ ੫, ੩੩, ੨:੨ (104)

“ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ।” (ਸੁਨਣ ਵਾਲੇ)
– ਮਾਝ ੫, ੩੫, ੧:੩ (104)

“ਕਹਤ ਪਵਿਤ੍ਰ ਸੁਣਤ ਪੁਨੀਤ।”
– ਗਉ ੫, ੯੨, ੪:੧ (183)

ਹੋਰ ਰੂਪ:

ਸੁਣੰਤ –
“ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ।”
– ਸਸ ੫, ੧੪:੧ (1355)

ਸੁਣਤਉ –
“ਕਹਤਉ ਪੜਤਉ ਸੁਣਤਉ ਏਕ।”
– ਧਨਾ ੧, ਅਸ ੧, ੭:੧ (686)

ਸੁਣਤਾ–
“ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ।”
– ਮਾਰੂ ੧, ਸੋਲਾ ੧, ੯:੩ (1021)

ਸੁਣਤਿਆ –
“ਧਨੁ ਧਨੁ ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ।”
– ਸੋਰ ੪, ਵਾਰ ੧੮:੨ (649)

ਸੁਣਤੇ –
“ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ।” (ਸੁਣਨ ਵਾਲੇ)
– ਸਿਰੀ ੫, ਛੰਤ ੩, ੫:੧ (81)

ਸੁਣੰਦੜੀ –
“ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ।” (ਸੁਣਦਿਆਂ)
– ਰਾਮ ੫, ਵਾਰ ੧੭ਸ, ੫, ੧:੧ (964)

ਸਣਦਾ –
“ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ।”

– ਸਿਰੀ ੩, ੫੬, ੪:੧ (36)

ਸੁਣਦੇ –
“ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ।”
– ਰਾਮ ੩, ਅਨੰ ੧੭:੪ (919)

ਸੁਣੰਦੇ –
“ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ।”
– ਗਉ ੪, ਵਾਰ ੧੨:੩ (306)

ਸੁਣੰਦੋ –
“ਜਿਥੈ ਕੋਇ ਕਥੰਨਿ ਨਾਉ ਸੁਣੰਦੋ ਮਾ ਪਿਰੀ।”
– ਮਾਰੂ ੫, ਵਾਰ ੨੦ਸ, ੫, ੨:੧ (1101)

ਸੁਣਨਿ –
“ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ।”
– ਬਸੰ ੩, ਵਾਰ ੩:੩ (1193)

ਸੁਣਾ –
“ਤਿਨ ਕੈ ਸੰਗਿ ਨਿਹਾਲੁ ਸ੍ਰਵਣੀ ਜਸੁ ਸੁਣਾ।”
– ਗੂਜ ੫, ਵਾਰ ੩:੪ (518)

ਸਣਿ ਓਹਿ –
“ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ।”
– ਸਿਰੀ ੫, ਛੰਤ ੩, ੪੩:੨ (81)

ਸੁਣਾਇ –
“ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ।”
– ਸਿਰੀ ੩, ੫੫, ੩:੨ (35)

ਸੁਣਾਇਆ –
“ਸਤਿਗੁਰਿ ਸਬਦੁ ਸੁਣਾਇਆ ਹਉ ਸਦ ਬਲਿਹਾਰੈ ਜਾਉ।”
– ਸਿਰੀ ੩, ਅਸ ੧੮, ੭:੩ (65)
“ਤਬਲਬਾਜ ਬੀਚਾਰ ਸਬਦਿ ਸੁਣਾਇਆ।”
– ਮਾਝ ੧, ਵਾਰ ੧੦:੬ (142)
“ਤੇਰਾ ਸਰੀਕੁ ਕੋ ਨਾਹੀ ਜਿਸ ਨੋ ਲਵੈ ਲਾਇ ਸੁਣਾਇਆ।” (ਤੁਲਣਾ/ ਬਰਾਬਰੀ ਦੇ ਕੇ ਬਿਆਨ ਕਰਾਂ)
– ਗਉ ੪, ਵਾਰ ੨:੩ (301)

ਸੁਣਾਇਸੀ –
“ਢਾਢੀ ਕਰੇ ਪੁਕਾਰ ਪ੍ਰਭੁ ਸੁਣਾਇਸੀ।” (ਸੁਣ ਲੈਂਦਾ ਹੈ)
– ਗੂ੧ ੩, ਵਾਰ ੫:੧ (510)
“ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।” (ਸੁਣਾਵਾਗਾਂ)
– ਤਿਲੰ ੧, ੫, ੨:੬ (723)
“ਮਾਣਸੁ ਕਿਆ ਵੇਚਾਰਾ ਤਿਹੁ ਲੋਕ ਸੁਣਾਇਸੀ।”(ਸੁਣਾਵੇਗਾ, ਸੁਣੇਗਾ)
– ਸੂਹੀ ੧, ੬, ੧:੧੦ (730)

ਸੁਣਾਇਹਿ –
“ਜਿਸ ਨੋ ਕਥਾ ਸੁਦਾਇਹਿ ਆਪਣੀ ਸਿ ਗੁਰਦੁਆਰੈ ਸੁਖ ਪਾਵਹੇ।”
– ਰਾਮ ੩, ਅਨੰ, ੫:੪ (919)

ਸੁਣਾਇਦਾ –
“ਗੁਰਮੁਖਿ ਸਦ ਸੇਵਹਿ ਸਚੋ ਸਚਾ ਗੁਰਮੁਖਿ ਸਬਦੁ ਸੁਣਾਇਦਾ।”
– ਮਾਰੂ ੩, ਸੋਲਾ ੧੫, ੬:੩ (1058)

ਸੁਣਾਈ –
“ਸਤਿਗੁਰ ਸਾਚੀ ਸਿਖ ਸੁਣਾਈ।”
– ਮਾਝ ੩, ਅਸ ੧੫, ੧:੧ (118)

ਸੁਣਾਈਆ –
“ਹਰਿ ਕੀਆ ਕਥਾ ਕਹਾਣੀਆ ਮੇਰੇ ਪਿਆਰੇ ਸਤਿਗੁਰੁ ਸੁਣਾਈਆ।”
– ਆਸਾ ੪, ਛੰਤ ੨੧, ੫:੧ (452)

ਸੁਣਾਈਐ –
“ਜਿਸ ਨੋ ਵਾਇ ਸੁਣਾਈਐ ਸੋ ਕੇਵਡੁ ਕਿਤੁ ਥਾਇ।” (ਸੁਣਾਈਦਾ ਹੈ)
– ਸਿਰੀ ੧, ਅਸ ੧, ੧:੨ (53)
“ਮੇਰੇ ਪ੍ਰੀਤਮ ਕੀ ਮੈ ਕਥਾ ਸੁਣਾਈਐ।” (ਸੁਣਾਉ)
– ਮਾਝ ੪, ੫, ੨:੨ (95)
“ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ।” (ਸੁਣਾਉਂਦਾ/ਆਖਦਾ ਹਾਂ)
– ਮਾਝ ੧, ਵਾਰ ੧੭:੧ (146)

ਸੁਣਾਏ –
“ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ।”
– ਸਿਰੀ ੩, ੪੮, ੨:੨ (32)

ਸੁਣਾਹਾ –
“ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ।” (ਸੁਣੋ)
– ਜੈਤ ੪, ੧੧, ੨:੧ (699)

ਸੁਣਾਵਉ –
“ਪਤਿਤ ਪੁਨੀਤ ਕਰਤਾ ਪੁਰਖੁ ਨਾਨਕ ਸੁਣਾਵਉ।”
– ਗਉ ੫, ਵਾਰ ੧੭:੪ (322)

ਸੁਣਾਵਹਿ –
“ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ।”
– ਗਉ ੪, ਵਾਰ ੨੦ਸ, ੪, ੨:੩ (311)

ਸੁਣਾਵਹੁ –
“ਓਹੁ ਨ ਸੁਣਈ ਕਤ ਹੀ ਤੁਮ੍ਹ ਲੋਕ ਸੁਣਾਵਹੁ।”
– ਆਸਾ ੧, ਅਸ ੧੩, ੪:੨ (418)

ਸੁਣਾਵਣਿਆ –
“ਅੰਮ੍ਰਿਤਿ ਮਨੁ ਤਨੁ ਬਾਣੀ ਰਤਾ ਅੰਮ੍ਰਿਤੁ ਸਹਜਿ ਸੁਣਾਵਣਿਆ।”
– ਮਾਝ ੩, ਅਸ ੧੭, ੫:੩ (119)

ਸੁਣਾਵੈ –
“ਜੋ ਹਰਿ ਕੀ ਹਰਿ ਕਥਾ ਸੁਣਾਵੈ।”
– ਗਉ ੪, ੪੦, ੩:੧ (164)

ਸੁਣਿ –
“ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।” (ਸੁਣਕੇ)

– ਜਪੁ ੧, ੪:੪ (2)

ਸੁਣਿ ------ (1) ਸੁਣੀਦਾ
"ਲੇਖੈ ਵਾਟ ਚਲਾਈਐ ਲੇਖੈ ਸੁਣਿ ਵੇਖਾਉ।"
– ਸਿਰੀ ੧, ੩, ੧:੨ (15)
(2) ਸੁਣਕੇ ਵੇਖੋ 'ਸੁਣਉ'
(3) ਸੁਣਿ
"ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।"
– ਸਿਰੀ ੧, ੪, ੩:੨ (15)
(4) ਸੁਣੋ
"ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ।"
– ਸਿਰੀ ੫, ੧੦੦, ੧:੧ (52)
"ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ।"
– ਗਉ ੫, ਛੰਤ ੧, ੨:੧ (247)

ਸੁਣਿਐ ----- ਸੁਣਨ ਨਾਲ
"ਸੁਣਿਐ ਸਿਧ ਪੀਰ ਸੁਰਿ ਨਾਥੁ।"
– ਜਪ ੧, ੮:੧ (2)

ਸੁਣਿਜੈ ----- ਸੁਣਦੇ ਹਨ
"ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ।"
– ਸਵ ੩, ੧੦:੫ (1394)

ਸੁਣੀ ------ ਸ੍ਰਵਣ ਕੀਤੀ
"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।"
– ਜਪੁ ੧, ੬:੩ (2)

ਹੋਰ ਰੂਪ:

ਸੁਣੀਅਹਿ –
"ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ।"
– ਸੂਹੀ ੫, ੬, ੨:੧ (780)

ਸੁਣੀਅਰ ---- ਸੁਣਨ ਵਾਲੇ ਭਾਵ ਕੰਨ
"ਨਾਨਕ ਸੁਣੀਅਰ ਤੇ ਪਰਵਾਣੁ ਜੇ ਸੁਣੇਦੇ ਸਚੁ ਧਣੀ।"
– ਵਡ ੫, ਛੰਤ ੨, ੧ਸ:੨ (577)

ਸੁਣੀਆਇ -- ਸੁਣਿਆ
"ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ।"
– ਸਲੋ ਫਰ, ੧:੭ (1377)

ਹੋਰ ਰੂਪ:

ਸੁਣੀਐ –
"ਹਰਿ ਹਰਿ ਨਾਮ ਕਥਾ ਨਿਤ ਸੁਣੀਐ।"
– ਮਾਝ ੪, ੩, ੧:੨ (95)

“ਦਿਸੈ ਸੁਣੀਐ ਜਾਣੀਐ ਸਾਉ ਨ ਪਾਇਆ ਜਾਇ।” (ਸੁਣੀਦਾ ਹੈ)
– ਮਾਝ ੧, ਵਾਰ ੩ਸ, ੨, ੨:੧ (139)

“ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੁ।” (ਸੁਣਦਾ ਹੈ)
– ਆਸਾ ੧, ੩ਸ, ੧, ੨:੨ (464)

“ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ।” (ਸੁਣਾਈ ਦਿੰਦੀ ਹੈ)
– ਧਨਾ ੫, ੧੧, ੨:੧ (673)

“ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ।” (ਸੁਣਨਾ)
– ਰਾਮ ੧, ਓਅੰ ੪:੨ (930)

ਸੁਣੀਜੈ –
“ਨਾਨਕ ਕੀ ਅਰਦਾਸਿ ਸੁਣੀਜੈ।” (ਸੁਣੋ)
– ਆਸਾ ੫, ੭੭, ੪:੧ (389)

“ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ।” (ਸੁਣਨਾ ਚਾਹੁੰਦਾ ਹਾਂ)
– ਸੂਹੀ ੧, ੭, ੧*:੧ (730)

ਸੁਣੀਦਾ –
“ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ।”
– ਰਾਮ ੫, ਵਾਰ ੧ਸ, ੫, ੧:੧ (957)

ਸੁਣੇ –
“ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ।” (ਸੁਣਨ ਨਾਲ)
– ਸਿਰੀ ੧, ਅਸ ੮, ੮:੨ (58)

“ਨਾ ਕੋ ਸੁਣੇ ਨ ਮੰਨਿ ਵਸਾਏ।” (ਸੁਣਦਾ ਹੈ)
– ਮਾਝ ੩, ਅਸ ੨੧, ੬:੨ (122)

ਸੁਣੇਇ –
“ਅਕਥ ਕੀ ਕਥਾ ਸੁਣੇਇ।” (ਜੋ ਸੁਣੇ)
– ਮਲਾ ੧, ਵਾਰ ੨੪ਸ, ੧, ੧:੧੧ (1289)

ਸੁਣੇਹੀ –
“ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।” (ਸੁਣ ਦੀ)
– ਸਿਰੀ ੧, ੨੪, ੩:੧ (23)

ਸੁਣੇਦੇ –
“ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ।” (ਸੁਣਦੇ ਹਨ)
– ਵਡ ੫, ਛੰਤ ੨, ੧ਸ:੨ (577)

ਸੁਣੇਦੋ –
“ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ।” (ਸੁਣਦਾ ਹੈ)
– ਵਡ ੫, ਛੰਤ ੨, ੧ਸ:੧ (577)

ਸੁਣੈ –
“ਆਪੇ ਵੇਖੈ ਸੁਣੈ ਆਪੇ ਹੀ ਕੁਦਰਤਿ ਕਰੇ ਜਹਾਨੋ।”
– ਸਿਰੀ ੧, ੩੧, ੪:੨ (25)

ਸੁਤ -------- (ਸੰ.) ਪੁੱਤਰ, ਬੇਟਾ, ਵੇਖੋ ‘ਸੁਤਿ’, ‘ਸੁਤੁ’
“ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।”
– ਗੂਜ ੫, ਸੋਦ ੫, ੨:੧ (10)

ਹੋਰ ਰੂਪ:

ਸੁਤਹ –
"ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ।"
– ਸਸ ੫, ੧:੧ (1353)

ਸੁਤਹਸਿਧ --- (ਸੰ.) ਸਹਜੇ ਹੀ, ਸੁਭਾਵਕ ਹੀ–ਜਿਸ ਨੂੰ ਸਿਧ ਕਰਨ ਦੀ ਲੋੜ ਨਾ ਹੋਵੇ
"ਅਕਥ ਕਥਾ ਕਥੀ ਨ ਜਾਇ ਤੀਨਿ ਲੋਕ ਰਹਿਆ ਸਮਾਇ ਸੁਤਹ ਸਿਧ ਰੂਪੁ ਧਰਿਓ ਸਾਹਨ ਕੈ ਸਾਹਿ ਜੀਉ।"
– ਸਵ ੪, ਗਯੰ ੮:੩ (1403)

ਸੁਤੜੀ ----- (ਸੰ.) ਸੁਤੀ ਹੋਈ, ਨਿੰਦਾ ਅਵਸਥਾ ਵਿਚ, ਵੇਖੋ 'ਸੁਤਿਆ' 'ਸੁਤੇ'
"ਸੁਤੜੀ ਸੋ ਸਹੁ ਡਿਠੁ ਤੈ ਸੁਪਨੇ ਹਉ ਖੰਨੀਐ।"
– ਮਾਰੂ ੫, ਵਾਰ ੧੭ਸ, ੫, ੨:੨ (1100)

ਹੋਰ ਰੂਪ:

ਸੁਤੜੇ –
"ਸੁਤੜੇ ਸੁਖੀ ਸਵੰਨ੍ਹਿ ਜੋ ਰਤੇ ਸਹ ਆਪਣੈ।"
– ਸਲੋ ੫, ੧੨:੧ (1425)

"ਸੁਤੜੇ ਅਸੰਖ ਮਾਇਆ ਝੂਠੀ ਕਾਰਣੇ।" (ਅਗਿਆਨਤਾ ਦੀ ਨੀਂਦ ਵਿਚ ਸੁੱਤੇ)
– ਸਲੋ ੫, ੧੩;੧ (1425)

ਸੁਤਾ –
"ਮਾਇਆ ਮੋਹਿ ਇਹੁ ਜਗੁ ਸੁਤਾ।"
– ਮਾਝ ੩, ਅਸ ੫, ੬:੧ (112)

"ਜਿਸ ਤੇ ਸੁਤਾ ਨਾਨਕਾ ਜਾਗਾਏ ਸੋਈ।" (ਭੁਲਾ ਪਿਆ)
– ਆਸਾ ੧, ਅਸ ੧੩, ੫:੧ (418)

ਸੁਤਿ ------ ਪੁੱਤਰ ਨੇ, ਵੇਖੋ 'ਸੁਤ'
"ਸੁਤਿ ਮੁਕਲਾਈ ਅਪਨੀ ਮਾਉ।" (ਮਨ-ਪੁਤਰ ਨੇ ਮਾਇਆ-ਮਾਂ ਨੂੰ ਵਿਆਹ ਲਿਆ)
– ਬਸੰ ਕਬ, ੩, ੧*:੨ (1194)

ਸੁਤਿਆ ---- ਨਿੰਦ੍ਰਾ ਅਵਸਥਾ ਵਿਚ
"ਸੰਸਾ ਇਹੁ ਸੰਸਾਰੁ ਹੈ ਸੁਤਿਆ ਰੈਣਿ ਵਿਹਾਇ।"
– ਸਿਰੀ ੩, ੫੮, ੩:੧ (36)

ਹੋਰ ਰੂਪ:

ਸੁਤੀ –
"ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ।"
– ਸਿਰੀ ੧, ੨੪, ੪:੧ (23)

ਸੁਤੀਏ –
"ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ।"
– ਸਿਰੀ ੧, ਅਸ ੨, ੭:੧ (54)

ਸੁਤੁ ------- ਪੁੱਤਰ, ਵੇਖੋ 'ਸੁਤ'

"ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ।"

– ਸਿਰੀ ੧, ਪਹ ੧, ੨:੩ (75)

"ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮੁ ਸੁਨੇ ਸੁਤੁ ਭਾਨ ਡਰਉ।" (ਸੁਤੁ–ਭਾਨ ਸੂਰਜ ਦਾ ਪੁੱਤਰ) > ਯਮ

– ਸਵ ੪, ਨਲ ੧੧:੩ (1400)

ਸੁਤੇ ------- (1) ਸੌਂ ਗਏ

"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।"

– ਸਿਰੀ ੧, ੨੪, ੨:੧ (23)

"ਦੂਜੇ ਭਾਇ ਸੁਤੇ ਕਬਹਿ ਨ ਜਾਗਹਿ ਮਾਇਆ ਮੋਹ ਪਿਆਰ।" (ਬੇਸੁਧ ਹੋਇ)

– ਗੂਜ ੩, ਵਾਰ ੧ਸ, ੩, ੨:੨ (509)

"ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ।"

– ਗੂਜ ੫, ਵਾਰ ੨੦:੪ (524)

ਹੋਰ ਰੂਪ:

ਸੁਤੈ –

"ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।"

– ਸਿਰੀ ੭, ੪*:੨ (17)

(2) ਪੁੱਤਰ

"ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉ ਮਾਤ ਸੁਤੇ।"

– ਆਸਾ ੪, ਛੰਤ ੨੧, ੪:੪ (452)

ਹੋਰ ਰੂਪ:

ਸੁਤੋ –

"ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ।"

– ਸਿਰੀ ੧, ੨੬, ੧*:੨ (23)

ਸੁਥਰ ------ ਸਾਫ

"ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ।"

– ਸਵ ੪, ਗਯੰ ੭:੨ (1402)

ਸੁਥਾਇ ----- ਉਤਮ ਥਾਂ ਤੋਂ

"ਜਿਨੀ ਆਪੁ ਪਛਾਣਿਆ ਘਰ ਮਹਿ ਮਹਲੁ ਸੁਥਾਇ।"

– ਸਿਰੀ ੧, ਅਸ ੬, ੫:੧ (56)

ਸੁਥਾਨ ----- ਉਤਮ/ਚੰਗੀ ਥਾਂ/ਟਿਕਾਣੇ

"ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ।"

– ਸਵ ੨, ੪:੩ (1391)

ਹੋਰ ਰੂਪ:

ਸੁਥਾਨਿ –

"ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ।" (ਸਤ ਸੰਗਤ)
– ਮਾਝ ੩, ਅਸ ੯, ੭:੩ (114)
"ਲਗੜੀ ਸੁਥਾਨਿ ਜੋੜਣਹਾਰੈ ਜੋੜੀਆ।" (ਭਾਵ ਗੁਰਚਰਣਾਂ ਵਿਚ)
– ਗੂਜ ੪, ਵਾਰ ੭ਸ, ੫, ੧:੧ (519)

ਸੁਥਾਨੁ –
"ਅਹਿਨਿਸਿ ਨਿਰਮਲੁ ਥਾਨਿ (ਅਵਸਥਾ) ਸੁਥਾਨੁ।" (ਵਸਦਾ ਹੈ)
– ਆਸਾ ੧, ਅਸ ੬, ੨:੧ (414)

ਸੁੰਦਰ ------ (ਸੰ.) (1) ਸੋਹਣਾ, ਖ਼ੂਬਸੂਰਤ, ਮਨੋਹਰ
"ਸੇਈ ਸੁੰਦਰ ਸੋਹਣੇ।"
– ਮਾਝ ੫, ਅਸ ੩੮, ੩:੧ (132)
"ਊਚੇ ਮੰਦਰ ਸੁੰਦਰ ਛਾਇਆ।"
– ਗਉ ੫, ੭੧, ੧:੨ (175)

ਹੋਰ ਰੂਪ:

ਸੁੰਦਰਿ –
"ਚੋਆ ਚੰਦਨੁ ਸੇਜ ਸੁੰਦਰਿ ਨਾਰੀ।"
– ਗਉ ੫, ੮੧, ੨:੨ (179)
"ਤੁਮ ਹੀ ਸੁੰਦਰਿ ਤੁਮਹਿ ਸੁਹਾਗੁ।" (ਸੁੰਦਰੀ)
– ਆਸਾ ੫, ੫੨, ੨:੧ (384)

ਸੁੰਦਰੁ –
"ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।"
– ਮਾਝ ੧, ਵਾਰ ੧ਸ, ੧, ੩:੧ (138)

(2) ਹਰੀ, ਵਾਹਿਗੁਰੂ (ਭਾਵ)
"ਦੁੰਦਰ ਬਾਧਹੁ ਸੁੰਦਰ ਪਾਵਹੁ।"
– ਭੈਰ ਕਬ, ੧੧, ੧*:੨ (1160)
"ਦਰਸਨ ਰੁਚਿਤ ਪਿਆਸ ਮਨਿ ਸੁੰਦਰ ਸਕਤ ਨ ਕੋਈ ਤੋਰਿ।"
– ਸਾਰ ੫, ੧੨੪, ੧*:੨ (1228)

(3) ਕ੍ਰਿਸ਼ਨ (ਭਾਵ 'ਸਿਆਮ ਸੁੰਦਰ')
"ਸਿਆਮ ਸੁੰਦਰ ਤਜਿ ਨੀਦ ਕਿਉ ਆਈ।"
– ਸੂਹੀ ੫, ੪੦, ੧:੧ (745)

ਹੋਰ ਰੂਪ:

ਸੁੰਦਰਾ –
"ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ।" (ਸਾਵਲ ਸੁੰਦਰ–ਭਾਵ ਕਿਸੂਨ)
– ਸੋਰ ੪, ੬, ੨:੨ (606)

ਸੁੰਦਰਿ ----- (1) ਸੋਹਣੀ, ਖ਼ੂਬਸੂਰਤ, ਵੇਖੋ 'ਸੁੰਦਰ' (1)

ਹੋਰ ਰੂਪ:

ਸੁੰਦਰੀਆ –

“ਰੂਪ ਸੁੰਦਰੀਆ ਅਨਿਕ ਇਸਤਰੀਆ।”
– ਆਸਾ ੫, ੫੫, ੩:੧ (385)

(2) ਸੁੰਦਰੀ, ਸੋਹਣੀ ਇਸਤਰੀ
“ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ।”
– ਦੇਵ ੪, ੬, ੧*:੧ (528)

ਹੋਰ ਰੂਪ:

ਸੁੰਦਰੀ –
“ਅਤਿ ਸੁਆਲਿਉ ਸੁੰਦਰੀ ਸੋਭਾਵੰਤੀ ਨਾਰਿ।”
– ਸਿਰੀ ੪, ਵਾਰ ੧੭ਸ, ੩, ੨:੩ (90)

ਸੁੰਦਰੁ ------ (1) ਸੋਹਣਾ, ਖੂਬਸੂਰਤ, ਵੇਖੋ ‘ਸੁੰਦਰ’ (1)
(2) ਪਿਆਰਾ (ਪ੍ਰਭੂ)
“ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ।”
– ਦੇਵ ੪, ੨, ੧*:੧ (527)
(3) ਗੁਰੂ ਅਮਰਦਾਸ ਜੀ ਦਾ ਪੜੋਤਾ
“ਕਹੈ ਸੁੰਦਰੁ ਸੁਣਹੁ ਸੰਤਹੁ ਸਭੁ ਜਗਤੁ ਪੈਰੀ ਪਾਇ ਜੀਉ।”
– ਰਾਮ ਸੁੰਦ, ਸਦ, ੬:੬ (924)

ਸੁਦਾਨ ----- ਚੰਗਾ/ਸ੍ਰੇਸ਼ਟ ਦਾਨ
“ਮਹਾ ਧਰਮ ਸੁਦਾਨ ਕਿਰਿਆ ਸੰਗਿ ਤੇਰੈ ਸੇ ਚਲੇ।”
– ਬਿਹਾ ੫, ਛੰਤ ੯, ੪:੪ (548)

ਸੁਦਾਮਾ ----- ਕ੍ਰਿਸ਼ਨ ਜੀ ਦਾ ਗਰੀਬ ਜਮਾਤੀ ਤੇ ਮਿੱਤਰ ਜੋ ਆਪਣੀ ਗਰੀਬੀ ਦੂਰ ਕਰਨ ਹਿੱਤ ਪਤਨੀ ਦੇ ਕਹਿਣ ਉਤੇ ਕ੍ਰਿਸ਼ਨ ਜੀ ਨੂੰ ਮਿਲਣ ਗਿਆ ਤੇ ਮਨ- ਇਛਿਤ ਫਲ ਪ੍ਰਾਪਤ ਕੀਤੇ।
“ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ।”
– ਗਉ ਨਾਮ, ੧, ੨:੧ (345)

ਹੋਰ ਰੂਪ:

ਸੁਦਾਮੇ –
“ਦਾਲਦੁ ਭੰਜਿ ਸੁਦਾਮੇ ਮਿਲਿਓ ਭਗਤੀ ਭਾਇ ਤਰੇ।”
– ਮਾਰੂ ੪, ੧, ੧:੨ (995)

ਸੁਦਾਮੈ –
“ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ।”
– ਮਾਰੂ ਨਾਮ, ੧, ੩:੨ (1105)

ਸੁਦੇਹੀ ----- ਸ੍ਰੇਸ਼ਟ/ਉਤਮ/ਚੰਗੀ ਦੇਹੀ/ਸਰੀਰ
“ਜਿਹ ਮਿਲਿਐ ਦੇਹ ਸੁਦੇਹੀ।”
– ਸੋਰ ਨਾਮ, ੩, ੧*:੨ (657)

ਸੁਧ ------- (1) ਸਾਫ, ਸ਼ੁੱਧ
“ਸਾਧ ਧੂਰਿ ਕਰਿ ਸੁਧ ਮੰਜਾਈ।”
– ਗਉ ੫, ੧੯੯, ੧:੨ (200)

"ਸੁਧ ਕਹਾ ਹੋਇ ਕਾਚੀ ਭੀਤਿ।"

– ਗਉ ੫, ਸੁਖ ੩, ੩:੮ (265)

(2) ਪਵਿੱਤਰ

"ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ।"

– ਕਾਨ ੪, ੧੧, ੧:੨ (1297)

ਸੁਧਹਾਧੋ ---- ਸ਼ੁਧ ਹੁੰਦਾ ਹੈ

"ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧਹਾਧੋ।"

– ਕਾਨ ੪, ੧੧, ੧:੨ (1297)

ਸੁਧਰਮੰ ---- ਉਤਮ/ਸ੍ਰੇਸ਼ਟ ਧਰਮ

"ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ।"

– ਸਸ ੫, ੨੬:੧ (1356)

ਸੁਧਰ ਮੀੜਿਆ ਉਤਮ ਧਰਮ ਧਾਰਨ ਕਰਨ ਵਾਲਿਆ

"ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ।"

– ਬਿਹਾ ੫, ਛੰਤ ੯, ੧:੧ (547)

ਸੁਧਾ ------ (1) (ਸੰ.) ਅੰਮ੍ਰਿਤ

"ਪ੍ਰੇਮ ਸੁਧਾ ਰਸੁ ਪੀਵੈ ਕੋਇ।"

– ਗਉ ਕਬ, ਥਿਤੀ ੬:੩ (343)

"ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ।"

– ਜੈਤ ੫, ੯, ੧:੧ (701)

"ਸਤਿਗੁਰ ਸਰਨਿ ਸਰਨਿ ਮਨਿ ਭਾਈ ਸੁਧਾ ਸੁਧਾ ਕਰਿ ਧਿਆਵੈਗੇ।" (ਅੰਮ੍ਰਿਤ ਰੂਪੀ ਨਾਮ)

– ਕਾਨ ੪, ਅਸ ੬, ੩:੧ (1311)

(2) ਸਹਿਤ

"ਓਹੁ ਧਨੁ ਭਾਗ ਸੁਧਾ ਜਿਨਿ ਪ੍ਰਭੁ ਲਧਾ ਹਮ ਤਿਸੁ ਪਹਿ ਆਪੁ ਵੇਚਾਇਆ।"

– ਸੂਹੀ ੫, ਛੰਤ ੧, ੪:੫ (777)

ਸੁਧਾਖਰੁ ---- ਪਵਿੱਤਰ ਅਖਰ, ਭਾਵ ਪਵਿੱਤਰ ਨਾਮ

"ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤੁ ਪਛਾਨਿਆ।"

– ਸਾਰ ੫, ੧੧, ੧*:੨ (1205)

ਸੁਧਾਖਰੁ ---- ਸ਼ੁਧ ਅਖਰਾਂ ਵਾਲੇ

"ਬੇਦ ਪੁਰਾਨ ਸਿੰਮ੍ਰਿਤਿ ਸੁਧਾਖੵਰੁ।"

– ਗਉ ੫, ਸੁਖ ੧, ੧:੫ (262)

ਸੁਧਾਰਸੁ ---- ਅੰਮ੍ਰਿਤ

"ਸੁਰਤਿ ਪਿਆਲ ਸੁਧਾਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ।"

– ਰਾਮ ਕਬ, ੧, ੩:੨ (969)

ਸੁਧਿ ------ (1) ਸੋਝੀ, ਜਾਣਕਾਰੀ, ਵੇਖੋ ‘ਸੁਧੀ’ (2)
“ਮੰਨੈ ਸਗਲ ਭਵਣ ਕੀ ਸੁਧਿ।”
– ਜਪੁ ੧, ੧੩:੨ (3)
(2) ਸੁਧੀ, ਸਫਾਈ
“ਲੇਖੈ ਗਣਤ ਨ ਛੁਟੀਐ ਕਾਚੀ ਭੀਤਿ ਨ ਸੁਧਿ।”
– ਗਉ ੫, ਬਾਅ ੯:੭ (252)
(3) ਖਬਰ
“ਬੰਦਕ ਹੋਇ ਬੰਧ ਸੁਧਿ ਲਹੈ।”
– ਗਉ ਕਬ, ਬਾਅ ੨੯:੪ (342)
(4) ਹੋਸ਼
“ਜਾ ਤਿਨਿ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ।”
– ਬਿਹਾ ੪, ਵਾਰ ੧੬ਸ, ੩, ੨:੨ (554)
“ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ।”
– ਵਡ ੩, ਛੰਤ ੫, ੪:੧ (571)
“ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ।”
– ਮਾਰੂ ੯, ੨, ੧:੨ (1008)

ਸੁਧੀ ------ (1) ਕੇਵਲ, ਨਿਰੀ
“ਪਰ ਨਿੰਦਾ ਪਰ ਮਲੁ ਮੁਖਿ ਸੁਧੀ ਅਗਨਿ ਕ੍ਰੋਧੁ ਚੰਡਾਲੁ।”
– ਸਿਰੀ ੧, ੪, ੧:੨ (15)
(2) ਸੋਝੀ, ਸਮਝ, ਵੇਖੋ ‘ਸੁਧਿ’ (1)
“ਗੁਰਮੁਖਿ ਭਵਜਲੁ ਤਰੀਐ ਸਚ ਸੁਧੀ।”
– ਰਾਮ ੧, ਸਿਗੋ ੩੧:੨ (941)

ਸੁਧੁ ------- (ਸੰ.) (1) ਸਾਫ, ਪਵਿਤਰ
“ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ।”
– ਸਿਰੀ ੩, ੩੭, ੫:੨ (28)
(2) ਠੀਕ, ਸਪਸ਼ਟ
“ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ।”
– ਆਸਾ ਕਬ, ੧੫, ੩:੨ (479)
(3) (ਸੰ.) ਮਿਲਾਵਟ ਰਹਿਤ, ਖਾਲਸ
“ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ।”
– ਰਾਮ ੩, ਵਾਰ ੮ਸ, ੩, ੧:੪ (949)
(4) ਸੋਝੀ, ਸਮਝ, ਬੁੱਧ
“ਜਿਸ ਗੁਰ ਭੇਟੇ ਨਾਨਕ ਨਿਰਮਲ ਸੋਈ ਸੁਧੁ।”
– ਰਾਮ ੫, ਵਾਰ ੨੦:੮ (966)

ਸੁਧੋਸੁ ------ ਸੋਧਿਆ ਗਿਆ, ਪਰਖਿਆ ਗਿਆ
“ਜਾ ਸੁਧੋਸੁ ਤਾਂ ਲਹਣਾ ਟਿਕਿਓਨੁ।”
– ਰਾਮ ਬਸ ਵਾਰ ੪:੯ (967)

ਸੁਨ ------- ਸੁਣ, ਸ੍ਰਵਣ ਕਰ, ਵੇਖੋ ‘ਸੁਨਉ’

"ਆਠ ਪਹਰ ਹਰਿ ਧਿਆਇ ਹਰਿ ਜਸੁ ਨਿਤ ਸੁਨ।"
– ਜੈਤ ੫, ਵਾਰ ੧੭:੫ (709)

ਸੁੰਨ ------- (1) ਸੁੰਞ, ਉਹ ਅਵਸਥਾ ਜਦੋਂ ਕੁਝ ਵੀ ਨਹੀਂ ਸੀ
"ਆਪਹਿ ਸੁੰਨ ਆਪਹਿ ਸੁਖ ਆਸਨ।"
– ਗਉ ੫, ਬਾਅ ੧:੩ (250)
(2) ਅਫੁਰ, ਵਿਕਲਪ ਰਹਿਤ, ਨਿਰਵਿਕਲਪ, ਜਦੋਂ ਕੋਈ ਖਿਆਲ/ ਫੁਰਨਾ ਨਾ ਫੁਰੇ ਜੋਗੀਆਂ ਅਨੁਸਾਰ ਸਮਾਧੀ ਦੀ ਉਚਤਮ ਅਵਸਥਾ
"ਸੁੰਨ ਸਮਾਧਿ ਨਾਮ ਰਸ ਮਾਤੇ।"
– ਗਉ ੫, ੨, ੭:੬ (265)
(3) ਅਕਾਲ ਪੁਰਖ, ਅਫੁਰ ਅਵਸਥਾ ਵਿਚ ਰਹਿਣ ਵਾਲਾ (ਭਾਵ)
ਹੋਰ ਵੇਖੋ 'ਸੁੰਨੰ', 'ਸੁੰਨਹਿ', 'ਸੁਨਮਸੁੰਨ' (ਸੁਰਤ ਪ੍ਰਭੂ ਦੇ ਪ੍ਰੇਮ ਵਾਲੀ ਹੋ ਗਈ)
"ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ।"
– ਗਉ ਕਬ, ੪੭, ੧:੧ (333)
"ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।"
– ਰਾਮ ੧, ਸਿਗੋ ੨੧:੧ (940)
"ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।"
– ਰਾਮ ੧, ਸਿਗੋ ੨੩:੧ (940)
"ਘਟਿ ਘਟਿ ਸੁੰਨ ਕਾ ਜਾਣੈ ਭੇਉ।"
– ਰਾਮ ੧, ਸਿਗੋ ੫੧:੩ (943)
(4) ਅਫੁਰ ਅਵਸਥਾ
"ਸੁੰਨ ਸਰੋਵਰਿ ਪਾਵਹੁ ਸੁਖ।"
– ਗਉ ਕਬ, ਥਿਤੀ ੮:੪ (343)
ਹੋਰ ਵੇਖੋ 'ਸੁੰਨਹੁ'
(5) ਅਜਪਾ (ਜਾਪ)
"ਸੁੰਨ ਸਬਦੁ ਅਪਰੰਪਰਿ ਧਾਰੈ।"
– ਰਾਮ ੧, ਸਿਗੋ ੫੪:੩ (944)
(6) ਪ੍ਰਭੂ ਨਾਮ (ਭਾਵ)
"ਤ੍ਰੈ ਸਤ ਅੰਗੁਲ ਵਾਈ ਅਉਧੂ ਸੁੰਨ ਸਚੁ ਆਹਾਰੋ।"
– ਰਾਮ ੧, ਸਿਗੋ ੬੦:੧ (944)
(7) ਮਾਇਆ ਤੋਂ ਰਹਿਤ (ਭਾਵ)
"ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ।"
– ਪ੍ਰਭਾ ਕਬ, ੫, ੧:੧ (1350)

ਸੁੰਨੰ ------- ਅਕਾਲ ਪੁਰਖ, ਵਾਹਿਗੁਰੂ, ਵੇਖੋ 'ਸੁੰਨ' (3)
"ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ।"
– ਰਾਮ ੧, ਸਿਗੋ ੫੧:੧ (943)

ਸੁਨਉ ----- ਸੁਣਦਾ ਹਾਂ
"ਸਾਧ ਕੈ ਸੰਗਿ ਸੁਨਉ ਹਰਿ ਨਾਉ।"
– ਗਉ ੫, ਸੁਖ ੭, ੭:੧ (272)

“ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ।”
– ਬਿਲਾ ੫, ੪੧, ੧:੨ (210)

ਹੋਰ ਰੂਪ:

ਸੁਨਈ –
“ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ।” (ਸੁਣਦਾ)
– ਆਸਾ ੫, ੪੨, ੧:੨ (381)

ਸੁਨਈਆ –
“ਮਿਲੁ ਮਿਲੁ ਸਖੀ ਹਰਿ ਕਥਾ ਸੁਨਈਆ।” (ਸੁਣਾਉ)
– ਬਿਲਾ ੪, ੯, ੧*:੧ (836)

ਸੁਨਹਿ –
“ਜੋ ਨ ਸੁਨਹਿ ਜਸ ਪਰਮਾ ਨੰਦਾ।” (ਸੁਣਦਾ)
– ਗਉ ੫, ੧੧੧, ੩:੨ (88)
“ਜਿਹ ਪ੍ਰਸਾਦਿ ਸੁਨਹਿ ਕਰਨ ਨਾਦ।” (ਸੁਣਦਾ ਹੈ)
– ਗਉ ੫, ਸੁਖ ੬, ੬:੧ (270)

ਹੋਰ ਵੇਖੋ ‘ਸੁਨਹੀ’

ਸੁੰਨਹਿ ----- ਸੁੰਨ/ਅਫੁਰ ਪ੍ਰਭੂ ਵਿਚ, ਵੇਖੋ ‘ਸੁੰਨ’ (3)
“ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ।”
– ਮਾਰੂ ਕਬ, ੪, ੧:੨ (1103)

ਸੁਨਹੀ ----- ਸੁਣਦਾ
“ਕਰਨ ਨ ਸੁਨਹੀ ਹਰਿ ਜਸੁ ਬਿੰਦ।”
– ਗਉ ੫, ਥਿਤੀ ੯:੪ (298)

ਹੋਰ ਰੂਪ:

ਸੁਨਹੁ –
“ਅਚਰਜੁ ਏਕ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ।”
– ਸਿਰੀ ਕਬ, ੩, ੧:੧ (92)

ਸੁਨੰਹੁ ------ ਅਫੁਰ ਅਵਸਥਾ ਤੋਂ, ਵੇਖੋ ‘ਸੁੰਨ’ (4)
“ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ।”
– ਮਾਰੂ ੧, ੧੭, ੧:੩ (1037)

ਸੁਨਣਾ ----- (ਸੰ.) ਸ੍ਰਵਣ ਕਰਨਾ, ਸੁਣਨ ਦੀ ਕਿਰਿਆ
“ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ।”
– ਸਿਰੀ ੧, ੨੭, ੨:੧ (24)

ਹੋਰ ਰੂਪ:

ਸੁਨਣਿ –
“ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ।” (ਸੁਣਨ ਨਾਲ, ਸੁਣ ਕੇ)
– ਮਾਝ ੧, ਵਾਰ ੧੯ਸ, ੨, ੨:੧ (147)
“ਆਖਣਿ ਅਉਖਾ ਸੁਨਣਿ ਅਉਖਾ ਆਖਿ ਨ ਜਾਪੀ ਆਖਿ।” (ਸੁਣਨਾ)

- ਸਾਰ ੫, ਵਾਰ ੬ਸ, ੧, ੨:੧ (1239)

ਸੁਨਣੁ –
“ਇਹੁ ਮਨੁ ਮਾਇਆ ਮੋਹਿਆ ਵੇਖਣੁ ਸੁਨਣੁ ਨ ਹੋਇ।”
- ਸਿਰੀ ੪, ਵਾਰ ੧ਸ, ੩, ੨:੨ (83)

ਸੁਨਣੇ –
“ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ।”
- ਭੈਰ ੪, ੭, ੧:੧ (1135)

ਸੁਨਣੈ –
“ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।” (ਸੁਣਨ ਲਈ)
- ਰਾਮ ੩, ਅਨੰ ੩੭:੧ (922)

ਸੁਨਤ ------ ਸੁਣਨ ਨਾਲ
“ਸੁਨਤ ਜਸੋ ਕੋਟਿ ਅਘ ਖਏ।”
- ਗਉ ੫, ੧੫੧*, ੨:੨ (212)

“ਆਪਹਿ ਸੁਨਤ ਆਪ ਹੀ ਜਾਸਨ।” (ਸੁਣਦਾ ਹੈ)
- ਗਉ ੫, ਬਾਅ ੧:੪ (250)

“ਸੁਨਤ ਕਹਤ ਰਹਤ ਗਤਿ ਪਾਵਹੁ।” (ਸੁਣ ਕੇ)
- ਗਉ ੫, ਸੁਖ ੧੯, ੬:੮ (289)

“ਸੁਨਤ ਪੇਖਤ ਸੰਗਿ ਸਭ ਕੈ ਪ੍ਰਭ ਨੇਰਹੂ ਤੇ ਨੇਰੇ।” (ਸੁਣਦਿਆਂ)
- ਬਿਹਾ ੫, ਛੰਤ ੮, ੧:੫ (547)

“ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਮੋ ਰਿਦੈ ਗੁਰਿ ਦਇਆ।” (ਸੁਣਦੇ ਸਾਂ)
- ਸੋਰ ੫, ੧੪, ੧*:੨ (612)

“ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ।” (ਸੁਣਦਿਆਂ ਹੀ)
- ਸੂਹੀ ੫, ੫, ੧:੩ (737)

ਹੋਰ ਰੂਪ:

ਸੁਨਤਾ –
“ਕਥਤਾ ਬਕਤਾ ਸੁਨਤਾ ਸੋਈ।” (ਸੁਣਨ ਵਾਲਾ)
- ਗਉ ੧, ੪, ੧*:੧ (152)

ਸੁੰਨਤਿ ----- (ਅ. ਸੁਨਤ) ਰੀਤ, ਮਰਯਾਦਾ; ਖਤਨੇ ਦੀ ਰੀਤ, ਬੱਚੇ ਦੇ ਨਰ ਅੰਗ ਦਾ ਵਾਧੂ ਮਾਸ ਕਟਨਾ, ਮੁਸਲਮਾਨਾਂ ਦੀ ਇਕ ਰੀਤ
“ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।”
- ਮਾਝ ੧, ਵਾਰ ੭ਸ, ੧, ੧:੨ (140)

ਸੁੰਨੰਤਿ ----- ਸੁਣਦੇ ਹਨ
“ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ।”
- ਜੈਤ ੫, ਵਾਰ ੧੪ਸ, ੫, ੧:੧ (709)

ਸੁਨਤੇ ------ ਸੁਣਦੇ ਹਨ
“ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ।”
- ਗਉ ੫, ਬਾਅ ੪੬:੬ (259)

"ਬਿਸਮੁ ਭਈ ਮੈ ਬਹੁ ਬਿਧਿ ਸੁਨਤੇ ਕਹਹੁ ਸੁਹਾਗਨਿ ਸਹੀਅਓ।" (ਸੁਣ ਸੁਣ ਕੇ)
– ਜੈਤ ੫, ੨, ੧*:੨ (700)
"ਕਹਤ ਮੁਕਤ ਸੁਨਤੇ ਨਿਸਤਾਰੇ ਜੋ ਜੋ ਸਰਨਿ ਪਇਓ।" (ਸੁਣਨ ਵਾਲੇ)
– ਨਟ ੫, ੫, ੨:੧ (979)

ਹੋਰ ਰੂਪ:

ਸੁਨਤੈ –
"ਸੁਨਤੈ ਸੁੰਨ ਮੰਨਿ ਬਸਾਇਆ।" (ਸੁਣਨ ਵਾਲੇ ਨੇ)
– ਰਾਮ ਕਬ, ੧੦, ੪:੨ (972)
ਸੁਨਤੋ –
"ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ।" (ਸੁਣਦਾ ਹੈ)
– ਗਉ ੫, ੧੨੩*, ੧:੨ (205)
ਸੁਨਥਈ –
"ਮੇਰੇ ਮਨ ਜਪਿ ਹਰਿ ਗੁਨ ਅਕਥ ਸੁਨਥਈ।" (ਸੁਣੇ ਜਾਂਦੇ ਹਨ)
– ਕਲਿਆਣ ੪, ੪, ੧*:੧ (1320)
ਸੁਨਨ –
"ਨਾਮ ਕੇ ਧਾਰੇ ਸੁਨਨ ਗਿਆਨ ਧਿਆਨ।" (ਸੁਣਦੇ ਹਨ)
– ਗਉ ੫, ਸੁਖ ੧੬, ੫:੪ (284)
"ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ।" (ਸੁਣਨ)
– ਜੈਤ ੫, ਵਾਰ ੭ਸ, ੫, ੨:੧ (705)

ਸੁਨਨੈਹਾਰਾ -- ਸੁਣਨ ਵਾਲਾ
"ਤਹ ਕਉਨੁ ਕਥੈ ਕਉਨੁ ਸੁਨਨੈਹਾਰਾ।"
– ਗਉ ੫, ਸੁਖ ੨੧, ੬:੮ (291)

ਹੋਰ ਰੂਪ:

ਸੁਨਨੈਹਾਰੁ –
"ਆਪਿ ਕਥੈ ਆਪਿ ਸੁਨਨੈਹਾਰੁ।"
– ਗਉ ੫, ਸੁਖ ੨੨, ੧:੧ (292)

ਸੁੰਨ ਮਸੁੰਨੰ -- ਪ੍ਰਭੂ ਜਿਸ ਵਿਚ ਮਾਇਆ ਦੀ ਕੋਈ ਚੇਸ਼ਟਾ ਨਹੀਂ, ਵੇਖੋ 'ਸੁੰਨੰ' (3)
"ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ।"
– ਰਾਮ ੧, ਸਿਗੋ ੫੧:੧ (943)

ਸੁਨਾ ------ ਸੁਣਿਆ/ਸੁਣਦਾ ਹੈ
"ਆਪਨ ਜਸੁ ਆਪ ਹੀ ਸੁਨਾ।"
– ਗਉ ੫, ਸੁਖ ੨੩, ੬:੪ (294)

ਹੋਰ ਰੂਪ:

ਸੁਨਾਂ –
"ਗੁਰਮੁਖਿ ਨਾਨਕ ਹਰਿ ਜਸੁ ਸੁਨਾਂ।" (ਮੈਂ ਸੁਣਾਂ)
– ਕਾਨ ੫, ੨੮, ੨:੨ (1303)

ਸੁਨਾਇ –

"ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ।" (ਸੁਣ ਕੇ)
– ਆਸਾ ੫, ਬਿਰ ੩, ੧:੧ (432)

ਸੁਨਾਇਓ –
"ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮ ਸੁਨਾਇਓ।"
– ਬੇਰ ੪, ੨, ੧:੧ (719)

ਸੁਨਾਇਆ –
"ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ।"
– ਆਸਾ ਕਬ, ੬, ੪:੨ (477)

ਸੁਨਾਈ –
"ਕੋਈ ਐਸੋ ਰੇ ਸੁਖਹਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਮਤਿ ਹੋਇ ਹਮਾਰੀ।"
– ਧਨਾ ੫, ਅਸ ੧, ੭:੨ (687)

"ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ।" (ਸੁਣਾਂਦੇ)
– ਸਾਰ ੫, ੧੫, ੩:੨ (1207)

ਸੁਨਾਏ –
"ਕਹਾ ਸੁਆਨ ਕਉ ਸਿੰਮ੍ਰਿਤਿ ਸੁਨਾਏ।" (ਸੁਣਾਂਦਾ ਹੈਂ)
– ਆਸਾ ਕਬ, ੨੦, ੧:੧ (481)

"ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।" (ਸੁਣਾਈਂ)
– ਬਿਲਾ ੫, ੮੧, ੧*:੧ (820)

ਸੁੰਨਾਹਿਰ ---- ਅਫੁਰ ਰੂਪ, ਨਿਰਵਿਕਲਪ ਰੂਪ
"ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ।"
– ਬਿਹਾ ੪, ਵਾਰ ੧੮:੩ (555)

ਸੁਨਾਹਿ ----- ਸੁਣੀ
"ਹਰਿ ਹਰਿ ਕਥਾ ਸਾਧਸੰਗਿ ਸੁਨਾਹਿ।"
– ਗਉ ੫, ੧੪੯, ੧:੨ (195)

ਸੁਨਾਗਰ ---- ਚਤੁਰ, ਮਹਾਨ ਸਿਆਣਾ ਭਾਵ ਧਨੰਤਰਿ ਵੈਦ
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀਚੇ ਨਾਥੰ।"
– ਧਨਾ ਤ੍ਰਿਲੋ, ੧, ੪:੧ (695)

ਸੁਨਾਗਾ ----- ਅਭਾਵ
"ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁਨਾਗਾ।"
– ਸਿਰੀ ਬੇਣੀ, ੧, ੧:੨ (93)

ਸੁਨਾਯੰ ----- ਸੁਣਾਂਦਾ ਹੈ
"ਸਿਮਰਿ ਸਿਮਰਿ ਗੁਨ ਗਾਇ ਸੁਨਾਯੰ।"
– ਗਉ ੫, ਬਾਅ ੩:੪ (250)

ਸੁਨਾਰਾ ----- (ਸੰ.) ਸੋਨੇ ਦਾ ਸਾਮਾਨ ਬਣਾਨ ਵਾਲਾ, ਸੁਨਿਆਰਾ, ਵੇਖੋ 'ਸੁਨਿਆਰੁ'
"ਸੋਨਾ ਗਢਤੇ ਹਿਰੈ ਸੁਨਾਰਾ।"
– ਗੋਂਡ ਨਾਮ ੨, ੨:੨ (873)

ਸੁਨਾਵਹਿ ---- **ਸੁਣਾਂਦਾ ਹੈ**
“ਇਕਿ ਬਹਿ ਸੁਨਹਿ ਸੁਨਾਵਹਿ ਕਾਨਾਂ।”
– ਮਾਰੂ ੧, ਸੋਲਾ ੨੨, ੧੧:੨ (1043)

ਹੋਰ ਰੂਪ:

ਸੁਨਾਵਣਿਆ –
“ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ।” (ਸੁਣਾਂਦਾ ਹੈ)
– ਮਾਝ ੩, ਅਸ ੧੬, ੨:੩ (118)

ਸੁਨਾਵਤ ---- **ਸੁਣਾਏ ਜਾਣ**
“ਓਇ ਸੁਖ ਕਾ ਸਿਉ ਬਰਨਿ ਸੁਨਾਵਤ।”
– ਮਾਰੂ ੫, ੯, ੧*:੧ (1205)

ਹੋਰ ਰੂਪ:

ਸੁਨਾਵਨ –
“ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ।” (ਸੁਣਾਂਦੇ ਹਨ)
– ਦੇਵ ੫, ੩੧, ੧:੧ (534)

ਸੁਨਾਵਨਾ –
“ਆਉ ਜੀ ਤੂ ਆਉ ਹਮਾਰੈ ਹਰਿ ਜਸੁ ਸ੍ਰਵਨ ਸੁਨਾਵਨਾ।”
– ਮਾਰੂ ੫, ਅਸ ੫, ੧*:੧ (1018)

ਸੁਨਾਵਨੋ –
“ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ।” (ਹੋਰਨਾ ਨੂੰ ਸੁਣਾਨਾਂ)
– ਜੈਤ ੫, ਵਾਰ ੧ਸ, ੫, ੨:੧ (705)

ਸੁਨਾਵੈ –
“ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ।” (ਸੁਣਾਏ)
– ਗਉ ੪, ੬੪, ੨:੨ (172)

ਸੁਨਿ ------ **(1) ਸੁਣਕੇ**
“ਮਨੁ ਪੀਵੈ ਸੁਨਿ ਸਬਦੁ ਬੀਚਾਰਾ।”
– ਮਾਝ ੫, ੨੬, ੨:੨ (102)

“ਹਰਿ ਕਾ ਸਿਮਰਨੁ ਸੁਨਿ ਮਨ ਕਾਨੀ।” (ਤੂੰ ਸੁਣ)
– ਗਉ ੫, ੧੭੦, ੧*:੧ (200)

(2) ਸੁੰਞ (ਉਜਾੜ) ਵਿਚ
“ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ।”
– ਗਉ ੫, ੧੫੬, ੩:੧ (214)

ਸੁੰਨਿ ------ **(1) ਅਫੁਰ ਅਵਸਥਾ**
“ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ।”
– ਗਉ ਕਬ, ੪੬, ੧:੧ (332)

“ਚੀਤਿ ਆਵੈ ਤਾ ਸੁੰਨਿ ਸਮਾਇਆ।” (ਨਿਰਬਾਨ ਪਦ)
– ਭੈਰ ੫, ੨੧, ੪:੨ (1141)

(2) ਅਫੁਰ ਬ੍ਰਹਮ, ਨਿਰਗੁਣ ਬ੍ਰਹਮ
“ਜਲੁ ਆਕਾਸੀ ਸੁੰਨਿ ਸਮਾਵੈ।”
– ਆਸਾ ੧, ਅਸ ੧, ੧:੩ (411)
“ਨੀਂਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ।” (ਨਿਰਗੁਣ ਬ੍ਰਹਮ)
– ਆਸਾ ੪, ਛੰਤ ੮, ੩:੪ (442)
“ਜੀਵਤ ਸੁੰਨਿ ਸਮਾਨਿਆ ਗੁਰ ਸਾਖੀ ਜਾਗੀ।”
– ਬਿਲਾ ਕਬ, ੧੧, ੧*:੨ (857)
“ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ।”
– ਰਾਮ ੧, ਸਿਗੋ ੬੭:੧ (945)

ਸੁਨਿਓ ----- ਸੁਣਿਆ ਹੈ
“ਮਹਾ ਮੰਤ੍ਰ ਗੁਰ ਹਿਰਦੈ ਬਸਿਓ ਅਚਰਜ ਨਾਮੁ ਸੁਨਿਓ ਰੀ।”
– ਆਸਾ ੫, ੫੧, ੩:੨ (384)
“ਅਚਰਜੁ ਸੁਨਿਓ ਪਰਾਪਤਿ ਭੇਟੁਲੇ ਸੰਤ ਚਰਨ ਚਰਨ ਮਨੁ ਲਾਈਐ।” (ਸੁਣੀਦਾ ਹੈ)
– ਬਿਲਾ ੫, ੯੨, ੧:੨ (822)
“ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮਰਾਇ।” (ਸੁਣਦਿਆਂ)
– ਮਾਰੂ ੫, ੧੧, ੧*:੨ (100)

ਹੋਰ ਰੂਪ:

ਸੁਨਿਆ –
“ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ।”
– ਗਉ ੫, ਬਾਅ ੩੫:੬ (257)
“ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।” (ਜਾਣਿਆ ਜਾਂਦਾ ਹੈ)
– ਆਸਾ ਧਨਾ, ੨, ੩:੧ (489)

ਸੁਨਿਆਰੁ --- ਸੋਨੇ ਦਾ ਸਮਾਨ ਬਣਾਨ ਵਾਲਾ, ਵੇਖੋ ‘ਸੁਨਾਰਾ’
“ਜਤੁ ਪਾਹਾਰਾ ਧੀਰਜੁ ਸੁਨਿਆਰੁ।”
– ਜਪੁ ੧, ੩੮:੧ (8)
“ਕਿਉ ਕੰਡੈ ਤੋਲੈ ਸੁਨਿਆਰੁ।”
– ਸਾਰ ੪, ਵਾਰ ੬ਸ, ੧, ੧:੬ (1239)

ਸੁਨਿਐ ----- ਸੁਣਨ ਨਾਲ
“ਜਾ ਕੈ ਨਾਮਿ ਸੁਨਿਐ ਜਮੁ ਛੋਡੈ ਤਾ ਕੀ ਸਰਣਿਨ ਪਾਵਸਿ ਰੇ।”
– ਮਾਰੂ ੫, ੭, ੨:੧ (1000)

ਸੁਨਿਬੋ ----- ਸੁਣੋ
“ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ।”
– ਆਸਾ ੫, ੭, ੧*:੧ (372)

ਸੁਨੀ ------ ਸੁਣੀ, ਸ੍ਰਵਣ ਕੀਤੀ
“ਘਟਿ ਘਟਿ ਸੁਨੀ ਸ੍ਰਵਨ ਬਖਾਣੀ।”
– ਗਉ ੫, ਸੁਖ ੧੨, ੮:੮ (279)

ਹੋਰ ਰੂਪ:

ਸੁਨੀਅਹਿ –
“ਸਰਬ ਥੋਕ ਸੁਨੀਅਹਿ ਘਰਿ ਤਾ ਕੈ।”
– ਗਉ ੫, ਸੁਖ ੧੬, ੨:੬ (284)

ਸੁਨੀਅਹੁ –
“ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ।”
– ਬਿਲਾ ਕਬ, ੬, ੨:੨ (856)

ਸੁਨੀਅਤ –
“ਇਸ ਹੀ ਭੀਤਰਿ ਸੁਨੀਅਤ ਸਾਹੁ।” (ਸੁਣੀਦਾ ਹੈ, ਦੱਸਿਆ ਜਾਂਦਾ ਹੈ)
– ਗਉ ੫, ੮੫ ੧:੩ (181)

“ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ।” (ਸੁਣਦਾ ਹੋਇਆ)
– ਸੂਹੀ ੫, ੨੦, ੧:੧ (741)

ਸੁਨੀਅੰਤ –
“ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ।”
– ਜੈਤ ੫, ਵਾਰ ੨੦ਸ, ੫, ੧:੧ (710)

ਸੁਨੀਅਤੁ –
“ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ ਸੁਨੀਅਤੁ ਸੁਜਸੁ ਤੁਮ੍ਹਾਰ।”
– ਬਿਲਾ ਕਬ, ੭, ੧:੧ (856)

ਸੁਨੀਆ –
“ਮਹਾ ਅਨੰਦ ਕੀਰਤਨ ਹਰਿ ਸੁਨੀਆ।” (ਸੁਣਨ ਨਾਲ)
– ਟੋਡੀ ੫, ੧੭, ੩:੨ (715)

ਸੁਨੀਐ –
“ਆਨ ਨ ਸੁਨੀਐ ਕਤਹੂੰ ਨ ਜਾਈਐ।”
– ਗਉ ੫, ੮੪, ੨:੩ (283)

“ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹ ਸਾਉ।” (ਸੁਣੀਦਾ ਹੈ)
– ਕੇਦਾ ੫, ੪, ੧:੧ (1120)

“ਸੁਨੀਐ ਬਾਜੈ ਬਾਜ ਸੁਹਾਵੀ।” (ਸੁਣਦੀ ਹੈ)
– ਮਲਾ ੫, ੩, ੧*:੧ (1266)

ਸੁਨੀਜਾ ------ **ਸੁਣਦੇ ਹਨ**
“ਬੇਦ ਪੁਰਾਨ ਤਿਨਿ ਸਿੰਮ੍ਰਿਤਿ ਸੁਨੀਜਾ।”
– ਆਸਾ ੫, ੮੬, ੨:੨ (393)

ਹੋਰ ਰੂਪ:

ਸੁਨੀਜੈ –
“ਕਰਿ ਕਿਰਪਾ ਪ੍ਰਭ ਬਿਨਉ ਸੁਨੀਜੈ।” (ਸੁਣੋ)
– ਗਉ ੫, ੧੩੬, ੪:੧ (193)

ਸੁਨੁ ------- **ਸੁਣੋ**
“ਲਾਗੁ ਗਲੇ ਸੁਨੁ ਬਿਨਤੀ ਮੇਰੀ।”

– ਆਸਾ ਕਬ, ੩੫, ੧:੨ (484)

ਸੁੰਨੁ ------- (1) ਨਿਰਾਕਾਰ ਵਾਹਿਗੁਰੂ
"ਸੁੰਨੋ ਸੁੰਨੁ ਕਹੈ ਸਭੁ ਕੋਈ।
ਅਨਹਤ ਸੁੰਨੁ ਕਹਾ ਤੇ ਹੋਈ।"
– ਰਾਮ ੧, ਸਿਗੋ ੫੨, ੧:੨ (943)
(2) ਸੁੰਞ, ਕੁਦਰਤ ਦੀ ਜੜ੍ਹ ਹਾਲਤ
"ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ।"
– ਮਾਰੂ ੧, ਸੋਲਾ ੧੭, ੧:੩ (1037)
(3) ਆਤਮਾ (ਭਾਵ) ਜੀਵ ਦਾ ਨਿਰਵਿਕਲਪ ਰੂਪ
"ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ।"
– ਮਾਰੂ ਕਬ, ੪, ੧:੨ (1103)

ਸੁਨੁਹੋ ------ ਸੁਣ
"ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁਹੋ ਬੀਰ ਮਸਾਨ।"
– ਸਲੋ ਕਬ, ੮੫:੧ (1368)

ਸੁਨੂਆ ----- ਸੁਣਨ ਨਾਲ
"ਅੰਮ੍ਰਿਤ ਕਥਨਾ ਸੰਤਸੰਗਿ ਸੁਨੂਆ।"
– ਗਉ ੫, ਬਾਅ ੨੫:੬ (255)

ਸੁਨੇ ------- ਸੁਣੀਏ
"ਸਭ ਉਚ ਬਿਰਾਜਿਤ ਜਨ ਸੁਨੇ।"
– ਗਉ ੫, ੧੪੪*, ੧:੨ (211)
"ਗੁਰ ਨਾਨਕ ਨਾਮ ਬਚਨ ਮਨਿ ਸੁਨੇ।" (ਸੁਣਨ ਨਾਲ)
– ਗਉ ੫, ਸੁਖ ੨੪, ੬:੧੦ (296)
"ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ।" (ਸੁਣੇ ਹਨ)
– ਗਉ ੫, ਥਿਤੀ ੧:੫ (296)

ਸੁੰਨੇ ------- ਪੂਰਨ ਇਕਾਗਰਤਾ ਵਾਲੀ ਨਿਰਵਿਕਲਪ ਅਵਸਥਾ ਵਿਚ
"ਨੀਦ ਭੂਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ।"
– ਆਸਾ ੪, ਛੰਤ ੮, ੩:੪ (442)

ਸੁਨੇਹੁ ------ ਸੁਣੋ
"ਬਾਦਿਸਾਹ ਬੇਨਤੀ ਸੁਨੇਹੁ।"
– ਭੈਰ ਨਾਮ, ੧੦, ੧੦:੨ (1165)

ਸੁਨੈ ------- ਸੁਣਨ
"ਕਰਨ ਨ ਸੁਨੈ ਕਾਹੂ ਕੀ ਨਿੰਦਾ।"
– ਗਉ ੫, ਸੁਖ ੯, ੧:੫ (274)
"ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ।" (ਸੁਣਦਾ)
– ਆਸਾ ੫, ੧੫੨, ੨:੧ (408)

ਸੁੰਨੋ ------- ਪ੍ਰਭੂ, ਨਿਰਵਿਕਲਪ ਰੂਪ ਪ੍ਰਮਾਤਮਾ

“ਸੁੰਨੋ ਸੁੰਨੁ ਕਹੈ ਸਭੁ ਕੋਈ।”

- ਰਾਮ ੧, ਸਿਗੋ ੫੨:੧ (943)

ਸੁਪਚ ------ ਕੁੱਤਾ (ਕੁੱਤੇ ਦਾ ਮਾਸ) ਖਾਣਾ ਵਾਲਾ, ਨੀਚ, ਚੰਡਾਲ

“ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ।”

- ਕੇਦਾ ਰਵਿ, ੧, ੧:੨ (1124)

ਹੋਰ ਰੂਪ:

ਸੁਪਚਾਰੋ -

“ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ।”

- ਮਾਰੂ ੫, ੨, ੨:੧ (999)

ਸੁਪਨ ------ (ਸੰ.) ਸੁਪਨਾ, ਖਾਬ

“ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।”

- ਗਉ ੫, ਸੁਖ ੧੨, ੫:੬ (279)

“ਸੁਪਨ ਕੀ ਬਾਤ ਸੁਨੀ, ਪੇਖੀ ਸੁਪਨਾ ਨਾਮ ਮੰਤ੍ਰੁ ਸਤਿਗੁਰੂ ਦ੍ਰਿੜਾਇਆ।” (ਸੰਸਾਰ ਸੁਪਨਾ ਸੁਣਿਆ ਸੀ)

- ਕਾਨ ੫, ੧੦, ੧*:੨ (1300)

ਹੋਰ ਰੂਪ:

ਸੁਪਨਹ -

“ਰੋਗ ਸੋਗ ਬਿਓਗੰ ਨਾਨਕ ਸੁਖੁ ਨ ਸੁਪਨਹ।” (ਸੁਪਨੇ ਵਿਚ)

- ਗਾਥਾ ੫, ੨੪:੨ (1361)

ਸੁਪਨੰਤਰ --- ਸੁਪਨੇ ਵਿਚ

“ਧੰਧਾ ਰੋਵੈ ਮੈਲੁ ਨ ਧੋਵੈ ਸੁਪਨੰਤਰੁ ਸੰਸਾਰੋ।”

- ਵਡ ੧, ਅਲਾ ੪, ੪:੩ (581)

ਹੋਰ ਰੂਪ:

ਸੁਪਨੰਤਰਿ -

“ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ।” (ਭਾਵ ਬੇਪਰਵਾਹ)

- ਗਉ ੧, ੧੩, ੩:੨ (155)

“ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ।” (ਸੁਪਨੇ ਵਿਚ ਵੀ)

- ਰਾਮ ਕਬ, ੮, ੪:੨ (971)

ਸੁਪਨਾ ----- () ਡੂੰਘੀ ਨੀਂਦ ਅਤੇ ਜਾਗਣ ਵਾਲੀ ਅਵਸਥਾ ਦੇ ਵਿਚਕਾਰ ਸੰਸਕਾਰਾਂ ਅਨੁਸਾਰ ਪਦਾਰਥਾਂ ਦਾ ਗਿਆਨ ਜਾਗਰਤ ਵਾਂਗੂੰ ਹੋਣਾ, ਝੂਠਾ ਭਰਮਮਈ ਪਸਾਰ, ਵੇਖੋ ‘ਸੁਪਨ’

“ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।”

- ਸਿਰੀ ੧, ੧੧, ੩:੧ (18)

“ਸਚਾ ਸਬਦੁ ਨ ਪਛਾਨਿਓ ਸੁਪਨਾ ਗਇਆ ਵਿਹਾਇ।” (ਜੀਵਨ ਜੋ ਸੁਪਨੇ ਸਮਾਨ ਸੀ)

- ਸਿਰੀ ੩, ੫੪, ੩:੨ (34)

“ਰਾਚਿ ਰਹਿਓ ਤੂੰ ਸੰਗਿ ਸੁਪਨਾ।” (ਜਗਤ ਜੋ ਸੁਪਨੇ ਵਾਂਗੂੰ ਹੈ)
– ਰਾਮ ੫, ੨੩, ੧*:੪ (889)

ਹੋਰ ਰੂਪ:

ਸੁਪਨਾਹਾ –
“ਰੰਗ ਰਸਾ ਜੈਸੇ ਸੁਪਨਾਹਾ।”
– ਆਸਾ ੫, ੮੬, ੪:੨ (392)

ਸੁਪਨਿ –
“ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ।” (ਸੁਪਨੇ ਵਿਚ)
– ਸਵ ੩, ੧੨:੩ (1394)

ਸੁਪਨੁ –
“ਗਿਰੰਬਾਰੀ ਵਡ ਸਾਹਿਬੀ ਸਭੁ ਨਾਨਕ ਸੁਪਨੁ ਥੀਆ।”
– ਸਿਰੀ ੫, ੭੨, ੪:੨ (43)

ਸੁਪਨੇ –
“ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ।”
– ਆਸਾ ਕਬ, ੨੭, ੧:੧ (482)
“ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।” (ਸੁਪਨੇ ਵਿਚ)
– ਸੋਰ ਰਵਿ, ੧, ੨:੧ (657)
“ਸੁਪਨੇ ਸੇਤੀ ਚਿਤੁ ਮੂਰਖਿ ਲਾਇਆ।” (‘ਜਗਤ’ ਜੋ ਸੁਪਨੇ ਸਮਾਨ ਹੈ)
– ਜੈਤ ੫, ਵਾਰ ੮:੧ (707)

ਸੁਪਨੈ –
“ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ।” (ਸੁਪਨੇ ਵਿਚ ਵੀ)
– ਸਿਰੀ ੧, ੨, ੧:੨ (14)
“ਚੰਚਲੁ ਸੁਪਨੈ ਹੀ ਉਰਝਾਇਓ।” (ਸੁਪਨੇ ਵਰਗੇ ਸੰਸਾਰ)
– ਦੇਵ ੫, ੧੫, ੧*:੧ (531)

ਸੁਪਨੋ –
“ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ।”
– ਸਾਰ ੯, ੩, ੧:੧ (1231)

(2) (ਸੰ.) ਸੌਣਾ
“ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭੁ ਸੰਗਿ।”
– ਬਿਲਾ ੫, ੬੧, ੧*:੨ (816)

ਸੁਪਾਰੀ ----- ਪੂਗ ਫਲ, ਛਾਲੀ, ਇਕ ਕਰੜਾ ਗੋਲ ਫਲ ਜਿਸ ਨੂੰ ਕੁਤਰਕੇ ਪਾਨ ਵਿਚ ਵਰਤਦੇ ਹਨ
“ਪਾਨ ਸੁਪਾਰੀ ਖਾਤੀਆਂ ਮੁਖਿ ਬੀੜੀਆਂ ਲਾਈਆਂ।”
– ਤਿਲੰ ੪, ਅਸ ੨, ੧੩:੧ (726)

ਸੁਪੇਦ ------ (ਫਾ. ਸੁਪੈਦ) ਚਿੱਟਾ
“ਕੋਈ ਓਢੈ ਨੀਲ ਕੋਈ ਸੁਪੇਦ।”
– ਰਾਮ ੫, ੯, ੩:੨ (885)

ਹੋਰ ਰੂਪ:

ਸਪੇਦਾ –

"ਰਾਤੀ ਹੋਵਨਿ ਕਾਲੀਆਂ ਸੁਪੇਦਾ ਸੇ ਵੰਨ।"

– ਸੂਹੀ ੩, ਵਾਰ ੧੩ਸ, ੧, ੨:੧ (789)

ਸੁਪੇਦੀ –

"ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ।"

– ਸਿਰੀ ੧, ੭, ੨:੧ (16)

ਸੁਪ੍ਰਸੰਨ ---- (ਸੰ.) ਬਹੁਤ ਖੁਸ਼

"ਸੰਤ ਸੁਪ੍ਰਸੰਨ ਆਏ ਵਸਿ ਪੰਚਾ।"

– ਗਉ ੫, ੧੧੫, ੩:੧ (189)

ਹੋਰ ਰੂਪ:

ਸੁਪ੍ਰਸੰਨਾ –

"ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ।"

– ਜੈਤ ੫, ਵਾਰ ੭:੫ (707)

ਸੁਪ੍ਰਸੰਨੁ –

"ਜਿਸ ਨੋ ਹਰਿ ਸੁਪ੍ਰਸੰਨੁ ਹੋਇ ਸੋ ਹਰਿ ਗੁਣਾ ਰਵੈ ਸੋ ਭਗਤੁ ਸੋ ਪਰਵਾਨੁ।"

– ਸੂਹੀ ੪, ੧੧, ੧:੧ (734)

ਸੁਪ੍ਰਸੰਨੇ –

"ਗੁਰੁ ਸੁਪ੍ਰਸੰਨੇ ਮਿਲੁ ਨਾਹ ਵਿਛੁੰਨੇ ਧਨ ਦੇਦੀ ਸਾਚੁ ਸਨੇਹਾ।"

– ਆਸਾ ੫, ਛੰਤ ੪, ੨:੫ (455)

ਸੁਪ੍ਰਸੰਨੈ –

"ਭਵ ਸਾਗਰ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ।"

– ਸਵ ੪, ਸਲ ੧:੪ (1406)

ਸੁਫਨ ------ ਸੁਪਨੇ

"ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ।"

– ਤਿਲੰ ੯, ੨, ੨:੨ (727)

ਸੁਫਲ ------ (1) ਚੰਗੇ ਫਲਾਂ ਵਾਲੇ, ਚੰਗੀ ਤਰਾਂ ਫਲੇ ਫੁਲੇ

"ਨਾਨਕ ਤੇ ਜਨ ਸੁਫਲ ਫਲੇ।"

– ਗਉ ੫, ੧੨੭, ੪:੨ (191)

ਹੋਰ ਰੂਪ:

ਸੁਫਲੁ –

"ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ।"

– ਗਉ ੫, ਛੰਤ ੨, ੪:੧ (248)

ਸੁੰਫਿਆ ---- ਖਿੜਾਓ, ਖੁਸ਼ੀ, ਉਡਾਰੀ (ਦਰਪਣ) ਸਫਾਈ ਵਾਲੇ, ਖਿੜੇ ਹੋਏ (ਸੰਥਿਆ) ਸੁੰਦਰਤਾ (ਸ਼ਬਦਾਰਥ); ਹੋਸ਼ ਹਵਾਸ਼ ਸੁੱਧ ਬੁੱਧ (ਮਹਾਨਕੋਸ਼)

"ਅੰਗ ਸੰਗ ਉਰਝਾਇ ਬਿਸਰਤੇ ਸੁੰਫਿਆ।"

– ਫੁਨ ੫, ੧੫:੨ (1363)

ਸੁਬਹ ------ (ਅ. ਸੁਬਾ) ਸਵੇਰ ਦੀ

"ਸੁਬਹ ਨਿਵਾਜ ਸਰਾਇ ਗੁਜਾਰਉ।"
- ਸੂਹੀ ਕਬ, ੩, ੨:੪ (792)

ਸੁਬਹਾਨੁ ---- (1) (ਅ. ਸੁਬਹਾਨ) ਪਵਿਤਰ, ਮੁਬਾਰਕ
"ਸਭ ਦੁਨੀਆ ਸੁਬਹਾਨੁ ਸਚਿ ਸਮਾਈਐ।"
- ਮਾਝ ੧, ਵਾਰ ੯:੭ (142)
(2) ਅਸਚਰਜਤਾ/ਵਡਿਆਈ ਦਾ ਪਦ
"ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ।"
- ਮਾਝ ੧, ਵਾਰ ੨੬:੧ (150)

ਸੁਬਾਸਕ ---- ਚੰਗੀ ਵਾਸਨਾ/ਖੁਸ਼ਬੂ ਦੇਣ ਵਾਲਾ
"ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ।"
- ਆਸਾ ਕਬ, ੫, ੩:੨ (477)

ਸੁਬਾਸੁ ----- ਚੰਗੀ ਵਾਸਨਾ, ਸੁਗੰਧ, ਖੁਸ਼ਬੂ
"ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ।"
- ਸਵ ੪, ਨਲ ੩:੪ (1399)
ਹੋਰ ਰੂਪ:
ਸੁਬਾਸੇ -
"ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ।"
- ਸਵ ੪, ਮਥੁ ੬:੩ (1404)

ਸੁਬਿਦਿਆ --- ਸ੍ਰੇਸ਼ਟ/ਉਤਮ ਵਿਦਿਆ/ਗਿਆਨ
"ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ।"
- ਸਸ ੫, ੧੪:੨ (1355)

ਸੁਭ ------- (ਸੰ.) ਸ੍ਰੇਸ਼ਟ, ਚੰਗੀ, ਕਲਿਆਣਕਾਰੀ, ਸੁਵਲੀ
"ਗੁਰਿ ਸੁਭ ਦ੍ਰਿਸਟਿ ਸਭ ਉਪਰਿ ਕਰੀ।"
- ਗਉ ੫, ਅਸ ੨, ੮:੧ (236)
"ਕਿਰਤ ਕਮਾਵਨ ਸੁਭ ਅਸੁਭ ਕੀਨੇ ਤਿਨਿ ਪ੍ਰਭਿ ਆਪਿ।" (ਚੰਗੀ ਮੰਦੀ)
- ਗਉ ੫, ਬਾਅ ੮ਸ:੧ (251)
"ਆਉ ਬੈਠੁ ਆਦਰੁ ਸੁਭ ਦੇਊ।" (ਚੰਗਾ)
- ਗਉ ੫, ਬਾਅ ੧੦:੪ (252)

ਸੁਭੰਤ ------ ਸੋਭਨ ਵਾਲੇ, ਸੁਭਾਇਮਾਨ
"ਸੁਭੰਤ ਤੁਯੰ ਅਚੁਤ ਗੁਣਗੵੰ, ਪੂਰਨੰ ਬਹੁਲੋ ਕ੍ਰਿਪਾਲਾ।"
- ਸਸ ੫, ੫:੧ (1354)

ਸੁਭਰ ------ (1) ਨਕਾ ਨਕ/ਲਬਾ ਲਬ/ਚੰਗੀ ਤਰਾਂ ਭਰਿਆ ਹੋਇਆ, ਹੋਰ ਵੇਖੋ 'ਸੁਭਰੁ'
"ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ।"
- ਮਾਝ ੫, ੩੦, ੨:੩ (103)
(2) (ਸੰ.) ਚਮਕੀਲਾ, ਉਜਲ ਸ਼ਗਨਾਂ ਦਾ (ਕਪੜਾ)

“ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ।”
– ਮਾਰੂ ੫, ਵਾਰ ੨੨ਸ, ੫, ੩:੩ (1102)

ਸੁਭਵੰਤੀ ---- ਸੁਭਵਤੀ, ਅਨੰਦ ਵਾਲੀ
“ਮਨ ਮਿਲੁ ਸੰਤਸੰਗਤਿ ਸੁਭਵੰਤੀ।”
– ਨਟ ੪, ੮, ੧*:੧ (977)

ਸੁਭਰੁ ------ ਪੂਰਾ ਭਰਿਆ ਹੋਇਆ
“ਗਹਿਰ ਗੰਭੀਰੁ ਅਥਾਹ ਅਤਿ ਬਡ ਸੁਭਰੁ ਸਦਾ ਸਭ ਬਿਧਿ ਰਤਨਾਗਰੁ।”
– ਸਵ ੪, ਮਥੁ ੪:੨ (1404)

ਸੁਭਾਉ ----- (1) ਲਛਣ, ਧਰਮ, ਪ੍ਰਕ੍ਰਿਤੀ
“ਨਾਨਕ ਜਿਉ ਪਾਵਕ ਕਾ ਸਹਜ ਸੁਭਾਉ।”
– ਗਉ ੫, ਸੁਖ ੮, ੧:੧੦ (272)
(2) ਆਦਰ, ਵਤੀਰਾ
“ਮਨ ਕਾ ਸੁਭਾਉ ਮਨਹਿ ਬਿਆਪੀ।”
– ਗਉ ਕਬ, ੨੮, ੧:੧ (329)
(3) ਭਾਵ ਤਜਿ ਕੂੜੁ ਕਪਟੁ ਸੁਭਾਉ ਦੂਜਾ ਚਾਕਰੀ ਲੋਕਾਣੀਆ।” (ਦਵੈਤ ਭਾਵ)
– ਬਿਲਾ ੧, ਛੰਤ ੨, ੨:੪ (844)
(4) ਚੰਗੇ ਸੁਭਾ ਵਾਲਾ ਹੋ ਕੇ
“ਤੁਮ ਸਰਣਾਗਤਿ ਰਹਉ ਸੁਭਾਉ।”
– ਰਾਮ ੧, ਅਸ ੬, ੭:੨ (906)

ਸੁਭਾਇ ----- (1) ਸੁਭਾ
“ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ।” (ਸਾਂਤ ਸੁਭਾ)
– ਸਿਰੀ ੩, ੪੯, ੨:੨ (32)
(2) ਚੰਗੀ ਭਾਵਨਾ ਕਰਕੇ
“ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ।” (ਚੰਗੀ ਭਾਵਨਾ ਕਰਕੇ)
– ਸਿਰੀ ੫, ੯੮, ੩:੧ (52)
“ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ।” ਚੰਗੇ ਭਾਵਾਂ ਰਾਹੀਂ
– ਸੋਰ ੪, ਵਾਰ ੨ਸ, ੩, ੧:੩ (643)
“ਸੁਭਾਇ ਅਭਾਇ ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ।” (ਚੰਗੀ ਭਾਵਨਾ ਨਾਲ)
– ਮਾਰੂ ੫, ਅਸ ੩, ੭:੧ (1018)
(‘ਮਹਾਨਕੋਸ਼’ ਇਥੇ ਸੁਭਾਇ ਦੇ ਅਰਥ ਇਰਾਦਤਨ ਕਰਦਾ ਹੈ)
(3) ਸੁਭਾਵਿਕ ਹੀ, ਵੇਖੋ ‘ਸੁਭਾਈ’ (1)
“ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ।”
– ਸਿਰੀ ੧, ਅਸ ੧੪, ੮:੧ (62)
“ਮਾਇਆ ਭੂਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ।” (ਕੁਦਰਤੀ ਤਰੀਕੇ ਨਾਲ, ਸੁਭਾਵਕ ਹੀ)
– ਸਿਰੀ ੩, ਅਸ ੨੧, ੫:੧ (67)
“ਆਤਮਾ ਅਡੋਲੁ ਨ ਡੋਲਈ ਗੁਰ ਕੈ ਭਾਇ ਸੁਭਾਇ।” (ਸੁਭਾਵਿਕ ਭਾਵ/ ਕੁਦਰਤੀ ਸੁਭਾ ਅਨੁਸਾਰ)

– ਸਿਰੀ ੪, ਵਾਰ ੧੨ਸ, ੩, ੧:੩ (87)

“ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ।” (ਸੁਭਾਵਕ/ ਨਿਰਯਤਨ ਹੀ)

– ਗੂਜ ੩, ਵਾਰ ੧੦ਸ, ੩, ੨:੨ (512)

(4) ਪ੍ਰੇਮ ਦੁਆਰਾ, ਵੇਖੋ ‘ਸੁਭਾਈ’ (3)

“ਮਨ ਜੋ ਇਛੇ ਸੋ ਲਹੈ ਸਚੈ ਸਬਦਿ ਸੁਭਾਇ।”

– ਸਿਰੀ ੪, ਵਾਰ ੧੨ਸ, ੩, ੨:੬ (87)

“ਸੰਤ ਮੰਡਲ ਹਰਿ ਜਸੁ ਕਥਹਿ ਬੋਲਹਿ ਸਤਿ ਸੁਭਾਇ।” (ਪ੍ਰੇਮ ਨਾਲ)

– ਗਉ ੫, ਥਿਤੀ ੭ਸ:੧ (298)

“ਜਿਸ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ।” (ਪ੍ਰੇਮ ਸਹਿਤ)

– ਮਾਰੂ ੫, ੧੧, ੫:੧ (1002)

ਸੁਭਾਇਆ --- (1) ਚੰਗੀ ਤਰਾਂ, ਭਾਇਆ

“ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ।”

– ਵਡ ੩, ਛੰਤ ੧, ੩:੫ (568)

“ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ।” (ਚੰਗਾ ਲੱਗਾ/ਭਾ ਗਿਆ)

– ਤੁਖਾ ੧, ਬਾਰਾ ੧੬:੧ (1109)

(2) ਸੋਹਣਾ ਲਗਨ ਲੱਗ ਪੈਂਦਾ ਹੈ

“ਅੰਮ੍ਰਿਤ ਰਸਿ ਰਾਤਾ ਕੇਵਲ ਬੈਰਾਗੀ ਗੁਰਮਤਿ ਭਾਇ ਸੁਭਾਇਆ।”

– ਮਾਰੂ ੧, ਸੋਲਾ ੧੮, ੮:੩ (1039)

ਸੁਭਾਈ ----- (1) ਸੁਭਾਵਿਕ ਹੀ ਨਿਰਯਤਨ ਵੇਖੋ ‘ਸੁਭਾਇ’ (3)

“ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ।”

– ਮਾਝ ੫, ੧੪, ੪:੩ (98)

“ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ।”

– ਪ੍ਰਭਾ ੧, ਅਸ ੪, ੫:੧ (1344)

ਹੋਰ ਰੂਪ:

ਸੁਭਾਏ –

“ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ।” (ਸੁਭਾਵਿਕ ਹੀ)

– ਆਸਾ ੩, ਛੰਤ ੬, ੨:੫ (439)

(2) ਚੰਗੀ ਭਾਵਨਾ ਵਾਲਾ

“ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ।”

– ਗਉ ਰਵਿ, ੧, ੨:੧ (345)

(ਮਹਾਨਕੋਸ਼ ਅਰਥ ‘ਖੁਸ਼ਨਸੀਬੀ’ ਕਰਦਾ ਹੈ)

“ਵਿਸਟੁ ਸੁਭਾਈ ਪਾਇਆ ਮੀਤ।” (ਚੰਗੇ ਸੁਭਾ ਵਾਲਾ)

– ਆਸਾ ੫, ੬, ੨:੩ (372)

“ਤੁਮ੍ ਸੁਖਦਾਤੇ ਪੁਰਖ ਸੁਭਾਈ।” (ਚੰਗਾ ਚਾਹੁਣ ਵਾਲਾ, ਸ਼ੁਭਚਿੰਤਕ)

– ਸੂਹੀ ੫, ੭, ੪*:੨ (738)

(3) ਚੰਗੇ ਪ੍ਰੇਮ ਦੁਆਰਾ, ਵੇਖੋ ‘ਸੁਭਾਇ’ (4)

“ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ।”
– ਸੋਰ ੪, ੮, ੨:੨ (607)
“ਹਰਿ ਗੁਣ ਗਾਵਹੁ ਸਦਾ ਸੁਭਾਈ।” (ਪ੍ਰੇਮ ਨਾਲ)
– ਸੋਰ ੫, ੫੯, ੧*:੧ (623)
“ਰੂਖੀਂ ਬਿਰਖੀਂ ਊਡਉ ਭੂਖਾ ਪੀਵਾ ਨਾਮੁ ਸੁਭਾਈ।” (ਪ੍ਰੇਮ ਨਾਲ)
– ਮਲਾ ੧, ਅਸ ੩, ੪:੧ (1274)

ਹੋਰ ਰੂਪ:

ਸੁਭਾਏ –
“ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾਂ ਸਤਿਗੁਰੁ ਮਿਲੈ ਸੁਭਾਏ।” (ਪ੍ਰੇਮ ਰਾਹੀਂ)
– ਸਿਰੀ ੩, ਅਸ ੨੨, ੭:੧ (68)
“ਘਰਿ ਬੈਠਿਆਂ ਹਰਿ ਪਾਏ ਸਦਾ ਚਿਤੁ ਲਾਏ ਸਹਜੇ ਸਤਿ ਸੁਭਾਏ।” (ਸਚੀ ਭਾਵਨਾ ਦੁਆਰਾ)
– ਗਉ ੩, ਛੰਤ ੫, ੧:੩ (246)
“ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਏ।” (ਚੰਗੇ ਭਾਵ ਨਾਲ)
– ਵਡ ੩, ਛੰਤ ੨, ੨:੬ (568)

(4) ਸੁਭਾ ਅਨੁਸਾਰ, ਸਹਜ ਧਰਮ ਅਨੁਸਾਰ
“ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ।”
– ਸੋਰ ੫, ੬੨, ੨:੧ (624)
“ਜੇਤਾ ਆਖਣੁ ਸਾਹੀ ਸਬਦੀ ਭਾਖਿਆ ਭਾਇ ਸੁਭਾਈ।” (ਸੁਭਾ ਅਨੁਸਾਰ)
– ਸਾਰ ੪, ਵਾਰ ੧੨, ੧, ੧:੩ (1242)

ਸੁਭਾਏ ----- (1) ਚੰਗੀ ਤਰਾਂ ਭਾ ਗਏ
“ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ।”
– ਵਡ ੪, ਘੋੜੀ ੨, ੪:੫ (576)
(2) ਸੁਭਾਵਕ ਹੀ, ਨਿਰਯਤਨ, ਵੇਖੋ ‘ਸੁਭਾਈ’ (1)
(3) ਚੰਗੇ ਪ੍ਰੇਮ ਦੁਆਰਾ, ਵੇਖੋ ‘ਸੁਭਾਈ’ (3)

ਸੁਭਾਖਿਆ --- (1) (ਸੰ.) ਚੰਗੀ/ਮਿਠੀ ਭਾਸ਼ਾ (ਦਰਪਣ), ਸੋਹਣੀਆਂ ਸੋਹਣੀਆਂ ਗੱਲਾਂ (ਸ਼ਬਦਾਰਥ)
“ਮਿਲਿ ਪ੍ਰੀਤਮ ਅਪਣੇ ਸਦਾ ਰੰਗੁ ਮਾਣੇ ਸਚੈ ਸਬਦਿ ਸੁਭਾਖਿਆ।”
– ਆਸਾ ੩, ਛੰਤ ੬, ੩:੪ (440)
“ਪ੍ਰਭ ਬਾਣੀ ਸਬਦੁ ਸੁਭਾਖਿਆ।”
– ਸੋਰ ੫, ੧੧, ੧*:੧ (611)
“ਸਾਚੈ ਘਰਿ ਸਾਚੈ ਰਖੇ ਗੁਰ ਬਚਨਿ ਸੁਭਾਖਿਆ।” (ਗੁਰੂ ਦੇ ਬਚਨ/ਉਪਦੇਸ਼ ਦੁਆਰਾ ਚੰਗੀ/ ਮਿੱਠੀ ਹੋ ਗਈ)
– ਮਾਰੂ ੧, ਅਸ ੪, ੫:੩ (1011)
(2) ਚੰਗੀ ਤਰਾਂ ਬਿਆਨਿਆ ਭਾਵ ਗੁਣ ਗਾਏ
“ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ।”
– ਵਡ ੩, ਛੰਤ ੧, ੨:੫ (568)
(3) ਚੰਗੀ ਤਰਾਂ ਆਖ ਦਿਤਾ
“ਜਨ ਨਾਨਕ ਸਾਚੁ ਸੁਭਾਖਿਆ।”

– ਸੋਰ ੫, ੭੦, ੨:੪ (626)

ਹੋਰ ਰੂਪ:

ਸੁਭਾਖੀ –
"ਸਚੈ ਸਬਦੇ ਸਚੁ ਸੁਭਾਖੀ।" (ਆਖੀ)
– ਮਾਰੂ ੩, ਸੋਲਾ ੧੫, ੩:੨ (1058)

ਸੁਭਾਖੇ –
"ਘਟਿ ਘਟਿ ਸਬਦੁ ਸੁਭਾਖੇ।" (ਚੰਗੀ ਤਰਾਂ ਆਖਿਆ ਜਾਣ/ਉਚਾਰਣ ਹੋਣ ਲੱਗ ਪਿਆ)
– ਸੋਰ ੫, ੭੮, ੧:੪ (628)

ਸੁਭਾਖੈ –
"ਨਾਨਕੁ ਆਖੈ ਸਚੁ ਸੁਭਾਖੈ ਸਚਿ ਰਪੈ ਰੰਗੁ ਕਬਹੂ ਨ ਜਾਵੈ।" (ਆਖਦਾ/ਬੋਲਦਾ ਹੈ)
– ਰਾਮ ੧, ਸਿਗੋ ੬੫:੬ (945)

ਸੁਭਾਗ ----- ਚੰਗੇ ਭਾਗ, ਚੰਗੀ ਕਿਸਮਤ
"ਧੰਨਿ ਸੁਭਾਗ ਧੰਨਿ ਸੋਹਾਗਾ ਧੰਨਿ ਦੇਤ ਜਿਨਿ ਮਾਨਾਂ।"
– ਸਾਰ ੫, ੪੬, ੧:੧ (1213)

ਹੋਰ ਰੂਪ:

ਸੁਭਾਗੀ –
"ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ।" (ਸੁਭਾਵਕ ਹੀ ਵੱਡੇ ਭਾਗਾਂ ਵਾਲਾ ਹੈ)
– ਸੋਰ ੧, ਅਸ ੧, ੮:੪ (635)

ਸੁਭਾਨੁ ----- ਪਵਿੱਤਰ, ਉਤਮ, ਭਾਵ ਆਤਮਕ ਸੁਖ, ਵੇਖੋ 'ਸੁਬਹਾਨ'
"ਮਨਮੁਖਿ ਸੁਖੁ ਨ ਪਾਈਐ ਗੁਰਮੁਖਿ ਸੁਖੁ ਸੁਭਾਨੁ।"
– ਸਿਰੀ ੧, ੧੯, ੩:੩ (21)

ਸੁਭਾਵਤ ---- ਸੁਭਾ ਵਜੋਂ, ਕੁਦਰਤੀ ਤੌਰ ਤੇ
"ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ।"
– ਮਾਰੂ ੫, ੧੧, ੪:੨ (1001)

ਸੁਭਾਵੀ ----- ਸ਼ੋਭਾ ਵਾਲੀ ਹੋਈ
"ਮੁਕਤਿ ਭਏ ਗੁਰਿ ਦਰਸੁ ਦਿਖਾਇਆ ਜੁਗਿ ਜੁਗਿ ਭਗਤਿ ਸੁਭਾਵੀ।"
– ਮਲਾ ੧, ੪, ੨:੨ (1255)

ਸੁਭੋਗ ------ ਸਵਾਦੀ/ਰਸਦਾਇਕ ਭੋਗ, ਚੰਗੇ ਪਦਾਰਥ
"ਨਾਮੁ ਹਮਾਰੈ ਤ੍ਰਿਪਤਿ ਸੁਭੋਗ।"
– ਭੈਰ ੫, ੩੫, ੩:੨ (1145)

ਸੁੰਮ ------- ਸੋਮੇ, ਚਸ਼ਮੇ
"ਨਦੀਆ ਹੋਵਹਿ ਧੇਣਵਾਂ ਸੁੰਮ ਹੋਵਹਿ ਦੁਧੁ ਘੀਉ।"
– ਮਾਝ ੧, ਵਾਰ ੯ਸ, ੧, ੧:੧ (141)

ਸੁਮੰਤ੍ਰ ----- ਸ੍ਰੇਸ਼ਟ ਮੰਤਰ
"ਸੁਮੰਤ੍ਰ ਸਾਧ ਬਚਨਾ ਕੋਇ ਦੋਖ ਬਿਨਾਸਨਹ।"
– ਗਾਥਾ ੫, ੧੧:੧ (1360)

ਹੋਰ ਰੂਪ:

ਸੁਮੰਤ੍ਰਿ –
"ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵ ਹਿਲਹਿ।" (ਸ੍ਰੇਸ਼ਟ ਮੰਤ੍ਰ/ਉਪਦੇਸ਼ ਨਾਲ)
– ਸਵ ੩, ੧੪:੫ (1395)

ਸੁਮਤਿ ----- (1) ਚੰਗੀ ਮਤ, ਸ੍ਰੇਸ਼ਟ ਬੁਧ, ਚੰਗੀ ਸਮਝ
" ਏਹ ਸੁਮਤਿ ਗੁਰੂ ਤੇ ਪਾਈ।"
– ਮਾਝ ੫, ੧੬, ੪:੨ (99)

(2) ਸਮਝ ਆ ਗਈ ਹੈ
"ਭਨਤਿ ਨਾਮਦੇਉ ਸੁਮਤਿ ਭਏ।"
– ਟੋਡੀ ਨਾਮ, ੨, ੨:੧ (718)

(3) ਸੁਭ ਸਿਖਿਆ, ਚੰਗਾ ਉਪਦੇਸ਼
"ਕਵਨ ਸੁਮਤਿ ਜਿਤੁ ਹਰਿ ਹਰਿ ਜਪਨਾ।"
–ਬਿਲਾ ੫, ੯, ੧:੨ (804)

ਸੁਮਾਨੈ ----- ਸਨਮਾਨ ਪ੍ਰਾਪਤ ਕਰਦਾ ਹੈ
"ਰਾਜ ਦੁਆਰੈ ਸੋਭ ਸੁਮਾਨੈ।"
– ਗਉ ੧, ਅਸ ੨, ੧:੩ (221)

ਸੁਮਾਰ ----- (ਫਾ. ਸ਼ੁਮਾਰ) ਗਿਣਤੀ, ਸੰਖਿਆ
"ਹਰਿ ਹਰਿ ਜਪਤ ਅਨੇਕ ਜਨ ਨਾਨਕ ਨਾਹਿ ਸੁਮਾਰ।"
– ਗਉ ੫, ਬਾਅ ੧੮ਸ:੨(253)

ਹੋਰ ਰੂਪ:

ਸੁਮਾਰਿ –
"ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸੁਮਾਰਿ।" (ਗਿਣਤੀ ਤੋਂ ਰਿਹਾ ਹੈ ਭਾਵ ਗਿਣਤੀ ਨਹੀਂ ਹੋ ਸਕਦੀ)
– ਸਿਰੀ ੧, ਅਸ, ੧, ੭:੨ (53)

"ਇਕਿ ਪਉਣ ਸੁਮਾਰੀ ਪਉਣ ਸੁਮਾਰਿ।" (ਸੁਆਸਾਂ ਨੂੰ ਗਿਣਨ ਵਿਚ ਪ੍ਰਾਣਾਯਾਂਮ ਵਿਚ)
–ਮਾਝ ੩੧, ਵਾਰ ੧੪ਸ, ੧, ੨:੪ (144)

ਸੁਮਾਰੀ -----

"ਇਕਿ ਪਉਣ ਸੁਮਾਰੀ ਪਉਣ ਸੁਮਾਰਿ।" (ਗਿਣਨ ਵਾਲੇ,ਪ੍ਰਾਣਾਯਾਮੀ)
– ਮਾਝ ੧, ਵਾਰ ੧੪ਸ, ੧, ੨:੪ (144)

ਸੁਮਾਰੁ–
"ਕਰਤੈ ਕੈ ਕਰਣੈ ਨਾਹੀ ਸੁਮਾਰੁ।" (ਗਿਣਤੀ)
– ਜਪੁ ੧, ੧੬:੬ (3)

"ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ।" (ਲੇਖਾ)
–ਗਉ ੧, ਸੋਹ ੧, ੨:੨ (12)
"ਨਾਉ ਸਦਾਏ ਆਪਣਾ ਹੋਵੈ ਸਿਧੁ ਸੁਮਾਰੁ।" (ਗਿਣਿਆ ਜਾਵੇ, ਸਮਝਿਆ ਜਾਵੇ)
– ਸਿਰੀ ੧, ੮, ੨:੨ (17)

ਸੁਮਿਤੋ ----- ਚੰਗੀ ਤਰ੍ਹਾਂ ਮਿਣਿਆ/ਪਰਖਿਆ ਹੋਇਆ, ਚੰਗਾ
"ਹਰਿ ਲਬਧੋ ਮਿਤ੍ਰ ਸੁਮਿਤੋ।"
– ਗਾਥਾ ੫, ੧੩:੧ (1361)

ਸੁਮਿਤ੍ਰ ----- ਚੰਗਾ ਮਿੱਤਰ
"ਸਾਜਨੁ ਬੰਧੁ ਸੁਮਿਤ੍ਰ ਸੋ ਹਰਿ ਨਾਮੁ ਹਿਰਦੈ ਦੇਇ।"
– ਗਉ ੫, ੧੭੨*, ੩:੧(218)

ਸੁਮੂਚੰ ----- ਵਡਿਆਈ ਵਾਲਾ (ਕੋਸ਼): ਵਿਸਥਾਰਮਈ (ਸੰਥਿਆ) ਵੱਡਾ (ਮਹਾਨਕੋਸ਼, ਦਰਪਣ)
"ਊਚੰ ਤ ਨੀਚੰ ਨਾਨਾ ਸੁਮੂਚੰ।"
– ਸਸ, ੫, ੧੨:੨ (1355)

ਸੁਮੇਰ ------ (1) ਪਹਾੜ
"ਦਾਝਿ ਗਏ ਤ੍ਰਿਣ ਪਾਪ ਸੁਮੇਰ।"
– ਬਿਲਾ ੫, ੫੧, ੨:੧ (899)

ਹੋਰ ਰੂਪ:

ਸੁਮੇਰਿ –
"ਚੜਿ ਸੁਮੇਰਿ ਢੂਢਿ ਜਬ ਆਵਾ।"
– ਗਉ ਕਬ, ਬਾਅ ੨੦:੩ (314)
(2) ਪੁਰਾਣਾ ਅਨੁਸਾਰ ਸੋਨੇ ਦਾ ਬਹੁਤ ਉਚਾ ਪਹਾੜ ਜਿਥੇ ਦੇਵਤਿਆਂ ਦੀਆਂ ਪੁਰੀਆਂ ਹਨ।
"ਮੇਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ।"
– ਨਟ ੪, ਅਸ ੬, ੪:੨ (983)

ਸੁਰ ------- (1) (ਸੰ.) ਦੇਵਤੇ
"ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ।"
– ਸਿਰੀ ੧, ੧੭, ੩:੧ (64)

(2) ਸੰਗੀਤ ਦੀ ਧੁਨ
"ਜਤਨ ਕਰੈ ਤਉ ਭੀ ਸੁਰ ਭੰਗ।"
– ਗਉ ੫, ਸੁਖ ੪, ੬:੬(267)

(3) ਸ੍ਰੇਸ਼ਟ, ਉਚਾ
"ਤੂ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ।"
– ਆਸਾ ੫, ੫੨, ੩:੨ (384)
"ਰਿਧਿ ਬੁਧਿ ਸਿਧਿ ਸੁਰ ਗਿਆਨ।" (ਦਿੱਬ ਗਿਆਨ)
– ਰਾਮ ੫, ੨੬, ੧:੨ (890)

ਸੁਰਸਰੀ ---- ਦੇਵਤਿਆਂ ਦੀ ਨਦੀ, ਗੰਗਾ

"ਸਾਸਤ੍ਰ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ।"
– ਆਸਾ ੩, ਅਸ ੨੩, ੧:੧ (422)

ਸੁਰਹ ------ (ਸੰ.) ਗਾਂ
" ਸੁਰਹ ਕੀ ਜੈਸੀ ਤੇਰੀ ਚਾਲ।"
–ਬਸੰ ਕਬ, ੧, ੧:੧(1196)

ਹੋਰ ਰੂਪ:

ਸੁਰਹੀ –
"ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ।"
– ਮਾਝ ੧, ਵਾਰ ੨੬ਸ, ੧, ੧:੨੭(150)

ਸੁਰਹੀ ----- (1) ਗਊ, ਵੇਖੋ 'ਸੁਰਹ'
(2) (ਸੰ.) – ਸੁਗੰਧ, ਭਗਤੀ ਨਾਲ ਸੁਗੰਧਤ ਹੋਈ ਬਿਰਤੀ
"ਅਹਿਨਿਸਿ ਅਖੰਡ ਸੁਰਹੀ ਜਾਇ।"
– ਗਉ ਕਬ, ਵਾ ੧:੩ (344)
('ਮਹਾਨਕੋਸ਼' ਇਥੇ 'ਸੁਰਹੀ' ਦਾ ਅਰਥ ਧੁਨ ਕਰਦੇ ਹਨ।)

ਸੁਰਖਰੂ ---- ਕਰਤਵ ਦੀ ਪੂਰੀ ਤਰ੍ਹਾਂ ਪਾਲਣਾ ਸਦਕਾ ਖੁਸ਼ੀ/ਪ੍ਰੰਸਨਤਾ ਸਦਕਾ ਜਿਸ ਦਾ ਚਿਹਰਾ ਲਾਲ ਹੋਵੇ: ਜੁੰਮੇਵਾਰੀ ਤੋਂ ਬਰੀ
"ਜਿਥੇ ਓਹੁ ਜਾਇ ਤਿਥੇ ਓਹੁ ਸੁਰਖਰੂ ਓਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ।"
– ਸਿਰੀ ੪, ਵਾਰ ੧੧:੨ (87)

ਸੁਰਖੀ ----- (ਸੰ.)ਇੰਦਰੀਆਂ
"ਸੁਰਖੀ ਪਾਂਚਉ ਰਾਖੈ ਸਬੈ।"
– ਗਉ ਕਬ, ਵਾ, ੬:੩ (344)

ਸੁਰਗ ------ (ਸੰ.) ਸਵਰਗ, ਦੇਵ ਲੋਕ, ਬੈਕੁੰਠ, ਵੇਖੋ 'ਸੁਰਗ'ਸੁਰਗੁ'
"ਬਿਆਪਤ ਸੁਰਗ ਨਰਕ ਅਵਤਾਰ।"
– ਗਉ ੫, ੮੮, ੧:੨ (182)

ਸੁਰੰਗ ----- (1) ਸੰਦਰ
"ਕਬੀਰ ਗਰਬੁ ਨ ਕੀਜੀਐ ਦੇਹੀ ਦੇਖਿ ਸੁਰੰਗ।"
– ਸਲੋ ਕਬ, ੪੦:੧ (1366)

ਹੋਰ ਰੂਪ:

ਸੁਰੰਗੜੇ –
"ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ।"
– ਰਾਮ ੫, ਵਾਰ ੪ਸ, ੫, ੧:੧ (958)
(2) ਸੋਹਣਾ, ਰੰਗ, ਪ੍ਰੇਮ ਦਾ ਰੰਗ
"ਸੰਤਤ ਹੀ ਸਤਸੰਗਤਿ ਸੰਗ ਸੁਰੰਗ ਰਤੇ ਜਸੁ ਗਾਵਤ ਹੈ।"
– ਸਵ ੪, ਮਥੁ ੩:੧ (1404)

ਸੁਰਗਾ ----- ਸਵਰਗ/ਬੈਕੁੰਠ ਵਿਚ, ਵੇਖੋ 'ਸੁਰਗ'

“ਗਾਵਹਿ ਮੋਹਣੀਆਂ ਮਨੁ ਮੋਹਨਿ ਸੁਰਗਾ ਮਛ ਪਇਆਲੇ।”
- ਜਪੁ ੧, ੨੭:੧੧ (6)

ਹੋਰ ਰੂਪ:

ਸੁਰਗਿ –
“ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ।”
- ਸਿਰੀ ੧, ਅਸ ੨੮, ੧:੨ (71)

ਸੁਰਗਿੰਦੂ ---- ਇੰਦਰਲੋਕ, ਸਵਰਗ
“ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ।”
- ਰਾਮ ੫, ੯, ੪:੨ (885)

ਸੁਰਗੁ ----- ਸਵਰਗ/ਬੈਕੁੰਠ (ਵਿਚ)
“ਗਾਵਨਿ ਤੁਧਨੋ ਮੋਹਣੀਆਂ ਮਨੁ ਮੋਹਨਿ ਸੁਰਗੁ ਮਛੁ ਪਇਆਲੇ।”
- ਆਸਾ ੧, ਸੋਦ ੧:੧੧ (9)

ਹੋਰ ਰੂਪ:

ਸੁਰਗੈ –
“ਸੁਰਗੈ ਦੀਆਂ ਮੋਹਣੀਆਂ ਇਸਤਰੀਆ ਹੋਵਨਿ ਨਾਨਕ ਸਭੋ ਜਾਉ।”(ਸਵਰਗ ਦੀਆਂ)
- ਮਾਝ ੧, ਵਾਰ ੯ਸ, ੧, ੪:੨ (142)

ਸੁਰਜਨ ----- ਚੰਗੇ ਪੁਰਸ਼, ਸੁਜਨ
“ਕਹੁ ਸੁਰਜਨ ਕਿਤੁ ਜੁਗਤੀ ਧਿਆਈਐ।”
- ਬਿਲਾ ੫, ੯੨, ੧*:੨ (822)

ਹੋਰ ਰੂਪ:

ਸੁਰਜਨਹ –
“ਦੁਰਬਚਨ ਭੇਦ ਭਰਮੰ ਸਾਕਤ ਪਿਸਨੰ ਤ ਸੁਰਜਨਹ।” (ਭਲੇ ਪੁਰਸ਼)
- ਸਸ ੫, ੪੪:੨ (1358)

ਸੁਰਜਨੁ –
“ਨਾਨਕ ਕੀ ਬੇਨੰਤੀਆ ਹਰਿ ਸੁਰਜਨੁ
ਦੇਖਾ ਨੈਣ।” (ਉਤਮ ਪੁਰਸ਼)
- ਮਾਝ ੫, ਦਿਨ ੧:੯ (136)
“ਮਾਣੁ ਮਹਤੁ ਕਲਿਆਣੁ ਹਰਿ ਜਸੁ ਸੰਗਿ ਸੁਰਜਨੁ ਸੋ ਪ੍ਰਭੂ।” (ਭਲਾ ਪੁਰਸ਼/ਪਤੀ)
- ਆਸਾ ੫, ਛੰਤ ੭, ੨:੩ (457)

ਸੁਰਝਿ ----- ਸੁਲਝਣਾ, ਛੁਟਣਾ, ਨਿਕਲਣਾ
“ਝੜਾ ਉਰਝਿ ਸੁਰਝਿ ਨਹੀ ਜਾਨਾ।”
- ਗਉ ੫, ਬਾਅ ੧੫:੧ (341)

ਹੋਰ ਰੂਪ:

ਸੁਰਝੀ –
“ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ।” (ਸੁਲਝ ਗਈ)

– ਸਵ ੪, ਗਯੰ ੫:੩ (1402)

ਸੁਰਤਰ ----- ਦੇਵਤਿਆਂ ਦਾ ਬ੍ਰਿੱਛ ਜੋ ਸਭ ਫਲ ਦਿੰਦਾ ਹੈ: ਪਰੰਪਰਾ ਅਨੁਸਾਰ ਅਜਿਹੇ ਪੰਜ ਬ੍ਰਿਛ ਮੰਨੇ ਜਾਂਦੇ ਹਨ: ਮੰਦਾਰ ਪਾਰਜਾਤ, ਸੰਤਾਨ, ਕਲਪ ਬ੍ਰਿਛ ਅਤੇ ਹਰਿਚੰਦਨ, ਹੋਰ ਵੇਖੋ ‘ਸੁਰਿਤਰੁ’

“ਸੁਖ ਸਾਗਰੁ ਸੁਰਤਰ ਚਿੰਤਾਮਨਿ ਕਾਮਧੇਨੁ ਬਸਿ ਜਾ ਕੇ।”
– ਸੋਰ ਰਵਿ, ੪, ੧:੧ (658)

ਸੁਰਤਾ ----- (1) ਹੋਸ਼ਵਾਲਾ, ਸਮਝਦਾਰ

“ਜਿਨਿ ਕੀਤਾ ਬੇਸੁਰਤ ਤੇ ਸੁਰਤਾ।”
– ਗਉ ੫, ੭੫, ੨:੨ (177)

“ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ।” (ਉਚੀ ਸੁਰਤ ਵਾਲਾ)
– ਗਉ ੫, ਥਿਤੀ ੧੭:੫ (300)

“ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨੁ ਸੁ ਸੁਰਤਾ ਕਵਨੁ ਜੜਾ।” (ਚੇਤੰਨ, ਸੁਰਤੀਵਾਨ)
– ਮਾਰੂ ੫, ਸੋਲਾ, ੧੦, ੬:੩ (1081)

(2) ਸ੍ਰੋਤਾ, ਸੁਣਨ ਵਾਲਾ

“ਆਪੇ ਸੁਰਤਾ ਆਪੇ ਜਾਨੁ।”
– ਬਿਲਾ ੧, ੩, ੧:੨ (795)

ਸੁਰਤਾਨੁ ---- (ਅ.ਸੁਲਤਾਨ) ਬਾਦਸ਼ਾਹ, ਸੁਲਤਾਨ

“ਸੋ ਸੁਰਤਾਨੁ ਜੁ ਦੁਇ ਸਰ ਤਾਨੈ।”
– ਭੈਰ ਕਬ, ੧੧, ੩:੧ (1160)

ਸੁਰਤਿ ----- (1) ਸੁਰਤੀ, ਚੇਤੰਨਤਾ, ਸੁਚੇਤਪੁਣਾ

“ਮੰਨੈ ਸੁਰਤਿ ਹੋਵੈ ਮਨਿ ਬੁਧਿ।” (ਸੁਰਤੀ/ਉਚੀ) ਹੋ ਜਾਂਦੀ ਹੈ।
– ਜਪੁ ੧, ੧੩:੧ (3)

“ਮਾਟੀ ਅੰਧੀ ਸੁਰਤਿ ਸਮਾਈ।” (ਜੜ੍ਹ ਦੇਹੀ ਵਿਚ ਚੇਤਨਤਾ ਪਾ ਦਿਤੀ ਹੈ)
– ਮਾਝ ੫, ੧੯, ੨:੧ (100)

“ਮੂਈ ਸੁਰਤਿ ਬਾ ਦੁ ਅਹੰਕਾਰੁ।”
– ਗਉ ੧, ੪, ੨:੩ (152)

(ਸੰਥਿਆ ਅਰਥ ‘ਖੇਜ’ ਕੀਤਾ ਹੈ)

(2) ਸਮਝ, ਸੋਝੀ, ਮਤ

“ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।”
– ਜਪੁ ੧, ੨੩:੧ (5)

“ਸੁਰਤਿ ਹੋਵੈ ਪਤਿ ਉਗਵੈ ਗੁਰਬਚਨੀ ਭਉ ਖਾਇ।” (ਸੋਝੀ ਹੁੰਦੀ ਹੈ, ਸਮਝ ਆਉਂਦੀ ਹੈ)
– ਸਿਰੀ ੧, ੧੦, ੪:੨ (18)

ਹੋਰ ਰੂਪ:

ਸੁਰਤੀ –

“ਜੋਰੁ ਨ ਸੁਰਤੀ ਗਿਆਨਿ ਵੀਚਾਰਿ।”

– ਜਪੁ੧, ੩੩:੫ (7)

(3) ਧਿਆਨ –

“ਸਭਿ ਸੁਰਤੀ ਮਿਲਿ ਸੁਰਤਿ ਕਮਾਈ।” (ਧਿਆਨ ਜੋੜਿਆ, ਸਮਾਧੀ ਲਾਈ)

– ਆਸਾ ੧, ਸੋਦ ੨, ੨:੧ (9)

“ਫਾਹੀ ਸੁਰਤਿ ਮਲੂਕੀ ਵੇਸੁ।” (ਧਿਆਨ ਫਸਾਉਣ ਵਿਚ ਹੈ, ਵੇਸ ਕੋਮਲ ਕੀਤਾ ਹੋਇਆ ਹੈ)

– ਸਿਰੀ ੧, ੨੯, ੩:੧ (24)

(4) ਬ੍ਰਿਤੀ

“ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ।” (‘ਬ੍ਰਿਤੀ’ ਨੂੰ ਉਚੀ ਬਿਰਤੀ ਨਾਲ ਮਿਲਾਈਐ)

– ਸਿਰੀ ੧, ੨੦, ੨:੧ (21)

(5) ਹੋਸ਼

“ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ।”

– ਗਉ ੫, ੧੬੯*, ੧:੨ (27)

(6) ਸ੍ਰੋਤ

“ਨਾਮੈ ਸੁਰਤਿ ਸੁਨੀ ਮਨਿ ਭਾਈ।”

– ਆਸਾ ੪, ੫੮, ੨:੧ (367)

(7) ਖਬਰਗੀਰੀ

“ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨ ਦੀਜੈ ਖੋਲਿ ਕਿਵਾਰ।”

– ਬਿਲਾ ਕਬ, ੭, ੧*:੨ (856)

(8) ਵਿਚਾਰ

“ਗੁਣੀ ਗਿਆਨੀ ਸੁਰਤਿ ਬਹੁ ਕੀਨੀ ਇਕੁ ਤਿਲੁ ਨਹੀ ਕੀਮਤਿ ਪਾਇਆ।”

– ਕਲਿ ੪, ੧, ੧:੨ (1319)

ਸੁਰਤਿਆ --- ਹੋਸ਼ ਵਾਲੇ

“ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ।”

– ਮਾਝ ੧, ਵਾਰ ੧੮ਸ, ੨, ੧:੪ (146)

ਸੁਰਤੀ ----- (1) ਉਚੀ ਸੁਰਤ /ਬ੍ਰਿਤੀ ਵਾਲੇ

“ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ।”

– ਜਪੁ ੧, ੩੫:੧੦ (7)

(2) ਸ੍ਰੁਤੀ/ਵੇਦ ਜਾਣਨ ਵਾਲਿਆਂ ਨੇ, ਗਿਆਨਵਾਨਾਂ ਨੇ

“ਸਭਿ ਸੁਰਤੀ ਮਿਲਿ ਸੁਰਤਿ ਕਮਾਈ।”

– ਆਸਾ ੧, ਸੋਦ ੨, ੨:੧ (9)

ਹੋਰ ਰੂਪ:

ਸੁਰਤੰੀ –

“ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੰੀ ਕਰਮਿ ਧਿਆਈ।”

–ਸਾਰ ੪, ਵਾਰ ੧੬ਸ, ੨, ੧:੫ (1243)

(3) ਉਚੀ ਬ੍ਰਿਤੀ

“ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ।”
– ਸਿਰੀ ੧, ੨੦, ੨:੧ (21)

(4) ਸ਼੍ਰੁਤੀ/ਵੇਦਾਂ ਦੇ
“ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ।”
– ਆਸਾ ੧, ਵਾਰ ੮ਸ, ੧, ੨:੪ (467)

(5) ਉਚੀ ਸੁਰਤ ਵਾਲਾ ਭਾਵ ਪ੍ਰਭ
“ਸੁਰਤੀ ਸੁਰਤਿ ਰਲਾਈਐ ਏਤੁ।”
– ਰਾਮ ੧, ੭, ੧:੧ (878)

(6) ਸਮਾਧੀ (ਧਿਆਨ) ਲਾਣ ਨਾਲ
“ਨ ਭੀਜੈ ਸੁਰਤੀ ਗਿਆਨੀ ਜੋਗਿ।”
– ਸਾਰ ੪, ਵਾਰ ੧ਸ, ੧, ੨:੨ (1237)
“ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ।” (ਬ੍ਰਿਤੀ ਦਾ ਜੋੜਨਾ)
– ਸਾਰ ੪, ਵਾਰ ੯ਸ, ੧, ੨:੧ (1241)

(7) ਗਿਆਨ
“ਸੁਰਤੀ ਕੈ ਮਾਰਗਿ ਚਲਿ ਕੈ ਉਲਟੀ ਨਦਰਿ ਪ੍ਰਗਾਸੀ।”
– ਪ੍ਰਭਾ ੧, ੮, ੩:੧ (1329)

(8) ਸਮਝ, ਸੋਝੀ, ਵੇਖੋ ‘ਸੁਰਤਿ’ (2)

ਹੋਰ ਰੂਪ:

ਸੁਰਤੇ –
“ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ।”
– ਸਾਰ ੪, ਵਾਰ ੭ਸ, ੧, ੨:੨ (1240)

ਸੁਰਪਤਿ ---- ਦੇਵਤਿਆਂ ਦਾ ਪਤੀ ਭਾਵ ਇੰਦਰ
“ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ।”
– ਮਲਾ ੫, ੪, ੧:੧ (1267)

ਸੁਰਮਾ ----- (ਫ. ਸੁਰਮਾ)ਇਕ ਕਾਲੀ ਚਮਕੀਲੀ ਧਾਤ ਜਿਸਨੂੰ ਬਾਰੀਕ ਪੀਸ ਕੇ ਅੱਖਾਂ ਵਿਚ ਔਸ਼ਧੀ ਅਥਵਾ ਅੰਲਕਾਰ ਰੂਪ ਵਿਚ ਪਾਇਆ ਜਾਂਦਾ ਹੈ: ਅੰਜਨ
“ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ।”
–ਆਸਾ ੧, ੩੫, ੩:੨ (359)

ਸੁਰਰਿਦ ---- ਨੇਕ ਦਿਲ, ਸ਼ੁਭਚਿੰਤਕ
“ਮਿਤ੍ਰ ਪੁਤ੍ਰ ਕਲਤ੍ਰ ਸੁਰਰਿਦ ਤੀਨਿ ਮਾਪ ਜਲੰਤ।”
– ਗੂਜ ੫, ੩੦, ੪:੧ (502)

ਸੁਰਾ ------ (1) ਸੁਰੀ ਸੰਪਰਦਾ ਦੇ ਮਨੁੱਖ, ਭਲੇ ਮਨੁੱਖ
“ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।”
– ਜਪੁ ੧, ੩੬:੮ (8)

ਹੋਰ ਰੂਪ:

ਸੁਰਿ –
“ਆਖਹਿ ਸੁਰਿ ਨਰ ਮਨਿ ਜਨ ਸੇਵ।” (ਸੁਰੀ ਨਰ, ਭਲੇ ਪੁਰਸ਼, ਆਤਮਾ)

– ਜਪੁ ੧, ੨੬:੧੮ (6)

(2) ਸੁਰਾਂ, ਧੁਨੀਆਂ (ਸਾ, ਰੇ, ਗਾ, ਮਾ, ਪਾ, ਧਾ, ਨੀ)
"ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ।"
– ਰਾਮ ੫, ੮, ੨:੧ (885)

(3) ਸ਼ਰਾਬ, ਦੇਵਤਿਆਂ ਵਲੋਂ ਸਮੁੰਦਰ ਰਿੜਕਨ ਸਮੇਂ ਨਿਕਲੀ ਇਕ ਵਸਤ
"ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।"
– ਮਲਾ ਰਵਿ, ੧, ੧:੨ (1293)

ਸੁਰਿ ------ (1) ਉਤਮ ਪੁਰਸ਼ ਭਾਵ ਵਾਹਿਗੁਰੂ
"ਨਾਨਕ ਤਿਨ ਮਿਲਿਆ ਸੁਰਿ ਜਨੁ ਸੁਖਦਾਤਾ ਸੇ ਵਡਭਾਗੀ ਮਾਏ।"
– ਗਉ ੫, ਛੰਤ ੪, ੩:੪ (249)

(2) ਵਡੇ
" ਤੂ ਸੁਰਿ ਨਾਥਾ ਦੇਵਾ ਦੇਵ।"
– ਬਸੰ ੧, ੫, ੧:੩ (1169)

ਸੁਰਿਤਰੁ ---- ਸਭ ਫਲ ਦੇਣ ਵਾਲਾ ਬ੍ਰਿਛ, ਵੇਖੋ ਸੁਰਤਰ
"ਸੁਖ ਸਾਗਰ ਸੁਰਿਤਰੁ ਚਿੰਤਾਮਨਿ ਕਾਮਧੇਨ ਬਸਿ ਜਾ ਕੇ ਰੇ।"
– ਮਾਰੂ ਰਵਿ, ੨, ੧:੧ (1106)

ਸੁਰਿਦ ----- ਸੁਹਿਰਦ, ਮਿੱਤਰ
"ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ।"
– ਸਿਰੀ ੫,੯੧, ੧:੨ (50)

ਹੋਰ ਰੂਪ:

ਸੁਰਿਦਾ –
"ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ।" (ਸੁਹਿਰਦ/ਦਿਲੀ ਸਜਨ)
– ਸਾਰ ੫, ੬੭, ੧*:੨ (1217)

ਸੁਰਿਨਾਥ --- ਵਡੇ ਜੋਗੀ, ਵੇਖੋ 'ਸੁਰਿ'(2)
"ਸੁਣਿਐ ਸਿਧ ਪੀਰ ਸੁਰਿਨਾਥੁ।"
– ਜਪੁ ੧, ੮:੧ (2)

ਸੁਰੀਜੈ ----- ਸੂਰਜ ਨੂੰ
"ਜਨ ਕਉ ਪ੍ਰੀਤਿ ਲਗੀ ਗੁਰ ਸੇਤੀ ਜਿਉ ਚਕਵੀ ਦੇਖਿ ਸੁਰੀਜੈ।"
–ਕਲਿ ੪, ਅਸ ੫, ੫:੧ (1326)

ਸੁਰੇ ------- ਸੁਰੀ /ਦੈਵੀ ਬ੍ਰਿਤੀ ਵਾਲੇ, ਭਲੇ ਪੁਰਸ਼
"ਪਾਯਉ ਨਹੀ ਅੰਤੁ ਸੁਰੇ ਅਸੁਰਹ ਨਰ ਗਣ ਗੰਧ੍ਰਬ ਖੋਜੰਤ ਫਿਰੇ।"
– ਸਵ ੪, ਬਲ ੧:੪ (1405)

ਸੁਲਹੀ ----- ਜਹਾਂਗੀਰ ਬਾਦਸ਼ਾਹ ਦਾ ਇਕ ਪਠਾਨ ਅਹਿਲਕਾਰ ਜੋ ਪ੍ਰਿਥੀਚੰਦ ਦਾ ਮਿੱਤਰ ਸੀ ਤੇ ਗੁਰੂ ਅਰਜਨ ਸਾਹਿਬ ਨੂੰ ਅਕਾਰਨ ਤੰਗ ਕਰਨਾ ਚਾਹੁੰਦਾ ਸੀ।
"ਸੁਲਹੀ ਤੇ ਨਾਰਾਇਣ ਰਾਖੁ।"

– ਬਿਲਾ ੫, ੧੦੪, ੧*:੧ (825)

ਸੁਲਖਣਾ ---- ਚੰਗੇ ਲਛਣਾਂ ਵਾਲਾ, ਚੰਗਾ, ਸ਼ੁਭ
“ਭਾਗ ਸੁਲਖਣਾ ਹਰਿ ਕੰਤੁ ਹਮਾਰਾ ਰਾਮ।”
– ਬਿਲਾ ੫, ੨, ੧:੧ (846)

ਹੋਰ ਰੂਪ:

ਸੁਲਖਣੀ –
“ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨ ਹਾਰਿ।” (ਚੰਗੇ ਲੱਛਣਾਂ/ਗੁਣਾਂ ਵਾਲੀ)
– ਸਿਰੀ ੪, ਵਾਰ ੧੬ਸ, ੩, ੧:੭ (89)

ਸੁਲਖਨੀ –
“ਅਬ ਕੀ ਸਰੂਪਿ ਸੁਜਾਨਿ ਸੁਲਖਨੀ ਸਹਜੇ ਉਦਰਿ ਧਰੀ।”
–ਆਸਾ ਕਬ, ੩੨, ੧:੨ (483)

ਸੁਲਤਾਨ ---- (ਅ.ਸੁਲਤਾਨ) ਬਾਦਸ਼ਾਹ
“ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।”
– ਸਿਰੀ ੧, ੬, ੪:੨ (16)

ਹੋਰ ਰੂਪ:

ਸੁਲਤਾਨਾ –
“ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।”
– ਆਸਾ ੧, ਵਾਰ ੧੬:੪ (472)

ਸੁਲਤਾਨਾਂ –
“ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ।”
– ਮਲਾ ੧, ਵਾਰ ੨੫ਸ, ੧, ੨:੧੯ (1290)

ਸੁਲਤਾਨੁ –
“ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।”
– ਸਿਰੀ ੧, ੧, ੪:੧(14)

ਸੁਲਤਾਨੇ –
“ਨਾਮਾ ਸੁਲਤਾਨੇ ਬਾਧਿਲਾ।” (ਬਾਦਸ਼ਾਹ ਨੇ)
– ਭੈਰ ਨਾਮ, ੧੦, ੧*:੧ (1165)

ਸੁਲਿਤਾਨ –
“ਸਾਚਿ ਸੀਲਿ ਚਾਲਹੁ ਸੁਲਿਤਾਨ।”
–ਭੈਰ ਨਾਮ, ੧੦, ੨੪:੨ (1166)
“ਤੁਮ ਨਿਧਾਨ ਅਟਲ ਸੁਲਿਤਾਨ ਜੀਅ ਜੰਤ ਸਭਿ ਜਾਚੈ।”
– ਸੋਰ ੫, ੧੭, ੪:੧ (613)

ਸੁਵੰਨੜੀ ---- ਸੁੰਦਰ, ਕੰਚਨ (ਸੋਨੇ) ਵਰਗੀ
“ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ।”
–ਰਾਮ ੫, ਵਾਰ ੨੧ਸ, ੫, ੨:੧ (966)

ਹੋਰ ਰੂਪ:

ਸੁਵੰਨੀ –
"ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ।"
– ਗਉ ੫, ਵਾਰ ੧੭ਸ, ੫, ੧:੧ (322)

ਸੁਵਰਨ ----- (ਸੰ.) ਸੋਨਾ
"ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ।"
– ਗਉ ੫, ਸੁਖ ੧0, ੪:੬ (276)

ਹੋਰ ਰੂਪ:

ਸੁਵਰਨੁ –
"ਤੈਸਾ ਸੁਵਰਨੁ ਤੈਸੀ ਉਸੁ ਮਾਟੀ।"
–ਗਉ ੫, ਸੁਖ ੯, ੭:੫ (275)

ਸੁਵਾਵੈ ----- ਸੌਂਦਾ ਹੈ
"ਕਬਹੂ ਖਾਟ ਸੁਪੇਦੀ ਸੁਵਾਵੈ।"
– ਭੈਰ ਨਾਮ, ੫, ੩:੧ (1164)

ਸੁਵਿਨਾ ----- ਸੋਨੇ ਦੀ
"ਦੇਹ ਕੰਠਨ ਜੀਨੁ ਸੁਵਿਨਾ ਰਾਮ।"
– ਵਡ ੪, ਘੋੜੀ ੨, ੨:੧ (576)

ਸੁਵੈਦੁ ------ ਸ੍ਰੇਸ਼ਟ/ ਚੰਗਾ ਵੈਦ
"ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ।"
–ਮਲਾ ੧, ਵਾਰ ੩ਸ, ੨, ੨:੧ (1279)

ਸੂਅਟਾ ----- (ਸੰ.) (ਛੋਟੇ, ਕਮਜ਼ੋਰ ਜਿਹਾ ਤੋਤਾ
"ਤੂੰ ਪਿੰਜਰੁ ਹਉ ਸੂਅਟਾ ਤੋਰ।"
– ਗਉ ਕਬ, ੨, ੨:੧ (323)

ਸੂਅਰੁ ----- (ਸੰ.) ਸੂਰ, ਵੇਖੋ 'ਸੂਕਰ'
"ਹਕੁ ਪਰਾਇਆ ਨਾਨਕਾ ਉਸੁ ਸੂਅਰੁ ਉਸੁ ਗਾਇ।"
– ਮਾਝ ੧, ਵਾਰ ੭ਸ, ੧, ੨:੧ (141)

ਸੂਆ------- (1)ਤੋਤਾ
"ਬਾਧਿਓ ਜਿਉ ਨਲਿਨੀ ਭ੍ਰਮਿ ਸੂਆ।"
– ਗਉ ੫, ਬਾਅ ੨੪:੨ (255)

(2) ਸੂਈ
"ਲਉ ਨਾੜੀ ਸੂਆ ਹੈ ਅਸਤੀ।"
– ਰਾਮ ੫, ੧੩, ੧:੨ (886)

ਸੂਐ ------ ਸੂਲ ਉਤੇ
"ਸੂਐ ਚਾੜਿ ਭਵਾਈਅਹਿ ਜੰਤ।"
– ਆਸਾ ੧, ਵਾਰ ੫ਸ, ੧, ੨:੧੯ (465)

ਸੂਇ ------ ਬਚੇ
"ਕਜਲ ਰੇਖ ਨ ਸਹਦਿਆਂ ਸੇ ਪੰਖੀ ਸੂਇ ਬਹਿਠੁ।"
– ਸਲੋ ਫਰ, ੧੪:੨ (1378)
(ਮਹਾਨਕੋਸ਼ ਅਰਥ ਸੂ ਕੇ/ਪ੍ਰਸਤੁਤ ਹੋ ਕੇ ਕਰਦੇ ਹਨ)

ਸੂਈ ------ ਕਪੜੇ ਸਿਊਣ ਦਾ ਇਕ ਸੰਦ ਜਿਸ ਦੇ ਇਕ ਸਿਰੇ ਤੇ ਧਾਗਾ ਪਾਉਣ ਲਈ ਨਕਾ ਹੁੰਦਾ ਹੈ।
"ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ।"
– ਆਸਾ ਕਬ, ੭, ੨:੧ (477)

ਸੂਹਟੁ ------ ਤੋਤਾ, ਵੇਖੋ 'ਸੂਅਟਾ'
"ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ।"
–ਮਾਰੂ ੧, ਅਸ ੨, ੮:੧ (1010)

ਸੂਹਨੀ ----- ਝਾੜੂ
"ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ।"
– ਬਿਲਾ ੫, ੫੧, ੧*:੨ (813)

ਸੂਹਬ ------ (1) ਲਾਲ ਰੰਗ ਦੀ, ਸੂਹੀ
"ਸੂਹਬ ਸੂਹਬ ਸੂਹਵੀ।"
–ਸੂਹੀ ੫, ੧0, ੧*:੧ (739)
(2)ਸੂਹੇ ਵੇਸ ਵਾਲੀ
" ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ।"
–ਸੂਹੀ ੩, ਵਾਰ ੨ਸ, ੩, ੨:੧(785)

ਸੂਹਵੀ ----- ਪ੍ਰੇਮ ਦੇ ਸੂਹੇ ਰੰਗ ਵਿਚ ਰੰਗੀ ਹੋਈ
"ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ।"
– ਸੂਹੀ ੩, ਵਾਰ ੨ਸ, ੩, ੨:੧ (785)

ਹੋਰ ਰੂਪ:

ਸੂਹਵੀਏ –
"ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ।" (ਸੂਹੇ ਵੇਸ ਵਾਲੀਏ)
– ਸੂਹੀ ੩, ਵਾਰ ੧ਸ੩, ੨:੧ (785)
(ਇਥੇ 'ਸੂਹੇ ਵੇਸ ' ਤੋਂ ਭਾਵ ਕਸੁੰਭੜੇ ਵਾਲੇ ਮਾਇਆ ਦੇ ਕਚੇ ਰੰਗ ਤੋਂ ਹੈ)

ਸੂਹਾ ------ ਲਾਲ
"ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ।"
(ਮਾਇਆ ਦਾ 'ਸੂਹਾ' (ਕਸੁੰਭੜੇ ਵਾਲਾ ਰੰਗ, ਨਾਮ ਦੇ 'ਮਜੀਠ' ਵਾਲੇ ਰੰਗਦੇ)
– ਸਿਰੀ ੧, ਅਸ ੨, ੧:੨ (54) (ਵਿਪ੍ਰੀਤ)
"ਸੂਹਾ ਰੰਗੁ ਵਿਕਾਰੁ ਹੈ ਕੰਤੁ ਨਾ ਪਾਇਆ ਜਾਇ।" (ਮਾਇਆ ਦਾ ਕਸੁੰਭੜਾ ਰੂਪੀ ਰੰਗ)
– ਸੂਹੀ ੩, ਵਾਰ ੩ਸ, ੩, ੨:੧ (786)
('ਸੂਹੇ' ਦੇ ਟਾਕਰੇ ਤੇ ਗੁਰਬਾਣੀ ਵਿਚ 'ਲਾਲ' ਰੰਗ ਵੀ ਵਰਤਿਆ ਗਿਆ ਹੈ)

ਹੋਰ ਰੂਪ:

ਸੂਹੈ –
"ਸੂਹੇ ਵੇਸਿ ਦੋਹਾਗਣੀ ਪਰ ਪਿਰੁ ਰਾਵਣ ਜਾਇ।" (ਲਾਲ ਸ਼ਗਨਾਂ ਖੁਸ਼ੀਆਂ ਦੇ ਵੇਸ)
– ਸੂਹੀ ੩, ਵਾਰ ੧ਸ, ੩, ੧:੧ (785)
"ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ।" (ਮਾਇਆ ਦੇ ਕਸੁੰਭੜੇ ਵਾਲੇ ਸੂਹੇ ਰੰਗ ਦੇ)
– ਸੂਹੀ ੩, ਵਾਰ ੩ਸ, ੩, ੨:੩ (786)

ਸੂਕਹਿ ----- ਸੁਕਦੇ ਨਹੀਂ, ਸੋਕੇ ਦਾ ਰੋਗ ਨਹੀਂ ਹੁੰਦਾ
"ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ।"
– ਆਸਾ ੧, ਛੰਤ ੪, ੪:੫(438)

ਸੂਕਰ ------ ਸੂਰ ਵੇਖੋ 'ਸੂਅਰ'
"ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ।"
– ਗਉ ੫, ਸੁਖ ੧0, ੪:੮ (276)

ਹੋਰ ਰੂਪ:

ਸੂਕਰਹ –
"ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।"
– ਸਸ ੫, ੩੩:੨ (1357)

ਸੂਕਾ ------- ਸੁਕਿਆ ਹੋਇਆ
"ਸਾਧ ਕ੍ਰਿਪਾ ਤੇ ਸੂਕਾ ਹਰਿਆ।"
– ਮਾਝ ੫, ੨੬, ੩:੨ (102)
"ਜਨਮ ਜਨਮ ਕੇ ਦੂਖ ਨਿਵਾਰੈ ਸੂਕਾ ਮਨ ਸਾਧਾਰੈ।" (ਹਰੀ ਦੇ ਪ੍ਰੇਮ ਤੋਂ ਖਾਲੀ)
– ਸੋਰ ੫, ੩੪, ੧:੧ (618)

ਹੋਰ ਰੂਪ:

ਸੂਕਾਇਆ –
"ਨਹ ਭੀਗੈ ਅਧਿਕ ਸੂਕਾਇਆ।"
– ਭੈਰ ੫, ੫, ੨:੨ (1137)

ਸੂਕਿ –
"ਇਕਿ ਰਹੇ ਸੂਕਿ ਕਠੂਲੇ।"
– ਬਸੰ ੫, ੧੯, ੧:੨ (1185)

ਸੂਕੀ – ਸੁਕ ਗਈ
"ਬਾਤੀ ਸੂਕੀ ਤੇਲੁ ਨਿਖੂਟਾ।"
– ਆਸਾ ਕਬ, ੧੧, ੧:੧ (478)

ਸੂਕੀ ------ (1) ਸੁਕ ਗਈ, ਵੇਖੋ 'ਸੂਕਾ'
(2)ਸੂਕੀ, ਪ੍ਰਬਲ ਹੋਈ
"ਤੀਨਿ ਚਰਣ ਇਕ ਦੁਬਿਧਾ ਸੂਕੀ।"
– ਮਾਰੂ ੧, ਸੋਲਾ ੪, ੬:੨(1023)

ਸੁਕੇ ------- ਸੁਕੀ/ਸੁਕੇ ਹੋਏ

"ਗੁਰ ਪਰਸਾਦਿ ਪਰਮ ਪਦੁ ਪਾਇਆ ਸੁਕੇ ਕਾਸਟ ਹਰਿਆ।"

– ਗੁਜ ੫, ਸੋਦ ੫, ੧*:੨ (10)

ਸੁਖ ------- 'ਦੁੱਖ' ਦੇ ਵਿਪ੍ਰੀਤ, ਅਨੰਦ ਖੁਸ਼ੀ ਵੇਖੋ 'ਸੁੱਖ'(1)

"ਦੁਖ ਤਿਸੈ ਪਹਿ ਆਖਅਹਿ ਸੁਖ ਜਿਸੈ ਹੀ ਪਾਸਿ।"

– ਸਿਰੀ ੧, ੫, ੩:੩ (16)

ਹੋਰ ਰੂਪ:

ਸੂਖਹੁ –

"ਸੂਖਹੁ ਦੂਖ ਭਏ ਨਿਤ ਪਾਪ ਕਮਾਇਣੁ।"

– ਆਸਾ ੫, ਛੰਤ ੧੧, ੨:੨ (460)

ਸੂਖਣਹ –

"ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ।"

– ਸਸ ੫, ੪੪:੧ (1358)

ਸੂਖਾ–

"ਘਹਿ ਮਹਿ ਸੁਖ ਬਾਹਰਿ ਫੁਨਿ ਸੂਖਾ।"

– ਆਸਾ ੫, ੫੯, ੧:੧ (385)

ਸੂਖਨ –

"ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਉ।"

– ਸਾਰ ੪, ੧੦, ੧*:੨ (1201)

ਸੁਖਮ ------ (1) (ਸੰ.) ਛੋਟਾ

"ਆਪਹਿ ਸੂਖਮ ਆਪਹਿ ਅਸਥੂਲਾ।"

– ਗਉ ੫, ਬਾਅ ੧:੭ (250)

ਹੋਰ ਰੂਪ:

ਸੂਖਮੋ –

"ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ।" (ਕਿਤੇ ਨਿੱਕਾ ਕਿਤੇ ਵੱਡਾ)

– ਮਾਲੀ ੫, ੬, ੧:੨ (987)

(2) ਅਦ੍ਰਿਸ਼ਟ

"ਸੂਖਮ ਮਹਿ ਜਾਨੈ ਅਸਥੂਲੁ।" (ਦ੍ਰਿਸ਼ਟਮਾਨ ਸੰਸਾਰ ਉਸ ਅਦ੍ਰਿਸ਼ਟ ਹਰੀ ਵਿਚ ਹੀ ਹੈ)

– ਗਉ ੫, ਸੁਖ ੯, ੪:੮ (274)

ਹੋਰ ਰੂਪ:

ਸੂਖਮੁ–

"ਤੂੰ ਸੂਖਮੁ ਆਪਹਿ ਅਸਥੂਲੀ।"

- ਮਾਝ ੫, ੨੮, ੧:੨ (102)

(3) ਨਿਰਗੁਣ ਸਰੂਪ

"ਆਪਹਿ ਸੂਖਮ ਆਪਹਿ ਅਸਥੂਲ।"

-ਸਾਰ ੫, ਅਸ ੨, ੮:੪ (1236)

ਹੋਰ ਰੂਪ:

ਸੂਖਮੁ –
"ਨਾਨਕ ਸੋ ਸੂਖਮੁ ਸੋਈ ਅਸਥੂਲੁ।" (ਜੋਤ ਰੂਪ)
– ਗਉ ੫, ਸੁਖ ੧੪, ੫:੧੦ (281)

(4) ਕੋਮਲ, ਬਾਰੀਕ
"ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ।"
(ਦੇਹ ਹੌਲੀ ਕਰਕੇ ਜਟਾਂ ਨਾਲ ਬੰਨ ਲੈਂਦੇ ਹਨ)
– ਸੁਖ ੫, ੧੧*:੨ (1329)

ਸੂਖਾ ------ ਸੁਖ, ਆਰਾਮ
"ਆਨ ਸੂਖਾ ਨਹੀ ਅਵਹਿ ਚੀਤਿ।"
– ਗਉ ੫, ੧੫੧, ੩:੨ (196)

ਸੂਖਿ ------- ਅਨੰਦ, ਖੁਸ਼ੀ, ਸੁਖ ਵੇਖੋ 'ਸੁਖ'
"ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ।"
– ਮਾਝ ੩, ਅਸ ੮, ੩:੩ (113)
"ਸੂਖਿ ਅਰਾਧਨੁ ਦੂਖਿ ਅਰਾਧਨੁ ਬਿਸਰੈ ਨ ਕਾਹੂ ਬੇਰਾ।"(ਸੁੱਖ ਵਿਚ)
– ਜੈਤ ੫, ੪, ੧:੧ (700)

ਹੋਰ ਰੂਪ:

ਸੂਖੀ–
"ਸੂਖੀ ਹੂੰ ਸੁਖੁ ਪਾਇ ਮਾਇ ਨ ਕੀਮ ਗਣੀ।" (ਸੁੱਖ ਹੀ ਸੁਖ)
– ਆਸਾ ੫, ੧੦੫, ੨:੨ (397)
"ਸੂਖੀ ਕਰੈ ਪਸਾਉ ਦੂਖ ਵਿਸਾਰਸੀ।" (ਸੁੱਖਾਂ ਦੀ ਦਾਤ ਦੇਵੇ)
– ਸੂਹੀ ੧, ੫, ੧:੨ (729)

ਸੂਖੁ–
"ਸੂਖੁ ਭਇਆ ਦੁਖੁ ਦੂਰਿ ਪਰਾਨਾ।"
-ਮਾਝ ੫, ੩੦, ੨:੧ (103)
"ਮਨ ਸਗਲ ਕਉ ਹੋਆ ਸੂਖੁ।" (ਸਾਰੇ ਮਨ ਨੂੰ ਸ਼ਾਂਤੀ/ਸੁਖ ਮਿਲਿਆ)
– ਆਸਾ ੫, ੧੦੦, ੧:੨ (395)

ਸੂਖੇ–
"ਨਾਮ ਜਪਤ ਮਨੁ ਨਿਰਮਲ ਹੋਵੈ ਸੂਖੇ ਸੂਖਿ ਗੁਦਾਰਨਾ।"
– ਰਾਮ ੫, ਅਸ ੫, ੪:੧ (915)

ਸੂਚਾ ------ ਸੁਚਾ, ਪਵਿੱਤਰ, ਵੇਖੋ 'ਸੂਚੀ'
"ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ।"
– ਸਿਰੀ ੧, ਅਸ ੫, ੧:੨ (56)

ਸੂਚਾਚਾਰੀ --- ਸਚ/ਪਵਿੱਤਰ/ ਉਚੇ ਆਚਾਰ ਵਾਲਾ
"ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ।"

– ਪ੍ਰਭਾ ੧, ੧੬, ੩:੧ (1332)

ਸੂਚੀ ------ (1) ਸੁਚੀ, ਪਵਿੱਤਰ, ਵੇਖੋ ‘ਸੂਚਾ’

“ਜਿਹਵਾ ਸੂਚੀ ਹਰਿਰਸ ਸਾਰਾ”

– ਗਉ ੧, ਅਸ ੮, ੨:੨ (224)

ਹੋਰ ਰੂਪ:

ਸੂਚੇ –

“ਮਨਿ ਮੁਖਿ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨੁ।”

– ਸਿਰੀ ੧, ਅਸ ੪, ੪:੩ (55)

ਸੂਚੇ –

“ਤਨਿ ਮਨਿ ਸੂਚੈ ਸਾਚੁ ਸੁ ਚੀਤਿ।”

– ਗਉ ੧, ਅਸ ੨, ੮:੨ (221)

ਸੂਚੋ –

“ਨਿਰਮਲ ਨਿਰਮਲ ਸੂਚਾ ਸੂਚੋ ਸੂਚਾ ਸੂਚੋ ਸੂਚਾ।”

– ਬਿਲਾ ੫, ੮੭, ੪:੧ (821)

(2) ਪਵਿੱਤਰਤਾ, ਸੁਚ

“ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ।”

– ਸਲੋ ਕਬ, ੨੦੧:੧ (1375)

ਸੂਝ ------- ਸਮਝ, ਸੋਝੀ

“ਐਸਾ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ।”

– ਗਉ ਰਵਿ, ੧, ੧:੨ (346)

“ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ” (ਹੋਸ਼)

– ਆਸਾ ੫, ੧੫੨, ੧:੧ (408)

ਹੋਰ ਰੂਪ:

ਸੂਝਈ–

“ਬਿਨੁ ਗੁਰ ਪੰਥ ਨ ਸੂਝਈ ਕਿਤੁ ਬਿਧਿ ਨਿਰਬਹੀਐ।” (ਸੁਝਦਾ, ਸਮਝ ਆਉਂਦਾ)

– ਗਉ ੧, ਅਸ ੧੮, ੨:੨ (229)

ਸੂਝਏ–

“ਓਹੁ ਸਬਦਿ ਸਮਾਏ ਆਪੁ ਗਵਾਏ ਤ੍ਰਿਭਵਣ ਸੋਝੀ ਸੂਝਏ।”(ਸੁਝੀ ਜਾਂਦੀ/ ਆ ਜਾਂਦੀ ਹੈ)

– ਬਿਲਾ ੧, ਛੰਤ ੨, ੩:੪ (844)

ਸੂਝਸਿ –

“ਰਾਤਿ ਅਨੇਰੀ ਸੂਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ।” (ਸੁਝਦਾ/ਸਮਝ ਆਉਦਾ)

–ਗਉ ੧, ੧੬, ੨:੨ (156)

ਸੂਝਤ–

“ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ।”

– ਸੋਰ ੯, ੭, ੨:੧ (633)

ਸੂਝਤੇ –

“ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ।” (ਸੁਝ ਪਏ ਹਨ)
– ਧਨਾ ੧, ੮, ੨:੧ (663)

ਸੂਝਿ –
“ਸਮਝ ਸੂਝਿ ਸਹਜ ਘਰਿ ਹੋਵਹਿ।”
– ਆਸਾ ੧, ਅਸ ੪, ੧: (413)

ਸੂਝਿਆ –
“ਤਬ ਤੇ ਇਸ ਨੋ ਸਭੁ ਕਿਛੁ ਸੂਝਿਆ।” (ਸਮਝ ਆਇਆ)
– ਗਉ ੫, ਅਸ ੧, ੫:੪ (235)

ਸੂਝੀ–
“ਸਿਮਰਤ ਨਾਮੁ ਕੋਟਿ ਉਜੀਆਰਾ ਬਸਤੁ ਅਗੋਚਰ ਸੂਝੀ।”
– ਗੂਜ ੫, ੭, ੩:੨ (497)
“ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ।” (ਦਿਸਦਾ)
– ਧਨਾ ੫, ੬, ੧:੨ (672)

ਸੂਝੈ–
“ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ।”
– ਸਿਰੀ ੪, ਵਾਰ ੯ਸ, ੩, ੧:੫ (85)
“ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ।” (ਦਿਸਦਾ)
– ਸਿਰੀ ਬੇਣੀ, ੧, ੫:੨ (93)
“ਮੂਰਖੁ ਹੋਇ ਨ ਆਖੀ ਸੂਝੈ।” (ਦਿਸਦਾ)
– ਆਸਾ ੧, ਅਸ ੫, ੬:੧ (414)

ਸੂਤ ------- (ਸੰ.) ਸੂਤਰ,ਧਾਗਾ ਡੋਰੀ, ਵੇਖੋ ‘ਸੂਤੁ’
“ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ।”
– ਗਉ ਕਬ, ੫੪, ੧:੨ (335)
“ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ।” (ਸੂਤਰ ਦਾ)
– ਸੋਰ ੧, ਅਸ ੨, ੬:੧ (635)
“ਸੂਤ ਬਿਨਾ ਕੈਸੇ ਮਣੀ ਪਰੋਈਐ।” (ਡੋਰੀ)
– ਗੋਂਡ ਕਬ, ੯, ੨:੨ (872)
“ਸੂਤੈ ਸੂਤ ਮਿਲਾਏ ਕੋਰੀ।” (ਸੁਰਤ ਰੂਪੀ ਸੂਤ)
– ਗਉ ਕਬ, ੩੬, ੪:੨ (484)

ਸੂਤਕਿ ----- (1) ਅਪਵਿੱਤਰ
“ਸੂਤਕਿ ਕਰਮ ਨ ਪੂਜਾ ਹੋਇ।”
–ਗਉ ੩, ਅਸ ੧, ੪: (229)

ਹੋਰ ਰੂਪ:

ਸੂਤਕੁ–
“ਮਨ ਕਾ ਸੂਤਕੁ ਦੂਜਾ ਭਾਉ।”
– ਗਉ ੩, ਅਸ ੧, ੧:੧ (229)

(2) ਪ੍ਰਸੂਤ ਸਮੇਂ ਦੀ ਅਸ਼ੁਧੀ
“ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕਿ ਪਰਜ ਬਿਗੋਈ।”

- ਗਉ ਕਬ, ਅਸ ੪੧, ੧:੧ (331)

ਹੋਰ ਰੂਪ:

ਸੂਤਕੁ –
“ਜੇ ਕਰਿ ਸੁਤਕੁ ਮੰਨੀਐ ਸਭ ਤੈ ਸੂਤਕੁ ਹੋਇ।”
– ਆਸਾ ੧, ਵਾਰ ੧੮ਸ, ੧, ੧:੧ (472)
“ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ।”
– ਆਸਾ ੧, ਵਾਰ ੧੮ਸ, ੧, ੩:੧ (472)

ਸੂਤਧਾਰੀ ---- ਸੂਤਰ ਦੀ ਡੋਰੀ
“ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੇ ਸੂਤਧਾਰੀ।”
–ਆਸਾ ੧, ੩੫, ੧:੧ (359)

ਸੂਤਧਾਰੁ ---- ਧਾਗੇ ਨੂੰ ਹੱਥ ਵਿਚ ਰੱਖਣ ਵਾਲਾ
“ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤੁ ਖਿੰਚੇ ਢਹਿ ਢੇਰੀ ਹੋਇ।”
– ਸੋਰ ੪, ੨, ੧:੩ (605)

ਸੂਤੜੀਏ ---- ਸੁਤੀਏ ਹੋਈਏ
“ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ।”
– ਬਿਲਾ ੧, ਛੰਤ ੨, ੨:੧ (844)

ਸੂਤਾ ------ ਸੁਤਾ ਹੋਣਾ
“ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ।”
– ਗਉ ੩, ੩੦, ੧:੧ (160)
“ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ।”
– ਗਉ ੫, ੧੩੦*, ੨:੨ (207)
“ਜਗ ਸੂਤਾ ਮਰਿ ਆਵੈ ਜਾਇ।” (ਅਗਿਆਨਤਾ ਦੀ ਨੀਂਦ ਵਿਚ ਸੁੱਤਾ)
– ਰਾਮ ੧, ਅਸ ੩, ੬:੩ (904)
“ਤਪੇ ਰਖੀਸਰ ਮਾਇਆ ਮਹਿ ਸੂਤਾ।” (ਮਗਨ)
– ਭੈਰ ਕਬ, ੧੩, ੩:੩ (1160)
“ਮੰਦਲੁ ਨ ਬਾਜੈ ਨਟੁ ਪੈ ਸੂਤਾ।” (ਸੁਤਾ)
–ਆਸਾ ਕਬ, ੧੨, ੧:੨ (478)
(ਮਹਾਨਕੋਸ਼ ਇਥੇ ‘ਸੂਤਾ’ ਦੇ ਅਰਥ ‘ਸਹੀ ਦਰੁਸਤ’ ਕਰਦਾ ਹੈ।)

ਸੂਤਿ ------ (1) ਸੂਤਰ/ਮਰਯਾਦਾ/ਨਿਯਮ/ਹੁਕਮ
“ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।”
– ਜਪੁ ੧, ੧੬:੮(3)
(2) ਧਾਗੇ (ਪ੍ਰਮਾਤਮਾ ਦੀ ਚੇਤਨ-ਸਤਾ ਰੂਪੀ)
“ਏਕੈ ਸੂਤਿ ਪਰੋਏ ਮਣੀਏ।”
– ਰਾਮ ੫, ੧੨, ੩:੧ (886)

ਸੂਤਿ ਹੋ ---- ਹੇ ਸੁਤੇ ਹੋਇਓ
“ਜਾਗਹੁ ਜਾਗਹੁ ਸੂਤਿ ਹੋ ਚਲਿਆ ਵਣਜਾਰਾ।”

-ਆਸਾ ੧, ਅਸ ੧੩, ੧*:੧ (418)

ਸੂਤੀ ------- (1)ਸੁਤੀ ਹੋਈ

“ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ।”

- ਸਿਰੀ ੧, ਅਸ ੨, ੮:੧ (54)

(2) ਭੋਗਦੀ ਹੈ

“ਸੇਵਕ ਤਜਿ ਜਗਤ ਸਿਉ ਸੂਤੀ।”

- ਗੋਂਡ ਕਬ, ੮, ੨:੨ (872)

ਸੂਤੁ ------- (1) ਧਾਗਾ, ਡੋਰੀ, ਵੇਖੋ ‘ਸੂਤ’

“ਤੂੰ ਸੂਤੁ ਮਣੀਏ ਭੀ ਤੂੰ ਹੈ।”

-ਮਾਝ ੫, ੨੮, ੨:੧(102)

“ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ।” (ਜੀਵਨ ਰੂਪ ਧਾਗਾ)

- ਕਲਿ ੪, ਅਸ ੨, ੬:੧ (1324)

(2) ਜਨੇਊ

“ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ।”

-ਆਸਾ ੪, ੩੩, ੪:੧ (358)

(3) ਠੀਕ ਠਾਕ

“ਬਾਹਰਿ ਸੂਤੁ ਸਗਲ ਸਿਉ ਮਉਲਾ।”

- ਆਸ ੫, ੫੪, ੧*:੧ (384)

(4) ਸੂਤਰ

“ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ।”

-ਆਸਾ ਕਬ, ੨੬, ੧:੧ (482)

ਸੂਤੁਧਰਿ ---- ਪੁਤਲੀਆਂ ਦੀ ਡੋਰੀ ਜਿਸ ਦੇ ਹੱਥ ਹੈ, ਮੰਚ ਪ੍ਰਬੰਧਕ

“ਥਾਕਾ ਮਨੁ ਕੁੰਚਰ ਉਰ ਥਾਕਾ ਤੇਜੁ ਸੂਤੁਧਰਿ ਰਮਤੇ।”

-ਆਸਾ ਕਬ ੧੮, ੪:੨ (480)

ਸੂਤੇ ------- (1) ਸੁਤਾ ਹੋਇਆ/ਪਿਆ

“ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ।”

-ਗਉ ੧, ਅਸ ੨, ੪:੧(229)

“ਏ ਸੂਤੇ ਅਪਣੈ ਅਹੰਕਾਰੀ।” (ਅਗਿਆਨਤਾ ਦੀ ਨੀਂਦ ਸੁਤੇ)

-ਭੈਰ ੩, ੨, ੧:੨ (1128)

(2) ਮਸਤ, ਖਚਿਤ

“ਦੂਜੇ ਭਾਇ ਸੂਤੇ ਕਬਹੁ ਨ ਜਾਗਹਿ ਮਾਇਆ ਮੋਹ ਪਿਆਰ।”

-ਬਿਲਾ ੪, ਵਾਰ ੭ਸ, ੩, ੩:੬ (852)

ਸੂਤੈ ------- ਸੂਤਰ, ਹਰੀ ਰੂਪੀ ਸੂਤਰ

“ਸੂਤੈ ਸੂਤ ਮਿਲਾਏ ਕੋਰੀ।”

-ਗਉ ਕਬ, ੩੬, ੪:੨(484)

ਸੂਤ੍ਰਿ ------- ਮਰਯਾਦਾ
“ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ।”
-ਗਉ ੫, ਸੁਖ੪, ੮:੭ (268)

ਸੂਦ ------- (1) (ਸੰ.) ਚੌਥਾ ਵਰਣ, ਨੀਵੀਂ ਜਾਤ, ਵੇਖੋ ਸੂਦੁ
“ਤੁਮ ਕਤ ਬ੍ਰਾਹਮਣ ਹਮ ਕਤ ਸੂਦ।”
-ਗਉ ਕਬ,੭, ੩: ੧ (324)

ਸੂਦੀ ------- ਨੀਵੀਂ ਜਾਤ ਵਾਲੀ ਇਸਤ੍ਰੀ, ਸ਼ੂਦਰਨੀ
“ਅਧਮ ਚੰਡਾਲੀ ਭਈ ਬ੍ਰਾਹਮਣੀ ਸੂਦੀ ਤੇ ਸ੍ਰੇਸ਼ਟਾਈ ਰੇ।”
-ਆਸਾ ੫, ੪੪, ੧:੧ (381)

ਸੂਦੁ ------- (1)ਸੂਦਰ, ਨੀਵੀਂ ਜਾਤ ਦਾ ਮਨੁੱਖ
“ਸੂਦੁ ਵੈਸੁ ਪਰ ਕਿਰਤਿ ਕਮਾਵੈ।”
-ਗਉ ੪, ੩੯, ੩:੨ (164)

ਹੋਰ ਰੂਪ:

ਸੂਦ੍ਰ-
“ਖਤ੍ਰੀ ਸ਼ਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ।”
-ਆਸਾ ੧, ਵਾਰ ੧੨ਸ, ੨, ੩:੨ (469)

(2)(ਸੂਦ) ਵਿਆਜ
“ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ।”
-ਗਉ ੪, ੪੮, ੩:੧ (166)

ਸ਼ੂਧ -------ਸ਼ੁਧ, ਸੋਝੀ, ਸੂਝ
“ਭਰਿ ਜੋਬਨ ਭੋਜਨ ਸੁਖ ਸੂਧ।”
-ਗਉ ੫, ਸੁਖ ੪, ੧:੬(266)

ਸੂਧਉ ------ ਸਿਧੀ
“ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤ ਜਤਨੁ ਮੈ ਕੀਨਉ।”
-ਸੋਰ ੯,੯, ੩:੧ (633)

ਸੂਧਾ -------ਸਿੱਧਾ
“ਉਰਧ ਪੰਕ ਲੈ ਸੂਧਾ ਕਰੈ।”
-ਗਉ ਕਬ ਵਾ, ੪:੪ (344)

ਸੂਧੁ -------ਸ਼ੁਧ, ਸਾਤ
“ਮੈਲੁ ਕੀਨੋ ਸਾਬੁਨੁ ਸੂਧੁ।”
-ਰਾਮ ੫, ੫੪, ੨:੨(900)

ਸ਼ੂਧੇ -------ਸਿੱਧੇ
“ਸ਼ੂਧੇ ਸ਼ੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ।”
-ਬਿਲਾ ਕਬ, ੧, ੧*:੨ (855)

ਸ਼ੂਧੋ -------ਸਿਧੀ

“ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।”
-ਦੇਵ ੯, ੧, ੨:੧ (536)

ਸੂਨਾ ------- ਸੁੰਨਾ, ਨਿਰਜਨ, ਵਸੋਂ ਤੋਂ ਵਿਹੂਣਾ, ਉਜੜਿਆ
“ਨਾਮ ਬਿਨਾ ਸੂਨਾ ਘਰੁ ਬਾਰੁ।”
-ਬਸੰ ੧, ਅਸ ੧, ੬:੪ (1187)

ਹੋਰ ਰੂਪ:

ਸੂੰਨਾ-
“ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ।”
-ਆਸਾ ਕਬ, ੯, ੧:੨ (477)

ਸੂਨੇ-
“ਸੂਨੇ ਨਗਰਿ ਪਰੇ ਠਗਹਾਰੇ।”
-ਗਉ ੫, ੮੯, ੨:੪ (182)

“ਨਾਮ ਬਿਹੂਨ ਸੂਨੇ ਸੇ ਮੁਖਾ।”(ਅਫਲ)
-ਗਉ ੫, ੧੩੪, ੧:੨ (192)

ਸੂਨੋ-
“ਬਿਨੁ ਵਖਰ ਸੂਨੋ ਘਰੁ ਹਾਟੁ।” (ਸਖਣੇ, ਖਾਲੀ)
-ਗਉ ੧, ੬, ੪:੩ (153)

ਸੂਫ ------- (ਫਾ. ਸੂਫ) ਪਸ਼ਮ/ਉੂਨ ਦਾ ਕਪੜਾ, ਕੰਬਲ
“ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ।”
-ਸਲੋ ਫਰ, ੫0:੧ (1380)

ਸੂਮਹਿ ----- (ਅ. ਸ਼ੂਮ) ਕੰਜੂਸ, ਮਨਹੂਸ
“ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ।”
- ਆਸਾ ਕਬ, ੧੬, ੩:੧ (479)

ਸੂਰ ------- (ਸੰ.) ਸੂਰਜ
“ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।”
- ਜਪੁ ੧, ੩੫:੬ (7)

(2) (ਸੰ.) ਸੂਰਮੇ, ਯੋਧੇ, ਵੇਖੋ ‘ਸੂਰਨ’
“ਅਸੰਖ ਸੂਰ ਮੁਹ ਭਖ ਸਾਰ।”
- ਜਪੁ ੧, ੧੭:੭ (4)

“ਸਰਣਿ ਸੂਰ ਫਾਰੇ ਜਮ ਕਾਗਰ।”
(ਸੂਰਮੇ ਗੁਰੂ ਦੀ)
-ਗਉ ੫, ੧੫0, ੧*:੨ (196)

ਹੋਰ ਰੂਪ:

ਸੂਰਉ-
“ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ।”
-ਗਉ ਕਬ, ਬਾਅ ੩੪:੨ (342)

ਸੂਰਸਤ ---- ਸੂਰਜ ਦੀ ਨਾੜੀ ਅਰਥਾਤ ਪਿੰਗਲਾ
"ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ।"
-ਮਾਰੂ ਜੈਦੇ, ੧, ੧:੧ (1106)

ਸੂਰਜ ------ ਦਿਵਾਕਰ, ਇਕ ਅਗਨ ਦੇ ਗੋਲੇ ਵਰਗਾ ਸਿਆਰਾ ਜਿਸ ਦੇ ਸਾਹਮਣੇ ਆਉਣ (ਪ੍ਰਗਟ ਹੋਣ ਨਾਲ) ਹਰ ਥਾਂ ਰੋਸ਼ਨ ਹੋ ਜਾਂਦੀ ਹੈ। ਵੇਖੋ 'ਸੂਰ'
"ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ।"
-ਸਿਰੀ ੪, ਵਾਰ ੧੨:੪ (87)

ਹੋਰ ਰੂਪ:

ਸੂਰਜੁ-
"ਸੂਰਜੁ ਏਕੋ ਰੁਤਿ ਅਨੇਕ।"
-ਆਸਾ ੧, ਸੋਹ ੨, ੨:੨(12)

ਸੂਰਤਣ ---- ਸੂਰਮਤਾ, ਬਹਾਦਰੀ
"ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ।"
-ਆਸਾ ੧, ਵਾਰ ੮ਸ, ੧, ੨:੩ (467)
"ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ ।"(ਸੂਰਮਿਆਂ ਵਾਲਾ)
-ਗਉ ੫, ਬਾਅ ੩੧:੪ (256)

ਹੋਰ ਰੂਪ:

ਸੂਰਤਣੁ-
"ਖਤ੍ਰੀ ਕਰਮ ਕਰੇ ਸੂਤਰਣੁ ਪਾਵੈ।"
-ਗਉ ੪, ੩੯, ੩:੧ (164)

ਸੂਰਤਿ ----- (ਅ.) ਸ਼ਕਲ
"ਕੀਰਤ ਸੂਰਤਿ ਮੁਕਤਿ ਇਕ ਨਾਈ।"
-ਗਉ ੧, ਅਸ ੨, ੭:੧ (221)
"ਸੂਰਤਿ ਦੇਖਿ ਨ ਭੂਲੁ ਗਵਾਰਾ।" (ਸ਼ਕਲ, ਬਾਹਰੀ ਰੂਪ)
-ਮਾਰ ੫, ਸਲੋ ੭, ੧:੧ (1077)
"ਦਾਤਿ ਜੋਤਿ ਸਭ ਸੂਰਤਿ ਤੇਰੀ।"(ਸੁੰਦਰਤਾ) ਰੂਪ
-ਸਾਰ ੪, ਵਾਰ ੩੫ਸ, ੩, ੨:੧ (1251)

ਸੂਰਦਾਸ ---- ਸੰਸਕ੍ਰਿਤ ਤੇ ਫਾਰਸੀ ਦਾ ਵਿਦਵਾਨ ਮਦਨ ਮੋਹਨ ਬ੍ਰਾਹਮਣ (ਜਨਮ 1586) ਅਵਧ ਦੇ ਇਲਾਕੇ ਸੰਦੀਲਾ ਵਿਚ ਅਕਬਰ ਦਾ ਅਹਿਲਕਾਰ, ਵੈਰਾਗ ਹੋ ਜਾਣ ਤੇ ਸਭ ਕੁਝ ਤਿਆਗ ਦਿਤਾ ਤੇ ਪ੍ਰਭੂ ਭਗਤੀ ਵਿਚ ਬਾਕੀ ਉਮਰ ਲੰਘਾਈ ਕਾਂਸ਼ੀ ਕੋਲ ਇੰਨਾਂ ਦੀ ਸਮਾਧੀ ਹੈ।
"ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ।"
-ਸਾਰ ਸੂਰ, ੧, ੨:੨ (1253)

ਸੂਰਨ ------ ਸੂਰਬੀਰ, ਯੋਧੇ, ਬਹਾਦਰ, ਵੇਖੋ 'ਸੁਰ'(2)
"ਸੂਰਨ ਮਹਿ ਸੂਰਾ ਤੂੰ ਕਹੀਅਹਿ ਭੋਗਨ ਮਹਿ ਭੋਗੀ।"
- ਗੁਜ ੫, ਅਸ ੧, ੩:੧ (507)

ਸੂਰਬੀਰ ---- ਬਹਾਦਰ, ਸੂਰਮਾ

"ਸੂਰਬੀਰ ਬਚਨ ਕੇ ਬਲੀ।"

– ਆਸਾ ੫, ੮੮, ੩:੩ (392)

"ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ।"(ਪੰਜ ਸੂਰਬੀਰ ਹਨ– ਕਾਮ, ਕ੍ਰੋਧ, ਲੋਭ ਮੋਹ, ਅਹੰਕਾਰ)

– ਆਸਾ ੫, ੧੩੨, ੧*:੧ (404)

ਸੂਰਮਾ ----- **ਬਹਾਦਰ, ਯੋਧਾ**

"ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।"

– ਮਾਰੂ ਕਬ, ੧੦, ੧:੨ (1105)

ਹੋਰ ਰੂਪ:

ਸੂਰਮੇ –

"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ।"(ਸੂਰਮੇ ਨੇ)

– ਸਲੋ ਕਬ, ੧੯੪:੧ (1374)

ਸੂਰਾ ------ **(1) ਬਹਾਦਰ, ਸੂਰਮਾ**

"ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ।"

–ਜਪੁ ੧, ੨੭:੧੩(6)

ਹੋਰ ਰੂਪ:

ਸੂਰਿਆ–

"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।"

– ਵਡ ੧, ਅਲਾ ੨, ੩:੧(579)

(2) ਸੂਰਜ

"ਆਪੇ ਸਸਿ ਸੂਰਾ ਪੂਰੋ ਪੂਰਾ।"

– ਮਾਰੂ ੧, ਸੋਲਾ੧, ੪:੧(1020)

ਸੂਰੀ ------ **ਸੂਲੀ, ਸਲੀਬ**

"ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ।"

– ਸਲੋ ਕਬ, ੧੦੯:੨(1370)

ਸੂਰੁ ------- **(1) ਸੂਰਜ**

"ਜੈਸੇ ਸੂਰੁ ਸਰਬ ਕਉ ਸੋਖ।"

– ਗਉ ੫, ਸੁਖ ੮, ੧:੪ (272)

"ਉਗਵੈ ਸੂਰੁ ਨ ਜਾਪੈ ਚੰਦੁ।"

–ਸੂਹੀ ੩, ਵਾਰ ੧੭ਸ, ੧, ੧:੩ (791)

"ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ।"(ਗੁਰੁ ਗਿਆਨ ਰੂਪੀ ਸੂਰਜ)

– ਰਾਮ ੧, ਸਿਗੋ ੪੯:੨(943)

(2) ਸੂਰਮਾ, ਬਹਾਦਰ

"ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ।"

– ਗਉ ਕਬ, ੬੮, ੧:੨ (338)

ਸੂਰੂਟਾ ----- **ਸੂਰਮੇ**

"ਬਿਖਮ ਥਾਨ ਬਹੁਤ ਬਹੁ ਧਰੀਆ ਅਧਿਕ ਰਾਖ ਸੂਰੂਟਾ।"
- ਸਾਰ ੫, ੩੨, ੧:੧ (1210)

(ਮਹਾਨਕੋਸ਼' ਨੇ ਇਸ ਦੇ ਅਰਥ 'ਕਿਲੇ ਦੀ ਦੀਵਾਰ ਵਿਚ ਉਹ ਮੋਰੀ ਜਿਸ ਰਾਹੀਂ ਵੈਰੀ ਉਤੇ ਗੋਲਾਬਾਰੀ/ਹੱਲਾ ਕੀਤਾ ਜਾਵੇ' ਕੀਤੇ ਹਨ)

ਸੂਰੇ ------- ਸੂਰਮੇ, ਬਹਾਦਰ, ਯੋਧੇ
"ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ।"
- ਵਡ ੧, ਅਲਾ ੨, ੩:੨ (580)

ਹੋਰ ਰੂਪ:

ਸੂਰੋ–
"ਸਰਣਿ ਸੁਰੋ ਗੁਰ ਦਾਤਾ ਰਾਖੈ ਆਪਿ ਵਡਾਈ।"(ਸ਼ਰਨ ਦੇ ਸ਼ਕਲ ਵਾਲਾ ਸੂਰਮਾ)
- ਮਾਰੂ ੫, ੨੦, ੧*:੨ (1005)

ਸੂਲ ------- ਪੀੜ
"ਕਰਮ ਧਰਮ ਕੀ ਸੂਲ ਨ ਸਹਹੁ।"
- ਗਉ ਕਬ, ਥਿਤੀ ੭:੪ (343)

ਸੂਲਾ ------ (1) (ਅ.) ਜੜ੍ਹ
"ਤਲੈ ਰੇ ਬੈਸਾ ਉਪਰਿ ਸੁਲਾ।"
- ਆਸਾ ਕਬ, ੨੨, ੩:੧ (481)

(2) (ਸੰ.)ਨੁਕੀਲਾ ਕੰਡਾ
"ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ।"
- ਰਾਮ ਕਬ, ੩, ੪:੧ (969)

ਸੂਲਾਂ ------ (ਕੰਡਿਆਂ ਦੀਆਂ) ਚੋਭਾਂ, ਚਿੰਤਾ,ਫਿਕਰ
"ਫਰੀਦਾ ਭੁਖਾ ਸੇਤੀ ਦੇਹੁ ਗਇਆ ਸੂਲਾਂ ਸੇਤੀ ਰਾਤਿ।"
- ਸਲੋ ਫਰ, ੮੫:੧ (1382)

ਸੂਲਾਕੁ ----- (ਸੰ.) ਲੋਹੇ ਦੀ ਤਿਖੀ ਸੀਖ ਜਿਸ ਨਾਲ ਸੋਨੇ ਨੂੰ ਪਰਖਨ ਲਈ ਛੇਕ ਕੀਤੇ ਜਾਂਦੇ ਹਨ।
"ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ।"
- ਭੈਰ ੧, ਅਸ ੧, ੨:੧ (1153)

ਸੂਲਿ ------ (1) ਸੂਲੀ, ਸਲੀਬ
"ਵੇਮੁਖ ਹੋਇ ਰਾਮ ਤੇ ਜਿਉ ਤਸਕਰ ਉਪਰਿ ਸੂਲਿ।"
- ਗਉ ੫, ਵਾਰ ੭ਸ, ੫, ੨:੨ (318)

(2) ਦੁਖਾ ਚਿੰਤਾ ਫਿਕਰ
"ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ।"
- ਗਉ ੫, ਵਾਰ ੮ਸ, ੫, ੨:੧ (319)

(3) ਦੁਖ, ਪੀੜਾ
"ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ।"
- ਗਉ ੫, ਵਾਰ ੧੮ਸ, ੫, ੨:੨ (322)

ਹੋਰ ਰੂਪ:

ਸੂਲੀਆ – (ਸੂਲੀ ਚੜ੍ਹਨ ਦੇ) ਦੁਖ/ ਪੀੜਾ
"ਜੇ ਮਨ ਜਾਣਹਿ ਸੂਲੀਆ ਕਾਹੇ ਮਿਠਾ ਖਾਹਿ।"
–ਸੋਰ ੧, ੧, :੩ (595)
"ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ।" (ਪੀੜਾ, ਦੁੱਖ)
– ਗਉ ੪, ਵਾਰ੧੯ਸ, ੪, ੧:੧ (311)

ਸੂਲੁ–
"ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ।"
– ਸੋਰ ੫, ਅਸ ੨, ੪:੩ (641)

ਸੇ -------- (1) ਉਹ, ਉਹਨਾਂ, ਇਹ
"ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ।"
– ਜਪੁ ੧, ੨੭:੧੬ (6)
"ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ।"(ਇਹ ਦਿਨ)
– ਬਿਹਾ ੫, ੭, ੧:੪ (546)
"ਸੇ ਤੈਂ ਲੀਨੇ ਭਗਤ ਰਾਖਿ।" (ਉਹਨਾਂ ਨੂੰ)
– ਬਸੰ ੫, ਅਸ ੧, ੭:੨ (1192)

(2) ਹੋਣ ਦੀ ਭੂਤਕਾਲੀਨ ਕਿਰਿਆ, ਸਨ
"ਜਿਸ ਕੇ ਸੇ ਤਿਨ ਹੀ ਪ੍ਰਤਿਪਾਰੇ।"
– ਮਾਝ ੫, ੩੯, ੨:੧ (105)
"ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ।" (ਸੀ)
– ਗਉ ੩, ੩੫, ੩:੧ (162)
"ਹਮ ਮੂੜ ਮੁਗਧ ਸਦਾ ਸੇ ਭਾਈ ਗੁਰ ਕੈ ਸਬਦਿ ਪ੍ਰਗਾਸਾ।" (ਸੀਗੇ)
– ਸੋਰ ੩, ੪, ੧:੩ (601)

(3) ਤੋਂ
"ਹਮ ਨੀਚ ਸੇ ਉਤਮ ਭਏ ਹਰਿ ਕੀ ਸਰਣਾਈ।"
– ਛੰਤ ੩, ਅਸ ੨, ੪:੧ (565)
"ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ।"
–ਵਡ ੩, ਅਸ ੨, ੫:੧ (565)

(4) ਜੇਹੇ, ਵਰਗੇ
"ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ।"
– ਧਨਾ ਨਾਮ, ੧, ੨:੧ (692)
"ਸਰਬ ਸੋੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ।"
– ਧਨਾ ਨਾਮ, ੧, ੩:੧ (693)

(5) ਓਹੀ
"ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ।"
– ਸੂਹੀ ੩, ਵਾਰ੧੩ਸ, ੧, ੨:੧ (789)

ਸੇਉ ------- (1) ਸੇਵਾ
"ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ।"
– ਆਸਾ ਕਬ, ੧੪, ੨:੨ (479)

(2) ਸੇਂਵਦਾ/ਪੂਜਦਾ ਹਾਂ

“ਸਰਬ ਪੂਜ ਚਰਨ ਗੁਰ ਸੇਉ।”

– ਗੋਂਡ ੫, ੯, ੧:੪ (864)

(3) ਸ਼ੈਵ, ਸ਼ਿਵ ਦਾ ਉਪਾਸ਼ਕ

“ਨਾ ਇਹੁ ਜਤੀ ਕਹਾਵੈ ਸੇਉ।”

– ਗੋਂਡ ਕਬ, ੫, ੧:੨ (871)

ਸੇਇ ------ (1) ਉਹ, ਸੋਈ

“ਬਡਭਾਗੀ ਨਾਨਕ ਜਨ ਸੇਇ।”

–ਗਉ ੫, ਸੁਖ ੧੩, ੮:੧੦ (281)

“ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ।” (ਉਹੀ)

–ਆਸਾ ੧, ਅਸ ੨੧, ੫:੧ (422)

ਹੋਰ ਰੂਪ:

ਸੇਈ–

“ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ।” (ਉਹ)

– ਜਪੁ ੧, ੨੭:੧੫ (6)

“ਕਾਮਿ ਦਾਮਿ ਚਿਤੁ ਪਰ ਵਸਿ ਸੇਈ।”

–ਗਉ ੧, ਅਸ ੧੨, ੧:੨ (226)

(‘ਮਹਾਨਕੋਸ਼’ ਇਥੇ ‘ਸੇਈ’ ਦੇ ਅਰਥ ਸੇਵਨ ਕਰਦੀ ਹੈ ਕਰਦਾ ਹੈ’)

ਸੇਸੁ ------- ਸ਼ੇਸ਼ਨਾਗ

“ਗਾਵੈ ਗੁਣ ਸੇਸੁ ਸਹਸ ਜਿਹਬਾ ਰਸ ਆਦਿ ਅੰਤ ਲਿਵ ਲਾਗਿ ਧੁਨਾ।”

– ਸਵ ੧, ੫:੨ (1390)

ਸੇਕ ------- ਤਾਉ, ਆਂਚ

“ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ।”

– ਮਾਰੂ ੫, ੨੯, ੧:੧ (1007)

ਸੇਖ ------- (1) (ਅ.) ਬਜੁਰਗ, ਧਰਮ ਤੇ ਸੰਸਾਰ ਦੁਹਾਂ ਖੇਤਰਾਂ ਦਾ ਸਾਂਝਾ ਆਗੂ

“ਸੁਣਿਐ ਸੇਖ ਪੀਰ ਪਾਤਿਸਾਹ।”

– ਜਪੁ ੧, ੧੧:੨ (3)

(2) ਸ਼ੇਸ਼ਨਾਗ

“ਊਤਮ ਉਚੌ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ।”

– ਗਉ ੫, ਥਿਤੀ ੬:੨ (298)

“ਸਹਸ ਫਨੀ ਸੇਖ ਅੰਤੁ ਨ ਜਾਨੈ।”

–ਮਾਰੂ ੫, ਸੋਲਾ ੧੧, ੧੬:੨ (1083)

ਸੇਖਨਾਗ ---- ਸ਼ੇਸ਼ਨਾਗ

“ਸੰਕਰੁ ਨਾਰਦੁ ਸੇਖਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ।”

– ਕਲਿ ੪, ਅਸ ੬, ੧:੧ (1326)

ਹੋਰ ਰੂਪ:

ਸੇਖਨਾਗਿ –

“ਸੇਖਨਾਗਿ ਤੇਰੋ ਮਰਮੁ ਨ ਜਾਨਾਂ।”
– ਧਨਾ ਕਬ, ੧, ੧:੨ (691)

ਸੇਖਨਾਗੈ –
“ਸਹਸ ਫਨੀ ਜਪਿਓ ਸੇਖਨਾਗੈ ਹਰਿ ਜਪਤਿਆ ਅੰਤੁ ਨਾ ਪਾਵੈਗੋ।”
– ਕਾਨ੪, ਅਸ ੩, ੧:੧ (1309)

ਸੇਖਾ –
“ਸਨਕਾਦਿਕ ਨਾਰਦ ਮੁਨਿ ਸੇਖਾ।”
– ਗਉ ਕਬ, ਅਸ ੩੬, ੩:੧ (330)

ਸੇਖਾ ------- (1) ਸੇਸ਼ਨਾਗ, ਵੇਖੋ ‘ਸੇਖਨਾਗਾ’
(2) ਹੇ ਸੇਖ, ਵੇਖੋ, ‘ਸੇਖਾ(1)
“ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ।”
– ਬਿਹਾ ੪, ਵਾਰ ੯ਸ, ੩, ੧:੧ (551)

ਹੋਰ ਰੂਪ:

ਸੇਖਾਂ–
“ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ।”
– ਬਸੰ ੧, ਅਸ ੮, ੫:੧ (1191)

ਸੇਖਾਂ ------ (1) ਸ਼ੇਖਾ ਦਾ ਬਹੁ ਵਚਨ, ਵੇਖੋ ‘ਸੇਖਾ’(2)
(2)ਸਿਖ ਸਕਦਾ ਹਾਂ
“ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ।”
– ਸਾਰ ੫, ੮੮, ੧:੧ (1221)

ਸੇਖੁ ------- ਸ਼ੇਖ, ਧਰਮ ਤੇ ਸੰਸਾਰ ਦੁਹਾਂ ਖੇਤਰਾਂ ਦਾ ਸਾਂਝਾ ਆਗੂ
“ਨਾ ਇਹੁ ਤਪਾ ਕਹਾਵੈ ਸੇਖੁ।”
– ਗੋਂਡ ਕਬ, ੫, ੩:੧ (871)

ਸੇਂਘ ------ (ਸੰ.) ਸ਼ੇਰ ਬਹਾਦਰ
“ਜੈਸੇ ਪਾਲਨ ਸਰਨਿ ਸੇਂਘ।”
– ਮਾਲੀ ੫, ੩, ੨:੪ (987)

ਸੇਜ ------- (1) (ਸੰ.) ਸੌਣ ਲਈ ਕੀਤਾ ਬਿਸਤਰਾ, ਵਿਛੌਣਾ
“ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ।”
– ਸਿਰੀ ੧, ੨੦, ੩:੩ (21)
“ਸੇਜ ਸੁਹਾਵੀ ਹਰਿ ਰੰਗਿ ਰਵੈ ਭਗਤਿ ਭਰੇ ਭੰਡਾਰ।” (ਹਿਰਦੈ ਰੂਪੀ ਸੇਜ)
– ਸਿਰੀ ੩, ੬੨, ੨:੩ (38)
“ਜਾਂਚੈ ਘਰਿ ਕੁਰਮਾ ਪਾਲੁ ਸਹਸ੍ਰਫਨੀ ਬਾਸਕੁ ਸੇਜ ਵਾਲੂਆ।” (ਸੇਜ ਬੰਦ, ਦਾਵਣ)
-ਮਲਾ ਨਾਮ, ੧, ੪:੧ (1292)

ਹੋਰ ਰੂਪ:

ਸੇਜਰੀਆ –
“ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ ਤਉ ਮੇਰੀ ਸੁਖਿ ਸੇਜਰੀਆ।”

– ਸਾਰ ੫, ੪੫, ੨:੨ (1213)

ਸੇਜੜੀ –

"ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ।"

– ਸਿਰੀ ੧, ਅਸ ੯, ੧:੨ (58)

ਸੇਜੜੀਆਂ –

"ਸੇਜੜੀਆਂ ਸੋਇੰਨ ਹੀਰੇ ਲਾਲ ਜੜੰਦੀਆ।"

– ਮਾਰੂ ੫, ਵਾਰ ੨੨, ੫, ੩:੨ (1102)

ਸੇਜੜੀਐ –

"ਮੇਰੀ ਸੇਜੜੀਐ ਆਡੰਬਰ ਬਣਿਆ।"

– ਆਸਾ ੫, ਛੰਤ ੧੦, ੨:੧ (459)

ਸੇਜਾ –

"ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ।"

– ਆਸਾ ੧, ਛੰਤ ੧, ੧:੪ (436)

ਸੇਜੈ –

"ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ।"

–ਸਿਰੀਤ, ੪੬, ੧:੨ (31)

"ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉ ਰੇ।" (ਮਨ ਰੂਪੀ ਸੇਜ)

– ਆਸਾ ਕਬ, ੨੫, ੧*:੩ (179)

(2) ਭੋਗ (ਕਰਨ ਆਇਆ)

"ਨਵ ਰੰਗ ਲਾਲੁ ਸੇਜ ਰਾਵਣ ਆਇਆ।"

– ਸੂਹੀ ੫, ੪, ੪:੩ (737)

ਹੋਰ ਰੂਪ:

ਸੇਜੜੀਆ–

"ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ।"

– ਆਸਾ ੧, ਅਸ ੧੦, ੩:੨ (417)

ਸੇਜ–

"ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।"

–ਸਿਰੀ ੧, ੪, ੨:੨ (15)

ਸੇਤ ------- (1) ਨਾਲ, ਸਮੇਤ

"ਪ੍ਰਭ ਕੀ ਦਰਗਹ ਸੋਭਾ ਸੇਤ।"

– ਗਉ ੫, ੭੯, ੧:੪ (179)

(2) (ਸੰ.) ਚਿਟਾ, ਸੁਫੈਦ, ਹੋਰ ਵੇਖੋ 'ਸੇਤੁ'

"ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ।"

– ਗੂਜ ੧, ਅਸ ੧, ੭:੧ (503)

(3) (ਸੰ.) ਮੁੜਕੇ ਤੋਂ ਉਪਜਣ ਵਾਲੇ

"ਅੰਡ ਬਿਨਾਸੀ, ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ।"

– ਸਾਰ ੫, ੬, ੨:੧ (1204)

ਸੇਤਜ ------ ਮੁੜਕੇ ਤੋਂ ਉਪਜਣ ਵਾਲੇ

"ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।"
– ਸੋਰ ੧, ੪, ੩:੧ (596)

ਹੋਰ ਰੂਪ:

ਸੇਤਜਾਂਹ –
"ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ।"
– ਆਸਾ ੧, ਵਾਰ ੮ਸ, ੧, ੧:੩ (467)

ਸੇਤੰਬਰੁ ---- ਚਿਟੇ ਰੰਗ ਦਾ
"ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ।"
– ਆਸਾ ੧, ਵਾਰ ੧੩ਸ, ੧, ੨:੧ (470)

ਸੇਤਿ ------ ਪੁਲ ਉਤੇ
"ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ।"
– ਸਵ ੩, ੭:੨ (1393)

ਸੇਤੀ ------ (1) ਨਾਲ
"ਮੰਨੈ ਧਰਮ ਸੇਤੀ ਸਨਬੰਧੁ।"
– ਜਪੁ ੧, ੧੪:੪ (3)
"ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।"
– ਸਿਰੀ ੧, ੨, ੨:੨ (14)
(2) ਨਾਲੋਂ ਤੋਂ
"ਗੋਰੀ ਸੇਤੀ ਤੁਟੈ ਭਤਾਰੁ।"
– ਮਾਝ ੧, ਵਾਰ ੧੨ਸ, ੧, ੨:੩ (143)

ਸੇਤੁ ------- (1) ਸੁਫੈਦ, ਵੇਖੋ 'ਸੇਤ'
"ਹਥ ਮਰੋੜੈ ਤਨੁ ਕਪੈ ਸਿਆਹਹੁ ਹੋਆ ਸੇਤੁ।"
– ਮਾਝ ੫, ਬਾਰਾ ੭:੬ (134)
(2) ਪੁਲ
"ਗੁਰਮੁਖਿ ਬਾਂਧਿਓ ਸੇਤੁ ਬਿਧਾਤੈ।" (ਵਿਧਾਤੇ ਨੇ ਗੁਰਮੁਖ ਰੂਪੀ ਪੁਲ ਬੰਨੁ ਦਿਤਾ)
– ਰਾਮ ੧, ਸਿਗੋ ੪0:੧ (942)
"ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ।"
– ਸਵ ੫, ਕਲ ੧੧, ੨:੧ (1408)

ਸੇਨ ------- (ਸੰ.) ਪਸੀਜਨਾ, ਸਿਨੇ ਜਾਣਾ, ਨਰਮ ਹੋ ਜਾਣਾ
" ਹਰਿ ਕੇ ਜਨ ਊਤਮ ਜਗਿ ਕਹੀਅਹਿ ਜਿਨ ਮਿਲਿਆ ਪਾਥਰ ਸੇਨ।"
– ਕਾਨ ੪, ੨, ੩:੧ (1295)

ਸੇਬਰਿ ----- ਸਿੰਬਲ, ਇਕ ਵਡਾ ਆਕਾਰਸ਼ਕ ਫੁੱਲਾਂ ਵਾਲਾ ਰੁੱਖ ਜਿਸ ਨਾਲ ਬਕਬਕੇ ਸੁਆਦ ਵਾਲਾ ਫਲ ਲਗਦਾ ਹੈ।
"ਨਾਲੀਏਰ ਫਲੁ ਸੇਬਰਿ ਪਾਕਾ ਮੂਰਖ ਮੁਗਧ ਗਵਾਰ।"
– ਰਾਮ ਕਬ, ੧੨, ੧:੨ (972)

ਸੇਬਾਲੁ ----- ()-ਪਾਣੀ ਉਤੇ ਆ ਜਾਣ ਵਾਲਾ ਹਰੇ ਰੰਗ ਦਾ ਪਦਾਰਥ

"ਬੂਰ ਤੂੰ ਆਪੇ ਜਾਲੁ ਵਤਾਇਦਾ ਆਪੇ ਵਿਚਿ ਸੇਬਾਲੁ।"
– ਸਿਰੀ੪, ਵਾਰ ੭:੨ (85)

ਸੇਮ ------- (ਫਾ.) ਤੀਜਾ
"ਦੋਮ ਨ ਸੇਮ ਏਕ ਸੋ ਆਹੀ।"
– ਗਉ ਰਵਿ, ੨, ੨:੨ (345)

ਸੇਰ ------- ਤੋਲ ਦੀ ਇਕ ਇਕਾਈ, ਮਣ ਦਾ ਚਾਲੀਹਵਾਂ ਹਿੱਸਾ
"ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ।"
– ਗਉ ਕਬ, ੫੪, ੨:੧ (335)

ਹੋਰ ਰੂਪ:

ਸੇਰ–
"ਅਧ ਸੇਰੁ ਮਾਗਉ ਦਾਲੇ।"
– ਸੋਰ ਕਬ, ੧੧, ੨:੩ (656)

ਸੇਰੁ ------- (1) ਦਲੇਰ, ਬਹਾਦਰ
"ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ।"
– ਗੁਜ ੫, ਵਾਰ ੩ਸ, ੫, ੧:੧ (518)
(2) ਤੇਲ ਦੀ ਇਕ ਇਕਾਈ ਵੇਖੋ 'ਸੇਰ'

ਸੇਲ ------- (1) ਸੂਲ, ਪਿਛਲਾ ਪੈਰ, (ਦੁੱਧ ਚੋਣ ਲਈ ਪਸ਼ੂ ਦੇ ਪਿਛਲੇ ਪੈਰ ਬੰਨ੍ਹੇ ਜਾਂਦੇ ਹਨ) ਇਸ ਨੂੰ ਨਿਆਣਾ ਪਾਣਾ ਕਿਹਾ ਜਾਂਦਾ ਹੈ।
"ਨਾਮਾ ਪਣਵੈ ਸੇਲਮ ਸੇਲ।"
–ਭੈਰ ਨਾਮ, ੧੦, ੧੯:੧ (1166)
(2) ਬਰਛੀ–
"ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ।"
– ਸਲੋ ਕਬ, ੧੯੩:੧ (1374)

ਸੇਵ ------- (1) ਸੇਵਕ
"ਆਖਹਿ ਸੁਰਿ ਨਰ ਮੁਨਿ ਜਨ ਸੇਵ।" (ਮਹਾਨਕੋਸ਼ ਇਥੇ 'ਸੇਵ ਦੇ ਅਰਥ ਸੇਵਾ ਕਰਨਯੋਗ ਕਰਦਾ ਹੈ)
– ਜਪੁ ੧, ੨੬:੧੮ (6)
(2) (ਸੰ.) ਸੇਵਾ
"ਸੁਖ ਹੋਵੈ ਸੇਵ ਕਮਾਣੀਆ।"
– ਸਿਰੀ ੧, ੩੩, ੩:੨ (25)
"ਜਿਨ ਗੁਰਮਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ।"
– ਸਿਰੀ ੩, ੩੭, ੫:੨ (28)

ਹੋਰ ਰੂਪ:

ਸੇਵਉ –
"ਕਿਸੁ ਸੇਵਉ ਕਿਸੁ ਦੇਵਉ ਚੀਤੁ" (ਸੇਵਾ ਕਰਾਂ)
– ਗਉ ੧, ਅਸ ੧, ੫:੨ (231)

ਸੇਵਈ –
"ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ।"
– ਆਸਾ ੫, ੧੨੪, ੨:੨ (402)

ਸੇਵਹਿ–
"ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ"
– ਸਿਰੀ ੪, ਵਾਰ ੭ਸ, ੧, ੨:੩ (85)

(3) ਪੂਜਾ (ਭਾਵ)
"ਮਿਲਿ ਪਾਥਰ ਕੀ ਕਰਹੀ ਸੇਵ।"
– ਗਉ ਕਬ, ੬, ੩:੨ (324)

ਹੋਰ ਰੂਪ:

ਸੇਵਹ –
"ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ"(ਚਰਨ ਪੂਜੀਏ)
– ਜੈਤ ੪, ੪, ੪:੧ (693)

(4) ਸੇਵਦੇ ਹੋਏ, ਸਿਮਰਨ ਕਰਦਿਆਂ
"ਚਾਰ ਆਸਰਮ ਚਾਰਿ ਬਰੰਨਾ ਮੁਕਤਿ ਭਏ ਸੇਵ ਤੋਊ।"
–ਦੇਵ ੫, ੩੩, ੧:੨ (535)
"ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ।" (ਸਿਮਰਨ ਕਰਦਾ)
– ਵਡ ੪, ਘੋੜੀ, ੨, ੪:੩ (576)
('ਮਹਾਨਕੋਸ਼' ਇਥੇ 'ਸੇਵ' ਦੇ ਅਰਥ 'ਪਿਆਰਾ' ਕਰਦਾ ਹੈ)

ਹੋਰ ਰੂਪ:

ਸੇਵਉ –
"ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ।"
– ਬਿਲਾ ੫, ੮੧, ੧:੧ (820)

ਸੇਵਸਾ –
"ਜਿਨਿ ਨਾਮੁ ਦੀਆ ਤਿਸੁ ਸੇਵਸਾ ਤਿਸੁ ਬਲਿਹਾਰੈ ਜਾਉ।"
–ਰਾਮ ੧,ਓਅ ੩੧:੬ (934)

ਸੇਵਹ–
"ਉਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ"
– ਵਡ ੪, ਛੰਤ ੧, ੧:੫ (572)

ਸੇਵਹਿ–
"ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ।"
– ਆਸਾ ੧, ਸੁਪੁ, ੧, ੨:੫ (11)

ਸੇਵਹਿ ----- (1) ਮੰਨਾਂਦੇ ਹਨ
"ਥਿਤੀ ਵਾਰ ਸੇਵਹਿ ਮੁਗਧ ਗਵਾਰ"
– ਬਿਲਾ ੩, ਵਾ ੨, ੧੦:੪ (843)
(2) ਸੇਵਾ ਕਰਦੇ/ਕਰਦੀਆਂ ਹਨ, ਵੇਖੋ ਸੇਵ (2)
(3) ਸੇਵਦੇ/ਸਿਮਰਦੇ ਹਨ, ਵੇਖੋ 'ਸੇਵ' (4)

ਹੋਰ ਰੂਪ:

ਸੇਵਹੀ –
“ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ।”
– ਬਿਲਾ ੫, ੪, ੩:੨ (848)

(4) ਸੇਵਾ ਭਗਤੀ ਕਰਦੇ ਹਨ
“ ਅਨਦਿਨੁ ਸੇਵਹਿ ਸਚੀ ਬਾਣੀ ਸਬਦਿ ਸਚੈ ਓਮਾਹਾ ਹੇ।” (ਸਚੀ ਬਾਣੀ ਦੁਆਰਾ ਸੇਵਾ ਭਗਤੀ ਕਰਦੇ ਹਨ)
– ਮਾਰੂ ੩, ੧੨, ੮:੩ (1055)

ਸੇਵਹੁ ------ (1)ਸਰਨੀ ਪਵੋ
“ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ ਸਭ ਚਲੀ ਰੈਣਿ ਵਿਹਾਦੀ।”(‘ਕਰਿ’ ਦੇ ਅਰਥ ਇਥੇ ‘ਸਮਝ ਕੇ’ ਹਨ ਸਤਿਗੁਰੂ ਨੂੰ ਪੂਰਾ ਸਮਝ ਕੇ ਸਰਨੀ ਪਵੋ।
– ਸਿਰੀ ੪, ਪਹ ੩, ੪:੨ (73)

(2) ਸਿਮਰੋ–
“ਹਰਿ ਸੇਵਹੁ ਖਿਨੁ ਖਿਨੁ, ਢਿਲ ਮੂਲਿ ਨ ਕਰਿਹੁ ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ।”
–ਸਿਰੀ ੪, ਪਹ ੩, ੪:੩ (77)

(3) ਪੂਜੋ–
“ਨਿਤ ਚਰਨ ਸੇਵਹੁ ਸਾਧ ਕੇ ਤਜਿ ਲੋਭ ਮੋਹ ਬਿਕਾਰ।”
– ਮਾਲੀ ੫, ੧, ੨:੧ (986)

ਸੇਵਕ ------ ਸੇਵਾ ਕਰਨ ਵਾਲਾ, ਖਿਦਮਤਗਾਰ, ਦਾਸ
“ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ।”
– ਜਪੁ ੧, ੩੫:੧੦ (7)
“ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ।”
– ਸਿਰੀ ੧, ਅਸ ੨੮, ੧੬:੩ (72)
“ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪ੍ਰਗਾਸਿ।”(ਦਾਸ ਭਾਵ)
– ਸਿਰੀ੪, ਵਣ੧, ੬:੨ (82)

ਹੋਰ ਰੂਪ:

ਸੇਵਕੰ –
“ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪੁਰਖ ਪੁਰਖੋਤਮੰ।”
– ਸਸ ੫, ੨੨:੧ (1356)

ਸੇਵਕਾ –
“ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ।” (ਸੇਵਕ)
– ਸਿਰੀ ੫, ੭੨, ੪:੧ (42)
“ਆਪਣਿਆ ਸੇਵਕਾ ਕੀ ਆਪਿ ਪੈਜ ਰਖੈ ਆਪਣਿਆ ਭਗਤਾਂ ਕੀ ਪੈਰੀ ਪਾਵੈ।” (ਸੇਵਕਾਂ)
– ਬਿਹਾ ੪, ਵਾਰ੧੭:੩ (555)

ਸੇਵਕਾਇ –

"ਕੋਟਿ ਮਾਇਆ ਜਾ ਕੈ ਸੇਵਕਾਇ।" (ਟਹਲਣਾਂ, ਦਾਸੀਆਂ)

– ਭੈਰ ੫, ਅਸ ੨, ੨:੧ (1156)

ਸੇਵਕਾਣੁ–

"ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ।"

–ਗੋਂਡ ੪, ੪, ੪:੨ (861)

ਸੇਵਕਿ –

"ਹਿਰਦੈ ਹਰਿ ਹਰਿ ਨਾਮ ਰਸੁ ਕਵਲਾ ਸੇਵਕਿ ਤਿਸੁ।" (ਦਾਸੀ)

– ਬਿਲਾ ੪, ਵਾਰ ੧, ੨ਸ, ੩, ੨:੩ (854)

"ਸੋ ਸੇਵਕਿ ਰਾਮ ਪਿਆਰੀ।"(ਦਾਸੀ)

– ਰਾਮ ੧, ੧੦, ੧:੩ (879)

ਸੇਵਕੀ –

"ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ।"

– ਵਡ ੪, ਘੋੜੀ ੨, ੪:੩ (576)

ਸੇਵਕੁ –

"ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ"

– ਆਸਾ ੪, ਸੁਪੁ ੧, ੧:੫ (10)

ਸੇਵਕੋ –

"ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ।"

– ਸਿਰੀ ੫, ੭੫, ੩:੧ (43)

ਸੇਵਤ ------ ਸਿਮਰਦਿਆਂ

"ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ।"

– ਗਉ ੫, ੧੫੯, ੧:੧ (214)

"ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ।"

– ਬਿਲਾ ੫, ੮੧, ੧:੧ (820)

('ਮਹਾਨਕੋਸ਼' ਇਥੇ 'ਸੇਵਤ' ਦੇ ਅਰਥ 'ਜਿਸ ਨੂੰ ਸਿਮਰਿਆ ਜਾਵੇ' ਕਰਦਾ ਹੈ)

ਹੋਰ ਰੂਪ:

ਸੇਵੰਤ –

"ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ।"

– ਸਸ ੫, ੭:੧ (1354)

ਸੇਵਦਾ –

"ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ।"

– ਸਿਰੀ ੧, ੧੯, ੪:੨ (21)

ਸੇਵਦਾਰ ---- ਸੇਵਕ, ਪੂਜਾਰੀ, ਉਪਾਸ਼ਕ

"ਪੂਜਾ ਸਤਿ ਸਤਿ ਸੇਵਦਾਰ।"

– ਗਉ ੫, ਸੁਖ ੧੭, ੧:੨ (285)

ਹੋਰ ਰੂਪ:

ਸੇਵਦਾਰੁ –

"ਹਉ ਤਿਸੁ ਢਾਢੀ ਕੁਰਬਾਣੁ ਜਿ ਤੇਰਾ ਸੇਵਦਾਰੁ।"

– ਰਾਮ ੫, ਵਾਰ ੧੧:੧ (962)

ਸੇਵਦੀ ----- ਪੂਜਾਦੀ, ਉਪਾਸ਼ਨਾ ਕਰਦੀ
"ਇਕੁ ਸਚਾ ਸਭ ਸੇਵਦੀ ਧੁਰਿ ਭਾਗਿ ਮਿਲਾਵਾ ਹੋਇ।"
– ਮਾਰੂ ੩, ੪, ੨:੧ (994)

ਹੋਰ ਰੂਪ:

ਸੇਵਦੇ–
"ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ।"
– ਸਿਰੀ ੩, ੪੩, ੩:੨ (30)
"ਪਾਰਬ੍ਰਹਮ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ।"
– ਮਾਝ ੫, ਬਾਰਾ ੧੪:੬ (136)
"ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ।" (ਸਿਮਰਦੇ)
– ਮਾਝ ੫, ਦਿਨ ੨:੯ (137)
ਸੇਵਨਿ –
"ਸਤਿਗੁਰ ਸੇਵਨਿ ਆਪਣਾ ਤੇ ਵਿਰਲੇ ਸੰਸਾਰਿ।" (ਪੂਜਨ)
– ਸਿਰੀ ੩, ੩੪, ੩:੧ (26)
"ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ।" (ਸਿਮਰਨ)
–ਸਿਰੀ ੩, ੪੯, ੧:੩ (32)
ਸੇਵੰਨਿ –
"ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ।"
– ਸੂਹੀ ੩, ਅਸ ੩, ੨੫:੧ (756)
ਸੇਵਨ੍ਹਿ –
"ਸਾਹਿਬੁ ਸੇਵਨ੍ਹਿ ਆਪਣਾ ਪੂਰੇ ਸਬਦਿ ਵੀਚਾਰਿ।"
– ਗਜ ੩, ਵਾਰ ੧0:੨ (512)
ਸੇਵਨ੍ਹੀ –
"ਜਿਨਿ ਕੀਤੇ ਤਿਸੈ ਨ ਸੇਵਨ੍ਹੀ ਦੇਦਾ ਰਿਜਕੁ ਸਮਾਇ।"
– ਸਾਰ ੪, ਵਾਰ ੩੧ਸ, ੩, ੧:੩ (1249)

ਸੇਵੜੀ ----- ਦਾਸੀ, ਸੇਵਾਦਾਰਨੀ
"ਮੈ ਜੁਗਿ ਜੁਗਿ ਦਯੈ ਸੇਵੜੀ।"
– ਸਿਰੀ ੫, ਅਸ ੨੯, ੨੧:੧ (74)

ਸੇਵਾ ------ (1) ਖਿਦਮਤ, ਟਹਲ
"ਸੇਵਾ ਸਾਧ ਨ ਜਾਨਿਆ ਹਰਿ ਰਾਇਆ।"
– ਆਸਾਪ, ਸੋਪੁ ੪, ੨:੨ (12)
"ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ।"
– ਸਿਰੀ ੩, ੩੬, ੪:੧ (27)
"ਗੁਰ ਕੀ ਸੇਵਾ ਸਬਦੁ ਵੀਚਾਰੁ।"
– ਗਉ ੧, ਅਸ ੬, ੭:੧ (223)
"ਸੰਤ ਕੀ ਸੇਵਾ ਨਾਮੁ ਧਿਆਈਐ।"
– ਗਉ ੫, ਸੁਖ ੨, ੮:੮ (265)

(2) ਸਿਮਰਨ, ਉਪਾਸਨਾ, ਬੰਦਗੀ

"ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ।"

– ਸਿਰੀ ੪, ਵਾਰ ੧੦:੧ (86)

(3) ਸੇਵਨ, ਪੂਜਾ, ਹੋਰ ਵੇਖੋ 'ਸੇਵਿ'

"ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ।"

– ਗਉ ੯, ੭, ੧:੧ (220)

(4) ਆਦਰ ਦੇਣਾ (ਭਾਵ)

"ਸਾਧ ਸੰਗਿ ਧਰਮ ਰਾਇ ਕਰੇ ਸੇਵਾ।"

– ਗਉ ੫, ਸੁਖ੭, ੫:੫(271)

ਸੇਵਿ ------ **(1)ਉਪਾਸਨਾ/ਪੂਜਾ ਕਰ**

"ਹਰਿ ਗੁਰ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ।"

– ਸਿਰੀ ੧, ੧੯, ੧*:੨ (21)

"ਸਤਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ।"(ਪੂਜਾ/ ਉਪਾਸਨਾ ਨਾਲ)

– ਸਿਰੀ ੩, ੪੧, ੧*:੨ (29)

"ਸੇਵਤ ਸੇਵਤ ਸਦਾ ਸੇਵਿ ਤੇਰੈ ਸੰਗਿ ਬਸਤੁ ਹੈ ਕਾਲੁ।"

– ਗਉ ੫, ੧੫੮, ੧:੧ (214)

(2) ਗ੍ਰਹਿਣ/ਧਾਰਨ ਕਰ ਕੇ

"ਪੂਰੇ ਗੁਰ ਕੈ ਸਬਦਿ ਧਿਆਈਐ ਸਬਦੁ ਸੇਵਿ ਸੁਖੁ ਪਾਵਣਿਆ।"

–ਮਾਝ ੪, ਅਸ ੩੪, ੫:੩ (130)

(3) ਸੇਵਾ ਕਰਕੇ

"ਸੰਤ ਸੇਵਿ ਪ੍ਰੀਤਿ ਨਾਥ ਰੰਗੁ ਲਾਲ ਨ ਲਾਏ।"

– ਆਸਾ ੫, ੧੫੩, ੧:੨ (408)

"ਸਤਿਗੁਰ ਸੇਵਿ ਲਗੇ ਹਰਿ ਚਰਨੀ ਵਡੈ ਭਾਗਿ ਲਿਵ ਲਾਗੀ।" (ਸੇਵਾ ਕਰਦੇ)

– ਗੁਜ ੫, ੩੨, ੨:੧ (503)

ਹੋਰ ਰੂਪ:

ਸੇਵਿਓ –

"ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ।" (ਸੇਵਾ ਕਰਨਾ)

– ਸਿਰੀ ੩, ੫੩, ੧:੧ (34)

ਸੇਵਿਅਉ –

" ਗੁਰ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਿਰ ਪਰੈ।"

– ਸਵ ੩, ੧੭:੬ (1395)

ਸੇਵਿਆ –

"ਜਿਨੀ ਸਤਿਗੁਰ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ।"(ਸੇਵ ਕੀਤੀ)

– ਸਿਰੀ ੩, ੩੪, ੨:੧ (26)

ਸੇਵਿਐ –

"ਸਤਿਗੁਰ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ।"

– ਸਿਰੀ ੩, ਅਸ ੨੫, ੧*:੨ (69)

ਸੇਵਿਹੁ –

"ਸੋ ਸਤਿਗੁਰੁ ਸੇਵਿਹੁ ਸਾਧ ਜਨੁ ਜਿਨਿ ਹਰਿ ਹਰਿ ਨਾਮੁ ਦ੍ਰਿੜਾਇਆ।"
– ਵਡ ੪, ਵਾਰ੩:੧ (586)

"ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ।"
– ਧਨਾ ੪, ੪, ੨:੧ (667)

ਸੇਵੀ –
"ਸਤਿਗੁਰੁ ਸੇਵੀ ਭਾਉ ਕਰਿ ਮੈ ਪਿਰੁ ਦੇਹੁ ਮਿਲਾਇ।"
– ਸਿਰੀ ੩, ੬੨, ੧:੨ (38)

ਸੇਵੀਅਹਿ –
"ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ।"
– ਸਲੋ ਕਬ, ੧੯੨:੧ (1374)

ਸੇਵੀਐ –
"ਐਸਾ ਸਤਿਗੁਰੁ ਸੇਵੀਐ ਮਨਾ ਜਿਤੁ ਸੇਵਿਐ ਗੋਵਿਦ ਪੀਤਿ ਉਪਜੈ ਅਵਰ ਵਿਸਰਿ ਸਭ ਜਾਇ।"
– ਗਜ ੧, ੩, ੧*:੧ (490)

"ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ।"
– ਵਡ ੩, ੨, ੧:੧ (558)

ਸੇਵੇ–
"ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ।"
– ਮਾਝ ੩, ਅਸ ੮, ੭:੩ (114)

"ਸਤਿਗੁਰੁ ਸੇਵੇ ਸੁ ਲਾਲਾ ਹੋਇ।"
– ਆਸਾ ੩, ੪੬, ੪:੧ (363)

"ਸਤਿਗੁਰੁ ਸੇਵੇ ਕਰਣੀ ਸਾਰੀ।"
– ਬਿਲਾ ੩, ਵਾ, ੨, ੬:੫ (842)

ਸੇਵੈ –
"ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ।"
– ਸਿਰੀ ੪, ੬੬, ੨:੨ (40)

"ਤਾ ਕੀ ਕੀਮਤਿ ਨਾ ਪਵੈ ਬਿਨੁ ਗੁਰ ਕੀ ਸੇਵੈ।"
– ਆਸਾ ੧, ਅਸ ੧੮, ੬:੨ (420)

(4) ਸਿਮਰ

"ਹਉਮੈ ਮਾਰਿ ਸਦਾ ਮਨੁ ਨਿਰਮਲੁ ਰਸਨਾ ਸੇਵਿ ਸੁਖਦਾਤਾ ਹੇ।"
– ਮਾਰੂ ੩, ਸੋਲਾ ੯, ੧੨:੩ (1053)

ਹੋਰ ਰੂਪ:

ਸੇਵਿਓ –
"ਸਚਾ ਸਬਦੁ ਨ ਸੇਵਿਓ ਸਭਿ ਕਾਜ ਸਵਾਰਣਹਾਰੁ।"
– ਸਿਰੀ ੩, ੫੩, ੧:੪ (34)

ਸੇਵਿਆ –
"ਜਿਨਿ ਸੇਵਿਆ ਤਿਨਿ ਪਾਇਆ ਮਾਨੁ।"
– ਜਪੁ ੧, ੫:੩ (2)

"ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ।" (ਅਰਾਧਿਆਂ)

- ਸਿਰੀ ੫, ੮੮, ੨:੩ (49)

ਸੇਵਿਐ –
"ਸਚੇ ਸੇਵਿਐ ਸਚੁ ਵਡਿਆਈ ਗੁਰ ਕਿਰਪਾ ਤੇ ਸਚੁ ਪਾਵਣਿਆ।" (ਅਰਾਧਨ ਨਾਲ)

- ਮਾਝ ੩, ਅਸ ੧੧, ੨:੩, (115)

"ਉਠਤ ਬੈਠਤ ਸਤਿਗੁਰੁ ਸੇਵਹ ਜਿਤੁ ਸੇਵਿਐ ਸਾਂਤਿ ਪਾਈ।"

- ਵਡ ੪, ਛੰਤ ੧, ੧:੫ (572)

ਸੇਵਿਹੁ –
"ਸੋਈ ਸੇਵਿਹੁ ਜੀਅੜੇ ਦਾਤਾ ਬਖਸ਼ਿੰਦੁ।"

- ਗਉ ੫, ਵਾਰ ੧੪:੨ (321)

ਸੇਵੀ –
"ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ।"

- ਸਿਰੀ ੩, ੫੪, ੧:੧ (34)

ਸੇਵੀਅਲੇ –
"ਤਾ ਤੇ ਸੇਵੀਅਲੇ ਰਾਮਨਾ।"

- ਅਸਾ ਕਬ, ੫, ੧*:੧ (476)

ਸੇਵੀਐ –
"ਸਚਾ ਸਾਹਿਬੁ ਸੇਵੀਐ ਸਚੁ ਵਡਿਆਈ ਦੇਇ।"

- ਸਿਰੀ ੩, ੪੩, ੧:੧ (30)

ਸੇਵੀਜੈ –
"ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ।"

- ਸੂਹੀ ੫, ਛੰਤ ੧, ੩:੫ (777)

ਸੇਵੀਲੇ –
"ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ।" (ਪੂਜੋ)

- ਮਲਾ ਨਾਮ, ੧, ੧*:੧ (1292)

ਸੇਵੇ –
"ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ।"

- ਸਿਰੀ ੩, ੧੮, ੩:੨ (21)

"ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ।"

- ਸਿਰੀ ੫, ਅਸ ੨੯, ੧੨:੧ (74)

ਸੇਵਦੇ –
"ਭੋਰੇ ਭੋਰੇ ਰੂਹੜੇ ਸੇਵਦੇ ਆਲਕੁ।" (ਸੇਵਨ ਵਿਚ)

- ਮਾਰੂ ੫, ਵਾਰ ੫ਸ, ੫, ੩:੧ (1095)

ਸੇਵੈ –
"ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ।" (ਪੂਜੇ, ਆਰਾਧੇ)

- ਮਾਝ ੫, ੫੦, ੧:੩ (109)

ਸੈ -------- (1) ਸੌ, ਸੈਂਕੜੇ, ਵੇਖੋ 'ਸੈਆਨ' 'ਸੈਚਿ'
"ਉਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।"

- ਗੂਜ ੫, ਸੋਦ ੫, ੩:੧ (10)

(2) ਤੋਂ
“ਨਰ ਸੈ ਨਾਰਿ ਹੋਇ ਅਉਤਰੈ।”
– ਗੋਂਡ ਨਾਮ, ੬, ੩:੨ (874)

(3) ਜਿਵੇਂ ਹੈ, ਹੋਣਾ ਦਾ ਵਰਤਮਾਨ ਕਾਲ
“ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ।”
– ਪ੍ਰਭਾ ੧, ੧੩, ੫:੨ (1331)

ਸੈਆਨ ----- ਸੈਂਕੜੇ
“ਨਾਨਕ ਲਹਰੀ ਲਖ ਸੈਆਨ ਡੁਬਣ ਦੇਇ ਨ ਮਾ ਪਿਰੀ।”
– ਗੁਜ ੫, ਵਾਰ ੭ਸ, ੫, ੧:੨ (519)

ਸੈਆਨੀ ---- ਸਿਆਣੀ, ਸਮਝਦਾਰ
“ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ।”
– ਬਿਲਾ ਕਬ, ੨, ੧*:੧ (855)

ਸੈਇ ------ ਸੌ
“ਸਤਰਿ ਸੈਇ ਸਲਾਰ ਹੈ ਜਾ ਕੈ।”
– ਭੈਰ ਕਬ, ੧੫, ੧:੧ (1161)

ਸੈਸਾਰ ----- ਦੁਨੀਆਂ, ਸੰਸਾਰ ਵੇਖੋ ‘ਸੈਸਾਰੁ’
“ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ਬਿਕਲ ਮਾਇਆ ਸੰਗਿ ਧੰਧ।”
– ਕਾਨ ੫, ੪੧, ੧:੧;੨ (1306)

ਹੋਰ ਰੂਪ:

ਸੈਸਾਰੜਾ –
“ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ।”
– ਸਿਰੀ ੫, ਅਸ ੨੯, ੧੧:੩ (34)

ਸੈਸਾਰਾ –
“ਦੂਜੈ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ।” (ਸੰਸਾਰ ਵਿਚ)
– ਮਾਰੂ ੧, ਅਸ ੧, ੫:੩ (1009)

ਸੈਂਸਾਰਾ –
“ਇਹੁ ਕੁਟੰਬੁ ਸਭੁ ਜੀਅ ਕੇ ਬੰਧਨ ਭਾਈ ਭਰਮਿ ਭੁਲਾ ਸੈਂਸਾਰਾ।”
– ਸੋਰ ੩, ੬, ੨:੧ (602)

ਸੈਸਾਰਿ –
“ਮਨਮੁਖਿ ਅੰਧੁ ਨ ਚੇਤਈ ਕਿਤੁ ਆਇਆ ਸੈਸਾਰਿ।” (ਸੰਸਾਰ ਵਿਚ)
– ਵਡ ੪, ਵਾਰ ੧੭ਸ, ੩, ੧:੩ (592)

ਸੈਸਾਰੀ ----- ਦੁਨੀਆ ਵਿਚ ਰਹਿਣ ਵਾਲੇ, ਦੁਨਿਆਵੀ ਬਿਰਤੀ ਵਾਲੇ
“ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ।”
– ਮਾਝ ੧, ਵਾਰ ੧੬:੪ (145)

“ਕਵਨੁ ਸੈਸਾਰੀ ਕਵਨੁ ਸੁ ਭਗਤਾ।”
– ਮਾਝ ੫, ਸੋਲਾ ੧੦, ੬:੨ (1081)

ਹੋਰ ਰੂਪ:

ਸੈਸਾਰੀਆ –
“ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।”
– ਮਾਝ ੧, ਵਾਰ ੧੬:੧ (145)

ਸੈਸਾਰੁ ----- ਦੁਨੀਆ, ਸੰਸਾਰ, ਵੇਖੋ ‘ਸੈਸਾਰ’
“ਐਸਾ ਬਾਜੀ ਸੈਸਾਰੁ ਨ ਚੇਤੈ ਹਰਿ ਨਾਮਾ।”
– ਤਿਲੰ ੪, ੨, ੧*:੧ (723)

ਹੋਰ ਰੂਪ:

ਸੈਸਾਰੇ –
“ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ।” (ਸੰਸਾਰ ਵਿਚ)
– ਵਡ ੩, ਛੰਤ ੪, ੧:੩ (570)

ਸੈਸਾਰੈ –
“ਸੈਸਾਰੈ ਵਿਚਿ ਸੋਭ ਨ ਪਾਇਨੀ ਅਗੇ ਜਿ ਕਰੇ ਸੁ ਜਾਣੈ ਕਰਤਾਰੁ।”
– ਰਾਮ ੩, ਵਾਰ ੮ਸ, ੩, ੨:੮ (950)

ਸੈਣ ------- ਸਬੰਧੀ, ਰਿਸ਼ਤੇਦਾਰ
“ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ।”
– ਮਾਝ ੫, ਦਿਨ ੧:੩ (136)
(‘ਮਹਾਨਕੋਸ਼’ ਇਥੇ ਅਰਥ ‘ਸਵਾਮੀ’ ਪਤੀ ਕਰਦਾ ਹੈ)
“ਸੇ ਸੈਣ ਸੇ ਸਜਣਾ ਜਿ ਗੁਰਮੁਖਿ ਮਿਲਹਿ ਸੁਭਾਇ।” (ਕੁੜਮ)
– ਸੋਰ ੪, ਵਾਰ ੩ਸ, ੩, ੨:੧ (643)

ਸੈਣਹ ------ ਸੋਈ
“ਸੁੰਦਰ ਮੰਦਰ ਸੈਣਹ ਜੇਣ ਮਧੵ ਹਰਿ ਕੀਤਰਨਹ।”
– ਗਾਥਾ ੫, ੧੨:੧ (1360)
(‘ਮਹਾਨਕੋਸ਼’ ਇਥੇ ਅਰਥ ‘ਸੌਣ’ ਦੇ ਕਰਦਾ ਹੈ)

ਸੈਣੀ ------ ਵਾਕਫ, ਜਾਣੂ (ਮਹਾਨਕੋਸ਼), ਸਬੰਧੀ
“ਸੰਤ ਜਨਾ ਮਿਲਿ ਪਾਇਆ ਮੇਰੇ ਗੋਵਿਦਾ ਮੇਰਾ ਹਰਿ ਪ੍ਰਭੁ ਸਜਣੁ ਸੈਣੀ ਜੀਉ।”
– ਗਉ ੪, ੬੭, ੨:੩ (174)

ਹੋਰ ਰੂਪ:

ਸੈਣੁ –
“ਸਜਣੁ ਤੂ ਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ।”
– ਸੂਹੀ ੫, ਅਸ ੪, ੨:੧ (761)

ਸੈਣੁ ------- (1) ਸਬੰਧੀ, ਰਿਸ਼ਤੇਦਾਰ, ਵੇਖੋ ‘ਸੈਣੀ’
(2) ਬਾਂਧਵਗੜ (ਰੀਵਾ) ਦੇ ਰਾਜਾ ‘ਰਾਜਾ ਰਾਮ’ ਦਾ ਨਾਈ ਜੋ ਰਾਮਾ ਨੰਦ ਦਾ ਚੇਲਾ ਬਣ ਨਾਮੀ ਭਗਤ ਹੋਇਆ। ਧਨਾਸਰੀ ਰਾਮ ਵਿਚ ਇਸ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

“ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।”
– ਬਿਲਾ ੪, ਅਸ ੪, ੭:੨ (835)

ਸੈਤਾਨਿ ----- (ਅੰ. ਸ਼ੈਤਾਨ) ਬਦੀ ਦਾ ਫਰਿਸ਼ਤਾ
“ਜੋ ਸੈਤਨਿ ਵੰਞਾਇਆ ਸੋ ਕਿਤ ਫੇਰਹਿ ਚਿਤ।”
– ਸਲੋ ਫਰ, ੧੫:੨ (1378)
ਸੈਤਾਨਿਆ –
“ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ।” (ਸੈਤਾਨ ਵਾਂਗ)
–ਜੈਤ ੫, ਵਾਰ ੯:੫ (708)
ਸੈਤਾਨੀ –
“ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨਾ ਭਾਣੀ।”
– ਮਾਝ ੧, ਵਾਰ ੨੬ਸ, ੧, ੧:੧੮ (150)

ਸੈਤਾਨੀ ----- (1) ਸੈਤਨਾਂ, ਵੇਖੋ ‘ਸੈਤਾਨਿ’
(2) ਬਦੀ, ਸ਼ਰਾਰਤ, ਸ਼ੈਤਾਨਪੁਣਾ
“ਛੋਡਿ ਕਤੇਬ ਕਰੈ ਸੈਤਾਨੀ।”
– ਭੈਰ ਕਬ, ੧੫, ੩:੨ (1161)

ਸੈਤਾਨ ----- (1) ਬਦੀ ਦਾ ਫਰਿਸ਼ਤਾ, ਸ਼ੈਤਾਨ ਦਾ ਚੇਲਾ, ਵੇਖੋ ‘ਸੈਤਾਨਿ’
“ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।”
– ਸਿਰੀ ੧, ੨੭, ੪:੧ (24)
(2) ਬਦੀ/ਸ਼ੈਤਾਨੀਅਤ ਦੀਆਂ
“ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ।”
– ਸਾਰ ੪, ਵਾਰ ੨੦, ੧, ੧:੭ (1245)

ਸੈਨ ------- (1) ਮਿੱਤਰ, ਸਬੰਧੀ, ਹੋਰ ਵੇਖੋ ‘ਸੈਨੁ’
“ਬਿਰਧਿ ਭਇਆ ਊਪਰਿ ਸਾਕ ਸੈਨ।”
– ਗਉ ੫, ਸੁਖ ੪, ੧:੭ (267)

ਹੋਰ ਰੂਪ:

ਸੈਨਾ –
ਨਾਮੁ ਜਪਹੁ ਮੇਰੇ ਸਾਜਨ ਸੈਨਾ।” (ਮਿਤਰੋ)
– ਆਸਾ ੪, ੫੬, ੧*:੧ (366)
(2) (ਸੰ.) ਸੌਣਾ
“ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ।”
– ਕਾਨ ੫, ੪੨, ੨:੨ (1306)
(3) ਸੰਗੀ ਸਾਥੀ
“ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।”
– ਸਵ ੪, ਗਅੰ ੬:੨ (1402)

ਸੈਨਾ ------ (1) ਮਿਤਰੋ, ਵੇਖੋ ‘ਸੈਨ’
(2) ਫੌਜ

“ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ।”
– ਭੈਰ ੫, ਅਸ ੧, ੨:੨ (1155)

ਸੈਨਾਹ ----- **ਸੈਨਤਾਂ, ਇਸ਼ਾਰੇ**
“ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ।”
– ਸਲੋ ਕਬ, ੧੧੮:੧ (1370)

ਸੈਨੁ ------- **(1) ਮਿੱਤਰ, ਸਬੰਧੀ**
“ਸਖਾ ਸੈਨੁ ਪ੍ਰੇਮੁ ਗੋਬਿੰਦ।”
– ਆਸਾ ੧, ੧੧, ੩:੨ (352)

(2) ਵੇਖੋ ‘ਸੈਨੁ’ ਨਾਈ ਜਾਤ ਦਾ ਇਕ ਭਗਤ
“ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।”
– ਆਸਾ ਧੰਨਾ, ੨, ੩:੧ (467)

ਸੈਭੰ ------- **ਆਪਣੇ ਆਪ ਤੋਂ ਉਪਜਣ ਵਾਲਾ, ਜੋ ਕਿਸੇ ਤੋਂ ਬਣਿਆ ਨਹੀਂ**
“ਅਕਾਲਿ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।”
– ਜਪੁ ੧, ੧*:੮ (1)

ਸੈਲ ------- **(1) ਚਿਟਾਨ**
“ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।”
– ਗੂਜ ੫, ਸੋਦ ੫, ੧:੨ (10)
“ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ।”
(‘ਮਹਾਨਕੋਸ਼’ ‘ਸੈਲ’ ਦੇ ਅਰਥ ਇਥੇ ‘ਮੂੜ’ ਜੜ੍ਹਮਤ਼ ਕਰਦਾ ਹੈ)
– ਸਵ ੩, ੨:੩ (1393)

(2) ਸੈਰ, ਗਮਨ
“ਤਿਉ ਤਿਉ ਸੈਲ ਕਰਹਿ ਜਿਉ ਭਾਵੈ।”
– ਗਉ ਰਵਿ, ੨, ੩:੧ (345)

(3) ਪ੍ਰਧਾਨ ਪਹਾੜ ਭਾਵ ਸ੍ਰਿਸ਼ਟੀ
“ਓਅੰਕਾਰਿ ਸੈਲ ਜੁਗ ਭਏ।” (ਪਹਾੜਾਂ ਭਾਵ ਸ੍ਰਿਸ਼ਟੀ ਤੇ ਸਮੇਂ ਦੀਆਂ ਵੰਡਾਂ ਹੋਈਆਂ)
– ਰਾਮ ੧, ਓਅੰ ੧:੩ (929)

(4) ਮੌਜ (ਭਾਵ)
“ਆਥਿ ਸੈਲ ਨੀਚ ਘਰਿ ਹੋਇ।”
– ਰਾਮ ੧, ਓਅੰ ੧੪:੩ (931)
(‘ਦਰਪਣ’ ਇਥੇ ਵੀ ਅਰਥ ‘ਪਹਾੜ’ ਦੇ ਕਰਦੇ ਹਨ, ਮਹਾਨਕੋਸ਼ ‘ਜੜ੍ਹਮਤ’, ‘ਮੂੜ’ ਕਰਦਾ ਹੈ)

ਹੋਰ ਰੂਪ:

ਸੈਲੰ –
“ਮਸਕੰ ਭਗਨੰਤ ਸੈਲੰ ਕਰਦਮੰ ਤੁਰੰਤ ਪਪੀਲਕਹ।”
– ਸਸ ੫, ੫੫:੧ (1359)

ਸੈਲਾ –

“ਨਾਵਹਿ ਧੋਵਹਿ ਪੂਜਹਿ ਸੈਲਾ।” (ਪੱਥਰ ਦੇ ਬੁੱਤਾਂ ਨੂੰ)
– ਰਾਮ ੧, ਅਸ ੪, ੩:੧ (904)

ਸੈਲੁ –
“ਮਨਮੁਖ ਪਾਥਰੁ ਸੈਲੁ ਨ ਭੀਜੈ।” (ਪਥਰ ਵਰਗਾ, ਕਰੜੇ ਚਿਤ ਵਾਲਾ)
– ਮਾਰੂ ੧, ਸੋਲਾ ੯, ੧੨:੨ (1029)
“ਤੀਰਥਿ ਨਾਇ ਕਹਾ ਸੁਚਿ ਸੈਲੁ।” (ਪਥਰ ਵਰਗੇ ਕਠੋਰ ਚਿਤ ਵਾਲਾ)
– ਭੈਰ ੫, ੪੫, ੨:੧ (1149)

ਸੋ -------- (1) ਉਹ, ਓਹੋ, ਉਸ
“ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।”
– ਜਪੁ ੧, ੫:੧੧ (2)
“ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ।”
–ਸਿਰੀ ੧, ੨੦, ੩:੩ (21)
“ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ।” (ਉਹੋ)
– ਸਿਰੀ ੩, ੩੫, ੧*:੨ (26)
“ਜਿਨੀ ਸੋ ਸਾਲਾਹਿਆ ਪਿਆਰੇ ਹਉ ਤਿਨ੍ ਬਲਿਹਾਰੈ ਜਾਉ।” (ਉਹ ਨਾਮ)
– ਸੋਰ ੧, ਅਸ ੩, ੭:੨ (636)

(2) ਉਸ ਦਾ
“ਆਵਤ ਸੋ ਜਨੁ ਨਾਮਹਿ ਰਾਤਾ।” (ਆਉਣਾ ਉਸ ਦਾ ਸਫਲ ਹੈ)
– ਗਉ ੫, ਬਾਅ ੧੩:੫ (252)
“ਸੋ ਦੀਆ ਨ ਜਾਈ ਖਾਇਆ।” (ਉਸ ਦਾ ਦਿਤਾ)
– ਸੋਰ ਕਬ, ੬, ੩:੨ (655)

(3) ਸੀ, ਹੈ ਦਾ ਭੂਤ ਕਾਲਕ ਰੂਪ
“ਜਬ ਇਹੁ ਨ ਸੋ ਤਬ ਕਿਨਹਿ ਉਪਾਇਆ।”
– ਭੈਰ ੫, ੩੮, ੨:੧ (1146)

(4) ਜੇਹਾ, ਵਰਗਾ, ਜੈਸਾ
“ਦੋਮ ਨ ਸੇਮ ਏਕ ਸੋ ਆਹੀ।” (ਇਕੋ ਜਿਹੇ)
– ਗਉ ਰਵਿ, ੨, ੨:੧ (345)
“ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ।” (ਇੰਦਰ ਤੇ ਰੰਕ ਕੰਗਾਲ) ਨੂੰ ਇਕੋ ਜਿਹਾ ਸਮਝਦਾ ਹੈ)
– ਸਲੋ ਕਬ, ੧੬੯:੨ (1373)
(ਪਹਿਲੇ ਸੋ ਦੇ ਅਰਥ ‘ਉਹ’ ਹਨ)
“ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।” (ਵਰਗਾ)
– ਸਲੋ ਕਬ, ੨੪੨:੧ (1377)

ਸੋਉ ------- ਸੌ
“ਤਾ ਤੂੰ ਸੁਖਿ ਸੋਉ ਹੋਇ ਅਚਿੰਤਾ।”
– ਗਉ ੫, ੭੧*, ੨:੨ (176)

ਸੋਊ ------- ਉਹ
“ਸਸਾ ਸਤਿ ਸਤਿ ਸਤਿ ਸੋਊ।”

– ਗਉ ੫, ਬਾਅ ੩:੧ (250)

"ਸੋਊ ਸਰਨਿ ਪਰੈ ਜਿਹ ਪਾਯੰ।"

– ਗਉ ੫, ਬਾਅ ੩:੩ (250)

(2) ਉਸੇ ਨੂੰ

"ਸੋਊ ਸੋਊ ਜਪਿ ਦਿਨ ਰਾਤੀ।"

– ਗਉ ੫, ਬਾਅ ੫੦:੫ (260)

"ਨਾਨਕ ਸੋਊ ਸਰਾਹੀਐ ਜਿ ਘਟਿ ਘਟਿ ਰਹਿਆ ਬਿਆਪਿ।"

– ਗਉ ੫, ਬਾਅ ੫੩:੮ (261)

ਸੋਆ ------ ਉਸ

"ਸਿਮਰਹਿ ਪਾਤਾਲ ਪੁਰੀਆ ਸਚੁ ਸੋਆ।"

– ਮਾਰੂ ੫, ਸੋਲਾ ੮, ੨:੨ (1079)

ਸੋਇ ------ (1) ਉਹ

"ਆਪੇ ਆਪਿ ਨਿਰੰਜਨੁ ਸੋਇ।"

– ਜਪੁ ੧, ੫:੨ (2)

"ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ।" (ਉਸ)

– ਸਿਰੀ ੩, ੬੦, ੪:੪ (37)

"ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ।" (ਉਹ ਗੁਰੂ)

– ਸਿਰੀ ੧, ਅਸ ੧੦, ੨:੧ (59)

(2) ਖਬਰ, ਸੋਹ

"ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।"

– ਸਿਰੀ ੧, ੨੪, ੩:੧ (23)

"ਸੁਣਿ ਸੁਣਿ ਜੀਵਾ ਸੋਇ ਤੁਮਾਰੀ।"

– ਮਾਝ ੫, ੩੩, ੧:੧ (104)

"ਖੋਜਤ ਖੋਜਤ ਸੁਨੀ ਇਹ ਸੋਇ।" (ਖਬਰ)

– ਆਸਾ ੫, ੧੧, ੪:੧ (373)

(3) ਸੋਭਾ, ਕੀਰਤ

"ਅੰਤਰਿ ਜਿਸ ਕੈ ਸਚੁ ਵਸੈ ਸਚੇ ਸਚੀ ਸੋਇ।"

– ਸਿਰੀ ੩, ੩੬, ੧:੩ (27)

(4) ਸੌਂਵੇ ਸਵੇਂ

"ਗਉਣੁ ਕਰੇ ਚਹੁ ਕੁੰਟ ਕ ਘੜੀ ਨ ਬੈਸਣੁ ਸੋਇ।"

– ਸਿਰੀ ੩, ਅਸ ੨੬, ੩:੩ (70)

"ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ।"

– ਗਉ ੧, ੧੮, ੧:੧ (156)

ਹੋਰ ਰੂਪ:

ਸੋਇਓ –

"ਸਾਧ ਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ।" (ਸੁਤਾ ਹੋਇਆ)

– ਗਉ ੫, ੧੬੦*, ੩:੨ (215)

ਸੋਇਆ –

“ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।” (ਸੁਤਾ)
– ਸਿਰੀ ੫, ੭੪, ੩:੧ (43)

ਸੋਇਨ ----- (ਸੰ.) ਸੋਨਾ
“ਸੇ ਅਸਥਲ ਸੋਇਨ ਚਉਬਾਰੇ।”
– ਮਾਝ ੫, ੩੭, ੧:੨ (105)
ਹੋਰ ਰੂਪ:
ਸੋਇੰਨ –
“ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆਂ।” (ਸੋਨੇ ਦੀਆਂ)
– ਮਾਰੂ ੫, ਵਾਰ ੨੨ਸ, ੫, ੩:੨ (1102)

ਸੋਇਨਾ ----- ਸੌਣਾ
“ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ।”
– ਆਸਾ ੫, ੧੪੪, ੩:੧ (407)

ਸੋਈ ------ (1) ਉਹ ਹੀ
“ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।”
– ਜਪ ੧, ੨੧:੧੪ (4)
“ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ।” (ਇਹੋ ਹੀ)
– ਸਿਰੀ ੫, ੮੮, ੧:੧ (48)
“ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ।” (ਉਹੀ (ਵਾਹਿਗੁਰੂ)
– ਮਾਝ ੩, ਅਸ ੧੫, ੭:੧ (118)
“ਕਬੀਰ ਸੋਈ ਮਾਰੀਐ ਜਿਹ ਮੂਐ ਸੁਖੁ ਹੋਇ।” (ਉਹੀ ਭਾਵ ਅਹੰਕਾਰ)
– ਸਲੋ ਕਬ, ੯:੧ (1361)
(2) ਸੁਤੀ ਹੋਈ
“ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।”
(ਅਗਿਆਨਤਾ ਦੀ ਨੀਂਦਰ ਤੋਂ)
– ਗਉ ੫, ੧੧੯*, ੨:੨ (204)
“ਸੋਈ ਸੋਈ ਜਾਗੀ।”
– ਸੋਰ ਕਬ, ੫, ੩:੩ (655)
(3) ਸਮਾਨ, ਇਕੋ ਜਿਹਾ, ਸਾਂਝਾ
“ਕਰਤਾ ਤੂੰ ਸਭਨਾ ਕਾ ਸੋਈ।”
– ਆਸਾ ੧, ੩੯, ੧*:੧ (360)
(4) ਸੋਭਾ, ਕੀਰਤੀ
“ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ।”
– ਸੂਹੀ ੫, ੫੦, ੩:੨ (747)

ਸੋਈਐ ----- ਸਵੀਂਏ
“ਸਹਜਿ ਸੁਖਿ ਸੋਈਐ ਹਾਂ।”
– ਆਸਾ ੫, ੧੬੨, ੧*:੪ (410)
“ਕਹੁ ਨਾਨਕੁ ਤਿਸੁ ਗੁਰ ਬਲਿਹਾਰੀ ਜਿਹ ਪ੍ਰਸਾਦਿ ਸੁਖਿ ਸੋਈਐ।”

– ਦੇਵ ੫, ੨, ੨:੨ (529)

ਹੋਰ ਰੂਪ:

ਸੋਈਹੈ –
“ਅੰਧਕਾਰ ਸੁਖਿ ਕਬਹਿ ਨ ਸੋਈਹੈ।”
– ਗਉ ਕਬ, ੮, ੧:੧ (325)

ਸੋਈਜੈ –
“ਜਿਹ ਪ੍ਰਸਾਦਿ ਸੁਖਿ ਸੇਜ ਸੋਈਜੈ।”
– ਗਉ ੫, ਸੁਖ ੬, ੨:੩ (269)

ਸੋਏ –
“ਸ੍ਰਵਣ ਸੋਏ ਸੁਣਿ ਨਿੰਦ ਵੀਚਾਰ।” (ਅਚੇਤ ਹੋ ਗਏ ਹਨ)
– ਗਉ ੫, ੮੯, ੧:੨ (182)
“ਮਨੁ ਤਨੁ ਬੁਧਿ ਅਰਪੀ ਠਾਕੁਰ ਕਉ ਤਬ ਹਮ ਸਹਜਿ ਸੋਏ।” (ਬੇਫਿਕਰ ਹੋ ਗਏ)
– ਗਉ ੫, ੧੫੯, ੩:੨ (214)

ਸੋਸਿ ------ (ਸੰ.) ਸੁਕਾਉਣਾ, ਖੁਸ਼ਕ ਕਰਨਾ
“ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ।”
– ਮਾਰੂ ੧, ੯, ੧:੧ (991)

ਸੋਹੰ ------- (1) (ਸੰ.) ਉਹ ਮੈਂ ਹਾਂ
“ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ।”
– ਸਿਰੀ ੧, ਅਸ ੧੧, ੯:੨ (60)

(2) ਸ਼ੋਭਦੀ ਹੈ
“ਰਸਨਾ ਰਾਮ ਕਹਤ ਗੁਣ ਸੋਹੰ।”
– ਸਾਰ ੫, ੩੭, ੧*:੧ (1211)

ਸੋਹਹਿ ----- ਸ਼ੋਭਨੀਕ/ਸੁਭਾਏਮਾਨ ਹੁੰਦੇ ਹਨ
“ਪੰਚੇ ਸੋਹਹਿ ਦਰਿ ਰਾਜਾਨੁ।”
– ਜਪੁ ੧, ੧੬:੩ (3)
“ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ।”
– ਸਿਰੀ ੫, ਪਹ ੪, ੫:੬ (78)

ਸੋਹਣਾ ----- ਸੁੰਦਰ, ਵੇਖੋ ‘ਸੋਹਨੀ’
“ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ।”
– ਸਿਰੀ ੧, ੯, ੨:੧ (17)

ਹੋਰ ਰੂਪ:

ਸੋਹਣੀ –
“ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ।”
– ਸਿਰੀ ੧, ਅਸ ੨, ੬:੧ (54)
“ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ।”
– ਸਿਰੀ ੧, ਅਸ ੪, ੧:੨ (55)

ਸੋਹਣੀਐ –

"ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ।"
– ਵਡ ੧, ਅਲਾ ੩, ੪:੩ (580)

ਸੋਹਣੇ –
"ਸੇ ਜਨ ਸਬਦੇ ਸੋਹਣੇ ਤਿਤੁ ਸਚੈ ਦਰਬਾਰਿ।" (ਸੋਹਣੇ ਲਗਣਗੇ/ ਸੋਭਨੀਕ ਹੋਣਗੇ)
– ਸਿਰੀ ੩, ੬੦, ੨:੩ (37)

"ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ।"
– ਸਿਰੀ ੩, ਅਸ ੨੦, ੭:੧ (66)

ਸੋਹਣੇ ------ (1) ਸੁੰਦਰ, ਵੇਖੋ 'ਸੋਹਣਾ'
(2) ਸ਼ੋਭਾ ਖਟਦੇ ਹਨ
"ਨਾਨਕ ਗੁਰਮੁਖਿ ਸੋਹਣੇ ਤਿਤੁ ਸਚੈ ਦਰਬਾਰਿ।"
– ਸਲੋ ੩, ੪੭:੬ (1418)

ਸੋਹੰਤ ------ ਸ਼ੋਭਦੇ ਹਨ, ਸੋਹਣੇ ਲਗਦੇ ਹਨ
"ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ਤਾ ਕੀ ਮਹਮਾ ਕਿਤ ਗਨਾ।"
– ਬਿਹਾ ੫, ਛੰਤ ੬, ੪:੩ (546)

ਹੋਰ ਰੂਪ:

ਸੋਹਤੀ –
"ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ।"
– ਫੁਨ ੫, ੯:੧ (1362)

ਸੋਹੰਤੀ –
"ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ।"
– ਆਸਾ ੫, ਛੰਤ ੧੨, ੧:੨ (460)

ਸੋਹੰਤੇ –
"ਸੇਵਕ ਸੇਵਿ ਸਦਾ ਸੌਹੰਤੇ।"
– ਪ੍ਰਭਾ ੫, ੫, ੧:੪ (1339)

ਸੋਹੰਦੜੋ –
"ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ।"
– ਸਿਰੀ ੫, ਛੰਤ ੩੩, ੨:੧ (80)

ਸੋਹੰਦੀ –
"ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ।"
– ਸਿਰੀ ੪, ਛੰਤ ੧, ੩:੩ (78)

ਸੋਹੰਦੀਆ –
"ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।"
– ਮਾਝ ੫, ਬਾਰ ੧੦:੧: (135)

ਸੋਹੰਦੀਆਂ –
"ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।"
– ਆਸਾ ਫਰ, ੨, ੬:੨ (488)

ਸੋਹਦੇ –
"ਨਿਜ ਘਰਿ ਵਾਸਾ ਸਦਾ ਸੋਹਦੇ ਨਾਨਕ ਤਿਨ ਮਿਲਿਆ ਸੁਖੁ ਪਾਉ।"

– ਬਿਲਾ ੪, ਵਾਰ ੯ਸ, ੩, ੨:੪ (853)

ਸੋਹਨ ------ ਸ਼ੋਭਨੀਕ ਹਨ, ਸ਼ੋਭਾ ਦੇ ਰਹੇ ਹਨ, ਸੋਹਣੇ ਲਗਦੇ ਹਨ
"ਪੂਰਨ ਮਨਮੋਹਨ ਘਟ ਘਟ ਸੋਹਨ ਜਬ ਖਿੰਚੈ ਤਬ ਛਾਈ।"
– ਸਾਰ ੫, ਛੰਤ ੧, ੨:੩ (1236)

ਹੋਰ ਰੂਪ:

ਸੋਹਿਨ –
"ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ।"
– ਜਪੁ ੧, ੨੭:੬ (6)

ਸੋਹੰਨਿ –
"ਨਾਨਕ ਜੋ ਪ੍ਰਭਿ ਭਾਣਿਆ ਸਚੈ ਦਰਿ ਸੋਹੰਨਿ।"
– ਮਲਾ ੧, ਵਾਰ ੧੪ਸ, ੫, ੨:੨ (1284)

ਸੋਹਨਿਆ –
"ਦਾਨ ਦਾਤਾਰਾ ਅਪਰ ਅਪਾਰਾ ਘਟ ਘਟ ਅੰਤਰਿ ਸੋਹਨਿਆ।"
– ਰਾਮ ੫, ਛੰਤ ੧, ੨:੩ (924)

ਸੋਹਨੀ ----- ਸੁੰਦਰ, ਵੇਖੋ 'ਸੋਹਣਾ'
"ਸੋਹਨੀ ਸਰੂਪਿ ਸੁਜਾਣਿ ਬਿਚਖਨਿ।"
– ਆਸਾ ੫, ੧੨, ੧*:੧ (374)

ਸੋਹਾ ------ ਸ਼ੋਭਦਾ
"ਨਾਨਕ ਨਾਮਿ ਰਤੇ ਬੈਰਾਗੀ ਨਾਮੇ ਕਾਰਜੁ ਸੋਹਾ ਹੇ।"
– ਮਾਰੂ ੩, ਸੋਲਾ ੧੨, ੧੬:੩ (1056)

ਹੋਰ ਰੂਪ:

ਸੋਹਾਂ –
"ਧੂੜੀ ਵਿਚਿ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ।" (ਸੋਭਾ ਪਾਵਾਂ)
– ਸਲੋ ੫, ੨:੨ (1425)

ਸੋਹਾਇ –
"ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ।" (ਸੁਭਾਇਮਾਨ ਹੁੰਦਾ ਹੈ)
– ਰਾਮ ੪, ੨, ੧*:੨ (881)

ਸੋਹਾਇਆ –
"ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ।"
– ਆਸਾ ੪, ਛੰਤ ੧੨, ੧:੪ (446)
"ਬਾਣੀ ਗੁਰ ਗਾਈ ਪਰਮ ਗਤਿ ਪਾਈ ਪੰਚ ਮਿਲੇ ਸੋਹਾਇਆ।" (ਸ਼ੌਭਨੀਕ ਹੋਇਆ)
– ਸੂਹੀ ੪, ਛੰਤ ੧, ੨:੩ (773)

ਸੋਹਾਏ –
"ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ।"
– ਸੂਹੀ ੧, ਛੰਤ ੨, ੧:੫ (764)

ਸੋਹਾਗ ----- ਚੰਗੇ ਭਾਗ

"ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰ ਪਾਇਅੜਾ ਪ੍ਰਭੁ ਮੇਰਾ।"
– ਵਡ ੪, ੩, ੩:੧ (561)

ਸੋਹਾਗਉ ---- ਪਤੀ ਪਿਆਰ/ਮਿਲਾਪ
"ਅਰਥ ਆਨ ਸਭਿ ਵਾਰਿਆ ਪ੍ਰਿਅ ਨਿਮਖ ਸੋਹਾਗਉ।"
– ਬਿਲਾ ੫, ੩੨, ੨:੨ (808)

ਸੋਹਾਗਣਿ --- (1) ਪਤੀ ਪ੍ਰੇਮ ਦੀ ਪਾਤਰ, ਪਤੀ ਵਾਲੀ
"ਪੁਤ੍ਰਵੰਤੀ ਸੀਲਵੰਤਿ ਸੋਹਾਗਣਿ।"
– ਮਾਝ ੫, ੧੧, ੨:੨ (97)
"ਗਲੀ ਹਉ ਸੋਹਾਗਣਿ ਭੈਵੇ ਕੰਤੁ ਨ ਕਬਹੂੰ ਮੈ ਮਿਲਿਆ।"
– ਆਸਾ ੧, ਪਟੀ ੨੩:੨ (433)

ਹੋਰ ਰੂਪ:

ਸੋਹਾਗਣੀ –
"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।"
– ਸਿਰੀ ੧, ੧੦, ੨:੧ (17)

ਸੋਹਾਗਣੇ –
"ਤਿਸੁ ਬਣਿਆ ਹਭੁ ਸੀਗਾਰੁ ਸਾਈ ਸੋਹਾਗਣੇ।"
– ਫੁਨ ੫, ੪:੨ (1362)

ਸੋਹਾਗਨਿ –
"ਥਿਰ ਸੋਹਾਗਨਿ ਸੰਗਿ ਭਤਾਰੀ।"
– ਆਸਾ ੫, ੭, ੪:੪ (372)

(2) ਪ੍ਰਭੂ ਪਤੀ ਦੇ ਪ੍ਰੇਮ ਦੀ ਪਾਤਰ ਜੀਵ ਰੂਪੀ ਇਸਤ੍ਰੀ, ਮਹਾਤਮਾ ਪੁਰਸ਼, ਸੰਤ
"ਤਾ ਸੋਹਾਗਣਿ ਜਾਣੀਐ ਗੁਰ ਸਬਦੁ ਬੀਚਾਰੇ।"
– ਗਉ ਕਬ, ੫੦, ੩:੨ (334)
"ਸਦਾ ਸੋਹਾਗਣਿ ਜੋ ਪ੍ਰਭ ਭਾਵੈ।"
– ਆਸਾ ੩, ੪੭, ੨:੧ (363)

ਹੋਰ ਰੂਪ:

ਸੋਹਾਗਣੀ –
"ਜਾਇ ਪੁਛਹੁ ਸੋਹਾਗਣੀ ਤੁਸਾਂ ਕਿਉ ਕਰਿ ਮਿਲਿਆ ਪ੍ਰਭੁ ਆਇ।"
– ਸਿਰੀ ੪, ੬੯, ੧:੨ (41)

ਸੋਹਾਗਨਿ –
"ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ।"
– ਸੂਹੀ ੫, ੩, ੧:੧ (737)
"ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ।"
– ਸਾਰ ੧, ੧, ੪:੨ (1197)

ਸੋਹਾਗਨਿ --- (1) ਪਤੀ ਦੇ ਪਿਆਰ ਦੀ ਪਾਤਰ, ਪਤੀ ਵਾਲੀ, ਵੇਖੋ 'ਸੋਹਾਗਣਿ' (1)
(2) ਪ੍ਰਭੂ ਪਤੀ ਦੇ ਪਿਆਰ ਦੀ ਪਾਤਰ ਜੀਵ ਰੂਪੀ ਇਸਤ੍ਰੀ, ਵੇਖੋ 'ਸੋਹਾਗਣਿ' (2)
(3) ਮਾਇਆ (ਭਾਵ)

"ਏਕ ਸੋਹਾਗਨਿ ਜਗਤ ਪਿਆਰੀ।"
- ਗੋਂਡ ਕਬ, ੭, ੧*:੧ (871)

"ਸੋਹਾਗਨਿ ਕਿਰਪਨ ਕੀ ਪੂਤੀ।"
- ਗੋਂਡ ਕਬ, ੮, ੨:੧ (872)

ਸੋਹਾਗਵਤੀ -- ਸੋਹਾਗਣ, ਪਤੀ ਵਾਲੀ
"ਸਾ ਨਾਟਕ ਸੋਹਾਗਵਤੀ ਰੀ।"
- ਸੂਹੀ ੫, ੧੦, ੪:੨ (739)

ਸੋਹਾਗਾ ----- (1) ਪਤੀ ਪਿਆਰ
"ਸੁਖ ਸਹਜ ਮੇਰਾ ਧਨੁ ਸੋਹਾਗਾ।"
- ਆਸਾ ੫, ੯੫, ੪:੨ (394)

(2) ਖਾਰ
"ਜਿਉ ਕੰਚਨ ਸੋਹਾਗਾ ਢਾਲੈ।"
- ਰਾਮ ੧, ਓਅੰ ੧੮:੨ (932)

ਸੋਹਾਗੁ ----- (1) (ਸੰ.) ਚੰਗਾ ਭਾਗ
"ਜਿਤੁ ਘਰਿ ਪਿਰਿ ਸੋਹਾਗੁ ਬਣਾਇਆ।"
"ਤਿਤੁ ਘਰਿ ਸਖੀਏ ਮੰਗਲੁ ਗਾਇਆ।"
- ਮਾਝ ੫, ੧੦, ੧ :੧:੨ (97)

(2) ਪਤੀਤਵ, ਪਤੀ ਪਿਆਰ
"ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ।"
- ਮਾਝ ੫, ਅਸ ੩੮, ੭:੩ (132)

"ਭਰਤ ਬਿਹੂਨ ਕਹਾ ਸੋਹਾਗੁ।"
- ਗਉ ੫, ੧੩੪, ੨:੨ (192)

(3) ਪਤੀ - ਪ੍ਰਾਪਤੀ ਦਾ ਸੁਭਾਗ
"ਜੁਗ ਚਾਰੇ ਧਨ ਜੇ ਭਵੈ ਬਿਨੁ ਸਤਿਗੁਰ ਸੋਹਾਗੁ ਨ ਹੋਈ ਰਾਮ।"
- ਸੂਹੀ ੩, ਛੰਤ ੪, ੧:੧ (769)

(4) ਪਤੀ
"ਹਰਿ ਪ੍ਰਭੁ ਹਰਿ ਸੋਹਾਗੁ ਹੈ ਨਾਨਕ ਮਨਿ ਭਾਣਾ ਰਾਮ।"
- ਬਿਲ, ੪, ਛੰਤ ੧, ੧:੪ (844)

"ਇਨ ਬਿਧ ਹਰਿ ਮਿਲੀਐ ਵਰਕਾਮਨਿ ਧਨ ਸੋਹਾਗੁ ਪਿਆਰੀ।"
- ਸਾਰ ੧, ੩, ੧:੧ (1198)

ਹੋਰ ਰੂਪ:

ਸੋਹਾਗੈ -
"ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ।"
- ਸਾਰ ੧, ੨, ੨:੨ (1197)

ਸੋਹਾਗੋ ----- ਪਤੀ ਪਿਆਰ
"ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ।"
- ਵਡ ੩, ਛੰਤ ੧, ੪:੫ (568)

“ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।”
– ਤੁਖਾ ੧, ਬਾਰਾ ੧੭:੬ (1110)

ਸੁੋਹਾਗਣੀ --- ਸੋਹਾਗਣ, ਪਤੀ ਵਾਲੀ
“ਬਈਅਰਿ ਨਾਮਿ ਸੁੋਹਾਗਣੀ ਸਚੁ ਸਵਾਰਣਹਾਰੋ।”
– ਵਡ ੧, ਅਲਾ ੩, ੮:੩ (581)

ਸੋਹਾਵਣੀ ---- ਸੋਹਣੀ/ਸੁਭਾਇਮਾਨ ਹੋਵੇ
“ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ।”
– ਸੋਰ ੪, ਵਾਰ ੧ਸ, ੧, ੧:੧ (642)

ਸੋਹਿ ------ ਸ਼ੋਭਾ ਦੇਵੇ, ਸ਼ੋਭੇ
“ਨਿਰਮਲ ਨਾਮੁ ਰਿਦੈ ਹਰਿ ਸੋਹਿ।”
– ਰਾਮ ੧, ਅਸ ੩, ੩:੪ (904)

ਹੋਰ ਰੂਪ:

ਸੋਹਿਓ –
“ਸੁਹਾਗੁ ਹਮਾਰੋ ਅਬ ਹੁਣਿ ਸੋਹਿਓ।”
– ਆਸਾ ੫, ੭, ੨:੧ (372)

ਸੋਹਿਅੜੇ –
“ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ।” (ਸ਼ੋਭਾ ਦੇਣ/ਸੋਹਣੇ ਲਗਣ ਲੱਗੇ)
– ਆਸਾ ੫, ਛੰਤ ੧, ੨:੧ (452)

ਸੋਹਿਆ –
“ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ।” (ਸ਼ੋਭਾ ਵਾਲਾ ਹੋਇਆ)
– ਸਿਰੀ ੪, ਛੰਤ ੧, ੩:੫ (78)
“ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ।” (ਸ਼ੋਭਨੀਕ ਹੋਇਆ)
– ਸਿਰੀ ੪, ਛੰਤ ੩, ੪:੨ (81)
“ਬਧੋਹੁ ਪੁਰਖਿ ਬਿਧਾਤੈ ਤਾਂ ਤੂੰ ਸੋਹਿਆ।”
– ਫੁਨ ੫, ੧੦:੨ (1362)

ਸੋਹਿਨਾ ----- ਹੇ ਸੁੰਦਰ (ਪ੍ਰਭੂ)
“ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ।”
– ਆਸਾ ੫, ੧੪੪, ੨:੧ (407)

ਸੋਹਿਲੜਾ --- (1)ਖੁਸ਼ੀ/ਅਨੰਦ ਦਾ ਗੀਤ
‘‘ਹਮ ਘਰਿ ਸਾਚਾ ਸੋਹਿਲੜਾ ਪ੍ਰਭ ਆਇਅੜੇ ਮੀਤਾ ਰਾਮ।’’
–ਆਸਾ ੧ ਛੰਤ ੧, ੪:੧ (436)

ਹੋਰ ਰੂਪ:

ਸੋਹਿਲੜੇ –
“ਸੁਖ ਸੋਹਿਲੜੇ ਹਰਿ ਗਾਵਣ ਲਾਗੇ।” (ਸੁੱਖ ਦੀ ਖੁਸ਼ੀ ਭਰਿਆ ਗੀਤ)
–ਆਸਾ ੫, ਛੰਤ ੧੦, ੪:੧ (459)

(2) ਜਸ, ਵਡਿਆਈ
“ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ।”
-ਸੂਹੀ ੧, ਛੰਤ ੨, ੨:੩ (764)
“ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ।”
(ਵਡਿਆਈ/ਜਸ ਦਾ ਗੀਤ)
-ਰਾਮ ੫, ਛੰਤ ੧, ੪:੨ (924)

ਸੋਹਿਲਾ ----- (1) ਜਸ/ਕੀਰਤ/ਵਡਿਆਈ ਦਾ ਗੀਤ
“ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ।”
-ਗਉ ੧, ਸੋਹ ੧, ੧*:੨ (12)
(2) ਜਸ, ਵਡਿਆਈ
“ਸਬਦਿ ਸਚੈ ਸਚੁ ਸੋਹਿਲਾ ਜਿਥੈ ਸਚੇ ਕਾ ਹੋਇ ਵੀਚਾਰੋ ਰਾਮ।”
-ਸੂਹੀ ੩, ੩, ੧:੧ (769)
“ਹਰਿ ਪ੍ਰਭ ਸਚਾ ਸੋਹਿਲਾ ਗੁਰਮੁਖਿ ਨਾਮੁ ਗੋਵਿੰਦੁ।”
-ਬਿਲਾ ੪, ਵਾਰ ੧੩ਸ, ੩, ੨:੧ (854)
“ਏਹੁ ਸੋਹਿਲਾ ਸਬਦੁ ਸੁਹਾਵਾ।”
-ਰਾਮ ੨, ਅਨੰਦ ੧੬:੧ (919)
(3) ਖੁਸ਼ੀ ਦਾ ਗੀਤ
“ਨਾਨਕ ਤਿਨ ਘਰਿ ਸਦ ਹੀ ਸੋਹਿਲਾ ਹਰਿ ਕਰਿ ਕਿਰਪਾ ਘਰਿ ਆਏ।”
-ਸੂਹੀ ੩, ੫, ੧:੬ (770)

ਸੋਹਿਲੇ------ ਗੀਤ
“ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।”
-ਤਿਲੰ ੧, ੫, ੧:੭(722)

ਸੋਹਿਲੈ ----- ਜਸ/ਕੀਰਤ ਦੇ ਗੀਤ ਨਾਲ
“ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ।”
-ਗਉ ੧, ਸੋਹ ੧, ੧*:੨ (12)

ਸੋਹੀ ------ ਸ਼ੋਭਦਾ, ਸੁੰਦਰ ਲਗਦਾ
“ਸੋ ਜਨੁ ਪਰ ਘਰ ਜਾਤ ਨ ਸੋਹੀ।”
- ਗਉ_ਕਬ ਅਸ ੩੮, ੧:੨ (330)

ਹੋਰ ਰੂਪ:

ਸੋਹੀਆ–
“ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ।”
-ਰਾਮ ੫, ਰੁਤੀ ੭:੩ (929)

ਸੋਹੀਐ–
“ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿ ਰਾਮ ਜੀਉ।”
-ਸੂਹੀ ੧, ਛੰਤ ੧, ੪:੨ (764)

ਸੋਹੇ–
“ਘਰ ਮੰਦਰ ਹਟ ਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ।”

-ਸੂਹੀ ੫, ਛੰਤ ੯, ੨:੧ (783)

ਸੋਹੈ–

"ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ।"

-ਜਪੁ ੧, ੨੧ :੧੮ (5)

ਸੋਕ ------- (ਸੰ.) ਦੁੱਖ, ਗਮ, ਚਿੰਤਾ

"ਹਰਖ ਸੋਕ ਉਭੇ ਦਰਵਾਰਿ।"

- ਗਉ ੧, ਅਸ ੩, ੫:੨ (222)

ਹੋਰ ਰੂਪ:

ਸੋਕੁ –

"ਤਿ ਨਰ ਸੋਕੁ ਨਹੁ ਹੂ ਐ ਤਿ ਨਰ ਸੇ ਅੰਤੁ ਨ ਲਹੀਅਹਿ।"

- ਸਵ ੩, ੧੧:੨ (1394)

ਸੋਖ ------- ਸੁਕਾਉਣਾ, ਵੇਖੋ 'ਸੋਕ'

"ਜੈਸੇ ਸੂਰੁ ਸਰਬ ਕਉ ਸੋਖ।"

- ਗਉ ੫, ਸੁਖ ੮, ੧:੪ (272)

ਹੋਰ ਰੂਪ:

ਸੋਖਿ –

"ਸਾਇਰੁ ਸੋਖਿ ਭੁੰਜ ਬਲਇਓ।" (ਸੁਕਣ ਸਦਕਾ)

- ਆਸਾ ਕਬ, ੧੫, ੧*:੨ (479)

ਸੋਖਿਆ –

"ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।"

- ਆਸਾ ੧, ੩੨, ੧:੨ (358)

ਸੋਖੈ –

"ਮੋਰਚਾ ਨ ਲਾਗੈ ਜਾ ਹਉਮੈ ਸੋਖੈ।" (ਸੁਕ ਜਾਵੇ ਮੁਕ ਜਾਵੈ)

- ਮਾਝ ੩, ਅਸ ੧੦, ੪:੨ (115)

ਸੋਗ ------- (ਫਾ. ਸੰ) ਗਮ, ਮਾਤਮ

"ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ।"

- ਸਿਰੀ ੫, ੭੯, ੩:੩ (45)

(ਵਧੇਰੇ 'ਹਰਖ ਸੋਗ' 'ਸੋਗ ਸੰਤਾਪ' ਇਕੱਠਾ ਆਇਆ ਹੈ)

ਹੋਰ ਰੂਪ:

ਸੋਗੰ –

"ਜਨਮੰ ਨ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ।"

- ਸਸ ੫, ੧੨:੧ (1355)

ਸੋਗੰਧਤਾ ---- ਖੁਸ਼ਬੂ, ਉਤਮ ਗੰਧ

"ਰੂਪ ਧੂਪ ਸੋਗੰਧਤਾ ਕਾਪਰ ਭੋਗਾਇ।"

- ਬਿਲਾ ੫, ੩੮, ੨:੧ (810)

ਸੋਗਾ ------ ਗਮ, ਦੁਖ

"ਸਬਦੁ ਵੀਚਾਰੈ ਚੁਕਸਿ ਸੋਗਾ।"

– ਰਾਮ ੧, ਅਸ ੨, ੭:੨ (903)

ਹੋਰ ਰੂਪ:

ਸੋਗਿ –

"ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ।"

– ਮਾਰੂ ੩, ਵਾਰ ੨੦:੪ (1093)

ਸੋਗੀ –

"ਇਕਿ ਸੋਗੀ ਇਕਿ ਰੋਗਿ ਵਿਆਪੇ।" (ਦੁਖੀ, ਗਮ ਵਿਚ ਹਨ)

– ਮਾਰੂ ੧, ਸੋਲਾ ੫, ੧੨:੧ (1025)

"ਨ ਭੀਜੈ ਸੋਗੀ ਕੀਤੈ ਰੋਜਿ।" (ਸੋਗ ਕੀਤਿਆਂ)

– ਸਾਰ ੪, ਵਾਰ ੧ਸ, ੧, ੨:੩ (1237)

ਸੋਗੁ –

"ਨਾ ਓਹੁ ਮਰੈ ਨ ਹੋਵੈ ਸੋਗੁ।" (ਦੁਖ, ਮਾਤਮ)

– ਆਸਾ ੧, ਸੋਦ ੩, ੩:੧ (9)

ਸੋਚ ------- (1) (ਸੰ.) ਪਵਿੱਤਰਤਾ, ਸੁਚ

"ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ।"

– ਸਿਰੀ ੧, ਅਸ ੯, ੮:੨ (59)

"ਸੋਚ ਕਰੈ ਦਿਨਸੁ ਅਰੁ ਰਾਤਿ।" (ਸਰੀਰਕ ਸਫਾਈ)

– ਗਉ ੫, ਸੁਖ ੩, ੩:੩ (265)

"ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।"

– ਰਾਮ ੧, ਅਸ ੧, ੬:੨ (903)

ਹੋਰ ਰੂਪ:

ਸੋਚਿ, ਸੋਚੀ, ਸੋਚੈ –

"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।"

– ਜਪੁ ੧, ੧:੧ (1)

(2) (ਸੰ.)) ਦੁੱਖ, ਰੰਜ, ਸ਼ੋਕ

"ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ।"

– ਮਾਝ ੫, ਬਾਰਾ ੯:੯ (135)

(3) ਫਿਕਰ, ਚਿੰਤਾ

"ਕਾਹੇ ਸੋਚ ਕਰਹਿ ਰੇ ਪ੍ਰਾਣੀ।"

– ਗਉ ੫, ਸੁਖ ੧੭, ੫:੯ (286)

ਹੋਰ ਰੂਪ:

ਸੋਚਾ, ਸੋਚੁ –

"ਨਾ ਉਸੁ ਸੋਚੁ ਨ ਹਮ ਕਉ ਸੋਚਾ।"

– ਆਸਾ ੫, ੮੩, ੩:੧ (391)

(4) ਚਿਤਵਨ ਕਰਕੇ, ਵਿਚਾਰ ਕੇ

"ਮਾਈ ਸੁਨਤ ਸੋਚ ਭੈ ਡਰਤ।"

– ਦੇਵ ੫, ੩, ੧*:੧ (524)

“ਮੀਰਾਂ ਦਾਨਾਂ ਦਿਲ ਸੋਚ।” (ਵਿਚਾਰ, ਚਿਤਵਨ ਕਰ)
– ਤਿਲੰ ੫, ੫, ੧*:੧ (724)

ਹੋਰ ਰੂਪ:

ਸੋਚਉ –
“ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ।”
– ਗਉ ੫, ੧੫੯*, ੧:੧ (214)

ਸੋਚਹਿ –
“ਕਿਆ ਸੋਚਹਿ ਬਾਰੰਬਾਰਾ।”
– ਸੋਰ ਕਬ, ੭, ੧*:੨ (655)

ਸੋਚਤ –
“ਸੋਚਤ ਸਾਚਤ ਰੈਨਿ ਬਿਹਾਨੀ।”
– ਆਸਾ ੫, ੮੧, ੧*:੧ (390)

ਸੋਚਿ –
“ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ।”
– ਆਸਾ ਕਰ, ੮, ੧:੨ (477)

(5) ਵਿਚਾਰ
“ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ।”
– ਸੋਰ ੧, ੨, ੨:੨ (595)

(6) ਵਿਚਾਰਨ ਵਾਲੀ ਗਲ
“ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ।”
– ਸੋਰ ਰਵਿ, ੩, ੨:੧ (658)

(7) ਇਸਨਾਨ ਆਦਿਕ
“ਮਨੁ ਨਹੀ ਸੂਚਾ ਕਿਆ ਸੋਚ ਕਰੀਜੈ।”
– ਰਾਮ ੧, ਅਸ ੫, ੫:੨ (905)

ਸੋਝ ------- ਸੂਝ, ਸਮਝ, ਵੇਖੋ ‘ਸੋਝੀ’
“ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੌਝ ਪਈ।”
– ਬਿਲਾ ੫, ੯੦, ੨:੨ (822)

ਸੋਝਾਈ ----- ਸੁਝਾਉਂਦਾ ਹੈ
“ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ।”
– ਸਲੋ ਕਬ, ੧੧੮:੧ (1370)
(‘ਮਹਾਨਕੋਸ਼’ ਇਸ ਦੇ ਅਰਥ ‘ਸੂਝ ਆਈ’ ਕਰਦਾ ਹੈ)

ਸੋਝੀ ------ (1) ਸਮਝ, ਸੂਝ, ਗਿਆਨ
“ਜਿਸ ਤੇ ਸੋਝੀ ਮਨਿ ਪਈ ਮਿਲਿਆ ਪੁਰਖੁ ਸੁਜਾਣੁ।” (ਸਮਝ)
– ਸਿਰੀ ੫, ੭੪, ੪:੨ (43)
“ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ।” (ਸੂਝ)
– ਸਿਰੀ ੧, ਅਸ ੧੧, ੭:੨ (60)
“ਗੁਰ ਸਮਝਾਵੈ ਸੋਝੀ ਹੋਈ।” (ਗਿਆਨ)
– ਗਉ ੧, ਅਸ ੮, ੫:੧ (224)

ਸੋਟਾ ------ ਮੋਟਾ ਡੰਡਾ, ਲਾਠੀ
"ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ।"
– ਬਸੰ ਕਬ, ੧, ੩:੨ (1196)

ਸੋਢੀ ------ ਖਤ੍ਰੀਆਂ ਦੀ ਇਕ ਜਾਤ, ਗੁਰੂ ਰਾਮਦਾਸ ਜੀ ਦਾ ਜਨਮ ਇਸੇ ਵੰਸ਼ ਵਿਚੋਂ ਸੀ।
"ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ।"
– ਰਾਮ ਸੁੰਦ, ਸਦ ੫:੬ (923)

ਸੋਤ ------- (ਸੰ.) ਸੋਤਰ, ਗੋਲਕਾਂ, ਜਿਵੇਂ ਨਕ, ਮੂੰਹ, ਅੱਖਾਂ, ਕੰਨ ਆਦਿ।
"ਰਾਤੀ ਉਘੈ ਦਬਿਆ ਨਵੇ ਸੋਤ ਸਭਿ ਢਿਲਾ।"
– ਗਉ ੪, ਵਾਰ ੯ਸ, ੪, ੨:੨ (304)

ਸੋਤੇ ------- ਸੌਂਦੇ
"ਤਬ ਕਾੜਾ ਛੋਡਿ ਅਚਿੰਤ ਹਮ ਸੋਤੇ।"
– ਭੈਰ ੫, ੧੮, ੩:੪ (1140)

ਸੋਤ੍ਰ ------- ਗੋਲਕਾਂ, ਵੇਖੋ 'ਸੋਤ'
"ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ।"
– ਸੋਰ ੧, ਅਸ ੧, ੩:੨ (634)

ਸੋਦਾਮਾ ----- ਕ੍ਰਿਸ਼ਨ ਜੀ ਦਾ ਗਰੀਬ ਸਹਿ-ਪਾਠੀ ਮਿੱਤਰ ਤੇ ਭਗਤ
"ਸੋਦਾਮਾ ਅਪਦਾ ਤੇ ਰਾਖਿਆ ਗਨਿਕਾ ਪੜ੍ਹਤ ਪੂਰੇ ਤਿਹ ਕਾਜ।"
– ਸਵ ੪, ਨਲ ੧੨:੪ (1400)

ਸੋਧਉ ----- ਮੈਂ ਪੁਛਦਾ ਹਾਂ
"ਸੋਧਉ ਮੁਕਤਿ ਕਹਾ ਦੇਉ ਕੈਸੀ ਕਰਿ ਪ੍ਰਸਾਦੁ ਮੋਹਿ ਪਾਈ ਹੈ।"
– ਮਾਰੂ ਕਬ, ੫, ੧*:੨ (1104)
('ਮਹਾਨਕੋਸ਼' ਇਸ ਦੇ ਅਰਥ 'ਉਹ ਤਾਂ' ਕਰਦਾ ਹੈ)

ਸੋਧਹਿ ----- ਸੁਧਾਈ ਕਰ, ਠੀਕ ਕਰ
"ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ।"
– ਧਨਾ ੧, ੮, ੪:੧ (663)
"ਕਾਇਆ ਸੋਧਹਿ ਸਬਦੁ ਵੀਚਾਰਹਿ।" (ਪੜਤਾਲ ਕਰੇ)
– ਮਾਰੂ ੩, ਸੋਲਾ ੨੪, ੧੪:੧ (1068)

ਹੋਰ ਰੂਪ:

ਸੋਧਹੁ –
"ਸਸਾ ਸੋ ਨੀਕਾ ਕਰਿ ਸੋਧਹੁ।"
– ਗਉ ਕਬ, ੩੯;੧ (342)

ਸੋਧਹੁ –
(1) ਵਿਚਾਰ ਕੇ, ਪੜ੍ਹਕੇ ਵੇਖੋ/ਨਿਰਣਾ ਕਰੋ
"ਮਨ ਹਠਿ ਕਿਤੈ ਉਪਾਇ ਨ ਛੁਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ।"
– ਸਿਰੀ ੩, ਅਸ ੧੯, ੬:੧ (65)
(2) ਠੀਕ ਕਰੋ, ਵੇਖੋ 'ਸੋਧਹਿ'

ਸੋਧਤ ------ ਵਿਚਾਰ ਕੇ, ਨਿਰਣਾ ਕਰਕੇ
"ਸੋਧਤ ਸੋਧਤ ਸੋਧਿ ਬੀਚਾਰਾ।"
– ਗਉ ੫, ਬਾਅ ੪੮:੩ (260)
"ਕਾਹੂ ਬਿਹਾਵੈ ਸੋਧਤ ਜੀਵਤ।" (ਖੋਜ ਭਾਲ ਕਰਦਿਆਂ, ਵਿਚਾਰ ਨਿਰਣੇ ਕਰਦਿਆਂ ਤੇ ਜਦ ਤੱਕ ਜਿਉਂਦੇ ਹਾਂ)
– ਰਾਮ ੫, ਅਸ ੩, ੭:੩ (649)
(ਸ਼ਬਦਾਰਥ ਇਸ ਦੇ ਅਰਥ 'ਸੋਧਦਿਆਂ ਤੇ ਜੀਵਤ' ਦੇ ਜੀਆਂ ਨੂ ਕਰਦਾ ਹੈ)

ਸੋਧਨ ------ (1) ਸ਼ੁਧ ਕਰਨ ਦੇ ਸੰਸਕਾਰ, ਸਰੀਰ ਨੂ ਪਵਿੱਤਰ ਕਰਨ ਦੇ ਯਤਨ
"ਜਪ ਤਾਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ।"
– ਆਸਾ ੫, ਛੰਤ ੫, ੧:੩ (455)
(2) ਸੁਚਮ, ਸੁਚ ਰੱਖਣ ਵਾਲੇ ਸਾਧਨ
"ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿੱਤ੍ਰਤਹ।"
– ਜੈਤ ੫, ਵਾਰ ੫ਸ, ੫, ੧:੧ (706)

ਸੋਧਨਾ ----- ਵਿਚਾਰਾਂ
"ਸੋਧਿ ਸਗਰ ਸੋਧਨਾ ਸੁਖੁ ਨਾਨਕ ਭਜੁ ਨਾਉ।"
– ਕਾਨ ੫, ੩੯, ੨:੨ (1306)
(ਸੋਧਿ ਦੇ ਅਰਥ ਹਨ ਵਿਚਾਰ ਕੇ)

ਸੋਧਨੀ ----- ਵਿਚਾਰਦੇ
"ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ।"
– ਮਾਰੂ ੩, ਵਾਰ ੧੯:੩ (1093)

ਹੋਰ ਰੂਪ:

ਸੋਧਾ –
"ਬਹੁ ਬਿਧਿ ਬੇਦ ਪਾਠ ਸਭਿ ਸੋਧਾ।" (ਵਿਚਾਰ ਕੇ)
– ਮਾਰੂ ੫, ਅਸ ੭, ੨:੨ (1019)

ਸੋਧਾ ------ (1) ਵਿਚਾਰ ਕੇ, ਵੇਖੋ 'ਸੋਧਨੀ'
(2) ਸ਼ੁਧ
"ਕੋਟਿ ਕਰਮ ਕਰਿ ਦੇਹ ਨ ਸੋਧਾ।"
– ਕਾਨ ੫, ੩, ੨:੧ (1298)

ਸੋਧਿ ------ (1) ਵਿਚਾਰ ਕੇ
"ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ।"
– ਗਉ ੩, ਅਸ ੧, ੬:੧ (229)
"ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ।" (ਵਿਚਾਰ ਕੇ ਵੇਖ ਲੈ)
– ਗਉ ੫, ਵਾਰ ੪:੧ (319)

ਹੋਰ ਰੂਪ:

ਸੋਧਿਓ –
"ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ।"

– ਗਉ ੫, ਥਿਤੀ ੪:੧ (297)

ਸੋਧਿਆ –
“ਸਿੰਮ੍ਰਿਤਿ ਸਾਸਤ ਸੋਧਿਆ ਭਾਈ ਵਿਣੁ ਸਤਿਗੁਰ ਭਰਮੁ ਨ ਜਾਇ।”
– ਸੋਰ ੫, ੨, ੩:੧ (608)

“ਧਰਮ ਰਾਇ ਕਾ ਦਫਤਰ ਸੋਧਿਆ ਬਾਕੀ ਰਿਜਮ ਨ ਕਾਈ।” (ਵਿਚਾਰਿਆ, ਪੜਤਾਲਿਆ)
– ਸੂਹੀ ਕਬ, ੫, ੩:੨ (793)

ਸੋਧੀਆ –
“ਚਾਰੇ ਕੁੰਡਾ ਸੋਧੀਆ ਭਾਈ ਵਿਣੁ ਸਤਿਗੁਰ ਨਾਹੀ ਜਾਇ।” (ਖੋਜ/ ਵਿਚਾਰ ਦੇਖਿਆ)
– ਸੋਰ ੫, ੨, ੩:੩ (608)

ਸੋਧੇ –
“ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ।” (ਵਿਚਾਰੇ)
– ਗੂਜ ੫, ੨, ੨:੧ (495)

“ਸਗਲੇ ਕਰਮ ਧਰਮ ਜੁਗ ਸੋਧੇ।” (ਪਰਖੇ/ਵਿਚਾਰੇ)
– ਰਾਮ ੫, ੨੪, ੩:੨ (913)

(2) ਸ਼ੁਧ ਕਰ, ਪਵਿੱਤਰ ਕਰ
“ਇਹੁ ਮਨੁ ਦੇਹੀ ਸੋਧਿ ਤੂੰ ਗੁਰ ਸਬਦਿ ਵੀਚਾਰਿ।”
– ਆਸਾ ੩, ਅਸ ੩੨, ੮:੧ (427)

ਸੋਧੇ ------- (1) ਵਿਚਾਰੇ, ਪਰਖੇ ਵੇਖੋ ‘ਸੋਧਿ’
(2) ਮਹਲ ਮਾੜੀਆਂ
“ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ।”
– ਸਮ ੫, ੩:੨ (1387)

ਸੋਧੈ ------- (1) ਦ੍ਰਿੜ ਕਰੇ
“ਰਾਮ ਨਾਮੁ ਆਤਮ ਮਹਿ ਸੋਧੈ।”
– ਗਉ ੫, ਸੁਖ ੯, ੪:੨ (274)

(2) ਠੀਕ ਕਰੋ
“ਬਾਜਾਰੀ ਸੋ ਜੁ ਬਜਾਰਹਿ ਸੋਧੈ।”
– ਗੋਂਡ ਕਬ, ੧੦, ੩:੧ (873)

“ਜੋ ਦਿਲੁ ਸੋਧੈ ਸੋਈ ਹਾਜੀ।” (ਪਵਿੱਤਰ/ਸਾਫ ਕਰਕੇ)
– ਮਾਰੂ ੫, ਸੋਲਾ ੧੨, ੬:੨ (1084)

ਸੋਨ ------- (1) ਸੋਨਾ – ਉੱਤਮ ਸ਼੍ਰੇਣੀ ਦੀ ਇਕ ਕੀਮਤੀ ਧਾਤ ਜਿਸਦੇ ਗਹਿਣੇ ਬਣਦੇ ਹਨ
“ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ।”
– ਸਲੋ ਕਬ, ੧੧੭:੨ (1370)

ਹੋਰ ਰੂਪ:

ਸੋਨਾ –
“ਸੋਨਾ ਗਢਤੇ ਹਿਰੈ ਸੁਨਾਰਾ।”
– ਗੋਂਡ ਨਾਮ, ੨, ੨:੨ (873)

ਸੋਨੇ –
"ਲੰਕਾ ਗੜੁ ਸੋਨੇ ਕਾ ਭਇਆ।"
– ਭੈਰ ਕਬ, ੨, ੩:੧ (1158)

(2) ਸੋਨੇ ਦਾ ਪਦਾਰਥ, ਧਨ ਮਾਲ (ਭਾਵ)
"ਲਪਟਿ ਰਹਿਓ ਤਿਹ ਸੰਗਿ ਮੀਠੇ ਭੋਗ ਸੋਨ।"
– ਆਸਾ ੫, ਛੰਤ ੮, ੩:੨ (458)

ਸੋਫੀਆਂ ---- ਨਸ਼ੇ ਦੇ ਤਿਆਗੀਆਂ, ਪਰਹੇਜ਼ਗਾਰਾਂ ਭਾਵ ਗਿਆਨੀਆਂ
"ਸਚੁ ਮਿਲਿਆ ਤਿਨ ਸੋਫੀਆਂ।"
– ਸਿਰੀ ੧, ੫, ੧:੩ (15)

ਸੋਭ ------- (1) ਸ਼ੋਭਾ, ਮਾਨ, ਇਜ਼ਤ
"ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ।"
– ਗਉ ੪, ਸੋਹ ੪, ੩:੨ (13)
"ਰਾਮ ਦੁਆਰੈ ਸੋਭ ਸੁ ਮਾਨੈ।" (ਇੱਜ਼ਤ, ਮਾਨ)
– ਗਉ ੧, ਅਸ ੨, ੧:੩ (221)
"ਤੇ ਨਰ ਨਿੰਦਕ ਸੋਭੁ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ।"
– ਭੈਰ ੪, ੬, ੩:੨ (1135)

(2) ਵਡਿਆਈ, ਕੀਰਤ
"ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ।"
– ਆਸਾ ੧, ਵਾਰ ੬ਸ, ੧, ੧:੮ (466)

(3) ਸੁੰਦਰ, ਸੋਹਣੀ
"ਜਿਨਿ ਅਚਰਜ ਸੋਭ ਬਣਾਈ।" (ਸੁੰਦਰ ਲੀਲਾ)
– ਸੋਰ ੫, ੮੪, ੧*:੨ (629)
"ਜਿਉ ਧਰਤੀ ਸੋਭੁ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ।" (ਸੋਹਣੀ ਲਗਦੀ ਹੈ)
– ਸੂਹੀ ੪, ਅਸ ੧, ੧੬:੧ (758)

ਸੋਭੰਤਿ ----- ਸ਼ੋਭਨੀਕ, ਚੰਗੇ ਲਗਣ ਵਾਲੇ
"ਬਚਿਤ੍ਰ ਮੰਦਿਰ ਸੋਭੰਤਿ ਬਸਤ੍ਰਾ ਇਤ੍ਰੰਤ ਮਾਇਆ ਬ੍ਯਾਪਿੰਤ।"
– ਸਸ ੫, ੧੧:੩ (1355)

ਸੋਭਨੀਕ ---- ਸ਼ੋਭਾ ਵਾਲਾ, ਸੋਹਣੇ ਲਗਣ ਵਾਲੇ
"ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ।"
– ਬਿਹਾ ੪, ਛੰਤ ੪, ੨:੨ (540)

ਸੋਭਾ ------ (1) ਵਡਿਆਈ, ਉਸਤਤ, ਜਸ
"ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ।"
– ਸਿਰੀ ੧, ੨੭, ੧*:੨ (24)

ਹੋਰ ਰੂਪ:

ਸੋਭਾਹੀਨ –

“ਸੋਭਾਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ।”

– ਸਸ ੫, ੨੮:੨ (1356)

(2) ਇੱਜ਼ਤ, ਮਾਨ ਅਪਮਾਨ

“ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ।”

– ਸਿਰੀ ੫, ੧੦, ੩:੩ (42)

“ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ।”

– ਸਾਰ ੫, ੮੦, ੨:੨ (1220)

(3) ਚਮਕੀਲੀਆਂ ਵਸਤੂਆਂ ਅਰਥਾਤ ਗਹਿਣੇ (ਭਾਵ)

“ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ।”

– ਸਿਰੀ ੪, ਛੰਤ ੧, ੪:੨ (79)

(4) ਸ਼ੁਹਰਤ, ਨੇਕ ਨਾਮੀ

“ਹਲਤਿ ਨ ਸੋਭਾ ਪਲਤਿ ਨ ਢੋਈ ਅਹਿਲਾ ਜਨਮ ਗਵਾਇਆ।”

– ਗਉ ੧, ੧੩, ੩:੩ (155)

(5) ਰੌਣਕ, ਉਤਸ਼ਾਹ

“ਤੁਮ੍ਹ ਪੇਖਤ ਸੋਭਾ ਮੇਰੈ ਆਗਨਿ।”

– ਬਿਲਾ ੫, ੯, ੧*:੨ (804)

(6) ਸੋਹਣੀ, ਸੁੰਦਰ

“ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ।” (ਦੇਹ ਕਿਵੇਂ ਸੋਹਣੀ ਲਗ ਸਕਦੀ ਹੈ)

– ਕੇਦਾ ੫, ਛੰਤ ੧, ੩:੧ (1122)

ਸੋਭਾਦੂ ----- ਸੋਭਾ ਵਾਲਾ

“ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾਦੂ ਹੋਇ।”

– ਗਉ ੫, ਬਾਅ ੩੧:੨ (256)

ਸੋਭਾਵੰਤ ---- ਸੋਭਾ ਵਾਲਾ, ਮਾਨ ਸਨਮਾਨ ਵਾਲਾ

“ਹਰਿ ਦਰਗਹ ਸੋਭਾਵੰਤ ਬਾਹ ਲੁਡਾਈਆ।”

– ਗਉ ੫, ਅਸ ੧੨, ੭:੨ (241)

ਹੋਰ ਰੂਪ:

ਸੋਭਾਵੰਤਾ –

“ਜਿਨਿ ਪ੍ਰਭੁ ਧਿਆਇਆ ਸੁ ਸੋਭਾਵੰਤਾ ਜੀਉ।”

– ਗਉ ੫, ੧੬੬*, ੫:੨ (217)

ਸੋਭਾਵੰਤੀ –

“ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ।”

– ਸਿਰੀ ੩, ੪੬, ੨:੩ (31)

ਸੋਭਾਵੰਤੀਆ –

“ਨਾਨਕ ਸੋਭਾਵੰਤੀਆ ਸੋਹਾਗਣੀ ਅਨਦਿਨੁ ਭਗਤਿ ਕਰੇਇ।” (ਚੰਗੀ, ਨੇਕ ਨਾਮੀ ਵਾਲੀ)

– ਸਿਰੀ ੩, ੬੧, ੪:੪ (38)

ਸੋਭਾਵੰਤੇ –

“ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ।”

– ਬਿਲਾ ੫, ੫, ੧:੪ (803)

ਸੋਮ ------- (1) ਚੰਦਰਮਾ
"ਸੂਰ ਸੁਰ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ।"
(ਚੰਦਰਮਾ ਦਾ ਸੁਰ ਭਾਵ ਪਿੰਗਲ)
– ਮਾਰੂ ੧, ੯, ੧:੧ (991)

(2) (ਸੰ.) ਆਪ, ਆਪਣੇ ਆਪ
"ਕਰਹਿ ਸੋਮ ਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠਿ ਗੁਮਾਨ।"
– ਸਾਰ ੫, ਬਾਅ, ੨, ੨:੧ (1203)

ਸੋਮਪਾਕ ---- ਆਪਣੀ, ਹੱਥੀਂ, ਰੋਟੀ ਪਕਾਉਣ ਵਾਲਾ
"ਸੋਮਪਾਕ ਅਪਰਸ ਉਦਿ ਆਨੀ।"
– ਗਉ ੫, ਬਾਅ ੧੬:੪ (253)

ਹੋਰ ਰੂਪ:

ਸੋਮਪਾਕਾ –
"ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ।" (ਆਪਣੇ ਹੱਥੀਂ ਰੋਟੀ ਪਕਾਉਣਾ)
– ਸਪੁ ੫, ੧੧*:੪ (1389)

ਸੋਮਵਾਰਿ --- ਚੰਦਰਮਾ ਦਾ ਵਾਰ, ਹਫਤੇ ਦਾ ਦੂਜਾ ਦਿਨ, ਐਤਵਾਰ ਤੋਂ ਬਾਅਦ ਦਾ ਵਾਰ
"ਸੋਮਵਾਰਿ ਸਸਿ ਅੰਮ੍ਰਿਤੁ ਝਰੈ।"
– ਗਉ ਕਬ, ਵਾਰ ੨:੧ (344)

ਸਰੋ ------- (ਫਾ.) ਰੌਲਾ
"ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ।"
– ਗਉ ੫, ਬਾਅ ੯ਸ:੧ (251)
"ਨਾਨਕ ਜਨ ਹਰਿ ਕੀਰਤਿ ਗਾਈ ਛੂਟਿ ਗਇਓ ਜਮ ਕਾ ਸਭ ਸੋਰ।"
– ਮਲਾ ੪, ੮, ੪:੧ (1265)

ਸੋਰਹ ------ ਸੋਲਾਂ
"ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ।"
– ਰਾਮ ਕਬ, ੬, ੨:੨ (970)

ਸੋਰਠਿ ----- ਸੋਰਠ ਰਾਗਣੀ, ਇਕ ਪੂਰਨ ਰਾਗੁ
"ਸੋਰਠਿ ਸਦਾ ਸੁਹਾਵਣੀ ਜੇ ਮਨਿ ਹੋਇ।"
– ਸੋਰ ੪, ਵਾਰ ੧ਸ, ੧, ੧:੧ (642)

ਸੋਰੁ ------- ਰੌਲਾ, ਛੂੰ ਫਾਂ
"ਜੋਰੁ ਨ ਰਾਜਿ ਮਾਲਿ ਮਨਿ ਸੋਰੁ।"
– ਜਪੁ ੧, ੩੩:੪ (7)

ਹੋਰ ਰੂਪ:

ਸੋਰੋਂ –

"ਛੁਟਕੀ ਹਉਮੈ ਸੋਰੋਂ।"
– ਕਾਨ ੫, ੪੩, ੩:੨ (1306)

ਸੋਲਹ ------ **ਸੋਲਾਂ**
"ਸੋਲਹ ਕਲਾ ਸੰਪੂਰਨ ਫਲਿਆ।" (ਸੋਲਹ ਕਲਾਂ, 'ਪੂਰਨਤਾ' ਦਾ ਲਖਾਇਕ ਹੈ)
– ਮਾਰੂ ੫, ਸੋਲਾ ੧੬, ੧੬:੧ (1081)
"ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ।" (ਸੋਲਾਂ ਪ੍ਰਕਾਰ ਦੇ)
– ਫੁਨ ੫, ੩:੨ (1361)

ਸੋਵਉ ------ **ਸੁਤਾ ਰਹੇਗਾ**
"ਆਵੈਗੀ ਨੀਦ ਕਹਾ ਲਗੁ ਸੋਵਉ।"
– ਮਲਾ ਰਵਿ, ੩, ੧:੨ (1293)

ਹੋਰ ਰੂਪ:

ਸੋਵਈ –
"ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ।" (ਸੌਂਦੀ)
– ਸਿਰੀ ੧, ਅਸ ੧੧, ੫:੨ (60)

ਸੋਵਹਿ –
"ਰਾਤਿ ਜਿ ਸੋਵਹਿ ਦਿਨ ਕਰਹਿ ਕਾਮ।" (ਸੌਂਦੇ ਹਨ)
– ਗਉ ਕਬ, ੧੬, ੨:੧ (326)

ਸੋਵਤ ------ **ਸੁਤਿਆ ਪਿਆਂ**
"ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ।"
– ਮਾਝ ੫, ੨੪, ੧:੩ (101)
"ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ।" (ਅਗਿਆਨਤਾ ਵਿਚ ਸੁੱਤਾ ਪਿਆ)
– ਬਿਲਾ ੫, ੫੫, ੨:੧ (814)

ਹੋਰ ਰੂਪ:

ਸੋਵਤੇ –
"ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ।" (ਸੁਤੇ ਪਿਆਂ)
– ਬਿਲਾ ੫, ੩੯, ੧*:੨ (810)

ਸੋਵੰਨ ------ **() ਸੋਨੇ ਦੀ**
"ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ।"
– ਵਡ ੧, ਛੰਤ ੨, ੭:੪ (567)

ਸੋਵਨੁ ------ **ਸੌਣਾ**
"ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ।"
– ਸਲੋ ਕਬ, ੧੨੮:੨ (1371)

ਸੋਵਾ ------- **ਮੈਂ ਸਵਾ/ਸੁਤੀ ਰਹਾਂ**
"ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ।"
– ਆਸਾ ੧, ੨੬, ੧:੨ (356)

ਸੋਵਿੰਨਾ ------ ਸੌਵੰਨੀ ਦਾ, ਬਹੁਤ ਖਰਾ/ਸ਼ੁਧ
"ਮਨੁ ਰਾਮਿ ਕਸਵਟੀ ਲਾਇਆ ਕੰਦਨੁ ਸੋਵਿੰਨਾ।"
– ਆਸਾ ੪, ਛੰਤ ੧੫, ੧:੨ (448)

ਸੋਵੈ -------- ਸਵੈਂ
"ਅੰਦਰਿ ਧੋਖਾ ਨੀਂਦ ਨ ਸੋਵੈ।"
– ਸਿਰੀ ੪, ਵਾਰ ੮ਸ, ੩, ੧:੨ (85)

ਸੌ --------- ਨਾਲ
"ਜਉ ਤੁਮ ਅਪਨੇ ਜਨ ਸੌ ਕਾਮੁ।"
– ਗਉ ਕਬ, ਅਸ ੪੨, ੧*:੨ (331)

ਸਥਾਨ ------ (ਸੰ.) ਜਗ੍ਹਾ, ਥਾਂ
"ਦੁਰਗਮ ਸਥਾਨ ਸੁਗਮੰ ਮਹਾ ਦੂਖ ਸਰਬ ਸੂਖਣਹ।"
– ਸਸ ੫, ੪੪:੧ (1358)

ਸ੍ਨੇਹੰ -------- ਪਿਆਰ, ਮੋਹ ਵੇਖੋ 'ਸਨੇਹ'
"ਧ੍ਰਿਗ ਸ੍ਨੇਹੰ ਬਨਿਤਾ ਬਿਲਾਸ ਸੁਤਹ।"
– ਸਸ ੫, ੨:੨ (1354)

ਸ੍ਰਪਨੀ ------ ਸਪਨੀ (ਮਾਇਆ ਰੂਪੀ)
"ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ।"
– ਆਸਾ ਕਬ, ੧੯, ੧*:੧ (480)

ਸ੍ਰਬ -------- ਸਾਰੇ, ਸਗਲੇ, ਵੇਖੋ 'ਸਰਬ'
"ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ।"
– ਸਿਰੀ ੫, ਛੰਤ ੨, ੫:੩ (80)

ਸ੍ਰਮ -------- (ਸੰ.) ਉੱਦਮ, ਯਤਨ, ਹੋਰ ਵੇਖੋ 'ਸ੍ਰਮੁ'
"ਕਈ ਕੋਟਿ ਮਾਇਆ ਸ੍ਰਮ ਮਾਹਿ।" (ਮਾਇਆ ਇਕੱਠੀ ਕਰਨ ਦੇ ਉਦਮ ਵਿਚ ਹਨ)
– ਗਉ ੫, ਸੁਖ ੧੦, ੨:੭ (275)
"ਸੀਤਲ ਸੁਖੁ ਪਾਇਓ ਮਨ ਤ੍ਰਿਪਤੇ ਹਰਿ ਸਿਮਰਤ ਸ੍ਰਮ ਸਗਲੇ ਲਾਥੇ।" (ਭੱਜ ਦੌੜ)
– ਬਿਲਾ ੫, ੧੨੨, ੨:੧ (828)
ਥਕਾਵਟ –
"ਆਵਤ ਜਾਤ ਰਹੇ ਸ੍ਰਮ ਮਾਸੇ ਸਿਮਰਤ ਸਾਧੂ ਸੰਗਿ।"
– ਕਾਨ ੫, ੧੨, ੧:੧ (1300)

ਸ੍ਰਮਹਿ ------ (ਸੰ.) ਟਪਕਣਾ, ਚੋਣਾ
"ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ।"
– ਸਿਰੀ ਬੇਣੀ, ੧, ੪:੨ (93)

ਸ੍ਰਮੁ -------- (1) ਉਦਮ, ਯਤਨ, ਭਜੇ ਫਿਰਨਾ
"ਇਆ ਡੇਰਾ ਕਉ ਸ੍ਰਮੁ ਕਰਿ ਘਾਲੈ।"

– ਗਉ ੫, ਬਾਅ ੨੯:੩ (256)

"ਸ੍ਰਮੁ ਕਰਤੇ ਦਮ ਆਫ ਕਉ ਤੇ ਗਨੀ ਧਨੀਤਾ।"

– ਬਿਲਾ ੫, ੩੭, ੩:੨ (810)

"ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ।" (ਭਜ ਦੌੜ ਮੁੱਕ ਗਈ)

– ਮਾਰੂ ੫, ੬, ੧:੨ (1000)

(2) ਥਕ ਜਾਣਾ

"ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ।"

– ਗਉ ੫, ਥਿਤੀ ੧੩:੭ (299)

"ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ।" (ਥਕਾਵਟ)

– ਮਾਰੂ ੫, ਅਸ ੩, ੨:੧ (1018)

"ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ।"

– ਕੇਦਾ ੫, ੧੩, ੧:੨ (1121)

(3) ਦੁੱਖ

"ਫਿਰਤ ਫਿਰਤ ਬਹੁਤੁ ਸ੍ਰਮੁ ਪਾਇਓ ਸੰਤ ਦੁਆਰੈ ਆਇਓ।"

– ਦੇਵ ੫, ੧੫, ੨:੧ (531)

(4) ਭਟਕਣਾ, ਖੇਚਲ

"ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ।" (ਮਨੁੱਖ ਤੋਂ ਮੰਗਿਆ ਭਟਕਣ ਹੀ ਮਿਲਦੀ ਹੈ)

– ਧਨਾ ੫, ੫੦, ੧:੨ (682)

ਸ੍ਰਵਹਿ ----- (ਸੰ.ੁ) ਸਿੰਮਦੇ ਹਨ

"ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ।"

– ਮਾਰੂ ੪, ੭, ੩:੧ (998)

ਸ੍ਰਵਣ ------ (ਸੰ.) ਕੰਨ

"ਸ੍ਰਵਣ ਸੋਏ ਸੁਣਿ ਨਿੰਦ ਵੀਚਾਰ।"

– ਗਉ ੫, ੮੯, ੧:੨ (182)

ਹੋਰ ਰੂਪ:

ਸ੍ਰਵਣੰ –

"ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤੵਿਾਗਿ ਸਗਲ ਰੇਣੁਕਹ।" (ਕੰਨਾਂ ਨਾਲ)

– ਸਸ ੫, ੪੦:੬ (1357)

ਸ੍ਰਵਣਹਿ –

"ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ।" (ਕੰਨੀ, ਕੰਨਾਂ ਨਾਲ)

– ਸਵ ੪, ਨਲ ੬:੧ (1399)

ਸ੍ਰਵਣਹੁ –

"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।"

– ਰਾਮ ੩, ਅਨੰ ੩੭:੧ (922)

(2) ਸੁਣਨਾ

"ਗੁਣ ਰਮਣ ਸ੍ਰਵਣ ਅਪਾਰ ਮਹਿਮਾ ਫਿਰਿ ਨ ਹੋਤ ਬਿਓਗੁ।"

– ਗੂਜ ੫, ੩੧, ੧:੨ (502)

ਸ੍ਰਵਣਾ ------ **ਥਣ**

"ਬਿਨੁ ਸ੍ਰਵਣਾ ਖੀਰੁ ਪਿਲਾਇਆ।"

– ਬਸੰ ਕਬ, ੩, ੧:੩ (1194)

ਸ੍ਰਵਣਿ ------ **ਕੰਨਾਂ ਨਾਲ, ਕੰਨੀਂ**

"ਹਰਿ ਗੁਣ ਬਾਣੀ ਸ੍ਰਵਣਿ ਸੁਣਾਹਾ।"

– ਜੈਤ ੪, ੧੧, ੨:੧ (699)

ਹੋਰ ਰੂਪ:

ਸ੍ਰਵਣੀ –

"ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ।" (ਕੰਨਾਂ ਨਾਲ)

– ਗਉ ੫, ਵਾਰ ੧੯:੧ (322)

ਸ੍ਰਵਣੁ –

"ਹਮਰੈ ਸ੍ਰਵਣੁ ਸਿਮਰਣੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ।"

– ਆਸਾ ੪, ੬੬, ੧:੧ (369)

ਸ੍ਰਵਨ –

"ਹਰਿ ਹਰਿ ਨਾਮੁ ਸ੍ਰਵਨ ਜਿਹ ਸੁਨਿਆ।" (ਕੰਨਾਂ ਨਾਲ)

– ਗਉ ੫, ਬਾਅ ੩੫:੬ (257)

"ਤੇ ਸ੍ਰਵਨ ਭਲੇ ਸੋਭਨੀਕ ਹਰਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ।" (ਕੰਨ)

– ਬਿਹਾ ੪, ਛੰਤ ੪, ੨:੨ (540)

ਸ੍ਰਵਨਹੁ –

"ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਆ ਅੰਕਿ ਸਮਾਨੀ।" (ਕੰਨਾਂ ਨੂੰ)

– ਸਾਰ ੫, ੩੧, ੧*:੨ (1210)

ਸ੍ਰਵਨਨ –

"ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ।" (ਕੰਨ)

– ਆਸਾ ਕਬ, ੧੮, ੩:੧ (480)

"ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ ਸੁਨੀਅਤੁ ਸੁਜਸੁ ਤੁਮ੍ਹਾਰ।" (ਕੰਨਾਂ ਨਾਲ)

– ਬਿਲਾ ਕਬ, ੭, ੧:੧ (856)

ਸ੍ਰਵਨਾ –

"ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ।"

– ਸੋਰ ਭੀਖ, ੨, ੨:੧ (659)

ਸ੍ਰਵਨਿ –

"ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀਂ ਆਰਤ ਦੁਆਰ ਰਟਤ ਪਿੰਗੁਰੀਆ।" (ਕੰਨਾਂ ਵਿਚ)

– ਗਉ ੫, ੧੧੫*, ੧:੧ (203)

ਸ੍ਰਵਨੀ –

"ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ।"

– ਗਉ ਕਬ, ਅਸ ੪੧, ੨:੧ (331)

“ਸ੍ਰਵਨੀ ਕਥਾ ਨੈਨ ਦਰਸੁ ਪੇਖਉ ਮਸਤਕੁ ਗੁਰ ਚਰਨਾਰੀ।” (ਕੰਨਾਂ ਦੁਆਰਾ)

– ਆਸਾ ੫, ੧੨੨, ੪:੨ (401)

ਸ੍ਰਵਨੁ –

“ਨੇਨੁ ਨਕਟੂ ਸ੍ਰਵਨੁ ਰਸਪਤਿ ਇੰਦ੍ਰੀ ਕਹਿਆ ਨ ਮਾਨਾ।” (ਨਕ ਨੇ)

– ਮਾਰੂ ਕਬ, ੭, ੧:੨ (1104)

ਸ੍ਰਿਸ਼ਟ ----- (ਸੰ.) ਰਚਨਾ

ਸ੍ਰਿਸ਼ਟਾ ----- (ਸੰ.) ਰਚਨਹਾਰਾ, ਪ੍ਰਭੁ

“ਸ੍ਰਿਸ਼ਟਾ ਕਰੈ ਸੁ ਨਿਹਚਉ ਹੋਇ।”

– ਰਾਮ ੧, ਓਅੰ ੫੦:੨ (937)

ਸ੍ਰਿਸਟਿ ----- (1) (ਸੰ.) ਰਚਨਾ, ਇਹ ਸੰਸਾਰ ਜੋ ਪ੍ਰਭੂ ਦੀ ਰਚਨਾ ਹੈ, ਪ੍ਰਕ੍ਰਿਤੀ

“ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ।”

– ਆਸਾ ੪, ਸੋਪੁ ੧, ੫:੪ (11)

“ਜਨ ਨਾਨਕ ਕਾ ਹਰਿ ਧੜਾ ਧਰਮੁ ਸਭ ਸ੍ਰਿਸਟਿ ਜਿਣਿ ਆਵੈ।” (ਜਗਤ)

– ਆਸਾ ੪, ੫੪, ੫:੪ (366)

ਹੋਰ ਰੂਪ:

ਸ੍ਰਿਸਟੀ –

“ਸੰਜੋਗ ਵਿਜੋਗ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ।”

– ਗੂਜ ੩, ਵਾਰ ੨:੧ (509)

ਸ੍ਰਿਸਟੀਜਾ –

“ਇਕੁ ਦਾਤਾਰੁ ਸਗਲ ਹੈ ਜਾਚਿਕ ਦੇਹਿ ਦਾਨੁ ਸ੍ਰਿਸਟੀਜਾ ਹੇ।”

– ਮਾਰੂ ੫, ਸੋਲਾ ੩, ੯:੩ (1074)

(2) ਲੋਕਾਈ

“ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।”

– ਧਨਾ ੧, ੮, ੩:੨ (663)

ਸ੍ਰਿਸਟੇ ----- ਸ੍ਰਿਸ਼ਟੀ ਵਾਲਾ, ਅਰਥਾਤ ਪ੍ਰਭੂ

“ਸ੍ਰਿਸਟੇ ਭੇਉ ਨ ਜਾਣੈ ਕੋਇ।”

– ਰਾਮ ੧, ਓਅੰ ੫੦:੧ (937)

ਸ੍ਰਿਸ੍ਟਿ ------ ਸ੍ਰਿਸ਼ਟੀ

“ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ।”

– ਵਡ ੪, ਵਾਰ ੨:੩ (586)

ਸ੍ਰਿਜੰਤ ----- ਸਿਰਜਿਆ, ਪੈਦਾ ਕੀਤਾ

“ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ।”

– ਸਸ ੫, ੨੩:੨ (1356)

ਸ੍ਰੀ ------- (1) ਇਕ ਰਾਗੁ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਰਾਗ ਹੈ

“ਰਾਗ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।”

– ਸਿਰੀ ੫, ਵਾਰ ੧ਸ, ੧, ੧:੧ (83)

(2) ਸਤਿਕਾਰ ਸੂਚਤ ਸਬਦ
“ਸ੍ਰੀ ਰਾਮ ਨਾਮਾ ਉਚਰੁ ਮਨਾ।”

– ਗਉ ੧, ੧੪, ੧*:੧ (165)

(3) () ਲਛਮੀ, ਵਿਸ਼ਨੂ ਵੀ ਪਤਨੀ
“ਸਤਿ ਸਾਚੁ ਸ੍ਰੀ ਨਿਵਾਸੁ ਆਦਿ ਪੁਰਖੁ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ।”

– ਸਵ ੪, ਗਅਂ ੬:੫ (1402)

ਸ੍ਰੀ ਖੰਡ ---- (;) ਚੰਦਨ ਦੀ ਲਕੜੀ
“ਕਾਠਹੁ ਸ੍ਰੀ ਖੰਡ ਸਤਿਗੁਰਿ ਕੀਅਉ ਦੁਖ ਦਾਰਿਦ੍ਰ ਤਿਨ ਕੇ ਗਇਅ।”

– ਸਵ ੪, ਨਲ ੬:੫ (1399)

ਸ੍ਰੀਧਰ ----- ਸ੍ਰੀ (ਲਛਮੀ) ਦੇ ਧਾਰਨ ਵਾਲਾ), ਲਛਮੀ ਦਾ ਸਹਾਰਾ (ਧਰ) ਵਿਸ਼ਨੂ ਭਾਵ ਪਰਮਾਤਮਾ, ਹੋਰ ਦੇਖੋ ‘ਸੀਧਰੁ’
“ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ।”

– ਸਿਰੀ ੫, ਛੰਤ ੨, ੫:੪ (80)

ਸ੍ਰੀਧਰਨਾਥੁ -- ਲਛਮੀ ਨੂੰ ਧਾਰਨ ਕਰਨ ਵਾਲਾ ਮਾਲਕ, ਭਾਵ ਪ੍ਰਮਾਤਮਾ
“ਨਾਨਕ ਇਕੁ ਸ੍ਰੀਧਰਨਾਥੁ ਜਿ ਟੂਟੇ ਲੇਇ ਸਾਂਠਿ।”

– ਫੁਨ ੫, ੧੫:੪ (1363)

ਸ੍ਰੀਧਰੁ – ਲਛਮੀ ਨੂੰ ਧਾਰਨ ਕਰਨ ਵਾਲਾ, ਭਾਵ ਪ੍ਰਮਾਤਮਾ
“ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ।”

– ਗਉ ੫, ਛੰਤ ੧, ੧:੩ (247)

ਸ੍ਰੀਪਤਿ ----- ਸ੍ਰੀ (ਲਛਮੀ) ਦਾ ਪਤੀ, ਵਿਸ਼ਨੂ ਭਾਵ ਪ੍ਰਮਾਤਮਾ
“ਸ੍ਰੀਪਤਿ ਨਾਥ ਸਰਣਿ ਨਾਨਕ ਜਨ ਹੇ ਭਗਵੰਤ ਕ੍ਰਿਪਾ ਕਰਿ ਤਾਰਹੁ।”

– ਸਮੁ ੫, ੫*:੮ (1388)

ਸ੍ਰੀ ਰੰਗ ---- ਸ੍ਰੀ (ਲਛਮੀ) ਨਾਲ ਰੰਗ (ਆਨੰਦ) ਕਰਨ ਵਾਲਾ, ਵਿਸ਼ਨੂ ਭਾਵ ਹਰਿ
“ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ।”

– ਸਿਰੀ ੫, ਛੰਤ ੨, ੪:੪ (80)

ਹੋਰ ਰੂਪ:

ਸ੍ਰੀਰੰਗੁ –
“ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀਰੰਗੁ ਸੁਰਮਾ ਦੇਈ।”

– ਆਸਾ ੧, ੩੫, ੩:੨ (359)

ਸ਼ੀਰੰਗੋ–
“ਜਪਿ ਮਨ ਮਾਧੋ ਮਧੁਸੂਦਨੋ ਹਰਿ ਸ਼ੀਰੰਗੋ ਪਰਮੇਸਰੋ ਸਤਿ ਸਪਰਮੇਸਰੋ ਪ੍ਰਭੁ ਅੰਤਰ ਜਾਮੀ।”

–ਸਾਰ ੪, ੧੦, ੧*:੧ (1201)

ਸ੍ਰੁਤਿ ------- ਵੇਦ

“ਸ੍ਰੁਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ।”

-ਸੂਹੀ ੫, ਛੰਤ ੧੧, ੪:੫ (785)

ਸ੍ਰੇਸਟ ------ (ਸੰ,) ਉਤਮ

“ਸਰਬ ਧਰਮ ਮਹਿ ਸ੍ਰੇਸਟ ਧਰਮੁ।”

-ਗਉ ੫, ਸੁਖ ੩, ੮:੧ (266)

ਹੋਰ ਰੂਪ:

ਸ੍ਰੇਸਟਾਈ–

“ਅਧਮ ਚੰਡਾਲੀ ਭਈ ਬ੍ਰਹਮਣੀ ਸੂਚੀ ਤੇ ਸ੍ਰੇਸਟਾਈ ਹੈ।” (ਉਤਮ ਜਾਤ ਦੀ)

– ਆਸਾ ੫, ੪੪, ੧:੧ (381)

ਸ਼੍ਰੇਸਟੁ–

“ਜਗ ਮਹਿ ਸ਼੍ਰੇਸਟੁ ਊਤਮ ਕਾਮੁ।” (ਸਭ ਤੋਂ ਵਧੀਆ)

-ਮਾਰੂ ੪, ੮, ੨:੨ (998)

ਸ੍ਰੇਵਹ–ਸੇਵਦੇ/ਉਪਾਸੁਨਾ ਕਰਦੇ ਹਾਂ

“ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ।”

-ਵਡ ੪, ਵਾਰ ੧੬:੨ (592)

ਸ੍ਰੋਤ–(ਸੰ.)

(1) ਸੁਣਨਾ

“ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ।”

-ਕੇਦਾ ੫, ੧੩, ੧*:੧ (1121)

ਹੋਰ ਰੂਪ:

ਸ੍ਰੋਤਾ–

“ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ ਦਰਸ਼ਨਹ।” (ਸੁਣਨਵਾਲਾ)

-ਸਸ ੫, ੧੯:੩ (1355)

ਸ੍ਰੋਤਿ–

“ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗਿ ਸਗਲ ਰੇਣੁਕਹ।”

-ਸਸ ੫, ੪੦:੬ (1357)

ਸ੍ਰੋਤੇ–

“ਕਈ ਕੋਟਿ ਬੇਦ ਕੇ ਸ੍ਰੋਤੇ

-ਗਉ ੫, ਸੁਖ ੧੦, ੧:੫ (275)

(2) ਧੁਨੀ –

“ ਸਵਣ ਸ੍ਰੋਤ ਰਜੇ ਗੁਰਬਾਣੀ ਜੋਤੀ ਜੋਤਿ ਮਿਲਾਏ ਹੇ।”

-ਮਾਰੂ ੧, ਸੋਲਾ ੩, ੧੪:੩ (1023)

ਸ੍ਵਸਤਿ–

(1) (ਸੰ.) ਕਲਿਆਣ, ਸੁਖ

“ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ।”

-ਗੁਜ ਜੈਦੇ, ੧, ੨:੧ (526)

(2) ਬੇਫਿਕਰੀ (ਦੀ ਅਵਸਥਾ) ਭਾਵ ਬਚਪਣ

“ਸ੍ਵਮਤਿ ਬਿਵਸਥਾ ਹਰਿ ਕੀ ਸੇਵਾ ਮਧੰਤੁ ਪ੍ਰਭ ਜਾਪਣ।”

-ਧਨਾ ੫, ੪੯, ੨:੧ (682)
('ਦਰਪਣ') ਇਥੇ ਵੀ ਅਰਥ 'ਸੁਖਸ਼ਾਂਤੀ' ਹੀ ਕਰਦਾ ਹੈ- ਹਰੀ ਦੇ ਸਿਮਰਣ ਨਾਲ ਸੁਖਸ਼ਾਂਤੀ ਬਣੀ ਰਹਿੰਦੀ ਹੈ)

ਸ੍ਵਛ ------- (ਸੰ.) ਸਾਫ, ਸੁਥਰੇ, ਨਿਰਮਲ
"ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ।"
- ਸਸ ੫, ੩੫:੨ (1357)

ਸ੍ਵਜਨਹ ----- (1) ਆਪਣੇ ਆਦਮੀ, ਨਜ਼ਦੀਕੀ ਰਿਸ਼ਤੇਦਾਰ
"ਬਿਖਯਾ ਭਯੰਤਿ ਅੰਮ੍ਰਿਤੰ ਦ੍ਰੂਸਟਾਂ ਸਖਾ ਸ੍ਵਜਨਹ।"
-ਸਸ ੫, ੩੭:੧ (1357)
(2) (ਸੰ.) ਭਲੇ ਮਨੁੱਖ
"ਨਿਵੰਤਿ ਹੋਵੰਤਿ ਮਿਥਿਆ, ਚੇਤਨੰ ਸੰਤ ਸਜਨਹ।"
-ਸਸ ੫, ੬੦:੨ (1359)

ਸ੍ਵਰਗ-(ਸੰ.) ਸੁਰਗ, ਬੈਕੁੰਠ
"ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ।"
-ਜੈਤ ੫, ਵਾਰ ੯ਸ, ੫ ੧:੧ (707)

ਸ੍ਵਰੂਪੰ ------ ਸਰੂਪ ਸੋਹਣੇ ਰੂਪ
"ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ।"
-ਸਸ ੫, ੯:੪ (1354)

ਹੋਰ ਰੂਪ:

ਸ੍ਵਰੂਪੀ-
"ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ।"
-ਸਵ ੫, ਮਥੁ ੭:੫ (1409)

ਸ੍ਵਾਸਾ ------ (ਸੰ.') ਸੁਆਸ, ਸਾਹ
"ਗਨੰਤ ਸ੍ਵਾਸਾ ਭੈਯਾਨ ਧਰਮੰ।"
-ਸਸ ੫, ੩:੪ (1354)

ਸ੍ਵਾਂਗ-ਸਾਂਗ, ਨਕਲ
"ਅਨਿਕ ਸ੍ਵਾਂਗ ਕਾਛੈ ਭੇਖਧਾਰੀ।"
-ਕਾਨ ੫, ੫, ੩:੧ (1299)

ਹੋਰ ਰੂਪ:

ਸ੍ਵਾਗਿ-
"ਸ੍ਵਾਂਗਿ ਉਤਾਰਿਐ ਫਿਰਿ ਪੁਛਤਾਵੈ।"
- ਭੈਰ ੫, ੩੩, ੩:੨ (1145)

ਸ੍ਵਾਂਗੀ-
"ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ।" (ਸਾਂਗ, ਨਕਲ ਕਰਨ ਵਾਲਾ)
-ਗਉ ੫, ਸੁਖ ੧੧, ੭:੭ (278)

ਸ੍ਵਾਂਗੀ -
"ਸ੍ਵਾਂਗੀ ਜਿਉ ਜੋ ਮਨੁ ਰੀਝਾਵੈ।"

– ਭੈਰ ੫, ੩੩, ੩:੧ (1145)

ਸ੍ਵਾਂਗੁ –
"ਬਾਜੀਗਰ ਸ੍ਵਾਂਗੁ ਸਕੇਲਾ।" (ਤਮਾਸ਼ਾ/ ਸਾਂਗ)
– ਸੋਰ ਕਬ, ੪, ੨:੩ (655)

ਸ੍ਵਾਦ ------ ਰਸ
"ਮਿਥਿਆ ਰਸਨਾ ਭੋਜਨ ਅਨ ਸ੍ਵਾਦ।"
– ਗਉ ੫, ਸੁਖ ੫, ੫:੪ (269)

ਹੋਰ ਰੂਪ:

ਸ੍ਵਾਦੁ –
"ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ।"
– ਗਉ ੫, ਥਿਤੀ ੧੧ਸ:੧ (299)

ਸ੍ਵਾਨ ------ (ਸੰ.) ਕੁੱਤਾ, ਵੇਖੋ 'ਸੁਆਨ'
"ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ।"
– ਸਸ ੫, ੫੮:੧ (1359)

ਸ੍ਵਾਮੀ ------ (1) (ਸੰ.) ਮਾਲਕ ਭਾਵ ਪ੍ਰਭੂ ਵੇਖੋ 'ਸੁਆਮਿ'
"ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ।"
– ਬਿਹਾ ੪, ਵਾਰ ੧੪:੨ (554)

(2) ਰਾਜਾ –
"ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾਚੇ ਬਾਧਵਾ।"
– ਧਨਾ ਤਿਲੋ, ੧, ੨:੧ (695)

(3) ਪਤੀ, ਮਾਲਕ
"ਗੋਤਮ ਨਾਰਿ ਉਮਾਪਤਿ ਸ੍ਵਾਮੀ।"
– ਜੈਤ ਰਵਿ, ੧, ੪:੧ (710)

ਹ

ਹਉ ------- (1) (ਸੰ) ਮੈਂ
"ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨਾ ਜਾਈ।"
– ਜਪੁ ੧, ੫:੯ (2)

"ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ।"
(ਮੈਂ ਮੈਂ/ਮੇਰੀ ਮੇਰੀ ਭਾਵ ਅਹੰਕਾਰ)
– ਸਿਰੀ ੩, ੪੭, ੩:੧ (32)

ਹੋਰ ਰੂਪ:

ਹਂਉ –
"ਹਂਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ।"
– ਆਸਾ ੫, ੧੩੫, ੩:੧ (404)

ਹੰਉ –
"ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ।"

– ਮਾਝ ੫, ਬਾਰਾ ੬:੭ (134)

(2) ਹਉਮੈਂ, ਅਹੰਕਾਰ

"ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ।"

– ਸਿਰੀ ੧, ੧੪, ੩:੨ (19)

"ਬਿਆਪਤ ਕਰਮ ਕਰੈ ਹਉ ਫਾਸਾ।" (ਅਹੰਕਾਰ)

– ਗਉ ੫, ੮੮, ੪:੧ (182)

ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ।"

– ਗਉ ੫, ਬਾਅ ੫੧:੩ (260)

(3) ਆਪਣੇ

"ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ।" (ਆਪਣੇ ਕਰਕੇ)

– ਗਉ ੪, ੫੦, ੩:੩ (167)

(4) ਹੋ

"ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ।"

– ਗਉ ਕਬ, ੭੦, ੧*:੧ (338)

"ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ।"

– ਦੇਵ ੫, ੩੪, ੧:੧ (535)

(ਇਨ੍ਹਾਂ ਅਰਥਾਂ ਵਿਚ 'ਹਉ' ਪਛੇਤਰ ਦੇ ਰੂਪ ਵਿਚ 'ਦੈਹਉ', 'ਕਹਉ', 'ਲੈਹਉ' ਸ਼ਬਦਾਂ ਵਿਚ ਵਰਤਿਆ ਗਿਆ ਹੈ)

"ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ।"

– ਰਾਮ ਕਬ, ੧੨, ੧*:੧ (972)

"ਜਉ ਤੁਮ੍ ਮੋ ਕਉ ਦੂਰਿ ਕਰਤ ਹਉ ਤਉ ਤੁਮ ਮੁਕਤਿ ਬਤਾਵਹੁ।"

– ਮਾਰੂ ਕਬ, ੫, ੧:੧ (1104)

ਹਉਮੈ ------ (1) ਮੈਂ ਮੇਰੀ ਦਾ ਭਾਵ ਅਰਥਾਤ 'ਅਹੰਤਾ'

"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।"

– ਜਪੁ ੧, ੨:੬ (1)

"ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ।"

– ਗਉ ੪, ਸੋਹ ੪, ੨:੧ (13)

ਹੋਰ ਰੂਪ:

ਹੰਉਮੈ –

"ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ।"

– ਵਡ ੩, ਛੰਤ ੫, ੨:੧ (570)

(2) ਅਹੰਕਾਰ

"ਹਰਿਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ।"

– ਸਿਰੀ ੫, ੭੧, ੪:੨ (42)

"ਵਡੇ ਕਹਾਵਹਿ ਹਉਮੈ ਤਨਿ ਪੀਰਾ।"

– ਗਉ ੧, ਅਸ ੧੪, ੭:੨ (227)

ਹੋਰ ਰੂਪ:

ਹੰਉਮੈ –

"ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ।"
– ਵਡ ੪, ਵਾਰ ੨:੨ (586)

ਹਉਰਾ ------ ਹਲਕਾ; ਤੁਛ
"ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ।"
– ਗਉ ੯, ੮, ੧*:੨ (220)

ਹੋਰ ਰੂਪ:

ਹਉਰੇ –
"ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ।"
– ਸੋਰ ੧, ੫, ੨:੧ (597)

ਹਉਰੋ –
"ਹੰਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ।"
– ਆਸਾ ੫, ੧੩੫, ੩:੧ (404)

ਹਉਲਿ ------ (ਅ. ਹੌਉਲ) ਧੜਕੇ ਨਾਲ, ਖਟਕੇ ਨਾਲ
"ਓਨਾ ਦਾ ਆਖਿਆ ਕੋ ਨਾ ਸੁਣੈ ਨਿਤ ਹਉਲੇ ਹਉਲਿ ਮਰਾਹੀ।"
– ਗਉ ੪, ਵਾਰ ੧੫ ਸ, ੪, ੨:੬ (308)

ਹਉਲੀ ------ ਹਲਕੀ, ਤੁਛ, ਨੀਵੀਂ, ਹੋਛੀ
"ਮਨ ਮਤਿ ਹਉਲੀ ਬੋਲੇ ਬੋਲੁ।"
– ਗਉ ੧, ੧, ੧:੨ (151)

ਹੋਰ ਰੂਪ:

ਹਉਲੇ –
"ਹੋਰ ਹਉਲੀ ਮਤੀ ਹਉਲੇ ਬੋਲ।" (ਹੋਛੇ)
– ਸਾਰ ੪, ਵਾਰ ੬ਸ, ੧, ੧:੪ (1239)

ਹਉਲੇ ------ (1) ਹੋਛੀ, ਤੁਛ, ਵੇਖੋ 'ਹਉਲੀ'
(2) ਘਟ ਭਾਰ ਦੀ, ਹਲਕੀ
"ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ।"
– ਰਾਮ ੧, ਓਅੰ ੩੧:੨ (933)

ਹਇਓ ------ ਮਾਰਿਆ
"ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ।"
– ਗਉ ਕਬ, ੫੯, ੨:੨ (336)

ਹਇਆ ---- (ਅ. ਹਯਾ) ਸ਼ਰਮ ਦੀ ਗੱਲ
"ਬੋਲੈ ਝੂਠੁ ਕਮਾਵੈ ਅਵਰਾ ਤ੍ਰਿਸਨ ਨ ਬੂਝੈ ਬਹੁਤੁ ਹਇਆ।"
– ਰਾਮ ੫, ੫੫, ੩:੧ (900)

ਹਈ ------- (1) ਜੇ ਹੈ ਤਾਂ
"ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।"
– ਆਸਾ ੧, ਵਾਰ ੧੫ਸ, ੧, ੧:੨ (471)

(2) ਹੈ
“ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਟਿ ਨਿਕਟਿ ਸਦਾ ਹਈ।”
– ਕਾਨ ੫, ੫੦, ੨:੧ (1308)

ਹੰਸ ------- (1) ਚਿੱਟਾ ਵਾਲ (ਭਾਵ)
“ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਸਰਿ ਹੰਸ ਉਲਥੜੇ ਆਇ।”
– ਸਿਰੀ ੧, ਪਹ ੨, ੩:੧ (75)
(2) ਗੁਰਮੁਖ, ਵਿਵੇਕ ਬੁੱਧ ਵਾਲੇ, ਨਿਰਮਲ ਬੁੱਧ ਵਾਲੇ (ਭਾਵ)
“ਊਜਲ ਮੋਤੀ ਚੂਗਹਿ ਹੰਸ।”
– ਆਸਾ ੧, ੧੨, ੧:੩ (352)
“ਹੰਸ ਸਿ ਹੰਸਾ ਬਗ ਸਿ ਬਗਾ ਘਟ ਘਟ ਕਰੇ ਬੀਚਾਰੁ ਜੀਉ।”
– ਆਸਾ ੧, ਛੰਤ ੪, ੧:੫ (438)
ਹੋਰ ਰੂਪ:
ਹੰਸਹ –
“ਜੀਅ ਦਇਆ ਮਇਆ ਸਰਬਤ੍ਰ ਰਮਣੰ ਪਰਮ ਹੰਸਹ ਰੀਤਿ।”
– ਗੂਜ ੫, ਅਸ ੨, ੭:੨ (508)
ਹੰਸਾ –
“ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ।” (ਵੱਡਾ/ਮਹਾਂ ਪਵਿਤਰ ਬੁੱਧ ਵਾਲਾ)
– ਵਡ ੧, ਛੰਤ ੨, ੭:੬ (567)
(3) ਆਤਮਾ (ਭਾਵ)
“ਕਾਂਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ।
– ਗੂਜ ੩, ਵਾਰ ੭ਸ, ੩, ੧:੧ (510)
“ਕਾਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ।”
– ਵਡ ੧, ਅਲਾ ੧, ੧:੪ (579)
(4) ਸਿਖ (ਭਾਵ)
“ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ।”
(ਗੁਰੂ ਸਿੱਖ ਵਿਚ ਤੇ ਸਿੱਖ ਗੁਰੂ ਵਿਚ ਸਮਾਇਆ ਹੋਇਆ ਹੈ)
–ਧੰਨਾ ੧, ਅਸ ੧, ੩ :੩ (685)
(5) ਬਤਖ ਦੀ ਜਾਤੀ ਦਾ ਇਕ ਪੰਛੀ ਜੋ ਨਿਰਮਲਤਾ ਤੇ ਬਿਬੇਕਤਾ ਦਾ ਪ੍ਰਤੀਕ ਮੰਨਿਆ ਜਾਂਦਾ ਹੈ।
“ਤੂ ਸਾਗਰੁ ਹਮ ਹੰਸ ਤੁਮਾਰੇ ਤੁਮ ਮਹਿ ਮਾਣਕ ਲਾਲਾ।”
– ਰਾਮ ੫, ੬, ੨:੧ (884)
“ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ।”
–ਰਾਮ ੩, ਵਾਰ ੨੧ਸ, ੧, ੧:੧ (956)

ਹਸਹਿ ----- (ਸੰ.) ਹੱਸਦਾ ਹੈਂ
“ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ।”
– ਗਉ ੫, ਸੁਖ ੪, ੨:੨ (267)

ਹਸਣ ------ ਖੁਸ਼ੀ/ਵਿਅੰਗ/ਮਖੌਲ ਦਾ ਪ੍ਰਭਾਵ ਦੇਣਾ
“ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਿਰ ਹੈ ਗਾਲਿਆ।”

– ਗਉ ੪, ਵਾਰ ੩੦ਸ, ੪, ੧:੩ (315)

ਹਸਣਾ ----- ਖੁਸ਼ੀ ਮਨਾਣਾ, ਖੁਸ਼ ਹੋਣਾ
"ਖਾਣਾ ਪੀਣਾ ਹਸਣਾ ਬਾਦਿ।"
– ਆਸਾ ੧, ੯, ੧:੩ (351)

ਹਸਣਿ ----- ਉਹ ਸੁਕਾ ਖੂਹ ਅਥਵਾ ਵਲਗਣ ਜਿਸ ਵਿਚ ਪਾਰਸੀ ਲੋਕ ਮਿਰਤਕਾਂ ਦੇ ਸਰੀਰ ਸੁੱਟ ਕੇ ਗਿਰਝਾਂ ਨੂੰ ਖੁਆ ਦਿੰਦੇ ਹਨ।
"ਇਕਿ ਪਾਣੀ ਵਿਚ ਉਸਟੀਅਹਿ ਇਕਿ ਭਿ ਫਿਰਿ ਹਸਣਿ ਪਾਹਿ
– ਸੋਰ ੪, ਵਾਰ ੧੬ਸ, ੧, ੨:੨ (648)

ਹਸਣੁ ------ ਖੁਸ਼ੀ
"ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ।" (ਐਸੀ ਖੁਸ਼ੀ ਸ੍ਰੇਸ਼ਟ ਹੈ)
– ਸਲੋ ੧, ੨:੫ (1410)

ਹਸਤ ------ (1) (ਸੰ) ਹੱਥ
"ਹਸਤ ਪੁਨੀਤ ਹੋਹਿ ਤਤਕਾਲ।"
–ਗਉ ੫, ੯੭, ੧:੧ (185)
"ਹਸਤ ਚਰਨ ਸੰਤ ਟਹਲ ਕਮਾਈਐ।" (ਹਥਾਂ ਪੈਰਾਂ ਨਾਲ)
– ਗਉ ੫, ਥਿਤੀ ੧੦:੭ (299)
(2) ਹਸਦਿਆਂ, ਹੋਰ ਵੇਖੋ 'ਹਸਤਾ'
"ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ।"
– ਗਉ ੫, ਬਾਅ ੫੩ਸ:੧ (261)
(3) (ਸੰ. ਗਡ.ਲਕੁ) ਹਥ (ਸੁੰਡ) ਵਾਲਾ, ਹਾਥੀ, ਹੋਰ ਵੇਖੋ 'ਹਸਤਿ'
"ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ।"
–ਬਿਹਾ ੫, ਛੰਤ ੯, ੧:੫ (547)
"ਕੀਟ ਹਸਤ ਪੂਰਨ ਸਭ ਸੰਗਾ।"
– ਕਾਨ ੫, ੩੬, ੧*:੨ (1305)

ਹਸਤਊਚ --- ਗੌਮੁਖੀ ਮਾਲਾਧਾਨੀ, ਗਊ ਦੇ ਮੁੱਖ ਦੇ ਆਕਾਰ ਜਿਨੀ ਥੈਲੀ ਜਿਸ ਵਿਚ ਮਾਲਾ ਪਾ ਕੇ ਫੇਰੀ ਜਾਂਦੀ ਹੈ। ਹਿੰਦੂ ਸ਼ਾਸ਼ਤ੍ਰਾਂ ਅਨੁਸਾਰ ਇਸ ਨੂੰ ਧਰਤੀ ਨਾਲ ਛੁਹਾਨ ਦੀ ਆਗਿਆ ਨਹੀਂ। ਛਾਤੀ ਦੀ ਕੌਡੀ ਨਾਲ ਹੱਥ ਲਾ ਕੇ ਜਪ ਕਰਨ ਦੀ ਆਗਿਆ ਹੈ।
"ਕੰਠ ਰਮਣੀਯ ਰਾਮ ਰਾਮ ਮਾਲਾ ਹਸਤਊਚ ਪ੍ਰੇਮ ਧਾਰਣੀ।"
– ਸਸ ੫, ੩੨:੧ (1356)

ਹਸਤਨੀ ---- (ਸੰ.) ਹੱਥਨੀ
"ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ।"
ਗਉ ਕਬ, ੫੭, ੧:੧ (335)

ਹਸਤਾ ----- ਹਸਦਾ ਹੈ, ਵੇਖੋ 'ਹਸਤ' (2)
"ਮਿਥਿਆ ਰੰਗ ਸੰਗਿ ਮਾਇਆ ਪੇਖਿ ਹਸਤਾ।"
–ਗਉ ੫, ਸੁਖ ੫, ੪:੬ (268)

ਹਸਤਿ ----- ਹਾਥੀ, ਵੇਖੋ 'ਹਸਤ' (3)

"ਅਸੁ ਪਵਨ ਹਸਤਿ ਅਸਵਾਰੀ।"

-ਗਉ ੫, ੮੧, ੨:੧ (179)

ਹੋਰ ਰੂਪ:

ਹਸਤੀ –
"ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ।"

-ਸਿਰੀ ੧, ਅਸ ੧੬, ੩:੨ (63)

ਹਸਤੰੀ -----
"ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੰੀ ਚੁਨਿਓ ਨ ਜਾਈ।"

-ਰਾਮ ਕਬ, ੧੨, ੨:੧ (972)

ਹਸਤੋ ------ ਹਸਦਿਆਂ
"ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ।"

– ਸਾਰ ਕਬ, ੨, ੧:੧ (1252)

ਹਸੰਦਿਆ --- ਹਸਦਿਆ
"ਹਸੰਦਿਆ ਖੇਲੰਦਿਆ ਪੈਨੰਦਿਆ ਖਾਂਵੰਦਿਆ ਵਿਚੇ ਹੋਵੈ ਮੁਕਤਿ।"

-ਗੂਜ ੫, ਵਾਰ ੧੬ਸ, ੫, ੨:੨ (522)

ਹਸਨ ------ ਠਠਾ ਕਰਨ, ਵਿਅੰਗ ਕਰਨ, ਹਾਸੀ ਕਰਨਾ, ਹਸਣਾ
"ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ।"

-ਆਸਾ ੯, ੧, ੨:੧ (411)

ਹਸਨਾ ----- ਖੁਸ਼ ਹੋਣਾ, ਹਸਣਾ, ਪ੍ਰਸਨ ਹੋਣਾ
"ਸਹਜਿ ਬੈਰਾਗੁ ਸਹਜੇ ਹੀ ਹਸਨਾ।"

– ਗਉ ੫, ਅਸ ੩, ੩:੩ (236)

"ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ।"

-ਬਿਲਾ ੫, ੪੩, ੨:੧ (811)

ਹਸਨੇਹਾਰੁ --- ਹਸਦੇ ਹਨ, ਠਠਾ ਕਰਦੇ ਹਨ
"ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ।"

– ਸਲੋ ਕਬ, ੨:੧ (1364)

ਹਸਨੋ ------ ਹਸਣਾ, ਖੁਸ਼ੀ
"ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ।"

-ਦੇਵ ੫, ੨, ੧:੧ (528)

ਹੰਸਾ ------ (1) ਹੰਸ, ਵੇਖੋ 'ਹੰਸ' (5)
"ਗੋਵਿੰਦੁ ਊਜਲੁ ਊਜਲ ਹੰਸਾ।"

– ਮਾਝ ੩, ਅਸ ੨੧, ੧:੧ (121)

"ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ।" (ਹੰਸ ਰੂਪ)

-ਆਸਾ ੧, ਵਾਰ ੧੮ਸ ੧, ੨:੪ (472)

"ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ।" (ਵੱਡਾ ਹੰਸ)

-ਵਡ ੧, ਛੰਤ ੨, ੭:੬ (567)

(2) ਗੁਰਮੁੱਖ, ਵੇਖੋ ‘ਹੰਸ’ (2)
“ਨਿਰਮਲ ਹੰਸਾ ਪ੍ਰੇਮ ਪਿਆਰਿ।”
-ਮਾਝ ੩, ਅਸ ੩੨, ੫:੧ (128)
(3) ਆਤਮਾ, ਮਨ, ਵੇਖੋ, ‘ਹੰਸ’ (3)
“ਉਡੈ ਨ ਹੰਸਾ ਪੜੈ ਨ ਕੰਧੁ।”
-ਰਾਮ ੧, ਸਿਗੋ ੧੬:੨ (939)
“ਨਿਰਮਲ ਕਾਇਆ ਊਜਲ ਹੰਸਾ।”
- ਮਾਰੂ ੧, ਸੋਲਾ ੧੪, ੧੬:੧ (1034)

ਹਸਿ ------ ਹਸ ਕੇ, ਖੁਸ਼ ਹੋ ਕੇ
“ਹਸਿ ਹਸਿ ਸੋਗੁ ਕਰਤ ਬੇਗਾਨਾ।”
- ਆਸਾ ੫, ੭੫, ੧:੨ (389)
“ਪ੍ਰਭ ਹਸਿ ਬੋਲੇ ਕੀਏ ਨਿਆਂਏਂ।”
-ਪ੍ਰਭਾ ੫, ਅਸ ੧, ੮:੧ (1347)

ਹੰਸਿ ------ (1) ਮਨੁੱਖ ਰੂਪੀ ਹੰਸ ਨੇ, ਭਾਵ ਹੰਸ ਵਰਗੇ ਉਤਮ ਜੀਵ ਨੇ
“ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ।”
- ਸਲੋਕ ੧, ੧੦:੩ (1411)
(2) ਆਤਮਾ ਦਾ
“ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ।”
- ਮਾਝ ੧, ਵਾਰ ੪:੧ (139)

ਹਸਿਆ ---- ਖੁਸ਼ੀ ਮਨਾਈ, ਹਸਿਆ ਖੇਡਿਆ
“ਇਸਟ ਮੀਤ ਬੰਧਪ ਸੁਤ ਭਾਈ ਸੰਗਿ ਬਨਿਤਾ ਰਚਿ ਹਸਿਆ।”
- ਗੂਜ ੫, ੮, ੨:੧ (497)
“ਹਰਿ ਜਨ ਗੁਨ ਗਾਵਤ ਹਸਿਆ।” (ਖੁਸ਼ ਹੋਇਆ, ਖਿੜਿਆ)
- ਕਲਿ ੪, ੨, ੧*:੧ (1319)
ਹੋਰ ਰੂਪ:
ਹਸੀਐ –
“ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ ਊਤਮੁ ਲੈ ਲਾਹਾ ਹਰਿ ਮਨਿ ਹਸੀਐ।”
- ਗਉ ੪, ੫੭, ੩:੧ (170)

ਹਸੀਐ ----- (1) ਖੁਸ਼ ਹੋਈਏ, ਖੇੜੇ ਵਿਚ ਆਈਏ, ਵੇਖੋ ‘ਹਸਿਆ’
(2) ਠਠਾ/ਵਿਅੰਗ ਕਰੀਏ
“ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ।”
- ਸਲੋ ਕਬ, ੩੯:੧ (1366)

ਹਸੁ ------- ਖੁਸ਼ ਹੋ, ਖਿੜ, ਵੇਖੋ ‘ਹਸਿਆ’
“ਹਰਿ ਪਾਇਅੜਾ ਵਡਭਾਗੀਏ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ।”
- ਗਉ ੪, ੬੬, ੩:੪ (173)

ਹੰਸੁ ------- (1) ਬਤਖ ਨੁਮਾ ਸੁਫੈਦ ਰੰਗ ਦਾ ਇਕ ਪੰਛੀ, ਵੇਖੋ ‘ਹੰਸ’ (5)

“ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ।”
– ਸਿਰੀ ੧, ੨੫, ੪:੧ (23)

(2) ਜੀਵ ਰੂਪ ਆਤਮਾ, ਵੇਖੋ ‘ਹੰਸ’ (3)
“ਉਡਿਆ ਹੰਸੁ ਦਸਾਏ ਰਾਹ।”
– ਮਾਝ ੧, ਵਾਰ ੧ਸ, ੧, ੨:੧੨ (138)

(3) ਹਿੰਸਾ –
“ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।”
–ਮਾਝ ੧, ਵਾਰ, ੨੦ਸ, ੧, ੨:੫ (147)
“ਹੰਸੁ ਹੇਤੁ ਆਸਾ ਅਸਮਾਨੁ।” (ਨਿਰਦੈਤਾ)
– ਗਉ ੧, ੨, ੩:੧ (151)

(4) ਪਵਿੱਤਰ ਵਿਵੇਕ ਬੁੱਧੀ ਵਾਲਾ, ਵੇਖੋ ‘ਹੰਸ’ (2)
“ਹੰਸੁ ਹੁਇ ਹੀਰਾ ਲੇਇ ਪਛਾਨੀ।”
– ਆਸਾ ਕਬ, ੩੧, ੧*:੨ (483)

(5) ਗੁਰਮੁਖ,
“ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ।”
– ਗੂਜ ੪, ੨, ੪:੧ (493)

(6) ਸਿੱਖ (ਭਾਵ)
“ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ।” (ਗੁਰੂ ਵਿਚ ਸਿੱਖ ਤੇ ਸਿੱਖ ਗੁਰੂ ਵਿਚ ਸਮਾਇਆ ਰਹਿੰਦਾ ਹੈ)
– ਧਨਾ ੧, ਅਸ ੧, ੩:੩ (685)

(7) ਮਨੁੱਖ ਰੂਪੀ ਹੰਸ ਜੋ ਸਾਰੀਆਂ ਜੂਨਾਂ ਦਾ ਸਰਦਾਰ ਹੈ (ਭਾਵ)
“ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ।”
– ਸੂਹੀ ੩, ਵਾਰ ੧੯ਸ, ੧, ੨:੨ (790)

ਹੰਸੁਲਾ ----- ਹੰਸ ਨੂੰ, ਵੇਖੋ ‘ਹੰਸੁ’ (1)
“ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ।”
–ਧਨਾ ਨਾਮ, ੩, ੩:੧ (693)
“ਬਗੁਲਾ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ।” (ਹੰਸ)
– ਬਸੰ ੧, ੯, ੪:੧ (1171)

ਹੰਸੁਲੇ ----- ਗੁਰਮੁਖ, ਵੇਖੋ ‘ਹੰਸ’ (2)
“ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ।”
–ਸੂਹੀ ੩, ਅਸ ੪, ੨:੨ (757)

ਹਸੂਆ ----- ਖੁਸ਼ ਹੁੰਦਾ ਹੈ, ਹਸਦਾ ਹੈ
“ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ।”
– ਗਉ ੫, ੧੨੭, ੨:੧ (206)

ਹਸੈ ------- (1) ਹਸਦਾ ਹੈ, (ਵਿਅੰਗ/ਠਠੇ ਵਾਲੀ ਹਾਸੀ) ਹਸਦਾ ਹੈ
“ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।”
– ਸਿਰੀ ਕਬ, ੧, ੧:੨ (92)
“ਮਿਰਤੁ ਹਸੈ ਸਿਰ ਊਪਰੈ ਪਸੂਆ ਨਹੀ ਬੂਝੈ।”

–ਬਿਲਾ ੫, ੩੬, ੧:੧ (809)

(2) ਖੁਸ਼ ਹੁੰਦਾ ਹੈ
“ਕਬਹੂ ਸੋਗ ਹਰਖ ਰੰਗਿ ਹਸੈ।”
– ਗਉ ੫, ਸੁਖ ੧੧, ੫:੬ (277)
“ਨਾਮੈ ਦੇਖਿ ਨਰਾਇਨੁ ਹਸੈ।” (ਹਸ ਕੇ, ਖੁਸ਼ ਹੋ ਕੇ)
– ਭੈਰ ਨਾਮ, ੩, ੩:੨ (1164)

ਹਸੁ ------- ਹੱਥ, ਵੇਖੋ, ‘ਹਸਤ’ (1)
“ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ।”
– ਸਵ ੪, ਗਯੰ ੧੨:੨ (1403)

ਹਹਿ ------ (1) ਹਨ
“ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹਿ।”
– ਧਨਾ ੧, ਸੋਹ ੩, ੨:੧ (13)
(2) ਹੈਂ
“ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾਹੀ।”
– ਗਉ ੩, ੩੫, ੪:੧ (162)
(3) ਹਾਂ
“ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾ ਚੇ।”
– ਗਉ ੪, ੫੫, ੪:੧ (169)
(4) ਹੈ
“ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।”
– ਸੋਰ ਰਵਿ, ੧, ੩:੧ (658)

ਹਹੁ ------- ਹੋ, ਹੈਂ
“ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ।”
– ਗਉ ਕਬ, ੭੨, ੧:੧ (339)
“ਮਾਧਵੇ ਜਾਨਤ ਹਹੁ ਜੈਸੀ ਤੈਸੀ।”
– ਸੋਰ ਰਵਿ, ੨, ੧*:੧ (658)
ਕਾਹੇ ਰੇ ਨਰ ਗਰਬੁ ਕਰਤ ਹਹੁ ਬਿਨਸਿ ਜਾਇ ਝੂਠੀ ਦੇਹੀ।” (ਹੈਂ)
–ਧਨਾ ਨਾਮ, ੧, ੧*:੨ (692)

ਹਕਾ ------ (ਅ. ਹਕ਼, ਹਕ਼ਾ) ਹੇ ਸਤਿਸਰੂਪ
“ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ।”
–ਤਿਲੰ ੧, ੧, ੧:੨ (721)

ਹਕਾਰਾ ----- ਬੁਲਾਵਾ, ਸੱਦਾ, ਹੁਕਮ
“ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ
– ਰਾਮ ਸਦ, ੧:੫ (923)

ਹਕਿ ------ (1) (ਅ. ਹਕ਼) ਸਤ ਭਾਵ ਪ੍ਰਭੂ
“ਹੋਇ ਹਲਾਲੁ ਲਗੈ ਹਕਿ ਜਾਇ।”
– ਰਾਮ ੩, ਵਾਰ ੧੯ਸ, ੧, ੨:੭ (956)

(2) ਸਚ
"ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ।"
– ਮਾਝ ੧, ਵਾਰ ੨੨ਸ, ੨, ੧:੪ (148)

ਹਕੀਕਤਿ --- (ਅ ਹਕ਼ੀਕ਼ਤ) ਅਸਲੀਅਤ, ਸਚਾਈ, ਸੂਫੀ ਵਿਚਾਰਧਾਰਾ ਅਨੁਸਾਰ ਆਤਮਕ ਉਨਤੀ ਦੀ ਚੌਥਾ ਪੜਾ
"ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।"
– ਮਾਰੂ ੫, ਸੋਲਾ ੧੨, ੩:੩ (1083)

ਹਕੀਨਾ ----- ਹਕ/ਰਬ ਦੇ
"ਰੰਗ ਤਮਾਸੇ ਮਾਣਿ ਹਕੀਨਾ।"
– ਮਾਰੂ ੫, ਸੋਲਾ ੧੨, ੧੨:੨ (1084)
(ਮਹਾਨਕੋਸ਼ ਇਸ ਨੂੰ ਅਰਬੀ ਦੇ ਸ਼ਬਦ 'ਹਕੀਨ' ਤੋਂ ਵਿਉਤਪਤ ਮਨ ਇਸ ਦੇ ਅਰਥ 'ਰੋਕ ਕੇ' 'ਵਸ ਕਰਕੇ' (ਮਨ ਇੰਦ੍ਰੀਆਂ ਨੂੰ ਵਸ ਕਰਕੇ) ਕਰਦਾ ਹੈ)

ਹਕੁ ------- (1) ਧਰਮ/ਅਸੂਲ ਅਨੁਸਾਰ ਠੀਕ
"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।"
– ਮਾਝ ੧, ਵਾਰ ੭ਸ, ੧, ੧:੧ (140)

(2) ਨਿਯਮ ਅਨੁਸਾਰ ਮਿਲਣ ਯੋਗ ਚੀਜ਼
"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।"
– ਮਾਝ ੧, ਵਾਰ ੭ਸ, ੧, ੨:੧ (141)

(3) ਧਰਮ
"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।"
– ਵਡ ੧, ਅਲਾ ੨, ੩:੧ (579)

(4) ਪ੍ਰਭੂ ਜੋ ਸਦਾ 'ਸਤ' ਹੈ
"ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ।"
– ਤਿਲੰ ਕਬ, ੧, ੨:੨ (727)

(5) ਸਚਾ
"ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ।"
– ਮਾਰੂ ੫, ਸੋਲਾ ੧੨, ੧੫:੩ (1084)

ਹੰਘਈ ----- ਸਕਦਾ
"ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ।"
– ਸਿਰੀ ੫, ਅਸ ੨੯, ੫:੩ (73)

ਹਛਨਈ ---- ਹਛੀ/ਨਿਰਮਲ ਹੋ ਗਈ
"ਅੰਧਕਾਰ ਮਹਿ ਰਤਨੁ ਪ੍ਰਗਾਸਿਓ ਮਲੀਨ ਬੁਧਿ ਹਛਨਈ।"
– ਆਸਾ ੫, ੧੨੪, ੧:੨ (402)

ਹਛਾ ------ (1) ਸ੍ਵਛ, ਨਿਰਮਲ, ਸਾਫ
"ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ।"
– ਆਸਾ ੧, ਵਾਰ ੧੦ਸ, ੧, ੨:੨ (468)

ਹੋਰ ਰੂਪ:

ਹਛੀ –
“ਹਛੀ ਮਿਟੀ ਸੋਝੀ ਹੋਇ।” (ਸ੍ਵਛ/ਨਿਰਮਲ ਵਿਚਾਰ)
– ਰਾਮ ੧, ੭, ੨:੧ (878)
“ਸਬਦਿ ਧੋਪੈ ਤਾ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ।”
– ਮਾਰੂ ੩, ਸੋਲਾ ੨, ੧੦:੩ (1045)

ਹਛੇ –
“ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ।”
– ਸੂਹੀ ੧, ੬, ੧:੫ (750)

ਹਛੈ –
“ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।” (ਪਵਿਤਰ)
– ਮਾਝ ੧, ਵਾਰ ੬ਸ, ੧, ੧:੩ (140)

(2) ਚੰਗਾ ਭਲਾ
“ਚਹੁ ਜੁਗਿ ਨਿਰਮਲੁ ਹਛਾ ਲੋਇ।”
– ਮਾਰੂ ੪, ਸੋਲਾ ੧, ੧੧:੨ (1069)

ਹਜ ------- (ਅ. ਹਜ) ਕਾਹਬੇ ਦੀ ਯਾਤਰਾ
“ਹਜੁ ਹਮਾਰੀ ਗੋਮਤੀ ਤੀਰ।”
– ਆਸਾ ਕਬ, ੧੩, ੧:੧ (478)

ਹਜਾਰ ----- (ਫਾ. ਹਜ਼ਾਰ) ਸਹੰਸਰ, ਦਸ ਸੌ ਦੀ ਗਿਣਤੀ
“ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ।”
– ਸਿਰੀ ੧, ਅਸ ੧੬, ੩:੧ (63)

ਹਜੂਰਿ ----- (1) (ਅ. ਹਜ਼ੂਰ) ਪ੍ਰਤਖ, ਹਾਜ਼ਰ, ਮੌਜੂਦ
“ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ।”
– ਸਿਰੀ ੧, ਅਸ ੧੫, ੫:੨ (60)

“ਸਦਾ ਹਜੂਰਿ ਦੂਰ ਨ ਜਾਣਹੁ।”
– ਮਾਝ ੩, ਅਸ ੧੨, ੮:੧ (116)

ਹੋਰ ਰੂਪ:

ਹਜੂਰੀ –
“ਰਵਿ ਰਹਿਆ ਸਦ ਸੰਗਿ ਹਜੂਰੀ।”
– ਗਉ ੫, ਸੁਖ ੨੦, ੩:੮ (289)

ਹਜੂਰੀਐ –
“ਪਾਰਬ੍ਰਹਮ ਗੁਰਦੇਵ ਸਦਾ ਹਜੂਰੀਐ।”
– ਜੈਤ ੫, ਵਾਰ ੧੩:੫ (708)

ਹਜੂਰੇ –
“ਸਚੁ ਸਾਲਾਹੀ ਸਦਾ ਹਜੂਰੇ।”
– ਮਾਝ ੩, ਅਸ ੧੯, ੬:੧ (120)

(2) ਹਜੂਰੀ ਵਿਚ, ਸਾਹਮਣੇ
“ਦੁਇ ਕਰ ਜੋੜਿ ਕਰੀ ਅਰਦਾਸਿ।
ਚਰਨ ਪਖਾਰਿ ਕਹਾਂ ਗੁਣ ਤਾਸ।

ਪ੍ਰਭ ਦਇਆਲ ਕਿਰਪਾਲ ਹਜੂਰਿ।"

– ਧਨਾ ੫, ੨੩, ੪:੧; ੨;੩ (676)

"ਗੁਰ ਕੀ ਸੇਵਾ ਵਿਸਰੀ ਕਿਉ ਮਨੁ ਰਹੈ ਹਜੂਰਿ।"

– ਬਿਲਾ ੪, ਵਾਰ ੧੩ਸ, ੩, ੧:੨ (854)

ਹੰਝ ------- ਹੰਸ

"ਕਲਰ ਕੇਰੀ ਛਪੜੀ ਆਇ ਉਲਥੇ ਹੰਝ।"

– ਸਲੋ ਫਰ, ੬੪:੧ (1381)

ਹਟ ------- (1) (ਸੰ.) ਹਟੀ, ਦੁਕਾਨ ਵੇਖੋ 'ਹਟੜੀ'।

"ਨਾਨਕ ਹਟ ਪਟਣ ਵਿਚ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ।" (ਹਟੀਆਂ)

– ਮਾਝ ੪, ੫, ੪:੩ (95)

(2) ਬਾਜ਼ਾਰ

"ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ।"

– ਸਿਰੀ ੪, ਵਾਰ ੩:੨ (83)

ਹਟਕੈ ------ ਰੋਕੇ, ਮਨਾਹ ਕਰੇ

"ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ।"

– ਸਲੋ ਕਬ, ੬੬:੧ (1367)

ਹਟਤਾਰਿ ---- (ਸੰ.) ਹੜਤਾਲ, ਹਟ – ਤਾਲ = ਹਟੀ ਨੂੰ ਤਾਲਾ, ਦੁਕਾਨਬੰਦੀ

"ਅਪਣੇ ਜੀਅ ਜੰਤ ਆਪੇ ਰਾਖੇ ਜਮਹਿ ਕੀਓ ਹਟਤਾਰਿ।" (ਜਮ ਨੇ ਨਿਰਾਸ ਹੋ ਕੇ ਹੜਤਾਲ ਕਰ ਦਿੱਤੀ)

– ਸੋਰ ੫, ੪੭, ੧:੩ (620)

ਹਟਨਾਲੇ ---- ਬਾਜਾਰ ਵਿਚ ਹਟੀਆਂ ਦਾ ਨਾਲ ਨਾਲ ਹੋਣਾ

"ਘਰ ਮੰਦਰ ਹਟਨਾਲੇ ਸੋਹੇ ਜਿਸੁ ਵਿਚਿ ਨਾਮੁ ਨਿਵਾਸੀ ਰਾਮ।

– ਸੂਹੀ ੫, ਛੰਤ ੯, ੨:੧ (783)

ਹਟਵਾਣੀ ---- ਹਟੀ ਵਾਲਾ, ਦੁਕਾਨਦਾਰ

"ਹਟਵਾਣੀ ਧਨ ਮਾਲ ਹਾਟੁ ਕੀਤੁ।"

– ਬਸੰ ੫, ੨, ੧:੧ (1180)

ਹੋਰ ਰੂਪ:

ਹਟਵਾਣੀਆ –

"ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ।"

– ਗਉ ੪, ੪੭, ੩:੧ (166)

ਹਟੜੀ ----- ਹਟੀ, ਵੇਖੋ 'ਹਟ' (1)

"ਤਨੁ ਹਟੜੀ ਇਹੁ ਮਨੁ ਵਣਜਾਰਾ।"

– ਰਾਮ ੧, ਸਿਗੋ ੩੯:੫ (942)

ਹਟਾਇ ----- ਮਨਾਹ ਕਰਕੇ, ਰੋਕ ਕੇ

“ਜਿਸ ਕੇ ਸੇ ਤਿਨਿ ਰਖੇ ਹਟਾਇ।”

– ਗੌਂਡ ੫, ੧੧, ੪:੨ (865)

ਹਟਿ ------ ਹਟੀ, ਦੁਕਾਨ ਵੇਖੋ ‘ਹਟ’

“ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ।”

– ਮਾਝ ੧, ਵਾਰ ੧੭:੮ (146)

“ਹਰਿ ਸਾਜਨੁ ਮੇਲਿਓ ਗੁਰਿ ਪੂਰੈ
ਗੁਰ ਬਚਨਿ ਬਿਕਾਨੋ ਹਟਿ ਹਾਟ।”

(ਹਟੀ ਹਟੀ)
– ਮਾਲੀ ੪, ੬, ੧:੨ (986)

ਹਟੀਐ ----- (1) ਹਟੀ/ਦੁਕਾਨ ਤੇ

“ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ।”

– ਰਾਮ ਬਸ, ਵਾਰ ੨:੩ (966)

(2) ਪਰ੍ਹਾਂ ਹੋਈਏ, ਦੂਰ ਹੋਈਏ

“ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ।”

–ਰਾਮ ਕਬ, ਵਾਰ ੨:੯ (967)

ਹਟੁ ------- ਦੁਕਾਨ, ਹਟੀ, ਵੇਖੋ ‘ਹਟ’

“ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ।”

– ਸੋਰ ੧, ੨, ੨:੧ (595)

“ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ।”

– ਸੋਰ ੪, ਵਾਰ ੧੦ਸ, ੩, ੨:੨ (646)

ਹਟੂਆ ----- ਡਾਉਰਾ (ਕਹਿਣਾ) ਜਾਂ ਰੇਸ਼ਮ ਦਾ ਕੀੜਾ (ਸੰਥਿਆ); ਘਰ, ਜਾਲ (ਸ਼ਬਦਾਰਥ, ਦਰਪਣ); ਹਟੀ ਵਾਲਾ (ਗੁਰੂ ਗਿਰਾਰਥ, ਮਹਾਨਕੋਸ਼) ਨਿੱਕਾ ਘਰ, ਨਿੱਕੀ ਹੱਟੀ, ਖੋਲ (ਕੋਸ਼)

“ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ।”

– ਸਮੁ ੫, ੧੧*:੩ (1389)

ਹਟੈ ------- ਪਰਾਂ ਹੋਵੇ, ਟਲੇ, ਦੂਰ ਹੋਏ

“ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ।”

– ਆਸਾ ਕਬ, ੯, ੪:੨ (478)

ਹਠ ------- ਹਿਰਦੇ ਵਿਚ

“ਹਠ ਮਞਾਹੂ ਮਾ ਪਿਰੀ ਪਸੇ ਕਿਉ ਦੀਦਾਰ।”

–ਸਿਰੀ ੫, ਛੰਤ ੩, ੧੩:੧ (80)

(‘ਮਹਾਨਕੋਸ਼’ ਇਸ ਦੇ ਅਰਥ ਸਰੀਰ ਕਰਦਾ ਹੈ)

ਹਠਲੀ ----- ਹਠ ਵਾਲੀ, ਆਪਣੇ ਇਰਾਦੇ ਤੋਂ ਨ ਮੁੜਨ ਵਾਲੀ

“ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ।”

– ਆਸਾ ੫, ੧੩੨, ੨:੧ (404)

ਹਠਿ ------ (1) ਹਠ (ਜ਼ਿਦ) ਕਰਕੇ, ਸਿਰੜ ਕਰਕੇ, ਦਬਾਉ ਪਾ ਕੇ

"ਦੇਖਾ ਦੇਖੀ ਮਨ ਹਠਿ ਜਲਿ ਜਾਈਐ।"

– ਗਉ ੫, ੯੯, ੨:੧ (185)

(2) ਯੋਗ ਸਾਧਨਾ ਦਾ ਇਕ ਢੰਗ

"ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ।" (ਹਠ ਦੁਆਰਾ)

– ਆਸਾ ੧, ਛੰਤ ੨, ੨:੫ (436)

ਹਠੀ ------ ਹਠ ਕਰਨ ਵਾਲਾ, ਜ਼ਿਦ/ਆਪਣੇ ਆਪ ਤੇ ਦਬਾਉ ਪਾ ਕੇ ਕਰਮ ਕਰਨ ਵਾਲਾ

"ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ।"

– ਭੈਰ ੧, ਅਸ ੧, ੬:੧ (1153)

ਹਠੀਲੋ ----- ਹਠ ਕਰਨ ਵਾਲਾ, ਹਠੀ

"ਐਸੇ ਗੜ ਮਹਿ ਐਠਿ ਹਠੀਲੋ ਫੂਲਿ ਫੂਲਿ ਕਿਆ ਪਾਵਤ ਹੇ।"

–ਬਿਲਾ ੫, ੮੮, ੨:੨ (821)

ਹਠੁ ------- (1) ਜ਼ਿਦ (ਹਠ) ਕਰਕੇ

"ਹਠੁ ਕਰਿ ਮਰੈ ਨ ਲੇਖੈ ਪਾਵੈ।"

– ਗਉ ੧, ਅਸ ੧੨, ੧:੧ (226)

ਹੋਰ ਰੂਪ:

ਹਠੇ –

"ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ।"

– ਰਾਮ ਕਬ, ੫, ੨:੧ (970)

(2) ਯੋਗ ਸਾਧਨਾ ਦਾ ਇਕ ਢੰਗ

"ਹਠੁ ਨਿਗ੍ਰਹੁ ਕਰਿ ਕਾਇਆ ਛੀਜੈ।"

– ਰਾਮ ੧, ੫, ੧:੧ (905)

ਹਡ ------- (ਸੰ.) ਹੱਡੀ, ਅਸਥੀ

"ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ।"

– ਸਲੋ ਫਰ, ੧੧੯:੧ (1384)

ਹੋਰ ਰੂਪ:

ਹਡਾ –

"ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।" (ਹਡੀਆਂ ਨੂੰ)

– ਸਲੋ ਫਰ, ੧:੩ (1377)

ਹਡੁ –

"ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ।"

– ਮਲਾ ੧, ਵਾਰ ੨੫ਸ, ੧, ੧:੨ (1289)

ਹਡੇ –

"ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ।"

– ਗਉ ੪, ਵਾਰ ੩੩:੪ (317)

ਹੰਢਹਿ ----- (ਸੰ. = ਫਿਰਨਾ, ਘੁੰਮਣਾ), ਫਿਰਦੇ ਹਨ

"ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ

– ਸੋਰ ੪, ਵਾਰ ੨੮ਸ, ੧, ੧:੨ (653)

ਹੰਢਨਿ ----- **ਫਿਰਦੇ/ਭਟਕਦੇ ਹਨ**

"ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ।"

– ਮਾਝ ੧, ਵਾਰ ੨੧ਸ, ੧, ੧:੩ (147)

ਹਢਾਇ ----- **ਲਿਆ, ਆਉਣ ਦੇ**

"ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ।"

– ਸਲੋ ਫਰ, ੭੮:੧ (1382)

ਹਢਾਇਆ --- **ਤੋਰਿਆ**

"ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ।"

– ਸੋਰ ੪, ੪, ੨:੩ (606)

ਹਢਾਏ ----- **ਪਾਏ, ਪਹਿਰੇ**

"ਸਜੁ ਕਾਇਆ ਪਟੁ ਹਢਾਏ।"

– ਮਾਰੂ ੧, ੨, ੩:੧ (989)

ਹੋਰ ਰੂਪ:

ਹੰਢਾਏ –

"ਕਾਇਆ ਕਚੀ ਕਚਾ ਚੀਰੁ ਹੰਢਾਏ।"

– ਮਾਝ ੩, ਅਸ ੫, ੨:੧ (111)

ਹਢਾਵਉ –

"ਪਾਟ ਪਟੰਬਰ ਮਹਿਰਿ ਹਢਾਵਉ।"

– ਗਉ ੧, ਅਸ ੧੦, ੧:੨ (225)

ਹਢਾਵਹਿ –

"ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ।"

– ਗਉ ੫, ਸੁਖ ੬, ੨:੧ (269)

ਹੰਢਿ ------ **ਫਿਰਕੇ, ਵੇਖੋ 'ਹੰਢਹਿ'**

"ਛੇਆ ਨਿਤ ਦੇਖਹੁ ਜਗਿ ਹੰਢਿ।"

– ਰਾਮ ੧, ਓਅੰ ੨੪:੨ (932)

"ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ।"

– ਸਲੋ ਫਰ, ੫:੨ (1378)

ਹੋਰ ਰੂਪ:

ਹੰਢੀਐ –

"ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ।" – (ਹੰਕਾਰ ਵਿਚ ਫਿਰੀਏ)

– ਆਸਾ ੧, ਵਾਰ ੧੯:੩ (473)

ਹੰਢੈ –

"ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।" (ਫਿਰੇ)

– ਗਉ ੪, ਵਾਰ ੮ਸ, ੪, ੨:੪ (303)

"ਜੋਗੀ ਜੁਗਤਿ ਗਵਾਈ ਹੰਢੈ ਪਾਖੰਡਿ ਜੋਗੁ ਨ ਪਾਈ।" (ਫਿਰਕੇ)

–ਰਾਮ ੩, ਅਸ ੨, ੧੦:੧ (909)

ਹੰਢੈ ------- (1) ਫਿਰੇ, ਫਿਰਕੇ, ਵੇਖੋ 'ਹੰਢਿ'

"ਹੰਢੈ ਊਂਨ ਕਤਾਇਦਾ ਪੈਧਾ ਲੋੜੇ ਪਟੁ।"

– ਸਲੋ ਫਰ, ੨੩:੨ (1379)

(2) ਹੰਢਦਾ ਹੈ, ਚਲਦਾ ਹੈ

"ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ।"

– ਰਾਮ ੩, ਵਾਰ ੧੯ਸ, ੧, ੧:੬ (955)

ਹਣਵੰਤਰ --- (ਸੰ.) ਹਨੂਮਾਨ, ਸੁਗ੍ਰੀਵ ਦਾ ਮੰਤਰੀ ਅਤੇ ਰਾਮ ਚੰਦਰ ਜੀ ਦਾ ਭਗਤ ਮਹਾਂ ਸੁਕਰਮੀ ਯੋਧਾ

"ਹਣਵੰਤਰੁ ਆਰਾਧਿਆ ਆਇਆ ਕਰਿ ਸੰਜੋਗੁ।"

– ਸਲੋ ੧, ੨੬:੨ (1412)

ਹੋਰ ਰੂਪ:

ਹਣਵੰਤੁ –

"ਹਣਵੰਤੁ ਜਾਗੈ ਧਰਿ ਲੰਕੂਰੁ।"

– ਬਸੰ ਕਬ, ੨, ੨:੨ (1193)

ਹਤੰ ------- ਮਰ ਜਾਣਾ

"ਸਤ ਹਤੰ ਪਰਮ ਬਾਦੰ ਅਵਰਤ ਏਥਹ ਸੁਧ ਅਛਰਣਹ।"

– ਸਸ ੫, ੬੨:੨ (1359)

"ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ।" (ਨਾਸ ਹੁੰਦੇ/ਮਰਦੇ ਹਨ)

– ਗਾਥਾ ੫, ੬:੨ (1360)

ਹੰਤ ------- (1) ਦੂਰ ਕਰਨ ਵਾਲਾ, ਮਾਰਣ ਵਾਲਾ

"ਪੁੰਨ ਦਾਨ ਨ ਤੁਲਿ ਕਿਰਿਆ ਹਰਿ ਸਰਬ ਪਾਪਾ ਹੰਤ ਜੀਉ।"

– ਰਾਮ ੫, ਰੁਤੀ ੧:੫ (927)

(2) ਦੂਰ ਹੋਣੇ, ਮਿਟਣੇ

"ਸੰਤ ਪ੍ਰਸਾਦਿ ਮੇਰੇ ਬਿਖੈ ਹੰਤ।"

– ਮਾਲੀ ੫, ੪, ੩:੪ (987)

ਹੰਤਨਾ ----- ਮਾਰ ਕੇ

"ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ।"

– ਮਾਰੂ ੫, ਸੋਲਾ ੯, ੭:੩ (1080)

ਹੰਤਾ ------ (1) ਮਾਰਨ ਵਾਲਾ, ਨਾਸ਼ ਕਰਨ ਵਾਲਾ, ਦੂਰ ਕਰਨ ਵਾਲਾ

"ਹਰਿ ਹਰਿ ਸਿਮਰਣੁ ਕਿਲਵਿਖ ਹੰਤਾ।"

–ਆਸਾ ੧, ੯, ੪:੨ (416)

(2) ਮਾਰਦਾ ਹੈ
"ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ।"
– ਆਸਾ ੧, ਵਾਰ ੧੪ਸ, ੧, ੧:੭ (470)

ਹਤਿ ------ ਮਾਰ ਕੇ, ਨਾਸ ਕਰਕੇ
"ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ।"
– ਮਾਰੂ ੫, ਸੋਲਾ ੯, ੭:੩ (1080)

ਹਤਿਆ ---- ਮਾਰਨ ਦੀ ਕ੍ਰਿਆ, ਕਤਲ, ਖੂਨ
"ਅਸੰਖ ਗਲਵਢ ਹਤਿਆ ਕਮਾਹਿ।"
– ਜਪੁ ੧, ੧੮:੪ (4)

ਹਤਿਆਰਾ --- ਹਤਿਆ/ਕਤਲ ਕਰਨ ਵਾਲਾ
"ਸੰਤਾ ਕਾ ਨਿੰਦਕੁ ਮਹਾ ਹਤਿਆਰਾ।"
– ਗਉ ੫, ਸੁਖ ੧੩, ੩:੩ (280)

ਹੋਰ ਰੂਪ::

ਹਤਿਆਰਿਆ –
"ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ।"
– ਗਉ ੪, ਵਾਰ ੩੦ਸ, ੪, ੧:੧੧ (316)

ਹਤਿਆਰੀ –
"ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ।" (ਪਾਪੀ)
– ਸੋਰ ੪, ਵਾਰ ੨੩ : ੨ (651)

ਹਤਿਆਰੇ –
"ਸੇ ਕੂਕਰ ਸੂਕਰ ਗਰਧਭ ਪਵਹਿ ਗਰਭ ਜੋਨੀ ਦਯਿ ਮਾਰੇ ਮਹਾ ਹਤਿਆਰੇ।"
– ਗੂਜ ੪, ੩, ੩:੨ (493)

ਹਤੀ ------ (1) ਮਾਰੀ ਗਈ, ਦੂਰ ਹੋਈ
"ਸ੍ਰਮੁ ਮਿਟਿਆ ਮੇਰੀ ਹਤੀ ਬਲਾਇ।"
– ਗਉ ੫, ੧੧੯, ੧*:੨ (189)

(2) ਮਾਰ ਦਿਤੀ, ਨਾਸ ਕੀਤੀ
"ਮਾਣੁ ਤਾਣੁ ਅਹੰਬੁਧਿ ਹਤੀ ਰੀ।"
– ਸੂਹੀ ੫, ੧੦, ੪:੧ (739)

ਹੰਤੁ ------- ਨਾਸ ਹੋ ਗਏ, ਦੂਰ ਹੋ ਗਏ
"ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ।"
– ਮਾਝ ੫, ਦਿਨ ੩:੭ (137)

ਹੋਰ ਰੂਪ:

ਹਤੇ –
"ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ।" (ਦੂਰ ਹੋਏ)
– ਗਉ ੫, ਬਾਅ ੫੧:੪ (260)

“ਸੰਤ ਕੇ ਹਤੇ ਕਉ ਰਖੈ ਨ ਕੋਇ।” (ਮਾਰੇ ਹੋਏ)
– ਗਉ ੫, ਸੁਖ ੧੩, ੧:੭ (279)
“ਦੁਸਮਨ ਹਤੇ ਦੋਖੀ ਸਭਿ ਵਿਆਪੇ ਹਰਿ ਸਰਣਾਈ ਆਇਆ।” (ਮਾਰੇ ਗਏ)
– ਮਲਾ ੫, ੮, ੧:੧ (1268)
ਹਤੈ –
“ਦੁਖ ਦੁਸਮਨ ਤੇਰੀ ਹਤੈ ਬਲਾਇ।” (ਮਰ ਜਾਵੇ, ਟਲ ਜਾਵੇ)
– ਗਉ ੫, ੧੨੩, ੨:੨ (190)

ਹਤੵੰ ------- ਮਰਨ
“ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ।”
– ਸਸ ੫, ੧੯:੧ (1355)

ਹਥ ------- (1) (ਸੰ.) ਕਰ, ਦਸਤ, ਸਰੀਰ ਦਾ ਇਕ ਅੰਗ
“ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ।” (‘ਹੱਥ ਦੇ’ ਮਹਾਵਰਾ ਹੈ, ਸਹਾਰਾ/ਓਟ ਦੇ ਕੇ)
– ਸਿਰੀ ੫, ੭੫, ੨:੩ (43)
“ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ।” (ਹੱਥ ਅੱਡਣਾ, ਅਰਥਾਤ ਮੰਗਣਾ)
– ਸਿਰੀ ੪, ਵਾਰ ੮:੫ (85)
“ਹਥ ਮਰੋੜੈ ਤਨੁ ਕਪੈ ਸਿਆਹਹੁ ਹੋਆ ਸੇਤੁ।”
– ਮਾਝ ੫, ਬਾਰਾ ੭:੬ (134)
“ਸੁਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ।” (ਹੱਥਾਂ ਨਾਲ)
– ਆਸਾ ਕਬ, ੧੫, ੨:੧ (479)

ਹੋਰ ਰੂਪ:

ਹਥਹੁ –
“ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ।” (ਹਥ ਵਿਚੋਂ ‘ਹਥਹੁ ਛੁੜਕੀ’ ਦਾ ਭਾਵ ਹੈ ਮਰ ਜਾਣਾ)
– ਗੂਜ ੩, ਵਾਰ ੫ਸ, ੩, ੧:੪ (510)
“ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ।” (ਹਥੋਂ)
– ਰਾਮ ੧, ਅਸ ੧, ੪:੨ (903)
ਹਥਾ –
“ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ। (ਹੱਥਾਂ ਦੇ)
– ਮਾਝ ੧, ਵਾਰ ੩ਸ, ੨, ੧:੨ (139)
“ਰਖੁ ਜਗਤੁ ਸਗਲ ਦੇ ਹਥਾ ਰਾਮ।” (ਹਥ ਦੇ ਕੇ)
– ਵਡ ੫, ਛੰਤ ੩, ੧:੨ (578)
“ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ।” (ਹੱਥਾਂ ਨਾਲ)
– ਮਾਰੂ ੫, ਵਾਰ ੨੦:੨ (1101)
ਹਥਾਸਾ –
“ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ।” (ਹੱਥ)
– ਗਉ ੪, ੪੬, ੧:੩ (166)

ਹਥਾਹਾ –
“ਸਭੁ ਆਪੇ ਜਗਤੁ ਉਪਾਇਦਾ ਪਿਆਰਾ ਵਸਿ ਆਪੇ ਜੁਗਤਿ ਹਥਾਹਾ।” (ਹੱਥ ਵਿੱਚ)
– ਸੋਰ ੪, ੬, ੪:੧ (607)

ਹਥਿ –
“ਜਿਸੁ ਹਥਿ ਜੋਰੁ ਕਰਿ ਵੇਖੈ ਸੋਇ।” (ਹਥ ਵਿਚ)
– ਜਪੁ ੧, ੩੩:੭ (7)

(2) ਇਕ ਮਿਣਤੀ
“ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੈ ਚਾਰਿ।”
–ਸਲੋ ਕਬ, ੨੧੮:੨ (1376)

ਹੋਰ ਰੂਪ:

ਹਥਾ –
“ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ।” (ਸੈਕੜੇ ਹੱਥ ਡੂੰਘੇ)
– ਸਿਰੀ ੪, ਵਾਰ ੭:੩ (85)

ਹਥੀ ------ (1) ਬਾਂਹ
“ਹਥੀ ਦਿਤੀ ਪ੍ਰਭਿ ਦੇਵਣਹਾਰੇ।” (ਬਾਂਹ ਦਿੱਤੀ ਭਾਵ ਸਹਾਰਾ ਦਿਤਾ)
– ਮਾਝ ੫, ੪੨, ੪:੧ (106)

(2) ਹਥਾਂ ਨਾਲ
“ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ।”
–ਮਾਝ ੧ ਵਾਰ ੨ਸ, ੧, ੧:੩ (138)

(3) ਹਥਾਂ ਵਿਚ
“ਲਕੀ ਕਾਸੇ ਹਥੀ ਫੁੰਮਣ ਅਗੋਂ ਪਿਛੀ ਜਾਹੀ।”
– ਮਾਝ ੧, ਵਾਰ ੨੬ਸ, ੧, ੧:੯ (149)

(4) ਹਥਕੜੀ
“ਹਥੀ ਪਉਦੀ ਕਾਹੇ ਰੋਵੈ।”
– ਮਾਰੂ ੧, ੨, ੩:੪ (989)

ਹਥੀਆਰ --- ਹਤਿਆ ਕਰਨ ਵਾਲਾ ਸੰਦ, ਘਾਤਕ ਸ਼ਸਤਰ
“ਮ੍ਰਿਗ ਪਕਰੇ ਬਿਨੁ ਘੋਰ ਹਥੀਆਰ।”
– ਭੈਰ ੫, ੪, ੧*:੨ (1136)

ਹਥੀਆਰੁ --- ਔਜਾਰ, ਸੰਦ
“ਅਹਿਰਣਿ ਮਤਿ ਵੇਦੁ ਹਥੀਆਰੁ।”
– ਜਪੁ ੧, ੩੮:੨ (8)

ਹਥੁ ------- ਹਸਤ, ਕਰ, ਹਥ
“ਭਰੀਐ ਹਥੁ ਪੈਰੁ ਤਨੁ ਦੇਹ।”
–ਜਪੁ ੧, ੨੦:੧ (4)
“ਜਿਸੁ ਆਪਿ ਭੁਲਾਏ ਸੁ ਕਿਥੈ ਹਥੁ ਪਾਏ।” (ਹਥੁ ਪਾਏ ਭਾਵ ਆਸਰਾ ਲਏ)
– ਮਾਝ ੩, ਅਸ ੩, ੩:੧ (110)

"ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ ਵੁਠਾ ਸੈਸਾਰੇ।" (ਹਥ ਕਢਿਆ ਭਾਵ ਬਖਸ਼ਿਸ਼ ਕੀਤੀ)

– ਕਾਨ ੪, ਵਾਰ ੧੪ਸ, ੪, ੨:੩ (1318)

ਹੋਰ ਰੂਪ:

ਹਥੋ –

"ਸਤਿਗੁਰੂ ਧੰਨੁ ਨਾਨਕੁ ਮਸਤਿਕ ਤੁਮ ਧਰਿਓ ਜਿਨਿ ਹਥੋ।" (ਹਥ)

– ਸਵ ੨, ੧:੨ (1391)

ਹਦਰਥਿ ---- (ਅ. ਹਜ਼ਰਤ) ਬਜੁਰਗੀ ਦੇ ਸਨਮਾਨ ਦਾ ਸੰਬੋਧਕ ਸ਼ਬਦ

"ਤੇ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰੁ ਪਰਵਾਨੁ ਸਾਧ ਅਜਗਰੁ ਜਿਨਿ ਕੀਆ ਉਨਮਾਨੁ।" (ਇਥੇ ਭਾਵ ਹੈ ਹਜ਼ਰਤ ਨਾਨਕ ਤੋਂ)

– ਸਵ ੨, ੪:੧ (1391)

ਹੰਦਾ ------ ਦਾ

"ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ।"

– ਰਾਮ ਸਬ, ਵਾਰ ੬:੭ (967)

ਹਦੀਸਾ ----- (ਅ. ਹਦੀਸ) ਅਖਰੀ ਅਰਥ ਗਲਬਾਤ, ਉਹ ਪੁਸਤਕ ਜਿਸ ਵਿਚ ਹਜ਼ਰਤ ਮੁਹੰਮਦ ਦੇ ਕਥਨ ਅਥਵਾ ਆਚਰਣ ਸਬੰਧੀ ਧਰਮ ਵਿਵਸਥਾ ਹੋਵੇ; ਮੁਸਲਮਾਨੀ ਧਰਮ ਵਿਚ 'ਹਦੀਸ' ਨੂੰ 'ਕੁਰਾਣ' ਤੋਂ ਥੱਲੇ ਦੂਜਾ ਦਰਜਾ ਦਿੱਤਾ ਜਾਂਦਾ ਹੈ।

"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ।"

– ਮਾਰੂ ੫, ਸੋਲਾ ੧੨, ੧੨:੩ (1084)

ਹਦੂਰਾ ----- (ਅ. ਹਜ਼ੂਰ) ਪ੍ਰਤਖ, ਹਾਜ਼ਰ, ਮੌਜੂਦ, ਵੇਖੋ 'ਹਜੂਰਿ'

"ਕਰਣਹਾਰੁ ਸਦ ਵਸੈ ਹਦੂਰਾ।"

– ਗਉ ੫, ੧੧੪, ੪:੧ (188)

ਹੋਰ ਰੂਪ:

ਹਦੂਰਿ –

"ਗਾਵੈ ਕੋ ਵੇਖੈ ਹਾਦਰਾ ਹਦੂਰਿ।"

–ਜਪੁ ੧, ੩:੯ (2)

"ਚੰਗਿਆਈਆ ਬੁਰਿਆਈਆਂ ਵਾਚੈ ਧਰਮੁ ਹਦੂਰਿ। (ਹਾਜ਼ਰੀ/ਮੌਜੂਦਗੀ ਵਿਚ)

– ਜਪੁ ੧, ੩੮ਸ :੩ (8)

"ਤਿਨ ਕਉ ਮਹਲੁ ਹਦੂਰਿ ਹੈ ਜੋ ਸਚਿ ਰਹੇ ਲਿਵ ਲਾਇ।" (ਹਜੂਰੀ ਵਿਚ)

– ਸਿਰੀ ੩, ੫੫, ੩:੪ (35)

"ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ।" (ਪ੍ਰਤੱਖ ਹੋ ਕੇ)

– ਸਿਰੀ ੩, ੫੯, ੨:੪ (37)

ਹਦੂਰਿ ----- (1) ਪ੍ਰਤਖ, ਸਾਹਮਣੇ, ਮੌਜੂਦਗੀ ਵਿਚ, ਹਜੂਰੀ ਵਿਚ, ਵੇਖੋ 'ਹਦੂਰਾ'
(2) ਨੇੜੇ

"ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ।"

– ਆਸਾ ੧, ਅਸ ੧੧, ੧:੩ (417)

ਹੋਰ ਰੂਪ:

ਹਦੂਰੀ –
“ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ।” (ਪ੍ਰਤਖ)
– ਗਉ ੪, ੬੮, ੩:੪ (174)

ਹਦੂਰੇ –
“ਆਪਣਾ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਤਾ ਪਿਰੁ ਮਿਲਿਆ ਹਦੂਰੇ।”
– ਆਸਾ ੩, ਛੰਤ ੬, ੨:੪ (439)
“ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ।” (ਸਾਹਮਣੇ, ਹਾਜ਼ਰ ਨਾਜ਼ਰ)
– ਵਡ ੩, ਛੰਤ ੧, ੨:੧ (568)

ਹਨਛੇ ------ ਅਛੇ, ਨਿਰਮਲ, ਪਵਿਤਰ
“ਜਨਮ ਜਨਮ ਕੇ ਕਿਲਵਿਖ ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ।”
– ਬਸੰ ੪, ੪, ੧*:੨ (1178)

ਹਨਿ ------ (ਸੰ.) ਮਾਰਨਾ, ਹੱਤ ਕਰਨਾ, ਦੂਰ ਕਰਨਾ
“ਯਥਾ ਜਉ ਜਾਨਹਿ ਤਉ ਦੁਰਮਤਿ ਹਨਿ ਕਰਿ ਬਸਿ ਕਾਇਆ ਗਾਉ।”
– ਗਉ ਕਬ, ਬਾਅ ੩੪:੧ (342)

ਹਨੂਮਾਨ ---- ਰਾਮ ਭਗਤ, ਸੁਕਰਮੀ ਯੋਧਾ, ਵੇਖੋ ‘ਹਣਵੰਤਰ’
“ਹਨੂਮਾਨ ਸਰਿ ਗਰੁੜ ਸਮਾਨਾਂ।”
–ਗਉ ਕਬ, ੧, ੨:੧ (691)

ਹੰਨਿ੍ ------ ਹਨ, ‘ਹੈ’ ਦਾ ਬਹੁ ਵਚਨ
“ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍।”
– ਸੂਹੀ ੧, ੩, ੪:੨ (729)

ਹਭ ------- ਸਭ, ਸਰਬ, ਹੋਰ ਵੇਖੋ ‘ਹਭਿ’, ‘ਹਭੁ’
“ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ।”
–ਸਿਰੀ ੫, ਛੰਤ ੩, ੨ਸ:੧ (80)

ਹਭਾਹੂੰ ----- ਸਭ ਤੋਂ
“ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ।”
–ਆਸਾ ੫, ੧੦੫, ੪:੧ (397)

ਹਭਿ ------ ਸਭ, ਵੇਖੋ ‘ਹਭ’ ਤੇ ‘ਹਭੁ’
“ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ।”
– ਆਸਾ ੫, ਛੰਤ ੪, ੧:੩ (454)

ਹੰਭੀ ------ ਮੈਂ ਵੀ
“ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ।”
– ਸਿਰੀ ੧, ੨੪, ੨:੨ (23)

ਹਭੀਆਂ ---- ਸਾਰੀਆਂ

"ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆਂ ਨਾਲਿ।"
– ਵਡ ੧, ੧, ੩:੧ (557)

ਹਭੁ ------- ਸਭ, ਸਾਰਾ
"ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ।"
– ਆਸਾ ੫, ੧੦੫, ੧:੨ (397)
"ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ।"
– ਗੂਜ ੫ ਵਾਰ ੮ਸ, ੫, ੨:੧ (520)

ਹੋਰ ਰੂਪ:

ਹਭੇ –
"ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ।"
– ਸਿਰੀ ੫, ਛੰਤ ੩, ੩ਡ:੨ (80)

ਹਭੋ –
"ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ।"
– ਜੈਤ ੫, ਛੰਤ ੧, ੩:੫ (704)

ਹਮ ------- (1) ਅਸੀਂ
"ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ।"
– ਗੂਜ ੪, ਸੋਦ ੪, ੧:੨ (10)

(2) ਮੈਂ
"ਜਉ ਪੈ ਹਮ ਨ ਪਾਪ ਕਰੰਤਾ।"
– ਸਿਰੀ ਰਵਿ, ੧, ੧*:੧ (93)
"ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ।"
– ਗਉ ੧, ੧੪, ੧:੧ (155)
"ਹਮ ਕਤ ਲੋਹੂ ਤੁਮ ਕਤ ਦੂਧ।"
– ਗਉ ਕਬ, ੭, ੩:੨ (324)
"ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ।"
– ਆਸਾ ਕਬ, ੧, ੧:੧ (475)

(3) (ਫਾ. ਹਮ੍ਹਾ) ਸਾਰੀ, ਸਾਰੇ
"ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ।"
– ਮਾਝ ੧, ਵਾਰ ੧੩ਸ, ੧, ੧:੧ (143)
"ਉਨ ਕੈ ਸੰਗਿ ਹਮ ਤੁਮ ਸੰਗਿ ਮੇਲ।" (ਹਰ ਕੋਈ, ਸਾਰੇ)
– ਆਸਾ ੫, ੮੨, ੧:੨ (390)

(4) ਸਾਨੂੰ
"ਤਿਨ ਦਾਸਨਿ ਦਾਸ ਕਰਹੁ ਹਮ ਰਾਮਾ।"
– ਗਉ ੪, ੪੦, ੨:੨ (164)
"ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ।"
– ਗਉ ੪, ੪੧, ੧*:੨ (164)

(5) ਸਾਡੇ

"ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ।" (ਦੂਜੇ 'ਹਮ' ਦੇ ਅਰਥ 'ਸਾਨੂੰ' ਹੈ)
- ਗਉ ੪, ੪੯, ੩:੨ (167)

"ਹਮ ਦੇਖਤ ਜਿ ਸਭੁ ਜਗੁ ਲੂਟਿਆ।"
- ਗਉ ਕਬ, ੩੦, ੩:੧ (329)

"ਹਮ ਘਰ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ।" (ਸਾਡੇ ਘਰ)
- ਆਸਾ ੩, ਛੰਤ ੬, ੧:੧ (439)

(6) ਮੇਰਾ
"ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ।
- ਗਉ ੪, ੫੩, ੧*:੨ (168)

(7) ਅਹੰਮ, ਹਉਮੈ
"ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ।"
- ਕਉ ਕਬ, ੭੨, ੧:੧ (339)

"ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ।"
- ਸੋਰ ਰਵਿ, ੧, ੧:੧ (657)

(8) (ਫਾ. ਹਮ) ਵਰਗਾ
"ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾ।"
- ਤਿਲੰ ਨਾਮ, ੩, ੩:੨ (727)

(9) ਮੇਰ, ਮੇਰਾਪਣ
"ਕਹੁ ਨਾਨਕ ਹਮ ਤੁਮ ਗਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ।" (ਮੇਰ ਤੇਰ)
- ਰਾਮ ੫, ੩, ੪:੨ (883)

ਹਮਸਹਰੀ --- (ਫਾ. ਹਮਸ਼ਹਿਰੀ) ਇਕ ਸ਼ਹਿਰ ਵਿਚ ਰਹਿਣ ਵਾਲਾ
"ਜੋ ਹਮਸਹਰੀ ਸੁ ਮੀਤੁ ਹਮਾਰਾ।"
- ਗਉ ਰਵਿ, ੨, ੩:੪ (345)

ਹਮਹਿ ----- ਸਾਨੂੰ
"ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ।"
- ਗਉ ੫, ਬਾਅ, ੩੨:੮ (257)

(ਮਹਾਨ ਕੋਸ਼ ਇਸ ਨੂੰ ਫਾਰਸੀ 'ਹਮਰਾ' ਤੋਂ ਉਤਪਤ ਮੰਨ ਕੇ ਅਰਥ 'ਸਭ ਨੂੰ' ਕਰਦਾ ਹੈ)

ਹੋਰ ਰੂਪ:

ਹਮਹੁ -
"ਸੋ ਸੁਖੁ ਹਮਹੁ ਨ ਮਾਂਗਿਆ ਭਾਵੈ।" (ਸਾਨੂੰ)
- ਗਉ ਕਬ, ਅਸ ੩੬, ੧:੨ (330)

"ਸੋ ਸੁਖੁ ਹਮਹੁ ਸਾਚੁ ਕਰਿ ਜਾਨਾ।" (ਅਸਾਂ, ਅਸੀਂ)
- ਗਉ ਕਬ, ਅਸ ੩੬, ੨:੨ (330)

ਹਮਚੁ ------ (ਫਾ. ਹਮਚੂ) ਸਾਡੇ ਵਾਂਗ, ਮੇਰੇ ਸਮਾਨ
"ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ।"
- ਤਿਲੰ ੧, ੧, ੪:੧ (721)

ਹਮਚੇ ------ ਮੇਰੇ ਵਰਗਾ

"ਤੁਮ੍ਚੇ ਪਾਰਸੁ ਹਮਚੇ ਲੋਹਾ ਸੰਗੇ ਕੰਚਨੁ ਭੈਇਲਾ।"

- ਪ੍ਰਭਾ ਨਾਮ, ੨, ੩:੧ (1351)

ਹਮਰਾ ----- (1) ਸਾਡਾ, ਸਾਡਾ ਸਾਰਿਆਂ ਦਾ

"ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ।

- ਮਾਝ ੫, ੨੧, ੪:੩ (100)

ਹੋਰ ਰੂਪ:

ਹਮਰੀ -

"ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ।"

- ਗਉ ੪, ੪੯, ੪:੧ (167)

ਹਮਰੇ -

"ਹਮਰੇ ਜਗਜੀਵਨ ਹਰਿ ਪ੍ਰਾਨ।"

- ਪ੍ਰਭਾ ੪, ੧, ੧*:੧ (1335)

ਹਮਰੈ -

"ਹਮਰੈ ਮਸਤਿਕ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ।"

-ਗਉ ੪, ੫੯, ੨:੧ (171)

"ਹਮਰੈ ਖੋਜਿ ਪਰਹੁ ਮਤਿ ਕੋਈ।"

- ਗਉ ਕਬ, ੩, ੧*:੨ (324)

ਹਮਰੋ -

"ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ।"

- ਟੋਡੀ ੫, ੫, ੪:੧ (713)

(2) ਮੇਰਾ

"ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ।"

- ਦੇਵ ੪, ੧, ੧:੨ (527)

"ਰਾਜਾ ਜਾਨੈ ਸਗਲ ਰਾਜੁ ਹਮਰਾ ਤਿਉ ਹਰਿ ਜਨ ਟੇਕ ਸੁਆਮੀ।"

- ਧਨਾ ੫, ੩੪, ੧:੨ (679)

ਹੋਰ ਰੂਪ:

ਹਮਰੀ -

"ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ।" (ਮੇਰੀ)

- ਗੂਜ ੪, ਸੋਦ ੪, ੧*:੨ (10)

"ਹਮਰੀ ਜਿਹਬਾ ਏਕ ਪ੍ਰਭ ਹਰਿ ਕੇ ਗੁਣ ਅਗਮ ਅਥਾਹ।"

- ਕਾਨ ੪, ਵਾਰ ੫ਸ, ੪, ੧:੧ (1314)

ਹਮਰੇ -

"ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ।"

- ਗਉ ੪, ੪੯, ੨:੧ (167)

ਹਮਰੈ -

"ਸੋ ਜਨੁ ਹਮਰੈ ਮਨਿ ਚਿਤਿ ਭਾਵੈ।"

- ਗਉ ੪, ੪੦, ੩:੨ (164)

ਹਮਰੋ –
“ਹਉ ਨਾਹੀ ਨਾਹੀ ਕਿਛੁ ਮੇਰਾ ਨ ਹਮਰੋ ਬਸੁ ਚਾਰੀ।”
– ਸਾਰ ੫, ੫੯, ੨:੧ (1216)

ਹਮਾ ------ (1) (ਫਾ. ਹਮਾਹ) ਸਾਰੇ, ਸਭ
“ਹਮਾ ਰਾ ਏਕੁ ਆਸ ਵਸੇ।”
– ਮਾਝ ੧, ਵਾਰ ੧੩ਸ, ੧, ੫:੨ (144)

(2) ਅਸੀਂ ਭਾਵ ਵਡੇ
“ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਹਾ ਮੇਲੁ।” (‘ਹਮਾ ਤੁਮਾ’ ਮੁਹਾਵਰਾ ਹੈ ‘ਵਡੇ ਛੋਟੇ’)
– ਆਸਾ ੧, ਵਾਰ ੨੦ਸ, ੧, ੨:੮ (473)

(3) ਸਾਡੇ
“ਤੁਮ੍ਹ ਦਇਆਲ ਸੁਆਮੀ ਸਭ ਅਵਗਨ ਹਮਾ।”
– ਬਿਲਾ ੫, ੩੫, ੧*:੨ (809)

ਹਮਾਰ -----ਮੇਰਾ
“ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ।”
– ਗਉ ਰਵਿ, ੧, ੧:੧ (345)

ਹਮਾਰਾ ----- ਮੇਰਾ
“ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ।”
– ਸਿਰੀ ੧, ੨੫, ੩:੨ (23)

ਹੋਰ ਰੂਪ:

ਹਮਾਰੀ –
“ਨਾ ਜਾਨਾ ਕਿਆ ਗਤਿ ਰਾਮ ਹਮਾਰੀ।” (ਮੇਰੀ)
– ਗਉ ੪, ੩੯, ੧*:੧ (163)

ਹਮਾਰੇ –
“ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।”
– ਗਉ ੧, ੧੭, ੫:੧ (156)

ਹਮਾਰੈ –
“ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ।” (ਮੇਰੇ)
– ਗਉ ੫, ੧੩੫*, ੩:੨ (209)

ਹਮਾਰੋ –
“ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ।”
– ਮਾਰੂ ੧, ਅਸ ੧੦, ੪:੧ (1015)

(2) ਸਾਡਾ –
“ਤੂੰ ਸਾਝਾ ਸਾਹਿਬੁ ਬਾਪੁ ਹਮਾਰਾ।”
– ਮਾਝ ੫, ੯, ੨:੧ (97)

“ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ।”
– ਗਉ ੧, ੧੩, ੬:੧ (155)

ਹੋਰ ਰੂਪ:

ਹਮਾਰੀ–
"ਸੁਣਿ ਸੁਣਿ ਸਿਖ ਹਮਾਰੀ।" (ਸਾਡੀ)
– ਗਉ ੧, ੧੩, ੧*:੧ (154)
"ਹਮਾਰੀ ਪਿਆਰੀ ਅੰਮ੍ਰਿਤਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ।"
– ਆਸਾ ੫, ੧੩੪, ੧*:੧ (404)

ਹਮਾਰੇ –
"ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ।" (ਸਾਡੇ)
– ਸਿਰੀ ੫, ਛੰਤ ੩, ੨:੩ (80)

ਹਮਾਰੇ –
"ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ।" (ਸਾਡੇ)
– ਗਉ ੫, ੧੧੬*, ੧*:੧ (203)
"ਆਉ ਹਮਾਰੈ ਰਾਮ ਪਿਆਰੇ ਜੀਉ।" (ਸਾਡੇ)
– ਗਉ ੫, ੧੬੭*, ੧:੧ (217)
"ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ। (ਸਾਡੇ ਵਿਚ)
– ਗਉ ਕਬ, ੭, ੪:੨ (324)
"ਹਮਾਰੈ ਏਕੈ ਹਰੀ ਹਰੀ।" (ਸਾਡੇ ਕੋਲ)
–ਟੋਡੀ ੫, ੧੭, ੧*:੧ (715)
"ਹਰਿ ਚਰਨ ਸਰਣ ਗੜ ਕੋਟ ਹਮਾਰੈ।" (ਸਾਡੇ ਲਈ)
– ਸੂਹੀ ੫, ੧੯, ੩:੧ (742)
"ਅਚਿੰਤ ਹਮਾਰੈ ਭੋਜਨ ਭਾਉ।" (ਸਾਡੇ ਘਰ)
– ਭੈਰ ੫, ਅਸ ੩, ੨:੧ (1157)
"ਹਮਾਰੈ ਏਹ ਕਿਰਪਾ ਕੀਜੈ।" (ਸਾਡੇ ਉਤੇ)
– ਕਲਿ ੫, ੧, ੧*:੧ (1321)

ਹਮਾਰੋ –
"ਦੀਬਾਨੁ ਹਮਾਰੋ ਤੁਹੀ ਏਕ।"
– ਗਉ ੫, ੧੪੧, ੧*:੧ (210)

ਹਮੀਰ ----- ਸਿਰੀ ਰਾਗੁ ਦੇ ਅਠਾਂ ਪੁਤਰਾਂ ਵਿਚੋਂ ਇਕ
"ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ।"
– ਰਾਗ ੧ : ੪੮ (1430)

ਹਮੂ ------- (ਫਾ. ਹਮਾਹ) ਸਮੂਹ, ਸਾਰੇ
"ਖਿਲਖਾਨਾ ਬਿਰਾਦਰ ਹਮੂ ਜੰਜਾਲਾ।"
– ਮਾਰੂ ੫, ਸੋਲਾ ੧੨, ੮:੨ (1084)

ਹਮ੍ਹਾ ------ ਸਾਨੂੰ
"ਅਚਿੰਤ ਹਮ੍ਹਾ ਕਉ ਸਗਲ ਸਿਧਾਂਤੁ।"
– ਭੈਰ ੫, ਅਸ ੩, ੪:੩ (1157)

ਹਮ੍ਹਾਰੀ ----- ਸਾਡੀ
"ਤਾ ਕੀ ਕੀਮਤਿ ਕਹਣੁ ਨ ਜਾਈ ਕੁਦਰਤਿ ਕਵਨ ਹਮ੍ਹਾਰੀ।"

– ਜੈਤ ੫, ੧੧: ੧:੨ (702)

ਹਮ੍ਹਾਰੇ ----- ਮੇਰੇ
“ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਹਾਰੇ।”
– ਵਡ ੪, ਛੰਤ ੩, ੪:੪ (574)

ਹਰ ------- (1) ਹਰਾ, ਆਤਮਕ ਜੀਵਨ ਵਾਲਾ
“ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ।” (‘ਹਰ ਹਰਾ’ ਸਮਾਸ ਬਣ ਅਰਥ ਦਿੰਦਾ ਹੈ ‘ਹਰਾ ਹਰਾ’)
– ਬਿਲਾ ੫, ਛੰਤ ੩, ੫:੩ (847)
(2) ਹਰ ਇਕ, ਸਭ
“ਰਾਮ ਨਾਮ ਰਸੁ ਚਾਖਿਆ ਹਰਿ ਨਾਮਾ ਹਰ ਤਾਰਿ।”
– ਮਾਰੂ ਕਬ, ੩, ੪:੧ (1103)

ਹਰਉ ------ ਦੂਰ ਕਰਾਂ
“ਜਨਮ ਜਨਮ ਕੀ ਹਉਮੈ ਮਲੁ ਹਰਉ।”
– ਗਉ ੫, ਅਸ ੯, ੨:੨ (239)

ਹਰਏ ------ ਹਰੀ ਨੂੰ, ਪ੍ਰਭੂ ਨੂੰ
“ਹਰਏ ਨਮਸਤੇ ਹਰਏ ਨਮਹ।”
– ਗੋਂਡ ਕਬ, ੫, ੧*:੧ (874)

ਹਰਸਨ ----- (1) (ਸੰ.) ਖੁਸ਼ੀ, ਅਨੰਦ
“ਦਰਸਨ ਪਰਸਨ ਸਰਸਨ ਹਰਸਨ।”
– ਆਸਾ ੫, ੧੩੪, ੧:੧ (404)
(2) ਹਰਦੇ/ਦੂਰ ਹੁੰਦੇ ਹਨ
““ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ।”
– ਕਾਨ ੫, ੨੯, ੧:੧ (1303)

ਹਰਹਟ ----- ਹਰਟ
“ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।”
– ਪ੍ਰਭਾ ੧, ੮, ੨:੧ (1329)

ਹਰਹਿ ----- (1) ਚੁਰਾਉਂਦੇ ਹਨ, ਲੁੱਟਦੇ
“ਅੰਤਰ ਅੰਤਰਿ ਮਨਸਾ ਹਰਹਿ।”
– ਭੈਰ ਕਬ, ਅਸ ੨, ੮:੨ (1163)

ਹਰਹੁ ------ ਦੂਰ ਕਰੋ
“ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ।”
– ਗਉ ਰਵਿ, ੧, ੨:੧ (345)

ਹਰਕਾਇਆ -- ਹਲਕਿਆ ਹੋਇਆ
“ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਇ।”
– ਸਿਰੀ ੫, ੯੧, ੨:੧ (50)

ਹਰਖ ------ (ਸੰ.) ਅਨੰਦ, ਖੁਸ਼ੀ, ਸੁੱਖ
"ਹਰਖ ਸੋਗ ਦੁਹਹੂੰ ਤੇ ਮੁਕਤੇ।"
– ਗਉ ੫, ੯੬, ੩:੧ (181)

ਹੋਰ ਰੂਪ:

ਹਰਖੰ –
"ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤੇ ਰੋਗੰ।"
– ਸਸ ੫, ੧੨:੧ (1355)

ਹਰਖਹੁ –
"ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ।"
– ਮਾਝ ੧, ਵਾਰ ੪:੫ (139)

ਹਰਖਵੰਤ –
"ਹਰਖਵੰਤ ਆਨੰਤ ਦਇਆਲਾ।" (ਖੁਸ਼ੀ ਵਾਲਾ, ਆਨੰਦੀ, ਖੁਸ਼ ਰਹਿਣ ਵਾਲਾ)
– ਮਾਰੂ ੫, ਸੋਲਾ ੩, ੨:੧ (1073)

ਹਰਖਾ –
"ਤਹ ਮਰਣੁ ਨ ਜੀਵਨੁ ਸੋਗੁ ਨ ਹਰਖਾ।" (ਖੁਸ਼ੀ)
– ਸੂਹੀ ੫, ੧੨, ੩:੧ (739)

ਹਰਖਾਈ –
"ਗੁਣ ਸੰਗ੍ਰਹਿ ਪ੍ਰਭੁ ਰਿਦੈ ਨਿਵਾਸੀ ਭਗਤਿ ਰਤੀ ਹਰਖਾਈ।" (ਖਿੜ ਗਈ, ਖੁਸ਼ ਹੋ ਗਈ)
– ਮਲਾ ੧, ਅਸ ੧, ੫:੨ (1273)

ਹਰਖਿ –
"ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ।" (ਖੁਸ਼ੀ ਨਾਲ)
– ਸਲੋ ਕਬ, ੧੨੨:੨ (1371)

ਹਰਖੀ –
"ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ।"
– ਕਾਨ ੫, ੨੨, ੨:੧ (1302)

ਹਰਖੀਐ –
"ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ।" (ਖੁਸ਼ ਹੋਈਏ)
– ਗਉ ਕਬ, ੬੩, ੩:੧ (337)

ਹਰਖੁ –
"ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ।"
– ਸਿਰੀ ੧, ਅਸ ੧੫, ੩:੨ (63)

ਹਰਖੇ –
"ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ।" (ਖੁਸ਼ੀ ਨਾਲ)
– ਟੋਡੀ ੫, ੨੦, ੨:੧ (716)

ਹਰਚਰਣੀ --- ਹਰੀ ਦੇ ਚਰਣਾਂ ਵਿਚ
"ਪਤਿਤ ਪੁਨੀਤ ਅਸੰਖ ਹੋਹਿ ਹਰਿਚਰਣੀ ਮਨੁ ਲਾਗ।"
– ਗੂਜ ੫, ਵਾਰ ੪ਸ, ੫, ੨:੧ (518)

ਹਰਜਨ ----- ਪ੍ਰਭੂ ਦੇ ਲੋਕ (ਜਨ), ਸਾਧ ਜਨ
"ਹਰਿ ਦੇਵਹੁ ਦਾਨੁ ਦਇਆਲ ਪ੍ਰਭ ਹਰਿ ਮਾਂਗਹਿ ਹਰਿਜਨ ਸੰਤ।"
– ਕਾਨ ੪, ਵਾਰ ੬ਸ, ੪, ੧:੬ (1315)

ਹਰਣ ------ (1) ਨਾਸ ਕਰਨ ਵਾਲਾ
"ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣ:।"
– ਗਾਥਾ, ੫, ੨੩:੧ (1361)
"ਭਵ ਹਰਣ ਹਰਿ ਹਰਿ ਹਰਿ ਹਰੇ।" (ਤੋੜਨ ਵਾਲਾ – ਸੰਸਾਰ ਦੇ ਬੰਧਨਾਂ ਨੂੰ)
– ਕੇਦ ੫, ੨, ੨:੨ (1119)

ਹੋਰ ਰੂਪ:

ਹਰਣੰ –
"ਅਨੇਕ ਪਾਤਿਕ ਹਰਣੰ ਨਾਨਕ ਸਾਧ ਸੰਗਮ ਨ ਸੰਸਯਹ।" (ਦੂਰ ਕਰਨ ਵਾਲਾ)
– ਸਸ ੫, ੬੭:੨ (1360)

ਹਰਣਹ –
"ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ।"
– ਸਸ ੫, ੫੦:੨ (1358)

ਹਰਣਖੇ ----- (ਸੰ.) ਹਰਨਾਕਸ਼ ਵਰਗੇ, ਹਿਰਨ ਵਰਗੀਆਂ ਪੀਲੀਆਂ ਅੱਖਾਂ ਵਾਲਾ ਦੈਂਤ
"ਜਨ ਨਾਨਕ ਕੇ ਦਇਆਲ ਪ੍ਰਭ ਸੁਆਮੀ ਤੁਮ ਦੁਸਟ ਤਾਰੇ ਹਰਣਖੇ।"
– ਨਟ ੪, ੩, ੪:੨ (976)

ਹਰਣਾ ----- (1) (ਸੰ.) ਹੇ ਮਿਰਗ, ਹੇ ਹਰਣ
"ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।"
– ਆਸਾ ੧, ਛੰਤ ੫, ੧:੧ (438)

ਹੋਰ ਰੂਪ:

ਹਰਣਾ –
"ਹਰਣਾ ਬਾਜਾਂ ਤੇ ਸਿਕਦਾਰਾਂ ਏਨ੍ਹਾ ਪੜਿਆ ਨਾਉ।"
– ਮਲਾ ੧, ਵਾਰ ੨ਸ, ੧, ੨:੧ (1288)
(2) (ਸੰ.) ਸੋਨਾ
"ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ।"
– ਤਿਲੰ ੧, ੨, ੨:੧ (721)
(3) (ਸੰ.) ਦੂਰ ਕਰਨਾ, ਨਾਸ਼ ਕਰਨਾ
"ਕਿਲਵਿਖ ਹਰਣਾ ਨਾਮ ਪੁਨਹਚਰਣਾ ਨਾਮੁ ਜਮ ਕੀ ਤ੍ਰਾਸ ਹਰਾ।"
– ਰਾਮ ੫, ੨, ੨:੫ (925)

ਹਰਣਾਖਸ --- ਹਿਰਣ ਵਰਗੀਆਂ ਪੀਲੀਆਂ ਅੱਖਾਂ ਵਾਲਾ ਇਕ ਦੈਂਤ, ਵੇਖੋ 'ਹਰਣਖੇ' (ਭਗਤ ਪ੍ਰਹਿਲਾਦ ਦਾ ਪਿਤਾ, ਮੁਲਤਾਨ ਦਾ ਜ਼ਾਲਮ ਰਾਜਾ ਜਿਸ ਨੇ ਪ੍ਰਹਿਲਾਦ ਨੂੰ ਭਗਤੀ ਤੋਂ ਹਟਾਣ ਲਈ ਅਨੇਕ ਜ਼ੁਲਮ ਕੀਤੇ)
"ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ।" (ਹਰਨਾਕਸ਼)
– ਸੋਰ ੩, ੫, ੨:੨ (601)

ਹੋਰ ਰੂਪ:

ਹਰਣਾਖਸਿ –

"ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ।" (ਹਰਨਾਖਸ਼ ਨੇ)

– ਬਿਲਾ ੪, ੧, ੨:੨ (799)

ਹਰਨਾਖਸੁ –

"ਦੁਰਮਤਿ ਹਰਣਾਖਸੁ ਦੁਰਾਚਾਰੀ।"

– ਗਉ ੧, ਅਸ ੯, ੪:੧ (224)

ਹਰਣਾਖੀ ---- ਹਿਰਣ ਦੀਆਂ ਅੱਖਾਂ ਵਾਲੀ, ਭਾਵ ਸੁੰਦਰ ਅੱਖਾਂ ਵਾਲੀ ਆਕਰਸ਼ਕ ਸੁੰਦਰੀ

"ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ।"

– ਰਾਮ ੫, ਵਾਰ ੬ਸ, ੫, ੧:੧ (959)

ਹੋਰ ਰੂਪ:

ਹਰਣਾਖੀਏ –

"ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ।"

– ਸਲੋ ੧, ੨:੧ (1410)

ਹਰਣੀ ----- (1) (ਸੰ.) ਦੂਰ ਕਰਨ ਵਾਲੀ, ਨਾਸ਼ ਕਰਨ ਵਾਲੀ

"ਅਨਾਥਹ ਨਾਥ ਦਇਆਲ ਸੁਖ ਸਾਗਰ ਸਰਬ ਦੋਖ ਭੈ ਹਰਣੀ।"

– ਸਾਰ ੫, ੭੭, ੨:੧ (1219)

ਹੋਰ ਰੂਪ:

ਹਰਣੁ –

"ਸੋਈ ਨਾਮੁ ਭਗਤ ਭਵਜਲ ਹਰਣੁ ਗੁਰ ਅਮਰਦਾਸ ਤੈ ਪਾਇਓ।"

– ਸਵ ੩, ੫:੬ (1393)

(2) (ਸੰ.) ਹਿਰਣੀ, ਮਾਦਾ ਮ੍ਰਿਗ

"ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ।"

– ਗਉ ੧, ੧੯, ੧:੧ (157)

ਹਰਤਾ ----- ਦੂਰ ਕਰਨ ਵਾਲਾ, ਵਿਨਾਸ਼ਕ, ਹੋਰ ਵੇਖੋ 'ਹਰਤੇ'

"ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ।"

– ਗਉ ੫, ਬਅ ੧ਸ:੬ (250)

ਹਰਤੇ ------ (1) ਚੋਰ

"ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ।"

– ਮਲਾ ੫, ੪, ੧:੨ (1267)

(2) ਦੂਰ ਕਰਨ ਵੇਲੇ

"ਅਘ ਕੋਟਿ ਹਰਤੇ ਨਾਮ ਲਈ।"

– ਮਲਾ ੫, ੨੬, ੨:੨ (1272)

ਹਰਦਾਸ ---- ਸ੍ਰੀ ਗੁਰੂ ਰਾਮ ਦਾਸ ਜੀ ਦੇ ਪਿਤਾ

"ਕਵਿ ਕਲੵ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ।"

– ਸਵ ੪, ਕਬ ੧:੧੩ (1396)

ਹਰਦੀ ----- ਹਲਦੀ, ਜ਼ਮੀਨ ਵਿਚ ਹੋਣ ਵਾਲੀ ਇਕ ਗੰਡੀ ਜਿਸ ਦਾ ਰੰਗ ਪੀਲਾ ਹੁੰਦਾ ਹੈ, ਔਸ਼ਧੀ ਤੇ ਦਾਲ ਸਬਜ਼ੀ ਵਿਚ ਵਰਤੀ ਜਾਂਦੀ ਹੈ।
"ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ।"
– ਸਲੋ ਕਬ, ੫੬:੧ (1367)

ਹਰਦੁਆਰੈ --- ਹਰਿ (ਪ੍ਰਭੁ) ਦੇ ਦੁਆਰ/ਦਰ ਉਤੇ
"ਜਨ ਨਾਨਕੁ ਸਰਣਿ ਪਇਆ ਹਰਿਦੁਆਰੈ ਹਰਿ ਭਾਵੈ ਲਾਜ ਰਖਾਇਦਾ।"
– ਮਾਰੂ ੫, ਸੋਲਾ ੫, ੧੬:੩ (1076)

ਹਰਨ ------ (1) ਨਾਸ ਕਰਨ ਵਾਲਾ, ਦੂਰ ਕਰਨ ਵਾਲਾ
"ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ।"
– ਆਸਾ ਰਵਿ, ੧, ੪:੨ (486)
"ਹਰਨ ਧਰਨ, ਪੁਨ ਪੁਨਹ ਕਰਨ।" (ਮਾਰਨ ਵਾਲਾ)
– ਰਾਮ ੫, ੫੯, ੧:੧ (901)

(2) ਨਾਸ ਕਰਨਾ
"ਹਰਨ ਭਰਨ ਜਾ ਕਾ ਨੇਤ੍ਰ ਫੋਰੁ।"
– ਗਉ ੫, ਸੁਖ ੧੬, ੨:੩ (284)

(3) ਚੁਰਾ ਲੈਣ/ਲੁਟ ਲੈਣ ਵਾਲਾ
"ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ।"
– ਗਉ ਕਬ, ੬੬, ੨:੧ (338)

ਹਰਨਾ ----- (ਜੀਵ ਰੂਪੀ) ਹਿਰਨ, ਮ੍ਰਿਗ
"ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ।"
– ਸਲੋ ਕਬ, ੫੩:੧ (1367)

ਹਰਨਾਇ ---- ਹਰਿ ਦੇ ਨਾਮ ਵਿਚ
"ਮਨੁ ਤਨੁ ਸੁਧੁ ਜਪਤ ਹਰਿ ਨਾਇ।"
– ਗਉ ੫, ਥਿਤੀ ੧੧:੬ (299)

ਹਰਨਾਖਸ --- ਇਕ ਦੈਂਤ ਰਾਜਾ ਵੇਖੋ 'ਹਰਣਾਖਸ'
"ਹਰਿ ਹਰਨਾਖਸ ਹਰੇ ਪਰਾਨ।"
– ਗੋਂਡ ਨਾਮ, ੫, ੨:੧ (874)

ਹੋਰ ਰੂਪ:

ਹਰਨਾਖਸੁ –
"ਹਰਨਾਖਸੁ ਛੇਦਿਓ ਨਖ ਬਿਦਾਰ।"
– ਬਸੰ ਕਬ, ੪, ੪:੪ (1194)

ਹਰਨਾਖਿ –
"ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ।"
– ਮਾਲੀ ੫, ੧, ੨:੨ (984)

ਹਰਨਾਮੇ ---- ਹਰੀ ਦਾ ਨਾਮ ਹੀ

"ਮੈਂ ਹਰਿ ਹਰਿ ਨਾਮੁ ਵਿਸਾਹੁ ਹੈ ਹਰਿਨਾਮੇ ਹੀ ਜਤਿ ਪਤਿ।"
– ਸਿਰੀ ੪, ਵਣ ੧, ੫:੪ (82)

ਹਰਪਾਤ ---- ਹਰੇ ਪਤੇ
"ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰਪਾਤ।"
– ਸਾਰ ਕਬ, ੧, ੧:੨ (1251)

ਹਰਮ ------ (ਅ. ਹਰਮ ਸਰਾਏ) ਰਣਵਾਸ, ਜਨਾਨਖਾਨਾ
"ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ।"
– ਆਸਾ ੧, ਵਾਰ ੧੭:੧ (472)

ਹਰਮਾ ----- ਵਿਆਹੀਆਂ ਹੋਈਆਂ ਪਰਦੇਦਾਰ ਇਸਤ੍ਰੀਆਂ, ਹਰਮ ਵਿਚ ਰਹਿਣ ਵਾਲੀਆਂ ਇਸਤ੍ਰੀਆਂ
"ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ।"
– ਆਸ ੧, ਅਸ ੧੨, ੨:੩ (417)
('ਮਹਾਨਕੋਸ਼' ਇਸ ਦੇ ਅਰਥ 'ਹਰਮ' ਦੇ ਬਹੁਵਚਨ ਕਰਦੇ ਹਨ)

ਹਰਰੰਗੀ ---- ਹਰ ਤਰ੍ਹਾਂ ਨਾਲ, ਹਰ ਪ੍ਰਕਾਰ ਨਾਲ
"ਤੁਰੇ ਪਲਾਣੇ ਪਉਣ ਵੇਗ ਹਰਰੰਗੀ ਹਰਮ ਸਵਾਰਿਆ।"
– ਆਸਾ ੧, ਵਾਰ ੧੭:੧ (472)
"ਹਰਰੰਗੀ ਤੁਰੇ ਨਿਤ ਪਾਲੀਅਹਿ ਕਿਤੇ ਕਾਮਿ ਨ ਆਈ।" (ਤਰ੍ਹਾਂ ਤਰ੍ਹਾਂ ਦੇ)
– ਸੋਰ ੪, ਵਾਰ ੧੫:੩ (648)

ਹਰਰੋਜ ----- ਨਿਤ, ਹਮੇਸ਼ਾਂ
"ਬੰਦੇ ਖੋਜ ਦਿਲ ਹਰਰੋਜ ਨਾ ਫਿਰੁ ਪਰੇਸਾਨੀ ਮਾਹਿ।"
– ਤਿਲੰ ਕਬ, ੧, ੧*:੧ (727)

ਹਰਾ ------ (1) ਹਰੇ ਰੰਗ ਦਾ, ਸਰਸਬਜ਼, ਸਾਵਾ, ਭਾਵ ਖਿੜਿਆ ਹੋਇਆ
"ਸੋਹੇ ਬੰਕ ਦੁਆਰ ਸਗਲਾ ਬਨੁ ਹਰਾ।"
– ਬਿਲਾ ੫, ਛੰਤ ੩, ੫:੨ (847)
(2) ਦੂਰ ਹੋ ਗਿਆ, ਮਿਟ ਗਿਆ
"ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ ।"
– ਬਿਲਾ ੫, ਛੰਤ ੩, ੫:੩ (847)
(3) ਦੂਰ ਕਰਨ/ਨਾਸ ਕਰਨ ਵਾਲਾ
"ਕਿਲਵਿਖ ਹਰਣਾ ਨਾਮ ਪੁਨਹ ਚਰਣਾ ਨਾਮੁ ਜਮ ਕੀ ਤ੍ਰਾਸ ਹਰਾ।"
– ਰਾਮ ੫, ਛੰਤ ੨, ੨:੫ (925)
(4) ਹਿਰਨ ਦਾ ਚੰਮ
"ਦੁਨੀਆ ਰੰਗ ਨਾ ਆਵੈ ਨੇੜੇ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ।"
– ਮਾਰੂ ੫, ਸੋਲਾ ੧੨, ੧੩:੩ (1084)
(5) ਵਾਲਾ
"ਸਿਮਰਹਿ ਸੋਈ ਨਾਮੁ ਜਖੵ ਅਰੁ ਕਿੰਨਰ ਸਾਧਿਕ ਸਿਧ ਸਮਾਧਿ ਹਰਾ।" (ਸਮਾਧੀ ਵਾਲਾ ਭਾਵ ਸਿਵਜੀ)
– ਸਵ ੩, ੨:੧ (1393)

ਹਰਾਮ ----- (ਅ. ਹਰਾਮ) ਧਰਮ ਅਨੁਸਾਰ ਵਰਜਿਤ
"ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।" (ਵਰਜਿਤ ਮਾਸ)
– ਮਾਝ ੧, ਵਾਰ ੭ਸ, ੧, ੨:੪ (141)

ਹਰਾਮਖੋਰ --- ਵਰਜਿਤ ਵਸਤ ਦੇ ਖਾਣ ਵਾਲਾ, ਨਮਕ ਹਰਾਮ, ਕੀਤਾ ਨਾ ਜਾਣਨ ਵਾਲਾ ਵੇਖੋ 'ਹਰਾਮ'
"ਅਸੰਖ ਚੋਰ ਹਰਾਮਖੋਰ।"
– ਜਪੁ ੧, ੧੮:੨ (4)

ਹੋਰ ਰੂਪ:

ਹਰਾਮਖੋਰੀ –
"ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ।"
– ਮਾਰੂ ੫, ੮, ੧*:੨ (1001)
ਹਰਾਮਖੋਰੁ –
"ਮੈ ਕੀਤਾ ਨ ਜਾਤਾ ਹਰਾਮਖੋਰੁ।"
– ਸਿਰੀ ੧, ੨੯, ੪:੧ (24)
ਹਰਾਮੀ –
"ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ।" (ਕੀਤਾ ਨਾ ਜਾਨਣ ਵਾਲਾ)
– ਮਾਰੂ ੧, ੬, ੪:੧ (991)
"ਕਹੁ ਨਾਨਕ ਹਮ ਲੂਣ ਹਰਾਮੀ।"
– ਗਉ ੫, ੧੪੫, ੪:੧ (195)
(ਇਹ ਸ਼ਬਦ ਬਸ ਦੋ ਵਾਰੀ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤਿਆ ਗਿਆ ਹੈ)
ਹਰਾਮੁ –
"ਸਭੁ ਹਰਾਮੁ ਜੇਤਾ ਕਿਛੁ ਖਾਇ।"
– ਮਾਝ ੧, ਵਾਰ ੧੦ਸ, ੧, ੧:੪ (142)

ਹਰਾਮੁ ----- (1) ਅਯੋਗ, ਧਰਮ ਅਨੁਸਾਰ ਵਰਜਿਤ, ਵੇਖੋ 'ਹਰਾਮਖੋਰ'
(2) ਅਧਰਮੀ
"ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ।"
– ਗਉ ੫, ਵਾਰ ੨੯ਸ, ੫, ੧:੨ (315)

ਹਰਿ ------ (1) ਹਰੀ, ਪ੍ਰਭੂ
"ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ।"
– ਗੂਜ ੪, ਸੋਦ ੪, ੧*:੧ (10)
"ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ।"
– ਆਸਾ ੪, ਸੋਪੁ ੧, ੧:੪ (10)
"ਵਾਹੁ ਵਾਹੁ ਕਰਹਿ ਸੇ ਜਨ ਸੋਹਣੇ ਹਰਿ ਤਿਨ੍ ਕੈ ਸੰਗਿ ਮਿਲਾਇ।" (ਹੇ ਹਰੀ)
– ਗੂਜ ੩, ਵਾਰ ੧੭ਸ, ੩, ੧:੪ (515)
(2) ਹਰਾ –
"ਦਾਵਾ ਅਗਨਿ ਰਹੇ ਹਰਿ ਬੂਟ।"
– ਰਾਮ ੫, ਅਸ ੪, ੧:੧ (914)
(3) ਸਭ ਨੂੰ, ਸਾਰਿਆਂ ਨੂੰ

“ਨਾਨਕ ਜਨ ਹਰਿ ਕੀ ਸਰਣਾਈ ਹਰਿ ਭਾਵੈ ਹਰਿ ਨਿਸਤਾਰੇ।”

– ਗੂਜ ੪, ੩, ੪:੨ (493)

(4) ਦੂਰ ਕੀਤੀ

“ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ, ਸਿਧਿ ਪਾਈ।”

– ਗਉ ਕਬ, ੭੨, ੨:੨ (339)

“ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ।” (ਸਾੜ ਕੇ ਦੂਰ ਕਰ ਦਿੰਦਾ ਹੈ)

– ਮਾਰੂ ੩, ਵਾਰ ੨੦:੨ (1093)

(5) ਹਰ, ਹਰੇਕ

“ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿਹਾਰੀ ਰੇ।”

– ਆਸਾ ੫, ੧੩੪, ੨:੧ (404)

(ਦੂਜੇ ‘ਹਰਿ’ ਦੇ ਅਰਥ ‘ਹਰੀ’ ਹਨ)

ਹਰਿਓ ----- (1) ਹਰਾ/ਹਰੇ

“ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ।”

– ਸਿਰੀ ੧, ੧੬, ੨:੧ (20)

(2) ਹਰਾ ਹੋ ਗਿਆ

“ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ।”

– ਜੈਤ ੪, ੬, ੪:੨ (698)

ਹੋਰ ਰੂਪ:

ਹਰਿਆ –

“ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ।”

– ਗੂਜ ੫, ਸੋਦ ੫, ੧*:੨ (10)

“ਸਾਧ ਕ੍ਰਿਪਾ ਤੇ ਸੂਕਾ ਹਰਿਆ।”

– ਮਾਝ ੫, ੨੬, ੩:੨ (102)

(3) ਦੂਰ ਕੀਤਾ, ਨਾਸ ਕੀਤਾ, ਹੋਰ ਵੇਖੋ ‘ਹਰੀਂ’ (3), ‘ਹਰੁ’

“ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ।”

– ਮਾਰੂ ੯, ੧, ੧:੨ (1008)

ਹੋਰ ਰੂਪ:

ਹਰਿਆ –

“ਸੁਖ ਨਿਧਾਨੁ ਮਿਲਿਆ ਦੂਖ ਹਰਿਆ ਕ੍ਰਿਪਾ ਕਰਿ ਪ੍ਰਭਿ ਰਾਖਿਆ।”

– ਰਾਮ ੫, ਛੰਤ ੩, ੨:੩ (925)

(4) ਹਰਾ/ਜੀਵੰਤ/ਖੁਸ਼ ਹੋ ਗਿਆ

“ਮੂੰ ਜੁਲਾਊ ਤਥਿ ਨਾਨਕ ਪਿਰੀ ਪਸੰਦੋ ਹਰਿਓ ਥੀਓਸਿ।”

– ਮਾਰੂ ੫, ਵਾਰ ੨੦ਸ, ੫, ੨:੨ (1101)

ਹੋਰ ਰੂਪ:

ਹਰਿਆ –

“ਸੋਈ ਮਉਲਾ ਜਿਨਿ ਜਗੁ ਮਉਲਿਆ, ਹਰਿਆ ਕੀਆ ਸੰਸਾਰੋ।”

– ਸਿਰੀ ੧, ੨੮, ੧:੧ (24)

“ਗੁਣ ਗਾਵਤ ਮਨੁ ਹਰਿਆ ਹੋਵੈ।” (ਖੁਸ਼)

– ਮਾਝ ੫, ੩੩, ੨:੧ (104)

“ਮਨੁ ਤਨੁ ਸੀਤਲੁ ਸਭ ਹਰਿਆ ਹੋਆ ਵਡਭਾਗੀ ਹਰਿ ਨਾਮੁ ਧਿਆਵੈ।” (ਪ੍ਰਫੁਲਤ, ਖਿੜਿਆ)

– ਗੂਜ ੪, ੬, ੧:੨ (494)

(5) ਚੁਰਾਇਆ, ਚੁਕਿਆ

“ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ।”

– ਸਾਰ ੫, ੬੧, ੧:੧ (1216)

(6) ਠਗ ਲਿਆ

“ਦਹਿ ਦਿਸ ਧਾਇ ਮਹਾ ਬਿਖਿਆ ਕਉ ਪਰ ਧਨ ਛੀਨਿ ਅਗਿਆਨ ਹਰਿਓ ਹੈ।”

– ਸਮੁ ੫, ੮*:੩ (1388)

(7) ਮਾਰਿਆ ਹੈ

“ਸੁਥਰ ਚਿਤ ਭਗਤ ਹਿਤ ਭੇਖ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ।”

– ਸਵ ੪, ਗਯੰ ੭:੨ (1402)

ਹਰਿਆ ---- (1) ਹਰਾ/ਜੀਵੰਤ ਕਰਨ ਵਾਲਾ

“ਹਰਿ ਊਤਮੁ ਹਰਿਆ ਨਾਮੁ ਹੈ ਹਰਿ ਪੁਰਖੁ ਨਿਰੰਜਨੁ ਮਉਲਾ।”

– ਕਾਨ ੪, ਵਾਰ ੬:੧ (1315)

(2) ਹਰਾ ਹੋ ਗਿਆ, ਵੇਖੋ ‘ਹਰਿਓ’ (2)

(3) ਦੂਰ ਕੀਤਾ, ਨਾਸ ਕੀਤਾ, ਵੇਖੋ ‘ਹਰਿਓ’ (3)

(4) ਹਰਾ/ਜੀਵੰਤ/ਖੁਸ਼ ਹੋ ਗਿਆ, ਵੇਖੋ ‘ਹਰਿਓ’ (4)

ਹਰਿਆਇਓ – ਹਰਿਆੜ/ਅਵਾਰਾ ਪਸ਼ੂ, ਬਿਗਾਨਾ ਖੇਤ ਚਰਨ ਵਾਲਾ ਪਸ਼ੂ, ਹੋਰ ਵੇਖੋ ‘ਹਰ੍ਹਿਆਉ’

“ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ।”

– ਗਉ ੫, ੧੨੭*, ੧*:੨ (206)

ਹਰਿਆਵਲਾ -- ਹਰਾ, ਸਰਸਬਜ਼

“ਪਬਰ ਤੂੰ ਹਰੀਆਵਲਾ ਕਵਲਾ ਕੰਚਨ ਵੰਨਿ।”

– ਸਲੋ ੧, ੩੦:੧ (1412)

ਹੋਰ ਰੂਪ:

ਹਰਿਆਵਲੀ –

“ਹਰਿ ਕੈ ਨਾਇ ਸਦਾ ਹਰਿਆਵਲੀ ਫਿਰ ਸੁਕੈ ਨ ਕੁਮਲਾਇ।” (ਪ੍ਰਫੁਲਤ)

– ਮਲਾ ੩, ਅਸ ੨, ੪:੩ (1277)

ਹਰਿਆਵਲੁ –

“ਨਾਮੁ ਜਪਤ ਮਨੁ ਤਨੁ ਹਰਿਆਵਲੁ ਪ੍ਰਭ ਨਾਨਕ ਨਦਰਿ ਨਿਹਾਰੇ ਜੀਉ।” (ਖੇੜਾ)

– ਮਾਝ ੫, ੩੬, ੪:੩ (105)

ਹਰਿ ਹਰੇ --- (1) ਸਦਾ ਹੀ (ਭਾਵ)

“ਹਰਿ ਹਰੇ ਹਰਿ ਗੁਣ ਗਾਵਹੁ ਹਰਿ ਗੁਰਮੁਖੇ ਪਾਏ ਰਾਮ।”

– ਸੂਹੀ ੩, ਛੰਤ ੫, ੧:੧ (770)

(2) ਹਰੀ ਹਰੀ ਕਰਦੇ

“ਜੋ ਹਰਿ ਹਰੇ ਸੁ ਹੋਹਿ ਨ ਆਨਾ।”
- ਗਉ ਕਬ, ੩੭, ੨:੧ (330)

(3) ਹਰੀ ਨਾਮ
“ਸਗਲ ਨਿਧਿ ਹਰਿ ਹਰਿ ਹਰੇ।”
- ਮਾਲੀ ੫, ੫, ੧:੩ (987)

ਹਰਿਕਾਇਆ – ਹਲਕਾਇਆ, ਹਲਕਿਆ ਹੋਇਆ (ਕੁਤੇ ਵਾਂਗ), ਪਾਗਲ ਹੋਇਆ
“ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ।”
- ਆਸਾ ੫, ੧੨੫, ੩:੧ (402)

ਹਰਿ ਕ੍ਰਿਪਲੇ -- ਹਰੀ ਦੀ ਕ੍ਰਿਪਾ
“ਰਾਮ ਨਾਮੁ ਜਪਿਓ ਗੁਰ ਬਚਨੀ ਹਰਿ ਧਾਰੀ ਹਰਿ ਕ੍ਰਿਪਲੇ।”
- ਨਟ ੪, ੨, ੧*:੨ (975)

ਹਰਿ ਗਾਲ --- ਹਰੀ ਦੀਆ ਗੱਲਾਂ
“ਕੋਈ ਆਨਿ ਸੁਨਾਵੈ ਹਰਿ ਕੀ ਹਰਿ ਗਾਲ।”
- ਨਟ ੪, ੯, ੧*:੧ (977)

ਹਰਿ ਗੁਣਤਾਸ ਗੁਣਾਂ ਦੇ ਖਜ਼ਾਨੇ ਹਰਿ
“ਜਨ ਨਾਨਕ ਕਰੇ ਕਰਾਇਆ ਸਭੁ ਕੋ ਜਿਉ ਭਾਵੈ ਤਿਵ ਹਰਿ ਗੁਣਤਾਸੁ।”
- ਰਾਮ ੩, ਵਾਰ ੭ਸ, ੩, ੨:੮ (949)

ਹਰਿ ਗੁਨੀਆ - ਹਰੀ ਦੇ ਗੁਣ ਗਾਉਣੇ
“ਆਚਾਰ ਬਿਉਹਾਰ ਜਾਤਿ ਹਰਿ ਗੁਨੀਆ।”
- ਟੋਡੀ ੫, ੧੭, ੩:੧ (715)

ਹਰਿਗੋਬਿੰਦ -- ਗੁਰੂ ਅਰਜਨ ਸਾਹਿਬ ਦੇ ਸਪੁੱਤਰ ਸਿੱਖਾਂ ਦੇ ਛੇਵੇ ਗੁਰੂ (1595-1644), 37 ਵਰੇ 10 ਮਹੀਨੇ 3 ਦਿਨ ਗੁਰਗੱਦੀ ਤੇ ਰਹੇ। ਅਕਾਲ ਤਖਤ ਦੀ ਉਸਾਰੀ 1608 ਵਿਚ ਹਰਿਮੰਦਰ ਸਾਹਿਬ ਦੇ ਸਾਹਮਣੇ ਕਰ ਮੀਰੀ ਪੀਰੀ ਦੀ ਪ੍ਰਥਾ ਨੂੰ ਪੱਕਿਆਂ ਕੀਤਾ ਸ਼ਾਹਜਹਾਨ ਦੀਆਂ ਫੌਜਾਂ ਨਾਲ 4 ਵਾਰ ਯੁੱਧ ਕਰ ਫਤਹਿ ਪ੍ਰਾਪਤ ਕੀਤੀ। ਆਪ ਜੀ ਦੇ ਪੰਜ ਸਪੁੱਤਰ (ਬਾਬਾ ਗੁਰਦਿਤਾ, ਸੂਰਜ ਮਲ, ਅਣੀ ਰਾਇ, ਅਟਲ ਰਾਇ ਤੇ ਗੁਰੂ ਤੇਗ ਬਹਾਦਰ) ਤੇ ਇਕ ਪੁੱਤਰੀ ਬੀਬੀ ਬੀਰੋ ਜੀ ਸਨ।
“ਵਡੀ ਆਰਜਾ ਹਰਿ ਗੋਬਿੰਦ ਕੀ ਸੁਖ ਮੰਗਲ ਕਲਿਆਣ ਬੀਚਾਰਿਆ।”
- ਬਿਲਾ ੫, ੨੩, ੧*:੨ (807)

ਹੋਰ ਰੂਪ:

ਹਰਿ ਗੋਬਿੰਦੁ –
“ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ।”
- ਗੂਜ ੫, ੨੪, ੧:੧ (500)

ਹਰਿਗੋਬਿੰਦੁ -- (1) ਗੁਰੂ ਹਰਿਗੋਬਿੰਦ ਸਾਹਿਬ, ਵੇਖੋ ‘ਹਰਿਗੋਬਿੰਦ’
(2) ਪ੍ਰਭੂ, ਪ੍ਰਤਿਪਾਲਕ ਹਰੀ
“ਘਟਿ ਘਟਿ ਹਰਿਗੋਬਿੰਦੁ ਗਾਜੇ ਰਾਮ।”
- ਵਡ ੫, ਛੰਤ ੩, ੪:੨ (578)

ਹਰਿਗੋਵਿਦੁ -- ਗੁਰੂ ਹਰਿਗੋਬਿੰਦ ਸਾਹਿਬ, ਵੇਖੋ 'ਹਰਿ ਗੋਬਿੰਦ'
"ਸਦਾ ਅਨੰਦ ਕਰਹ ਮੇਰੇ ਪਿਆਰੇ ਹਰਿ ਗੋਵਿਦੁ ਗੁਰਿ ਰਾਖਿਆ।"
– ਸੋਰ ੫, ੪੬, ੨:੧ (620)

ਹੋਰ ਰੂਪ:

ਹਰਿ ਗੋਵਿੰਦੁ –
"ਜਪੁ ਮਨ ਗੋਵਿੰਦੁ ਹਰਿ ਗੋਵਿੰਦੁ ਗੁਣੀ ਨਿਧਾਨੁ ਸਭ ਸ੍ਰਿਸਟਿ ਕਾ ਪ੍ਰਭੋ ਮੇਰੇ ਮਨ ਹਰਿ ਬੋਲਿ ਹਰਿ ਪੁਰਖੁ ਅਬਿਨਾਸੀ।"
– ਸਾਰ ੪, ੧੨, ੧*:੧ (1202)

ਹਰਿਚੰਦਉਰੀ – ਅੱਧ ਅਸਮਾਨ ਵਿਚ ਨਜ਼ਰ ਦੇ ਛਲਾਵੇ ਕਾਰਨ ਦਿਸਦੀ ਮਥਿਆ ਨਗਰੀ, ਭਾਵ ਧੋਖਾ ਦੇਣ ਵਾਲਾ ਦ੍ਰਿਸ਼। ਇਸ ਸਬੰਧੀ ਪੌਰਾਣਿਕ ਵਾਰਤਾ ਹੈ ਕਿ ਤ੍ਰਿਸ਼ੰਕੂ ਦਾ ਪੁੱਤਰ ਰਾਜਾ ਹਰੀਚੰਦ ਆਪਣੇ ਪੁੰਨ ਦਾਨ ਅਤੇ ਹੋਰ ਪੁੰਨ- ਕਰਮਾਂ ਕਰਕੇ ਪਰਜਾ ਸਮੇਤ ਹੀ ਸਵਰਗ ਨੂੰ ਗਿਆ ਪਰ ਨਾਰਦ ਮੁਨੀ ਨੇ ਛਲ ਨਾਲ ਇਸ ਤੋਂ ਆਪਣੀ ਉਸਤਤ ਕਰਵਾਈ ਜਿਸ ਕਰਕੇ ਸਵਰਗ ਵਿਚੋਂ ਕੱਢਿਆ ਗਿਆ। ਉਪਰੋਂ ਡਿਦਿਆਂ ਡਿਗਦਿਆਂ ਇਸ ਨੇ ਆਪਣੀ ਭੁੱਲ ਉਪਰ ਪਛਤਾਵਾ ਕੀਤਾ ਜਿਸ ਕਰਕੇ ਆਪਣੇ ਸਾਥੀਆਂ ਸਮੇਤ ਅੱਧ ਅਸਮਾਨ ਵਿਚ ਹੀ ਰੁਕ ਗਿਆ। ਹੁਣ ਤੱਕ ਉਥੇ ਹੀ ਇਹ ਨਗਰ ਵਸਦਾ ਹੈ। ਇਸ ਨੂੰ ਗੰਧਰਬ ਨਗਰ (ਝਜ.ਗਪਕ) ਵੀ ਕਹਿੰਦੇ ਹਨ।
"ਦ੍ਰਿਸਟਿ ਦੇਖੁ ਜੈਸੇ ਹਰਿਚੰਦਉਰੀ ਇਕੁ ਰਾਮ ਭਜਨੁ ਲੈ ਲਾਹਾ।"
– ਆਸਾ ੫, ੧੨੩, ੧*:੨ (402)
"ਹਰਿਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ।" (ਮਾਇਕ ਪਦਾਰਥਾਂ ਦੇ ਝੂਠੇ ਚਮਤਕਾਰ)
– ਆਸਾ ੫, ਛੰਤ ੧੧, ੨:੪ (460)

ਹੋਰ ਰੂਪ:

ਹਰਚੰਦਉੜੀ –
"ਪੇਖੁ ਹਰਿਚੰਦਉਰੜੀ ਅਸਥਿਰੁ ਕਿਛੁ ਨਾਹੀ।"
– ਆਸਾ ੫, ਛੰਤ ੧੩, ੪:੧ (461)

ਹਰਿਚਰਾਨੈ -- ਹਰਿ ਦੇ ਚਰਨ
"ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਦੀਜੈ ਸਦ ਬਸਹਿ ਰਿਦੈ ਮੋਹਿ ਹਰਿਚਰਾਨੈ।"
– ਕਲਿ ੪, ੫, ੪:੨ (1321)

ਹਰਿਚਾਲ --- ਹਰੀ ਨੂੰ ਮਿਲਣ ਦੀ ਰੀਤ
"ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿਚਾਲ।"
– ਨਟ ੪, ੯, ੧:੧ (978)

ਹਰਿਚਿੰਤਾਮਣੇ – ਮਨ ਵਿਚ ਚਿੰਤਨ ਕਰਨ ਨਾਲ ਮਨ ਦੀ ਹੀ ਮੁਰਾਦ ਪੂਰੀ ਕਰਨ ਵਾਲੀ ਮਣੀ ਰੂਪੀ ਹਰੀ
"ਸਗਲ ਭਗਤ ਜਾਚਹਿ ਸੁਖ ਸਾਗਰ ਭਵ ਨਿਧਿ ਤਰਣ ਹਰਿਚਿੰਤਾਮਣੇ।"
– ਕਲਿ ੪, ੭, ੧*:੨ (1321)

ਹਰਿਜਸਹਿ -- ਹਰੀ ਜਸ ਨਾਲ
"ਬੁਝਿ ਗਈ ਤ੍ਰਿਸਨਾ ਹਰਿਜਸਹਿ ਅਘਾਨੇ।"

– ਆਸਾ ੫, ੯੨, ੧:੩ (393)

ਹੋਰ ਰੂਪ:

ਹਰਿ ਜਸੂਆ –
“ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ।”
– ਗਉ ੫, ੧੨੭*, ੪:੨ (206)

ਹਰਿਜਨ ---- (1) ਹਰੀ ਦਾ ਦਾਸ/ਸੇਵਕ/ਭਗਤ
“ਹਰਿਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।
– ਗੂਜ ੪, ੪, ੨:੧ (10)
“ਹਰਿਜਨ ਲੀਨੇ ਪ੍ਰਭੂ ਛਡਾਇ।”
– ਆਸਾ ੫, ੩੧, ੧*:੧ (378)
“ਹਰਿਜਨ ਪ੍ਰਭੁ ਰਲਿ ਏਕੋ ਹੋਏ ਹਰਿਜਨ ਪ੍ਰਭੁ ਏਕ ਸਮਾਨਿ ਜੀਉ।”
– ਆਸਾ ੪, ਛੰਤ ੧੩, ੩:੫² (447)

ਹੋਰ ਰੂਪ:

ਹਰਿ ਜਨਹ –
“ਪੈਜ ਰਾਖਹੁ ਹਰਿ ਜਨਹ ਕੇਰੀ ਹਰਿ ਦੇਹੁ ਨਾਮੁ ਨਿਰੰਜਨੋ।”
– ਰਾਮ ਸੁੰਦ, ਸਦ ੨:੩ (923)
ਹਰਿ ਜਨਾ –
“ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ।”
– ਮਾਰੂ ੫, ਸੋਲਾ ੮, ੨:੩ (1079)
ਹਰਿ ਜਨਾਂ –
“ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ।”
– ਗਉ ੫, ਵਾਰ ੧੩:੨ (321)
ਹਰਿ ਜਨਿ –
“ਤਿਉ ਹਰਿਜਨਿ ਹਰਿ ਧਨੁ ਸੰਚਿਆ ਹਰਿ ਖਰਚੁ ਲੈ ਜਾਇ।”
– ਗਉ ੪, ੪੭, ੩:੩ (166)
ਹਰਿ ਜਨੀ –
“ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ।”
– ਬਸੰ ੫, ੨੧, ੨:੧ (1186)
ਹਰਿ ਜੰਨੀ –
“ਬਿਨੁ ਹਰਿ ਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ।”
– ਵਡ ੪, ਵਾਰ ੧੨:੩ (590)
ਹਰਿ ਜਨੁ –
“ਤਿਉ ਹਰਿ ਜਨੁ ਹਰਿ ਹਰਿ ਜਪੁ ਕਰੇ ਹਰਿ ਅੰਤਿ ਛਡਾਇ।”
– ਗਉ ੪, ੪੭, ੧:੩ (166)

(2) ਹਰੀ ਦੇ ਬੰਦਿਓ
“ਮਨ ਕੀ ਮਤਿ ਤਿਆਗਹੁ ਹਰਿਜਨ ਹੁਕਮੁ ਬੂਝਿ ਸੁਖੁ ਪਾਈਐ ਰੇ।”
– ਗਉ ੫, ੧੩੭*, ੧:੧ (209)
“ਮਨ ਕੀ ਮਤਿ ਤਿਆਗਹੁ ਹਰਿਜਨ ਏਹਾ ਬਾਤ ਕਠੈਨੀ।”

– ਬਿਲਾ ੪, ੫, ੩:੧ (800)

ਹੋਰ ਰੂਪ:–

ਹਰਿ ਜਨਹੁ –
“ਗਾਉ ਮੰਗਲੋ ਨਿਤ ਹਰਿ ਜਨਹੁ ਪੁੰਨੀ ਇਛ ਸਬਾਈ ਰਾਮ।”
– ਸੂਹੀ ੫, ਛੰਤ ੫, ੪:੧ (780)

ਹਰਿ ਜੁ ---- ਹਰਿ/ਪ੍ਰਭੂ ਜੀ
“ਹਰਿ ਜੂ ਰਾਖਿ ਲੇਹੁ ਪਤਿ ਮੇਰੀ।”
– ਜੈਤ ੯, ੨, ੧*:੧ (703)

ਹਰਿ ਦਸਨਾ -- ਹਰਿ ਦਾ ਦਾਸ/ਭਗਤ/ਸੇਵਕ
“ਜਿਨ ਹਰਿ ਧਿਆਇਆ ਤਿਨ ਹਰਿ ਪਾਇਆ ਮੇਰਾ ਸੁਆਮੀ ਤਿਨ ਕੇ ਚਰਣ ਮਲਹੁ ਹਰਿ ਦਸਨਾ।”
– ਗੋਂਡ ੪, ੩, ੨:੨ (860)

ਹਰਿ ਦਮ --- ਹਰ ਸ੍ਵਾਸ ਨਾਲ, ਸ੍ਵਾਸ ਸ੍ਵਾਸ
“ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿ ਹਾਰੀ ਰੇ।”
– ਆਸਾ ੫, ੧੩੪, ੨:੧ (404)

ਹਰਿ ਦਰ --- ਹਰੀ ਦੀ ਦਰਗਾਹ ਵੇਖੇ ‘ਹਰਿ ਦਰਿ’
“ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ।”
– ਗਉ ੫, ਵਾਰ ੧੫ ਸ, ੪, ੧:੮ (308)

ਹਰਿ ਦਰਸਨ – (1) ਪ੍ਰਭੂ/ਹਰਿ ਦਾ ਦੀਦਾਰ
“ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ।”
– ਮਾਝ ੫, ਬਾਰਾ ੨:੮ (133)

ਹੋਰ ਰੂਪ:

ਹਰਿ ਦਰਸਨਿ –
“ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ।”
– ਮਾਝ ੪, ੪, ੧:੩ (95)

ਹਰਿ ਦਰਸਨੁ –
“ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ।”
– ਸਿਰੀ ੪, ਛੰਤ ੧, ੧:੧ (78)

“ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ।”
– ਸੂਹੀ ੫, ਛੰਤ ੧੧, ੨:੧ (784)

ਹਰਿ ਦਰਸਨੋ –
“ਹਰਿ ਦਰਸਨੋ ਦਿਖਾਵਹੁ ਮੋਹਿ ਤੁਮ ਬਤਾਵਹੁ।”
– ਆਸਾ ੫, ੧੫੩, ੨:੪ (408)

(2) ਹਰਿ ਬਾਰੇ ਚਿੰਤਨ ਦਾ ਸ਼ਾਸਤਰ
“ਹਰਿ ਦਰਸਨ ਪ੍ਰਾਨ ਅਧਾਰਾ।”
– ਸੋਰ ੫, ੫੮, ੪:੧ (623)

“ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ।”
– ਕਲਿ ੪, ਅਸ ੨, ੧:੨ (1324)

ਹੋਰ ਰੂਪ:-

ਹਰਿ ਦਰਸਨੁ –
“ਹਰਿ ਦਰਸਨੁ ਪਾਵੈ ਵਡਭਾਗਿ।”
– ਆਸਾ ੩, ੪੦, ੧:੧ (360)

ਹਰਿ ਦਰਸਾਈ ਹਰੀ ਦੇ ਦਰਸਨ/ਦੀਦਾਰ
“ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ।”
– ਸਾਰ ੫, ੧੫, ੧:੧ (1207)

ਹਰਿ ਦਰਸਾਵੜਾ ਹਰੀ ਦੇ ਦਰਸਨ/ਦੀਦਾਰ
“ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ।”
– ਸੂਹੀ ੫, ਕੁਚ ੩:੯ (763)

ਹਰਿ ਦਰਸਿ -- ਹਰੀ ਦੇ ਦਰਸ਼ਨਾਂ ਵਿਚ
“ਸੰਕਟ ਘੋਰ ਕਟੇ ਖਿਨ ਭੀਤਰਿ ਨਾਨਕ ਹਰਿ ਦਰਸਿ ਸਮਾਈਐ।”
– ਦੇਵ ੫, ੨੨, ੨:੨ (532)

ਹੋਰ ਰੂਪ:

ਹਰਿ ਦਰਸੁ –
“ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ।”
– ਆਸਾ ੫, ਛੰਤ ੧੪, ੩:੬ (462)

ਹਰਿ ਦਰਿ --- ਰੱਬੀ ਦਰਗਾਹ, ਰੱਬੀ ਦਰਬਾਰ
“ਮਿਲਿ ਪ੍ਰੀਤਮ ਸਚੇ ਗੁਣ ਗਾਵਹਿ ਹਰਿ ਦਰਿ ਸੋਭਾ ਪਾਵਣਿਆ।”
– ਮਾਝ ੩, ਅਸ ੭, ੩:੩ (113)
“ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ।”
– ਬਿਹਾ ੪, ਛੰਤ ੪, ੪:੪ (540)

ਹਰਿ ਦਰੁ --- ਪਰਮਾਤਮਾ ਦਾ ਦਰਵਾਜਾ, ਹਰੀ ਦਾ ਦੁਆਰ ਭਾਵ ਸਾਧ ਸੰਗਤ
“ਹਰਿ ਦਰੁ ਸੇਵੇ ਅਲਖ ਅਭੇਵੇ ਨਿਹਚਲੁ ਆਸਣੁ ਪਾਇਆ।”
– ਸਿਰੀ ੫, ਛੰਤ ੨, ੩:੩ (79)

ਹੋਰ ਰੂਪ:

ਹਰਿ ਦਰੇ –
“ਹਰਿ ਦਰੇ ਹਰਿਦਰਿ ਸੋਹਨਿ ਤੇਰੇ ਭਗਤ ਪਿਆਰੇ ਰਾਮ।”
– ਆਸਾ ੫, ਛੰਤ ੨, ੩:੧ (453)

ਹਰਿ ਦਾਸ --- ਪ੍ਰਭੁ/ਹਰੀ ਦਾ ਸੇਵਕ/ਭਗਤ
“ਬਿਨਵੰਤਿ ਨਾਨਕ ਸਦਾ ਜਾਗਹਿ ਹਰਿ ਦਾਸ ਸੰਤ ਪਿਆਰੇ।”
– ਆਸਾ ੫, ਛੰਤ ੧੦, ੧:੬ (459)

ਹੋਰ ਰੂਪ:

ਹਰਿ ਦਾਸਨ –
"ਹਰਿ ਦਾਸਨ ਕੋ ਦਾਸੁ ਸੁਖੁ ਪਾਏ।"
– ਗਉ ੩, ਅਸ ੮, ੩:੧ (233)

ਹਰਿ ਦਾਸਨਿ –
"ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ।"
– ਸੂਹੀ ੪, ਅਸ ੧, ੨੪:੧ (758)

ਹਰਿ ਦਾਸਾ –
"ਹਰਿ ਦਾਸਾ ਕਾ ਦਾਸੁ ਹੋਇ ਪਰਮ ਪਦਾਰਥੁ ਤਿਸੁ।"
– ਬਿਲਾ ੪, ਵਾਰ ੧੨ਸ, ੩, ੨:੪ (854)

ਹਰਿ ਦਾਸੁ –
"ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ।"
– ਵਡ ੪, ਘੋੜੀ ੨, ੩:੬ (576)

ਹਰਿ ਦਾਤੜੇ -- ਹੇ ਹਰੀ ਦਾਤੇ
"ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ।"
– ਆਸਾ ੪, ਛੰਤ ੨੧, ੬:੩ (452)

ਹਰਿ ਦਿਨੁ --- ਹਰ ਰੋਜ਼, ਨਿਤ
"ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ।"
– ਗਉ ੫, ੧੪੬, ੧*:੧ (195)

ਹਰਿ ਧਣੀ --- ਮਾਲਕ ਹਰੀ/ਪ੍ਰਭੂ, ਹੋਰ ਵੇਖੋ 'ਹਰਿਧਨੀ'
"ਜਿਤੁ ਮਿਲਿ ਹਰਿ ਨਾਮੁ ਧਿਆਇਆ ਹਰਿ ਧਣੀ।"
– ਗਉ ੪, ੪੩, ੧:੨ (165)

ਹਰਿ ਧਨ --- ਹਰਿ-ਨਾਮ-ਧਨ, ਹਰਿ ਨਾਮ ਸਿਮਰਨ ਧਨ ਵੇਖੋ 'ਹਰਿਧਨੁ'
"ਹਰਿ ਧਨ ਕੋ ਵਾਪਾਰੀ ਪੂਰਾ।"
– ਗਉ ੫, ੧੪੩, ੧*:੧ (194)
"ਹਰਿ ਧਨ ਕੇ ਭਰਿ ਲੇਹੁ ਭੰਡਾਰ।"
– ਗਉ ੫, ਸੁਖ ੨੪, ੧:੯ (295)

ਹਰਿ ਧਨੀ --- ਮਾਲਕ ਹਰੀ
"ਸਾਲਾਹਿਹੁ ਸਚੁ ਸਭ ਊਪਰਿ ਹਰਿ ਧਨੀ।"
– ਤਿਲੰ ੪, ੧, ੧*:੧ (723)

ਹਰਿ ਧਨੁ --- ਹਰਿ-ਸਿਮਰਨ, ਹਰਿਨਾਮ-ਸਿਮਰਨ, ਹਰਿ ਨਾਮ
"ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ।"
– ਸਿਰੀ ੩, ੩੯, ੧:੧ (28)
"ਹਰਿ ਧਨੁ ਜਾ ਕੈ ਗ੍ਰਿਹਿ ਵਸੈ।" (ਹਰਿਨਾਮ ਜਿਨ੍ਹਾਂ ਦੇ ਹਿਰਦੇ ਵਿਚ ਵਸਦਾ ਹੈ)
– ਗਉ ੫, ੧੪੭*, ੪:੧ (212)
"ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ ਹੋਰੁ ਸਭੁ ਜਗਤੁ ਭਰਮਿ ਭੁਲਾਇਆ।"
(ਹਰਿ-ਨਾਮ ਰੂਪੀ ਧਨ)

– ਬਿਲਾ ੪, ਵਾਰ ੮ਸ, ੩, ੧:੧ (352)

ਹੋਰ ਰੂਪ:

ਹਰਿ ਧਨੈ –
“ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ।”
– ਸੂਹੀ ੪, ੧੦, ੩:੧ (734)

ਹਰਿ ਧਾਰੀ -- ਹਰੀ/ਪ੍ਰਭੂ ਨੇ ਕੀਤੀ
“ਰਾਮ ਨਾਮੁ ਜਪਿਓ ਗੁਰ ਬਚਨੀ ਹਰਿ ਧਾਰੀ ਹਰਿ ਕ੍ਰਿਪਲੇ।”
– ਨਟ ੪, ੨, ੧*:੨ (975)

ਹਰਿਨਗਰੀ -- ਸਤਸੰਗ ਰੂਪੀ ਹਰੀ ਨਗਰੀ
“ਸਤੁ ਸੰਤੋਖੁ ਧਰਮੁ ਆਨਿ ਰਾਖੇ ਹਰਿਨਗਰੀ ਹਰਿਗੁਨ ਗਾਵੈਗੋ।”
– ਕਾਨ ੪, ਅਸ ੫, ੩:੨ (1311)

ਹਰਿ ਨਾਉ --- ਹਰਿ ਦਾ ਨਾਂ, ਸਤਿਨਾਮ, ਵਾਹਿਗੁਰੂ
“ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ।”
– ਸਿਰੀ ੩, ੪੩, ੨:੩ (30)

ਹੋਰ ਰੂਪ:

ਹੀਰਿਨਾਇ –
“ਨਾਨਕ ਨਿਰਮਲ ਉਜਲੇ ਜੋ ਰਾਤੇ ਹਰਿਨਾਇ।” (ਹਰਿ ਨਾਮ ਵਿਚ)
– ਸਿਰੀ ੧, ਅਸ ੭, ੮:੩ (57)

ਹਰਿਨਾਇਓ –
“ਕਹੁ ਨਾਨਕ ਅਗਮ ਅਗਮ ਹੈ ਠਾਕੁਰ ਭਗਤ ਟੇਕ ਹਰਿਨਾਇਓ।”
– ਗਉ ੫, ੧੩੬*, ੪:੨ (209)

ਹਰਿਨਾਇਆ –
“ਦੀਨ ਦਇਆਲ ਕ੍ਰਿਪਾਲ ਪ੍ਰਭ ਠਾਕੁਰ ਭਗਤ ਟੇਕ ਹਰਿਨਾਇਆ।”
– ਆਸਾ ੫, ੧੨੫, ੪:੨ (402)

ਹਰਿਨਾਈ –
“ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿਨਾਈ।”
– ਸੋਰ ੪, ੮, ੧*:੧ (607)

ਹਰਿਨਾਏ –
“ਸੁਖ ਸਹਜ ਆਨੰਦ ਹਰਿਨਾਏ।” (ਹਰਿ ਨਾਮੁ ਦੁਆਰਾ)
– ਗੋਂਡ ੫, ੬, ੪:੪ (864)

ਹਰਿਨਾਹੁ ---- ਮਾਲਕ ਹਰੀ, ਹਰੀ-ਪਤੀ
“ਆਸਾੜੁ ਤਪੰਦਾ ਤਿਸੁ ਲਗੈ ਹਰਿਨਾਹੁ ਨ ਜਿੰਨਾ ਪਾਸਿ।”
– ਮਾਝ ੫, ਬਾਰਾ ੫:੧ (134)

“ਜਾ ਕੈ ਗ੍ਰਿਹਿ ਹਰਿਨਾਹੁ ਸੁ ਸਦ ਹੀ ਰਾਵਏ।” (ਹਰਿ ਵਰਗਾ ਪਤੀ)
– ਆਸਾ ੫, ੭, ੧:੨ (457)

ਹਰਿਨਾਥ ---- ਮਾਲਕ ਹਰੀ

"ਜਿਤੁ ਜਿਤੁ ਲਾਵਹੁ ਤਿਤੁ ਲਗਹਿ ਹਰਿਨਾਥ।"

- ਗਉ ੫, ਸੁਖ ੬, ੮:੯ (271)

ਹਰਿਨਾਮ ---- ਹਰੀ ਦਾ ਨਾਮ, ਸਤਿਨਾਮ, ਵਾਹਿਗੁਰੂ

"ਖੜਿ ਦਰਗਹ ਪੈਨਾਈਐ ਮੁਖਿ ਹਰਿਨਾਮ ਨਿਵਾਸੁ।"

- ਸਿਰੀ ੧, ੧੮, ੩:੩ (21)

ਹੋਰ ਰੂਪ:

ਹਰਿਨਾਮਨੋ -

"ਮਨ ਧਰ ਤਰਬੇ ਹਰਿਨਾਮਨੋ।"

- ਗਉ ੫, ੧੪੦*, ੧*:੧ (210)

ਹਰਿਨਾਮਾ -

"ਸਤਗੁਰਿ ਮਿਲਿਐ ਧਨੁ ਪਾਇਆ ਹਰਿਨਾਮਾ ਰਿਦੈ ਸਮਾਲਿ।" (ਹਰਿਨਾਮ ਨੂੰ)

- ਸਿਰੀ ੩, ੪੭ ੩:੩ (32)

"ਗੁਣ ਨਿਧਾਨ ਅੰਮ੍ਰਿਤ ਹਰਿਨਾਮਾ ਹਰਿ ਧਿਆਇ ਧਿਆਇ ਸੁਖੁ ਪਾਇਆ ਜੀਉ।" (ਹਰਿ ਨਾਮ)

- ਮਾਝ ੫, ੩੨, ੧:੩ (103)

ਹਰਿਨਾਮਾਂ -

"ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾਂ ਮਨਿ ਮੰਤੁ।"

- ਗਉ ੫, ਵਾਰ ੮ਸ, ੫, ੧:੧ (319)

ਹਰਿਨਾਮਿ -

"ਹਰਿ ਕੀ ਮੈ ਭੁਖ ਲਾਗੈ ਹਰਿਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ।" (ਹਰਿ ਨਾਮ ਦੀ)

- ਗੁਜ ੩, ੪, ੨:੨ (490)

ਹਰਿਨਾਮੁ -

"ਇਹੁ ਜਨਮੁ ਪਦਾਰਥੁ ਪਾਇ ਕੈ ਹਰਿਨਾਮੁ ਨ ਚੇਤੈ ਲਿਵ ਲਾਇ।"

- ਸਿਰੀ ੩, ੩੭, ੪:੧ (28)

"ਹਰਿਨਾਮੁ ਸਲਾਹਨਿ ਸਦਾ ਸਦਾ ਵਖਰੁ ਹਰਿਨਾਮੁ ਅਧਾਰੁ।"

- ਸਿਰੀ ੩, ੩੯, ੧, ੨ (28)

ਹਰਿਨਾਮੇ -

"ਜਨ ਨਾਨਕ ਨਾਮੁ ਆਧਾਰੁ ਟੇਕ ਹੈ ਹਰਿਨਾਮੇ ਹੀ ਸੁਖੁ ਮੰਡਾ ਹੇ।" (ਹਰਿ ਨਾਮ ਦੁਆਰਾ)

- ਗਉ ੪, ਸੋਹ ੪, ੪:੨ (13)

"ਸਬਦੇ ਹੀ ਤੇ ਪਾਈਐ ਹਰਿਨਾਮੇ ਲਗੈ ਪਿਆਰੁ।" (ਹਰਿ ਨਾਮ ਦੁਆਰਾ)

- ਸਿਰੀ ੧, ਅਸ ੮, ੭:੨ (58)

ਹਰਿਨਾਮੈ -

"ਹਰਿਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ।" (ਹਰਿ ਨਾਮ ਦੇ)

- ਸਿਰੀ ੧, ਅਸ ੧੪, ੨:੩ (62)

"ਪੂਰੈ ਸਬਦਿ ਸਭ ਸੋਝੀ ਹੋਈ ਹਰਿਨਾਮੈ ਰਹੈ ਸਮਾਇ।"

- ਸਿਰੀ ੩, ਅਸ ੨੪, ੧:੨ (69)

ਹਰਿਨਾਮੋ –
“ਕਿਰਪਾ ਕਰੇ ਗੁਰ ਪਾਈਐ ਹਰਿਨਾਮੋ ਦੇਇ ਦ੍ਰਿੜਾਇ।” (ਹਰਿਨਾਮ)
– ਸਿਰੀ ੩, ੫੨, ੧:੧ (33)

“ਹਰਿਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿਨਾਮੋ ਰਖ ਕਰਾਵੈ।” (ਹਰਿਨਾਮ ਦੁਆਰਾ ਹੀ)
– ਗਉ ੪, ਵਾਰ ੮ਸ, ੪, ੧:੩ (303)

“ਹਰਿਨਾਮੁ ਪਿਤਾ ਹਰਿਨਾਮੋ ਮਾਤਾ ਹਰਿਨਾਮੁ ਸਖਾਈ ਮਿਤ੍ਰ ਹਮਾਰਾ।” (ਹਰਿਨਾਮ ਹੀ)
– ਵਡ ੪, ਵਾਰ ੧੫:੨ (592)

ਹਰਿਨਾਮੁੋ –
“ਹਰਿਨਾਮੁੋ ਵਣੰਜੜਿਆ ਰਸਿ ਮੋਲਿ ਅਪਾਰਾ ਰਾਮ।”
– ਆਸਾ ੧, ਛੰਤ ੧, ੩:੨ (436)

ਹਰਿਨਾਵ ---- ਹਰੀ ਨਾਮ
“ਸਤਿਗੁਰੁ ਬੋਹਿਥੁ ਹਰਿਨਾਵ ਹੈ ਕਿਤੁ ਬਿਧਿ ਚੜਿਆ ਜਾਇ।”
– ਸਿਰੀ ੪, ੬੭, ੪:੧ (40)

ਹੋਰ ਰੂਪ:

ਹਰਿਨਾਵੈ –
“ਬਿਨੁ ਹਰਿਨਾਵੈ ਕੋ ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ।” (ਹਰਿ ਨਾਮ ਦੇ)
– ਵਡ ੪, ਵਾਰ ੧੨:੩ (590)

ਹਰਿਨਿਧਿ --- ਹਰਿ ਨਾਮ ਦੌਲਤ/ਖਜਾਨਾ
“ਧਨਾਢਿ ਆਢਿ ਭੰਡਾਰ ਹਰਿਨਿਧਿ ਹੋਤ ਜਿਨਾ ਨ ਚੀਰ।”
– ਗੂਜ ੫, ਅਸ ੨, ੬:੧ (508)

ਹਰਿਨਿਰਬਾਣੀ (1) ਨਿਰਲੇਪ ਹਰੀ
“ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿਨਿਰਬਾਣੀ ਨਿਰਬਾਣ ਪਦੁ ਪਾਇਆ ।”
– ਗੂਜ ੪, ੫, ੨:੨ (494)

(2) ਨਿਰਬਾਨ ਪਦ ਦੇਣ ਵਾਲਾ
“ਤਿਨ ਵਿਟਹੁ ਨਾਨਕੁ ਵਾਰਿਆ ਜੋ ਜਪਦੇ ਹਰਿਨਿਰਬਾਣੀ।”
–ਕਾਨ ੪, ਵਾਰ ੧੦:੫ (1317)

ਹਰਿਪੰਥਿ ---- ਹਰਿ ਦਾ ਮਾਰਗ
“ਨੀਰੁ ਨ ਸਾਕਸਿ ਬੋਰਿ ਚਲਹਿ ਹਰਿਪੰਥਿ ਪਗਿ।”
–ਸਮੁ ੫, ੧੦*:੪ (1389)

ਹੋਰ ਰੂਪ:

ਹਰਿਪੰਥੁ –
“ਸੋ ਸਤਿਗੁਰੁ ਦੇਖਹੁ ਇਕ ਨਿਮਖ ਨਿਮਖ ਜਿਨਿ ਹਰਿ ਕਾ ਹਰਿਪੰਥੁ ਬਤਾਇਆ।”
– ਵਡ ੪, ਵਾਰ ੩:੩ (586)

ਹਰਿਪਦ ---- ਹਰੀ ਦੇ ਚਰਨ

"ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ ਸੁਖੁ ਨਾਨਕ ਹਰਿਪਦ ਚੀਨ੍।" (ਹਰਿ ਦੇ ਚਰਨਾਂ ਵਿਚ ਸਮਾ ਜਾਣ ਨਾਲ)
– ਸਾਰ ੫, ੧੦੮, ੨:੨ (1225)

ਹਰਿਪਦੁ ---- ਪ੍ਰਭੂ ਮਿਲਾਪ ਦੀ ਅਵਸਥਾ/ਪਦਵੀ
"ਹਰਿਪਦੁ ਊਤਮੁ ਪਾਇਆ ਮੇਰੇ ਗੋਵਿੰਦਾ ਵਡਭਾਗੀ ਨਾਮਿ ਸਮਾਹੀ ਜੀਉ।"
– ਮਾਝ ੪, ੬੭, ੧:੪ (173)

ਹਰਿਪਰਤਾਪੈ – ਹਰਿ ਦਾ ਪਰਤਾਪ, ਹਰਿ ਦੀ ਸ਼ੋਭਾ
"ਐਸੀ ਸੋਭਾ ਜਨੈ ਕੀ ਜੇਵਡੁ ਹਰਿਪਰਤਾਪੈ।"
– ਮਾਰੂ ੫, ਵਾਰ ੮:੭ (1097)

ਹਰਿਪਾਧਰੁ -- ਹਰੀ ਦਾ ਮਾਰਗ
"ਸਤਿਗੁਰਿ ਦਇਆਲਿ ਹਰਿ ਨਾਮੁ ਦ੍ਰਿੜਾਇਆ ਹਰਿਪਾਧਰੁ ਹਰਿ ਪ੍ਰਭ ਕੇਰਾ।"
– ਟੋਡੀ ੪, ੧, ੧:੨ (711)

ਹਰਿਪਿਰ ---- ਮਾਲਕ ਹਰੀ, ਹਰੀ ਪਤੀ
"ਮੰਘਿਰਿ ਮਾਹਿ ਸੋਹੰਦੀਆ ਹਰਿਪਿਰ ਸੰਗਿ ਬੈਠੜੀਆਹ।"
–ਮਾਝ ੫, ਬਾਰਾ ੧੦:੧ (135)

ਹਰਿਪੁੰਨ ---- ਹਰਿ ਨਾਮ ਦੇ ਸ਼ੁਭ ਕਰਮ

ਹਰਿਪੁੰਨੁ ----.ਗ
"ਜਨ ਨਾਨਕ ਹਰਿਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿਪੁੰਨ ਕੇਰੀ।"
– ਆਸਾ ੪, ਛੰਤ ੧੯, ੩:੪ (451)

ਹਰਿਪੁਰਖ --- ਹੇ ਸਰਬ ਪਿਆਪਕ ਹਰੀ
"ਤੁਮ ਜੈਸੇ ਹਰਿਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡ ਭਾਗ ਵਡੋਨਾ।"
– ਕਾਨ ੪, ਵਾਰ ੫:੪ (1315)

ਹੋਰ ਰੂਪ:

ਹਰਿਪੁਰਖੁ –
"ਹਰਿਪੁਰਖੁ ਨ ਕਬਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ।"
– ਸਿਰੀ ੪, ਛੰਤ ੧, ੫:੪ (79)

ਹਰਿਪੂਜਾ ---- ਹਰੀ/ਪ੍ਰਭੂ ਦੀ ਪੂਜਾ
"ਕਬੀਰ ਪਾਪੀ ਭਗਤਿ ਨ ਭਾਵਈ ਹਰਿਪੂਜਾ ਨ ਸੁਹਾਇ।"
– ਸਲੋ ਕਬ, ੬੮:੧ (1368)

ਹਰਿਪੂਜੀ ---- ਹਰਿ/ਪ੍ਰਭੂ ਨਾਮ ਰੂਪੀ ਪੂੰਜੀ/ਰਾਸ
"ਹਰਿਪੂਜੀ ਹਰਿਪੂਜੀ ਚਾਹੀ ਮੇਰੇ ਸਤਿਗੁਰ ਸਾਹਾ ਰਾਮ।"
– ਆਸਾ ੪, ਛੰਤ ੮, ੩:੨ (442)

ਹੋਰ ਰੂਪ:

ਹਰਿਪੂੰਜੀ –

"ਹਰਿਪੂੰਜੀ ਸੰਚਿ ਕਰਹੁ ਬਿਉਹਾਰੁ।"
– ਗਉ ੫, ਸੁਖ ੧੯, ੭:੭ (289)

ਹਰਿਪ੍ਰਭ ---- ਹਰੀ ਮਾਲਕ
"ਜੋ ਹਰਿਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ।"
– ਸਿਰੀ ੪, ੬੮, ੩:੩ (41)

ਹੋਰ ਰੂਪ:

ਹਰਿਪ੍ਰਭਿ –
"ਧੁਰਿ ਮਸਤਕਿ ਹਰਿਪ੍ਰਭਿ ਲਿਖਿਆ ਜਨ ਨਾਨਕ ਨਾਮੁ ਧਿਆਇ।"
– ਸਿਰੀ ੪, ਵਣ ੧, ੩:੫ (82)
"ਮੇਰੈ ਹਰਿਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ।"
– ਗਉ ੩, ੩੭, ੪:੧ (163)
ਹਰਿਪ੍ਰਭੁ –
"ਨਿਤਿ ਅਹਿਨਿਸਿ ਹਰਿਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ।"
– ਸਿਰੀ ੧, ੧੯, ੨:੩ (21)
ਹਰਿਪ੍ਰਭੂ –
"ਸੋ ਦਿਨੁ ਸਫਲੁ ਗਣਿਆ ਹਰਿਪ੍ਰਭੂ ਮਿਲਾਇਆ ਰਾਮ।"
– ਬਿਹਾ ੫, ਛੰਤ ੭, ੫:੧ (547)
ਹਰਿਪ੍ਰਭੋ –
"ਇਕਤੁ ਸੇਜੈ ਹਰਿਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ ਮੇਲੇਈ।"
– ਸੂਹੀ ੪, ਛੰਤ ੬, ੪:੧(776)

ਹਰਿਪ੍ਰੀਤਮ -- ਪਿਆਰਾ ਹਰੀ
"ਦੇਖਹੁ ਭਾਈ ਏਹੁ ਅਖਾੜਾ ਹਰਿਪ੍ਰੀਤਮ ਸਚੇ ਕਾ ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ।"
– ਗਉ ੪, ਵਾਰ ੧੪ਸ, ੪, ੨:੩ (308)

ਹੋਰ ਰੂਪ:-

ਹਰਿਪ੍ਰੀਤਮੁ –
"ਨਾਨਕ ਦਾਸ ਗੋਬਿੰਦ ਸਰਣਾਈ ਹਰਿਪ੍ਰੀਤਮੁ ਮਨਹਿ ਸਧਾਰੋ।"
– ਸੂਹੀ ੫, ਛੰਤ ੧੧, ੩:੬ (785)

ਹਰਿਪ੍ਰੀਤਿ --- ਹਰੀ ਦਾ ਪਿਆਰ
"ਧ੍ਰਿਗੁ ਧ੍ਰਿਗੁ ਗ੍ਰਿਹੁ ਕੁਟੰਬੁ ਜਿਤੁ ਹਰਿਪ੍ਰੀਤਿ ਨ ਹੋਇ।"
– ਗਉ ੩, ਅਸ ੮, ੫:੧ (233)

ਹੋਰ ਰੂਪ:

ਹਰਿਪ੍ਰੀਤੀ –
"ਗੁਰਮੁਖਿ ਸਦਾ ਧਿਆਈਐ ਅੰਦਰਿ ਹਰਿਪ੍ਰੀਤੀ।"
– ਰਾਮ ੩, ਵਾਰ ੧੦:੩ (951)

ਹਰਿਫਲੁ ---- ਹਰੀ ਨਾਮ ਰੂਪੀ ਫਲ

“ਗੁਰਮਤਿ ਹਰਿਰਸੁ ਹਰਿਫਲੁ ਪਾਇਆ ਹਰਿ ਹਰਿ ਨਾਮੁ ਉਰਧਾਰਿ।”
– ਆਸਾ ੧, ਛੰਤ ੪, ੨:੫ (438)

ਹਰਿਬੰਸ ---- ਗੁਰੂ ਅਰਜਨ ਸਾਹਿਬ ਦੇ ਦਰਬਾਰ ਵਿਚ ਆਉਣ ਵਾਲਾ ਇਕ ਭੱਟ ਜਿਸ ਦੇ ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ
“ਹਰਿਬੰਸ ਜਗਤਿ ਜਸੁ ਸੰਚਰ੍ਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ।”
– ਸਵ ੫, ਹਰਿ ੧:੬ (1409)

ਹਰਿਬਨਮਾਲਾ – ਗਲ ਵਿਚ ਜੰਗਲੀ ਫੁੱਲਾਂ ਦੀ ਮਾਲਾ ਪਹਿਣਨ ਵਾਲਾ ਹਰਿ, ਵਿਸ਼ਨੂੰ, ਵਾਹਿਗੁਰੂ
“ਜਿਨ੍ ਕੈ ਮਸਤਕਿ ਲੀਖਿਆ ਹਰਿ ਮਿਲਿਆ ਹਰਿਬਨਮਾਲਾ।”
– ਮਾਲੀ ੪, ੫, ੧:੨ (985)

ਹਰਿਬਾਣੀ --- (1) ਹਰਿ ਜਸ ਦੀ ਬਾਣੀ
“ਮਿਲਿ ਸਤਸੰਗਿ ਬੋਲੀ ਹਰਿਬਾਣੀ।”
– ਮਾਝ ੪, ੪, ੨:੧ (95)

(2) ਗਿਆਨ
“ਗੁਰਮੁਖਿ ਨਾਮੁ ਮਿਲੈ ਹਰਿਬਾਣੀ।”
– ਆਸਾ ੩, ਅਸ ੨੪, ੩:੩ (423)

ਹਰਿਬਾਣੁ ---- ਹਰੀ ਪ੍ਰੇਮ ਰੂਪੀ ਤੀਰ
“ਮੇਰੈ ਮਨਿ ਤਨਿ ਪ੍ਰੇਮੁ ਲਗਾ ਹਰਿਬਾਣੁ ਜੀਉ।”
– ਗਉ ੪, ੭੦, ੨੧ (175)

ਹਰਿਬਾਤ ---- ਪ੍ਰਭੂ ਦਾ ਗਿਆਨ, ਪ੍ਰਭੂ ਦੀਆਂ ਗੱਲਾਂ
“ਸਤਿਗੁਰ ਪਾਸਿ ਹਰਿਬਾਤ ਪੂਛਹ ਜਿਨਿ ਨਾਮੁ ਪਦਾਰਥੁ ਪਾਇਆ।”
– ਵਡ ੪, ਛੰਤ ੪, ੧:੩ (574)

ਹੋਰ ਰੂਪ:

ਹਰਿਬਾਤਾ –
“ਹਰਿਬਾਤਾ ਆਖਿ ਸੁਣਾਏ ਨਾਨਕੁ ਹਰਿ ਕਰਤੇ ਏਵੈ ਭਾਵੈ।”
– ਗਉ ੪, ਵਾਰ ੮ਸ, ੪, ੧:੯ (303)
“ਹਮ ਪੂਛਹ ਹਮ ਪੂਛਹ ਸਤਿਗੁਰ ਪਾਸਿ ਹਰਿਬਾਤਾ ਰਾਮ।”
– ਵਡ ੪, ਛੰਤ ੪, ੧:੨ (574)

ਹਰਿਬਿਸਮਾਦ – ਅਚਰਜ ਰੂਪ ਹਰੀ, ਵਿਸਮਾਦ ਰੂਪ ਹਰੀ
“ਪੀਵਤ ਅਮਿਉ ਮਨੋਹਰ ਹਰਿਰਸੁ ਜਪੁ ਨਾਨਕ ਹਰਿਬਿਸਮਾਦ।”
– ਸਾਰ ੫, ੧੦੩, ੨:੨ (1224)

ਹਰਿਬਿਸਰਤ – ਹਰੀ ਦੇ ਭੁਲਣ ਨਾਲ
“ਹਰਿਬਿਸਰਤ ਸਦਾ ਖੁਆਰੀ।”
– ਬਿਲਾ ੫, ੨, ੧*:੧ (712)

“ਹਰਿਬਿਸਰਤ ਸਭ ਕਾ ਮੁਹਤਾਜ।”
– ਬਿਲਾ ੫, ੩, ੩:੪ (802)

ਹਰਿਬਿਰਹੀ -- ਪਿਆਰਾ, ਹਰੀ
“ਮੈ ਹਰਿਬਿਰਹੀ ਹਰਿਨਾਮੁ ਹੈ ਕੋਈ ਆਣਿ ਮਿਲਾਵੈ ਮਾਇ।”
- ਮਾਰੂ ੪, ੩, ੨:੧ (990)

ਹਰਿਬੀਠੁਲਾ -- ਹਰਿ ਪ੍ਰਭੂ; ਮਰਾਠੀ ਵਿਚ ਵਿਸ਼ਨੂੰ ਨੂੰ ‘ਵਿੱਠਲ’ ਕਹਿੰਦੇ ਹਨ। ਵਾਰਤਾ ਹੈ ਕਿ ਵਿਸ਼ਨੂੰ ਜੀ ਜਦੋਂ ਆਪਣੇ ਇਕ ਗਰੀਬ ਸੇਵਕ ਨੂੰ ਮਿਲਣ ਗਏ ਤਾਂ ਉਸ ਨੇ ਆਦਰ ਵਜੋਂ ਬੈਠਣ ਲਈ ਇਕ ‘ਬਿਠ’ (ਇਟ) ਰੱਖੀ ਜੋ ਉਨ੍ਹਾਂ ਨੇ ਬੜੇ ਪਿਆਰ ਤੇ ਉਤਸ਼ਾਹ ਨਾਲ ਪਰਵਾਨ ਕੀਤੀ
“ਦੇਖਿਉ ਤੇਰਾ ਹਰਿਬੀਠੁਲਾ।”
- ਭੈਰ ਨਾਮ, ੧੦, ੧*:੨ (1165)

ਹਰਿਬੂੰਦ ---- ਹਰੀ ਨਾਮ ਰੂਪੀ ਸਵਾਂਤੀ ਬੂੰਦ
“ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿਬੂੰਦ ਪੀਵੈ।”
- ਆਸਾ ੪, ਛੰਤ ੨੧, ੩:੨ (452)

ਹਰਿਬੈਰਾਗੀ -- ਹਰਿ ਦੇ ਨਾਮ ਵਿਚ ਮਗਨ, ਹਰੀ ਦੇ ਨਾਮ ਵਿਚ ਵੈਰਾਗਵਾਨ
“ਨਾਨਕ ਗੁਰਮੁਖਿ ਸਦਾ ਸੁਖੁ ਪਾਵਹਿ ਅਨਦਿਨੁ ਹਰਿਬੈਰਾਗੀ।”
- ਵਡ ੪, ਵਾਰ ੧੨ਸ, ੩, ੨:੩ (590)

ਹਰਿਬੈਰਾਗੁ -- ਹਰਿ ਦੇ ਵੈਰਾਗ ਵਿਚ
“ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿਬੈਰਾਗੁ ਅਨੰਦੁ।”
- ਸਿਰੀ ੩, ੪੧, ੨:੧ (29)

ਹਰਿਬੋਹਿਥਿ -- ਹਰੀ ਨਾਮ ਰੂਪੀ ਜਹਾਜ਼
“ਹਰਿਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ।”
- ਵਡ ੪, ਘੋੜੀ ੧, ੨:੪ (575)

ਹਰਿਭਗਤ --- ਹਰੀ/ਪ੍ਰਭੂ ਦਾ ਭਗਤ, ਪਰਮੇਸ਼ਰ ਦਾ ਉਪਾਸ਼ਕ, ਹੋਰ ਵੇਖੋ ‘ਹਰਿਭਗਤੁ’
“ਹਰਿ ਕੇ ਨਾਮ ਕੇ ਵਾਪਾਰੀ ਹਰਿਭਗਤ ਹਰਿ ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ।”
- ਬਿਲਾ ੪, ਵਾਰ ੭:੪ (852)

ਹੋਰ ਰੂਪ:

ਹਰਿਭਗਤਾ -
“ਹਰਿਭਗਤਾ ਹਰਿਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ।”
- ਸਿਰੀ ੩, ੩੯, ੧:੧ (28)

ਹਰਿਭਗਤਾਂ -
“ਹਰਿਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ।”
- ਗਉ ੪, ਵਾਰ ੩੦ਸ, ੪, ੨:੧ (316)

ਹਰਿਭਗਤਿ -- (1) ਪ੍ਰਭੂ ਦੀ ਉਪਾਸ਼ਨਾ/ਭਗਤੀ
“ਹਰਿਭਗਤਿ ਹਰਿ ਕਾ ਪਿਆਰੁ ਹੈ ਜੇ ਗੁਰਮੁਖਿ ਕਰੇ ਬੀਚਾਰੁ।”
- ਸਿਰੀ ੩, ੩੯, ੨:੧ (28)
“ਗੁਰਿ ਪੂਰੈ ਹਰਿ ਪਾਇਆ ਹਰਿਭਗਤਿ ਇਕ ਮੰਗਾ।” (ਹਰਿ ਦਾ ਪ੍ਰੇਮ)
- ਆਸਾ ੪, ਛੰਤ ੧੫, ੩:੨ (449)

ਹੋਰ ਰੂਪ:-

ਹਰਿਭਗਤੀ –
“ਹਰਿਭਗਤੀ ਰਾਤੇ ਮੋਖ ਦੁਆਰੁ।”
– ਆਸਾ ੩, ਅਸ ੨੪, ੮:੩ (423)

(2) ਪ੍ਰਭੂ ਦੀ ਸਿਫਤ ਸਾਲਾਹ/ਜਸ/ ਵਡਿਆਈ (ਭਾਵ)
“ਹਰਿਭਗਤਿ ਦ੍ਰਿੜਾਵੈ ਹਰਿਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ।”
– ਗਉ ੪, ੫੨, ੩:੧ (168)
(ਪਹਿਲੇ ‘ਹਰਿ ਭਗਤਿ’ ਦਾ ਅਰਥ ‘ਹਰਿ ਦੀ ਉਪਾਸਨਾ’ ਹੈ)

ਹਰਿਭਗਤੁ --- ਹਰੀ/ਪ੍ਰਭੂ ਦਾ ਭਗਤ/ਉਪਾਸ਼ਕ, ਵੇਖੋ ‘ਹਰਿਭਗਤ’
“ਹਰਿ ਕਿਰਪਾ ਤੇ ਹੋਆ ਹਰਿਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ।”
– ਬਿਹਾ ੪, ਵਾਰ ੪:੫ (550)

ਹਰਿਭਗਵੰਤਾ – ਸਭ ਸੁੱਖਾਂ ਦਾ ਮਾਲਕ ਹਰੀ/ਪ੍ਰਭੂ, ਸਭ ਗੁਣਾਂ ਦਾ ਧਾਰਨੀ ਪ੍ਰਭੂ
“ਹਰਿਭਗਵੰਤਾ ਤਾ ਜਨੁ ਖਰਾ ਸੁਖਾਲਾ।”
– ਮਾਝ ੫, ੩੭, ੧:੨ (131)

ਹਰਿਭਗਾਤ -- ਹਰੀ ਭਗਤ/ਉਪਾਸ਼ਕ
“ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟਿ ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿਭਗਾਤ।”
– ਸਾਰ ੪, ੮, ੨:੧ (1200)

ਹਰਿਭੰਡਾਰੁ -- ਹਰੀ ਨਾਮ ਦਾ ਖਜ਼ਾਨਾ
“ਹਰਿਭੰਡਾਰੁ ਹਾਥਿ ਆਇਆ।”
– ਮਾਰੂ ੫, ੨੩, ੪:੩ (1006)

ਹਰਿਭਾ ----- ਹਰਿ ਦੀ ਜੋਤ, ਆਤਮਕ ਪ੍ਰਕਾਸ਼
“ਲੋਹ ਮਨੂਰ ਕੰਚਨੁ ਮਿਲਿ ਸੰਗਤਿ ਹਰਿ ਉਰਧਾਰਿਓ ਗੁਰਿ ਹਰਿਭਾ।”
– ਪ੍ਰਭਾ ੪, ੬, ੨:੨ (1337)

ਹਰਿਭਾਉ --- ਹਰੀ ਦਾ ਪ੍ਰੇਮ
“ਹਰਿਭਾਉ ਲਗਾ ਬੈਰਾਗੀਆ ਵਡਭਾਗੀ ਹਰਿ ਮਨਿ ਰਾਖੁ।”
– ਮਾਰੂ ੪, ੬ ੧:੧ (997)

ਹਰਿ ਭਾਇ -- ਹਰੀ ਦੇ ਪਿਆਰ ਵਿਚ
“ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ।”
– ਸਵ ੪, ਕਲ ੫:੩ (1397)

ਹਰਿਭਾਣਾ --- ਹਰੀ ਦਾ ਭਾਣਾ/ਹੁਕਮ, ਜੋ ਹਰੀ ਨੂੰ ਚੰਗਾ ਲੱਗਾ
“ਹਰਿਭਾਣਾ ਗੁਰ ਭਾਇਆ ਗੁਰੁ ਜਾਵੈ ਹਰਿਪ੍ਰਭ ਪਾਸਿ ਜੀਉ।”
– ਰਾਮ ਸੁੰਦ, ਸਦ ੨:੧ (923)

ਹਰਿਭੁਖ ---- ਹਰਿ ਨਾਮ ਦੀ ਭੁੱਖ

"ਹਰਿ ਜਨ ਕਉ ਹਰਿਭੁਖ ਲਗਾਨੀ ਜਨੁ ਤ੍ਰਿਪਤੈ ਜਾ ਹਰਿਗੁਨ ਬਿਚਰੈ।"
– ਮਲਾ ੪, ੩, ੩:੧ (1263)

ਹਰਿਮਹਲਿ -- ਹਰੀ ਦੇ ਸਥਾਨ/ਦਰਬਾਰ/ਹਜ਼ੂਰੀ
"ਗੁਰਿ ਤੁਠੈ ਪਾਈਐ ਹਰਿਮਹਲਿ ਠਾਉ।"
– ਬਸੰ ੧, ੭, ੩:੨ (1170)

ਹੋਰ ਰੂਪ:-

ਹਰਿਮਹਲੁ –
"ਗੁਰ ਸੇਵਿਐ ਹਰਿਮਹਲੁ ਪਾਇਆ ਮੇਰੀ ਜਿੰਦੁੜੀਏ ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ।"
– ਬਿਹਾ ੪, ਛੰਤ ੫, ੪:੩ (541)

ਹਰਿਮੰਗਲ --- ਹਰੀ/ਪ੍ਰਭੂ ਦਾ ਜਸ ਰੂਪ ਖ਼ੁਸ਼ੀ ਦਾ ਗੀਤ
"ਹਰਿਮੰਗਲ ਰਸਿ ਰਸਨ ਰਸਾਏ ਨਾਨਕ ਨਾਮੁ ਪ੍ਰਗਾਸਾ।"
– ਸੂਹੀ ੪, ਛੰਤ ੩, ੨:੬ (774)

ਹੋਰ ਰੂਪ:

ਹਰਿਮੰਗਲਾ –
"ਮੰਗਲਾ ਹਰਿਮੰਗਲਾ ਮੇਰੇ ਪ੍ਰਭੂ ਕੈ ਸੁਣੀਐ ਮੰਗਲਾ।"
– ਰਾਮ ੫, ਛੰਤ ੧, ੪:੧ (924)

ਹਰਿਮੰਗਲੁ –
"ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿਮੰਗਲੁ ਨਾਨਕੁ ਗਾਵੈ ਜੀਉ।"
– ਮਾਝ ੫, ੧੨, ੪:੩ (98)

ਹਰਿਮਗਿ --- ਹਰੀ ਦਾ ਰਸਤਾ, ਪ੍ਰਭੂ ਮਿਲਾਪ ਦਾ ਮਾਰਗ
"ਸੁਖ ਸਾਗਰੁ ਪਾਇਅਉ ਦਿੰਤੁ ਹਰਿਮਗਿ ਨ ਹੁਟੈ।"
– ਸਵ ੪, ਕਲ ੬:੩ (1397)

ਹਰਿਮੰਤਾ ---- ਪ੍ਰਭੂ ਦਾ ਉਪਦੇਸ਼
"ਸਿਮਰਹਿ ਸਿਧ ਸਾਧਿਕ ਹਰਿਮੰਤਾ।"
– ਮਾਰੂ ੫, ਸੋਲਾ ੮, ੫:੨ (1079)

ਹਰਿਮਤਿ ---- ਹਰੀ ਦਾ ਸਿਮਰਨ ਕਰਨ ਵਾਲੀ ਬੁੱਧੀ/ਸਮਝ
"ਦੁਸਮਨੁ ਦੂਖੁ ਨ ਆਵੈ ਨੇੜੈ ਹਰਿਮਤਿ ਪਾਵੈ ਕੋਈ।"
– ਪ੍ਰਭ ੧, ੩, ੧*:੨ (1328)

ਹਰਿਮੰਤ੍ਰੁ ---- (1) ਹਰੀ ਦਾ ਉਪਦੇਸ਼
"ਗੁਰੁ ਪੂਰਾ ਪਾਇਆ ਵਡਭਾਗੀ ਹਰਿਮੰਤ੍ਰੁ ਦੀਆ ਮਨੁ ਠਾਢੇ।"
– ਗਉ ੪, ੫੯, ੧:੨ (171)
"ਸੰਤ ਜਨਾ ਹਰਿਮੰਤ੍ਰੁ ਦ੍ਰਿੜਾਇਆ ਹਰਿ ਸਾਜਨ ਵਸਗਤਿ ਕੀਨੇ ਰਾਮ।"
ਸੂਹੀ ੫, ਛੰਤ ੮, ੨:੧ (782)

(2) ਹਰੀ ਨਾਮ ਦਾ ਮੰਤ੍ਰ
"ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿਮੰਤ੍ਰੁ ਜਪੈਨੀ।"

– ਬਿਲਾ ੪, ੫, ੧:੧ (800)

ਹਰਿਮੰਦਰ --- (1) ਹਰਿ ਦਾ ਨਿਵਾਸ ਸਥਾਨ

"ਮਨਮੁਖ ਹਰਿਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ।"

– ਰਾਮ ੩, ਵਾਰ ੧੨:੪ (953)

"ਸਾਕਤ ਠਉਰ ਨਾਹੀ ਹਰਿਮੰਦਰ ਜਨਮ ਮਰੈ ਦੁਖੁ ਪਾਇਆ।"

– ਮਾਰੂ ੧, ਸੋਲਾ ੨੨, ੭:੩ (1043)

ਹੋਰ ਰੂਪ:

ਹਰਿਮੰਦਰਿ –

"ਹਰਿਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ।"

– ਤੁਖਾ ੧, ਬਾਰਾ ੪:੩ (1107)

(2) ਹਰਿ ਦਾ ਨਿਵਾਸ ਸਥਾਨ ਭਾਵ ਇਹ ਸਰੀਰ

"ਹਰਿਮੰਦਰ ਮਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ।"

– ਪ੍ਰਭਾ ੩, ਅਸ ੧, ੭:੧ (1346)

"ਹਰਿਮੰਦਰ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ।"

– ਪ੍ਰਭਾ ੩ ਅਸ ੧, ੧੧:੧ (346)

ਹਰਿਮੰਦਰੁ --- (1) ਮਹਿਲ

"ਪ੍ਰਭੁ ਹਰਿਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ।"

– ਸਿਰੀ ੧, ੯, ੨:੧ (17)

(2) ਹਰੀ ਦਾ ਮੰਦਰ, ਭਾਵ ਸਰੀਰ

"ਹਰਿਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ।"

– ਬਿਹ ੫, ਛੰਤ ੧, ੪:੨ (542)

"ਹਰਿ ਜਪੇ ਹਰਿਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ।"

– ਸੂਹੀ ੫, ਛੰਤ ੭, ੧:੧ (781)

"ਕਾਇਆ ਹਰਿਮੰਦਰੁ ਹਰਿ ਆਪਿ ਸਵਾਰੇ।"

– ਮਾਰੂ ੩, ਸੋਲਾ ੧੬, ੪:੧ (1059)

"ਹਰਿਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ।"

– ਪ੍ਰਭਾ ੩, ੧, ੨:੧ (1346)

(3) ਸਤਿ ਸੰਗਤ

"ਹਰਿਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ।"

– ਰਾਮ ੩, ਵਾਰ ੧੨:੧ (953)

(4) ਇਹ ਜਗਤ

"ਹਰਿਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ।"

– ਪ੍ਰਭਾ ੩, ੧, ੫:੧ (1346)

ਹਰਿਮਰਮਾਮ – ਹਰੀ ਦਾ ਭੇਦ, ਹਰੀ ਦਾ ਰਹੱਸ

"ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿਮਰਮਾਮ।"

– ਬੈਰਾ ੪, ੧, ੧:੨ (719)

ਹਰਿਮਾਰਗਿ -- ਹਰੀ ਵਲ ਦਾ ਰਾਹ
“ਹਰਿਮਾਰਗਿ ਚਲਤ ਭ੍ਰਮੁ ਸਗਲਾ ਖੋਇਆ।”
- ਮਾਝ ੫, ੧੭, ੨:੨ (99)

ਹੋਰ ਰੂਪ:

ਹਰਿਮਾਰਗੁ -
“ਮਾਇਆ ਕਾ ਭ੍ਰਮੁ ਅੰਧੁ ਪਿਰਾ ਜੀਉ ਹਰਿਮਾਰਗੁ ਕਿਉ ਪਾਏ।”
- ਗਉ ੩, ਛੰਤ ੫, ੪:੨ (247)

ਹਰਿਮਾਲਾ --- ਹਰੀ ਨਾਮ ਦੀ ਮਾਲਾ
“ਹਰਿਮਾਲਾ ਉਰ ਅੰਤਰਿ ਧਾਰੈ।”
- ਆਸਾ ੫, ੭੦, ੨:੧ (388)

ਹਰਿਮਿਤੁ ---- ਮਿੱਤਰ ਹਰੀ
“ਜਿਥੈ ਹਰਿ ਆਰਾਧੀਐ ਤਿਥੈ ਹਰਿਮਿਤੁ ਸਹਾਈ।”
- ਸੂਹੀ ੪, ੧੦, ੧:੧ (733)

ਹਰਿਮੀਤੁ ---- ਮਿੱਤਰ ਹਰੀ
“ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿਮੀਤੁ ਮਿਲਾਇਓ।
- ਬੈਰਾ ੪, ੨, ੧:੨ (719)

ਹਰਿਮੁਕੰਦੇ --- ਮੁਕਤੀ ਦਾਤਾ ਹਰੀ
“ਤੇ ਨਿਰਭਉ ਜਿਨ ਸ੍ਰੀ ਰਾਮੁ ਧਿਆਇਆ ਗੁਰਮਤਿ ਮੁਰਾਰਿ ਹਰਿਮੁਕੰਦੇ।”
- ਕਲਿ ੪, ੭, ੧:੨ (1321)

ਹਰਿਮੁਰਾਰੀ -- ਰਾਕਸ਼ਾਂ ਦਾ ਨਾਸ਼ਕ ਹਰੀ (ਵਾਹਿਗੁਰੂ)
“ਪ੍ਰਭਿ ਕ੍ਰਿਪਾ ਧਾਰੀ ਹਰਿਮੁਰਾਰੀ ਭੈ ਸਿੰਧੁ ਸਾਗਰ ਤਾਰਣੋ।”
- ਬਿਹਾ ੪, ਛੰਤ ੪, ੪:੪ (544)

ਹਰਿਮੂਰਤਿ -- ਪ੍ਰਮਾਤਮਾ ਦਾ ਸਰੂਪ, ਪ੍ਰਭੂ
“ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿਮੂਰਤਿ ਬਿਸਰਾਈ।”
- ਗਉ ੯, ੨, ੧:੧ (219)

ਹਰਿਰਸ ---- (1) ਹਰੀ ਨਾਮ ਦਾ ਸੁਆਦ
“ਸਾਕਤ ਹਰਿਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ।
- ਗਉ ੪, ਸੋਹ ੪, ੨:੧ (13)

ਹੋਰ ਰੂਪ:

ਹਰਿਰਸਹਿ -
“ਸੰਤ ਰਸਨ ਵੂਠਾ ਆਪਿ ਤੂਠਾ ਹਰਿਰਸਹਿ ਸੇਈ ਮਾਤਿਆ।” (ਹਰੀ ਨਾਮ ਦੇ ਸੁਆਦ ਵਿਚ)
- ਧਨਾ ੫, ਛੰਤ ੧, ੪:੩ (691)

ਹਰਿਰਸਕਿ -

"ਗੁਰੁ ਮੰਤ੍ਰੁ ਦ੍ਰਿੜਾਏ ਹਰਿਰਸਕਿ ਰਸਾਏ ਹਰਿ ਅੰਮ੍ਰਿਤੁ ਹਰਿ ਮੁਖਿ ਚੋਇ ਜੀਉ।" (ਹਰਿ ਨਾਮ ਰਸ ਨੂੰ ਮਾਣਨ)

– ਆਸਾ ੪, ਛੰਤ ੧੩, ੪:੨ (447)

ਹਰਿਰਸਿ –

"ਹਰਿਰਸਿ ਭੀਨੇ ਸਦਾ ਧਿਆਇਨਿ ਗੁਰਮਤਿ ਸੀਲੁ ਸੰਨਾਹਾ ਹੇ।"

– ਮਾਰੂ ੩, ਸੋਲਾ ੧੪, ੧:੩ (1057)

ਹਰਿਰਸੁ –

"ਮਨ ਮੇਰੇ ਹਰਿਰਸੁ ਚਾਖੁ ਤਿਖ ਜਾਇ।" (ਨਾਮ ਦਾ ਸੁਆਦ)

– ਸਿਰੀ ੩, ੩੪, ੧*:੧ (26)

"ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੈ ਸੁ ਹਰਿਰਸੁ ਖਾਇ।" (ਹਰੀ ਨਾਮ ਦੀ ਖ਼ੁਰਾਕ)

– ਸਿਰੀ ੧, ੬੯, ੨:੨ (41)

(2) ਹਰੀ ਦਾ ਪ੍ਰੇਮ ਰਸ

"ਹਰਿਰਸ ਰਸਹਿ ਮਾਨਿ ਹਾਂ। (ਰਸਾਂ ਵਿਚੋਂ ਸ੍ਰੇਸ਼ਟ ਹਰਿ ਦੇ ਪ੍ਰੇਮ ਰਸ ਨੂੰ ਭੋਗਦਾ ਹਾਂ)

– ਆਸਾ ੫, ੧੫੮, ੨:੪ (409

"ਆਪੇ ਆਪੁ ਖਾਇ ਹਉ ਮੇਟੈ ਅਨਦਿਨੁ ਹਰਿਰਸੁ ਗੀਤ ਗਵਈਆ।" (ਹਰੀ ਪ੍ਰੇਮ)

– ਬਿਲਾ ੪, ਅਸ ੧, ੧:੧ (833)

ਹੋਰ ਰੂਪ:

ਹਰਿਰਸਨ –

"ਸਤਸੰਗਤਿ ਮਨਿ ਭਾਈ ਹਰਿਰਸਨ ਰਸਾਈ ਵਿਚਿ ਸੰਗਤਿ ਹਰਿ ਰਸੁ ਹੋਇ ਜੀਉ।"

– ਆਸਾ ੪, ਛੰਤ ੧੨, ੩:੧ (446)

ਹਰਿਰਸਿ –

"ਵਿਛੁੜਿਆ ਗੁਰੁ ਮੇਲਸੀ ਹਰਿਰਸਿ ਨਾਮ ਪਿਆਰਿ।" (ਹਰੀ ਨਾਮ ਦੇ ਸੁਆਦ ਦੁਆਰਾ/ਵਿਚ)

– ਸਿਰੀ ੧, ਅਸ ੧੨, ੩:੧ (60)

"ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿਰਸਿ ਮਨੁ ਤ੍ਰਿਪਤਾਵਣਿਆ।"

– ਮਾਝ ੧, ਅਸ ੩੦, ੧:੩ (127)

ਹਰਿਰਸੁ –

"ਜਿਨ ਹਰਿ ਹਰਿ ਹਰਿਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ

– ਗੂਜ ੪, ਸੋਦ ੪, ੩:੧ (10)

ਹਰਿਰੰਗ ---- (1) ਪ੍ਰਭੂ ਦੀਆਂ ਖ਼ੁਸ਼ੀਆਂ/ਅਨੰਦ

"ਠਾਕੁਰ ਕੇ ਸੇਵਕ ਹਰਿਰੰਗ ਮਾਣਹਿ।"

– ਮਾਝ ੫, ੨੫, ੩:੨ (102)

ਹੋਰ ਰੂਪ:

ਹਰਿਰੰਗਾ –

"ਊਹਾ ਸੰਤ ਕਰਹਿ ਹਰਿਰੰਗਾ।" (ਹਰਿ ਦਾ ਆਨੰਦ ਮਾਣਦੇ ਹਨ)

– ਸੂਹੀ ੫, ੧੨, ੨:੨ (739)

(2) ਹਰੀ ਦਾ ਪ੍ਰੇਮ/ਪਿਆਰ

"ਸਭ ਕਿਛੁ ਬਿਆਪਤ ਬਿਨੁ ਹਰਿਰੰਗ ਰਾਤ।"
– ਗਉ ੫, ੮੮, ੪:੪ (182)

ਹੋਰ ਰੂਪ:

ਹਰਿਰੰਗਾ –
"ਪੂਰਨ ਹੋਈ ਮਨ ਕੀ ਆਸਾ ਗੁਰੁ ਭੇਟਿਓ ਹਰਿਰੰਗਾ।"
– ਗਉ ੫, ੧੩੩*, ੨:੨ (208)

(3) ਹਰ ਪ੍ਰਕਾਰ ਨਾਲ, ਅਨੇਕ ਰੰਗਾਂ ਨਾਲ
"ਨਵ ਖੰਡ ਪ੍ਰਿਥਮੀ ਸਾਜਿ ਹਰਿਰੰਗ ਸਵਾਰਿਆ।"
– ਮਾਰੂ ੫, ਵਾਰ ੧:੫ (1094)

ਹਰਿਰੰਗਾ --- (1) ਹਰੀ ਦਾ ਪ੍ਰੇਮ, ਵੇਖੋ 'ਹਰਿ ਰੰਗ' (2)
(2) ਹਰੀ ਵਰਗਾ
"ਅਨਦਿਨੁ ਹਰਿ ਰੰਗਿ ਹਰਿਗੁਣ ਗਾਵੈ ਹਰਿ ਰੰਗੀ ਹਰਿਰੰਗਾ।"
– ਵਡ ੪, ਘੋੜੀ ੧, ੨:੫ (575)
(3) ਅਨੇਕ ਕੌਤਕ ਤੇ ਤਮਾਸਿਆਂ ਵਾਲਾ ਹਰੀ
"ਰਿਖੀਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿਰੰਗਾ।"
– ਮਾਰੂ ੫, ਸੋਲਾ ੧੧, ੧:੩ (1082)
(4) ਪ੍ਰਭੂ ਦਾ ਅਨੰਦ, ਵੇਖੋ 'ਹਰਿ ਰੰਗ' (1)

ਹਰਿਰੰਗਿ --- (1) ਪ੍ਰਭੂ ਦਾ ਪ੍ਰੇਮ
"ਸੇਜ ਸੁਹਾਵੀ ਹਰਿਰੰਗਿ ਰਵੈ ਭਗਤਿ ਭਰੇ ਭੰਡਾਰ।"
– ਸਿਰੀ ੩, ੬੨, ੨:੩ (38)
"ਨਾਨਕ ਕੀ ਧਰ ਤੂੰਹੈ ਠਾਕੁਰ ਹਰਿਰੰਗਿ ਪਾਰਿ ਪਰੀਵਾਂ ਜੀਉ।" (ਹਰੀ ਦੇ ਪ੍ਰੇਮ ਦੁਆਰਾ)
– ਮਾਝ ੫, ੧੬, ੪:੩ (99)

ਹਰਿਰੰਗੀ --- (1) ਹਰੀ ਦੇ ਪ੍ਰੇਮ ਵਾਲਾ, ਰੰਗੀਲਾ
"ਅਨਦਿਨੁ ਹਰਿਰੰਗਿ ਹਰਿਗੁਣ ਗਾਵੈ ਹਰਿਰੰਗੀ ਹਰਿਰੰਗਾ।"
– ਵਡ ੪, ਘੋੜੀ ੧, ੨:੫ (575)
"ਹਰਿਰੰਗੀ ਹਰਿ ਨਾਮੁ ਪ੍ਰਭ ਪਾਇਆ ਹਰਿ ਗੋਵਿੰਦ ਹਰਿ ਪ੍ਰਭ ਕੇਰਾ।"
– ਟੋਡੀ ੪, ੧, ੨:੧ (711)
(2) ਹਰ ਰੰਗ/ਕਈ ਰੰਗਾਂ ਵਾਲਾ
"ਹਰਿਰੰਗੀ ਇਕ ਰੰਗੀ ਠਾਕੁਰੁ ਸੰਤਸੰਗਿ ਪ੍ਰਭੁ ਜਾਤਾ।"
– ਸਾਰ ੫, ਛੰਤ ੧, ੧:੫ (1236)

ਹਰਿਰੰਗੁ ---- (1) ਪ੍ਰਭੂ ਦੇ ਮਿਲਾਪ ਦਾ ਆਨੰਦ
"ਜਿਨਾ ਭਾਗ ਮਥਾਹਿ ਸੇ ਨਾਨਕ ਹਰਿਰੰਗੁ ਮਾਣਦੇ।"
– ਸਿਰੀ ੫, ਛੰਤ ੩ ਡ, ੫:੨ (81)

ਹੋਰ ਰੂਪ:

ਹਰਿਰੰਗੋ –
"ਆਪਨੜੈ ਘਰਿ ਹਰਿਰੰਗੋ ਕੀ ਨ ਮਾਣੇਹਿ।"

- ਤਿਲੰ ੧, ੪, ੧:੨ (722)

(2) ਹਰੀ ਦਾ ਰੰਗ, ਨਾਮ-ਰੰਗ

"ਗੁਰ ਕੈ ਸਬਦਿ ਹਰਿਰੰਗੁ ਚੜਾਏ।"

- ਮਾਝ ੩, ਅਸ ੯, ੧:੨ (114)

(3) ਪ੍ਰਭੂ ਦਾ ਪ੍ਰੇਮ

"ਸਤਿਗੁਰੁ ਹੋਇ ਦਇਆਲੁ ਤਾ ਹਰਿਰੰਗੁ ਮਾਣੀਐ।"

- ਮਾਝ ੧, ਵਾਰ ੨੫:੪ (149)

ਹੋਰ ਰੂਪ:

ਹਰਿਰੰਗੇ -

"ਨਿਰਭਉ ਨਾਮੁ ਜਪਹੁ ਹਰਿਰੰਗੇ।" (ਪ੍ਰਭੂ ਦੇ ਪ੍ਰੇਮ ਨਾਲ)

- ਧਨਾ ੫, ੫੫, ੩:੨ (684)

ਹਰਿਰੰਗੋ -

"ਰੂੜੋ ਮਨੁ ਹਰਿਰੰਗੋ ਲੋੜੈ।"

- ਟੋਡੀ ੫, ੧੯, ੧*:੧ (715)

ਹਰਿਰੰਙੁ -

"ਹਰਿ ਨਾਮਾ ਹਰਿਰੰਙੁ ਹੈ ਹਰਿਰੰਙੁ ਮਜੀਠੈ ਰੰਙੁ।"

- ਸੂਹੀ ੪, ੩, ੧:੧ (731)

(4) ਹਰੀ/ਪ੍ਰਭੂ ਪ੍ਰੀਤਮ

" ਹਰਿਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ।"

- ਗਉ ੪, ੬੭, ੧:੨ (173)

(5) ਹਰੀ ਨਾਲ ਮੌਜਾਂ

"ਸਾਧੂ ਸਾਧ ਸਾਧ ਜਨ ਨੀਕੇ ਮਿਲਿ ਸਾਧੂ ਹਰਿਰੰਗੁ ਕੀਜੈ।"

- ਕਲਿ ੪, ੩, ੧*:੨ (1324)

ਹਰਿਰਤਨਧਨੁ - ਹਰਿ ਨਾਮ ਰੂਪੀ ਰਤਨਾਂ ਦਾ ਸੌਦਾ/ਪੂੰਜੀ/ਰਾਸ

" ਹਰਿ ਰਤਨੈ ਕਾ ਵਾਪਾਰੀਆ ਹਰਿਰਤਨਧਨੁ ਵਿਹਾਝੇ ਕਚੈ ਕੇ ਵਾਪਰੀਏ ਵਾਕਿ ਹਰਿ ਧਨੁ ਲਇਆ ਨ ਜਾਈ।"

- ਸੂਹੀ ੪ ੧੦, ੨:੨ (734)

ਹਰਿਰਤਨਾ --- ਹਰੀ ਨਾਮ ਰੂਪੀ ਰਤਨ/ਕੀਮਤੀ ਪਦਾਰਥ

"ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ ਗੁਰਮੁਖਿ ਖੋਜਿ ਲਹੁਹੁ ਹਰਿਰਤਨਾ।"

- ਗੋਂਡ ੪, ੩, ੨:੧ (860)

ਹੋਰ ਰੂਪ:

ਹਰਿਰਤਨੁ -

"ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿਰਤਨੁ ਪਦਾਰਥੁ ਲਾਧਾ।

- ਸਿਰੀ ੪, ਛੰਤ ੧, ੨:੩ (78)

ਹਰਿਰਤਨੈ -

"ਹਰਿਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ।"

– ਸੂਹੀ ੪, ੧੦, ੨:੨ (734)

ਹਰਿਰਮਣੰ --- ਹਰੀ ਦਾ ਸੇਵਨ/ਭਜਨ ਕਰਨਾ

"ਭਾਵੀ ਉਦੋਤ ਕਰਣੰ ਹਰਿਰਮਣੰ ਸੰਜੋਗ ਪੂਰਨਹ।"

– ਜੈਤ ੫, ਵਾਰ ੧੫ਸ, ੫, ੧:੧ (709)

ਹਰਿਰਾਉ --- ਰਾਜਾ ਹਰੀ, ਉਚ ਪਦਵੀ ਦਾ ਮਾਲਕ ਹਰੀ

"ਨਾਨਕ ਸੁਖਿ ਵਸਨਿ ਸੋੁਹਾਗਣੀ ਜਿਨ੍ ਪਿਆਰਾ ਪੁਰਖੁ ਹਰਿਰਾਉ।"

– ਗੂਜ ੩, ਵਾਰ ੬ਸ, ੩, ੨:੨ (510)

ਹੋਰ ਰੂਪ:

ਹਰਿਰਾਓ –

"ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿਰਾਓ।"

– ਸਾਰ ੪, ੧੦, ੨:੨ (1201)

ਹਰਿਰਾਇ --- ਹਰੀ ਰਾਜਾ

"ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿਰਾਇ।"

– ਮਾਝ ੫, ਬਾਰਾ ੮:੯ (135)

ਹੋਰ ਰੂਪ:

ਹਰਿਰਾਇਆ –

"ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿਰਾਇਆ।"

– ਗਉ ੪, ੫੦, ੧:੩ (167)

ਹਰਿਰਾਏ –

"ਗੁਰਮੁਖਿ ਪਰਗਟੁ ਹੋਆ ਹਰਿਰਾਏ।"

– ਰਾਮ ੧, ੮, ੩:੩ (878)

"ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿਰਾਏ।" (ਹੇ ਹਰੀ ਰਾਜੇ)

– ਮਲਾ ੫, ੧, ੨:੨ (1266)

ਹਰਿਰਾਸਿ --- ਹਰਿ ਨਾਮ ਦੀ ਪੂੰਜੀ

"ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿਰਾਸਿ।"

– ਗਉ ੫, ਬਾਅ ੩ਸ:੧ (250)

ਹੋਰ ਰੂਪ:

ਹਰਿਰਾਸੇ –

"ਗੁਰੁ ਸਤਿਗੁਰੁ ਸਚਾ ਸਾਹੁ ਹੈ ਸਿਖ ਦੇਇ ਹਰਿਰਾਸੇ।"

– ਆਸਾ ੪, ਛੰਤ ੧੭, ੧:੨ (449)

ਹਰਿਰਾਜਾ --- ਪ੍ਰਭੂ ਰਾਜਾ

"ਆਪਨ ਬਾਪੈ ਨਾ ਹੀ ਕਿਸੀ ਕੋ ਭਾਵਨ ਕੋ ਹਰਿਰਾਜਾ।"

– ਸੋਰ ਰਵਿ, ੨, ੩:੧ (658)

ਹਰਿਰਾਮ ---- ਸਰਬ ਥਾਈਂ ਰਮ ਰਿਹਾ ਹਰੀ
"ਕਿਉ ਪਾਈਐ ਹਰਿਰਾਮ ਸਹਾਈ।"
– ਗਉ ੫, ੭੧, ੧*:੨ (175)

ਹਰਿਰਾਵਣ -- ਹਰੀ ਨੂੰ ਸਿਮਰਣ ਦਾ
"ਮਾਣਸ ਜਨਮਿ ਹਰਿ ਪਾਈਐ ਹਰਿਰਾਵਣ ਵੇਰਾ ਰਾਮ।"
– ਬਿਲਾ ੪, ਛੰਤ ੧, ੩:੧ (844)

ਹਰਿਰੁੜਣੇ --- ਸੁੰਦਰ ਹਰੀ
"ਹਰਿ ਤੁਮ ਵਡ ਅਗਮ ਅਗੋਚਰ ਸੁਆਮੀ ਸਭਿ ਧਿਆਵਹਿ ਹਰਿ ਰੁੜਣੇ।"
– ਨਟ ੪, ੬, ੧:੧ (977)

ਹਰਿਰੂੜਾ ---- ਸੁੰਦਰ ਹਰੀ
"ਮੇਰੇ ਮਨ ਜਪਿ ਰਾਮ ਨਾਮੁ ਹਰਿਰੂੜਾ।"
– ਜੈਤ ੪, ੬, ੧*:੧ (698)

ਹਰਿਲੜਿ ---- ਹਰੀ ਦੇ ਪਲੇ/ਲੜ
"ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿਲੜਿ ਲਾਗੇ।"
– ਗਉ ੫, ਵਾਰ ੧੬:੧ (322)

ਹਰਿਲਾਹਾ --- ਲਾਹ/ਲਾਭ ਰੂਪ ਵਿਚ ਮਿਲਿਆ ਹਰੀ
"ਹਰਿ ਹਰਿ ਮਨਿ ਭਾਇਆ ਪਰਮ ਸੁਖ ਪਾਇਆ ਹਰਿਲਾਹਾ ਪਦ ਨਿਰਬਾਣੁ ਜੀਉ।"
– ਆਸਾ ੪, ਛੰਤ ੧੦, ੩:੧ (444)

(2) ਹਰਿ ਨਾਮ ਰੂਪੀ ਲਾਭ
"ਅਨਦਿਨੁ ਅਨਦੁ ਹੋਵੈ ਵਡਭਾਗੀ ਲੈ ਗੁਰਿ ਪੂਰੈ ਹਰਿਲਾਹਾ।"
– ਸੋਰ ੪, ੬, ੧*:੨ (606)

ਹਰਿਲਾਭੁ ---- ਹਰਿ ਨਾਮ ਰੂਪੀ ਲਾਹਾ
"ਤੋਟਾ ਮੂਲਿ ਨ ਆਵਈ ਹਰਿਲਾਭੁ ਨਿਤਿ ਦ੍ਰਿੜੀਐ।"
– ਗਉ ੪, ੫੨, ੩:੨ (168)

ਹਰਿਲਾਲ --- ਪਿਆਰਾ ਹਰੀ
"ਹਰਿ ਆਵਤੇ ਕੀ ਖਬਰਿ ਗੁਰਿ ਪਾਈ ਮਨਿ ਤਨਿ ਆਨਦੋ ਆਨੰਦ ਭਏ ਹਰਿ ਆਵਤੇ ਸੁਨੇ ਮੇਰੇ ਲਾਲ ਹਰਿਲਾਲ।"
– ਨਟ ੪, ੭, ੨:੧ (977)

ਹਰਿਲਿਵ ---- (1) ਹਰੀ ਦਾ ਪਿਆਰ
"ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿਲਿਵ ਮੰਡਲ ਮੰਡਾ ਹੇ।"
– ਗਉ ੪, ਸੋਰ ੪, ੧:੨ (13)

(2) ਹਰੀ ਵਿਚ ਧਿਆਨ, ਪ੍ਰਭੂ ਵਿਚ ਸੁਰਤ
"ਗੁਰਮਤਿ ਹਰਿਲਿਵ ਉਬਰੇ ਅਲਿਪਤੁ ਰਹੇ ਸਰਣਾਇ।"
– ਸਿਰੀ ੪, ੭੦, ੨:੧ (42)

ਹਰਿਲੋਗ ---- ਹਰੀ ਦੇ ਲੜ ਲੱਗੇ ਮਨੁੱਖ

"ਕੇਲ ਕਰਹਿ ਸੰਤ ਹਰਿਲੋਗ।"

– ਰਾਮ ੫, ੨੦, ੧:੩ (888)

ਹਰਿਲੋਚ ---- ਹਰੀ ਦੀ ਚਾਹ/ਪ੍ਰੀਤ/ਤਾਂਘ

"ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿਲੋਚ ਲੁਚਾਨੀ।"

– ਧਨਾ ੪, ੩, ੨:੨ (667)

ਹਰਿਵਖਰੁ --- ਹਰੀ ਨਾਮ ਰੂਪੀ ਸੌਦਾ

"ਹਰਿ ਜਪਿ ਹਰਿਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ।"

– ਗਉ ੪, ੪੫, ੨:੨ (165)

ਹਰਿਵਰਿ ---- ਹਰੀ ਨੂੰ ਚੁਣ/ਪਤੀ ਬਣਾ ਕੇ

"ਹਰਿਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ।"

– ਮਲਾ ੧, ੨, ੨:੨ (1254)

ਹੋਰ ਰੂਪ:

ਹਰਿਵਰੁ –

"ਹਰਿਵਰੁ ਪਾਇਨ ਘਰਿ ਆਪਣੈ ਗੁਰ ਕੈ ਹੇਤਿ ਪਿਆਰਿ।" (ਪਤੀ ਰੂਪ ਹਰੀ, ਪ੍ਰਭੂ ਪਤੀ)

– ਸਿਰੀ ੩, ੬੨, ੨:੨ (38)

ਹਰਿਵਾਸਨਾ -- ਹਰੀ/ਪ੍ਰਭੂ ਦੀ ਸ਼ਰਧਾ/ਚਾਹ/ ਉਮੰਗ /ਲੋਚਾ

"ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿਵਾਸਨਾ ਸਮਾਣੀ।"

– ਰਾਮ ੩, ਅਨੰ ੧੪:੫ (918)

ਹਰਿਵਾਪਾਰਿ -- ਹਰੀ ਨਾਮ ਦਾ ਵਾਪਾਰ

"ਹਰਿਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ।"

– ਵਡ ੩, ਛੰਤ ੨, ੩:੧ (568)

ਹਰੀ ------- (1) ਜੋ ਪਕੀ ਨਹੀਂ, (ਫਸਲ)

"ਹਰੀ ਨਾਹੀ ਨਹ ਡਭੁਰੀ ਪਕੀ ਵਢਣਹਾਰ।"

– ਸਿਰੀ ੫, ੭੪, ੨:੧ (43)

"ਹਰੀ ਅੰਗੂਰੀ ਗਦਹਾ ਚਰੈ।" (ਨਵੀਂ ਫੁਟੀ/ਕੂਲੀ)

– ਗਉ ਕਬ, ੧੪, ੧:੧ (326)

ਹੋਰ ਰੂਪ:

ਹਰੀਅੰ –

"ਡ੍ਰਿਣੰ ਤ ਮੇਰੰ ਸਹਕੰ ਤ ਹਰੀਅੰ।"

– ਸਸ ੫, ੬੪:੧ (1360)

ਹਰੀਆ –

"ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ।" (ਹਰਾ ਹੋਇਆ/ ਪ੍ਰਫੁੱਲਤ ਹੋਇਆ)

– ਸੂਹੀ ੫, ਛੰਤ ੪, ੨:੫ (779)

ਹਰੀਆਰਾ –
“ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ।” (ਹਰਿਆਵਲ ਭਰਿਆ, ਆਕਰਸ਼ਕ)
– ਸਲੋ ਕਬ, ੫੩:੧ (1367)

(2) ਪ੍ਰਭੂ
“ਨਾਨਕ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ।”
– ਮਾਝ ੫, ਦਿਨ ੩:੭ (137)

ਹੋਰ ਰੂਪ:

ਹਰੀਅੰ –
“ਕਿਰਪੰਤ ਹਰੀਅੰ ਮਤਿ ਤਤੁ ਗਿਆਨੰ।”
– ਸਸ ੫, ੧੩:੧ (1355)

ਹਰੀਆ –
“ਜਹ ਕੀਰਤਨੁ ਹਰੀਆ।” (ਹਰੀ/ਪ੍ਰਭੂ ਦਾ)
– ਬਿਹਾ ੫, ੧, ੪:੨ (537)

(3) ਦੂਰ ਕੀਤੀ, ਵੇਖੋ ਹਰਿ (3)
“ਦੁਰਮਤਿ ਹਰੀ ਸੇਵਾ ਕਰੀ ਭੇਟੀ ਸਾਧ ਕ੍ਰਿਪਾਲ।”
– ਗਉ ੫, ਥਿਤੀ ੧੨ਸ:੧ (299)
“ਮਨ ਮੇਰੇ ਕੀ ਤਪਤਿ ਹਰੀ।”
– ਆਸਾ ੫, ੯੫, ੧:੪ (394)

(4) ਰਾਮ ਚੰਦਰ ਜੀ (ਭਾਵ)
“ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।”
– ਧਨਾ ਤ੍ਰਿਲੋ, ੧, ੫:੧ (695)

(5) ਹਾਰ ਵਾਲਾ
“ਸੁਖਦਾਈ ਦੂਖ ਬਿਡਾਰਨ ਹਰੀਆ।”
– ਮਾਝ ੫, ੨੨, ੧:੧ (100)

ਹਰੀਆਵਲ -- ਸਰਸਬਜ਼, ਪ੍ਰਫੁੱਲਤ, ਵੇਖੋ ‘ਹਰਿਆਵਲਾ’
“ਦਹਦਿਸਿ ਸਾਖ ਹਰੀ ਹਰੀਆਵਲ ਸਹਿਜ ਪਕੈ ਸੋ ਮੀਠਾ।”
– ਤੁਖਾ ੧, ਬਾਰਾ ੧੧:੫ (1109)

ਹੋਰ ਰੂਪ:

ਹਰੀਆਵਲਾ –
“ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ।” (ਹਰਿਆ ਭਰਿਆ)
– ਸਿਰੀ ੧, ਅਸ ੧੦, ੨:੨ (59)
“ਮਨੁ ਸਦਾ ਹਰੀਆਵਲਾ ਸਹਜੇ ਹਰਿ ਗੁਣ ਗਾਇ।” (ਖੇੜੇ ਭਰਿਆ, ਖੁਸ਼)
– ਆਸਾ ੩, ੩੪, ੧*:੨ (428)

ਹਰੀਆਵਲੀ –
“ਸਾ ਧਰਤੀ ਭਈ ਹਰਿਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ।” (ਸਰਸਬਜ਼)
– ਗਉ ੪, ਵਾਰ ੧੭ਸ, ੪, ੨:੧ (310)

ਹਰੀਆਵਲੁ –

"ਹਰਿ ਵੁਠਾ ਮਨੁ ਤਨੁ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ।"
– ਸਲੋ ੩, ੫੯:੨ (1420)

ਹਰੀਆਵਲੇ –
"ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ।"
– ਸਿਰੀ ੧, ਅਸ ੧੧, ੩:੨ (60)

"ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ।" (ਹਿਰਦੇ ਖਿੜ ਗਏ)
– ਗਉ ੪, ਵਾਰ ੧੭ਸ, ੪, ੨:੨ (310)

ਹਰੀਐ ----- ਹਰੀ/ਪ੍ਰਭੂ ਦੀ
"ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿਰਸ ਅਰਪੀਐ।"
– ਆਸਾ ੫, ਛੰਤ ੪, ੧:੩ (454)

ਹਰੀਚੰਦਿ --- ਤ੍ਰਿਸ਼ੰਕੂ ਦਾ ਪੁੱਤਰ ਪ੍ਰਾਕਰਮੀ ਰਾਜਾ ਜਿਸ ਨੇ ਆਪਣਾ ਸਭ ਕੁਝ ਬ੍ਰਾਹਮਣ ਵਿਸ਼ਵਾ ਮਿਤ੍ਰ ਨੂੰ ਦਾਨ ਦੇ ਦਿੱਤਾ, ਪਤਨੀ ਤੇ ਪੁੱਤਰ ਨੂੰ ਵੀ ਵੇਚ ਕੇ ਆਪ ਸਮਸ਼ਾਨ ਭੂਮੀ ਵਿਚ ਨੌਕਰੀ ਕਰਨੀ ਪਈ। ਪੁੱਤਰ ਦੇ ਮਰਨ ਤੇ ਵੀ ਇਸ ਨੇ ਬਿਨਾ ਪੈਸੇ ਤੋਂ ਪਤਨੀ ਨੂੰ ਪੁੱਤਰ ਦੇ ਮਿਰਤਕ ਸਰੀਰ ਨੂੰ ਸਮਸ਼ਾਨ ਭੂਮੀ ਵਿਚ ਫੂੱਕਣ ਨਾ ਦਿੱਤਾ। ਸਚਾਈ, ਨਿਸ਼ਕਪਟਤਾ ਤੇ ਧਾਰਮਿਕ ਦ੍ਰਿੜਤਾ ਕਾਰਨ ਆਪਣੀ ਨਗਰੀ ਸਮੇਤ ਸਵਰਗ ਲੋਕ ਦਾ ਵਾਸੀ ਬਣਿਆ।
"ਤਿਨਿ ਹਰੀਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ।"
– ਪ੍ਰਭਾ ੧, ਅਸ ੪, ੨:੧ (1344)

ਹੋਰ ਰੂਪ:

ਹਰੀਚੰਦੁ –
"ਹਰੀਚੰਦੁ ਦਾਨੁ ਕਰੈ ਜਸੁ ਲੇਵੈ।"
– ਗਉ ੧, ਅਸ ੯, ੩:੧ (224)

ਹਰੀਜੈ ----- ਹਰੇ ਹੋ ਜਾਂਦੇ ਹਨ
"ਭਰਮਿ ਸੁਕੇ ਬਹੁ ਉਭਿ ਸੁਕ ਕਹੀਅਹਿ ਮਿਲਿ ਸਾਧੂ ਸੰਗਿ ਹਰੀਜੈ।"
– ਕਲਿ ੪, ਅਸ ੬, ੩:੧ (1326)

ਹਰੁ ------- ਦੂਰ ਕਰ/ਮਿਟਾ ਕੇ
"ਲੇਵਹੁ ਕੰਠਿ ਲਗਾਇ ਅਪਦਾ ਸਭ ਹਰੁ।"
– ਸਾਰ ੪, ਵਾਰ ੩੬ਸ, ੫, ੧:੪ (1251)

ਹਰੂਏ ------ ਹੌਲੇ, ਘੱਟ ਭਾਰ ਵਾਲੇ, (ਇਥੇ) ਜਿਨ੍ਹਾਂ ਨੇ (ਪਾਪਾਂ ਦਾ) ਬਹੁਤਾ ਭਾਰ ਨਹੀਂ ਚੁਕਿਆ।
"ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ।"
– ਸੋਲ ਕਬ, ੩੫:੨ (1366)

ਹਰੇ ------- (1) ਸਰਸਬਜ਼ ਹੋਏ, ਹਰੇ ਭਰੇ ਹੋਏ
"ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ।" (ਸਫਲ ਹੋਏ)
– ਸਿਰੀ ੫, ੮੫, ੩:੨ (47)

"ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ।" (ਨਿਹਾਲ ਹੋਏ)

– ਸਿਰੀ ੫, ਛੰਤ ੩, ੫:੫ (81)

"ਜਿਸੁ ਸਿਮਰਤ ਹੋਤ ਸੂਕੇ ਹਰੇ।" (ਖੁਸ਼ੀ/ ਖੇੜੇ ਭਰਪੂਰ)

– ਗਉ ੫, ੯੦, ੩:੩ (183)

"ਸੂਕੇ ਹਰੇ ਕੀਏ ਖਿਨ ਮਾਹੇ।" (ਸਜਿੰਦ)

– ਗਉ ੫, ੧੨੭, ੧:੧ (191)

(2) ਹੇ ਹਰੀ/ਪ੍ਰਭੂ

"ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ।"

– ਮਾਝ ੫, ਬਾਰਾ ੧੪:੮ (136)

(3) ਹਰੀ/ਪ੍ਰਭੂ ਨੂੰ, ਹਰੀ

"ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ।"

– ਗਉ ੫, ਬਾਅ ੪੦ਸ:੧ (258)

"ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ।" (ਹਰੀ)

– ਬਿਹਾ ੪, ਵਾਰ ੯:੩ (552)

"ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ।" (ਹਰੀ ਦੇ)

– ਕਾਨ ੫, ੩੭, ੧*:੨ (1305)

(4) ਮਰਦਾ/ਮੁਕਾਉਂਦਾ ਹੈ, ਦੂਰ ਕਰਦਾ ਹੈ

"ਆਪਿ ਕਰੇ ਆਪੇ ਹਰੇ ਵੇਖੈ ਵਡਿਆਈ।"

– ਆਸਾ ੧, ਅਸ ੧੯, ੪:੧ (421)

(5) ਦੂਰ ਹੋ ਗਏ, ਮਿਟ ਗਏ

"ਅਮਰੁ ਥੀਆ ਫਿਰਿ ਨ ਮੂਆ ਕਲਿ ਕਲੇਸਾ ਦੁਖ ਹਰੇ।"

– ਬਿਹਾ ੫, ਛੰਤ ੫, ੩:੪ (545)

(6) ਹਰੀ ਭਾਵ ਮਿਠੀ

"ਤਿਨਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ।"

– ਸੋਰ ੧, ਅਸ ੩, ੧:੨ (636)

ਹਰੇਹਰਿ ---- (1) ਹਰੀ ਹਰੀ, ਪ੍ਰਭੂ ਪ੍ਰਭੂ

"ਮਾਰਗਿ ਚਲਤ ਹਰੇਹਰਿ ਗਾਈਐ।"

– ਆਸਾ ੫, ੬੧, ੧:੨ (386)

(2) ਹਰੀ/ਪ੍ਰਭੂ ਦਾ

"ਨਾਨਕ ਪਾਇਆ ਏਹੁ ਨਿਧਾਨ ਹਰੇਹਰਿ ਨਿਰਮਲ ਨਾਮ।"

– ਰਾਮ ੫, ੪੦, ੪:੧ (895)

ਹਰੈ ------- ਦੂਰ ਹੋਵੇ

"ਕਵਨੁ ਸਬਦੁ ਜਿਤੁ ਦੁਰਮਤਿ ਹਰੈ।"

– ਗਉ ੫, ਅਸ ੪, ੧*:੨ (237)

"ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ।" (ਦੂਰ ਕਰੇ ਤਿਆਗੇ/ਛੱਡੇ)

– ਸਲੋ ਕਬ, ੫੭:੧ (1367)

ਹਰੋ ------- ਦੂਰ ਕਰੋ

"ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ।"

- ਸਸ ੫, ੫੦:੨ (1358)

ਹਰ੍ਰਿਉ ------ ਦੂਰ ਹੋਏ

"ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰ੍ਰਿਉ।"

- ਸਵ ੪, ਨਲ ੧੧:੨ (1400)

ਹਰ੍ਹਿਆਉ --- ਹਰੀ ਚੁਗਨ ਵਾਲਾ

"ਜੈਸੇ ਪਸੁ ਹਰ੍ਹਿਆਉ ਤੈਸਾ ਸੰਸਾਰੁ ਸਭ।"

- ਆਸਾ ੫, ੧੦੬, ੪:੧ (397)

ਹਲਹਰ ----- ਹਲ ਚਲਾਉਣ ਵਾਲਾ, ਕਿਸਾਨ

"ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ।"

- ਗੋਂਡ ਕਬ, ੯, ੨:੧ (872)

ਹਲਕਾਏ ---- (ਸੰ. ੰ) ਹਲਕੇ ਹੋਏ, ਪਾਗਲ ਹੋਏ

"ਅੰਤਰਿ ਲੋਭੁ ਫਿਰਹਿ ਹਲਕਾਏ।"

- ਆਸਾ ੫, ੮, ੨:੧ (372)

ਹੋਰ ਰੂਪ:

ਹਲਕਿਓ –

"ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ।" (ਹਲਕੇ ਹੋਏ ਨੇ)

- ਨਟ ੪, ਅਸ ੬, ੭:੧ (983)

ਹਲਕੁ –

"ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ।"

- ਭੈਰ ੩, ੧੯, ੧:੨ (1132)

ਹਲਤ ------ ਇਹ ਲੋਕ

"ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ।"

- ਗੂਜ ੫, ੩, ੪:੧ (496)

(ਅਧਿਕ ਕਰਕੇ ਇਹ ਸ਼ਬਦ 'ਹਲਤ ਪਲਤ' ਇਕਠਾ ਹੀ ਆਇਆ ਹੈ)

ਹੋਰ ਰੂਪ:

ਹਲਤਿ –

"ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ।"

- ਸਿਰੀ ੩, ੪੨, ੨:੨ (30)

ਹਲਤੁ –

"ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ।"

- ਮਾਝ ੩, ਅਸ ੨੩, ੫:੩ (123)

ਹਲਤੈ –

"ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ।"

- ਸੂਹੀ ੪, ੧੦, ੫:੨ (734)

ਹਲਾਇਨਿ --- ਹਲਾਉਂਦੇ ਹਨ

"ਪੈਰ ਹਲਾਇਨਿ ਫੇਰਨ੍ਹਿ ਸਿਰ।"
– ਆਸਾ ੧, ਵਾਰ ੫ਸ, ੧, ੨:੨ (465)

ਹਲਾਹਲ ---- (ਸੰ.) ਮਦਿਰਾ, ਸ਼ਰਾਬ (ਫਾ. ਹਲਾਹਲ) ਜ਼ਹਿਰ
"ਜੋ ਹਲਾਹਲ ਸੋ ਪੀਵੈ ਬਉਰਾ।"
– ਗਉ ੫, ੯੨, ੩:੧ (180)

ਹਲਾਲ ----- ਧਰਮ ਦੀ ਕਿਰਤ, ਨੇਕ ਕਮਾਈ
"ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।"
– ਮਾਝ ੧, ਵਾਰ ੭ਸ, ੧, ੩:੨ (141)

ਹਲਾਲੁ ----- (ਅ. ਹਲਾਲ) (1) ਧਰਮ ਅਨੁਸਾਰ ਜਿਸ ਵਸਤੂ ਦਾ ਵਰਤਣਾ ਯੋਗ ਹੈ
"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।" (ਨੇਕ ਕਮਾਈ, 'ਕੁਰਾਣ' ਬਣਾ)
– ਮਾਝ ੧, ਵਾਰ ੭ਸ, ੧, ੧:੧ (140)
(2) ਮੁਸਲਮਾਨੀ ਧਰਮ ਅਨੁਸਾਰ ਜਿਹਬਾ ਕੀਤੇ ਜੀਵ ਦਾ ਮਾਸ
"ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।"
– ਮਾਝ ੧, ਵਾਰ ੭ਸ, ੧, ੨:੪ (141)
"ਹੋਇ ਹਲਾਲੁ ਲਗੈ ਹਰਿ ਜਾਇ।" (ਕੁਠੇ ਜਾ ਕੇ)
– ਰਾਮ ੩, ਵਾਰ ੧੯ਸ, ੧, ੨:੭ (956)
(3) ਨੇਕ ਕਮਾਈ
"ਹਕੁ ਹਲਾਲੁ ਬਖੋਰਹੁ ਖਾਣਾ।"
– ਮਾਰੂ ੫, ਸੋਲਾ ੧੨, ੧੧:੧ (1084)
"ਕਬੀਰ ਜੋਰੀ ਕੀਏ ਜੁਲਮੁ ਹੈ ਕਹਤਾ ਨਾਉ ਹਲਾਲੁ।"
– ਸਲੋ ਕਬ, ੧੮੭:੧ (1374)
(4) ਜ਼ਿਬਹਾ
"ਜੋਤਿ ਸਰੂਪ ਅਨਾਹਤ ਲਾਗੀ ਕਹੁ ਹਲਾਲੁ ਕਿਆ ਕੀਆ।"
– ਪ੍ਰਭਾ ਕਬ, ੪, ੨:੨ (1350)

ਹਲੀ ------ ਹਿਲਦਾ, ਡੋਲਦਾ
"ਗੁਰ ਬਚਨਿ ਕਾਰਜ ਸਰਬ ਪੂਰਨ ਈਤ ਊਤ ਨ ਹਲੀ।"
– ਕੇਦਾ ੫, ੧੪, ੧:੧ (1122)

ਹਲੁ ------- (ਸੰ.) ਜੋਤਣਾ, ਜ਼ਮੀਨ ਨੂੰ ਵਾਹੁਣ ਦਾ ਸੰਦ
"ਮੈ ਸਤ ਕਾ ਹਲੁ ਜੋਆਇਆ।"
– ਸਿਰੀ ੫, ਅਸ ੨੯, ੨:੨ (73)
"ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ।"
– ਗਉ ੪, ੪੭, ੧:੨ (166)

ਹਲੁਕੀ ----- ਹੌਲੀ, ਘਟ ਵਜ਼ਨ ਵਾਲੀ
"ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ।"
– ਗਉ ਕਬ, ੪੮, ੧*:੨ (333)

ਹਲੇ ------- ਹੇ! ਸੰਬੋਧਕ ਸ਼ਬਦ
"ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ।"
– ਤਿਲੰ ਨਾਮ, ੧, ੩:੧ (727)

ਹਲੇਮੀ ------ ਹਲੀਮੀ/ਨਿਮਰਤਾ ਵਾਲਾ
"ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ।"
ਸਿਰੀ ੫, ਅਸ ੨੯, ੧੩:੩ (74)

ਹਵਾ ------ ਹਿਰਸ, ਤ੍ਰਿਸ਼ਨਾ, ਲਾਲਚ
"ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।"
– ਤਿਲੰ ੧, ੧, ੩:੧ (721)

ਹੋਰ ਰੂਪ:

ਹਵਾਇ –
"ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ।"
– ਤਿਲੰ ੫, ੧, ੧*:੨ (723)

ਹਵਾਈ – ਮਤਾਬੀ, ਇਕ ਪ੍ਰਕਾਰ ਦੀ ਹਵਾ ਵਿਚ ਉਡਣ ਵਾਲੀ ਆਤਸ਼ਬਾਜ਼ੀ
"ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ।"
– ਭੈਰ ਕਬ, ੧੭, ੪:੧ (1161)

ਹਵਾਲ ----- (ਅ. ਅਹਵਾਲ) ਹਾਲਤ, ਦਸ਼ਾ
"ਇਹੀ ਹਵਾਲ ਹੋਹਿਗੇ ਤੇਰੇ।"
– ਗਉ ਕਬ, ੩੫, ੨:੨ (330)

ਹੋਰ ਰੂਪ:

ਹਵਾਲਾ –
"ਕਹੁ ਨਾਨਕ ਹਮ ਇਹੈ ਹਵਾਲਾ ਰਾਖੁ ਸੰਤਨ ਕੈ ਪਾਛੈ।"
– ਸੋਰ ੫, ੧੭, ੪:੨ (613)

ਹਵਾਲੁ –
"ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ।"
– ਸਲੋ ਕਬ, ੧੨੪:੨ (1371)

ਹਵਾਲੈ ----- (ਅ. ਹਵਾਲਾ) ਸਪੁਰਦ
"ਹਰਿ ਭਗਤਾ ਹਵਾਲੈ ਹੋਤਾ।"
– ਰਾਮ ੫, ੩੫, ੧:੪ (893)

ਹੜ ------- ਰੋੜ੍ਹ ਦਾ ਪਾਣੀ
"ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ।"
– ਟੋਡੀ ੫, ੨੬, ੧*:੨ (717)

ਹੜ੍ਵਾਣੀਐ -- ਹੱਥਕੜੀ ਨਾਲ
"ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ।"
– ਮਲਾ ੧, ਵਾਰ ੨੧:੭ (1288)

ਹਾ --------- ਹਾਂ

“ਬਾਬਾ ਮੂਰਖੁ ਹਾ ਨਾਵੈ ਬਲਿ ਜਾਉ।”

– ਮਾਰੂ ੧, ਅਸ ੧੧, ੧*:੧ (1015)

ਹਾਂ --------- (1) ਕਰ, ਕਰੋ, (ਕਰ) ਖਾਂ

“ਗੋਬਿੰਦ ਗੋਬਿੰਦ ਕਰਿ ਹਾਂ।”

“ਹਰਿ ਹਰਿ ਮਨਿ ਪਿਆਰਿ ਹਾਂ।”

– ਆਸਾ ੫, ੧੫੭, ੧*:੧;੨ (409)

ਮਨਸਾ ਏਕ ਮਾਨਿ ਹਾਂ।” (ਖਾਂ)

– ਆਸਾ ੫, ੧੫੮, ੧*:੧ (409)

(2) ਹੈ

“ਪੰਕਜ ਮੋਹ ਸਰਿ ਹਾਂ।”

– ਆਸਾ ੫, ੧੫੭, ੧:੧ (409)

(3) ਹਾਂ, ਵਰਤਮਾਨ ਉਤਮ ਪੁਰਖ ਬੋਧਕ

“ਅਨਿਨ ਉਪਾਵ ਕਰਿ ਹਾਂ।”

– ਆਸਾ ੫, ੧੫੭, ੧:੪ (409)

“ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ।”

– ਧਨਾ ੧, ੨, ੧:੧ (660)

(4) ਹੋਵੇ –

“ਥਿਰ ਥਿਰ ਚਿਤ ਥਿਰ ਹਾਂ।”

– ਆਸਾ ੫, ੧੫੭, ੨:੧ (409)

(5) ਹਨ –

“ਬਨੁ ਗ੍ਰਿਹੁ ਸਮਸਰਿ ਹਾਂ।”

– ਆਸਾ ੫, ੧੫੭, ੨:੨ (409)

ਹਾਇ ------ ਪੀੜਾ, ਸ਼ੋਕ ਤੇ ਦੁੱਖ ਬੋਧਕ

“ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ।”

– ਧਨਾ ੪, ਛੰਤ ੧, ੪:੨ (690)

ਹਾਈ ------ ਹੈਂ

“ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ।”

– ਸੋਰ ੫, ੧੨, ੧:੧ (611)

ਹਾਏ ------ ਪੀੜਾ/ਸ਼ੋਕ/ਦੁੱਖ ਬੋਧਿਕ

“ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ।”

– ਸਲੋ ੫, ੯:੧ (1425)

ਹਾਸਤਾ ----- ਹਸਦਾ

“ਬਦਨੈ ਬਿਨੁ ਖਿਰ ਖਿਰ ਹਾਸਤਾ।”

– ਬਸੰ ਕਬ, ੩, ੨:੨ (1194)

ਹਾਸਲੁ ----- (1) ਮਾਮਲਾ/ਮਹਸੂਲ ਉਗਰਾਹੁਨ ਦੀ ਸਮਰਥਾ

“ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।”

– ਸਿਰੀ ੧, ੧, ੪:੨ (14)

(2) (ਅ. ਹਾਸਲ) ਪ੍ਰਾਪਤ
“ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ।”
– ਸੋਰ ੪, ਵਾਰ ੨੮ਸ, ੧, ੧:੨ (653)

ਹਾਸਾ ------ ਮਖੌਲ
“ਬਹੁਰਿ ਬਹੁਰਿ ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ।”
– ਮਾਰੂ ੫, ਸੋਲਾ ੨, ੯:੩ (1073)

ਹਾਸੈ ------ ਹਸਦਾ ਹੈ
“ਨਿਤ ਉਠਿ ਹਾਸੈ ਹੀਗੈ ਮਰੈ।”
– ਗਉ ਕਬ, ੧੪, ੧:੨ (326)

ਹਾਹਾ ------ (1) ਗੁਰਮੁਖੀ ਲਿਪੀ ਦਾ 5 ਵਾਂ ਅੱਖਰ, ‘ਹ’, ਮਹਾ ਪ੍ਰਾਣ, ਇਕ ਅਰਧ ਸ੍ਵਰ
“ਹਾਹਾ ਹੋਤ ਹੋਇ ਨਹੀ ਜਾਨਾ।”
– ਗਉ ਕਬ, ਬਾਅ ੪੨:੧ (342)

(2) ਖਿੜ ਖਿੜ ਹਸਣਾ
“ਰੇ ਮਨ ਕਿਆ ਕਰਹਿ ਹੈ ਹਾਹਾ।”
– ਆਸਾ ੫, ੧੨੩, ੧*:੧ (402)

“ਹਾਹਾ ਕਰਤ ਬਿਹਾਨੀ ਅਵਧਹਿ ਤਾ ਮਹਿ ਸੰਤੋਖੁ ਨ ਪਾਇਆ।” (ਹਸਦਿਆਂ, ਮੌਜ ਮੇਲਾ ਕਰਦਿਆਂ)
– ਜੈਤ ੫, ੧, ੨:੨ (700)

(3) ਸ਼ੋਕ/ਪਸ਼ਚਾਤਾਪ ਬੋਧਕ, ਹਾਏ ਹਾਏ
“ਹਾਹਾ ਪ੍ਰਭ ਰਾਖਿ ਲੇਹੁ।”
– ਧਨਾ ੫, ੧੯, ੧*:੧ (675)

(4) ਇਕ ਗੰਧਰਵ, ਦੇਵਤਿਆਂ ਦਾ ਇਕ ਰਾਗੀ
“ਹਾਹਾ ਹੂ ਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ।”
– ਮਾਲਾ ੫, ੨੫, ੧*:੨ (1272)

ਹਾਂ ਹਾਂ ----- (1) ਠੀਕ ਹੈ, ਠੀਕ ਹੈ, ਮੈਂ ਸਮਝ ਲਿਆ ਹੈ
“ਹਾਂ ਹਾਂ ਲਪਟਿਓ ਰੇ ਮੂੜੇ ਕਛੂ ਨ ਥੋਰੀ।”
– ਟੋਡੀ ੫, ੧੬, ੧*:੧ (715)

(2) ਹੇ, ਸੰਬੋਧਨ ਵਾਚਕ
“ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ।”
– ਕਾਨ ੫, ੩੮, ੧*:੧ (1305)

ਹਾਹੈ ------ (1) ਗੁਰਮੁਖੀ ਲਿੱਪੀ ਦਾ ਪੰਜਵਾਂ ਅਖਰ, ਮਹਾਂ ਪ੍ਰਾਣ, ਅਰਧ ਸ੍ਵਰ (aspirate)
“ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ।”
– ਆਸਾ ੧, ਪਟੀ ੩੪:੧ (434)

ਹਾਂਕਤੀ ----- ਹਕਣਾ, ਅੱਗੇ ਤੋਰਨਾ
“ਪੀਛੈ ਤਿਨਕਾ ਲੈ ਕਰਿ ਹਾਂਕਤੀ।”
– ਬਸੰ ਨਾਮ, ੩, ੧:੨ (1196)

ਹਾਕ ------ (1) ਪੁਕਾਰ, ਆਵਾਜ਼, ਸਦ, ਹੋਰ ਵੇਖੋ 'ਹਾਕੁ'
"ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ।"
– ਸੂਹੀ ਕਬ, ੪, ੧:੨ (793)
(2) ਹਿਕ ਕੇ
"ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ।"
– ਮਾਝ ੧, ਵਾਰ ੧੯ਸ, ੧, ੧:੨ (147)

ਹਾਕਾਰੜਾ --- ਬੁਲਾਣ ਵਾਲਾ, ਬੁਲਾਵਾ
"ਲਿਖਿਆ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ।"
– ਵਡ ੧, ਅਲਾ ੫, ੪:੨ (582)

ਹਾਕਾਰਾ ---- ਬੁਲਾਣ ਵਾਲਾ, ਬੁਲਾਵਾ
"ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ।"
– ਵਡ ੧, ਅਲਾ ੫, ੪:੩ (582)

ਹਾਂ ਕਿ ----- ਮੈਂ ਜੁ, ਇਹ ਗੱਲ ਹੈ (ਦਰਪਣ, ਸ਼ਬਦਾਰਥ ਇਸ ਨੂੰ ਕੇਵਲ 'ਟੇਕ' ਮੰਨਦੇ ਹਨ)
"ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ।"
– ਸਵ ੫, ੧:੮ (1385)

ਹਾਕੁ ------ (1) ਆਵਾਜ਼ ਦੇਣਾ, ਬੋਲਣਾ
"ਦਿਲਾ ਕਾ ਮਾਲਕੁ ਕਰੇ ਹਾਕੁ।"
– ਰਾਮ ੫, ੪੫, ੩:੩ (897)
(2) ਆਖਦੇ ਹਨ, ਕਹੇ ਜਾਂਦੇ ਹਨ
"ਜੋ ਰਤੇ ਦੀਦਾਰ ਸੇਈ ਸਚੁ ਹਾਕੁ।"
– ਰਾਮ ੫, ਵਾਰ ੫:੧ (959)

ਹਾਜਰਾ ਹਜੂਰਿ (ਅ. ਹਾਜ਼ਰਹਜ਼ੂਰ) ਸਾਹਮਣੇ, ਪ੍ਰਗਟ, ਪ੍ਰਤੱਖ, ਹਾਜ਼ਰ ਨਾਜ਼ਰ
"ਵਿਸਮਾਦੁ ਦੇਖੈ ਹਾਜਰਾ ਹਜੂਰਿ।"
– ਆਸਾ ੧, ਵਾਰ ੩ਸ, ੧, ੧:੧੪ (464)

ਹਾਜਰੁ ----- (1) (ਅ. ਹਾਜ਼ਰ) ਮੌਜੂਦ, ਹਾਜ਼ਰ ਨਾਜ਼ਰ, ਹਾਜ਼ਰ ਹਜ਼ੂਰ
"ਹਰਿ ਦਿਸਹਿ ਹਾਜਰੁ ਜਾਹਰਾ।"
– ਸਿਰੀ ੫, ਅਸ ੨੯, ੨੦:੨ (74)
(2) ਸਾਹਮਣੇ –
"ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ।"
– ਗਉ ੪, ਵਾਰ ੧੧:੫ (306)
('ਮਹਾਨਕੋਸ਼' ਇਸ ਦੇ ਅਰਥ 'ਪ੍ਰਤੱਖ' ਕਰਦਾ ਹੈ)
(3) ਪ੍ਰਤਖ
"ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ।"
– ਗਉ ੪, ਵਾਰ ੨੩:੪ (313)
(4) ਹਾਜ਼ਰ ਹੋ ਕੇ, ਇਕ ਮਨ (ਇਕਾਗਰ) ਹੋ ਕੇ
"ਹੈ ਹਜੂਰਿ ਹਾਜਰੁ ਅਰਦਾਸਿ।"
– ਆਸਾ ੧, ੧੩, ੧*:੧ (352)

ਹਾਜਰੁ ਹਜੂਰਿ – ਮੌਜੂਦ, ਹਾਜ਼ਰ ਨਾਜ਼ਰ

"ਹਾਜਰੁ-ਹਜੂਰਿ ਹਰਿ ਵੇਪਰਵਾਹਾ।"

– ਮਲਾ ੩, ੧੧, ੪:੩ (1261)

ਹਾਜਿਰ ਹਜੂਰਿ ਪ੍ਰਤੱਖ, ਹਾਜ਼ਰ ਨਾਜ਼ਰ ਵੇਖੋ 'ਹਾਜਰੁ' (3)

"ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ-ਹਜੂਰਿ ਖੁਦਾਇ।"

– ਤਿਲੰ ਕਬ, ੧, ੧:੨ (727)

ਹਾਜੀ ------ (ਅ. ਹਾਜੀ) ਹਜ ਕਰਨ ਵਾਲਾ, ਮੱਕਾ ਸ਼ਰੀਫ ਦੀ ਯਾਤਰਾ ਕਰਨ ਵਾਲਾ

"ਨਾ ਕੋ ਸੇਖੁ ਮਸਾਇਕੁ ਹਾਜੀ।"

– ਮਾਰੂ ੫, ਸੋਲਾ ੧੫, ੧੧:੨ (1036)

"ਜੋ ਦਿਲੁ ਸੋਧੈ ਸੋਈ ਹਾਜੀ।"

– ਮਾਰੂ ੫, ਸੋਲਾ ੧੨, ੬:੨ (1084)

ਹਾਟ ------ (1) ਹੱਟੀ, ਦੁਕਾਨ, ਵੇਖੋ 'ਹਾਟਿਓ', 'ਹਾਟੀ', 'ਹਾਟੁ'

"ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ।"

– ਸਿਰੀ ੧, ਅਸ ੭, ੨:੩ (57)

ਹੋਰ ਰੂਪ:

ਹਾਟਿ –

"ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ।" (ਹੱਟੀ ਤੋਂ)

– ਗਉ ੪, ੪੬, ੪:੧ (166)

"ਹਰਿ ਰਸੁ ਸਾਧੂ ਹਾਟਿ ਸਮਾਇ।" (ਹੱਟੀ ਵਿਚ)

– ਆਸਾ ੫, ੨੭, ੨:੨ (377)

"ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ।" (ਹੱਟੀ ਤੇ)

– ਮਲਾ ੪, ੩, ੨:੧ (1263)

ਹਾਟਿ ------ (1) ਹਟੀ ਤੋਂ, ਹਟੀ ਵਿਚ, ਵੇਖੋ 'ਹਾਟ'

(2) ਹਟ ਕੇ, ਮੁੜ ਕੇ

"ਮ੍ਰਿਗ ਪਕਰੇ ਘਰਿ ਆਣੇ ਹਾਟਿ।"

– ਭੈਰ ੫, ੪, ੩:੧ (1136)

('ਦਰਪਣ' ਇਥੇ ਵੀ ਅਰਥ 'ਹਟੀ ਵਿਚ' 'ਲੈ ਆਂਦੇ' ਭਾਵ 'ਵਸ ਕਰ ਲਏ' ਕਰਦੇ ਹਨ)

(3) ਹਟ ਗਈ, ਸਾਥ ਛੱਡ ਗਈ

"ਅਨਾਥ ਰਵਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ।"

– ਸਾਰ ੫, ੧੦੫, ੧:੧ (1224)

ਹਾਟਿਓ ----- (1) ਬਾਜ਼ ਆਇਆ, ਮੁੜਿਆ, ਹਟਿਆ

"ਨਿੰਦਕੁ ਗੁਰ ਕਿਰਪਾ ਤੇ ਹਾਟਿਓ।"

– ਟੋਡੀ ੫, ੧੧, ੧*:੧ (714)

(2) ਹੱਟੀ ਹੀ

"ਝੂਠੇ ਬਨਜਿ ਉਠਿ ਹੀ ਗਈ ਹਾਟਿਓ।"

– ਮਲਾ ਰਵਿ, ੩, ੨:੨ (1293)

ਹਾਟੀ ------ ਹੱਟੀ ਤੇ
"ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ।"
– ਰਾਮ ੧, ਸਿਗੋ ੭:੧ (938)

ਹਾਟੁ ------ ਹੱਟੀ, ਦੂਕਾਨ
"ਬਿਨੁ ਵਖਰ ਸੂਨੋ ਘਰੁ ਹਾਟੁ।"
– ਗਉ ੧, ੬, ੪:੩ (153)

ਹਾਟੁਲੀ ----- ਹੱਟੀ, ਦੂਕਾਨ
"ਦੇਵਨਹਾਰੁ ਬਿਸਾਰਿਓ ਅੰਧੁਲੇ ਜਿਉ ਸਫਰੀ ਉਦਰੁ ਭਰੈ ਬਹਿ ਹਾਟੁਲੀ।"
– ਸਾਰ ੫, ੬੧, ੧:੨ (1216)

ਹਾਟੇ ------ ਹੱਟੇ, ਬਾਜ਼ ਆਏ, ਰੁਕੇ
"ਕਾਮ ਕ੍ਰੋਧ ਮਾਇਆ ਬਿਖੁ ਮਮਤਾ ਇਹ ਬਿਆਧਿ ਤੇ ਹਾਟੇ।"
– ਗੂਜ ੫, ੬, ੧:੨ (496)

ਹਾਟੈ ------ (1) ਹਟਦਾ ਹੈ
"ਗੁਰ ਕਾ ਸਿਖੁ ਬਿਕਾਰ ਤੇ ਹਾਟੈ।"
– ਗਉ ੫, ਸੁਖ ੧੮, ੧:੬ (286)
(2) ਹੱਟੀ
"ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ।"
– ਸਲੋ ਕਬ, ੧੬:੨ (1365)

ਹਾਠ ------ ਹਠ ਵਾਲਾ, ਦ੍ਰਿੜ ਚਿਤ
"ਫਉਜ ਸਤਾਣੀ ਹਾਠ ਪੰਚਾਂ ਜੋੜੀਐ।"
– ਗੂਜ ੫, ਵਾਰ ੧੫:੨ (522)

ਹਾਠਾ ------ ਧਿਰਾਂ, ਪਾਸੇ
"ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ।"
– ਮਾਰੂ ੫, ਵਾਰ ੬:੫ (1096)

ਹਾਠੀ ------ ਹੱਠ ਕਰਕੇ
"ਰੇਚਕ ਕੁੰਭਕ ਪੂਰਕ ਮਨ ਹਾਠੀ।"
– ਮਾਰੂ ੧, ਸੋਲਾ ੨੨, ੧੪:੨ (1043)

ਹਾਠੀਸਾ ---- ਹੱਠ ਵਾਲੀ ਠੀਸ, ਜ਼ਿਦ ਵਾਲੀ ਗਪ, ਹੱਠ ਨਾਲ ਪ੍ਰਾਪਤ ਹੋਣ ਵਾਲੀ ਗਲ
"ਕੂੜੇ ਮੂਰਖ ਕੀ ਹਾਠੀਸਾ।"
– ਸੂਹੀ ੫, ੭, ੧*:੨ (738)

ਹਾਠੀਲਾ ---- ਹੱਠ
"ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ।"
– ਗੂਜ ੫, ੧੩, ੧:੨ (498)

ਹਾਡ ------ ਹੱਡੀ, ਅਸਥੀ
"ਹਾਡ ਮਾਸ ਨਾਂੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।"

– ਸੋਰ ਰਵਿ, ੬, ੧:੨ (659)

ਹਾਂਡੀ ------ (ਸੰ. ਅਥਵਾ) ਖਾਣਾ ਬਣਾਨ ਦਾ ਭਾਂਡਾ, ਮਿੱਟੀ ਦੀ ਤੌੜੀ
"ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ।"
– ਟੋਡੀ ਨਾਮ੍ਹ, ੩, ੧:੧ (718)
"ਕਾਇਆ ਹਾਂਡੀ ਕਾਠ ਕੀ ਨਾ ਓਹ ਚੜ੍ਹੈ ਬਹੋਰਿ।"
– ਸਲੋ ਕਬ, ੭੦:੨ (1368)

ਹਾਂਢੀਐ ---- ਫਿਰਦਾ ਹੈ
"ਜਿਸ ਨੋ ਵਿਸਰੈ ਨਾਉ ਸੋ ਜੋਨੀ ਹਾਂਢੀਐ।"
– ਰਾਮ ੫, ਵਾਰ ੧੪:੪ (964)

ਹਾਢੇ ------ ਫਿਰਦਾ/ਟਕਰਾਂ ਮਾਰਦਾ ਹੈ
"ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ।"
– ਗਉ ੪, ੫੯, ੧:੧ (171)

ਹੋਰ ਰੂਪ:

ਹਾਂਢੈ –
"ਕਰੈ ਨਿੰਦ ਬਹੁ ਜੋਨੀ ਹਾਂਢੈ।" (ਫਿਰੇਗਾ)
– ਗੋਂਡ ਰਵਿ, ੨, ੩:੪ (875)

ਹਾਣਤ ----- ਹਾਣੀ, ਘਾਟਾ, ਨੁਕਸਾਨ, ਹੋਰ ਵੇਖੋ 'ਹਾਣਿ'।
"ਸਹਸਾ ਮੂਲਿ ਨ ਹੋਵਈ ਹਾਣਤ ਕਦੇ ਨ ਹੋਇ।"
– ਬਿਹਾ ੪, ਵਾਰ ੧੮ਸ, ੩, ੨:੪ (555)

ਹਾਣਿ ------ (1) (ਸੰ.) ਨੁਕਸਾਨ, ਹਾਣੀ, ਘਾਟਾ
"ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ।"
– ਮਾਝ ੧, ਵਾਰ ੨੨ ਸ, ੨, ੨:੪ (148)
(2) (ਸੰ.) ਉਮਰ, ਵਰ੍ਹੈ
"ਨਵ ਹਾਣਿ ਨਵਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ।" (ਨੌ ਉਮਰ ਭਾਵ ਨੌ ਜੁਆਨ)
– ਬਿਲਾ ੧, ਛੰਤ ੨, ੨:੩ (844)

ਹਾਣੁ ------ (1) ਨੁਕਸਾਨ, ਘਾਟੇ, ਵੇਖੋ ਹਾਣਿ (1)
(2) ਘਟਦੀ, ਨਾਸ ਹੁੰਦੀ
"ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ।" (ਘਟਦੀ/ਨਾਸ ਹੁੰਦੀ ਉਮਰ ਦੀ ਹੱਟੀ ਬਣਾ)
– ਸੋਰ ੧, ੨, ੨:੧ (595)

ਹਾਣੇ ------ ਨੁਕਸਾਨ, ਘਾਟਾ
"ਪਰ ਘਰੁ ਜੋਹੈ ਹਾਣੇ ਹਾਣਿ।" (ਨੁਕਸਾਨ ਹੀ ਨੁਕਸਾਨ ਹੈ)
– ਰਾਮ ੧, ਸਿਗੋ ੨੬:੨ (941)

ਹਾਤ ------ ਤਿਆਗਨ ਯੋਗ

“ਮੁਕਤ ਲਾਲ ਅਨਿਕ ਭੋਗ ਬਿਨੁ ਨਾਮ ਨਾਨਕ ਹਾਤ।”
– ਕਾਨ ੫, ੪੨, ੨:੧ (1306)

(ਸ਼ਬਦਾਰਥ’ ਇਸ ਦੇ ਅਰਥ ‘ਨਸ਼ਟ ਰੂਪ’ ਕਰਦਾ ਹੈ ਅਤੇ ‘ਦਰਪਨ’ ‘ਆਤਮਕ ਮੌਤ’)

ਹਾਤੇ ------ ਨਾਸ ਹੁੰਦੇ ਹਨ
“ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ।”
– ਦੇਵ ੫, ੮, ੨:੧ (530)

ਹਾਥ ------ (1) ਅਥਾਹ ਲਗਣਾ, ਡੂੰਘਾਈ ਦਾ ਪਤਾ ਲਗਨਾ
“ਸੁਣਿਐ ਹਾਥ ਹੋਵੈ ਅਸਗਾਹੁ।”
– ਜਪੁ ੧, ੧੧:੪ (3)
“ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ।” (ਗਲਾਂ ਨਾਲ ਥਹੁ ਨਹੀਂ ਲਗਦਾ)
– ਸਿਰੀ ੧, ਅਸ ੧੩, ੫:੨ (61)

(2) (ਸੰ.) ਹੱਥ
“ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ।”
– ਸਿਰੀ ੫, ਪਹ ੪, ੫:੨ (78)
“ਗੁਰਿ ਪੂਰੈ ਰਾਖੇ ਦੇ ਹਾਥ।” (ਭਾਵ ਆਸਰਾ ਦੇ ਕੇ)
– ਗਉ ੫, ੯੫, ੪:੩ (184)
“ਕੋਟਿ ਮਨੋਰਥ ਆਵਹਿ ਹਾਥ।” (ਪ੍ਰਾਪਤ ਹੋ ਜਾਂਦੇ ਹਨ, ਹੱਥ ਆਉਂਦੇ ਹਨ)
– ਭੈਰ ੫, ੮, ੧:੧ (1137)
“ਜਮ ਤੇ ਰਾਖੈ ਦੇ ਕਰਿ ਹਾਥ।”
– ਭੈਰ ੫, ੪੬, ੩:੪ (1149)

(3) ਧਰਤੀ ਦੀ ਮਿਣਤੀ ਦੀ ਇਕ ਇਕਾਈ
“ਸਾਢੇ ਤੀਨਿ ਹਾਥ ਤੇਰੀ ਸੀਵਾਂ।”
– ਸੋਰ ਰਵਿ, ੬, ੨:੨ (659)
“ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ।” (ਥਾਹ)
– ਮਲਾ ੧, ਵਾਰ ੨੧ਸ, ੧, ੩:੩ (1287)
(‘ਮਹਾਨਕੋਸ਼’ ਇਸ ਦੇ ਅਰਥ ‘ਚੱਪੂ’ ਕਰਦਾ ਹੈ)

ਹਾਥਹੁ ----- ਹੱਥਾਂ ਨਾਲ
“ਪਾਵਹੁ ਬੇੜੀ ਹਾਥਹੁ ਤਾਲ।”
– ਭੈਰ ਨਾਮ, ੧੦, ੧੨:੧ (1166)

ਹਾਥਾ ------ ਹਥ
“ਫਿਰਿ ਇਆ ਅਉਸਰੁ ਚਰੈ ਨ ਹਾਥਾ।”
– ਗਉ ੫, ਬਾਅ ੩੮:੩ (258)

ਹਾਥਾਲਾ ---- ਥਾਹ, ਤਹਿ
“ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ।”
– ਮਾਰੂ ੩, ਵਾਰ ੧੪ਸ, ੧, ੩:੧ (1091)

ਹਾਥਿ ------ ਹੱਥ ਵਿਚ

"ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸੁ ਹੀ ਹਾਥਿ।"

- ਸਿਰੀ ੫, ੮੫, ੪:੧ (48)

"ਇਸ ਕੈ ਹਾਥਿ ਹੋਇ ਤਾ ਸਭੁ ਕਿਛੁ ਲੇਇ।" (ਹੱਥ ਵਿਚ ਭਾਵ ਵੱਸ ਵਿੱਚ)

- ਗਉ ੫, ਸੁਖ ੧੧, ੩:੩ (277)

"ਹੀਰਾ ਹਾਥਿ ਚੜਿਆ ਨਿਰਮੋਲਕੁ ਛੂਟਿ ਗਈ ਸੰਸਾਰੀ।" (ਪ੍ਰਾਪਤ ਹੋ ਗਿਆ)

- ਕੇਦਾ ਕਬ, ੨, ੧*:੨ (1123)

ਹਾਥੀ ------ (1) (ਸੰ.) ਸੁੰਢ ਵਾਲਾ ਇਕ ਭਾਰੀ ਭਰਗਮ ਜੰਗਲੀ ਜਾਨਵਰ

"ਤਾਜੀ ਰਥ ਤੁਖਾਰ ਹਾਥੀ ਪਾਖਰੇ।"

- ਮਾਝ ੧, ਵਾਰ ੮:੫ (141)

2) ਹੱਥ ਦੇ ਕੇ ਭਾਵ ਸਹਾਰਾ ਦੇ ਕੇ

"ਸੰਸਾਰ ਸਾਗਰ ਤੇ ਕਢੁ ਦੇ ਹਾਥੀ।"

- ਵਡ ੫, ੭, ੨:੨ (563)

"ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ।"

- ਕਾਨ ੪, ਅਸ ੫, ੪:੨ (1311)

ਹਾਥੁ ------ ਹਥ

"ਮਹਾ ਅਗਨਿ ਤੇ ਹਾਥੁ ਦੇ ਰਾਖਾ।" (ਸਹਾਰਾ ਦੇ ਕੇ)

- ਗਉ ੫, ਅਸ ੬, ੩:੨ (239)

"ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ।" (ਓਟ)

- ਗਉ ੫, ਸੁਖ ੮, ੮:੬ (273)

ਹੋਰ ਰੂਪ:

ਹਾਥੇ -

"ਈਤ ਊਤ ਪ੍ਰਭ ਤੁਮ ਸਮਰਥਾ ਸਭੁ ਕਿਛੁ ਤੁਮਰੈ ਹਾਥੇ।"

- ਗਉ ੫, ੧੩੫*, ੩:੧ (209)

ਹਾਦਰਾ ----- ਹਾਜ਼ਰ, ਮੌਜੂਦ

"ਗਾਵੈ ਕੋ ਵੇਖੈ ਹਾਦਰਾ ਹਦੂਰਿ।"

- ਜਪੁ ੧, ੩:੮ (2)

ਹਾਨ ------ ਨਾਸ ਹੋ ਗਏ

"ਪ੍ਰਭ ਦ੍ਰਿਸਟਿ ਧਾਰੀ ਮਿਲੇ ਮੁਰਾਰੀ ਸਗਲ ਕਲਮਲ ਭਏ ਹਾਨ।"

- ਆਸਾ ੫, ਛੰਤ ੧੪, ੪:੫ (462)

ਹਾਨਿ ------ (1) ਘਾਟਾ

"ਹਰਖ ਸੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ।"

- ਗਉ ੫, ੧੫੯*, ੧*:੨ (214)

(2) ਨੁਕਸਾਨ, ਵੇਖੋ 'ਹਾਣਿ' (1)

"ਕਾ ਕੋ ਜਰੈ ਕਾਹਿ ਹੋਇ ਹਾਨਿ।"

- ਗਉ ਕਬ, ੩੩, ੨:੧ (329)

ਹਾਮਾ ------ ਹਾਮੀ, ਜ਼ੁੰਮੇਵਾਰੀ, ਸਿਫਾਰਸ਼, ਜ਼ਾਮਨੀ, ਹਮਾਇਤ
"ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।"
– ਮਾਝ ੧, ਵਾਰ ੭ਸ, ੧, ੨:੨ (141)

ਹਾਰ ------ (1) (ਸੰ.) ਮੋਤੀਆਂ ਦੀ ਮਾਲਾ
"ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ।"
– ਆਸਾ ੧, ਵਾਰ ੪ਸ, ੧, ੨:੬ (464)
(2) ਜਿਤ ਦੇ ਉਲਟ, ਪ੍ਰਾਜਯ, ਸ਼ਿਕਸਤ
"ਜਾਣੈ ਨਾਹੀ ਜੀਤ ਅਰੁ ਹਾਰ।" (ਘਾਟ ਵਾਧ)
– ਗਉ ੫, ੮੨, ੨:੩ (180)
"ਮਨਮੁਖ ਹਾਰ ਗੁਰਮੁਖ ਸਦ ਜੀਤਿ।"
– ਗੋਂਡ ੫, ੧੮, ੪:੪ (868)

ਹਾਰਈ ----- ਹਾਰ, ਮੋਤੀਆਂ ਦੀ ਮਾਲਾ
"ਨਾਨਕ ਨਾਮੁ ਨਿਧਾਨੁ ਰਿਦੈ ਉਰਿ ਹਾਰਈ।"
– ਸਲੋ ੫, ੬:੬ (1425)

ਹਾਰਹਿ ----- ਹਾਰਦੇ, ਸ਼ਿਕਸਤ ਖਾਂਦੇ, ਪ੍ਰਾਜਯ ਹੁੰਦੇ
"ਤੇ ਕਬਹੁ ਨ ਹਾਰਹਿ ਹਰਿ ਹਰਿ ਗੁਣ ਸਾਰਹਿ ਤਿਨ੍ ਜਮੁ ਨੇੜਿ ਨ ਆਵੈ।"
– ਆਸਾ ੧, ਛੰਤ ੪, ੨:੩ (438)

ਹੋਰ ਰੂਪ:

ਹਾਰਹੁ –
"ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ।"
– ਆਸਾ ੧, ਪਟੀ ੧੪:੨ (433)

ਹਾਰਣੋ ----- ਹਾਰਦਾ, ਪ੍ਰਾਜਯ ਹੁੰਦਾ
"ਜਿਸੁ ਤੂ ਵੁਠਾ ਚਿਤਿ ਤਿਸੁ ਕਦੇ ਨ ਹਾਰਣੋ।"
– ਰਾਮ ੫, ਵਾਰ ੧੩:੨ (963)

ਹਾਰੰਤ ----- ਹਾਰਦੇ ਹਨ, ਭਾਵ ਨਿਸਫਲ ਗੁਆਉਂਦੇ ਹਨ
"ਰਤਨ ਜਨਮ ਹਾਰੰਤ ਜੂਐ ਪ੍ਰਭੂ ਆਪਿ ਨ ਭਾਵਹੀ।"
– ਜੈਤ ੫, ਛੰਤ ੩, ੨:੫ (705)

ਹਾਰਦਾ ----- ਪ੍ਰਾਜਯ ਹੁੰਦਾ
"ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ।"
– ਸਿਰੀ ੪, ਵਾਰ ੧੮:੪ (90)

ਹਾਰਨਾ------ ਪ੍ਰਾਜਯ ਹੋਣਾ
"ਭਗਤ ਸਰਣਿ ਜੋ ਆਵੈ ਪ੍ਰਾਣੀ ਤਿਸੁ ਈਹਾ ਊਹਾ ਨ ਹਾਰਨਾ।"
– ਰਾਮ ੫, ਅਸ ੫, ੫:੧ (915)

ਹਾਰਾ ------ (1) ਥੱਕ ਗਿਆ, ਰਹਿ ਗਿਆ
"ਮਹਾ ਪਤਿਤ ਮੁਗਧ ਲੋਭੀ ਫੁਨਿ ਕਰਤ ਪਾਪ ਅਬ ਹਾਰਾ।"

– ਜੈਤ ੯, ੨, ੧:੧ (703)

“ਪੇਖੈ ਖੁਸੀ ਭੋਗ ਨਹੀਂ ਹਾਰਾ।” (ਥਕਦਾ)

– ਸੂਹੀ ੫, ੪੫, ੧:੨ (746)

(2) ਵਾਲਾ, ਵੇਖੋ ‘ਹਾਰੋ’ (2)

“ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ।”

– ਸੂਹੀ ੫, ਛੰਤ ੨, ੧:੩ (777)

(3) ਹਾਰਦਾ ਹੈ

“ਮਨਿ ਤਨਿ ਝੂਠੇ ਕੂੜੁ ਕਮਾਵਹਿ ਦੁਰਮਤਿ ਦਰਗਹ ਹਾਰਾ ਹੇ।”

– ਮਾਰੂ ੧, ਸੋਲਾ ੯, ੧੫:੩ (1029)

ਹਾਰਾਇਅਨੁ -- ਹਰਾ ਦਿੱਤਾ, ਪ੍ਰਾਜਯ ਕਰਵਾ ਦਿਤਾ

“ਇਕਿ ਮਨਮੁਖ ਕਰਿ ਹਾਰਾਇਅਨੁ ਇਕਨਾ ਮੇਲਿ ਗੁਰੂ ਤਿਨਾ ਜੀਤਾ।”

– ਕਾਨ ੪, ਵਾਰ ੧੧:੨ (1317)

ਹਾਰਿ ------ (1) ਹਾਰ ਕੇ, ਸ਼ਿਕਸਤ ਖਾ ਕੇ, ਪ੍ਰਾਜਯ ਹੋ ਕੇ

“ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ।”

– ਸਿਰੀ ੩, ੩੯, ੩:੩ (29)

(2) ਥਕ ਕੇ, ਅੰਤ ਨੂੰ

“ਹਾਰਿ ਪਰੇ ਅਬ ਪੂਰਾ ਦੀਜੈ।”

– ਗਉ ਕਬ, ੧੩, ੪:੨ (326)

“ਭ੍ਰਮਤੌ ਭ੍ਰਮਤੌ ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ।”

– ਸਾਰ ੫, ੨੬, ੨:੧ (1209)

(3) ਮਾਲਾ

“ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ।”

– ਤੁਖਾ ੧, ਛੰਤ ੫, ੨:੬ (1112)

ਹਾਰਿਓ ----- (1) ਹਾਰ ਗਿਆ, ਰਹਿ ਗਿਆ

“ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ।”

– ਗਉ ੫, ੧੨੫*, ੨:੧ (206)

(2) ਗੁਆਇਆ

“ਸਾਧਸੰਗਮਿ ਗੁਣ ਗਾਵਹ ਹਰਿ ਕੇ ਰਤਨ ਜਨਮੁ ਨਹੀ ਹਾਰਿਓ।” (ਅਜਾਂਈ ਗੁਆਇਆ)

– ਦੇਵ ੫, ੩੦, ੧:੧ (534)

(3) ਥਕ ਗਿਆ ਹਾਂ

“ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ।”

– ਦੇਵ ੯, ੩, ੨:੧ (536)

(4) ਹਟਿਆ, ਮੁੜਿਆ

“ਬਡੋ ਨਿਲਾਜੁ ਅਜਹੂ ਨਹੀ ਹਾਰਿਓ।”

– ਜੈਤ ਰਵਿ, ੧, ੫:੨ (710)

ਹਾਰਿਆ –

(1) ਗੁਆ ਲਿਆ, ਹਾਰ ਗਏ

"ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ।"
- ਸਿਰੀ ੪, ਵਾਰ ੧੨ਸ, ੩, ੨:੯ (87)
"ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ।" (ਹਾਰਿਆ ਹੋਇਆ)
- ਆਸਾ ੧, ਵਾਰ ੧੭:੩ (472)
(2) ਥਕ ਗਿਆ
"ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ।"
- ਗਉ ੫, ੧੫੦, ੨:੧ (212)

ਹਾਰੀ ------ (1) ਹਾਰਦਾ, ਗੁਆਉਂਦਾ
"ਜਿਨਿ ਸੇਵਿਆ ਤਿਨਹੀ ਸੁਖੁ ਪਾਇਆ ਸੋ ਜਨਮੁ ਨ ਜੂਐ ਹਾਰੀ ਜੀਉ।"
- ਮਾਝ ੫, ੪੬, ੨:੩ (107)
"ਜੂਐ ਜਨਮੁ ਸਭ ਬਾਜੀ ਹਾਰੀ।" (ਗੁਆ ਲਈ/ਹਾਰ ਦਿੱਤੀ)
- ਮਾਝ ੪, ਅਸ ੩੪, ੭:੨ (130)
(2) ਥਕ ਗਈ, ਰਹਿ ਗਈ
"ਬਨੁ ਬਨੁ ਫਿਰਦੀ ਖੋਜਤੀ ਹਾਰੀ ਬਹੁ ਅਵਗਾਹਿ।"
- ਆਸਾ ੫, ਛੰਤ ੫, ੧ਸ:੧ (455)
(3) ਪਿਆਰੇ, ਦਿਲ ਚੁਭਾਉਣ ਵਾਲੇ, ਵੇਖੋ 'ਹਰਾ' ਹਰਨ ਵਾਲਾ
"ਜਿਨਿ ਦੀਏ ਭ੍ਰਾਤ ਪੁਤ ਹਾਰੀ।"
- ਰਾਮ ੫, ਅਸ ੨, ੨:੨ (913)
(4) ਦੂਰ ਕਰਨ ਵਾਲਾ
"ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ।"
- ਰਾਮ ਕਬ, ੮, ੫:੧ (971)

ਹਾਰੀਆ ---- ਹਾਰਦਾ, ਗੁਆਉਂਦਾ
"ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ।"
- ਗਉ ੫, ਅਸ ੧੨, ੬:੨ (241)
ਹੋਰ ਰੂਪ:
ਹਾਰੀਐ –
"ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ।"
- ਸਿਰੀ ੫, ਛੰਤ ੩, ੨:੫ (80)

ਹਾਰੀਐ ---- (1) ਹਾਰ ਜਾਈਏ, ਵੇਖੋ 'ਹਾਰੀਆ'
(2) ਗੁਆਈਏ
"ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ।" (ਵਿਆਰਥ ਹੋਵੇ)
- ਮਾਝ ੧, ਵਾਰ ੨੪ਸ, ੧, ੨:੩ (149)
(3) ਸ਼ਰਮਿੰਦੇ ਹੋਈਏ (ਭਾਵ)
"ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ।"
- ਆਸਾ ੧, ਵਾਰ ੨੧:੪ (474)

ਹਾਰੁ ------ ਮਾਲਾ
"ਇਕਤੁ ਧਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ।"

– ਸਿਰੀ ੧, ਅਸ ੯, ੪:੨ (58)

ਹਾਰੇ ------ (1) ਗੁਆਏ

"ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ।"

– ਗਉ ੫, ੧੩੮, ੩:੨ (210)

ਹੋਰ ਰੂਪ:

ਹਾਰੈ –

"ਸਿਫਤੀ ਰਤਾ ਸਦ ਬੈਰਾਗੀ ਜੂਐ ਜਨਮੁ ਨ ਹਾਰੈ।"

– ਆਸਾ ੧, ੩੮, ੪:੧ (360)

(2) ਥਕ ਗਏ

"ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ।"

– ਗਉ ੯, ੪, ੨:੧ (219)

"ਸਸਾ ਸਰਨਿ ਪਰੇ ਅਬ ਹਾਰੇ।" (ਹਾਰ ਕੇ, ਥਕ ਕੇ)

– ਗਉ ੫, ਬਾਅ ੪੮:੧ (260)

(3) ਹਾਰ ਜਾਈਦਾ ਹੈ

"ਸਾਧ ਸੰਗਿ ਪਰਮਗਤਿ ਪਾਈਐ ਮਾਇਆ ਰਚਿ ਬੰਧਿ ਹਾਰੇ।"

– ਟੋਡੀ ੫, ੧੫, ੧:੨ (715)

ਹੋਰ ਰੂਪ:

ਹਾਰੈ –

"ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ।"

– ਆਸਾ ੧, ਅਸ ੨੨, ੫:੨ (422)

(4) ਹਾਰਿਆ –

"ਕਉਣੁ ਹਾਰੇ ਕਿਨਿ ਉਵਟੀਐ।"

– ਰਾਮ ਸਬ, ੨:੧੩ (967)

(5) ਮਰੇ ਹਾਂ (ਭਾਵ)

"ਪੜੈ ਨਹੀ ਹਮ ਹੀ ਪਚਿ ਹਾਰੇ।"

– ਭੈਰ ਨਾਮ, ੯, ੧:੨ (1165)

ਹਾਰੈ ------ (1) ਗੁਆਏ, ਵੇਖੋ 'ਹਾਰੇ' (1)

(2) ਹਾਰੇ, ਹਾਰਦਾ ਹੈ, ਵੇਖੇ 'ਹਾਰੈ'(3)

(3) ਛਡਦਾ

"ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ।"

– ਧਨਾ ੫, ੩੪, ੧*:੨ (679)

(4) ਸ਼ਰਮਿੰਦਾ ਹੁੰਦਾ ਹੈ (ਭਾਵ)

"ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ।"

– ਸਾਰ ੫, ੬੮, ੧:੧ (1217)

ਹਾਰੋ ------ (1) ਮਾਲਾ, ਹਾਰ

"ਨਾਨਕ ਕਾਮਣਿ ਨਾਹ ਪਿਆਰੀ ਰਾਮ ਨਾਮੁ ਗਲਿ ਹਾਰੋ।"

– ਗਉ ੩, ਛੰਤ ੧, ੨:੬ (244)

(2) ਵਾਲਾ, ਵੇਖੋ ‘ਹਾਰਾ’ (2)
“ਹੈ ਨਾਹੀ ਕੋਊ ਬੂਝਨ ਹਾਰੋ ਜਾਨੈ ਕਵਨੁ ਭਤਾ।”
– ਗੂਜ ੫, ੧੧, ੧:੧ (498)

(3) ਹਾਰ ਮੰਨ ਲੈਣ ਵਾਲਾ
“ਜੀਤੋ ਬੂਡੈ ਹਾਰੋ ਤਿਰੈ।”
– ਭੈਰ ਕਬ, ੧੪, ੩:੧ (1161)

ਹਾਲ ------ (1) ਹਾਲਤ, ਅਵਸਥਾ, ਦਸ਼ਾ, ਵੇਖੋ ‘ਹਾਲਿ’, ‘ਹਾਲੁ’
“ਹਰਿ ਬਿਸਰਤ ਹੋਵਤ ਏਹ ਹਾਲ।”
– ਗਉ ੫, ਥਿਤੀ ੧੩:੯ (299)
“ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ।”
– ਬਿਲਾ ੫, ੧੨੧, ੨:੧ (828)
“ਜਨੁ ਨਾਨਕੁ ਹਰਿ ਹਰਿ ਮਿਲੇ ਭਏ ਗਲਤਾਨ ਹਾਲ ਨਿਹਾਲ ਨਿਹਾਲ।” (ਮਸਤ ਹਾਲਤ, ਮਗਨਤਾ ਵਾਲੀ ਹਾਲਤ)
– ਨਟ ੪, ੭, ੨:੨ (977)
(‘ਮਹਾਨਕੋਸ਼’ ਇਥੇ ‘ਹਾਲ’ ਦੇ ਅਰਥ ਪ੍ਰੇਮ, ਪਿਆਰ’ ਕਰਦਾ ਹੈ)
(2) ਪ੍ਰੇਮ ਦੀ ਮਸਤੀ
“ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ।”
– ਸਲੋ ਕਬ, ੨੩੯:੨ (1377)

ਹਾਲਾ ------ ਹਲ ਪ੍ਰਤੀ ਟੈਕਸ, ਮਾਮਲਾ
“ਏਕੁ ਕੋਟੁ ਪੰਚ ਸਿਕਦਾਰਾ ਪੰਚੇ ਮਾਗਹਿ ਹਾਲਾ।”
– ਸੂਹੀ ਕਬ, ੫, ੧:੧ (793)

ਹਾਲਿ ------ ਹਾਲਤ, ਦਸ਼ਾ
“ਫਿਰਦਾ ਕਿਤੈ ਹਾਲਿ ਜਾ ਡਿਠਮੁ ਤਾ ਮਨੁ ਧ੍ਰਾਪਿਆ।”
– ਮਾਰੂ ੫, ਵਾਰ ੫ਸ, ੫, ੧:੨ (1097)

ਹਾਲੀ ------ ਹਲ ਵਾਹੁਣ ਵਾਲਾ
“ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ।”
– ਸੋਰ ੧, ੧, ੨:੧ (595)

ਹਾਲੁ ------ ਹਾਲਤ, ਦਸ਼ਾ
“ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ।”
– ਸਿਰੀ ੧, ੨੫, ੩:੨ (23)

ਹਾਵਾ ------ ਹਾਉਕਾ, ਵਿਛੋੜੇ ਦਾ ਦੁੱਖ
“ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ।”
– ਵਡ ੫, ੭, ੧:੨ (563)
(‘ਮਹਾਨਕੋਸ਼’ ਇਸ ਦਾ ਅਰਥ ‘ਪਛਤਾਵਾਂ’ ਕਰਦਾ ਹੈ)

ਹੋਰ ਰੂਪ:

ਹਾਵੇ –

“ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ।” (ਹਉਕੇ ਨਹੀਂ ਮੁਕਦੇ)
– ਰਾਮ ੫, ਵਾਰ ੯ਸ, ੫, ੧:੨ (961)

ਹਾਵੈ –
“ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ (ਵਿਛੋੜੇ ਦੇ ਦੁੱਖ, ਝੋਰੇ)
– ਗਉ ੧, ਛੰਤ ੧, ੧:੨ (242)
“ਪਾਣੀ ਅੰਨੁ ਨ ਭਾਵੈ ਮਰੀਐ ਹਾਵੈ ਬਿਨੁ ਪਿਰ ਕਿਉ ਸੁਖੁ ਪਾਈਐ।”
– ਗਉ ੩, ਛੰਤ ੨, ੪:੩ (244)

ਹਾੜੰਬੇ ----- ਮਗਹਰ ਦੇ ਆਸ ਪਾਸ ਦੀ ਧਰਤੀ
“ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ।”
– ਆਸਾ ਕਬ, ੩੭, ੩:੨ (484)

ਹਿਆਉ ---- ਹਿਰਦਾ, ਮਨ, ਹੀਆ
“ਤਪੈ ਹਿਆਉ ਜੀਅੜਾ ਬਿਲਲਾਇ।”
– ਧਨਾ ੧, ੩, ੧:੨ (661)
“ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।”
– ਸਲੋ ਫਰ, ੧੨੯:੨ (1384)

ਹੋਰ ਰੂਪ:

ਹਿਆਇ –
“ਬਿਨੁ ਜਿਹਵਾ ਜੋ ਜਪੈ ਹਿਆਇ।” (ਹਿਰਦੇ ਵਿਚ ਹੀ)
– ਮਲਾ ੧, ੬, ੨:੩ (1256)
ਹਿਆਲੀਐ –
“ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ।” (ਹਿਰਦੇ ਵਿਚ)
– ਮਾਰੂ ੫, ਅਸ ੭, ੪:੩ (1019)

ਹਿੰਸਾ ------ (ਸੰ.) ਨਿਰਦੈਤਾ, ਕਠੋਰਤਾ (ਕਿਸੇ ਨੂੰ ਮਾਰਨ/ਨੁਕਸਾਨ ਪਹੁੰਚਾਉਣ ਦੀ ਰੁਚੀ)
“ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ।”
– ਸਿਰੀ ੧, ੨੦, ੨:੨ (21)
“ਹਿੰਸਾ ਮਮਤਾ ਮੋਹੁ ਚੁਕਾਵੈ। (ਧਕਾ, ਜ਼ੁਲਮ)
– ਬਿਲਾ ੧, ਥਿਤੀ ੧੩:੨ (840)

ਹਿਕ ------ ਇਕ, ਹੋਰ ਵੇਖੋ ‘ਹਿਕਿ’, ‘ਹਿਕੁ’
“ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ।”
– ਜੈਤ ੫, ਛੰਤ ੧, ੨:੨ (703)
“ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ।”
– ਸੂਹੀ ੫, ਅਸ ੪, ੬:੨ (761)

ਹਿਕਸ ----- ਇਕ ਦੀ ਹੀ
“ਹਿਕਸ ਕੂੰ ਤੂ ਆਹਿ ਪਛਾਣੂ ਭੀ ਹਿਕੁ ਕਰਿ।”
– ਮਾਰੂ ੫, ਵਾਰ ੧੯ਸ, ੫, ੩:੧ (1101)

ਹੋਰ ਰੂਪ:

ਹਿਕਸੁ –
“ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ।”
– ਮਾਰੂ ੫, ਵਾਰ ੩ਸ, ੫, ੧:੨ (1095)

ਹਿਕਨੀ ----- ਇਕਨਾ ਨੇ
“ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ।”
– ਮਾਰੂ ੧, ਅਸ ੧੦, ੭:੧ (1015)

ਹਿਕਮਤਿ --- (ਅ. ਹਿਕਮਤ) ਚਤਰਾਈ, ਚਾਲਾਕੀ
“ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ।”
– ਗਉ ੫, ਬਾਅ ੫੦:੨ (260)
“ਕਰਮਿ ਮਿਲੈ ਤਾ ਪਾਈਐ ਹੋਰਿ ਹਿਕਮਤਿ ਹੁਕਮੁ ਖੁਆਰੁ।”
– ਆਸਾ ੧, ਵਾਰ ੪ਸ, ੧, ੨:੯ (465)

ਹੋਰ ਰੂਪ:

ਹਿਕਮਤੀ –
“ਲਾਖ ਹਿਕਮਤੀ ਜਾਨੀਐ।”
– ਗਉ ੫, ੧੪੨, ੨:੧ (211)

(2) ਚਤੁਰਾਈ, ਸਿਆਣਪ
“ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ।”
– ਮਲਾ ੧, ਵਾਰ ੨੭ਸ, ੧, ੨:੫ (1291)

ਹਿਕਿ ------ ਇਕ
“ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ।”
– ਮਾਰੂ ੧, ਅਸ ੧੦, ੭:੧ (1015)

ਹੋਰ ਰੂਪ:

ਹਿਕੁ –
“ਭੋਰੀ ਭਰਮੁ ਵਵਾਇ ਪਿਰੀ ਮੁਹਬਤਿ ਹਿਕੁ ਤੂ।”
– ਗਉ ੫, ਵਾਰ ੧੯ਸ, ੫, ੧:੧ (322)

ਹਿਕੋ –
“ਹਭੇ ਥੋਕ ਵਿਸਾਰਿ ਹਿਕੋ ਖਿਆਲੁ ਕਰਿ।” (ਇਕੋ ਦਾ ਹੀ)
– ਆਸਾ ੫, ੧੦੭, ੧:੧ (397)
“ਹਿਕੋ ਚਿਤਿ ਵਸਾਇ ਕਦੇ ਨ ਜਾਇ ਮਰਿ।” (ਇਕੋ ਨੂੰ ਹੀ)
– ਆਸਾ ੫, ੧੦੭, ੩:੨ (397)

ਹਿੰਙੁ ------ (ਸੰ.) ਪੌਦੇ ਤੋਂ ਰਸ ਰੂਪ ਵਿਚ ਨਿਕਲਿਆ ਇਕ ਗੰਧਦਾਰ ਪਦਾਰਥ ਜੋ ਔਸ਼ਧੀ ਵੀ ਹੈ ਤੇ ਦਾਲ ਸਬਜ਼ੀ ਵਿਚ ਤੜਕਾ ਲਾ ਕੇ ਵੀ ਵਰਤੀ ਜਾਂਦੀ ਹੈ
“ਫਰੀਦਾ ਰਹੀਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ।”
– ਸਲੋ ਫਰ, ੩੩:੨ (1379)

ਹਿਚਹਿ ----- ਜੇ ਰੁਕੇਂ/ਅੜੀ ਕਰੇਂ

"ਹਿਰਹਿ ਤ ਪ੍ਰੇਮ ਕੈ ਚਾਬੁਕ ਮਾਰਉ।"
– ਗਉ ਕਬ, ੩੧, ੨:੨ (329)

ਹਿੰਡੋਲੁ ----- ਰਾਤ ਦੇ ਪਹਿਲੇ ਪਹਿਰ ਵਿਚ ਗਾਇਆ ਜਾਣ ਵਾਲਾ ਕਲਿਆਣ ਠਾਟ ਦਾ ਇਕ ਔੜਵ ਰਾਗੁ ਜਿਸ ਦਾ ਜ਼ਿਕਰ ਕੇਵਲ ਰਾਗੁ ਮਾਲਾ ਵਿਚ ਹੈ
"ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ।"
– ਰਾਗ ੧:੨੩ (1430)

ਹਿਤ ------ (1) ਮੋਹ
"ਝੂਠ ਵਿਕਾਰਿ ਜਾਗੈ ਹਿਤ ਚੀਤੁ।"
– ਗਉ ੧, ੭, ੧:੨ (153)
"ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ।"
– ਦੇਵ ੯, ੩, ੧:੧ (536)
"ਝੂਠੀ ਜਗ ਹਿਤ ਕੀ ਚਤੁਰਾਈ।" (ਦੁਨਿਆਵੀ ਮੋਹ)
– ਮਾਰੂ ੧, ਸੋਲਾ ੨੦, ੭:੧ (1041)

(2) ਹਿਤੂ, ਪਿਆਰ ਕਰਨ ਵਾਲੇ
"ਸਰਣਿ ਸਮਾਈ ਦਾਸ ਹਿਤ ਊਚੇ ਅਗਮ ਅਪਾਰ।"
– ਗਉ ੫, ੧੧੬*, ੩:੨ (203)
"ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ।" (ਪਿਆਰ ਕਰਨ ਵਾਲਾ ਭਰਾ)
– ਧਨਾ ੫, ੧੧, ੩:੧ (673)
"ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ।" (ਹਿਤੂ)
– ਸਾਰ ੫, ੫੬, ੧:੧ (1215)

(3) ਪਿਆਰ
"ਹਿਤ ਕਰਿ ਨਾਮ ਦ੍ਰਿੜੈ ਦਇਆਲਾ।"
– ਗਉ ੫, ਬਾਅ ੫੧:੫ (260)
"ਮਾਧੋ ਅਬਿਦਿਆ ਹਿਤ ਕੀਨ।"
– ਆਸਾ ਰਵਿ, ੧, ੧*:੧ (486)

ਹੋਰ ਰੂਪ:

ਹਿੰਤ –
"ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।" (ਪਿਆਰ ਨਾਲ)
– ਸਨ ੫, ੮:੧ (1354)

(4) ਲਈ, ਵਾਸਤੇ
"ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ।"
– ਸਵ ੪, ਗਯੰ ੭:੨ (1402)

ਹਿਤਕਾਰਿ --- ਹਿਤਕਾਰੀ/ਪਿਆਰ ਵਾਲਾ ਹੋ ਕੇ
"ਰਾਜਨ ਰਾਮ ਰਵੈ ਹਿਤਕਾਰਿ।"
– ਰਾਮ ੧, ਓਐ ੧੦:੧ (931)

ਹਿਤਕਾਰੀ --- ਪ੍ਰੇਮੀ ਮੋਹਿਆ ਹੋਇਆ

“ਕਾਮੁ ਚਿਤੈ ਕਾਮਣਿ ਹਿਤਕਾਰੀ।”
– ਗਉ ੧, ਅਸ ੧੧, ੪:੧ (225)

ਹੋਰ ਰੂਪ:

ਹਿਤਕਾਰੁ –
“ਜਨਮਿ ਮਰੈ ਤ੍ਰੈ ਗੁਣ ਹਿਤਕਾਰੁ।” (ਪਿਆਰ ਕਰਨ ਵਾਲਾ)
– ਗਉ ੧, ੧੨, ੧:੧ (154)

ਹਿਤਕਾਰੇ –
“ਮਨਿ ਤਨਿ ਰਾਮ ਨਾਮ ਹਿਤਕਾਰੇ।” (ਪਿਆਰ ਕਰੀਏ)
– ਧਨਾ ੫, ੪੦, ੧*:੧ (680)

ਹਿਤਕਾਰੈ –
“ਨਾਮੁ ਅਮੋਲਾ ਪ੍ਰੀਤਿ ਨ ਤਿਸ ਸਿਉ ਪਰ ਨਿੰਦਾ ਹਿਤਕਾਰੈ।” (ਪਿਆਰ ਕਰੇ)
– ਸਾਰ ੫, ੧੦, ੧:੧ (1205)

ਹਿਤਨੋ ----- ਪਿਆਰ ਕਰਦਾ ਹੈਂ
“ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ।”
– ਗਉ ੫, ੧੪੮*, ੧:੧ (212)

ਹਿਤਾਨੀ ---- ਪਿਆਰੀਆਂ/ਚੰਗੀਆਂ ਲੱਗੀਆਂ
“ਪਰ ਧਨ ਪਰ ਅਪਵਾਦ ਨਾਰਿ ਨਿੰਦਾ ਯਹ ਮੀਠੀ ਜੀਅ ਮਾਹਿ ਹਿਤਾਨੀ।”
– ਸਮੁ ੫, ੧*:੪ (1387)

ਹਿਤਾਵੈ ----- ਪਿਆਰੀ ਲਗੈ, ਸੁਖਾਵੈ
“ਨਾਮ ਅਉਖਧੁ ਜਿਹ ਰਿਦੈ ਹਿਤਾਵੈ।”
– ਗਉ ੫, ਬਅ ੪੫:੩ (259)

ਹਿਤੁ ------ ਪਿਆਰ, ਪ੍ਰੇਮ
“ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ।”
– ਸਿਰੀ ੧, ਅਸ ੭, ੪:੧ (57)

ਹੋਰ ਰੂਪ:

ਹਿਤੈ –
“ਸਾਧਸੰਗਿ ਮਨਿ ਤਨਿ ਹਿਤੈ ਫਿਰਿ ਦੂਖੁ ਨ ਜਾਪੈ।” (ਪਿਆਰਾ ਲੱਗੇ)
– ਬਿਲਾ ੫, ੫੩, ੨:੨ (814)

ਹਿਤ੍ੰਤ ----- ਮੋਹ ਹੁੰਦਾ ਹੈ
“ਬਰਧੰਤਿ ਜਰੂਆ ਹਿਤ੍ੰਤ ਮਾਇਆ।”
– ਸਸ ੫, ੩:੨ (1354)

ਹਿੰਦਵਾਣੀ --- ਹਿੰਦੁਸਤਾਨ ਦੀ ਰਹਿਣ ਵਾਲੀ ਇਸਤ੍ਰੀ, ਹਿੰਦਣੀ
“ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।”
– ਆਸਾ ੧, ਅਸ ੧੨, ੬:੧ (418)

ਹੋਰ ਰੂਪ:

ਹਿਦਵਾਣੀਆ –
“ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ।”
– ਤਿਲੰ ੧, ੫, ੧:੬ (722)

ਹਿੰਦਵਾਣੀਆ –
“ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ।”
– ਆਸਾ ੧, ੧੧, ੬:੨ (417)

ਹਿਦੁਸਤਾਨੁ -- ਭਾਰਤ ਦੇਸ਼
“ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ।”
– ਤਿਲੰ ੧, ੫, ੨:੪ (723)

ਹੋਰ ਰੂਪ:

ਹਿੰਦੁਸਤਾਨੁ –
“ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।”
– ਆਸਾ ੧, ੩੯, ੧:੧ (360)

ਹਿੰਦੂ ------ ਵੇਦਾਂ ਦੇ ਧਰਮ ਨੂੰ ਮੰਨਣ ਵਾਲਾ, ਭਾਰਤ/ਹਿੰਦੁਸਤਾਨ ਦਾ ਵਸਨੀਕ
“ਜਾਤਿ ਵਰਨ ਤੁਰਕ ਅਰੁ ਹਿੰਦੂ।” (ਹਿੰਦੁਸਤਾਨ ਦਾ ਵਸਨੀਕ)
– ਗਉ ੫, ਅਸ ੪, ੫:੧ (237)
“ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ।”
– ਗਉ ਕਬ, ਬਾਅ ੫:੧ (340)

ਹਿਮਕਰ ---- ਮਘਰ – ਪੋਹ ਦੀ ਰੁਤ, ਬਰਫ ਪੈਣ ਵਾਲੀ ਰੁਤ
“ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।”
– ਰਾਮ ੫, ਰੁਤੀ ੭:੧ (929)

ਹਿਰਹਿ ----- (1) ਦੂਰ ਹੋਣ, ਮਿਟ ਜਾਣ
“ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ।”
– ਸਿਰੀ ੫, ੮੩, ੩:੧ (47)
“ਕੋਟਿਕ ਪਾਪ ਪੁੰਨ ਬਹੁ ਹਿਰਹਿ।” (ਦੂਰ ਹੁੰਦੇ ਹਨ)
– ਭੈਰ ਕਬ, ਅਸ ੨, ੪:੩ (1163)
(2) ਚੁਰਾਂਦੇ ਹਨ
“ਮਿਥਿਆ ਹਸਤ ਪਰ ਦਰਬ ਕਉ ਹਿਰਹਿ।”
– ਗਉ ੫, ਸੁਖ ੫, ੫:੨ (269)

ਹਿਰਡ ----- ਅਰਿੰਡ, ਇਕ ਬਦਬੋਦਾਰ ਬੂਟਾ
“ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ।”
– ਬਿਲਾ ੪, ਅਸ ੨, ੧:੨ (834)

ਹਿਰਣੰ ----- ਚੁਰਾਂਦੇ ਹਨ
“ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ।”
– ਸਸ ੫, ੬੬:੧ (1360)

ਹਿਰਤ ----- (ਸੰ.) ਲੁੱਟ ਕੇ/ ਚੁਰਾ ਕੇ ਲੈ ਜਾਣਾ
"ਜਿਉ ਚੋਰੁ ਹਿਰਤ ਨਿਸੰਗ।"
– ਬਿਲਾ ੫, ਅਸ ੨, ੮:੨ (838)

ਹੋਰ ਰੂਪ:

ਹਿਰਤੇ –
"ਕਾਈ ਆਸ ਨ ਪੁੰਨੀਆ ਨਿਤ ਪਰ ਮਲੁ ਹਿਰਤੇ।" (ਚੁਰਾਂਦੇ ਹਨ)
– ਗਉ ੪, ਵਾਰ ੩੨:੪ (317)
(ਸ਼ਬਦਾਰਥ ਇਸ ਦੇ ਅਰਥ ਜੀਵ ਹੱਤਿਆ ਕਰਦਾ ਹੈ)
"ਕਾਹੂ ਬਿਹਾਵੈ ਜੀਆਇਹ ਹਿਰਤੇ।"
– ਰਾਮ ੫, ਅਸ ੩, ੬:੨ (914)

(2) ਲੁਟਿਆ ਜਾ ਰਿਹਾ ਹੈ
"ਮੂਸਨ ਮਰਮੁ ਨ ਜਾਨਈ ਮਰਤ ਹਿਰਤ ਸੰਸਾਰ।"
– ਚਉ ੫, ੬:੧ (1364)

(3) ਦੂਰ ਕਰਨਾ
"ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧੵਾਈਐ।"
– ਸਵ ੪, ਕਲ ੧੫:੩ (1401)

ਹਿਰਦਾ ----- (ਸੰ. ੍ਰ) ਮਨ, ਦਿਲ ਆਤਮਾ
"ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ।"
– ਸਿਰੀ ੩, ੩੭, ੫:੨ (28)

ਹੋਰ ਰੂਪ:

ਹਿਰਦੇ –
"ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ।" (ਦਿਲ ਵਿਚ)
– ਮਾਝ ੫, ਅਸ ੩੫, ੨:੨ (130)
"ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ।"
– ਆਸਾ ਧੰਨਾ, ੨, ੩:੨ (488)

ਹਿਰਦੈ –
"ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ।" (ਦਿਲ ਵਿਚ)
– ਸਿਰੀ ੧, ੪, ੪:੧ (15)

ਹਿਰਦੇ ----- (1) ਦਿਲ ਵਿਚ, ਵੇਖੋ 'ਹਿਰਦਾ'
(2) ਛਾਤੀ (ਮਹਾਨਕੋਸ਼)
"ਜੈਸੋ ਆਂਡੋ ਹਿਰਦੇ ਮਾਹਿ।" (ਪੰਛੀ ਆਂਡੇ ਆਪਣੀ ਛਾਤੀ ਹੇਠ ਰੱਖਦੇ ਹਨ)
– ਮਾਲੀ ੫, ੩, ੩:੩ (987)
('ਸ਼ਬਦਾਰਥ' ਤੇ 'ਦਰਪਣ' ਅਰਥ 'ਹਿਰਦੇ ਵਿਚ' ਹੀ ਕਰਦੇ ਹਨ)

ਹਿਰਨ ----- (1) (ਸੰ.) ਸੋਨਾ
"ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ।"

– ਰਾਮ ਰਵਿ, ੧, ੧:੨ (973)

ਹੋਰ ਰੂਪ:

ਹਿਰਨੁ –
"ਲੋਹਾ ਹਿਰਨੁ ਹੋਵੈ ਸੰਗਿ ਪਾਰਸ ਗੁਨੁ ਪਾਰਸ ਕੋ ਹੋਇ ਆਵੈਗੋ।"
– ਕਾਨ ੪, ਅਸ ੬, ੧*:੨ (1311)

(2) (ਸੰ) ਚੁਰਾਣ, ਵੇਖੋ 'ਹਰਣ'
"ਪਰ ਦਰਬੁ ਹਿਰਨ ਕੀ ਬਾਨੀ।"
– ਪ੍ਰਭਾ ਬੇਣੀ, ੧, ੨:੪ (1351)

ਹਿਰਾਏ ----- ਤਕਦਾ ਫਿਰਦਾ ਹੈ
"ਕਾਨ ਫਰਾਇ ਹਿਰਾਏ ਟੂਕਾ।"
– ਪ੍ਰਭਾ ੫, ਅਸ ੨, ੫:੧ (1348)

ਹਿਰਾਨੀ ---- ਨਾਸ ਹੋ ਗਈ, ਮੁਕ ਗਈ
"ਪੂੰਜੀ ਹਿਰਾਨੀ ਬਨਜੁ ਟੂਟ।" (ਸੁਆਸਾਂ ਦੀ ਰਾਸ ਮੁਕ ਗਈ)
– ਬਸੰ ਕਬ, ੬, ੩:੧ (1195)

ਹਿਰਾਨੋ ----- ਠਗੇ ਗਏ
"ਬਹੁ ਬਿਧਿ ਮਾਇਆ ਮੋਹ ਹਿਰਾਨੋ।"
– ਮਲਾ ੫, ੧੫, ੧*:੧ (1269)

ਹਿਰਿ ------ (1) ਚੁਰਾ (ਲਏ)
"ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ।"
– ਗਉ ੯, ੪, ੧:੨ (219)

(2) ਨਾਸ ਹੋਇਆ, ਡਿਗ ਪਿਆ
"ਕਈ ਜਨਮ ਗਰਭ ਹਿਰਿ ਖਰਿਆ।"
– ਗਉ ੫, ੭੨, ੨:੨ (176)

(3) ਖੋਹ (ਲਏ)
"ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।"
– ਗਉ ੫, ਸੁਖ ੫, ੧:੩ (268)
"ਹਿਰਿ ਲਇਆ ਮੁਠੀ ਦੂਜੈ ਭਾਇ।" (ਖੋਹਿਆ/ਜਾਇਆ ਹੋ ਜਾਂਦਾ ਹੈ)
– ਸੋਰ ੪, ਵਾਰ ੧੭ਸ, ੩, ੧:੨ (648)

ਹਿਰਿਓ ----- (1) ਲੁਟਿਆ ਹੋਇਆ ਭਾਵ ਗੁਮਰਾਹ ਕੀਤਾ ਹੋਇਆ
"ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ।" ('ਮਾਨ' ਦਾ ਗੁਮਰਾਹ ਕੀਤਾ ਹੋਇਆ)
– ਗਉ ਕਬ, ੫੬, ੨:੨ (335)

(2) ਦੂਰ ਹੋ ਗਿਆ, ਨਾਸ ਹੋ ਗਿਆ
"ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ।"
– ਮਾਰੂ ਨਾਮ, ੧, ੨:੨ (1105)

ਹੋਰ ਰੂਪ:

ਹਿਰਿਆ –
“ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ।” (ਦੂਰ ਹੋਏ, ਚੁਰਾਏ ਗਏ)
– ਸਿਰੀ ੪, ਵਾਰ ੧੧:੪ (87)

ਹਿਰੀਆ ---- ਚੁਰਾਉਂਦਾ ਹੈ
“ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ।”
– ਸੂਹੀ ੫, ੪੪, ੨:੧ (746)

ਹਿਰੇ ------ (1) ਦੂਰ ਹੋਏ
“ਕੋਟਿ ਬਿਘਨ ਹਿਰੇ ਖਿਨ ਮਾਹਿ।”
– ਗਉ ੫, ੧੪੯, ੧:੧ (195)
(2) ਚੁਰਾਂਦੀ ਹੈ
“ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮੁ ਸਾਸ ਹਿਰੇ।” (ਮੌਤ ਸਵਾਸ ਚੁਰਾਓਂਦੀ ਹੈ)
– ਆਸਾ ੪, ਛੰਤ ੨੧, ੨:੩ (452)

ਹਿਰੈ ------ (1) ਖੋਂਹਦਾ ਹੈ
“ਕਲਾ ਧਰੈ ਹਿਰੈ ਸੁਈ।”
– ਮਾਝ ੧, ਵਾਰ ੧੩ਸ, ੧, ੭:੩ (144)
(2) ਦੂਰ ਕਰਦਾ ਹੈ
“ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ।”
– ਗਉ ੫, ਸੁਖ ੧੮, ੧:੩ (286)
“ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ।” (ਦੂਰ ਹੋਵੇ)
– ਗਉ ੫, ਥਿਤੀ ੨:੫ (297)
(3) ਖਿਚ ਪਾ ਰਿਹਾ ਹੈ
“ਪ੍ਰਿਅ ਪ੍ਰੀਤਮ ਬੈਰਾਗੁ ਹਿਰੈ।”
– ਆਸਾ ੫, ੧੧, ੧*:੨ (373)
(4) (ਧਿਆਨ ਨਾਲ) ਵੇਖਣਾ
“ਸੋਨਾ ਗਢਤੇ ਹਿਰੈ ਸੁਨਾਰਾ।”
– ਗੋਂਡ ਨਾਮ, ੨, ੨:੨ (873)
(5) ਠਗਦੀ ਹੈ
“ਹੋਂਦੀ ਕਉ ਅਣਹੋਂਦੀ ਹਿਰੈ।”
– ਰਾਮ ੫, ੫੪, ੨:੪ (900)
“ਦਰਬੁ ਹਿਰੈ ਮਿਥਿਆ ਕਰਿ ਖਾਇ।” (ਚੁਰਾਂਦਾ ਹੈ)
– ਭੈਰ ੫, ੧੬, ੧:੨ (1139)
(6) ਨਾਸ ਹੋਣਾ
“ਜਉ ਗੁਰਦੇਉ ਕੰਧੁ ਨਹੀ ਹਿਰੈ।”
– ਭੈਰ ਨਾਮ, ੧੧, ੬:੧ (1167)

ਹਿਲਿਆ ---- ਗਿਝਿਆ, ਪਰਚਿਆ
“ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ।”
– ਗਉ ੫, ਛੰਤ ੪, ੪:੧ (249)

ਹੋਰ ਰੂਪ:

ਹਿਲੈ –
"ਬਹੁਰਿ ਨ ਛੋਡੈ ਹਰਿ ਸੰਗਿ ਹਿਲੈ।" (ਹਿਲ/ਗਿੱਝ ਜਾਂਦਾ ਹੈ)
– ਗਉ ੫, ਅਸ ੨, ੫:੨ (236)

ਹਿਵ ------ (ਸੰ.) ਬਰਫ (ਵਰਗਾ), ਹੋਰ ਵੇਖੋ 'ਹਿਵੈ'
"ਗੁਰ ਹਿਵ ਸੀਤਲੁ ਅਗਨਿ ਬੁਝਾਵੈ।"
– ਆਸਾ ੧, ਅਸ ੧, ੪:੧ (411)

ਹਿਵਾਲੇ ----- ਹਿਮਾਲਿਆ ਪਰਬਤ (ਦੀ ਬਰਫ)
"ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ।"
– ਰਾਮ ਨਾਮ, ੪, ੨:੨ (973)

ਹਿਵੈ ------ ਬਰਫ ਦਾ
"ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ।"
– ਮਾਝ ੧, ਵਾਰ ੧ਸ, ੧, ੧:੧ (137)

ਹੀ -------- (1) ਕੇਵਲ, ਫਕਤ, ਸਿਰਫ
"ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ।"
– ਗਉ ੪, ਸੋਹਾ ੪, ੪:੨ (13)
"ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ।"
– ਸਿਰੀ ੫, ੭੬, ੪:੨ (44)
"ਨਾਮੇ ਹੀ ਸੁਖੁ ਉਪਜੈ ਨਾਮੇ ਸਰਣਾਈ।"
– ਆਸਾ ੩, ਅਸ ੨੯, ੫:੨ (426)
(2) ਸਵੈ, ਆਤਮ (ਛਕ;f)
"ਆਪੇ ਬੀਜਿ ਆਪੇ ਹੀ ਖਾਹੁ।" (ਢਰਚਗਤਕ;f)
– ਜਪੁ ੧, ੨੦:੯ (4)
"ਸਭ ਕੋ ਤੁਮ ਹੀ ਤੇ ਵਰਸਾਵੇ ਅਉਸਰੁ ਕਰਹੁ ਹਮਾਰਾ ਪੂਰਾ ਜੀਉ।" (Yourself)
– ਮਾਝ ੫, ੧੮, ੨:੩ (99)
(3) Very itself, ਨਿਸਚੇ ਸੂਚਕ ਅਵਯ
"ਤੂੰ ਦਰਿਆਉ ਸਭ ਤੁਝ ਹੀ ਮਾਹਿ।"
– ਆਸਾ ੪, ਸੋਪੁ ੨, ੨:੧ (11)
"ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।" (on the very heart or the heart itself)
– ਸਿਰੀ ੪, ਵਾਰ ੫ਸ, ੩, ੧:੧ (84)
"ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ।" (it self)
– ਸਿਰੀ ੪, ਵਾਰ ੧੨ਸ, ੩, ੨:੫ (87)
(4) ਜੋਰ ਦੇਣ ਲਈ ਵਰਤਿਆ ਜਾਂਦਾ ਅਗੇਤਰ/ਪਛੇਤਰ
"ਹਰਿ ਗੁਨ ਸਦ ਹੀ ਆਖਿ ਵਖਾਣੈ।"
– ਆਸਾ ੪, ਸੋਪੁ ੨, ੩:੨ (11)
"ਸਹਜੇ ਹੀ ਹਰਿ ਨਾਮਿ ਸਮਾਇਆ।"
– ਆਸਾ ੪, ਸੋਪੁ ੨, ੩:੪ (11)

"ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ।" (ਪਛੇਤਰ, ਉਨ੍ਹਾਂ ਵਰਗੀ)
– ਸਿਰੀ ੩, ੬੧, ੧:੪ (38)

(5) ਵੀ

"ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ।" (ਕਿਸੇ ਨੂੰ ਵੀ)
– ਸਿਰੀ ੫, ੭੧, ੨:੩ (42)

"ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ (ਕਦੇ ਵੀ)
– ਸਿਰੀ ੫, ੭੫, ੨:੨ (43)

"ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ।"
– ਗਉ ੧, ੧੩, ੪:੨ (155)

"ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ।"
– ਆਸਾ ੫, ੯, ੧:੨ (373)

"ਯਯੈ ਜਨਮੁ ਨ ਹੋਵੀ ਕਦ ਹੀ ਜੇ ਕਰਿ ਸਚੁ ਪਛਾਣੈ।"
– ਆਸਾ ੧, ਪਟੀ ੨੯:੧ (434)

(6) ਸਾਰ

"ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।" (ਵੇਖ ਕੇ, ਵੇਖਣ ਸਾਰ)
– ਸਿਰੀ ਕਬ, ੧, ੧:੨ (92)

"ਨੇਤ੍ਰ ਪੁਨੀਤ ਪੇਖਤ ਹੀ ਦਰਸ।" (ਦਰਸਨ ਦੇਖਦੇ ਸਾਰ ਹੀ)
– ਗਉ ੫, ੧੧੦*, ੨:੧ (201)

"ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ਪਤਿਤ ਪਵਿਤ ਭਏ ਰਾਮੁ ਕਹਤ ਹੀ।"
– ਟੋਡੀ ਨਾਮ, ੨, ੧*:੧;੨ (718)

(7) ਹੈ

"ਤੇਰਾ ਸਬਦੁ ਤੂੰਹੈ ਹਹਿ ਆਪੇ ਭਰਮੁ ਕਹਾ ਹੀ।"
– ਗਉ ੩, ੩੫, ੪:੧ (162)

"ਨਾ ਜਾਨਾ ਬੈਕੁੰਠ ਕਹਾ ਹੀ।"
– ਗਉ ਕਬ, ੧੦, ੧*:੧ (325)

(8) ਨੇ (ਭਾਵ)

"ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ।"
– ਗਉ ੫, ੧੩੦*, ੨:੧ (207)

"ਜਿਸ ਕਾ ਸਾ ਤਿਨ ਹੀ ਰਖਿ ਲੀਆ ਪੂਰਨ ਪ੍ਰਭ ਕੀ ਭਾਤੀ।"
– ਧਨਾ ੫, ੪੩, ੨:੧ (681)

(9) ਤੋਂ

"ਮਨ ਹੀ ਮਨ ਸਵਾਰਿਆ ਭੈ ਸਹਜਿ ਸੁਭਾਇ।"
– ਗਉ ੩, ਅਸ ੮, ੧:੧ (232)

"ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ।" (ਜਦੋਂ ਤੋਂ)
– ਸੋਰ ੯, ੪, ੨:੧ (632)

(10) ਵਿਚ

"ਸਭ ਗੁਣ ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ।"
– ਗਉ ੫, ਅਸ ੧੨, ੪:੨ (241)

“ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ।”
– ਧਨਾ ੫, ੧੧, ੩:੨ (673)

(11) ਤਰਾਂ, ਪ੍ਰਕਾਰ (ਭਾਵ)
“ਜਿਉ ਤੂੰ ਰਾਖਹਿ ਤਿਵ ਹੀ ਰਹਣਾ ਦੁਖੁ ਸੁਖੁ ਦੇਵਹਿ ਕਰਹਿ ਸੋਈ।”
– ਆਸਾ ੧, ੨੨, ੩:੨ (356)

(12) ਨੂੰ
“ਜਿਸਹਿ ਪਰਾਪਤਿ ਤਿਸ ਹੀ ਦੇਹਿ।”
– ਆਸਾ ੫, ੨੭, ੨:੪ (377)
“ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ।”
– ਰਾਮ ੫, ਵਾਰ ੧੮ਸ, ੨, ੧:੧ (955)
“ਕਿਸੀ ਹੀ ਮੰਦਾ ਆਖਿ ਨ ਚਲੈ ਸਚਿ ਖਰਾ ਸਚਿਆਰਾ ਹੇ।”
– ਮਾਰੂ ੧, ਸੋਲਾ ੭, ੧੪:੩ (1027)

(13) ਦਾ
“ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕ ਤੂ।”
– ਸੂਹੀ ੩, ਵਾਰ ੨੦ਸ, ੨, ੧:੧ (791)

(14) ਹਿਰਦਾ, ਮਨ (ਕੇਵਲ ‘ਮਹਾਨਕੋਸ਼’)
“ਪੇਖਿ ਨਿਕਟਿ ਕਰਿ ਸੇਵਾ ਸਤਿਗੁਰ ਹਰਿ ਕੀਰਤਨਿ ਹੀ ਤ੍ਰਿਪਤਾਵੈ।”
– ਸੋਰ ੫, ੧੬, ੧*:੨ (613)
“ਸੁਨਿ ਸੁਨਿ ਹੀ ਡਰਾਇਆ।”
– ਸੂਹੀ ੫, ੪੬, ੨:੧ (746)
(ਬਾਕੀਆਂ ਨੇ ‘ਕੇਵਲ’ ‘ਫਕਤ’ ਦੇ ਅਰਥਾਂ ਵਿਚ ਹੀ ਲਿਆ ਹੈ)

(15) ਹੈਂ (ਭਾਵ)
“ਤੂ ਕਹੀਅਤ ਹੀ ਆਦਿ ਭਵਾਨੀ।”
– ਗੋਂਡ ਨਾਮ, ੬, ੪:੧ (874)

ਹੀਉ ------ ਦਿਲ, ਹਿਰਦਾ
“ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ।”
– ਆਸਾ ੫, ਛੰਤ ੪, ੪:੧ (455)

ਹੋਰ ਰੂਪ:

ਹੰੀਉ –
“ਹੰੀਉ ਅਰਾਪਉਂ ਦੇਹੁ ਸਦੇਸਾ।”
– ਸਾਰ ੫, ਛੰਤ ੧, ੩:੨ (1237)

ਹੀਂਉ –
“ਇਹੁ ਤਨੁ ਤੁਮ੍ਰਾ ਸਭੁ ਗ੍ਰਿਹੁ ਧਨੁ ਤੁਮਰਾ ਹੀਂਉ ਕੀਓ ਕੁਰਬਾਨਾਂ।”
– ਸਾਰ ੫, ੪੬, ੧:੨ (1213)

ਹੀਓ –
“ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਹੀਓ।”
– ਆਸਾ ੫, ੪੭, ੪:੨ (383)

ਹੀਂਓ –
“ਹੀਂਓ ਦੇਂਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ।”

– ਸਾਰ ੫, ੫, ੨:੨ (1204)

ਹੀਅ –
"ਸਕਯਥ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ।"
– ਸਵ ੩, ੧੦:੬ (1394)

ਹੰੀਅ –
"ਜੀਅ ਹੰੀਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ।"
– ਸਾਰ ੫, ੧੭, ੨:੧ (1207)

ਹੀਅਉ –
"ਅੰਗਦਿ ਅਨੰਤ ਮੂਰਤਿ ਨਿਜ ਧਾਰੀ ਅਗਮ ਗੵਾਨਿ ਰਸਿ ਰਸੵਉ ਹੀਅਉ।"
– ਸਵ ੪, ਬਲ ੨:੨ (1405)

ਹੀਅਰਾ ---- ਦਿਲ
"ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ।"
– ਗਉ ੪, ੬੧, ੩:੧ (171)

ਹੋਰ ਰੂਪ:

ਹੀਅਰੇ –
"ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ।"
– ਗੁਜ ੫, ੧੩, ੧*:੨ (498)

ਹੀਅਰੈ –
"ਜਿਨ ਗੁਰਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ।" (ਦਿਲ ਵਿਚ)
– ਗਉ ੪, ੬੧, ੨:੨ (171)

ਹੀਅਰੋ –
"ਕਿਨ ਬਿਧਿ ਹੀਅਰੋ ਧੀਰੈ ਨਿਮਾਨੋ।" (ਮਨ)
– ਸੂਹੀ ੫, ੫, ੧*:੧ (737)

ਹੀਅੜਾ ---- ਹਿਰਦਾ, ਦਿਲ
"ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ।"
– ਗੁਜ ੫, ਵਾਰ ੯ਸ, ੫ ੧:੨ (520)

ਹੋਰ ਰੂਪ:

ਹੀਅੜੇ –
"ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ।" (ਦਿਲ ਵਿਚ)
– ਮਾਰੂ ੩, ਵਾਰ ੪ਸ, ੩, ੨:੨ (1088)

ਹੀਆ ------ ਦਿਲ, ਹਿਰਦਾ
"ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ।"
– ਬਿਲ ੫, ਛੰਤ ੩, ੪:੩ (847)

ਹੋਰ ਰੂਪ:

ਹੀਐ –
"ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ।" (ਦਿਲ ਵਿਚ)
– ਗਉ ੫, ੧੩੪*, ੩:੨ (208)

ਹੀਐਂ –
“ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ।”
– ਸਾਰ ੫, ੬੬, ੧:੨ (1217)

ਹੀਏ ------ ਦਿਲ, ਮਨ
“ਨਿਮਖ ਨ ਬਿਸਰਉ ਹੀਏ ਮੋਰੇ ਤੇ ਬਿਸਰਤ ਜਾਈ ਹਉ ਮਰਤ।”
– ਦੇਵ ੫, ੩, ੧:੨ (529)

ਹੀਗੁ ------ ਪੌਦੇ ਤੋਂ ਰਸ ਦੇ ਰੂਪ ਵਿਚ ਨਿਕਲਿਆ ਇਕ ਗੰਧਦਾਰ ਪਦਾਰਥ, ਵੇਖੋ ‘ਹਿੰਙੁ’
“ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ।”
– ਟੋਡੀ ਨਾਮ, ੩, ੨:੨ (718)

ਹੋਰ ਰੂਪ:

ਹੀਂਗੁ –
“ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ।”
– ਟੋਡੀ ਨਾਮ, ੩, ੨:੧ (718)

ਹੀਗੈ ------ ਹੀਂਗੇ, ਖੋਤੇ ਦਾ ਉਚੀ ਸੁਰ ਵਿਚ ਆਵਾਜ਼ ਕਢਣਾ
“ਨਿਤ ਉਠਿ ਹਾਸੈ ਹੀਗੈ ਮਰੈ।”
– ਗਉ ਕਬ, ੧੪, ੧:੨ (326)

ਹੀਡੁ ------ (ਨਿਪਾਲੀ–ਤੁਰਨਾ), ਚਾਲ
“ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ।”
– ਮਾਰੂ ੩, ਵਾਰ ੧੪ਸ, ੧, ੧:੧ (1090)

ਹੀਡੋਲੀ ----- (ਸੰ.) ਝੂਲਾ, ਡੋਲੀ, ਪਾਲਕੀ
“ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ।”
– ਆਸਾ ੧, ਅਸ ੧੧, ੨:੨ (417)

ਹੀਣ ------ (ਸੰ.) (1) ਵਿਹੂਣ, ਰਹਿਤ, ਬਿਨਾ
“ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣੁ ਭਰਮਾਇ।”
– ਗਉ ੪, ਵਾਰ ੨੩ਸ, ੪, ੧:੧ (313)

ਹੋਰ ਰੂਪ:

ਹੀਣੰ –
“ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ।”
– ਜੈਤ ੫, ਵਾਰ ੪ਸ, ੫, ੧:੨ (706)

ਹੀਣਸੵ –
“ਗੁਰ ਮੰਤ੍ਰ ਹੀਣਸੵ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।” (ਵਿਹੂਣਾ)
– ਸਸ ੫, ੩੩:੧ (1356)

(2) ਨੀਵੀਂ, ਥੋੜੀ, ਘਟ
“ਹਮ ਨੀਚ ਹੋਤੇ ਹੀਣ ਮਤਿ ਝੂਠੇ ਤੂ ਸਬਦਿ ਸਵਾਰਣਹਾਰਾ।”
– ਮਲਾ ੧, ੩, ੩:੩ (1255)

ਹੋਰ ਰੂਪ:

ਹੀਣਉ –
“ਹੀਣਉ ਨੀਚੁ ਕਰਉ ਬੇਨੰਤੀ ਸਾਚੁ ਨ ਛੋਡਉ ਭਾਈ।” (ਤੁਛ, ਨੀਵੀਂ)
– ਸੂਹੀ ੧, ਛੰਤ ੫, ੯:੫ (767)

ਹੀਣਾ ------ ਬਲਹੀਣ, ਕਮਜ਼ੋਰ, ਮਾੜਾ
“ਨ ਕੋਈ ਸੂਰੁ ਨ ਕੋਈ ਹੀਣਾ ਸਭ ਪ੍ਰਗਟੀ ਜੋਤਿ ਤੁਮ੍ਾਰੀ।”
– ਰਾਮ ੫, ਅਸ ੮, ੫:੧ (916)

ਹੋਰ ਰੂਪ:

ਹੀਣੁ –
“ਨਾ ਕੋ ਹੀਣੁ ਨਾਹੀ ਕੋ ਸੂਰਾ।”
– ਗਉ ੫, ਅਸ ੬, ੮:੨ (238)

ਹੀਣੁ ------ (1) ਕਮਜ਼ੋਰ, ਮਾੜਾ ਵੇਖੋ ‘ਹੀਣਾ’
(2) ਵਿਹੂਣਾ, ਰਹਿਤ
“ਭਗਤਿ ਹੀਣੁ ਨਾਨਕ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ।”
– ਬਿਲਾ ੧, ੧, ੪:੨ (795)

ਹੀਣੌ ------ ਖਾਲੀ, ਨਿਕੰਮਾ, ਗੁਣਾਂ ਤੋਂ ਵਿਹੂਣਾ
“ਹੀਣੌ ਨੀਚੁ ਬੁਰੌ ਬੁਰਿਆਰੁ।”
– ਪ੍ਰਭਾ ੧, ੧੨, ੪:੨ (1331)

ਹੀਤ ------ (1) ਪਿਆਰ, ਵੇਖੋ ‘ਹਿਤ’ (3)
“ਭਗਤ ਭਾਇ ਲਾਵੈ ਮਨ ਹੀਤ।”
– ਗਉ ੫, ਸੁਖ ੨੦, ੭:੮ (290)
“ਹੀਤ ਚੀਤ ਸਭ ਪ੍ਰਾਨ ਧਨ ਨਾਨਕ ਦਰਸਾਰੀ।” (ਹਿਤ, ਲਗਨ)
– ਬਿਲਾ ੫, ੪੦, ੪:੨ (810)
“ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਸ ਤੀਖ੍ਣ ਕਠਿਨਹ।” (ਮੋਹ ਲਗਾਉ)
– ਸਸ ੫ ੫੮:੩ (1359)

ਹੋਰ ਰੂਪ:

ਹੀਤੰ –
“ਘਟੰਤ ਲਲਨਾ ਸੁਤ ਭ੍ਰਾਤ ਹੀਤੰ।”
– ਸਸ ੫, ੯:੩ (1354)

ਹੀਤੁ –
“ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ।”
– ਗਉ ੫, ੮੭, ੧:੨ (181)

(2) ਪਿਆਰਾ, ਹਿਤੂ
“ਪ੍ਰਾਨ ਮੀਤ ਹੀਤ ਧਨੁ ਮੇਰੈ ਨਾਨਕ ਸਦ ਬਲਿਹਾਰੇ।”
– ਆਸਾ ੫, ੪੫, ੪:੨ (382)
“ਮੀਤ ਹੀਤ ਧਨੁ ਨਹ ਪਾਰਣਾ।” (ਹਿਤੂ, ਪਿਆਰਾ)
– ਭੈਰ ੫, ੬, ੩:੧ (1137)

ਹੀਨ ------ (ਸੰ.) (1) ਨੀਚ, ਵੇਖੋ 'ਹੀਣਾ'

"ਤਿਨ ਕੇ ਕਰਮ ਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ।"

- ਗਉ ੪, ੫੬, ੩:੨ (170)

"ਰਾਜੰ ਤ ਮਾਨੰ ਅਭਿਮਾਨੰ ਤ ਹੀਨੰ।" (ਹੀਣਾ)

- ਸਸ ੫, ੧੨:੩ (1355)

(2) ਵਿਹੂਣਾ, ਰਹਿਤ

"ਸੰਤ ਕੈ ਦੂਖਨਿ ਸੋਭਾ ਤੇ ਹੀਨ।"

- ਗਉ ੫, ਸੁਖ ੧੩, ੧:੬ (279)

"ਕਰਿ ਕਿਰਪਾ ਰਖਿ ਲੇਵਹੁ ਮੇਰੇ ਠਾਕੁਰ ਹਮ ਪਾਥਰ ਹੀਨ ਅਕਰਮਾ।" (ਖਾਲੀ, ਗੁਣਾਂ ਤੋਂ ਰਹਿਤ)

- ਬਿਲਾ ੪, ੨, ੧:੨ (799)

(3) ਫੋਕੀ, ਨਿਕੰਮੀ

"ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ।"

- ਸਾਰ ੧, ੧, ੨:੧ (1197)

ਹੀਨਤ ----- ਤੁੱਛ

"ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ।"

- ਕਾਨ ੫, ੩੦, ੨:੧ (1303)

ਹੀਨੜੀ ----- ਨੀਵੀਂ

"ਹੀਨੜੀ ਜਾਤਿ ਮੇਰੀ ਜਾਦਿਮ ਰਾਇਆ।"

- ਭੈਰ ਨਾਮ, ੬, ੧*:੧ (1164)

ਹੀਨਾ ------ (1) ਕਮਜ਼ੋਰ, ਖਾਲੀ

"ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ।"

- ਸਿਰੀ ੫, ਛੰਤ ੩, ੪:੧ (80)

"ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ।"

- ਭੈਰ ੧, ੩, ੧:੧ (1125)

(2) ਵਿਹੂਣਾ –

ਪੂਰਬ ਜਨਮ ਹਉ ਤਪ ਕਾ ਹੀਨਾ।"

- ਗਉ ਕਬ, ੧੫, ੧:੨ (326)

ਹੋਰ ਰੂਪ:

ਹੀਨੀ –

"ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।" (ਵਿਹੂਣੀ)

- ਗਉ ੫, ੧੧੮*, ੧:੧ (204)

(3) ਨੀਵਾਂ, ਮਾੜਾ

"ਸਭ ਊਤਮ ਕਿਸੁ ਆਖਉ ਹੀਨਾ।"

- ਬਸੰ ੧, ਅਸ ੪, ੧*:੧ (1189)

ਹੋਰ ਰੂਪ:

ਹੀਨੁ –

"ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ।"
-ਬਿਲਾ ੫, ੫੦, ੧:੧ (813)

ਹੀਨੁ ------ (1) ਵਾਂਜਿਆ ਹੋਇਆ, ਵਿਹੂਣਾ ਕੀਤਾ ਹੋਇਆ
"ਸੰਤ ਕਾ ਨਿੰਦਕੁ ਰਾਜ ਤੇ ਹੀਨੁ।"
- ਗਉ ੫, ਸੁਖ ੧੩, ੩:੫ (280)
(2) ਨੀਚ, ਨੀਵਾਂ, ਵੇਖੋ 'ਹੀਨਾ' (3)

ਹੀਰ ------ (ਸੰ.) ਹੀਰਾ
"ਗੰਭੀਰ ਧੀਰ ਨਾਮ ਹੀਰ ਊਚ ਮੂਚ ਅਪਾਰੰ।"
- ਰਾਮ ੫, ੫੯, ੨:੧ (901)

ਹੀਰਨ ----- ਹੀਰਿਆਂ (ਭਾਵ ਪ੍ਰਭੂ ਦੇ ਗੁਣਾਂ) ਦੀ
"ਜਬ ਹੀ ਪਾਈਅਹਿ ਪਾਰਖੂ ਤਬ ਹੀਰਨ ਕੀ ਸਾਟ।"
- ਸਲੋ ਕਬ, ੧੬੨:੨ (1373)

ਹੀਰਾ ------ ਅਣਮੋਲ/ਕੀਮਤੀ ਪੱਥਰ
"ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ।"
- ਸਿਰੀ ੧, ੯, ੨:੨ (17)
"ਭਾਈ ਰੇ ਹਰਿ ਹੀਰਾ ਗੁਰ ਮਾਹਿ।" (ਨਾਮ ਰੂਪੀ ਹੀਰਾ)
- ਸਿਰੀ ੧, ੨੧, ੧*:੧ (22)
"ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ।" (ਹਰਿ ਨਾਮ ਰੂਪੀ ਹੀਰੇ ਨੇ ਮਨ ਰੂਪੀ ਹੀਰੇ ਨੂੰ ਵਿੰਨ ਦਿੱਤਾ)
- ਆਸਾ ਕਬ, ੩੧, ੧:੧ (483)
"ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ।"
- ਜੈਤ ੫, ੧, ੨:੧ (700)

ਹੀਰੁ ------ ਹੀਰਾ
"ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ।"
- ਸਿਰੀ ੧, ੨੧, ੪:੧ (22)
"ਮਨਿ ਤਨਿ ਹਿਰਦੈ ਰਵਿ ਰਹਿਆ ਹਰਿ ਹੀਰਾ ਹੀਰੁ।" (ਹੀਰਿਆਂ ਵਿਚੋਂ ਸ੍ਰੇਸ਼ਟ ਹੀਰਾ)
- ਸੂਹੀ ੩, ਵਾਰ ੧੦:੩ (789)

ਹੋਰ ਰੂਪ:

ਹੀਰੇ –
"ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।" (ਹੀਰਿਆਂ ਨਾਲ)
- ਸਿਰੀ ੧, ੧, ੨:੧ (14)
"ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।" (ਅਮੋਲਕ, ਹੀਰੇ ਵਰਗਾ ਅਮੋਲ)
- ਗਉ ੧, ੧੮, ੧:੨ (156)
"ਹੀਰਾ ਦੇਖਿ ਹੀਰੇ ਕਰਉ ਆਦੇਸੁ।" (ਪ੍ਰਭੂ, ਵਾਹਿਗੁਰੂ, ਹੀਰੇ ਨੂੰ ਵੇਖ ਕੇ ਅਸਲ ਹੀਰੇ (ਪ੍ਰਭੂ) ਨੂੰ ਨਮਸਕਾਰ ਕਰਦਾ ਹਾਂ)
- ਰਾਮ ਕਬ, ੧੧, ੨:੧ (972)

ਹੀਰੈ –

“ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ।” (ਹੀਰੇ ਨਾਲ)

– ਸਿਰੀ ੪, ੬੭, ੧:੨ (40)

“ਹੀਰੈ ਹੀਰਾ ਬੇਧਿ ਪਵਨ ਮਨੁ ਸਹਜੇ ਰਹਿਆ ਸਮਾਈ।” (ਪ੍ਰਭੂ ਰੂਪੀ ਹੀਰੇ ਨੇ)

– ਆਸਾ ਕਬ, ੩੧, ੧:੨ (483)

ਹੀਰੋ –

“ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ।”

– ਕਲਿ ੪, ਅਸ ੪, ੩:੧ (1325)

ਹੀਲੜਾ ------ **(ਅ. ਹੀਲਾ) ਬਹਾਨਾ**

“ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ ਹੀਲੜਾ ਏਹੁ ਸੰਸਾਰੋ।”

– ਵਡ ੧, ਅਲਾ ੧, ੩:੧ (579)

ਹੀਲਾ ------- **ਉਦਮ, ਯਤਨ**

“ਮਨੁ ਨ ਸੁਹੇਲਾ ਪਰਪੰਚੁ ਹੀਲਾ।”

– ਗਉ ੫, ੮੧, ੩:੪ (179)

(‘ਮਹਾਨਕੋਸ਼’ ਇਸ ਦੇ ਅਰਥ ‘ਦੁੱਖ’ ਕਰਦਾ ਹੈ)

ਹੁਅ ------- **ਹੋਇਆ**

“ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ।”

– ਸਵ ੩, ੧੬:੫ (1395)

“ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।” (ਧਾਰਨ ਕੀਤਾ)

– ਸਵ ੪, ਗਯੰ ੯:੪ (1403)

ਹੁਇ ------- **ਹੋ ਕੇ**

“ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ।”

– ਗਉ ੪, ਵਾਰ ੨੯:੪ (315)

ਹੁੋਈ ------- **ਪੁਜੀ (ਖ਼ਬਰ)**

“ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੁੋਈ ਗੁਰਿ ਗਿਆਨੁ ਖੜਗੁ ਲੈ ਮਾਰੇ।”

– ਨਟ ੪, ਅਸ ੬, ੭:੨ (983)

ਹੁਈਆ ----- **ਹੋ ਗਿਆ**

“ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ।” (ਹੋ ਗਿਆ)

– ਬਿਲਾ ੪, ਅਸ ੨, ੨:੧ (834)

ਹੋਰ ਰੂਪ:

ਹੁਈਹੈ –

“ਭਈ ਕਲਿਆਣ ਆਨੰਦ ਰੂਪ ਹੁਈਹੈ ਉਬਰੇ ਬਾਲ ਗੁਪਾਲ। (ਹੋਈਦਾ/ਹੋ ਜਾਈਦਾ ਹੈ)

– ਗੂਜ ੫, ੧੫, ੧*:੨ (499)

ਹੁਸੀਆਰ --- (ਫ਼ਾ. ਹੋਸ਼ਿਆਰ) ਹੋਸ਼ ਵਾਲੀ, ਸੁਚੇਤ, ਚੇਤੰਨ, ਖ਼ਬਰਦਾਰ
"ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉਰੇ ਭਾਈ।"
- ਰਾਮ ਕਬ, ੧੨, ੧*:੨ (972)

ਹੁਕਮ ------ (ਅ. ਹੁਕਮ) ਆਗਿਆ, ਹੋਰ ਵੇਖੋ 'ਹੁਕਮੁ'
"ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।"
- ਜਪੁ ੧, ੨:੫ (1)

ਹੋਰ ਰੂਪ:

ਹੁਕਮਹੁ -
"ਸੋ ਕਿਉ ਅੰਧਾ ਆਖੀਐ ਜਿ ਹੁਕਮਹੁ ਅੰਧਾ ਹੋਇ।" (ਹੁਕਮ ਸਦਕਾ)
- ਰਾਮ ੩, ਵਾਰ ੧੯ਸ, ੨, ੩:੧ (954)

ਹੁਕਮਾਉ -
"ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।" (ਹੁਕਮ ਅਨੁਸਾਰ)
- ਸੂਹੀ ੫, ਕੁਚ ੩:੧੦ (763)

ਹੁਕਮਾਵੈ -
"ਸਿਖ ਹੰਸ ਸਰਵਰਿ ਇਕਠੇ ਹੋਇ ਸਤਿਗੁਰ ਕੈ ਹੁਕਮਾਵੈ। (ਹੁਕਮ ਵਿਚ/ਨਾਲ)
- ਰਾਮ ੫, ਵਾਰ ੭ਸ, ੫, ੧:੧੨ (960)

ਹੁਕਮਿ -
"ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।" (ਹੁਕਮ/ਆਗਿਆ ਨਾਲ/ਅਨੁਸਾਰ)
- ਜਪੁ ੧, ੨:੨ (1)

"ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ।" (ਹੁਕਮ ਕੀਤਿਆਂ/ਜ਼ੋਰ ਨਾਲ)
- ਗਉ ੫, ਬਾਅ ੫੦:੨ (260)

"ਹੁਕਮਿ ਮੰਨਿਐ ਹੋਵੈ ਪਰਵਾਣੁ ਤਾ ਖਸਮੈ ਕਾ ਮਹਲੁ ਪਾਇਸੀ।" (ਹੁਕਮ ਮੰਨਣ ਨਾਲ)
- ਆਸਾ ੧ ਵਾਰ ੧੫:੩ (471)

ਹੁਕਮੀ -
"ਹੁਕਮੀ ਆਇਆ ਹੁਕਮੁ ਨ ਬੁਝੈ ਹੁਕਮਿ ਸਵਾਰਣਹਾਰਾ।" (ਹੁਕਮ ਨਾਲ/ਸਦਕਾ / ਦੁਆਰਾ)
- ਧਨਾ ੧, ਛੰਤ ੨, ੩:੫ (688)

(2) ਹੁਕਮ ਦੇਣ ਦੀ ਸਮਰਥਾ
"ਰਾਜ ਨ ਭਾਗ ਨ ਹੁਕਮ ਨ ਸਾਦਨ।"
- ਆਸਾ ੫, ੧੪੩, ੨:੧ (406)

ਹੋਰ ਰੂਪ:

ਹੁਕਮਨ -
"ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ।" (ਹੁਕਮ ਕਰਨ ਵਾਲਿਆਂ ਵਿਚ)
- ਗੂਜ ੫, ਅਸ ੧, ੭:੨ (507)

ਹੁਕਮਾ –
“ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ।” (ਆਗਿਆ ਦੇਣ ਦੀ ਸਮਰਥਾ ਰੱਖਣ ਵਾਲਾ, ਹਾਕਮ)
– ਗੂਜ ੫, ਅਸ ੧, ੭:੨ (507)

ਹੁਕਮੀ –
“ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ।” (ਹੁਕਮ ਦੇਣ ਵਾਲਾ ਹਾਕਮ)
– ਆਸਾ ੧, ਅਸ ੧੨, ੭:੩ (418)

“ਆਇਆ ਲਿਖ ਲੈ ਜਾਵਣਾ ਪਿਆਰੇ ਹੁਕਮੀ ਹੁਕਮੁ ਪਛਾਣੁ।” (ਹੁਕਮ ਕਰਨ ਵਾਲੇ ਪ੍ਰਭੂ ਦਾ ਹੁਕਮ ਪਛਾਣ)
– ਸੋਰ ੧, ਅਸ ੩, ੩:੨ (636)

ਹੁਕਮੀ ------ (1) ਹੁਕਮ ਨਾਲ/ਦੁਆਰਾ/ਹੁਕਮ ਵਿਚ ਵੇਖੋ ‘ਹੁਕਮ’ (1)
(2) ਹੁਕਮ ਦੇਣ ਵਾਲਾ/(ਹਰਿ), ਹਾਕਮ, ਵੇਖੋ ‘ਹੁਕਮ’ (2)
(3) ਹੁਕਮ ਨੂੰ ਮੰਨਣ ਵਾਲਾ, ਹੁਕਮ ਅਨੁਸਾਰ ਵਿਚਰਨ ਵਾਲਾ
“ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ।”
– ਮਾਰੂ ੩, ਸੋਲਾ ੧੧, ੮:੩ (1054)

“ਪਿਰਿ ਕਹਿਆ ਹਉ ਹੁਕਮੀ ਬੰਦਾ।”
– ਮਾਰੂ ੫, ਸੋਲਾ ੨, ੮:੧ (1073)

ਹੁਕਮੁ ------ (1) ਆਗਿਆ, ਵੇਖੋ ‘ਹੁਕਮ’ (1)
“ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।” (ਰੱਬੀ ਹੁਕਮ)
ਜਪੁ ੧, ੨:੧ (1)

“ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ।” (ਮਨੁੱਖੀ ਹੁਕਮ)
– ਸਿਰੀ ੫, ਅਸ ੨੬, ੬:੨ (70)

ਹੋਰ ਰੂਪ:

ਹੁਕਮੇ –
“ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ।” (ਹੁਕਮ ਵਿਚ/ਰਾਹੀਂ)
– ਸਿਰੀ ੩, ੬੦, ੩:੨ (37)

“ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ।” (ਹੁਕਮ ਸਦਕਾ/ਨਾਲ)
– ਸਿਰੀ ੩, ਅਸ ੨੦, ੫:੧ (66)

ਹੁਕਮੈ –
“ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।” (ਹੁਕਮ)
– ਜਪੁ ੧, ੨:੫ (1)

“ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ।”
– ਜਪੁ ੧, ੨:੬ (1)

“ਬਿਨੁ ਹੁਕਮੈ ਕਿਉ ਬੁਝੈ ਬੁਝਾਈ।” (ਹੁਕਮ ਦੇ)
– ਆਸਾ ੫, ੩੩, ੧:੨ (378)

ਹੁਕਮੋ –
“ਹੁਕਮੋ ਵਰਤੈ ਜੋ ਤਿਸੁ ਭਾਵੈ।” (ਹੁਕਮ ਹੀ)

– ਆਸਾ ੧, ਅਸ ੬, ੫:੨ (414)

"ਸਭੁ ਹੁਕਮੋ ਵਰਤੈ ਹੁਕਮਿ ਸਮਾਇ।" (ਹੁਕਮ ਵਿਚ ਹੀ)

– ਬਸੰ ੧, ਅਸ ੨, ੭:੩ (1188)

(2) ਹੁਕਮ ਦੇਣ/ਆਗਿਆ ਕਰਨ ਦੀ ਸਮਰਥਾ

"ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।"

– ਸਿਰੀ ੧, ੧, ੪:੨ (14)

(3) ਜ਼ੋਰ (ਭਾਵ)

"ਕਰਮ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।" (ਚਲਾਕੀ ਜਾਂ ਜ਼ੋਰ)

– ਆਸਾ ੧, ਵਾਰ ੪ਸ, ੧, ੨:੯ (465)

"ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ।"
(ਜ਼ੋਰ/ਜ਼ੋਰਾਵਰੀ ਛੱਡ ਦੇਈਏ)

– ਤਿਲੰ ੧, ੪, ੩:੨ (722)

(4) ਕਹੀਏ, ਬੋਲੀਏ (ਭਾਵ)

"ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ।"

– ਵਡ ੧, ਅਲਾ ੨, ੧:੫ (579)

ਹੁਕਾਮੀ ----- ਹੁਕਮ ਸਦਕਾ/ਨਾਲ

"ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ।"

– ਮਾਰੂ ੫, ਵਾਰ ੧੪:੬ (1099)

ਹੁਜਤਿ ----- (1) (ਅ. ਹੁਜਤ) ਸ਼ੰਕਾ

"ਗੁਰਮਤਿ ਸਾਚੀ ਹੁਜਤਿ ਦੂਰਿ।"

– ਆਸਾ ੧, ੧੩, ੧:੧ (352)

(2) ਤਰਕ, ਦਲੀਲ

"ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ।"

– ਆਸਾ ੧, ਵਾਰ ੧੧ਸ, ੧, ੨:੬ (469)

ਹੁਜਰਾ ----- (ਅ. ਹੁਜਰਾ) ਸਿਮਰਨ ਲਈ ਇਕਾਂਤ ਸਥਾਨ

"ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।"

– ਮਾਰੂ ੫, ਸੋਲਾ ੧੨, ੫:੩ (1084)

ਹੁਟਇ ----- ਹਟਣਾ, ਥਕਣਾ, ਬਾਜ਼ ਆਉਣਾ

"ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ।"

– ਸਵ ੪, ਕਲ ੮:੧ (1397)

ਹੋਰ ਰੂਪ:

ਹੁਟਹਿ –

"ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ।" (ਦੂਰ ਹੋਣ, ਹਟਣ)

– ਕੇਦਾ ੫, ੨, ੧:੨ (1119)

ਹੁਟਿਓ –

"ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ।" (ਰਹਿ ਗਏ; ਥਕ ਗਏ, ਖੀਨ ਹੋ ਗਏ)

– ਸਾਰ ੫, ੧੦੫, ੧*:੨ (1228)

ਹੁਟੈ –
“ਗਰਬੁ ਗੁਮਾਨੁ ਨ ਮਨ ਤੇ ਹੁਟੈ।” (ਹਟੇ, ਦੂਰ ਹੋਏ)
– ਗਉ ੫, ਸੁਖ ੩, ੩:੨ (265)

“ਮੀਚੁ ਹੁਟੈ ਜਮ ਤੇ ਛੁਟੈ ਹਰਿ ਕੀਰਤਨ ਪਰਵੇਸ।” (ਮੌਤ ਥੱਕ ਜਾਂਦੀ/ਦੂਰ ਹੋ ਜਾਂਦੀ ਹੈ)
– ਗਉ ੫, ਥਿਤੀ ੪:੪ (297)

“ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ।” (ਥਕਦਾ)
– ਸਵ ੪, ਕਲ ੬:੩ (1397)

ਹੁਣਿ ------ (1) ਅਬ, ਇਸ ਵੇਲੇ
“ਹੁਣਿ ਹੁਕਮੁ ਹੋਆ ਮਿਹਰਵਾਣ ਦਾ।”
– ਸਿਰੀ ੫, ਅਸ ੨੯, ੧੩:੧ (74)

“ਜੋ ਧੁਰਿ ਰਾਤੇ ਸੇ ਹੁਣਿ ਰਾਤੇ।” (ਇਸ ਵੇਲੇ ਭਾਵ ਇਸ ਜਨਮ ਵਿਚ)
– ਮਾਰੂ ੩, ਸੋਲਾ ੨੨, ੬:੧ (1066)

“ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ।” (ਇਸ ਜਨਮ ਵਿਚ)
– ਤੁਖਾ ੪, ਛੰਤ ੧, ੩:੫ (1114)

(2) ਇੰਨਾਂ ਹਾਲਤਾਂ ਵਿਚ, ਫਿਰ
“ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।”
– ਮਾਝ ੫, ੮, ੩:੨ (96)

“ਸਗਲ ਸੀਗਾਰ ਹੁਣਿ ਮੁਝਹਿ ਸੁਹਾਇਆ।”
– ਸੂਹੀ ੫, ੫, ੪:੩ (737)

(3) ਇਸ ਲਈ, ਹੁਣ (ਭਾਵ)
“ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ।”
– ਮਾਝ ੫, ਬਾਰਾ ੧੩:੩ (136)

“ਹੁਣਿ ਪਾਇਆ ਗੁਰੁ ਗੋਸਾਈ।” (ਇਸ ਕਰਕੇ)
– ਰਾਮ ੫, ੧੩, ੪*:੨ (886)

(4) ਤੁਰਤ (ਭਾਵ)
“ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ।”
– ਧਨਾ ੧, ੩, ੪:੧ (661)

ਹੁੰਤਾ ------ ਹੁੰਦਾ
“ਪਤਿਤ ਪਾਵਨ ਨਾਮੁ ਕੈਸੇ ਹੁੰਤਾ।”
– ਸਿਰੀ ੧, ੧, ੧*:੨ (93)

ਹੁਤੀ ------ ਸੀ
“ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ।
– ਸਵ ੪, ਕਲ ੧੦:੨ (1400)

ਹੁਤੇ ------- ਵਰਗੇ
“ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ।”

– ਚਉ ੫, ੧:੨ (1363)
(‘ਮਹਾਨਕੋਸ਼’ ਇਸ ਦੇ ਅਰਥ ‘ਸੀ’ ਕਰਦਾ ਹੈ)

ਹੋਤੇ ------- ਹੁੰਦੇ, ਸੀ
“ਹਮ ਨੀਚ ਹੋਤੇ ਹੀਣਮਤਿ ਝੂਠੇ ਤੂ ਸਬਦਿ ਸਵਾਰਣਹਾਰਾ।”
– ਮਲਾ ੧, ੩, ੩:੩ (1255)

ਹੁਤੋ ------- ਸੀ
“ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ।”
– ਸਲੋ ੯, ੩੬:੧ (1428)

ਹੁੰਮਸ ------ (ਅ. ਹੁੰਮਸ) ਖਟਕਾ, ਆਹਟ
“ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।”
– ਗੂਜ ੫, ਵਾਰ ੧੦ਸ, ੫, ੧:੧ (520)

ਹੁਯਉ ----- ਹੋਇਆ, ਭਇਆ
“ਬਿਖੁ ਤੇ ਅੰਮ੍ਰਿਤ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ।”
– ਸਵ ੪, ਨਲ ੬:੨ (1399)

ਹੁਰਮਤਿ ---- (ਅ. ਹੁਰਮਤ) ਇਜ਼ਤ, ਆਦਰ ਮਾਨ
“ਹੁਰਮਤਿ ਤਿਸ ਨੋ ਅਗਲੀ ਓਹੁ ਵਜਹੁ ਭਿ ਦੂਣਾ ਖਾਇ।”

ਹੁਰੀਆ ---- ਛਾਲ, ਟਪੋਸੀ (ਟਪੂਸੀ)
“ਪਗਾ ਬਿਨੁ ਹੁਰੀਆ ਮਾਰਤਾ।”
– ਬਸੰ ਕਬ, ੩, ੨:੧ (1194)

ਹੂ -------- (1) ਤੋਂ
“ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।”
– ਸਿਰੀ ੧, ੩, ੪:੧ (15)
“ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ।”
– ਮਾਝ ੧, ਵਾਰ ੨੨ਸ, ੨, ੧:੩ (148)
ਹੋਰ ਰੂਪ:
ਹੂੰ –
“ਮੈ ਸੁਖੀ ਹੂੰ ਸੁਖੁ ਪਾਇਆ।”
– ਸਿਰੀ ੫, ਅਸ ੨੯, ੯:੧ (73)
“ਭਾਈ ਮੀਤ ਸੁਤ ਸਗਲ ਤੇ ਜੀਅ ਹੂੰ ਤੇ ਪਿਆਰਾ।” (ਜੀਆਂ ਤੋਂ ਵੀ)
– ਸੂਹੀ ੫, ੪੨, ੧*:੨ (745)
(2) ਹੀ
“ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ।”
– ਸਿਰੀ ੩, ੫੦, ੨:੩ (33)
“ਗਰਬਿ ਗਰਬਿ ਉਆ ਹੂ ਮਹਿ ਪਰੀਆ।” (ਉਸ ਵਿਚ ਹੀ ਪੈਂਦਾ ਹੈ)
– ਆਸਾ ੫, ੯੬, ੧*:੨ (392)
“ਇਸੁ ਮਨ ਕੀ ਬਿਧਿ ਮਨ ਹੂ ਜਾਣੈ ਬੂਝੈ ਸਬਦਿ ਵੀਚਾਰਿ।”

- ਮਲਾ ੩, ੬, ੪:੧ (1260)

(3) ਪ੍ਰਤਿ, ਨਾਲ

“ਬਹੁਰਿ ਬਹੁਰਿ ਊਆ ਹੂ ਲਪਟੇਰਾ।”

- ਗਉ ੫, ੮੨, ੧:੨ (180)

ਹੋਰ ਰੂਪ:

ਹੂੰ –

“ਭਗਤਿ ਭਗਤਨ ਹੂੰ ਬਨਿ ਆਈ।”

- ਕਾਨ ੫, ੫, ੧*:੧ (1299)

(4) ਨੂੰ ਵੀ

“ਆਪੁ ਗਏ ਅਉਰਨ ਹੂ ਘਾਲਹਿ।”

- ਗਉ ਕਬ, ੪੪, ੩:੨ (332)

“ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ। (ਰੁੱਤਾਂ ਵਿਚ ਵੀ ਅਨੁਕੂਲ ਰੁੱਤ ਹੋਵੇ)

- ਆਸਾ ੧, ਵਾਰ ੧੧ਸ, ੧, ੧:੩ (468)

“ਜਾ ਕਉ ਸਿਮਰਿ ਅਜਾਮੁਲ ਉਧਰਿਓ ਗਨਿਕਾ ਹੂ ਗਤਿ ਪਾਈ। (ਵੀ)

- ਮਾਰੂ ੯, ੧, ੧*:੨ (1008)

ਹੋਰ ਰੂਪ:

ਹੂੰ –

“ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨ ਹੂੰ ਖਬਰਿ ਨ ਜਾਨੀ।” (ਨੇ ਵੀ)

- ਆਸਾ ਕਬ, ੮, ੧*:੨ (477)

(5) ਵਿਚ

“ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਹੂ ਘਟ ਜਾਗੀ।” (ਘਟ ਘਟ ਵਿਚ)

- ਬਿਲਾ ਕਬ, ੧੧, ੨:੧ (857)

“ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕਹੀਅਹਿ ਪਰਵਾਣੁ।” (ਵਿਚੋਂ)

- ਸਾਰ ੪, ਵਾਰ ੫ਸ, ੨, ੨:੩ (1239)

ਹੋਰ ਰੂਪ:

ਹੂੰ –

“ਪੇਖਿ ਪੇਖਿ ਰੇ ਕੁਸੰਭ ਕੀ ਲੀਲਾ ਰਾਚਿ ਮਾਚਿ ਤਿਨ ਹੂੰ ਲਉ ਹਸੂਆ।” (ਉਸੇ ਵਿਚ)

- ਗਉ ੫, ੧੨੭*, ੨:੧ (206)

“ਜੋਤੀ ਹੂੰ ਸਭੁ ਚਾਨਣਾ ਸਤਿਗੁਰਿ ਸਬਦੁ ਸੁਣਾਇਆ।”

- ਗੂਜ ੩, ਵਾਰ ੨:੩ (509)

(6) ਸਮਾਸ ਸ਼ਬਦਾਂ ਵਿਚ ਸਬੰਧਕ ਦੇ ਰੂਪ ਵਿਚ

“ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ।” (ਜਾਣੀ–ਜਾਣ)

- ਰਾਮ ਬਸ, ਵਾਰ ੬:੧੫ (968)

(7) ਵਲ

“ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ ਉਠਿ ਉਆ ਹੂ ਕਉ ਦਉਰਿਓ।”

- ਮਾਰੂ ੫, ੫, ੨:੨ (1000)

ਹੂੰ -------- (1) ਅਹੰਕਾਰ
"ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ।"
– ਸਲੋ ਕਬ, ੨੦੪:੧ (1375)
(2) ਤੋਂ (ਵੀ), ਵੇਖੋ 'ਹੂ' (1)
(3) ਪ੍ਰਤਿ, ਨਾਲ, ਵੇਖੋ 'ਹੂ' (3)
(4) ਨੂੰ ਵੀ, ਵੇਖੋ 'ਹੂ' (4)
(5) ਵਿਚ, ਵੇਖੋ 'ਹੂ' (5)

ਹੂਆ ------ (1) ਹੋਇਆ, ਵਾਪਰਿਆ
"ਜੋ ਤਿਸੁ ਭਾਣਾ ਸੋਈ ਹੂਆ।"
– ਗਉ ੧, ੧੦, ੧:੩ (154)
"ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ।"
– ਸਲੋ ਕਬ, ੧੬੭:੨ (1373)
(2) ਹੋ ਗਿਆ, ਬਣ ਗਿਆ
"ਜਬ ਇਹੁ ਹੂਆ ਸਗਲ ਕੀ ਰੀਨਾ।"
– ਗਉ ੫, ਅਸ ੧, ੧:੩ (235)
"ਜਜਾ ਜਾਨੈ ਹਉ ਕਛੁ ਹੂਆ।" (ਬਣ ਗਿਆ)
– ਗਉ ੫, ਬਾਅ ੨੪:੧ (255)
(3) ਹੋਇਆ, ਉਪਜਿਆ
"ਏਕਸੁ ਤੇ ਸਭੁ ਦੂਜਾ ਹੂਆ।"
– ਬਿਲਾ ੩, ਵਾ ੨, ੩:੧ (842)

ਹੂਐ ------ ਹੁੰਦਾ
"ਤਿ ਨਰ ਸੋਕੁ ਨਹੁ ਹੂਐ ਤਿ ਨਰ ਸੇ ਅੰਤੁ ਨ ਲਹੀਅਹਿ।"
– ਸਵ ੩, ੧੧:੨ (1394)

ਹੂਈ ------ ਹੋ ਗਈ, ਬਣ ਗਈ
"ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ।"
– ਸਲੋ ਕਬ, ੧੪੮:੧ (1372)

ਹੂਏ ------- (1) ਹੋਏ
"ਉਆ ਕੇ ਕੁਸਲ ਨ ਕਤਹੂ ਹੂਏ।"
– ਗਉ ੫, ਬਾਅ ੨੮:੪ (256)
(2) ਬਣ ਗਏ, ਹੋ ਗਏ
"ਮੇਟੀ ਜਾਤਿ ਹੂਏ ਦਰਬਾਰਿ।"
– ਗੋਂਡ ਰਵਿ, ੧, ੩:੩ (875)

ਹੂਹ ------- ਰੌਲਾ, ਸ਼ੋਰ
"ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ।"
– ਸਾਰ ੫, ੧੧੮, ੨:੧ (1227
('ਗਿਰਾਰਥ ਕੋਸ਼' ਅਰਥ 'ਮੂਢਤਾਈ' ਕਰਦਾ ਹੈ ਅਹੰਕਾਰ ਰੂਪੀ ਮੂਢਤਾਈ।")

ਹੂਹੂ ------- ਇੰਦਰ ਦੇ ਦਰਬਾਰ ਦਾ ਇਕ ਗਵਈਆ (ਗੰਧਰਵ)

"ਹਾਹਾ ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ।"
– ਮਲਾ ੫, ੨੫, ੧*:੨ (1272)

ਹੂਟੇ ------- ਹਟ ਗਏ, ਥਕ ਗਏ
"ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ।"
– ਆਸਾ ੫, ੧੧੯, ੧*:੧ (400)

ਹੋਰ ਰੂਪ:

ਹੂਟੋ –
"ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ।"
– ਧਨਾ ੫, ੧੧, ੧*:੨ (673)

ਹੂਰ ------- (ਅ. ਹੂਰ) ਬਹਿਸ਼ਤ ਦੀਆਂ ਸੁੰਦਰ ਇਸਤੜੀਆਂ, ਪਰੀਆਂ
"ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।"
– ਮਾਰੂ ੫, ਸੋਲਾ ੧੨, ੫:੩ (1084)

ਹੂਲ ------- ਰੌਲਾ
"ਅਗੈ ਦੋਜਕ ਤਪਿਆ ਸੁਣੀਐ ਹੂਲ ਪਵੈ ਕਾਹਾਹਾ।"
– ਸਲੋ ਫਰ, ੯੮:੨ (1383)

('ਮਹਾਨਕੋਸ਼' ਇਸ ਨੂੰ ਅਰਬੀ ਸ਼ਬਦ 'ਹੋਲ' ਤੋ ਵਿਉਤਪਤ ਮੰਨ ਅਰਥ 'ਚਾਰੇ ਪਾਸੇ ਵਲਣ ਦੀ ਕ੍ਰਿਯਾ' ਕਰਦਾ ਹੈ)

ਹੇ -------- (1) ਹੈ
"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।"
– ਗਉ ੪, ਸੋਹ ੪, ੧:੧ (13)

"ਗੁਰ ਕਾ ਸਿਖੁ ਵਡਭਾਗੀ ਹੇ।"
– ਗਉ ੫, ਸੁਖ ੧੮, ੧:੮ (286)

ਹੋਰ ਰੂਪ:

ਹੇਇ –
"ਨਾਨਕ ਬਿਰਥਾ ਕੋਇ ਨ ਹੇਇ।" (ਹੈ)
– ਗਉ ੫, ੯੬, ੪:੪ (185)

"ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ।"
– ਰਾਮ ੩, ਵਾਰ ੧੯ਸ, ੨, ੧:੧ (955)

(2) ਹਨ
"ਪੰਚ ਦੂਤ ਮੁਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ।"
– ਬਿਲਾ ੫, ੮੮, ੩:੧ (822)

"ਭਾਣੈ ਹੀ ਜਿਸੁ ਭਗਤੀ ਲਾਏ ਨਾਨਕ ਵਿਰਲੇ ਹੇ।"
– ਰਾਮ ੫, ਵਾਰ ੧੨ਸ, ੫, ੨:੮ (963)

(3) ਸੰਬੋਧਨ, ਸੰਬੋਧਕ ਧੁਨੀ
"ਹੇ ਜਿਹਵੇ ਤੂੰ ਰਾਮ ਗੁਣ ਗਾਉ।"
– ਗਉ ੫, ੮੪, ੨:੧ (180)

ਹੇਕੜੋ ------ (1) ਕੇਵਲ ਇਕ, ਇਕੋ ਹੀ
"ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ।"
– ਗਉ ੫, ਵਾਰ ੧੪ਸ, ੫, ੧:੧ (321)
(2) ਇਕ ਪ੍ਰਭੂ, ਇਕ ਹਰਿ
"ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ।"
– ਗਉ ੫, ਵਾਰ ੨੦ਸ, ੫, ੧:੧ (323)
(3) ਇਕ
"ਜਾਣੁ ਵਸੰਦੋ ਮੰਝਿ ਪਛਾਣੂ ਕੋ ਹੇਕੜੋ।" (ਕੋਈ ਇਕ)
– ਮਾਰੂ ੫, ਵਾਰ ੧੫ਸ, ੫, ੨:੧ (1099)

ਹੇਕੁ ------- ਇਕ
"ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ।"
– ਮਲਾ ੧, ਵਾਰ ੧ਸ, ੧, ੨:੧ (1279)

ਹੋਰ ਰੂਪ:

ਹੇਕੈ –
"ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ।"
– ਮਾਰੂ ੩, ਵਾਰ ੧੪ਸ, ੧, ੧:੧ (1090)
ਹੇਕੋ –
"ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ।"
– ਮਲਾ ੧, ਵਾਰ ੭ਸ, ੧, ੨:੧ (1279)

ਹੇਚੁ ------- (ਫਾ. ਹੇਚ) ਕੁਝ, ਥੋੜਾ/ਮਾਮੂਲੀ ਜਿਹਾ ਵੀ, ਤਨਿਕ
"ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।"
– ਤਿਲੰ ੧, ੧, ੧*:੨ (721)

ਹੇਠਿ ------ ਥਲੇ, ਹੇਠਾਂ
"ਧੋਤੀ ਖੋਲਿ ਵਿਛਾਏ ਹੇਠਿ।"
– ਗਉ ੫, ੧੦੭*, ੧:੧ (201)

ਹੇਤ ------- (1) ਪਿਆਰ, ਹਿਤ
"ਹਰਿ ਕੀ ਸੇਵਾ ਨਿਰਮਲ ਹੇਤ।"
– ਗਉ ੫, ੭੯, ੧:੩ (178)

ਹੋਰ ਰੂਪ:

ਹੇਤੰ –
"ਅਨਿਤ੍ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ ਬਿਕਾਰੰ।"
– ਸਸ ੫, ੧੬:੨ (1355)
ਹੇਤਾ –
"ਰਾਮ ਨਾਮ ਸੰਗਿ ਮਨਿ ਨਹੀ ਹੇਤਾ।"
– ਗਉ ੫, ਬਾਅ ੧੬:੫ (253)
ਹੇਤਿ –
"ਨਾਨਕ ਨਾਮੁ ਸਮਾਲਿ ਤੂ ਗੁਰ ਕੈ ਹੇਤਿ ਅਪਾਰਿ।"

– ਸਿਰੀ ੩, ੫੩, ੫:੪ (34)

ਹੇਤੀ –

“ਰਾਖੁਹ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ।”

– ਤੁਖਾ ੧, ਛੰਤ ੨, ੨:੩ (1110)

ਹੇਤੁ –

“ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ।”

– ਸਿਰੀ ੩, ੪੬, ੨:੩ (31)

(2) ਮੋਹ

“ਬਿਨਸਿ ਜਾਹਿ ਮਾਇਆ ਕੇ ਹੇਤ।”

– ਗਉ ੫, ਅਸ ੬, ੪:੨ (238)

“ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ।”

– ਮਾਰੂ ੧, ੧੨, ੫:੧ (993)

ਹੋਰ ਰੂਪ:

ਹੇਤੁ –

“ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।”

– ਮਾਝ ੧, ਵਾਰ ੨੦ਸ, ੧, ੨:੫ (147)

(3) ਲਈ, ਵਾਸਤੇ, ਖਾਤਰ

“ਭਗਤਿ ਹੇਤ ਗਾਵੈ ਰਵਿਦਾਸਾ।”

– ਸੋਰ ਰਵਿ, ੫, ੫:੨ (659)

“ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।”

– ਮਾਰੂ ਕਬ, ੧੦, ੨:੧ (1105)

ਹੋਰ ਰੂਪ:

ਹੇਤਿ –

“ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ।”

– ਗਉ ੧, ਅਸ ੮, ੮:੧ (224)

ਹੇਤਿ ------ (1) ਪਿਆਰ, ਹਿਤ, ਵੇਖੋ ‘ਹੇਤ’ (1)

(2) ਵਾਸਤੇ, ਲਈ, ਵੇਖੋ ‘ਹੇਤ’ (3)

“ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ।” (ਕਿਨਾਰੇ ਢਾਹੁਣ ਹਿਤ/ਲਈ)

– ਸਲੋ ਫਰ, ੮੬:੧ (1382)

(3) ਕਰਕੇ, ਸਦਕਾ

“ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ।”

– ਮਾਰੂ ੫, ੨, ੧:੨ (999)

ਹੇਤੁ ------- (1) ਪਿਆਰ, ਹਿਤ, ਵੇਖੋ ‘ਹੇਤ’ (1)

(2) ਹੇਤੂ, ਪਿਆਰ ਕਰਨ ਵਾਲਾ

“ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ।”

– ਮਾਝ ੫, ਬਾਰਾ ੭:੯ (134)

(3) ਮੋਹ, ਵੇਖੋ ‘ਹੇਤ’ (2)

“ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ।”

– ਵਡ ੩, ਛੰਤ ੬, ੨:੨ (571)

(4) ਵਾਸਤੇ, ਲਈ
"ਭਗਤਿ ਹੇਤੁ ਗੁਰ ਚਰਣ ਨਿਵਾਸਾ।"
– ਆਸਾ ੧, ਅਸ ੮, ੯:੩ (415)

ਹੇਤੇ ------- (1) ਮੋਹ
"ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ।"
– ਵਡ ੩, ਛੰਤ ੬, ੨:੨ (571)

(2) ਪਿਆਰ
"ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ।"
– ਸੂਹੀ ੧, ਛੰਤ ੧, ੩:੫ (763)

ਹੇਰਉ ------ ਵੇਖਦਾ ਹਾਂ, ਨਿਹਾਰਦਾ ਹਾਂ
"ਹੇਰਉ ਘਟਿ ਘਟਿ ਸਗਲ ਕੈ ਪੂਰਿ ਰਹੇ ਭਗਵਾਨ।"
– ਗਉ ੫, ਬਾਅ ੫੧:੧ (260)

"ਐਸੇ ਰਾਮਾ ਐਸੇ ਹੇਰਉ।" (ਵੇਖਾਂ, ਧਿਆਨ ਧਰਾਂ)
– ਗੋਂਡ ਨਾਮ, ੨, ੧*:੧ (873)

ਹੇਰਤ ------ ਵੇਖ ਕੇ
"ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ।"
– ਰਾਮ ੧, ਓਅੰ ੫੧:੧ (937)

ਹੇਰਾ ------ (1) ਦੇਖਿਆ
"ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭੁ ਹੇਰਾ।"
– ਟੋਡੀ ੪, ੧, ੧:੧ (711)

"ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ।" (ਵੇਖੀ ਜਾਂਦੀ, ਦਿਸਦੀ)
– ਬਿਲਾ ੫, ੧੧੭, ੨:੨ (827)

ਹੋਰ ਰੂਪ:

ਹੇਰਿ –
"ਬਰਖਸਿ ਬਾਣੀ ਬੁਦਬੁਦਾ ਹੇਰਿ।" (ਵੇਖਦਾ ਹੈਂ)
– ਬਸੰ ੧, ਅਸ ੧, ੨:੨ (1187)

"ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ।" (ਵੇਖ, ਢੂੰਡ)
– ਸਲੋ ਕਬ, ੮੮:੨ (1369)

ਹੇਰਿਆ –
"ਜਮਰਾਜੈ ਨਿਤ ਨਿਤ ਮਨਮੁਖ ਹੇਰਿਆ।"
– ਮਾਝ ੧, ਵਾਰ ੧੧:੪ (143)

ਹੇਰੀ –
"ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ।" (ਵੇਖੀ ਹੈ)
– ਆਸਾ ੫, ਛੰਤ ੧੧, ੧:੪ (460)

(2) ਮਾਸ (ਭਾਵ)

"ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ।"
– ਸਲੋ ਕਬ, ੧੯੮:੨ (1374)

ਹੇਰੂ ------- (1) ਵੇਖਣ ਵਾਲੇ ਭਾਵ ਦੂਤ
"ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ।"
– ਆਸਾ ੧, ਪਟੀ ੫:੨ (432)

(2) ਡਾਕੂ
"ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ।"
– ਬਿਲਾ ੪, ਅਸ ੧, ੩:੨ (833)

ਹੇਰੈ ------- ਦੇਖਣਾ
"ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ।"
– ਗੂਜ ੧, ੨, ੩:੧ (489)
"ਘਰੀ ਨ ਮੁਹਤੁ ਨ ਚਸਾ ਬਿਲੰਬਹੁ ਕਾਲੁ ਨਿਤਹਿ ਨਿਤ ਹੇਰੈ।" (ਤਕਦਾ, ਤਾੜਦਾ)
– ਦੇਵ ੫, ੧੨, ੧:੨ (530)

ਹੇਲਾ ------ ਖੇਡਣ/ਲੀਲਾ (ਪਾਉਣ ਵਾਲੇ)
"ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।"
– ਮਲਾ ਨਾਮ, ੧, ੫:੧ (1292)

ਹੇਂਵ ------- (ਬਰਫ ਵਾਂਗ) ਠੰਢੇ
"ਮਨ ਤਨ ਹੇਂਵ ਭਏ ਸਚੁ ਪਾਇਆ ਹਰਿ ਕੀ ਭਗਤਿ ਨਿਰਾਰੀ।"
– ਮਲਾ ੧, ਅਸ ੨, ੬:੨ (1274)

ਹੇਂਵਹੀ ----- ਸਹਾਰਦੇ ਹਨ
"ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ।"
– ਮਲਾ ੧, ਵਾਰ ੧੫:੨ (1284)

ਹੇਵਤ ------ ਸਹਾਰਦਾ ਹੈ (ਗਿਰਾਰਥ ਕੋਸ਼)
"ਜਲੁ ਹੇਵਤ ਭੂਖ ਅਰੁ ਨੰਗਾ।" (ਜਲਧਾਰਾ ਸਹਾਰਦੇ)
– ਕਾਨ ੫, ੩੬, ੧:੨ (1305)
(ਸ਼ਬਦਾਰਥ – ਬਰਫ (ਜਲ ਤੇ ਬਰਫ ਵਿਚ ਆਪਣੇ ਆਪ ਨੂੰ ਗਾਲਦੇ ਹਨ)
ਮਹਾਨਕੋਸ਼ – ਠੰਢ ਸਹਾਰਦਾ ਹੈ ਦਰਪਣ-ਬਰਫ (ਪਾਣੀ ਤੇ ਬਰਫ ਦੀ ਠੰਢ ਨੂੰ ਸਹਾਰਦਾ ਹੈ)

ਹੇੜਾ ------ ਸਰੀਰ
"ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ।"
– ਸਲੋ ਫਰ, ੨੨:੧ (1379)

ਹੋਰ ਰੂਪ:

ਹੇੜੇ –
"ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ।"
– ਸਲੋ ਫਰ, ੭੭:੨ (1381)

ਹੈ --------- (1) ਹੋਂਣ ਦੀ ਵਰਤਮਾਨ ਕਿਰਿਆ

"ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।"

– ਜਪੁ ੧, ੨੭:੧੮ (6)

"ਸਭ ਮਹਿ ਜੋਤਿ ਜੋਤਿ ਹੈ ਸੋਇ।"

– ਧਨਾ ੧, ਸੋਹ ੩, ੩:੧ (13)

"ਹੈ ਕੋਈ ਰਾਮ ਪਿਆਰੋ ਗਾਵੈ।" (ਪ੍ਰਸ਼ਨ ਵਾਚਕ)

– ਗਉ ੫, ੧੧੭*, ੧*:੧ (203)

(2) ਹਨ

"ਜਿਸ ਕੇ ਜੀਅ ਪਰਾਣ ਹੈ ਮਨਿ ਵਸਿਆ ਸੁਖੁ ਹੋਇ।"

– ਸਿਰੀ ੧, ੧੧, ੨:੩ (18)

"ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ।"

– ਵਡ ੪, ਵਾਰ ੧੨:੧ (590)

(3) ਹੈਂ –

"ਤੂੰ ਆਪੇ ਜਲੁ ਮੀਨਾ ਹੈ ਆਪੇ ਆਪੇ ਹੀ ਆਪਿ ਜਾਲੁ।"

– ਸਿਰੀ ੪, ਵਾਰ ੭:੧ (85)

(4) ਹੀ, ਕੇਵਲ

"ਅੰਤੁ ਤੇਰਾ ਤੂੰ ਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ।"

– ਬਿਹਾ ੫, ਛੰਤ ੧, ੧:੫ (542)

"ਤੁਝੁ ਊਪਰਿ ਮੇਰਾ ਹੈ ਮਾਣਾ, ਤੂ ਹੈ ਮੇਰਾ ਤਾਣਾ ਰਾਮ।"

– ਸੂਹੀ ੫, ਛੰਤ ੪, ੩:੧ (779)

(5) ਹੋਂਦ (ਹੈ)

"ਹੈ ਤੂ ਹੈ ਤੂ ਹੋਵਨਹਾਰ।"

– ਤਿਲੰ ੫, ੨, ੨:੧ (724)

ਹੈਂ --------- (1) ਹਨ

"ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।"

– ਮਾਲੀ ਨਾਮ, ੩, ੧:੧ (988)

(2) ਵਰਤਮਾਨ ਕਾਲ ਕਿਰਿਆ, ਮਧਮ ਪੁਰਖ

"ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ।"

– ਮਲਾ ਨਾਮ, ੨, ੩:੧ (1292)

ਹੈਨਿ ------ ਹਨ

"ਗਲਾ ਵਾਲੇ ਹੈਨਿ ਘਣੇਰੇ ਛਡਿ ਨ ਸਕੈ ਕੋਈ।"

– ਮਲਾ ੧, ਵਾਰ ੧੯ਸ, ੧, ੨:੧੪ (1286)

ਹੈਮੰਚਲਿ ---- (ਸੰ. –ਬਰਫ) (ਚਾਦਰ, ਢਕ ਲੈਣ ਵਾਲਾ ਕਪੜਾ) ਬਰਫੀਲਾ ਪਹਾੜ, ਹਮਾਲੀਆ।

"ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨ ਜਾਇ।"

– ਸਿਰੀ ੧, ਅਸ ੧੪, ੩:੨ (62)

ਹੈਯਾਤੀ ----- (ਅ. ਹਯਾਤ) ਜੀਵਨ, ਜਿੰਦਗੀ, ਵੇਖੋ 'ਹਯਾਤੀ'

"ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ।"

– ਆਸਾ ਫਰ, ੨, ੫:੧ (488)

ਹੈਰਤਿ ----- (ਅ. ਹੈਰਤ) ਹੈਰਾਨੀ, ਅਚੰਭਾ
"ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ।"
– ਗੂਜ ੫, ੧੪, ੧:੨ (498)

ਹੈਰਾਣੁ ----- (ਅ. ਹੈਰਾਨ) ਅਸਚਰਜ, ਅਚੰਭਿਤ
"ਨਾਨਕ ਹੰਦਾ ਛਤ੍ਰੁ ਸਿਰਿ ਉਮਤਿ ਹੈਰਾਣੁ।"
– ਰਾਮ ਬਸ, ਵਾਰ ੬:੧੮ (968)

ਹੋਰ ਰੂਪ:

ਹੈਰਾਨ –
"ਗੁਨ ਗਾਵਹ ਪ੍ਰਭ ਅਗਮ ਠਾਕੁਰ ਕੇ ਗੁਨ ਗਾਇ ਰਹੇ ਹੈਰਾਨ।"
– ਪ੍ਰਭ ੪, ੧, ੪:੧ (1335)
ਹੋਰ ਵੇਖੋ 'ਹੈਰਾਨੁ'

ਹੈਰਾਨਾ ----- ਭਟਕਦੇ, ਫਿਰਨਾ, ਪਰੇਸ਼ਾਨ ਹੋਣਾ
"ਬਨ ਖੰਡਿ ਮਾਇਆ ਮੋਹਿ ਹੈਰਾਨਾ।"
– ਆਸਾ ੧, ਅਸ ੮, ੧:੨ (415)

ਹੈਰਾਨੁ ----- ਅਚੰਭਿਤ, ਚਕਰਿਤ
"ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ।"
– ਰਾਮ ੧, ਓਅੰ ੫੧:੧ (937)
"ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ।" (ਹੈਰਾਨ/ਅਚੰਭਿਤ ਕਰਦੇ ਹਨ)
– ਮਲਾ ੧, ਵਾਰ ੨੭ਸ, ੧, ੧:੩ (1291)

ਹੋਰ ਰੂਪ:

ਹੈਰਾਨੈ –
"ਪੇਖਿ ਪੇਖਿ ਮਨ ਮਹਿ ਹੈਰਾਨੈ।"
– ਪ੍ਰਭਾ ੫, ੨, ੨:੪ (1338)

ਹੈਰਾਨੋ –
"ਅਚਲ ਅਮਰ ਨਿਰਭੈ ਪਦੁ ਪਾਇਓ ਜਗਤ ਜਾਹਿ ਹੈਰਾਨੋ।"
– ਬਿਲਾ ੯, ੧, ੨:੧ (830)

ਹੈਵਰ ------ (ਸੰ ਘੋੜਾ (ਸੁੰਦਰ ਸ੍ਰੇਸ਼ਟ) ਸੁੰਦਰ ਘੋੜਾ, ਉਚੀ ਨਸਲ ਦਾ ਸ਼੍ਰੇਸ਼ਟ ਘੋੜਾ
"ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ।"
– ਸਿਰੀ ੧, ੭੧, ੨:੨ (42)
"ਕਈ ਜਨਮ ਹੈਵਰ ਬ੍ਰਿਖ ਜੋਇਓ।" (ਘੋੜਾ)
– ਗਉ ੫, ੭੨, ੧:੪ (176)

ਹੈਵਾਨ ----- (ਹੈਵਾਨ) ਪਸ਼ੂ, ਜਾਨਵਰ, ਜੀਵ
"ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ।
– ਤਿਲੰ ੫, ੧, ੨:੧ (723)

ਹੋ -------- (1) ਸੰਬੋਧ ਵਾਚਕ, ਹੇ, ਹੇ ਭਾਈ
"ਤਿਸੈ ਪਰਾਪਤਿ ਭਾਈ ਹੋ ਜਿਸੁ ਦੇਵੈ ਪ੍ਰਭੁ ਆਪਿ।"

– ਸਿਰੀ ੫, ੭੮, ੪:੧ (45)

“ਹੋ ਜੀ ਆਲਾ ਤੇ ਨਿਵਾਰਣਾ ਜਮ ਕਾਰਣਾ।”

– ਧਨਾ ਨਾਮ, ੪, ੩:੫ (694)

“ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ।” (ਹੇ ਭਾਈ)

– ਪ੍ਰਭਾ ਕਬ, ੫, ੧*:੧ (1350)

(2) ਹੈ

“ਸਭਹੂ ਕੋ ਰਸੁ ਹਰਿ ਹੋ।”

– ਗਉ ੫, ੧੫੫, ੧*:੧ (213)

(‘ਦਰਪਣ’ ਇਸ ਦੇ ਅਰਥ ‘ਹੇ ਭਾਈ’ ਕਰਦਾ ਹੈ)

“ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ।”

– ਸੋਰ ਨਾਮ, ੨, ੧:੧ (657)

ਹੋਊ ------- (1) ਹੋਈਦਾ, ਹੁੰਦਾ ਹੈ

“ਕਹਤ ਸੁਨਤ ਕਛੁ ਜੋਗੁ ਨ ਹੋਊ।”

– ਗਉ ੫, ਬਾਅ ੫:੪ (251)

“ਗੁਰਿ ਸਬਦੁ ਦ੍ਰਿੜਾਇਆ ਪਰਮ ਪਦੁ ਪਾਇਆ ਦੁਤੀਆ ਗਏ ਸੁਖ ਹੋਊ।”

– ਦੇਵ ੫, ੩੩, ੨:੧ (535)

(2) ਹੋਵੇਗਾ, ਭਵਿਖ ਵਿਚ ਵਾਪਰੇਗਾ

“ਜੋ ਜੋ ਕਰੈ ਸੋਊ ਫੁਨਿ ਹੋਊ।”

– ਗਉ ੫, ਬਾਅ ੮:੬ (251)

ਹੋਆ ------ (1) ਹੋਇਆ, ਹੋਂਦ ਵਿਚ ਆਇਆ, ਭਇਆ

“ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।”

– ਜਪੁ ੧, ੨੧:੧੦ (4)

“ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ।” (ਸਥਾਪਿਤ ਹੋਇਆ)

– ਸਿਰੀ ੫, ਅਸ ੨੯, ੧੩:੩ (74)

“ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ।” (ਵਾਪਰਿਆ)

– ਗਉ ੫, ੧੩੦, ੨:੧ (207)

“ਹੁਕਮੇ ਹੋਆ ਹੁਕਮੇ ਵਰਤਾਰਾ।” (ਹੋਂਦ ਵਿਚ ਆਇਆ)

– ਭੈਰ ੩, ੩, ੧*:੨ (1128)

(2) ਹੋ ਗਿਆ

“ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ।” (ਦਿਤਾ ਗਿਆ)

– ਸਿਰੀ ੫, ੭੪, ੨:੩ (43)

“ਆਵਣ ਜਾਣਾ ਰਹਿ ਗਇਆ ਆਪਿ ਹੋਆ ਮਿਹਰਵਾਨੁ।”

– ਸਿਰੀ ੫, ੮੧, ੩:੩ (46)

“ਜੋ ਹੋਆ ਹੋਵਤ ਸੋ ਜਾਨੈ।” (ਹੁੰਦਾ ਹੈ)

– ਗਉ ੫, ਸੁਖ ੧੭, ੭:੫ (286)

(2) ਬਣ ਗਿਆ

“ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ।”

– ਸਿਰੀ ੫, ਅਸ ੨੯, ੪:੩ (73)

“ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ।”

– ਆਸਾ ੧, ਵਾਰ ੧੧ਸ, ੧, ੨:੧ (468)

“ਉਪਜੀ ਤਰਕ ਦਿਗੰਬਰੁ ਹੋਆ ਮਨੁ ਦਹ ਦਿਸ ਚਲਿ ਚਲਿ ਗਵਨੁ ਕਰਈਆ (ਬਣ ਗਿਆ)

– ਬਿਲਾ ੪, ੪, ੪:੧ (835)

“ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ।” (ਬਣ ਗਿਆ)

– ਬਸੰ ੫, ਵਾਰ ੨:੫ (1193)

(4) ਹੈ (ਭਾਵ)

“ਞਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ।”

– ਆਸਾ ੧, ਪਟੀ ੩੩:੧ (434)

ਹੋਇ ------ (1) ਹੋਵੇ, ਹੋਂਦ ਵਿਚ ਆਵੇ, ਹੋਰ ਵੇਖੋ ‘ਹੋਏ’ (1)

“ਥਾਪਿਆ ਨ ਜਾਇ ਕੀਤਾ ਨ ਹੋਇ।”

– ਜਪੁ ੧, ੫:੧ (2)

ਹੋਰ ਰੂਪ:

ਹੋਇਓ –

“ਕਈ ਜਨਮ ਪੰਖੀ ਸਰਪ ਹੋਇਓ।”

– ਗਉ ੫, ੭੨, ੧:੩ (176)

ਹੋਇਆ –

“ਹੁਕਮੇ ਹੋਇਆ ਹੁਕਮੁ ਬੂਝਿ ਸਮਾਈ।”

– ਗਉ ਕਬ, ਅਸ ੩੬, ੭:੨ (330)

ਹੋਇਗਾ –

“ਹੋਇਗਾ ਖਸਮੁ ਤ ਲੇਇਗਾ ਰਾਖਿ।”

– ਗਉ ਕਬ, ੩੩, ੩:੨ (329)

(2) ਹੁੰਦਾ ਹੈ

“ਐਸਾ ਨਾਮੁ ਨਿਰੰਜਨੁ ਹੋਇ।”

– ਜਪੁ ੧, ੧੨:੫ (3)

“ਲੇਖਾ ਲਿਖਿਆ ਕੇਤਾ ਹੋਇ।” (ਬਣ ਜਾਂਦਾ ਹੈ)

– ਜਪੁ ੧, ੧੬:੧੭ (3)

ਹੋਰ ਰੂਪ:

ਹੋਇਓ –

“ਜਬ ਇਸ ਤੇ ਇਹੁ ਹੋਇਓ ਜਉਲਾ।”

– ਗਉ ੫, ਅਸ ੧, ੬:੩ (235)

(3) ਹੋ ਜਾਵੈ

“ਮੂਤ ਪਲੀਤੀ ਕਪੜੁ ਹੋਇ।”

– ਜਪੁ ੧, ੨੦:੩ (4)

(4) ਹੋਈਦਾ ਹੈ

“ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।”

– ਜਪੁ ੧, ੩੨:੩ (7)

(5) ਹੁੰਦੀ ਹੈ

"ਕਰਮੀ ਕਰਮੀ ਹੋਇ ਵੀਚਾਰੁ।"

– ਜਪੁ ੧, ੩੪:੬ (7)

"ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ।" (ਹੁੰਦਾ)

– ਸਿਰੀ ੧, ੩, ੩:੨ (15)

"ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ।" (ਹੁੰਦਾ ਭਾਵ ਮਿਲਦਾ ਹੈ)

– ਸਿਰੀ ੩, ੪੪, ੪:੧ (30)

(6) ਹੋ ਸਕਦਾ ਹੈ

"ਕੇਵਡੁ ਵਡਾ ਡੀਠਾ ਹੋਇ।" (ਵੇਖ ਕੇ ਹੀ ਦੱਸਿਆ/ਬਿਆਨਿਆ ਜਾ ਸਕਦਾ ਹੈ)

– ਆਸਾ ੧, ਸੋਦ ੨, ੧:੨ (9)

"ਭਾਈ ਰੇ ਗੁਰ ਬਿਨੁ ਭਗਤਿ ਨ ਹੋਇ।"

– ਸਿਰੀ ੩, ੪੭, ੧*:੧ (31)

(7) ਹੋਵੇਗਾ

"ਨਾ ਕੋ ਹੋਆ ਨਾ ਕੋ ਹੋਇ।"

– ਸਿਰੀ ੧, ਸੋਦ ੩, ੨ :੪ (9)

ਹੋਰ ਰੂਪ:

ਹੋਇਓ –

"ਜਉ ਸੁਪ੍ਰੰਸਨ ਹੋਇਓ ਪ੍ਰਭੁ ਮੇਰਾ।"

– ਆਸਾ ੫, ੭੨, ੧:੨ (388)

ਹੋਇਸੀ –

"ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ।"

– ਗਉ ੪, ਵਾਰ ੩:੫ (301)

"ਜੇਹੇ ਕਰਮ ਕਮਾਇ ਤੇਹਾ ਹੋਇਸੀ।" (ਬਣੇਗਾ)

– ਸੂਹੀ ੧, ੬, ੧:੭ (730)

ਹੋਇਗਾ –

"ਗੁਰਿ ਕਹਿਆ ਸਭੁ ਏਕੋ ਏਕੋ ਅਵਰੁ ਨ ਕੋਈ ਹੋਇਗਾ ਜੀਉ।"

– ਮਾਝ ੫, ੧੭, ੩:੩ (99)

(8) ਵਾਪਰਦਾ/ਹੁੰਦਾ ਹੈ, ਹੋਰ ਵੇਖੋ 'ਹੋਈ'

"ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ।"

– ਆਸਾ ੪, ਸੋਪੁ ੪, ੪:੧ (12)

ਹੋਰ ਰੂਪ:

ਹੋਇਆ –

"ਧੁਰਿ ਹੋਵਨਾ ਸੁ ਹੋਇਆ ਕੋ ਨ ਮੇਟਣਹਾਰ।" (ਵਾਪਰਿਆ)

– ਮਾਲੀ ੫, ੧, ੩:੨ (986)

ਹੋਇਐ –

"ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ।"

– ਮਾਝ ੧, ਵਾਰ ੨੬ਸ, ੧, ੧:੧੯ (150)

ਹੋਇਗਾ –

"ਸਿਵਪੁਰੀ ਕਾ ਹੋਇਗਾ ਕਾਲਾ।"

– ਗਉ ੫, ਅਸ ੪, ੨:੩ (237)

"ਕਿਆ ਜਾਨਾ ਕਿਆ ਹੋਇਗਾ ਰੀ ਮਾਂਈ।" (ਵਾਪਰੇਗਾ)

– ਆਸਾ ੧, ੨੬, ੩:੧ (357)

(9) ਹੋਕੇ

"ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।"

– ਸਿਰੀ ੧, ੧, ੩:੨ (14)

"ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।" ਆਤਮਾ ਵਿਚ ਸਥਿਤ (ਇਕਾਗਰ) ਹੋਕ੍ਰੇ

– ਸਿਰੀ ੧, ੨੬, ੨:੧ (23)

ਹੋਰ ਰੂਪ:

ਹੋਇਓ –

"ਨਿਰਭਉ ਹੋਇਓ ਭਇਆ ਨਿਹੰਗਾ।"

– ਆਸਾ ੫, ੯੬, ੨:੧ (392)

(10) ਬਣ ਕੇ

"ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।"

– ਸਿਰੀ ੧, ੨, ੩:੧ (14)

"ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।" (ਬਣ ਜਾਂਦਾ/ਹੋ ਜਾਂਦਾ ਹੈ)

– ਸਿਰੀ ੧, ੨੩, ੨:੨ (23)

"ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ।" (ਬਣ ਕੇ)

– ਸਿਰੀ ੪, ੬੮, ੨:੧ (41)

"ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ।" (ਬਣਦਾ)

– ਸਿਰੀ ੪, ੭੦, ੧*:੨ (41)

ਹੋਰ ਰੂਪ:

ਹੋਇਓ –

"ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ।" (ਹੋਇਆ, ਬਣਿਆ)

– ਮਾਝ ੫, ਅਸ ੩੬, ੯:੩ (131)

ਹੋਇਆ –

"ਮਿਲਿ ਪਾਰਸੁ ਕੰਚਨੁ ਹੋਇਆ।" (ਬਣਿਆ)

– ਸੋਰ ਨਾਮ, ੩, ੨:੧ (657)

ਹੋਇਗਾ –

"ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।" (ਬਣੇਗਾ)

– ਆਸਾ ਕਬ, ੮, ੩:੧ (477)

(11) ਹੋ ਸਕਦੀ ਭਾਵ ਰਹਿ/ਟਿਕ ਸਕਦੀ

"ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ।"

– ਸਿਰੀ ੧, ੨੪, ੩:੨ (23)

(12) (ਸਥਿਤ) ਹੋਵੇ,(ਟਿਕਿਆ) ਹੋਵੇ

"ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ।"

– ਸਿਰੀ ੫, ੭੫, ੨:੧ (43)

(13) ਭਏ/ ਭਇਆ, ਹੋ ਜਾਵੇ
“ਨਾਨਕ ਪ੍ਰਭੁ ਧਿਆਈਐ ਭਾਈ ਮਨੁ ਤਨੁ ਸੀਤਲੁ ਹੋਇ।”
– ਸੋਰ ੫, ੪੭, ੨:੩ (620)
“ਜਿਸੁ ਦਇਆਲੁ ਹੋਇ ਭਗਵਾਨੈ।”
– ਸੋਰ ੫, ੫੭, ੪:੨ (623)

ਹੋਰ ਰੂਪ:

ਹੋਇਓ –
“ਅਪੁਨਾ ਹੋਇਓ ਗੁਰੁ ਮਿਹਰਵਾਨਾ।”
– ਸੋਰ ੫, ੫੨, ੧*:੧ (621)
“ਆਪੇ ਹੋਇਓ ਇਕੁ ਆਪੇ ਬਹੁ ਭਤਿਆ।”
– ਰਾਮ ੫, ਵਾਰ ੨੨:੨ (966)

ਹੋਇਆ –
“ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ।”
– ਸਿਰੀ ੪, ੬੮, ੪:੩ (41)

ਹੋਇਗਾ ----- (1) ਹਾਂ, ਹੋਵਾਂਗਾ
“ਭਗਤਿ ਹੀਣੁ ਨਾਨਕੁ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ।”
– ਬਿਲਾ ੧, ੧, ੪:੨ (795)
(2) (ਹੋਂਦ) ਹੋਵੇਗੀ, ਵੇਖੋ ਹੋਇ (1)
(3) ਹੋਵੇਗਾ, ਵੇਖੋ (‘ਹੋਇ’ (7)

ਹੋਰ ਰੂਪ:

ਹੋਇਗੀ –
“ਜਾਨੁ ਸਤਿ ਕਰਿ ਹੋਇਗੀ ਮਾਟੀ।”
– ਆਸਾ ੫, ੧੪, ੧:੨ (374)

ਹੋਇਗੋ –
“ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।”
– ਗਉ ੫, ਸੋਹ ੫, ੩:੨ (13)
“ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ।”
– ਸਲੋ ਕਬ, ੧੧੦:੨ (1370)

ਹੋਇਬੋ –
“ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।”
– ਗਉ ਰਵਿ, ਅਸ ੧, ੪:੨ (346)
(4) ਵਾਪਰੇਗਾ, ਵੇਖੋ ਹੋਇ (8)

ਹੋਰ ਰੂਪ:

ਹੋਇਬਾ –
“ਜੋ ਕਿਛੁ ਕਰਹਿ ਸੋਈ ਪਰੁ ਹੋਇਬਾ ਅਵਰੁ ਨ ਕਰਣਾ ਜਾਇ।”
– ਪ੍ਰਭਾ ੧, ੮, ੧*:੨ (1329)
(5) ਬਣੇਗਾ, ਵੇਖੋ ਹੋਇ (10)

ਹੋਇਲਾ ----- ਪੈਂਦੀ/ਹੁੰਦੀ ਹੈ

"ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ।"

– ਮਲਾ ਨਾਮ, ੨, ੨:੨ (1292)

ਹੋਈ ------ (1) ਹੁੰਦਾ/ਵਾਪਰਦਾ ਹੈ, ਵੇਖੋ 'ਹੋਇ' (8)

"ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ।"

– ਆਸਾ ੪, ਸੋਪੁ ੧, ੫:੩ (11)

ਹੋਰ ਰੂਪ:

ਹੋਈਐ –

"ਕਰਹਿ ਸੁ ਹੋਈਐ ਹਾਂ।"

– ਆਸਾ ੫, ੧੬੨, ੧*:੩ (410)

(2) ਹੁੰਦੀ ਭਾਵ ਆਉਂਦੀ ਹੈ

"ਪੂਰੈ ਸਬਦਿ ਸਭ ਸੋਝੀ ਹੋਈ ਹਰਿ ਨਾਮੈ ਰਹੈ ਸਮਾਇ।"

– ਸਿਰੀ ੩, ਅਸ ੨੪, ੧:੨ (69)

"ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ।"

– ਸੋਰ ੧, ੧੧, ੩:੧ (599)

(3) ਹੋ ਗਈ, (ਮਿਲ) ਗਈ

"ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ।"

– ਸਿਰੀ ੧, ਪਹ ੧, ੪:੫ (75)

(4) (ਵਿਆਪਕ) ਹੋਣਾ

"ਸਦਾ ਸਦਾ ਸਦ ਆਪੇ ਹੋਈ।"

– ਮਾਝ ੫, ੩੩, ੪:੨ (104)

"ਸੋ ਕਿਛੁ ਕਰੈ ਜੁ ਚਿਤਿ ਨ ਹੋਈ।" (ਹੋਂਦ) ਨਾ ਹੋਣਾ)

– ਮਾਝ ੩, ਅਸ ੧੬, ੪:੧ (118)

(5) ਹੋਵੇ

"ਆਖਣਿ ਜਾਈਐ ਜੇ ਭੂਲਾ ਹੋਈ।"

– ਮਾਝ ੩, ਅਸ ੮, ੮:੨ (114)

"ਜਾ ਕੋ ਠਾਕੁਰੁ ਊਚਾ ਹੋਈ।"

– ਗਉ ਕਬ, ਅਸ ੩੮, ੧:੧ (330)

(6) ਹੁੰਦੇ ਹਨ

"ਗੁਰਮੁਖਿ ਗਿਆਨੁ ਨਾਮਿ ਮੁਕਤਿ ਹੋਈ।"

– ਮਾਝ ੩, ਅਸ ੧੩, ੭:੨ (117)

"ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।" (ਹੁੰਦੀ ਹੈ)

– ਮਾਝ ੧, ਵਾਰ ੧੬ਸ, ੧, ੧:੬ (145)

ਹੋਰ ਰੂਪ:

ਹੋਈਅਹਿ –

"ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ।"

– ਗਉ ੧, ੧੩, ੨:੪ (155)

ਹੋਈਆ –

“ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ।”
– ਆਸਾ ੧, ਅਸ ੧੨, ੨:੩ (417)

(7) ਹੋ ਜਾਂਦਾ/ਬਣ ਜਾਂਦਾ ਹੈ

“ਜਿਸੁ ਲਾਇ ਲਏ ਸੋ ਨਿਰਮਲੁ ਹੋਈ।”
– ਮਾਝ ੩, ਅਸ ੧੫, ੮:੨ (118)

“ਤਤੁ ਪਛਾਣੈ ਸੋ ਪੰਡਿਤੁ ਹੋਈ।”
– ਮਾਝ ੩, ਅਸ ੩੨, ੧:੨ (128)

“ਹਉ ਭਾਲਿ ਵਿਕੁੰਨੀ ਹੋਈ।”
– ਮਾਝ ੧, ਵਾਰ ੧੯ਸ, ੧, ੧:੩ (145)

(8) ਹੋ ਕੇ, ਬਣਕੇ

“ਸੰਤ ਚੁਗਹਿ ਨਿਤ ਗੁਰਮੁਖਿ ਹੋਈ।”
– ਮਾਝ ੩, ਅਸ ੩੨, ੪:੨ (128)

“ਮਾਇਆ ਹੋਈ ਨਾਗਨਿ ਜਗਤਿ ਰਹੀ ਲਪਟਾਇ।” (ਬਣ ਗਈ)
– ਗੂਜ ੩, ਵਾਰ ੫ਸ, ੩, ੨:੧ (510)

ਹੋਰ ਰੂਪ:

ਹੋਈਆ –

“ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ।”
– ਸਾਰ ੪, ਵਾਰ ੧੪ਸ, ੧, ੨:੧ (1242)

ਹੋਈਐ –

“ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।” (ਬਣੀਏ)
– ਜਪੁ ੧, ੧:੫ (1)

“ਪਿਤਾ ਜਾਤਿ ਤਾ ਹੋਈਐ ਗੁਰੁ ਤੁਠਾ ਕਰੇ ਪਸਾਉ।” (ਬਣੀਦਾ/ਹੋਈਦਾ ਹੈ)
– ਸਿਰੀ ੪, ਵਣ ੧, ੨:੩ (82)

(9) ਭਈ –

“ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸ ਜਨ ਕੀ ਵਡਿਆਈ ਵਡੀ ਹੋਈ।”
– ਗਉ ੪, ਵਾਰ ੧੫ਸ, ੪, ੩:੧ (309)

ਹੋਰ ਰੂਪ:

ਹੋਈਐ –

“ਸੁਧੁ ਨ ਹੋਈਐ ਕਾਹੂ ਜਤਨਾ ਓੜਕ ਕੋ ਨ ਪਹੂਚੇ।” (ਹੋਵੀਏ)
– ਸੋਰ ੫, ੯, ੧:੨ (611)

“ਹਰਿ ਹਰਿ ਹਰਿ ਆਰਾਧੀਐ ਹੋਈਐ ਆਰੋਗ।” (ਹੋ ਜਾਈਦਾ ਹੈ)
– ਬਿਲਾ ੫, ੬੪, ੧*:੧ (817)

ਹੋਈਹੈ –

“ਕੈਸੇ ਹੋਈਹੈ ਰਾਜਾ ਰਾਮ ਨਿਵਾਸਾ।” (ਹੋਈਏ)
– ਗਉ ਕਬ, ੩੬, ੧*:੨ (330)

“ਭਈ ਕਲਿਆਣ ਅਨੰਦ ਰੂਪ ਹੋਈਹੈ ਉਬਰੈ ਬਾਲ ਗੁਪਾਲ।”
– ਦੇਵ ੫, ੨੩, ੧*:੨ (532)

(10) ਹੋਂਦ ਵਿਚ ਆਉਂਦਾ ਭਾਵ ਜਨਮਦਾ

“ਜੋ ਖੋਜੈ ਸੋ ਬਹੁਰਿ ਨ ਹੋਈ।”

– ਗਉ ਕਬ, ਬਾਅ ੪੦:੨ (342)

“ਇਹ ਸ੍ਰਪਨੀ ਤਾ ਕੀ ਕੀਤੀ ਹੋਈ।”

– ਆਸਾ ਕਬ, ੧੯, ੪:੧ (480)

(11) ਲਗੀ, ਪ੍ਰਾਪਤ ਹੋਈ

“ਗੁਰਮੁਖਿ ਭਗਤਿ ਭਾਉ ਧੁਨਿ ਹੋਈ।”

– ਆਸਾ ੧, ਅਸ ੮, ੮:੨ (415)

(12) ਮਿਲਦਾ (ਭਾਵ)

“ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।”

– ਆਸਾ ਕਬ, ੧੭, ੨:੧ (480)

(13) ਹੋਵੇਗਾ

“ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ।”

– ਸੂਹੀ ੧, ੪, ੨:੧ (729)

“ਦੂਸਰ ਹੋਆ ਨਾ ਕੋ ਹੋਈ।”

– ਸੂਹੀ ੫, ੧੬, ੫:੧ (780)

ਹੋਏ ------- (1) ਹੋਂਦ ਵਿਚ ਆਏ, ਬਣ ਗਏ, ਉਪਜੇ, ਹੋਰ ਵੇਖੋ ‘ਹੋਇ’ (1)

“ਤਿਸ ਤੇ ਹੋਏ ਲਖ ਦਰੀਆਉ।”

– ਜਪੁ ੧, ੧੬:੨੧ (3)

“ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ।”

– ਗਉ ੫, ਸੁਖ ੧੦, ੭:੮ (276)

(2) ਭਏ

“ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ।” (ਹੋ ਜਾਂਦਾ ਹੈ)

– ਮਾਝ ੫, ੨੬, ੩:੩ (102)

“ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ।”

– ਮਾਝ ੫, ੪੦, ੪:੩ (106)

“ਸੰਤ ਪ੍ਰਸਾਦਿ ਭਏ ਕਿਰਪਾਲਾ ਹੋਏ ਆਪਿ ਸਹਾਇ।”

– ਆਸਾ ੫, ੩੧, ੨:੧ (378)

(3) ਹੋਣ ਨਾਲ, ਹੋਇਆ

“ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।”

– ਮਾਝ ੫, ਬਾਰਾ ੯:੩ (135)

“ਵੇਮੁਖ ਹੋਏ ਰਾਮ ਤੇ ਜਿਉ ਤਸਕਰ ਉਪਰਿ ਸੂਲਿ।”

– ਗਉ ੫, ਵਾਰ ੭ਸ, ੫, ੨:੨ (319)

(4) ਬਣੇ, ਹੋ ਗਏ

“ਇਕਿ ਹੋਏ ਅਸਵਾਰ ਇਕਨਾ ਸਾਖਤੀ।”

– ਮਾਝ ੧, ਵਾਰ ੧੦:੭ (142)

“ਸੇਈ ਹੋਏ ਭਗਤ ਜਿਨਾ ਕਿਰਪਾਰੀਆ।”

– ਗਉ ੫, ਅਸ ੧੨, ੧:੨ (240)

(5) ਹੋ ਚੁੱਕੇ ਹਨ

“ਕਈ ਕੋਟਿ ਹੋਏ ਅਵਤਾਰ।”

– ਗਉ ੫, ਸੁਖ ੧੦, ੭:੩ (276)

(6) ਮਿਲੇ, ਪ੍ਰਾਪਤ ਹੋਏ (ਭਾਵ)
"ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ।"
– ਬਿਹਾ ੪, ਵਾਰ ੪:੩ (550)

ਹੋਸ ------- ਹੋਵੇਗਾ
"ਜੋ ਤਿਸੁ ਭਾਵੈ ਸੋ ਭਲ ਹੋਸ।"
– ਪ੍ਰਭਾ ੫, ੫, ੨:੪ (1339)

ਹੋਸਾ ------ ਹੋਵਾਂਗਾ, ਹੋ ਸਕਦਾ ਹਾਂ
"ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ।"
– ਸਾਰ ੫, ੨੫, ੨:੧ (1209)

ਹੋਸੀ ------ ਹੋਵੇਗਾ
"ਹੈਭੀ ਸਚੁ ਨਾਨਕ ਹੋਸੀ ਭੀ ਸਚੁ।"
– ਜਪੁ ੧, ੧*:੨ (1)

ਹੋਹਾ ------ ਹੋਇਆ
"ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ।"
– ਰਾਮ ੫, ਵਾਰ ੭ਸ, ੫, ੨:੧੩ (961)

ਹੋਹਿ ------ (1) ਹੋਵਣ, ਹੋਣ, ਹੋਰ ਵੇਖੋ 'ਹੋਹੁ'
"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।"
– ਜਪੁ ੧, ੧:੪ (1)

"ਹਸਤ ਪੁਨੀਤ ਹੋਹਿ ਤਤਕਾਲ।" (ਹੋਣਗੇ)
– ਗਉ ੫, ੯੭, ੧:੧ (185)

(2) ਹੋਵੇ, ਹੋਏ
"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।"
– ਸਿਰੀ ੧, ੧, ੧:੧ (14)

"ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ।" (ਹੋ ਜਾਂਦੇ ਹਨ)
– ਸੋਰ ੯, ੧, ੧:੧ (631)

"ਜਪਿ ਮਨ ਨਾਮੁ ਹਰੀ ਹੋਹਿ ਸਰਬ ਸੁਖੀ।" (ਸੁੱਖੀ ਹੋਵੇਂਗਾ)
– ਧਨਾ ੪, ੮, ੧*:੧ (669)

ਹੋਰ ਰੂਪ:

ਹੋਂਹਿ –
"ਜਾਕਉ ਹੋਂਹਿ ਕ੍ਰਿਪਾਲ ਸੁ ਜਨੁ ਪ੍ਰਭ ਤੁਮਹਿ ਮਿਲਾਸੀ।"
– ਸਮੁ ੫, ੫:੪ (1386)

ਹੋਹੀ–
"ਗੁਰਮੁਖਿ ਧਿਆਵਹਿ ਸਿ ਅੰਮ੍ਰਿਤੁ ਪਾਵਹਿ ਸੇਈ ਸੂਚੇ ਹੋਹੀ।" (ਹੋ ਜਾਂਦੇ ਹਨ)
– ਮਲਾ ੧, ੧, ੩:੧ (1254)à

(3) ਹੋ ਕੇ
"ਹੋਹਿ ਅਚਿੰਤੁ ਬਸੈ ਸੁਖ ਨਾਲਿ।"

- ਗਉ ੫, ਸੁਖ ੧੯, ੭:੩ (289)

(4) ਹਨ

"ਜੋ ਹਰਿ ਹਰੇ ਸੁ ਹੋਹਿ ਨ ਆਨਾ।"

- ਗਉ ਕਬ, ਅਸ ੩੭, ੨:੧ (330)

"ਜਾ ਕੈ ਸੰਗਿ ਕਿਲਬਿਖ ਹੋਹਿ ਨਾਸ।" (ਹੁੰਦੇ ਹਨ)

- ਗੋਂਡ ੫, ੬, ੧:੩ (863)

ਹੋਹਿਆ ---- ਹੁਜਕੇ, ਧਕੇ

"ਸਖੀ ਮੰਗਲੋ ਗਾਇਆ ਇਛੁ ਪੁਜਾਇਆ ਬਹੁੜਿ ਨ ਮਾਇਆ ਹੋਹਿਆ।"

- ਸਿਰੀ ੫, ਛੰਤ ੩, ੪:੫ (81)

ਹੋਰ ਰੂਪ:

ਹੋਹੇ -

"ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।"

- ਸਾਰ ੫, ੧੩੯, ੧:੧ (1231)

(ਮਹਾਨਕੋਸ਼ ਇਸ ਦੇ ਅਰਥ 'ਲਹਿਰਾਂ' ਕਰਦਾ ਹੈ)

ਹੋਹੁ ------- (1) ਹੋ ਜਾ

"ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ।"

- ਸਿਰੀ ੫, ੭੮, ੩:੧ (45)

"ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।" (ਹੋ ਸਕਦਾ ਹੈ)

- ਮਾਝ ੧, ਵਾਰ ੭ਸ, ੧, ੧:੨ (140)

"ਤਾ ਕੀ ਹੋਹੁ ਬਿਲੋਵਨਹਾਰੀ।" (ਬਣੋ, ਹੋ ਜਾਵੋ)

- ਸੋਰ ਕਬ, ੫, ੧:੩ (655)

"ਤੁਮ ਹੋਹੁ ਸੁਜਾਖੇ ਲੇਹੁ ਪਛਾਣਿ।" (ਬਣ ਕੇ, ਹੋ ਕੇ)

- ਬਸੰ ੧, ਅਸ ੫, ੧੦:੨ (1190)

(2) ਹੋਵੋ -

"ਹਰਿ ਹੋਹੁ ਦਇਆਲੁ ਹਰਿ ਨਾਮੁ ਧਿਆਈ ਜੀਉ।" (ਹੇ ਹਰੀ! ਦਇਆਲ ਹੋਵੋ)

- ਗਉ, ੪, ੭੦, ੪:੩ (175)

"ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ।" (ਹੋਵੋਗੀਆਂ)

- ਵਡ ੧, ਛੰਤ ੨, ੭:੫ (567)

ਹੋਹੈ ------- ਹੁੰਦਾ ਹੈ

"ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਉਆ ਹੰਸੁ ਹੋਹੈ।"

- ਗੂਜ ੪, ੨, ੪:੧ (493)

ਹੋਗ ------- ਹੁੰਦਾ ਹੈ ਅਥਵਾ ਹੋਵੇਗਾ

"ਨਾਮੋ ਗਤਿ ਨਾਮੋ ਪਤਿ ਜਨ ਕੀ ਮਾਨੈ ਜੋ ਜੋ ਹੋਗ।"

- ਧਨਾ ੫, ੩੭, ੧*:੨ (680)

ਹੋਰ ਰੂਪ:

ਹੋਗੀ -

"ਜੋ ਤਿਸੁ ਭਾਵੈ ਸੋ ਕਰੇ ਹਰਿ ਕਰੇ ਸੁ ਹੋਗੀ।" (ਹੋਵੇਗਾ)
– ਗੂਜ ੩, ਵਾਰ ੧੩:੪ (514)

ਹੋਗੀਆ –
"ਤੂ ਆਪੇ ਆਪਿ ਵਰਤਦਾ ਤੂ ਆਪੇ ਕਰਹਿ ਸੁ ਹੋਗੀਆ।" (ਹੁੰਦਾ ਹੈ)
– ਕਾਨ ੪, ਵਾਰ ੧:੩ (1313)

ਹੋਗੁ –
"ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ।" (ਹੁੰਦਾ ਹੈ)
– ਮਾਝ ੧, ਵਾਰ ੪:੮ (139)

"ਪ੍ਰਭ ਭਾਵੈ ਸੋਈ ਫੁਨਿ ਹੋਗੁ।"
– ਗਉ ੫, ਸੁਖ ੯, ੮:੪ (275)

"ਤਿਸੁ ਬਿਨੁ ਦੂਸਰ ਹੋਆ ਨ ਹੋਗੁ।" (ਹੋਵੇਗਾ)
– ਗਉ ੫, ਸੁਖ ੧੫, ੭:੬ (283)

"ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ।" (ਹੋਵੇ)
– ਟੋਡੀ ੫, ੮, ੧:੨ (713)

ਹੋਛਉ ------ **ਤੁੱਛ, ਨਿਕੰਮੇ**
"ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ।"
– ਸਮੁ ੫, ੨*:੫ (1387)

ਹੋਰ ਰੂਪ:

ਹੋਛਾ –
"ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ।" (ਮੂਰਖ)
– ਵਡ ੧, ਅਲਾ ੫, ੩:੫ (582)

"ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ।" (ਮੂਰਖ)
– ਮਾਰੂ ੫, ਸੋਲਾ ੧੦, ੬:੩ (1081)

ਹੋਛੀ –
"ਹੋਛੀ ਸਰਣਿ ਪਇਆ ਰਹਣੁ ਨ ਪਾਈ।" (ਤੁਛ, ਮਾੜੀ ਮੋਟੀ)
– ਆਸਾ ੫, ੪, ੩:੩ (371)

"ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ।" (ਹੋਛੀਆਂ ਗੱਲਾਂ ਕਰਦਾ ਹੈ)
– ਰਾਮ ੫, ਛੰਤ ੧, ੧:੫ (924)

ਹੋਛੀਆ –
"ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ।" (ਥੋਥੀਆਂ, ਨਿਕੰਮੀਆਂ)
– ਸੂਹੀ ੫, ਅਸ ੫, ੧:੨ (761)

ਹੋਛੀਐ –
"ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ।" (ਥੋਥੀ, ਨੀਵੀਂ, ਤੁਛ)
– ਸੂਹੀ ੧, ਛੰਤ ੫, ੬:੨ (767)

ਹੋਛੇ –
"ਆਨ ਰਸਾ ਸਭਿ ਹੋਛੇ ਰੇ।" (ਤੁੱਛ)
– ਆਸਾ ੫, ੨੭, ੧*:੨ (377)

ਹੋਛੈ –

"ਰੇ ਮੂੜੇ ਤੂ ਹੋਛੈ ਰਸਿ ਲਪਟਾਇਓ।" (ਫਿੱਕੇ, ਤੁਛ, ਨਿਕੰਮੇ)
– ਮਾਰੂ ੫, ਅਸ ੧, ੧*:੧ (1017)

ਹੋਡ ------- **ਸ਼ਰਤ**
"ਬਦਹੁ ਕੀ ਨ ਹੋਡ ਮਾਧਉ ਮੋ ਸਿਉ।" (ਹੇ ਮਾਧੋ, ਮੇਰੇ ਨਾਲ ਸ਼ਰਤ ਲਾਵੋ)
– ਸਾਰ ਨਾਮ, ੨, ੧*:੧ (1252)

ਹੋਡੀ ------ **ਜ਼ਿੱਦੀ**
"ਗੁਰਿ ਕਹਿਆ ਇਹੁ ਮੂਰਖੁ ਹੋਡੀ।"
– ਪ੍ਰਭਾ ੫, ਅਸ ੧, ੬:੨ (1347)

ਹੋਣਾ ------ **ਵਾਪਰਨਾ, ਘਟਨਾ**
"ਅਨਦ ਬਿਨੋਦ ਚੋਜ ਤਮਾਸੇ ਤੁਧੁ ਭਾਵੈ ਸੋ ਹੋਣਾ ਜੀਉ।"
– ਮਾਝ ੫, ੧੯, ੨:੩ (100)
"ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ।" (ਹੋਣ ਯੋਗ ਕਰਮ)
– ਗਉ ੫, ੧੨੩*, ੨:੨ (205)

ਹੋਣੀ ------ **ਹੋਣ ਦਾ ਭਾਵ**
"ਕਰਿ ਕਿਰਪਾ ਕਰਿ ਲੀਨੋ ਅਪੁਨਾ ਜਲਤੇ ਸੀਤਲ ਹੋਣੀ।"
– ਦੇਵ ੫, ੯, ੧:੨ (530)

ਹੋਤ ------- **(1) ਹੋਵਤ/ਹੁੰਦਾ ਹੈ, ਹੋਰ ਵੇਖੋ 'ਹੋਤੁ'**
"ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ।"
– ਮਾਝ ੫, ੨੧, ੩:੩ (100)
"ਜਿਸੁ ਸਿਮਰਤ ਹੋਤ ਸੂਕੇ ਹਰੇ।" (ਹੁੰਦੇ ਹਨ)
– ਗਉ ੫, ੯੦, ੩:੩ (183)
"ਮੀਤ ਸਾਜਨ ਸੁਤ ਬੰਧਪਾ ਕੋਊ ਹੋਤ ਨ ਸਾਥ।" (ਹੁੰਦਾ ਭਾਵ ਚਲਦਾ)
– ਆਸਾ ੫, ਅਸ ੨, ੫:੧ (431)

ਹੋਰ ਰੂਪ:

ਹੋਤਉ –
"ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ।" (ਹੁੰਦਾ ਸੀ)
– ਰਾਮ ੧, ਸਿਗੋ ੬੭:੪ (945)

ਹੋਤਾ
"ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।" (ਹੁੰਦਾ ਸੀ)
– ਮਾਝ ੫, ੮, ੩:੧ (96)

ਹੋਤਾਇਆ –
"ਸਦਾ ਸਿਮਰਿ ਚਰਣਾਰਬਿੰਦ ਸੀਤਲ ਹੋਤਾਇਆ।"
– ਬਿਲਾ ੫, ੬੦, ੧:੨ (816)

ਹੋਤਿ –
"ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਸੇਵਾ ਤੇਰੀ ਹੋਤਿ।" (ਹੋਵੇਗੀ)
– ਗਉ ੪, ੪੯, ੧੬:੫ (310)

ਹੋਤੀ –
“ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ।”
– ਗਉ ੪, ੪੯, ੪:੧ (167)

(2) ਹੋ ਕੇ, ਹੋਂਦ ਵਿਚ ਆ ਕੇ
“ਹਾਹਾ ਹੋਤ ਹੋਇ ਨਹੀ ਜਾਨਾ।”
– ਗਉ ਕਬ, ਬਾਅ ੪੨:੧ (342)

ਹੋਰ ਰੂਪ:

ਹੋਤਾ –
“ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ।” (ਜਦ ਮਨੁੱਖ ਦੀ ਹੋਂਦ/ਹਸਤੀ ਹੀ ਨਹੀਂ ਸੀ)
– ਗਉ ੫, ੧੬੩*, ੩:੧ (216)
“ਮਾਇ ਨ ਹੋਤੀ ਬਾਪੁ ਨ ਹੋਤਾ ਕਰਮੁ ਨ ਹੋਤੀ ਕਾਇਆ।”
– ਰਾਮ ਨਾਮ, ੩, ੧:੧ (973)

ਹੋਤੀ ------ (1) ਹੁੰਦੀ, ਵੇਖੋ ਹੋਤ (1)
(2) (ਸੰ.) – ਜਗ ਕਰਤਾ, ਅਗਨੀ ਦਾ ਉਪਾਸ਼ਕ
“ਮਾਲਾ ਤਿਲਕੁ ਸੋਚ ਪਾਕ ਹੋਤੀ।”
– ਗਉ ੫, ਅਸ ੪, ੪:੨ (237)

ਹੋਤੁ ------- ਹੁੰਦਾ, ਹੋਰ ਵੇਖੋ ‘ਹੋਤੇ’ (2)
“ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।”
– ਸਿਰੀ ਕਬ, ੧, ੧:੧ (91)

ਹੋਰ ਰੂਪ:

ਹੋਤੇ –
“ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ।” (ਹੁੰਦੇ ਸਾਂ)
– ਗਉ ੪, ੫੬, ੧*:੨ (169)
“ਸਾਧਸੰਗਿ ਓਇ ਦੁਸਟ ਵਸਿ ਹੋਤੇ।” (ਹੋ ਜਾਂਦੇ ਹਨ)
– ਗਉ ੫, ੮੯, ੩:੪ (182)

ਹੋਤੇ ------- (1) ਹੁੰਦੇ, ਵੇਖੋ ‘ਹੋਤੁ’

ਹੋਰ ਰੂਪ:

ਹੋਤੌ –
“ਲੋਗ ਦੁਰਾਇ ਕਰਤ ਠਗਿਆਈ ਹੋਤੌ ਸੰਗਿ ਨ ਜਾਨੋ।” (ਨਾਲ ਹੁੰਦੇ ਨੂੰ)
– ਮਲਾ ੫, ੧੫, ੧:੨ (1269)

(2) (ਹੋਂਦ) ਵਿਚ ਹੁੰਦੇ
“ਹਮ ਨਹੀ ਹੋਤੇ ਤੁਮ ਨਹੀ ਹੋਤੇ ਕਵਨੁ ਕਹਾਂ ਤੇ ਆਇਆ।”

– ਰਾਮ ਨਾਮ, ੩, ੧:੨ (973)

ਹੋਰ ਰੂਪ:

ਹੋਤੋ –
"ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ।"
– ਰਾਮ ੧, ਸਿਗੋ ੬੬:੨ (945)

ਹੋਦਾ ------ (1) ਹੁੰਦਾ
"ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ।"
– ਸਿਰੀ ੩, ਪ੩, ੧:੨ (34)
(2) ਜੋ (ਕੋਲ) ਹੈ
"ਇਕ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ।"
– ਆਸਾ ੧, ਵਾਰ ੬ਸ, ੧, ੧:੧੦ (466)
"ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆ।" (ਉਪਸਤਿਤ, ਮੌਜੂਦ)
– ਸਲੋ ਫਰ, ੨੨:੧ (1379)

ਹੋਂਦਾ ------ ਜੋ ਕਹੇ 'ਮੈਂ ਹਾਂ', ਆਪਣੀ ਹੋਂਦ ਤੋਂ ਚੇਤੰਨ, ਆਪਣੀ ਨਵੇਕਲੀ ਹੋਂਦ ਤੋਂ ਚੇਤੰਨ
"ਹੋਂਦਾ ਫੜੀਅਗੁ ਨਾਨਕ ਜਾਣੁ।"
– ਮਲਾ ੧, ਵਾਰ ੨੪ਸ, ੧, ੨:੭ (1289)

ਹੋਦਿਆਂ ---- ਹੁੰਦਿਆ, ਹੁੰਦੇ ਹੋਏ
"ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰੁ।"
– ਆਸਾ ੧, ਵਾਰ ੧ਸ, ੨, ੨:੨ (463)

ਹੋਦੀ ------ ਜੋ ਪਾਸ ਹੈ, ਮੌਜੂਦ, ਉਪਸਤਿਤ
"ਭੀਤਰਿ ਹੋਦੀ ਵਸਤੁ ਨ ਜਾਣੈ।"
– ਗਉ ੧, ੪, ੩:੪ (152)

ਹੋਂਦੀ ------ ਜਿਸ ਦੀ ਹਸਤੀ ਹੈ, ਹੋਰ ਵੇਖੇ 'ਹੋਂਦੈ'
"ਹੋਂਦੀ ਕਉ ਅਣਹੋਂਦੀ ਹਿਰੈ।"
– ਰਾਮ ੫, ਪ੪, ੨:੪ (900)

ਹੋਦੀਆ ---- ਹੁੰਦੀਆਂ/ਰਹਿੰਦੀਆਂ ਸਨ
"ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ।"
– ਆਸਾ ੧, ਅਸ ੧, ੧:੩ (417)

ਹੋਦੇ ------- (1) ਹੁੰਦੇ
"ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।"
– ਸਿਰੀ ੧, ੬, ੪:੨ (16)

ਹੋਰ ਰੂਪ:

ਹੋਦੈ –
"ਹੋਦੈ ਪਰਤਖਿ ਗੁਰੂ ਜੋ ਵਿਛੁੜੇ ਤਿਨ ਕਉ ਦਰਿ ਢੋਈ ਨਾਹੀ।"
– ਗਉ ੪, ਵਾਰ ੧੫ਸ, ੪, ੨:੧ (308)

(2) ਕੋਲ ਹੁੰਦਿਆਂ

“ਤਾਣ ਹੋਦੇ ਹੋਇ ਨਿਤਾਣਾ।”

– ਸਲੋ ਫਰ, ੧੨੮:੨ (1384)

ਹੋਰ ਰੂਪ:

ਹੋਦੈ –

“ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ।”

– ਸਿਰੀ ੪, ਵਾਰ ੭ਸ, ੧, ੨:੫ (85)

“ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ।”

– ਵਡ ੪, ਛੰਤ ੩, ੩:੪ (574)

ਹੋਂਦੈ ------ (ਆਪਣੀ ਹਸਤੀ ਵਿਚ) ਹੁੰਦਿਆਂ ਭਾਵ ਜਿਊਂਦਿਆਂ

“ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ।”

– ਗਉ ੪, ਵਾਰ ੧੫ਸ, ੪, ੩:੧ (309)

ਹੋਨ ------- ਹੋਵੇਗਾ

“ਰਾਖਨਹਾਰੇ ਪ੍ਰਭ ਪਿਆਰੇ ਮੁਝ ਤੇ ਕਛੂ ਨ ਹੋਆ ਹੋਨ।”

– ਆਸਾ ੫, ਛੰਤ ੮, ੩:੫ (458)

ਹੋਨਹਾਰ ---- ਜੋ ਆਵੱਸ਼ ਹੈ, ਹੋਣੀ

“ਮਾਈ ਹੋਨਹਾਰ ਸੋ ਹੋਈਐ।”

– ਦੇਵ ੫, ੨, ੧*:੧ (528)

ਹੋਰ ਰੂਪ:

ਹੋਨਹਾਰੁ –

“ਹੋਨਹਾਰੁ ਸੋ ਹੋਇ ਹੈ ਸਾਕਤ ਸੰਗਿ ਨ ਜਾਉ।”

– ਸਲੋ ਕਬ, ੯੯:੨ (1369)

ਹੋਨਾ ------ (1) ਜੋ ਆਵਸ਼ਕ ਹੈ, ਜੋ ਹੋਣਾ ਹੀ ਹੈ

“ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ।”

– ਗਉ ਕਬ, ੬੩, ੧:੨ (337)

(2) ਹੋ ਜਾਂਦੇ ਹਨ

“ਜੋ ਧਿਆਵਹਿ ਹਰਿ ਅਪਰੰਪਰੁ ਹਰਿ ਹਰਿ ਹਰਿ ਧਿਆਇ ਹਰੇ ਤੇ ਹੋਨਾ।”

– ਕਾਨ ੪, ਵਾਰ ੫:੨ (1315)

ਹੋਰ ਰੂਪ:

ਹੋਨਿ –

“ਕਿਲਵਿਖ ਸਭਿ ਬਿਨਾਸੁ ਹੋਨਿ ਸਿਮਰਤ ਗੋਵਿੰਦੁ।” (ਹੋ ਜਾਂਦੇ ਹਨ)

– ਗਉ ੫, ਵਾਰ ੧੪:੨ (321)

“ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।” (ਕੋਲ ਹੋਣ)

– ਸੋਰ ੧, ੧, ੪:੨ (595)

ਹੋਨੀ ------ ਹੋਵੇਗਾ

“ਸੋ ਬ੍ਰਹਮੁ ਅਜੋਨੀ ਹੈ ਭੀ ਹੋਨੀ ਘਟ ਭੀਤਰਿ ਦੇਖੁ ਮੁਰਾਰੀ ਜੀਉ।”

– ਸੋਰ ੧, ੮, ੨:੨ (598)

ਹੋਨੁ ------- ਹੋ ਸਕਨਾ
“ਹੋਨੁ ਨ ਪਾਈਐ ਰਾਮ ਕੇ ਦਾਸਾ।”
– ਗਉ ੫, ੮੨, ੧:੪ (180)

ਹੋਮ ------- ਘਿਓ ਆਦਿ ਸਮਗਰੀ ਨੂੰ ਅਗਨੀ ਵਿਚ ਪਾ ਕੇ ਕੀਤਾ ਜਾਣ ਵਾਲਾ (ਯੱਗ)
“ਤਿਤੁ ਘਿਇ ਹੋਮ ਜਗ ਸਦ ਪੂਜਾ ਪਾਇਐ ਕਾਰਜੁ ਸੋਹੈ।”
– ਮਾਝ ੧, ਵਾਰ ੨੬ਸ, ੧, ੧:੨੨ (150)
“ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ।”
– ਗਉ ੫, ੧੫੫, ੨:੧ (213)

ਹੋਮਿਉ ----- ਹੋਮ ਯੱਗ ਕਰਦਿਆਂ
“ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ।”
– ਸਾਰ ੫, ੧੫, ੨:੧ (1207)

ਹੋਮਤ ------ ਹਵਨ ਕਰਨਾ, ਹੋਮ ਯਗ ਕਰਨਾ
“ਅਗਨਿ ਮਾਹਿ ਹੋਮਤ ਪਰਾਨ।”
– ਗਉ ੫, ਸੁਖ ੩, ੨:੩ (265)

ਹੋਮਨ ------ ਹੋਮ ਯੱਗ (ਬਹੁ ਵਚਨ)
“ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ।”
– ਕਾਨ ੫, ੩੯, ੧:੧ (1306)

ਹੋਮਾ ------ ਹੋਮ/ਯੱਗ
“ਕਰਮ ਧਰਮ ਅਰਪਉ ਸਭ ਹੋਮਾ।”
– ਆਸਾ ੫, ੮੪, ੩:੨ (391)

ਹੋਮਾਗਉ ---- ਹੋਮ ਕਰਦਿਆਂ, ਭੇਟਾਂ ਕਰਦਿਆਂ, ਕੁਰਬਾਨ ਕਰਦਿਆਂ
“ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ।”
– ਬਿਲਾ ੫, ੩੨, ੨:੧ (808)

ਹੋਮਿ ------ (1) ਭੇਟਾ ਕਰ/ਆਹੂਤੀ ਦੇ, ਅਰਪਨ ਕਰ
“ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ।”
– ਸੋਰ ੫, ੨੦, ੩:੨ (614)

ਹੋਰ ਰੂਪ:

ਹੋਮੀਐ –
“ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ।”
– ਸਿਰੀ ੧, ਅਸ ੧੪, ੨:੧ (62)

(2) ਹਵਨ ਵਿਚ
“ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ।”
– ਬਿਲਾ ੫, ੧੧੯, ੧:੨ (828)

ਹੋਮੇ –

"ਪੁੰਨ ਦਾਨ ਹੋਮੇ ਬਹੁ ਰਤਨਾ।" (ਭੇਟਾ ਕੀਤੇ ਭਾਵ ਸਾੜੇ)
– ਗਉ ੫, ਸੁਖ ੩, ੧:੬ (265)

ਹੋਮੈ –
"ਸਰੀਰੁ ਕਟਾਇ ਹੋਮੈ ਕਰਿ ਰਾਤੀ।" (ਹਵਨ ਕਰ ਦੇਵੇ)
– ਗਉ ੫, ਸੁਖ ੩, ੧:੭ (265)

ਹੋਯਉ ----- ਹੋ ਗਿਆ, ਭਇਆ
"ਜਿਹ ਕ੍ਰਿਪਾਲੁ ਹੋਯਉ ਗੋੁਬਿੰਦੁ ਸਰਬ ਸੁਖ ਤਿਨਹੂ ਪਾਏ।"
– ਸਮੁ ੫, ੭:੫ (1386)

ਹੋਯੋ ------- ਹੋਇਆ ਹੈ
"ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣ:।"
– ਗਾਥਾ ੫, ੨੩:੧ (1361)

ਹੋਰ ------- (1) ਇਸ ਤੋਂ ਵਧੀਕ, ਛੁਟ, ਵੇਖ 'ਹੋਰਿ' (1)
"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ।"
– ਜਪੁ ੧, ੭:੧ (2)
"ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲਿ।"
– ਮਾਝ ੧, ਵਾਰ ੧੮ਸ, ੨, ੨:੬ (146)
"ਨਾਨਕ ਨਾਮਿ ਰਤੇ ਸੇ ਨਿਰਮਲ ਹੋਰ ਹਉਮੈ ਮੈਲੁ ਭਰੀਜੈ।" (ਬਾਕੀ)
– ਵਡ ੩, ਛੰਤ ੫, ੨:੬ (570)
"ਹੋਰ ਕਿਆ ਕਹੀਐ ਕਿਛੁ ਕਹਣੁ ਨ ਜਾਈ।"
– ਰਾਮ ੧, ਓਅੰ ੧੮:੮ (932)
(2) ਕੋਈ ਦੂਸਰੀ/ਵੱਖਰੀ ਤਰ੍ਹਾਂ ਦੀ
"ਬਾਬਾ ਹੋਰ ਮਤਿ ਹੋਰ ਹੋਰ।"
– ਸਿਰੀ ੧, ੮, ੧*:੧ (17)
"ਆਪੇ ਨਿਰਮਲੁ ਏਕੁ ਤੂੰ ਹੋਰ ਬੰਧੀ ਧੰਧੈ ਪਾਇ।" (ਬਾਕੀ, ਦੂਜੀ)
– ਸਿਰੀ ੧, ਅਸ ੩, ੪:੨ (54)
(3) ਕੋਈ ਦੂਜਾ
"ਪ੍ਰਭ ਤੁਝ ਬਿਨਾ ਨਹੀ ਹੋਰ।"
– ਬਿਲਾ ੫, ਅਸ ੨, ੬:੧ (838)
"ਸੰਪੈ ਸਾਥਿ ਨ ਚਾਲੈ ਹੋਰ।" (ਹੋਰਨਾਂ, ਦੂਜੇ ਨਾਲ)
– ਰਾਮ ੧, ਓਅੰ ੫੦:੬ (937)
"ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ।" (ਵਖਰਾ, ਕੋਈ ਦੂਜਾ)
– ਸਲੋ ਫਰ, ੧੧:੨ (1378)

ਹੋਰਤੁ ------ (1) ਹੋਰ ਕਿਸੇ ਤਰ੍ਹਾਂ, ਕਿਸੇ ਹੋਰ
"ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰੁਤ ਕਿਤੈ ਨ ਭਾਤੀ ਜੀਉ।"
– ਮਾਝ ੫, ੧੩, ੨:੩ (98)
"ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ।" (ਹੋਰ ਕਿਸੇ)
– ਸੂਹੀ ੪, ੧੦, ੨:੧ (734)

(2) ਹੋਰ ਕਿਸੇ ਤੋਂ
“ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੇ ਭਾਗਿ ਮਿਲਾਵਣਿਆਂ।”
– ਮਾਝ ੩, ਅਸ ੨੫, ੭:੩ (124)

ਹੋਰਥੈ ----- (1) ਕਿਸੇ ਦੂਜੀ ਥਾਂ, ਕਿਸੇ ਹੋਰ/ਵੱਖਰੀ ਥਾਂ
“ਵਿਣੁ ਕਾਇਆ ਜਿ ਹੋਰਥੈ ਧਨੁ ਖੋਜਦੇ ਸੇ ਮੂੜ ਬੇਤਾਲੇ।”
– ਗਉ ੪, ਵਾਰ ੧੫:੪ (309)
(2) ਹੋਰ ਕਿਸੇ ਤਰ੍ਹਾਂ
“ਗੁਰ ਸੇਵਾ ਤੇ ਸੁਖੁ ਪਾਈਐ ਹੋਰਥੈ ਸੁਖੁ ਨ ਭਾਲਿ।”
– ਬਿਰਾ ੪, ਵਾਰ ੧ਸ, ੩, ੧:੧ (548)

ਹੋਰਨਾ ----- ਦੂਜਿਆਂ/ਬਾਕੀਆਂ
“ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ।”
– ਮਾਝ ੧, ਵਾਰ ੫ਸ, ੪, ੨:੨ (140)

ਹੋਰ ਰੂਪ:

ਹੋਰਨਿ –
“ਆਪਣਾ ਕਾਰਜੁ ਆਪਿ ਸਵਾਰੇ ਹੋਰਨਿ ਕਾਰਜੁ ਨ ਹੋਈ।” (ਹੋਰਨਾ ਦੁਆਰਾ, ਦੂਜਿਆਂ ਰਾਹੀਂ)
– ਆਸਾ ੧, ੧੦, ੩:੧ (351)
“ਸਚਾ ਹੁਕਮੁ ਸਚਾ ਪਾਸਾਰਾ ਹੋਰਨਿ ਹੁਕਮੁ ਨ ਹੋਈ ਹੇ।” (ਕਿਸੇ ਹੋਰ ਦੁਆਰਾ)
– ਮਾਰੂ ੩, ਸੋਲਾ ੨, ੪:੩ (1045)

ਹੋਰਾ ------ ਵਖਰਾ, ਹੋਰ
“ਗੋਵਿੰਦ ਭਜਨ ਕੀ ਮਤਿ ਹੈ ਹੋਰਾ ।”
– ਆਸਾ ੫, ੪੨, ੧*:੧ (381)

ਹੋਰਿ ------ (1) ਵਧੀਕ, ਅਧਿਕ, ਵੇਖੋ ‘ਹੋਰ’ (1)
“ਏਤੇ ਕੀਤੇ ਹੋਰਿ ਕਰੇਹਿ।”
– ਜਪੁ ੧, ੨੬:੨੧ (6)
(2) ਹੋਰ ਦੂਜੇ, ਬਾਕੀ
“ਸਾਚਾ ਸਾਹਿਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ।”
– ਸਿਰੀ ੧, ੩, ੩:੩ (15)

ਹੋਰਿੰਓ ----- ਹੋਰ ਪਾਸੇ ਤੋਂ
“ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ।”
– ਰਾਮ ਬਾਸ, ਵਾਰ ੪:੧ (967)

ਹੋਰੀ ------ (1) ਹੋਰਨਾ
“ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ।”
– ਸਿਰੀ ੪, ਵਾਰ ੧੨ਸ, ੩, ੨:੮ (87)
(2) ਹੋਰ ਕੋਈ
“ਕਰਨ ਕਰਾਵਨ ਸਭ ਕਿਛੁ ਤੁਮ ਹੀ ਤੁਮ ਸਮਰਥ ਨਾਹੀ ਅਨ ਹੋਰੀ।”

- ਗਉ ੫, ੧੩੪*, ੧:੧ (208)

(3) ਹੋੜੀ, ਰੋਕੀ, ਵਰਜੀ ਹਟਾਈ, ਹੋਰ ਵੇਖੋ 'ਹੋਰੇ'
"ਮੋਹਨੀ ਮੋਹਤ ਰਹੈ ਨ ਹੋਰੀ।"
- ਸਾਰ ੫, ੬੦, ੧*:੧ (1216)

ਹੋਰੁ ------- (1) ਅਧਿਕ, ਇਸ ਤੋਂ ਛੁੱਟ/ਵਧੀਕ
"ਧਰਤੀ ਹੋਰੁ ਪਰੈ ਹੋਰੁ ਹੋਰੁ।" (ਇਸ ਤੋਂ ਛੁਟ)
- ਜਪੁ ੧, ੧੬:੧੧ (3)

"ਹੋਰੁ ਆਖਿ ਨ ਸਕੈ ਕੋਇ।" (ਵਧੀਕ)
- ਜਪੁ ੧, ੨੫:੧੧ (5)

(2) ਕੋਈ ਦੂਜਾ, ਅਵਰ
"ਤਿਥੈ ਹੋਰੁ ਨ ਕੋਈ ਹੋਰੁ।"
- ਜਪੁ ੧, ੩੭:੨ (8)

"ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬੁਹਤੁ ਅਪਾਰੁ।" (ਦੂਜੀ/ਅਵਰ ਗੱਲ)
- ਸਿਰੀ ੧, ੭, ੪:੨ (17)

(3) ਬਾਕੀ
"ਸਚਾ ਸਾਹੁ ਇਕ ਤੂੰ ਹੋਰੁ ਜਗਤੁ ਵਣਜਾਰਾ।"
- ਮਾਝ ੧, ਵਾਰ ੬:੮ (140)

(4) ਵਖਰਾ
"ਡਰੀਐ ਜੇ ਡਰੁ ਹੋਵੈ ਹੋਰੁ।"
- ਗਉ ੧, ੨, ੧*:੧ (151)

ਹੋਰੇ ------- (1) ਵਰਜੇ, ਰੋਕੇ, ਵੇਖੋ 'ਹੋਰੀ' (3)
"ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ।"
- ਗਉ ੫, ੧੫੪, ੧:੧ (213)

ਹੋਰ ਰੂਪ:

ਹੋਰੈ –
"ਇਸੁ ਮੀਠੀ ਤੇ ਇਹੁ ਮਨੁ ਹੋਰੈ।"
- ਗਉ ੫, ੧੫੦, ੧*:੨ (212)

(2) ਦੂਜੀਆਂ, ਅਵਰ, ਹੋਰ ਹੀ
"ਸਾਰਾ ਦਿਨੁ ਲਾਲਚਿ ਅਟਿਆ ਮਨਮੁਖਿ ਹੋਰੇ ਗਲਾ।"
- ਗਉ ੪, ਵਾਰ ੯ਸ, ੪, ੨:੧ (304)

ਹੋਰ ਰੂਪ:

ਹੋਰੋ
"ਓਨਾ ਰਿਜਕੁ ਨ ਪਾਇਓ ਓਥੈ ਓਨ੍ਹਾ ਹੋਰੋ ਖਾਣਾ।"
- ਰਾਮ ੩, ਵਾਰ ੨੧ਸ, ੧, ੧:੪ (956)

ਹੋਲੀ ------ ਇਕ ਖੁਸ਼ੀ ਦਾ ਤਿਉਹਾਰ ਜੋ ਫੱਗਣ ਸੁਦੀ 15 ਨੂੰ ਹੁੰਦਾ ਹੈ
"ਹੋਲੀ ਕੀਨੀ ਸੰਤ ਸੇਵ।"
- ਬਸੰ ੫, ੧, ੨:੩ (1180)

ਹੋਵਉ ------ (1) ਹੋਵਾਂ, ਹੋ ਜਾਵਾਂ
"ਗਰਬੁ ਮੋਹੁ ਤਜਿ ਹੋਵਉ ਰੇਨੁ।"
– ਆਸਾ ੫, ੮੪, ੩:੩ (391)
(2) ਹੋਵੇ, ਹੋ ਜਾਵੇ, ਬਣ ਜਾਵੇ
"ਭਵਰੁ ਤੁਮ੍ਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ।"
– ਗੂਜ ੫, ੪, ੪:੧ (496)

ਹੋਵਈ ----- ਹੋ ਸਕਦੀ
"ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।"
– ਜਪੁ ੧, ੧:੧ (1)
(2) ਹੁੰਦੀ
"ਚਿੰਤਾ ਮੂਲਿ ਨ ਹੋਵਈ ਅਚਿੰਤੁ ਵਸੈ ਮਨਿ ਆਇ।"
– ਵਡ ੪, ਵਾਰ ੪ਸ, ੩, ੨:੨ (587)
"ਐਸਾ ਸੀਗਾਰੁ ਬਣਾਇ ਤੂ ਮੈਲਾ ਕਦੇ ਨ ਹੋਵਈ ਅਹਿਨਿਸਿ ਲਾਗੈ ਭਾਉ।" (ਹੋਵੇ)
– ਸੂਹੀ ੩, ਵਾਰ ੨ਸ, ੩, ੧:੩ (785)
"ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੇ ਭਾਇ।" (ਲਗਦੀ)
– ਸੂਹੀ ੩, ਵਾਰ ੩ਸ, ੩, ੨:੨ (786)
"ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ।" (ਕੋਲ ਹੋਵੇ)
– ਰਾਮ ੫, ਵਾਰ ੫ਸ, ੫, ੨:੪ (959)

ਹੋਵਸਿ ----- ਹੁੰਦੀ, ਹੋ ਸਕਦੀ
"ਮਨਮੁਖ ਤੇ ਅਭ ਭਗਤਿ ਨ ਹੋਵਸਿ ਹਉਮੈ ਪਚਹਿ ਦਿਵਾਨੇ।"
– ਪ੍ਰਭਾ ੧, ਅਸ ੭, ੩:੧ (1345)

ਹੋਵਹ ------ ਹੋਈਏ, ਹੋ ਜਾਈਏ
"ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ।"
– ਗੂਜ ੪, ੫, ੧:੨ (493)

ਹੋਰ ਰੂਪ:

ਹੋਵਹਿ –
"ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ।" (ਹੋ ਜਾਵੇ)
– ਜਪੁ ੧, ੩੨:੧ (7)
"ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ।" (ਹੋ ਜਾਣ, ਬਣ ਜਾਣ)
– ਮਾਝ ੧, ਵਾਰ ੯ਸ, ੧, ੧:੧ (141)
"ਸੁਭਰ ਭਰੇ ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ।" (ਹੋਣਗੇ)
– ਗਉ ੧, ੧੬, ੪:੧ (156)
"ਜਾਸੁ ਜਪਤ ਹਰਿ ਹੋਵਹਿ ਸਾਧ।" (ਹੋਈਦਾ/ਬਣੀਦਾ ਹੈ)
– ਗਉ ੫, ਅਸ ੨, ੪:੨ (236)
"ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ।" (ਹੋ/ਬਣ ਜਾਂਦੇ ਹਨ)
– ਵਡ ੪, ਵਾਰ ੧੫ਸ, ੪, ੨:੪ (592)

ਹੋਵਗਿ ----- (1) ਹੋ/ਬਣ ਜਾਵੇਗੀ, ਹੋਵੇ/ਬਣੇਗੀ

“ਦੇਹੀ ਹੋਵਗਿ ਖਾਕੁ ਪਵਣੁ ਉਡਾਈਐ।”

– ਸੂਹੀ ੧, ਅਸ ੪, ੪:੧ (752)

(2) ਹੋਵੇਗੀ

“ਕਰਣੀ ਉਪਰਿ ਹੋਵਗਿ ਸਾਰ।”

– ਬਸੰ ੧, ੩, ੪:੨ (1169)

ਹੋਵਣਹਾਰਾ -- ਕਾਇਮ ਰਹਿ ਸਕਣ ਵਾਲਾ, ਸਥਿਰ

“ਸਦਾ ਸਦਾ ਸਦ ਹੋਵਣਹਾਰਾ।”

– ਮਾਰੂ ੫, ਸੋਲਾ ੬, ੫:੧ (1077)

ਹੋਰ ਰੂਪ:

ਹੋਵਣਹਾਰੁ –

“ਹੈ ਭੀ ਸਾਚਾ ਹੋਵਣਹਾਰੁ।” (ਸਦਾ ਕਾਇਮ/ਸਥਿਰ)

– ਗੋਂਡ ੫, ੨੦, ੪:੧ (868)

ਹੋਵਣਾ ----- ਹੋਣਾ, ਵਾਪਰਨਾ

“ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ।”

– ਗੂਜ ੫, ਵਾਰ ੧੮:੧ (523)

ਹੋਵਤ ------ (1) ਹੁੰਦਾ/ਹੁੰਦੀ ਹੈ

“ਨਾਮੁ ਜਪਤ ਮਨਿ ਹੋਵਤ ਸੂਖ।”

– ਗਉ ੫, ੭੯, ੨:੪ (179)

“ਸਰਪਰ ਹੋਵਤ ਜਾਨੁ ਅਨੇਤ।” (ਹੋਣੇ ਹਨ)

– ਗਉ ੫, ਸੁਖ ੫, ੩:੨ (268)

“ਸੰਗਿ ਹੋਵਤ ਕਉ ਜਾਨਤ ਦੂਰਿ।” (ਹੁੰਦੇ)

– ਆਸਾ ੫, ੯੭, ੨:੧ (395)

ਹੋਰ ਰੂਪ:

ਹੋਵੰਤਿ –

“ਹੋਵੰਤਿ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਆਕਰਖਤੇ।” (ਹੋਵੇ)

– ਸਸ ੫, ੭:੩ (1354)

“ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸੰਤ ਸ੍ਵਜਨਹ।” (ਨੀਵਾਂ ਹੋਣਾ)

– ਸਸ ੫, ੬੦:੨ (1359)

ਹੋਵੰਤੀ –

“ਨਾਨਕ ਜਨ ਹਰਿ ਕਥਾ ਸੁਣਿ ਤ੍ਰਿਪਤੇ ਜਪਿ ਹਰਿ ਹਰਿ ਹਰਿ ਹੋਵੰਤੀ।” (ਹੋ ਜਾਂਦੇ ਹਨ)

– ਨਟ ੫, ੮, ੨:੨ (977)

ਹੋਵਤੁ –

“ਤਿਨ ਜਨ ਕੀ ਸੇਵਾ ਥਾਇ ਪਈ ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ।”

– ਸਾਰ ੪, ੧੧, ੧:੨ (1201)

ਹੋਵੰਤੋ –

"ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ।"
– ਗਾਥਾ ੫, ੩:੧ (1360)

"ਹੇਯੋ ਹੈ ਹੋਵੰਤੋ ਹਰਣ ਭਰਣ ਸੰਪੂਰਣ: (ਹੋਵੇਗਾ)
– ਗਾਥਾ ੫, ੨੩:੧ (1361)

(2) ਹੋਇਆ/ਵਾਪਰਿਆ
"ਜੋ ਹੋਆ ਹੋਵਤ ਸੋ ਜਾਨੈ।"
(ਜੋ ਪ੍ਰਭੂ ਵਲੋਂ ਹੁੰਦਾ ਹੈ, ਹੋਇਆ ਉਸੇ ਨੂੰ ਸਮਝਦਾ ਹੈ)
– ਗਉ ੫, ਸੁਖ ੧੭, ੭:੫ (286)

ਹੋਵੰਦਾ ----- ਹੁੰਦਾ ਹੈ, ਹੁੰਦਿਆਂ ਹੋਇਆਂ ਵੀ
"ਨਾਲਿ ਹੋਵੰਦਾ ਲਹਿ ਨ ਸਕੰਦਾ ਸੁਆਉ ਨ ਜਾਣੈ ਮੂੜਾ।"
– ਰਾਮ ੫, ਛੰਤ ੧, ੧:੪ (924)

ਹੋਰ ਰੂਪ:

ਹੋਵੰਦੇ –
"ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।" ਹੁੰਦੇ (ਪੂਰੇ), (ਪ੍ਰਤਖ ਹੁੰਦੇ)
– ਗਉ ੪, ਵਾਰ ੧੨:੨ (306)

ਹੋਵਨਹਾਰ --- ਹੋਣ ਵਾਲੇ, ਕਾਇਮ, ਸਦਾ ਸਥਿਰ, ਵੇਖੋ 'ਹੋਵਣਹਾਰਾ'
"ਹੇ ਅਪਰੰਪਰ ਹਰਿ ਹਰੇ ਹਹਿ ਭੀ ਹੋਵਨਹਾਰ।"
– ਗਉ ੫, ਬਾਅ ੫੫:੫ (261)

ਹੋਰ ਰੂਪ:

ਹੋਵਨਹਾਰਾ –
"ਸਫਲ ਦਰਸਨੁ ਅਕਾਲ ਮੂਰਤਿ ਪ੍ਰਭੁ ਹੈ ਭੀ ਹੋਵਨਹਾਰਾ।"
– ਸੋਰ ੫, ੫, ੩:੧ (609)

ਹੋਵਨਹਾਰੁ –
"ਹੋਵਨਹਾਰੁ ਹੋਤ ਸਦ ਆਇਆ।" (ਸਦਾ ਰਹਿਣ ਵਾਲਾ)
– ਗਉ ੫, ਬਾਅ ੧੨:੩ (252)

ਹੋਵਨਾ ----- (1) (ਹੋਂਦ ਵਿਚ) ਹੋਣਾ ਹੈ
"ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ।"
– ਗਉ ੫, ਬਾਅ ੨੦:੨ (254)

ਹੋਰ ਰੂਪ:

ਹੋਵਨਿ –
"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।" (ਹੋਂਦ ਵਿਚ ਆਉਂਦੇ ਹਨ)
– ਜਪੁ ੧, ੨:੧ (1)

(2) ਹੋ ਸਕਨਾ
"ਹਮ ਤੇ ਕਛੂ ਨ ਹੋਵਨਾ ਸਰਣਿ ਪ੍ਰਭ ਸਾਧ।"
– ਬਿਲਾ ੫, ੬੦, ੪:੧ (816)

"ਧੁਰਿ ਹੋਵਨਾ ਸੁ ਹੋਇਆ ਕੋ ਨ ਮੇਟਣਹਾਰ।" (ਹੋਣਾ ਸੀ)
– ਮਾਲੀ ੫, ੧, ੩:੨ (986)

ਹੋਰ ਰੂਪ:

ਹੋਵਨਿ
"ਸੁਰਗੈ ਦੀਆਂ ਮੋਹਣੀਆਂ ਇਸਤਰੀਆਂ ਹੋਵਨਿ ਨਾਨਕ ਸਭੋ ਜਾਉ।" (ਹੋਣ, ਬਣ ਜਾਣ)
– ਮਾਝ ੧, ਵਾਰ ੯ਸ, ੧, ੪:੨ (142)
"ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।" (ਕੋਲ ਹੋਣ)
– ਸੂਹੀ ੧, ਛੰਤ ੪, ੩:੨ (765-66)
"ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ।" (ਹੋਣ)
– ਸੂਹੀ ੩, ਵਾਰ ੧੩ਸ, ੧, ੨:੧ (789)
ਹੋਵਨੀ –
"ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।" (ਹੁੰਦੇ)
– ਜਪੁ ੧, ੨੩:੪ (5)
ਹੋਵਨੁ –
"ਸਤਿ ਹੋਵਨੁ ਮਨਿ ਲਗੈ ਨ ਰਾਤੀ।" (ਹੋਣ)
– ਗਉ ੫, ੯੮, ੨:੨ (185)

ਹੋਵਨੁ ------ (1) ਹੋਣ ਵਾਲੀ, ਆਵਸ਼ਕ
"ਜੋ ਹੋਵਨੁ ਸੋ ਦੂਰਿ ਪਰਾਨੈ।" (ਭਾਵ ਮੌਤ)
– ਗਉ ੫, ਸੁਖ ੪, ੪:੪ (267)
(2) ਹੋਣ, ਵੇਖੋ 'ਹੋਵਨਾ' (2)
(3) ਜੋ ਹੈ ਭਾਵ ਅਕਾਲ ਪੁਰਖ
"ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ।"
– ਬਿਲਾ ੫, ੯੬, ੧:੨ (823)

ਹੋਵਾ ------ (1) ਮੈਂ ਹੋਵਾਂ
"ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।"
– ਸਿਰੀ ੧, ੧, ੩:੧ (14)

ਹੋਰ ਰੂਪ:

ਹੋਵਾਂ –
"ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ।"
– ਮਾਝ ੧, ਵਾਰ ੬ਸ, ੧, ੨:੩ (140)
(2) ਹੋ ਸਕਦਾ ਹਾਂ
"ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ।"
– ਮਾਝ ੧, ਵਾਰ ੬ਸ, ੧, ੨:੧(140)

ਹੋਵੀ ------ (1) ਹੁੰਦਾ
"ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ।"
– ਸਿਰੀ ੫, ੭੯, ੩:੩ (45)
(2) ਹੋਵੇ
"ਮੁਕਾਮੁ ਤਿਸ ਨੋ ਆਖੀਐ ਜਿਸ ਸਿਸਿ ਨ ਹੋਵੀ ਲੇਖੁ।"

– ਸਿਰੀ ੧, ਅਸ ੧੭, ੭:੧ (64)

"ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ।" (ਹੋਵੇ ਭਾਵ ਮਿਲੇ)

– ਆਸਾ ੧, ਵਾਰ ੩:੪ (464)

(3) ਹੋ ਸਕਦਾ

"ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ।"

– ਗਉ ੪, ਵਾਰ ੩੦ਸ, ੪, ੧:੫ (315)

ਹੋਵੀਜੈ ----- ਹੋ ਜਾਈਏ

"ਗਰਬੁ ਨ ਕੀਜੈ ਰੇਣ ਹੋਵੀਜੈ ਤਾ ਗਤਿ ਜੀਅਰੇ ਤੇਰੀ।"

– ਸੂਹੀ ੫, ਛੰਤ ੪, ੧:੫ (779)

ਹੋਵੈ ------- (1) ਜੇ ਹੋਏ

"ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।"

– ਜਪੁ ੧, ੩:੧ (1)

"ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ।"

– ਆਸਾ ੧, ਵਾਰ ੧੨:੧ (469)

(2) ਹੁੰਦਾ ਹੈ/ਹੁੰਦੀ ਹੈ

"ਸੁਣਿਐ ਹਾਥ ਹੋਵੈ ਅਸਗਾਹੁ।"

– ਜਪੁ ੧, ੧੧:੪ (3)

(3) ਹੋ ਜਾਏ, ਹੋਏ

"ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।"

– ਗਉ ੧, ਸੋਹ ੧, ੩:੨ (12)

"ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ।" (ਹੋਏ, ਹੈ)

– ਮਾਝ ੩, ੧੪, ੭:੩ (117)

(4) ਹੋਣ

"ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ।"

– ਸਿਰੀ ੫, ੭੮, ੩:੩ (45)

(5) ਹੋ (ਬਣ) ਜਾਂਦਾ ਹੈ

"ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ।"

– ਸਿਰੀ ੩, ਅਸ ੧੮, ੫:੩ (65)

ਹੋਵੈਨੀ ----- ਹੋਣ ਵਾਲੀ, ਹੋਵਣਹਾਰ

"ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ।"

– ਬਿਲਾ ੪, ੫, ੨:੧ (800)

ਹੋੜੀਐ ----- ਰੋਕ ਸਕੇ

"ਸੂਰਬੀਰ ਵਰੀਆਮ ਕਿਨੈ ਨ ਹੋੜੀਐ।"

– ਗੂਜ ੫, ਵਾਰ ੧੫:੧ (522)

ਹੌ -------- ਹੋ

"ਤੁਮ ਕਹੀਅਤ ਹੌ ਜਗਤ ਗੁਰ ਸੁਆਮੀ।"

– ਜੈਤ ਰਵਿ, ੧, ੧:੧ (710)

ਹ੍ਰਿਦੈ ------ ਦਿਲ ਵਿਚ, ਮਨ ਵਿਚ

"ਹ੍ਰਿਦੈ ਕਪਟੁ ਮੁਖ ਗਿਆਨੀ।"

– ਸੋਰ ਕਬ, ੮, ੧:੧ (656)

ਕ

ਕ -------- ਦਾ

"ਤੂੰ ਬ੍ਰਹਮਨੁ ਮੈ ਕਾਸੀ ਕ ਜੁਲਾਹਾ ਮੋਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ।"

– ਰਾਮ ਕਬ, ੫, ੩:੧ (970)

ਕਉ ------- (1) ਨੂੰ

"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"

– ਜਪੁ ੧, ੨੧:੧੪ (4)

ਹੋਰ ਰੂਪ:

ਕੰਉ –

"ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ।"

– ਮਾਝ ੫, ਦਿਨ ੨:੯ (137)

"ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ ਜੋ ਗੁਰ ਚਰਨੀ ਜਨ ਪਾਹਿ।" (ਉਪਰ, ਤੇ)

– ਵਡ ੪, ਵਾਰ ੧੬ਸ, ੩, ੧:੪ (592)

(2) ਵਾਸਤੇ, ਲਈ

"ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ ਸਹਸ ਤਵ ਮੂਰਤਿ ਨਨਾ ਏਕ ਤੋਹੀ।" (ਤੇਰੇ ਵਾਸਤੇ)

– ਧਨਾ ੧, ੩, ੨:੧ (13)

ਹੋਰ ਰੂਪ:

ਕੰਉ –

"ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ।"

– ਮਾਝ ੫, ਬਾਰਾ ੨:੮ (137)

(3) ਤੋਂ

"ਸਾਧ ਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣ।"

– ਸਿਰੀ ੫, ੭੪, ੪:੧ (43)

ਹੋਰ ਰੂਪ:

ਕੰਉ –

"ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ।"

– ਵਡ ੪ ਵਾਰ ੧੧:੫ (590)

(4) ਦੇ

"ਜਿਨ ਕਉ ਮਸਤਕਿ ਲਿਖਿਆ ਤਿਨ ਪਾਇਆ ਹਰਿ ਨਾਮੁ।"

– ਸਿਰੀ ੫, ੮੦, ੧:੩ (45)

ਕਉਸਕ ---- ਇਕ ਰਾਗ, ਇਹ ‘ਮਾਲਕਉਸਕ’ ਰਾਗੁ ਦੇ ਅੱਠ ਪੁੱਤਰਾਂ ਵਿਚੋਂ ਇਕ ਮੰਨਿਆ ਜਾਂਦਾ ਹੈ। ਬਾਕੀ ਹਨ - ਮਾਰੂ, ਮਸਤ ਅੰਗ, ਮੇਵਾਰਾ, ਪ੍ਰਬਲ ਚੰਡ, ਉਭਾਰਾ, ਖਉਖਟ ਤੇ ਭਉਰਾਨਦ

“ਪ੍ਰਬਲ ਚੰਡ ਕਉਸਕ ਉਭਾਰਾ।”

- ਰਾਗ ੧:੨੦ (1430)

ਕਉਸੈ ----- (ਫਾ. ਕਫ਼ਸ਼) ਖੜਾਵਾਂ

“ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉਸੈ ਸਪਤ ਪਯਾਲਾ।”

- ਭੈਰ ਨਾਮ, ੧, ੧:੧ (1167)

ਕਉਡਾ ----- ਕਉਡੀਆਂ

“ਕਉਡਾ ਡਾਰਤ ਹਿਰੈ ਜੁਆਰੀ।”

- ਗੋਂਡ ਨਾਮ, ੨, ੩:੨ (873)

ਕਉਡੀ ----- ਪੁਰਾਣੇ ਸਮੇਂ ਦਾ ਸਭ ਤੋਂ ਘੱਟ ਮੁਲ ਵਾਲਾ ਸਿੱਕਾ ਭਾਵ ਨਿਗੂਣੀ ਵਸਤੂ

“ਹੀਰੈ ਜੈਸਾ ਜਨਮੁ ਹੈ ਕਉਡੀ ਬਦਲੈ ਜਾਇ।”

- ਗਉ ੧, ੧੮, ੧:੨ (156)

ਕਉਣ ----- (1) ਕਿਹੜਾ/ਕਿਹੜੀ ਪ੍ਰਸ਼ਨ ਵਾਚਕ, ਹੋਰ ਵੇਖੋ ‘ਕਉਨ’

“ਕੀਮਤਿ ਕਉਣ ਰਹੈ ਲਿਵ ਲਾਇ।”

- ਗਉ ੧, ਅਸ ੬, ੫:੨ (223)

“ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰ ਰਵਿ ਰਹਿਆ।”

- ਆਸਾ ੧, ੭, ੨:੨ (350)

ਹੋਰ ਰੂਪ:

ਕਉਣੁ -

“ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ।”

- ਮਾਝ ੫, ਅਸ ੩੬, ੧:੧ (131)

(2) ਕੀ

“ਜੇ ਤੂੰ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ।” (ਸਾਡੀ ਕੀ ਵਟਕ ਹੈ?)

- ਬਸੰ ੧, ਅਸ ੮, ੭:੧ (1191)

“ਹਮ ਨਾਨ੍ਹੇ ਨੀਚ ਤੁਮ੍ਹੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ।”

- ਸਾਰ ੫, ਅਸ ੧, ੮:੧ (1235)

ਹੋਰ ਰੂਪ:

ਕਉਣੁ -

“ਵਿਸਰਿਆ ਜਿਨ੍ਾ ਨਾਮੁ ਤਿਨਾੜਾ ਹਾਲੁ ਕਉਣੁ।” (ਉਨਾਂ ਦਾ ਕੀ ਹਾਲ ਹੋਣਾ ਹੈ/ਭਾਵ ਭੈੜਾ ਹਾਲ ਹੈ)

- ਆਸਾ ੫, ੧੦੬, ੩:੨ (397)

ਕਉਤਕ ---- (ਸੰ.) ਤਮਾਸ਼ਾ, ਖੇਡ, ਮਨੋਰੰਜਕ ਲੀਲਾ, ਹੋਰ ਵੇਖੋ ‘ਕਉਤਕੁ’

“ਕਉਤਕ ਕਰੈ ਰੰਗ ਅਪਾਰ।”

– ਗਉ ੫, ਸੁਖ ੧੨, ੭:੮ (279)

ਕਉਤਕਹਾਰ -- ਕਉਤਕ ਕਰਨ ਵਾਲਾ, ਲੀਲਾ ਰਚਨਹਾਰ

"ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ।"

– ਸਲੋ ਕਬ, ੧੯੦:੨ (1374)

ਕਉਤਕੁ ---- ਖੇਡ, ਲੀਲਾ

"ਕਉਤਕੁ ਕਾਲੁ ਇਹੁ ਹੁਕਮਿ ਪਠਾਇਆ।"

– ਮਾਰੂ ੫, ਸੋਲਾ ੧੦, ੯:੧ (1081)

ਕੰਉਤਕੁ ---- ਤਮਾਸ਼ਾ ਕਰਨ ਵਾਲਾ

" ਜਾਂਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕੰਉਤਕੁ ਕਾਲੁ ਬਪੁੜਾ ਕੋਟਵਾਲ ਸੁ ਕਰਾ ਸਿਰੀ।" (1957 ਤੋਂ ਬਾਅਦ ਦੀਆਂ ਛਾਪਾਂ ਵਿਚ ਇਹ ਸ਼ਬਦ 'ਕਉਸਕ' ਹੀ ਹੈ)

– ਮਲਾ ਨਾਮ, ੧, ੧:੩ (1292)

ਕਉਤੇ ----- ਕਉਤਕੀ, ਚੇਟਕੀ, ਲੋਕਾਂ ਨੂੰ ਤਮਾਸ਼ਾ ਵਿਖਾਣ ਵਾਲੇ

"ਕਾਪੜੀ ਕਉਤੇ ਜਾਗੂਤਾ।"

– ਸਿਰੀ ੫, ੨੭, ੫:੨ (71)

ਕਉਨ ----- (1) ਕਿਸ, ਕਿਹੜੇ, ਪ੍ਰਸਨਵਾਚਕ

"ਅਵਰਿ ਜਤਨਿ ਕਹਹੁ ਕਉਨ ਕਾਜ।"

– ਗਉ ੫, ੭੬, ੨:੩ (178)

"ਬਿਰਥਾ ਕਹਉ ਕਉਨ ਸਿਉ ਮਨ ਕੀ।" (ਕਿਸ ਨੂੰ)

– ਆਸਾ ੧, ੧, ੧*:੧ (411)

(2) ਕਿਹੜੀ

"ਕਉਨ ਬਸਤੁ ਆਈ ਤੇਰੈ ਸੰਗ।"

– ਗਉ ੫, ਸੁਖ ੧੫, ੪:੭ (283)

"ਤਿਸ ਕੀ ਮਹਿਮਾ ਕਉਨ ਬਖਾਨਉ।" (ਕਿਹੜੀ ਵਡਿਆਈ ਕਰਾਂ)

– ਗਉ ੫, ਸੁਖ ੧੭, ੭:੭ (286)

(3) ਕਿਹੜਾ /(ਵਿਅਕਤੀ, ਜੀਵ)

"ਤਬ ਨਰਕ ਸੁਰਗ ਕਹੁ ਕਉਨ ਅਉਤਾਰ।"

– ਗਉ ੫, ਸੁਖ ੨੧, ੨:੪ (291)

ਹੋਰ ਰੂਪ:

ਕਉਨੁ –

"ਏਕੋ ਪਵਨੁ ਕਹਾ ਕਉਨੁ ਰੋਤਿ।"

– ਗਉ ੫, ੧੧੨, ੨:੨ (188)

(4) ਕੀ (ਭਾਵ)

"ਕਾਂਇਆ ਮਾਂਜਸਿ ਕਉਨ ਗੁਨਾਂ।" (ਕੀ ਗੁਣ, ਕੀ ਲਾਭ?)

– ਸੋਰ ਕਬ, ੮, ੧*:੧ (656)

ਹੋਰ ਰੂਪ:

ਕਉਨੁ –
“ਕਉਨੁ ਕਰਮ ਮੇਰਾ ਕਰਿ ਕਰਿ ਮਰੈ।” (ਕੀ ਲਾਭ ਹੈ, ਮੇਰਾ ਮੇਰਾ ਕਰਕੇ ਮਰਨ ਦਾ)
– ਭੈਰ ਕਬ, ੧੦, ੧:੪ (1159)
“ਜਬ ਜਮੁ ਆਇ ਸੰਘਾਰੈ ਪ੍ਰਾਨੀ ਤਬ ਤੁਮਰੋ ਕਉਨੁ ਹਵਾਲ।”
– ਸਾਰ ੫, ੬੨, ੧:੨ (1222)
(5) ਕੌਣ, ਕੀ ਹੈ/ਕਰ ਸਕਦਾ ਹੈ?
“ਕਰਤਾ ਰਾਖੈ ਕੀਤਾ ਕਉਨੁ।”
– ਰਾਮ ੫, ੧੮, ੨:੧ (888)

ਕਉਨੇ ------ (1) ਕਿਸ ਨੇ
“ਹਮਾਰੇ ਕੁਲ ਕਉਨੇ ਰਾਮੁ ਕਹਿਓ।”
– ਬਿਲਾ ਕਬ, ੪, ੧*:੧ (856)
(2) ਕਿਸ, ਕਿਹੜੇ
“ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ।”
– ਸਲੋ ਕਬ, ੨੪:੨ (1365)

ਕਉਰਾ ----- ਕੌੜਾ, ਹੋਰ ਵੇਖੋ ‘ਕਉੜਾ’
“ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ।”
– ਗਉ ੫, ੮੨, ੩:੨ (180)

ਕਉਰਾਇ --- ਕੌੜੀ ਹੋ ਜਾਂਦੀ ਹੈ
“ਮੁਖਿ ਮੀਠੀ ਖਾਈ ਕਉਰਾਇ।”
– ਪ੍ਰਭਾ ੫, ਅਸ ੧, ੨:੩ (1347)

ਕਉਰਾਪਨੁ --- ਕੁੜਿੱਤਨ, ਹੋਰ ਵੇਖੋ ‘ਕਉੜਤਣਿ’
“ਕਉਰਾਪਨੁ ਤਊ ਨ ਜਾਈ।”
–ਸੋਰ ਕਬ, ੮, ੨:੨ (656)

ਕਉਲਾ ----- (1) (ਸੰ.) ਕਮਲ ਵਿਚ ਰਹਿਣ ਵਾਲੀ, ਲਕਸ਼ਮੀ ਦਾ ਇਕ ਵਿਸ਼ੇਸ਼ਣ ਭਾਵ ਮਾਇਆ
“ਪੀਛੈ ਲਾਗਿ ਚਲੀ ਉਠਿ ਕਉਲਾ।”
– ਗਉ ੫, ਅਸ ੧, ੬:੪ (235)
“ਕਉਲਾ ਬਪੁਰੀ ਸੰਤੀ ਛਲੀ।”
– ਆਸਾ ੫, ੮੮, ੩:੪ (392)
(2) (ਸੰ.) ਕਮਲ ਫੁੱਲ, ਹੋਰ ਵੇਖੋ ‘ਕਉਲੁ’
“ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ।”
– ਆਸਾ ੫, ੫੪, ੧*:੨ (384)
“ਭਵਰੁ ਤੁਮ੍ਹਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ।”
– ਗੂਜ ੫, ੪, ੪:੧ (496)

ਕਉਲਾਰੁ ---- ਕਮਲ ਫੁੱਲਾਂ ਦਾ ਸਮੂਹ
“ਤੁਝਹਿ ਪੇਖਿ ਬਿਗਸੈ ਕਉਲਾਰੁ।”
– ਆਸਾ ੫, ੭੪, ੨:੨ (389)

ਕਉਲੁ ------ (1) ਕਮਲ ਫੁੱਲ, ਵੇਖੋ, ‘ਕਉਲਾ’ (2)
“ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ।”
– ਸਿਰੀ ੧, ੨੫, ੪:੨ (23)
“ਭ੍ਰਮੁ ਖੋਇਓ ਸਾਂਤਿ ਸਹਿਜ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ।”
(ਹਿਰਦੇ ਰੂਪੀ ਕਮਲ)
– ਗਉ ੫, ਛੰਤ ੪, ੪:੩ (249)
(2) (ਅ. ਕੌਲ) ਬਚਨ
“ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ।”
– ਰਾਮ ਬਸ, ਵਾਰ ੨:੧੦ (967)

ਕਉੜਤਣਿ --- ਕੁੜਿੱਤਨ, ਹੋਰ ਵੇਖੋ ‘ਕਉਰਾਪਨੁ’
“ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ।”
– ਗਉ ੫, ਵਾਰ ੧੧ਸ, ੫, ੨:੧ (320)

ਹੋਰ ਰੂਪ:

ਕਉੜਤਣੁ –
“ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ।”
– ਸਾਰ ੪, ਵਾਰ ੧੫ਸ, ੧, ੧:੪ (1243)

ਕਉੜਾ ------ (1) ਕੌੜਾ, ਕੜਵਾ
“ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ।”
– ਸਿਰੀ ੫, ੯੧, ੧:੧ (50)

ਹੋਰ ਰੂਪ:

ਕਉੜੀਆ –
“ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ।”
– ਗਉ ੫, ਵਾਰ ੧੩:੧ (321)
(2) ਅਸੁਖਾਵਾਂ, ਖਰਵਾ (ਬੋਲ)
“ਬੋਲੈ ਕਉੜਾ ਜਿਹਬਾ ਕੀ ਫੂੜਿ।” (ਖਰਵਾ, ਬੇਢਬਾ, ਅਸੁਖਾਵਾਂ)
– ਆਸਾ ੫, ੯੬, ੧:੨ (394)
“ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ।”
– ਬਿਹਾ ੪, ਵਾਰ ੧੯:੪ (556)
(3) ਦੁਖ (ਭਾਵ)
“ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ।”
– ਵਡ ੧, ਛੰਤ ੧, ੪:੨ (566)
“ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ।” (ਦੁਖਦਾਈ ਹੋ ਕੇ ਨਿਕਲਿਆ)
– ਸੋਰ ੫, ਅਸ ੨, ੩:੨ (641)

ਹੋਰ ਰੂਪ:

ਕਉੜੇ –
“ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ।” (ਦੁਖਦਾਇਕ)

– ਮਾਝ ੫, ਬਾਰਾ ੯:੪ (135)

ਕਉੜੈ –
“ਤਿਨਿ ਕਉੜੈ ਤਨਿ ਰੋਗੁ ਜਮਾਇਆ।” (ਦੁਖਦਾਈ ਵਿਸ਼ੇ ਵਿਕਾਰਾਂ ਨੇ)
– ਸਾਰ ੪, ਵਾਰ ੧੫ਸ, ੧, ੨:੬ (1243)

ਕਊਆ ----- ਕਾਂ, ਕਾਲੇ ਰੰਗ ਦਾ ਇਕ ਪੰਛੀ
“ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ।”
– ਗਉ ਕਬ, ੪੫, ੧:੨ (332)
“ਫਿਰਿ ਫਿਰਿ ਫਾਹੀ ਫਾਸੈ ਕਊਆ।” (ਕਾਂ ਦੀ ਬਿਰਤੀ ਵਾਲਾ ਜੀਵ)
– ਰਾਮ ੧, ਉਅੰ ੩੯:੧ (935)

ਕਈ ------ ਅਨੇਕ
“ਕਈ ਜਨਮ ਭਏ ਕੀਟ ਪਤੰਗਾ।”
– ਗਉ ੫, ੭੨, ੧:੧ (176)

ਕਸ ------- (1) (ਸੰ.) ਕਸੈਲਾ, ਮਿਠਾ, ਸਲੂਣਾ, ਤਿਖਾ, ਕਸੈਲਾ, ਖੱਟਾ, ਕੌੜਾ, ਛੇ ਰਸਾਂ ਵਿਚੋਂ ਇਕ, ਵੇਖੋ ‘ਕਸਹਿ’ ‘ਕਸੁ’
“ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।” (ਇਥੇ ‘ਰਸ ਕਸ’ ਮੁਹਾਵਰੇ ਵਜੋਂ ਆਇਆ ਹੈ, ਭਾਵ ਹੈ ਭੋਗ ਬਿਲਾਸ, ਖਟੇ ਮਿੱਠੇ ਰਸ’)
– ਸਿਰੀ ੧, ੪, ੧:੨ (15)
“ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ।” (ਰੰਗ-ਰਲੀਆਂ, ਐਸ਼)
– ਮਾਝ ੧, ਵਾਰ ੧੫ਸ, ੧, ੧:੪ (145)
(2) ਕਿਉਂ
“ਬਿਧਵਾ ਕਸ ਨ ਭਈ ਮਹਤਾਰੀ।” (ਕਿਉਂ ਨਾ)
– ਗਉ ਕਬ, ੨੫, ੧:੨ (328)
(3) ਕਿਵੇਂ, ਕਿਸ ਤਰ੍ਹਾਂ
“ਰਾਮ ਕਹਤ ਜਨ ਕਸ ਨ ਤਰੇ।”
– ਗਉ ਨਾਮ, ੧, ੧*:੨ (345)
(4) ਕੋਈ
“ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।”
– ਤਿਲੰ ੧, ੧, ੨:੧ (721)

ਕੰਸ ------- ਮਥਰਾ ਦੇ ਰਾਜੇ ਉਗ੍ਰਸੈਨ ਦਾ ਪੁੱਤਰ ਤੇ ਕ੍ਰਿਸ਼ਨ ਜੀ ਦਾ ਮਾਮਾ, ਇਕ ਅਤਿਆਚਾਰੀ ਦੈਂਤ ਰਾਜਾ ਜੋ ਕ੍ਰਿਸ਼ਨ ਜੀ ਨਾਲ ਯੁੱਧ ਕਰਦਾ ਮਰ ਗਿਆ, ਹੋਰ ਵੇਖੋ ‘ਕੰਸੁ’
“ਕੇਸੀ ਕੰਸ ਮਥਨੁ ਜਿਨਿ ਕੀਆ।”
– ਗੋਂਡ ਨਾਮ ੫, ੪:੧ (874)

ਕਸਉਟੀ ---- ਪਰਖ, ਪਰੀਖਿਆ, ਹੋਰ ਵੇਖੋ ‘ਕਸਵਟੀ’
“ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ।”
– ਰਾਮ ੩, ਵਾਰ ੪ਸ, ਕਬ, ੧:੧ (948)

ਕਸਹਿ ----- ‘ਕਸ’ ਨਾਲ, ਕਸੈਲੇ ਰਸ/ਭੋਗ ਬਿਲਾਸ ਨਾਲ

"ਮਨ ਬਚ ਕ੍ਰਮ ਰਸ ਕਸਹਿ ਲੁਭਾਨਾ।"
– ਆਸਾ ਰਵਿ, ੬, ੨:੧ (487)

ਕਸਟ ------ (ਸੰ.) ਪੀੜਾ, ਦੁੱਖ
"ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ।"
– ਸਿਰੀ ਬੇਣੀ, ੧, ੧:੩ (93)
"ਕਾਟੇ ਕਸਟ ਪੂਰੇ ਗੁਰਦੇਵ।"
– ਗਉ ੫, ੧੨੭, ੧*:੧ (191)

ਕਸਤੂਰਿ ---- ਇਕ ਖਾਸ ਜਾਤੀ ਦੇ ਹਿਰਨ ਦੀ ਨਾਭ ਵਿਚੋਂ ਪ੍ਰਾਪਤ ਹੋਣ ਵਾਲਾ ਸੁਗੰਧੀ ਵਾਲਾ ਇਕ ਦ੍ਰਵ ਪਦਾਰਥ
"ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।"
– ਸਿਰੀ ੧, ੧, ੧:੨ (14)

ਹੋਰ ਰੂਪ:

ਕਸਤੂਰੀ –
"ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ।"
– ਸਿਰੀ ੪, ਵਾਰ ੧੫ਸ, ੫, ੨:੨ (89)

ਕਸਨਿ ----- (ਸੰ.) – ਖਿਚਣਾ ਕਸਣ ਵਾਲੀਆਂ, ਖਿਚਣ ਵਾਲੀਆਂ, ਖਿਚ ਕੇ, ਘੁੱਟ ਕੇ ਬੰਨਣ ਵਾਲੀ ਰੱਸੀ/ਧਾਗਾ
"ਕਸਨਿ ਬਹਤਰਿ ਲਾਗੀ ਤਾਹਿ।"
– ਬਸੰ ਕਬ, ੬, ੧:੪ (1194)

ਕਸਮਲ ---- (ਸੰ.) ਪਾਪ, ਦੋਸ਼
"ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭ ਹਰੁ ਰੇ।"
– ਗਉ ੯, ੯, ੧:੨ (220)

ਹੋਰ ਰੂਪ:

ਕਸੰਮਲ –
"ਝਰਹਿ ਕਸੰਮਲ ਪਾਪ ਤੇਰੇ ਮਨੂਆ।"
– ਗਉ ੫, ਬਾਅ ੨੫:੫ (255)

ਕਸਮਲਾ –
"ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ।"
– ਕਾਨ ੫, ੧੬, ੧:੧ (1301)

ਕਸਵਟੀ ---- (ਸੰ. , ਰਗੜਨ ਵਾਲਾ) ਕਸੌਟੀ, ਉਹ ਖਾਸ ਪ੍ਰਕਾਰ ਦਾ ਪੱਥਰ ਜਿਸ ਉਪਰ ਸੋਨੇ ਨੂੰ ਰਗੜ ਕੇ ਪਰਖਿਆ ਜਾਂਦਾ ਹੈ; ਪਰਖ
"ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ।"
– ਸਿਰੀ ੧, ੨੧, ੧:੨ (22)

ਕਸਾਇਣਿ --- ਬੁਚੜ/ਕਸਾਈ ਦੀ ਪਤਨੀ
"ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।"

– ਸਿਰੀ ੪, ਵਾਰ ੨੦ਸ, ੧, ੧:੧ (91)

ਕਸਾਈ ----- (1) (ਅ. 'ਕਸਾਈ') ਬੁਚੜ, ਜਾਨਵਰਾਂ ਨੂੰ ਬਧ ਕਰਨ ਵਾਲਾ
"ਜਗਤੁ ਪਸੂ ਅਹੰ ਕਾਲੁ ਕਸਾਈ।"
– ਰਾਮ ੧, ਓਅੰ ੧੮:੫ (932)

(2) ਖਿਚੀ ਹੋਈ, ਆਕਰਸ਼ਤ
"ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ।"
– ਵਡ ੩, ਛੰਤ, ੧, ੧:੫ (567)

ਹੋਰ ਰੂਪ:

ਕਸਾਈਆਂ –
"ਅਖੀ ਪ੍ਰੇਮ ਕਸਾਈਆਂ ਜਿਉ ਬਿਲਕ ਮਸਾਈ ਰਾਮ।"
– ਬਿਲਾ ੪, ਛੰਤ ੨, ੩:੨ (845)

ਕਸਾਏ –
"ਹਰਿ ਕੀ ਪ੍ਰੀਤਿ ਤਿਨ ਊਪਜੀ ਹਰਿ ਪ੍ਰੇਮ ਕਸਾਏ।"
– ਗੂਜ ੩, ਵਾਰ ੧੧:੨ (513)

(3) ਨਿਰਦਈ, ਜ਼ਾਲਮ
"ਪ੍ਰੇਮ ਬਿਛੋਹਾ ਕਰਤ ਕਸਾਈ।"
– ਸੂਹੀ ੫, ੪੦, ੨:੧ (745)

ਕਸਾਬਿ ----- (ਅ. ਕ਼ਸਾਬ) ਕਸਾਈ, ਮਾਸ ਕਟਣ ਵਾਲਾ
"ਮਹਾ ਕਸਾਬਿ ਛੁਰੀ ਸਟਿ ਪਾਈ।"
– ਰਾਮ ੫, ੫੦, ੨:੨ (898)

ਕਸਿ ------ (1) ਖਿਚ/ਘਸਾ ਕੇ
"ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ।"
– ਸਿਰੀ ੧, ਅਸ ੭, ੪:੧ (57)
"ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ।" (ਕਸ ਕੇ)
– ਗਉ ੧, ਅਸ ੧੭, ੬:੨ (228)

ਹੋਰ ਰੂਪ:

ਕਸੀਐ –
"ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ।" (ਖਿਚ/ਕਸ ਪੈਂਦੀ ਹੈ)
– ਮਾਝ ੧, ਵਾਰ ੧੮ਸ, ੨, ੧:੭ (146)

(2) ਕਸਵਟੀ ਤੇ ਲਾ ਕੇ, ਪਰਖ ਕੇ
"ਆਪੇ ਕਿਸ ਹੀ ਕਸਿ ਬਖਸੇ ਆਪੇ ਦੇ ਲੈ ਭਾਈ ਹੇ।"
– ਮਾਰੂ ੧, ਸੋਲ ੧, ੮:੩ (1021)

ਕਸੀਦਾ ----- (ਫਾ. ਕਸ਼ੀਦਾ) ਖਿਚਿਆਂ/ਲਕੀਰਿਆ ਹੋਇਆ, ਸੂਈ ਧਾਗੇ ਨਾਲ ਕਢਿਆ ਹੋਇਆ।
"ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ।"
– ਬਸੰ ੧, ੧੦, ੨:੧ (1171)

ਕਸੁ ------- (1) ਕਢੀ ਹੋਈ (ਰਸ) (ਭਾਵ)
"ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ।"
– ਮਾਝ ੧, ਵਾਰ ੧੧ਸ, ੧, ੨:੩ (143)

(2) ਕਿਕਰ ਦੇ ਸੱਕ
"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।"
– ਆਸਾ ੧, ੩੮, ੧:੧ (360)

(3) (ਸੰ.) ਦੁੱਖ, ਪੀੜਾ
"ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ।"
– ਸਵ ੨, ੬:੨ (1392)

ਕੰਸੁ ------- ਇਕ ਅਤਿਆਚਾਰੀ ਰਾਜਾ, ਕ੍ਰਿਸ਼ਨ ਜੀ ਦਾ ਮਾਮਾ, ਵੇਖੋ 'ਕੰਸ'
"ਕੰਸੁ ਕੇਸੁ ਚਾਂਡੂਰੁ ਨ ਕੋਈ।"
– ਗਉ ੧, ਅਸ ੯, ੧੧:੧ (225)

ਕਸੁਧ ------ ਅਪਵਿੱਤਰ, ਮੈਲੀ, ਖੋਟੀ
"ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ।"
– ਮਾਰੂ ੩, ਵਾਰ ਪਸ, ੧, ੧:੧ (1088)

ਕਸੁੰਭ ------ (1) (ਸੰ.) ਗੂੜੇ ਸ਼ੋਖ ਲਾਲ ਰੰਗ ਦਾ ਇੱਕ ਫੁੱਲ ਜੋ ਛੇਤੀ ਫਿੱਕਾ ਪੈ ਜਾਂਦਾ ਹੈ
"ਕੂੜਾ ਰੰਗੁ ਕਸੁੰਭ ਕਾ ਬਿਨਸਿ ਜਾਇ ਦੁਖੁ ਰੋਇ।"
– ਸਿਰੀ ੩, ੩੭, ੩:੩ (28)

"ਜੈਸਾ ਰੰਗੁ ਕਸੁੰਭ ਕਾ ਮਨ ਬਉਰਾ ਰੇ ਤਿਉ ਪਸਰਿਓ ਪਾਸਾਰੁ।"
– ਗਉ ਕਬ, ੫੭, ੩:੨ (336)

(2) ਮਾਇਆ (ਭਾਵ)
"ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ।" (ਮਾਇਆ ਦੀ ਖੇਡ)
– ਗਉ ੫, ੧੨੭*, ੨:੧ (206)

(3) ਕਚਾ, ਛੇਤੀ ਫਿਕਾ ਪੈ ਜਾਣ ਵਾਲਾ (ਭਾਵ)
"ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ।"
– ਸੋਰ ੪, ਵਾਰ ੬:੨ (645)

ਕਸੁੰਭੜੈ ---- ਅਗਨੀ ਦੀ ਲਾਟਾਂ ਵਰਗੇ ਸ਼ੋਖ ਲਾਲ ਰੰਗ ਦਾ ਇਕ ਫੁੱਲ ਭਾਵ ਸੰਸਾਰਿਕ ਐਸਵਰਜ਼ ਦੇ ਸਾਜ਼ ਸਮਾਨ ਨੂੰ
"ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ।"
– ਸੂਹੀ ਫਰ, ੨, ੧*:੧ (794)

ਕਸੁੰਭਾ ----- ਗੂੜੇ ਸ਼ੋਖ ਲਾਲ ਰੰਗ ਦਾ ਫੁਲ ਜਿਸ ਦਾ ਰੰਗ ਕੱਚਾ ਹੁੰਦਾ ਹੈ, ਵੇਖੋ 'ਕਸੁੰਭ', ਭਾਵ ਹੈ ਮਾਇਕ ਪਦਾਰਥਾਂ ਦੇ ਓਪਰੇ ਸੁਖ ਅਨੰਦ
"ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ।"
– ਸਿਰੀ ੪, ਵਾਰ ੮ਸ, ੩, ੨:੧ (85)

ਹੋਰ ਰੂਪ:

ਕਸੁੰਭੁ –

"ਮਨਮੁਖੁ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ।"
– ਮਾਲੀ ੪, ੪, ੨:੧ (985)

ਕਸੁੰਭੈ –
"ਮਿਤ੍ਰ ਪਿਆਰਾ ਨਾਨਕ ਜੀ ਮੈ ਛਡਿ ਗਵਾਇਆ ਰੰਗਿ ਕਸੁੰਭੈ ਭੁਲੀ।" (ਮਾਇਕ ਪਦਾਰਥਾਂ ਦੇ ਕਚੇ)
– ਰਾਮ ੫, ਵਾਰ ੧੩ਸ, ੫, ੧:੧ (963)

ਕਸੁੰਭਾਇਲੇ -- ਕਸੁੰਭੇ ਵਰਗੇ ਰੰਗ ਨਾਲ ਭਾਵ ਮਾਇਆ ਨਾਲ
"ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕਸੁੰਭਾਇਲੇ।"
– ਗੋਂਡ ੫, ੨, ੧:੧ (862)

ਕਸੇ ------- (ਫਾ. ਕਸੇ) ਕਿਸੇ ਆਦਮੀ
"ਨਾ ਰਿਜਕੁ ਦਸਤ ਆ ਕਸੇ।"
– ਮਾਝ ੧, ਵਾਰ ੧੩ਸ, ੧, ੫:੧ (144)

ਕਹ ------- (1) ਕਿਥੇ
"ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।"
– ਮਾਝ ੧, ਵਾਰ ੧੬ਸ, ੧, ੧:੨ (145)

(2) ਕਿਉਂ
"ਮਨ ਮੂਰਖ ਕਹ ਕਰਹਿ ਪੁਕਾਰ।"
– ਗਉ ੫, ਬਾਅ ੪੧:੪ (258)
"ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ।" (ਕਾਹਦੇ ਲਈ)
– ਆਸਾ ਕਬ, ੧, ੧:੧ (475)

(3) ਕਿਵੇਂ
"ਏਕ ਨਾਮ ਬਿਨੁ ਕਹ ਲਉ ਸਿਧੀਆ।"
– ਗਉ ੫, ਬਾਅ ੪੩:੨ (259)

(4) ਕਿਸ
"ਪਾਪ ਪੁੰਨ ਤਬ ਕਹ ਤੇ ਹੋਤਾ।"
– ਗਉ ੫, ਸੁਖ ੨੧, ੧:੨ (290)
"ਜਗੁ ਰੋਗੀ ਕਹ ਦੇਖਿ ਦੇਖਾਉ।" (ਕਿਸ ਨੂੰ)
– ਬਸੰ ੧, ਅਸ ੪, ੪:੩ (1189)

(5) ਕੀ
"ਕਹਾ ਕਰਉ ਜਾਤੀ ਕਹ ਕਰਉ ਪਾਤੀ।"
– ਆਸਾ ਨਾਮ, ੩, ੧*:੧ (485)
"ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ।"
– ਭੈਰ ੧, ਅਸ ੧, ੬:੨ (1153)

(6) ਕਦੇ
"ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ।"
– ਦੇਵ ੫, ੨, ੧:੧ (528)

(7) ਕਿਤੇ
"ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ।"

– ਬਿਲਾ ੫, ੧੧੭, ੧:੨ (827)

(8) ਦੀ

"ਨਹ ਚਿੰਤਾ ਮਾਤ ਪਿਤ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ।"

– ਸਸ ੫, ੧੫:੧ (1355)

(9) ਨੂੰ

"ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ।"

– ਸਸ ੫, ੬੬:੧ (1360)

ਕਹਉ ------ (1) ਮੈਂ ਕਹਾਂ

"ਕਿਆ ਕਹਉ ਸੁਣਉ ਸੁਆਮੀ ਤੂੰ ਵਡ ਪੁਰਖੁ ਸੁਜਾਣਾ।"

– ਸਿਰੀ ੫, ੯੬, ੧*:੨ (51)

"ਗੁਰ ਸੇਵਾ ਭਉਜਲੁ ਤਰੀਐ ਕਹਉ ਪੁਕਾਰੀਆ।" (ਮੈਂ ਪੁਕਾਰ ਕੇ ਕਹਿੰਦਾ ਹਾਂ)

– ਗਉ ੫, ਅਸ ੧੨, ੮:੨ (241)

ਹੋਰ ਰੂਪ:

ਕਹੰਉ –

"ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ।"

– ਮਲਾ ੫, ੨੪, ੧:੧ (1272)

ਕਹਾਂਉ –

"ਕਹਾਂਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ।"

– ਸੋਰ ੯, ੯, ੨:੧ (633)

(2) ਕਿਸੇ ਕੋਲੋਂ ਵੀ

"ਊਚਾ ਉਚਉ ਆਖੀਐ ਕਹਉ ਨ ਦੇਖਿਆ ਜਾਇ।"

– ਸਿਰੀ ੧, ਅਸ ੩, ੮:੧ (55)

(3) ਕਹੇ, ਆਖੇ

"ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।"

– ਦੇਵ ੪, ੪, ੧:੨ (528)

ਕਹਸਨਿ ---- ਕਹਿਣ/ਆਖਣਗੇ

"ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।"

– ਮਾਝ ੫, ਬਾਰਾ ੭:੩ (134)

ਕਹਸਿ ----- ਕਹੇਂ/ਆਖੇਂ ਗਾ

"ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ।"

– ਆਸਾ ਕਬ, ੨੬, ੧*:੨ (482)

ਕਹਹਿ ----- (1) ਆਖਿਆਂ, ਆਖਦਿਆਂ

"ਅਸੰਖ ਕਹਹਿ ਸਿਰਿ ਭਾਰੁ ਹੋਇ।"

– ਜਪੁ ੧, ੧੯:੩ (4)

ਹੋਰ ਰੂਪ:

ਆਖਹੁ –

"ਭਾਈ ਰੇ ਰਾਮੁ ਕਹਹੁ ਚਿਤੁ ਲਾਇ।" (ਆਖੋ, ਕਹੋ, ਸਿਮਰੋ)

– ਸਿਰੀ ੧, ੨੩, ੧*:੧ (22)

“ਸਚੁ ਕਹਹੁ ਸਚੈ ਘਰਿ ਰਹਣਾ।” (ਬੋਲੋ)

– ਮਾਰੂ ੧, ਸੋਲਾ ੨੦, ੧:੧ (1040)

(2) ਆਖਦੇ/ਕਹਿੰਦੇ ਹਨ

“ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ।”

– ਮਾਝ ੧, ਵਾਰ ੨੧:੨ (148)

“ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ।” (ਆਖਦਾ/ਕਹਿੰਦਾ ਹੈ/ਆਖੇ/ ਕਹੇ)

– ਭੈਰ ੫, ੧, ੩:੨ (1136)

(3) ਆਖਣ, ਕਹਿਣ

“ਕਿਸ ਕਉ ਕਹਹਿ ਸੁਣਾਵਹਿ ਕਿਸ ਕਉ ਕਿਸੁ ਸਮਝਾਵਹਿ ਸਮਝਿ ਰਹੇ।”

– ਆਸਾ ੧, ੧੭, ੧:੧ (353)

(4) ਆਖਦਾ/ਕਹਿੰਦਾ ਹੈਂ

“ਜੋ ਤੂੰ ਕਹਹਿ ਸੁ ਕਾਰ ਕਮਾਵਾ।”

– ਆਸਾ ੫, ੧, ੪:੩ (370)

(5) ਜੇ ਆਖੇਂ

“ਕਹਹਿ ਤ ਧਰਣਿ ਇਕੋਡੀ ਕਰਉ।”

– ਭੈਰ ਨਾਮ, ੧੦, ੧੭:੧ (1166)

ਕਹਹੁ ------ (1) ਆਖੋ, ਕਹੋ, ਵੇਖੋ ‘ਕਹਹਿ’ (1)

(2) ਦਸੋ

“ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ।”

– ਸਿਰੀ ਕਬ, ੩, ੩:੨ (92)

(3) ਹੁਕਮ ਕਰੋ, ਆਦੇਸ਼ ਦਿਓ

“ਜੋ ਤੁਮ ਕਹਹੁ ਸੋਈ ਮੋਹਿ ਕਰਨਾ।”

– ਗਉ ੫, ੮੭, ੨:੨ (181)

ਕਹਣ ------ (1) ਕਹਿਣੇ, ਆਖਣੇ

“ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ।”

– ਸਿਰੀ ੧, ੪, ੩:੩ (15)

(2) ਕਥਨ, ਬਚਨ, ਗਲਾਂ

“ਜਿਨੑੀ ਨਾਮੁ ਵਿਸਾਰਿਆ ਕੂੜੇ ਕਹਣ ਕਹੰਨਿੑ।”

– ਬਿਲਾ ੪, ਵਾਰ ੧੨ਸ, ੩, ੧:੧ (854)

“ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।” (ਕਥਨ)

– ਸਵ ੨, ੫:੪ (1391)

ਹੋਰ ਰੂਪ:

ਕਹਣਾ –

“ਕਹਣਾ ਹੈ ਕਿਛੁ ਕਹਣੁ ਨ ਜਾਇ।” ਕਥਨ ਹੈ (ਨਾਮ ਮਾਤਰ)

– ਗਉ ੧, ੩, ੧*:੧ (152)

ਕਹਣੁ –

“ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ।” (ਬਚਨ, ਭਾਵ ਸਿਫਤ ਸਲਾਹ)

– ਵਡ ੧, ਛੰਤ, ੧, ੨:੧ (566)

“ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ। (ਕਥਨ ਭਾਵ ਕਥਾ)

– ਧਨਾ ੧, ਛੰਤ ੧, ੪:੧ (688)

“ਤੈ ਸਹ ਪਾਸਹੁ ਕਹਣੁ ਕਹਾਇਆ।” (ਬੋਲ ਅਖਵਾਇਆ, ਉਲ੍ਹਾਮਾ ਲਿਆ)

– ਸਾਰ ੪, ਵਾਰ ੧੫ਸ, ੧, ੨:੪ (1243)

“ਕਹਿ ਕਹਿ ਕਹਣੁ ਕਹੈ ਸਭੁ ਕੋਇ।” (ਮੁਹਾਵਰਾ – ਫੜ ਮਾਰਨਾ)

– ਮਲਾ ੩, ਅਸ ੩, ੫:੧ (1277)

ਕਹਣੈ –

“ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ।” (ਕਹਣਿ/ਗਲਾਂ ਨਾਲ)

– ਸਿਰੀ ੧, ਅਸ ੧੩, ੫:੨ (61)

“ਕਹਣੈ ਕਥਨਿ ਨ ਪਾਇਆ ਜਾਇ।” (ਗੱਲਾਂ ਨਾਲ)

– ਆਸਾ ੩, ੪੩, ੩:੩ (362)

(3) ਆਖਣ/ਕਹਿਣ, ਹੋਰ ਵੇਖੋ ‘ਕਹਨੁ’

“ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ।”

– ਰਾਮ ੫, ੪, ੨:੨ (883)

ਹੋਰ ਰੂਪ:

ਕਹਣਾ –

“ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।” (ਆਖਣਾ)

– ਜਪੁ ੧, ੫:੯ (2)

“ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ।” (ਆਖਿਆ)

– ਸਿਰੀ ੩, ੪੨, ੪:੨ (30)

“ਪਾਰਬ੍ਰਹਮੁ ਜੋ ਸਦ ਹੀ ਸੇਵੈ ਸੋ ਗੁਰ ਮਿਲਿ ਨਿਹਚਲੁ ਕਹਣਾ।” (ਆਖਿਆ ਜਾਂਦਾ ਹੈ, ਕਹਾਉਂਦਾ ਹੈ)

– ਮਾਝ ੫, ੫੦, ੧:੩ (109)

“ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ।” (ਆਖਣਾ ਭਾਵ ਸਮਝਾਣਾ)

– ਵਡ ੧, ਛੰਤ ੧, ੩:੫ (566)

ਕਹਣਿ –

“ਅੰਤੁ ਨ ਸਿਫਤੀ ਕਹਣਿ ਨ ਅੰਤੁ।”

– ਜਪੁ ੧, ੨੪:੧ (5)

“ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ।” (ਆਖਣ ਨਾਲ)

– ਸਿਰੀ ੧, ੩, ੩:੨ (15)

“ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ।” (ਆਖਣਾ)

– ਆਸਾ ੧, ਅਸ ੧੧, ੬:੩ (417)

ਕਹਣੁ –

“ਕਹਣੁ ਨ ਜਾਈ ਤੇਰੀ ਤਿਲੁ ਵਡਿਆਈ।” (ਆਖੀ/ਕਹੀ)

– ਆਸਾ ੧, ਸੋਦ ੨, ੨:੪ (9)

"ਰਈਅਤਿ ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ।" (ਮੁਹਾਵਰਾ)
(ਕਹਣ ਕਹਾਉਣ ਵਾਲਾ ਭਾਵ ਅਹੰਕਾਰੀ; ਦਾਹਵਾ ਬੰਨਣ ਵਾਲਾ)
– ਮਾਰੂ ੧, ਸੋਲਾ ੧੫, ੧੧:੩ (1036)

ਕਹਣੈ –
"ਕਹਣੈ ਵਾਲੇ ਤੇਰੇ ਰਹੇ ਸਮਾਇ।"
– ਆਸਾ ੧, ਸੋਦ ੨, ੧:੪ (9)

ਕਹਣੈਵਾਲੇ --- ਆਖਣ ਵਾਲੇ (ਸਿਫਤ ਸਾਲਾਹ)
"ਕਹਣੈਵਾਲੇ ਤੇਰੇ ਰਹੇ ਸਮਾਇ।"
– ਆਸਾ ੧, ੧, ੧:੪ (349)

ਕਹਤ ------ (1) ਆਖਦੇ/ਕਹਿੰਦੇ/ਕਥਨ ਕਰਦੇ, ਆਖਦਾ, ਕਹਿੰਦਾ, ਕਥਨ ਕਰਦਾ
"ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ।"
– ਸਿਰੀ ਕਬ, ੧, ੨:੧ (92)
"ਸਾਧਸੰਗਿ ਹਰਿ ਹਰਿ ਜਸੁ ਕਹਤ।" (ਆਖਦਾ ਹੈ)
– ਗਉ ੫, ਸੁਖ ੧੪, ੪:੩ (281)
"ਸੁਖੁ ਦੁਖੁ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ। (ਕਹਿੰਦੇ ਹਨ)
– ਸੋਰ ੯, ੫, ੩:੧ (632)
"ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ ਪਾਹੂਚਾ।" (ਮੈਂ ਕਹਿੰਦਾ ਹਾਂ)
– ਸਾਰ ੫, ਅਸ ੧, ੨:੧ (1235)

ਹੋਰ ਰੂਪ:

ਕਹੰਤ –
"ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ।"
– ਸਸ ੫, ੧੪:੧ (1355)

ਕਹਤਉ –
"ਕਹਤਉ ਪੜਤਉ ਸੁਣਤਉ ਏਕ।" (ਕਹਿੰਦਾ)
– ਧਨਾ ੧, ਅਸ ੧, ੭:੧ (686)
"ਕੋਇ ਕਹਤਉ ਅਨੰਨਿ ਭਗਉਤੀ।" (ਕਹਿੰਦਾ ਹੈ)
– ਰਾਮ ੫, ਅਸ ੧, ੨:੩ (912)

ਕਹਤਾ –
"ਨਾਨਕ ਹਰਿ ਹਰਿ ਗੁਰਮੁਖਿ ਜੋ ਕਹਤਾ।" (ਆਖਦਾ, ਜਪਦਾ)
– ਗਉ ੫, ਬਾਅ ੪੬:੮ (260)
"ਜਿਸੁ ਪਾਹਣ ਕਉ ਠਾਕੁਰੁ ਕਹਤਾ।" (ਆਖਦਾ ਹੈ)
– ਸੂਹੀ ੫, ੯, ੨:੧ (739)
"ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ।" (ਆਖਦਾ ਸੈਂ)
– ਸਲੋ ਕਬ, ੮੭:੨ (1369)

ਕਹਤਿਅਹ –
"ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ।" (ਕਹਿੰਦੀ/ਆਖਦੀ)
– ਸਵ ੩, ੨੦:੪ (1396)

ਕਹਤਿਆ –

"ਰਾਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ।" (ਆਖਦਿਆਂ)
– ਆਸਾ ੪, ਛੰਤ ੯, ੫:੫ (443)

"ਧੰਨੁ ਧਨੁ ਭਾਗ ਤਿਨਾ ਭਗਤ ਜਨਾ ਜੋ ਹਰਿ ਨਾਮਾ ਹਰਿ ਮੁਖਿ ਕਹਤਿਆ।"
– ਸੋਰ ੪, ਵਾਰ ੧੮:੧ (649)

ਕਹਤੀ –

"ਸਗਲੀ ਦਾਸੀ ਠਾਕੁਰੈ ਸਭ ਕਹਤੀ ਮੇਰਾ।" (ਆਖਦੀ)
– ਆਸਾ ੫, ੧੧੭, ੪:੧ (400)

ਕਹਤੁ –

"ਕਹਤੁ ਨਾਨਕੁ ਭੈ ਭਾਵ ਕਾ ਕਰੇ ਸੀਗਾਰੁ।"
– ਆਸਾ ੧, ੨੭, ੪:੧ (357)

"ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ।"
– ਵਡ ੪, ਘੋੜੀ, ੨, ੩:੬ (576)

ਕਹਤੇ –

"ਸਭ ਕਹਤੇ ਹੈ ਪਾਇਆ।"
– ਸਿਰੀ ੫, ਅਸ ੨੭, ੭:੨ (71)

"ਰਾਮ ਨਾਮ ਸੁਨਿ ਰਸਨਾ ਕਹਤੇ।" (ਜਪਦੇ)
– ਗਉ ੫, ਸੁਖ ੨੪, ੪:੮ (295)

"ਹਰਿ ਗੁਨ ਕਹਤੇ ਕਹਨੁ ਨ ਜਾਈ।" (ਆਖਦਿਆਂ)
– ਸੋਰ ਭੀਖ, ੨, ੧*:੧ (659)

"ਨਾਰਾਇਣ ਕਹਤੇ ਨਰਕਿ ਨ ਜਾਹਿ।" (ਆਖਣ ਨਾਲ)
– ਗੋਂਡ ੫, ੧੯, ੧:੩ (867)

ਕਹਤੋ –

"ਨਾਨਕ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ।"
– ਗਉ ੫, ੧੬੪, ੪:੧ (216)

(2) ਕਹਣ ਵਾਲੇ

"ਕਹਤ ਪਵਿਤ੍ਰ ਸੁਣਤ ਪੁਨੀਤ।"
– ਗਉ ੫, ੯੨, ੪:੧ (183)

"ਕਹਤ ਸੁਣਤ ਸਭੈ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ।"
– ਬਿਲਾ ੩, ੪, ੪:੨ (798)

ਹੋਰ ਰੂਪ:

ਕਹਤੇ –

"ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ ਕੁਲੁ ਤਾਰਿਆ ਜੀਉ।"
– ਸਿਰੀ ੫, ਛੰਤ ੩, ੫:੧ (81)

(3) ਆਖਣ, ਕਹਿਣ

"ਕਹਤ ਸੁਨਤ ਕਛੁ ਜੋਗ ਨ ਹੋਉ।"
– ਗਉ ੫, ਬਾਅ ੫:੪ (251)

(4) ਆਖਣ ਨਾਲ

"ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ।"
– ਸੋਰ ੯, ੪, ੨:੨ (632)

(5) ਕਿਹਾ ਹੋਇਆ, ਭਾਵ ਉਪਦੇਸ਼
"ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ।"
– ਬਿਲਾ ੯, ੧, ੧:੨ (830)

ਕਹੰਦਾ ----- ਆਖਦੇ ਹਨ, ਕਹਿੰਦੇ ਹਨ
"ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ।"
– ਗਉ ੫, ਵਾਰ ੫:੩ (319)

ਕਹਦੇ ------ ਆਖਣ/ਕਹਿਣ ਵਾਲਾ
"ਕਹਦੇ ਕਹਹਿ ਕਹੇ ਕਹਿ ਜਾਵਹਿ ਤੁਮ ਸਰਿ ਅਵਰੁ ਨ ਕੋਈ।"
– ਸੂਹੀ ੧, ੧, ੪:੧ (728)

ਕਹੰਦੇ ------ ਆਖਦੇ ਹਨ
"ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ।"
– ਗਉ ੪, ਵਾਰ ੧੨:੧ (306)

ਕਹਨ ------ (1) ਆਖਣ, ਕਥਨ, ਬਿਆਨ ਹੋਰ ਵੇਖੋ 'ਕਹਨਾ'
"ਕਹਨ ਕਹਾਵਨ ਇਹੁ ਕੀਰਤਿ ਕਰਲਾ।"
– ਸਿਰੀ ੫, ੯੬, ੩:੧ (51)
"ਸਤ੍ਰੁ ਦਹਨ ਹਰਿ ਨਾਮ ਕਹਨ ਅਵਰੁ ਕਛੁ ਨ ਉਪਾਉ।" (ਸਿਮਰਨ)
– ਗੂਜ ੫, ੩੧, ੨:੧ (502)
"ਹਰਿ ਨਾਮ ਰਸਨਾ ਕਹਨ।" (ਜਪਣਾ)
– ਬਿਲਾ ੫, ਅਸ ੧, ੨:੧ (837)
(2) ਜਾਪ/ਜਸ/ਵਡਿਆਈ
"ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ।"
– ਕਾਨ ੫, ੩੯, ੧*:੧ (1306)

ਕਹਨਹਾਰੇ --- ਆਖਣ ਵਾਲੇ, ਕਥਨ ਕਰਨ/ਜਾਪ/ ਸਿਮਰਨ ਕਰਨ ਵਾਲੇ
"ਥਾਨ ਪਵਿਤ੍ਰਾ ਮਾਨ ਪਵਿਤ੍ਰਾ ਪਵਿਤ੍ਰ ਸੁਨਨ ਕਹਨਹਾਰੇ।"
– ਸਾਰ ੫, ੫੫, ੨:੧ (1215)

ਕਹਨਾ ----- ਕਹਿਣਾ, ਆਖਣਾ
"ਤਾ ਕਉ ਭਿੰਨ ਨ ਕਹਨਾ ਜਾਈ।"
– ਗਉ ੫, ਸੁਖ ੧੭, ੨:੮ (285)

ਹੋਰ ਰੂਪ:

ਕਹਨਿ –
"ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।"
– ਜਪੁ ੧, ੨੨:੩ (5)

ਕਹਨਿ ----- (1) ਆਖਦੇ/ਆਖਦੀਆਂ ਹਨ, ਵੇਖੋ ਕਹਨ
(2) ਕਥਨ ਨਾਲ
"ਕਹਨਿ ਭਵਨਿ ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ।"
– ਕਾਨ ੫, ੪੭, ੧:੧ (1307)

ਕਹਨੁ ------ ਆਖਿਆ, ਕਿਹਾ, ਵੇਖੋ ‘ਕਹਣੁ’
“ਸਭ ਕਿਛੁ ਆਪੇ ਆਪਿ ਹੈ ਹਉਮੈ ਵਿਚਿ ਕਹਨੁ ਨ ਜਾਇ।”
– ਸਿਰੀ ੩, ੫੪, ੪:੧ (35)
“ਸੁਹੇਲਾ ਕਹਨੁ ਕਹਾਵਨੁ।” (ਆਖਣਾ, ਗਲਾਂ ਕਰਨੀਆਂ)
– ਸਿਰੀ ੫, ੯੭, ੧*:੧ (51)

ਕਹਨੇ ------ ਕਥਨ, ਗਲਾਂ, ਬਚਨ
“ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈਂ ਬੋਲਤ ਹੀ ਬਡ ਲਾਜ।”
– ਮਾਰੂ ਕਬ, ੩, ੧:੨ (1103)

ਕਹੰਨਿ ----- ਕਹਿੰਦੇ ਹਨ, ਆਖਦੇ ਹਨ
“ਜਿਨ੍ਹੀ ਨਾਮੁ ਵਿਸਾਰਿਆ ਕੂੜੈ ਕਹਣ ਕਹੰਨਿ।”
– ਬਿਲਾ ੪, ਵਾਰ ੧੨ਸ, ੩, ੧:੧ (854)

ਕਹਰੁ ------ (ਅ. ਕ਼ਹਰ) ਗ਼ੁਸਾ, ਆਫਤ, ਜ਼ੁਲਮ
“ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ।”
– ਸਲੋ ੧, ੨੭:੧ (1412)

ਹੋਰ ਰੂਪ:

ਕਹਰੈ –
“ਬਸਤ੍ਰ ਨ ਪਹਿਰੈ ਅਹਿਨਿਸਿ ਕਹਰੈ।” (ਕਸ਼ਟ, ਦੁਖ)
– ਆਸਾ ੧, ਵਾਰ ੯ਸ, ੧, ੨:੭ (467)

ਕਹਾ ------ (1) ਮੈਂ ਆਖਾਂ, ਕਹਾਂ
“ਕੁਦਰਤਿ ਕਵਣ ਕਹਾ ਵੀਚਾਰੁ।”
– ਜਪੁ ੧, ੧੬:੨੨ (3)
“ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ।”
– ਗਉ ੪, ੪੯, ੩:੧ (167)

ਹੋਰ ਰੂਪ:

ਕਹਾਂ –
“ਚਰਨ ਪਖਾਰਿ ਕਹਾਂ ਗੁਣਤਾਸ।”
– ਧਨਾ ੫, ੨੩, ੪:੨ (676)

(2) ਕਿਵੇਂ, ਕਿਸ ਤਰ੍ਹਾਂ
“ਕੀਤਾ ਕਹਾ ਕਰੇ ਮਨਿ ਮਾਨੁ।”
– ਸਿਰੀ ੧, ੩੨, ੧:੧ (25)
“ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।”
– ਗਉ ੧, ੧੭, ੩:੨ (156)
“ਤਾ ਕਉ ਕਾੜਾ ਕਹਾ ਬਿਆਪੈ।” (ਕਾਹਨੂੰ)
– ਗਉ ੫, ੧੦੩, ੧:੨ (186)
“ਸੁਧ ਕਹਾ ਹੋਇ ਕਾਚੀ ਭੀਤਿ।”
– ਗਉ ੫, ਸੁਖ ੩, ੩:੮ (265)

(3) ਕਿਥੋਂ

“ਜਾਤੋ ਜਾਇ ਕਹਾ ਤੇ ਆਵੈ।”

– ਗਉ ੧, ੬, ੧:੧ (152)

“ਹਿੰਦੂ ਤੁਰਕ ਕਹਾ ਤੇ ਆਏ ਕਿਨਿ ਇਹ ਰਾਹ ਚਲਾਈ।” (ਕਿਥੋਂ)

– ਆਸਾ ਕਬ, ੮, ੧:੧ (477)

ਹੋਰ ਰੂਪ:

ਕਹਾਂ –

“ਚੇਰੀ ਤੈ ਸੁਮਤਿ ਕਹਾਂ ਤੇ ਪਾਈ।”

– ਸੋਰ ਕਬ, ੫, ੪:੧ (655)

(4) ਕਿਤੇ

“ਕਹਾ ਗੁਪਤੁ ਪ੍ਰਗਟੁ ਪ੍ਰਭਿ ਬਣਤ ਬਣਾਈ।”

– ਗਉ ੩, ੨੯, ੨:੨ (160)

(5) ਕਿਸ

“ਤਬ ਢੂੰਢਨ ਕਹਾ ਕੋ ਜਾਇਆ।” (ਕਿਸ ਲਈ)

– ਗਉ ੫, ੧੧੦*, ੪:੨ (202)

“ਸਿਮਰਿ ਠਾਕੁਰੁ ਜਿਨਿ ਸਭੁ ਕਿਛੁ ਦੀਨਾ ਆਨ ਕਹਾ ਪਹਿ ਜਾਵਹੁ।” (ਕਿਸ ਕੋਲ)

– ਸਾਰ ੫, ੭੩, ੧:੨ (1218)

(6) ਕਾਹਦਾ, ਕਿਸ ਦਾ

“ਕਹੁ ਨਾਨਕ ਕਹਾ ਭੈ ਭਾਈ।”

– ਗਉ ੫, ੧੧੨, ੪:੧ (202)

(7) ਕੀ

“ਕਾਠ ਕੀ ਪੁਤਰੀ ਕਹਾ ਕਰੈ ਬਪੁਰੀ।”

– ਗਉ ੫, ੧੨੬*, ੩:੧ (206)

“ਤਉ ਮੂੜਾ ਕਹੁ ਕਹਾ ਕਰੇਇ।”

– ਗਉ ੫, ਸੁਖ ੫, ੧:੪ (268)

“ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ।” (ਕੀ ਹੋਇਆ, ਹੇ ਨਰ)

– ਗਉ ਕਬ, ੬੭, ੧:੨ (338)

(8) ਕਿਸ ਲਈ, ਕਾਹਨੂੰ, ਕਿਉਂ

“ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ।”

– ਗਉ ੫, ਬਾਅ ੪ਸ:੧ (250)

“ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ।” (ਕਿਉਂ)

– ਸੋਰ ੯, ੨, ੨:੨ (631)

“ਮੋ ਕਉ ਕਹਾ ਸਤਾਵਹੁ ਬਾਰ ਬਾਰ।” (ਕਿਉਂ)

– ਬਸੰ ਕਬ, ੪, ੩:੧ (1194)

(9) ਕਿਥੇ

“ਧੰਧੇ ਕਹਾ ਬਿਆਪਹਿ ਤਾਹੂ।” (ਉਹ ਧੰਧਿਆਂ ਵਿਚ ਕਿਥੇ ਲਗਦੇ ਹਨ?)

– ਗਉ ੫, ਬਾਅ ੪:੫ (251)

“ਨਾ ਜਾਨਾ ਬੈਕੁੰਠ ਕਹਾ ਹੀ।” (ਕਿਥੇ ਹੈ?)

– ਗਉ ਕਬ, ੧੦, ੧*:੧ (325)

ਹੋਰ ਰੂਪ:

ਕਹਾਂ –
“ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ।”
– ਆਸਾ ੧, ਅਸ ੧੨, ੨:੧ (417)

“ਕਾਸੀ ਫੂਟੀ ਪੰਡਿਤਾ ਧੁਨਿ ਕਹਾ ਸਮਾਈ।”
– ਬਿਲਾ ਕਬ, ੧੧, ੧:੨ (857)

(10) ਕਦੇ
“ਰਾਚਿ ਰਹਿਓ ਰਚਨਾ ਪ੍ਰਭੁ ਅਪਨੀ ਕਹਾ ਲਾਭੁ ਕਹਾ ਖੋਈਐ।”
– ਦੇਵ ੫, ੨, ੧*:੨ (528)

(11) ਕਿਥੇ (ਸਥਾਨਵਾਚੀ) (ਮੁਹਾਵਰੇ ਵਿਚ)
“ਜਹਾ ਕਹਾ ਤੁਝੁ ਰਾਖੈ ਸਭ ਠਾਈ ਸੋ ਐਸਾ ਪ੍ਰਭੁ ਸੇਵਿ ਸਦਾ ਤੂ ਅਪਨਾ।” (ਜਿਥੇ ਕਿਥੇ)
– ਗੋਂਡ ੪, ੩, ੧*:੨ (860)

ਹੋਰ ਰੂਪ:

ਕਹਾਂ –
“ਜਹਾ ਕਹਾਂ ਪ੍ਰਭੁ ਤੂੰ ਵਰਤੰਤਾ।”
– ਭੈਰ ੫, ੨, ੨:੨ (1136)

(12) ਕਿਤਨਾ
“ਆਵੈਗੀ ਨੀਦ ਕਹਾ ਲਗੁ ਸੋਵਉ।” (ਕਿਤਨਾ ਚਿਰ, ਕਦ ਤੱਕ)
– ਮਲਾ ਰਵਿ, ੩, ੧:੨ (1293)

“ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ।” (ਕਦ ਤੱਕ)
– ਸਮੁ ੫, ੫*:੧ (1388)

(13) ਕੀ ਹੋਈ
“ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ।” (ਤੇਰੀ ਵਡਿਆਈ (ਗੁਣ) ਕੀ ਹੋਈ ਜੇਕਰ ਕਰਮਾਂ ਦੇ ਝਗੜੇ ਨ ਗਲੋਂ ਲਹਿਣ)
– ਬਿਲਾ ਸਧ, ੧, ੧*:੨ (858)

ਕਹਾਇ ----- (1) ਅਖਵਾਏ, ਕਹਾਵੇ
“ਜੇ ਕੋ ਵਡਾ ਕਹਾਇ ਵਡਾਈ ਖਾਵੈ।”
– ਮਾਰੂ ੧, ਸੋਲਾ ੫, ੧੦:੨ (1025)

ਹੋਰ ਰੂਪ:

ਕਹਾਇਓ –
“ਰਾਣਾ ਰਾਉ ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ।” (ਮੁਹਾਵਰਾ– ਦਾਅਵਾ ਬਣਿਆ)
– ਸਾਰ ੫, ਅਸ ੧, ੧:੧ (1235)

“ਤ੍ਰੇਤੈ ਤੈ ਮਾਨਿਓ ਰਾਮੁ ਰਘੁਵੰਸੁ ਕਹਾਇਓ।” (ਅਖਵਾਇਆ ਕਿਹਾ ਗਿਆ)
– ਸਵ ੧, ੭:੨ (1390)

ਕਹਾਇਆ –
“ਘਾਟਿ ਨ ਕਿਨ ਹੀ ਕਹਾਇਆ।” (ਅਖਵਾਇਆ)
– ਸਿਰੀ ੫, ਅਸ ੨੭, ੭:੧ (71)
“ਕੇਤੜਿਆ ਦਿਨ ਗੁਪਤੁ ਕਹਾਇਆ।” (ਭਾਵ ਅਦਿੱਖ ਰਿਹਾ)
– ਮਾਰੂ ੫, ਸੋਲਾ ੧੦, ੧੨:੨ (1081)
ਕਹਾਇਦਾ –
“ਜੋਗੀ ਜੰਗਮ ਭੇਖ ਨ ਕੋਈ ਨਾ ਕੋ ਨਾਥ ਕਹਾਇਦਾ।” (ਅਖਵਾਉਂਦਾ)
– ਮਾਰੂ ੧, ਸੋਲਾ ੧੫, ੫:੩ (1035)
ਕਹਾਇਦੇ –
“ਖਾਨ ਮਲੂਕ ਕਹਾਇਦੇ ਕੋ ਰਹਣੁ ਨ ਪਾਈ।”
– ਸਾਰ ੪, ਵਾਰ ੨੩:੧ (1246)
ਕਹਾਇਨਿ –
“ਕਹਿ ਕਹਿ ਕਹਣੁ ਕਹਾਇਨਿ ਆਪੁ।” (ਅਖਵਾਉਂਦੇ ਭਾਵ ਆਪਾ ਪ੍ਰਗਟ ਕਰਦੇ)
– ਸਾਰ ੪, ਵਾਰ ੬ਸ, ੧, ੧:੧੦ (1239)
ਕਹਾਈਐ –
“ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ।” (ਅਖਵਾਈਏ)
– ਸਿਰੀ ੧, ਅਸ ੧੬, ੬:੧ (63)
ਕਹਾਏ –
“ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ।” (ਅਖਵਾਏ ਦੂਜਿਆਂ ਕੋਲੋਂ)
– ਸਿਰੀ ੩, ੪੮, ੪:੧ (32)
(2) ਅਖਵਾਉਂਦਾ ਹੈ, ਜਪਾਂਦਾ ਹੈ
“ਸਤਿਗੁਰ ਵਿਚਿ ਅੰਮ੍ਰਿਤ ਨਾਮੁ ਹੈ ਅੰਮ੍ਰਿਤੁ ਕਹੈ ਕਹਾਇ।”
– ਸਲੋ ੪, ੨੫:੧ (1423)

ਕਹਾਹ ----- ਚੀਕ ਚਹਾੜਾ, ਰੌਲਾ ਰੱਪਾ
“ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ।”
– ਸੋਰ ੧, ਅਸ ੩, ੧*:੨ (636)

ਕਹਾਹਿ ----- ਅਖਵਾਉਂਦੇ ਹਨ
“ਹਿਰਦੈ ਜਿਨ੍ ਕੈ ਕਪਟੁ ਵਸੈ ਬਾਹਰਹੁ ਸੰਤ ਕਹਾਹਿ।”
– ਗੂਜ ੩, ੬, ੨:੧ (491)
ਹੋਰ ਰੂਪ:
ਕਹਾਂਹੀ –
“ਸਦ ਜੀਵਨੁ ਭਲੋ ਕਹਾਂਹੀ।” (ਅਖਵਾਈਦਾ ਹੈ)
– ਸੋਰ ਕਬ, ੬, ੧:੩ (655)

ਕਹਾਣੀ ----- ਕਥਾ ਵਾਰਤਾ, ਹੋਰ ਵੇਖੇ ‘ਕਹਾਨੀ’
“ਏਕੋ ਸੇਵਨਿ ਏਕੁ ਅਰਾਧਹਿ ਗੁਰਮੁਖਿ ਅਕਥ ਕਹਾਣੀ।”
– ਸਿਰੀ ੩, ਅਸ ੨੪, ੬:੨ (69)

ਹੋਰ ਰੂਪ:

ਕਹਾਣੀਆ –
“ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।” (ਗੱਲਾਂ, ਕਥਾਵਾਂ)
– ਸਿਰੀ ੧, ੧੦, ੧:੨ (17)

ਕਹਾਤਿ ----- ਆਖਦੇ/ਕਹਿੰਦੇ ਹਨ
“ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ।”
– ਸਿਰੀ ੫, ੯੩, ੨:੧ (50)
(2) ਕਹਿਣ ਵਾਲੇ, ਆਖਣ ਵਾਲੇ
“ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ।”
– ਦੇਵ ੫, ੩੫, ੧:੧ (535)

ਕਹਾਨੀ ----- ਵਾਰਤਾ, ਕਥਾ, ਕਹਾਣੀ, ਗੱਲ
“ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ ਹਰਿ ਮੇਰੀ ਕਥਾ ਕਹਾਨੀ ਜੀ।”
– ਗੂਜ ੩, ੪, ੧*:੧ (490)
“ਗੁਰ ਪੂਰੈ ਕੀ ਅਕਥ ਕਹਾਨੀ।” (ਗਲ)
– ਪ੍ਰਭਾ ੫, ੩, ੪:੨ (1338)
“ਜਉ ਗੁਰਦੇਉ ਤ ਅਕਥ ਕਹਾਨੀ।” (ਅਵਸਥਾ, ਹਾਲਤ)
– ਭੈਰ ਨਾਮ, ੧੧, ੩:੨ (1166)

ਕਹਾਯਉ ---- ਅਖਵਾਇਆ, ਕਿਹਾ ਗਿਆ
“ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ।”
– ਸਵ ੫, ਮਥੁ ੧:੧ (1408)

ਕਹਾਵਉ ---- ਅਖਵਾਵਾਂ, ਕਿਹਾ ਜਾਵਾਂ
“ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ।”
– ਗਉ ੧, ਅਸ ੧੦, ੬:੧ (225)

ਹੋਰ ਰੂਪ:

ਕਹਾਵਹਿ –
“ਮਨਮੁਖ ਪੜਹਿ ਪੰਡਿਤ ਕਹਾਵਹਿ।” (ਅਖਵਾਏ)
– ਮਾਝ ੩, ਅਸ ੩੧, ੧:੧ (127)
“ਰਾਗ ਸੁਣਾਇ ਕਹਾਵਹਿ ਬੀਤੇ।” (ਪਹੁੰਚੇ ਹੋਏ ਕਹਾਉਂਦੇ ਹਨ)
– ਆਸਾ ੧, ਅਸ ੭, ੧:੨ (414)
“ਇਕਿ ਰਾਜੇ ਖਾਨ ਮਲੂਕ ਕਹਹਿ ਕਹਾਵਹਿ ਕੋਈ।” [ਕਹਿੰਦੇ ਕਹਾਉਂਦੇ (ਮੁਹਾਵਰਾ)]
– ਮਲਾ ੧, ਵਾਰ ੧੨:੪ (1283)

ਕਹਾਵਣੁ –
“ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾਂ ਮੁਸਲਮਾਣੁ ਕਹਾਵੈ।” (ਅਖਵਾਉਣਾ)
– ਮਾਝ ੧, ਵਾਰ ੮ਸ, ੧, ੧:੧ (141)

ਕਹਾਵਤ ---- (1) ਕਹਿਣ ਵਿਚ ਆਈ, ਗੱਲ

"ਪਾਪੁ ਪੁੰਨੁ ਤਹ ਭਈ ਕਹਾਵਤ।"

– ਗਉ ੫, ਸੁਖ ੨੧, ੭:੩ (292)

(2) ਕਹਾਉਂਦੇ ਹਨ, ਆਖੇ ਜਾਂਦੇ ਹਨ, ਹੋਰ ਵੇਖੋ 'ਕਹਾਵਥ'

"ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ।"

– ਗੂਜ ੫, ੧੪, ੧:੧ (498)

(3) ਕਥਾ, ਗਲ, ਬਾਤ ਭਾਵ ਅਵਸਥਾ, ਹਾਲਤ

"ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ ਉਆ ਕੀ ਕਹੀ ਨ ਜਾਇ ਕਹਾਵਤ।"

– ਸਾਰ ੫, ੯, ੨:੨ (1205)

ਕਹਾਵਥ ---- ਅਖਵਾਉਂਦੇ ਹਨ

"ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ।"

– ਮਾਰੂ ੫, ੧੦, ੨:੨ (1001)

ਕਹਾਵਨ ---- ਵਖਿਆਨ, ਆਖਣਾ

"ਕਹਨ ਕਹਾਵਨ ਇਹੁ ਕੀਰਤਿ ਕਰਲਾ।"

– ਸਿਰੀ ੫, ੯੬, ੩:੧ (51)

"ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ।" (ਆਖਣ ਦੇ)

– ਸਾਰ ੫, ੧੨੮, ੨:੧ (1229)

ਹੋਰ ਰੂਪ:

ਕਹਾਵਨੁ –

"ਸੁਹੇਲਾ ਕਹਨੁ ਕਹਾਵਨੁ।" (ਆਖਣਾ, ਗੱਲਾਂ ਕਰਨੀਆਂ)

– ਸਿਰੀ ੫, ੯੭, ੧*:੧ (51)

ਕਹਾਵਾ –

"ਤਬ ਇਹ ਤ੍ਰੀਅ ਉਹੁ ਕੰਤੁ ਕਹਾਵਾ।" (ਕਿਹਾ ਜਾਂਦਾ ਹੈ, ਅਖਵਾਉਦਾ ਹੈ)

ਗਉ ਕਬ, ਬਾਅ ੪੧:੪ (342)

ਕਹਾਵੈ –

"ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ।" (ਅਖਵਾਏ, ਆਖਿਆ ਜਾਵੇ)

– ਸਿਰੀ ੧, ਅਸ ੧੦, ੨:੧ (59)

"ਗੁਰਮੁਖਿ ਬੂਝੈ ਅਕਥੁ ਕਹਾਵੈ।" (ਦੂਜਿਆਂ ਨੂੰ ਅਖਵਾਉਂਦਾ ਅਥਵਾ ਉਚਾਰਨ ਕਰਵਾਉਂਦਾ/ਜਪਾਉਂਦਾ ਹੈ)

– ਮਾਝ ੧, ਅਸ ੧, ੮:੧ (109)

"ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।" (ਆਖਿਆ ਜਾਂਦਾ ਹੈ)

– ਮਾਝ ੧, ਵਾਰ ੧ਸ, ੧, ੩:੧ (138)

"ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ।" (ਜਪਾਵੈ)

– ਸੋਰ ੧, ਅਸ, ੧, ੮:੨ (635)

ਕਹਿ ------ (1) ਆਖ

"ਕੇਤੇ ਕਹਿ ਕਹਿ ਉਠਿ ਉਠਿ ਜਾਹਿ।"

– ਜਪੁ ੧, ੨੬:੨੦ (6)

"ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ।" (ਆਖ ਕੇ, ਸਿਮਰ ਕੇ)

– ਟੋਡੀ ਨਾਮ, ੨, ੨:੨ (718)

ਹੋਰ ਰੂਪ:

ਕਹਿਓ –

“ਕਹਿਓ ਨ ਜਾਈ ਏਹੁ ਅਚੰਭਉ ਸੋ ਜਾਨੈ ਜਿਨਿ ਚਾਖਿਆ।” (ਆਖਿਆ, ਕਹਿਆ)

– ਗਉ ੫, ੧੬੧*, ੪:੧ (215)

“ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ।” (ਆਖੀ)

– ਆਸਾ ੫, ੫੧, ੨:੨ (384)

“ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ।” (ਆਖਿਆ, ਗਲ, ਸਲਾਹ)

– ਤਿਲੰ ੯, ੬, ੩, ੧*:੨ (727)

“ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ।” (ਦਸਿਆ)

– ਸਾਰ ੫, ੧੨੩, ੨:੧ (1228)

ਕਹਿਅਉ –

“ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ।”

– ਸਵ ੪, ਨਲ ੬:੪ (1399)

ਕਹਿਆ –

“ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।” (ਆਖਿਆ)

– ਜਪੁ ੧, ੨:੧ (1)

“ਜੇਹਾ ਡਿਠਾ ਮੈ ਤੇਹੋ ਕਹਿਆ।” (ਆਖਿਆ/ਬਿਆਨ ਕੀਤਾ ਹੈ)

– ਮਾਝ ੫, ੧੦, ੪:੧ (97)

“ਕਰਿ ਕਿਰਪਾ ਸੰਤਨ ਸਚੁ ਕਹਿਆ।” (ਆਖਿਆ/ਦੱਸਿਆ)

– ਗਉ ੫, ੮੧, ੪:੧ (179)

“ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ।” (ਦਸਿਆ)

– ਭੈਰ ੫, ੧੮, ੩:੩ (1140)

“ਅਪੁਨੇ ਸਤਿਗੁਰ ਪਹਿ ਬਿਨਉ ਕਹਿਆ।” (ਕੀਤੀ)

– ਦੇਵ ੫, ੨੪, ੧*:੧ (533)

“ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ।” (ਸਿਮਰਿਆ)

– ਵਡ ੧, ਛੰਤ ੧, ੨:੧ (566)

ਕਹਿਐ –

“ਕੀਤੇ ਕੈ ਕਹਿਐ ਕਿਆ ਹੋਇ।” (ਆਖਣ ਨਾਲ)

– ਸਿਰੀ ੧, ੩੨, ੧:੪ (25)

ਕਹਿਹੈ –

“ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ।” (ਆਖਦਾ)

– ਸਲੋ ਕਬ, ੭੨:੨ (1368)

ਕਹਿਬੇ –

“ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ।” (ਕਹਿਣ ਵਿਚ)

– ਸਲੋ ਕਬ, ੧੨੧:੨ (1370)

ਕਹਿਬੋ –

“ਜਉ ਪੈ ਰਸਨਾ ਰਾਮੁ ਨ ਕਹਿਬੋ।” (ਕਹਿੰਦੀ, ਉਚਾਰਦੀ, ਸਿਮਰਦੀ)

– ਗਉ ਕਬ, ੮, ੧*:੧ (325)

(2) ਕਹਿੰਦਾ/ਆਖਦਾ ਹੈ

"ਕਹਿ ਕਬੀਰ ਮਿਲੁ ਅੰਤ ਕੀ ਬੇਲਾ।"

– ਗਉ ਕਬ, ੨, ੪:੨ (324)

ਕਹੀ ------ (1) ਆਖੀ, ਵਰਣਨ ਕੀਤੀ

"ਮੰਨੇ ਕੀ ਗਤਿ ਕਹੀ ਨ ਜਾਇ।"

– ਜਪੁ ੧, ੧੨:੧ (3)

"ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ।" (ਕਰਨੀ)

– ਆਸਾ ੧, ਵਾਰ ੨੨ਸ, ੨, ੩:੪ (474)

ਹੋਰ ਰੂਪ:

ਕਹੀਅੰ –

"ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ।"
(ਕਹੀਦਾ/ਆਖੀਦਾ ਹੈ)

– ਸਵ ੪, ਗਯੰ ੧:੧੬ (1401)

ਕਹੀਅਉ –

"ਦੇਹੁ ਸੰਦੇਸਰੋ ਕਹੀਅਉ ਪ੍ਰਿਅ ਕਹੀਅਉ।" (ਕਹੋ ਭਾਵ ਦਿਓ)

– ਜੈਤ ੫, ੨, ੧*:੧ (700)

"ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ।" (ਕਹੇ/ਆਖੇ ਜਾ ਸਕਦੇ)

– ਬਿਲਾ ਕਬ, ੬, ੨:੧ (856)

ਕਹੀਅਹਿ –

"ਕੇਤੇ ਤੇਰੇ ਰਾਗ ਪਰੀ ਸਿਉ ਕਹੀਅਹਿ ਕੇਤੇ ਤੇਰੇ ਗਾਵਣਹਾਰੇ।" (ਕਹੇ ਜਾਂਦੇ ਹਨ)

– ਆਸਾ ੧, ਸੋਦ ੧, ੧:੩ (8)

(2) ਕਿਸੇ ਥਾਂ ਵੀ, ਕਿਤੇ ਵੀ

"ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚੁ ਰਹਿਓ।"

– ਗਉ ਕਬ, ੫੯, ੧*:੨ (336)

"ਐਸਾ ਬ੍ਰਾਹਮਣੁ ਕਹੀ ਨ ਸੀਝੈ।" (ਕਿਤੇ ਵੀ)

– ਆਸਾ ੫, ੮, ੩:੪ (372)

"ਆਉ ਨ ਜਾਉ ਕਹੀ ਅਪਨੇ ਸਹ ਨਾਲੀ ਰਾਮ।" (ਕਿਸੇ ਹੋਰ ਥਾਂ)

– ਬਿਲਾ ੧, ਛੰਤ ੧, ੨:੨ (843)

(3) ਕਿਸੇ

"ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ।

– ਧਨਾ ੫, ਅਸ ੧, ੬:੧ (687)

"ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ।" (ਕਿਸੇ)

– ਜੈਤ ੫, ਛੰਤ ੧, ੨:੧ (703)

"ਜੇ ਕੀਚਨਿ ਲਖ ਉਪਾਵ ਤਾ ਕਹੀ ਨ ਘੁਲੀਐ।" (ਕਿਸੇ ਵੀ ਉਪਾਵ ਨਾਲ)

– ਰਾਮ ੫, ਵਾਰ ੧੪:੨ (964)

(4) ਆਖਦਾ, ਕਹਿੰਦਾ

"ਗੁਰ ਪ੍ਰਸਾਦੀ ਪ੍ਰਭੁ ਅਰਾਧੇ ਜਮਕੰਕਰੁ ਕਿਛੁ ਨ ਕਹੀ।"

– ਮਾਰੂ ੫, ਅਸ ੨, ੨:੨ (1017)

ਹੋਰ ਰੂਪ:

ਕਹੀਅਹਿ –

“ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ।” (ਆਖੀਐ)

– ਬਿਲਾ ੫, ੩੯, ੪:੧ (810)

“ਕਿਆ ਏ ਭੂਪਤਿ ਬਪੁਰੇ ਕਹੀਅਹਿ ਕਹੁ ਏ ਕਿਸ ਨੋ ਮਾਰਹਿ।”

– ਸਾਰ ੫, ੩੪, ੨:੧ (1211)

ਕਹੀਅਤ –

“ਸਾ ਮਤਿ ਨਿਰਮਲ ਕਹੀਅਤ ਧੀਰ।” (ਆਖੀ ਜਾਂਦੀ ਹੈ)

– ਗਉ ੫, ੧੬੧, ੧:੧ (198)

“ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਮਰ ਮਾਇਆ।” (ਕਹਿੰਦੇ, ਆਖਦੇ)

– ਸੋਰ ਰਵਿ, ੩, ੩:੧ (658)

ਕਹੀਅਤੁ –

“ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ।” (ਕਹੇ/ਆਖੇ ਜਾਂਦੇ ਹਨ)

– ਗਉ ਕਬ, ੭, ੪੨ (324)

ਕਹੀਅਨਿ –

“ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।” (ਕਹੀਦੇ/ਆਖਦੇ ਹਨ)

– ਜਪੁ ੧, ੨੭:੩ (6)

ਕਹੀਅਨ੍ਿ –

“ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨ੍ਿ।”

– ਸੂਹੀ ੧, ੩, ੩:੨ (729)

ਕਹੀਆ –

“ਪਰਮ ਬੈਰਾਗੁ ਨਿਤ ਨਿਤ ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ।” (ਆਖੀ ਹੈ)

– ਬਿਲਾ ੪, ਅਸ ੫, ੫:੧ (834)

“ਮਸਟਿ ਕਰਉ ਮੂਰਖੁ ਜਗਿ ਕਹੀਆ।” (ਕਹਿੰਦੇ ਹਨ)

– ਪ੍ਰਭਾ ੧, ੧੨, ੧:੧ (1330)

ਕਹੀਐ –

“ਬਹੁਤਾ ਕਹੀਐ ਬਹੁਤਾ ਹੋਇ।” (ਆਖੀਏ/ਬਿਆਨ ਕਰੀਏ)

– ਜਪੁ ੧, ੨੪:੧੦ (5)

“ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ।” (ਆਖੀਦਾ/ਕਹੀਦਾ ਹੈ)

– ਮਾਝ ੫, ਦਿਨ ੩:੫ (137)

“ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ।”

– ਗਉ ਕਬ, ੪੭, ੩:੧ (333)

ਕਹੀਐ –

“ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ।”

– ਕਾਨ ੫, ੨੦, ੧:੧ (1302)

(1957 ਤੋਂ ਪਿਛਲੀਆਂ ਛਾਪਾਂ ਵਿਚ ਇਹ ਸ਼ਬਦ “ਕਹੀਐ” ਹੈ)

ਕਹੀਜੈ –

“ਬੁਰਾ ਭਲਾ ਕੋਈ ਨ ਕਹੀਜੈ।” (ਕਹੀਏ, ਆਖੀਏ)

– ਗਉ ੫, ੧੦੧, ੩:੧ (186)

“ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋ ਅੰਗੁ ਨਿਰਾਰੋ।” (ਅਖਵਾਉਂਦਾ ਹੈ)

– ਗੂਜ ੫, ੧੦, ੧*:੨ (498)

ਕਹੀਦਾ ----- ਕਿਸੇ ਦਾ

“ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ।”

– ਸਲੋ ਫਰ, ੧੩੦:੨ (1384)

ਕਹੁ ------- (1) ਆਖ

“ਕਹੁ ਨਾਨਕ ਹਮ ਨੀਚ ਕਰੰਮਾ।”

– ਆਸਾ ੫, ਸੋਪੁ ੪, ੨:੩ (12)

“ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ।” (ਆਖੋ ਭਾਵ ਕਹੋ)

– ਗਉ ੫, ੯੦, ੧*:੧ (182)

(2) ਦਸੋ

“ਸਸੁਰੈ ਪੇਈਐ ਪਿਰੁ ਵਸੈ ਕਹੁ ਕਿਤੁ ਬਿਧਿ ਪਾਈਐ।”

– ਗਉ ੩, ੩੭, ੧*:੧ (162)

(3) ਨੂੰ

“ਨੰਨਾਕਾਰੁ ਨ ਹੋਤਾ ਤਾ ਕਹੁ।
ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ।”

– ਗਉ ੫, ਬਾਅ ੩੬:੫;੬ (257)

ਕਹੂ ------- (1) ਕਿਸੇ ਤਰ੍ਹਾਂ, ਕਿਸੇ ਢੰਗ ਨਾਲ

“ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ।”

– ਗਉ ੫, ਸੁਖ ੫ਸ:੨ (268)

ਹੋਰ ਰੂਪ:

ਕਹੂੰ –

“ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ।”

– ਧਨਾ ੫, ੧੩, ੧:੨ (674)

(2) ਕਿਸੇ ਤੋਂ

“ਬੇਦ ਪੁਰਾਨ ਸਿੰਮ੍ਰਿਤ ਸਭ ਖੋਜੇ ਕਹੂ ਨ ਊਬਰਨਾ।”

– ਅਸ ਕਬ, ੫, ੪:੧ (477)

ਕਹੂੰ ------- (1) ਕਿਸੇ ਹੋਰ ਥਾਂ

“ਬਿਨਸਿ ਗਇਆ ਜਾਇ ਕਹੂੰ ਸਮਾਨਾ।”

– ਆਸਾ ਰਵਿ, ੬, ੨:੨ (487)

“ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ।”

– ਸਲੋ ਕਬ ੯੨:੧ (1369)

(2) ਕਿਸੇ ਤਰਾਂ, ਵੇਖੋ “ਕਹੂ” (1)

ਕਹੇ ------- (1) ਆਖਣ ਨਾਲ

"ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ।"
- ਸਿਰੀ ੧, ਅਸ ੮, ੮:੨ (58)

(2) ਆਖੇ, ਬਿਆਨ ਕੀਤੇ
"ਕਹੇ ਨ ਜਾਨੀ ਅਉਗਣ ਮੇਰੇ।" (ਆਖੇ, ਬਿਆਨ ਕੀਤੇ)
- ਗਉ ੧, ੧੭, ੧*:੨ (156)

ਹੋਰ ਰੂਪ:

ਕਹੈ -
"ਜੇ ਕੋ ਕਹੈ ਪਿਛੈ ਪਛੁਤਾਇ।"
- ਜਪੁ ੧, ੧੨:੨ (3)

(3) ਸਿਮਰਿਆ
"ਹਉ ਬਲਿ ਬਲਿ ਜਿਨ ਰਾਮ ਕਹੇ।"
- ਗਉ ਨਾਮ, ੧, ੧:੩ (345)

ਹੋਰ ਰੂਪ:

ਕਹੈ -
"ਜੋ ਜੋ ਕਹੈ ਸੁ ਮੁਕਤਾ ਹੋਇ।" (ਸਿਮਰੇ, ਨਾਮ ਲਏ)
- ਗਉ ੫, ਸੁਖ ੭ਸ :੨ (271)

(4) ਆਖਦੇ ਹਨ
"ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖਿ ਸਤਿ ਕਹੇ।"
- ਆਸਾ ੫, ੧੪੨, ੨:੧ (406)

ਹੋਰ ਰੂਪ:

ਕਹੈ -
"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।"
- ਜਪੁ ੧, ੨:੬ (1)

"ਨਾਨਕੁ ਨੀਚੁ ਕਹੈ ਵੀਚਾਰੁ।"
- ਜਪੁ ੧, ੧੮:੯ (4)

ਕਹੈ ------- (1) ਆਖੇ, ਬਿਆਨ ਕਰੇ, ਵੇਖੋ 'ਕਹੇ' (2)
"ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ।" (ਬੇਨਤੀ ਕਰੇ)
- ਆਸਾ ੫, ੧੨੯, ੧*:੨ (403)

(2) ਆਖਦਾ ਹੈ, ਕਹਿੰਦਾ ਹੈ, ਵੇਖੋ 'ਕਹੇ' (4)
"ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ।" (ਆਖ ਸਕਦਾ ਹੈ)
- ਤੁਖਾ ੫, ਛੰਤ ੧, ੪:੫ (1117)

(3) ਦਸਦੇ ਹਨ, ਵਿਖਿਆਨਦੇ ਹਨ
"ਚਾਰਿ ਪਦਾਰਥ ਕਹੈ ਸਭੁ ਕੋਈ।"
- ਗਉ ੧, ੧੨, ੨:੧ (154)

"ਜਿਸੁ ਦਰ ਕਾਰਣਿ ਫਿਰਾ ਉਦਾਸੀ ਸੋ ਦਰੁ ਕੋਈ ਆਇ ਕਹੈ।" (ਦੱਸੇ)
- ਰਾਮ ੧, ੩, ੧:੨ (877)

"ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ।" (ਦੱਸਦਾ)
- ਮਾਰੂ ੩, ਵਾਰ ੩ਸ, ੧, ੧:੧ (1087)

ਹੋਰ ਰੂਪ:

ਕਹੋ –

"ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ।" (ਆਖਦੀ ਹੈ)

– ਸਾਰ ੫, ੩, ੧:੧ (1203)

(4) ਹੁਕਮ ਕਰੇ, ਕਰਨ ਲਈ ਆਖੇ

"ਜੋ ਗੁਰੁ ਕਹੈ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ।"

– ਗਉ ੩, ਛੰਤ ੧, ੧:੪ (243)

"ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ।"

– ਗਉ ੪, ਵਾਰ ੨੧ਸ, ੪, ੧:੨ (312)

(5) ਸਿਮਰੇ, ਵਡਿਆਈ ਕਹੇ, ਵੇਖੋ 'ਕਹੇ' (3)

"ਰਾਮ ਨਰਾਇਣੁ ਕਹੈ ਕਹਾਏ।" (ਜਪੇ ਤੇ ਜਪਾਏ)

– ਆਸਾ ੧, ਅਸ ੫, ੩:੨ (413)

(6) ਵਾਸਤੇ

"ਕਹੈ ਖੁਦਾਇ ਨ ਮਾਨੈ ਕੋਇ।" (ਖੁਦਾ ਦੇ ਵਾਸਤੇ ਕੋਈ ਨਹੀਂ ਮੰਨਦਾ)

– ਆਸਾ ੧, ੪, ੩:੪ (350)

(7) ਪੜੇ, ਉਚਾਰਣ ਕਰੇ (ਭਾਵ)

"ਹਰਿ ਕਾ ਸੰਤੁ ਸਤਗੁਰੁ ਸਤ ਪੁਰਖਾ ਜੋ ਬੋਲੈ ਹਰਿ ਹਰਿ ਬਾਨੀ।
ਜੋ ਜੋ ਕਹੈ ਸੁਣੈ ਸੋ ਮੁਕਤਾ ਹਮ ਤਿਸ ਕੈ ਸਦ ਕੁਰਬਾਨੀ।"

– ਧਨਾ ੪, ੩, ੧:੨ (667)

ਕਹੋ ------- (1) ਆਖਦੀ ਹੈ, ਵੇਖੋ 'ਕਹੈ' (3)

(2) ਹੁਕਮ, ਆਗਿਆ, ਕਹਿਆ

"ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਾਈ ਹੈ।"

– ਗੁਜ ਕਬ, ੧, ੨:੨ (524)

(3) ਦਸਦੇ ਹਨ, ਵਿਖਿਆਨਦੇ ਹਨ ਵੇਖੋ 'ਕਹੈ' (3)

ਕੰਕਨ ------ (ਸੰ.) ਕੰਗਨ, ਕੜ, ਹੋਰ ਵੇਖੋ ਕੰਗਨ 'ਕੰਙਨ'

"ਹਾਰ ਡੋਰ ਕੰਕਨ ਘਣੇ ਕਰਿ ਥਾਕੀ ਸੀਗਾਰੁ।"

– ਰਾਮ ੧, ਓਅੰ ੫੧:੨ (340)

ਕੰਕਰ ------ (ਸੰ.) ਦਾਸ, ਸੇਵਕ, ਹੋਰ ਵੇਖੋ 'ਕੰਕਰੁ'

"ਚਿਤਿ ਨ ਆਇਓ ਪਾਰਬ੍ਰਹਮ ਜਮ ਕੰਕਰ ਵਸਿ ਪਰਿਆ।" (ਜਮਾਂ ਦਾ ਸੇਵਕ ਭਾਵ ਜਮਦੂਤ)

– ਸਿਰੀ ੫, ਅਸ ੨੬, ੮:੪ (71)

(ਇਹ ਸ਼ਬਦ ਹਮੇਸ਼ਾ 'ਜਮ' ਨਾਲ ਰਲ 'ਜਮਕੰਕਰ' ਕਰਕੇ ਆਇਆ ਹੈ)

ਹੋਰ ਰੂਪ:

ਕੰਕਰਾ –

"ਧਰਮ ਰਾਇ ਜਮ ਕੰਕਰਾ ਨੋ ਆਖਿ ਛਡਿਆ, ਏਸੁ ਤਪੇ ਨੋ ਤਿਥੈ ਖੜਿ ਪਾਇਹੁ,
ਜਿਥੈ ਮਹਾਂ ਮਹਾਂ ਹਤਿਆਰਿਆ।"

– ਗਉ ੪, ਵਾਰ ੩੦ਸ, ੪, ੧:੧੧ (316)

ਕੰਕਰਿ –
“ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮ ਕੰਕਰਿ ਕਾਲਿ ਪਰਾਤਾ ਹੇ।”
– ਮਾਰੂ ੧, ਸੋਲਾ ੧੧, ੯:੩ (1031)

ਕਕਰੀਆ --- (1) ਕਕਰ ਦੇ (ਸ਼ਬਦਾਰਥ, ਸੰਥਿਆ)
(2) ਅੱਕ ਦੀਆਂ ਖਖੜੀਆਂ (ਮਹਾਨਕੋਸ਼, ਨਿਰਣੇ)
(ਮਹਾਨਕੋਸ਼ ਤੇ ਦਰਪਣ ਪਾਠ ‘ਕਕਰੀ ਆਬਰੇ ’ ਕਰਦਾ ਹੈ)
“ਰਾਜਾ ਰਾਮ ਕਕਰੀਆ ਬਰੇ ਪਕਾਏ।”
– ਆਸਾ ਕਬ, ੬, ੧*:੧ (477)
ਤੁਕ ਦਾ ਭਾਵ ਹੈ: ਵੇਖਣ ਨੂੰ ਅਸੰਭਵ ਗੱਲਾਂ

ਕਕਰੁ ------ (1) ਜੰਮਿਆ ਹੋਇਆ ਪਾਣੀ, ਕੋਰਾ
“ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ।”
– ਸੂਹੀ ੪, ਅਸ ੧, ੨੭:੧ (758)
ਇਥੇ ਇਹ ਅਤਿ ਠੰਡ ਦਾ ਪ੍ਰਤੀਕ ਹੈ
(2) ਛੋਟੇ ਛੋਟੇ ਪਥਰ, ਕੰਕਰ, ਰੋੜੇ
“ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ।”
– ਸਲੋ ਫਰ, ੧੦੧:੨ (1383)

ਕੰਕਰੁ ----- ਸੇਵਕ, ਦਾਸ ਵੇਖੋ ‘ਕੰਕਰ’
“ਜਮ ਕੰਕਰੁ ਨੇੜਿ ਨ ਆਵਈ ਰਸਨਾ ਹਰਿ ਗੁਣ ਗਾਉ।”
– ਗਉ ੫, ੧੭੦*, ੧:੨ (218)

ਕਕਾ ------ ਗੁਰਮੁਖੀ ਲਿੱਪੀ ਦਾ ਛੇਵਾਂ ਚਿੰਨ, ‘ਕ’
“ਕਕਾ ਕਾਰਨ ਕਰਤਾ ਸੋਊ।”
– ਗਉ ੫, ਬਾਅ ੧੭:੧ (253)

ਹੋਰ ਰੂਪ:

ਕਕੈ –
“ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।”
– ਆਸਾ ੧, ਪਟੀ ੫:੧ (432)

ਕਖਾਈ ----- (ਸੰ.) ਪਲਾ, ਸਿਰਾ, ਲੰਗੋਟੀ ਅਥਵਾ ਧੋਤੀ ਦਾ ਪਲਾ
“ਮਥੈ ਟਿਕਾ ਤੇੜਿ ਧੋਤੀ ਕਖਾਈ।”
– ਆਸਾ ੧, ਵਾਰ ੧੬ਸ, ੧, ੨:੯ (471)

ਕੰਗਨ ------ ਕੜਾ, ਵੇਖੋ ‘ਕੰਕਨ’
“ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ।”
– ਆਸਾ ੧, ੩੫, ੨:੨ (359)

ਹੋਰ ਰੂਪ:

ਕੰਗਨਾ –
“ਕਨਿਕ ਕਨਿਕ ਪਹਿਰੇ ਬਹੁ ਕੰਗਨਾ ਕਾਪਰੁ ਭਾਂਤਿ ਬਨਾਵੈਗੋ।”
– ਕਾਨ ੪, ਅਸ ੧, ੫:੧ (1308)

ਕੰਙਣ ------ ਕੜਾ, ਵੇਖੇ ਕੰਕਨ

"ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ।"

- ਰਾਮ ੫, ਰੁਤੀ ੫:੩ (928)

ਕਚ ------- (1) ਕਚਾਪਣ

"ਕਚ ਪਕਾਈ ਓਥੈ ਪਾਇ।"

- ਜਪੁ ੧, ੩੪:੧੧ (7)

(2) ਕਚੇ, ਛੇਤੀ ਟੁੱਟ ਜਾਣ ਵਾਲੇ

"ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੈ ਕਚ ਧਾਗੇ।"

- ਗਉ ੫, ਵਾਰ ੧੬:੪ (322)

(3) (ਸੰ) ਸ਼ੀਸ਼ਾ, ਕੰਚ

"ਨਲੵ ਕਵਿ ਪਾਰਸ ਪਰਸ ਕਚ ਕੰਚਨਾ ਹੋਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ।"

- ਸਵ ੪, ਨਲ ੩:੪ (1399)

ਹੋਰ ਰੂਪ:

ਕਚਹੁ –

"ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ।"

- ਸਵ ੪, ਨਲ ੬:੧ (1399)

ਕੰਚਨ ------ (1)(ਸੰ.) ਸੋਨਾ, ਸੁਨਹਿਰੀ ਰੰਗ ਦੀ ਇਕ ਕੀਮਤੀ ਧਾਤ ਜਿਸ ਨੂੰ ਜ਼ੰਗ ਨਹੀਂ ਲਗਦਾ ਤੇ ਜਿਸ ਦੇ ਗਹਿਣੇ ਬਣਦੇ ਹਨ

"ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ।"

- ਸਿਰੀ ੧, ੯, ੨:੨ (17)

ਹੋਰ ਰੂਪ:

ਕੰਚਨਾ –

"ਕੰਚਨਾ ਬਹੁ ਦਤ ਕਰਾ।"

- ਸਾਰ ੫, ੧੩੧, ੧*:੧ (1229)

ਕੰਚਨੁ –

"ਬਿਨੁ ਸਤਿਗੁਰ ਭੇਟੇ ਕੰਚਨੁ ਨ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ।"

- ਸਿਰੀ ੪, ੬੭, ੩:੩ (40)

"ਕੈਹਾ ਕੰਚਨੁ ਤੁਟੈ ਸਾਰੁ।"

- ਮਾਝ ੧, ਵਾਰ ੧੨ਸ, ੧, ੨:੧ (143)

(2) ਸੋਨੇ ਦਾ ਇਕ ਸਿਕਾ, ਮੋਹਰ

"ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ।"

- ਗਉ ੯, ੭, ੨:੧ (220)

(3) ਸੁਨਹਿਰੀ, ਸੋਨੇ ਰੰਗੀ

"ਕੰਚਨ ਕਾਇਆ ਕੋਟ ਗੜ ਵਿਚਿ ਹਰਿ ਹਰਿ ਸਿਧਾ।" (ਕਾਇਆ ਦੇ ਸੁਨਹਿਰੀ ਕਿਲੇ ਵਿਚ)

- ਆਸਾ ੪, ਛੰਤ ੧੬, ੧:੨ (449)

(ਕਾਇਆ ਦੇ ਸੁਨਹਿਰੀ ਕਿਲੇ ਵਿਚ)

ਕਚਰਾਇਣ -- ਦਲੀਲ ਦੀ ਕਸਵਟੀ ਉਤੇ ਪੂਰੀ ਨਾ ਉਤਰਨ ਵਾਲੀ ਗਲ, ਦੰਦ ਕਥਾ
"ਭਰਮਿ ਭੂਲੇ ਨਰ ਕਰਤ ਕਚਰਾਇਣ।"
– ਭੈਰ ੫, ੧, ੧*:੧ (1136)

ਕਚੜਿਆ --- ਜੋ ਛੇਤੀ ਟੁੱਟ ਜਾਣ, ਜੋ ਨਾਲ ਨਾ ਨਿਭਣ
"ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।"
– ਮਾਰੂ ੫, ਵਾਰ ੨੨ਸ, ੧, ੧:੧ (1102)

ਕਚਾ ------ ਛੇਤੀ ਟੁਟਣ ਵਾਲਾ, ਜੋ ਸਥਿਰ ਨਹੀਂ, ਹੋਰ ਵੇਖੋ 'ਕਚੀ'
"ਅੰਧਾ ਕਚਾ ਕਚੁ ਨਿਕਚੁ।"
– ਸਿਰੀ ੧, ੩੨, ੧*:੨ (25)
"ਕਾਇਆ ਕਚੀ ਕਚਾ ਚੀਰੁ ਹੰਢਾਏ।" (ਨਾਲ ਨ ਨਿਭਣ ਵਾਲਾ)
– ਮਾਝ ੩, ਅਸ ੫, ੨:੧ (111)
"ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ।" (ਛੇਤੀ ਪਾਟ ਜਾਣ ਵਾਲਾ)
– ਵਡ ੩, ਅਲਾ ੩, ੨:੪ (584)
"ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ।" (ਛੇਤੀ ਲਹਿ/ਉਡ ਜਾਣ ਵਾਲਾ)
– ਸੂਹੀ ੧, ਅਸ ੨, ੧:੧ (751)
"ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ।" (ਜੋ ਸਥਿਰ ਨਹੀਂ, ਡੋਲਣਵਾਲਾ)
– ਮਾਰੂ ੩, ਵਾਰ ੨੨:੨ (1094)
"ਭਾਂਡਾ ਧੋਵੈ ਕਉਣੁ ਜਿ ਕਚਾ ਸਾਜਿਆ।" (ਛੇਤੀ ਭਜ/ਖੁਰ ਜਾਣ ਵਾਲਾ)
– ਸਲੋ ੧, ੧੪:੧ (1411)

ਕਚਾਣੁ ----- ਕਚਾ, ਛੇਤੀ ਲਹਿ/ਉਡ ਜਾਣ ਵਾਲਾ
"ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ।"
– ਗੋਂਡ ੪, ੪, ੨:੧ (861)

ਕਚਿਆ ---- (1) ਝੂਠੇ, ਕਚੇ, ਤੋੜ ਨ ਨਿਭਣ ਵਾਲੇ
"ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।"
– ਆਸਾ ਫਰ, ੧, ੧:੨ (488)

ਕਚੀ ------ ਛੇਤੀ ਟੁੱਟ ਜਾਣ ਵਾਲੀ, ਜੋ ਸਥਿਰ/ਪਕੀ ਨਹੀਂ
"ਕਚੀ ਕੰਧ ਕਚਾ ਵਿਚਿ ਰਾਜੁ।"
– ਸਿਰੀ ੧, ੩੨, ੩:੧ (25)
"ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ।" (ਮੰਦੇ ਜੀਵ-ਚੰਗੇ ਮੰਦੇ ਜੀਵਾਂ ਨੂੰ ਧਰਕੇ)
– ਆਸਾ ੧, ਵਾਰ ੨੦:੨ (474)
"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।" (ਅਪਰਵਾਨ, ਖੋਟੀ, ਝੂਠੀ)
– ਰਾਮ ੩, ਅਨੰ ੨੪:੧ (920)
"ਕਾਮ ਕ੍ਰੋਧ ਕੀ ਕਚੀ ਚੋਲੀ।" (ਨਾਸਮਾਨ)

– ਮਾਰੂ ੧, ਸੋਲਾ ੩, ੧:੨ (1022)
"ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ।" (ਖੋਟੀ/ਝੂਠੀ ਸੋਚ/ ਬੁੱਧੀ)
– ਸਾਰ ੪, ਵਾਰ ੧੧ਸ, ੧, ੨:੬ (1242)

ਕਚੀਂ ------ ਕਚਿਆਂ/ਬਿਨਸਨਹਾਰਿਆਂ/ਝੂਠਿਆਂ ਨੇ
"ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ।"
– ਰਾਮ ੩, ਅਨੰ ੨੪:੩ (920)

ਕਚੁ ------- (1) ਝੂਠਾ, ਜੋ ਸਥਿਰ ਨਹੀਂ
"ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ।"
– ਸਿਰੀ ੪, ਛੰਤ ੧, ੪:੫ (79)
"ਜੋ ਮਰਿ ਜੰਮੇ ਸੁ ਕਚੁ ਨਿਕਚੁ।" (ਨਾਸਵਾਨ)
– ਆਸਾ ੧, ਵਾਰ ੨ਸ, ੧, ੧:੧੨ (463)
"ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ।" (ਝੂਠ)
– ਰਾਮ ੩, ਵਾਰ ੯ਸ, ੩, ੧:੪ (950)
"ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ।" (ਮਾਇਆ ਦਾ ਕਚਾ ਰੰਗ)
– ਮਾਰੂ ੩, ਵਾਰ ੮ਸ, ੧, ੧:੧ (1089)
(2) ਕਚਾ, ਜੋ ਪਕਾਇਆ ਨਹੀਂ ਗਿਆ
"ਬਿਨਸਿ ਜਾਇ ਕੂਰਾ ਕਚੁ ਪਾਚਾ।" (ਕਚਾ/ਪਿਲਾ)
-ਗਉ ੪, ੪੨, 4:੨ (164)
"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।"
(ਚੰਗਾ ਮੰਦਾ, ਅਣ-ਵਿਚਾਰਿਆ)
– ਗਉ ੪, ਵਾਰ ੯:੪ (304)

ਕਚੂਆ ----- ਕਚਾ, ਛੇਤੀ ਉਤਰ/ਫਿਕਾ ਪੈ ਜਾਣ ਵਾਲਾ
"ਮਨਮੁਖੁ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ।"
– ਮਾਲੀ ੪, ੪, ੨:੧ (985)

ਕੰਚੂਆ ----- ਕਚ/ਕੰਚ ਦਾ
"ਤਿਤੁ ਲਾਗੇ ਕੰਚੂਆ ਫਲ ਮੋਤੀ।"
– ਗਉ ਕਬ, ੯, ੧:੩ (325)

ਕਚੇ ------- ਨਾਲ ਨ ਨਿਭਣ ਵਾਲੇ, ਝੂਠੇ
"ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ।"
– ਰਾਮ ੩, ਅਨੰ ੨੪:੩ (920)

ਕਚੈ ------- (1) ਜੋ ਪਕਾਇਆ ਨਹੀਂ ਗਿਆ, ਖੁਰ ਜਾਣ ਵਾਲਾ
"ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ।"
– ਸਲੋ ਫਰ, ੯੫:੨ (1382)
(2) ਨਿਗੁਣੀਆਂ ਵਸਤਾਂ, ਨਾਸ਼ਵੰਤ ਵਸਤੂਆਂ
"ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ।"
– ਮਾਝ ੧, ਵਾਰ ੭:੧ (141)

"ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੈ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ।"

– ਸੂਹੀ ੪, ੧੦, ੨:੨ (734)

ਕਛ ------- ਇਕ ਦੇਵਤਾ, ਚੌਵੀ ਅਵਤਾਰਾਂ ਵਿਚੋਂ ਵਿਸ਼ਨੂੰ ਦਾ ਦੂਜਾ ਅਵਤਾਰ। ਭਾਗਵਤ ਪੁਰਾਣ ਦੇ ਦੇਵਤਿਆਂ ਦੇ ਸਮੁੰਦਰ ਰਿੜਕਨ ਸਮੇਂ ਵਿਸ਼ਨੂੰ ਨੇ ਕਛ ਅਵਤਾਰ ਧਾਰ ਕੇ ਮੰਦ੍ਰਾਚਲ ਪਹਾੜ ਦੇ ਬਣਾਏ ਮਧਾਣੇ ਨੂੰ ਆਪਣੀ ਪਿੱਠ ਤੇ ਆਸਰਾ ਦੇ, ਰਿੜਕਨਾ ਸੰਭਵ ਕੀਤਾ ਸੀ। ਹੋਰ ਵੇਖੋ 'ਕਛੁ' (2)

"ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।"

– ਸਵ ੪, ਗਯੰ ੯:੪ (1403)

ਕਛਉਟੀ ---- ਲੰਗੋਟੀ, ਛੋਟੀ ਕਛ, ਜਾਂਗੀਆ

"ਕਰਮ ਕਰਿ ਕਛਉਟੀ ਮਫੀਟਸਿ ਰੀ।"

– ਧਨਾ ਤ੍ਰਿਲੋ, ੧, ੫:੨ (695)

ਕਛਹੁ ------ ਕੁਝ ਵੀ

"ਜਾ ਕੈ ਊਣਾ ਕਛਹੂ ਨਾਹਿ।"

– ਗਉ ੫, ੧੦੮, ੧:੨ (187)

ਕਛੀਐ ----- ਮਿਣੀਏ, ਨਾਪੀਏ

"ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ।"

– ਸੂਹੀ ੩, ਵਾਰ ੧੪ਸ, ੧, ੧:੬ (790)

ਕਛੁ ------- (1) ਕੁਝ

"ਜੋ ਕਛੁ ਕਰੀ ਸੁ ਤੇਰੈ ਹਦੂਰਿ।"

– ਸਿਰੀ ੧, ੩੧, ੨:੨ (25)

"ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ।" (ਕੁਝ ਵੀ)

– ਸਿਰੀ ੧, ਪਹ ੧, ੨:੪ (75)

"ਦੂਖੁ ਰੋਗੁ ਕਛੁ ਭਉ ਨ ਬਿਆਪੈ।" (ਜ਼ਰਾ ਜਿੰਨਾ ਵੀ)

– ਗਉ ੫, ੯੪, ੧:੩ (184)

ਹੋਰ ਰੂਪ:

ਕਛੂ –

"ਅੰਮ੍ਰਿਤੁ ਸਾਚਾ ਨਾਮੁ ਹੈ ਕਹਣਾ ਕਛੂ ਨ ਜਾਇ।" (ਕੁਝ ਵੀ)

– ਸਿਰੀ ੩, ੫੦, ੨:੨ (33)

"ਹਾਂ ਹਾਂ ਲਪਟਿਓ ਰੇ ਮੂੜ੍ਹੇ ਕਛੂ ਨ ਥੋਰੀ।" (ਕੋਈ/ਕੁਝ ਥੋੜ੍ਹੀ ਨਹੀਂ)

– ਟੋਡੀ ੫, ੧੬, ੧*:੧ (715)

"ਅਪੁਨੀ ਇਤਨੀ ਕਛੂ ਨ ਸਾਰੀ।" (ਥੋੜੀ ਜਿਹੀ/ਜਰਾ ਜਿੰਨੀ ਵੀ)

– ਸਾਰ ੫, ੫੯, ੧*:੧ (1216)

ਕਛੂਅ –

"ਹਮ ਬਾਰਿਕ ਕਛੂਅ ਨ ਜਾਨਹ ਗਤਿ ਮਿਤਿ ਤੇਰੇ ਮੂਰਖ ਮੁਗਧ ਇਆਨਾ।" (ਕੁਝ ਵੀ)

– ਜੈਤ ੪, ੩, ੧:੧ (697)

ਕਛੂਅਕ –
“ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।”
– ਗਉ ਕਬ, ਬਾਅ ੫:੨ (340)

ਕੁਛੂਆ –
“ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ।”
– ਗਉ ੫, ੧੨੭*, ੨:੨ (206)

(2) ਕਛ ਅਵਤਾਰ, ਵੇਖੋ ‘ਕਛ’
“ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ।”
– ਮਾਰੂ ੧, ਸੋਲਾ ੧, ੬:੩ (1020)

ਕੁਛੂਆ ----- (1) ਕਛੂਕੁਮਾ, ਇਕ ਜਾਨਵਰ
“ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ।”
– ਆਸਾ ਕਬ, ੬, ੨:੨ (477)

(2) ਕੁਝ ਵੀ, ਵੇਖੋ ‘ਕਛੁ’ (1)

ਕਛੂਐ ----- ਕੁਝ ਵੀ
“ਕਹਤ ਕਬੀਰ ਸੁਨਹੁ ਰੇ ਸੰਤਹੁ ਅਨੁ ਧਨੁ ਕਛੂਐ ਲੈ ਨ ਗਇਓ।”
– ਆਸਾ ਕਬ, ੧੫, ੫:੧ (479)

ਕਛੇਲੀ ----- ਦੀਪਕ ਰਾਗ ਦੀ ਇਕ ਰਾਗਣੀ
“ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ।”
– ਰਾਗੁ ੧:੩੫ (1430)

ਕਛੋਤਿ ----- ਜਿਸ ਨੂੰ ਛੂਹਿਆ ਨ ਜਾਵੇ, ਅਛੂਤ
“ਨਾਮ ਬਿਨਾ ਝੂਠੇ ਕੁਚਲ ਕਛੋਤਿ।”
– ਬਿਲਾ ੧, ਅਸ ੧, ੬:੨ (831)

ਕਜਰ ------ ਕੱਜਲ, ਅੱਖਾਂ ਵਿਚ ਪਾ ਕੇ ਸ਼ਿੰਗਾਰ ਕਰਨ ਵਾਲਾ ਕਾਲਾ ਪਦਾਰਥ
“ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ।”
– ਬਿਲਾ ੫, ੧੨੮, ੧*:੧ (830)

ਕਜਲ ------ ਅੱਖਾਂ ਦਾ ਸ਼ਿਗਾਰ ਲਈ ਇਕ ਕਾਲਾ ਪਦਾਰਥ, ਹੋਰ ਵੇਖੋ ‘ਕਜਲੁ’
“ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ।”
– ਸਲੋ ਫਰ, ੧੪:੨ (1378)

ਕਜਲੀ ----- ਕੇਲੇ
“ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯ ਮੰਤੁ।” (ਅਸਾਮ ਵਿਚ ਇਕ ਬਨ ਕਜਲੀ ਬਨ ਹੈ ਜਿਸ ਵਿਚ ਬਹੁਤ ਹਾਥੀ ਰਹਿੰਦੇ ਹਨ)
– ਸਲੋ ਕਬ, ੨੨੪:੧ (1376)

ਕਜਲੁ ------ ਕਾਲੇ ਰੰਗ ਦਾ ਪਦਾਰਥ ਜਿਸ ਨਾਲ ਅੱਖਾਂ ਦਾ ਸ਼ਿੰਗਾਰ ਕੀਤਾ ਜਾਂਦਾ ਹੈ, ਵੇਖੋ ‘ਕਜਲ’
“ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ।”
– ਮਾਰੂ ੧, ਅਸ ੧੧, ੬:੧ (1016)

ਕਜਿਆ ---- **ਢਕ ਲਿਆ, ਲੁਕਾ ਲਿਆ**
"ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ ਜਿਤੁ ਮਿਲਿ ਹਰਿ ਪੜਦਾ ਕਜਿਆ।"
– ਕਾਨ ੪, ਵਾਰ ੭:੫ (1316)

ਕੰਞਕਾ ----- **ਬਾਲ ਕੰਨਿਆ**
"ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ।"
– ਸਲੋ ੩, ੪:੧ (1413)

ਕਟਹਿ ----- **ਦੂਰ ਕਰੇ, ਮੇਟੇ**
"ਤੁਮਰੇ ਭਜਨ ਕਟਹਿ ਜਮ ਫਾਂਸਾ।" (ਦੂਰ ਹੁੰਦੇ ਹਨ/ਕੱਟੇ ਜਾਂਦੇ ਹਨ)
– ਸੋਰ ਰਵਿ, ੫, ੫:੧ (659)
"ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ।"
– ਸਵ ੪, ਨਲ ੮:੪ (1399)

ਹੋਰ ਰੂਪ:

ਕਟੰਹਿ –
"ਸਤਸੰਗਤਿ ਸਿਉ ਮੇਲਾਪੁ ਹੋਇ, ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟੰਹਿ ਬਿਕਾਰ।" (ਕੱਟੇ ਜਾਂਦੇ ਹਨ)
– ਬਿਹਾ ੪, ਵਾਰ ੧੨ਸ, ਮਰ, ੩:੨ (553)

ਕਟਕ ------ **ਫੌਜ, ਸੈਨਾ**
"ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ।"
– ਸੋਰ ਰਵਿ, ੧, ੩:੨ (658)

ਕਟਕੁ ------ **ਸਮੁਦਾਇ, ਅਧਿਕ ਗਿਣਤੀ ਵਿਚ, ਬਹੁਤ ਭਾਰਾ**
"ਕਬੀਰ ਰਾਮ ਨਾਮੁ ਜਾਨਿਓ ਨਹੀ ਪਾਲਿਓ ਕਟਕੁ ਕੁਟੰਬੁ।"
– ਸਲੋ ਕਬ, ੨੨੬:੧ (1376)

ਕੰਟਕੁ ----- **ਕੰਡਾ, ਦੁਖਦਾਈ, ਕੰਡੇ ਵਾਂਗ ਚੁਭਨ ਵਾਲਾ**
"ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ।"
– ਗਉ ੫, ਛੰਤ ੩, ੪:੪ (249)
(ਇਕ ਥਾਂ ਤੇ ਛੱਡ ਕੇ ਬਾਕੀ ਸਭ ਥਾਂ ਇਹ ਸ਼ਬਦ 'ਕਾਲ' ਨਾ ਆਇਆ ਹੈ)

ਕਟਣਹਾਰੁ --- **ਦੂਰ ਕਰਨ ਵਾਲਾ**
"ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ।"
– ਸਿਰੀ ੫, ੮੬, ੨:੧ (48)

ਹੋਰ ਰੂਪ:

ਕਟਣਹਾਰੁ –
"ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ।"
– ਰਾਮ ੩, ਵਾਰ ੯ਸ, ੩, ੨:੬ (950)

ਕਟਾਇ ----- **ਕਟਵਾਏ, ਚੀਰਾਏ, ਟੁਕੜੇ ਟੁਕੜੇ ਕਰਵਾਏ**

"ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ।"
– ਸਿਰੀ ੧, ਅਸ ੧੪, ੨:੧ (62)

ਕਟਾਇਆ --- ਕਟਵਾਇਆ, ਚੀਰਾਇਆ
"ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ।"
– ਆਸਾ ੧, ੭, ੧:੨ (350)

ਕਟਾਈਐ --- ਕਟਵਾਈਐ, ਚੀਰਾਈਐ
"ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ।"
– ਸਿਰੀ ੧, ਅਸ ੧੪, ੩:੧ (62)

ਕਟਾਸਾ ----- ਕਟਦਾ/ਦੂਰ ਕਰਦਾ ਹੈ
"ਅਪਨੀ ਬਿਰਥਾ ਕਹਹੁ ਹਰਿ ਅਪੁਨੇ ਸੁਆਮੀ ਪਹਿ ਜੋ ਤੁਮ੍ਰੇ ਦੂਖ ਤਤਕਾਲ ਕਟਾਸਾ।"
– ਗੋਂਡ ੪, ੨, ੨:੨ (860)

ਕਟਾਹਾਂ ----- ਕਟ/ਦੂਰ ਕਰ ਲਈਏ
"ਹਰਿ ਸਿਮਰਿ ਸਿਮਰਿ ਮਾਨੁ ਮੋਹੁ ਕਟਾਹਾਂ।"
– ਸੂਹੀ ੫, ੨੬, ੩:੨ (742)

ਕਟਾਖ ----- (ਸੰ.) ਦ੍ਰਿਸ਼ਟੀ (ਕਿਰਪਾ ਦੀ ਦ੍ਰਿਸ਼ਟੀ)
"ਜਿਨ ਕਉ ਤੁਮ੍ਰੇ ਵਡ ਕਟਾਖ ਹੈ ਤੇ ਗੁਰਮੁਖਿ ਹਰਿ ਸਿਮਰਣੇ।"
– ਨਟ ੪, ੬, ੧:੨ (977)

ਹੋਰ ਰੂਪ:

ਕਟਾਖੵ –
"ਖਲ ਮੁਗਧ ਮੂੜ ਕਟਾਖੵ ਸ੍ਰੀਧਰ ਭਏ ਗੁਣ ਮਤਿ ਧੀਰ।"
– ਗੂਜ ੫, ਅਸ ੨, ੬:੨ (508)

ਕਟਾਰਾ ----- (ਸੰ.) ਇਕ ਦੋਧਾਰਾ ਛੋਟਾ ਸ਼ਸ਼ਤਰ ਜੋ ਕਮਰ ਨਾਲ ਬੰਨ੍ਹ ਕੇ ਰਖੀਦਾ ਹੈ, ਖੰਜਰ
"ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।"
– ਸਿਰੀ ੧, ੩੩, ੧:੧ (25)

ਹੋਰ ਰੂਪ:

ਕਟਾਰੀ –
"ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ।" (ਛੋਟਾ ਖੰਜਰ)
– ਸਾਰ ੫, ੧੦੫, ੨:੨ (1224)

ਕਟਾਰੇ ----- ਤਿਖੀਆਂ ਅੱਖਾਂ, ਕਟਾਰ ਵਾਂਗੂੰ ਮਾਰ ਕਰਨ ਵਾਲੀ ਨਜ਼ਰ ਵਾਲੀਆਂ ਅੱਖਾਂ
"ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।"
– ਵਡ ੧, ੩, ੧:੨ (557)

ਕਟਾਵੈ ----- ਕਟਵਾ/ਟੁਕੜੇ ਕਰਵਾ ਲਏ

"ਨਿਮਖ ਨਿਮਖ ਕਰਿ ਸਰੀਰੁ ਕਟਾਵੈ।"
- ਗਉ ੫, ਸੁਖ ੩, ੨:੭ (265)

ਕਟਿ ------ (1) ਨਸ਼ਟ ਕਰ ਦੇਵੇ, ਮੇਟ / ਨਾਸ ਕਰ ਦੇਵੇ

"ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।"
- ਸਿਰੀ ੧, ੨੭, ੪:੧ (24)

"ਜਨਮ ਮਰਨ ਕਟਿ ਪਰਮ ਗਤਿ ਪਾਈ।" (ਦੂਰ ਕਰ, ਨਾਸ ਕਰ)
- ਗਉ ਕਬ, ਅਸ ੪੦, ੧*:੨ (331)

ਹੋਰ ਰੂਪ:

ਕਟਿਓ -
"ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ।"
- ਕੇਦਾ ੫, ੬, ੧:੨ (1120)

ਕਟਿਓਨੁ-
"ਜਨਮ ਮਰਣ ਭਉ ਕਟਿਓਨੁ ਫਿਰਿ ਜੋਨਿ ਨ ਪਾਏ।"
- ਰਾਮ ੫, ਵਾਰ ੨੧:੬ (966)

ਕਟਿਅੜਾ -
"ਸੰਤ ਜਨਾ ਮਿਲਿ ਭਾਈਆ ਕਟਿਅੜਾ ਜਮਕਾਲੁ।"
- ਸਿਰੀ ੫, ੯੮, ੧:੧ (52)

ਕਟਿਆ -
"ਮਿਲਿ ਪ੍ਰੀਤਮ ਦੁਖੁ ਕਟਿਆ ਸਬਦਿ ਮਿਲਾਵਾ ਹੋਇ।"
- ਸਿਰੀ ੩, ੫੯, ੪:੨ (37)

(2) ਕਟ ਕੇ, ਟੁਕੜੇ ਕਰਕੇ

"ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ।"
- ਮਾਝ ੧, ਵਾਰ ੧੧ਸ, ੧, ੨:੧ (143)

ਹੋਰ ਰੂਪ:

ਕਟਿਆ -
"ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ।" (ਵਢਿਆ/ਕਟਾਈ ਕੀਤੀ)
- ਮਾਝ ੧, ਵਾਰ ੧੧ਸ, ੧, ੧:੧ (142)

(3) ਕਟੀ, ਵਢੀ

"ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।" (ਕਟ, ਵਢੀ)
- ਮਾਝ ੧, ਵਾਰ ੧੫ਸ, ੧, ੨:੧ (145)

ਹੋਰ ਰੂਪ:

ਕਟਿਓ -
"ਆਵਧ ਕਟਿਓ ਨ ਜਾਤ ਪ੍ਰੇਮ ਰਸ ਚਰਨ ਕਮਲ ਸੰਗਿ।" (ਚੀਰਿਆ, ਵਢਿਆ)
- ਸਮੁ ੫, ੧੦*:੧ (1389)

ਕਟਿਆ -
"ਪੇਡੁ ਮੁੰਢਾਹੁ ਕਟਿਆ ਤਿਸੁ ਡਾਲ ਸੁਕੰਦੇ।"
- ਗਉ ੩, ਵਾਰ ੩੧:੧੦ (317)

ਕਟਿਕ ----- (ਸੰ.) ਕੜਾ
“ਕਨਕ ਕਟਿਕ ਜਲ ਤਰੰਗ ਜੈਸਾ।”
– ਸਿਰੀ ਰਵਿ, ੧, ੧:੨ (93)

ਕਟਿਤ ----- ਕਟਣ ਵਾਲੀ, ਖਾ ਜਾਣ ਵਾਲੀ
“ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ।”
– ਧਨਾ ੪, ੧, ੨:੨ (666)
(‘ਦਰਪਣ ਤੇ ਨਿਰਣੈ’ ਇਸ ਦੇ ਅਰਥ ‘ਕਟ ਕੇ’ ਦਿੰਦੇ ਹਨ)

ਕਟੀ ------ (1) ਦੂਰ / ਨਾਸ ਕੀਤੀ, ਹੋਰ ਵੇਖੋ ‘ਕਟੀਅਨਿ’, ‘ਕਟੀਐ’, ‘ਕਟੀਤਿ’, ‘ਕਟੇ’, ‘ਕਟੇਰੈ’, ‘ਕਟੈ’ ਆਦਿ।
“ਗੁਰਿ ਕਟੀ ਮਿਹਡੀ ਜੇਵੜੀ।”
– ਸਿਰੀ ੫, ਅਸ ੨੯, ੨੧:੨ (74)

ਹੋਰ ਰੂਪ:

ਕਟੀਅਹਿ –
“ਨਾਮੁ ਜਪਹੁ ਤਉ ਕਟੀਅਹਿ ਫਾਸਾ।” (ਕਟੀ ਜਾਂਦੀ। ਮੁਕ ਜਾਂਦੀ ਹੈ)
– ਗਉ ੫, ਬਾਅ ੩੮:੪ (258)
“ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ।” (ਦੂਰ ਕਰੀਏ)
– ਜੈਤ ੫, ਵਾਰ ੫:੩ (707)

(2) ਕਟਣ/ਤੋੜਨ ਨਾਲ
“ਕਟੀ ਨ ਕਟੈ ਤੂਟਿ ਨਹ ਜਾਈ।”
– ਗਉ ਕਬ, ੩੦, ੨:੧ (329)
“ਕਰੁ ਮਸਤਕਿ ਧਰਿ ਕਟੀ ਜੇਵਰੀ ਨਾਨਕ ਦਾਸ ਦਸਾਨਿਓ।” (ਕੱਟ ਦਿਤੀ)
– ਸਾਰ ੫, ੬੨, ੨:੨ (1216)

ਕਟੀਅਹਿ --- (1) ਵਢੀਏ, ਚੀਰੀਏ, ਟੁਕੜੇ ਟੁਕੜੇ ਕਰੀਏ
“ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ।”
– ਸਿਰੀ ੩, ਅਸ ੨੦, ੪:੩ (66)
(2) ਕਟੀ ਜਾਂਦੀ, ਮੁਕ ਜਾਂਦੀ ਹੈ, ਵੇਖੋ ‘ਕਟੀ’ (1)

ਕਟੀਅਨਿ --- ਕਟੇ ਜਾਂਦੇ/ਨਾਸ ਹੁੰਦੇ/ਮੁਕ ਜਾਂਦੇ ਹਨ
“ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ।”
– ਸੋਰ ੧, ੧, ੪:੨ (595)

ਕਟੀਆ ---- ਕਟਿਆ ਜਾਵਾਂ
“ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।”
– ਸਿਰੀ ੧, ੨, ੨:੧ (14)

ਕਟੀਐ ----- (1) ਦੂਰ/ਨਾਸ ਹੁੰਦੇ ਹਨ, ਮੁਕਦੇ ਹਨ
“ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ।”
– ਸਿਰੀ ੩, ੪੬, ੩:੨ (31)
“ਸਾਧਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ।”

– ਸਿਰੀ ੫, ੭੭, ੩:੧ (44)

(2) ਵਢੀਏ, ਟੁੱਕੜੇ ਕਰੀਏ
"ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ।"
– ਫੁਨ ੫, ੧੪:੩ (1363)

ਕਟੀਤਿ ------ ਕਟ ਕੇ 'ਕਟਿਤ ਕਟੀਤ' ਕਟ ਕਟ ਕੇ
"ਹਮ ਬਹੁ ਪਾਪ ਕੀਏ ਅਪਰਾਧੀ ਗੁਰਿ ਕਾਟੇ ਕਟਿਤ ਕਟੀਤਿ।" (ਪੂਰਨ ਤੌਰ ਤੇ ਕਟ ਦਿੱਤੇ)
– ਕਾਨ ੪, ੫, ੪:੧ (1296)

ਕਟੇ ------- ਦੂਰ ਹੋਏ/ਕੀਤੇ
"ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ।"
– ਮਾਝ ੫, ੨੬, ੪:੩ (102)

ਕਟੇਰੈ ------ ਕਟੀ/ਦੂਰ ਕਰਦੀ ਹੈ
"ਅਠਸਠਿ ਮਜਨੁ ਮੈਲੁ ਕਟੇਰੈ।"
– ਕਾਨ ੫, ੩੪, ੧:੩ (1304)

ਕਟੈ ------- ਦੂਰ/ਨਾਸ ਹੋਏ
"ਕਟੀ ਨ ਕਟੈ ਤੂਟਿ ਨਹ ਜਾਈ।"
– ਗਉ ਕਬ, ੩੦, ੧:੧ (329)

ਕਟੋਨਾ ----- ਕ੍ਰੋੜਾਂ, ਕੋਟਾਂ ਹੀ (ਸ਼ਬਦਾਰਥ, ਦਰਪਣ)
"ਜੋ ਗਾਵਹਿ ਸੁਣਹਿ ਤੇਰਾ ਜਸੁ ਸੁਆਮੀ ਤਿਨ ਕਾਟੇ ਪਾਪ ਕਟੋਨਾ।"
– ਕਾਨ ੪, ਵਾਰ ੫:੩ (1315)
('ਮਹਾਨਕੋਸ਼' ਇਸ ਦੇ ਅਰਥ 'ਕਟਣ– ਵਾਲਾ ਕਾਤਿਲ' ਦਿੰਦਾ ਹੈ ਅਤੇ ਗੁਰੂ ਗ੍ਰੰਥ ਕੋਸ਼ ਵਿਚ ਅਤੇ 'ਕੱਟਣ ਵਾਲੇ ਹੋ ਕੇ, ਕਟੇ ਜਾਣ ਦੇ ਯੋਗ' ਦਿਤੇ ਹਨ। 'ਗੁਰੂ ਗਿਰਾਰਥ ਕੋਸ਼' ਵੀ 'ਕਟਣ ਯੋਗ')

ਕਟੋਰੀ ----- ਕੌਲੀ, ਖੁਲੇ ਮੂੰਹ ਵਾਲਾ ਧਾਤ ਦਾ ਪਿਆਲਾ, ਹੋਰ ਵੇਖੋ 'ਕਟੋਰੈ'
"ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ।"
– ਬਿਹਾ ੪, ਵਾਰ ੧੨ਸ, ਮਰ, ੧:੨ (553)

ਕਟੋਰੈ ------ ਵਡੀ ਕੌਲੀ, ਕੌਲਾ
"ਦੂਧ ਕਟੋਰੈ ਗਡਵੈ ਪਾਨੀ।"
– ਭੈਰ ਨਾਮ, ੩, ੧:੧ (1163)

ਕੰਠ ------- (ਸੰ.) ਗਲਾ, ਸੰਘ, ਹੋਰ ਵੇਖੋ 'ਕੰਠੁ', 'ਕੰਠੇ'
"ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ।" (ਭਾਵ ਦਿਲ ਵਿਚ)
– ਟੋਡੀ ੫, ੩੦, ੨:੨ (718)

ਹੋਰ ਰੂਪ:

ਕੰਠੰ –

"ਨਚ ਰਾਗ ਰਤਨ ਕੰਠੰ ਨਹ ਚੰਚਲ ਚਤੁਰ ਚਾਤੁਰਹ।"
– ਸਸ ੫, ੩੧:੨ (1356)

ਕੰਠਿ –
"ਤਿਸ ਕਾ ਨਾਮੁ ਰਖੁ ਕੰਠਿ ਪਰੋਇ।" (ਭਾਵ ਦਿਲ ਵਿਚ)
– ਗਉ ੫, ਸੁਖ ੧੪, ੧:੮ (281)
"ਜਿਉ ਮੀਨ ਕੁੰਡਲੀਆ ਕੰਠਿ ਪਾਇ।" (ਸੰਘ ਵਿਚ)
– ਬਸੰ ੧, ਅਸ ੨, ੧:੪ (1187)

(2) ਗਰਦਨ, ਗਲ
"ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ।"
– ਸਸ ੫, ੩੨:੧ (1356)

ਹੋਰ ਰੂਪ:

ਕੰਠਿ –
"ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ।"
– ਸਿਰੀ ੩, ੩੫, ੪:੧ (26)
"ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ।" (ਪਿਆਰ ਨਾਲ ਗਲ ਲਾ ਕੇ)
– ਸਿਰੀ ੧, ਅਸ ੨੮, ੧੮:੩ (72)

ਕਠਨ ------ (ਸੰ.) ਕਰੜੇ, ਬੇਰਹਿਮ
"ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ।" (ਬੇਰਹਿਮ, ਨਿਰਦਈ)
– ਗਉ ੯, ੪, ੧:੧ (219)
(1945 ਤੱਕ ਦੀਆਂ ਛਾਪਾਂ ਵਿਚ ਇਹ ਸ਼ਬਦ 'ਕਠਿਨ' ਹੀ ਹੈ)

ਹੋਰ ਰੂਪ:

ਕਠਿਨ –
"ਆਏ ਖਰੇ ਕਠਿਨ ਜਮਕੰਕਰ ਪਕੜਿ ਲਇਆ।" (ਬੇਰਹਿਮ ਜਮ ਦੂਤ)
– ਬਿਹਾ ੫, ੭, ੩:੨ (546)

ਕਠਿਨ ----- (1) ਔਖਿਆਂ, ਮੁਸ਼ਕਲ ਨਾਲ
"ਤਰਿਓ ਸੰਸਾਰੁ ਕਠਿਨ ਭੈ ਸਾਗਰੁ ਹਰਿ ਨਾਨਕ ਚਰਨ ਧਿਆਈ।"
– ਮਲਾ ੫, ੧੦, ੨:੨ (1268)

(2) ਬੇਰਹਿਮ, ਵੇਖੋ 'ਕਠਨ'

(3) ਸਖਤ, ਅਤਿ ਦੁਖਦਾਈ
"ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ।" (ਸਖਤ)
– ਭੈਰ ੧, ੩, ੨:੧ (1126)

ਹੋਰ ਰੂਪ:

ਕਠਿਨਹ –
"ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖੵਣ ਕਠਿਨਹ।"
– ਸਸ ੫, ੫੮:੩ (1359)

ਕਠਨੁ –
“ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।” (ਔਖਾ, ਮੁਸ਼ਕਲ)
– ਗਉ ੯, ੧, ੨:੨ (219)

ਕੰਠੁ ------- ਗਲਾ, ਸੰਘ, ਹੋਰ ਵੇਖੋ ‘ਕੰਠ’ (1)
“ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ।”
– ਸੋਰ ਭੀਖ, ੧, ੧:੨ (659)

ਕਠੂਲੇ ----- ਲਕੜ (ਕਾਠ) ਵਰਗੇ ਸਖਤ, ਕਠੋਰ
“ਇਕਿ ਰਹੇ ਸੂਕਿ ਕਠੂਲੇ।”
– ਬਸੰ ੫, ੧੮, ੧:੨ (1185)

ਕੰਠੇ ------- (1) ਗਲੇ ਨਾਲ, ਵੇਖੋ ‘ਕੰਠ’ (2)
“ਸੰਤਨ ਕੈ ਪਰਸਾਦਿ ਅਗਾਧਿ ਕੰਠੇ ਲਗਿ ਸੋਹਿਆ ਜੀਉ।”
– ਸਿਰੀ ੫, ਛੰਤ ੩, ੪:੨ (81)
“ਕੰਠੇ ਮਾਲਾ ਜਿਹਵਾ ਰਾਮੁ।”
– ਆਸ ਕਬ, ੧੩, ੩:੧ (478)
(2) ਕੰਢੇ –
“ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ।”
– ਮਾਰੂ ੧, ਅਸ ੧੧, ੬:੧ (1016)
“ਕੰਠੇ ਬੈਠੀ ਗੁਰ ਸਬਦਿ ਪਛਾਨੈ।” (ਕੰਢੇ ਭਾਵ ਇਕ ਪਾਸੇ ਇਕਾਂਤ ਵਿਚ)
– ਮਲਾ ੧, ਅਸ ੫, ੧:੨ (1275)

ਕੰਠੈ ------- ਸੰਘ, ਵੇਖੋ ‘ਕੰਠ’ (2)
“ਬਿਨੁ ਕੰਠੈ ਕੈਸੇ ਗਾਵਨਹਾਰੀ।”
– ਭੈਰ ੫, ੧੯, ੧:੨ (1140)

ਕਠੈਨੀ ----- ਔਖੀ, ਕਠਿਨ, ਮੁਸ਼ਕਲ
“ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ।”
– ਬਿਲਾ ੪, ੫, ੩:੧ (800)

ਕਠੋਰ ------ ਕਰੜਾ, ਸਖਤ, ਦਇਆ ਰਹਿਤ (ਕਾਠ + ਉਰ– ਕਾਠ ਦੇ ਦਿਲ ਵਾਲਾ)
“ਕਈ ਕੋਟਿ ਕਿਰਪਨ ਕਠੋਰ।”
– ਗਉ ੫, ਸੁਖ ੧੦, ੨:੩ (275)
“ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ।”
– ਗਉ ੪, ਵਾਰ ੨੬:੧ (314)

ਹੋਰ ਰੂਪ:

ਕਠੋਰਿ –
“ਏਨੈ ਚਿਤਿ ਕਠੋਰਿ ਸੇਵ ਗਵਾਈਐ।”
– ਮਾਝ ੧, ਵਾਰ ੧੭:੩ (146)
ਕਠੋਰੁ –
“ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ।”

– ਗਉ ੪, ੬੧, ੩:੧ (171)

ਕੰਡਾ ------ (1) (ਸੰ.) ਕਾਂਟਾ
“ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ।”
– ਗਉ ੪, ਸੋਹ ੪, ੨:੧ (13)
(2) ਤਕੜੀ ਦਾ ਕੰਡਾ/ਸੂਈ ਜੋ ਡੰਡੀ ਦੇ ਮੱਧ ਵਿਚ ਹੁੰਦੀ ਹੈ ਤੇ ਭਾਰੇ ਪਾਸੇ ਵਲ ਝੁਕਦੀ ਹੈ।
“ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ।”
– ਸੋਰ ੪, ੪, ੨:੨ (605)

ਕੰਡਿ ------ ਪਿੱਠ
“ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ।”
– ਸਿਰੀ ੫, ਅਸ ੨੯, ੧੮:੩ (74)

ਕਡੂ ------- ਕਦੋਂ
“ਮੁਦਤਿ ਪਈ ਚਿਰਾਣੀਆ ਫਿਰਿ ਕਡੂ ਆਵੈ ਰੁਤਿ।”
– ਮਾਰੂ ੫, ਵਾਰ ਪਸ, ੫, ੩:੨ (1095)

ਕੰਡੈ ------- (ਸੁਨਿਆਰ ਦਾ ਛੋਟਾ ਤਰਾਜੂ – ਕਾਂਟਾ) ਕਾਂਟੇ ਉਤੇ
“ਕਿਉ ਕੰਡੈ ਤੋਲੈ ਸੁਨਿਆਰੁ।”
– ਸਾਰ ੪, ਵਾਰ ੬ਸ, ੧, ੧:੬ (1239)

ਕਢਈਆ --- ਕਢਦਾ ਹੈ, ਨਿਕਾਲਦਾ ਹੈ
“ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ।”
– ਬਿਲਾ ੪, ਅਸ ੩, ੨:੧ (834)

ਕਢਹਿ ----- (1) ਕਢਦੇ ਹਨ
“ਓਇ ਹਾਜਰੁ ਮਿਠਾ ਬੋਲਦੇ ਬਾਹਰਿ ਵਿਸੁ ਕਢਹਿ ਮੁਖਿ ਘੋਲੇ।”
– ਗਉ ੪, ਵਾਰ ੧੧:੫ (306)
“ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ।” (ਲਾਉਣ)
– ਆਸਾ ੧, ਅਸ ੧੧, ੬:੨ (417)
“ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ।” (ਸਵਾਰ ਕੇ ਲਾਏ)
– ਮਾਰੂ ੫, ਵਾਰ ੧੩:੫ (1099)
ਹੋਰ ਵੇਖੋ ਕਢਾਇ (2)
(2) ਪਾਉਂਦੇ, ਕਰਦੇ
“ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ।” (ਰਾਜ (ਬਾਜ਼ਾਰ) ਪਾਉਂਦੇ ਹਨ)
– ਆਸਾ ੧, ਵਾਰ ੪ਸ, ੧, ੨:੪ (464)
(3) ਬਾਹਰ (ਘਰੋਂ) ਕਢਣਾ
“ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ।”
– ਸੂਹੀ ੪, ਅਸ ੧, ੮:੧ (757)
ਹੋਰ ਰੂਪ:
ਕਢਹੁ –

"ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ।"
– ਸੋਰ ੧, ੪:੩ (595)

ਕਢਹੁ ------ (1) ਬਾਹਰ ਕਢੋ (ਪਾਣੀ/ਖੂਹ ਤੋਂ)
"ਅੰਧ ਕੂਪ ਤੇ ਤਿਹ ਕਢਹੁ ਜਿਹ ਹੋਵਹੁ ਸੁਪ੍ਰਸੰਨ।"
– ਗਉ ੫ ਬਾਅ ੨੬:੬ (255)
(2) ਬਾਹਰ ਕਢਣਾ (ਘਰੋਂ), ਵੇਖੋ 'ਕਢਹਿ' (3)
(3) ਨਵਾਂ ਵੀਚਾਰ ਲਭਣਾ/ਕਢਣਾ
"ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵੀਚਾਰੁ।"
– ਰਾਮ ੩, ਵਾਰ ੯ਸ, ੩, ੨:੫ (950)
(4) ਲਭੋ
"ਕਿਉ ਰਹੀਐ ਥਿਰੁ ਜਗਿ ਕੋ ਕਢਹੁ ਉਪਾਇਆ।"
– ਸਾਰ ੪, ਵਾਰ ੩੩:੩ (1250)

ਕਢਤੇ ------ ਕਰਨਾ (ਭਾਵ)
"ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ।" (ਮੁਥਾਜੀ ਨਹੀਂ ਕਰਦੇ)
– ਰਾਮ ਕਬ, ੩, ੫:੨ (969)

ਹੋਰ ਰੂਪ:

ਕਢਦਾ –
"ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ।"
– ਬਿਲਾ ੪, ਵਾਰ ੭:੨ (852)

ਕਢਦਾ------ (1) ਨਿਕਾਲਦਾ
"ਹੁਕਮੀ ਬੰਦਾ ਹੁਕਮੁ ਕਮਾਵੈ ਹੁਕਮੇ ਕਢਦਾ ਸਾਹਾ ਹੇ।"
– ਮਾਰੂ ੩, ਸੋਲਾ ੧੧, ੮:੩ (1054)
(2) ਕਰਨਾ (ਭਾਵ), ਵੇਖੋ 'ਕਢਤੇ'

ਕਢਦੇ ------ ਲੰਘਾਂਦੇ (ਭਾਵ)
"ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ।"
– ਗਉ ੪, ਵਾਰ ੨੬:੩ (314)

ਕਢਨ ------ ਕਰਨ (ਭਾਵ)
"ਕਾਣਿ ਕਢਨ ਤੇ ਛੂਟਿ ਪਰੀ।"
– ਆਸਾ ੫, ੫੩, ੨:੨ (384)

ਕਢਾ ------ ਮੈਂ ਬਾਹਰ ਨਿਕਾਲਾਂ/ਕਢਾਂ
"ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ।"
– ਸਿਰੀ ੩, ੬੦, ੪:੨ (37)

ਕਢਾਇ ---- (1) (ਪਾਣੀ ਵਿਚੋਂ ਬਾਹਰ) ਨਿਕਾਲ ਲਿਆ।
"ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ।"
– ਗਉ ੪, ੭੩, ੪:੩ (43)
(2) ਸਵਾਰ ਕੇ ਲਾਏ

"ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ।"
– ਸੂਹੀ ੪, ੮, ੪:੧ (733)

ਕਢਾਇਆ --- ਬਾਹਰ ਨਿਕਾਲ/ਕੱਢ ਦਿਤਾ
"ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ।"
– ਗਉ ੪, ਵਾਰ ੯ਸ, ੪, ੧:੫ (304)

ਕਢਾਈ ----- (1) ਕਢਾਵੇਂਗਾ (ਪੁਟਾਵੇਂ/ਵਢਾਏਂਗਾ)
"ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ।"
– ਗਉ ੪, ੪੬, ੪:੨ (166)

(2) ਕਢਾਂਦਾ/ਉਚਰਵਾਦਾਂ ਹੈ
"ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ।"
– ਗੂਜ ੩, ਵਾਰ ੧੪ਸ, ੩, ੨:੩ (514)

ਹੋਰ ਰੂਪ:

ਕਢਾਏ –
"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ।"
– ਗਉ ੪, ਵਾਰ ੧੪ਸ, ੪, ੨:੭ (308)

ਕਢਾਏ ----- (1) ਨਿਕਲਵਾਉਂਦਾ/ਦਿਵਾਉਂਦਾ
"ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ।"
– ਵਡ ੧, ਛੰਤ ੧, ੩:੧ (566)

(2) ਉਚਰਵਾਉਣਾ, ਵੇਖੋ, 'ਕਢਾਈ' (2)
(3) ਕਿਸੇ ਵਸਤ ਵਿਚੋਂ ਨਿਕਲਵਾਉਣਾ
"ਆਪੇ ਮਥਿ ਮਥਿ ਤਤੁ ਕਢਾਏ ਜਪਿ ਨਾਮੁ ਰਤਨੁ ਉਮਾਹਾ ਰਾਮ।"
– ਜੈਤ ੪, ੧੦, ੨:੩ (699)

"ਨਾਨਕ ਵੇਖੈ ਆਪਿ ਫੂਕ ਕਢਾਏ ਢਹਿ ਪਵੈ।" (ਸੁਆਸ ਨਿਕਲਵਾਣ ਤੇ)
– ਸਾਰ ੪, ਵਾਰ ੧੯ਸ, ੧, ੨:੪ (1244)

ਕਢਾਸਾ ----- ਕੱਢ ਕੇ, ਫੋਲ ਕੇ
"ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ।
– ਗੋਂਡ ੪, ੨, ੨:੧ (860)

ਕਢਾਵਉ ---- ਬਾਹਰ ਨਿਕਲਵਾਉ
"ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ।"
– ਧਨਾ ਨਾਮ, ੨, ੧:੨ (693)

ਕਢਾਵਣਿਆ – ਕਢਦਾ/ਗਿਣਦਾ/ਹਿਸਾਬ ਵਿਚ ਲਿਆਉਂਦਾ ਹੈ।
"ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ।"
– ਮਾਝ ੩, ਅਸ ੨੯, ੫:੩ (127)

ਕਢਾਵੈ ----- (1) ਉਚਰਵਾਏ, ਕਢਾਏ

"ਗੁਰਮਤਿ ਹਰਿ ਹਰਿ ਮੀਠਾ ਲਾਗਾ ਗੁਰੁ ਮੀਠੇ ਬਚਨ ਕਢਾਵੈਗੋ।"

– ਕਾਨ ੪, ਅਸ ੧, ੨:੧ (1308)

(2) ਬਾਹਰ ਕਢਵਾਉਣਾ

"ਸੁਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈ ਗੋ।"

–ਕਾਨ ੪, ਅਸ ੫, ੩:੧ (1311)

ਕਢਿ ------ (1) ਕਿਸੇ ਵਸਤ ਵਿਚੋਂ ਕਢਣਾ /ਨਿਕਾਲਣਾ, ਵੇਖੋ 'ਕਢਿਆ' (2)

"ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ।"

– ਸਿਰੀ ੩, ੫੮, ੩:੨ (36)

"ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ।" (ਬਚਾ ਲੈਂਦਾ, ਲੇਖੇ ਤੋਂ ਕੱਢ ਲੈਂਦਾ)

– ਮਲਾ ੧, ਵਾਰ ੬:੭ (1281)

(2) ਉੱਚਾ ਕਰਨਾ/ਚੁਕਣਾ (ਭਾਵ)

"ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ।" (ਸਿਰ ਕੋਈ ਨਹੀਂ ਚੁੱਕ ਸਕਦਾ)

– ਸਿਰੀ ੫, ਅਸ ੨੯, ੫:੩ (73)

(3) ਵਖਾਉਣਾ (ਭਾਵ)

"ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ। (ਮੂੰਹ ਨਹੀਂ ਵਿਖਾ ਸਕਦਾ)

– ਗਉ ੪, ਵਾਰ ੧੫ਸ, ੪, ੧:੪ (308)

(4) ਕਢ ਕੇ, ਵੇਖ ਕੇ (ਕਾਗਜ ਵਿਚੋਂ)

"ਕਢਿ ਕਾਗਲੁ ਦਸੇ ਰਾਹੁ।"

– ਆਸਾ ੧, ਵਾਰ ੧੫ਸ, ੧, ੪:੮ (471)

(5) ਕਢ ਕੇ (ਕਸੀਦਾ, ਫੁਲ ਬੂਟੇ)

"ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ।"

– ਸੋਰ ੪, ਵਾਰ ੧੧:੧ (646)

"ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ।"

– ਬਸੰ ੧, ੧੦, ੨:੧ (1171)

(6) ਕਢ ਕੇ, ਖੋਲ ਕੇ (ਭਾਵ)

"ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ।"

– ਰਾਮ ੩, ਵਾਰ ੧੩ਸ, ੧, ੨:੨ (953)

(7) ਬਚਾ ਲੈਣਾ (ਭਾਵ)

"ਬਾਹ ਪਕੜਿ ਰੋਗਹੁ ਕਢਿ ਲਇਆ।"

– ਭੈਰ ੫, ੨੦, ੪:੨ (1141)

(8) ਖੋਦ ਕੇ

"ਜਬ ਘਰ ਮੰਦਰਿ ਆਗਿ ਲਗਾਨੀ ਕਢਿ ਕੂਪੁ ਕਢੈ ਪਨਿਹਾਰੇ।"

– ਨਟ ੪, ਅਸ ੩, ੪:੨ (982)

ਕਢਿਆ ---- (1) ਪ੍ਰਗਟ ਕੀਤਾ, ਉਜਾਗਰ ਕੀਤਾ

"ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ।"

– ਭੈਰ ੫, ੫੪, ੩:੪ (1152)

(2) ਕਿਸੇ ਵਸਤ ਵਿਚੋਂ ਕਢਣਾ /ਨਿਕਾਲਣਾ
"ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ।"
– ਮਲਾ ੧, ਵਾਰ ੨੫ਸ, ੧, ੧:੩ (1289)

ਹੋਰ ਰੂਪ:

ਕਢਿਭਾ –
"ਧਨੁ ਧੰਨੁ ਗੁਰੂ ਗੁਰੁ ਸਤਿਗੁਰੁ ਪੂਰਾ ਬਿਖੁ ਡੁਬਦੇ ਬਾਹ ਦੇਇ ਕਢਿਭਾ।"
– ਪ੍ਰਭਾ ੪, ੬, ੧:੨ (1337)

(3) ਕੀਤੀ (ਮੁਹਾਵਰੇ ਵਿਚ)
"ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਂਹ ਵੁਠਾ ਸੈਸਾਰੇ।"
– ਕਾਨ ੪, ਵਾਰ ੧੪ਸ, ੪, ੨:੩ (1318)

ਕਢੀ ------ (1) ਕਢਣ/ਵਾਹੁਣ ਨਾਲ
"ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ।"
– ਸਿਰੀ ੪, ਵਾਰ ੨੦ਸ, ੧, ੧:੨ (91)

(2) ਬਾਹਰ ਕਢ ਕੇ
"ਮਨਿ ਹਰਿ ਹਰਿ ਨਾਮੁ ਧਿਆਇਆ ਬਿਖੁ ਹਉਮੈ ਕਢੀ ਮਾਰਿ।"
– ਕਾਨ ੪, ਵਾਰ ੪ਸ, ੪, ੧:੩ (1314)

ਹੋਰ ਰੂਪ:

ਕਢੀਆ –
"ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ।"
– ਆਸਾ ੧, ਵਾਰ ੧੮:੪ (473)

ਕਢੀਐ –
"ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ।"
– ਆਸਾ ੧, ਵਾਰ ੧੯:੧ (473)
"ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ।" (ਵੱਖ ਕਰੀਏ)
– ਸੋਰ ੪, ਵਾਰ ੮ਸ, ੩, ੧:੪ (645)

ਕਢੀਏ ----- (1) ਕਿਸੇ ਵਸਤ ਵਿਚੋਂ ਕਢਣਾ
"ਨਾਨਕ ਗੁਰਮੁਖਿ ਮਤਿ ਤਤੁ ਕਢੀਏ।"
– ਆਸਾ ੪, ੫੭, ੪:੨ (367)

ਹੋਰ ਰੂਪ:

ਕਢੀਜੈ –
"ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ।"
– ਕਲਿ ੪, ਅਸ ੧, ੧:੧ (1323)

ਕਢੁ –
"ਸੰਸਾਰ ਸਾਗਰ ਤੇ ਕਢੁ ਦੇ ਹਾਥੀ।"
– ਵਡ ੫, ੭, ੨:੨ (563)

ਕਢੇ –
"ਦੁਸਮਨ ਕਢੇ ਮਾਰਿ ਸਜਣ ਸਰਸਿਆ।"

– ਮਾਝ ੧, ਵਾਰ ੨੩:੪ (148)

(2) ਸਥਾਨ ਤੋਂ ਕਢਣਾ

“ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ, ਦੁਸਮਨ ਦੂਤ ਸਭਿ ਮਾਰਿ ਕਢੀਏ।”

– ਬਿਲਾ ੪, ਵਾਰ ੬:੪ (851)

ਹੋਰ ਰੂਪ:

ਕਢੇ –

“ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ।”

– ਗਉ ੪, ਵਾਰ ੨੧ਸ, ੪, ੧:੩ (312)

ਕਢੇ ------- (1) ਕਿਸੇ ਵਸਤ ਤੋਂ ਬਾਹਰ ਨਿਕਾਲੇ, ਵੇਖੋ ‘ਕਢੀਏ’ (1)

ਹੋਰ ਰੂਪ:

ਕਢੈ –

“ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ।”

– ਸਿਰੀ ੪, ੬੯, ੧*:੨ (41)

(2) ਕਿਸੇ ਸਥਾਨ ਤੋਂ ਬਾਹਰ ਨਿਕਾਲੇ, ਵੇਖੋ ਕਢੀਏ (2)

ਹੋਰ ਰੂਪ:

ਕਢੈ –

“ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕਿ ਆਪੇ ਵਖਿ ਕਢੈ ਠਗਵਾਲੇ।”

– ਗਉ ੪, ਵਾਰ ੧੦ਸ, ੪, ੧:੭ (305)

(3) ਦਿਤੇ

“ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ।”

– ਆਸਾ ੩, ਅਸ ੩੨, ੩:੨ (427)

ਕਢੈ ------- (1) ਕਿਸੇ ਸਥਾਨ ਤੋਂ ਕਢਣਾ, ਵੇਖੋ ‘ਕਢੇ’ (2)

(2) ਕਿਸੇ ਵਸਤ ਵਿਚੋਂ ਕਢਣਾ, ਵੇਖੋ, ‘ਕਢੇ’ (1)

(3) ਕਰੇ (ਭਾਵ)

“ਭੈ ਵਿਚਿ ਅਗਨਿ ਕਢੈ ਵੇਗਾਰਿ।”

– ਆਸਾ ੧, ਵਾਰ ੪ਸ, ੧, ੧:੩ (464)

“ਹਰਿ ਜੀਉ ਤੇਰਾ ਦਿਤਾ ਸਭੁ ਕੋ ਖਾਵੈ ਸਭ ਮੁਹਤਾਜੀ ਕਢੈ ਤੇਰੀ।”

– ਬਿਹਾ ੪, ਵਾਰ ੧੬:੨ (555)

(4) ਗਿਰਵੀ ਰੱਖਣਾ (ਮੁਹਾਵਰਾ)

“ਜੇ ਤੂ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ।”

– ਧਨਾ ੧, ੨, ੩:੧ (660)

(5) (ਨਜਰ ਹੇਠੋਂ) ਲੰਘਾਏ (ਮੁਹਾਵਰਾ)

“ਸਤਿਗੁਰੁ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ।”

– ਰਾਮ ੫, ਵਾਰ ੭ਸ, ੫, ੨:੭ (960)

(6) ਉਚਾਰਣੇ, ਬੋਲਣੇ (ਮੁਹਾਵਰਾ)

“ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ।”

– ਨਟ ੪, ਅਸ ੬, ੫:੨ (983)

ਕੰਢੈ ------- ਕਿਨਾਰੇ ਤੇ; ਬਾਹਰ ਕਢੇ (ਮੁਹਾਵਰਾ)
"ਅੰਧ ਕੂਪ ਤੇ ਕੰਢੈ ਚਾੜੇ।"
– ਮਾਝ ੫, ਅਸ ੩੭, ੪:੧ (131)
"ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ।" (ਬਾਹਰ ਨਿਕਲੇ)
– ਮਾਰੂ ੫, ੧੪, ੩:੨ (1002)

ਕਢੋਇ ----- ਕੱਢ ਦਿਤੇ
"ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ।"
– ਸਿਰੀ ੪, ਵਾਰ ੧੬:੨ (89)

ਕਢੋਲੈ ----- ਕੱਢਦਾ ਹੈ
"ਗੁਰਮੁਖਿ ਨਾਮ ਧਿਆਈਐ ਮਥਿ ਤਤੁ ਕਢੋਲੈ।"
– ਰਾਮ ੩, ਵਾਰ ੧੭:੩ (955)

ਕਣ ------- (ਸੰ.) ਅਨਾਜ ਦਾ ਦਾਣਾ, ਹੋਰ ਵੇਖੋ 'ਕਣੁ'
"ਕਣ ਬਿਨਾ ਜੈਸੇ ਥੋਥਰ ਤੁਖਾ।"
– ਗਉ ੫, ੧੩੪, ੧:੧ (192)

ਕਣਕ ------ ਇਕ ਅਨਾਜ ਜੋ ਖਾਣ ਦੇ ਕੰਮ ਆਉਂਦਾ ਹੈ
"ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ।"
– ਪ੍ਰਭਾ ੧, ੭, ੩:੧ (1329)

ਕਣੀ ------ ਕਿਣਕਾ, ਥੋੜਾ ਜਿਹਾ
"ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ।"
– ਸੋਰ ੫, ੨, ੨:੪ (608)

ਕਣੁ ------- ਦਾਣੇ, ਹੋਰ ਵੇਖੋ 'ਕਣ'
"ਸਣੁ ਕਸੀਰਾ ਚਿਥਿਆ ਕਣੁ ਲਇਆ ਤਨੁ ਝਾੜਿ।"
– ਮਾਝ ੧, ਵਾਰ ੧੧ਸ, ੧, ੧:੨ (142)
"ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ।"
– ਸਾਰ ੫, ੧੬, ੨:੨ (1207)

ਕਤ ------- (1) ਕਿਵੇਂ, ਕਿਸ ਤਰ੍ਹਾਂ
"ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।"
– ਮਾਝ ੫, ਬਾਰਾ ੧:੫ (133)
"ਬਿਨੁ ਗੁਰ ਰਾਮ ਨਾਮੁ ਕਤ ਲਹੀਐ।"
– ਆਸਾ ੧, ਅਸ ੯, ੧:੧ (416)
(2) ਕਦੋਂ
"ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।"
– ਗਉ ੧, ੧੭, ੧:੧ (156)
(ਮਹਾਨਕੋਸ਼ ਇਥੇ ਇਸ ਦੇ ਅਰਥ 'ਕਿਸਦੀ' ਕਰਦਾ ਹੈ)
(3) ਕਿਧਰੇ, ਕਿਤੇ

"ਜਤ ਕਤ ਦੇਖਉ ਤਤ ਰਹਿਆ ਸਮਾਇ।"

– ਗਉ ੫, ੧੩੮, ੪:੧ (193)

"ਭਏ ਅਨੰਦ ਮਿਲਿ ਸਾਧੂ ਸੰਗਿ ਅਬ ਮੇਰਾ ਮਨੁ ਕਤ ਹੀ ਨ ਜਾਇ।" (ਕਿਤੇ ਵੀ)

– ਆਸਾ ੫, ੯, ੧:੨ (373)

(4) ਕਿਸ ਲਈ, ਕਾਹਨੂੰ, ਕਿਉਂ

"ਤਿਸਹਿ ਤਿਆਗਿ ਕਤ ਅਵਰ ਲੁਭਾਵਹਿ।"

– ਗਉ ੫, ਸੁਖ ੬, ੨:੨ (269)

"ਰੇ ਨਰ ਨਾਵ ਚਉੜਿ ਕਤ ਬੋੜੀ।" (ਕਿਉਂ)

– ਗਉ ਕਬ, ੨੪, ੧*:੧ (328)

(5) ਕਿਸ ਪਾਸੇ, ਕਿਧਰ

"ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ।"

– ਗਉ ੫, ਸੁਖ ੬, ੬:੯ (270)

(6) ਕਿਸ ਤੋਂ

"ਤਬ ਕਵਨ ਨਿਡਰੁ ਕਵਨ ਕਤ ਡਰੈ।"

– ਗਉ ੫, ਸੁਖ ੨੧, ੨:੮ (291)

(7) ਕਿਥੇ

"ਕਤ ਨਹੀ ਠਉਰ ਮੂਲੁ ਕਤ ਲਾਵਉ।"

–ਗਉ ਕਬ, ੨੧, ੧:੧ (327)

(ਪਹਿਲੇ 'ਕਤ' ਦੇ ਅਰਥ 'ਕਿਤੇ' ਹੈ।)

"ਹਰਿ ਤਜਿ ਕਤ ਕਾਹੂ ਕੇ ਜਾਂਹੀ।" (ਕਿਥੇ)

– ਗਉ ਕਬ, ਅਸ ੩੮, ੧*:੨ (330)

"ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ।" (ਹੋਰ ਕਿਥੇ)

– ਬਿਲਾ ੫, ੪, ੨:੧ (848)

(8) ਕੀ

"ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।"

– ਮਾਰੂ ਕਬ, ੧, ੨:੧ (1103)

(9) ਕਾਹਦਾ

"ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ।"

– ਕੇਦਾ ੫, ੧੩, ੧*:੨ (1121)

(10) ਕੱਤਈ, ਬਿਲਕੁਲ, ਨਿਪਟ

"ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ।"

– ਸਮੁ ੫, ੬*:੭ (1388)

ਕੰਤ ------- (ਸੰ.) (1) ਪ੍ਰਿਅ, ਪਤੀ, ਸੁਆਮੀ ਭਾਵ ਪ੍ਰਭੂ, ਹੋਰ ਵੇਖੋ 'ਕੰਤਿ', 'ਕੰਤੁ'

"ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।"

– ਸਿਰੀ ੧, ੧੦, ੧:੨ (17)

(2) ਪਤੀ

"ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂੰ।"

– ਮਾਰੂ ੫, ਵਾਰ ੪ਸ, ੫, ੩:੧ (1095)

ਕਤਹ ------ (1) ਕਿਧਰ, ਕਿਥੇ

"ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ।"
– ਸਸ ੫, ੩੬:੧ (1357)

ਹੋਰ ਰੂਪ:

ਕਤਹਿ –
"ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ।" (ਕਿਧਰੇ)
– ਮਾਝ ੫, ਬਾਰਾ ੮:੭ (135)

(2) ਕਦੇ ਵੀ ਨਹੀਂ
"ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ।"
– ਫੁਨ ੫, ੧੯:੧ (1363)

ਹੋਰ ਰੂਪ:

ਕਤਹਿ –
"ਲੇਖੈ ਕਤਹਿ ਨ ਛੁਟੀਐ ਖਿਨੁ ਖਿਨੁ ਭੂਲਨਹਾਰ।"
– ਗਉ ੫, ਬਾਅ ੫੨ਸ:੧ (261)

ਕਤਹਿ ----- (1) ਕਿਧਰੇ 'ਕਿਤੇ' 'ਕਿਸੇ ਪਾਸੇ' ਵੇਖੋ 'ਕਤਹ' (1)
"ਸੋ ਜਨੁ ਇਤ ਉਤੁ ਕਤਹਿ ਨ ਡੋਲੈ।" (ਕਿਧਰੇ ਵੀ)
– ਗਉ ੫, ੧੧੭, ੨:੨ (189)

"ਤਜਿ ਆਨ ਕਤਹਿ ਨ ਜਾਹਿ।" (ਹੋਰ ਕਿਤੇ ਵੀ)
– ਬਿਲਾ ੫, ਅਸ ੧, ੧:੪ (837)

ਹੋਰ ਰੂਪ:

ਕਤਹੀ –
"ਸੋ ਬਹੁਰਿ ਨ ਕਤਹੀ ਧਾਇਆ।"
– ਗਉ ੫, ੧੪੬*, ੩:੨ (211)

(2) ਕਦੇ ਵੀ, ਵੇਖੋ 'ਕਤਹ' (2)
"ਤਪਤਿ ਨ ਕਤਹ ਬੁਝੈ ਬਿਨੁ ਸੁਆਮੀ ਸਰਣਾ ਰਾਮ।"
– ਬਿਹਾ ੫, ਛੰਤ ੬, ੨:੨ (545)

ਹੋਰ ਵੇਖੋ 'ਕਤਹੁ'
(3) ਕਿਵੇਂ/ਕਿਸੇ ਤਰ੍ਹਾਂ ਵੀ
"ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ।"
– ਗੂਜ ੫, ੩੦, ੫:੧ (502)

(4) ਕਿਥੋਂ
"ਕਤਹਿ ਗਹਿਓ ਉਹੁ ਕਤ ਤੇ ਆਇਓ।"
– ਸੂਹੀ ੫, ੧, ੧*:੨ (736)

(5) ਕਿਥੇ, ਕਿਸ ਥਾਂ
"ਹਰਿ ਬਿਨਾ ਕਤਹਿ ਸਮਾਹਿ।"
– ਬਿਲਾ ੫, ਅਸ ੨, ੪:੪ (838)

ਕਤਹੀ ----- (1) ਬਿਲਕੁਲ ਹੀ, ਥੋੜਾ ਜਿਹਾ ਵੀ
"ਓਹੁ ਨ ਸੁਣਈ ਕਤਹੀ ਤੁਮ੍ ਲੋਕ ਸੁਣਾਵਹੁ।"

– ਆਸਾ ੧, ਅਸ ੧੩, ੪:੨ (418)

(2) ਕਿਤੇ/ਕਿਧਰੇ ਵੀ, ਵੇਖੋ ‘ਕਤਹਿ’ (1)

ਕਤਹੁ ------ (1) ਕਦੀ ਵੀ

“ਗੁਰ ਕਾ ਬਚਨੁ ਕਤਹੁ ਨ ਜਾਇ।”

– ਗਉ ੫, ੭੪, ੨:੩ (177)

(2) ਕਿਤੇ, ਕਿਸੇ ਥਾਂ

“ਅਬ ਢੂਢਨ ਕਤਹੁ ਨ ਜਾਈ।”

– ਸੋਰ ੫, ੫੧, ੧*:੧ (621)

ਹੋਰ ਰੂਪ:

ਕਤਹੂ –

“ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ।” (ਕਿਧਰੇ)

– ਸਿਰੀ ੩, ਅਸ ੨੫, ੨:੩ (69)

“ਉਸਤਤਿ ਕਰਹਿ ਸੇਵਕ ਮੁਨਿ ਕੇਤੇ ਤੇਰਾ ਅੰਤੁ ਨ ਕਤਹੂ ਪਾਈਐ।” (ਕਿਧਰੇ ਵੀ)

– ਦੇਵ ੫, ੧, ੨:੧ (528)

(3) ਕਿਸੇ ਤਰ੍ਹਾਂ ਵੀ

“ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ।”

– ਬਿਲਾ ੫, ੮੯, ੧:੨ (822)

“ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ।” (ਕਿਸੇ ਤਰ੍ਹਾਂ ਵੀ)

– ਸਾਰ ੫, ੧੦੭, ੧*:੨ (1225)

ਹੋਰ ਰੂਪ:

ਕਤਹੂ –

“ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ।”

– ਗਉ ੫, ਬਾਅ ੯:੨ (252)

ਕਤਹੂ ------ (1) ਕਿਸੇ ਵਸਤੂ ਦੀ

“ਤੋਟਿ ਨ ਕਤਹੂ ਆਵੈ।”

– ਸੋਰ ੫, ੬੪, ੨:੩ (625)

(2) ਕਿਤੇ/ਕਿਧਰੇ ਵੀ, ਵੇਖੋ ‘ਕਤਹੁ’ (2)

“ਤਤੁ ਸਾਰੁ ਪਰਮ ਪਦੁ ਪਾਇਆ ਛੋਡਿ ਨ ਕਤਹੂ ਜਾਤਾ।” (ਕਿਸੇ ਹੋਰ ਥਾਂ)

– ਰਾਮ ੫, ੫, ੩:੨ (884)

ਹੋਰ ਰੂਪ:

ਕਤਹੂੰ –

“ਆਨ ਨ ਸੁਨੀਐ ਕਤਹੂੰ ਜਾਈਐ।” (ਹੋਰ ਕਿਧਰੇ)

– ਗਉ ੫, ੮੪, ੨:੩ (180)

(3) ਕਿਸੇ ਤਰ੍ਹਾਂ ਵੀ, ਵੇਖੋ ‘ਕਤਹੁ’ (3)

“ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ।” (ਕਦੀ ਵੀ)

– ਸੂਹੀ ੫, ੫੩, ੨:੧ (748)

ਹੋਰ ਰੂਪ:

ਕਤਹੁੰ –
"ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ।"
– ਗਉ ੫, ੧੨੫*, ੨:੧ (206)

ਕਤਹੂੰ ------ (1) ਕਦੀ ਵੀ, ਬਿਲਕੁਲ ਹੀ
"ਤਾ ਕਉ ਚਿੰਤਾ ਕਤਹੂੰ ਨਾਹਿ।"
– ਗਉ ੫, ੧੦੩, ੨:੨ (186)

(2) ਕਿਧਰੇ ਵੀ, ਵੇਖੋ 'ਕਤਹੂ' (2)
"ਨਿੰਦਕ ਕੀ ਗਤਿ ਕਤਹੂੰ ਨਾਹੀ ਖਸਮੈ ਏਵੈ ਭਾਣਾ।" (ਕਿਸੇ ਥਾਂ ਵੀ)
– ਆਸਾ ੫, ੪੧, ੩:੧ (381)

(3) ਕਿਸੇ ਤਰ੍ਹਾਂ ਵੀ, ਵੇਖੋ 'ਕਤਹੁ' (3)
"ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ।" (ਕਿਸੇ ਗਲ ਦੀ, ਕਿਸੇ ਪ੍ਰਕਾਰ ਦੀ)
– ਸੋਰ ੫, ੬੪, ੨:੧ (631)

(4) ਕਿਸੇ ਪਾਸੇ
"ਸਾਧ ਕੈ ਸੰਗਿ ਨ ਕਤਹੂੰ ਧਾਵੈ।"
– ਗਉ ੫, ਸੁਖ ੭, ੨:੭ (271)

ਕਤਕਿ ----- ਬਿਕ੍ਰਮੀ ਸੰਮਤ ਦਾ ਸਤਵਾਂ ਮਹੀਨਾ
"ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ।"
– ਤੁਖਾ ੧, ਬਾਰਾ ੧੨:੧ (1109)

ਹੋਰ ਰੂਪ:

ਕਤਕੇ –
"ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ।"
– ਰਾਮ ੫, ਰੁਤੀ ੫:੧ (928)

ਕਤੰਚ ------ (ਸੰ.) ਕਿਥੋਂ ਆਇਆ ਹੋਇਆ, ਕਿਵੇਂ ਹੋਇਆ, ਕਦੋਂ ਦਾ
"ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ।"
– ਸਸ ੫, ੧:੧ (1353)

ਕੰਤੜਾ ----- ਪਤੀ, ਵੇਖੋ 'ਕੰਤ' (2)
"ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ।"
– ਸਿਰੀ ੫, ੬੩, ੨:੨ (50)

ਹੋਰ ਰੂਪ:

ਕੰਤੜੇ –
"ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ।"
– ਮਾਰੂ ੫, ਵਾਰ ੧ਸ, ੫, ੩:੧ (1094)

ਕਤਾ ------ ਕਿਥੇ, ਕਿਧਰ (ਜਿਥੇ ਕਿਥੇ, ਤੇ ਜਿਧਰ ਕਿਧਰ)
"ਨਾਨਕ ਕੋ ਪ੍ਰਭੁ ਪੂਰਿ ਰਹਿਓ ਹੈ ਪੇਖਿਓ ਜਤ੍ਰ ਕਤਾ।"
– ਗੂਜ ੫, ੧੧, ੩:੨ (498)

ਕੰਤਾ ------ (1) ਕੰਤ/ਪਤੀ ਦੀ
“ਏਕਾ ਸੇਜ ਵਿਛੀ ਧਨ ਕੰਤਾ।”
– ਸੂਹੀ ੫, ੫, ੨:੧ (737)
(2) ‘ਕੰਤ’ ਦਾ ਬਹੁ ਵਚਨ, ਪਤੀਆਂ
“ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ।”
– ਸੂਹੀ ੩, ਵਾਰ ੬ਸ, ੩, ੩:੧ (787)
(3) ਸੰਬੋਧਕ, ਹੇ ਪਤੀ
“ਕੰਤਾ ਤੂ ਸਉ ਸੇਜੜੀ ਮੈਡਾ ਹਭੋ ਦੁਖੁ ਉਲਾਹਿ।”
– ਮਾਰੂ ੫, ਵਾਰ ੨ਸ, ੫, ੨:੨ (1094)

ਕਤਾਇਦਾ --- ਕਤਵਾਉਂਦਾ
“ਹੰਢੈ ਊਂਨ ਕਤਾਇਦਾ ਪੈਧਾ ਲੋੜੈ ਪਟੁ।”
– ਸਲੋ ਫਰ, ੨੩:੨ (1379)

ਕਤਿ ------ ਕਤ ਕੇ
“ਵੇਲਿ ਪਿੰਞਾਇਆ ਕਤਿ ਵੁਣਾਇਆ।”
– ਰਾਮ ੩, ਵਾਰ ੧੯ਸ, ੧, ੧:੧ (955)

ਕੰਤਿ ------ ਵੇਖੋ ‘ਕੰਤ’ (1) ਪਤੀ
“ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ।”
– ਸਿਰੀ ੧, ੧੩, ੪:੩ (19)
(2) ਪਤੀ ਭਾਵ ਪ੍ਰਭੂ
“ਆਵਣ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ।”
– ਸਿਰੀ ੧, ਅਸ ੫, ੪:੩ (56)

ਕਤਿਐ ----- ਕਤਣ ਨਾਲ
“ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ।”
– ਸੂਹੀ ੩, ਵਾਰ ੧੪ਸ, ੧, ੧:੫ (790)

ਕਤਿਕਿ ----- ਬਿਕ੍ਰਮੀ ਸੰਮਤ ਦਾ ਸਤਵਾਂ ਮਹੀਨਾ
“ਕਤਿਕਿ ਕਰਮ ਕਮਾਵਣੈ ਦੋਸੁ ਨ ਕਾਹੂ ਜੋਗੁ।”
– ਮਾਝ ੫, ਬਾਰਾ ੯:੧ (135)

ਕੰਤੀ ------ ਕੰਤ (ਪਤੀ) ਵਾਲੀ
“ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।”
– ਤੁਖਾ ੧, ਬਾਰਾ ੯:੬ (1108)

ਕਤੀਐ ----- ਰੂੰ ਆਦਿ ਤੋਂ ਧਾਗਾ ਬਣਾਨ ਦੀ ਕ੍ਰਿਆ
“ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ।”
–ਆਸਾ ੧, ਵਾਰ ੧੫ਸ, ੧, ੨:੩ (471)

ਕਤੀਫਿਆ --- (ਅ. ਕ਼ਤਾਲਿਫ਼) ਮਖ਼ਮਲ ਆਦਿ ਦੇ ਰੇਸ਼ਮੀ ਕਪੜੇ (ਪੁਸ਼ਾਕਾਂ)
“ਰੰਗ ਪਰੰਗ ਕਤੀਫਿਆ ਪਹਿਰਹਿ ਧਰ ਮਾਈ।”
– ਸਾਰ ੪, ਵਾਰ ੨੪:੨ (1247)

ਕਤ ------- (1) (ਅ. ਕ਼ੜ) ਕਟਣ ਦੀ ਕ੍ਰਿਆ, ਕਾਟ
"ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ।"
– ਮਾਰੂ ੧, ੧੦, ੧:੩ (992)
(2) ਕੀਨਾ, ਹਸਦ, ਵੈਰ
"ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ।"
– ਸੋਰ ੪ ਵਾਰ ੧ਸ, ੧, ੧:੨ (642)

ਕੰਤੁ ------- (1) ਪਤੀ, ਸੁਆਮੀ
"ਸੇਜੈ ਕੰਤੁ ਨ ਆਵਈ ਨਿਤ ਨਿਤ ਹੋਇ ਖੁਆਰੁ।"
– ਸਿਰੀ ੩, ੪੬, ੧:੨ (31)
"ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ।"
– ਧਨਾ ਨਾਮ, ੩, ੩:੨ (693)
"ਤਿਚਰੁ ਕੰਤੁ ਬਹੁ ਫਿਰੈ ਉਦਾਸਿ।" (ਭਾਵ 'ਜੀਵ')
– ਆਸਾ ੫, ੩, ੨:੨ (371)
(2) ਪ੍ਰਭੂ ਪਤੀ
"ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ।"
– ਸਿਰੀ ੩, ੬੧, ੨:੧ (38)

ਕੰਤੂਹਲ ---- ਕੌਤਕ, ਚੋਜ, ਕਲੋਲ
"ਕਮਲਾਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ।"
– ਮਾਰੂ ੫, ਸੋਲਾ ੧੧, ੬:੩ (1082)

ਕਤੇਬ ------ (ਅ. ਕੁਤਬ) ਪੁਸਤਕ, ਗ੍ਰੰਥ, ਧਾਰਮਕ ਗ੍ਰੰਥ (ਤੌਰੇਤ ਜੰਬੂਰ, ਅੰਜੀਲ ਤੇ ਕੁਰਾਨ)
"ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।"
– ਸਿਰੀ ੧, ੨੮, ੪:੧ (24)
"ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ।" (ਕੁਰਾਨ)
– ਆਸਾ ਕਬ, ੨੯, ੨:੧ (483)

ਹੋਰ ਰੂਪ:

ਕਤੇਬਾ –
"ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।" ('ਕਤੇਬ' ਦਾ ਬਹੁਵਚਨ)
– ਜਪੁ ੧, ੨੨:੩ (5)
"ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤਰਕਾ ਭਾਈ।"
– ਆਸਾ ੧, ਵਾਰ ੧੬ਸ, ੧, ੧:੩ (471)

ਕਤੇਬੀ –
"ਬੇਦ ਕਤੇਬੀ ਭੇਦੁ ਨ ਜਾਤਾ।" (ਕਤੇਬਾਂ ਨੇ)
– ਮਾਰੂ ੧, ਸੋਲਾ ੨, ੬:੧ (1021)

ਕਤੇਬੀਂ –
"ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ।" (ਕਤੇਬਾਂ ਵਿਚ)
– ਮਲਾ ੧, ਵਾਰ ੨੫ਸ, ੧, ੨:੧੭ (1290)

ਕੰਤੈ ------- ਪਤੀ ਦੇ

"ਤਉ ਨਾਨਕ ਕੰਤੈ ਮਨਿ ਭਾਵੈ।"
– ਆਸਾ ੧, ੨੬, ੪*:੧ (357)

ਕਤ੍ਰ ------- ਕਿਥੇ
"ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ।"
– ਭੈਰ ੧, ੮, ੫:੧ (1127)

ਕਥ ------- (1) ਕਥਨ, ਕਥਾ
"ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਹਰਿ ਹਰਿ ਜਪਿਓ ਅਕਥ ਕਥ ਕਾਥ।"
– ਕਾਨ ੪, ੬, ੩:੨ (1296)

(2) ਕਿਥੇ
"ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ।"
– ਗਾਥਾ ੫, ੧੭:੧ (1361)

ਕਥੰ ------- ਕਹਿਣ/ਵਿਚਾਰਨ ਨਾਲ
"ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ।"
– ਗਾਥਾ ੫, ੬:੧ (1360)

ਕਥਉ ----- ਨਹੀਂ ਕੱਥਦਾ/ਕਹਿੰਦਾ
"ਕਥਉ ਨ ਕਥਨੀ ਹੁਕਮੁ ਪਛਾਨਾ।"
– ਗਉ ੧, ਅਸ ੧, ੮:੩ (221)

ਕਥਈਆ --- ਕਥਿਆ/ਕਿਹਾ/ਵਿਆਖਿਆਨਿਆ ਹੈ
"ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ।"
– ਬਿਲਾ ੪, ਅਸ ੩, ੩:੨ (834)

ਕਥਹ ------ ਆਖੀਏ, ਬਿਆਨ ਕਰੀਏ
"ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੇ ਬੋੁਲਾਨ।"
– ਸਾਰ ੫, ੨, ੫:੧ (1203)

ਹੋਰ ਰੂਪ:

ਕਥਹਿ –
"ਚਾਰ ਬੇਦ ਕਥਹਿ ਆਕਾਰੁ।" (ਬਿਆਨ ਕਰਦੇ ਹਨ)
– ਗਉ ੧, ੧੨, ੧:੨ (154)

ਕਥਹੁ –
"ਸੰਤਹੁ ਐਸੀ ਕਥਹੁ ਕਹਾਣੀ।" (ਬਿਆਨ ਕਰੋ) ਕਥਨ ਕਰੋ
– ਰਾਮ ੫, ੨, ੧*:੧ (883)

ਕਥਤ ------ ਆਖਦਾ/ਕਹਿੰਦਾ/ਬਿਆਨ ਕਰਦਾ ਹੈ
"ਸੋ ਜਲੁ ਨਿਰਮਲੁ ਕਥਤ ਕਬੀਰੁ।"
– ਗਉ ਕਬ, ੨੪, ੩:੨ (328)

ਹੋਰ ਰੂਪ:

ਕਥਤਉ –

"ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ।" (ਆਖਦੇ/ਬਿਆਨ ਕਰਦੇ)
- ਗਉ ੫, ਬਾਅ ੨੦ਸ:੧ (254)

ਕਥਤਾ –
"ਕਥਤਾ ਬਕਤਾ ਸੁਨਤਾ ਸੋਈ।"
- ਗਉ ੧, ੪, ੧*:੧ (152)

ਕਥੰਤਿ –
"ਨੇਤ ਨੇਤ ਕਥੰਤਿ ਬੇਦਾ।" (ਬਿਆਨਦੇ ਹਨ)
- ਸਸ ੫, ੫੭:੩ (1359)

ਕਥਤੇ –
"ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ।"
- ਕਾਨ ੫, ੩੯, ੨:੧ (1306)

ਕਥਨ ------ (1) ਬਿਆਨ, ਆਖਣ
"ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ।"
- ਸਿਰੀ ੫, ੯੬, ੩:੨ (51)

"ਅਖਰ ਨਾਦ ਕਥਨ ਵਖ੍ਯਾਨਾ।"
- ਗਉ ੫, ਬਾਅ ੫੪:੪ (261)

"ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ।" (ਭਾਵ ਉਪਦੇਸ਼)
- ਦੇਵ ੫, ੩੧, ੧:੧ (534)

(2) ਕਹਿਣ/ਬਿਆਨ ਕਰਨ ਤੋਂ
"ਵਰਨੁ ਚਿਹਨੁ ਨ ਜਾਇ ਲਖਿਆ ਕਥਨ ਤੇ ਅਕਥਾ।"
- ਵਡ ੫, ਛੰਤ ੩, ੧:੫ (578)

ਕਥਨਹਾਰੁ --- ਕਹਿਣ/ਬਿਆਨ ਕਰਨ ਵਾਲਾ
"ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ।"
- ਸਿਰੀ ੫, ੯੯, ੩:੪ (52)

ਕਥਨਾ ----- (1) ਬਿਆਨ, ਕਥਨ
"ਕਥਨਾ ਕਥੀ ਨ ਆਵੈ ਤੋਟਿ।"
- ਜਪੁ ੧, ੩:੯ (2)

"ਕਹਿ ਕਹਿ ਕਥਨਾ ਮਾਇਆ ਲੂਝੈ।"
- ਮਾਝ ੧, ਵਾਰ ੨੭ਸ, ੧, ੨:੩ (150)

(2) ਬਿਆਨ/ਕਥਨ ਕਰਨਾ
"ਨਾਨਕ ਕਥਨਾ ਕਰੜਾ ਸਾਰੁ।"
- ਜਪੁ ੧, ੩੭:੧੮ (8)

"ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ।" (ਕਥਨ ਕਰਦਾ ਹਾਂ)
- ਮਾਝ ੧, ਵਾਰ ੬ਸ, ੧, ੨:੨ (140)

ਹੋਰ ਰੂਪ:

ਕਥਨਿ –
"ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ।" (ਕਹਿਣ/ਬਿਆਨ ਕਰਨ ਭਾਵ ਨਿਰੀਆਂ ਗੱਲਾਂ)

– ਸਿਰੀ ੧, ਅਸ ੯, ੫:੩ (59)
ਕਥੰਨਿ –
"ਜਿਥੈ ਕੋਇ ਕਥੰਨਿ ਨਾਉ ਸੁਣੰਦੋ ਮਾ ਪਿਰੀ।" (ਉਚਾਰਣ, ਜਪਨ, ਬਿਆਨਣ)
– ਮਾਝ ੫, ਵਾਰ ੨੦ਸ, ੫, ੨:੧ (1101)

ਕਥਨੀ ----- (1) ਗਲਾਂ, ਬਿਆਨ
"ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ।" (ਗੱਲਾਂ ਨਾਲ)
– ਸਿਰੀ ੩, ੫੦, ੧:੨ (33)
"ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ।" (ਕਥਨੀ ਝਗੜਾਲੂ ਹੋ ਜਾਂਦੀ ਹੈ, ਬਹਿਸਣ ਵਾਲੀ ਗੱਲ ਬਣ ਜਾਂਦੀ ਹੈ)
– ਸਿਰੀ ੩, ਅਸ ੨੩, ੨:੧ (68)
"ਹੋਰ ਕਥਨੀ ਬਦਉ ਨ ਸਗਲੀ ਛਾਰੁ।" (ਗੱਲਾਂ ਨਹੀਂ ਆਖਦਾ/ਕਰਦਾ)
– ਰਾਮ ੧, ਅਸ ੪, ੨:੪ (904)
(2) ਬਿਆਨ ਕੀਤੀ, ਕਥੀ
"ਨਾਨਕ ਕਾਰ ਨ ਕਥਨੀ ਜਾਇ।"
– ਆਸਾ ੧, ਵਾਰ ੨ਸ, ੧, ੨:੮ (463)
ਹੋਰ ਰੂਪ:
ਕਥਨੁ –
"ਉਆ ਕੀ ਮਹਿਮਾ ਕਥਨੁ ਨ ਜਾਈ।"
– ਆਸਾ ੫, ੮੮, ੧*:੨ (392)

ਕਥਨੁ ------ (1) ਬਿਆਨ
"ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।"
– ਜਪੁ ੧, ੫:੯ (2)
ਹੋਰ ਰੂਪ:
ਕਥਨੈ –
"ਕਥਨੈ ਕਹਿਣ ਨ ਛੁਟੀਐ ਨਾ ਪੜਿ ਪੁਸਤਕ ਭਾਰ।"
– ਆਸਾ ੧, ਅਸ ੯, ੮:੧ (59)
(2) ਬਿਆਨ ਕੀਤੀ, ਕਥੀ, ਵੇਖੋ ਕਥਨੀ (2)
ਹੋਰ ਰੂਪ:
ਕਥਨੇ –
"ਤਾ ਕੇ ਰੂਪ ਨ ਕਥਨੇ ਜਾਹਿ।" (ਬਿਆਨ ਕੀਤੇ)
– ਜਪੁ ੧, ੩੭:੬ (8)

ਕਥੜੀਆ --- ਕਥਾਵਾਂ, ਵਾਰਤਾਵਾਂ
"ਕਥੜੀਆ ਸੰਤਾਹ ਤੇ ਸੁਖਾਊ ਪੰਧੀਆ।"
– ਮਾਰੂ ੫, ਵਾਰ ੨੧ਸ, ੫, ੨:੧ (1101)

ਕਥਾ ------ (1) ਵਾਰਤਾ, ਕਹਾਣੀ
"ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਣੀ।"

– ਗਉ ੫, ਸੋਹ ੫, ੨:੨ (13)

(2) ਅਰਥ ਮਈ ਵਿਆਖਿਆ

"ਕਥਾ ਸੁਣਤ ਮਲੁ ਸਗਲੀ ਖੋਵੈ।"

– ਮਾਝ ੫, ੩੩, ੨:੨ (104)

ਕਥਾਇਆ --- ਬਿਆਨ ਕਰਵਾਇਆ।

"ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ।"

– ਮਾਰੂ ੫, ੧੨, ੨:੧ (1002)

ਕਥਾਗੀ ----- ਕਥਾ ਕਰਦੇ ਰਹੀਏ (ਸ਼ਬਦਾਰਥ); ਕਥਾ ਕਰਨ/ਗਾਇਨ ਕਰਨ ਵਾਲੇ (ਮਹਾਨਕੋਸ਼, ਗਿਰਾਰਥ ਕੋਸ਼); ਕਥੀਏ (ਦਰਪਣ)

"ਨਾਨਕ ਦਾਸਨਿ ਦਾਸੁ ਕਰਹੁ ਪ੍ਰਭ ਹਮ ਹਰਿ ਕਥਾ ਕਥਾਗੀ।"

– ਧਨਾ ੪, ੨, ੪:੨ (667)

ਕਥਾਰੀਆ --- ਕਥਾ

"ਮੈ ਪਾਇਓ ਸਰਬ ਨਿਧਾਨੁ ਅਕਥੁ ਕਥਾਰੀਆ।"

– ਗਉ ੫, ਅਸ ੧੨, ੭:੧ (241)

ਕਥਾਵੈ ----- ਕਹੈ, ਵਿਆਖਿਆਏ

"ਅਕਥੁ ਕਥਾਵੈ ਸਬਦਿ ਮਿਲਾਵੈ।"

– ਧਨਾ ੧, ਅਸ ੨, ੨:੨ (686)

ਕਥਿ ------ ਆਖ/ਕਹਿ ਕੇ

"ਕਥਿ ਕਥਿ ਕਥੀ ਕੋਟੀ ਕੋਟਿ ਕੋਟਿ।"

– ਜਪੁ ੧, ੩:੧ (2)

"ਅਪਿਉ ਪੀਅਉ ਅਕਥੁ ਕਥਿ ਰਹੀਐ। (ਕਥਦੇ, ਕਹਿੰਦੇ)

– ਗਉ ੧, ਅਸ ੧੫, ੨:੧ (227)

"ਸਭ ਕਥਿ ਕਥਿ ਰਹੀ ਲੁਕਾਈ।" (ਗੱਲਾਂ ਕਰ ਕਰ)

– ਸੋਰ ਕਬ, ੪, ੩:੨ (655)

ਕਥਿਆ ---- ਬਿਆਨਿਆ, ਕਹਿਆ

"ਤੂੰ ਅਕਥੁ ਕਿਉ ਕਥਿਆ ਜਾਹਿ।"

– ਗਉ ੩, ੨੮, ੧:੧ (160)

ਹੋਰ ਰੂਪ:

ਕਥਿਐ –

"ਕਹਿਐ ਕਥਿਐ ਨ ਪਾਈਐ ਅਨਦਿਨੁ ਰਹੈ ਸਦਾ ਗੁਣ ਗਾਇ।" (ਕਹਿਣ/ ਕਥਨ ਨਾਲ)

– ਬਿਹਾ ੪, ਵਾਰ ੮ਸ, ੩, ੨:੧ (551)

ਕਥਿਹੁ –

"ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ।"

– ਰਾਮ ੩, ਅਨੰ ੯:੫ (918)

ਕਥੀ –

"ਕਥਿ ਕਥਿ ਕਥੀ ਕੋਟੀ ਕੋਟਿ ਕੋਟਿ।" (ਬਿਆਨ ਕੀਤੀ)
– ਜਪੁ ੧, ੩:੧੦ (2)

"ਤੁਧੁ ਆਪਿ ਕਥੀ ਤੈ ਆਪਿ ਵਖਾਣੀ।"
– ਮਾਝ ੫, ੧੭, ੩:੨ (99)

ਕਥੀਅਲੇ ---- ਆਖੇ/ਮੰਨੇ ਜਾਂਦੇ ਹਨ

"ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ।"
– ਗੂਜ ੧, ਅਸ ੧, ੫:੧ (503)

"ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ।" (ਮੰਨੋ, ਸਮਝੋ, ਆਖੋ)
– ਗੂਜ ੧, ਅਸ ੧, ੭:੧ (503)

"ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ।" (ਕਿਹਾ ਜਾਂਦਾ ਹੈ)
– ਰਾਮ ੧, ਸਿਗੋ ੬੧:੧ (844)

ਕਥੀਆ ---- ਆਖੀਆਂ, ਬਿਆਨ ਕੀਤੀਆਂ

"ਤਾ ਕੀਆ ਗਲਾ ਕਥੀਆ ਨਾ ਜਾਹਿ।"
– ਜਪੁ ੧, ੩੬:੫ (8)

ਹੋਰ ਰੂਪ:

ਕਥੀਐ –

"ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ।" (ਆਖੀਏ, ਬਿਆਨ ਕਰੀਏ)
– ਸਿਰੀ ੩, ਅਸ ੨੩, ੬:੨ (68)

ਕਥੀਜੈ ----- ਕਹੀਦਾ/ਆਖਿਆ ਜਾਂਦਾ ਹੈ

"ਆਪਿ ਪਰਵਿਰਤਿ ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ।"
– ਬਿਹਾ ੪, ਵਾਰ ੮:੩ (551)

ਕਥੂਰੀ ----- ਸੁਗੰਧੀ ਵਾਲਾ ਦ੍ਰਵ ਪਦਾਰਥ ਜੋ ਇਕ ਖਾਸ ਜਾਤੀ ਦੇ ਹਿਰਨ ਦੀ ਨਾਭੀ ਤੋਂ ਪ੍ਰਾਪਤ ਹੁੰਦਾ ਹੈ, ਵੇਖੋ 'ਕਸਤੂਰਿ'

"ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ।"
– ਸਲੋ ਫਰ, ੮੦:੧ (1382)

ਕਥੇ ------- ਬਿਆਨੇ

"ਢਾਢੀ ਕਥੇ ਅਕਥੁ ਸਬਦਿ ਸਵਾਰਿਆ।"
– ਮਾਝ ੧, ਵਾਰ ੨੩:੭ (149)

"ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ।" (ਬਿਆਨ ਕੇ)
– ਆਸਾ ੩, ਅਸ ੨੩, ੩:੨ (423)

ਹੋਰ ਰੂਪ:

ਕਥੈ –

ਜੇ ਕੋ ਕਥੈ ਤ ਅੰਤ ਨ ਅੰਤ।" (ਬਿਆਨੇ)
– ਜਪੁ ੧, ੩੭:੧੪ (8)

ਕਦ ------- (1) ਕਦੀ ਵੀ, ਕਿਸੇ ਵੇਲੇ ਵੀ
“ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ।”
- ਸਿਰੀ ੫, ੭੪, ੩:੩ (43)
“ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ।”
- ਗਉ ੫, ੧੬੯*, ੧:੨ (217)
(2) ਕਦੋਂ/ਕਿਸੇ ਸਮੇਂ ਦਾ
“ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ।”
- ਤੁਖਾ ੫, ਛੰਤ ੧, ੪:੫ (1117)
“ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ।”
- ਸਵ ੪, ਗਯੰ ੧੧:੨ (1403)

ਕੰਦ ------- (ਸੰ.) ਜ਼ਮੀਨ ਦੇ ਅੰਦਰ ਹੋਣ ਵਾਲੇ ਪਦਾਰਥ, ਗਾਜਰ, ਮੂਲੀ, ਸ਼ੰਕਰਕੰਦੀ, ਪਿਆਜ਼ ਆਦਿ।
“ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ।”
- ਮਾਝ ੧, ਵਾਰ ੫:੧ (140)

ਕਦਹੁ ------ (1) ਕਦ, ਕਿਥੇ
“ਮਨਮੁਖੁ ਲੋਕੁ ਸਮਝਾਈਐ ਕਦਹੁ ਸਮਝਾਇਆ ਜਾਇ।”
- ਸਿਰੀ ੪, ਵਾਰ ੧੨ਸ, ੩, ੨:੧ (87)
(2) ਕਦੋਂ
“ਗੁਨ ਗੁਪਾਲ ਨ ਜਪਹਿ ਰਸਨਾ ਫਿਰਿ ਕਦਹੁ ਸੇ ਦਿਹ ਆਵਹੇ।”
- ਬਿਹਾ ੫, ਛੰਤ ੭, ੧:੪ (546)

ਕਦੰਚ ------ ਕਦੀ ਵੀ, ਵੇਖੋ ‘ਕਦਾਂਚ’
“ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ।”
- ਸਸ ੫, ੪੭:੧ (1358)

ਕਦਮ ------ (ਅ. ਕ਼ਦਮ) ਪੈਰ, ਚਰਣ
“ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ।”
- ਭੈਰ ੫, ੧੦, ੨:੧ (1138)

ਕੰਦਰਾ ----- (ਸੰ.) ਗੁਫਾ
“ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ।”
- ਮਾਰੂ ੫, ਵਾਰ ੨੧ਸ, ੫, ੩:੧ (1101)

ਕਦਲੀ ----- (ਸੰ.) ਕੇਲਾ
“ਕਦਲੀ ਪੁਹਪ ਧੂਪ ਪਰਗਾਸ।”
- ਭੈਰ ਕਬ, ਅਸ ੧, ੪:੧ (1162)

ਕਦਾ ------ ਹਟਾਉਣਾ
“ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।”
- ਸਿਰੀ ੧, ੭, ੨:੨ (16)

ਕੰਦਾ ------ ਜ਼ਮੀਨ ਦੇ ਅੰਦਰ ਹੋਣ ਵਾਲੇ ਪਦਾਰਥ, ਵੇਖੋ ‘ਕੰਦ’

"ਗ੍ਰਿਹੁ ਤਜਿ ਬਨ ਖੰਡ ਜਾਈਐ ਚੁਨਿ ਖਾਈਐ ਕੰਦਾ।"
– ਬਿਲਾ ਕਬ, ੩, ੧:੧ (855)

ਕਦਾਂਚ ----- ਕਦੀ ਵੀ, ਵੇਖੋ 'ਕਦੰਚ'
"ਕਦਾਂਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ।"
– ਜੈਤ ੫, ਵਾਰ ੬ਸ, ੫, ੧:੨ (707)

ਹੋਰ ਰੂਪ:

ਕਦਾਂਚਹ –
"ਬਿਖਮ ਥਾਨ ਬਸੰਤ ਊਚਹ ਨਹ ਸਿਮਰੰਤ ਮਰਣੰ ਕਦਾਂਚਹ।"
– ਸਸ ੫, ੭:੨ (1354)

ਕਦਿ ------ (1) ਕਦੋਂ
"ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।"
– ਮਾਝ ੫, ੮, ੩:੨ (97)

(2) ਬਹੁਤ ਸਮੇਂ ਦੇ, ਕਦੋਂ ਦੇ
"ਨਾਨਕ ਪਾਪ ਬਿਨਾਸੇ ਕਦਿ ਕੇ।"
– ਗਉ ੫, ਬਾਅ ੨੭:੮ (255)

ਕਦੂਰੀ ----- (ਅ. ਕਦੂਰਤ) ਮਨ ਦੀ ਮਲੀਨਤਾ (ਸ਼ਬਦਾਰਥ/ਦਰਪਣ) "ਦੇਗ ਹਾਂਡੀ ਈਹਾ ਭਾਵ ਸੇ ਦੇਗ ਮੇਂ ਪਕਾ ਕਰ ਅਪਨੇ ਇਸ਼ਟ ਕੋ ਭੋਗ ਲਗਾਓ" (ਗਿਰਾਰਥ); ਮੁਹੰਮਦ ਸਾਹਿਬ ਦੀ ਪੁਤ੍ਰੀ ਫਾਤਿਮਾ ਦੇ ਨਾਉਂ ਕੀਤਾ ਹੋਇਆ ਭੋਜਨ (ਮਹਾਨਕੋਸ਼)
"ਮਿਸਿਮਿਲਿ ਤਾਮਸੁ ਭਰਮੁ ਕਦੂਰੀ।"
– ਭੈਰ ਕਬ, ੪, ੨:੧ (1158)

ਕਦੇ ------- ਕਿਸੇ ਵੇਲੇ, ਕਦੀ ਵੀ
"ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ।"
– ਸਿਰੀ ੧, ੧੬, ੩:੧ (20)

ਕੰਦ੍ਰਪ ------ ਕਾਮਦੇਵ
"ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ।"
– ਭੈਰ ਕਬ, ਅਸ ੨, ੮:੧ (1163)

ਕੰਧ ------- (1) ਦੀਵਾਰ
"ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।"
– ਸਿਰੀ ੧, ੧੩, ੧:੨ (18)

(2) (ਸੰ.) ਮੋਢਾ, ਕੰਧਾ
"ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ।" (ਢੋਲਕੀ ਮੋਢੇ ਤੇ ਰੱਖ ਕੇ)
– ਸਲੋ ਕਬ, ੧੧੩:੧ (1370)

ਹੋਰ ਰੂਪ:

ਕੰਧਿ –
"ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ।"
– ਸਲੋ ਫਰ, ੪੩:੧ (1380)

ਕੰਧੀ ------ ਕਿਨਾਰਾ, ਤੱਟ, ਕੰਢਾ

“ਅੰਧੇ ਤੂੰ ਬੈਠਾ ਕੰਧੀ ਪਾਹਿ।”

– ਸਿਰੀ ੫, ੭੪, ੧*:੧ (43)

ਕੰਧੁ ------- ਸਰੀਰ

“ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ।”

– ਗਉ ੪, ਵਾਰ ੨੦:੨ (312)

“ਅਸਥਿਰੁ ਕੰਧੁ ਜਪੈ ਨਿਰੰਕਾਰੀ।” (ਭਾਵ ਜ਼ਿੰਦਗੀ)

– ਰਾਮ ੧, ੧੧, ੩:੪ (879)

ਕਨ ------- ਕੰਨ, ਸਰੀਰ ਦਾ ਸੁਣਨ ਵਾਲਾ ਅੰਗ

“ਜਿਨਿ ਕਨ ਕੀਤੇ ਅਖੀ ਨਾਕੁ।”

– ਧਨਾ ੧, ੫, ੨:੧ (662)

ਹੋਰ ਰੂਪ:

ਕੰਨ –

“ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ।”

– ਮਾਝ ੧, ਵਾਰ ੧੯ਸ, ੨, ੨:੧ (147)

“ਪੁੜੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ ਮੁਰਟੀਐ।” (ਕੰਨ ਮਰੋੜਨੇ, ਪਾਸਾ ਮੋੜਨਾ)

– ਰਾਮ ਬਸ, ਵਾਰ ੨:੧੦ (967)

ਕੰਨਹੁ ------ ਕੋਲੋਂ, ਪਾਸੋਂ, ਵਲੋਂ

“ਸਿਵ ਜੋਤਿ ਕੰਨਹੁ ਬੁਧਿ ਪਾਈ ਸਤਿਗੁਰੂ ਰਖਵਾਲਾ।”

– ਪ੍ਰਭਾ ੧, ੪, ੨:੨ (1328)

ਕਨਕ ------ ਸੋਨਾ

“ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ।”

– ਸਿਰੀ ਕਬ, ੩, ੨:੧ (92)

ਕੰਨਾ ------ (1) ਕੰਨਾਂ ਦੇ, ਵੇਖੋ ‘ਕਨ’

“ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ।”

– ਮਾਝ ੧, ਵਾਰ ੩ਸ, ੨, ੧:੧ (139)

(2) ਕੋਈ ਨਹੀਂ

“ਨਈਆ ਤੇ ਬੈਰੇ ਕੰਨਾ।”

– ਧਨਾ ਨਾਮ, ੪, ੨:੨ (693)

ਕਨਾਰਾ ----- ਕੰਢਾ

“ਬਾਲੂ ਕਨਾਰਾ ਤਰੰਗ ਮੁਖਿ ਆਇਆ।”

– ਆਸਾ ੫, ੮੧, ੩:੧ (390)

ਹੋਰ ਰੂਪ:

ਕਨਾਰੈ –

“ਤੇਰਸਿ ਤਰਵਰ ਸਮੁਦ ਕਨਾਰੈ।”

– ਬਿਲਾ ੧, ਥਿਤੀ ੧੭:੧ (840)

ਕਨਿ ------ (1) ਵੱਲ
"ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ।"
– ਵਡ ੧, ੩, ੧:੧੬ (558)

(2) ਕੰਨ
"ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ।"
– ਰਾਮ ੩, ਵਾਰ ੧੧ਸ, ੧, ੧:੧੧ (951)

ਕੰਨਿ ------ (1) ਮੋਢੇ ਤੇ
"ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ।"
– ਸਿਰੀ ੧, ਪਹ ੨, ੫:੧ (76)

(2) ਕੰਨੀਂ, ਕੰਨਾਂ ਵਿਚ
"ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ।"
– ਆਸਾ ੧, ਵਾਰ ੧੫ਸ, ੧, ੧:੬ (471)
"ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ।" (ਕੰਨਾਂ ਰਾਹੀਂ)
– ਆਸਾ ੧ ਵਾਰ ੧੮ਸ, ੧, ੨:੩ (472)

ਕੰਨਿਆ ---- (1) ਲੜਕੀ, ਪੁਤਰੀ, ਬੇਟੀ
"ਬੰਧਨ ਸੁਤ ਕੰਨਿਆ ਅਰੁ ਨਾਰਿ।"
– ਆਸਾ ੧, ਅਸ ੧੦, ੨:੨ (416)

(2) ਯੁਵਾ ਇਸਤਰੀ
"ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ।"
– ਆਸਾ ਕਬ, ੬, ੩:੨ (477)

ਕਨਿਕ ----- ਸੋਨਾ, ਵੇਖੋ 'ਕਨਕ'
"ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ।"
– ਗਉ ੫, ੧੨੩*, ੪:੧ (205)

ਹੋਰ ਰੂਪ:

ਕਨਿਕੋ –
"ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ"
– ਸਾਰ ੫, ੩, ੨:੧ (1203)

ਕੰਨੀ ------ (1) ਕੰਨਾ ਨਾਲ/ਰਾਹੀਂ
"ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।"
– ਸਿਰੀ ੧, ੨੪, ੩:੧ (23)

(2) ਕੰਨਾਂ ਵਿਚ
"ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ।"
– ਗਉ ਕਬ, ੫੩, ੧:੧ (334)

ਕੰਨੁ ------- ਕੰਨ (ਮੁਹਾਵਰਾ 'ਕਨ ਕਢਨਾ', ਸਿਰ ਚੁਕਨਾ)
"ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ।"

– ਸਿਰੀ ੫, ਅਸ ੨੯, ੫:੩ (73)
"ਦੇ ਕੰਨੁ ਸੁਣਹੁ ਅਰਦਾਸਿ ਜੀਉ।" (ਕੰਨ ਦੇਣਾ, ਧਿਆਨ ਦੇਣਾ)
– ਸਿਰੀ ੫, ਅਸ ੨੯, ੧੨:੨ (74)

ਕੰਨੇ ------- ਕੰਨਾਂ ਨਾਲ/ਦੁਆਰਾ
"ਉਪਦੇਸੁ ਜਿ ਦਿਤਾ ਸਤਿਗੁਰੂ ਸੋ ਸੁਣਿਆ ਸਿਖੀ ਕੰਨੇ।"
– ਗਉ ੪, ਵਾਰ ੨੫:੩ (314)

ਕੰਨੋ ------- ਕੋਲੋਂ, ਤੋਂ
"ਜੇ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ।"
– ਸਲੋ ਫਰ, ੧੧੨:੨ (1384)

ਕੰਨ੍ਹ ------- (1) ਕਾਨ੍ਹ, ਕ੍ਰਿਸ਼ਨ ਜੀ
"ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ।"
– ਆਸਾ ੧, ਵਾਰ ੪ਸ, ੧, ੨:੨ (464)

ਕਨ੍ਹਾਈ ----- ਕਨ੍ਹਈਆ ਭਾਵ ਵਾਹਿਗੁਰੂ/ਪ੍ਰਭੂ
"ਸਗਲ ਜਨਮੁ ਬਿਖਿਅਨ ਸਿਉ ਖੋਇਆ ਸਿਮਰਿਓ ਨਾਹਿ ਕਨ੍ਹਾਈ।"
– ਮਾਰੂ ੯, ੨, ੧*:੨ (1008)

ਕੰਨ੍ਹਿ ------- ਮੋਢੇ/ਕੰਧੇ ਉਤੇ
"ਜਰੁ ਜਰਵਾਣਾ ਕੰਨ੍ਹਿ ਚੜਿਆ ਨਚਸੀ।"
– ਮਲਾ ੧, ਵਾਰ ੨੬:੪ (1290)
"ਵੇਖਹੁ ਬੰਦਾ ਚਲਿਆ ਚਹੁ ਜਣਿਆ ਦੇ ਕੰਨ੍ਹਿ।"
– ਸਲੋ ਫਰ, ੧੦੦:੫ (1383)

ਕੰਨ੍ਹੈ ------- ਕਿਨਾਰੇ, ਕੰਢੇ
"ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।"
– ਸਲੋ ਫਰ, ੯੯:੧ (1383)

ਕਪਹਿ ----- ਕਟ ਦੇਵੇ
"ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।"
– ਸਲੋ ਫਰ, ੭੬:੧ (1381)

ਕੰਪਹਿ ----- ਕੰਬਦਾ ਹੈ, ਹਿਲਣਾ
"ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ।"
– ਜੈਤ ੫, ਛੰਤ ੩, ੩:੨ (705)

ਕਪਟ ------ (1) ਕਪਟੀ, ਧੋਖ਼ੇਬਾਜ਼
"ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋ ਹਹਿ ਕਪਟ ਨਰਾ।"
– ਸਿਰੀ ਤ੍ਰਿਲੋ, ੨, ੧:੨ (92)

ਹੋਰ ਰੂਪ:

ਕਪਟੇ –
"ਕਉਡੀ ਕਉਡੀ ਜੋਰਤ ਕਪਟੇ ਅਨਿਕ ਜੁਗਤਿ ਕਰਿ ਧਾਰਿਓ।"

– ਗੁਜ ੫, ੨੫, ੧:੧ (501)

(2) ਕਪਾਟ, ਕਿਵਾੜ, ਦਰਵਾਜ਼ਾ

“ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ।”

– ਆਸਾ ੩, ੨੮, ੧:੨ (425)

ਹੋਰ ਰੂਪ:

ਕਪਟੁ –

“ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ।”

– ਮਾਰੂ ੧, ਸੋਲਾ ੨੨, ੧੧:੩ (1043)

(3) ਧੋਖਾ, ਵਲ ਛਲ

“ਕੂੜ ਕਪਟ ਪਾਜੁ ਲਹਿ ਜਾਸੀ ਮਨਮੁਖ ਫੀਕਾ ਅਲਾਉ।”

– ਸੋਰ ੩, ਅਸ ੧, ੩:੩ (637)

ਹੋਰ ਰੂਪ:

ਕਪਟੰ –

“ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ।”

– ਜੈਤ ੫, ਵਾਰ ੧੦ਸ, ੫, ੧:੧ (708)

ਕਪਟਹਿ –

“ਬਾਲ ਘਾਤਨੀ ਕਪਟਹਿ ਭਰੀ।” (ਕਪਟ ਨਾਲ)

– ਗੋਂਡ ਨਾਮ, ੫, ੩:੨ (874)

ਕਪਟਰੂਪ –

“ਤਿਆਗੰਤ ਕਪਟਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ।” (ਮਾਇਆ ਦਾ ਧੋਖੇ ਵਾਲਾ/ਝੂਠਾ ਰੂਪ)

– ਜੈਤ ੫, ਵਾਰ ੭ਸ, ੫, ੧:੨ (707)

ਕਪਟਿ –

“ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ।” (ਕਪਟ/ਧੋਖੇ ਨਾਲ)

– ਸਿਰੀ ੪, ੬੫, ੩:੩ (40)

ਕਪਟੀ –

“ਬਿਰਥਾ ਜਨਮੁ ਗਵਾਇਆ ਕਪਟੀ ਬਿਨੁ ਸਬਦੈ ਦੁਖੁ ਪਾਵਣਿਆ।” (ਕਪਟ ਕਰਨ ਵਾਲਾ ਪਖੰਡੀ/ਧੋਖੇਬਾਜ਼)

– ਮਾਝ ੩, ਅਸ ੨੪, ੪:੩ (123)

ਕਪਟੁ –

“ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ।”

– ਸਿਰੀ ੩, ੩੫, ੧:੧ (26)

“ਕਾਹੇ ਬੋਲਹਿ ਜੋਗੀ ਕਪਟੁ ਘਨਾ।” (ਭਾਵ ਮਿਥਿਆ, ਝੂਠ)

– ਗਉ ੧, ੧੫, ੩*:੨ (156)

ਕਪਟੋ –

“ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ।” (ਕਪਟ ਹੀ)

– ਸੋਰ ੪, ਵਾਰ ੨੬ਸ, ੪, ੧:੨ (652)

ਕੰਪਣ ------ ਕੰਬਣ

"ਚਰਣ ਰਹੇ ਕਰ ਕੰਪਣ ਲਾਗੇ ਸਾਕਤ ਰਾਮੁ ਨ ਰਿਦੈ ਹਰੇ।"
– ਮਾਰੂ ੧, ਅਸ ੮, ੭:੨ (1014)

ਹੋਰ ਰੂਪ:

ਕੰਪਨ –
"ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ।"
– ਆਸਾ ਕਬ, ੧੫, ੩:੧ (479)

ਕਪਰ ------ ਲਹਿਰਾਂ, ਘੁੰਮਨਘੇਰੀ
"ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ।"
– ਸਲੋ ਫਰ, ੮੫:੨ (1382)
(ਮਹਾਨਕੋਸ਼ ਇਸ ਦੇ ਅਰਥ ਦਰਿਆ ਵਿਚਲੇ ਉਚੇ ਟਿੱਬੇ (ਢਾਹ) ਕੇ ਕਰਦਾ ਹੈ)

ਹੋਰ ਰੂਪ:

ਕਪਰੀ –
"ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ।" (ਲਹਿਰਾਂ ਵਿਚੋਂ)
– ਸਲੋ ੧, ੩:੨ (1410)

ਕਪਰੁ –
"ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੇ ਸੁਚੇਤਿ।" (ਲਹਿਰਾਂ, ਘੁੰਮਨਘੇਰੀ)
– ਸਲੋ ਫਰ, ੮੬:੨ (1382)

ਕਪਰੇ ------ ਕਪੜੇ, ਵਸਤਰ, ਵੇਖੇ 'ਕਪੜ' (1)
"ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।"
– ਗਉ ੪, ੫੧, ੨:੧ (168)

ਕਪਲ ------ ਭੂਰਾ ਰੰਗ
"ਕਪਲ ਗਾਇ ਨਾਮੈ ਦੁਹਿ ਆਨੀ।"
– ਭੈਰ ਨਾਮ, ੩, ੧:੨ (1163)

ਕਪੜ ------ (1) ਕਪੜੇ, ਵਸਤਰ
"ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ।"
– ਗਉ ੧, ੧੩, ੪:੧ (155)
(2) (ਸੰ.ੰ) ਸ਼ਿਵ ਉਪਾਸ਼ਕ ਸਾਧੂਆਂ ਦਾ ਇਕ ਫਿਰਕਾ ਜੋ ਲੀਰਾਂ ਦੀ ਗੋਦੜੀ ਪਹਿਣਦੇ ਹਨ ਤੇ ਤੀਰਥ ਯਾਤਰਾ ਕਰਨ ਵਿਚ ਮੁਕਤੀ ਮੰਨਦੇ ਹਨ
"ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ।"
– ਸੋਰ ਕਬ, ੧, ੨:੧ (654)

ਕਪੜਾ ----- ਜਾਮਾ, ਪਹਿਰਾਵਾ, ਵੇਖੋ 'ਕਪੜ'
"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।" (ਸਰੀਰ ਰੂਪੀ ਕਪੜਾ)
(ਸ਼ਬਦਾਰਥ (ਨਿਰਣੈ/ਪਿਆਰ/ਪ੍ਰੇਮ ਦਾ ਕਪੜਾ)
– ਜਪੁ ੧, ੪:੬ (2)
"ਸਚੀ ਸਿਫਤਿ ਸਾਲਾਹ ਕਪੜਾ ਪਾਇਆ।" (ਸਿਰੋਪਾ)
– ਮਾਝ ੧, ਵਾਰ ੨੭:੪ (150)

ਹੋਰ ਰੂਪ:

ਕਪੜਿ –
“ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ।” (ਕਪੜਿਆਂ ਦੇ)
– ਸਿਰੀ ੫, ੭੧, ੨:੧ (42)
“ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ।” (ਬਹੁਤ ਸਾਰੇ ਕਪੜੇ)
– ਵਡ ੧, ਅਲਾ ੩, ੬:੧ (580)

ਕਪੜੀ –
“ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ।” (ਕਪੜਿਆਂ ਨਾਲ/ਵਿਚ)
– ਸਲੋ ੩, ੬੪:੧ (1420)

ਕਪੜੁ –
“ਮੂਤ ਪਲੀਤੀ ਕਪੜੁ ਹੋਇ।” (ਕਪੜੇ)
– ਜਪੁ ੧, ੨੦:੩ (4)

ਕਪੜੇ –
“ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।”
– ਮਾਝ ੧, ਵਾਰ ੨੪ ਸ, ੧, ੨:੨ (149)

ਕਪੜੈ –
“ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।” (ਕਪੜੇ ਨੂੰ)
– ਮਾਝ ੧, ਵਾਰ ੬ਸ, ੧, ੧:੧ (140)

ਕਪਾਸ ----- (ਸੰ.) ਕਪਾਹ, ਇਕ ਪੌਦੇ ਦੇ ਫੁੱਲ ਜਿਨ੍ਹਾਂ ਤੋਂ ਰੂੰ ਬਣਦਾ ਹੈ।
“ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ।”
– ਮਾਝ ੧, ਵਾਰ ੧੨ਸ, ੧, ੧:੭ (143)

ਕਪਾਹ ----- ਕਪਾਸ, ਵੇਖੋ ‘ਕਪਾਸ’
“ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।”
– ਆਸਾ ੧, ਵਾਰ ੧੫ਸ, ੧, ੧:੧ (471)

ਕਪਾਹਹੁ ---- ਕਪਾਹ ਤੋਂ
“ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ।”
– ਆਸਾ ੧, ਵਾਰ ੧੫ਸ, ੧, ੨:੩ (471)

ਕਪਾਹਾ ----- ਕਪਾਹ, ਕਪਾਸ, ਵੇਖੋ ‘ਕਪਾਸ’
“ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ।”
– ਮਾਝ ੧, ਵਾਰ ੨੬ਸ, ੧, ੧:੨੦ (150)

ਹੋਰ ਰੂਪ:

ਕਪਾਹਾਂ –
“ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣ ਗੰਨਾ।”
– ਮਲਾ ੧, ਵਾਰ ੨੫ਸ, ੧, ੨:੨੪ (1290)

ਕਪਾਹੈ –
“ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ।” (ਕਪਾਹ ਨੂੰ)
– ਸਲੋ ਫਰ, ੪੯:੧ (1380)

ਕਪਾਟ ----- (1) ਦਰਵਾਜ਼ਾ, ਵੇਖੋ ‘ਕਪਟ’ (2)
“ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ।”
– ਸਿਰੀ ੫, ਛੰਤ ੩ਙ, ੨:੨ (80)
“ਕਹੁ ਨਾਨਕ ਗੁਰਿ ਖੋਲੇ ਕਪਾਟ।” (ਪਰਦੇ)
– ਗਉ ੫, ੧੧੨, ੪:੧ (188)

ਕਪਾਟੰ ----- ਗਿੱਲਾ ਤੋਲੀਆ ਜੋ ਸੰਧਿਆ ਵੇਲੇ ਮੋਢਿਆ ਉਪਰ ਰੱਖਣ ਦਾ ਵਿਧਾਨ ਹੈ। (ਮਹਾਨਕੋਸ਼)
ਕਪਾਲ/ਤਾਲੂ/ਸਿਰ ਉਤੇ (ਸ਼ਬਦਾਰਥ, ਗਿਰਾਰਥ ਕੋਸ਼/ਦਰਪਣ)
“ਦੁਇ ਧੋਤੀ ਬਸਤ੍ਰ ਕਪਾਟੰ ।”
– ਆਸਾ ੧, ਵਾਰ ੧੪ਸ, ੧, ੨:੬ (470)

ਕਪਾਲਾ ----- ਮੱਥਾ
“ਕਰ ਉਜਲ ਤਿਲਕੁ ਕਪਾਲਾ।”
– ਪ੍ਰਭਾ ਬੇਣੀ, ੧, ੪:੨ (1351)

ਕਪਾਲੁ ----- (ਸੰ.) ਖੋਪੜੀ
“ਕਰਮ ਕਰਿ ਕਪਾਲੁ ਮਫੀਟਸਿ ਰੀ।”
– ਧਨਾ ਤ੍ਰਿਲੋ, ੧, ੩:੨ (695)

ਕਪਿ ------ (1) (ਸੰ.) ਬਾਂਦਰ, ਹੋਰ ਵੇਖੋ ‘ਕਪਿਕ’
“ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ।”
– ਗਉ ਕਬ, ੫੯, ੧:੧ (336)
“ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ।” (ਭਾਵ ਬਲਦ ਜੋ ਮਦਾਰੀ ਦੇ ਬਾਂਦਰ ਵਾਂਗ ਤੇਲੀ ਦੇ ਕਹੇ ਤੇ ਘੁੰਮਦਾ ਰਹਿੰਦਾ ਹੈ)
– ਗੂਜ ਕਬ, ੧, ੪:੧ (524)
(2) ਵੱਢ ਕੇ, ਹੋਰ ਵੇਖੋ ‘ਕਪਿਆ’
“ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ।”
– ਸਲੋ ਫਰ, ੭੧:੨ (1381)

ਕੰਪਿ ------ ਕੰਬਦੇ
“ਕਰ ਕੰਪਿ ਚਰਣ ਸਰੀਰੁ ਕੰਪੈ ਨੈਣ ਅੰਧੁਲੇ ਤਨੁ ਭਸਮ ਸੇ।”
– ਤੁਖਾ ੧, ਛੰਤ ੨, ੪:੫ (1110)

ਹੋਰ ਰੂਪ:

ਕੰਪਿਓ –
“ਸਿਰੁ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ।”
– ਸਲੋ ੯, ੪੭:੧ (1428)

ਕਪਿਆ ---- ਵਢਿਆ
“ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।”
– ਸਲੋ ਫਰ, ੭੬:੧ (1381)

ਕਪਿਕ ----- ਬਾਂਦਰ, ਵੇਖੋ ‘ਕਪਿ’
“ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕਸੁੰਭਾਇਲੇ।”

– ਗੋਂਡ ੫, ੨, ੧:੧ (862)

ਕਪਿਲਾਦਿ --- ਕਪਿਲ ਆਦਿਕ ਰਿਸ਼ੀ, ਦੇਵਹੂਤਿ ਦੇ ਉਦਰ ਤੋਂ ਜਨਮਿਆ ਕਰਦਮ ਦਾ ਪੁੱਤਰ ਜੋ ਵਿਸ਼ਨੂੰ ਦਾ ਪੰਜਵਾਂ ਅਵਤਾਰ ਮੰਨਿਆ ਜਾਂਦਾ ਹੈ

"ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ।"

– ਸਵ ੧, ੪:੧ (1389)

ਕਪੂਰ ------ ਇਕ ਬ੍ਰਿਛ ਦੇ ਰਸ ਤੋਂ ਤਿਆਰ ਕੀਤਾ ਜਾਂਦਾ ਸੁਫੈਦ ਸੁਗੰਧਤ ਪਦਾਰਥ ਜੋ ਹਵਾ ਵਿਚ ਉਡ ਜਾਂਦਾ ਹੈ ਤੇ ਅੱਗ ਵਿਚ ਘਿਓ ਵਾਂਗ ਬਲਦਾ ਹੈ

"ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ।"

– ਆਸਾ ਕਬ, ੫, ੩:੨ (477)

ਹੋਰ ਰੂਪ:

ਕਪੂਰਿ –

"ਚੋਆ ਚੰਦਨ ਅਗਰ ਕਪੂਰਿ।"

– ਗਉ ੧, ਅਸ ੧੨, ੨:੧ (226)

ਕਪੂਰੁ –

"ਚੋਆ ਚੰਦਨ ਬਹੁ ਘਣਾ ਪਾਨਾ ਨਾਲਿ ਕਪੂਰੁ।"

– ਸਿਰੀ ੧, ੧੩, ੪:੨ (19)

ਕਪੇ ------- ਕੰਬਦਾ ਹੈ

"ਹਥ ਮਰੋੜੇ ਤਨੁ ਕਪੇ ਸਿਆਹਹੁ ਹੋਆ ਸੇਤੁ।"

– ਮਾਝ ੫, ਬਾਰਾ ੭:੬ (134)

ਕੰਪੈ ------- ਕੰਬਦਾ ਹੈ

"ਥਰਹਰ ਕੰਪੈ ਬਾਲਾ ਜੀਉ।"

– ਸੂਹੀ ਕਬ, ੨, ੧:੨ (792)

ਕਪੋਤਿ ------ ਕਬੂਤਰ ਨੇ

"ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ।"

– ਬਿਹਾ ੪, ਛੰਤ ੨, ੩:੨ (538)

ਕਫੁ ------- ਬਲਗਮ

"ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ।"

– ਮਾਰੂ ੧, ਅਸ ੮, ੭:੧ (1014)

ਕਬ ------- (1) ਕਦੋਂ, ਕਿਸ ਵੇਲੇ

"ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ।"

– ਮਾਝ ੧, ਵਾਰ ੨੧ਸ, ੧, ੨:੧ (148)

(2) ਕਦੀ ਵੀ

"ਹਰਿ ਨਾਮੁ ਜਪਤ ਕਬ ਪਰੈ ਨ ਭੰਗੁ।"

– ਗਉ ੫, ਸੁਖ ੨, ੬:੪ (264)

(3) ਕਦੇ, ਕਦੀ

“ਕਹੁ ਨਾਨਕ ਛੰਤ ਦਇਆਲ ਪੁਰਖ ਕੇ ਮਨ ਹਰਿ ਲਾਇ ਪਰੀਤਿ ਕਬ ਦਿਨੀਅਰੁ ਦੇਖੀਐ।”

– ਆਸਾ ੫, ਛੰਤ ੪, ੩:੬ (455)

ਕਬਹਿ ----- ਕਦੀ ਵੀ, ਵੇਖੋ ‘ਕਬਹੀ’

“ਮਨਮੁਖਿ ਸੂਤਕੁ ਕਬਹਿ ਨ ਜਾਇ।”

– ਗਉ ੩, ਅਸ ੧, ੧*:੧ (229)

ਕੰਬਹਿ ----- ਕੰਬਦੇ (ਡਰਦੇ) ਹਨ

“ਜੋ ਨਰੁ ਉਸ ਕੀ ਸਰਣੀ ਪਰੈ ਤਿਸੁ ਕੰਬਹਿ ਪਾਪੈ।”

– ਮਾਰੂ ੫, ਵਾਰ ੮:੩ (1097)

ਕਬਹੀ ----- (1) ਕਦੀ ਵੀ

“ਅਧਿਆਤਮ ਕਰਮ ਜੇ ਕਰੇ ਨਾਮੁ ਨ ਕਬਹੀ ਪਾਇ।”

– ਸਿਰੀ ੩, ੫੧, ੧:੧ (33)

ਹੋਰ ਰੂਪ:

ਕਬਹੁ –

“ਕਵਨੁ ਅਸਥਾਨੁ ਜੋ ਕਬਹੁ ਨ ਟਰੈ।”

– ਗਉ ੫, ਅਸ ੪, ੧*:੧ (237)

ਕਬਹੂ –

“ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ।”

– ਮਾਝ ੫, ਬਾਰਾ ੧੦:੫ (135)

ਕਬਹੂੰ –

“ਕਹੁ ਨਾਨਕ ਦੂਜੇ ਪਹਰੈ ਪ੍ਰਾਣੀ ਤਿਸੁ ਕਾਲੁ ਨ ਕਬਹੂੰ ਖਾਇ।”

– ਸਿਰੀ ੪, ਪਹ ੩, ੨:੬ (76)

(2) ਕਦੇ, ਕਿਸੇ ਵੇਲੇ

“ਮੈ ਕਰਮਹੀਣ ਕਬਹੀ ਗਲਿ ਲਾਵੈ।”

– ਵਡ ੪, ੨, ੪:੨ (561)

“ਅਬਹੀ ਕਬਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ।” ਹੁਣ ਜਾਂ ਫੇਰ (ਕਦੀ)

– ਰਾਮ ੧, ੧, ੧:੩ (876)

ਹੋਰ ਰੂਪ:

ਕਬਹੁ –

“ਜਾ ਕਉ ਮੁਨਿ ਧ੍ਯਾਨੁ ਧਰੈ ਫਿਰਤ ਸਗਲ ਜੁਗ ਕਬਹੁ ਕ ਕੋਊ ਪਾਵੈ ਆਤਮ ਪ੍ਰਗਾਸ ਕਉ।” (ਕਦੀ ਕਦੀ)

– ਸਵ ੪, ਮਥੁ ੫:੧ (1404)

ਕਬਹੂ –

“ਕਬਹੂ ਊਚ ਨੀਚ ਮਹਿ ਬਸੈ।” (ਕਦੇ)

– ਗਉ ੫, ਸੁਖ ੧੧, ੫:੫ (277)

“ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ।” (ਕਿਸ ਵੇਲੇ)

– ਦੇਵ ੫, ੧੫, ੧*:੨ (531)

ਕਬਹੂੰ –
“ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ।” (ਕਦੀ)
– ਗਉ ੪, ੪੯, ੧*:੨ (167)
“ਕਬਹੂੰ ਸਾਹਿਬੁ ਦੇਖਿਆ ਭੈਣ।” (ਕਦੀ)
– ਮਲਾ ੧, ੯, ੧:੩ (1257)

ਕਬਜ ------ ਪਕੜ
“ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ।” (ਪਕੜ)
– ਤਿਲੰ ੫, ੧, ੨:੨ (723)

ਕਬਜਾ ----- ਪਕੜ ਕੇ
“ਦਿਲ ਕਬਜ, ਕਬਜਾ ਕਾਦਰੋ ਦੋਜਕ ਸਜਾਇ।” (ਕਾਦਰ ਪਕੜ ਕੇ)
– ਤਿਲੰ ੫, ੧, ੨:੨ (723)
(‘ਕਬਜ ਕਬਜਾ’ ਦੇ ‘ਦਰਪਣ’ ਨੇ ‘ਪੂਰਨ ਕਬਜਾ’ ਕੀਤੇ ਹਨ। ਮਨ ਤੇ ਪੂਰਨ ਕਬਜਾ ਕਰ)

ਕੰਬਣਿ ----- ਕੰਪਨ, ਕੰਮਜੋਰੀ ਕਾਰਨ ਅਸਥਿਰ ਹੋਣਾ/ਹਿਲਣਾ
“ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ।”
– ਸਲੋ ਫਰ, ੪੧:੧ (1380)

ਕਬਰੋ ------ (ਸੰ.) ਸੋਨਾ (ਮਹਾਨਕੋਸ਼)
“ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ।” (ਅੰਤ ਸੋਨਾ ਹੀ ਹੁੰਦਾ ਹੈ)
– ਸਾਰ ੫, ੩, ੨:੧ (1203)
(‘ਸ਼ਬਦਾਰਥ’ ‘ਗੁਰੂ ਗ੍ਰੰਥ ਕੋਸ਼’, ਗਿਰਾਰਥ ਕੋਸ਼ ਇਸ ਦੇ ਅਰਥ ‘ਕਮਲਾ’ ਕਰਦਾ ਹੈ)

ਕੰਬਲੜੀ ---- ਉਂਨ ਦਾ ਵਸਤਰ ਜੋ ਖੁਰਦਰਾ ਹੁੰਦਾ ਹੈ
“ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।”
– ਸਲੋ ਫਰ, ੧੦੩:੧ (1383)

ਹੋਰ ਰੂਪ:

ਕੰਬਲੀ –
“ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ।”
– ਸਲੋ ਫਰ, ੨੪:੨ (1379)

ਕਬਾੜ ----- ਨਕੰਮੀਆਂ ਵਸਤਾਂ
“ਜੇ ਸਉ ਕੂੜੀਆ ਕੂੜੁ ਕਬਾੜੁ।”
– ਧਨਾ ੧, ੬, ੪:੧ (662)

1. ਜੇ ਕੋਈ ਸਾਰੇ ਸੰਸਾਰ ਨੂੰ ਝੂਠਾ ਆਖੀ ਜਾਵੇ (ਦਰਪਣ)
2. ਜੇ (ਕੋਈ ਖੋਟਾ ਆਦਮੀ) ਜੋ ਝੂਠੀਆਂ ਗੱਲਾਂ ਕਰੇ ਤੇ ਨਿਕੰਮੀਆਂ ਚੀਜਾਂ ਨੂੰ ਚੰਗੀਆਂ ਕਰਕੇ ਦਸੇ ..... (ਸ਼ਬਦਾਰਥ)
3. ‘ਮਹਾਨਕੋਸ਼’ ਇਸ ਦੇ ਅਰਥ ‘ਮੰਦ ਕਰਮ’ ਕਰਦਾ ਹੈ

ਕਬਾੜਾ ----- ਮਾੜੀਆਂ ਵਸਤਾਂ ਨੂੰ ਚੰਗਾ ਕਰਕੇ ਦੱਸਨਾ ਅਰਥਾਤ ਗੱਪਾਂ ਮਾਰਨੀਆਂ (ਸ਼ਬਦਾਰਥ) ਉਸਤਤਿ (ਗੁਰੂ ਗ੍ਰੰਥ ਕੋਸ਼); ਮੰਦ ਕਰਮ (ਮਹਾਨਕੋਸ਼)
“ਛੋਡਹੁ ਪ੍ਰਾਣੀ ਕੂੜ ਕਬਾੜਾ।”
– ਮਾਰੂ ੧, ਸੋਲਾ ੬, ੬:੧ (1025)

ਕਬਿ ------ (1) ਕਵੀ
“ਕਈ ਕੋਟਿ ਕਬਿ ਕਾਬਿ ਬੀਚਾਰਹਿ।”
– ਗਉ ੫, ਸੁਖ ੧੦, ੧:੮ (275)

ਕੰਬਿਆ ---- ਹਿਲ ਗਿਆ
“ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ।”
– ਸਲੋ ਫਰ, ੧੦੨:੧ (1383)

ਕਬਿਤ ----- ਕਾਵਿ ਦਾ ਇਕ ਰੂਪ/ਛੰਦ ਭਾਵ ਕਵਿਤਾ
“ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ।”
– ਸੋਰ ਕਬ, ੧, ੨:੧ (654)

ਕਬਿਤਾ ----- ਕਵੀ, ‘ਕਬਿਤ’ ਪੜਨ/ਲਿਖਣ ਵਾਲੇ
“ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ।”
– ਸੋਰ ਕਬ, ੧, ੨:੧ (654)

ਕਬਿਲਾਸ --- ਕੈਲਾਸ਼ ਪਰਬਤ
“ਕੋਟਿ ਮਹਾਦੇਵ ਅਰੁ ਕਬਿਲਾਸ।”
– ਭੈਰ ਕਬ, ਅਸ ੨, ੧:੨ (1162)

ਕਬੀਰ ----- (1) ਭਗਤ ਕਬੀਰ ਜਿਸ ਦਾ ਜਨਮ 1455 ਵਿਚ ਇਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਹੋਇਆ। ਉਸ ਨੇ ਕਬੀਰ ਨੂੰ ਬਨਾਰਸ ਕੋਲ ਲਹਿਰ ਤਲਾ ਦੇ ਨੇੜੇ ਰੱਖ ਦਿੱਤਾ। ਅਲੀ ਨਾਂ ਦੇ ਮੁਸਲਮਾਨ ਜੁਲਾਹੇ ਨੇ ਇਸ ਨੂੰ ਚੁਕ ਕੇ ਪੁੱਤਰ ਬਣਾਕੇ ਪਾਲਿਆ। ਵਡਾ ਹੋ ਇਸ ਨੇ ਰਾਮਾਨੰਦ ਤੋਂ ‘ਰਾਮਨਾਮ’ ਦਾ ਉਪਦੇਸ਼ ਲੈ ਵੈਸ਼ਨਵ ਮਤ ਧਾਰਨ ਕੀਤਾ। ਆਪ ਨੇ 1575 ਸੰਮਤ ਵਿਚ ‘ਮਗਹਰ’ ਵਿਖੇ ਜੋਤੀ ਜੋਤਿ ਸਮਾਏ ਮੰਨੇ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਸਾਰੇ ਭਗਤਾਂ ਤੋਂ ਜ਼ਿਆਦਾ ਬਾਣੀ ਹੈ। ਹੋਰ ਵੇਖੋ ‘ਕਮੀਰ’
“ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ।”
– ਸਿਰੀ ਕਬ, ੧, ੨:੧ (92)

ਹੋਰ ਰੂਪ:

ਕੰਬੀਰ –
“ਕਹਿ ਕੰਬੀਰ ਕੋਊ ਸੰਗ ਨ ਸਾਥ।”
– ਭੈਰ ਕਬ, ੧੮, ੩:੧ (1162)

ਕੰਬੀਰਹਿ –
“ਜਿ ਮਤਿ ਤ੍ਰਿਲੋਚਨ ਚਿਤਿ ਭਗਤ ਕੰਬੀਰਹਿ ਜਾਣੀ।” (ਕਬਰ ਨੇ)
– ਸਵ ੩, ੧੩:੨ (1394)

ਕਬੀਰਦਾਸ –

"ਕਬੀਰਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ।"
– ਪ੍ਰਭਾ ਕਬ, ੫, ੩:੨ (1350)

ਕਬੀਰਾ –
"ਇਸੁ ਮਨ ਕਉ ਰਵਿ ਰਹੇ ਕਬੀਰਾ।"
– ਗਉ ਕਬ, ਅਸ ੩੬, ੯:੨ (330)

ਕਬੀਰਿ –
"ਕਬੀਰਿ ਧਿਆਇਓ ਏਕ ਰੰਗ।" (ਕਬੀਰ ਨੇ)
– ਬਸੰ ੫, ਅਸ ੧, ੮:੧ (1192)

ਕਬੀਰੁ –
"ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ।"
– ਸਿਰੀ ੩, ਅਸ ੨੨, ੩:੧ (67)

ਕੰਬੀਰੁ –
"ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।"
– ਬਿਲਾ ੪, ਅਸ ੪, ੭:੧ (835)

ਕਬੀਰੈ –
"ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ।"
– ਆਸਾ ਕਬ, ੮, ੪:੨ (477)

(2) (ਅ. ਕਬੀਰ) ਵਡਾ, ਬਜ਼ੁਰਗ
"ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ।"
– ਤਿਲੰ ੧, ੧, ੧:੨ (721)

ਕਬੁਧਿ ----- ਮਾੜੀ ਬੁੱਧੀ, ਖੋਟੀ ਮਤ
"ਦੁਰਮਤਿ ਕਬੁਧਿ ਗਈ ਸੁਧਿ ਹੋਈ ਰਾਮ ਨਾਮਿ ਮਨੁ ਲਾਏ।"
– ਆਸਾ ੪, ਛੰਤ ੯, ੬:੪ (443)

ਕਬੂਲ ------ (ਅ. ਕ਼ਬੂਲ) ਪਰਵਾਨ, ਸ੍ਵੀਕਾਰ
"ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ।"
– ਮਾਰੂ ੫, ਸੋਲਾ ੧੨, ੪:੩ (1083)

ਹੋਰ ਰੂਪ:

ਕਬੂਲਿ –
"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।" (ਪਰਵਾਨ ਕਰ)
– ਮਾਰੂ ੫, ਵਾਰ ੨੩ਸ, ੫, ੧:੧ (1102)

ਕਬੂਲੁ –
"ਜਾਚਿਕੁ ਮੰਗੈ ਨਿਤ ਨਾਮੁ ਸਾਹਿਬੁ ਕਰੇ ਕਬੂਲ।"
– ਗਉ ੫, ਵਾਰ ੨੧ਸ, ੫, ੨:੧ (323)

ਕਬੈ ------- ਕਦੀ ਵੀ
"ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ।"
– ਗਉ ਕਬ, ਵਾ ੬:੪ (344)

ਕੰਮ ------- (ਸੰ.) ਕਰਮ, ਕਾਰਜ, ਵੇਖੋ 'ਕੰਮਿ'

"ਹਰਿ ਹਰਿ ਅਪਨੀ ਕਿਰਪਾ ਕਰੇ ਗੁਰਮੁਖਿ ਸਾਹੁਰੜੈ ਕੰਮ ਸਿਖੈ।"
– ਸਿਰੀ ੪, ਛੰਤ ੧, ੧:੨ (78)

ਕਮਈਆ --- ਕਰਦਾ ਹੈ, ਕਮਾਂਦਾ ਹੈ
"ਇਹੁ ਜਗੁ ਵਰਨੁ ਰੂਪੁ ਸਭੁ ਤੇਰਾ ਜਿਤੁ ਲਾਵਹਿ ਸੇ ਕਰਮ ਕਮਈਆ।"
– ਬਿਲਾ ੪, ਅਸ ੨, ੮:੧ (834)

ਕਮਜਾਤਿ --- (ਫਾ. ਕਮਜ਼ਾਤ) ਕਮੀਨਾ, ਨੀਚ
"ਖਸਮੁ ਵਿਸਾਰਹਿ ਤੇ ਕਮਜਾਤਿ।"
– ਆਸਾ ੧, ਸੋਦ ੩, ੪:੩ (10)

ਕਮੰਡਲ ---- ਸਾਧੂਆਂ ਦਾ ਜਲਪਾਤਰ
"ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ।"
– ਭੈਰ ੧, ੮, ੩:੧ (1127)

ਹੋਰ ਰੂਪ:

ਕਮੰਡਲੁ –
"ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ।"
– ਗੂਜ ਤ੍ਰਿਲੋ, ੧, ੪:੧ (526)

ਕਮਤਰੀਨ --- (ਫਾ. ਕਤਮਰੀਨ) ਬਹੁਤ ਘਟੀਆ
"ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ।"
– ਮਲਾ ੧, ਵਾਰ ੨੭ਸ, ੧, ੨:੩ (1291)

ਕਮਤੇ ------ ਕਮਾਏ, ਅਮਲ ਵਿਚ ਲਿਆਂਦੇ, ਕੀਤੇ ਕਰਦੇ
"ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ ਸੋ ਡਰੈ ਜਿਨਿ ਪਾਪ ਕਮਤੇ ਰਾਮ।"
– ਬਿਹਾ ੪, ਛੰਤ ੫, ੩:੧ (540)

ਕਮਰ ------ (ਫਾ. ਕਮਰ) ਲਕ
"ਮੂਡ ਪਲੋਸਿ ਕਮਰ ਬਧਿ ਪੋਥੀ।"
– ਗੋਂਡ ਕਬ, ੬, ੩:੩ (871)

ਕਰਮਬੰਦੁ --- ਕਮਰ ਕਸਾ, ਲੱਕ ਨਾਲ ਬੰਨ੍ਹਣ ਵਾਲਾ ਪਟਕਾ
"ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ।"
– ਸਿਰੀ ੧, ੭, ੨:੩ (16)

ਕਮਰਿ ----- ਲੱਕ ਤੇ
"ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ।"
– ਰਾਮ ੩, ਵਾਰ ੧੯ਸ, ੧, ੩:੧ (956)

ਕਮਲ ------ () (1) ਇਕ ਸੁਫੈਦ ਰੰਗ ਦਾ ਕੋਮਲ ਫੁੱਲ ਜੋ ਪਾਣੀ ਵਿਚ ਹੁੰਦਾ ਹੈ, ਹੋਰ ਵੇਖੋ 'ਕਵਲ'
"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ।"
– ਸਿਰੀ ੧, ੨੭, ੨:੧ (24)
"ਚਰਣ ਕਮਲ ਆਤਮ ਆਧਾਰ।" (ਪਵਿੱਤਰਤਾ ਦਾ ਪ੍ਰਤੀਕ)

– ਗਉ ੫, ੯੬, ੨:੧ (181)

“ਚਰਨ ਕਮਲ ਅਰਾਧਿ ਭਗਵੰਤਾ।” (ਕੋਮਲਤਾ ਦਾ ਪ੍ਰਤੀਕ)

– ਗਉ ੫, ੧੧੯, ੨:੧ (189)

“ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ।” (ਹਿਰਦੇ ਰੂਪੀ ਕਮਲ)

– ਗਉ ੧, ਸੁਖ ੧, ੭:੬ (263)

“ਜੈਸੇ ਜਲ ਮਹਿ ਕਮਲ ਅਲੇਪ।” (ਨਿਰਲੇਪਤਾ)

– ਗਉ ੫, ਸੁਖ ੮, ੧:੨ (272)

“ਕਕਾ ਕਿਰਣਿ ਕਮਲ ਮਹਿ ਪਾਵਾ।” (ਹਿਰਦੇ ਵਿਚ)

– ਗਉ ਕਬ, ਬਾਅ ੭:੧ (340)

“ਏਕੋ ਸਰਵਰੁ ਕਮਲ ਅਨੂਪ।” (ਭਾਵ ‘ਗੁਰਮੁਖ’ ਸੋਹਣੇ ਕਮਲ ਹਨ)

– ਆਸਾ ੧, ੧੨, ੧:੧ (352)

“ਸਰੀਰ ਸਰੋਵਰ ਭੀਤਰੇ ਆਛੈ ਕਮਲ ਅਨੂਪ।” (ਪ੍ਰਮਾਤਾਮਾ)

– ਬਿਲਾ ਕਬ, ੧੦, ੧:੧ (857)

“ਊਚੈ ਥਲਿ ਫੂਲੇ ਕਮਲ ਅਨੂਪ।” (ਆਤਮਾ)

– ਰਾਮ ੫, ੫੦, ੩:੨ (898)

ਹੋਰ ਰੂਪ:

ਕਮਲਹ –

“ਬਿਨਵੰਤਿ ਨਾਨਕ ਰਾਸਿ ਜਨ ਕੀ ਚਰਨ ਕਮਲਹ ਆਸਰਾ।” (ਚਰਨ ਕਮਲਾਂ ਦਾ)

– ਰਾਮ ੫, ਛੰਤ ੨, ੨:੬ (925)

ਕਮਲਨ –

“ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ।”

– ਮਲਾ ੫, ੪, ੩:੨ (1267)

ਕਮਲਨ੍ –

“ਜਨ ਨਾਨਕ ਪਿਆਸ ਚਰਨ ਕਮਲਨ੍ ਕੀ ਪੇਖਿ ਦਰਸੁ ਸੁਆਮੀ ਸੁਖ ਸਾਰੋ।”

– ਬਿਲਾ ੫, ੧੨੩, ੨:੨ (829)

ਕਮਲਾ –

“ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ।” (ਕਮਲ ਵਾਂਗ)

– ਸਿਰੀ ਤ੍ਰਿਲੋ, ੨, ੧:੨ (92)

ਕਮਲਾ ----- (1) ਮਾਇਆ

“ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ।”

– ਆਸਾ ੫, ਛੰਤ ੧੪, ੧:੧ (461)

(2) ਝਲਾ, ਬਉਰਾ

“ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ।”

– ਸੋਰ ੪, ਵਾਰ ੪ਸ, ੩, ੧:੩ (644)

(3) ਲਛਮੀ, ਵਿਸ਼ਨੂੰ ਦੀ ਪਤਨੀ, ਹੋਰ ਵੇਖੋ ‘ਕਵਲਾ’

“ਕਮਲਾ ਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ।” (‘ਕਮਲਾ ਕੰਤ’ ਭਾਵ ਵਾਹਿਗੁਰੂ)

– ਮਾਰੂ ੫, ਸੋਲਾ ੧੧, ੬:੩ (1082)

(4) ਕਮਲ ਫੁਲ, ਹੋਰ ਵੇਖੋ ‘ਕਮਲ’
“ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ।”
– ਸਾਰ ੫, ੨੫, ੧:੨ (1209)

ਕਮਲਾਪਤਿ -- ਲਛਮੀ ਦਾ ਪਤੀ, ਵਿਸ਼ਨੂੰ
“ਕਮਲਾਪਤਿ ਕਵਲਾ ਨਹੀ ਜਾਨਾਂ।”
– ਧਨਾ ਕਬ, ੧, ੩:੨ (691)

ਹੋਰ ਰੂਪ:

ਕਮਲਾਪਤੀ –
“ਤੁਹੀਂ ਨਿਰੰਜਨੁ ਕਮਲਾਪਤੀ।”
– ਧਨਾ ਸੈਣ, ੧, ੨:੨ (695)

ਕਮਲਾਰੇ ---- ਕਮਲ (ਵਰਗੇ)
“ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।”
– ਦੇਵ ੫, ੨੯, ੧:੧ (534)

ਕਮਲੀ ----- (1) ਝਲੀ, ਬਉਰੀ
“ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ।”
– ਗਉ ੧, ੧੫, ੪:੧ (156)

(2) ਉੱਨ ਦਾ ਓੜਨ
“ਲੈ ਕਮਲੀ ਚਲਿਓ ਪਲਟਾਇ।”
– ਭੈਰ ਨਾਮ, ੬, ੨:੧ (1164)

ਕੰਮਲੀਏ ---- ਝਲੀਏ, ਬਉਰੀਏ
“ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹ।”
– ਤਿਲੰ ੧, ੪, ੧:੩ (722)

ਕਮਲੁ ------ (1) ਆਤਮਾ
“ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ।”
– ਸਿਰੀ ੧, ੨੦, ੪:੨ (22)

(2) ਹਿਰਦਾ
“ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ।”
– ਸਿਰੀ ੧, ੨੬, ੨:੨ (23)
“ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ।”
– ਸਿਰੀ ੪, ਵਣ ੧, ੪:੫ (82)

(3) ਕਮਲ ਦਾ ਫੁੱਲ
“ਤੂੰ ਆਪੇ ਕਮਲੁ ਅਲਿਪਤੁ ਹੈ ਸੈ ਹਥਾ ਵਿਚਿ ਗੁਲਾਲੁ।”
– ਸਿਰੀ ੪, ਵਾਰ ੭:੩ (85)
“ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ।”
– ਰਾਮ ੧, ਸਿਗੋ ੫:੧ (938)

ਹੋਰ ਰੂਪ:

ਕਮਲੇ –
“ਹਰਿ ਕੇ ਸੰਤ ਮਨਿ ਪ੍ਰੀਤਿ ਲਗਾਈ ਜਿਉ ਦੇਖੈ ਸਸਿ ਕਮਲੇ।”
– ਨਟ ੪, ੨, ੩:੧ (975)

ਕਮਲੇਹ –
“ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀ ਨਾਹਿ ਟਰੈ।”
– ਆਸਾ ੫, ਛੰਤ ੪, ੧:੨ (454)

ਕਮਲੇਹਿ –
“ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।” (ਕਮਲ ਨਾਲ)
– ਸਿਰੀ ੧, ਅਸ ੧੧, ੧:੧ (59)

ਕੰਮੜੇ ------ **ਕੰਮ**
“ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।”
– ਸਲੋ ਫਰ, ੫੯:੧ (1381)

ਕਮਾਉ ----- **ਕਰੋ**
“ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ।”
– ਸਿਰੀ ੪, ੬੭, ੨:੩ (40)

ਕਮਾਇ ----- **(1) ਕਰੇ**
“ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ।”
– ਸਿਰੀ ੩, ੩੫, ੧:੧ (26)

ਹੋਰ ਰੂਪ:

ਕਮਾਇਆ –
“ਜਪੁ ਤਪੁ ਸੰਜਮੁ ਧਰਮੁ ਨ ਕਮਾਇਆ।” (ਕੀਤਾ)
– ਆਸਾ ੫, ਸੋਪੁ ੪, ੨:੧ (12)

“ਭੂਪਤਿ ਹੋਇ ਕੈ ਰਾਜੁ ਕਮਾਇਆ।”
– ਆਸਾ ੫, ੮੬, ੧:੧ (391)

(2) ਧਾਰਨ ਕਰਕੇ, ਗ੍ਰਹਿਣ ਕਰਕੇ, ਸਿਮਰੇ (ਭਾਵ)
“ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ।”
– ਸਿਰੀ ੩, ਅਸ ੧੯, ੬:੨

“ਬਿਨੁ ਗੁਰ ਭੇਟੇ ਦੁਖ ਕਮਾਇ।” (ਦੁੱਖ ਵਾਲੇ ਕੰਮ ਹੀ ਕਰਦਾ ਹੈ, ਭੋਗਦਾ ਹੈ)
– ਆਸਾ ੩, ੪੨, ੩:੩ (361)

ਹੋਰ ਰੂਪ:

ਕਮਾਇਆ –
“ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।” (ਸਿਮਰਿਆ)
– ਗਉ ੫, ੧੨੫*, ੩:੨ (206)

“ਜਿਨ੍ ਧੁਰਿ ਲਿਖਿਆ ਲੇਖੁ ਤਿਨ੍ਹੀ ਨਾਮੁ ਕਮਾਇਆ।” (ਸਿਮਰਿਆ)
–ਆਸਾ ੪, ੬੫, ੧*:੧ (369)

(3) ਕਮਾਈ ਕਰੇ
“ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ।”

– ਵਡ ੩, ੧, ੨:੧ (558)

“ਹਿਆਇ ਕਮਾਇ ਧਿਆਇਆ ਪਾਇਆ ਸਾਧ ਸਰਣਾ।” (ਕਮਾਈ ਕਰੇ)

– ਮਾਰੂ ੫, ਵਾਰ ੨੨:੭ (1102)

ਹੋਰ ਰੂਪ:

ਕਮਾਇਓ –

“ਕਰਹੁ ਅਨੁਗ੍ਰਹੁ ਸੁਆਮੀ ਮੇਰੇ ਗਨਹੁ ਨ ਮੋਹਿ ਕਮਾਇਓ।” (ਕਮਾਈ)

– ਗੂਜ ੫, ੨੫, ੨:੧ (501)

ਕਮਾਇਆ –

“ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨ੍ਹੀ ਸਚੁ ਕਮਾਇਆ।” (ਕਮਾਈ ਕੀਤੀ)

– ਆਸਾ ੧, ਪਟੀ ੩:੨ (432)

“ਮਿਲਿ ਮਾਤ ਪਿਤਾ ਪਿੰਡੁ ਕਮਾਇਆ।” (ਪ੍ਰਾਪਤ ਕੀਤਾ)

– ਮਾਰੂ ੧, ੨, ੧:੧ (989)

ਕਮਾਇਆ --- (1) ਕਾਮਾ, ਨੌਕਰ, ਸੇਵਕ

“ਨਾ ਤਿਸੁ ਭੈਣ ਨ ਭਰਾਉ ਕਮਾਇਆ।”

– ਮਾਰੂ ੧, ਸੋਲਾ ੧੭, ੨:੨ (1038)

(2) ਕੀਤਾ, ਵੇਖੋ ‘ਕਮਾਇ’ (1)

ਹੋਰ ਰੂਪ:

ਕਮਾਇਸੀ –

“ਜੋ ਧੁਰਿ ਲਿਖਿਆ ਲੇਖੁ ਸੇ ਕਰਮ ਕਮਾਇਸੀ।” (ਕਰੇਗਾ)

– ਗੂਜ ੩, ਵਾਰ ੫:੩ (510)

ਕਮਾਇਣ –

“ਪਾਪੀ ਕੀ ਗਤਿ ਕਤਹੂ ਨਾਹੀ ਪਾਪੀ ਪਚਿਆ ਆਪ ਕਮਾਇਣ।” (ਕੀਤੇ)

– ਭੈਰ ੫, ੧੩, ੧*:੨ (1138)

(3) ਸਿਮਰਿਆ, ਵੇਖੋ ‘ਕਮਾਇ’ (2)

(4) ਕਮਾਈ ਕੀਤੀ, ਪ੍ਰਾਪਤ ਕੀਤਾ, ਵੇਖੋ ‘ਕਮਾਇ’ (3)

ਕਮਾਇਣ --- (1) ਕੀਤੇ, ਵੇਖੋ ‘ਕਮਾਇਆ’ (2)

ਹੋਰ ਰੂਪ:

ਕਮਾਇਣੁ –

“ਸੂਖਹੁ ਦੁਖ ਭਏ ਨਿਤ ਪਾਪ ਕਮਾਇਣੁ।” (ਕੀਤਿਆਂ/ਕਰਦਿਆਂ)

– ਆਸਾ ੫, ਛੰਤ ੧੧, ੨:੨ (460)

ਕਮਾਇਦਾ –

“ਆਪੇ ਕਾਰਣੁ ਕੀਆ ਅਪਰੰਪਰਿ ਸਭੁ ਤੇਰੋ ਕੀਆ ਕਮਾਇਦਾ।” (ਕਰਦਾ)

– ਮਾਰੂ ੧, ਸੋਲਾ ੧੭, ੧੦:੩ (1038)

ਕਮਾਇਅੜੋ –

“ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ।” (ਕਰਦਾ ਰਿਹਾ)

– ਆਸਾ ੫, ਛੰਤ ੧੩, ੧:੧ (461)

(2) ਕਰਨ ਦਾ (ਅਵਸਰ)

"ਕਰਿ ਦਇਆ ਦਾਤੇ ਪੁਰਖ ਬਿਧਾਤੇ ਸੰਤ ਸੇਵ ਕਮਾਇਣ।"
– ਕਾਨ ੫, ਛੰਤ ੧, ੨:੫ (1312)

ਕਮਾਈ ----- (1) ਸਾਧਿਆ (ਭਾਵ)
"ਸਭਿ ਸੁਰਤੀ ਮਿਲਿ ਸੁਰਤਿ ਕਮਾਈ।" (ਸੁਰਤ ਨੂੰ ਸਾਧਿਆ)
– ਆਸਾ ੧, ਸੋਦ ੨, ੨:੧ (9)

ਹੋਰ ਰੂਪ:

ਕਮਾਈਐ –
"ਪੋਥੀ ਪੁਰਾਣ ਕਮਾਈਐ।" (ਸਾਧੀਏ, ਅਨੁਸਾਰ ਜੀਵਨ ਬਣਾਈਐ)
– ਸਿਰੀ ੧, ੩੩, ੨:੧ (25)

(2) ਖਟੀ
"ਤਿਸੁ ਮਿਲਿਆ ਜਿਸੁ ਪੁਰਬ ਕਮਾਈ।"
– ਮਾਝ ੫, ੪੮, ੨:੨ (108)

ਹੋਰ ਰੂਪ:

ਕਮਾਈਐ –
"ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ।" (ਕਮਾਈ ਕਰੀਏ, ਉਦਮ ਕਰੀਏ)
– ਸਿਰੀ ੧, ੮, ੧*:੨ (17)

(3) ਕਰੇ, ਹੋਰ ਵੇਖੋ 'ਕਮਾਏ'
"ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ।"
– ਗਉ ੪, ਵਾਰ ੩੦ਸ, ੪, ੨:੭ (316)

ਹੋਰ ਰੂਪ:

ਕਮਾਈਅਹਿ –
"ਤ੍ਰਿਬਿਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ।"
– ਸਿਰੀ ੧, ੧੨, ੩:੧ (18)

ਕਮਾਈਐ –
"ਵਿਚਿ ਦੁਨੀਆ ਸੇਵ ਕਮਾਈਐ।"
– ਸਿਰੀ ੧, ੩੩, ੪:੧ (26)

"ਪੂਰੇ ਗੁਰ ਕੀ ਕਾਰ ਕਰਮਿ ਕਮਾਈਐ।" (ਭਾਗਾਂ ਨਾਲ ਕਰੀਦੀ ਹੈ)
– ਮਾਝ ੧, ਵਾਰ ੧੪:੧ (144)

(4) ਸਿਮਰਨ ਨਾਲ
"ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ।"
– ਸੋਰ ੧, ੬, ੪:੨ (597)

ਹੋਰ ਰੂਪ:

ਕਮਾਈਐ –
"ਗੁਰਮੁਖਿ ਸਬਦੁ ਕਮਾਈਐ ਹਰਿ ਵਸੈ ਮਨਿ ਆਇ।" (ਸਿਮਰੀਏ)
– ਸਿਰੀ ੩, ਅਸ ੨੨, ੨:੨ (67)

(5) ਬਖਸ਼ਿਸ਼ (ਭਾਵ)
"ਘਾਲ ਸਿਆਣਪ ਉਕਤਿ ਨ ਮੇਰੀ ਪੂਰੈ ਗੁਰੂ ਕਮਾਈ।"

– ਰਾਮ ੫, ਅਸ ੬, ੧੨:੧ (915)

ਕਮਾਏ ----- (1) ਕੀਤੇ ਕਰਮ
"ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ।"
– ਸਿਰੀ ੫, ਛੰਤ ੨, ੪:੪ (80)

(2) ਕਰਦਾ ਹੈ
"ਹਰਿ ਨਾਮੁ ਨ ਚੇਤੈ ਬਹੁ ਕਰਮ ਕਮਾਏ।"
– ਸਿਰੀ ੪, ਵਾਰ ੨੪ਸ, ੩, ੩:੭ (88)

(3) ਸਾਧਦਾ ਹੈ, ਸਿਮਰ ਕੇ ਪਕਾਉਂਦਾ/ ਗ੍ਰਹਿਣ ਕਰਦਾ ਹੈ
"ਸਾਧ ਜਨਾ ਕਾ ਮੰਤ੍ਰੁ ਕਮਾਏ।"
– ਮਾਝ ੫, ਅਸ ੩੫, ੭:੨ (130)

(4) ਕਮਾਂਦਾ/ਖਟਦਾ ਹੈ
"ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ।" (ਭੋਗਦਾ ਹੈ/ਇਕਠੇ ਕਰਦਾ ਹੈ)
– ਵਡ ੩, ਅਲਾ ੪, ੩:੩ (585)

"ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ।" (ਇਕੱਠੇ ਕਰਦਾ ਹੈ)
– ਸੋਰ ੩, ੧੨, ੨:੧ (604)

"ਸੁਖੁ ਨਾਹੀ ਬਹੁ ਦੇਸ ਕਮਾਏ।" (ਪ੍ਰਾਪਤ ਕਰਨ ਨਾਲ)
– ਭੈਰ ੫, ੪੧, ੧:੩ (1147)

ਕਮਾਸਿ ----- ਕਰ ਸਕਦੀ ਹੈ
"ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ।"
– ਕਾਨ ੫, ੩੩, ੧:੨ (1304)

ਕਮਾਹਿ ----- (1) ਕਰਦੇ, ਕਮਾਉਂਦੇ
"ਅਸੰਖ ਗਲਵਢ ਹਤਿਆ ਕਮਾਹਿ।"
– ਜਪੁ ੧, ੧੮:੪ (4)

"ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ।" (ਕਰੇ)
– ਸਿਰੀ ੩, ੩੫, ੩:੧ (26)

ਹੋਰ ਰੂਪ:

ਕਮਾਹੀ –
"ਇਸਤਰੀ ਪੁਰਖ ਹੋਇ ਕੈ ਕਿਆ ਓਇ ਕਰਮ ਕਮਾਹੀ।" (ਕਰਦੇ ਹਨ)
– ਗਉ ੩, ੩੫, ੨:੧ (162)

(2) ਸਾਧਦਾ/ਗ੍ਰਹਿਣ ਕਰਦਾ ਹੈ
"ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ।" (ਜੀਵਨ ਵਿਚ ਧਾਰਦੇ)
– ਸਿਰੀ ੫, ੭੪, ੧*:੨ (43)

ਹੋਰ ਰੂਪ:

ਕਮਾਹੀ –
"ਜਬ ਲਗੁ ਗੁਰ ਕਾ ਸਬਦੁ ਨ ਕਮਾਹੀ।"

– ਮਾਰੂ ੩, ਸੋਲਾ ੧੬, ੧੨:੨ (1060)

"ਕੁਰਾਣੁ ਕਤੇਬ ਦਿਲ ਮਾਹਿ ਕਮਾਹੀ।" (ਧਾਰਨ ਕਰੋ)

– ਮਾਰੂ ੫, ਸੋਲਾ ੧੨, ੪:੧ (1083)

ਕਮਾਹੁ –

"ਗੁਰਮੁਖਿ ਸੇਵਾ ਥਾਇ ਪਵੈ ਉਨਮਨਿ ਤਤੁ ਕਮਾਹੁ।" (ਸਿਮਰੋ, ਗ੍ਰਹਿਣ ਕਰੋ)

– ਸੂਹੀ ੩, ਵਾਰ ੧੦ਸ, ੧, ੧:੪ (788)

ਕਮਾਣ ----- (ਫਾ. ਕਮਾਨ) ਧਨੁਸ਼, ਇਕ ਸ਼ਸ਼ਤਰ, ਕਮਾਨ

"ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ।"

– ਸਿਰੀ ੧, ੭, ੩:੨ (16)

ਕਮਾਣਾ ----- (1) ਕਮਾਈ, ਕਮਾਇਆ ਹੋਇਆ

"ਲਿਖਿਆ ਆਇਆ ਗੋਵਿੰਦ ਕਾ ਵਣਜਾਰਿਆ ਮਿਤ੍ਰਾ ਉਠਿ ਚਲੇ ਕਮਾਣਾ ਸਾਥਿ।" (ਕਮਾਈ ਸਮੇਤ)

– ਸਿਰੀ ੫, ਪਹ, ੪, ੫:੧ (78)

ਹੋਰ ਰੂਪ:

ਕਮਾਣੈ –

"ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ।" (ਕਰਮਾਂ ਦੀ ਕਮਾਈ ਕਰਕੇ)

– ਮਾਝ ੫, ਦਿਨ ੧:੬ (136)

"ਇਤੁ ਕਮਾਣੈ ਸਦਾ ਦੁਖੁ ਪਾਵੈ ਜੰਮੈ ਮਰੈ ਫਿਰਿ ਆਵੈ ਜਾਇ।" (ਐਸੀ ਕਮਾਈ ਨਾਲ)

– ਗੂਜ ੩, ਵਾਰ ੧੦ਸ, ੩, ੨:੪ (512)

(2) ਕੀਤਾ ਹੋਇਆ

" ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ।"

– ਗਉ ੪, ਵਾਰ ੩੦ਸ, ੪, ੨:੭ (316)

ਹੋਰ ਰੂਪ:

ਕਮਾਣਿਆ –

"ਨਾਮ ਬਿਨਾ ਕੂੜਿਆਰਿ ਕੂੜੁ ਕਮਾਣਿਆ ਜੀਉ।" (ਝੂਠਾ ਕੰਮ ਕਰਨਾ)

– ਧਨਾ ੧, ਛੰਤ ੩, ੫:੨ (689)

ਕਮਾਣੀ –

"ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਕੀ ਕਰਣੀ ਕਮਾਣੀ।"

– ਰਾਮ ੩, ਅਨੰ ੨੦:੨ (919)

ਕਮਾਣੀਆ –

"ਸੁਖ ਹੋਵੈ ਸੇਵ ਕਮਾਣੀਆ।"

– ਸਿਰੀ ੧, ੩੩, ੩:੨ (26)

ਕਮਾਣੇ –

"ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ।" (ਕਰਨੇ)

– ਸਿਰੀ ੫, ਪਹ ੪, ੧:੩ (77)

"ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ।" (ਕੀਤੇ ਹੋਏ ਕੰਮਾਂ ਅਨੁਸਾਰ)

– ਬਿਹਾ ੫, ਛੰਤ ੭, ੨:੩ (546)

ਕਮਾਣੈ –

“ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ।” (ਕਰਨ ਨਾਲ)

– ਮਾਝ ੧, ਵਾਰ ੨ਸ, ੨, ੨:੪ (138)

(3) ਭੁਗਤਨਾ, ਦੁਖ ਸਹਾਰਣਾ

“ਅਪਣਾ ਕੀਆ ਕਮਾਣਾ।”

– ਆਸਾ ੧, ਵਾਰ ੯ਸ, ੧, ੨:੯ (461)

(4) ਗ੍ਰਹਿਣ ਕੀਤਾ, ਸਿਮਰਿਆ

“ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ।”

– ਮਲਾ ੧, ਵਾਰ ੨੨ਸ, ੧, ੨:੩ (1288)

(5) ਵਰਤਿਆ ਜਾਂਦਾ ਹੈ, ਵਿਆਪਕ ਹੈ

“ਮਾਸੁ ਪੁਰਾਣੀ ਮਾਸੁ ਕਤੇਬੀਂ ਚਹੁ ਜੁਗਿ ਮਾਸੁ ਕਮਾਣਾ।”

– ਮਲਾ ੧, ਵਾਰ ੨੫ਸ, ੧, ੨:੧੭ (1290)

ਕਮਾਤ ----- ਕਮਾਂਦਿਆਂ, ਗ੍ਰਹਿਣ ਕਰਦਿਆਂ

“ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ।”

– ਸਾਰ ੫, ੫੩, ੧:੧ (1215)

ਕਮਾਤਾ ----- ਕਰਦੇ ਹਨ

“ਜਿਉ ਤੁਧੁ ਭਾਵੈ ਤਿਵੈ ਚਲਾਵਹਿ ਸਭੁ ਤੇਰੋ ਕੀਆ ਕਮਾਤਾ ਹੇ।”

– ਮਾਰੂ ੧, ਸੋਲਾ ੧੧, ੨:੩ (1031)

ਹੋਰ ਰੂਪ:

ਕਮਾਤਿ –

“ਪਸੁ ਆਪਨ ਹਉ ਹਉ ਕਰੈ ਨਾਨਕ ਬਿਨੁ ਹਰਿ ਕਹਾ ਕਮਾਤਿ।”

– ਗਵਉ ੫, ਬਾਅ ੮ਸ:੨ (251)

“ਹਰਿ ਹਰਿ ਅਉਖਧੁ ਸਾਧ ਕਮਾਤਿ।” ਵਰਤਦੇ (ਭਾਵ)

– ਗਉ ੫, ਸੁਖ ੨, ੫:੬ (264)

“ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ।” (ਕਰਦਾ ਸੀ)

– ਗਉ ੫, ਸੁਖ ੨੧, ੧:੪ (290)

ਕਮਾਂਤਿ –

“ਜਿਨ ਕੈ ਪ੍ਰੀਤਿ ਨਾਹੀ ਹਰਿ ਹਿਰਦੈ ਤੇ ਕਪਟੀ ਨਰ ਨਿਤ ਕਪਟੁ ਕਮਾਂਤਿ।”

– ਮਲਾ ੪, ੫, ੩:੧ (1264)

ਕਮਾਤੇ –

“ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ।” (ਕੀਤੇ ਹੋਏ)

– ਆਸਾ ੫, ਛੰਤ ੧੩, ੧:੬ (461)

ਕਮਾਦੁ ----- ਗੰਨਾ, ਇੱਖ, ਹੋਰ ਵੇਖੋ ‘ਕਮਾਦੈ’

“ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ।”

– ਮਾਝ ੧, ਵਾਰ ੨੬ਸ, ੧, ੧:੨੦ (150)

ਕਮਾਂਦੇ ----- ਕਮਾਈ ਕਰਦੇ
“ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ।”
– ਸੋਰ ੪, ਵਾਰ ੨੮ਸ, ੧, ੧:੨ (653)

ਕਮਾਦੈ ----- ਕਮਾਦ ਨੂੰ, ਗੰਨੇ ਨੂੰ
“ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ।”
– ਸਲੋ ਫਰ, ੪੯:੨ (1380)

ਕਮਾਨ ----- (1) ਕਰਨ
“ਤੜਫਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ।”
– ਗਉ ੫, ਬਾਅ ੪੭ਸ:੨ (260)

ਹੋਰ ਰੂਪ:

ਕਮਾਨੀ –
“ਜੋ ਕਿਛੁ ਕੀਓ ਸੋਈ ਭਲ ਮਾਨੈ ਐਸੀ ਭਗਤਿ ਕਮਾਨੀ।” (ਕੀਤੀ)
– ਗੂਜ ੫, ੬, ੨:੧ (496)

(2) ਧਣੁਸ਼, ਵੇਖੋ ‘ਕਮਾਣ’
“ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ।”
– ਭੈਰ ਕਬ, ੧੭, ੩:੧ (1161)

ਕਮਾਨਾ ----- ਕਮਾਈ ਕਰਨੀ
“ਰੋਵਨਹਾਰੈ ਝੂਠੁ ਕਮਾਨਾ।”
– ਆਸਾ ੫, ੭੫, ੧:੧ (389)

ਕਮਾਨੀ ----- ਕੀਤੀ, ਵੇਖੋ ‘ਕਮਾਨ’ (1)

ਕਮਾਨੇ ----- ਕੀਤੇ ਹੋਏ ਕੰਮ
“ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੀ।”
– ਆਸਾ ੫, ੧੨੮, ੧:੨ (403)

ਕਮਾਨੋ ----- (1) ਕੀਤਾ
“ਅਨਜਾਨਤ ਕਿਛੁ ਇਨਹਿ ਕਮਾਨੋ ਜਪ ਤਪ ਕਛੂ ਨ ਸਾਧਾ।”
– ਗਉ ੫, ੧੬੩*, ੧:੧ (215)

(2) ਸਾਧਿਆ, ਗ੍ਰਹਿਣ ਕੀਤਾ
“ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ।”
– ਧਨਾ ੫, ੭, ੩:੨ (672)

ਕਮਾਯਉ ---- ਕਮਾਇਆ, ਕੀਤਾ, ਧਾਰਿਆ, ਸਾਧਿਆ
“ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ।”
– ਸਵ ੪, ਕਲ ੮:੩ (1408)

ਕਮਾਲੁ ----- ਕਬੀਰ ਦਾ ਪੁੱਤਰ (ਸ਼ਬਦਾਰਥ, ਮਹਾਨਕੋਸ਼, ਗੁਰੂ ਗਿਰਾਰਥ) ਕਮਾਲ ਦਾ, ਅਜੀਬ ਭਾਵ ਮੂਰਖ (ਦਰਪਣ); ਗੁਰੂ ਗ੍ਰੰਥ ਕੋਸ਼ ਦੋਵੇਂ ਅਰਥ ਦਿੰਦਾ ਹੈ
“ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ।”

– ਸਲੋ ਕਬ, ੧੧੫:੧ (1370)

ਕਮਾਵਉ ---- (1) ਕਮਾਓ, ਕਮਾਈ ਕਰੋ
“ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ।”
– ਗਉ ੫, ਵਾਰ ੧੭:੧ (322)

ਹੋਰ ਰੂਪ:

ਕਮਾਵਹਿ –
“ਗਿਆਨੀ ਗਿਆਨੁ ਕਮਾਵਹਿ।”
– ਸਿਰੀ ੫, ਅਸ ੨੭, ੧:੨ (71)

(2) ਕਰੋ
“ਦਾਸਨ ਦਾਸ ਰੇਣੁ ਦਾਸਨ ਕੀ ਜਨ ਕੀ ਟਹਲ ਕਮਾਵਉ।”
– ਦੇਵ ੫, ੫, ੨:੧ (529)

ਹੋਰ ਰੂਪ:

ਕਮਾਵਹਿ –
“ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ।” (ਕਰੇ)
– ਸਿਰੀ ੧, ਅਸ ੯, ੬:੨ (59)

ਕਮਾਵਹਿ ---- (1) ਭੋਗੇ
“ਜਾ ਤੁਧੁ ਭਾਵੈ ਤਾ ਹੋਵਹਿ ਰਾਜੇ ਰਸ ਕਸ ਬਹੁਤੁ ਕਮਾਵਹਿ।”
– ਮਾਝ ੧, ਵਾਰ ੧੫ਸ, ੧, ੧:੪ (145)
(2) ਕਮਾਈ ਕਰੇ, ਵੇਖੋ ‘ਕਮਾਵਉ’ (1)
(3) ਕਰ, ਵੇਖੋ ‘ਕਮਾਵਉ’ (2)

ਹੋਰ ਰੂਪ:

ਕਮਾਵਹਿਗੇ –
“ਜਿਤ ਹਮ ਲਾਏ ਤਿਤ ਹੀ ਲਾਗੇ ਤੈਸੇ ਕਰਮ ਕਮਾਵਹਿਗੇ।” (ਕਰਦੇ ਹਾਂ)
– ਮਾਰੂ ਕਬ, ੪, ੩:੧ (1103)

ਕਮਾਵਹੀ –
“ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ।”
– ਗਉ ੧, ਅਸ ੧੮, ੧*:੨ (229)

ਕਮਾਵਹੀ ---- (1) ਸਾਧੇ, ਜਪੇ, ਸਿਮਰੇ
“ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ।” (ਜੇ ਨਾਮ ਜਪੀਏ)
– ਆਸਾ ੧, ਅਸ ੧੬, ੮:੨ (420)

ਹੋਰ ਰੂਪ:

ਕਮਾਵਹੁ –
“ਸਤਿਗੁਰ ਕਾ ਸਚੁ ਸਬਦੁ ਕਮਾਵਹੁ।” (ਜਪੋ)
– ਆਸਾ ੫, ੬੨, ੨:੧ (386)
(2) ਕਰੇ, ਵੇਖੋ ‘ਕਮਾਵਹਿ’

ਕਮਾਵਹੁ ---- (1) ਕਮਾਈ ਕਰਦੇ ਹੋ

"ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ।"

– ਆਸਾ ੧, ਆਸਾ ੧੩, ੪:੧ (418)

ਹੋਰ ਰੂਪ:

ਕੰਮਾਵਹੁ –
"ਸਰਾ ਸਰੀਅਤਿ ਲੇ ਕੰਮਾਵਹੁ।"

– ਮਾਰੂ ੫, ਸੋਲਾ ੧੨, ੩:੧ (1083)

(2) ਕਰੋ
"ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ।" (ਕਿਰਸਾਨੀ ਕਰੋ)

– ਆਸਾ ੧, ਅਸ ੧੩, ੮:੧ (418)

(3) ਜਪੋ, ਵੇਖੋ 'ਕਮਾਵਹੀ' (1)

(4) ਸਾਧੋ
"ਐਸਾ ਜੋਗੁ ਕਮਾਵਹੁ ਜੋਗੀ।"

– ਰਾਮ ਕਬ, ੭, ੧*:੧ (970)

ਕਮਾਵਣ ---- ਕਰਨ
"ਸੋ ਐਸਾ ਹਰਿ ਸਭਨਾ ਕਾ ਪ੍ਰਭੁ ਸਤਿਗੁਰ ਕੈ ਵਲਿ ਹੈ ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ।"

– ਬਿਲਾ ੪, ਵਾਰ ੬:੩ (851)

ਹੋਰ ਰੂਪ:

ਕਮਾਵਣਾ –
"ਖੋਟੇ ਖੋਟਿ ਕਮਾਵਣਾ ਆਇ ਗਇਆ ਪਤਿ ਖੋਇ।" (ਕਰਨਾ)

– ਸਿਰੀ ੧, ੨੩, ੩:੩ (23)

"ਨਾਨਕ ਪੂਰਬਿ ਲਿਖਿਆ ਕਮਾਵਣਾ ਅਵਰੁ ਨ ਕਰਣਾ ਜਾਇ।"

– ਸਿਰੀ ੪, ਵਾਰ ੬ਸ, ੩, ੧:੩ (84)

ਕਮਾਵਣਾ --- (1) ਭੋਗਨਾ, ਹੋਰ ਵੇਖੋ 'ਕਮਾਵਣਿਆ' (2)
"ਐਥੈ ਦੁਖੋ ਦੁਖੁ ਕਮਾਵਣਾ ਮੁਇਆ ਨਰਕਿ ਨਿਵਾਸੁ।"

– ਵਡ ੪, ਵਾਰ ੩ਸ, ੩, ੨:੪ (586)

(2) ਕਰਨਾ, ਵੇਖੋ 'ਕਮਾਵਣ' ਹੋਰ ਵੇਖੋ 'ਕਮਾਵਣੀ'

(3) ਸਾਧਨਾ, ਜਪਨਾ
"ਬਿਨੁ ਨਾਵੈ ਹੋਰੁ ਕਮਾਵਣਾ ਫਿਕਾ ਆਵੈ ਸਾਦੁ।"

– ਪ੍ਰਭਾ ੧, ਅਸ ੩, ੩:੩ (1343)

ਕਮਾਵਣਿਆ – (1) ਕਮਾਈ ਕਰਨਾ
"ਆਪੇ ਲਾਇ ਲਏ ਸੋ ਲਾਗੈ ਗੁਰਮੁਖਿ ਸਚੁ ਕਮਾਵਣਿਆ।"

– ਮਾਝ ੩, ਅਸ ੩, ੨:੩ (110)

(2) ਭੋਗਨਾ, ਵੇਖੋ 'ਕਮਾਵਦੇ' (1)
"ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ਦੁਖੋ ਦੁਖੁ ਕਮਾਵਣਿਆ।"

– ਮਾਝ ੩, ਅਸ ੮, ੭:੩ (114)

ਕਮਾਵਣੀ --- (1) ਕਰਨੀ

"ਗੁਰਮੁਖਿ ਕਾਰ ਕਮਾਵਣੀ ਸਚੁ ਘਟਿ ਪਰਗਟੁ ਹੋਇ।"
- ਸਿਰੀ ੩, ੩੬, ੧:੨ (27)

ਹੋਰ ਰੂਪ:

ਕਮਾਵਣੇ -
"ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ।" (ਕਰਨੇ)
- ਸਿਰੀ ੩, ੪੬, ੧:੧ (31)

(2) ਖਟਨੀ, ਕਮਾਨੀ
"ਭਸੋ ਭਸੁ ਕਮਾਵਣੀ ਭੀ ਭਸੁ ਭਰੀਐ ਦੇਹ।"
- ਸਾਰ ੪, ਵਾਰ ੮ਸ, ੧, ੨:੨ (1240)

ਕਮਾਵਣੇ ---- (1) ਕਰਨੇ ਵੇਖੋ 'ਕਮਾਵਣੀ' (1)
(2) ਸਾਧਨੇ, ਜਪਨੇ, ਧਾਰਨ ਕਰਨੇ
"ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ।"
- ਸਿਰੀ ੫, ੯੯, ੧:੩ (52)

ਕਮਾਵਤ ---- (1) ਕਰਦਾ
"ਰਹਤ ਅਵਰ ਕਛੁ ਅਵਰ ਕਮਾਵਤ।"
- ਗਉ ੫, ਸੁਖ ੫, ੭:੧ (269)

(2) ਧਾਰਨ ਕਰਦਿਆਂ, ਕਮਾਉਂਦਿਆਂ, ਅਮਲ ਵਿਚ ਲਿਆਉਂਦਿਆਂ
"ਸੁਨਤ ਕਮਾਵਤ ਹੋਤ ਉਧਾਰ।"
- ਗਉ ੫, ਸੁਖ ੨੪, ੩:੩ (295)

ਕਮਾਵਦੜੇ --- ਕਰਦੇ, ਹੋਰ ਵੇਖੋ 'ਕਮਾਵਦਿਆ' (2)
"ਕੂੜੁ ਕਪਟੁ ਕਮਾਵਦੜੇ ਜਨਮਹਿ ਸੰਸਾਰਾ।"
- ਆਸਾ ੫, ਛੰਤ ੧੩, ੩:੨ (461)

ਹੋਰ ਰੂਪ:

ਕਮਾਵਦਾ -
"ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ।"
- ਸਿਰੀ ੪, ਵਾਰ ੫:੩ (84)

ਕਮਾਵਦਿਆ -- (1) ਕਮਾਈ ਕਰਦਿਆਂ, ਹੋਰ ਵੇਖੋ 'ਕਮਾਵਨ' (1)
"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।"
- ਗੂਜ ੫, ਵਾਰ ੧੭ਸ, ੫, ੧:੧ (522)

(2) ਕਰਦਿਆਂ, ਹੋਰ ਵੇਖੋ 'ਕਮਾਵਦੇ' (2)
"ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ।"
- ਬਿਹਾ ੫, ਛੰਤ ੭, ੧:੨ (546)

ਹੋਰ ਰੂਪ:

ਕਮਾਵਦੀਆ -
"ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ।"
- ਸਿਰੀ ੩, ੪੭, ੧:੨ (31)

ਕਮਾਵਦੇ ---- (1) ਭੋਗਦੇ

“ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ।”

– ਸਿਰੀ ੩, ੪੨, ੩:੨ (30)

(2) ਕਰਦੇ

“ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ।”

– ਸਿਰੀ ੩, ੫੬, ੪:੨ (36)

ਹੋਰ ਰੂਪ:

ਕਮਾਵਨ –

“ਤਬ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ।” (ਕਰਨ ਨੂੰ)

– ਗਉ ੫, ੧੬੩*, ੩:੧ (215)

(3) ਧਾਰਨ ਕਰਦੇ, ਅਮਲ ਵਿਚ ਲਿਆਉਂਦੇ

“ਸਤਿਗੁਰ ਕਾ ਭਾਣਾ ਕਮਾਵਦੇ ਬਿਖੁ ਹਉਮੈ ਤਜਿ ਵਿਕਾਰੁ।”

– ਸਿਰੀ ੩, ਅਸ ੧੯, ੫:੨ (65)

ਕਮਾਵਨ ---- (1) ਖਟਣ, ਪ੍ਰਾਪਤ ਕਰਨ

“ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ।”

– ਗੂਜ ੫, ੫, ੨:੧ (496)

(2) ਕਰਨ ਨੂੰ, ਵੇਖੋ ‘ਕਮਾਵਦੇ (2)

ਕਮਾਵਨਾ ---- (1) ਜਪਨਾ, ਸਿਮਰਨਾ

“ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ।”

– ਗਉ ੫, ਸੁਖ ੧੯ਸ:੨ (288)

(2) ਕਰਨਾ

“ਨਾਨਕ ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣਹਾਰੁ।”

– ਸੋਰ ੪, ਵਾਰ ੩ਸ, ੩, ੨:੫ (643)

ਹੋਰ ਰੂਪ:

ਕਮਾਵਨਿ –

“ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ।”

– ਗਉ ੪, ਵਾਰ ੩੩ਸ, ੪, ੨:੩ (317)

ਕਮਾਵਨਿ ---- (1) ਕਮਾਈ ਕਰਨ

“ਕੂੜੁ ਕਮਾਵਨਿ ਦੁਖੁ ਲਾਗੈ ਭਾਰਾ।”

– ਮਾਝ ੩, ਅਸ ੧੧, ੭:੨ (116)

ਹੋਰ ਰੂਪ:

ਕਮਾਵੈ –

“ਨਾਨਕ ਗੁਰਮੁਖਿ ਸਚੁ ਕਮਾਵੈ ਮਨਮੁਖਿ ਆਵੈ ਜਾਇ।” (ਕਮਾਉਂਦਾ ਹੈ)

– ਸਿਰੀ ੪, ਵਾਰ ੧੨ਸ, ੩, ੨:੧੧ (87)

“ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ।” (ਹਰਿ ਨਾਮ ਦੀ ਕਮਾਈ)

– ਗਉ ੫, ੧੧੭, ੨:੧ (189)

(2) ਕਰਨ, ਵੇਖੋ 'ਕਮਾਵਨ' (2)

ਹੋਰ ਰੂਪ:

ਕਮਾਵਨੁ –
"ਜੋ ਕਮਾਵਨੁ ਸੋਈ ਭੋਗ।"
– ਰਾਮ ੫, ੧੯, ੧:੨ (888)

ਕਮਾਵਨੇ –
"ਅਹੰਬੁਧਿ ਕਰਮ ਕਮਾਵਨੇ।"
– ਗਉ ੫, ੧੪੨*, ੩:੧ (211)

ਕਮਾਵਾ –
"ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ।"
– ਮਾਝ ੫, ੪੦, ੨:੩ (106)
"ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ।" (ਸੇਵਾ ਕਰਾਂ)
– ਸੂਹੀ ੫, ੫੪, ੪:੧ (749)

ਕਮਾਵੈ –
"ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ।" (ਕਰਦਾ ਹੈ)
– ਸਿਰੀ ੩, ੪੧, ੨:੧ (29)

ਕਮਾਵੈ ----- (1) ਧਾਰਨ ਕਰਨਾ, ਅਮਲ ਕਰਨਾ
"ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰ ਗਰਾਮੀ।" (ਅਮਲ ਕਰੇ)
– ਗਉ ੫, ੧੬੪, ੪:੧ (216)
"ਸਤਿਗੁਰ ਪੁਛੈ ਸਚੁ ਸੰਜਮੁ ਕਮਾਵੈ ਹਉਮੈ ਰੋਗੁ ਤਿਸੁ ਜਾਇ।" (ਧਾਰਨ ਕਰੇ, ਗ੍ਰਹਿਣ ਕਰੇ)
– ਗੂਜ ੩, ਵਾਰ ੧੦ਸ, ੩, ੧:੨ (512)
(2) ਕਮਾਈ ਕਰੇ, ਵੇਖੋ 'ਕਮਾਵਣਿ' (1)
"ਜੋ ਕਿਛੁ ਕਮਾਵੈ ਸੁ ਥਾਇ ਨ ਪਾਈ।"
– ਗਉ ੩, ਅਸ ੨, ੫:੨ (230)
(3) ਕਰੇ, ਕਰਦਾ ਹੈ, ਵੇਖੋ 'ਕਮਾਵਣਿ' (2)

ਕੰਮਿ ------ ਕਰਮ, ਕਾਰਜ, ਵੇਖੋ 'ਕੰਮ'
"ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ।"
– ਸਿਰੀ ੫, ੭੫, ੨:੨ (43)
(2) ਹਿਤ, ਲਾਭ
"ਤੇਰੈ ਕੰਮਿ ਨ ਤੇਰੈ ਨਾਇ।"
– ਸਿਰੀ ੧, ੩੧, ੨:੪ (25)
"ਅਗੋ ਦੇ ਸਤ ਭਾਉ ਨ ਦਿਚੈ ਪਿਛੋ ਦੇ ਆਖਿਆ ਕੰਮਿ ਨ ਆਵੈ।" (ਕੁਝ ਸੁਆਰਦਾ ਨਹੀਂ)
– ਗਉ ੪, ਵਾਰ ੧੧ਸ, ੪, ੧:੧ (305)

ਕਮਿਤਾ ----- ਕਮਾਂਦਾ/ਕਰਦਾ ਹੈ, ਅਮਲ ਵਿਚ ਲਿਆਉਂਦਾ ਹੈ
"ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ।"
– ਸੂਹੀ ੩, ਵਾਰ ੫:੫ (787)

ਕਮੀ ------ ਘਾਟ, ਥੁੜ, ਹੋਰ ਵੇਖੋ ‘ਕਮੀਆ’
“ਕਿਛੁ ਨਾਹੀ ਤਾ ਕੈ ਕਮੀ।”
– ਗਉ ੫, ੧੪੭*, ੨:੨ (212)

ਕੰਮੀ ------ ਕੰਮਾਂ/ਕਾਰਜਾਂ ਨਾਲ
“ਅੰਧੰੀ ਕੰਮੀ ਅੰਧ ਸਜਾਇ।”
– ਆਸਾ ੩, ੪੪, ੧:੨ (362)

ਕਮੀਆ ---- ਘਾਟ, ਥੁੜ
“ਤਿਸੁ ਜਨ ਕਉ ਕਹੁ ਕਾ ਕੀ ਕਮੀਆ।”
– ਗਉ ੫, ੧੦੨, ੧:੨ (186)

ਕਮੀਨ ----- (ਫਾ. ਕਮੀਨ) ਤੁਛ, ਘਟੀਆ, ਨੀਚ
“ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ।”
– ਮਲਾ ੧, ਵਾਰ ੨੭ਸ, ੧, ੨:੩ (1291)

ਹੋਰ ਰੂਪ:

ਕਮੀਨੀ –
“ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛੀ ਜਨਮੁ ਹਮਾਰਾ।” (ਨੀਵੀਂ, ਘਟੀਆ, ਤੁਛ)
– ਸੋਰ ਰਵਿ, ੬, ੫:੧ (659)

ਕਮੀਰ ----- ਕਬੀਰ, ਇਕ ਭਗਤ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਸੰਕਲਿਤ ਹੈ – ਵੇਖੋ ‘ਕਬੀਰ’
“ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ।”
– ਰਾਮ ਕਬ, ੧੨, ੨:੨ (972)

ਹੋਰ ਰੂਪ:

ਕੀਮਰੁ –
“ਦਾਸੁ ਕਮੀਰੁ ਚੜ੍ਹਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ।”
– ਭੈਰ ਕਬ, ੧੭, ੬:੨ (1162)

ਕੰਮੁ ------- ਕਾਰਜ, ਕਰਮ
“ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।”
– ਸਿਰੀ ੪, ਵਾਰ ੨੦:੧ (91)

ਹੋਰ ਰੂਪ:

ਕੰਮੇ –
“ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ।” (ਕੰਮ ਵਿਚ)
– ਆਸਾ ੪, ੧੬, ੩:੪ (449)

ਕਮੇਰ ------ ਕੁਬੇਰ, ਦੇਵਤਿਆਂ ਦਾ ਖਜ਼ਾਨਚੀ
“ਕੋਟਿ ਕਮੇਰ ਭਰਹਿ ਭੰਡਾਰ।”
– ਭੈਰ ਕਬ, ਅਸ ੨, ੪:੧ (1163)

ਕਮੋਦਾ ----- ਇਕ ਰਾਗ ਜੋ ਹਿੰਡੋਲ ਰਾਗ ਦੇ ਅੱਠ ਪੁੱਤਰਾਂ ਵਚੋਂ ਇਕ ਹੈ
“ਗਾਵਹਿ ਸਰਸ ਬਸੰਤ ਕਮੋਦਾ।”
– ਰਾਗ ੧:੩੨ (1430)

ਕਰ ------- (1) ਹਥ
“ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ।”
– ਸਿਰੀ ੧, ਅਸ ੨੮, ੧੬:੩ (72)
(2) ਕਰਦੇ/ਤਕਦੇ ਹਨ
“ਦਰਖਤ ਆਬ ਆਸ ਕਰ।”
– ਮਾਝ ੧, ਵਾਰ ੧੩ਸ, ੧, ੬:੨ (144)

ਹੋਰ ਰੂਪ:

ਕਰੰ –
“ਇਸਨਾਨ ਕਰਹਿ ਪਰਭਾਤਿ ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ।” (ਕਰਦੇ ਹਨ)
– ਸਵ ੪, ਗਯੰ ੪:੩ (1402)

ਕਰਉ –
“ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ।” (ਮੈਂ ਕਰਦਾ ਹਾਂ)
– ਗੂਜ ੪, ਸੋਦ ੪, ੧:੧ (10)
“ਅਧਿਕ ਬਿਥਾਰ ਕਰਉ ਕਿਸੁ ਕਾਮਿ।” (ਮੈਂ ਕਿਸ ਕੰਮ ਧਿਆਵਾਂ)
– ਗਉ ੧, ੮, ੩:੨ (153)
“ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ।” (ਕਾਰਜ ਕਰਨਾ)
– ਆਸਾ ੪, ੬੬, ੧*:੧ (369)

ਕਰੰਉ –
“ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਇ।”
– ਵਡ ੫, ਛੰਤ ੧, ੩:੬ (577)

ਕਰਉਗੀ –
“ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ।”
– ਆਸਾ ੧, ੩੪, ੨:੨ (359)

ਕਰਈ –
“ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ।” (ਕਰਦਾ)
– ਮਾਝ ੧, ਵਾਰ ੨੨ਸ, ੨, ੨:੩ (148)

ਕਰਈਆ –
“ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ।”
– ਬਿਲਾ ੪, ੭, ੩:੧ (835)

ਕਰਈਐ –
“ਹਰਿ ਅੰਤਰਜਾਮੀ ਸਭ ਤੈ ਵਰਤੈ ਜੇਹਾ ਹਰਿ ਕਰਾਏ ਤੇਹਾ ਕੋ ਕਰਈਐ।” (ਕਰਦਾ ਹੈ)
– ਗੋਂਡ ੪, ੫, ੧:੧, (861)

ਕਰਸਹ –

"ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ।" (ਕਰੀਏ, ਉਮਰ ਵੱਡੀ ਕਰੀਏ, ਭਾਵ ਮਾਰ ਦੇਈਏ)
– ਭੈਰ ਨਾਮ, ੯, ੩:੧ (861)

ਕਰਸਹਿ –
"ਮੂਰਖ ਮਨ ਕਾਹੇ ਕਰਸਹਿ ਮਾਣਾ।" (ਕਰਦਾ ਹੈਂ)
– ਮਾਰੂ ੧, ੨, ੧*:੧ (989)

ਕਰਸਨ –
"ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ।"
– ਕਾਨ ੫, ੨੯, ੨:੧ (1303)

ਕਰਸਨਿ –
"ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ।"
– ਮਾਝ ੧, ਵਾਰ ੧੧:੮ (143)

ਕਰਸਿ –
"ਚੇਰੀ ਤੂ ਰਾਮੁ ਨ ਕਰਸਿ ਭਤਾਰਾ।" (ਕਰਦੀ ਭਾਵ ਬਣਾਉਂਦੀ)
– ਸੋਰ ਕਬ, ੫, ੧*:੧ (655)

ਕਰਸੀ –
"ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ।" (ਕਰੇਗਾ)
– ਜਪੁ ੧, ੨੭:੨੧ (6)

ਕਰਹ –
"ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।" (ਕਰਨ)
– ਸਿਰੀ ੧, ੧੦, ੧:੨ (17)

ਕਰਹਗੇ –
"ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰਾ।"
ਸਿਰੀ ੩, ੬੪, ੩:੧ (39)

ਕਰਉ –
(1) ਕਰਦਾ ਹਾਂ, ਕਾਰਜ ਕਰਨਾ ਵੇਖੋ "ਕਰ" (2)
(2) ਕਰਮ, ਧਰਤੀ ਨੂੰ ਮਿਣਤੀ ਦੀ ਇਕ ਇਕਾਈ
"ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ।"
–ਪ੍ਰਭਾ ੧, ਅਸ ੪, ੩:੧ (1344)

ਕਰਹਲਾ ---- (1) (ਅ. ਕਰਹਲ) ਊਠ
"ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ।"
– ਧਨਾ ਨਾਮ, ੩, ੧:੧ (693)

ਹੋਰ ਰੂਪ:

ਕਰਹਲੁ –
"ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ।"
– ਆਸਾ ੪, ੬੭, ੧*:੨ (369)

(2) ਊਠ ਬਿਰਤੀ ਵਾਲੇ, ਭ੍ਰਮਨ/ਭਟਕਨ ਵਿਚ ਰੁਝਿਆ ਫਸਿਆ
"ਮਨ ਕਰਹਲਾ ਸਤਿਗੁਰੁ ਪੁਰਖੁ ਧਿਆਇ।"

– ਗਉ ੪, ੧, ੧*:੧ (234)

ਹੋਰ ਰੂਪ:

ਕਰਹਲੇ –
“ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ।”
– ਗਉ ੪, ੧, ੧:੧ (234)

ਕਰਹਿ ----- **ਕਰਦੇ**
“ਅਸੰਖ ਨਿੰਦਕ ਸਿਰਿ ਕਰਹਿ ਭਾਰੁ।” (‘ਕਹਰਿ ਭਾਰੁ’ ਭਾਰ ਚੁਕਦੇ ਹਨ)
– ਜਪੁ ੧, ੧੮:੮ (4)
“ਆਖਹਿ ਪੜੇ ਕਰਹਿ ਵਖਿਆਣ।” (ਕਰਦਾ ਹੈ)
– ਜਪੁ ੧, ੨੬:੧੨ (5)

ਕਰਹਿਗਾ –
“ਮਨ ਕਿਉ ਬੈਰਾਗੁ ਕਰਹਿਗਾ ਸਤਿਗੁਰੁ ਮੇਰਾ ਪੂਰਾ।”
– ਆਸਾ ੫, ੧੭, ੧*:੧ (375)

ਕਰਹਿਗੇ –
“ਸਰਪਰ ਗਵਨੁ ਕਰਹਿਗੇ ਬਪੁਰੇ।” (ਕਰਨਗੇ)
– ਗਉ ੫, ਅਸ ੪, ੧:੪ (237)

ਕਰਹੀ –
“ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ।”
– ਗਉ ੫, ਵਾਰ ੧੧ਸ, ੫, ੧:੧ (320)

ਕਰਹੁ –
“ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।” (ਕਰੋ)
– ਸਿਰੀ ੧, ੨੩, ੧:੧ (22)
“ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ।” (ਕਰਾਵਉ)
– ਸੋਰ ੪, ਵਾਰ ੨੩:੨ (651)

ਕਰਹੁਗੇ –
“ਅਬ ਕਹਾ ਕਰਹੁਗੇ ਐਸੀ।” (ਕਰੇਗਾ)
– ਸੋਰ ਰਵਿ, ੨, ੧*:੨ (658)

ਕਰਕ ------ **ਚੀਸ, ਚੁਭਵੀਂ ਪੀੜ**
“ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ।”
– ਸੋਰ ਭੀਖ, ੧, ੨:੧ (659)
“ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।” (ਪੀੜ, ਦੁੱਖ)
– ਮਲਾ ੧, ਵਾਰ ੩ਸ, ੧, ੧:੨ (1279)

ਕਰਕਰਾ ---- **ਖਸਤਾ; ਪੇਠੇ ਦਾ ਕੜਾਹ (ਮਹਾਨਕੋਸ਼)**
“ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ।”
– ਆਸਾ ਕਬ, ੧੪, ੪:੧ (479)

ਕਰੰਗ ------ **ਮੁਰਦਾਰ, ਪਿੰਜਰ, ਵੇਖੋ ‘ਕਰੰਗਿ’**
“ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੁ ਮੁਖਿ ਲਾਈਐ।”

– ਰਾਮ ੪, ੪, ੪:੧ (881)

ਕਰਗਹ ----- (ਫਾ. – ਕਾਰਗਾਹ, ਕੰਮ ਕਰਨ ਦਾ ਸਥਾਨ) ਖਡੀ, ਜੁਲਾਹੇ ਦੀ ਕੰਘ ਜਿਸ ਵਿਚ ਉਹ ਆਪਣੀ ਤਾਂਣੀ ਫਸਾਂਦਾ ਹੈ।

"ਧਰਨਿ ਅਕਾਸ ਕੀ ਕਰਗਹ ਬਨਾਈ।"

– ਆਸਾ ਕਬ, ੩੬, ੨:੧ (484)

ਕਰੰਗਿ ----- ਮੋਏ ਪਸ਼ੂਆਂ ਦਾ ਪਿੰਜਰ, ਮੁਰਦਾਰ

"ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ।"

– ਕਾਨ ੪, ਅਸ ੬, ੭:੨ (1312)

ਹੋਰ ਰੂਪ:

ਕਰੰਗੀ –

"ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ।" (ਹੱਡੀਆਂ ਦੇ ਪਿੰਜਰ ਵਿਚ ਲੱਗਾ ਭਾਵ ਮੁਰਦੇ ਖਾਣ ਵਿਚ ਲੱਗਾ)

– ਸੂਹੀ ੩, ਵਾਰ ੧੬ਸ, ੧, ੨:੨ (790)

ਕਰੰਗੁ –

"ਕਾਗਾ ਕਰੰਗੁ ਢੰਢੋਲਿਆ ਸਗਲਾ ਖਾਇਆ ਮਾਸੁ।"

– ਸਲੋ ਫਰ, ੯੧:੧ (1382)

ਕਰਛੀ ----- ਕੜਛੀ, ਸਬਜ਼ੀ ਆਦਿ ਬਣਾਨ ਅਥਵਾ ਪਰੋਸਨ ਲਈ ਵਰਤਿਆ ਜਾਂਦਾ ਸਾਧਨ

"ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ।"

– ਬਸੰ ਕਬ, ੭, ੩:੨ (1195)

ਕਰਜ ------ ਕਰਜ਼ਾ, ਲਿਆ ਹੁਦਾਰ

"ਹਮਰੈ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ।"

– ਗਉ ੪, ੫੯, ੨:੧ (171)

"ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ।" (ਭਾਵ 'ਪਾਪਾਂ' ਰੂਪੀ ਕਰਜ਼ ਤੇ ਕਰਜ਼ ਮੰਗਨ ਵਾਲੇ ਭਾਵ ਜਮਦੂਤ)

– ਨਟ ੪, ਅਸ ੨, ੭:੨ (981)

ਹੋਰ ਰੂਪ:

ਕਰਜੁ –

"ਕਰਜੁ ਉਤਾਰਿਆ ਸਤਿਗੁਰੂ ਕਰਿ ਆਹਰੁ ਆਪ।" (ਜ਼ੁੰਮੇਵਾਰੀ)

– ਬਿਲਾ ੫, ੬੨, ੧:੨ (816)

ਕਰਣ ------ (1) (ਸੰ.) ਕਾਰਜ

"ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ।"

– ਸਿਰੀ ੫, ੭੫, ੩:੩ (44)

"ਕੁਦਰਤਿ ਕਾਦਰ ਕਰਣ ਕਰੀਮਾ।"
ਬਖਸ਼ਿੰਦ, (ਕਰੀਮਾਂ) ਦੇ ਕਾਰਜ (ਜਗਤ) ਨੂੰ

– ਮਾਰੂ ੫, ਸੋਲਾ ੧੨, ੧੫:੧ (1084)

(2) ਕੀਰਣੇ, ਦੁਖ ਦੀ ਪੁਕਾਰ, ਵਿਰਲਾਪ

"ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ।"

– ਸਿਰੀ ੧, ਅਸ ੫, ੨:੨ (56)

"ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ।"

– ਆਸਾ ੪, ਛੰਤ ੧੩, ੨:੪ (447)

"ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ।" (ਵਿਰਲਾਪ ਕਰੇ)

– ਤਿਲੰ ੧, ੪, ੨:੨ (722)

"ਕਰਣ ਪਲਾਹ ਕਰਹਿ ਸਿਵ ਦੇਵ।" (ਤਰਲੇ ਲੈਂਦੇ ਹਨ)

– ਗੋਂਡ ੫, ੧੭, ੩:੧ (867)

"ਕਰਣ ਪਲਾਵ ਕਰੇ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ।" (ਤਰਲੇ ਮਿੰਨਤਾਂ ਕਰਕੇ)

– ਮਾਰੂ ੧, ਅਸ ੮, ੪:੧ (1014)

(3) ਕਰਨ ਵਾਲਾ, ਕਾਰਜ ਦਾ ਕਰਤਾ, ਕਰਨਹਾਰ, ਹੋਰ ਵੇਖੋ 'ਕਰਣੰ' (2)

"ਦੀਨ ਦਰਦ ਨਿਵਾਰਿ ਤਾਰਣ ਦਇਆਲ ਕਿਰਪਾ ਕਰਣ।"

– ਗੂਜ ੫, ੨੬, ੨:੧ (502)

"ਤੂ ਹੋਰਤੁ ਉਪਾਇ ਨ ਲਭਹੀ ਅਬਿਨਾਸੀ ਸ੍ਰਿਸਟਿ ਕਰਣ।" (ਕਰਨਾ, ਬਨਾਣ ਵਾਲਾ ਕਰਤਾ)

– ਮਾਰੂ ੫, ਵਾਰ ੨:੮ (1095)

(4) (ਅ. ਕ਼ਰਨ) ਵਹਿਦ, ਇਕੋ ਇਕ (ਮਹਾਨਕੋਸ਼)

"ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ।"

– ਮਾਰੂ ੫, ਅਸ ੮, ੩:੩ (1020)

ਕਰਣੰ ------ (1) ਕਰਦੇ ਹਨ

"ਕੁਟੰਬ ਜਤਨ ਕਰਣੰ ਮਾਇਆ ਅਨੇਕ ਉਦਮਹ।"

– ਜੈਤ ੫, ਵਾਰ ੪ਸ, ੫, ੧:੧ (706)

"ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ।" (ਪ੍ਰਗਟ ਹੋਣਾ)

– ਜੈਤ ੫, ਵਾਰ ੧੫ਸ, ੫, ੧:੧ (709)

(2) ਕਾਰਜ ਕਰਨ ਵਾਲਾ, ਕਾਰਜ ਕਰਤਾ

"ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ਯ ਦ੍ਰਿਸ੍ਟਿ ਕਾਰਣ ਕਰਣੰ।"

– ਸਵ ੪, ਗਯੰ ੩:੫ (1402)

ਹੋਰ ਰੂਪ:

ਕਰਣਹਾਰ –

"ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ।"

– ਸਿਰੀ ੫, ੮੪, ੪:੧ (47)

ਕਰਣਹਾਰੰ –

"ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ।"

– ਸਸ ੫, ੫੫:੩ (1358)

ਕਰਣਹਾਰਾ –

"ਸੰਗਿ ਦੇਖੈ ਕਰਣਹਾਰਾ ਕਾਇ ਪਾਪੁ ਕਮਾਈਐ।"

– ਆਸਾ ੫, ਛੰਤ ੧੩, ੧:੩ (461)

ਕਰਣਹਾਰਿ –

“ਕਰਣਹਾਰਿ ਖਿਨ ਭੀਤਰਿ ਕਰਿਆ।”
- ਮਾਝ ੫, ੩੦, ੪:੨ (103)

ਕਰਣਹਾਰੁ –
“ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸਚੁ ਟੇਕ।”
- ਸਿਰੀ ੫, ੯੮, ੪:੧(52)
“ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ।” (ਪ੍ਰਭੂ, ਪਰਮਾਤਮਾ)
- ਸੋਰ ੫, ੧੮, ੨:੧ (613)

ਕਰਣਕਾਰਣ –
“ਸੰਤ ਪ੍ਰਸਾਦਿ ਬੈਦ ਨਾਰਾਇਣ ਕਰਣ- ਕਾਰਣ ਪ੍ਰਭ ਏਕ।”
- ਟੋਡੀ ੫, ੧੩, ੨:੧ (714)

ਕਰਣਕਾਰਣੁ –
“ਕਰਣਕਾਰਣੁ ਚਿਤਿ ਨ ਆਵੈ ਦੇ ਕਰਿ ਰਾਖੈ ਹਾਥ।”
- ਮਾਰੂ ੫, ੩੦, ੧*:੨ (1007)

ਕਰਣਜੋਗੁ –
“ਤੂ ਆਪੇ ਕਰਤਾ ਕਰਣਜੋਗੁ।”
- ਬਸੰ ੧, ੭, ੭:੧ (1190)

ਕਰਣਪਲਾਹ -- ਓਹ ਰੋਣੇ ਜੋ ਰੋਣ ਵਾਲੇ ਲਈ ਕਰੁਣਾ ਉਪਜਾਣ, ਕੀਰਨੇ
“ਕਰਣਪਲਾਹ ਮਿਟਹਿ ਬਿਲਲਾਟਾ।”
- ਮਾਰੂ ੫, ੧੯, ੧:੯ (1004)

ਕਰਣਾ ----- (1) ਕਰਨੀ, ਕੀਤਾ ਕੰਮ/ਕਾਰਜ
“ਕਰਿ ਕਰਿ ਕਰਣਾ ਲਿਖਿ ਲੈ ਜਾਹੁ।”
- ਜਪੁ ੧, ੨੦:੮ (4)
“ਤੁਧੁ ਆਪੇ ਕਾਰਣੁ ਆਪੇ ਕਰਣਾ।” (ਕਾਰਜ)
- ਵਡ ੫, ੮, ੨:੧ (564)
“ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ।” (ਕਰਨੀ)
- ਰਾਮ ੩, ਵਾਰ ੧੩ਸ, ੩, ੧:੨ (953)

(2) ਕੀਤਾ, ਦਿਤਾ
“ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ।”
- ਜਪੁ ੧, ੨੭:੨੧ (6)
“ਕਹਿਆ ਕਰਣਾ ਦਿਤਾ ਲੈਣਾ।” (ਕਰੀਦਾ ਹੈ)
- ਮਾਝ ੫, ੧੪, ੧:੧ (98)
“ਦਿਨਸੁ ਰੈਣਿ ਜਿਉ ਤੁਧੁ ਧਿਆਈ ਏਹੁ ਦਾਨੁ ਮੋਹਿ ਕਰਣਾ ਜੀਉ।” (ਕਰਿਆ ਜੇ)
- ਮਾਝ ੫, ੧੯, ੧:੩ (100)
“ਜਿਸੁ ਕਿਛੁ ਕਰਣਾ ਸੁ ਹਮਰਾ ਮੀਤ।” (ਜਿਸ ਨੇ ਕੁਝ ਕੀਤਾ ਭਾਵ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ)
- ਗਉ ੫, ੧੦੯, ੧*:੨ (187)
“ਦੁਖੁ ਸੁਖੁ ਸਮ ਕਰਣਾ ਸੋਗ ਬਿਓਗੀ।” (ਸਮਝਣਾ)
- ਰਾਮ ੧, ੧੧, ੩:੨ (879)
“ਸਾਹਿਬ ਕਾ ਹੁਕਮੁ ਨ ਕਰਣਾ ਜਾਈ।” (ਅਮਲ ਵਿਚ ਨਹੀਂ ਲਿਆਦਾ ਜਾ ਸਕਦਾ)

– ਮਾਰੂ ੧, ੬, ੧*:੨ (991)

"ਜੋ ਤੁਧੁ ਕਰਣਾ ਸੋ ਕਰਿ ਪਾਇਆ।" (ਦਿਤਾ, ਤੇਰਾ ਹੁਕਮ ਸੀ)

– ਮਾਰੂ ੩, ਸਲੋ ੨੦, ੧:੧ (1063)

"ਜੋ ਕਿਛੁ ਕਰਣਾ ਸੁ ਤੇਰੈ ਪਾਸਿ।" (ਬੇਨਤੀ ਕਰਨੀ)

– ਭੈਰ ੧, ੧, ੨:੧ (1125)

(3) ਰਚਨਾ, ਸ੍ਰਿਸ਼ਟੀ

"ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ।"

– ਗਉ ੧, ੧੮, ੪:੧ (157)

"ਕਰਤਾ ਕਰਣਾ ਕਰਤਾ ਜਾਣਾ।" (ਰਚਨਹਾਰ ਤੇ ਉਹ ਦੀ ਰਚਨਾ ਨੂੰ ਕਰਤਾ ਹੀ ਜਾਣਿਆ ਹੈ)

– ਗਉ ੧, ਅਸ ੧, ੭:੪ (221)

"ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ।"

– ਆਸਾ ੧, ਵਾਰ ੨੦:੧ (473)

(ਭਾਸ਼ਾ ਵਿਭਾਗ ਕੋਸ਼ ਇਸ ਦੇ ਅਰਥ 'ਕਾਰਣ' ਕਰਦਾ ਹੈ)

ਕਰਣੀ ----- (1) ਕਾਰਜ ਦੀ ਕਿਰਿਆ

"ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।" (ਕਟ ਦੇਣੀ)

– ਸਿਰੀ ੧, ੭, ੨:੨ (16)

"ਜੇਹੀ ਸੇਵ ਕਰਾਈਐ ਕਰਣੀ ਭੀ ਸਾਈ।"

– ਆਸਾ ੧, ਅਸ ੧੮, ੭:੧ (421)

"ਜਿਨਿ ਕਰਤੇ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ।"

– ਆਸਾ ੧, ਵਾਰ ੮ਸ, ੧, ੧:੬ (467)

(2) ਕਰਮ, ਕੰਮ

"ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ।"

– ਸਿਰੀ ੧, ੧੨, ੨:੨ (18)

"ਜਹ ਕਰਣੀ ਤਹ ਪੂਰੀ ਮਤਿ।" (ਚੰਗੇ ਕਰਮ। 'ਭਾਸ਼ਾ ਵਿਭਾਗ ਕੋਸ਼' ਇਸ ਦੇ ਅਰਥ 'ਘਾਲ', ਮਿਹਨਤ, ਕਮਾਈ ਕਰਦਾ ਹੈ)

– ਸਿਰੀ ੧, ੩੦, ੩:੩ (25)

ਹੋਰ ਰੂਪ:

ਕਰਣੀਕਰੁ –

"ਆਪੇ ਮਛੁ ਕਛੁ ਕਰਣੀਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ।" (ਕੰਮ/ਕਰਮ ਕਰਨ ਵਾਲਾ, ਕਰਣ ਕਾਰਣ)

– ਮਾਰੂ ੧, ਸੋਲਾ ੧, ੬:੩ (1020)

(3) (ਸੰ.) ਆਚਰਣ

"ਗੁਰਮੁਖਿ ਕਰਣੀ ਕਾਰ ਕਮਾਵੈ।"

– ਗਉ ੩, ੨੫, ੩:੧ (159)

(4) ਕਰਨ ਯੋਗ

"ਕਰਣੀ ਕਾਰ ਧੁਰਹੁ ਫੁਰਮਾਈ।"

– ਆਸਾ ੩, ੪੬, ੨:੧ (363)

(‘ਸ਼ਬਦਾਰਥ’ ਇਥੇ ‘ਕਰਣੀ’ ਦੇ ਅਰਥ ‘ਕਰਨ’ ਦੇ ਕਰਦਾ ਹੈ, ਗੁਰਮੁੱਖਾ ਨੇ ਧੁਰੋਂ ਫੁਰਮਾਈਂ ‘ਕਾਰ’ ਕਰਨੀ ਹੈ)
“ਗੁਰਮੁਖਿ ਕਰਣੀ ਕਾਰ ਕਮਾਵੈ।”
– ਧਨਾ ੩, ੬, ੨:੧ (665)

ਕਰਣੁ ------ (1) ਸ੍ਰਿਸ਼ਟੀ, ਰਚਨਾ
“ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।”
– ਸਿਰੀ ੧, ਅਸ ੧, ੪:੨ (53)

(2) ਕੀਤਾ
“ਜੋ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ।”
– ਆਸਾ ੫, ਬਿਰ ੩, ੪:੧ (432)

ਹੋਰ ਰੂਪ:

ਕਰਣੇ –
“ਓਥੈ ਅੰਮ੍ਰਿਤੁ ਵੰਡੀਐ ਸੁਖੀਆ ਹਰਿ ਕਰਣੇ।” (ਕਰਦਾ ਹੈ)
– ਗਉ ੫, ਵਾਰ ੯:੧ (320)

ਕਰਣੇ ------ (1) ਕੰਮ, ਕਰਮ
“ਸਚੇ ਤੇਰੇ ਕਰਣੇ ਸਰਬ ਬੀਚਾਰ।”
– ਆਸਾ ੧, ਵਾਰ ੨ਸ, ੧, ੧:੩ (463)

ਹੋਰ ਰੂਪ:

ਕਰਣੈ –
“ਕਰਤੇ ਕੈ ਕਰਣੈ ਨਾਹੀ ਸੁਮਾਰੁ।”
– ਜਪੁ ੧, ੧੬:੬ (3)

(2) ਕਰਨਾ, ਵੇਖੋ ‘ਕਰਣੁ’ (2)

ਹੋਰ ਰੂਪ:

ਕਰਣੈ –
“ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ।”
– ਸਿਰੀ ੩, ੬੪, ੩:੨ (39)

ਕਰਣੈਹਾਰ --- ਕਰਨ ਵਾਲਾ
“ਧਨੁ ਹਰਿ ਭਗਤਿ ਧਨੁ ਕਰਣੈਹਾਰ।”
– ਭੈਰ ੫, ੪੫, ੩:੩ (1149)

ਹੋਰ ਰੂਪ:

ਕਰਣੈਹਾਰਾ –
“ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ।” (ਕਰ ਸਕਦਾ ਹੈ)
– ਗਉ ੫, ੧੬੫, ੧*:੧ (216)
“ਬਿਨਵੰਤਿ ਨਾਨਕ ਸਦਾ ਭਜੀਐ ਪ੍ਰਭੁ ਏਕੁ ਕਰਣੈਹਾਰਾ।”
– ਆਸਾ ੫, ਛੰਤ ੧੩, ੨:੬ (461)

"ਕਰਣੈਹਾਰਾ ਬੂਝਹੁ ਰੇ।" (ਕਰਨ ਵਾਲਾ, ਭਾਵ ਪ੍ਰਭੂ)
– ਮਾਰੂ ੫, ੧੭, ੧*:੧ (1003)
"ਕਾਇਆ ਪਾੜੁ ਪ੍ਰਭੁ ਕਰਣੈਹਾਰਾ।" (ਬਣਾਨ ਵਾਲਾ)
– ਮਾਰੂ ੫, ਸੋਲਾ ੯, ੧੫:੧ (1081)
ਕਰਣੈਹਾਰਿ –
"ਹਰਿ ਕਾ ਮੰਦਰੁ ਸੋਹਣਾ ਕੀਆ ਕਰਣੈਹਾਰਿ।"
– ਸਿਰੀ ੧, ਅਸ ੭, ੨:੧ (57)

ਹੋਰ ਰੂਪ:

ਕਰਣੈਹਾਰੁ –
"ਗੁਰੁ ਪਰਮੇਸਰੁ ਕਰਣੈਹਾਰੁ।" (ਕਰਨ ਵਾਲਾ)
– ਸੂਹੀ ੫, ੨੨, ੧:੧ (741)
"ਕਰਣੈਹਾਰੁ ਰਿਦੇ ਮਹਿ ਧਾਰੁ।" (ਭਾਵ ਪ੍ਰਭੂ)
– ਗਉ ੫, ੧੪੯, ੩:੨ (196)
ਕਰਣੈਹਾਰੇ –
"ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ।"
– ਗਉ ੫, ਵਾਰ ੨੦ਸ, ੫, ੨:੧ (323)
ਕਰਣੈਹਾਰੋ –
"ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ।"
– ਵਡ ੧, ਅਲਾ ੩, ੩:੧ (580)
ਕਰਣੈਜੋਗਾ –
"ਨਾ ਕੋਈ ਕਰੇ ਨ ਕਰਣੈਜੋਗਾ।" (ਕਰਨ ਦੇ ਸਮਰਥ)
– ਮਾਰੂ ੩, ਸੋਲਾ ੫, ੧੦:੧ (1048)
ਕਰਣੈਜੋਗੁ –
"ਓਹੁ ਅਪਰੰਪਰੁ ਕਰਣੈਜੋਗੁ।" (ਕਰਨ ਦੇ ਸਮਰਥ)
– ਬਿਲਾ ੧, ਥਿਤੀ ੧੧:੬ (840)

ਕਰਣੋ ------ (ਜੋ ਕਰਨਾ ਸੀ)
"ਕਰਣੋ ਹੁਤੋ ਸੁ ਨ ਕੀਓ ਪਰਿਓ ਲੋਭ ਕੈ ਫੰਧ।"
– ਸਲੋ ੯, ੩੬:੧ (1428)

ਕਰਤ ------ (1) ਕਰਦਾ, ਕਰਦਿਆਂ
"ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ।"
– ਸਿਰੀ ਬੇਣੀ, ੧, ੫:੧ (93)
"ਅਨਿਕ ਬਿਲਾਸ ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ।" (ਕਰਦਾ ਹੈ)
– ਗਉ ੫, ੧੬੨*, ੩:੧ (215)
"ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।" (ਇਉਂ ਕਰਦਿਆਂ)
– ਆਸਾ ੧, ਵਾਰ ੧ਸ, ੧, ੧:੨ (463)
"ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ।" (ਕਰਦੇ ਭਾਵ ਭੋਗਦੇ)
– ਗੂਜ ਕਬ, ੧, ੩:੧ (524)

ਹੋਰ ਰੂਪ:

ਕਰੰਤ –
“ਭਰਣ ਪੋਖਣ ਕਰੰਤ ਜੀਆ ਬਿਸ੍ਰਾਮ ਛਾਦਨ ਦੇਵੰਤ ਦਾਨੰ।”
– ਸਸ ੫, ੨੩:੧ (1356)

(2) ਕਰਨ ਵਾਲਾ, ਕਰਤਾ
“ਹੇ ਗੋਬਿੰਦ ਕਰਤ ਮਾਇਆ ਨਾਨਕ ਪਤਿਤ ਉਧਾਰਣ ਸਾਧ ਸੰਗਮਹ।”
– ਸਸ ੫, ੧੬:੪ (1355)

(3) ਕਰਮ –
“ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ।”
– ਰਾਮ ੧, ਓਅੰ ੩੭:੧ (934)

ਕਰਤਨ ----- ਕਰਨ ਵਾਲੇ, ਨਵੀਂ ਚੀਜ ਪੈਦਾ ਕਰਨ ਵਾਲੇ ਨਵੇਂ ਕੰਮ ਕਰਨ ਵਾਲੇ
“ਕਰਤਨ ਮਹਿ ਤੂੰ ਕਰਤਾ ਕਹੀਅਹਿ ਆਚਾਰਨ ਮਹਿ ਆਚਾਰੀ।”
– ਗੂਜ ੫, ਅਸ ੧, ੪:੧ (507)

ਕਰਤਬ ----- (1) ਕੰਮ
“ਅਪਣੇ ਕਰਤਬ ਆਪੇ ਜਾਣਹਿ ਆਪੇ ਤੁਧੁ ਸਮਾਲੀਐ ਜੀਉ।”
– ਮਾਝ ੫, ੨੮, ੩:੩ (102)
“ਮੀਤ ਕੇ ਕਰਤਬ ਕੁਸਲ ਸਮਾਨਾ।”
– ਗਉ ੫, ੧੦੯, ੧:੨ (187)

(2) ਕੰਮ ਕਾਜ
“ਕਰਤਬ ਸਭਿ ਸਵਾਰੇ।”
– ਸੋਰ ੫, ੭੩, ੨:੧ (627)

(3) ਕੌਤਕ
“ਜਾ ਕੇ ਕਰਤਬ ਲਖੇ ਨ ਜਾਹਿ।”
– ਭੈਰ ੫, ੩੨, ੨:੧ (1144)

ਹੋਰ ਰੂਪ:

ਕਰਤਬਾ –
“ਰੰਗ ਪਰੰਗ ਅਨੇਕ ਨ ਜਾਪਨ੍ਹਿ ਕਰਤਬਾ।”
– ਰਾਮ ੫, ਵਾਰ ੧੮:੨ (965)

(4) ਕਰਨ ਵਾਲਾ, ਰਚਨ/ਸਿਰਜਨ ਵਾਲਾ
“ਸਰਬ ਕਰਤਬ ਮਮੰ ਕਰਤਾ ਨਾਨਕ ਲੇਪ ਛੇਪ ਨ ਲਿਪ੍ਯਤੇ।”
– ਸਸ ੫, ੩੮:੨ (1357)
(ਮਹਾਨਕੋਸ਼ ਇਸ ਦੇ ਅਰਥ ‘ਕਰਨ ਯੋਗ ਕੰਮ’ ਕਰਦਾ ਹੈ)

ਕਰਤਲ ---- ਹੱਥ ਦੀ ਤਲੀ
“ਸਭ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰਤਲ ਧਰਿਆ।” (ਮੁੱਠ ਵਿੱਚ)
– ਗੂਜ ੫, ਸੋਦ ੫, ੪:੧ (10)

ਕਰਤਾ ----- (1) ਬਣਾਨ ਵਾਲਾ, ਸਿਰਜਣਹਾਰ, ਭਾਵ ਪ੍ਰਭੂ, ਕਰਤਾਰ
“ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।”

– ਜਪੁ ੧, ੨੧:੧੪ (4)

"ਕਰਤਾ ਚਿਤ ਨ ਆਵਈ ਮਨਮੁਖ ਅੰਧ ਗਵਾਰ।" (ਪ੍ਰਭੂ, ਵਾਹਿਗੁਰੂ)

– ਸਿਰੀ ੫, ੭੨, ੧:੪ (42)

(2) (ਸੰ.) ਕਰਨਹਾਰ, ਕਰਨ ਵਾਲਾ

"ਕਰਤਾ ਸਭੁ ਕੋ ਤੇਰੈ ਜੋਰਿ।"

– ਸਿਰੀ ੧, ੧੦, ੧*:੧ (17)

"ਮੋ ਕਉ ਇਹ ਬਿਧਿ ਕੋ ਸਮਝਾਵੈ।" (ਕੌਣ ਸਮਝਾਵੈ?)
"ਕਰਤਾ ਹੋਇ ਜਨਾਵੈ।" (ਕਰਨਹਾਰ ਹੋਵੇ ਤਾਂ ਹੀ ਦਸੇਗਾ)

– ਗਉ ੫, ੧੬੩*, ੧*:੨ (215)

"ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ।" (ਕਰਨ ਵਾਲਾ)

– ਗਉ ੫, ਛੰਤ ੩, ੧:੫ (248)

(3) ਕਰਦਾ, ਕਰਦਿਆਂ

"ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ।"

– ਸਿਰੀ ੩, ੫੩, ੩:੧ (34)

"ਜਉ ਜਾਨੈ ਮੈ ਕਥਨੀ ਕਰਤਾ।" (ਕਰਦਾ ਹਾਂ)

– ਗਉ ੫, ਬਾਅ ੨੪:੫ (255)

"ਜਬ ਇਹ ਜਾਨੈ ਮੈ ਕਿਛੁ ਕਰਤਾ।"

– ਗਉ ੫, ਸੁਖ ੧੨, ੪:੩ (278)

ਹੋਰ ਰੂਪ:

ਕਰੰਤਾ –

"ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ।"

– ਆਸਾ ੪, ਸੋਪੁ, ੧, ੪:੪ (11)

ਕਰਤਾਕਾਰੀ -- ਕਰਨ ਵਾਲਾ, ਕਰਨਹਾਰ

"ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾਕਾਰੀ।"

– ਰਾਮ ੧, ਅਸ ੯, ੧੨:੧ (908)

ਕਰਤਾਪੁਰਖੁ -- ਕਰਤਾਰ, ਸਿਰਜਣਹਾਰ

"ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ ਕਰਤਾਪੁਰਖੁ ਮੁਰਾਰੀ ਰਾਮ।"

– ਬਿਹਾ ੫, ਛੰਤ ੩, ੪:੨ (544)

ਕਰਤਾਰ ---- ਸਿਰਜਣਹਾਰ, ਰਚਨਹਾਰ, ਪ੍ਰਭੂ

"ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।"

– ਸਿਰੀ ੧, ੪, ੧:੩ (15)

ਹੋਰ ਰੂਪ:

ਕਰਤਾਰਹ –

"ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ।" (ਕਰਤਾਰ ਨਾਲ)

– ਸਵ ੩, ੭:੩ (1393)

ਕਰਤਾਰਹੁ –

"ਭੀ ਕਰਤਾਰਹੁ ਡਰਣਾ।" (ਕਰਤਾਰ ਤੋਂ)
- ਸਿਰੀ ੧, ੨੮, ੧*੨ (24)

ਕਰਤਾਰਪੁਰਿ - (ਭਾਵ) ਸਤਸੰਗਤ
"ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ।"
- ਬਿਲਾ ੫, ੬੩, ੧*:੨ (816)

ਕਰਤਾਰਾ ---- ਹੇ ਕਰਤਾਰ! ਹੇ ਸਿਰਜਣਹਾਰ (ਪ੍ਰਭੂ)
"ਦੂਖੁ ਘਣੋ ਮਰੀਐ ਕਰਤਾਰਾ।"
- ਬਸੰ ੧, ੪, ੧:੧ (1189)

ਹੋਰ ਰੂਪ:

ਕਰਤਾਰਿ -
"ਗੁਰਮੁਖਿ ਸਚੈ ਸਬਦਿ ਰਤੇ ਆਪਿ ਮੇਲੇ ਕਰਤਾਰਿ।"
- ਸਿਰੀ ੩, ੬੦, ੨:੪ (37)

ਕਰਤਾਰੀ -
"ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ।" (ਕਰਤਾਰ ਦੀ)
- ਆਸਾ ੫, ੧੩੪, ੧:੨ (404)

ਕਰਤਾਰੁ -
"ਗੁਰਮੁਖਿ ਸਦਾ ਧਿਆਈਐ ਏਕੁ ਨਾਮੁ ਕਰਤਾਰੁ।"
- ਸਿਰੀ ੩, ੪੦, ੪:੨ (29)

ਕਰਤਾਰੇ -
"ਦੀਨ ਦਇਆਲ ਸਦਾ ਕਿਰਪਾਲਾ ਠਾਢਿ ਪਾਈ ਕਰਤਾਰੇ ਜੀਉ।" (ਕਰਤਾਰ ਨੇ)
- ਮਾਝ ੫, ੩੬, ੧:੩ (105)

ਕਰਤਾਰੈ -
"ਭਗਤਿ ਭਾਇ ਭਰਪੂਰੁ ਰਿਦੈ ਉਚਰੈ ਕਰਤਾਰੈ।" (ਕਰਤਾਰ ਦੇ)
- ਸਵ ੩, ੧੭:੩ (1395)

ਕਰਤਾਰੋ -
"ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ।" (ਕਰਤਾਰ ਤੋਂ)
- ਵਡ ੧, ਅਲਾ ੩, ੪:੧ (580)

ਕਰੰਤਿ ----- ਕਰਦੇ ਹਨ
"ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।"
- ਸਾਰ ੪, ਵਾਰ ੨੨ਸ, ੧, ੨:੬ (1246)

ਕਰਤਿਆ --- (1) ਕਰਦਿਆਂ, ਕਰਦੇ ਹੋਇਆਂ
"ਧੰਧਾ ਕਰਤਿਆ ਅਨਦਿਨੁ ਵਿਹਾਨਾ।"
- ਗਉ ੩, ੨੬, ੧:੪ (159)

ਹੋਰ ਰੂਪ:

ਕਰਤੀ -
"ਹਉ ਹਉ ਕਰਤੀ ਜਗੁ ਫਿਰੀ ਨ ਧਨੁ ਸੰਪੈ ਨਾਲਿ।"
- ਸਿਰੀ ੩, ੪੭, ੩:੧ (32)

ਕਰਤੁ –
“ਜੋ ਕਿਛੁ ਕਰਤੁ ਹੈ ਸੋਈ ਸੋਈ ਹੈ ਰੇ ਤੈਸੇ ਜਾਇ ਸਮਾਹੀ।” (ਕਰਦਾ)
– ਗਉ ੩, ੩੫, ੧*:੨ (162)

(2) ਕੀਤਾ ਹੋਇਆ
“ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ।”
– ਗਉ ੪, ਵਾਰ ੧੫ਸ, ੪, ੧:੩ (308)

ਕਰਤੂਤਿ ---- ਕਰਣੀ, ਕੰਮ
“ਅਵਰ ਕਰਤੂਤਿ ਸਗਲੀ ਜਮੁ ਡਾਨੈ।”
– ਗਉ ੫, ਸੁਖ ੩, ੪:੭ (266)

ਹੋਰ ਰੂਪ:

ਕਰਤੂਤੀ –
“ਬਿਨੁ ਕਰਤੂਤੀ ਮੁਕਤਿ ਨ ਪਾਈਐ।” (ਚੰਗੇ ਕੰਮਾਂ ਦੇ)
– ਗਉ ੫, ੧੦੭*, ੧*:੧ (201)

ਕਰਤੇ ------ (1) ਕਰਨਹਾਰ/ਕਰਨ ਵਾਲੇ/ ਸਿਰਜਨਹਾਰ/ਭਾਵ ਪ੍ਰਭੂ, ਕਰਤਾਰ
“ਕਰਤੇ ਕੈ ਕਰਣੈ ਨਾਹੀ ਸੁਮਾਰੁ।”
– ਜਪੁ ੧, ੧੬:੬ (3)

“ਨਾਨਕ ਕਰਤੇ ਕਾ ਇਹੁ ਧਨੁ ਮਾਲੁ।”
– ਆਸਾ ੧, ੯, ੪:੩ (351)

ਹੋਰ ਰੂਪ:

ਕਰਤੈ –
“ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ।”
– ਗਉ ੪, ਵਾਰ ੧੦ਸ, ੪, ੨:੭ (305)

(2) ਕਰਦੇ, ਹੋਰ ਵੇਖੋ ‘ਕਰਤੋ’
“ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ।”
– ਗਉ ੫, ੧੨੨, ੨:੧ (205)

“ਗਰਭ ਕੁੰਟ ਮਹਿ ਉਰਧ ਤਪ ਕਰਤੇ।”
– ਗਉ ੫, ਬਾਅ ੬:੩ (251)

ਹੋਰ ਰੂਪ:

ਕਰੰਤੇ –
“ਆਪਨੜੇ ਪ੍ਰਭ ਭਾਣਿਆ ਨਿਤ ਕੇਲ ਕਰੰਤੇ।”
– ਆਸਾ ੫, ੧੧੪, ੩:੨ (399)

ਕਰੰਤੇ ------ (1) ਕਰਦੇ, ਵੇਖੋ ‘ਕਰਤੇ’ (2)
(2) (ਸੰ. ;) ਯਗ ਦੀ ਅਗਨੀ
“ਗੰਗਾ ਕਾ ਉਦਕੁ ਕਰੰਤੇ ਕੀ ਆਗਿ।”
– ਬਸੰ ੩, ੩, ੧:੩ (1169)

ਕਰਤੈ ------ (1) ਕਰਤਾਰ ਨੇ, ਵੇਖੋ ‘ਕਰਤੇ’ (1)

ਕਰਤੋ ------ ਕਰਦਾ ਹੈ
"ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ।"
– ਗਉ ੫, ੧੫੯*, ੩:੧ (214)

ਹੋਰ ਰੂਪ:

ਕਰੰਤੌ –
"ਪਾਪ ਕਰੰਤੌ ਨਹ ਸੰਗਾਇ।" (ਕਰਦਿਆਂ)
– ਬਸੰ ੫, ਅਸ ੨, ੨:੩ (1192)

ਕਰਦੰ ------ (1) ਕੀਤਾ/ਸਿਰਜਿਆ/ਬਣਾਇਆ ਹੈ
"ਖਾਕ ਨੂਰ ਕਰਦੰ ਆਲਮ ਦੁਨੀਆਇ।"
– ਤਿਲੰ ੫, ੧, ੧:੧ (723)
(2) ਕਰਦਾ/ਜਾਣਦਾ ਹੈ
"ਹਵਾਲ ਮਾਲੂਮੁ ਕਰਦੰ ਪਾਕ ਅਲਾਹ।"
– ਤਿਲੰ ੫, ੧, ੪:੧ (723)

ਕਰਦਨ ----- (ਫ਼ਾ. ਕਰਦਨ) ਕਰਨਾ
"ਅਸਮਾਨ ਮਿ੍ਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ।"
– ਤਿਲੰ ਕਬ, ੧, ੩:੧ (727)

ਕਰਦਮ ----- (ਫ਼ਾ. ਕਰਦੇਮ) ਅਸੀਂ ਕੀਤਾ, ਵੇਖੋ 'ਕਰਦੇਮ'
"ਗਾਹੇ ਨ ਨੇਕੀ ਕਾਰ ਕਰਦਮ ਮਮਈਂ ਚਿਨੀ ਅਹਵਾਲ।"
– ਤਿਲੰ ੧, ੧, ੩:੨ (721)

ਕਰਦਮੰ ---- (ਸੰ.) ਚਿਕੜ
"ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ।"
– ਸਸ ੫, ੫੫:੧ (1359)

ਕਰਦਾ ----- (1) ਲੈਂਦਾ (ਭਾਵ)
"ਨਿਰਭਉ ਸਦਾ ਦਇਆਲੁ ਹੈ ਸਭਨਾ ਕਰਦਾ ਸਾਰ।" (ਖ਼ਬਰ ਲੈਂਦਾ ਹੈ)
– ਸਿਰੀ ੩, ੩੬, ੫:੩ (27)
(2) 'ਕਰਨ' ਦਾ 'ਦੁਤਯ ਪੁਰਖ' ਵਾਲਾ ਰੂਪ
"ਕਰਦਾ ਅਨਦ ਬਿਨੋਦ ਕਿਛੂ ਨ ਜਾਣੀਐ।"
– ਰਾਮ ੫, ਵਾਰ ੨:੫ (957)

ਹੋਰ ਰੂਪ:

ਕਰੰਦਾ –
"ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ।" (ਕਰਦਾ)
– ਬਿਹਾ ੫, ਛੰਤ ੪, ੪:੬ (544)
ਕਰਦਿਆ –
"ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ।" (ਕਰ ਕਰ ਕੇ)
– ਗਉ ੪, ਵਾਰ ੩੧ਸ, ੪, ੧:੨ (316)
ਕਰਦੀ –

"ਹਉ ਹਉ ਕਰਦੀ ਸਭ ਫਿਰੈ ਬਿਨੁ ਸਬਦੈ ਹਉ ਨ ਜਾਇ।" (ਕਰ ਕਰ ਕੇ)
– ਆਸਾ ੩, ਅਸ ੩੦, ੮:੧ (426)

ਕਰਦੇ –
"ਰੋਗ ਬਿਆਪੇ ਕਰਦੇ ਪਾਪ।" (ਕਰਦਿਆਂ, ਕਰਨ ਕਰਕੇ)
– ਗਉ ੫, ੧੬੮, ੩:੧ (199)

ਕਰਦੇ ------ (1) ਕਰਦਿਆਂ, ਕਰਨ ਕਰਕੇ, ਵੇਖੋ 'ਕਰਦਾ' ((2)
"ਮੇਰਾ ਮੇਰਾ ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ।"
– ਸਲੋ ੩, ੩੪:੨ (1416)
"ਜਨ ਨਾਨਕ ਕਿਸ ਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ।" (ਕਰਦੇ ਹਨ)
– ਗੂਜ ੩, ਵਾਰ ੧੨ਸ, ੩, ੨:੭ (513)

ਹੋਰ ਰੂਪ:

ਕਰੰਦੇ –
"ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ।" (ਕਰਦੇ ਹਨ)
– ਬਿਲਾ ੪, ੬, ੩:੧ (800)

ਕਰਦੇਮ ---- ਅਸੀਂ ਕੀਤਾ, ਵੇਖੋ 'ਕਰਦਮ'
"ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।"
– ਤਿਲੰ ੧, ੧, ੩:੧ (721)

ਕਰੰਦੋ ------ ਕੀਤੀ
"ਲਧਮੁ ਲਭਣਹਾਰੁ ਕਰਮੁ ਕਰੰਦੋ ਮਾ ਪਿਰੀ।"
– ਗੂਜ ੫, ਵਾਰ ੧੩ਸ, ੫, ੧:੧ (521)

ਕਰਨ ------ (1) ਅਮਲ ਵਿਚ ਲਿਆਉਣਾ
"ਕਰਨ ਕਰਾਵਨ ਕਰਤਾ ਸੋਈ।"
– ਗਉ ੫, ੧੧੭, ੧*:੨ (189)
"ਕਾਰਨ ਕਰਨ ਕਰਾਵਨੋ ਸਭ ਬਿਧਿ ਏਕੈ ਹਾਥ।" (ਹੋਂਦ ਵਿਚ ਲਿਆਉਣ)
– ਗਉ ੫, ਬਾਅ ੩੩:੭ (257)
(2) ਕੰਨ, ਜੀਵ ਦਾ ਆਵਾਜ਼ ਸੁਣਨ ਵਾਲਾ ਅੰਗ, ਹੋਰ ਵੇਖੋ 'ਕਰਨਨਿ', 'ਕਰਨਾ'
"ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ।"
– ਗਉ ੫, ਸੁਖ ੪, ੨:੭ (267)

ਹੋਰ ਰੂਪ:

ਕਰਨਹੁ –
"ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ।" (ਕੰਨਾਂ ਵਿਚ)
– ਰਾਮ ੫, ੭, ੧:੨ (884)
(3) ਕਾਰਜ ਕਰਨ ਵਾਲਾ, ਕਾਰਜ ਕਰਨ ਯੋਗ/ਸਮਰਥ
"ਦੁਖ ਦੂਰਿ ਕਰਨ ਜੀਅ ਕੇ ਦਾਤਾਰਾ।"
– ਆਸਾ ੫, ੮੮, ੩:੨ (392)
"ਕਰਨ ਕੇਲ ਗੁਣ ਅਮੋਲ ਨਾਨਕ ਬਲਿਹਾਰੰ।"

– ਰਾਮ ੫, ੫੯, ੨:੨ (901)

ਹੋਰ ਰੂਪ:

ਕਰਨਹਾਰੁ –
“ਕਰਨਹਾਰੁ ਨਾਨਕ ਇਕੁ ਜਾਨਿਆ।”
– ਗਉ ੫, ਸੁਖ ੨੨, ੩:੧੦ (292)

(4) ਪੈਦਾ ਕਰਨ, ਹੋਂਦ ਵਿਚ ਲਿਆਉਣ
“ਹਰਨ ਧਰਨ ਪੁਨ ਪੁਨਹ ਕਰਨ।”
– ਰਾਮ ੫, ੫੯, ੧:੧ (901)

(5) ਕਰਨੀ ਵਿਚ
“ਸਦਾ ਅਕਲ ਲਿਵ ਰਹੈ ਕਰਨ ਸਿਉ ਇਛਾ ਚਾਰਹ।”
– ਸਵ ੨, ੬:੧ (1392)

ਕਰਨਕਰਾਵਨ – ਕਰਨ ਤੇ ਕਰਵਾਉਣ ਦੇ ਸਮਰਥ ਭਾਵ ਸਰਬ ਸਮਰਥ
“ਕਰਨ ਕਰਾਵਨ ਸਭੁ ਤੂਹੈ ਤੂਹੈ ਹੈ ਨਾਹੀ ਕਿਛੁ ਆਸਾੜਾ।”
– ਮਾਰੂ ੫, ਸੋਲਾ ੧੦, ੧:੩ (1081)

ਹੋਰ ਰੂਪ:

ਕਰਨ ਕਰਾਵਨਹਾਰੇ –
“ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ।”
– ਸੋਰ ੫, ੯੩, ੧:੨ (631)

ਕਰਨ ਕਾਰਨ – ਸਰਬਸਮਰਥ
“ਕਰਨ ਕਾਰਨ ਸਮਰਥ ਦਇਆਰ।”
– ਗੋਂਡ ੫, ੧੫, ੪:੧ (867)

ਕਰਨਨਿ ---- ਕੰਨਾਂ ਵਿਚ, ਵੇਖੋ ‘ਕਰਨ’ (2)
“ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ।”
– ਕਾਨ ੫, ੨੯, ੧:੧ (1303)

ਕਰਨਾ ----- (1) ਅਮਲ/ਕਾਰਜ ਵਿਚ ਲਿਆਉਣਾ
“ਜੋ ਤੁਮ ਕਹਹੁ ਸੋਈ ਮੋਹਿ ਕਰਨਾ।”
– ਗਉ ੫, ੮੭, ੨:੨ (181)

“ਸੰਤ ਕੀ ਨਿੰਦਾ ਰੋਗੀ ਕਰਨਾ।” (ਕਰਦੀ ਹੈ)
– ਭੈਰ ੫, ੩੪, ੧:੨ (1145)

(2) ਕਰਨ ਵਾਲਾ, ਕਰਨ ਦੇ ਸਮਰਥ
“ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ।”
– ਆਸਾ ੫, ੧੪੪, ੨:੧ (407)

(3) ਕੰਨ –
“ਪੇਖਨ ਕਉ ਨੇਤ੍ਰ ਸੁਨਨ ਕਉ ਕਰਨਾ।”
– ਰਾਮ ੫, ਅਸ ੨, ੫:੧ (913)

ਕਰਨਾਟੀ ---- ਸਿਰੀ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ, ਬਾਕੀ ਚਾਰ ਹਨ: ਬੈਰਾਰੀ, ਗਵਰੀ, ਆਸਾਵਰੀ ਤੇ ਸਿੰਧਵੀ
"ਬੈਰਾਰੀ ਕਰਨਾਟੀ ਧਰੀ।"
– ਰਾਗ ੧:੪੩ (1430)

ਕਰਨਿ ----- (1) ਕਰਦੇ ਹਨ
"ਮੰਨੇ ਕਾ ਬਹਿ ਕਰਨਿ ਵੀਚਾਰੁ।"
– ਜਪੁ ੧੨:੪ (3)

ਹੋਰ ਰੂਪ:

ਕਰੰਨਿ –
"ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ।"
– ਸਿਰੀ ੩, ਅਸ ੨੫, ੮:੧ (70)
(2) ਕੰਨ
"ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ।"
– ਸਿਰੀ ੫, ਅਸ ੨੬, ੪:੩ (70)
"ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ।"
– ਮਾਲੀ ੫, ੮, ੨:੧ (988)

ਕਰਨੀ ----- (1) ਕੰਮ
"ਜਿਸੁ ਸੋਭਾ ਕਉ ਕਰਹਿ ਭਲੀ ਕਰਨੀ।"
– ਗਉ ੫, ਸੁਖ ੧੯, ੨:੫ (288)
"ਕਹਾ ਕਹਉ ਮੈ ਅਪੁਨੀ ਕਰਨੀ ਜਿਹ ਬਿਧਿ ਜਨਮੁ ਗਵਾਇਓ।" (ਕਰਤੂਤ)
– ਸਾਰ ੯, ੪, ੨:੧ (1232)
(2) ਕੰਨਾਂ ਨਾਲ
"ਕਰਨੀ ਸੁਨੀਐ ਜਸੁ ਗੋਪਾਲ।"
– ਗਉ ੫, ਥਿਤੀ ੧੦:੩ (298)

ਕਰਨੈ ------ ਕਰਨ ਦੇ, ਅਮਲ ਵਿਚ ਲਿਆਉਣ ਦੇ
"ਆਪਹਿ ਕੀਆ ਕਰਾਇਆ ਆਪਹਿ ਕਰਨੈ ਜੋਗੁ।"
– ਗਉ ੫, ਬਾਅ ੧*ਸ:੧ (250)

ਕਰਨੈਹਾਰ --- (1) ਕਰਨ ਦੇ ਸਮਰਥ, ਕਰਨ ਵਾਲਾ
"ਆਪਨ ਚਲਿਤ ਆਪਿ ਕਰਨੈਹਾਰ।"
– ਗਉ ੫, ਸੁਖ ੨੧, ੨:੯ (291)

ਹੋਰ ਰੂਪ:

ਕਰਨੈਹਾਰੁ –
"ਕਰਨ ਕਰਾਵਨ ਕਰਨੈਹਾਰੁ।"
– ਗਉ ੫, ਸੁਖ ੧੨, ੬:੧ (279)
"ਸਭੁ ਕਛੁ ਉਸ ਦਾ ਓਹੁ ਕਰਨੈਹਾਰੁ।"
– ਗਉ ੫, ਸੁਖ ੧੨, ੭:੪ (279)

ਕਰਨੈਹਾਰੇ –

"ਕਰਹੁ ਕ੍ਰਿਪਾ ਪ੍ਰਭ ਕਰਨੈਹਾਰੇ।"
– ਗਉ ੫, ਬਾਅ ੩੮:੭ (258)

ਕਰਨੈਹਾਰੈ –
"ਅਚਰਜੁ ਕੀਆ ਕਰਨੈਹਾਰੈ ਨਾਨਕ ਸਚੁ ਵਡਿਆਈ।"
– ਧਨਾ ੫, ੨੮, ੪:੨ (678)

ਕਰਨੈਜੋਗੁ –
"ਸਭੁ ਕਿਛੁ ਤਿਸ ਕਾ ਓਹੁ ਕਰਨੈਜੋਗੁ।"
– ਗਉ ੫, ਸੁਖ ੧੫, ੭: ੫ (283)

(2) ਪ੍ਰਭੂ,
"ਧਿਆਏ ਗਾਏ ਕਰਨੈਹਾਰ।"
– ਦੇਵ ੫, ੩੬, ੧*:੧ (535)

ਹੋਰ ਰੂਪ:

ਕਰਨੈਹਾਰਾ
"ਅਬ ਮਨਿ ਬਸਿਆ ਕਰਨੈਹਾਰਾ।"
– ਗਉ ੫, ੧੧੩, ੨:੧ (202)

ਕਰਨੈਹਾਰੁ –
"ਕਰਨੈਹਾਰੁ ਨ ਭੁਲਨਹਾਰਾ।"
– ਗਉ ੫, ਬਾਅ ੧੭:੪ (253)

ਕਰੰਨਿ੍ ----- ਕਰਦੇ ਹਨ
"ਅਵਗਣ ਵਿਕਣਿ ਪਲ੍ਰਨਿ ਗੁਣ ਕੀ ਸਾਝ ਕਰੰਨਿ੍।"
– ਸੂਹੀ ੩, ਅਸ ੩, ੨੫:੨ (756)

ਕਰਪਫਾ ---- ਕਰਦੇ ਹਨ
"ਕਾਇਆ ਨਗਰਿ ਵਸਿਓ ਘਰਿ ਮੰਦਰਿ ਜਪਿ ਸੋਭਾ ਗੁਰਮੁਖਿ ਕਰਪਫਾ।"
– ਪ੍ਰਭਾ ੪, ੫, ੨:੧ (1336)
('ਮਹਾਨਕੋਸ਼' ਇਸ ਦੇ ਅਰਥ 'ਪ੍ਰਫੁਲਤ ਕਰ' ਕਰਦਾ ਹੈ)

ਕਰਪਾਤੀ ---- ਹੱਥ ਨੂੰ ਪਾਤਰ (ਭਾਂਡਾ) ਬਣਾ ਕੇ ਵਰਤਨ ਵਾਲਾ
"ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ।"
– ਸੋਰ ੫, ਅਸ ੩, ੨:੧ (641)

ਕਰਪੂਰ ----- (ਸੰ.) ਕਾਫੂਰ, ਮੁਸ਼ਕ ਕਪੂਰ, ਹਵਾ ਨਾਲ ਉਡ ਜਾਣ ਵਾਲਾ ਇਕ ਮਾਦਾ
"ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ।"
– ਗਾਥਾ ੫, ੧:੧ (1360)

ਕਰਬੇ ------ ਕਰਨ ਨੂੰ/ਲਈ
"ਕਲਜੁਗ ਦੁਰਤ ਦੂਰਿ ਕਰਬੇ ਕਉ ਦਰਸਨੁ ਗੁਰੂ ਸਗਲ ਸੁਖ ਸਾਗਰੁ।"
– ਸਵ ੪, ਮਥੁ ੪:੪ (1404)

ਕਰਮ ------ (ਸੰ.) ਕੰਮ
"ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।" (ਕਰਮ ਕਰਨ ਦੀ ਧਰਤੀ)

– ਜਪੁ ੧, ੩੫:੫ (7)

“ਕਰਮ ਖੰਡ ਕੀ ਬਾਣੀ ਜੋਰੁ।” (ਕਰਣੀ, ਅਮਲ)

– ਜਪੁ ੧, ੩੭:੧ (8)

“ਕਰਮ ਧਰਮ ਨੇਮ ਬ੍ਰਤ ਪੂਜਾ।” (ਧਰਮ ਗ੍ਰੰਥਾਂ ਅਨੁਸਾਰ ਦਸੇ ਗਏ ਸ਼ੁਭ ਕਰਮ)

– ਗਉ ੫, ੧੬੫, ੨:੧ (199)

“ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ।” (ਕਰਮ ਦੇ ਪ੍ਰੇਮੀ, ਕਰਮ ਕਾਂਡੀ)

– ਗਉ ੫, ਬਾਅ ੯:੩ (252)

“ਗੁਰ ਕਾ ਸਬਦੁ ਕਾਟੈ ਕੋਟਿ ਕਰਮ।” (ਮੰਦੇ ਕਰਮ)

– ਬਸੰ ਰਾਮਾ ੧, ੩:੪ (1195)

ਹੋਰ ਰੂਪ:

ਕਰਮੰ –

“ਸਭਿ ਫੋਕਟ ਨਿਸਚਉ ਕਰਮੰ।”

– ਆਸਾ ੧, ਵਾਰ ੧੪ਸ, ੧, ੨:੮ (470)

ਕਰਮਹ –

“ਗਿਆਨੁ ਭਇਆ ਤਹ ਕਰਮਹ ਨਾਸੁ।” (ਕਰਮ-ਕਾਂਡਾਂ ਦੀ ਲੋੜ ਨਹੀਂ)

– ਭੈਰ ਰਵਿ, ੧, ੩:੪ (1167)

ਕਰਮਹਿ –

“ਚਿਤ ਗੁਪਤ ਕਰਮਹਿ ਜਾਨ।” (ਕੰਮ)

– ਬਿਲਾ ੫, ਅਸ ੨, ੩:੪ (838)

(2) (ਅ. ਕਰਮ) ਬਖਸ਼ਿਸ਼, ਕ੍ਰਿਪਾ

“ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ।”

– ਸਿਰੀ ੧, ਅਸ ੫, ੭:੩ (56)

“ਆਵਣ ਜਾਣ ਰਖੇ ਕਰਿ ਕਰਮ।”

– ਗਉ ੫, ੯੨, ੨:੪ (183)

(3) ਭਾਗ

“ਕਹੁ ਨਾਨਕ ਜਾ ਕਾ ਪੂਰਾ ਕਰਮ।” (ਭਾਗ ਚੰਗੇ ਹਨ)

– ਗਉ ੫, ੧੧੫, ੪:੧ (189)

“ਮਿਲਿ ਸੰਗਤਿ ਧੁਰਿ ਕਰਮ ਲਿਖਿਓ।” (ਭਾਗ)

– ਗਉ ੫, ਅਸ ੧੩, ੧:੨ (241)

ਹੋਰ ਰੂਪ:

ਕਰੰਮ –

“ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ।”

– ਜੈਤ ੫, ਵਾਰ ੧੯ਸ, ੫, ੨:੨ (710)

ਕਰਮਹੀਣ –

“ਸੇ ਕਰਮਹੀਣ ਹਰਿ ਨਾਮੁ ਨ ਧਿਆਵਹਿ।” (ਮੰਦੇ ਭਾਗ ਵਾਲੇ ਅਭਾਗੇ)

– ਆਸਾ ੧, ੧੫, ੧:੪ (353)

ਕਰਮਹੀਣਿ –

“ਕਰਮਹੀਣਿ ਮਨਮੁਖਿ ਦੁਖੁ ਪਾਵੈ।” (ਅਭਾਗਣ)

– ਸੂਹੀ ੫, ੩, ੩:੩ (737)

ਕਰਮਹੀਣੁ –

“ਕਰਮਹੀਣੁ ਸਚੁ ਭੀਖਿਆ ਮਾਂਗੈ ਨਾਨਕ ਮਿਲੈ ਵਡਾਈ।”

– ਪ੍ਰਭਾ ੧, ੧੧, ੪:੨ (1330)

(4) ਯਗ – (ਭਾਵ)

“ਕਰਮ ਧਰਮ ਸਚੁ ਸਾਚਾ ਨਾਉ।”

– ਆਸਾ ੧, ੧੪, ੨:੧ (353)

(5) (ਸੰ.) ਕਰਮ ਕਰਨ ਵਾਲਾ

“ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ।”

– ਮਾਝ ੫, ਅਸ ੩੬, ੨:੩ (131)

(6) ਹਥ ਵਿਚ (ਕਰ+ਮੇ) (ਕੇਵਲ ‘ਮਹਾਨਕੋਸ਼’)

“ਦੁਇ ਧੋਤੀ ਕਰਮ ਮੁਖਿ ਖੀਰੰ।” (ਹੱਥ ਵਿਚ ‘ਗਉਮੁਖੀ’ ਥੈਲੀ ਹੈ)

– ਪ੍ਰਭਾ ਬੇਣੀ ੧, ੨:੨ (1351)

(7) ਕਰਣੀ, ਅਮਲ

“ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ।”

– ਸਵ ੪, ਬਲ ੪:੩ (1405)

(8) ਮਿਣਤੀ ਦੀ ਇਕ ਇਕਾਈ, ਕਦਮ, ਤਿੰਨ ਹੱਥ ਦਾ ਫਾਸਲਾ

“ਮੁਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ।”

– ਚਉ ੫, ੩:੨ (1364)

(9) ਲਾਭ, ਕੰਮ

“ਕਉਨੁ ਕਰਮ ਮੇਰਾ ਕਰਿ ਕਰਿ ਮਰੈ।” (ਮੇਰਾ ਮੇਰਾ ਕਰਕੇ ਮਰਨ ਦਾ ਕੀ ਲਾਭ, ਮੇਰਾ ਮੇਰਾ ਕਰਕੇ ਮਰਨਾ ਕਿਸ ਕੰਮ)

– ਭੈਰ ਕਬ, ੧੦, ੧:੪ (1159)

(10) ਸੇਵਾ (ਭਾਵ)

“ਸਗਲ ਧਰਮ ਮਹਿ ਊਤਮ ਧਰਮ ਕਰਮ ਕਰਤੂਤਿ ਕੈ ਊਪਰਿ ਕਰਮ।” (ਉਸ ਦੀ ਸੇਵਾ (ਕਰਮ) ਸਾਰੇ ਕਰਮ ਕਾਂਡਾਂ ਤੋਂ ਉਪਰ ਹੈ)

– ਬਸੰ ੫, ੯, ੩:੧, ੨ (1182)

(11) ਗੁਣ ਲਛਣ, ਕੰਮ, ਆਚਾਰ

“ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।” (ਮਛ ਤੇ ਕਛ ਆਦਿ ਦਾ ਜਨਮ ਤੇ ਕਰਮ ਧਾਰਨ ਕੀਤਾ)

– ਸਵ ੪, ਗਯੰ ੯:੪ (1403)

ਹੋਰ ਰੂਪ:

ਕਰਮੰ –

“ਜੇ ਜਾਣਸਿ ਬ੍ਰਹਮੰ ਕਰੰਮ।” (ਜੇ ਬ੍ਰਹਮ ਦੇ ਕਰਮ (ਆਚਾਰ) ਜਾਣਦਾ)

– ਆਸਾ ੧, ਵਾਰ ੧੪ਸ, ੧, ੨:੭ (470)

ਕਰਮਕਾਂਡ --- **ਵੱਖ ਵੱਖ ਸਮੇਂ ਕਰਨ ਲਈ ਸ਼ਾਸ਼ਤਰਾਂ ਵਿਚ ਦੱਸੇ ਗਏ ਕਰਮ**

“ਕਰਮਕਾਂਡ ਬਹੁ ਕਰਹਿ ਅਚਾਰ।”

– ਗਉ ੩, ੩੪, ੩:੧ (162)

ਕਰਮਖਟ --- ਸ਼ਾਸ਼ਤਰਾਂ ਵਿਚ ਦੱਸੇ ਗਏ ਛੇ ਸ਼ੁਭ ਕਰਮ, ਇਹ ਕਰਮ ਹਨ: ਪੜ੍ਹਨਾ, ਪੜ੍ਹਾਉਣਾ, ਯਗ ਕਰਨਾ, ਯੱਗ ਕਰਾਉਣਾ, ਦਾਨ ਦੇਣਾ ਤੇ ਦਾਨ ਲੈਣਾ
“ਬਰਤ ਨੇਮ ਕਰਮਖਟ ਕੀਨੇ ਬਾਹਰਿ ਭੇਖ ਦਿਖਾਵਾ।”
- ਮਾਰੂ ੫, ੧੫, ੩:੨ (1003)

ਕਰਮਚਾ ---- ਕਰਮ ਅਨੁਸਾਰ, ਕੀਤੇ ਕੰਮਾਂ ਅਨੁਸਾਰ
“ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ।”
- ਮਾਰੂ ੫, ਵਾਰ ੧੫:੬ (1099)

ਕਰਮਣਹ --- ਭਾਗਾਂ ਨਾਲ
“ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਹ।”
- ਗਾਥਾ ੫, ੭:੧ (1360)

ਕਰਮਣਾ ---- ਕਰਮ/ਕਰਣੀ ਨਾਲ, ਹੋਰ ਵੇਖੋ ‘ਕਰਮਨਾ’
“ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ।”
- ਗੂਜ ਜੈਦੇ, ੧, ੪:੧ (526)

ਕਰਮਨ ----- (1) ਕਰਮ/ਸ਼ੁਭ ਕਾਰਜ ਕਰਨ ਵਾਲੇ
“ਸਿਧਨ ਮਹਿ ਤੇਰੀ ਪ੍ਰਭ ਸਿਧਾ ਕਰਮਨ ਸਿਰਿ ਕਰਮਾ।”
- ਗੂਜ ੫, ਅਸ ੧, ੭:੧ (507)

(2) ਕੰਮਾਂ/ਕਾਰਜਾਂ ਤੋਂ
“ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ।”
- ਸੋਰ ੫, ਅਸ ੩, ੮:੧ (642)

ਕਰਮਨਾ ---- ਕਰਮ/ਕਰਣੀ ਨਾਲ
“ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ।”
- ਮਾਰੂ ਕਬ, ੧, ੨:੨ (1105)

ਕਰਮਬਧ --- ਕਰਮਾਂ ਦਾ ਬੱਧਾ ਹੋਇਆ
“ਕਰਮਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁ ਰੇ।”
- ਗੋਂਡ ਕਬ, ੩, ੨:੨ (870)

ਹੋਰ ਰੂਪ:

ਕਰਮਬੰਧ -
“ਕਹਤੁ ਨਾਨਕ ਇਹੁ ਜੀਉ ਕਰਮਬੰਧੁ ਹੋਈ।”
- ਭੈਰ ੩, ੧, ੫:੧ (1128)

ਕਰਮ ਬਿਧਾਤਾ (1) ਕਰਮਾਂ/ਭਾਗਾਂ ਨੂੰ ਬਣਾਨ ਵਾਲਾ, ਅਥਵਾ ਕਰਮਾਂ ਦਾ ਫਲ ਦੇਣ ਵਾਲਾ
“ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ।”
- ਵਡ ੩, ਛੰਤ ੧, ੨:੪ (568)

ਕਰਮ ਭੂਮਿ -- ਕਰਮ ਕਰਨ/ਸ਼ੁਭ ਕੰਮ ਕਰਨ ਦੀ ਧਰਤੀ
“ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ।”
- ਟੋਡੀ ੫, ੨੫, ੧:੨ (717)

ਕਰਮਮਣੀ --- ਭਾਗਾਂ ਦੀ ਮਣੀ
"ਜੇ ਪਿਰ ਭਾਵੈ ਨਾਨਕਾ ਕਰਮਮਣੀ ਸਭੁ ਸਚੁ।"
- ਸੋਰ ੪, ਵਾਰ ੧ਸ, ੧, ੧:੭ (642)

ਕਰਮਵੰਤੀ --- ਭਾਗਾਂ ਵਾਲਿਆਂ/ਸੁਭਾਗਿਆਂ ਨੇ
"ਕਰਮਵੰਤੀ ਸਾਲਾਹਿਆ ਨਾਨਕ ਕਰਿ ਗੁਰੁ ਪੀਰੁ।"
- ਮਾਝ ੧, ਵਾਰ ੧੮ਸ, ੨, ੧:੩ (146)

ਕਰਮਵੰਤੁ --- ਕਰਮ (ਸ਼ੁਭ ਕਰਮ) ਕਰਨ ਵਾਲਾ
"ਆਪਸ ਕਉ ਕਰਮਵੰਤੁ ਕਹਾਵੈ।"
- ਗਉ ੫, ਸੁਖ ੧੨, ੧:੫ (278)

ਕਰਮਾ ----- (1) ਕਰਮਾਂ/ਕੀਤੇ ਕੰਮਾਂ ਦੇ; ਸ਼ੁਭ ਕਰਮਾਂ ਦੇ
"ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।"
- ਜਪੁ ੧, ੬:੨ (2)
"ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ।"
- ਸਿਰੀ ੩, ੫੫, ੪:੧ (35)

ਹੋਰ ਰੂਪ:

ਕਰੰਮਾ -
"ਗੁਰਮੁਖਿ ਜਿੰਦੂ ਜਪਿ ਨਾਮੁ ਕਰੰਮਾ।" (ਨਾਮ ਜਪੁ ਦਾ 'ਕਰਮ' ਕਰ)
- ਗਉ ੪, ੬੫, ੧:੧ (172)

(2) ਭਾਗਾਂ
"ਨਾਨਕ ਕਹੀਐ ਕਿਸੁ ਹੰਢਨਿ ਕਰਮਾ ਬਾਹਰੇ।" (ਭਾਗਾਂ ਤੋਂ ਵਿਹੂਣੇ)
- ਮਾਝ ੧, ਵਾਰ ੨੧ਸ, ੧, ੧:੩ (147)
"ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ।" (ਭਾਗਾਂ ਦੇ)
- ਗਉ ੪, ੬੫, ੩:੪ (173)

ਹੋਰ ਰੂਪ:

ਕਰੰਮਾ -
"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।"
- ਆਸਾ ੧, ਪਟੀ ੨੧:੧ (433)

ਕਰਮਾਉ -
"ਜਿਸੁ ਗੁਰੁ ਸਾਚਾ ਭੇਟੀਐ ਭਾਈ ਪੂਰਾ ਤਿਸੁ ਕਰਮਾਉ।"
- ਸੋਰ ੫, ਅਸ ੧, ੭:੪ (640)

(3) ਕਰਣੀ -
"ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ।"
- ਗਉ ੧, ੧੮, ੩:੨ (157)

(4) ਕਰਮ ਕਰਨ ਵਾਲਾ
"ਇਹੁ ਮਨੁ ਕਰਮਾ ਇਹੁ ਮਨੁ ਧਰਮਾ।"
- ਆਸਾ ੧, ਅਸ ੮, ੩:੧ (415)

ਹੋਰ ਰੂਪ:

ਕਰੰਮਾ –
“ਕਹੁ ਨਾਨਕ ਹਮ ਨੀਚ ਕਰੰਮਾ।”
– ਆਸਾ ੫, ਸੋਪੁ ੪, ੨:੩ (12)

(5) ਕਰਮਾਂ ਦਾ ਬੰਧਨ
“ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ।”
– ਸੋਰ ੧, ੬, ੧:੧ (597)

ਕਰਮਾਕਾਰੀ -- ਕਰਮ ਕਾਂਡ ਕਰਨ ਵਾਲੇ, ਕਰਮ ਧਰਮ ਕਰਨ ਵਾਲੇ
“ਸੁਣਿ ਪੰਡਿਤ ਕਰਮਾਕਾਰੀ।”
– ਸੋਰ ੧, ਅਸ ੨, ੧*:੧ (635)

ਕਰਮਾਤਾ ---- ਕਰਮ ਕਰਦਾ ਹੈ
“ਪੂਰਨੁ ਕੁੰਭਕ ਰੇਚਕ ਕਰਮਾਤਾ।”
– ਗਉ ੫, ਬਾਅ. ੧੬:੨ (253)

ਕਰਮਾਤਿ --- (1) (ਅ. ਕਰਾਮਤ) ਬਜ਼ੁਰਗੀ, ਵਡਿਆਈ, ਬਖ਼ਸ਼ਿਸ਼
“ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ।”
– ਆਸਾ ੧, ਵਾਰ ੨੩ਸ, ੨, ੧:੨ (474)
“ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ।”
– ਸੋਰ ੪, ਵਾਰ ੨੦ਸ, ੩, ੧:੪ (650)
(2) ਅਲੋਕਿਕ ਕੰਮ ਕਰ ਸਕਨ ਦੀ ਸ਼ਕਤੀ, ਇੱਕ ਸਿੱਧੀ
“ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ।”
– ਸੋਰ ੪, ਵਾਰ ੨੦ਸ, ੩, ੨:੩ (650)

ਕਰਮਾਨ ---- ਕਰਮ, ਕੰਮ
“ਪ੍ਰਭੁ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ।”
– ਸਾਰ ੫, ੨, ੩:੨ (1203)

ਕਰਮਾਰੇ ---- ਕਰਮ
“ਨਾ ਕਿਛੁ ਸੇਵਾ ਨਾ ਕਰਮਾਰੇ।”
– ਰਾਮ ੫, ਅਸ ੨, ੮:੨ (913)

ਕਰਮਿ ----- (1) ਬਖ਼ਸ਼ਿਸ਼ ਰਾਹੀਂ, ਵੇਖੋ ‘ਕਰਮੀ’ (2)
“ਕਰਮਿ ਪਰਾਪਤਿ ਤਿਸੁ ਹੋਵੈ ਜਿਸ ਨੋ ਹੋਇ ਦਇਆਲੁ।”
– ਸਿਰੀ ੫, ੯੦, ੧:੪ (49)
(2) ਭਾਗਾਂ ਨਾਲ, ਵੇਖੋ ‘ਕਰਮੀ’ (3)
“ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੇ ਕਰਮਿ ਮਿਲਾਵਣਿਆ।”
– ਮਾਝ ੩, ਅਸ ੩, ੩:੩ (110)

ਹੋਰ ਰੂਪ:

ਕਰੰਮਿ –
“ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ।”
– ਸਲੋ ਫਰ, ੧੧੧:੨ (1384)

(3) ਕਰਮ, ਕੰਮ (ਅਨੁਸਾਰ)
“ਆਪੇ ਗੁਰੁ ਦਾਤਾ ਕਰਮਿ ਬਿਧਾਤਾ।” (ਕਰਮਾਂ ਅਨੁਸਾਰ ਫਲ ਦੇਣ ਵਾਲਾ)
– ਮਾਝ ੩, ੨੯, ੨:੧ (126)
(4) ਅਮਲ/ਕਰਣੀ ਦੁਆਰਾ, ਕਾਰਜ ਦੁਆਰਾ, ਵੇਖੋ ‘ਕਰਮੀ’ (1)
“ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ।”
– ਮਾਝ ੧, ਵਾਰ ੨੦ਸ, ੧, ੧:੨ (147)
“ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ।”
– ਗਉ ੫, ਛੰਤ ੨, ੩:੪ (248)
“ਸੇਵਕ ਸੇਵਹਿ ਕਰਮਿ ਚੜਾਉ।” (ਸ਼ੁਭ ਕਰਣੀ ਦਾ ਚੜਾਵਾ ਚੜ੍ਹਾਉਂਦੇ ਹਨ)
– ਆਸਾ ੧, ਵਾਰ ੫ਸ, ੧, ੨:੧੧ (465)
“ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ।” (ਕਾਰਜ, ਕੰਮ)
– ਸੋਰ ੧, ਅਸ ੨, ੧*:੨ (635)

ਕਰਮਿਆ --- ਕੰਮ ਕਰਦਾ ਹੈ
“ਕਿਰਤ ਰੇਖ ਕਰਿ ਕਰਮਿਆ।”
– ਬਸੰ ੫, ਅਸ ੨, ੬:੨ (1193)

ਕਰਮੀ ----- (1) ਕਰਮਾ/ਕੀਤੇ ਕੰਮਾਂ ਕਰਕੇ, ਵੇਖੋ ਕਰਮਿ (3)
“ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ।”
– ਜਪੁ ੧, ੪:੬ (2)
“ਕਰਮੀ ਕਰਮੀ ਹੋਇ ਵੀਚਾਰੁ।”
– ਜਪੁ ੧, ੩੪:੬ (7)
(2) ਬਖ਼ਸ਼ਿਸ਼ ਸਦਕਾ, ਵੇਖੋ ‘ਕਰਮਿ’ (1)
“ਨਾਨਕ ਨਦਰੀ ਕਰਮੀ ਦਾਤਿ।”
– ਜਪੁ ੧, ੨੪:੧੬ (5)

ਹੋਰ ਰੂਪ:

ਕਰਮੁ –
“ਬਹੁਤਾ ਕਰਮੁ ਲਿਖਿਆ ਨਾ ਜਾਇ।” (ਬਖ਼ਸ਼ਿਸ਼)
– ਜਪੁ ੧, ੨੫:੧ (5)
(3) (ਚੰਗੇ) ਭਾਗਾਂ ਨਾਲ, ਵੇਖੋ ‘ਕਰਮਿ’ (2)
“ਜਪੁ ਤਪੁ ਸੰਜਮੁ ਭਾਣਾ ਸਤਿਗੁਰੂ ਕਾ ਕਰਮੀ ਪਲੈ ਪਾਇ।”
– ਸਿਰੀ ੪, ਵਾਰ ੧੩ਸ, ੩, ੨:੪ (88)
(4) ਕਰਮਕਾਂਡੀ
“ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ।”
– ਗੂਜ ੩, ਅਸ ੧, ੪:੧ (506)
(5) ਕਰਮ ਕਾਂਡ ਕੀਤਿਆਂ
“ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ।”
– ਰਾਮ ੩, ਅਨੰ ੧੮:੧ (919)

ਕਰਮੁ ------ (1) ਬਖ਼ਸ਼ਿਸ਼, ਮਿਹਰ ਵੇਖੋ ‘ਕਰਮੀ’ (2)

ਹੋਰ ਰੂਪ:

ਕਰਮੈ –
"ਕਰਮਿ ਮਿਲੈ ਤ ਪਾਈਐ ਵਿਣੁ ਕਰਮੈ ਪਾਇਆ ਨ ਜਾਇ।" (ਬਖ਼ਸ਼ਿਸ਼ ਦੇ)
– ਸਿਰੀ ੩, ੩੯, ੪:੧ (29)

(2) ਗਤੀ, ਵਰਤਾਰਾ
"ਗਿਆਨ ਖੰਡ ਕਾ ਆਖਹੁ ਕਰਮੁ।"
– ਜਪੁ ੧, ੩੫:੨ (7)

"ਜੈਸਾ ਕਰਮੁ ਤੈਸੀ ਲਿਵ ਲਾਵੈ।" (ਕਰਣੀ)
– ਪ੍ਰਭਾ ੧, ਅਸ ੧, ੩:੩ (1342)

(3) ਕੰਮ, ਸ਼ੁਭ ਕਰਣੀ/ਕਰਮ
"ਸੋਹਾਗਣੀ ਕਿਆ ਕਰਮੁ ਕਮਾਇਆ।"
– ਸਿਰੀ ੧, ਅਸ ੨੮, ੮:੧ (72)

"ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ।"
– ਸਿਰੀ ੧, ਪਹ ੧, ੩:੫ (75)

"ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।"
– ਗਉ ੫, ਸੁਖ ੩, ੮:੨ (266)

(4) ਚੰਗੇ ਭਾਗ
"ਕਰਮੁ ਹੋਵੈ ਸਤਿਗੁਰੂ ਮਿਲਾਏ।"
– ਮਾਝ ੩, ਅਸ ੨, ੧:੧ (110)

(5) ਸਾਸ਼ਤਰਾਂ ਅਨੁਸਾਰ ਦਸੇ ਸ਼ੁਭ ਕਰਮ
"ਕਰਮੁ ਧਰਮੁ ਤੇਰੇ ਨਾਮ ਕੀ ਜਾਤਿ।"
– ਗਉ ੧, ੧੦, ੧*:੨ (154)

"ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ।"
– ਸੋਰ ੫, ੬੨, ੧:੨ (624)

ਕਰਰੋ ------ ਕਰੜਾ, ਸਖਤ
"ਕਰਰੋ ਧ੍ਰੂਮਰਾਇਆ।"
– ਸੂਹੀ ੫, ੪੬, ੨:੨ (746)

ਕਰਲਾ ----- ਰਸਤਾ
"ਕਹਨ ਕਹਾਵਨ ਇਹੁ ਕੀਰਤਿ ਕਰਲਾ।"
– ਸਿਰੀ ੫, ੯੬, ੩:੧ (51)

('ਮਹਾਨਕੋਸ਼' ਇਸ ਦੇ ਅਰਥ 'ਸ਼ਬਦ' 'ਧੁਨੀ' ਅਤੇ 'ਗੁਰੂ ਗਿਰਾਰਥ' 'ਕਰਤੇ ਹੈ' ਕਰਦਾ ਹੈ)

ਹੋਰ ਰੂਪ:

ਕਰਲੈ –
"ਸਾਹਿਬ ਕਾ ਫੁਰਮਾਣੁ ਹੋਇ ਉਠੀ ਕਰਲੈ ਪਾਹਿ।" (ਰਸਤੇ ਉਪਰ)
– ਸਾਰ ੪, ਵਾਰ ਪਸ, ੨, ੧:੬ (1239)

ਕਰਵਟ ----- ਪਾਸਾ ਪਰਤਣਾ

“ਕਰਵਤੁ ਭਲਾ ਨ ਕਰਵਟ ਤੇਰੀ।”

– ਆਸਾ ਕਬ, ੩੫, ੧:੧ (484)

ਹੋਰ ਰੂਪ:

ਕਰਵਟੁ –
“ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ।”

– ਆਸਾ ਕਬ, ੩੫, ੧*:੨ (484)

ਕਰਵਤ ----- ਆਰਾ, ਲਕੜੀ ਚੀਰਨ ਵਾਲਾ ਇਕ ਦੰਦੇਦਾਰ ਸੰਦ
“ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ।”

– ਸੋਰ ੫, ਅਸ ੩, ੩:੧ (645)

ਕਰਵੈ ------ ਲੋਟਾ, ਕੂਜਾ
“ਕਾਚੈ ਕਰਵੈ ਰਹੈ ਨ ਪਾਨੀ।”

– ਸੂਹੀ ਕਬ ੨, ੨:੧ (792)

ਕਰੜਾ ----- ਸਖਤ
“ਨਾਨਕ ਕਥਨਾ ਕਰੜਾ ਸਾਰੁ।” (ਔਖਾ)

– ਜਪੁ ੧, ੩੭:੧੮ (8)

“ਜਗੁ ਕਰੜਾ ਮਨਮੁਖੁ ਗਾਵਾਰੁ।” (ਸਖਤ, ਭਾਵ ਦੁੱਖਾਂ/ਮੁਸੀਬਤਾਂ ਭਰਿਆ)

– ਰਾਮ ੧, ਸਿਗੋ ੪੬:੨ (943)

ਹੋਰ ਰੂਪ:

ਕਰੜੀ –
“ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ।” (ਔਖੀ, ਕਠਿਨ)

– ਸਲੋ ੪, ੧੬:੧ (1422)

ਕਰਾ ------ (1) ਕੀਤਾ
“ਗੁਰਦੇਵ ਕਰਤਾ ਸਭਿ ਪਾਪ ਹਰਤਾ ਗੁਰਦੇਵ ਪਤਿਤ ਪਵਿਤ ਕਰਾ।”

– ਗਉ ੫, ਬਾਅ ੧ਸ:੬ (250)

(2) ਕਲਾ, ਖੇਡ, ਵਿਚਾਰ
“ਸਭ ਤਜੀ ਮਨੈ ਕੀ ਕਾਮ ਕਰਾ।”

– ਆਸਾ ੫, ੧੫੩, ੨:੨ (408)

(3) ਮੈਂ ਕਰਾਂ
“ਹਮਰੇ ਪਿਤਾ ਠਾਕੁਰ ਪ੍ਰਭ ਸੁਆਮੀ ਹਰਿ ਦੇਹੁ ਮਤੀ ਜਸੁ ਕਰਾ।”

– ਬਿਲਾ ੪, ੩, ੨:੧ (799)

ਕਰਾਂ ------ ਹਥਾਂ
“ਗੁਰਮੁਖਾਂ ਕਰਾਂ ਉਪਰਿ ਹਰਿ ਚੇਤਿਆ ਸੇ ਪਾਇਨਿ ਮੋਖ ਦੁਆਰੁ।” (ਹਥਾਂ ਤੇ ਭਾਵ ਹੁਣੇ ਇਸੇ ਜਨਮ ਵਿਚ)

– ਸਲੋ ੩, ੪੨:੪ (1418)

ਕਰਾਇ ----- ਕਰਾਵੇ
“ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ।”

– ਸਿਰੀ ੧, ਅਸ ੧੧, ੯:੩ (60)

“ਸੋਈ ਕਰਾਇ ਜੋ ਤੁਧੁ ਭਾਵੈ।” (ਕਰਾਉਂਦਾ ਹੈ)

– ਸੋਰ ੫, ੭੧, ੧:੧ (626)

ਹੋਰ ਰੂਪ:

ਕਰਾਇਓ –

“ਹਰਿ ਆਨਿ ਮੇਲਿਓ ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ।” (ਕਰਵਾਇਆ ਹੈ)

– ਮਾਲੀ ੪, ੩, ੧:੨ (985)

ਕਰਾਇਆ –

“ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ।” (ਕਰਵਾਇਆ)

– ਮਾਝ ੧, ਵਾਰ ੩:੩ (139)

“ਮਥਿ ਅੰਮ੍ਰਿਤੁ ਪੀਆ ਇਹੁ ਮਨੁ ਦੀਆ ਗੁਰ ਪਹਿ ਮੋਲੁ ਕਰਾਇਆ।” (ਕਰਵਾਇਆ ਭਾਵ ਪੁਆਇਆ)

– ਸੂਹੀ ੧, ਛੰਤ ੫, ੨:੩ (766)

“ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ।” (ਕਰ ਦਿਤਾ)

– ਬਿਲਾ ੫, ੩੩, ੨:੨ (808)

ਕਰਾਇਸੀ –

“ਆਪੇ ਕਾਰ ਕਰਾਇਸੀ ਅਵਰੁ ਕਿ ਕਰਣਾ ਜਾਇ।” (ਕਰਵਾਏਗਾ)

– ਸਿਰੀ ੩, ੪੯, ੩:੩ (32)

ਕਰਾਇਹਿ –

“ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ।” (ਕਰਵਾਉਂਦਾ ਹੈ)

– ਮਾਝ ੫, ੯, ੪:੧ (97)

“ਭਗਤਿ ਕਰੀ ਕਰਾਇਹਿ ਮੋਰ।” (ਕਰਵਾਏਂ)

– ਪ੍ਰਭਾ ੧, ੧੪, ੪:੨ (1331)

ਕਰਾਇਦਾ –

“ਤੂੰ ਆਪੇ ਮੁਕਤਿ ਕਰਾਇਦਾ ਇਕ ਨਿਮਖ ਘੜੀ ਕਰਿ ਖਿਆਲੁ।” (ਕਰਵਾਉਂਦਾ ਹੈਂ)

– ਸਿਰੀ ੪, ਵਾਰ ੭:੪ (85)

“ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।” (ਕਰ ਦਿੰਦਾ ਹੈ)

– ਆਸਾ ੧, ਵਾਰ ੧੬:੫ (472)

“ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ।” [ਮੰਨਵਾਉਂਦਾ (ਭਾਵ)]

– ਮਾਰੂ ੩, ਸੋਲਾ ੨੦, ੩:੩ (1063)

ਕਰਾਇਨਿ –

“ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ।” (ਕਰਵਾਉਂਦਾ ਹੈ)

– ਮਾਰੂ ੫, ਸੋਲਾ ੫, ੧੦:੩ (1076)

ਕਰਾਈ –

“ਸੰਜੋਗੀ ਆਇਆ ਕਿਰਤੁ ਕਮਾਇਆ ਕਰਣੀ ਕਾਰ ਕਰਾਈ।” (ਕਰਵਾਈ)

– ਸਿਰੀ ੧, ਪਹ ੨, ੧:੪ (75)

“ਆਸਾ ਮਨਸਾ ਸਭ ਤੇਰੀ ਮੇਰੇ ਸੁਆਮੀ ਜੈਸੀ ਤੂ ਆਸ ਕਰਾਵਹਿ ਤੈਸੀ ਕੋ ਆਸ ਕਰਾਈ।” (ਕਰਦਾ ਹੈ)

– ਗੋਂਡ ੪, ੧, ੪:੧ (860)

ਕਰਾਈਐ –
“ਜੇਹੀ ਸੇਵ ਕਰਾਈਐ ਕਰਣੀ ਭੀ ਸਾਈ।” (ਕਰਵਾਏ)
– ਆਸਾ ੧, ਅਸ ੧੮, ੭:੧ (421)
“ਨਾਨਕ ਮੇਲਿ ਮੇਲਿ ਪ੍ਰਭ ਸੰਗਤਿ ਮਿਲਿ ਸੰਗਤਿ ਹੰਸੁ ਕਰਾਈਐ।” (ਕਰਵਾਈਐ)
– ਰਾਮ ੪, ੪, ੪:੨ (882)

ਕਰਾਏ –
“ਗੁਰਮੁਖਿ ਆਪੇ ਦੇਇ ਵਡਾਈ ਆਪੇ ਸੇਵ ਕਰਾਏ।” (ਕਰਵਾਏ, ਕਰਵਾਉਂਦਾ ਹੈ)
– ਸਿਰੀ ੩, ੪੮, ੨:੩ (32)

ਕਰਾਸ ----- ਕਰਨੇ
“ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ।”
– ਗਉ ੫, ਅਸ ੭, ੨:੧ (239)

ਕਰਾਹੀ ----- (1) ਕਰਦੇ ਹਨ
“ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ।”
– ਗਉ ੩, ਅਸ ੪, ੭:੨ (231)

ਹੋਰ ਰੂਪ:

ਕਰਾਂਹੀ –
“ਨਾਰਦਿ ਕਹਿਆ ਸਿ ਪੂਜ ਕਰਾਂਹੀ।”
– ਬਿਹਾ ੪, ਵਾਰ ੨੦ਸ, ੧, ੨:੨ (556)

(2) ਕਰਵਾਉਂਦੇ ਹਨ
“ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ।”
– ਗਉ ਕਬ, ੪੫, ੧:੧ (332)

ਕਰਾਗਉ ---- ਕਰਾਂਗਾ, ਕਮਾਵਾਂਗਾ
“ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ।”
– ਬਿਲਾ ੫, ੩੨, ੧:੨ (808)

ਕਰਾਂਝਾ ----- ਕੁਰਲਾਉਂਦੇ, ਚੀਕ ਪੁਕਾਰ ਕਰਦੇ
“ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ।”
– ਜੈਤ ੪, ੫, ੧:੨ (697)

ਕਰਾਮ ----- ਕਰਮ, ਭਾਗ
“ਉਨ ਸੰਗੁ ਸੋ ਪਾਏ ਜਿਸੁ ਮਸਤਕਿ ਕਰਾਮ।”
– ਧਨਾ ੫, ੨੩, ੩:੪ (676)

ਕਰਾਮੰ ----- ਕਰਮਾਂ/ਕਮਾਈ ਸਦਕਾ
“ਗੁਰਮੁਖਿ ਸਾਂਤਿ ਊਤਮ ਕਰਾਮੰ।”
– ਬਿਲਾ ੧, ਅਸ ੧, ੭:੨ (831)

ਕਰਾਮਾਤਿ --- (1) ਅਚੰਭਤ ਕਰਨ ਵਾਲੀ/ਹੈਰਾਨੀ ਯੁਕਤ ਘਟਨਾ
“ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ।”

– ਰਾਮ ਬਸ, ਵਾਰ ੭:੨ (968)
(2) ਵਡਿਆਈ, ਵੇਖੋ ‘ਕਰਾਮਾਤਿ’
“ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ।”
– ਰਾਮ ਬਸ, ਵਾਰ ੮:੮ (968)

ਕਰਾਮੁ ----- ਕਰਮ/ਭਾਗ ਵਿਚ
“ਨਾਨਕ ਸਤਿਗੁਰੁ ਸੇਵਿ ਸੁਖੁ ਪਾਇਆ ਜਿਨ੍ ਪੂਰਬਿ ਲਿਖਿਆ ਕਰਾਮੁ।”
– ਸਾਰ ੪, ਵਾਰ ੨੮ਸ, ੩, ੨:੩ (1248)

ਕਰਾਰਾ ----- ਕਰੜਾ, ਔਖਾ
“ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ।”
– ਸਿਰੀ ੫, ਪਹ ੪, ੨:੩ (77)
“ਏਹ ਜਮ ਕੀ ਸਿਰਕਾਰ ਹੈ ਏਨ੍ਾ ਉਪਰਿ ਜਮ ਕਾ ਡੰਡੁ ਕਰਾਰਾ।” (ਸਖਤ)
– ਗੂਜ ੩, ਵਾਰ ੧੨:੨ (513)
“ਤਿਸੁ ਵਿਚਿ ਵਰਤੈ ਹੁਕਮੁ ਕਰਾਰਾ।” (ਪ੍ਰਬਲ, ਸਖਤ)
– ਮਾਰੂ ੩, ਸੋਲਾ, ੧੭, ੫:੨ (1060)

ਕਰਾਰਿ ----- ਕਿਨਾਰੇ ਤੇ
“ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ।”
– ਰਾਮ ੧, ਓਅੰ ੩੧:੧ (933)

ਕਰਾਰੀ ----- (1) ਕਰਾਰ/ਟਿਕਾਉ ਵਿਚ
“ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ।”
– ਤਿਲੰ ਕਬ, ੧, ੧:੨ (727)
(2) ਕਰੜੀ
“ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।”
– ਮਲਾ ੪, ੧, ੪:੧ (1263)

ਕਰਾਰੇ ----- (1) ਕਰੜੇ
“ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ।”
– ਜਪੁ ੧, ੨੭:੯ (6)
“ਦੂਜੈ ਭਾਇ ਮੁਠੀ ਜੀਉ ਬਿਨੁ ਗੁਰ ਸਬਦ ਕਰਾਰੇ।” (ਸਖਤ, ਪ੍ਰਭਾਵਸ਼ਾਲੀ)
– ਗਉ ੩, ਛੰਤ, ੧, ੩:੨ (244)
“ਜਮ ਪੁਰਿ ਵਜਹਿ ਖੜਗ ਕਰਾਰੇ।” (ਭਾਰੇ)
– ਮਾਰੂ ੧, ੧੨, ੪:੩ (993)

ਹੋਰ ਰੂਪ:

ਕਰਾਰੈ –
“ਨਾ ਦੁਖੁ ਦੇਖਹਿ ਪੰਥਿ ਕਰਾਰੈ।” (ਕਰੜੇ, ਔਖੇ)
– ਮਾਰੂ ੧, ਸੋਲਾ ੧੨, ੧੪:੨ (1033)

ਕਰਾਵਹਿ ---- ਕਰਵਾਉਂਦਾ ਹੈ
“ਤੂ ਆਪੇ ਪੂਜਹਿ ਪੂਜ ਕਰਾਵਹਿ ਸਤਿਗੁਰ ਕਉ ਸਿਰਜਣਹਾਰਿਆ।”

– ਗਉ ੪, ਵਾਰ ੨੦ਸ, ੪, ੨:੬ (311)

ਹੋਰ ਰੂਪ:

ਕਰਾਵਹੁ –
“ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ।” (ਕਰਵਾਓ)
– ਆਸਾ ੫, ੧੩੯, ੧:੧ (405)

ਕਰਾਵਣਹਾਰ – ਕਰਾਉਣ ਵਾਲਾ, ਕਰਾਉਣ ਦੇ ਸਮਰਥ
“ਕਰਣ ਕਰਾਵਣਹਾਰ ਪ੍ਰਭੁ ਦਾਤਾ ਪਾਰਬ੍ਰਹਮ ਪ੍ਰਭੁ ਸੁਆਮੀ।”
– ਸੋਰ ੫, ੨੪, ੧:੧ (615)

ਹੋਰ ਰੂਪ:

ਕਰਾਵਣਹਾਰਾ –
“ਅੰਤਰਿ ਗੁਰ ਗਿਆਨੁ ਹਰਿ ਰਤਨੁ ਹੈ ਮੁਕਤਿ ਕਰਾਵਣਹਾਰਾ।”
– ਵਡ ੪, ਵਾਰ ੧੮ਸ, ੩, ੨:੬ (593)

ਕਰਾਵਣਿ --- ਕਰਵਾਉਣ ਲਈ
“ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।”
– ਸੂਹੀ ੫, ਛੰਤ ੧੦, ੧:੧ (783)

ਹੋਰ ਰੂਪ:

ਕਰਾਵਣਿਆ –
“ਲਿਖਿਆ ਲੇਖੁ ਨ ਮੇਟੈ ਕੋਈ ਗੁਰਮੁਖਿ ਮੁਕਤਿ ਕਰਾਵਣਿਆ।” (ਕਰਾਉਂਦਾ ਹੈ)
– ਮਾਝ ੧, ਅਸ ੧, ੫:੩ (109)

ਕਰਾਵਨ ---- ਕਰਵਾਉਣ ਵਾਲਾ, ਕਰਾ ਸਕਨ ਵਾਲਾ
“ਕਰਨ ਕਰਾਵਨ ਸਭੁ ਕਿਛੁ ਏਕੈ।”
– ਗਉ ੫, ਅਸ ੧, ੮:੧ (236)
“ਆਪੇ ਕਰਨ ਕਰਾਵਨ ਜੋਗੁ।” (ਕਰਵਾਉਣ ਦੇ)
– ਗਉ ੫, ਸੁਖ ੯, ੮:੩ (275)

ਕਰਾਵਨਹਾਰ – ਕਰਵਾਉਣ ਵਾਲਾ, ਕਰਵਾਉਣ ਦੇ ਸਮਰਥ
“ਕਰਣ ਕਰਾਵਨਹਾਰ ਸੁਆਮੀ।”
– ਗਉ ੫, ੭੬, ੩:੩ (178)

ਹੋਰ ਰੂਪ:

ਕਰਾਵਨਹਾਰਾ –
“ਏਕਹਿ ਆਪਿ ਕਰਾਵਨਹਾਰਾ।”
– ਗਉ ੫, ਬਾਅ ੮:੧ (251)

ਕਰਾਵਨਹਾਰੀ –
“ਪ੍ਰਭ ਕਰਨ ਕਰਾਵਨਹਾਰੀ।”
– ਸੋਰ ਕਬ, ੫, ੩:੧ (655)

ਕਰਾਵਨਹਾਰੁ –
“ਕਰਨ ਕਰਾਵਨਹਾਰੁ ਪ੍ਰਭੁ ਜਾਨੈ।”

– ਗਉ ੫, ਸੁਖ ੨੩, ੪:੮ (294)

ਕਰਾਵਨੋ –
“ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ।”
– ਗਉ ੫, ੧੪੨, ੧*:੨ (211)

ਕਰਾਵਾ ----- (1) ਕਰਵਾਉਂਦਾ ਹੈ
“ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ।”
– ਆਸਾ ੪, ਛੰਤ ੧੯, ੨:੪ (450)

ਹੋਰ ਰੂਪ:

ਕਰਾਵੈ –
“ਹਰਿ ਵਣਜੁ ਕਰਾਵੈ ਦੇ ਰਾਸਿ ਰੇ।” (ਕਰਵਾਉਂਦਾ ਹੈ)
– ਗਉ ੪, ੪੫, ੧*:੨ (165)
“ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ।” (ਰੱਖਿਆ ਕਰਦਾ ਹੈ)
– ਗਉ ੪, ਵਾਰ ੮ਸ, ੪, ੧:੩ (303)

(2) ਮੈਂ ਕਰਵਾਵਾਂ
“ਕਉਣੁ ਗੁਰੁ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ।”
– ਸੂਹੀ ੧, ੯, ੧:੨ (730)

ਕਰਿ ------ (1) ਕਰ ਕੇ
“ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ।” (ਸਿਰਜ ਕੇ)
– ਜਪੁ ੧, ੭:੫ (2)
“ਕੋਟਿ ਜਨਾ ਕਰਿ ਸੇਵ ਲਗਾਇਆ ਜੀਉ।” (ਪੈਦਾ ਕਰ/ਸਿਰਜ ਕੇ)
– ਗਉ ੫, ੧੬੬*, ੧:੨ (216)
“ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ।” (ਕੀਤੇ/ਥਾਪੇ ਹੋਏ)
– ਰਾਮ ਬਸ, ਵਾਰ ੨:੧੦ (967)
“ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ।” (ਕਿਸ ਤਰਾਂ ਕਰਕੇ, ਕਿੰਝ)
– ਜਪੁ ੧, ੨੧:੧੫ (4)
“ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ।” (ਕਰਕੇ, ਕਿੰਝ)
– ਗਉ ੩, ਛੰਤ ੪, ੧:੧ (245)
“ਵੇਖੈ ਵਿਗਸੈ ਕਰਿ ਵੀਚਾਰੁ।” (ਵਿਚਾਰ ਕਰਕੇ)
– ਜਪੁ ੧, ੩੭:੧੭ (8)
“ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ।” (ਕਰਕੇ, ਬਣਾਕੇ)
– ਸਿਰੀ ੩, ੩੫, ੧:੧ (26)
“ਬਹੁਤੁ ਦਰਬੁ ਕਰਿ ਮਨੁ ਨ ਅਘਾਨਾ।” (ਭਾਵ ਇਕਠਾ ਕਰਕੇ)
– ਗਉ ੫, ੮੦, ੧:੧ (179)
“ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ।” (ਕਰਕੇ ਭਾਵ ਫੜ ਕੇ)
– ਆਸਾ ੪, ੬੧, ੧:੧ (368)

ਹੋਰ ਰੂਪ:

ਕਰਿਉ –
“ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।” (ਕਰਿਆ ਜੇ, ਕਰਕੇ ਦਸੋ)
– ਸੂਹੀ ੪, ੧੫, ੩:੧ (736)

(2) ਕੇ
“ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।”
– ਗਉ ੧, ਸੋਹ ੧, ੩:੧ (12)
“ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ।”
– ਗਉ ੯, ੬, ੧*:੨ (220)
“ਦਾਨੁ ਦੇਇ ਕਰਿ ਪੂਜਾ ਕਰਨਾ।” (ਦਾਨ ਦੇ ਕੇ)
– ਆਸਾ ੫, ੮, ੧:੧ (372)

(3) ਕਰੋ
“ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ।”
– ਗਉ ੪, ਸੋਹ ੪, ੧*:੧ (13)
“ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।” (ਬਣਾ ਦਿਓ, ਕਰੋ)
– ਗਉ ੫, ਸੋਹ ੫, ੪:੨ (13)
“ਸੰਤੋਖੁ ਪਿਤਾ ਕਰਿ ਗੁਰੁ ਪੁਰਖੁ ਅਜਨਮਾ।” (ਬਣਾ)
– ਗਉ ੪, ੬੫, ੧:੩ (173)

ਹੋਰ ਰੂਪ:

ਕਰਿਅਹੁ –
“ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।” (ਕਰਨਾ, ਕਰਿਆ ਜੇ)
– ਰਾਮ ਸੁੰਦ, ਸਦ ੫:੧ (923)

ਕਰਿਆ –
“ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।” (ਕਰਦਾ ਹੈਂ)
– ਗੂਜ ੫, ਸੋਦ ੫, ੨:੨ (10)
“ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।” (ਕੀਤਾ ਹੈ)
– ਗੂਜ ੫, ਸੋਦ ੫, ੩:੨ (10)

(4) ਕੀਤੀ
“ਜਿਨਿ ਦੀਏ ਸੁ ਚਿਤਿ ਨ ਆਵਈ ਪਸੂ ਹਉ ਕਰਿ ਜਾਣੀ।” (ਆਪਣੀ ਕੀਤੀ ਸਮਝਦਾ ਹੈ)
– ਗਉ ੪, ੫੦, ੩:੩ (167)

ਹੋਰ ਰੂਪ:

ਕਰਿਓ –
“ਅੰਬਰੀਕ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ।” (ਕੀਤਾ, ਕਰਿਆ)

– ਮਾਰੂ ਨਾਮ, ੧, ੩:੧ (1105)

(5) ਸਦਕਾ, ਲਈ

"ਦਹ ਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ।"

– ਗਉ ੫, ੧੬੩*, ੧:੨ (215)

(6) ਸਮਝ ਕੇ, ਕਰਕੇ

"ਕਰਿ ਪੂਜੈ ਸਗਲ ਪਾਰਬ੍ਰਹਮੁ।"

– ਗਉ ੫, ਸੁਖ ੯, ੩:੪ (274)

"ਕਰਿ ਸੇਵਹਿ ਪੂਰਾ ਸਤਿਗੁਰੂ ਭੁਖ ਜਾਇ ਲਹਿ ਮੇਰੀ।" (ਪੂਰਾ ਸਤਿਗੁਰੂ ਸਮਝਕੇ)

– ਆਸਾ ੪, ਛੰਤ ੧੯, ੩:੩ (451)

"ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ।"

– ਸੂਹੀ ੩, ਵਾਰ ੧ਸ, ੩, ੧:੩ (785)

(7) ਹਥ ਵਿਚ, ਭਾਵ ਕਿਸਮਤ ਵਿਚ

"ਜੋ ਕਰਿ ਪਾਇਆ ਸੋਈ ਹੋਗੁ।"

– ਗਉ ੫, ਸੁਖ ੧੬, ੨:੨ (284)

"ਕਰਿ ਕਰਤੈ ਕਰਣੀ ਕਰਿ ਪਾਈ।" (ਪਹਿਲੇ 'ਕਰਿ' ਦੇ ਅਰਥ 'ਕਰਕੇ' 'ਸਿਰਜ ਕੇ' ਹੈ)

– ਰਾਮ ੧, ਓਅੰ ੧੮:੬ (932)

(8) ਸਹਾਰ, ਬਰਦਾਸ਼ਤ ਕਰ/ਉਠਾ ਉਠਾ ਕੇ (ਭਾਵ)

"ਧਾਵਤ ਜੋਨਿ ਜਨਮ ਭ੍ਰਮਿ ਥਾਕੇ ਅਬ ਦੁਖ ਕਰਿ ਹਮ ਹਾਰਿਓ ਰੇ।"

– ਗਉ ਕਬ, ੫੬, ੪:੧ (335)

"ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ।" (ਦੁੱਖ ਸੁੱਖ ਸਹਾਰ ਕੇ)

– ਸੂਹੀ ਕਬ, ੧, ੨:੧ (792)

(9) ਵਾਸਤੇ, ਲਈ, ਯੋਗ

"ਦੋਹਾਗਣੀ ਪਿਰ ਕੀ ਸਾਰ ਨ ਜਾਣਹੀ ਕਿਆ ਕਰਿ ਕਰਹਿ ਸੀਗਾਰੁ।" (ਕਿਸ ਵਾਸਤੇ)

– ਆਸਾ ੩, ਅਸ ੩੭, ੫:੧ (430)

(10) ਨਾਲ

"ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ।" (ਸਿਰ ਨਾਲ)

– ਬਿਲਾ ੫, ੫੧, ੧:੧ (813)

(11) ਰਖ

"ਹਰਿ ਸਭਨਾ ਕਾ ਹੈ ਖਸਮੁ ਸੋ ਭਗਤ ਜਨ ਚਿਤਿ ਕਰਿ।" (ਹੇ ਭਗਤ ਜਨ ਯਾਦ ਰੱਖ/ਹਿਰਦੇ ਵਿਚ ਰੱਖ)

– ਬਿਲਾ ੪, ਵਾਰ ੨:੪ (849)

ਕਰਿਆ ---- (1) ਕਰਨਾ, ਵੇਖੋ 'ਕਰਿ (3)

(2) ਕੀਤਾ ਭਾਵ ਜਪਿਆ

"ਜੋਗੀ ਗੋਰਖੁ ਗੋਰਖੁ ਕਰਿਆ।"

– ਗਉ ੪, ੧, ੧:੨ (163)

(3)ਕੀਤਾ/ਸਿਰਜਿਆ/ਬਣਾਇਆ ਗਿਆ

"ਕਈ ਜਨਮ ਸੈਲ ਗਿਰਿ ਕਰਿਆ।"

– ਗਉ ੫, ੭੨, ੨:੧ (176)

“ਏਕੁ ਬਗੀਚਾ ਪੇਡ ਘਨ ਕਰਿਆ।”

– ਆਸਾ ੫, ੫੬, ੧:੧ (385)

(4) ਬਣਾਇਆ, ਕੀਤਾ

“ਕਰਿ ਕਿਰਪਾ ਪ੍ਰਭਿ ਅਪਨਾ ਕਰਿਆ।”

– ਸੂਹੀ ੫, ੨੮, ੧:੨ (742)

ਕਰਿਹਉ ---- ਮੈਂ ਕਰਾਂ

“ਤਨੁ ਰੈਨੀ ਮਨੁ ਪੁਨਰਪਿ ਕਰਿਹਉ ਪਾਚਉ ਤਤ ਬਰਾਤੀ।”

– ਆਸਾ ਕਬ, ੨੪, ੧:੧ (482)

ਕਰਿਹਿ ----- ਕਰੇਂ

“ਜਿਸ ਨੋ ਨਦਰਿ ਕਰਹਿ ਤੂੰ ਅਪਣੀ ਸੋ ਗੁਰਮੁਖਿ ਕਰੇ ਵੀਚਾਰੁ ਜੀਉ।”

– ਆਸਾ ੪, ਛੰਤ ੧੪, ੧:੫ (448)

ਹੋਰ ਰੂਪ:

ਕਰਿਹੁ –

“ਹਰਿ ਸੇਵਹੁ ਖਿਨੁ ਖਿਨੁ ਢਿਲ ਮੂਲਿ ਨ ਕਰਹਿ ਜਿਤੁ ਅਸਥਿਰੁ ਜੁਗੁ ਜੁਗੁ ਹੋਵਹੁ।” (ਕਰਿਆ ਜੇ)

– ਸਿਰੀ ੪, ਪਹ ੩, ੪:੩ (77)

ਕਰਿਜੈ ----- ਕਰੀਏ

“ਧਨੁ ਧੰਨੁ ਜਨਮੁ ਸਚਿਆਰੀਆ ਮੁਖ ਉਜਲ ਸਚੁ ਕਰਿਜੈ।”

– ਗਉ ੪, ਵਾਰ ੨੦:੫ (312)

ਕਰਿਬੋ ----- ਕਰਦੇ ਹੋ

“ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ।”

– ਸਾਰ ਕਬ, ੨, ੩:੨ (1252)

ਕਰਿਯਉ ---- ਕੀਤਾ

“ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ।”

– ਸਵ ੩, ੧੬:੨ (1395)

ਕਰੀ ------ (1) ਕਰਾਂ

“ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।”

– ਜਪੁ ੧, ੬:੧ (2)

“ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ।” (ਕਰਾਂ, ਬਣਾਵਾਂ)

– ਮਾਝ ੧, ਵਾਰ ੪ਸ, ੧, ੧:੧ (139)

ਹੋਰ ਰੂਪ:

ਕਰੰੀ –

“ਅਰਦਾਸਿ ਕਰੰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ।”

– ਵਡ ੩, ਛੰਤ ੬, ੩:੨ (571)

ਕਰੀਅਹਿ –

"ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ।"

– ਸਾਰ ੫, ੩੫, ੨:੧ (1211)

ਕਰੀਅਹੁ –

"ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ।" (ਕਰਿਆ ਜੇ, ਕਰਿਓ)

– ਗਉ ੪, ਵਾਰ ੨੧ਸ, ੪, ੧:੭ (312)

(2) ਕੀਤੀ

"ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ।"

– ਸਿਰੀ ੫, ਛੰਤ ੩, ੫:੩ (81)

"ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ।" (ਕਰਦਾ)

– ਸਲੋ ਫਰ, ੧੧੫:੨ (1384)

"ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ।" (ਕੀਤਾ, ਕਮਾਇਆ)

– ਸਵ ੪, ਮਥੁ ੪:੧ (1409)

(3) ਕਰ, ਹਥ

"ਅਚੇਤ ਇਆਨੇ ਬਾਰਿਕ ਨਾਨਕ ਹਮ ਤੁਮ ਰਾਖਹੁ ਧਾਰਿ ਕਰੀ।" (ਸਿਰ ਤੇ ਹੱਥ ਧਰ ਕੇ ਬਚਾ ਲਿਆ)

– ਗੂਜ ੫, ੧੮, ੨:੨ (499)

(4) ਕਾਰ, ਕਾਜ, ਕੰਮ, ਧੰਧੇ

"ਕਾਮ ਕਰੀ ਸਭ ਤਿਆਗਿ ਕੈ ਹਉ ਸਰਣਿ ਪਰਉਗੀ।"

– ਸਾਰ ੫, ੧੩੬, ੨:੧ (1230)

ਕਰੀਆ ---- (1) ਕੀਤੀ, ਬਣਾਈ, ਸਾਜੀ

"ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ।"

– ਗਉ ੫, ੧੨੬*, ੪:੧ (206)

"ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿੰਨ ਕਰੀਆ।" (ਬਣਾਈਆਂ ਹਨ)

– ਸੂਹੀ ੫, ੪੪, ੧:੧ (746)

(2) ਮਲਾਹ, ਕਰ (ਚੱਪੂ) +ਧਾਰੀ

"ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ।"

– ਗਉ ਕਬ, ੬੯, ੧:੨ (338)

(3) ਕੀਤਾ

"ਤਉ ਮੈ ਹਰਿ ਹਰਿ ਕਰੀਆ।" (ਜਪਿਆ)

– ਬਿਹਾ ੫, ੧, ੧*:੧ (537)

"ਤਹਾ ਆਨਦ ਕਰੀਆ।" (ਕਰਦਾ ਹੈ)

– ਸੂਹੀ ੫, ੪੪, ੧:੪ (746)

(4) ਕਰਤਾ, ਕਰਨ ਵਾਲਾ, (ਮਹਾਨਕੋਸ਼)

"ਗੁਰੁ ਸਮਰਥੁ ਗਹਿ ਕਰੀਆ ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ।"

– ਸਵ ੪, ਕਲ ੨:੨ (1404)

('ਸ਼ਬਦਾਰਥ', 'ਦਰਪਣ' ਨੇ ਇਸ ਦੇ ਅਰਥ 'ਕੀਤੇ' ਦੇ ਹੀ ਕੀਤੇ ਹਨ।)

ਕਰੀਐ ----- (1) ਕਰੀਏ
"ਮੇਰੇ ਮਨ ਗੁਰੁ ਗੁਰੁ ਸਦ ਕਰੀਐ।" (ਜਪੀਏ)
- ਗਉ ੫, ੧੫੩*, ੧*:੧ (213)
"ਵੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ।" (ਕੀਤਾ ਜਾਵੇ)
- ਗਉ ੫, ਬਾਅ ੨੬:੩ (255)
"ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ।" (ਕਰੀਦੀ ਹੈ)
- ਆਸਾ ਕਬ, ੮, ੨:੧ (477)
(2) ਕਰੋ
"ਹਮ ਪਾਪੀ ਨਿਰਗੁਣ ਕਉ ਗੁਣੁ ਕਰੀਐ।"
- ਗਉ ੧, ਅਸ ੧੬, ੮:੧ (228)
"ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ।"
- ਬਿਲਾ ੫, ੧੧, ੪:੧ (804)
(3) ਕਰਨੀ ਚਾਹੀਦੀ ਹੈ
"ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ।"
- ਸਲੋ ਕਬ, ੯੩:੧ (1369)

ਕਰੀਹਾ ----- ਕਰੀਏ
"ਆਉ ਸਖੀ ਗੁਣ ਕਾਮਣ ਕਰੀਹਾ ਜੀਉ।" (ਬਣਾਈਐ)
- ਗਉ ੪, ੬੬, ੧:੧ (173)
ਹੋਰ ਰੂਪ:
ਕਰੀਹੈ -
"ਮਨੁ ਪਵਨੁ ਦੁਇ ਤੂੰਬਾ ਕਰੀਹੈ ਜੁਗ ਜੁਗ ਸਾਰਦ ਸਾਜੀ।" (ਕਰੀਏ)
- ਗਉ ਕਬ, ੫੩, ੩:੧ (335)

ਕਰੀਜਾ ----- ਕੀਤਾ
"ਕੋਟਿ ਤੀਰਥ ਇਸਨਾਨੁ ਕਰੀਜਾ।"
- ਪ੍ਰਭਾ ੫, ਅਸ ੩, ੬:੨ (1349)
ਹੋਰ ਰੂਪ:
ਕਰੀਜੈ -
"ਦੁਇ ਕਰ ਜੋੜਿ ਇਕੁ ਬਿਨਉ ਕਰੀਜੈ।" (ਕਰੋ)
- ਮਾਝ ੫, ੨੯, ੪:੧ (103)
"ਕਹੁ ਕਬੀਰ ਬਹੁ ਕਾਇ ਕਰੀਜੈ।" (ਕਾਹਦੇ ਲਈ ਕਰਨਾ ਹੈ)
- ਗਉ ਕਬ, ੫, ੪:੧ (324)
"ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ।" (ਕਰੀਏ)
- ਗੁਜ ੫, ਅਸ ੧, ੧*:੨, (507)
"ਖਾਜੈ ਪੈਝੈ ਰਲੀ ਕਰੀਜੈ।" (ਕਰਦਾ ਹੈ)
- ਮਾਰੂ ੧, ਸੋਲਾ ੭, ੧੩:੧ (1027)

ਕਰੀਠਾ ----- ਕਲੂਟਾ, ਮੁਹਾਵਰਾ 'ਕਾਰ ਕਰੀਠਾ' ਅਰਥਾਤ 'ਕਾਲਾ ਕਲੂਟਾ'।
"ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ।"

– ਗਉ ੪, ੬੧, ੩:੧ (171)

ਕਰੀਮ ----- (ਅ. ਕਰੀਮ) ਕਰਮ (ਬਖ਼ਸ਼ਿਸ਼) ਕਰਨ ਵਾਲਾ, ਦਿਆਲੂ, ਬਖ਼ਸ਼ਿੰਦ

“ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ।”

– ਤਿਲੰ ੧, ੧, ੧:੨ (721)

ਹੋਰ ਰੂਪ:

ਕਰੀਮਾ –

“ਕੁਦਰਤਿ ਕਾਦਰ ਕਰਣ ਕਰੀਮਾ।”

– ਮਾਰੂ ੫, ਸੋਲਾ ੧੨, ੧੫:੧ (1084)

ਕਰੀਮਾਂ –

“ਕਰੀਮਾਂ ਰਹੀਮਾਂ ਅਲਾਹ ਤੂ ਗਨੀਂ।” (ਹੇ ਬਖ਼ਸ਼ਿੰਦ)

– ਤਿਲੰ ਨਾਮ, ੨, ੧:੧ (727)

ਕਰੀਮੁ –

“ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ।”

– ਆਸਾ ੧, ਵਾਰ ੨੪:੨ (475)

ਕਰੀਵੇ ----- ਕਰਦਾ ਹੈ

“ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ।”

– ਸਿਰੀ ੪, ਵਾਰ ੩:੨ (83)

ਕਰੁ ------- (1) ਹਥ

“ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨ ਧਾਵੈ ਨਹ ਮਰੀ।”

– ਸਿਰੀ ੫, ਛੰਤ ੩, ੫:੪ (81)

(2) ਮਸੂਲ, ਟੈਕਸ

“ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ।”

– ਮਾਝ ੩, ਅਸ ੨੯, ੫:੧ (127)

(3) ਕਰੋ

“ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ।”

– ਗਉ ੯, ੯, ੨:੧ (220)

“ਜਿਉ ਜਾਨਹੁ ਤਿਉ ਕਰੁ ਗਤਿ ਮੇਰੀ।”

– ਸੂਹੀ ਰਵਿ, ੧, ੩:੪ (793)

“ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ।” (ਧਾਰਨ ਕਰੋ)

– ਸਵ ੪, ਨਲ ੮:੩ (1399)

“ਗੁਰੂ ਗੁਰੂ ਗੁਰੁ ਕਰੁ ਮਨ ਮੇਰੇ।” (ਜਪੋ)

– ਸਵ ੪, ਨਲ ੯:੧ (1399)

ਕਰੁਣ ------ ਦਇਆ ਸਰੂਪ

“ਕਰੁਣ ਕ੍ਰਿਪਾਲ ਗੋਪਾਲ ਦੀਨ ਬੰਧੁ ਨਾਨਕ ਉਧਰੁ ਸਰਨਿ ਪਰੀਆ।”

– ਕਾਨ ੫, ੩੦, ੨:੨ (1303)

ਕਰੁਣਾ ----- ਮਿਹਰ, ਦਇਆ

“ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ।”

– ਆਸਾ ੫, ਛੰਤ ੧੪, ੧:੩ (462)

“ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ।”

– ਜੈਤ ੫, ੧੦, ੧*:੨ (702)

ਕਰੁਣਾਨਿਧਿ -- ਦਇਆ ਦੇ ਖਜਾਨੇ/ਕੋਸ਼

“ਜੋ ਜੋ ਸਰਣਿ ਪਰਿਓ ਕਰੁਣਾਨਿਧਿ ਤੇ ਤੇ ਭਵਹਿ ਤਰਾਏ।”

– ਸਾਰ ੫, ੮, ੧*:੨ (1204)

ਕਰੁਣਾਪਤਿ -- ਦਇਆ ਦੇ ਸੁਆਮੀ/ਮਾਲਕ

“ਆਇਓ ਦੁਖ ਹਰਣ ਸਰਣ ਕਰੁਣਾਪਤਿ ਗਹਿਓ ਚਰਣ ਆਸਰਾ।”

– ਜੈਤ ੫, ੬, ੧:੨ (701)

“ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ।” (ਹੇ ਕਰੁਣਾ ਦੇ ਮਾਲਕ)

– ਬਿਲਾ ੫, ਛੰਤ ੩, ੩:੫ (847)

ਹੋਰ ਰੂਪ:

ਕਰੁਣਾਪਤੇ –

“ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣ ਗਾਉ।” (ਹੇ ਕਰੁਣਾ ਦੇ ਮਾਲਕ)

– ਸੂਹੀ ੫, ੪੩, ੨:੧ (745)

ਕਰੁਣਾਮਏ --- ਦਇਆ ਦੇ ਸਰੂਪ

“ਚਿੰਤਾਮਣਿ ਕਰੁਣਾਮਏ।”

– ਗਉ ੫, ੧੫੧*, ੧*:੧ (212)

ਹੋਰ ਰੂਪ:

ਕਰੁਣੁਮਯਹ –

“ਭ੍ਰਮੰਤਿ ਭ੍ਰਮੰਤਿ ਬਹੁ ਜਨਮ ਹਾਰਿਓ ਸਰਣਿ ਨਾਨਕ ਕਰੁਣੁਮਯਹ।”

– ਸਸ ੫, ੬੧:੪ (1359)

ਕਰੁਣਾਮੈ –

“ਦੀਨਾ ਨਾਥ ਅਨਾਥ ਕਰੁਣਾਮੈ ਸਾਜਨ ਮੀਤ ਪਿਤਾ ਮਹਤਰੀਆ।”

– ਗਉ ੫, ੧੧੫, ੨:੧ (203)

ਕਰੁਨਾਮੈ –

“ਨਾਨਕ ਕਹਤ ਗਾਇ ਕਰੁਨਾਮੈ ਭਵਸਾਗਰ ਕੈ ਪਾਰਿ ਉਤਰੁ ਰੇ।”

– ਗਉ ੯, ੯, ੨:੨ (220)

ਕਰੂਆ ----- ਕੌੜਾ

“ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ।”

– ਗਉ ੪, ੬੧, ੪:੨ (171)

ਕਰੂਪ ------ ਬਦਸ਼ਕਲ, ਕੋਹਜੀ ਸੂਰਤ ਵਾਲਾ, ਹੋਰ ਵੇਖੋ ‘ਕੁਰੂਪ’

“ਮਹਾ ਕਰੂਪ ਦੁਖੀਏ ਸਦਾ ਕਾਲੇ ਮੁਹ ਮਾਇਆ।”

– ਸਾਰ ੪, ਵਾਰ ੧੭:੨ (1244)

ਹੋਰ ਰੂਪ:

ਕਰੂਪਿ –
“ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ।”
– ਆਸਾ ਕਬ, ੩੨, ੧:੧ (483)
“ਨਿਰਗੁਨਿ ਕਰੂਪਿ ਕੁਲਹੀਣ ਨਾਨਕ ਹਉ ਅਨਦ ਰੂਪ ਸੁਆਮੀ ਭਰਤ।”
– ਦੇਵ ੫, ੩, ੨:੨ (529)

ਕਰੂਪੀ –
“ਦੂਜੈ ਭਾਇ ਕਰੂਪੀ ਦੂਖੁ ਪਾਵਹਿ ਆਗੈ ਜਾਇ।” (ਭੈੜੇ ਰੂਪ ਵਾਲੀਆਂ)
– ਵਡ ੩, ੪, ੨:੨ (559)

ਕਰੂਪੁ –
“ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ।”
– ਵਡ ੪, ਵਾਰ ੧੩ਸ, ੩, ੧:੧ (591)

ਕਰੂਰਿ ----- (ਸੰ.) ਗੁਸੈਲੀ, ਕ੍ਰੋਧ ਭਰੀ, ਤਿਖੀ
“ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।”
– ਆਸਾ ੫, ੯੬, ੧:੧ (394)

ਕਰੇ ------- (1) ਕਰਦਾ ਹੈ
“ਗਾਵੈ ਕੋ ਸਾਜਿ ਕਰੇ ਤਨੁ ਖੇਹ।”
– ਜਪੁ ੧, ੩:੫ (2)
“ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।”
– ਜਪੁ ੧, ੪:੨ (2)
“ਕਰੇ ਕਰਾਏ ਆਪਿ ਪ੍ਰਭੁ ਸਭੁ ਕਿਛੁ ਤਿਸ ਹੀ ਹਾਥਿ।” (ਕਰਦਾ ਹੈ)
– ਸਿਰੀ ੫, ੮੫, ੪:੧ (48)
(2) ਕਰਕੇ
“ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ।” (ਜਿਸ ਨੇ ਗੁਰੂ ਨੂੰ ਸਤਿ ਕਰਕੇ ਜਾਣਿਆ ਹੈ)
– ਮਾਝ ੫, ੨੪, ੩:੩ (101)

ਕਰੇਉ ----- ਕਰਦਾ ਹਾਂ
“ਵਾਹੁ ਵਾਹੁ ਹਿਰਦੈ ਉਚਰਾ ਮੁਖਹੁ ਭੀ ਵਾਹੁ ਵਾਹੁ ਕਰੇਉ।”
– ਗੂਜ ੩, ਵਾਰ ੧੭ਸ, ੩, ੧:੫ (515)
“ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ।” (ਕਰਦੇ/ਬਣਾਂਦੀ ਹਾਂ)
– ਮਾਰੂ ੧, ਅਸ ੯, ੧:੧ (1014)

ਕਰੇਇ ----- ਕਰਦਾ ਹੈ
“ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ।”
– ਸਿਰੀ ੧, ੭, ੧:੩ (16)

ਹੋਰ ਰੂਪ:

ਕਰੇਈ –
“ਨੰਨਾਕਾਰੁ ਨ ਕੋਇ ਕਰੇਈ।” (ਕਰਦਾ)
– ਗਉ ੧, ਅਸ ੨, ੨:੨ (221)

“ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ।” (ਕਰ ਲਵੇਂ, ਕਰੇਂ)
– ਆਸਾ ੧, ੩੫, ੪:੧ (359)

ਕਰੇਹ ------ **ਕਰਦਾ ਹੈ**
“ਨਾਨਕ ਤਾ ਕੀ ਭਗਤਿ ਕਰੇਹ।”
– ਗਉ ੫, ਸੁਖ ੬, ੩:੧੦ (270)
“ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ।” (ਕਰੋ)
– ਬਿਲਾ ੫, ੪੭, ੨:੧ (812)

ਹੋਰ ਰੂਪ:

ਕਰੇਂਹ –
“ਹਮ ਅਨਾਥ ਨਾਥ ਹਰਿ ਸਰਣੀ ਅਪੁਨੀ ਕ੍ਰਿਪਾ ਕਰੇਂਹ।” (ਕਰੋ)
– ਜੈਤ ੫, ੧੦, ੨:੧ (702)

ਕਰੇਹਾ –
“ਆਉ ਸਖੀ ਹਰਿ ਮੇਲੁ ਕਰੇਹਾ।” (ਕਰੀਏ)
– ਮਾਝ ੪, ੩, ੨:੧ (95)
“ਪੰਚ ਸਖੀ ਮਿਲਿ ਰੁਦਨੁ ਕਰੇਹਾ।” (ਕਰਦੀਆਂ ਹਨ)
– ਆਸਾ ੧, ੩੪, ੪:੧ (359)

ਹੋਰ ਰੂਪ:

ਕਰੇਹਿ –
“ਏਤੇ ਕੀਤੇ ਹੋਰਿ ਕਰੇਹਿ।” (ਸਿਰਜੇ)
– ਜਪੁ ੧, ੨੬:੨੧ (6)
“ਇਕਿ ਗਾਵਹਿ ਇਕ ਭਗਤਿ ਕਰੇਹਿ।” (ਕਰਦੇ ਹਨ; (ਰਾਸ) ਪਾਉਂਦੇ ਹਨ)
– ਗਉ ੩, ੨੪, ੨:੧ (158)

ਕਰੇਹੀ –
“ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ।” (ਕਰਨਾ)
– ਆਸਾ ੧, ੧੯, ੩:੧ (354)

ਕਰੇਹੁ –
“ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਐ।” (ਕਰੋ)
– ਆਸਾ ੧, ਅਸ ੨੧, ੮:੨ (422)

ਕਰੇਹੋ –
“ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ।” (ਕਰੋ)
– ਆਸਾ ੩, ਛੰਤ ੭, ੧:੧ (440)

ਕਰੇਗੁ ----- **ਕਰੇਗਾ**
“ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ।”
– ਬਿਹਾ ੪, ਵਾਰ ੧੯ਸ, ੩, ੧:੨ (556)

ਕਰੇਜੇ ------ **ਕਲੇਜੇ, ਦਿਲ**
“ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ।”
– ਸੋਰ ਭੀਖ, ੧, ੨:੧ (659)

ਕਰੇਣ ------ ਕਰਨ ਵਾਲਾ, ਕਰਨ ਯੋਗ
"ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ।"
- ਮਾਝ ੫, ਦਿਨ ੧:੭ (136)

ਕਰੇਦੜ ---- ਕਰਦਿਆਂ
"ਪਾਪ ਕਰੇਦੜ ਸਰਪਰ ਮੁਠੇ।"
- ਮਾਰੂ ੫, ਅਸ ੮, ੨:੧ (1019)

ਕਰੇਂਦਾ ----- ਕਰਦਾ
"ਊਂਨਵਿ ਊਂਨਵਿ ਆਇਆ ਅਵਰਿ ਕਰੇਂਦਾ ਵੰਨ।"
- ਮਲਾ ੧, ਵਾਰ ੫ਸ, ੩, ੧:੧ (1280)

ਕਰੇਦਿਆ --- ਕਰਦਿਆਂ
"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।"
- ਗੁਜ ੫, ਵਾਰ ੧੭ਸ, ੫, ੧:੧ (522)

ਕਰੇਦੀ ----- ਕਰਦੀ
"ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ।" (ਕਰਕੇ)
- ਆਸਾ ੧, ਵਾਰ ੫:੪ (465)
"ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ।" (ਕਰਦੀ)
- ਤੁਖਾ ੧, ਬਾਰਾ ੭:੨ (1108)

ਹੋਰ ਰੂਪ:

ਕਰੇਂਦੀ -
"ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ।" (ਕਰਦੀ)
- ਸਲੋ ਫਰ, ੧੧:੨ (1378)

ਕਰੇਦੀਏ -
"ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।" (ਕਰਦੀਏ)
- ਵਡ ੧, ੩, ੧:੬ (557)

ਕਰੇਦੇ -
"ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।" (ਕਰਦੇ)
- ਸਲੋ ਫਰ, ੯੯:੨ (1383)

ਕਰੇਨਿ ----- ਕਰਦੇ ਹਨ
"ਸਉਦੇ ਵਾਹੁ ਵਾਹੁ ਉਚਰਹਿ ਉਠਦੇ ਭੀ ਵਾਹੁ ਕਰੇਨਿ।"
- ਗਉ ੪, ਵਾਰ ੨੨ਸ, ੪, ੧:੫ (313)

ਕਰੇਰੈ ------ ਕਰਦੀ ਹੈ
"ਬਾਂਛਉ ਧੂਰਿ ਪਵਿਤ੍ਰ ਕਰੇਰੈ।"
- ਕਾਨ ੫, ੩੪, ੧:੨ (1304)

ਕਰੇਵ ------ ਕਰਦਾ ਹੈ
"ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ।"
- ਸਿਰੀ ੫, ੭੫, ੩:੩ (44)

ਹੋਰ ਰੂਪ:

ਕਰੇਵਹੋ –
“ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ।”
– ਵਡ ੧, ਅਲਾ ੫, ੨:੩ (582)

ਕਰੈ ------- ਕਰੇ
“ਜੇ ਕੋ ਕਹੈ ਕਰੈ ਵੀਚਾਰੁ।”
– ਜਪੁ ੧, ੧੬:੫ (3)

ਹੋਰ ਰੂਪ:

ਕਰੈਗਾ –
“ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ।” (ਕਰੇਗਾ)
– ਆਸਾ ਕਬ, ੮, ੨:੨ (477)

ਕਰੈਗੋ –
“ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ।” (ਕਰੇਗਾ)
– ਸੋਰ ੫, ੧੯, ੩:੨ (614)

ਕਰੋ ------- ਬਣਾਓ
“ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ।”
– ਸਿਰੀ ੧, ੨੬, ੧:੧ (23)
“ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ।”
– ਸਸ ੫, ੫੦:੩ (1358)

ਕਰੋਤਿ ----- ਕਰਦਾ ਹੈ
“ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ।”
– ਸਸ ੫, ੧:੩ (1354)

ਕਰੋਧ ------ (ਸੰ.) ਗੁੱਸਾ
“ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ।”
– ਮਾਰੂ ੩, ਵਾਰ ੯:੩ (1089)
“ਕਾਮ ਕਰੋਧ ਮਹਾ ਬਿਖਿਆ ਰਸ ਇਨ ਤੇ ਭਏ ਨਿਰਾਰੇ।”
– ਮਲਾ ੫, ੧੩, ੨:੧ (1269)

ਹੋਰ ਰੂਪ:

ਕਰੋਧਾ –
“ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ।” (ਕ੍ਰੋਧ)
– ਮਾਰੂ ੫, ਅਸ ੭, ੨:੧ (1019)

ਕਰੋਧਿ –
“ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।” (ਕ੍ਰੋਧ ਨਾਲ)
– ਗਉ ੪, ਸੋਹ ੪, ੧:੧ (13)
“ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ।” (ਕ੍ਰੋਧ)
– ਸਿਰੀ ੫, ਅਸ ੨੬, ੪:੧ (70)

ਕਰੋਧੀ –
"ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ।" (ਕ੍ਰੋਧ ਵਿਚ)
– ਬਿਲਾ ੫, ੩੬, ੩:੨ (809)

ਕਰੋਧੁ –
"ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ।" (ਕ੍ਰੋਧ ਨੂੰ)
– ਮਾਝ ੧, ਵਾਰ ੧੬:੫ (145)

"ਬਸਇ ਕਰੋਧੁ ਸਰੀਰਿ ਚੰਡਾਰਾ।" (ਕ੍ਰੋਧ)
– ਸੂਹੀ ੫, ਅਸ ੧, ੩:੧ (759)

ਕਰੋਰਿ ----- ਕ੍ਰੋੜ, ਸੌ ਲੱਖ
"ਨਾਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ।"
– ਸਲੋ ਕਬ, ੨੭:੨ (1365)

ਹੋਰ ਰੂਪ:

ਕਰੋਰੀ –
"ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ।" (ਕਰੋੜਾਂ ਵਿਚ)
– ਗਉ ੫, ੧੩੪*, ੩:੧ (208)

"ਲਾਖ ਕਰੋਰੀ ਬੰਧੁ ਨ ਪਰੈ।" (ਕਰੋੜਾਂ ਨਾਲ)
– ਗਉ ੫, ਸੁਖ ੨, ੨:੩ (264)

ਕਰੋਰੈ –
"ਕਿਛੁ ਸੰਗਿ ਨ ਚਾਲੈ ਲਾਖ ਕਰੋਰੈ।"
– ਕਾਨ ੫, ੩੪, ੧:੫ (1304)

ਕਰੋੜਿ ----- ਸੌ ਲੱਖ, ਕ੍ਰੋੜ
"ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ।"
– ਸਿਰੀ ੫, ੬੨, ੩:੨ (50)

ਹੋਰ ਰੂਪ:

ਕਰੋੜੀ –
"ਤੇਤੀਸ ਕਰੋੜੀ ਦਾਸ ਤੁਮ੍ਹਾਰੇ ਰਿਧਿ ਸਿਧਿ ਪ੍ਰਾਣ ਅਧਾਰੀ।" (ਕ੍ਰੋੜ)
– ਆਸਾ ੩, ਅਸ ੨੩, ੨:੧ (423)

ਕਰੋੜੇ –
"ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ।" (ਕ੍ਰੋੜਾਂ)
– ਗਉ ੪, ਵਾਰ ੧੧:੨ (306)

ਕਰੵਉ ----- ਕਰ ਦਿਤਾ
"ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰੵਉ।"
– ਸਵ ੪, ਨਲ ੧੧:੪ (1400)

ਕਰ੍ਹੈ ------- ਕੜ੍ਹਦਾ, ਕੁੜ੍ਹਦਾ, ਸੰਤਾਪ ਵਿਚ ਹੁੰਦਾ
"ਕਰ੍ਹੈ ਨ ਝੁਰੈ ਨਾ ਮਨੁ ਰੋਵਨਹਾਰਾ।"
– ਆਸਾ ੫, ੨੧, ੧*:੧ (376)

ਕਲ ------- (1) ਕਲਾ, ਸ਼ਕਤੀ

"ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ।"

– ਮਾਝ ੧, ਵਾਰ ੨੩ਸ, ੨, ੨:੪ (148)

"ਜਿਸੁ ਭੁਲਾਏ ਆਪਿ ਤਿਸੁ ਕਲ ਨਹੀ ਜਾਣੀਆ।" (ਸ਼ਕਤੀ ਅਕਾਲ ਪੁਰਖ ਦੀ)

– ਗਉ ੫, ਵਾਰ ੧੬ਸ, ੫, ੨:੬ (322)

"ਬੰਧਨ ਕਾਟੈ ਸੋ ਪ੍ਰਭੂ ਜਾ ਕੈ ਕਲ ਹਾਥ।" (ਸਮਰਥਾ, ਸ਼ਕਤੀ)

– ਬਿਲਾ ੫, ੫੭, ੧:੧ (815)

(2) ਅਵਿਦਿਆ/ਅਗਿਆਨਤਾ ਰੂਪੀ ਕਲ (ਸ਼ਕਤੀ)

"ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ।"

– ਗਉ ਕਬ, ੪੬, ੨:੧ (332)

(3) ਸਰੀਰ ਦੀ ਬਣਤਰ

"ਚਰਣ ਨ ਛਾਡਉ ਸਰੀਰ ਕਲ ਜਾਈ।"

– ਗਉ ਰਵਿ, ੧, ੨:੨ (345)

('ਦਰਪਣ' ਇਥੇ ਵੀ 'ਕਲ' ਦਾ ਅਰਥ 'ਸ਼ਕਤੀ ਅਥਵਾ ਸਤਿਆ' ਹੀ ਕਰਦਾ ਹੈ)

(4) ਕਲਾ, ਕਾਰੀਗਰੀ, ਹੁਨਰ

"ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ।" (ਸਾਰੀ ਕਾਰੀਗਰੀ ਦਿਖਾਈ/ਵਰਤੀ ਹੈ)

– ਗੂਜ ੪, ਅਸ ੧, ੭:੧ (507)

"ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ।"

– ਸਲੋ ੧, ੩:੧ (1410)

(5) ਕਲਜੁਗ

"ਕਲ ਮਹਿ ਰਾਮ ਨਾਮੁ ਸਾਰੁ।"

– ਧਨਾ ੧, ੮, ੧*:੧ (662)

(6) ਇਜ਼ਤ ਲਾਜ (ਦਰਪਣ)

"ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ।" ਸ਼ਕਤੀ, ਧਰਮ ਸਤਾ (ਸ਼ਬਦਾਰਥ)

– ਸੂਹੀ ੫, ੫੭, ੪:੨ (750)

(7) ਕਲਸਹਾਰ, ਇਕ ਭੱਟ ਜਿਸ ਦੀ ਬਾਣੀ ਸਵਯਾਂ ਦੇ ਰੂਪ ਵਿਚ ਗੁਰੂ ਗ੍ਰੰਥ ਵਿਚ ਦਰਜ ਹੈ

"ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ।"

– ਸਵ ੧, ੯:੪ (1389)

(8) ਸੁੰਦਰ

"ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।" (ਅੰਮ੍ਰਿਤ ਦੇ ਸੁੰਦਰ ਬਚਨ ਹਨ)

– ਸਵ ੨, ੫:੪ (1391)

(9) ਭਾਗ, ਅੰਸ਼

"ਤ੍ਰੇਤੈ ਇਕ ਕਲ ਕੀਨੀ ਦੂਰਿ।"

– ਰਾਮ ੩, ੧, ੨:੧ (880)

ਕਲਉ ----- ਕਲਮ

"ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।"
– ਸਿਰੀ ੪, ਵਾਰ ਪਸ, ੩, ੧:੩ (84)

ਕਲਸਹਾਰ --- ਇਕ ਭੱਟ, ਵੇਖੋ 'ਕਲ' (7)
"ਕਹੁ ਕੀਰਤਿ ਕਲਸਹਾਰ ਸਪਤ ਦੀਪ ਮਝਾਰ ਲਹਣਾ ਜਗਤ੍ਰ ਗੁਰੁ ਪਰਸਿ ਮੁਰਾਰਿ।"
– ਸਵ ੨, ੧:੭ (1391)

ਕਲਸ ------ ਮਟ, ਘੜਾ ਜਿਸ ਵਿਚੋਂ ਚੋ ਚੋ ਕੇ ਅਰਕ ਜਾਂ ਸ਼ਰਾਬ ਪੈਂਦੀ ਹੈ।
"ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ।"
– ਸਿਰੀ ਕਬ, ੩, ੨:੧ (92)

ਕਲਸੁ ----- (1) ਮੰਦਰ, ਗੁਰਦੁਆਰੇ ਆਦਿ ਧਰਮ-ਸਥਾਨ ਦਾ ਮੁਕਟ ਜੋ ਸੋਨੇ ਦੇ ਪੱਤਰਾਂ ਵਿਚ ਮੜ੍ਹਿਆ ਹੁੰਦਾ ਹੈ
"ਗੁਰ ਅਰਜੁਨ ਕਲ੍ਯ੍ਚਰੈ ਤੈ ਜਨਕਹ ਕਲਸੁ ਦੀਪਾਇਅਉ।"
– ਸਵ ੫, ਕਲ ੯:੪ (1408)

ਕਲਹ ------ ਝਗੜਾ
"ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ।"
– ਗਉ ੪, ਵਾਰ ੩੨:੭ (317)

ਹੋਰ ਰੂਪ:

ਕਲਹਿ –
"ਕਲਹਿ ਬੁਰੀ ਸੰਸਾਰਿ ਵਾਦੇ ਖਪੀਐ।" (ਝਗੜਾ, ਬਿਖਾਧ)
– ਮਾਝ ੧, ਵਾਰ ੯:੩ (142)

ਕਲੰਕ ----- (ਸੰ.) ਐਬ/ਦੋਸ਼ ਦਾ ਧੱਬਾ, ਬਦਨਾਮੀ ਦਾ ਦਾਗ਼
"ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ।"
– ਗਉ ੫, ੯੫, ੩:੪ (184)

ਹੋਰ ਰੂਪ:

ਕਲੰਕੁ –
"ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ।"
– ਟੋਡੀ ਨਾਮ, ੨, ੧*:੧ (718)

"ਪਰਹਰਿ ਮੈਲੁ ਜਲਾਇ ਕਲੰਕੁ।"
– ਰਾਮ ੧, ਓਅੰ ੨੨:੪ (932)

ਕਲਖਾ ----- ਕਾਲਾ-ਭਾਵ ਭੈ-ਦਾਇਕ
"ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ।"
– ਮਾਰੂ ੩, ਵਾਰ ੩:੩ (1088)

ਕਲੰਗਾ ----- ਕਲੰਕ, ਬਦਨਾਮੀ/ਐਬ/ਦੋਸ਼ ਦਾ ਦਾਗ਼
"ਜਨ ਕੀ ਧੂਰਿ ਕੀਓ ਮਜਨੁ ਨਾਨਕ ਜਨਮ ਜਨਮ ਕੇ ਹਰੇ ਕਲੰਗਾ।"
– ਬਿਲਾ ੫, ੧੨੦, ੨:੨ (828)

ਕਲਘਾ ----- ਕਾਲ ਨੇ
"ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ।"
– ਸੂਹੀ ੪, ੨, ੨:੧ (731)

ਕਲਜੁਗ ---- ਹਿੰਦੂ ਮਤ ਦੇ ਗ੍ਰੰਥਾਂ ਅਨੁਸਾਰ ਸ੍ਰਿਸ਼ਟੀ ਦੇ ਆਰੰਭ ਤੋਂ ਸਾਰੇ ਸਮੇਂ ਨੂੰ ਚਹੁੰ ਜੁੱਗਾਂ ਵਿਚ ਵੰਡਿਆ ਹੋਇਆ ਹੈ। ਸਤਜੁਗ, ਤ੍ਰੇਤਾ, ਦੁਆਪਰ ਤੇ ਕਲਜੁਗ। ਵਰਤਮਾਨ ਸਮਾਂ ਕਲਜੁਗ ਦਾ ਮੰਨਿਆ ਜਾਂਦਾ ਹੈ।
"ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ।"
– ਗਉ ੩, ੩੦, ੪:੧ (161)

ਹੋਰ ਰੂਪ:

ਕਲਜੁਗਿ –
"ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ।" (ਕਲਜੁਗ ਅੰਦਰ/ਵਿਚ)
– ਆਸਾ ੧, ਵਾਰ ੧੩ਸ, ੧, ੧:੬ (470)

ਕਲਤ ------ (ਸੰ.) ਪਤਨੀ, ਵਹੁਟੀ, ਇਸਤਰੀ
"ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ।"
– ਪ੍ਰਭਾ ੪, ੬, ੩:੧ (1337)

ਹੋਰ ਰੂਪ:

ਕਲਤਿ –
"ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ।"
– ਆਸਾ ੩, ੪੭, ੧*:੨ (363)

ਕਲਤੁ –
"ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ।"
– ਸਿਰੀ ੪, ੭੦, ੧*:੨ (41)

"ਸੰਪੈ ਹੇਤੁ ਕਲਤੁ ਧਨੁ ਤੇਰੈ।"
– ਭੈਰ ਕਬ, ੨, ੧*:੨ (1157)

(ਮਹਾਨਕੋਸ਼ ਇਥੇ 'ਕਲਤੁ' ਦੇ ਅਰਥ 'ਇਕਠਾ ਕੀਤਾ ਹੋਇਆ' ਕਰਦੇ ਹਨ)

ਕਲਤ੍ਰ ------ ਇਸਤਰੀ, ਪਤਨੀ, ਵੇਖੋ 'ਕਲਤ'
"ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ।"
– ਸਿਰੀ ੫, ੭੧, ੧:੧ (42)

ਹੋਰ ਰੂਪ:

ਕਲਤ੍ਰਿ –
"ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਿਰ ਲੋਭਾਨੁ।"
– ਸਿਰੀ ੫, ਪਹ ੪, ੩:੨ (77)

ਕਲਤ੍ਰੁ –
"ਜਿਥੈ ਪੁਤੁ ਕਲਤ੍ਰੁਜ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ।"
– ਵਡ ੪, ਛੰਤ ੩, ੨:੪ (573)

ਕਲੰਦਰ ---- (ਫ਼ਾ. ਕ਼ਲਨਦਰ) ਫਕੀਰਾਂ ਦੇ ਪੰਜ ਦਰਜਿਆਂ ਵਿਚ ਪੰਜਵਾਂ ਦਰਜ, ਵੇਖੋ 'ਅਬਦਾਲਾ' (2)
"ਆਉ ਕਲੰਦਰ ਕੇਸਵਾ।"
- ਭੈਰ ਨਾਮ, ੧, ੧*:੧ (1167)

ਹੋਰ ਰੂਪ:

ਕਲੰਦਰੁ -
"ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ।"
- ਬਿਲਾ ੧, ੨, ੧:੧ (795)

ਕਲਧਾਰਿ --- ਸ਼ਕਤੀ ਦੁਆਰਾ/ਸਦਕਾ, ਸ਼ਕਤੀ ਵਰਤਾ ਕੇ
"ਧਰਣਿ ਗਗਨੁ ਕਲਧਾਰਿ ਰਹਾਵੈ।"
- ਆਸਾ ੧, ਅਸ ੫, ੫:੨ (414)

ਕਲਪ ------ (1) ਕਲਪਨਾ ਦਾ ਸੰਖੇਪ
"ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ।"
- ਸਿਰੀ ੧, ੧੧, ੧:੩ (18)

(2) ਚਾਰ ਜੁਗਾਂ ਦਾ ਸਮਾਂ
"ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ।"
- ਸਾਰ ੧, ੨, ੧*:੨ (1232)

ਕਲਪਣਾ ---- ਮਨ ਦੀ ਖਿਝ
"ਮਨੁ ਦ੍ਰਿੜ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ।"
- ਰਾਮ ੩, ਅਸ ੧, ੩:੧ (908)

ਕਲਪਤਰ --- ਕਲਪ ਬ੍ਰਿਛ, ਦੇਵਤਿਆਂ ਦਾ ਬ੍ਰਿਛ ਜੋ ਜੀਵ ਦੀਆਂ ਮਨੋਕਾਮਨਾ ਪੂਰਨ ਕਰਨ ਵਾਲਾ ਹੁੰਦਾ ਹੈ।
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।"
- ਧਨਾ ਤ੍ਰਿਲੋ, ੧, ੪:੧ (395)

ਕਲਪਨ ---- ਖਿਝ/ਕਲਪਨਾ
"ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ।"
- ਮਾਰੂ ੫, ੧੫, ੧:੨ (1003)

ਹੋਰ ਰੂਪ:

ਕਲਪਨਾ -
"ਕਾਲ ਕਲਪਨਾ ਕਦੇ ਨ ਖਾਇ।" (ਚਿੰਤਾ, ਫਿਕਰ)
- ਗਉ ਕਬ, ਥਿਤੀ ੨:੩ (343)

ਕਲਪਾਵੈ ---- ਦੁੱਖ ਦਿੰਦੀ/ਦੁਖੀ ਕਰਦੀ ਹੈ
"ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ।"
- ਆਸਾ ੫, ੧, ੨:੩ (370)

ਕਲਪੁ ------ ਇਲਾਜ

“ਬਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ।” (ਕਾਇਆਂ ਦਾ ਇਲਾਜ ਕਰੇ)
– ਰਾਮ ਨਾਮ, ੪, ੧:੧ (973)

ਕਲਪੈ ------ ਦੁਖੀ ਹੋਵੇ
“ਰੋਵੈ ਪੂਤੁ ਨ ਕਲਪੈ ਮਾਈ।”
– ਆਸਾ ੧, ੨੩, ੨:੨ (356)

ਕਲਮ ------ (1) (ਅ. ਕ਼ਲਮ) ਲੇਖਣੀ, ਲਿਖਣ ਦਾ ਸੰਦ
“ਕਾਗਦਿ ਕਲਮ ਨ ਲਿਖਣਹਾਰੁ।”
– ਜਪੁ ੧, ੧੨:੩ (3)
“ਕਲਮ ਕਾਗਦ ਸਿਆਨਪ ਲੇਖੀ।”
– ਗਉ ੫, ੮੧, ੧:੨ (179)

ਹੋਰ ਰੂਪ:

ਕਲੰਮ –
“ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ।”
– ਫੁਨ ੫, ੧, ੧:੧ (1361)
(2) ‘ਕਲਮਾ’ ਦਾ ਸੰਖੇਪ
“ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ।” (ਚੰਗੀ ਤਰ੍ਹਾਂ ਪਵਿਤਰ ਹੋਣਾ ਕਲਮਾ ਹੈ)
– ਮਾਰੂ ੫, ਸੋਲਾ ੧੨, ੨:੩ (1083)

ਕਲਮਲ ---- (ਸੰ.) (1) ਪਾਪ, ਪਾਪਾਂ ਦੀ ਮੈਲ (ਸ਼ਬਦਾਰਥ)
“ਜਿਨ ਦੇਖੇ ਸਭ ਉਤਰਹਿ ਕਲਮਲ।”
– ਮਾਝ ੫, ੪੯, ੪:੨ (108)

ਹੋਰ ਰੂਪ:

ਕਲਮਲਾ –
“ਚਿਤਵਤਾ ਗੋਪਾਲ ਦਰਸਨ ਕਲਮਲਾ ਕਢੁ ਧੋਇ।”
– ਸਾਰ ੫, ੧੨੫, ੧:੧ (1228)
(2) ਗੰਦਗੀ, ਬੁਰਾਈ, ਕਾਲਖ
“ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ।”
– ਆਸਾ ੫, ਛੰਤ ੯, ੪:੨ (459)

ਹੋਰ ਰੂਪ:

ਕਲਮਲਾ –
“ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ।”
– ਆਸਾ ੫, ਛੰਤ, ੧੦, ੧:੫ (459)

ਕਲਮਲਿ ---- ਦੁੱਖ ਨਾਲ ਮਲੀ ਹੋਈ, ਵਿਆਕੁਲ
“ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ।”
– ਮਲਾ ੧, ਵਾਰ ੭ਸ, ੩, ੨:੧ (1281)

ਕਲਮਾ ----- (1) (ਅ.ਕਲਮਹ) ਮੁਸਲਮਾਨਾਂ ਦਾ ਮੂਲ ਮੰਤਰ

“ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।”

- ਮਾਝ ੧, ਵਾਰ ੭ਸ, ੧, ੧:੩ (140)

(2) (ਅ. ਕ਼ਲਮ) ਲੇਖਣੀ, ਕਲਮ

“ਬਸੁਧ ਕਾਗਦ ਬਨਾਰਜ ਕਲਮਾ ਲਿਖਣ ਕਉ ਜੇ ਹੋਇ ਪਵਨ।”

- ਆਸਾ ੫, ਛੰਤ ੮, ੪:੫ (458)

ਕਲਰ ------ ਸ਼ੋਰੇ ਵਾਲੀ ਮਿੱਟੀ, ਸ਼ੋਰਾ

“ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।”

- ਸਿਰੀ ੧, ੧੩, ੧:੨ (18)

“ਮਸਤਕਿ ਭਾਰੁ ਕਲਰ ਸਿਰਿ ਭਾਰਾ।” (ਨਿਹਫਲ ਕਰਮਾਂ ਰੂਪੀ ਕਲਰ ਦਾ ਭਾਰ)

- ਮਾਰੂ ੧, ਸੋਲਾ ੯, ੮:੧ (1029)

ਹੋਰ ਰੂਪ:

ਕਲਰਾ -

“ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ।” (ਕਲਰ/ਸ਼ੋਰੇ ਵਾਲਾ ਖੇਤ)

- ਬਸੰ ੧, ੯, ੧*:੧ (1171)

ਕਲਰਿ -

“ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ।” (‘ਕਲਰ’ ਵਿਚ, ਸ਼ੋਰੇ ਵਾਲੀ ਮਿੱਟੀ ਵਿਚ)

- ਆਸਾ ੧, ਅਸ ੧੫, ੪:੧ (419)

ਕਲਰੁ -

“ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੈ ਕੇ ਖਲਵਾਰੇ।” (ਕਲਰ ਦੇ)

- ਨਟ ੪, ਅਸ ੨, ੬:੧ (981)

ਕਲਵਤਿ ---- (ਸੰ.) ਆਰਾ

“ਕੰਚਨ ਵੰਨੇ ਪਾਸੇ ਕਲਵਤਿ ਚੀਰਿਆ।”

- ਆਸਾ ਫਰ, ੨, ੪:੨ (488)

ਕਲਵਾਰਿ --- ਕਲਾਲਣ, ਸ਼ਰਾਬ, ਕਢਣ/ਵੇਚਣ ਵਾਲੇ ਦੀ ਪਤਨੀ ਭਾਵ ਨੀਵੀ ਕੁਲ ਦੀ

“ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ।”

- ਕੇਦਾ ਕਬ, ੩, ੧:੧ (1123)

ਕਲਵਾਲੀ --- ਸ਼ਰਾਬ ਵੇਚਣ ਵਾਲੀ

“ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ।”

- ਆਸਾ ੧, ੫, ੪:੧ (350)

(2) ਸ਼ਰਾਬ ਕੱਢਣ ਵਾਲੀ ਮੱਟੀ

“ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ।”

- ਬਿਹਾ ੪, ਵਾਰ ੧੨ਸ, ਮਰ, ੧:੧ (553)

(3) ਕਲਹ (ਦੁੱਖ) ਵਾਲੀ, ਅਸ਼ਾਂਤ

“ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ।”

- ਰਾਮ ੧, ਅਸ ੧, ੫:੧ (903)

ਕਲਾ ------ (1) ਸ਼ਕਤੀ
"ਕਲਾ ਧਰੈ ਹਿਰੈ ਸੁਈ।" (ਸ਼ਕਤੀ ਦਿੰਦਾ ਹੈ)
– ਮਾਝ ੧, ਵਾਰ ੧੩ਸ, ੧, ੭:੩ (144)
"ਆਪਣੀ ਕਲਾ ਆਪੇ ਹੀ ਜਾਣੈ।" (ਗੁਝੀ ਸ਼ਕਤੀ)
– ਗਉ ੩, ੨੫, ੪:੩ (159)
"ਡਰੀਐ ਤਾਂ ਜੇ ਕਿਛੁ ਆਪਦੂ ਕੀਚੈ ਸਭੁ ਕਰਤਾ ਆਪਣੀ ਕਲਾ ਵਧਾਏ।" (ਸ਼ਕਤੀ, ਵਡਿਆਈ)
– ਗਉ ੪, ਵਾਰ ੧੪ਸ, ੪, ੨:੨ (308)

(2) ਹੁਨਰ
"ਅਕਲ ਕਲਾ ਸਚੁ ਸਾਚਿ ਟਿਕਾਵੈ।"
– ਆਸਾ ੧, ਅਸ ੭, ੪:੨ (414)
"ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ।"
– ਰਾਮ ਨਾਮ, ੧, ੧*:੨ (972)

(3) ਖੇਡ, ਬਾਜ਼ੀ, ਭਾਵ ਹੁਕਮ
"ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ।"
– ਆਸਾ ੧, ਵਾਰ ੧੨:੩ (469)
"ਪ੍ਰਭ ਕੀ ਕਲਾ ਨ ਮੇਟੀ ਜਾਈ।" (ਹੁਕਮ)
– ਭੈਰ ਕਬ, ੮, ੩:੨ (1159)

(4) ਆਧਾਰ, ਸਹਾਰਾ
"ਬਾਝੁ ਕਲਾ ਆਡਾਣੁ ਰਹਾਇਆ।"
– ਮਾਰੂ ੧, ੧੫, ੧੪:੨ (1036)

(5) ਭਾਗ, (ਚੰਦਰਮਾ ਹਰ ਰੋਜ ਇਕ ਕਲਾ ਵੱਧਦਾ ਹੈ ਤੇ ਪੂਰਨਮਾਸ਼ੀ ਨੂੰ ਪੂਰਾ ਹੁੰਦਾ ਹੈ। 'ਸੋਲਹ ਕਲਾ ਸੰਪੂਰਨ' ਤੋਂ ਭਾਵ ਵੀ ਪੂਰਨ ਰੂਪ ਵਿਚ ਪੂਰਾ)
"ਸੋਲਹ ਕਲਾ ਸੰਪੂਰਨ ਫਲਿਆ।"
– ਮਾਰੂ ੫, ੯, ੧੬:੧ (1081)

ਕਲਾਣ ----- ਅਸੀਸਾਂ ਦੇ ਅਥਵਾ ਬੰਸਾਵਲੀ ਦਾ ਉਚਾਰਣ ਕਰਕੇ ਮੰਗਣਾ, ਜਸ ਕਰਨਾ
"ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ।"
– ਸੂਹੀ ੩, ਵਾਰ ੧੪ਸ, ੧, ੨:੧ (790)

ਹੋਰ ਰੂਪ:

ਕਲਾਣਿ –
"ਸਚਾ ਖਸਮੁ ਕਲਾਣਿ ਕਮਲੁ ਵਿਗਸਿਆ।" (ਜਸ ਕਰਕੇ)
– ਮਾਝ ੧, ਵਾਰ ੨੩:੨ (148)

ਕਲਾਣਿਆ –
"ਤੁਧੁ ਸਚੇ ਸੁਬਹਾਨੁ ਸਦਾ ਕਲਾਣਿਆ।" (ਜਸ ਗਾਂਵਿਆ ਹੈ)
– ਮਾਝ ੧, ਵਾਰ ੨੬:੧ (150)

ਕਲਾਣੇ –
"ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ।" (ਜਸ ਗਾਉਂਦਾ ਹੈ)
– ਰਾਮ ੫, ਵਾਰ ੧੧:੫ (962)

ਕਲਾਧਾਰਿ --- ਸ਼ਕਤੀ ਗ੍ਰਹਿਣ ਕਰਕੇ
"ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਯਉ।"
- ਸਵ ੩, ੧੬:੧ (1395)

ਹੋਰ ਰੂਪ:

ਕਲਾਧਾਰੀ -
"ਆਦਿ ਜੁਗਾਦਿ ਅਨਾਦਿ ਕਲਾਧਾਰੀ ਤ੍ਰਿਹੁ ਲੋਅਹ।" (ਸ਼ਕਤੀ ਧਾਰਨ ਕੀਤੀ ਹੋਈ ਹੈ)
- ਸਵ ੪, ਸਲ ੨:੩ (1406)

ਕਲਾਮ ----- ਕਲਮ, ਲੇਖਣੀ, ਵੇਖੋ 'ਕਲਮ'
"ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ।"
- ਸਾਰ ੪, ਵਾਰ ੯ਸ, ੧, ੨:੭ (1241)

ਕਲਾਲਨਿ --- (1) ਸ਼ਰਾਬ ਵੇਚਣ/ਪਿਆਉਣ ਵਾਲੀ
"ਸਹਜ ਕਲਾਲਨਿ ਜਉ ਮਿਲਿ ਆਈ।"
- ਗਉ ਕਬ, ੨੭, ੨:੧ (328)

(2) ਸ਼ਰਾਬ ਕੱਢਣ ਵਾਲੀ ਮੱਟੀ
"ਕਾਇਆ ਕਲਾਲਨਿ ਲਾਹਨਿ ਮੇਲਉ ਗੁਰ ਕਾ ਸਬਦੁ ਗੁੜੁ ਕੀਨੁ ਰੇ।"
- ਰਾਮ ਕਬ, ੧, ੧:੧ (968)

ਕਲਾਲੀ ---- ਸ਼ਰਾਬ ਦੀ ਮੱਟੀ
"ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ।"
- ਰਾਮ ਕਬ, ੧, ੧*:੨ (969)

ਕਲਿ ------ (1) ਆਉਣ ਵਾਲਾ ਅਗਲਾ ਦਿਨ, ਕਲ
"ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ।"
- ਸਿਰੀ ੧, ਅਸ ੧੧, ੮:੨ (60)
" ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ।"
- ਵਡ ੧, ਅਲਾ ੪, ੨:੧ (632)

(2) ਸ੍ਰਿਸ਼ਟੀ ਦਾ ਚੌਥਾ ਯੁੱਗ, ਕਲਿਜੁਗ
"ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ।" (ਭਾਵ ਸੰਸਾਰ)
- ਸਿਰੀ ੧, ਪਹ ੧, ੧:੪ (74)
"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।"
- ਮਾਝ ੧, ਵਾਰ ੧੯ਸ, ੧, ੧:੧ (145)

(3) ਕਲਪਣਾ, ਖਿਝ, ਕਲਹ, ਝਗੜੇ
"ਕਲਿ ਕਲੇਸ ਸਭ ਦੂਰਿ ਪਇਆਣੇ।"
- ਮਾਝ ੫, ੩੮, ੧:੨ (105)
"ਕਲਿ ਕਲੇਸ ਭੈ ਭ੍ਰਮ ਦੁਖ ਲਾਥਾ।" (ਝਗੜਾ, ਕਲਹ)
- ਗਉ ੫, ਅਸ ੬, ੮:੧ (240)
"ਸਾਧੂ ਸੁਖੁ ਪਾਵਹਿ ਕਲਿ ਸਾਗਰ।" (ਝਗੜੇ ਦੇ ਸਾਗਰ ਭਾਵ ਦੁਨੀਆ)
- ਗਉ ਕਬ, ੫, ੩:੨ (324)

"ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ।" (ਹੇ ਝਗੜੇ ਦੇ ਮੂਲ ਕ੍ਰੋਧ)
– ਸਸ ੫, ੪੭:੧ (1358)

(4) ਕਲਜੁਗ ਦੇ ਲੋਕੀ
"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ।"
– ਸਾਰ ੪, ਵਾਰ ੧੪ਸ, ੧, ੧:੧ (1242)
"ਬਲਿਓ ਚਰਾਗੁ ਅੰਧੵਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ।"
– ਸਸ ੫, ੯:੫ (1387)

ਕਲਿਆਣ --- (ਸੰ.) ਮੁਕਤੀ, (ਸ਼ਬਦਾਰਥ); ਵਡਭਾਗਤਾ, ਖੁਸ਼ੀ (ਦਰਪਣ)
"ਅਨਦ ਮੰਗਲ ਕਲਿਆਣ ਨਿਧਾਨਾ।"
– ਮਾਝ ੫, ੩੨, ੪:੧ (104)
"ਸਰਬ ਕਲਿਆਣ ਵਸੈ ਮਨਿ ਆਇ।" (ਅਨੰਦ, ਸੁੱਖ, ਖੁਸ਼ੀ)
– ਗਉ ੫, ੧੩੭, ੧:੨ (193)
"ਕਲਿਆਣ ਰੂਪ ਮੰਗਲ ਗੁਣ ਗਾਮ।" (ਸੁਖ ਰੂਪੀ ਅਨੰਦ)
– ਗਉ ੫, ਸੁਖ ੯, ੫:੮ (274)

ਹੋਰ ਰੂਪ:

ਕਲਿਆਣਮੈ –
"ਗੁਣ ਗਾਇ ਗੋਵਿਦ ਸਦਾ ਨੀਕੇ ਕਲਿਆਣਮੈ ਪਰਗਟ ਭਏ।" (ਕਲਿਆਣ ਰੂਪ, ਅਨੰਦ ਸਰੂਪ ਭਾਵ ਪਰਮਾਤਮਾ)
– ਬਿਹਾ ੫, ਛੰਤ ੮, ੪:੩ (547)

ਕਲਿਆਣਾ –
"ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ।" (ਸੁੱਖੀ)
– ਮਾਝ ੫, ਦਿਨ ੪:੯ (137)
"ਹਰਿ ਕਾ ਨਾਮੁ ਨਿਧਾਨੁ ਕਲਿਆਣਾ ਸੂਖ ਸਹਜੁ ਇਹੁ ਸਾਰਾ।" (ਕਲਿਆਣ/ਸੁੱਖ ਦੇਣ ਵਾਲਾ)
– ਮਾਰੂ ੫, ੧੬, ੧:੨ (1003)

ਕਲਿਆਣੁ –
"ਇਹੁ ਕਲਿਆਣੁ ਨਾਨਕ ਕਰਿ ਜਾਤਾ।" (ਸਭ ਤੋਂ ਉਚੀ ਖੁਸ਼ੀ/ਗਤੀ)
– ਗਉ ੫, ੮੩, ੪:੪ (180)
"ਮਾਣੁ ਮਹਤੁ ਕਲਿਆਣੁ ਹਰਿ ਜਸੁ ਸੰਗਿ ਸੁਰਜਨੁ ਸੋ ਪ੍ਰਭੂ।" (ਸੁਖ)
– ਆਸਾ ੫, ਛੰਤ ੭, ੨:੩ (457)
"ਸਰਬ ਸੂਖ ਆਨੰਦ ਨਾਨਕ ਜਪਿ ਰਾਮ ਨਾਮੁ ਕਲਿਆਣੁ।" (ਅਨੰਦ ਸਰੂਪ)
– ਕਲਿ ੫, ੯, ੨:੨ (1323)

ਕਲਿਆਨ –
"ਬਿਨਸੇ ਰੋਗ ਭਏ ਕਲਿਆਨ।" (ਸੁੱਖ)
– ਗਉ ੫, ੧੭੧, ੧:੨ (200)
"ਹਰਿ ਚਰਨ ਸਰਨ ਕਲਿਆਨ ਕਰਨ।" (ਮੁਕਤ ਕਰਨ ਵਾਲੀ ਹੈ)
– ਕਲਿ ੫, ੧੦, ੧*:੧ (1323)

ਕਲਿਕਾਲ --- ਕਲਜੁੱਗ ਦਾ ਸਮਾਂ

"ਆਨ ਸੰਜਮ ਕਿਛੁ ਨ ਸੂਝੈ ਇਹ ਜਤਨ ਕਾਟਿ ਕਲਿਕਾਲ।"
– ਧਨਾ ੫, ੨੦, ੧*:੨ (675)

ਕਲਿਜੁਗ ---- ਚੌਥਾ ਯੁੱਗ, ਵੇਖੋ 'ਕਲਜੁਗ'
"ਕਲਿਜੁਗ ਮਹਿ ਮਿਲਿ ਆਏ ਸੰਜੋਗ।"
– ਗਉ ੫, ੯੯, ੧:੧ (185)

ਹੋਰ ਰੂਪ:

ਕਲਿਜੁਗਿ –
"ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ।" (ਕਲਜੁਗ ਵਿਚ)
– ਆਸਾ ੪, ਛੰਤ ੯, ੧:੪ (443)

ਕਲਿਜੁਗੁ –
"ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਉਤਮੋ ਜੁਗਾ ਮਾਹਿ।"
– ਆਸਾ ੫, ੧੪੦, ੩:੧ (406)

ਕਲਿਤ੍ਰ ----- ਇਸਤ੍ਰੀ, ਪਤਨੀ, ਵੇਖੋ 'ਕਲਤ੍ਰ'
"ਪੁਤੁ ਕਲਿਤ੍ਰ ਲਖਿਮੀ ਦੀਸੈ ਇਨ ਮਹਿ ਕਿਛੂ ਨ ਸੰਗਿ ਲੀਆ।"
– ਰਾਗ ੫, ੫੫, ੧:੧ (900)

ਕਲਿਪ ----- ਕਲਪ ਬ੍ਰਿਛ, ਸਰਬ ਕਾਮਨਾਵਾਂ ਪੂਰੀਆਂ ਕਰਨ ਵਾਲਾ ਦੇਵਤਿਆਂ ਦਾ ਰੁਖ
"ਏਕ ਨਾਮ ਕਲਿਪ ਤਰ ਤਾਰੇ।"
– ਗਉ ਕਬ, ੩੭, ੧:੨ (330)

ਕਲਿਪਤਰੁ --- ਸਵਰਗ ਦਾ ਸਰਬ ਕਾਮਨਾਵਾਂ ਪੂਰੀਆਂ ਕਰਨ ਵਾਲਾ ਬ੍ਰਿਛ, ਕਲਪ ਬ੍ਰਿਛ
"ਕਲਿਪਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ ਆਤਮਾ ਤ੍ਰਿਬਿਧਿ ਤੇਰੈ ਏਕ ਲਿਵ ਤਾਰ।"
– ਸਵ ੨, ੩:੪ (1391)

ਕਲਿਮਲ ---- ਪਾਪ, ਵੇਖੋ 'ਕਲਮਲ'
"ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ।"
– ਦੇਵ ੫, ੧੬, ੧*:੨ (531)

ਕਲਿਮਲਹ --- ਪਾਪ
"ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ।"
– ਗਉ ੫, ਛੰਤ ੩, ੧:੫ (248)

ਕਲੀ ------ ਕਲਿਜੁਗ
"ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ।"
– ਗਉ ੩, ੩੦, ੪:੨ (161)

ਕਲੁ ------- (1) ਕਲ, ਆਉਣ ਵਾਲਾ ਦਿਨ
"ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ।"
– ਸੋਰ ੧, ੨, ੩:੨ (595)

(2) ਕਲਸਹਾਰ, ਇਕ ਭਟ, ਵੇਖੋ 'ਕਲ' (7)

"ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ।"
– ਸਵ ੨, ੬:੬ (1392)

ਕਲੂ ------- ਕਲਜੁਗ, ਚੌਥਾ ਯੁੱਗ
"ਅਬ ਕਲੂ ਆਇਓ ਰੇ।"
– ਬਸੰ ੫, ੧੮, ੨:੧ (1185)

ਕਲੂਖਤ ---- (ਸੰ.) ਪਾਪ
"ਸਾਧ ਕੈ ਸੰਗਿ ਕਲੂਖਤ ਹਰੈ।"
– ਗਉ ੫, ਸੁਖ ੭, ੬:੩ (272)

ਕਲੇਸ ----- (ਸੰ.) ਪੀੜਾ, ਕਸ਼ਟ, ਦੁੱਖ, ਤਕਲੀਫ
"ਕਲਿ ਕਲੇਸ ਸਭ ਦੂਰਿ ਪਇਆਣੇ।"
– ਮਾਝ ੫, ੩੮, ੧:੨ (105)

ਹੋਰ ਰੂਪ:

ਕਲੇਸਹ –
"ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ।" (ਦੁੱਖਾਂ)
– ਬਿਹਾ ੫, ਛੰਤ ੮, ੧:੩ (547)

ਕਲੇਸਾ –
"ਨਾਨਕ ਸੁਖੁ ਪਾਇਆ ਹਰਿ ਕੀਰਤਨਿ ਮਿਟਿਓ ਸਗਲ ਕਲੇਸਾ।"
– ਗਉ ੫, ੧੫੩*, ੪:੨ (213)

ਕਲੇਸੁ –
"ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ।"
– ਸਿਰੀ ੫, ੯੪, ੨:੧ (51)

ਕਲੇਜੇ ----- ਜਿਗਰ, ਵੇਖੋ 'ਕਰੇਜੇ'
"ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।"
– ਮਲਾ ੧, ਵਾਰ ੩ਸ, ੧, ੧:੨ (1279)

ਕਲੋਲਤੇ ---- ਖੇਡ, ਚੋਜ
"ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ।"
– ਸਸ ੫, ੪੮:੧ (1358)

ਕਲੋਲਾ ----- ਚੋਜ (ਖੁਸ਼ੀਆਂ ਦੇ)
"ਤ੍ਰਿਸਨ ਨ ਬੂਝੈ ਕਰਤ ਕਲੋਲਾ।"
–ਮਾਰੂ ੫, ੧੯, ੨:੭ (1004)

ਕਲ੍ਯ ------- ਇਕ ਭਟ, ਕਲਸਹਾਰ, ਵੇਖੋ 'ਕਲ' (7)
"ਕਵਿ ਜਨ ਕਲ੍ਯ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤਰੀਯਾ।"
– ਸਵ ੩, ੧:੪ (1392)

ਕਲ੍ਯਸਹਾਰ --- ਇਕ ਭੱਟ, ਵੇਖੋ 'ਕਲ' (7)
"ਕਲ੍ਯਸਹਾਰ ਤਾਸੁ ਗੁਣ ਜੰਪੈ।"

– ਸਵ ੪, ਕਲ ੧:੮ (1396)

ਹੋਰ ਰੂਪ:

ਕਲੵਸਹਾਰੁ –
“ਭਯ ਭੰਜਨੁ ਪਰ ਪੀਰ ਨਿਵਾਰਨੁ ਕਲੵਸਹਾਰੁ ਤੋਹਿ ਜਸੁ ਬਕਤਾ।”
– ਸਵ ੪, ਕਲ ੬:੩ (1407)

ਕਲੵੁਚਰੈ ---- (ਕਲ+ਉਚਰੈ) ਕਲਸਹਾਰ ਭਟ ਉਚਾਰਨ ਕਰਦਾ ਹੈ/ਕਹਿੰਦਾ ਹੈ।
“ਸਕਯਥੁ ਜਨਮੁ ਕਲੵੁਚਰੈ ਗੁਰ ਪਰਸਿਉ ਅਮਰੁ ਪ੍ਰਗਾਸੁ।”
– ਸਵ ੩, ੮:੪ (1393)

ਕਲੵਾਨਾ ----- ਦੀਪਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ
“ਗਉਰਾ ਅਉ ਕਾਨਰਾ ਕਲੵਾਨਾ।”
– ਰਾਗ ੧:੩੯ (1430)

ਕਲੵਾਨ ----- ਸੁਖ
“ਗੁਰ ਕਹਿਆ ਮਾਨੁ ਨਿਜ ਨਿਧਾਨੁ ਸਚੁ ਜਾਨੁ ਮੰਤ੍ਰੁ ਇਹੈ ਨਿਸਿ ਬਾਸੁਰ ਹੋਇ ਕਲੵਾਨ ਲਹਤਿ ਧਰਮ ਗਤਿ ਜੀਉ।”
– ਸਵ ੪, ਗਯੰ ੧੦:੨ (1403)

ਕਲ੍ਹਿ ------ ਕਲ, ਆਉਣ ਵਾਲਾ ਦਿਨ, ਵੇਖੋ ‘ਕਲ’
“ਚਲਣੁ ਅਜੁ ਕਿ ਕਲ੍ਹਿ ਧੁਰਹੁ ਫੁਰਮਾਇਆ।”
– ਆਸਾ ੪, ੬੪, ੨:੨ (369)

ਕਵਚੁ ------ ਰਖਿਆ ਕਰਨ ਵਾਲਾ ਮੰਤਰ
“ਰਾਮ ਕਵਚੁ ਦਾਸ ਕਾ ਸੰਨਾਹੁ।”
– ਗੋਂਡ ੫, ੨੦, ੨:੧ (868)

ਕਵਣ ------ (1) ਕੌਣ
“ਕੁਦਰਤਿ ਕਵਣ ਕਹਾਂ ਵੀਚਾਰੁ।” (ਮੈਂ ਕੌਣ ਹਾਂ, ਉਸ ਦਾ ਬਿਆਨ ਕਰ ਸਕਾਂ)
– ਜਪੁ ੧, ੧੬:੨੨ (3)

ਹੋਰ ਰੂਪ:

ਕਵਣੁ –
“ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।”
– ਗੂਜ ੫, ਸੋਦ ੫, ੩:੨ (10)

(2) ਕਿਥੇ, ਕੀ
“ਕਵਣ ਮੂਲੁ ਕਵਣ ਮਤਿ ਵੇਲਾ।” (ਦੂਜੇ ‘ਕਵਣ’ ਦੇ ਅਰਥ ‘ਕਿਸ ਦੀ’ ਹੈ)
– ਰਾਮ ੧, ਸਿਗੋ ੪੩:੧ (942)

(3) ਕਿਹੜੇ, ਕਿਹੜੀ
“ਕਵਣ ਕਥਾ ਲੇ ਰਹਹੁ ਨਿਰਾਲੇ।”
– ਰਾਮ ੧, ਸਿਗੋ ੪੩:੩ (942)

ਹੋਰ ਰੂਪ:

ਕਵਣਿ –
“ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।”
– ਜਪੁ ੧, ੨੧:੧੦ (4)

ਕਵਣੁ –
“ਤਿਸ ਤੇ ਭਾਰੁ ਤਲੈ ਕਵਣੁ ਜੋਰੁ।”
– ਜਪੁ ੧, ੧੬, ੧੩ (3)

“ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ।” (ਕਿਹੜਾ)
– ਸੂਹੀ ੧, ੯, ੧:੧ (730)

ਕਵਤੇ ------ ਕਵੀ ਜਨ/ਲੋਕ
“ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ।”
– ਮਾਰੂ ੫, ਵਾਰ ੧੮:੪ (1100)

ਕਵਨ ------ (1) ਕਿਹੜਾ, ਕਿਸ
“ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ।” (ਕਿਹੜਾ ਢੰਗ ਹੈ ਤੈਨੂੰ ਰੀਝਾਉਣ ਦਾ)
– ਸਿਰੀ ੫, ੯੭, ੩:੧ (51)

“ਸੰਤਨ ਕੀ ਮਹਿਮਾ ਕਵਨ ਵਖਾਨਉ।” (ਕਿਹੜੀ ਕਿਹੜੀ)
– ਗਉ ੫, ੮੬, ੪:੧ (181)

“ਤੁਮ ਸਿਉ ਤੋਰਿ ਕਵਨ ਸਿਉ ਜੋਰਹਿ।” (ਕਿਸ ਨਾਲ)
– ਸੋਰ ਰਵਿ ੫, ੧*:੨ (658)

ਹੋਰ ਰੂਪ:

ਕਵਨੁ –
“ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ।”
– ਗਉ ੫, ੮੫, ੧:੪ (181)

“ਕਵਨੁ ਸੁ ਨਾਮੁ ਹਉਮੈ ਮਲੁ ਖੋਇ।”
– ਗਉ ੫, ੧੦੫, ੩:੨ (187)

ਕਵਨੈ –
“ਦੁਨੀਆ ਕੀਆ ਵਡਿਆਈਆ ਕਵਨੈ ਆਵਹਿ ਕਾਮਿ।” (ਕਿਹੜੇ)
– ਸਿਰੀ ੫, ੭੮, ੨:੧ (45)

“ਇਨ ਤੇ ਕਹੁ ਕਵਨੈ ਸੁਖੁ ਪਾਇਆ।” (ਕਿਸ ਨੇ)
– ਧਨਾ ਕਬ, ੪, ੩:੨ (692)

(2) ਕੀ
“ਕਵਨ ਮੂਲ ਤੇ ਕਵਨ ਦ੍ਰਿਸ਼ਟਾਨੀ।” (ਪਹਿਲੇ ‘ਕਵਨ’ ਦੇ ਅਰਥ ‘ਕਿਹੜਾ’ ਹੈ)
– ਗਉ ੫, ਸੁਖ ੪, ੧:੨ (266)

“ਅਬ ਕਹੁ ਰਾਮ ਕਵਨ ਗਤਿ ਮੋਰੀ।” (ਕੀ ਹਾਲ ਹੋਵੇਗਾ)
– ਗਉ ਕਬ, ੧੫, ੧*:੧ (326)

ਹੋਰ ਰੂਪ:

ਕਵਨ –
“ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ।”

- ਰਾਮ ੧, ਸਿਗੋ ੨੧:੧ (940)

(2) ਕਿਵੇਂ? ਕਿਸ ਤਰ੍ਹਾਂ

"ਇਨ ਤੇ ਕਹਹੁ ਤੁਮ ਕਵਨ ਸਨਾਥਾ।"

- ਗਉ ੫, ਸੁਖ ੧੯, ੫:੪ (288)

"ਇਨ ਤੇ ਕਹਹੁ ਕਵਨ ਛੁਟਕਾਰਾ।"

- ਗਉ ੫, ਮੁਖ ੧੯, ੫:੬ (288)

"ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।" (ਸ਼ੁਧ ਕਿਵੇਂ ਹੋਵੇਗਾ)

- ਗਉ ਰਵਿ, ਅਸ ੧, ੪:੨ (346)

(4) ਕੌਣ

"ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ।"

- ਰਾਮ ੧, ਸਿਗੋ ੨:੧ (938)

ਹੋਰ ਰੂਪ:

ਕਵਨਾ -

"ਜਾਰੈ ਖਸਮੁ ਤ ਰਾਖੈ ਕਵਨਾ।"

- ਗਉ ਕਬ, ੩੩, ੧:੨ (329)

ਕਵਨੁ -

"ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ।"

- ਸਿਰੀ ੧, ਅਸ ੧੨, ੩:੩ (61)

ਕਵਨੈ -

"ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ।"

- ਗੂਜ ਨਾਮ, ੨, ੧:੨ (525)

(5) ਕਿਥੇ, ਕਿਸ ਸਥਾਨ ਤੇ

"ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ।" (ਪਹਿਲੇ 'ਕਵਨ' ਦੇ ਅਰਥ 'ਕਿਸ' ਹਨ)

- ਮਾਰੂ ੫, ੪, ੧:੧ (999)

ਕਵਰੇ ------ **ਕੌੜੇ**

"ਪਰਪੰਚ ਬਿਆਧਿ ਤਿਆਗੈ ਕਵਰੇ।"

- ਗਉ ੧, ਅਸ ੧੧, ੧:੨ (225)

ਕਵਲ ------ **ਕਮਲ ਫੁਲ**

"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਿਦਿਨੋੁ ਮੋਹਿ ਆਹੀ ਪਿਆਸਾ।"

- ਧਨਾ ੧, ਸੋਹ ੩, ੪:੧ (13)

"ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ।" (ਹਿਰਦੇ ਰੂਪੀ ਉਲਟਾ ਹੋਇਆ ਕਮਲ)

- ਗਉ ੫, ਬਾਅ ੨੨ਸ:੧ (254)

"ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ।" (ਗੁਰਮੁੱਖ ਰੂਪੀ 'ਕਵਲ' ਜੋ ਮਾਇਆ ਵਿਚ ਰਹਿੰਦੇ ਵੀ ਨਿਰਲੇਪ ਹੁੰਦੇ ਹਨ)

- ਸਲੋ ਫਰ, ੬੬:੨ (1381)

"ਕਵਲ ਨੈਨ ਮਧੁਰ ਬੈਨ ਕੋਟਿ ਸੈਨ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।" (ਕਮਲ ਫੁੱਲ ਵਰਗੇ ਸੁੰਦਰ/ਮੋਹਿਕ ਨੈਨ)

– ਸਵ ੪, ਗਯੰ ੬:੨ (1402)

ਕਵਲਾ ----- ਮਾਇਆ, ਲਕਸ਼ਮੀ/ਮਾਇਆ ਦੀ ਦੇਵੀ

"ਕਵਲਾ ਚਰਨ ਸਰਨ ਹੈ ਜਾ ਕੇ।"

– ਗਉ ਕਬ, ਅਸ ੩੮, ੩:੧ (330)

"ਪਾਸਿ ਬੈਠੀ ਬੀਬੀ ਕਵਲਾ ਦਾਸੀ।"

– ਆਸਾ ਕਬ, ੧੩, ੨:੨ (478)

ਕਵਲਾਸਪਤਿ – ਮਾਇਆ ਦਾ ਪਤੀ/ਸੁਆਮੀ ਭਾਵ ਵਾਹਿਗੁਰੂ

"ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ ਤਾਸ ਸਮ ਤੁਲਿ ਨਹੀ ਆਨ ਕੋਊ।"

– ਮਲਾ ਰਵਿ, ੨, ੧*:੧ (1293)

ਕਵਲਾਕੰਤ --- ਮਾਇਆ ਦਾ ਪਤੀ/ਵਿਸ਼ਨੂੰ ਭਾਵ ਵਾਹਿਗੁਰੂ

"ਹਰਿ ਆਪੇ ਸਭ ਰਸ ਭੋਗਦਾ ਹਰਿ ਆਪੇ ਕਵਲਾਕੰਤ ।"

– ਕਾਨ ੪, ਵਾਰ ੬ਸ, ੪, ੧:੪ (1315)

ਹੋਰ ਰੂਪ:

ਕਵਲਾਕੰਤਾ –

"ਹਰਿ ਕੀਰਤਨੁ ਕਰਹ, ਹਰਿ ਜਸੁ ਸੁਣਹ ਤਿਸੁ ਕਵਲਾਕੰਤਾ।"

– ਸੋਰ ੪, ਵਾਰ ੨੦:੧ (650)

ਕਵਲਾਪਤੀ –

"ਜਿਹ ਗ੍ਰਿਹ ਰਮਈਆ ਕਵਲਾਪਤੀ।" (ਮਾਇਆ ਦਾ ਪਤੀ, ਵਿਸ਼ਨੂੰ, ਵਿਸ਼ਨੂੰ ਦਾ ਅਵਤਾਰ ਸ੍ਰੀ ਕ੍ਰਿਸ਼ਨ)

– ਮਾਲੀ ਨਾਮ, ੧, ੨:੨ (988)

ਕਵਲਿ ----- ਕਮਲ ਫੁੱਲ, ਵੇਖੋ 'ਕਵਲ'

"ਮਨਿ ਅੰਧੈ ਊਧੈ ਕਵਲਿ ਦਿਸਨ੍ਹਿ ਖਰੇ ਕਰੂਪ।"

– ਸਾਰ ੪, ਵਾਰ ੨੨ਸ, ੧, ੨:੨ (1245)

ਹੋਰ ਰੂਪ:

ਕਵਲੁ –

"ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ।"

– ਮਾਝ ੫, ੪੯, ੨:੩ (108)

ਕਵਾਉ ----- ਹੁਕਮ

"ਕੀਤਾ ਪਸਾਉ ਏਕੋ ਕਵਾਉ।"

– ਜਪੁ ੧, ੧੬:੨੦ (3)

ਕਵਾਇ ----- (ਅ.) ਚੋਗਾ, ਪੁਸ਼ਾਕ, ਸਰੋਪਾ

"ਗੁਰਿ ਦੀਬਾਣਿ ਕਵਾਇ ਪੈਨਾਈਓ।"

– ਸਿਰੀ ੫, ਅਸ ੨੯, ੪:੨ (73)

ਹੋਰ ਰੂਪ:

ਕਵਾਈ –
"ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ।"
– ਆਸਾ ੧, ਅਸ ੧੨, ੧:੨ (417)

ਕਵਾਦੇ ----- ਬੁਰੀ ਤਰਾਂ ਝਗੜਨ ਵਾਲੇ (ਸ਼ਬਦਾਰਥ); ਉਤਰ ਦੇ (ਕੋਸ਼) ਆਗੂ (ਮਹਾਨਕੋਸ਼) ਬਹੁਤ ਨਰਮ ਕਮਾਨ ਅਰਥਾਤ ਤੀਰੋਂ ਸੇ ਔਰੋਂ ਕੋ ਬੇਧਨ ਵਾਲੀ ਕਮਾਨ ਤੁਲ ਚਿਤ ਵਾਲੇ ਨਾਂ ਜੀ ਬਡੇ ਪਾਤਸ਼ਾਹ ਪ੍ਰਮੇਸ੍ਵਰ ਸੇ (ਨਿਰਾਰਥ ਕੋਸ਼)
"ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ।"
– ਆਸਾ ਕਬ, ੮, ੧:੨ (477)

ਕਵਾਵੈ ----- ਹੁਕਮ, ਅਵਾਜ਼
"ਏਕ ਕਵਾਵੈ ਤੇ ਸਭਿ ਹੋਆ।"
– ਮਾਰੂ ੫, ੧੭, ੧:੬ (1003)

ਕਵਿ ------ ਕਵੀ
"ਕਵਿ ਜਨ ਕਲੵ ਸਬੁਧੀ ਕੀਰਤਿ ਜਨ ਅਮਰਦਾਸ ਬਿਸੵਰੀਯਾ।"
– ਸਵ ੩, ੧:੪ (1392)

ਕਵਿਤ ----- ਕਬਿਤ, ਕਵਿਤਾ ਦਾ ਇਕ ਰੂਪ
"ਪੋਥੀ ਗੀਤ ਕਵਿਤ ਕਿਛੁ ਕਦੇ ਨ ਕਰਨਿ ਧਰਿਆ।"
– ਸਿਰੀ ੫, ਅਸ ੨੬, ੪:੩ (70)
"ਤਹ ਹਰਿ ਜਸੁ ਗਾਵਹਿ ਨਾਦ ਕਵਿਤ।" (ਕਵਿਤਾ ਪੜ੍ਹਕੇ)
– ਧਨਾ ੫, ੨੩, ੩:੨ (676)

ਕਵੀਅਣਿ --- ਕਵੀਆਂ ਨੇ
"ਆਜੋਨੀ ਸੰਭਵਿਅਉ ਸੁਜਸੁ ਕਲ਼ ਕਵੀਆਣਿ ਬਖਾਣਿਅਉ।"
– ਸਵ ੫, ਕਲ ੪:੨ (1407)

ਕਵੀਆ ---- ਜਲ ਦਾ ਇਕ ਬੂਟਾ ਜਿਸ ਦੇ ਫੁੱਲ ਰਾਤ ਨੂੰ ਚੰਨ ਦੀ ਚਾਣਨੀ ਵਿਚ ਖਿੜਦੇ ਹਨ, ਕਮੀਆ
"ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ।"
– ਸਿਰੀ ੧, ੨੫, ੪:੨ (23)

ਕਵੇ ------- ਕਵੀ ਜਨ
"ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ।"
– ਤੁਖਾ ੧, ਬਾਰਾ ੧੩:੫ (1109)

ਕੜਦੀਐ ---- ਕੜ੍ਹੀਏ, ਖਿਝੀਏ
"ਹਰਿ ਬਿਨੁ ਕੋ ਮਾਰਿ ਜੀਵਾਲਿ ਨ ਸਾਕੈ ਤਾ ਮੇਰੇ ਮਨ ਕਾਇਤੁ ਕੜਈਐ।"
– ਗੋਂਡ ੪, ੫, ੧*:੨ (861)

ਕੜਕਾਇ --- ਭੰਨ/ਤੋੜ ਕੇ
"ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।"
– ਸਲੋ ਫਰ, ੧:੩ (1377)

ਕੜਕਿਓ ---- ਗਜਿਆ, ਆ ਧਮਕਿਆ, ਭਿਅੰਕਰ ਅਵਾਜ਼ ਨਾਲ ਪ੍ਰਗਟ ਹੋਣਾ

"ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ।"
– ਭੈਰ ੫, ੫੪, ੧*:੨ (1152)

ਕੜਛੀਆ --- ਸ਼ਬਜੀ/ਦਾਲ ਆਦਿ ਨੂੰ ਹਿਲਾਉਣ/ਪ੍ਰੋਸਨ ਲਈ ਵਰਤੇ ਜਾਣ ਵਾਲਾ ਰਸੋਈ ਦਾ ਇਕ ਬਰਤਨ
"ਕੜਛੀਆ ਫਿਰੰਨ੍ਹਿ ਸੁਆਉ ਨ ਜਾਣਨ੍ਹਿ ਸੁੰਞੀਆ।"
– ਗੂਜ ੫, ਵਾਰ ੧੨ਸ, ੫, ੧:੧ (521)

ਕੜਦਾ ----- ਦੁਖਿਤ/ਦੁਖੀ ਹੁੰਦਾ
"ਸੰਤ ਪ੍ਰਸਾਦਿ ਮੋਹਿ ਕਬਹੂ ਨ ਕੜਦਾ।"
– ਰਾਮ ੫, ੨੧, ੩:੨ (889)

ਕੜਾਸਣੁ ---- ਕੁਸ਼ਾ (ਇਕ ਪ੍ਰਕਾਰ ਦਾ ਘਾਹ) ਦਾ ਆਸਨ (ਸ਼ਬਦਾਰਥ/ਮਹਾਨਕੋਸ਼), ਕੜਾ ਜੋ ਨਾਂਗੇ ਸਾਧੂ ਲੰਗੋਟੀ ਨਾਲ ਬੰਨਦੇ ਹਨ (ਕੋਸ਼) ਕਟ (ਫੂਹੜੀ) ਦਾ ਆਸਨ (ਦਰਪਣ)
"ਕਾਂਇਆ ਕੜਾਸਣੁ ਮਨੁ ਜਾਗੋਟੀ।"
– ਰਾਮ ੧, ਸਿਗੋ ੧੧:੨ (939)

ਕੜਾਹਾ ----- ਵਡੀ ਕੜਾਹੀ, ਰਸੋਈ ਦਾ ਇਕ ਬਰਤਨ
"ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।" (ਹਿਰਦੇ ਰੂਪੀ)
– ਮਾਰੂ ੫, ੧੪, ੧*:੨ (1002)

ਕੜਿ ------ (1) ਕ੍ਰਿਝ/ਸੜ੍ਹ/ਰਿਝ ਕੇ, ਭਾਵ ਚਿੰਤਾਤੁਰ ਹੋ ਕੇ, ਸੜ ਕੇ
"ਸਤਿਗੁਰੁ ਜਿਨੀ ਧਿਆਇਆ ਸੇ ਕੜਿ ਨ ਸਵਾਹੀ।"
– ਸਿਰੀ ੪, ਵਾਰ ੧੪:੧ (88)

ਹੋਰ ਰੂਪ:

ਕੜਿਆ –
"ਨਾ ਓਹੁ ਬਿਨਸੈ ਨਾ ਹਮ ਕੜਿਆ।" (ਝੂਰਦੇ, ਚਿੰਤਾਤੁਰ ਹੁੰਦੇ)
– ਆਸਾ ੫, ੮੩, ੧:੨ (391)

(2) ਕੜਕੇ, ਬੰਨ੍ਹ ਕੇ
"ਕੜਿ ਬੰਧਨਿ ਬਾਧਿਓ ਸੀਸ ਮਾਰ।"
– ਬਸੰ ੧, ਅਸ ੨, ੨:੪ (1188)

ਕੜੀਆਲੁ --- ਲਗਾਮ ਦਾ ਕੰਡੇਦਾਰ ਲੋਹਾ, ਕੜਿਆਲਾ
"ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ।"
– ਵਡ ੪, ਘੋੜੀ ੧, ੩:੧ (575)

ਕੜੀਐ ----- ਕਰਿਝੀਏ, ਦੁਖੀ ਹੋਈਏ
"ਤੂ ਕਰਹਿ ਸੁ ਸਚੇ ਹੋਇਸੀ ਤਾ ਕਾਇਤੁ ਕੜੀਐ।"
– ਗਉ ੪, ਵਾਰ ੩:੫ (301)

ਕੜੁ ------- ਕੜਦੇ/ਕਰਿਝਦੇ/ਦੁਖੀ ਹੁੰਦੇ ਹਨ
"ਮਨਮੁਖ ਆਪਿ ਖੁਆਇਅਨੁ ਮਾਇਆ ਮੋਹ ਨਿਤ ਕੜੁ।"
– ਰਾਮ ੩, ਵਾਰ ੧੧:੪ (952)

ਕੜੂਏ ------ ਕੌੜੇ, 'ਮਿੱਠੇ' ਦੇ ਉਲਟ
"ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ।"
- ਗਉ ੧, ਅਸ ੧੮, ੬:੧ (229)

ਕੜੇ -------- ਕੜ੍ਹ ਕੇ/ਦੁੱਖੀ ਹੋ ਕੇ
"ਮਾਇਆ ਮੋਹਿ ਕੜੇ ਕੜਿ ਪਚਿਆ।"
- ਭੈਰ ੫, ੧੮, ੧*:੧ (1140)

ਹੋਰ ਰੂਪ:

ਕੜੈ -
"ਉਸੁ ਖੇਤ ਕਾਰਣਿ ਰਾਖਾ ਕੜੈ।" (ਦੁੱਖੀ ਹੁੰਦਾ ਹੈ, ਔਖਾ ਹੁੰਦਾ ਹੈ)
- ਗਉ ੫, ੮੦, ੩:੩ (179)

ਕਾ -------- (1) ਦਾ
"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।"
- ਜਪੁ ੧, ੫:੧੧ (2)

(2) ਕਿਸ
"ਤਿਸੁ ਜਨ ਕਉ ਕਹੁ ਕਾ ਕੀ ਕਮੀਆ।"
- ਗਉ ੫, ੧੦੨, ੧:੨ (186)
"ਆਪਨ ਨਹੀ ਕਾ ਕਉ ਲਪਟਾਇਓ।" (ਕਿਸ ਲਈ ਅਰਥਾਤ ਕਿਉਂ)
- ਗਉ ੫, ੧੦੬, ੧*:੧ (187)

ਹੋਰ ਰੂਪ:

ਕਾਂ -
"ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ।"
- ਸਾਰ ੯, ੧, ੧*:੨ (1231)

(3) ਕੋਈ
"ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ।"
- ਗਉ ੫, ੧੬੯*, ੩:੨ (218)
"ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ।" (ਕਿਸੇ ਕਿਸਮ ਦੀ, ਕੋਈ)
- ਗਉ ੫, ਵਾਰ ੨੧ਸ, ੫, ੧:੧ (323)

(4) ਕਿਵੇਂ, ਕਿੰਝ
"ਮੂਏ ਮਰਮੁ ਕੋ ਕਾ ਕਰ ਜਾਨਾ।"
- ਗਉ ਕਬ, ੮, ੩:੨ (325)

(5) ਕੀ
"ਕਹੁ ਜਨ ਕਾ ਨਾਹੀ ਘਰ ਤਾ ਕੇ।"
- ਗਉ ਕਬ, ੩੮, ੩:੨ (330)

(6) ਕਿਸੇ
"ਕੋ ਮੂਆ ਕਾ ਕੇ ਘਰਿ ਗਾਵਨੁ।" (ਕਿਸੇ)
- ਆਸਾ ੫, ੭੫, ੧*:੧ (389)

ਕਾਉ ------ (ਸੰ.) ਕਾਲੇ ਰੰਗ ਦਾ ਇਕ ਪੰਛੀ, ਕਾਂ, ਕਾਗ; ਹੋਰ ਵੇਖੋ 'ਕਾਓ'

“ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈ ਘਰਿ ਕਾਉ।”
– ਸਿਰੀ ੩, ੪੩, ੨:੨ (30)
“ਤੇਰੀ ਗਰਦਨਿ ਊਪਰਿ ਲਵੈ ਕਾਉ।” (ਕਾਲ ਰੂਪੀ ਕਾਂ)
– ਬਸੰ ਰਵਿ, ੧, ੧:੪ (1196)

ਕਾਊ ------ ਕੋਈ
“ਚੀਰੀ ਆਈ ਢਿਲ ਨ ਕਾਊ।”
– ਰਾਮ ੩, ਵਾਰ ੧੧ਸ, ੧, ੨:੧੪ (952)

ਕਾਓ ------ ਕਾਗ, ਕਾਂ, ਵੇਖੋ ‘ਕਾਉ’
“ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ।”
– ਵਡ ੧, ੧:੪ (581)

ਕਾਇ ------ (1) ਕੋਈ
“ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ।”
– ਸਿਰੀ ੧, ੧੪, ੧:੨ (19)
“ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ।” (ਕੋਈ ਵੀ, ਰਤਾ ਵੀ)
– ਰਾਮ ੧, ਓਅੰ ੫੩:੪ (938)
(2) ਕਿਸ ਲਈ, ਕਾਹਦੇ ਲਈ, ਕਿਉਂ
“ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ।”
– ਗਉ ੫, ਬਾਅ ੩੩:੧ (257)
ਹੋਰ ਰੂਪ:
ਕਾਂਇ –
“ਕਾਂਇ ਰੇ ਬਕਬਾਦੁ ਲਾਇਓ।”
– ਟੋਡੀ ਨਾਮ, ੧, ੧*:੧ (718)
(3) ਕਿਸ ਨੂੰ
“ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ।”
– ਗਉ ਕਬ, ੪੭, ੩:੧ (333)
(4) ਕਿਵੇਂ, ਕਿੰਝ
“ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ।”
– ਬਿਲਾ ਰਵਿ ੧, ੩:੧ (858)
(5) ਕਾਹਦੀ, ਕੀ ਹੈ
“ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ।”
– ਮਾਰੂ ੧, ੭, ੩:੨ (991)
(6) ਕਿਤੋਂ, ਕਿਸੇ ਹੋਰ ਥਾਂ ਤੋਂ
“ਜਗਿਜੀਵਨ ਜੁਗਤਿ ਨ ਮਿਲੈ ਕਾਇ।”
– ਬਸੰ ੧, ੨, ੧*:੧ (1168)

ਕਾਂਇ ------ (1) ਕਿਉਂ, ਵੇਖੋ ‘ਕਾਇ’ (2)
(2) ਕੀ
“ਜੋ ਸਿਰੁ ਸਾਈ ਨ ਨਿਵੈ ਸੋ ਸਿਰੁ ਕੀਜੈ ਕਾਂਇ।”

- ਸਲੋ ਫਰ, ੭੨:੧ (1381)

ਕਾਇਅਉ --- ਕਾਇਆ/ਸਰੀਰ ਦੀ
"ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ।"
- ਧਨਾ ਪੀਪਾ, ੧, ੧:੧ (695)

ਕਾਇਆ ---- (ਸੰ.) ਸਰੀਰ, ਦੇਹ
"ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।"
- ਜਪੁ ੧, ੨੮:੨ (6)
"ਕਹੁ ਨਾਨਕ ਸਫਲ ਓਹ ਕਾਇਆ ।" (ਸਰੀਰ, ਜਨਮ)
- ਆਸਾ ੫, ੧੨, ੫:੪ (374)

ਹੋਰ ਰੂਪ:

ਕਾਇਆ -
"ਕਾਇਆ ਅਗਨਿ ਕਰੇ ਨਿਭਰਾਂਤਿ।"
- ਮਲਾ ੧, ੬, ੧:੨ (1256)

ਕਾਂਇਆ -
"ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ।"
- ਸਿਰੀ ੩, ੫੧, ੧:੧ (33)

ਕਾਇਚੇ ---- ਕਿਸ ਲਈ, ਕਿਉਂ
"ਮੂੜੇ ਕਾਇਚੇ ਭਰਮਿ ਭੁਲਾ।"
- ਮਾਰੂ ੧, ੯, ੧*:੧ (991)

ਕਾਇਤੁ ---- ਕਿਉਂ, ਕਾਹਦੇ ਲਈ, ਕਾਹਨੂੰ
"ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।"
- ਆਸਾ ੧, ਅਸ ੧੧, ੫:੧ (417)

ਕਾਇਥੁ ---- ਕਾਇਸਥ, ਜੋ ਪਿਤਾ ਖਤਰੀ ਤੇ ਮਾਂ ਸੂਦਰੀ ਤੋਂ ਜਨਮੇਂ, ਇਕ ਜਾਤ, ਇਹ ਆਮ ਕਰਕੇ ਮੁਨਸ਼ੀ ਜਾਂ ਪਟਵਾਰੀ ਹੁੰਦੇ ਸਨ।
"ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ।"
- ਮਾਰੂ ਕਬ, ੭, ੧*:੨ (1104)

ਕਾਇਨੁ ----- (ਅ.) ਦਾਸੀਆਂ (ਵਾਲਾ ਸਬੰਧ)
"ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ।"
- ਭੈਰ ਨਾਮ, ੧, ੩:੨ (1167)

ਕਾਇਮੁ ---- (ਅ.) ਸਥਿਰ, ਸਥਿਤ, ਸਲਾਮਤ
"ਕਾਇਮੁ ਦਾਇਮੁ ਸਦਾ ਪਾਤਿਸਾਹੀ।" (ਸਦਾ ਅਟਲ)
- ਗਉ ਰਵਿ, ੨, ੨:੧ (345)
"ਓਹੁ ਹਮਾਰੈ ਮਾਥੈ ਕਾਇਮੁ ਅਉਰੁ ਹਮਾਰੈ ਨਿਕਟਿ ਨ ਆਵੈ।" (ਸਲਾਮਤ)
- ਆਸਾ ਕਬ, ੪, ੩:੨ (476)

ਕਾਇਰੁ ----- ਬੁਜ਼ਦਿਲ, ਘਟ ਹਿੰਮਤ ਵਾਲਾ, ਡਰਪੋਕ

"ਮਨਮੁਖੁ ਕਾਇਰੁ ਕਰੂਪ ਹੈ ਬਿਨੁ ਨਾਵੈ ਨਕੁ ਨਾਹਿ।"
– ਵਡ ੪, ਵਾਰ ੧੩ਸ, ੩, ੧:੧ (591)

ਕਾਈ ------ (1) ਕੋਈ
"ਬਿਨੁ ਸਤਿਗੁਰ ਕੋ ਮਗੁ ਨ ਜਾਣੈ ਅੰਧੇ ਠਉਰ ਨ ਕਾਈ।"
– ਸਿਰੀ ੩, ਅਸ ੧੮, ੪:੨ (65)
"ਮਨਮੁਖਿ ਅੰਧੇ ਸੁਧਿ ਨ ਕਾਈ।"
– ਮਾਝ ੩, ਅਸ ੧੫, ੪:੧ (118)
(2) ਕੁਝ
"ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ।" (ਕੁਝ ਕੰਮ)
– ਆਸਾ ੧, ਵਾਰ ੬ਸ, ੧, ੧:੧੦ (466)
"ਨਵ ਨਿਧਿ ਸਿਧਿ ਰਿਧਿ ਦੀਨੇ ਕਰਤੇ ਤੋਟਿ ਨ ਆਵੈ ਕਾਈ ਰਾਮ।" (ਕੁਝ ਵੀ)
– ਸੂਹੀ ੫, ਛੰਤ ੧੦, ੨:੧ (783)
(3) ਪਾਣੀ ਦੀ ਹਰੇ ਰੰਗ ਦੀ ਮੈਲ, ਸਾਵਾ ਜਾਲਾ ਜੋ ਪਾਣੀ ਅਥਵਾ ਗਿੱਲੇ ਥਾਂ ਤੇ ਜੰਮ ਜਾਂਦਾ ਹੈ।
"ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ।"
– ਧਨਾ ੯, ੧, ੨:੨ (684)
(4) ਕਿਹੜੀ
"ਨਾਨਕ ਹੁਕਮੁ ਨ ਜਾਣੀਐ ਅਗੈ ਕਾਈ ਕਾਰ।" (ਅੱਗੇ ਕਿਹੜੇ ਕੰਮ ਲਾ ਦੇਵੋ)
– ਸਾਰ ੪, ਵਾਰ ੨ਸ, ੨, ੧:੬ (1238)

ਕਾਏ ------ ਕਿਉਂ, ਕਾਹਦੇ ਲਈ
"ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ।"
– ਸੂਹੀ ੫, ਛੰਤ ੧, ੧:੧ (777)
ਹੋਰ ਰੂਪ:
ਕਾਏਂ –
"ਕਾਏਂ ਰੇ ਮਨ ਬਿਖਿਆ ਬਨ ਜਾਇ।"
– ਸਾਰ ਨਾਮ, ੧, ੧*:੧ (1252)

ਕਾਂਏਂ ------ ਕਿਸ ਲਈ, ਕਿਉਂ
"ਕਾਂਏਂ ਆਨ ਆਨ ਰੁਚੀਐ।"
– ਸਾਰ ੫, ੧੩੦, ੨:੩ (1229)

ਕਾਸਟ ----- (ਸੰ.) ਲਕੜ
"ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਾਰਿਆ।"
– ਗੂਜ ੫, ਸੋ ੫, ੧*੨ (10)

ਕਾਸਾ ------ () ਪਿਆਲਾ (ਭਿਖਿਆ ਮੰਗਣ ਵਾਲਾ ਕੌਲਾ)
"ਕਰ ਕਾਸਾ ਦਰਸਨ ਕੀ ਭੂਖ।"
– ਤਿਲੰ ੧, ੨, ੧:੩ (721)

ਕਾਸਾਈ ---- ਕਸਾਈ, ਨਿਰਦਈ, ਜੁਲਮ ਕਰਨ ਵਾਲਾ

“ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।”
– ਮਾਝ ੧, ਵਾਰ ੧੬ਸ, ੧, ੧:੧ (145)

ਕਾਸਾਰੁ ----- ਘਿਉ ਵਿਚ ਆਟਾ ਭੁੰਨ, ਖੰਡ ਪਾ ਕੇ ਬਣਾਈ ਪੰਜੀਰੀ
“ਭਾਤੁ ਪੀਹਤਿ ਅਰੁ ਲਾਪਸੀ ਕਰਕਰਾ ਕਾਸਾਰੁ।”
– ਆਸਾ ਕਬ, ੧੪, ੪:੧ (479)

ਕਾਸੀ ------ (1) ਕਾਸ਼ੀ, ਬਨਾਰਸ, ਸੰਯੁਕਤ ਪ੍ਰਾਂਤ ਦਾ ਇਕ ਪ੍ਰਮੁੱਖ ਸ਼ਹਿਰ ਤੇ ਹਿੰਦੁਆਂ ਦਾ ਤੀਰਥ ਸਥਾਨ
“ਬਹੁਤੁ ਬਰਸ ਤਪੁ ਕੀਆ ਕਾਸੀ।”
– ਗਉ ਕਬ, ੧੫, ੩:੧ (326)

ਹੋਰ ਰੂਪ:

ਕਾਂਸੀ –
“ਕਾਸੀ ਕ੍ਰਿਸਨੁ ਚਰਾਵਤ ਗਾਊ ਮਿਲਿ ਹਰਿ ਜਨ ਸੋਭਾ ਪਾਈ।”
– ਮਲਾ ੪, ੨, ੨:੨ (1263)

(2) ਕੈਂਹ (ਇਕ ਧਾਤ) ਦਾ ਭਾਂਡਾ
“ਕਾਂਸੀ ਤੇ ਧੁਨਿ ਉਪਜੈ ਧੁਨਿ ਕਾਸੀ ਜਾਈ।”
– ਬਿਲਾ ਕਬ, ੧੧, ੧:੧ (857)

ਹੋਰ ਰੂਪ:

ਕਾਂਸੀ –
“ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ।”
– ਕੇਦਾ ਕਬ, ੨, ੧:੧ (1123)

ਕਾਸੁ ------ (1) ਅਕਾਸ਼
“ਅਰਧ ਉਰਧ ਮੁਖਿ ਲਾਗੋ ਕਾਸੁ।”
ਭੈਰ ਕਬ, ਅਸ ੧, ੫:੧ (1162)

(2) ਕਿਸ ਨੂੰ
“ਧੁਰਿ ਹੁਕਮੁ ਲਿਖਿਆ ਤਾਂ ਕਹੀਐ ਕਾਸੁ।”
– ਪ੍ਰਭਾ ੧, ਅਸ ੫, ੨:੨ (1344)

ਕਾਸੇ ------ ਪਿਆਲਾ, ਵੇਖੋ ‘ਕਾਸਾ’
“ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।”
– ਮਾਝ ੧, ਵਾਰ ੨੬ਸ, ੧, ੧:੯ (149)

ਕਾਹਾ ------ (1) ਹੋਰ ਕੋਈ
“ਰਾਮ ਨਾਮੁ ਘਟ ਅੰਤਰਿ ਪੂਜਾ ਅਵਰੁ ਨ ਦੂਜਾ ਕਾਹਾ ਹੇ।”
– ਮਾਰੂ ੧, ਸੋਲਾ ੧੨, ੧੪:੩ (1033)

(2) ਝਗੜਾ, ਦੰਗਾ ਫਸਾਦ, ਹਮਲਾ
“ਜਿਨ ਮਨਿ ਵਸਿਆ ਸੇ ਜਨ ਸੋਹਹਿ ਤਿਨ ਸਿਰਿ ਚੂਕਾ ਕਾਹਾ ਹੇ।”
– ਮਾਰੂ ੩, ਸੋਲਾ ੧੦, ੮:੩ (1053)
“ਸਦਾ ਮੁਕਤੁ ਰਹੈ ਇਕ ਰੰਗੀ ਨਾਹੀ ਕਿਸੈ ਨਾਲਿ ਕਾਹਾ ਹੇ।”

- ਮਾਰੂ ੩, ਸੋਲਾ ੧੧, ੩:੩ (1054)

ਕਾਹਾਹਾ ---- ਹਾਹਾਕਾਰ

"ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ।"

- ਸਲੋ ਫਰ, ੯੮:੨ (1383)

ਕਾਹਿ ------ (1) ਕਿਸ ਨੂੰ

"ਕਹੁ ਕਬੀਰ ਇਹ ਕਹੀਐ ਕਾਹਿ।"

- ਗਉ ਕਬ, ੧੦, ੪:੧ (325)

"ਕਾ ਕੋ ਜਰੈ ਕਾਹਿ ਹੋਇ ਹਾਨਿ।" (ਕਿਸ ਦਾ)

- ਗਉ ਕਬ, ੩੩, ੨:੧ (329)

"ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰ।" (ਕਿਸ ਤੋਂ)

- ਬਿਲਾ ਕਬ, ੭, ੧:੨ (856)

(2) ਕਾਹਦੇ ਲਈ, ਕਿਸ ਲਈ

"ਬਰਸਨਾ ਤਾ ਬਰਸੁ ਘਨਾ ਬਹੁੜਿ ਬਰਸਹਿ ਕਾਹਿ।"

- ਗੂਜ ੩, ਵਾਰ ੨੧ਸ, ੩, ੧:੩ (517)

(3) ਕਿਉਂ

"ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ।"

- ਤਿਲੰ ੯, ੧, ੧:੧ (726)

(4) ਕੌਣ

"ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ ਬੇਸੁਮਾਰ ਸਰਬਰ ਕਉ ਕਾਹਿ ਜੀਉ।"

- ਸਵ ੪, ਗਯੰ ੭:੧ (1402)

ਕਾਹੀ ------ ਕਿਸ ਲਈ

"ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ।"

- ਸੋਰ ੧, ੯, ੩:੧ (598)

ਕਾਹੂ ------ ਕਿਸੇ ਨੂੰ

"ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ।"

- ਮਾਝ ੫, ਬਾਰਾ ੯:੧ (135)

"ਅਪਨਾ ਭਲਾ ਸਭ ਕਾਹੂ ਮੰਗਨਾ।" (ਕਿਸੇ ਵਿਅਕਤੀ)

- ਗਉ ੫, ੭੮, ੪:੪ (178)

"ਕਾਹੂ ਕਾਜ ਨ ਆਵਤ ਬਿਖਿਆ।" (ਕਿਸੇ)

- ਗਉ ੫, ੧੬੬, ੧*:੨ (199)

"ਕਾਹੂ ਪੰਥੁ ਦਿਖਾਰੈ ਆਪੈ।" (ਕਿਸੇ ਵਿਅਕਤੀ ਨੂੰ)

- ਗਉ ੫, ਬਾਅ, ੧੭:੫ (253)

"ਗੁਰ ਪ੍ਰਸਾਦਿ ਕਾਹੂ ਜਾਤੇ।" (ਕਿਸੇ ਵਿਰਲੇ ਨੇ ਹੀ)

- ਦੇਵ ੫, ੮, ੧*:੨ (529)

"ਕਹੁ ਨਾਨਕ ਦੇਵੈ ਕਾਹੂ।" (ਕਿਸੇ ਵਿਰਲੇ ਨੂੰ ਹੀ)

- ਮਾਰੂ ੧, ੨, ੪:੪ (990)

(2) ਕਿਥੇ, ਕਿਸ ਸਥਾਨ ਤੇ

"ਕਾ ਕੋ ਠਾਕੁਰੁ ਕਾ ਕੋ ਸੇਵਕੁ ਕੋ ਕਾਹੂ ਕੈ ਜਾਸੀ।"
– ਗਉ ਕਬ, ੫੨, ੩:੨ (334)

(3) ਕਿਧਰੇ, ਕਿਸੇ ਸਥਾਨ ਤੇ

"ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ।" (ਕਿਸੇ ਹੋਰ ਸਥਾਨ ਤੇ ਕਿਧਰੇ ਨਹੀਂ ਭਟਕਦਾ)
– ਬਿਹਾ ੪, ਛੰਤ ੧, ੧:੩ (538)

"ਹਰਿ ਬਿਨੁ ਮੁਕਤਿ ਨ ਕਾਹੂ ਜੀਉ।" (ਕਿਸੇ ਤਰ੍ਹਾਂ ਵੀ ਕਿਤੇ ਵੀ)
– ਧਨਾ ੫, ੨੯, ੧*:੨ (678)

"ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ।"
– ਮਲਾ ੫, ੪, ੧*:੨ (1267)

(4) ਕਦੀ/ਕਿਸ ਸਮੇਂ ਵੀ

"ਬਿਰਥਾ ਕਾਹੂ ਛੋਡੈ ਨਾਹੀ।" (ਵਿਹਲਾ ਕਦੇ ਨਹੀਂ, ਰਹਿਣ ਦਿੰਦਾ/ਛਡਦਾ)
– ਆਸਾ ੫, ੯੦, ੧:੩ (393)

"ਜਿਨ ਵਿਸਰਹਿ ਨਾਹੀ ਕਾਹੂ ਬੇਰਾ।" (ਕਿਸੇ ਸਮੇਂ ਵੀ)
– ਮਾਰੂ ੫, ਸੋਲਾ ੧੩, ੧੩:੨ (1085)

(5) ਕੋਈ (ਥਾਂ)

"ਪੇਖਿਓ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ।"
– ਬਿਲਾ ੫, ੯੩, ੨:੧ (823)

(6) ਕਿਵੇਂ/ਕਿਸੇ ਤਰ੍ਹਾਂ ਵੀ

"ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ।"
– ਮਾਰੂ ੫, ੮, ੨:੧ (1001)

(7) ਕੋਈ (ਵਿਅਕਤੀ)

"ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ।" (ਕੋਈ ਰਾਜ ਤੇ ਕੋਈ ਸਵਰਗ ਦੇਣ ਵਾਲਾ ਬਣਦਾ ਹੈ)
– ਕਲਿ ੫, ੬, ੨:੧ (1322)

ਕਾਹੇ ------ ਕਿਉਂ, ਕਿਸ ਲਈ, ਕਾਹਨੂੰ

"ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।"
– ਗੂਜ ੫, ਸੋਦ ੫, ੧:੧ (10)

"ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ।" (ਕਾਹਨੂੰ ਡਰਦਾ ਹੈ ਭਾਵ ਨਹੀਂ ਡਰਦਾ)
– ਮਾਝ ੫, ੨੪, ੩:੩ (101)

ਕਾਕ ------ ਕਾਗ, ਕਊਆ, ਕਾਂ, ਵੇਖੋ 'ਕਾਉ'

"ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ ਰਾਮ।"
– ਬਿਲਾ ੫, ਛੰਤ ੪, ੩:੨ (848)

ਹੋਰ ਰੂਪ:

ਕਾਕਹ –

"ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।"
– ਸਸ ੫, ੩੩:੨ (1357)

ਕਾਖਾ ------ (ਸੰ.) ਘਾਹ, ਤ੍ਰਿਣ
“ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ।”
– ਜੈਤ ੪, ੨, ੧:੧ (696)

ਕਾਂਖੀ ------ (ਸੰ.) ਇਛਕ, ਚਾਹਵਾਨ, ਅਭਿਲਾਖੀ
“ਕਾਂਖੀ ਏਕੈ ਦਰਸ ਤੁਹਾਰੋ।”
– ਗਉ ੫, ਸੁਖ ੧, ੧:੯ (262)

ਕਾਖੈ ------ ‘ਕ’ ਤੇ ‘ਖ’ ਅਖਰ ਦੁਆਰਾ
“ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ।”
– ਆਸਾ ੩, ਪਟੀ ੧:੧ (434)

ਕਾਗ ------ ਕਊਆ, ਕਾਂ, ਵੇਖੋ ‘ਕਾਉ’
“ਕਾਗ ਬਤਨ ਬਿਸਟਾ ਮਹਿ ਵਾਸ।”
– ਗਉ ੫, ਅਸ ੭, ੨:੨ (239)

ਹੋਰ ਰੂਪ:

ਕਾਗਉ –
“ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ।” (ਕਾਂ ਤੋਂ)
– ਮਾਰੂ ੩, ਵਾਰ ੧੦ਸ, ੩, ੧:੧ (1089)

ਕਾਗਹੁ –
“ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ।”
– ਸਲੋ ਫਰ, ੧੨੪:੨ (1384)

ਕਾਗਦ ----- (ਅ.) ਕਾਗਜ਼
“ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ।”
– ਸਿਰੀ ੧, ੨, ੪:੧ (15)

ਹੋਰ ਰੂਪ:

ਕਾਗਦਿ –
“ਕਾਗਦਿ ਕਲਮ ਨ ਲਿਖਣਹਾਰੁ।”
– ਜਪੁ ੧, ੧੨:੩ (3)

ਕਾਗਦੁ –
“ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।”
– ਸਿਰੀ ੧, ੬, ੧:੧ (16)
“ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।” (ਕਾਗਜ ਭਾਵ ਲੇਖਾ)
– ਸਿਰੀ ੫, ਛੰਤ ੨, ੩:੫ (79)

ਕਾਗਦੈ –
“ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ।”
– ਸਲੋ ਫਰ, ੪੯:੨ (1380)

ਕਾਗਰ ----- ਕਾਗਜ਼
“ਬਧੇ ਬਿਕਾਰ ਲਿਖੇ ਬਹੁ ਕਾਗਰ।”

– ਗਉ ੫, ੧੪੭, ੪:੧ (195)

“ਸਰਣਿ ਸੂਰ ਫਾਰੇ ਜਮ ਕਾਗਰ।” (ਕਾਗਜ਼ ਭਾਵ ਲੇਖ)

– ਗਉ ੫, ੧੫੦, ੧*:੨ (196)

ਹੋਰ ਰੂਪ:

ਕਾਗਰਾ –

“ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ।” (ਕਾਗਜ)

– ਮਲਾ ਰਵਿ, ੧, ੨:੧ (1293)

“ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮੁ ਕਾਗਰੁ।” (ਭਾਵ ਲੇਖਾ)

– ਕਾਨ ੪, ਵਾਰ ੧੪:੩ (1318)

ਕਾਗਲੁ ----- ਕਾਗਜ਼

“ਦੂਯਾ ਕਾਗਲੁ ਚਿਤਿ ਨ ਜਾਣਦਾ।” (ਭਾਵ ਲੇਖਾ)

– ਸਿਰੀ ੫, ਅਸ ੨੯, ੩:੨ (73)

“ਕਢਿ ਕਾਗਲੁ ਦਸੇ ਰਾਹੁ।” (ਭਾਵ ‘ਪੜ੍ਹੀ’)

– ਆਸਾ ੧, ਵਾਰ ੧੫ਸ, ੧, ੪:੮ (471)

ਕਾਗਾ ------ ਹੇ ਕਾਗ, ਹੇ ਕਾਂ, ਪੇਖੋ ‘ਕਾਗਾ’

“ਉਡਹੁ ਨ ਕਾਗਾ ਕਾਰੇ।”

– ਗਉ ਕਬ, ੬੫, ੧*:੧ (338)

ਹੋਰ ਰੂਪ:

ਕਾਗੁ –

“ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ।”

– ਸੋਰ ੪, ਵਾਰ ੧੦:੩(646)

ਕਾਚ ------ (1) ਕਚੀ

“ਕਾਚ ਗਗਰੀਆ ਅੰਭ ਮਝਰੀਆ।” (ਕੱਚੀ ਮਿੱਟੀ ਦੀ)

– ਆਸਾ ੫, ੮੬, ੧*:੧ (692)

“ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ।” (ਨਾਪਾਏਦਾਰ, ਕੱਚੀ, ਟੁੱਟ ਜਾਣਾ ਵਾਲੀ)

– ਆਸਾ ੫, ੧੨੬, ੧*:੨ (402)

ਹੋਰ ਰੂਪ:

ਕਾਚਉ –

“ਬਾਬਾ ਮੈ ਕੁਚੀਲੁ ਕਾਚਉ ਮਤਿਹੀਨ।”

– ਮਾਰੂ ੧, ਅਸ ੩, ੧*:੧ (1010)

ਕਾਚਾ –

“ਹੋਰੁ ਸਭ ਪ੍ਰੀਤਿ ਮਾਇਆ ਮੋਹੁ ਕਾਚਾ।” (ਕਚੀ, ਬਿਨਸਨਹਾਰ)

– ਗਉ ੪, ੪੨, ੪:੧ (164)

“ਮੁਕਤਿ ਭੇਦੁ ਕਿਆ ਜਾਣੈ ਕਾਚਾ।” (ਅਣਜਾਣ)

– ਗਉ ੧, ਅਸ ੬, ੧:੨ (223)

ਕਾਚੀ –

“ਜੂਐ ਖੇਲਣੁ ਕਾਚੀ ਸਾਰੀ।” (ਨਰਦਾ ਕਚੀਆਂ ਰਹਿੰਦੀਆਂ ਹਨ, ਪੁਗਰਦੀਆਂ ਨਹੀਂ) ਭਾਵ ਜੀਵਨ ਸਫਲ ਨਹੀਂ ਹੁੰਦਾ

– ਗਉ ੧, ਅਸ ੩, ੪:੩ (222)

“ਲੇਖੈ ਗਣਤ ਨ ਛੁਟੀਐ ਕਾਚੀ ਭੀਤਿ ਨ ਸੁਧਿ।”

– ਗਉ ੫, ਬਾਅ ੯:੭ (252)

(2) ਕਚ, ਕੰਚ

“ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ।” (ਕੰਚ ਦੇ ਬਦਲੇ)

– ਧਨਾ ੫, ੯, ੩:੨ (673)

“ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ।”

– ਬਿਲਾ ੫, ੯੬, ੧:੧ (823)

(3) ਕਚੇ, ਮਾੜੇ ਮੋਟੇ, ਮਾਮੂਲੀ, ਨਿਗੂਣੇ

“ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।” (ਮਾੜੇ ਮੋਟੇ ਕਰਮਾਂ ਨਾਲ)

– ਸਾਰ ੫, ੧੩੯, ੧:੧ (1231)

ਕਾਚੀ ------ (1) ਬਿਨਸਨ/ਟੁੱਟਣਹਾਰ, ਵੇਖੋ ‘ਕਾਚਾ’ (1)

“ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ।” (ਮਿੱਟੀ ਦੀ ਬਣੀ ਹੋਈ ਕਚੀ)

– ਬਸੰ ੧, ੯, ੧*:੨ (1171)

“ਮਨਮੁਖ ਬੁਧਿ ਕਾਚੀ ਮਨੂਆ ਡੋਲੈ ਅਕਥੁ ਨ ਕਥੈ ਕਹਾਨੀ।” (ਅਵਰਸਿਤ, ਕਚੀ)

– ਸਾਰ ੩, ਅਸ ੧, ੩:੧ (1233)

(2) ਜੋ ਪਕੀ ਨਹੀਂ, ਜੋ ਫਸਲ ਤਿਆਰ ਨਹੀਂ ਹੋਈ

“ਕਾਚੀ ਪਾਕੀ ਬਾਢਿ ਪਰਾਨੀ।”

– ਆਸਾ ੫, ੧੯, ੧:੨ (375)

“ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ।”

– ਸਲੋ ਕਬ, ੨੪੧:੨ (1377)

ਕਾਚੁ ------ ਕੰਚ, ਕਚ (ਮਹਾਨਕੋਸ਼ ਨੇ ਇਕ ਅਰਥ ‘ਮੋਮ’ ਵੀ ਦਿਤੇ ਹਨ)

“ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ।”

– ਮਲਾ ੧, ਅਸ ੨, ੧:੨ (1274)

ਕਾਂਚੁਰੀ ----- (ਸੰ.) ਕੁੰਜ

“ਆਜੁ ਕਾਲਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ।”

– ਸਲੋ ਕਬ, ੪੦:੨ (1366)

ਕਾਚੇ ------ (1) ਬਿਨਸਨਹਾਰ, ਕਚੇ, ਝੂਠੇ, ਭਜ ਜਾਣ ਵਾਲੇ

“ਜਿਨ ਕਉ ਪ੍ਰੀਤਿ ਨਾਹੀ ਹਰਿ ਸੇਤੀ ਤੇ ਸਾਕਤ ਮੂੜ ਨਰ ਕਾਚੇ।”

– ਗਉ ੪, ੫੫, ੨:੧ (169)

ਹੋਰ ਰੂਪ:

ਕਾਚੈ –

“ਅਨਿਕ ਭਾਂਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ।” (ਟੁੱਟ ਜਾਣ ਵਾਲੇ, ਕੱਚੇ)

– ਸੋਰ ੫, ੪, ੩:੧ (609)

"ਕਾਚੈ ਕਰਵੈ ਰਹੈ ਨ ਪਾਨੀ।" (ਮਿੱਟੀ ਦੇ ਬਣੇ, ਕੱਚੇ)
– ਸੂਹੀ ਕਬ, ੨, ੨:੧ (792)

ਕਾਚੋ –
"ਜਨਮਿ ਮਰੈ ਸੋ ਕਾਚੋ ਕਾਚਾ।" (ਕਚਾ)
– ਗਉ ੫, ਸੁਖ ੧੯, ੪:੨ (288)

(2) ਜੋ ਪੂਰਨ ਨਹੀਂ ਅਪੂਰਨ
"ਕਾਚੋ ਗੁਰ ਤੇ ਮੁਕਤਿ ਨ ਹੂਆ।"
– ਰਾਮ ੧, ਓਅੰ ੨੧:੫ (932)

ਕਾਛਿ ------ (1) ਵਿਉਂਤ ਨਾਲ ਸੀਤੀ/ਬਣਾਈ ਹੋਈ ਪੌਸ਼ਾਕ
"ਕਰਿ ਸੰਜੋਗੁ ਬਨਾਈ ਕਾਛਿ।" (ਭਾਵ 'ਸਰੀਰ')
– ਰਾਮ ੫, ੨੪, ੧:੧ (890)

(2) ਬਣਾ ਸੁਆਰ ਕੇ (ਮੁਹਾਵਰਾ 'ਕਾਛਿ ਕੂਛਿ')
"ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ।"
– ਸੋਰ ਕਬ, ੩, ੩:੧ (654)

ਕਾਛੇ ------ (1) ਛਾਂਟੇ ਹੋਏ, ਸੋਹਣੇ, ਸੰਵਾਰੇ ਹੋਏ
"ਸਰਬ ਸਾਸਤ੍ਰ ਬਹੁ ਰੂਪੀਆ ਅਨਗੁਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ।"
– ਮਲਾ ਨਾਮ, ੧, ੩:੨ (1292)

(2) ਲਿਬਾਸ ਦਾ ਪਹਿਣਨਾ
"ਅਨਿਕ ਸ੍ਵਾਂਗ ਕਾਛੇ ਭੇਖਧਾਰੀ।"
– ਕਾਨ ੫, ੩:੧ (1299)

ਕਾਜ ------ ਕੰਮ, ਕਾਰਜ
"ਅਵਰਿ ਕਾਜ ਤੇਰੇ ਕਿਤੈ ਨ ਕਾਮ।"
– ਆਸਾ ੫, ਸੋਪੁ ੪, ੧:੩ (12)

"ਅਵਰਿ ਜਤਨ ਕਹਹੁ ਕਉਨ ਕਾਜ।" (ਕੰਮ, ਅਰਥ)
– ਗਉ ੫, ੭੬, ੨:੩ (178)

ਕਾਜਰ ----- ਕਜਲ, ਅੱਖਾਂ ਵਿਚ ਸਿੰਗਾਰ ਲਈ ਪਾਈ ਜਾਣ ਵਾਲੀ ਕਾਲੀ ਸਿਆਹੀ, ਕਾਲਖ, ਵੇਖੋ 'ਕਾਜਲ'
"ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ।"
– ਆਸਾ ੫, ੫੧, ੩:੧ (384)

ਕਾਜਲ ----- (ਸੰ.) ਦੀਵੇ ਦੀ ਸਿਆਹੀ ਜੋ ਸ਼ਿੰਗਾਰ ਲਈ ਅੱਖਾਂ ਵਿਚ ਪਾਈ ਜਾਂਦੀ ਹੈ।
"ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ।"
– ਸਿਰੀ ੧, ਅਸ ੧੬, ੭:੨ (64)

"ਕਾਜਲ ਫੂਲ ਤੰਬੋਲ ਰਸੁ ਲੇ ਧਨ ਕੀਆ ਸੀਗਾਰੁ।"
– ਸੂਹੀ ੩, ਵਾਰ ੯ਸ, ੩, ੨:੧ (788)

ਹੋਰ ਰੂਪ:

ਕਾਜਲੁ –
"ਕਾਜਲੁ ਹਾਰੁ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ।"

– ਮਾਰੂ ੫, ਵਾਰ ੧ਸ, ੫, ੩:੨ (1094)

ਕਾਜਾ ------ ਕੰਮ, ਵੇਖੋ ‘ਕਾਜ’

“ਬਿਨੁ ਗੁਰ ਸਬਦ ਨ ਸਵਰਸਿ ਕਾਜਾ।”

– ਗਉ ੧, ਅਸ ੧੦, ੭:੩ (225)

ਹੋਰ ਰੂਪ:

ਕਾਜਿ –

“ਕਾਜਿ ਤੁਹਾਰੈ ਨਾਹੀ ਹੋਰੁ।”

– ਗਉ ੫, ਅਸ ੬, ੧*:੨ (238)

“ਜਜਿ ਕਾਜਿ ਪਰਥਾਇ ਸੁਹਾਈ।” (ਕੰਮ, ਸ਼੍ਰਾਧ

– ਆਸਾ ੫, ੩, ੧*:੨ (371)

ਕਾਜਿ ------ (1) ਕੰਮ, ਵੇਖੋ ‘ਕਾਜ’

(2) ਕਜਣਾ

“ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੋ।” (ਸ਼ਰਮ ਕਰਕੇ ਮੂੰਹ ਕਜ ਲੈਂਦੀ ਹੈ)

– ਸਾਰ ੫, ੩, ੧:੨ (1203)

ਕਾਜੀ ------ (1) (ਅ.) ਸ਼ਰਾਹ ਅਨੁਸਾਰ ਫੈਸਲਾ ਕਰਨ ਵਾਲਾ, ਝਗੜਾ ਨਿਬੇੜਨ ਵਾਲਾ

“ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ।”

– ਸਿਰੀ ੧, ੨੮, ੨:੧ (24)

ਹੋਰ ਰੂਪ:

ਕਾਜੀਆ –

“ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।”

– ਤਿਲੰ ੧, ੫, ੧:੪ (722)

(2) ਕਾਜਾਂ (ਕੰਮਾਂ/ਕਰਮਾਂ) ਦੀ

“ਕਹੁ ਨਾਨਕ ਅਪਰੰਪਰ ਸੁਆਮੀ ਕੀਮਤਿ ਅਪੁਨੇ ਕਾਜੀ।”

– ਗਉ ੫, ੧੨੬*, ੫:੨ (206)

ਕਾਜੁ ------ ਕੰਮ, ਵੇਖੋ ‘ਕਾਜ’ ‘ਕਾਜਿ’ (1)

“ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ।”

– ਸਿਰੀ ੫, ਅਸ ੨੬, ੨:੩ (70)

“ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ।” (ਕੰਮ, ਵਿਆਹ ਦਾ ਕਾਰਜ)

– ਸਿਰੀ ੪, ਛੰਤ ੧, ੪:੩ (79)

“ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ।” (ਭਾਵ ਵਿਆਹ)

– ਆਸਾ ੧, ੧੦, ੧:੧ (351)

“ਹਰਿ ਪ੍ਰਭਿ ਕਾਜੁ ਰਚਾਇਆ।” (ਵਿਆਹ)

– ਸੂਹੀ ੪, ਛੰਤ ੩, ੪:੧ (775)

“ਮੋਹਿ ਐਸੇ ਬਨਜ ਸਿਉ ਨਹੀਨ ਕਾਜੁ।” (ਭਾਵ ਵਾਸਤਾ, ਲੋੜ)

– ਬਸੰ ਕਬ, ੬, ੧*:੧ (1195)

“ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ।” (ਵਾਸਤਾ)

– ਸਾਰ ਸੂਰ, ੧, ੨:੧ (1253)

ਕਾਜੇ ------ ਕਜਦਾ ਹੈ

“ਜਪਿ ਗੋਬਿੰਦੁ ਪੜਦੇ ਸਭਿ ਕਾਜੇ।”

– ਰਾਮ ੫, ੪੭, ੩:੪ (897)

ਕਾਜੈ ------ ਕੰਮ

“ਵਡਭਾਗੀ ਮਿਲੁ ਸੰਗਤੀ ਮੇਰੇ ਗੋਵਿੰਦਾ ਜਨ ਨਾਨਕ ਨਾਮ ਸਿਧਿ ਕਾਜੈ ਜੀਉ।”

– ਗਉ ੪, ੬੮, ੪:੪ (175)

ਕਾਟ ------ ਕਟ, ਦੂਰ ਕਰ

“ਮੇਰੇ ਮਨ ਹਰਿ ਭਜੁ ਸਭ ਕਿਲਬਿਖ ਕਾਟ।”

– ਮਾਲੀ ੪, ੬, ੧*:੧ (986)

ਹੋਰ ਰੂਪ:

ਕਾਟਹਿ –

“ਹਰਿਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ।” (ਦੂਰ ਕਰੇ)

– ਸੂਹੀ ੫, ਛੰਤ ੯, ੪:੪ (783)

ਕਾਟਹੁ –

“ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ।”

– ਗਉ ਕਬ, ੩੨, ੧*:੧ (329)

(2) ਕਟ ਕੇ, ਟੁਕੜੇ ਕਰਕੇ, ਟੋਟੇ ਟੋਟੇ ਕਰਕੇ

“ਮੇਰੇ ਹਰਿ ਪ੍ਰਭ ਕੀ ਮੈ ਬਾਤ ਸੁਨਾਵੈ ਤਿਸੁ ਮਨੁ ਦੇਵਉ ਕਟਿ ਕਾਟ।”

– ਮਾਲੀ ੪, ੬, ੧:੧ (986)

ਹੋਰ ਰੂਪ:

ਕਾਟਉ –

“ਮਧਿ ਮਧਿ ਕਾਟਉ ਜਮ ਕੀ ਫਾਸੀ।”

– ਆਸਾ ਨਾਮ, ੩, ੧:੨ (485)

ਕਾਟਹਿ –

“ ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ।” (ਵਢਦੇ ਹਨ)

– ਗਉ ਕਬ, ੪੫, ੩:੧ (332)

ਕਾਟਹੁ –

“ਭ੍ਰਮ ਭੈ ਰਾਖਹੁ ਮੋਹ ਤੇ ਕਾਟਹੁ ਜਮ ਜਾਲ।”

– ਬਿਲਾ ੫, ੪੧, ੩:੨ (811)

ਕਾਟਣ ----- ਦੂਰ ਕਰਨਹਾਰ

“ਕਿਲਵਿਖ ਕਾਟਣ ਭੈ ਹਰਣ ਸੁਖ ਸਾਗਰ ਹਰਿ ਰਾਇ।”

– ਰਾਮ ੫, ਰੁਤੀ ੧, ੨ਸ:੧ (927)

ਕਾਟਣਹਾਰਾ -- ਦੂਰ ਕਰਨ ਦੇ ਸਮਰਥ

“ਹਰਿ ਰਸੁ ਚਾਖਿ ਮਨੁ ਨਿਰਮਲੁ ਹੋਆ ਕਿਲਬਿਖ ਕਾਟਣਹਾਰਾ।”
– ਸੋਰ ੩, ੧੧, ੨:੨ (604)

ਹੋਰ ਰੂਪ:

ਕਾਟਣਹਾਰੁ –
“ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ।”
– ਸੋਰ ੫, ੪੭, ੧*:੨ (620)

ਕਾਟਣਹਾਰੁ –
(1) ਦੂਰ ਕਰਨ ਵਾਲਾ, ਵੇਖੋ ‘ਕਾਟਣਹਾਰਾ’
(2) ਕਟ ਦੇਣ ਵਾਲਾ
“ਬੰਧਨ ਕਾਟਨਹਾਰੁ ਸੁਆਮੀ।”
– ਧਨਾ ੫, ੫੭, ੨:੧ (684)

ਕਾਟਣਹਾਰੇ -- ਦੂਰ ਕਰਨ ਵਾਲੇ
“ਭਗਤਿ ਵਛਲ ਭੈ ਕਾਟਣਹਾਰੇ।”
– ਧਨਾ ੧, ਅਸ ੧, ੫:੩ (685)

ਕਾਟਨ ----- ਕਟਣ ਲਈ
“ਕਹੁ ਨਾਨਕ ਬੰਧਨ ਕਾਟਨ ਕਉ ਮੈ ਸਤਿਗੁਰੁ ਪੁਰਖੁ ਧਿਆਵਤ ਹੇ।”
– ਬਿਲਾ ੫, ੮੮, ੪:੧ (822)

ਕਾਟਨਹਾਰ -- ਕਟਨ ਵਾਲਾ, ਦੂਰ ਕਰਨ ਵਾਲਾ
“ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ।”
– ਗਉ ੫, ੧੨੦*, ੧:੨ (204)
“ਓਇ ਦਾਤੇ ਦੁਖ ਕਾਟਨਹਾਰ।” (ਦੂਰ ਕਰਨ ਵਾਲਾ)
– ਗਉ ੫, ਸੁਖ ੧੬, ੮:੫ (285)

ਹੋਰ ਰੂਪ:

ਕਾਟਨਹਾਰਾ –
“ਕਿਲਵਿਖ ਅਵਗਣ ਕਾਟਨਹਾਰਾ।” (ਮੇਟਨ/ਦੂਰ ਕਰਨ ਵਾਲਾ)
– ਮਾਝ ੩, ਅਸ ੬, ੪:੨ (112)

ਕਾਟਨਹਾਰੁ –
“ਬੰਧਨ ਕਾਟਨਹਾਰੁ ਮਨਿ ਵਸੈ।”
– ਭੈਰ ੫, ੪੧, ੨:੩ (1147)

ਕਾਟਨਹਾਰੇ –
“ਭਗਤਿ ਵਛਲ ਭੈ ਕਾਟਨਹਾਰੇ ਨਾਨਕ ਕੇ ਮਾਈ ਬਾਪ।”
– ਸਾਰ ੫, ੧੦੦, ੨:੨ (1223)

ਕਾਟਿ –
(1) ਕਟ, ਦੂਰ ਕਰ
“ਸਤਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ।”
– ਸਿਰੀ ੫, ੮੭, ੧:੨ (48)
“ਭ੍ਰਮੁ ਭਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ।” (ਦੂਰ ਕਰਕੇ)

– ਗਉ ੫, ੧੨੮*, ੩:੧ (207)

ਕਾਟਿਆ –

“ਕਾਟਿਆ ਰੋਗੁ ਮਹਾ ਸੁਖੁ ਪਾਇਆ ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ।”

– ਆਸਾ ੫, ੯, ੧*:੨ (383)

“ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ ਦੈਣੀ।”

– ਦੇਵ ੫, ੯, ੧:੧ (530)

ਕਾਟੀ –

“ਕਹੁ ਨਾਨਕ ਪ੍ਰਭਿ ਅਪਦਾ ਕਾਟੀ।”

– ਗਉ ੫, ੧੪੩, ੪:੨ (194)

ਕਾਟੀਐ – ਜਨਮ ਮਰਣ ਦੁਖੁ ਕਾਟੀਐ ਲਾਗੈ ਸਹਜਿ ਧਿਆਨੁ।”

– ਸਿਰੀ ੫, ੮੨, ੧:੩ (46)

ਕਾਟੁ –

“ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਾਟੁ।”

– ਗੂਜ ੩, ਵਾਰ ੨੨:੫ (517)

ਕਾਟੇ –

“ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ।”

– ਮਾਝ ੫, ੩੪, ੩:੩ (104)

ਕਾਟੈ –

“ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ।”

– ਸਿਰੀ ੩, ੫੯, ੪:੧ (37)

(2) ਵੱਢ/ਕੱਟ ਕੇ

“ਕਾਟਿ ਸਿਲਕ ਪ੍ਰਭਿ ਸੇਵਾ ਲਾਇਆ।”

– ਮਾਝ ੫, ੨੫, ੨:੧ (101)

“ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮ ਭਉ ਗੁਰ ਬਚਨੀ ਭਾਗੇ।”
(ਟੁਕੜੇ ਕਰਕੇ)

– ਗਉ ੪, ੬੨, ੨:੨ (172)

ਹੋਰ ਰੂਪ:

ਕਾਟਿਓ –

“ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ।”

– ਆਸਾ ੫, ੧੨੧, ੪:੧ (401)

“ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ।”

– ਸੋਰ ਰਵਿ, ੨, ੨:੧ (658)

ਕਾਟਿਆ –

“ਦੁਖ ਕੇ ਫਾਹੇ ਕਾਟਿਆ ਨਾਨਕ ਲੀਏ ਸਮਾਇ।”

– ਗਉ ੫, ਬਾਅ ੩੦:੮ (256)

ਕਾਟੀ –

“ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ।”

– ਮਾਝ ੫, ੩੮, ੧:੨ (105)

ਕਾਟੀਐ –

"ਕਰਿ ਸੇਵਾ ਤੂੰ ਸਾਧ ਕੀ ਹੋ ਕਾਟੀਐ ਜਮ ਜਾਲੁ।"

– ਗਉ ੫, ੧੫੮*, ੧:੨ (214)

ਕਾਟੀਲੇ –

"ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ।"

– ਰਾਮ ਨਾਮ, ੧, ੧:੧ (972)

ਕਾਟੁ –

"ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰੀਤ ਜੀਉ।"

– ਸਵ ੪, ਗਯੰ ੧੦:੩ (1403)

ਕਾਟੇ –

"ਜਿਨਿ ਬੰਧਨ ਕਾਟੇ ਸਗਲੇ ਮੇਰੇ।"

– ਮਾਝ ੫, ੧੫, ੪:੨ (99)

ਕਾਟੈ –

"ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ।"

– ਗਉ ੫, ੧੩੨*, ੫:੧ (208)

ਕਾਠ ------ (ਸੰ.) ਲਕੜੀ

"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।"

– ਗਉ ੫, ੧੨੬, ੩:੧ (206)

"ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ ਲੋਹਾ ਕਾਠ ਸੰਗੋਇਆ।"

– ਗਉ ੪, ਵਾਰ ੧੯ਸ, ੪, ੧:੯ (309)

ਹੋਰ ਰੂਪ:

ਕਾਠਹੁ

"ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਤੇ ਗਇਆ।"

– ਸਵ ੪, ਨਲ ੬:੫ (1399)

ਕਾਠੀ ------ ਲਕੜੀ

"ਸੰਚਿ ਮਹਾ ਰਸੁ ਤਨੁ ਭਇਆ ਕਾਠੀ।" (ਲਕੜੀ)

– ਗਉ ਕਬ, ੨੭, ੧:੨ (328)

ਕਾਠੁ ------ ਲਕੜ

"ਕਾਪੜੁ ਕਾਠੁ ਰੰਗਾਇਆ ਰਾਂਗਿ।"

– ਸਾਹ ੪, ਵਹ ੧੫ਸ, ੧, ੨:੧ (1243)

ਕਾਂਠੈ ------ ਕੰਠੇ, ਇਕ ਪਾਸੇ

"ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਂਠੈ ਰਹਿ ਗਇਓ ਰਾਮੁ।"

– ਸੋਲ ਕਬ, ੧੪੨:੧ (1372)

ਕਾਂਡੀ ------ ਪੱਤਰੀ, ਜਨਮ ਪਤ੍ਰੀ, ਜਿਸ ਦੇ 12 ਕਾਂਡ ਹੋਣ

"ਗਣਿ ਗਣਿ ਜੋਤਕੁ ਕਾਂਡੀ ਕੀਨੀ।"

– ਰਾਮ ੧, ਅਸ ੪, ੨:੧ (904)

ਕਾਢ ------ ਕਢ, ਨਿਕਾਲ
"ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ।"
– ਬਿਲਾ ੫, ੬੦, ੪:੨ (816)

ਹੋਰ ਰੂਪ:

ਕਾਢਹਿ –
"ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ।" (ਕਢਦੇ)
– ਪ੍ਰਭਾ ੩, ਅਸ, ੨, ੧:੨ (1346)

ਕਾਢਹੁ –
"ਭਵਜਲ ਤੇ ਕਾਢਹੁ ਪ੍ਰਭੂ ਨਾਨਕ ਤੇਰੀ ਟੇਕ।" (ਕਢਹੁ)
– ਗਉ ੫, ਬਾਅ ਪ੩ਸ:੨ (261)

"ਵਖਰੁ ਕਾਢਹੁ ਸਉਦਾ ਕਰਾਏ।"
– ਆਸਾ ੫, ੬, ੧*:੨ (372)

"ਘਟ ਫੂਟੇ ਕੋਊ ਬਾਤ ਨ ਪੂਛੈ ਕਢਹੁ ਕਾਢਹੁ ਹੋਈ।" (ਘਰੋਂ ਬਾਹਰ ਕਢੋ, ਲੈ ਚਲੋ)
– ਆਸਾ ਕਬ, ੯, ੨:੨ (478)

ਕਾਂਢੁਕੁ ----- ਕਹਿਣ ਵਾਲਾ, ਉਪਦੇਸ਼ਕ, ਨਵੀਂ ਤਜਵੀਜ਼ ਦੇਣ ਵਾਲਾ (ਮਹਾਨਕੋਸ਼)
"ਮਤੜੀ ਕਾਂਢੁਕੁ ਆਹ ਪਾਵ ਧੋਵੰਦੋ ਪੀਵਸਾ।"
– ਮਾਰੂ ੫, ਵਾਰ ੧੫ਸ, ੫, ੩:੧ (1099)

ਕਾਢਤ ----- ਕਢਦਾ ਹੈ
"ਜਿਸ ਕਾ ਸਾਸੁ ਨ ਕਾਢਤ ਆਪਿ।"
– ਗਉ ੫, ਸੁਖ ੧੭, ੫:੩ (286)

ਕਾਢਨ ----- ਕਢਨ
"ਕਰੈ ਗੁਮਾਨੁ ਚਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ।"
– ਰਾਮ ਕਬ, ੩, ੪:੧ (969)

ਕਾਢਨਹਾਰਾ -- ਕਢਨ ਵਾਲਾ
"ਅੰਧ ਕੂਪ ਤੇ ਕਾਢਨਹਾਰਾ।"
– ਮਾਰੂ ੫, ੧੯, ੫:੪ (1005)

ਕਾਢਿ ------ ਕੱਢ ਕੇ
"ਛੁਰੀ ਕਾਢਿ ਲੇਵੈ ਹਥਿ ਦਾਨਾ।" (ਭਾਵ ਜੋਰੀਂ)
– ਗਉ ੫, ੧੦੭*, ੨:੨ (201)

"ਨਾਨਕ ਕਾਢਿ ਲੇਹੁ ਪ੍ਰਭ ਆਪੇ।" (ਕਢ)
– ਗਉ ੫, ਸੁਖ ੪, ੨:੧੦ (267)

"ਘੂੰਘਟੁ ਕਾਢਿ ਗਈ ਤੇਰੀ ਆਗੈ।" (ਘੁੰਢ ਕਢ ਕੇ)
– ਆਸਾ ਕਬ, ੩੪, ੧:੧ (484)

"ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ।" (ਕਢ ਲਵੋ)
– ਜੈਤ ੫, ਛੰਤ ੨, ੧:੬ (704)

ਹੋਰ ਰੂਪ:

ਕਾਢਿਓ –
"ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ।" (ਕਢ ਲਿਆ)
– ਗਉ ੫, ਅਸ ੧੨, ੬:੧ (241)

ਕਾਢਿਅਨੁ –
"ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ।"
– ਰਾਮ ੫, ਵਾਰ ੨੧:੭ (966)

ਕਾਢਿਆ –
"ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ।"
– ਸਿਰੀ ੫, ੭੬, ੩:੩ (44)

ਕਾਂਢਿਆ ---- ਅਖਵਾਉਂਦਾ, ਆਖਿਆ ਜਾਂਦਾ
"ਜਨੁ ਨਾਨਕੁ ਦਾਸੁ ਹਰਿ ਕਾਂਢਿਆ ਹਰਿ ਪੈਜ ਰਖਾਏ।"
– ਆਸਾ ੪, ਛੰਤ ੧੭, ੪:੪ (450)

ਕਾਢਿਬਾ ---- ਕੱਢ ਦਿੰਦਾ ਹੈ
"ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਢਿਬਾ।"
– ਜੈਤ ੪, ੪, ੧:੨ (697)

ਕਾਢੀ ------ ਕਢੀ, ਕੱਢ ਦਿਤੀ
"ਕਹੁ ਨਾਨਕ ਦਿਨੁ ਰੈਨਿ ਧਿਆਇਓ ਮਾਰਿ ਕਾਢੀ ਸਗਲ ਉਪਾਧੇ।"
– ਆਸਾ ੫, ੧੨੬, ੪:੨ (403)

ਕਾਂਢੀ ------ ਕਿਹਾ/ਗਿਣਿਆ ਜਾਂਦਾ ਹੈ
"ਚਹੁ ਜੁਗੀ ਕਲਿ ਕਾਲੀ ਕਾਂਢੀ ਇਕ ਉਤਮ ਪਦਵੀ ਇਸੁ ਜੁਗ ਮਾਹਿ।"
– ਸੋਰ ੪, ਵਾਰ ੨੨ਸ, ੩, ੨:੧ (651)

ਕਾਢੀਅਹਿ --- ਗਿਣੇ/ਕਹੇ ਜਾਂਦੇ ਹਨ
"ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ।"
– ਗੂਜ ੫, ਵਾਰ ੧ਸ, ੫, ੧:੫ (517)

ਹੋਰ ਰੂਪ:

ਕਾਂਢੀਅਹਿ –
"ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ।"
– ਮਾਝ ੫, ਬਾਰਾ ੧੨:੯ (136)

ਕਾਢੀਆ ---- ਆਖੀ ਜਾਂਦੀ/ਕਹੀ ਜਾਂਦੀ ਹਾਂ
"ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ।"
– ਸੂਹੀ ੫, ਅਸ ੪, ੧:੧ (761)

ਹੋਰ ਰੂਪ:

ਕਾਂਢੀਆ –
"ਤੂੰ ਉਤਮੁ ਹਉ ਨੀਚੁ ਸੇਵਕੁ ਕਾਂਢੀਆ।" (ਗਿਣਿਆ/ਸਮਝਿਆ ਜਾਂਦਾ ਹਾਂ)
– ਆਸਾ ੧, ਅਸ ੨੧, ੮:੧(422)

ਕਾਢੀਐ –

"ਨਾਨਕ ਸੇਵਕ ਕਾਢੀਐ ਜਿ ਸੇਤੀ ਖਸਮ ਸਮਾਇ।"
– ਆਸਾ ੧, ਵਾਰ ੨੩ਸ, ੨, ੨:੨ (475)

ਕਾਂਢੀਐ –
"ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ।"
– ਸਿਰੀ ੧, ਅਸ ੨, ੩:੧ (54)

ਕਾਢੀਲੇ ---- ਕੱਢ ਕੇ
"ਕਾਮ ਕ੍ਰੋਧ ਬਿਖੁ ਕਾਢੀਲੇ ਮਾਰਿ।"
– ਰਾਮ ਕਬ, ੯, ੩:੪ (971)

ਕਾਢੁ ------ ਕਢੋ, ਨਿਕਾਲੋ
"ਓਇ ਭਿ ਲਾਗੇ ਕਾਢੁ ਸਵੇਰਾ।"
– ਸੂਹੀ ਰਵਿ, ੩, ੨:੨ (794)

ਕਾਢੇ ------ (1) ਅਖਵਾਉਂਦੇ/ਆਖੇ ਜਾਂਦੇ ਹਨ
"ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ।"
– ਗਉ ੪, ੫੯, ੪:੨ (171)

ਹੋਰ ਰੂਪ:

ਕਾਂਢੇ –
"ਰਾਮ ਹਮ ਸਤਿਗੁਰ ਲਾਲੇ ਕਾਂਢੇ।" (ਸੇਵਕ ਆਖੀਦੇ ਹਾਂ)
– ਗਉ ੪ ੫੯, ੧*:੧ (171)

(2) ਕੱਢ ਲਏ
"ਬੂਡਤ ਜਾਤ ਪੂਰੈ ਗੁਰਿ ਕਾਢੇ।"
– ਗਉ ੫, ੧੨੫, ੩:੧ (191)
"ਘੂੰਘਟ ਕਾਢੇ ਕੀ ਇਹੈ ਬਡਾਈ।" (ਕਢਣ ਦੀ)
– ਆਸਾ ਕਬ, ੩੪, ੨:੧ (484)
"ਕਹੁ ਨਾਨਕ ਜਿਨਿ ਜਮ ਤੇ ਕਾਢੇ ਤਿਸੁ ਗੁਰ ਕੈ ਕੁਰਬਾਣੀ।" (ਭਾਵ ਬਚਾ ਲਏ)
– ਧਨਾ ੫, ੪, ੪:੨ (671)

ਹੋਰ ਰੂਪ:

ਕਾਢੈ –
"ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ।"
– ਗਉ ੫, ਸੁਖ ੨੦, ੪:੭ (290)

ਕਾਂਢੈ ------ ਕੰਢੇ/ਤੱਟ ਤੇ
"ਮਹਾ ਤਰੰਗ ਤੇ ਕਾਂਢੈ ਲਾਗਾ।"
– ਪ੍ਰਭਾ, ੫, ਅਸ ੩, ੪:੧ (1348)

ਕਾਣਾ ------ ਇਕ ਨੇਤ੍ਰਾ, ਇਕ ਅੱਖ ਵਾਲਾ
"ਹਿੰਦੂ ਅੰਨ੍ਹਾ ਤੁਰਕੂ ਕਾਣਾ।"
– ਗੋਂਡ ਨਾਮਾ ੭, ੪:੧ (875)

ਕਾਣਿ ------ (1) ਮੁਥਾਜੀ

“ਘਰ ਕੇ ਜਿਠੇਰੇ ਕੀ ਚੁਕੀ ਕਾਣਿ।”
- ਆਸਾ ੫, ੨, ੧:੩ (370)

ਹੋਰ ਰੂਪ:

ਕਾਣੇ -
“ਚੀਤਿ ਆਵੈ ਤਾਂ ਚੂਕੀ ਕਾਣੇ।”
- ਭੈਰ ੫, ੨੧, ੩:੪ (1141)

(2) ਡਰ
“ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ।” (ਮੁਥਾਜੀ, ਡਰ)
- ਵਡ ੪, ਵਾਰ ੧੭:੪ (593)

“ਨਾ ਜਮ ਕਾਣਿ ਨ ਛੰਦਾ ਬੰਦਾ।” (ਨਾ ਜਮ ਦਾ ਡਰ, ਨਾ ਬੰਦਿਆਂ ਦੀ ਮੁਥਾਜੀ)
- ਮਾਰੂ ੧, ਸੋਲਾ ੪, ੧੪:੨ (1024)

“ਓਹੁ ਭਾਰੋ ਠਾਕੁਰੁ ਜਿਸ ਕਾਣਿ ਨ ਛੰਦਾ।” (ਡਰ ਤੇ ਮੁਥਾਜੀ ਨਹੀਂ)
- ਮਾਰੂ ੫, ਸੋਲਾ ੨, ੮:੨ (1073)

ਹੋਰ ਰੂਪ:

ਕਾਣਿ -
“ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ।”
- ਵਡ ੫, ਛੰਤ ੧, ੧:੩ (576)

ਕਾਣੇ -
“ਜਨਮ ਮਰਣ ਦੁਖੁ ਕਾਟੀਐ ਪਿਆਰੇ ਚੁਕੈ ਜਮ ਕੀ ਕਾਣੇ।”
- ਬਿਲਾ ੫, ੪, ੩:੩ (802)

(3) ਅਹਿਸਾਨ (ਸ਼ਬਦਾਰਥ) ਸ਼ਰਮ (ਕੋਸ਼); ਝਿਜਕ (ਦਰਪਣ)
“ਸਿਰੁ ਦੀਜੈ ਕਾਣਿ ਨ ਕੀਜੈ।”
- ਸਲੋ ੧, ੨੦:੪ (1412)

ਕਾਤੀ ------ (1) ਛੁਰੀ
“ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।”
- ਮਾਝ ੧, ਵਾਰ ੧੬ਸ, ੧, ੧:੧ (145)

(2) ਕੈਂਚੀ
“ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ।”
- ਗਉ ੪, ੫੧, ੩:੧ (168)

“ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ।”
- ਆਸਾ ੧, ਅਸ ੧੧, ੧:੨ (417)

ਕਾਂਤੀ ------ ਮਥਰਾ (ਸ਼ਬਦਾਰਥ), (ਕਾਂਚੀ ਕਾਂਜੀ ਪੁਰਮ), (ਮਹਾਨਕੋਸ਼ ਦਰਪਣ)
“ਕਾਸੀ ਕਾਂਤੀ ਪੁਰੀ ਦੁਆਰਾ।”
- ਮਾਰੂ ੧, ਸੋਲਾ ੨, ੮:੨ (1022)

ਕਾਥ ------ ਕਥਨ, ਕਹਿਣਾ, ਹੋਰ ਵੇਖੋ ‘ਕਾਥਿ’
“ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ ਹਰਿ ਹਰਿ ਜਪਿਓ ਅਕਥ ਕਥ ਕਾਥ।”

– ਕਾਨ ੪, ੬, ੩:੨ (1296)

ਕਾਥਾ ------ ਕਥਾ ਵਾਰਤਾ

"ਸੁਨੀ ਨ ਜਾਈ ਸਚੁ ਅੰਮ੍ਰਿਤ ਕਾਥਾ।"

– ਆਸਾ ੫, ੨੨, ੧*:੧ (376)

ਕਾਥਿ ------ ਕਥਨ, ਵੇਖੋ 'ਕਾਥ'

"ਸਾਚਉ ਸਾਹਿਬ ਸੇਵੀਐ ਗੁਰਮੁਖਿ ਅਕਥੋ ਕਾਥਿ।"

– ਸਿਰੀ ੧, ਅਸ ੧੦, ੬:੩ (59)

ਕਾਥੂਰੀ ----- ਕਸਤੂਰੀ, ਵੇਖੋ "ਕਸਤੂਰਿ"

"ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ।"

– ਸਾਰ ੫, ੪, ੧:੨ (1203)

ਕਾਦਰ ----- (ਅ.) ਕੁਦਰਤ ਵਾਲਾ, ਸਰਬ ਸ਼ਕਤੀਮਾਨ, ਪਰਮਾਤਮਾ

"ਸੋ ਕਰਤਾ ਕਾਦਰ ਕਰੀਮੁ ਦੇ ਜੀਆ ਰਿਜਕੁ ਸੰਬਾਹਿ।"

– ਆਸਾ ੧, ਵਾਰ ੨੪:੨ (475)

ਹੋਰ ਰੂਪ:

ਕਾਦਰੁ –

"ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ।" (ਸਮਰਥ)

– ਸਿਰੀ ੧, ਅਸ ੧੭, ੬:੧ (64)

ਕਾਦਰੋ –

"ਦਿਲ ਕਬਜ ਕਬਜਾ ਕਾਦਰੋ ਦੋਜਕ ਸਜਾਇ।" (ਕਾਦਰ, ਪ੍ਰਭੂ)

– ਤਿਲੰ ੫, ੧, ੨:੨ (723)

ਕਾਦਿਰੁ –

"ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।" (ਕੁਦਰਤ ਦਾ ਮਾਲਕ)

– ਆਸਾ ੧, ਵਾਰ ੩ਸ, ੧, ੨:੮ (464)

ਕਾਦੀ ------ (ਅ.) ਕਾਜ਼ੀ

"ਕਾਦੀ ਕੂੜੁ ਬੋਲਿ ਮਲੁ ਖਾਇ।"

– ਧਨਾ ੧, ੭, ੨:੧ (662)

ਹੋਰ ਰੂਪ:

ਕਾਦੀਆ –

"ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।"

– ਜਪ ੧, ੨੧, ੧੩ (4)

ਕਾਧਨ ----- ਕੰਧੇ, ਮੋਢੇ

"ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।"

– ਗੂਜ ਕਬ, ੧, ੧*:੨ (524)

ਕਾਨ ------ (1) ਸ਼੍ਰੀ ਕ੍ਰਿਸ਼ਨ ਜੀ

"ਕਾਨ ਕੁੰਡਲੀਆ ਬਸਤ੍ਰ ਓਢਲੀਆ।"

– ਆਸਾ ੫, ੫੫, ੧*:੧ (385)

(2) ਕੰਨ

"ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।"

– ਦੇਵ ੯, ੧, ੨:੧ (536)

ਹੋਰ ਰੂਪ:

ਕਾਨਨਿ –

"ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ।"

– ਸਾਰ ੯, ੪, ੧:੧ (1232)

3. (ਸੰ.) ਕਾਨੇ

"ਦੁਆਰ ਊਪਰਿ ਝਿਲਕਾਵਹਿ ਕਾਨ।"

– ਗੋਂਡ ਕਬ, ੬, ੧:੨ (871)

(4) ਤੀਰ

"ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ।"

– ਮਾਰੂ ੧, ੧੨, ੧:੩ (993)

ਕਾਨਰਾ ----- ਦੀਪਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ; ਇਹ ਅੱਠ ਪੁੱਤਰ ਹਨ; ਕਾਲੰਕਾ, ਕੁੰਤਲ, ਰਾਮਾ, ਕਮਲ, ਕੁਸਮ, ਚੰਪਕ, ਗਉਰਾ, ਕਾਨਰਾ ਤੇ ਕਲ੍ਯਾਨਾ।

"ਗਉਰਾ ਅਉ ਕਾਨਰਾ ਕਲ੍ਯਾਨਾ।"

– ਰਾਮ ੧:੩੯ (1430)

ਕਾਨਾ ------ (1) ਕੰਨ, ਵੇਖੋ 'ਕਾਨ' (2) ਕਾਨਿ (2)

"ਦੂਜੀ ਬਾਤ ਨ ਧਰਈ ਕਾਨਾ।"

– ਗਉ ਕਬ, ਬਾਅ ੯:੨ (340)

ਹੋਰ ਰੂਪ:

ਕਾਨਾਂ –

"ਇਕਿ ਬਹਿ ਸੁਨਹਿ ਸੁਨਾਵਹਿ ਕਾਨਾਂ।" (ਕੰਨੀਂ)

– ਮਾਰੂ ੧, ਸੋਲਾ, ੨੨, ੧੧:੨ (1043)

(2) ਸ਼੍ਰੀ ਕ੍ਰਿਸ਼ਨ ਜੀ, ਵੇਖੋ 'ਕਾਨ' (1)

"ਆਪੇ ਗੋਪੀ ਆਪੇ ਕਾਨਾ।"

– ਮਾਰੂ ੫, ਸੋਲਾ ੧੧, ੧੫:੧ (1083)

ਕਾਨਿ ------ (1) ਮੁਥਾਜੀ

"ਦੁਸਟ ਦੂਤ ਕੀ ਚੂਕੀ ਕਾਨਿ।"

– ਆਸਾ ੫, ੭, ੩:੪ (372)

(2) ਕੰਨਾਂ ਵਿਚ/ਲਈ

"ਮੁੰਦ੍ਰਾ ਫਟਕ ਬਨਾਈ ਕਾਨਿ।"

– ਰਾਮ ੧, ਅਸ ੨, ੬:੧ (903)

ਹੋਰ ਰੂਪ:

ਕਾਨੀ –

"ਜਬ ਤੇ ਸੁਣਿਆ ਹਰਿ ਜਸੁ ਕਾਨੀ।" (ਕੰਨਾਂ ਨਾਲ)
- ਗਉ ੫, ੯੨, ੧*:੨ (183)
"ਦੀਖਿਆ ਗੁਰ ਦੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ।" (ਕੰਨਾਂ ਲਈ)
- ਗਉ ੫, ੧੩੨*, ੧:੨ (208)
(3) ਡਰ
"ਧਰਮ ਰਾਇ ਕੀ ਕਾਨਿ ਚੁਕਾਵੈ ਬਿਖੁ ਡੁਬਦਾ ਕਾਢਿ ਕਢੀਜੈ।"
- ਕਲਿ ੪, ਅਸ ੬, ੨:੨ (1316)
(4) ਫਿਕਰ, ਚਿੰਤਾ
"ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ।"
- ਸਲੋ ਕਬ, ੧੬੬:੧ (1373)
('ਦਰਪਣ' ਇਥੇ 'ਕਾਨਿ' ਦੇ ਅਰਥ 'ਬੰਦਸ਼' ਕਰਦਾ ਹੈ)
(5) ਲਾਜ (ਭਾਵ)
"ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ"
- ਸਲੋ ਕਬ, ੧੬੭:੧ (1373)

ਕਾਨੀ ------ (1) ਕੰਨਾਂ ਲਈ/ਵਿਚ/ਨੂੰ ਵੇਖੋ 'ਕਾਨਿ' (2)
"ਗੁਰੁ ਉਪਦੇਸੁ ਮੋਹਿ ਕਾਨੀ ਸੁਨਿਆ।" (ਕੰਨਾਂ ਨਾਲ)
- ਪ੍ਰਭਾ ੫, ਅਸ ੧, ੪:੨ (1347)
(2) ਕਾਣਿ, ਲਿਹਾਜ਼, ਪਰਵਾਹ
"ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ।"
- ਬਿਲਾ ਕਬ, ੧, ੨:੧ (855)

ਕਾਨੁ ------ (1) ਕਾਨਾ, ਵੇਖੋ 'ਕਾਨ' (3)
"ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ।"
- ਸਿਰੀ ੧, ਅਸ ੧੬, ੬:੩ (63)
(2) ਸ਼੍ਰੀ ਕ੍ਰਿਸ਼ਨ ਜੀ, ਵੇਖੋ 'ਕਾਨ' (1)
"ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।"
- ਸਿਰੀ ੧, ਪਹ ੧, ੨:੨ (75)

ਕਾਂਨੇ ------ ਇਕ ਨੇਤ੍ਰੇ ਭਾਵ ਦੂਸ਼ਿਤ, ਵੇਖੋ 'ਕਾਣਾ'
"ਅਵਰਨ ਹਸਤ ਆਪ ਹਹਿ ਕਾਂਨੇ।"
- ਗਉ ਕਬ, ੪੪, ੬:੧ (332)

ਕਾਨ੍ਹ ------ ਸ਼੍ਰੀ ਕ੍ਰਿਸ਼ਨ ਜੀ, ਵੇਖੋ 'ਕਾਨ' (1)
"ਗਾਵਨਿ ਗੋਪੀਆ ਗਾਵਨਿ ਕਾਨ੍ਹ।"
- ਆਸ ੧, ਵਾਰ ਪਸ, ੧, ੨:੭ (465)

ਹੋਰ ਰੂਪ:

ਕਾਨ੍ਹੁ -
"ਹਰਿ ਆਪੇ ਕਾਨ੍ਹੁ ਉਪਾਇਦਾ ਮੇਰੇ ਗੋਵਿੰਦਾ ਹਰਿ ਆਪੇ ਗੋਪੀ ਖੋਜੀ ਜੀਉ।"
- ਗਉ ੪, ੬੮, ੧:੨ (174)

ਕਾਪਰ ----- ਕਪੜੇ

“ਬਹੁ ਭੋਜਨ ਕਾਪਰ ਸੰਗੀਤ।”
– ਗਉ ੫, ਸੁਖ ੨੦, ੮:੫ (290)

ਹੋਰ ਰੂਪ:

ਕਾਪਰੁ –
“ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ।”
– ਮਾਲੀ ੪, ੪, ੩:੨ (985)

ਕਾਪਰੇ –
“ਕਬੀਰ ਉਜਲ ਪਹਿਰਹਿ ਕਾਪਰੇ ਪਾਨ ਸੁਪਾਰੀ ਖਾਹਿ।”
– ਸਲੋ ਕਬ, ੩੪:੧ (1366)

ਕਾਪੜ ----- ਕਪੜੇ
“ਕਾਪੜ ਪਹਿਰਿ ਕਰੇ ਚਤੁਰਾਈ।”
– ਗਉ ੩, ਅਸ ੩, ੭:੧ (230)

ਕਾਪੜਾਏ --- ਇਕ ਸ਼ਿਵ ਉਪਾਸ਼ਕ ਫਿਰਕਾ ਜੋ ਚੀਥੜੇ ਪਉਂਦਾ ਹੈ ਅਤੇ ਤੀਰਥ ਯਾਤਰਾ ਵਿਚ ਵਧੇਰੇ ਵਿਸ਼ਵਾਸ ਰੱਖਦਾ ਹੈ, ਕੇਦਾਰ ਨਾਥ ਉਨ੍ਹਾਂ ਦਾ ਮੁੱਖ ਤੀਰਥ ਹੈ।
“ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ।”
– ਭੈਰ ੫, ੧੫, ੨:੧ (1139)

ਕਾਪੜੀ ----- ਇਕ ਫਿਰਕਾ, ਵੇਖੋ ‘ਕਾਪੜਾਏ’
“ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ।”
– ਆਸਾ ੧, ਅਸ ੧੪, ੩:੧ (419)

ਹੋਰ ਰੂਪ:

ਕਾਪੜੀਆ –
“ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ।”
– ਗੂਜ ਤ੍ਰਿਲੋ, ੧, ੪:੧ (526)

ਕਾਪੜੁ ----- ਕਪੜਾ
“ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ।”
– ਸਿਰੀ ੧, ਅਸ ੨, ੫:੧ (54)

ਕਾਪਿ ------ ਕੱਟ ਕੇ, ਕਪ ਕੇ
“ਆਪੇ ਲਇਅਨੁ ਛਡਾਇ ਬੰਧਨ ਸਗਲ ਕਾਪਿ।”
– ਗੂਜ ੫, ਵਾਰ ੧੩:੬ (521)

ਕਾਪੁਰਖੁ ---- ਹੀਜੜਾ, ਖੁਸਰਾ, ਨਪੁਨਸਿਕ
“ਜਿਉ ਕਾਪੁਰਖੁ ਪੁਚਾਰੈ ਨਾਰੀ।”
– ਗਉ ੫, ੧੬੦, ੧:੨ (198)

ਕਾਂਬ ------ ਕਾਂਬਾ, ਹਨੇਰੀ ਆਦਿ ਕਾਰਨ ਫਲ ਦਾ ਟਾਹਣੀ ਤੋਂ ਹਿੱਲ ਜਾਣਾ (ਦਰਪਣ) ਨੁਕਸ/ਦਾਗ (ਸ਼ਬਦਾਰਥ); ਕਾਂ ਭਾਵ ਕੁਸੰਗਤ (ਮਹਾਨਕੋਸ਼)
“ਜਾਇ ਪਹੁਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ।”

– ਸਲੋ ਕਬ, ੧੩੪:੨ (1371)

ਕਾਂਬਰੀ ----- ਕੰਬਲੀ
“ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ।”
– ਸਲੋ ਕਬ, ੧੦੦:੨ (1369)

ਕਾਬਲਹੁ ---- ਕਾਬਲ ਦੇਸ਼ ਤੋਂ
“ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।”
– ਤਿਲੰ ੧, ੫, ੧:੨ (722)

ਕਾਂਬਲੀ ----- ਕੰਬਲੀ
“ਧਨਿ ਧਨਿ ਕ੍ਰਿਸ਼ਨ ਓਢੈ ਕਾਂਬਲੀ।”
– ਮਾਲੀ ਨਾਮ, ੧, ੧:੨ (988)

ਕਾਬਾ ------ (ਅ.) ਅਰਬ ਦੇਸ਼ ਦੇ ਮੱਕੇ ਸ਼ਹਿਰ ਵਿਚ ਮੁਸਲਮਾਨਾਂ ਦਾ ਮੁੱਖ ਧਰਮ ਸਥਾਨ
“ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।”
– ਮਾਝ ੧, ਵਾਰ ੭ਸ, ੧, ੧:੩ (140)

ਕਾਬਿ ------ ਕਵਿਤਾ ਵਿਚ
“ਕਈ ਕੋਟਿ ਕਬਿ ਕਾਬਿ ਬੀਚਾਰਹਿ।”
– ਗਉ ੫, ਸੁਖ ੧੦, ੧:੮ (275)

ਕਾਬੇ ------ ਮੱਕੇ ਵਿਚ ਮੁਸਲਮਾਨਾਂ ਦਾ ਕੇਂਦਰੀ ਧਰਮ ਸਥਾਨ, ਵੇਖੋ ‘ਕਾਬਾ’
“ਸੇਖ ਸਬੂਰੀ ਬਾਹਰਾ ਕਿਆ ਹਜ ਕਾਬੇ ਜਾਇ।”
– ਸਲੋ ਕਬ, ੧੮੫:੧ (1374)

ਹੋਰ ਰੂਪ:

ਕਾਬੈ –
“ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ।”
– ਸਲੋ ਕਬ, ੧੯੮:੧ (1375)

ਕਾਮ ------ (1) ਲਾਭ, ਹਿਤ
“ਅਵਰਿ ਕਾਜ ਤੇਰੈ ਕਿਤੈ ਨ ਕਾਮ।”
– ਆਸਾ ੫, ਸੋਪੁ ੪, ੧:੩ (12)

(2) ਮਨੋਰਥ, ਇਛਾ, ਸੰਕਲਪ
“ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ।”
– ਸਿਰੀ ੫, ੮੧, ੩:੧ (46)

“ਪੂਰਨ ਹੋਏ ਸਗਲੇ ਕਾਮ।”
– ਗਉ ੫, ੧੪੮, ੩:੨ (195)

“ਪੂਰਨ ਹੋਵਹਿ ਮਨ ਕੇ ਕਾਮ।” (ਸੰਕਲਪ)
– ਸੂਹੀ ੫, ੩੦, ੧*:੨ (743)

ਹੋਰ ਰੂਪ:

ਕਾਂਮ –

“ਤਾ ਤੇ ਸਿਧਿ ਭਏ ਸਗਲ ਕਾਂਮ।”
– ਗਉ ੫, ੧੧੨*, ੨:੨ (202)
(3) ਇਛਾ, ਭੋਗ ਇਛਾ/ਕਾਮਨਾ
“ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ।”
– ਸਿਰੀ ੫, ੯੧, ੨:੩ (50)

ਹੋਰ ਰੂਪ:

ਕਾਮੰ –
“ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ।”
– ਸਸ ੫, ੪੬:੧ (1358)
(4) ਕੰਮ, ਕਾਰਜ ਵਿਚ
“ਗੁਰ ਸਤਿਗੁਰ ਸੇਵਾ ਹਰਿ ਲਾਇ ਹਮ ਕਾਮ।”
– ਗਉ ੪, ੪੭, ੧*:੨ (166)

ਕਾਮਹਾਰ ---- ਕਾਮੀ, ਭੋਗ ਇਛਾ ਗ੍ਰਸਤ
“ਮੈਗਲ ਜਿਉ ਫਾਸਸਿ ਕਾਮਹਾਰ।”
– ਬਸੰ ੧, ਅਸ ੨, ੨:੩ (1188)

ਕਾਮ ਕ੍ਰੋਧ ਹਰਨ ਕਾਮ (ਭੋਗ ਇਛਾ) ਕ੍ਰੋਧ ਦੂਰ ਕਰਨਹਾਰ
“ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ।”
– ਗੂਜ ੫, ਅਸ ੨, ੨:੧ (508)

ਕਾਮਣ ----- ਟੂਣੇ, ਪਤੀ ਨੂ ਵਸ ਕਰਨ ਲਈ
“ਆਉ ਸਖੀ ਗੁਣ ਕਾਮਣ ਕਰੀਹਾ ਜੀਉ।”
– ਗਉ ੪, ੬੬, ੧:੧ (173)

ਕਾਮਣਿ ----- (ਸੰ.) ਇਸਤ੍ਰੀ, ਪ੍ਰੇਮ ਕਰਨ ਵਾਲੀ, ਪ੍ਰੇਮ ਦੀ ਇੱਛਕ
“ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।”
– ਸਿਰੀ ੧, ੪, ੨:੧ (15)
“ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੇ ਭਾਇ।” (ਜੀਵ ਰੂਪੀ ਇਸਤ੍ਰੀ)
– ਸਿਰੀ ੩, ੪੭, ੨:੧ (31)
“ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ।” (ਸੁੰਦਰ ਇਸਤਰੀ)
– ਆਸਾ ੧, ਅਸ ੧੨, ੨:੨ (417)

ਕਾਮਣਿਆਰਿ – ਟੂਣੇ ਕਰਨ ਵਾਲੀ
“ਭੂੰਡੀ ਕਾਮਣਿ ਕਾਮਣਿਆਰਿ।”
– ਬਿਲਾ ੧, ੩, ੨:੨ (796)

ਹੋਰ ਰੂਪ:

ਕਾਮਣਿਆਰੀ –
“ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲ ਤਾਗਾ।”
– ਵਡ ੧, ਅਲਾ, ੫, ੩:੪ (582)

ਕਾਮਣੀ ----- (1) ਇਸਤਰੀ, ਸੁੰਦਰ ਇਸਤਰੀ, ਵੇਖੋ ‘ਕਾਮਣਿ’

"ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ।"
– ਸਿਰੀ ੧, ੯, ੧:੨ (17)

"ਹਰਿ ਵਰੁ ਪਾਇਆ ਕਾਮਣੀ ਗੁਰਿ ਮੇਲਿ ਮਿਲਾਈ।" (ਇਸਤਰੀਆਂ ਨੇ)
– ਆਸਾ ੩, ਅਸ ੩੩, ੧*:੨ (428)

"ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ ਹੋਇ।" (ਭਾਵ ਸਖੀ)
– ਧਨਾ ੧, ੧, ੨:੨ (660)

ਕਾਮਧੇਨ ---- ਮਨ ਇਛਤ ਪਦਾਰਥ ਦੇਣ ਵਾਲੀ ਸਵਰਗਾਂ ਦੀ ਗਊ ਜੋ ਸਮੁੰਦਰ ਰਿੜਕਨ ਤੇ ਦੇਵਤਿਆਂ ਨੂੰ ਪ੍ਰਾਪਤ ਹੋਈ ਸੀ।

"ਕਾਮਧੇਨ ਹਰਿ ਹਰਿ ਗੁਣ ਗਾਮ।"
– ਗਉ ੫, ਸੁਖ ੨, ੮:੨ (265)

"ਅਨਿਕ ਬਸੁਧਾ ਅਨਿਕ ਕਾਮਧੇਨ।"
– ਸੁਖ ੫, ਅਸ ੨, ੫:੧ (1236)

ਹੋਰ ਰੂਪ:

ਕਾਮਧੇਨੁ –
"ਗਾਡਰ ਲੇ ਕਾਮਧੇਨੁ ਕਰਿ ਪੂਜੀ।"
– ਗਉ ੫, ੧੬੦, ੩:੧ (198)

ਕਾਮਨਾ ----- (1) ਇਛਾ
"ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ।"
– ਸਿਰੀ ੩, ੩੪, ੧:੨ (26)

(2) ਤ੍ਰਿਸ਼ਨਾਂਵਾਂ
"ਜੋ ਦੂਜੈ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ।"
– ਸੂਹੀ ੪, ੧੧, ੨:੨ (734)

ਕਾਮਨਿ ----- ਇਸਤਰੀ ਨੂੰ
"ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ।"
– ਗਉ ੪, ੪੧, ੨:੨ (164)

"ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ।" (ਬੁਧੀ ਰੂਪ ਇਸਤਰੀ)
– ਗਉ ਕਬ, ੭੩, ੩:੧ (339)

ਹੋਰ ਰੂਪ:

ਕਾਮਨੀ –
"ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ।" (ਸੁੰਦਰ ਇਸਤਰੀ)
– ਗਉ ਕਬ, ੬੫, ੧:੧ (338)

ਕਾਮਰੀ ----- ਕੰਬਲ
"ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।"
– ਸੂਹੀ ੫, ੪੧, ੨:੧ (745)

ਕਾਮਵੰਤ ---- ਕਾਮ ਭਾਵਨਾ ਗ੍ਰਹਸਤ
"ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨਾ ਚੂਕੈ।"
- ਧਨਾ ੫, ੬, ੩:੧ (672)

ਕਾਮਾ ------ ਕੰਮ, ਕਾਰਜ
"ਜਨ ਕੀ ਸੇਵਾ ਊਤਮ ਕਾਮਾ।"
- ਗਉ ੪, ੪੦, ੨:੩ (164)

ਹੋਰ ਰੂਪ:

ਕਾਮਾਂ–
"ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ।"
- ਗੂਜ ੫, ਵਾਰ ੭ਸ, ੫, ੨:੨ (519)

ਕਾਮਾਮਨ ---- ਕਮਾਉਣ, ਕਮਾਈ ਕਰਨ
"ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ।"
- ਮਾਰੂ ੫, ੧੫, ੧:੧ (1003)

ਕਾਮਾਰਥੀ --- ਕਾਮੀ, ਕਾਮ ਭਾਵਨਾ ਗ੍ਰਹਸਤ
"ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ।"
- ਬਿਲਾ ਸਧ, ੧, ੧:੨ (858)

ਕਾਮਿ ------ (2) ਭੋਗ ਇਛਾ, ਵਿਸ਼ੇ ਕਾਮਨਾ, ਵੇਖੋ 'ਕਾਮ' (3)
"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।"
- ਗਉ ੪, ਸੋਹ ੪, ੧:੧ (13)

(2) ਕੰਮ
"ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ।"
- ਸਿਰੀ ੧, ੧੭, ੧:੩ (20)

ਹੋਰ ਰੂਪ:

ਕਾਂਮਿ –
"ਆਨ ਸਗਲ ਬਿਧਿ ਕਾਂਮਿ ਨ ਆਵੈ ਹਰਿ ਹਰਿ ਨਾਮੁ ਧਿਆਇਆ।"
- ਧਨਾ ੫, ੨੧, ੧:੨ (676)

(3) ਕਾਮੀ, ਭੋਗ ਇਛਾ ਦੇ ਗ੍ਰਹਸਤ
"ਕੁਚਲ ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ ਧਰਮ ਰਾਇ।"
- ਮਾਰੂ ੫, ੧੧, ੧*:੨ (1001)

"ਕਾਮਣਿ ਦੇਖਿ ਕਾਮਿ ਲੋਭਾਇਆ।" (ਕਾਮੀ ਪੁਰਸ਼)
- ਪ੍ਰਭਾ ੧, ਅਸ ੨, ੧:੨ (1342)

ਕਾਮਿਨਿ ---- ਇਸਤਰੀ
"ਕਾਲ ਫਾਸ ਨ ਮੁਗਧੁ ਚੇਤੈ ਕਨਿਕ ਕਾਮਿਨਿ ਲਾਗਿ।"
- ਆਸਾ ਕਬ, ੨੭, ੨:੨ (482)

ਹੋਰ ਰੂਪ:

ਕਾਮਿਨੀ –

“ਤਜਿ ਕਾਮੁ ਕਾਮਿਨੀ ਮੋਹੁ ਤਜੈ ਤਾ ਅੰਜਨ ਮਾਹਿ ਨਿਰੰਜਨੁ ਪਾਵੈ।”
- ਮਾਝ ੧, ਵਾਰ ੮ਸ, ੪, ੨:੨ (141)

ਕਾਮੀ ------ (1) ਕਾਮ ਗ੍ਰਹਸਤ, ਭੋਗ ਇਛਾ ਗ੍ਰਹਸਤ, ਵਿਸ਼ਈ
“ਜਿਉ ਕਾਮੀ ਕਾਮਿ ਲੁਭਾਵੈ।”
- ਸੋਰ ੫, ੮੩, ੨:੧ (629)

(2) ਘਾਟ
“ਕਹੁ ਨਾਨਕ ਨਾਹੀ ਤਿਨ ਕਾਮੀ।”
- ਆਸਾ ੫, ੭੯, ੪:੨ (390)

(3) ਕੰਮ ਆਉਂਦਾ ਹੈ
“ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ।”
- ਮਾਰੂ ੫, ਵਾਰ ੧੪:੮ (1099)
“ਨਾਮੁ ਹਮਾਰੈ ਆਵੈ ਕਾਮੀ।”
- ਭੈਰ ੫, ੩੦, ੧:੨ (1144)

(4) ਕੰਮ
“ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ।”
- ਸਾਰ ੫, ੧੩੪, ੧*:੧ (1230)

ਕਾਮੁ ------ (1) ਭੋਗ ਇਛਾ
“ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ।”
- ਸਿਰੀ ੧, ੨੯, ੨:੩ (24)

ਹੋਰ ਰੂਪ:

ਕਾਮੈ -
“ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ।” (ਕਾਮ ਦਾ ‘ਰੂਪ’ ਨਾਲ ਸਬੰਧ ਹੈ)
- ਮਲਾ ੧, ਵਾਰ ੨੩ਸ, ੧, ੧:੧ (1288)

(2) ਕਾਮਨਾ, ਤ੍ਰਿਸਨਾ
“ਲੋਚਨ ਸ੍ਰਮਹਿ ਬੁਧਿ ਬਲ ਨਾਠੀ ਤਾ ਕਾਮੁ ਪਾਵਸਿ ਮਾਧਾਣੀ।”
- ਸਿਰੀ ਜੈਦੇ, ੧, ੪:੨ (93)

(3) ਇਛਾ, ਮਨੋ ਭਾਵਨਾ
“ਪੂਰਨ ਹੋਇ ਤੁਮਾਰਾ ਕਾਮੁ।”
- ਗਉ ੫, ੭੩, ੧:੨ (176)

(4) ਕੰਮ
“ਕਾਮੁ ਕਰੀ ਜੇ ਠਾਕੁਰ ਭਾਵਾ।”
- ਗਉ ੫, ੧੪੯, ੨:੧ (212)
“ਸਾਜਨ ਸੰਤ ਕਰਹੁ ਇਹੁ ਕਾਮੁ।”
- ਗਉ ੫, ਸੁਖ ੨੦, ੫:੧ (290)
“ਤਨੁ ਬਿਨਸੈ ਜਮ ਸਿਉ ਪਰੈ ਕਾਮੁ।” ਜਮਾਂ ਦੇ ਕੰਮ ਭਾਵ ਵਸ ਪੈਂਦਾ ਹੈ)
- ਬਸੰ ੯, ੪, ੧*:੨ (1186)
“ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ।” (ਜੋਨੀਆਂ ਨਾਲ ਕੰਮ/ਵਾਹ ਪੈਂਦੀ ਹੈ)
- ਬਸੰ ਰਵਿ, ੧, ੪:੪ (1196)

ਕਾਮੋਦੀ ----- ਦੀਪਕ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ, ਇਹ ਰਾਗਨੀਆਂ ਹਨ: ਕਛੇਲੀ, ਪਟਮੰਜਰੀ, ਟੋਡੀ ਕਾਮੋਦੀ, ਗੁਜਰੀ

"ਕਾਮੋਦੀ ਅਉ ਗੁਜਰੀ ਸੰਗਿ ਦੀਪਕ ਕੇ ਥਾਪਿ।"

– ਰਾਗ ੧:੩੬ (1430)

ਕਾਯਉ ----- ਕਾਇਆਂ (ਸਰੀਰ) ਹੀ, ਵੇਖੋ 'ਕਾਯਾ'

"ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ।"

– ਧਨਾ ਪੀਪਾ, ੧, ੧:੧ (695)

ਕਾਯਾ ------ (ਸੰ.) ਸਰੀਰ, ਕਾਇਆ

"ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ।"

– ਸਸ ੫, ੫੨:੧ (1358)

ਹੋਰ ਰੂਪ:

ਕਾਂਯਾਂ –

"ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।"

– ਬਿਹਾ ੪, ਵਾਰ ੧੨ਸ, ਸਰ ੩:੧ (553)

ਕਾਰ ------ (1) ਫਾ.; ਸੰ.) ਕੰਮ

"ਜੋ ਤੁਧੁ ਭਾਵੈ ਸਾਈ ਭਲੀ ਕਾਰ।"

– ਜਪੁ ੧, ੧੬:੨੪ (3)

(2) ਅ. – ਕਾਲਾ ਰੰਗ/ਰੋਗਨ) ਕਾਲਾ

"ਮਨਮੁਖ ਹੀਅਰਾ ਅਤਿ ਕਠੋਰੁ ਹੈ ਤਿਨ ਅੰਤਰਿ ਕਾਰ ਕਰੀਠਾ।" (ਕਾਲਾ ਸਿਆਹ, ਬਹੁਤ ਕਾਲਾ)

– ਗਉ ੪, ੬੧, ੩:੧ (171)

(3) ਕਰਨ ਯੋਗ ਕੰਮ

"ਜਿਸ ਦਾ ਪਿੰਡੁ ਪਰਾਣ ਹੈ ਤਿਸ ਕੀ ਸਿਰਿ ਕਾਰ।"

– ਗਉ ੩, ਅਸ ੯, ੩:੧ (233)

"ਏਕੋ ਅਮਰੁ ਏਕਾ ਪਾਤਿਸਾਹੀ ਜੁਗੁ ਜੁਗੁ ਸਿਰਿ ਕਾਰ ਬਣਾਈ ਹੇ।"

– ਮਾਰੂ ੩, ਸੋਲਾ ੩, ੧:੩ (1046)

(4) ਸੇਵਾ (ਭਾਵ)

"ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ।"

– ਆਸਾ ੧, ਅਸ ੧੯, ੫:੧ (421)

"ਸਚੀ ਤੇਰੀ ਕਾਰ ਦੇਹਿ ਦਇਆਲੁ ਤੂੰ। (ਸੇਵਾ)

– ਆਸਾ ੧, ਅਸ ੨੧, ੨:੧ (422)

"ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ।"

– ਗੂਜ ੫, ਵਾਰ ੩:੫ (518)

(5) ਰਚਨਾ, ਸ੍ਰਿਸ਼ਟੀ

"ਨਾਨਕ ਕਾਰ ਨ ਕਥਨੀ ਜਾਇ।"

– ਆਸਾ ੧, ਵਾਰ ੨ਸ, ੧, ੨:੮ (463)

(6) ਲਕੀਰ

"ਦੇ ਕੈ ਚਉਕਾ ਕਢੀ ਕਾਰ।"

– ਆਸਾ ੧, ਵਾਰ ੧੬ਸ, ੧, ੨:੧੫ (472)

ਕਾਰਕੁਨੀ --- (ਫਾ.) ਕੰਮ ਕਰਨ ਦੀ ਸੌਂਪਣਾ, ਅਹਿਲਦਾਰੀ, ਕੰਮ ਕਰਨ ਦਾ ਅਧਿਕਾਰ

"ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ।"

– ਵਡ ੪, ਵਾਰ ੧੭:੩ (593)

ਕਾਰਗਹ ---- ਕਪੜਾ ਬੁਨਣ ਦੀ ਖਡੀ

"ਕਹਤੁ ਕਬੀਰੁ ਕਾਰਗਹ ਤੋਰੀ।"

– ਆਸਾ ਕਬ, ੩੬, ੪:੧ (484)

ਕਾਰਜ ----- ਕੰਮ

"ਕਾਰਜ ਸਭਿ ਸਵਾਰੀਅਹਿ ਗੁਰ ਕੀ ਚਰਣੀ ਲਾਗੁ।"

– ਸਿਰੀ ੫, ੮੫, ੨:੨ (47)

ਹੋਰ ਰੂਪ:

ਕਾਰਜਿ –

"ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ।"

– ਸਿਰੀ ੫, ੮੫, ੧:੩ (47)

"ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ।" (ਕੰਮ, ਇਥੇ ਭਾਵ ਹੈ ਵਿਆਹ)

– ਆਸਾ ੧, ੧੦, ੩:੨ (351)

"ਕਰਿ ਅਨਰਥ ਦਰਬੁ ਸੰਚਿਆ ਸੋ ਕਾਰਜਿ ਕੇਤੁ।" (ਕਿਸ ਅਰਥ)

– ਜੈਤ ੫, ਵਾਰ ੪:੩ (706)

ਕਾਰਜੁ –

"ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ।"

– ਸਿਰੀ ੫, ੭੭, ੩:੩ (44)

"ਅਪਣਾ ਕਾਰਜੁ ਆਪਿ ਸਵਾਰੇ ਆਪੇ ਧਾਰਨ ਧਾਰੇ।" (ਵਿਆਹ, ਸੰਜੋਗ, ਮਿਲਾਪ)

– ਆਸਾ ੫, ਛੰਤ ੧, ੨:੫ (452)

"ਭਗਤਾ ਕਾ ਕਾਰਜੁ ਹਰਿ ਅਨੰਦੁ ਹੈ ਅਨਦਿਨੁ ਹਰਿ ਗੁਣ ਗਾਈ।" (ਕੰਮ, ਰੁਝੇਵਾਂ)

– ਸੋਰ ੩, ੩, ੧:੨ (600)

"ਕਾਰਜੁ ਸਾਢੇ ਤੀਨਿ ਹਥ ਘਨੀ ਤ ਪਉਨੇ ਚਾਰਿ।" (ਮਤਲਬ, ਕੰਮ)

– ਸਲੋ ਕਬ, ੨੧੮:੨ (1376)

ਕਾਰਣ ----- (1) ਸਬਬ, ਜਿਸ ਕਰਕੇ ਕਾਰਜ ਹੋਵੇ, ਕਾਰਨ

"ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ।" (ਸ੍ਰਿਸ਼ਟੀ ਦੀ ਰਚਨਾ ਦੇ ਕਰਨ ਵਾਲਾ ਸਬਬ)

– ਮਾਝ ੧, ਵਾਰ ੨੩ਸ, ੨, ੨:੩ (148)

"ਸਭਿ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ।"

– ਸਾਰ ੪, ਵਾਰ ੬ਸ, ੧, ੨:੪ (1239)

ਹੋਰ ਰੂਪ:

ਕਾਰਣੰ –
“ਸਾਧੂ ਸਤਮ ਜਾਣੋ ਨਾਨਕ ਪ੍ਰੀਤਿ ਕਾਰਣੰ।”
– ਗਾਥਾ ੫, ੨੩:੨ (1361)

ਕਾਰਣਹ –
“ਬਲਵੰਤ ਬਲਾਤ ਕਾਰਣਹ।” (ਕਾਰਨ ਸਦਕਾ)
– ਸਸ ੫, ੬੩:੨ (1359)

ਕਾਰਣ ਕਰਣ –
“ਕਾਰਣ ਕਰਣ ਸਮਰਥ ਸਿਰੀਧਰ ਰਾਖਿ ਲੇਹੁ ਨਾਨਕ ਕੇ ਸੁਆਮੀ।” (ਕਾਰਨ ਸਿਰਜਨ ਦੇ ਸਮਰਥ)
– ਸਮੁ ੫, ੧*:੭ (1387)

ਕਾਰਣਾ ----- (1) ਸਦਕਾ, ਕਾਰਨ
“ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ।”
– ਮਾਰੂ ੫, ਸੋਲਾ ੬, ੫:੩ (1077)

(2) ਕਾਰਨ, ਸਬਬ
“ਆਲਾ ਤੇ ਨਿਵਾਰਣਾ ਜਮ ਕਾਰਣਾ।” (ਜੋ ਜਮ/ਮੌਤ ਦਾ ਕਾਰਨ ਹੈ)
– ਧਨਾ ਨਾਮ, ੪, ੩:੬ (694)

ਕਾਰਣਿ ----- (1) ਵਾਸਤੇ, ਲਈ, ਖਾਤਰ
“ਅੰਤ ਕਾਰਣਿ ਕੇਤੇ ਬਿਲਲਾਹਿ।”
– ਜਪੁ ੧, ੨੪:੭ (5)

“ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ।”
– ਸਿਰੀ ੫, ੮੭, ੨:੧ (48)

“ਰੋਟੀਆਂ ਕਾਰਣਿ ਪੂਰਹਿ ਤਾਲ।”
– ਆਸਾ ੧, ਵਾਰ ੫ਸ, ੧, ੨:੫ (465)

(2) ਸਦਕਾ, ਕਾਰਨ
“ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ।”
– ਸਿਰੀ ੧, ੪, ੧:੩ (55)

ਕਾਰਣੁ ----- (1) ਸਬਬ, ਕਾਰਨ
“ਆਪੇ ਕਾਰਣੁ ਕਰਤਾ ਕਰੇ ਸ੍ਰਿਸਟਿ ਦੇਖੈ ਆਪਿ ਉਪਾਇ।”
– ਸਿਰੀ ੩, ੬੦, ੧:੧ (37)

“ਇਹੁ ਕਾਰਣੁ ਕਰਤਾ ਕਰੇ ਜੋਤੀ ਜੋਤਿ ਸਮਾਇ।” (ਭਾਵ ਕਾਰਜ/ਕੰਮ)
– ਗੂਜ ੩, ੫, ੪:੨ (491)

“ਤੂੰ ਜਾਣੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ।” (ਕਾਰਨ/ਸਬਬ ਸ੍ਰਿਸਟੀ ਰਚਨਾ ਦਾ)
– ਸੂਹੀ ੧, ਛੰਤ ੨, ੩:੫ (764)

“ਸਾਹਿਬੁ ਸੋ ਸਾਲਾਹੀਐ ਜਿਨਿ ਕਾਰਣੁ ਕੀਆ।” (ਭਾਵ ਸ੍ਰਿਸ਼ਟੀ ਰਚੀ)
– ਸੂਹੀ ੧, ਛੰਤ ੫, ੨:੧ (766)

(2) ਢੋ (ਢੁਕਾਉਣਾ), ਅਵਸਰ (ਬਣਾਉਣਾ)
“ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ।”

– ਸਿਰੀ ੪, ਵਾਰ ੧੮ਸ, ੩, ੧:੪ (90)

(3) ਕਾਰਜ ਦਾ ਸਾਧਨ
“ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ।”
– ਸਸ ੧, ੨:੪ (1353)

ਕਾਰਣੇ ----- ਲਈ, ਖਾਤਰ, ਵਾਸਤੇ
“ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ।”
– ਰਾਮ ੫, ਵਾਰ ੨੦ਸ, ੫, ੨:੧ (965)

ਹੋਰ ਰੂਪ:

ਕਾਰਣੈ –
“ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ।”
– ਗਉ ਰਵਿ, ੧, ੩:੨ (346)

ਕਾਰਣੋ ----- ਰਚਨਾ, ਖੇਡ
“ਸਭਿ ਤੇਰੇ ਚੋਜ ਵਿਡਾਣਾ ਸਭੁ ਤੇਰਾ ਕਾਰਣੋ।”
– ਰਾਮ ੫, ਵਾਰ ੧੩:੮ (963)

ਕਾਰਨ ----- (1) ਲਈ, ਖੇਤਰ, ਵਾਸਤੇ
“ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ।”
– ਸਿਰੀ ਬੇਣੀ, ੧, ੫:੨ (93)
“ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ।”
– ਮਾਰੂ ਕਬ, ੧, ੩:੨ (1103)
(2) ਸਬਬ
“ਵਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ।”
– ਗਉ ੫, ਬਾਅ ੨੬:੭ (255)
“ਕਾਰਨ ਕਵਨ ਅਬੋਲ।” (ਕਿਸ ਸਬਬ, ਸਦਕਾ)
– ਧਨਾ ਰਵਿ, ੧, ੧*:੨ (694)

ਕਾਰਨ ਕਰਨਾ – ਸਬਬ ਬਣਾਨ ਵਾਲਾ, ਸ੍ਰਿਸਟ ਰਚਨ ਵਾਲਾ
“ਸਿਮਰਿ ਸਿਮਰਿ ਹਰਿ ਕਾਰਨ ਕਰਨਾ।”
– ਗਉ ੫, ਸੁਖ ੧, ੮:੬ (263)
“ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ।” (ਕਾਰਨ/ਸਿਰਜਨ)
– ਆਸਾ ੫, ੧੪੪, ੨:੧ (407)

ਕਾਰਨਾ ----- ਕਰਨੀਆਂ, ਖੇਡਾਂ, ਚੋਜ
“ਖਿਨ ਮਹਿ ਥਾਪਿ ਉਥਾਪੇ ਕੁਦਰਤਿ ਸਭਿ ਕਰਤੇ ਕੇ ਕਾਰਨਾ।”
– ਰਾਮ ੫, ੫, ੨:੧ (915)

ਕਾਰਨਿ ----- ਵਾਸਤੇ, ਖਾਤਰ ਲਈ
“ਏਕ ਬਸਤੁ ਕਾਰਨਿ ਬਿਖੋਟਿ ਗਵਾਵੈ।”
– ਗਉ ੫, ਸੁਖ ੫, ੧:੨ (268)

ਕਾਰਨੁ ----- (1) ਸਬਬ, ਅਧਾਰ

“ਭੁਗਤਿ” ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ।”
- ਗਉ ੯, ੩, ੨:੧ (219)
“ਕਬੀਰ ਕਾਰਨੁ ਬਪੁਰਾ ਕਿਆ ਕਰੈ ਜਉ ਰਾਮੁ ਨ ਕਰੈ ਸਹਾਇ।” (ਭਾਵ ਉਦਮ)
- ਸਲੋ ਕਬ, ੯੭:੧ (1369)
“ਕਬੀਰ ਕਾਰਨੁ ਸੋ ਭਇਓ ਜੋ ਕੀਨੋ ਕਰਤਾਰਿ।” (ਵਸੀਲਾ, ਸਾਧਨ, ਸਬਬ)
- ਸਲੋ ਕਬ, ੧੩੩:੧ (1371)

ਕਾਰਨੇ ----- ਲਈ, ਖਾਤਰ
“ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ।”
- ਗਉ ੫, ਬਾਅ ੫੨:੩ (261)
“ਹਉ ਬਲਿ ਬਲਿ ਜਾਉ ਰਮਈਆ ਕਾਰਨੇ।” (ਉਤੋਂ)
- ਧਨਾ ਰਵਿ, ੧, ੨:੧ (694)

ਹੋਰ ਰੂਪ:

ਕਾਰਨੈ –
“ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ।”
- ਬਿਲਾ ਸਧ, ੧, ੧:੧ (858)

ਕਾਰਵੀ ----- ਕਰਵਾ, ਮਿੱਟੀ ਦਾ ਭਾਂਡਾ, ਮਟਕੀ
“ਕਬੀਰ ਕਾਇਆ ਕਾਚੀ ਕਾਰਵੀ ਕੇਵਲ ਕਾਚੀ ਧਾਤੁ।”
- ਸਲੋ ਕਬ, ੨੨੨:੧ (1376)

ਕਾਰਾ ------ (1) ਕੰਮ, ਹੋਰ ਵੇਖੋ ‘ਕਾਰੀ’
“ਜਨ ਨਾਨਕ ਹਰਿ ਕੀ ਲਾਗਾ ਕਾਰਾ।”
- ਗਉ ੫, ੧੪੯, ੪:੨ (212)
“ਇਕੋ ਹੁਕਮ ਵਰਤਦਾ ਏਕਾ ਸਿਰਿ ਕਾਰਾ।”
-ਆਸਾ ੩ ਅਸ, ੨੭, ੫:੨ (425)

ਹੋਰ ਰੂਪ:

ਕਾਰਿ –
“ਪੁਰਿ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ।” (ਕੰਮ ਕਰਕੇ)
- ਮਾਝ ੧, ਵਾਰ ੪ਸ, ੧, ੧:੩ (139)

(2) ਕਾਲਾ
“ਬੋਲਹਿ ਕੂਰੁ ਸਾਕਤ ਮੁਖੁ ਕਾਰਾ।”
- ਗਉ ੫, ਅਸ ੭, ੪:੨ (239)

(3) ਲੀਕਾਂ, ਭਾਵ ਬੰਨੀਆਂ, ਹੋਰ ਵੇਖੋ ‘ਕਾਰੀ’
“ਰੁਪੇ ਕੀਆ ਕਾਰਾ ਬਹੁਤੁ ਬਿਸਥਾਰ।”
- ਬਸੰ ੩, ੩, ੧:੨ (1169)
“ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ।”
- ਬਸੰ ਕਬ, ੭, ੪:੨ (1195)

ਹੋਰ ਰੂਪ:

ਕਾਰਾਂ –

“ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ।”

– ਸਿਰੀ ੪, ਵਾਰ ੨੦ਸ, ੧, ੧:੩ (91)

ਕਾਰਿ ------ (1) ਕੰਮ, ਵੇਖੋ ‘ਕਾਰਾ’ (1)

“ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ।” (ਕੰਮ ਭਾਵ ਪ੍ਰੇਮ ਦੀ ਜਾਂਚ ਨਹੀਂ ਆਈ)

– ਸਲੋ ੫, ੧:੨ (1424)

(2) ਲਾਭਦਾਇਕ

“ਗੁਰ ਕੀ ਮਤਿ ਜੀਇ ਆਈ ਕਾਰਿ।”

– ਗਉ ੧, ਅਸ, ੧, ੧:੪ (220)

ਕਾਰੀ ------ (1) ਲਕੀਰਾਂ

“ਕਾਰੀ ਕਢੀ ਕਿਆ ਥੀਐ ਜਾ ਚਾਰੇ ਬੈਠੀਆਂ ਨਾਲਿ।”

– ਸਿਰੀ ੪, ਵਾਰ ੨੦ਸ, ੧, ੧:੨ (91)

(2) ਕੰਮ, ਆਹਰ

“ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ।”

– ਮਾਝ ੫, ੪੬, ੩:੩ (108)

“ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ।” (ਬਲਵੰਤਾਂ ਵਾਲੇ ਕੰਮ ਕਰਨ ਵਾਲਾ)

– ਸਸ ੫, ੭:੧ (1354)

(3) ਕਾਲੀ

“ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ।”

– ਆਸਾ ੫, ੫੧, ੩:੧ (384)

ਹੋਰ ਰੂਪ:

ਕਾਰੀਆ –

“ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ।”

– ਗਉ ੫, ੧੫੦*, ੧:੨ (212)

ਕਾਰੇ –

“ਉਡਹੁ ਨ ਕਾਗਾ ਕਾਰੇ।”

– ਗਉ, ਕਬ, ੬੫, ੧*:੧ (338)

(4) ਇਲਾਜ, ਉਪਾ

“ਸਤਿਗੁਰੂ ਫੁਰਮਾਇਆ ਕਾਰੀ ਏਹੁ ਕਰੇਹੁ।”

– ਬਿਹਾ ੪, ਵਾਰ ੧੫ਸ, ੩, ੨:੧ (554)

(5) ਕੰਮ ਕਰਨ ਵਾਲੇ, ਕਾਰਜਸ਼ੀਲ ਅਨਸਰ, ਕਾਰਿੰਦੇ

“ਸਤੁ ਸੰਤੋਖੁ ਨਗਰ ਮਹਿ ਕਾਰੀ।”

– ਮਾਰੂ ੧, ਸੋਲਾ ੧੬, ੧੬:੧ (1037)

(ਕੋਸ਼ ਨੇ ਇਸ ਦੇ ਅਰਥ ਸ੍ਰੇਸ਼ਟ ਅਸਰ ਕਰਨ ਵਾਲਾ ਕੀਤਾ ਹੈ)

(6) (ਸੰ) ਕਰਨ ਵਾਲਾ

“ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ।” (ਗੁਣ ਕਰਨ-ਵਾਲਾ, ਭਾਵ ਲਾਭਦਾਇਕ)

– ਰਾਮ ੧, ਅਸ ੯, ੧੪:੧ (908)

ਕਾਰੇ ------ (1) ਕਾਲੇ ਵੇਖੋ ‘ਕਾਰੀ’ (3)

(2) ਕੰਮ, ਲਾਭ

“ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ।”

– ਤਿਲੰ ੫, ੧, ੩:੨ (723)

(3) ਕੀਤੇ, ਪੈਦਾ ਕੀਤੇ

“ਆਪਿ ਦਇਆਲੁ ਦਇਆ ਦਾਨੁ ਦੇਵੈ ਵਿਚਿ ਪਾਥਰ ਕੀਰੇ ਕਾਰੇ।”

– ਨਟ ੪, ਅਸ ੪, ੩:੨ (982)

ਕਾਰੈ ------ ਕੰਮ, ਧੰਦੇ, ਆਹਰ

“ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ।”

– ਸਿਰੀ ੧, ੧੪, ੨:੧ (19)

ਕਾਰੋ ------ (1) ਕਾਰ, ਕੰਮ

“ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ।”

– ਵਡ ੧, ਅਲਹ ੩, ੪:੩ (580)

(2) ਕਾਲਾ

“ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ।”

– ਸਾਰ ੫, ੧੧੦, ੧:੧ (1225)

ਕਾਰ੍ਹਾ ------ ਦੁੱਖ, ਪੀੜ ਕਲੇਸ

“ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ।”

– ਗਉ ੫, ਬਾਅ ੨੫ਸ:੨ (255)

ਕਾਲ ------ (1) ਮੌਤ, ਜਮ

“ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ।”

– ਸਿਰੀ ੪, ੬੬, ੩:੧ (40)

“ਖਾਵੈ ਭੋਗੈ ਸੁਣਿ ਸੁਣਿ ਦੇਖੈ ਪਹਿਰਿ ਦਿਖਾਵੈ ਕਾਲ ਘਰੇ।” (ਕਾਲ ਦੇ ਘਰ, ਭਾਵ ਸੰਸਾਰ)

– ਮਾਰੂ ੧, ਅਸ ੮, ੫:੧ (1014)

“ਕਾਲ ਪੁਰਖੁ ਕਾ ਮਰਦੈ ਮਾਨੁ।” (ਜਮ)

– ਭੈਰ ਕਬ, ੧੧, ੧:੩ (1159)

ਹੋਰ ਰੂਪ:

ਕਾਲੰ –

“ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ।”

– ਮਲਾ ੧, ਅਸ ੪, ੮:੩ (1275)

ਕਾਲਹਿ –

“ਜੋ ਦੀਸੈ ਸੋ ਕਾਲਹਿ ਖਰਨਾ।” (ਕਾਲ ਨੇ, ਮੌਤ ਨੇ)

– ਸੂਹੀ ੫, ਅਸ ੧੪, ੨:੨ (740)

“ਨਾਨਕ ਭਾਗੁ ਹੋਵੈ ਜਿਸੁ ਮਸਤਕਿ ਕਾਲਹਿ ਮਾਰਿ ਬਿਦਾਰੇ।”

– ਬਿਲਾ ੩, ੧, ੪:੩ (797)

(3) ਸਮੇਂ

“ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ।

- ਗਉ ੧ ਅਸ ੧੮, ੩:੨ (229)

“ਅੰਤਿ ਕਾਲ ਪ੍ਰਭ ਭਏ ਸਹਾਈ ਇਤ ਉਤ ਰਾਖਨਹਾਰੇ।”

- ਆਸਾ ੫, ੪੫, ੪:੧ (382)

(4) ਕਾਲੇ

“ਸਹੀ ਸਲਾਮਤਿ ਮਿਲਿ ਘਰਿ ਆਏ ਨਿੰਦਕ ਕੇ ਮੁਖੁ ਹੋਏ ਕਾਲਾ।”

- ਬਿਲਾ ੫, ੧੧੩, ੨:੧ (827)

(5) ਜਨਮ ਸਮਾਂ, ਜਨਮ (ਕੇਵਲ ਮਹਾਨਕੋਸ਼) ਬਾਕੀਆਂ ਨੇ ਇਸ ਦੇ ਅਰਥ ‘ਮੌਤ’ ਹੀ ਕੀਤੇ ਹਨ ਤੇ ‘ਬਿਕਾਲ’ ਦੇ ਅਰਥ ਜਨਮ ਕੀਤੇ ਹਨ)

“ਕਾਲ ਬਿਕਾਲ ਸਬਦਿ ਭਏ ਨਾਸ।”

- ਬਿਲਾ ੧, ਅਸ ੨, ੭:੪ (832)

ਕਾਲੰਕ ----- ਕਲੰਕੀ (ਮਹਾਨਕੋਸ਼), ਪਾਪਾਂ ਦੇ ਕਰਕੇ (ਦਰਪਣ, ਸ਼ਬਦਾਰਥ)

“ਜਮ ਪੁਰਿ ਬਾਂਧਿ ਖਰੇ ਕਾਲੰਕ।”

- ਪ੍ਰਭਾ ੫, ਅਸ ੨, ੨:੪ (1348)

ਕਾਲੰਕਾ ---- ਰਾਗ ਦੀਪਕ ਦੇ ਅੱਠ ਪੁੱਤਰਾਂ ਵਿਚੋਂ - ਇਕ ਇਹ ਹਨ: ਕਾਲੰਕਾ, ਕੁੰਤਲ, ਰਾਮਾ, ਕਮਲ, ਕੁਸਮ, ਚੰਪਕ, ਗਉਰਾ, ਕਾਨਰਾ, ਕਲਾਨਾ।”

“ਕਾਲੰਕਾ ਕੁਤਲ ਅਉ ਰਾਮਾ।”

- ਰਾਗ ੧:੩੭ (1430)

ਕਾਲਖ------ (1) ਸਿਆਹੀ, ਕਲਿਤਨ

“ਕਲਿ ਕਾਲਖ ਅੰਧਿਆਰੀਆ।”

- ਗਉ ੫, ੧੪੦*, ੧:੧ (210)

(2) ਮਲੀਨਤਾ, ਮੈਲ

“ਸਭਾ ਕਾਲਖ ਦਾਗਾ ਦਾਗ।”

- ਧਨਾ ੧, ੫, ੩:੨ (662)

ਹੋਰ ਰੂਪ:

ਕਾਲਖਾ -

“ਮੋਹੁ ਮਾਇਆ ਵੇ ਸਭ ਕਾਲਖਾ ਇਨਿ ਮਨਮੁਖਿ ਮੂੜਿ ਸਜੁਤਿਆ।”

- ਸੂਹੀ ੪, ਛੰਤ ੬, ੧:੩ (776)

ਕਾਲਖੁ -

“ਨਾਮਹੀਨ ਕਾਲਖੁ ਮੁਖਿ ਮਾਇਆ।”

- ਆਸਾ ੪, ੫੬, ੩:੧ (366)

ਕਾਲੰਗਾ ---- ਕਲੰਕ

“ਤਾ ਕਉ ਕਛੁ ਨਾਹੀ ਕਾਲੰਗਾ।”

- ਗਉ ੫, ੧੧੦, 1:੨ (188)

ਕਾਲਗ੍ਰਸ ---- ਕਾਲ ਗ੍ਰਸਤ, ਕਾਲ ਦਾ ਪਕੜਿਆ ਹੋਇਆ

“ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲਗ੍ਰਸ ਕੂਆ।”

– ਸੋਰ ਕਬ, ੨, ੪:੧ (654)

ਹੋਰ ਰੂਪ:

ਕਾਲਗ੍ਰਸਤ –
“ਕਾਲਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ।”
– ਸੋਰ ਕਬ, ੩, ੧:੨ (654)

ਕਾਲਜਮੁਨ --- ਇਕ ਦੈਂਤ ਜੋ ਸ੍ਰੀ ਕ੍ਰਿਸ਼ਨ ਜੀ ਨੇ ਮਾਰਿਆ, ਗੋਪਾਲੀ ਅਪਸਰਾਂ ਦੀ ਕੁਖ ਤੋਂ ਗਾਰਗਸ ਮੁਨੀ ਦਾ ਪੁੱਤਰ ਜੋ ਕਾਲੇ ਰੰਗ ਦਾ ਸੀ ਤੇ ਯੂਨਾਨ ਅਥਵਾ ਪਰਸੀਆਂ ਦਾ ਰਾਜਾ ਮੰਨਿਆ ਜਾਂਦਾ ਹੈ।
“ਜਰਾਸੰਧਿ ਕਾਲਜਮੁਨ ਸੰਘਾਰੈ।”
– ਗਉ ੧, ਅਸ ੯, ੭:੧ (224)

ਕਾਲੜ ----- ਇਸਤ੍ਰੀ, ਪਤਨੀ
“ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ।”
– ਸਿਰੀ ੧, ੨੬, ੧*:੨ (23)

ਕਾਲਫਾਸ --- ਕਾਲ/ਜਮ ਦੀ ਫਾਹੀ
“ਕਾਲਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।”
– ਆਸਾ ਰਵਿ, ੧, ੩:੨ (486)

ਕਾਲਬੂਤ ---- (ਫਾ.) ਕਲਬੂਤ, ਢਾਂਚਾ
“ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ।”
– ਗਉ ਕਬ, ੫੭, ੧:੧ (335)

ਕਾਲਮੁਖ ---- ਜਿਸ ਦੇ ਮੁਖ ਤੇ ਕਾਲਖ ਲਗੀ ਹੋਵੇ, ਕਲੰਕਿਤ
“ਧਰਮ ਰਾਇ ਜਬ ਪਕਰਸਿ ਬਵਰੇ ਤਉ ਕਾਲਮੁਖਾ ਉਠਿ ਜਾਹੀ।”
– ਸਾਰ ੫, ੧੬, ੩:੨ (1207)

ਕਾਲਰ ----- ਕਲਰ, ਸ਼ੋਰੇ ਵਾਲੀ ਮਿੱਟੀ
“ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ।” (ਕਲਰ ਦੀ ਕੰਧ)

ਕਾਲਰਿ ----- ਕਲਰ ਵਾਲੀ ਜ਼ਮੀਨ
“ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ।”
– ਮਲਾ ੧, ਅਸ ੪, ੬:੩ (1274)

ਕਾਲਰੁ ----- ਕਲਰ, ਸ਼ੋਰਾ
“ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਇ ਚਲਾਇਓ।”
– ਮਾਰੂ ੫, ਅਸ ੧, ੨:੧ (1017)
“ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ।”
– ਮਾਰੂ ੩, ਵਾਰ ੧੩ਸ, ੧, ੧:੨ (1090)

ਕਾਲੜੀ ----- ਕਾਲੀ, ਸਿਆਹ ਰੰਗ ਦੀ
“ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।”

– ਸੂਹੀ ੧, ੩, ੧:੧ (729)

ਕਾਲਾ ------ (1) ਕਾਲੇ/ਸਿਆਹ ਰੰਗ ਦਾ

"ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ।"

– ਮਾਝ ੧, ਵਾਰ ੪ਸ, ੧, ੧:੪ (139)

"ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ।" (ਭਾਵ ਕਲੰਕਤ)

– ਗਉ ੩, ਵਾਰ ੧੫ਸ, ੪, ੧:੪ (308)

"ਲੋਕਾ ਵਿਚ ਮੁਹੁ ਕਾਲਾ ਹੋਆ ਅੰਦਰਿ ਉਭੇ ਸਾਸ।" (ਮੁਹਾਵਰਾ ਬੇਇਜਤੀ ਹੋਣੀ)

– ਸੋਰ ੪, ਵਾਰ ੩ਸ, ੩, ੧:੬ (643)

(2) ਕਾਲ, ਨਾਸ

"ਸਿਵ ਪੁਰੀ ਕਾ ਹੋਇਗਾ ਕਾਲਾ।"

– ਗਉ ੫, ਅਸ ੪, ੨:੩ (237)

"ਧਰਨਿ ਪੜੈ ਤਿਸੁ ਲਗੈ ਨ ਕਾਲਾ।" (ਕਾਲ/ਮੌਤ ਦਾ ਡਰ)

– ਆਸਾ ੫, ੧੩, ੩:੨ (374)

(3) ਕਾਲ/ਅੰਨ ਦੀ ਘਾਟ ਦੇ ਸਮੇਂ

"ਕਾਲਾ ਗੰਢੁ ਨਦੀਆ ਮੀਂਹ ਝੋਲ।"

– ਮਾਝ ੧, ਵਾਰ ੧੨ਸ, ੧, ੨:੭ (143)

ਕਾਲਿ ------ (1) ਸਮੇਂ ਲਈ, ਕੁੱਝ ਸਮੇਂ ਲਈ

"ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ।"

– ਸਿਰੀ ੧, ੩, ੨:੧ (15)

"ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ।" (ਸਮੇ)

– ਸਿਰੀ ੧, ਪਹ ੨, ੩:੩ (76)

(2) ਕਾਲ/ਮੌਤ ਨੇ

"ਬਿਨੁ ਨਾਵੈ ਬਾਧੀ ਸਭ ਕਾਲਿ।"

– ਗਉ ੧, ੫, ੧*:੨ (152)

(3) ਕਲ, ਆਉਣ ਵਾਲਾ ਦਿਨ

"ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।"

– ਸੋਰ ੯, ੧, ੨:੧ (631)

ਕਾਲਿਆ ---- ਕਾਲੇ ਰੰਗ ਵਾਲਿਆਂ

"ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।"

– ਆਸਾ ੧, ਛੰਤ ੫, ੧:੧ (438)

ਕਾਲੀ ------ (1) ਪੰਜ ਫਨਾਂ ਵਾਲਾ ਇਕ ਨਾਗ ਜੋ ਜਮਨਾ ਦੇ ਛੰਬ ਵਿਚ ਰਹਿੰਦਾ ਸੀ ਤੇ ਜਿਸ ਨੂ ਸ੍ਰੀ ਕ੍ਰਿਸ਼ਨ ਜੀ ਨੇ ਵਸ ਕੀਤਾ ਸੀ ਤੇ ਛੰਬ ਨੂ ਛੱਡ ਸਮੁੰਦਰ ਵਿਚ ਜਾ ਵਸਨ ਲਈ ਕਿਹਾ।

"ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ।"

– ਆਸਾ ੧, ੭, ੨:੧ (350)

(2) ਕਾਲੇ ਰੰਗ ਦੀ

"ਕਾਲੀ ਕੋਇਲ ਤੂ ਕਿਤ ਗੁਨ ਕਾਲੀ।"

– ਸੂਹੀ ਫਰ, ੧, ੨:੧ (794)

ਹੋਰ ਰੂਪ:-

ਕਾਲੀਆ–

“ਮਨਹੁ ਕਸੁਧਾ ਕਾਲੀਆ ਬਾਹਰਿ ਚਿਟਵੀਆਹ।”

- ਸਿਰੀ ੪, ਵਾਰ ੭ਸ, ੧, ੨:੨ (85)

(3) ਜੁਆਨੀ, ਕਾਲੇ ਬਲਾਂ ਤੋਂ (ਭਾਵ)

“ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੇ।”

- ਮਾਰੂ ੧, ਅਸ ੮, ੮:੧ (1014)

“ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ।”

- ਸਲੋ ਫਰ ੧੩:੧ (1378)

(4) ਮਨ ਕਰਕੇ ਮਾੜੇ ਫੁਰਨਿਆਂ (ਨੀਅਤ) ਵਾਲੀ

“ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ।”

- ਮਾਰੂ ੩, ਵਾਰ ੫ਸ, ੧, ੧:੧ (1088)

ਕਾਲੀਆ ---- (1) ਕਾਲੇ ਰੰਗ ਦੀ, ਵੇਖੋ ‘ਕਾਲੀ (2) ਹਨੇਰੀ

“ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ।”

- ਸੂਹੀ ੩, ਵਾਰ ੧੩ਸ, ੧, ੨:੧ (789)

ਕਾਲੁ ------ (1) ਮੌਤ

“ਸੁਣਿਐ ਪੋਹਿ ਨ ਸਕੈ ਕਾਲੁ।”

- ਜਪੁ ੧, ੮:੪ (2)

(2) ਘਾਟ, ਰਹਿਤ

“ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ।”

- ਆਸਾ ੧, ਵਾਰ ੧੧ਸ, ੧, ੧:੧ (468)

(3) ਸਮਾਂ

“ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ।” (ਨਾ ਉਹ ਸਮਾਂ ਹੈ, ਨਾ ਜੋਗ ਹਰੀ ਨਾਲ) (...... ਸੰਜੋਗ ਹੈ)

“ਰਾਤੀ ਕਾਲੁ ਘਟੈ ਦਿਨਿ ਕਾਲੁ।” (ਦਿਨ ਰਾਤ ਸਮਾਂ ਘਟਦਾ/ਬੀਤਦਾ ਹੈ)

- ਮਲਾ ੧, ਵਾਰ ੨੦ਸ, ੧, ੧:੧ (1287)

“ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ।” (ਕਿੰਨਾ ਸਮਾਂ/ਚਿਰ ਬਚ ਸਕਦਾ ਹੈ)

- ਸਲੋ ਕਬ, ੫੩:੨ (1367)

(4) ਜਨਮ, ਕਾਲ (ਸਮੇਂ) ਵਿਚ ਆਉਣਾ

“ਸਿਮਰੈ ਕਾਲੁ ਅਕਾਲੁ ਸੁਚਿ ਸੋਚਾ।”

- ਮਾਰੂ ੫, ਸੋਲਾ ੮, ੭:੨ (1079)

(5) ਕਲ, ਲੰਘ ਚੁਕਾ ਦਿਨ

“ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ।”

- ਜੈਜਾ ੯, ੧, ੨:੩ (1352)

ਕਾਲੁਖ ----- ਸਿਆਹੀ, ਵੇਖੋ ‘ਕਾਲਖ’

“ਜਾਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ ਤਿਮਰ ਅਗ੍ਯਾਨ ਜਾਹਿ ਦਰਸ ਦੁਆਰ।”

– ਸਵ ੨, ੨:੧ (1391)

ਕਾਲੁਨੇਮੁ ---- ਸ੍ਰੀ ਕ੍ਰਿਸ਼ਨ ਜੀ ਵਲੋਂ ਮਾਰਿਆ ਗਿਆ ਇਕ ਦੈਤ
"ਰਕਤਬੀਜੁ ਕਾਲਨੇਮੁ ਬਿਦਾਰੇ।"
– ਗਉ ੧, ਅਸ ੬, ੭:੨ (224)

ਕਾਲੂਖਤ ---- (ਸੰ.) ਕਲੰਕੀ, ਕਾਲਖ ਵਾਲਾ, ਅਪਵਿੱਤਰ
"ਮਹਾ ਬਿਖਮੁ ਜਮ ਪੰਥੁ ਦੁਹੇ ਲਾ ਕਾਲੂਖਤ ਮੋਹ ਅੰਧਿਆਰਾ।"
– ਆਸਾ ੪, ਛੰਤ ੬, ੪:੫ (443)

ਕਾਲੂਖੀ ----- ਕਲੰਕਤ, ਦਾਗੀ
"ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ।"
– ਦੇਵ ੫, ੩੭, ੧:੧ (535)

ਕਾਲੂਬਿ ----- (ਅ.) ਫਿਰ ਜਾਣ ਵਾਲਾ, ਉਲਟਾ
"ਕਾਲੂਬਿ ਅਕਲ ਮਨ ਗੋਰ ਨ ਮਾਨੀ।"
– ਮਲਾ ੧, ਵਾਰ ੨੭ਸ, ੧, ੨:੨ (1291)

ਕਾਲੇ ------ (1) ਸਿਆਹ, ਕਲੰਕਤ, ਭਰਿਸ਼ਟ
"ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।"
– ਸਿਰੀ ੩, ੪੨, ੩:੧ (30)

(2) ਕਾਲ ਭਾਵ ਮੌਤ ਦੇ
"ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ।"
– ਬਿਲਾ ੪, ਛੰਤ ੨, ੩:੨ (538)

(3) ਕਾਲਾ/ਸਿਆਹ ਰੰਗ
ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ।"
– ਸੂਹੀ ੩, ਵਾਰ ੧੩ਸ, ੧, ੨:੨ (789)

(4) ਮਾੜੇ, ਭੈੜੇ
"ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।"
– ਸਲੋ ਫਰ, ੬:੧ (1378)

ਕਾਲੇਖਾ ----- ਕਾਲਖ, ਸਿਆਹੀ
"ਪ੍ਰਭੂ ਤਿਆਗਿ ਆਨ ਜੋ ਚਾਹਤ ਤਾ ਕੈ ਮੁਖਿ ਲਾਗੈ ਕਾਲੇਖਾ।"
– ਸਾਰ ੫, ੮੮, ੧:੨ (1221)

ਕਾਲੈ ------ (1) ਕਾਲ/ਮੌਤ ਦੇ
"ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ।"
– ਸਿਰੀ ੧, ਅਸ ੪, ੮:੨ (55)

"ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ।"
– ਸੋਰ ੪, ਵਾਰ ੨੪ਸ, ੩, ੧:੨ (651)

ਹੋਰ ਰੂਪ:

ਕਾਲੋ –

"ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ।"

– ਭੈਰ ੧, ੩, ੧:੧ (1126)

(2) ਕਾਲੇ ਰੰਗ ਦੇ ਕਲੰਕਿਤ, ਭ੍ਰਿਸ਼ਟ

"ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ।"

– ਮਾਝ ੧, ਵਾਰ ੨੫ਸ, ੩, ੨:੨ (149)

"ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ।" (ਬੇਇਜ਼ਤ ਹੋ ਕੇ)

– ਸੋਰ ੫, ਅਸ ੨, ੫:੨ (641)

ਕਾਲ੍ਹਿ ------- ਕਲ, ਆਉਣ ਵਾਲਾ ਦਿਨ

"ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ।"

– ਸਲੋ ਕਬ, ੩੮:੨ (1366)

ਹੋਰ ਰੂਪ:

ਕਾਲ੍ਹੀ –

"ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲ੍ਹੀ।"

– ਧਨਾ ੪, ੪, ੨:੨ (667)

ਕਾਲ੍ਹੈ -------- ਭ੍ਰਿਸ਼ਟ, ਕਲੰਕਿਤ

"ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ।"

– ਆਸਾ ੧, ਵਾਰ ੨:੩ (463)

ਕਾਵ ------- ਕਾਂ, ਇਕ ਕਾਲੇ ਰੰਗ ਦਾ ਪੰਛੀ

"ਪਿਛੈ ਪਤਲਿ ਸਦਿਹੁ ਕਾਵ।"

– ਮਾਝ ੧, ਵਾਰ ੧ਸ, ੧, ੨:੧੪ (138)

ਕਾੜਾ ------- ਫਿਕਰ, ਝੋਰਾ

"ਕਾਇਆ ਰੋਗੁ ਨ ਛਿਦ੍ਰੁ ਕਿਛੁ ਨ ਕਿਛੁ ਕਾੜਾ ਸੋਗੁ।"

– ਸਿਰੀ ੫, ਅਸ ੨੬, ੮:੧ (71)

"ਤੂੰ ਮੇਰਾ ਰਾਖਾ ਸਭਨੀ ਥਾਈਂ ਤਾਂ ਭਉ ਕੇਹਾ ਕਾੜਾ ਜੀਉ।" (ਚਿੰਤਾ)

– ਮਾਝ ੫, ੩੧, ੧:੩ (103)

"ਨਿਧਿ ਸਿਧਿ ਚਰਣ ਗਹੇ ਤਾ ਕੇਹਾ ਕਾੜਾ।" (ਦੁੱਖ)

– ਆਸਾ ੫, ੧੨, ੪:੧ (461)

ਹੋਰ ਰੂਪ:

ਕਾੜਿਆ –

"ਜਿਸ ਤੂ ਆਵਹਿ ਚਿਤਿ ਤਿਸੁ ਕਿ ਕਾੜਿਆ।"

– ਰਾਮ ੫, ਵਾਰ ੬:੩ (960)

ਕਾੜ੍ਹਾ ------- ਝੋਰਾ, ਦੁੱਖ

"ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ।"

– ਗਉ ੫, ਅਸ ੬, ੧:੩ (238)

ਕਿ -------- (1) ਅਥਵਾ, ਜਾਂ

"ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ।"

– ਸਿਰੀ ੧, ਅਸ ੧੧, ੮:੨ (60)

(ਵਿਚਕਾਰਲੇ 'ਕਿ' ਦੇ ਅਰਥ 'ਵਿਚ' ਹਨ)

"ਇਹੁ ਮਨੁ ਬਡਾ ਕਿ ਜਾ ਸਉ ਮਨੁ ਮਾਨਿਆ।" (ਜਾਂ)

– ਗਉ ਕਬ, ੪੨, ੧:੧ (331)

(2) ਪ੍ਰਸ਼ਨ ਬੋਧਕ, ਕੀ, ਕਾਹਦੇ ਲਈ, ਕਿਉਂ, ਕਿਵੇਂ

"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।"

– ਜਪੁ ੧, ੪:੪ (2)

"ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ।" (ਕਾਹਦੇ ਲਈ, ਕੀ)

– ਸਿਰੀ ੧, ੩, ੧:੩ (15)

"ਆਪਿ ਕਰਾਏ ਕਰਤਾ ਸੋਈ। ਹੋਰੁ ਕਿ ਕਰੇ ਕੀਤੈ ਕਿਆ ਹੋਈ।" (ਕਿਉਂ)

– ਮਾਝ ੩, ਅਸ ੨੪, ੮:੨ (124)

"ਨਾਨਕ ਸਚ ਘਰੁ ਸਬਦਿ ਸਿਞਾਪੈ ਦੁਬਿਧਾ ਮਹਲੁ ਕਿ ਜਾਣੈ।" (ਕਿਵੇਂ)

– ਗਉ ੧, ਛੰਤ ੨, ੩:੬ (243)

"ਪਿਤਾ ਕਾ ਜਨਮੁ ਕਿ ਜਾਨੈ ਪੂਤੁ।" (ਕਿਵੇਂ)

– ਗਉ ੫, ਸੁਖ ੧੬, ੩:੩ (284)

"ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ।" (ਕਾਹਦਾ/ ਕਾਹਦੀ)

– ਗਉ ਕਬ, ੬੮, ੧:੨ (338)

"ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ।" (ਕਾਹਦੇ ਲਈ, ਕਿਉਂ)

– ਗੂਜ ੩, ਵਾਰ ੭ਸ, ੩, ੧:੨ (511)

(3) ਵਿਚ

"ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ।"

– ਸਿਰੀ ੧, ਅਸ ੧੭, ੪:੨ (64)

"ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ।"

– ਆਸਾ ੧, ਪਟੀ ੧੪:੧ (433)

(ਪਹਿਲੇ 'ਕਿ' ਦੇ ਅਰਥ 'ਅਥਵਾ/ਜਾਂ ਹੈ)

(4) ਕਿਸ

"ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ।"

– ਆਸਾ ੧, ਅਸ ੯, ੫:੪ (416)

(5) ਕੇ; ਤਾ ਕਿ (ਦਰਪਣ)

"ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ।"

– ਫੁਨ ੫, ੨:੧ (1361)

(6) ਪ੍ਰਸੰਗ ਦੀ ਇਬਾਰਤ ਨੂ ਜੋੜਨ ਵਾਲਾ ਸ਼ਬਦ, ਸਬੰਧਕ (ਛੋਨਜੁਨਚਟੋਨਿ)

"ਆਸਾ ਇਤੀ ਆਸ ਕਿ ਆਸ ਪੁਰਾਈਐ।"

– ਫੁਨ ੫, ੫:੧ (1362)

(7) ਨਿਰਰਥਕ ਸ਼ਬਦ, ਕੇਵਲ ਟੇਕ ਲਈ ਵਰਤਿਆ ਗਿਆ ਸ਼ਬਦ

"ਹਾਂ ਕਿ ਬਲਿ ਬਲਿ ਬਲਿ ਬਲਿ ਸਦ ਬਲਿਹਾਰਿ।"

– ਸਮੁ ੫, ੧:੮ (1385)

ਕਿੰ ------- (ਸੰ.) ਕੀ, ਕਿਉਂ

"ਕਿੰ ਕਰੀ ਬਿਕਾਰ।" (ਕਿਉਂ ਕਰਦੀ ਹੈ ਵਿਕਾਰ)

– ਸਾਰ ੫, ੧੩੦, ੧*:੨ (1229)

'ਦਰਪਣ' 'ਕਿੰਕਰੀ' ਨੂੰ ਇਕ ਸ਼ਬਦ ਮੰਨ ਇਸਦੇ ਅਰਥ 'ਦਾਸੀ' ਕਰਦਾ ਹੈ।

"ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ।" (ਕੀ)

– ਗੂਜ ਜੈਦੇ, ੧, ੪:੨ (526)

ਕਿਉ ------ (1) ਕਿਵੇਂ, ਕਿਸ ਪ੍ਰਕਾਰ

"ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ।"

– ਜਪੁ ੧, ੨੧:੧੫ (5)

"ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ।" (ਕਿਵੇਂ, ਕੀ ਲਾਭ ਹੈ ਜੀਵਨ ਦਾ)

– ਗਉ ਕਬ, ੫੧, ੩:੧ (334)

ਹੋਰ ਰੂਪ:

ਕਿੰਉ –

"ਕਿੰਉ ਰਲੀਆ ਮਾਨੈ ਬਾਝ ਭਤਾਰਾ।"

– ਸੂਹੀ ਕਬ, ੨, ੩:੨ (792)

(2) ਕਿਸ ਲਈ

"ਸੋ ਕਿਉ ਵਿਸਰੈ ਮੇਰੀ ਮਾਇ।"

– ਆਸਾ ੧, ਸੋਦ ੩, ੧*:੧ (9)

(3) ਬੇਸ਼ਕ (ਭਾਵ)

"ਪਾਛੈ ਤੇ ਜਮੁ ਕਿਉ ਨ ਪਠਾਵਹੁ।"

– ਗਉ ਕਬ, ੩੨, ੩:੨ (329)

ਕਿਉਕਰਿ --- ਕਿਵੇਂ, ਕਿਸ ਤਰਾਂ

"ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭ ਆਇ।"

– ਸਿਰੀ ੪, ੬੯, ੧:੨ (41)

ਕਿਉਕੈ ----- ਕਿਵੇਂ, ਕਿਸ ਤਰਾਂ

"ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉਕੈ ਜਾਇ।"

– ਸਲੋ ਕਬ, ੫੮:੨ (1367)

ਕਿਓਨੁ ----- ਕੀ ਕੀਤਾ ਹੈ?

"ਹੋਰਿਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ।"

– ਰਾਮ ਬਸ, ਵਾਰ ੪:੧ (967)

ਕਿਅ ------ ਬਣਾਏ, ਸਿਰਜੇ, ਕੀਤੇ

"ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ।"

– ਸਵ ੪, ਨਲ ੫:੩ (1399)

ਕਿਅਹੁ - ਦੇ

"ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ।"

- ਵਡ ੪, ਵਾਰ ੪:੩ (591)

"ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ।" (ਦਿਆਂ)

- ਬਿਲਾ ੪, ਵਾਰ ੧੦:੬ (853)

ਕਿਆ ----- (1) ਪ੍ਰਸ਼ਨ ਵਾਚਕ, ਕੀ, ਕੌਣ, ਕਿਹੜੇ, ਕਿਆ ਕਿਹੋ ਜਿਹੀ, ਕਿਸ ਪ੍ਰਕਾਰ ਦੀ, ਕਿਉਂ ਕਿਵੇਂ

"ਅੰਤੁ ਨ ਜਾਪੈ ਕਿਆ ਮਨਿ ਮੰਤੁ।"

- ਜਪੁ ੧, ੨੪:੪ (5)

"ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ।" (ਦੀ)

- ਜਪੁ ੧, ੨੭:੧੬ (16)

"ਆਖਣ ਵਾਲਾ ਕਿਆ ਵੇਚਾਰਾ।" (ਕੌਣ ਹੈ ਕੀ ਕੀ ਪਾਇਆ ਹੈ ਕਿ ਵਿਚਾਰ ਕਰੇ/ਬਿਆਨੇ)

- ਆਸਾ ੧, ਸੋਦ ੨, ੪:੧ (9)

"ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ।" (ਕਿਹੜਾ)

- ਸਿਰੀ ੩, ੫੪, ੧:੧ (34)

"ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ।" (ਕਿਹੜੇ)

- ਵਡ ੩, ਅਲਾ, ੪, ੩:੨ (585)

"ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ ਆਪੇ ਖਪਿ ਦੁਖੁ ਪਾਵਣਿਆ।" (ਕੀ ਲਾਭ)

- ਮਾਝ ੩, ਅਸ ੧੫, ੩:੩ (118)

"ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ।"

- ਆਸਾ ੪, ਛੰਤ ੧੭, ੩:੧ (450)

"ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ।" (ਕਿੰਨਾ)

- ਆਸਾ ਕਬ, ੧੩, ੧*:੧ (478)

"ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ।" (ਕਿਹੋ ਜਿਹੀ)

- ਗੂਜ ੩, ਵਾਰ ੭ਸ, ੩, ੧:੧ (511)

"ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।" (ਕਿਉਂ)

- ਬਿਲਾ ੫, ੩੧, ੨:੨ (808)

"ਘੁੰਡੀ ਬਿਨੁ ਕਿਆ ਗੰਠਿ ਚੜਾਈਐ (ਕਿਵੇਂ)

- ਗੋਂਡ ਕਬ, ੯, ੨:੩ (872)

(2) ਦੇ

"ਸਤਗੁਰੁ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ।"

- ਸਿਰੀ ੩, ੫੩, ੧, ੩ (34)

"ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ।"

- ਗਉ ੫, ੭੧, ੪:੨ (176)

(3) ਕੀਤੇ (ਨੂੰ), ਕੀਤਾ

"ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ।"

- ਮਾਝ ੧, ਵਾਰ ੧੧:੫ (143)

(4) ਕਿਸ/ਕਾਹਦੇ ਲਈ
"ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ।"
– ਆਸਾ ੧, ਅਸ ੧੪, ੩:੧ (419)

ਕਿਆਰੇ ---- ਖੇਤ ਵਿਚ ਪਾਣੀ ਰੋਕਣ ਲਈ ਵੱਟ ਬਣਾ ਕੇ ਬਣਾਇਆ ਇਕ ਟੁਕੜਾ)
"ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ।"
– ਬਸੰ ੧, ੯, ੨:੨ (1171)

ਹੋਰ ਰੂਪ:

ਕਿਆਰੋ –
"ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ।"
– ਜੈਤ ੫, ੯, ੧:੧ (701)

ਕਿਆੜਾ ---- ਗਰਦਨ
"ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ।"
– ਰਾਮ ਬਸ, ਵਾਰ ੪:੬ (967)

ਕਿਸ ------ ਕਿਸ/ਕਿਸੇ ਨੂੰ, ਕਿਸੇ, ਪ੍ਰਸ਼ਨ ਵਾਚਕ
"ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ।"
– ਸਿਰੀ ੫, ੭੧, ੨:੩ (42)
"ਨ ਕਿਸ ਕਾ ਪੂਤੁ ਨ ਕਿਸ ਕੀ ਮਾਈ।" (ਕਿਸੇ)
– ਆਸਾ ੧, ੨੮, ੧:੧ (357)
"ਤੇਰੇ ਸੇਵਕ ਕਉ ਕਿਸ ਕੀ ਕਾਣਿ।" (ਕਿਹਦੀ)
– ਆਸਾ ੫, ੫, ੩:੩ (371)

ਕਿਸਹਿ ----- (1) ਕਿਸ ਨੂੰ, ਕਿਹ ਨੂੰ
"ਤਬ ਹਰਖ ਸੋਗ ਕਹੁ ਕਿਸਹਿ ਬਿਆਪਤ।"
– ਗਉ ੫, ਸੁਖ ੨੧, ੧:੬ (290)
(2) ਕਿਸੇ (ਵਿਰਲੇ ਨੂੰ)
"ਕੋਟਿ ਮਧੇ ਕਿਸਹਿ ਬੁਝਾਏ।"
– ਮਾਰੂ ੩, ਸੋਲਾ ੧੨, ੫:੧ (1055)
"ਭਾਣੇ ਵਿਚਿ ਵਡੀ ਵਡਿਆਈ ਭਾਣਾ ਕਿਸਹਿ ਕਰਾਇਦਾ।"
– ਮਾਰੂ ੩, ਸੋਲਾ ੨੦, ੩:੩ (1063)
(3) ਕਿਸੇ ਦਾ
"ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ।"
– ਸਾਰ ੪, ੭, ੧:੧ (1200)

ਕਿਸਹੀ ----- (1) ਕਿਸੇ
"ਕਿਸਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ।" (ਕਿਸੇ ਵੀ)
– ਸਿਰੀ ੧, ਅਸ ੧੬, ੩:੩ (63)
"ਕਿਸ ਹੀ ਮਾਨੁ ਕਿਸੈ ਅਪਮਾਨੁ।" (ਕਿਸੇ ਨੂੰ)
– ਆਸਾ ੧, ੧੮, ੧:੩ (354)
"ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ।" (ਕਿਸੇ ਨੇ)

- ਆਸਾ ੪, ੫੪, ੧:੧ (366)

"ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ।" (ਕਿਸੇ ਦੇ)
- ਆਸਾ ੫, ੧੧੧, ੧:੧ (398)

"ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ।" (ਕਿਸੇ)
- ਸੋਰ ੧, ੪, ੨:੨ (596)

ਕਿਸਹੂ ----- ਕਿਸੇ
"ਕਬੀਰਾ ਹਮਰਾ ਕੋ ਨਹੀ ਹਮ ਕਿਸਹੂ ਕੇ ਨਾਹਿ।"
- ਰਾਮ ੫, ਵਾਰ ੧੯ਸ, ੫, ੨:੧ (965)

ਕਿਸਨੁ ----- ਸ੍ਰੀ ਕ੍ਰਿਸ਼ਨ ਭਾਵ ਵਿਸ਼ਨੂੰ
"ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ।"
- ਵਡ ੩, ੫, ੩:੧ (559)

ਕਿਸੀ ------ ਕਿਸੇ
"ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ।"
- ਗਉ ੪, ੫੧, ੪:੧ (168)

ਕਿਸੁ ------ (1) ਕਿਸ ਨੂੰ, ਕਿਹਨੂੰ
"ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ।"
- ਸਿਰੀ ੩, ੫੪, ੧:੧ (34)

"ਨਾ ਕੋ ਮੇਰਾ ਹਉ ਕਿਸੁ ਕੇਰਾ।" (ਕਿਸ ਦਾ, ਕਿਹਦਾ)
- ਮਾਝ ੧, ਅਸ ੧, ੨:੧ (109)

"ਇਕਸੁ ਬਾਝਹੁ ਦੂਜਾ ਕੋ ਨਾਹੀ ਕਿਸੁ ਅਗੈ ਕਰਹਿ ਪੁਕਾਰਾ।" (ਕਿਸ)
- ਮਾਝ ੧, ਵਾਰ ੭:੧ (141)

(2) ਕਿਸੇ ਨੂੰ
"ਸਭੁ ਉਪਾਏ ਆਪੇ ਵੇਖੈ ਕਿਸੁ ਨੇੜੈ ਕਿਸੁ ਦੂਰਿ।"
- ਸਿਰੀ ੩, ੬੨, ੧:੩ (38)

ਕਿਸੈ ------ (1) ਕਿਸੇ ਕੋਲ/ਵਿਚ
"ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।"
- ਜਪੁ ੧, ੩:੧ (1)

"ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ।" (ਕਿਸੇ ਨੂੰ)
- ਸਿਰੀ ੧, ੨, ੩:੨ (14)

"ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ।" (ਕਿਸੇ ਦੇ)
- ਸਿਰੀ ੪, ਵਾਰ ੭ਸ, ੩, ੧:੧ (84)

ਕਿਹ ------ (1) ਕਿਸ, ਹੋਰ ਵੇਖੋ 'ਕਿਹਿ'
"ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।"
- ਗਉ ਕਬ, ੧੮, ੧:੧ (327)

"ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ।" (ਕਿਸ, ਕਿਹੜੇ)
- ਕੇਦਾ ਰਵਿ, ੧, ੧*:੩ (1124)

(2) ਕੀ

"ਤੈ ਸਾਚਾ ਮਾਨਿਆ ਕਿਹ ਬਿਚਾਰਿ।"
– ਬਸੰ ੯, ੪, ੧:੨ (1187)

"ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ।"
– ਸਲੋ ਕਬ, ੧੨੨:੧ (1370)

ਕਿਹਾਰੀ ---- ਕਿਹੋ ਜਿਹੀ, ਕਿਸ ਪ੍ਰਕਾਰ ਦੀ
"ਓਇ ਦਿਨ ਪਹਰ ਮੂਰਤ ਪਲ ਕੈਸੇ ਓਇ ਪਲ ਘਰੀ ਕਿਹਾਰੀ।"
– ਕੇਦਾ ੫, ੫, ੧:੧ (1120)

ਕਿਹਿ ------ ਕਿਸ
"ਮਾਈ ਮੈ ਕਿਹਿ ਬਿਧਿ ਲਖਉ ਗੁਸਾਈ।"
– ਸੋਰ ੯, ੬, ੧:੧ (632)

ਕਿਹੁ ------ ਕਿਸੇ ਤਰ੍ਹਾਂ, ਕਿਸੇ ਪ੍ਰਕਾਰ
"ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ।"
– ਮਾਝ ੩, ਅਸ ੧੦, ੫:੧ (115)

(2) ਕੁਝ
"ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ।" (ਕੁਝ ਨਹੀਂ ਹਾਂ)
– ਮਾਝ ੧, ਵਾਰ ੬ਸ, ੧, ੨:੧ (140)
"ਜੇਤੀ ਹੈ ਤੇਤੀ ਕਿਹੁ ਨਾਹੀ।" (ਕੁਝ ਨਹੀਂ)
– ਗਉ ੧, ਅਸ ੧੩, ੭:੧ (226)

ਕਿੰਕਨੀ ----- (ਸੰ.) ਘੁੰਗਰੂਆਂ ਵਾਲਾ ਇਕ ਗਹਿਣਾ, ਘੁੰਗਰੂਆਂ ਵਾਲੀ ਤੜਾਗੀ
"ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ।"
– ਸਵ ੪, ਗਯੰ ੬:੩ (1402)

ਕਿਕਰ ----- ਇਕ ਕੰਡੇਦਾਰ ਦਰਖਤ, ਬਬੂਲ
"ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰ ਬੀਜੈ ਜਟੁ।"
– ਸਲੋ ਫਰ, ੨੩:੧ (1379)

ਕਿੰਕਰੀ ----- ਦਾਸੀ, ਸੇਵਾਦਾਰ (ਮਹਾਨਕੋਸ਼ ਦਰਪਣ)
"ਕਿੰਕਰੀ ਬਿਕਾਰ।" (ਵਿਕਾਰ ਸੇਵਾ ਕਰਨ ਵਾਲੇ ਹੋ ਜਾਣਗੇ (ਮਹਾਨਕੋਸ਼) ਤੇ ਵਿਕਾਰਾਂ ਦੀ ਦਾਸੀ; ਦਰਪਣ)
– ਸਾਰ ੫, ੧੩੦, ੧*:੨ (1229)
(ਸ਼ਬਦਾਰਥ 'ਕਿੰ ਤੇ ਕਰੀ' ਪਦ ਛੇਦ ਕਰ ਅਰਥ 'ਕਿਉ' ਕਰਦੀ ਹੇ ਵਿਕਾਰ ਕਰਦਾ ਹੈ)

ਕਿੰਕੁਰੀ ---- ਇਕ ਪ੍ਰਕਾਰ ਦੀ ਸਾਰੰਗੀ, ਇਕ ਪ੍ਰਕਾਰ ਦਾ ਤੰਤੀ ਸਾਜ਼
"ਕਿੰਕੁਰੀ ਅਨੂਪ ਵਾਜੈ।"
– ਰਾਮ ੫, ੧੨, ੧*:੧ (886)

ਕਿਕੂ ------ ਕਿਵੇਂ, ਕਿਸ ਤਰ੍ਹਾਂ
"ਤਿਸ ਦੀ ਕੀਮਤਿ ਕਿਕੂ ਹੋਇ।"

– ਬਿਲਾ ੩, ੨, ੧:੪ (797)

ਕਿੰਗੁਰੀ ---- ਵੀਣਾ, ਤੂੰਬਾ, ਇਕ ਤੰਤੀ ਸਾਜ਼, ਜੋਗੀਆਂ ਦੀ ਇਕ ਤੰਤੀ ਵੀਣਾ।”
“ਘਟਿ ਘਟਿ ਵਾਜੈ ਕਿੰਗੁਰੀ ਅਨਦਿਨ ਸਬਦਿ ਸੁਭਾਇ।”
– ਸਿਰੀ ੧, ਅਸ ੧੪, ੮:੧ (62)

ਕਿੰਚਤ ----- ਥੋੜੀ ਜਿੰਨੀ ਰਤਾ ਕੁ
“ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ।”
– ਗਉ ੪, ੫੮, ੧*:੨ (170)

ਕਿੰਚਨਾ ----- ਥੋੜਾ ਜਿਹਾ
“ਏਕੋ ਦਾਨੁ ਸਰਬ ਸੁਖ ਗੁਣ ਨਿਧਿ ਆਨ ਮੰਗਨ ਨਿਹ ਕਿੰਚਨਾ।”
– ਮਾਰੂ ੫ ਸੋਲਾ ੯, ੧੪:੩ (1080)

ਕਿਚਰ ਕੁ --- ਕਦੋਂ ਤਕ, ਕਿੰਨਾ ਕੁ ਚਿਰ
“ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰ ਕੁ ਵੇਰਾਈਅਨਿ ਮਨਮੁਖ ਬੇਤਾਲੇ।”
– ਸਹੀ ੪ ਵਾਰ ੧੦ਸ, ੪, ੧:੫ (305)

ਕਿਚਰੁ ----- ਕਿਨਾ ਚਿਰ, ਕਦੋਂ ਤੱਕ
“ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।”
– ਸਲੋ ਫਰ, ੧੮:੨ (1378)

ਕਿਛਹੂ ----- ਕੁਝ ਵੀ
“ਮੋਹਿ ਨਿਰਗੁਣ ਗੁਣੁ ਕਿਛਹੂ ਨਾਹਿ।”
– ਗੋਂਡ, ੫, ੧੭, ੪:੧ (867)

ਕਿਝੁ ------ ਕੁਝ
“ਜੋ ਕਿਝੁ ਪਾਇਆ ਸੁ ਏਕਾ ਵਾਰ।” (ਕੁਝ ਵਸਤ)
– ਜਪੁ ੧, ੩੧:੨ (7)

“ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ।” (ਕੁਝ ਵੀ, ਕੋਈ)
– ਸਿਰੀ ੩, ਅਸ ੨੨, ੪:੧ (67)

“ਵਰਤੇ ਸਭ ਕਿਛੁ ਤੇਰਾ ਭਾਣਾ।” (ਕੁਝ)
– ਮਾਝ ੫, ੧੪, ੩:੨ (98)

ਹੋਰ ਰੂਪ:

ਕਿਛੂ –
“ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ।” (ਕੁਝ)
– ਵਡ ੫, ੩, ੪:੧ (563)

“ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ।” (ਕੋਈ ਵਸਤ)
– ਮਾਰੂ ੩, ਅਸ ੧, ੫:੩ (1016)

ਕਿਛੂਅ –

“ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ।”

– ਆਸਾ ੪, ਛੰਤ ੧੭, ੩:੩ (450)

(2) ਕੋਈ ਗਲ, ਕੋਈ ਬਾਤ

“ਅਚਰਜ ਏਕੁ ਸੁਨਹੁ ਰੇ ਪੰਡੀਆ ਅਬ ਕਿਛੁ ਕਹਨੁ ਨ ਜਾਈ।”

– ਸਿਰੀ ਕਬ, ੩, ੧:੧ (92)

“ਜੋ ਕਿਛੁ ਕਹਣਾ ਸੁ ਆਪੇ ਕਹੈ।”

– ਗਉ ੫, ਸੁਖ ੨੩, ੬:੮ (294)

ਹੋਰ ਰੂਪ:

ਕਿਛੂ –

“ਕਹਣਾ ਕਿਛੂ ਨ ਜਾਵਈ ਜਿਸੁ ਭਾਵੈ ਤਿਸੁ ਦੇਇ।”

– ਸਿਰੀ ੩, ੯, ੪:੨ (30)

(3) ਕੋਈ

“ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ।”

– ਆਸਾ ੫, ੫, ੧:੩ (371)

ਕਿਜਇ ----- ਕਰਨੀਆਂ ਹਨ, ਕਰੀਏ

“ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ।”

– ਸਵ ੪, ਕਲ ੭:੨ (1399)

ਕਿਜੇਹਾ ----- ਕਿਹੋ ਜਿਹਾ

“ਡੇਖਣ ਕੂ ਮੁਸਤਾਕੁ ਮੁਖੁ ਕਿਜੇਹਾ ਤਉ ਧਣੀ।”

– ਮਾਰੂ ੫, ਵਾਰ ੮ਸ, ੫, ੧:੧ (1096)

ਕਿਛੁ ------ ਕੁਝ

“ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਛੁ ਤਿਆਗੀ।”

– ਰਾਮ ੫, ਵਾਰ ੧੪ਸ, ੫, ੧:੧ (963)

ਕਿਨਿ ------ ਕਿਸ ਨੇ

“ਕਉਣੁ ਕਹੈ ਕਿਨਿ ਬੂਝੀਐ ਰਮਈਆ ਆਕੁਲੁ ਰੀ ਬਾਣੀ।”

– ਗੂਜ ਨਾਮ, ੨, ੧*:੧ (525)

ਕਿਤ ------ (1) ਕਿਉਂ, ਵੇਖੋ ‘ਕਿਤੁ (2)

“ਕਿਤ ਕਉ ਸਾਹਿਬ ਆਵਹਿ ਰੋਹਿ।”

– ਸਿਰੀ ੧, ੩੦, ੨:੨ (25)

(2) ਕਿਸੇ, ਹੋਰ ਵੇਖੋ ‘ਕਿਤੈ’ (1)

“ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ।”

– ਸਿਰੀ ੫, ੭੫, ੨:੨ (43)

“ਦਾਨੁ ਪੁੰਨੁ ਨਹੀ ਸੰਤਨ ਸੇਵਾ ਕਿਤ ਹੀ ਕਾਜਿ ਨ ਆਇਆ।”

– ਟੋਡੀ ੫, ੪, ੧:੨ (712)

(3) ਕਿਵੇਂ

“ਵਸਿ ਭਗਤਿ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ।”

– ਆਸਾ ੫, ਛੰਤ ੫, ੪:੫ (456)

(4) ਕਿਸ, ਵੇਖੋ ‘ਕਿਤੁ’ (1)
“ਕਾਲੀ ਕੋਇਲ ਤੂ ਕਿਤ ਗੁਨ ਕਾਲੀ।”
– ਸੂਹੀ ਫਰ, ੧, ੨:੧ (794)

ਕਿਤਹਿ ----- ਕਿਸੇ
“ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ।”
– ਸਾਰ ੫, ੧੨੨, ੧:੧ (1227)

ਹੋਰ ਰੂਪ:

ਕਿਤਹੀ –
“ਮਾਇਆ ਕੇ ਸਨਬੰਧ ਸੈਨ ਸਾਕ ਕਿਤਹੀ ਕਾਮਿ ਨ ਆਇਆ।” (ਕਿਸੇ ਦੀ)
– ਗੂਜ ੫, ੭, ੨:੧ (497)

ਕਿਤਕੁ ----- ਕਾਹਨੂੰ, ਕਾਹਦੇ ਲਈ
“ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤਕੁ ਸੰਜਿਆਹੀ।”
– ਸਿਰੀ ੧, ੨੭, ੪:੨ (24)

ਕਿਤਨੋ ----- ਕਿਡਾ, ਕਿਨਾ ਵਡਾ
“ਰਹਨੁ ਨਹੀ ਗਹੁ ਕਿਤਨੋ।”
– ਗਉ ੫, ੧੪੮*, ੧*:੨ (212)

ਕਿਤੜਾ ----- ਕਿਨਾ
“ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ।”
– ਮਾਝ ੫, ਬਾਰਾ ੨:੬ (133)

ਹੋਰ ਰੂਪ:

ਕਿਤੜੇ –
“ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ।”
– ਸਲੋ ੫, ੪:੧ (1425)

ਕਿਤਾ ------ ਕੀਤਾ, ਕਰਿਆ
“ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ।”
– ਗਉ ੫, ਵਾਰ ੧੯:੩ (322)

ਕਿਤਿ ------ (ਸੰ.) ਸ਼ੋਭਾ, ਕੀਰਤੀ, ਜਸ
“ਨਾਮ ਕਿਤਿ ਸੰਸਾਰਿ ਕਿਰਣਿ ਰਵਿ ਸੁਰਤਰ ਸਾਖਹ।”
– ਸਵ ੩, ੫:੧ (1393)

ਕਿਤੀ ------ ਹੋਰ ਕਿਸੇ
“ਉਪਾਇ ਨ ਕਿਤੀ ਪਾਇਆ ਜਾਏ।” (ਹੋਰ ਕਿਸੇ ਉਪਾਏ ਦੁਆਰਾ)
– ਮਾਝ ੩, ਅਸ ੩੦, ੨:੨ (127)

(2) ਕਈ, ਕਿਤਨੇ ਹੀ
“ਕਿਤੀ ਬੈਹਨਿ੍ ਬੈਹਣੇ ਮੁਚੁ ਵਜਾਇਨਿ ਵਜ।”
– ਗੂਜ ੫, ਵਾਰ ੨ਸ, ੫, ੨:੧ (518)

"ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ।" (ਕਿਤਨੇ ਹੀ ਦੁੱਖ ਮੈਨੂੰ ਮਿਲਣੇ ਹਨ)

– ਸੂਹੀ ੩, ਵਾਰ ੧੧ਸ, ੧, ੨:੨ (789)

ਹੋਰ ਰੂਪ:

ਕਿਤੰੀ –

"ਫਰੀਦਾ ਕਿਤੰੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।"

– ਸਲੋ ਫਰ, ੩੪:੨ (1379)

ਕਿਤੀਆ –

"ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ।"

– ਗੂਜ ੫, ਵਾਰ ੩ਸ, ੫, ੨:੧ (518)

ਕਿਤੀਆਹ –

"ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ। (ਕਿਤਨੀਆਂ ਹੀ ਹਨ)

– ਮਾਰੂ ੧, ਅਸ ੯, ੮:੧ (1015)

ਕਿਤੀਐ ---- ਕੀਤਾ ਸੀ

"ਥਿਰੁ ਸਾਧੂ ਸਰਣੀ ਪੜੀਐ ਚਰਣੀ ਅਸ ਟੂਟਸਿ ਮੋਹ ਜੁ ਕਿਤੀਐ।"

– ਆਸਾ ੫, ਛੰਤ ੪, ੩:੫ (455)

ਕਿਤੁ ------ (1) ਕਿਸ

"ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ।"

– ਸਿਰੀ ੩, ੫੫, ੧:੧ (35)

"ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ।" (ਕਿਸ ਲੇਖੇ)

– ਸੂਹੀ ੩, ਵਾਰ ੧੫ਸ, ੧, ੩:੧ (790)

(2) ਕਿਉਂ, ਕਾਹਦੇ ਲਈ

"ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ।"

– ਸਿਰੀ ੩, ਅਸ ੨੫, ੫:੧ (69)

"ਸਹਜੇ ਨਾਮੁ ਨ ਧਿਆਇਆ ਕਿਤੁ ਆਇਆ ਸੰਸਾਰਿ।"

– ਗੂਜ ੩, ਵਾਰ ੧੧ਸ, ੩, ੨:੧ (512)

(3) ਕਿਥੇ

"ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ।"

– ਆਸਾ ੧, ਵਾਰ ੧੪ਸ ੧, ੧:੨ (470)

"ਕੁਬੁਧਿ ਚਵਾਵੈ ਸੋ ਕਿਤੁ ਠਾਇ।" (ਕਿਥੇ ਟਿਕਾਨਾ ਹੈ)

– ਰਾਮ ੧, ਸਿਗੋ ੫੫:੧ (944)

(4) ਕੀ

"ਚਾੜ੍ਰਿਕ ਤੂ ਨ ਜਾਣਹੀ ਕਿਆ ਤੁਧੁ ਵਿਚਿ ਤਿਖਾ ਹੈ ਕਿਤੁ ਪੀਤੈ ਤਿਖ ਜਾਇ।" (ਕੀ ਪੀਣ ਨਾਲ)

– ਮਲਾ ੧, ਵਾਰ ੧੫ਸ, ੩, ੨:੧ (1284)

"ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ ਤਿਪਤਾਇ।"

– ਸਲੋ ੩, ੧੨:੬ (1413)

ਕਿੰਤੇ ------ ਕਿੰਨੇ ਹੀ, ਬਹੁਤ ਸਾਰੇ

“ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ।”
– ਰਾਮ ੧, ੩, ੩:੧ (877)

ਕਿਤੈ ------ (1) ਕਿਸੇ
“ਅਵਰਿ ਕਾਜ ਤੇਰੈ ਕਿਤੈ ਨ ਕਾਮ।”
– ਆਸਾ ੫, ਸੋਪੁ ੪, ੧:੩ (12)
“ਹੋਰੁ ਕਿਤੈ ਭਗਤਿ ਨ ਹੋਵਈ ਬਿਨੁ ਸਤਿਗੁਰ ਕੇ ਉਪਦੇਸ।” (ਕਿਸੇ ਥਾਂ)
– ਸਿਰੀ ੧, ੨੨, ੧:੩ (22)
“ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ।” (ਕਿਸੇ ਕੰਮ ਦੇ ਨ ਗਿਣੋ)
– ਆਸਾ ੫, ੧੧੧, ੨:੧ (398)
(2) ਕਿਧਰੇ, ਕਦੀ
“ਦਿਤੈ ਕਿਤੈ ਨ ਸੰਤੋਖੀਅਨਿ ਅੰਤਰਿ ਤ੍ਰਿਸਨਾ ਬਹੁਤੁ ਅਗ੍ਯ਼ਾਨੁ ਅੰਧਾਰੁ।”
– ਬਿਹਾ ੪, ਵਾਰ ੨ਸ, ੩, ੧:੮ (549)
“ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ।” (ਕਦੀ ਵੀ)
– ਸੂਹੀ ੪, ੧੦, ੨:੧ (734)

ਕਿਤੋ ------ ਕੀਤਾ ਹੈ
“ਸੁੋਈ ਨਾਨਕ ਸਖਾ ਜੀਅ ਸੰਗਿ ਕਿਤੋ।”
– ਗਾਥਾ ੫, ੧੩:੪ (1361)

ਕਿਥਹੁ ----- ਕਿਸ ਸਥਾਨ ਤੋਂ, ਕਿਥੋਂ
“ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ।”
– ਮਾਝ ੩, ਅਸ ੧੧, ੪:੨ (115)

ਕਿਥਾਊ ---- (1) ਕਿਥੇ, ਕਿਸ ਥਾਂ
“ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ।”
– ਮਾਝ ੧, ਵਾਰ ੨੬ਸ, ੧, ੧:੫ (149)
(2) ਕਿਤੇ, ਕਿਸੇ ਥਾਂ
“ਐਥੈ ਨਵਾਹੁ ਭੁਲਿਆ ਫਿਰਿ ਹਥੁ ਕਿਥਾਊ ਨ ਪਾਇ।”
– ਮਾਰੂ ੩, ੨, ੨:੧ (994)

ਕਿਥੈ ------ (1) ਕਿਸ ਥਾਂ ਤੇ, ਕਿਸ ਚੀਜ਼ ਨੂੰ
“ਜਿਸੁ ਆਪਿ ਭੁਲਾਇ ਸੁ ਕਿਥੈ ਹਥੁ ਪਾਇ।”
– ਮਾਝ ੩, ਅਸ ੩, ੩:੧ (110)
“ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ।” (ਕਿਸ ਕੋਲ)
– ਮਾਝ ੫, ਦਿਨ ੧:੮ (136)
“ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।” (ਕਿਥੇ ਹਨ?)
– ਮਾਝ ੧, ਵਾਰ ੮:੬ (141)
“ਜਾਂ ਪਤਿ ਲੇਖੈ ਨਾ ਪਵੈ ਤਾ ਜੀਅ ਕਿਥੈ ਫਿਰਿ ਪਾਹਿ।” (ਕਿਵੇਂ ਵੀ ਫਿਰੀ ਜਾਵੇ)
– ਆਸ ੧, ੩੧, ੨:੨ (358)
“ਇਹੁ ਕਿਥੈ ਘਰੁ ਅਉਤਾਕੁ ਮਹਲੁ ਨ ਪਾਈਐ।” (ਕਿਧਰ ਗਈਆਂ)

– ਸੂਹੀ ੧, ਅਸ ੪, ੪:੨ (352)

ਕਿਦੂ ------ (1) ਕਿਥੋਂ, ਕਿਵੇਂ

"ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭ ਕਿਦੂ ਹੋਈ।"

– ਭੈਰ ੩, ੧੪, ੨:੧ (1131)

(2) ਕਿਸ, ਕਿਹੜੀ

"ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।"

– ਗਉ ੧, ੧੭, ੧:੧ (156)

ਕਿਨ ------ (1) ਕਿਸ

"ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ।"

– ਗਉ ੫, ੭੧, ੧*:੧ (175)

(2) ਕਿਸੇ

"ਸੋਈ ਹੋਆ ਜੋ ਤਿਸੁ ਭਾਣਾ ਅਵਰੁ ਨ ਕਿਨ ਹੀ ਕੀਤਾ।"

– ਗਉ ੫, ੧੩੦, ੨:੧ (207)

"ਬਿਖਿਆ ਮਹਿ ਕਿਨ ਹੀ ਤ੍ਰਿਪਤਿ ਨ ਪਾਈ।"

– ਧਨਾ ੫, ੬, ੧*:੧ (672)

(3) ਕਿਸੇ ਵਿਰਲੇ ਨੇ

"ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤੁ।"

– ਸਲੋ ੯, ੫੬:੨ (1429)

ਕਿੰਨ ------ (ਕਿੰ+ਨ) ਕੀ ਨਹੀਂ

"ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰਨ ਲਭ੍ਯਤੇ।"

– ਸਸ ੫, ੨੦:੫ (1355)

ਕਿਨਹਿ ----- (1) ਕਿਸੇ, ਕਿਸੇ ਨੇ

"ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ।"

– ਗਉ ੫, ਬਾਅ ੩੦ਸ:੧ (256)

ਹੋਰ ਰੂਪ:

ਕਿਨਹੀ –

"ਪ੍ਰਭੁ ਕਿਨਹੀ ਜਾਤਾ।" (ਕਿਸੇ ਵਿਰਲੇ ਨੇ ਹੀ)

– ਸਿਰੀ ੫, ਅਸ ੨੭, ੧:੩ (71)

(2) ਕਿਸ

"ਜਬ ਇਹੁ ਨ ਸੋ ਤਬ ਕਿਨਹਿ ਉਪਾਇਆ।"

– ਭੈਰ ੫, ੩੮, ੨:੧ (1146)

ਕਿਨਹੀ ----- (1) ਕਿਸੇ ਵਿਰਲੇ ਨੇ ਹੀ ਵੇਖੋ 'ਕਿਨਹਿ' (1)

"ਕਿਨਹੀ ਕੀਆ ਪਰਵਿਰਤਿ ਪਸਾਰਾ।"

– ਰਾਮ ੫, ਅਸ ੧, ੧:੧ (912)

(2) ਕਿਸੇ ਤਰ੍ਹਾਂ ਵੀ

"ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨਹੀ ਲਹੀਐ।"

– ਧਨਾ ੫, ੧੨, ੧*:੨ (674)

(3) ਕਿਸੇ ਵੀ
“ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ।”
- ਮਲਾ ੧, ਵਾਰ ੧੬:੭ (1285)

ਕਿਨਹੂ ----- ਕਿਸੇ ਨੇ, ਹੋਰ ਵੇਖੋ ਕਿਨਹੂ (2)
“ਓਰੈ ਕਛੂ ਨ ਕਿਨਹੂ ਕੀਆ।”
- ਗਉ ੫, ਬਾਅ ੫੧:੭ (261)

ਕਿਨਹੂੰ ----- (1) ਕਿਸੇ ਵਿਰਲੇ ਨੇ ਹੀ
“ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।”
- ਗਉ ੯, ੧, ੨:੨ (219)

(2) ਕਿਸੇ ਨੇ
“ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ।”
- ਗਉ ੫, ੧੬੨*, ੧:੨ (215)

ਕਿਨਕਾ ----- ਜ਼ਰਾ, ਕਣ
“ਕਿਨਕਾ ਏਕੁ ਜਿਸੁ ਜੀਅ ਬਸਾਵੈ।”
- ਗਉ ੫, ਸੁਖ ੧, ੧:੭ (262)

ਕਿੰਨਰ ----- ਦੇਵਤਿਆਂ ਦੀ ਇਕ ਜਾਤ, ਇਸ ਜਾਤ ਦੇ ਦੇਵਤੇ ਕੁਬੇਰ ਦੀ ਸਭਾ ਵਿਚ ਨਾਚ ਕਰਦੇ ਹਨ। ਇੰਨਾਂ ਦਾ ਧੜ ਮਨੁੱਖ ਦਾ ਤੇ ਮੂੰਹ ਘੋੜੇ ਦਾ ਦਸੀਦਾ ਹੈ।
“ਕਈ ਕੋਟਿ ਜਖ੍ਯ ਕਿੰਨਰ ਪਿਸਾਚ।”
- ਗਉ ੫, ਸੁਖ ੧੦, ੪:੭ (276)

ਕਿਨਾਹ ----- ਕਿਨਾਂ ਨੂੰ
“ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ।”
- ਸੋਰ ੧, ੧, ੧:੨ (595)

ਕਿਨਿ ------ (1) ਕਿਸ ਨੇ
“ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ।”
- ਸਿਰੀ ੧, ਅਸ ੧੨, ੪:੩ (61)
“ਰਾਮ ਨਾਮ ਬਿਨੁ ਕਿਨਿ ਗਤਿ ਪਾਈ।” (ਕਿਸ ਨੇ, ਭਾਵ ਕਿਸੇ ਨਹੀਂ)
- ਗਉ ਕਬ, ੪, ੪:੨ (324)

(2) ਕੌਣ
“ਲੇਖਾ ਮਾਗੈ ਤਾ ਕਿਨਿ ਦੀਐ।” (ਕੋਣ ਦੇ ਸਕਦਾ ਹੈ)
- ਮਾਝ ੩ ਅਸ ੩, ੭:੧ (111)

“ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ।”
- ਮਾਝ ੧, ਵਾਰ ੨੦:੨ (147)

(3) ਕਿਸ
“ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ।”
- ਮਾਝ ੫, ਅਸ ੩੬, ੨:੧ (131)

(4) ਕਿਸ ਤਰ੍ਹਾਂ, ਕਿਵੇਂ
“ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ।”

- ਸੋਰ ੫, ਅਸ ੧, ੧:੩ (639)

(5) ਕਿਸ ਤੋਂ
“ਜੁਗ ਚਾਰੇ ਸਭ ਭਵਿ ਥਕੀ ਕਿਨਿ ਕੀਮਤਿ ਹੋਈ।”
- ਸੂਹੀ ੩, ਵਾਰ ੭:੩ (788)

ਕਿੰਨਿ ------ ਕਿਤਨੇ ਕੁ
“ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ।”
- ਆਸਾ ਫਰ, ੨, ੮:੧ (488)

ਕਿਨੀ ------ ਕਿਨ੍ਹਾਂ, ਕਿਹੜੀਆਂ
“ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ।”
- ਤਿਲੰ ੧, ੪, ੩:੧ (722)

ਕਿਨੇਹਾ ----- (1) ਕਾਹਦਾ, ਕਿਵੇਂ?
“ਨਾਨਕ ਨਾਇ ਵਿਸਾਰੀਐ ਸੁਖੁ ਕਿਨੇਹਾ ਹੋਇ।”
- ਗਉ ੫, ਵਾਰ ੧੧ਸ, ੫, ੧:੨ (320)

(2) ਕਿਹੋ ਜਿਹਾ, ਕਿਵੇਂ ਦਾ
“ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ।”
- ਸੋਰ ੧, ੪, ੨:੧ (596)

ਕਿਨੇਹਿਆ --- ਕਿਹੋ ਜਿਹੇ
“ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ।”
- ਆਸਾ ੫, ੧੦੮, ੧:੧ (397)

ਕਿਨੇਹੀ ----- (1) ਕਿਹੋ ਜਿਹੀ, ਕਿਸ ਪ੍ਰਕਾਰ ਦੀ, ਕਿਵੇਂ ਦੀ
“ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ।”
- ਸਿਰੀ ੩, ੫੫, ੧:੧ (35)

(2) ਕਾਹਦੀ
“ਸਤਿਗੁਰ ਬਾਝਹੁ ਮੁਕਤਿ ਕਿਨੇਹੀ।”
- ਮਾਰੂ ੧, ਸੋਲਾ ੮, ੪:੧ (1027)

ਕਿਨੈ ------ (1) ਕਿਸੇ ਨੇ
“ਤੁਧੁ ਵਿਣੁ ਸਿਧੀ ਕਿਨੈ ਨ ਪਾਈਆ।”
- ਆਸਾ ੧, ਸੋਦ ੨, ੩:੩ (9)

“ਗੁਰ ਪਰਸਾਦਿ ਕਿਨੈ ਵਖਿਆਨੀ।” (ਕਿਸੇ ਵਿਰਲੇ ਨੇ ਹੀ)
- ਗਉ ੫, ਸੁਖ ੧੨, ੮:੨ (279)

(2) ਕਿਸੇ
“ਗੁਰ ਪਰਸਾਦਿ ਕਿਨੈ ਵਿਰਲੈ ਚਿਤੁ ਲਾਇਆ।”
- ਮਾਝ ੩, ਅਸ ੮, ੨:੨ (113)

(3) ਕਿਸੇ ਤੋਂ/ਕੋਲੋਂ
“ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ।”
- ਸੋਰ ੩, ੨, ੧:੨ (600)

ਕਿਨ੍ਹਖੇ ----- ਕਿਸ ਨੂ

“ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ਹਖੇ।”

– ਮਾਰੂ ੫, ਵਾਰ ੨੦ਸ, ੫, ੧:੧ (1101)

ਕਿਨ੍ਹਿ ------ ਕਿਸ ਨੇ

“ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ।”

– ਸਲੋ ਕਬ, ੧੯੭:੨ (1375)

ਕਿਬਲਾ – (ਅ.) ਮਕੇ ਸਥਿਤ ਮੁਸਲਮਾਨਾਂ ਦਾ ਉਹ ਪਵਿਤਰ ਸਥਾਨ ਜਿਸ ਵਲ ਮੂੰਹ ਕਰਕੇ ਉਹ ਨਮਾਜ਼ ਪੜਦੇ ਹਨ

“ਮਨੁ ਕਰਿ ਮਕਾ ਕਿਬਲਾ ਕਰਿ ਦੇਹੀ।”

– ਭੈਰ ਕਬ, ੪, ੧:੧ (1158)

ਕਿੰਬਾ ------ ਯਦਿ, ਅਥਵਾ (ਮਹਾਨਕੋਸ਼), ਕੀ (ਸ਼ਬਦਾਰਥ)

“ਏਕ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ।”

– ਗਉ ਕਬ, ੫੫, ੧:੧ (335)

ਕਿਰਸ ----- (1) (ਸੰ.) ਖੇਤੀ

“ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ।”

– ਗਉ ੪, ਵਾਰ ੯ਸ, ੪, ੧:੫ (304)

“ਧਰਮ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ।” (ਖੇਤੀ ਕਰੋ)

– ਆਸਾ ੧, ਅਸ ੧੩, ੮:੧, (418)

(2) ਸੰ. () ਹਲ ਜੋਤਨਾ, ਖੇਤੀ ਕਰਨ ਵਾਲਾ

“ਉਥੈ ਹਟੁ ਨ ਚਲਈ ਨ ਕੋ ਕਿਰਸ ਕਰੇਇ।”

– ਰਾਮ ੩, ਬਾਰ ੧੮ਸ, ੨, ੧:੩ (955)

ਕਿਰਸਾਣ --- (ਸੰ.) ਕਿਸਾਨ, ਖੇਤੀ ਕਰਨ ਵਾਲਾ, ਵਾਹਕ, ਖੇਤੀ ਦਾ ਮਾਲਕ, ਹੋਰ ਵੇਖੋ ‘ਕਿਰਸਾਣੁ’, ‘ਕਿਰਸਾਨ’ (ਖੇਤ ਦਾ ਮਾਲਕ)

“ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ।”

– ਸਿਰੀ ੫, ੭੪, ੨:੩ (43)

“ਪੰਜਿ ਕਿਰਸਾਣ ਮੁਜੇਰੇ ਮਿਹਡਿਆ।” (ਵਾਹਕ, ਖੇਤੀ ਕਰਨ ਵਾਲੇ)

– ਸਿਰੀ ੫, ਅਸ ੨੯, ੫:੨ (73)

ਕਿਰਸਾਣੀ --- (1) ਖੇਤੀ ਦਾ ਕੰਮ

“ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ।”

– ਗਉ ੪, ੪੭, ੧:੧ (166)

(2) ਖੇਤੀ

“ਕਿਰਸਾਣੀ ਜੰਮੀ ਭਾਉ ਕਰਿ ਹਰਿ ਬੋਹਲ ਬਖਸ ਜਮਾਇਆ।”

– ਗਉ ੪, ਵਾਰ ੯ਸ, ੪, ੧:੬ (304)

(3) ਖੇਤੀ ਦਾ ਵਿਹਾਰ (ਪੇਸ਼ਾ)

“ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤ।”

– ਸੋਰ ੧, ੨, ੧:੧ (595)

ਕਿਰਸਾਣੁ --- ਵਾਹੀ ਕਰਨ ਵਾਲਾ, ਜਿਮੀਂਦਾਰ ਵੇਖੋ ‘ਕਿਰਸਾਣ’

"ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ।"
– ਸਿਰੀ ੧, ੧੩, ੨:੧ (19)

ਕਿਰਸਾਨਾ --- ਕਿਸਾਨ, ਵਾਹੀ ਕਰਨ ਵਾਲੇ
"ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ।"
– ਮਾਰੂ ਕਬ, ੭, ੧:੧ (1104)

ਕਿਰਸਾਨੀ --- ਖੇਤੀ
"ਕਿਰਸਾਨੀ ਜਿਉ ਰਾਖੈ ਰਖਵਾਲਾ।"
– ਰਾਮ ੫, ਅਸ ੪, ੩:੧ (914)

ਕਿਰਸਾਨੁ --- ਕਿਸਾਨ, ਵਾਹੀ ਕਰਨ ਵਾਲਾ
"ਬੰਧਨ ਕਿਰਖੀ ਕਰਹਿ ਕਿਰਸਾਨੁ।"
– ਆਸਾ ੧, ਅਸ ੧੦, ੪:੧ (416)

ਕਿਰਖਹਿ ---- (ਸੰ.) ਖੇਤੀ
"ਜੈਸੇ ਕਿਰਖਹਿ ਬਰਸ ਮੇਘ।"
– ਮਾਲੀ ੫, ੩, ੨:੩ (987)

ਕਿਰਖਾ ----- ਗੁਡਾਈ, ਨਦੀਨ ਕਢਣ ਦੀ ਕ੍ਰਿਆ, ਖਿਚਕੇ ਕਢਣਾ, ਪੁਟ ਕੇ ਸੁਟਣਾ, ਹੋਰ ਵੇਖੋ 'ਕ੍ਰਿਖਾ'
"ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।"
– ਸਿਰੀ ੧, ੨੬, ੨:੧ (23)

ਕਿਰਖੀ ----- ਖੇਤੀ
"ਬੰਧਨ ਕਿਰਖੀ ਕਰਹਿ ਕਿਰਸਾਨੁ।"
– ਆਸਾ ੧, ਅਸ ੧੦, ੪:੧ (416)

ਕਿਰਖੈ ----- (1) ਹਲ ਨਾਲ ਲਕੀਰ ਕਢਣੀ, ਇਥੇ ਭਾਵ ਹੈ ਲਕੀਰ ਫੇਰ ਦਿਓ ਅਥਵਾ ਮੁਕਾ ਦਿਓ
"ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ।"
– ਸਿਰੀ ੪, ਛੰਤ ੧, ੧:੫ (78)

(2) ਖੇਤ ਨੂੰ
"ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ।"
– ਗਉ ੫, ੧੨੭*, ੧*:੨ (206)

ਕਿਰਣ ----- ਰੋਸ਼ਨੀ ਦੇ ਸੂਖਮ ਰੇਖਾ, ਰਿਸ਼ਮ
"ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ।"
– ਮਾਰੂ ੫, ਅਸ ੩, ੫:੨ (1018)

ਹੋਰ ਰੂਪ:

ਕਿਰਣਿ –
"ਕਕਾ ਕਿਰਣਿ ਕਮਲ ਮਹਿ ਪਾਵਾ।" (ਗਿਆਨ ਰੂਪੀ ਰਿਸ਼ਮ)
– ਗਉ ਕਬ, ਬਾਅ, ੭:੧ (340)

"ਆਪੇ ਸੁਰੁ ਕਿਰਣਿ ਬਿਸਥਾਰੁ।"

– ਆਸਾ ੫, ੬੮, ੨:੧ (387)

ਕਿਰਤ ----- (1) (ਸੰ.) ਕਰਮ, ਕੰਮ
"ਕਿਰਤ ਕਮਾਵਨ ਸ਼ੁਭ ਅਸ਼ੁਭ ਕੀਨੇ ਤਿਨਿ ਪ੍ਰਭਿ ਆਪਿ।"
– ਗਉ ੫, ਬਾਅ, ੮ਸ:੧ (251)
"ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ।" (ਕੀਤੇ ਕੰਮਾਂ ਦੇ ਸੰਸਕਾਰ)
– ਗਉ ਕਬ, ੫੦, ੪:੧ (334)
"ਕਿਰਤ ਕਰਮ ਨ ਮਿਟੈ ਨਾਨਕ ਹਰਿ ਨਾਮ ਧਨੁ ਨਹੀ ਖਟਿਆ।" (ਕੰਮਾਂ ਅਨੁਸਾਰ ਬਣੇ ਭਾਗ)
– ਜੈਤ ੫, ਛੰਤ ੩, ੧:੬ (705)

ਕਿਰਤਨਿ --- ਕੀਤੇ ਕੰਮਾਂ ਵਿਚ
"ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ।"
– ਸੂਹੀ ੫, ੪੪, ੨:੧ (746)

ਕਿਰਤਮ ---- (ਸੰ.) ਕਿਰਤ ਕਰਕੇ ਪਏ ਹੋਏ ਨਾਂ, ਕਰਮਾਂ ਅਨੁਸਾਰ ਪਏ ਨਾਂ ਕਲਪਿਤ (ਸ਼ਬਦਾਰਥ); ਬਣਾਵਟੀ (ਕੋਸ਼)
"ਕਿਰਤਮ ਨਾਮ ਕਥੇ ਤੇਰੇ ਜਿਹਬਾ।"
– ਮਾਰੂ ੫, ਸੋਲਾ ੧੧, ੨੦:੧ (1083)

ਕਿਰਤਾਏ --- ਕਿਰਤ, ਕੰਮ
"ਸੇਵਤ ਸੇਵਿ ਸੇਵਿ ਸਾਧ ਸੇਵਉ ਸਦਾ ਕਰਉ ਕਿਰਤਾਏ।"
– ਬਿਲਾ ੫, ੮੧, ੧:੧ (820)

ਕਿਰਤਾਰਥ -- (ਸੰ.) ਜਿਸ ਦਾ ਮਨੋਰਥ ਸਫਲ ਹੋਇਆ ਹੈ, ਸਫਲ, ਹੋਰ ਵੇਖੋ 'ਕ੍ਰਿਤਾਰਥ'
"ਅਮਰ ਪਦਾਰਥ ਤੇ ਕਿਰਤਾਰਥ ਸਹਜ ਧਿਆਨਿ ਲਿਵ ਲਾਈਐ।"
– ਭੈਰ ੧, ੭, ੧:੨ (1127)

ਹੋਰ ਰੂਪ:

ਕਿਰਤਾਰਥਿ –
"ਮੁਕਤਿ ਪ੍ਰਾਨ ਜਪਿ ਹਰਿ ਕਿਰਤਾਰਥਿ।"
– ਰਾਮ ੧, ਅਸ ੪, ੩:੪ (904)

ਕਿਰਤਾਰਥੁ –
"ਹਿਰਦੈ ਨਾਮੁ ਸਦਾ ਕਿਰਤਾਰਥੁ।"
– ਬਿਲਾ ੧, ਅਸ ੨, ੬:੨ (832)
"ਗੁਣ ਗਿਆਨੁ ਪਦਾਰਥੁ ਹਰਿ ਹਰਿ ਕਿਰਤਾਰਥੁ ਸੋਭਾ ਗੁਰਮੁਖਿ ਹੋਈ।" (ਹਰੀ ਹਰੀ ਕਰਨ, ਮਨੋਰਥ ਸਿਧੀ ਸੀ)
– ਆਸਾ ੪, ਛੰਤ ੧੧, ੧:੩ (445)
"ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।" (ਸਫਲ ਅਥਵਾ ਮੁਕਤ ਕੀਤਾ)
– ਸਵ ੧, ੭:੩ (1390)

ਕਿਰਤਿ ----- (1) ਕੰਮ, ਵੇਖੋ 'ਕਿਰਤ'

"ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ।"

– ਸਿਰੀ ੧, ਅਸ ੧੦, ੭:੧ (59)

"ਹੁਕਮੇ ਕਰਮ ਕਮਾਵਣੇ ਪਇਐ ਕਿਰਤਿ ਫਿਰਾਉ।" (ਕੀਤੇ ਕੰਮਾਂ ਦੇ ਸੰਸਕਾਰ)

– ਸਿਰੀ ੩, ਅਸ ੨੦, ੫:੧ (66)

"ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।" (ਕੀਤੇ ਕੰਮਾਂ ਦੇ ਸੰਸਕਾਰ/ਕਮਾਈ ਅਨੁਸਾਰ)

– ਮਾਝ ੫, ਬਾਰਾ ੧:੧ (133)

ਹੋਰ ਰੂਪ:

ਕਿਰਤੁ –

"ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ।" (ਕੀਤੇ ਕੰਮਾਂ ਦੀ ਕਮਾਈ ਅਨੁਸਾਰ)

– ਸਿਰੀ ੧, ਅਸ ੧੧, ੩:੩ (60)

"ਮਾਉ ਪੀਉ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।" (ਮਾਂ ਪਿਉ ਵਾਲੇ ਕੰਮ ਕਾਜ)

– ਮਾਝ ੧, ਵਾਰ ੨੬ਸ, ੧, ੧:੪ (149)

(2) ਸੇਵਾ (ਭਾਵ)

"ਸੂਦੁ ਵੈਸੁ ਪਰ ਕਿਰਤਿ ਕਮਾਵੈ।" (ਹੋਰਨਾਂ ਦੀ ਸੇਵਾ ਕਰਦੇ ਹਨ)

– ਗਉ ੪, ੩੯, ੩:੨ (164)

(3) ਕਿਰਤ/ਕੰਮਾਂ ਅਨੁਸਾਰ ਬਣੇ ਭਾਗ

"ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ।"

– ਗਉ ੫, ੭੧*, ੩:੨ (176)

ਹੋਰ ਰੂਪ:

ਕਿਰਤੁ –

"ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ।"

– ਸਿਰੀ ੩, ਅਸ ੧੯, ੩:੧ (65)

"ਕਿਰਤੁ ਪਇਆ ਨਹ ਮੇਟੈ ਕੋਇ।"

– ਗਉ ੧, ੧੦, ੧:੧ (154)

(4) ਕੀਤੇ ਹੋਏ, ਹੋਰ ਵੇਖੋ ਕ੍ਰਿਤ

ਕ੍ਰਿਤ –

"ਕੁੰਟ ਚਾਰਿ ਦਹ ਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ।"

– ਗਉ ੫, ਬਾਅ ੧੭ਸ:੧ (253)

(5) ਕੀਤੇ ਕੰਮਾਂ ਅਨੁਸਾਰ ਬਣਿਆ ਸੁਭਾ

"ਪਇਐ ਕਿਰਤਿ ਕਮਾਵਣਾ ਕਹਣਾ ਕਛੂ ਨ ਜਾਇ।"

– ਵਡ ੪, ਵਾਰ ੪ਸ, ੩, ੧:੭ (587)

ਹੋਰ ਰੂਪ:

ਕਿਰਤੁ –

"ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ।"

– ਮਾਝ ੧, ਵਾਰ ੨੧ਸ, ੧, ੨:੧ (148)

(6) ਕਿਰਤੀ, ਰਚਨਾ

“ਅੰਡਜ ਜੇਰਜ ਸੇਤਜ ਉਤਭੁਜ ਪ੍ਰਭ ਕੀ ਇਹ ਕਿਰਤਿ।”

– ਬਿਲਾ ੫, ੬੦, ੩:੧ (816)

(7) ਕ੍ਰਿਤਾਰਥ, ਨਿਹਾਲ

“ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ।”

– ਸਾਰ ੫, ੧੩੭, ੨:੧ (1230)

ਕਿਰਤੁ ----- (1) ਕਰਣੀ

“ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰਿ ਪਤੀਣਾ।” (ਕਰਣੀ ਨੂੰ ਵਿਚਾਰ ਕੇ)

– ਰਾਮ ੧, ਅਸ ੮, ੪:੧ (907)

(2) ਕੰਮ, ਵੇਖੋ ‘ਕਿਰਤਿ’ (1)

“ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ।”

– ਤੁਖਾ ੧, ਬਾਰਾ ੮:੩ (1108)

(3) ਕੀਤੇ ਕੰਮਾਂ ਦੀ ਕਮਾਈ ਅਨੁਸਾਰ, ਵੇਖੋ ‘ਕਿਰਤਿ’ (1)

(4) ਕੀਤੇ ਕੰਮਾਂ ਅਨੁਸਾਰ ਬਣੇ ਭਾਗ, ਵੇਖੋ ‘ਕਿਰਤਿ’ (3)

(5) ਕੀਤੇ ਕੰਮਾਂ ਅਨੁਸਾਰ ਬਣਿਆ ਸੁਭਾ, ਵੇਖੋ ‘ਕਿਰਤਿ’ (5)

“ਨਾਨਕ ਕਿਰਤੁ ਨ ਜਾਇ ਮਿਟਾਇਓ।”

– ਮਾਰੂ ੫, ੧੯, ੨:੧੨ (1005)

(6) ਫਲ

“ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ।” (ਫਲ ਪਾਇਆ)

– ਤੁਖਾ ੧, ਬਾਰਾ ੧੨:੧ (1109)

ਕਿਰਦਾਰ --- (ਫਾ.) ਅਮਲ, ਕੰਮ

“ਕਾਇਆ ਕਿਰਦਾਰ ਅਉਰਤ ਯਕੀਨਾ।” (ਚੰਗੇ ਕੰਮ)

– ਮਾਰੂ ੫, ਸੋਲਾ ੧੨, ੧੨:੧ (1084)

ਕਿਰਪੰਗਨਾ -- ਕ੍ਰਿਪਾ ਜਿਸ ਦੇ ਅੰਗ ਹੈ, ਭਾਵ ਜੋ ਕ੍ਰਿਪਾ ਦਾ ਪਾਤਰ ਹੈ

“ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ ਸੋ ਬੂਝੈ ਜਿਸੁ ਕਿਰਪੰਗਨਾ।”

– ਮਾਰੂ ੫, ਸੋਲਾ ੯, ੯:੩ (1080)

ਕਿਰਪੰਤ ---- ਕ੍ਰਿਪਾ ਨਾਲ

“ਕਿਰਪੰਤ ਹਰੀਅੰ ਮਤਿ ਤਤੁ ਗਿਆਨੰ।”

– ਸਸ ੫, ੧੩:੧ (1355)

ਕਿਰਪਨ ---- (1) (ਸੰ.) ਕੰਜੂਸ, ਸੂਮ

“ਕਾਮਿ ਕਰੋਧਿ ਮੋਹਿ ਵਸਿ ਕੀਆ ਕਿਰਪਨ ਲੋਭਿ ਪਿਆਰੁ।”

– ਸਿਰੀ ੫, ਅਸ ੨੬, ੪:੧ (70)

(2) ਨਿਕੰਮਾ (ਭਾਵ)

“ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ।”

– ਆਸਾ ੫, ੧੨੪, ੨:੧ (402)

“ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ।”

– ਧਨਾ ੩, ੯, ੨:੧ (666)

ਕਿਰਪਾ ----- (ਸੰ.) ਦਇਆ, ਮਿਹਰਬਾਨੀ, ਦਇਆਲਤਾ
"ਹਰਿ ਹਰਿ ਨਾਮੁ ਧਿਆਈਐ ਜਿਸ ਕਉ ਕਿਰਪਾ ਕਰੇ ਰਜਾਇ।"
– ਸਿਰੀ ੩, ੩੮, ੩:੩ (28)

ਕਿਰਪਾਈ --- ਕ੍ਰਿਪਾਲ, ਕ੍ਰਿਪਾਵਾਨ, ਕਿਰਪਾ ਹੋਈ (ਸ਼ਬਦਾਰਥ)
"ਕਤ ਕਉ ਡਹਕਾਵਹੁ ਲੋਗਾ ਮੋਹਨ ਦੀਨ ਕਿਰਪਾਈ।"
– ਮਾਰੂ ੫, ੨੦, ੧:੧ (1005)

ਹੋਰ ਰੂਪ:

ਕਿਰਪਾਏ –
"ਅਤੁਲੁ ਅਤੁਲੁ ਅਤੁਲੁ ਨਹ ਤੁਲੀਐ ਭਗਤਿ ਵਛਲੁ ਕਿਰਪਾਏ।" (ਕਿਰਪਾਵਾਨ ਹੋਏ, ਕਿਰਪਾ ਕਰੇ)
– ਬਿਲਾ ੫, ੮੧, ੪:੧ (820)

ਕਿਰਪਾਸ --- ਕ੍ਰਿਪਾਲੂ, ਦਇਆਲੂ
"ਹਮ ਹਰਿ ਹਿਰਦੈ ਜਪਿਓ ਨਾਮੁ ਨਰਹਰਿ ਪ੍ਰਭਿ ਕ੍ਰਿਪਾ ਕਰੀ ਕਿਰਪਾਸ।"
– ਕਾਨ ੪, ੩, ੧:੧ (1295)

ਕਿਰਪਾਧਿ --- ਕ੍ਰਿਪਾ ਦੁਆਰਾ
"ਜਗੁ ਜੀਤੋ ਹੋ ਹੋ ਗੁਰ ਕਿਰਪਾਧਿ।"
– ਕਾਨ ੫, ੩੩, ੧*:੪ (1304)

ਕਿਰਪਾਨ ---- ਕ੍ਰਿਪਾਲੂ
"ਹਰਿ ਹੋ ਹੋ ਕਿਰਪਾਨ।"
– ਕਾਨ ੪, ੧੨, ੧*:੪ (1298)

ਕਿਰਪਾਨਦ -- ਕ੍ਰਿਪਾ ਦੁਆਰਾ
"ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧਸੰਗਤਿ ਕਿਰਪਾਨਦ।"
– ਸਾਰ ੫, ੭, ੪:੧ (1204)

ਕਿਰਪਾ ਨਿਧਿ – ਕ੍ਰਿਪਾ ਦਾ ਖਜ਼ਾਨਾ/ਭੰਡਾਰ ਭਾਵ ਪ੍ਰਭੂ
"ਕਿਰਪਾ ਨਿਧਿ ਕਿਰਪਾਲ ਧਿਆਵਉ।"
– ਗਉ ੫, ੯੧, ੪:੧ (183)

ਹੋਰ ਰੂਪ:

ਕਿਰਪਾਨਿਧੇ –
"ਨਿਰਗੁਨਿ ਨਿਮਾਣੀ ਅਨਾਥਿ ਬਿਨਵੈ ਮਿਲਹੁ ਪ੍ਰਭ ਕਿਰਪਾ ਨਿਧੇ।" (ਹੇ ਕ੍ਰਿਪਾ ਦੇ ਭੰਡਾਰ)
– ਬਿਹਾ ੫, ਛੰਤ ੨, ੩:੩ (543)

ਕਿਰਪਾਰੀਆ – ਕ੍ਰਿਪਾ ਹੋਈ
"ਸੇਈ ਸੇਈ ਭਗਤ ਜਿਨਾ ਕਿਰਪਾਰੀਆ।"
– ਮਾਝ ੫, ਅਸ ੧੨, ੧:੨ (240)

ਕਿਰਪਾਲ --- ਕ੍ਰਿਪਾ ਕਰਨ ਵਾਲਾ, ਕ੍ਰਿਪਾਲੂ ਭਾਵ ਪ੍ਰਭੂ

"ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ।"

– ਸਿਰੀ ੫, ੯੭, ੪:੧ (52)

"ਨਿਸਿ ਬਾਸੁਰ ਮਨਿ ਅਨਦੁ ਹੋਤ ਚਿਤਵਤ ਕਿਰਪਾਲ।" (ਕ੍ਰਿਪਾਲੂ ਭਾਵ ਪ੍ਰਭੂ)

– ਬਿਲਾ ੫, ੪੧, ੧*:੨ (811)

"ਪਾਰਬ੍ਰਹਮ ਪਰਮੇਸਰ ਸਤਿਗੁਰ ਹਮ ਬਾਰਿਕ ਤੁਮ੍ ਪਿਤਾ ਕਿਰਪਾਲ।" (ਕ੍ਰਿਪਾਲੂ)

– ਬਿਲਾ ੫, ੧੨੧, ੧*:੨ (828)

ਹੋਰ ਰੂਪ:

ਕਿਰਪਾਲਾ –

"ਦੀਨ ਦਇਆਲ ਸਦਾ ਕਿਰਪਾਲਾ ਠਾਢਿ ਪਾਈ ਕਰਤਾਰੇ ਜੀਉ।" (ਕ੍ਰਿਪਾ ਕਰਨ ਵਾਲਾ)

– ਮਾਝ ੫, ੩੬, ੧:੩ (105)

"ਸਭਿ ਜੀਅ ਭਏ ਕਿਰਪਾਲਾ।" (ਮਿਹਰਬਾਨ ਹੋਏ)

– ਸੋਰ ੫, ੬੪, ੩:੨ (625)

"ਦਰਸਨੁ ਦੇਹੁ ਪੂਰਨ ਕਿਰਪਾਲਾ।" (ਕ੍ਰਿਪਾਲੂ ਪ੍ਰਭੂ)

– ਸੂਹੀ ੫, ੩੮, ੧*:੨ (744)

ਕਿਰਪਾਲਿ –

"ਗੁਰਿ ਕਿਰਪਾਲਿ ਕ੍ਰਿਪਾ ਪ੍ਰਭਿ ਧਾਰੀ ਬਿਨਸੇ ਸਰਬ ਅੰਦੇਸਾ।" (ਕ੍ਰਿਪਾਲੂ)

– ਗਉ ੫, ੧੫੩*, ੪:੧ (213)

ਕਿਰਪਾਲੁ –

"ਸਰਣਿ ਪਏ ਪ੍ਰਭ ਆਪਣੇ ਗੁਰ ਹੋਆ ਕਿਰਪਾਲੁ।" (ਕ੍ਰਿਪਾਲੂ)

– ਸਿਰੀ ੫, ੮੬, ੧:੧ (48)

ਕਿਰਪਾਲੇ –

"ਸਾਗਰ ਮਹਿ ਬੋਹਿਥੁ ਪਾਇਓ ਹਰਿ ਨਾਨਕ ਕਰੀ ਕ੍ਰਿਪਾ ਕਿਰਪਾਲੇ।" (ਕ੍ਰਿਪਾਲੂ ਪ੍ਰਭੂ ਨੇ)

– ਧਨਾ ੫, ੩੨, ੨:੨ (679)

ਕਿਰਪਾਵਤ -- ਕ੍ਰਿਪਾਵੰਤ/ਕ੍ਰਿਪਾ ਦੇ ਧਾਰਨੀ (ਪ੍ਰਭੂ)

"ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ।"

– ਸਾਰ ੫, ੯, ੧:੧ (1205)

ਕਿਰਪੀਸ --- ਕ੍ਰਿਪਾਲੂ

"ਹਰਿ ਹੋ ਹੋ ਕਿਰਪੀਸ।"

– ਕਾਨ ੪, ੮, ੧*:੪ (1296)

ਕਿਰਪੇਨ ---- ਕ੍ਰਿਪਾਲੂ

"ਪ੍ਰਭ ਭਏ ਹੈ ਕਿਰਪੇਨ।"

– ਕਾਨ ੫, ੩੫, ੨:੪ (1305)

ਕਿਰਪੈਨ ---- ਕ੍ਰਿਪਾ, ਬਖਸ਼ਿਸ਼

"ਅੰਮ੍ਰਿਤ ਨਾਮੁ ਨਿਰਮੋਲਕੁ ਹਰਿ ਜਸੁ ਤਿਨਿ ਪਾਇਓ ਜਿਸੁ ਕਿਰਪੈਨ।"

– ਧਨਾ ੫, ੧੩, ੩:੧ (674)

ਕਿਰਮ ----- (ਫ਼ਾ.) ਕੀਟ, ਕੀੜਾ
"ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ।" (ਭਾਵ ਨਾਚੀਜ, ਦੀਨ)
– ਗੂਜ ੪, ਸੋਦ ੪, ੧:੨ (10)
"ਦਇਆ ਕਰਹੁ ਕਿਰਮ ਅਪੁਨੇ ਕਉ ਇਹੈ ਮਨੋਰਥੁ ਸੁਆਉ। (ਨਿਮਾਨੇ ਜੀਵ)
– ਆਸਾ ੫, ੧੩੯, ੨:੧ (406)
"ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ।" (ਕੀੜਿਆਂ ਦੀ ਫੌਜ)
– ਸੋਰ ਕਬ, ੨, ੧:੧ (654)
"ਰਕਤ ਕਿਰਮ ਮਹਿ ਨਹੀ ਸੰਘਾਰਿਆ।"
– ਮਾਰੂ ੫, ਸੋਲਾ ੧੩, ੨:੨ (1084)

ਹੋਰ ਰੂਪ:

ਕਿਰਮਾਇ –
"ਸੰਤਨ ਕੈ ਦੁਖਨਿ ਤ੍ਰਿਗਦ ਜੋਨਿ ਕਿਰਮਾਇ।" (ਕਿਰਮ ਆਦਿ)
– ਗਉ ੫, ਸੁਖ ੧੩, ੨:੪ (279)

ਕਿਰਮਾਇਣਾ –
"ਸੇਵਾ ਸੁਰਤਿ ਨ ਜਾਣਾ ਕਾਈ ਤੁਮ ਕਰਹੁ ਦਇਆ ਕਿਰਮਾਇਣਾ।" (ਕਿਰਮ ਉਪਰ)
– ਮਾਰੂ ੫, ਸੋਲਾ ੭, ੧੨:੩ (1078)

ਕਿਰਾਖੀ ---- (ਸੰ.)ਖਿਚੀ, ਮੁਕਾਈ
"ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ।"
– ਸਿਰੀ ੪, ਵਾਰ ੧੨:੪ (87)

ਕਿਰਾੜਾ ---- ਬਾਣੀਏ, ਮਾਇਆ ਦੇ ਲੋਭੀ
"ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ।"
– ਸਲੋ ੧, ੨੧:੧ (1412)

ਕਿਰਿ ------ ਕਿਰ ਕੇ, ਝੜ ਕੇ
"ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।"
– ਸਿਰੀ ੧, ੧੩, ੧:੨ (18)

ਕਿਰਿਆ ---- (1) (ਸੰ.) ਕੰਮ, ਕਰਮ
"ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ।" (ਧਾਰਮਕ ਕੰਮ/ਸੰਸਕਾਰ)
– ਆਸਾ ੪, ਸੋਪੁ ੧, ੪:੪ (11)
"ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ।" (ਰੀਤ, ਧਾਰਮਿਕ ਸੰਸਕਾਰ)
– ਮਾਝ ੧, ਵਾਰ ੨੬ਸ, ੧, ੧:੫ (149)

ਕਿਰਿਆਚਾਰ – ਕਿਰਿਆ ਦਾ ਆਚਾਰ, ਕਰਮ ਕਾਂਡ

"ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ।"

– ਗੂਜ ੫, ੨, ੧:੧ (495)

ਕਿਰਣਿ ----- ਰਿਸ਼ਮ, ਰੋਸ਼ਨੀ ਦੀ ਸੂਖਮ ਰੇਖਾ

"ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ।"

– ਸਵ ੩, ੧:੫ (1392)

('ਕਿਰਿਣ' ਦੇ ਇਹ ਸ਼ਬਦ ਜੋੜ ਸ਼ਬਦਾਰਥ ਦੀ 1957 ਛਾਪ ਵਿਚ ਹਨ)

ਕਿਲਬਿਖ --- (ਸੰ) ਪਾਪ, ਗੁਨਾਹ

"ਕਿਲਬਿਖ ਕਾਟੇ ਨਿਰਮਲੁ ਥੀਆ।"

– ਮਾਝ ੫, ੨੪, ੨:੨ (101)

ਹੋਰ ਰੂਪ:

ਕਿਲਵਿਖ –

"ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ।"

– ਸਿਰੀ ੫, ੮੩, ੩:੧ (47)

"ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰੁ।"

– ਸਿਰੀ ੫, ਅਸ ੨੬, ੪:੨ (70)

(ਚਾਰ ਪਾਪ ਹਨ: ਮਦਪਾਨ, ਸੋਨਾ ਚੁਰਾਉਣਾ, ਗੁਰਨਾਰੀ ਗਮਨ, ਗਊ ਬ੍ਰਾਹਮਣ ਘਾਤ)

ਕਿਲਵਿਖਹੁ –

"ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ।" (ਹੇ ਪਾਪੋ)

– ਆਸਾ ੫, ਛੰਤ ੧੨, ੨:੧ (460)

ਕਿਵ ------ ਕਿਵੇਂ

"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।"

– ਜਪੁ ੧, ੧:੫ (1)

"ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ।" (ਕਿਉਂ)

– ਬਿਹਾ ੪, ਵਾਰ ੪:੨ (550)

"ਕਿਆ ਜਾਣਾ ਕਿਵ ਮਰਹਿਗੇ ਕੈਸਾ ਮਰਣਾ ਹੋਇ।" (ਮਰਨਾ ਕਿਹੋ ਜਿਹਾ ਹੋਵੇਗਾ)

– ਬਿਹਾ ੪, ਵਾਰ ੧੭ਸ, ੩, ੨:੧ (555)

ਕਿਵਾਰ ----- (ਸੰ. ,) ਬੂਹੇ ਦੇ ਤਖਤੇ, ਦਰਵਾਜ਼ਾ, ਭਿਤ

"ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ।"

– ਆਸਾ ੫, ੫੦, ੧:੨ (383)

"ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲ੍ਹਿ ਕਿਵਾਰ।"

– ਬਿਲਾ ਕਬ, ੭, ੧*:੨ (856)

ਹੋਰ ਰੂਪ:

ਕਿਵਾਰਾ –

"ਭ੍ਰਮਤ ਬਿਆਪਤ ਜਰੇ ਕਿਵਾਰਾ।"

– ਸੂਹੀ ੫, ਅਸ ੧, ੪:੧ (759)

ਕਿਵਾਰੀ –
“ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨ ਦਰਵਾਜਾ।” (ਤਾਕੀ, ਛੋਟਾ ਬੂਹਾ)
– ਭੈਰ ਕਬ, ੧੭, ੨:੧ (1161)

ਕਿਵਾੜ ----- ਦਰਵਾਜ਼ਾ, ਵੇਖੋ ‘ਕਿਵਾਰ’
“ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ।”
– ਸੋਰ ੫, ੨੬, ੩:੧ (616)

ਹੋਰ ਰੂਪ:

ਕਿਵਾੜਾ –
“ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ।”
– ਮਾਝ ੫, ੨੬, ੪:੨ (102)

ਕਿਵੈ ------ ਕਿਸੇ ਤਰਾਂ ਵੀ
“ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।”
– ਸਿਰੀ ੩, ੬੪, ੧:੨ (39)

ਕਿੜੀ ------ ਤਾੜਨਾ ਦੀ ਆਵਾਜ਼, ਸਾਵਧਾਨ ਕਰਨ ਲਈ ਦਿਤੀ ਆਵਾਜ਼
“ਕਿੜੀ ਪਵੰਦੀ ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ।”
– ਸੋਰ ੩, ਅਸ ੩, ੭:੨ (639)

ਕੀ ------- (1) ਦੀ, ਦਾ, ਦੀਆ
“ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।”
– ਜਪੁ ੧, ੬:੩ (2)

“ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।” (ਕਿਸੇ ਦਾ ਆਸਰਾ)
– ਗੂਜ ੫, ਸੋਦ ੫, ੨:੧ (10)

“ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।” (ਦੀਆਂ)
– ਜਪੁ ੧, ੩੨:੪ (7)

(2) ਕਿਉਂ, ਕਿਸ ਲਈ
“ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।” (ਕਿਉਂ)
– ਸਿਰੀ ੧, ੨੪, ੩:੧ (23)

“ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ।” (ਕਿਸ ਲਈ)
– ਗਉ ੧, ੧੫, ੩:੨ (156)

“ਕੀ ਵਿਸਰਹਿ ਦੁਖੁ ਬਹੁਤਾ ਲਾਗੈ।” (ਕਿਉਂ ਵਿਸਾਰਦਾ ਹੈ?)
– ਆਸਾ ੧, ੧੯, ੧*:੧ (354)

(3) ਪ੍ਰਸ਼ਨ ਵਾਚਕ, ਕਿਆ
“ਮਨ ਐਸਾ ਲੇਖਾ ਤੂੰ ਕੀ ਪੜਿਆ।”
– ਆਸਾ ੩, ਪਟੀ ੧*:੧ (434)

“ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ।”
– ਸੋਰ ੧, ੧੦, ੧:੧ (598)

(4) ਕੀਤੀ, ਕੀਤਾ
"ਅਪਨੇ ਭਗਤ ਪਰਿ ਕੀ ਪ੍ਰਤਿਪਾਲ।"
– ਭੈਰ ਨਾਮ, ੧੦, ੧੬:੧ (1166)

(5) ਤੋਂ (ਭਾਵ)
"ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ।"
– ਗਉ ਕਬ, ੬੪, ੩:੧ (337)

(6) ਨੂੰ
"ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨ ਆਇਆ।"
– ਆਸਾ ੧, ੩੯, ੧:੩ (360)
"ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆ ਨਾਲਿ।" (ਮੈਨੂੰ)
– ਵਡ ੧, ੧, ੩:੧ (557)

ਕੀਉ ------ ਕਰ ਦਿਤਾ
"ਮੀਤੁ ਸਾਜਨੁ ਸਖਾ ਬੰਧਪੁ ਹਰਿ ਏਕੁ ਨਾਨਕ ਕੀਉ।"
– ਮਾਰੂ ੫, ੨੮, ੨:੨ (1007)

ਕੀਓ ------ (1) ਕੀਤਾ ਹੋਇਆ
"ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ।"
– ਟੋਡੀ ੫, ੫, ੨:੧ (713)
"ਮਨ ਮੀਠ ਤੁਹਾਰੋ ਕੀਓ।"
– ਨਟ ੫, ੨, ੧*:੨ (978)

(2) ਕਰ ਦਿਤਾ, ਵੇਖੋ ਕੀਉ
"ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ।"
– ਸਿਰੀ ੪, ਵਾਰ ੧੬:੫ (89)
"ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ।" (ਬਣਾ ਦਿਤਾ)
– ਗਉ ੫, ੧੩੬*, ੧:੧ (209)
"ਹਰਿ ਸਿਮਰਨਿ ਕੀਓ ਸਗਲ ਅਕਾਰਾ।" (ਬਣਾਇਆ, ਕੀਤਾ)
– ਗਉ ੫, ਸੁਖ ੧, ੮:੭ (263)

(3) ਕੀਤਾ ਕਰਮ
"ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ।"
– ਗੂਜ ਕਬ, ੧, ੨:੨ (524)

(4) ਕੀਤਾ
"ਇਸਨਾਨੁ ਕੀਓ ਅਠਸਠਿ ਸੁਰਸਰੀ।"
– ਭੈਰ ੪, ੨, ੩:੨ (1134)

ਕੀਓਇ ---- ਕੀਤਾ
"ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ।"
– ਸਿਰੀ ੪, ਵਾਰ ੧੬:੩ (89)

ਕੀਅ ------ ਪੈਦਾ ਕੀਤਾ, ਕੀਤਾ, ਸਿਰਜਿਆ
"ਸੁਰਤਿ ਵਿਹੂਣਾ ਕੋਇ ਨ ਕੀਅ।"
– ਸਿਰੀ ੧, ੩੦, ੧:੨ (24)

ਕੀਅਉ ------ **ਕੀਤਾ ਹੈ**
“ਕਲਿ ਮਹਿ ਰੂਪੁ ਕਰਤਾ ਪੁਰਖੁ ਸੋ ਜਾਣੈ ਜਿਨਿ ਕਿਛੁ ਕੀਅਉ।”
– ਸਵ ੩, ੧੯:੫ (1395)
“ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ।” (ਜਨਮ ਲਿਆ)
– ਸਵ ੫, ਕਲ, ੧:੫ (1407)

ਕੀਅਹਿ ---- **ਕੀਤੇ**
“ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ।”
– ਸਾਰ ੪, ਵਾਰ ਪਸ, ੨, ੨:੩ (1239)

ਕੀਅਨੁ ------ **ਕੀਤਾ**
“ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ।”
– ਰਾਮ ਬਸ, ਵਾਰ ੮:੬ (968)

ਕੀਅਲੋ ------ **ਕੀਤਾ ਹੈ**
“ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ।”
– ਆਸਾ ੫, ੭, ੧*:੧ (372)

ਕੀਆ ------ **(1) ਦੀਆਂ**
“ਤਾ ਕੀਆ ਗਲਾ ਕਥੀਆ ਨਾ ਜਾਹਿ।”
– ਜਪੁ ੧, ੩੬:੫ (8)

ਹੋਰ ਰੂਪ:

ਕੀਆਂ –
“ਨਾਨਕ ਦੁਨੀਆਂ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ।”
– ਮਲਾ ੧, ਵਾਰ ੨੬ ਸ ੧, ੧:੧ (1290)

ਕੀਆਹ –
“ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ।”
– ਸਿਰੀ ੧, ੧੭, ੧:੨ (17)

(2) ਕੀਤਾ, ਸਿਰਜਿਆ
“ਤੂ ਆਪੇ ਕਰਤਾ ਤੇਰਾ ਕੀਆ ਸਭੁ ਹੋਇ।”
– ਆਸਾ ੪, ਸੋਪੁ, ੨, ੪:੧ (11)
“ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।” (ਸਿਰਜਿਆ)
– ਆਸਾ ੧, ਸੋਪੁ ੩, ੧:੧ (12)
“ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ।” (ਬਣਾਇਆ)
– ਸਿਰੀ ੧, ੨੮, ੩:੧ (24)

(3) ਕੀਤਾ, ਕਰਨ ਦੀ ਕ੍ਰਿਆ
“ਸਾਧਸੰਗਤਿ ਸਿਉ ਸੰਗੁ ਨ ਕੀਆ ਬਹੁ ਜੋਨੀ ਦੁਖੁ ਪਾਵੈ।”
– ਆਸਾ ੫, ਪਹ ੪, ੩:੪ (77)
“ਗਵਨੁ ਕੀਆ ਧਰਤੀ ਭਰਮਾਤਾ।”
– ਮਾਝ ੫, ੧੨, ੩:੨ (98)
“ਕੀਆ ਗਰਬੁ ਨ ਆਵੈ ਰਾਸਿ।” (ਕੀਤਾ ਹੋਇਆ)

– ਗਉ ੧, ੧੦, ੨:੩ (154)

"ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ।" (ਕੀਤਾ, ਬਣਾਇਆ)

– ਗਉ ੫, ਵਾਰ ੧੮ਸ, ੫, ੧:੧ (322)

ਹੋਰ ਰੂਪ:

ਕੀਆਂ –

"ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ।"

– ਸਲੋ ਫਰ, ੯੯:੪ (1383)

(4) ਸਿਰਜਿਆ/ਬਣਾਇਆ ਹੋਇਆਂ, ਕਿਰਤ, ਸਿਰਜਣਾ, ਸ੍ਰਿਸ਼ਟੀ)

"ਆਪਿ ਸਤਿ ਕੀਆ ਸਭੁ ਸਤਿ।" (ਸਾਜਿਆ, ਕੀਤਾ ਹੋਇਆ, ਸ੍ਰਿਸ਼ਟੀ ਰਚਨਾ)

– ਗਉ ੫, ਸੁਖ ੧੬, ੭:੫ (284)

"ਕਰਤੇ ਕੀ ਮਿਤਿ ਨ ਜਾਨੈ ਕੀਆ।"

– ਗਉ ੫, ਸੁਖ ੧੬, ੭:੯ (285)

(5) ਕੀਤੇ ਕੰਮ (ਭਾਵ)

"ਸੋ ਕਿਉ ਬਿਸਰੈ ਜਿ ਕੀਆ ਜਾਨੈ।"

– ਗਉ ੫, ਸੁਖ ੨੦, ੪:੨ (290)

"ਪ੍ਰਭ ਕਾ ਕੀਆ ਮੀਠਾ ਮਾਨੈ।"

– ਆਸਾ ੫, ੮੮, ੧:੨ (392)

ਕੀਐ ------ ਖਾਤਰ, ਲਈ

"ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ।"

– ਬਿਲਾ ੫, ੩੬, ੩:੧ (809)

ਕੀਈ ------ ਕੀਤੀ

"ਹਰਿ ਕੀਈ ਹਮਾਰੀ ਸਫਲ ਜਾਤਾ।"

– ਬਿਲਾ ੪, ੭, ੧:੪ (801)

ਕੀਏ ------ (1) ਕੀਤੇ, ਬਣਾਏ, ਸਿਰਜੇ, ਪੈਦਾ ਕੀਤੇ

"ਖ੍ਰਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।"

– ਸਿਰੀ ੧, ੭, ੧:੨ (16)

"ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ।" (ਸਿਰਜੇ)

– ਸਿਰੀ ੫, ੭੧, ੨:੨ (42)

"ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ।" (ਪੈਦਾ ਕੀਤੇ)

– ਸਿਰੀ ੫, ੭੯, ੩:੨ (45)

"ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ।" (ਬਣਾਏ)

– ਆਸਾ ੧, ੩੩, ੧:੧ (358)

"ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ।" (ਉਸਾਰੇ)

– ਮਾਰੂ ਕਬ, ੬, ੧:੧ (1104)

(2) ਕੀਤੇ, ਕਰਨ ਦੀ ਕ੍ਰਿਆ

"ਅਨਿਕ ਬਰਖ ਕੀਏ ਜਪ ਤਾਪਾ।"

– ਮਾਝ ੫, ੧੨, ੩:੧ (98)

"ਨਾਨਕ ਦਾਸ ਕੀਏ ਪ੍ਰਭਿ ਅਪੁਨੇ ਹਰਿ ਕੀਰਤਨਿ ਰੰਗ ਮਾਣੇ ਜੀਉ।"

– ਮਾਝ ੫, ੪੨, ੪:੩ (106)

“ਸੁਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ।” (ਕੀਤਿਆਂ, ਕਰਨ ਨਾਲ)

– ਆਸਾ ਕਬ, ੮, ੩:੧ (477)

“ਸਗਲ ਮਨੋਰਥ ਪ੍ਰਭ ਕੀਏ ਭੇਟੇ ਗੁਰਦੇਵ।” (ਪੂਰੇ ਕੀਤੇ)

– ਬਿਲਾ ੫, ੭੪, ੧:੧ (819)

“ਕਰਿ ਕਿਰਪਾ ਅਪੁਨੇ ਪ੍ਰਭਿ ਕੀਏ।” (ਬਣਾਏ)

– ਪ੍ਰਭਾ ੫, ੬, ੧:੧ (1339)

ਕੀਸ ------ ਕਿਸ ਨੂੰ

“ਤਹ ਛਲ ਛਿਦ੍ਰ ਲਗਤ ਕਹੁ ਕੀਸ।”

– ਗਉ ੫, ਸੁਖ ੨੧, ੪:੬ (291)

ਕੀਸਾਰਾ ---- (ਸੰ.) ਧਾਨ ਅਥਵਾ ਕਣਕ ਦੀ ਬੱਲੀ ਨਾਲ ਜੋ ਤਿੱਖੇ ਕੰਡੇ ਹੁੰਦੇ ਹਨ)

“ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ।”

– ਮਾਝ ੧, ਵਾਰ ੧੧ਸ, ੧, ੧:੨ (142)

ਕੀਕ ------ ਕੀਤਾ ਹੋਇਆ

“ਹਰਿ ਜਨ ਸੋਭਾ ਸਭ ਜਗ ਊਪਰਿ ਜਿਉ ਵਿਚਿ ਉਡਵਾ ਸਸਿ ਕੀਕ।”

– ਪ੍ਰਭਾ ੪, ੩, ੨:੨ (1336)

ਕੀਚ ------ ਚਿਕੜ, ਗਾਰਾ

“ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ।”

– ਚਉ ੫, ੯:੨ (1364)

ਕੀਚਈ ----- ਕਰੋ, ਕਰਨਾ ਚਾਹੀਦਾ, ਕਰੀਏ

“ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ।”

– ਆਸਾ ੫, ਛੰਤ ੧੩, ੩:੧ (461)

“ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ।”

– ਆਸਾ ੧, ਵਾਰ ੨੧:੩ (474)

ਕੀਚਹਿ ----- ਕੀਤੇ ਜਾਂਦੇ ਹਨ

“ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ।”

– ਮਾਝ ੧, ਵਾਰ ੧੯ਸ, ੨, ੧:੧੧ (146)

“ਕੀਚਹਿ ਰਸ ਭੋਗ ਖੁਸੀਆ ਮਨ ਕੇਰੀ।” (ਕਰੇ)

– ਬਿਲਾ ੧, ਅਸ ੨, ੨:੧ (832)

“ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ।” (ਕਰੀਏ)

– ਸਾਰ ੪, ਵਾਰ ੨ਸ, ੧, ੨:੪ (1238)

ਕੀਚਨਿ ----- ਕੀਤੇ ਜਾਣ

“ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ।”

– ਰਾਮ ੫, ਵਾਰ ੧੪:੨ (964)

ਕੀਚੜਿ ----- ਚਿਕੜ ਵਿਚ

“ਕੀਚੜਿ ਡੂਬੈ ਮੈਲੁ ਨ ਜਾਇ।”
– ਧਨਾ ੧, ਅਸ ੧, ੧*:੨ (685)

ਕੀਚਿਤ ----- ਕੀਤਾ ਗਿਆ ਹੈ
“ਞਾਣਤ ਸੋਈ ਸੰਤੁ ਸੁਇ ਭ੍ਰਮ ਤੇ ਕੀਚਿਤ ਭਿੰਨ।”
– ਗਉ ੫, ਬਾਅ ੨੬:੫ (255)

ਕੀਚੁ ------ ਚਿਕੜ, ਵੇਖੋ ਕੀਚ
“ਸਠ ਕਠੋਰੁ ਕੁਲਹੀਨੁ ਬਿਆਪਤ ਮੋਹ ਕੀਚੁ।”
– ਆਸਾ ੫, ਛੰਤ ੮, ੨:੨ (458)

ਕੀਚੈ ------ ਕੀਤਾ ਜਾਵੇ
“ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ।”
– ਸਿਰੀ ੧, ੨, ੪:੧ (15)
“ਗੁਰਮੁਖਿ ਜਿਨੀ ਜਾਣਿਆ ਤਿਨ ਕੀਚੈ ਸਾਬਾਸਿ।” (ਕਰੀਏ)
– ਸਿਰੀ ੧, ੨੦, ੫:੧ (20)

ਕੀਜਈ ----- ਕਰੀਏ
“ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ।”
– ਸਿਰੀ ੧, ੨੦, ੩:੨ (21)
“ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ।” (ਕਰਦੇ)
– ਮਲਾ ੧, ਵਾਰ ੧੭:੩ (1285)

ਕੀਜਹਿ ----- ਕੀਤੇ ਜਾਣ
“ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ।”
– ਮਾਝ ੧, ਵਾਰ ੧੦ਸ, ੧, ੨:੪ (142)

ਕੀਜਤੁ ----- ਕਰਦਾ
“ਕਾਹੇ ਕੀਜਤੁ ਹੈ ਮਨਿ ਭਾਵਨੁ।”
– ਮਾਰੂ ਕਬ, ੬, ੧*:੧ (1104)

ਕੀਜਾ ------ ਕੀਤਾ
“ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ।”
– ਮਾਰੂ ੫, ਸੋਲਾ ੩, ੫:੩ (1074)

ਕੀਜੀਐ ---- ਕਰੀਏ
“ਕੋਕਿਲ ਅੰਬ ਪਰੀਤਿ ਚਵੈ ਸੁਹਾਵੀਆ ਮਨ ਹਰਿ ਰੰਗੁ ਕੀਜੀਐ।”
– ਆਸਾ ੫, ਛੰਤ ੪, ੩:੨ (455)

ਕੀਜੈ ------ ਕਰੀਏ, ਕਰੋ
“ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ।”
– ਸਿਰੀ ੩, ੪੮, ੧:੧ (32)
“ਤਿਨਾ ਭਗਤ ਜਨਾ ਕਉ ਸਦ ਨਮਸਕਾਰੁ ਕੀਜੈ ਜੋ ਅਨਦਿਨੁ ਹਰਿ ਗੁਣ ਗਾਵਣਿਆ।” (ਕਰੋ)
– ਮਾਝ ੩, ਅਸ ੨੪, ੧*:੨ (123)

"ਰੇ ਮਨ ਮੇਰੇ ਭਰਮੁ ਨ ਕੀਜੈ।" (ਕਰ)
– ਗਉ ੧, ੮, ੧*:੧ (153)

ਕੀਟ ------ (1) (ਸੰ.) ਕੀੜਾ, ਕਿਰਮ
"ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ।"
– ਸਿਰੀ ੪, ਵਾਰ ੮ਸ, ੩, ੨:੪ (85)
"ਕਈ ਜਨਮ ਭਏ ਕੀਟ ਪਤੰਗਾ।"
– ਗਉ ੫, ੭੨, ੧:੧ (176)

ਹੋਰ ਰੂਪ:

ਕੀਟਾ –
"ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ।" (ਕੀੜਿਆਂ ਬਹੁ ਵਚਨ)
– ਜਪੁ ੧, ੭:੫ (2)

ਕੀਟੀ –
"ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ।" (ਕੀੜੀ ਇਸਤਰੀ ਲਿੰਗ)
– ਆਸਾ ਕਬ, ੬, ੪:੧ (477)

ਕੀਟੁ –
"ਪਾਖਾਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।"
– ਆਸਾ ਧੰਨਾ, ੩, ੩:੧ (488)

(2) ਕੀਟ ਵਰਗੇ, ਤੁਛ (ਨਿਮਾਣੇ)
"ਖਿਨ ਮਹਿ ਨੀਚ ਕੀਟ ਕਉ ਰਾਜ।"
– ਗਉ ੫, ਸੁਖ ੧੧, ੪:੧ (277)

ਹੋਰ ਰੂਪ:

ਕੀਟਾ –
"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।" (ਨੀਵੇਂ ਜੀਵ)
– ਜਪੁ ੧, ੩੨:੪ (7)

(3) ਕੈਟਭ, ਇਕ ਦੈਂਤ ਜੋ ਵਿਸ਼ਨੂੰ ਦੇ ਕੰਨ ਵਿਚੋਂ ਉਪਜਿਆ ਮੰਨਿਆ ਜਾਂਦਾ ਹੈ
"ਸਹਸ ਬਾਹੁ ਮਧੁ ਕੀਟ ਮਹਿਖਾਸਾ।"
– ਗਉ ੧, ਅਸ ੯, ੬:੧ (224)

ਕੀਤ ------ ਕਰਿਆ
"ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ।" (ਕਰਦੇ ਹੋਣ)
– ਸਿਰੀ ੫, ਅਸ ੨੬, ੭:੩ (70)
"ਬਾਟ ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ।" (ਕੀਤਾ ਬਣਾਇਆ ਹੈ)
– ਟੋਡੀ ੫, ੨੧, ੧:੧ (716)

ਹੋਰ ਰੂਪ:

ਕੀਤਉ –
"ਸਤਿਗੁਰੂ ਸੇਵਿ ਸੁਖੁ ਪਾਇਓ ਅਮਰਿ ਗੁਰਿ ਕੀਤਉ ਜੋਗੁ।" (ਬਣਾਇਆ, ਕੀਤਾ)

– ਸਵ ੩, ੭:੪ (1393)

ਕੀਤਾ ------ (1) ਕਰਿਆ/ਬਣਾਇਆ, ਸਿਰਜਿਆ

“ਥਾਪਿਆ ਨ ਜਾਇ ਕੀਤਾ ਨ ਹੋਇ।”

– ਜਪੁ ੧, ੫:੧ (2)

“ਜੇਤਾ ਕੀਤਾ ਤੇਤਾ ਨਾਉ।”(ਬਣਾਇਆ /ਸਿਰਜਿਆ)

– ਜਪੁ ੧, ੧੯:੧੦ (4)

“ਜਿਨਿ ਜਮੁ ਕੀਤਾ ਸੋ ਸੇਵੀਐ ਗੁਰਮੁਖਿ ਦੁਖੁ ਨ ਹੋਇ।” (ਬਣਾਇਆ ਸਿਰਜਿਆ ਹੈ)

– ਵਡ ੪, ਵਾਰ ੭ਸ, ੩, ੧:੪ (588)

ਹੋਰ ਰੂਪ:

ਕੀਤੀਅਨੁ –

“ਅਵਖਧ ਸਭੇ ਕੀਤੀਅਨੁ ਨਿਦਕ ਕਾ ਦਾਰੂ ਨਾਹਿ।” (ਬਣਾਏ ਹਨ)

– ਗਉ ੪, ਵਾਰ ੨੯ਸ, ੫, ੨:੧ (315)

ਕੀਤੀ –

“ਜਿਨਿ ਆਸਾ ਕੀਤੀ ਤਿਸ ਨੋ ਜਾਨੁ।”

– ਆਸਾ ੩, ਅਸ ੨੫, ੨:੪ (424)

“ਇਹ ਸ੍ਰਪਨੀ ਤਾ ਕੀ ਕੀਤੀ ਹੋਈ।”

– ਆਸਾ ਕਬ, ੧੯, ੪:੧ (480)

ਕੀਤੀਓ –

“ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ।”

– ਮਾਰੂ ੫, ਵਾਰ ੬:੫ (1096)

ਕੀਤੁ –

“ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ।”

– ਸਿਰੀ ੫, ੭੫, ੪:੪ (44)

ਕੀਤੇ –

“ਆਖਹਿ ਕੇਤੇ ਕੀਤੇ ਬੁਧ।”

– ਜਪੁ ੧, ੨੬:੧੬ (6)

“ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ਪਇ ਪੈਰੀ ਤਿਸਹਿ ਮਨਾਈ ਜੀਉ।”

– ਮਾਝ ੫, ੪੧, ੨:੩ (106)

ਕੀਤੋ –

“ਆਪੇ ਕੀਤੋ ਰਚਨੁ ਆਪੇ ਹੀ ਰਤਿਆ।”

– ਰਾਮ ੫, ਵਾਰ ੨੨:੧ (966)

ਕੀਤੋਨੁ –

“ਆਪੇ ਪਾਰਸੁ ਆਪਿ ਧਾਤੁ ਹੈ ਆਪਿ ਕੀਤੋਨੁ ਕੰਚਨੁ।”

– ਬਿਹਾ ੪, ਵਾਰ ੧੦:੧ (552)

(2) ਕਰਨ ਦੀ ਕ੍ਰਿਆ

“ਸੁਣਿਆ ਮੰਨਿਆ ਮਨਿ ਕੀਤਾ ਭਾਉ।”

– ਜਪੁ ੧, ੨੧:੩ (4)

“ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ।” (ਕਰਨ ਨਾਲ)

– ਮਾਝ ੫, ਬਾਰਾ ੯:੬ (135)

ਹੋਰ ਰੂਪ:

ਕੀਤਿ –
“ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ।” (ਕਰ ਲਏ)
– ਸਿਰੀ ੫, ੮੭, ੩:੨ (48)

ਕੀਤਿਅਨੁ –
“ਨਾਨਕ ਆਪੇ ਵੇਖ ਕੀਤਿਅਨੁ ਨਾਮੇ ਲਇਅਨੁ ਲਾਇ।” (ਵਖ ਕੀਤੇ ਹਨ)
– ਵਡ ੩, ੪, ੪:੨ (559)

ਕੀਤਿਆ –
“ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁੱਖ।”
– ਰਾਮ ੫, ਵਾਰ ੩ਸ, ੫, ੨:੩ (958)

ਕੀਤੀ –
“ਜਿਨਿ ਦਿਨੁ ਕਰਿ ਕੈ ਕੀਤੀ ਰਾਤਿ।”
– ਆਸਾ ੧, ਸੋਦ ੩, ੪:੨ (10)

ਕੀਤੀਅਨੁ –
“ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ।”
– ਗੂਜ ੫, ਵਾਰ ੧੩:੫ (521)

ਕੀਤੀਆ –
“ਸਤਿਗੁਰ ਕੀ ਸੇਵਾ ਨ ਕੀਤੀਆ ਅੰਤਿ ਗਇਆ ਪਛੁਤਾਈ।”
– ਗੂਜ ੩, ਵਾਰ ੮:੨ (511)

ਕੀਤੁ –
“ਹਟਵਾਣੀ ਧਨ ਮਾਲ ਹਟੁ ਕੀਤੁ।”
– ਬਸੰ ੫, ੨, ੧:੧ (1180)

ਕੀਤੇ –
“ਵਿਣੁ ਗੁਣ ਕੀਤੇ ਭਗਤਿ ਨ ਹੋਇ।”
– ਜਪੁ ੧, ੨੧:੬ (4)
“ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ।” (ਬਣਾ/ਕਰ ਲਏ)
– ਮਾਝ ੫, ਬਾਰਾ ੪:੬ (134)

ਕੀਤੈ –
“ਹੋਰੁ ਕਿ ਕਰੇ ਕੀਤੈ ਕਿਆ ਹੋਈ।”
– ਮਾਝ ੩, ਅਸ ੨੪, ੮:੨ (124)
“ਕਪਟਿ ਕੀਤੈ ਹਰਿ ਪੁਰਖੁ ਨ ਭੀਜੈ ਨਿਤ ਵੇਖੈ ਸੁਣੈ ਸੁਭਾਇ।” (ਕਰਿਆ, ਕਰਨ ਨਾਲ)
– ਗੂਜ ੩, ਵਾਰ ੧੦ਸ, ੩, ੨:੨ (512)

ਕੀਤੋ –
“ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ।”
– ਸਿਰੀ ੧, ਅਸ ੪, ੧:੨ (55)
“ਧਰਮ ਸੇਤੀ ਵਾਪਾਰੁ ਨ ਕੀਤੋ ਕਰਮ ਨਾ ਕੀਤੋ ਮਿਤੁ।” (ਬਣਾਇਆ/ਕਰਿਆ)

– ਸਿਰੀ ੧, ਪਹ ੧, ੩:੫ (75)

“ਈਧਣੁ ਕੀਤੋ ਮੂ ਘਣਾ ਭੋਰੀ ਦਿਤੀਮੁ ਭਾਹਿ।” (ਇਕੱਠਾ ਕੀਤਾ)

– ਜੈਤ ੫, ਵਾਰ ਪਸ, ੫:੨ (706)

ਕੀਤੋਈ –

“ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ।” (ਤੂੰ ਬਣਾਇਆ ਹੈ)

– ਮੁੰਦਾ ੫, ੧ਸ:੧ (1429)

ਕੀਤੋਨੁ –

“ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ।” (ਉਸ ਨੇ ਕੀਤਾ)

– ਸਿਰੀ ੩, ੫੦, ੩:੩ (33)

(3) ਕੀਤਾ/ਸਿਰਜਿਆ ਹੋਇਆ

“ਕੀਤਾ ਕਹਾ ਕਰੇ ਮਨਿ ਮਾਨੁ।” (ਕੀਤਾ ਹੋਇਆ ਜੀਵ)

– ਸਿਰੀ ੧, ੩੨, ੧:੧ (25)

“ਸੋਈ ਜਾਣੈ ਕਰਣੈਹਾਰਾ ਕੀਤਾ ਕਿਆ ਬੇਚਾਰਾ।”

– ਰਾਮ ੫, ੪, ੩:੧ (883)

“ਕਰਤਾ ਰਾਖੈ ਕੀਤਾ ਕਉਨੁ।”

– ਰਾਮ ੫, ੧੮, ੨:੧ (888)

ਹੋਰ ਰੂਪ:

ਕੀਤੇ –

“ਕੀਤੇ ਕੈ ਕਹਿਐ ਕਿਆ ਹੋਇ।”

– ਸਿਰੀ ੧, ੩੨, ੧:੪ (25)

“ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ।”

– ਆਸਾ ੧, ੩੬, ੧:੨ (359)

(4) ਕਰਾਇਆ/ਕਰਵਾਇਆ ਹੋਇਆ

“ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾ।”

– ਮਾਝ ੧, ਵਾਰ ੬ਸ, ੧, ੨:੨ (140)

(5) ਕੀਤਾ ਕੰਮ/ਕਰਮ

“ਜਿਸੁ ਅੰਦਰੁ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ।”

– ਗਉ ੪, ਵਾਰ ੧੫ਸ, ੪, ੧:੩ (308)

ਹੋਰ ਰੂਪ:

ਕੀਤੇ –

“ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ।”

– ਸਿਰੀ ੧, ਅਸ ੪, ੧:੩ (55)

(6) ਹੁਕਮ (ਭਾਵ)

“ਸਭ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ।”

– ਗਉ ੪, ਵਾਰ ੨੪:੩ (314)

(7) ਬੋਲਿਆ, ਉਚਾਰਣ ਕੀਤਾ, ਜਪਿਆ

“ਗੁਰਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ।”

– ਆਸਾ ੫, ਛੰਤ ੧, ੪:੩ (453)

(8) ਰਚਨਾ, ਸ੍ਰਿਸ਼ਟੀ à

"ਕੀਤਾ ਕਿਆ ਸਾਲਾਹੀਐ ਕਰਿ ਵੇਖੈ ਸੋਈ।"

– ਸੂਹੀ ੧, ਛੰਤ ੫, ੯:੧ (767)

"ਕੀਤਾ ਕਿਆ ਸਾਲਾਹੀਐ ਜਿਸੁ ਜਾਦੇ ਬਿਲਮ ਨ ਹੋਈ।"

– ਮਾਰੂ ੩, ਵਾਰ ੬:੪ (1088)

ਕੀਨ ------ (1) ਕੀਤਾ

"ਰਾਮ ਸੇਵਕ ਭੈ ਰਹਤ ਕੀਨ।"

– ਗਉ ੫, ੧੪੪, ੨:੨ (211)

"ਲਾਇ ਪ੍ਰੀਤਿ ਕੀਨ ਆਪਨ ਤੂਟਤ ਨਹੀ ਜੋਰੁ।" (ਕਰ/ਬਣਾ ਲਿਆ)

– ਕਾਨ ੫, ੪੮, ੧:੧ (1307)

ਹੋਰ ਰੂਪ:

ਕੀਨਉ –

"ਸੁਆਨ ਪੂਛ ਜਿਉ ਭਇਓ ਨ ਸੂਧਉ ਬਹਤੁ ਜਤਨੁ ਮੈ ਕੀਨਉ।" (ਕੀਤੀ)

– ਸੋਰ ੯, ੯, ੩:੧ (633)

(2) ਕਿਉਂ, ਕਿਵੇਂ

"ਮੁਚੁ ਮੁਚੁ ਗਰਭ ਗਏ ਕੀਨ ਬਚਿਆ।"

– ਗਉ ਕਬ, ੨੫, ੨:੧ (328)

ਕੀਨਾ ------ (1) ਬਣਾਇਆ, ਸਿਰਜਿਆ

"ਮਾਇਆ ਮੋਹੁ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ।"

– ਸਿਰੀ ੩, ੨੨, ੧:੧ (67)

"ਮਾਇਆ ਮੋਹੁ ਸਭੁ ਆਪੇ ਕੀਨਾ।"

– ਮਾਰੂ ੩, ਸੋਲਾ ੭, ੬:੧ (1050)

(2) ਕੀਤਾ

"ਮਿਰਗੁ ਮਰੈ ਸਹਿ ਅਪੁਨਾ ਕੀਨਾ।"

– ਗਉ ੧, ਅਸ ੧੧, ੩:੨ (225)

"ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ।"

– ਸੋਰ ੯, ੬, ੨:੧ (632)

"ਅਬ ਮਨ ਏਕਸ ਸਿਉ ਮੋਹੁ ਕੀਨਾ।" (ਕੀਤਾ/ਲਾਇਆ ਹੈ)

– ਧਨਾ ੫, ੨, ੧*:੧ (670)

"ਧਾਰਿ ਅਨੁਗ੍ਰਹੁ ਅਪਨਾ ਪ੍ਰਭਿ ਕੀਨਾ।" (ਬਣਾਇਆ, ਕੀਤਾ)

– ਸੂਹੀ ੫, ਅਸ ੨, ੭:੧ (760)

"ਤੂੰ ਜਾਣੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ।" (ਕੀਤਾ, ਰਚਿਆ)

– ਸੂਹੀ ੧, ਛੰਤ ੨, ੩:੫ (764)

"ਮਨੂਆ ਡੋਲੈ ਦੂਤ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ।" (ਕੀਤਾ ਹੋਇਆ)

– ਮਾਰੂ ੧, ਸੋਲਾ ੮, ੭:੩ (1028)

ਹੋਰ ਰੂਪ:

ਕੀਨੀ –

"ਪੂਰੇ ਗੁਰ ਕੀ ਸੇਵ ਨ ਕੀਨੀ ਬਿਰਥਾ ਜਨਮੁ ਗਵਾਇਆ।"

– ਸਿਰੀ ੩, ੪੮, ੧*:੨ (32)

"ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ।" (ਕੀਤੀ/ਧਾਰੀ)
– ਗਉ ੫, ਅਸ ੮, ੭:੧ (239)

"ਗਣਿ ਗਣਿ ਜੋਤਕਿ ਕਾਂਡੀ ਕੀਨੀ।" (ਪੱਤਰੀ ਬਣਾਈ)
– ਰਾਮ ੧, ਅਸ ੪, ੨:੧ (904)

ਕੀਨੀਆ –
"ਸਤਿਗੁਰ ਕੀ ਸੇਵ ਨ ਕੀਨੀਆ ਕਿਆ ਓਹੁ ਕਰੇ ਵੀਚਾਰੁ।" (ਕੀਤੀ)
– ਵਡ ੪, ਵਾਰ ੮ਸ, ੩, ੨:੧ (589)

ਕੀਨੁ ------ (1) ਬਣਾ ਲਿਆ
"ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ।"
– ਬਿਲਾ ੫, ੫੫, ੪:੨ (815)

ਹੋਰ ਰੂਪ:

ਕੀਨੇ –
"ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ।"
– ਸਿਰੀ ੫, ਛੰਤ ੩, ੪੩:੧ (81)

"ਕਰਿ ਕਿਰਪਾ ਅਪਨੇ ਪ੍ਰਭਿ ਕੀਨੇ ਨਾਮ ਅਪੁਨੇ ਕੀ ਕੀਨੀ ਦਾਤਿ।" (ਬਣਾ ਲਏ)
– ਬਿਲਾ ੫, ੮੪, ੧:੧ (820)

ਕੀਨੋ –
"ਕਰਿ ਕਿਰਪਾ ਪ੍ਰਭਿ ਕੀਨੋ ਅਪਨਾ।"
– ਗਉ ੫, ੧੫੫, ੪:੧ (197)

ਕੀਨੀ –
"ਸੰਚਤ ਸੰਚਤ ਥੈਲੀ ਕੀਨੀ।"
– ਆਸਾ ੫, ੮੬, ੧:੩ (392)

"ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ।"
– ਆਸਾ ਕਬ, ੧੪, ੩:੧ (479)

(2) ਸਿਰਜੇ/ਬਣਾਏ ਹਨ
"ਪੰਚ ਤਤੁ ਮਿਲਿ ਕਾਇਆ ਕੀਨ੍ਹੀ ਤਤੁ ਕਹਾ ਤੇ ਕੀਨੁ ਰੇ।"
– ਗੋਂਡ ਕਬ, ੩, ੨:੧ (870)

ਹੋਰ ਰੂਪ:

ਕੀਨੇ –
"ਜਾ ਕੇ ਸਭਿ ਕੀਨੇ ਪ੍ਰਭੁ ਊਚਾ ਅਗਮ ਅਪਾਰਾ।" (ਪੈਦਾ ਕੀਤੇ/ਸਿਰਜੇ)
– ਸੋਰ ੫, ੯੧, ੨:੧ (631)

ਕੀਨੋ –
"ਜੋ ਕਿਛੁ ਕਰਤੈ ਕਾਰਣੁ ਕੀਨੋ ਮਨਿ ਬੁਰੋ ਨ ਲਾਗਿਓ।"
–ਗਉ ੫, ੧੬੦, ੩:੧ (215)

"ਜੋ ਕਿਛੁ ਕੀਨੋ ਸੁ ਅਪਨੈ ਰੰਗਿ।"
– ਗਉ ੫, ਸੁਖ ੧੨, ੬:੫ (279)

ਕੀਨ੍ਹਾ –
"ਬਜਾਵਨਹਾਰੋ ਕਹਾ ਗਇਓ ਜਿਨਿ ਇਹ ਮੰਦਰੁ ਕੀਨ੍ਹਾ।" (ਬਣਾਇਆ)

– ਆਸਾ ਕਬ, ੧੮, ੨:੧ (480)

ਕੀਨ੍ਹੀ –

"ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨ੍ਹੀ ਕਹਹੁ ਕਵਨ ਬਿਧਿ ਤਰੀਐਰੇ।"

– ਆਸਾ ੫, ੧੩੦, ੨:੧ (404)

ਕੀਨ੍ਹੇ –

"ਮਹਾਂ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ।"

– ਆਸਾ ੪, ਛੰਤ ੧੧, ੩:੪ (445)

(3) ਕੀਤਾ

"ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ।"

– ਜੈਤ ੯, ੩, ੧:੧ (1352)

ਹੋਰ ਰੂਪ:

ਕੀਨੇ –

"ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਕੀਨੇ ਭੋਗਾ ਜੀਉ।"

– ਮਾਝ ੫, ੧੭, ੪:੪ (99)

"ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ ਲਖਣ ਪ੍ਰਭਿ ਕੀਨੇ।" (ਕਰ ਦਿਤੇ)

– ਸੋਰ ੫, ੩੭, ੧:੧ (618)

"ਸਗਲ ਮਨੋਰਥ ਕੀਨੇ ਕਰਤੈ ਊਣੀ ਬਾਤ ਨ ਕਾਈ।" (ਪੂਰੇ ਕੀਤੇ)

– ਸੋਰ ੫, ੬੪, ੧*:੨ (625)

"ਕਨਿਕ ਭੂਖਨ ਕੀਨੇ ਬਹੁ ਰੰਗਾ।" (ਬਣਾਏ)

– ਸੂਹੀ ੫, ੧, ੨:੨ (736)

ਕੀਨੈ –

"ਝੂਠਿ ਨ ਪਾਵਸਿ ਪਾਖੰਡਿ ਕੀਨੈ।" (ਕੀਤਿਆਂ, ਕਰਨ ਨਾਲ)

– ਰਾਮ ੧, ਅਸ ੬, ੮:੨ (906)

ਕੀਨੋ –

"ਅਪਨੇ ਲੋਭ ਕਉ ਕੀਨੋ ਮੀਤੁ।"

– ਗਉ ੫, ੧੪੮, ੧:੧ (195)

ਕੀਨ੍ –

"ਬਾਬਾ ਮਾਇਆ ਮੋਹ ਹਿਤੁ ਕੀਨ੍।"

– ਆਸਾ ਕਬ, ੨੭, ੧*:੧ (482)

ਕੀਨ੍ਹਾ –

"ਥਾਪਿ ਦਿਲਾਸਾ ਮੋਰੋ ਕੀਨ੍ਹਾ।" (ਦਿਤਾ)

– ਆਸਾ ਕਬ, ੩, ੧:੧ (476)

ਕੀਨ੍ਹੀ –

"ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ। (ਪਹਿਰੀ, ਧਾਰਨ ਕੀਤੀ)

– ਆਸਾ ੧, ੩੩, ੪:੧ (358)

ਕੀਨੇ –

"ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨੇ ਬਸਿ ਅਪਨਹੀ।"

– ਗੂਜ ੫, ੧੪, ੧:੧ (498)

ਕੀਨੈ –

"ਜਾ ਕੈ ਕੀਨੈ ਹੋਤ ਬਿਕਾਰ।" (ਕੀਤਿਆਂ)
– ਬਸੰ ੫, ਅਸ ੨, ੪:੩ (1192)

ਕੀਮ ------ (ਅ.) ਮੁਲ, ਕੀਮਤ
"ਸਤਿਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਕੀ ਕੀਮ ਨ ਪਾਈ।"
– ਸਿਰੀ ੩, ੪੮, ੩:੨ (32)

ਕੀਮਤ ----- (ਅ.) ਮੁਲ
"ਤਾ ਕੀ ਕੀਮਤਿ ਕਹਣੁ ਨ ਜਾਈ।"
– ਮਾਰੂ ੫, ੧੯, ੩:੮ (1005)

ਹੋਰ ਰੂਪ:

ਕੀਮਤਿ –
"ਕੀਮਤਿ ਪਾਇ ਨ ਕਹਿਆ ਜਾਇ।"
– ਆਸਾ ੧, ਸੋਦ ੨, ੧:੩ (9)

ਕੀਮਤਿ ----- (1) ਮੁਲ, ਵੇਖੋ 'ਕੀਮਤ'
"ਕਹੁ ਨਾਨਕ ਪ੍ਰਭ ਪੁਰਖੁ ਦਇਆਲਾ ਕੀਮਤਿ ਕਹਣੁ ਨ ਜਾਈ।" (ਭਾਵ ਵਡਿਆਈ)
– ਗੂਜ ੫, ੯, ੩:੨ (498)

(2) ਮੁਲ ਪਾਉਣ ਵਾਲਿਆਂ ਨੂੰ
"ਸਭ ਕੀਮਤਿ ਮਿਲਿ ਕੀਮਤਿ ਪਾਈ।"
– ਆਸਾ ੧, ਸੋਦ ੨, ੨:੨ (9)

(ਦੂਜੀ 'ਕੀਮਤਿ' ਦਾ ਅਰਥ 'ਮੁਲ' ਹੈ)

ਕੀਮਾਏ ----- ਕੀਮਤ ਪਾਉਣ ਵਾਲੇ ਕਦਰਦਾਨ
"ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ।"
– ਭੈਰ ੫, ੧੫, ੪:੧ (1139)

ਕੀਮਾਹੂ ----- ਕੀਮਤ ਤੋਂ
"ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾਹੂ ਬਾਹਰੇ।"
– ਮਾਰੂ ੫, ਵਾਰ ੧੨ਸ, ੫, ੩:੨ (1098)

ਕੀਯਉ ----- ਕੀਤਾ
"ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਉ।"
– ਸਵ ੪, ਕਲ ੧੧:੫ (1400)

ਕੀਰਤ ----- ਇਕ ਭੱਟ ਜਿਸ ਦੇ ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ
"ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ।"
– ਸਵ ੪, ੨

ਕੀਰਤੰ ----- ਜਸ/ਸਿਫਤ ਗਾਇਣ
"ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।"
– ਸਸ ੫, ੮:੧ (1354)

ਕੀਰਤਨ ---- (ਸੰ) ਜਸ-ਗਾਇਨ, ਪ੍ਰਭੂ ਦੇ ਗੁਣਾਂ ਦਾ ਗਾਇਨ, ਹੋਰ ਵੇਖੋ ‘ਕੀਰਤਨੁ’
“ਸਾਧਸੰਗਿ ਕੀਰਤਨ ਫਲੁ ਪਾਇਆ।”
- ਗਉ ੫, ੧੫੫, ੨:੧ (197)

ਹੋਰ ਰੂਪ:

ਕੀਰਤਨੰ -
“ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ।”
- ਸਸ ੫, ੨੬:੧ (1356)

ਕੀਰਤਨਹ -
“ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ।”
- ਜੇਤ ੫, ਵਾਰ ੧੭ਸ, ੫, ੧:੧ (709)

ਕੀਰਤਨਿ -
“ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ।”
- ਸੋਰ ੫, ਅਸ ੩, ੮*:੨ (642)

(2) ਗਉਣ ਉਚਾਰਨ
“ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ।”
- ਧਨਾ ੫, ੪੧, ੧*:੨ (681)

ਕੀਰਤਨੀਆ -- ਕੀਰਤਨ/ਹਰਿ ਜਸ ਕਰਨ ਵਾਲਾ
“ਭਲੋ ਭਲੋ ਰੇ ਕੀਰਤਨੀਆ।”
- ਰਾਮ ੫, ੮, ੧*:੧ (885)

ਕੀਰਤਨੁ ---- (1) ਹਰਿ ਜਸ
“ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ।”
- ਮਾਝ ੫, ਅਸ ੩੬, ੪:੩ (131)
“ਸੰਤਸੰਗਿ ਮਿਲਿ ਕੀਰਤਨੁ ਗਾਇਆ ਨਿਹਚਲ ਵਸਿਆ ਜਾਈ।”
- ਰਾਮ ੫, ਅਸ ੬, ੯:੧ (915)

(2) ਗਾਇਣ, ਜਸ-ਗਾਇਣ
“ਹਉ ਅਨਦਿਨੁ ਹਰਿ ਨਾਮੁ ਕੀਰਤਨੁ ਕਰਉ।”
- ਆਸਾ ੪, ੬੬, ੧*:੧ (369)
“ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ।” (ਗਾਇਣ)
- ਮਾਰੂ ੫, ਸੋਲਾ ੧, ੯:੨ (1072)

ਕੀਰਤਿ ----- (1) (ਸੰ.) ਜਸ, ਵਡਿਆਈ, ਸ਼ੋਭਾ ਸਿਫਤ ਵੇਖੋ ‘ਕੀਰਤ’
“ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ।”
- ਜਪੁ ੧, ੭:੩ (2)
“ਕੀਰਤਿ ਸੂਰਤਿ ਮੁਕਤਿ ਇਕ ਨਾਈ।” (ਸੋਭਾ, ਚੰਗੀ ਸੂਹਰਤ)
- ਗਉ ੧, ਅਸ ੨, ੭:੧ (221)
“ਜਾ ਕੈ ਕੀਰਤਿ ਨਿਰਮਲ ਸਾਰ।” (ਜਸ ਕਰਨ ਨਾਲ)
- ਗੋਂਡ ੫, ੬, ੨:੩ (863)

(2) ਹਰਿ-ਜਸ (ਭਾਵ)
“ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ।”

– ਮਾਝ ੧, ਵਾਰ ੧੬ਸ, ੩, ੨:੧ (145)

"ਕਰਣੀ ਕੀਰਤਿ ਹੋਈ।"

– ਸੋਰ ੧, ੧੨, ੪:੨ (599)

(3) ਨੇਕ ਨਾਮੀ, ਚੰਗੀ ਸ਼ੁਹਰਤ, ਅਪਜਸ ਦੇ ਵਿਪ੍ਰੀਤ

"ਅਪਜਸੁ ਮਿਟੈ ਹੋਵੈ ਜਗਿ ਕੀਰਤਿ ਦਰਗਹ ਬੈਸਣੁ ਪਾਈਐ।"

– ਗੂਜ ੫, ੨੨, ੧:੧ (500)

(4) ਰਿਵਾਜ, ਰਵਾਇਤ

"ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ।"

– ਬਸੰ ੧, ਅਸ ੮, ੫:੨ (1191)

ਕੀਰਤਿਵੰਤ -- ਸਿਫਤ ਦਾ ਮਾਲਕ, ਸਿਫਤ ਕਰਨ ਦੇ ਯੋਗ

"ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ।"

– ਸਵ ੪, ੭:੨ (1404)

ਕੀਰਤੁ ----- ਇਕ ਭੱਟ ਜਿਸ ਦੇ ਸਵੱਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ

"ਗੁਰੂ ਅਮਰਦਾਸ ਕੀਰਤੁ ਕਹੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ।"

– ਸਵ ੩, ੧੫:੬ (1395)

ਕੀਰਾ ------ ਕੀੜਾ ਭਾਵ ਨਿਮਾਣਾ ਸੇਵਕ

"ਹਰਿ ਹਰਿ ਬਖਸਿ ਮਿਲਾਇ ਪ੍ਰਭ ਜਨੁ ਨਾਨਕੁ ਕੀਰਾ।"

– ਗਉ ੩, ੩੭, ੪:੪ (163)

"ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ।"

– ਆਸਾ ਰਵਿ, ੩, ੨:੧ (486)

(ਮਹਾਨਕੋਸ਼ ਇਥੇ 'ਕੀਰੇ' ਨੂੰ ਅਰਬੀ ਦੇ ਤੋਂ ਵਿਉਂਤਪਤ ਸੰਨ ਅਰਥ 'ਕਾਲਾ ਪੱਥਰ' ਕਰਦਾ ਹੈ)

ਹੋਰ ਰੂਪ:

ਕੀਰੀ –

"ਨੀਕੀ ਕੀਰੀ ਮਹਿ ਕਲ ਰਾਖੈ।"

– ਗਉ ੫, ਸੁਖ ੧੭, ੫:੧ (285)

ਕੀਰੇ –

"ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ।" (ਨਿਮਾਣੇ ਸੇਵਕ)

– ਗੂਜ ੪, ਸੋਦ ੪, ੧:੨ (10)

"ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ।" (ਕੀੜੇ)

– ਜੈਤ ੫, ਵਾਰ ੬:੫ (707)

"ਸੁਲਤਾਨ ਖਾਨ ਕਰੇ ਖਿਨ ਕੀਰੇ।" (ਹਕੀਰ, ਕੰਗਾਲ)

– ਮਾਰੂ ੫, ਸੋਲਾ ੧, ੪:੧ (1071)

ਕੀੜਾ ------ (1) ਅਧਮ ਜੀਵ, ਕੀਟ

"ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ।"

– ਮਾਝ ੩, ਅਸ ੩੦, ੪:੩ (127)

"ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ।" (ਹਕੀਰ/ਕੰਗਾਲ)
– ਮਾਝ ੧, ਵਾਰ ੧੪ਸ, ੧, ੧:੪ (144)

ਹੋਰ ਰੂਪ:

ਕੀੜੀ –
"ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।"
– ਜਪੁ ੧, ੨੩:੪ (5)

ਕੀੜੇ –
"ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ।"
– ਸਿਰੀ ੩, ੩੮, ੨:੩ (28)

(2) ਨਿਮਾਣਾ ਸੇਵਕ
"ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ।"
– ਜੈਤ ੪, ੬, ੪:੧ (698)

ਕੁਅਰ ----- ਰਾਜ ਕੁਮਾਰ
"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ਹ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।"
– ਸਵ ੪, ਗਯੰ ੯:੨ (1403)

ਕੁਆਉ ----- ਕਿਥੇ
"ਜਿੰਨ੍ਹਾਂ ਨੈਣ ਨੀਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ।"
– ਸਲੋ ਫਰ, ੮੦:੨ (1382)

ਕੁਆਰ ----- (1) ਜਿਸ ਦਾ ਵਿਆਹ ਨਾ ਹੋਇਆ ਹੋਵੇ
"ਕੁਆਰ ਕੰਨਿਆ ਜੈਸੇ ਕਰਤ ਸੀਗਾਰਾ।"
– ਸੂਹੀ ਕਬ, ੨, ੩:੧ (792)

ਹੋਰ ਰੂਪ:

ਕੁਆਰਿ –
"ਅਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ।" (ਰਾਜ ਕੁਮਾਰੀ, ਰਾਜੇ ਦੀ ਕੁਆਰੀ ਕੰਨਿਆ)
– ਰਾਮ ਨਾਮ, ੧, ੨:੧ (972)

(2) ਕਰੂਆ, ਮਟਕਾ
"ਸੁਇਨੇ ਕਾ ਚਉਕਾ ਕੰਚਨ ਕੁਆਰ।"
– ਬਸੰ ੧, ੩, ੧:੧ (1169)

ਕੁਆਰੀ ---- (1) ਅਭਿਜ
"ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।" (ਵਿਕਾਰਾਂ, ਮੋਹ ਮਾਇਆ ਤੋਂ ਅਭਿਜ)
– ਜਪੁ ੧, ੨੮:੨ (6)

('ਮਹਾਨਕੋਸ਼' ਤੇ ਗੁਰੂ ਗਿਰਾਰਥ ਕੋਸ਼ ਇਸ ਦੇ ਅਰਥ 'ਗਰਾਹੀ' ਬੁਰਕੀ ਦੇ ਕਰਦੇ ਹਨ)

(2) ਸਦਾ ਜਵਾਨ
“ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ।” (ਮਹਾਨਕੋਸ਼ ਇਸ ਦੇ ਅਰਥ ‘ਦਾਸੀ’ ਕਰਦਾ ਹੈ)
– ਮਲਾ ਨਾਮ, ੧, ੧:੨ (1292)

(3) ਜਿਸ ਦਾ ਵਿਆਹ ਨਾ ਹੋਇਆ ਹੋਵੇ
“ਜਾਂ ਕੁਆਰੀ ਤਾਂ ਚਾਉ ਵੀਵਾਹੀ ਤਾਂ ਮਾਮਲੇ।”
– ਸਲੋ ਫਰ, ੬੩:੧ (1381)

ਕੁਆਲਿਓ --- ਬੁਰੇ ਘਰ ਦੀ, ਨੀਚ ਖਾਨਦਾਨ ਦੀ
“ਖਰੀ ਕੁਆਲਿਓ ਕੁਰੂਪਿ ਕੁਲਖਣੀ ਸੁਪਨੈ ਪਿਰੁ ਨਹੀ ਪਾਵਣਿਆ।”
– ਮਾਝ ੩, ਅਸ ੨੯, ੬:੩ (127)

ਕੁਇਰ ----- ਸ਼ਹਿਜ਼ਾਦੇ, ਰਾਜਕੁਮਾਰ
“ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।”
– ਆਸਾ ੧, ੧੨, ੪:੨ (418)

ਹੋਰ ਰੂਪ:

ਕੁਇਰੁ –
“ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।”
– ਆਸਾ ੧, ਅਸ ੧੧, ੫:੩ (417)

ਕੁਈ ------ ਕੋਈ
“ਅਸਤਿ ਏਕ ਦਿਗਰਿ ਕੁਈ।”
– ਮਾਝ ੧, ਵਾਰ ੧੩ਸ, ੧, ੩:੩ (144)
“ਅੰਨ ਪਉਣ ਥਿਰੁ ਨ ਕੁਈ।” (ਕੋਈ ਵੀ)
– ਮਾਝ ੧, ਵਾਰ ੧੩ਸ, ੧, ੨:੩ (144)

ਕੁਸੰਗ ----- ਭੈੜੀ ਸੰਗਤ
“ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।”
– ਸਲੋ ਕਬ, ੮੮:੧ (1369)

ਕੁਸੰਗਤਿ ---- ਭੈੜੀ ਸੰਗਤ ਵਿਚ
“ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ ਦੁਖੋ ਦੁਖੁ ਕਮਾਇਆ।”
– ਮਾਰੂ ੩, ਸੋਲਾ ੨੪, ੧੧:੩ (1068)

ਕੁਸੰਗੀ ----- ਭੈੜੀ ਸੰਗਤ
“ਸੰਗਿ ਕੁਸੰਗੀ ਬੈਸਤੇ ਤਬ ਪੂਛੈ ਧਰਮ ਰਾਇ।”
– ਰਾਮ ੫, ਵਾਰ ੨੦ਸ, ੫, ੨:੨ (965)

ਕੁਸਟੀ ----- (ਸੰ.) ਕੋਹੜੀ, ਕੋਹੜ ਦਾ ਰੋਗੀ
“ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿਓਸੁ ਮਿਲੈ ਤਿਸੁ ਕੁਸਟੁ ਉਠਾਹੀ।”
– ਗਉ ੪, ਵਾਰ ੧੫ਸ, ੪, ੨:੯ (309)

ਕੁਸਟੁ ----- (ਸੰ.) ਕੋਹੜ

“ਓਇ ਅਗੈ ਕੁਸਟੀ ਗੁਰ ਕੇ ਫਿਟਕੇ ਜਿ ਓਸੁ ਮਿਲੈ ਕੁਸਟੁ ਉਠਾਹੀ।”
– ਗਉ ੪, ਵਾਰ ੧੫ਸ, ੪, ੨:੯ (309)

ਕੁਸਤਨੀ ---- (ਫਾ. ਕੁਸ਼ਤਨੀ) ਮਾਨਯੋਗ
“ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ।”
– ਤਿਲੰ ੫, ੧, ੨:੧ (723)

ਕੁਸਤਿ ----- ਝੂਠ, ਕਪਟ, ਠਗੀ, ਹੋਰ ਵੇਖੋ ‘ਕੁਸਤ’
“ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ।”
– ਗਉ ੩, ਛੰਤ ੩, ੧:੪ (245)
“ਇਕਿ ਕੂੜਿ ਕੁਸਤਿ ਲਾਇਅਨੁ ਮਨਮੁਖ ਵਿਗੂਤੀ।”
– ਰਾਮ ੩, ਵਾਰ ੧੦:੨ (951)

ਕੁਸਤੀ ----- ਕਪਟੀ, ਕੁਕਰਮੀ
“ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ।”
– ਸਲੋ ਕਬ, ੧੫:੧ (1365)

ਕੁਸਤੁ ----- ਝੂਠ, ਕਪਟ, ਫਰੇਬ
“ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।” (ਝਟ)
– ਸਿਰੀ ੪, ਵਾਰ ੮:੨ (85)
“ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ।” (ਕਪਟ, ਫਰੇਬ)
– ਸਿਰੀ ੪, ਵਾਰ ੧੨ਸ, ੩, ੨:੯ (87)

ਕੁਸਪਾਤੀ --- ਚੀਚੀ ਉਂਗਲ ਦੇ ਨਾਲ ਦੀ ਉਂਗਲ ਉਤੇ ਪਾਇਆ ਦਭ ਦੇ ਪੱਤੇ ਦਾ ਬਣਿਆ ਛੱਲਾ ਜੋ ਪਵਿੱਤਰਤਾ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ।
“ਗਿਆਨੁ ਜਨੇਊ ਧਿਆਨੁ ਕੁਸਪਾਤੀ।”
– ਆਸਾ ੧, ੨੦, ੧:੨ (355)

ਕੁਸੰਭ ------ ਕੇਸਰ ਦੀਆਂ ਤੁਰੀਆਂ ਵਰਗੇ ਫੁੱਲਾਂ ਦਾ ਇਕ ਬੂਟਾ ਜਿਸ ਦਾ ਰੰਗ ਬੁੜ ਚਿਰਾ ਤੇ ਕਚਾ ਹੁੰਦਾ ਹੈ, ਭਾਵ ਮਾਇਆ ਜੋ ਚਲਾਏਮਾਨ ਹੈ।
“ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ।”
– ਸੂਹੀ ੫, ਛੰਤ ੧, ੧:੨ (777)

ਕੁਸਮ ------ (ਸੰ.) ਫੁਲ, ਸਫੈਦ ਰੰਗ ਦਾ ਕਮਲ ਦਾ ਫੁੱਲ
“ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ।”
– ਸਿਰੀ ਬੇਣੀ, ੧, ੪:੧ (93)
“ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿ ਨ ਘ੍ਰਾਉ ਲਇਓ।” (ਫੁੱਲ)
– ਗਉ ਕਬ, ੫੯, ੨:੧ (336)
“ਅਰੁ ਜੇ ਤਹਾ ਕੁਸਮ ਰਸੁ ਪਾਵਾ।” (ਆਤਮਾ ਰੂਪੀ ਫੁਲ)
– ਗਉ ਕਬੁ, ਬਾਅ, ੭:੩ (340)
(2) ਕਸੁੰਭੜਾ
“ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ।”
– ਗਉ ੫, ਬਾਅ, ੯ਸ:੧ (251)

"ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ।"
– ਦੇਵ ੫, ੧੫, ੧:੧ (531)

ਕੁਸਮਾਂਹੀ --- ਫੁੱਲਾਂ ਵਿੱਚ, ਸੰਸਾਰਕ ਥੁੜ ਚਿਰੀ ਮਾਇਆ ਵਿਚ
"ਮਿਥਿਆ ਸੰਗਿ ਕੂੜਿ ਲਪਟਾਇਓ ਉਰਝਿ ਪਰਿਓ ਕੁਸਮਾਂਹੀ।"
– ਸਾਰ ੫, ੧੬, ੩:੧ (1207)

ਕੁਸਲ ----- (ਸੰ.) ਸੁੱਖ, ਅਨੰਦ, ਮੰਗਲ, ਖੈਰੀਅਤ
"ਪ੍ਰਭ ਸਿਮਰਤ ਕੁਸਲ ਸਭਿ ਪਾਏ।"
– ਗਉ ੫, ੯੬, ੧*:੧ (184)
"ਮੀਤ ਕੇ ਕਰਤਬ ਕੁਸਲ ਸਮਾਨਾ।" (ਸੁੱਖ ਸਮਾਨ ਹਨ)
– ਗਉ ੫, ੧੦੯, ੧:੨, (187)
"ਖੇਮ ਭਇਆ ਕੁਸਲ ਘਰਿ ਆਏ।" (ਅਨੰਦ)
– ਗਉ ੫, ੧੧੦, ੧*:੧ (201)
"ਕਰਮ ਕਾਂਡ ਅਹੰਕਾਰ ਨ ਕਾਜੈ ਕੁਸਲ ਸੇਤੀ ਘਰਿ ਜਾਹਿ ਪੰਡਿਤ।" (ਖੈਰੀਅਤ/ਅਨੰਦ ਨਾਲ)
– ਰਾਮ ੫, ੨੮, ੧*:੨ (891)

ਹੋਰ ਰੂਪ:

ਕੁਸਲਣਹ –
"ਚਰਣਾਰਬਿੰਦ ਮਨ ਬਿਧੵੰ, ਸਿਧੵੰ ਸਰਬ ਕੁਸਲਣਹ।" (ਸੁਖ ਹੋਇਆ)
– ਗਾਥਾ ੫, ੧੮:੧ (1361)

ਕੁਸਲਾਤ –
"ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ।" (ਕੁਸ਼ਲਤਾ, ਸੁਖ, ਅਨੰਦ)
– ਸਲੋ ਕਬ, ੨੧੬:੨ (1376)

ਕੁਸਲੁ –
"ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ।"
– ਗਉ ੫, ੭੧, ੧*:੧ (175)

ਕੁਸਾ ------ (ਫਾ. ਕੁਸ਼ਤਨ) ਕੁਠਿਆ ਜਾਵਾਂ
"ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।"
– ਸਿਰੀ ੧, ੨, ੨:੧ (14)

ਕੁਸੁਧ ------ ਜੋ ਸ਼ੁਧ (ਪਵਿੱਤਰ ਨਹੀਂ ਅਪਵਿੱਤਰ)
"ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ।"
– ਗਉ ੪, ਵਾਰ ੯ਸ, ੪, ੨:੫ (304)
"ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟੀ ਨਾਰੀ।" (ਖੋਟੇ, ਕਪਟੀ ਮਨ)
– ਸੋਰ ੪, ਵਾਰ ੨੩:੩ (651)

ਹੋਰ ਰੂਪ:

ਕੁਸੁਧਾ –
"ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।" (ਖੋਟੀਆਂ)

– ਸਿਰੀ ੪, ਵਾਰ ੭ਸ, ੧, ੨:੨ (85)

ਕੁਸੁਧੁ –

“ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ।” (ਅਪਵਿੱਤਰ)

– ਸਾਰ ੪, ੧, ੩:੧ (1198)

“ਅੰਤਰਹੁ ਕੁਸੁਧੁ ਮਾਇਆ ਮੋਹਿ ਬੇਧੇ ਜਿਉ ਹਸਤੀ ਛਾਰੁ ਉਡਾਏ।” (ਖੋਟੇ, ਮਲੀਨ)

– ਸਲੋ ੪, ੧੯:੩ (1423)

ਕੁਸੁਧੇ –

“ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।”

– ਆਸਾ ੧, ਵਾਰ ੧੪ਸ, ੧, ੧:੮ (470)

ਕੁਸੋਹਣੀ ---- ਜੋ ਸੋਹਣੀ/ਸੁੰਦਰ ਨਹੀਂ

“ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ।”

– ਸਿਰੀ ੪, ਵਾਰ ੧੭ਸ, ੩, ੧:੪ (89)

ਕੁਹਕਤ ---- ਕੁਹਕਦਾ/ਬਾਗਾਂ ਦਿੰਦਾ, ਗੁਟਕਦੇ

“ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ।”

– ਕਾਨ ੫, ੩੦, ੧*:੧ (1303)

ਕੁਹਕਨਿ ---- ਗੁਟਕਦੀ

“ਕੁਹਕਨਿ ਕੋਕਿਲਾ ਤਰਲ ਜੁਆਣੀ।”

– ਵਡ ੧, ਛੰਤ ੨, ੮:੨ (567)

ਕੁਹਤ ------ ਕੁਹੰਦਿਆ

“ਜੀਆਂ ਕੁਹਤ ਨ ਸੰਗੈ ਪਰਾਣੀ।”

– ਗਉ ੫, ੧੦੭, ੩:੨ (201)

ਕੁਹਥੜੈ ---- ਉਹ ਥਾਂ ਜਿਸ ਨੂੰ ਹੱਥ ਲਾਣਾ ਗਿਲਾਣੀ/ਘਿਰਣਾ ਦਾ ਕਾਰਨ ਹੋਵੇ, ਅਪਵਿੱਤਰ ਸਥਾਨ)

“ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ।”

– ਜੈਤ ੫, ਵਾਰ ੨ਸ, ੫, ੨:੧ (706)

ਹੋਰ ਰੂਪ:

ਕੁਹਥੀ –

“ਕੁਹਥੀ ਜਾਈ ਸੁਟਿਆ ਕਿਸੁ ਏਹੁ ਲਗਾ ਦੋਖੁ।” (ਗੰਦੀ ਥਾਂ)

– ਆਸਾ ੧, ਵਾਰ ੧੯ਸ, ੧, ੧:੪ (473)

ਕੁਹਾੜਾ ----- ਲਕੜੀ ਕਟਨ ਵਾਲਾ ਇਕ ਹਥਿਆਰ

“ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ।”

– ਸਲੋ ਕਬ, ੧੩:੨ (1365)

ਕੁਹਿ ------ ਕੁਹਕੇ, ਜ਼ਿਬਾਹ ਕਰਕੇ

“ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ।”

– ਆਸਾ ੧, ਵਾਰ, ੧੫ਸ, ੧, ੨:੪ (471)

ਕੁਹੀਆ ---- ਬਾਜ ਦੀ ਕਿਸਮ ਦਾ ਇਕ ਸ਼ਿਕਾਰੀ ਪੰਛੀ
"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।"
– ਮਾਝ ੧, ਵਾਰ ੧੪ਸ, ੧, ੧:੧ (144)

ਕੁਹੁਕਿਅੜਾ -- ਕੁਹ ਕੁਹ ਦੀ ਆਵਾਜ਼ ਕੀਤੀ
"ਮਨੁ ਮੋਰੁ ਕੁਹੁਕਿਆੜਾ ਸਬਦੁ ਮੁਖਿ ਪਾਇਆ।"
– ਗਉ ੪, ੬੫, ੪:੨ (173)

ਕੁਕਹਿ ----- ਨਦੀਆਂ ਕਿਨਾਰੇ ਉਗਦਾ ਇਕ ਪ੍ਰਕਾਰ ਦਾ ਲੰਮਾ ਘਾਹ ਜਿਸ ਦੀਆਂ ਟੋਕਰੀਆਂ ਬਣਦੀਆਂ ਹਨ
"ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹਸਿ ਫੁਲੇ।"
– ਤੁਖਾ ੧, ਬਾਰਾ ੧੩:੩ (1109)

ਕੁਕੰਮ ----- (ਸੰ.) ਕੇਸਰ
"ਘਸਿ ਕੁਕੰਮ ਚੰਦਨੁ ਗਾਰਿਆ।"
– ਸੋਰ ਕਬ, ੬, ੨:੧ (655)

ਕੁਕੜ ------ (ਸੰ.) ਮੁਰਗਾ, ਇਕ ਜਾਨਵਰ ਜਿਸ ਦਾ ਮਾਸ ਸੇਵਨ ਕੀਤਾ ਜਾਂਦਾ ਹੈ
"ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ।"
– ਗਉ ੫, ਵਾਰ ੧੯ਸ, ੫, ੨:੨ (322)

ਕੁਕੀਜੈ ----- ਕੂਕਦਾ ਹੈ
"ਸੰਤਹੁ ਸੁਨਹੁ ਸੁਨਹੁ ਜਨ ਭਾਈ ਗੁਰਿ ਕਾਢੀ ਬਾਹ ਕੁਕੀਜੈ।"
– ਕਲਿ ੪, ਅਸ ੬, ੫:੧ (1326)

ਕੁਗਿਆਨੀ --- ਗਿਆਨ, ਵਿਹੂਣਾ, ਬੇਸਮਝ
"ਕਾਚੀ ਦੇਹ ਮੋਹ ਫੁਨਿ ਬਾਂਧੀ ਸਠ ਕਠੋਰ ਕੁਚੀਲ ਕੁਗਿਆਨੀ।"
– ਸਮੁ ੫, ੧*:੧ (1387)

ਕੁੰਗੂ ------- (ਸੰ.) ਕੇਸਰ
"ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।"
– ਸਿਰੀ ੧, ੧, ੧:੨ (14)

ਕੁੰਚ ------- (ਸੰ.) ਸਪ ਦੀ ਕੁੰਜ
"ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ।"
– ਆਸਾ ਨਾਮ, ੪, ੧:੧ (485)

ਕੁਚਜੀ ----- (ਸੰ.) ਬੁਰੇ ਆਚਾਰ ਵਾਲੀ, ਭੈੜੇ ਤੋਰ ਤਰੀਕੇ ਵਾਲੀ
"ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ।"
– ਗੂਜ ੩, ਵਾਰ ੧੯ਸ, ੩, ੧:੫ (516)

ਕੁੰਚਰ ----- (ਸੰ.) ਹਾਥੀ, ਹੋਰ ਵੇਖੋ "ਕੁੰਚਰੀਆ"
"ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।"
– ਗਉ ਰਵਿ, ਅਸ, ੧, ੪:੨ (346)

ਕੁਚਰਚਾ ---- ਨਿਕੰਮੀ ਬਹਿਸ਼

"ਛਾਡਿ ਕੁਚਰਚਾ ਆਨ ਨ ਜਾਨਹਿ।"
– ਗਉ ਕਬ, ੪੪, ੪:੧ (332)

ਕੁੰਚਰੀਆ --- **ਹਾਥੀ**
"ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ।"
– ਆਸਾ ੫, ੫੫, ੨:੧ (385)

ਹੋਰ ਰੂਪ:

ਕੁੰਚਰੁ –
"ਮਨੁ ਕੁੰਚਰੁ ਕਾਇਆ ਉਦਿਆਨੈ।"
– ਗਉ ੧, ਅਸ ੨, ੧:੧ (221)

ਕੁਚਲ ----- **ਖੋਟੀ ਚਾਲ ਵਾਲੇ**
"ਇਕਿ ਕੁਚਲ ਕੁਚੀਲ ਵਿਖਲੀ ਪਤੇ ਨਾਵਹੁ ਆਪਿ ਖੁਆਏ।"
– ਆਸਾ ੩, ਅਸ ੩੨, ੫:੧ (427)
"ਨਾਮ ਬਿਨਾ ਝੂਠੇ ਕੁਚਲ ਕਛੋਤਿ।" (ਮੈਲੇ)
– ਬਿਲਾ ੧, ਅਸ ੧, ੬:੨ (831)

ਹੋਰ ਰੂਪ:

ਕੁਚਲੁ –
"ਕੁਚਲੁ ਕਠੋਰੁ ਕਾਮੀ ਮੁਕਤੁ ਕੀਜੈ।" (ਗੰਦੇ)
– ਸੂਹੀ ੫, ੭, ੪:੨ (738)
ਕੁਚਿਲ –
"ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ।" (ਗੰਦੀ)
– ਸਾਰ ੧, ੨, ੩:੧ (1197)

ਕੁੰਚੀ ------ **ਕੁੰਜੀ, ਚਾਬੀ, ਹੋਰ ਵੇਖੋ 'ਕੁੰਜੀ'**
"ਦਸਵੈ ਦੁਆਰਿ ਕੁੰਚੀ ਜਬ ਦੀਜੈ।"
– ਗਉ ਕਬ, ਬਾਅ ੨੪:੩ (341)

ਕੁਚੀਲ ----- **ਗੰਦਾ**
"ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕਾ ਨਾਹੀ।"
– ਮਾਝ ੧, ਵਾਰ ੨੬ਸ, ੧, ੧:੭ (149)

ਹੋਰ ਰੂਪ:

ਕੁਚੀਲੁ –
"ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ।"
– ਮਾਝ ੧, ਵਾਰ ੪ਸ, ੧, ੧:੫ (139)

ਕੁਛਿਤ ----- **ਨਿੰਦਤ, ਬਦਨਾਮ**
"ਮਨਮੁਖ ਕੁਚੀਲ ਕੁਛਿਤ ਬਿਕਰਾਲਾ।"
– ਗਉ ੧, ਅਸ ੪, ੬:੨ (222)

ਕੁੰਜਰ ------ **ਹਾਥੀ**

"ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।"
– ਮਾਲੀ ਨਾਮ, ੩, ੧:੧ (988)

ਕੁਜਾ ------ (ਫਾ.) ਕਿਥੋਂ, ਕਿਥੇ
"ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ।"
– ਤਿਲੰ ਨਾਮ, ੩, ੧:੧੩ (727)

ਕੁਜਾਤਿ ----- ਨੀਵੀਂ ਜਾਤ
"ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ।"
– ਆਸਾ ਕਬ, ੩੨, ੧:੧ (483)

ਕੁੰਜੀ ------ ਚਾਬੀ, ਤਾਲੀ
"ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ।"
– ਮਾਝ ੩, ਅਸ ੨੫, ੭:੩ (124)

ਕੁੰਟ ------- (1) ਦਿਸ਼ਾ, ਤਰਫ, ਨੁਕਰਾਂ
"ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।"
– ਮਾਝ ੫, ਬਾਰਾ ੧:੨ (133)
"ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ।" (ਸਾਰੀ ਸ੍ਰਿਸ਼ਟੀ)
– ਬਸੰ ੧, ਅਸ ੮, ੭:੨ (1191)
(2) ਕੁੰਡ
"ਗਰਭ ਕੁੰਟ ਮਹਿ ਉਰਧ ਤਪ ਕਰਤੇ।" (ਮਾਂ ਦੇ ਪੇਟ ਵਿਚ)
– ਗਉ ੫, ਬਾਅ ੬:੩ (251)
"ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ।"
– ਰਾਮ ੪, ੪, ੧:੨ (881)

ਕੁਟਹਿ ----- ਕੁਟਦੇ ਹਨ
"ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ।"
– ਸੋਰ ੩, ੮, ੨:੨ (603)

ਕੁਟਣੀਆ --- ਦੱਲੀਆਂ, ਵਿਭਚਾਰ ਕਰਵਾਉਣ ਵਾਲੀ ਵਿਚੋਲੀ
"ਚੋਰਾ ਜਾਰਾ ਰੰਡੀਆਂ ਕੁਟਣੀਆਂ ਦੀਬਾਣੁ।"
– ਸੂਹੀ ੩, ਵਾਰ ੧੪ਸ, ੧, ੧:੧ (790)

ਕੁਟੰਬ ------ (ਸੰ.) ਪਰਿਵਾਰ, ਟੱਬਰ ਹੋਰ ਵੇਖੋ 'ਕੁਟੰਬਿ'
"ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭਿ ਸ੍ਰਿਸਟਿ ਛਡਾਏ।"
– ਮਾਝ ੧, ਵਾਰ ੫ਸ, ੪, ੨:੫ (140)

ਹੋਰ ਰੂਪ:

ਕੁਟੰਬਾਇਲੇ –
"ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ।"
– ਗੋਂਡ ੫, ੨, ੨:੧ (862)

ਕੁਟਬਾਂਢਲਾ -- (ਚੰਮ ਕੁਟਨ ਤੇ ਵਢਨ ਵਾਲਾ

"ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।"
– ਮਲਾ ਰਵਿ, ੧, ੩:੧ (1293)

ਕੁਟੰਬਿ ----- ਟੱਬਰ, ਪਰਿਵਾਰ, ਹੋਰ ਵੇਖੋ 'ਕੁਟੰਬ'
"ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ।"
– ਗਉ ੩, ੩੨, ੩:੩ (161)

ਹੋਰ ਰੂਪ:

ਕੁਟੰਬੁ –
"ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ।"
– ਸਿਰੀ ੩, ੪੮, ੩:੧ (32)

ਕੁਟੰਬੈ –
"ਭੀੜਹੁ ਮੋਕਲਾਈ ਕੀਤੀਅਨੁ ਸਭ ਰਖੇ ਕੁਟੰਬੈ ਨਾਲਿ।"
– ਰਾਮ ੫, ਵਾਰ ੩ਸ, ੫, ੧:੧ (957)

ਕੁਟੰਬ੍ਰਤੇ –
"ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਰਤੇ।"
– ਸਸ ੫, ੧:੨ (1354)

ਕੁਟਵਾਰੀ ---- ਕੋਤਵਾਲੀ, ਕੋਤਵਾਲ (ਰਾਖੇ) ਹੋਣ ਦਾ ਫਰਜ਼
"ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।"
– ਰਾਮ ਕਬ, ੪, ੧:੧ (969)

ਹੋਰ ਰੂਪ:

ਕੋੁਟਵਾਰੀ
"ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋੁਟਵਾਰੀ।"
– ਬਸੰ ੧, ਅਸ ੮, ੪:੧ (1191)

ਕੁੰਟਾ ------ (1) ਕੁੰਡ, ਵੇਖੋ 'ਕੁੰਟ' (2)
"ਸਹਜ ਕਥਾ ਕੇ ਅੰਮ੍ਰਿਤ ਕੁੰਟਾ।"
– ਗਉ ੫, ੧੦੪, ੧*:੧ (186)

ਹੋਰ ਰੂਪ:

ਕੁੰਟਿ –
"ਕ੍ਰਿਆ ਕੁੰਟਿ ਨਿਰਾਹਾਰ।" (ਕੁੰਟ ਦੀ ਕਿਰਿਆ ਭਾਵ ਤੀਰਥ ਯਾਤਰਾ ਬਿਨਾਂ ਕੁਝ ਖਾਣ ਪੀਣ ਦੇ ਕਰਨੀ)
– ਸਾਰ ੫, ੧੩੧, ੨:੨ (1229)

(2) ਕੋਣੇ, ਦਿਸ਼ਾਵਾਂ, ਵੇਖੋ 'ਕੁੰਟ' (1)
"ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ।"
– ਧਨਾ ੫, ੬, ੨:੨ (672)

ਕੁਟਿ ------ ਕੁਟ ਕੇ
"ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ।"
– ਮਾਝ ੧, ਵਾਰ ੧੧ਸ, ੧, ੨:੧ (143)

ਕੁਟਿਲ ----- ਟੇਡੀ/ਡਿੰਗੀ, ਗੁੰਝਲਦਾਰ
"ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ।"
– ਬਿਲਾ ਕਬ, ੧੨, ੧:੧ (857)

ਕੁਟਿਲਤਾ --- ਕਪਟ, ਛਲ, ਵਲਛਲ
"ਬੈਠਤ ਉਠਤ ਕੁਟਿਲਤਾ ਚਾਲਹਿ।"
– ਗਉ ਕਬ, ੪੪, ੩:੧ (332)

ਕੁਟੇ ------- ਕੁਟਦਾ ਹੈ
"ਬੈਸਨੋ ਨਾਮੁ ਕਰਮ ਹਉ ਜੁਗਤਾ ਤੁਹ ਕੁਟੇ ਕਿਆ ਫਲ ਪਾਵੈ।"
– ਰਾਮ ੫, ਵਾਰ ੭ਸ, ੫, ੧:੫ (960)

ਕੁਠਾ ------ ਦੂਰ ਕੀਤਾ (ਭਾਵ)
"ਇਕੁ ਨਿਰੰਜਨੁ ਰਵਿ ਰਹਿਆ ਭਾਉ ਦੁਯਾ ਕੁਠਾ।"
– ਗਉ ੫, ਵਾਰ ੧੩:੪ (321)
(2) ਜਿਬਹ ਕੀਤਾ ਹੋਇਆ, ਮੁਸਲਮਾਨੀ ਰੀਤ ਅਨੁਸਾਰ ਮਾਰਿਆ ਹੋਇਆ
"ਅਭਾਖਿਆ ਕਾ ਕੁਠਾ ਬਕਰਾ ਖਾਣਾ।"
– ਆਸਾ ੧, ਵਾਰ ੧੬ਸ, ੧, ੨:੧੩ (472)
"ਤਿਸ ਦਾ ਕੁਠਾ ਹੋਵੈ ਸੇਖੁ।" (ਕੋਹਿਆ ਹੋਇਆ, ਭਾਵ ਘੜਿਆ ਹੋਇਆ)
– ਰਾਮ ੩, ਵਾਰ ੧੯ਸ, ੧, ੨:੫ (956)

ਕੁਠਾਰਿ ----- ਕੁਹਾੜਾ
"ਹਰਿ ਕਾਟੀ ਕੁਟਿਲਤਾ ਕੁਠਾਰਿ।"
– ਸਾਰ ੫, ੧੧੨, ੧*:੧ (1225)

ਹੋਰ ਰੂਪ:

ਕੁਠਾਰੁ –
"ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ।"
– ਧਨਾ ਨਾਮ, ੨, ੨:੧ (693)

ਕੁਠੇ ------- ਕੋਹੇ
"ਅਜਰਾਈਲਿ ਫੜੇ ਫੜਿ ਕੁਠੇ।"
– ਮਾਰੂ ੫, ਅਸ ੮, ੨:੨ (1020)

ਕੁੰਡ ------- ਟੋਆ (ਅਗਨ ਰਖਨ ਵਾਲਾ, ਜਲ ਰਖਣ ਵਾਲਾ)
"ਗਰਭ ਕੁੰਡ ਨਰਕ ਤੇ ਰਾਖੈ ਭਵਜਲੁ ਪਾਰਿ ਉਤਾਰੇ।"
– ਗਉ ੫, ੧੩੮*, ੨:੧ (210)
"ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ।"
– ਆਸਾ ੫, ੧੨੩, ੩:੧ (402)

ਕੁੰਡਲ ----- (1) ਘੇਰਾ, ਦਾਇਰਾ
"ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ।"
– ਸਿਰੀ ਬੇਣੀ, ੧, ੧:੧ (93)
(2) ਗੋਲਾਕਾਰ ਦਾ ਕੰਨਾਂ ਦਾ ਗਹਿਣਾ (ਭੂਸ਼ਨ) ਵਾਲੀ, ਹੋਰ ਵੇਖੋ 'ਕੁੰਡਲੀਆ'

"ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ।"
– ਗਉ ੧, ਅਸ ੧੦, ੨:੧ (225)

ਹੋਰ ਰੂਪ:

ਕੁੰਡਲਹ –
"ਜੌਬਨ ਬਹਿਕ੍ਰਮ ਕਨਿਕ ਕੁੰਡਲਹ।"
– ਸਸ ੫, ੧੧:੨ (1354)

ਕੁੰਡਲਨੀ ---- ਜੋਗੀਆਂ ਦੀ ਮੰਨੀ ਹੋਈ ਇਕ ਨਾੜੀ
"ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ।"
– ਸਵ ੪, ਗਯੰ ੫:੩ (1402)

ਕੁੰਡਲੀਆ --- (1) ਵਾਲੀ, ਕੰਨਾਂ ਦਾ ਭੂਸ਼ਨ
"ਕਾਨ ਕੁੰਡਲੀਆ ਬਸਤ੍ਰ ਓਢਲੀਆ।"
– ਆਸਾ ੫, ੫੫, ੧*:੧ (385)

(2) ਕੁੰਡੀ
"ਜਿਉ ਮੀਨ ਕੁੰਡਲੀਆ ਕੰਠਿ ਪਾਇ।"
– ਬਸੰ ੧, ਅਸ ੨, ੧:੪ (1187)

ਕੁੰਡਾ ------ (1) ਨੁਕਰਾਂ, ਦਿਸ਼ਾਵਾਂ
"ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ।"
– ਸਿਰੀ ੩, ੫੯, ੩:੩ (37)

ਹੋਰ ਰੂਪ:

ਕੁੰਡਾਂ –
"ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ।"
– ਰਾਮ ਬਸ, ਵਾਰ ੬:੧੨ (968)

ਕੁੰਡੀ –
"ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ।"
– ਮਾਝ ੧, ਵਾਰ ੨ਸ, ੨, ੨:੩ (138)

(2) ਅੰਕੁਸ਼
"ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ।"
– ਗੂਜ ੩, ਵਾਰ ੨੦ਸ, ੩, ੨:੧ (516)

ਕੁੰਡੀ ------ (1) ਦਿਸ਼ਾਵਾਂ, ਵੇਖੋ 'ਕੰਡਾ' (1)
(2) ਮਛੀ ਆਦਿ ਨੂੰ ਪਕੜਨ ਲਈ ਅਗੋ ਮੋੜ ਕੇ ਬਣਾਇਆ ਤਾਰ ਦਾ ਸੰਦ ਹੁਕ (ਹੋਕ)
"ਮਾਗਰਮਛੁ ਫਹਾਈਐ ਕੁੰਡੀ ਜਾਲੁ ਵਡਾਇ।"
– ਮਾਰੂ ੧, ਅਸ ੨, ੫:੧ (1009)

ਕੁੰਡੇ ------- ਅੰਕਸ
"ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ।"
– ਗੂਜ ੩, ਵਾਰ ੨੦ਸ, ੩, ੨:੨ (516)

ਕੁਢੰਗ ----- ਬੁਰੇ ਢੰਗ, ਕੁਚਾਲ
"ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ।"
– ਗੂਜ ੫, ਵਾਰ ੩ਸ, ੫, ੨:੧ (518)

ਕੁਤਰਾ ----- ਕਤੂਰਾ, ਕੁਤੇ ਦਾ ਬਚਾ
"ਦੇਖਤ ਕੁਤਰਾ ਲੈ ਗਈ ਬਿਲਾਈ।"
– ਆਸਾ ਕਬ, ੨੨, ੨:੨ (481)

ਹੋਰ ਰੂਪ:

ਕੁਤਰੇ –
"ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੈ।"
– ਗਉ ੪, ੫੯, ੪:੨ (171)

ਕੁੰਤਲ ----- ਦੀਪਕ ਰਾਗ ਦੇ ਅੱਠ ਪੁਤਰਾਂ ਵਿਚੋਂ ਇਕ ਬਾਕੀ ਸਤ ਹਨ
"ਕਾਲੰਕਾ, ਰਾਮਾ, ਕਮਲ ਕੁਸਮ, ਚੰਪਕ, ਗਉਰਾ ਕਾਨਰਾ, ਕਲ੍ਯਾਨਾ।
"ਕਾਲਕਾ ਕੁੰਤਲ ਅਉ ਰਾਮਾ।"
– ਰਾਗ ੧:੩੭ (1430)

ਕੁਤਾ ------ ਕੂਕਰ, ਇਕ ਜਾਨਵਰ
"ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।"
– ਸਿਰੀ ੧, ੪, ੧:੧ (15)

ਹੋਰ ਰੂਪ:

ਕੁਤਿਆ –
"ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ।"
– ਸਲੋ ਫਰ, ੭੦:੨ (1381)

ਕੁਤਿਹੋ –
"ਰਤੁ ਪਿਤੁ ਕੁਤਿਹੋ ਚਟਿ ਜਾਹੁ।" (ਇਥੇ ਭਾਵ 'ਮੁਕਦਮ')
– ਮਲਾ ੧, ਵਾਰ ੨੨ਸ, ੧, ੨:੮ (1288)

ਕੁਤੰੀ –
"ਕੁਤੇ ਚੰਦਨੁ ਲਾਈਐ ਭੀ ਸੋ ਕੁਤੰੀ ਧਾਤੁ।" (ਕੁਤਿਆਂ ਵਾਲਾ ਅਸਲਾ ਹੈ)
– ਮਾਝ ੧, ਵਾਰ ੧੨ਸ, ੧, ੧:੩ (143)

ਕੁਤੀ –
"ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ।"
– ਆਸਾ ੧, ੩੯, ੨:੨ (360)

ਕੁਤੇ –
"ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ।"
– ਸੋਰ ੪, ਵਾਰ ੧੬ਸ, ੩, ੨:੧ (648)

ਕੁਥਾਉ ----- ਭੈੜੀ ਥਾਂ, ਅਯੋਗ ਥਾਂ
"ਥਾਉ ਕੁਥਾਉ ਨ ਜਾਣਨੀ ਸਦਾ ਚਿਤਵਹਿ ਬਿਕਾਰ।"
– ਸਾਰ ੪, ਵਾਰ ੩੦ਸ, ੩, ੧:੨ (1248)

ਕੁਥਾਈ ----- ਅਯੋਗ/ਭੈੜੀ ਥਾਂ ਤੇ
“ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ।”
– ਆਸਾ ੩, ਪਟੀ ੬:੧ (435)
“ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ।”
– ਸਲੋ ੫, ੧੧:੧ (1425)

ਕੁੰਦ ------- ਚਿੱਟੇ ਫੁਲਾਂ ਵਾਲਾ ਇਕ ਬੂਟਾ, ਚਾਂਦਨੀ, (ਚਿੱਟੇ ਦੰਦਾਂ ਨਾਲ ਇਨ੍ਹਾਂ ਦੀ ਉਪਮਾ ਦਿਤੀ ਜਾਂਦੀ ਹੈ)
“ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ।”
– ਸਵ ੪, ਗਯੰ ੮:੧ (1402)

ਕੁਦਇਆ --- ਨਿਰਦੈਤਾ, ਦਇਆ ਹੀਨਤਾ
“ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।”
– ਸਿਰੀ ੪, ਵਾਰ ੨੦ਸ, ੧, ੧:੧ (91)

ਕੁਦਣੁ ----- ਟਪਣਾ
“ਨਚਣੁ ਕੁਦਣੁ ਮਨ ਕਾ ਚਾਉ।”
– ਆਸਾ ੧, ਵਾਰ ੫ਸ, ੧, ੨:੨੫ (465)

ਕੁਦਮ ------ ਖੇਡਾਂ, ਕਲੋਲ
“ਕੁਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ।”
– ਸਿਰੀ ੫, ੭੩, ੨:੧ (43)

ਕੁਦਰਤ ---- (ਅ.) ਸ਼ਕਤੀ, ਬਲ, ਮਾਇਆ
“ਤੂ ਸਭ ਮਹਿ ਵਰਤਹਿ ਆਪਿ ਕੁਦਰਤ ਦੇਖਾਵਹੀ।”
– ਮਾਰੂ ੫, ਵਾਰ ੩:੪ (1095)

ਹੋਰ ਰੂਪ:

ਕੁਦਰਤਿ –
“ਕੁਦਰਤਿ ਕਵਣ ਕਹਾ ਬੀਚਾਰੁ।” (ਮੇਰੀ ਕੀ ਤਾਕਤ ਹੈ)
– ਜਪੁ ੧, ੧੬:੨੨ (3)

ਕੁਦਰਤਿ ---- (1) ਸ਼ਕਤੀ ਬਲ, ਵੇਖੋ ‘ਕੁਦਰਤ’
“ਕੁਦਰਤਿ ਵਰਤੈ ਰੂਪ ਅਰੁ ਰੰਗਾ।” (ਕਲਾ, ਸ਼ਕਤੀ)
ਹੋਰ ਰੂਪ:

ਕੁਦਰਤੀ –
“ਮਨ ਤੁਆਨਾ ਤੂ ਕੁਦਰਤੀ ਆਇਆ।”
(ਮੈਂ ਕੁਝ ਕਰਨ ਯੋਗ ਤੇਰੀ ਤਾਕਤ/ਬਲ ਨਾਲ ਹੁੰਦਾ ਹੈ)
– ਮਲਾ ੧, ਵਾਰ ੨੭ਸ, ੧, ੨:੬ (129)
(2) ਰਚਨਾ, ਸ੍ਰਿਸ਼ਟੀ
“ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।”

– ਸਿਰੀ ੫, ੮੬, ੪:੨ (48)

"ਕੁਦਰਤਿ ਕਰਿ ਕੈ ਵਸਿਆ ਸੋਇ।"

– ਸਿਰੀ ੪, ਵਾਰ ੪ਸ, ੧, ੧:੧ (84)

"ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ।"

– ਵਡ ੧, ਅਲਾ ੩, ੨:੪ (580)

ਹੋਰ ਰੂਪ:

ਕੁਦਰਤੀ –

"ਨਾਨਕ ਸਚ ਦਾਤਾਰੁ ਸਿਨਾਖਤੁ ਕੁਦਰਤੀ" (ਰਚਨਾ ਦੁਆਰਾ)

– ਮਾਝ ੧, ਵਾਰ ੮:੮ (141)

(3) ਰਚਨਾ, ਸ਼ਕਤੀ

"ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।"

– ਸਿਰੀ ੧, ਅਸ ੧, ੪:੨ (53)

ਹੋਰ ਰੂਪ:

ਕੁਦਰਤੀ –

"ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ।"

– ਸਿਰੀ ੧, ੧੧, ੩:੧ (18)

(4) ਅਸਚਰਜ, ਤਮਾਸ਼ਾ, ਵਿਡਾਣ

"ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।"

– ਆਸ ੧, ਵਾਰ ੩ਸ, ੧, ੨:੧ (464)

"ਕੁਦਰਤਿ ਅਹਿ ਵੇਖਾਲੀਅਨੁ ਜਿਨਿ ਐਵਡ ਪਿਡ ਠਿਣਕਿਓਨੁ।" (ਕ੍ਰਿਸ਼ਮਾ, ਅਸਚਰਜ਼ ਤਮਾਸ਼ਾ)

– ਰਾਮ ਬਸ, ਵਾਰ ੪:੫ (967)

ਹੋਰ ਰੂਪ:

ਕੁਦਰਤੀ –

"ਕਰਤੇ ਕੁਦਰਤੀ ਮੁਸਤਾਕੁ।"

– ਤਿਲੰ ੫, ੪, ੧*:੧ (724)

(5) ਪ੍ਰਭੂ, ਅਪਾਰ ਸ਼ਕਤੀ

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।"

– ਪ੍ਰਭਾ ਕਬ, ੩, ੧:੧ (1349)

ਹੋਰ ਰੂਪ:

ਕੁਦਰਤੀ –

"ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ।" (ਰੱਬੀ, ਅਲਾਹੀ)

– ਰਾਮ ਬਸ, ਵਾਰ ੫:੪ (967)

ਕੁਦਿ ------ ਟਪ ਕੇ

"ਕੁਦਿ ਕੁਦਿ ਚਰੈ ਰਸਾਤਲਿ ਪਾਇ।"

– ਗਉ ਕਬ, ੧੪, ੨:੨ (326)

ਕੁੰਦੇ ------- ਕਾਰੀ ਦਾ ਹੰਨਾ/ਅਗਲਾ ਕੁੰਢਾ; (ਦਰਪਣ ਇਸ ਦੇ ਅਰਥ ‘ਬੰਦੂਕ ਦਾ ਹੱਥਾ’ ਕਰਦਾ ਹੈ)
“ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ।”
– ਗਉ ੫, ਵਾਰ ੧੯ਸ, ੫, ੨:੧ (322)

ਕੁਧਕਾ ----- ਜੋਰ ਦਾ, ਮਾੜਾ ਨਿਰਾਦਰ ਭਰਿਆ ਧੱਕਾ
“ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ।”
– ਬਿਲਾ ਕਬ, ੧, ੧*:੨ (855)

ਕੁਨ ------- (ਫਾ.) ਕਰ
“ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।”
– ਤਿਲੰ ੧, ੧, ੧:੧ (721)

ਕੁਨਾਰਿ ----- ਮਾੜੀ ਇਸਤਰੀ
“ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ।”
– ਸਿਰੀ ੪, ਵਾਰ ੧੭ਸ, ੩, ੧:੧ (89)
“ਸਾ ਕੁਸੁਧ ਸਾ ਕੁਲਖਣੀ ਨਾਨਕ ਨਾਰੀ ਵਿਚਿ ਕੁਨਾਰਿ।” (ਨਿੰਦ੍ਰਿਤ ਇਸਤ੍ਰੀ)
– ਸੋਰ ੪, ਵਾਰ ੨੪ਸ, ੩, ੨:੩ (652)

ਕੁਨੁ ------- ਕੌਣ
“ਤੂ ਕੁਨੁ ਰੇ।”
– ਧਨਾ ਨਾਮ, ੪, ੩:੩ (693)

ਕੁੰਨੇ ------- ਮਿਟੀ ਦੀ ਹਾਂਡੀ, ਮਿੱਟੀ ਦਾ ਇਕ ਬਰਤਨ
“ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ।”
– ਸਲੋ ਫਰ, ੭੨:੨ (1381)

ਕੁਪੰਖੀ ----- ਨਿੰਦਿਤ ਪੰਛੀ, ਭਾਵ ‘ਕਾਂ’
“ਸਰਵਰੁ ਹੰਸਿ ਨ ਜਾਣਿਆ ਕਾਗ ਕੁਪੰਖੀ ਸੰਗਿ।”
– ਸਲੋ ੧, ੧੦:੩ (1411)

ਕੁਪਤੇ ------ ਪਤ (ਇਜ਼ਤ) ਵਿਹੂਣੇ
“ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ।”
– ਬਿਹਾ ੪, ਛੰਤ ੫, ੩:੩ (541)

ਕੁਪਰਵਾਣ --- ਅਪ੍ਰਵਾਨ, ਜੋ ਅੰਗੀਕਾਰ ਕਰਨ ਯੋਗ ਨ ਹੋਵੇ
“ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ।”
– ਆਸਾ ੧, ੩੧, ੩:੨ (358)

ਕੁਫਕੜੇ ---- ਫਜ਼ੂਲ/ਨਿਰਾਰਥਕ ਕੰਮ, ਨਿੰਦਿਤ ਕਰਮ
“ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।”
– ਸਿਰੀ ੫, ੭੩, ੧*:੨ (43)

ਕੁਫਰ ------ ਝੂਠ ਭਾਵ ਨਾਸਤਿਕਤਾ (ਰੱਬ ਦੀ ਹੋਂਦ ਤੋਂ ਮੁਨਕਰ ਹੋਣਾ)

“ਕੁਫਰ ਗੋਅ ਕੁਫਰਾਣੈ ਪਇਆ ਦਝਸੀ।”
– ਮਾਝ ੧, ਵਾਰ ੯:੬ (142)

ਕੁਫਰਾਣੈ ---- ਨਾਸਤਕਾਂ ਦੀ ਥਾਂ ਭਾਵ ਨਰਕ
“ਕੁਫਰ ਗੋਅ ਕੁਫਰਾਣੈ ਪਇਆ ਦਝਸੀ।”
– ਮਾਝ ੧, ਵਾਰ ੯:੬ (142)

ਕੁਬਜ ------ ਕੁੱਬਾ, ਕੁਬੜਾ ਅਗੇ ਨੂ ਝੁਕੇ ਹੋਏ ਲੱਕ ਵਾਲਾ
“ਨਾਮ ਬਿਨਾ ਜੈਸੇ ਕੁਬਜ ਕੁਰੂਪ।”
– ਗਉ ਕਬ, ੨੫, ੩:੨ (328)

ਕੁਬਾਣਿ ----- ਦੁਰਬਚਨ, ਕੌੜੇ ਬੋਲ
“ਸਬਦੁ ਨ ਚੀਨੈ ਲਵੈ ਕੁਬਾਣਿ।”
– ਰਾਮ ੧, ਸਿਗੋ ੨੬:੫ (941)

ਕੁਬਿਜਾ ----- ਕੰਸ ਦੀ ਇਕ ਕੁਬੀ ਦਾਸੀ ਜੋ ਸਰੀਰ ਉਪਰ ਵਟਣਾ ਮਲਣ ਵਿਚ ਬੜੀ ਨਿਪੁੰਨ ਸੀ, ਕ੍ਰਿਸ਼ਨ ਜੀ ਨੇ ਉਸ ਦੇ ਪੈਰ ਦੇ ਅੰਗੂਠੇ ਉਤੇ ਪੈਰ ਰੱਖ, ਠੋਡੀ ਉਤਾਂਹ ਚੁੱਕ ਉਸ ਦਾ ਕੁੱਬ ਦੂਰ ਕੀਤਾ।
“ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।”
– ਗਉ ਰਵਿ, ੧, ੧:੧ (345)
“ਕੁਬਿਜਾ ਉਧਰੀ ਅੰਗੁਸਟ ਧਾਰ।”
– ਬਸੰ ੫, ਅਸ, ੧, ੩:੨ (1192)

ਕੁਬੁਧਿ ----- ਖੋਟੀ ਮਤਿ, ਬੇਅਕਲੀ, ਮੂਰਖਤਾ
“ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।”
– ਸਿਰੀ ੪, ਵਾਰ ੨੦ਸ, ੧, ੧:੧ (91)
“ਦੁਰਮਤਿ ਬਿਨਸੀ ਕੁਬੁਧਿ ਅਭਾਗੀ।” (ਬਦਕਿਸਮਤ ਮੂਰਖਤਾ)
– ਮਾਝ ੫, ੧੮, ੪:੨ (100)

ਕੁਬੋਲੁ ----- ਮੰਦੇ ਬੋਲ
“ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ।”
– ਗਉ ੪, ਵਾਰ ੩੨ਸ, ੫, ੨:੧ (317)

ਕੁੰਭ ------- (1) (ਸੰ.) ਘੜਾ
“ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ।”
– ਆਸਾ ਨਾਮ, ੨, ੧:੧ (485)
(2) ਯੋਗ ਦੀ ਇਕ ਕ੍ਰਿਆ, ਪ੍ਰਾਣਾਯਾਮ ਦੀ ਇਕ ਰੀਤ, ਜਿਸ ਅਨੁਸਾਰ ਪ੍ਰਾਣ ਠਹਿਰਾਈਦੇ ਹਨ।
“ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ।”
– ਪ੍ਰਭਾ ੧, ਅਸ ੩, ੧:੧ (1343)
(3) ਇਕ ਰਾਗ, ਸਿਰੀ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਦੇ ਸਤ ਹਨ ਸਾਲੂ, ਸਾਗਰ, ਸਾਗਰਾ, ਗੋਂਡ, ਗੰਭੀਰ, ਗੁੰਡ ਤੇ ਹਮੀਰ

"ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ।"

– ਰਾਗ ੧:੪੮ (1430)

ਕੁੰਭਕ ------ (ਸੰ.) ਯੋਗ ਦਰਸ਼ਨ ਅਨੁਸਾਰ ਪ੍ਰਾਣਾਯਾਮ ਦਾ ਇਕ ਪ੍ਰਕਾਰ ਜਿਸ ਅਨੁਸਾਰ ਚੀਚੀ ਉਂਗਲੀ ਤੇ ਅੰਗੂਠੇ ਨਾਲ ਨੱਕ ਦਬਾ, ਮੂੰਹ ਬੰਦ ਕਰ ਸਾਹ ਰੋਕਿਆ ਜਾਂਦਾ ਹੈ

"ਪੂਰਕੁ ਕੁੰਭਕ ਰੇਚਕ ਕਰਮਾਤਾ।"

– ਗਉ ੫, ਬਾਅ ੧੬:੨ (253)

ਹੋਰ ਰੂਪ:

ਕੁੰਭਕੁ –

"ਜਬ ਕੁੰਭਕੁ ਭਰਿਪੁਰਿ ਲੀਣਾ।"

– ਰਾਮ ਕਬ, ੧੦, ੩:੩ (972)

ਕੁਭਾਂਤੀ ----- ਕੁਢੰਗਾ, ਬੁਰੀ ਤਰ੍ਹਾਂ ਦਾ ਭਾਵ ਨੀਵਾਂ

"ਮੇਰਾ ਕਰਮੁ ਕੁਟਿਲਤਾ ਜਨਮ ਕੁਭਾਂਤੀ।"

– ਗਉ ਰਵਿ, ੧, ੧:੨ (345)

ਕੁੰਭਾਰ ----- ਘਮਿਆਰ, ਘੜਾ ਬਣਾਉਣ ਵਾਲਾ

"ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰਿ ਸਾਂਡੀ ਗੋ।"

– ਟੋਡੀ ਨਾਮ, ੩, ੧:੧ (718)

ਹੋਰ ਰੂਪ:

ਕੁੰਭਾਰੈ –

"ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ।"

– ਪ੍ਰਭਾ, ਕਬ, ੩, ੨:੨ (350)

ਕੁੰਭਿ ------ ਇਕ ਪਰਵ ਸੁਕੰਧ ਪੁਰਾਣ ਅਨੁਸਾਰ ਦੇਵਤਿਆਂ ਤੇ ਦੈਤਾਂ ਦੀ ਲੜਾਈ ਸਮੇਂ ਅੰਮ੍ਰਿਤ ਦੇ ਘੜੇ ਵਿਚੋਂ ਹਰਦਵਾਰ, ਪ੍ਰਯਾਗ, ਨਾਸਕ ਤੇ ਉਜੈਨ ਚਾਰ ਥਾਈਂ ਅੰਮ੍ਰਿਤ ਡਿਗਾ। ਇਨ੍ਹਾਂ ਥਾਵਾਂ ਉਤੇ ਹਰ ਬਾਰਵੇਂ ਸਾਲ ਮੇਲਾ ਲਗਦਾ ਹੈ

"ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ।"

– ਰਾਮ ਨਾਮੁ, ੪, ੨:੧ (973)

ਕੁੰਭੁ ------- ਘੜਾ

"ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।"

– ਆਸਾ ੧, ਵਾਰ ੧੨ਸ, ੧, ੫:੧ (469)

ਹੋਰ ਰੂਪ:

ਕੁੰਭੇ –

"ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।" (ਘੜੇ ਵਿਚ)

– ਆਸਾ ੧, ਵਾਰ ੧੨ਸ, ੧, ੫:੧ (469)

ਕੁੰਭੇਉ –

"ਜਿਉ ਪ੍ਰਗਾਸਿਆ ਮਾਟੀ ਕੁੰਭੇਉ।"

– ਪ੍ਰਭਾ ਨਾਮ, ੩, ੨:੧ (1351)

ਕੁਮਹਲੁ ---- ਕੁਥਾਂ (ਅਯੋਗ ਸਥਾਨ, ਬੇਮੌਕਾ)
“ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ।”
– ਸੋਰ ੪, ਵਾਰ ੧੯ਸ, ੩, ੨:੧ (649)

ਕੁਮਤਿ ----- ਭੈੜੀ ਮਤ, ਨੀਚ, ਬੁਧੀ
“ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ।”
– ਸਿਰੀ ਬੇਣੀ, ੧, ੧*:੧ (93)

ਕੁਮੰਤ੍ਰੀਆ --- ਭੈੜਾ ਮੰਤਰ/ਭੈੜੀ ਸਲਾਹ ਦੇਣ ਵਾਲੇ
“ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ।”
– ਸਲੋ ੫, ੧੧:੧ (1425)

ਕੁਮਲਾਇ --- ਮੁਰਝਾ ਜਾਣਾ
“ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ।”
– ਗੂਜ ੩, ਵਾਰ ੫ਸ, ੩, ੧:੪ (510)

ਕੁਮਲਾਣਾ --- ਮੁਰਝਾ ਜਾਣਾ
“ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ।”
– ਸਿਰੀ ਬੇਣੀ, ੧, ੪:੩ (93)

ਹੋਰ ਰੂਪ:

ਕੁਮਲਾਣੀ –
“ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ।”
– ਸੂਹੀ ੧, ਛੰਤ ੧, ੧:੬ (763)

ਕੁਮਲਾਨੀ –
“ਹੰਸੁ ਚਲਿਆ ਕਾਇਆ ਕੁਮਲਾਨੀ।”
– ਸੂਹੀ ਕਬ, ੨, ੨:੨ (792)

ਕੁਮਲਾਵਤੀ -- ਮੁਰਝਾ ਜਾਣੀ
“ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।”
– ਮਾਝ ੫, ਬਾਰਾ ੧:੪ (133)

ਕੁਮਲੈਣੀ ---- ਕੁਮਲਾ/ਮੁਰਝਾ ਗਈ
“ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ।”
– ਗਉ ੪, ੬੭, ੨:੨ (174)

ਕੁਮਾਰਗ ---- ਭੈੜੇ/ਪੁਠੇ ਰਾਹ
“ਮਨਮੁਖ ਅਗਿਆਨਿ ਕੁਮਾਰਗਿ ਪਾਏ।”
– ਗਉ ੩, ਅਸ ੪, ੩:੧ (231)

ਕੁਮਿਤ ----- ਭੈੜਾ ਮਿਤਰ, ਕਪਟੀ ਮਿਤਰ
“ਅਹੰ ਮਤ ਅਨ ਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲਾਖ ਗਰੀਆ।”
– ਕਾਨ ੫, ੩੦, ੧:੧ (1303)

ਕੁਮਿਤ੍ਰਾ ---- ਭੈੜਾ ਮਿਤਰ
"ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ।"
- ਗਉ ੫, ਵਾਰ ੩ਸ, ੫, ੨:੨ (318)

ਕੁੰਮੀ ------ ਕਛੂਕੰਮੀ, ਇਕ ਜਾਨਵਰ ਜਿਸ ਦਾ ਸਾਮਾਨਯ ਆਯੂ 150-170 ਸਾਲ ਹੁੰਦੀ ਹੈ
"ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ।"
- ਆਸਾ ਧੰਨਾ, ੩, ੨:੧ (488)

ਕੁਮੁਦਨੀ ---- ਰਾਤ ਨੂ ਖਿੜਨ ਵਾਲਾ ਫੁੱਲ, ਨੀਲੋਫਰ
"ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ।"
- ਮਾਰੂ ੧, ੪, ੨:੨ (990)

ਕੁਮੂੜਾ ----- ਮੂਰਖ, ਬੇਸਮਝ
"ਵਿਆਪਿਆ ਦੁਰਮਤਿ ਕੁਬੁਧਿ ਕੁਮੂੜਾ।"
- ਰਾਮ ੫, ਵਾਰ ੭, ੫, ੨:੫ (960)

ਕੁਮੇਰ ------ ਕੁਬੇਰ, ਧਨ ਦਾ ਦੇਵਤਾ
"ਅਨਿਕ ਧਰਮ ਅਨਿਕ ਕੁਮੇਰ।"
- ਸਾਰ ੫, ਅਸ ੨, ੭:੧ (1236)

ਕੁਮ੍ਹਾਰਾ ----- ਘੁਮਿਆਰ/ਮਿੱਟੀ ਦੇ ਬਰਤਨ ਬਣਾਉਣ ਵਾਲੇ ਨੇ
"ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ।"
- ਭੈਰ ੩, ੧, ੩:੨ (1128)

ਹੋਰ ਰੂਪ:

ਕੁਮ੍ਹਾਰੈ -
"ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ।"
- ਆਸਾ ਕਬ, ੧੬, ੨:੧ (479)

ਕੁਮ੍ਹਿਆਰ --- ਘੁਮਿਆਰ
"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।"
- ਆਸਾ ੧, ਵਾਰ ੬ਸ, ੧, ੨:੧ (466)

ਹੋਰ ਰੂਪ:

ਕੁਮ੍ਹਿਆਰਿ -
"ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ।"
- ਆਸਾ ੪, ਛੰਤ ੮, ੨:੪ (442)

ਕੁਰਸਹੁ ---- ਕੁਰਸ ਟਿੱਕੀ ਸੂਰਜ/ਚੰਦ ਦੀ ਤੋਂ ਭਾਵ ਈਸ਼ਵਰੀ ਮੰਡਲ ਤੋਂ
"ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।"
- ਰਾਮ ਬਸੁ, ਵਾਰ ੨:੭ (967)

ਕੁਰੰਕ ----- (ਸੰ.) ਹਿਰਨ, ਹੋਰ ਵੇਖੋ 'ਕੁਰੰਗਾ'
"ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ।"
- ਆਸਾ ੫, ਛੰਤ ੪, ੪:੧ (455)

“ਜੈਸੇ ਕੁਰੰਕ ਨਹੀ ਪਾਇਓ ਭੇਦੁ।”
– ਬਸੰ ਰਵਿ, ੧, ੨:੧ (1196)

ਹੋਰ ਰੂਪ:

ਕੁਰੰਕਹਿ –
“ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ।”
– ਜੈਤ ੫, ਵਾਰ ੧੨:੩ (708)

ਕੁਰਕਟ ---- ਕੁਕੜ
“ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ।”
– ਆਸਾ ਕਬ, ੪, ੧:੧ (476)

ਕੁਰਕਦਾ ---- ਕੁਤਰਦਾ, ਟੁਕਦਾ
“ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ।”
– ਗਉ ੪, ਵਾਰ ੯ਸ, ੪, ੧:੫ (304)

ਕੁਰੰਕਾ ----- ਹਿਰਨ
“ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ।”
– ਧਨਾ ੫, ੨, ੨:੨ (671)

ਕੁਰੰਗਾ ----- ਹਿਰਨ, ਹੋਰ ਵੇਖੋ ‘ਕੁਰੰਕ’
“ਕਈ ਜਨਮ ਗਜ ਮੀਨ ਕੁਰੰਗਾ।”
– ਗਉ ੫, ੭੨, ੧:੨ (176)

ਕੁਰਬਾਣ ---- (ਅ.) ਨਿਛਾਵਰ, ਵਾਰਨੇ
“ਪੂਰੇ ਗੁਰ ਊਪਰਿ ਕੁਰਬਾਣ।”
– ਰਾਮ ੫, ੫੩, ੨:੪ (899)

ਹੋਰ ਰੂਪ:

ਕੁਰਬਾਣਾ –
“ਜੋ ਸੇਵਹਿ ਜੋ ਸੇਵਹਿ ਤੁਧ ਜੀ ਜਨ ਨਾਨਕੁ ਤਿਨ ਕੁਰਬਾਣਾ।”
– ਆਸਾ ੪, ਸੋਪੁ ੧, ੨:੫ (11)

ਕੁਰਬਾਣਿਆ –
“ਆਪੇ ਬਖਸਿ ਮਿਲਾਏ ਸਦ ਕੁਰਬਾਣਿਆ।”
– ਮਲਾ ੧, ਵਾਰ ੨੭:੭ (1291)

ਕੁਰਬਾਣੀ –
“ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗਭੀਰਾ ਗਉਹਰੁ ਜੀਉ।”
– ਮਾਝ ੫, ੨੫, ੪:੩ (102)

ਕੁਰਬਾਣੀਐ –
“ਸਰਬ ਧਾਰ ਸਮਰਥ ਹਉ ਤਿਸੁ ਕੁਰਬਾਣੀਐ।”
– ਰਾਮ ੫, ਵਾਰ ੨:੬ (957)

ਕੁਰਬਾਣੁ –
“ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ।”

– ਸਿਰੀ ੫, ੭੪, ੪:੧ (43)
ਕੁਰਬਾਣੇ –
“ਜੀਉ ਪਿੰਡੁ ਸਭੁ ਤੁਮ੍ਰਾ ਦਾਤੇ ਨਾਨਕ ਸਦ ਕੁਰਬਾਣੇ ।”
– ਆਸਾ ੫, ੫੦, ੪:੨ (383)
ਕੁਰਬਾਣੈ –
“ਸਤਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ।”
– ਸਿਰੀ ੧, ੧੮, ੩:੨ (21)
ਕੁਰਬਾਣੋ –
“ਸਾ ਧਰਤਿ ਸੁਹਾਵੀ ਜਿਤੁ ਵਸਹਿ ਹਰਿ ਜਨ ਸਚੇ ਨਾਮ ਵਿਟਹੁ ਕੁਰਬਾਣੋ ਜੀਉ।”
– ਮਾਝ ੫, ੪੪, ੧:੩ (107)

ਕੁਰਬਾਨ ---- ਨਿਛਾਵਰ, ਵਾਰਨੇ
“ਜਿਨੀ ਮੇਰਾ ਪ੍ਰਭੁ ਧਿਆਇਆ ਨਾਨਕ ਤਿਨ ਕੁਰਬਾਨ।”
– ਸਿਰੀ ੫, ੮੦, ੪:੩ (46)

ਹੋਰ ਰੂਪ:

ਕੁਰਬਾਨੰਤੀ –
“ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈ ਹਉ ਕੁਰਬਾਨੰਤੀ।”
– ਨਟ ੪, ੮, ੧:੨ (977)
ਕੁਰਬਾਨਾ –
“ਸਦ ਬਲਿਹਾਰਿ ਜਾਈਐ ਕੁਰਬਾਨਾ।”
– ਮਾਝ ੫, ੩੬, ੩:੨ (105)
ਕੁਰਬਾਨਾਂ –
“ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾਂ ਹੇ।”
– ਮਾਰੂ ੫, ਸੋਲਾ ੪, ੯:੩ (1075)
ਕੁਰਬਾਨੀ –
“ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ।”
– ਗਉ ੪, ੪੯, ੧:੩ (167)
ਕੁਰਬਾਨੁ –
“ਨਾਨਕ ਜਪੀਐ ਸਚੁ ਨਾਮੁ ਹਉ ਸਦਾ ਸਦਾ ਕੁਰਬਾਨੁ।”
– ਸਿਰੀ ੫, ੮੬, ੪:੩ (48)
ਕੁਰਬਾਨੇ –
“ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ।”
– ਮਾਝ ੫, ੨੦, ੪:੧ (100)
ਕੁਰਬਾਨੈ –
“ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ।”
– ਤਿਲੰ ੧, ੩, ੧*:੩ (721)
ਕੁਰਬਾਨੋ –
“ਮਿਲੁ ਸਾਜਨ ਹਉ ਤੁਝੁ ਕੁਰਬਾਨੋ।”
– ਸੂਹੀ ੫, ੫, ੧*:੧ (737)

ਕੁਰਬੈਣੀ ---- ਕੁਰਬਾਨ ਜਾਂਦਾ ਹਾਂ
"ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ।"
- ਸੋਰ ੪, ਵਾਰ ੨੪:੩ (652)

ਕੁਰਲਾਏ ---- ਕੁਕਰੀ (ਕੂੰਜ) ਵਾਂਗ ਆਲਾਪ ਕਰਨਾ (ਚੀਕ ਪੁਕਾਰ ਕਰਨੀ)
"ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ।"
- ਗਉ ੧, ਛੰਤ ੨, ੧:੫ (243)

ਕੁਰਲਾਣੇ ---- ਕੁਰਲਾਏ, ਚੀਕ ਪੁਕਾਰ ਕੀਤੀ
"ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ।"
- ਆਸਾ ੧, ੩੯, ੧:੩ (360)

ਕੁਰਲੀਆ --- ਕੁਰਲਾਈਆਂ
"ਅੰਬਰਿ ਕੂੰਜਾ ਕੁਰਲੀਆਂ ਬਗ ਬਹਿਠੇ ਆਇ ਜੀਉ।" (ਦਿਮਾਗ ਵਿਚ ਸ਼ਾਂ ਸ਼ਾਂ ਹੋਣ ਲੱਗ ਪਈ)
- ਸੂਹੀ ੧, ਕੁਚ ੧:੧੧ (762)

ਕੁਰਾਣਾ ----- ਕੁਰਾਨ ਸ਼ਰੀਫ਼ ਮੁਸਲਮਾਨਾਂ ਦਾ ਧਰਮ-ਗ੍ਰੰਥ
"ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।"
- ਸਿਰੀ ੧, ੨੮, ੪:੧ (24)

ਹੋਰ ਰੂਪ:

ਕੁਰਾਣੁ -
"ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।"
- ਜਪੁ ੧, ੨੧:੧੨ (4)

ਕੁਰਾਨ -
"ਕੁਰਾਨ ਕਤੇਬ ਤੇ ਪਾਕੁ।"
- ਰਾਮ ੫, ੪੫, ੩:੪ (897)

ਕੁਰੀਆ ---- ਪਗਡੰਡੀ, ਪਹਿਆ
"ਜਪਿ ਮਨ ਗੋਬਿੰਦ ਏਕੈ ਅਵਰੁ ਨਹੀ ਕੋ ਲੇਖੈ ਸੰਤ ਲਾਗੁ ਮਨਹਿ ਛਾਡੁ ਦੁਬਿਧਾ ਕੀ ਕੁਰੀਆ।"
- ਸੂਹੀ ੫, ੪੪, ੧*:੨ (746)

ਹੋਰ ਰੂਪ:

ਕੁਰੀਏ -
"ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ।" (ਨਦੀ ਦੇ ਕਿਨਾਰੇ ਕਿਨਾਰੇ ਜਾਂਦੀ ਪਗਡੰਡੀ)
- ਮਾਝ ੫, ਵਾਹ ਪਸ, ੫, ੧:੧ (1095)

ਕੁਰੁਤਾ ----- ਜੋ ਠੀਕ ਰੁਤ ਦਾ ਨਾ ਹੋਵੈ
"ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ।"
- ਮਾਰੂ ੫, ਸੋਲਾ ੫, ੫:੩ (1075)

ਕੁਰੂਪ ------ ਰੂਪਹੀਨ, ਕੋਹਜਾ
"ਨਾਮ ਬਿਨਾ ਜੈਸੇ ਕੁਬਜ ਕੁਰੂਪ।"
– ਗਉ ਕਬ, ੨੫, ੩:੨ (328)

ਕੁਲ ------- (ਸੰ.) ਵੰਸ਼, ਖਾਨਦਾਨ, ਪਰਵਾਰ
"ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ।"
– ਸਿਰੀ ੩, ਅਸ ੨੦, ੭:੩ (66)

ਹੋਰ ਰੂਪ:

ਕੁਲਹ –
"ਜਾ ਕੈ ਸਿਮਰਨਿ ਕੁਲਹ ਉਧਰ।"
– ਮਾਲੀ ੫, ੨, ੧:੪ (986)

(2) ਸਾਰੀ/ਸਾਰੇ, ਤਮਾਮ
"ਆਪਿ ਤਰੈ ਸੰਗਤਿ ਕੁਲ ਤਾਰੈ।"
– ਆਸਾ ੧, ੧੪, ੩:੩ (353)
"ਆਪਿ ਤਰਿਆ ਕੁਲ ਜਗਤੁ ਤਰਾਇਆ ਧੰਨੁ ਜਣੇਦੀ ਮਾਇਆ।"
– ਗੂਜ ੩, ਵਾਰ ੧੨ਸ, ੩, ੧:੪ (513)

ਕੁਲਹ ------ (1) (ਫਾ.) ਟੋਪੀ
"ਤਾਜ ਕੁਲਹ ਸਿਰਿ ਛਤ੍ਰ ਬਨਾਵਉ।"
– ਗਉ ੧, ਅਸ ੧੦, ੬:੨ (225)

ਹੋਰ ਰੂਪ:

ਕੁਲਹਾਂ –
"ਕੁਲਹਾਂ ਦੇਦੇ ਬਾਵਲੇ ਲੈਦੇ ਵਡੇ ਨਿਲਜ।" (ਟੋਪੀ/ਕੁਲਾ)
– ਮਲਾ ੧, ਵਾਰ ੧੯ਸ, ੧, ੧:੧ (1286)

(2) ਖਾਨਦਾਨ, ਵੰਸ਼, ਵੇਖੋ 'ਕੁਲ' (1)

ਹੋਰ ਰੂਪ:

ਕੁਲਹਿ –
"ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ।" (ਕੁਲ ਨੂੰ)
– ਮਾਝ ੫, ੩੮, ੧:੩ (132)

ਕੁਲਹੀਣ ---- ਨੀਵੀਂ ਕੁਲ ਵਾਲਾ, ਨੀਚ
"ਨਿਰਗੁਨਿ ਕੁਰੂਪਿ ਕੁਲਹੀਣ ਨਾਨਕ ਹਉ ਅਨਦ ਰੂਪ ਸੁਆਮੀ ਭਰਤ।"
– ਦੇਵ ੫, ੩, ੨:੨ (529)

ਹੋਰ ਰੂਪ:

ਕੁਲਹੀਨ –
"ਜਪ ਹੀਨ ਤਪ ਹੀਨ ਕੁਲਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ।"
– ਗਉ ਨਾਮ, ੧, ੨:੨ (345)

ਕੁਲਖਣੀ ---- ਭੈੜੇ ਲਛਣਾਂ ਵਾਲੀ
"ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ।"

– ਸਿਰੀ ੪, ਵਾਰ ੧੬ਸ, ੩, ੧:੧ (89)

ਹੋਰ ਰੂਪ:

ਕੁਲਖਨੀ –
"ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ।"
– ਆਸਾ ਕਬ, ੩੨, ੧:੧ (483)

ਕੁਲਖੇਤਿ ---- ਕੁਰੂਕਸ਼ੇਤਰ ਤੀਰਥ ਉਤੇ
"ਜੇ ਓਹੁ ਗ੍ਰਹਨ ਕਰੈ ਕੁਲਖੇਤਿ।"
– ਗੋਂਡ ਰਵਿ, ੨, ੨:੧ (875)

ਕੁਲਫੁ ----- (ਅ. ਕੁਠਲ) ਜੰਦਰਾ
"ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ।"
– ਗਉ ਕਬ, ੭੩, ੧:੨ (339)

ਕੁਲਵੰਤ ---- ਚੰਗੀ ਕੁਲ ਵਾਲੇ, ਖਾਨਦਾਨੀ
"ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ।"
– ਗੋਂਡ ੪, ੪, ੨:੧ (861)

ਹੋਰ ਰੂਪ:

ਕੁਲਵੰਤਾ –
"ਸੋ ਕੁਲਵੰਤਾ ਜਿ ਸਿਮਰੈ ਸੁਆਮੀ।"
– ਭੈਰ ੫, ੪੮, ੨:੩ (1150)

ਕੁਲਵੰਤੀ –
"ਸਾ ਕੁਲਵੰਤੀ ਸਾ ਸਭਰਾਈ ਜੋ ਪਿਰਿ ਕੈ ਰੰਗਿ ਸਵਾਰੀ ਜੀਉ।"
– ਮਾਝ ੫, ੧੧, ੩:੩ (97)

ਕੁਲਵੰਤੁ –
"ਓਹੁ ਧਨਵੰਤੁ ਕੁਲਵੰਤੁ ਪਤਿਵੰਤੁ।"
– ਗਉ ੫, ਸੁਖ ੨੩, ੮:੩ (294)

ਕੁਲਾ ------ ਕੁਲ/ਵੰਸ਼/ਜਾਤ ਦਾ
"ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।"
– ਆਸਾ ਧੰਨਾ, ੨, ੧:੨ (487)
"ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ।" (ਕੁਲਾਂ ਦਾ)
– ਮਾਰੂ ੩, ਵਾਰ ੨ਸ, ੩, ੧:੩ (1087)

ਹੋਰ ਰੂਪ:

ਕੁਲਾਂ –
"ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ।"
– ਬਸੰ ੩, ੯, ੧:੧ (1174)

ਕੁਲਾਹ ----- (ਕੁ–ਖੋਟੇ; ਲਾਹ; ਲਾਭ) ਘਾਟੇ ਵਾਲੇ
"ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ।"

– ਗਉ ੫, ਵਾਰ ੨੦ਸ, ੫, ੧:੧ (323)

ਕੁਲਾਜ ----- ਨਿਰਾਦਰ, ਬੇਇਜ਼ਤੀ
"ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ।"
– ਗਉ ੪, ਵਾਰ ੩੨ਸ, ੫, ੨:੧ (317)

ਕੁਲਾਲੁ ----- (ਫਾ.) ਮਿੱਟੀ ਦੇ ਭਾਂਡੇ ਬਣਾਨ ਵਾਲਾ, ਘੁਮਿਆਰ
"ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਵੜਾ ਜਿਨਿ ਬਿਸ੍ਵ ਸੰਸਾਰੁ ਰਾਚੀਲੇ।"
– ਮਲਾ ਨਾਮ, ੧, ੨:੧ (1292)

ਕੁਲਿ ------ ਵੰਸ਼, ਖਾਨਦਾਨ, ਵੇਖੋ 'ਕੁਲ' (1)
"ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ।"
– ਗਉ ਕਬ, ੨੫, ੧:੧ (328)

ਹੋਰ ਰੂਪ:

ਕੁਲੀ –
"ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।" (ਵੰਸ਼ ਵਿਚ)
– ਗਉ ੧, ੧੭, ੨:੨ (156)
"ਹਰਿ ਜਨੁ ਪਰਵਾਰੁ ਸਧਾਰੁ ਹੈ ਇਕੀਹ ਕੁਲੀ ਸਭੁ ਜਗਤੁ ਛਡਾਵੈ।" (ਕਲਾਂ)
– ਗਉ ੪, ੪੬, ੨:੩ (166)

ਕੁਲੀਨ ----- ਉਚੀ ਕੁਲ ਵਾਲੀ, ਖਾਨਦਾਨੀ
"ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ।"
– ਗਉ ੫, ਬਾਅ ੧੬ਸ:੧ (253)

ਹੋਰ ਰੂਪ:

ਕੁਲੀਨਾ –
"ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ।"
– ਗਉ ੫, ਅਸ ੧੫, ੩:੧ (242)

ਕੁਲੀਨੁ –
"ਜਾਤਿ ਕੁਲੀਨੁ ਸੇਵਕੁ ਜੇ ਹੋਇ।"
– ਮਲਾ ੧, ੬, ੪:੧ (1256)

ਕੁਲੁ ------- ਵੰਸ਼, ਵੇਖੋ 'ਕੁਲ'
"ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ।"
– ਸਿਰੀ ੩, ੩੮, ੩:੨ (28)

ਕੁਵਲੀਆ ਪੀੜੁ ਕੰਸ ਦਾ ਬਲਵਾਨ ਮਦਮਸਤ ਹਾਥੀ ਜਿਸ ਨੂੰ ਸ਼੍ਰੀ ਕ੍ਰਿਸ਼ਨ ਜੀ ਤੇ ਬਲਰਾਮ ਨੇ ਮਾਰਿਆ
"ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ।"
– ਸੋਰ ੪, ੬, ੨:੩ (606)

ਕੁਵਾਟੜੀ --- ਕੁਰਾਹ, ਕੁਮਾਰਗ, ਗਲਤ ਰਸਤਾ
"ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ।"
– ਆਸਾ ੧, ਅਸ ੧੫, ੬:੧ (419)

ਕੁੜਮ ------ ਲੜਕੇ ਜਾਂ ਲੜਕੀ ਦਾ ਸਹੁਰਾ

"ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ।"

– ਆਸਾ ੪, ੫੪, ੧:੨ (366)

ਹੋਰ ਰੂਪ:

ਕੁੜਮੀ –

"ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾਂ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ।" (ਕੁੜਮਾਂ ਨੇ)

– ਗਉ ੪, ਵਾਰ ੧੨ਸ, ੪, ੧:੫ (306)

ਕੁੜਮੁ –

"ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ।" (ਇਥੇ ਭਾਵ ਗੁਰੂ)

– ਸੂਹੀ ੪, ਛੰਤ ੧, ੨:੧ (773)

ਕੁੜਮਾਈ --- ਨਾਤਾ (ਸਬੰਧ) ਜੋੜਨ ਦੀ ਕ੍ਰਿਆ, ਸਗਾਈ

"ਸਤੁ ਸੰਤੋਖੁ ਕਰਿ ਭਾਉ ਕੁੜਮੁ ਕੁੜਮਾਈ ਆਇਆ ਬਲਿਰਾਮ ਜੀਉ।"

– ਸੂਹੀ ੪, ਛੰਤ ੧, ੨:੧ (773)

ਕੁੜਮੀ -----

ਵੇਖੋ 'ਕੁੜਮ'

ਕੁੜਮੁ ------

ਵੇਖੋ 'ਕੁੜਮ'

ਕੁੜਿ ------ ਕੁੜਕ ਕੇ (ਸ਼ਬਦਾਰਥ) ਮੁਰਝਾਕੇ (ਮਹਾਨਕੋਸ਼) ਮੁੜ ਅਥਵਾ ਦੂਹਰੀ ਹੋ ਕੇ (ਕੋਸ਼)

"ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ।"

– ਸਿਰੀ ੧, ਪਹ ੨, ੪:੫ (76)

ਕੁੜਿਆਰੀਆ – ਝੂਠਿਆਂ

"ਮੁਹ ਕਾਲੇ ਕੁੜਿਆਰੀਆ ਕੂੜਿਆਰ ਕੂੜੋ ਹੋਇ ਜਾਵੈ।"

– ਗਉ ੪, ਵਾਰ ੬:੫ (302)

ਕੁੜਿੰਈ ---- ਧੀਆਂ, ਕੁੜੀਆਂ

"ਉਦੋਸੀਅ ਘਰੇ ਹੀ ਵੁਠੀ ਕੁੜਿੰਈ ਰੰਨੀ ਧੰਮੀ।"

– ਸਲੋ ੧, ੨੯:੨ (1412)

ਕੂ -------- ਨੂੰ, ਲਈ

"ਪ੍ਰੇਮ ਪਟੋਲਾ ਤੈਂ ਸਹਿ ਦਿਤਾ ਢਕਣ ਕੂ ਪਤਿ ਮੇਰੀ।"

– ਗੂਜ ੫, ਵਾਰ ੮ਸ, ੫, ੧:੧ (520)

"ਸੇਜ ਵਿਛਾਈ ਕੰਤ ਕੂ ਕੀਆ ਹਭੁ ਸੀਗਾਰੁ।" (ਵਾਸਤੇ)

– ਮਾਰੂ ੫, ਵਾਰ ੩ਸ, ੫, ੩:੧ (1095)

ਹੋਰ ਰੂਪ:

ਕੂੰ –

"ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ।" (ਨੂੰ)
– ਸਿਰੀ ੫, ਛੰਤ ੩, ੩:੧ (81)

ਕੂਅਟਾ ----- ਖੂਹ
"ਕੂਅਟਾ ਏਕੁ ਪੰਚ ਪਨਿਹਾਰੀ।"
– ਗਉ ਕਬ, ੧੨, ੩:੧ (325)
"ਨਾ ਓਹੁ ਕੂਅਟਾ ਨਾ ਪਨਿਹਾਰੀ।" (ਭਾਵ ਸਰੀਰ)
– ਗਉ ਕਬ, ੧੨, ੪:੨ (325)

ਕੂਆ ------ ਖੂਹ
"ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ।"
– ਸੋਰ ਕਬ, ੨, ੪:੧ (654)
"ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ।"
– ਸਾਰ ਕਬ, ੨, ੨:੧ (1252)

ਕੂਈ ------ ਖੂਹੀ
"ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਣ ਮੋਹ ਕੀ ਫਾਸ।"
– ਗਉ ੫, ੧੨੦*, ੧:੧ (204)

ਕੂਏ ------- ਖੂਹ ਵਿਚ
"ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ।"
– ਸਲੋ ਕਬ, ੨੧੬:੨ (1376)

ਕੂਕ ------- (1) ਪੁਕਾਰ, ਫਰਿਆਦ, ਵਾਹਰ
"ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ।"
– ਸਿਰੀ ੩, ਅਸ ੨੫, ੫:੨ (69)
"ਨਾਨਕੁ ਆਖੈ ਕੂਕ ਨ ਹੋਈ।" (ਪੁਕਾਰ/ਫਰਿਆਦ ਦੀ ਲੋੜ ਨਹੀਂ ਰਹਿੰਦੀ)
– ਸਾਰ ੪, ਵਾਰ ੧੩ਸ, ੧, ੧:੪ (1242)
(2) ਰੋਣਾ, (ਭਾਵ)
"ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ।" (ਰੋਣਾ ਚੀਕਣਾ ਨਹੀਂ ਮੁਕਦਾ)
– ਸੋਰ ੪, ਵਾਰ ੧੨ਸ, ੩, ੨:੭ (647)
(3) ਢੰਡੋਰਾ (ਮਹਾਨਕੋਸ਼); ਪਹੁੰਚ (ਸ਼ਬਦਾਰਥ); ਰੋਲਾ (ਮਰਯਾਦਾ ਚਲਾਉਣ ਦਾ) (ਦਰਪਣ)
"ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ।"
– ਮਲਾ ੩, ੧੦, ੫:੪ (1261)

ਕੂਕਹਿ ----- ਸੁਣਾਂਦਾ ਹੈ
"ਊਚੈ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ।"
– ਆਸਾ ੧, ਵਾਰ ੧੧ਸ, ੧, ੨:੫ (469)

ਕੂਕਣ ----- ਚੀਕਦਾ, ਪੁਕਾਰਦਾ
"ਜਲ ਕੀ ਸਾਰ ਨ ਜਾਣਹੀ ਤਾਂ ਤੂੰ ਕੂਕਣ ਪਾਹਿ।"
– ਮਲਾ ੧, ਵਾਰ ੯ਸ, ੩, ੨:੨ (1282)

ਕੂਕਦਾ ----- ਸੁਣਾਂਦਾ, ਪੁਕਾਰਦਾ
"ਪੰਡਿਤੁ ਪੜਿ ਪੜਿ ਉਚਾ ਕੂਕਦਾ ਮਾਇਆ ਮੋਹਿ ਪਿਆਰੁ।"
– ਸਿਰੀ ੪, ਵਾਰ ੧੦ਸ, ੩, ੧:੧ (86)

ਹੋਰ ਰੂਪ:

ਕੂਕਦੇ –
"ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ।"
– ਵਡ ੩, ਛੰਤ ੫, ੩:੧ (571)

ਕੂਕਨੇ ----- ਕੂਕਨ (ਪੁਕਾਰ) ਕਰੀ ਜਾਣ ਨਾਲ
"ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ।"
– ਸਲੋ ਕਬ, ੨੨੩:੨ (1376)

ਕੂਕਰ ------ (ਸੰ.) ਕੁੱਤਾ
"ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ।"
– ਸਿਰੀ ੧, ੧੯, ੩:੧ (21)

"ਬਿਨੁ ਸਿਮਰਨ ਕੂਕਰ ਹਰਕਾਇਆ।"
– ਗਉ ੫, ਅਸ ੭, ੬:੧ (239)

ਹੋਰ ਰੂਪ:

ਕੂਕਰਹ –
"ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।"
– ਸਸ ੫, ੩੩:੨ (1357)

ਕੂਕਰਿ –
"ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ।"
– ਸਲੋ ਕਬ, ੫੨:੧ (1367)

ਕੂਕਰੀ –
"ਆਦਿ ਅੰਤੇ ਮਧਿ ਆਸਾ ਕੂਕਰੀ ਬਿਕਰਾਲ।"
– ਗੂਜ ੫, ੩੦, ੨:੧ (502)

ਕੂਕਰੁ –
"ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ।"
– ਸਿਰੀ ੫, ੯੧, ੨:੧ (50)

ਕੂਕਾ ------ ਦੁਖ ਪੀੜਾ ਦੀਆਂ ਆਵਾਜ਼ਾਂ, ਪੁਕਾਰਾਂ
"ਬਾਰਿ ਬਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।"
– ਗੂਜ ੫, ਵਾਰ ੧੦ਸ, ੫, ੧:੧ (520)

ਕੂਕਾਹੀ ----- ਕੂਕਦੇ, ਕੁਰਲਾਉਂਦੇ
"ਤਿਨ ਕੀ ਭੁਖ ਕਦੇ ਨ ਉਤਰੈ ਨਿਤ ਭੁਖਾ ਭੁਖ ਕੂਕਾਹੀ।"
– ਗਉ ੪, ਵਾਰ ੧੫ਸ, ੪, ੨:੫ (308)

ਕੂਕਿ ------ ਚੀਕ ਚੀਕ ਕੇ
"ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ ਹੋਰਿ ਮੂਰਖ ਕੂਕਿ ਮੁਏ ਗਾਵਾਰਾ।"

– ਵਡ ੩, ਛੰਤ ੫, ੩:੬ (571)

"ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।" (ਉਚੀ ਉਚੀ ਕਹਿ ਕੇ)
– ਮਾਰੂ ੩, ਵਾਰ ੯:੪ (1089)

ਹੋਰ ਰੂਪ:

ਕੂਕੀਐ –
"ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ।" (ਉਚੀ ਉਚੀ ਕਹੀਐ)
– ਸਲੋ ਕਬ, ੨੨੩:੧ (1376)

ਕੂਕੇ –
"ਊਚਾ ਕੂਕੇ ਤਨਹਿ ਪਛਾੜੇ।" (ਬੋਲਦੇ, ਚੀਕਦੇ ਹਨ)
– ਮਾਝ ੩, ਅਸ ੨੧, ੪:੧ (121)
"ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ।" (ਕੁਰਲਾਉਂਦਾ)
– ਗਉ ੪, ਵਾਰ ੧੨ਸ, ੪, ੧:੬ (306)
"ਪਤਣਿ ਕੂਕੇ ਪਾਤਣੀ ਵੰਞਹੁ ਧ੍ਰੂਕਿ ਵਿਲਾੜਿ।" (ਉਚੀ ਉਚੀ, ਚੀਕ ਚੀਕੇ ਕੇ)
– ਮਾਰੂ ੧, ਅਸ ੧੦, ੬:੧ (1015)

ਕੁਕੇਦਿਆ --- ਪੁਕਾਰ ਦਿਆਂ, ਸਾਵਧਾਨ ਕਰਦਿਆਂ
"ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਂਦਿਆ ਨਿਤ।"
– ਸਲੋਫਰ, ੧੫:੧ (1378)

ਕੂਕੇਂਦੀ ----- ਪੁਕਾਰਦੀ, ਫਰਿਆਦ ਕਰਦੀ
"ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ।"
– ਸਲੋ ਫਰ, ੫੪:੨ (1380)

ਕੂਕੈ ------- ਪੁਕਾਰ/ਫਰਿਆਦ ਕਰੇ
"ਬਹੁਤੁ ਅਉਗੁਣ ਕੂਕੈ ਕੋਈ।"
– ਆਸਾ ੧, ੨੮, ੨:੧ (357)

ਕੂਚ ------- (1) (ਫਾ. ਕੂਚ) ਚਲੇ ਜਾਣਾ
"ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ।"
– ਸਿਰੀ ੧, ਅਸ ੧੭, ੩:੨ (64)

ਹੋਰ ਰੂਪ:

ਕੂਚਾ –
"ਦਰਿ ਕੂਚ ਕੂਚਾ ਕਰਿ ਗਏ ਅਟਰੇ ਭਿ ਚਲਣਹਾਰ।"
– ਸਿਰੀ ੧, ਅਸ ੧੭, ੩:੨ (64)

(2) (ਸੰ.) ਜੁਲਾਹੇ ਦਾ ਬੁਰਸ਼ (ਕੁਚ)
"ਕੂਚ ਬਿਚਾਰੇ ਫੂਟੇ ਫਾਲ।" (ਕੁਚ ਵਿਚਾਰ ਵਾਲਾਵਾਲ ਖਿਲਰੇ ਪਏ ਹਨ)
– ਗੋਂਡ ਕਬ, ੬, ੧:੩ (871)

ਕੂਚਾ ------ (1) ਬਲਦੀ ਅੱਗ ਦਾ ਮੁਆਤਾ
"ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ।"
– ਮਾਝ ੧, ਵਾਰ ੨੨ਸ, ੨, ੧:੨ (148)

(2) ਚਲੇ ਗਏ, ਵੇਖੋ 'ਕੂਚ' (1)

ਕੂਚੁ ------- ਚਲਾਣਾ, ਵੇਖੋ ਕੂਚ
"ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ।"
- ਸਿਰੀ ੧, ਅਸ ੧੭, ੪:੧ (64)
"ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ।" (ਚਲੇ ਜਾਂਦੇ ਹਨ)
- ਧਨਾ ੧, ਛੰਤ ੧, ੪:੪ (688)

ਕੂਛਿ ------ ਵੇਖੋ 'ਕਾਛਿ-ਕੂਛਿ' ਬਣਾ, ਸਵਾਰਕੇ, ਸ਼ਿੰਗਾਰ ਕੇ
"ਭਗਤ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ।"
- ਸੋਰ ਕਬ, ੩, ੩:੧ (654)

ਕੂੰਜ ------- (ਸੰ.) ਕਾਸ਼ਨੀ ਰੰਗ ਦਾ ਲੰਮੀ ਗਰਦਨ ਵਾਲਾ ਇਕ ਪੰਛੀ ਜੋ ਸਰਦੀਆਂ ਵਿਚ ਗਰਮ ਦੇਸ਼ਾਂ ਵਿਚ ਆਉਂਦੀਆਂ ਹਨ ਤੇ ਸਰਦੀਆਂ ਵਿਚ ਠੰਡੇ ਦੇਸ਼ ਵਿਚ ਚਲੀਆਂ ਜਾਂਦੀਆਂ ਹਨ, ਖੇਤਾਂ ਦਾ ਬਹੁਤ ਨੁਕਸਾਨ ਕਰਦੀਆਂ ਹਨ।
"ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ।"
- ਸਿਰੀ ੩, ੫੪, ੧*:੨ (34)

ਕੂਜੜਾ ----- (ਕੂਜਾ) ਗੰਗਾਸਾਗਰ
"ਅਜੁ ਫਰਦੈ ਕੂਜੜਾ ਸੈ ਕੋਹਾਂ ਥੀਓਮਿ।"
- ਸਲੋ ਫਰ, ੨੦:੨ (1378)

ਕੂੰਜੜੀਆ --- ਕੂੰਜਾਂ
"ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।" (ਭਾਵ ਇੰਦਰੀਆਂ)
- ਆਸਾ ਫਰ, ੨, ੧*:੧ (488)

ਕੂਜਾ ------ (ਅ. ਕੂਜਾ) ਰੰਗਾਸਗਰ, ਦਸਤੇ ਵਾਲਾ ਲੋਟਾ
"ਬਦ ਅਮਲ ਛੋਡਿ ਕਰਹੁ ਹਥਿ ਕੂਜਾ।"
- ਮਾਰੂ ੫, ਸੋਲਾ ੧੨, ੧੦:੨ (1084)
(2) ਮਿਸਰੀ
"ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ।"
- ਗਉ ੧, ੧੩, ੪:੩ (155)

ਕੂੰਜਾ ------ ਇਕ ਪੰਛੀ, ਵੇਖੋ 'ਕੂੰਜ'
"ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ।"
- ਸੂਹੀ ੧, ਕੁਚ ੧:੧੧ (762)

ਹੋਰ ਰੂਪ:

ਕੂੰਜਾਂ -
"ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ।"
- ਆਸਾ ਫਾ, ੨, ੬:੧ (488)

ਕੂੰਜੀ ------ ਚਾਬੀ, ਵੇਖੋ ਕੂੰਜੀ

"ਸੰਤਨ ਹਥਿ ਰਾਖੀ ਕੂੰਜੀ।"
– ਰਾਮ ੫, ੩੫, ੨:੪ (894)

ਕੁਜੈ ------- ਕੁਜਾ, ਲੋਟਾ
"ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ।" (ਭਾਵ ਸਰੀਰ)
– ਮਲਾ ੧, ਵਾਰ ੨੭ਸ, ੧, ੨:੫ (1291)

ਕੂਟਨੁ ------ ਦਲ (ਮਹਾਨਕੋਸ਼) (ਸ਼ਬਦਾਰਥ) ਫੱਫੇ ਕੁਟਣ (ਕੋਸ਼)
"ਕੂਟਨੁ ਸੋਇ ਜੋ ਮਨ ਕਉ ਕੂਟੈ।"
– ਗੋਂਡ ਕਬ, ੧੦, ੧:੧ (872)

ਕੂਟਿ ------ ਵੇਖੋ 'ਕਾਟਿ-ਕੂਟਿ', ਕਟ ਕੁਟ ਕੇ
"ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।"
– ਆਸਾ ਕਬ, ੪, ੪:੧ (476)

ਕੂਟੇ ------- ਕੁਟਦੇ ਹਨ
"ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ।"
– ਸਾਰ ੪, ੪, ੪:੨(1199)

ਹੋਰ ਰੂਪ:

ਕੂਟੈ –
"ਕੂਟਨੁ ਸੋਇ ਜੋ ਮਨ ਕਉ ਕੂਟੈ।"
– ਗੋਂਡ ਕਬ, ੧੦, ੧:੧ (872)

ਕੂੰਡੇ ------- ਕੁੰਡ, ਇਕ ਪ੍ਰਕਾਰ ਦਾ ਬਰਤਨ
"ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ।"
– ਗਉ ਕਬ, ੫੪, ੩:੨ (335)

ਕੂਤੁ ------- ਅਨੁਮਾਨ, ਅੰਦਾਜ਼ਾ
"ਕੇਤੀ ਦਾਤਿ ਜਾਣੈ ਕੌਣੁ ਕੂਤੁ।"
– ਜਪੁ ੧, ੧੬, ੧:੯ (3)

ਕੂਦਹਿ ----- ਕੁੱਦਦਾ/ਟਪਦਾ ਹੈ
"ਹਰਿ ਗੁਨ ਗਾਇ ਕੂਦਹਿ ਅਰੁ ਨਾਚੈ।"
– ਆਸਾ ਕਬ, ੩੪, ੩:੨ (484)

ਕੂਪ ------- (ਸੰ.) ਖੂਹ
"ਅੰਧ ਕੂਪ ਤੇ ਕਾਢੇ ਆਪਿ।"
– ਗਉ ੫, ੧੬੩, ੨:੧ (198)

ਹੋਰ ਰੂਪ:

ਕੂਪਾਇਆ –
"ਗ੍ਰਿਹ ਅੰਧ ਕੂਪ ਕੂਪਾਇਆ।" (ਖੂਹ ਰੂਪ)
– ਸੂਹੀ ੫, ੬, ੩:੧ (746)

ਕੂਪਾਰੀਆ –

"ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ।"
– ਗਉ ੫, ਅਸ ੧੨, ੬:੧ (241)

ਕੂਪਿ –
"ਕਾਮ ਕ੍ਰੋਧਿ ਮੋਹ ਕੂਪਿ ਪਰਿਆ।"
– ਟੋਡੀ ੫, ੧੬, ੪:੧ (715)

ਕੂਪੁ –
"ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।"
– ਗਉ ਰਵਿ, ੧, ੧:੧ (346)

ਕੂਮਲ ------ ਕਰੂਮਲ, ਨਵੀਂ ਨਿਕਲੀ ਕੋਮਲ ਟਹਿਣੀ
"ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ।"
– ਸੂਹੀ ੩, ਵਾਰ ੧੮ਸ, ੧, ੧:੧ (791)

ਕੂਰ ------- ਝੂਠ, ਅਸਤਿ
"ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ।"
– ਗਉ ੫, ਬਾਅ ੪ਸ:੧ (250)

ਕੂਰਨੁ ------ ਕੂੜਾ, ਗੰਦ ਮੰਦ
"ਕਬਹੂ ਕੂਰਨੁ ਚਨੇ ਬਿਨਾਵੈ।"
– ਭੈਰ ਨਾਮ, ੫, ੧:੩ (1164)

ਕੂਰਮਾ ----- (ਸੰ.) ਕਛੂ ਕੁਮਾ, ਕਛੂਆ
"ਜਾਂ ਚੈ ਘਰਿ ਕੂਰਮਾ ਪਾਲੁ ਸਹਸ੍ਫਨੀ ਬਾਸਕੁ ਸੇਜ ਵਾਲੂਆ।"
– ਮਲਾ ਨਾਮ, ੧, ੪:੧ (1292)

ਹੋਰ ਰੂਪ:

ਕੂਰਮੁ –
"ਮਛੁ ਕਛੁ ਕੂਰਮੁ ਆਗਿਆ ਅਉਤਰਾਸੀ।"
– ਮਾਰੂ ੫, ਸੋਲਾ ੧੧, ੮:੨ (1082)

ਕੂਰਾ ------ ਝੂਠਾ, ਅਸਤਿ
"ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਰਾ ਜੀਉ।"
– ਮਾਝ ੫, ੧੮, ੪:੩ (100)

ਹੋਰ ਰੂਪ:

ਕੂਰਿ –
"ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ।" (ਝੂਠ ਅਥਵਾ ਝੂਠੇ ਸਾਧਨਾਂ ਦੁਆਰਾ)
– ਸਿਰੀ ੧, ੯, ੧:੨ (17)
"ਅੰਤਰਿ ਮਮਤਾ ਕੂਰਿ ਕੂੜੁ ਵਿਹਾਝੇ ਕੂੜਿ ਲਈ ਬਲ ਰਾਮ ਜੀਉ।" (ਝੂਠ ਕਾਰਨ)
– ਸੂਹੀ ੪, ਛੰਤ ੧, ੩:੨ (773)

ਕੂਰੁ –
"ਬੋਲਹਿ ਕੂਰੁ ਸਾਕਤ ਮੁਖੁ ਕਾਰਾ।" (ਝੂਠ)

– ਗਉ ੫, ਅਸ ੭, ੪:੨ (239)

ਕੂਰੇ –
“ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ।”
– ਗਉ ੪, ੫੯, ੩:੧ (171)

ਕੂਲਿ ------ (1) (ਸੰ.) ਪਹਾੜੀ ਨਾਲਾ, ਛੋਟੀ ਨਦੀ
“ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।”
– ਸਲੋ ਕਬ, ੧੭੭:੨ (1374)

(2) ਕਿਨਾਰੇ, ਕੰਢੇ
“ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।”
– ਸਵ ੪, ਗਯੰ ੯:੪ (1403)

ਕੂਲੇ ------- ਕੋਮਲ
“ਸਘਨ ਬਾਸੁ ਕੂਲੇ।”
– ਬਸੰ ੫, ੧੮, ੧:੧ (1185)

ਕੂੜ ------- ਝੂਠ
“ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ।”
– ਸਿਰੀ ੧, ੫, ੧:੧ (15)

ਹੋਰ ਰੂਪ:

ਕੂੜਹੁ –
“ਕੂੜਹੁ ਕਰੇ ਵਿਣਾਸੁ ਧਰਮੇ ਤਗੀਐ।” (ਝੂਠ ਤੋਂ)
– ਗੂਜ ੫, ਵਾਰ ੨:੭ (518)

ਕੂੜਾ –
“ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ।” (ਝੂਠਾ ਜੋ ਸਥਿਰ ਨਹੀਂ)
– ਸਿਰੀ ੧, ੮, ੧*:੨ (17)
“ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ।” (ਝੂਠ ਬੋਲਣ ਵਾਲਾ)
– ਸੋਰ ੪, ਵਾਰ ੧੦:੨ (646)

ਕੂੜਾਵਿਆ –
“ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।” (ਝੂਠਾ)
– ਮਾਝ ੫, ਬਾਰਾ ੬:੩ (134)

ਕੂੜਾਵੀ –
“ਕਾਰ ਕੂੜਾਵੀ ਛਡਿ ਸੰਮਲੁ ਸਚੁ ਧਣੀ।”
– ਮਾਰੂ ੫, ਵਾਰ ੧੪ਸ, ੫, ੨:੨ (1099)

ਕੂੜਾਵੀਆ –
“ਬਿਨਠੀ ਦੁਰਮਤਿ ਦੁਰਤੁ ਸੋਇ ਕੂੜਾਵੀਆ।” (ਝੂਠ ਦੀ)
– ਰਾਮ ੫, ਵਾਰ ੧੫:੩ (964)

ਕੂੜਾਵੇ –
“ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ।” (ਝੂਠੇ)
– ਜੈਤ ੫, ਵਾਰ ੧੪ਸ ੫, ੨:੧ (719)

ਕੂੜਿ –
“ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੇ ਕੂੜਿਆਰ।” (ਝੂਠ)
– ਸਿਰੀ ੩, ੫੩, ੨:੪ (34)
“ਕੂੜਿ, ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ।” (ਝੂਠੇ ਦਾ)
– ਆਸਾ ੧, ਵਾਰ ੧੦ਸ, ੧, ੧:੬ (468)
“ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ।” (ਕੂੜ ਦੇ ਕਾਰਨ)
– ਮਾਰੂ ੧, ਸੋਲਾ ੫, ੧੫:੩ (1025)
ਕੂੜਿਆ –
“ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ।”
– ਜੈਤ ੫, ਵਾਰ ੭ਸ, ੫, ੨:੨ (707)

ਕੂੜਿਆਰ --- **ਝੂਠੇ**
“ਅਸੰਖ ਕੂੜਿਆਰ ਕੂੜੇ ਫਿਰਾਹਿ।”
– ਜਪੁ ੧, ੧੯:੬ (4)

ਹੋਰ ਰੂਪ:

ਕੂੜਿਆਰਾ –
“ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ।” (ਝੂਠੇ)
– ਮਾਝ ੧, ਵਾਰ ੭:੩ (141)
ਕੂੜਿਆਰਿ –
“ਮੁੰਧੇ ਕੂੜਿ ਮੁਠੀ ਕੂੜਿਆਰਿ।”
– ਸਿਰੀ ੩, ੬੧, ੧*:੧ (38)
ਕੂੜਿਆਰੀ –
“ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ।”
(ਝੂਠਿਆਂ ਨਾਲ)
– ਗਉ ੪, ਵਾਰ ੨੬:੫ (314)
“ਹਮਰੈ ਜੀਇ ਹੋਰੁ ਮੁਖਿ ਹੋਰੁ ਹੋਤ ਹੈ ਹਮ ਕਰਮਹੀਣ ਕੂੜਿਆਰੀ।” (ਝੂਠੇ)
– ਦੇਵ ੪, ੫, ੧:੨ (528)
ਕੂੜਿਆਰੁ –
“ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ।”
– ਮਾਝ ੧, ਵਾਰ ੧੯:੨ (147)
ਕੂੜਿਆਰੇ –
“ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ।”
– ਗਉ ੧, ਛੰਤ ੨, ੩:੧ (243)
ਕੂੜਿਆਰੋ –
“ਨਾਮੁ ਵਿਸਾਰਿ ਚਲੈ ਕੂੜਿਆਰੋ।”
– ਮਾਰੂ ੧, ਸੋਲਾ ੭, ੧੨:੧ (1027)

ਕੂੜੀ ------ **(1) ਝੂਠੀ**
“ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ।”
– ਜਪੁ ੧, ੩੨:੫ (7)

"ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ।" (ਝੂਠੀਆਂ)
– ਗਉ ੪, ਵਾਰ ੨੦ਸ, ੩, ੧:੭ (311)

ਹੋਰ ਵੇਖੋ
ਕੂੜੀਆ –
"ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ।" (ਝੂਠੀਆਂ)
– ਸਿਰੀ ੧, ੫, ੪:੩ (16)

ਕੂੜੀਏ –
"ਨਾਨਕ ਗਲੀ ਕੂੜੀਏ ਕੂੜੋ ਪਲੈ ਪਾਇ।" (ਝੂਠੀਆਂ)
– ਮਾਝ ੧, ਵਾਰ ੭ਸ, ੧, ੨:੫ (141)

(2) ਝੂਠੀ (ਇਸਤ੍ਰੀ)
"ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ।"
– ਮਲਾ ੧, ਵਾਰ ੨੨ਸ, ੨, ੧:੩ (1288)

ਕੂੜੁ ------- **ਝੂਠ**
"ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।"
– ਸਿਰੀ ੧, ੪, ੧:੧ (15)

ਹੋਰ ਰੂਪ:

ਕੂੜੇ –
"ਅਸੰਖ ਕੂੜਿਆਰ ਕੂੜੇ ਫਿਰਾਹਿ।" (ਝੂਠ ਵਿਚ)
– ਜਪੁ ੧, ੧੮:੬ (4)

"ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ।" (ਝੂਠੇ)
– ਸਿਰੀ ੧, ੬, ੪:੩ (16)

"ਸਾਕਤ ਕੂੜੇ ਸਚੁ ਨ ਭਾਵੈ।" (ਝੂਠ ਬੋਲਣ ਵਾਲਾ)
– ਮਾਝ ੧, ਅਸ ੧, ੫:੧ (109)

"ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ।" (ਝੂਠ)
– ਗਉ ੪, ਵਾਰ ੨੦ਸ, ੩, ੧:੭ (311)

ਕੂੜੈ –
"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।" (ਝੂਠ ਦੀ)
– ਜਪੁ ੧, ੧:੫ (1)

"ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ।" (ਝੂਠੇ, ਜੁਠ ਵਿਚ ਰੁਝੇ, ਝੂਠ ਬੋਲਣ ਵਾਲੇ)
– ਸਿਰੀ ੧, ੮, ੧*:੨ (17)

"ਕੂੜੈ ਲਾਲਚਿ ਲਗਿ ਮਹਲੁ ਖੁਆਈਐ।" (ਝੂਠੇ)
– ਮਾਝ ੧, ਵਾਰ ੧੯:੬ (147)

"ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ।" (ਝੂਠ ਦੇ ਕਾਰਨ)
– ਸਲੋ ੧, ੨੧:੧ (1412)

ਕੂੜੋ –
"ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ।" (ਝੂਠ ਹੀ)
– ਮਾਝ ੧, ਵਾਰ ੭ਸ, ੧, ੨:੫ (141)

ਕੇ -------- (1) ਕੋਈ
“ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ।”
- ਜਪੁ ੧, ੭:੪ (2)

(2) ਦੇ
“ਸੁਣਿਐ ਸਰਾ ਗੁਣਾ ਕੇ ਗਾਹ।”
- ਜਪੁ ੧, ੧੧:੧ (3)

“ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ।” (ਕਿਥੋਂ ਦੇ)
- ਤਿਲੰ ਨਾਮ, ੩, ੨:੪ (727)

“ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ।”
- ਸੂਹੀ ੪, ੧, ੪:੧ (731)

(3) ਕਈ, ਅਨੇਕ, ਬਹੁਤ ਸਾਰੇ
“ਤਿਥੈ ਭਗਤ ਵਸਹਿ ਕੇ ਲੋਅ।”
- ਜਪੁ ੧, ੩੭:੬ (8)

“ਖੋਜਹਿ ਕੋਟਿ ਅਸੰਖ ਬਹੁਤੁ ਅਨੰਤ ਕੇ।”
- ਸੂਹੀ ੫, ਅਸ ੫, ੭:੧ (762)

(4) ਕੁ
“ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ।”
- ਧਨਾ ੧, ੨, ੧*:੧ (660)

ਕੇਉ ------- ਕਿਵੇਂ
“ਨਾ ਕਿਛੁ ਆਸਾ ਹਥਿ ਹੈ ਕੇਉ ਨਿਰਾਸਾ ਹੋਇ।”
- ਰਾਮ ੩, ਵਾਰ ੨੦ਸ, ੩, ੨:੧ (956)

ਕੇਇ ------ ਕੋਈ
“ਆਖਹਿ ਸਿ ਭਿ ਕੇਈ ਕੇਇ।”
- ਜਪੁ ੧, ੨੫:੧੫ (5)

“ਕਹੁ ਨਾਨਕ ਪਾਵਹਿ ਵਿਰਲੇ ਕੇਇ।”
- ਬਸੰ ੩, ੭, ੪:੪ (1170)

ਹੋਰ ਰੂਪ:

ਕੇਈ –
“ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ।”
- ਗੂਜ ੫, ਵਾਰ ੬ਸ, ੫, ੨:੨ (520)

ਕੇਸ ------- ਵਾਲ, ਸਿਰ ਦੇ ਵਾਲ
“ਗੁਰ ਕੇ ਚਰਨ ਕੇਸ ਸੰਗਿ ਝਾਰੇ।”
- ਆਸਾ ੫, ੬੭, ੧:੨ (387)

ਕੇਸਉ ----- ਸੁਹਣੇ ਕੇਸਾਂ ਵਾਲਾ ਵਿਸ਼ਨੂੰ ਭਾਵ ਵਾਹਿਗੁਰੂ
“ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।”
- ਆਸਾ ੧, ੩੨, ੨:੧ (358)

ਕੇਸਰਿ ----- ਕੁੰਗੂ, ਵੇਖੋ ‘ਕੰਗੂ’

"ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ।"

– ਤਿਲੰ ੧, ੨, ੨:੧ (721)

ਹੋਰ ਰੂਪ:

ਕੇਸਰੋ –
"ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।"

– ਧਨਾ ਰਵਿ, ੩, ੧:੧ (694)

ਕੇਸਵ ------ ਸੁੰਦਰ ਕੇਸਾਂ ਵਾਲਾ, ਵਿਸ਼ਨੂੰ ਭਾਵ ਵਾਹਿਗੁਰੂ, ਹਰੀ, ਹੋਰ ਵੇਖੋ 'ਕੇਸੌ'
"ਨਿਰਾਹਾਰੀ ਕੇਸਵ ਨਿਰਵੈਰਾ।"

– ਮਾਝ ੫, ੧੩, ੩:੧ (98)

ਹੋਰ ਰੂਪ:

ਕੇਸਵਹ –
"ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ।"

– ਸਸ ੫, ੨੧:੨ (1356)

ਕੇਸਵਾ –
"ਸੁਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ।"

– ਗਉ ੫, ੧੧੬*, ੪:੨ (203)

"ਕਾਇਆ ਡੂਬੈ ਕੇਸਵਾ।" (ਹੇ ਹਰੀ)

– ਬਸੰ ਨਾਮ, ੨, ੧:੨ (1196)

ਕੇਸਾ ------ ਵਾਲਾਂ ਦਾ
"ਕੇਸਾਂ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।"

– ਸੂਹੀ ੫, ੪੨, ੧:੧ (745)

ਹੋਰ ਰੂਪ:

ਕੇਸਾਇਓ –
"ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ।"

– ਸਾਰ ੫, ੬੬, ੨:੧ (1217)

ਕੇਸੀ ------ (1) ਇਕ ਦਾਨਵ ਜੋ 'ਕੰਸ' ਦੀ ਆਗਿਆ ਨਾਲ ਘੋੜੇ ਦੇ ਰੂਪ ਧਾਰ ਕ੍ਰਿਸ਼ਨ ਜੀ ਨੂੰ ਮਾਰਨ ਆਇਆ ਅਤੇ ਕ੍ਰਿਸ਼ਨ ਜੀ ਨੇ ਇਸ ਦੇ ਮੂੰਹ ਵਿਚ ਆਪਣੀ ਬਾਂਹ ਪਾ ਕੇ ਇਸ ਦੇ ਪ੍ਰਾਨ ਕੱਢੇ।
"ਕੇਸੀ ਕੰਸ ਮਥਨੁ ਜਿਨਿ ਕੀਆ।"

– ਗੋਂਡ ਨਾਮ, ੫, ੪:੧ (874)

ਹੋਰ ਰੂਪ:

ਕੇਸੁ –
"ਕੰਸੁ ਕੇਸੁ ਚਾਂਡੂਰੁ ਨ ਹੋਈ।"

– ਗਉ ੧, ਅਸ ੯, ੧੧:੧ (225)

(2) ਕੇਸਾਂ ਦੇ/ਨਾਲ
"ਨਾ ਸਤਿ ਮੁੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ।"

– ਰਾਮ ੩, ਵਾਰ ੧੨ਸ, ੧, ੧:੨ (952)

ਕੇਸੋ ------- ਹਰੀ ਨੂ ਵੇਖੋ ‘ਕੇਸਵ’
“ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ।”
– ਸਲੋ ਕਬ, ੯੬:੧ (1369)

ਕੇਸੋ ਗੋਪਲ -- ਪ੍ਰਿਥਵੀ/ਸੰਸਾਰ ਨੂੰ ਪਾਲਣ ਵਾਲੇ ਹਰੀ ਦੇ
“ਕੇਸੋ ਗੋਪਾਲ ਪੰਡਿਤ ਸਦਿਅਹੁ ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ।”
– ਰਾਮ ਸੁੰਦ, ਸਦ ੫:੨ (923)

ਕੇਸੌ ------- ਹਰੀ, ਵੇਖੋ ‘ਕੇਸਵ’
“ਕਹਿ ਕਬੀਰ ਕੇਸੌ ਜਗਿ ਜੋਗੀ।
– ਬਿਲਾ ਕਬ, ੮, ੨:੨ (857)

ਕੇਹ ------- (1) ਉਸ ਨੂੰ ਕੀ
“ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ।”
– ਸਿਰੀ ੧, ਅਸ ੧੧, ੩:੨ (60)

(2) ਕਿਵੇਂ
“ਕਹਹੁ ਗੁਸਾਈ ਮਿਲੀਐ ਕੇਹ।”
– ਗਉ ੫, ੯੮, ੧*:੧ (185)

(3) ਕੁਝ ਵੀ
“ਤਾ ਕਉ ਹਾਥਿ ਨ ਆਵੈ ਕੇਹ।”
– ਗਉ ੫, ਸੁਖ ੫, ੩:੮ (268)

(4) ਕਿਸੇ ਨੂੰ
“ਲਾਖ ਕਰੋਰੀ ਮਿਲੈ ਨ ਕੇਹ।”
– ਆਸਾ ੫, ੨੭, ੨:੩ (377)

(5) ਕੋਈ
“ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ।”
– ਸੋਰ ੪, ਵਾਰ ੫ਸ, ੩, ੨:੩ (644)

ਹੋਰ ਰੂਪ:

ਕੇਂਹ –
“ਚਰਣ ਕਮਲ ਨਾਨਕੁ ਆਰਾਧੈ ਤਿਸੁ ਬਿਨੁ ਆਨ ਨ ਕੇਂਹ।”
– ਜੈਤ ੫, ੧੦, ੨:੨ (702)

ਕੇਹਰਹ ----- ਸ਼ੇਰ ਕੋਲ
“ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।”
– ਸਸ ੫, ੪੧:੧ (1357)

ਕੇਹਰਿ ----- ਸ਼ੇਰ
“ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਏ ਰੇ।”
– ਆਸਾ ੫, ੪੪, ੧*:੨ (381)

ਕੇਹਰੋ ------ ਕਿਹੜਾ

"ਪ੍ਰਭ ਥਾਨੁ ਤੇਰੋ ਕੇਹਰੋ ਜਿਤੁ ਜੰਤਨ ਕਰਿ ਬੀਚਾਰੁ।"
- ਕਾਨ ੫, ੩੭, ੨:੨ (1305)

ਕੇਹਾ ------ ਕਿਹੋ ਜਿਹਾ, ਕਿਸ ਪ੍ਰਕਾਰ ਦਾ
"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।"
- ਜਪੁ ੧, ੨੭:੧ (6)
"ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ।" (ਕਿਵੇ ਦਾ, ਕਿਸ ਹਾਲ ਵਿਚ ਹੁੰਦਾ)
- ਸਿਰੀ ੧, ੮, ੪:੧ (17)
"ਤੂੰ ਮੇਰਾ ਰਾਖਾ ਸਭਨੀ ਥਾਈਂ ਤਾ ਭਉ ਕੇਹਾ ਕਾੜਾ ਜੀਉ।" (ਕਾਹਦੀ)
- ਮਾਝ ੫, ੩੧, ੧:੩ (103)

ਹੋਰ ਰੂਪ:

ਕੇਹਿ -
"ਮੁੰਧੇ ਗੁਣਹੀਣੀ ਸੁਖੁ ਕੇਹਿ।" (ਕਾਹਦਾ)
- ਸਿਰੀ ੧, ਅਸ ੫, ੧*:੧ (56)

ਕੇਹੀ -
"ਅਗੀ ਪਾਲਾ ਕਿ ਕਰੇ ਸੂਰਜ ਕੇਹੀ ਰਾਤਿ।" (ਕਾਹਦੀ)
- ਮਾਝ ੧, ਵਾਰ ੨੬ਸ, ੨, ੨:੧ (150)

ਕੇਹੀਆ ---- ਕਿਹੋ ਜਿਹਾ, ਕਿਵੇਂ ਦਾ
"ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ।"
- ਜੈਤ ੫, ਛੰਤ ੧, ੨:੬ (703)

ਕੇਹੁ ------- (1) ਕਿਹੜਾ, ਕੌਣ
"ਸਭੁ ਕਿਛੁ ਆਪੇ ਆਪਿ ਦੂਜਾ ਕੇਹਾ ਕੇਹੁ।"
- ਜੈਤ ੫, ਵਾਰ ੨੦:੨ (710)
(2) ਕੋਈ
"ਚਾਰਿ ਕੁੰਟ ਦਹ ਦਿਸਿ ਜਲ ਨਿਧਿ ਊਨ ਥਾਉ ਨ ਕੇਹੁ।"
- ਸਾਰ ੫, ੧੧੪, ੧:੧ (1226)
(3) ਕੁਝ
"ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ।"
- ਕਾਨ ੫, ੪੯, ੧*:੨ (1308)

ਕੇਹੇ ------- ਕਾਹਦਾ
"ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ।"
- ਰਾਮ ੧, ਅਸ ੧, ੪:੧ (902)

ਕੇਤ ------- (1) ਕਿਤਨੇ ਹੀ (ਗਿਣਤੀ ਵਿਚ)
"ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ।"
- ਗਉ ੫, ਬਾਅ ੨੬:੨ (255)

ਹੋਰ ਰੂਪ:

ਕੇਤਕ -

"ਕੇਤਕ ਸਿਧ ਭਏ ਲਿਵ ਲਾਗੇ।"
– ਗਉ ੧੦, ੩੭, ੧*:੨ (330)

(2) ਕਿਨੀ, ਕਿਸ ਕਦਰ, ਕਿਤਨੀ ਕੁ
"ਮਾਨੁਖ ਕੀ ਕਹੁ ਕੇਤ ਚਲਾਈ।"
– ਆਸਾ ੫, ੭੯, ੨:੨ (390)

ਹੋਰ ਰੂਪ:

ਕੇਤਕ –
"ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ।"
– ਗਉ ੫, ੧੩੧, ੧:੧ (207)

ਕੇਤਕ ------ (1) ਕੀ, ਕਿਹੜੀ
"ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ।"
– ਸੋਰ ੫, ੧੩, ੪:੧ (612)
"ਮਾਨਸ ਕੀ ਕਹੁ ਕੇਤਕ ਬਾਤ।" (ਕਿਹੜੀ)
– ਭੈਰ ੫, ੪੬, ੩:੩ (1149)
"ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ ਘਾਸੁ ਬਢਾਵਹਿ ਕੇਤਕ ਬੋਲਾ।" (ਕੀ)
– ਸਾਰੁ ੫, ੩੬, ੨:੧ (1211)
(2) ਕਿਤਨੇ ਹੀ (ਗਿਣਤੀ ਵਿਚ), ਵੇਖੋ 'ਕੇਤ' (1)
(3) ਕਿਸ ਕਦਰ, ਕਿਤਨੀ ਕੁ, ਵੇਖੋ 'ਕੇਤ' (2)

ਹੋਰ ਰੂਪ:

ਕੇਤਕੁ –
"ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ।"
– ਆਸਾ ੫, ੧੨੩, ੨:੨ (402)

ਕੇਤੜਾ ----- ਕਿੰਨਾ ਕੁਝ
"ਮੂਰਖ ਮਨ ਸਮਝਾਇ ਆਖਉ ਕੇਤੜਾ।"
– ਸੂਹੀ ੧, ਅਸ ੩, ੪:੧ (752)
"ਤੇਰਾ ਹੁਕਮੁ ਨ ਜਾਪੀ ਕੇਤੜਾ ਸਚੇ ਅਲਖ ਅਪਾਰਾ।" (ਕਿਤਨਾ ਕੁ)
– ਸੂਹੀ ੩, ਵਾਰ ੨:੨ (786)

ਕੇਤੜਿਆ --- ਕਿਤਨੇ ਹੀ (ਗਿਣਤੀ ਦੇ)
"ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ।"
– ਗੂਜ ੩, ਵਾਰ ੧੩ਸ, ੩, ੨:੧ (513)

ਹੋਰ ਰੂਪ:

ਕੇਤੜੇ –
"ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ।"
– ਸਿਰੀ ੧, ੧੧, ੨:੨ (18)

ਕੇਤਾ ------ ਕਿੰਨਾ, ਕਿਤਨਾ
"ਧਵਲੈ ਉਪਰਿ ਕੇਤਾ ਭਾਰੁ।"

– ਜਪੁ ੧, ੧੬:੧੦ (3)

ਕੇਤਿਆ ---- ਕਿੰਨਿਆ ਹੀ (ਗਿਣਤੀ)
“ਕੇਤਿਆਂ ਦੂਖ ਭੂਖ ਸਦ ਮਾਰ।”
– ਜਪੁ ੧, ੨੫:੪ (5)

ਕੇਤੀ ------ (1) ਕਿਤਨੀ ਹੈ
“ਕੇਤੀ ਦਾਤਿ ਜਾਣੈ ਕੌਣੁ ਕੂਤੁ।”
– ਜਪੁ ੧, ੧੬:੧੯ (3)
“ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।” (ਕਿਤਨੀ ਹੀ ਲੁਕਾਈ)
– ਜਪੁ ੧, ੩੮ਸ:੬ (8)
“ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ।” (ਕਈ)
– ਸੋਰ ੧, ੧, ੩:੧ (595)
(2) ਕਿੰਨੀਆਂ ਹੀ, ਕਿਤਨੀਆਂ ਹੀ (ਗਿਣਤੀ ਵਿਚ)
“ਕੇਤੀ ਨਾਰਿ ਵਰੁ ਏਕੁ ਸਮਾਲਿ।”
– ਰਾਮ ੧, ਓਅੰ ੨੧:੬ (932)
“ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ।”
– ਸਲੋ ਕਬ, ੧੯੮:੧ (1375)

ਹੋਰ ਰੂਪ:

ਕੇਤੀਆ –
“ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।” (ਕਈ, ਕਿਤਨੀਆਂ ਹੀ)
– ਜਪੁ ੧, ੩੫:੯ (7)

ਕੇਤੀਕ ----- ਕਿਤਨੀ ਕੁ
“ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ।”
– ਮਾਰੂ ੫, ੪, ੧*:੨ (999)

ਕੇਤੁ ------- (1) ਕਿਸ ਲਈ, ਕਾਹਨੂੰ
“ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ।”
– ਸਿਰੀ ੪, ਵਾਰ ੫:੪ (84)
(2) ਕਿਸੇ
“ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ।”
– ਮਾਝ ੫, ਬਾਰਾ ੭:੨ (134)
(3) ਨਿਸ਼ਾਨ, ਝੰਡਾ ਭਾਵ ਰਾਜ
“ਸਤਿਗੁਰੁ ਮੇਰਾ ਸਦਾ ਸਹਾਈ ਜਿਨਿ ਦੁਖ ਕਾ ਕਾਟਿਆ ਕੇਤੁ।”
– ਧਨਾ ੫, ੧੭, ੧*੨ (675)

ਕੇਤੇ ------- ਕਿੰਨੇ ਹੀ, ਅਨੇਕਾਂ
“ਅੰਤ ਕਾਰਣਿ ਕੇਤੇ ਬਿਲਲਾਹਿ।”
– ਜਪੁ ੧, ੨੪:੭ (5)

ਹੋਰ ਰੂਪ:

ਕੇਤੈ –
“ਕਹਨ ਕਹਾਵਨ ਕਉ ਕਈ ਕੇਤੈ।”
– ਕਾਨ ੫, ੨੨, ੧*:੧ (1302)

ਕੇਦਾਰ ----- ਇਕ ਤੀਰਥ ਜੋ 11753 ਫੁਟ ਦੀ ਉਚਾਈ ਉਪਰ ਰੁਦ੍ਰਹਿਮਾਲਾ ਦੀ ਚੋਟੀ ਤੇ ਗੜਵਾਲ ਦੇ ਇਲਾਕੇ ਵਿਚ ਸਥਿਤ ਹੈ।
“ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨ ਕੀਜੈ।”
– ਰਾਮ ਨਾਮ, ੪, ੨:੧ (973)

ਹੋਰ ਰੂਪ:

ਕੇਦਾਰਾ –
“ਗੰਗਾ ਜਮੁਨਾ ਕੇਲ ਕੇਦਾਰਾ।”
– ਮਾਰੂ ੧, ਸੋਲਾ ੨, ੯:੧ (1022)

ਕੇਦਾਰਾ ----- (1) ਇਕ ਤੀਰਥ, ਵੇਖੋ ‘ਕੇਦਾਰ’
(2) ਇਕ ਰਾਗ ਜੋ ਅਧੀ ਰਾਤ ਨੂੰ ਗਾਇਆ ਜਾਂਦਾ ਹੈ। ਗ੍ਰੀਖਮ ਰੁਤ ਦਾ ਰਾਗ ਹੈ ਅਤੇ ਖੁਸ਼ੀ ਤੇ ਵੈਰਾਗ ਦਾ ਰਾਗ ਮੰਨਿਆ ਜਾਂਦਾ ਹੈ।
“ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ।”
– ਮਾਰੂ ੩, ਵਾਰ ੨ਸ, ੩, ੧:੧ (1087)

ਹੋਰ ਰੂਪ:

ਕੇਦਾਰੁ –
“ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ।”
– ਮਾਰੂ ੫, ਵਾਰ ੧੮:੧ (1100)

ਕੇਦਾਰੈ –
“ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ।”
– ਸੋਰ ਕਬ, ੧, ੨:੧ (654)

ਕੇਨ ------- (1) ਕਿਸ ਨੇ, ਕਿਸ ਕਰਕੇ
“ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ।”
– ਆਸਾ ੫, ਛੰਤ, ੮, ੪:੨ (458)

(2) ਕੀਤੇ, ਕਰੇ
“ਜਨ ਕੀ ਮਹਿਮਾ ਬਰਨਿ ਨ ਸਾਕਉ ਓਇ ਊਤਮ ਹਰਿ ਹਰਿ ਕੇਨ।”
– ਕਾਨ ੪, ੨, ੩:੨ (1295)

ਕੇਰਾ ------ ਦਾ
“ਨਾ ਕੋ ਮੇਰਾ ਹਉ ਕਿਸੁ ਕੇਰਾ।”
– ਮਾਝ ੧, ਅਸ ੧, ੨:੧ (109)

“ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ।” (ਲਈ)
– ਪ੍ਰਭਾ ਕਬ, ੨, ੧:੧ (1349)

ਕੇਰਿਆ ---- ਲਈ, ਜੋਗੇ

“ਮਰਿ ਮਰਿ ਜੰਮਹਿ ਨਿਤ ਕਿਸੈ ਨ ਕੇਰਿਆ।
– ਮਾਝ ੧, ਵਾਰ ੧੧:੨ (143)

ਕੇਰੀ ------ ਦੀ
“ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।”
– ਸਿਰੀ ੧, ੧੩, ੧:੨ (18)
“ਕੀਚਹਿ ਰਸ ਭੋਗ ਖੁਸੀਆ ਮਨ ਕੇਰੀ।” (ਦੀਆਂ)
– ਬਿਲਾ ੧, ਅਸ ੨, ੨:੧ (832)

ਹੋਰ ਰੂਪ:
ਕੇਰੀਆ –
“ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ।” (ਦੀ)
– ਗਉ ੪, ੫੨, ੨:੨ (168)
“ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ।” (ਦੀਆਂ)
– ਸੂਹੀ ੧, ੪, ੫:੨ (729)
ਕੇਰੇ –
“ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।” (ਦੇ)
– ਸਿਰੀ ੧, ੨੪, ੧:੨ (23)
“ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ।”
– ਸੂਹੀ ਫਰ, ੨, ੨:੧ (794)
(‘ਕੇਰੇ’ ਸ਼ਬਦ ਨੂੰ ‘ਕੇ ਰੇ’ ਦੋ ਸ਼ਬਦ ਕਰਨੇ ‘ਰੇ’ ਦੇ ਅਰਥ ‘ਕਰੜੇ’ ਕੀਤੇ ਜਾਂਦੇ ਹਨ)
ਕੇਰੈ –
“ਨਵ ਨਿਧਿ ਨਾਮੁ ਨਿਧਾਨੁ ਹਰਿ ਕੇਰੈ।” (ਦੇ)
– ਕਾਨ ੫, ੩੪, ੧*:੨ (1304)

ਕੇਰ੍ਹੇ ------- ਕਿਸ, ਕਿਹੜੇ
“ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ।”
– ਸਲੋ ਫਰ, ੩੮:੨ (1379)

ਕੇਲ ------- (1) (ਸੰ.) ਖੇਡ
“ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ।”
– ਮਾਝ ੫, ੧੯, ੩:੩ (100)
“ਉਨ ਕੈ ਸੰਗਿ ਤੂ ਕਰਤੀ ਕੇਲ।”
– ਆਸਾ ੫, ੮੨, ੧:੧ (390)
“ਨਾਨਕ ਐਥੈ ਸੁਖੈ ਅੰਦਰਿ ਰਖਸੀ ਅਗੈ ਹਰਿ ਸਿਉ ਕੇਲ ਕਰੇਹੁ।” (ਲਾਡ)
– ਬਿਹਾ ੪, ਵਾਰ ੧੫ਸ, ੩, ੨:੬ (554)
“ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ।” (ਕੌਤਕ/ ਚੋਜ ਕਰਨ ਵਾਲਾ)
(2) ਕੇਲਾ
“ਮਾਲੀ ਕੇ ਘਰ ਕੇਲ ਆਛੈ ਕੇਲ ਬੇਲ ਤੇਲ ਗੋ।”
– ਟੋਡੀ ਨਾਮ, ੩, ੨:੨ (718)

(3) ਖੇਡ ਭਾਵ ਖੇਡਨ ਦਾ ਸਥਾਨ ਭਾਵ ਬਿੰਦ੍ਰਾਬਨ
“ਗੰਗਾ ਜਮੁਨਾ ਕੇਲ ਕੇਦਾਰਾ।”
- ਮਾਰੂ ੧, ਸੋਲਾ ੨, ੯:੧ (1022)

ਕੇਲਾ ------ (1) ਕਲੋਲ, ਚੋਜ, ਖੁਸ਼ੀਆਂ
“ਸਬਦਿ ਅਨੰਦ ਕਰੇ ਸਦ ਕੇਲਾ।”
- ਮਾਝ ੫, ੧੦, ੧:੨ (97)

“ਓਸੁ ਅਨੰਦੁ ਤ ਹਮ ਸਦ ਕੇਲਾ।” (ਖੁਸ਼ੀ)
- ਆਸਾ ੫, ੮੩, ੨:੪ (391)
“ਕਹੁ ਨਾਨਕ ਗੁਰ ਇਹੈ ਬੁਝਾਇਓ ਪ੍ਰੀਤਿ ਪ੍ਰਭੂ ਸਦ ਕੇਲਾ।” (ਅਨੰਦ)
- ਧਨਾ ੫, ੨, ੪:੨ (671)

ਹੋਰ ਰੂਪ:

ਕੇਲਾਂ -
“ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ।” (ਖੇਡਾਂ, ਕਲੋਲ)
- ਸਲੋ ਫਰ, ੯੯:੩ (1383)

(2) ਕੇਲਾ, ਇਕ ਫਲ
“ਨੀੰਬੁ ਭਇਓ ਆਂਬੁ ਆਂਬੁ ਭਇਓ ਨੀੰਬਾ ਕੇਲਾ ਪਾਕਾ ਝਾਰਿ।”
- ਰਾਮ ਕਬ, ੧੨, ੧:੧ (972)

ਕੇਲਾਲੀ ---- ਚੋਜੀ, ਕਲੋਲ/ਕੌਤਕ ਕਰਨ ਵਾਲਾ
“ਜਿਨਿ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ।”
- ਧਨਾ ੪, ੪, ੩:੨ (668)

ਕੇਲੇ ------- ਕੇਲੇ (ਇਕ ਫਲ) ਦਾ ਬੂਟਾ
“ਕਬੀਰਾ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।”
- ਸਲੋ ਕਬ, ੮੮:੧ (1369)

ਕੇਵ ------- ਕਿਵੇਂ, ਕਿਸ ਪ੍ਰਕਾਰ
“ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ।”
- ਗਉ ੧, ਛੰਤ ੧, ੧:੩ (242)

ਕੇਵਡ ------ ਕਿੰਨਾ ਵਡਾ
“ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ।”
- ਸਿਰੀ ੧, ੧੦, ੩:੧ (18)

ਹੋਰ ਰੂਪ:

ਕੇਵਡੁ -
“ਕੇਵਡੁ ਵਡਾ ਡੀਠਾ ਹੋਇ।”
- ਆਸਾ ੧, ਸੋਦ ੨, ੧:੨ (9)

ਕੇਵਲ ------ (1) ਸ਼ੁਧ, ਨਿਰੋਲ
“ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।”
- ਆਸਾ ੫, ਸੋਪੁ ੪, ੧:੪ (12)

"ਕੇਵਲ ਨਾਮੁ ਦੀਓ ਗੁਰਿ ਮੰਤੁ।"

– ਗਉ ੫, ੯੨, ੧:੨ (183)

"ਅਨਦਿਨੁ ਕੀਰਤਨੁ ਕੇਵਲ ਬਖ੍ਯਾਨ।"

– ਗਉ ੫, ਸੁਖ ੧੪, ੪:੫ (281)

"ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ।" (ਨਿਰੋਲ)

– ਗੂਜ ੧, ਅਸ ੪, ੧:੨ (504)

"ਸੋ ਜੋਗੀ ਕੇਵਲ ਨਿਹਕਾਮੁ।" (ਸ਼ੁਧ)

– ਭੈਰ ਰਵਿ, ੧, ੧:੪ (1167)

(2) ਸਿਰਫ

"ਕੇਵਲ ਨਾਮੁ ਰਿਦ ਮਾਹਿ ਸਮਾਇਆ।"

– ਗਉ ੫, ੧੧੧, ੪:੨ (188)

"ਤਹ ਕੇਵਲ ਨਾਮੁ ਸੰਗਿ ਤੇਰੈ ਚਲੈ।"

– ਗਉ ੫, ਸੁਖ ੨, ੧:੪ (264)

"ਮਨ ਸਦਾ ਧਿਆਇ ਕੇਵਲ ਪਾਰਬ੍ਰਹਮੁ।"

– ਗਉ ੫, ਸੁਖ ੬, ੨:੮ (270)

"ਜਬ ਹੋਵਤ ਪ੍ਰਭ ਕੇਵਲ ਧਨੀ।" (ਇਕੱਲਾ, ਨਿਵੇਕਲਾ)

– ਗਉ ੫, ਸੁਖ ੨੧, ੨:੧ (291)

ਹੋਰ ਰੂਪ:

ਕੇਵਲੰ –

"ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ।"

– ਸਸ ੫, ੨੬:੧ (1356)

ਕੇਵਲੁ –

"ਏਕੋ ਸਚਾ ਸਚੁ ਤੂ ਕੇਵਲੁ ਆਪਿ ਮੁਰਾਰੀ।"

– ਸੋਰ ੩, ੧, ੧*:੨ (599)

ਕੈ -------- (1) ਕੇ, ਦੇ

"ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ।"

– ਜਪੁ ੧, ੭:੩ (2)

"ਮੰਨੈ ਜਮ ਕੈ ਸਾਥਿ ਨ ਜਾਇ।" (ਦੇ, ਨਾਲ)

– ਜਪੁ ੧, ੧੩:੪ (3)

"ਸੁਖੁ ਸਹਜੁ ਅਨੰਦੁ ਸੰਤਨ ਕੈ ਨਾਨਕ ਗੁਰ ਤੇ ਜਾਨਾ।" (ਸੰਤਾਂ ਦੇ ਘਰ)

– ਧਨਾ ੫, ੬, ੪:੨ (672)

(2) ਕਿਸ

"ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ।"

– ਸਿਰੀ ੧, ੪, ੨:੩ (15)

"ਬਿਆ ਦਰੁ ਨਾਹੀ ਕੈ ਦਰਿ ਜਾਉ।"

– ਸਿਰੀ ੧, ੩੧, ੩:੨ (25)

ਹੋਰ ਰੂਪ:

ਕੈਂ –

"ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ।"

– ਆਸਾ ੫, ੫, ੩:੧ (371)

(3) ਜਾਂ, ਅਥਵਾ

"ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ।"
"ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ।"

– ਮਾਝ ੧, ਵਾਰ ੪ਸ, ੧, ੧:੧;੨ (139)

"ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ।"

– ਸੂਹੀ ੧, ਵਾਰ ੬ਸ, ੩, ੩:੪ (78)

(4) ਆਖ, ਗਉ ....

"ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।"

– ਮਾਝ ੧, ਵਾਰ ੨੭:੨ (150)

(5) ਦੇ ਘਰ

"ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।"

– ਰਾਮ ੧, ਸਿਗੋ ੨੦:੧ (940)

(6) ਕਿਸ ਕਰਕੇ, ਕਿਸ ਤਰ੍ਹਾਂ

"ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ।"

– ਰਾਮ ਕਬ, ੫, ੩:੨ (970)

(7) ਕਿਹੜੇ

"ਦੁਰਜਨ ਸੇਤੀ ਨੇਹੁ ਤੂ ਕੈ ਗੁਣ ਹਰਿ ਰੰਗੁ ਮਾਣਹੀ।"

– ਮਾਰੂ ੫, ਵਾਰ ੧੦ਸ, ੫, ੮:੨ (1097)

(8) ਕਿਤਨਾ (ਵਡਾ ਆਕਾਰ ਵਿਚ)

"ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ।"

– ਬਸੰ ਕਬ, ੪, ੪:੩ (1194)

(ਮਹਾਨਕੋਸ਼ ਇਸ ਦੇ ਅਰਥ 'ਕਰਕੇ' ਕਰਦਾ ਹੈ)

(9) ਕਈ, ਕਿਤਨੀ ਹੀ/(ਗਿਣਤੀ ਵਿਚ)

"ਏਕ ਜੀਅ ਕੈ ਜੀਆ ਖਾਹੀ।"

– ਮਲਾ ੧, ੫, ੨:੧ (1275)

"ਕਰਮ ਵਧਹਿ ਕੈ ਲੋਅ ਖਪਿ ਮਰੀਜਈ।" (ਕਈ ਲੋਕ)

– ਮਲਾ ੧, ਵਾਰ ੧੭:੬ (1285)

(10) ਕਰਕੇ

"ਪ੍ਰਾਨੀ ਰਾਮੁ ਨ ਚੇਤਈ ਮਦਿ ਮਾਇਆ ਕੈ ਅੰਧੁ।" (ਮਾਇਆ ਕਰਕੇ ਅੰਨ੍ਹਾ ਹੋਣ ਕਰਕੇ)

– ਸਲੋ ੯, ੩੧:੧ (1427)

(11) ਭਾਵੇਂ:

"ਕਹਤ ਕਬੀਰ ਜੀਤਿ ਕੈ ਹਾਰਿ।"

– ਭੈਰ, ਕਬ, ੯, ੫:੩ (1159)

ਕੈਸਾ ------ ਕਿਵੇਂ ਦਾ/ਕਿਹੋ ਜਿਹਾ, ਕਿਸ ਤਰ੍ਹਾਂ ਦਾ

"ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ।"

– ਸਿਰੀ ੧, ੩੦, ੪:੧ (25)

ਕੈਸਿ ------- ਕਿਵੇਂ
“ਦੁਨੀਆ ਕੈਸਿ ਮੁਕਾਮੇ।” (ਕਿਵੇਂ ਪੱਕਾ ਟਿਕਾਣਾ ਹੈ)
– ਸਿਰੀ ੧, ਅਸ ੧੭, ੧*:੧ (64)

ਕੈਸੀ ------- ਕਿਵੇਂ ਦੀ, ਕਿਸ ਪ੍ਰਕਾਰ ਦੀ, ਕਿਹੋ ਜਿਹੀ
“ਕੈਸੀ ਆਰਤੀ ਹੋਇ।”
– ਧਨਾ ੧, ਸੋਹ ੩, ੧*:੧ (13)
“ਸਤਸੰਗਤਿ ਕੈਸੀ ਜਾਣੀਐ।” (ਕਿਹੋ ਜਿਹੀ)
– ਸਿਰੀ ੧, ਅਸ ੨੮, ੫:੧ (72)

ਕੈਸੇ -------- ਕਿਵੇਂ
“ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।”
– ਸਿਰੀ ੧, ੩੧, ੧:੧ (25)
“ਕਹਿ ਰਵਿਦਾਸ ਕਹਾ ਕੈਸੇ ਕੀਜੈ।” (ਕੀ ਕਰੀਏ)
– ਜੈਤ ਰਵਿ, ੧, ੬:੧ (710)

ਕੈਸੋ -------- ਕਿਹੋ ਜਿਹਾ
“ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋ ਰੇ।”
– ਸੋਰ ੫, ੧੩, ੩:੧ (612)

ਕੈਹਾ ------- ਇਕ ਧਾਤ, ਕੈਹ
“ਕੈਹਾ ਕੰਚਨੁ ਤੁਟੈ ਸਾਰੁ।”
– ਮਾਝ ੧, ਵਾਰ ੧੨ਸ, ੧, ੨:੧ (143)

ਕੈਹੀ ------- ਕਿਸੇ ਦਾ
“ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।”
– ਸਲੋ ਫਰ, ੧੨੯:੨ (1384)

ਕੈਠੈ -------- ਕਿਥੇ, ਕਿਸ ਥਾਂ
“ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ।”
– ਟੋਡੀ ੫, ੧੯, ੧:੧ (715)

ਕੈਰਉ ------ ਕੌਰਵ, ਕੁਰੁ ਵੰਸ਼ੀ ਲੋਕ
“ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ।”
– ਧਨਾ ਨਾਮ, ੧, ੨:੧ (692)

ਕੈਲੀ ------- ਕਪਿਲ ਗਊ, ਕਾਲੇ ਥਨਾਂ ਵਾਲੀ ਗਊ
“ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ।”
– ਸਲੋ ੩, ੪:੧ (1413)

ਕੋ --------- (1) ਕੋਈ
“ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।”
– ਜਪੁ ੧, ੨:੫ (1)
“ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ।” (ਕੋਈ ਵਿਰਲਾ)
– ਮਾਝ ੩, ਅਸ ੨੪, ੭:੧ (124)

(2) ਦਾ
“ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ।”
– ਸਿਰੀ ੧, ਅਸ ੪, ੨:੧ (55)
“ਨਾਮ ਰਤਨ ਕੋ ਕੋ ਬਿਉਹਾਰੀ।” (ਦਾ ਦੂਜੇ ‘ਕੋ’ ਦਾ ਅਰਥ ‘ਕੋਈ ਵਿਰਲਾ’ ਹੈ)
– ਗਉ ੩, ੮੫, ੧:੧ (181)

(3) ਕੌਣ
“ਮੋ ਕਉ ਇਹ ਬਿਧਿ ਕੋ ਸਮਝਾਵੈ।”
– ਗਉ ੫, ੧੬੩*, ੧*:੧ (215)
“ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ।”
– ਧਨਾ ਨਾਮ, ੧, ੧:੨ (692)

(4) ਨੂੰ
“ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ।”
– ਆਸਾ ਧੰਨਾ ੩, ੩:੨ (488)
“ਜੀਅ ਪ੍ਰਾਨ ਮਾਨ ਸੁਖਦਾਤਾ ਅੰਤਰਜਾਮੀ ਮਨ ਕੋ ਭਾਵਨ।” (ਮਨ ਨੂੰ)
– ਟੋਡੀ ੫, ੨੫, ੧*:੨ (717)

ਕੋਊ ------- ਕੋਈ, ਕੋਈ ਵਿਰਲਾ
“ਰਵਿਦਾਸ ਸਮ ਦਲ ਸਮਝਾਵੈ ਕੋਊ।”
– ਸਿਰੀ ਰਵਿ, ੧, ੩:੨ (93)
“ਜਿਨਿ ਏਹੁ ਰਚਨੁ ਰਚਾਇਆ ਕੋਊ ਤਿਸ ਸਿਉ ਰੰਗੁ ਲਾਵੈ।” (ਕੋਈ ਵਿਰਲਾ)
– ਬਿਲਾ ੫, ੬੦, ੧*:੨ (816)

ਕੋਇ ------ ਕੋਈ
“ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।”
– ਜਪੁ ੧, ੨:੫ (1)

ਕੋਇਲ ----- ਕਾਲੇ ਰੰਗ ਦਾ ਇਕ ਸੁਰੀਲੀ ਆਵਾਜ਼ ਵਾਲਾ ਪੰਛੀ
“ਕਾਲੀ ਕੋਇਲ ਤੂ ਕਿਤੁ ਗੁਨ ਕਾਲੀ।”
– ਸੂਹੀ ਫਰ, ੧, ੨:੧ (794)

ਕੋਇਲਾ ---- ਬੁਝਿਆ ਹੋਇਆ ਅੱਗ ਦਾ ਅੰਗਾਰ
“ਖਿੰਥਾ ਜਲਿ ਕੋਇਲਾ ਭਈ ਤਾਗੇ ਆਚ ਨ ਲਾਗ।”
– ਸਲੋ ਕਬ, ੪੭:੨ (1366)

ਹੋਰ ਰੂਪ:

ਕੋਇਲਿਆਹ –
“ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ।”
– ਸਲੋ ਫਰ, ੪੯:੨ (1380)

ਕੋਇਲੇ –
“ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ।”
– ਕਾਨ ੪, ਅਸ ੫, ੬:੧ (1311)

(2) ਕੋਈ ਵੀ

“ਮੁਏ ਹੁਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ।”
– ਮਲਾ ਨਾਮ, ੨, ੨:੧ (1292)

ਕੋਈ ------ (1) ਕੋਈ ਇਕ, ਕੋਈ ਵੀ

“ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ।”
– ਜਪੁ ੧, ੨੧:੧੩ (4)

“ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।”
– ਗਉ ੪, ੪੯, ੪:੨ (167)

ਹੋਰ ਰੂਪ:

ਕੋਏ –

“ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ।”
– ਰਾਮ ੩, ਅਨੰ ੨੧:੪ (919)

(2) ਵਿਰਲਾ, ਇਕ ਅੱਧਾ

“ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।”
– ਸਿਰੀ ੫, ੯੬, ੧:੨ (51)

“ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ।”
– ਸਿਰੀ ੫, ੯੬, ੨:੨ (51)

(3) ਬਹੁਤਿਆਂ ਵਿਚੋਂ ਇਕ, ਭਾਵੇਂ ਕਿਹੜਾ ਵੀ

“ਸਭ ਏਕਾ ਜੋਤਿ ਜਾਣੈ ਜੇ ਕੋਈ।”
– ਮਾਝ ੩, ਅਸ ੧੯, ੨:੧ (120)

“ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੋ ਦਿਖਾ ਸਿਆਣੀਐ।”
– ਮਾਝ ੧, ਵਾਰ ੨ਸ, ੨, ੨:੬ (138)

“ਮੋ ਕਉ ਕੁਸਲੁ ਬਤਾਵਹੁ ਕੋਈ।”
– ਗਉ ਕਬ, ੪੫, ੧*:੧ (332)

ਕੋਸ ------- (1) ਕੋਹ, ਦੂਰੀ ਦਾ ਇਕ ਮਾਪ

“ਪਾਂਚ ਕੋਸ ਪਰ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ।”
– ਰਾਮ ਨਾਮ, ੧, ੩:੨ (972)

ਹੋਰ ਰੂਪ:

ਕੋਸਨ –

“ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਧਿ ਦੀਜੈ।”
– ਕਲਿ ੪, ਅਸ ੧, ੭:੨ (1324)

ਕੋਸਰੋ –

“ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ।”
– ਸੋਰ ੫, ੬੧, ੧*:੨ (624)

ਕੋਸਾ –

“ਉਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।”
– ਗੂਜ ੫, ਸੋਦ ੫, ੩:੧ (10)

(2) ਖਜ਼ਾਨਾ, ਕੋਸ਼

"ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ।"
– ਸਮੁ ੫, ੫*:੫ (1388)

ਕੋਹ ------- ਕੋਸ, ਦੂਰੀ ਦਾ ਇਕ ਮਾਪ
"ਕੋਹ ਕਰੋੜੀ ਚਲਤ ਨ ਅੰਤੁ।"
– ਆਸਾ ੧, ਵਾਰ ੪ਸ, ੧, ੧:੮ (464)

ਹੋਰ ਰੂਪ:

ਕੋਹਾਂ –
"ਅਜੁ ਫਰੀਦਾ ਕੂਜੜਾ ਸੈ ਕੋਹਾਂ ਥੀਓਮਿ।"
– ਸਲੋ ਫਰ, ੨੦:੨ (1378)

ਕੋਕਿਲ ----- ਕੋਇਲ, ਕਾਲੇ ਰੰਗ ਦੀ ਸੁਰੀਲੀ ਆਵਾਜ਼ ਵਾਲਾ ਇਕ ਪੰਛੀ
"ਕੋਕਿਲ ਹੋਵਾਂ ਅੰਬਿ ਬਸਾ ਸਹਜਿ ਸਬਦ ਬੀਚਾਰੁ।"
– ਗਉ ੧, ੧੯, ੨:੧ (159)
"ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ।" (ਭਾਵ ਜੁਬਾਨ, ਜਿਹਬਾ)
– ਮਲਾ ੫, ੨੩, ੧:੨ (1272)

ਕੋਟ ------- (1) ਕ੍ਰੋੜ, ਇਕ ਸੋ ਲਖ
"ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ।"
– ਮਾਝ ੫, ੨੩, ੧:੩ (101)

(2) ਕਿਲ੍ਹੇ
"ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ।"
– ਸਿਰੀ ੧, ੯, ੨:੨ (17)
"ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ।"
– ਸਿਰੀ ੧, ਅਸ ੧੪, ੪:੧(62)
('ਮਹਾਨ ਕੋਸ਼' ਇਥੇ ਅਰਥ 'ਕ੍ਰੋੜ' ਦੇ ਕਰਦਾ ਹੈ)

ਹੋਰ ਰੂਪ:

ਕੋਟੰ –
"ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ।"
– ਸਾਰ ੫, ੪:੧ (1354)

ਕੋਟੰਤਰ ---- ਕ੍ਰੋੜਹਾਂ
"ਕੋਟ ਕੋਟੰਤਰ ਪਾਪਾ ਕੇਰੇ ਏਕ ਘੜੀ ਮਹਿ ਖੋਵੈ।"
– ਆਸਾ ੧, ਛੰਤ ੪, ੧:੪ (438)
"ਕੋਟ ਕੋਟੰਤਰ ਕੇ ਪਾਪ ਜਲਿ ਜਾਹਿ।" (ਭਾਵੇਂ ਜਨਮ ਜਨਮਾਂਤਰਾ ਦੇ)
– ਬਸੰ ੩, ੧੨, ੧:੩ (1175)

ਕੋਟਨ ------ ਕ੍ਰੋੜਾਂ
"ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ।"
– ਗਉ ੯, ੩, ੨:੨ (219)

ਕੋਟਵਰੀਆ -- ਕੋਤਵਾਲ, ਸ਼ਹਿਰ ਦਾ ਰਾਖਾ
"ਵਿਚਿ ਮਨ ਕੋਟਵਰੀਆ।"
– ਸੂਹੀ ੫, ੪੪, ੧:੨ (746)

ਕੋਟਵਾਰ ---- ਕੋਤਵਾਲ ਭਾਵ ਜਮਦੂਤ/ਧਰਮਰਾਜ
"ਜਿਸ ਕੀ ਅਟਕ ਤਿਸ ਤੇ ਛੁਟੀ ਤਉ ਕਹਾ ਕਰੈ ਕੋਟਵਾਰ।"
– ਮਾਰੂ ੫, ੧੪, ੨:੨ (1002)

ਕੋਟਵਾਲੁ ---- ਕੋਤਵਾਲ, ਅਮਨ ਕਾਨੂਨ ਦਾ ਜ਼ੁੰਮੇਵਾਰ ਅਧਿਕਾਰੀ
"ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ।"
– ਮਲਾ ਨਾਮ, ੧, ੧:੩ (1292)

ਕੋਟਾ ------ ਕ੍ਰੋੜਾਂ
"ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ।" (ਭਾਵ ਸਾਰੇ ਹੀ)
– ਸੋਰ ੫, ੮੦, ੧*:੨ (628)

ਕੋਟਾਨ ----- ਕ੍ਰੋੜਾਂ
"ਖਿਨ ਖੋਵੈ ਪਾਪ ਕੋਟਾਨ।"
– ਪ੍ਰਭਾ ੪, ੭, ੨:੨ (1337)

ਕੋਟਿ ------ (1) ਕ੍ਰੋੜਾਂ
"ਕਥਿ ਕਥਿ ਕਥੀ ਕੋਟੀ ਕੋਟਿ ਕੋਟਿ।"
– ਜਪੁ ੧, ੩:੧੦ (2)

(2) ਕਿਲ੍ਹੇ
"ਸਚੈ ਕੋਟਿ ਗਿਰਾਂਇ ਨਿਜ ਘਰਿ ਵਸਿਆ।"
– ਮਾਝ ੧, ਵਾਰ ੧੮:੩ (146)

ਕੋਟਿਕ ----- ਕ੍ਰੋੜਾਂ
"ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ।"
– ਬਿਹਾ ੫, ੬, ੪:੧ (546)

ਕੋਟੀ ------ ਕ੍ਰੋੜਾਂ
"ਕਥਿ ਕਥਿ ਕਥੀ ਕੋਟੀ ਕੋਟਿ ਕੋਟਿ।"
– ਜਪੁ ੧, ੩:੧੦ (2)

"ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ।"
– ਸਿਰੀ ੪, ੬੭, ੨:੩ (40)

ਕੋਟੁ ------- (1) ਕਿਲਾ, ਗੜ੍ਹ
"ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ।"
– ਗਉ ੪, ਵਾਰ ੧੫:੧ (309)

ਕੋਠ ------- (ਸੰ.) ਕੋਠੜੀ
"ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ।"
– ਆਸਾ ੫, ੫੧, ੩:੧ (384)

ਕੋਠਰੀ ----- **ਕੋਠੜੀ, ਵੇਖੋ 'ਕੋਠ'**

"ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ।"

– ਗਉ ੫, ੧੨੬*, ੪:੧ (206)

ਹੋਰ ਰੂਪ:

ਕੋਠਰੀਆ –

"ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ।" (ਸਰੀਰਕ ਕੋਠੜੀਆ)

– ਸੂਹੀ ੫, ੪੪, ੧:੧, (746)

ਕੋਠਰੇ –

"ਕੋਠਰੇ ਮਹਿ ਕੋਠਰੀ ਪਰਮ ਕੋਠੀ ਬੀਚਾਰਿ।" (ਸਰੀਰ ਰੂਪ ਕੋਠੜੀ ਅੰਦਰ ਹਿਰਦੇ ਰੂਪੀ ਕੋਠੀ ਹੈ)

– ਰਾਮ ਕਬ, ੪, ੪:੧ (970)

ਕੋਠੜੀ –

"ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ।"

– ਸਿਰੀ ੧, ਅਸ ੭, ੨:੩ (57)

ਕੋਠਾ ------ **ਕੋਠੜੀ, ਵੇਖੋ 'ਕੋਠ'**

"ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।"

– ਸਾਰ ੪, ਵਾਰ ੧ਸ, ੨, ੧:੧ (1237)

ਕੋਠਾਰੀ ----- **ਕੁਠਾਲੀ, ਮਿੱਟੀ ਦੀ ਉਹ ਕੁੱਜੀ ਜਿਸ ਵਿਚ ਸੁਨਿਆਰ 'ਸੋਨ' ਢਾਲ ਕੇ ਸੁਧ ਕਰਦਾ ਹੈ।**

"ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ।"

– ਸਾਰ ੫, ੩, ੨:੧ (1203)

ਕੋਠੀ ------ **ਕੋਠੜੀ**

"ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ।" (ਭਾਵ 'ਹਿਰਦਾ', 'ਮਨ')

– ਆਸਾ ੧, ੧੯, ੧:੨ (354)

"ਕਬੀਰ ਕੋਠੀ ਕਾਠ ਕੀ ਦਹ ਦਿਸਿ ਲਾਗੀ ਆਗਿ।" (ਸੰਸਾਰ ਰੂਪੀ ਕੋਠੜੀ)

– ਸਲੋ ਕਬ, ੧੭੨:੧ (1373)

ਕੋਠੇ ------- **ਘਰ, ਰਹਿਣ ਦਾ ਸਥਾਨ, ਕੋਠੀ**

"ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ।"

– ਆਸਾ ੧, ਵਾਰ ੧੭:੨ (472)

"ਪ੍ਰਹਲਾਦੁ ਕੋਠੇ ਵਿਚ ਰਾਖਿਆ ਬਾਰਿ ਦੀਆ ਤਾਲਾ।" (ਬੰਦ ਕਮਰੇ)

– ਭੈਰ ੩, ਅਸ ੧, ੭:੧ (1154)

ਕੋਡ ------- **(1) ਕੌਤਕ, ਤਮਾਸ਼ੇ**

"ਤਿਥੈ ਨਾਦ ਬਿਨੋਦ ਕੋਡ ਅਨੰਦੁ।"

– ਜਪੁ ੧, ੩੬:੨ (7)

('ਮਹਾਨਕੋਸ਼' ਇਥੇ ਅਰਥ 'ਕ੍ਰੋੜਾਂ' ਕਰਦਾ ਹੈ)

(2) ਕ੍ਰੋੜਾਂ
"ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ।"
– ਜੈਤ ੫, ਵਾਰ ੯ਸ, ੫, ੨:੧ (707)

ਕੋਥਰੀ ----- ਥੈਲੀ, ਗੁਥਲੀ
"ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ।"
– ਸਲੋ ਕਬ, ੨੨੫:੧ (1376)

ਕੋਦਉ ----- ਕ੍ਰੋਧਾ, ਇਕ ਅਨਾਜ ਜਿਸ ਦੇ ਆਟੇ ਦੀ ਰੋਟੀ ਗਰੀਬ ਲੋਕ ਖਾਂਦੇ ਹਨ
"ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈ ਹੈ।"
– ਗੂਜ ਕਬ, ੧, ੧*:੨ (524)

ਕੋਧ੍ਰਾ ------ ਇਕ ਅਨਾਜ, ਵੇਖੋ 'ਕੋਦਉ'
"ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ।"
– ਸਲੋ ਫਰ, ੬੫:੨ (1381)

ਹੋਰ ਰੂਪ:

ਕੋਧ੍ਰੈ –
"ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ।"
– ਸਲੋ ਫਰ, ੬੫:੧ (1381)

ਕੋਨੇ ------- ਨੁਕਰੇ
"ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ।"
– ਸਲੋ ਕਬ, ੧੭:੨ (1365)

ਕੋਪ ------- ਕ੍ਰੋਧ, ਗੁਸੇ
"ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ।"
– ਕਾਨ ੫, ੩੦, ੨:੧ (1303)

ਹੋਰ ਰੂਪ:

ਕੋਪਿਓ –
"ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ।"
– ਭੈਰ ਨਾਮ, ੯, ੪:੧ (1165)

ਕੋਪਿਲਾ ---- ਗੁੱਸੇ ਹੋਏ ਹਨ
"ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ।"
– ਮਲਾ ਨਾਮ, ੨, ੧:੧ (1292)

ਕੋਪੁ ------- ਗੁੱਸਾ
"ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ।"
– ਮਾਝ ੧, ਵਾਰ ੨੦ਸ, ੧, ੨:੫ (147)

ਕੋਮ ------- (ਅ. ਕੌਮ) ਜਾਤੀ, ਧਾੜ
"ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ।"
– ਆਸਾ ੫, ੧੩੨, ੨:੧ (404)

ਹੋਰ ਰੂਪ:
ਕੋਮਨ –
“ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ।” (ਕੌਮਾਂ ਵਿਚੋਂ)
– ਗੂਜ ੫, ਅਸ ੧, ੧:੨ (507)

ਕੋਮਲ ------ (1) ਕਠੋਰਤਾ ਰਹਿਤ, ਮਧੁਰ
“ਕੋਮਲ ਬਾਣੀ ਸਭ ਕਉ ਸੰਤੋਖੈ।”
– ਗਉ ੫, ਥਿਤੀ ੧੨:੫ (299)
(2) ਸੁਖਮ, ਨਾਜ਼ਕ
“ਤਨੁ ਧਨੁ ਥਾਪਿ ਕੀਓ ਸਭੁ ਅਪਨਾ ਕੋਮਲ ਬੰਧਨ ਬਾਂਧਿਆ।”
– ਆਸਾ ੫, ੫੦, ੩:੧ (383)

ਕੋਮਾ ------ ਕੌਮ, ਜਾਤੀ, ਵੇਖੋ ‘ਕੋਮ’
“ਠਾਕੁਰ ਮਹਿ ਠਕੁਰਾਈ ਤੇਰੀ ਕੋਮਨ ਸਿਰਿ ਕੋਮਾ।”
– ਗੂਜ ੫, ਅਸ ੧, ੧:੨ (507)

ਕੋਰ ------- ਐਬ, ਦੋਸ਼, ਘਾਟ ਕਸਰ
“ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ।”
– ਸਲੋ ਫਰ ੧੧੪:੧ (1384)

ਕੋਰੜ ------ ਕੋੜਕੂੰ, ਉਹ ਦਾਣਾ ਜੋ ਗਲੇ ਨਾ
“ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ।”
– ਰਾਮ ੫, ਵਾਰ ੭ਸ, ੫, ੨:੧ (960)

ਕੋਰਾ ------ ਅਭਿਜ, (ਪਾਣੀ ਅਥਵਾ ਗਿਆਨ ਤੋਂ)
“ਮਨਮੁਖਿ ਮੁਗਧੁ ਨਰੁ ਕੋਰਾ ਹੋਇ।” (ਗਿਆਨ ਤੋਂ)
– ਸੂਹੀ ੪, ੬, ੩:੧ (732)

ਕੋਰਿ ------ ਕ੍ਰੋੜ
“ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ।”
– ਸਮੁ ੫, ੮:੨ (1386)

ਕੋਰੀ ------ (1) ਜੁਲਾਹਾ
“ਕੋਰੀ ਕੋ ਕਾਹੂ ਮਰਮੁ ਨ ਜਾਨਾਂ।”
– ਆਸਾ ਕਬ, ੩੬, ੧*:੧ (484)
(2) ਅਣਭਿਜ, ਨਵੀਂ, ਜੇ ਅਜੇ ਵਰਤੀ ਨ ਗਈ ਹੋਵੇ
“ਨਿਤ ਉਠਿ ਕੋਰੀ ਗਾਗਰਿ ਆਨੈ।”
– ਬਿਲਾ ਕਬ, ੪, ੧:੧ (856)

ਹੋਰ ਰੂਪ:
ਕੋਰੈ –
“ਸਹਸ ਸਿਆਣਪ ਕਰਿ ਰਹੇ ਮਨਿ ਕੋਰੈ ਰੰਗੁ ਨ ਹੋਇ।” (ਜਿਸ ਦੀ ਪਾਨ ਉਤਰੀ ਹੋਵੈ)
– ਸਿਰੀ ੪, ੬੫, ੩:੨ (40)

ਕੋਰੈ ------- (1) ਅਣਵਰਤਿਆ ਕਪੜਾ ਜਿਸ ਦੀ ਪਾਨ ਨਾ ਲੱਥੀ ਹੋਵੇ, ਵੇਖੋ ਕੋਰੀ (2)
(2) ਕ੍ਰੋੜਾਂ
"ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ।"
– ਕਾਨ ੫, ੨੦, ੧:੨ (1302)

ਕੋਲਿ ------ ਨੇੜੇ, ਸਮਪਿ
"ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ।" (ਪੈਰ ਛੁਹਾ ਦੇਵੇ)
– ਮਾਰੂ ੫, ਵਾਰ ੧੩ਸ, ੫, ੧:੨ (1098)

ਹੋਰ ਰੂਪ:

ਕੋਲੀ –
"ਹਰਿ ਹਰਿ ਰੂਪੁ ਸਭ ਜੋਤਿ ਸਬਾਈ ਹਰਿ ਨਿਕਟਿ ਵਸੈ ਹਰਿ ਕੋਲੀ।" (ਨੇੜੇ, ਕੋਲ)
– ਗਉ ੪, ੫੩, ੨:੨ (169)

ਕੋਲੂ ------- ਤੇਲ ਕਢਣ ਦਾ ਯੰਤਰ
"ਕੋਲੂ ਚਰਖਾ ਚਕੀ ਚਕੁ।"
– ਆਸਾ ੧, ਵਾਰ ੫ਸ, ੧, ੨:੧੫ (465)

ਕੋੜਿ ------ ਕ੍ਰੋੜ, ਗਿਣਤੀ ਦੀ ਇਕ ਇਕਾਈ
"ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ।"
– ਗੂਜ ੫, ੧੪, ੧:੨ (498)

ਹੋਰ ਰੂਪ:

ਕੋੜੀ –
"ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ।" (ਕ੍ਰੋੜਾਂ ਨਰਕਾਂ ਦੇ ਬਰਾਬਰ ਹੈ)
– ਜੈਤ ੫, ਵਾਰ ੯ਸ, ੫, ੨:੨ (707)

ਕੋੜੁ ------- ਕੋਹੜ, ਕੁਸ਼ਟ ਰੋਗ
"ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨ।" (ਬਦੀਆਂ ਦਾ ਕੋਹੜ)
– ਸਲੋ ੩, ੪:੨ (1413)

ਕੋੜ੍ਹੇ ------- ਕੁਸ਼ਟ ਰੋਗੀ, ਕੋਹੜੇ
"ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜ੍ਹੇ।"
– ਗਉ ੪, ਵਾਰ ੧੧:੪ (306)

ਕੌ -------- (1) ਕਉ, ਨੂੰ
"ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।"
– ਮਾਝ ੫, ਬਾਰਾ ੫:੬ (134)

(2) ਦਾ
"ਅੰਤਰਿ ਰਤਨ ਪਦਾਰਥ ਹਿਤ ਕੌ ਦੁਰੈ ਨ ਲਾਲ ਪਿਆਰੀ।"
– ਸਾਰ ੧, ੩, ੪:੧ (1198)

"ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ।" (ਤਿੰਨਾਂ ਦਾ)
– ਸਵ ੪, ਬਲ ੩:੩ (1405)

(3) ਲਈ, ਵਾਸਤੇ
“ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤਿ ਹੋਇ।” (ਨੂੰ, ਲਈ)
– ਸਾਰ ੫, ੯੭, ੧:੨ (1223)
“ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ।” (ਲਈ)
– ਸਵ ੪, ਮਥੁ ੫:੩ (1404)

ਕੌਣੁ ------- ਕਿਹੜਾ
“ਕੇਤੀ ਦਾਤਿ ਜਾਣੈ ਕੌਣੁ ਕੂਤੁ।”
– ਜਪੁ ੧, ੧੬:੧੯ (3)

ਕੌਨ ------- ਕਿਹੜਾ, ਕੋਣ
“ਇਆ ਮੰਦਰ ਮਹਿ ਕੌਨ ਬਸਾਈ।”
– ਗੋਂਡ ਕਬ, ੫, ੧*:੧ (871)

ਕ੍ਰਤਗੁ ----- ਕਰਨਹਾਰ, ਕਰਨ ਦੇ ਸਮਰਥ
“ਕਰਤ ਰਹੇ ਕ੍ਰਤਗੁ ਕਰੁਣਾਮੈ ਅੰਤਰਜਾਮੀ ਗ੍ਯਾਨ।”
– ਕਾਨ ੫, ੨੧, ੨:੧ (1302)

ਕ੍ਰਮ ------- ਅਮਲ, ਕਾਰਜ, ਕਰਨੀ
“ਮਨ ਬਚ ਕ੍ਰਮ ਗੋਵਿੰਦ ਅਧਾਰੁ।”
– ਗਉ ੫, ੧੫੫, ੩:੧ (197)

ਹੋਰ ਰੂਪ:

ਕ੍ਰੰਮ –
“ਸਿਰੀ ਗੁਰੂ ਸਾਹਿਬੁ ਸਭ ਊਪਰਿ ਮਨ ਬਚ ਕ੍ਰੰਮ ਸੇਵੀਐ ਸਚਾ।”
– ਸਵ ੪, ਗਯੰ ੫:੨ (1402)

ਕ੍ਰਮਹੀਨ ---- ਚੰਗੇ ਕੰਮਾਂ (ਅਮਲਾਂ/ਕਰਨੀ) ਤੋਂ ਵਿਹੂਨਾ
“ਜਪਹੀਨ ਤਪਹੀਨ ਕੁਲਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ।”
– ਗਉ ਨਾਮ, ੧, ੨:੨ (345)

ਕ੍ਰਮਰਤੁ ---- ਕਰਮ ਕਾਂਡਾਂ ਵਿਚ ਮਸਤ, ਕਰਮ ਕਾਂਡਾਂ ਵਿਚ ਰੁਝਾ ਹੋਇਆ
“ਕੋਈ ਹੋਆ ਕ੍ਰਮਰਤੁ ਕੋਈ ਤੀਰਥ ਨਾਇਆ।”
– ਧਨਾ ੫, ੫੭, ੧:੧ (684)

ਕ੍ਰਮਿ ------ ਕਰਨੀ, ਅਮਲ, ਕਾਰਜ
“ਮਨ ਬਚ ਕ੍ਰਮਿ ਰਾਮ ਨਾਮੁ ਚਿਤਾਰੀ।”
– ਰਾਮ ੫, ੮, ੧*:੧ (916)

ਕ੍ਰਿਆ ----- ਕੰਮ, ਕਰਮ
“ਹਰਿ ਬਿਨੁ ਅਵਰ ਕ੍ਰਿਆ ਬਿਰਥੇ।”
– ਗਉ ੫, ੧੬੪*, ੧*:੧ (216)
“ਸਗਲ ਕ੍ਰਿਆ ਮਹਿ ਊਤਮ ਕਿਰਿਆ।”

– ਗਉ ੫, ਸੁਖ ੩, ੮:੩ (266)

"ਕ੍ਰਿਆ ਵਿਸੇਖ ਪੂਜਾ ਕਰੇਇ।"

– ਬਸੰ ੩, ੪, ੩:੨ (1169)

ਕ੍ਰਿਸ਼ਨ ----- 1. ਵਿਸ਼ਨ ਦੇ ਅਠਵੇਂ ਅਵਤਾਰ ਜੋ ਭੋਜਵੰਸ਼ੀ ਦੇਵਕ ਦੀ ਪੁੱਤਰੀ ਦੇਵਕੀ ਦੇ ਉਦਰ ਤੋਂ ਯਾਦਵੰਸ਼ੀ ਵਾਸਦੇਵ ਦੇ ਗ੍ਰਹਿ ਵਿਖੇ ਮਥਰਾ ਦੀ ਜੇਲ ਵਿਚ ਜਨਮੇ ਜਿਥੇ ਇੰਨ੍ਹਾਂ ਦੇ ਮਾਪਿਆਂ ਨੂੰ ਇੰਨਾਂ ਦੇ ਮਾਮੇ ਕੰਸ ਨੇ ਇਸ ਡਰ ਕਰਕੇ ਕੈਦ ਕਰਵਾ ਦਿਤਾ ਸੀ ਕਿ ਇਕ ਭਵਿਸ਼ਬਾਣੀ ਅਨੁਸਾਰ ਦੇਵਕੀ ਦੇ ਉਦਰ ਤੋਂ ਜਨਮੇ ਬੇਟੇ ਨੇ ਹੀ ਉਸ ਦਾ ਨਾਸ਼ ਕਰਨਾ ਹੈ। ਮਹਾਂਭਾਰਤ ਦੇ ਯੁੱਧ ਵਿਚ ਆਪ ਨੇ ਪਾਂਡਵਾਂ ਦਾ ਸਾਥ ਦਿੱਤਾ। ਅਰਜਨ ਨੂੰ ਧਰਮ-ਯੁੱਧ ਲਈ ਪ੍ਰੇਰਨਾ ਤੇ ਸਾਹਸ ਦਿਤਾ ਤੇ 'ਗੀਤਾ' ਦਾ ਉਚਾਰਨ ਕੀਤਾ।

"ਬਿੰਦ੍ਰਾਬਨ ਮਨ ਹਰਨ ਮਨੋਹਰ ਕ੍ਰਿਸ਼ਨ ਚਰਾਵਤ ਗਾਊ ਰੇ।"

– ਗਉ ਕਬ, ੬੬, ੨:੧ (338)

"ਸੋਵੰਨ ਢਾਲਾ ਕ੍ਰਿਸ਼ਨ ਮਾਲਾ ਜਪਹੁ ਤੁਸੀ ਸਹੇਲੀਹੋ।" (ਕ੍ਰਿਸ਼ਨ ਵਰਗੀ ਗੋਡਿਆਂ ਤੀਕ ਮਾਲਾ)

– ਵਡ ੧, ਛੰਤ ੨, ੭:੪ (567)

(2) ਭਾਵ, ਹਰੀ, ਪ੍ਰਭੂ

"ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ।"

– ਮਾਝ ੫, ੧੩, ੨:੨ (98)

"ਤਨੁ ਮਨੁ ਸਉਪਉ ਕ੍ਰਿਸ਼ਨ ਪਰੀਤਿ।"

– ਆਸਾ ੧, ਅਸ ੪, ੫:੪ (413)

ਹੋਰ ਰੂਪ:

ਕ੍ਰਿਸਨੰ –

"ਏਕ ਕ੍ਰਿਸ਼ਨੰ ਸਰਬ ਦੇਵਾ ਦੇਵ ਦੇਵਾ ਤਾ ਆਤਮਾ।"

– ਆਸਾ ੧, ਵਾਰ ੧੨ਸ, ੨, ੪:੧ (469)

ਕ੍ਰਿਸ਼ਨਾ ----- (ਸੰ.) ਕਾਲਾ, ਕਾਲੇ ਦਿਲ ਵਾਲਾ, ਵੱਢੀਖੋਰ

"ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ।"

– ਰਾਮ ੧, ਅਸ ੧, ੫:੧ (903)

ਕ੍ਰਿਸਨਿ ----- ਸ੍ਰੀ ਕ੍ਰਿਸਨ ਜੀ ਨੇ, ਵੇਖੋ ਕ੍ਰਿਸਨ (1)

"ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ।"

– ਮਾਰੂ ੧, ਸੋਲਾ ੨੦, ੧੦:੧ (1041)

ਹੋਰ ਰੂਪ:

ਕ੍ਰਿਸਨੁ –

"ਕ੍ਰਿਸਨੁ ਬਲਭਦ੍ਰੁਜ ਗੁਰ ਪਗ ਲਗਿ ਧਿਆਵੈ।"

– ਗਉ ੪, ੪੩, ੪:੨ (165)

ਕ੍ਰਿਸਾਨਵਾ --- ਖੇਤੀ ਕਰਨ ਵਾਲੇ, ਕਿਸਾਨ

"ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ।" (ਭਾਵ ਹੈ ਕਾਮ, ਕ੍ਰੋਧ, ਲੋਭ ਮੋਹ ਅਹੰਕਾਰ)

– ਮਾਰੂ ਕਬ, ੭, ੨:੨ (1104)

ਕ੍ਰਿਸਾਨਿ ---- ਕਿਸਾਨ ਦੇ
"ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ।"
– ਨਟ ੪, ੫, ੧:੨ (976)

ਕ੍ਰਿਸ੍ਨ ------ ਪ੍ਰਭੂ (ਭਾਵ)
"ਸੁਆਨ ਸਤ੍ਰੁ ਅਜਾਤੁ ਸਭ ਤੇ ਕ੍ਰਿਸ੍ਨ ਲਾਵੈ ਹੇਤੁ।"
– ਕੇਦਾ ਰਵਿ, ੧, ੨:੧ (1124)

ਹੋਰ ਰੂਪ::

ਕ੍ਰਿਸ੍ਨੰ:
"ਏਕ ਕ੍ਰਿਸ੍ਨੰ ਤ ਸਬਰ ਦੇਵਾ ਦੇਵ ਦੇਵਾ ਤ ਆਤਮਹ।"
– ਸਸ ੧, ੪:੧ (1353)

ਕ੍ਰਿਸ੍ਨ – ਮੁਰਾਰੇ –
"ਮੋਹਨ ਮਾਧਵ ਕ੍ਰਿਸ੍ਨ ਮੁਰਾਰੇ।" (ਪ੍ਰਭੂ)
– ਮਾਰੂ ੫, ਸੋਲਾ ੧੧, ੨:੧ (1082)

ਕ੍ਰਿਸ੍ਨਾ –
"ਕ੍ਰਿਸ੍ਨਾ ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ।" (ਆਕ੍ਰਸ਼ਤ, ਪ੍ਰੇਰਿਤ ਕਰਨ ਵਾਲਾ ਹਰੀ)।
– ਧਨਾ ਨਾਮ, ੪, ੧:੩ (693)

ਕ੍ਰਿਖਾ ------ ਨਾਸ ਕਰ ਦਿਆਂ/ਪੁੱਟ ਸੁੱਟਾਂ, ਵੇਖੋ 'ਕਿਰਖਾ'
"ਹਰਿ ਨਾਮੁ ਸਲਾਹੀ ਰੰਗ ਸਿਉ ਸਭਿ ਕਿਲਵਿਖ ਕ੍ਰਿਖਾ।"
– ਸੋਰ ੪, ਵਾਰ ੧੯:੪ (650)

ਹੋਰ ਰੂਪ::

ਕ੍ਰਿਖੇ –
"ਜਿਨ ਕਉ ਤੁਮ ਹਰਿ ਰਾਖਹੁ ਸੁਆਮੀ ਸਭ ਤਿਨ ਕੇ ਪਾਪ ਕ੍ਰਿਖੇ।" (ਖਿਚ ਦਿਤੇ, ਪੁਟ ਸੁਟੇ)
– ਨਟ ੪, ੩, ੪:੧ (976)

ਕ੍ਰਿਤ ------ (1) ਸੰ.) ਕੀਤਾ ਹੋਇਆ ਵੇਖੋ ਕਿਰਤ (4)
"ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ।"
– ਧਨਾ ਤ੍ਰਿਲੋ: ੧੬:੧ (695)

(2) ਬਣੀ ਹੋਈ
"ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ।"
– ਮਲਾ ਰਵਿ ੧, ੧:੧ (1293)

ਕ੍ਰਿਤੰ ------ ਕਰ
"ਇਛਸਿ ਜਮਾਦਿ ਪਰਾ ਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ।"
– ਗੂਜ ਜੈਦੇ, ੧, ੨:੧ (526)

ਕ੍ਰਿਤਾਰਥ --- ਸਫਲ, ਫਲੀਭੂਤ, ਵੇਖੋ ਕਿਰਤਾਰਥ

"ਤੀਨਿ ਸਮਾਏ ਏਕ ਕ੍ਰਿਤਾਰਥ।"

– ਪ੍ਰਭਾ ੧, ਅਸ ੬, ੫:੨ (1345)

ਹੋਰ ਰੂਪ:

ਕ੍ਰਿਤਾਰਥੁ –
"ਆਨਦ ਸੂਖ ਭੇਟਤ ਹਰਿ ਨਾਨਕ ਜਨਮੁ ਕ੍ਰਿਤਾਰਥੁ ਸਫਲੁ ਸਵੇਰਾ।" (ਮਨੋਰਥ ਪੂਰਾ ਹੋ ਜਾਣਾ)

– ਗਉ ੫, ੧੨੧*, ੨:੨ (204)

ਕ੍ਰਿਤੁਆ ---- (ਸੰ.) ਕਰਨ ਵਾਲੇ ਕੰਮ, ਉਚਿਤ ਕੰਮ
"ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।"

– ਸਸ ੫, ੮:੧ (1354)

ਕ੍ਰਿਪਛੇ ----- ਕ੍ਰਿਪਾ, ਦਇਆ
"ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ।"

– ਬਸੰ ੪, ੪, ੧*:੧ (1178)

ਕ੍ਰਿਪਣੇ ----- ਕ੍ਰਿਪਾ/ਦਇਆ ਕਰਕੇ
"ਜਨੁ ਨਾਨਕੁ ਹਰਿ ਹਰਿ ਹਰਿ ਹਰਿ ਬਾਂਛੈ ਹਰਿ ਦੇਵਹੁ ਕਰਿ ਕ੍ਰਿਪਣੇ।"

– ਨਟ, ੪, ੬, ੪:੨ (977)

ਕ੍ਰਿਪਨ ----- (ਸੰ.) ਕੰਜੂਸ
"ਧਾਇ ਧਾਇ ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ।"

– ਟੋਡੀ ੫, ੪, ੧:੧ (712)

ਕ੍ਰਿਪਫਾ ----- ਕ੍ਰਿਪਾ
"ਸਤਿਗੁਰ ਬਚਨ ਸੁਖਾਨੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਫਾ।"

– ਪ੍ਰਭਾ ੪, ੫, ੧:੨ (1336)

ਕ੍ਰਿਪਾ ------ (ਸੰ.) ਦਇਆਲਤਾ, ਰਹਿਮ, ਵੇਖੋ 'ਕਿਰਪਾ'
"ਜਿਸ ਨੋ ਕ੍ਰਿਪਾ ਕਰਹਿ ਤਿਨਿ ਨਾਮ ਰਤਨੁ ਪਾਇਆ।"

– ਆਸਾ ੪, ਸੋਪੁ ੨, ੧:੨ (11)

ਕ੍ਰਿਪਾ ------ਸਿੰਧੁ – ਦਇਆਲਤਾ ਦੇ ਸਮੁੰਦਰ
"ਕ੍ਰਿਪਾ-ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ।"

– ਜੈਤ ੫, ੧੦, ੧*:੨ (702)

ਕ੍ਰਿਪਾਨਿ ---- ਕ੍ਰਿਪਾ/ਮਿਹਰ ਸਦਕਾ
"ਤਉ ਮਿਲੀਐ ਗੁਰ ਕ੍ਰਿਪਾਨਿ ਮੇਰੇ ਮਨਾ।"

– ਆਸਾ ੫, ੧੫੮, ੧*:੫ (409)

ਕ੍ਰਿਪਾਨਿਧਾਨ – ਕ੍ਰਿਪਾ ਦਾ ਖਜਾਨਾ
"ਜੇ ਤੂ ਤੁਠਾ ਕ੍ਰਿਪਾਨਿਧਾਨ ਨਾ ਦੂਜਾ ਵੇਖਾਲਿ।"

– ਸੂਹੀ ੫, ਅਸ ੪, ੩:੧ (761)

ਕ੍ਰਿਪਾਨਿਧਿ -- ਕ੍ਰਿਪਾ ਦਾ ਭੰਡਾਰ/ਖਜਾਨਾ

"ਜਾ ਕਉ ਭਏ ਕ੍ਰਿਪਾਲ ਕ੍ਰਿਪਾ ਨਿਧਿ।"
- ਗਉ ੫, ਅਸ ੫, ੮:੧ (238)

ਹੋਰ ਰੂਪ:

ਕ੍ਰਿਪਾਨਿਧੇ –
"ਓਟ ਗਹੀ ਗੋਪਾਲ ਦਇਆਲ ਕ੍ਰਿਪਾਨਿਧੇ।"
- ਆਸਾ ੫, ਛੰਤ ੬, ੩:੧ (456)

ਕ੍ਰਿਪਾਰ ----- ਕ੍ਰਿਪਾਲੂ
"ਪ੍ਰਭੂ ਦਇਆਰ ਕ੍ਰਿਪਾਰ ਕ੍ਰਿਪਾਨਿਧਿ ਜਨ ਨਾਨਕ ਸੰਤ ਰੇਨਾਈ।"
- ਕਾਨ ੫, ੪੭, ੨:੨ (1307)

ਹੋਰ ਰੂਪ:

ਕ੍ਰਿਪਾਰਾ –
"ਕਰਿ ਦਇਆ ਮਇਆ ਦਇਆਲ ਸੁਆਮੀ ਹੋਹੁ ਦੀਨ ਕ੍ਰਿਪਾਰਾ।"
- ਗਉ ੫, ਛੰਤ ੨, ੧:੫ (248)

ਕ੍ਰਿਪਾਲ ---- ਦਇਆ/ਕ੍ਰਿਪਾ ਯੁਕਤ, ਮਿਹਰਵਾਨ
"ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ।"
- ਸਿਰੀ ੫, ਛੰਤ ੩, ੩੩:੧ (80)

ਹੋਰ ਰੂਪ:

ਕ੍ਰਿਪਾਲਾ –
"ਨਾਨਕ ਕਉ ਪ੍ਰਭ ਭਏ ਕ੍ਰਿਪਾਲਾ ਪ੍ਰਭ ਨਾਨਕ ਮਨਿ ਭਾਣਾ ਜੀਉ।"
- ਮਾਝ ੫, ੨੯, ੪:੩ (103)

ਕ੍ਰਿਪਾਲਿ –
"ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ।"
- ਗਉ ੪, ੫੮, ੧*:੨ (170)

ਕ੍ਰਿਪਾਲੁ –
"ਜਿਨ ਕਉ ਹੋਆ ਕ੍ਰਿਪਾਲੁ ਹਰਿ ਸੇ ਸਤਿਗੁਰ ਪੈਰੀ ਪਾਹੀ।"
- ਸਿਰੀ ੪, ਵਾਰ ੧੪:੪ (89)

ਕ੍ਰਿਮ ------ (ਸੰ.) ਕੀੜੇ
"ਹਰਿ ਦੇਵਹੁ ਦਾਨੁ ਦਇਆਲ ਹੋਇ ਵਿਚਿ ਪਾਥਰ ਕ੍ਰਿਮ ਜੰਤਾ।"
- ਸੋਰ ੪, ਵਾਰ ੨੦:੪ (650)

ਹੋਰ ਰੂਪ:

ਕ੍ਰਿਮਹ –
"ਕਦਾਚ ਨਹ ਸਿਮਰੰਤਿ ਨਾਨਕ ਤੇ ਜੰਤ ਬਿਸਟਾ ਕ੍ਰਿਮਹ।"
- ਜੈਤ ੫, ਵਾਰ ੬ਸ, ੫, ੧:੨ (707)

ਕ੍ਰਿਮਿ –
"ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਰ ਕ੍ਰਿਮਿ ਉਦਰੁ ਭਰਿਓ ਹੈ।"
- ਸਮੁ ੫, ੮*:੨ (1388)

ਕ੍ਰੂਰ ------- ਖੋਟੀ (ਸ਼ਬਦਾਰਥ), ਟੇਡੀ (ਦਰਪਣ), ਜਾਲਮ, ਨਿਰਦਈ (ਮਹਾਨਕੋਸ਼, ਕੋਸ਼)
"ਕ੍ਰੂਰ ਦਿਸਟਿ ਰਤਾ ਨਿਸਿ ਬਾਦੰ।"
— ਪ੍ਰਭਾ ਬੇਣੀ, ੧, ੧*:੨ (1351)

ਕ੍ਰੋਧ ------- ਗੁਸਾ, ਹੋਰ ਵੇਖੋ 'ਕ੍ਰੋਧੁ'
"ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰ ਜੋਨੀ ਪਾਇ।"
– ਸਿਰੀ ੫, ੯੧, ੨:੩ (50)

ਹੋਰ ਰੂਪ:

ਕ੍ਰੋਧੰ –
"ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ।"
– ਸਸ ੫, ੪੭:੧ (1358)
ਕ੍ਰੋਧਹਿ – ਆਪ ਪਰ ਕਾ ਕਛੂ ਨ ਜਾਨੈ ਕਾਮ ਕ੍ਰੋਧਹਿ ਜਾਰਿ।"
– ਸਾਰ ੫, ੧੦੭, ੧:੨ (1225)
ਕ੍ਰੋਧਿ –
"ਕਾਮ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰੁ।"
– ਸਿਰੀ ੫, ੯੫, ੨:੧ (51)

ਕ੍ਰੋਧੀ ------ ਕ੍ਰੋਧ/ਗੁਸਾ ਕਰਨ ਵਾਲਾ, ਗੁਸੈਲਾ
"ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ।"
– ਮਾਰੂ ਕਬ, ੧, ੩:੧ (1105)
ਕ੍ਰੋਧੁ –
"ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ।"
– ਸਿਰੀ ੧, ੪, ੧:੨ (15)

ਕ੍ਰੋਪ ------- ਗੁੱਸਾ, ਕ੍ਰੋਧ
"ਜੇ ਅਤਿ ਕ੍ਰੋਪ ਕਰੇ ਕਰਿ ਧਾਇਆ।"
– ਆਸਾ ਕਬ, ੧੨, ੨:੧ (478)

ਹੋਰ ਰੂਪ:

ਕ੍ਰੋਪਿ –
"ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ।"
– ਗੋਂਡ, ਕਬ, ੪, ੧:੨ (870)

ਕ੍ਰੋਰੇ ------- ਕ੍ਰੋੜ, ਸੌ ਲੱਖ
"ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ।"
– ਗਉ ੫, ੧੫੪*, ੧:੧ (213)

ਕ੍ਰੋੜਿ ------ ਸੌ ਲੱਖ, ਕੋਟਿ
"ਸੰਕਰ ਕ੍ਰੋੜਿ ਤੇਤੀਸ ਧਿਆਇਓ ਨਹੀ ਜਾਨਿਓ ਹਰਿ ਮਰਮਾਮ।"
– ਬੈਰਾ ੪, ੧, ੧:੨ (719)

ਕ੍ਰਿਹੁ ------ ਤੋਂ
"ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਰਿਹੁ ਹੋਤੀ ਸਾਟ।"

- ਚਉ ੫, ੧:੧ (1363)

ਖ

ਖਉ ------- ਵਿਨਾਸ਼
"ਅਕਾਲ ਮੂਰਤਿ ਜਿਸੁ ਕਦੇ ਨਾਹੀ ਖਉ।"
- ਮਾਰੂ ੫, ਸੋਲਾ ੧੧, ੭:੨ (1082)

ਖਉਖਟ ---- ਮਾਲਕਉਸ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਸਤ ਹਨ; ਮਾਰੂ, ਮਸਤਅੰਗ, ਪ੍ਰਬਲਚੰਡ, ਕਉਸਕ, ਉਭਾਰਾ ਅਤੇ ਭਉਰਾਨਦ
"ਖਉਖਟ ਅਉ ਭਉਰਾਨਦ ਗਾਏ।"
- ਰਾਗ, ੧:੨੧ (1430)

ਖਉਫੁ ----- (ਅ. ਖੋਫ) ਡਰ, ਭੈ
"ਖਉਫੁ ਨ ਖਤਾ ਨ ਤਰਸੁ ਜਵਾਲੁ।"
- ਗਉ ਰਵਿ, ੨, ੧:੪ (345)

ਖਉਲੀਐ --- ਮਲੀਏ
"ਗਦਹੁ ਚੰਦਨਿ ਪਉਲੀਐ ਭੀ ਸਾਹੂ ਸਿਉ ਪਾਣੁ।"
- ਸੂਹੀ ੩, ਵਾਰ ੧੪ਸ, ੧, ੧:੪ (790)

ਖਇਆ ---- (ਸੰ.) ਨਾਸ਼ (ਖੈ) ਹੋ ਗਿਆ
"ਸਿਮਰਤ ਨਾਮ ਸਗਲ ਰੋਗ ਖਇਆ।"
- ਆਸਾ ੫, ੭੭, ੧*:੨ (389)

ਖਈ ------ ਨਾਸ
"ਕਾਮ ਕ੍ਰੋਧ ਤ੍ਰਿਸਨਾ ਅਹੰਕਾਰਾ ਤਨ ਤੇ ਹੋਏ ਸਗਲ ਖਈ।"
- ਬਿਲਾ ੫, ੯੦, ੧:੨ (822)

ਖਈਹੈ ----- ਖਾਣ ਲਈ
"ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।"
- ਗੂਜ ਕਬ, ੧, ੧*:੨ (524)

ਖਏ ------- ਨਾਸ ਹੋਏ
"ਸੁਨਤ ਜਸੋ ਕੋਟਿ ਅਘ ਖਏ।"
- ਗਉ ੫, ੧੫੧*, ੨:੧ (212)

ਖਸਟ ------ ਛੇ
"ਦਸ ਅਸਟ ਖਸਟ ਸ੍ਰਵਨ ਸੁਨੇ।"
- ਸਾਰ ੫, ੧੩੧, ੧:੧ (1229)

ਖਸਟਮ ----- ਛੇਵਾਂ
"ਖਸਟਮ ਮੇਘ ਰਾਗ ਵੈ ਗਾਵਹਿ।"
- ਰਾਗ ੧:੪੯, (1430)

ਖਸਟਮਿ ---- ਛੇਵੀਂ ਥਿੱਤ
"ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤ ਕਥਹਿ ਅਨੇਕ।"
- ਗਉ ੫, ਥਿਤੀ ੬:੧ (298)

ਖਸਟੀ ----- ਛੇਵੀਂ (ਥਿਤੀ)
"ਖਸਟੀ ਖਟੁ ਦਰਸਨ ਪ੍ਰਭ ਸਾਜੇ।"
ਬਿਲਾ ੧, ਥਿਤੀ ੮:੧ (839)

ਖਸਮ ------ (ਅ. ਖਸਮ) (1) ਮਾਲਕ, ਸਵਾਮੀ
"ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ।"
- ਸਿਰੀ ੧, ੨੭, ੩:੨ (24)
"ਖੇਤੁ ਖਸਮ ਕਾ ਰਾਖਾ ਉਠਿ ਜਾਏ।"
- ਗਉ ੫, ੮੦, ੩:੨ (179)

(2) ਭਾਵ ਪ੍ਰਭੂ
"ਮਨ ਰੇ ਸਾਚੀ ਖਸਮ ਰਜਾਇ।"
- ਸਿਰੀ ੧, ਅਸ ੧੪, ੧*:੧ (62)
"ਬੋਲਾਇਆ ਬੋਲੀ ਖਸਮ ਦਾ।"
- ਸਿਰੀ ੫, ਅਸ ੨੯, ੧੪:੨ (74)
"ਜੋ ਜਨ ਲੇਹਿ ਖਸਮ ਕਾ ਨਾਉ।"
- ਗਉ ਕਬ, ੨੬, ੧:੧ (328)

ਹੋਰ ਰੂਪ:

ਖਸੰਮ -
"ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।"
- ਰਾਮ ਬਸ, ਵਾਰ ੨:੭ (967)

ਖਸਮਹਿ -
"ਖਸਮਹਿ ਜਾਣਿ ਖਿਮਾ ਕਰਿ ਰਹੈ।"
- ਗਉ ਕਬ, ਬਾਅ ੮:੩ (340)

ਖਸਮਹੁ ----- (1) ਪਤੀ ਤੋਂ
"ਖਸਮਹੁ ਘੁਥੀਆ ਫਿਰਹਿ ਨਿਮਾਣੀਆ।"
- ਸਿਰੀ ੧, ਅਸ ੨੮, ੭:੨ (72)

(3) ਮਾਲਕ ਤੋਂ
"ਖਸਮਹੁ ਪੂਰਾ ਪਾਇ ਮਨਹੁ ਰਹਸਿਆ।"
- ਮਾਝ ੧, ਵਾਰ ੨੩:੩ (148)

(3) ਪ੍ਰਭੂ (ਭਾਵ)
"ਸਭੁ ਕੋਈ ਹੈ ਖਸਮ ਕਾ ਖਸਮਹੁ ਸਭੁ ਕੋ ਹੋਇ।"
- ਸਾਰ ੪, ਵਾਰ ੧੮ਸ, ੪, ੧:੧ (1244)

ਖਸਮਾਹੁ ---- ਮਾਲਕ (ਪ੍ਰਭੂ)
"ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ।"
- ਤਿਲੰ ੪, ੧, ੧:੧ (723)

ਖਸਮਾਨਾ ---- (ਫਾ. ਖਸਮਾਨਾ) ਮਾਲਕ ਦੇ ਵਾਂਗੂੰ, ਆਪਣਾ ਬਣਾ/ਸਮਝ ਕੇ ਰੱਖਿਆ ਕਰਨੀ, ਮਾਲਕ ਵਾਲਾ ਧਰਮ ਪੂਰਾ ਕਰਨਾ

"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।"

- ਆਸਾ ੧, ੩੯, ੧:੧ (360)

"ਸੁਨਿਬੋ ਸਖੀ ਕੰਤਿ ਹਮਾਰੋ ਕੀਅਲੋ ਖਸਮਾਨਾ।"

- ਆਸਾ ੫, ੭, ੧*:੧ (372)

ਖਸਮਾਰੇ ---- ਮਾਲਕ, ਪ੍ਰਭੂ

"ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ।"

- ਬਿਲਾ ੫, ੩੪, ੩:੨ (809)

ਖਸਮਿ ----- (1) ਮਾਲਕ (ਪ੍ਰਭੂ) ਨੇ

"ਆਪੇ ਖਸਮਿ ਨਿਵਾਜਿਆ।"

- ਸਿਰੀ ੧, ਅਸ ੨੮, ੧੬:੧ (72)

"ਲਾਲੇ ਨੋ ਸਿਰਿ ਕਾਰ ਹੈ ਧੁਰਿ ਖਸਮਿ ਫੁਰਮਾਈ।"

- ਮਾਰੂ ੧, ਅਸ ੫, ੨:੧ (1011)

(2) ਪਤੀ ਨੂੰ

"ਖਸਮਿ ਦੁਹਾਗਨਿ ਤਜਿ ਅਉਹੇਰੀ।"

- ਗੋਂਡ ਕਬ, ੯, ੪:੨ (872)

"ਸੋਭਾ ਬਣੀ ਸੀਗਾਰੁ ਖਸਮਿ ਜਾਂ ਰਾਵੀਆ।"

- ਰਾਮ ੫, ਵਾਰ ੧੫:੭ (964)

"ਖਸਮਿ ਮਿਲਿਐ ਸੁਖੁ ਪਾਇਆ ਕੀਮਤਿ ਕਹਣੁ ਨ ਜਾਈ।"

- ਮਾਰੂ ੧, ਅਸ ੫, ੧:੩ (1011)

(3) ਪ੍ਰਭੂ (ਮਾਲਕ) ਵਿਚ

"ਖਸਮਿ ਮਿਟੀ ਫਿਰਿ ਭਾਨੀ।"

- ਮਲਾ ੧, ਵਾਰ ੧੯ਸ, ੧, ੨:੪ (1286)

ਖਸਮੁ ------ (1) ਮਾਲਕ ਪ੍ਰਭੂ

"ਖਸਮੁ ਵਿਸਾਰਹਿ ਤੇ ਕਮਜਾਤਿ।"

- ਆਸਾ ੧, ਸੋਦ ੩, ੪:੩ (10)

"ਹੋਇਗਾ ਖਸਮੁ ਤ ਲੇਇਗਾ ਰਾਖਿ।"

ਮਾਲਕ ਪ੍ਰਭੂ ਨੁ ਭਾਵੇਗਾ (ਮਹਾਨਕੋਸ਼ ਇਕੇ ਅਰਥ 'ਦੁਸਮਨ' ਕਰਦਾ ਹੈ)

- ਗਉ ਕਬ, ੩੩, ੩:੨ (329)

ਹੋਰ ਰੂਪ:

ਖਸਮੈ –

"ਹੁਕਮੁ ਪਛਾਨਿ ਤਾ ਖਸਮੈ ਮਿਲਣਾ।"

- ਸਿਰੀ ਕਬ, ੧, ੩*:੨ (92)

(2) ਪਤੀ

"ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ।"

- ਸਿਰੀ ੩, ੬੧, ੪:੨ (38)

"ਖਸਮੁ ਮਰੈ ਤਉ ਨਾਰਿ ਨ ਰੋਵੈ।"

– ਗੋਂਡ ਕਬ, ੭, ੧:੧ (871)
“ਜੋਇ ਖਸਮੁ ਹੈ ਜਾਇਆ।” (ਮਨ ਰੂਪੀ ਖਸਮ-ਮਾਇਆ ਰੂਪੀ ਇਸਤ੍ਰੀ ਨੇ ਜਨਮਿਆ ਹੈ)
– ਬਸੰ ਕਬ, ੩, ੧:੧ (1194)

ਹੋਰ ਰੂਪ:

ਖਸਮੈ –
“ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ।”
– ਸਿਰੀ ੪, ਵਾਰ ੭ਸ, ੧, ੨:੪ (85)

(3) ਮਾਲਕ
“ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ।”
– ਸਿਰੀ ੫, ਅਸ ੨੬, ੯:੩ (71)

ਹੋਰ ਰੂਪ:

ਖਸਮੈ –
“ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।”
– ਆਸਾ ੧, ੩੯, ੨:੧ (360)

ਖਸਲਤਿ ---- (ਅ. ਖ਼ਸਲਤ) ਆਦਤ, ਸੁਭਾਉ
“ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਇ।”
– ਬਿਹਾ ੪, ਵਾਰ ੪ਸ, ੩, ੨:੨ (549)

ਖਸਿ ------ ਖੋਹ (ਲਵੇ)
“ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ।”
– ਸਲੋ ਕਬ, ੭੯:੨ (1368)

ਖਹਦੀ ----- ਖਾਂਦੇ ਹਨ
“ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ।”
– ਰਾਮ ਬਸ, ਵਾਰ ੨:੬ (967)

ਖਹੰਦੇ ------ ਖਹਿੰਦੇ/ਟਕਰ ਲੈਂਦੇ ਹਨ
“ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ।”
– ਗਉ ੪, ਵਾਰ ੧੨:੪ (306)

ਖਹੜਾ ----- ਜ਼ਿਦ, ਹੱਠ
“ਖੋਇ ਖਹੜਾ ਭਰਮੁ ਮਨ ਕਾ ਸਤਿਗੁਰ ਸਰਣੀ ਜਾਇ।”
– ਮਾਰੂ ੫, ੧੩, ੨:੧ (1002)

ਖਖੜੀਆ --- ਕਕੜੀਆਂ, ਅੱਕ ਦੇ ਬੂਟੇ ਨਾਲ ਲਗਦਾ ਫਲ
“ਖਖੜੀਆ ਸੁਹਾਵੀਆਂ ਲਗੜੀਆ ਅਕ ਕੰਠਿ।”
– ਗਉ ੫, ਵਾਰ ੭ਸ, ੫, ੧:੧ (319)

ਖਖਾ ------ ਗੁਰਮੁਖੀ ਲਿਪੀ ਦਾ ‘7’ ਅੱਖਰ ਜਿਸ ਦਾ ਉਚਾਰਣ ‘ਕੰਠ’ ਤੋਂ ਹੁੰਦਾ ਹੈ।
“ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ।”

– ਗਉ ੫, ਬਾਅ ੧੮:੧ (253)

ਹੋਰ ਰੂਪ:

ਖਖੈ –
"ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ।"
– ਆਸਾ ੧, ਪਟੀ ੬:੧ (432)

ਖਗ ------- (ਖ–ਆਸਮਾਨ+ਗ–ਗਮਨ ਕਰਨ ਵਾਲਾ) ਪੰਛੀ
"ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ।" (ਪੰਛੀ ਦੇ ਤਨ ਵਾਲਾ ਭਾਗ 'ਹੰਸ' ਅਵਤਾਰ)
– ਮਲਾ ੫, ੧੩, ੧*:੨ (1269)

ਖਗਿ ------ ਤੀਰ; 'ਖੜਗ' ਦਾ ਸੰਖੇਪ, ਤਲਵਾਰ
"ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ।"
– ਸਮੁ ੫, ੧੦*:੫ (1389)

ਖਚਨਾ ----- ਖਚਿਤ/ਲੀਨ ਹੋਣਾ
"ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤਸੰਗਤਿ ਸੇਤੀ ਮਨੁ ਖਚਨਾ।"
– ਸਵ ੪, ਗਯੰ ੧੩:੪ (1404)

ਖਚਾ ------ ਸ਼ਾਨ ਸ਼ੌਕਤ (ਮਹਾਨਕੋਸ਼); ਕੰਮ ਵਿਚ ਪ੍ਰਵਿਰਤੀ
"ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ।"
– ਮਾਰੂ ੫, ਵਾਰ ੧੫:੪ (1099)

ਖਚਿ ------ ਖਚਿਤ/ਲੀਨ, ਮਸਤ
"ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਤੀ ਹੋਤ।"
– ਚਉ ੫, ੨:੧ (1363)

ਖਚਿਤ ----- ਮਸਤ, ਖੁਭਿਆ
"ਕਰਿ ਕਿਰਪਾ ਭਗਤਿ ਰਸੁ ਦੀਜੈ ਮਨੁ ਖਚਿਤ ਪ੍ਰੇਮ ਰਸ ਖੋਰੀ।"
– ਸਾਰ ੫, ੬੪, ੨:੧ (1222)

ਖਚੀਐ ----- ਲਗੀਏ, ਜੁੜੀਏ
"ਹਰਿ ਸੰਗਿ ਸੰਗਿ ਖਚੀਐ।"
– ਸਾਰ ੫, ੧੩੦, ੨:੪ (1229)

ਖੰਜਨੁ ------ ਦੂਰ ਕਰਨ ਵਾਲਾ, ਮਿਟਾਉਣ ਵਾਲਾ
"ਅਮਰੁ ਅਨਾਥ ਸਰਬ ਸਿਰਿ ਮੋਰਾ ਕਾਲ ਬਿਕਾਲ ਭਰਮ ਭੈ ਖੰਜਨੁ।"
– ਮਲਾ, ੧, ਅਸ ੨, ੩:੨ (1274)

ਖਜਾਨਾ ----- (ਅੰ.) ਕੋਸ਼, ਧਨ ਰਖਨ ਦਾ ਸਥਾਨ, ਭੰਡਾਰ
"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।"
– ਗਉ ੫, ੧੦੦, ੧:੧ (186)

ਹੋਰ ਰੂਪ:

ਖਜਾਨਿਆ –

"ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ।"
– ਗੂਜ ੫, ਵਾਰ ੧੬:੫ (522)

ਖਜਾਨੇ –
"ਬਹੁਤੁ ਖਜਾਨੇ ਮੇਰੈ ਪਾਲੈ ਪਰਿਆ ਅਮੋਲ ਲਾਲ ਆਖੂਟਾ।"
– ਸਾਰ ੫, ੩੨, ੨:੧ (1210)

ਖਜਾਨੈ –
"ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ।"
– ਸਿਰੀ ੧, ਅਸ ੭, ੪:੨ (57)

ਖਜੀਨਾ ----- ਖਜ਼ਾਨਾ, ਕੋਸ਼
"ਹਰਿ ਹਰਿ ਜਨ ਕੈ ਮਾਲੁ ਖਜੀਨਾ।"
– ਗਉ ੫, ਸੁਖ ੨, ੭:੧ (265)

ਖਜੂਰਿ ----- ਇਕ ਦਰਖਤ ਜਿਸ ਦਾ ਫਲ ਛੁਹਾਰਾ ਹੁੰਦਾ ਹੈ
"ਜਲ ਕੀ ਮਾਛੁਲੀ ਚਰੈ ਖਜੂਰਿ।"
– ਟੋਡੀ ਨਾਮ, ੧, ੧:੨ (718)

ਖਟ ------- (1) ਖੱਟੇ
"ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।"
– ਸਿਰੀ ੧, ੭, ੧:੨ (16)

(2) ਛੇ
"ਖਟ ਸਾਸਤ੍ਰ ਸਿਮ੍ਰਿਤਿ ਵਖਿਆਨ।"
– ਗਉ ੫, ਸੁਖ ੩, ੧:੨ (265)

(3) ਛੇ ਸ਼ਾਸ਼ਤਰ/ਵੇਦਾਂਗ
"ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ।" (ਛੇ ਸ਼ਾਸ਼ਤਰ)
– ਭੈਰ ੫, ੧੫, ੩:੧ (1139)
"ਨਵ ਛਿਅ ਖਟ ਕਾ ਕਰੇ ਬੀਚਾਰੁ।" (ਛੇ ਵੇਦਾਂਗ)
– ਸਾਰ ੪, ਵਾਰ ੧ਸ, ੧, ੩:੧ (1237)

ਹੋਰ ਰੂਪ:

ਖਟਸ –
"ਦਸ ਅਸਟ ਖਸਟ ਸ੍ਰਵਨ ਸੁਨੇ।"
– ਸਾਰ ੫, ੧੩੧, ੧:੨ (1229)

ਖਟਹ ------ ਛੇ (ਕਰਮ)
"ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ।"
– ਭੈਰ ੫, ੫੭, ੨:੨ (1153)

ਖਟਹਿ ----- (1) ਛੇ (ਸਾਸਤ੍ਰ)
"ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ।"
– ਸਾਰ ੫, ੬, ੨:੨ (1204)

(2) ਖਟਦੇ/ਕਮਾਂਦੇ ਹਨ

"ਲਾਹਾ ਜਗ ਪਹਿਲੇ ਖਟਹਿ ਜਿਨ ਹਰਿ ਧਨੁ ਰਾਸਿ।"
- ਗਉ ੫, ਵਾਰ ੧੫:੧ (321)

ਖਟਣ ------ ਕਮਾਈ ਕਰਨ
"ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ।"
- ਸਲੋ ਫਰ, ੮:੧ (1378)

ਖਟਣਾ ----- ਕਮਾਉਣਾ
"ਸਚੁ ਖਟਣਾ ਸਚੁ ਰਾਸਿ ਹੈ ਸਚੇ ਸਚੀ ਸੋਇ।"
- ਸਿਰੀ ੩, ੫੯, ੪:੩ (37)

ਖਟਨ ------ ਛੇ ਪ੍ਰਕਾਰ ਦੇ ਹਨ
"ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ।"
- ਕਾਨ ੫, ੩੯, ੧:੧ (1306)

ਖਟਾਈ ----- ਸਮਾਈ, ਟਿਕਾ
"ਜਬ ਬੁਧਿ ਹੋਤੀ ਤਬੁ ਬਲੁ ਕੈਸਾ ਅਬ ਬੁਧਿ ਬਲੁ ਨ ਖਟਾਈ।"
- ਗਉ ਕਬ, ੭੨, ੨:੧ (339)

ਹੋਰ ਰੂਪ:

ਖਟਾਂਈ -
"ਏਕ ਗ੍ਰਿਹਿ ਮਹਿ ਦੁਇ ਨ ਖਟਾਂਈ।" (ਸਮਾਂ ਸਕਦੀਆਂ)
- ਪ੍ਰਭਾ ੫, ਅਸ ੧, ੭:੨ (1347)

ਖਟਾਨਾ ----- ਸਮਾ ਗਿਆ, ਮਿਲ ਗਿਆ
"ਜਿਉ ਜਲ ਮਹਿ ਜਲੁ ਆਇ ਖਟਾਨਾ।"
- ਗਉ ੫, ਸੁਖ ੧੧, ੮:੭ (278)

ਖਟਾਨੀ ----- (1) ਰੁਚ/ਪਸੰਦ ਆਈ
"ਜਨ ਕੀ ਧੂਰਿ ਮਨ ਮੀਠ ਖਟਾਨੀ।"
- ਗਉ ੫, ੧੬੯, ੧*:੧ (199)

(2) ਸਮਾਏ ਰਹਿਣਾ
"ਚਾਲਤ ਬੈਸਤ ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ।"
- ਆਸਾ ੫, ੧੩੫, ੨:੧ (404)

(3) ਬਣ ਗਈ (ਦਰਪਣ); ਮਿਲ ਗਈ (ਨਿਰਣੈ)
"ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ।"
- ਧਨਾ ੫, ੫, ੧:੨ (671)

(ਮਹਾਨ ਕੋਸ਼ ਹਰ ਥਾਂ ਅਰਥ ਪਸੰਦ ਆਈ ਹੀ ਕਰਦਾ ਹੈ)

ਖਟਿ ------ ਕਮਾ ਕੇ, ਖਟੀ ਕਰਕੇ
"ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ।"
- ਸਿਰੀ ੪, ਪਹ ੩, ੨:੩ (76)

ਹੋਰ ਰੂਪ:

ਖਟਿਓ –
“ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ।”
– ਗਉ ੫, ੯੬, ੪:੨ (185)

ਖਟਿਆ –
“ਗੁਰਮਤੀ ਨਾਮੁ ਧਨੁ ਖਟਿਆ ਭਗਤੀ ਭਰੇ ਭੰਡਾਰਾ।”
– ਮਾਝ ੧, ਵਾਰ ੬:੫ (140)
“ਮਾਣਸ ਜਨਮੁ ਦੁਲੰਭੁ ਹੈ ਜਗ ਮਹਿ ਖਟਿਆ ਆਇ।” (ਪ੍ਰਾਪਤ ਕੀਤਾ)
– ਵਡ ੩, ਅਸ ੨, ੬:੧ (565)

ਖਟਿਐ –
“ਸਤ ਕੈ ਖਟਿਐ ਦੁਖੁ ਨਹੀ ਪਾਇਆ।” (ਪ੍ਰਾਪਤ ਹੋਈ)
– ਆਸਾ ੫, ੬, ੩:੩ (372)

ਖਟਿਐ ----- (1) ਪ੍ਰਾਪਤ ਹੋਈ, ਵੇਖੋ ‘ਖਟਿ’
(2) ਕਮਾਈ, ਖਟੀ ਭਾਵ ਧਨ
“ਇਸਤਰੀ ਪੁਰਖੈ ਖਟਿਐ ਭਾਉ।”
– ਰਾਮ ੩, ਵਾਰ ੧੧ਸ, ੧, ੧:੩ (951)

ਖਟਿਹੁ ----- ਕਮਾਵੋ ਖਟੋ
“ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ।”
– ਰਾਮ ੩, ਅਨੰ ੩੧:੩ (921)

ਖਟੀ –
“ਗੁਰਮੁਖਿ ਧਨੁ ਖਟੀ ਹਰਿ ਮੇਰਾ ਸਾਹੁ।” (ਗੁਰੂ ਦੁਆਰਾ ਧਨ ਕਮਾਂਦਾ ਹਾਂ)
– ਆਸਾ ੫, ੧੬, ੩:੨ (375)

ਖਟੀਅਹਿ –
“ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ।”
– ਆਸਾ ੧, ੩੧, ੨:੧ (358)

ਖਟੀਆ ---- (1) ਮ੍ਰਿਤ ਸਰੀਰ ਲੈ ਜਾਣ ਵਾਲੀ ਸੀੜੀ, ਬਬਾਣ, ਅਰਥੀ
“ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੈ ਗਏ ਭਾਈ।”
– ਆਸਾ ਕਬ, ੯, ੩:੧ (478)
(2) ਖਟੀ, ਕਮਾਈ
“ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ।”
– ਕੇਦਾ ਕਬ, ੬, ੧*:੨ (1124)

ਖਟੀਐ ----- (1) ਕਮਾਈਐ
“ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ।”
– ਸੂਹੀ ੪, ੧੦, ੨:੧ (734)

(2) ਫੈਲ ਗਈ, ਖਿਲਰ ਗਈ
“ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ।”
– ਰਾਮ ਬਸ, ਵਾਰ ੨:੧ (966)

(3) ਕਮਾਈ/ਖਟੀ ਵਿਚ ਭਾਵ ਲੰਗਰ ਵਿਚ

“ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।”

– ਰਾਮ ਬਸ, ਵਾਰ ੨:੫ (967)

ਖਟੁ ------- (1) ਛੇ

“ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ।”

– ਆਸਾ ੪, ਸੋਪੁ ੧, ੪:੪ (11)

(2) ਛੇਤ ਸ਼ਾਸਤ੍ਰ

“ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ।” (ਛੇ ਸ਼ਾਸ਼ਤਰਾਂ ਦੇ ਗਿਆਤਾ)

– ਆਸਾ ੫, ੧੩੩, ੧:੧ (404)

“ਖਟੁ ਭੀ ਏਕਾ ਬਾਤ ਵਖਾਨਹਿ।”

– ਰਾਮ ੫, ੧੨, ੧:੨ (886)

(3) ਛੇ ਚੱਕਰ, ਯੋਗ ਅਨੁਸਾਰ ਸੁਆਸ ਛੇ ਚਕਰਾਂ ਵਿਚੋਂ ਲੰਘ ਕੇ ਦਸਵੇਂ ਦੁਆਰ ਅਪੜਦਾ ਹੈ। ਇਹ ਛੇ ਚੱਕਰ ਹਨ, ਮੂਲਾਧਾਰ, ਸ੍ਵਾਧਿਸਠਾਨ, ਮਣਿਪੁਰ ਚੱਕਰ, ਅਨਾਹਤ ਚੱਕਰ, ਵਿਸੁਧ ਚੱਕਰ, ਆਗਿਆ ਚੱਕਰ

“ਖਟੁ ਮਟੁ ਦੇਹੀ ਮਨੁ ਬੈਰਾਗੀ।” (ਛੇ ਚੱਕਰਾਂ ਵਾਲੀ ਦੇਹੀ ਰੂਪੀ ਮਠ ਹੈ)

– ਰਾਮ ੧, ਅਸ ੩, ੧:੧ (903)

ਖਟੂਆ ----- ਛੇ

“ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ।”

– ਸਮੁ ੫, ੧੧*:੧ (1389)

ਖਟੇ ------- ਕਮਾਏ

“ਮਹਾ ਦੁਖੁ ਖਟੇ ਬਿਰਥਾ ਜਨਮੁ ਗਵਾਇਆ।”

– ਗਉ ੩, ੩੧, ੩:੩ (161)

ਹੋਰ ਰੂਪ:

ਖਟੈ –

“ਧਨੁ ਖਟੈ ਆਸਾ ਕਰੈ ਮਾਇਆ ਮੋਹੁ ਵਧਾਵੈ।”

– ਗਉ ੪, ੪੭, ੨:੨ (166)

ਖਟੋਲਾ ----- ਮੰਜੀ ਦਾ ਚੌਖਟ

“ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ ਵਿਛਾਵਣ ਲੇਫੁ।”

– ਸਲੋ ਫਰ, ੩੫:੧ (1379)

ਖਟੋਲੀ ----- ਸੇਜ

“ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ।”

– ਬਿਲਾ ੫, ੮੯, ੨:੨ (822)

ਖਡ ------- ਖੁਡ

“ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ।”

– ਮਲਾ ੧, ਵਾਰ ੧੯ਸ, ੧, ੧:੨ (1286)

ਖੰਡ ------- (1) ਦੇਸ, ਸ੍ਰਿਸ਼ਟੀ (ਬ੍ਰਹਮੰਡ) ਦੇ ਹਿੱਸੇ
“ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ।”
– ਜਪੁ ੧, ੨੭, ੧੪ (6)
“ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਉ।” (ਧਰਤੀ ਦਾ ਹਿੱਸਾ)
– ਦੇਵ ੫, ੩੩, ੧*:੨ (535)
(2) ਭਾਗ, ਦਰਜਾ, ਮੰਜ਼ਲ
“ਧਰਮ ਖੰਡ ਕਾ ਏਹੋ ਧਰਮੁ।”
– ਜਪੁ ੧, ੩੫:੧ (7)
(3) ਹਿੱਸੇ, ਭਾਗ
“ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।”
– ਸਿਰੀ ੪, ਵਾਰ ੪:੧ (84)
(4) ਕਮੀ, ਘਾਟ (ਮਹਾਨਕੋਸ਼), ਟੁਕੜੇ (ਸ਼ਬਦਾਰਥ); ਟੋਟਾ, ਨਾਸ (ਦਰਪਣ), ਨਾਸ਼ ਹੋਣਾ (ਨਿਰਣੈ)
“ਅਬਿਨਾਸੀ ਨਾਹੀ ਕਿਛੁ ਖੰਡ।”
– ਗਉ ੫, ਸੁਖ ੧੪, ੬:੭ (282)
(5) ਟੁਕੜੇ
“ਖੰਡ ਖੰਡ ਕਰਿ ਭੋਜਨੁ ਕੀਨੋ ਤਉ ਨ ਬਿਸਰਿਓ ਪਾਨੀ।”
– ਸੋਰ ਰਵਿ ੨, ੨:੨ (658)
“ਭਗਤਿ ਬਿਹੂਨਾ ਖੰਡ ਖੰਡ।” (ਟੁਕੜੇ ਟੁਕੜੇ ਭਾਵ ਨਾਸ ਹੁੰਦਾ ਹੈ)
– ਬਸੰ ੫, ਅਸ ੨, ੧:੩ (1192)

ਖੰਡਸਿ ----- ਨਾਸ ਕਰਦਾ, ਤੋੜਦਾ, ਕਟਦਾ, ਬਖਸ਼ ਦਿੰਦਾ
“ਕਾਹੇ ਨ ਖੰਡਸਿ ਅਵਗਨੁ ਮੇਰਾ।”
– ਆਸਾ ਕਬ, ੧੨, ੧*:੨ (478)

ਖੰਡਹੁ ------ ਕਟਹੁ, ਦੂਰ ਕਰਹੁ, ਨਾਸ ਕਰਹੁ, ਬਖਸ਼ੋ
“ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ।”
– ਧਨਾ ੫, ੧੨, ੨:੧ (674)

ਖੰਡਣ ------ ਕਟਣ/ਦੂਰ ਕਰਨ ਲਈ
“ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ।”
– ਸਮੁ ੫, ੯*:੨ (1389)

ਹੋਰ ਰੂਪ:

ਖੰਡਣੰ –
“ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ।” (ਨਾਸ ਕਰਦਾ ਹੈ)
– ਜੈਤ ੫, ਵਾਰ ੩ਸ, ੫, ੧:੨ (706)

ਖੰਡਣਹ –
“ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੵੰ ਰੋਗ ਖੰਡਣਹ।”
– ਸਸ ੫, ੫੯:੧ (1359)

ਖੰਡਨ ------ ਦੂਰ ਕਰਨਾ
"ਕੋਟਿ ਅਪਰਾਧ ਖੰਡਨ ਕੇ ਦਾਤੇ ਤੁਝ ਬਿਨੁ ਕਉਨੁ ਉਧਾਰੇ।"
– ਟੋਡੀ ੫, ੧੫, ੧:੨ (714)

ਹੋਰ ਰੂਪ:

ਖੰਡਨਹ –
"ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ।"
– ਸਸ ੫, ੧੯:੧ (1355)

ਖੰਡਨਾ –
"ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।" (ਸੰਸਾਰ (ਭਵ) ਅਰਥਾਤ ਜਨਮ ਮਰਨ ਕੱਟਣ ਵਾਲੇ)
– ਧਨਾ ੧, ਸੋਹ ੩, ੧*:੨ (13)

ਖੰਡਨੁ –
"ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ।" (ਕਟਣ ਵਾਲੇ)
– ਗਉ ੫, ਅਸ ੧੪, ੫:੧ (241)
"ਆਪੇ ਠਾਕੁਰੁ ਸੇਵਕੁ ਆਪੇ ਆਪੇ ਹੀ ਪਾਪ ਖੰਡਨੁ।"
– ਬਿਹਾ ੪, ਵਾਰ ੧੦:੨ (552)

ਖੰਡਲ ------ (1) (ਸੰ ਭਾਗ, ਦੇਸ) ਸਾਰਾ ਸਮੂਹ
"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।" (ਸਭ ਟੁੱਕੜੇ ਟੁੱਕੜੇ ਕਰ ਦਿਤਾ)
– ਗਉ ੪, ਸੋਹ ੪, ੧:੧ (13)

(2) ਭਾਗ, ਹਿਸੇ
"ਸਗਲੋ ਭੂ ਮੰਡਲ ਖੰਡਲ ਪ੍ਰਭ ਤੁਮ ਹੀ ਆਛੈ।"
– ਮਾਰੂ ੫, ੨੨, ੩:੨ (1006)

ਖੰਡਲੀ ----- ਦੂਰ ਕਰਦੇ ਹਨ
"ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮੁ ਜਪਤ ਤਹ ਪਾਪ ਖੰਡਲੀ।"
– ਕਲਿ ੫, ੫, ੧:੧ (1322)

ਖੰਡਾ ------ (1) ਭਾਗਾਂ, ਹਿਸਿਆਂ
"ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ।"
– ਜਪੁ ੧, ੭:੨ (2)

ਹੋਰ ਰੂਪ:

ਖੰਡਾਂ –
"ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।"
– ਆਸਾ ੧, ਵਾਰ ੮ਸ, ੧, ੧:੨ (467)

ਖੰਡਿ –
"ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ।" (ਦੇਸ਼ ਤੇ ਸੰਸਾਰ)
– ਸਿਰੀ ੪, ਛੰਤ ੧, ੪:੪ (79)

(2) ਟੁਕੜੇ ਟੁਕੜੇ ਕੀਤਾ
"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।"
– ਗਉ ੪, ਸੋਹ ੪, ੧:੧ (13)

ਹੋਰ ਰੂਪ:

ਖੰਡਿ –
"ਕ੍ਰੋਧੁ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਹਉ।" (ਟੁਕੜੇ ਟੁਕੜੇ ਕਰ)
– ਸਵ ੪, ਸਲ ੧:੨ (1406)

(3) ਨਾਸ/ਦੂਰ ਕੀਤਾ
"ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ।"
– ਗਉ ੪, ਸੋਹ ੪, ੩:੧ (13)

ਹੋਰ ਰੂਪ:

ਖੰਡਿਆ –
"ਹਉ ਬਲਿਹਾਰੀ ਸਤਿਗੁਰ ਪੂਰੇ ਜਿਨਿ ਖੰਡਿਆ ਭਰਮੁ ਅਨਾਲਕਾ।"
– ਮਾਰੂ ੫, ੧੩, ੧੫:੩ (1085)

(4) ਨਾਸ ਕਰਨ ਵਾਲਾ
"ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ।"
– ਭੈਰ ਕਬ, ਅਸ ੧, ੩:੨ (1162)

ਖੰਡਿਤ ----- ਟੁੱਟਵੀਂ ਭਾਵ ਥੋੜ੍ਹੀ
"ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ।"
– ਰਾਮ ੧, ਸਿਗੋ ੮:੪ (939)

ਖੰਡੀ ------ (1) ਭਾਗਾਂ/ਹਿਸਿਆਂ ਵਿਚ
"ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ।"
– ਬਿਹਾ ੪, ਵਾਰ ੩:੫ (549)

(2) ਨਾਸ/ਦੂਰ ਕੀਤੀ
"ਗੁਰਮੁਖਿ ਹੋਵਹਿ ਤਾ ਤੰਤੀ ਵਾਜੈ ਇਨ ਬਿਧਿ ਤ੍ਰਿਸਨਾ ਖੰਡੀ।"
– ਰਾਮ ੩, ਅਸ ੧, ੫:੨ (908)

ਖੰਡੁ ------- (1) ਭਾਗ, ਹਿੱਸਾ
"ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ।"
– ਮਾਝ ੧, ਵਾਰ ੧੮ਸ, ੨, ੧:੧ (146)

(2) ਚੀਨੀ, ਸਫੈਦ ਸ਼ਕਰ
"ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ।"
– ਗਉ ੧, ੧੬, ੨:੧ (156)

ਖੰਡੇ ------- ਤੋੜ ਦਿਤੇ ਭਾਵ ਜਿਤ ਲਈ
"ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ।"
– ਧਨਾ ੫, ੧੧, ੧:੨ (673)

"ਜਪ ਤਪ ਸੰਜਮ ਤ੍ਰਮ੍ਰ ਖੰਡੇ ਜਮ ਕੇ ਦੁਖ ਡਾਂਡ।" (ਨਾਸ ਕੀਤੇ)

– ਬਿਲਾ ੫, ੫੮, ੨:੧ (815)

ਖੰਡੇਧਾਰ ---- ਖੰਡੇ ਦੀ (ਤਿੱਖੀ) ਧਾਰ ਵਾਲੀ
"ਖੰਡੇਧਾਰ ਗਲੀ ਅਤਿ ਭੀੜੀ।"
– ਮਾਰੂ ੧, ਸੋਲਾ ੮, ੧੦:੧ (1028)

ਖਤਾ ------ (1) (ਅ.) ਭੁੱਲ, ਉਕਾਈ, ਦੋਸ਼, ਹੋਰ ਵੇਖੇ 'ਖਤਿਆਹੁ' 'ਖਤੇ'
"ਖਉਫੁ ਨ ਖਤਾ ਨ ਤਰਸੁ ਜਵਾਲੁ।"
– ਗਉ ਰਵਿ ੨, ੧:੪ (345)
"ਜੋ ਕਿਛੁ ਬੋਲੀਐ ਸਭੁ ਖਤੋ ਖਤਾ।" (ਭੁਲ ਹੀ ਭੁੱਲ)
– ਆਸਾ ੧, ੯, ੨:੨ (351)
(2) ਵਿਅਰਥ (ਭਾਵ)
"ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ।" (ਖੁੰਝਣ ਨਹੀਂ ਦਿੰਦਾ)
– ਸਲੋ ਫਰ, ੧੧੫:੨ (1384)

ਖਤਿਅਹੁ ---- ਭੁੱਲ ਤੋਂ, ਵੇਖੋ 'ਖਤਾ' (1)
"ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ।"
– ਮਾਝ ੧, ਵਾਰ ੨੪ਸ, ੧, ੧:੧ (149)

ਖਤਿਆ ---- ਪਾਪਾਂ/ਭੁੱਲਾਂ ਵਿਚ
"ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚ ਪਾਹਿ।"
– ਮਾਝ ੧, ਵਾਰ ੨੪ਸ, ੧, ੧:੧ (149)

ਖਤੁ ------- ਲਿਖਤ, ਮਾਲਕੀ ਦਾ ਪ੍ਰਮਾਣ, ਪਟਾ
"ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸੁ ਕਾ ਮੁਹੁ ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ।"
– ਬਿਲਾ ੪, ਵਾਰ ੯:੪ (853)
"ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ।" (ਲਿਖਤ, ਲੇਖਾ)
– ਸਲੋ ਕਬ, ੨੦੮:੨ (1375)

ਖਤੇ ------- ਭੁਲਾਂ, ਉਕਾਈਆਂ, ਅਪਰਾਧ, ਕਸੂਰ
"ਅਸੰਖ ਖਤੇ ਖਿਨ ਬਖਸਨਹਾਰਾ।"
– ਗਉ ੫, ਬਾਅ ੪੯:੭ (260)
"ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ।"
– ਜੈਤ ੫, ਛੰਤ ੨, ੧:੩ (704)

ਖਤੋ ------- ਗਲਤ
"ਜੋ ਕਿਛੁ ਬੋਲੀਐ ਸਭੁ ਖਤੋ ਖਤਾ।"
– ਆਸਾ ੧, ੯, ੨:੨ (351)

ਖਤ੍ਰੀ ------ (ਸੰ.) ਹਿੰਦੂਆਂ ਦੇ ਚਹੁ ਵਰਨਾਂ ਵਿਚੋਂ ਦੂਜਾ
"ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ।"
– ਗਉ ੫, ਥਿਤੀ ੧੭:੭ (300)

(2) ਯੋਧਾ
"ਖਤ੍ਰੀ ਕਰਮ ਕਰੇ ਸੂਰਤਣੁ ਪਾਵੈ।"
– ਗਉ ੪, ੩੯, ੩:੧ (164)

"ਖਤ੍ਰੀ ਸੋ ਜੁ ਕਰਮਾ ਕਾ ਸੂਰੁ।"
– ਸਲੋ ੧, ੧੭:੧ (1411)

ਹੋਰ ਰੂਪ:

ਖਤ੍ਰੀਆ –
"ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।"
– ਧਨਾ ੧, ੮, ੩:੧ (663)

ਖਨ ------- ਖੰਡ, ਟੁਕੜਾ
"ਹਉ ਤਿਸੁ ਵਿਟਹੁ ਖਨ ਖੰਨੀਐ ਮੈ ਮੇਲੇ ਹਰਿ ਪ੍ਰਭ ਪਾਸਿ।" (ਕੁਰਬਾਨ ਹੁੰਦਾ ਹਾਂ)
– ਮਾਰੂ ੪, ੪, ੧:੨ (996)

ਖੰਨਲੀ ----- ਤੇਲੀ ਦੇ ਕੋਹਲੂ ਵਿਚ ਫੇਰੀ ਜਾਣ ਵਾਲੀ ਲੀਰ
"ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।"
– ਸੋਰ ੪, ਵਾਰ ੨੨ਸ, ੩, ੧:੨ (651)

ਖੰਨਾ ------ ਖੰਡਾ
"ਖੰਨਾ ਸਗਲ ਰੇਨੁ ਛਾਰੀ।"
– ਸੋਰੁ ੫, ੮੦, ੧:੨ (628)

ਖਨਿ ------ ਪੁੱਟ/ਉਖਾੜ ਕੇ
"ਜਾ ਕੀ ਦ੍ਰਿਸਟਿ ਅੰਮ੍ਰਿਤ ਧਾਰ ਕਾਲੁਖ ਖਨਿ ਉਤਾਰ ਤਿਮਰ ਅਗ੍ਯਾਨ ਜਾਹਿ ਦਰਸ ਦੁਆਰ।"
– ਸਵ ੨, ੨:੧ (1391)

ਖੰਨਿਅਹੁ ---- ਖੰਡੇ ਤੋਂ, ਖੰਡੇ ਦੀ ਧਾਰ ਤੋਂ
"ਖੰਨਿਅਹੁ ਤਿਖੀ ਬਹੁਤੁ ਪਿਈਣੀ।"
– ਸੂਹੀ ਫਰ, ੧, ੪:੨ (794)

ਖੰਨੀਐ ----- ਟੋਟੇ ਟੋਟੇ ਹੋਣਾ ਭਾਵ ਕੁਰਬਾਨ ਹੋਣਾ
"ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ।"
– ਗਉ ੫, ਵਾਰ ੧੯ਸ, ੫, ੧:੨ (322)

ਖਪੰ ------- (ਸੰ.) ਨਸ਼ਟ ਹੋਣਾ, ਗਰਕ ਹੋਣਾ, ਖਪਣਾ, ਖੁਆਰ ਹੋਣਾ
"ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ।"
– ਗੂਜ ੧, ਅਸ ੫, ੪:੧ (505)

ਹੋਰ ਰੂਪ:

ਖਪਹਿ –
"ਹਉਮੈ ਖਪਹਿ ਜਨਮਿ ਮਰਿ ਆਵਹਿ।" (ਖੁਆਰ ਹੋਣਾ)
– ਗਉ ੧, ਅਸ ੧੩, ੨:੨ (226)

ਖਪਟ ------ ਖਪਾਉਣ ਵਾਲਾ, ਵਿਨਾਸ਼ਕ, ਨਾਸ਼ ਕਰਨ ਵਾਲਾ
“ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ।”
- ਕਾਨ ੫, ੩੦, ੧*:੧ (1303)

ਖਪਣਿ ----- ਨਸ਼ਟ ਹੋਣ, ਨਾਸ ਹੋਣ
“ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ।”
- ਸਿਰੀ ੧, ਅਸ ੧੧, ੪:੨ (60)

ਖਪਤ ------ ਖੁਆਰ ਹੁੰਦੇ, ਖਪਦੇ
“ਖਖਾ ਖਿਰਤ ਖਪਤ ਗਏ ਕੇਤੇ।”
- ਗਉ ਕਬ, ਬਾਅ ੪੪:੧ (342)

ਖਪਤਿ ----- ਵਿਨਾਸ਼
“ਤਿਸ ਮਹਿ ਓਪਤਿ ਖਪਤਿ ਸੁ ਬਾਜੀ।”
- ਰਾਮ ੧, ਸਿਗੋ ੩੦:੨ (941)

ਹੋਰ ਰੂਪ:

ਖਪਤੇ -
“ਬਿਖੁ ਮਾਇਆ ਨਹਿ ਨ ਓਇ ਖਪਤੇ।”
- ਗਉ ੫, ਬਾਅ ੩੬:੪ (257)

ਖਪਰੀ ----- ਮੰਗਨ ਵਾਲਾ ਕਿਸ਼ਤੀ ਨੁਮਾ ਬਰਤਨ ਰੱਖਣ ਵਾਲਾ, ਠੂਠਾ ਧਾਰੀ
“ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ।”
- ਆਸਾ ੧, ੩੩, ੪:੧ (358)

ਖਪਰੁ ------ ਠੂਠਾ, ਭਾਂਡਾ
“ਫੂਟੈ ਖਪਰੁ ਦੁਬਿਧਾ ਮਨਸਾ।”
- ਬਿਲਾ ੧, ਥਿਤੀ ੨੦:੪ (840)

“ਊਧਉ ਖਪਰੁ ਪੰਚ ਭੂ ਟੋਪੀ।”
- ਰਾਮ ੧, ਸਿਗੋ ੧੧:੧ (939)

ਖਪਾਇਆ --- ਨਾਸ ਕੀਤਾ, ਖੁਆਰ ਕਰਨਾ
“ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ।”
- ਮਾਝ ੧, ਵਾਰ ੪:੫ (139)

ਹੋਰ ਰੂਪ:

ਖਪਾਇਸੀ -
“ਹਉਮੈ ਖਪੈ ਖਪਾਇਸੀ ਬੀਜਉ ਵਥੁ ਵਿਕਾਰੁ।”
- ਰਾਮ ੧, ਓਅੰ ੪੯:੭ (937)

ਖਪਾਇਦਾ -
“ਆਪਿ ਉਪਾਇ ਖਪਾਇਦਾ ਸਚੇ ਦੀਨ ਦਇਆਲਾ।” (ਨਾਸ ਕਰਦਾ)
- ਸੂਹੀ ੩, ਵਾਰ ੧:੩ (785)

ਖਪਾਈਐ -
“ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ।”

– ਆਸਾ ੧, ਅਸ ੧੬, ੭:੧ (420)

ਖਪਾਏ –
“ਆਪਿ ਉਪਾਏ ਆਪਿ ਖਪਾਏ।” (ਨਾਸ ਕਰਦਾ ਹੈ)
– ਮਾਰੂ ੧, ਸੋਲਾ ੧, ੨:੧ (1020)

ਖਪਾਹਿ –
“ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ।”
ਸੋਰ ੪, ਵਾਰ ੨੬ਸ, ੪, ੨:੨ (652)

ਖਪਾਹੀ -----
“ਅੰਦਰਿ ਕਪਟੁ ਸਭੁ ਕਪਟੋ ਕਰਿ ਜਾਣੈ ਕਪਟੇ ਖਪਹਿ ਖਪਾਹੀ।”
– ਸੋਰ ੪, ਵਾਰ ੨੬ਸ, ੪, ੨:੨ (652)

ਖਪਾਵਹਿ ---- (1) ਔਖਾ ਕਰਦੇ ਹਨ, ਦੁੱਖੀ ਕਰਦੇ ਹਨ
“ਇਕਿ ਅਗਨਿ ਜਲਾਵਹਿ ਦੇਹ ਖਪਾਵਹਿ।”
– ਮਾਰੂ ੧, ਸੋਲਾ ੫, ੧੪:੨ (1025)
“ਤ੍ਰਿਹੁ ਗੁਣ ਅੰਤਰਿ ਖਪਹਿ ਖਪਾਵਹਿ ਨਾਹੀ ਪਾਰਿ ਉਤਾਰਾ ਹੇ।” (ਦੁਖੀ ਕਰਨਾ)
– ਮਾਰੂ ੧, ਸੋਲਾ ੯, ੧੪:੩ (1029)

(2) ਅਸ ਕਰਨਾ, ਮੇਟਨਾ, ਖਤਮ ਕਰਨਾ
“ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕ ਤਿਲੁ ਰੰਗ।”
– ਮਾਰੂ ੫, ਸੋਲਾ ੧੧, ੧੫:੩ (1083)

ਖਪਿ ------ (1) ਖਪ ਕੇ, ਰੁਚਿਤ ਹੋ ਕੇ, ਗਰਕ ਹੋ
“ਕੇਤੇ ਖਪਿ ਤੁਟਹਿ ਵੇਕਾਰ।”
– ਜਪੁ ੧, ੨੫:੫ (5)

ਹੋਰ ਰੂਪ:

ਖਪੈ –
“ਬਿਨਸਤ ਬਾਰ ਨ ਲਾਗੈ ਬਵਰੇ ਹਉਮੈ ਗਰਬਿ ਖਪੈ ਜਗੁ ਐਸਾ।”
– ਮਲਾ ੧, ਅਸ ੨, ੧*:੨ (1274)

(2) ਕੁੜ੍ਹ, ਕੁੜ੍ਹ ਕੇ, ਖਿਝਕੇ, ਦੁਖੀ ਹੋ ਕੇ
“ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ।”
– ਸਿਰੀ ੧, ੬, ੪:੧ (16)
“ਕਿਸ ਹੀ ਨਾਲਿ ਨ ਚਲਿਆ ਖਪਿ ਖਪਿ ਮੁਏ ਅਸਾਰ।”
– ਸਿਰੀ ੧, ਅਸ ੧੬, ੩:੩ (63)

ਹੋਰ ਰੂਪ:

ਖਪਿਆ –
“ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ।” (ਦੁੱਖੀ ਹੋਇਆ)
– ਭੈਰ ੫, ੧੮, ੧*:੨ (1140)

ਖਪੀਐ –
“ਕਲਹਿ ਬੁਰੀ ਸੰਸਾਰਿ ਵਾਦੇ ਖਪੀਐ।”
– ਮਾਝ ੧, ਵਾਰ ੯:੩ (142)

ਖਪੈ –

“ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ।”

– ਵਡ ੩, ਛੰਤ ੬, ੨:੫ (571)

(3) ਨਾਸ/ਖਤਮ (ਹੋ ਜਾਂਦਾ ਹੈ)

“ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ।”

– ਗਉ ੪, ਵਾਰ ੩ਸ, ੪, ੧:੩ (301) ਰਤਿਬਗਜਅਪ

ਹੋਰ ਰੂਪ:

ਖਪੈ –

“ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ।”

– ਸਿਰੀ ੧, ਅਸ ੯, ੫:੧ (58)

ਖਬਰਿ ----- (1) ਹਾਲ

“ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ।”

– ਗਉ ੫, ੮੯, ੨:੨ (182)

(2) ਸੂਝ/ਸਮਝ/ਚੇਤਨਾ ਆਉਣੀ

“ਸੋਇ ਰਹੀ ਪ੍ਰਭ ਖਬਰਿ ਨ ਜਾਨੀ।” (ਚੇਤੰਨ ਨਹੀਂ ਹੋਈ)

– ਆਸਾ ੫, ੭੬, ੧:੧ (389)

“ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮੁ ਅਲੇਖੈ।” (ਸਮਝ ਨ ਕਰਨੀ)

– ਆਸਾ ਕਬ, ੨੯, ੧*:੨ (483)

“ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ।” (ਚੇਤੰਨਾ; ਸੂਝ)

– ਧਨਾ ੧, ਛੰਤ ੩, ੧:੧ (689)

“ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ।” (ਸੂਝ)

– ਬਿਲਾ ੪, ਅਸ, ੨:੨ (833)

(3) ਨਿਗਾਹਬਾਨੀ, ਨਿਗਰਾਨੀ

“ਖਬਰਿ ਕਰਤੁ ਹੈ ਪਾਤ ਪਤ ਡਾਲੀ।”

– ਆਸਾ ੫, ੫੬, ੨:੨ (385)

(4) ਸੂਚਨਾ, ਜਾਣਕਾਰੀ

“ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ।”

– ਤੁਖਾ ੪, ਛੰਤ ੪, ੩:੨ (1116)

ਹੋਰ ਰੂਪ:

ਖਬਰੀ –

“ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ।” (ਸੁਨੇਹਾ, ਸੂਚਨਾ)

– ਬਿਲਾ ਕਬ, ੬, ੨:੨ (856)

ਖੰਭ ------- ਪੰਖ, ਪਰ

“ਜਿਨਿ ਤਨੁ ਸਾਜਿ ਦੀਏ ਨਾਲਿ ਖੰਭ।” (ਸੁਆਸ ਰੂਪੀ)

– ਮਲਾ ੧, ੯, ੩:੧ (1257)

“ਖੰਭ ਵਿਕਾਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ।”

– ਸਲੋ ੫, ੨੧:੧ (1426)

ਖਮਿ ------ ਤੀਰ ਨਾਲ
“ਬਧਿਕੁ ਉਧਾਰਿਓ ਖਮਿ ਪ੍ਰਹਾਰ।”
– ਬਸੰ ੫, ਅਸ ੧, ੩:੧ (1192)

ਖਰ ------- (ਫਾ.) ਗਧਾ, ਖੋਤਾ
“ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ।”
– ਬਿਲਾ ੫, ੫੮, ੧*:੨ (815)

ਹੋਰ ਰੂਪ:

ਖਰਹ –
“ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ।”
– ਸਸ ੫, ੫੮:੧ (1359)

ਖਰਚਹਿ ---- (ਫਾ. ਅ.) ਖਰਚ (ਖਰਜ)
“ਖਾਵਹਿ ਖਰਚਹਿ ਰਲਿ ਮਿਲਿ ਭਾਈ।”
– ਗਉ ੫, ੧੦੦, ੩:੧ (186)

ਹੋਰ ਰੂਪ:

ਖਰਚਹੁ –
“ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ।” (ਧਨ ਵਰਤੋਂ)
– ਗੂਜ ੫, ੩, ੪:੧ (496)

ਖਰਚਤ –
“ਖਾਤ ਖਰਚਤ ਬਿਲਛਤ ਦੇਵਨ ਕਉ।” (ਵਰਤਦਾ ਹੈ)
– ਆਸਾ ੫, ੨੯, ੧*:੨ (390)

ਖਰਚਦੇ –
“ਹਰਿ ਅਰਥਿ ਜੋ ਖਰਚਦੇ ਦੇਦੇ ਸੁਖੁ ਪਾਇਆ।”
– ਸਾਰ ੪, ਵਾਰ ੨੨:੨ (1246)

ਖਰਚਨਿ –
“ਅੰਤਰਿ ਨਵਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ।”
– ਸੂਹੀ ੩, ੩, ੩੨:੨ (756)

ਖਰਚਿ ----- ਵਰਤੋਂ ਕਰਕੇ
“ਖਾਇ ਖਰਚਿ ਮਨੁ ਰਹਿਆ ਅਘਾਇ।”
– ਆਸਾ ੫, ੧੮, ੨:੨ (375)

ਹੋਰ ਰੂਪ:

ਖਰਚਿਉ –
“ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ।” (ਵਰਤੋਂ)
– ਸਿਰੀ ੪, ਵਾਰ ੨੧ਸ, ੩, ੨:੧ (91)

ਖਰਚਿਐ
“ਖਾਧੈ ਖਰਚਿਐ ਤੋਟਿ ਨ ਆਵਈ ਸਦਾ ਸਦਾ ਓਹੁ ਦੇਇ।”
– ਬਿਹਾ ੪, ਵਾਰ ੧੯ਸ, ੩, ੨:੩ (555)

ਖਰਚੁ ------ (1) ਗੁਜਾਰੇ ਲਈ ਰਕਮ, ਤੋਸ਼ਾ; ਖਰਚਾ, ਗੁਜਾਰਾ
"ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ।"
– ਸਿਰੀ ੧, ਅਸ ੧੭, ੧*:੨ (64)
"ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ।"
– ਸੋਰ ੧, ੨, ੩:੨ (595)
"ਕਿਛੁ ਭੀ ਖਰਚੁ ਤੁਮ੍ਹਾਰਾ ਸਾਰਉ।" (ਖਰਚਾ)
– ਸੂਹੀ ਕਬ, ੩, ੨:੩ (792)
(2) ਵਰਤ, ਵਰਤੋਂ ਕਰ
"ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ।"
– ਰਾਮ ੧, ਓਅੰ ੪੯:੫ (937)

ਹੋਰ ਰੂਪ:

ਖਰਚੇ –
"ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ।"
– ਰਾਮ ਬਸ ਵਾਰ ੨:੬ (967)

ਖਰਚੈ –
"ਸਿਫਤਿ ਖਜਾਨਾ ਬਖਸ ਹੈ ਜਿਸੁ ਬਖਸੈ ਸੋ ਖਰਚੈ ਖਾਇ।"
– ਬਿਹਾ ੪, ਵਾਰ ੧ਸ, ੩, ੨:੧ (548)

ਖਰਨਾ ----- ਖੜਨਾ, ਲੈ ਜਾਣਾ
"ਜੋ ਦੀਸੈ ਸੋ ਕਾਲਹਿ ਖਰਨਾ।"
– ਸੂਹੀ ੫, ੧੪, ੨:੨ (740)

ਖਰਬ ------ ਗਿਣਤੀ ਦੀ ਇਕ ਇਕਾਈ, ਹਜ਼ਾਰ ਕ੍ਰੋੜ
"ਲਾਖ ਅਰਬ ਖਰਬ ਦੀਨੋ ਦਾਨੁ।"
– ਗਉ ੫, ੧੧੧, ੧:੨ (202)

ਖਰਾ ------ (1) ਬਹੁਤ
"ਖਰਾ ਸਿਆਣਾ ਬਹੁਤਾ ਭਾਰੁ।"
– ਸਿਰੀ ੧, ੨੯, ੩:੩ (24)
"ਖਖਾ ਖਰਾ ਸਰਾਹਉ ਤਾਹੂ।" (ਚੰਗੀ ਤਰ੍ਹਾਂ ਸਲਾਹੁੰਦਾ ਹੈ)
– ਗਉ ੫, ਬਾਅ ੪੯:੧ (260)
(2) ਭਲਾ (ਭਾਵ)
"ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ।"
– ਸਿਰੀ ੧, ਅਸ ੧੩, ੩:੩ (61)

"ਖੋਜਤ ਖੋਜਤ ਅੰਮ੍ਰਿਤ ਪੀਆ।
ਖਿਮਾ ਗਹੀ ਮਨੁ ਸਤਗੁਰਿ ਦੀਆ।
ਖਰਾ ਖਰਾ ਆਖੈ ਸਭੁ ਕੋਇ।"
– ਰਾਮ ੧, ਓਅੰ ੧੯:੩ (932)
(3) ਸ਼ੁਧ, ਅਸਲ, ਮਿਲਾਵਟ ਰਹਿਤ
"ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ।"
– ਮਾਝ ੧, ਵਾਰ ੧੩:੮ (144)

(4) ਜੋ ਚਲੇ, ਜੋ ਨਕਲੀ ਨਾ ਹੋਵੇ, ਵੇਖੋ ‘ਖਰੇ (1)

“ਨਿਤ ਨਿਤ ਖਰਾ ਸਮਾਲੀਐ ਸਚੁ ਸਉਦਾ ਪਾਈਐ।” (ਚਲਣ ਵਾਲਾ ਪੈਸਾ ਹੀ ਸੰਮਾਲਿਆ ਜਾਂਦਾ ਹੈ)

– ਆਸਾ ੧, ਅਸ ੨੦, ੫:੧ (421)

“ਨਾਨਕ ਜੇ ਵਿਚ ਰੁਪਾ ਹੋਇ।
ਖਰਾ ਖਰਾ ਆਖੈ ਸਭੁ ਕੋਇ।” (ਚਾਂਦੀ ਰਲੇ ਸਿਕੇ ਨੂ ਸਭ ਖਰਾ ਕਹਿੰਦੇ ਹਨ)

– ਧਨਾ ੧, ੭, ੧*:੨ (662)

“ਸਬਦਿ ਮਹਲੀ ਖਰਾ ਤੂ ਖਿਮਾ ਸਚੁ ਸੁਖ ਭਾਇ।” (ਭਾਖ ਪਵਿਤਰ ਹੋ ਜਾ ਸ਼ਬਦ ਰਾਹੀ)

– ਰਾਮ ੧, ਓਅੰ ੪੯:੪ (937)

“ਖਰਚੁ ਖਰਾ ਧਨੁ ਧਿਆਨੁ ਤੂ ਆਪੇ ਵਸਹਿ ਸਰੀਰਿ।” (ਧਿਆਨ ਰੂਪੀ ਖਰਾ ਧਨ ਖ਼ਰਚ)

– ਰਾਮ ੧ ਓਅੰ ੪੯:੫ (937)

(5) ਖੜਾ, ਖਲੋਤਾ

“ਅੰਤ ਕੀ ਬਾਰ ਕੋ ਖਰਾ ਨ ਹੋਸੀ ਸਭ ਮਿਥਿਆ ਅਸਨੇਹੀ।”

– ਸੋਰ ੫, ੪, ੧:੨ (609)

(6) ਚੰਗੀ, ਠੀਕ, ਉਤਮ

“ਪਵਨਪਤਿ ਓਨਮਨਿ ਰਹਨੁ ਖਰਾ।”

– ਰਾਮ ਕਬ, ੧੦, ੧*:੧ (972)

ਖਰਾਬੁ ----- ਮੰਦੇ ਹਾਲ

“ਖੀਨ ਖਰਾਬੁ ਹੋਵੈ ਨਿਤ ਕੰਧੁ।”

– ਆਸਾ ੧, ੧੮, ੨:੪ (354)

ਖਰਿਆ ---- (1) ਖੜੋਤਾ

“ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ।”

– ਸਿਰੀ ੫, ੭੨, ੪:੧ (42)

(2) ਗਿਆ (ਭਾਵ)

“ਕਈ ਜਨਮ ਗਰਭ ਹਿਰਿ ਖਰਿਆ।” (ਡਿਗ ਗਿਆ)

– ਗਉ ੫, ੭੨, ੨:੨ (176)

(3) ਖੜਿਆ, ਲੈ ਗਿਆ

“ਜਿਉਂ ਜਲ ਤੰਤੁ ਪਸਾਰਿਓ ਬਧਕਿ ਗ੍ਰਸਿ ਮੀਨਾ ਵਸਗਤਿ ਖਰਿਆ।”

– ਕਾਨ ੪, ੧, ੨:੨ (1294)

ਖਰੀ ------ (1) ਬਹੁਤ

“ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ।”

– ਸਿਰੀ ੧, ਅਸ ੬, ੬:੧ (57)

ਹੋਰ ਰੂਪ:

ਖਰੀਆ –

“ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ।”

– ਵਡ ੩, ੪, ੨:੧ (559)

(2) ਖੜੋਤੀ ਭਾਵ ਪਈ
“ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ।”
– ਸੋਰ ਭੀਖ, ੧, ੨:੨ (659)
(3) ਸ਼ੁਧ, ਭਾਵ ਸੁਹਿਰਦ ਰੂਪ ਵਿਚ ਦਿੱਤੀ ਹੋਈ, ਭਲੀ, ਚੰਗੀ ਸਚੀ
“ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ।”
– ਰਾਮ ੧, ਸਿਗੋ ੧੦:੪ (939)
“ਲਾਲੇ ਗੋਲੇ ਮਤਿ ਖਰੀ ਗੁਰ ਕੀ ਮਤਿ ਨੀਕੀ।” (ਚੰਗੀ)
– ਮਾਰੂ ੧, ਅਸ ੪, ੪:੧ (1011)

ਖਰੀਆ ---- (1) ਬਹੁਤ, ਵੇਖੋ ਖਰੀ (1)
(2) ਖੜੋਤਾ
“ਹਰਿ ਦੁਆਰੈ ਖਰੀਆ”
– ਸੂਹੀ ੫, ੪੪, ੨:੪ (746)

ਖਰੀਦਿ ----- (ਫਾ.) ਮੁਲ ਲੈ ਕੇ
“ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ।”
– ਆਸਾ ੧, ਪਟੀ ੬:੧ (432)

ਹੋਰ ਰੂਪ:

ਖਰੀਦੀ –
“ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ।” (ਖਰੀਦਿਆ ਹੋਇਆ)
– ਮਾਰੂ ੧, ੬, ੧:੧ (991)

ਖਰੁ ------- ਖੋਤਾ, ਗਧਾ, ਵੇਖੋ ‘ਖਰ’
“ਪਾਨਾ ਵਾੜੀ ਹੋਇ ਘਰਿ ਖਰੁ ਸਾਰ ਨ ਜਾਣੈ।”
– ਤਿਲੰ ੧, ਅਸ ੧, ੯:੧ (725)

ਖਰੇ ------- (1) ਅਸਲ, ਸ਼ੁਧ, ਜੋ ਸਿੱਕਾ ਨਕਲੀ ਨਾ ਹੋਵੇ, ਵੇਖੋ ‘ਖਰਾ’ (4)
“ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ।”
– ਸਿਰੀ ੧, ਅਸ ੭, ੪:੨ (57)
(2) ਬਹੁਤ, ਵੇਖੋ ‘ਖਰਾ’ (1)
“ਅਪੁਨੇ ਸੰਤ ਤੁਧੁ ਖਰੇ ਪਿਆਰੇ ਤੂੰ ਸੰਤਨ ਕੇ ਪ੍ਰਾਨਾ ਜੀਉ।”
– ਮਾਝ ੫, ੨੦, ੩:੩ (100)

ਹੋਰ ਰੂਪ:

ਖਰੋ –
“ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ।”
– ਰਾਮ ੫, ਵਾਰ ੧੪:੭ (964)
(3) ਭਲੇ ਪੁਰਸ਼, ਵੇਖੋ ‘ਖਰਾ’ (2)
“ਖੋਟੇ ਖਰੇ ਤੁਧੁ ਆਪਿ ਉਪਾਏ
ਤੁਧੁ ਆਪੇ ਪਰਖੇ ਲੋਕ ਸਬਾਏ।”
– ਮਾਝ ੩, ਅਸ ੧੬, ੬:੧ (119)
“ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ।”

– ਮਾਝ ੧, ਵਾਰ ੧੮ਸ, ੨, ੧:੧੧ (146)

(4) ਖੋਟ ਰਹਿਤ, ਸ਼ੁਧ, ਚੰਗੇ ਵੇਖੋ 'ਖਰਾ' (3)

"ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ।"

– ਮਾਝ ੫, ਬਾਰਾ ੧੪:੨ (136)

"ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ।"

– ਮਾਝ ੧, ਵਾਰ ੧੨:੬ (143)

(5) ਖੜੋਤੇ, ਵੇਖੋ 'ਖਰਾ' (5)

"ਜੋ ਉਬਰੇ ਸੇ ਬੰਧਿ ਲਕੁ ਖਰੇ।" (ਲੱਕ ਬੰਨ ਕੇ ਖੜੇ ਹੋ ਗਏ)

– ਗਉ ੫, ੭੮, ੧:੨ (178)

"ਆਏ ਖਰੇ ਕਠਿਨ ਜਮ ਕੰਕਰਿ ਪਕੜਿ ਲਇਆ।"

– ਬਿਹਾ ੫, ਛੰਤ, ੭, ੩:੨ (546)

"ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ।" (ਖੜੇ)

– ਕਲਿ ੪, ਅਸ ੫, ੧:੧ (1305)

ਹੋਰ ਰੂਪ:

ਖਰੋ –

"ਨਾਮਾ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ।" (ਖੜਾ ਹੈ)

– ਮਾਰੂ ਨਾਮ, ੧, ੪:੨ (1105)

(6) ਚੰਗੀ, ਵੇਖੋ 'ਖਰਾ' (6)

"ਹਰਿ ਹਰਿ ਨਾਮੁ ਜਪਹਿ ਆਰਾਧਹਿ ਸੇਵਕ ਭਾਇ ਖਰੇ।" (ਚੰਗੀ ਸੇਵਾ ਭਾਵਨਾ ਨਾਲ)

– ਨਟ ੪, ੧, ੧:੧ (975)

(7) ਖੜੇ ਜਾਣਾ, ਗਵਾਚ ਜਾਣਾ

"ਲਾਗੀ ਭੂਖ ਮਾਇਆ ਮਗੁ ਜੋਹੈ ਮੁਕਤਿ ਪਦਾਰਥੁ ਮੋਹਿ ਖਰੇ।"

– ਮਾਰੂ ੧, ਅਸ ੮, ੩:੨ (1014)

(8) ਖੜੇ, ਲੈ ਗਏ

"ਜੇਹਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ।" (ਖੋਹ ਕੇ ਲੈ ਜਾਂਦਾ ਹੈ)

– ਮਾਰੂ ੧, ਅਸ ੮, ੬:੧ (1014)

"ਬਿਸਰਤ ਨਾਮ ਐਸੇ ਦੋਖ ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ।" (ਲੈ ਗਏ)

– ਮਾਰੂ ੧, ਅਸ ੮, ੮:੨ (1014)

"ਜੰਜੀਰ ਬਾਂਧਿ ਕਰਿ ਖਰੇ ਕਬੀਰ।"

– ਭੈਰ ਕਬ, ੧੮, ੧:੨ (1162)

ਖਰੋ ------- (1) ਬਹੁਤ, ਵੇਖੋ 'ਖਰੇ' (2)
(2) ਖੜੋਤਾ ਹੈ, ਵੇਖੋ 'ਖਰੇ' (5)

ਖਰੋਏ ------ ਖੜੋਤੇ

"ਖਰੇ ਖਰੋਏ ਬੈਠਤ ਊਠਤ ਮਾਰਗਿ ਪੰਥਿ ਧਿਆਵੈਗੋ।"

– ਕਾਨ ੪, ਅਸ ੩, ੫:੧ (1310)

ਖਲ ------- (1) ਨੀਚ, ਦੁਸ਼ਟ

"ਖਲ ਮੁਗਧ ਮੂੜ ਕਟਾਖ੍ਯ ਸ੍ਰੀਧਰ ਭਏ ਗੁਣ ਮਤਿ ਧੀਰ।"
- ਗੂਜ ੫, ਅਸ ੨, ੬:੨ (508)

(2) ਮੂਰਖ
"ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।"
- ਬਿਲਾ ੫, ੩੭, ੧:੧ (809)

ਹੋਰ ਰੂਪ:

ਖਲਹ –
"ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।"
- ਸਸ ੫, ੩੩:੨ (1357)

ਖਲਹਲੁ ---- (ਫਾ: ਖਲਲ) ਖਲਬਲੀ, ਘਬਰਾਹਟ, ਵਿਆਕੁਲਤਾ
"ਦਿਲੁ ਖਲਹਲੁ ਜਾ ਕੈ ਜਰਦ ਰੂ ਬਾਨੀ।"
- ਭੈਰ ਕਬ, ੧੫, ੩:੧ (1161)

ਖਲਹਾਨੁ ---- ਬੋਹਲ, ਖਲਵਾੜ
"ਬਿਨ ਕਣ ਖਲਹਾਨੁ ਜੈਸੇ ਗਾਹਨ ਪਾਇਆ।"
- ਭੈਰ ੫, ੫, ੪:੧ (1137)

ਖਲਕ ------ (1) (ਅ. ਖਲਕ) ਖਲਕਤ, ਲੋਕਾਈ
"ਸਭ ਖਲਕ ਤਮਾਸੇ ਆਈ।"
- ਸੋਰ ਕਬ, ੪, ੨:੨ (655)

"ਮੇਰੇ ਬਾਬਾ ਮੈ ਬਉਰਾ ਸਭ ਖਲਕ ਸੈਆਨੀ ਮੈ ਬਉਰਾ।"
- ਬਿਲਾ ਕਬ, ੨, ੧*:੧ (855)

(2) ਸ੍ਰਿਸ਼ਟੀ, ਰਚਨਾ
"ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ।"
- ਤਿਲੰ ੫, ੪, ੧*:੨ (724)

ਖਲਵਾਇਆ – ਖੜਾ ਕੀਤਾ
"ਸੋ ਐਸਾ ਹਰਿ ਦੀਬਾਨੁ ਵਸਿਆ ਭਗਤਾ ਕੈ ਹਿਰਦੈ ਤਿਨਿ ਰਹਦੇ ਖੁਹਦੇ ਆਣਿ ਸਭਿ ਭਗਤਾ ਅਗੈ ਖਲਵਾਇਆ।"
- ਵਡ ੪, ਵਾਰ ੧੪:੪ (591)

ਖਲਵਾਰੇ ---- ਪਿੜ ਦੀ ਵਲਗਨ, ਖਲਵਾੜੇ, ਉਹ ਥਾਂ ਜਿਥੇ ਵਢੀ ਹੋਈ ਕਣਕ ਗਾਹਨ ਲਈ ਸੁੱਟ ਹੁੰਦੀ ਹੈ।
"ਕਲਰੁ ਖੇਤੁ ਲੈ ਕੂੜੁ ਜਮਾਇਆ ਸਭ ਕੂੜੇ ਕੇ ਖਲਵਾਰੇ।"
- ਨਟ ੪, ਅਸ ੨, ੬:੧ (981)

ਖਲਵਾੜੇ ---- ਪਿੜ ਦੀ ਵਲਗਨ, ਵੇਖੋ 'ਖਲਵਾਰੇ'
"ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ।"
- ਸਾਰ ੪, ਵਾਰ ੨੦ਸ, ੧, ੧:੨ (1245)

ਖਲੜੀ ----- (1) ਚਮੜੇ ਦੇ ਵਸਤਰ ਪਾਣ ਵਾਲੇ
"ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ।"

– ਆਸਾ ੧, ੩੩, ੪:੧ (358)
(2) ਚੰਮ ਦੀ ਥੈਲੀ
“ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ।”
– ਤਿਲੰ ੧, ੨, ੧:੧ (721)

ਖਲਾ ------ (1) ਧੌਂਕਣੀ (ਜਿਸ ਨਾਲ ਸੁਨਿਆਰੇ ਫੂਕ ਮਾਰਕੇ ਅੱਗ ਭਖਾਂਦੇ ਹਨ)
“ਭਉ ਖਲਾ ਅਗਨਿ ਤਪ ਤਾਉ।”
– ਜਪੁ ੧, ੩੮:੩ (8)
(2) ਮੂਰਖ
“ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ।”
– ਗਉ ੪, ਵਾਰ ੯ਸ, ੪, ੨:੪ (304)
(3) ਖੜਾ, ਖਲੋਤਾ
“ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ।”
– ਗਉ ੪, ਵਾਰ ੧੫ਸ, ੪, ੧:੨ (308)

ਖਲਾਸ ----- (1) (ਅ. (ਖਲਾਸ) ਮੁਕਤ, ਆਜ਼ਾਦ
“ਕਹਿ ਰਵਿਦਾਸ ਖਲਾਸ ਚਮਾਰਾ।”
– ਗਉ ਰਵਿ, ੨, ੩:੩ (345)

ਹੋਰ ਰੂਪ:

ਖਲਾਸੁ –
“ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ।” (ਮੁਕਤ)
– ਮਾਝ ੫, ਬਾਰਾ ੫:੬ (134)
(2) ਮੁਕਤੀ, ਛੁਟਕਾਰਾ, ਖਲਾਸੀ
“ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ।”
– ਮਾਰੂ ੫, ਸੋਲਾ ੧੨, ੧੫:੩ (1084)

ਹੋਰ ਰੂਪ:

ਖਲਾਸੀ –
“ਬੰਦਿ ਖਲਾਸੀ ਭਾਣੈ ਹੋਇ।” (ਛੁਟਕਾਰਾ)
– ਜਪੁ ੧, ੨੫:੧੦ (5)

ਖਲਾਸੁ –
“ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।”
– ਮਾਰੂ ੫, ੧੪, ੧:੨ (1002)

ਖਲਾਵੈ ----- ਖੁਆਂਦਾ ਹੈ
“ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।”
– ਗੂਜ ੫, ਸੋਦ ੫, ੩:੨ (10)

ਖਲਿ ------ ਬੀਜਾਂ ਵਿਚੋਂ ਤੇਲ ਕੱਢ ਲੈਣ ਉਪ੍ਰੰਤ ਬਚਿਆ ਫੋਗ
“ਕਾਚੀ ਸਰਸਉਂ ਪੇਲਿ ਕੈ ਨਾ ਖਲਿ ਭਈ ਨ ਤੇਲੁ।”
– ਸਲੋ ਕਬ, ੨੪੦:੨ (1377)

ਖਲਿਆ ---- ਖਲੋਤਿਆਂ
"ਸੋ ਪ੍ਰਭੁ ਅਪੁਨਾ ਸਦਾ ਧਿਆਈਐ ਸੋਵਤ ਬੈਸਤ ਖਲਿਆ।"
– ਸੂਹੀ ੫, ਛੰਤ ੭, ੩:੪ (782)

ਖਲਿਇ ----- ਖਲੋ ਕੇ
"ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ।"
– ਮਾਰੂ ੩, ਵਾਰ ੨੦ਸ, ੨, ੧:੨ (1093)

ਖਲਿਹਾਨਿ --- ਖਲਵਾੜ, ਵੇਖੋ 'ਖਲਵਾਰੇ'
"ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ।"
– ਬਿਲਾ ੪, ਵਾਰ ੧੧ਸ, ੧, ੧:੧ (854)

ਖਲੀ ------ ਖੜੋਤੀ
"ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ ਪੁਕਾਰੀ ਦਰਿ ਖਲੀ।"
– ਆਸਾ ੧, ਛੰਤ ੧, ੩:੪ (436)

ਹੋਰ ਰੂਪ:

ਖਲੀਆ –
"ਸੁਤ ਮੀਤ ਭ੍ਰਾਤ ਤੇ ਗੁਹਜੀ ਤਾ ਕੈ ਨਿਕਟਿ ਨ ਹੋਈ ਖਲੀਆ।" (ਖਲੋਂਦੀ)
– ਮਾਰੂ ੫, ੧੮, ੩:੩ (1004)

ਖਲੁ ------- ਮੂਰਖ
"ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ।"
– ਗਉ ੫, ੧੨੬*, ੨:੧ (206)
"ਇਨ ਦੂਤਨ ਖਲੁ ਬਧੁ ਕਰਿ ਮਾਰਿਓ।" (ਮੂਰਖ ਮਨ)
– ਜੈਤ ਰਵਿ, ੧, ੫:੧ (710)

ਖਲੇ ------- (1) ਖਲੋਤੇ, ਗਏ
"ਲਾਗੂ ਹੋਏ ਦੁਸਮਨਾ ਸਾਕਤਿ ਭਜਿ ਖਲੇ।"
– ਸਿਰੀ ੫, ੨੬, ੧:੧ (70)

(2) ਖੜੋ ਕੇ, ਖਲੇ ਹੋ ਕੇ
"ਜਿਸੁ ਨਾਲਿ ਜੋਰੁ ਨ ਚਲਈ ਖਲੇ ਕੀਚੈ ਅਰਦਾਸਿ।"
– ਮਾਰੂ ੩, ੪, ੪:੧ (994)

ਖਲੋਤਾ ----- ਖਲੋਤਾ
"ਵਿਚਿ ਕਰਤਾ ਪੁਰਖੁ ਖਲੋਆ।" (ਭਾਵ ਅੰਗ ਸੰਗ ਹੋਇਆ)
– ਸੋਰ ੫, ੫੭, ੧:੧ (623)
"ਆਪੀਨੈ੍ ਆਪੁ ਸਾਜਿਓਨੁ ਆਪੇ ਹੀ ਥੰਮਿ੍ ਖਲੋਆ।" (ਖੜੋਤਾ ਹੈ)
– ਰਾਮ ਬਸ, ਵਾਰ ੮:੨ (868)

ਖਲੋਇਅੜਾ -- ਖਲੋਤਾ
"ਸਾਜਨੜਾ ਮੇਰਾ ਸਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ।"
– ਰਮ ੫, ਛੰਤ ੧, ੧:੧ (924)

ਖਲੋਇਆ --- ਖਲੋਤਾ
"ਬੁਰੇ ਕਾਮ ਕਉ ਊਠਿ ਖਲੋਇਆ।"
- ਸੂਹੀ ੫, ੮, ੧:੧ (738)

ਖਲੋਈ ----- ਖੜੋ ਰਹਿੰਦੀ ਹੈ
"ਸੀਲ ਸੰਜਮ ਕੈ ਨਿਕਟਿ ਖਲੋਈ।"
- ਆਸਾ ੫, ੪, ੧:੨ (371)

ਹੋਰ ਰੂਪ:

ਖਲੋਏ –
"ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ।" (ਖਲੋਤੇ)
- ਤਿਲੰ ੧, ੫, ੧:੩ (722)

ਖਲੋਹਾ ----- ਖੜੋਤਾ, ਖੜਾ ਹੋਇਆ
"ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ।"
- ਰਾਮ ੫, ਵਾਰ ੭ਸ, ੫, ੨:੮ (960)

ਖਵਣੁ - ਖਿਮਾ

"ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ।"
- ਸਲੋ ਫਰ, ੧੨੭:੧ (1384)

ਖਵਤੋ ------ ਸਰਾਹਨਾ, ਸਹਿਣਾ, ਬਰਦਾਸ਼ ਕਰਨਾ
"ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ।"
- ਆਸਾ ੫, ੧੨੪, ੩:੨ (402)

ਖਵਲਾਵੈ ---- ਖੁਆਏ
"ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈ ਗੋ।"
- ਕਾਨ ੪, ਅਸ, ੫, ੬:੨ (1311)

ਖਵਾਇ ----- ਖੁਆਏ
"ਅੰਮ੍ਰਿਤ ਫਲੁ ਹਰਿ ਏਕੁ ਹੈ ਆਪੇ ਦੇਇ ਖਵਾਇ।"
- ਸਿਰੀ ੩, ਅਸ ੨੦, ੩:੩ (66)

ਹੋਰ ਰੂਪ:

ਖਵਾਇਓ –
"ਕਰਿ ਪੰਜੀਰੁ ਖਵਾਇਓ ਚੋਰ।" (ਖਵਾਂਦੇ ਹਨ)
- ਭੈਰ ੫, ੧, ੨:੧ (1136)

ਖਵਾਏ –
"ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ।"
- ਸਿਰੀ ੪, ਪਹ ੩, ੨:੩ (76)

ਖਵਾਸ ----- (ਸ਼ਾਹੀ ਨੋਕਰ, ਖਾਸ ਸੇਵਕ)
"ਲਸਕਰ ਨੇਬ ਖਵਾਸ ਸਭ ਤਿਆਗੇ ਜਮ ਪੁਰਿ ਊਠਿ ਸਿਧਾਸ।"
- ਗੂਜ ੫, ੫, ੨:੨ (496)

"ਨੇਬ ਖਵਾਸ ਭਲਾ ਦਰਵਾਜਾ।" (ਭਾਵ ਗਿਆਨ ਇੰਦ੍ਰੇ)
– ਮਾਰੂ ੧, ਸੋਲਾ ੧੬, ੧੫:੨ (1037)

ਹੋਰ ਰੂਪ:

ਖਵਾਸੀ –
"ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ।"
– ਮਾਝ ੧, ਵਾਰ ੧੦ਸ, ੧, ੨:੫ (142)

ਖਵਾਸੀ ----- (1) ਖਾਸ/ਸ਼ਾਹੀ ਸੇਵਕ, ਵੇਖੋ 'ਖਵਾਸ'
(2) ਸੇਵਕੀ, ਚੋਬਦਾਰੀ
"ਨਾਰਦ ਸਾਰਦ ਕਰਹਿ ਖਵਾਸੀ।"
– ਆਸਾ ਕਬ, ੧੩, ੨:੧ (478)

ਖਵਾਲੀਐ --- ਖਵਾਈਐ
"ਏਸ ਨੋ ਕੂੜੁ ਬੋਲਿ ਕਿ ਖਵਾਲੀਐ ਜਿ ਚਲਦਿਆ ਨਾਲਿ ਨ ਜਾਇ।"
– ਗੂਜ ੩, ਵਾਰ ੭ਸ, ੩, ੧:੨ (511)

ਖਵਾਲੇ ----- ਖਵਾਏ
"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।"
– ਮਾਝ ੧, ਵਾਰ ੧੪ਸ, ੧, ੧:੧ (144)

ਹੋਰ ਰੂਪ:

ਖਵਾਲੈ –
"ਤਿਨ ਕਉ ਕਿਆ ਕੋਈ ਦੇਇ ਖਵਾਲੈ ਓਇ ਆਪਿ ਬੀਜਿ ਆਪੇ ਹੀ ਖਾਂਤਿ।"
– ਮਲਾ ੪, ੫, ੩:੨ (1264)

ਖਵਿ ------ ਸਹਾਰ, ਬਰਦਾਸ਼ਤ ਕਰ
"ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ।"
– ਗੂਜ ੫, ਵਾਰ ੨੦:੨ (523)

ਹੋਰ ਰੂਪ:

ਖਵੇ –
"ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ।"
– ਗੂਜ ੫, ਵਾਰ ੧੧ਸ, ੫, ੧:੧ (520)

ਖਵੈ –
"ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ।"
– ਸਿਰੀ ੧, ਅਸ ੧੧, ੪:੨ (60)

ਖੜ ------- ਘਾਹ
"ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ।"
– ਗਉ ੫, ਵਾਰ ੧੭ਸ, ੫, ੧:੧ (322)

ਖੜਸਨਿ ---- ਲੈ ਜਾਣਗੇ
"ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ।"

– ਸਿਰੀ ੧, ਪਹ ੨, ੫:੨ (76)

ਖੜਕਿ ------ ਖਟਕਾ, ਧੜਕਾ, ਦਹਿਲ
"ਹੰਊਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ।"
– ਵਡ ੪, ਵਾਰ ੧੬ਸ, ੩, ੨:੧ (592)

ਖੜਕੁ ------ (1) ਖੜਕਾਰ, ਖੜਾਕ
"ਘੁੰਘਰ ਖੜਕੁ ਤਿਆਗਿ ਵਿਸੂਰੇ।"
– ਰਾਮ ੫, ੮, ੩:੨ (885)

(2) ਖਟਕਾ
"ਹੰਊਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ।"
– ਵਡ ੪, ਵਾਰ ੧੬ਸ, ੩, ੨:੧ (592)

ਹੋਰ ਰੂਪ:

ਖੜਕੇ –
"ਹੰਊਮੈ ਅੰਦਰਿ ਖੜਕੁ ਹੈ ਖੜਕੇ ਖੜਕਿ ਵਿਹਾਇ।" (ਧੁੜਕੂ)
– ਵਡ ੪, ਵਾਰ ੧੬ਸ, ੩, ੨:੧ (592)

ਖੜਗ ------ ਕ੍ਰਿਪਾਨ, ਤਲਵਾਰ
"ਜਮ ਪੁਰਿ ਵਜਹਿ ਖੜਗ ਕਰਾਰੇ।"
– ਮਾਰੂ ੧, ੧੨, ੪:੨ (993)

ਹੋਰ ਰੂਪ:

ਖੜਗਿ –
"ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ।"
– ਰਾਮ ਬਸ, ੧:੫ (966)

ਖੜਗੁ –
"ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ।"
– ਗਉ ੪, ਕਰ ੨, ੭:੨ (235)

ਖੜਾ ------ ਖੜੋਤਾ
"ਪਾਇਆ ਖਜਾਨਾ ਬਹੁਤੁ ਨਿਧਾਨਾ ਸਾਣਥ ਮੇਰੀ ਆਪਿ ਖੜਾ।"
– ਆਸਾ ੫, ਛੰਤ ੧, ੪:੪ (453)

ਖੜਿ ------ ਲੈ ਜਾ ਕੇ
"ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ।"
– ਸਿਰੀ ੧, ੧੮, ੩:੩ (21)

ਹੋਰ ਰੂਪ:

ਖੜਿਆ –
"ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ।"
– ਗਉ ੪, ਵਾਰ ੮ਸ, ੪, ੧:੭ (303)

ਖੜੀ ------ ਖੜੋਤੀ

“ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।”
– ਸਿਰੀ ੪, ੬੮, ੧:੧ (41)

ਖੜੀਅਸਿ --- ਲੈ ਜਾਏ ਜਾਣਗੇ
“ਬਿਨੁ ਬੂਝੇ ਸਭ ਖੜੀਅਸਿ ਬੰਧਿ।”
– ਬਸੰ ੧, ੩, ੩:੪ (1169)

ਖੜੀਆ ---- ਖੜੋਤੀਆਂ
“ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ।”
– ਆਸਾ ੧, ਅਸ ੧੧, ੩:੧ (417)

ਹੋਰ ਰੂਪ:

ਖੜੀਆਹ –
“ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ।”
– ਸਿਰੀ ੪, ਵਾਰ ੭ਸ, ੧, ੨:੩ (85)
“ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।” (ਤਿਆਰ ਬਰ ਤਿਆਰ, ਸੁਚੇਤ)
– ਮਾਝ ੫, ਬਾਰਾ ੧੦:੬ (135)

ਖੜੁ ------- ਖੇਤੀ
“ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ।”
– ਸਿਰੀ ੧, ਪਹ ੨, ੪:੫ (76)
(2) ਘਾਹ
“ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ।”
– ਗੂਜ ੧, ੧, ੩:੧ (489)

ਖੜੇ ------- (1) ਖਲੋਤੇ
“ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ।”
– ਸਿਰੀ ੩, ੪੯, ੧:੩ (32)
“ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ।”
– ਤੁਖਾ ੪, ਛੰਤ ੨, ੨:੫ (1114)

ਹੋਰ ਰੂਪ:

ਖੜੋ –
“ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ।” (ਖੜੇ ਹੋ ਕੇ)
– ਸੋਰ ੧, ਅਸ ੨, ੨:੧ (635)
ਖੜੋਆ –
“ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ।”
– ਬਸੰ ੫, ਵਾਰ ੨:੨ (1193)
(2) ਲੈ ਗਏ
“ਨਰਪਤਿ ਰਾਜੇ ਰੰਗ ਰਸ ਮਾਣਹਿ ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ।”
– ਸੂਹੀ ੪, ੨, ੨:੧ (731)
“ਇਕਿ ਖੜੇ ਰਸਾਤਲਿ ਕਰਿ ਮਨਮੁਖ ਗਾਵਾਰਾ।” (ਪਾਏ ਗਏ)

– ਮਾਰੂ ੫, ਸੋਲਾ ੧੦, ੮:੨ (1081)

ਖੜੋਤੇ ------ ਦਿਤੇ
“ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।”
– ਮਾਝ ੫, ਬਾਰਾ ੭:੫ (134)

ਖੜੋਵਹਿ ---- ਖੜੋਂਦਾ ਹੈ
“ਆਪਿ ਖੜੋਵਹਿ ਆਪਿ ਕਰਿ ਆਪੀਣੈ ਆਪਾਹੁ।”
– ਸੂਹੀ ੩, ਵਾਰ ੧੦ਸ, ੧, ੧:੩ (788)

ਖੜੋਵਣਾ ---- ਖਲੋਣਾ
“ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ।”
– ਗੂਜ ੫, ਵਾਰ ੧੮:੨ (523)

ਖਾਉ ------ ਖਾਵਾਂ
“ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ।”
– ਸਿਰੀ ੧, ੨, ੩:੨ (15)
“ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ।” (ਖਾਵੇ)
– ਆਸਾ ਕਬ, ੧੪, ੩:੨ (479)

ਖਾਇ ------ (1) ਖਾਂਦਾ/ਸਹਾਰਦਾ ਹੈ
“ਮੰਨੈ ਮੁਹਿ ਚੋਟਾ ਨ ਖਾਇ।”
– ਜਪੁ ੧, ੧੩:੩ (3)
“ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ।”
– ਸਿਰੀ ੧, ਅਸ ੧੧, ੧੦:੨ (60)
“ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ।”
– ਮਾਝ ੧, ਵਾਰ ੨੨ਸ, ੨, ੧:੩ (148)
(2) ਖਾ ਕੇ, ਸੇਵਨ ਕਰਕੇ
“ਉਤੁ ਭੁਖੈ ਖਾਇ ਚਲੀਅਹਿ ਦੂਖ।”
– ਆਸਾ ੧, ਸੋਦ ੩, ੧:੪ (9)
“ਸਾਜਨਿ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ।”
– ਸਿਰੀ ੧, ਅਸ ੪, ੫:੨ (55)
“ਅੰਤਰਿ ਲੋਭਿ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ।” (ਸੇਵਨ ਕਰਦਾ/ ਹੰਡਾਂਦਾ ਹੈ)
– ਸਾਰ ੪, ੪, ੪:੨ (1199)

ਹੋਰ ਰੂਪ:

ਖਾਇਓ –
“ਖਿਮਾ ਗਹੀ ਸਚੁ ਸੰਚਿਓ ਖਾਇਓ ਅੰਮ੍ਰਿਤ ਨਾਮ।”
– ਗਉ ੫, ਬਾਅ ੫੩:੩ (261)

ਖਾਇਆ –
“ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ।”
– ਸਿਰੀ ੫, ੯੧, ੧:੧ (50)

ਖਾਇਐ –

"ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ।"

– ਵਡ ੪, ਵਾਰ ੧੭:੧ (593)

(3) ਕਰਦਾ, ਖਾਂਦਾ, ਮੰਨਦਾ

"ਸੁਰਤਿ ਹੋਵੈ ਪਤਿ ਊਗਵੈ ਗੁਰ ਬਚਨੀ ਭਉ ਖਾਇ।"

– ਸਿਰੀ ੧, ੧੦, ੪:੨ (18)

"ਮਨੁ ਬੈਰਾਗੀ ਜਾਂ ਸਬਦਿ ਭਉ ਖਾਇ।" (ਕਰਦਾ ਹੈ)

– ਗਉ ੩, ਅਸ ੮, ੨:੧ (233)

(4) ਖਾਂਦਾ ਹੈ, ਭੁਗਤਦਾ ਹੈ

"ਆਪਿ ਬੀਜਿ ਆਪੇ ਹੀ ਖਾਇ।"

– ਸਿਰੀ ੧, ੩੨, ੨:੪ (25)

"ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ।" (ਖਾਈਏ)

– ਸਿਰੀ ੪, ੬੯, ੧:੧ (41)

(5) ਹੜਪਦਾ, ਮੁਕਾਂਦਾ, ਖਤਮ ਕਰਦਾ

"ਆਪੈ ਨੂੰ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ।"
– (ਅਹੰਕਾਰ ਨੂੰ ਸ੍ਵੈ-ਰੂਪ (ਸ੍ਵੈ ਦੀ ਪਛਾਣ) ਖਤਮ ਕਰਦਾ ਹੈ)

– ਸਿਰੀ ੪, ਵਾਰ ੧੦ਸ, ੩, ੨:੩ (86)

"ਮਰੈ ਨ ਜਨਮੈ ਕਾਲੁ ਨ ਖਾਇ।"

– ਗਉ ੩, ਅਸ ੧, ੫:੩ (229)

"ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ।" (ਡਰਾਂਦਾ)

– ਧਨਾ ੧, ੪, ੧*:੨ (661)

"ਸੋ ਮੁਨਿ ਮਨ ਕੀ ਦੁਬਿਧਾ ਖਾਇ।" (ਦੂਰ/ਖਤਮ ਕਰੇ)

– ਭੈਰ ਰਵਿ ੧, ੨:੧ (1167)

ਹੋਰ ਰੂਪ:

ਖਾਇਓ –

"ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ ਮਹਾ ਮੋਹਨੀ ਖਾਇਓ।"

– ਗੂਜ ੫, ੨੫, ੧:੨ (501)

ਖਾਇਆ –

"ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ।" (ਮਾਇਆ ਦਾ ਸੁਭਾ ਦੱਸ ਰਹੇ ਹਨ)

– ਆਸਾ ੫, ੧, ੧:੧ (370)

"ਨਿਜ ਘਰਿ ਬੈਸਿ ਰਹੇ ਭਉ ਖਾਇਆ।" (ਮੁਕਾ/ਖਤਮ ਕਰ ਦਿਤਾ)

– ਮਾਰੂ ੧, ਸੋਲਾ ੩, ੬:੧ (1022)

(6) ਖਵਾ ਕੇ

"ਮਾਤਾ ਪ੍ਰੀਤਿ ਕਰੇ ਪੁਤੁ ਖਾਇ।"

– ਗਉ ੪, ੪੧, ੧:੧ (164)

(7) ਕਰੇ/ਕਰਦਾ ਹੈ

"ਜੇ ਵਡਿਆਈਆ ਆਪੇ ਖਾਇ।"

– ਧਨਾ ੧, ੬, ੩:੩ (662)

ਖਾਇਕਾ ---- ਗਪੀ, ਵਧਾ ਕੇ ਗਲ ਕਰਨ ਵਾਲਾ

“ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ।”
– ਸਿਰੀ ੪, ਵਾਰ ੨ਸ, ੧, ੨:੨ (83)

ਹੋਰ ਰੂਪ:

ਖਾਇਕੁ –
“ਜੇ ਕੋ ਖਾਇਕੁ ਆਖਣਿ ਪਾਇ।”
– ਜਪੁ ੧, ੨੫:੧੨ (5)

ਖਾਇਣ ----- ਭੋਜਨ
“ਗੁਰ ਕਾ ਸਬਦੁ ਅੰਮ੍ਰਿਤੁ ਰਸੁ ਖਾਇਣ।”
– ਰਾਮ ੫, ਵਾਰ ੧੧ਸ, ੫, ੧:੩ (962)

ਖਾਈ ------ (1) ਖਾਧੀ, ਸੇਵਨ ਕੀਤੀ
“ਬਿਖੈ ਠਗਉਰੀ ਜਿਨਿ ਜਨਿ ਖਾਈ।”
– ਗਉ ੫, ੧੬੬, ੨:੧ (199)
“ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ।” (ਖਾਧੀ ਜਾ ਕੇ)
– ’ਮਹਾਨਕੋਸ਼’ ਅਰਥ ‘ਖਾਣ ਵਾਲੀ’ ਕਰਦਾ ਹੈ।
– ਆਸਾ ੫, ੪੪, ੧:੨ (381)
“ਮੁਖਿ ਮੀਠੀ ਖਾਈ ਕਉਰਾਇ।” (ਖਾਧਿਆਂ)
– ਪ੍ਰਭਾ ੫, ਅਸ ੧, ੨:੩ (1347)

ਹੋਰ ਰੂਪ:

ਖਾਂਈ –
“ਤੁਮਰਾ ਦੀਆ ਪੈਨਉ ਖਾਂਈ।” (ਖਾਂਧਾ ਹਾਂ)
– ਆਸਾ ੫, ੬੦, ੨:੧ (386)

ਖਾਈਐ –
“ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ।”
– ਮਾਝ ੧, ਵਾਰ ੧੪:੪ (144)

ਖਾਏ –
“ਨਾਮੁ ਨ ਲੇਵੈ ਮਰੈ ਬਿਖੁ ਖਾਏ।”
– ਮਾਝ ੩, ਅਸ ੧੭, ੬:੨ (119)

(2) ਖਤਮ ਕਰਨਾ, ਹੜਪਨਾ
“ਸਾ ਸਾਪਨਿ ਹੋਇ ਜਗ ਕਉ ਖਾਈ।”
– ਗਉ ਕਬ, ੩੦, ੨:੨ (329)
“ਜਿਨਿ ਸਾਚੁ ਪਛਾਨਿਆ ਤਿਨਿ ਸੂਪਨੀ ਖਾਈ।” (ਖਤਮ ਕੀਤੀ)
– ਆਸਾ ਕਬ, ੧੯, ੨:੨ (480)

ਹੋਰ ਰੂਪ:

ਖਾਏ –
“ਗੁਰਮੁਖਿ ਮਰੈ ਨ ਕਾਲੁ ਨ ਖਾਏ ਗੁਰਮੁਖਿ ਸਚਿ ਸਮਾਵਣਿਆ।”
– ਮਾਝ ੩, ਅਸ ੨੬, ੨:੩ (125)

(3) ਸਹਾਰਦਾ ਹੈ

"ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ।"

– ਆਸਾ ੩, ਅਸ ੨੮, ੬:੨ (425)

ਹੋਰ ਰੂਪ:

ਖਾਈਐ –

"ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ।"

– ਰਾਮ ੧, ਸਿਗੋ ੯:੩ (939)

ਖਾਏ –

"ਜਮ ਦਰਿ ਬਧਾ ਚੋਟਾ ਖਾਏ।"

– ਮਾਝ ੧, ਅਸ ੧, ੪:੨ (109)

(4) ਕਿਲੇ ਦੇ ਦੁਆਲੇ ਪੁੱਟੀ ਗਈ ਖੰਦਕ ਜਿਸ ਵਿਚ ਪਾਣੀ ਭਰਿਆ ਹੁੰਦਾ ਹੈ ਤਾਂ ਜੋ ਦੁਸ਼ਮਨ ਦੀ ਕਿਲ੍ਹੇ ਤੱਬ ਪਹੁੰਚ ਨ ਹੋ ਸਕੇ।

"ਲੰਕਾ ਸਾ ਕੋਟੁ ਸਮੁੰਦ ਸੀ ਖਾਈ।"

– ਆਸਾ ਕਬ, ੨੧, ੧:੧ (481)

ਖਾਸਾ ------ (1) ਖਾਵੇਗਾ

"ਜੈਸਾ ਬੀਜਹਿ ਤੈਸਾ ਖਾਸਾ।"

– ਗਉ ੫, ੭੧*, ੩:੩ (176)

ਹੋਰ ਰੂਪ:

ਖਾਸੀ –

"ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ।"

– ਸਲੋ ਫਰ, ੪੪:੨ (1380)

(2) ਅੁਤਮ, ਸ੍ਰੇਸ਼ਟ

"ਸਦਾ ਅਨੰਦੁ ਕਰੇ ਆਨੰਦੀ ਜਿਸੁ ਸਿਰਪਾਉ ਪਾਇਆ ਗਲਿ ਖਾਸਾ ਹੈ।"

– ਮਾਰੂ ੫, ਸੋਲਾ ੨, ੧੩:੩ (1073)

ਖਾਸੀ ------ (1) ਖਾਸ, ਵਿਸ਼ੇਸ਼

"ਛਪਨ ਕੋਟਿ ਜਾ ਕੇ ਖੇਲ ਖਾਸੀ।" (ਖਾਸ ਸੇਵਕ (ਖੇਲ)

– ਭੈਰ ਕਬ, ੧੫, ੧:੪ (1161)

(2) ਖਾਵੇਗਾ, ਵੇਖੋ 'ਖਾਸਾ' (1)

ਖਾਹਿ ------ (1) ਖਾਂਦਾ ਹੈ

"ਬਹੁਤੁ ਪਏ ਅਸਗਾਹ ਗੋਤੇ ਖਾਹਿ।"

– ਮਾਝ ੧, ਵਾਰ ੧੭ਸ, ੧, ੧:੪ (145)

ਹੋਰ ਰੂਪ:

ਖਾਹੀ –

"ਜੋ ਸਤਿਗੁਰਿ ਫਿਟਕੇ ਸੇ ਸਭ ਜਗਤ ਫਿਟਕੇ ਨਿਤ ਭੰਭਲ ਭੂਸੇ ਖਾਹੀ।"

– ਗਉ ੪, ਵਾਰ ੧੫ਸ, ੪, ੨:੩ (308)

"ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ।"

– ਸਲੋ ਕਬ, ੧੩੪:੨ (1371)

(2) ਸੇਵਨ ਕਰਦਾ/ਛਰਦਾ ਹੈ

“ਸੂਤਕੁ ਭੋਜਨੁ ਜੇਤਾ ਕਿਛੁ ਖਾਹਿ।”

– ਗਉ ੩, ਅਸ ੧, ੩:੨ (229)

“ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ।”

– ਗਉ ੫, ਸੁਖ ੬, ੧:੧ (269)

ਹੋਰ ਰੂਪ:

ਖਾਂਹਿ –

“ਆਪਿ ਬੀਜਿ ਆਪੇ ਹੀ ਖਾਂਹਿ।”

– ਬਸੰ ੫, ਅਸ ੨, ੫:੨ (1192)

ਖਾਹੀ –

“ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।”

– ਮਾਝ ੧, ਵਾਰ ੨੬ਸ, ੧, ੧:੧ (149)

ਖਾਂਹੀ –

“ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ।”

– ਮਲਾ ੧, ਵਾਰ ੨੫ਸ, ੧, ੨:੮ (1289)

ਖਾਹੁ –

“ਆਪੇ ਬੀਜਿ ਆਪੇ ਹੀ ਖਾਹੁ।”

– ਜਪੁ ੧, ੨੦:੯ (4)

(3) ਸਹਾਰਨਾ

“ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ।”

– ਆਸਾ ੧, ਛੰਤ ੪, ੪:੫ (438)

“ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ।”

– ਆਸਾ ੧, ਛੰਤ ੫, ੨:੫ (439)

ਹੋਰ ਰੂਪ:

ਖਾਹਿਗਾ –

“ਸਿਮਰਨੁ ਭਜਨੁ ਦਇਆ ਨਹੀ ਕੀਨੀ ਤਉ ਮੁਖਿ ਚੋਟਾ ਖਾਹਿਗਾ।”

– ਮਾਰੂ, ਕਬ, ੧, ੨:੨ (1106)

ਖਾਹੀ –

“ਅਵਗਣਿ ਮੁਠੇ ਚੋਟਾ ਖਾਹੀ।”

– ਆਸਾ ੩, ੪੦, ੩:੪ (361)

ਖਾਹੁ –

“ਮੁਹੇ ਮੁਹਿ ਚੋਟਾ ਖਾਹੁ ਵਿਣੁ ਗੁਰ ਕੋਇ ਨਾ ਛੁਟਸੀ।”

– ਪਲਾ ੧, ਵਾਰ ੧੩:੬ (1288)

(4) ਸੁਣੀਐ (ਭਾਵ)

“ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ।”

– ਆਸਾ ੧, ਵਾਰ ੧੮ਸ, ੧, ੨:੩ (472)

(5) ਕਰਨਾ (ਭਾਵ)

“ਲੋਕ ਮੁਹਾਵਹਿ ਚਾੜੀ ਖਾਹਿ।” (ਚੁਗਲੀ ਕਰਦਾ ਹੈ)

– ਰਾਮ ੩, ਵਾਰ ੧੧ਸ, ੧, ੧:੧੨ (951)

ਖਾਕ ------ (ਫਾ. ਖਾਕ) ਮਿੱਟੀ
"ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ।"
– ਗੂਜ ੫, ਵਾਰ ੧੯, ੫, ੧:੧ (523)

ਹੋਰ ਰੂਪ:

ਖਾਕੁ –
"ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ।"
– ਸਿਰੀ ੧, ੨੮, ੧:੨ (24)

ਖਾਕੁ ------ (1) ਮਿੱਟੀ, ਵੇਖੋ 'ਖਾਕ'
"ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ।"
(ਸੁਆਹ)
– ਜੈਤ ੫, ਛੰਤ ੩, ੩:੪ (705)
(2) ਧੂੜ (ਚਰਨ)
"ਖਾਕੁ ਸੰਤਨ ਕੀ ਦੇਹੁ ਪਿਆਰੇ।"
– ਮਾਝ ੫, ੧੪, ੪:੧ (98)
"ਦਾਨ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ।"
– ਆਸਾ ੧, ਵਾਰ ੧੦:੧ (468)

ਹੋਰ ਰੂਪ:

ਖਾਕੂ –
"ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ।" (ਮਿੱਟੀ ਵਿਚ)
– ਸਿਰੀ ੫, ੯੩, ੧:੨ (50)

ਖਾਜਹਿ ----- ਖਾਧੇ ਜਾਣ
"ਲਖ ਖਟੀਅਹਿ ਲਖ ਸੰਜੀਅਹਿ ਖਾਜਹਿ ਲਖ ਆਵਹਿ ਲਖ ਜਾਹਿ।"
– ਆਸਾ ੧, ੩੧, ੨:੧ (358)

ਖਾਜੀਨਿਆ -- ਖ਼ਜ਼ਾਨੇ, ਭੰਡਾਰ
"ਸਚੁ ਤੇਰੇ ਖਾਜੀਨਿਆ ਸਚੁ ਤੇਰਾ ਪਾਸਾਰਾ।"
– ਸੂਹੀ ੫, ੪੭, ੨:੨ (746)

ਖਾਜੁ ------ ਖਾਣ ਯੋਗ ਪਦਾਰਥ
"ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ।"
– ਸਾਰ ੪, ਵਾਰ ੧੪ਸ, ੧, ੧:੧ (1242)

ਖਾਜੈ ------ ਖਾਂਦਾ
"ਜੀਵਣ ਮਰਣਾ ਜਾਇ ਕੇ ਏਥੈ ਖਾਜੈ ਕਾਲਿ।"
– ਸਿਰੀ ੧, ੩, ੨:੧ (15)
"ਜੀਉ ਪਿੰਡੁ ਸਭੁ ਤਿਸ ਦਾ ਦੇ ਖਾਜੈ ਆਪਿ ਗਵਾਈਐ।" (ਦੇ ਕੇ ਖਾਈਐ)
– ਆਸਾ ੧, ਵਾਰ ੫:੨ (465)
"ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ।" (ਖਾਧੀ ਜਾ ਰਹੀ ਹੈ)
– ਤੁਖਾ ੧, ਛੰਤ ੨, ੨:੨ (1110)

ਖਾਟ ------ (1) ਮੰਝਾ, ਚਾਰਪਾਈ
"ਖਾਟ ਮਾਂਗਉ ਚਉਪਾਈ।"
– ਸੋਰ ਕਬ, ੧੧, ੩:੧ (656)
(2) ਖਟਿਆ, ਕਮਾਇਆ
"ਬੇਸੁਮਾਰ ਸਾਹੁ ਪ੍ਰਭੁ ਪਾਇਆ ਲਾਹਾ ਚਰਨ ਨਿਧਿ ਖਾਟ।"
– ਮਲਾ ੫, ੧੪, ੧:੨ (1269)

ਹੋਰ ਰੂਪ:

ਖਾਟਹੁ –
"ਸਾਂਝੀ ਕਰਹੁ ਨਾਮ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ।" (ਕਮਾਓ)
– ਸਾਰ ੫, ੮੦, ੧*:੨ (1220)

ਖਾਟੰਗਾ ----- ਛੇ ਅੰਗਾਂ ਤੇ; ਇਹ ਛੇ ਅੰਗ ਹਨ 2 ਲੱਤਾਂ, 2 ਬਾਹਾਂ, ਇਕ ਸਿਰ ਤੇ ਇਕ ਦੇਹ ਦਾ ਵਿਚਲਾ ਹਿੱਸਾ
"ਚਕ੍ਰ ਕਰਮ ਤਿਲਕ ਖਾਟੰਗਾ।"
– ਕਾਨ ੫, ੩੬, ੧:੪ (1305)

ਖਾਟਣ ----- ਖਟਣ/ਕਮਾਈ
"ਖਾਟਣ ਕਉ ਹਰਿ ਹਰਿ ਰੋਜਗਾਰੁ।"
– ਧਨਾ ੫, ੨੩, ੧:੨ (676)

ਖਾਟਤਾ ----- ਖਟੀ/ਕਮਾਈ ਕਰਦਾ
"ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ।"
– ਗਉ ੫, ਅਸ ੧੫, ੧*:੧ (242)

ਖਾਟਿ ------ ਖਟ/ਕਮਾਈ ਕਰਕੇ
"ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।"
– ਗਉ ੫, ਸੋਹ ੫, ੧:੨ (13)

ਹੋਰ ਰੂਪ:

ਖਾਟਿਓ –
"ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ।"
– ਟੋਡੀ ੫, ੧੧, ੧:੨ (714)

ਖਾਟਿਆ –
"ਨਾਮੁ ਨਿਧਾਨੁ ਸਦ ਨਵਤਨੁ ਨਿਰਮਲੁ ਇਹੁ ਨਾਨਕ ਹਰਿ ਧਨੁ ਖਾਟਿਆ।"
– ਗਉ ੫, ੧੩੧*, ੪:੨ (208)

ਖਾਟੀ ------ (1) ਖਟੀ ਭਾਵ ਕੋੜੀ
"ਗੁਰ ਪ੍ਰਸਾਦਿ ਅੰਮ੍ਰਿਤੁ ਬਿਖੁ ਖਾਟੀ।"
– ਗਉ ੫, ੭੫, ੪:੨ (177)
"ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ।"
– ਗਉ ੫, ਸੁਖ ੯, ੭:੬ (275)
(2) ਖਟ ਲਈ, ਕਮਾਈ

"ਨਾਮ ਰਾਸਿ ਸਾਧਸੰਗਿ ਖਾਟੀ।"

– ਗਉ ੫, ੧੪੩, ੪:੧ (194)

ਹੋਰ ਰੂਪ:

ਖਾਟੀਐ –

"ਗੁਰ ਪਰਸਾਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ।" (ਖਟਦਾ ਹੈ)

– ਗੂਜ ੫, ਵਾਰ ੫:੮ (519)

ਖਾਟੁਲੀ ----- ਕਮਾਈ

"ਕਹਾ ਕਰਹਿ ਰੇ ਖਾਟਿ ਖਾਟੁਲੀ।"

– ਸਾਰ ੫, ੬੧, ੧*:੧ (1216)

ਖਾਟੇ ------ ਖਟਦਾ/ਕਮਾਂਦਾ ਹੈ

"ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ।"

– ਗਉ ੪, ੪੧, ੪:੧ (164)

"ਸੁਖੁ ਨਾਹੀ ਬਹੁਤੈ ਧਨਿ ਖਾਟੇ।" (ਖਟਨ ਨਾਲ)

– ਭੈਰ ੫, ੪੧, ੧:੧ (1147)

ਖਾਡ ------ ਖੰਡ, ਚੀਨੀ

"ਕਬਹੂ ਖੀਰਿ ਖਾਡ ਘੀਉ ਨ ਭਾਵੈ।"

– ਭੈਰ ਨਾਮ, ੫, ੧:੧ (1164)

ਹੋਰ ਰੂਪ:

ਖਾਂਡੁ –

"ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ।"

– ਰਾਮ ਕਬ, ੧੨, ੨:੧ (972)

ਖਾਡੂਰੁ ----- ਤਰਨ ਤਾਰਨ (ਪੰਜਾਬ) ਨਗਰ ਤੋਂ 16 ਕਿਲੋਮੀਟਰ ਦੀ ਦੂਰੀ ਉਪਰ ਇਕ ਪਿੰਡ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਨਿਵਾਸ ਸਥਾਨ ਸੀ।

"ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ।"

– ਰਾਮ ਬਸ, ਵਾਰ ੫:੧ (967)

ਖਾਣ ------ ਸੇਵਨ ਕਰਨ, ਛਕਨ

"ਪੰਜਵੈ ਖਾਣ ਪੀਅਣ ਕੀ ਧਾਤੁ।"

– ਮਾਝ ੧, ਵਾਰ ੧ਸ, ੧, ੨:੫ (137)

ਖਾਣਾ ------ (1) ਖਾਦ ਪਦਾਰਥ, ਭੋਜਨ

"ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ।"

– ਸਿਰੀ ੧, ੩, ੧:੧ (15)

"ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ।"

– ਮਾਝ ੧, ਵਾਰ ੯ਸ, ੧, ੪:੧ (142)

(2) ਸੇਵਨ ਕਰਨਾ, ਛਕਣਾ

"ਬਾਬਾ ਹੋਰੁ ਖਾਣਾ ਖੁਸੀ ਖੁਆਰੁ।"

– ਸਿਰੀ ੧, ੭, ੧*:੧ (16)

"ਛਤੀਹ ਅੰਮ੍ਰਿਤ ਭੋਜਨ ਖਾਣਾ।"

– ਮਾਝ ੫, ੧੯, ੩:੨ (100)

ਖਾਣੀ ------ (1) ਜੀਵਾਂ ਦੀ ਉਤਪਤੀ ਦੇ ਆਧਾਰ ਉਤੇ ਉਨ੍ਹਾਂ ਦੇ ਪ੍ਰਕਾਰ, ਇਹ ਹਨ ਅੰਡਜ (ਅੰਡਿਆਂ ਤੋਂ ਪੈਦਾ ਹੋਣ ਵਾਲੇ), ਜੇਰਜ (ਜੇਰ ਤੋਂ ਪੈਦਾ ਹੋਣ ਵਾਲੇ) ਸੇਤਜ (ਪਸੀਨੇ ਤੋਂ ਪੈਦਾ ਹੋਣ ਵਾਲੇ) ਅਥਵਾ ਉਤਭੁਜ (ਧਰਤੀ ਤੋਂ ਪੈਦਾ ਹੋਣ ਵਾਲੇ)

"ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ।"

– ਜਪੁ ੧, ੨੭:੧੩ (6)

(2) ਖਾਣ

"ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ।"

– ਗਉ ੫, ਵਾਰ ੪:੩ (319)

ਖਾਣੁ ------ (1) ਖਾਣਾ, ਸੇਵਨ ਕਰਨਾ, ਛਕਣਾ

"ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ।"

– ਸਿਰੀ ੧, ੫, ੪:੨ (16)

(2) ਭੋਜਨ

"ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ।"

– ਸੋਰ ੫, ੪੪, ੨:੧ (620)

ਖਾਣੇ ------ ਖਾਣ ਨਾਲ

"ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ।"

– ਮਾਝ ੧, ਵਾਰ ੧੭ਸ, ੧, ੧:੬ (146)

"ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ।" (ਖਾਣੇ/ਸੇਵਨ ਕਰਨੇ ਹਨ)

– ਸੋਰ ੪, ਵਾਰ ੨੮ਸ, ੨, ੨:੨ (653)

ਖਾਤ ------ (1) ਖਾਂਦਾ, ਹੋਰ ਵੇਖੋ 'ਖਾਤ' (2)

"ਖਾਤ ਪੀਤ ਖੇਲਤ ਹਸਤ ਬਿਸਥਾਰ।"

– ਗਉ ੫, ੧੧੧, ੨:੧ (188)

(2) ਖਾਤੇ, ਟੋਏ

"ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।"

– ਆਸਾ ੧, ਵਾਰ ੯ਸ, ੧, ੧:੨ (467)

ਖਾਤਾ ------ (1) ਖਾਂਦਾ/ਨਾਸ ਕਰਦਾ ਹੈ

"ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ।"

– ਗਉ ੫, ਵਾਰ ੬:੩ (319)

"ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ।" (ਦੁੱਖ ਖਾ ਲੈਂਦਾ/ਨਾਸ ਕਰ ਦਿੰਦਾ ਹੈ)

– ਗੂਜ ੩, ਵਾਰ ੧੫:੩ (514)

(2) ਸੇਵਨ ਕਰਦਾ, ਛਕਦਾ

"ਬੈਠਤ ਹਰਿ ਹਰਿ ਸੋਵਤ ਹਰਿ ਹਰਿ ਹਰਿ ਰਸੁ ਭੋਜਨੁ ਖਾਤਾ।"

– ਦੇਵ ੫, ੨੧, ੧:੧ (532)

ਹੋਰ ਰੂਪ:

ਖਾਤਿ –
“ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ।” (ਖਾਂਦਾ ਹੈ)
– ਸਿਰੀ ੫, ਪਹ ੪, ੫:੫ (78)

ਖਾਂਤਿ –
“ਤਿਨ੍ ਕੀ ਤ੍ਰਿਸਨਾ ਭੁਖ ਸਭ ਉਤਰੀ ਜੋ ਗੁਰਮਤਿ ਰਾਮ ਰਸੁ ਖਾਂਤਿ।”
– ਮਲਾ ੪, ੫, ੧*:੨ (1264)

ਖਾਤੀ ------ (1) ਖੁਦਾਈ ਕਰਨ ਵਾਲਾ, ਲਕੜੀ ਦਾ ਕੰਮ ਕਰਨ ਵਾਲਾ, ਤਰਖਾਣ ਭਾਵ ਨੀਵੀਂ ਜਾਤ ਦਾ
“ਨਾ ਇਹੁ ਬ੍ਰਹਮਨੁ ਨਾ ਇਹੁ ਖਾਤੀ।”
– ਗੋਂਡ, ਕਬ, ੫, ੨:੪ (871)

(2) ਖਾਂਦੀ
“ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ।”
– ਗੋਂਡ ਨਾਮ, ੭, ੧:੧ (874)

ਹੋਰ ਰੂਪ:

ਖਾਤੀਆ –
“ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆਂ।” (ਖਾਂਦੀਆਂ)
– ਤਿਲੰ ੪, ਅਸ ੨, ੧੩:੧ (726)

ਖਾਤੇ –
“ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ।”
– ਗਉ ੪, ੫੪, ੨:੨ (169)

(3) ਟੋਏ ਵਿਚ
“ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ।”
– ਸਲੋ ੧, ੩੨:੨ (1412)

ਖਾਤੇ ------ (1) ਖਾਦੇ ਹਨ, ਵੇਖੋ ‘ਖਾਤੀ (2)
(2) ਨਾਸ ਕਰਦਾ, ਮੇਟਦਾ
“ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ।”
– ਦੇਵ ੫, ੮, ੧:੧ (529)

ਖਾਦ ------ ਖਾਂਦੇ/ਮੁਕ ਗਏ
“ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ।”
– ਸਾਰ ੫, ੧੧੭, ੨:੧ (1226)

ਖਾਦਾ ------ ਖਾਇਆ (ਜਾਵੇ)
“ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ।”
– ਮਾਝ ੧, ਵਾਰ ੨੦ਸ, ੧, ੧:੩ (147)

“ਖਾਦਾ ਪੈਨਦਾ ਮੂਕਰਿ ਪਾਇ।” (ਖਾਂਦਾ)
– ਗਉ ੫, ੧੪੭, ੧:੧(195)

ਹੋਰ ਰੂਪ:

ਖਾਂਦਾ –

"ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ।"
– ਸਾਰ ੪, ਵਾਰ ੧੬ਸ, ੧, ੨:੨ (1243)

ਖਾਂਦਿਆ –
"ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ।"
– ਗੂਜ ੫, ਵਾਰ ੧੮ਸ, ੫, ੨:੧ (523)

ਖਾਦੇ –
"ਜੋ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜੇ।"
– ਗਉ ੪, ਵਾਰ ੧੧:੪ (306)

ਖਾਦੰ੍ –
"ਅਕਰਣੰ ਕਰੋਤਿ ਅਖਾਦਿ੍ ਖਾਦੰ੍ ਅਸਾਜੰ੍ ਸਾਜਿ ਸਮਜਯਾ।" (ਖਵਾਉਂਦਾ ਹੈ)
– ਸਮ ੫, ੪੮:੪ (1358)

ਖਾਧਾ ------ (1) ਖਾਇਆ, ਸੇਵਨ ਕੀਤਾ
"ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।"
– ਸਿਰੀ ੧, ੪, ੧:੧ (15)
"ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ।" (ਖਾਇਆ ਹੋਇਆ)
– ਮਾਝ ੧, ਵਾਰ ੧੭ਸ, ੧, ੧:੬ (146)

ਹੋਰ ਰੂਪ:

ਖਾਧਾਤਾ –
"ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ।" (ਖਾਧਾ)
– ਗਉ ੧, ੧੪, ੪:੧ (155)

ਖਾਧਿਆ–
"ਹਰਿ ਜਪਿ ਜਪਿ ਅਉਖਧ ਖਾਧਿਆ ਸਭਿ ਰੋਗ ਗਵਾਤੇ ਦੁਖਾ ਘਾਣਿ।"
– ਸੋਰ ੪, ਵਾਰ ੨੨:੩ (651)

ਖਾਧੀ –
"ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ।"
– ਗਉ ੪, ਵਾਰ ੧੫ਸ, ੪, ੧:੬ (308)

ਖਾਧੇ –
"ਵਿਣੁ ਖਾਧੇ ਮਰਿ ਹੋਹਿ ਗਵਾਰ।"
– ਗਉ ੧, ੨, ੩:੪ (151)

ਖਾਧੈ –
"ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।"
– ਸਿਰੀ ੧, ੭, ੧*:੨ (16)
"ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ।" (ਭਾਵ ਪੀਣ ਨਾਲ)
– ਬਿਹਾ ੪, ਵਾਰ ੧੨ਸ, ਮਰ, ੧:੬ (553)

(2) ਮੁਕਾਇਆ, ਨਾਸ ਕੀਤਾ, ਖਤਮ ਕੀਤਾ
"ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ।"
– ਸਿਰੀ ੪, ਛੰਤ ੧, ੨:੪ (78)

ਹੋਰ ਰੂਪ:

ਖਾਧੇ –
"ਮਨਮੁਖ ਖਾਧੇ ਦੂਜੇ ਭਾਇ।"
– ਗਉ ੩, ਅਸ ੫, ੧*:੨ (231)
"ਮਨਮੁਖ ਖਾਧੇ ਗੁਰਮੁਖਿ ਉਬਰੇ।"
– ਸੋਰ ੪, ਵਾਰ ੪ਸ, ੩, ੧:੨ (643)

ਖਾਨ ------ (1) (ਫਾ. ਖਾਨ) ਅਮੀਰ, ਸਰਦਾਰ
"ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।"
– ਸਿਰੀ ੧, ੬, ੪:੨ (16)
(2) ਖਾਣ/ਛਕਣ (ਵਾਲੀਆਂ ਵਸਤਾਂ)
"ਅੰਮ੍ਰਿਤ ਰਸੁ ਖਾਵਹਿ ਖਾਨ ਪਾਨ।" (ਖਾਣ ਪੀਣ ਵਾਲੀਆਂ ਵਸਤਾਂ)
– ਗਉ ੫, ੧੪੫, ੩:੧ (195)
"ਖਾਨ ਖਾਨ ਸੀਗਾਰ ਬਿਰਥੇ ਹਰਿ ਕੰਤ ਬਿਨੁ ਕਿਉ ਜੀਜੀਐ।"
– ਬਿਹਾ ੫, ਛੰਤ ੨, ੨:੪ (543)
(3) ਖਾਨਾ, ਘਰ
"ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ।"
– ਆਸਾ ਕਬ, ੧੬, ੧:੨ (479)
(4) ਸੇਵਨ ਕਰਨ, ਖਾਣ
"ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ।" (ਪਾਣ ਦੇ ਬੀੜੇ ਖਾਣ ਲੱਗੇ)
– ਕੇਦਾ ਕਬ, ੫, ੧:੧ (1124)
"ਦੀਨੇ ਸਗਲੇ ਭੋਜਨ ਖਾਨ।" (ਖਾਣ/ਸੇਵਨ ਕਰਨ ਲਈ)
– ਬਸੰ ੫, ੭, ੧:੩ (1181)
(5) ਭੋਜਨ, ਪਦਾਰਥ
"ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ।"
– ਸਾਰ ੪, ਵਾਰ ੯ਸ, ੧, ੨:੪ (1241)

ਖਾਨਮ ----- ਸਰਦਾਰ, ਅਮੀਰ
"ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ।"
– ਸਮੁ ੫, ੫*:੪ (1388)

ਖਾਨਾ ------ ਸੇਵਨ ਕਰਨਾ, ਛਕਣਾ
"ਧਾਨੁ ਪ੍ਰਭ ਕਾ ਖਾਨਾ।"
– ਗਉ ੫, ੧੪੯, ੧*:੨ (212)

ਖਾਨਾਂ ------ ਮਾਲਕ, ਸਰਦਾਰ
"ਚੰਦੀ ਹਜਾਰ ਆਲਮ ਏਕਲ ਖਾਨਾਂ।"
– ਤਿਲੰ ਨਾਮ, ੩, ੩:੧ (727)

ਖਾਨਾਇ ---- ਘਰ
"ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ।"
– ਤਿਲੰ ੫, ੧, ੩:੧ (723)

ਖਾਨਿ ------ (1) ਸੇਵਨ ਕਰਨ, ਖਾਣ

"ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ।"
– ਮਾਝ ੧, ਵਾਰ ੧੪ਸ, ੧, ੧:੨ (144)
(2) ਕਾਨ, ਸੋਮਾ (ਭਾਵ ਕਾਰਨ, ਅਧਾਰ)
"ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮ ਹੀ ਕੀ ਖਾਨਿ।"
– ਕਾਨ ੫, ੩੧, ੨:੧ (1304)
(3) ਕੋਠੀ, ਸਟੋਰ ('ਮਹਾਨਕੋਸ਼' (ਇਸ ਦੇ ਅਰਥ 'ਭੋਜਨ' ਕਰਦਾ ਹੈ)
"ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ।"
– ਸਲੋ ਕਬ, ੧੭:੧ (1365)

ਖਾਨੁ ------ ਸਰਦਾਰ, ਅਮੀਰ
"ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ।"
– ਸਿਰੀ ੧, ਅਸ ੧੬, ੬:੧ (63)

ਖਾਪ ------ ਖਪਤ ਹੋ ਜਾਂਦੇ/ਮੁੱਕ ਜਾਂਦੇ ਹਨ, ਹੋਰ ਵੇਖੋ 'ਖਾਪੇ'
"ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ।"
– ਸਾਰ ੫, ੧੦੦, ੨:੧ (1223)

ਖਾਪਰੁ ----- ਭਿਖਿਆ ਮੰਗਣ ਵਾਲਾ ਬਰਤਨ
"ਫੂਟੈ ਖਾਪਰੁ ਭੀਖ ਨ ਭਾਇ।"
– ਰਾਮ ੧, ਅਸ ੨, ੩:੩ (903)
"ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ।"
– ਸਲੋ ਕਬ, ੪੮:੧ (1367)

ਖਾਪੇ ------ ਖਤਮ ਹੋ ਗਏ, ਖਪ ਗਏ
"ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ।"
– ਭੈਰ ਕਬ, ੧੩, ੧:੪ (1160)

ਖਾਮ ------ (ਫਾਂ . ਖਾਮ) ਕਚੀ, ਨਾਸਵੰਤ
"ਸੂਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ।"
– ਮਾਝ ੫, ਬਾਰਾ ੧:੭ (133)

ਖਾਯਾ ------ ਉਜਾੜ ਲਿਆ, ਖਾ/ਨਾਸ ਕਰ ਲਿਆ
"ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ।"
– ਸਲੋ ਕਬ, ੯੮:੨ (1369)

ਖਾਰ ------ (1) ਖਾਰਾ ਭਾਵ ਸਾਧਾਰਨ, ਆਮ
"ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ।"
– ਮਾਰੂ ੧, ਅਸ ੬, ੬:੧ (1012)
(2) ਬੇਸੁਆਦੇ, ਖਾਰੇ
"ਹਰਿ ਨਾਮੁ ਅੰਮ੍ਰਿਤੁ ਪੀਉ ਨਾਨਕ ਆਨ ਰਸ ਸਭ ਖਾਰ।"
– ਸਾਰ ੫, ੧੧੯, ੨:੨ (1227)
(3) ਖ੍ਵਾਰ, ਨਾਸ
"ਸਾਧ ਸੰਗਮਿ ਭਜੁ ਸੁਆਮੀ ਪਾਪ ਹੋਵਤ ਖਾਰ।"

– ਸਾਰ ੫, ੧੨੬, ੧:੧ (1228)

ਖਾਰਾ ------ ਨਮਕੀਨ
“ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ।”
– ਸਿਰੀ ੧, ਅਸ ੨, ੧:੧ (55)

ਖਾਰਾਬਾ ---- ਭੈੜੇ/ਮਾੜੇ (ਲੋਕ)
“ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ।”
– ਆਸਾ ੧, ਵਾਰ ੬ਸ, ੧, ੧:੯ (466)

ਖਾਰੀ ------ ਖਾਰੇ ਭਾਵ ਕੌੜੇ, ਬੇਸੁਆਦੇ
“ਖਾਨ ਪਾਨ ਮੀਠ ਰਸ ਭੋਜਨ ਅੰਤ ਕੀ ਬਾਰ ਹੋਤ ਕਤ ਖਾਰੀ।”
– ਸਮੁ ੫, ੬:੭ (1388)

ਖਾਰੁ ------ (1) ਖ਼੍ਵਾਰ, ਤਬਾਹ, ਨਾਸ
“ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।”
– ਆਸਾ ੧, ਵਾਰ ੧੦ਸ, ੧, ੧:੫ (468)

(2) ਖਾਰਾਪਣ
“ਕਰਮ ਕਰਿ ਖਾਰੁ ਮਫੀਟਸਿ ਰੀ।”
– ਧਨਾ ਤ੍ਰਿਲੋ, ੧, ੪:੨ (695)

ਖਾਰੇ ------ ਕੌੜੇ, ਦੁਖਦਾਈ (ਬਚਨ)
“ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ।”
– ਨਟ ੪, ਅਸ ੬, ੫:੨ (983)

ਖਾਰੋ ------ ਦੁਖ ਕੌੜਾ, ਖਾਰਾ ਭਾਵ ਦੁਖਦਾਈ
“ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ।”
– ਸਲੋ ਕਬ, ੫੦:੧ (1367)

ਖਾਲਸੇ ----- (ਅ.) ਸੁਧ, ਨਿਰੋਲ, ਪਵਿੱਤਰ (ਮਹਾਨਕੋਸ਼) (ਸ਼ਬਦਾਰਥ) ਦਰਪਣ ਅਰਥ ‘ਮੁਕਤ/ਆਜ਼ਾਦ ਹੋ ਗਏ/ ਕਰਦਾ ਹੈ)
“ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ।”
– ਸੋਰ ਕਬ, ੩, ੪:੨ (654)

ਖਾਲਕ ----- (ਅ.) (ਖਾਲਿਕ) ਪੈਦਾ ਕਰਨ ਵਾਲਾ, ਕਰਤਾਰ
“ਖਾਲਕ ਕਉ ਆਦੇਸੁ ਢਾਢੀ ਗਾਵਣਾ।”
– ਮਾਝ ੧, ਵਾਰ ੨੧:੭ (148)

ਹੋਰ ਰੂਪ:

ਖਾਲਕਾ –
“ਆਪਣਾ ਨਾਮੁ ਦੇਹਿ ਪ੍ਰਭ ਪ੍ਰੀਤਮ ਸੁਣਿ ਬੇਨੰਤੀ ਖਾਲਕਾ।” (ਹੇ ਕਰਤਾਰ)
– ਮਾਰੂ ੫, ਸੋਲਾ ੧੩, ੧੧:੩ (1085)

ਖਾਲਕੁ –
“ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ।”

– ਤਿਲੰ ਕਬ, ੧, ੨:੨ (727)

"ਖਾਲਕੁ ਰਵਿ ਰਹਿਆ ਸਰਬ ਠਾਈ।"

– ਰਾਮ ੫, ੪੫, ੧*:੨ (897)

ਖਾਲਿਕੁ –

"ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ।"

– ਪ੍ਰਭਾ ਕਬ, ੩, ੧*:੨ (1350)

ਖਾਲੀ ------ (1) (ਅ.) ਖ਼ਾਲੀ) – ਸਖਣਾ, ਵਿਹੂਣਾ

"ਪ੍ਰਭ ਤੁਧਹੁ ਖਾਲੀ ਕੋ ਨਹੀਂ ਦਰਿ ਗੁਰਮੁਖਾ ਨੋ ਸਾਬਾਸਿ।"

– ਸਿਰੀ ੪, ੬੫, ੪:੨ (40)

"ਸਤਿਗੁਰ ਤੇ ਖਾਲੀ ਕੋ ਨਹੀ ਮੇਰੈ ਪ੍ਰਭਿ ਮੇਲਿ ਮਿਲਾਏ।" (ਖਾਲੀ ਹੱਥ ਵਿਹੂਣਾ ਮੁੜਨਾ)

– ਬਿਲਾ ੪, ਵਾਰ ੪ਸ, ੩, ੧:੧ (850)

(2) ਬਿਨਾ ਪ੍ਰਾਪਤੀ ਦੇ

"ਬਿਨੁ ਰਾਸੀ ਸਭ ਖਾਲੀ ਚਲੇ ਖਾਲੀ ਜਾਇ ਦੁਖੁ ਪਾਵਣਿਆ।"

– ਮਾਝ ੩, ਅਸ ੧੪, ੫:੩ (117)

(3) ਥੁੜ ਵਾਲਾ, ਲੋੜਵੰਦ

"ਸਦਾ ਸਮਾਲੇ ਕੋ ਨਾਹੀ ਖਾਲੀ।" (ਦਾਤਾਂ ਤੋਂ ਵਾਂਝਾਂ) ਲੋੜਵੰਦ, ਥੁੜ ਵਾਲਾ

– ਮਾਝ ੩, ਅਸ ੧੫, ੫:੨ (118)

"ਜਿਨ੍ਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ।"

– ਗੂਜ ੩, ਵਾਰ ੧੮ਸ, ੩, ੨:੫ (516)

ਖਾਵਈ ----- ਖਾਂਦਾ ਹੈ

"ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ।"

– ਸੋਰ ੪, ਵਾਰ ੧੦:੩ (646)

ਖਾਵਹਿ ----- (1) ਖਾਏ, ਸਹੇ

"ਭਾਗਹੀਨ ਭ੍ਰਮਿ ਚੋਟਾ ਖਾਵਹਿ।"

– ਮਾਝ ੪, ੪, ੩:੨ (95)

ਹੋਰ ਰੂਪ:

ਖਾਵਹੀ –

"ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ।"

– ਤੁਖ ੧, ਛੰਤ ੬, ੩:੧ (1113)

(2) ਖਾਏ, ਸੇਵਨ ਕਰੇ, ਛਕੇ

"ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ।"

– ਮਾਝ ੪, ੬੬, ੪:੨ (173)

"ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ।"

– ਗੂਜ ੧, ੧, ੩:੧ (489)

ਹੋਰ ਰੂਪ:

ਖਾਵਹੁ –

"ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੇ।"
– ਗੂਜ ੫, ੩, ੪:੧ (496)

"ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ।"
– ਬਿਲਾ ੫, ੨੬, ੧:੧ (807)

(3) ਭਾਵ ਭੋਗੇ
"ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ।"
– ਆਸਾ ੪, ਛੰਤ ੮, ੨:੫ (442)

ਖਾਵਣ ----- ਖਾਣ, ਸੇਵਨ ਕਰਨ
"ਅਠੇ ਪਹਰ ਭਉਦਾ ਫਿਰੈ ਖਾਵਣ ਸੰਦੜੈ ਸੂਲਿ।"
– ਗਉ ੫, ਵਾਰ ੮ਸ, ੫, ੨:੧ (319)

ਹੋਰ ਰੂਪ:

ਖਾਵਣਾ –
"ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ।" (ਖਾਂਦੇ ਹਾਂ)
– ਆਸਾ ੧, ਵਾਰ ੨੨:੫ (474)

ਖਾਵਣਿਆ --- (1) ਸਹਾਰਨਾ, ਖਾਣੀਆ
"ਮਰਿ ਮਰਿ ਜੰਮਹਿ ਫਿਰਿ ਫਿਰਿ ਆਵਹਿ ਜਮ ਦਰਿ ਚੋਟਾ ਖਾਵਣਿਆ।"
– ਮਾਝ ੩, ਅਸ ੧੧, ੪:੩ (115)

(2) ਖਾਣਾ, ਸੇਵਨ ਕਰਨਾ
"ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ।"
– ਮਾਝ ੩, ਅਸ ੧੮, ੭:੩ (120)

ਹੋਰ ਰੂਪ:

ਖਾਵਣੀ –
"ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ।"
– ਵਡ ੩, ਛੰਤ ੪, ੨:੨ (570)

ਖਾਵਣੇ –
"ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍।"
– ਸੂਹੀ ੧, ੩, ੩:੨ (729)

ਖਾਵਤ ----- ਖਾਂਦਿਆਂ
"ਭੂਖੇ ਖਾਵਤ ਲਾਜ ਨ ਆਵੈ।"
– ਸੋਰ ੫, ੮੩, ੧:੧ (629)

ਖਾਵੰਦਿਆ --- ਖਾਂਦਿਆਂ
"ਹਸੰਦਿਆਂ ਖੇਲੰਦਿਆਂ ਪੈਨੰਦਿਆਂ ਖਾਵੰਦਿਆ ਵਿਚੇ ਹੋਵੈ ਮੁਕਤਿ।"
– ਗੂਜ ੫, ਵਾਰ ੧੬ਸ, ੫, ੨:੨ (522)

ਖਾਵਦੇ ----- ਖਾਂਦੇ
"ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।"
– ਸਿਰੀ ੪, ਵਾਰ ੮:੨ (85)

ਖਾਵਨ ----- ਖਾਂਦੇ ਹਨ
“ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ।”
– ਟੋਡੀ ੫, ੨੫, ੧:੨ (717)

ਹੋਰ ਰੂਪ:

ਖਾਵਨਾ –
“ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ।”
– ਮਾਰੂ ੫, ਅਸ ੬, ੨:੧ (1019)

ਖਾਵਨੋ ----- ਨਾਸ ਕਰਨਾ, ਮਿਟਾਵਣਾ, ਖਤਮ ਕਰਨਾ, ਨਿਗਲਣਾ
“ਸਾਧਸੰਗਿ ਜਪਿ ਨਿਸੰਗ ਜਮਕਾਲੁ ਤਿਸੁ ਨ ਖਾਵਨੋ।”
– ਕਲਿ ੫, ੧੦, ੧:੧ (1323)

ਖਾਵਾ ------ ਖਾਂਦਾ ਅਥਵਾ ਵਸ ਕੀਤਾ ਅਰਥਾਤ ਖਤਮ ਕੀਤਾ ਹੈ।” (ਜਿਸ ਮਾਇਆ ਨੇ ਖਤਮ ਕੀਤਾ ਹੈ)
“ਜਿਨਿ ਠਗਿ ਠਗਿਆ ਸਗਲ ਜਗੁ ਖਾਵਾ।” (ਖਤਮ ਕੀਤਾ ਹੈ)
– ਗਉ ਕਬ, ੧੮:੩ (341)

ਖਾਵਾਇਆ -- ਖੁਆਇਆ
“ਜੇ ਸਉ ਲੋਚਿ ਲੋਚਿ ਖਾਵਾਇਆ।”
– ਭੈਰ ੫, ੫, ੧:੧ (1136)

ਹੋਰ ਰੂਪ:

ਖਾਵਾਈਐ –
“ਜੇ ਸਾਕਤੁ ਨਰੁ ਖਾਵਾਈਐ ਲੋਚੀਐ ਬਿਖੁ ਕਢੈ ਮੁਖਿ ਉਗਲਾਰੇ।”
– ਗਉ ੪, ਵਾਰ ੨੧ਸ, ੪, ੧:੬ (312)

ਖਾਵਾਰੇ ----- ਖਾਂਦਾ ਅਥਵਾ ਭੋਗਦਾ ਹੈ
“ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ।”
– ਨਟ ੪, ਅਸ ੪, ੬:੧ (982)

ਖਾਵੈ ------ (1) ਖਾਂਦਾ ਅਥਵਾ ਭੋਗਦਾ ਹੈ
“ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ।”
– ਸਿਰੀ ੪, ੬੫, ੩:੨ (40)
“ਨਾਮ ਬਿਨਾ ਰਸ ਕਸ ਦੁਖੁ ਖਾਵੈ ਮੁਖੁ ਫੀਕਾ ਥੁਕ ਥੁਕ ਮੁਖਿ ਪਾਈ।”
– ਗੂਜ ੪, ੪, ੩:੨ (493)

(2) ਸਹਾਰਦਾ
“ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨ ਤਿਸੁ ਜੰਮਣੁ ਮਰਣਾ।”
– ਸਿਰੀ ੧, ਪਹ ੨, ੫:੩ (76)
“ਜਮ ਪੁਰਿ ਬਾਧਾ ਚੋਟਾ ਖਾਵੈ।”
– ਗਉ ੫, ੧੪੦, ੨:੨ (194)

(3) ਖਾਂਦਾ/ਸੇਵਨ ਕਰਦਾ ਹੈ
“ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ।”

– ਮਾਝ ੧, ਵਾਰ ੧੨ਸ, ੧, ੧:੬ (143)

(4) ਮੇਟਣਾ, ਖਤਮ ਕਰਨਾ, ਗਰਕ ਕਰਨਾ

"ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ।"

– ਰਾਮ ੧, ਸਿਗੋ ੬੫:੪ (945)

"ਜੇ ਕੋ ਵਡਾ ਕਹਾਇ ਵਡਾਈ ਖਾਵੈ।"

– ਮਾਰੂ ੧, ਸੋਲਾ ੫, ੧੦:੨ (1025)

ਖਾੜਾ ------ ਅਖਾੜਾ, ਘੋਲ ਕਰਨ ਦਾ ਸਥਾਨ, (ਇਥੇ ਭਾਵ ਜਗਤ)

"ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ।"

– ਮਲਾ ੧, ਵਾਰ ੪:੧ (1280)

ਖਿਅਤ ----- ਪ੍ਰਸਿਧ (ਮਹਾਨਕੋਸ਼), ਸੋਜਾ, ਛੇਜਾ (ਕੋਸ਼); ਚਮਕ, ਲਿਸ਼ਕ (ਸ਼ਬਦਾਰਥ, ਕੋਸ਼, ਦਰਪਣ)

"ਨਗਰੀ ਨਗਰੀ ਖਿਅਤ ਅਪਾਰ।"

– ਭੈਰ ਕਬ, ਅਸ ੨, ੫:੨ (1163)

ਖਿਆਨ ---- (ਸं.) ਪ੍ਰਸੰਗ

"ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ।"

– ਸੋਰ ਕਬ, ੪, ੨:੧ (658)

ਖਿਆਲ ---- (1) ਵਿਚਾਰ ਵਿਚ ਲਿਆਉਣਾ, ਸੋਚਨਾ

"ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।"

– ਤਿਲੰ ੧, ੧, ੩:੧ (721)

"ਉਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ।" (ਸੰਤ ਜਨਾਂ ਦੇ ਵਿਚਾਰ ਅਨੁਸਾਰ)

– ਬਿਲਾ ੫, ੨੯, ੧*:੨ (807)

(2) ਧਿਆਨ

"ਕੋਟਿ ਭਵ ਖੰਡੇ ਨਿਮਖ ਖਿਆਲ।"

– ਰਾਮ ੫, ੩੮, ੧:੨ (894)

ਹੋਰ ਰੂਪ:

ਖਿਆਲੀ –

"ਮਾਇਆ ਮਮਤਾ ਪਵਹਿ ਖਿਆਲੀ।"

– ਮਾਰੂ ੧, ੧੨, ੫:੧ (993)

ਖਿਆਲੁ –

"ਤੂੰ ਆਪੇ ਮੁਕਤਿ ਕਰਾਇਦਾ ਇਕ ਨਿਮਖ ਘੜੀ ਕਰਿ ਖਿਆਲੁ।"

– ਸਿਰੀ ੪, ਵਾਰ ੭:੪ (85)

ਖਿਸਹਿ ----- ਘਟਦੇ ਹਨ, ਢਲਦੇ ਹਨ

"ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ।"

– ਸਲੋ ਕਬ, ੧੭੧:੧ (1373)

ਖਿਸਕਾਇਆ – ਹਟਾਇਆ, ਪਰਾਂ ਕੀਤਾ

"ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ।"
– ਆਸਾ ੪, ਛੰਤ ੧੧, ੩:੩ (445)

ਖਿਸਕਿ ----- ਟਲ ਗਏ, ਫਿਰ ਜਾਏ
"ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ।"
– ਮਾਰੂ ੫, ਵਾਰ ੧੫:੩ (1099)

ਖਿਸਕੀਆ --- ਖਿਸਕ ਗਏ, ਡਿਗ ਗਏ
"ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ।"
– ਆਸਾ ਛੰਤ ੧੧, ੪:੧ (446)

ਖਿਸੰਦੋ ----- ਖਿਸਕ/ਤਿਲਕ ਗਿਆ
"ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ।"
– ਮਾਰੂ ੫, ਵਾਰ ਪਸ, ੫, ੧:੨ (1095)

ਖਿਸਰਿ ----- ਤਿਲਕ
"ਖਿਸਰਿ ਗਇਓ ਭੂਮ ਪਰਿ ਡਾਰਿਓ।"
– ਆਸਾ ੫, ੭੬, ੨:੨ (389)

ਖਿਸਰਿਆ --- ਦੂਰ ਹੋ ਗਿਆ, ਪਰਾਂ ਚਲਾ ਗਿਆ
"ਹਰਿਹਾਂ ਦੂਖ ਰੋਗ ਸਭਿ ਪਾਪ ਤਨ ਤੇ ਖਿਸਰਿਆ।"
– ਫੁਨ ੫, ੨੩:੪ (1363)

ਖਿਸਰੇ ----- ਢਿਲੇ ਪੈ ਗਏ, ਝੌਂ ਗਏ
"ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ।"
– ਭੈਰ ੧, ੪, ੧:੧ (1126)

ਖਿਸਿਆ ---- (1) ਖਿਸਿਕ/ਦੂਰ ਹੋ ਗਿਆ
"ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ।"
– ਆਸਾ ੪, ਛੰਤ ੧੧, ੨:੨ (445)
(2) ਘਟਿਆ, ਖਿਸਕਿਆ
"ਬਿਰਧ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ।"
– ਮਾਰੂ ੧, ਅਸ ੮, ੭:੧ (1014)

ਖਿਸਿਐ ---- ਖਿਸਕਣ ਨਾਲ ਅਰਥਾਤ (ਜੀਵਨ) ਚਲਣ ਨਾਲ
"ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ।"
– ਸਿਰੀ ੩, ੩੭, ੪:੨ (28)

ਖਿਸੈ ------ ਖਿਸਕੇ, ਤਿਲਕੇ ਅਗੇ ਚਲੇ
"ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ।"
– ਮਾਝ ੧, ਵਾਰ ੧ਸ, ੧, ੩:੨ (138)
"ਉਰ ਨ ਭੀਜੈ ਪਗੁ ਨ ਖਿਸੈ ਹਰਿ ਦਰਸਨ ਕੀ ਆਸਾ।" (ਤਿਲਕੇ ਭਾਵ ਪਿਛੇ ਪਏ)
– ਗਉ ਕਬ, ੬੫, ੧:੨ (338)
"ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ।" (ਢਲਦਾ)

– ਸਲੋ ਕਬ, ੧੭੧:੧ (1373)

ਖਿੰਚ ------ ਖਿਚ ਕੇ, ਕਸ ਕੇ
"ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ।"
– ਬਿਲਾ ੫, ੧੧੪, ੧:੧ (827)

ਹੋਰ ਰੂਪ:

ਖਿੰਚਹਿ –
"ਜਬ ਅਪੁਨੀ ਜੋਤਿ ਖਿੰਚਹਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ।" (ਖਿਚ ਲਏ)
– ਬਿਲਾ ੩, ੩, ੨:੨ (797)

ਖਿੰਚਿ –
"ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ।" (ਖਿਚ ਕੇ)
– ਗਉ ਕਬ, ੬੪, ੧:੧ (337)

ਖਿੰਚਿਆ –
"ਖਿੰਚਿਆ ਸੂਤੁ ਤ ਆਈ ਥਾਇ।" (ਖਿਚਿਆ, ਖਿਚ ਲਿਆ)
– ਰਾਮ ੫, ੧੨, ੩:੪ (886)

ਖਿੰਚੇ –
"ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ।" (ਖਿਚੇ)
– ਗੂਜ ੩, ਵਾਰ ੨੦ਸ, ੩, ੨:੧ (516)

ਖਿੰਚੈ –
"ਹਰਿ ਏਕੋ ਸੂਤੁ ਵਰਤੈ ਜੁਗ ਅੰਤਰਿ ਸੂਤੁ ਖਿੰਚੈ ਏਕੰਕਾਰੀ।" (ਖਿਚਿਆਂ)
– ਗੂਜ ੪, ਅਸ ੧, ੭:੨ (507)

ਖਿੰਚੋਤਾਣਿ --- ਖਿਚਾ ਖਿਚੀ, ਕਸ਼ਮਕਸ਼
"ਖਿੰਚੋਤਾਣਿ ਵਿਗੁਚੀਐ ਬੁਰਾ ਭਲਾ ਦੁਇ ਨਾਲਿ ਜੀਉ।"
– ਸੂਹੀ ੧, ਅਸ ੨, ੭:੨ (751)
"ਖਿੰਚੋਤਾਣਿ ਕਰਹਿ ਬੇਤਾਲੇ।" (ਖਿਚਾ-ਖਿਚੀ ਭਾਵ ਝਗੜਾ)
– ਮਾਰੂ ੧, ਸੋਲਾ ੧੧, ੮:੨ (1031)

ਖਿਜਮਤਦਾਰ – (ਫਾ. ਖਿਦਮਤਗਾਰ) ਸੇਵਕ, ਟਹਿਲੂਆ
"ਹਉ ਬੰਦੀ ਪ੍ਰਿਅ ਖਿਜਮਤਦਾਰ।"
– ਆਸਾ ੫, ੯੫, ੨:੧ (394)

ਖਿਜਮਤਿ ---- (ਫਾ. ਖਿਦਮਤ) ਸੇਵਾ, ਟਹਿਲ
"ਖਿਜਮਤਿ ਕਰੀ ਜਨੁ ਬੰਦਾ ਤੇਰਾ।"
– ਮਾਰੂ ੧, ੫, ੩:੨ (990)

ਖਿੰਜੈ ------ ਖਿੜਦੀ
"ਗਰੀਬਾ ਉਪਰਿ ਜਿ ਖਿੰਜੈ ਦਾੜੀ।"
– ਗਉ ੫, ੧੯੭, ੧:੧ (199)

ਖਿੰਜੋਤਾੜਾ --- ਖਿਚੋਤਾਣ

"ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ।"
– ਮਾਰੂ ੫, ਵਾਰ ੧੦:੬ (1098)

ਥਿੰਡੀਆ ---- ਬਿਖਰੀਆਂ, ਖਿਲਰੀਆਂ
"ਦੂਜੈ ਬਹੁਤੇ ਰਾਹ ਮਨ ਕੀਆ ਮਤੀ ਥਿੰਡੀਆ।"
– ਮਾਝ ੧, ਵਾਰ ੧੭ਸ, ੧, ੧:੩ (145)

ਖਿਣੰ ------ ਪਲ, ਲਹਮਾ, ਖਿਨ
"ਬਾਚਾ ਕਰਿ ਸਿਮਰੰਤ ਤੁਝੈ ਤਿਨ੍ ਦੂਖੁ ਦਰਿਦ੍ਰ ਮਿਟਯਉ ਜੁ ਖਿਣੰ।"
– ਸਵ ੪, ਬਲ ੪:੩ (1405)

ਖਿੰਥੜਿ ----- ਗੋਦੜੀ
"ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ।"
– ਸਲੋ ਫਰ, ੪੭:੧ (1380)

ਖਿੰਥਾ ------ (1) ਗੋਦੜੀ, ਖਫਣੀ, ਹੋਰ ਵੇਖੋ 'ਖਿੰਥਾਤਾ'
"ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।"
– ਜਪੁ ੧, ੨੮:੨ (6)

(2) ਭਾਵ ਸਰੀਰ
"ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ।"
– ਸਲੋ ਕਬ, ੪੭:੨ (1366)

ਖਿੰਥਾਤਾ ---- ਗੋਦੜੀ, ਖਫਣੀ
"ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ।"
– ਗਉ ੧, ੧੫, ੧:੧ (155)

ਖਿਧੋਲੜਾ --- ਜੁਲਾ, ਕਾਲੇ ਰੰਗ ਦਾ ਚੋਲਾ ਜੋ ਹਾਕਮ ਸਾਹਮਣੇ ਸ਼ਿਕਾਇਤ ਲੈ ਕੇ ਜਾਣ ਸਮੇਂ ਪਾਇਆ ਜਾਂਦਾ ਸੀ।
"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।"
– ਗਉ ੪, ਵਾਰ ੧੨ਸ, ੪, ੧:੧ (306)

ਖਿਨ ------ ਪਲ, ਲਹਮਾ, ਅੱਖ ਦੇ ਪਲਕਾਰੇ ਜਿੰਨਾ ਸਮਾਂ, ਬਹੁਤ ਥੋੜਾ ਸਮਾਂ
"ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।"
– ਸਿਰੀ ੧, ੧੧, ੩:੧ (18)

"ਕੋਟਿ ਕਲੰਕ ਖਿਨ ਮਹਿ ਮਿਟਿ ਜਾਹਿ।" (ਝਟ ਪਟ)
– ਗਉ ੫, ੯੫, ੩:੪ (184)

ਹੋਰ ਰੂਪ:

ਖਿਨਹਿ –
"ਇਕ ਖਿਨਹਿ ਥਾਪਿ ਉਥਾਪਦਾ ਘੜਿ ਭੰਨਿ ਕਰਨੈਹਾਰੁ।" (ਖਿਨ ਵਿਚ ਹੀ, ਝਟ ਹੀ)
– ਮਾਲੀ ੫, ੭, ੧:੧ (988)

ਖਿਨਹੂ –
"ਖਿੰਨਹੂੰ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ।"

- ਆਸਾ ੫, ੧੫੬, ੧:੨ (409)

ਖਿਨਹੂੰ –
“ਖਿਨੰਹੂ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ।”
- ਆਸਾ ੫, ੧੫੬, ੧:੨ (409)

ਖਿਮਾ –
“ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਤਿ ਜਪਿ ਇਕ ਖਿਨਾ।” (ਪਲ, ਖਿਨ)
- ਗਉ ੫, ੧੩੯*, ੧*:੨ (210)

ਖਿਨਾਂ –
“ਪਾਰਿ ਉਤਰਿ ਜਾਹਿ ਇਕ ਖਿਨਾਂ।”
- ਬਸੰ ੩, ੪, ੧*:੨ (1169)

ਖਿਨਾਹੂ –
“ਦੂਖ ਦਰਦ ਤਿਹ ਮਿਟਹਿ ਖਿਨਾਹੂ।” (ਪਲ ਵਿਚ ਹੀ)
- ਗਉ ੫, ਬਾਅ ੪੫:੨ (259)

ਖਿਨਿ ------ ਪਲ ਵਿਚ, ਝਟ ਹੀ
“ਖਿਨ ਮਹਿ ਉਪਜੈ ਖਿਨਿ ਖਪੈ ਖਿਨੁ ਆਵੈ ਖਿਨੁ ਜਾਇ।”
- ਸਿਰੀ ੧, ਅਸ ੯, ੫:੧ (58)

ਹੋਰ ਰੂਪ:

ਖਿਨੀ –
“ਉਪਜਿਓ ਚਾਉ ਮਿਲਨ ਪ੍ਰਭ ਪ੍ਰੀਤਮ ਰਹਨੁ ਨ ਜਾਇ ਖਿਨੀ।” (ਖਿਨ ਮਾਤਰ ਵੀ)
- ਬਿਲਾ ੫, ੧੨੭, ੧:੨ (830)

ਖਿਨੁ –
“ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ।”
- ਸਿਰੀ ੧, ੨੦, ੧*:੨ (21)

“ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ।”
- ਮਾਝ ੫, ਬਾਰਾ ੨:੪ (133)

ਖਿਨੁ ------ (1) ਪਲ, ਵੇਖੋ ‘ਖਿਨਿ’
“ਅਪਰਾਧੀ ਪਾਪੀ ਉਧਰੇ ਮੇਰੀ ਜਿੰਦੜੀਏ ਜਨ ਨਾਨਕ ਖਿਨੁ ਹਰਿ ਰਾਤੇ ਰਾਮ।” (ਥੋੜੇ ਸਮੇਂ ਲਈ ਵੀ)
- ਬਿਹਾ ੪, ਛੰਤ ੩, ੪:੪ (539)

(2) ਘੜੀ ਘੜੀ, ਪਲ ਪਲ, ਹਰ ਸਮੇਂ, ਬਾਰ ਬਾਰ
“ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।” (ਘੜੀ ਘੜੀ, ਹਰ ਸਮੇਂ, ਪਲ ਪਲ)
- ਗਉ ੪, ੫੧, ੧:੨ (168)

“ਮਾਇਆ ਬੰਧਨ ਟਿਕੈ ਨਾਹੀ ਖਿਨੁ ਖਿਨੁ ਦੁਖੁ ਸੰਤਾਏ।”
- ਗਉ ੩, ਛੰਤ ੫, ੩:੫ (246)

“ਕਵਨ ਉਪਮਾ ਦੇਉ ਕਵਨ ਵਡਾਈ ਨਾਨਕ ਖਿਨੁ ਖਿਨੁ ਵਾਰੇ।” (ਬਾਰ ਬਾਰ)
- ਆਸਾ ੫, ੧੪੧, ੪:੧ (406)

(3) ਥੋੜਾ ਜਿਹਾ
“ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ।”
– ਆਸਾ ੪, ੫੭, ੫:੨ (170)

ਖਿਨੂਆ ---- ਛਿਨ ਭਰ ਵੀ
“ਆਪਨ ਰਾਮੁ ਨ ਚੀਨੋ ਖਿਨੂਆ।”
– ਟੋਡੀ ੫, ੧੬, ੧:੧ (715)

ਖਿਨੈ ------ ਪਲ/ਛਿੰਨ ਵਿਚ ਹੀ
“ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ।”
– ਮਾਝ ੫, ਬਾਰਾ ੭:੫ (134)

ਹੋਰ ਰੂਪ:

ਖਿਨੋ –
“ਚਰਣ ਕਮਲ ਧਿਆਨੁ ਹਿਰਦੈ ਪ੍ਰਭ ਬਿਸਰੁ ਨਾਹੀ ਇਕੁ ਖਿਨੋ।” (ਪਲ/ਛਿਨੀ ਭਰ)
– ਆਸਾ ੫, ਛੰਤ ੧੦, ੧:੪ (459)

ਖਿਮ ------ ਖਿਮਾ, ਮੁਆਫੀ
“ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ ਖਿਮ ਕਾ।” (ਖਿਮਾ ਦਾ)
– ਸੋਰ ੪, ਵਾਰ ੨੧:੨ (650)

ਖਿਮਾ ------ (ਸੰ.) ਮੁਆਫੀ, ਭੁਲ, ਉਕਾਈ ਨੂੰ ਦਰਗਜ਼ਰ ਕਰਨ ਦੀ ਪਰ ਵਿਰਤੀ
“ਖਿਮਾ ਗਹੀ ਬ੍ਰਤੁ ਸੀਲ ਸੰਤੋਖੰ।”
– ਗਉ ੧, ਅਸ ੭, ੧:੧ (223)

ਖਿਰ ਖਿਰ --- ਖਿੜ ਖਿੜ ਭਾਵ ਜੋਰ ਦੀ
“ਬਦਨੈ ਬਿਨੁ ਖਿਰ ਖਿਰ ਹਾਸਤਾ।”
– ਬਸੰ ਕਬ, ੩, ੨:੨ (1194)

ਖਿਰਤ ----- (ਸੰ.) ਨਾਸ ਹੁੰਦੇ
“ਖਖਾ ਖਿਰਤ ਖਪਤ ਗਏ ਕੇਤੇ।”
– ਗਉ ਕਬ, ਬਾਅ ੪੪:੧ (342)

ਖਿਰਾਜੁ ----- ਕਰ, ਟੈਕਸ
“ਨਾਂ ਤਸਵੀਸ ਖਿਰਾਜੁ ਨ ਮਾਲੁ।”
– ਗਉ ਰਵਿ, ੨, ੧:੩ (345)

ਖਿਰਿ ------ (ਸੰ._) ਨਾਸ ਹੋਣਾ
“ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ।”
– ਗਉ ਕਬ, ਬਾਅ, ੧:੨ (340)

ਖਿਲਉਨਾ --- ਖਿਡੌਨਾ, ਉਹ ਚੀਜ਼ ਜਿਸ ਨਾਲ ਖੇਡਿਆ ਜਾਵੇ
“ਲੋਗਨ ਰਾਮੁ ਖਿਲਉਨਾ ਜਾਨਾਂ।” (ਭਾਵ ਮਖੌਲ ਸਮਝਿਆ ਹੈ)
– ਭੈਰ ਕਬ, ੬, ੧:੨ (1158)

ਖਿਲਖਾਨਾ --- (ਅ. ਖੀਲ ਖਾਨਾ) ਟੱਬਰ ਤੇ ਘਰ
"ਖਿਲਖਾਨਾ ਬਿਰਾਦਰ ਹਮੂ ਜੰਜਾਲਾ।"
- ਮਾਰੂ ੫, ਸੋਲਾ ੧੨, ੮:੨ (1084)

ਖਿਲਾ ------ ਖੇਡਿਆ
"ਜੋਰਾ ਪੁਰਖ ਸਭਿ ਆਪਿ ਉਪਾਇਅਨੁ ਹਰਿ ਖੇਲ ਸਭਿ ਖਿਲਾ।"
- ਗਉ ੪, ਵਾਰ ੯ਸ, ੪, ੨:੭ (304)

ਖਿਲਾਇ ---- ਖਿਡਾਵੇ
"ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ।"
- ਸਾਰ ੫, ੪੮, ੧:੧ (1214)

ਹੋਰ ਰੂਪ:

ਖਿਲਾਇਦਾ -
"ਸਹਜੇ ਸਹਜਿ ਖਿਲਾਇਦਾ ਨਹੀ ਕਰਦਾ ਆਲਕ।" (ਖਡਾਂਦਾ)
- ਮਾਰੂ ੫, ਵਾਰ ੨੧:੩ (1101)

ਖਿਲਾਵਨਹਾਰੋ - ਖਿਡਾਣ ਵਾਲਾ
"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।"
- ਗਉ ੫, ੧੨੬*, ੩:੧ (206)

ਖਿਲਾਵੈ ----- ਖਿਡਾਵੈ
"ਜਿਸੁ ਭਾਵੈ ਤਿਸੁ ਖੇੁਲ ਖਿਲਾਵੈ।"
- ਗਉ ੫, ਸੁਖ ੨੧, ੮:੮ (292)

ਖਿਲਿਆ ---- ਖਿੜਿਆ
"ਭ੍ਰਮੁ ਖੋਇਓ ਸਾਂਤਿ ਸਹਿਜ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ।"
-ਗਉ ੫, ਛੰਤ ੪, ੪:੩ (249)

ਖਿਵੈ ------ ਚਮਕਦਾ ਹੈ
"ਤਖਤਿ ਬੈਠਾ ਅਰਜਨ ਗੁਰੂ ਸਤਿਗੁਰ ਕਾ ਖਿਵੈ ਚੰਦੋਆ।"
- ਰਾਮ ਬਸ, ਵਾਰ ੮:੫ (968)

ਖਿੜਕੀ ----- ਤਾਕੀ
"ਤਿਹ ਸਿਲ ਊਪਰਿ ਖਿੜਕੀ ਅਉਰ।"
- ਭੈਰ ਕਬ, ੧੦, ੩:੨ (1159)

ਹੋਰ ਰੂਪ:

ਖਿੜਕੀਆ -
"ਤਹ ਬਿਖੜੇ ਥਾਨ ਅਨਿਕ ਖਿੜਕੀਆ।"
- ਰਾਮ ੫, ੧੨, ੪:੨ (886)

ਖਿੜਿਆ ---- ਖਿਲਿਆ, ਬਿਗਸਿਆ, ਮੌਲਿਆ
"ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ।"
- ਬਿਲਾ ੪, ਵਾਰ ੧ਸ, ੪, ੧:੪ (849)

ਖੀਓ ------ (1) (ਸੰ.) ਮਸਤ, ਮਤਵਾਲਾ
"ਓੁਹੀ ਪੀਓ ਓੁਹੀ ਖੀਓ ਗੁਰਹਿ ਦੀਓ ਦਾਨੁ ਕੀਓ।"
– ਗਉ ੫, ੧੫੭, ੧:੧ (214)

(2) (ਸੰ.) ਨਾਸ ਹੋਣਾ
"ਦ੍ਰਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ।"
– ਆਸਾ ੫, ੪੭, ੨:੨ (382)

ਖੀਚਰੀ ----- ਖਿਚੜੀ, ਚਾਵਲ ਤੇ ਦਾਲ ਨੂੰ ਰਲਾ ਕੇ ਬਣਾਇਆ ਭੋਜਨ
"ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ।"
– ਸਲੋ ਕਬ, ੧੮੮:੧ (1374)

ਖੀਚਾ ------ ਖਿਚਿਆ/ਤਣਿਆ ਹੋਇਆ ਪਰਦਾ, ਵਖੇਵਾਂ (ਫਓਰਟਟਿਓਨਿ)
"ਊਚਨ ਊਚਾ ਬੀਚੁ ਨ ਖੀਚਾ ਹਉ ਤੇਰਾ ਤੂੰ ਮੋਰਾ।"
– ਬਿਲਾ ੫, ੮੭, ੨:੨ (821)

ਖੀਣ ------ ਨਾਸ ਹੋਣ
"ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ।" (ਭਾਵ ਸੁਖੀ, ਦੁਖੀ)
– ਸਸ ੫, ੫੦:੪ (1358)

ਹੋਰ ਰੂਪ:

ਖੀਣਉ –
"ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ।" (ਨਾਸਮਾਨ)
– ਸਵ ੩, ੧੨:੪ (1394)

ਖੀਣੰਤ –
"ਮਿਥੰ੍ਤ ਦੇਹੰ ਖੀਣੰਤ ਬਲਨੰ।" (ਨਾਸ ਹੋ ਜਾਂਦਾ ਹੈ)
– ਸਸ ੫, ੩:੧ (1354)

"ਅਸਥਿਤੰ ਸੋਗ ਹਰਖੰ ਭੈ ਖੀਣੰਤ ਨਿਰਭਵਹ।" (ਟੁਟਿਆ ਹੋਇਆ, ਸਹਿਮਿਆ ਹੋਇਆ)
– ਸਸ ੫, ੪੪:੩ (1358)

ਖੀਣਾ –
"ਕਹਤੁ ਕਬੀਰੁ ਕਿਲਬਿਖ ਗਏ ਖੀਣਾ।" (ਨਾਸ)
– ਪ੍ਰਭਾ ਕਬ, ੧, ੪:੧ (1349)

ਖੀਣੁ –
"ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ।" (ਲਿਸਾ/ਕੰਮਜੋਰ)
– ਸਿਰੀ ੧, ਪਹ ੨, ੪:੧ (76)

ਖੀਂਧਾ ------ ਲੇਫ, ਰਜਾਈ, ਜੁਲੀ
"ਊਪਰ ਕਉ ਮਾਂਗਉ ਖੀਂਧਾ।"
– ਸੋਰ ਕਬ, ੧੧, ੩:੩ (656)

ਖੀਨ ------ (1) ਨਾਸ

“ਖੀਨ ਖਰਾਬੁ ਹੋਵੈ ਨਿਤ ਕੰਧੁ।”

– ਆਸਾ ੧, ੧੮, ੨:੪ (354)

“ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ।”

– ਆਸਾ ੫, ੧੧੪, ੧*:੨ (399)

(2) ਘਟ, ਕੰਮਜੋਰ

“ਤਾਣ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ।” (ਘਟ ਗਿਆ)

– ਬਿਹਾ ੫, ਛੰਤ ੬, ੧:੨ (545)

(3) ਮੰਧੇ, ਮਾੜੇ

“ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ।”

– ਜੈਤ ੪, ੪, ੩:੧ (697)

(4) ਦੁੱਖੀ, ਵਿਆਕੁਲ

“ਖਾਤ ਪੀਵਤ ਸਵੰਤ ਸੁਖੀਆ ਨਾਮ ਸਿਮਰਤ ਖੀਨ।”

– ਸਾਰ ੫, ੧੦੮, ੧:੧ (1225)

ਖੀਨਸੂਆ --- ਕੰਮਜੋਰ ਹੋ ਗਿਆ, ਟੁੱਟ ਗਿਆ

“ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ।”

– ਗਉ ੫, ੧੨੭*, ੩:੧ (206)

ਖੀਨਾ ------ (1) ਨਾਸ ਹੁੰਦਾ ਹੈ

“ਆਵਤ ਜਾਤ ਜੋਨੀ ਦੁਖ ਖੀਨਾ।”

– ਗਉ ੫, ੧੨੪, ੧*:੨ (190)

ਹੋਰ ਰੂਪ:

ਖੀਨੁ –

“ਜਲ ਮਹਿ ਰਹਉ ਜਲਹਿ ਬਿਨੁ ਖੀਨੁ।”

– ਗਉ ਕਬ, ੨, ੧:੨ (323)

(2) ਨਿਰਬਲ, ਕੰਮਜ਼ੋਰ

“ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ।”

– ਸੋਰ ਭੀਖ, ੧, ੧:੧ (659)

(3) ਤੋਟਾ, ਨੁਕਸਾਨ

“ਹਾਥ ਦੇਇ ਰਾਖੈ ਅਪਨੇ ਕਉ ਕਾਹੂ ਨ ਕਰਤੇ ਕਛੁ ਖੀਨਾ।”

– ਬਿਲਾ ੫, ੯੭, ੧:੨ (823)

(4) ਵਿੰਨੇ, ਹੋਏ

“ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ ਨਥਹਾਰੇ।”

– ਨਟ ੪, ਅਸ ੨, ੮:੧ (981)

ਖੀਰ ------ ਦੁੱਧ

“ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ।”

– ਗੂਜ ੪, ਅਸ ੧, ੧:੧ (506)

ਖੀਰੰ ------ (1) ਦੁੱਧ ਵਿਚ ਚਾਵਲ ਪਾ ਕੇ ਬਣਾਇਆ ਮਿਠਾ ਭੋਜਨ

“ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ।”

– ਆਸਾ ਨਾਮ, ੨, ੩:੧ (485)

ਹੋਰ ਰੂਪ:

ਖੀਰਿ

"ਲੰਗਰਿ ਚਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ।"

– ਰਾਮ ਬਸ, ਵਾਰ ੩:੯ (967)

(2) ਦੁਧ

"ਦੁਇ ਧੋਤੀ ਕਰਮ ਮੁਖਿ ਖੀਰੰ।"

– ਪ੍ਰਭਾ ਬੇਣੀ, ੧, ੨:੨ (1351)

ਹੋਰ ਰੂਪ:

ਖੀਰਾ –

"ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ।"

– ਟੋਡੀ ੫, ੫, ੪:੨ (713)

ਖੀਰੁ –

"ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ।"

– ਸਿਰੀ ੧, ਪਹਿ ੨, ੧:੨ (75)

ਖੀਰੁ ------ (1) ਦੁਧ, ਵੇਖੇ 'ਖੀਰੰ' (2)

(2) ਸਮੁੰਦਰ

"ਰਤਨ ਉਪਾਇ ਧਰੇ ਖੀਰੁ ਮਥਿਆ ਹਰਿ ਭਖਲਾਏ ਜਿ ਅਸੀ ਕੀਆ।"

– ਆਸਾ ੧, ੭, ੪:੧ (351)

ਹੋਰ ਰੂਪ:

ਖੀਰੇ –

"ਹਰਿ ਸੇਤੀ ਮਨੁ ਬੇਧਿਆ ਮੇਰੀ ਜਿੰਦੁੜੀਏ ਜਿਉ ਬਾਲਕ ਲਗਿ ਦੁਧ ਖੀਰੇ ਰਾਮ।"

– ਬਿਹਾ ੪, ਛੰਤ ੨, ੨:੧ (538)

ਖੀਰੈ –

"ਖੀਰ ਅਧਾਰਿ ਬਾਰਿਕੁ ਜਬ ਹੋਤਾ ਬਿਨੁ ਖੀਰੈ ਰਹਨੁ ਨ ਜਾਈ।"

– ਮਲਾ ੫, ੨, ੧:੧ (1266)

ਖੀਲੈ ------ ਖੇਡਦਾ ਹੈ

"ਖੀਲੈ ਬਿਗਸੈ ਤੇਤੋ ਸੋਗ।"

– ਬਸੰ ੧, ਅਸ ੧, ੫:੩ (1187)

ਖੀਵਨਿ ----- ਮਸਤ, ਵੇਖੋ 'ਖੀਓ '

"ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ।"

– ਸਾਰ ੫, ੯੧, ੧:੨ (1222)

ਖੀਵਾ ------ ਮਸਤ, ਮਤਵਾਲਾ

"ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ।"

– ਸਿਰੀ ੧, ੫, ੨:੩ (16)

ਖੀਵੀ ------ ਗੁਰੂ ਅੰਗਦ ਦੇਵ ਜੀ ਦੀ ਸੁਪਤਨੀ

"ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ।"
- ਰਾਮ ਬਸ, ੩:੧੨ (967)

ਖੁਆਇ ---- ਭੂਲੇ/ਭਟਕਦੇ ਹਨ
"ਵਿਣੁ ਨਾਵੈ ਸਭ ਭੁਮਣੀ ਦੂਜੈ ਭਾਇ ਖੁਆਇ।"
- ਸਿਰੀ ੩, ੫੬, ੩:੧ (35)
"ਹਰਿ ਹਰਿ ਨਾਮੁ ਨ ਚੇਤਨੀ ਕਰਤੈ ਆਪਿ ਖੁਆਇ।" (ਭੁਲਾਏ)
- ਸਲੋ ੩, ੨੩:੭ (1415)

ਹੋਰ ਰੂਪ:

ਖੁਆਇਓਹੁ -
"ਸਚੈ ਆਪਿ ਖੁਆਇਓਹੁ ਮੂੜੇ ਇਹੁ ਸਿਰਿ ਤੇਰੈ ਲੇਖੁ ਪਇਆ।"
- ਆਸਾ ੩, ਪਟੀ ੧੦:੨ (435)
ਖੁਆਇਅਨੁ -
"ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ।" (ਭੁਲਾਇਆ ਹੈ)
- ਸਿਰੀ ੩, ੫੮, ੪:੨ 36)
ਖੁਆਇਆ -
"ਆਪਹੁ ਤੁਧੁ ਖੁਆਇਆ।" (ਖੁੰਝਾਇਆ)
- ਸਿਰੀ ੧, ਅਸ ੨੮, ੬:੨ (72)
"ਇਹੁ ਮਨੂਆ ਦਹ ਦਿਸਿ ਧਾਵਦਾ ਦੂਜੈ ਭਾਇ ਖੁਆਇਆ।" (ਕੁਰਾਹੇ ਪਿਆ)
- ਸੋਰ ੩, ੧, ੩:੧ (600)
ਖੁਆਈ -
"ਬਿਨੁ ਸਬਦ ਪਿਆਰੇ ਕਉਣੁ ਦੁਤਰੁ ਤਾਰੇ ਮਾਇਆ ਮੋਹਿ ਖੁਆਈ।" (ਭੁੱਲੀ ਫਿਰਦੀ ਹੈ)
- ਗਉ ੩, ਛੰਤ ੧, ੩:੩ (244)
"ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ।" (ਕੁਰਾਹੇ ਪਾਏ ਭੁਲੀ ਫਿਰੀ)
- ਆਸਾ ੧, ਅਸ ੧੨, ੩:੧ (417)
"ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ।" (ਬਰਬਾਦ ਹੋਈ)
- ਸੂਹੀ ੪, ੪, ੨:੨ (732)
ਖੁਆਈਅਹਿ -
"ਇਕਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ।" (ਖੁੰਝ ਗਿਆ, ਲੰਘ ਗਿਆ)
- ਆਸਾ ੧, ਅਸ ੧੧, ੬:੧ (417)

ਖੁਆਈਅਹਿ - (1) ਖੁੰਝ ਗਿਆ, ਲੰਘ ਗਿਆ, ਵੇਖੋ 'ਖੁਆਇ'
(2) ਗਵਾਈਦਾ ਹੈ
"ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ।"
- ਮਾਝ ੧, ਵਾਰ ੧੮:੬ (146)
(3) ਭੁਲਾਣਾ
"ਹਉਮੈ ਗਰਬੈ ਗਰਬੁ ਆਪਿ ਖੁਆਈਐ।"
- ਆਸਾ ੪, ੬੫, ੩:੨ (369)

ਖੁਆਏ ----- ਭੁੱਲ/ਭੁਟਕ ਕੇ

"ਮਨਮੁਖੁ ਭੂਲਾ ਦੂਜੈ ਭਾਇ ਖੁਆਏ"

– ਮਾਝ ੩, ਅਸ ੧੭, ੬:੧ (119)

"ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ।" (ਭੁਲਾਏ, ਖੁੰਝਾਏ)

– ਆਸਾ ੧, ਅਸ ੧੨, ੩:੩ (417)

ਖੁਆਰ ----- (ਫਾ. ਖਵਾਰ) ਖਜਲ, ਪਰੇਸ਼ਾਨ, ਹੈਰਾਨ

"ਹਰਿ ਨਾਮੁ ਨਾ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ।"

– ਗੂਜ ੩, ਵਾਰ ੧ਸ, ੩, ੨:੪ (509)

"ਮਨਸਾ ਮਾਇਆ ਮੋਹਣੀ ਮਨਮੁਖ ਬੋਲ ਖੁਆਰ।" (ਭਾਵ ਮਾੜੇ)

– ਪ੍ਰਭਾ ੧, ਅਸ ੩, ੨:੩ (1343)

ਹੋਰ ਰੂਪ:

ਖੁਆਰਾ –

"ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ।" (ਪਰੇਸ਼ਾਨ)

– ਗਉ ੩, ਅਸ ੩, ੩:੩ (230)

ਖੁਆਰੀ –

"ਬਿਨੁ ਜਗਦੀਸ ਭਜੇ ਨਿਤ ਖੁਆਰੀ।" (ਖਜਲ, ਪਰੇਸ਼ਾਨ)

– ਗਉ ੧, ਅਸ ੧੦, ੩:੩ (225)

"ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ।" (ਖਰਾਬੀ)

– ਆਸਾ ੫, ਛੰਤ ੧੧, ੩:੫ (460)

"ਹਰਿ ਬਿਸਰਤ ਸਦਾ ਖੁਆਰੀ।" (ਜ਼ਿਲਤ, ਬੇਪਤੀ)

– ਟੋਡੀ ੫, ੨, ੧*:੧ (712)

"ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗ ਜੀਵਣੁ ਨਹੀ ਰਹਿਣਾ।" (ਖੁਆਰ ਹੋਣ ਵਾਲੀ ਕਰਤੂਤ)

– ਮਲਾ ੧, ੧, ੧:੨ (1254)

ਖੁਆਰੁ–

"ਬਾਬਾ ਹੋਰੁ ਖਾਣਾ ਖੁਸੀ ਖੁਆਰੁ।" (ਜ਼ਲੀਲ ਹੋਈਦਾ ਹੈ)

– ਸਿਰੀ ੧, ੭, ੧*:੧ (16)

"ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ।" (ਖੁਆਰ/ਲਜਿਤ ਕਰਦੀ ਹੈ)

– ਸਿਰੀ ੧, ੮, ੨:੩ (17)

"ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।" (ਖੁਆਰੀ, ਖਜਾਲਤ)

– ਆਸਾ ੧, ਵਾਰ ੪ਸ, ੧, ੨:੯ (465)

ਖੁਆਰੋ –

"ਦੁਰਮਤਿ ਮਰੈ ਨਿਤ ਹੋਇ ਖੁਆਰੋ।" (ਲਜਿਤ/ਖਜਲ ਹੁੰਦਾ)

– ਮਾਰੂ ੩, ਸੋਲਾ ੧੪, ੧੩:੨ (1058)

ਖੁਇ ------ ਖੁੰਝ/ਘੁਸ ਕੇ

"ਅੰਨਾ ਬੋਲਾ ਖੁਇ ਉਝੜਿ ਪਾਇ।"

– ਗਉ ੪, ਵਾਰ ੨੬ਸ, ੩, ੨:੫ (314)

“ਰੋਵੈ ਜਨਮੇਜਾ ਖੁਇ ਗਇਆ।” (ਕੁਰਾਹੇ ਪਿਆ)
– ਰਾਮ ੩, ਵਾਰ ੧੪ਸ, ੧, ੧:੧੧ (954)

ਹੋਰ ਰੂਪ:

ਖੁਈ –
“ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ” (ਖੁੰਝ ਗਈ, ਔਂਝੜੇ ਪੈ ਗਈ)
– ਤੁਖਾ ੧, ਬਾਰਾ ੧੧:੨ (1108)

ਖੁਸਰੇ ------ ਨਪੁੰਸਕ
“ਪਥਰ ਪਾਲਾ ਕਿਆ ਕਰੇ ਖੁਸਰੇ ਕਿਆ ਘਰ ਵਾਸੁ।”
– ਮਾਝ ੧, ਵਾਰ ੧੨ਸ, ੧, ੧:੨ (143)

ਹੋਰ ਰੂਪ:

ਖੁਸਰੈ –
“ਖੁਸਰੈ ਕਿਉ ਨ ਪਰਮ ਗਤਿ ਪਾਈ।” (ਨਪੁੰਸਕ ਨੇ)
– ਗਉ ਕਬ, ੪, ੩:੨ (324)

ਖੁਸਿ ------ ਖੋਹ/ਖਸ
“ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ।”
– ਆਸਾ ੧, ਅਸ ੧੨, ੩:੩ (417)

ਖੁਸਿਖਬਰੀ -- ਖੁਸ਼ ਵਾਲੀ ਖਬਰ
“ਹਲੇ ਯਾਰਾ ਹਲੇ ਯਾਰਾਂ ਖੁਸਿਖਬਰੀ।”
– ਤਿਲੰ ਨਾਮ, ੩, ੧*:੧ (727)

ਖੁਸੀ ------ (1) ਫਾ. ਖੁਸ਼ੀ) ਪ੍ਰਸੰਨਤਾ
“ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।”
– ਸਿਰੀ ੧, ੫, ੧:੨ (15)
“ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ।” (ਗੁਰੂ ਦੀ ਖੁਸ਼ੀ ਵਿਚ ਆਵੈ ਭਾਵ ਪਸੰਦ ਆਵੈ)
– ਗਉ ੪, ਵਾਰ ੩੩ਸ, ੪, ੨:੨ (317)
“ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ।” (ਖੁਸ਼ੀ ਨਹੀਂ ਮਿਲੀ ਮਹਾਨਕੋਸ਼ ਅਰਥ ਪਸੰਦ ਨ ਆਈ ਕਰਦਾ ਹੈ)
– ਸਹ ੩, ੨੦:੪ (1396)
(2) ਪ੍ਰਸੰਨ, ਖੁਸ਼
“ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦ ਬਕਾਹਿ।”
– ਤਿਲੰ ਕਬ, ੧, ੨:੧ (727)

ਖੁਸੀਆ ---- ਅਨੰਦ, ਮੌਜਾਂ, ਸੁਖ
“ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ।”
– ਸਿਰੀ ੧, ੬, ੨:੧ (16)

ਹੋਰ ਰੂਪ:

ਖੁਸੀ ਦੇ –

“ਪਿਰ ਖੁਸੀਏ ਧਨ ਰਾਵੀਏ ਧਰ ਉਰਿ ਨਾਮੁ ਸੀਗਾਰੁ।”
– ਮਾਰੂ ੩, ਵਾਰ ੬ਸ, ੩, ੧:੧ (1088)

ਖੁਹਦੀ ----- ਵਰਤਣ ਪਿਛੋਂ ਬਚੀ ਹੋਈ, ਸੇਸ਼, ਬਚੇ
“ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਈ।”
– ਗਉ ੪, ਵਾਰ ੧੫ਸ, ੪, ੨:੮ (309)

ਹੋਰ ਰੂਪ:

ਖੁਹਦੇ –
“ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ।”
– ਗਉ ੪, ਵਾਰ ੨੭ਸ, ੫, ੧:੧ (315)

ਖੁਟਹਰ ----- ਖੋਟੇ
“ਮਨ ਖੁਟਹਰ ਤੇਰਾ ਨਹੀ ਬਿਸਾਸੁ ਤੂ ਮਹਾ ਉਤਮਾਦਾ।”
– ਬਿਲਾ ੫, ੫੮, ੧*:੧ (815)

ਖੁੰਢਾ ------ (ਦਰਖਤ ਦੀ ਮੋਟੀ ਲਕੜ, ਦਰਖਤ ਦਾ ਪੋਰਾ, ਲਠ, ਇਥੇ ਭਾਵ ਵੇਲਣੇ ਦੀਆਂ ਲਠਾਂ।)
“ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ।”
– ਮਾਝ ੧, ਵਾਰ ੧੧ਸ, ੧, ੨:੨ (143)

ਖੁਥੇ ------- ਖੁੱਸੇ, ਪੁਟੇ ਤੇ ਖਿਲਰੇ ਹੋਏ
“ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ।”
– ਮਾਝ ੧, ਵਾਰ ੨੬ਸ, ੧, ੧:੨੫ (150)

ਹੋਰ ਰੂਪ:

ਖੁਥੈ –
“ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।”
– ਮਾਝ ੧, ਵਾਰ ੨੬ਸ, ੧, ੧:੧੩ (150)

ਖੁੰਦਕਾਰਾ --- ਖੁਦਾਵੰਦਕਾਰ, ਸਿਰਜਨਹਾਰ ਪ੍ਰਭੂ
“ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ।”
– ਤਿਲੰ ਨਾਮ, ੨, ੧*:੧ (727)

ਹੋਰ ਰੂਪ:

ਖੁੰਦਕਾਰੁ –
“ਖਥੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ।”
– ਆਸਾ ੧, ਪਟੀ ੬:੧ (432)

ਖੁਦਾਇ ----- (ਫਾ. ਖੁਦਾ) ਆਪ ਹੋਣ ਵਾਲਾ, ਸੈਭੰ, ਪ੍ਰਭੂ
“ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।”
– ਮਾਝ ੧, ਵਾਰ ੬ਸ, ੧, ੧:੩ (140)

ਹੋਰ ਰੂਪ:

ਖੁਦਾਇਆ –
“ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।” (ਰੱਬ ਦੀ)

– ਮਾਰੂ ੫, ਸੋਲਾ ੧੨, ੫:੩ (1084)

“ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ।” (ਹੇ ਖੁਦਾ)

– ਮਲਾ ੧, ਵਾਰ ੨੭ਸ, ੧, ੨:੩ (1291)

ਖੁਦਾਈ –

“ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ।” (ਰੱਬ ਦਾ)

– ਸਿਰੀ ੧, ੨੮, ੨:੧ (24)

ਖੁਦਾਈ ----- (1) ਰੱਬ ਦਾ ਵੇਖੋ ‘ਖੁਦਾਇ’

(2) ਪੁਟਾਈ

“ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ।”

– ਧਨਾ ਨਾਮ, ੧, ੧:੧ (692)

ਖੁਦਿ ------ (1) ਆਪ

“ਖੁਦਿ ਖਸਮ ਖਲਕ ਜਹਾਨ ਅਲਹ ਮਿਹਰਵਾਨ ਖੁਦਾਇ।”

– ਤਿਲੰ ੫, ੪, ੨:੧ (724)

(2) ਆਪਣੇ ਆਪ ਜੋ ਮਾਲਕ/ਖੁਦਾ ਹੈ, ਸੈਭੰ

“ਖੁਦਿ ਖੁਦਾਇ ਵਡ ਬੇਸੁਮਾਰ।”

– ਰਾਮ ੫, ੪੫, ੧:੪ (896)

ਖੁਦੀ ------ (ਫਾ. ਖੁਦੀ) ਅਹੰ, ਹਉਮੈ

“ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ।”

– ਮਾਝ ੫, ੩੨, ੩:੩ (104)

ਖੁਧਿ ------ (ਸੰ.) ਭੁਖ

“ਜਪਿ ਹਰਿ ਚਰਣ ਮਿਟੀ ਖੁਧਿ ਤਾਸੁ।”

– ਗਉ ੫, ੧੪੯, ੧*:੨ (195)

ਹੋਰ ਰੂਪ:

ਖੁਧਿਆ –

“ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ।”

– ਧਨਾ ੫, ੭, ੧*:੨ (672)

ਖੁਧਿਆਰਥ -- ਭੁਖਾ

“ਜਿਉ ਮਹਾ ਖੁਧਿਆਰਥ ਭੋਗੁ।”

– ਬਿਲਾ ੫, ਅਸ ੨, ੭:੪ (838)

ਖੁਧਿਆਵੰਤੁ -- ਭੁੱਖਾ

“ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ।”

– ਗਉ ੪, ਵਾਰ ੩੨ਸ, ੫, ੨:੧ (317)

ਖੁਨਕ ------ (ਫਾ. ਖੁਨਕ) ਠੰਢਾ, ਸੀਤਲ

“ਆਤਸ ਦੁਨੀਆ ਖੁਨਕ ਨਾਮੁ ਖੁਦਾਇਆ।”

– ਮਲਾ ੧, ਵਾਰ ੨੭ਸ, ੧, ੨:੮ (1291)

ਖੁਨਾਮੀ ----- ਕਸੂਰ/ਭੁਲ/ਅਪਰਾਧ ਕਰਨ ਵਾਲਾ, ਅਪਰਾਧੀ
"ਦੁਹੀ ਸਰਾਈ ਖੁਨਾਮੀ ਕਹਾਏ।"
– ਸੂਹੀ ੫, ੨੯, ੧:੨ (743)

ਖੁੰਬਿ ------ ਧੋਬੀ ਦਾ ਉਹ ਬਰਤਨ ਜਿਸ ਵਿਚ ਖਾਰਾ ਪਾਣੀ ਪਾ ਉਪਰ ਕਪੜੇ ਰੱਖ ਕੇ ਤੇਜ ਭਾਪ ਦਿੰਦਾ ਹੈ ਤਾਂ ਜੋ ਮੈਲ ਨਿਕਲ ਜਾਵੇ।
"ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ।"
– ਆਸਾ ੧, ਵਾਰ ੧੧ਸ, ੧, ੧:੫ (468)

ਖੁਭੜੀ ----- ਖੁਭੀ ਫਸੀ, ਧਸੀ, ਗੜੀ
"ਖੁਭੜੀ ਕੁਥਾਇ ਮਿਠੀ ਗਲਣਿ ਕੁਮੰੜੀਆ।"
– ਸਲੋ ੫, ੧੧:੧ (1425)

ਹੋਰ ਰੂਪ:

ਖੁੰਭੈ –
"ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ।" (ਖੁਭੇ/ਧਸੇ)
– ਗੂਜ ੫, ਵਾਰ ੯ਸ, ੫, ੧:੧ (520)

ਖੁਮਾਰੀ ----- ਮਸਤੀ, ਨਸ਼ਾ
"ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋੰਦ ਖੁਮਾਰੀ।"
– ਕੇਦਾ, ਕਬ, ੩, ੪:੨ (1124)

ਹੋਰ ਰੂਪ:

ਖੁਮਾਰੋ –
"ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ।"
– ਸਾਰ ੫, ੧੧੦, ੧*:੨ (1225)

ਖੁਰ ------- ਪਸ਼ੂ ਦੇ ਪੈਰ ਦਾ ਉਹ ਭਾਗ ਜੋ ਧਰਤੀ ਨਾਲ ਲਗਦਾ ਹੈ, ਭਾਵ ਪੈਰ
"ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ।"
– ਆਸਾ, ੧, ਅਸ ੧੨, ੬:੨ (418)

ਖੁਰਗੀਰ ---- ਪਸੀਨਾ ਜਜ਼ਬ ਕਰਨ ਵਾਲਾ ਨਮਦਾ ਜੋ ਕਾਠੀ ਦੇ ਹੇਠਾਂ ਪਾਈਦਾ ਹੈ, ਤਹਿਰੂ
"ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹੈ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ।"
– ਸੋਰ ੪, ਵਾਰ ੧੬:੩ (648)

ਖੁਰਦਨੀ ---- ਖਾਨ ਵਾਲੀ ਵਸਤ
"ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ।"
– ਤਿਲੰ ੫, ੧, ੧*:੨ (723)

ਖੁਰਾਸਾਨ ---- ਈਰਾਨ ਦੇ ਪੂਰਬ ਅਤੇ ਅਫਗਾਨਿਸਤਾਨ ਦੇ ਪਛਮ ਵਲ ਦਾ ਦੇਸ਼
"ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ।"
– ਆਸਾ ੧, ੩੯, ੧:੧ (360)

ਖੁਲ ------- ਖੁਲ ਗਏ, ਨਿਰਬੰਧ ਹੋਏ

“ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖੁਲਨੇ।”
– ਨਟ ੪, ੫, ੩:੧ (976)

ਖੁਲਹਾਨੁ ---- ਗਾਹਣ ਲਈ ਜੋ ਦਾਣੇ ਤੇ ਭੋਹ ਪਿੜ ਵਿਚ ਖਿਲਰੇ ਪਏ ਹੁੰਦੇ ਹਨ, ਵੇਖੋ ‘ਖਲਹਾਨ’ ਇਥੇ ਭਾਵ ‘ਭੌਹ’
“ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ।”
– ਸਿਰੀ ੧, ੧੯, ੩:੨ (21)

ਖੁਲਨੀ ----- ਖੁਲਦੇ
“ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।”
– ਰਾਮ ੩, ਵਾਰ ੧੫:੨ (954)

ਹੋਰ ਰੂਪ:

ਖੁਲਨੇ –
“ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖੁਲਨੇ।” (ਖੁਲਦੇ ਹਨ)
– ਨਟ ੪, ੫, ੩:੧ (976)

ਖੁਲਾ ------ ਖੁਲ੍ਹਿਆ, ਉਦੇ ਹੋਇਆ
“ਕਰਮ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ।”
– ਮਾਰੂ ੫, ਵਾਰ ੧੪:੭ (1099)

ਖੁਲਾਇਆ --- ਖੁਲਵਾਇਆ
“ਹਉਮੈ ਮਾਰਿ ਬਜਰ ਕਪਾਟ ਖੁਲਾਇਆ।”
– ਮਾਝ ੩, ੨੫, ੨:੧ (124)

ਖੁਲਾਹੀ ----- ਖੁਲਦੇ ਹਨ
“ਗੁਰ ਪਰਸਾਦੀ ਪਾਈਐ ਅੰਤਰਿ ਕਪਟ ਖੁਲਾਹੀ।”
– ਆਸਾ ੩, ਅਸ ੨੮, ੧:੨ (425)

ਖੁਲਾਨਾ ----- ਖੁਲ ਗਏ
“ਹਰਿ ਹਰਿ ਆਨਿ ਮਿਲਾਇਓ ਗੁਰੁ ਸਾਧੂ ਮਿਲਿ ਸਾਧੂ ਕਪਟ ਖੁਲਾਨਾ।”
– ਜੈਤ ੪, ੩, ੧*:੨ (697)

ਹੋਰ ਰੂਪ:

ਖੁਲਾਨੇ –
“ਕਪਟ ਖੁਲਾਨੇ ਭ੍ਰਮ ਨਾਠੇ ਦੂਰੇ।”
– ਰਾਮ ੫, ੨੫, ੪:੩ (890)

ਖੁਲਾਵਣਹਾਰਾ – ਖੁਲਵਾਣ ਵਾਲਾ, ਖੁਲਾਵਾਣ ਦੇ ਸਮਰੱਥ
“ਆਪੇ ਕਪਟ ਖੁਲਾਵਣਹਾਰਾ।”
– ਮਾਰੂ ੩, ਸੋਲਾ ੧੩, ੫:੨ (1056)

ਖੁਲਾਵਣਿਆ – ਖੁਲਵਾਣ ਵਾਲਾ
“ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ।”
– ਮਾਝ ੩, ਅਸ ੨, ੬:੩ (110)

ਖੁਲਿਆ ---- (1) ਖੁਲ ਗਿਆ, ਬੰਦ ਨ ਰਿਹਾ
"ਜਹ ਭੰਡਾਰੁ ਗੋਬਿੰਦ ਕਾ ਖੁਲਿਆ ਜਿਹ ਪ੍ਰਾਪਤਿ ਤਿਹ ਲਇਆ।"
– ਸੋਰ ੫, ੧੪, ੩:੧ (612)

(2) ਓਦੇ ਹੋਇਆ
"ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ।"
– ਮਾਰੂ ੫, ੬, ੧:੧ (1000)

ਖੁਲੀਜੈ ----- ਖੋਲੋ
"ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।"
– ਰਾਮ ੩, ਵਾਰ ੧੫:੨ (954)

ਖੁਲੇ ------- ਬੰਦ ਨ ਰਹੇ
"ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ।"
– ਨਟ ੫, ੩, ੨:੧ (979)

ਖੁਲੈ –
(1) ਖੁਲ ਜਾਵੇ, ਬੱਝੀ ਨ ਰਹੇ
"ਛੀਜੈ ਦੇਹ ਖੁਲੈ ਇਕ ਗੰਢਿ।"
– ਰਾਮ ੧, ਓਅੰ ੨੪:੧ (932)

(2) ਬੰਦ ਨ ਰਹੇ
"ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ।"
– ਰਾਮ ੫, ਵਾਰ ੫:੪ (959)

ਖੁਲ੍ਹਈਆ --- ਖੁਲਿਆ ਬੰਦ ਨ ਰਿਹਾ
"ਰਤਨ ਪਦਾਰਥ ਗੁਰਮਤਿ ਪਾਵੈ ਸਾਗਰ ਭਗਤਿ ਭੰਡਾਰ ਖੁਲ੍ਹਈਆ।"
– ਬਿਲਾ ੪, ਅਸ ੨, ੪:੧ (834)

ਹੋਰ ਰੂਪ:

ਖੁਲ੍ਹੜੇ –
"ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ।" (ਖੁਲ ਗਏ, ਬੰਦ ਨ ਰਹੇ)
– ਸਿਰੀ ੫, ਛੰਤ ੩, ੨੩:੨ (80)

ਖੁਲ੍ਹਿਓ ----- ਉਦੈ ਹੋਏ
"ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ।"
– ਸਾਰ ੫, ੪੨, ੧*:੨ (1212)

ਖੁਲ੍ਹੀ ------ ਬੰਦ ਨ ਰਹੀ
"ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ।"
– ਬਿਲਾ ੫, ੮੭, ੧*:੨ (821)

ਖੁਲ੍ਹੀਆ ---- ਬਝੀਆਂ, ਨ ਰਹੀਆਂ
"ਦੁਖ ਕੀਆਂ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ।"
– ਸਾਰ ੪, ਵਾਰ ੮ਸ, ੧, ੧:੩ (1240)

ਖੁਲੇ ------- (1) ਬੰਦ ਨ ਰਹੇ

“ਖੁਲ੍ਹੇ ਹਟ ਹੋਆ ਵਾਪਾਰੁ।”
– ਸੂਹੀ ੩, ਵਾਰ ੧੩ਸ, ੧, ੧:੩ (789)

ਖੁਲ੍ਹੈ ------- (1) ਬੱਝੀ ਨ ਰਹੇ
“ਕਹੁ ਨਾਨਕ ਸਮਝ ਰੇ ਇਆਨੇ ਆਜੁ ਕਾਲਿ ਖੁਲ੍ਹੈ ਤੇਰੀ ਗਾਂਠਲੀ।”
– ਸਾਰ ੫, ੬੧, ੨:੨ (1210)
(2) ਖੁਲਣ, ਬੰਦ ਨ ਰਹਿਣ
“ਅਜਗਰ ਕਪਟੁ ਕਹਹੁ ਕਿਉ ਖੁਲ੍ਹੈ ਬਿਨੁ ਸਤਿਗੁਰ ਤਤੁ ਨ ਪਾਇਆ।”
– ਮਾਰੂ ੧, ਸੋਲਾ ੨੨, ੧੧:੩ (1043)

ਖੂਹ ------- ਕੂਪ
“ਤਿਆਗਿ ਗੋੁਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ।”
– ਸਾਰ ੫, ੧੧੮, ੧:੧ (1227)

ਹੋਰ ਰੂਪ:

ਖੂਹਟਾ –
“ਅੰਤਰਿ ਖੂਹਟਾ ਅੰਮ੍ਰਿਤਿ ਭਰਿਆ ਸਬਦੇ ਕਾਢਿ ਪੀਐ ਪਨਿਹਾਰੀ।”
– ਵਡ ੩, ਛਤ ੫, ੧:੪ (570)

ਖੂਹਣਿ ----- ਗਿਣਤੀ ਦੀ ਇਕ ਇਕਾਈ, ਖੂਣੀਆਂ ਭਾਵ ਬੇਅੰਤ
“ਖਿਮਾ ਵਿਹੂਣੇ ਖਪਿ ਗਏ ਖੂਹਣਿ ਲਖ ਅਸੰਖ।”
– ਰਾਮ ੧, ਓਅੰ ੪੯:੧ (937)

ਖੂਹੜੀ ----- ਖੂਹੀ, ਛੋਟਾ ਖੂਹ
“ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ।”
– ਗਉ ਕਬ, ੫੦, ੨:੧ (333)

ਖੂਹਿ ------ ਕੂਪ
“ਅਤਿ ਪਿਆਰਾ ਪਵੈ ਖੂਹਿ ਕਿਹੁ ਸੰਜਮੁ ਕਰਣਾ।”
– ਰਾਮ ੩, ਵਾਰ ੭੩ਸ, ੩, ੧:੫ (953)

ਖੂਹੀ ------ ਖੂਹ, ਕੂਪ
“ਵਿਧਣ ਖੂਹੀ ਮੁੰਧ ਇਕੇਲੀ।”
– ਸੂਹੀ ਫਰ, ੧, ੩:੧ (794)

ਹੋਰ ਰੂਪ:

ਖੂਹੁ –
“ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ।”
– ਗਉ ੪, ਵਾਰ ੧੬ਸ, ੪, ੧:੨ (309)

ਖੂੰਡਹਿ ----- ਠੂੰਗਦੇ/ਨੋਚਦੇ ਹਨ
“ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ।”
– ਸਲੋ ਫਰ, ੯੦:੧ (1382)

ਖੂੰਡੀ ------ ਛੋਟੀ ਲਕੜ ਦਾ ਸੋਟੀ ਜਿਸ ਦਾ ਇਕ ਪਾਸਾ ਖਮਦਾਰ ਹੋਵੇ ਅਥਵਾ ਮੁੜਿਆ ਹੋਵੇ।

"ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੇ ਖੇਡਾਰੀ।"
– ਗਉ ੫, ਵਾਰ ੧੯ਸ, ੫, ੨:੧ (322)

ਖੂਥੇ ------- ਖੁਥੇ, ਖਿਲਰੇ/ਪੁਟੇ ਹੋਏ
"ਜੋਗੀ ਕਾਪੜੀਆ ਸਿਰ ਖੂਥੇ ਬਿਨੁ ਸਬਦੈ ਗਲਿ ਫਾਸੀ।"
– ਪ੍ਰਭਾ ੧, ੧੬, ੧:੨ (1332)

ਖੂਧੇ ------- ਭੁਖੇ
"ਆਵਤ ਪਹੀਆ ਖੂਧੇ ਜਾਹਿ।" (ਰਾਹੀ ਭੁੱਖੇ ਜਾਂਦੇ ਹਨ)
– ਗੋਂਡ ਕਬ, ੮, ੧:੨ (872)

ਖੂਨ ------- (ਫਾ. ਖ਼ੂਨ) ਲਹੂ, ਰਤ
"ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ।" (ਇਥੇ ਭਾਵ ਹਤਿਆ)
– ਤਿਲੰ ੧, ੫, ੧:੭ (722)

ਖੂਨਾ ------ ਥੁੜ, ਊਣ, ਘਾਟ
"ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ।"
– ਗਉ ੫, ਬਾਅ ੧੮:੧ (253)

ਖੂਬ ------- (ਫਾ. ਖ਼ੂਬ) ਚੰਗੀ, ਸੋਹਣੀ, ਸ਼੍ਰੇਸ਼ਟ
"ਅਬ ਮੋਹਿ ਖੂਬ ਵਤਨਗਹ ਪਾਈ।"
– ਗਉ ਰਵਿ, ੨, ੧*:੧ (345)

ਖੂੰਬਰਾਜੁ ---- ਵਡੀ ਖੁੰਬ, ਬਰਸਾਤ ਵਿਚ ਉਗਿਆ ਪਦਭੇੜਾ
"ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ।"
– ਬਸੰ ਰਵਿ, ੧, ੧*:੨ (1196)

ਖੂਬੁ ------- ਚੰਗੀ, ਉਤਮ ਸੋਹਣੀ, ਵੇਖੋ 'ਖੂਬ'
"ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ।"
– ਆਸਾ ਕਬ, ੧੩, ੧*:੧ (478)

ਖੂਲਹਿ ----- ਖੁਲਦਾ
"ਬਿਨੁ ਗੁਰ ਬਜਰ ਕਪਾਟ ਨ ਖੂਲਹਿ ਸਬਦਿ ਮਿਲੈ ਨਿਸਤਾਰਾ ਹੇ।"
– ਮਾਰੂ ੧, ਸੋਲਾ ੭, ੧੦:੩ (1027)

ਖੂਲੀ ------ ਖੁਲੀ, ਪ੍ਰਤਖ ਹੋਣੀ
"ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ।"
– ਤੁਖਾ ੧, ਛੰਤ ੨, ੫:੧ (1110)

ਖੂਲੇ ------- ਖੁਲੇ, ਬੰਦ ਨ ਰਹੇ
"ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ।"
– ਕੇਦਾ ੫, ੫, ੧:੨ (1120)

ਖੂਲੈ ------- ਖੁਲੇ, ਬੱਝੇ ਨਾ ਰਹੇ
"ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ।"

– ਗਉ ੧, ਛਤ ੨, ੩:੨ (243)

"ਖਸਮੁ ਪਛਾਣੈ ਆਪਣਾ ਖੂਲੈ ਬੰਧੁ ਨ ਪਾਇ।"

– ਰਾਮ ੧, ਓਅੰ ੪੯:੩ (937)

ਖੂਲ੍ਹਿ ------- ਖੁਲ ਕੇ, ਪ੍ਰਤਖ, ਪ੍ਰਗਟ ਰੂਪ ਵਿਚ

"ਮਨਮੁਖੁ ਖੂਲ੍ਹਿ ਮਹਾ ਬਿਖੁ ਖਾਇ।"

– ਪ੍ਰਭਾ ੧, ੧੨, ੩:੩ (1330)

ਖੂਲ੍ਹੇ -------- (1) ਖੁਲੇ, ਬੰਦ ਨ ਰਹੇ

"ਭਨਿਤ ਨਾਨਕ ਭਰਮ ਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ।"

– ਧਨਾ ੩, ੯, ੩:੧ (666)

ਹੋਰ ਰੂਪ:

ਖੂਲ੍ਹੈ –

"ਤਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾਂ ਮਨੁ ਖੀਵਾ ਭਾਈ।"

– ਕੇਦਾ ਕਬ, ੩, ੩:੨ (1123)

(2) ਖੁਲੇ, ਬਝੇ ਨ ਰਹੇ

"ਖੂਲ੍ਹੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਦਿਖਾ।"

– ਸਾਰ ੫, ੪੦, ੧:੨ (1212)

ਖੇ --------- (1) ਦੀ

"ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ।"

– ਸਿਰੀ ੫, ਛੰਤ ੩, ੩੩:੧ (80)

"ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ।" (ਦਾ, ਵਿਚ)

– ਗਉ ੫, ਵਾਰ ੪ਸ, ੫, ੨*੧ (319)

(2) ਨੂੰ

"ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ਹ ਖੇ।"

– ਮਾਰੂ ੫, ਵਾਰ ੨੦ਸ, ੫, ੧:੧ (1101)

ਖੇਹ -------- (1) ਮਿਟੀ

"ਗਾਵੈ ਕੋ ਸਾਜਿ ਕਰੇ ਤਨੁ ਖੇਹ।"

– ਜਪੁ ੧, ੩:੫ (2)

ਹੋਰ ਰੂਪ:

ਖੇਹੂ –

"ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ।"

– ਸਿਰੀ ੧, ੮, ੪:੧ (17)

(2) ਨਿਗੂਣੇ, ਫਜੂਲ

"ਭੇਖ ਵਰਨ ਦੀਸਹਿ ਸਭਿ ਖੇਹ।"

– ਆਸਾ ੧, ੧੧, ੪:੨ (352)

(3) ਸੁਆਹ

"ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ।"

– ਬਿਹਾ ੪, ਵਾਰ ੧੪ਸ, ੫, ੧:੧ (553)

ਖੇਚਰ ------ ਪ੍ਰਾਣਾਂ ਨੂੰ ਹੇਠਾਂ ਉਪਰ ਕਰਨ ਦੇ ਯੋਗ ਸਾਧਨ, ਸਾਹ ਰੋਕਣ ਲਈ, ਜੀਭ ਨੂੰ ਲੰਮਿਆਂ ਕਰ ਤਾਲੂ ਵਿਚ ਫਸਾ ਲੈਣਾ।
“ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ।”
– ਰਾਮ ਨਾਮ, ੩, ੩:੧ (973)

ਖੇਡ ------- ਖੇਲ
“ਚਉਥੈ ਪਿਆਰਿ ਉਪੰਨੀ ਖੇਡ।”
– ਮਾਝ ੧, ਵਾਰ ੧ਸ, ੧, ੨:੪ (137)

ਹੋਰ ਰੂਪ:

ਖੇਡਹਿ –
“ਵਿਸਮਾਦੁ ਅਗਨੀ ਖੇਡਹਿ ਵਿਡਾਣੀ।” (ਖੇਡਦੀਆਂ ਹਨ)
– ਆਸਾ ੧, ਵਾਰ ੩ਸ, ੧, ੧:੬ (464)

ਖੇਡਾਰੀ ----- ਖੇਡਣ ਵਾਲਾ
“ਚੜਿ ਕੇ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ।”
– ਗਉ ੫, ਵਾਰ ੧੯ਸ, ੫, ੨:੧ (322)

ਖੇਡੀਐ ----- ਖੇਲੀਏ
“ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ।”
– ਆਸਾ ੧, ਵਾਰ ੧੨:੩ (469)

ਖੇਤ ------- (1) ਉਹ ਸਥਾਨ ਜਿਥੇ ਅੰਨ ਬੀਜਿਆ ਜਾਵੇ, ਧਰਤੀ ਦਾ ਟੁਕੜਾ
“ਜਿਉ ਰਾਖਾ ਖੇਤ ਊਪਰਿ ਪਰਾਏ।”
– ਗਉ ੫, ੮੦, ੩:੧ (179)

ਹੋਰ ਰੂਪ:

ਖੇਤਾਂਹ –
“ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ।”
– ਆਸਾ ੧, ਵਾਰ ੮ਸ, ੧, ੧:੧ (467)

ਖੇਤਾਰੁ –
“ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ।”
– ਸਿਰੀ ੫, ੭੪, ੨:੩ (43)

ਖੇਤਿ –
“ਆਪਣੀ ਖੇਤੀ ਰਾਖਿ ਲੈ ਕੂੰਜ ਪੜੈਗੀ ਖੇਤਿ।”
– ਸਿਰੀ ੩, ੫੪, ੧:੨ (34)

ਖੇਤੀ –
“ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ।”
– ਸਿਰੀ ੩, ੫੫, ੨:੨ (35)

ਖੇਤੁ –
“ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ।”
– ਸਿਰੀ ੧, ਪਹ ੧, ੪:੧ (75)

“ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ।” (ਸਰੀਰ ਰੂਪ ਖੇਤ)

– ਗਉ ੪, ਵਾਰ ੯ਸ, ੪, ੧:੧ (304)

(2) ਸਰੀਰ

“ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤੁ ਹੀ ਕਰਹੁ ਨਿਬੇਰਾ।”

– ਮਾਰੂ ਕਬ, ੭, ੩:੧ (1104)

(3) ਇਸਤ੍ਰੀ/ਮਾਂ ਦੇ ਪੇਟ ਰੂਪੀ ਖੇਤ ਵਿਚ

“ਰੰਚਕ ਰੇਤ ਖੇਤੁ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ।”

– ਸਮ ੫, ੩*:੧ (1387)

ਖੇਤੁ ------- (1) ਅਨਾਜ ਬੀਜਨ ਦਾ ਸਥਾਨ, ਵੇਖੋ ‘ਖੇਤ’

(2) ਲੜਾਈ ਦਾ ਮੈਦਾਨ, ਕਰਮ-ਖੇਤਰ, ਰਣਭੂਮੀ

“ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।”

– ਮਾਰੂ ਕਬ, ੧੦, ੧:੨ (1105)

(3) ਯੋਗ ਪਾਤਰ, ਅਧਿਕਾਰੀ

“ਖੇਤੁ ਪਛਾਣੈ ਬੀਜੈ ਦਾਨੁ।”

– ਸਲੋ ੧, ੧੭:੩ (1411)

ਖੇਤੈ ------- ਖੇਤੀ ਵਿਚ

“ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।”

– ਆਸਾ ੧, ਵਾਰ ੧ਸ, ੧, ੩:੩, (463)

ਖੇਦ ------- ਦੁੱਖ, ਤਕਲੀਫ

“ਖੇਦ ਮਿਟੇ ਸਾਧੂ ਮਿਲਤ ਸਤਿਗੁਰ ਬਚਨ ਸਮਾਇ।”

– ਗਉ ੫, ਬਾਅ ੫੩:੨ (261)

ਹੋਰ ਰੂਪ:

ਖੇਦਾ –

“ਤਬ ਤੇ ਦੂਖ ਡੰਡ ਅਰੁ ਖੇਦਾ।” (ਤਕਲੀਫਾਂ)

– ਗਉ ੫, ਅਸ ੧, ੫:੨ (235)

ਖੇਦੁ –

“ਖੇਦੁ ਕਰਹਿ ਅਰੁ ਬਹੁਤ ਸੰਤਾਵਹਿ ਆਇਓ ਸਰਨਿ ਤੁਹਾਰੇ।” (ਦੁੱਖ ਦੇਵੇ)

– ਗਉ ੫, ੧੨੫*, ੧:੨ (206)

ਖੇਪ ------- ਵਣਜ ਦਾ ਮਾਲ, ਵਪਾਰ ਲਈ ਲਦਿਆ ਮਾਲ

“ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ।”

– ਸਿਰੀ ੫, ਛੰਤ ੨, ੩:੧ (79)

“ਨਾਨਕ ਨਿਬਹੀ ਖੇਪ ਹਮਾਰੀ।” (ਸੌਦਾ ਲਾਹੇਵੰਦ ਰਿਹਾ)

– ਗਉ ੫, ਸੁਖ ੨੪, ੪:੧੦ (295)

ਖੇਮ ------- ਕੁਸ਼ਲ, ਖੈਰ ਖੈਰੀਅਤ

“ਕੁਸਲ ਖੇਮ ਪ੍ਰਭਿ ਆਪਿ ਬਸਾਏ।”

– ਗਉ ੫, ੧੫੮, ੧*:੨ (197)

"ਖੇਮ ਭਇਆ ਕੁਸਲ ਘਰਿ ਆਏ।" (ਸੁਖ)
– ਗਉ ੫, ੧੧੦*, ੧*:੧ (201)

ਹੋਰ ਰੂਪ:

ਖੇਮੰ –
"ਸਰਣਿ ਜੋਗੰ ਸੰਤ ਪ੍ਰਿਅ ਨਾਨਕ ਸੋ ਭਗਵਾਨ ਖੇਮੰ ਕਰੋਤਿ।"
– ਸਸ ੫, ੧੯:੪ (1355)

ਖੇਮ ------- (1) (ਅ. ਖੇਅ) ਤੰਬੂ
"ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ।"
– ਸਵ ੪, ਕਬ ੧੨:੧ (1398)

ਹੋਰ ਰੂਪ:

ਖੇਮੇ –
"ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ।"
– ਮਾਰੂ ੧, ੧, ੧:੨ (989)

(2) ਸੁਖ/ਅਨੰਦ, ਵੇਖੋ 'ਖੇਮ'
"ਹਰਿ ਹਰਿ ਧਿਆਇ ਕੁਸਲ ਸਭਿ ਖੇਮਾ।"
– ਟੋਡੀ ੫, ੧੭, ੨:੨ (715)

ਖੇਲ ------- (1) ਖੇਡ, ਤਮਾਸਾ
"ਤੂੰ ਆਪੇ ਖੇਲ ਕਰਹਿ ਸਭਿ ਕਰਤੇ ਕਿਆ ਦੂਜਾ ਆਖਿ ਵਖਾਣੀਐ।"
– ਮਾਝ ੧, ਵਾਰ ੨ਸ, ੨, ੨:੫ (138)

(2) ਮੁਸਾਹਿਬ, ਸੇਵਕ
"ਛਪਨ ਕੋਟਿ ਜਾ ਕੇ ਖੇਲ ਖਾਸੀ।"
– ਭੈਰ ਕਬ, ੧੫, ੧:੪ (1161)

ਖੇਲਉ ----- ਖੇਡਾਂ ਭਾਵ ਮਾਣਾਂ
"ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ।"
– ਸਲੋ ਕਬ, ੨੩੪:੨ (1377)

ਖੇਲਈਆ --- ਖੇਡੀ ਹੈ, ਭਾਵ ਬਣਾਈ ਹੈ
"ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭੁ ਖੇਲੁ ਖੇਲਈਆ।"
– ਬਿਲਾ ੪, ਅਸ, ੩, ੮:੧ (835)

ਖੇਲਸਾ ----- ਖੇਡਣਾ ਭਾਵ ਕਰਨਾ
"ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ।"
– ਆਸਾ ੪, ਛੰਤ ੨੧, ੬:੧ (452)

ਹੋਰ ਰੂਪ:

ਖੇਲਸੀ –
"ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ।" (ਖੇਡ ਲਵੇਗਾ)
– ਸਿਰੀ ੧, ਅਸ ੧੬, ੪:੩ (64)

ਖੇਲਹ ------ ਖੇਡਦੇ ਹਾਂ
“ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ।”
– ਰਾਮ ੫, ੬, ੩:੨ (884)

ਹੋਰ ਰੂਪ:

ਖੇਲਹਿ –
“ਸੰਤ ਖੇਲਹਿ ਤੁਮ ਸੰਗਿ ਗੋਪਾਲਾ।” (ਖੇਡਦੇ ਹਨ)
– ਮਾਝ ੫, ੨੦, ੩:੨ (100)

ਖੇਲਖਾਨਾ ---- ਘਰ ਵਿਚ ਰਹਿਣ ਵਾਲੇ ਸੇਵਕ
“ਤੇਤੀਸ ਕਰੋੜੀ ਹੈ ਖੇਲਖਾਨਾ।”
– ਭੈਰ ਕਬ, ੧੫, ੨:੧ (1161)

ਖੇਲਣ ------ ਖੇਡਣ
“ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।”
– ਆਸਾ ੧, ਪਟੀ ੨੬:੧ (433)

ਖੇਲਣਹਾਰੇ --- ਖੇਡ ਸਕਦੇ ਹਨ, ਖੇਡਦੇ ਹਨ
“ਜਿਉ ਖੇਲਾਵਹਿ ਤਿਉ ਖੇਲਣਹਾਰੇ।”
– ਮਾਰੂ ੫, ਸੋਲਾ ੧੦, ੪:੨ (1081)

ਖੇਲਣਾ ----- ਖੇਡਣਾ
“ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ।”
– ਆਸਾ ੧, ਅਸ ੨੨, ੫:੧ (422)

ਖੇਲਣੁ ----- ਖੇਡ
“ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ।” (ਅੱਜ ਕੱਲ ਦੀ, ਇਕ ਦੋ ਦਿਨਾਂ ਦੀ ਖੇਡ ਹੈ)
– ਸਿਰੀ ੧, ਅਸ ੧੧, ੮:੨ (60)

ਖੇਲਤ ------ ਖੇਡਦਿਆਂ
“ਖਾਤ ਪੀਤ ਖੇਲਤ ਹਸਤ ਬਿਸਥਾਰ।”
– ਗਉ ੫, ੧੧੧, ੨:੧ (188)

ਹੋਰ ਰੂਪ:

ਖੇਲੰਤਾ –
“ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ।” (ਖੇਡਦਾ ਹੈ)
– ਮਾਰੂ ੫, ਵਾਰ ੪:੫ (1095)

ਖੇਲੰਦਿਆ --- ਖੇਡਦਿਆਂ
“ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ।”
– ਗੂਜ ੫, ਵਾਰ ੧੬ਸ, ੫, ੨:੨ (522)

ਖੇਲਨ ------ ਖੇਡਣ
“ਪ੍ਰਭ ਸੰਗੀ ਮਿਲਿ ਖੇਲਨ ਲਾਗ।”

– ਬਸੰ ੫, ੧, ੨:੨ (1180)

ਹੋਰ ਰੂਪ:

ਖੇਲਨਾ –
“ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ।”
– ਸਲੋ ਕਬ, ੧੦੯:੨ (1370)

ਖੇਲਾ ------ **ਖੇਡਦੇ ਹਨ**
“ਸਿਧ ਚਉਰਾਸੀਹ ਮਾਇਆ ਮਹਿ ਖੇਲਾ।”
– ਭੈਰ ਕਬ, ੧੩, ੨:੪ (1160)

ਹੋਰ ਰੂਪ:

ਖੇਲਾਇ –
“ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।” (ਖਿਡਾਏ)
– ਸਿਰੀ ੧, ੧੧, ੩:੧ (18)

ਖੇਲਾਇਆ –
“ਪੂਤਿ ਬਾਪੁ ਖੇਲਾਇਆ।” (ਖਿਡਾਇਆ)
– ਬਸੰ ਕਬ, ੩, ੧:੨ (1194)

ਖੇਲਾਇਦਾ –
“ਆਪੇ ਖੇਲ ਖੇਲਾਇਦਾ ਪਿਆਰਾ ਆਪੇ ਕਰੇ ਸੁ ਹੋਇ।”
– ਸੋਰ ੪, ੨, ੨:੩ (605)

ਖੇਲਾਈ –
“ਰੈਣਿ ਦਿਨਸੁ ਦੁਇ ਦਾਈ ਦਾਇਆ ਜਗੁ ਖੇਲੈ ਖੇਲਾਈ ਹੇ।” (ਖੇਡਾਦਿਆਂ)
– ਮਾਰੂ ੧, ਸੋਲਾ ੧, ੧੦:੩ (1021)

ਖੇਲਾਈਐ –
“ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ।” (ਖਿਡਾਈਐ)
– ਸਿਰੀ ੧, ਪਹ ੩, ੨:੨ (75)

ਖੇਲਾਵਹਿ –
“ਜਿਉ ਖੇਲਾਵਹਿ ਤਿਉ ਖੇਲਣਹਾਰੇ।” (ਖਿਡਾਵੇ)
– ਮਾਰੂ ੫, ਸੋਲਾ ੧੦, ੪:੨ (1081)

ਖੇਲਾਵੈ –
“ਅਪਨੀ ਉਕਤਿ ਖਲਾਵੈ ਭੋਜਨ ਅਪਨੀ ਉਕਤਿ ਖੇਲਾਵੈ।” (ਖਿਡਾਉਂਦਾ ਹੈ)
– ਧਨਾ ੫, ੩੯, ੧:੧ (680)

ਖੇਲਿ ------ **(1) ਖੇਡ ਲਏ**
“ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ।” (ਭਾਵ ਮੁਕ ਗਏ)
– ਸਿਰੀ ੧, ਅਸ ੧੧, ੮:੧ (60)

ਹੋਰ ਰੂਪ:

ਖੇਲਿਓ –
“ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ।” (ਖੇਡ ਗਿਆ, ਮੁਕ ਗਿਆ)
– ਸਲੋ ਕਬ, ੪੮:੨ (1367)

"ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।" (ਖੇਡੀ)

– ਸਵ ੪, ਗਯੰ ੯:੪ (1403)

ਖੇਲੁ –

"ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।" (ਖੇਡਦਾ ਹੈ)

– ਸਿਰੀ ੧, ੧੮, ੪:੨ (21)

ਖੇਲੇ –

"ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ।" (ਖੇਡਦਾ ਹੈ)

– ਰਾਮ ੧, ਅਸ ੧, ੧:੨ (902)

ਖੇਲੈ –

"ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।" (ਖੇਡਦਾ ਹੈ)

– ਜਪੁ ੧, ੩੮ਸ:੨ (8)

ਖੇਲੋ –

"ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ।"

– ਵਡ ੧, ਅਲਾ ੫, ੨:੪ (582)

(2) ਖੇਡ

"ਖੇਲਿ ਖਿਲਾਏ ਲਾਡ ਲਾਡਾਵੈ ਸਦਾ ਸਦਾ ਅਨਦਾਈ।"

– ਸਾਰ ੫, ੪੮, ੧:੧ (1214)

ਹੋਰ ਰੂਪ:

ਖੇਲੁ –

"ਜੀਅ ਜੰਤ ਸਭਿ ਤੇਰਾ ਖੇਲੁ।"

– ਆਸਾ ੪, ਸੋਪੁ ੨, ੨:੩ (11)

"ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ।" (ਵਿਆਹ ਦੇ ਕਾਰਜ ਦੀ ਖੇਡ)

– ਆਸਾ ੧, ੧੦, ੧:੨ (351)

"ਏਹੁ ਪਰਪੰਚੁ ਖੇਲੁ ਕੀਆ ਸਭੁ ਕਰਤੈ ਹਰਿ ਕਰਤੈ ਸਭ ਕਲ ਧਾਰੀ।" (ਭਾਵ ਸੰਸਾਰ)

– ਗੂਜ ੪, ਅਸ ੧, ੭:੧ (507)

"ਸਚੁ ਸਾਹਿਬੁ ਸਾਚਾ ਖੇਲੁ ਸਭ ਹਰਿ ਧਨੀ।" (ਸੰਸਾਰ)

– ਤਿਲੰ ੪, ੧, ੧:੨ (723)

ਖੇਵਟ ------ **ਮਲਾਹ, ਬੇੜੀ ਚਲਾਣ ਵਾਲਾ**

"ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ।"

– ਆਸਾ ਫਰ, ੨, ੮:੧ (488)

ਹੋਰ ਰੂਪ:

ਖੇਵਟੁ –

"ਰਾਮ ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ।"

– ਗਉ ੩, ਛੰਤ ੪, ੧:੨ (245)

"ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ।"

– ਸਲੋ ਕਬ, ੨੨੪:੨ (1376)
(ਮਹਾਨਕੋਸ਼ ਨੇ ਅਰਥ ‘ਫੈਕਨੇ ਵਾਲਾ’ (ਅੰਕਸ) ਚਲਾਉਣ ਵਾਲਾ ਕੀਤਾ ਹੈ)
ਖੇਵਟੂ –
“ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ।”
– ਮਾਰੂ ੧, ਅਸ ੨, ੧:੩ (1009)

ਖੇਵਾ ------ ਚਲਾਏ; ਗੁਜਾਰੇ (ਮਹਾਨਕੋਸ਼)
“ਕਿਨਹੀ ਤੰਤ ਮੰਤ ਬਹੁ ਖੇਵਾ।”
– ਰਾਮ ੫, ਅਸ ੧, ੬:੩ (913)

ਖੇਵਾਟੁ ----- ਮਲਾਹ
“ਆਪੇ ਸਾਗਰੁ ਆਪੇ ਬੋਹਿਥਾ ਆਪੇ ਹੀ ਖੇਵਾਟੁ।”
– ਗੂਜ ੩, ਵਾਰ ੨੨:੩ (517)

ਖੇਵਿ ------ ਚਲਾ, ਰੇੜੂ
“ਅਨਿਲ ਬੇੜਾ ਹਉ ਖੇਵਿ ਨ ਸਾਕਉ।”
– ਬਸੰ ਨਾਮ, ੨, ੨:੧ (1196)

ਖੇਵੀਐ ----- ਗੁਜਾਰਾ ਹੋਵੇ, ਨਿਰਬਾਹ ਹੋਵੇ
“ਝੂਠੈ ਰੰਗਿ ਖੁਆਰੁ ਕਹਾਂ ਲਗੁ ਖੇਵੀਐ।”
– ਫੁਨ ੫, ੧੯:੨ (1363)

ਖੇੜਾ ------ ਨਗਰ, ਪਿੰਡ
“ਪ੍ਰਥਮੇ ਵਸਿਆ ਸਤ ਕਾ ਖੇੜਾ।”
– ਰਾਮ ੫, ੧੨, ੨:੧ (886)

ਖੈ -------- (1) ਨਾਸ ਕਰਨ ਵਾਲਾ
“ਕਾਲੁ ਬੁਰਾ ਖੈ ਕਾਲ ਸਿਰਿ ਦੁਨੀਆਈਐ।”
– ਮਾਝ ੧, ਵਾਰ ੨੦:੪ (147)
“ਸਗਲ ਬਿਆਧਿ ਮਨ ਤੇ ਖੈ ਨਸੈ।” (ਨਾਸ ਹੋ ਕੇ ਨਸ ਜਾਂਦੇ ਹਨ)
– ਗਉ ੫, ਸੁਖ ੧੮, ੭:੬ (287)
(2) ਵਿਨਾਸ਼, ਹਾਨੀ
“ਜਾ ਕੇ ਭਗਤ ਕਉ ਨਾਹੀ ਖੈ।”
– ਬਸੰ ੫, ੫, ੩:੨ (1181)

ਖੈਕਾਲੁ ----- ਨਾਸ ਕਰਨ ਵਾਲਾ ਕਾਲ
“ਕਿਉ ਆਵਣ ਜਾਣਾ ਵੀਸਰੈ ਝੂਠੁ ਬੁਰਾ ਖੈਕਾਲੁ।”
– ਰਾਮ ੧, ਓਅੰ ੩੮:੬ (935)

ਖੈਬੋ ------- ਖਾਣ ਨੂੰ
“ਲਰਿਕੀ ਲਰਿਕਨ ਖੈਬੋ ਨਾਹਿ।”
– ਗੋਂਡ ਕਬ, ੬, ੨:੩ (871)

ਖੈਰ ------- (ਅ. ਖੈਰ) ਖੈਰੀਅਤ, ਭੁਲਾ

"ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।" (ਰੱਬ ਦਾ ਸਭ ਤੋਂ ਭਲਾ ਮੰਗਣਾ)

– ਮਾਝ ੧, ਵਾਰ ੭ਸ, ੧, ੩:੨ (141)

(‘ਮਹਾਨ ਕੋਸ਼’ ਅਰਥ ‘ਦਾਨ’ ਕਰਦਾ ਹੈ – ਰੱਬ ਦੇ ਨਾਂ ਦਾਨ ਕਰਨਾ)

ਹੋਰ ਰੂਪ:

ਖੈਰਿ –

"ਉਹਾਂ ਖੈਰਿ ਸਦਾ ਮੇਰੇ ਭਾਈ।"(ਅਮਨ, ਸ਼ਾਂਤੀ, ਖੈਰ ਖਰੀਅਤ)

– ਗਉ ਰਵਿ, ੨, ੧*:੨ (345)

ਖੈਰਿ ------ (1) ਅਮਨ, ਸ਼ਾਂਤੀ, ਖੈਰ ਖੈਰੀਅਤ, ਵੇਖੋ ‘ਖੈਰ’

(2) ਦਾਨ, ਦਾਤ

"ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ।" (ਹੋਰਨਾਂ ਨੂ ਖੈਰ (ਦਾਨ) ਦਬਕੇ ਵੰਡਦੇ ਹਨ)

– ਰਾਮ ਬਸ, ਵਾਰ ੨:੬ (967)

"ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ।"

– ਮਾਰੂ ੫, ਸੋਲਾ ੧੨, ੪:੩ (1083)

ਹੋਰ ਰੂਪ:

ਖੈਰੀ –

"ਤੀਜੈ ਹਲੇਮੀ ਚਉਥੈ ਖੈਰੀ।" (ਦਾਨ ਦੇਣਾ)

– ਮਾਰੂ ੫, ਸੋਲਾ ੧੨, ੯:੨ (1084)

ਖੈਰੁ –

"ਸੇਖ ਫਰੀਦੈ ਖੈਰੁ ਦੀਜੈ ਬੰਦਗੀ।"

– ਆਸਾ ਫਰ, ੧, ੪:੨ (488)

ਖੋਦਿ ------ ਗੁਆ ਲੈਂਦਾ ਹੈ, ਦੂਰ ਕਰ ਲੈਂਦਾ ਹੈ

"ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ।"

– ਸਿਰੀ ੧, ੨੩, ੩:੩ (23)

"ਜੋਬਨੁ ਖੋਇ ਪਾਛੈ ਪਛੁਤਾਨੀ।" (ਗੁਆ ਕੇ)

– ਸੂਹੀ ਫਰ, ੧, ੧*:੨ (794)

"ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰ ਦਿਸਟਾਏ।"

– ਬਿਲਾ ੫, ੮੧, ੩:੨ (821)

(ਮਹਾਨਕੋਸ਼ ਇਥੇ ਅਰਥ ‘ਆਦਰ’ ਸੁਭਾਉ’ ਦੇ ਕਰਦਾ ਹੈ)

"ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ।" (ਗੁਆ, ਦੂਰ ਕਰਕੇ)

– ਰਾਮ ੯, ੧, ੧:੨ (902)

ਹੋਰ ਰੂਪ:

ਖੋਇਓ –

"ਭ੍ਰਮੁ ਖੋਇਓ ਸਾਂਤਿ ਸਹਜਿ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ।" (ਦੂਰ ਕੀਤਾ)

– ਗਉ ੫, ਛੰਤ ੪, ੪:੩ (249)

"ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ।" (ਗੁਆ ਦਿਤਾ)
– ਸੋਰ ੮, ੬, ੧:੧ (632)

ਖੋਇਆ –
"ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ।" (ਗੁਆ ਦਿੱਤਾ)
– ਸਿਰੀ ੧, ਅਸ ੧੨, ੧:੩ (60)
"ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ।" (ਦੂਰ ਹੋ ਗਿਆ)
– ਮਾਝ ੫, ੧੭, ੨:੨ (99)
"ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ।" (ਦੂਰ ਕੀਤਾ)
– ਆਸਾ ੫, ੬੮, ੪:੧ (387)

ਖੋਈ –
"ਪੜਿ ਪੜਿ ਪੰਡਿਤ ਮੋਨੀ ਥਾਕੇ ਦੂਜੈ ਭਾਇ ਪਤਿ ਖੋਈ।" (ਗੁਆ ਲਈ)
– ਸਿਰੀ ੩, ਅਸ ੨੫, ੭:੨ (70)
"ਲਿਖਦਿਆ ਲਿਖਦਿਆ ਕਾਗਦ ਮਸੁ ਖੋਈ।" (ਗੁਆ ਲਈ ਅਰਥਾਤ ਮੁਕਾ ਲਈ)
– ਮਾਝ ੩, ਅਸ ੨੩, ੬:੧ (123)
"ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ।" (ਲਹਿ ਗਈ, ਦੂਰ ਹੋ ਗਈ)
– ਸੋਰ ੫, ੩੩, ੧:੧ (617)
"ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ।" (ਦੂਰ ਕੀਤੀ)
– ਰਾਮ ੫, ੩, ੪:੨ (883)

ਖੋਈਐ –
"ਹਉਮੈ ਗੁਰਮੁਖਿ ਖੋਈਐ ਨਾਮਿ ਰਤੇ ਸੁਖੁ ਹੋਇ।" (ਦੂਰ ਕਰੀਏ, ਗਵਾਈਏ)
– ਸਿਰੀ ੩, ੪੧, ੧:੩ (29)

ਖੋਈਐ ----- (1) ਦੂਰ ਕਰੀਏ, ਗਵਾਈਏ, ਵੇਖੋ 'ਖੋਇ'

ਹੋਰ ਰੂਪ:

ਖੋਏ –
"ਕਾਮ ਕ੍ਰੋਧ ਲੋਭ ਮਦ ਖੋਏ।" (ਦੂਰ ਕੀਤੇ)
– ਗਉ ੫, ੧੪੪, ੩:੧ (194)

(2) ਨੁਕਸਾਨ,/ਘਾਟਾ ਉਠਾਈਐ
"ਰਾਚਿ ਰਹਿਓ ਰਚਨਾ ਪ੍ਰਭੁ ਅਪਨੀ ਕਹਾ ਲਾਭੁ ਕਹਾ ਖੋਈਐ।"
– ਦੇਵ ੫, ੨, ੧*:੨ (528)

ਖੋਏ ------- (1) ਦੂਰ ਕੀਤੀ, ਵੇਖੋ 'ਖੋਈਐ' (1)
"ਨਾਨਕ ਗੁਰਿ ਖੋਏ ਭ੍ਰਮ ਭੰਗਾ।" (ਦੂਰ ਕੀਤੇ)
– ਆਸਾ ੫, ੮੩, ੪:੩ (391)

(2) ਗਵਾ, ਅਜਾਈ ਲੰਘਾ
"ਬਾਮਨ ਕਹਿ ਕਹਿ ਜਨਮੁ ਮਤ ਖੋਇ।"
– ਗਉ ਕਬ, ੭, ੧*:੨ (324)

(3) ਵਾਂਝਿਆ ਰਹਿ ਗਿਆ, ਗਵਾ ਲਏ ਖੋ ਬੈਠਾ

"ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ।"
- ਆਸਾ ੫, ੪੨, ੧:੧ (381)

ਖੋਹਾਇ ----- ਉਖੜਣਾ, ਪੁਟਣਾ
"ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।"
- ਮਾਝ ੧, ਵਾਰ ੨੬ਸ, ੧, ੧:੧ (149)

ਹੋਰ ਰੂਪ:

ਖੋਹਾਇਨਿ -
"ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ।"
- ਮਾਝ ੧, ਵਾਰ ੨੬ਸ, ੧, ੧:੩ (149)

ਖੋਹਿ ------ ਹਤਿਆ/ਖੋਹ ਲੈਣਾ
"ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ।"
- ਮਾਝ ੫, ਬਾਰਾ, ੩:੫ (133)

ਖੋਹੁ ------- ਦੂਰ ਕਰ, ਗਵਾ
"ਅੰਤਰਿ ਅਗਿਆਨੁ ਹਉ ਬੁਧਿ ਹੈ ਸਚਿ ਸਬਦਿ ਮਲੁ ਖੋਹੁ।"
- ਆਸਾ ੩, ਛੰਤ ੭, ੨:੨ (441)

ਖੋਹੇਨਿ ----- ਉਖਾੜਦੇ, ਪੁੱਟਦੇ
"ਗਲ੍ਹਾ ਪਿਟਨਿ ਸਿਰੁ ਖੋਹੇਨਿ।"
- ਸਲੋ ੧, ੬:੨ (1410)

ਖੋਜ ------- (1) ਢੂੰਡ, ਤਾਲਾਸ
"ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ।" (ਬੇਅੰਤ ਢੂੰਡ ਕੀਤੀ)
- ਦੇਵ ੫, ੩੨, ੨:੧ (534)

ਹੋਰ ਰੂਪ:

ਖੋਜਉ -
"ਕਹੁ ਕਬੀਰ ਖੋਜਉ ਅਸਮਾਨ।"
- ਗਉ ਕਬ, ੩੪, ੨:੧ (330)

ਖੋਜਹਿ -
"ਜਾ ਕਉ ਖੋਜਹਿ ਸਰਬ ਉਪਾਏ।"
- ਮਾਝ ੫, ੨੩, ੩:੧ (101)

ਖੋਜਹੁ -
"ਇਸੁ ਮਨ ਕਉ ਕੋਈ ਖੋਜਹੁ ਭਾਈ।" (ਢੂੰਡੋ)
- ਗਉ ਕਬ, ਅਸ ੩੬, ੪:੧ (330)

(2) ਖੁਰ ਦਾ ਨਿਸ਼ਾਨ
"ਸਾਗਰ ਤਰਿਓ ਬਾਛਰ ਖੋਜ।" (ਵੱਛੇ ਦੇ ਖੁਰ ਦਾ ਨਿਸ਼ਾਨ)
- ਰਾਮ ੫, ੫੧, ੩:੧ (899)

(3) ਖੁਰਾ
"ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ।"

– ਬਸੰ ੪, ੩, ੨:੨ (1178)

ਖੋਜਤ ------ ਢੂੰਡਦਿਆਂ, ਤਲਾਸ਼ ਕਰਦਿਆਂ, ਖੋਜਦਿਆਂ, ਲਭਦਿਆਂ
“ਖੋਜਤ ਖੋਜਤ ਪਾਇਆ ਡਰੁ ਕਰਿ ਮਿਲੈ ਮਿਲਾਇ।”
– ਸਿਰੀ ੧, ਅਸ ੭, ੮:੧ (57)
“ਬਨੁ ਬਨੁ ਖੋਜਤ ਫਿਰਤ ਬੈਰਾਗੀ।” (ਢੂੰਢਦੇ)
– ਗਉ ੫, ੧੧੭*, ੧:੧ (203)

ਹੋਰ ਰੂਪ:

ਖੋਜੰਤ –
“ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ।”
– ਜੈਤ ੫, ਵਾਰ ੭ਸ, ੫, ੧:੧ (707)

ਖੋਜੰਤਾ –
“ਪੋਥੀ ਪੰਡਿਤ ਬੇਦ ਖੋਜੰਤਾ ਜੀਉ।”
– ਗਉ ੫, ੧੬੬*, ੩:੧ (216)

ਖੋਜਤੀ –
“ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ।” (ਢੂੰਡਦੀ)
– ਆਸਾ ੫, ੫, ੧ਸ:੧ (455)

ਖੋਜੰਤੀ –
“ਬਿਨਵੰਤਿ ਨਾਨਕੁ ਮੇਰੀ ਇਛ ਪੁੰਨੀ ਮਿਲੇ ਜਿਸੁ ਖੋਜੰਤੀ।” (ਢੂੰਡਦੀ)
– ਆਸਾ ੫, ੧੨, ੧:੬ (460)

ਖੋਜੰਤੀਆ –
“ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ।”
– ਜੈਤ ੫, ਛੰਤ ੧, ੧:੨ (703)

ਖੋਜਤੇ –
“ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ।”
– ਗਉ ੫, ਥਿਤੀ ੪:੭ (297)

ਖੋਜੰਤੇ –
“ਕਈ ਕੋਟਿ ਪ੍ਰਭ ਕਉ ਖੋਜੰਤੇ।”
– ਗਉ ੫, ਸੁਖ ੧੦, ੬:੩ (276)

ਖੋਜਦੇ ------ ਲਭਦੇ, ਢੂਡਦੇ
“ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ।”
– ਗਉ ੪, ਵਾਰ ੧੫:੪ (309)

ਖੋਜਨ ------ ਢੂੰਡਣ
“ਸੰਗਿ ਸੁਆਮੀ ਸੋ ਜਾਨਿਓ ਨਾਹਿਤ ਬਨੁ ਖੋਜਨ ਕਉ ਧਾਇਓ।”
– ਜੈਤ ੯, ੧, ੧:੨ (702)

ਖੋਜਾਈ ----- ਢੂੰਡ ਕੀਤੀ, ਖੋਜ ਕੀਤੀ
“ਗੁਰਮਤਿ ਨਗਰੀ ਖੋਜਿ ਖੋਜਾਈ।”
– ਸੂਹੀ ੪, ੫, ੧:੧ (732)

ਖੋਜਾਵਉ ---- **ਢੂੰਡਦਾ ਹਾਂ**

"ਊਠਉ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ।"

– ਆਸਾ ੫, ੧੨੧, ੨:੧ (401)

ਖੋਜਿ ------ **ਢੂੰਡ ਕੇ**

"ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ।"

– ਸਿਰੀ ੧, ੧੭, ੪:੨ (20)

ਹੋਰ ਰੂਪ:

ਖੋਜਿਆ –

"ਸੇਵਕ ਗੁਰਮੁਖਿ ਖੋਜਿਆ ਸੇ ਹੰਸੁਲੇ ਨਾਮੁ ਲਹੰਨਿ।" (ਢੂੰਡਿਆ)

– ਸੂਹੀ ੩, ਅਸ ੪, ੨:੨ (757)

ਖੋਜੀ –

"ਹਉ ਮਨੁ ਤਨੁ ਖੋਜੀ ਭਾਲਿ ਭਾਲਾਈ।" (ਢੂੰਡਾਂ)

– ਮਾਝ ੪, ੨, ੨:੧ (94)

(2) ਖੁਰੇ, ਰਾਹ, ਰਸਤੇ

"ਹਮਰੈ ਖੋਜਿ ਪਰਹੁ ਮਤਿ ਕੋਈ।"

– ਗਉ ਕਬ, ੩, ੧*:੨ (324)

"ਹਰਿ ਜਨ ਹਰਿ ਹਰਿ ਹਰਿ ਲਿਵ ਲਾਈ ਸਭਿ ਸਾਕਤ ਖੋਜਿ ਪਇਆ।" (ਭਾਵ ਖਹਿੜੇ ਪਿਆ)

– ਕਲਿ ੪, ੨, ੨:੧ (1319)

ਖੋਜੀ ------ (1) ਢੂੰਡ ਕੀਤੀ, ਵੇਖੋ 'ਖੋਜਿ' (1)

"ਇਹ ਬਿਧਿ ਖੋਜੀ ਬਹੁ ਪਰਕਾਰਾ ਬਿਨੁ ਸੰਤਨ ਨਹੀ ਪਾਏ।"

– ਮਾਰੂ ੫, ੩, ੩:੧ (999)

ਹੋਰ ਰੂਪ:

ਖੋਜੀਆ –

"ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ।"

– ਬਿਹਾ ੫, ਛੰਤ ੧, ੩:੨ (541)

ਖੋਜੀਐ –

"ਬਾਹਰਿ ਮੂਲਿ ਨ ਖੋਜੀਐ ਘਰ ਮਾਹਿ ਬਿਧਾਤਾ।" (ਢੂੰਢੀਏ)

– ਰਾਮ ੩, ਵਾਰ ੧੨:੩ (953)

(2) ਢੂੰਡ ਕਰਨ ਵਾਲਾ/ਵਾਲੀ

"ਹਰਿ ਆਪੇ ਕਾਨੑ ਉਪਾਇਦਾ ਮੇਰੇ ਗੋਵਿੰਦਾ ਹਰਿ ਆਪੇ ਗੋਪੀ ਖੋਜੀ ਜੀਉ।"

– ਮਾਝ ੪, ੬੮, ੧:੨ (174)

"ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ।"

– ਬਿਲਾ ੫, ਛੰਤ ੧, ੨:੨ (845)

ਖੋਜੁ ------- (1) ਪੈੜ

"ਮਿਲਿ ਸਤਸੰਗਤਿ ਖੋਜੁ ਦਸਾਈ।" (ਭਾਵ ਪਤਾ)

– ਮਾਝ ੪, ੨, ੨:੩ (94)

"ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ।" (ਭਾਵ ਪੈਰ)
– ਗੂਜ ੫, ਵਾਰ ੯ਸ, ੫, ੧:੧ (520)
"ਖੋਜੀ ਲਧਮੁ ਖੋਜੁ ਛਡੀਆ ਉਜਾੜਿ।" (ਖੁਰਾ/ਪੈੜ ਲਭ ਪਿਆ)
– ਗੂਜ ੫, ੧੨ਸ, ੫, ੨:੧ (521)
(2) ਢੂੰਡ, ਭਾਲ
"ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ।" (ਭਾਲ ਕਰਵਾਉਂਦਾ ਹਾਂ)
– ਗਉ ੪, ੭੦, ੩:੨ (175)
"ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ।" (ਢੂੰਡ)
– ਤਿਲੰ ਕਬ, ੧, ੧*:੧ (727)

ਖੋਜੇ ------- **ਢੂੰਡੇ, ਭਾਲੇ**
"ਤਨੁ ਮਨੁ ਖੋਜੇ ਤਾ ਨਾਉ ਪਾਏ।"
– ਮਾਝ ੩, ਅਸ ੨, ੨:੧ (110)

ਖੋਜੇਦਿਆਂ --- **ਢੂੰਡਦਿਆ, ਖੋਜਦਿਆ**
"ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ।"
– ਗਉ ੪, ਵਾਰ ੨੪ਸ, ੪, ੧:੧ (313)

ਖੋਜੈ ------- **ਢੂੰਡੇ, ਲਭੇ**
"ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।"
– ਗਉ ੯, ੧, ੨:੧ (219)

ਖੋਟ ------- **ਬਦੀ, ਬੁਰਾਈ**
"ਨਾਮੁ ਵਿਸਾਰਿ ਚਲੇ ਮਨਿ ਖੋਟ।"
– ਗਉ ੧, ੫, ੨:੪ (152)

ਖੋਟਾ ------ **(1) ਕਪਟੀ, ਬੁਰਾ**
"ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।"
– ਸਿਰੀ ੧, ੨੩, ੨:੨ (23)
(2) ਝੂਠਾ, ਨਕਲੀ
"ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰ।"
– ਸਿਰੀ ੧, ਅਸ ੨, ੧:੩ (54)
"ਜੋ ਤੁਧੁ ਭਾਵਹਿ ਸੇ ਭਲੇ ਖੋਟਾ ਖਰਾ ਨ ਕੋਇ।" (ਨਕਲੀ)
– ਸਿਰੀ ੧, ਅਸ ੧੩, ੩:੩ (61)
(3) ਰਲਾ ਵਾਲਾ, ਨਕਲੀ
"ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ।"
– ਆਸਾ ੫, ੪੨, ੩:੧ (381)

ਖੋਟਿ ------ **ਕਪਟ, ਝੂਠ**
"ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ।"
– ਸਿਰੀ ੧, ੨੩, ੩:੨ (23)

ਖੋਟਿਆ ---- **ਰਲਾ ਵਾਲੇ, ਨਕਲੀ**

“ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ।”
– ਗੂਜ ੫, ਵਾਰ ੧੦:੮ (520)

ਖੋਟਿਅਹੁ ---- ਨਕਲੀ, ਬੁਰੇ ਤੋਂ
“ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ।”
– ਮਾਝ ੧, ਵਾਰ ੧੨:੬ (143)

ਖੋਟੀ ------ (1) ਬੁਰੀ, ਕਪਟੀ
“ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ।”
– ਸਿਰੀ ੧, ਅਸ ੫, ੪:੧ (56)

(2) ਝੂਠੀ
“ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ।” (ਨਿਕੰਮੀ ਪੂੰਜੀ)
– ਸਿਰੀ ੧, ਅਸ ੧੩, ੪:੧ (61)

ਖੋਟੁ ------- (1) ਕਪਟ
“ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ।”
– ਸਿਰੀ ੧, ੨੩, ੩:੩ (23)

(2) ਧੋਖਾ
“ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ।”
– ਆਸਾ ੫, ਛੰਤ ੧੩, ੩:੧ (461)
“ਭੀਤਰਿ ਚੋਰੁ ਬਹਾਲਿਆ ਖੋਟੁ ਵੇ ਜੀਆ ਖੋਟੁ।”
– ਸਾਰ ੪, ਵਾਰ ੧੭, ੧, ੨:੨ (1244)

ਖੋਟੇ ------- (1) ਭੈੜੀ ਨੀਅਤ ਵਾਲੇ, ਕਪਟੀ
“ਖੋਟੇ ਜਾਤ ਨ ਪਾਤਿ ਹੈ ਖੋਟਿ ਨ ਸੀਝਸਿ ਕੋਇ।”
– ਸਿਰੀ ੧, ੨੩, ੩:੨ (23)
“ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ।”
– ਮਾਝ ੧, ਵਾਰ ੧੮ਸ, ੨, ੧:੧੧ (146)

ਹੋਰ ਰੂਪ:

ਖੋਟੇਆਰੇ –
“ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ।”
– ਗਉ ੪, ਵਾਰ ੨੧ਸ, ੪, ੧:੪ (312)

ਖੋਟੈ –
“ਵੇਸ ਕਰੇ ਕੁਰੂਪਿ ਕੁਲਖਣੀ ਮਨਿ ਖੋਟੈ ਕੂੜਿਆਰਿ।”
– ਸਿਰੀ ੪, ਵਾਰ ੧੬ਸ, ੩, ੧:੧ (89)

ਖੋਟੋ –
“ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ।” (ਖੋਟਿਆਂ ਨੂੰ)
– ਪ੍ਰਭਾ ੧, ੧੦, ੩:੨ (1330)

ਖੋਟੌ –
“ਜਗੁ ਖੋਟੌ ਸਚੁ ਨਿਰਮਲੌ ਗੁਰ ਸਬਦੀ ਵੀਚਾਰਿ।”
– ਪ੍ਰਭਾ ੧, ੧੩, ੪:੧ (1331)

(2) ਨਕਲੀ, ਰਲਾ ਵਾਲੇ
“ਖੋਟੇ ਠਉਰ ਨ ਪਾਇਨੀ ਖਰੇ ਖਜਾਨੈ ਪਾਇ।”
- ਸਿਰੀ ੧, ੭, ੪:੨ (57)
“ਖੋਟੇ ਕਾ ਮੁਲੁ ਏਕ ਦੁਗਾਣਾ।” (ਖੋਟੇ ਰੁਪਏ)
- ਧਨਾ ੧, ੬, ੨:੨ (662)

ਖੋਤ ------- (1) ਖੋਵਤ, ਗੁਆਚ ਜਾਂਦੀ ਹੈ
“ਸਾਧਸੰਗਿ ਮਲੁ ਸਗਲੀ ਖੋਤ।”
- ਗਉ ੫, ਸੁਖ ੭, ੧:੨ (271)
(2) ਖੋਤੇ -
“ਖਾਤ ਪੀਤ ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ।”
- ਕੈਦਾ ੫, ੧੩, ੧:੧ (1121)

ਖੋਤਿ ------ ਖੁਣ/ਪੁਟ ਕੇ
“ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।”
- ਗਉ ੪, ਵਾਰ ੧੬:੨ (309)

ਖੋਂਦ ------ (ਸਂ.) ਦਾਖ ਦਾ ਰਸ, ਅੰਗੂਰੀ ਸ਼ਰਾਬ
“ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ।”
- ਕੈਦਾ ਕਬ, ੩, ੪:੨ (1124)

ਖੋਦਿ ------ ਖੁਣ/ਪੁਟ ਕੇ
“ਬਸੁਧਾ ਖੋਦਿ ਕਰਹਿ ਦੁਇ ਚੂਲੑੇ ਸਾਰੇ ਮਾਣਸ ਖਾਵਹਿ।”
- ਆਸਾ ਕਬ, ੨, ੨:੨ (476)

ਹੋਰ ਰੂਪ:

ਖੋਦੈ -
“ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।”
- ਗਉ ੫, ਸੁਖ ੮, ੧:੮ (272)

ਖੋਰ ------- ਖੋੜ, ਖੁਡ
“ਪ੍ਰੀਤਮ ਬਸਤ ਰਿਦ ਮਹਿ ਖੋਰ।”
- ਕੇਦਾ ੫, ੧੦, ੧*:੧ (1121)

ਖੋਰਿ ------ (1) ਖੁਮਾਰੀ, ਮਸਤੀ
“ਮਾਈ ਰੀ ਅਰਿਓ ਪ੍ਰੇਮ ਕੀ ਖੋਰਿ।”
- ਸਾਰ ੫, ੧੨੪, ੧*:੧ (1228)

ਹੋਰ ਰੂਪ:

ਖੋਰੀ -
“ਕਰਿ ਕਿਰਪਾ ਭਗਤਿ ਰਸੁ ਦੀਜੈ ਮਨੁ ਖਚਿਤ ਪ੍ਰੇਮ ਰਸ ਖੋਰੀ।”
- ਸਾਰ ੫, ੯੪, ੨:੧ (1222)
(2) ਖੁਡ, ਵੇਖੋ ‘ਖੋਰ’
“ਈਤ ਊਤ ਰਾਮ ਪੂਰਨੁ ਨਿਰਖਤ ਰਿਦ ਖੋਰਿ।”

– ਕਾਨ ੫, ੪੮, ੨:੧ (1307)

(3) ਆਦਤ, (ਸ਼ਬਦਾਰਥ); ਬਦੀ, ਬੁਰਾਈ (ਮਹਾਨਕੋਸ਼); ਖੋੜ, ਖੋਖਲਾਪਨ (ਦਰਪਣ)

"ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ।"

– ਸਲੋ ਕਬ, ੭੦:੧ (1368)

ਖੋਲਹੁ ------ ਖੋਲੋ, ਬੰਦ ਨ ਰਹਿਣ ਦਿਓ

"ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ।"

– ਤੁਖਾ ੧, ਬਾਰਾ ੧੨:੬ (1109)

ਖੋਲਨ੍ਹਿ ----- ਬਝੇ ਨਾ ਰਹਿਣ ਦੇਣ

"ਬੰਧਨ ਖੋਲਨ੍ਹਿ ਸੰਤ ਦੂਤ ਸਭਿ ਜਾਹਿ ਛਪਿ।"

– ਗੂਜ ੫, ਵਾਰ ੯:੪ (520)

ਖੋਲਾਇਦਾ --- ਖੁਲਵਾਉਂਦਾ, ਬੰਦ ਨਹੀਂ, ਰਹਿਣ ਦਿੰਦਾ

"ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ।"

– ਮਾਰੂ ੧, ਸੋਲਾ ੧੩, ੨:੩ (1033)

ਹੋਰ ਰੂਪ:

ਖੋਲਾਈਅਨ੍ਹਿ –

"ਗੁਰ ਸਬਦੀ ਖੋਲਾਈਅਨ੍ਹਿ ਹਰਿ ਨਾਮੁ ਜਪਾਨੀ।"

– ਗੂਜ ੩, ਵਾਰ ੧੪:੪ (514)

ਖੋਲਿ ------ (1) ਖੋਲ ਕੇ; ਖਲਾਰ ਕੇ

"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।" (ਫੋਲ ਕੇ)

– ਗਉ ੫, ੧੦੦, ੧:੧ (186)

"ਸਤਿਗੁਰੁ ਤੁਠਾ ਖੋਲਿ ਦੇਇ ਮੁਖਿ ਗੁਰਮੁਖਿ ਹਰਿ ਪਰਗਾਸਿ।" (ਖਜਾਨਾ ਖੋਲ ਕੇ)

– ਮਾਰੂ ੪, ੪, ੩:੨ (996)

ਹੋਰ ਰੂਪ:

ਖੋਲੀ –

"ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ।"

– ਰਾਮ ੩, ਵਾਰ ੧੫ਸ, ੨, ੨:੧ (954)

ਖੋਲੈ –

"ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ।"

– ਆਸਾ ੫, ੨੮, ੨:੨ (425)

ਖੋਲ੍ਉ –

"ਕਿਸੁ ਪਹਿ ਖੋਲ੍ਉ ਗੰਠੜੀ ਦੂਖੀ ਭਰਿ ਆਇਆ।"

– ਸੂਹੀ ੧, ਛੰਤ ੫, ੭:੨ (767)

(2) ਬੰਦ ਨ ਰਹਿਣ ਦੇ ਕੇ, ਖੋਲ ਕੇ

"ਖੋਲਿ ਕਪਾਟ ਮਹਲਿ ਕਿ ਨ ਜਾਹੀ।"

ਹੋਰ ਰੂਪ:

ਖੋਲਿਆ –
“ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ।” (ਭਾਵ ਪਰਾਂ ਕੀਤਾ)
– ਬਿਲਾ ੫, ੧, ੪:੪ (801)

ਖੋਲੇ –
“ਗੁਰ ਮਿਲਿ ਖੋਲੇ ਬਜਰ ਕਪਾਟ।”
– ਗਉ ੧, ੬, ੪:੪ (153)

ਖੋਲ੍ਹਾ –
“ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ।”
– ਸੂਹੀ ੫, ਛੰਤ ੪, ੪:੨ (779)

ਖੋਲ੍ਹਿ –
“ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ।”
– ਜੈਤ ੫, ਛੰਤ ੧, ੧ਸ:੨ (703)

ਖੋਲ੍ਹਿਓ –
“ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ।”
– ਸੂਹੀ ੫, ੫, ੪*:੨ (738)

ਖੋਲ੍ਹੇ –
“ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ।”
– ਆਸਾ ੫, ੫੭, ੧*:੨ (385)

ਖੋਲੈ –
“ਓਹੁ ਪਿਆਰਾ ਜੀਅ ਕਾ ਜੋ ਖੋਲ੍ਹੈ ਭਿਤਾ।”
– ਰਾਮ ੫, ਵਾਰ ੧੯:੪ (965)

(3) ਦੂਰ ਕਰਕੇ, ਲਾਹ ਕੇ
“ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ।”
– ਰਾਮ ੧, ਓਅੰ ੧੨:੧ (931)

(4) ਬਝਿਆ ਨਾ ਰਹਿਣ ਦੇ
“ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ।”
– ਤੁਖਾ ੧, ਛੰਤ ੫, ੩:੫ (1112)

ਹੋਰ ਰੂਪ:

ਖੋਲੇ –
“ਮੁਕਤੁ ਭਇਆ ਬੰਧਨ ਗੁਰਿ ਖੋਲੇ ਜਨ ਨਾਨਕ ਹਰਿ ਗੁਣ ਗਾਏ।”
– ਗਉ ੫, ੧੫੨, ੪:੨ (213)

ਖੋਲੈ –
“ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ।”
– ਬਿਲਾ ਕਬ, ੧੨, ੧:੧ (857)

ਖੋਲ੍ਹਿ –
“ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ।”
– ਸਲੋ ਕਬ, ੨੩:੧ (1365)

ਖੋਲ੍ਹੇ –
“ਮੁਕਤਿ ਭਈ ਬੰਧਨ ਗੁਰਿ ਖੋਲ੍ਹੇ ਸਬਦਿ ਸੁਰਤਿ ਪਤਿ ਪਾਈ।”

– ਮਲਾ ੧, ੪, ੫:੧ (1255)

ਖੋਵਸਿ ----- ਗੁਆ ਲੈਂਦਾ ਹੈ
"ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ।"
– ਭੈਰ ੧, ੭, ੩:੧ (1127)

ਖੋਵਹਿ ----- (1) ਗੁਆ ਲੈਂਦਾ ਹੈ
"ਪਤਿ ਮਤਿ ਖੋਵਹਿ ਨਾਮੁ ਵਿਸਾਰੀ।"
– ਗਉ ੧, ਅਸ ੧੧, ੪:੩ (225)

ਹੋਰ ਰੂਪ:

ਖੋਵਹੀ –
"ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ।" (ਭਾਵ ਖਾਨਦਾਨ ਦਾ ਨਾਂ ਬਦਨਾਮ ਕਰਦੇ ਹਨ)
– ਮਲਾ ੧, ਵਾਰ ੧੫:੪ (1285)

(2) ਖੁੰਝਾਉਂਦੇ ਹਨ
"ਆਪੁ ਗਏ ਅਉਰਨ ਹੂ ਖੋਵਹਿ।"
– ਗਉ ਕਬ, ੪੪, ੫:੧ (332)

(3) ਦੂਰ ਕਰ ਲੈਣਾ
"ਸੁਖ ਸਹਜਿ ਸੋਵਹਿ ਕਿਲਬਿਖ ਖੋਵਹਿ ਨਾਮ ਰਸਿ ਰੰਗਿ ਜਾਗੀਆ।"
– ਬਿਹਾ ੫, ਛੰਤ ੪, ੩:੪ (544)

ਹੋਰ ਰੂਪ:

ਖੋਵਹੁ –
"ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖ ਖੋਵਹੁ।" (ਦੂਰ ਕਰੋ, ਮਿਟਾਵੋ)
– ਸਿਰੀ ੪, ਪਹ ੩, ੪:੪ (77)

ਖੋਵਣਾ ----- (1) ਦੂਰ ਕਰੀ/ਮਿਟਾਈਦਾ ਹੈ
"ਜਪਿ ਜਪਿ ਤੁਧੁ ਨਿਰੰਕਾਰ ਭਰਮੁ ਭਉ ਖੋਵਣਾ।"
– ਗੂਜ ੫, ਵਾਰ ੧੮:੪ (523)

ਖੋਵਤ ------ ਗੁਆਵਣਾ
"ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ।"
– ਆਸਾ ੯, ੧, ੨:੧ (411)

ਖੋਵਨਿ ----- ਗੁਆਉਂਦੇ ਹਨ
"ਪਰਾਈ ਬਖਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ।"
– ਬਿਲਾ ੪, ਵਾਰ ੮:੩ (852)

ਖੋਵੈ ------- (1) ਦੂਰ ਹੋਏ
"ਕਥਾ ਸੁਣਤ ਮਲੁ ਸਗਲੀ ਖੋਵੈ।"
– ਮਾਝ ੫, ੩੩, ੨:੨ (104)

(2) ਗੁਆ ਬਹਿੰਦਾ ਹੈ

"ਕਰਮ ਧਰਮ ਸਗਲਾ ਈ ਖੋਵੈ।"
– ਧਨਾ ੫, ੨੨, ੩:੨ (676)

ਖੋੜ ------- ਸੋਲਾਂ ਪ੍ਰਕਾਰ ਦਾ
"ਖੋੜ ਸੀਗਾਰ ਕਰੈ ਅਤਿ ਪਿਆਰੀ।"
– ਗਉ ੧, ੧੦, ੩:੨ (225)

ਖੋੜਸਾਦਤ --- ਸੋਲਾਂ ਵੇਰ ਅਭਿਆਸ (ਅਦੁਤ) ਯੋਗ ਦੀ ਇਕ ਕਿਰਿਆ ਦਾ)
"ਚੰਦ ਸਤ ਭੇਦਿਆ ਨਾਦ ਸਤ ਸਤ ਪੂਰਿਆ ਸੂਤ ਸਤ ਖੋੜਸਾਦਤੁ ਕੀਆ।"

ਖੋੜਾ ------ ਦਰਖਤ ਵਿਚਲੀਆਂ ਖੁੱਡਾਂ, ਜਿਥੇ ਕਈ ਵਾਰੀ ਪੰਛੀ ਆਲ੍ਹਣੇ ਪਾ ਕੇ ਰਹਿੰਦੇ ਹਨ
"ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ।" (ਕਾਲ ਦੀਆਂ ਤਿੰਨ ਖੋੜਾਂ ਭਾਵ ਅਵਸਥਾਵਾਂ ਬਾਲ, ਜਵਾਨੀ ਤੇ ਬਿਰਧ ਅਵਸਥਾ)
– ਸਿਰੀ ੧, ੨੬, ੩:੧ (23)
('ਮਹਾਨਕੋਸ਼' ਇਸ ਦੇ ਅਰਥ 'ਬੰਧਨ' ਕਰਦਾ ਹੈ ਅਤੇ 'ਦਰਪਣ' 'ਅਵਸਥਾ')

ਖੋੜਿ ------ ਗੁਫਾ/ਖੁਡ ਵਿਚ
"ਖਖਾ ਇਹੈ ਖੋੜਿ ਮਨ ਆਵਾ।"
– ਗਉ ਕਬ, ਬਾਅ ੮:੧ (340)

ਹੋਰ ਰੂਪ:

ਖੋੜੇ –
"ਖੋੜੇ ਛਾਡਿ ਨ ਦਹ ਦਿਸ ਧਾਵਾ।"
– ਗਉ ਕਬ, ਬਾਅ ੮:੨ (340)

ਖੵਤ੍ਰੀ ------ ਹਿੰਦੀਆਂ ਦਾ ਇਕ ਵਰਣ
"ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।"
– ਬਿਲਾ ਰਵਿ, ੨, ੧:੧ (858)

ਗ

ਗਉ ------- ਗਉਣ, ਭਟਕਣ
"ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ।"
– ਸਵ ੩, ੧੪:੪ (1394)

ਗੰਉਂ ------ ਗਵਨ ਕਰਦਾ/ਤੁਰਦਾ ਹੈ
"ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉਂ ਕਰੇ।"
– ਸਲੋ ਫਰ, ੮੪:੨ (1382)

ਗਉਹਰ ---- (1) ਗਹਿਰਾ, ਗੰਭੀਰ, ਟਿਕਾ ਵਾਲਾ
"ਤੁਮ੍ਹ ਗਉਹਰ ਅਤਿ ਗਹਿਰ ਗੰਭੀਰਾ ਤੁਮ ਪਿਰ ਹਮ ਬਹੁਰੀਆ ਰਾਮ।"
– ਸੂਹੀ ੫, ਛੰਤ ੪, ੨:੧ (779)

ਹੋਰ ਰੂਪ:

ਗਉਹਰੁ –

"ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੋ ਗਹਿਰ ਗੰਭੀਰਾ ਗਉਹਰੁ ਜੀਉ।" (ਸਿਆਣਾ, ਅਕਲਮੰਦ)
– ਮਾਝ ੫, ੨੫, ੪:੩ (102)
"ਆਪਣੀ ਮਿਤਿ ਆਪਿ ਜਾਣਦਾ ਆਪੇ ਹੀ ਗਉਹਰੁ।" (ਗੰਭੀਰ, ਡੂੰਘਾ ਸਮੁੰਦਰ)
– ਬਿਹਾ ੪, ਵਾਰ ੧੮:੬ (555)

ਗਉਹਰੁ ---- (1) ਡੂੰਘਾ, ਗੰਭੀਰ, ਭਾਵ ਸਿਆਣਾ, ਅਕਲਮੰਦ, ਵੇਖੋ 'ਗਉਹਰ'
(2) (ਫਾ. ਗੋਹਰ) ਮੋਤੀ (ਮਹਾਨਕੋਸ਼)
"ਗੁਰੁ ਗਉਹਰੁ ਦਰੀਆਉ ਪਲਕ ਡੁੰਬਤ੍ਹ ਤਾਰੈ।" (ਮੋਤੀਆਂ ਦਾ ਦਰਿਆ ਹੈ – ਸ਼ਬਦਾਰਥ ਤੇ 'ਦਰਪਣ' ਅਰਥ ਡੂੰਘਾ ਅਥਵਾ ਗਹਿਰ ਗੰਭੀਰ ਕਰਦੇ ਹਨ)
– ਸਵ ੩, ੧੭:੪ (1395)
"ਤਾ ਤੇ ਗਉਹਰੁ ਗ੍ਯਾਨ ਪ੍ਰਗਟੁ ਉਜੀਆਰਉ ਦੁਖ ਦਰਿਦ੍ਰ ਅੰਧ੍ਯਾਰ ਕੋ ਨਾਸੁ।"

ਗਉਣੁ ----- (ਸੰ.) ਗਮਨ, ਰਟਨ
"ਗਉਣੁ ਕਰੇ ਚਹੁ ਕੁੰਟ ਕਾ ਘੜੀ ਨ ਬੈਸਣੁ ਸੋਇ।"
– ਸਿਰੀ ੫, ਅਸ ੨੬, ੩:੩ (70)
"ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ।" (ਆਵਾਗਉਣ)
– ਆਸਾ ੫, ੧੦੬, ੩:੧ (397)
"ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ।" (ਆਤਮ ਚੀਨਣ, ਅੰਦਰ ਦੀ ਖੋਜ ਕਰਨ)
– ਰਾਮ ੩, ਵਾਰ ੬ਸ, ੩, ੨:੩ (949)
"ਚੂਕਾ ਗਉਣੁ ਮਿਟਿਆ ਅੰਧਿਆਰੁ।" (ਭਟਕਣ)
– ਪ੍ਰਭਾ ੫, ਅਸ ੩, ੨:੧ (1348)

ਹੋਰ ਰੂਪ:

ਗਉਨੁ –
"ਕਾਹੂ ਹੋ ਗਉਨੁ ਕਰਿ ਹੋ।"
– ਗਉ ੫, ੨੫੫*, ੨:੨ (213)
"ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ।" (ਭਾਵ ਜਾਏਗੀ)
– ਬਿਹਾ ੫, ਛੰਤ ੭, ੧:੫ (546)

ਗਉਨੁ ----- (1) ਰਟਨ, ਫਿਰਣਾ, ਵੇਖੋ 'ਗਉਣੁ'
(2) ਚਾਲ, ਜਗਤ ਦੀ ਚਾਲ ਭਾਵ ਰਟਨ ਕਰਨ ਵਾਲੀ ਭਾਵ ਪ੍ਰਿਥਵੀ
"ਗਉਨੁ ਗਗਨੁ ਜਬ ਤਬਹਿ ਨ ਹੋਤਉ ਤ੍ਰਿਭਵਣ ਜੋਤਿ ਆਪੇ ਨਿਰੰਕਾਰੁ।"
– ਰਾਮ ੧, ਸਿਗੋ ੬੭:੪ (945)
(ਮਹਾਨਕੋਸ਼ ਇਸ ਦੇ ਅਰਥ 'ਗਗਨ ਗੁਣ' ਕਰਦਾ ਹੈ)

ਗਉਰਾ ----- (1) ਭਾਰਾ ਵਧੇਰੇ ਵਜਨਵਾਲਾ, ਵਡਿਆਈ ਵਾਲਾ
"ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।"
– ਆਸਾ ੧, ਵਾਰ ੧੪ਸ, ੧, ੧:੬ (470)
"ਤੂ ਪੂਰਾ ਹਮ ਊਰੇ ਹੋਛੇ ਤੂ ਗਉਰਾ ਹਮ ਹਉਰੇ।" (ਗੌਰਵਤਾ ਵਾਲਾ)
– ਸੋਰ ੧, ੫, ੨:੧ (597)

ਹੋਰ ਰੂਪ:

ਗਉਰੋ –
“ਹਉਂ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ।”
– ਆਸਾ ੫, ੧੩੫, ੩:੧ (404)

(2) ਦੀਪਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਦੇ ਸੱਤ ਹਨ – ਕਾਲੰਕਾ, ਕੁੰਤਲ, ਰਾਮਾ, ਕਮਲ ਭਸਮ, ਚੰਪਕ ਕਾਨਰਾ ਤੇ ਕਲ੍ਯਾਨਾ।”
“ਗਉਰਾ ਅਉ ਕਾਨਰਾ ਕਲ੍ਯਾਨਾ।”
– ਰਾਗ ੧:੩੯ (1430)

ਗਉੜੀ ----- ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਤੀਜਾ ਰਾਗ, ਦਿਨ ਦੇ ਚੌਥੇ ਪਹਿਰ ਦਾ ਰਾਗ ਹੈ
“ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।”
– ਗਉ ੪, ਵਾਰ ੨੦ਸ, ੩, ੧:੧ (311)

ਗਊ ------- (1) ਗਾਂ, ਇਕ ਦੁੱਧਾਰੂ ਪਸ਼ੂ
“ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ।”
– ਗਉ ੪, ੪੧, ੨:੧ (164)

“ਗਊ ਕਉ ਚਾਰੇ ਸਾਰਦੂਲੁ।” (ਇੰਦ੍ਰੂਆਂ ਰੂਪੀ ਗਊਆਂ ਦੀ ਹੁਣ ਹੰਕਾਰ ਰੂਪੀ ਸ਼ੇਰ ਰੱਖਿਆ ਕਰਦਾ ਹੈ)
– ਰਾਮ ੫, ੫੦, ੧:੧ (898)

“ਬਿਨੁ ਅਸਥਨ ਗਊ ਲਵੇਰੀ।” (ਭਾਵ ਮਾਇਆ)
– ਬਸੰ ਕਬ, ੩, ੩:੧ (1194)

ਹੋਰ ਰੂਪ:

ਗਊਆ –
“ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ।”
– ਸਿਰੀ ੧, ਅਸ ੧੪, ੪:੨ (62)

ਗਊਤਮ ---- ਗੋਤਮ ਰਿਸ਼ੀ
“ਗਊਤਮ ਸਤੀ ਸਿਲਾ ਨਿਸਤਰੀ।”
– ਗੋਂਡ ਨਾਮ, ੫, ੩:੪ (874)

ਗਇ ------ ਹਾਥੀ
“ਕਬੀਰ ਹੈ ਗਾਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ।”
– ਸਲੋ ਕਬ, ੧੧੨:੧ (1370)

ਗਇਓ ----- (1) ਗਿਆ; ਚਲਿਆ ਭਾਵ ਨਿਭਿਆ
“ਜੋ ਦੀਸੈ ਸੋ ਸੰਗਿ ਨ ਗਇਓ।”
– ਗਉ ੫, ਅਸ ੧੩, ੨:੧ (241)

(2) ਦੂਰ ਹੋਇਆ, ਗਿਆ
“ਦੁਖ ਬਿਨਸੇ ਸਹਸਾ ਗਇਓ ਸਰਨਿ ਗਹੀ ਹਰਿ ਰਾਇ।”
– ਗਉ ੫, ਥਿਤੀ ੧੭ਸ:੧ (300)

(3) ਗਿਆ ਸਹਾਇਕ (ਕਿਰਿਆ)

"ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀ ਖੋਲਿ ਗਇਓ ਬੈਰਾਗੀ।"
– ਗਉ ਕਬ, ੫੩, ੪:੨ (335)

(4) ਲੰਘ ਗਿਆ, ਚਲਿਆ ਗਿਆ
"ਭਗਤਿ ਬਿਨੁ ਬਿਰਥੇ ਜਨਮੁ ਗਇਓ।"
– ਗਉ ਕਬ, ੫੯, ੧*:੧ (336)

(5) ਚਲਾ ਗਿਆ ਪ੍ਰਸਥਾਨ ਕਰ ਗਿਆ
"ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਾ।" (ਚਲਾ ਗਿਆ)
– ਆਸਾ ਕਬ, ੧੮, ੨:੧ (480)
"ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ।" (ਲੰਘ ਗਿਆ)
– ਜੈਜਾ ੯, ੧, ੨:੨ (1352)

ਗਇਆ ---- ਦੂਰ ਹੋ ਗਏ, ਮਿਟ ਗਏ
"ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਆ।"
– ਸਵ ੪, ਨਲ ੬:੫ (1399)

ਗਇਅਮੁ --- ਲੰਘ ਗਿਆ, ਚਲਿਆ ਗਿਆ
"ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ।"
– ਮਾਰੂ ੧, ਅਸ ੯, ੫:੨ (1015)

ਗਇਆ ---- (1) ਜਾ ਕੇ, ਗਿਆ
"ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ।"
– ਜਪੁ ੧, ੨੧:੧੮ (5)
"ਹੁਕਮੀ ਹੋਇ ਨਿਬੇੜੁ ਗਇਆ ਜਾਣੀਐ।"
– ਮਲਾ ੧, ਵਾਰ ੨, ੧:੪ (1288)

ਹੋਰ ਰੂਪ:

ਗਇਆਹ –
"ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ।"
– ਸੂਹੀ ੩, ਵਾਰ ੮ਸ, ੨, ੧:੨ (788)
ਗਈ –
"ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ।" (ਜਾ ਕੇ)
– ਵਡ ੧, ੩, ੧:੧੨ (558)

(2) ਚਲਾ ਗਿਆ, ਮੁਕ ਗਿਆ, ਮਿਟ ਗਿਆ
"ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ।"
– ਸਿਰੀ ੧, ੧੪, ੩:੧ (19)
"ਜਨਮ ਮਰਣੁ ਕਾ ਭਉ ਗਇਆ ਭਾਉ ਭਗਤਿ ਗੋਪਾਲ।"
– ਸਿਰੀ ੫, ੮੦, ੨:੧ (45)
"ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ।" (ਮੁੱਕ ਗਿਆ, ਨਸ਼ਟ/ਖਰਾਬ ਹੋ ਗਿਆ)
– ਗਉ ੪, ਵਾਰ ੧੩ਸ, ੪, ੨:੧ (307)

ਹੋਰ ਰੂਪ:

ਗਇਐ –

“ਧਨ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ।” (ਚਲੇ ਜਾਣ/ਮੁਕ ਜਾਣ ਨਾਲ)

– ਰਾਮ ੧, ਓਅੰ ੩੬:੧ (934)

“ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ।” (ਨਿਕਲ ਜਾਣ, ਮੁਕ ਜਾਣ)

– ਮਲਾ ੧, ਵਾਰ ੧੯ਸ, ੧, ੨:੨ (1286)

ਗਈ –

“ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ।” (ਮੁਕ ਗਈ)

– ਸਿਰੀ ੧, ਪਹ ੨, ੩:੫ (76)

“ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ।” (ਮਿਟ ਗਈ)

– ਮਾਝ ੫, ੧੫, ੨:੩ (99)

(3) ਦੂਰ ਹੋਇਆ, ਖਤਮ ਹੋਇਆ

“ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ।”

– ਸਿਰੀ ੧, ੨੨, ੨:੩ (22)

(4) ਮਰਨਾ (ਭਾਵ) ਦੁਨੀਆਂ ਤੋਂ ਜਾਣਾ

“ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ।”

– ਸਿਰੀ ੧, ੨੩, ੩:੩ (23)

(5) ਗਿਆ (ਸਹਾਇਕ ਕਿਰਿਆ)

“ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ।”

– ਸਿਰੀ ੩, ੫੪, ੩:੨ (34)

ਹੋਰ ਰੂਪ:

ਗਈ –

“ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ।”

– ਸਿਰੀ ੩, ਅਸ ੨੧, ੪:੨ (67)

(6) ਲੰਘ/ਗੁਜਰ ਗਿਆ, ਬੀਤ ਗਿਆ

“ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।”

– ਸਿਰੀ ੫, ੭੪, ੩:੧ (43)

“ਗਇਆ ਸੁ ਜੋਬਨੁ ਧਨ ਪਛੁਤਾਨੀ।”

– ਆਸਾ ੧, ੨੬, ੩:੨ (357)

ਹੋਰ ਰੂਪ:

ਗਈ –

“ਰੈਣਿ ਗਈ ਫਿਰਿ ਹੋਇ ਪਰਭਾਤਿ।” (ਲੰਘ ਗਈ)

– ਆਸਾ ੫, ੧੯, ੨:੨ (375)

(7) ਪ੍ਰਸਥਾਨ ਕੀਤਾ, ਭਾਵ ਪਿਆ

“ਚਿਤਿ ਨ ਆਇਓ ਪਾਰਬ੍ਰਹਮੁ ਤਾ ਸਰਪ ਕੀ ਜੂਨਿ ਗਇਆ।”

– ਸਿਰੀ ੫, ਅਸ ੨੬, ੬:੪ (70)

(8) ਚਲਾ ਗਿਆ

“ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ।” (ਪ੍ਰਲੋਕ ਚਲਾ ਗਿਆ)

– ਮਾਝ ੧, ਵਾਰ ੧੭ਸ, ੧, ੧:੭ (146)

ਹੋਰ ਰੂਪ:

ਗਈ –

“ਘੂੰਘਟੁ ਕਾਢਿ ਗਈ ਤੇਰੀ ਆਗੈ (ਤੁਰ ਗਈ)

– ਆਸਾ ਕਬ, ੩੪, ੧:੧ (484)

“ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ।”

– ਸੋਰ ੧, ੧, ੩੧, (595)

(9) ਹਿੰਦੂਆਂ ਦਾ ਇਕ ਤੀਰਥ ਸਥਾਨ

“ਗਇਆ ਪਿੰਡੁ ਭਰਤਾ।”

– ਗੋਂਡ ਨਾਮ, ੧, ੨:੧ (873)

“ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ।”

– ਬਸੰ ਨਾਮ, ੧, ੩:੧ (1196)

ਗਈ ------ (1) ਮੁਕ ਗਈ, ਮਿਟ ਗਈ, ਦੂਰੀ ਹੋਈ, ਵੇਖੋ ‘ਗਇਆ’ (2)

ਹੋਰ ਰੂਪ:

ਗਈਆ –

“ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਇ।”

– ਬਿਹਾ ੪, ਵਾਰ ੪ਸ, ੩, ੨:੨ (549)

(2) ਗਈ ਸਹਾਇਕ ਕਿਰਿਆ, ਵੇਖੋ ‘ਗਇਆ’ (5)

ਹੋਰ ਰੂਪ:

ਗਈਂ –

“ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ।”

– ਸਲੋ ਕਬ, ੧੦੩:੨ (1369)

ਗਈਆ –

“ਅਮਰ ਪਿੰਡ ਭਏ ਸਾਧੂ ਸੰਗਿ ਜਨਮ ਮਰਣ ਦੋਊ ਮਿਟਿ ਗਈਆ।” (ਗਿਆ)

– ਬਿਲਾ ੪, ਅਸ ੪, ੧:੨ (835)

(3) ਰਵਾਨਾ ਹੋਈ, ਚਲੀ, ਤੁਰੀ

“ਗਈ ਬੁਨਾਵਨ ਮਾਹੋ।” (ਸੂਤ ਉਨਾਣ ਲਈ ਰਵਾਨਾ ਹੋਈ)

– ਗਉ ਕਬ, ੫੪, ੧*:੧ (335)

“ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ ਰਵਿਆਸੁ।”

– ਮਾਰੂ ੪, ਵਾਰ ੯ਸ, ੫, ੧:੧ (1097)

ਹੋਰ ਰੂਪ:

ਗਈਆ –

“ਮੁਕਤੀ ਭੇਡ ਨ ਗਈਆ ਕਾਈ।” (ਗਈ, ਰਵਾਨਾ ਹੋਈ)

– ਗਉ ਕਬ, ੪, ੨:੨ (324)

(4) ਲੰਘ ਗਈ, ਬਤੀਤ ਹੋ ਗਈ, ਵੇਖੋ ‘ਗਇਆ’ (6)

(5) ਜਾ ਕੇ ਵੇਖੋ ‘ਗਇਆ’ (1)

ਗਈਆ ---- (1) ਮੁਕੀ, ਦੂਰ ਹੋਈ, ਵੇਖੋ ‘ਗਈ’
(2) ਗਈਆ (ਸਹਾਇਕ ਕਿਰਿਆ) ਵੇਖੋ ‘ਗਈ’ (2)

ਹੋਰ ਰੂਪ:

ਗਈਆ –
“ਉਘਰਿ ਗਈਆ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ।”
– ਸਾਰ ੫, ੧੦੪, ੧:੨ (1224)

ਗਈਆਸੇ –
“ਗੁਰੁ ਸੰਤ ਜਨੋ ਪਿਆਰਾ ਮੈ ਮਿਲਿਆ ਮੇਰੀ ਤ੍ਰਿਸਨਾ ਬੁਝਿ ਗਈਆਸੇ।”
– ਸੂਹੀ ੪, ਛੰਤ ੫, ੧:੧ (776)

(3) ਗਈ, ਰਵਾਨਾ ਹੋਈ, ਵੇਖੋ ‘ਗਈ’ (3)
(4) ਜਾਂਦਾ ਹੈ
“ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ ਜਿਉ ਬਿਨੁ ਅਮਲੈ ਅਮਲੀ ਮਰਿ ਗਈਆ।”
– ਬਿਲਾ ੪, ਅਸ ੬, ੩:੧ (836)

“ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ।” (ਜਾਂਦੀ ਹਾਂ)
– ਬਿਲਾ ੪, ਅਸ ੬, ੪:੧ (836)

ਹੋਰ ਰੂਪ:

ਗਈਆਸ –
“ਆਸ ਨਿਰਾਸਾ ਹਿਕੁ ਤੂ ਹਉ ਬਲਿ ਬਲਿ ਬਲਿ ਗਈਆਸ।”
– ਮਾਰੂ ੫, ਵਾਰ ੧੯ਸ, ੫, ੨:੨ (1100)

ਗਈਏ ----- ਜਾਣੀਏ
“ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ।” (ਸੜ ਜਾਣੀਏ)
–ਬਿਲਾ ੫, ਛੰਤ ੪, ੩:੧ (848)

ਗਈਹੈ ----- ਗਾਉਂਦੇ ਸੀ
“ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ।”
– ਗੂਜ ਕਬ, ੧, ੧:੧ (524)

ਗਏ ------- (1) ਰਵਾਨਾ ਹੋਏ, ਚਲੇ ਗਏ
“ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।”
– ਜਪੁ ੧, ੩੮ਸ:੫ (8)

(2) ਮਿਟ ਗਏ, ਖਤਮ ਹੋਇਆ, ਦੂਰ ਹੋਏ
“ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ।”
– ਸਿਰੀ ੧, ੨੦, ੨:੨ (21)

“ਮੁਚੁ ਮੁਚੁ ਗਰਭ ਗਏ ਕੀਨ ਬਚਿਆ।” (ਗਿਰ ਗਏ, ਖਤਮ ਹੋ ਗਏ)
– ਗਉ ਕਬ, ੨੫, ੨:੧ (328)

“ਇਛ ਪੁੰਨੀ ਮਨਿ ਆਸ ਗਏ ਵਿਸੂਰਿਆ।” (ਦੂਰ ਹੋਏ)
– ਗੂਜ ੫, ਵਾਰ ੨੧:੨ (524)

(3) ਗਏ (ਸਹਾਇਕ ਕਿਰਿਆ)
"ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ।"
– ਸਿਰੀ ੩, ੫੪, ੩:੧ (34)

(4) ਜਾ ਕੇ
"ਜਿਨੀ ਹਰਿ ਹਰਿ ਨਾਮੁ ਨ ਚੇਤਿਓ ਸੇ ਅੰਤਿ ਗਏ ਪਛੁਤਾਇ।"
– ਸਿਰੀ ੪, ਵਣ ੧, ੩:੪ (82)

(5) ਨਾਸ/ਖਰਾਬ ਹੋ ਗਏ
"ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ।"
– ਗਉ ੪, ਵਾਰ ੧੨ਸ, ੪, ੧:੬ (306)

(6) ਗਏ ਗੁਜਰੇ
"ਆਪ ਗਏ ਅਉਰਨ ਹੂ ਘਾਲਹਿ।"
– ਗਉ ਕਬ, ੪੪, ੩:੨ (332)

(7) ਲੰਘ ਗਏ, ਬੀਤ ਗਏ
"ਰਾਮ ਨਾਮੁ ਉਰ ਹਾਰੁ ਬਿਖੁ ਕੇ ਦਿਵਸ ਗਏ।"
– ਆਸਾ ੫, ਛੰਤ ੯, ੨:੨ (458)

(8) ਜਾਣ ਨਾਲ, ਗਿਆਂ
"ਗੁਰਿ ਸਬਦੁ ਦ੍ਰਿੜਾਇਆ ਪਰਮ ਪਦੁ ਪਾਇਆ ਦੁਤੀਆ ਗਏ ਸੁਖ ਹੋਊ।"
– ਦੇਵ ੫, ੩੩, ੨:੧ (535)
"ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ।"
– ਸੋਰ ੧, ੧, ੪:੩ (595)

ਗਸਤਮ ---- (ਫਾ.) ਮੈ ਫਿਰਿਆ
"ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।"
– ਤਿਲੰ ੧, ੧, ੩:੧ (721)

ਗਹ ------- (ਫਾ.) ਥਾਂ, ਜਗ੍ਹਾ
"ਅਬ ਮੋਹਿ ਖੂਬ ਵਤਨ ਗਹ ਪਾਈ।"
– ਗਉ ਰਵਿ, ੨, ੧*:੧ (345)

ਗਹਉ ------ ਮੈਂ ਪਕੜਾਂ/ਮਰਸਾਂ
"ਸੇਵਉ ਸਾਧ ਗਹਉ ਓਟ ਚਰਨਾ ਨਹ ਬਿਸਰੈ ਮੁਹਤੁ ਚਸਾਈ।"
– ਸੋਰ ੫, ੩, ੧*:੨ (609)

ਗਹਹਿ ----- ਪਕੜ ਲਵੇਂ
"ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾਂ ਮੂਲਿ।"
– ਗਉ ੫, ਵਾਰ ੧੯ਸ, ੫, ੨:੧ (322)

ਹੋਰ ਰੂਪ:

ਗਹਹੁ –
"ਦ੍ਰਿੜੁ ਕਰਿ ਗਹਹੁ ਨਾਮ ਹਰਿ ਵਥੁ।" (ਪਕੜੋ)
– ਗਉ ੫, ਸੁਖ ੧੯, ੧:੬ (288)
"ਚਉਥਹਿ ਚੰਚਲ ਮਨ ਕਉ ਗਹਹੁ।" (ਕਾਬੂ ਕਰੋ)

– ਗਉ ਕਬ, ਥਿਤੀ ੫:੧ (343)
“ਖਿਮਾ ਗਹਹੁ ਸਤਿਗੁਰ ਸਰਣਾਈ।” (ਧਾਰਨ ਕਰੋ)
– ਮਾਰੂ ੧, ਸੋਲਾ ੧੦, ੮:੨ (1030)

ਗਹਗਹਾ ---- ਗੂੜ੍ਹਾ
“ਜਿਉ ਉਬਲੀ ਮਜੀਠੈ ਰੰਗੁ ਗਹਗਹਾ ਤਿਉ ਸਚੇ ਨੋ ਜੀਉ ਦੇਇ।”
– ਗਉ ੪, ਵਾਰ ੨੦ਸ, ੩, ੧:੪ (311)

ਗਹਗਚਿ ---- ਪਕੜ, ਗਚ (ਚੂਨੇ) ਵਾਂਗੂ ਗਹ (ਪਕੜ)
“ਕਬੀਰ ਗਹਗਚਿ ਪਰਿਓ ਕੁਟੰਬ ਕੈ ਕਾਠੈ ਰਹਿ ਗਇਓ ਰਾਮੁ।”
– ਸਲੋ ਕਬ, ੧੪੨:੧ (1372)

ਗਹਡੜੜਾ --- ਗਰਕ ਕਰ ਲੈਣ ਵਾਲਾ ਡੂੰਘਾ ਟੋਇਆ ਭਾਵ ਸੰਸਾਰ
“ਗਹਡੜੜਾ ਤ੍ਰਿਣਿ ਛਾਇਆ ਗਾਫਲ ਜਲਿਓਹੁ ਭਾਹਿ।”
– ਮਾਰੂ ੫, ਵਾਰ ੬ਸ, ੫, ੧:੧ (1096)
(ਦਰਪਣ ਕੋਸ਼ ਤੇ ਮਹਾਨਕੋਸ਼ ਅਰਥ ਵੀ ‘ਛਪਰ’ ਕਰਦੇ ਹਨ)

ਗਹਡਿਓ ---- ਫਸਿਆ
“ਗਹਡਿਓ ਮੂੜ ਨਰਿ ਹਾਂ।”
– ਆਸਾ ੫, ੧੫੭, ੧:੩ (409)

ਗਹਣ ------ ਡੂੰਘਾਈ, ਡੂੰਘੀ/ਅਵਸਥਾ
“ਤਿਨ੍ ਕੀ ਗਹਣ ਗਤਿ ਕਹੀ ਨ ਜਾਇ।”
– ਆਸਾ ੩, ੫੦, ੨:੨ (364)

ਗਹਣਾ ----- (1) ਜੇਵਰ, ਭੂਸ਼ਨ, ਗਹਿਨਾ
“ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ।”
– ਮਾਝ ੫, ੪੦, ੩:੧ (106)
(2) ਗਿਰਵੀ ਰੱਖਣਾ
“ਜੇ ਤੂੰ ਕਿਸੈ ਨ ਦੇਹੀ ਮੇਰੇ ਸਾਹਿਬਾ ਕਿਆ ਕੋ ਕਢੈ ਗਹਣਾ।”
– ਧਨਾ ੧, ੨, ੩:੧ (660)

ਗਹਣੁ ------ ਪਹੁੰਚਣ ਵਾਲਾ, ਪਕੜਨ ਵਾਲਾ
“ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ।”
– ਸਵ ੪, ਕਲ ੫:੩ (1407)

ਗਹਣੇ ------ (1) ਜ਼ੇਵਰ
“ਗਹਣੇ ਪਉਣੁ ਪਾਣੀ ਬੈਸੰਤਰੁ ਚੰਦੁ ਸੂਰਜੁ ਅਵਤਾਰ।”
– ਆਸਾ ੧, ਵਾਰ ੫ਸ, ੧, ੧:੨ (465)
(2) ਡੂੰਘਾਈ
“ਜੋ ਪ੍ਰਭ ਕੀਆ ਸੁ ਤੁਮਹੀ ਜਾਨਹੁ ਹਮ ਨਹ ਜਾਣੀ ਹਰਿ ਗਹਣੇ ।”
– ਨਟ ੪, ੬, ੩:੧ (977)

ਗਹਤ ------ ਪਕੜਿਆ, ਪਰਸਿਆ
“ਪ੍ਰਭ ਕੀ ਸਰਣਿ ਗਹਤ ਸੁਖੁ ਪਾਈਐ ਕਿਛੁ ਭਉ ਨ ਵਿਆਪੈ ਬਾਲ ਕਾ।”

– ਮਾਰੂ ੫, ਸੋਲਾ ੧੩, ੧:੩ (1084)

ਗਹੰਤੇ ------ ਜਾਂਦੇ ਹਨ
“ਆਤਮ ਰਤੰ ਸੰਸਾਰ ਗਹੰਤੇ ਨਰ ਨਾਨਕ ਨਿਹਫਲਹ।”
– ਸਸ ੫, ੬੫:੨ (1360)

ਗਹਨ ------ (1) ਪਕੜ ਵਾਲੀਆਂ ਚੀਜਾਂ
“ਮੋਹ ਕੁਟੰਬ ਬਿਖੈ ਰਸ ਮਾਤੇ ਮਿਥਿਆ ਗਹਨ ਗਹੇ।”
– ਆਸਾ ੫, ੧੪੨, ੧:੧ (406)
“ਕੰਠ ਗਹਨ ਤਬ ਕਰਨ ਪੁਕਾਰਾ।” (ਪਕੜਿਆ)
– ਸੂਹੀ ਕਬ, ੧, ੩:੧ (792)
(2) ਗਹਿਣਾ
“ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ।”
– ਬਿਲਾ ੪, ਅਸ ੫, ੬:੧ (836)

ਗਹਨਈਆ -- ਵਡਾ ਗਹਿਣਾ
“ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡ ਗਹਨ ਗਹਨਈਆ।”
– ਬਿਲਾ ੪, ਅਸ ੫, ੬:੧ (836)

ਗਹਨੇ ------ ਗਹਿਣੇ
“ਕੰਗਨ ਬਸਤ੍ਰ ਗਹਨੇ ਬਨੇ ਸੁਹਾਵੇ।”
– ਸੂਹੀ ੫, ੪, ੨:੩ (737)

ਗਹਨੈ ------ ਗਿਰਵੀ
“ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ।”
– ਰਾਮ ਕਬ, ੧, ੩:੧ (969)

ਗਹਬਰ ----- ਬਹੁਤ ਸੰਘਣਾ
“ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ ਦਿਨਕਰੋ ਅਨਦਿਨੁ ਖਾਤ।”
– ਆਸਾ ੫, ਛੰਤ ੧੪, ੧:੨ (461)

ਗਹਬਰਾ ---- ਗੂੜਾ
“ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ।”
– ਸਿਰੀ ੧, ੧੨, ੧:੨ (18)

ਗਹਰਾ ----- ਡੂੰਘਾ
“ਅਗਨਿ ਪਾਣੀ ਸਾਗਰੁ ਅਤਿ ਗਹਰਾ ਗੁਰੁ ਸਤਿਗੁਰੁ ਪਾਰਿ ਉਤਾਰਾ ਹੇ।”
– ਮਾਰੂ ੧, ਸੋਲਾ ੯, ੨:੩ (1029)

ਗਹਰਿ ----- ਗਹਿਰ ਗੰਭੀਰ
“ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ।”
– ਸਵ ੨, ੭:੧ (1392)

ਗਹਰੀ ----- (1) ਡੂੰਘੀ

“ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ।”
– ਧਨਾ ਨਾਮ, ੧, ੧:੧ (692)

ਹੋਰ ਰੂਪ:

ਗਹਰੋ –
“ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ।” (ਡੂੰਘਾ)
– ਗਉ ੫, ਅਸ ੧੪, ੩:੧ (241)

(2) ਸੰਘਣੀ
“ਗਹਰੀ ਬਿਭੂਤ ਲਾਇ ਬੈਠਾ ਤਾੜੀ।”
– ਰਾਮ ੫, ੧੩, ੨:੧ (886)

ਗਹਾਇਓ --- ਪਕੜਾਇਓ
“ਅੰਚਲਾ ਗਹਾਇਓ ਜਨ ਅਪੁਨੇ ਕਉ ਮਨੁ ਬੀਧੋ ਪ੍ਰੇਮ ਕੀ ਖੋਰੀ।”
– ਨਟ ੫, ੬, ੧:੧ (979)

ਗਹਿ ------ (1) ਪਕੜ/ਫੜ ਕੇ
“ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ।”
– ਸਿਰੀ ੫, ਛੰਤ ੩, ੪:੬ (81)
“ਨਾਨਕ ਗੁਣ ਗਹਿ ਰਾਸਿ ਹਰਿ ਜੀਉ ਮਿਲੇ ਪਿਆਰਿਆ।” (ਗ੍ਰਹਿਣ ਕਰ)
– ਮਾਝ ੧, ਵਾਰ ੨੩:੮ (149)
“ਬਿਨਸੇ ਕ੍ਰੋਧ ਖਿਮਾ ਗਹਿ ਲਈ।” (ਧਾਰੀ)
– ਗਉ ੩, ਅਸ ੮, ੭:੩ (233)
“ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ।” (ਪਕੜ ਭਾਵ ਸਮਝ)
– ਗੂਜ ੫, ੧੧, ੧:੨ (498)
“ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ।” (ਖਚਿਤ)
– ਸਾਰ ੫, ੪, ੧*:੨ (1203)

(2) ਜੁੜ, ਲਗੀ
“ਪਿਰ ਸੇਤੀ ਅਨਦਿਨੁ ਗਹਿ ਰਹੀ ਸਚੀ ਸੇਜ ਸੁਖੁ ਪਾਇ।”
– ਆਸਾ ੩, ੩੩, ੬:੨ (428)

ਗਹਿਓ ----- ਪਕੜਿਆ, ਭਾਵ ਕਾਬੂ ਵਿਚ ਕੀਤਾ, ਧਾਰਨ ਕੀਤਾ
“ਸਾਧੋ ਇਹੁ ਮਨੁ ਗਹਿਓ ਨ ਜਾਈ।”
– ਗਉ ੯, ੪, ੧*:੧ (219)
“ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ।” (ਪਕੜਿਆ)
– ਗਉ ਕਬ, ੫੭, ੧*:੨ (336)
“ਮਨ ਰੇ ਗਹਿਓ ਨ ਗੁਰ ਉਪਦੇਸੁ।” (ਧਾਰਨ ਕੀਤਾ)
– ਸੋਰ ੯, ੧੦, ੧*:੧ (633)

ਹੋਰ ਰੂਪ:

ਗਹਿਆ –
“ਮਮਾ ਮੂਲ ਗਹਿਆ ਮਨੁ ਮਾਨੈ।” (ਪਕੜਿਆ)

– ਗਉ ਕਬ, ਬਾਅ ੩੧:੧ (342)

"ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ।" (ਭਾਵ ਪਾਇਆ)

– ਸੋਰ ੫, ਅਸ ੩, ੬:੨ (642)

ਗਹਿਰ ----- (1) ਡੂੰਘਾ

"ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ।" (ਡੂੰਘਾ ਤੇ ਅਥਾਹ ਪ੍ਰਭੂ)

– ਸਿਰੀ ੧, ੨੧, ੪:੨ (22)

"ਮੇਰਾ ਸਾਹਿਬੁ ਅਤਿ ਵਡਾ ਸਚੁ ਗਹਿਰ ਗੰਭੀਰਾ।" (ਡੂੰਘੇ ਸੁਭਾ ਵਾਲਾ)

– ਗੂਜ ੩, ਵਾਰ ੭:੧ (511)

"ਮਹਿਮਾ ਜਾ ਕੀ ਗਹਿਰ ਗੰਭੀਰ।" (ਡੂੰਘੀ)

– ਰਾਮ ੫, ੧੫, ੨:੧ (887)

"ਗਹਿਰ ਗੰਭੀਰ ਅਥਾਹ ਹਾਥ ਨ ਲਭਈ।"

– ਮਲਾ ੧, ਵਾਰ ੨੩:੫ (1288)

(2) ਸੰਘਣੇ, ਬਹੁਤ

"ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ।"

– ਸਲੋ ਕਬ, ੨੨੯:੨ (1376)

ਗਹਿਰੀ ----- ਪਕੜ

"ਉਤੰਗੀ ਪੈਓਹਰੀ ਗਹਿਰੀ ਗੰਭੀਰੀ।"

– ਸਲੋ ੧, ੧:੧ (1410)

ਗਹਿਲੜੋ ---- ਪਕੜਿਆ ਹੋਇਆ

"ਗਰਬਿ ਗਹਿਲੜੋ ਮੂੜੜੋ ਹੀਓ ਰੇ।"

– ਟੋਡੀ ੫, ੧੯, ੧*:੧ (715)

ਗਹਿਲਾ ----- ਗਾਫਲ, ਬੇ-ਪਰਵਾਹ

"ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ।"

– ਸਲੋ ਫਰ, ੨੬: ੨ (1379)

ਹੋਰ ਰੂਪ:

ਗਹਿਲਿਆ –

"ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ।"

– ਆਸਾ ੫, ੧੧੦, ੧:੧ (398)

ਗਹਿਲੀ ----- ਪਕੜਨ ਅਥਵਾ ਗ੍ਰਹਿਣ/ਧਾਰਨ ਕਰਨ ਵਾਲੀ

"ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ।"

– ਤੁਖਾ ੧, ਬਾਰਾ ੭:੬ (1108)

ਗਹਿਲੇ ----- ਬੇਪਰਵਾਹ, ਗਾਫਲ

"ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ।"

– ਸਲੋ ਫਰ, ੫੫:੨ (1380)

ਗਹੀ ------ (1) ਪਕੜੀ, ਧਾਰਨ ਕੀਤੀ

"ਹਰਿ ਓਟ ਗਹੀ ਮਨ ਅੰਦਰੇ ਜਪਿ ਜਪਿ ਜੀਵਾਂ ਨਾਉ।" (ਪਕੜੀ) ਲਈ
- ਮਾਝ ੫, ਦਿਨ ੪:੨ (137)
"ਖਿਮਾ ਗਹੀ ਬ੍ਰਤੁ ਸੀਲ ਸੰਤੋਖੰ।" (ਧਾਰਨ ਕੀਤੀ)
- ਗਉ ੧, ਅਸ ੭, ੧:੧ (223)
"ਟੂਟੈ ਬਾਹ ਦੁਹੁ ਦਿਸ ਗਹੀ।" (ਪਕੜਿਆ ਭਾਵ ਖਿਚਿਆ)
- ਰਾਮ ੧, ਓਅੰ ੨੮:੨ (933)
"ਣਾ ਕੋ ਮੇਰਾ ਕਿਸੁ ਗਹੀ ਣਾ ਕੋ ਹੋਆ ਨ ਹੋਗੁ।" (ਪਕੜਾਂ ਭਾਵ ਲੜ ਲੱਗਾ)
- ਰਾਮ ੧, ਓਅੰ ੩੨:੧ (934)

ਹੋਰ ਰੂਪ:

ਗਹੀਐ –
"ਅਪੁਨੇ ਗੁਰ ਮਿਲਿ ਰਹੀਐ ਅੰਮ੍ਰਿਤੁ ਗਹੀਐ ਦੁਬਿਧਾ ਮਾਰਿ ਨਿਵਾਰੇ।" (ਪਕੜੀਏ, ਲਈਏ)
- ਗਉ ੩, ਛੰਤ ੨, ੨:੫ (244)
"ਮਾਨੁ ਤਿਆਗਿ ਹਰਿ ਚਰਨੀ ਲਾਗਉ ਤਿਸੁ ਪ੍ਰਭ ਅੰਚਲੁ ਗਹੀਐ।"
- ਦੇਵ ੫, ੧੭, ੧:੧ (531)

ਗਹੀਜੈ –
"ਛੋਡਿ ਮਾਨੁ ਹਰਿ ਚਰਨ ਗਹੀਜੈ।" (ਪਕੜੀਏ)
- ਗਉ ੫, ੧੦੧, ੩:੨ (186)
"ਪਾਰਬ੍ਰਹਮ ਪੂਰਨ ਪਰਮੇਸੁਰ ਮਨ ਤਾ ਕੀ ਓਟ ਗਹੀਜੈ ਰੇ।" (ਲਈਏ)
- ਗਉ ੫, ੧੩੭*, ੧*:੧ (209)

(2) ਪਕੜਨ ਵਾਲੇ, ਪਕੜ ਕਰਨ ਵਾਲੇ
"ਕੋਟ ਗਹੀ ਕੇ ਪਾਪ ਨਿਵਾਰੇ।" (ਪਾਪਾਂ ਨਾਲ ਪਕੜੇ ਹੋਏ ਸਰੀਰ)
- ਮਾਰੂ ੩, ਸੋਲਾ ੮, ੯:੧ (1051)

ਗਹੀਰ ----- ਗੰਭੀਰ, ਅਥਾਹ, ਡੂੰਘੇ, ਵੇਖੋ 'ਗਹੀਰ'
"ਸਾਧ ਸੰਗਤਿ ਮਿਲਿ ਹਰਿ ਰਵਹਿ ਜੇ ਗੁਣੀ ਗਹੀਰ।"
- ਗਉ ੫, ੧੪੭*, ੧*:੨ (212)

ਗਹੀਰਉ ---- ਗ੍ਰਹਨ ਕਰ ਲਵਾਂ, ਵਸਾ ਲਵਾਂ
"ਬੇਸੁਮਾਰ ਬੇਅੰਤ ਬਡਦਾਤਾ ਮਨਹਿ ਗਹੀਰਉ ਪੇਖਿ ਪ੍ਰਭ ਕਉ।"
- ਜੈਤ ੫, ੩;੨:੧ (700)

ਗਹੀਰਾ ----- ਗੰਭੀਰ ਅਥਾਹ, ਡੂੰਘਾ
"ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।"
- ਆਸਾ ੧, ੨, ੧*:੧ (9)

ਹੋਰ ਰੂਪ:

ਗਹੀਰੁ –
"ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ।"
- ਮਾਝ ੧, ਵਾਰ ੧੯ਸ, ੨, ੧:੨ (146)
"ਗਹਿਰ ਗੰਭੀਰੁ ਗਹੀਰੁ ਸੁਜਾਨਾ।" (ਡੂੰਘਾ ਜਿਸ ਦਾ ਭੇਦ ਲਭਣਾ ਔਖਾ ਹੈ)

– ਗਉ ੫, ਸੁਖ ੧੯, ੧:੬ (283)

ਗਹੁ ------- (1) ਪਕੜੋ, ਧਾਰਨ ਕਰੋ, ਲਵੋ

“ਉਪਾਵ ਛੋਡਿ ਗਹੁ ਤਿਸ ਕੀ ਓਟ।”

– ਗਉ ੫, ੭੩, ੩:੩ (177)

“ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ।” (ਵਸਾਉ)

– ਜੈਤ ੫, ੧੩, ੨:੨ (702)

ਹੋਰ ਰੂਪ:

ਗਹੇ –

“ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ।” (ਪਕੜੇ)

– ਸਿਰੀ ੫, ੭੬, ੨:੩ (44)

“ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ।” (ਨਾਲ ਲਈ ਫਿਰਦਾ ਹੈ)

– ਪ੍ਰਭ ੧, ੬, ੧:੧ (1328)

ਗਹੇਹੀ –

“ਜਨ ਨਾਨਕ ਪ੍ਰਭ ਕਿਰਪਾ ਧਾਰੀ ਮੈ ਸਤਿਗੁਰ ਓਟ ਗਹੇਹੀ।” (ਪਕੜੀ)

– ਸੋਰ ੫, ੪, ੪:੨ (609)

(2) ਪਕੜ, ਜਫਾ

“ਰਹਨੁ ਨਹੀ ਗਹੁ ਕਿਤਨੋ।” (ਜੱਫਾ ਕਿੰਨਾ ਮਾਰਿਆ ਹੈ)

– ਗਉ ੫, ੧੪੮*, ੧*:੨ (212)

(3) ਫੜ ਕੇ

“ਹੈਵਰ ਗੈਵਰ ਰਥ ਸੰਬਾਹੇ ਗਹੁ ਕਰਿ ਕੀਨੇ ਮੇਰੇ।” (ਪਕਰ ਕੇ ਆਪਣੇ ਸਮਝੇ)

– ਗੂਜ ੫, ੮, ੪:੧ (497)

(4) ਧਿਆਨ ਨਾਲ, ਚੰਗੀ ਤਰਾਂ

“ਗਹੁ ਕਰਿ ਪਕਰੀ ਨ ਆਈ ਹਾਥਿ।”

– ਰਾਮ ੫, ੨੯, ੧:੧ (891)

(5) ਕਾਬੂ

“ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹ ਦੂਰਿ ਕਰਹੁ ਆਪਨ ਗਹੁ ਰੇ।” (‘ਮਹਾਨਕੋਸ਼’ ਅਰਥ ‘ਹੱਠ’ ‘ਜਿੱਦ’ ਕਰਦਾ ਹੈ)

– ਕੇਦਾ ੪, ੨, ੨:੧ (1119)

(6) ਪਹੁੰਚ

“ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ।” (ਗਹਰਿ ਗੰਭੀਰ ਹਰੀ ਤੱਕ ਪਹੁੰਚ ਦਿਤੀ)

– ਸਵ ੨, ੭:੧ (1392)

ਗਹੇ ------- (1) ਪਕੜੇ, ਵੇਖੋ ‘ਗਹੁ’ (1)

(2) ਗਾਂਹਦਾ/ਫੌਲਦਾ ਫਿਰਦਾ ਹੈ

“ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ।”

– ਪ੍ਰਭਾ ੪, ੪, ੩:੨ (1336)

ਗਹੇਰਾ ----- (1) ਗੰਭੀਰਤਾ ਵਾਲਾ

"ਤੂੰ ਸਚਾ ਸਾਹਿਬੁ ਗੁਣੀ ਗਹੇਰਾ।" (ਗੁਣਾਂ ਕਰਕੇ ਗੰਭੀਰ)
– ਮਾਝ ੫, ੪੧, ੪:੨ (106)

ਹੋਰ ਰੂਪ:

ਗਹੇਰੋ –
"ਗਾਇਓ ਰੀ ਗਾਇਓ ਪ੍ਰਭ ਨਾਨਕ ਗੁਨੀ ਗਹੇਰੋ।"
– ਕਾਨ ੫, ੪੩, ੪:੨(1306)

(2) ਗਹਿਰਾ, ਡੂੰਘਾ ਥਾਂ, ਖਾਤਾ (ਸ਼ਬਦਾਰਥ, ਦਰਪਣ) ('ਮਹਾਨਕੋਸ਼ ਤੇ ਗਿਰਾਰਥ ਕੋਸ਼' ਅਰਥ 'ਸੰਘਣਾ ਬਨ' ਕਰਦਾ ਹੈ)
"ਮਨ ਰੇ ਸੰਸਾਰੁ ਅੰਧ ਗਹੇਰਾ।"
– ਸੋਰ ਕਬ, ੧, ੧*:੧ (654)

ਗਹੇਲੀ ----- (1) ਬਾਵਲੀ, ਝੱਲੀ
"ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ।"
– ਆਸਾ ਕਬ, ੨੫, ੧:੨ (482)

(2) ਪਕੜੀ ਹੋਈ
"ਗਰਬਿ ਗਹੇਲੀ ਮਹਲੁ ਨ ਪਾਵੈ।" (ਹੰਕਾਰ ਗ੍ਰਸੀ)
– ਸੂਹੀ ੫, ੩, ੩:੧ (737)

ਹੋਰ ਰੂਪ:

ਗਹੇਲੀਏ –
"ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ।"
– ਸਿਰੀ ੩, ੬੧, ੧:੧ (37)

ਗਹੈ ------- (1) ਪਕੜਨਾ
"ਅਗਹ ਗਹੈ ਗਹਿ ਗਗਨ ਰਹਾਈ।"
– ਗਉ ਕਬ, ਬਾਅ ੯:੪ (340)

"ਮਨੂਆ ਉਲਟਿ ਸੁੰਨ ਮਹਿ ਗਹੈ।" (ਟਿਕਾਣਾ ਪਕੜਦਾ ਹੈ) ਭਾਵ ਰਹਿੰਦਾ ਹੈ
– ਰਾਮ ਬੇਣੀ, ੧, ੫:੪ (974)

ਹੋਰ ਰੂਪ:

ਗਹੋ –
"ਮਨ ਰੇ ਸਾਚਾ ਗਹੋ ਬਿਚਾਰਾ।" (ਧਾਰਨ ਕਰੋ, ਪਕੜੋ)
– ਜੈਤ ੯, ੩, ੧*:੧ (703)

(2) ਗ੍ਰਹਿਣ ਕਰਦਾ ਹੈ
"ਬੰਦਉ ਹੋਇ ਬੰਦਗੀ ਗਹੈ।"
– ਗਉ ਕਬ, ਬਾਅ ੨੯:੧ (342)

(3) ਗਾਂਹਦਾ ਹੈ, ਫਿਰਦਾ ਹੈ
"ਭਰਮੇ ਭੂਲਾ ਸਭਿ ਤੀਰਥ ਗਹੈ।"
– ਰਾਮ ੩, ਵਾਰ ਪਸ, ੩, ੧:੩ (948)

ਗੰਗ ------- (1) ਗੰਗਾ, ਇਕ ਪਵਿੱਤਰ ਦਰਿਆ
"ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ।"

– ਆਸਾ ੧, ੩੨, ੩:੧ (358)

(2) ਇੜਾ ਨਾੜੀ

"ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ।"

– ਸਲੋ ਕਬ, ੧੫੨:੧ (1372)

ਗਗਨ ------ (1) ਆਕਾਸ਼, ਅਸਮਾਨ

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।"

– ਧਨਾ ੧, ਸੋਹ ੩, ੧:੧ (13)

"ਚੀਨ੍ਹੈ ਤਤੁ ਗਗਨ ਦਸ ਦੁਆਰ।" (ਚਿਤ ਰੂਪੀ ਅਕਾਸ਼)

– ਆਸਾ ੧, ੨੦, ੩:੩ (355)

ਹੋਰ ਰੂਪ:

ਗਗਨੰ –

"ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖੵਤ੍ਰ ਗਗਨੰ।"

– ਸਸ ੫, ੯:੧ (1354)

(2) ਦਸਮ ਦੁਆਰ (ਭਾਵ)

"ਅਗਰ ਗਹੈ ਗਹਿ ਗਗਨ ਰਹਾਈ।"

– ਗਉ ਕਬ, ਬਾਅ ੯:੪ (340)

"ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ।" (ਭਾਵ ਦਿਮਾਗ ਵਿਚ ਕੋਈ ਭਲਾ ਭਾਵ ਨਹੀਂ ਉਪਜਦਾ)

– ਆਸਾ ਕਬ, ੧੮, ੧:੧ (480)

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ।"

– ਮਾਰੂ, ਕਬ, ੧੦, ੧:੧ (1105)

ਗਗਨੰਤਰਿ --- ਅਕਾਸ਼ ਰੂਪ ਹਿਰਦੇ ਅੰਦਰ

"ਗਗਨ ਗੰਭੀਰੁ ਗਗਨੰਤਰਿ ਵਾਸੁ।"

– ਰਾਮ ੧, ਓਅੰ ੨੦:੧ (932)

"ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ।" (ਦਸਮ ਦੁਆਰ, ਆਤਮ-ਮੰਡਲ)

– ਸੋਰ ੧, ਅਸ ੧, ੮:੧ (635)

ਹੋਰ ਰੂਪ:

ਗਗੰਨਦਰਿ –

"ਸਾਚਾ ਵਾਸਾ ਪੁਰਿ ਗਗੰਨਦਰਿ।"

– ਮਾਰੂ ੧, ਸੋਲਾ ੧੩, ੧:੨ (1033)

ਗਗਨਪੁਰਿ --- ਗਗਨਪੁਰੀ, ਦਸਮ ਦੁਆਰ

"ਰਹੈ ਗਗਨਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦ ਰੰਗੀਣਾ।"

– ਰਾਮ ੧, ਅਸ ੮, ੨:੧ (907)

ਹੋਰ ਰੂਪ:

ਗਗਨਪੁਰ –

"ਗਰਬੁ ਨਿਵਾਰਿ ਗਗਨਪੁਰੁ ਪਾਏ।" (ਦਸਮ ਦੁਆਰ)

- ਗਉ ੧, ੯, ੧:੩ (153)

ਗਗਨਾ ----- ਅਸਮਾਨ, ਅਕਾਸ਼
“ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ।”
- ਆਸਾ ੫, ਛੰਤ ੫, ੩:੩ (456)

ਹੋਰ ਰੂਪ:

ਗਗਨਿ –
“ਅਮ੍ਰਿਤਧਾਰ ਗਗਨਿ ਦਸ ਦੁਆਰਿ।” (ਹਿਰਦੇ ਰੂਪੀ ਅਕਾਸ਼)
- ਗੁ ੧, ੮, ੧:੨ (153)
“ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।” (ਅਸਮਾਨ ਵਿਚ)
- ਗਉ ੪, ੫੧, ੨:੧ (168)
“ਗਗਨਿ ਰਸਾਲ ਚੁਐ ਮੇਰੀ ਭਾਠੀ।” (ਦਸਮ ਦੁਆਰ)
- ਗਉ ਕਬ, ੨੭, ੧:੧ (328)

ਗਗਨੁ –
“ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ।” (ਦਸਮ ਦੁਆਰ)
- ਸਿਰੀ ਕਬ, ੩, ੨:੧ (92)
“ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ।”
- ਰਾਮ ੫, ੭; ੨:੧ (884)

ਗਗਨੁ ----- (1) ਦਸਮ ਦੁਆਰ ਵੇਖੋ ‘ਗਗਨ’
(2)ਚੇਤਨਾ ਸੱਤਾ, ਵਿਆਪਕ ਹਰੀ
“ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ।”
- ਗੋਂਡ ਕਬ, ੩, ੧:੧ (870)
“ਗਗਨੁ ਅਗੰਮੁ ਅਨਾਥੁ ਅਜੋਨੀ।” (ਅਕਾਲ ਪੁਰਖ, ਪ੍ਰਭੂ)
- ਰਾਮ ੧, ਦਓ, ੨੦:੫ (932)

ਗਗਰੀ ----- ਗਾਗਰ
“ਅਮਰ ਜਾਨਿ ਸੰਚੀ ਇਹ ਕਾਇਆ ਇਹ ਮਿਥਿਆ ਕਾਚੀ ਗਗਰੀ।”
- ਬਿਲਾ ਕਬ, ੬, ੧:੧ (856)

ਹੋਰ ਰੂਪ:

ਗਗਰੀਆ –
“ਅੰਤ ਕੀ ਬਾਰ ਗਗਰੀਆ ਫੋਰੀ।”
(ਦੇਹ ਰੂਪ ਗਾਗਰ)
- ਗਉ ਕਬ, ੬੦, ੩:੨ (337)

ਗਗਾ ------ ਗੁਰਮੁਖੀ ਲਿਪੀ ਦਾ ਅੱਠਵਾ ਅੱਖਰ ‘ਗ’
“ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ।”
- ਗਉ ੫, ਬਾਅ ੧੯:੧ (254)

ਗੰਗਾ ------ (1) ਖਬੀ ਸੁਰ, ਇੜਾ
“ਉਲਟੀ ਗੰਗਾ ਜਮੁਨ ਮਿਲਾਵਉ।”

– ਗਉ ਕਬ, ੧੮, ੩:੧ (327)
(2) ਇਕ ਦਰਿਆ ਜਿਸ ਨੂੰ ਪਵਿੱਤਰ ਮੰਨਿਆ ਜਾਦਾ ਹੈ।
“ਤਿਨ ਨਿੰਦਹਿ ਜਿਹ ਗੰਗਾ ਆਨੀ।”
– ਗਉ ਕਬ, ੪੪, ੨:੨ (332)

ਗੰਗਾਜਲੁ ---- ਗੰਗਾ ਨਦੀ ਦਾ ਜਲ, ਪਵਿੱਤਰ ਪਾਣੀ
“ਗੰਗਾਜਲੁ ਗੁਰ ਗੋਬਿੰਦ ਨਾਮ।”
– ਭੈਰ ੫, ੮, ੧*:੧ (1137)

ਗੰਗਾਤਾ ---- ਗੰਗਾ ਦੇ ਯਾਤਰੀਆਂ ਦੀ ਟੋਲੀ
“ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ।”
– ਗਉ ੧, ੧੫, ੨:੧ (155)

ਗੰਗੇਵ ----- ਗੰਗਾ ਦਾ ਪੁੱਤਰ
“ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ।”
– ਸਵ ੩, ੪:੨ (1393)

ਗਗੈ ------- ‘ਗਗੇ’ ਅੱਖਰ ਦੁਆਰਾ
“ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ।”
– ਆਸਾ ੧, ਪਟੀ ੭:੧ (432)

ਗਚ ------- (ਫਾ. (ਗਚ) ਚੂਨਾ
“ਘਰ ਗਚ ਕੀਤੇ ਬਾਗੇ ਬਾਗ।”
– ਸਾਰ ੪, ਵਾਰ ੧੫ਸ, ੧, ੨:੨ (1243)

ਗਚਗੀਰੀਆ - ਚੂਨੇ ਦੀ ਪਕੜ ਵਾਲੀਆਂ ਉਸਾਰੀਆਂ/ਇਮਾਰਤਾਂ
“ਗੜ੍ਹ ਮੰਦਰ ਗਚਗੀਰੀਆ ਕਿਛੁ ਸਾਥਿ ਨ ਜਾਈ।”
– ਸਾਰ ੪, ਵਾਰ ੨੩:੨ (1246)

ਗਚੁ ------- ਚੂਨਾ, ਵੇਖੋ ‘ਗਚ’
“ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ।”
– ਬਸੰ ੧, ੯, ੧*:੨ (1171)

ਗਛੇਣ ----- ਫਿਰ ਆਵੇ, ਗਮਨ ਕਰ ਆਵੇ
“ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯ੍ਤੇ।”
– ਗਾਥਾ ੫, ੨:੨ (1360)

ਗਜ ------- (1) (ਸੰ. ਗਜ਼)/ਹਾਥੀ
“ਕਈ ਜਨਮ ਗਜ ਮੀਨ ਕੁਰੰਗਾ।”
– ਗਉ ੫, ੭੨, ੧:੨ (176)
(2) ਕਪੜੇ ਅਥਵਾ ਰਸੀ ਆਦਿ ਨੂੰ ਮਿੰਣਨ ਦੀ ਇਕ ਇਕਾਈ, ਗਜ 36 ਇੰਚਾਂ ਦਾ ਹੁੰਦਾ ਹੈ
“ਗਜ ਨਵ ਗਜ ਦਸ, ਗਜ ਇਕੀਸ ਪੁਰੀਆ ਏਕ ਤਨਾਈ।”
– ਗਉ ਕਬ, ੫੪, ੧:੧ (335)
“ਗਜ ਸਾਢੇ ਤੈ ਤੈ ਧੋਤੀਆਂ ਤਿਹਰੇ ਪਾਇਨਿ ਤਗ।”

– ਆਸਾ ਕਬ, ੨, ੧:੧ (475)

(3) ਗਣੇਸ਼ ਜਿਸ ਨੇ ਮਗਹਰ ਵਸਾਇਆ
"ਕਹੁ ਗੁਰ ਗਜ ਸਿਵ ਸਭੁ ਕੋ ਜਾਨੈ।"
– ਗਉ ਕਬ, ੧੫, ੫:੧ (326)

ਗਜਇੰਦ੍ਰ ---- ਗਜਰਾਜ, ਹਾਥੀਆਂ ਦਾ ਰਾਜਾ
"ਗਜਇੰਦ੍ਰ ਧਿਆਇਓ ਹਰਿ ਕੀਓ ਮੋਖ।"
– ਬਸੰ ੫, ਅਸ ੧, ੨:੨ (1193)

ਗਜਧਰ ----- ਮੇਘ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਸੱਤ ਹਨ: ਬੈਰਾਧਰ, ਕੇਦਾਰਾ, ਜਬਲੀਧਰ ਨਟ, ਜਲਧਾਰਾ, ਸੰਕਰ ਤੇ ਸਿਆਮਾ।
"ਬੈਰਾਧਰ ਗਜਧਰ ਕੇਦਾਰਾ।"
– ਰਾਗ ੧:੫੫ (1430)

ਗਜਪਤਿ ---- ਗਜਰਾਜ, ਸ਼੍ਰੋਮਣੀ ਹਾਥੀ
"ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ।"
– ਮਾਰੂ ੫, ੨, ੨:੨ (999)

ਗਜਿ ------ ਹਾਥੀ ਨੇ
"ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ।"
– ਰਾਮ ੯, ੧, ੩:੧ (902)

ਗਜਿੰਦ੍ਰ ----- ਹਾਥੀ
"ਕਰੈ ਗਜਿੰਦ੍ਰ ਸੁੰਡ ਕੀ ਚੋਟ।"
– ਭੈਰ ਨਾਮ, ੧੦, ੮:੧ (1165)

ਗਜਿਪਤਿ --- ਹਾਥੀਆਂ ਦਾ ਮਾਲਕ, ਇੰਦਰ
"ਅਸਪਤਿ ਗਜਪਤਿ ਨਰਹ ਨਰਿੰਦ।"
– ਤਿਲੰ ਨਾਮ, ੩, ੪:੧ (727)

ਗਜੀ ------ ਗਜ਼ਾ ਨਾਲ
"ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ।"
– ਗਉ ਕਬ, ੫੪, ੨:੧ (335)

ਗਜੁ ------- ਗਜ਼, ਵੇਖੋ 'ਗਜ' (2)
"ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ।"
– ਆਸਾ ਨਾਮ, ੩, ੧:੧ (485)

ਗਟਕ ------ ਪਚਾਕਾ, ਪੀਣ ਲੱਗਿਆ ਕੰਨ ਵਿਚੋਂ ਉਪਜੀ ਧੁਨੀ
"ਹਰਿ ਹਰਿ ਕਥਾ ਬਨੀ ਅਤਿ ਮੀਠੀ ਜਿਉ ਗੂੰਗਾ ਗਟਕ ਸਮ੍ਹਾਰੇ।"
– ਨਟ ੪, ਅਸ ੧, ੪:੨ (980)
"ਰਾਮ ਰਾਮ ਰਾਮ ਰੰਗਿ ਰਾਤੇ ਰਸ ਰਸਿਕ ਗਟਕ ਨਿਤ ਪੀਜੈ।" (ਗਟਗਟ ਕਰਕੇ)
– ਕਲਿ ੪, ਅਸ ੧, ਅਸ ੧, ੫:੨ (1323)

ਗਟਕਾਰੇ ---- ਸੁਆਦ ਲਾ/ਚਟਕਾਰੇ ਮਾਰ ਕੇ ਖਾਣਾ

"ਮਿਲਿ ਸਤਸੰਗਤਿ ਪਰਮਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ"
- ਨਟ ੪, ਅਸ ੫, ੨:੨ (983)

ਗਟਕਾਵਹਿ -- ਡਕਾਰ ਮਾਰ ਜਾਏ/ਹੜੱਪ ਕਰ ਜਾਏ
"ਡਾਲਾ ਸਿਉ ਪੇਡਾ ਗਟਕਾਵਹਿ।"
- ਆਸਾ ਕਬ, ੨, ੧*:੨ (476)

ਗਟਕੇ ----- ਚਟਕਾਰੇ ਮਾਰੇ, ਸੁਆਦ ਲਾ ਕੇ ਪੀਏ
"ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟਕੇ।"
- ਸੂਹੀ ੪, ੧, ੧*:੨ (731)

ਗਟਾਕ ----- ਗਟ ਗਟ ਕਰਕੇ
"ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ।"
- ਆਸਾ ੪, ਛੰਤ ੧੩, ੧:੫ (447)

(2) ਗੱਫੇ
"ਅੱਧੇ ਖਾਵਹਿ ਬਿਸੁ ਕੇ ਗਟਾਕ।"
- ਸਾਰ ੫, ੧੦੫, ੧*:੧ (1224)

ਗੰਠੜੀ ----- ਗੰਢ, ਗੰਢੜੀ
"ਗੁਣਾ ਗਵਾਈ ਗੰਠੜੀ ਅਵਗਣ ਚਲੇ ਬੰਨਿ।"
- ਸਿਰੀ ੧, ੨੪, ੪:੨ (23)

ਹੋਰ ਰੂਪ:

ਗੰਠੜੀਐ –
"ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ।"
- ਸੂਹੀ ੧, ੪, ੨:੨ (729)

ਗਠਾਵੈ ----- ਗੰਢਾਵੇ
"ਲੋਗੁ ਗਠਾਵੈ ਪਨਹੀ।"
- ਸੋਰ ਰਵਿ, ੭, ੧*:੨ (659)

ਗੰਠਿ ------ (1) ਤੁੰਬੇ, ਹਿੱਸੇ
"ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ।"
- ਗਉ ੫, ਵਾਰ ੭ਸ, ੫, ੧:੨ (319)

(2) ਗੰਢ ਕੇ, ਮੁਰੰਮਤ ਕਰਕੇ
"ਲੋਗੁ ਗੰਠਿ ਗੰਠਿ ਖਰਾ ਬਿਗੂਚਾ।"
- ਸੋਰ ਰਵਿ, ੭, ੨:੧ (659)

(3) ਗੰਢ
"ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ।"
- ਗੋਂਡ ਕਬ, ੯, ੨:੩ (872)

"ਟੂਟੈ ਗੰਠਿ ਪੜੈ ਵੀਚਾਰਿ।" (ਗੰਢ ਭਾਵ ਸਬੰਧ – ਸਬੰਧ ਟੁੱਟ ਜਾਣ ਤੇ ਵਿਚਾਰ ਦੁਆਰਾ ਫਿਰ ਜੁੜ ਸਕਦਾ ਹੈ)

– ਰਾਮ ੧, ਓਅੰ ੨੮:੫ (933)

ਹੋਰ ਰੂਪ:

ਗੰਠੀ –
"ਤੂੰ ਗੰਠੀ ਮੇਰੁ ਸਿਰਿ ਤੂੰਹੈ।"
– ਮਾਝ ੫, ੨੮, ੨:੨ (102)

(4) ਗੰਢੜੀ
"ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ।"
– ਤੁਖਾ ੧, ਛੰਤ ੨, ੫:੧ (1110)

ਗਠੀਆ ---- ਗੰਢਾਂ ਵਿਚ ਭਾਵ ਪਲੇ ਬੰਨ੍ਹੀ ਹੋਈ
"ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ।"
– ਕੇਦਾ ਕਬ, ੬, ੧*:੨ (1124)

ਗਡ ------- (1) ਗਡੇ/ਦਬੇ ਗਏ
"ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ।"
– ਸਲੋ ਫਰ, ੪੫:੨ (1380)

(2) ਜੋੜ ਕੇ, ਗੰਡਕੇ
"ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ।"
– ਗਉ ੪, ਵਾਰ ੩੩:੩ (317)

ਗਡਈ ----- (1) ਰਲਦਾ, ਜੁੜਦਾ
"ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ।"
– ਗਉ ੪, ਵਾਰ ੨੬:੪ (314)

(2) ਚੁਭਦਾ, ਪੁੜਦਾ
"ਕੰਡਾ ਪਾਇ ਨ ਗਡਈ ਮੂਲੇ ਜਿਸੁ ਸਤਿਗੁਰੁ ਰਾਖਣਹਾਰਾ ਹੇ।"
– ਮਾਰੂ ੧, ਸੋਲਾ ੯, ੧੧:੩ (1029)

ਗਡਹਾ ----- ਟੋਆ
"ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ।"
– ਧਨਾ ੫, ੩, ੧*:੨ (671)

ਹੋਰ ਰੂਪ:

ਗਡਹੈ –
"ਏਕੈ ਸੂਮੁ ਕਰਿ ਗਾਡੀ ਗਡਹੈ।" (ਟੋਏ ਵਿਚ)
– ਮਾਰੂ ੫, ੧੮, ੨:੧ (1004)

ਗਡਲੀਆ --- ਗਡਿਆ ਜਾਵੇਂਗਾ
"ਹਰਿ ਭਗਤਿ ਬਿਨਾ ਲੇ ਧਰਨਿ ਗਡਲੀਆ।"
– ਆਸਾ ੫, ੫੫, ੨:੨ (385)

ਗਡਵੈ ------ ਗੜਵਾ, ਲੋਟਾ
"ਦੂਧੁ ਕਟੋਰੈ ਗਡਵੈ ਪਾਨੀ।"
– ਭੈਰ ਨਾਮ, ੩, ੧:੧ (1163)

ਗਡਾਈ ----- ਰਲਾਈ, ਮਿਲਾਈ
"ਬਸਤੁ ਮਾਹਿ ਲੇ ਬਸਤੁ ਗਡਾਈ।"
- ਗਉ ੫, ਸੁਖ ੧੭, ੨:੭ (285)

ਗਡਾਵੈ ----- ਖੁਭਿਆ
"ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ।"
- ਆਸਾ ੧, ਅਸ ੧੫, ੪:੨ (419)

ਗਡਿ ------ (1) ਗਡ ਕੇ, ਸਥਿਤ ਕਰਕੇ, ਦ੍ਰਿੜ੍ਹ ਕਰਕੇ ਧਸਾਕੇ
"ਘਰੁ ਬੰਧਹੁ ਸਚੁ ਧਰਮ ਕਾ ਗਡਿ ਥੰਮੁ ਅਹਲੈ।"
- ਗਉ ੫, ਵਾਰ ੮:੩ (320)

"ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ।"
- ਮਾਰੂ ੫, ਵਾਰ ੧੪ਸ, ੫, ੧:੧ (1099)

ਹੋਰ ਰੂਪ:

ਗਡਿਓ –
"ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ।"
- ਸਵ ੩, ੨੧:੩ (1396)

(2) ਦਬਨਾ
"ਕੋ ਜਾਰੇ ਕੋ ਗਡਿ ਲੇ ਮਾਟੀ।"
- ਗਉ ਕਬ, ੩੨, ੨:੨ (329)

ਗਡਿਆ ---- ਰਲਿਆ, ਮਿਲਿਆ
"ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ।"
- ਆਸਾ ੧, ਵਾਰ ੧੯ਸ, ੧, ੧:੭ (473)

ਗਡਿਲੇ ----- ਦਬੇ
"ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿਲੇ ਕੰਚਨ ਭਾਰੀ।"
- ਸੋਰ ਕਬ, ੧, ੩:੨ (654)

ਗਡੀ ------ ਗਡੇ, ਰੇਹੜੇ
"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।"
- ਆਸਾ ੧, ਵਾਰ ੯ਸ, ੧, ੧:੧ (467)

ਗਡੀਅਹਿ --- ਗਡੇ ਜਾਂ ਸਕਣ ਭਾਵ ਪੂਰੇ ਜਾ ਸਕਣ
"ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ।"
- ਆਸਾ ੧, ਵਾਰ ੯ਸ, ੧, ੧:੨ (467)

ਗਡੀਆ ---- ਗਡੀ, ਬਹਿਲੀ
"ਪੰਚ ਬੈਲ ਗਡੀਆ ਦੇਹ ਧਾਰੀ।"
- ਰਾਮ ੫, ੧੧, ੨:੧ (879)

ਗਡੁ ------- ਗਡਿਆ ਭਾਵ ਫਸ ਗਿਆ
"ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ।"

– ਸਲੋ ਫਰ, ੧੨੫:੨ (1384)

ਗਡੇ ------- ਜੋੜ ਕੇ, ਗੰਢ ਕੇ
"ਜਿਸ ਨੋ ਤੂੰ ਆਪਿ ਮਿਲਾਇਦਾ ਸੋ ਸਤਿਗੁਰੁ ਸੇਵੇ ਮਨੁ ਗਡ ਗਡੇ।"
– ਗਉ ੪, ਵਾਰ ੩੩:੩ (317)

ਗਢ ------- ਕਿਲਾ, ਦੁਰਗ
"ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ।"
– ਭੈਰ ਕਬ, ੧੭, ੫:੨ (1162)

ਗੰਢ ------- ਸਬੰਧ, ਮਿਤ੍ਰਤਾ
"ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ।"
– ਗਉ ੫, ਸੁਖ ੫, ੭:੨ (269)

ਗੰਢਣੁ ----- ਸਬੰਧ ਬਣਾਨ, ਉਧੇੜ ਬੁਨ ਕਰਨਾ
"ਸੁਣਿ ਸੁਣਿ ਗੰਡਣ ਗੰਢੀਐ ਲਿਖਿ ਪੜਿ ਬੁਝਹਿ ਭਾਰੁ।"
– ਸਿਰੀ ੧, ੧੭, ੨:੧ (20)

ਗਢਤੇ ----- ਘੜਦਿਆਂ
"ਸੋਨਾ ਗਢਤੇ ਹਿਰੈ ਸੁਨਾਰਾ।"
– ਗੋਂਡ ਕਬ, ੨, ੨:੨ (873)

ਗੰਢਾ ------ ਗੰਢ/ਜੋੜ ਦਿਤਾ
"ਗੁਰਿ ਪੂਰੈ ਲੈ ਤੂਟਾ ਗੰਢਾ।"
– ਮਾਰੂ ੫, ਸੋਲਾ ੩, ੧੩:੨ (1074)

ਗਢਿ ------ ਘੜ
"ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ।"
– ਆਸਾ ਕਬ, ੧੪, ੩:੧ (479)

ਗੰਢਿ ------ (1) ਗਠੜੀ
"ਛੀਜੈ ਦੇਹ ਖੁਲੈ ਇਕ ਗੰਢਿ।"
– ਰਾਮ ੧, ਓਅੰ ੨੪:੧ (932)

(2) ਜੋੜ ਦੇ, ਮਿਲਾ ਦੇਵੇ ਇਕਠਾ ਕਰ ਦੇਵੇ
"ਚੰਦ ਸੂਰਜ ਕੀ ਪਾਏ ਗੰਢਿ ।"
– ਰਾਮ ੩, ਵਾਰ ੧੨ਸ, ੧, ੪:੩ (932)

(3) ਗਠ ਜੋੜ
"ਜੇ ਜਾਣਾ ਲੜੁ ਛਿਜਣਾ ਪੀਡੀ ਪਾਈ ਗੰਢਿ।"
– ਸਲੋ ਫਰ, ੫:੧ (1378)

ਹੋਰ ਰੂਪ:

ਗੰਢੀ –
"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।"
– ਆਸਾ ੧, ਵਾਰ ੧੫, ੧, ੧:੧ (471)

ਗੰਢੀਐ ----- ਜੋੜੀਐ
“ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ।”
- ਸਿਰੀ ੧, ੧੭, ੨:੧ (20)

ਗੜੁ ------- ਕਿਲਾ, ਗੜ੍ਹ
“ਲੰਕਾ ਗੜੁ ਸੋਨੇ ਕਾ ਭਇਆ।”
- ਭੈਰ ਕਬ, ੨, ੩:੧ (1158)

ਗੰਢੁ ------- ਸਬੰਧ, ਜੋੜ, ਮੇਲ
“ਪੁੰਤੀ ਗੰਢੁ ਪਵੈ ਸੰਸਾਰਿ।”
- ਮਾਝ ੧, ਵਾਰ ੧੨ਸ, ੧, ੨:੪ (143)
“ਸਾਚੇ ਨਾਲਿ ਤੇਰਾ ਗੰਢੁ ਲਾਗੈ ਗੁਰਮੁਖਿ ਸਦਾ ਸਮਾਲੇ।” (ਮੇਲ ਹੋਵੇ)
- ਆਸਾ ੩, ਛੰਤ ੭, ੩:੫ (440)
“ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ।” (ਸਬੰਧ)
- ਰਾਮ ੫, ਵਾਰ ੫ਸ, ੫, ੨:੩ (959)

ਗੰਢੇਦਿਆਂ --- ਜੋੜਦਿਆਂ
“ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ।”
- ਆਸਾ ਫਰ, ੨, ੭:੨ (488)

ਗੰਢੈ ------- ਜੋੜੇ, ਮੁਰੰਮਤ ਕਰੇ, ਸੀਏ
“ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ।”
- ਰਾਮ ੩, ਵਾਰ ੧੯ਸ, ੧, ੧:੫ (955)

ਗਣ ------- ਦੇਵਤਿਆਂ ਦੇ ਦਾਸ/ਸੇਵਕ
“ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ।”
- ਸਿਰੀ ੧, ਅਸ ੧੭, ੩:੧ (64)

ਗਣੰ ------- ਗਿਣੇ ਜਾਂਦੇ/ਮੰਨੇ ਜਾਂਦੇ ਹਨ
“ਨਾਰਦੁ ਧ੍ਰੂ ਪ੍ਰਹਲਾਦੁ ਸੁਦਾਮਾ ਪੁਬ ਭਗਤ ਹਰਿ ਕੇ ਜੁ ਗਣੰ।”
- ਸਵ ੪, ਬਲ ੩:੧ (1405)

ਗਣਉ ----- ਮੈਂ ਗਿਣਾ
“ਗਣਤੀ ਗਣਉ ਨ ਗਣਿ ਸਕਉ ਉਠਿ ਸਿਧਾਰੇ ਕੇਤ।”
- ਗਉ ੫, ਬਾਅ ੨੬:੨ (255)

ਗਣਈ ----- ਗਿਣੀ
“ਅਪਨੇ ਭਗਤ ਕੀ ਗਣਤ ਨ ਗਣਈ ਰਾਖੈ ਬਾਲ ਗੁਪਾਲਾ।”
- ਸੋਰ ੫, ੮੫, ੧*:੨ (629)

ਗਣਹਿ ----- ਗਿਣੇ ਭਾਵੇ ਵੇਖੇ
“ਸਾਹਾ ਗਣਹਿ ਨ ਕਰਹਿ ਬੀਚਾਰੁ।”
- ਰਾਮ ੧, ਅਸ ੪, ੧:੧ (904)

ਗਣਤ ------ (1) ਗਿਣਤੀ

"ਕੇਤਿਆ ਗਣਤ ਨਹੀ ਵੀਚਾਰੁ।" (ਗਿਣਤੀ ਦਾ ਅੰਦਾਜਾ ਨਹੀਂ)

– ਜਪੁ ੧, ੨੫:੪ (5)

"ਦੂਖਾ ਸਜਾਈ ਗਣਤ ਨਾਹੀ ਕੀਆ ਅਪਣਾ ਪਾਇਓ।"

– ਆਸਾ ੫, ਛੰਤ ੧੧, ੩:੪ (460)

ਹੋਰ ਰੂਪ:

ਗਣਤੀ –

"ਗਣਤੀ ਗਣਉ ਨ ਗਣਿ ਸਕਉ ਊਠਿ ਸਿਧਾਰੇ ਕੇਤ।"

– ਗਉ ੫, ਬਾਅ ੨੬:੨ (255)

(2) ਗਿਣਤੀ ਮਿਣਤੀ, ਲੇਖਾ ਜੋਖਾ

"ਮਿਟਿ ਗਈ ਗਣਤ ਬਿਨਾਸਿਉ ਸੰਸਾ।" (ਗਿਣਤੀ ਮਿਣਤੀ, ਲੇਖਾ ਜੋਖਾ)

– ਆਸਾ ੫, ੮੦, ੧*:੧ (390)

ਹੋਰ ਰੂਪ:

ਗਣਤੀ –

"ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ।"

– ਸੂਹੀ ੫, ੫੩, ੨:੧ (748)

(3) ਲੇਖਾ

"ਸਤਿਗੁਰ ਸੇਤੀ ਗਣਤ ਜਿ ਰਖੈ ਹਲਤੁ ਪਲਤੁ ਸਭੁ ਤਿਸ ਕਾ ਗਇਆ।" (ਵੈਰ ਵਿਰੋਧ ਦਾ ਲੇਖਾ)

– ਗਉ ੪, ਵਾਰ ੧੩ਸ, ੪, ੨:੧ (307)

"ਗੁਰਮੁਖਿ ਸਗਲੀ ਗਣਤ ਮਿਟਾਵੈ।"

– ਰਾਮ ੧, ਸਿਗੋ ੩੭:੪ (942)

"ਗਣਤ ਸਰੀਰਿ ਪੀਰ ਹੈ ਹਰਿ ਬਿਨੁ ਗੁਰ ਸਬਦੀ ਹਰਿ ਪਾਂਈ।" (ਹਿਸਾਬ, ਗਿਣ, ਚਿੰਤਾ, ਫਿਕਰ)

– ਸਾਰ ੧, ਅਸ ੧, ੨:੧ (1232)

ਗਣਤੈ ----- (1) ਗਿਣਤੀਆਂ ਮਿਣਤੀਆਂ ਕਰਨ ਵਾਲੇ

"ਹਉਮੈ ਸਭਾ ਗਣਤ ਹੈ ਗਣਤੈ ਨਉ ਸੁਖੁ ਨਾਹਿ।"

– ਸਿਰੀ ੩, ੫੭, ੩:੧ (36)

(2) ਗਿਣਤੀਆਂ, ਨਾਲ

"ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ।"

– ਮਾਝ ੧, ਵਾਰ ੬:੨ (140)

(3) ਗਿਣਤੀ ਵਿਚ ਭਾਵ ਹੋਂਦ ਵਿਚ

"ਤੂ ਕਰਤਾ ਆਪਿ ਅਗਣਤੁ ਹੈ ਸਭੁ ਜਗੁ ਵਿਚਿ ਗਣਤੈ।"

– ਗਉ ੩, ਵਾਰ ੨੪:੨ (314)

(4) ਗਿਣਤੀ ਵਿਚ

"ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ।" (ਗਿਣਤੀ ਵਿਚ ਨਾ ਆਈਐ)

– ਗਉ ੪, ਵਾਰ ੨੬ਸ, ੩, ੧:੪ (314)

ਗਣਾ ------ ਗਿਣੀਦਾ ਹੈ

"ਜਿਨਿ ਪਾਇਆ ਪ੍ਰਭੁ ਅਪਣਾ ਆਏ ਤਿਸਹਿ ਗਣਾ।"

– ਮਾਝ ੫, ਬਾਰਾ ੨:੩ (133)
“ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ।” (ਗਿਣਾ, ਦਸਾਂ)
– ਮਾਝ ੫, ਬਾਰਾ ੨:੬ (133)

ਗਣਾਇ ---- ਗਿਣਵਾ ਕੇ ਅਥਵਾ ਗਿਣ ਕੇ
“ਮੂਰਖ ਗਣਤ ਗਣਾਇ ਝਗੜਾ ਪਾਇਆ।”
– ਮਾਝ ੧, ਵਾਰ ੪:੬ (139)
“ਬਾਬਾ ਲਗਨੁ ਗਣਾਇ ਹੰਭੀ ਵੰਵਾ ਸਾਹੁਰੈ ਬਲਿਰਾਮ ਜੀਉ।” (ਕਢਵਾ)
– ਸੂਹੀ ੧, ਛੰਤ ੧, ੩:੧ (763)

ਗਣਾਇਦਾ --- ਗਿਣਵਾਂਦਾ ਭਾਵ ਜਤਾਂਦਾ ਹੈ
“ਨਾਨਕ ਜੇ ਕੋ ਆਪੁ ਗਣਾਇਦਾ ਸੋ ਮੂਰਖੁ ਗਾਵਾਰੁ।”
– ਗੂਜ ੩, ਵਾਰ ੨੦ਸ, ੩, ੧:੩ (516)
“ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ।” (ਗਿਣਤੀਆਂ ਕਰਵਾਉਂਦਾ ਹੈ)
– ਮਾਰੂ ੧, ਸੋਲਾ ੧੫, ੯:੩ (1035)

ਹੋਰ ਰੂਪ:

ਗਣਾਇਦੇ –
“ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ।”
– ਗਉ ੪, ਵਾਰ ੮:੪ (304)

ਗਣਾਈਐ --- ਗਿਣਵਾਈਐ ਅਥਵਾ ਗਿਣੀਏ
“ਹੁਕਮੇ ਗਣਤ ਗਣਾਈਐ ਪਿਆਰੇ ਹੁਕਮੇ ਹਉਮੈ ਦੋਇ।”
– ਸੋਰ ੧, ਅਸ ੩, ੬:੧ (636)

ਗਣਾਏ ----- ਗਿਣਵਾਉਂਦਾ ਹੈ, ਜਤਾਉਂਦਾ ਹੈ
“ਕਿਉ ਮਾਰਗੁ ਪਾਏ ਬਿਨੁ ਸਤਿਗੁਰ ਭਾਏ ਮਨਮੁਖਿ ਆਪੁ ਗਣਾਏ।” (ਆਪਣੀ ਵਡਿਆਈ ਦਾ ਇੱਛਕ ਹੈ)
– ਗਉ ੩, ਛੰਤ ੫, ੪:੩ (247)

ਗਣਾਵਨਿ --- ਗਿਣਤੀ ਮਿਣਤੀ ਕਰਵਾਉਣ
“ਗਣਤ ਗਣਾਵਨਿ ਆਈਆਂ ਸੂਹਾ ਵੇਸੁ ਵਿਕਾਰੁ।”
– ਸਿਰੀ ੧, ਅਸ ੨, ੧:੨ (54)

ਹੋਰ ਰੂਪ:

ਗਣਾਵਣੀ –
“ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ।”
– ਸਿਰੀ ੧, ਅਸ ੧੧, ੬:੧ (60)

ਗਣਾਵੈ ----- ਗਿਣਵਾਉਂਦਾ ਹੈ
“ਗਣਤ ਗਣਾਵੈ ਅਖਰੀ ਅਗਣਤੁ ਸਾਚਾ ਸੋਇ।”
– ਰਾਮ ੧, ਓਅੰ ੩੨:੫ (934)

ਗਣਿ ------ ਗਿਣ, ਕਰ

“ਗਣਤੀ ਗਣਉ ਨ ਗਣਿ ਸਕਉ ਉਠਿ ਸਿਧਾਰੇ ਕੇਤ।”

– ਗਉ ੫, ਬਾਅ ੨੬:੨ (255)

“ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ।” (ਗਿਣਕੇ)

– ਸਾਰ ੫, ੭੭, ੧:੨ (1219)

ਗਣਿਆ ---- (1) ਜਾਣਿਆ, ਸਮਝਿਆ, ਮੰਨਿਆ

“ਮਨ ਇਛ ਪਾਈ ਪ੍ਰਭ ਧਿਆਈ ਸੰਜੋਗੁ ਸਾਹਾ ਸੁਭ ਗਣਿਆ।”

– ਆਸਾ ੫, ਛੰਤ ੧੦, ੨:੫ (459)

(2) ਗਿਣਿਆ, ਕੀਤਾ

“ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ।”

– ਵਡ ੫, ਛੰਤ ੨, ੧:੫ (577)

“ਸਾਹਾ ਅਟਲੁ ਗਣਿਆ ਪੂਰਨ ਸੰਜੋਗੋ ਰਾਮ।” (ਨਿਸਚਿਤ ਕੀਤਾ ਹੋਇਆ ਹੈ)

– ਬਿਲਾ ੫, ਛੰਤ ੧, ੩:੧ (845)

ਗਣੀ ------ ਗਿਣਾਂ, ਕਹਾਂ

“ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ।”

– ਸਿਰੀ ੫, ੮੮, ੨:੧ (48)

“ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ।” (ਕਹਾਂ, ਵਰਨਣ ਕਰਾਂ)

– ਮਾਝ ੫, ਬਾਰਾ ੧੦:੨ (135)

“ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ।” (ਗਿਣੇ, ਸਮਝੇ ਜਾਂਦੇ ਹਨ)

– ਸੂਹੀ ੫, ੫੪, ੧:੨ (748)

ਹੋਰ ਰੂਪ:

ਗਣੰੀ –

“ਗਣਤ ਨ ਗਣੰੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ।”

– ਪ੍ਰਭਾ ੧, ਅਸ ੪, ੫:੧ (1344)

ਗਣੀਆ –

“ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ।” (ਗਿਣੀ)

– ਸੋਰ ੫, ੪੪, ੧:੧ (619)

“ਬਹੁਤੁ ਵਡਿਆਈਆ ਸਾਹਿਬੈ ਨਹ ਜਾਹੀ ਗਣੀਆ।” (ਗਿਣੀਆਂ)

– ਬਿਲਾ ੪, ਵਾਰ ੧੨:੩ (854)

ਗਣੀਐ –

“ਗਣਤ ਗਣੀਐ ਸਹਸਾ ਦੁਖੁ ਜੀਐ।” (ਗਿਣਦਿਆਂ)

– ਰਾਮ ੧, ਅਸ ੪, ੫:੧ (904)

ਗਣੀਨੀ –

“ਸਿਮ੍ਰਿਤਿ ਸਾਸਤ ਸਾਜਿਅਨੁ ਪਾਪ ਪੁੰਨ ਗਣਤ ਗਣੀਨੀ।”

– ਰਾਮ ੩, ਵਾਰ ੭:੩ (949)

ਗਣੇ –

“ਗੁਰੁ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੇ।” (ਗਿਣੇ)

– ਬਿਲਾ ੫, ੧੭, ੧*:੨ (805)

ਗਣੇਇ –
“ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ।” (ਗਿਣਦਾ/ਜਤਾਂਦਾ ਹੈ)
– ਸਾਰ ੪, ਵਾਰ ੧੦ਸ, ੧, ੧:੫ (1241)

ਗਣੇਸੰ ----- ਗਣੇਸ਼, ਦੇਵਗਣ ਦਾ ਸੁਆਮੀ, ਮਨੁੱਖੀ ਸਰੀਰ ਤੇ ਹਾਥੀ ਦੇ ਸਿਰ ਵਾਲਾ ਦੇਵਤਾ, ਰੱਖਿਅਕ ਦੇਵਤਾ
“ਸਿਲ ਪੂਜਸਿ ਚਕ੍ਰ ਗਣੇਸੰ।”
– ਪ੍ਰਭਾ ਬੇਣੀ, ੧, ੩:੧ (1351)

ਗਣੈ ------- ਗਿਣੇ, ਸਮਝੇ
“ਧੰਨਿ ਜਨਮੁ ਤਾਹੀ ਕੋ ਗਣੈ।”
– ਗਉ ਕਬ, ੨੧:੩ (341)

ਗਤ ------- ਸਮਾਪਤ ਹੋਇਆ, ਮਿਟਿਆ ਨਾਸ ਹੋਇਆ
“ਨਿਜ ਨਿਰਖਤ ਗਤ ਬਿਉਹਾਰਾ।”
– ਸੋਰ ਕਬ, ੬, ੧*:੨ (655)

ਹੋਰ ਰੂਪ:

ਗਤੰ –
“ਗਰਬ ਗਤੰ ਸੁਖ ਆਤਮ ਧਿਆਨਾ।” (ਮਿਟ ਗਿਆ)
– ਗਉ ੧, ਅਸ ੧, ੭:੧ (221)

ਗਤਾ ------ ਅਵਸਥਾ
“ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ।”
– ਗੁਜ ੫, ੧੧, ੧:੨ (498)

ਗਤਿ ------ (1) ਹਾਲਤ, ਅਵਸਥਾ
“ਮੰਨੇ ਕੀ ਗਤਿ ਕਹੀ ਨ ਜਾਇ।”
– ਜਪੁ ੧, ੧੨:੧ (3)

“ਨਾ ਜਾਨਾ ਕਿਆ ਗਤਿ ਰਾਮ ਹਮਾਰੀ।”
– ਗਉ ੪, ੩੯, ੧*:੧ (163)

“ਤਿਨ ਕੀ ਗਤਿ ਅਵਗਤਿ ਤੂੰਹੈ ਜਾਣਹਿ ਜਿਨਿ ਇਹ ਰਚਨ ਰਚਾਈ।”
– ਆਸਾ ੩, ਛੰਤ ੭, ੯:੪ (441)

(2) ਛੁਟਕਾਰਾ ਗਤੀ ਪ੍ਰਾਪਤੀ, ਮੁਕਤੀ
“ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ।”
– ਸਿਰੀ ੩, ੩੫, ੨:੧ (26)

“ਗਤਿ ਅਵਿਗਤਿ ਕਛੁ ਨਦਰਿ ਨ ਆਇਆ।” (ਮੁਕਤੀ)
– ਸਿਰੀ ੫, ੯੬, ੪:੧ (51)

“ਕਹੁ ਨਾਨਕ ਕਿਨਿ ਬਿਧਿ ਗਤਿ ਹੋਈ।” (ਛੁਟਕਾਰਾ)
– ਮਾਝ ੧, ਵਾਰ ੧੬ਸ, ੧, ੧:੬ (145)

“ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।”
– ਮਾਝ ੧, ਵਾਰ ੨੬ਸ, ੧, ੧:੧੭ (150)

(ਮਹਾਨਕੋਸ਼ ਨੇ ਇਥੇ ਅਰਥ ਪਵਿੱਤਰ ਕੀਤੇ ਹਨ)

ਹੋਰ ਰੂਪ:

ਗਤੀ –
"ਜੋ ਇਸੁ ਮਾਰੇ ਤਿਸੁ ਹੋਵੈ ਗਤੀ।"
– ਗਉ ੫, ਅਸ ੫, ੩:੪ (238)

(3) ਉਚੀ/ਗਿਆਨ ਵਾਲੀ ਅਵਸਥਾ
"ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ।"
– ਸਿਰੀ ੩, ਅਸ ੨੨, ੫:੨ (67)

(4) ਰਸਤਾ, ਮਾਰਗ
"ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ।"
– ਸਿਰੀ ੩, ਅਸ ੨੨, ੬:੩ (67)

"ਸੋ ਸੇਵਕੁ ਪਰਮੇਸਰੁ ਕੀ ਗਤਿ ਜਾਨੈ।"
– ਗਉ ੫, ਸੁਖ ੧੮, ੩:੨ (287)

(5) ਉਚੀ ਪਦਵੀ ਵਾਲਾ ਭਾਵ ਮੁਕਤੀ
"ਜਿਤੁ ਮਿਲਿਐ ਪਰਮ ਗਤਿ ਪਾਈਐ।"
– ਸਿਰੀ ੧, ਅਸ ੨੮, ੪:੨ (71)

"ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ।" (ਜੀਵਨ ਪਦਵੀ ਦੇਣ ਵਾਲੇ ਹਰੀ)
– ਆਸਾ ੫, ਛੰਤ ੩, ੨:੨ (454)

(6) ਗਤੀ ਭਾਵ ਜੀਵਨ ਦਾ ਅੰਤਮ ਲਕਸ਼ (ਮਨੋਰਥ)
"ਹਉ ਹਰਿ ਗੁਣ ਗਾਵਾ ਨਿਤ ਹਰਿ ਸੁਣੀ ਹਰਿ ਹਰਿ ਗਤਿ ਕੀਨੀ।"
– ਗਉ ੩, ੩੮, ੨:੧ (163)

(7) ਜੁਗਤਿ, ਤਰੀਕਾ ਢੰਗ (ਪਾਰ ਪਹੁੰਚਾਉਣ ਦਾ)
"ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ।"
– ਗਉ ੩, ਛੰਤ ੪, ੨:੩ (246)

"ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ।"
– ਸੋਰ ੯, ੧੦, ੨:੧ (633)

ਹੋਰ ਰੂਪ:

ਗਤੀ –
"ਲਾਲਨੁ ਰਾਵਿਆ ਕਵਨ ਗਤੀ ਰੀ।"
– ਸੂਹੀ ੫, ੧੦, ੧:੧ (739)

(8) ਪਹੁੰਚ, ਗਮਤਾ, ਸਮਰਥਾ
"ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ।"
– ਗਉ ੫, ਸੁਖ ੮, ੭:੮ (270)

"ਤਾ ਕੀ ਗਤਿ ਕਹੀ ਨ ਜਾਈ ਅਮਿਤਿ ਵਡਿਆਈ ਮੇਰਾ ਗੋਵਿੰਦੁ ਅਲਖ ਅਪਾਰ ਜੀਉ।"
– ਆਸਾ ੪, ਛੰਤ ੧੪, ੧:੨ (448)

(9) ਭਾਵ ਸਫਲਤਾ, ਸੁਖ

"ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈਹੈ।"
– ਗੂਜ ਕਬ, ੧, ੪:੧ (524)

(10) ਭਾਵ ਸ਼ੁਧੀ, ਪਵਿੱਤਰਤਾ
"ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ।"
– ਸੋਰ ੧, ੯, ੩:੨ (598)

(11) ਅਸਲੀਅਤ, ਸਾਰ
"ਰਾਮ ਨਾਮ ਕੀ ਗਤਿ ਕੋਇ ਨ ਬੂਝੈ ਗੁਰਮਤਿ ਰਿਦੈ ਸਮਾਈ।"
– ਸੋਰ ੩, ੭, ੪:੧ (602)

(12) ਸੋਝੀ, ਸਾਰ
"ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ।"
– ਧਨਾ ੧, ੮, ੩:੨ (663)

(13) ਵਡਿਆਈ, ਮਹਾਨਤਾ
"ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈ ਬੋਲਤ ਹੀ ਬਡ ਲਾਜ।"
– ਮਾਰੂ ਕਬ, ੩, ੧:੨ (1103)

(14) ਚੰਗੇ (ਭਾਵ)
"ਗਤਿ ਅਵਗਤਿ ਦੀ ਚਿੰਤ ਨਾਹੀ ਸਤਿਗੁਰੂ ਫੁਰਮਾਈ।"
– ਪ੍ਰਭ ੧, ੪, ੩:੨ (1328)

ਗਤੀ ------ (1) ਮੁਕਤੀ ਵੇਖੋ 'ਗਤਿ' (2)
(2) ਜੁਗਤ, ਢੰਗ ਵੇਖੋ 'ਗਤਿ' (7)

ਗਤੁ ------- (1) ਮਿਟ/ਦੂਰ ਹੋ ਜਾਣਾ
"ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ।"
– ਸਿਰੀ ੧, ੨੦, ੨:੨ (21)
"ਦੁਰਮਤਿ ਗਤੁ ਭਈ ਕੀਰਤਿ ਠਾਇ।" (ਚਲੀ ਗਈ)
– ਆਸਾ ੧, ੧੧, ੧:੨ (351)

(2) ਰਸਤਾ, ਰਾਹ, ਮਾਰਗ
"ਜਰਾ ਮਰਣ ਗਤੁ ਗਰਬੁ ਨਿਵਾਰੇ।"
– ਗਉ ੧, ਅਸ ੭, ੩:੨ (223)

ਗਥਈ ----- ਚਲੇ ਜਾਂਦੇ/ਦੂਰ ਹੋ ਜਾਂਦੇ ਹਨ
"ਗੁਰਿ ਧਾਰਿ ਕ੍ਰਿਪਾ ਹਰਿ ਜਲਿ ਨਾਵਾਏ ਸਭ ਕਿਲਵਿਖ ਪਾਪ ਗਥਈ।"
– ਕਲਿ ੪, ੪, ੨:੨ (1320)

ਗਥੁ ------- ਪੂੰਜੀ, ਰਾਸ
"ਵਿਣੁ ਨਾਵੈ ਗਥੁ ਗਇਆ ਗਵਾਏ।"
– ਮਾਰੂ ੧, ਸੋਲਾ ੭, ੯:੧ (1027)

ਗਦਹਾ ----- ਖੋਤਾ
"ਹਰੀ ਅੰਗੂਰੀ ਗਦਹਾ ਚਰੈ।" (ਮਨ ਰੂਪੀ ਖੋਤਾ ਵਿਕਾਰ ਰੂਪੀ ਅੰਗੂਰੀ ਖਾਂਦਾ ਹੈ)
– ਗਉ ਕਬ, ੧੪, ੧:੧ (326)

ਗਦਹੀ ----- ਖੋਤੀ

“ਗਦਹੀ ਹੋਇ ਕੈ ਅਉਤਰੈ ਭਾਰੁ ਸਹੈ ਮਨ ਚਾਰਿ।”
– ਸਲੋ ਕਬ, ੧੦੮:੨ (1370)

ਗਦਹੁ ------ ਖੋਤੇ ਨੂ
“ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ।”
– ਸੂਹੀ ੩, ਵਾਰ ੧੪ਸ, ੧, ੧:੪ (790)

ਗੰਦਲਾ ----- ਗੰਦਲਾਂ, ਸਬਜ਼ੀਆਂ ਦੀਆਂ ਕੂਲੀਆਂ ਹਰੀਆਂ ਡੰਡੀਆਂ
“ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ।” (ਇਸਤ੍ਰੀ ਰੂਪੀ)
– ਸਲੋ ਫਰ, ੩੭:੧ (1379)

ਗਦਾ ------ ਗੁਰਜ਼, ਮੂਸਲ
“ਗਰੀਬੀ ਗਦਾ ਹਮਾਰੀ।”
– ਸੋਰ ੫, ੮੦, ੧:੧ (628)

ਗੰਦੇ ------- ਕੁਚੀਲ, ਮਲੀਨ
“ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ।”
– ਸਿਰੀ ੪, ਵਾਰ ੧੫ਸ, ੫, ੨:੨ (89)

ਗੰਧ ------- (1) ਨੱਕ, ਨਾਸਕਾ
“ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।”
– ਧਨਾ ੧, ਮੋਹ ੩, ੨:੨ (13)
(2) ਖੁਸ਼ਬੂ
“ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ ਅੰਗ ਅੰਗ ਸੰਗਿ ਮਉਲੀ।”
– ਬਿਲਾ ੫, ੮੯, ੨:੧ (822)

ਗੰਧਈਆ --- ਸੁਗੰਧਤ ਹੋ ਜਾਈਦਾ ਹੈ
“ਹਰਿ ਹਰਿ ਨਾਮੁ ਸੀਤਲ ਜਲੁ ਧਿਆਵਹੁ ਹਰਿ ਚੰਦਨ ਵਾਸੁ ਸੁਗੰਧ ਗੰਧਈਆ।”
– ਬਿਲਾ ੪, ਅਸ ੨, ੧:੧ (834)

ਗੰਧਣ ------ ਗੰਦੀਅ:, ਅਸ਼ਲੀਲ
“ਗੰਧਣ ਵੈਣ ਸੁਣਹਿ ਉਰਝਾਵਹਿ ਨਾਮੁ ਲੈਤ ਅਲਕਾਇਆ।”
– ਆਸਾ ੫, ੧੨੫, ੨:੧ (402)

ਗੰਧਰਬ ----- ਦੇਵ ਲੋਕ ਦਾ ਗਵੱਈਆ, ਇੰਦਰ ਦੇ ਦਰਬਾਰ ਦੇ ਗਾਇਕ
“ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ।”
– ਸਿਰੀ ੧, ਅਸ ੧੭, ੩:੧ (64)

ਹੋਰ ਰੂਪ:

ਗੰਧਰਬਾ –
“ਆਪੇ ਸੁਰਿ ਨਰ ਗਣ ਗੰਧਰਬਾ ਆਪੇ ਖਟ ਦਰਸਨ ਕੀ ਬਾਣੀ।”
– ਬਿਹਾ ੪, ਵਾਰ ੧੨:੧ (553)

ਗੰਧਰਬੇ –
“ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ।”

– ਮਾਰੂ ੪, ੨, ੨:੧ (995)

ਗੰਧਾਰੀ ----- ਰਾਗ ਮਾਲਕਉਸ ਦੀਆਂ ਪੰਜ ਰਾਗਨੀਆਂ ਵਿੱਚ ਇਕ, ਬਾਕੀ ਚਾਰ ਹਨ; ਗੋਂਡਕਰੀ, ਦੇਵਗੰਧਾਰੀ ਸੀਹੁਤੀ ਤੇ ਧਨਾਸਰੀ
"ਗੰਧਾਰੀ ਸੀਹੁਤੀ ਉਚਾਰੀ।"
– ਰਾਗ ੧:੧੬ (1429)

ਗੰਧਾਰੇ ----- ਗੰਧ (ਸੁਗੰਧ) ਵਾਲਾ
"ਨਾਮੈ ਸੁਰਤਿ ਵਜੀ ਹੈ ਦਹ ਦਿਸਿ ਹਰਿ ਮੁਸਕੀ ਮੁਸਕ ਗੰਧਾਰੇ।"
– ਨਟ ੪, ੨, ੧:੨ (981)

ਗੰਧੀ ------ ਬਦਬੂ ਨਾਲ, ਗੰਦੀ ਬੂ ਨਾਲ
"ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ।"
– ਸਲੋ ੧, ੧੦:੨ (1411)

ਗੰਧੁ ------- (1) ਗੰਦ ਭਾਵ ਮੰਦਾ ਬੋਲ ਗਾਲ੍ਹਾਂ
"ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ।"
– ਰਾਮ ੫, ਵਾਰ ੫ਸ, ੫, ੨:੪ (959)

(2) ਗੰਦੀ ਬੂ, ਬਦਬੂ
"ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ।"
– ਮਲਾ ੧, ਵਾਰ ੨੩ਸ, ੧, ੧:੪ (1288)

(3) ਸੁਗੰਧੀ
"ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ।"
– ਸਲੋ ਫਰ, ੩੩:੨ (1379)

ਗੰਧ੍ਰਬ ------ ਦੇਵ ਲੋਕ ਦੇ ਗਵਈਏ, ਵੇਖੋ 'ਗੰਧਰਬ'
"ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ।"
– ਸਿਰੀ ਕਬ, ੩, ੧:੨ (92)

"ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ।" (ਗੰਧ੍ਰਬ ਨਗਰ, ਭਾਵ ਹਵਾਈ ਕਿਲੇ, ਕਾਲਪਨਿਕ ਨਗਰੀ)
– ਸਲੋ ੫, ੧੪:੧ (1425)

ਹੋਰ ਰੂਪ:

ਗੰਧ੍ਰਬਾ –
"ਠਗਾ ਨੀਹੁ ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ।" (ਗੰਧ੍ਰਬ ਨਗਰੀ, ਅਸਮਾਨ ਵਿਚ ਨਜ਼ਰ ਦੇ ਭੁਲੇਖੇ ਨਾਲ ਦਿਸਨ ਵਾਲਾ ਨਗਰ, ਛਲਾਵਾ)
– ਮਾਰੂ ੫, ਵਾਰ ੧੩ਸ, ੫, ੩:੧ (1098)

ਗਨਉ ----- ਸਮਝਦਾ/ਮੰਨਦਾ/ਗਿਣਤਾ ਹਾਂ
"ਊਆ ਤੇ ਊਤਮੁ ਗਨਉ ਚੰਡਾਲਾ।"
– ਗਉ ੫, ਬਾਅ ੧੬:੭ (253)

"ਕੇਤੇ ਗਨਉ ਅਸੰਖ ਅਵਗਣ ਮੇਰਿਆ।"
– ਜੈਤ ੫, ਛੰਤ ੨, ੧:੨ (704)

ਗਨਹੁ ------ ਗਿਣੋ
"ਕਰਹੁ ਅਨੁਗ੍ਰਹੁ ਸੁਆਮੀ ਮੇਰੇ ਗਨਹੁ ਨ ਮੋਹਿ ਕਮਾਇਓ।" (ਲੇਖੇ ਵਿਚ ਲਿਆਓ)
– ਗੂਜ ੫, ੨੫, ੨:੧ (501)
"ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ।" (ਗਿਣੋ, ਸਮਝੋ)
– ਧਨਾ ੫, ੪੭, ੧:੧ (682)

ਗਨਕ ------ ਇਕ ਵੇਸਵਾ ਗਨਕਾ ਜੋ ਤੋਤੇ ਨੂ 'ਰਾਮ ਨਾਮ' ਪੜਾਉਂਦੀ ਮੁਕਤ ਹੋ ਗਈ
"ਸੰਗਤਿ ਕਾ ਗੁਨੁ ਬਹੁਤੁ ਅਧਿਕਾਈ ਪੜਿ ਸੂਆ ਗਨਕ ਉਧਾਰੇ।"
– ਨਟ ੪, ਅਸ ੩, ੧:੧ (981)

ਹੋਰ ਰੂਪ:

ਗਨਕਾ –
"ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰਧਾਰੋ।"
– ਸੋਰ ੯, ੪, ੧*:੨ (632)

ਗਨਣੁ ------ ਗਿਣੇ
"ਗਨਣੁ ਨ ਜਾਈ ਕੀਮ ਨ ਪਾਇ।"
– ਰਾਮ ੫, ੪੨, ੪:੨ (896)

ਗਨਣੇ ------ ਗਿਣੇ ਜਾਂਦੇ ਹਨ
"ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ।"
– ਸੋਰ ੫, ੧੫, ੨:੨ (613)

ਗਨੰਤ ------ ਗਿਣ ਰਿਹਾ ਹੈ
"ਗਨੰਤ ਸ੍ਵਾਸਾ ਭੈਯਾਨ ਧਰਮੰ।"
– ਸਵ ੫, ੩:੪ (1354)
"ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ।" (ਗਿਣਤੀ)
– ਸਵ ੩, ੨੨:੧ (1396)

ਗਨਾ ------ ਕਹਾਂ, ਆਖਾਂ
"ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ਤਾ ਕੀ ਮਹਿਮਾ ਕਿਤ ਗਨਾ।"
– ਬਿਹਾ ੫, ਛੰਤ ੬, ੪:੩ (546)

ਗੰਨਾ ------ ਗਿਣੀਦਾ ਹੈ, ਮੰਨੀਦਾ ਹੈ
"ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ।"
– ਮਲਾ ੧, ਵਾਰ ੨੫ਸ, ੧, ੨:੨੪ (1290)

ਗਨਿ ------ ਗਿਣ ਕੇ
"ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ।"
– ਗਉ ੫, ਬਾਅ ੧੯ਸ:੧ (254)
"ਲਖਿਮੀ ਕੇਤਕ ਗਨੀ ਨ ਜਾਈਐ ਗਨਿ ਨ ਸਕਉ ਸੀਕਾ।" (ਗਿਣ ਨਹੀਂ ਸਕਦਾ)
– ਗੂਜ ੫, ਅਸ ੧, ੫:੨ (507)

ਹੋਰ ਰੂਪ:

ਗਨਿਆ –
“ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ।” (ਸਮਝਿਆ/ ਗਿਣਿਆ ਗਿਆ)
– ਆਸਾ ਧੰਨਾ, ੨, ੩:੨ (488)
“ਕਿਛੁ ਜੋਗੁ ਪਰਾਪਤਿ ਗਨਿਆ।” (ਸਮਝਦਾ ਹਾਂ)
– ਸੋਰ ਕਬ, ੧੦, ੧*:੨ (656)

ਗਨਿਕਾ ----- ਗਨਕਾ, ਇਕ ਵੇਸਵਾ, ਵੇਖੋ ‘ਗਨਕਾ’
“ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।”
– ਗਉ, ਨਾਮ, ੧, ੧*:੧ (345)

ਗਨਿਨ ----- ਗਿਣੇ ਨਹੀਂ ਜਾਂਦੇ
“ਹਰਿ ਕੀ ਉਪਮਾ ਅਨਿਕ ਅਨਿਕ ਅਨਿਕ ਗੁਨ ਗਾਵਤ ਸੁਕ ਨਾਰਦ ਬ੍ਰਹਮਾਦਿਕ ਤਵ ਗੁਨ ਸੁਆਮੀ ਗਨਿਨ ਨ ਜਾਤਿ।”
– ਸਾਰ ੪, ੮, ੧:੧ (1200)

ਗਨੀ ------ (1) ਗਿਣੀਦਾ ਹੈ, ਸਮਝੀਦਾ ਹੈ
“ਜੋ ਇਸੁ ਮਾਰੇ ਤਿਸ ਕਾ ਆਇਆ ਗਨੀ।”
– ਗਉ ੫, ਅਸ ੫, ੪:੧ (238)
“ਤਾ ਕੀ ਮਹਿਮਾ ਗਨੀ ਨ ਆਵੈ।” (ਗਿਣੀ ਨਹੀਂ ਜਾਂਦੀ)
– ਗਉ ੫, ਸੁਖ ੧, ੧:੮ (262)
“ਗੋਪਾਲ ਗੋਬਿੰਦ ਅੰਤ ਨਾਹੀ ਬੇਅੰਤ ਗੁਣ ਤਾ ਕੇ ਕਿਆ ਗਨੀ।” (ਗਿਣਾਂ)
– ਜੈਤ ੫, ਛੰਤ ੨, ੩:੪ (704)
“ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ।” (ਸਮਝਾਂ)
– ਤਿਲੰ ੪, ੧, ੨:੨ (723)
(2) (ਅ. ਗਨੀ) ਧਨੀ, ਅਮੀਰ, ਧਨਾਢ
“ਊਹਾਂ ਗਨੀ ਬਸਹਿ ਮਾਮੂਰ।”
– ਗਉ ਰਵਿ, ੨, ੨:੪ (345)

ਗਨੰੀ ------ ਕੁਰਾਣ ਸ਼ਰੀਫ ਅਨੁਸਾਰ ਰੱਬ ਦੇ 99 ਸਿਫਾਤੀ ਨਾਵਾਂ ਵਿੱਚੋਂ ਇਕ; ਅਰਥ ਹੈ, ਰਜਿਆ ਪੁੱਜਿਆ, ਪੂਰਨ
“ਕਰੀਮਾਂ ਰਹੀਮਾਂ ਅਲਾਹ ਤੂ ਗਨੰੀ।”
– ਤਿਲੰ ਨਾਮ, ੧, ੧:੧ (727)

ਗਨੀਅਹਿ --- ਗਿਣੀਏ, ਕਹੀਏ
“ਬਿਸਰਤ ਪ੍ਰਭ ਕੇਤੇ ਦੁਖ ਗਨੀਅਹਿ ਮਹਾ ਮੋਹਨੀ ਖਾਇਓ।”
– ਗੂਜ ੫, ੨੫, ੧:੨ (501)

ਗਨੀਆ ---- ਗਿਣੀ/ਕਹੀ/ਮੰਨੀ ਜਾਂਦੀ ਹਾਂ
“ਨਾਮਿ ਜਿਸੈ ਕੈ ਊਜਲੀ ਤਿਸੁ ਦਾਸੀ ਗਨੀਆ।”
– ਆਸਾ ੫, ੧੧੭, ੧*:੨ (400)

ਗਨੀਐ ----- ਗਿਣੀਏ, ਆਖੀਏ, ਕਹੀਏ

"ਮਹਿਮਾ ਤਾ ਕੀ ਕੇਤਕ ਗਨੀਐ ਜਨ ਪਾਰਬ੍ਰਹਮ ਰੰਗਿ ਰਾਤੇ।"
- ਗਉ ੫, ੧੩੧, ੧:੧ (207)

ਗਨੀਵ ----- (1) ਅਮੋਲਕ
"ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ।"
- ਭੈਰ ੫, ੧੦, ੨:੨ (1138)
(2) ਧਨੀ, ਦੌਲਤਮੰਦ, ਧਨਾਢ, ਵੇਖੋ 'ਗਨੀ' (2)
"ਸਦੀਵ ਗਨੀਵ ਸੁਹਾਵਨੇ ਰਾਮ ਨਾਮ ਗ੍ਰਿਹਿ ਮਾਲ।"
- ਗਉ ੫, ਬਾਅ ੧੮:੬ (253)

ਗਨੋੁ ------- ਗਿਣੋ, ਮੰਨੋ, ਸਮਝੋ
"ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ।"
- ਆਸਾ ੫, ੧੧੧, ੨:੧ (398)

ਗਨੇ ------- ਗਿਣੇ
"ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ।"
- ਗਉ ੫, ਸੁਖ ੨, ੪:੧ (264)

ਹੋਰ ਰੂਪ:

ਗਨੈ -
"ਤਾ ਕਾ ਲੇਖਾ ਨ ਗਨੈ ਜਗਦੀਸ।"
- ਗਉ ੫, ਸੁਖ ੧੧, ੪:੬ (277)
"ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ।" (ਗਿਣਤਾ/ਸਮਝਦਾ ਹਾਂ)
- ਬਿਲਾ ੫, ੫੦, ੧:੨ (813)

ਗਬੁ ------- ਗਰਬ, ਅਹੰਕਾਰ
"ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ।"
- ਸਵ ੧, ੫, ੮*:੨, (1388)

ਗਭਰੂ ------ ਜੁਆਨ, ਗਰਬ ਹੈ ਜਿਸ ਨੂੰ ਰੂਪ ਦਾ
"ਕਿਆ ਗਭਰੂ ਕਿਆ ਬਿਰਧਿ ਹੈ ਮਨਮੁਖ ਤ੍ਰਿਸਨਾ ਭੁਖ ਨ ਜਾਇ।"
- ਸੋਰ ੪, ਵਾਰ ੧੯ਸ, ੩, ੨:੧ (649)

ਗਭੀਰ ----- (ਸੰਤ) ਡੂੰਘੇ, ਅਥਾਹ
"ਗੁਣ ਗਭੀਰ ਗੁਨ ਨਾਇਕਾ ਗੁਣ ਕਹੀਅਹਿ ਕੇਤ।"
- ਬਿਲਾ ੫, ੩੯, ੪:੧ (810)

ਹੋਰ ਰੂਪ:

ਗੰਭੀਰ -
"ਗਹਿਰ ਗੰਭੀਰ ਬੇਅੰਤ ਗੋਵਿੰਦੇ।"
- ਮਾਝ ੫, ੧੬, ੧:੨ (99)
"ਹਰਿ ਧਨੁ ਜਿਨੀ ਸੰਜਿਆ ਸੇਈ ਗੰਭੀਰ ਅਪਾਰ ਜੀਉ।" (ਡੂੰਘੇ, ਸਿਆਣੇ)
- ਮਾਝ ੫, ਅਸ ੩੮, ੩:੩ (132)
"ਗੰਗ ਗੁਸਾਇਨਿ ਗਹਿਰ ਗੰਭੀਰ।" (ਭਾਵ ਡੂੰਘੀ ਤੇ ਸ਼ਾਂਤ)

– ਭੈਰ ਕਬ, ੧੮, ੧:੧ (1162)

ਗੰਭੀਰੰ –
"ਗੰਭੀਰੰ ਊਚੈ ਸਰਬਗਿ ਅਪਾਰਾ।"
– ਸਸ ੫, ੫:੨ (1354)

ਗਭੀਰਾ –
"ਤਿਸੁ ਸੇਵਕ ਕੈ ਨਾਨਕ ਕੁਰਬਾਣੀ ਸੇ ਗਹਿਰ ਗਭੀਰਾ ਗਉਹਰੁ ਜੀਉ।"
– ਮਾਝ ੫, ੨੫, ੪:੩ (102)

ਗੰਭੀਰਾ –
"ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।"
– ਆਸਾ ੧, ਸੋਦ ੨, ੧*:੧ (9)

ਗੰਭੀਰੀ –
"ਉਤੰਗੀ ਪੈਓਹਰੀ ਗਹਿਰੀ ਗੰਭੀਰੀ।" (ਗੰਭੀਰ ਸੁਭਾ ਵਾਲੀ)
– ਸਲੋ ੧, ੧:੧ (1410)

ਗਭੀਰੁ –
"ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੈ।"
– ਮਾਰੂ ੫, ਵਾਰ ੨੩:੬ (1102)

ਗੰਭੀਰੁ –
"ਸਚੁ ਵਖਰੁ ਧਨੁ ਨਾਮੁ ਹੈ ਘਟਿ ਘਟਿ ਗਹਿਰ ਗੰਭੀਰੁ।"
– ਸਿਰੀ ੧, ੨੧, ੪:੨ (22)

ਗੰਭੀਰੇ –
"ਸਚਾ ਗੁਣੀ ਨਿਧਾਨੁ ਤੂੰ ਪ੍ਰਭ ਗਹਿਰ ਗੰਭੀਰੇ।"
– ਆਸਾ ੫, ੧੧੧, ੪:੧ (398)

ਗੰਭੀਰੈ –
"ਗੁਰ ਪਰਸਾਦੀ ਸੇਵ ਕਰੀ ਸਚੁ ਗਹਿਰ ਗੰਭੀਰੈ।"
– ਸਿਰੀ ੩, ੬੩, ੧:੪ (38)

ਗੰਭੀਰੋ –
"ਰੂੜੋ ਗੂੜੋ ਗਹਿਰ ਗੰਭੀਰੋ ਊਚੋ ਅਗਮ ਅਪਾਰੇ।"
– ਸੋਰ ੫, ੧੮, ੩:੨ (614)

ਗਮ ------- (1) ਪੁੱਜ ਕੇ/ਪਹੁੰਚ ਕੇ (ਸ਼ਬਦਾਰਥ, ਨਿਰਣੈ) ਪਹੁੰਚ ਵਾਲਾ (ਗੁਰੂ) (ਦਰਪਣ); (ਗੁਰੂ ਤੋਂ) ਮਿਲਣੇ ਯੋਗ ਹੈ, (ਗੁਰੂ ਦੀ ਗਮਤਾ ਦਾ (ਸੰਖਿਆ)
"ਗੁਰ ਗਮ ਗਿਆਨ ਬਤਾਵੈ ਭੇਦ।"
– ਗਉ ਕਬ, ਥਿਤੀ ੯:੩ (343)
"ਆਪਿ ਨਿਰਾਲਮੁ ਗੁਰ ਗਮ ਗਿਆਨਾ।" (ਗੁਰੂ ਨੂੰ ਪਹੁੰਚ ਕੇ ਪ੍ਰਾਪਤ ਹੁੰਦਾ ਹੈ)
– ਮਾਰੂ ੧, ਸੋਲਾ ੧, ੧੬:੧ (1021)

(2) ਪਹੁੰਚ ਹੋ ਜਾਂਦੀ ਹੈ
"ਖਿਨ ਗਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਿਹਾਰੀ ਰੇ।"
– ਆਸਾ ੫, ੧੩੪, ੨:੧ (404)

(3) ਗਮਤਾ, ਪਹੁੰਚ
"ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ।"

– ਆਸਾ ਕਬ, ੩੧, ੨:੨ (483)

ਗਮਰੁ ------ ਵਡਿਆਈ, ਬਜ਼ੁਰਗੀ
"ਜਾ ਕੈ ਕਾਮਿ ਤੇਰਾ ਵਡ ਗਮਰੁ।"
– ਗਉ ੫, ਅਸ ੬, ੫:੩ (238)

ਗਮਿ ------ ਪਹੁੰਚ ਕੇ, ਜਾ ਕੇ
"ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ।"
– ਗਉ ਕਬ, ਵਾ ੧*:੨ (344)

ਹੋਰ ਰੂਪ:

ਗੰਮਿ –
"ਸਾਧ ਕੈ ਸੰਗਿ ਸ੍ਰਬ ਥਾਨ ਗੰਮਿ।" (ਪਹੁੰਚ)
– ਗਉ ੫, ਸੁਖ ੭, ੫:੯ (271)

ਗੰਮਿਤ ----- ਕੋਲ ਗਿਆ
"ਪ੍ਰਗਟ ਪ੍ਰਗਾਸ ਗਿਆਨ ਗੁਰ ਗੰਮਿਤ ਸਤਿਗੁਰ ਤੇ ਸੁਧਿ ਪਾਈ।"
– ਰਾਮ ਕਬ, ੨, ੩:੧ (969)

ਗਮੁ ------- ਫਿਕਰ, ਚਿੰਤਾ ਭਾਵ ਡਰ
"ਸਾਧਨਾ ਤੇ ਬਾਲਕੁ ਗਮੁ ਨ ਕਰੈ।"
– ਭੈਰ ੩, ੨੦, ੧*:੨ (1133)

ਗੰਮੵਿ ------- ਪਹੁੰਚ
"ਚਿਤ ਹਰਣੰ ਤ੍ਰੈ ਲੋਕ ਗੰਮੵਿ ਜਪ ਤਪ ਸੀਲ ਬਿਦਾਰਣਹ।"
– ਸਸ ੫, ੪੬:੨ (1358)

ਗਯਉ ----- (1) ਚਲਾ ਗਿਆ, ਮਿਟ ਗਿਆ
"ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯਉ।"
– ਸਵ ੪, ਨਲ ੧੦:੫ (1400)

(2) ਚਲਾ ਗਿਆ ਭਾਵ ਮਿਲਿਆ
"ਮਿਲਿ ਨਾਨਕ ਅੰਗਦ ਅਮਰ ਗੁਰ ਗੁਰੁ ਰਾਮਦਾਸੁ ਹਰਿ ਪਹਿ ਗਯਉ।"
– ਸਵ ੫, ਹਰਿ ੧:੫ (1409)

(3) ਗਏ, ਪ੍ਰਸਥਾਨ ਕੀਤਾ
"ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ।"
– ਸਵ ੫, ਹਰਿ ੨:੧ (1409)

ਗਯੰਦ ----- ਇਕ ਭੱਟ ਜਿਸ ਦੇ 13 ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ
"ਨਾਮੁ ਸਾਰੁ ਹੀਏ ਧਾਰੁ ਤਜੁ ਬਿਕਾਰੁ ਮਨ ਗਯੰਦ ਸਤਿਗੁਰੂ ਸਤਿਗੁਰੂ ਸਤਿਗੁਰ ਗੋਬਿੰਦ ਜੀਉ।"
– ਸਵ ੪, ਗਯੰ ੯:੫ (1403)

ਗਰ ------- ਗਲ
"ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ।"

– ਮਾਰੂ ੯, ੨, ੧:੧ (1008)

ਗਰਸੂਆ ---- ਖਾ ਲਿਆ
"ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ।"
– ਗਉ ੫, ੧੨੭*, ੧:੨ (206)

ਗਰਹ ------ (ਸੰ.) ਗ੍ਰਹਿ, ਸੂਰਜ ਚੰਦ ਤੇ ਹੋਰ ਤਾਰੇ
"ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ।" (ਰਾਹੁ ਤੇ ਕੇਤੂ ਦੋ ਪਾਪਾਂ ਦੇ ਗ੍ਰਹਿ)
– ਮਾਝ ੧, ਵਾਰ ੯ਸ, ੧, ੩:੧ (142)
"ਗਰਹ ਨਿਵਾਰੇ ਸਤਿਗੁਰੂ ਦੇ ਅਪਣਾ ਨਾਉ।" (ਭੀੜਾਂ ਦੂਰ ਕੀਤੀਆਂ) ਗ੍ਰਹਿਵਾਲੇ
– ਆਸਾ ੫, ੧੨੦, ੧:੨ (400)

ਗਰਹਿ ----- ਗਲ ਵਿਚ
"ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਓ।"
– ਗਉ ਕਬ, ੫੯, ੧:੨ (336)

ਗਰਜਤ ---- ਗਜਦਾ ਹੈ
"ਘਨੁ ਗਰਜਤ ਗੋਬਿੰਦ ਰੂਪ।"
– ਮਲਾ ੫, ੨੯, ੧*:੧ (1273)

ਗਰਜਿ ----- ਗਜ ਕੇ ਭਾਵ ਆਪਣਾ ਬਲ ਦੱਸ ਕੇ
"ਮਾਰਿਓ ਕੰਟਕੁ ਕਾਲੁ ਗਰਜਿ ਧਾਵਤੁ ਲੀਓ ਬਰਜਿ ਪੰਚ ਭੂਤ ਏਕ ਘਰਿ ਰਾਖਿ ਲੇ ਸਮਜਿ।"
– ਸਵ ੨, ੧:੫ (1391)

ਗਰਜਿਤ ---- ਗਜ ਪਿਆ, ਪ੍ਰਗਟ ਹੋਇਆ
"ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ।"
– ਮਾਰੂ ਨਾਮ, ੧, ੨:੨ (1105)

ਗਰਜੈ ------ ਗਰਜਦਾ ਹੈ
"ਬੋਲੈ ਪਵਨਾ ਗਗਨੁ ਗਰਜੈ।" (ਪ੍ਰਾਣ ਰੁਮਕਦੇ ਹਨ ਤੇ ਗਗਨ – ਦਸਵਾਂ ਦੁਆਰ ਗਜਦਾ ਹੈ ਭਾਵ ਮਿਲਾਪ ਦੀ ਅਵਸਥਾ ਬਲਵਾਨ ਹੋ ਜਾਂਦੀ ਹੈ)
– ਰਾਮ ੧, ਸਿਗੋ ੫੦:੫ (943)
"ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ।"
– ਸਾਰ ੧, ੨, ੨:੧ (1197)

ਗਰਠੇ ------ ਗੁਸੇ, ਫੜੇ ਹੋਏ
"ਜਮਕਾਲਿ ਗਰਠੇ ਕਰਹਿ ਪੁਕਾਰਾ।"
– ਮਾਝ ੩, ਅਸ ੨੬, ੭:੨ (125)

ਗਰਤ ------ ਟੋਆ, ਗੜ੍ਹਾ
"ਗਰਤ ਪਰਤ ਗਹਿ ਲੇਹੁ ਅੰਗੁਰੀਆ।"
– ਗਉ ੫, ੧੧੫, ੧*:੧ (203)

ਹੋਰ ਰੂਪ:

ਗਰਤਹੁ –
“ਹਸਤ ਅਲੰਬਨੁ ਦੇਹ ਪ੍ਰਭ ਗਰਤਹੁ ਉਧਰੁ ਗੋਪਾਲ।” (ਟੋਏ ਵਿਚੋਂ)
– ਗਉ ੫, ੧੧੬, ੨:੧ (203)

ਗਰਤਿ –
“ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ।” (ਟੋਏ ਵਿਚ)
– ਆਸਾ ੫, ਛੰਤ ੧੧, ੩:੨ (460)

ਗਰੰਥ ------ ਪੁਸਤਕ, ਧਾਰਮਿਕ ਪੁਸਤਕ
“ਅਸੰਖ ਗਰੰਥ ਮੁਖਿ ਵੇਦ ਪਾਠ।”
– ਜਪੁ ੧, ੧੭:੩ (3)

ਗਰਦਨਿ ---- (ਫਾ. ਗਰਦਨ) ਗਿਚੀ/ਧੌਣ/ਸਿਰ ਤੇ ਧੜ ਦੇ ਵਿਚਲਾ ਹਿੱਸੇ ਤੋਂ
“ਕਾਮੁ ਕ੍ਰੋਧੁ ਲੈ ਗਰਦਨਿ ਮਾਰੇ ਹਉਮੈ ਲੋਭੁ ਚੁਕਾਇਆ।”
– ਮਾਰੂ ੧, ਸੋਲਾ ੧੯, ੬:੩ (1040)
“ਨਾਤਰੁ ਗਰਦਨਿ ਮਾਰਉ ਠਾਂਇ।” (ਗਰਦਨੋਂ ਫੜ)
– ਭੈਰ ਨਾਮ, ੧੦, ੨:੨ (1165)

ਗਰਧਪ ----- ਖੋਤਾ, ਗਧਾ
“ਗਰਧਪ ਵਾਂਗੂ ਲਾਹੇ ਪੇਟਿ।”
– ਗਉ ੫, ੧੦੭, ੧:੨ (201)

ਗਰਧਬ ----- ਖੋਤਾ
“ਗਰਧਬ ਪ੍ਰੀਤਿ ਭਸਮ ਸੰਗਿ ਹੋਇ।”
– ਗਉ ੫, ਸੁਖ ੪, ੪:੮ (267)

ਗਰਧਭ ----- ਖੋਤਾ
“ਬਿਨੁ ਸਿਮਰਨ ਗਰਧਭ ਕੀ ਨਿਆਈ।”
– ਗਉ ੫, ਅਸ ੭, ੫:੧ (239)

ਹੋਰ ਰੂਪ:

ਗਰਧਭਹ –
“ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ।”
– ਸਸ ੫, ੩੩:੨ (1357)

ਗਰਬ ------ ਅਹੰਕਾਰ
“ਗਰਬ ਗਤੰ ਸੁਖ ਆਤਮ ਧਿਆਨਾ।”
– ਗਉ ੧, ਅਸ ੧, ੭:੧ (221)

ਹੋਰ ਰੂਪ:

ਗਰਬਈਆ –
“ਇਸੁ ਤਨ ਧਨ ਕੋ ਕਿਆ ਗਰਬਈਆ।” (ਅਹੰਕਾਰ ਕਰਦੇ ਹੋ)
– ਗਉ ਕਬ, ੩੫, ੧*:੧ (330)

ਗਰਬਸਿ –
“ਕਾਹੇ ਗਰਬਸਿ ਮੂੜੇ ਮਾਇਆ।” (ਅਹੰਕਾਰ ਕਰਦਾ ਹੈ)
– ਸਿਰੀ ੧, ੨੬, ੧*:੧ (23)

ਗਰਬਸੂਆ –
“ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ।”
– ਗਉ ੫, ੧੨੭*, ੪:੧ (206)

ਗਰਬਹਿ –
“ਗਲੀ ਗਰਬਹਿ ਮੁਖਿ ਗੋਵਹਿ ਗਿਆਨ।” (ਅਹੰਕਾਰ ਕਰਦੀ ਹੈ)
– ਆਸਾ ੫, ੧੨, ੨:੩ (374)
“ਕਿਆ ਤੂ ਜੋਗੀ ਗਰਬਹਿ ਪਰਿਆ।” (ਅਹੰਕਾਰ ਵਿਚ)
– ਰਾਮ ੫, ੧੩, ੧:੪ (886)

ਗਰਬਤ –
“ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ।”
– ਸਮੁ ੫, ੪*:੧ (1387)

ਗਰਬਤਹ –
“ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ।” (ਅਹੰਕਾਰ ਕਰਦਾ ਹੈ)
– ਜੈਤ ੫, ਵਾਰ ੧੦ਸ, ੫, ੧:੧ (708)

ਗਰਬੰਤਿ –
“ਗਰਬੰਤਿ ਨਾਰੀ ਮਦੋਨ ਮਤੰ।” (ਅਹੰਕਾਰ ਕਰਦਾ ਹੈ)
– ਸਸ ੫, ੬੩:੧ (1359)

ਗਰਬਲੀਆ –
“ਸੇਜ ਸੁਖਾਲੀ ਮਨਿ ਗਰਬਲੀਆ।”
– ਆਸਾ ੫, ੫੫, ੧*:੨ (385)

ਗਰਬਵਤੀ --- ਅਹੰਕਾਰੀ
“ਗਰਬਵਤੀ ਕਾ ਨਾਹੀ ਠਾਉ।”
– ਬਸੰ ਰਵਿ, ੧, ੧:੩ (1196)

ਗਰਬਾ ----- ਅਹੰਕਾਰ ਹੈ
“ਆਪਨ ਤਨੁ ਨਹੀ ਜਾ ਕੋ ਗਰਬਾ।”
– ਗਉ ੫, ੧੦੬, ੧:੧ (187)

ਗਰਬਾਈ --- ਅਹੰਕਾਰ ਵਿਚ
“ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ।”
– ਸਾਰ ੪, ਵਾਰ ੨੪:੪ (1247)

ਗਰਬਾਵੈ ---- ਅਹੰਕਾਰ ਕਰਦਾ ਹੈ
“ਧਨਵੰਤਾ ਹੋਇ ਕਰਿ ਗਰਬਾਵੈ।”
– ਗਉ ੫, ਸੁਖ ੧੨, ੨:੧ (278)

ਗਰਬਿ ----- (1) ਅਹੰਕਾਰ ਨਾਲ
“ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ।”

– ਸਿਰੀ ੩, ੬੧, ੨:੨ (38)

ਹੋਰ ਰੂਪ:

ਗਰਬਿਆ –

“ਸੁਤ ਸੰਪਤਿ ਦੇਖਿ ਇਹੁ ਮਨੁ ਗਰਬਿਆ ਰਾਮੁ ਰਿਦੈ ਤੇ ਖੋਇਆ।” (ਅਹੰਕਾਰ ਵਿਚ ਆਇਆ)

– ਸਿਰੀ ਬੇਣੀ, ੧, ੩:੩ (93)

ਗਰਬੀਐ –

“ਕੋਇ ਨ ਕਿਸ ਹੀ ਸੰਗਿ ਕਾਹੇ ਗਰਬੀਐ।” (ਮਾਨ/ਅਹੰਕਾਰ ਕਰੀਏ)

– ਆਸਾ ੫, ੧੧੧, ੧:੧ (398)

(2) ਅਹੰਕਾਰੀ –

“ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ।”

– ਗਉ ੫, ਵਾਰ ੨ਸ, ੫, ੨:੧ (318)

“ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿੰਦੁ ਗਰਬਿ ਭਇਆ।” (ਅਹੰਕਾਰੀ ਹੋ ਕੇ)

– ਆਸਾ ੧, ਪਟੀ ੭:੧ (432)

ਗਰਬੁ ------ ਅਹੰਕਾਰ

“ਹਉਮੈ ਗਰਬੈ ਗਰਬੁ ਆਪਿ ਖੁਆਈਐ।”

– ਆਸਾ ੪, ੬੫, ੩:੨ (369)

“ਗਰਬੁ ਮੋਹੁ ਤਜਿ ਹੋਵਉ ਰੇਨ।”

– ਆਸਾ ੫, ੮੪, ੩:੩ (391)

ਗਰਬੇ –

“ਇਤਨੇ ਕਉ ਤੁਮ੍ ਕਿਆ ਗਰਬੇ।” (ਅਹੰਕਾਰ ਕਰਦਾ ਹੈ)

– ਆਸਾ ੫, ੧੪, ੧*:੨ (374)

ਗਰਬੇਣ –

“ਮਜਾ ਰੁਧਿਰ ਦ੍ਰਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ।”

– ਗਾਥਾ ੫, ੧:੨ (1360)

ਗਰਬੈ –

“ਧਨਵੰਤਾ ਹੋਇ ਕਿਆ ਕੋ ਗਰਬੈ।” (ਅਹੰਕਾਰ ਕਰੇ)

– ਗਉ ੫, ਸੁਖ ੧੫, ੨:੩ (282)

“ਹਉਮੈ ਗਰਬੈ ਗਰਬੁ ਆਪਿ ਖੁਆਈਐ।” (ਗਰਬਦਾ ਹੈ ਅਹੰਕਾਰ ਕਰਦਾ ਹੈ)

– ਆਸਾ ੪, ੬੫, ੩:੨ (369)

ਗਰਭ ------ ਕੂਪ, ਉਦਰ

“ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ।”

– ਸਿਰੀ ਬੇਣੀ, ੧, ੧:੧ (93)

ਹੋਰ ਰੂਪ:

ਗਰਭੰ –

“ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ।” (ਜੂਨ)

– ਗੂਜ ੧, ਅਸ ੧, ੮:੨ (503)

ਗਰਭਦਾਨੁ --- ਗੁਝਾ/ਲੁਕਾ ਕੇ ਦਿਤਾ ਦਾਨ
"ਅਸੁਮੇਧ ਜਗੁ ਕੀਜੈ ਸੋਨਾ ਗਰਭਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ।"
- ਰਾਮ ਨਾਮ, ੪, ੧:੨ (973)

ਗਰਭਾਸਿ --- ਕੁੱਖ ਵਿਚ ਵਾਸਾ
"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।"
- ਸਿਰੀ ੧, ਪਹ ੧, ੧:੧ (74)

ਗਰਭਿ ----- ਕੁੱਖ ਵਿਚ, ਮਾਂ ਦੇ ਪੇਟ ਵਿਚ, ਜੂਨ ਵਿਚ
"ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ।"
- ਗਉ ੪, ੫੯, ੩:੨ (171)
"ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ।" (ਜੂਨਾਂ ਵਿਚ ਨ ਪਿਆ)
- ਗੂਜ ੫, ਵਾਰ ੧੦:੩ (520)
"ਅਨਿਕ ਸਜਾਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ।" (ਜੂਨ)
- ਸਾਰ ੫, ੧੧੧, ੧:੨ (1225)

ਹੋਰ ਰੂਪ:

ਗਰਭੁ –
"ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ।" (ਹਮਲ, ਕੁਖ)
- ਗਉ ੪, ੪੬, ੧:੧ (165)

ਗਰਭੇ –
"ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ।" (ਜੋਨੀਆਂ ਵਿਚ ਹੀ ਨਾਸ ਹੋ ਜਾਂਦੇ ਹਨ)
- ਗਉ ੩, ੩੭, ੩:੩ (163)

ਗਰਭੈ –
"ਵਿਚਹੁ ਗਰਭੈ ਨਿਕਲਿ ਆਇਆ।" (ਕੁੱਖ ਵਿੱਚੋਂ)
- ਮਾਰੂ ੫, ੩੧, ੩:੧ (1007)
"ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ।" (ਜੂਨੋ ਜੂਨੀ ਭਰਮਦਾ ਹੈ)
- ਸਾਰ ੫, ੧੧੧, ੧:੨ (1225)

ਗਰਲ ------ ਜੋ ਜੀਵਨ ਨੂ ਨਿਗਲ ਜਾਏ, ਜ਼ਹਿਰ
"ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰਗਤਿ ਪੀਓ।"
- ਸਵ ੨, ੭:੨ (1392)

ਗਰਾਸਿ ----- (ਸੰ.) ਗਰਾਹੀ, ਬੁਰਕੀ
"ਸਾਸਿ ਗਰਾਸਿ ਸਮਾਲੇ ਕਰਤਾ ਕੀਤਾ ਅਪਣਾ ਪਾਵਣਾ।" (ਹਰ ਸਮੇਂ)
- ਮਾਰੂ ੫, ਸੋਲਾ ੧੪, ੨:੩ (1085)

ਗਰਾਵਉ ---- ਗਲੇ ਤੋਂ
"ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕੁਰੁ ਕਾਟਿਓ ਬੰਧੁ ਗਰਾਵਉ।"
- ਆਸਾ ੫, ੧੨੧, ੪:੧ (401)

ਗਰਿ ------ ਗਲ/ਪਿਘਲ ਕੇ
"ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।"
– ਸਲੋ ਕਬ, ੧੭੭:੨ (1374)

ਹੋਰ ਰੂਪ:

ਗਰਿਓ –
"ਅਨਿਕ ਜੋਨਿ ਸੰਕਟ ਨਰਕ ਭੁੰਚਤ ਸਾਸਨ ਦੂਖ ਗਰਤਿ ਗਰਿਓ ਹੈ।" (ਗਲਦਾ ਹੈ)
– ਸਮੁ ੫, ੮*:੫ (1388)

(2) ਗਲੇ
"ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ।"
– ਸਾਰ ੫, ੧੩੬, ੨:੧ (1230)

ਗਰਿਸੁ ----- ਭਾਰੀ
"ਗੁਸਾਂਈ ਗਰਿਸੁ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ।"
– ਸਸ ੫, ੫੪:੧ (1359)

ਗਰੀ ------ (1) ਖੋਪਾ, ਨਾਰੀਏਲ ਦਾ ਮਗਜ਼
"ਗਰੀ ਛੁਹਾਰੇ ਖਾਂਦੀਆਂ ਮਾਣਨਿ੍ ਸੇਜੜੀਆ।"
– ਆਸਾ ੧, ਅਸ ੧੧, ੩:੨ (417)

(2) ਗੜੀ (ਗੋਦੜੀ); ਗਲੀ ਹੋਈ (ਮਹਾਨਕੋਸ਼)
"ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ।" (ਗੜੀ, ਗੋਦੜੀ)

ਗਰੀਆ ---- ਗਲੀਆਂ
"ਅਹੰ ਮਤ ਅਨ ਰਤ ਕੁਮਿਤ ਹਿਤ ਪ੍ਰੀਤਮ ਪੇਖਤ ਭ੍ਰਮਤ ਲ੍ਾਖ ਗਰੀਆ।"
– ਕਾਨ ੫, ੩੦, ੧:੧ (1303)

ਗਰੀਬ ----- (ਅ. ਗਰੀਬ) ਨਿਰਧਨ, ਕੰਗਾਲ
"ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।"
– ਗਉ ੪, ਸੋਹ ੪, ੪:੧ (13)

(2) ਨਿਮਾਣਾ
"ਮੋਹਿ ਗਰੀਬ ਕਉ ਲੇਹੁ ਰਲਾਇ।"
– ਆਸਾ ੫, ੮੯, ੪:੩ (393)

ਗਰੀਬ ਨਿਵਾਜ (ਫਾ. ਗਰੀਬ ਨਿਵਾਜ਼) ਦੀਨਾਂ/ਨਿਰਧਨਾਂ ਉਪਰ ਦਇਆ ਕਰਨ ਵਾਲਾ)
"ਪਾਰਬ੍ਰਹਮ ਗਰੀਬ ਨਿਵਾਜ।"
– ਗਉ ੫, ਸੁਖ ੧੧, ੪:੨ (277)

ਹੋਰ ਰੂਪ:

ਗਰੀਬ ਨਿਵਾਜਿ –
"ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪਿ।"
– ਗੁਜ ੫, ਵਾਰ ੧੩:੫ (521)

ਗਰੀਬ ਨਿਵਾਜੁ
"ਗਰੀਬ ਨਿਵਾਜੁ ਦਿਨੁ ਰੈਣਿ ਧਿਆਇ।" (ਨਿਮਾਣਿਆਂ ਨੂੰ ਮਾਣ ਦੇਣ ਵਾਲਾ)

– ਭੈਰ ੫, ੧੦, ੩:੨ (1138)

ਗਰੀਬਾ ----- (1) ਨਿਰਧਨਾਂ, ਦੀਨਾਂ, ਨਿਮਾਣਿਆ
“ਗਰੀਬਾ ਅਨਾਥਾ ਤੇਰਾ ਮਾਣਾ।”
– ਮਾਝ ੫, ੧੪, ੧:੨ (98)
(2) ਗਰੀਬ, ਨਿਤਾਣਾ
“ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।”
– ਗਉ ੫, ੧੨੫*, ੧:੧ (206)

ਗਰੀਬਾਨੋ ---- ਗਰੀਬ, ਨਿਮਾਣਾ
“ਏਕ ਮਹਲਿ ਤੂੰ ਆਪੇ ਆਪੇ ਏਕ ਮਹਲਿ ਗਰੀਬਾਨੋ।”
– ਗਉ ੫, ੧੨੬*, ੧:੨ (206)

ਗਰੀਬੀ ----- ਨਿਮਰਤਾ
“ਖਿਮਾ ਗਰੀਬੀ ਅਨਦ ਸਹਜ ਜਪਤ ਰਹਹਿ ਗੁਣਤਾਸ।”
– ਗਉ ੫, ਬਾਅ ੧੮:੫ (253)
“ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਉ।” (ਬੁੱਧ ਦੀ ਗਰੀਬੀ, ਮੱਤ ਨੀਵੀਂ, ਨਿਮਰਤਾ)
– ਆਸਾ ੫, ੧੧੪, ੨:੧ (399)

ਗਰੀਬੁ ----- (1) ਨਿਮਾਣਾ
“ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਗਹਿ ਚਲੀ।” (ਨਿਮਾਣਾ)
– ਦੇਵ ੪, ੨, ੨:੨ (527)
(2) ਨਿਰਧਨ
“ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ।”
– ਮਾਰੂ ਕਬ, ੯, ੧*:੨ (1105)

ਗਰੁੜ ------ ਇਕ ਪੰਛੀ ਜੋ ਵਿਸ਼ਨੂੰ ਦਾ ਵਾਹਨ ਮੰਨਿਆ ਜਾਂਦਾ ਹੈ
“ਗਰੁੜ ਚੜ੍ਹੇ ਗੋਬਿੰਦ ਆਇਲਾ।”
– ਭੈਰ ਨਾਮ, ੧੦, ੧੫:੨ (1166)
“ਬਿਸੀਅਰ ਬਿਸੂ ਭਰੇ ਹੈ ਪੂਰਨ ਗੁਰੁ ਗਰੁੜ ਸਬਦੁ ਮੁਖਿ ਪਾਵੈਗੋ।”
– ਕਾਨ ੪, ਅਸ ੫, ੨:੧ (1311)
(2) ਗਾਰੁੜ ਮੰਤ੍ਰ, ਉਹ ਮੰਤ੍ਰ ਜਿਸ ਨਾਲ ਸੱਪ ਦਾ ਜ਼ਹਿਰ ਨਹੀਂ ਚੜਦਾ
“ਗਰੁੜ ਮੁਖਿ ਨਹੀ ਸਰਪ ਤ੍ਰਾਸ।”
– ਮਾਲੀ ੫, ੩, ੩:੧ (987)

ਗਰੁੜਾ ----- ਨਰਮ, ਮੂੰਹ ਵਿਚ ਘੁਲ/ਪੰਘਰ ਜਾਣ ਵਾਲਾ, ਰਿੱਧੇ ਹੋਏ ਚਾਵਲ
“ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ।”
– ਮਾਝ ੧, ਵਾਰ ੯ਸ, ੧, ੨:੧ (142)
“ਗਰੁੜਾ ਖਾਣਾ ਦੁਧ ਸਿਉ ਗਾਡਿ।”
– ਬਸੰ ੧, ੩, ੧:੪ (1169)

ਗਰੁੜਾਰੀ --- ਗਾਰੜੁ ਮੰਤਰ, ਸੱਪ ਦੇ ਜ਼ਹਿਰ ਦੇ ਅਸਰ ਨੂ ਦੂਰ ਕਰਨ ਵਾਲਾ ਮੰਤਰ

"ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰ ਮੰਤ੍ਰੂ ਮੂਖਿ ਗਰੁੜਾਰੀ।"
– ਸਾਰ ੫, ੨੫, ੧:੧ (1209)

ਗਰੁੜੁ ------ ਸੱਪ ਦੇ ਵਿਹੁ ਨੂੰ ਕੱਟਣ ਵਾਲਾ ਗਾਰੂੜ ਮੰਤਰ
"ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ।"
– ਮਲਾ ੩, ੯, ੧:੨ (1260)

ਗਰੂ ------- ਵਡਾ, ਗੌਰਵਮਈ
"ਗੁਰੂ ਮੁਖੁ ਦੇਖਿ ਗਰੂ ਸੁਖੁ ਪਾਯਉ।"
– ਸਵ ੪, ਨਲ ੧੦:੧ (1400)

ਗਰੂਅ ----- ਭਾਰੀ, ਡੂੰਘੀ ਤੀਖਣ
"ਤਿਤੁ ਨਾਮਿ ਗੁਰੂ ਗੰਭੀਰ ਗਰੂਅ ਮਤਿ ਸਤ ਕਰਿ ਸੰਗਤਿ ਉਧਰੀਆ"
– ਸਵ ੩, ੪:੩ (1393)

ਗਰੂਆ ----- ਗੌਰਵ/ਵਡਿਆਈ ਵਾਲਾ, ਭਾਰਾ
"ਕਹੁ ਨਾਨਕ ਸੋਢੀ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ।"
– ਬਿਲਾ ੯, ੩, ੩:੨ (831)

ਗਰੂਰੁ ------ (ਅ. ਗਰੂਰ) ਘਮੰਡ, ਗਰਵ, ਅਹੰਕਾਰ
"ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ।"
– ਰਾਮ ਬਸ, ਵਾਰ ੫:੨ (967)

ਗਲ ------- (1) ਗੀਚੀ, ਗਰਦਨ
"ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ।" (ਭਾਵ ਛਾਤੀ)
– ਸਿਰੀ ੪, ਪਹ ੩, ੨:੩ (76)
"ਕਿਉ ਖੂਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ।"
– ਗਉ ਛੰਤ ੨, ੩:੨ (243)
"ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ।" (ਗਲੇ ਤੱਕ, ਨੱਕੋ ਨੱਕ)
– ਗਉ ੩, ਛੰਤ ੩, ੧:੪ (245)
(2) ਬਾਤ, ਕਥਨ, ਬਚਨ
"ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ।"
– ਮਾਝ ੧, ਵਾਰ ੨੬ਸ, ੧, ੧:੧੮ (150)
"ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ।" (ਗੱਲਾਂ ਦਾ ਖੱਟਿਆ ਖਾਣਾ)
– ਗਉ ੪, ਵਾਰ ੮ਸ, ੪, ੨:੩ (303)
"ਗੁਰ ਪੂਰੇ ਏਹ ਗਲ ਸਾਰੀ।" (ਇਹ ਗਲ ਸਮਝਾਈ ਭਾਵ ਮਤੁ ਸਿਖਿਆ ਉਦੇਸ਼ ਦਿਤਾ ਹੈ)
– ਸੋਰ ੫, ੮੦, ੧:੪ (628)
(3) ਪੁਛ ਪਰਤੀਤ (ਭਾਵ)
"ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।"
– ਤਿਲੰ ੧, ੫, ੧:੪ (722)

(4) ਕੰਮ

"ਜਿ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ ਲੋਕਾਈ।"

– ਬਿਲਾ ੪, ਵਾਰ ੪:੫ (850)

"ਜੋ ਕੀਨੀ੍ ਕਰਤਾਰਿ ਸਾਈ ਭਲੀ ਗਲ।" (ਉਪਾਉ)

– ਰਾਮ ੫, ਵਾਰ ੧੬:੫ (964)

(5) ਖਬਰ

"ਦੁਨੀਆ ਲਬਿ ਪਇਆ ਖਾਤ ਅੰਦਰਿ ਅਗਲੀ ਗਲ ਨ ਜਾਣੀਆ।"

– ਮਾਰੂ ੫, ਅਸ ੮, ੪:੩ (1020)

(6) ਬੇਨਤੀ, ਅਰਦਾਸ (ਭਾਵ)

"ਜਿਨ ਕਾ ਪਖੁ ਕਰਹਿ ਤੂ ਸੁਆਮੀ ਤਿਨ ਕੀ ਊਪਰਿ ਗਲ ਤੁਧੁ ਆਣੀ ਹੇ।" (ਮੰਨੀ ਹੈ)

– ਮਾਰੂ ੪, ਸੋਲਾ ੨, ੧੪:੩ (1071)

ਗਲਉਰੇ ---- ਪਾਨ ਦੇ ਬੀੜੇ

"ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।"

– ਆਸਾ ਕਬ, ੬, ੨:੧ (477)

ਗਲਹਿ ----- ਗਰਦਨ ਵਿਚ

"ਤੇਰੇ ਗਲਹਿ ਤਉਕੁ ਪਗ ਬੇਰੀ।"

– ਸੋਰ ਕਬ, ੫, ੨:੧ (655)

ਹੋਰ ਰੂਪ:

ਗਲਹੁ –

"ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ।" (ਗੱਲ ਵਿਚੋਂ)

– ਸਿਰੀ ੪, ਵਾਰ ੯ਸ, ੩, ੧:੪ (85)

ਗਲਣਿ ----- ਗਲਾਂ, ਬਚਨ

"ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ।"

– ਸਲੋ ੫, ੧੧:੧ (1425)

ਗਲਤ ------ (1) ਡਿਗ ਪਏ

"ਅੰਧ ਕੂਪ ਮਹਿ ਗਲਤ ਥੇ ਕਾਢੇ ਦੇ ਹਾਥੇ।" (ਡਿਗੇ ਪਏ ਸੀ)

– ਬਿਲਾ ੫, ੪੯, ੧:੨ (813)

(2) (ਫਾ. ਗ਼ਲਤਾਨ) ਖਚਿਤ, ਲੀਨ, ਮਸਤ

"ਤਨ ਮਨ ਗਲਤ ਭਏ ਠਾਕੁਰ ਸਿਉ ਆਪਨ ਲੀਏ ਮਿਲਾਈ।"

– ਕਾਨ ੫, ੫, ੧*:੨ (1299)

ਗਲਤਾਨ ---- ਖਚਿਤ ਮਸਤ ਲੀਨ, ਵੇਖੋ 'ਗਲਤ' (2)

"ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ।"

– ਸਿਰੀ ੫, ਛੰਤ ੩, ੩:੨ (81)

ਹੋਰ ਰੂਪ:

ਗਲਤਾਨੁ –

“ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ।”
– ਆਸਾ ੩, ਪਟੀ ੧੧:੧ (435)

ਗਲਤੁ ----- ਖਚਿਤ, ਲੀਨ, ਮਸਤ ਵੇਖੋ ‘ਗਲਤ’ (2)
“ਮਨ ਤਨ ਗਲਤੁ ਭਏ ਕਿਛੁ ਕਹਣੁ ਨ ਜਾਈ ਰਾਮ।”
– ਬਿਹਾ ੫, ਛੰਤ ੫, ੪:੧ (545)
“ਮਹਾ ਬਿਕਾਰ ਘੋਰ ਦੁਖ ਸਾਗਰ ਤਿਸੁ ਮਹਿ ਪ੍ਰਾਣੀ ਗਲਤੁ ਪਇਆ।” (ਗਰਕਦਾ ਪਿਆ ਹੈ)
– ਬਿਲਾ ੫, ੧੧੦, ੨:੧ (826)

ਗਲਵਢ ---- ਗਲ ਵਢਣ ਵਾਲੇ, ਕਾਤਲ, ਖੂਨੀ
“ਅਸੰਖ ਗਲਵਢ ਹਤਿਆ ਕਮਾਹਿ।”
– ਜਪੁ ੧, ੧੮:੪ (4)

ਗਲਾ ------ (1) ਬਚਨ, ਬੋਲ
“ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।”
– ਜਪੁ ੧, ੩੨:੪ (7)

ਹੋਰ ਰੂਪ:

ਗਲਾਂ –
“ਹੋਰਿ ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ।”
– ਸਿਰੀ ੧, ੫, ੪:੩ (16)

(2) ਹਾਲ
“ਤਾ ਕੀਆ ਗਲਾ ਕਥੀਆ ਨਾ ਜਾਹਿ।”
– ਜਪੁ ੧, ੩੬:੫ (8)

(3) ਕੰਮ
“ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ।”
– ਮਾਝ ੫, ੪੮, ੨:੩ (108)
“ਸਭੇ ਗਲਾ ਆਪਿ ਥਾਟਿ ਬਹਾਲੀਓਨੁ।”
– ਸੋਰ ੪, ਵਾਰ ੨੮:੧ (653)

(4) ਕੋੜਮਾ, ਟੋਲਾ, ਵਗ
“ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।”
– ਮਾਝ ੧, ਵਾਰ ੨੬ਸ, ੧, ੧:੧੧ (150)

(5) ਪ੍ਰਕਾਰ (ਭਾਵ)
“ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ।” (ਹਰ ਪ੍ਰਕਾਰ ਦੇ ਸੁਖ ਦੇਣ ਵਾਲਾ ਹੈ)
– ਬਿਹਾ ੪, ਵਾਰ ੪:੨ (550)

(6) ਗੁਣ (ਭਾਵ)
“ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ।” (ਗਲਾਂ ਲੈ ਕੇ ਭਾਵ ਗੁਣ ਵੇਖਕੇ)
– ਰਾਮ ਬਸ, ਵਾਰ ੩:੨ (967)

(7) ਗਰਦਨ
“ਗਲਾ ਬਾਂਧਿ ਦੁਹਿ ਲੇਇ ਅਹੀਰੁ।”

– ਸਾਰ ਨਾਮ, ੧, ੨:੪ (1252)

"ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ।"

– ਸਲੋ ਕਬ, ੧੯੮:੨ (1374)

ਗਲਾਇਓ --- ਗਾਲਿਆ, ਘੁਲਾਇਆ

"ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ।"

– ਮਾਲੀ ੪, ੩, ੩:੨ (985)

ਗਲਾਟੇ ----- ਗਲੇ ਲਗ ਕੇ

"ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ।"

– ਗਉ ੪, ੪੧, ੪:੨ (164)

ਗਲਾਢੇ ----- ਗਲਦੇ ਹਨ

"ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ।"

– ਗਉ ੪, ੫੯, ੩:੨ (171)

ਗਲਾਣੇ ----- ਗਲੇ/ਗਰਦਨ ਵਿਚ

"ਤੇ ਤੇ ਬੰਧ ਗਲਾਣੇ।"

– ਮਾਰੂ ੫, ੧੭, ੩:੨ (1004)

ਗਲਾਵਾਂ ----- ਗਲੇ ਦੀ ਰੱਸੀ, ਤੌਂਕ

"ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ।"

– ਗਉ ੪, ਵਾਰ ੩੨:੩ (317)

ਗਲਾਵਿਆ --- ਗਲਾਵਾਂ, ਤੌਂਰ, ਗਲੇ ਦੀ ਰਸੀ

"ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ।"

– ਆਸਾ ੫, ਛੰਤ ੧੧, ੨:੩ (460)

ਹੋਰ ਰੂਪ:

ਗਲਾਵੈ –

"ਨਰਕਿ ਘੋਰਿ ਮੁਹਿ ਕਾਲੈ ਖੜਿਆ ਜਿਉ ਤਸਕਰੁ ਪਾਇ ਗਲਾਵੈ।"

– ਗਉ ੪, ਵਾਰ ੮ਸ, ੪, ੧:੭ (303)

ਗਲਿ ------ (1) ਗਲੇ, ਨਾਲ ਭਾਵ ਛਾਤੀ ਮਿਲਾ ਕੇ

"ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।"

– ਸਿਰੀ ੧, ੧੦, ੧:੧ (17)

"ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ।"

– ਸਿਰੀ ੪, ੭੦, ੨:੩ (42)

(2) ਗਲੇ ਵਿਚ, ਗਰਦਨ ਦੁਆਲੇ

"ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ।"

– ਸਿਰੀ ੧, ਅਸ ੯, ੪:੨ (58)

"ਗਲਿ ਜੇਵੜੀ ਹਉਮੈ ਕੇ ਫਾਸਾ।"

– ਗਉ ੫, ੭੧, ੨:੩ (176)

(3) ਗਲ ਜਾਂਦੇ, ਨਾਸ ਹੋ ਜਾਂਦੇ ਹਨ

"ਗਰਭ ਜੋਨੀ ਵਾਸੁ ਪਾਇਦੇ ਗਰਭ ਗਲਿ ਜਾਣੇ।"
– ਗਉ ੩, ਅਸ ੩੭, ੩:੩ (163)
"ਧਨ ਜੋਬਨ ਕਾ ਗਰਬੁ ਨ ਕੀਜੈ ਕਾਗਦ ਜਿਉ ਗਲਿ ਜਾਹਿਗਾ।"
– ਮਾਰੂ ਕਬ, ੧, ੧:੨ (1106)

ਹੋਰ ਰੂਪ:

ਗਲਿਆ –
"ਹਰਿ ਬਿਸਰਤ ਤੇਰੇ ਗੁਣ ਗਲਿਆ।"
– ਆਸਾ ੧, ਸੋਪੁ ੩, ੧*:੨ (12)
"ਨਾਨਕ ਬਖਸਿ ਮਿਲਾਇਅਨੁ ਫਿਰਿ ਗਰਭਿ ਨ ਗਲਿਆ।" (ਖਰਾਬ ਹੋਇਆ)
– ਸਾਰ ੪, ਵਾਰ ੨੦:੫ (1245)

(4) ਜੁਮੇ, ਸਿਰ (ਭਾਵ)
"ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ।"
– ਗਉ ੪, ਵਾਰ ੮ਸ, ੪, ੨:੨ (303)

(5) ਘੁਲ ਜਾਣਾ
"ਜੈਸੇ ਅੰਭ ਕੁੰਡੁ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ।"
– ਆਸਾ ੫, ੧੨੩, ੩:੧ (402)

(6) ਗਲੇ ਤੱਕ, ਗਲ ਗਲ ਤੱਕ
"ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ।"
– ਮਾਰੂ ੧, ਅਸ ੯, ੨:੨ (1014)

ਗਲੀ ------ (1) ਗੱਲਾਂ ਨਾਲ, ਬੋਲਾਂ/ਕਥਨਾਂ ਨਾਲ
"ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ।"
– ਸਿਰੀ ੧, ੬, ੨:੩ (16)

ਗਲੀਂ –
"ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ।"
–ਸਮ ੪, ਵਾਰ ੭ਸ, ੧, ੨:੧ (85)

ਗਲੀਈ –
"ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ।" (ਗਲਾਂ ਨਾਲ)
– ਆਸਾ ੧, ਵਾਰ ੪ਸ, ੧, ੨:੮ (465)

(2) ਗਲਾਂ ਵਿਚੋਂ
"ਗਲੀ ਗਲਾ ਸਿਰਜਣਹਾਰ।"
– ਆਸਾ ੧, ੯, ੧:੨ (351)

(3) ਗਲਾਂ ਵਿਚ, ਗਰਦਨ ਦੁਆਲੇ
"ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ।"
– ਆਸਾ ੧, ਵਾਰ ੨੩:੩ (475)
"ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ।"
– ਆਸਾ ਕਬ, ੨, ੧:੨ (475)

ਹੋਰ ਰੂਪ:

ਗਲੀਂ –
"ਇਕਨਾ ਗਲੀਂ ਜੰਜੀਰ ਬੰਦਿ ਰਬਾਣੀਐ।"
– ਮਲਾ ੧, ਵਾਰ ੨੧:੧ (1287)

(4) ਬੀਹੀ, ਕੂਚਾ
"ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ।"
– ਦੇਵ ੪, ੨, ੧*:੧ (527)

"ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ।"
– ਰਾਮ ੩, ਵਾਰ ੧੩ਸ, ੧, ੨:੫ (953)

ਹੋਰ ਰੂਪ:

ਗਲੀਆ –
"ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚ ਸੁਰਸਰੀ ਸੁਰਸਰੀ ਮਿਲਤ ਪਵਿਤ੍ਰ ਪਾਵਨੁ ਹੋਇ ਜਾਵੈ।"
– ਬਿਲਾ ੪, ਵਾਰ ੧੩:੩ (854)

ਗਲੀਆਂ –
"ਅਉਘਟ ਰੁਧੇ ਰਾਹ ਗਲੀਆਂ ਰੋਕੀਆਂ।"
– ਮਲਾ ੧, ੨੩:੩ (1288)

ਗਲੀਏ –
"ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ।" (ਗਲੀਆਂ ਵਿਚ)
– ਸਲੋ ਫਰ, ੨੪:੧ (1379)

ਗਲੁ ------- ਗੀਚੀ, ਗਰਦਨ
"ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।"
– ਸਲੋ ਫਰ, ੭੬:੧ (1381)

ਗਲੇ ------- (1) ਸੜ/ਨਾਸ ਹੋ ਗਏ
"ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ।"
– ਗਉ ੫, ਸੁਖ ੧੨ਸ:੨ (278)

"ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ।"
– ਸਲੋ ਕਬ, ੧੫੬:੨ (1372)

(2) ਗਲੇ ਗੀਚੀ
"ਲਾਗੁ ਗਲੇ ਸੁਨੁ ਬਿਨਤੀ ਮੇਰੀ।" (ਭਾਵ ਛਾਤੀ)
– ਆਸਾ ਕਬ, ੩੫, ੧:੧ (484)

"ਵਾ ਕੇ ਗਲੇ ਜਮ ਕਾ ਹੈ ਫਾਸ।"
– ਭੈਰ ਨਾਮ, ੮, ੩:੪ (1165)

ਗਲੈ ------- (1) ਗਲ ਭਾਵ ਪੱਖ ਦਾ ਵੀ
"ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ।"
– ਬਿਹਾ ੪, ਵਾਰ ੪:੧ (550)

(2) ਗਲ/ਗੀਚੀ/ਗਰਦਨ ਦੁਆਲੇ
"ਮਿਰਤਕ ਫਾਸ ਗਲੈ ਸਿਰਿ ਪੈਰੇ।"

– ਬਿਲਾ ੫, ੧੮, ੩:੨ (806)
(3) ਸੜਦਾ/ਗਲਦਾ ਹੈ
“ਭਗਤ ਕੀ ਨਿੰਦਾ ਗਰਭ ਮਹਿ ਗਲੈ।” (ਭਾਵ ਜਨਮ ਮਰਨ ਵਿਚ ਪੈਂਦਾ ਹੈ)
– ਭੈਰ ੫, ੩੪, ੨:੩ (1145)
(4) ਗਲ ਭਾਵ ਕਿਰਿਆ
“ਮਾਣੂ ਘਲੈ ਉਠੀ ਚਲੈ ਸਾਦੁ ਨਾਹੀ ਇਵੇਹੀ ਗਲੈ।”
– ਸਲੋ ੧, ੨੪, ੧:੨ (1412)

ਗਲੋਈਐ --- ਆਖੀ, ਸੁਣਾਈ ਹੈ
“ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ ਜਿਨਿ ਹਰਿ ਕੀ ਹਰਿ ਗਾਲ ਗਲੋਈਐ।”
– ਵਡ ੪, ਵਾਰ ੪:੫ (587)

ਹੋਰ ਰੂਪ:

ਗਲੋਹੀ –
“ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ।”
– ਗਉ ੫, ੧੨੯*, ੨:੨ (207)

ਗਲੋਲਾ ----- (ਫਾ. ਗਲੋਲਾ) ਅਫੀਮ, (ਨਸ਼ੇ) ਦੀ ਗੋਲੀ
“ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ।”
– ਸਿਰੀ ੧, ੫, ੧:੧ (15)

ਗਲ੍ਹਾ ------ ਗਲਾਂ
“ਗਲ੍ਹਾ ਪਿਟਨਿ ਸਿਰੁ ਖੋਹੇਨਿ।”
– ਸਲੋ ੧, ੬:੨ (1410)

ਗਵਈਆ --- ਗਾਏ
“ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ।”
– ਬਿਲਾ ੪, ਅਸ ੧, ੧:੧ (833)

ਗਵਣੰ ------ ਗਾਉਣਾ
“ਸੁਭ ਬਚਨ ਰਮਣੰ ਗਵਣੰ ਸਾਧ ਸੰਗੇਣ ਉਧਰਣਹ।”
– ਗਾਥਾ ੫, ੧੯:੧ (1361)

ਗਵਨ ------ (1) ਜਾਣ
“ਨਹੀ ਹੋਤ ਊਹਾ ਉਸੁ ਗਵਨ।”
–ਗਉ ੫, ਸੁਖ ੪, ੬:੮ (267)
(2) ਆਵਾਗਵਨ, ਜਨਮ ਮਰਨ
“ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ।”
– ਗਉ ੫, ਬਾਅ ੩੮ਸ:੧ (258)
“ਮਿਟਿ ਗਏ ਗਵਨ ਪਾਏ ਬਿਸ੍ਰਾਮ।” (ਜੂਨਾਂ ਦੀਆਂ ਫੇਰੀਆਂ)
– ਗਉ ੫, ਸੁਖ ੧੧, ੮:੯ (278)

ਹੋਰ ਰੂਪ:

ਗਵਨੁ –

“ਸਤਿਗੁਰ ਕੈ ਜਨਮੇ ਗਵਨੁ ਮਿਟਾਇਆ।”

– ਰਾਮ ੧, ਸਿਗੋ ੨੦:੧ (940)

(3) ਫਿਰਨਾ

“ਥਿਤਿ ਪਾਈ ਚੂਕੇ ਭ੍ਰਮ ਗਵਨ।”

–ਗਉ ੫, ਸੁਖ ੧੮, ੭:੯ (287)

“ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ।” (ਭਾਵ ਤੀਰਥ ਯਾਤਰਾ)

– ਸਾਰ ੫, ੬੦, ੧:੧ (1216)

ਹੋਰ ਰੂਪ:

ਗਵਨੁ –

“ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ।” (ਭਰਮਨ, ਭਾਵ ਤੀਰਥ ਯਾਤਰਾ)

– ਸਿਰੀ ੫, ਅਸ ੨੬, ੫:੨ (70)

“ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ।” (ਧਰਤੀ ਉਤੇ ਭਰਮਣ ਕਰਦੇ)

– ਆਸਾ ੫, ਛੰਤ ੫, ੧:੪ (455)

ਗਵਨੁ ------ (1) ਭਰਮਨ ਯਾਤਰਾ ਵੇਖੋ ‘ਗਵਨ’ (3)

“ਅਨਿਕ ਜਤਨ ਗਵਨੁ ਕਰਉ।” (ਤੀਰਥ ਯਾਤਰਾ)

– ਕੇਦਾ ੫, ੨, ੧:੧ (1119)

(2) ਸਫਰ, ਪੈਂਡਾ

“ਗਵਨੁ ਕੀਆ ਧਰਤੀ ਭਰਮਾਤਾ।”

– ਮਾਝ ੫, ੧੨, ੩:੨ (98)

“ਦੂਰਿ ਗਵਨੁ ਸਿਰ ਊਪਰਿ ਮਰਨਾ।” (ਪੈਂਡਾ)

– ਸੂਹੀ ਰਵਿ, ੨, ੧:੪ (794)

(3) ਚਲਾਣਾ

“ਗਵਨੁ ਕਰੈਗੋ ਸਗਲੋ ਲੋਗਾ।” (ਭਾਵ ਮਰ ਜਾਣਗੇ)

– ਗਉ ੫, ਅਸ ੪, ੪:੪ (237)

“ਸੰਗਿ ਨ ਸਾਥੀ ਗਵਨੁ ਇਕੇਲਾ।”

– ਸੂਹੀ ਰਵਿ, ੧, ੨:੪ (793)

(4) ਆਵਾਗਵਨ, ਜਨਮ ਮਰਨ, ਵੇਖੋ ‘ਗਵਨ’ (2)

ਗਵਾਇ ----- (1) ਮੇਟ ਕੇ, ਗਵਾ ਕੇ

“ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ।”

– ਸਿਰੀ ੩, ੩੬, ੪:੧ (27)

ਹੋਰ ਰੂਪ:

ਗਵਾਇਆ –

“ਦਾਸਨਿ ਦਾਜ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ।”

– ਮਾਝ ੧, ਵਾਰ ੧੬:੭ (145)

ਗਵਾਇਣ –

“ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ।”

– ਨਟ ੫, ੭, ੧:੧ (979)

ਗਵਾਇਦਾ –

"ਏਕੰਕਾਰੁ ਵਸੈ ਮਨਿ ਭਾਵੈ ਹਉਮੈ ਗਰਬੁ ਗਵਾਇਦਾ।"

– ਮਾਰੂ ੧, ਸੋਲਾ ੧੩, ੧੧:੩ (1034)

ਗਵਾਈ –

"ਮਨੁ ਤਨੁ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ।"

– ਸਿਰੀ ੩, ਅਸ ੨੨, ੭:੨ (68)

ਗਵਾਈਐ –

"ਸਿਝੈ ਦਰਿ ਦੀਵਾਨਿ ਆਪੁ ਗਵਾਈਐ।"

– ਮਾਝ ੧, ਵਾਰ ੯:੨ (142)

"ਕੋਇ ਨ ਲਾਗੈ ਬਿਘਨੁ ਆਪੁ ਗਵਾਈਐ।"

– ਗੂਜ ੫, ਵਾਰ ੮:੫ (520)

ਗਵਾਏ –

"ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ।"

– ਸਿਰੀ ੩, ੪੧, ੩:੨ (29)

(2) ਬੇ ਅਰਥ ਲੰਘਾ ਕੇ

"ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ।"

– ਸਿਰੀ ੩, ੪੭, ੨:੩ (32)

ਹੋਰ ਰੂਪ:

ਗਵਾਇਓ –

"ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ।" (ਲੰਘਾ ਦਿਤਾ)

– ਸਿਰੀ ਤ੍ਰਿਲੋ ੨, ੨:੨ (93)

ਗਵਾਇਆ –

"ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ।"

– ਸਿਰੀ ੧, ੨੭, ੧*:੨ (24)

ਗਵਾਈ –

"ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ।"

– ਗਉ ੧, ੧੮, ੧:੧ (156)

ਗਵਾਈਐ –

"ਦੂਜੀ ਕਾਰੈ ਲਗਿ ਜਨਮੁ ਗਵਾਈਐ।"

– ਮਾਝ ੧, ਵਾਰ ੧੪:੩ (144)

ਗਵਾਏ –

"ਦੂਜੈ ਭਾਇ ਬਿਰਥਾ ਜਨਮੁ ਗਵਾਏ।" (ਬੇ ਅਰਥ ਲੰਘਾ ਦੇਵੇ)

– ਮਾਝ ੩, ਅਸ ੨੪, ੬:੨ (123)

(3) ਖੋਹ/ਗੁੰਮਾ/ਗੁਆ ਦੇਣਾ

"ਮਨਮੁਖ ਸਬਦ ਨ ਜਾਣਨੀ ਜਾਸਨਿ ਪਤਿ ਗਵਾਇ"

– ਸਿਰੀ ੩, ੫੨, ੩:੨ (33)

"ਰੋਵੈ ਦਹਸਿਰ ਲੰਕ ਗਵਾਇ।"

– ਰਾਮ ੩, ਵਾਰ ੧੪ਸ, ੧, ੧:੭ (954)

ਹੋਰ ਰੂਪ:

ਗਵਾਇਓ –
"ਪਿਰੁ ਛੈਲ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ।"
– ਰਾਮ ੫, ਵਾਰ ੬ਸ, ੫, ੧:੫ (959)

ਗਵਾਇਆ –
"ਗੁਰਮੁਖਿ ਲਾਧਾ ਮਨਮੁਖਿ ਗਵਾਇਆ।"
– ਆਸਾ ੪, ਸੋਪੁ ੨, ੧:੩ (11)

ਗਵਾਇਦਾ –
"ਕਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ।"
– ਮਾਰੂ ੫, ਸੋਲਾ ੫, ੫:੩ (1075)

ਗਵਾਇਨਿ –
"ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।"
– ਮਾਝ ੧, ਵਾਰ ੨੬ਸ, ੧, ੧:੪ (149)

ਗਵਾਈ –
"ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ।"
– ਸਿਰੀ ੧, ੨੪, ੪:੨ (23)

ਗਵਾਈਆ –
"ਸਾਹਾਂ ਸੁਰਤਿ ਗਵਾਈਆ ਰੰਗ ਤਮਾਸੈ ਚਾਇ।"
– ਆਸਾ ੧, ਅਸ ੧੧, ੫:੨ (417)

ਗਵਾਈਐ –
"ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ।" (ਭਾਵ ਖੁਸ਼ੀ ਦਾ ਹੈ, ਬੇਅਰਥ ਬੋਲੀਦਾ ਹੈ)
– ਵਡ ੧, ਛੰਤ ੧, ੧:੪ (566)

ਗਵਾਏ –
"ਮਰਿ ਮਰਿ ਜਨਮੈ ਪਤਿ ਗਵਾਏ ਅਪਣੀ ਬਿਰਥਾ ਜਨਮੁ ਗਵਾਵਣਿਆ।"
– ਮਾਝ ੩, ਅਸ ੧੯, ੩:੩ (120)

(4) ਖਤਮ ਕਰ, ਦੂਰ ਕਰ, ਮੇਟ ਕੇ

"ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ।"
– ਸਿਰੀ ੩, ੬੪, ੨:੨ (39)

"ਨਾਨਕ ਰੋਗੁ ਗਵਾਇ ਮਿਲਿ ਸਤਗੁਰ ਸਾਧੂ ਸਜਨਾ।"
– ਗਉ ੪, ਵਾਰ ੩ਸ, ੪, ੧:੨ (301)

"ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ।" (ਦੂਰ ਕਰ)
– ਬਿਹਾ ੪, ਵਾਰ ੯ਸ, ੩, ੧:੧ (551)

ਹੋਰ ਰੂਪ:

ਗਵਾਇਓ –
"ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ।" (ਦੂਰ ਕੀਤਾ)
– ਗਉ ੫, ੧੩੬*, ੩:੧ (209)

ਗਵਾਇਆ –
"ਜਨਮ ਜਨਮ ਕਾ ਰੋਗੁ ਗਵਾਇਆ।" (ਦੂਰ ਕੀਤਾ)

– ਮਾਝ ੫, ੪੬, ੩:੨ (108)

ਗਵਾਇਸੀ –

“ਜਿਨ ਅੰਦਰਿ ਨਾਮੁ ਨਿਧਾਨੁ ਹੈ ਤਿਨ ਕਾ ਭਉ ਸਭੁ ਗਵਾਇਸੀ।” (ਦੂਰ ਕਰੇਗਾ)

– ਗਉ ੪, ਵਾਰ ੧੮ਸ, ੪, ੧:੩ (310)

ਗਵਾਇਹਿ –

“ਰੋਗੁ ਗਵਾਇਹਿ ਆਪਣਾ ਤ ਨਾਨਕ ਵੈਦੁ ਸਦਾਇ।”

– ਮਲਾ ੧, ਵਾਰ ੩ਸ, ੨, ੨:੪ (1279)

ਗਵਾਇਦਾ –

“ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ।”

– ਮਾਰੂ ੩, ਸੋਲਾ ੧੯, ੧੨:੩ (1063)

ਗਵਾਈ –

“ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ।” (ਖਤਮ ਕਰ ਬੈਠੇ)

– ਸਿਰੀ ੩, ੪੫, ੨:੨ (31)

“ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ।” (ਮਾਰ ਕੇ ਦੂਰ ਕੀਤੀ ਭਾਵ ਮਾਰ ਦਿਤੀ)

– ਗਉ ੩, ਅਸ, ੨, ੮:੨ (230)

“ਤ੍ਰਿਸਨਾ ਅਗਨਿ ਬੁਝੀ ਖਿਨ ਅੰਤਰਿ ਗੁਰਿ ਮਿਲਿਐ ਸਭ ਭੁਖ ਗਵਾਈ।” (ਦੂਰੀ ਹੋਈ/ਤ੍ਰਿਪਤ ਹੋ ਗਈ)

– ਸੂਹੀ ੪, ੫, ੧*:੨ (732)

ਗਵਾਈਆ –

“ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ ।” (ਦੂਰ ਕੀਤੀਆਂ, ਮਿਟਾਈਆਂ)

– ਗਉ ੪, ਵਾਰ ੨੩:੫ (313)

ਗਵਾਈਐ –

“ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ।”

– ਸਿਰੀ ੧, ਅਸ ੧੩, ੮:੩ (62)

ਗਵਾਏ –

“ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁਖ ਗਵਾਏ।” (ਦੂਰ ਕਰੇ, ਤ੍ਰਿਪਤ ਕਰੇ)

– ਸਿਰੀ ੪, ਵਾਰ ੧੫:੩ (89)

“ਹਮਰਾ ਹਰਿ ਧੜਾ ਜਿਨਿ ਏਹ ਧੜੇ ਸਭਿ ਗਵਾਏ।” (ਦੂਰ ਕੀਤੇ, ਮੁਕਾ ਦਿੱਤੇ, ਨਿਰਾਰਥਕ ਕਰ ਦਿੱਤੇ)

– ਆਸਾ ੪, ੫੪, ੪:੪ (366)

“ਗ੍ਰਹਿ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ।” (ਛੱਡ ਬਹਿੰਦਾ ਹੈ)

– ਮਾਰੂ ੧, ਅਸ ੭, ੧:੨ (1012)

ਗਵਾਸਾ ----- ਗਵਾ ਲਵੇਗਾ

“ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ ਤਾ ਹਰਿ ਨਿਹਫਲ ਸਭ ਘਾਲ ਗਵਾਸਾ।”

– ਗੋਂਡ ੪, ੨, ੧:੨ (860)

ਗਵਾਸੀ ----- ਗਵਾ/ਦੂਰ ਕਰ ਦੇਵੇਗਾ

“ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ।”
– ਆਸਾ ੪, ਸੋਪੁ ੧, ੩:੩ (11)

ਗਵਾਹੀ ----- ਗਵਾ ਲਈ, ਖਤਮ ਕਰ ਲਈ
“ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ ਰਹਦੀ ਖੁਹਦੀ ਸਭ ਪਤਿ ਗਵਾਹੀ।”
– ਗਉ ੪, ਵਾਰ ੧੫ਸ, ੪, ੨:੮ (309)

ਗਵਾਞਾ ----- ਗਵਾਚ ਗਏ, ਦੂਰ ਹੋ ਗਏ
“ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਞਾ।”
– ਜੈਤ ੪, ੫, ੩:੧ (698)

ਗਵਾਤਾ ----- (1) ਗਵਾ ਦਿਤਾ, ਦੂਰ ਕਰ ਲਿਆ
“ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ।”
– ਸੋਰ ੫, ੬, ੧*:੧ (610)

ਹੋਰ ਰੂਪ:

ਗਵਾਤੇ –
“ਅਤਿ ਊਤਮ ਹਰਿ ਨਾਮੁ ਹੈ ਮੇਰੀ ਜਿੰਦੁੜੀਏ ਜਿਤੁ ਜਪਿਐ ਪਾਪ ਗਵਾਤੇ ਰਾਮ।”
(ਗਵਾ/ਦੂਰ ਕਰ ਲਏ)
– ਬਿਹਾ ੪, ਛੰਤ ੩, ੪:੧ (539)

(2) ਅਜਾਈ/ਵਿਅਰਥ ਗੁਆ ਲਿਆ
“ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮੁ ਗਵਾਤਾ।”
– ਰਾਮ ੩, ਵਾਰ ੧੨:੪ (953)

ਗਵਾਧੂ ----- ਮੇਟ ਲਏ, ਨਾਸ ਕਰ ਗਏ
“ਹਰਿ ਰਾਮ ਬੋਲਿ ਹਰਿ ਰਾਮ ਬੋਲਿ ਸਭਿ ਪਾਪ ਗਵਾਧੂ।”
– ਸਾਰ ੪, ੯, ੨:੨ (1201)

ਗਵਾਪੈ ----- ਦੂਰ ਹੁੰਦਾ ਹੈ
“ਸਭੁ ਮਨੁ ਤਨੁ ਹਰਿਆ ਹੋਇਆ ਅਹੰਕਾਰੁ ਗਵਾਪੈ।”
– ਰਾਮ ੩, ਵਾਰ ੧੩:੪ (953)

ਗਵਾਰ ----- (1) ਪੇਂਡੂ ਭਾਵ ਅਸਭਯ, ਮੂਰਖ
“ਕਰਤਾ ਚਿਤਿ ਨ ਆਵਈ ਮਨਮੁਖ ਅੰਧ ਗਵਾਰ।”
– ਸਿਰੀ ੫, ੭੧, ੧:੪ (42)

ਗਵਾਰਾ –
“ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ।”
– ਆਸਾ ੫, ੩੮, ੪:੨ (380)

ਗਵਾਰਿ –
“ਬਿਨੁ ਨਾਵੈ ਜਮ ਕੈ ਵਸਿ ਹੈ ਮਨਮੁਖਿ ਅੰਧ ਗਵਾਰਿ।”
– ਆਸਾ ੩, ੫੨:੨ (365)

(2) ਹੇ ਮੂਰਖ

"ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।"
– ਬਿਲਾ ੫, ੩੧, ੨:੨ (808)

ਗਵਾਰਾ –
"ਸਤਿਗੁਰੁ ਨ ਸੇਵਹਿ ਮੂਰਖ ਅੰਧ ਗਵਾਰਾ।" (ਹੇ ਅਸਭਯ)
– ਮਾਝ ੩, ਅਸ ੧੧, ੪:੧ (115)

ਗਵਾਰਿ ----- (1) ਮੂਰਖ, ਪੇਂਡੂ ਅਸਭਯ, ਵੇਖ 'ਗਵਾਰਾ' (1)

ਹੋਰ ਰੂਪ:

ਗਵਾਰੀ –
"ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ।"
– ਸੋਰ ੪, ੭, ੨:੧ (607)

ਗਵਾਰੁ –
"ਤਿਸ ਸਿਉ ਪ੍ਰੀਤਿ ਨ ਕਰੈ ਗਵਾਰੁ।"
– ਗਉ ੫, ਸੁਖ ੪, ੩:੨ (267)

ਗਵਾਰੈ –
"ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ।" (ਮੂਰਖ)
– ਸਾਰ ੫, ੧੦, ੪:੧ (1205)

(2) ਨੀਵੀਂ, ਅਧਮ

"ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।"
– ਗੂਜ ੩, ਵਾਰ ੧੯ਸ, ੩, ੧:੧ (516)

ਗਵਾਵਉ ---- ਗੁਆਉਂਦੇ, ਬੇਅਰਥ ਲੰਘਾਉਂਦੇ ਹੋ

"ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹੇ ਗਵਾਵਉ।"
– ਗਉ ੯, ੫, ੧*:੨ (219)

ਹੋਰ ਰੂਪ:

ਗਵਾਵਹਿ –
"ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨੁਦਿਨ ਦੁਖਿ ਵਿਹਾਣੀ।" (ਗੁਆ ਬਹਿੰਦਾ ਹੈ)
– ਸਿਰੀ ੩, ੪੫, ੧:੨ (31)

"ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ।" (ਦੂਰ ਕਰ ਲਵੇ)
– ਭੈਰ ੩, ੧੨, ੧:੨ (1130)

ਗਵਾਵਹੀ –
"ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ।" (ਦੂਰ ਕਰ ਦਿੰਦੀ ਹੈ)
– ਆਸਾ ੧, ਅਸ ੨੧, ੩:੨ (422)

ਗਵਾਵਹੁ –
"ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ।" (ਅਜਾਈਂ ਗਵਾਉਂਦੇ ਹੋ)
– ਬਸੰ ੧, ੯, ੧*:੧ (1171)

ਗਵਾਵਹੇ –
"ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ।"
– ਆਸਾ ੩, ਛੰਤ ੭, ੬:੪ (441)

“ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂ ਆਪਣਾ ਆਪੁ ਗਵਾਵਹੇ।” (ਤਬਾਹ ਕਰ ਲਵੇਂ)

- ਆਸਾ ੩, ਛੰਤ ੭, ੭:੪ (441)

ਗਵਾਵਣਾ --- (1) ਚਲੇ ਜਾਣਾ, ਤੁਰ ਜਾਣਾ

“ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ।”

- ਸਿਰੀ ੫, ੭੩, ੩:੧ (43)

(2) ਦੂਰ ਕਰਨਾ, ਮੇਟਨਾ

“ਭਗਤ ਜਨਾ ਕੈ ਸੰਗਿ ਪਾਪ ਗਵਾਵਣਾ।”

- ਸੋਰ ੪, ਵਾਰ ੨੫:੪ (652)

ਗਵਾਵਣਿਆ - (1) ਬਿਰਥਾ ਲੰਘਾ ਦੇਣਾ, ਅਜਾਈ ਗੁਆ ਦੇਣਾ

“ਮਨਮੁਖ ਕਰਮ ਕਰੇ ਨਹੀਂ ਪਾਏ ਬਿਨੁ ਨਾਵੈ ਜਨਮੁ ਗਵਾਵਣਿਆ।”

- ਮਾਝ ੩, ਅਸ ੯, ੩:੩ (114)

ਹੋਰ ਰੂਪ:

ਗਵਾਵਤ -

“ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ।”

- ਧਨਾ ੫, ੪੨, ੧*:੨ (681)

(2) ਦੂਰ ਕਰਨਾ

“ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ।”

- ਮਾਝ ੩, ਅਸ ੧੨, ੪:੩ (116)

ਗਵਾਵੈ ----- (1) ਮਿਟਾਵੇਂ, ਤਿਆਗੇ

“ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।”

- ਮਾਝ ੧, ਵਾਰ ੮ਸ, ੧, ੧:੪ (141)

(2) ਗੁਆ/ਖੋ ਬੈਠਣਾ

“ਏਕ ਬਸਤੁ ਕਾਰਨਿ ਬਿਖੋਟਿ ਗਵਾਵੈ।” (ਇਤਬਾਰ ਗੁਆ ਲੈਂਦਾ ਹੈ)

- ਗਉ ੫, ਸੁਖ ੫, ੧:੨ (268)

“ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ।” (ਗੁਆਉਂਦਾ, ਛਡਦਾ)

- ਬੈਰ ੪, ੩, ੧*:੨ (720)

(3) ਅਜਾਈਂ ਲੰਘਾ ਦੇਣਾ

“ਕਹਾ ਨਰ ਅਪਨੋ ਜਨਮੁ ਗਵਾਵੈ।”

- ਸਾਰੰ ੯, ੩, ੧*:੧ (1231)

(4) ਮਿਟਾ/ਦੂਰ ਕਰ ਲੈਂਦਾ ਹੈ

“ਨਾਇ ਸੁਣਿਐ ਘਟਿ ਚਾਨਣਾ ਆਨ੍ਹੇਰੁ ਗਵਾਵੈ।”

- ਸਾਰ ੪, ਵਾਰ ੮:੨ (1240)

ਗਵਿਆ ---- ਗਾਂਵਿਆ, ਸੰਗੀਤਮਈ ਰੂਪ ਵਿਚ ਉਚਾਰਿਆ

“ਗੁਰ ਪ੍ਰਸਾਦਿ ਵਿਰਲੈ ਹੀ ਗਵਿਆ।”

- ਗਉ ੫, ਬਾਅ ੪੬:੪ (259)

ਗਵਿਤਾ ----- ਗਵਾ ਦਿੱਤਾ, ਖੋ ਦਿੱਤਾ
“ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ।”
– ਗੂਜ ੩, ਵਾਰ ੯:੩ (512)

ਗਵੇ ------- ਜਾਂਦਾ ਹੈ, ਪਹੁੰਚਦਾ ਹੈ
“ਪਾਰਬ੍ਰਹਮ ਕੀ ਦਰਗਹ ਗਵੇ।”
– ਗਉ ੫, ਸੁਖ ੧੮, ੪:੪ (287)

ਹੋਰ ਰੂਪ:

ਗਵੈ –
“ਹਰਿ ਦਰਗਹ ਕਹੁ ਕੈਸੇ ਗਵੈ।”
– ਗਉ ੫, ਸੁਖ ੧੨, ੩:੬ (278)

ਗੜ ------- ਕਿਲ੍ਹਾ
“ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ।”
– ਸਿਰੀ ੧, ਅਸ ੭, ੨:੩ (57)
“ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ।” (ਸਰੀਰ ਰੂਪੀ ਕਿਲ੍ਹਾ)
– ਗਉ ੪, ੬੧, ੧:੧ (171)

ਗੜਬੜ ----- ਵਿੰਗ ਟੇੜ, ਬੇਹਿਸਾਬੀ, ਰੌਲਾ, ਬਕਬਾਦ (ਮਹਾਨਕੋਸ਼)
“ਗੜਬੜ ਕਰੈ ਕਉਡੀ ਰੰਗੁ ਲਾਇ।”
– ਭੈਰ ੫, ੨੮, ੨:੨ (1143)

ਗੜਾ ------ (1) ਕਿਲ੍ਹੇ ਦੀ
“ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ।”
– ਆਸਾ ੫, ਛੰਤ ੧, ੪:੩ (453)

(2) ਗੜੇ ਵਾਂਗ, ਓਲੇ ਵਾਂਗ
“ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ।”
– ਮਾਰੂ ੫, ਸੋਲਾ ੧੦, ੧੩:੩ (1082)

ਗੜਿ ------ ਕਿਲ੍ਹਾ, ਸਰੀਰ ਰੂਪੀ ਕਿਲਾ, ਵੇਖੋ ‘ਗੜ’
“ਬਿਨਾ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ।”
– ਸਿਰੀ ੧, ੯, ੨:੩ (17)
“ਹੁਕਮਿ ਸੰਜੋਗੀ ਗੜਿ ਦਸ ਦੁਆਰ।” (ਸਰੀਰ ਰੂਪੀ ਕਿਲ੍ਹੇ ਦੇ)
– ਗਉ ੧, ੫, ੪:੧ (152)

ਗੜਿਓ ----- ਘੜਿਆ, ਗਠਿਨ ਕੀਤਾ, ਰਚਿਆ
“ਜਿਹ ਗੜੁ ਗੜਿਓ ਸੁ ਗੜ ਮਹਿ ਪਾਵਾ।”
– ਗਉ ਕਬ, ਬਾਅ ੨੦:੪ (341)

ਗੜੁ ------- (1) ਕਿਲ੍ਹਾ, ਸਰੀਰ ਰੂਪੀ ਕਿਲਾ
“ਆਤਮ ਗੜੁ ਬਿਖਮੁ ਤਿਨਾ ਹੀ ਜੀਤਾ।”
– ਮਾਝ ੫, ੧੮, ੩:੨ (99)

“ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।”
– ਸਲੋ ਫਰ, ੪੮:੨ (1380)

ਹੋਰ ਰੂਪ:

ਗੜੈ –
“ਕਾਇਆ ਕੋਟੁ ਗੜੈ ਮਹਿ ਰਾਜਾ।” (ਕਿਲੇ ਵਿਚ)
– ਮਾਰੂ ੧, ਸੋਲਾ ੧੬, ੧੫:੧ (1037)

ਗੜ੍ –
“ਦਾਸੁ ਕਮੀਰੁ ਚੜਿ੍ਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ।”
– ਭੈਰ ਕਬ, ੧੭, ੬:੨ (1162)

(2) ਗੜੁ ਭਾਵ ਖਾਣੀ
“ਡੂਗਰੁ ਊਚਉ ਗੜੁ ਪਾਤਾਲਿ।”
– ਮਲਾ ੧, ਅਸ ੪, ੧:੨ (1275)

ਗੜ੍ਣ ----- ਘੜਨ
“ਭੰਜਨ ਗੜ੍ਣ ਸਮਥੁ ਤਰਣ ਤਾਰਣ ਪ੍ਰਭੁ ਸੋਈ।”
– ਸਵ ੪, ਮਥੁ ੧:੪ (1404)

ਗੜ੍ਣਹਾਰੇ --- ਖੜਨ ਵਾਲਾ
“ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਣਹਾਰੇ ਖਾਉ।”
– ਆਸਾ ਕਬ, ੧੪, ੩:੨ (479)

ਗੜਿ੍ ------ ਕਿਲਾ
“ਗੜਿ੍ ਕਾਇਆ ਸੀਗਾਰ ਬਹੁ ਭਾਂਤਿ ਬਣਾਈ।”
– ਸਾਰ ੪, ਵਾਰ ੨੪:੧ (1246)

“ਹਰਿ ਹਰਿ ਵਸਤੁ ਮਾਇਆ ਗੜਿ੍ ਵੇੜੀ ਗੁਰ ਕੈ ਸਬਦਿ ਲੀਓ ਗੜੁ ਜੀਤੁ।” (ਕਿਲੇ ਵਿਚ/ਅੰਦਰ)
– ਕਾਨ ੪, ੫, ੧*:੨ (1295)

ਗਾ ------- (1) ਭਵਿਖ ਕਾਲ ਸੂਚਕ ਪਛੇਤਰ
“ਸਿਵਪੁਰੀ ਕਾ ਹੋਇ ਗਾ ਕਾਲਾ।”
– ਗਉ ੫, ਅਸ ੪, ੨:੩ (237)

“ਕਬੀਰ ਇਹੁ ਤਨੁ ਜਾਇ ਗਾ ਕਵਨੈ ਮਾਰਗਿ ਲਾਇ।”
– ਸਲੋ ਕਬ, ੨੮:੧ (1365)

(2) ਦਾ
“ਅਸ ਗਾ ਅਸ ਉਸ ਗਾ।” (ਇਸ ਦਾ ਅਤੇ ਉਸ ਦਾ)
– ਧਨਾ ਨਾਮ, ੪, ੧*:੩ (693)

(‘ਅਸਗਾ’ ਨੂੰ ਇਕ ਸ਼ਬਦ ਮਹਾਨਕੋਸ਼ ਇਸ ਦੇ ਅਰਥ ‘ਸਭ ਕੁਝ’ ਕਰਦਾ ਹੈ)

ਗਾਉ ------ (1) ਗਾਉਂਦੇ
“ਮਨਿ ਰਤੇ ਜਿਹਵਾ ਰਤੀ ਹਰਿ ਗੁਣ ਸਚੇ ਗਾਉ।”
– ਸਿਰੀ ੩, ੬੪, ੪:੩ (39)

“ਗਾਉ ਗਾਉ ਰੀ ਦੁਲਹਨੀ ਮੰਗਲਚਾਰਾ।” (ਗਾਵੋਂ)

– ਆਸਾ ਕਬ, ੨੪, ੧*:੧ (482)

"ਗੋਬਿੰਦਾ ਗੁਣ ਗਾਉ ਦਇਆਲਾ।" (ਗਾ/ਗਾਉਂਦਾ ਹਾਂ)

– ਸੂਹੀ ੫, ੩੮, ੧*:੧ (744)

ਹੋਰ ਰੂਪ:

ਗਾਂਉ –

"ਰਾਤੀ ਦਿਨਸ ਸੁਹੇਲੀਆ ਨਾਨਕ ਹਰਿ ਗੁਣ ਗਾਉ।"

– ਮਲਾ ੧, ਵਾਰ ੧੪ਸ, ੫, ੧:੨ (1284)

ਗਾਓੁ –

"ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਓੁ।"

– ਸਾਰ ੪, ੧੦, ੧:੨ (1201)

(2) ਪਿੰਡ

"ਤੂਹੀ ਗ੍ਰਿਹਿ ਤੂਹੀ ਬਨਿ ਤੂਹੀ ਗਾਉ ਤੂਹੀ ਸੁਨਿ।"

– ਗਉ ੫, ੧੫੬*, ੩:੧ (214)

"ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ।"

– ਬਿਲਾ ਰਵਿ, ੨, ੨:੧ (858)

ਹੋਰ ਰੂਪ:

ਗਾਂਉ –

"ਬਹੁਤ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ।"

– ਸਾਰ ਕਬ, ੧, ੧:੧ (1251)

ਗਾਊ ------ ਗਊਆਂ, ਗਾਵਾਂ

"ਬ੍ਰਿੰਦਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਊ ਰੇ।"

– ਗਉ ਕਬ, ੬੬, ੨:੧ (338)

ਗਾਊਂ ------ ਗਾਉਂਦਾ

"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿ ਗਾਊਂ ਰੇ।"

– ਗਉ ੧੦, ੬੬, ੧:੧ (338)

ਗਾਇ ------ (1) ਗਾ ਕੇ, ਜਪ ਕੇ, ਗਾਈਏ

"ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ।"

– ਸਿਰੀ ੩, ੩੭, ੫:੩ (28)

"ਕਵਨ ਸੁ ਬਿਧਿ ਜਿਤੁ ਰਾਮ ਗੁਣ ਗਾਇ।"

– ਗਉ ੫, ੮੨, ੧*:੧ (180)

"ਕਾਲੁ ਨ ਜੋਹਿ ਸਕੈ ਗੁਣ ਗਾਇ।" (ਗਾਉਣ ਨਾਲ)

– ਗਉ ੧, ਅਸ ੧੪, ੯:੨ (227)

(2) ਗਊ

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।"

– ਮਾਝ ੧, ਵਾਰ ੭ਸ ੧, ੨:੧ (141)

(3) ਗਾਉਣਾ, ਗਾਇਣ ਕਰਨਾ

"ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿੰਦੁ ਗਰਬਿ ਭਇਆ।" (ਗੋਇ ਬਾਣੀ)

– ਆਸਾ ੧, ਪਟੀ ੭:੧ (432)

(4) (ਫਾ.) ਥਾਂ
“ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ।”
(ਕਿਸੇ ਨੇ ਕਿਹਾ ਸੀ ਮੈਂ ਇਥੇ (ਮੱਕੇ) ਹੀ ਹਾਂ)

– ਸਲੋ ਕਬ, ੧੯੭:੨ (1375)

ਗਾਂਇ ------ ਪਿੰਡ ਵਿਚ
“ਅਹੇਰਾ ਪਾਇਓ ਘਰ ਕੈ ਗਾਂਇ।” (ਗ੍ਰਾਮ ਵਿਚ, ਘਰ ਵਿਚ ਹੀ)

– ਭੈਰ ੫, ੪, ੨:੨ (1136)

ਗਾਇਓ ---- (1) ਜਪਿਆ
“ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ।”

– ਗਉ ੫, ਥਿਤੀ ੧੩:੪ (299)

(2) ਗਾਇਣ ਕੀਤਾ
“ਅਬ ਮੋਹਿ ਰਾਮ ਜਸੋ ਮਨਿ ਗਾਇਓ।”

– ਧਨਾ ੫, ੪, ੧*:੧ (671)

ਹੋਰ ਰੂਪ:

ਗਾਇਆ –
“ਤਿਤੁ ਘਰਿ ਸਖੀਏ ਮੰਗਲੁ ਗਾਇਆ।”

– ਮਾਝ ੫, ੧੧, ੧:੨ (97)

ਗਾਇਆ ---- (1) ਗਾਇਣ ਕੀਤਾ, ਵੇਖੋ ‘ਗਾਇ’ (2)
(2) ਗਾਇਣ ਕੀਤਾ ਹੋਇਆ
“ਨਟ ਨਾਟਿਕ ਆਖਾਰੇ ਗਾਇਆ।”

– ਗਉ ੫, ੮, ੧, ੨:੩ (179)

ਗਾਇਣ ---- (1) ਸੁਰਾਂ
“ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ।” (ਪੰਜ ਤਾਰਾਂ ਤੇ ਸਤ ਸੁਰਾਂ)

– ਆਸਾ ੪, ੬੨, ੨:੧ (368)

(2) ਗਉਣ, ਗਾਇਣ ਕਰਨ
“ਰਸਨਾ ਗੁਣ ਗੋਪਾਲ ਨਿਧਿ ਗਾਇਣ।”

– ਟੋਡ ੫, ੧੦, ੧*:੧ (714)

ਹੋਰ ਰੂਪ:

ਗਾਇਣੁ –
“ਆਦਿ ਜੁਗਾਦਿ ਭਗਤ ਗੁਣ ਗਾਇਣੁ।”

– ਭੈਰ ੫, ੫੧, ੩:੪ (1151)

(3) ਜਾਪ ਕਰਨ
“ਬਾਰੰਬਾਰ ਨਰਾਇਣ ਗਾਇਣ।”

– ਗੋਂਡ ੫, ੧੯, ੪:੨ (868)

ਹੋਰ ਰੂਪ:

ਗਾਇਣਾ –
"ਏਕੋ ਮੰਤ੍ਰੁ ਦ੍ਰਿੜਾਏ ਅਉਖਧੁ ਸਚੁ ਨਾਮੁ ਰਿਦ ਗਾਇਣਾ।" (ਜਾਪ ਕਰਨਾ)
– ਮਾਰੂ ੫, ਸੋਲਾ ੭, ੨:੩ (1078)

ਗਾਇਤ੍ਰੀ ---- (1) ਹਿੰਦੂਆਂ ਦਾ ਮਹਾਂ ਮੰਤਰ ਜਿਸ ਦਾ ਜਾਪ ਕੇਵਲ ਬ੍ਰਾਹਮਣ, ਖਤਰੀ ਤੇ ਵੈਸ਼ ਹੀ ਕਰ ਸਕਦੇ ਹਨ
"ਤੁਮ੍ਹ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ।"
– ਆਸਾ ਕਬ, ੨੬, ੧:੨ (482)

(2) ਬ੍ਰਹਮ ਦੀ ਪਤਨੀ ਜੋ ਸਰਾਪੀ ਜਾ ਕੇ ਗਊ ਬਣ ਗਈ ਤੇ ਖੇਤ ਉਜਾੜਦੀ ਫਿਰਦੀ ਸੀ, ਕਿਸੇ ਲੋਧੇ ਕੌਮ ਦੇ ਜਟ ਨੇ ਉਸ ਦੀ ਇਕ ਲੱਤ ਤੋੜ ਦਿਤੀ। ਗਾਇਤ੍ਰੀ ਮੰਤਰ ਦੇ ਵੀ ਤਿੰਨ ਹੀ ਚਰਨ ਹਨ
"ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ।"
– ਗੋਂਡ ਨਾਮ, ੭, ੧:੧ (875)

ਗਾਇਦਾ ---- ਗਾਉਂਦਾ
"ਜਨੁ ਨਾਨਕੁ ਨਾਮੁ ਧਿਆਏ ਗੁਰਮੁਖਿ ਗੁਣ ਗਾਇਦਾ।"
– ਸੋਰ ੪, ਵਾਰ ੫:੫ (644)

ਗਾਇਨ ----- ਗਾਇਣ ਕਰਨ
"ਸਾਧਸੰਗਿ ਅੰਮ੍ਰਿਤ ਗੁਨ ਗਾਇਨ।"
– ਗਉ ੫, ਸੁਖ ੭, ੫:੮ (271)

ਗਾਇਨਪਾਤ੍ਰ -- ਗਵਈਏ, ਗਾਇਨ ਕਰਨ ਵਾਲੇ
"ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨਪਾਤ੍ਰ।"
– ਰਾਗ ੧:੧੨ (1429)

ਗਾਇਬਾ ---- ਗਾਉਣਾ, ਗਾਇਨ ਕਰਨਾ
"ਤ੍ਰਿਸਨਾ ਅਗਨਿ ਬੁਝੀ ਸਾਂਤਿ ਪਾਈ ਹਰਿ ਨਿਰਮਲ ਨਿਰਮਲ ਗੁਨ ਗਾਇਬਾ।"
– ਜੈਤ ੪, ੨:੨ (697)

ਗਾਇਯਉ --- ਗਾਇਨ ਕੀਤਾ
"ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ।"
– ਸਵ ੪, ਬਲ ੪:੩ (1405)

ਗਾਇਲੇ ---- ਗਾਇਨ ਕਰਕੇ
"ਪਗ ਧਾਰਹਿ ਸਾਸੁ ਲੇਖੈ ਲੈ ਤਉ ਉਧਰਹਿ ਹਰਿ ਗੁਣ ਗਾਇਲੇ।"
– ਗੋਂਡ ੫, ੨, ੧:੨ (862)

ਗਾਈ ------ (1) ਗਾਇਨ ਕੀਤੀ
"ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ।"
– ਸਿਰੀ ੪, ਵਾਰ ੧੧ਸ, ੩, ੨:੨ (86)
"ਜੋਗੁ ਬਨਿਆ ਤੇਰਾ ਕੀਰਤਨੁ ਗਾਈ।" (ਗਾਇਨ ਕਰਨ ਨਾਲ)
– ਆਸਾ ੫, ੫੭, ੧:੨ (385)

ਹੋਰ ਰੂਪ:

ਗਾਈਅਹਿ –
“ਗੁਣ ਗੋਪਾਲ ਗਾਈਅਹਿ ਦਿਨੁ ਰਾਤੀ।” (ਗਾਇਨ ਕਰੀਏ)
– ਗਉ ੫, ੧੪੨, ੨:੨ (194)

ਗਾਈਐ –
“ਸੋ ਰਿਦਾ ਸੁਹੇਲਾ ਜਿਤੁ ਹਰਿ ਗੁਣ ਗਾਈਐ।”
– ਮਾਝ ੫, ੪੪, ੧:੨ (107)
“ਦਰਸਨੁ ਭੇਟਤ ਹੋਤ ਅਨੰਦਾ ਦੂਖੁ ਗਇਆ ਹਰਿ ਗਾਈਐ।” (ਦੇ ਜਾਪ ਨਾਲ)
– ਸੋਰ ੫, ੮੯, ੧:੨ (630)
“ਠਾਕੁਰੁ ਗਾਈਐ ਆਤਮ ਰੰਗਿ।” (ਜਮੀਏ ਦੇ)
– ਸਧਨਾ ੫, ੩੫, ੧*:੧ (680)

ਗਾਏ –
“ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰੁ ਤੁਠੇ।” (ਗਾਇਣ ਕੀਤੇ)
– ਸਿਰੀ ੫, ਛੰਤ ੨, ੫:੪ (80)

(2) ਗਾਂ, ਗਊ
“ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ।”
– ਗਉ ੧, ਅਸ ੧੭, ੧:੧ (228)

ਗਾਹ ------ (1) ਗਾਹਨ ਵਾਲੇ, ਸੂਝ ਵਾਲੇ, ਸਮਝਨ ਵਾਲੇ
“ਸੁਣਿਐ ਸਰਾ ਗੁਣਾ ਕੇ ਗਾਹ।”
– ਜਪੁ ੧, ੧੧:੧ (3)

(2) ਅੰਗੀਕਾਰ, ਵਿਚਾਰ ਕਰਨਾ
“ਅਖਰੀ ਗਿਆਨੁ ਗੀਤ ਗੁਣ ਗਾਹ।”
– ਜਪੁ ੧, ੧੯:੫ (4)

ਗਾਹਕ ----- (ਸੰ. ਗ੍ਰਾਹਕ) ਗ੍ਰਹਿਣ ਕਰਤਾ, ਖਰੀਦਨ ਵਾਲਾ, ਲੈਣ ਵਾਲਾ
“ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ।”
– ਮਾਝ ੧, ਵਾਰ ੧੯ਸ, ੨, ੨:੨ (147)

ਹੋਰ ਰੂਪ:

ਗਾਹਕੀ –
“ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ।” (ਗਾਹਕ, ਲੈਣ ਵਾਲਾ)
– ਸਲੋ ਕਬ, ੨੨੫:੨ (1376)

ਗਾਹਕੁ –
“ਭਗਤਿ ਭੰਡਾਰ ਦੀਏ ਹਰਿ ਅਪੁਨੇ ਗੁਣ ਗਾਹਕੁ ਵਣਜਿ ਲੈ ਜਾਇ।”
– ਆਸਾ ੪, ੬੩, ੪:੨ (368)

ਗਾਹਣ ----- ਮਸਲਣਾ, ਕੁਚਲਣਾ, ਦਾਣੇ ਕੱਢਣ ਲਈ ਕ੍ਰਿਆ ਕਰਨੀ
“ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ।”
– ਸਾਰ ੫, ੧੬, ੨:੨ (1207)

ਹੋਰ ਰੂਪ:

ਗਾਹਨ –
“ਬਿਨੁ ਕਣ ਖਲਹਾਨ ਜੈਸੇ ਗਾਹਨ ਪਾਇਆ।”
– ਭੈਰ ੫, ੫, ੪:੧ (1137)

ਗਾਹਰੋ ----- ਗੰਭੀਰ, ਡੂੰਘਾ
“ਬਹੁ ਬੇਅੰਤੁ ਅਤਿ ਬਡੋ ਗਾਹਰੋ ਥਾਹ ਨਹੀ ਅਗਹੂਚਾ।”
– ਦੇਵ ੫, ੩੨, ੧:੧ (534)

ਗਾਹਾ ------ (1) ਗਾਓ
“ਹਰਿ ਕੈ ਰੰਗਿ ਸਦਾ ਗੁਣ ਗਾਹਾ।”
– ਜੈਤ ੪, ੮, ੨:੨ (698)
(ਮਹਾਨਕੋਸ਼ ਇਥੇ ਅਰਥ ‘ਗਾਥਾ’ ਕਥਾ ਕਰਦਾ ਹੈ)
“ਗੁਣ ਗੋਪਾਲ ਪ੍ਰਭ ਕੇ ਨਿਤ ਗਾਹਾ।” (ਗਾਏ ਜਾਂਦੇ ਹਨ)
– ਸੂਹੀ ੫, ੨੬, ੧:੧ (742)
(2) ਵਿਚਾਰਾਂ, ਗਾਹਵਾਂ
“ਨਾਮੁ ਜਪੀ ਤੈ ਨਾਮੁ ਧਿਆਈ ਮਹਲੁ ਪਾਇ ਗੁਣ ਗਾਹਾ ਹੇ।”
– ਮਾਰੂ ੩, ਸੋਲਾ ੧੦, ੧੧:੩ (1054)

ਗਹਿ ------ (1) ਗਾਵਨ ਗਾਇਨ ਕਰਨ
“ਕਰਿ ਕਿਰਪਾ ਨਾਨਕ ਗੁਣ ਗਾਹਿ।”
– ਗਉ ੫, ੧੫੨, ੪:੨ (196)
(2) ਗਹੁ ਨਾਲ ਵਿਚਾਰ ਕੇ
“ਨਾਮੁ ਧਿਆਵਉ ਸਹਜਿ ਸਮਾਵਉ ਨਾਨਕ ਹਰਿ ਗੁਨ ਗਾਹਿ।”
– ਆਸਾ ੫, ੧੪੬, ੩:੧ (407)
“ਪੂਰਾ ਭਾਗੁ ਹੋਵੈ ਮੁਖਿ ਮਸਤਕਿ ਸਦਾ ਹਰਿ ਕੇ ਗੁਣ ਗਾਹਿ।” (ਵਿਚਾਰੇ)
– ਪ੍ਰਭਾ ੩, ੭, ੧*:੨ (1335)
(3) (ਫਾ. ਗਾਹ) ਥਾਂ, ਜਗਾ
“ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ।” (ਥਾਂ ਮਲ ਬੈਠੇ ਹਨ)
– ਰਾਮ ੫, ਵਾਰ ੨੦ਸ, ੫, ੧:੧ (965)

ਗਾਹਿਓ ---- ਗਾਹ ਦਿਤਾ, ਲਿਤਾੜ ਦਿਤਾ
“ਬਿਖੈ ਦਲੁ ਸੰਤਨਿ ਤੁਮ੍ਰੈ ਗਾਹਿਓ।”
– ਕਾਨ ੫, ੨੬, ੧*:੧ (1303)

ਗਾਹੀ ------ (1) ਗਾਇਨ ਕੀਤੇ ਜਾਣ
“ਕੋਟਿ ਅਨੰਦ ਜਹ ਹਰਿ ਗੁਨ ਗਾਹੀ।”
– ਗਉ ੫, ੧੫੮, ੧:੨ (197)
ਗਾਂਹੀ –
“ਨਰਕ ਘੋਰ ਮਹਿ ਉਰਧ ਤਪੁ ਕਰਤਾ ਨਿਮਖ ਨਿਮਖ ਗੁਣ ਗਾਂਹੀ।”
– ਸਾਰ ੫, ੧੬, ੧*:੨ (1207)
ਗਾਹੁ –

"ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ।" (ਗਾਇਣ/ਦੀਰਘ ਵਿਚਾਰ ਕਰਨੀ)
– ਮਾਝ ੫, ਬਾਰਾ ੧੧:੪ (135)

(2) ਲੰਘ ਜਾਈਦਾ ਹੈ, ਗਾਹੀਦਾ ਹੈ
"ਤਉ ਸਹ ਸੇਤੀ ਲਗੜੀ ਡੋਰੀ ਨਾਨਕ ਅਨਦ ਸੇਤੀ ਬਨੁ ਗਾਹੀ।"
– ਗੂਜ ੫, ਵਾਰ ੧੦ਸ, ੫, ੧:੨ (520)

ਗਾਹੁ ------ (1) ਗਾਇਣ/ਵਿਚਾਰ ਕਰਨਾ, ਵੇਖੋ 'ਗਾਹੀ' (1)
(2) ਸਿਟਾ ਮਸਲ ਕੇ ਦਾਣੇ ਕੱਢਣ ਦੀ ਕ੍ਰਿਆ
"ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ।"
– ਗੂਜ ਤਿਲੋ ੧, ੪:੨ (526)

ਗਾਹੇ ------ (ਫਾ. ਗਾਹੇ) ਕਦੇ
"ਗਾਹੇ ਨ ਨੇਕੀ ਕਾਰ ਕਰਦਮ ਮਮ ਈੰ ਚਿਨੀ ਅਹਵਾਲ।"
– ਤਿਲੰ ੧, ੧, ੩:੨ (721)

ਗਾਹੈ ------ ਦੀਰਘ ਰੂਪ ਵਿਚ ਵਿਚਰਦਾ ਹੈ
"ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ।"
– ਗਉ ੫, ੧੧੭*, ੨:੩ (203)

ਗਾਖਰੀ ----- ਔਖੀ, ਜਿਸ ਵਿਚੋਂ ਲੰਘਣਾ ਔਖਾ ਹੋਵੇ
"ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਾਰੀਐ ਰੇ।"
– ਆਸਾ ੫, ੧੩੦, ੨:੨ (404)

ਹੋਰ ਰੂਪ:

ਗਾਖਰੋ –
"ਕਾਮੁ ਕ੍ਰੋਧੁ ਅਹੰਕਾਰੁ ਗਾਖਰੋ ਸੰਜਮਿ ਕਉ ਨ ਛੁਟਿਓ ਰੀ।" (ਔਖਾ, ਕਠਿਨ)
– ਆਸਾ ੫, ੫੭, ੧:੧ (384)

ਗਾਖੜੀ ----- ਔਖੀ, ਕਠਿਨ
"ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ।"
– ਸਿਰੀ ੩, ੩੬, ੪:੧ (27)
"ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।" (ਔਖਾ ਕਰਨ ਵਾਲੀ)
– ਰਾਮ ੫, ਰੁਤੀ ੩:੧ (928)

ਹੋਰ ਰੂਪ:

ਗਾਖੜੇ –
"ਵਿਛੋਹੇ ਜੰਬੂਰ ਖਵੇ ਨ ਵੰਵਨਿ ਗਾਖੜੇ।"
– ਗੂਜ ੫, ਵਾਰ ੧੧ਸ, ੫, ੧:੧ (520)

ਗਾਖੜੋ –
"ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ।"
– ਸਿਰੀ ੧, ਅਸ ੧੬, ੧:੨ (63)

ਗਾਗਰਿ ----- ਮਿਟੀ ਅਥਵਾ ਧਾਤ ਦਾ ਸੌੜੇ ਮੂੰਹ ਵਾਲਾ ਪਾਣੀ ਆਦਿ ਲਿਆਉਣ ਵਾਲਾ ਬਰਤਨ

"ਕਾਚੀ ਗਾਗਰਿ ਸਰਪਰ ਫੁਟੈ।"
– ਗਉ ੫, ਬਾਅ ੨੧:੬ (254)

ਗਾਂਛਹੁ ----- ਜਾਓ
"ਗਾਛਹੁ ਪੁਤ੍ਰੀ, ਰਾਜ ਕੁਆਰਿ।"
– ਬਸੰ ੧, ਅਸ ੧, ੭:੧ (1187)

ਗਾਛੈ ------ ਜਾਂਦਾ ਹੈ ਭਾਵ ਚਲਾਇਮਾਨ ਹੈ
"ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ।"
– ਦੇਵ ੫, ੨੮, ੧:੧ (533)

ਗਾਜੇ ------ ਗਜਦਾ ਹੈ, ਬੋਲਦਾ ਹੈ
"ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ।"
– ਆਸਾ ੫, ਛੰਤ ੧, ੩:੫ (453)
"ਘਟਿ ਘਟਿ ਹਰਿ ਗੋਬਿੰਦੁ ਗਾਜੇ।"
– ਵਡ ੫, ਛੰਤ ੩, ੪:੨ (578)

ਹੋਰ ਰੂਪ:

ਗਾਜੈ –
"ਹਰਿ ਅੰਤਰਿ ਨਾਮੁ ਨਿਧਾਨੁ ਹੈ ਮੇਰੇ ਗੋਵਿੰਦਾ ਗੁਰ ਸਬਦੀ ਹਰਿ ਪ੍ਰਭੁ ਗਾਜੈ ਜੀਉ।" (ਭਾਵ ਪ੍ਰਗਟ ਹੁੰਦਾ ਹੈ)
– ਗਉ ੪, ੬੮, ੪:੨ (174)
"ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ।" (ਬੋਲ ਕੇ ਪ੍ਰਗਟ ਹੁੰਦਾ ਹੈ)
– ਗਉ ੫, ਸੁਖ ੨੪, ੩:੮ (295)
"ਬਿਨੁ ਸਾਵਣ ਘਨਹਰੁ ਗਾਜੈ।" (ਗਜਦਾ/ਗੜਕਦਾ ਹੈ)
– ਸੋਰ ਨਾਮ, ੩, ੧:੨ (657)
"ਮਧੁਰ ਮਧੁਰ ਧੁਨਿ ਅਨਹਤ ਗਾਜੈ" (ਪ੍ਰਗਟ ਹੋ ਰਹੀ ਹੈ)
– ਮਾਲੀ ਨਾਮ, ੧, ੧*:੨ (988)
"ਅਚਿੰਤ ਹਮਾਰੈ ਗੋਬਿੰਦੁ ਗਾਜੈ।" (ਪ੍ਰਗਟ ਹੋਇਆ ਹੈ)
– ਭੈਰ ੫, ਅਸ ੩, ੬:੪ (1157)

ਗਾਟ ------ ਗਟ ਗਟ ਕਰਕੇ
"ਭਜੁ ਹਰਿ ਰਸੁ ਰਸ ਹਰਿ ਗਾਟ।"
– ਕਾਨ ੪, ੧੦, ੧*:੩ (1297)

ਗਾਂਠਰੀ ----- ਗੰਢੀ, ਪਲੇ
"ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ।"
– ਸਾਰ ੫, ੬, ੧*:੨ (1204)

ਗਾਠੜੀਓ --- ਗੰਢੀ, ਪਲੇ
"ਜਾ ਕੋ ਲਹਣੋ ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ।"
– ਟੋਡੀ ੫, ੧੯, ੨:੨ (715)

ਗਾਠਾ ------ ਗੰਢ ()

“ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ।” (ਕਲਪਣਾ ਦੀ ਗੰਢ)
– ਮਾਰੂ ੫, ੧੫, ੧:੨ (1003)

ਗਾਠਿ ------ ਗੰਢ
“ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ।” (ਭਾਵ ਸਬੰਧ ਜੋੜਿਆ)
– ਆਸਾ ਕਬ, ੨੭, ੧:੨ (482)
“ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ।” (ਗੰਢ ਨਹੀਂ ਖੁਲਦੀ)
– ਸੋਰ ੧, ਅਸ ੨, ੬:੨ (635)

ਗਾਂਠਿ ------ (1) ਗੰਢਨਾ
“ਚਮਰਟਾ ਗਾਂਠਿ ਨ ਜਨਈ।”
– ਸੋਰ ਰਵਿ, ੭, ੧*:੧ (659)
(2) ਗੰਢ –
“ਤਬ ਇਹ ਮਤਿ ਜਉ ਸਭ ਮਹਿ ਪੇਖੈ ਕੁਟਿਲ ਗਾਂਠਿ ਜਬ ਖੋਲੈ ਦੇਵ।”
– ਬਿਲਾ ਕਬ, ੧੨, ੧:੧ (857)
(3) ਪੋਟਲੀ –
“ਦੇਵ ਸੰਸੈ ਗਾਂਠਿ ਨ ਛੂਟੈ।”
– ਰਾਮ ਰਵਿ, ੧, ੧*:੧ (973)
(4) ਪਲੇ, ਚਾਦਰ ਦੇ ਲੜ ਵਿਚ
“ਗਾਂਠਿ ਨ ਬਾਧਉ ਬੇਚਿ ਨ ਖਾਉ।” (ਗੰਢ ਨਹੀਂ ਬੰਨਦਾ)

ਗਾਠੀ ------ ਗੰਢਾਂ
“ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ।”
– ਰਾਮ ੫, ੧੨, ੩:੨ (886)

ਗਾਂਠੀ ------ ਪਲੇ, ਗੰਢ ਵਿਚ
“ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ।”
– ਸਾਰ ਕਬ, ੧, ੧*:੨ (1251)

ਗਾਂਠੁਲੀ ---- ਗੰਢਲੀ
“ਕਹੁ ਨਾਨਕ ਸਮਝੁ ਰੇ ਇਆਨੇ ਆਜੁ ਕਾਲਿ ਖੁਲੈ ਤੇਰੀ ਗਾਂਠੁਲੀ।” (ਸੁਆਸਾਂ ਦੀ ਗੰਢ)
– ਸਾਰ ੫, ੬੧, ੨:੨ (1216)

ਗਾਠੇ ------ (1) ਗੰਢ/ਪਲੇ ਵਿਚ
“ਛਿਜੈ ਨ ਜਾਇ ਕਿਛੁ ਭਉ ਨ ਬਿਆਪੇ ਹਰਿ ਧਨੁ ਨਿਰਮਲੁ ਗਾਠੇ।” (ਭਾਵ ਕੋਲ)
– ਆਸਾ ੫, ੬, ੩:੨ (382)
(2) ਗੰਢ, ਫਾਹੀ
“ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ।” (ਹਉਮੈ ਦੀ ਗੰਢ ਨਾਸ ਹੋ ਗਈ)
– ਆਸਾ ੫, ਛੰਤ ੩, ੧:੪ (454)
“ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ।” (ਫਾਹੀ)
– ਧਨਾ ੫, ਛੰਤ ੧, ੧:੫ (691)

ਗਾਂਠੇ ------ ਗੰਢਿਆਂ
“ਹਉ ਬਿਨੁ ਗਾਂਠੇ ਜਾਇ ਪਹੂਚਾ।”
– ਸੋਰ ਰਵਿ, ੭, ੨:੨ (659)

ਗਾਡ ------ ਗਡਣਾ, ਧਸਨਾ
“ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ।” (ਭਾਵ ਦੱਬ ਗਏ)
– ਸਲੋ ਕਬ, ੩੭:੨ (1366)

ਗਾਡਰ ----- ਭੇਡ
“ਗਾਡਰ ਲੇ ਕਾਮਧੇਨੁ ਕਰਿ ਪੂਜੀ।”
– ਗਉ ੫, ੧੬੦, ੩:੧ (198)

ਗਾਡਿ ------ ਮਿਲਾ ਕੇ
“ਗਰੁੜਾ ਖਾਣਾ ਦੁਧ ਸਿਉ ਗਾਡਿ।”
– ਬਸ ੧, ੩, ੧:੪ (1169)

ਗਾਡਿਓ ---- ਗਡੇ/ਧਰਤੀ ਵਿਚ ਦਬੇ ਜਾਣ ਵਾਲਾ
“ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ।”
– ਸਲੋ ਕਬ, ੧੧੮:੧ (1370)

ਗਾਡਿਆ ---- (1) ਮੇਲਿਆ, ਜੋੜਿਆ
“ਇਹੁ ਤਨੁ ਜਿਨ ਸਿਉ ਗਾਡਿਆ ਮਨੁ ਲੀਅੜਾ ਦੀਤਾ।”
– ਸੂਹੀ ੧, ਛੰਤ ੪, ੨:੨ (765)
(2) ਫਸਿਆ, ਗਡਿਆ ਗਿਆ
“ਅੰਧ ਕੂਪਿ ਮਾਇਆ ਮਨੁ ਗਾਡਿਆ ਕਿਉ ਕਰਿ ਉਤਰਉ ਪਾਰਿ ਸੁਆਮੀ।”
– ਰਾਮ ੧, ੨, ੧*:੨ (876)

ਗਾਡੀ ------ (1) ਗਡ ਦਿਤੀ, ਦਬ ਦਿਤੀ
“ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ।” (ਟੋਏ ਵਿਚ ਦਬ ਦਿਤੀ)
– ਧਨਾ ੫, ੩, ੧*:੨ (671)

ਹੋਰ ਰੂਪ:

ਗਾਡੇ –
“ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ।”
– ਸੋਰ ਕਬ, ੧, ੧:੨ (654)

(2) ਗਡੀ
“ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ।”
– ਬਸੰ ਨਾਮ, ੩, ੧:੧ (1196)

ਗਾਡੇ ------ (1) ਦਬੇ, ਵੇਖੋ ‘ਗਾਡੀ’ (1)
(2) ਗਡੇ
“ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ।”
– ਮਾਰੂ ੧, ਅਸ ੩, ੩:੨ (1010)

ਗਾਡੇਰੜਿ --- ਰੇੜ ਗਡੀਆਂ ਭਾਵ ਰਥ

“ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ।”

- ਆਸਾ ੧, ਅਸ ੧੨, ੧:੨ (417)

(ਮਹਾਨ ਕੋਸ਼ ਇਥੇ ‘ਗਾਡੇ’ ਦੇ ਅਰਥ ਮਜ਼ਬੂਤ ਕਰਦਾ ਹੈ ਤੇ ‘ਰੜਿ’ ਦੇ ਰਣ ਭੂਮੀ)

ਗਾਡੈ ------ ਗਡ ਕੇ ਦੱਬਕੇ

“ਸੋ ਮਾਇਆ ਲੈ ਗਾਡੈ ਧਰੈ।”

- ਸਾਰ ਨਾਮ, ੧, ੩:੨ (1252)

ਗਾਡੋ ------ ਗਡਾ, ਦੋ ਪਹੀਆਂ ਵਾਲਾ ਬਲਦਾਂ ਵਲੋਂ ਖਿਚਿਆ ਜਾਣ ਵਾਲਾ ਵਾਹਨ

“ਧਰ ਤੂਟੀ ਗਾਡੋ ਸਿਰ ਭਾਰਿ।”

- ਰਾਮ ੧, ੧੧, ੨:੩ (879)

ਗਾਂਡੋ ------ ਗੰਨਾ, ਜਿਸ ਦੇ ਗੰਢਾਂ/ਪੋਰੀਆਂ ਹੋਣ

“ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ।”

- ਸਲੋ ਕਬ, ੧੨:੧ (1368)

ਗਾਢਨ ----- ਜੋੜ, ਗਾਂਢੇ

“ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ।” (ਭਾਵ ਸਬੰਧ)

- ਗਉ ੫, ੫੯, ੩:੧ (171)

ਗਾਢਨਹਾਰ -- ਗੰਢਨ/ਜੋੜਨ ਵਾਲਾ

“ਟੂਟੀ ਗਾਢਨਹਾਰ ਗੋੁਪਾਲ।”

- ਗਉ ੫, ਸੁਖ ੧੫, ੧:੧ (282)

ਗਾਂਢਾ ------ ਜੋੜਿਆ, ਮੇਲਿਆ

“ਜਨਮ ਜਨਮ ਕਾ ਟੂਟਾ ਗਾਂਢਾ।”

- ਪ੍ਰਭਾ ੫, ਅਸ ੩, ੪:੨ (1348)

ਗਾਢੇ ------ ਗੰਢੇ, ਜੋੜੇ

“ਜਿਨ ਕਉ ਪ੍ਰੀਤਿ ਰਿਦੈ ਹਰਿ ਨਾਹੀ ਤਿਨ ਕੂਰੇ ਗਾਢਨ ਗਾਢੇ।”

- ਗਉ ੫, ੫੯, ੩:੧ (171)

ਹੋਰ ਰੂਪ:

ਗਾਂਢੇ -

“ਜਨਮ ਜਨਮ ਕੇ ਟੂਟੈ ਗਾਂਢੇ।”

- ਮਾਰੂ ੫, ਸੋਲਾ ੧੪, ੧੪:੨ (1086)

ਗਾਢੈ -

“ਜਨਮ ਜਨਮ ਕਾ ਟੂਟਾ ਗਾਢੈ।”

- ਗਉ ੫, ਸੁਖ ੨੦, ੪:੮ (290)

ਗਾਣਵੇ ----- ਗਿਣਤੀ ਦੇ ਭਾਵ ਥੋੜੇ

“ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ।”

- ਸਲੋ ਫਰ, ੫੬:੨ (1380)

ਗਾਤ ------ ਗਤੀ, ਛੁਟਕਾਰਾ, ਮੁਕਤੀ
"ਕਰ ਜੋੜਿ ਨਾਨਕੁ ਸਰਣਿ ਆਇਓ ਪ੍ਰਿਅ ਨਾਥ ਨਰਹਰ ਕਰਹੁ ਗਾਤ।"
- ਆਸਾ ੫, ਛੰਤ ੧੪, ੧:੬ (462)

ਗਾਤਿ ------ (1) ਹਾਲਤਾਂ, ਗਤੀ, ਅਵਸਥਾ
"ਜਾਨੀ ਨ ਜਾਈ ਤਾ ਕੀ ਗਾਤਿ।"
- ਦੇਵ ੫, ੩੫, ੧*:੧ (535)
(2) ਮੁਕਤੀ
"ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ।"
- ਧਨਾ ੫, ੪੧, ੧*:੨ (681)

ਗਾਤੀ ------ (1) ਗਤੀ ਕਰਨ ਵਾਲਾ, ਮੁਕਤੀ ਦਾਤਾ
"ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ।"
- ਮਾਝ ੫, ੧੩, ੧:੩ (98)
(2) ਹਾਲਤ, ਅਵਸਥਾ
"ਤੂ ਪਰੈ ਪਰੈ ਅਪਰੰਪਰੁ ਸੁਆਮੀ ਮਿਤਿ ਜਾਨਹੁ ਆਪਨ ਗਾਤੀ।"
- ਧਨਾ ੪, ੫, ੨:੨ (668)

ਗਾਤੁ ------ ਸਰੀਰ, ਦੇਹ
"ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ।"
- ਜੈਜਾ ੯, ੧, ੨:੧ (135)

ਗਾਤੇ ------ ਗਤੀ, ਬੰਦ ਖਲਾਸੀ, ਮੁਕਤੀ
" ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ।"
- ਗਉ ੫, ੧੩੫, ੧:੨ (209)

ਗਾਥ ------ ਉਪਦੇਸ਼ (ਸ਼ਬਦਾਰਥ), ਸਤੋਤ੍ਰ, ਉਸਤਤੀ ਗੀਤ (ਮਹਾਨਕੋਸ਼) ਕਥਾ, ਸਿਫਤ ਸਾਲਾਹ (ਦਰਪਣ)
"ਕਰਹੁ ਕ੍ਰਿਪਾ ਮੁਰਾਰਿ ਮਾਧਉ ਸੁਣਿ ਨਾਨਕ ਜੀਵੈ ਗਾਥ।"
- ਮਾਰੂ ੫, ੩੦, ੨:੨ (1007)

ਗਾਥਾ ------ (1) ਕਥਾ
"ਰਾਰਿ ਕਰਤ ਝੂਠੀ ਲਗਿ ਗਾਥਾ।"
- ਆਸਾ ੫, ੨੨, ੧*:੨ (376)
(2) ਉਸਤਤ (ਮਹਾਨਕੋਸ਼)
"ਗਾਥਾ ਗਾਵੰਤਿ ਨਾਨਕ ਭਬੵੰ ਪਰਾ ਪੂਰਬਣਹ।"
- ਗਾਥਾ ੫, ੧੮:੩ (1361)
(ਸ਼ਬਦਾਰਥ ਇਥੇ ਵੀ ਅਰਥ ਕਥਾ ਹੀ ਕਰਦਾ ਹੈ)

ਗਾਥੁ ------ ਪੂੰਜੀ ਮਾਲਧਨ
"ਮਹਰਾਜ ਰੇ ਗਾਥੁ ਵਾਹੁ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ।"
- ਟੋਡੀ ੫, ੧੯, ੧:੨ (715)

ਗਾਨੇ ------ ਗੰਨੇ ਵਾਂਗ

“ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ।”
– ਗਉ ੪, ੫੬, ੨:੨ (170)

ਗਾਫਲ ----- (ਅ ਗਾਫਲ) ਬੇਸੁਧ, ਬੇਖਬਰ, ਸੁਸਤ, ਆਲਸੀ
“ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ।”
– ਆਸਾ ੫, ੧੧੦, ੧:੧ (398)
“ਦੁੰਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ।” (ਬੇਖਬਰ, ਭੁਲੀ ਹੋਈ ਹੋਣਾ)
– ਤਿਲੰ ੫, ੧, ੧*:੨ (723)

ਹੋਰ ਰੂਪ:

ਗਾਫਲਿ –
“ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ।”
– ਸਲੋ ਕਬ, ੧੩:੨ (1365)

ਗਾਫਲੁ –
“ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ।”
– ਗਉ ਕਬ, ੭੩, ੧*:੨ (339)

ਗਾਫਿਲ ----- ਬੇਸੁਧ, ਵੇਖੋ ‘ਗਾਫਲ’
“ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ।”
– ਤਿਲੰ ੧, ੧, ੪:੧ (721)

ਗਾਮ ------ ਗਾਉਣਾ, ਗਾਇਨ ਕਰਨਾ, ਵੇਖੋ ‘ਗਾਮੁ’
“ਕਾਮਧੇਨ ਹਰਿ ਹਰਿ ਗੁਣ ਗਾਮ।”
– ਗਉ ੫, ਸੁਖ ੨, ੮:੨ (265)

ਗਾਮਨੀ ----- ਜਾਣ ਵਾਲੀ
“ਨਹ ਸੰਗਿ ਗਾਮਨੀ।”
– ਰਾਮ ੫, ੬੦, ੧:੨ (901)

ਗਾਮੀ ------ ਜਾਣ ਵਾਲਾ, ਪਹੁੰਚਾ ਦੇਣ ਵਾਲਾ
“ਸਿਮਰਿ ਸੁਆਮੀ ਸੁਖਹ ਗਾਮੀ ਇਛ ਸਗਲੀ ਪੁੰਨੀਆ।”
– ਸਿਰੀ ੩, ਛੰਤ ੨, ੪:੩ (80)

ਗਾਂਮੀ ------ ਸੰਗਮ ਕਰਨਾ, ਮਿਲਾਣ ਵਾਲਾ, ਭਾਵ ਧਾਰਣ ਕਰਨ ਵਾਲਾ
“ਸੀਸੁ ਧਰਨਿ ਸਹਸ ਭਗ ਗਾਂਮੀ।”
– ਜੈਤ ਰਵਿ, ੧, ੪:੨ (710)

ਗਾਮੁ ------ ਗਾਉਣਾ, ਗਾਇਨ ਕਰਨਾ
“ਸਦਾ ਅਨੰਦੁ ਜਾ ਹਰਿ ਗੁਣ ਗਾਮੁ।”
– ਗਉ ੫, ੧੦੧, ੨:੨ (186)

ਗਾਰ ------ (1) ਗੜ੍ਹ, ਕਿਲਾ
“ਕੋਊ ਬਿਖਮ ਗਾਰ ਤੋਰੈ।”
– ਆਸਾ ੫, ੧੫੪, ੧*:੧ (408)

(2) ਗਰਵ ਅਹੰਕਾਰ

“ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ।” (ਸ਼ਬਦਾਰਥ ਇਸ ਦੇ ਅਰਥ ‘ਗੰਧਾਪਣ, ਗੰਦਮੰਦ ਕਰਦਾ ਹੈ)

– ਦੇਵ ੫, ੩੧, ੧:੧ (534)

ਹੋਰ ਰੂਪ:

ਗਾਰਹੁ –

“ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ।”

– ਸਪੁ ੫, ੫*:੧ (1388)

(3) ਜਿਲਣ

“ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ ਬਿਕਲ ਮਾਇਆ ਸੰਗਿ ਧੰਧ।”

– ਕਾਨ ੫, ੪੧, ੧:੧ (1306)

(ਮਹਾਨਕੋਸ਼ ਇਸ ਦੇ ਅਰਥ ਟੋਆ ਕਰਦਾ ਹੈ)

ਗਾਰਬਿ ----- ਅਹੰਕਾਰ, ਨਾਲ

“ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਇ।”

– ਆਸਾ ੩, ਛੰਤ ੭, ੬:੧ (441)

ਹੋਰ ਰੂਪ:

ਗਾਰਬੁ –

“ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ।”

– ਆਸਾ ੧, ਵਾਰ ੨੨ਸ, ੨, ੧:੧ (474)

ਗਾਰਵੁ ----- ਅਹੰਕਾਰ

“ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ।”

– ਸਵ ੪, ਨਲ ੭:੧ (1399)

ਗਾਰੜੁ ----- ਸਪ ਦੀ ਵਿਹੁ ਦੂਰ ਕਰਨ ਵਾਲਾ ਮੰਤਰ ਭਾਵ ਗੁਰਸਬਦ ਮੰਤਰ

“ਗੁਰਮੁਖਿ ਗਾਰੜੁ ਜੇ ਸੁਣੇ ਮੰਨੇ ਨਾਉ ਸੰਤੋਸੁ।”

– ਮਾਰੂ ੧, ਅਸ ੨, ੪:੩ (1009)

ਗਾਰੜੂ ----- ਸੱਪਾਂ ਦਾ ਵਿਹੁ ਦੂਰ ਕਰਨ ਵਾਲੇ ਮੰਤਰ ਦਾ ਜਾਣੂ ਭਾਵ ਗੁਰਸ਼ਬਦ ਦਾ ਗਿਆਤਾ ਜੋ ਮਾਇਆ ਦੇ ਵਿਹੁ ਤੋਂ ਮੁਕਤ ਕਰਵਾ ਸਕੇ।

“ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ।”

– ਗੂਜ ੩, ਵਾਰ ੫ਸ, ੩, ੨:੩ (510)

ਗਾਰਾ ------ (1) ਮਿਟੀ ਨੂੰ ਭਿਉਂ ਕੇ ਉਸਾਰੀ ਲਈ ਬਣਾਈ ਹੋਈ ਚਿਕੜਨੁਮਾ ਮੋਈ ਹੋਈ ਮਿਟੀ

“ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।”

– ਸੋਰ ਰਵਿ, ੬, ੧:੧, (659)

ਗਾਲਾ –

(2) ਕਵਨ ਚਿਹਨ ਸੁਨਿ ਊਪਰਿ ਛੋਹਿਓ ਮੁਖ ਤੇ ਸੁਨਿ ਕਰਿ ਗਾਲਾ।”

– ਮਾਰੂ ੫, ੪, ੧:੨ (999)

ਹੋਰ ਰੂਪ:

ਗਾਰਿ –
“ਇਕੁ ਰਾਮੁ ਨ ਛੋਡਉ ਗੁਰਹਿ ਗਾਰਿ।”
– ਬਸੰ ਕਬ, ੪, ੩:੩ (1194)

ਗਾਰਿਆ ---- ਗਾਲ/ਮਿਲਾ ਕੇ
“ਘਸਿ ਕੁੰਕਮ ਚੰਦਨੁ ਗਾਰਿਆ।”
– ਸੋਰ ਕਬ, ੬, ੨:੧ (655)

ਗਾਰੀ ------ ਗਾਲ੍ਹ
“ਜਿਨਿ ਐਸਾ ਨਾਮੁ ਵਿਸਾਰਿਆ ਮੇਰਾ ਹਰਿ ਹਰਿ ਤਿਸ ਕੈ ਕੁਲਿ ਲਾਗੀ ਗਾਰੀ।”
– ਮਲਾ ੪, ੧, ੨:੧ (1263)

ਗਾਰੁੜੀ ----- ਸਪ ਦਾ ਵਿਹੁ ਦੂਰ ਕਰਨ ਵਾਲਾ ਮੰਤਰ
“ਦਸਨ ਬਿਹੂਨ ਭੁਯੰਗ ਮੰਤ੍ਰੰ ਗਾਰੁੜੀ ਨਿਵਾਰੰ।”
– ਗਾਥਾ ੫, ੧੬:੧ (1361)

ਹੋਰ ਰੂਪ:

ਗਾਰੁੜੁ –
“ੜਾੜੈ ਗਾਰੁੜੁ ਤੁਮ ਸੁਣਹੁ ਹਰਿ ਵਸੈ ਮਨ ਮਾਹਿ।”
– ਰਾਮ ੧, ਓਅੰ ੪੭:੩ (936)

ਗਾਰੈ ------ ਗਾਲੇ, ਪਿਗਲਾਵੈ ਅਥਵਾ ਸਾੜੇ
“ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਉ ਨ ਪੂਜੈ।”
– ਰਾਮ ਨਾਮ, ੪, ੨:੨(973)

ਗਾਰ੍ਰੁ ------ ਟੋਆ, ਖਾਤਾ
“ਬਿਖਮ ਗਾਰ੍ਰੁ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ।”
– ਸਾਰ ੫, ੨੨, ੧:੨ (1210)

ਗਾਲ ------ ਬਚਨ, ਗਲ
“ਗਿਆਨ ਧਿਆਨ ਨਾਨਕ ਵਡਿਆਈ ਸੰਤ ਤੇਰੇ ਸਿਉ ਗਾਲ ਗਲੋਹੀ।” (ਬਚਨ ਬਿਲਾਸ)
– ਗਉ ੫, ੧੨੯, ੨:੨ (207)

“ਤਿਸੁ ਗੁਰ ਕੰਉ ਸਭਿ ਨਮਸਕਾਰੁ ਕਰਹੁ ਜਿਨਿ ਹਰਿ ਕੀ ਹਰਿ ਗਾਲ ਗਲੋਈਐ।” (ਗਲ/ਮਹਿਮਾ ਆਖੀਐ)
– ਵਡ ੪, ਵਾਰ ੪:੫ (587)

ਗਾਲਾਇ ---- ਆਖ, ਬੋਲ
“ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।”
– ਸਲੋ ਫਰ, ੧੨੯:੧ (1384)

ਹੋਰ ਰੂਪ:

ਗਾਲਾਇਓ –

"ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ।" (ਆਖਦਾ/ਗਲਾਂ ਕਰਦਾ ਹੈ)
– ਮਾਰੂ ੫, ਵਾਰ ੪ਸ, ੫, ੩:੧ (1095)

ਗਾਲਿ ------ (1) ਗ੍ਹਾਲ, ਭਾਵ ਕਲੰਕ, ਬਦਨਾਮੀ, ਵੱਟਾ
"ਤੋਸਾ ਹਰਿ ਕਾ ਨਾਮੁ ਲੈ ਤੇਰੇ ਕੁਲਹਿ ਨ ਲਾਗੈ ਗਾਲਿ ਜੀਉ।"
– ਮਾਝ ੫, ੩੮, ੧:੩ (132)
(2) ਗਾਲ੍ਹ ਕੇ, ਪਿਗਲਾ ਕੇ
"ਸਤਿ ਤੀਰਥ ਬਰਤ ਜਗ੍ਯ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ।"
– ਕਲਿ ੪, ਅਸ ੨, ੭:੧ (1325)

ਹੋਰ ਰੂਪ:

ਗਾਲਿਆ –
"ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ।" (ਗਲਦੇ ਹਨ)
– ਮਾਝ ੧, ਵਾਰ ੨੪:੭ (149)

ਗਾਲੀ ------ (1) ਖਰਾਬ ਕੀਤੀ/ਵਿਗੜੀ ਹੋਈ, ਗਾਲੀ/ਨਾਸ ਕੀਤੀ ਹੋਈ
"ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ।"
– ਗਉ ੧, ਛੰਤ ੧, ੧:੫ (242)
(2) ਗਲਾਂ
"ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ।"
– ਵਡ ੪, ਵਾਰ ੨੦ਸ, ੧, ੨:੧ (594)

ਗਾਲੀਅਹਿ --- ਗਾਲੇ – ਪਿਘਲਾ ਕੇ ਖਤਮ ਕੀਤੇ ਜਾਂਦੇ ਹਨ)
"ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ।"
– ਮਾਲੀ ੪, ੩, ੩:੨ (985)

ਹੋਰ ਰੂਪ:

ਗਾਲੀਐ –
"ਤਨੁ ਹੈਮੰਚਲਿ ਗਾਲੀਐ ਭੀ ਮਨੁ ਤੇ ਰੋਗੁ ਨ ਜਾਇ।"
– ਸਿਰੀ ੧, ਅਸ ੧੪, ੩:੨ (62)

ਗਾਲੇ –
"ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ।" (ਗਾਲੇ ਭਾਵ ਫਿਟਕਾਰੇ ਹੋਏ)
– ਗਉ ੪, ਵਾਰ ੧੦ਸ, ੪, ੧:੪ (305)
"ਇਨਿ ਦੁਬਿਧਾ ਘਰ ਬਹੁਤੇ ਗਾਲੇ।" (ਨਾਸ ਕੀਤੇ ਹਨ)
– ਮਾਰੂ ੧, ਸੋਲਾ ੯, ੧੩:੨ (1029)

ਗਾਲੈ –
"ਕਾਮੁ ਕ੍ਰੋਧੁ ਕਾਇਆ ਕਉ ਗਾਲੈ" (ਗਾਲਦਾ/ਨਾਸ ਕਰਦਾ ਹੈ)
– ਰਾਮ ੧, ਓਅੰ ੧੯:੧ (932)

ਗਾਲ੍ਹਿ ------ ਗਲ, ਬਚਨ
"ਬਿੰਦਕੁ ਗਾਲ੍ਹਿ ਸੁਣੀ ਸਚੇ ਤਿਸੁ ਧਣੀ।"
– ਆਸਾ ੫, ੧੦੫, ੨:੧ (397)

ਹੋਰ ਰੂਪ:

ਗਾਲ੍ਹੀ –
“ਗਾਲ੍ਹੀ ਅਲ ਪਲਾਲੀਆ ਕੰਮਿ ਨ ਆਵਹਿ ਮਿਤ।” (ਫੋਕੀਆਂ ਗੱਲਾਂ)
– ਗਉ ੫, ਵਾਰ ੧੨ਸ, ੫, ੧:੨ (320)

ਗਾਵ ------ ਪਿੰਡ, ਗ੍ਰਾਮ
“ਕਰਉ ਅਰਦਾਸਿ ਗਾਵ ਕਿਛੁ ਬਾਕੀ।”
– ਸੂਹੀ ਕਬ, ੩, ੨:੧ (792)

ਗਾਵਉ ----- (1) ਗਾਇਨ ਕਰਦਾ ਹਾਂ, ਗਾਉਂਦਾ ਹੈ
“ਪ੍ਰਭੁ ਦਇਆ ਤੇ ਮੰਗਲੁ ਗਾਵਉ।”
– ਮਾਝ ੫, ੨੪, ੧:੨ (101)

ਹੋਰ ਰੂਪ:

ਗਾਵਓ –
“ਕਰਿ ਦਇਆ ਮਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ।”
– ਆਸਾ ੧, ਛੰਤ ੧, ੧:੫ (436)

(2) ਜਪਦਾ ਹਾਂ
“ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ।”
– ਆਸਾ ੫, ੧੨੨, ੧:੧ (401)

ਗਾਵਏ ----- ਗਾਵੀਏ, ਗਾਇਨ ਕਰੀਏ, ਗਾਇਨ ਕਰਦੇ/ਗਾਉਂਦੇ ਹਨ
“ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ।”
– ਸਿਰੀ ੫, ਛੰਤ ੩, ੧:੫ (80)
“ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ।” (ਗਾਉਂਦੇ ਹਨ)
– ਆਸਾ ੫, ਛੰਤ ੫, ੩:੩ (456)

ਗਾਵਸਿ ----- ਗਾਉਂਦਾ, ਜਪਦਾ
“ਜੋ ਸਮਰਥੁ ਸਰਬ ਗੁਣ ਨਾਇਕੁ ਤਿਸ ਕਉ ਕਬਹੁ ਨ ਗਾਵਸਿ ਰੇ।”
– ਮਾਰੂ ੫, ੭, ੧:੧ (1000)

ਹੋਰ ਰੂਪ:

ਗਾਵਸੀ –
“ਮੈ ਦੀਜੈ ਨਾਮੁ ਨਿਵਾਸੁ ਹਰਿ ਗੁਣ ਗਾਵਸੀ।” (ਗਾਵਾਂ)
– ਸੂਹੀ ੧, ਅਸ ੩੮:੨ (752)

ਗਾਵਹ ----- ਗਾਵੀਏ
“ਮਿਲਿ ਗਾਵਹ ਗੁਣ ਅਗਮ ਅਪਾਰੇ।”
– ਮਾਝ ੫, ੩੫, ੧:੨ (104)
“ਹਰਿ ਗੁਣ ਗਾਵਹ ਸਹਜਿ ਸੁਭਾਇ।” (ਗਾਉਂਦੇ ਹਾਂ)
– ਗਉ ੫, ੧੦੦, ੧*:੨ (186)

ਹੋਰ ਰੂਪ:

ਗਾਵਹਿ –
“ਹਰਿ ਗੁਣ ਗਾਵਹਿ ਹਰਿ ਨਿਤ ਪੜਹਿ ਹਰਿ ਗੁਣ ਗਾਇ ਸਮਾਇ।” (ਗਾਉਂਦਾ ਹਾਂ)
– ਸਿਰੀ ੩, ੩੭, ੫:੩ (28)
“ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ।” (ਗਾਉਂਦੇ ਹਨ)
– ਜਪੁ ੧, ੨੭:੬ (6)

ਗਾਵਹੀ –
“ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ।” (ਗਾਉਂਦੀਆਂ ਹਨ)
– ਮਾਝ ੫, ਬਾਰਾ ੧੩:੫ (136)

ਗਾਵਹੁ –
“ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ।”
– ਗਉ ੧, ਸੋਹ ੧, ੧:੨ (12)

ਗਾਵਹੇ –
“ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ।” (ਗਾਉਂਦੇ ਹਨ)
– ਗਉ ੫, ਛੰਤ ੨, ੧:੩ (248)

ਗਾਵਣ ----- (1) ਗਾਇਨ ਕਰਨ, ਗਾਉਣ
“ਸੁਖ ਸੋਹਿਲੜੇ ਹਰਿ ਗਾਵਣ ਲਾਗੇ।”
– ਆਸਾ ੫, ਛੰਤ ੧੦, ੪:੧ (459)
(2) ਗਾਇਨ ਸਿਫਤ ਸਲਾਹ ਦੇ
“ਗਾਈਐ ਰਾਤਿ ਦਿਨੰਤੁ ਗਾਵਣ ਜੋਗਿਆ।”
– ਰਾਮ ੫, ਵਾਰ ੨:੭ (957)

ਗਾਵਣਹਾਰੀਆ ਗਾਇਨ ਕਰਨ ਵਾਲੀਆਂ
“ਬਹਿ ਸਖੀਆ ਜਸੁ ਗਾਵਹਿ ਗਾਵਣਹਾਰੀਆ।”
– ਸੋਰ ੪, ਵਾਰ ੮:੧ (645)

ਹੋਰ ਰੂਪ:

ਗਾਵਣਹਾਰੁ –
“ਗਾਵੈ ਗਾਵਣਹਾਰੁ ਸਬਦਿ ਸੁਹਾਵਣੋ।” (ਗਾਇਨ ਕਰਨ ਵਾਲਾ ਗਾਇਕ)
– ਧਨਾ ੧, ਛੰਤ ੧, ੩:੨ (688)

ਗਾਵਣਹਾਰੇ –
“ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ”
– ਜਪੁ ੧, ੨੭:੩ (6)

ਗਾਵਣਾ ----- ਗਾਇਨ ਕਰਨਾ
“ਖਾਲਕ ਕਉ ਆਦੇਸੁ ਢਾਢੀ ਗਾਵਣਾ”
– ਮਾਝ ੧, ਵਾਰ ੨੧:੭ (148)

ਗਾਵਣਿ ----- ਵਡਿਆਈ, ਜਸ, ਕੀਰਤਨ
“ਗਾਵਣਿ ਗਾਵਹਿ ਜਿਨ ਨਾਮ ਪਿਆਰੁ।”
– ਗਉ ੩, ੨੪, ੧:੩ (158)

ਗਾਵਣਿਆ --- (1) ਗਾਉਣ ਵਾਲਿਆਂ ਨੂੰ

"ਨਾਨਕ ਸਚੁ ਕਹੈ ਬੇਨੰਤੀ ਸਚੁ ਮਿਲੈ ਗੁਣ ਗਾਵਣਿਆ"

– ਮਾਝ ੧, ਅਸ ੧, ੮:੩ (109)

(2) ਗਾਉਣ ਲਗੇ

"ਗੁਰਮਤੀ ਪਰਗਾਸ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ।"

– ਮਾਝ ੧, ਅਸ ੨, ੧*:੨ (110)

ਗਾਵਣੁ ----- ਗਾਇਨ ਕਰਨਾ

"ਗਾਵਣੁ ਸੁਨਣੁ ਸਭੁ ਤੇਰਾ ਭਾਣਾ।"

– ਮਲਾ ੫, ੨੦, ੨:੧ (1270)

ਹੋਰ ਰੂਪ:

ਗਾਵਣੇ –

"ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ।"

– ਸਿਰੀ ੫, ੮੧, ੧:੪ (46)

ਗਾਵਤ ----- ਗਾਂਵਿਆ

"ਧੰਨੁ ਸੁ ਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ।"

– ਮਾਝ ੫, ੨੯, ੧:੩ (103)

"ਗੁਣ ਗਾਵਤ ਮਨੁ ਹਰਿਆ ਹੋਵੈ।" (ਗਾਉਂਦਿਆ)

– ਮਾਝ ੫, ੩੩, ੨:੧ (104)

"ਗਾਵਤ ਸੁਣਤ ਸਭੇ ਹੀ ਮੁਕਤੇ ਸੋ ਧਿਆਈਐ ਜਿਨਿ ਹਮ ਕੀਏ ਜੀਉ।" (ਗਾਵਿਆਂ)

– ਮਾਝ ੫, ੩੫, ੧:੩ (104)

ਹੋਰ ਰੂਪ:

ਗਾਵੰਤ –

"ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ।" (ਗਾਉਂਦੇ)

– ਮਲਾ ਨਾਮ, ੧, ੩:੧ (1292)

ਗਾਵਤਾ –

"ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ।" (ਗਾਉਂਦਾ)

– ਆਸਾ ਕਬ, ੧੩, ੧*:੧ (478)

ਗਾਵੰਤਾ –

"ਗੀਤ ਨਾਦ ਕੀਰਤਨੁ ਗਾਵੰਤਾ ਜੀਉ।" (ਗਾਉਂਦਾ)

– ਗਉ ੫, ੧੬੬*, ੩:੩ (216)

ਗਾਵੰਤਿ –

"ਗਾਥਾ ਗਾਵੰਤਿ ਨਾਨਕ ਭਬੰ ਪਰਾ ਪੂਰਬਣਹ।" (ਗਾਉਂਦੇ ਹਨ)

– ਗਾਥਾ ੫, ੧੮:੨ (1361)

ਗਾਵਤੀ –

"ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ ਗਾਵਤੀ ਗਾਵਤੀ ਗਾਵਤੀ ਦਰਸ ਪਿਆਰਿ।"

– ਕਾਨ ੫, ੩੭, ੧*:੨ (1305)

ਗਾਵਤੇ –

“ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ।” (ਗਾਉਂਦੇ)
– ਗਉ ੫, ਥਿਤੀ ੬ਸ:੨ (297)

ਗਾਵਦਾ ----- ਗਾਉਂਦਾ
“ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸ ਨੋ ਸਦਾ ਸਦਾ ਨਮਸਕਾਰੁ।”
– ਗਉ ੪, ਵਾਰ ੬ਸ, ੪, ੧:੬ (302)

ਹੋਰ ਰੂਪ:

ਗਾਵਦੇ –
“ਹਰਿ ਕੇ ਗੁਣ ਨਿਤ ਗਾਵਦੇ ਹਰਿ ਗੁਣ ਗਾਇ ਗੁਣੀ ਸਮਝਾਹੀ।”
– ਸੋਰ ੪, ਵਾਰ ੧੭:੪ (649)

ਗਾਂਵਦੇ –
“ਹਰਿ ਕੀਰਤਨੁ ਭਗਤ ਨਿਤ ਗਾਂਵਦੇ ਹਰਿ ਨਾਮੁ ਸੁਖਦਾਈ।”
– ਗਉ ੪, ਵਾਰ ੨੦ਸ, ੪, ੨:੨ (316)

ਗਾਵਨ ----- (1) ਗਾਉਂਦੇ ਹਨ
“ਕਥਨ ਸੁ ਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ।”
– ਦੇਵ ੫, ੩੧, ੧:੧ (534)

(2) ਗਾਉਣਾ
“ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾ ਕੈ ਪਾਉ।”
– ਦੇਵ ੫, ੩੮, ੧*:੨ (536)

ਗਾਵਨਹਾਰੀ -- ਗਾਉਣ ਵਾਲਾ ਗਵੱਈਆ
“ਬਿਨਾ ਕੰਠੈ ਕੈਸੇ ਗਾਵਨਹਾਰੀ।”
– ਭੈਰ ੫, ੧੯, ੧:੨ (1140)

ਹੋਰ ਰੂਪ:

ਗਾਵਨਹਾਰੇ –
“ਗਾਵਿ ਲੇਹਿ ਤੂ ਗਾਵਨਹਾਰੇ।”
– ਆਸਾ ੫, ੯੯, ੧:੧ (395)

ਗਾਵਨਾ ----- ਗਾਉਣਾ, ਗਾਇਨ ਕਰਨਾ
“ਤੁਧੁ ਆਵਤ ਮੇਰਾ ਮਨੁ ਤਨੁ ਹਰਿਆ ਹਰਿ ਜਸੁ ਤੁਮ ਸੰਗਿ ਗਾਵਨਾ।”
– ਮਾਰੂ ੫, ਅਸ ੫, ੧:੧ (1018)

ਹੋਰ ਰੂਪ:

ਗਾਵਨਿ –
“ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ।” (ਗਾਉਂਦੇ ਹਨ)
– ਜਪੁ ੧, ੨੭:੯ (6)
“ਹਉਮੈ ਗਾਵਨਿ ਗਾਵਹਿ ਗੀਤ।” (ਹਉਮੈ ਨੂੰ ਗਾਉਣ ਭਾਵ ਵਡਿਆਣ ਵਾਲੇ ਗੀਤ ਗਾਉਂਦੇ ਹਨ)
– ਭੈਰ ਕਬ, ਅਸ ੧, ੨:੨ (1162)

ਗਾਵਨੀ –

“ਹਾਹਾ ਹੂਹੂ ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ।” (ਗਾਉਣਾ)
– ਮਲਾ ੫, ੨੫, ੧*:੨ (1272)

ਗਾਵਨੁ –
“ਕੋ ਮੂਆ ਕਾ ਕੈ ਘਰਿ ਗਾਵਨੁ।” (ਗਾਉਣਾ, ਭਾਵ ਖੁਸ਼ੀ ਹੋ ਰਹੀ ਹੈ)
– ਆਸਾ ੫, ੭੫, ੧*:੧ (389)

ਗਾਵਨੋ –
“ਮਿਲਿ ਸੰਗਤੀ ਗੁਨ ਗਾਵਨੋ।”
– ਬਿਲਾ ੪, ੭, ੧:੫ (801)

ਗਾਵਨਿ੍ –
“ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ।”
– ਆਸਾ ੧, ਸੋਦ ੧:੪ (347)

ਗਾਵਰ ----- **ਗਵਾਰ**
“ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ।” (ਮਹਾਨ ਕੋਸ਼ ਇਸ ਦੇ ਅਰਥ (ਫਾ. ਬੇਦੀਨ, ਕਾਫਰ ਕਰਦਾ ਹੈ)
– ਗਉ ੫, ੧੨੭*, ੧*:੨ (206)

ਗਾਵਾ ------ **(1) ਗਾਇਨ ਕਰਾਂ**
“ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ।”
– ਸਿਰੀ ੪, ੬੭, ੧:੧ (40)

ਹੋਰ ਰੂਪ:

ਗਾਵਾਂ –
“ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ”
– ਵਡ ੪, ੩, ੫:੨ (562)

(2) ਪਿੰਡ, ਗਾਂਵ
“ਬਾਬਾ ਦੇਹਿ ਵਸਾ ਸਚ ਗਾਵਾ।” (ਸਚੇ ਦੇ ਗ੍ਰਾਮ ਵਿਚ ਵਸਾ, ਦੇਹ)
– ਮਾਰੂ ੩, ੧, ੧*:੧ (993)
“ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ।”
– ਮਾਰੂ ਕਬ, ੭, ੧:੧ (1104)

ਗਾਵਾਇਣੁ --- **ਦੂਰ ਕਰਨ, ਮੇਟਨ**
“ਸਭ ਕਿਲਵਿਖ ਪਾਪ ਗਏ ਗਾਵਾਇਣੁ”
– ਭੈਰ ੪, ੧, ੩:੨ (1134)

ਗਾਵਾਇਦਾ -- **ਗਾਇਨ ਕਰਵਾਉਂਦਾ**
“ਆਪੇ ਗੁਣ ਗਾਵਾਇਦਾ ਪਿਆਰਾ ਆਪੇ ਸਬਦਿ ਸਮਾਹਾ।”
– ਸੋਰ ੪, ੬, ੧:੨ (606)

ਗਾਵਾਈਆ -- **ਗਾਇਨ ਕਰਵਾਈ**
“ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਿ ਰਾਮ ਜੀਉ।”
– ਸੂਹੀ ੪, ਛੰਤ ੧, ੨:੨ (773)

ਗਾਵਾਏ ----- ਗਾਇਨ ਕਰਾਏ

“ਆਪਿ ਗਾਵਾਏ ਸੁ ਹਰਿ ਗੁਨ ਗਾਉ।”

– ਗਉ ੫, ਸੁਖ ੬, ੮:੨ (270)

ਗਾਵਾਹਾ ---- ਗਾਇਨ ਕਰਵਾਉਂਦਾ ਹੈ

“ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ।”

– ਮਾਝ ੫, ੧੪, ੨:੨ (98)

“ਖਿਨੁ ਖਿਨੁ ਰਾਮ ਨਾਮੁ ਗਾਵਾਹਾ।” (ਗਾਓ)

– ਜੈਤ ੪, ੮, ੪:੨ (699)

“ਸਖੀ ਮਿਲਹੁ ਮਿਲਿ ਗੁਣ ਗਾਵਾਹਾ।” (ਗਾਈਏ)

– ਜੈਤ ੪, ੧੦, ੩:੧ (699)

ਗਾਵਾਹੀ ---- ਗਾਇਨ ਕਰਵਾਉਂਦਾ ਹੈ

“ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿ ਗੁਣ ਗਾਵਾਹੀ।”

– ਗਉ ੪, ੫੨, ੪:੨ (168)

ਗਾਵਾਧਾ ---- ਗਾਉਂਦੇ ਹਨ, ਗਾਇਨ ਕਰਦੇ ਹਨ

“ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ।”

– ਮਾਰੂ ੫, ਵਾਰ ੧੯:੩ (1101)

ਗਾਵਾਰ ----- ਅਸਭਯ, ਬੇਸਮਝ, ਮੂਰਖ

“ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ”

– ਸਿਰੀ ੩, ੬੪, ੩:੧ (39)

“ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ।” (ਭਾਵ ਅਗਿਆਨੀ)

– ਮਾਰੂ ੩, ਵਾਰ ੧੯ਸ, ੩, ੧:੨ (1091)

ਹੋਰ ਰੂਪ:

ਗਾਵਾਰਾ –

“ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ।” (ਮੂਰਖਾਂ ਤੋਂ)

– ਜਪੁ ੧, ੨੬:੨੬ (6)

ਗਾਵਾਰਿ –

“ਪਿਰ ਕੈ ਭਾਣੈ ਨਾ ਚਲੈ ਹੁਕਮੁ ਕਰੇ ਗਾਵਾਰਿ”

– ਸਿਰੀ ੪, ਵਾਰ ੧੯ਸ, ੩, ੧:੨ (89)

ਗਾਵਾਰੀ –

“ਮਾਇਆ ਕਉ ਲੂ ਝਹਿ ਗਾਵਾਰੀ।”

– ਆਸਾ ੪, ੫੪, ੩:੨ (366)

“ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ।” (ਭਾਵ ਗਵਾਰਾਂ/ਮੂਰਖਾਂ ਵਾਲੀ ਵਿਦਿਆ)

– ਮਾਰੂ ੧, ਅਸ ੧੧, ੫:੧ (1015)

ਗਾਵਾਰੁ –

“ਮਾਇਆ ਕਾਮਿ ਵਿਆਪਿਆ ਸਮਝੈ ਨਾਹੀ ਗਾਵਾਰੁ”

– ਸਿਰੀ ੫, ੭੪, ੧:੨ (43)

ਗਾਵਾਵਹਿ --- ਗੁਆ ਬਹਿੰਦੇ ਹਨ
“ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ।”
– ਆਸਾ ੧, ਵਾਰ ੧੧ਸ, ੧, ੨:੭ (469)

ਗਾਵਿ ------ ਗਾ/ਗਾਇਨ
“ਗਾਵਿ ਲੇਹੁ ਤੂ ਗਾਵਨਹਾਰੇ।”
– ਆਸਾ ੫, ੯੯, ੧:੧ (395)

ਗਾਵਿਆ ---- ਗਾਇਨ ਕੀਤਾ
“ਸਹਜੇ ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ।”
– ਸਿਰੀ ੩, ੨੩, ੨:੧ (68)

ਹੋਰ ਰੂਪ:

ਗਾਵੀਅਹਿ –
“ਗੁਣ ਗੋਵਿੰਦ ਨਿਤ ਗਾਵੀਅਹਿ ਅਵਗੁਣ ਕਟਣਹਾਰ।” (ਗਾਇਨ ਕਰੀਏ)
– ਸਿਰੀ ੫, ੮੬, ੨:੧ (68)

ਗਾਵੀਆ –
“ਮਿਲਿ ਨਾਰੀ ਸਤਸੰਗਿ ਮੰਗਲੁ ਗਾਵੀਆ।” (ਗਾਇਨ ਕੀਤਾ)
– ਰਾਮ ੫, ਵਾਰ ੧੫:੧ (964)

ਗਾਵੀਐ –
“ਨਾਨਕ ਗਾਵੀਐ ਗੁਣੀ ਨਿਧਾਨੁ।”
– (ਜਪੁ ਕਰੀਏ, ਗੁਣ ਗਾਇਣ ਕਰੀਏ)
– ਜਪੁ ੧, ੫:੪ (2)
“ਸਾਸਿ ਸਾਸਿ ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ।” (ਗਾਇਨ ਕਰੀਏ)
– ਆਸਾ ੫, ਛੰਤ ੧੨, ੧:੪ (460)
“ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ।” (ਜਪੀਏ)
– ਧਨਾ ੫, ਛੰਤ ੧, ੧:੧ (691)

ਗਾਵੀਜੈ ----- ਗਾਵੋ, ਗਾਇਨ ਕਰੋ
“ਮਨ ਆਠ ਪਹਰ ਤਾ ਕਾ ਜਸੁ ਗਾਵੀਜੈ।”
– ਗਉ ੫, ਸੁਖ ੬, ੨:੪ (270)

ਗਾਵੀਤਾ ---- ਗਾਏ, ਗਾਇਨ ਕੀਤੇ
“ਅੰਤਰਿ ਤ੍ਰਿਸਨਾ ਮਰਿ ਗਈ ਹਰਿ ਗੁਣ ਗਾਵੀਤਾ।”
– ਰਾਮ ੩, ਵਾਰ ੧੮:੪ (955)

ਗਾਵੇ ------ ਗਾਇਨ ਕਰੇ, ਗਾਏ
“ਆਪੁ ਗਵਾਇਆ ਸੇਵ ਕਮਾਇਆ ਗੁਨ ਰਸਿ ਰਸਿ ਗਾਵੇ।”
– ਆਸਾ ੫, ੧੪੭, ੧:੧ (407)

ਹੋਰ ਰੂਪ:

ਗਾਵੈ –
“ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।” (ਗਾਉਂਦਾ ਹੈ)

– ਜਪੁ ੧, ੩:੧ (1)

“ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ।”

– ਆਸਾ ੪, ਸੋਪੁ ੧, ੫:੫ (11)

“ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ।” (ਸਿਮਰੇ, ਜਪੇ)

– ਮਾਝ ੫, ੨੪, ੪:੩ (101)

ਗਾਂਵੈ –

“ਅਨਦਿਨੁ ਬਾਣੀ ਸਬਦੇ ਗਾਂਵੈ ਸਾਚਿ ਰਹੈ ਲਿਵ ਲਾਇ।”

– ਮਲਾ ੩, ੫, ੧:੪ (1259)

ਗਾੜਾ ------ ਡੂੰਘਾ, ਘਨਾ

“ਆਪਿ ਸੁ ਗਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ।”

– ਮਾਰੂ ੫, ਸੋਲਾ ੧੦, ੧੧:੩ (1081)

“ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ।” (ਡੂੰਘਾ ਭਾਵ ਵਡਾ)

– ਮਾਰੂ ੫, ਵਾਰ ਪਸ, ੫, ੧:੧ (1095)

ਗਿਆਸ ---- ਇਕਾਦਸੀ ਦਾ ਵਰਤ

“ਬ੍ਰਹਮ ਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ।”

– ਪ੍ਰਭਾ ਕਬ, ੨, ੩:੧ (1349)

ਗਿਆਤਾ ---- (ਸੰ. ਗਯਾਤਾ) (1) ਗਿਆਨ ਵਾਨ, ਜਾਣਨ ਵਾਲੇ, ਗਿਆਨੀ

“ਇਕਿ ਮਨ ਹੀ ਗਿਆਤਾ।”

– ਸਿਰੀ ੫, ਅਸ ੨੭, ੬:੩ (71)

(2) ਜਾਣ ਬੁਝ ਕੇ, ਸੁਚੇਤ ਰੂਪ ਵਿਚ

“ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ।”

– ਗਉ ਕਬ, ੬੭, ੧:੨ (338)

ਗਿਆਨ ---- (1) ਸੰ. (ਗਯਾਨ ਮਹਾਨਕੋਸ਼ ਇਸ ਦੇ ਅਰਥ ‘ਸਰੀਰ’ ਕਰਦੇ ਹਨ) ਜਾਣਕਾਰੀ, ਬੋਧ

“ਅਸੰਖ ਭਗਤ ਗੁਣ ਗਿਆਨ ਵੀਚਾਰ।” (ਰਬੀ ਬੋਧ)

– ਜਪੁ ੧, ੧੭:੫ (4)

“ਗਿਆਨ ਮਹਾ ਰਸੁ ਭੋਗਵੈ ਬਾਹੁੜਿ ਭੁਖ ਨ ਹੋਇ।” (ਰਬੀ ਬੋਧ)

– ਸਿਰੀ ੧, ੧੮, ੫:੨ (21)

“ਗੁਰ ਗਮ ਗਿਆਨ ਬਤਾਵੈ ਭੇਦ।” (ਗੁਰੁ ਕੋਲ ਪਹੁੰਚਕੇ ਪ੍ਰਾਪਤ ਕੀਤੀ ਜਾਣਕਾਰੀ, ਵਾਕਫੀ)

– ਗਉ ਕਬ, ਥਿਤੀ ੯:੩ (343)

ਹੋਰ ਰੂਪ:

ਗਿਆਨੰ –

“ਕਿਰਪੰਤ ਹਰੀਅੰ ਮਤਿ ਤਤੁ ਗਿਆਨੰ।” (ਅਸਲੀ ਬੋਧ)

– ਸਸ ੫, ੧੩:੧ (1355)

(2) ਸੁਝ ਬੁਝ, ਸੋਝੀ, ਵਿਵੇਕ

“ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ।”

– ਸਿਰੀ ੩, ੬੧, ੩:੧ (38)

"ਗੁਰਮੁਖਿ ਗਿਆਨ ਭੇਟਿ ਗੁਣ ਗਾਹੀ।" (ਗੁਰੂ ਦੁਆਰਾ ਸੋਝੀ ਪ੍ਰਾਪਤ ਕਰ)

– ਗਉ ੧, ਅਸ ੧੩, ੭:੨ (227)

"ਤਜਿ ਹਉਮੈ ਗੁਰ ਗਿਆਨ ਭਜੋ।" (ਗੁਰੂ ਤੋਂ ਪ੍ਰਾਪਤ ਵਿਵੇਕ ਦੁਆਰਾ ਹਉਮੈ ਤਿਆਗ ਕੇ)

– ਗਉ ੫, ਅਸ, ੧੩, ੧:੧ (241)

"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।" (ਸਮਝ)

– ਆਸਾ ੧, ਵਾਰ ੧੧ਸ, ੧, ੨:੩ (469)

"ਗਿਆਨ ਮਤੀ ਕਮਲ ਪਰਗਾਸੁ।" (ਸਮਝ ਵਾਲੀ ਮਤ ਨਾਲ)

– ਮਲਾ ੩, ਅਸ ੩, ੫:੩ (1277)

ਹੋਰ ਰੂਪ:

ਗਿਆਨੰ –

"ਮਤਿ ਤਤੁ ਗਿਆਨੰ ਕਲਿਆਣ ਨਿਧਾਨੰ ਹਰਿ ਨਾਮ ਮਨਿ ਰਮਣੰ।" (ਅਸਲੀ ਸਮਝ/ਸੂਝ ਵਾਲੀ ਮਤ)

– ਗੂਜ, ੧, ਅਸ ੫, ੨:੨ (505)

(3) ਵਿਦਿਆ, ਇਲਮ

"ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ।"

– ਸਿਰੀ ੧, ਅਸ ੭, ੩:੧ (57)

"ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ।"

– ਮਾਝ ੩, ਅਸ ੨੫, ੩:੧ (124)

"ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।"

– ਗਉ ਕਬ, ਬਾਅ ੫:੨ (340)

(4) ਵਿਚਾਰਾਂ, ਵਿਚਾਰ

"ਕਬਹੂ ਸਿਧ ਸਾਧਿਕ ਮੁਖਿ ਗਿਆਨ।" (ਮੂੰਹੋਂ ਵਿਚਾਰਾਂ ਗਿਆਨ ਦਾ ਪ੍ਰਗਟਾਵਾ ਕਰਦਾ ਹੈ)

– ਗਉ ੫, ਸੁਖ ੧੧, ੭:੪ (277)

"ਸੁਰਤੇ ਚੁਲੀ ਗਿਆਨ ਕੀ ਜੋਗੀ ਕਾ ਜਤੁ ਹੋਇ।" (ਸਿਆਣੇ ਪੰਡਿਤ ਦੀ ਚੁਲੀ ਵਿਚਾਰ ਦੀ ਹੈ)

– ਸਾਰ ੪, ਵਾਰ ੭ਸ, ੧, ੨:੨ (1240)

(5) ਜਾਣਕਾਰੀ ਪ੍ਰਾਪਤ (ਕਰਨ ਜੋਗ)

"ਅੰਤਰਿ ਬਾਹਰਿ ਸੰਗਿ ਸਹਾਈ ਗਿਆਨ ਜੋਗੁ।"

– ਆਸਾ ੫, ੧੧੨, ੨:੧ (398)

ਗਿਆਨਸਰਿ – ਗਿਆਨ (ਰਬੀ ਬੋਧ) ਰੂਪੀ ਸਰੋਵਰ

"ਗੁਰੂ ਸਾਧੂ ਅੰਮ੍ਰਿਤ ਗਿਆਨਸਰਿ ਨਾਇਣੁ।"

– ਭੈਰ ੪, ੧, ੩:੧ (1134)

ਗਿਆਨਹੀਨ -- ਗਿਆਨ (ਬੋਧ, ਸੂਝ) ਤੋਂ ਇਲਾਵਾ

"ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ।"

– ਜੈਤ ੪, ੧, ੪:੧ (696)

ਹੋਰ ਰੂਪ:

ਗਿਆਨਹੀਨੀ –
“ਕੁਲ ਰੂਪ ਧੂਪ ਗਿਆਨਹੀਨੀ ਤੁਝ ਬਿਨਾ ਮੋਹਿ ਕਵਨ ਮਾਤ।”
– ਆਸਾ ੫, ਛੰਤ ੧੪, ੧:੫ (462)

ਗਿਆਨ ਖੜਗੁ ਬੋਧ/ਸਮਝ ਰੂਪੀ ਤਲਵਾਰ
“ਗਿਆਨ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ।”
– ਮਾਰੂ ੧, ਸੋਲਾ ੩, ੩:੩ (1022)

ਗਿਆਨਨ --- ਗਿਆਨਵਾਨ, ਸਮਝ ਸੂਝ ਵਾਲੇ
“ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ।”
– ਗੂਜ ੫, ਅਸ ੧, ੬:੧ (507)

ਗਿਆਨਮਤੀ – ਸਮਝ/ਬੂਝ ਵਾਲੀ ਮਤ/ਹਾਲਤ
“ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ।”
– ਆਸਾ ੩, ੮੦, ੧*:੨ (426)

ਗਿਆਨਰਾਉ – ਗਿਆਨ ਦਾ ਰਾਜਾ ਅਰਥਾਤ ਵਾਹਿਗੁਰੂ
“ਗਿਆਨਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ।”
– ਆਸਾ ੧, ੩੫, ੪:੨ (359)

ਗਿਆਨ ਵਿਚਾਰੀ ਗਿਆਨ ਦੀ ਵਿਚਾਰ ਕਰਨ ਵਾਲਾ
“ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵਿਚਾਰੀ।”
– ਧਨਾ ੧, ਛੰਤ ੨, ੪:੫ (689)

ਗਿਆਨਾ ---- (1) ਗਿਆਨ ਬੋਧ, ਜਾਣਕਾਰੀ
“ਖਟੁ ਸਾਸਤ ਬਿਚਰਤ ਮੁਖਿ ਗਿਆਨਾ।”
– ਮਾਝ ੫, ੧੨, ੨:੧ (98)
“ਆਪਿ ਨਿਰਾਲਮੁ ਗੁਰ ਗਮ ਗਿਆਨਾ।” (ਗੁਰੂ ਨੂੰ ਪਹੁੰਚ ਕੇ ਬੋਧ ਪ੍ਰਾਪਤ ਹੁੰਦਾ)
– ਮਾਰੂ ੧, ਸੋਲਾ ੧, ੧੬:੧ (1021)

ਹੋਰ ਰੂਪ:

ਗਿਆਨਾਂ –
“ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ।”
– ਬਿਹਾ ੪, ਵਾਰ ੧੯:੩ (556)

ਗਿਆਨਿ –
“ਜੋਰੁ ਨ ਸੁਰਤੀ ਗਿਆਨਿ ਵੀਚਾਰਿ।”
– ਜਪੁ ੧, ੩੩:੫ (7)
“ਗਿਆਨਿ ਰਤਨਿ ਘਟਿ ਚਾਨਣੁ ਹੋਆ ਨਾਨਕ ਨਾਮ ਪਿਆਰੋ।” (ਰਬੀ ਬੋਧ, ਗਿਆਨ ਰੂਪੀ ਰਤਨ)
– ਵਡ ੩, ਅਲ ੩, ੪:੫ (584)

(2) ਵਿਚਾਰ ਦੁਆਰਾ
“ਆਗੈ ਹੀ ਤੇ ਸਭੁ ਕਿਛੁ ਹੂਆ ਅਵਰੁ ਕਿ ਜਾਣੈ ਗਿਆਨਾਂ।”

– ਆਸਾ ੫, ੪੭, ੧:੨ (383)

"ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨ ਤਤਿ ਲਿਵ ਲਾਇ।"
(ਵਿਚਾਰ/ਗਿਆਨ ਦੁਆਰਾ)

– ਸਾਰ ੪, ੪, ੩:੧ (1199)

(3) ਵਿਚਾਰ ਦੀ ਗੱਲ

"ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਹ ਗਿਆਨਾ।"

– ਆਸਾ ਕਬ, ੨੬, ੩:੧ (482)

"ਮਦਿ ਮਾਇਆ ਕੈ ਭਇਓ ਬਾਵਰੋ ਸੂਝਤ ਨਹ ਕਛੁ ਗਿਆਨਾ।"

– ਸੋਰ ੯, ੭, ੨:੧ (633)

ਹੋਰ ਰੂਪ:

ਗਿਆਨਿ –

"ਦ੍ਰਿੜ ਸੰਤ ਮੰਤ ਗਿਆਨਿ ਹਾਂ।"

– ਆਸਾ ੫, ੧੫੮, ੧*:੩ (409)

(4) ਸਮਝ, ਸੂਝ

"ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ"

– ਸੋਰ ੯, ੩, ੨:੧ (632)

ਹੋਰ ਰੂਪ:

ਗਿਆਨਿ –

"ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ।" (ਗੁਰੂ ਤੋਂ ਪ੍ਰਾਪਤ ਸੂਝ)

– ਸਿਰੀ ੩, ੬੪, ੨:੩ (39)

ਗਿਆਨੀ ---- (1) ਉਚੀ ਸਮਝ ਵਾਲੇ, ਗਿਆਨਵਾਨ, ਵਿਦਵਾਨ

"ਗਿਆਨੀ ਧਿਆਨੀ ਗੁਰ ਗੁਰਹਾਈ।"

– ਆਸਾ ੧, ਸੋਦ ੨, ੨:੩ (9)

"ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ।"

– ਸਿਰੀ ੧, ੩੦, ੪:੧ (25)

(2) ਗਿਆਨ (ਦੀਆਂ ਗੱਲਾਂ) ਦੁਆਰਾ

"ਨ ਭੀਜੈ ਸੁਰਤੀ ਗਿਆਨੀ ਜੋਗਿ।"

– ਸਾਰ ੪, ਵਾਰ ੧ਸ, ੧, ੨:੨ (1237)

ਹੋਰ ਰੂਪ:

ਗਿਆਨੀਆ –

"ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ।"

– ਸਿਰੀ ੩, ੬੪, ੧:੪ (39)

ਗਿਆਨੁ ---- (1) ਬੋਧ, ਰਬੀ ਬੋਧ

"ਸੁਣਿਐ ਸਤੁ ਸੰਤੋਖੁ ਗਿਆਨੁ।"

– ਜਪੁ ੧, ੧੦:੧ (3)

"ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ।"

– ਸਿਰੀ ੧, ੧੯, ੨:੨ (21)

"ਰਤਨੁ ਰਾਮੁ ਘਟ ਹੀ ਕੇ ਭੀਤਰਿ ਤਾ ਕੋ ਗਿਆਨੁ ਨ ਪਾਇਓ।" (ਬੋਧ, ਜਾਣਕਾਰੀ)

– ਜੈਤ ੯, ੧, ੨:੧ (702)

ਹੋਰ ਰੂਪ:

ਗਿਆਨੇ –

"ਸਭ ਸਿੰਗਾਰ ਬਣੇ ਤਿਸੁ ਗਿਆਨੇ" (ਗਿਆਨ ਰਾਹੀਂ)

– ਮਾਝ ੫, ੧੧, ੩:੨ (97)

ਗਿਆਨੈ –

"ਜੇਤਾ ਬੋਲਣੁ ਤੇਤਾ ਗਿਆਨੈ।"

– ਗਉ ੫, ਅਸ ੩, ੨:੨ (236)

"ਜਿਨ ਕਉ ਮਨ ਕੀ ਪਰਤੀਤਿ ਨਾਹੀ ਨਾਨਕ ਸੇ ਕਿਆ ਕਥਹਿ ਗਿਆਨੈ।"

– ਸੋਰ ੪, ਵਾਰ ੧੨ਸ, ੩, ੧:੪ (647)

"ਗਿਆਨੈ ਕਾਰਨ ਕਰਮ ਅਭਿਆਸੁ।" (ਗਿਆਨ ਲਈ)

– ਭੈਰ ਰਵਿ, ੧, ੩:੩ (1167)

ਗਿਆਨੋ –

"ਗੁਰਮੁਖਿ ਤਤੁ ਗਿਆਨੋ (ਸਹੀ ਗਿਆਨ)

– ਮਾਰੂ ੫, ੨੩, ੨:੨ (1006)

(2) ਸਿਖਿਆ, ਵਿਦਿਆ

"ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ।"

– ਸਿਰੀ ੩, ੪੦, ੨:੩ (29)

(3) ਅਸਲੀਅਤ ਦੀ ਸੋਝੀ

"ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ।"

– ਆਸਾ ੧, ਵਾਰ ੧੯ਸ, ੧, ੧:੬ (472)

(4) ਸੋਝੀ

"ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ।" (ਅਗਮ ਦੀ ਸੋਝੀ ਦੇ ਦਿੰਦਾ ਹੈ)

– ਸੋਰ ੧, ਅਸ ੧, ੫:੪ (635)

"ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ।"

– ਧਨਾ ੯, ੪, ੨:੧ (685)

ਹੋਰ ਰੂਪ:

ਗਿਆਨੇ –

"ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਮ ਪੂਰਨ ਗਿਆਨੇ।" (ਸੋਝੀ)

– ਬਿਹਾ ੫, ਛੰਤ ੯, ੩:੫ (548)

(5) ਜਾਣਕਾਰੀ

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।"

– ਤਿਲੰ ੧, ੫, ੧:੧ (722)

ਗਿਆਰਹ --- ਯਾਰਾਂ, ਗਿਣਤੀ ਵਿਚ ਦਸ ਤੋਂ ਅਗਲਾ ਤੇ 12 ਤੋਂ ਪਹਿਲਾਂ ਦੀ ਗਿਣਤੀ

“ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ।”
– ਪ੍ਰਭਾ ਕਬ, ੨, ੩:੨ (1349)

ਗਿੜਾਇਆ -- ਗਿੜਾ/ਹਿੱਲਾਂ ਦਿੱਤਾ
“ਸਾਧ ਕ੍ਰਿਪਾਲਿ ਹਰਿ ਸੰਗਿ ਗਿੜਾਇਆ।”
– ਮਾਝ ੫, ੨੧, ੪:੨ (100)

ਗਿੰਦ ------ ਗੇਂਦ
“ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।”
– ਸਵ ੪, ਗਯੰ ੯:੪ (1403)

ਗਿਰਸਤ ---- (1) (ਸੰ.) ਘਰਬਾਰ, ਘਰ ਵਿਚ ਇਸਥਿਤ ਹੋਣਾ
“ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ।”
– ਸਿਰੀ ੫, ੯੨, ੨:੨ (50)

ਹੋਰ ਰੂਪ:

ਗਿਰਸਤਿ –
“ਗਿਰਸਤੀ ਗਿਰਸਤਿ ਧਰਮਾਤਾ।” (ਘਰ ਬਾਰ ਵਿਚ ਮਸਤ ਹੈ)
– ਸਿਰੀ ੫, ਅਸ ੨੭, ੪:੩ (71)

(2) ਗ੍ਰਸਿਆ, ਫਸਿਆ
“ਰੋਗ ਗਿਰਸਤ ਚਿਤਾਰੇ ਨਾਉ।”
– ਗਉ ੫, ੧੫੧, ੨:੧ (196)

ਹੋਰ ਰੂਪ:

ਗਿਰਸਤਿ –
“ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ।” (ਪਕੜਿਆ ਹੋਇਆ)
– ਬਿਲਾ ੪, ੧, ੨:੧ (799)

ਗਿਰਸਤੀ --- ਘਰ ਬਾਰੀ, ਗ੍ਰਹਿਸਤੀ
“ਗਿਰਸਤੀ ਗਿਰਸਤ ਧਰਮਾਤਾ।”
– ਸਿਰੀ ੫, ਅਸ ੨੭, ੪:੩ (71)

ਗਿਰਸਤੁ ---- ਘਰ ਬਾਰ
“ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਾਇਆ।”
– ਬਿਲਾ ੪, ਅਸ ੪, ੨:੧ (835)

ਗਿਰਹ ----- (1) (ਫਾ.) ਗੰਢ, ਗਠੜੀ
“ਮੋਹ ਮਗਨ ਲਪਟਿਓ ਭ੍ਰਮ ਗਿਰਹ।”
– ਰਾਮ ੫, ੩੨, ੪:੩ (893)

(2) (ਸ.) ਘਰ
“ਨਹ ਗਿਰਹ ਨਿਰੰਹਾਰੰ।”
– ਰਾਮ ੫, ੫੯, ੧:੨ (901)

(3) ਗ੍ਰਹਿਸਤ
“ਜਿਉ ਜਲ ਮਹਿ ਕਮਲ ਅਲਿਪਤੋ ਵਰਤੇ ਤਿਉ ਵਿਚੇ ਗਿਰਹ ਉਦਾਸ।”
– ਰਾਮ ੩, ਵਾਰ ੭ਸ, ੩, ੨:੭ (949)
“ਵਿਚੇ ਗਿਰਹ ਉਦਾਸ ਅਲਿਪਤ ਲਿਵ ਲਾਇਆ।”
– ਸਾਰ ੪, ਵਾਰ ੩੧:੩ (1249)

ਗਿਰਹਾ ----- ਪਹਾੜ
“ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ।”
– ਜਪੁ ੧, ੨੩:੩ (5)

ਗਿਰਹਿ ----- ਡਿਗਣ
“ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।”
– ਸਲੋ ਕਬ, ੩੦:੨ (1366)

ਗਿਰਹੀ ----- (1) ਗ੍ਰਹਿ ਸਤੀ
“ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ।”
– ਮਾਝ ੫, ੩੬, ੧:੩ (131)
(2) ਗ੍ਰਹਿਸਤੀ ਭਾਵ ਮਾਇਆ
“ਇਕਿ ਸੰਚਹਿ ਗਿਰਹੀ ਤਿਨ੍ਹ ਹੋਇ ਨ ਆਪੈ।”
– ਆਸਾ ੫, ੧, ੨:੨ (370)
(3) ਗ੍ਰਹਿਸਤ
“ਗਿਰਹੀ ਮਹਿ ਸਦਾ ਹਰਿ ਜਨ ਉਦਾਸੀ ਗਿਆਨ ਤਤ ਬੀਚਾਰੀ।”
– ਸੋਰ ੩, ੧, ੨:੨ (599)

ਗਿਰਹੁ ----- ਘਰ
“ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ।”
– ਬਿਲਾ ੪, ਅਸ ੧, ੨:੧ (833)

ਗਿਰਹੋ ----- ਗ੍ਰਹਿਸਤ
“ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ।”
– ਵਡ ੪, ਵਾਰ ੪ਸ, ੩, ੧:੫ (587)

ਗਿਰਝਨ ---- ਗਿਧਾਂ, ਇਕ ਪੰਛੀ
“ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ।”
– ਧਨਾ ਨਾਮ, ੧, ੨:੨ (693)

ਗਿਰਤ ----- ਗਿਰਦਾ/ਡਿਗਦਾ ਹੈ
“ਗਿਰਤ ਕੂਪ ਮਹਿ ਖਾਹਿ ਮਿਠਾਈ।”
– ਆਸਾ ੫, ੯੧, ੧:੨ (390)

ਹੋਰ ਰੂਪ:

ਗਿਰੰਤ –
“ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇ ਦੀਪ੍ਯ ਬੈਸ੍ਵਾਂਤਰਹ।” (ਡਿਗੇ)
– ਸਸ ੫, ੧੭:੧ (1355)

ਗਿਰੰਤਿ –
“ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤਿ।” (ਡਿਗਦੇ ਹਨ)
– ਰਾਮ ੧, ਓਅੰ ੩੨:੩ (934)

ਗਿਰਤੇ –
“ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ।”
– ਰਾਮ ਕਬ, ੩, ੧:੨ (939)

ਗਿਰਧਾਰੇ --- ਗੋਵਰਧਨ ਪਹਾੜ ਨੂੰ ਚੁਕਣ ਵਾਲਾ, ਸ੍ਰੀ ਕ੍ਰਿਸ਼ਨ ਭਾਵ ਅਕਾਲ ਪੁਰਖ
“ਜਲਿ ਥਲਿ ਮਹੀਅਲਿ ਰਵਿਆ ਸ੍ਰਬ ਠਾਈ ਅਗਮ ਰੂਪ ਗਿਰਧਾਰੇ”
– ਧਨਾ ੫, ੧, ੩:੨ (670)

ਗਿਰਫਤਹ --- (ਫਾ. ਗਰਿਫਤਹ) ਪਕੜਿਆ ਹੋਇਆ
“ਮਮਸਰ ਮੂਇ ਅਜਰਾਇਲ ਗਿਰਫਤਹ ਦਿਲ ਹੇਚਿ ਨ ਦਾਨੀ।”
– ਤਿਲੰ ੧, ੧, ੧*:੨ (721)

ਗਿਰੰਬਾਰੀ --- ਵੱਡੇ ਭਾਰ ਵਾਲੀ, ਬਹੁਤ ਮਾਲ ਦੌਲਤ ਨਾਲ ਭਰਪੂਰ
“ਗਿਰੰਬਾਰੀ ਵਡ ਸਾਹਿਬੀ ਸਭੁ ਨਾਨਕ ਸੁਪਨੁ ਥੀਆ।”
– ਸਿਰੀ ੫, ੭੨, ੪:੨ (42)

ਗਿਰਾਉ ---- ਪਿੰਡ, ਟਿਕਾਣਾ
“ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ।”
– ਸਿਰੀ ੩, ਅਸ ੨੦, ੪:੨ (66)

ਗਿਰਾਂਇ ---- ਪਿੰਡ
“ਸਚੈ ਕੋਇ ਗਿਰਾਂਇ ਨਿਜ ਘਰਿ ਵਸਿਆ।”
– ਮਾਝ ੧, ਵਾਰ ੧੯:੩ (146)

ਗਿਰਾਸ ----- ਬੁਰਕੀ, ਗਰਾਹੀਂ
“ਤੂੰ ਸਰਬ ਜੀਆ ਪ੍ਰਤਿਪਾਲਹੀ ਲੇਖੈ ਸਾਸ ਗਿਰਾਸ।”
– ਸਿਰੀ ੧, ੧੭, ੧:੨ (20)
“ਸਿਮਰਤ ਸਾਸ ਗਿਰਾਸ ਪੂਰਨ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ।” (ਖਾਂਦਿਆ)
– ਸਿਰੀ ੫, ਛੰਤ ੩, ੨:੨ (80)

ਹੋਰ ਰੂਪ:

ਗਿਰਾਸਾ –
“ਸਿਮਰਉ ਦਿਨ ਰੈਨਿ ਸਾਸ ਗਿਰਾਸਾ।”
– ਗਉ ੫, ੭੫, ੩:੪ (177)

ਗਿਰਾਸਾ ---- (1) ਬੁਰਕੀ, ਗਰਾਹੀਂ ਵੇਖੋ ‘ਗਿਰਾਸ’
(2) ਨਿਗਲਨਾ, ਗ੍ਰਸਣਾ
“ਸਸਿ ਕੀਨੋ ਸੂਰ ਗਿਆਸਾ।”
– ਰਾਮ ਕਬ, ੧੦, ੩:੨ (972)

ਗਿਰਾਸਿ ---- ਗਿਰਾਹੀ (ਨਾਲ)

“ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ।” (ਹਰ ਸਵਾਸ, ਹਰ ਗਿਆਹੀ ਨਾਲ ਭਾਵ ਹਮੇਸ਼ਾ)
– ਸਿਰੀ ੫, ੧੦੦, ੩:੧ (53)

ਹੋਰ ਰੂਪ:

ਗਿਰਾਸੁ –
“ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।” (ਗਿਰਾਹੀ/ਬੁਰਕੀ)
– ਗਉ ੪, ੫੧, ੧:੨ (168)

ਗਿਰਾਸੇ –
“ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ।”
–ਵਡ ੪, ਛੰਤ ੩, ੧:੪ (573)

ਗਿਰਾਹ ----- (1) ਪਲੇ, ਗੰਢ ਵਿਚ
“ਪਰੰਦਏ ਨ ਗਿਰਾਹ ਜਰ।”
– ਮਾਝ ੧, ਵਾਰ ੧੩ਸ, ੧, ੬:੧ (144)

(2) ਗਿਰਾਹੀਂ, ਰੋਟੀ, ਭੋਜਨ, ਭਾਵ ਰੋਜ਼ੀ
“ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ।”
– ਮਾਝ ੧, ਵਾਰ ੧੪ਸ, ੧, ੧:੬ (144)

“ਹੁਕਮੀ ਸਾਹ ਗਿਰਾਹ ਦੇਦਾ ਜਾਣੀਐ।” (ਜੀਵਨ ਤੇ ਰੋਜੀ)
– ਮਲਾ ੧, ਵਾਰ ੨੩:੮ (1288)

ਹੋਰ ਰੂਪ:

ਗਿਰਾਹਾ –
“ਆਪੇ ਕਰਤਾ ਕਰਿ ਕਰਿ ਵੇਖੈ ਦੇਦਾ ਸਾਸ ਗਿਰਾਹਾ ਹੇ।”
– ਮਾਰੂ ੩, ਸੋਲਾ ੧੨, ੪:੩ (1055)

ਗਿਰਾਨੀ ---- ਗਿਰ/ਡਿਗ ਪਈਆਂ
“ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।”
– ਗਉ ਕਬ, ੪੩, ੧:੧ (331)

ਗਿਰਾਮਾ ---- ਪਿੰਡ
“ਖੋਜਤ ਖੋਜਤ ਭਇਓ ਬੈਰਾਗੀ ਫਿਰਿ ਆਇਓ ਦੇਹ ਗਿਰਾਮਾ।”
– ਸਾਰ ੫, ੩੫, ੧:੧ (1211)

ਗਿਰਾਵਹਿ --- ਡੇਗਦਾ ਹੈ
“ਬਾਤਨ ਹੀ ਅਸਮਾਨੁ ਗਿਰਾਵਹਿ”
– ਗਉ ਕਬ, ੪੪, ੧:੨ (332)

ਹੋਰ ਰੂਪ:

ਗਿਰਾਵੈ –
“ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ।” (ਡੇਗਦਾ ਹੈ)
– ਸਾਰ ਕਬ, ੨, ੨:੨ (1252)

ਗਿਰਿ ------ (1) (ਸੰ. ਗਿਰ) ਪਹਾੜ

"ਕਈ ਜਨਮ ਸੈਲ ਗਿਰਿ ਕਰਿਆ।"
– ਗਉ ੫, ੭੨, ੨:੧ (176)

(2) ਡਿਗਣਾ
"ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ।"
– ਗਉ ੫, ੧੬੨*, ੧*:੨ (215)
"ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕ।"
– ਸਲੋ ਕਬ, ੧੯੪:੨ (1374)

ਹੋਰ ਰੂਪ:

ਗਿਰਿਓ –
"ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ।" (ਡਿਗਿਆ)
– ਸਾਰ ੫, ੧੦, ੩:੨ (1205)

ਗਿਰਿਵਰ ---- ਬੱਦਲ, ਮੇਘ (ਭਾਵ) ਅਖਰੀ ਅਰਥ ਪਹਾੜ ਸੁਹਣੀ ਹਰਿਆਵਲ ਵਾਲਾ ਪਹਾੜ
"ਜਉ ਤੁਮ ਗਿਰਿਵਰ ਤਉ ਹਮ ਮੋਰਾ।"
– ਸੋਰ ਰਵਿ, ੫, ੧:੧ (658)

ਗਿਰੀ ------ ਪਹਾੜੀਆ
"ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ।"
– ਗਉ ੫, ਸੁਖ ੧੦, ੪:੬ (276)

ਗਿਰੀਐ ---- ਡਿਗ ਪਵੇ
"ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ।"
– ਬਿਲਾ ੫, ੯੫, ੧*:੨ (823)

ਗਿਰੀਵਾਨ --- (ਫਾ. ਗਰੇਬਾਨ) ਕੋਟ, ਕੁੜਤੇ ਭਾਵ ਬੁੱਕਲ
"ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ।"
– ਸਲੋ ਫਰ, ੬:੨ (1378)

ਗਿਰੈ ------ ਡਿਗਦਾ ਹੈ
"ਨਾਮੁ ਬਿਸਾਰਿ ਗਿਰੈ ਦੇਖੁ ਭੀਤਿ।"
– ਬਸੰ ੧, ਅਸ ੧, ੧:੨ (1187)
"ਸੂਰੀ ਊਪਰਿ ਖੇਲਨਾ ਗਿਰੈ ਤ ਠਾਹਰ ਨਾਹਿ।"
– ਸਲੋ ਕਬ, ੧੦੯:੨ (1370)

ਗਿਲਾਨਿ ---- ਘਿਰਨਾ, ਨਫਰਤ
"ਗਈ ਗਿਲਾਨਿ ਸਾਧ ਕੈ ਸੰਗਿ।"
– ਰਾਮ ੫, ੩੧, ੨:੩ (892)

ਗਿਲੀ ------ ਨਮੀ ਵਾਲੀ, ਦ੍ਰਵਤ (ਭਾਵ)
"ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ।"
– ਮਾਰੂ ੫, ਵਾਰ ੯ਸ, ੫, ੨:੧ (1097)

ਗਿੜਵੜੀ --- ਪਹਾੜ ਜਿਡੇ ਉਚੇ

"ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ।"
- ਸਲੋ ੧, ੧:੩ (1410)

ਗਿੜਿਮੁੜਿ --- ਮੁੜ ਘਿੜ ਕੇ, ਡਿਗ ਕੇ ਤੇ ਭੁਆਟਨੀ ਖਾ ਕੇ
"ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।"
- ਆਸਾ ੧, ਵਾਰ ੪ਸ, ੧, ੨:੩ (464)

ਗੀ ------- ਗਾਂ ਦੀ ਇਸਤ੍ਰੀ ਲਿੰਗ, ਭਵਿਖਤੀ ਇਸਤ੍ਰੀ ਲਿੰਗ ਕਿਰਿਆ
"ਕਿਉ ਸੁਖੁ ਪਾਵੈ ਗੀ ਬਿਨੁ ਉਰਧਾਰੇ।"
- ਗਉ ੧, ਛੰਤ ੧, ੨:੨ (242)

ਗੀਓ ------ ਗਿਆ, ਦੂਰ ਹੋਇਆ
"ਕਰਿ ਕਿਰਪਾ ਮੋਹਿ ਸਤਿਗੁਰਿ ਦੀਨਾ ਤਾਪ ਸੰਤਾਪੁ ਮੇਰਾ ਬੈਰੁ ਗੀਓ।"
- ਆਸਾ ੫, ੪੭, ੩:੨ (382)

ਗੀਅ ------ ਗੀਤ ਰਸ, ਰਾਗ
"ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤਿ।"
- ਸਾਰ ੪, ਵਾਰ ੨੨ਸ, ੧, ੨:੪ (1246)
"ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ।"
- ਸਲੋ ੧, ੧੫:੪ (1411)

ਗੀਹਨਿ ----- ਇਸਤ੍ਰੀ
"ਘਰ ਕੀ ਗੀਹਨਿ ਚੰਗੀ।"
- ਧਨਾ ਧੰਨਾ, ੧, ੨:੩ (695)

ਗੀਤ ------ ਗਉਣ, ਗਾਏ ਜਾਣ ਵਾਲਾ ਪਦ
"ਅਖਰੀ ਗਿਆਨੁ ਗੀਤ ਗੁਣ ਗਾਹ।"
- ਜਪੁ ੧, ੧੯:੫ (4)

ਗੀਤ ਨਾਦ --- ਗਾਉਣਾ, ਵਜਾਉਣਾ
"ਤਹ ਗੀਤ-ਨਾਦ ਅਖਾਰੇ ਸੰਗਾ।"
- ਸੂਹੀ ੫, ੧੨, ੨:੧ (739)

ਗੀਤਾ ------ (1) ਸ੍ਰੀ ਕ੍ਰਿਸ਼ਨ ਜੀ ਨੂੰ ਕੁਰੂਸ਼ੇਤਰ ਦੇ ਯੁੱਧ ਸਮੇਂ ਅਰਜਨ ਨੂੰ ਦਿਤੇ ਉਪਦੇਸ਼ਾਂ ਦਾ ਸੰਚਯ ਗ੍ਰੰਥ
"ਪ੍ਰਣਵੈ ਨਾਮਾ ਇਉ ਕਹੈ ਗੀਤਾ।"
- ਗੋਂਡ ਨਾਮ, ੬, ੫:੨ (874)
(2) ਗੀਤਾਂ, ਗੀਤ ਦਾ ਬਹੁਵਚਨ
"ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ।"
- ਮਾਰੂ ੫, ਅਸ ੮, ੮:੩ (1020)

ਗੀਤੁ ------ ਗਉਣ, ਗਾਏ ਜਾਣ ਵਾਲਾ/ਪਦ
"ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ।"
- ਗਉ ਕਬ, ੫੫, ੩:੧ (335)

ਹੋਰ ਰੂਪ:

ਗੀਤੇ –
“ਗਾਵਹਿ ਗੀਤੇ ਚੀਤਿ ਅਨੀਤੇ।”
– ਆਸਾ ੧, ਅਸ ੭, ੧:੧ (414)

ਗੀਧ ------ ਗਿਝਿਆ, ਲਗਿਆ, ਜੁੜਿਆ, ਰੀਝਿਆ
“ਨਾਮ ਸੰਗਿ ਇਹੁ ਮਨੂਆ ਗੀਧ।”
– ਗੋਂਡ ੫, ੪, ੩:੪ (863)

ਹੋਰ ਰੂਪ:

ਗੀਧਾ –
“ਨਾਨਕ ਗੀਧਾ ਹਰਿ ਰਸ ਮਾਹਿ।” (ਗਿਝ ਗਿਆ)
– ਆਸਾ ੫, ੨੭, ੩:੪ (377)

ਗੀਧੀ –
“ਰਸਨਾ ਗੀਧੀ ਬੋਲਤ ਰਾਮ।”
– ਗਉ ੫, ੧੪੮, ੩:੧ (195)

ਗੀਧੇ –
“ਰਾਮ ਰਸਾਇਣਿ ਜੋ ਜਨ ਗੀਧੇ।” (ਗਿਝ ਗਏ)
– ਗਉ ੫, ੧੬੩, ੧*:੧ (198)

ਗੁਆਉ ----- ਕਥਨ, ਬਚਨ
“ਅੰਧੇ ਕਾ ਨਾਉ ਪਾਰਖੁ ਏਵੇ ਕਰੇ ਗੁਆਉ।”
– ਮਲਾ ੧, ਵਾਰ ੨੨ਸ, ੨, ੧:੨ (1288)

ਗੁਆਰ ----- ਗੋਪਾਲ, ਗਊਪਾਲ, ਗੁਆਲਾ
“ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ।”
– ਆਸਾ ਕਬ, ੨੬, ੨:੧ (482)

ਗੁਆਰਿਨ --- ਗਵਾਲਨ, ਗਊਆਂ ਚਾਰਨ ਵਾਲੀ, ਗੋਪੀ
“ਊਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ।”
– ਗਉ ਕਬ, ੬੬, ੧:੨ (338)

ਗੁੋਆਲਾ ---- ਗੁਆਲਾ, ਗਊਪਾਲ
“ਗੋਪੀ ਕਾਨੁ ਨ ਗਊ ਗੁੋਆਲਾ”
– ਮਾਰੂ ੧, ਸੋਲਾ ੧੫, ੭:੨ (1035)

ਗੁਸਈਆ --- (ਸੰ.) ਮਾਲਕ, ਭਾਵ ਪ੍ਰਭੂ, ਕਰਤਾਰ, ਪ੍ਰਿਥਵੀ ਦਾ ਮਾਲਕ
“ਮੇਰੇ ਰਾਮ ਮੈ ਮੂਰਖ ਹਰਿ ਰਾਖੁ ਮੇਰੇ ਗੁਸਈਆ”
– ਗਉ ੪, ੪੬, ੧*:੧ (166)
“ਕੋਈ ਸੇਵੈ ਗੁਸਈਆ ਕੋਈ ਅਲਾਹ।” (ਜਗਨਨਾਥ)
– ਰਾਮ ੫, ੯, ੧:੨ (885)

ਗੁਸਲ ----- (ਅ. ਗੁਸਲ) ਇਸ਼ਨਾਨ ਮਜਨ
“ਅਸਮਾਨ ਮ੍ਰਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ।”

– ਤਿਲੰ ਕਬ, ੧, ੩:੧ (727)

ਗੁਸਾਇਨਿ --- ਗੁਸਾਈ ਦਾ ਇਸਤ੍ਰੀ ਲਿੰਗ, ਮਾਲਕਨ ਭਾਵ ਮਾਤਾ
"ਗੰਗ ਗੁਸਾਇਨਿ ਗਹਿਰ ਗੰਭੀਰ।"
– ਭੈਰ ਕਬ, ੧੮, ੧:੧ (1162)

ਗੁਸਾਈ ---- ਪ੍ਰਿਥਵੀ ਦਾ ਮਾਲਕ, ਪ੍ਰਭੂ
"ਭਏ ਕ੍ਰਿਪਾਲ ਗੋਵਿੰਦ ਗੁਸਾਈ।"
– ਮਾਝ ੫, ੩੬, ੧:੧ (105)

ਹੋਰ ਰੂਪ:

ਗੁਸਾਂਈ –
"ਗੁਸਾਂਈ ਪਰਤਾਪੁ ਤੁਹਾਰੋ ਡੀਠਾ।"
– ਸਾਰ ੫, ੧, ੧*:੧ (1235)

ਗੁਸਾਂਈ –
"ਗੁਸਾਂਈ ਗਰਿਸ੍ਟ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ।"
– ਸਸ ੫, ੫੪:੧ (1359)

ਗੁਸਾਂਈ –
"ਸੁਧ ਰਸ ਨਾਮੁ ਮਹਾ ਰਸੁ ਮੀਠਾ ਨਿਜ ਘਰਿ ਤਤੁ ਗੁਸਾਂਈ।"
–ਸਾਰ ੧, ਅਸ ੧, ੭:੧ (1232)

ਗੋੁਸਾਈ –
"ਬੇਧੀਅਲੇ ਗੋਪਾਲ ਗੋੁਸਾਈ"
– ਪ੍ਰਭਾ ਨਾਮ, ੧, ੧*:੧ (1350)

ਗੋੁਸਾਈਆ –
"ਸੋ ਮੰਗਾ ਦਾਨੁ ਗੋੁਸਾਈਆ ਜਿਤੁ ਭੁਖ ਲਹਿ ਜਾਵੈ।"
– ਮਾਰੂ ੫, ਵਾਰ ੯:੩ (1097)

ਗੁਹਜ ------ ਗੁਪਤ, ਲੁਕਵੀਂ, ਭੇਦ ਵਾਲੀ
"ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।" (ਭਾਵ ਅਮੋਲਕ)
– ਵਡ ੪, ਵਾਰ ੧੬:੨ (309)
"ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ।" (ਗੁੱਝੀ ਅੱਗ)
– ਗੁਜ, ੫, ੨੧, ੧*:੨ (500)
"ਜਿਉ ਓੜਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ।" (ਲੁਕਿਆ ਹੋਇਆ)
– ਬਸੰ ੪, ੬, ੨:੨ (1179)

ਗੁਹਜੀ ----- ਲੁਕਾ ਕੇ ਰਖੀ
"ਸੁਤ ਮੀਤ ਭ੍ਰਾਤ ਤੇ ਗੁਹਜੀ ਤਾ ਕੈ ਨਿਕਟਿ ਨ ਹੋਈ ਖਲੀਆ।"
– ਮਾਰੂ ੫, ੧੮, ੩:੩ (1004)

ਗੁਹੈ ------- ਗੁੰਦ ਦੇਵੇ ਭਾਵ ਪਰੋ ਦੇਵੈ
"ਮਨੁ ਮਾਣਕੁ ਰਤਨਾ ਮਹਿ ਗੁਹੈ।"

– ਰਾਮ ਬੇਣੀ, ੧, ੮:੪ (974)

ਗੁੰਗ ------- (ਫਾ. ਗੁੰਗ) ਗੂੰਗਾ, ਜੋ ਬੋਲ ਨਾ ਸਕੇ
"ਕਹਾ ਬਿਸਨਪਦ ਗਾਵੈ ਗੁੰਗ।"
– ਗਉ ੫, ਸੁਖ ੪, ੬:੫ (267)

ਹੋਰ ਰੂਪ:

ਗੁੰਗੇ –
"ਅੰਧੇ ਗੁੰਗੇ ਅੰਧ ਅੰਧਾਰੁ।"
– ਬਿਹਾ ੪, ਵਾਰ ੨੦ਸ, ੧, ੨:੩ (556)

ਗੁਜਰਾਵੈ ---- ਅਪੜਾਏ, ਪਹੁੰਚਾਏ, ਗੁਜਾਰਸ਼ ਕਰੇ
"ਮੋ ਗਰੀਬ ਕੀ ਕੋ ਗੁਜਰਾਵੈ"
– ਭੈਰ ਕਬ, ੧੫, ੧*:੧ (1161)

ਗੁੰਜਾਤ ----- ਗੂੰਜ ਰਹੇ ਹਨ
"ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ।"
– ਆਸਾ ੫, ਛੰਤ ੧੪, ੩:੧ (462)

ਗੁਜਾਰਉ ---- ਭਾਵ ਪੜੋ
"ਸੁਬਹ ਨਿਵਾਜ ਸਰਾਇ ਗੁਜਾਰਉ।"
–ਸੂਹੀ ਕਬ, ੩, ੨:੪ (792)

ਹੋਰ ਰੂਪ:

ਗੁਜਾਰਹਿ –
"ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।" (ਪੜੇ)
– ਸਿਰੀ ੧, ੨੮, ੪:੧ (24)

ਗੁਜਾਰਹੁ –
"ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ।" (ਪੜੋ)
ˉ ਪ੍ਰਭਾ ਕਬ, ੪, ੩:੨ (1350)

ਗੁਜਾਰਿ –
"ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ।" (ਪੜ)
– ਸਲੋ ਫਰ, ੭੧:੧ (1381)

ਗੁਜਾਰੈ –
"ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।" (ਪੜਦਾ ਹੈ)
– ਆਸਾ ਕਬ, ੧੭, ੨:੧ (480)

ਗੁਝੜਾ ----- ਗੁਝਾ, ਗੁਹਜ, ਜਿਸ ਨੂੰ ਸਮਝਣਾ ਔਖਾ ਹੋਵੇ
"ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ।"
– ਮਾਰੂ ੫, ਵਾਰ ੭ਸ, ੫, ੩:੧ (1096)

ਗੁਝਾ ------ ਲੁਕਿਆ ਹੋਇਆ, ਗੁਪਤ
"ਨਾਮੁ ਰਤਨੁ ਲੈ ਗੁਝਾ ਰਖਿਆ।" (ਗੁਪਤ)

– ਮਾਝ ੫, ੩੫, ੧:੨ (130)

“ਨਾਨਕ ਕਰਤਾ ਸਭੁ ਕਿਛੁ ਜਾਣਦਾ ਜਿਦੂ ਕਿਛੁ ਗੁਝਾ ਨ ਹੋਇ।” (ਗੁਪਤ)

– ਗਉ ੪, ਵਾਰ ੫ਸ, ੪, ੨:੬ (302)

“ਗੁਝਾ ਕਮਾਣਾ ਪ੍ਰਗਟ ਹੋਆ ਈਤ ਉਤਹਿ ਖੁਆਰੀ।” (ਲਕੋ ਕੇ, ਛੁਪਾ ਕੇ)

– ਆਸਾ ੫, ਛੰਤ ੧੧, ੩:੫ (460)

ਹੋਰ ਰੂਪ:

ਗੁਝੀ –

“ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ।” (ਲੁਕਵੀਂ, ਛੁਪੀ ਹੋਈ)

– ਗਉ ੪, ਵਾਰ ੭ਸ, ੪, ੨:੫ (303)

ਗੁਝੀ ------ (1) ਲੁਕਵੀਂ, ਛੁਪੀ ਹੋਈ, ਵੇਖੋ ‘ਗੁਝ’

(2) ਗੁਹਜ, ਰਹਸ ਭਰੀ ਜਿਸ ਦੀ ਸਮਝ ਨਾ ਆਵੇ

“ਕਿਝੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਇ।”

– ਸਲੋ ਫਰ, ੩:੧ (1378)

ਗੁਟਇ ----- ਸੁਆਦ ਲਾ ਕੇ ਪੀਣਾ, ਗਟਕਣਾ

“ਸਤਿਗੁਰ ਸਬਦੁ ਅਥਾਹੁ ਅਮਿਆ ਧਾਰਾ ਰਸੁ ਗੁਟਇ”

– ਸਵ ੪, ਕਲ ੮:੨ (1397)

ਗੁੰਡ ------- ਸਿਰੀ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਸਤ ਹਨ: ਸਾਲੂ, ਸਾਰਗ, ਸਾਗਰਾ, ਗੋਂਡ, ਗੰਭੀਰ, ਕੁੰਭ, ਹਮੀਰ।

“ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ।”

– ਰਾਗੁ ੧:੪੮ (1430)

ਗੁਣ ------- (1) (ਸੰ.) ਸਿਫਤ, ਖੂਬੀ

“ਗਾਵੈ ਕੋ ਗੁਣ ਵਡਿਆਈਆ ਚਾਰ।”

– ਜਪੁ ੧, ੩:੩ (1)

“ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ।” (ਸਿਫਤ ਸਲਾਹ ਲਈ ਧਾਉਣਾ ਅਰਥਾਤ ਦੌੜ ਭੱਜ ਕਰਨੀ)

– ਸਿਰੀ ੧, ੭, ੩:੨ (16)

“ਸਤਸੰਗਤੀ ਸਦਾ ਮਿਲਿ ਰਹੇ ਸਚੇ ਕੇ ਗੁਣ ਸਾਰਿ।” (ਵਡਿਆਈ ਨੂੰ ਸਮਝ ਕੇ)

– ਸਿਰੀ ੩, ੫੬, ੧:੨ (35)

“ਹਰਿ ਬਿਸਰਤ ਤੇਰੇ ਗੁਣ ਗਲਿਆ।” (ਖੂਬੀਆਂ, ਚੰਗੀਆਂ ਗਲਾਂ)

– ਆਸਾ ੧, ੨੯, ੧*:੨ (1357)

(2) ਚੰਗੇ ਕੰਮ, ਨੇਕ ਅਮਲ, ਚੰਗਿਆਈ

“ਵਿਣੁ ਗੁਣ ਕੀਤੇ ਭਗਤਿ ਨ ਹੋਇ।”

– ਜੁਪ ੧, ੨੧:੬ (4)

(3) ਤਾਸੀਰ, ਲੱਛਣ, ਖਾਸੀਅਤ, ਸੁਭਾ ਦੇ ਅੰਗ/ਹਿਸਾ

“ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।”

– ਸਿਰੀ ੧, ੧੮, ੪:੨ (21)

“ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ।” (ਰਜੋ, ਤਮੋ, ਸਤੋ)

– ਸਿਰੀ ੩, ੫੧, ੨:੧ (33)

(4) ਪ੍ਰਭੂ ਦੇ ਗੁਣ/ਸਿਫਤ ਸਾਲਾਹ

"ਗੁਰਿ ਮਿਲਿਐ ਸੁਖੁ ਪਾਈਐ ਅਗਨਿ ਮਰੈ ਗੁਣ ਮਾਹਿ।" (ਪ੍ਰਭੂ ਗੁਣ ਗਾਂਦਿਆ)

– ਸਿਰੀ ੧, ੨੦, ੧:੩ (21)

"ਸਦਾ ਸਦਾ ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ।"

– ਸਿਰੀ ੩, ੫੮, ੧:੩ (36)

"ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ।" (ਪ੍ਰਭੂ ਦੇ ਗੁਣ/ਸਿਫਤ ਸਾਲਾਹ)

– ਸਿਰੀ ੪, ੬੭, ੧:੧ (40)

(5) ਗਿਆਨ, ਪ੍ਰਭੂ/ਚੰਗਿਆਈ ਦਾ ਗਿਆਨ

"ਜਿਨ ਗੁਣ ਤਿਨ ਸਦ ਮਨਿ ਵਸੈ ਅਉਗੁਣੁ ਵੰਤਿਆ ਦੂਰਿ।"

– ਸਿਰੀ ੩, ੨:੩ (27)

(6) ਸੁਭਾਉ

"ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ।"

– ਮਾਝ ੧, ਵਾਰ ੧੨ਸ, ੧, ੧:੮ (143)

(7) ਰਸ

"ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ।" (ਇਸ ਤਰ੍ਹਾਂ ਦੇ ਗੁਣ (ਰਸ) ਦਾ ਗਾਹਕ ਹਨ)

– ਮਾਝ ੧, ਵਾਰ ੧੯ਸ, ੨, ੨:੨ (147)

(8) ਭਾਵ ਰਤਨ ਰੂਪੀ ਗੁਣ

"ਸਰੀਰਿ ਸਰੋਵਰਿ ਗੁਣ ਪਰਗਟਿ ਕੀਏ।"

– ਆਸਾ ੪, ੫੭, ੪:੧ (367)

(9) ਰਸੀ –

"ਕਹੁ ਕਬੀਰ ਐਸਾ ਗੁਣ ਭ੍ਰਮੁ ਭਾਗਾ ਤਉ ਮਨੁ ਸੁੰਨਿ ਸਮਾਨਾਂ।" (ਰਸੀ ਦੇ ਸੱਪ ਹੋਣ ਦਾ ਭਰਮ)

– ਆਸਾ ਕਬ, ੧, ੪:੨ (475)

(10) ਗੁਣਾਂ ਦਾ ਭੰਡਾਰ ਪ੍ਰਭੂ (ਭਾਵ)

"ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ।"

– ਵਡ ੩, ਛੰਤ ੪, ੧:੨ (570)

"ਸਾਚੋ ਸਾਚਾ ਨਾਉ ਗੁਣ ਗੋਵਿੰਦੁ ਹੈ ਜੀਉ।" (ਗੁਣਾਂ ਦਾ ਖਜਾਨਾ)

– ਧਨਾ ੧, ਛੰਤ ੨, ੧:੨ (688)

(11) ਤ੍ਰੈ ਗੁਣ, ਰਜੋ ਤਮੋ ਸਤੋ (ਭਾਵ)

"ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ।"

– ਵਡ ੫, ਛੰਤ ੨, ੪:੬ (578)

(12) ਉਪਕਾਰ

"ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ।"
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ।"

– ਰਾਮ ੧, ੪, ੨:੧, ੨ (877)

"ਤੇ ਗੁਣ ਵਿਸਰਿ ਗਏ ਅਪਰਾਧੀ ਮੈ ਬਉਰਾ ਕਿਆ ਕਰਉ ਹਰੇ।" (ਉਹ ਉਪਕਾਰ ਭੁੱਲ ਗਏ)

– ਮਾਰੂ ੧, ਅਸ ੮, ੨:੧ (1013)

(13) ਵਿਦਿਆ, ਹੁਨਰ

"ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।"

– ਸਾਰ ੪, ਵਾਰ ੨੨ਸ, ੧, ੨:੬ (1246)

(14) ਫਲ, ਲਾਭ

"ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ।"

– ਸਲੋ ਫਰ, ੫੯:੧ (1381)

(15) ਫੁਲ (ਮਹਾਨਕੋਸ਼)

"ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ।" (ਬਹਮ ਬ੍ਰਿਛ ਦੀ ਸ਼ਾਖਾ ਨਾਮ ਹੈ ਤੇ ਸ਼ੁਭ ਗੁਣ ਫਲ ਹਨ)

– ਕਲਿ ੪, ਅਸ ੪, ੧:੧ (1325)

(16) ਸਰਗੁਣ ਦਾ ਸੰਖੇਪ

"ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਣਿਓ।"

– ਸਵ ੧, ੯:੫ (1390)

ਗੁਣ ਸਾਂਝੀ --- ਸਤਸੰਗੀ, ਗੁਣਾਂ ਦੀ ਸਾਂਝ ਕਰਨ ਵਾਲੇ

"ਗੁਣ ਸਾਂਝੀ ਤਿਨ ਸੰਗਿ ਬਸੇ ਆਠ ਪਹਰ ਪ੍ਰਭ ਜਾਪਿ ਜੀਉ।"

– ਸੂਹੀ ੫, ਅਸ ੩, ੭:੨ (761)

ਗੁਣਹ ------ ਗੁਣਾਂ, ਸ਼ੁਭ ਕਰਨੀ, ਚੰਗਿਆਈਆਂ

"ਨਿਰਗੁਣ ਰਾਮੁ ਗੁਣਹ ਵਸਿ ਹੋਇ।"

– ਗਉ ੧, ਅਸ ੩, ੧*:੧ (222)

"ਮੋਲਿ ਨ ਪਾਈਐ ਗੁਣਹ ਅਮੋਲ।" (ਅਮੋਲ ਗੁਣਾਂ ਵਾਲਾ) ਗੁਣਾਂ ਕਰਕੇ ਅਮੋਲ

– ਗਉ ੫, ਸੁਖ ੨੩, ੩:੬ (294)

"ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ।" (ਗੁਣਾਂ ਸਦਕਾ)

– ਤੁਖਾ ੧, ਛੰਤ ੩, ੩:੬ (1111)

ਗੁਣਹਿ ----- (1) ਵਿਚਾਰਦਾ ਹੈ

"ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ ਵਿਣੁ ਬੂਝੇ ਤੂੰ ਡੂਬਿ ਮੁਆ।"

– ਆਸਾ ੩, ਪਟੀ ੮:੨ (435)

(2) ਗੁਣਾਂ ਦਾ, ਗੁਣਾਂ ਵਿਚ

"ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ।" (ਗੁਣਾਂ ਦਾ)

– ਧਨਾ ੧, ਛੰਤ ੧, ੨:੨ (687)

"ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ।" (ਗੁਣਾਂ ਵਿਚ)

– ਤੁਖਾ ੧, ਛੰਤ ੫, ੩:੧ (1112)

ਗੁਣਹੀਣ ---- ਗੁਣਾਂ ਤੋਂ ਵਿਹੂਣਾ/ਖਾਲੀ

"ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ।"

– ਸਰੋ ੩, ਅਸ ੨, ੧*:੨ (638)

ਹੋਰ ਰੂਪ:

ਗੁਣਹੀਣੀ –
“ਮੁੰਧੇ ਗੁਣਹੀਣੀ ਸੁਖੁ ਕੇਹਿ।”
– ਸਿਰੀ ੧, ਅਸ ੫, ੧*:੧ (56)

ਗੁਣਹੀਨੁ –
“ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ”
– ਬਿਲਾ ੫, ੫੫, ੪:੧ (815)

ਗੁਣਕਾਰੀ --- (1) ਗੁਣ ਕਰਨ ਵਾਲਾ ਭਾਵ ਗੁਣ ਦੇਣ ਵਾਲਾ
“ਆਪੇ ਗੁਣ ਆਪੇ ਗੁਣਕਾਰੀ”
– ਗਉ ੫, ਸੁਖ ੧੭, ੧:੬ (285)

“ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ।” (ਗੁਣ ਦੇਣ ਵਾਲਾ ਪ੍ਰਭੂ)
– ਧਨਾ ੧, ਛੰਤ ੩, ੫:੫ (690)

(2) (ਗੁਣ ਕਾਰਨ ਵਾਲਾ ਭਾਵ ਉਪਕਾਰੀ ਅਰਥਾਤ ਗੁਰਮੁਖ)
“ਗੁਣਕਾਰੀ ਗੁਣ ਸੰਘਰੈ ਅਵਰਾ ਉਪਦੇਸੇਨਿ।”
– ਸੂਹੀ ੩, ਅਸ ੩, ੯:੧ (755)

ਹੋਰ ਰੂਪ:

ਗੁਣਕਾਰੀਆ –
“ਗੁਰਮੁਖਿ ਸਜਣੁ ਗੁਣਕਾਰੀਆ ਮਿਲਿ ਸਜਣ ਹਰਿ ਗੁਣ ਗਾਇ।”
– ਸਿਰੀ ੪, ੬੭, ੧:੨ (40)

(3) ਗੁਣਾਂ ਵਾਲਾ, ਗੁਣਾਂ ਦਾ ਧਾਰਨੀ
“ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ।”
– ਰਾਮ ੧, ਅਸ ੯, ੧੦:੧ (907)

“ਅਨਦਿਨੁ ਰਾਮ ਨਾਮੁ ਜਪਿ ਹਿਰਦੈ ਸਰਬ ਕਲਾ ਗੁਣਕਾਰੀ।”
– ਸਾਰ ੪, ੨, ੧:੨ (1198)

(4) ਲਾਭਕਾਰੀ, ਫਾਇਦੇਮੰਦ, ਭਲਾ ਕਰਨ ਵਾਲਾ
“ਗੁਰ ਸੇਵਾ ਤੇ ਸਦਾ ਸੁਖੁ ਪਾਇਆ ਅੰਤਰਿ ਸਬਦੁ ਰਵਿਆ ਗੁਣਕਾਰੀ।”
– ਰਾਮ ੧, ਅਸ ੯, ੧੪:੧ (908)

“ਭਗਤਾ ਕਾ ਗੁਣਕਾਰੀ ਕਰਤਾ ਬਖਸਿ ਲਏ ਵਡਿਆਈ ਹੇ।”
– ਮਾਰੂ ੧, ਸੋਲਾ ੫, ੨:੩ (1024)

ਗੁਣਗ੍ਯ ----- ਗੁਣਾਂ ਦਾ ਗਿਆਤਾ
“ਨਚ ਬਿਦਿਆ ਨਿਧਾਨ ਨਿਗਮੰ ਨਚ ਗੁਣਗ੍ਯ ਨਾਮ ਕੀਰਤਨਹ।”
– ਸਸ ੫, ੩੧:੧ (1356)

“ਸੁਭੰਤ ਤੁਯੰ ਅਚੁਤ ਚੁਣਗ੍ਯੰ ਪੂਰਨੰ ਬਹੁਲੋ ਕ੍ਰਿਪਾਲਾ।”
– ਸਸ ੫, ੫:੧ (1354)

ਗੁਣਤ ----- ਵਿਚਾਰਨਾ
“ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ।”
– ਗੂਜ ੩, ੯, ੧:੨ (492)

ਹੋਰ ਰੂਪ:

ਗੁਣੰਤ –
“ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ।”
– ਸਸ ੫, ੧੪:੧ (1355)

ਗੁਣਤਾਸ ---- ਗੁਣਾਂ ਦਾ ਭਾਂਡਾ/ਖਜਾਨਾ, ਵਾਹਿਗੁਰੂ; (ਗੁਣ (ਸੰ.) +ਤਾਸ਼ (ਫਾ.) – ਗੁਣਾਂ ਦਾ ਮਾਲਕ (ਕੋਸ਼))
“ਸਿਮਰਿ ਸਿਮਰਿ ਸਿਮਰਿ ਗੁਣਤਾਸ”
– ਗਉ ੫, ੭੭, ੩:੪ (178)

ਹੋਰ ਰੂਪ:

ਗੁਣਤਾਸਾ –
“ਕਰੀ ਦਇਆ ਸਤਿਗੁਰਿ ਗੁਣਤਾਸਾ।”
– ਗਉ ੫, ੧੨੭, ੨:੨ (191)

ਗੁਣਤਾਸਿ –
“ਨਦਰਿ ਕਰੇ ਤਾ ਪਾਈਐ ਸਚੁ ਨਾਮੁ ਗੁਣਤਾਸਿ ।”
– ਸਿਰੀ ੫, ੧੦੦, ੩:੩ (53)

ਗੁਣਤਾਸੁ –
“ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ”
– ਸਿਰੀ ੧, ੮, ੧:੩ (17)

ਗੁਣਤਾਸੇ –
“ਹਉ ਮਨੁ ਤਨੁ ਦੇਵਾ ਸਤਿਗੁਰੈ ਮੈ ਮੇਲੇ ਪ੍ਰਭ ਗੁਣਤਾਸੇ”
– ਸੂਹੀ ੪, ਛੰਤ ੫, ੧:੨ (776)

ਗੁਣਦਾਤਾ --- ਗੁਣਾਂ ਦੀ ਬਖਸ਼ਿਸ਼ ਕਰਨ ਵਾਲਾ, ਵਾਹਿਗੁਰੂ
“ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ।”
– ਸਿਰੀ ੩, ਅਸ ੧੮, ੬:੩ (65)

ਗੁਣਨਿਧਾਨ -- ਗੁਣਾਂ ਦਾ ਖਜਾਨਾ ਪ੍ਰਭੂ
“ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ।”
– ਸੋਰ ੫, ੨੯, ੨:੧ (617)

ਹੋਰ ਰੂਪ:

ਗੁਣ ਨਿਧਾਨੁ –
“ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਕੀ ਕੀਮ ਨ ਪਾਈ।”
– ਸਿਰੀ ੩, ੪੮, ੩:੨ (32)

ਗੁਣਨਿਧਿ --- ਗੁਣਾਂ ਦਾ ਭੰਡਾਰ/ਖਜਾਨਾ/ਸਮੁੰਦਰ
“ਗੁਣ ਨਿਧਿ ਗਾਇਆ ਸਭ ਦੂਖ ਮਿਟਾਇਆ ਹਉਮੈ ਬਿਨਸੀ ਗਾਠੇ।”
– ਆਸਾ ੫, ਛੰਤ ੩, ੧:੪ (454)

ਹੋਰ ਰੂਪ:

ਗੁਣ ਨਿਧੇ –

“ਹਰਿ ਗੁਣ ਨਿਧੇ ਗੋਪਾਲ।”
– ਬਿਲਾ ੫, ਅਸ ੨, ੫:੧ (838)

ਗੁਣਬਾਣੀ --- ਲਾਭਦਾਇਕ/ਗੁਣ ਕਰਨ ਵਾਲੀ ਬਾਣੀ
“ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ।”
– ਗੂਜਿ ੪, ੫, ੪:੨ (494)

ਗੁਣ ਬਾਦ --- ਗੁਣਾਨਵਾਦ, ਗੁਣ, ਕਥਨ, ਤਾਰੀਫ, ਵਡਿਆਈ
“ਰਮਣ ਕਉ ਰਾਮ ਕੇ ਗੁਣ ਬਾਦ।”
– ਸਾਰ ੫, ੧੦੩, ੧*:੧ (1224)

ਗੁਣਮਤਿ ---- ਗੁਣਾਂ ਦੀ ਮਤ ਵਾਲੇ
“ਖਲ ਮੁਗਧ ਮੂੜ ਕਟਾਖ੍ ਸ੍ਰੀਧਰ ਭਏ ਗੁਣਮਤਿ ਧੀਰ।”
– ਗੂਜ ੫, ਅਸ ੨, ੬:੨ (508)

ਗੁਣਵੰਤ ---- (1) ਗੁਣਾਂ ਵਾਲਾ, ਭਾਵ ਪ੍ਰਭੂ
“ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ।”
– ਸਿਰੀ ੫, ਛੰਤ ੩, ੨:੩ (80)

ਹੋਰ ਰੂਪ:

ਗੁਣਵਤੀ –
“ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ।” (ਗੁਣਵਾਨ ਪ੍ਰਭੂ ਨੂੰ ਸਿਮਰੇ)
– ਸਿਰੀ ੫, ੮੮, ੩:੨ (49)

(2) ਗੁਣਾਂ/ਖੂਬੀਆਂ ਵਾਲੇ
“ਹਿਮ ਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।” (ਮਾਘ ਫੱਗਣ ਗੁਣਾਂ ਵਾਲੇ ਹਨ)
– ਰਾਮ ੫, ਰੁਤੀ ੭:੧ (929)

ਹੋਰ ਰੂਪ:

ਗੁਣਵੰਤਾ –
“ਤੂੰ ਗੁਣਵੰਤਾ ਹਰਿ ਹਰਿ ਦਇਆਲੁ ਹਰਿ ਆਪੇ ਬਖਸਿ ਲੈਹਿ ਹਰਿ ਭਾਵੈ।”
– ਗਉ ੪, ੪੯, ੨:੨ (167)
“ਤੂ ਪਿਰੁ ਗੁਣਵੰਤਾ ਹਉ ਅਉਗਣਿਆਰਾ।”
– ਵਡ ੪, ੨, ੫:੧ (561)

ਗੁਣਵੰਤਿਆ –
“ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।” (ਗੁਣਵਾਨ)
– ਜਪੁ ੧, ੭:੬ (2)
“ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ।”
– ਆਸਾ ੧, ਵਾਰ ੬ਸ, ੧, ੧:੧੪ (466)

ਗੁਣਵੰਤੀ –
“ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ।” (ਗੁਣਾਂ ਵਾਲੀ, ਸੁਚਜੀ)
– ਸਿਰੀ ੧, ੯, ੧:੧ (17)
“ਗੁਣਵੰਤੀ ਸਾਲਾਹਿਆ ਸਦਾ ਥਿਰੁ ਨਿਹਚਲੁ ਹਰਿ ਪੂਰਾ।” (ਗੁਣਵਾਨਾਂ ਨੇ)

– ਗੂਜ ੩, ਵਾਰ ੭:੫ (511)

ਗੁਣਵੰਤੀਆ –
“ਗੁਣਵੰਤੀਆ ਗੁਣ ਸਾਰਹਿ ਆਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ।”
– ਵਡ ੩, ਅਲਾ ੧, ੧:੫ (582)

ਗੁਣਵੰਤੁ –
“ਸੋ ਢਾਢੀ ਗੁਣਵੰਤੁ ਜਿਸ ਨੋ ਪ੍ਰਭ ਪਿਆਰੁ।”
– ਰਾਮ ੫, ੧੧:੮ (962)

ਗੁਣਾ ------ (1) ਗੁਣਾਂ, ਚੰਗਿਆਈਆਂ
“ਸੁਣਿਐ ਸਰਾ ਗੁਣਾ ਕੇ ਗਾਹ।”
– ਜਪੁ ੧, ੧੧:੧ (3)

“ਗੁਣਾ ਕਾ ਗਾਹਕੁ ਹੋਵੈ ਸੋ ਗੁਣ ਜਾਣੈ।”
– ਆਸਾ ੩, ੪੧, ੨:੧ (361)

ਹੋਰ ਰੂਪ:

ਗੁਣਿ –
“ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ।” (ਗੁਣਾਂ ਰਾਹੀਂ/ਗੁਣਾਂ ਸਦਕਾ)
– ਮਾਝ ੧, ਅਸ ੧, ੬:੩ (109)

(2) ਰਜੋ ਸਤੋ ਤਮੋ
“ਤ੍ਰਿਹੁ ਗੁਣਾ ਵਿਚਿ ਸਹਜੁ ਨ ਪਾਈਐ ਤ੍ਰੈ ਗੁਣ ਭਰਮਿ ਭੁਲਾਇ।”
– ਸਿਰੀ ੩, ਅਸ ੨੩, ੬:੧ (68)

(3) ਗੁਣਾਂ ਵਾਲਾ
“ਕਿਉ ਬਿਸਰੈ ਇਹੁ ਲਾਲੁ ਪਿਆਰੋ ਸਰਬ ਗੁਣਾ ਸੁਖਦਾਇਓ।”
– ਸੋਰ ੫, ੬੧, ੨:੧ (624)

ਗੁਣਿ ------ (1) ਚੰਗਿਆਈਆਂ, ਗੁਣਾਂ; ਵੇਖੋ ‘ਗੁਣਾ’ (1)
(2) ਵਿਚਾਰਕੇ
“ਕਿਸੈ ਪੜਾਵਹਿ ਪੜ੍ਹਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ।”
– ਆਸਾ ੧, ੧੭, ੧:੨ (354)

(3) ਪਦ (ਭਾਵ), ਵੇਖੋ ‘ਗੁਣੁ’ (4)
“ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ।” (ਚੌਥੇ ਪਦ ਭਾਵ ਤੁਰੀਆ ਅਵਸਥਾ)
– ਮਾਰੂ ੧, ਸੋਲਾ ੧੭, ੧੧:੩ (1038)

ਗੁਣੀ ------ (1) ਗੁਣਾਂ/ਚੰਗਿਆਈਆਂ ਦਾ
“ਨਾਨਕ ਗਾਵੀਐ ਗੁਣੀ ਨਿਧਾਨੁ।”
– ਜਪੁ ੧, ੫:੪ (2)

(2) ਗੁਣਾਂ ਕਰਕੇ
“ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।”
– ਆਸਾ ੧, ਸੋਦ ੨, ੧*:੧ (9)

“ਸਭਿ ਅਉਗਣ ਗੁਣੀ ਮਿਟਾਇਆ ਗੁਰੁ ਆਪੇ ਬਖਸਣਹਾਰੁ।” (ਗੁਣਾਂ ਨਾਲ)

– ਸਿਰੀ ੪, ਵਾਰ ੧੮ਸ, ੩, ੨:੭ (90)

(3) ਗੁਣਾਂ ਵਾਲੇ ਪ੍ਰਭੂ

“ਗੁਰਮੁਖਿ ਹੋਵੈ ਸੋਈ ਬੂਝੈ ਗੁਣ ਕਹਿ ਗੁਣੀ ਸਮਾਵਣਿਆ।”

– ਮਾਝ ੩, ਅਸ ੩, ੧:੩ (110)

“ਨਾਨਕ ਜਨੁ ਗੁਣ ਗਾਵੈ ਨਿਤ ਸਾਚੇ ਗੁਣ ਗਾਵਹ ਗੁਣੀ ਸਮਾਹਾ ਹੇ।”

– ਮਾਰੂ ੩, ਸੋਲਾ ੧੩, ੧੬:੩ (1057)

(4) ਗੁਣਵਾਣ, ਗੁਣਾਂ ਵਾਲਾ, ਹੋਰ ਵੇਖੋ ‘ਗੁਣੀਆ’

“ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ।”

– ਗਉ ਕਬ, ੫੧, ੨:੨ (334)

“ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ।” (ਗੁਣਾਂ ਵਾਲਾ ਗੁਰਮੁਖ)

– ਵਡ ੩, ਛੰਤ ੪, ੧:੨ (570)

“ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ।” (ਗੁਣਵਾਣਾਂ)

– ਸੂਹੀ ੪, ਛੰਤ ੧, ੪:੪ (773)

(5) ਗੁਣਾਂ ਵਾਲਾ

“ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ।” (ਗੁਣਾਂ ਵਾਲਾ ਆਚਾਰ)

– ਧਨਾ ੧, ਛੰਤ ੩, ੧:੪ (689)

(6) ਗੁਣਾਂ ਵਿਚ

“ਸਭਿ ਗਾਵਹੁ ਗੁਣ ਗੋਵਿੰਦ ਹਰੇ ਗੋਵਿੰਦ ਹਰੇ ਗੋਵਿੰਦ ਹਰੇ ਗੁਣ ਗਾਵਹ ਗੁਣੀ ਸਮਉਲਾ।” (ਗੁਣਾਂ ਵਿਚ ਸਮਾ ਜਾਈਦਾ ਹੈ)

– ਕਾਨ ੪, ਵਾਰ ੬:੫ (1315)

ਗੁਣੀਆ ---- ਗੁਣਵਾਨ, ਗੁਣਾਂ ਵਾਲੇ

“ਗੁਣੀਆ ਗੁਣ ਲੇ ਪ੍ਰਭ ਮਿਲੇ ਕਿਉ ਤਿਨ ਮਿਲਉ ਪਿਆਰਿ।”

– ਰਾਮ ੧, ਓਅੰ ੪੪:੫ (936)

ਗੁਣੀਐ ----- (1) ਵਿਚਾਰੀਐ

“ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ।”

– ਸਿਰੀ ੩, ਅਸ ੨੩, ੬:੨ (68)

(2) ਗੁਣਾਂ ਦੀ

“ਕਰਿ ਕੀਰਤਿ ਗੋਵਿੰਦ ਗੁਣੀਐ ਸਗਲ ਪ੍ਰਾਛਤ ਦੁਖ ਹਰੇ।”

– ਆਸਾ ੫, ਛੰਤ ੪, ੧:੫ (454)

ਗੁਣੀ ਗਹੀਰ -- ਗੁਣਾਂ ਕਰਕੇ ਡੂੰਘਾ/ਗੰਭੀਰ

“ਨਾਨਕ ਨਾਮੁ ਸਮਾਲਿ ਤੂ ਭਾਈ ਅਪਰੰਪਰ ਗੁਣੀ ਗਹੀਰ।”

– ਸੂਹੀ ੩, ਛੰਤ ੩, ੮:੨ (639)

ਹੋਰ ਰੂਪ:

ਗੁਣੀ ਗਹੀਰਾ –

“ਗੁਰ ਪਰਸਾਦੀ ਬ੍ਰਹਮੁ ਪਛਾਤਾ ਨਾਨਕ ਗੁਣੀ ਗਹੀਰਾ।”

– ਸੂਹੀ ੪, ਛੰਤ ੧, ੨:੬ (773)

ਗੁਣੀ ਗਹੀਰੁ –
"ਨਾਨਕ ਨਾਮੁ ਸਲਾਹਿ ਤੂ ਹਰਿ ਗੁਣੀ ਗਹੀਰੁ।"
– ਸੂਹੀ ੩, ਵਾਰ ੧੦:੫ (789)

ਗੁਣੀਜਨ ---- ਗੁਣਾਂ ਵਾਲੇ ਵਿਅਕਤੀ
"ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀਜਨ ਬਣਤਿਆ।"
– ਸੋਰ ੪, ਵਾਰ ੧੮:੩ (649)

ਗੁਣੀ ਨਿਧਾਨਾ – ਗੁਣਾਂ ਦਾ ਖਜ਼ਾਨਾ/ਭੰਡਾਰ
"ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ ਪਾਈਐ ਗੁਣੀ ਨਿਧਾਨਾ।"
– ਆਸਾ ੧, ਛੰਤ ੨, ੨:੩ (436)

ਹੋਰ ਰੂਪ:

ਗੁਣੀ ਨਿਧਾਨੁ –
"ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ।"
– ਗੂਜ ੩, ਵਾਰ ੯ਸ, ੩, ੨:੧ (512)

ਗੁਣੁ ------- (1) ਚੰਗਿਆਈਆਂ, ਗੁਣ
"ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।"
(2) ਖੂਬੀ, ਲਛਣ
"ਗੁਣੁ ਏਹੋ ਹੋਰੁ ਨਾਹੀ ਕੋਇ।"
– ਆਸਾ ੧, ਸੋਦ ੩, ੩:੩ (9)

(3) ਲਾਭ, ਫਾਇਦਾ
"ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ।"
– ਸੂਹੀ ੩, ਵਾਰ ੭ਸ, ੨, ੩:੧ (787)
(4) ਪਦ, ਅਵਸਥਾ (ਭਾਵ) ਵੇਖੋ 'ਗੁਣਿ' (3)
"ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ।"
– ਬਿਲਾ ੪, ਅਸ ੧, ੭:੧ (833)
"ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ।"
– ਮਲਾ ੩, ੯, ੨:੨ (1260)

ਗੁਣੇ ------- ਗੁਣ ਕਰਕੇ
"ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ।"
– ਮਾਰੂ ੫, ਸੋਲਾ ੧੧, ੧੩:੩ (1083)

ਗੁਣੈ ------- ਗੁਣਾਂ
"ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ।"
– ਗਉ ੪, ਵਾਰ ੧੨:੫ (306)

ਗੁਥਲੀ ----- ਥੈਲੀ, ਝੋਲੀ
"ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ।"
– ਰਾਮ ੩, ਵਾਰ ੧੫ਸ, ੨, ੨:੧ (954)

ਗੁਦਰਾਣੁ ---- ਗੁਜਾਰਾ, ਗੁਜਰਾਨ

"ਗੁਰਮੁਖਿ ਸਾਚੁ ਤਹਾ ਗੁਦਰਾਣੁ"
– ਆਸਾ ੧, ੨੧, ੫:੪ (355)

ਗੁਦਰੀ ----- ਗੁਜਰੀ, ਲੰਘੀ
"ਸਗਲੀ ਰੈਣਿ ਗੁਦਰੀ ਅੰਧਿਆਰੀ ਸੇਵਿ ਸਤਿਗੁਰੁ ਚਾਨਣੁ ਹੋਇ।"
– ਸਿਰੀ ੫, ਪਹ ੪, ੪:੫ (78)

ਹੋਰ ਰੂਪ:

ਗੁਦਰੈ –
"ਝਗੜਾ ਕਰਦਿਆ ਅਨਦਿਨੁ ਗੁਦਰੈ ਸਬਦਿ ਨ ਕਰਹਿ ਵੀਚਾਰੁ।" (ਲੰਘ ਗਏ)
– ਗਉ ੪, ਵਾਰ ੩ਸ, ੪, ੧:੨ (316)

ਗੁਦੜੁ ----- ਗੋਦੜਾ, ਲੀਰਾਂ ਦਾ ਕਪੜਾ, ਜੁਲਾ
"ਜਿਨ੍ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ।"
– ਆਸਾ ੧, ਵਾਰ ੨੦ਸ, ੧, ੨:੩ (473)

ਗੁੰਦਾਈਂ ---- (ਸੰ.) ਗੁੰਦਾਉਣਾ, ਗੁਤ/ਮੇਢੀ ਕਰਨਾ
"ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ।"
– ਵਡ ੧, ੩, ੧:੧੧ (558)

ਗੁਦਾਰਨਾ --- ਗੁਜਾਰਨਾ, ਲੰਘਾਣਾ
"ਨਾਮੁ ਜਪਤ ਮਨੁ ਨਿਰਮਲ ਹੋਵੈ ਸੂਖੇ ਸੂਖਿ ਗੁਦਾਰਨਾ"
– ਰਾਮ ੫, ਅਸ ੫, ੪:੧ (915)

ਗੁਦਾਰਿਆ --- ਗੁਜਾਰਿਆ, ਲੰਘਾਣਾ
"ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ।"
– ਗੂਜ ੫, ਵਾਰ ੧੯ਸ, ੫, ੧:੨ (523)

ਹੋਰ ਰੂਪ:

ਗੁਦਾਰੀ –
"ਪਰ ਹਰਨਾ ਲੋਭੁ ਝੂਠ ਨਿੰਦਾ ਇਵ ਹੀ ਕਰਤ ਗੁਦਾਰੀ।"
– ਧਨਾ ੫, ੪੨, ੧:੧ (681)

ਗੁਦਾਰੇ ----- (1) ਮੁਕਾ ਦਿਤੇ (ਭਾਵ)
"ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ।"
– ਆਸਾ ੫, ੧੩੨, ੧*:੨ (404)

(2) ਗੁਜਾਰੇ, ਲੰਘਾਏ
"ਹੁਕਮੇ ਜੁਗ ਛਤੀਹ ਗੁਦਾਰੇ।"
– ਮਾਰੂ ੧, ਸੋਲਾ ੧੬, ੧੪:੧ (1037)

ਗੁਦਾਰੈ –
"ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ।"
– ਸਾਰ ੫, ੧੦, ੧*:੧ (1205)

ਗੁਧਾ ------ ਗੁੰਨਿਆ ਗਿਆ; ਇਛਾਵਾਨ ਹੋਇਆ, ਲੁਬਧ ਭਇਆ (ਮਹਾਨਕੋਸ਼)

“ਧੁਰਿ ਭਾਗ ਵਡੇ ਹਰਿ ਪਾਇਆ ਨਾਨਕ ਰਸਿ ਗੁਧਾ।”
– ਆਸਾ ੪, ਛੰਤ ੧੯, ੧:੪ (449)

ਗੁਨ ------- (1) ਵਡਿਆਈ, ਸ਼ੋਭਾ ਸਿਫਤ ਸਾਲਾਹ, ਵੇਖੋ ‘ਗੁਣ’ (4)
“ਹਰਿ ਰਸੁ ਰਸਨਾ ਰਾਮ ਗੁਨ ਗਾਇ।”
– ਗਉ ੪, ੪੦, ੧*:੨ (164)
“ਮੋਹਿ ਨਿਰਗੁਨੁ ਸਭ ਗੁਨ ਤੇਰੇ।”
– ਗਉ ੫, ੧੨੫*, ੧*:੨ (205)
“ਗੁਨ ਕੀਰਤਿ ਨਿਧਿ ਮੋਰੀ।” (ਹਰਿ ਦੀ ਸਿਫਤ ਸਲਾਹ)
– ਗਉ ੫, ੧੫੬*, ੧*:੧ (213)
“ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ।” (ਸ਼ੋਭਾ; ਵਡਿਆਈ)
– ਬਿਲਾ ਸਧ, ੧, ੧*:੧ (858)
(2) ਨੇਕ ਕੰਮ, ਚੰਗਿਆਈਆਂ, ਵੇਖੋ ‘ਗੁਣ’ (2)
“ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ।”
– ਗਉ ੫, ੧੧੮*, ੧*:੧ (204)
(3) ਸੁਭਾ, ਲਛਣ, ਵੇਖੋ ‘ਗੁਣ’ (6)
“ਨਿਜ ਘਰਿ ਪਾਰਸੁ ਤਜਹੁ ਗੁਨ ਆਨ।” (ਹੋਰ ਲਛਣ/ਸੁਭਾ ਦਾ ਤਿਆਗ ਕਰੋ)
– ਗਉ ਕਬ, ੯, ੩:੨ (325)
(4) ਲਾਭ, ਫਾਇਦਾ, ਵੇਖੋ ‘ਗੁਣ’ (14)
“ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ਕਹਿ ਰਵਿਦਾਸ ਛੂਟਿਬੋ ਕਵਨ ਗੁਨ”
– ਆਸਾ ਰਵਿ, ੪, ੩:੨ (487)
(5) ਉਪਕਾਰ, ਵੇਖੋ ‘ਗੁਣ’ (12)
“ਜਿਹਵਾ ਏਕ ਕਵਨ ਗੁਨ ਕਹੀਐ।”
– ਧਨਾ ੫, ੧੨, ੧*:੧ (674)
(6) ਗੁਣਾਂ/ਲੱਛਣਾਂ (ਭਾਵ) ਕਾਰਨ
“ਕਾਲੀ ਕੋਇਲ ਤੂ ਕਿਤ ਗੁਨ ਕਾਲੀ।”
– ਸੂਹੀ ਫਰ, ੧, ੨:੧ (794)
(7) ਤਾਸੀਰ, ਖ਼ਾਸੀਅਤ, ਸੁਭਾ ਦਾ ਅੰਗ/ਹਿੱਸਾ, ਵੇਖੋ ‘ਗੁਣ’ (3)
“ਤ੍ਰੈ ਗੁਨ ਮਾਈ ਮੋਹਿ ਆਈ ਕਹੰਉ ਬੇਦਨ ਕਾਹਿ।”
– ਮਲਾ ੫, ੨੪, ੧:੧ (1272)

ਗੁਨਹ ------ (ਫਾ. ਗੁਨਾਹ) ਪਾਪ, ਗੁਨਾਹ, ਅਵਗੁਣ, ਅਪਰਾਧ
“ਐਸੇ ਗੁਨਹ ਅਛਾਦਿਓ ਪ੍ਰਾਨੀ।”
– ਆਸਾ ੫, ੨੨, ੨:੨ (376)

ਗੁਨਹਗਾਰ --- ਪਾਪੀ, ਗੁਨਾਹ ਕਰਨ ਵਾਲਾ, ਅਪਰਾਧੀ, ਦੋਸ਼ੀ
“ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ।”
– ਗਉ ੧, ਬਾਅ ੫੨:੧ (261)

ਹੋਰ ਰੂਪ:

ਗੁਨਹਗਾਰੁ –
“ਹਰਿ ਕਿਰਪਾ ਕਰਿ ਕੈ ਬਖਸਿ ਲੈਹੁ ਹਉ ਪਾਪੀ ਵਡ ਗੁਨਹਗਾਰੁ”

– ਸਲੋ ੩, ੨੯:੨ (1416)

ਗੁਨਹਾਂ ----- ਪਾਪਾਂ ਨੂੰ, ਵੇਖੋ ‘ਗੁਨਹ’
“ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ।”
– ਆਸਾ ੧, ਅਸ ੧੬, ੮:੨ (420)

ਗੁਨਹੀ ----- ਗੁਨਾਹਾਂ ਨਾਲ, ਪਾਪਾਂ ਨਾਲ
“ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ।”
– ਸਲੋ ਫਰ, ੬੧:੨ (1381)

ਗੁਨਹੀਨ ---- ਗੁਣਾਂ ਤੋਂ ਵਿਹੂਨਾ
“ਰੇ ਗੁਨਹੀਨ ਦੀਨ ਮਾਇਆ ਕ੍ਰਿਮ ਸਿਮਰਿ ਸੁਆਮੀ ਏਕ ਘਰੀ।”
– ਸਮੁ ੫, ੩*:੫ (1387)

ਗੁਨਗਾਵਨ --- ਗੁਣ ਗਾਉਣ ਵਾਲੇ
“ਸੁੰਦਰ ਸੁਘੜੁ ਚਤੁਰੁ ਸਭ ਬੇਤਾ ਰਿਦ ਦਾਸ ਨਿਵਾਸ ਭਗਤ ਗੁਨ ਗਾਵਨ।”
– ਟੋਡੀ ੫, ੨੫, ੧:੧ (717)

ਗੁਨਗ੍ਯ ----- ਗੁਣਾਂ ਦੇ ਗਿਆਤਾ
“ਧੁਨਿਤ ਲਲਿਤ ਗੁਨਗ੍ਯ ਅਨਿਕ ਭਾਂਤਿ ਬਹੁ ਬਿਧਿ ਰੂਪ ਦਿਖਾਵਨੀ ਨੀਕੀ।”
– ਮਲਾ ੫, ੨੫, ੧:੨ (1272)

ਗੁਨਣਾ ----- ਵਿਚਾਰਨਾ
“ਨਾਨਕ ਪੜਣਾ ਗੁਨਣਾ ਇਕੁ ਨਾਉ ਹੈ ਬੂਝੈ ਕੋ ਬੀਚਾਰੀ।”
– ਸਾਰ ੪, ਵਾਰ ੨੪ਸ, ੩, ੧:੬ (1246)

ਗੁਨਤ ------ ਵਿਚਾਰਦੇ
“ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ।”
– ਆਸਾ ਕਬ, ੮, ੧*:੨ (477)

ਗੁਨਤਾਸ ---- ਗੁਣਾਂ ਦਾ ਖਜ਼ਾਨਾ ਅਰਥਾਤ ਵਾਹਿਗੁਰੂ ਵੇਖੋ ਗੁਣਤਾਸ
“ਜਾ ਕੈ ਮਨਿ ਪ੍ਰਗਟੇ ਗੁਨਤਾਸ।”
– ਗਉ ੫, ਸੁਖ ੧੮, ੬:੪ (287)

ਹੋਰ ਰੂਪ:

ਗੁਨਤਾਸਿ –
“ਅਨਦਿਨੁ ਜਪਉ ਨਾਮ ਗੁਣਤਾਸਿ।”
– ਆਸਾ ੪, ੭੪, ੪:੧ (389)

ਗੁਨਤਾਸੁ –
“ਨਾਨਕ ਨਾਮੁ ਜਪਹੁ ਗੁਨਤਾਸੁ।”
– ਗਉ ੫, ਸੁਖ ੨੦, ੫:੧੦ (290)

ਗੁਨਨਾਇਕਾ -- ਗੁਣਾਂ ਦਾ ਮਾਲਕ/ਖਜਾਨਾ, ਗੁਣਾਂ ਦਾ ਜਹਾਜ (ਸ਼ਬਦਾਰਥ)
“ਗੁਣ ਗਭੀਰ ਗੁਨਨਾਇਕਾ ਗੁਣ ਕਹੀਅਹਿ ਕੇਤ।”
– ਬਿਲਾ ੫, ੩੯, ੪:੧ (810)

ਗੁਨਨਿਧਾਨ -- ਗੁਣਾਂ ਦਾ ਖਜ਼ਾਨਾ ਪ੍ਰਭੂ
“ਗੁਨਨਿਧਾਨ ਨਿਤਿ ਗਾਵੈ ਨਾਨਕ ਸਹਸਾ ਦੁਖੁ ਮਿਟਾਇ।”
- ਆਸਾ ੫, ੩੧, ੨:੧ (378)

ਹੋਰ ਰੂਪ:

ਗੁਨਨਿਧਾਨੁ -
“ਗੁਨਨਿਧਾਨੁ ਪ੍ਰਗਟਿਓ ਇਹ ਚੋਲੈ।”
- ਕਾਨ ੫, ੪੬, ੧:੩ (1307)

ਗੁਨਾ ------ ਸਿਫਤ ਸਲਾਹ
“ਜੀਅਰਾ ਹਰਿ ਕੇ ਗੁਨਾ ਗਾਉ।”
- ਗਉ ਕਬ, ੬੨, ੧*:੧ (337)

ਗੁਨਾਂ ------ ਲਾਭ, ਫਾਇਦਾ
“ਕਾਂਇਆ ਮਾਂਜਸਿ ਕਉਨ ਗੁਨਾਂ” (ਕੀ ਲਾਭ)
- ਸੋਰ ਕਬ, ੮, ੧*:੧ (656)

ਗੁਨਾਉ ----- ਗੁਣ
“ਬ੍ਰਹਮ ਗਿਆਨੀ ਕਾ ਇਹੈ ਗੁਨਾਉ।”
- ਗਉ ੫, ਸੁਖ ੮, ੧:੯ (272)

ਗੁਨਿ ------ ਗੁਣੀ, ਗੁਣਵਾਨ
“ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ।”
- ਆਸਾ ੫, ੧੩੩, ੧:੧ (404)

ਗੁਨਿਤ ----- ਸੁਰਾਂ ਦਾ ਮੇਲ ਕੀਤਾ ਹੋਇਆ (ਸ਼ਬਦਾਰਥ); ਗੁਣਾਂ ਦਾ ਵੀਚਾਰ (ਦਰਪਣ)
ਤਲ ਤਾਰ ਨਾਲ ਜਿਸ ਦਾ ਵਿਭਾਗ ਕੀਤਾ ਹੋਇਆ ਹੇ (ਮਹਾਨਕੋਸ਼)
“ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ।”

ਗੁਨੀ ------ (1) ਗੁਣੀ, ਗੁਣਵਾਨ
“ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ।”
- ਗਉ ੯, ੪, ੨:੧ (219)

“ਹਰਿ ਹਰਿ ਹਰਿ ਗੁਨੀ ਹਾਂ।” (ਗੁਣਾਂ ਦਾ ਮਾਲਕ)
- ਆਸਾ ੫, ੧੫੯, ੧*:੧ (409)

(2) ਗੁਣਾਂ ਕਰਕੇ
“ਸਰਣਿ ਗਹੀ ਪ੍ਰਭ ਗੁਨੀ ਗਹੇਰਾ।”
- ਆਸਾ ੫, ੭੪, ੧*:੨ (389)

(3) ਗੁਣਾਂ ਵਾਲਾ ਹਰੀ/ਪ੍ਰਭ
“ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰ ਮਿਲਿ ਗਾਇ ਗੁਨੀ।”
- ਮਾਰੂ ੫, ੧, ੧*:੨ (998)

(4) ਗੁਣਾਂ ਦਾ
“ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ।”
- ਫੁਨ ੫, ੧੨:੨ (1362)

(5) ਧੀਮੀ ਸੁਰ ਵਿਚ (ਮੁਹਾਵਰਾ– ਗੁਨ ਗੁਨੀ)
"ਪੁਨਿ ਗਾਵਹਿ ਆਸਾ ਗੁਨ ਗੁਨੀ।"
– ਰਾਮ ੧:੫੨ (1430)

ਗੁਨੀਆ ---- (1) ਗੁਣਵਾਨ
"ਕਹੁ ਕਬੀਰ ਸੁਨਹੁ ਰੇ ਗੁਨੀਆ।"
– ਗਉ ਕਬ, ੧੧, ੪:੧ (325)
(2) (ਤਿੰਨ) ਗੁਣਾਂ ਵਿਚ ਵਿਚਰਨ ਵਾਲਾ ਭਾਵ ਸੰਸਾਰੀ; ਸੰਸਾਰ
"ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ।"
– ਆਸਾ ੫, ੫੧, ੧:੨ (384)
(3) ਗੁਣ
"ਤਾ ਤੇ ਗਤੁ ਹੋਇ ਤ੍ਰੈ ਗੁਨੀਆ।" (ਤ੍ਰੈ ਗੁਣ ਦੂਰ ਹੋਏ)
– ਸਾਰ ੫, ੧੪, ੨:੨ (1206)

ਗੁਨੀਐ ----- (1) ਵਿਚਾਰੀਐ
"ਕਿਆ ਪੜੀਐ ਕਿਆ ਗੁਨੀਐ।"
– ਸੋਰ ਕਬ, ੭, ੧:੧ (655)
(2) ਗੁਣਾਂ ਦਾ
"ਦਇਆਲ ਪ੍ਰਭੂ ਦਾਮੋਦਰ ਮਾਧੋ ਅੰਤੁ ਨ ਪਾਈਐ ਗੁਨੀਐ ਰਾਮ।"
– ਰਾਮ ੫, ਛੰਤ ੩, ੩:੨ (926)

ਗੁਨੀਤਾ ----- ਗੁਣਾਂ ਵਾਲੇ
"ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ।"
– ਬਿਲਾ ੫, ੩੭, ੪:੧ (810)

ਗੁਨੀਯ ----- ਗੁਣਾਂ ਕਰਕੇ
"ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।"
– ਆਸਾ ਧੰਨਾ, ੨, ੧:੨ (487)

ਗੁਨੁ ------- (1) ਗੁਣ
"ਕਵਨ ਗੁਨੁ ਜੋ ਤੁਝੁ ਲੈ ਗਾਵਉ।"
– ਗਉ ੫, ੧੦੫, ੧*:੧ (187)
(2) ਭਲਾਈ, ਚੰਗਿਆਈ
"ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ।"
– ਗਉ ੫, ਬਾਅ ੫੫:੭ (261)
"ਕਹਿ ਕਬੀਰ ਕਿਛੁ ਗੁਨੁ ਬੀਚਾਰਿ।" (ਭਲਾਈ ਦੀ ਗੱਲ)
– ਭੈਰ ਕਬ, ੨, ੪:੧ (1158)
(3) ਉਪਕਾਰ
"ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ।"
– ਗਉ ੫, ਸੁਖ ੪, ੧:੯ (267)
"ਪ੍ਰਤਿਪਾਲੈ ਨਿਤ ਸਾਰਿ ਸਮਾਲੈ ਇਕੁ ਗੁਨੁ ਨਹੀ ਮੂਰਖਿ ਜਾਤਾ ਰੇ।"
– ਸੋਰ ੫, ੧੩, ੧:੨ (612)

"ਐਸੋ ਗੁਨੁ ਮੇਰੋ ਪ੍ਰਭ ਜੀ ਕੀਨ।"

– ਟੋਡੀ ੫, ੨੦, ੧*:੧ (716)

(4) ਸੁਭਾ

"ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ।" (ਹਰਿ ਜਸ ਗਾਉਣ ਦਾ ਸੁਭਾ)

– ਬੈਰ ੪, ੩, ੧*:੨ (720)

(5) ਲਾਭ, ਫਾਇਦਾ

"ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ।"

– ਮਾਰੂ ਕਬ, ੧, ੧:੧ (1103)

ਗੁਨੇ ------- ਵਿਚਾਰੇ

"ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲ ਮਹਿ ਖਬਰਿ ਨ ਹੋਈ।"

– ਆਸਾ ਕਬ, ੨੯, ੨:੨ (483)

ਗੁਨੈ ------- ਗੁਣ, ਅਰਥ

"ਕਰੈ ਨਿੰਦ ਕਵਨੈ ਨਹੀ ਗੁਨੈ।" (ਕਿਸੇ ਅਰਥ ਨਹੀਂ, ਬੇਅਰਥ ਹੈ)

– ਗੋਂਡ ਰਵਿ, ੨, ੨:੪ (875)

ਗੁਪਸਿ ----- ਗੁੰਦਨਾ, ਪਰੋਣਾ

"ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ।"

– ਸੂਹੀ ੩, ਵਾਰ ੧੯ਸ, ੧, ੧:੧ (791)

ਗੁਪਤ ------ (1) ਇਕ ਦੇਵਤਾ ਅਥਵਾ ਧਰਮ ਰਾਜ ਦੇ ਦੋ ਮੁਨਸ਼ੀਆਂ ਵਿਚੋਂ ਇਕ

"ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।"

– ਸਿਰੀ ੫, ਛੰਤ ੨, ੩:੫ (79)

ਹੋਰ ਰੂਪ:

ਗੁਪਤੁ –

"ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ।"

– ਜਪੁ ੧, ੨੭:੫ (6)

(2) (ਸੰ.) ਲੁਕਵੇਂ

"ਭੀਤਰਿ ਪੰਚ ਗੁਪਤ ਮਨਿ ਵਾਸੇ।"

– ਆਸਾ ੧, ੩੪, ੧:੧ (359)

"ਗੁਪਤ ਪ੍ਰਗਟ ਜਾ ਕਉ ਅਰਾਧਹਿ ਪਉਣ ਪਾਣੀ ਦਿਨਸੁ ਰਾਤਿ।" (ਗੁਝੇ)

– ਆਸਾ ੫, ਛੰਤ ੫, ੩:੨ (456)

ਹੋਰ ਰੂਪ:

ਗੁਪਤਹੁ –

"ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।" (ਲੁਕਵੇਂ ਰੂਪ ਤੋਂ, ਗੁਹਜ ਤੋਂ)

– ਮਾਰੂ ੧, ਸੋਲਾ ੧੫, ੧੫:੩ (1036)

ਗੁਪਤਾ –

"ਗੁਪਤਾ ਹੀਰਾ ਪ੍ਰਗਟ ਭਇਓ ਜਬ ਗੁਰ ਗਮ ਦੀਆ ਦਿਖਾਈ।" (ਲੁਕਿਆ/ ਛੁਪਿਆ ਹੋਇਆ)

– ਆਸਾ ਕਬ, ੩੧, ੨:੨ (483)

ਗੁਪਤੀ –

"ਗੁਪਤੀ ਖਾਵਹਿ ਵਟਿਕਾ ਸਾਰੀ।"

– ਗੋਂਡ ਨਾਮ ੧੧, ੩:੪ (873)

"ਗੁਪਤੀ ਬਾਣੀ ਪਰਗਟੁ ਹੋਇ।"

– ਰਾਮ ੧, ਸਿਗੋ ੫੩:੫ (944)

ਗੁਪਤੁ –

"ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।" (ਅੱਖਾਂ ਤੋਂ ਓਹਲੇ)

– ਸਿਰੀ ੧, ੧, ੩:੨ (14)

"ਗੁਪਤੁ ਪਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ।" (ਲੁਕਵਾਂ)

– ਸਿਰੀ ੧, ਅਸ ੭, ੩:੨ (57)

"ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।" (ਲੁਕ ਕੇ)

– ਆਸਾ ਧੰਨਾ, ੩, ੩:੧ (488)

"ਕੇਤੜਿਆ ਦਿਨ ਗੁਪਤੁ ਕਹਾਇਆ।" (ਅਦਿੱਖ ਹਾਲਤ ਵਿਚ ਭਾਵ ਨਿਰਗੁਣ ਸਰੂਪ ਵਿਚ)

– ਮਾਰੂ ੫, ਸੋਲਾ ੧੦, ੧੨:੧ (1081)

ਗੁਪਤੇ –

"ਗੁਪਤੇ ਬੂਝਹੁ ਜੁਗ ਚਤੁਆਰੇ।" (ਗੁਪਤ ਹੋ ਕੇ, ਲੁਕ ਕੇ)

– ਮਾਰੂ ੧, ਸੋਲ ੭, ੩:੧ (1026)

ਗੁਪਤੋ –

"ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ।" (ਛੁਪ ਕੇ)

– ਸੋਰ ੧, ੮, ੧*:੨ (597)

ਗੁਪਲਾਕ ---- ਗਊ ਚਾਰਨ ਵਾਲਾ ਗਵਾਲਾ, ਕ੍ਰਿਸ਼ਨ ਭਾਵ ਕਰਤਾਰ, ਅਕਾਲ ਪੁਰਖ

"ਨਾਨਾ ਰੂਪ ਰੰਗ ਹਰਿ ਕੇਰੇ ਘਟਿ ਘਟਿ ਰਾਮੁ ਰਵਿਓ ਗੁਪਲਾਕ।"

– ਕਾਨ ੪, ੪, ੧:੧ (1295)

ਗੁਪਾਲ ----- ਗਵਾਲਾ, ਕ੍ਰਿਸਨ ਭਾਵ ਪ੍ਰਭੂ, ਹਰੀ

"ਸਗਲ ਪਵਿਤ ਗੁਨ ਗਾਇ ਗੁਪਾਲ।"

– ਗਉ ੫, ੧੧੧*, ੧*:੧ (202)

ਗੁਪਾਲਹਿ –

"ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ।" (ਹਰੀ ਨੂੰ)

– ਅਸਾ ੫, ੧੧੮, ੧*:੨ (400)

ਗੁਪਾਲਾ –

"ਨਾਨਕ ਜਿਹ ਮਨਿ ਬਸਹਿ ਗੁਪਾਲਾ।" (ਹਰੀ, ਪ੍ਰਿਥਵੀ ਦਾ ਪਾਲਣਹਾਰ)

– ਗਉ ੫, ਬਾਅ ੧੬:੮ (253)

"ਨਾਨਕ ਤੁਮਰੇ ਬਾਲ ਗੁਪਾਲਾ।" (ਹੇ ਹਰੀ)

– ਗਉ ੫, ਬਾਅ ੪੮:੮ (260)

"ਸਭੁ ਕਿਛੁ ਕੀਤਾ ਤੇਰਾ ਵਰਤੈ ਕਿਆ ਹਮ ਬਾਲ ਗੁਪਾਲਾ।" (ਗੁਆਲੇ ਦੇ ਮੁੰਡੇ ਭਾਵ ਨਿਮਾਣੇ, ਨਾਚੀਜ਼)

– ਸੋਰ ੫, ੧, ੪:੨ (608)

"ਮਾਗੈ ਦਾਨੁ ਨਾਮੁ ਤੇਰੋ ਨਾਨਕੁ ਜਿਉ ਮਾਤਾ ਬਾਲ ਗੁਪਾਲਾ।" (ਛੋਟੇ ਬੱਚੇ)

– ਧਨਾ ੫, ੧੪, ੩:੧ (674)

ਗੁਪਾਲੁ –
"ਹਿਰਦੈ ਵਸਿਆ ਸਦਾ ਗੁਪਾਲੁ।" (ਹਰੀ)

– ਗਉ ੫, ੧੦੬*, ੧:੨ (200)

ਗੁਪਾਲੇ –
"ਪ੍ਰਿਅ ਸੁਖਵਾਸੀ ਬਾਲ ਗੁਪਾਲੇ।" (ਲਾਡਲੇ, ਪਿਆਰੇ)

– ਮਾਰੂ ੫, ਸੋਲਾ ੨, ੭:੨ (1073)

ਹੋਰ ਰੂਪ:

ਗੋੁਪਾਲ –
"ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋੁਪਾਲ ਨੀਸਾਨੁ ਬਜਈਆ।"

– ਬਿਲਾ ੪, ਅਸ ੧, ੫:੨ (833)

"ਤਜਿ ਗੋੁਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ।"

– ਕੇਦਾ ੫, ੧੩, ੨:੧ (1121)

ਗੋੁਪਾਲਾ –
"ਤੁਮਰੇ ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੋੁਪਾਲਾ ਜੀਉ।"

– ਮਾਝ ੫, ੩੩, ੧:੩ (104)

ਗੁੰਫ -------- ਗੁੰਦਣਾ
"ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ।" (ਮਹਾਨਕੋਸ਼ ਅਰਥ ਕਾਵ ਰਚਨਾ ਕਰਦਾ ਹੈ)

– ਗਾਥਾ ੫, ੬:੧ (1360)

ਹੋਰ ਰੂਪ:

ਗੁੰਫਹੁ –
"ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ।" (ਗੁੰਦੋ)

– ਗਉ ੫, ਵਾਰ ੧੧:੪ (320)

ਗੁਫਤਮ ---- (ਫਾ. ਗੁਫਤਮ) ਮੈਂ ਆਖਦਾ ਹਾਂ
"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।"

– ਤਿਲੰ ੧, ੧, ੧:੧ (721)

ਗੁਫਾ ------ (1) (ਸੰ. ਭੋਰਾ, ਤਹਿਖਾਨਾ, ਕੰਦਰਾ)
"ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ।" (ਆਤਮ ਅਨੰਦ ਵਾਲੀ ਗੁਫਾ)

– ਮਾਝ ੫, ੧੦, ੧:੨ (97)

"ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ।"

– ਮਾਝ ੧, ਵਾਰ ੪ਸ, ੧, ੧:੧ (139)

(2) ਸਰੀਰ (ਭਾਵ) ਸਰੀਰ ਰੂਪੀ ਗੁਫਾ
“ਇਸੁ ਗੁਫਾ ਮਹਿ ਅਖੁਟ ਭੰਡਾਰਾ।”
– ਮਾਝ ੩, ਅਸ ੨੫, ੧:੧ (124)
“ਅਲਿਪਤ ਗੁਫਾ ਮਹਿ ਰਹਹਿ ਨਿਰਾਰੇ।”
– ਰਾਮ ੧, ਅਸ ੩, ੫:੧ (904)

(3) ਦਸਮ ਦੁਆਰ (ਭਾਵ)
“ਭੀਤਰਿ ਕੋਟ ਗੁਫਾ ਘਰ ਜਾਈ।” (ਸਰੀਰ ਰੂਪੀ ਕੋਟੁ ਵਿਚ ਦਸਮ ਦੁਆਰਾ ਰੂਪੀ ਗੁਫਾ ਹੈ)
– ਮਾਰੂ ੧, ਸੋਲਾ ੧੩, ੩:੧ (1033)

ਗੁੰਫਿਆ ---- ਗੁੰਦਿਆ
“ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ।” (ਭਾਵ ਫਸ ਗਿਆ)
– ਫੁਨ ੫, ੧੫:੧ (1363)

ਗੁਫੈ ------- ਗੁਫਾ/ਕੰਦਰਾਂ ਵਿਚ
“ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ।”
– ਸਿਰੀ ੧, ੨, ੧:੨ (14)

ਗੁਬਾਰ ----- (ਅ. ਗੁਬਾਰ) ਹਨੇਰੀ ਦੇ ਫੈਲੇ ਗਰਦੇ ਕਰਕੇ ਹੋਇਆ ਹਨੇਰਾ।
“ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ।”
– ਸਿਰੀ ੫, ੪੩, ੩:੧ (30)
“ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ।” (ਹਨੇਰੇ)
– ਬਿਲਾ ੫, ੯੬, ੨:੧ (823)

ਹੋਰ ਰੂਪ:

ਗੁਬਾਰਾ –
“ਬਾਝੁ ਗੁਰੂ ਹੈ ਅੰਧ ਗੁਬਾਰਾ।” (ਹਨੇਰਾ)
– ਮਾਝ ੩, ਅਸ ੧੨, ੫:੧ (116)

ਗੁਬਾਰਾ ----- (1) ਹਨੇਰਾ, ਵੇਖੋ ‘ਗੁਬਾਰ’
“ਬਾਝੁ ਗੁਰੂ ਗੁਬਾਰਾ।” (ਹਨੇਰਾ, ਅਗਿਆਨਤਾ ਦਾ)
– ਮਾਰੂ ੫, ੧੭, ੨:੫ (1004)

ਹੋਰ ਰੂਪ:

ਗੁਬਾਰੀ –
“ਮਨਮੁਖ ਦੁਬਿਧਾ ਦੁਰਮਤਿ ਬਿਆਪੇ ਜਿਨ ਅੰਤਰਿ ਮੋਹ ਗੁਬਾਰੀ।” (ਹਨੇਰਾ)
– ਗੂਜ ੪, ਅਸ ੧, ੫:੧ (507)
“ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ।” (ਹਨੇਰੇ ਵਿਚ ਹਨ)
– ਸੂਹੀ ੩, ਵਾਰ ੮:੪ (788)

ਗੁਬਾਰੁ –
“ਅੰਧੁਲੈ ਨਾਮੁ ਵਿਸਾਰਿਆ ਮਨਮੁਖਿ ਅੰਧ ਗੁਬਾਰੁ।” (ਘੁਪ ਹਨੇਰਾ)
– ਸਿਰੀ ੧, ੧੩, ੩:੨ (19)
“ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ।” (ਹਨੇਰਾ)

– ਬਿਹਾ ੪, ਵਾਰ ੧੮:੩ (555)

ਗੁਬਾਰੇ –
“ਊਰਧ ਮੁਖ ਮਹਾ ਗੁਬਾਰੇ।” (ਘੁਪ ਹਨੇਰਾ)
– ਮਾਰੂ ੫, ੩੧, ੨:੨ (1007)

ਗੁਬਾਰੈ –
“ਕੇਤੇ ਜੁਗ ਵਰਤੇ ਗੁਬਾਰੈ।” (ਹਨੇਰੇ ਵਿਚ)
– ਮਾਰੂ ੧, ਸੋਲਾ ੭, ੧:੧ (1026)

ਗੁਬਾਰੋਵਾ –
“ਜਮ ਮਾਰਗ ਪੰਥੁ ਨ ਸੁਝਈ ਉਝੜੁ ਅੰਧ ਗੁਬਾਰੋਵਾ।” (ਹਨੇਰਾ)
– ਵਡ ੧, ਅਲਾ ੪, ੩:੧ (581)

(2) (ਅਗਿਆਨਤਾ ਦੇ) ਹਨੇਰੇ ਵਾਲਾ ਭਾਵ ਅਗਿਆਨੀ
“ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ।”
– ਸੋਰ ੩, ੪, ੩:੩ (601)

ਗੁਬਿੰਦ ----- (ਸੰ. ਗੋਵਿਦਹੁ) ਗਊ ਪ੍ਰਿਥਵੀ ਦਾ ਪਾਲਣਹਾਰ, ਪ੍ਰਭੂ
“ਆਪਿ ਤਰਿਆ ਕੁਟੰਬ ਸਿਉ ਗੁਣ ਗੋਬਿੰਦ ਪ੍ਰਭ ਰਵਨ।”
– ਗਉ ੫, ਥਿਤੀ ੧੫:੬ (300)

“ਆਠ ਪਹਰ ਗੁਨ ਗਾਇ ਗੋਬਿੰਦ।”
– ਪ੍ਰਭਾ ੫, ੬, ੧:੩ (1339)

ਹੋਰ ਰੂਪ:

ਗੋੁਬਿੰਦ –
“ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ।” (ਪ੍ਰਭੂ)
– ਗਉ ੫, ਬਾਅ ੨੨ਸ, :੨ (254)

ਗੋੁਬਿੰਦੁ –
“ਮੋਹਿ ਮਿਲਿਓ ਪ੍ਰਭੁ ਆਪਨਾ ਸੰਗੀ ਭਜਹਿ ਗੋੁਬਿੰਦੁ।” (ਪ੍ਰਭੂ)
– ਸਲੋ ਕਬ, ੬:੨ (1364)

ਗੋੁਬਿੰਦੇ –
“ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ।” (ਹੇ ਗੋਬਿੰਦ/ਪ੍ਰਭੂ)
– ਬਸੰ ਨਾਮ, ੨, ੧*:੧ (1196)

“ਜਪਿ ਮਨ ਹਰਿ ਹਰਿ ਨਾਮੁ ਗੋੁਬਿੰਦੇ।” (ਪ੍ਰਭੂ ਦਾ)
– ਬਿਲਾ ੪, ੬, ੧*:੧ (800)

ਗੁਮਾਨ ----- (ਫਾ. ਗੁਮਾਨ) ਅਹੰਕਾਰ, ਗਰਬ
“ਬਿਸਟਾ ਅਸਤ ਰਕਤੁ ਪਰੇਟੇ ਚਾਮ। ਇਸੁ ਊਪਰਿ ਲੇ ਰਾਖਿਓ ਗੁਮਾਨ।”
– ਆਸਾ ੫, ੧੪, ੩:੧;੨ (374)

ਹੋਰ ਰੂਪ:

ਗੁਮਾਨਾ –
“ਜਬ ਇਹੁ ਮਨ ਮਹਿ ਕਰਤ ਗੁਮਾਨਾ।”
– ਗਉ ੫, ਅਸ ੧, ੧:੧ (235)

ਗੁਮਾਨੀ –

"ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ।" (ਅਹੰਕਾਰ)
– ਗਉ ੫, ੧੬੪*, ੪:੨ (216)
"ਜੋਬੰਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ।" (ਅਹੰਕਾਰੀ)
– ਗਉ ੫, ਅਸ ੧੫, ੩:੧ (242)

ਗੁਮਾਨੀਆ –
"ਗੁਮਾਨੁ ਕਰਹਿ ਮੂੜ ਗੁਮਾਨੀਆ ਵਿਸੁ ਖਾਧੀ ਮਰੀਐ।" (ਅਹੰਕਾਰੀ)
– ਗਉ ੪, ਵਾਰ ੩੦:੨ (316)

ਗੁਮਾਨੁ –
"ਮਨ ਰੇ ਹਉਮੈ ਛੋਡਿ ਗੁਮਾਨੁ।"
– ਸਿਰੀ ੧, ੧੯, ੧*:੧ (21)

ਗੁਮਾਨੋ –
"ਸੁਣਿ ਬਾਵਰੇ ਹਭੁ ਵੈਸੀ ਗਰਬੁ ਗੁਮਾਨੋ।"
– ਸੂਹੀ ੧, ਛੰਤ ੧, ੩:੨ (777)

ਗੁਰ ------- (1) ਉਪਦੇਸ/ਸਿਖਿਆ ਦੇਣ ਵਾਲਾ, ਗਿਆਨ ਦਾਤਾ
"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ,"
– ਜਪੁ ੧, ੬:੩ (2)
"ਮਨ ਗੁਰ ਮਿਲਿ ਕਾਜ ਸਵਾਰੇ।" (ਆਤਮਕ ਸਿਖਿਆ ਦਾਤਾ)
– ਗਉ ੫, ਸੋਹ ੫, ੧*:੨ (13)
"ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ।" (ਹਰੀ – ਗੁਰੂ)
– ਆਸਾ ੧, ੯, ੨:੩ (17)

ਹੋਰ ਰੂਪ:

ਗੁਰੰ –
"ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ।"
– ਸਸ ੫, ੨੨:੨ (1356)

(2) ਕਿਸੇ ਮਤ ਦਾ ਚਲਾਣ ਵਾਲਾ ਅਚਾਰੀਆ, ਕਰਤਾ
"ਛਿਅ ਘਰ ਛਿਅ ਗੁਰ ਛਿਅ ਉਪਦੇਸ।"
– ਆਸਾ ੧, ਸੋਹ ੨, ੧:੧ (12)

(3) ਵਾਹਿਗੁਰੂ ਪ੍ਰਭੂ
"ਗੁਰੁ ਗੁਰੁ ਏਕੋ ਵੇਸ ਅਨੇਕ।" (ਇਸ਼ਟ ਪ੍ਰਭੂ)
– ਆਸਾ ੧, ਸੋਹ ੨, ੧:੨ (12)
"ਸੋਭਾਵੰਤੀ ਸੋਹਾਗਣੀ ਜਿਨ ਗੁਰ ਕਾ ਹੇਤੁ ਅਪਾਰੁ।" (ਪ੍ਰਭੂ ਪਤੀ)
– ਸਿਰੀ ੩, ੪੬, ੨:੩ (31)

(4) ਸਿਖ ਮਤ ਦੇ ਆਗੂਆਂ ਲਈ ਵਰਤਿਆ ਜਾਂਦਾ 'ਪਦ' (ਸ਼ਬਦਾਰਥ, ਨਿਰਣੈ)
"ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ।"
– ਸੋਰ ੫, ੧੧, ੪:੨ (611)

('ਦਰਪਣ' ਇਥੇ ਵੀ 'ਗੁਰ' ਦੇ ਅਰਥ ਆਤਮਕ ਸਿਖਿਆ ਦੇਣ ਵਾਲਾ ਹੀ ਮੰਨਦਾ ਹੈ)

"ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ।"
– ਸਵ ੧, ੨:੪ (1389)

(5) ਗੁਰੂ ਵਾਲਾ
"ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖ ਪਾਈ।"
- ਸੂਹੀ ੪, ਅਸ ੧, ੧੮:੧ (758)
(ਪਹਿਲੇ 'ਗੁਰ' ਦੇ ਅਰਥ 'ਗੁਰੂ' ਅਥਵਾ ਆਤਮਕ ਗਿਆਨ ਦਾਤਾ ਹੈ)

(6) ਵ੍ਰਿਹਸਪਤਿ, ਦੇਵ ਗੁਰ (ਮਹਾਨਕੋਸ਼)
"ਕਹੁ ਗੁਰ ਗਜ ਸਿਵ ਸਭੁ ਕੋ ਜਾਨੈ।" (ਗੁਰ-ਗਜ ਭਾਵ ਗਣੇਸ਼ ਨੂੰ ਸਬਦਾਰਥ, ਦਰਪਣ)
- ਗਉ ਕਬ, ੧੫, ੫:੧ (326)

(7) ਅੰਤਹਕਰਣ, ਮਨ
"ਗਿਆਨ ਕਾ ਬਧਾ ਮਨ ਰਹੈ ਗੁਰ ਬਿਨੁ ਗਿਆਨੁ ਨ ਹੋਇ।"
- ਆਸਾ ੧, ਵਾਰ ੧੨ਸ, ੧, ੫:੨ (469)

(8) ਪ੍ਰਧਾਨ, ਵਡ (ਮਹਾਨਕੋਸ਼)
"ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ।"
- ਸੋਰ ੯, ੫, ੧:੨ (632)

(9) ਸ੍ਰੇਸ਼ਟ ਮਨੁੱਖ, ਵੱਡਾ ਮਨੁੱਖ
"ਸੋ ਬਾਜਾਰੀ ਹਮ ਗੁਰ ਮਾਨੇ।"
- ਗੋਂਡ ਕਬ, ੧੦, ੩:੪ (873)

ਗੁਰਏ ----- ਗੁਰੂ ਨੂੰ, ਗੁਰੂ ਤਾਈਂ
"ਆਦਿ ਗੁਰਏ ਨਮਹ।"
- ਗਉ ੫, ਸੁਖ ੧ਸ:੧ (262)

ਗੁਰਸਬਦ --- ਗੁਰੂ ਦੀ ਬਾਣੀ, ਗੁਰੂ ਦੇ ਉਪਦੇਸ
"ਸਚਿ ਰਤੇ ਗੁਰ ਸਬਦ ਸਿਉ ਤਿਨ ਸਚੀ ਸਦਾ ਲਿਵ ਹੋਇ।"
- ਸਿਰੀ ੪, ਵਾਰ ੧੪ਸ, ੩, ੧:੬ (88)
"ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰਸਬਦ ਸੁਰਤਿ ਲੰਘਾਵਏ।" (ਗੁਰਬਾਣੀ ਦੀ ਸੋਝੀ)
- ਤੁਖਾ ੧, ਛੰਤ ੬, ੫:੩ (1113)

ਹੋਰ ਰੂਪ:

ਗੁਰਸਬਦਿ -
"ਦੂਜਾ ਭਰਮੁ ਗੁਰਸਬਦਿ ਜਲਾਏ।" (ਗੁਰਬਾਣੀ/ਗੁਰ ਉਪਦੇਸ਼ ਦੁਆਰਾ)
- ਮਾਝ ੩, ਅਸ, ੧੦, ੬:੨ (115)
"ਗੁਰਸਬਦਿ ਰਵੈ ਰਵਿ ਰਹਿਆ ਸੋ ਪ੍ਰਭੁ ਮੇਰਾ ਸੁਆਮੀ ਰਾਮ।" (ਗੁਰਬਾਣੀ ਦੁਆਰਾ)
- ਸੂਹੀ ੪, ਛੰਤ ੪, ੨:੨ (775)

ਗੁਰਸਬਦੀ -
"ਗੁਰਮੁਖਾ ਕੇ ਮੁਖ ਉਜਲੇ ਗੁਰਸਬਦੀ ਬੀਚਾਰਿ।" (ਗੁਰਬਾਣੀ/ਗੁਰ ਉਪਦੇਸ ਦੁਆਰ)
- ਸਿਰੀ ੩, ੪੨, ੨:੧ (30)

ਗੁਰਸਬਦੀ -

"ਜਗੁ ਖੋਟੌ ਸਚੁ ਨਿਰਮਲੌ ਗੁਰਸਬਦੀਂ ਵੀਚਾਰਿ।" (ਗੁਰਬਾਣੀ/ਗੁਰ ਉਪਦੇਸ ਰਾਹੀਂ)
– ਪ੍ਰਭਾ ੧, ੧੩, ੪:੧ (1331)

ਗੁਰਸਬਦੁ –
"ਹਉ ਵਾਰੀ ਜੀਉ ਵਾਰੀ ਗੁਰਸਬਦੁ ਮੰਨਿ ਵਸਾਵਣਿਆ।" (ਗੁਰ ਉਪਦੇਸ਼ ਨੂੰ)
– ਮਾਝ ੩, ਅਸ ੨, ੧*:੧ (113)

ਗੁਰਸਬਦੇ –
"ਗੁਰਸਬਦੇ ਰਾਤਾ ਸਹਜੇ ਮਾਤਾ ਨਾਮੁ ਮਨਿ ਵਸਾਏ।" (ਗੁਰਬਾਣੀ/ਉਪਦੇਸ਼ ਨਾਲ)
– ਸੂਹੀ ੩, ਛੰਤ ੫, ੩:੫ (771)

ਗੁਰਸਬਦੈ –
"ਬਿਨੁ ਗੁਰਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ।" (ਗੁਰ ਉਪਦੇਸ਼ ਦੇ)
– ਮਾਰੂ ੧, ਸੋਲਾ ੪, ੧੦:੩ (1024)

ਗੁਰਸਭਾ ---- ਸਤਸੰਗਤ, ਗੁਰੂ ਦੀ ਸੰਗਤ
"ਗੁਰਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ।"
– ਸਿਰੀ ੪, ਵਾਰ ੪ਸ, ੩, ੨:੧ (84)

ਗੁਰਸਰਣਾਈ – ਗੁਰੂ ਦੀ ਸ਼ਰਨ ਵਿਚ
"ਹਰਿ ਗੁਰਸਰਣਾਈ ਪਾਈਐ ਵਣਜਾਰਿਆ ਮਿਤ੍ਰਾ ਵਡਭਾਗਿ ਪਰਾਪਤਿ ਹੋਇ।"
– ਸਿਰੀ ੪, ਵਣ ੧, ੧*:੨ (81)

ਗੁਰਸਰਣੀ --- ਗੁਰੂ ਦੀ ਸ਼ਰਨ ਵਿਚ
"ਸਗਲ ਤਿਆਗਿ ਗੁਰਸਰਣੀ ਆਇਆ ਰਾਖਹੁ ਰਾਖਨਹਾਰੇ।"
– ਸੂਹੀ ੫, ੫੮, ੧:੧ (750)

ਗੁਰਸਾਖੀ --- ਗੁਰੂ ਦੀ ਸਿਖਿਆ (ਦੁਆਰਾ)
"ਗੁਰਸਾਖੀ ਜੋਤਿ ਪਰਗਟੁ ਹੋਇ।"
– ਧਨਾ ੧, ਸੋਹ ੩, ੩:੩ (13)
"ਗੁਰਸਾਖੀ ਜੋਤਿ ਜਗਾਇ ਦੀਵਾ ਬਾਲਿਆ।" (ਗੁਰ-ਸਿਖਿਆ)
– ਮਲਾ ੧, ਵਾਰ ੧੪:੪ (1284)

ਗੁਰਸਿਖ ---- ਗੁਰੂ ਦੀ ਸਿਖਿਆ ਨੂੰ ਮੰਨਣ/ਜੀਵਨ ਵਿਚ ਧਾਰਨ ਕਰਨ ਵਾਲਾ
"ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ।"
– ਗਉ ੪, ੪੧, ੧:੩ (164)
"ਜਨ ਨਾਨਕ ਕੇ ਗੁਰਸਿਖ ਪੁਤਤਹੁ ਹਰਿ ਜਪਿਅਹੁ ਹਰਿ ਨਿਸਤਾਰਿਆ।"
– ਗਉ ੪, ਵਾਰ ੨੦ਸ, ੪, ੨:੧੦ (312)
"ਗੁਰਸਿਖ ਮੀਤ ਚਲਹੁ ਗੁਰ ਚਾਲੀ।" (ਹੇ ਗੁਰਸਿਖ ਮਿੱਤਰੋ)
– ਧਨਾ ੪, ੪, ੧*:੧ (667)

ਹੋਰ ਰੂਪ:

ਗੁਰਸਿਖਹੁ –
"ਅਨਦਿਨੁ ਨਾਮੁ ਜਪਹੁ ਗੁਰਸਿਖਹੁ ਹਰਿ ਕਰਤਾ ਸਤਿਗੁਰੁ ਘਰੀ ਵਸਾਏ।"
– ਗਉ ੪, ਵਾਰ ੧੪ਸ, ੪, ੨:੬ (308)

ਗੁਰਸਿਖੜਾ –
“ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।”
– ਸੂਹੀ ੫, ਕੁਚ ੩:੧ (763)

ਗੁਰਸਿਖਾ –
“ਗੁਰਸਿਖਾ ਲਹਦਾ ਭਾਲਿ ਕੈ। (ਗੁਰਸਿਖਾਂ ਨੇ)

ਗੁਰਸਿਖਾਂ –
“ਗੁਰਸਿਖਾਂ ਮਨਿ ਹਰਿ ਪ੍ਰੀਤਿ ਹੈ ਗੁਰੁ ਪੂਜਣ ਆਵਹਿ।”
– ਵਡ ੪, ੧੧:੧ (590)

ਗੁਰਸਿਖੀ –
“ਗੁਰਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ।” (ਗੁਰਸਿਖਾਂ ਨੂੰ)
– ਗਉ ੪, ਵਾਰ ੭ਸ, ੪, ੧:੨ (302)

ਗੁਰਸਿਖੀਂ –
“ਗੁਰਸਿਖੀਂ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ।”
– ਆਸਾ ੪, ਛੰਤ ੧੯, ੨:੨ (450)

ਗੁਰਸਿਖੁ –
“ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ।”
– ਗਉ ੪, ਵਾਰ ੧੧ਸ, ੪, ੨:੫ (306)

ਗੁਰਸੇਵਕ --- ਗੁਰੂ ਦਾ ਸੇਵਕ
“ਗੁਰਸੇਵਕ ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ।”
– ਮਾਰੂ ੫, ਸੋਲਾ ੪, ੫:੩ (1075)

ਗੁਰਸੇਵਾ ---- ਗੁਰੂ ਦੀ ਟਹਿਲ
“ਪੂਰੈ ਭਾਗਿ ਗੁਰਸੇਵਾ ਹੋਵੈ ਗੁਰਸੇਵਾ ਤੇ ਸੁਖੁ ਪਾਵਣਿਆ।”
– ਮਾਝ ੩, ਅਸ ੨੪, ੨:੩ (123)

ਗੁਰਹ ------ ਗੁਰੂ
“ਤੈਸੇ ਉਧਾਰਨ ਗੁਰਹ ਪੀਰ।”
– ਬਸੰ ੫, ੬, ੧:੪ (1181)

ਗੁਰਹਰਿ ---- ਹਰੀ ਰੂਪ ਗੁਰੂ
“ਗੁਰਹਰਿ ਮਿਲਿਆ ਭਗਤਿ ਦ੍ਰਿੜਾਈ।”
– ਆਸਾ ੧, ੨੪, ੪:੨ (356)

ਗੁਰਹਾਈ --- ਗੁਰੂ ਦਾ ਬਹੁ ਵਚਨ
“ਗਿਆਨੀ ਧਿਆਨੀ ਗੁਰ ਗੁਰਹਾਈ।”
– ਆਸਾ ੧, ਸੋਦ ੨, ੨:੩ (9)

ਗੁਰਹਿ ----- ਗੁਰੂ ਨੇ
“ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜ ਗਰਬਸੂਆ।”
– ਗਉ ੫, ੧੨੭*, ੪:੧ (206)
“ਸੇਵਾ ਥਾਰੀ ਗੁਰਹਿ ਟੇਕ।” (ਗੁਰੂ ਦੇ ਆਸਰੇ)
– ਗਉ ੫, ੧੪੧*, ੧*:੨ (210)

ਗੁਰਕਥਾ ---- ਗੁਰੂ ਦੀ ਕਥਾ
"ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰਕਥਾ।"
– ਮਾਰੂ ੫, ਵਾਰ ੨੦:੭ (1101)

ਗੁਰਕਰਣੀ --- ਗੁਰੂ ਦੀ ਦਸੀ ਹੋਈ ਰਹਿਤ, ਗੁਰੂ ਦੀ ਦਸੀ ਹੋਈ ਕਾਰ
"ਨਾਮੁ ਭੈ ਭਾਇ ਰਿਦੈ ਵਸਾਹੀ ਗੁਰਕਰਣੀ ਸਚੁ ਬਾਣੀ।"
– ਮਲਾ ੧, ਅਸ ੪, ੬:੧ (1275)
"ਗੁਰਕਰਣੀ ਬਿਨੁ ਭਰਮੁ ਨ ਭਾਗੈ।"
– ਬਸੰ ੧, ੬, ੧*:੨ (1190)

ਗੁਰਚਰਣ --- ਗੁਰੂ ਦੇ ਚਰਨ
"ਭਗਤਿ ਹੇਤੁ ਗੁਰਚਰਣ ਨਿਵਾਸਾ।"
– ਆਸਾ ੧, ਅਸ ੮, ੯:੩ (415)

ਹੋਰ ਰੂਪ:

ਗੁਰਚਰਣਿ –
"ਨਾਨਕੁ ਗੁਰਚਰਣਿ ਪਰਾਤਾ।" (ਗੁਰੂ ਚਰਣਾਂ ਵਿਚ)
– ਸਿਰੀ ੫, ਅਸ ੨੭, ੮:੩ (71)

ਗੁਰਚਰਣੀ –
"ਕਰਿ ਸੰਗਤਿ ਨਿਤ ਸਾਧ ਕੀ ਗੁਰਚਰਣੀ ਚਿਤੁ ਲਾਇ।" (ਗੁਰੂ ਚਰਣਾਂ ਨਾਲ)
– ਸਿਰੀ ੫, ੮੫, ੧*:੨ (47)

ਗੁਰਚਰਨ –
"ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰਚਰਨ ਪਰਾਤੇ।"
– ਦੇਵ ੫, ੮, ੨:੨ (530)

ਗੁਰਚਰਨਨ –
"ਇਹ ਚਿੰਤਾ ਉਪਜੀ ਘਟ ਮਹਿ ਜਬ ਗੁਰਚਰਨਨ ਅਨੁਰਾਗਿਓ।"
– ਮਾਰੂ ੯, ੩, ੨:੧ (1008)

ਗੁਰਚਰਨਾ –
"ਸਰਬ ਸੁਖਾ ਗੁਰਚਰਨਾ।" (ਗੁਰੂ ਚਰਨਾਂ ਵਿਚ)
– ਦੇਵ ੫, ੧੬, ੧*:੧ (531)

ਗੁਰਚਰਨੀ –
"ਆਇ ਪਇਓ ਨਾਨਕ ਗੁਰਚਰਨੀ ਤਉ ਉਤਰੀ ਸਗਲ ਦੁਰਾਛੈ।" (ਗੁਰੂ ਚਰਨਾਂ ਵਿਚ)
– ਦੇਵ ੫, ੨੮, ੨:੨ (534)

ਗੁਰਜ ------ (ਫਾ. (ਗੁਰਜ) ਗਦਾ ਵਰਗਾ ਲੋਹੇ ਦਾ ਇਕ ਸ਼ਸ਼ਤਰ)
"ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ।"
– ਭੈਰ ੩, ਅਸ ੧, ੮:੧ (1154)

ਗੁਰਜੋਤਿ ---- ਗੁਰੂ ਵਾਲੀ ਜੋਤੀ
"ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰਜੋਤਿ ਅਰਜੁਨ ਮਾਹਿ ਧਰੀ।"
– ਸਵ ੫, ਮਥੁ ੪:੪ (1409)

ਗੁਰਝੀ ----- ਗੁੰਝਲਾਂ, ਉਲਝੀ ਹੋਈ ਗੰਠ
"ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ।"
– ਕਲਿ ੪, ਅਸ ੨, ੬:੧ (1324)

ਗੁਰਦਰਸਨੁ -- ਗੁਰੂ ਦੇ ਦੀਦਾਰ
"ਜਨਮ ਮਰਣ ਕੀ ਮਲੁ ਕਟੀਐ ਗੁਰਦਰਸਨੁ ਦੇਖਿ ਨਿਹਾਲ।"
– ਸਿਰੀ ੫, ੮੦, ੨:੩ (45)

ਗੁਰਦਰਸੁ --- ਗੁਰੂ ਦੇ ਦਰਸ਼ਨਾਂ ਰਾਹੀ
"ਅਠਸਠਿ ਤੀਰਥ ਮਜਨਾ ਗੁਰਦਰਸੁ ਪਰਾਪਤਿ ਹੋਇ।"
– ਸੋਰ ੧, ੭, ੨:੨ (597)
"ਗੁਰਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ।" (ਗੁਰੂ ਦਾ ਦਰਸਨ)
– ਤੁਖਾ ੪, ਛੰਤ ੪, ੧:੩ (1116)

ਗੁਰਦਾਤਾ --- ਗੁਰੂ ਰੂਪ ਦਾਤਾ, ਦਾਤਾਰ ਗੁਰੂ
"ਅਹਿਨਿਸਿ ਲਾਹਾ ਹਰਿ ਨਾਮੁ ਪਰਾਪਤਿ ਗੁਰਦਾਤਾ ਦੇਵਣਹਾਰੁ।"
– ਮਲਾ ੧, ੫, ੩:੧ (1256)

ਗੁਰਦੁਆਰਿ -- ਗੁਰੂ ਦੇ ਦੁਆਰੇ
"ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ।"
– ਸਿਰੀ ੧, ੧੩, ੫:੨ (19)

ਹੋਰ ਰੂਪ:

ਗੁਰਦੁਆਰੈ –
"ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ।"
– ਰਾਮ ੩, ਅਨੰ ੧੫:੪ (919)

ਗੁਰਦੁਆਰੋ –
"ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰਦੁਆਰੋ।"
– ਰਾਮ ੧, ਸਿਗੋ ੬:੨ (938)

ਗੁਰਦੇਉ ---- ਦੇਵ/ਦੇਵਤਾ ਰੂਪ ਸਤਿਗੁਰੂ
"ਭੇਟੇ ਤਾਸੁ ਪਰਮ ਗੁਰਦੇਉ।"
– ਰਾਮ ਬੇਣੀ, ੧, ੩:੪ (974)

ਗੁਰਦੇਵ ---- ਦੇਵ/ਦੇਵਤਾ ਰੂਪ ਗੁਰੂ, ਗੁਰੂ
"ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ।"
– ਗੂਜ ੪, ੪, ੧*:੨ (10)

ਹੋਰ ਰੂਪ:

ਗੁਰਦੇਵਏ –
"ਸ੍ਰੀ ਗੁਰਦੇਵਏ ਨਮਹ।" ਦੇਵ ਰੂਪ ਗੁਰੂ ਨੂੰ ਭਾਵ ਵਾਹਿਗੁਰੂ/ਪ੍ਰਭੂ ਨੂੰ
– ਗਉ ੫, ਸੁਖ ੧ਸ:੪ (262)

ਗੁਰਦੇਵਾ –

“ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ।” (ਗੁਰੂ)

– ਸੋਰ ੫, ੨੦, ੩:੨ (614)

ਗੁਰਦੇਵਿ –

“ਬਾਲਕ ਰਾਖਿ ਲੀਏ ਗੁਰਦੇਵਿ।” (ਗੁਰੂ ਨੇ)

– ਗੋਂਡ ੫, ੧੫, ੧:੨ (866)

ਗੁਰਪ੍ਰਸਾਦਿ -- **ਗੁਰੂ ਕ੍ਰਿਪਾ ਦੁਆਰਾ/ਨਾਲ**

“ਤਿਨੀ ਗੁਰਪਰਸਾਦਿ ਪਰਮ ਪਦੁ ਪਾਇਆ।”

– ਮਾਰੂ ੪, ਸੋਲਾ ੨, ੧੫:੨ (1071)

ਹੋਰ ਰੂਪ:

ਗੁਰਪਰਸਾਦੀ –

“ਗੁਰਪਰਸਾਦੀ ਮਨਿ ਵਸੈ ਹਉਮੈ ਦੂਰਿ ਕਰੇਇ।”

– ਸਿਰੀ ੩, ੪੩, ੧:੨ (30)

ਗੁਰਪੈਰੇ ---- **ਗੁਰੂ ਦੇ ਪੈਰ/ਚਰਨ ਨਾਲ**

“ਸੋ ਸੀਸੁ ਭਲਾ ਪਵਿਤ੍ਰ ਪਾਵਨ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰਪੈਰੇ ਰਾਮ।

– ਬਿਹਾ ੪, ਛੰਤ ੪, ੨:੩ (540)

ਗੁਰਪ੍ਰਸਾਦਿ -- **ਗੁਰੂ ਦੀ ਕ੍ਰਿਪਾ ਨਾਲ**

“ਗੁਰਪ੍ਰਸਾਦਿ ਅੰਤਰਿ ਲਿਵ ਲਾਗੈ।”

– ਸਿਰੀ ਕਬ, ੧, ੩:੪ (92)

ਹੋਰ ਰੂਪ:

ਗੁਰਪ੍ਰਸਾਦੀ –

“ਗੁਰਪ੍ਰਸਾਦੀ ਬੂਝੀਐ ਏਕ ਹਰਿ ਕੈ ਰੰਗਿ।”

– ਆਸਾ ੫, ੧੩੬, ੧*:੨ (405)

ਗੁਰਬਚਨ --- **ਗੁਰੂ ਦੇ ਬਲ/ਉਪਦੇਸ਼**

“ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰਬਚਨ ਮਨਿ ਤੀਰ ਲਗਈਆ।”

– ਬਿਲਾ ੪, ਅਸ ੧:੧ (835)

ਹੋਰ ਰੂਪ:

ਗੁਰਬਚਨਿ –

“ਅਦਿਸਟੁ ਅਗੋਚਰੁ ਗੁਰਬਚਨਿ ਧਿਆਇਆ ਪਵਿਤ੍ਰ ਪਰਮਪਦੁ ਪਾਇਆ।” (ਗੁਰ ਦੇ ਉਪਦੇਸ ਦੁਆਰਾ)

– ਆਸਾ ੪, ਛੰਤ ੮, ੧:੪ (442)

“ਹਉ ਸਤਿਗੁਰ ਕਉ ਸਦ ਵਾਰਿਆ ਗੁਰਬਚਨਿ ਸਮਾਣੇ।” (ਗੁਰੂ ਦੇ ਉਪਦੇਸ ਵਿਚ ਸਮਾ (ਟਿਕ) ਗਏ ਹਨ)

– ਤਿਲੰ ੪, ਅਸ ੨, ੨੦:੨ (326)

“ਹਰਿ ਸਾਜਨੁ ਮੇਲਿਓ ਗੁਰਿ ਪੂਰੈ ਗੁਰਬਚਨਿ ਬਿਕਾਨੋ ਹਟਿ ਹਾਟ।” (ਗੁਰੂ ਦੇ ਉਪਦੇਸ ਲਈ)

– ਮਾਲ ੪, ੬, ੧:੨ (986)

ਗੁਰਬਚਨੀ –
"ਗੁਰਬਚਨੀ ਜਿਨਾ ਜਪਿਆ ਮੇਰਾ ਹਰਿ ਹਰਿ ਤਿਨ ਕੇ ਹਉਮੈ ਰੋਗ ਗਏ।"
– ਸੂਹੀ ੪, ੧੪, ੧*:੨ (735)
"ਤਾਪ ਰੋਗ ਗਏ ਗੁਰਬਚਨੀ ਮਨ ਇਛੇ ਫਲ ਪਾਇਆ।" (ਗੁਰੂ ਦੇ ਬਚਨ ਭਾਵ ਹੁਕਮ ਨਾਲ)
– ਸੋਰ ੫, ੪੩, ੧:੨ (619)

ਗੁਰਬਾਣੀ --- ਗੁਰੂ ਦੁਆਰਾ ਪ੍ਰਾਪਤ ਬਾਣੀ, ਸਿਖ ਗੁਰੂ ਸਾਹਿਬਾਨ ਦੀ ਰਚਨਾ।
"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ।"
– ਸਿਰੀ ੩, ੨੨, ੧:੩ (67)

ਗੁਰਬੁਧਿ ---- ਗੁਰੂ ਦੀ ਸਮਝ (ਦਰਪਣ); ਗੁਰੂ ਵਾਲੀ ਬੁੱਧੀ (ਸ਼ਬਦਾਰਥ); ਗੁਰੂ ਦੀ ਬਖਸ਼ੀ ਬੁੱਧੀ (ਨਿਰਣੈ)
"ਸਭੁ ਆਤਮ ਰਾਮੁ ਪਸਾਰਿਆ ਗੁਰਬੁਧਿ ਬੀਚਾਰੀ।"
– ਬਿਹਾ ੪, ਵਾਰ ੯:੫ (589)

ਗੁਰਭਗਤੀ --- ਗੁਰੂ ਦੀ ਸੇਵਾ (ਸ਼ਬਦਾਰਥ); ਗੁਰੂ ਵਿਚ ਸ਼ਰਧਾ ਰਖਿਆ (ਦਰਪਣ)
"ਹਰਿ ਸਚਾ ਗੁਰਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ।"
– ਮਾਝ ੩, ਅਸ ੧੨, ੧*:੨ (116)

ਗੁਰਭਾਣਾ --- ਗੁਰੂ ਦੀ ਰਜ਼ਾ
"ਧੁਰਿ ਪੂਰਬਿ ਹੋਵੈ ਲਿਖਿਆ ਗੁਰਭਾਣਾ ਮੰਨਿ ਲਏਨ੍ਹਿ।"
– ਸੂਹੀ ੩, ਅਸ ੪, ੩:੨ (757)

ਗੁਰਮੰਤ ---- ਗੁਰੂ ਦਾ ਮੰਤਰ, ਗੁਰ ਉਪਦੇਸ
"ਹੁਕਮੇ ਜਪੈ ਨਿਰੋਧਰ ਗੁਰਮੰਤ।"
– ਰਾਮ ੫, ਵਾਰ ੧੧ਸ, ੫, ੨:੮ (962)
"ਤੇਰੀ ਟੇਕ ਜਪਉ ਗੁਰਮੰਤ।"
– ਭੈਰ ੫, ੩੯, ੨:੨ (1147)
"ਹਮਰੇ ਹਰਿ ਜਗਜੀਵਨਾ ਹਰਿ ਜਪਿਓ ਹਰਿ ਗੁਰਮੰਤ।" (ਗੁਰੂ ਦੇ ਉਪਦੇਸ ਦੁਆਰਾ)
– ਕਾਨ ੪, ਵਾਰ ੬ਸ, ੪, ੧:੧ (1315)

ਹੋਰ ਰੂਪ:

ਗੁਰਮੰਤਾ –
"ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰਮੰਤਾ।" (ਗੁਰ-ਉਪਦੇਸ)
– ਮਾਰੂ ੫, ਵਾਰ ੪:੭ (1095)

ਗੁਰਮਤਿ ---- (1) ਗੁਰੂ ਦਾ ਉਪਦੇਸ/ਸਿਖਿਆ (ਗੁਰਵਿਚਾਰ, ਗੁਰਦਰਸ਼ਨ)
"ਸਾਚੀ ਕਾਰੈ ਸਚੁ ਮਿਲੈ ਗੁਰਮਤਿ ਪਲੈ ਪਾਇ।" (ਗੁਰੂ ਦੀ ਸਿਖਿਆ)
– ਸਿਰੀ ੧, ੧੪, ੪:੧ (19)

ਹੋਰ ਰੂਪ:

ਗੁਰਮਤੀ –

“ਗੁਰਮਤੀ ਸਾਲਾਹਿ ਸਚੁ ਹਰਿ ਪਾਇਆ ਗੁਣਤਾਸੁ।” (ਗੁਰ-ਉਪਦੇਸ਼ ਦੁਆਰਾ)
- ਸਿਰੀ ੩, ੩੭, ੧:੨ (27)

(2) ਗੁਰੂ ਆਸ਼ੇ ਅਨੁਸਾਰ, ਗੁਰ ਦਰਸ਼ਨ ਅਨੁਸਾਰ
“ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ।”
- ਗੂਜ ੪, ਸੋਦ ੪, ੧*:੨ (10)

(3) ਗੁਰ-ਉਪਦੇਸ਼/ਸਿਖਿਆ ਦੁਆਰਾ/ ਰਾਹੀਂ॥
“ਹਰਿ ਜਗਜੀਵਨੁ ਨਿਰਭਉ ਦਾਤਾ ਗੁਰਮਤਿ ਸਹਿਜ ਸਮਾਵਣਿਆ।”
- ਮਾਝ ੩, ਅਸ ੨੮, ੧*:੨ (126)

“ਗੁਰਮਤਿ ਪਾਏ ਪਰਮਾਨੰਦਾ।”
- ਗਉ ੧, ੧੨, ੩:੪ (154)

(4) ਸਮਝ, ਅਕਲ, ਬੁੱਧੀ, ਵਿਚਾਰ
“ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ।” (ਆਪਣੀ ਮਤਿ ਨੂੰ ਗੁਰਮਤ ਦੇ ਅਧੀਨ ਕੀਤਿਆਂ)
- ਆਸਾ ੧, ੧੬, ੩:੨ (353)

ਗੁਰਮੰਤੁ ---- ਗੁਰ-ਮੰਤਰ ਭਾਵ ਵਾਹਿਗੁਰੂ
“ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰਮੰਤੁ।
- ਸਲੋ ੯, ੫੬:੨ (1429)

ਗੁਰਮਤੇ ---- ਗੁਰੂ ਦੀ ਮਤ/ਸਿਖਿਆ ਰਾਹੀਂ
“ਹਉ ਬਲਿਹਾਰੀ ਤਿਨ ਕਉ ਜਿਨ ਹਰਿ ਪਾਇਆ ਗੁਰਮਤੇ।”
- ਸਿਰੀ ੪, ਵਣ ੧, ੪:੪ (812)

ਗੁਰਮੰਤ੍ਰ ---- ਗੁਰੂ ਵਲੋਂ ਦਸਿਆ ਗਿਆ ਮੰਤਰ, ਗੁਰਮਤਿ ਵਿਚ ਇਹ ਮੰਤਰ ‘ਸਤਿਨਾਮ ਵਾਹਿਗੁਰੂ’ ਹੈ।
“ਗੁਰਮੰਤ੍ਰ ਹੀਣਸੵ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।”
- ਸਸ ੫, ੩੩:੧ (1357)

ਹੋਰ ਰੂਪ:

ਗੁਰਮੰਤ੍ਰੁ -
“ਦੁਖ ਕਲੇਸੁ ਨ ਭਉ ਬਿਆਪੈ ਗੁਰਮੰਤ੍ਰੁ ਹਿਰਦੈ ਹੋਇ।”
- ਸਿਰੀ ੫, ੬੪, ੨:੧ (51)

“ਅੰਧਕਾਰ ਮਹਿ ਗੁਰਮੰਤ੍ਰ ਉਜਾਰਾ।” (ਗੁਰੂ ਦਾ ਉਪਦੇਸ਼)
- ਗੋਂਡ ੫, ੯, ੩:੩ (865)

ਗੁਰਮੁਖ ---- ਉਹ ਮਨੁੱਖ ਜੋ ਗੁਰੂ ਦੇ ਸਨਮੁਖ ਹੈ, ਜੋ ਗੁਰੂ ਦੀ ਸਿਖਿਆ ਅਨੁਸਾਰ ਚਲਦਾ ਹੈ ਗੁਰੂ ਦੀ ਗੱਲ ਮੰਨ ਕੇ ਚਲਣ ਵਾਲਾ ਮਨੁੱਖ
“ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਰਿ ਨਿਆਇ।”
- ਮਾਝ ੧, ਵਾਰ ੨੨ਸ, ੨, ੧:੪ (148)

ਗੁਰਮੁਖਹਿ --- ਗੁਰੂ ਦੁਆਰਾ, ਗੁਰੂ ਦੇ ਮੁਖ ਤੋਂ ਨਿਕਲੇ ਬੋਲ ਦੁਆਰਾ
“ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ ਅੰਨ ਮਾਰਗ ਤਜਹੁ ਭਜਹੁ ਹਰਿ ਗੵਾਨੀਅਹੁ।”

– ਸਵ ੪, ਨਲ ੧੩:੩ (1400)

ਗੁਰਮੁਖਹੁ --- ਗੁਰੂ ਦੇ ਮੂੰਹ ਤੋਂ, ਗੁਰੂ ਦੇ ਰਾਹ ਤੇ ਤੁਰ ਕੇ
"ਗੁਰਮੁਖਹੁ ਅਲਾਏ ਤਾ ਸੋਭਾ ਪਾਏ ਤਿਸੁ ਜਮ ਕੈ ਪੰਥਿ ਨਾ ਪਾਇਣਾ।"
– ਮਾਰੂ ੫, ਸੋਲਾ, ੭, ੧੧:੩ (1078)

ਗੁਰਮੁਖਾ ---- 'ਗੁਰਮੁਖ' ਦਾ ਬਹੁ-ਵਚਨ ਗੁਰੂ ਦੀ ਗੱਲ/ਰਜ਼ਾ ਮੰਨ ਕੇ ਚਲਣ ਵਾਲੇ
"ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ।"
– ਸਿਰੀ ੩, ੪੨, ੨:੧ (30)
"ਅੰਮ੍ਰਿਤੁ ਸਚਾ ਵਰਸਦਾ ਗੁਰਮੁਖਾ ਮੁਖਿ ਪਾਇ।" (ਗੁਰਮੁਖਾਂ ਦੇ)
– ਆਸਾ ੩, ਅਸ ੩੪, ੧*:੧ (428)

ਹੋਰ ਰੂਪ:

ਗੁਰਮੁਖਾਂ –
"ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ।"
– ਸਾਰ ੪, ਵਾਰ ੨੨:੪ (1246)

ਗੁਰਮੁਖਿ ---- (1) ਗੁਰੂ ਦੇ ਮੁਖ ਭਾਵ ਗੁਰੂ ਦੇ ਉਪਦੇਸ਼/ਸਿਖਿਆ ਵਿਚ
"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।"
– ਜਪੁ ੧, ੫:੭ (2)
"ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ।" (ਗੁਰੂ ਦੇ ਮੁਖ ਤੋਂ ਨਿਕਲਿਆ ਅੱਖਰ ਭਾਵ ਗੁਰਬਾਣੀ)
– ਮਾਝ ੫, ਅਸ ੩੬, ੮:੧ (131)
"ਗੁਰਮੁਖਿ ਸੋਭਾ ਸਾਚ ਦੁਆਰਾ।" (ਗੁਰਮੁਖਾਂ ਦੀ)
– ਗਉ ੩, ਅਸ ੨, ੧:੩ (229)
"ਜਿਨਾ ਅੰਦਰਿ ਦੂਜਾ ਭਾਉ ਹੈ ਤਿਨ੍ਾ ਗੁਰਮੁਖਿ ਪ੍ਰੀਤ ਨ ਹੋਇ।"
– ਗਉ ੪, ਵਾਰ ੩੧ਸ, ੪, ੨:੧ (316)
(2) ਗੁਰੂ ਵੱਲ ਮੂੰਹ ਕਰਕੇ ਭਾਵ ਗੁਰੂ ਦੀ ਰਜਾ ਵਿਚ ਤੁਰਨ ਵਾਲਾ ਹੁਕਮੀ ਬੰਦਾ
"ਗੁਰਮੁਖਿ ਲਾਧਾ ਮਨਮੁਖਿ ਗਵਾਇਆ।"
– ਆਸਾ ੪, ਸੋਪੁ ੨, ੧:੩ (11)
"ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ।"
– ਸਿਰੀ ੩, ੪੦, ੪:੧ (29)

ਹੋਰ ਰੂਪ:

ਗੁਰਮੁਖੀਆ –
"ਗੁਰਮੁਖੀਆ ਸੋਹਾਗਣੀ ਤਿਨ ਦਇਆ ਮਈ ਮਨਿ ਆਇ।" (ਗੁਰੂ ਦੇ ਭਾਣੇ ਅਨੁਸਾਰ ਚਲਣ ਵਾਲੀਆਂ)
– ਸਿਰੀ ੪, ੬੯, ੨:੧ (49)
(3) ਗੁਰੂ ਦੇ ਮੁਖ ਤੋਂ ਭਾਵ ਗੁਰੂ ਰਾਹੀਂ/ ਦੁਆਰਾ ਗੁਰੂ ਦੀ ਸ਼ਰਨ ਲੈ ਕੇ
"ਜਨ ਨਾਨਕ ਗੁਰਮੁਖਿ ਪਰਗਟੁ ਹੋਇ।"
– ਆਸਾ ੧, ੨, ੪:੪ (12)
"ਕਰਮ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ।"

– ਸਿਰੀ ੧, ੧੪, ੩:੩ (19)

"ਸੁਖ ਸਾਗਰੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ।" (ਗੁਰੂ ਦੁਆਰਾ)

– ਸਿਰੀ ੩, ੪੦, ੧:੧ (29)

"ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਇ।" (ਗੁਰੂ ਦੀ ਸ਼ਰਨ ਪਿਆ, ਗੁਰੂ ਦੇ ਸਨਮੁਖ ਹੋਇਆ)

– ਸਿਰੀ ੩, ਅਸ ੧੮, ੧:੧ (64)

ਹੋਰ ਰੂਪ:

ਗੁਰਮੁਖੇ –

"ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।" (ਗੁਰੂ ਦੁਆਰਾ)

– ਸਿਰੀ ੪, ਛੰਤ ੧, ੨:੧ (79)

(4) ਗੁਰੂ

"ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ।"

– ਸਿਰੀ ੧, ੯, ੧*:੨ (17)

"ਗੁਰਮੁਖਿ ਕ੍ਰਿਪਾ ਕਰੇ ਭਗਤਿ ਕੀਜੈ ਬਿਨੁ ਗੁਰ ਭਗਤਿ ਨ ਹੋਈ।" (ਸਤਿਗੁਰੂ)

– ਸਿਰੀ ੩, ੪੯, ੧:੧ (32)

(5) ਗੁਰ ਉਪਦੇਸ਼ ਰਾਹੀਂ/ਦੁਆਰਾ

"ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ।"

– ਸਿਰੀ ੧, ੧੨, ੨:੩ (18)

"ਗੁਰਮੁਖਿ ਮੁਕਤੋ ਬੰਧੁ ਨ ਪਾਇ।" (ਗੁਰੂ ਦੀ ਸਿਖਿਆ ਦੁਆਰਾ)

– ਗਉ ੧, ੬, ੨:੩ (152)

(6) ਗੁਰਮੁਖਾਂ ਵਾਲੀ

"ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ।"

– ਸਿਰੀ ੪, ਵਾਰ ੧੨ਸ, ੩, ੨:੭ (87)

"ਗੁਰਮੁਖਿ ਭਗਤਿ ਜਾ ਆਪ ਕਰਾਇ।" (ਗੁਰਮੁਖਾਂ ਵਾਲੀ ਭਗਤੀ)

– ਮਾਝ ੩, ਅਸ ੨੧, ੫:੧ (122)

ਹੋਰ ਰੂਪ:

ਗੁਰਮੁਖੀ –

"ਇਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ।"

– ਗਉ ੪, ਵਾਰ ੨੫:੫ (314)

(7) ਗੁਰਮੁਖ ਵਾਸਤੇ/ਲਈ

"ਗੁਰਮੁਖਿ ਰਿਧਿ ਸਿਧਿ ਸਚੁ ਸੰਜਮੁ ਸੋਈ।"
"ਗੁਰਮੁਖਿ ਗਿਆਨੁ ਨਾਮੁ ਮੁਕਤਿ ਹੋਈ।"

– ਮਾਝ ੩, ਅਸ ੧੩, ੭:੧;੨ (117)

(8) ਗੁਰਬਾਣੀ, ਗੁਰਵਾਕ

"ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਇ ਰਾਮ।"

– ਆਸਾ ੪, ਛੰਤ ੮, ੧:੧ (442)

('ਦਰਪਣ' ਇਥੇ ਵੀ 'ਗੁਰੂ ਦੀ ਸਰਣ ਪਿਆਂ' ਹੀ ਅਰਥ ਕਰਦਾ ਹੈ)

(9) ਮੁਖੀ ਗੁਰੂ ਭਾਵ ਵਾਹਿਗੁਰੂ, ਪ੍ਰਭੂ

"ਓਅੰ ਗੁਰਮੁਖਿ ਕੀਓ ਅਕਾਰਾ।"
– ਗਉ ੫, ਬਾਅ ੨:੧ (250)

"ਗੁਰਮੁਖਿ ਸੇਵ ਨ ਕੀਨੀਆ ਹਰਿ ਨਾਮੁ ਨ ਲਗੋ ਪਿਆਰੁ।" (ਮੁਖੀ ਗੁਰੂ ਭਾਵ ਵਾਹਿਗੁਰੂ)
– ਬਿਹਾ ੫, ਵਾਰ ੧੭ਸ, ੩, ੧:੧ (592)

ਗੁਰਸਰਨਾ --- ਗੁਰੂ ਦੀ ਜੀਭ
"ਗੁਰਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ।"
– ਤਿਲੰ ੪, ਅਸ ੨, ੧੮:੧ (726)

ਗੁਰਵਾਕ ---- ਗੁਰੂ ਦੇ ਬਚਨ
"ਮੇਰੈ ਮਨਿ ਰਾਮ ਨਾਮੁ ਜਪਿਓ ਗੁਰਵਾਕ।"
– ਕਾਨ ੪, ੪, ੧*:੧ (1295)

ਹੋਰ ਰੂਪ:

ਗੁਰਵਾਕਿ –
"ਗੁਰਵਾਕਿ ਸਤਿਗੁਰ ਜੋ ਭਾਇ ਚਲੇ ਤਿਨ ਹਰਿ ਹਰਿ ਆਪਿ ਮਿਲਾਇਆ।"
– ਤੁਖਾ ੪, ਛੰਤ ੨, ੧:੪ (1114)

ਗੁਰਵਾਕੁ –
"ਗੁਰਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ।
– ਧਨਾ ੧, ਛੰਤ ੧, ੧:੬ (687)

ਗੁਰਾ ------ ਹੇ ਗੁਰੂ
"ਗੁਰਾ ਇਕ ਦੇਹਿ ਬੁਝਾਈ।"
– ਜਪੁ ੧, ੫:੧੦ (2)

ਗੁਰਾਹਾ ----- ਗੁਰੂ ਨਾਲ ਮਿਲ ਕੇ
"ਮਿਲਿ ਸਤਸੰਗਤਿ ਸੰਗਿ ਗੁਰਾਹਾ।"
– ਜੈਤ ੪, ੧੧, ੧:੧ (699)

ਗੁਰਿ ------ ਗੁਰੂ/ਗਿਆਨ ਦਾਤੇ ਨੇ/ਨੂੰ
"ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ।"
– ਸਿਰੀ ੧, ੧੪, ੨:੩ (19)

"ਗੁਰਿ ਮਿਲਿਐ ਸਭ ਮਤਿ ਬੁਧਿ ਹੋਇ।"
– ਗਉ ੩, ੨੧, ੩:੧ (158)

ਗੁਰੀਆ ---- ਗੁਰਤਵ ਵਾਲੀ, ਵਡੀ ਉਤਮ ਸ੍ਰੇਸ਼ਟ
"ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ।"
– ਸੂਹੀ ੫, ੪੪, ੧*:੧ (746)

ਗੁਰੁ ------- (1) ਮਤ ਦਾ ਚਲਾਣ ਵਾਲਾ, ਆਚਾਰੀਆ
"ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।"
– ਜਪੁ ੧, ੫:੮ (2)

(2) ਉਪਦੇਸ਼ ਕਰਤਾ, ਗਿਆਨ ਦਾਤਾ, ਸਿਖਿਆ ਦਾਤਾ

"ਮੰਨੈ ਤਰੈ ਤਾਰੇ ਗੁਰੁ ਸਿਖ।" (ਜੋ ਸਿਖਿਆ ਲੈਣ ਆਉਣ ਤੇ ਉਪਦੇਸ ਦਾਤਾ ਹੋ ਕੇ ਤਾਰਦਾ ਹੈ)

- ਜਪੁ ੧, ੧੫:੩ (15)

"ਪੰਚਾ ਕਾ ਗੁਰੁ ਏਕੁ ਧਿਆਨੁ।"

- ਜਪੁ ੧, ੧੬:੪ (3)

ਹੋਰ ਰੂਪ:

ਗੁਰੂ -
"ਗੁਰੁ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ।"

- ਸਿਰੀ ੧, ੯, ੩:੧ (17)

(3) ਪ੍ਰਭੂ
"ਹਰਿ ਸਜਣੁ ਗੁਰੁ ਸੇਵਦਾ ਗੁਰ ਕਰਣੀ ਪਰਧਾਨੁ।"

- ਸਿਰੀ ੧, ੧੯, ੪:੨ (21)

(4) ਸਿੱਖ ਮਤ ਦੇ ਆਗੂਆਂ ਲਈ ਵਰਤਿਆ ਜਾਂਦਾ 'ਸਤਿਕਾਰ-ਪਦ'
"ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ।"

- ਮਾਝ ੧, ਵਾਰ ੨੭ਸ ੨, ੧:੨ (150)

ਗੁਰੁ ਗੁਰੁ ---- ਗੁਰੂਆਂ ਦਾ ਗੁਰੂ, ਸ਼੍ਰੋਮਣੀ ਗੁਰੂ ਭਾਵ ਪ੍ਰਭੂ
"ਗੁਰੁ ਗੁਰੁ ਏਕੋ ਵੇਸ ਅਨੇਕ।"

- ਆਸਾ ੧, ਸੋਹ ੨, ੧:੨ (12)

ਗੁਰੂ -------ਗੁਰੁ: ਗੁਰੂ ਦਾ ਗੁਰੂ ਭਾਵ ਪ੍ਰਭੂ
"ਅਨਦਿਨੁ ਜਪਉ ਗੁਰੂ ਗੁਰੁ ਨਾਮ।"

- ਗਉ ੫, ੧੧੨*, ੨:੧ (202)

ਗੁਲ ਗੋਲੀਐ - ਦਾਸੀਆਂ ਦੀ ਦਾਸੀ, ਗੋਲੀਆਂ ਦੀ ਗੋਲੀ
"ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ।"

- ਦੇਵ ੪, ੩, ੧:੨ (527)

ਗੁਲ ਗੋਲੇ --- ਦਾਸਾਂ ਦੇ ਦਾਸ
"ਜਨ ਨਾਨਕੁ ਹਰਿ ਕਾ ਦਾਸੁ ਹੈ ਗੁਰ ਸਤਿਗੁਰ ਕੇ ਗੁਲ ਗੋਲੇ।"

- ਸਲੋ ੪, ੩੦:੫ (1424)

ਗੁਲਮ ਗੁਲਾਮੀ ਗੁਲਮ ਗੁਲਾਮ ਦਾ ਸੰਖੇਪ ਅਥਵਾ ਤਦ ਭਾਵ ਰੂਪ ਗੋਲਾ, ਦਾਸ, ਦਾਸਾਂ ਦਾ ਦਾਸ
"ਜਨ ਨਾਨਕੁ ਹਾਟਿ ਵਿਹਾਝਿਆ ਹਰਿ ਗੁਲਮ-ਗੁਲਾਮੀ।"

- ਗਉ ੪, ੫੦, ੪:੩ (168)

ਗੁਲਮੁ ----- ਗੁਲਾਮੁ, ਮੁਲ ਖਰੀਦਿਆ ਸੇਵਕ, ਵੇਖੋ 'ਗੁਲਾਮੁ'
"ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲਿਆ।"

- ਗਉ ੪, ਵਾਰ ੧੯ਸ, ੪, ੧:੪ (311)

ਗੁਲਾਮੁ ----- (ਅ. ਗੁਲਾਮ) ਮੁਲ ਖਰੀਦਿਆ ਹੋਇਆ ਦਾਸ
"ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ।"

- ਗਉ ੪, ੪੬, ੪:੨ (166)

ਗੁਲਾਰੇ ----- ਗੁਲਾਲ ਅਥਵਾ ਲਾਲ ਫੁੱਲ ਦਾ ਗੂੜਾ ਲਾਲ ਰੰਗ ਵਰਗਾ
"ਹਰਿ ਹਰਿ ਰੂਪ ਰੰਗਿ ਸਭਿ ਤੇਰੇ ਮੇਰੇ ਲਾਲਨ ਲਾਲ ਗੁਲਾਰੇ।"
– ਨਟ ੪, ਅਸ ੩, ੮:੧ (982)

ਗੁਲਾਲ ----- ਗੁਲੇ ਲਾਲਾ (ਲਾਲ ਫੁੱਲ) ਦਾ ਗੂੜਾ ਲਾਲ ਰੰਗ
"ਪ੍ਰੀਤਮ ਭਾਨੀ ਤਾ ਰੰਗਿ ਗੁਲਾਲ।"
– ਆਸਾ ੫, ੫੨, ੪:੧ (384)

ਗੁਲਾਲਾ ---- (1) ਲਾਲਾ ਫੁਲ, ਗੁਲੇ ਲਾਲ ਦਾ ਸੰਖੇਪ
"ਲਾਲ ਨਿਹਾਲੀ ਫੂਲ ਗੁਲਾਲਾ।"
– ਗਉ ੧, ੧੦, ੨:੨ (225)
(2) 'ਲਾਲਾ' ਦੇ ਫੁੱਲ ਵਾਂਗ, ਬਹੁਤ ਗੂੜਾ ਲਾਲ
"ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ।"
– ਸੂਹੀ ੫, ਛੰਤ ੧, ੧:੪ (777)

ਹੋਰ ਰੂਪ:

ਗੁਲਾਲੀ –
"ਕਵਨ ਰੰਗਿ ਤੂੰ ਭਈ ਗੁਲਾਲੀ।" ('ਲਾਲਾ' ਦੇ ਰੰਗ ਵਰਗੀ ਭਾਵ ਗੂੜੀ ਲਾਲ)
– ਆਸਾ ੫, ੫੨, ੧*:੨ (384)

ਗੁਲਾਲੁ –
"ਲਾਲ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ।" (ਗੂੜਾ ਲਾਲ ਰੰਗ)
– ਸਿਰੀ ੧, ੧੨, ੧:੨ (18)

ਗੁਲ੍ਹਾ ------ ਦਾਣੇ ਦੀ ਗੁਲੀ, ਇਕ ਅੱਧ ਦਾਣਾ
"ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ।"
– ਮਲਾ ੧, ਵਾਰ ੧੯ਸ, ੧, ੨:੫ (1286)

ਗੁਵਿੰਦ ----- ਜੋ ਗਿਆਨ ਕਰਕੇ ਲੱਭਿਆ ਜਾਵੇ ਭਾਵ ਪ੍ਰਮਾਤਮਾ
"ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ।"
– ਬਸੰ ੩, ੫, ੩:੨ (1173)

ਹੋਰ ਰੂਪ:

ਗੁਵਿੰਦੁ –
"ਐਸੋ ਧਣੀ ਗੁਵਿੰਦੁ ਹਮਾਰਾ।"
– ਭੈਰ ੫, ਅਸ ੨, ੧*:੧ (1156)

ਗੋੁਵਿੰਦ –
"ਰਿਖੀਕੇਸ ਗੋਪਾਲ ਗੋੁਵਿੰਦ।"
– ਰਾਮ ੫, ੪੫, ੨:੩ (897)

ਗੁੜ ------- ਗੰਨ੍ਹੇ ਦੇ ਰਸ ਨੂੰ ਕਾੜ੍ਹ ਕੇ ਬਣਾਇਆ ਮਿਠਾ ਪਦਾਰਥ ਅਥਵਾ ਭੇਲੀ
"ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ।"
– ਸਿਰੀ ੧, ੫, ੨:੧ (15)

ਗੁੜਣਾ ----- ਯਾਦ ਕਰਨਾ, ਵਿਚਾਰਨਾ

"ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ।"
– ਸੋਰ ੪, ਵਾਰ ੨੧ਸ, ੩, ੧:੧ (650)

ਗੁੜੁ ------- ਗੁੜ, ਗੰਨੇ ਦੇ ਰਸ ਨੂੰ ਕਾੜ੍ਹ ਕੇ ਬਣਾਈ ਭੇਲੀ
"ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ।"
– ਸਿਰੀ ੪, ੭੦, ੧:੨ (41)

ਗੂਹ ------- ਗੂੰਹ, ਮਲ, ਵਿਸ਼ਟਾ
"ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ।"
– ਗਉ ੪, ਵਾਰ ੧੨ਸ, ੪, ੧:੨ (306)

ਗੂੰਗਾ ------ ਬੋਲਣ ਤੋਂ ਅਸਮਰਥ
"ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ।"
– ਸਾਰ ੫, ੯, ੧:੨ (1205)

ਹੋਰ ਰੂਪ:

ਗੂੰਗੇ –
"ਜਿਉ ਗੂੰਗੇ ਸਾਕਰ ਮਨੁ ਮਾਨਿਆ।"
– ਗਉ ਕਬ, ੧੮, ੧:੪ (327)

ਗੂੰਗੇ –
"ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੇ ਮਠਿਆਈ ਖਾਈ।"
– ਗਉ ੪, ਵਾਰ ੧੮:੪ (311)

ਗੂਜਰੀ ----- (1) ਗੁਜਰ ਦੀ ਇਸਤ੍ਰੀ, ਪਸ਼ੂ ਪਾਲਣ ਵਾਲੀ
"ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ।"
– ਗੂਜ ੩, ਵਾਰ ੧੯ਸ, ੧, ੧:੧ (516)

(2) ਦਿਨ ਦੇ ਪਹਿਲੇ ਪਹਿਰ ਗਾਏ ਜਾਣ ਵਾਲਾ ਇਕ ਰਾਗ, ਭੈਰਉ ਰਾਗ ਅਥਵਾ ਦੀਪਕ ਰਾਗ ਦੀ ਇਸਤ੍ਰੀ
"ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ।"
– ਰਾਗੁ ੧:੩੯ (1430)

ਗੂਝੀ ------ ਗੁੱਝੀ, ਲੁਕਵੀਂ
"ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ।"
– ਧਨਾ ੫, ੧੧, ੪:੨ (673)

ਗੂਡੀ ------ ਪਤੰਗ, ਗੁੱਡੀ
"ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ।"
– ਰਾਮ ਨਾਮ, ੧, ੧:੧ (972)

ਗੂਣਾ ------ ਗੁਣਾ, ਗੁਣਨ ਕੀਤਾ ਹੋਇਆ
"ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ।"
– ਆਸਾ ੧, ਵਾਰ ੬ਸ, ੧, ੧:੮ (466)

ਗੁਣਿ ------ **ਛਟ**

"ਤ੍ਰਿਸਨਾ ਗੁਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ।"

– ਗਉ ਕਬ, ੪੯, ੧:੨ (333)

ਗੂੰਧੀ ------ **ਗੁੰਨ੍ਹੀ**

"ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ।"

– ਆਸਾ ਕਬ, ੧੬, ੨:੧ (479)

ਗੂੜ ------- **ਡੂੰਘੇ, ਗੂੜ੍ਹੇ**

"ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤ ਨ ਪਾਵਹੇ।"

– ਆਸਾ ੫, ਛੰਤ ੧੦, ੩:੩ (459)

"ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ।"

– ਗਾਥਾ ੧੦:੧ (1360)

ਹੋਰ ਰੂਪ:

ਗੂੜਾ –

"ਸਚਿ ਮਾਣੇ ਪਿਰ ਸੇਜੜੀ ਗੂੜਾ ਹੇਤੁ ਪਿਆਰੁ।" (ਡੂੰਘਾ)

– ਸਿਰੀ ੧, ੯, ੨:੨ (58)

"ਜੋ ਰਾਤੇ ਰੰਗ ਏਕ ਕੈ ਨਾਨਕ ਗੂੜਾ ਰੰਗੁ।" (ਪਕਾ)

– ਗਉ ੫, ਬਾਅ ੧੦ਸ:੨ (252)

"ਰਿਜਕੁ ਸੰਬਾਹੇ ਸਾਸਿ ਸਾਸਿ ਭਾਈ ਗੂੜਾ ਜਾ ਕਾ ਨਾਓ।" (ਡੂੰਘਾ ਲਾਲ ਭਾਵ ਅਕਰਸ਼ਕ ਸੁਹਣਾ)

– ਸੋਰ ੫, ਅਸ ੨, ੭:੩ (640)

"ਨੈਣ ਅਲੋਇਆ ਘਟਿ ਘਟਿ ਸੋਇਆ ਅਤਿ ਅੰਮ੍ਰਿਤ ਪਿਆ ਗੂੜਾ।" (ਬਹੁਤ ਪਿਆਰਾ)

– ਰਾਮ ੫, ਛੰਤ ੧, ੧:੩ (924)

"ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ।" (ਗੁਪਤ, ਗੁਝਾ)

– ਸਲੋ ੧, ੨:੧ (1410)

ਗੂੜੀ –

"ਮਤਿ ਨਿਹਚਲ ਅਤਿ ਗੂੜੀ ਗੁਰਮੁਖਿ ਸਹਜੇ ਨਾਮੁ ਵਖਾਣਿਆ।"

– ਵਡ ੩, ਛੰਤ ੩, ੪:੪ (569)

"ਮੇਘੁ ਵਰਸੈ ਦਇਆ ਕਰਿ ਗੂੜੀ ਛਹਬਰ ਲਾਇ।"

– ਮਲਾ ੧, ਵਾਰ ੧੫ਸ, ੩, ੧:੨ (1284)

ਗੂੜੈ –

"ਸੇ ਲਾਲ ਭਏ ਗੂੜੈ ਰੰਗਿ ਰਾਤੇ ਜਿਨ ਗੁਰ ਮਿਲਿ ਹਰਿ ਹਰਿ ਗਾਇਆ।"

– ਮਾਰੂ ੫, ੧੬, ੩:੨ (1003)

ਗੂੜੋ –

"ਰੂੜੋ ਗੂੜੋ ਗਹਿਰ ਗੰਭੀਰੋ ਊਚੌ ਅਗਮ ਅਪਾਰੇ।"

– ਸੋਰ ੫, ੧੮, ੩:੨ (614)

ਗੂੜ –

"ਸਤਿਗੁਰ ਮਤਿ ਗੂੜ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ।"

– ਸਵ ੪, ਕਲ ੩:੧ (1396)

ਗੂੜ੍ਉ –
“ਖੇਲੁ ਗੂੜ੍ਉ ਕੀਅਉ ਹਰਿ ਰਾਇ ਸੰਤੋਖਿ ਸਮਾਚਰ੍ਿਓ ਬਿਮਲ ਬੁਧਿ ਸਤਿਗੁਰਿ ਸਮਾਣਉ।” (ਗੁੜਾ, ਭੇਤ ਵਾਲਾ)
– ਸਵ ੫, ਕਲ ੪:੧ (1407)

ਗੂੜ੍ਹੀ –
“ਇੰਦ੍ਰ ਵਰਸੈ ਦਇਆ ਕਰਿ ਗੂੜ੍ਹੀ ਛਹਬਰ ਲਾਇ।”
– ਸਲੋ ੩, ੫੭:੨ (1420)

ਗੇ -------- ਭਵਿਖ ਬੋਧਕ ਸਹਾਇਕ ਕਿਰਿਆ
“ਹਰਿ ਜੀ ਕ੍ਰਿਪਾ ਕਰੇ ਜਉ ਅਪਨੀ ਤੌ ਗੁਰ ਕੇ ਸਬਦਿ ਸਮਾਵਹਿਗੇ।
– ਮਾਰੂ ਕਬ, ੪, ੩:੨ (1104)

ਗੇਹ ------- ਘਰ, ਨਿਵਾਸ ਸਥਾਨ
“ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ।”
– ਸਮ ੫, ੫*:੧ (1388)

ਗੇਹਣਿ ----- (ਸੰ.) ਹੇ ਪਤਨੀ ਦੇ/ਘਰ ਵਾਲੀਏ
“ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ।”
– ਧਨਾ ਤ੍ਰਿਲੋ, ੧, ੬:੧ (695)

ਗੇਹੁ ------- ਘਰ, ਵੇਖੋ ‘ਗੇਹ’
“ਦੇਹ ਗੇਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਏਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ।”
– ਸਵ ੪, ਗਯੰ ੧੦:੪ (1403)

ਗੇਰੀ ------ ਗੇਰੂ ਰੰਗ ਦੇ
“ਪੂੰਅਰ ਤਾਪ ਗੇਰੀ ਕੇ ਬਸਤ੍ਰਾ।”
– ਪ੍ਰਭਾ ੫, ਅਸ ੨, ੪:੧ (1348)

ਹੋਰ ਰੂਪ:

ਗੇਰੂ –
“ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ।”
– ਮਾਰੂ ੧, ਅਸ ੭, ੨:੧ (1012)

ਗੇੜਾ ------ (1) ਚੱਕਰ, ਫੇਰਾ (ਦਰਪਣ), ਹੱਟ ਹੱਟ ਕੇ ਆਉਣਾ ਅਥਵਾ ਅਭਿਆਸ ਕਰਨਾ
“ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ।”
– ਜਪੁ ੧, ੩੨:੨ (7)

(2) ਵਾਰ, ਦਫਾ
“ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ।”
– ਵਡ ੪, ਵਾਰ ੧੪ਸ, ੩, ੧:੨ (591)

ਗੈ -------- ਹਾਥੀ

“ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ।”
- ਸਲੋ ਕਬ, ੧੫੯:੧ (1372)

ਗੈਂਡਾ ------ ਇਕ ਵਡ ਅਕਾਰੀ ਜੰਗਲੀ ਜਾਨਵਰ ਜਿਸ ਦੇ ਨਕ ਉਪਰ ਸਿੰਗ ਹੁੰਦਾ ਹੈ
“ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।”
- ਮਲਾ ੧, ਵਾਰ ੨੫ਸ, ੧, ੨:੩ (1289)

ਗੈਣ ------- ਆਕਾਸ਼ ਮੰਡਲ
“ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੈ ਸਭਿ ਗੈਣ।”
- ਮਾਝ ੫, ਦਿਨ ੧:੫ (136)

ਗੈਣਾਰੰ ----- ਗਗਨ ਮੰਡਲ
“ਹੁਕਮੇ ਪਉਣ ਪਾਣੀ ਗੈਣਾਰੰ।”
- ਮਾਰੂ ੧, ਸੋਲਾ ੧੬, ੧੧:੨ (1037)

ਹੋਰ ਰੂਪ:

ਗੈਣਾਰਾ -
“ਸੂਰਜ ਕਿਰਣਿ ਨ ਬਿਜੁਲਿ ਗੈਣਾਰਾ।” (ਆਕਾਸ਼)
- ਮਾਰੂ ੧, ਸੋਲਾ ੧੩, ੮:੨ (1033)

ਗੈਣਾਰਿ -
ਅਮਾਵਸਿਆ ਚੰਦੁ ਗੁਪਤੁ ਗੈਣਾਰਿ।” (ਅਕਾਸ਼ ਵਿਚ)
- ਬਿਲਾ ੧, ਥਿਤੀ ੧੯:੧ (840)

ਗੈਣਾਰੇ -
“ਨਉ ਦਰ ਠਾਕੇ ਹੁਕਮਿ ਸਚੈ ਹੰਸੁ ਗਇਆ ਗੈਣਾਰੇ।”
- ਵਡ ੧, ਅਲਾ ੩, ੫:੧ (580)

ਗੈਣਿ ------ ਅਕਾਸ਼ ਵਿਚ
“ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚਿੜੀ ਬਿਲਲਾਇ।”
- ਮਲਾ ੧, ਵਾਰ ੧੯ਸ, ੧, ੨:੫ (1286)

ਗੈਨ ------- ਆਕਾਸ਼
“ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ।”
- ਧਨਾ ੫, ੧੩, ੨:੧ (674)

ਗੈਬਾਨ - (ਫਾ. ਗਾਇਬਾਨਾ) ਗੁਪਤ, ਲੁਕਿਆ ਹੋਇਆ, ਨਾ ਦਿਸਨ ਵਾਲਾ, ਭੂਤ, ਪ੍ਰੇਤ
“ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ।”
- ਤਿਲੰ ੫, ੧, ੨:੧ (723)

ਗੈਬੁ ------- (ਅ. ਗੈਬ) ਲੁੱਕਿਆ ਹੋਇਆ, ਅਡਿਠ
“ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ।”
- ਆਸਾ ਕਬ ੨੯, ੩:੧ (483)

ਗੈਰ ------- ਬਿਨਾ
“ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੈਖੇ ਨ ਪਰਿਆ।”

– ਆਸਾ ੫, ੧੫੨, ੩:੧ (408)

ਗੈਰਤਿ – (ਅ. ਗੈਰਤ) ਸ਼ਰਮ, ਲਜਾ
"ਖਸਮੈ ਕਰੈ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ।"
– ਆਸਾ ੧, ਵਾਰ ੨੨:੩ (474)

ਗੈਰਮਹਲੁ --- ਲਾਮਕਾਨ ਹਰੀ, ਉਹ ਪ੍ਰਭੂ ਜਿਸ ਦਾ ਕੋਈ ਖਾਸ ਸਥਾਨ ਨਹੀਂ
"ਮਹਲਾ ਅੰਦਰਿ ਗੈਰਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ।"
– ਮਾਰੂ ੩, ਸੋਲਾ ੧੪, ੧੪:੩ (1058)

ਗੈਲ ------- ਨਿਟਕਤਾ, ਸਾਥ
"ਕਬੀਰ ਸੰਤ ਕੀ ਗੈਲ ਨ ਛੋਡੀਐ ਮਾਰਗਿ ਲਾਗਾ ਜਾਉ।"
– ਸਲੋ ਕਬ, ੧੩੦:੧ (1371)
('ਮਹਾਨਕੋਸ਼' ਇਸ ਦੇ ਅਰਥ 'ਮਾਰਗ ਰਸਤਾ' ਕਰਦਾ ਹੈ)

ਗੈਲਿ ------ ਵੱਲ, ਤਰਫ (ਸ਼ਬਦਾਰਥ), ਰੀਸ, ਪੈਰਵੀ (ਮਹਾਨਕੋਸ਼), ਵਾਦੀ, ਆਦਤ (ਦਰਪਣ) ਰਸਤਾ ਪਿਛਾ (ਕੋਸ਼)
"ਉਨ ਕੀ ਗੈਲਿ ਤੋਹਿ ਜਿਨਿ ਲਾਗੈ।"
– ਆਸਾ ਕਬ, ੩੪, ੧:੨ (484)
"ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ।" (ਪਿਛਾ)
– ਸਾਰ ੫, ੬੦, ੧:੨ (1216)

ਗੈਵਰ ------ ਉਤਮ ਹਾਥੀ
"ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ।"
– ਸਿਰੀ ੫, ੭੧, ੨:੨ (42)

ਗੋ -------- (1) ਭਵਿੱਖ, ਬੋਧਿਕ ਕਿਰਿਆ
"ਗਵਨੁ ਕਰੈਗੋ ਸਗਲੋ ਲੋਗਾ।"
– ਗਉ ੫, ਅਸ ੪, ੪:੪ (237)
(2) ਹੈ
"ਕੁੰਭਾਰ ਕੇ ਘਰ ਹਾਂਡੀ ਆਛੈ ਰਾਜਾ ਕੇ ਘਰ ਸਾਂਡੀ ਗੋ।"
– ਟੋਡੀ ਨਾਮ, ੩, ੧:੧ (718)

ਗੋਅ ------ ਕਥਨ ਕਰਤਾ, ਕਹਿਣ ਵਾਲਾ
"ਕੁਫਰ ਗੋਅ ਕੁਫਰਾਣੈ ਪਇਆ ਦਝਸੀ।"
– ਮਾਝ ੧, ਵਾਰ ੯:੬ (142)

ਗੋਆਲੀਆ -- ਗਊਆਂ ਪਾਲਣ ਵਾਲਾ, ਭਾਵ ਸ੍ਰੀ ਕ੍ਰਿਸ਼ਨ
"ਗੋਪੀ ਨੈ ਗੋਆਲੀਆ।"
– ਸਿਰੀ ੧, ਅਸ ੨੮, ੨੨:੧ (73)

ਗੋਇ ------ (1) ਪ੍ਰਿਥਵੀ
"ਤੁਧੁ ਆਪੇ ਗੋਇ ਉਠਾਲੀਆ।"
– ਸਿਰੀ ੫, ਅਸ ੨੮, ੨੨:੨ (73)
(2) ਬਾਣੀ ਭਾਵ ਹਰਿ ਜਸ

"ਗਗੈ ਗੋਇ ਗਾਇ ਜਿਨਿ ਛੋਡੀ ਗਲੀ ਗੋਬਿਦੁ ਗਰਬਿ ਭਇਆ।"
– ਆਸਾ ੧, ਪਟੀ ੭:੧ (432)

('ਦਰਪਣ' ਇਸ ਦੇ ਅਰਥ ਮਿਟੀ ਦੇ ਗੁਣਨ ਭਾਵ ਗੋਣ ਤੋਂ ਲੈਂਦੇ ਹਨ 'ਗੋਇ ਗਾਇ ਜਿਨਿ ਛੋਡੀ' ਭਾਵ ਸ੍ਰਿਸ਼ਟੀ ਦੀ ਸਾਜਨਾ ਕੀਤੀ)

(3) (ਫਾ. ਗੋਏ) ਗੇਂਦ, ਖਿਦੂ
"ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ।"
– ਸਲੋ ਕਬ, ੨੩੯:੧ (1377)

ਗੋਇਦਾ ---- ਹੇ ਗੋਬਿੰਦ, ਹੇ ਪ੍ਰਭੂ
"ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ।"
– ਮਾਝ ੫, ੩੭, ੧:੩ (105)

ਗੋਇੰਦ ----- ਪ੍ਰਿਥਵੀ ਦਾ ਪਾਲਣਹਾਰ ਭਾਵ ਪ੍ਰਭੂ
"ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ।"
– ਸਿਰੀ ੫, ੭੭, ੧*:੨ (44)

ਗੋਇਲੜਾ --- ਉਹ ਥਾਂ ਜਿਥੇ ਬਰਸਾਤ ਵਿਚ ਹਰਾ ਘਾਹ ਉਗਾਨ ਕਰਕੇ ਪਸ਼ੂ ਚਾਰਨ ਲਈ ਕੁਝ ਸਮਾਂ ਬਤੀਤ ਕੀਤਾ ਜਾਂਦਾ ਹੈ, ਚਰਾਂਦ
"ਐਥੈ ਗੋਇਲੜਾ ਦਿਨ ਚਾਰੇ।"
– ਮਾਰੂ ੧, ਸੋਲਾ ੩, ੯:੧ (1023)

ਗੋਇਲਿ ---- ਉਹ ਡੰਗਰ ਚਾਰਨ ਵਾਲਾ ਸਥਾਨ ਜਿਥੇ ਬਰਸਾਤ ਦੇ ਦਿਨਾਂ ਵਿਚ ਥੋੜੇ ਚਿਰਲਈ ਲੋਕ ਆ ਟਿਕਦੇ ਹਨ, ਵੇਖੋ 'ਗੋਇਲੜਾ' ਚਰਾਂਦ
"ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ।"
– ਸਿਰੀ ੫, ੯੨, ੧:੧ (50)

ਗੋਇਲੀ ---- ਗਵਾਲਾ
"ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ।"
– ਗਉ ੧, ਅਸ ੧੭, ੧:੧ (228)

ਗੋਈ ------ (1) ਸਮੇਟ ਲਈ, ਮੁਕਾ ਦਿਤੀ, ਮਿਟਾਈ
"ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ।"
– ਆਸਾ ੪, ਸੋਪੁ ੧, ੫:੪ (11)

ਗੋਈਆ ---- (ਫਾ.) ਆਖੀਆਂ
"ਮਨਿਮੁਖਿ ਗਲਾ ਗੋਈਆ ਕੀਤਾ ਚਾਉ ਰਲੀ।"
– ਮਲਾ ੧, ਵਾਰ ੨੦ਸ, ੧, ੨:੪ (1287)

ਗੋਸ – (ਫਾ.) ਕੰਨ
"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।" (ਸੁਣ)
– ਤਿਲੰ ੧, ੧, ੧:੧ (721)

ਗੋਸਟਿ ----- (1) ਚਰਚਾ, ਵਿਚਾਰ ਵਟਾਂਦਰਾ, ਗਲਬਾਤ
"ਸੰਤਸੰਗਿ ਤਹ ਗੋਸਟਿ ਹੋਇ।"
– ਗਉ ੫, ੧੬੪, ੨:੧ (199)

ਹੋਰ ਰੂਪ:

ਗੋਸਟੇ –
"ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਕਾਲਾ ਕਰੈ ਨ ਭੰਗੁ।"
– ਰਾਮ ੫, ਵਾਰ ਪਸ, ੫, ੧:੩ (958)

(2) ਗਲਾਂ
"ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾ।"
– ਵਡ ੪, ੩, ੫:੨ (562)

ਗੋਸਾਈ ---- (1) ਪ੍ਰਿਥਵੀ ਦਾ ਮਾਲਕ, ਭਾਵ ਮਾਲਕ, ਪ੍ਰਭੂ)
"ਗੋਸਾਈ ਮਿਹੰਡਾ ਇਠੜਾ।"
– ਸਿਰੀ ੫, ਅਸ ੨੯, ੧:੧ (73)
"ਗੋਸਾਈ ਸੇਵੀ ਸਚੜਾ।"
– ਸਿਰੀ ੫, ਅਸ ੨੯, ੮:੨ (73)

ਹੋਰ ਰੂਪ:

ਗੋਸਾਂਈ –
"ਅਪਨਾ ਕਾਜੁ ਸਵਾਰਹੁ ਆਪੇ ਸੁਖਦਾਤੇ ਗੋਸਾਂਈ।"
– ਮਲਾ ੧, ਅਸ ੧, ੮:੧ (1273)

ਗੋਸਾਈਐ –
"ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ।" (ਪ੍ਰਭੂ ਨੂੰ)
– ਦੇਵ ੫, ੨੨, ੧*:੨ (532)

ਗੋਹੇ ------- ਗੋਬਰ ਵਿਚ, ਗਾਂ ਮੱਝ ਦਾ ਵਿਸ਼ਟਾ
"ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।"
– ਆਸਾ ੧, ਵਾਰ ੧੮ਸ, ੧, ੧:੨ (472)

ਹੋਰ ਰੂਪ:

ਗੋਹੈ –
"ਕਊਆ ਕਾਗ ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ।"
– ਗੁਜ ੪, ੨, ੩:੨ (493)

ਗੋਕਲ ----- ਮਥਰਾ ਦੇ ਦਖਣ ਵੱਲ ਜਮਨਾ ਦੇ ਕੰਢੇ ਵਸਦਾ ਇਕ ਨਗਰ ਜਿਥੇ ਕ੍ਰਿਸ਼ਨ ਜੀ ਗਊਆਂ ਚਾਰਦੇ ਰਹੇ।"
"ਸੰਤਾ ਮਧੇ ਗੋਬਿੰਦੁ ਆਛੈ ਗੋਕਲ ਮਧੇ ਸਿਆਮ ਗੋ।"
– ਟੋਡ ਨਾਮ, ੩, ੪:੧ (718)

ਗੋਚਰੇ ----- ਅਧੀਨ, ਵਸ ਵਿਚ
"ਤੇਰੇ ਕੀਤੇ ਕੰਮ ਤੁਧੈ ਹੀ ਗੋਚਰੇ।"
– ਗੂਜ ੫, ਵਾਰ ੧੧:੧ (521)

ਗੋਡ ------- ਗੋਡਾ
"ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ।"
– ਸਲੋ ਕਬ, ੧੨੮:੨ (1371)

ਗੋਂਡ ------ ਦਿਨ ਦੇ ਤੀਜੇ ਪਹਿਰੇ ਗਾਏ ਜਾਣੇ ਵਾਲਾ ਇਕ ਰਾਗ, ਸਿਰੀ ਰਾਗ ਦੇ ਪੰਜ ਪੁੱਤਰਾਂ ਵਿਚੋਂ ਇਕ ਬਾਕੀ ਚਾਰ ਪੁੱਤਰ ਹਨ – ਸਾਲੂ, ਸਾਰਗ, ਸਾਗਰਾ ਤੇ ਗੰਭੀਰ
"ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ।"
– ਰਾਮ ੧:੪੭ (1430)

ਗੋਡਹੁ ------ ਗੁਡੋ
"ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ।"
– ਬਸੰ ੧, ੯, ੩:੨ (1171)

ਗੋਂਡਕਰੀ ---- ਇਕ ਰਾਗ, ਰਾਗ ਮਾਲਕਉਸਕ ਦੀਆਂ ਪੰਜ ਰਾਗਨੀਆਂ ਵਿਚੋਂ ਇਕ, ਬਾਕੀ ਚਾਰ ਹਨ: ਦੇਵ ਗੰਧਾਰੀ, ਗੰਧਾਰੀ, ਸੀਹੁਤੀ ਅਤੇ ਧਨਾਸਰੀ
"ਗੋਂਡਕਰੀ ਅਰੁ ਦੇਵ ਗੰਧਾਰੀ।"
– ਰਾਗ ੧:੧੫ (1429)

ਗੋਤਮ ------ ਇਕ ਵਿਦਵਾਨ ਰਿਸ਼ੀ ਜਿਸ ਦੀ ਨਾਰ ਅਹਿਲਿਆ ਨਾਲ ਇੰਦਰ ਨੇ ਧੋਖੇ ਨਾਲ ਵਿਭਚਾਰ ਕੀਤਾ
"ਗੋਤਮ ਨਾਰਿ ਉਮਾਪਤਿ ਸ੍ਵਾਮੀ।"
– ਜੈਤ ਰਵਿ, ੧, ੪:੧ (710)

ਹੋਰ ਰੂਪ:

ਗੋਤਮੁ –
"ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ।"
– ਪ੍ਰਭਾ ੧, ਅਸ ੪, ੧:੧ (1343)

ਗੋਤੇ ------- (ਅ.) ਟੁੰਭੀ, ਡੁਬਕੀ
"ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ।"
– ਮਾਝ ੧, ਵਾਰ ੧੭ਸ, ੧, ੧:੪ (145)

ਗੋਦਰੀ ----- ਗੋਦੜੀ
"ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ।"
– ਆਸਾ ਕਬ, ੧੬, ੧:੨ (479)

ਗੋਦਾਵਰਿ --- ਦਖਣ ਦੀ ਇਕ ਨਗਰੀ, ਹਜ਼ੂਰ ਸਾਹਿਬ ਇਸੇ ਨਦੀ ਦੇ ਕਿਨਾਰੇ ਹੈ
"ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਜ ਗਊ ਦਾਨੁ ਕੀਜੈ।"
– ਰਾਮ ਨਾਮ, ੪, ੨:੧ (973)

ਹੋਰ ਰੂਪ:

ਗੋਦਾਵਰੀ –
"ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ।"
– ਬਸੰ ਨਾਮ, ੧, ੩:੧ (1196)

ਗੋਧਨੁ ------ ਗਊਆਂ
"ਬੈਨੁ ਬਜਾਵੈ ਗੋਧਨੁ ਚਰੈ।"

– ਮਾਲੀ ਨਾਮ, ੧, ੪:੧ (988)

ਗੋਨਿ ------ ਛਟ
“ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ।”
– ਗਉ ਕਬ, ੪੯, ੩:੨ (333)
“ਨਉ ਬਹੀਆਂ ਦਸ ਗੋਨਿ ਆਹਿ।” (ਦਸ ਇਦ੍ਰੀਆਂ ਰੂਪੀ ਛੱਟਾਂ)
– ਬਸੰ ਕਬ, ੬, ੧:੩ (1194)

ਗੋਪਾਲ ----- ਜਗਤ ਪਾਲਕ, ਪ੍ਰਭੂ
“ਜਨਮ ਮਰਣ ਕਾ ਭਉ ਗਇਆ ਭਾਉ ਭਗਤਿ ਗੋਪਾਲ।”
– ਸਿਰੀ ੫, ੮੦, ੨:੧ (45)

ਹੋਰ ਰੂਪ:

ਗੋਪਾਲਹ –
“ਅਹੋ ਜਸੁ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਰਤੇ।” (ਹਰੀ)
– ਸਸ ੫, ੬:੨ (1354)

ਗੋਪਾਲਹਿ –
“ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ।” (ਪ੍ਰਭੂ ਨੂੰ)
– ਸਾਰ ੫, ੫੮, ੧*:੨ (1215)

ਗੋਪਾਲਰਾਇ –
“ਆਈ ਤਲਬ ਗੋਪਾਲਰਾਇ ਕੀ ਮਾਇਆ ਮੰਦਰ ਛੋਡਿ ਚਲਿਓ (ਪ੍ਰਭੂ ਦੀ ਪ੍ਰਿਥਵੀ ਦੇ, ਪਾਲਣ ਵਾਲੇ, ਹਰੀ ਦੀ)
– ਆਸਾ ਕਬ, ੧੫, ੫:੨ (479)

ਗੋਪਾਲਾ –
“ਪੈਰੀ ਪੈ ਪੈ ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ।” (ਹੇ ਪ੍ਰਭੂ)
– ਮਾਝ ੫, ੧੫, ੩:੩ (99)
“ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ।” (ਪ੍ਰਭੂ)
– ਨਟ ੫, ੩, ੨:੧ (979)

ਗੋਪਾਲਿ –
“ਮਾਇਆ ਸਿਲਕ ਕਾਟੀ ਗੋਪਾਲਿ।” (ਪ੍ਰਭੂ ਨੇ)
– ਗਉ ੫, ਅਸ ੧੧, ੫:੧ (240)

ਗੋਪਾਲੁ –
“ਆਠ ਪਹਰ ਧਿਆਈਐ ਗੋਪਾਲੁ।”
– ਗਉ ੫, ੧੭੦, ੨:੨ (200)

ਗੋਪਾਲੈ –
“ਸਗਲੇ ਜੰਤ ਭਜਹੁ ਗੋਪਾਲੈ।”
– ਕਾਨ ੫, ਛੰਤ ੧, ੩:੧ (1312)

ਗੋਪਿਆ ---- ਲੁਕਾਇਆ, ਛੁਪਾਇਆ, ਪ੍ਰਤੱਖ ਤੋਰ ਤੇ ਮੰਨਣ ਤੋਂ ਇਨਕਾਰੀ ਹੋਇਆ
“ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਾਹਾ ਫਿਰਾਹੀ।”
– ਗਉ ੪, ਵਾਰ ੧੫ਸ, ੪, ੨:੪ (308)

ਗੋਪੀ ------ ਗਵਾਲਨ
“ਆਖਹਿ ਗੋਪੀ ਤੈ ਗੋਵਿੰਦ।”
- ਜਪੁ ੧, ੨੬:੧੪ (6)

ਹੋਰ ਰੂਪ:

ਗੋਪੀਆ -
“ਘੜੀਆ ਸਭੇ ਗੋਪੀਆ ਪਹਰ ਕੰਨ੍ਹ ਗੋਪਾਲ।”
- ਆਸਾ ੧, ਵਾਰ ੫ਸ, ੧, ੧:੧ (465)

ਗੋਪੀਚੰਦਨ --- ਦਵਾਰਕਾ ਦੇ ਨੇੜੇ ਇਕ ਤਲਾ ਦੀ ਪੀਲੀ ਮਿਟੀ ਜਿਸ ਦਾ ਟਿਕਾ ਬਣਾ ਕੇ ਮੱਥੇ ਤੇ ਲਾਇਆ ਜਾਂਦਾ ਹੈ)
“ਕਿਨਹੀ ਤਿਲਕੁ ਗੋਪੀਚੰਦਨ ਲਾਇਆ।”
- ਰਾਮ ੫, ਅਸ ੧, ੫:੩ (913)

ਗੋਪੀਚੰਦੁ ---- ਇਕ ਉਦਾਸੀ ਜਿਸ ਦੀ ਚਰਚਾ ਗੁਰੂ ਨਾਨਕ ਦੇਵ ਜੀ ਨਾਲ ਹੋਈ।
“ਬੋਲੈ ਗੋਪੀਚੰਦੁ ਸਤਿ ਸਰੂਪੁ।”
- ਰਾਮ ੨, ਵਾਰ ੧੨ਸ, ੧, ੪:੫ (952)

ਗੋਪੀਨਾਥੁ --- ਗੋਪੀਆਂ (ਗਵਾਲਨਾਂ) ਦਾ ਮਾਲਕ/ ਸੁਆਮੀ ਸ੍ਰੀ ਕ੍ਰਿਸ਼ਨ ਭਾਵ ਪ੍ਰਭੂ
“ਗੋਪੀਨਾਥੁ ਸਗਲ ਹੈ ਸਾਥੇ।”
- ਮਾਰੂ ੫, ਸੋਲਾ ੧੧, ੫:੨ (1082)

ਗੋਪੇ ------- ਛੁਪਾਏ ਭਾਵ ਪ੍ਰਤਖ ਤੌਰ ਤੇ ਉਸ ਨੂੰ ਗੁਰੂ ਮੰਨਣ ਤੋਂ ਝਿਜਕੇ
“ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ।
- ਗਉ ੪, ਵਾਰ ੮ਸ, ੪, ੨:੬ (304)

ਗੋਬਰਿ ----- ਗੋਹਾ
“ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।”
- ਆਸਾ ੧, ਵਾਰ ੧੬ਸ, ੧, ੧:੧ (471)

ਹੋਰ ਰੂਪ:

ਗੋਬਰੁ -
“ਗੋਬਰੁ ਜੂਠਾ ਚਉਕਾ ਜੂਠਾ ਜੂਠੀ ਦੀਨੀ ਕਾਰਾ।”
- ਬਸੰ ਕਬ, ੭, ੪:੧ (1195)

ਗੋਬਿਦ ----- (ਸੰ.) ਗਊਆਂ ਨੂੰ ਪਾਲਣ ਵਾਲਾ, ਕ੍ਰਿਸ਼ਨ ਭਾਵ ਪ੍ਰਭੂ
ਗੋ-ਗਿਆਨ ਰਾਹੀਂ ਪ੍ਰਾਪਤ ਹੋਣ ਵਾਲਾ: ਪ੍ਰਿਥਵੀ ਦਾ ਪਾਲਣਹਾਰ, ਕਰਤਾਰ
“ਕਾਟਨਹਾਰ ਜਗਤ ਗੁਰ ਗੋਬਿਦ ਚਰਨ ਕਮਲ ਤਾ ਕੇ ਕਰਹੁ ਨਿਵਾਸ।”
- ਗਉ ੫, ੧੨੦*, ੧:੨ (204)
“ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ।”
- ਗਉ ੫, ਬਾਅ ੨੩ਸ:੧ (254)

ਹੋਰ ਰੂਪ:

ਗੋਬਿੰਦ -

"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।"
- ਆਸਾ ੫, ਸੋਪੁ ੪, ੧:੨ (12)

ਗੋਬਿੰਦੰ –
"ਸਿਮਰਿ ਸਿਮਰਿ ਗੋਬਿੰਦੰ।"
- ਗੋਂਡ ਨਾਮ, ੧, ੪:੩ (873)

ਗੋਬਿੰਦਹ –
"ਪਤਿਤ ਪੁਨੀਤ ਗੋਬਿੰਦਹ ਸਰਬ ਦੋਖ ਨਿਵਾਰਣਹ।"
- ਜੈਤ ੫, ਵਾਰ ੧੯ਸ, ੫, ੧:੧ (709)

ਗੋਬਿੰਦਹਿ –
"ਭਜੁ ਸਰਨਿ ਸਾਧੂ ਨਾਨਕਾ ਮਿਲੁ ਗੁਨ ਗੋਬਿੰਦਹਿ ਗਾਹਿ।"
- ਮਲਾ ੫, ੨੪, ੨:੨ (1272)

ਗੋਬਿੰਦ ਜੀਉ
"ਗੋਬਿੰਦ ਜੀਉ ਸਤਸੰਗਤਿ ਮੇਲਿ ਕਰਿ ਕ੍ਰਿਪਛੇ।" (ਹੇ ਪ੍ਰਭੂ ਜੀ)
- ਬਸੰ ੪, ੪, ੧*:੧ (1178)

ਗੋਬਿੰਦਨਾਮਾ –
"ਸੰਗਿ ਤੇਰੈ ਕਛੁ ਨ ਚਾਲੈ ਬਿਨਾ ਗੋਬਿੰਦਨਾਮਾ।" (ਪ੍ਰਭੂ ਦੇ ਨਾਮ ਦੇ)
- ਬਿਹਾ ੫, ਛੰਤ ੯, ੧:੩ (547)

ਗੋਬਿੰਦਪੁਰੀ -- ਗੋਬਿੰਦ ਦੇ ਰਹਿਣ ਦਾ ਸਥਾਨ, ਸਵਰਗ
"ਗੋਬਿੰਦਵਾਲੁ ਗੋਬਿੰਦਪੁਰੀ ਸਮ ਜਲ੍ਨਤੀਰਿ ਬਿਪਾਸ ਬਨਾਯਉ।"
- ਸਵ ੪, ਨਲ ੧੦:੪ (1400)

ਗੋਬਿਦ ਭਜਨ - ਪ੍ਰਭੂ ਸਿਮਰਨ
"ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿੰਦ ਭਜਨ ਬਿਨੁ ਹੜ ਕਾ ਜਲੁ।"
- ਟੋਡੀ ੫, ੨੬, ੧*:੨ (717)

ਗੋਬਿਦਰਾਇ -- ਪ੍ਰਭੂ
"ਹਰਿਹਾਂ ਜਬ ਬਿਸਰੈ ਗੋਬਿਦਰਾਇ ਦਿਨੋ ਦਿਨੁ ਘਟੀਐ।"
-ਫੁਨ ੫, ੧੪:੪ (1363)

ਹੋਰ ਰੂਪ:

ਗੋਬਿੰਦਰਾਇ –
ਰਖਵਾਲਾ ਗੋਬਿੰਦਰਾਇ ਭਗਤਨ ਕੀ ਰਾਸਿ।"
- ਬਿਲਾ ੫, ੬੩, ੧:੨ (817)

ਗੋਬਿੰਦਵਾਲੁ -- ਗੋਬਿੰਦਪੁਰੀ, ਬੈਕੁੰਠ
"ਗੋਬਿੰਦਵਾਲੁ ਗੋਬਿੰਦਪੁਰੀ ਸਮ ਜਲ੍ਨ ਤੀਰਿ ਬਿਪਾਸ ਬਨਾਯਉ।"
- ਸਵ ੪, ਨਲ ੧੦:੪ (1400)

ਗੋਬਿੰਦਾ ---- (1) ਪ੍ਰਭੂ, ਪ੍ਰਿਥਵੀ ਦਾ ਮਾਲਕ
"ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ।"
- ਮਾਝ ੫, ੧੩, ੧:੩ (98)

(2) ਹੇ ਪ੍ਰਭੂ, ਹੇ ਗੋਬਿੰਦ

“ਗੋਬਿੰਦਾ ਮੇਰੇ ਗੋਬਿੰਦਾ ਪ੍ਰਾਣ ਅਧਾਰਾ ਮੇਰੇ ਗੋਬਿੰਦਾ।”
– ਰਾਮ ੫, ਛੰਤ ੧, ੨:੧ (924)

ਗੋਬਿਦਿ ----- ਪ੍ਰਭੂ
“ਸਾਂਤਿ ਭਈ ਗੁਰ ਗੋਬਿਦਿ ਪਾਈ।”
– ਗਉ ੫, ੧੭੧, ੧*:੧ (200)

ਹੋਰ ਰੂਪ:

ਗੋਬਿਦੁ –
“ਗੋਬਿਦੁ ਗੋਬਿਦੁ ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ।”
– ਮਾਝ ੩, ਅਸ ੨੧, ੧*:੨ (121)

ਗੋਬਿੰਦੁ –
“ਸਫਲ ਦਰਸਨੁ ਗੋਬਿੰਦੁ ਹਮਾਰਾ।”
– ਗਉ ੫, ੧੪੮, ੪:੨ (195)

ਗੋਬਿਦੇ –
“ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ।”
– ਕੇਦਾ ੫, ੬, ੧*:੨ (1120)

ਗੋਬਿੰਦੇ –
“ਮਦਨ ਮੂਰਤਿ ਭੈ ਤਾਰਿ ਗੋਬਿੰਦੇ।” (ਹੇ ਹਰੀ)
– ਧਨਾ ਸੈਣ, ੧, ੪:੧ (695)

ਗੋਬਿੰਦੇਤਿ –
“ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ।” (ਗੋਬਿੰਦ ਇਤਿ ਇਸ ਗੋਬਿੰਦੇ)
– ਗੂਜ ਜੈਦੇਵ ੧, ੫:੧ (526)

ਗੋਬਿੰਦੈ –
“ਸਰਬ ਸੁਖ ਅਨੰਦ ਮੰਗਲ ਰਸ ਮਾਨਿ ਗੋਬਿੰਦੈ ਆਗਿਓ।” (ਹਰੀ ਦੀ)
– ਗਉ ੫, ੧੬੦*, ੧*:੨ (215)
“ਤੁਮ ਰਵਹੁ ਗੋਬਿੰਦੈ ਰਵਣ ਜੋਗ।” (ਹਰੀ ਨੂੰ)
– ਬਸੰ ੫, ੧੪, ੧*:੧ (1184)

ਗੋਬਿੰਦੋ –
“ਹੇ ਰਸਨਾ ਜਪਿ ਗੋਬਿੰਦੋ ਮੇਰੀ ਜਿੰਦੜੀਏ ਜਪਿ ਹਰਿ ਹਰਿ ਤ੍ਰਿਸਨਾ ਜਾਏ ਰਾਮ।
– ਬਿਹਾ ੪, ਛੰਤ ੬, ੩:੧ (541)

ਗੋਮਤੀ ----- ਇਕ ਨਦੀ ਜੋ ਸੈਦਪੁਰ (ਜਿਲਾ ਗਾਜ਼ੀਪੁਰ ਸੰਯੁਕਤ ਪ੍ਰਾਂਤ) ਦੇ ਸਥਾਨ ਉਤੇ ਗੰਗਾ ਨਾਲ ਜਾਂ ਰਲਦੀ ਹੈ।
“ਹਜ ਹਮਾਰੀ ਗੋਮਤੀ ਤੀਰ।”
– ਆਸਾ ਕਬ, ੧੩, ੧:੧ (478)

ਗੋਰ ------- (ਫਾ. ਗੋਰ) ਕਬਰ
“ਨਾਨਕ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ।”
– ਸਿਰੀ ੧, ੨੮, ੪:੨ (24)
“ਕਾਲੁਬਿ ਅਕਲ ਮਨ ਗੋਰ ਨ ਮਾਨੀ।” (ਕਬਰ ਭਾਵ ਮੌਤ)
– ਮਲਾ ੧, ਵਾਰ ੨੭ਸ, ੧, ੨:੨ (1291)

ਗੋਰਖ ------ (1) ਗੋ-ਪ੍ਰਿਥਵੀ, ਰਖ - ਰਖਿਅਕ) ਵਿਸ਼ਨੂੰ, ਪ੍ਰਿਥਵੀ ਦਾ ਰਖਵਾਲਾ ਭਾਵ ਪ੍ਰਭੂ, ਵੇਖੋ ਗੋਰਖੁ (1)

"ਗੁਰ ਗੋਰਖ ਕੀ ਤੈ ਬੂਝ ਨ ਪਾਈ।" (ਵਾਹਿਗੁਰੂ ਦੀ ਸੋਝੀ ਨਹੀਂ ਕੀਤੀ)

- ਰਾਮ ੫, ੧੩, ੩:੩ (886)

(2) ਇਕ ਜੋਗੀ ਜੋਗ ਮਤਿ ਦਾ ਬਾਨੀ, ਗੋਰਖ, ਨੌਂ ਨਾਥਾਂ ਵਿਚੋਂ ਇਕ, ਵੇਖੋ 'ਗੋਰਖੁ' (2)

"ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ।"

- ਸਮੁ ੫, ੭*:੨ (1383)

ਗੋਰਖਪੂਤੁ --- ਗੋਰਖ ਦਾ ਪੁਤਰ ਅਰਥਾਤ ਚੇਲਾ

"ਗੋਰਖਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ।"

- ਰਾਮ ੧, ਸਿਗੋ ੭:੪ (939)

ਗੋਰਖੁ ------ (1) ਵਿਸ਼ਨੂੰ ਭਾਵ ਪ੍ਰਭੂ, ਅਕਾਲ ਪੁਰਖ

"ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।"

- ਜਪੁ ੧, ੫:੮ (2)

"ਬਾਬਾ ਗੋਰਖੁ ਜਾਗੈ।" (ਪ੍ਰਭੂ ਜਾਗਦੀ ਜੋਤ ਹੈ)

- ਰਾਮ ੧, ੪, ੧*:੧ (877)

(2) ਜੋਗ ਮਤਿ ਦਾ ਬਾਨੀ ਗੋਰਖ

"ਜੋਗੀ ਗੋਰਖੁ ਗੋਰਖੁ ਕਰਿਆ।"

- ਗਉ ੪, ੩੯, ੧:੨ (163)

"ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ।" (ਆਤਮਾ ਰੂਪੀ ਗੋਰਖ)

- ਮਾਰੂ ੧, ੧੧, ੫:੧ (992)

ਗੋਰਾਂ ------ ਕਬਰਾਂ, ਵੇਖੋ 'ਗੋਰ'

"ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।"

- ਸਲੋ ਫਰ, ੯੭:੨ (1383)

ਗੋਰੀ ------ (1) ਇਸਤ੍ਰੀ, ਸੁੰਦਰ ਰੰਗ ਵਾਲੀ ਇਸਤ੍ਰੀ

"ਗੋਰੀ ਸੇਤੀ ਤੁਟੈ ਭਤਾਰੁ।"

- ਮਾਝ ੧, ਵਾਰ ੧੨ਸ, ੧, ੨:੩ (143)

ਹੋਰ ਰੂਪ:

ਗੋਰੀਏ -

"ਕੀ ਨ ਸੁਣੇਹੀ ਗੋਰੀਏ ਆਪਣ ਕੰਨੀ ਸੋਇ।"

- ਸਿਰੀ ੧, ੨੪, ੩:੧ (23)

(2) ਚਿੱਟੀ

"ਪਾਨੀ ਮੈਲਾ ਮਾਟੀ ਗੋਰੀ।" (ਇਥੇ ਭਾਵ ਹੈ ਨਾਲ, ਸਾਥ)

- ਗਉ ਕਬ, ੬੦, ੧:੧ (336)

(3) ਕਬਰਾਂ ਵਿਚ, ਵੇਖੋ 'ਗੋਰ'

"ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ।"

– ਸਲੋ ਫਰ, ੪੬:੨ (1380)

ਗੋਰੂ ------- ਗਊਆਂ ਦਾ ਵੱਗ
"ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ।"
– ਆਸਾ ਕਬ, ੨੬, ੨:੧ (482)

ਗੋਲ ------- (ਗੋਲਾ ਦਾ ਸੰਖੇਪ, ਗੁਲਾਮ, ਮੁਲ ਖਰੀਦਿਆ ਸੇਵਕ/ਦਾਸ)
"ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ।"
– ਗਉ ੪, ੫੩, ੧*:੨ (168)

ਹੋਰ ਰੂਪ:

ਗੋਲਾ –
"ਤੂੰ ਸਾਚਾ ਸਾਹਿਬੁ ਦਾਸੁ ਤੇਰਾ ਗੋਲਾ।"
– ਮਾਝ ੫, ਅਸ ੩੭, ੮:੨ (132)

ਗੋਲਿਆ –
"ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ।" (ਗੁਲਾਮ)
– ਗੂਜ ੫, ਵਾਰ ੩:੧ (518)

ਗੋਲੀ ------ ਦਾਸੀ, ਮੁਲ ਖਰੀਦੀ ਸੇਵਕ
"ਅਪੁਨੇ ਹਰਿ ਪ੍ਰਭ ਕੀ ਹਉ ਗੋਲੀ।"
– ਗਉ ੪, ੫੩, ੧*:੧ (168)

ਗੋਲੀਆ ---- ਗੁਲਾਮ, ਦਾਸ, ਮੁਲ ਖਰੀਦਿਆ ਸੇਵਕ
"ਜੋ ਸਿਖ ਗੁਰ ਕਾਰ ਕਮਾਵਹਿ ਹਉ ਗੁਲਮੁ ਤਿਨਾ ਕਾ ਗੋਲੀਆ"
– ਗਉ ੪, ਵਾਰ ੧੯ਸ, ੪, ੧:੪ (311)

ਗੋਲੀਐ ----- ਗੋਲੀ
"ਕੋਈ ਮੇਲੈ ਮੇਰਾ ਪ੍ਰੀਤਮੁ ਪਿਆਰਾ ਹਮ ਤਿਸ ਕੀ ਗੁਲ ਗੋਲੀਐ।"
– ਦੇਵ ੪, ੩, ੧:੨ (527)

ਗੋਲੇ ------- ਗੁਲਾਮ
"ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ।"
– ਗਉ ੪, ੬੧, ੪:੨ (171)

ਗੋਵਹਿ ----- ਕਥਨ ਕਰੇ, ਕਹੇ, ਉਚਾਰੇ
"ਗਲੀ ਗਰਬਹਿ ਮੁਖਿ ਗੋਵਹਿ ਗਿਆਨ।"
– ਆਸਾ ੫, ੧੨, ੨:੩ (374)

ਗੋਵਰਧਨ --- (ਸੰ.) ਬਿੰਦਰਾਬਨ ਨੇੜੇ ਇਕ ਪਹਾੜੀ ਜਿਥੇ ਸ੍ਰੀ ਕ੍ਰਿਸ਼ਨ ਜੀ ਗਊਆਂ ਚਰਾਇਆ ਕਰਦੇ ਸੀ, ਇਸ ਨੂੰ ਕ੍ਰਿਸ਼ਨ ਜੀ ਨੇ ਆਪਣੀ ਉਂਗਲੀ ਤੇ ਚੁਕ ਲਿਆ ਸੀ।
"ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ।"
– ਮਾਰੂ ੧, ਸੋਲਾ ੨੦, ੧੦:੧ (1041)

ਗੋਵਰਧਨਧਾਰੀ ਸ੍ਰੀ ਕ੍ਰਿਸ਼ਨ ਭਾਵ ਹਰਿ
"ਰਿਖੀਕੇਸ ਗੋਵਰਧਨਧਾਰੀ ਮੁਰਲੀ ਮਨੋਹਰ ਹਰਿ ਰੰਗਾ।"

– ਮਾਰੂ ੫, ਸੋਲਾ ੧੧, ੧:੩ (1082)

ਗੋਵਿਦ ----- ਪ੍ਰਭੂ, ਪ੍ਰਿਥਵੀ ਦਾ ਮਾਲਕ ਵੇਖੋ ‘ਗੋਬਿਦ’ ‘ਗੋਵਿੰਦ’ (2)
“ਮਨਿ ਸਰਬ ਸੁਖ ਵੁਠੇ ਗੋਵਿੰਦ ਤੁਠੇ ਜਨਮ ਮਰਣਾ ਸਭਿ ਮਿਟਿ ਗਏ।”
– ਸਿਰੀ ੫, ਛੰਤ ੩, ੪:੪ (81)

ਗੋਵਿੰਦ ----- (1) ਕ੍ਰਿਸ਼ਨ
“ਆਖਹਿ ਗੋਪੀ ਤੈ ਗੋਵਿੰਦ।”
– ਜਪੁ ੧, ੨੬:੧੪ (6)

(2) ਪ੍ਰਭੂ, ਵੇਖੋ ‘ਗੋਵਿਦ’
“ਗੁਣ ਗੋਵਿੰਦ ਨਿਤ ਗਾਵਣੇ ਨਿਰਮਲ ਸਾਚੈ ਨਾਇ।”
– ਸਿਰੀ ੫, ੮੧, ੧:੪ (46)

ਹੋਰ ਰੂਪ:

ਗੋਵਿੰਦਹਿ –
“ਸਹਜਿ ਸੁਭਾਇ ਉਪਾਧਿ ਰਹਤ ਹੋਇ ਗੀਤ ਗੋਵਿੰਦਹਿ ਗਾਈਐ।”
– ਗਉ ੫, ਛੰਤ ੪, ੨:੨ (249)

ਗੋਵਿਦਾ –
“ਵਸੁ ਮੇਰੇ ਪਿਆਰਿਆ ਵਸੁ ਮੇਰੇ ਗੋਵਿਦਾ ਹਰਿ ਕਰਿ ਕਿਰਪਾ ਮਨਿ ਵਸੁ ਜੀਉ।”
(ਹੇ ਪ੍ਰਭ)
– ਗਉ ੪, ੬੬, ੩:੧ (173)

ਗੋਵਿੰਦਾ –
“ਮੇਰੇ ਗੋਵਿੰਦਾ ਗੁਣ ਗਾਵਾ ਤ੍ਰਿਪਤਿ ਮਨਿ ਹੋਇ।”
– ਸਿਰੀ ੪, ੬੭, ੧*:੧ (40)

ਗੋਵਿੰਦਿ –
“ਗੁਰਿ ਗੋਵਿੰਦਿ ਕ੍ਰਿਪਾ ਕਰੀ ਰਾਖਿਆ ਮੇਰਾ ਭਾਈ।”
– ਬਿਲਾ ੫, ੭੭, ੧*:੨ (819)

ਗੋਵਿਦੁ –
“ਗੋਵਿਦੁ ਗੁਣੀ ਨਿਧਾਨੁ ਹੈ ਅੰਤੁ ਨ ਪਾਇਆ ਜਾਇ।”
– ਸਿਰੀ ੩, ੫੦, ੧:੧ (32)

ਗੋਵਿੰਦੁ –
“ਹਰਿ ਜਪੀਐ ਆਰਾਧੀਐ ਆਠ ਪਹਰ ਗੋਵਿੰਦੁ।”
– ਸਿਰੀ ੫, ੮੨, ੪:੧ (46)

ਗੋਵਿੰਦੇ –
“ਗਹਿਰ ਗੰਭੀਰ ਬੇਅੰਤ ਗੋਵਿੰਦੇ।”
– ਮਾਝ ੫, ੧੬, ੧:੨ (99)

ਗ੍ਰਸ ------- (1) (ਸੰ.) ਖਾਣਾ, ਨਿਗਲਣਾ
“ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ।”
– ਸਾਰ ੫, ੧੨੯, ੧*:੨ (1229)

ਗ੍ਰਸਟੇ ----- ਭਾਰੀ

"ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ, ਤੁਯੰ ਧਨੇ।"

ਗ੍ਰਸਤ ------- (1) (ਸੰ.) ਪਕੜਨਾ
"ਜਿਉ ਗ੍ਰਸਤ ਬਿਖਈ ਧੰਧੁ।"
– ਬਿਲਾ ੫, ਅਸ ੨, ੮:੪ (838)

(2) ਖਾਈ/ਨਿਗਲੀ ਜਾਣਾ, ਵੇਖੋ 'ਗ੍ਰਸ'
"ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ।"
– ਸਾਰ ੫, ੭੭, ੧:੨ (1219)

(3) ਗ੍ਰਹਿਸਤ
"ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ।"
– ਸਾਰ ੫, ੧੨੩, ੧*:੨ (1227)

ਗ੍ਰਸਤਨ ---- ਘਰ ਬਾਰੀ ਲੋਕ
"ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ।"
– ਗੂਜ ੫, ਅਸ ੧, ੩:੨ (507)

ਗ੍ਰਸਤਿ ----- ਗ੍ਰਹਿ, ਘਰ
"ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ।"
– ਭੈਰ ੫, ੨੭, ੧*:੧ (1143)

ਗ੍ਰਸਨਾ ----- (1) ਫਸਨਾ
"ਪ੍ਰਭ ਸੇਤੀ ਰੰਗਿ ਰਾਤਿਆ ਤਾ ਤੇ ਗਰਭਿ ਨ ਗ੍ਰਸਨਾ।"
– ਬਿਲਾ ੫, ੪੩, ੧:੨ (811)

(2) ਖਾਣਾ, ਨਿਗਲਣਾ, ਵੇਖੋ 'ਗ੍ਰਸ'
"ਪ੍ਰਭੁ ਭਗਤਿ ਵਛਲੁ ਨਹ ਸੇਵਹੀ ਕਾਇਆ ਕਾਕ ਗ੍ਰਸਨਾ।"
– ਬਿਲਾ, ੫, ਛੰਤ ੪, ੩:੨ (848)

ਗ੍ਰਸਿ ------- (1) ਨਿਗਲਣਾ, ਖਾਣਾ, ਵੇਖੋ 'ਗ੍ਰਸ'
"ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।"
– ਸੋਰ ੯, ੧, ੨:੧ (631)

ਹੋਰ ਰੂਪ:

ਗ੍ਰਸਿਆ –
"ਜਬ ਅੰਤੀ ਅਉਸਰੁ ਆਇ ਬਨਿਓ ਹੈ ਉਨੁ ਪੇਖਤ ਹੀ ਕਾਲਿ ਗ੍ਰਸਿਆ।" (ਖਾ ਲਿਆ)
– ਗੂਜ ੫, ੮, ੨:੨ (497)

ਗ੍ਰਸਿਆਨੋ –
"ਜਿਹਵਾ ਰੋਗਿ ਮੀਨੁ ਗ੍ਰਸਿਆਨੋ।" (ਖਾਧੀ ਜਾਂਦੀ ਹੈ)
– ਭੈਰ ੫, ੨੦, ੨:੧ (1140)

ਗ੍ਰਸੀ –
"ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ।"
– ਭੈਰ ਕਬ, ੯, ੨:੨ (1159)

ਗ੍ਰਸੀਏ –

"ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ।"
- ਬਿਲਾ ੫, ੫੬, ੧*:੨ (815)

ਗ੍ਰਸੈ –
"ਸਾ ਵੇਲਾ ਚਿਤਿ ਨ ਆਵੈ ਜਿਤੁ ਆਇ ਕੰਟਕੁ ਕਾਲੁ ਗ੍ਰਸੈ।"
- ਤਿਲੰ ੪, ੨, ੨:੧ (723)

(4) ਫਸਿਆ –
"ਸਤਿਗੁਰ ਬਾਝਹੁ ਮੁਕਤਿ ਨ ਹੋਈ ਕਿਰਤਿ ਬਾਧਾ ਗ੍ਰਸਿ ਦੀਨਾ ਹੇ।"
- ਮਾਰੂ ੧, ਸੋਲਾ ੮, ੯:੩ (1028)

"ਜਿਉ ਜਲ ਤੰਤੁ ਪਸਾਰਿਓ ਬਧਿਕ ਗ੍ਰਸਿ ਮੀਨਾ ਵਸਗਤਿ ਖਰਿਆ।" (ਫਸਾ/ਪਕੜ ਕੇ)
- ਕਾਨ ੪, ੧, ੨:੨ (1294)

ਹੋਰ ਰੂਪ:

ਗ੍ਰਸਿਓ –
"ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।" (ਫਸਿਆ)
- ਆਸਾ ੯, ੧, ੧*:੨ (411)

"ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ।" (ਪਕੜਿਆ)
- ਜੈਤ ੪, ੪, ੧:੨ (697)

ਗ੍ਰਸਿਆ –
"ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ।" (ਫਸਿਆ)
- ਗਉ ੪, ੫੫, ੧*:੨ (169)

ਗ੍ਰਹ ------- (ਸੰ.) ਘਰ
"ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ।"
- ਸਸ ੫, ੧੭:੨ (1355)

ਗ੍ਰਹਣ ------ ਸੂਰਜ ਜਾਂ ਚੰਦ ਦਾ ਧਰਤੀ ਦੇ ਪਰਛਾਵੇਂ ਹੇਠ ਆ ਜਾਣਾ
"ਕੋਟਿ ਗ੍ਰਹਣ ਪੁੰਨ ਫਲ ਮੁਏ।"
- ਗਉ ੫, ੧੫੫, ੧*:੨ (197)

ਹੋਰ ਰੂਪ:

ਗ੍ਰਹਨ –
"ਜੇ ਓਹੁ ਗ੍ਰਹਨ ਕਰੈ ਕੁਲਖੇਤਿ।" (ਗਹਿਣ ਦਾ ਇਸ਼ਨਾਨ)
- ਗੋਂਡ ਰਵਿ, ੨, ੨:੧ (875)

ਗ੍ਰਹਿਓ ----- ਗ੍ਰਹਿ (ਘਰ) ਵਿਚ
"ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ।"
- ਬਿਹਾ ੫, ਛੰਤ ੯, ੩:੧ (548)

ਗ੍ਰਭ ------- ਉਧਰ
"ਏਊ ਜੀਅ ਬਹੁਤੁ ਗ੍ਰਭ ਵਾਸੇ।"

– ਗਉ ੫, ਬਾਅ ੭:੧ (251)

ਗ੍ਰਾਸ ------ ਗ੍ਰਾਹੀਂ, ਲੁਕਮਾ
"ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ।"
– ਗਉ ੫, ੧੫੩, ੧:੧ (213)
"ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ।" (ਪ੍ਰਾਣ ਤੇ ਰੋਟੀ)
– ਗਉ ਕਬ, ੫੬, ੧*:੧ (335)

ਗ੍ਰਾਸਤੇ ----- ਖਾ ਜਾਂਦਾ ਹੈ
"ਛਿਜੰਤ ਮਹਾ ਸੁੰਦਰੀ ਕਾਂਇਆ ਕਾਲ ਕੰਨਿਆ ਗ੍ਰਾਸਤੇ।"
– ਸਸ ੫, ੬੧:੨ (1359)

ਗ੍ਰਾਸਾ ------ ਗ੍ਰਾਹੀ
"ਕਾਲ ਬਿਕਾਲ ਕੀਏ ਇਕ ਗ੍ਰਾਸਾ।" (ਖਾ ਲਏ ਭਾਵ ਮੁਕਾ ਦਿਤੇ)
– ਮਾਰੂ ੧, ਸੋਲਾ ੧੮, ੪:੨ (1038)

ਹੋਰ ਰੂਪ:

ਗ੍ਰਾਸਿ –
"ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ।"
– ਗਉ ੫, ਸੁਖ ੧੯, ੭:੪ (289)

ਗ੍ਰਾਸਿ ------ (1) ਗ੍ਰਾਹੀਂ, ਵੇਖੋ 'ਗ੍ਰਾਸਾ'
(2) ਖਾ ਕੇ
"ਹਉਮੈ ਗ੍ਰਾਸਿ ਇਕਤੁ ਥਾਇ ਕੀਏ।"
– ਆਸਾ ੧, ਅਸ ੮, ੬:੪ (415)

ਹੋਰ ਰੂਪ:

ਗ੍ਰਾਸਿਓ –
"ਪੂਰਬ ਕਮਾਣੇ ਛੋਡਹਿ ਨਾਹੀ ਜਮਦੂਤਿ ਗ੍ਰਾਸਿਓ ਮਹਾ ਭਇਆ।"
– ਰਾਮ ੫, ੫੫, ੨:੨ (900)

ਗ੍ਰਾਸੇ ------ ਪਕੜੇ
"ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ।" (ਕੇਸ ਪਕੜੇ)
– ਸਾਰ ੫, ੧੦੪, ੧:੨ (1224)

ਗ੍ਰਾਸੈ ------ ਖਾ ਜਾਵੇ
"ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ।"
– ਬਿਲਾ ਸਧ, ੧, ੧*:੨ (858)

ਗ੍ਰਾਹ ------ ਤੰਦੂਆ
"ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗ੍ਰਾਹ ਤੇ ਛੂਟਾ।"
– ਸੋਰ ੯, ੪, ੨:੧ (632)
(1979 ਤੋਂ ਬਾਅਦ ਦੀਆਂ ਛਾਪਾਂ ਵਿਚ ਇਹ ਸ਼ਬਦ 'ਗਰਾਹ' ਕਰ ਦਿੱਤਾ ਗਿਆ ਹੈ)

ਗ੍ਰਾਹਜਿ ----- ਗ੍ਰਹਿਣ ਕਰਨਾ, ਧਾਰਨ ਕੀਤਾ, ਅਪਣਾ ਲਿਆ
"ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ।"
- ਸਵ ੨, ੬:੫ (1392)

ਗ੍ਰਾਹਜੁ ----- (1) ਇਕਠਾ ਕਰਨ
"ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੁ ਨ ਲੇਤਾ।"
- ਗਉ ੫, ੧੨੬*, ੨:੨ (206)

(2) (ਸੰ.) ਗ੍ਰਹਿਣ ਕਰਨ ਯੋਗ
"ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ।"
- ਬਿਲਾ ੫, ੮੩, ੧:੧ (820)

ਗ੍ਰਾਮ ------ ਪਿੰਡ
"ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ"
- ਮਾਝ ੫, ਬਾਰਾ ੧:੬ (133)

ਹੋਰ ਰੂਪ:

ਗ੍ਰਾਮੁ –
"ਦੇਹੀ ਕਿਸ ਕੀ ਬਾਪੁਰੀ ਪਵਿਤ੍ਰ ਹੋਇਗੋ ਗ੍ਰਾਮੁ।"
- ਸਲੋ ਕਬ, ੧੧੦:੨ (1370)

ਗ੍ਰਿਸਤ ----- ਗਿਹਸਥ, ਘਰਬਾਰੀ ਜੀਵਨ
"ਵਿਚੇ ਗ੍ਰਿਸਤ ਉਦਾਸ ਰਹਾਈ।"
- ਗੂਜ ੪, ੭, ੨:੨ (494)

ਹੋਰ ਰੂਪ:

ਗ੍ਰਿਸਤਿ –
"ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ।"
- ਸਿਰੀ ੫, ੨੬, ੩:੨ (70)

ਗ੍ਰਿਹ ------ (1) ਸੰ.) ਘਰ
"ਮਨ ਰੇ ਗ੍ਰਿਹ ਹੀ ਮਾਹਿ ਉਦਾਸੁ।"
- ਸਿਰੀ ੩, ੩੫, ੧*:੧ (26)

"ਪ੍ਰਭੁ ਪੂਰਿ ਰਹਿਆ ਸਰਬ ਠਾਈ ਹਰਿ ਨਾਮ ਨਵਨਿਧਿ ਗ੍ਰਿਹ ਭਰੇ।" (ਹਿਰਦੇ ਰੂਪੀ ਘਰ)
- ਰਾਮ ੫, ਰੁਤੀ ੪:੩ (928)

"ਜਾ ਕੈ ਗ੍ਰਿਹ ਮਹਿ ਸਗਲ ਨਿਧਾਨਾ।"
- ਭੈਰ ੫, ੫੫, ੨:੧ (1152)

"ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ।" (ਭਾਵ ਦਿਲ)
- ਸਾਰ ੫, ੧੫, ੪:੨ (1207)

(2) ਸਰੂਪ (ਭਾਵ)
"ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ।"
- ਮਾਝ ੫, ੧੦, ੨:੧ (97)

(3) ਸੰਸਾਰ (ਭਾਵ)
"ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ।" (ਇਸ ਸੰਸਾਰ ਵਿਚ)
- ਗਉ ੫, ੮੯, ੧*:੧ (182)

(4) ਗ੍ਰਿਹਸਤ
"ਵਿਚੇ ਗ੍ਰਿਹ ਗੁਰ ਬਚਨਿ ਉਦਾਸੀ ਹਉਮੈ ਮੋਹੁ ਜਲਾਇਆ।"
- ਗੂਜ ੩, ਵਾਰ ੧੨ਸ, ੩, ੧:੩ (513)
"ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ।" (ਗ੍ਰਿਹਸਤ)
- ਮਾਰੂ ੧, ਅਸ ੭, ੧:੨ (1012)
"ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ।" (ਗ੍ਰਿਹਸਤ ਤੇ ਐਸਵਰਜ਼)
- ਮਾਰੂ ੫, ਅਸ ੭, ੨:੧ (1019)

ਗ੍ਰਿਹਸਤ ---- ਘਰਬਾਰੀ/ਪਰਿਵਾਰਿਕ ਜੀਵਨ
"ਗਿਹਸਤ ਮਹਿ ਸੋਈ ਨਿਰਬਾਨੁ।"
- ਗਉ ੫, ਸੁਖ ੧੪, ੪:੬ (281)

ਗ੍ਰਿਹਸਤੀ --- ਘਰਬਾਰੀ, ਪਰਿਵਾਰਿਕ ਜੀਵਨ ਜਿਊਣ ਵਾਲਾ
"ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਮਹਿ ਜੋਗੀ।"
- ਗੂਜ ੫, ਅਸ ੧, ੩:੨ (507)

ਗ੍ਰਿਹਨ ----- ਘਰਾਂ
"ਜੋ ਜੋ ਨਿੰਦ ਕਰੈ ਇਨ ਗ੍ਰਿਹਨ ਕੀ ਤਿਸੁ ਆਗੈ ਹੀ ਮਾਰੈ ਕਰਤਾਰ।"
- ਬਿਲਾ ੫, ੨੭, ੧:੧ (807)

ਗ੍ਰਿਹਾਰਥ ਕਹ - ਘਰ ਦੇ ਕੰਮ ਕਾਜ
"ਧ੍ਰਿਗ ਸ੍ਨੇਹੰ ਗ੍ਰਿਹਾਰਥ ਕਹ।"
- ਸਸ ੫, ੨:੩ (1354)

ਗ੍ਰਿਹਿ ------ (1) ਘਰ, ਵੇਖੋ 'ਗ੍ਰਿਹ' (1)
"ਜਾ ਕੈ ਗ੍ਰਿਹਿ ਨਵ ਨਿਧਿ ਹਰਿ ਭਾਈ।"
- ਮਾਝ ੫, ੪੮, ੨:੧ (108)
"ਹਰਿ ਧਨੁ ਜਾ ਕੈ ਗ੍ਰਿਹਿ ਵਸੈ।" (ਭਾਵ ਹਿਰਦੇ)
- ਗਉ ੫, ੧੪੭*, ੪:੧ (212)

ਹੋਰ ਰੂਪ:

ਗ੍ਰਿਹੁ -
"ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ।"
- ਸਿਰੀ ੧, ਅਸ ੧੨, ੨:੧ (60)
"ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਉਪਾਈ।" (ਸਰੀਰ)
- ਗਉ ੫, ੧੨੨*, ੩:੧ (205)
"ਗ੍ਰਿਹੁ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ।" (ਸਰੀ ਜਾਂ ਜੀਵਨ ਰੂਪੀ ਘਰ)
- ਸੂਹੀ ੫, ੪, ੧:੧ (737)

(2) ਗ੍ਰਿਹਸਤ
"ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ।"

– ਸਾਰ ੫, ੯੯, ੧:੧ (1223)

ਹੋਰ ਰੂਪ:

ਗ੍ਰਿਹੀ –
“ਜੋਗੀ ਗ੍ਰਿਹੀ ਪੰਡਿਤ ਭੇਖਧਾਰੀ।”
– ਭੈਰ ੩, ੨, ੧:੧ (1128)

ਗ੍ਰਿਹੁ –
“ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ।”
– ਸਲੋ ਕਬ, ੨੪੩:੨ (1377)

ਗੀਖਮ ----- ਗਰਮੀ ਦੀ
“ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।”
– ਰਾਮ ੫, ਰੁਤੀ ੩:੧ (928)

ਗ੍ਰੇਹ ------- ਘਰ
“ਬਨਿਤਾ ਸੁਤ ਦੇਹ ਗ੍ਰੇਹ ਸੰਪਤਿ ਸੁਖਦਾਈ।”
– ਧਨਾ ਕਬ, ੫, ੧:੧ (692)

ਗ੍ਯਾਨ ------ ਗਿਆਨ
“ਦੇਖੌ ਭਾਈ ਗ੍ਯਾਨ ਕੀ ਆਈ ਆਂਧੀ।”
– ਗਉ ਕਬ, ੪੩, ੧*:੧ (331)

ਹੋਰ ਰੂਪ:

ਗ੍ਯਾਨੰ –
“ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ।”
– ਸਸ ੫, ੪੦:੨ (1357)

ਗ੍ਯਾਨਿ –
“ਜਾ ਕਉ ਦੇਖਤ ਦਰਿਦ੍ਰੁ ਜਾਵੈ ਨਾਮੁ ਸੋ ਨਿਧਾਨੁ ਪਾਵੈ ਗੁਰਮੁਖਿ ਗ੍ਯਾਨਿ ਦੁਰਮਤਿ ਮੈਲੁ ਧੋਵੈ ਜੀਉ।”
– ਸਵ ੪, ਨਲ ੧:੪ (1398)

ਗ੍ਯਾਨੀਅਹੁ --- ਹੇ ਗਿਆਨਵਾਨੋ
“ਫੁਨਿ ਪ੍ਰੇਮ ਰੰਗ ਪਾਈਐ ਗੁਰਮੁਖਹਿ ਧਿਆਈਐ ਅੰਨ ਮਾਰਗ ਤਜਹੁ ਭਜਹੁ ਹਰਿ ਗ੍ਯਾਨੀਅਹੁ”
– ਸਵ ੪, ਨਲ ੧੩:੩ (1400)

ਗ੍ਯਾਨੁ ------ ਗਿਆਨ
“ਅੰਕਸੁ ਗ੍ਯਾਨੁ ਰਤਨੁ ਹੈ ਖੇਵਟੁ ਬਿਰਲਾ ਸੰਤੁ।”
– ਸਲੋ ਕਬ, ੨੧੪:੨ (1376)

ਗ੍ਯਿਾਨ ------ ਗਿਆਨ ਰੂਪ ਹਰੀ
“ਕਰਤ ਰਹੇ ਕ੍ਰਤਗ੍ਯ ਕਰੁਣਾ ਮੈ ਅੰਤਰਜਾਮੀ ਗ੍ਯਿਾਨ।”
– ਕਾਨ ੫, ੨੧, ੨:੧ (1302)

ਘ

ਘਸਿ ------ ਰਗੜ ਕੇ
“ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।”
– ਸਿਰੀ ੧, ੬, ੧:੧ (16)

ਹੋਰ ਰੂਪ:

ਘਸਿਆ –
“ਹਰਿ ਹਰਿ ਹਰਿ ਕੀਰਤਿ ਜਗਿ ਸਾਰੀ ਘਸਿ ਚੰਦਨੁ ਜਸੁ ਘਸਿਆ।” (ਮਨੁੱਖੀ ਮਨ ਨਾਲ ਰਗੜ ਖਾਧੀ, ਘਸਿਆ)
– ਕਲਿ ੪, ੨, ੧:੨ (1319)

ਘਸੀਐ –
“ਗੁਰਮੁਖਿ ਜਾਇ ਲਹਹੁ ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ।”
– ਗਉ ੪, ੫੭, ੨:੨ (170)

ਘਸੈ –
“ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ।”
– ਰਾਮ ੩, ਵਾਰ ੨ਸ, ੩, ੨:੨ (947)

ਘਘਾ ------ ਗੁਰਮੁਖੀ ਲਿਪੀ ਦਾ ਨੌਵਾਂ ਅੱਖਰ, ਘ
“ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ।”
– ਗਉ ੫, ਬਾਅ ੨੦:੧ (254)

ਹੋਰ ਰੂਪ:

ਘਘੈ –
“ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ।”
– ਆਸਾ ੧, ਪਟੀ ੮:੧ (432)

ਘੰਙੈ ------ ਗੁਰਮੁਖੀ ਲਿਪੀ ਦਾ ਦਸਵਾਂ ਅੱਖਰ
“ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ।”
– ਆਸਾ ੩, ਪਟੀ ੧:੧ (434)

ਘਚੋਲਾ ----- ਰੌਲਾ, ਸ਼ੋਰ, ਗੜਬੜ
“ਸਬਦੁ ਨ ਸੁਣਈ ਬਹੁ ਰੋਲ ਘਚੋਲਾ।”
– ਗਉ ੪, ਵਾਰ ੨੪ਸ, ੩, ੨:੨ (313)

ਘਟ ------- (1) ਦਿਲ, ਮਨ ਅੰਤਹਕਰਣ
“ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ।”
– ਆਸਾ ੪, ਸੋਪੁ ੧, ੨:੧ (11)

“ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।” (ਦਿਲ ਦੀ, ਅੰਦਰ ਦੀ)
– ਸਿਰੀ ੪, ਵਾਰ ੨੦ਸ, ੧, ੧:੧ (91)

(2) ਸਰੀਰ ਅਥਵਾ ਜੀਵਨ
“ਸਭ ਘਟ ਆਪੇ ਭੋਗਣਹਾਰਾ।”

– ਮਾਝ ੩, ਅਸ ੭, ੧:੧ (113)

"ਸਭ ਘਟ ਤਿਸ ਕੇ ਓਹੁ ਕਰਨੈਹਾਰੁ।" (ਸਰੀਰ, ਵਜੂਦ)

– ਗਉ ੫, ਸੁਖ ੧੩, ੮:੧ (280)

"ਹਰਿ ਜੀਉ ਤੁਧੁ ਨੋ ਸਦਾ ਸਾਲਾਹੀ ਪਿਆਰੇ ਜਿਚਰੁ ਘਟ ਅੰਤਰਿ ਹੈ ਸਾਸਾ।" (ਸਰੀਰ)

– ਸੋਰ ੩, ੪, ੧:੧ (601)

(3) ਪ੍ਰਭੂ (ਭਾਵ)

"ਸਗਲ ਸਮਿਗ੍ਰੀ ਏਕਸੁ ਘਟ ਮਾਹਿ।" (ਇਕੋ ਪ੍ਰਭੂ ਵਿਚ)

– ਗਉ ੫, ਸੁਖ ੨੩, ੧:੩ (293)

(4) ਘੜਾ

"ਘਟ ਫੂਟੇ ਘਟਿ ਕਬਹਿ ਨ ਹੋਈ।" (ਸਰੀਰ ਰੂਪੀ)

– ਗਉ ਕਬ, ਬਾਅ ੧੦:੨ (340)

"ਘਟ ਫੂਟੈ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ।"

– ਆਸਾ ਕਬ, ੯, ੨:੨ (478)

"ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ।"

– ਤਿਲੰ ੯, ੧, ੧*:੨ (726)

(5) ਰਸਤਾ

"ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ।"

– ਗਉ ਰਵਿ, ੧, ੧:੧ (345)

"ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ।" (ਔਖਾ ਰਸਤਾ)

– ਮਾਰੂ ੧, ਸੋਲਾ ੨੧, ੬:੩ (1042)

(6) ਘਾਟੀ

"ਸਤਿਗੁਰੁ ਸਿਮਰਹੁ ਆਪਣਾ ਘਟਿ ਅਵਘਟਿ ਘਟ ਘਾਟ।"

– ਰਾਮ ੫, ਵਾਰ ੯ਸ, ੫, ੨:੧ (961)

(7) ਘੜੀ, ਸਮਾਂ

"ਅਉਘਟ ਕੀ ਘਟ ਲਾਗੀ ਆਇ।" (ਔਖ ਦਾ ਸਮਾਂ ਆ ਗਿਆ)

– ਭੈਰ ਨਾਮ, ੧੦, ੨੧:੨ (1166)

(8) ਥਾਂ, ਸਥਾਨ

"ਸਭ ਕਾਰਣ ਕਰਦਾ ਕਰੇ ਘਟ ਅਉਘਟ ਘਟ ਥਾਪਿ।"

– ਸਾਰ ੪, ਵਾਰ ੬ਸ, ੧, ੨:੪ (1239)

(9) ਸੌਖੇ, ਆਸਾਨ (ਮੁਹਾਵਰੇ ਵਿਚ)

"ਸਭ ਕਾਰਣ ਕਰਤਾ ਕਰੇ ਘਟ ਅਉਘਟ ਘਟ ਥਾਪਿ।" (ਸੌਖੇ)

– ਸਾਰ ੪, ਵਾਰ ੬ਸ, ੧, ੨:੪ (1239)

ਘੰਟਾ ------ **ਘੜਿਆਲ**

"ਘੰਟਾ ਜਾ ਕਾ ਸੁਨੀਐ ਚਹੁ ਕੁੰਟ।"

– ਆਸਾ ੫, ੯੦, ੨:੧ (393)

ਘਟਹਿ ----- **(1) ਕਮ ਹੋਣਾ, ਨਿਯੂਨ ਹੋਣਾ**

"ਤਿਲੁ ਨਹੀ ਬਸਹਿ ਘਟਹਿ ਨ ਘਟਾਏ।"

– ਮਾਰੂ ੫, ਸੋਲਾ ੧੪, ੧੩:੨ (1086)

(2) ਦਿਲ ਵਿਚ
"ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ।"
– ਕੇਦਾ ੫, ੧੫, ੨:੧ (1122)

ਘਟਤ ------ ਘਟਦੀ/ਕਮ ਹੁੰਦੀ ਹੈ
"ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ।"
– ਸਲੋ ੯, ੧੦:੨ (1426)

ਹੋਰ ਰੂਪ:

ਘਟੰਤ –
"ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖੵਤ੍ਰ ਗਗਨੰ।"
– ਸਸ ੫, ੯:੧ (1354)

ਘਟਤਾ –
"ਨਾ ਓਹੁ ਬਢੈ ਨ ਘਟਤਾ ਜਾਇ।"
– ਗਉ ਕਬ, ਥਿਤੀ ੩:੩ (343)

ਘਟਤੁ –
"ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।"
– ਸਿਰੀ ਕਬ, ੧, ੧:੨ (91)

ਘਟਨ ------ ਘਟਨਾ, ਕਮ ਹੋਣਾ
"ਛਣਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ।"
– ਗਉ ੫, ਬਾਅ ੨੧ਸ:੧ (254)

ਘਟਾ ------ (1) ਦਿਲਾਂ
"ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ।"
– ਸਿਰੀ ੫, ੮੫, ੪:੩ (48)

(2) ਜੀਵਾਂ
"ਈਹਾ ਊਹਾ ਸਰਬ ਸੁਖਦਾਤਾ ਸਗਲ ਘਟਾ ਪ੍ਰਤਿਪਾਰੇ।"
– ਗਉ ੫, ੧੩੮*, ੧*:੨ (210)

"ਸਗਲ ਘਟਾ ਕਉ ਦੇਵਹੁ ਦਾਨੁ।"
– ਗਉ ੫, ਸੁਖ ੩, ੭:੪ (266)

(3) ਘੜੇ
"ਸਹਸ ਘਟਾ ਮਹਿ ਏਕੁ ਆਕਾਸੁ।"
– ਸੂਹੀ ੫, ੧, ੩:੧ (736)

(4) ਬਦਲਾਂ ਦਾ ਸਮੂੰਹ
"ਨਾਨਕ ਬਿਜੁਲੀਆ ਚਮਕੰਨਿ ਘੁਰਨਿ ਘਟਾ ਅਤਿ ਕਾਲੀਆ।"
– ਮਾਰੂ ੫, ਵਾਰ ੨੨ਸ, ੨:੧ (1102)

(5) ਜੀਵ, ਲੋਕ
"ਹਮਰਾ ਰਾਜਨ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ।"
– ਸਾਰ ੫, ਅਸ ੧, ੧:੨ (1235)

ਘਟਾਊ ----- (1) ਘੜੀਆਂ
“ਸੁਖ ਘਟਾਊ ਡੂਇ ਇਸੁ ਪੰਧਾਣੂ ਘਰ ਘਣੇ।”
– ਮਾਰੂ ੫, ਵਾਰ ੧੩ਸ, ੫, ੩:੨ (1098)

(2) ਘੜੇ
“ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ।”
– ਮਾਰੂ ੫, ਵਾਰ ੧੪ਸ, ੫, ੨:੧ (1099)

ਘਟਾਈ ---- (1) ਘਟ ਕੀਤੀ
“ਤੁਸਿ ਦਿਤੀ ਪੂਰੇ ਸਤਿਗੁਰੂ ਘਟੇ ਨਾਹੀ ਇਕੁ ਤਿਲੁ ਕਿਸੈ ਦੀ ਘਟਾਈ।”
– ਗਉ ੪, ਵਾਰ ੧੩ਸ, ੪, ੧:੨ (307)

ਹੋਰ ਰੂਪ:

ਘਟਾਏ –
“ਤਿਲੁ ਨਹੀ ਬਧਹਿ ਘਟਹਿ ਨ ਘਟਾਏ।”
– ਮਾਰੂ ੫, ਸੋਲਾ ੧੪, ੧੩:੨ (1086)

(2) ਘਟ (ਹਿਰਦੇ) ਵਿਚ/ਅੰਦਰ
“ਦਿਨੁ ਦਿਨੁ ਆਵੈ ਤਿਲੁ ਤਿਲੁ ਛੀਜੈ ਮਾਇਆ ਮੋਹੁ ਘਟਾਈ।”
– ਪ੍ਰਭਾ ੧, ੧੧, ੩:੧ (1330)

ਘਟਾਘਟ ---- ਸੰਘਣੇ
“ਦਹ ਦਿਸ ਛਤ੍ਰ ਮੇਘ ਘਟਾਘਟ ਦਾਮਨਿ ਚਮਕਿ ਡਰਾਇਓ।”
– ਸੋਰ ੫, ੬੧, ੧:੧ (624)

ਘਟਾਣੇ ----- ਘਟ ਘਟ ਵਿਚ, ਹਰ ਦਿਲ ਵਿਚ
“ਹਭਿ ਰਸ ਮਾਣੇ ਭੋਗ ਘਟਾਣੇ ਆਨ ਨ ਬੀਆ ਕੋ ਥੀਆ।”
– ਸਾਰ ੫, ਛੰਤ ੧, ੨:੪ (1236)

ਘਟਾਵਉ ---- ਘਟ ਕਰੋ
“ਅਨਿਕ ਅਡੰਬਰ ਮਾਇਆ ਕੇ ਬਿਰਥੇ ਤਾ ਸਿਉ ਪ੍ਰੀਤਿ ਘਟਾਵਉ।”
– ਦੇਵ ੫, ੫, ੧:੧ (529)

ਘਟਿ ------ (1) ਦਿਲ
“ਭਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।”
– ਜਪੁ ੧, ੨੯:੧ (6)
“ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ।” (ਦਿਲ ਵਿਚ ਭਾਵ ਅੰਦਰ)
– ਦੇਵ ੫, ੧, ੧:੨ (528)

(2) ਘਟਦਾ
“ਘਟ ਫੂਟੇ ਘਟਿ ਕਬਹਿ ਨ ਹੋਈ।”
– ਗਉ ਕਬ, ਬਾਅ ੧੦ਸ:੨ (340)
“ਮੇਰੀ ਮੇਰੀ ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ।”
– ਵਡ ੩, ੩, ੩:੧ (559)

(3) ਥੋੜਾ

“ਸਭੁ ਕੋ ਆਖੈ ਬਹੁਤ ਬਹੁਤੁ ਘਟਿ ਨ ਆਖੈ ਕੋਇ।”
– ਸਿਰੀ ੧, ੩, ੩:੧ (15)
“ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ।”
– ਆਸਾ ੧, ਵਾਰ ੧੧ਸ, ੧, ੨:੯ (469)
(4) ਸਰੀਰ, ਵਜੂਦ
“ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ।”
– ਸਿਰੀ ੧, ੮, ੧:੨ (17)
“ਤਾ ਤੇ ਰਮਈਆ ਘਟਿ ਘਟਿ ਚੀਨਾ।” (ਹਰ ਵਜੂਦ ਵਿਚ ਵੇਖਿਆ)
– ਗਉ ੫, ਅਸ ੧, ੧:੪ (235)
(5) ਜੀਵ
“ਜਾ ਕੀ ਸੋਭਾ ਘਟਿ ਘਟਿ ਬਨੀ।” (ਹਰ ਜੀਵ ਵਿਚ)
– ਗਉ ੫, ੯੦, ੨:੪ (182)
“ਪ੍ਰਤਿਪਾਲੇ ਪ੍ਰਭੁ ਆਪਿ ਘਟਿ ਘਟਿ ਸਾਰੀਐ।” (ਹਰ ਜੀਵ ਨੂੰ ਪਹੁੰਚਾਉਂਦਾ ਹੈ)
– ਆਸਾ ੫, ੧੦੯, ੨:੧ (398)
“ਗੁਰਮੁਖਿ ਪਾਵੈ ਘਟਿ ਘਟਿ ਭੇਦ।” (ਗੁਰਮੁਖ ਜੀਵਾਂ ਦੇ ਦਿਲਾਂ ਦੇ ਭੇਦ ਜਾਣਦਾ ਹੈ)
– ਰਾਮ ੧, ਸਿਗੋ ੩੭:੨ (942)
(6) ਥਾਂ (ਦੂਜੇ ਘਟਿ ਦੇ ਅਰਥ ਦਿਲਾਂ ਦੇ ਹੈ)
“ਘਟਿ ਘਟਿ ਸੁਰ ਨਰ ਸਹਜ ਸਮਾਧਿ।”
– ਆਸਾ ੧, ਅਸ ੯, ੬:੨ (416)
“ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਵਨ ਛਾਵਨੀ ਨੀਕੀ।” (ਹਰ ਥਾਂ)
– ਮਲਾ ੫, ੨੫, ੨:੧ (1272)

ਘਟਿਓ ----- ਘਟ ਗਿਆ, ਨਿਊਨ ਹੋ ਗਿਆ, ਥੋੜਾ ਹੋ ਗਿਆ
“ਚੰਦਨ ਬਾਸੁ ਭਏ ਮਨ ਬਾਸਨ ਤਿਆਗਿ ਘਟਿਓ ਅਭਿਮਾਨਾਨਾ।”
– ਗਉ ਕਬ, ੭੪, ੨:੨ (339)

ਘਟੀ ------ ਦਿਲਾਂ/ਹਿਰਦਿਆਂ ਵਿਚ
“ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ।”
– ਸਲੋ ੧, ੧੯:੧ (1412)

ਘਟੀਐ ----- ਘਟ ਹੋਈਏ, ਨਿਊਨ ਹੋਈਏ
“ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ”
– ਗਉ ੪, ੫੭, ੫:੨ (170)

ਘਟੁ ------- (1) ਘੜਾ ਵੇਖੋ ‘ਘਟ’ (4)
“ਘਟੁ ਬਿਨਸੈ ਦੁਖੁ ਅਗਲੋ ਜਮੁ ਪਕੜੈ ਪਛੁਤਾਇ।” (ਸਰੀਰ ਰੂਪੀ)
– ਸਿਰੀ ੧, ਅਸ ੧੦, ੫:੩ (59)
“ਕਹੁ ਕਬੀਰ ਛੂਛਾ ਘਟੁ ਬੋਲੈ।” (ਖਾਲੀ ਘੜਾ)
– ਗੋਂਡ ਕਬ, ੧, ੪:੧ (870)
(2) ਰਾਹ, ਰਸਤਾ, ਵੇਖੋ ‘ਘਟ’ (5)
“ਸੋ ਘਟੁ ਛਾਡਿ ਅਵਘਟ ਕਤ ਧਾਵਾ।” (ਸੌਖਾ ਰਾਹ)

– ਗਉ ਕਬ, ਬਾਅ ੧੦:੪ (340)

(3) ਕਮ ਹੋ, ਘਟ ਵੇਖੋ 'ਘਟਿ' (2)

"ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ।"

– ਬਿਹਾ ੫, ਛੰਤ ੪, ੧:੨ (544)

(4) ਸਰੀਰ, ਵੇਖੋ 'ਘਟ' (2)

"ਜੇ ਘਟੁ ਜਾਇ ਤਾ ਭਾਉ ਨ ਜਾਸੀ ਹਰਿ ਕੇ ਚਰਨ ਨਿਵਾਸਾ।"

– ਸੂਹੀ ਕਬ, ੪, ੨:੨ (793)

(5) ਦਿਲ, ਹਿਰਦਾ ਵੇਖੋ 'ਘਟ' (1)

"ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ।"

– ਮਾਰੂ ੧, ੧੧, ੩:੧ (992)

(6) ਜੀਵ ਆਤਮਾ

"ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।"

– ਸਲੋ ਫਰ, ੪੮:੨ (1380)

ਘਟੂਕੇ ----- ਘੜੇ (ਦਿਲ ਰੂਪੀ)

"ਸਿੰਧ ਸਮਾਇਓ ਘਟੂਕੇ ਮਾਹਿ।"

– ਰਾਮ ੫, ੫੧, ੩:੩ (899)

ਘਟੇ ------- (1) ਘਾਟਾ

"ਕਰਣੀ ਬਾਝਹੁ ਘਟੇ ਘਟਿ।"

– ਸਿਰੀ ੧, ੩੦, ੩:੪ (25)

(2) ਦਿਲ ਵਿਚ

"ਆਪਨ ਮੋਹ ਘਟੇ ਘਟਿ ਦੀਨੇ।"

– ਗਉ ੫, ਬਾਅ ੭:੪ (251)

(3) ਸਰੀਰ, ਵਜੂਦ, ਹਸਤੀ

"ਮਿਲਿ ਸੰਤਸੰਗਤਿ ਆਰਾਧਿਆ ਹਰਿ ਘਟਿ ਘਟੇ ਡੀਠਾ ਰਾਮ ਰਾਜੇ।"

– ਆਸਾ ੫, ਛੰਤ ੩, ੧:੨ (454)

ਘਟੈ ------- ਘੱਟ ਹੋਏ

"ਅਉਧ ਘਟੈ ਦਿਨਸੁ ਰੈਣਾਰੇ।"

– ਗਉ ੫, ਸੋਹ ੫, ੧*:੧ (13)

"ਨਾਨਕ ਪੂਰਾ ਜੇ ਕਰੇ ਘਟੈ ਨਾਹੀ ਤੋਲੁ।" (ਘਟ ਨਹੀ ਹੁੰਦਾ)

– ਮਾਝ ੧, ਵਾਰ ੧੭ਸ, ੨, ੨:੫ (146)

ਘਠਾ ------ ਘਸਿਆ

"ਖਾਂਦਿਆਂ ਖਾਂਦਿਆਂ ਮੁਹੁ ਘਠਾ ਪੈਨੰਦਿਆ ਸਭੁ ਅੰਗੁ।"

– ਗੂਜ ੫, ਵਾਰ ੧੯ਸ, ੫, ੨:੧ (523)

ਘੰਡਾ ------ ਸ਼ਰਾਰਤੀ, ਕੁਪਤੇ

"ਗੁਰ ਸੇਵਿਐ ਹਰਿ ਮਹਲੁ ਪਾਇਆ ਮੇਰੀ ਜਿੰਦੁੜੀਏ ਝਖ ਮਾਰਨੁ ਸਭਿ ਨਿੰਦਕ ਘੰਡਾ ਰਾਮ।"

– ਬਿਹਾ ੪, ਛੰਤ ੫, ੪:੩ (541)

ਘਣ ------- (1) ਬਹੁਤ, ਹੋਰ ਵੇਖੋ ‘ਘਣਾ’
“ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ।”
– ਸੂਹੀ ੫, ਛੰਤ ੪, ੧:੧ (779)
(2) ਬਦਲ
“ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।”
– ਰਾਮ ੫, ਰੁਤੀ ੪:੨ (928)

ਘਣਾ ------ ਬਹੁਤ
“ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ।”
– ਸਿਰੀ ੧, ੧੩, ੪:੨ (19)
“ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ।” (ਡੂੰਘਾ ਅਨੰਦ)
– ਸਿਰੀ ੫, ੭੨, ੧:੧ (42)

ਹੋਰ ਰੂਪ:

ਘਣੀ –
“ਸਾਚਿ ਸਹਜਿ ਸੋਭਾ ਘਣੀ ਹਰਿ ਗੁਣ ਨਾਮ ਅਧਾਰਿ।” (ਬਹੁਤ)
– ਸਿਰੀ ੧, ਅਸ ੧੨, ੩:੨ (61)
“ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ।” (ਬਹੁਤੀਆਂ)
– ਸਿਰੀ ੧, ਅਸ ੧੪, ੪:੨ (62)
“ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ।” (ਬਹੁਤ ਸਾਰੀ ਸ੍ਰਿਸ਼ਟੀ)
– ਗਉ ੪, ੪੩, ੧:੨ (165)
“ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨ।” (ਸੰਘਣੀ)
– ਬਸੰ ੧, ੧, ੨:੨ (1168)

ਘਣੇ –
“ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹ।” (ਬਹੁਤੇ)
– ਸਿਰੀ ੩, ਅਸ ੨੦, ੨:੨ (66)

ਘਣੇਰਾ ----- ਘਣਾ, ਬਹੁਤਾ
“ਗੁਰਮੁਖਿ ਮਿਲੁ ਸੋਹਾਗਣੀ ਰੰਗੁ ਹੋਇ ਘਣੇਰਾ ਰਾਮ।”
– ਬਿਲਾ ੪, ਛੰਤ ੧, ੩:੨ (844)

ਹੋਰ ਰੂਪ:

ਘਣੇਰਿਆ –
“ਇਕਨਾ ਮਰਣੁ ਨ ਚਿਤਿ ਆਸ ਘਣੇਰਿਆ।” (ਬਹੁਤ ਸਾਰੀਆਂ)
– ਮਾਝ ੧, ਵਾਰ ੧੧:੧ (143)

ਘਣੇਰੀ –
“ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ।” (ਸੰਘਣੀ, ਬਹੁਤ)
– ਸਿਰੀ ੧, ਅਸ ੧੦, ੨:੨ (59)
“ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ।” (ਬਹੁਤੀ)
– ਮਾਝ ੧, ਅਸ ੧, ੨:੩ (109)

ਘਣੇਰੀਆ –
“ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ।” (ਬਹੁਤ)

– ਗਉ ੧, ਛੰਤ ੨, ੧:੩ (243)

ਘਣੇਰੇ –
“ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ।” (ਬਹੁਤ ਸਾਰੇ)
– ਸਿਰੀ ੩, ੫੯, ੪:੧ (37)

ਘਣੈ ------- **ਬਹੁਤੇ**
“ਮਾਰੈ ਏਕਹਿ ਤਜਿ ਜਾਇ ਘਣੈ।”
– ਗਉ ਕਬ, ਬਾਅ ੨੧:੪ (341)

ਘਣੋ ------- **ਬਹੁਤਾ**
“ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ।”
– ਸਿਰੀ ੧, ੧੯, ੩:੨ (21)

ਹੋਰ ਰੂਪ:

ਘਣੌ –
“ਮੇਰਾ ਪ੍ਰਭੁ ਰਾਗਿ ਘਣੌ ਅਤਿ ਰੂੜੌ।”
– ਪ੍ਰਭਾ ੧, ੧੫, ੧*:੧ (1331)

ਘਤਿ ------ **(1) ਪਾ ਕੇ**
“ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ।”
– ਗਉ ੩, ਵਾਰ ੩੨:੩ (317)

(2) ਪਕੜਕੇ, ਫੜਕੇ
“ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ।”
– ਵਡ ੧, ਅਲਾ ੧, ੧:੨ (579)

(3) ਸੁਟ ਕੇ
“ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ।”
– ਸਲੋ ਫਰ, ੨:੨ (1378)

ਘਤਿਆ ---- **(1) ਦਿਤਾ**
“ਜੋ ਹਰਿ ਨਾਮੁ ਧਿਆਵਹਿ ਤਿਨ ਡਰੁ ਸਟਿ ਘਤਿਆ।”
– ਸੋਰ ੪, ਵਾਰ ੯:੪ (646)

ਹੋਰ ਰੂਪ:

ਘਤੇ –
“ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ।”
– ਬਿਹਾ ੪, ਛੰਤ ੫, ੩:੨ (540)

(2) ਪਾਇਆ
“ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ।”
– ਰਾਮ ਬਸ, ੬:੩ (968)

ਹੋਰ ਰੂਪ:

ਘਤੁ –

“ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।” (ਪਾ)
– ਆਸਾ ੧, ਵਾਰ ੧੫ਸ, ੧, ੧:੨ (471)

ਘਤੇ –
“ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ ਜਿਨਿ ਪੈਰੀ ਆਣਿ ਸਭਿ ਘਤੇ ਰਾਮ।” (ਪਾਏ)
– ਬਿਹਾ ੪, ਛੰਤ ੫, ੩:੪ (541)

ਘਤੈ –
“ਵਟਿ ਧਾਗੇ ਅਵਰਾ ਘਤੈ।” (ਪਾਉਂਦਾ ਹੈ)
– ਆਸਾ ੧, ਵਾਰ ੧੫ਸ, ੧, ੪:੬ (471)

ਘਨ ------- (1) ਬਹੁਤ
“ਸਰਬਸੋ ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ।”
– ਸਿਰੀ ੫, ਛੰਤ ੩, ੩:੫ (81)
“ਜਹ ਆਵਟੇ ਬਹੁਤ ਘਨ ਸਾਥ।”
– ਆਸਾ ੫, ੯੧, ੩:੧ (393)
(‘ਮਹਾਨਕੋਸ਼’ ਇਸ ਦੇ ਅਰਥ ‘ਮੁਦਗਰ, ਲੋਹੇ ਦੇ ਮੂਸਲ’ ਕਰਦਾ ਹੈ)

(2) ਸੰਘਣਾ, ਘਣਾ
“ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।”
– ਗਉ ਕਬ, ੬੬, ੧:੧ (338)

(3) ਬਦਲ, ਮੇਘ
“ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲ ਪੀਵਤ ਬਿਨਸਤ ਤਾਪ।”
– ਆਸਾ ੫, ਛੰਤ ੧੪, ੩:੨ (462)

(4) ਕਾਂਸੀ ਆਦਿ ਧਾਤੁ ਦਾ ਵਾਜਾ
“ਗੀਤ ਰਾਗ ਘਨ ਤਾਲ ਸਿ ਕੂਰੇ।”
– ਬਿਲਾ ੧, ਅਸ ੨, ੩:੧ (832)

(5) ਸਾਰੇ, ਸਭ (ਮਹਾਨਕੋਸ਼)
“ਡੂਬੇ ਨਾਮ ਬਿਨੁ ਘਨ ਸਾਥ।”
– ਮਾਰੂ ੫, ੩੦, ੧*:੧ (1007)

ਘਨਹਰ ----- ਬਦਲ
“ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ।”
– ਮਲਾ ੧, ਅਸ ੧, ੩:੨ (1273)

ਹੋਰ ਰੂਪ:

ਘਨਹਰੁ –
“ਬਿਨੁ ਸਾਵਣ ਘਨਹਰੁ ਗਾਜੈ।”
– ਸੋਰ ਨਾਮ, ੩, ੧:੨ (657)
“ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ।” (ਗੁਰੂ ਦਾ ਉਪਦੇਸ਼)
– ਸਲੋ ਕਬ, ੧੨੪:੧ (1371)

ਘਨਹਾਰੇ ---- ਬਦਲ

"ਮੇਰ ਸੁਮੇਰ ਮੋਰੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ।"
- ਨਟ ੪, ਅਸ ੬, ੪:੨ (983)

ਘਨਘੋਰ ---- ਬਦਲ ਦੀ ਆਵਾਜ਼/ਗਰਜ
"ਸੁਣਿ ਘਨ ਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ।"
- ਮਲਾ ੧, ੨, ੧:੨ (1254)

ਘਨਾ ------ (1) ਕਠਿਨ, ਡਾਢਾ
"ਆਗੈ ਜਮ ਦਲੁ ਬਿਖਮੁ ਘਨਾ।"
- ਗਉ ੧, ੧੪, ੧*:੨ (155)
(2) ਬਹੁਤਾ
"ਕਾਹੇ ਬੋਲਹਿ ਜੋਗੀ ਕਪਟੁ ਘਨਾ।"
- ਗਉ ੧, ੧੫, ੩*:੨ (156)
(3) ਹੇ ਮੇਘ, ਹੇ ਬਲ
"ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ।"
- ਗੂਜ ੩, ਵਾਰ ੨੧ਸ, ੩, ੧:੩ (517)
"ਬਰਸੁ ਘਨਾ ਮੇਰਾ ਮਨੁ ਭੀਨਾ।"
- ਮਲਾ ੧, ੨, ੧*:੧ (1254)

ਘਨਿਹਰ ---- ਬਦਲ
"ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ।"
- ਮਲਾ ੪, ੮, ੨:੧ (1265)
"ਘਨਿਹਰ ਬਰਸਿ ਸਗਲ ਜਗੁ ਛਾਇਆ।"(ਭਾਵ ਗੁਰ ਉਪਦੇਸ਼)
- ਮਲਾ ੫, ੧੧, ੧*:੧ (1268)

ਹੋਰ ਰੂਪ:

ਘਨਿਹਰੁ -
"ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੈ।"
- ਨਟ ੪, ੨, ੩:੨ (975)

ਘਨੀ ------ ਬਹੁਤ
"ਬਿਖੁ ਬਿਖਿਆ ਪਸਰੀ ਅਤਿ ਘਨੀ।"
- ਗਉ ੫, ੧੪੦*, ੨:੧ (210)
"ਕਰਉ ਬੇਨਤੀ ਅਤਿ ਘਨੀ ਇਹੁ ਜੀਉ ਹੋਮਾਗਉ।" (ਬਹੁਤ ਜਿਆਦਾ)

ਘਨੁ ------- ਬੱਦਲ
"ਉਨਵੈ ਘਨੁ ਘਨ ਘਨਿ ਹਰੁ ਗਰਜੈ ਮਨਿ ਬਿਗਸੈ ਮੋਰ ਮੁਰਲੇ।"
- ਨਟ ੪, ੨, ੩:੨ (975)
"ਘਨੁ ਗਰਜਤ ਗੋਬਿੰਦ ਰੂਪ।" (ਭਾਵ ਗੁਰ ਉਪਦੇਸ਼)
- ਮਲਾ ੫, ੨੯, ੧*:੧ (1273)

ਘਨੇ ------- ਬਹੁਤ
"ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ।"

– ਗਉ ਕਬ, ੫੭, ੪:੧ (336)

ਘਨੇਰਾ ----- ਬਹੁਤਾ
“ਮਾਤ ਪਿਤਾ ਸੁਤ ਨੇਹੁ ਘਨੇਰਾ ਮਾਇਆ ਮੋਹੁ ਸਬਾਈ।”
– ਸਿਰੀ ੧, ਪਹ ੨, ੧:੩ (75)

ਹੋਰ ਰੂਪ:

ਘਨੇਰੀ –
“ਦਰਸਨ ਕੀ ਮਨਿ ਆਸ ਘਨੇਰੀ ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ।”
– ਆਸਾ ੫, ੧੫, ੧*:੨ (375)

ਘਨੇਰੀ ----- (1) ਬਹੁਤ, ਵੇਖੋ ‘ਘਨੇਰਾ’

ਹੋਰ ਰੂਪ:

ਘਨੇਰੀਆ –
“ਕੋਈ ਗਲਾ ਕਰੇ ਘਨੇਰੀਆ ਜਿ ਘਰਿ ਵਥੁ ਹੋਵੈ ਸਾਈ ਖਾਇ।”
– ਗਉ ੪, ਵਾਰ ੭ਸ, ੪, ੨:੨ (303)

ਘਨੇਰੇ –
“ਤੁਮਰੀ ਕ੍ਰਿਪਾ ਤੇ ਸੁਖ ਘਨੇਰੇ”
– ਗਉ ੫, ੧੩੫, ੨:੨ (193)

ਘਨੇਰੈ –
“ਨਾਮੁ ਅਧਾਰੁ ਦੀਜੈ ਨਾਨਕ ਕਉ ਆਨਦ ਸੂਖ ਘਨੇਰੈ।”
– ਦੇਵ ੫, ੧੨, ੨:੨ (530)

ਘਨੇਰੋ –
“ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ।”
– ਮਾਰੂ ੩, ਵਾਰ ੧੩ਸ, ੧, ੧:੧ (1090)

(2) ਬਹੁਤ ਲੁਕਾਈ
“ਗੁਰਸਿਖਾ ਕੀ ਭੁਖ ਸਭ ਗਈ ਤਿਨ ਪਿਛੈ ਹੋਰ ਖਾਇ ਘਨੇਰੀ।” (ਬਹੁਤ ਲੁਕਾਈ)
– ਆਸਾ ੪, ਛੰਤ ੧੯, ੩:੩ (451)

(3) ਚੰਗਾ
“ਉਨਿ ਭੀ ਭਿਸਤਿ ਘਨੇਰੀ ਪਾਈ।”
– ਭੈਰ ਕਬ, ੧੫, ੨:੪ (1161)

(4) ਵਡੀ
“ਦੁਸਟ ਸਭਾ ਮਿਲਿ ਮੰਤਰ ਉਪਾਇਆ ਕਰਸਹ ਅਉਧ ਘਨੇਰੀ।”
– ਭੈਰ ਨਾਮ, ੯, ੩:੧ (1165)

(5) ਲੰਮੀ
“ਪੈਡੇ ਬਿਨੁ ਬਾਟ ਘਨੇਰੀ”
– ਬਸੰ ਕਬ, ੩, ੩:੨(1194)

ਘਨੈ ------- ਸੰਘਣੇ
“ਮਨੁ ਘਨੈ ਭ੍ਰਮੈ ਬਨੈ।”
– ਮਲਾ ੫, ੨੪, ੧*:੧ (1272)

ਘਨੋ ------- ਬਹੁਤ

"ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ।"

– ਗਉ ੫, ਬਾਅ ੨੪ਸ:੧ (255)

ਅਬੁ ------ (1) ਘਰ

"ਅਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ।"

– ਗਉ ੫, ੭:੧ (1364)

(2) ਘਰ ਦਾ ਮਾਲ

"ਇਹੁ ਦੀਵੀ ਅੰਧ ਘੋਰੁ ਅਬੁ ਮੁਹਾਈਐ।"

– ਸੂਹੀ ੧, ਅਸ ੪, ੫:੧ (752)

ਘਰ ------- (1) ਸਾਸ਼ਤਰ

"ਛਿਅ ਘਰ ਛਿਅ ਗੁਰ ਛਿਅ ਉਪਦੇਸ।"

– ਆਸਾ ੧, ਸੋਹ ੨, ੧:੧ (12)

(2) ਗ੍ਰਹਿ, ਨਿਵਾਸ ਸਥਾਨ

"ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ।"

– ਸਿਰੀ ੧, ੭, ੪:੧ (16)

"ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ।"

– ਸਿਰੀ ੧, ਅਸ ੧੬, ੫:੩ (63)

"ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ।" (ਭਾਵ ਨੇੜੇ ਹੁੰਦਿਆਂ ਵੀ)

– ਗੂਜ ੩, ਵਾਰ ੬ਸ, ੩, ੧:੨ (510)

(3) ਮਨ, ਦਿਲ, ਅੰਤਹਕਰਣ, ਹਿਰਦੇ

"ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ।"

– ਸਿਰੀ ੧, ੧੨, ੪:੧ (18)

"ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।" (ਆਪਣੇ ਅੰਦਰੋਂ ਹੀ)

– ਮਾਝ ੫, ੮, ੪:੨ (97)

"ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ।"

– ਸੋਰ ੧, ਅਸ ੧, ੧:੩ (634)

(4) ਗ੍ਰਹਿਸਤ

"ਹਰਿ ਸੇਤੀ ਮਨੁ ਰਵਿ ਰਹਿਆ ਘਰ ਹੀ ਮਾਹਿ ਉਦਾਸੁ।"

– ਸਿਰੀ ੩, ੩੪, ੪:੨ (26)

"ਘਰ ਹੀ ਵਿਚਿ ਮਹਲੁ ਪਾਇਆ ਗੁਰ ਸਬਦੀ ਵੀਚਾਰਿ।" (ਗ੍ਰਹਿਸਤ ਵਿਚ ਹੀ ਨਿਜਸਥਾਨ/ਨਿਰਵਾਨ ਪਦ) ਪਾ ਲਿਆ

– ਸਿਰੀ ੩, ੪੨, ੨:੩ (30)

(5) ਘਰ ਦੇ ਭਾਵ ਅਸਲੀ

"ਜੋ ਗੁਰ ਕੀ ਜਨੁ ਸੇਵਾ ਕਰੇ ਸੋ ਘਰ ਕੈ ਕੰਮਿ ਹਰਿ ਲਾਇਆ।"

– ਗਉ ੪, ੪੮, ੧:੩ (166)

(6) ਮਨੁੱਖਾ ਜਨਮ, ਇਸ ਸਰੀਰ

"ਜੀਤ ਹਾਰ ਕੀ ਸੋਝੀ ਕਰੀ। ਤਉ ਇਸੁ ਘਰ ਕੀ ਕੀਮਤਿ ਪਰੀ।"

– ਗਉ ੫, ਅਸ ੧, ੭:੪ (236)

"ਐਸੇ ਘਰ ਹਮ ਬਹੁਤੁ ਬਸਾਏ।" (ਐਸੀਆਂ ਕਈ ਜੂਨਾਂ ਭੋਗੀਆਂ)

– ਗਉ ਕਬ, ੧੩, ੧*:੧ (326)

"ਸੁਖ ਘਟਾਊ ਡੂਇ ਇਸੁ ਪੰਧਾਣੂ ਘਰ ਘਣੇ।" (ਜੂਨਾਂ, ਜਨਮ)

– ਮਾਰੂ ੫, ਵਾਰ ੧੩ਸ, ੫, ੩:੨ (1098)

(7) ਗੋਲਕਾਂ

"ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ।" (ਨੱਕ ਕੰਨ ਆਦਿ ਇੰਦ੍ਰੇ)

– ਗਉ ਕਬ, ੭੩, ੩:੧ (339)

(8) ਸ੍ਵੈ ਸਰੂਪ

"ਉਲਟ ਭਈ ਘਰੁ ਘਰ ਮਹਿ ਆਨਿਆ।" ('ਘਰੁ' ਮਨ ਨੂੰ)

– ਆਸਾ ੧, ੧੨, ੪:੨ (352)

"ਬਾਹਰਿ ਜਾਦਾ ਘਰ ਮਹਿ ਆਨਿਆ।"

– ਬਸੰ ੩, ੧੧, ੨:੪ (1175)

(9) ਵਾਹਿਗੁਰੂ ਦੀ ਹਜ਼ੂਰੀ (ਭਾਵ) ਅਸਲ ਨਿਵਾਸ ਸਥਾਨ

"ਜਿਹ ਘਰ ਮਹਿ ਤੁਧੁ ਰਹਨਾ ਬਸਨਾ ਸੋ ਘਰੁ ਚੀਤਿ ਨ ਆਇਓ।"

– ਮਾਰੂ ੫, ਅਸ ੧, ੩:੧ (1017)

"ਇਹੁ ਮਨੁ ਸਬਦਿ ਨ ਭੇਦਿਓ ਕਿਉ ਹੋਵੈ ਘਰ ਵਾਸੁ।"

– ਸਲੋ ੩, ੩੧:੩ (1416)

(10) ਇਸਤ੍ਰੀ, ਪੁਤ, ਧੀ

"ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ।"

– ਮਲਾ ੧, ਵਾਰ ੨੫ਸ, ੧, ੨:੧੨ (1290)

ਘਰਹਾਈ --- ਘਰ ਵਾਲਾ ਭਾਵ ਮਨ (ਸ਼ਬਦਾਰਥ), ਘਰ ਬਰਬਾਦ ਕਰਨ ਵਾਲਾ (ਮਹਾਨਕੋਸ਼) ਘਰ ਵਿਚ ਹੀ (ਦਰਪਣ/ਨਿਰਣੈ)

"ਜੌ ਕਰਿ ਪਾਚਨੁ ਬੇਗਿ ਨ ਪਾਵੈ ਝਗਰੁ ਕਰੈ ਘਰਹਾਈ।"

– ਗਉ ਕਬ, ੫੪, ੨:੨ (335)

ਘਰਹਿ ----- ਘਰ ਭਾਵ ਸ੍ਵੈ ਸਰੂਪ ਵਿਚ ਹੀ

"ਬੂਝੀ ਤਪਤਿ ਘਰਹਿ ਪਿਰੁ ਪਾਇਆ।"

– ਸੂਹੀ ੫, ੫, ੪:੨ (737)

ਘਰਗੋਲੇ ---- ਘਰ ਦੇ ਗੁਲਾਮ

"ਕਰਿ ਕਿਰਪਾ ਕੀਨੇ ਘਰਗੋਲੇ।"

– ਮਾਰੂ ੫, ਸੋਲਾ ੧, ੧੨:੨ (1072)

ਘਰ ਬਾਰ --- ਘਰ ਤੇ ਉਸ ਦੀ ਸੰਪਤੀ

"ਸਤਿਗੁਰ ਕਰ ਦੀਨੇ ਅਸਥਿਰਿ ਘਰ ਬਾਰ।" (ਟੱਬਰ ਟੋਰ)

– ਬਿਲਾ ੫, ੨੭, ੧*:੧ (807)

"ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ।" (ਘਰ ਤੇ ਘਰ ਦੀਆਂ ਵਸਤੂਆਂ)

– ਬਿਲਾ ੫, ੩੧, ੧:੧ (808)

ਹੋਰ ਰੂਪ:

ਘਰਬਾਰਾ –
“ਸਾਚੀ ਸੰਗਤਿ ਥਾਨੁ ਸਚੁ ਸਚੇ ਘਰਬਾਰਾ।”
– ਮਾਰੂ ੧, ਅਸ ੧, ੬:੧ (1009)

ਘਰਬਾਰੀ --- ਘਰਬਾਰ ਵਾਲਾ, ਗ੍ਰਹਿਸਤੀ
“ਇਕਿ ਉਦਾਸੀ ਇਕਿ ਘਰਬਾਰੀ।”
– ਮਾਰੂ ੫, ਸੋਲਾ ੬, ੩:੨ (1077)

ਘਰਬਾਰੁ ---- ਗ੍ਰਹਿਸਤ
“ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ।”
– ਆਸਾ ੧, ਵਾਰ ੧੧ਸ, ੧, ੧:੮ (469)

ਘਰਬਾਰੋ ---- ਘਰ, ਨਿਵਾਸ ਸਥਾਨ
“ਗਲਿ ਸੰਗਲੁ ਸਿਰਿ ਮਾਰੇ ਊਭੌ ਨ ਦੀਸੈ ਘਰਬਾਰੋ।”
– ਵਡ ੧, ਅਲਾ ੪, ੩:੪ (581)

ਘਰਰਿ ----- ਘਰੜ ਕੇ, ਘਸਾ ਕੇ
“ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁੜਾਇ।”
– ਸਲੋ ਕਬ, ੨੫:੨ (1365)

ਘਰਵਾਸੁ ---- ਘਰ ਦਾ ਵਾਸਾ, ਅੰਤਹਕਰਣ ਵਿਚ ਵਾਸਾ।
“ਤੈ ਸਹ ਨਾਲਿ ਘਰੂਅਣਾ ਕਿਉ ਥੀਵੈ ਘਰਵਾਸੁ।”

ਘਰਾਹੁ ----- ਮਨ ਵਿਚੋਂ, ਦਿਲ ਵਿਚੋਂ
“ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ।”
– ਸਿਰੀ ੧, ੧੧, ੧:੧ (18)

ਘਰਿ ------ (1) ਗ੍ਰਹਿ ਵਿਖੇ, ਨਿਵਾਸ ਸਥਾਨ ਤੇ
“ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।”
– ਜਪੁ ੧, ੫:੬ (2)
“ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ।” (ਭਾਵ ਮੌਤ ਦੇ ਸਹਿਮ, ਮੌਤ ਦੀ ਪਕੜ)
– ਗਉ ੧, ਅਸ ੧੪, ੧:੧ (227)
“ਬਾਹਰਿ ਬੈਲੁ ਗੋਨਿ ਘਰਿ ਆਈ।” (ਘਰ ਭਾਵ ਅੰਦਰ ਆ ਪਹੁੰਚੀ ਹੈ)
– ਆਸਾ ਕਬ, ੨੨, ੪:੨ (481)
(2) (ਮਨ ਦੀ) ਹਾਲਤ
“ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ।”
– ਗਉ ੧, ਸੋਹ ੧, ੧:੧ (12)
“ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ।” (ਹਾਲਾਤ)
– ਸਿਰੀ ੧, ੧੮, ੨:੧ (21)
“ਜਿਤੁ ਜਿਤੁ ਘਰਿ ਰਾਖੈ ਤੈਸਾ ਤਿਨ ਨਾਉ।” (ਹਾਲਤ, ਥਾਂ)
– ਗਉ ੫, ਸੁਖ ੯, ੮:੨ (275)
“ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।” (ਕਿਸ ਹਾਲਤ ਵਿਚ)
– ਗਉ ਕਬ, ੧੮, ੧:੧ (327)

(3) ਆਤਮ ਸਰੂਪ
"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।"
- ਗਉ ੫, ਸੋਹ ੫, ੩:੨ (13)

(4) ਹਿਰਦੇ/ਮਨ ਵਿਚ
"ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ।"
- ਸਿਰੀ ੩, ੪੯, ੨:੧ (32)

(5) ਅਸਲੀ ਘਰ, ਪ੍ਰਭੂ ਦੀ ਹਜ਼ੂਰੀ
"ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ।"
- ਸਿਰੀ ੩, ੫੯, ੧*:੨ (37)
"ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ।"
- ਗਉ ੫, ਵਾਰ ੧੭:੪ (322)

(6) ਸਰੂਪ
"ਨਿਰਭਉ ਕੈ ਘਰਿ ਤਾੜੀ ਲਾਵੈ।" (ਨਿਰਭਉ ਹਰੀ ਦੇ ਸਰੂਪ ਵਿਚ)
- ਗਉ ੧, ਅਸ ੧੩, ੫:੨ (226)

(7) ਸਰੀਰ
"ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ।" (ਹਰ ਸਰੀਰ ਵਿਚ)
- ਗਉ ੧, ੧੮, ੧:੨ (229)

ਘਰਿਆ ---- ਘੜਿਆ, ਬਣਾਇਆ
"ਇਸੁ ਪਾਨੀ ਤੇ ਜਿਨਿ ਤੂ ਘਰਿਆ।"
- ਰਾਮ ੫, ਅਸ ੨, ੧:੧ (913)

ਘਰਬਾਰਿ --- ਘਰ ਦੇ ਦਰਵਾਜ਼ੇ ਉਪਰ
"ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ"
- ਸਿਰੀ ੧, ਅਸ ੬, ੨:੨ (56)

ਘਰੀ ------ (1) ਘਰਾਂ ਅੰਦਰ, ਰਬੀ ਹਜ਼ੂਰੀ ਵਿਚ
"ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ।"
- ਸਿਰੀ ੪, ਵਾਰ ੧, ੧੯:੩ (90)
"ਹਰਿ ਭਗਤਾਂ ਨੋ ਥਿਰੁ ਘਰੀ ਬਹਾਲਿਅਨੁ ਅਪਣੀ ਪੈਜ ਰਖਾਈ।"
- ਗਉ ੪, ਵਾਰ ੩੦ਸ, ੪, ੨:੪ (316)

(2) ਘੜੀ, ਪਲ, ਸਮਾਂ
"ਸਫਲ ਮੂਰਤੁ ਸਫਲ ਓਹ ਘਰੀ।"
- ਗਉ ੫, ੧੨੯, ੨:੧ (191)

ਹੋਰ ਰੂਪ:

ਘਰੀਅ –
"ਰਾਮ ਨਾਮ ਬਿਨੁ ਘਰੀਅ ਨ ਜੀਵਉ।"
- ਆਸਾ ਨਾਮ, ੩, ੨:੨ (405)

ਘਰੀਆਂ –
"ਦਿਨ ਤੇ ਪਹਰ ਪਹਰ ਤੇ ਘਰੀਆਂ ਆਵ ਘਟੈ ਤਨੁ ਛੀਜੈ।"
- ਧਨਾ ਕਬ, ੨, ੧:੧ (691)

(3) ਹਿਰਦੇ ਰੂਪ ਘਰ
"ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ ਵਸਾਇਸੀ।"
– ਗਉ ੪, ਵਾਰ ੧੯ਸ, ੪, ੧:੨ (310)

(4) ਘਰਾਂ ਨੂੰ
"ਜਿਨ੍ ਕੇ ਬੰਕੇ ਘਰੀ ਨ ਆਇਆ ਤਿਨ੍ ਕਿਉ ਰੈਣਿ ਵਿਹਾਣੀ।"
– ਆਸਾ ੫, ਅਸ ੧੨, ੬:੩ (418)

(5) ਘਰ ਵਿਚ
"ਏਤੇ ਜੀਅ ਜਾਂ ਚੈ ਹਹਿ ਘਰੀ।"
– ਮਲਾ ਨਾਮ, ੧, ੫:੨ (1292)

ਘਰੁ ------- (1) ਗ੍ਰਿਹ, ਨਿਵਾਸ ਸਥਾਨ
"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।"
– ਜਪੁ ੧, ੨੭:੧ (6)
"ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ।"
– ਰਾਮ ੫, ਵਾਰ ੧੯:੪ (965)

(2) ਸਰੀਰ
"ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ।"
– ਸਿਰੀ ੧, ੧੨, ੨:੨ (18)

(3) ਸਰੂਪ
"ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ।"
– ਗਉ ੧, ੨, ੧:੧ (151)

(4) ਹਿਰਦਾ, ਦਿਲ
"ਕਰਿ ਕਿਰਪਾ ਘਰੁ ਮਹਲੁ ਦਿਖਾਇਆ।"
– ਗਉ ੧, ੯, ੪:੨ (153)

(5) ਪ੍ਰਭੂ ਦੀ ਹਜ਼ੂਰੀ (ਭਾਵ)
"ਗੁਰ ਤੇ ਵਾਟ ਮਹਲੁ ਘਰੁ ਪਾਏ।"
– ਆਸਾ ੧, ਅਸ ੫, ੩:੩ (414)
"ਗੁਰ ਤੇ ਘਰੁ ਦਰੁ ਪਾਇਆ ਭਗਤੀ ਭਰੇ ਭੰਡਾਰਾ।"
– ਆਸਾ ੩, ਅਸ ੨੬, ੨:੨ (424)
"ਘਰੈ ਅੰਦਰਿ ਕੋ ਘਰੁ ਪਾਏ।"
– ਮਾਰੂ ੩, ਸੋਲਾ, ੨੪, ੧੦:੧ (1068)

(6) ਅਵਸਥਾ, ਹਾਲਤ
"ਗੁਰਮੁਖਿ ਭਗਤਿ ਸਹਜ ਘਰੁ ਪਾਈਐ।"
– ਧਨਾ, ੧, ਅਸ ੨, ੧*:੧ (686)

(7) ਘਰਦਰ ਦਾ ਸੰਖੇਪ, ਭਾਵ ਦਰ
"ਸੋ ਅਰੁ ਸੇਵਿ ਜਿਤੁ ਉਧਰਹਿ ਮੀਤ।" (ਉਹ 'ਘਰਦਰ' ਮਲੀ ਰਖ)
– ਰਾਮ ੫, ੪੮, ੧*:੧ (898)

(8) ਗ੍ਰਿਹਸਤ –
"ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ।"
– ਮਾਰੂ ੧, ਅਸ ੭, ੧:੧ (1012)

(9) ਹਰੀ ਦਾ ਵਾਸਾ
"ਘਰ ਮਹਿ ਘਰੁ ਜੋ ਦੇਖਿ ਦਿਖਾਵੈ।"
– ਬਸੰ ੧, ੪, ੫:੧ (1189)
"ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ।"
– ਮਲਾ ੧, ਵਾਰ ੨੭ਸ, ੧, ੧:੧ (1290)

ਘਰੂਆ ----- ਘਰ, ਗ੍ਰਿਹ
"ਬਲੂਆ ਕੇ ਘਰੂਆ ਮਹਿ ਬਸਤੇ ਫੁਲਾਵਤ ਦੇਹ ਅਇਆਨੇ।"
– ਕੇਦਾ ਕਬੁ, ੪, ੪:੧ (1124)

ਘਰੇ ------- (1) ਘਰ ਵਿਚ ਹੀ
"ਕਹਾ ਚਲਹੁ ਮਨ ਰਹਹੁ ਘਰੇ।" (ਅੰਦਰ ਰਹਿ ਭਾਵ ਅੰਦਰ ਵਿਚਾਰ ਕਰਨ ਦੀ ਬਿਰਤੀ ਬਣਾ)
– ਆਸਾ ੧, ਅਸ ੭, ੧*:੧ (414)

ਹੋਰ ਰੂਪ:

ਘਰੈ –
"ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ।"
– ਸਿਰੀ ੩, ੩੫, ੨:੧ (26)

(2) ਘਰ
"ਹਮ ਘਰੇ ਸਾਚਾ ਸੋਹਿਲਾ ਸਾਚੈ ਸਬਦਿ ਸੁਹਾਇਆ ਰਾਮ।"
– ਆਸਾ ੩, ਛੰਤ ੬, ੧:੧ (439)

ਘਲੇ ------- ਭੇਜੇ
"ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੇ ਕੋਇ।"
– ਸੂਹੀ ੧, ੫, ੪:੧ (729)

ਹੋਰ ਰੂਪ:

ਘਲੈ –
"ਹਰਿ ਕਿਰਪਾ ਤੇ ਹਰਿ ਪਾਈਐ ਜਾ ਆਪਿ ਹਰਿ ਘਲੈ"
– ਮਾਰੂ ੩, ਵਾਰ ੧੫:੫ (1091)

ਘੜਣ ----- ਰਚਨ, ਬਣਾਉਣ, ਹੋਰ ਵੇਖੋ 'ਘੜਨ'
"ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ।"
– ਗਉ ੪, ਵਾਰ ੩੨ਸ, ੫, ੧:੧ (317)

ਘੜਥਲੀ ---- ਘੜੇ ਰੱਖਣ ਦੀ ਥਾਂ, ਘੜੌਂਜੀ
"ਸਪਤ ਸਮੁੰਦ ਜਾਂ ਚੈ ਘੜਥਲੀ।"
– ਮਲਾ ਨਾਮ, ੧, ੪:੪ (1292)

ਘੜਨ ------ ਰਚਨ, ਬਣਾਉਣ
"ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ।"
– ਰਾਮ ੫, ਵਾਰ ੫ਸ, ੫, ੧:੫ (958)

ਘੜਾ ------ ਘਟ, ਕੁੰਭ, ਮਿੱਟੀ ਦਾ ਪਾਣੀ ਭਰ ਕੇ ਰਖਨ ਵਾਲਾ ਬਰਤਨ

"ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ।"

– ਸਲੋ ਫਰ, ੪੨:੧ (1380)

ਘੜਾਇ ---- ਘੜਦਾ, ਰਚਦਾ, ਬਣਾਉਂਦਾ

"ਸੇ ਕੰਠਿ ਲਾਏ ਜਿ ਭੰਨਿ ਘੜਾਇ।"

– ਸਾਰ ੪, ਵਾਰ ੨੫ਸ, ੩, ੧:੪ (1247)

ਹੋਰ ਰੂਪ:

ਘੜਾਇਦਾ –

"ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ।"

– ਮਾਰੂ ੩, ਸੋਲਾ ੧੮, ੨:੩ (1061)

ਘੜਾਈਐ –

"ਜਿਤੁ ਘਟਿ ਸਚੁ ਨ ਪਾਇ ਸੁ ਭੰਨਿ ਘੜਾਈਐ।"

– ਮਾਝ ੧, ਵਾਰ ੧੭:੪ (146)

ਘੜਾਵੈ ----- ਘੜਦਾ ਹੈ, ਸਾਧਦਾ ਹੈ

"ਗੁਰਮੁਖਿ ਬਾਣੀ ਅਘੜੁ ਘੜਾਵੈ"

– ਰਾਮ ੧, ਸਿਗੋ ੨੭:੨ (941)

ਘੜਿ ------ ਰਚ, ਬਣਾ ਕੇ, ਘੜ ਕੇ

"ਤੂੰ ਆਪੇ ਹੀ ਘੜਿ ਭੰਨਿ ਸਵਾਰਹਿ ਨਾਨਕ ਨਾਮਿ ਸੁਹਾਵਣਿਆ।"

– ਮਾਝ ੩, ਅਸ ੬, ੮:੩ (113)

ਹੋਰ ਰੂਪ:

ਘੜਿਓ –

"ਸਤਿਗੁਰ ਕੈ ਭੈ ਭੰਨਿ ਨ ਘੜਿਓ ਰਹੈ ਅੰਕਿ ਸਮਾਏ।"

– ਬਿਹਾ ੪, ਵਾਰ ੪ਸ, ੩, ੨:੩ (549)

"ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ।" (ਸੰਵਾਰਿਆ)

– ਮਾਰੂ ੫, ੧੨, ੩:੨ (1002)

ਘੜਿਆ –

"ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ।"

– ਮਾਰੂ ਜੈਦੇ, ੧, ੧:੨ (1106)

ਘੜੀ ------- (1) ਪਲ, ਸਮੇਂ ਦੀ ਵੰਡ ਦੀ ਇਕ ਨਿਕੀ ਇਕਾਈ

"ਤਿਸੁ ਬਿਨੁ ਘੜੀ ਨ ਜੀਵਦੀ ਦੁਖੀ ਰੈਣਿ ਵਿਹਾਇ।"

– ਸਿਰੀ ੩, ੫੬, ੩:੨ (35)

"ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ।" (ਸਮਾਂ)

– ਧਨਾ ੫, ੪੬, ੧:੧ (682)

"ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ।"

– ਰਾਮ ੫, ਰੁਤੀ ੧:੨ (927)

ਹੋਰ ਰੂਪ:

ਘੜੀਆ –
“ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।”
– ਆਸਾ ੧, ਸੋਹ ੨, ੨:੧ (12)

(2) ਬਣਾਈ, ਰਚੀ
“ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ।”
– ਮਾਝ ੧, ਵਾਰ ੨ਸ, ੧, ੧:੫ (138)

ਹੋਰ ਰੂਪ:

ਘੜੀਅਹਿ –
“ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।” (ਸਿਰਜੀਏ)
– ਜਪੁ ੧, ੩੫:੪ (7)
“ਦਰਗਹ ਘੜੀਅਹਿ ਤੀਨੇ ਲੇਖ।” (ਭਾਵ ਲਿਖੇ ਜਾਂਦੇ ਹਨ)
– ਧਨਾ ੧, ੭, ੧:੩ (662)

(3) ਘੜਾ
“ਲਾਜੁ ਘੜੀ ਸਿਉ ਤੂਟਿ ਪੜੀ ਉਠਿ ਚਲੀ ਪਨਿਹਾਰੀ।”
– ਗਉ ਕਬ, ੫੦, ੨:੨ (333)
“ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ।” (ਦੇਹ ਰੂਪੀ ਘੜਾ)
– ਸਲੋ ਫਰ, ੬੮:੧ (1381)

ਘੜੀਆਲ --- ਘੰਟਾਂ, ਸਮੇਂ ਦਾ ਸੰਕੇਤ ਦੇਣ ਵਾਲੀ, ਵਡੀ ਤਵੀ ਦੀ ਸ਼ਕਲ ਵਾਲੀ ਧਾਤ ਦੀ ਚੀਜ਼ ਜਿਸ ਨੂੰ ਹਥੋੜੇ ਨਾਲ ਮਾਰ ਮਾਰ ਕੇ ਸਮੇਂ ਦਾ ਸੰਕੇਤ ਦਿਤਾ ਜਾਂਦਾ ਹੈ
“ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ।”
– ਸਲੋ ਫਰ, ੪੦:੨ (1379)

ਹੋਰ ਰੂਪ:

ਘੜੀਆਲੁ –
“ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ।”
– ਮਾਰੂ ੩, ਵਾਰ ੪ਸ, ੩, ੧:੩ (1088)

ਘੜੀਐ ----- ਬਣਾਈ/ਸਿਰਜੀ ਜਾਂਦੀ ਹੈ
“ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।”
– ਜਪੁ ੧, ੩੬:੪ (7)

ਘੜੀਏ ----- ਹਰ ਪਲ
“ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ।”
– ਸਲੋ ਫਰ, ੪੦:੧ (1379)

ਘੜੂਅਲੋ ---- ਘੜਾ
“ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ।”
– ਗੂਜ ਨਾਮ, ੨, ੩:੧ (525)

ਘੜੇ ------- ਬਣਾਏ, ਰਚੇ, ਸਿਰਜੇ
“ਭੰਨੈ ਘੜੇ ਸਵਾਰੇ ਸਾਜੇ।”

– ਮਾਰੂ ੩, ਸੋਲਾ ੧੦, ੬:੧ (1053)

ਹੋਰ ਰੂਪ:

ਘੜੈ –
“ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ।”
– ਭੈਰ ੩, ੧, ੩:੨ (1128)

ਘਾਉ ------ ਜ਼ਖਮ
“ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।”
– ਸਿਰੀ ੧, ੩੩, ੧:੧ (25)

ਹੋਰ ਰੂਪ:

ਘਾਓ –
“ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ।”
– ਮਾਰੂ ਕਬ, ੧੦, ੧:੧ (1105)

ਘਾਇ ------ ਮਾਰ ਕੇ
“ਬ੍ਰਾਹਮਣ ਨਾਵੈ ਜੀਆ ਘਾਇ।”
– ਧਨਾ ੧, ੭, ੨:੧ (662)

ਹੋਰ ਰੂਪ:

ਘਾਏ –
“ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ।”
– ਪ੍ਰਭਾ ੧, ਅਸ ੪, ੪:੨ (1344)

ਘਾਸ ------ ਘਾਹ, ਤ੍ਰੂਣ, ਹੋਰ ਵੇਖੋ ‘ਘਾਸੁ’
“ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ।”
– ਸੂਹੀ ਰਵਿ, ੩, ੧*:੧ (794)

ਘਾਸੀ ------ ਘਾਹੀ, ਘਸਿਆਰਾ, ਘਾਹ ਕਟਣ ਵਾਲਾ
“ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ।”
– ਗਉ ੪, ੪੬, ੪:੨ (166)

ਘਾਸੁ ------ ਘਾਹ, ਤ੍ਰਿਣ, ਕੱਖ
“ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ।”
– ਮਾਝ ੧, ਵਾਰ ੧੨ਸ, ੧, ੧:੬ (143)

ਘਾਹ ------ ਘਾਸ, ਤ੍ਰਿਣ, ਤ੍ਰਿਣ ਕੱਖ
“ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।”
– ਮਾਝ ੧, ਵਾਰ ੧੪ਸ, ੧, ੧:੧ (144)

ਹੋਰ ਰੂਪ:

ਘਾਹੁ –
“ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ।”
– ਮਾਝ ੧, ਵਾਰ ੨੬ਸ, ੧, ੧:੨੧ (150)

"ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।" (ਕਖ ਜਿੰਨਾ ਹੌਲਾ ਨਿਕੰਮਾ)

– ਆਸਾ ੧, ਵਾਰ ੧੬:੪ (472)

ਘਾਘਰੈ ----- ਘਘਰੇ, ਇਕ ਪਹਿਰਾਵਾ

"ਕਬੀਰ ਪਰਦੇਸੀ ਕੈ ਘਾਘਰੈ ਚਹੁ ਦਿਸਿ ਲਾਗੀ ਆਗਿ।" (ਦੇਹ ਰੂਪੀ ਘਘਰਾ)

– ਸਲੋ ਕਬ, ੪੭:੧ (1366)

ਘਾਟ ------ (1) ਰਸਤਾ, ਮਾਰਗ

"ਤਾ ਘਟ ਮਹਿ ਘਾਟ ਜਉ ਪਾਵਾ।" (ਹਿਰਦੇ ਵਿਚ ਰਸਤਾ ਲੱਭਾ ਹੈ)

– ਗਉ ਕਬ, ਬਾਅ ੧੦:੩ (340)

"ਤਾਲ ਮਦੀਰੇ ਘਟ ਕੇ ਘਾਟ" (ਦਿਲ ਦੇ ਰਸਤੇ ਭਾਵ ਸੰਕਲਪ ਵਿਕਲਪ)

– ਆਸਾ ੧, ੪, ੧:੧ (349)

(2) ਪਤਨ, ਦਰਿਆ ਦੇ ਕੰਢੇ, ਦਰਿਆ ਨੂੰ ਬੇੜੀਆਂ ਦੁਆਰਾ ਪਾਰ ਕਰਨ ਦਾ ਸਥਾਨ

"ਜਹ ਲਾਲਚ ਜਾਗਾਤੀ ਘਾਟ"

– ਆਸਾ ੫, ੯੧, ੨:੧ (393)

"ਕਬੀਰ ਗੰਗ ਜਮੁਨ ਕੇ ਅੰਤਰੇ ਸਹਜ ਸੁੰਨ ਕੇ ਘਾਟ।" (ਭਾਵ ਟਿਕਾਣੇ)

– ਸਲੋ ਕਬ, ੧੫੨:੧ (1372)

(3) ਘਾਟਾ, ਕਮੀ

"ਨਾਨਕ ਗੁਰ ਬਿਨੁ ਘਾਟੇ ਘਾਟ।"

– ਰਾਮ ੧, ਸਿਗੋ ੩੮:੬ (942)

ਘਾਟਸਿ ---- ਘਟਦਾ, ਘਟ ਹੁੰਦਾ

"ਕਬ ਹੀ ਨ ਘਾਟਸਿ ਪੂਰਾ ਤੋਲੋ।"

– ਮਾਰੂ ੧, ਸੋਲਾ ੧੬, ੮:੨ (1036)

ਘਾਟਿ ------ (1) ਘਟ, ਕਮ

"ਵਡਾ ਨ ਹੋਵੈ ਘਾਟਿ ਨ ਜਾਇ।"

– ਆਸਾ ੧, ਸੋਦ ੩, ੨:੪ (9)

"ਬਿਨੁ ਗੁਰ ਸੇਵੇ ਘਾਟੇ ਘਾਟਿ।" (ਘਾਟਾ ਹੀ ਘਾਟਾ)

– ਗਉ ੧, ਅਸ ੧੨, ੫:੩ (226)

(2) ਪਤਨ

"ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ।"

– ਆਸਾ ੫, ੮੭, ੨:੨ (392)

ਘਾਟਿਆ ---- ਘਟਦਾ ਹੈ, ਕਮ ਹੁੰਦਾ ਹੈ

"ਰਾਜੁ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ।"

– ਗਉ ੫, ੧੩੧*, ੪:੧ (207)

ਘਾਟੀ ------ (1) ਪਹਾੜੀ ਰਾਹ

"ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ।" (ਨਾਮ ਅਭਿਆਸ ਦੀ ਘਾਟੀ)

– ਗਉ ਕਬੁ, ੪੯, ੩:੨ (333)

ਹੋਰ ਰੂਪ:

ਘਾਟੀਂ –
"ਲਖ ਘਾਟੀਂ ਊਂਚੌ ਘਨੌ ਚੰਚਲ ਚੀਤ ਬਿਹਾਲ।"
– ਚਉ ੫, ੯:੧ (1364)

(2) ਰਹਿਣ ਦੀ ਥਾਂ
"ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀਂ।"
– ਰਾਮ ਬੇਣੀ, ੧, ੪:੧ (974)

ਘਾਟੁ ------ ਪਤਨ, ਬੇੜੀ/ਜਹਾਜ ਦੇ ਕੰਢੇ ਲਗਨ ਦਾ ਸਥਾਨ
"ਆਪੇ ਗੁਰੁ ਚੇਲਾ ਹੈ ਆਪੇ ਆਪੇ ਦਸੇ ਘਾਟੁ।"
– ਗੂਜ ੩, ਵਾਰ ੨੨:੪ (517)

ਘਾਟੇ ------ ਘਾਟਾ, ਘਾਟਾ ਹੋਣਾ
"ਬਿਨੁ ਗੁਰ ਸੇਵੇ ਘਾਟੇ ਘਾਟਿ।"
– ਗਉ ੧, ਅਸ ੧੨, ੫:੩ (226)

ਹੋਰ ਰੂਪ:

ਘਾਟੈ –
"ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ।" (ਘਟ ਹੋਵੇ)
– ਸਿਰੀ ੧, ੯, ੪:੩ (17)

ਘਾਟੈ ------ (1) ਘਟ ਹੋਵੇ, ਵੇਖੋ 'ਘਾਟੇ'
(2) ਪਤਨ ਤੇ
"ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ।"
– ਬਿਲਾ ੫, ਛੰਤ ੩, ੨:੫ (847)

ਘਾਣਿ ------ (1) ਘਾਣੀ, ਇਕੱਠ, ਸਮੂਹ ਭਾਵ ਸਭ
"ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ।"
– ਗੂਜ ੫, ਵਾਰ ੮:੨ (520)

(2) ਜਿਲ੍ਹਣ, ਚਿਕੜ
"ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ।"
– ਸੋਰ ੫, ੪੧, ੧*:੨ (619)

ਘਾਣੀ ------ ਕੋਹਲੂ ਵਿਚ (ਭਾਵ)
"ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ"
– ਗਉ ੪, ਵਾਰ ੨੭:੪ (315)

ਹੋਰ ਰੂਪ:

ਘਾਣੀਆ –
"ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ।"
– ਮਾਰੂ ੫, ਅਸ ੮, ੩:੩ (1020)

ਘਾਣੀਐ
"ਚੋਰ ਜਾਰ ਜੁਆਰ ਪੀੜੇ ਘਾਣੀਐ"
– ਮਲਾ ੧, ਵਾਰ ੨੧:੬ (1288)

ਘਾਤ ------ ਮਾਰਨਾ
"ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ।"
– ਫੁਨ ੫, ੧੬:੪ (1363)

ਘਾਤਨੀ ----- ਮਾਰਨ ਵਾਲੀ
"ਬਾਲ ਘਾਤਨੀ ਕਪਟਹਿ ਭਰੀ।" (ਇਥੇ ਮਾਰਨ ਦਾ ਵਿਚਾਰ ਕਰਨ ਵਾਲੀ)
– ਗੋਂਡ ਨਾਮ, ੫, ੩:੨ (874)

ਘਾਤੁ ------ ਮਾਰਨਾ
"ਬ੍ਰਹਮਣ ਕੈਲੀ ਘਾਤੁ ਕੰਵਕਾ ਅਣਚਾਰੀ ਕਾ ਧਾਨੁ।"
– ਸਲੋ ੩, ੪:੧ (1413)

ਘਾਮ ------ ਗਰਮੀ, ਹੁੰਮਸ, ਹੁਸੜ, ਤਪਸ਼
"ਜਹ ਮਹਾਂ ਭਇਆਨ ਤਪਤਿ ਬਹੁ ਘਾਮ।"
– ਗਉ ੫, ਸੁਖ ੨, ੪:੭ (264)
"ਰੇ ਪ੍ਰਾਣੀ ਉਸਨ ਸੀਤ ਕਰਤਾ ਕਰੈ ਘਾਮ ਤੇ ਕਾਢੈ।"
– ਬਿਲਾ ੫, ੬੦, ੨:੧ (816)
"ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ।"
– ਤੁਖਾ ੧, ਬਾਰਾ ੧੧:੪ (1109)

ਹੋਰ ਰੂਪ:

ਘਾਮਾ –
"ਜੈਸੇ ਤਾਪਤੇ ਨਿਰਮਲ ਘਾਮਾ।"
– ਗੋਂਡ ਨਾਮ, ੪, ੫:੧ (874)

ਘਾਂਮ –
"ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ।"
– ਜੈਤ ੫, ਵਾਰ ੧੭ਸ, ੫, ੨:੧ (709)

ਘਾਲ ------ (1) ਕਮਾਈ, ਮਿਹਨਤ, ਘਾਲਣਾ
"ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ।"
– ਸਿਰੀ ੫, ੯੯, ੧*:੨ (52)
"ਸੋ ਕਿਉ ਬਿਸਰੈ ਜਿ ਘਾਲ ਨ ਭਾਨੈ।" (ਕਮਾਈ ਨੂੰ ਭੰਨਦਾ ਨਹੀਂ, ਭਾਵ ਜਰੂਰ ਫਲ ਦਿੰਦਾ ਹੈ)
– ਗਉ ੫, ਸੁਖ ੨੦, ੪:੧ (289)

(2) ਸੇਵਾ
"ਮਨ ਮੇਰੇ ਕਰਿ ਤਾ ਕੀ ਘਾਲ।"
– ਗਉ ੫, ਅਸ ੬, ੭:੪ (238)

(3) ਕਰਣੀ
"ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ।"
– ਆਸਾ ੧, ਵਾਰ ੨੧:੨ (474)
"ਮੋਹਿ ਨਿਰਗੁਣ ਗੁਣੁ ਨਾਹੀ ਕੋਈ ਪਹੁਚਿ ਨ ਸਾਕਉ ਤੁਮ੍ਰੀ ਘਾਲ।"
– ਬਿਲਾ ੫, ੧੨੧, ੧:੧ (828)

ਘਾਲਹਿ ---- (1) ਮਿਹਨਤ ਕਰਕੇ

“ਕਈ ਕੋਟਿ ਘਾਲਹਿ ਥਕਿ ਪਾਹਿ।”

– ਗਉ ੫, ਸੁਖ ੧੦, ੫:੬ (276)

(2) ਗਾਲਦੇ/ਖਰਾਬ ਕਰਦੇ ਹਨ, ਨਾਸ਼ ਕਰਦੇ ਹਨ, ਤਬਾਹ ਕਰਦੇ ਹਨ

“ਆਪੁ ਗਏ ਅਉਰਨ ਹੂ ਘਾਲਹਿ।”

– ਗਉ ਕਬ, ੪੪, ੩:੨ (332)

ਘਾਲਹੁ ----- (1) ਦ੍ਰਿੜ ਕਰੋ, ਪਕਾ ਕਰੋ

“ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ।”

– ਗਉ ੫, ਬਾਅ ੨੦:੧ (254)

(2) ਮਾਰੋ

“ਇਸਹਿ ਤੁਰਾਵਹੁ ਘਾਲਹੁ ਸਾਟਿ।”

– ਗੋਂਡ ਕਬ, ੪, ੨:੨ (871)

(3) ਘਲੋ, ਭੇਜੋ

“ਕਹਿ ਕਬੀਰ ਇਹ ਬਿਨਤੀ ਸੁਨੀਅਹੁ ਮਤ ਘਾਲਹੁ ਜਮ ਕੀ ਖਬਰੀ।”

– ਬਿਲਾ ਕਬ, ੬, ੨:੨ (856)

ਘਾਲਕਾ ---- ਡੇਗਣ ਵਾਲਾ, ਨਸ਼ਟ ਕਰਨ ਵਾਲਾ

“ਭ੍ਰਮੁ ਭਉ ਮਿਟਿਆ ਸਾਧਸੰਗ ਤੇ ਦਾਲਿਦ ਨ ਕੋਈ ਘਾਲਕਾ।”

– ਮਾਰੂ ੫, ਸੋਲਾ ੧੩, ੬:੩ (1085)

ਘਾਲਣਾ ---- (1) ਕਮਾਈ, ਕਰਣੀ

“ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ।”

– ਆਸਾ ੧, ਵਾਰ ੧੨:੨ (469)

“ਹੁਕਮੁ ਬੂਝਿ ਜਨ ਭਏ ਨਿਹਾਲਾ ਇਹ ਭਗਤਾ ਕੀ ਘਾਲਣਾ।” (ਕਮਾਈ)

– ਮਾਰੂ ੫, ਸੋਲਾ ੬, ੧੧:੨ (1077)

(2) ਭੇਜਿਆ, ਡਾਲਣਾ, ਪਾਣਾ (ਮਹਾਨਕੋਸ਼)

“ਆਪੁ ਛੋਡਿ ਪਏ ਸਰਣਾਈ ਜਿਸ ਕਾ ਸਾ ਤਿਸੁ ਘਾਲਣਾ।”

– ਮਾਰੂ ੫, ਸੋਲਾ ੬, ੧੪:੩ (1077)

ਘਾਲਤ ----- ਮਿਹਨਤ ਕਰਦਾ ਹੈ

“ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ।”

– ਸਾਰ ੫, ੮੮, ੧:੧ (1221)

ਹੋਰ ਰੂਪ:

ਘਾਲਤੇ –

“ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ।” (ਮਿਹਨਤ ਕਰਕੇ)

– ਗਉ ੫, ਬਾਅ ੩੩ਸ:੧ (257)

ਘਾਲਦਾ –

“ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ।” (ਮਿਹਨਤ ਕਰਨੀ, ਮੁਕ ਗਈ)

– ਗੂਜ ੫, ਵਾਰ ੨੧:੪ (524)

ਘਾਲਨਿ ---- ਕਮਾਈ ਕਰਨ

"ਸਚਿਆਰ ਸਿਖ ਬਹਿ ਸਤਿਗੁਰ ਪਾਸਿ ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ।"
- ਗਉ ੪, ਵਾਰ ੧੦ਸ, ੪, ੧:੩ (305)

ਘਾਲਾ ------ ਮਿਹਨਤ, ਸੇਵਾ
"ਸੁਪ੍ਰਸੰਨ ਦੇਵਾ ਸਫਲ ਸੇਵਾ ਭਈ ਪੂਰਨ ਘਾਲਾ।"
- ਗਉ ੫, ਛੰਤ ੩, ੪:੫ (249)

ਘਾਲਿ ------ (1) ਘਾਲ ਕੇ, ਸਫਲੀ ਕਰਕੇ
"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।"
- ਜਪੁ ੧, ੩੮ਸ:੫ (8)

(2) ਮਿਹਨਤ ਕਰਕੇ
"ਘਾਲਿ ਘਾਲਿ ਅਨਿਕ ਪਛੁਤਾਵਹਿ।"
- ਗਉ ੫, ਬਾਅ ੨੦:੫ (254)

(3) ਦੇਉ, ਸੁਟੋ, ਹੋਰ ਵੇਖੋ 'ਘਾਲਿਆ'
"ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ।"
- ਬਸੰ ਕਬ, ੪, ੩:੪ (1194)

(4) ਘਲੀ, ਲਾਈ, ਪਾਈ
"ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ।" (ਰੋਕ ਲਾਈ/ਪਾਈ)
- ਗਉ ੫, ਬਾਅ ੩੦ਸ:੧ (256)
"ਮਾਨ ਮੋਹ ਅਰੁ ਲੋਭ ਵਿਕਾਰਾ ਬੀਓ ਚੀਤਿ ਨ ਘਾਲਿਓ।" (ਪਾਇਆ)
- ਮਾਰੂ ੫, ੫, ੧:੧ (1000)

(5) ਉਜਾੜ ਦਿਤਾ, ਨਾਸ਼/ਤਬਾਹ ਕਰ ਦਿੱਤਾ
"ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ।"
- ਧਨਾ ੧, ਛੰਤ ੩, ੨:੧ (689)

ਹੋਰ ਰੂਪ:

ਘਾਲਿਓਨੁ -
"ਆਪੇ ਰਚਨੁ ਰਚਾਇ ਆਪੇ ਹੀ ਘਾਲਿਓਨੁ।" (ਨਾਸ਼ ਕੀਤੀ, ਸਮੇਟੀ)
- ਸੋਰ ੪, ਵਾਰ ੨੮:੨ (653)

ਘਾਲਿਆ ---- (1) ਮਿਹਨਤ ਕਰਕੇ ਕਮਾਇਆ, ਕਮਾਇਆ
"ਮਹਾਂ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ"
- ਗਉ ੫, ਵਾਰ ੩੦ਸ, ੪, ੧:੭ (315)
"ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ।" (ਕੀਤੀ ਮਿਹਨਤ)
- ਗੋਂਡ ੪, ੧, ੧:੨ (859)

(2) ਘਾਲ ਕਰਾਉਂਦਾ ਹੈ ਮਿਹਨਤ ਕਰਾਉਂਦਾ ਹੈ
"ਮਿਹਰਵਾਨ ਸਮਰਥ ਆਪੇ ਹੀ ਘਾਲਿਆ।"
- ਗੁਜ ੫, ਵਾਰ ੧੯:੪ (523)

"ਕਬੀਰ ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ।" (ਮਿਹਨਤ ਕੀਤੀ, ਘਾਲ ਘਾਲੀ, ਤਪ ਸਾਧੇ)

– ਸਲੋ ਕਬ, ੬੫:੧ (1367)

(3) ਕਰ ਦੇਣੇ ਚਾਹੀਦੇ ਹਨ

"ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ"

– ਫੁਨ ੫, ੧੪:੨ (1363)

ਘਾਲੀ ------ (1) ਸੇਵਾ ਵਿਚ

"ਸੋ ਕੰਮੁ ਸੁਹੇਲਾ ਜੋ ਤੇਰੀ ਘਾਲੀ।"

– ਮਾਝ ੫, ੯, ੧:੨ (97)

(2) ਘਾਲ, ਮਿਹਨਤ

"ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ।"

– ਮਾਝ ੫, ੩੯, ੨:੩ (106)

(3) ਮਿਹਨਤ ਨਾਲ ਕੀਤੀ

"ਪਏ ਕਬੂਲੁ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ।"

– ਰਾਮ ਬਸ, ਵਾਰ ੩:੧੧ (967)

ਹੋਰ ਰੂਪ:

ਘਾਲੀਅਨੁ –

"ਆਪਣੀ ਆਪਿ ਕਰੇ ਪਰਤੀਤਿ ਆਪੇ ਸੇਵ ਘਾਲੀਅਨੁ।"

– ਸਿਰੀ ੪, ਵਾਰ ੧੯:੨ (90)

ਘਾਲੀਐ ---- (1) ਕਮਾਈਦਾ ਹੈ

"ਨਾਨਕੁ ਮੰਗੈ ਸਚੁ ਗੁਰਮੁਖਿ ਘਾਲੀਐ"

– ਆਸਾ ੧, ਅਸ ੧੬, ੯:੧ (420)

(2) ਕਰੀਏ

"ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ।"

– ਆਸਾ ੧, ਵਾਰ ੨੧:੨ (474)

(3) ਮਿਹਨਤ

"ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ।"

– ਮਾਰੂ, ੫, ਅਸ ੭, ੨:੩ (1019)

ਘਾਲੇ ------ (1) ਪਾਂਦਾ ਹੈ

"ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ।"

– ਮਾਝ ੧, ਵਾਰ ੪ਸ, ੧, ੨:੪ (139)

(2) ਘਲੇ/ਭੇਜੇ ਹਨ

"ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ।" (ਗਿਣ ਕੇ ਭੇਜੇ ਹਨ)

– ਗਉ ੫, ਬਾਅ ੨੧ਸ:੧ (254)

(3) ਘਾਲਦਾ/ਕਰਦਾ ਹੈ

"ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ।"

– ਗਉ ੪, ਵਾਰ ੧੦ਸ, ੪, ੧:੧ (304)

(4) ਮਿਹਨਤ ਕਰੇ, ਘਾਲਣਾ ਕਰੇ
“ਜੇ ਸਉ ਘਾਲੇ ਥਾਇ ਨ ਪਾਏ।”
– ਆਸਾ ੩, ੫੦, ੩:੪ (364)

(5) ਮਿਹਨਤ ਨੂੰ
“ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।”
– ਸੂਹੀ ੫, ਛੰਤ ੧੧, ੧:੪ (784)

ਘਾਲੈ ------ (1) ਧਰ ਸਕਦਾ ਹੈ
“ਹਮਰੀ ਭੂਮਿ ਕਉਣੁ ਘਾਲੈ ਪੈਰੁ।”
– ਗਉ ੫, ੭੮, ੩:੨ (178)

(2) ਕਰਦਾ/ਘਾਲਦਾ ਹੈ
“ਇਆ ਡੇਰਾ ਕਉ ਸੂਮੁ ਕਰਿ ਘਾਲੈ”
– ਗਉ ੫, ਬਾਅ ੨੯:੩ (256)

(3) ਘਾਲ/ਸੇਵਾ ਕਰੇ
“ਗੁਰ ਸਤਿਗੁਰ ਅਗੈ ਕੋ ਜੀਉ ਲਾਇ ਘਾਲੈ ਤਿਸੁ ਅਗੈ ਗੁਰਸਿਖੁ ਕਾਰ ਕਮਾਵੈ।”
– ਗਉ ੪, ਵਾਰ ੩੩ਸ, ੪, ੨:੫ (317)

(4) ਕਮਾਵੈ
“ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ।”
– ਆਸਾ ਕਬ, ੭, ੨:੧ (477)

(5) ਧਰੇ
“ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ।”
– ਰਾਮ ੫, ੮, ੨:੨ (885)

ਘਾੜਤ ----- ਘੜਤ, ਘੜੀ ਹੋਈ ਵਸਤ
“ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ।”
– ਮਾਝ ੧, ਵਾਰ ੨ਸ, ੧, ੧:੫ (138)

ਹੋਰ ਰੂਪ:

ਘਾੜਤਿ –
“ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।”
– ਜਪੁ ੧, ੩੫:੪ (7)

ਘਿਉ ------ (ਸੰ.) ਘੀ
“ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ।”
– ਮਾਝ ੧, ਵਾਰ ੧੦ਸ, ੧, ੨:੩ (142)

ਘਿਅ ------ ਘਿਉ, ਘੀ
“ਘਿਅ ਪਟ ਭਾਂਡਾ ਕਹੈ ਨ ਕੋਇ।”
– ਤਿਲੰ ੧, ੨, ੩:੧ (721)

ਘਿਆਲੀ ---- ਘਿਉ ਵਾਲੀ
“ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।”
– ਰਾਮ ਬਸ, ੩:੯ (967)

ਘਿਇ ------ ਘੀ, ਘਿਉ
“ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ।”
– ਮਾਝ ੧, ਵਾਰ ੨੬ਸ, ੧, ੧:੨੨ (150)

ਘਿਣਾਵਣੇ --- ਘ੍ਰਿਣਾ/ਨਫਰਤ ਕਰਨ ਨਾਲ
“ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ।”
– ਰਾਮ ੫, ਵਾਰ ੧੦:੧ (962)

ਘਿਤਾ ------ ਲਿਆ, ਪ੍ਰਾਪਤ ਕੀਤਾ
“ਮਨੁ ਲੋਚੈ ਉਨ੍ਹ ਮਿਲਣ ਕਉ ਕਿਉ ਵੰਞੈ ਘਿਤਾ।”
– ਰਾਮ ੫, ਵਾਰ ੧੯:੫ (965)

ਘਿਧਾ ------ ਲਿਆ, ਪ੍ਰਾਪਤ ਕੀਤਾ
“ਮੁਲਿ ਨ ਘਿਧਾ ਮੈ ਕੂ ਸਤਿਗੁਰਿ ਦਿਤਾ।”
– ਰਾਮ ੫, ਵਾਰ ੧੭ਸ, ੫, ੨:੨ (964)

ਹੋਰ ਰੂਪ:

ਘਿਧੀ –
“ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗੁਣ ਨ ਪਛਾਣੇ।” (ਲੈ ਗਿਆ)
– ਜੈਤ ੫, ਛੰਤ ੧, ੩:੪ (704)

ਘਿੰਨਹਿ ---- ਲੈ ਜਾਂਦਾ
“ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ।”
– ਆਸਾ ੫, ੧੨੫, ੧:੨ (402)

ਘਿਨਾ ------ ਲਵਾਂ
“ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ।”
– ਸੂਹੀ ੧, ਕੁਚ ੧:੫ (762)

ਹੋਰ ਰੂਪ:

ਘਿੰਨਾ –
“ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ।”
– ਸਲੋ ੫, ੨੧:੧ (1426)

ਘਿਰਤੁ ----- (ਸੰ.) ਘਿਉ, ਘੀ
“ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ।”
– ਆਸਾ ੧, ਵਾਰ ੧੯ਸ, ੧, ੧:੫ (473)

ਘਿਉ ------ ਘਿੜ, ਚਕਰ ਲਾ ਕੇ
“ਫਿਰਿ ਘਿਰਿ ਅਪੁਨੇ ਗ੍ਰਿਹ ਮਹਿ ਆਇਆ।”
– ਮਾਝ ੫, ੧੦, ੨:੧ (97)

ਘਿਰੀਆ ---- ਘਿਰਿਆ ਹੋਇਆ
“ਬਿਖਨਾ ਘਿਰੀਆ।”
– ਸੂਹੀ ੫, ੪੪, ੨:੨ (746)

ਘੀਉ ------ ਘਿਉ, ਘੀ
"ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ।"
– ਮਾਝ ੧, ਵਾਰ ੯ਸ, ੧, ੧:੧ (141)

ਘੀਆ ----- ਘਿਉ
"ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ।"
– ਸੋਰ ੫, ੨੯, ੧:੧ (617)

ਘੀਸ ------ ਚੂਹੇ ਦੀ ਪ੍ਰਕਾਰ ਦਾ ਜੀਵ, ਚੂਹੇ ਨਾਲੋਂ ਵੱਡੀ ਹੁੰਦੀ ਹੈ
"ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।"
– ਆਸਾ ਕਬ, ੬, ੨:੧ (477)

ਘੀਜਈ ---- ਧਾਰਨ ਕਰਦੇ ਹਨ, ਲੈਂਦੇ/ਮਾਣਦੇ ਹਨ
"ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ।"
– ਮਲਾ ੧, ਵਾਰ ੧੭:੮ (1285)

ਘੁਸਰਿ ----- ਘੁਸਰ ਕੇ, ਨਾਲ ਨਾਲ ਜੁੜ ਕੇ
"ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੈ।"
– ਗਉ ੪, ਵਾਰ ੨੧ਸ, ੪, ੧:੨ (312)

ਘੁਸੀਐ ----- ਘੁਸ/ਰਹਿ ਜਾਈਏ, ਚੁਕੀਏ
"ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ।"
– ਗਉ ੪, ਵਾਰ ੨੬ਸ, ੩, ੧:੪ (314)

ਘੁਘਨਾ ----- ਘੁਘੂ/ਉਲੂ ਵਾਂਗ
"ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ।"
– ਸਮੁ ੫, ੪*:੨ (1387)

ਘੁੰਘਰੂ ----- ਛੋਟੀ ਘੰਟੀ, ਮੰਜੀਰ
"ਘੁੰਘਰੂ ਵਾਜੈ ਜੇ ਮਨੁ ਲਾਗੈ।"
– ਆਸਾ ੧, ੨੫, ੧*:੧ (356)

ਘੁਘਿ ------ ਸੰਘਣਾ
"ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ।"
– ਸਿਰੀ ੫, ਅਸ ੨੯, ੫:੩ (73)

ਘੁਟਿ ------ ਨਿਪੀੜ (ਨਿਪੀੜ) ਕੇ
"ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍।"
– ਸੂਹੀ ੧, ੩, ੩:੨ (729)

ਹੋਰ ਰੂਪ:

ਘੁਟੀਐ –
"ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ।" (ਨਪੀੜਦੇ ਹਨ)
– ਗਉ ੪, ੫੭, ੪:੧ (170)

ਘੁੰਡੀ ------ ਵਲ
"ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ।" (ਵਲ ਦੇਣ ਤੋਂ ਬਿਨਾਂ ਕਿਵੇਂ ਗੰਢ ਪੈ ਸਕਦੀ ਹੈ)
- ਗੋਂਡ ਕਬ, ੯, ੨:੩ (872)

ਘੁਥਾ ------ ਘੁਸਿਆ/ਭੁਲਿਆ ਹੋਇਆ
"ਪੜੀਐ ਗੁਣੀਐ ਕਿਆ ਕਥੀਐ ਜਾਂ ਮੁੰਢਹੁ ਘੁਥਾ ਜਾਇ।"
- ਸਿਰੀ ੩, ਅਸ ੨੩, ੬:੨ (68)

ਹੋਰ ਰੂਪ:

ਘੁਥਿਆ –
"ਨਾਨਕ ਨਾਵਹੁ ਘੁਥਿਆ ਹਲਤੁ ਪਲਤੁ ਸਭੁ ਜਾਇ।" (ਭੁਲਿਆਂ, ਵਿਛੜਿਆਂ)
- ਸੋਰ ੪, ਵਾਰ ੧੭ਸ, ੩, ੧:੧ (648)

ਘੁਥੀਆ –
"ਖਸਮਹੁ ਘੁਥੀਆ ਫਿਰਹਿ ਨਿਮਾਣੀਆ।"
- ਸਿਰੀ ੧, ਅਸ ੨੮, ੭:੨ (72)

ਘੁਥੇ –
"ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ।" (ਕੁਰਾਹੇ ਜਾਦੇ ਹਨ)
- ਰਾਮ ੩, ਵਾਰ ੧੯ਸ, ੨, ੧:੪ (954)

ਘੁਮਘਾ ----- ਕੁਰਬਾਨ ਜਾਂਦੇ ਹਨ
"ਜਨ ਨਾਨਕ ਨਾਮੁ ਮਿਲੈ ਸੁਖੁ ਪਾਵੈ ਹਮ ਨਾਮ ਵਿਟਹੁ ਸਦ ਘੁਮਘਾ।"
- ਸੂਹੀ ੪, ੨, ੪:੨ (731)

ਘੁੰਮਣਵਾਣੀ -- ਘੁੰਮਣਘਰੇ, ਭੰਵਰ
"ਘਰ ਘੁੰਮਣਵਾਣੀ ਭਾਈ।"
- ਮਾਰੂ ੧, ੨, ੪:੧ (989)

ਘੁੰਮਾ ------ ਕੁਰਬਾਨ
"ਹਉ ਵਾਰੀ ਘੁੰਮਾ ਜਾਵਦਾ।"
- ਸਿਰੀ ੫, ਅਸ ੨੯, ੬:੧ (73)

ਘੁਮਾਇਆ -- ਕੁਰਬਾਨ ਹੁੰਦਾ ਹਾਂ
"ਹਉ ਸਤਿਗੁਰ ਵਿਟਹੁ ਘੁਮਾਇਆ।"
- ਸਿਰੀ ੧, ਅਸ ੨੮, ੧੪:੧ (72)

ਹੋਰ ਰੂਪ:

ਘੁਮਾਈ –
"ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ।"
- ਮਾਝ ੫, ੧, ੧*:੧ (96)

ਘੁਮਾਈਆ –
"ਮਿਲਿ ਸਤਸੰਗਤਿ ਲਧਾ ਹਰਿ ਸਜਣੁ ਹਉ ਸਤਿਗੁਰ ਵਿਟਹੁ ਘੁਮਾਈਆ ਜੀਉ।" (ਕੁਰਬਾਨ ਹੁੰਦੀ ਹਾਂ)

– ਮਾਝ ੪, ੭, ੧*:੩ (96)

ਘੁਮਾਏ –
“ਅਨਦਿਨੁ ਗੁਰੁ ਗੋਪਾਲੁ ਧਿਆਈ ਹਮ ਸਤਿਗੁਰ ਵਿਟਹੁ ਘੁਮਾਏ।” (ਕੁਰਬਾਨ ਹਾਂ)
– ਤੁਖਾ ੪, ਛੰਤ ੧, ੨:੬ (1114)

ਘੁਮਿ ------ ਵਾਰੀ/ਸਦਕੇ ਜਾਣਾ
“ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ।”
– ਤਿਲੰ ੪, ਅਸ ੨, ੨:੨ (725)

ਘੁੰਮਿ ------ ਪਰਤ ਕੇ
“ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁਮਿ।”
– ਸਲੋ ਫਰ, ੭:੧ (1378)

ਘੁਮੇ ------- ਵਾਰੀ, ਕੁਰਬਾਨ
“ਤੁਮਰੇ ਜਨ ਰਾਮੁ ਜਪਹਿ ਤੇ ਊਤਮ ਤਿਨ ਕਉ ਹਉ ਘੁਮਿ ਘੁਮੇ ਘੁਮਿ ਘੁਮਿ ਜੀਸ।”
– ਕਾਨ ੪, ੮, ੧:੨ (1297)

ਘੁਰਨਿ੍ ----- ਗਜਦੀਆਂ ਹਨ
“ਨਾਨਕ ਬਿਜੁਲੀਆਂ ਚਮਕੰਨਿ ਘੁਰਨਿ੍ ਘਟਾ ਅਤਿ ਕਾਲੀਆ।”
– ਮਾਰੂ ੫, ਵਾਰ ੨੨ਸ, ੫, ੨:੧ (1102)

ਘੁਰੈ ------- ਖੁਡ ਵਿਚ
“ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਇ।”
– ਮਲਾ ੧, ਵਾਰ ੧੯ਸ, ੧, ੨:੮ (1286)

ਘੁਲਾਵੈ ----- ਘੁਲਾਏ/ਰਲਾਏ
“ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈ ਗੋ।”
– ਕਾਨ ੪, ਅਸ ੧, ੬:੧ (1308)

ਘੁਲਿ ------ ਰਲ ਕੇ
“ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ।”
– ਮਲਾ ੧, ਵਾਰ ੨੩ਸ, ੧, ੧:੨ (1288)

ਘੁਲੀਐ ----- ਮਿਲਣਾ, ਰਲਣਾ (ਮਹਾਨਕੋਸ਼) ਢਲਦਾ, ਬੀਮਾਰੀ ਤੋਂ ਉਠਣਾ (ਸ਼ਬਦਾਰਥ); ਛੁੱਟੀ ਦਾ (ਦਰਪਣ)
“ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ”
– ਰਾਮ ੫, ਵਾਰ ੧੪:੨ (964)

ਘੂੰਘਟ ----- ਘੁੰਡ
“ਘੂੰਘਟ ਕਾਢੈ ਕੀ ਇਹੈ ਬਡਾਈ।”
– ਗਉ ਕਬ, ੩੪, ੨:੧ (484)

ਘੂਘਟੁ ----- ਘੁੰਡ
“ਲਾਜ ਮਰੰਤੀ ਮਰਿ ਗਈ ਘੂਘਟ ਖੋਲਿ ਚਲੀ।”

– ਰਾਮ ੧, ਓਅੰ ੧੨:੧ (931)

ਹੋਰ ਰੂਪ:

ਘੂੰਘਟੁ –
"ਘੂੰਘਟੁ ਕਾਢਿ ਗਈ ਤੇਰੀ ਆਗੈ।"
– ਆਸਾ ਕਬ, ੩੪, ੧:੧ (484)

ਘੂਘਰ ----- ਘੁੰਘਰੂ
"ਨਿਰਤਿ ਕਰੇ ਕਰਿ ਮਨੂਆ ਨਾਚੈ ਆਣੇ ਘੂਘਰ ਸਾਜਾ।"
– ਰਾਮ ੫, ੭, ੧:੩ (884)

ਹੋਰ ਰੂਪ:

ਘੂੰਘਰ –
"ਘੂੰਘਰ ਖੜਕੁ ਤਿਆਗਿ ਵਿਸੂਰੇ।"
– ਰਾਮ ੫, ੮, ੩:੨ (885)

ਘੂਟਲਾ ----- ਘੁਟਦਾ ਹੈ, ਘੁਟ ਭਰਦਾ ਹੈ
"ਥਨ ਚੋਖਤਾ ਮਾਖਨੁ ਘੂਟਲਾ।"
– ਗੋਂਡ ਨਾਮ, ੪, ੨:੨ (874)

ਘੂਟਾ ------ ਘੁਟ ਘੁਟ ਕਰਕੇ ਪੀਤਾ
"ਜਨ ਨਾਨਕ ਪ੍ਰਭਿ ਕਿਰਪਾ ਧਾਰੀ ਤਉ ਮਨ ਮਹਿ ਹਰਿ ਰਸੁ ਘੂਟਾ।"
– ਸਾਰ ੫, ੩੨, ੨:੨ (1210)

ਹੋਰ ਰੂਪ:

ਘੁਟੀਐ –
"ਮਨ ਹਰਿ ਰਸ ਘੂਟੀਐ ਸੰਗਿ ਸਾਧੂ ਉਲਟੀਐ।" (ਘੁੱਟ ਘੁੱਟ ਕਰਕੇ ਪੀਵੀਏ)
– ਬਿਲਾ ੫, ੧੨੯, ੨:੨ (830)

ਘੂਪ ------- (1) ਘੁਪ ਹਨੇਰਾ
"ਤਮ ਅਗਿਆਨ ਮੋਹਤ ਘੂਪ।"
– ਬਿਲਾ ੫, ਅਸ ੨, ੨:੨ (838)
(2) 'ਕੂਪ' ਦਾ ਅਪਭ੍ਰੰਸ਼, ਰੂਪ ਖੂਹ
"ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ।"
– ਸਲੋ ੧, ੧੫:੧ (1411)

ਘੂਮਨ ਘਿਰੀਆ ਘੁੰਮਣਵਾਣੀ, ਭੰਵਰ
"ਵਿਚਿ ਘੂਮਨ ਘਿਰੀਆ।"
– ਬਿਹਾ ੫, ੧, ੨:੩ (537)

ਘੂਮਨਘੇਰ --- ਘੁੰਮਣਵਾਣੀ, ਭੰਵਰ
"ਘੂਮਨ ਘੇਰ ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ।"
– ਆਸਾ ੫, ੧੩੦, ੨:੨ (404)

ਹੋਰ ਰੂਪ:

ਘੂਮਨ ਘੇਰਿ –
"ਘੂਮਨ ਘੇਰਿ ਮਹਾ ਅਤਿ ਬਿਖੜੀ ਗੁਰਮੁਖਿ ਨਾਨਕ ਪਾਰਿ ਉਤਾਰੀ।"
– ਰਾਮ ੫, ੮, ੧*:੨ (916)
ਘੂਮਨ ਘੇਰੈ –
"ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ।"
– ਮਾਰੂ ੧, ਅਸ ੭, ੧:੨ (1012)
ਘੂਮਨਿ ਘੇਰਿ –
"ਮਾਇਆ ਪਟਲ ਪਟਲ ਹੈ ਭਾਰੀ ਘਰੁ ਘੂਮਨਿ ਘੇਰਿ ਘੁਲਾਵੈਗੋ।"
– ਕਾਨ ੪, ਅਸ ੧, ੬:੧ (1308)

ਘੂਮਰਿ ----- ਇਕ ਪ੍ਰਕਾਰ ਦਾ ਨਾਚ ਜੋ ਚੱਕਰ ਪਾ ਕੇ ਕੀਤਾ ਜਾਂਦਾ ਹੈ
"ਹਰਿ ਹਰਿ ਹਰਿ ਜਸੁ ਘੂਮਰਿ ਪਾਵਹੁ ਮਿਲਿ ਸਤਸੰਗਿ ਉਮਾਹਾ ਰਾਮ।"
– ਜੈਤ ੪, ੮, ੨:੩ (698)

ਘੂਲਹਿ ----- ਘੁਲੇ/ਰਲੇ/ਭਿਜੇ ਗਾ
"ਘੂਲਹਿ ਤਉ ਮਨ ਜਉ ਆਵਹਿ ਸਰਨਾ।"
– ਗਉ ੫, ਬਾਅ ੨੦:੩ (254)

ਘੁਲੀਐ ----- ਛੁਟ ਸਕੀਦਾ ਹੈ
"ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੁਲੀਐ।"
– ਜੈਤ ੫, ਛੰਤ ੨, ੧:੪ (704)

ਘੂਲੈ ------ ਮਿਲਾਉਂਦਾ/ਰਲਾਉਂਦਾ ਹੈ
"ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੂਲੈ।"
– ਆਸਾ ੫, ੮੫, ੪:੨ (391)

ਘੇਰ ------- ਘੁੰਮਨ ਘੇਰੀ ਦਾ ਸੰਖੇਪ, ਭੰਵਰ
"ਤੀਨਿ ਆਵਰਤ ਕੀ ਚੂਕੀ ਘੇਰ।"
– ਰਾਮ ੫, ੫੧, ੧:੩ (899)

ਘੇਰਿਆ ---- ਵਲਿਆ, ਚਾਰੇ ਪਾਸਿਓ ਰੋਕਨਾ
"ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ।"
– ਸਲੋ ੩, ੨੨:੧ (1415)

ਹੋਰ ਰੂਪ:

ਘੇਰੇ –
"ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ।" (ਵਲਦਾ/ਘੇਰਦਾ ਹੈ)
– ਗਉ ੫, ੧੫੯*, ੩:੧ (214)
ਘੇਰੈ –
"ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ।"
– ਸੋਰ ੯, ੧੨, ੧:੧ (634)
"ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੇਰੈ।" (ਘੇਰੇ ਤੋਂ)
– ਸਾਰ ੫, ੫੦, ੧:੧ (1214)

ਘੋਖ ------- ਧਿਆਨ ਨਾਲ ਪੜ੍ਹ ਕੇ, ਖੋਜ ਕੇ
“ਘੋਖੇ ਮੁਨਿ ਜਨ ਸਿੰਮ੍ਰਿਤਿ ਪੁਰਾਨਾ ਬੇਦ ਪੁਕਾਰਹਿ ਘੋਖ।”
– ਧਨਾ ੧, ੫੦, ੧:੧ (682)

ਹੋਰ ਰੂਪ:

ਘੋਖਾ –
“ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ।” (ਫਿਰਦਾ/ਖੋਜਦਾ)
– ਧਨਾ ੫, ੬, ੨:੨ (672)

ਘੋਖਿ –
“ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ।” (ਚੰਗੀ ਤਰ੍ਹਾਂ ਪੜਤਾਲ ਕਰਕੇ)
– ਰਾਮ ਬੰਸ ਵਾਰ ੪:੯ (967)

ਘੋਖੇ –
“ਘੋਖੇ ਸਾਸਤ੍ਰ ਬੇਦ ਸਭ ਆਨ ਨ ਕਥਤਉ ਕੋਇ।”
– ਗਉ ੫, ਬਾਅ ੨੦ਸ:੧ (254)

ਘੋਟਿਮ ----- ਰਗੜਿਆਂ, ਮਲਿਆਂ, ਘੋਟਿਆਂ
“ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।”
– ਸੂਹੀ ੧, ੩, ੧:੧ (729)

ਘੋਰ ------- (1) ਸੰਘਣਾ, ਘੁਪ
“ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ।”
– ਸਿਰੀ ੩, ੫੩, ੩:੧ (34)

(2) ਭਿਆਨਕ, ਡਰਾਉਣੇ
“ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਲ ਨ ਪ੍ਰਵੇਸੰ।”
– ਸਿਰੀ ਤ੍ਰਿਲੋ ੨, ੩:੧ (92)

(3) ਘੋੜਾ
“ਘੋਰ ਮਹਲ ਸਦਾ ਰੰਗਿ ਰਾਤਾ।”
– ਸੂਹੀ ੫, ੨੦, ੨:੧ (741)

“ਘੋਰ ਬਿਨਾ ਕੈਸੇ ਅਸਵਾਰ।”
– ਗੋਂਡ ਕਬ, ੯, ੩:੩ (872)

(4) ਘਨਘੋਰ, ਅਵਾਜ਼
“ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ।”
– ਮਲਾ ੪, ੮, ੨:੧ (1265)

(5) ਗਜਦਾ
“ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ।”
– ਮਲਾ ੧, ਅਸ ੧, ੩:੨ (1273)

(6) ਕਰੜੇ, ਸਖਤ
“ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ।”
– ਸਸਾ ੫, ੧੮:੧ (1355)

(7) ਡੂੰਘੇ

“ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ।”
– ਸਵ ੫, ਮਯ ੬:੨ (1409)

ਘੋਰੰ ------- **ਔਖੇ**
“ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ।”
– ਸਸ ੫, ੫੮:੪ (1359)

ਘੋਰੰਧਾਰ ---- **ਘੋਰ+ਅੰਧਾਰ, ਘੁੱਪ ਹਨੇਰਾ**
“ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ।”
– ਪ੍ਰਭਾ ੩, ਅਸ ੧, ੫:੧ (1346)

ਘੋਰਾ ------ **ਗਰਜ, ਆਵਾਜ਼**
“ਧੁਨਿ ਵਾਜੇ ਅਨਹਦ ਘੋਰਾ।”
– ਰਾਮ ੧, ੧੦, ੨:੧ (879)

ਘੋਰਿ ------ **(1) ਡਰਾਉਣੇ, ਭਿਆਨਕ**
“ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ।”

ਹੋਰ ਰੂਪ:

ਘੋਰੀ –
“ਸਿਮਰਤ ਨਾਹਿ ਸਿਰੀਧਰ ਠਾਕੁਰ ਮਿਲਤ ਅੰਧ ਦੁਖ ਘੋਰੀ।”
– ਸਾਰ ੫, ੯੪, ੧*:੨ (1222)

ਘੋਰੁ –
“ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ।”
– ਗਉ ੪, ਵਾਰ ੧੯ਸ, ੪, ੧:੨ (309)

(2) ਘੋੜੇ
“ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ।”
– ਬਿਹਾ ੫, ਛੰਤ ੯, ੧:੫ (547)

ਘੋਰੁ ------- **(1) ਡਰਾਉਣੇ, ਵੇਖੋ (ਘੋਰਿ) (1)**
(2) ਘੁਪ, ਸੰਘਣਾ
“ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ।”
– ਵਡ ੧, ਅਲਾ ੩, ੧:੩ (580)

ਘੋਰੈ ------- **ਘੋੜੇ ਉਤੇ**
“ਘੋਰੈ ਚਰਿ ਭੈਸ ਚਰਾਵਨ ਜਾਈ।”
– ਆਸ ਕਬ, ੨੨, ੪:੧ (481)

ਘੋਲਿ ------ **(1) ਸਦਕੇ, ਵਾਰੀ**
“ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ।”
– ਮਾਝ ੫, ੧, ੧*:੧ (96)

ਹੋਰ ਰੂਪ:

ਘੋਲੀ –

"ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ।"

– ਆਸਾ ੪, ਛੰਤ ੨੧, ੪:੨ (452)

(2) ਘੋਲ/ਰਲਾ ਕੇ

"ਘੋਲਿ ਮਹਾ ਰਸੁ ਅੰਮ੍ਰਿਤੁ ਤਿਹ ਪੀਆ।"

– ਗਉ ੫, ਬਾਅ ੨੦:੭ (254)

ਘੋਲੀਆ –

"ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਘੁਮਿ ਘੋਲੀਆ।"

– ਗਉ ੪, ਵਾਰ ੧੯ਸ, ੪, ੧:੨ (311)

ਘੋਲੇ –

"ਹਰਿ ਵਿਟੜਿਅਹੁ ਸਦਾ ਘੋਲੇ ਜੀਉ।"

– ਮਾਝ ੪, ੬੬, ੨:੪ (173)

ਹੋਰ ਰੂਪ:

ਘੋਲੀ –

"ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ।"

– ਮਾਰੂ ੧, ਅਸ ੭, ੨:੧ (1012)

ਘੋੜੜੇ ------ ਘੋੜੇ

"ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ।"

– ਗਉ ੫, ਵਾਰ ੧੯ਸ, ੫, ੨:੧ (322)

ਘੋੜਾ ------ ਇਕ ਚੌਪਾਇਆ ਜਾਨਵਰ ਜੋ ਸਵਾਰੀ ਲਈ ਵਰਤਿਆ ਜਾਂਦਾ ਹੈ, ਅਸ਼ਵ

"ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ।"

– ਰਾਮ ਬਸ, ਵਾਰ ੬:੬ (968)

ਹੋਰ ਰੂਪ:

ਘੋੜੀ –

"ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ।"

– ਵਡ ੪, ਘੋੜੀ ੧, ੪:੪ (575)

ਘੋੜੇ –

"ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।"

– ਸਿਰੀ ੧, ੭, ੩:੧ (16)

ਘ੍ਰਾਉ ------ ਖੁਸ਼ਬੂ, ਵਾਸ਼ਨਾ

"ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹ ਨ ਘ੍ਰਾਉ ਲਇਓ।"

– ਗਉ ਕਬ, ੫੯, ੨:੧ (336)

ਘ੍ਰਿਤ ------ ਘਿਓ, ਘੀ

"ਧੂਪ ਦੀਪ ਘ੍ਰਿਤ ਸਾਜਿ ਆਰਤੀ।"

– ਧਨਾ ਸੈਣਿ, ੧, ੧:੧ (695)

ਙ

ਙੰਙਾ ------ ਗੁਰਮੁਖੀ ਲਿਪੀ ਦਾ ਦਸਵਾਂ ਅੱਖਰ ‘ਙ’
“ਙੰਙਾ ਙਿਆਨੁ ਨਹੀ ਮੁਖ ਬਾਤਉ।”
– ਗਉ ੫, ਬਾਅ ੫:੧ (251)

ਹੋਰ ਰੂਪ:

ਙੰਙੈ –
“ਙੰਙੈ ਙਿਆਨੁ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ।”
– ਆਸਾ ੧, ਪਟੀ ੪:੧ (432)

ਙਣਤੀ ----- ਗਿਣਤੀ
“ਙਣਤੀ ਙਣੀ ਨਹੀ ਕੋਊ ਛੂਟੈ।”
– ਗਉ ੫, ਬਾਅ ੨੧:੫ (254)

ਙਨਿ ------ ਗਿਣ ਕੇ
“ਙਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ।”
– ਗਉ ੫, ਬਾਅ ੨੧ਸ:੧ (254)

ਹੋਰ ਰੂਪ:

ਙਣੀ –
“ਙਣਤੀ ਙਣੀ ਨਹੀ ਕੋਊ ਛੂਟੈ।”
– ਗਉ ੫, ਬਾਅ ੨੧:੫ (254)

ਙਾਇਐ ---- ਪ੍ਰਾਪਤ ਹੋਵੇ
“ਸਿੰਧ ਙਾਇਐ ਸਿਮਰਹਿ ਨਾਹੀ ਨੰਨੈ ਨਾ ਤੁਧੁ ਨਾਮੁ ਲਇਆ।” (ਸਿਧੀ ਪ੍ਰਾਪਤ ਹੋਵੇ)
– ਆਸਾ ੩, ਪਟੀ ੨:੧ (434)

ਙਿਆਤਾ ---- ਗਿਆਤਾ, ਜਾਣਨਹਾਰ
“ਙੰਙਾ ਖਟੁ ਸਾਸਤ੍ਰ ਹੋਇ ਙਿਆਤਾ।”
– ਗਉ ੫, ਬਾਅ ੧੬:੧ (253)

ਙਿਆਨ ---- ਗਿਆਨ, ਜਾਣਕਾਰੀ
“ਅਨਿਕ ਭੇਖ ਅਰੁ ਙਿਆਨ ਧਿਆਨ ਮਨ ਹਰਿ ਮਿਲਿਅਉ ਨ ਕੋਇ।”
– ਗਉ ੫, ਬਾਅ ੫ਸ:੧ (251)

ਙਿਆਨੀ ---- ਗਿਆਨਵਾਨ
“ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ।”
– ਗਉ ੫, ਬਾਅ ੫ਸ:੨ (251)

ਙਿਆਨੁ ---- ਗਿਆਨ
“ਙੰਙਾ ਙਿਆਨੁ ਨਹੀ ਮੁਖ ਬਾਤਉ।”
– ਗਉ ੫, ਬਾਅ ੫:੧ (251)

ਙ੍ਰਾਸੈ ------ ਹੜੱਪ ਕਰ ਲਏ, ਖਾ ਲਏ
“ਙੰਙਾ ਙ੍ਰਾਸੈ ਕਾਲੁ ਤਿਹ ਜੋ ਸਾਕਤ ਪ੍ਰਭਿ ਕੀਨ।”

– ਗਉ ੫, ਬਾਅ ੨੧:੧ (254)

ਚ

ਚ -------- ਦਾ, ਦੀ
“ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਗ ਓਲ੍ਗਣੀ।”
– ਆਸਾ ਰਵਿ, ੨, ੨:੧ (486)

ਚਉ ------- ਆਖ, ਬੋਲ
“ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ।”
– ਮਾਰੂ ੩, ਵਾਰ ੪ਸ, ੩, ੨:੨ (1088)
“ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।” (ਤੂ ਆਖ, ਕਹਿ)
– ਮਾਰੂ ੫, ਵਾਰ ੧ਸ, ੫, ੧:੧ (1094)
“ਮੁਖ ਸੁਹਾਵੇ ਨਾਮੁ ਚਉ ਆਠ ਪਹਰ ਗੁਣ ਗਾਉ।” (ਸਿਮਰ, ਉਚਾਰਨ ਕਰ)
– ਮਾਰੂ ੫, ਵਾਰ ੧੪ਸ, ੫, ੩:੧ (1099)

ਚਉਸਠਿ ---- ਸਠ ਜਮਾ ਚਾਰ, 64
“ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ।”
– ਸਲੋ ਕਬ, ੨੩੫:੧ (1377)

ਚਉਹਾ ----- ਚਾਰਾਂ ਦੇ ਹੀ
“ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ।”
– ਆਸਾ ੫, ੧੩੨, ੧:੧ (404)

ਚਉਹੁੰ ----- ਚਾਰਾਂ ਵਿਚ ਹੀ
“ਮੁਕਤਿ ਭਇਓ ਚਉਹੁੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ।”
– ਮਾਰੂ ਨਾਮ, ੧, ੧:੨ (1105)

ਚਉਕੜਿ ---- ਚਾਰ ਕਉਡਾਂ ਦਾ
“ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ।”
– ਆਸ ੧, ਵਾਹ ੧੫ਸ, ੧, ੧:੫ (471)

ਚਉਕੜੀ ---- ਮੰਡਲੀ, ਮੰਡਲੀ
“ਦੁਸਟ ਚਉਕੜੀ ਸਦਾ ਕੂੜੁ ਕਮਾਵਹਿ ਨਾ ਬੂਝਹਿ ਵੀਚਾਰੈ।”
– ਸੋਰ ੩, ੫, ੨:੧ (601)

ਚਉਕਾ ----- ਰਸੋਈ ਦਾ ਚਾਰ ਕੋਨਾ ਮੰਡਲ (ਭਾਵ ਰੋਟੀ ਪਕਾਣ ਦਾ ਸਥਾਨ)
“ਮੈਲਾ ਚਉਕਾ ਮੈਲੈ ਥਾਇ।”
– ਮਾਝ ੩, ਅਸ ੨੦, ੭:੨ (121)

ਚਉਕੀ ----- ਪਹਿਰਾ, ਚਾਰ ਪਹਿਰੇਦਾਰਾਂ ਦੀ ਟੋਲੀ
“ਚਉਕੀ ਚਉਗਿਰਦ ਹਮਾਰੇ।”
– ਸੋਰ ੫, ੬੮, ੧:੨ (626)

ਚਉਕੇ ----- ਰਸੋਈ ਦੇ ਚਾਰ ਕੋਨਿਆਂ ਵਾਲੇ ਮੰਡਲ

"ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ।"
– ਆਸਾ ੧, ਅਸ ੧੧, ੬:੨ (417)

"ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ।" (ਚਉਕੇ ਵਿਚ)
– ਮਾਰੂ ੩, ਵਾਰ ੧੧ਸ, ੩, ੧:੩ (1090)

ਹੋਰ ਰੂਪ:

ਚਉਕੈ –
"ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ।" (ਚਉਕੇ ਵਿਚ)
– ਆਸਾ ੧, ਵਾਰ ੧੫ਸ, ੧, ੧:੫ (471)

ਚਉਖੰਨੀਐ -- ਚਾਰ ਟੁਕੜੇ ਹੋਵਾਂ ਭਾਵ ਕੁਰਬਾਨ ਹੋਵਾਂ, ਵਾਰਨੇ ਜਾਵਾਂ
"ਹਉ ਤਿਸੁ ਵਿਟਹੁ ਚਉਖੰਨੀਐ ਮੈ ਨਾਮ ਕਰੇ ਪਰਗਾਸ।"
– ਸਿਰੀ ੪, ੬੬, ੧:੩ (40)

ਚਉਗਿਰਦ --- ਚਹੁੰਆਂ ਪਾਸੇ
"ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ।"
– ਬਿਲਾ ੫, ੭੯, ੧:੨ (819)

ਹੋਰ ਰੂਪ:

ਚਉਗਿਰਦਿ –
"ਚਉਕੀ ਚਉਗਿਰਦਿ ਹਮਾਰੇ।"
– ਸੋਰ ੫, ੬੮, ੧:੨ (626)

ਚਉਗੁਨ ---- ਚਾਰ ਗੁਣਾਂ
"ਉਸ ਤੇ ਚਉਗੁਨ ਕਰੈ ਨਿਹਾਲੁ।"
– ਗਉ ੫, ਸੁਖ ੫, ੨:੯ (268)

ਚਉਚਕਿਆ -- ਚਾਰ ਜਨਿਆਂ ਵਲੋਂ ਚੁਕਿਆ ਹੋਇਆ, ਦੁਸ਼ਟ ਮੰਡਲੀ ਵਲੋਂ ਭੜਕਾਇਆ ਹੋਇਆ (ਮਹਾਨਕੋਸ਼) ਚਹੁੰਆਂ ਪਾਸੇ ਭਉਣ ਵਾਲਾ, ਚੁਫੇਰ ਗੜੀਆਂ (ਸ਼ਬਦਾਰਥ)
"ਸੇਖਾ ਚਉਚਕਿਆ ਚਉਵਾਇਆ ਏਹੁ ਮਨੁ ਇਕਤੁ ਘਰਿ ਆਣਿ।"
– ਸੋਰ ੪, ਵਾਰ ੧੧ਸ, ੩, ੧:੧ (646)

ਚਉਣੀ ----- ਚਾਰ ਗੁਣਾਂ
"ਦੂਣੀ ਚਉਣੀ ਕਰਾਮਾਤਿ ਸਚੇ ਕਾ ਸਚਾ ਢੋਆ।"
– ਰਾਮ ਬਸ, ਵਾਰ ੮:੮ (968)

ਚਉਣੇ ----- ਗਊਆਂ, ਆਦਿ ਦਾ ਵੱਗ
"ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ।"
– ਮਾਝ ੧, ਵਾਰ ੧੨ਸ, ੧, ੧:੬ (143)

ਚਉਤੀਸ ---- ਤੀਹ ਤੇ ਚਾਰ, 34, ਚੌਂਤੀ
"ਨਾਨਾ ਖਿਆਲ ਪੁਰਾਨ ਬੇਦ ਬਿਧਿ ਚਉਤੀਸ ਅੱਖਰ ਮਾਂਹੀ।"
– ਸੋਰ ਰਵਿ, ੪, ੨:੧ (658)

ਚਉਥਹਿ ---- ਚਉਥੀ ਥਾਂ ਤੇ, ਚੌਥੀ ਥਿਤ ਰਾਹੀਂ ਉਪਦੇਸ਼ ਹੈ

"ਚਉਥਹਿ ਚੰਚਲ ਮਨ ਕਉ ਗਹਹੁ।"

– ਗਉ ਕਬ, ੫:੧ (343)

ਚਉਥੜੀ ---- **ਚੌਥੀ**

"ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ।"

– ਸੂਹੀ ੪, ਛੰਤ ੨, ੪:੧ (774)

ਚਉਥਾ ----- **ਚਾਰਵਾਂ, ਚਤਰਥ**

"ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ।" (ਚਉਥਾ ਪਦ ਭਾਵ ਗਿਆਨ/ਤੁਰੀਆ/ਪੂਰਨ ਅਡੋਲਤਾ ਵਾਲੀ ਅਵਸਥਾ)

– ਸਿਰੀ ੩, ੪੪, ੧:੧ (40)

ਚਉਥਿ ----- **ਚੌਥੀ ਤਿਥ**

"ਚਉਥਿ ਉਪਾਏ ਚਾਰੇ ਬੇਦਾ।"

– ਬਿਲਾ ੧, ਥਿਤੀ ੫:੧ (839)

ਚਉਥੀ ----- **ਚਤਰਥ, ਚਾਰਵੀਂ**

"ਚਉਥੀ ਪਉੜੀ ਗੁਰਮੁਖਿ ਊਚੀ ਸਚੋ ਸਚੁ ਕਮਾਵਣਿਆ।" (ਸਹਜ ਦੀ ਉਚੀ ਅਵਸਥਾ)

– ਮਾਝ ੩, ਅਸ ੭, ੪:੩ (113)

"ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।" (ਚਉਥੀ ਗਲ ਇਹ ਹੈ)

– ਮਾਝ ੧, ਵਾਰ ੭ਸ, ੧, ੩:੩ (141)

ਹੋਰ ਰੂਪ:

ਚਉਥੇ –

"ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ।"

– ਸਿਰੀ ੫, ੭੪, ੩:੨ (43)

ਚਉਥੈ –

"ਸਤਿਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ।"

– ਸਿਰੀ ੩, ੫੧, ੨:੩ (33)

ਚਉਦਸ ---- **ਚੌਦਵੀ ਤਿਥਿ**

"ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ।"

– ਰਾਮ ਕਬ, ੫, ੨:੨ (970)

ਹੋਰ ਰੂਪ:

ਚਉਦਸਿ –

"ਚਉਦਸਿ ਚਉਦਹ ਲੋਕ ਮਝਾਰਿ।"

– ਗਉ ਕਬ, ਥਿਤੀ ੧੫:੧ (344)

ਚਉਦਹ ---- **ਚੌਦਾਂ, 14**

"ਦੁਇ ਦੀਵੇ ਚਉਦਹ ਹਟਨਾਲੇ।"

– ਸੂਹੀ ੩, ਵਾਰ ੧੩ਸ, ੧, ੧:੧ (789)

ਚਉਦਹਿ ---- ਚੌਦਵੀਂ ਥਿਤ ਦੁਆਰਾ
"ਚਉਦਹਿ ਚਾਰਿ ਕੁੰਟ ਪ੍ਰਭ ਆਪ।"
– ਗਉ ੫, ਥਿਤੀ ੧੪:੧ (299)

ਚਉਦਾ ----- ਉਚਾਰਨ ਕਰਦਾ
"ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ।"
– ਮਾਝ ੪, ੫, ੨:੩ (95)

ਹੋਰ ਰੂਪ:

ਚਉਦਿਆ –
"ਗੁਰੁ ਪਾਇਆ ਵੇ ਸੰਤ ਜਨੋ ਮਨਿ ਆਸ ਪੂਰੀ ਹਰਿ ਚਉਦਿਆ।" (ਜਪਦਿਆਂ)
– ਸੂਹੀ ੪, ਛੰਤ ੬, ੨:੩ (776)

ਚਉਦੋ –
"ਹਠ ਮੰਝਾਹੂ ਸੋ ਧਣੀ ਚਉਦੋ ਮੁਖਿ ਅਲਾਇ।" (ਬੋਲਦਾ)
– ਮਾਰੂ ੫, ਵਾਰ ੧੨ਸ, ੫, ੧:੨ (1098)

ਚਉਧਰੀ ---- ਮੁਖੀਆ
"ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ।"
– ਸਿਰੀ ੧, ਅਸ ੧੬, ੬:੨ (63)

ਚਉਪੜਿ ---- ਇਕ ਖੇਡ ਜੋ ਚਾਰ ਪਲਿਆਂ ਵਾਲੇ ਕਪੜੇ ਉਪਰ ਖਾਨੇ ਬਣਾ ਕੇ ਖੇਡੀ ਜਾਂਦੀ ਹੈ।
"ਹਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ।"
– ਆਸਾ ੧, ਅਸ ੨੨, ੫:੧ (422)

ਚਉਪਾਈ --- ਚਾਰ ਪਾਵਿਆਂ ਵਾਲੀ
"ਖਾਟ ਮਾਂਗਉ ਚਉਪਾਈ।"
– ਸੋਰ ਕਬ, ੧੧, ੩:੧ (656)

ਚਉਬਾਰਾ --- ਉਪਰਲੀ ਮੰਜ਼ਲ ਦਾ ਕਮਰਾ/ਘਰ
"ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ"
– ਸੋਰ ੧, ੪, ੧:੧ (596)

ਹੋਰ ਰੂਪ:

ਚਉਬਾਰੇ –
"ਸੇ ਅਸਥਲ ਸੋਇਨ ਚਉਬਾਰੇ।"
– ਮਾਝ ੫, ੩੭, ੧:੨ (105)

ਚਉਬਾਰੇ ---- (1) ਉਪਰਲੀ ਮੰਜ਼ਲ ਦੇ ਕਮਰੇ/ਘਰ, ਵੇਖੋ 'ਚਉਬਾਰਾ'
(2) ਚਹੁੰ ਤਰਫ॥
"ਪਵਨ ਕੋਟਿ ਚਉਬਾਰੇ ਫਿਰੇ।" (ਕ੍ਰੋੜਾਂ ਹਵਾਵਾਂ ਤੇਰੇ ਚਹੁੰਆ ਪਾਸੇ ਫਿਰਦੀਆਂ ਹਨ)
– ਭੈਰ ਕਬ, ਅਸ ੨, ੩:੧ (1163)

ਚਉਬੀਸਾ --- ਚਵੀ, 24

"ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ।"
– ਪ੍ਰਭਾ ਕਬ, ੨, ੩:੧ (1349)

ਚਉਮੁਖ ---- ਚਾਰ ਮੂੰਹਾਂ (ਬਤੀਆਂ) ਵਾਲਾ
"ਚਉਮੁਖ ਦੀਵਾ ਜੋਤਿ ਦੁਆਰ।"
– ਰਾਮ ਬੇਣੀ, ੧, ੮:੧ (974)

ਚਉਰ ----- ਚਉਰੀ
"ਚਉਰ ਢੂਲ ਜਾਂ ਚੈ ਹੈ ਪਵਣੁ।"
– ਮਲਾ ਨਾਮ, ੧, ੩:੩ (1292)

ਚਉਰਾਸੀ --- ਗਿਣਤੀ ਦੀ ਇਕ ਇਕਾਈ, ਅੱਸੀ ਤੇ ਚਾਰ, 84
"ਲਖ ਚਉਰਾਸੀ ਰਿਜਕੁ ਆਪਿ ਅਪੜਾਏ।"
– ਮਾਝ ੩, ਅਸ ੫, ੮:੨ (112)

ਹੋਰ ਰੂਪ:

ਚਉਰਾਸੀਹ –
"ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ।"
– ਸਿਰੀ ੩, ੩੬, ੩:੩ (27)

ਚਉਰੁ ----- ਚਉਰੀ
"ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।"
– ਸੂਹੀ ੫, ੪੨, ੧:੧ (745)

ਚਉਵਾਇਆ – ਚਹੁੰਆਂ ਹਵਾਵਾਂ ਨਾਲ ਇਧਰ ਉਧਰ ਝੂਲਦਾ ਭਾਵ ਚਹੁੰਆਂ ਪਾਸੇ ਰਟਨ ਕਰਨ ਵਾਲਾ
"ਸੇਖਾ ਚਉਚਕਿਆ ਚਉਵਾਇਆ ਏਹੁ ਮਨ ਇਕਤੁ ਘਰਿ ਆਇ।"
–ਸੋਰ ੪, ਵਾਰ ੧੧, ੩, ੧:੧ (646)

ਚਉੜਿ ----- ਰੜਾ, ਬਰੇਤਾ
"ਰੇ ਨਰ ਨਾਵ ਚਉੜਿ ਕਤ ਬੋੜੀ।"
– ਗਉ ਕਬ, ੨੪, ੧*:੧ (328)

ਚਉਣੀ ----- ਚਾਰ ਗੁਣਾਂ
"ਦੂਣ ਚਉਣੀ ਦੇ ਵਡਿਆਈ ਸੋਭਾ ਨੀਤਾ ਨੀਤ।"
– ਸੋਰ ੫, ੩੭, ੧*:੨ (618)

ਚਈਆ ---- ਚਾਉ ਹੈ
"ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕਉ ਬਹੁਤੁ ਮਨਿ ਚਈਆ।"
– ਬਿਲਾ ੪, ਅਸ ੫, ੨:੧ (836)

ਚਸਮ ------ ਅੱਖ
"ਬੰਦੇ ਚਸਮ ਦੀਦੰ ਫਨਾਇ।"
– ਤਿਲੰ ੫, ੧, ੧*:੧ (723)

ਚਸਮੇ ------ ਐਨਕਾਂ

"ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ।"
– ਤਿਲੰ ਕਬ, ੧, ੩:੨ (727)

ਚਸਾ ------ ਸਮੇਂ ਦੀ ਇਕ ਬਹੁਤ ਛੋਟੀ ਇਕਾਈ ਭਾਵ ਇਕ ਪਲ ਦਾ ਤੀਹਵਾਂ ਹਿੱਸਾ, ਥੋੜਾ ਚਿਰ ਵੀ
"ਮਿਹਰ ਕਰੇ ਜੇ ਆਪਣੀ ਚਸਾ ਨ ਵਿਸਰੈ ਸੋਇ।"
– ਸਿਰੀ ੫, ੮੯, ੧:੩ (49)

ਹੋਰ ਰੂਪ:

ਚਸਾਈ –
"ਸੇਵਉ ਸਾਧ ਗਹਉ ਓਟ ਚਰਨਾ ਨਹ ਬਿਸਰੈ ਮੁਹਤੁ ਚਸਾਈ।"
– ਸੋਰ ੫, ੩, ੧*:੨ (609)

ਚਸਾਹਾ –
"ਆਵਗਿ ਆਗਿਆ ਪਾਰਬ੍ਰਹਮ ਕੀ ਉਠਿ ਜਾਸੀ ਮੁਹਤ ਚਸਾਹਾ।"
– ਆਸਾ ੫, ੧੨੩, ੩:੨ (402)

ਚਸਿਅਹੁ ---- ਥੋੜਾ, ਬਹੁਤ ਥੋੜਾ
"ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ।"
– ਸਾਰ ੪, ਵਾਰ ੧੦ਸ, ੧, ੨:੪ (1241)

ਚਸਿਆ ---- ਸਮੇਂ ਦੀ ਇਕ ਛੋਟੀ ਇਕਾਈ, ਵੇਖੋ 'ਚਸਾ'
"ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।"
– ਆਸਾ ੧, ਸੋਹ ੨, ੨:੧ (12)

ਚਸੂਆ ----- ਰਤਾ ਵੀ, ਥੋੜਾ ਜਿਹਾ ਵੀ
"ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ।"
– ਗਉ ੫, ੧੨੭*, ੩:੨ (206)

ਚਸੇ ------- ਸਮੇਂ ਦੀ ਇਕ ਬਹੁਤ ਛੋਟੀ ਇਕਾਈ
"ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ।"
– ਮਾਝ ੫, ੧੭, ੧:੩ (99)

ਚਹੀਐ ----- ਚਾਹੀਦਾ ਹੈ, ਲੋੜ ਹੈ
"ਅੰਧਿਆਰੈ ਦੀਪਕੁ ਚਹੀਐ।"
– ਸੋਰ ਕਬ, ੭, ੨:੧ (655)

ਚਹੁ ------- (1) ਚਾਰਾਂ, ਚਹੁੰਆਂ
"ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ।"
– ਸਿਰੀ ੩, ੩੪, ੩:੪ (26)
"ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ।" (ਚਾਰ ਤੇ ਛੇ ਦਸਾਂ ਵਿਚ)
– ਪ੍ਰਭਾ ੧, ੧੬, ੧:੧ (1332)

(2) ਚਾਰ ਵੇਦ (ਭਾਵ)
"ਅਸਟ ਦਸੀ ਚਹੁ ਭੇਦੁ ਨ ਪਾਇਆ।"

– ਆਸਾ ੧, ੨੦, ੫:੩ (355)

(3) ਚਾਰ ਜੁਗ (ਭਾਵ)
"ਚਹੁ ਮਹਿ ਏਕੈ ਮਟੁ ਹੈ ਕੀਆ।"
– ਰਾਮ ੫, ੧੨, ੪:੧ (886)

ਚਹੁੰਦਿਸਿ --- ਚਹੁੰਆਂ ਪਾਸਿਆਂ ਤੋਂ
"ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੇ।"
– ਸੋਰ ੯, ੧੨, ੧:੧ (634)

ਚਕਈ ----- ਚਕਵੀ, ਇਕ ਪੰਛੀ
"ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰਭਾਤਿ।"
– ਸਲੋ ਕਬ, ੧੨੫:੧ (1371)

ਚਕਹੁ ------ ਚਕ ਉਪਰ, ਕੁਮਿਹਾਰ ਦਾ ਉਹ ਪਹੀਆ ਜਿਸ ਉਪਰ ਉਹ ਬਤਰਨਾਂ ਨੂੰ ਘੜਦਾ/ ਸ਼ਕਲ ਦਿਦਾ ਹੈ।
"ਕਰਣੀ ਤੇ ਕਰਿ ਚਕਹੁ ਢਾਲਿ।"
– ਰਾਮ ੧, ੭, ੨:੩ (878)

ਚਕਟੀ ----- ਚੱਟੇ ਹਨ
"ਜਿਨ ਕਉ ਦਇਆਲੁ ਹੋਆ ਮੇਰਾ ਸੁਆਮੀ ਤਿਨਾ ਸਾਧ ਜਨਾ ਪਗ ਚਕਟੀ।"
– ਦੇਵ ੪, ੬, ੨:੧ (528)

ਚਕਵੀ ----- (ਸੰ.) ਇਕ ਪੰਛੀ
"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ।"
– ਸਿਰੀ ੧, ਅਸ ੧੧, ੫:੧ (60)

ਚਕੀ ------ (1) ਪੱਥਰ ਦੇ ਪੁੜ ਜਿਨ੍ਹਾਂ ਵਿਚ ਦਾਣੇ ਪੀਸੇ ਜਾਂ ਦਲੇ ਜਾਂਦੇ ਹਨ
"ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ।"
– ਮਾਝ ੧, ਵਾਰ ੧੧ਸ, ੧, ੧:੩ (142)

(2) ਪਿੰਡ/ਬਸਤੀ ਵਿਚ
"ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ।" (ਭਾਵ ਸਾਰੇ ਜਗਤ ਵਿਚ)
– ਰਾਮ ਬਸ, ਵਾਰ ੮:੬ (968)

ਚਕੁ ------- ਕੁਮਿਆਰ ਦਾ ਪਹੀਆ
"ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕਮਿਆਰਿ ਭਵਾਇਆ।"
– ਆਸਾ ੪, ਛੰਤ ੮, ੨:੪ (442)

ਚਕੋਰ ------ ਇਕ ਪੰਛੀ, ਪਹਾੜੀ ਤਿਤਰ, ਚਕੋਰ
"ਮਨਿ ਪ੍ਰੀਤਿ ਚੰਦ ਚਕੋਰ"
– ਬਿਲਾ ੫, ਅਸ ੨, ੬:੨ (838)

ਹੋਰ ਰੂਪ:

ਚਕੋਰਾ –
"ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ"

– ਸੋਰ ਰਵਿ, ੫, ੧:੨ (658)

ਚਕੋਰੀ ----- ਚਕੋਰ ਦੀ ਮਾਦਾ

"ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ।"

– ਗਉ ੫, ੧੩੪*, ੨:੨ (208)

ਚਕ੍ਰ ------- (1) ਗੋਲ ਰਸਤਾ

"ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ।"

– ਗਉ ਕਬ, ੪੭, ੧:੧ (333)

ਜੋਗ ਮਤਿ ਅਨੁਸਾਰਸਰੀਰ ਦੇ ਛੇ ਚੱਕਰ ਹਨ : (1) ਮੂਲਾਕਾਰ (ਗੁਦਾ ਮੰਡਲ ਦਾ ਚੱਕਰ), (2)ਸ੍ਵਾਧਿ ਸ਼ਠਾਨ (ਲਿੰਗ ਦੀ ਜੜ ਵਿਚਸਥਿਤ ਚੱਕਰ) (3) ਮਣਿਪੁਰ ਚੱਕਰ (ਧੁੰਨੀ ਦੇ ਕੋਲ) (4) ਅਨਾਹਤ ਚੱਕਰ (ਹਿਰਦੇ ਵਿਚ); (5) ਵਿਸ਼ੁਧ ਚੱਕਰ (ਗਲੇ ਵਿਚ) ਅਤੇ (6) ਆਗਿਆ ਚੱਕਰ (ਭਰਵਟਿਆਂ ਵਿਚ)

(2) ਚੰਦਨ ਨਾਲ ਗੋਲ ਚੱਕਰ ਦਾ ਨਿਸ਼ਾਨ ਜੋ ਵੈਸ਼ਨੋ ਲੋਕ ਬਾਹਾਂ ਉਪਰ ਬਣਾਉਂਦੇ ਹਨ, ਯਾਤਰਾ ਸਮੇਂ ਵੀ ਇਹ ਚੱਕਰ

"ਦੇਹੀ ਧੋਵੈ ਚਕ੍ਰ ਬਣਾਏ ਮਾਇਆ ਨੋ ਬਹੁ ਧਾਵੈ।"

– ਰਾਮ ੫, ਵਾਰ ੭ਸ, ੫, ੧:੨ (960)

(3) ਧਾਤ ਦਾ ਬਣਿਆ ਦੰਦਿਆਂ ਵਾਲਾ ਗੋਲ ਚੱਕਰ ਜੋ ਵਿਸ਼ਨੂੰ ਦੇ ਹੱਥ ਵਿਚ ਹੁੰਦਾ ਹੈ।

"ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।"

– ਮਾਲੀ ਨਾਮ, ੨, ੧:੧ (988)

ਹੋਰ ਰੂਪ:

"ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ।"

– ਸਸ ੫, ੫੭:੧ (1349)

(4) ਗੋਲਾਕਾਰ

"ਜਿਨਿ ਧਰ ਚਕ੍ਰ ਧਰੇ ਵੀਚਾਰੇ।" (ਧਰਤੀ ਦੇ ਚਕ੍ਰ (ਗੋਲਾਕਾਰ) ਨੂੰ ਸਿਆਣਪ ਨਾਲ ਚੁਕਿਆ ਹੈ)

– ਮਾਰੂ ੧, ਸੋਲਾ ੧੨, ੧:੨ (1032)

(5) ਤਿਲਕ ਗਣੇਸ਼ ਆਦਿ ਜੋ ਬ੍ਰਾਹਮਣ ਪੂਜਾ ਸਮੇਂ ਬਣਾਂਦੇ ਹਨ; ਵਾਮ ਮਾਗੀਆਂ ਦਾ ਭੈਰਵ ਚਕ੍ਰ (ਮਹਾਨਕੋਸ਼)

"ਚਕ੍ਰ ਬਣਾਇ ਕਰੈ ਪਾਖੰਡ।"

– ਭੈਰ ੫, ੫੩, ੧:੩ (1151)

ਚਕ੍ਰਧਰ ---- ਚੱਕਰਧਾਰੀ, ਵਿਸ਼ਨੂੰ ਭਾਵ ਹਰੀ, ਪ੍ਰਭੂ

"ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ।"

– ਗੂਜ ਜੈਦੇ, ੧, ੩:੨ (526)

ਚਕ੍ਰਪਾਣਿ --- ਜਿਸ ਦੇ ਹੱਥ ਵਿਚ ਚੱਕ੍ਰ ਹਨ, ਵਿਸ਼ਨੂੰ ਭਾਵ ਪ੍ਰਭੂ

"ਬਨਵਾਲੀ ਚਕ੍ਰਪਾਣਿ ਦਰਸਿ ਅਨੂਪਿਆ।"

– ਮਾਰੂ ੫, ਸੋਲਾ ੧੧, ੪:੨ (1082)

ਚਕ੍ਰਵੈ ------ ਚਕ੍ਰਵਰਤੀ

"ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ।"

– ਸਵ ੧, ੧੦:੨ (1390)

ਚਕ੍ਰ ------- **ਚੱਕਰ, ਪਹੀਆ**

"ਅਚਿੰਤੁ ਜਾਲੁ ਕਾਲੁ ਚਕ੍ਰ ਪੇਲ।"

– ਰਾਮ ੫, ੫੨, ੧:੪ (899)

ਚਖਉ ----- **ਮੈਂ ਚਖਾਂ**

"ਕਿਤੀ ਚਖਉ ਸਾਡੜੇ ਕਿਤੀ ਵੇਸ ਕਰੇਉ।"

– ਮਾਰੂ ੧, ਅਸ ੯, ੫:੧ (1015)

ਹੋਰ ਰੂਪ:

ਚਖਹਿ –

"ਜੋ ਗੁਰਮੁਖਿ ਸਾਦ ਚਖਹਿ ਰਾਮ ਨਾਮਾ ਸਭ ਅਨ ਰਸ ਸਾਦ ਬਿਸਾਰੇ।" (ਚਖਦਾ ਹੈ)

– ਨਾਟ ੪, ਅਸ ੧, ੫:੨ (980)

ਚਖਾ –

"ਗੁਰ ਪਰਸਾਦੀ ਉਬਰੇ ਜਿਨ ਹਰਿ ਰਸੁ ਚਖਾ।" (ਚਖਿਆ)

– ਮਾਰੂ ੩, ਵਾਰ ੩:੪ (1088)

ਚਖਾਇਓਨੁ –

"ਅੰਮ੍ਰਿਤੁ ਜਿਨ੍ਹਾ ਚਖਾਇਓਨੁ ਰਸੁ ਆਇਆ ਸਹਜਿ ਸੁਭਾਇ।"

– ਆਸਾ ੩, ੩੪, ੧:੧ (428)

ਚਖਾਸੀ –

"ਹਰਿ ਆਪਿ ਦਇਆਲੁ ਦਇਆ ਕਰਿ ਮੇਲੈ ਜਿਸੁ ਸਤਿਗੁਰੁ ਜੋ ਜਨੁ ਹਰਿ ਹਰਿ ਅੰਮ੍ਰਿਤ ਨਾਮੁ ਚਖਾਸੀ।"

– ਸਾਰ ੪, ੧੨, ੧:੨ (1202)

ਚਖਿ –

"ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਨ ਸਭ ਤੇ ਮੀਠਾ ਜੀਉ।" (ਚੱਖ ਕੇ)

– ਮਾਝ ੫, ੨੨, ੧:੩ (100)

ਚਖਿਓ –

"ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ।"

– ਗੂਜ ੩, ਵਾਰ ੧੫:੪ (514)

ਚਖਿਆ –

"ਸਚੁ ਸਚਾ ਰਸੁ ਜਿਨੀ ਚਖਿਆ ਸੇ ਤ੍ਰਿਪਤਿ ਰਹੇ ਅਘਾਈ।"

– ਗਉ ੪, ਵਾਰ ੧੯:੩ (311)

ਚਖੀਐ –

"ਮਹੁਰਾ ਹੋਵੈ ਹਥਿ ਮਰੀਐ ਚਖੀਐ।"

– ਮਾਝ ੧, ਵਾਰ ੧੨:੨ (142)

ਚਖੇ –

"ਮੁਹਿ ਡਿਠੈ ਤਿਨ ਕੈ ਜੀਵੀਐ ਹਰਿ ਅੰਮ੍ਰਿਤ ਚਖੇ।"

– ਗਉ ੫, ਵਾਰ ੨:੨ (318)

ਚਖੈ –

“ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ”

– ਗਉ ੪, ਵਾਰ ੨੮:੨ (315)

ਚੰਗ ਚੰਗਨਾ –

“ਸੇਵਕੁ ਠਾਕੁਰੁ ਸਭੁ ਤੂਹੈ ਤੂਹੈ ਗੁਰਮਤੀ ਹਰਿ ਚੰਗ ਚੰਗਨਾ।”

– ਕਾਨ ੪, ਵਾਰ ੨:੪ (1313)

ਚੰਗੜੀਆ --- ਚੰਗੀ ਭਾਵ ਅਮੋਲਕ

“ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ।”

– ਵਡ ੪, ਘੋੜੀ ੧, ੧:੩ (575)

ਚੰਗਾ ------ ਸ਼੍ਰੇਸ਼ਟ, ਉਤਮ; ਭਲਾ, ਠੀਕ

“ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ।”

– ਜਪੁ ੧, ੭:੩ (2)

“ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ।”

– ਮਾਝ ੧, ਵਾਰ ੨ਸ, ੨, ੨:੧ (138)

“ਜਾ ਤੂੰ ਵਡਾ ਸਭ ਵਡਿਆਈਆ ਚੰਗੈ ਚੰਗਾ ਹੋਈ।” (ਭਲਾ)

– ਮਾਝ ੧, ਵਾਰ ੧੫ਸ, ੧, ੨:੧ (145)

“ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।”

– ਆਸਾ ੧, ਵਾਰ ੫:੩ (465)

“ਕਰੇ ਸੁ ਚੰਗਾ ਮਾਨਿ ਦੁਯੀ ਗਣਤ ਲਾਹਿ।” (ਠੀਕ ਮੰਨ; ਸ਼ੁਭ ਮਨ)

– ਸਲੋ ੫, ੭:੧ (1425)

ਚੰਗਿਆਈ -- ਚੰਗਾਪਣ, ਭਲਾਈ, ਨੇਕੀ

“ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਈ ਚੰਗਿਆਈ”

– ਆਸਾ ੧, ਅਸ ੧੨, ੩:੩ (417)

ਹੋਰ ਰੂਪ:

ਚੰਗਿਆਈਂ –

“ਚੰਗਿਆਈਂ ਆਲਕੁ ਕਰੇ ਬੁਰਿਆਈ ਹੋਇ ਸੇਰੁ।” (ਭਲੇ ਕੰਮ ਲਈ)

– ਗੂਜ ੫, ਵਾਰ ੩ਸ, ੫, ੧:੧ (518)

ਚੰਗਿਆਈਆ –

“ਏਤੇ ਗੁਣ ਏਤੀਆ ਚੰਗਿਆਈਆਂ ਦੇਇ ਨ ਪਛੋਤਾਵੈ।”

– ਪ੍ਰਭਾ ੧, ੩, ੩:੨ (1328)

“ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ।” (ਸਾਬਾਸ਼, ਵਡਿਆਈ)

– ਗੂਜ ੧, ੧, ੩:੧ (489)

“ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ।” (ਭਾਵ ਪ੍ਰਭੂ ਦੇ ਗੁਣ)

– ਮਾਰੂ ੩, ਵਾਰ ੧੭ਸ, ੩, ੨:੩ (1092)

ਚੰਗੀ ------ ਭਲੀ, ਉਤਮ, ਸ਼੍ਰੇਸ਼ਟ

"ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ।"
– ਮਾਝ ੧, ਵਾਰ ੨੪ਸ, ੧, ੨:੩ (149)

ਹੋਰ ਰੂਪ:

ਚੰਗੀਆ –
"ਜਨੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ।"
– ਵਡ ੪, ਘੋੜੀ ੨, ੧:੬ (576)

ਚੰਗੇ –
"ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ।"
– ਆਸਾ ੧, ਵਾਰ ੧੧ਸ, ੧, ੩:੪ (469)

ਚੰਗੈ –
"ਜਾ ਤੂੰ ਵਡਾ ਸਭਿ ਵਡਿਆਈਆਂ ਚੰਗੈ ਚੰਗਾ ਹੋਈ।" (ਚੰਗੇ ਤੋਂ)
– ਮਾਝ ੧, ਵਾਰ ੧੫ਸ, ੧, ੨:੧ (145)
"ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ।" (ਚੰਗੇ ਵਲੋਂ ਭਾਵ ਪ੍ਰਭੂ ਵਲੋਂ ਕੀਤਾ ਕੰਮ)
– ਆਸਾ ੧, ਵਾਰ ੨੧ਸ, ੨, ੧:੩ (474)

ਚੰਗੇਰਾ –
"ਹਰਿ ਹਿਰਦੈ ਮਨਿ ਤਨਿ ਮੀਠਾ ਲਾਗਾ ਮੁਖਿ ਮਸਤਕਿ ਭਾਗੁ ਚੰਗੇਰਾ।"
–ਟੋਡੀ ੪, ੧, ੨:੨ (711)

ਚੰਗੇਰਿਆ –
"ਆਪਨੜੇ ਮਨਿ ਚਿਤਿ ਕਹਨਿ ਚੰਗੇਰਿਆ।"
– ਮਾਝ ੧, ਵਾਰ ੧੧:੩ (143)

ਚੰਗੇਰੀ –
"ਇਕ ਤਾਜਨਿ ਤੁਰੀ ਚੰਗੇਰੀ"
– ਧਨਾ ਧੰਨਾ, ੪, ੨:੨ (695)

(2) ਠੀਕ
"ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ।"
– ਆਸਾ ੧, ਵਾਰ ੨੨ਸ, ੨, ੫:੨ (474)

(3) ਨੇਕ, ਭਲੀ, ਸੋਹਣੀ
"ਘਰ ਕੀ ਗੀਹਨਿ ਚੰਗੀ।"
– ਧਨਾ ਧੰਨਾ ੧, ੨:੩ (695)

ਹੋਰ ਰੂਪ:

ਚੰਗੀਆ –
"ਗਲੀ ਅਸੀ ਚੰਗੀਆ ਆਚਾਰੀ ਬੁਰੀਆਹ।"
– ਸਿਰੀ ੪, ਵਾਰ ੭ਸ, ੧, ੨:੧ (85)

ਚੰਚਲ ----- (1) ਜੋ ਸਥਿਰ ਨਾ ਰਹੇ, ਇਕ ਥਾਂ ਨ ਟਿਕਣ ਵਾਲੀ, ਨਿਚਲਾ, ਨਿਹਚਲ ਤੋਂ ਉਲਟ
"ਚੰਚਲ ਚਪਲ ਬੁਧਿ ਕਾ ਖੇਲੁ।"
– ਗਉ ੧, ੪, ੧:੧ (152)
"ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ।" (ਚੁਲਬੁਲੀ)
– ਗਉ ੮, ੪, ੧*:੨ (219)

“ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ।”

– ਧਨਾ ੯, ੩, ੨:੧ (685)

“ਨਚ ਰਾਗ ਰਤਨ ਕੰਠੰ ਨਹ ਚੰਚਲ ਚਤੁਰ ਚਾਤੁਰਹ।” (ਭਾਵ ਚਲਾਕ)

– ਸਸ ੫, ੩੧:੨ (1356)

ਹੋਰ ਰੂਪ:

ਚੰਚਲਹ –

“ਨਚ ਦੁਰਲਭੰ ਬਿਦਿਆ ਪ੍ਰਬੀਣੰ ਨਚ ਦੁਰਲਭੰ ਚਤੁਰ ਚੰਚਲਹ।”

– ਸਸ ੫, ੩੫:੪ (1357)

ਚੰਚਲਾ –

“ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ।”

– ਗਉ ੪, ਕਰ ੨, ੬:੧ (235)

ਚੰਚਲਿ –

“ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ।”

– ਬਿਹਾ ੫, ਛੰਤ ੮, ੩:੫ (547)

ਚੰਚਲੁ –

“ਇਹੁ ਮਨੁ ਚੰਚਲੁ ਵਸਿ ਨ ਆਵੈ।”

– ਮਾਰੂ ੩, ਅਸ ੩੦, ੪:੧ (127)

(2) ਚਲਾਇਮਾਨ

“ਹਰਿਹਾਂ ਚੰਚਲੁ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ।” (ਕਾਮਾਦਿਕ ਚਲਾਇਮਾਨ ਚੋਰਾਂ ਨੂੰ)

– ਫੁਨ ੫, ੧੨:੪ (1362)

ਹੋਰ ਰੂਪ:

ਚੰਚਲਿ –

“ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ।” (ਚਲਾਇਮਾਨ)

– ਬਿਲਾ ੫, ੫, ੨:੨ (803)

“ਰਾਜੁ ਕਮਾਇ ਕਰੀ ਜਿਨਿ ਥੈਲੀ ਤਾ ਕੈ ਸੰਗਿ ਨ ਚੰਚਲਿ ਚਲੀਆ।” (ਚਲਾਇਮਾਨ ਮਾਇਆ)

– ਮਾਰੂ ੫, ੧੮, ੨:੩ (1004)

ਚਚਾ ------ ਗੁਰਮੁਖੀ ਲਿਪੀ ਦਾ ਗਿਆਰਵਾਂ ਅਖਰ ‘ਚ’

“ਚਚਾ ਚਰਨ ਕਮਲ ਗੁਰ ਲਾਗਾ।”

– ਗਉ ੫, ਬਾਅ ੨੨:੧ (254)

ਹੋਰ ਰੂਪ:

ਚਚੈ –

“ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ।” (ਚਚੈ, ਅਖਰ ਦੁਆਰਾ ਉਪਦੇਸ਼ ਹੈ)

– ਆਸਾ ੧, ਪਟੀ ੯:੧ (432)

ਚਜ ------- (1) ਸੁਚਜ, ਸ੍ਰੇਸ਼ਟ

“ਚਜ ਅਚਾਰ ਕਿਛੁ ਬਿਧਿ ਨਹੀ ਜਾਨੀ।”
– ਆਸਾ ੫, ੭, ੧:੩ (372)

(2) ਕੰਮ, ਕੰਮ ਕਰਨ ਦੇ ਸਲੀਕੇ
“ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ।”
– ਸਲੋ ੩, ੩:੨ (1413)

ਹੋਰ ਰੂਪ:

ਚਜਿ –
“ਨਵਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ।” (ਪੰਡਤਾਂ ਵਾਲੇ ਕਰਮ ਕਾਂਡ ਦੇ ਕਾਰਨ)
– ਮਾਰੂ ੩, ਵਾਰ ੧੧ਸ, ੩, ੧:੨ (1090)

ਚਜੁ –
“ਗੁਰ ਕਉ ਜਾਨਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ।”
– ਸਿਰੀ ੧, ੧੩, ੩:੧ (19)
“ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ।” (ਕਰਨ ਯੋਗ ਕੰਮ)
– ਆਸਾ ੧, ੨੦, ੧*:੨ (355)
“ਗੁਰਮੁਖਿ ਮਜਨੁ ਚਜੁ ਅਚਾਰੁ।” (ਭਾਵ ਕਰਮ ਕਾਂਡ)
– ਰਾਮ ੧, ਓਅੰ ੨੨:੬ (932)

ਚਟਸਾਲ ---- ਮਦਰਾਸ, ਸਕੂਲ
“ਸਤਸੰਗਤਿ ਸਤਿਗੁਰ ਚਟਸਾਲ ਹੈ ਜਿਸੁ ਹਰਿ ਗੁਣ ਸਿਖਾ।”
– ਕਾਨ ੪, ਵਾਰ ੮:੪ (1316)

ਚਟਾਰਾ ----- ਚਿੜਾ ਭਾਵ ਜੀਵਾਤਮਾ
“ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ।”
– ਆਸਾ ਕਬ, ੧੬, ੫:੨ (480)

ਚਟਿ ------ ਜੀਭ ਨਾਲ ਖਾਣਾ, ਸੁਆਦ ਲਾ ਕੇ ਖਾਣਾ, ਲਕਣਾ
“ਰਤੁ ਪਿਤੁ ਕੁਤਿਹੋ ਚਟਿ ਜਾਹੁ।”
– ਮਲਾ ੧, ਵਾਰ ੨੨ਸ, ੧, ੨:੮ (1288)

ਚਟੀ ------ ਜੁਰਮਾਨਾ, ਦੰਡ
“ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ।” (ਭਾਵ ਮਜ਼ਬੂਰ ਹੋ ਕੇ ਕੰਮ ਕਰੇ)
– ਸੂਹੀ ੧, ਵਾਰ ੭ਸ, ੨, ੩:੧ (787)

ਚਟੀਆ ---- ਚਾਟੜੇ ਨਾਲ ਦੇ ਵਿਦਿਆਰਥੀ
“ਰਾਮੁ ਕਹੈ ਕਰ ਤਾਲ ਬਜਾਵੈ ਚਟੀਆ ਸਭੈ ਬਿਗਾਰੇ।”
– ਭੈਰ ਨਾਮ, ੯, ੧:੩ (1165)

ਚਟੀਐ ----- ਜੀਭ ਨਾਲ ਖਾਈਏ ..... ਲਕੀਏ
“ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ।”
– ਰਾਮ ਬਸ, ੨:੪ (966)

ਚਟੇ – ਬੁਕ

“ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ।”
- ਮਾਝ ੧, ਵਾਰ ੨੬ਸ, ੧, ੧:੨੫ (150)

ਚੰਡਈਆ --- ਚੰਡ (ਘੋਰ) ਵ੍ਰਿਤੀ ਵਾਲਾ, ਤਾਮਸੀ
“ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲ ਚੰਡਈਆ।”
- ਬਿਲਾ ੪, ਅਸ ੪, ੬:੨ (835)

ਚਡਾ ------ ਖ਼ੁਸ਼ਾਮਦ, ਪਰਵਾਹ, ਅਹਿਸਾਨ
“ਜਿਨ੍ਹੀ ਇਕ ਮਨਿ ਇਕੁ ਅਰਾਧਿਆ ਮੇਰੀ ਜਿੰਦੁੜੀਏ ਤਿਨਾ ਨਾਹੀ ਕਿਸੈ ਦੀ ਕਿਛੁ ਚਡਾ ਰਾਮ।”
- ਬਿਹਾ ੪, ਛੰਤ ੫, ੪:੨ (541)

ਚੰਡਾਰ ----- ਤਾਮਸੀ ਸੁਭਾਉ ਵਾਲਾ, ਨੀਵੀਂ ਜਾਤ ਦਾ
“ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।”
- ਬਿਲਾ ਰਵਿ, ੨, ੧:੧ (858)

ਹੋਰ ਰੂਪ:

ਚੰਡਾਰਾ –
“ਬਸਇ ਕਰੋਧ ਸਰੀਰਿ ਚੰਡਾਰਾ।” (ਦੁਸ਼ਟ)
- ਸੂਹੀ ੫, ਅਸ ੧, ੩:੧ (759)

ਚੰਡਾਲ ----- (ਸੰ.) ਤਾਮਸੀ ਬ੍ਰਿਤੀ ਵਾਲਾ ਦੁਸ਼ਟ
“ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ।”
- ਸਿਰੀ ੧, ਅਸ ੨੯, ੨:੩ (24)

ਹੋਰ ਰੂਪ:

ਚੰਡਾਲਾ –
“ਉਆ ਤੇ ਊਤਮੁ ਗਨਉ ਚੰਡਾਲਾ।”
- ਗਉ ੫, ਬਾਅ ੧੬:੭ (253)

“ਪਸੂ ਮਲੇਛ ਨੀਚ ਚੰਡਾਲਾ।”
- ਬਿਲਾ ੧, ਅਸ ੨, ੫:੨ (832)

ਚੰਡਾਲਿ –
“ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।”
- ਸਿਰੀ ੪, ਵਾਰ ੨੦ਸ, ੧, ੧:੧ (91)

ਚੰਡਾਲੀ –
“ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ।” (ਚੰਡਾਲਣ)
- ਆਸਾ ੫, ੪੪, ੧:੧ (381)

ਚੰਡਾਲੁ –
“ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ।”
- ਸਿਰੀ ੧, ੪, ੧:੨ (15)

ਚੰਡੂਰੁ ------ ਇਕ ਰਾਖਸ਼ ਬਿਰਤੀ ਵਾਲਾ ਭਲਵਾਨ ਜਿਸ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਬਲਭੱਦਰ ਨੂੰ ਮਾਰਨ ਹਿੱਤ ਭੇਜਿਆ ਗਿਆ ਸੀ ਪਰ ਜੋ ਕੁਸ਼ਤੀ ਕਰਦਾ ਬਾਲਕ ਕ੍ਰਿਸ਼ਨ ਜੀ ਹਥੋਂ ਮਾਰਿਆ ਗਿਆ।

"ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸ ਕੇਸੁ ਮਾਰਾਹਾ।"

– ਸੋਰ ੪, ੬, ੩:੨ (606)

ਚਢਹਿ ----- ਚੜਦਾ ਹੈ

"ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।"

– ਸਲੋ ਕਬ, ੧੮੪:੧ (1374)

ਚਢਤ ------ ਚੜਦਿਆਂ

"ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ।"

– ਗਉ ਕਬ, ੪੯, ੩:੨ (333)

ਚਢਾ ------ ਚੜੀ

"ਉਨਮਦ ਚਢਾ ਮਦਨ ਰਸੁ ਚਾਖਿਆ ਤ੍ਰਿਭਵਨ ਭਇਆ ਉਜਿਆਰਾ।"

– ਰਾਮ ਕਬ, ੨, ੧*:੨ (969)

ਹੋਰ ਰੂਪ:

ਚਢਾਇ –

"ਕਬੀਰ ਸਭੁ ਜਗੁ ਹਉ ਫਿਰਿਓ ਮਾਂ ਦਲੁ ਕੰਧ ਚਢਾਇ।" (ਮੋਢੇ ਤੇ ਚੜ੍ਹ ਭਾਵ ਰੱਖਕੇ)

– ਸਲੋ ਕਬ, ੧੧੩:੧ (1370)

ਚਢਾਈ –

"ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ।"

– ਭੈਰ ਕਬ, ੧੭, ੩:੧ (1161)

ਚਢਾਈਐ –

"ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ।"

– ਗਉ ਕਬ, ੪੬, ੩:੧ (333)

ਚਢਾਵਉ ---- ਚੜਾਂ

"ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ।"

– ਬਿਲਾ ਸਧ, ੧, ੩:੨ (858)

ਚਢਾਵੈ –

"ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ।" (ਚੜਾਉਂਦਾ/ ਉਪਰ ਚੁੱਕਦਾ ਹੈ)

– ਸਾਰ ਕਬ, ੨, ੨:੨ (1252)

ਚਢਿਬੋ –

"ਇਆ ਮੁੰਡੀਆ ਸਿਰਿ ਚਢਿਬੋ ਕਾਲ।" (ਸਿਰ ਤੇ ਮੌਤ ਚੜੀ ਹੋਈ ਹੈ)

– ਗੋਂਡ ਕਬ, ੬, ੧:੪ (871)

ਚਢੇ –

"ਬਰਦ ਚਢੇ ਡਉਰੂ ਢਮਕਾਵੈ।" (ਚੜ੍ਹ ਕੇ)

– ਗੋਂਡ ਨਾਮ, ੬, ੨:੨ (874)

"ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ।" (ਚੜ੍ਹੇ ਹੋਏ ਨੂੰ)

– ਸਾਰ ਕਬ, ੨, ੨:੨ (1252)

ਚਢੈ –

"ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ।" (ਚੜ੍ਹ ਸਕਦੀ)

– ਗਉ ਕਬ, ੪, ੮ ੧*:੨ (333)

ਚਤੁਆਰੇ ---- ਚਾਰ

"ਗੁਪਤੇ ਬੂਝਹੁ ਜੁਗ ਚਤੁਆਰੇ।"

– ਮਾਰੂ ੧, ਸੋਲਾ ੭, ੩:੧ (1026)

ਚਤੁਰ ------ (1) (ਸੰ.) ਚਾਰ

"ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ।"

– ਗਉ ੫, ੧੬੪, ੩:੧ (216)

(2) ਸਿਆਣਾ, ਗੁਣ ਵਿਚ ਨਿਪੁੰਨ

"ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ।"

– ਗਉ ੫, ਬਾਅ ੧੬ਸ:੧ (253)

"ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ।"

– ਸਲੋ ੯, ੧੧:੧ (1426)

(ਮਹਾਨਕੋਸ਼ ਇਥੇ 'ਚਤੁਰ' ਦੇ ਅਰਥ 'ਆਲਸ ਰਹਿਤ ਅਥਵਾ 'ਸਾਵਧਾਨ' ਕਰਦਾ ਹੈ)

ਚਤੁਰਥਿ ---- ਚਉਥੀ ਤਿੱਥ

"ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ।"

– ਗਉ ੫, ਥਿਤੀ ੪:੧ (297)

ਚਤੁਰਦਸ --- ਚਾਰ+ਦਸ ਅਰਥਾਤ ਚੌਦਾ

"ਚਤੁਰਦਸ ਹਾਟ ਦੀਵੇ ਦੁਇ ਸਾਖੀ।"

– ਮਾਰੂ ੧, ਸੋਲਾ ੧੮, ੧੩:੧ (1039)

ਚਤੁਰਭੁਜੁ --- ਚਾਰ ਬਾਹਵਾਂ ਵਾਲਾ, ਵਿਸ਼ਨੂੰ ਭਾਵ ਪ੍ਰਭੂ

"ਚਤੁਰਾਈ ਨ ਚਤੁਰਭੁਜੁ ਪਾਈਐ।"

– ਗਉ ਕਬ, ੬, ੧*:੨ (324)

ਚਤੁਰਾਈ --- (1) ਚਤਰਤਾ, ਚਾਲਾਕੀ

"ਕਾਹੇ ਜੀਅ ਕਰਹਿ ਚਤੁਰਾਈ।"

– ਸਿਰੀ ੧, ੩੦, ੧*:੧ (25)

"ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ" (ਚਲਾਕੀਆਂ ਕੀ ਕਰ ਸਕਦਾ ਹੈ)

– ਗਉ ੪, ੪੬, ੪:੧ (166)

ਹੋਰ ਰੂਪ:

ਚਤੁਰਾਈਐ –

"ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ।"
– ਆਸਾ ੧, ਛੰਤ ੧, ੪:੫ (436)

(2) ਸਿਆਣਪ
"ਸੁਰਤਿ ਮਤਿ ਚਤੁਰਾਈ ਤਾ ਕੀ ਕਿਆ ਕਰਿ ਆਖਿ ਵਖਾਣੀਐ।"
– ਮਾਝ ੧, ਵਾਰ ੨ਸ, ੨, ੨:੨ (138)

ਚਤੁਰਾਂਗਾ --- ਚਾਰ ਅੰਗਾਂ/ਪ੍ਰਕਾਰ ਦੀ
"ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ।"
– ਜੈਤ ੫, ੧, ੩:੧ (700)

ਚਤੁਰਿ ----- ਸਿਆਣੀ
"ਨਹ ਚਤੁਰਿ ਸੁਘਰਿ ਸੁਜਾਤ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ।"
– ਬਿਲਾ ੫, ਛੰਤ ੩, ੩:੩ (847)

ਚਤੁਰੁ ------ (1) ਗੁਣ ਵਿਚ ਪ੍ਰਬੀਨ
"ਹਉ ਪੰਡਿਤੁ ਹਉ ਚਤੁਰੁ ਸਿਆਣਾ।"
– ਗਉ ੫, ੭੮, ੩:੩ (178)

(2) ਸਿਆਣਾ
"ਨਾ ਕੋ ਚਤੁਰੁ ਨਾਹੀ ਕੋ ਮੂੜਾ।"
– ਗਉ ੫, ਅਸ ੬, ੮:੧ (238)

ਚੰਦ ------- ਚੰਦਰਮਾ
"ਕੇਤੇ ਇੰਦ ਚੰਦ ਸੂ ਕੇਤੇ ਕੇਤੇ ਮੰਡਲ ਦੇਸ।"
– ਜਪੁ ੧, ੩੫:੬ (7)

"ਚੰਦ ਸੂਰਜ ਕੀ ਪਾਏ ਗੰਢਿ।" (ਭਾਵ ਸੀਤਲਤਾ)
– ਰਾਮ ੩, ਵਾਰ ੧੨ਸ, ੧, ੪:੩ (952)

ਚੰਦਸਤ ---- ਚੰਦਰਮਾ ਦੀ ਨਾੜੀ
"ਚੰਦਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤ ਕੀਆ।"
– ਮਾਰੂ ਜੈਦੇ, ੧, ੧:੧ (1106)

ਚੰਦਨ ------ (ਸੰ.) (1) ਇਕ ਸੁਗੰਧਤ ਬ੍ਰਿਛ ਦੀ ਭਿੰਨੀ ਭਿੰਨੀ ਖੁਸ਼ਬੋਈ
"ਚੋਆ ਚੰਦਨ ਦੇਹ ਫੂਲਿਆ।"
– ਗਉ ੫, ੧੩੯*, ੩:੧ (210)

"ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ।"
– ਗਉ ੫, ੧੫੨*, ੩:੧ (213)

ਹੋਰ ਰੂਪ:

ਚੰਦਨਹ –
"ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ।"
– ਸਸ ੫, ੩੯:੧ (1257)

ਚੰਦਨਾ –

"ਨਲ੍ਯ ਕਵਿ ਪਾਰਸ ਪਰਸ ਕਚ ਕੰਚਨਾ ਹੁਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ।"

– ਸਵ ੪, ਨਲ ੩:੪ (1399)

ਚੰਦਨਿ –

"ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।"

– ਸਿਰੀ ੧, ੧, ੧:੨ (14)

ਚੰਦਨੁ –

"ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ।"

– ਸਿਰੀ ੧, ੧੩, ੪:੧ (19)

ਚੰਦਨੋ –

"ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।"

– ਧਨਾ ਰਵਿ, ੩, ੧:੨ (694)

(2) ਇਕ ਖੂਬਸੂਰਤ ਲਕੜੀ ਦਾ ਦਰੱਖਤ

"ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।"

– ਆਸਾ ਰਵਿ, ੩, ੧:੧ (486)

ਹੋਰ ਰੂਪ:

ਚੰਦਨਿ –

"ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ।"

– ਮਾਝ ੧, ਵਾਰ ੨੧ਸ, ੧, ੨:੨ (148)

ਚੰਦਨੁ –

"ਭਾਰ ਅਠਾਰਹ ਮਹਿ ਚੰਦਨੁ ਊਤਮ ਚੰਦਨ ਨਿਕਟਿ ਸਭ ਚੰਦਨੁ ਹੁਈਆ।"

– ਬਿਲਾ ੪, ਅਸ ੨, ੨:੧ (834)

"ਸੋ ਤਰਵਰੁ ਚੰਦਨੁ ਹੋਇ ਨਿਬਰਿਓ।"

– ਭੈਰ ਕਬ, ੫, ੨:੨ (1158)

ਚੰਦਨੈ –

"ਕਬੀਰ ਪਾਰਸ ਚੰਦਨੈ ਤਿਨ੍ ਹੈ ਏਕ ਸੁਗੰਧ।"

– ਸਲੋ ਕਬ, ੭੭:੧ (1368)

ਚੰਦਾ ------ 'ਚੰਦਰਮਾ' ਦਾ ਬਹੁ ਵਚਨ

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।"

– ਆਸਾ ੧, ਵਾਰ ੧ਸ, ੨, ੨:੧ (463)

ਚੰਦਾਕੀ ---- ਚਾਣਨੀ ਵਾਲਾ

"ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦ ਚੰਦਾਕੀ।"

– ਧਨਾ ੪, ੬, ੩:੨ (668)

ਚੰਦੰੀ ------ ਇਤਨੇ, ਕੁਝ

"ਚੰਦੰੀ ਹਜ਼ਾਰ ਆਲਮ ਏਕਲ ਖਾਨਾਂ।"

– ਤਿਲੰ ਨਾਮ, ੩, ੩:੧ (727)

ਚੰਦੁ ------- (1) ਚੰਦਰਮਾ

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ।"
- ਧਨਾ ੧, ਸੋਹ ੩, ੧:੧ (13)

"ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ।"
- ਜੈਤ ੫, ਵਾਰ ੧੭ਸ, ੫, ੨:੧ (709)

(2) ਗਿਆਨ (ਭਾਵ)

"ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ।" (ਗਿਆਨ ਨੂੰ ਪ੍ਰਕਾਸ਼ਿਆ)
- ਸੂਹੀ ੧, ਛੰਤ ੪, ਜ਼:੨ (765)

ਹੋਰ ਰੂਪ:

ਚੰਦੋ -

"ਚੰਦੋ ਦੀਪਾਇਆ ਦਾਨਿ ਹਰਿ ਕੈ ਦੁਖੁ ਅੰਧੇਰਾ ਉਠਿ ਗਇਆ।"
- ਸੂਹੀ ੧, ਛੰਤ ੪, ੧:੩ (765)

(3) ਸਤੋ ਸੁਭਾਵ (ਭਾਵ)

"ਰਵਿ ਊਪਰਿ ਗਹਿ ਰਾਖਿਆ ਚੰਦੁ।"
- ਭੈਰ ਕਬ, ੧੦, ੨:੨ (1159)

(4) ਨਾਂ ਦਾ ਪਛੇਤਰ

"ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦ ਤਾਰਨਿ ਮਨੁਖ੍ ਜਨ ਕੀਅਉ ਪ੍ਰਗਾਸ।
- ਸਵ ੪, ਨਲ, ੪:੨ (1399)

ਚੰਦੋਆ ----- ਸਾਇਬਾਨ ਜਿਸ ਵਿਚਕਾਰ 'ਚੰਦ' ਲਗਾ ਹੋਵੇ

"ਆਖਾਰ ਮੰਡਲੀ ਧਰਣਿ ਸਬਾਈ ਊਪਰਿ ਗਗਨੁ ਚੰਦੋਆ।"
- ਰਾਮ ੫, ੭, ੨:੧ (884)

"ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ।" (ਭਾਵ ਪੂਰਨ ਸ਼ਾਂਤੀ ਵਾਲਾ ਆਲਾ ਦੁਆਲਾ ਬਣਾਇਆ)
- ਸਵ ੫, ਕਲ ੭:੫ (1407)

ਚਦ੍ਰ ------- (1) ਚੰਦ, ਚੰਦਰਮਾ

"ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ।"
- ਸਾਰ ੫, ੧੩੯, ੧*:੧ (1231)

(2) ਸੁੰਦਰ, ਸੋਹਣਾ

"ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ।"
- ਚਉ ੫, ੧੦:੧ (1364)

ਚੰਦ੍ਰਹਾਂਸੁ ---- ਧਰਮ ਨਾਮੀ ਰਾਜੇ ਦਾ ਪੁੱਤਰ ਜਿਸ ਨਾਲ ਧ੍ਰਿਸਟ ਬੁੱਧੀ ਦੀ ਈਰਖਾ ਸੀ, ਉਸ ਨੇ ਉਹ ਨੂੰ ਮਰਵਾਣਾ ਚਾਹਿਆ ਪਰ ਭੁਲੇਖੇ ਵਿਚ ਉਸ ਦਾ ਆਪਣਾ ਪੁੱਤਰ ਮਾਰਿਆ ਗਿਆ ਤੇ ਰਾਜ ਚੰਦ੍ਰਹਾਂਸ ਨੂੰ ਹੀ ਮਿਲਿਆ।

"ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ।"
- ਨਟ ੪, ਅਸ ੪, ੬:੨ (962)

ਚੰਦ੍ਰਮਾ ----- ਚੰਦ, ਚੰਨ

"ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾ ਹੀ ਕਹ ਚੜਿਆ।"
- ਮਾਝ ੧, ਵਾਰ ੧੯ਸ, ੧, ੧:੨ (145)

ਹੋਰ ਰੂਪ:

ਚੰਦ੍ਰਮੇ –
“ਕੋਟਿ ਚੰਦ੍ਰਮੇ ਕਰਹਿ ਚਰਾਕ।”
– ਭੈਰ ਕਬ, ਅਸ ੨, ੨:੧ (1163)

ਚੰਦ੍ਰਾਇਣਾ --- ਚੰਦ੍ਰਮਾ ਦੇ, ਚੰਦ੍ਰਮਾ ਸਬੰਧੀ
“ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ।”
– ਮਾਰੂ ੫, ਵਾਰ ੧੩:੩ (1099)

ਚੰਦ੍ਰਾਇਣੁ --- ਚੰਦ ਵਰਗੀ ਰੋਸ਼ਨੀ, ਰੋਸ਼ਨੀ ਦੀ ਲਿਸ਼ਕ
“ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ।”
– ਆਸਾ ੫, ਛੰਤ ੧੧, ੨:੧ (460)

ਚੰਦ੍ਰਾਵਲਿ --- ਇਕ ਗੋਪੀ ਜਿਸ ਨੂੰ ਦੁਆਪਰ ਵਿਚ ਯਾਦਵ ਰੂਪ ਵਿਚ ਕ੍ਰਿਸ਼ਨ ਜੀ ਨੇ ਜੋਰ ਨਾਲ ਛਲਿਆ
“ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ।”
– ਆਸਾ ੧, ਵਾਰ ੧੩ਸ, ੧, ੨:੭ (470)

ਚਨਣਾਠੀਆ – ਚੰਦਨ ਦੀ ਲਕੜੀ ਦਾ ਟੁਕੜਾ
“ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ।”
– ਗੂਜ ੧, ੧:੧ (489)

ਚੰਨਣੁ ----- ਚੰਦਨ
“ਕੁੰਗੂ ਚੰਨਣੁ ਫੁਲ ਚੜਾਏ।”
– ਸਾਰ ੪, ਵਾਰ ੯ਸ, ੧, ੧:੩ (1240)

ਚਨਨ ------ ਚਣੇ, ਛੋਲੇ
“ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ।”
– ਗਉ ਕਬ, ੫੯, ੧:੧ (336)

ਚਨੇ ------- ਛੋਲੇ
“ਕਬਹੂ ਕੂਰਨੁ ਚਨੇ ਬਿਨਾਵੈ।”
– ਭੈਰ ਨਾਮ, ੫, ੧:੩ (1164)

ਚੰਪਕ ------ ਇਕ ਰਾਗ, ਦੀਪਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ
“ਕਮਲ ਕੁਸਮ ਚੰਪਕ ਕੇ ਨਾਮਾ।”
– ਰਾਗ ੧:੩੮ (1430)

ਚਪਲ ------ (1) ਅਸਥਿਰ, ਇਕ ਥਾਂ ਤੇ ਨਾ ਟਿਕਣ ਵਾਲੀ
“ਚੰਚਲ ਚਪਲ ਬੁਧਿ ਕਾ ਖੇਲੁ।”
– ਗਉ ੧, ੪, ੧:੨ (152)

ਹੋਰ ਰੂਪ:

ਚਪਲੁ –
“ਧਨ ਅੰਧੀ ਪਿਰੁ ਚਪਲੁ ਸਿਆਨਾ।”
– ਮਾਰੂ ੫, ੨, ੬:੧ (1072)

(2) ਚੰਚਲਤਾ, ਅਸਥਿਰਤਾ
"ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸ ਨਹ ਕੰਧ ਛੀਜੈ।"
– ਮਾਰੂ ੧, ੯, ੧:੨ (991)

ਚੰਪੈ ------- ਚੰਬੜਦੀ
"ਤਿਸੁ ਭੇਟੇ ਦਾਰਿਦ੍ਰੁ ਨ ਚੰਪੈ।"
– ਸਵ ੪, ਕਲ ੧:੭ (1396)

ਚਬਣ ------ ਚਿਥਣ ਵਾਲੇ, ਭਾਵ ਦੰਦ
"ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ।"
– ਸਲੋ ਫਰ, ੭੭:੧ (1381)

ਚਬਿ ------ ਚਿਥ ਕੇ
"ਮੈਨ ਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ।"
– ਕਲਿ ੪, ਅਸ ੩, ੩:੨ (1324)

ਹੋਰ ਰੂਪ:

ਚਬੇ –
"ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ।"
– ਸੋਰ ੪, ਵਾਰ ੩੨:੨ (317)

ਚਮਈਆ --- ਚਮੜੇ ਦਾ ਧੰਧਾ, ਕਰਨ ਵਾਲਾ
"ਨਾਮਾ ਜੈ ਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।"
– ਬਿਲਾ ੪, ਅਸ ੪, ੭:੧ (835)

ਚਮਕਏ ---- ਚਮਕਦੀ/ਲਿਸ਼ਕਦੀ ਹੈ
"ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ।"
– ਆਸਾ ੧, ਛੰਤ ੫, ੧:੪ (439)

ਚਮਕੰਨਿ ---- ਚਮਕਦੀਆਂ/ਲਿਸ਼ਕਦੀਆਂ ਹਨ
"ਨਾਨਕ ਬਿਜੁਲੀਆ ਚਮਕੰਨਿ ਘੁਰਨ੍ਹਿ ਘਟਾ ਅਤਿ ਕਾਲੀਆ।"
– ਮਾਰੂ ੫, ਵਾਰ ੨੨ਸ, ੫, ੨:੧ (1102)

ਚਮਕਾਰਿ --- ਉਕਸਾ ਕੇ, ਉਤੇਜਿਤ ਕਰਕੇ
"ਗਜ ਹਸਤੀ ਦੀਨੋ ਚਮਕਾਰਿ।"
– ਭੈਰ ਨਾਮ, ੧੦, ੫:੨ (1165)

ਚਮਕਿ ----- ਚਮਕ ਕੇ/ਲਿਸ਼ਕ ਕੇ
"ਦਹ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ।"
– ਸੋਰ ੫, ੬੧, ੧:੧ (624)

ਹੋਰ ਰੂਪ:

ਚਮਕਿਆ –
"ਭਿੰਨੀ ਰੈਣਿ ਚਮਕਿਆ ਵੁਠਾ ਛਹਬਰ ਲਾਇ।"
– ਮਲਾ ੧, ਵਾਰ ੧੦ਸ, ੩, ੨:੧ (1282)

ਚਮਕੈ –
"ਬਿਜੁਲੀ ਚਮਕੈ ਹੋਇ ਅਨੰਦੁ।"
– ਭੈਰ ਕਬ, ਅਸ ੧, ੧:੩ (1162)

ਚਮਤਕਾਰ --- ਲਿਸ਼ਕਾਰਾ, ਚਮਕ
"ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ।"
– ਗਉ ੫, ਵਾਰ ੪ਸ, ੫, ੨:੧ (319)

ਚਮਰ ------ ਚਵਰ, ਚੋਰ
"ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ।"
– ਜੈਤ ੫, ਵਾਰ ੮ਸ, ੫, ੧:੧ (707)

ਚਮਰਟਾ ---- ਚਮਿਆਰ, ਚਮੜੇ ਦਾ ਧੰਧਾ ਕਰਨ ਵਾਲਾ
"ਚਮਰਟਾ ਗਾਂਠਿ ਨ ਜਨਈ।"
– ਸੋਰ ਰਵਿ, ੭, ੧*:੧ (659)

ਚਮਰਪੋਸ --- ਚਮੜਾ ਪਾਏ ਹੋਏ, ਭਾਵ ਜੀਵ
"ਚਮਰਪੋਸ ਕਾ ਮੰਦਰੁ ਤੇਰਾ।" (ਚਮੜਾ ਪਹਿਣਨ ਵਾਲੇ ਜੀਵ ਤੇਰਾ ਨਿਵਾਸ ਸਥਾਨ ਹਨ)
– ਭੈਰ ਨਾਮ, ੧, ੧:੨ (1167)

ਚਮੜ ------ ਚਮੜਾ
"ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ।" (ਚਮੜਾ ਪਾ ਲਿਆ)
– ਆਸਾ ੪, ੩੩, ੩:੧ (358)

ਚਮੜੀ ----- ਚਮੜਾ ਭਾਵ ਮਿਰਗਸ਼ਾਲਾ ਪਾਉਣ ਵਾਲੇ
"ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ਹੀ।"
– ਆਸਾ ੪, ੩੩, ੪:੧ (358)

ਚਮਾਰ ----- ਚਮਿਆ, ਚਮੜੇ ਦਾ ਧੰਧਾ ਕਰਨ ਵਾਲਾ
"ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ।"
– ਗਉ ਰਵਿ, ੧, ੪:੨ (346)

ਚੰਮਾਰੰ ----- ਚੰਮ ਦਾ ਕੰਮ ਕਰਨ ਵਾਲੀ ਜਾਤੀ
"ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।"
– ਮਲਾ ਰਵਿ, ੧, ੧*:੧ (1293)

ਚਮਾਰਾ ----- ਚੰਮ ਦਾ ਧੰਧਾ ਕਰਨ ਵਾਲਾ
"ਕਹਿ ਰਵਿਦਾਸ ਖਲਾਸ ਚਮਾਰਾ।"
– ਗਉ ਰਵਿ, ੨, ੩:੩ (345)

ਚਮਾਰੁ ----- ਚਮਿਆਰ, ਚੰਮ ਦੀਆਂ ਜੁੱਤੀਆਂ ਬਣਾਨ/ਗੰਢਨ ਵਾਲਾ
"ਰਵਿਦਾਸੁ ਚਮਾਰੁ ਉਸਤਤਿ ਕਰੇ ਹਰਿ ਕੀਰਤਿ ਨਿਮਖ ਇਕ ਗਾਇ।"
– ਸੂਹੀ ੪, ੮, ੨:੧ (733)

ਚੰਮਿ ------ ਚਮੜੀ
"ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ।"
– ਮਲਾ ੧, ਵਾਰ ੧੪:੬ (1284)

ਚਮਿਆਰੁ --- ਚਮੜੇ ਦਾ ਕੰਮ ਕਰਨ ਵਾਲਾ, ਜੁਤੀਆਂ ਬਣਾਨ/ਗੰਢਣ ਵਾਲਾ
"ਨਾਮਾ ਜੈ ਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ ਰਵਿਦਾਸੁ ਚਮਿਆਰੁ ਚਮਈਆ।"
– ਬਿਲਾ ੪, ਅਸ ੪, ੭:੧ (835)

ਚੰਮਿਆਰੋ --- ਚਮਾਰ
"ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ।"
– ਗੂਜ ੫, ੧੦, ੨:੨ (498)

ਚਮੁ ------- ਚਮੜਾ
"ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ।"
– ਬਿਲਾ ੪, ੧, ੩:੨ (799)

ਚੰਮੁ ------- ਚਮੜੀ
"ਤੂੰ ਸਚਾ ਸਾਹਿਬੁ ਸਚੁ ਤੂ ਸਭੁ ਜੀਉ ਪਿੰਡੁ ਚੰਮੁ ਤੇਰਾ ਹਡੇ।"
– ਗਉ ੪, ਵਾਰ ੩੩:੪ (317)

ਚਮੋੜੀਐ ---- ਚੰਮੋੜ ਦਿੰਦੇ/ਲਗਾ ਦਿੰਦੇ ਹਨ
"ਦਸ ਨਾਰੀ ਅਉਧੂਤ ਦੇਨਿ ਚਮੋੜੀਐ"
– ਗੂਜ ੫, ਵਾਰ ੧੫:੩ (522)

ਚਰ ------- ਚਰਨ, ਪੈਰ
"ਜਨ ਚਰ ਰਜ ਮੁਖਿ ਮਾਥੈ ਲਾਗੀ ਆਸਾ ਪੂਰਨ ਅਨੰਤ ਤਰੰਗਾ।"
– ਬਿਲਾ ੫, ੧੨੦, ੧:੨ (828)

ਚਰਹਿ ----- ਚਰਦੀਆਂ ਹਨ, ਘਾਹ ਖਾਂਦੀਆਂ ਹਨ
"ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ।"
– ਮਾਝ ੧, ਵਾਰ ੨੬ਸ, ੧, ੧:੨੧ (150)

ਚਰਖਾ ----- ਰੂੰ ਕਤਣ ਦਾ ਯੰਤਰ
"ਕੋਲੂ ਚਰਖਾ ਚਕੀ ਚਕੁ।"
– ਆਸਾ ੧, ਵਾਰ ੫ਸ, ੧, ੨:੧੫ (465)

ਚਰਗਾ ----- (ਫਾ. ਇਲ ਨਾਲੋਂ ਥੋੜੇ) ਛੋਟੇ ਆਕਾਰ ਦਾ ਇਕ ਸ਼ਿਕਾਰੀ ਪੰਛੀ
"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।"
– ਮਾਝ ੧, ਵਾਰ ੧੪ਸ, ੧, ੧:੧ (144)

ਚਰਚ ------ (ਸੰ.) ਚਰਚਾ
"ਕਰਤ ਕਰਤ ਚਰਚ ਚਰਚ ਚਰਚਰੀ।"
– ਕਾਨ ੫, ੫੦, ੧*:੧ (1308)

ਚਰਚਰੀ ---- ਚਰਚਾ ਕਰਨ ਵਾਲੇ
"ਕਰਤ ਕਰਤ ਚਰਚ ਚਰਚ ਚਰਚਰੀ।"

– ਕਾਨ ੫, ੫੦, ੧*:੧ (1308)

ਚਰੰਜੀਵੀ ---- ਸਦਾ ਜਿਉਂਦਾ ਰਹਿਣ ਵਾਲੇ
"ਬਾਪੁ ਹਮਾਰਾ ਸਦ ਚਰੰਜੀਵੀ।"
– ਭੈਰ ੫, ੨੨, ੧:੧ (1141)

ਚਰਣ ------ ਪੈਰ
"ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ।"
– ਸਿਰੀ ੫, ਛੰਤ ੨, ੧:੪ (79)

ਹੋਰ ਰੂਪ:

ਚਰਣੰ –
"ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ।"
– ਸਸ ੫, ੫:੩ (1354)

ਚਰਣਹ –
"ਬਿਨਵੰਤਿ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ।"
– ਬਿਹਾ ੫, ਛੰਤ ੪, ੧:੬ (544)

ਚਰਣ ਕਮਲ –
"ਸਹਜੇ ਵਖਾਣੀ ਅਮਿਉ ਬਾਣੀ ਚਰਣ ਕਮਲ ਰੰਗੁ ਲਾਇਆ।" (ਪਵਿੱਤਰ/ ਕਮਲ ਵਰਗੇ ਚਰਣ)
– ਆਸਾ ੫, ਛੰਤ ੨, ੧:੩ (453)

ਚਰਣਾ –
"ਸਾਸ ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ।" (ਚਰਣਾਂ ਦੀ)
– ਮਾਝ ੫, ੧੯, ੪:੩ (100)
"ਹਉ ਬਲਿਹਾਰੀ ਸਤਿਗੁਰ ਚਰਣਾ।" (ਚਰਣਾਂ ਤੋਂ)
– ਆਸਾ ੧, ਅਸ ੪, ੩:੩ (413)

ਚਰਣਾਤਲਿ –
"ਅਖੀ ਕਾਢਿ ਧਰੀ ਚਰਣਾਤਲਿ ਸਭ ਧਰਤੀ ਫਿਰਿ ਮਤ ਪਾਈ।" (ਚਰਣਾਂ ਦੇ ਥੱਲੇ)
– ਸੂਹੀ ੪, ਅਸ ੧, ੭:੧ (757)

ਚਰਣਾਰਬਿੰਦ – ਚਰਣ+ਅਰਬਿੰਦ, ਚਰਨ ਕਮਲ
"ਚਿਤਿ ਚਿਤਵਉ ਚਰਣਾਰਬਿੰਦ ਉਧ ਕਵਲ ਬਿਗਸਾਂਤ।"
– ਗਉ ੫, ਬਾਅ ੨੨ਸ:੧ (254)

ਚਰਣਾਰੇ ---- ਚਰਨਾਂ ਤੇ
"ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ।"
– ਗਉ ੫, ੧੬੭*, ੧:੩ (217)

ਚਰਣਿ ----- ਪੈਰਾਂ ਤੇ
"ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ।"
– ਗਉ ੫, ੧੩੧*, ੩:੧ (207)

ਹੋਰ ਰੂਪ:

ਚਰਣੀ –
“ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ।” (ਚਰਨਾਂ ਵਿਚ)
– ਸਿਰੀ ੩, ੩੫, ੪:੧ (26)

ਚਰਣੀਠਾ --- **ਚਰਨਾਂ ਤੋਂ**
“ਭਇਓ ਪਰਾਪਤਿ ਅੰਮ੍ਰਿਤ ਨਾਮਾ ਬਲਿ ਬਲਿ ਪ੍ਰਭ ਚਰਣੀਠਾ।”
– ਸਾਰ ੫, ੪੨, ੧:੨ (1212)

ਚਰਣੇ ------ **ਚਰਣੀਂ**
“ਮਨੁ ਲਾਗਾ ਚਰਣੇ ਪ੍ਰਭ ਕੀ ਸਰਣੇ ਕਰਣ ਕਾਰਣ ਗੋਪਾਲਾ।”
– ਸੂਹੀ ੫, ਛੰਤ ੬, ੪:੩ (781)

ਚਰਨ ------ **ਪੈਰ**
“ਜਿਸ ਕਉ ਪੂਰਬਿ ਲਿਖਿਆ ਤਿਨਿ ਸਤਿਗੁਰ ਚਰਨ ਗਹੇ।”
– ਸਿਰੀ ੫, ੭੬, ੨:੩ (44)
“ਚਰਨ ਚਲਉ ਮਾਰਗਿ ਗੋਵਿੰਦ।” (ਪੈਰਾਂ ਨਾਲ)
– ਗਉ ੫, ਸੁਖ ੧੪, ੨:੭ (281)

ਹੋਰ ਰੂਪ:

ਚਰੰਨ –
“ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸੁ ਦੇਖਿ ਚਰੰਨ ਅਘੰਨ ਹਰੵਉ।”
– ਸਵ ੪, ਕਲ ੧੧:੨ (1400)

ਚਰਨਹ –
“ਅਠਸਠਿ ਮਜਨੁ ਚਰਨਹ ਧੂਰੀ।” (ਚਰਨਾਂ ਦੀ)
– ਗਉ ੧, ਅਸ ੮, ੧*:੨ (224)
“ਚਰਨਹ ਗੋਬਿੰਦ ਮਾਰਗੁ ਸੁਹਾਵਾ।” (ਪੈਰਾਂ ਲਈ)
– ਸਾਰ ੫, ੩੯, ੧*:੧ (1212)

ਚਰਨ ਕਮਲ –
“ਦੁਖਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਆਰਾਧੀਐ।”
– ਗਉ ੫, ਛੰਤ ੩, ੧:੩ (248)

ਚਰਨ ਕਮਲੰ –
“ਚਿਤਵੰਤਿ ਚਰਨ ਕਮਲੰ ਸਾਸਿ ਸਾਸਿ ਅਰਾਧਨਹ।”
– ਜੈਤ ੫, ਵਾਰ ੧੩ਸ, ੫, ੧:੧ (708)

ਹੋਰ ਰੂਪ:

ਚਰਨ ਕਵਲ –
“ਚਰਨ ਕਵਲ ਰਿਦ ਅੰਤਰਿ ਧਾਰੇ।”
– ਗਉ ੫, ੧੨੫, ੨:੧ (191)

ਚਰਨਨ –
“ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ।”
– ਗਉ ੯, ੮, ੨:੨ (220)

ਚਰਨਨ੍ਹ –

"ਬਲਿਹਾਰੀ ਗੁਰ ਆਪਨੇ ਚਰਨਨੑ ਬਲਿ ਜਾਉ।"
- ਬਿਲਾ ੫, ੭੦, ੧*:੧ (818)

ਚਰਨਾ –
"ਧਰਤੀ ਸੇਵਕ ਪਾਇਕ ਚਰਨਾ।"
- ਮਾਝ ੫, ਅਸ ੩੫, ੩:੨ (130)

ਚਰਨਾ ਧੂਰੀਐ –
"ਹੋਇ ਪਵਿਤ੍ਰ ਸਰੀਰੁ ਚਰਨਾ ਧੂਰੀਐ।"
- ਜੈਤ ੫, ਵਾਰ ੧੩:੪ (708)

ਚਰਨਾਰਬਿੰਦ –
"ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ।"
- ਮਾਝ ੫, ਬਾਰਾ ੧੧:੨ (135)

ਚਰਨਾਰਾ –
"ਨਾਨਕ ਸਹ ਪਕਰੀ ਸੰਤਨ ਕੀ ਰਿਦੈ ਭਏ ਮਗਨ ਚਰਨਾਰਾ"
- ਸੋਰ ੫, ੧੫, ੪:੨ (613)

ਚਰਨਾਰੀ –
"ਸ੍ਰਵਨੀ ਕਥਾ ਨੈਨ ਦਰਸੁ ਪੇਖਉ ਮਸਤਕੁ ਗੁਰ ਚਰਨਾਰੀ।" (ਚਰਨਾਂ ਉਪਰ)
- ਆਸਾ ੫, ੧੨੨, ੪:੨ (401)

ਚਰਨਾਰੇ –
"ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ" (ਚਰਨਾਂ ਲਈ)
- ਸੂਹੀ ੫, ੬, ੧:੨ (738)

ਚਰਨਾਰੈ –
"ਜੋ ਤੁਮ ਕਰਹੁ ਸੋਈ ਭਲ ਹਮਰੈ ਪੇਖਿ ਨਾਨਕ ਸੁਖ ਚਰਨਾਰੈ।" (ਚਰਨਾਂ ਨੂੰ)
- ਬਿਲਾ ੫, ੮੨, ੨:੨ (820)

ਚਰਨਾਵੈ –
"ਆਹੇ ਮਨ ਅਵਰੁ ਨ ਭਾਵੈ ਚਰਨਾਵੈ ਚਰਨਾਵੈ ਉਲਝਿਓ ਅਲ ਮਕਰੰਦ ਕਮਲ ਜਿਉ।"
- ਬਿਲਾ ੫, ੧੨੯, ੧:੧ (830)

ਚਰਨਿ –
"ਮਨ ਸੰਤਨਾ ਕੈ ਚਰਨਿ ਲਾਗੁ।"
- ਆਸਾ ੫, ੧੫੫, ੧:੨ (409)

ਚਰਨੀ –
"ਨਾਨਕ ਤਿਹ ਬੰਧਨ ਕਟੇ ਗੁਰ ਕੀ ਚਰਨੀ ਪਾਹਿ।"
- ਗਉ ੫, ਬਾਅ ੪੩ਸ:੨ (259)

ਚਰਨੇਰੈ –
"ਸੇਵਉ ਸਾਧ ਸੰਤ ਚਰਨੇਰੈ।" (ਚਰਨਾਂ ਨੂੰ)
- ਕਾਨ ੫, ੩੪, ੧:੧ (1304)

ਚਰਪਟੁ ---- ਇਕ ਜੋਗੀ
"ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ।"
- ਰਾਮ ੧, ਸਿਗੋ ੪:੨ (938)

ਚਰਮ ------ ਚੰਮ ਚਮੜੀ
“ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ।”
– ਕੇਦਾ ਕਬ, ੪, ੧*:੨ (1124)

ਹੋਰ ਰੂਪ:

ਚਰਮਣਹ –
“ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ।” (ਚਮੜੇ ਦਾ)
– ਸਸ ੫, ੪:੧ (1354)

ਚਰਾਇਹੁ --- ਚੜਾਇਆ
“ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ।”
– ਆਸਾ ਕਬ, ੨੬, ੨:੨ (482)

ਚਰਾਈ ----- ਚੜ੍ਹਾਈ ਭਾਵ ਲਗਾਏ, ਮਲੀ
“ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ।”
– ਗਉ ੫, ੧੩੨, ੩:੧ (208)

ਚਰਾਏ ----- ਚਰਾਉਂਦੇ/ਖਵਾਉਂਦੇ ਹੋ
“ਕਊਆ ਕਹਾ ਕਪੂਰ ਚਰਾਏ।”
– ਆਸਾ ਕਬ, ੨੦, ੨:੧ (481)

ਚਰਾਹਾ ----- ਚਰਾਉਂਦਾ ਹੈ
“ਆਪੇ ਗੋਪੀ ਕਾਨੁ ਹੈ ਪਿਆਰਾ ਬਨਿ ਆਪੇ ਗਊ ਚਰਾਹਾ।”
– ਸੋਰ ੪, ੬, ੨:੧ (606)

ਚਰਾਕ ----- ਰੋਸ਼ਨੀ, ਚਾਨਣ
“ਕੋਟਿ ਚੰਦ੍ਰਮੇ ਕਰਹਿ ਚਰਾਕ।”
– ਭੈਰ ਕਬ, ਅਸ ੨, ੨:੧ (1163)

ਚਰਾਗਾ ----- (ਫ਼ਾ. ਚਰਾਗ) ਦੀਵੇ
“ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁੰ ਕੁੰਟ ਭੀਤਰਿ ਰਾਖੇ।”
– ਰਾਮ ੫, ੭, ੩:੧ (884)

ਹੋਰ ਰੂਪ:

ਚਰਾਗੁ –
“ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ।”
– ਬਿਲਾ ੪, ਵਾਰ ੧ਸ, ੪, ੧:੫ (849)

ਚਰਾਨਿ ----- ਚਰਨਾਂ ਦੀ
“ਸੇਵਾ ਗੁਰ ਚਰਾਨਿ ਹਾਂ।”
– ਆਸਾ ੫, ੧੫੮, ੧*:੪ (409)

ਚਰਾਵਉ ---- ਚੜ੍ਹਾਵਾਂ
“ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।”
– ਗੂਜ ਰਵਿ, ੧, ੧*:੧ (525)

"ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ।" (ਮਨ ਨੂੰ ਭੋਗ ਦੇ ਤੌਰ ਤੇ ਚੜਾਉ/ਭੇਂਟਾ ਕਰੋ)
- ਟੋਡੀ ੫, ੮, ੧:੧ (713)

ਚਰਾਵਹਿ ---- ਚੜਾਵਾ, ਰਖਨਾ
"ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।"
- ਆਸਾ ਕਬ, ੨, ੨:੧ (476)

ਚਰਾਵਹੁ ---- ਚਾੜੋ
"ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ।" (ਰੰਗਨ ਚੜ੍ਹਾਵੋ)
- ਆਸਾ ੫, ੧੩੯, ੧:੨ (405)

ਚਰਾਵਤ ---- ਚਰਾਉਂਦਾ
"ਬ੍ਰਿੰਦਾਬਨ ਮਨ ਹਰਨ ਮਨੋਹਰ ਕ੍ਰਿਸਨ ਚਰਾਵਤ ਗਾਉ ਰੇ।"
- ਗਉ ਕਬ, ੬੬, ੨:੧ (338)

ਚਰਾਵਨ ---- ਚਰਾਉਣ ਲਈ
"ਘੋਰੈ ਚਰਿ ਭੈਸ ਚਰਾਵਨ ਜਾਈ।"
- ਆਸਾ ਕਬ, ੨੨, ੪:੧ (481)

ਚਰਾਵੈ ----- (1) ਚੜ੍ਹਾਵੈ
"ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ।" (ਹੇਠਲੇ ਸਵਾਸਾਂ ਨੂੰ ਦਸਮ ਦੁਆਰ ਚੜ੍ਹਾਵੇ)
- ਆਸਾ ਕਬ, ੭, ੧*:੨ (477)

(2) ਲਗਾਉਂਦਾ ਹੈ (ਭਾਵ)
"ਤਿਲਕੁ ਚਰਾਵੈ ਪਾਈ ਪਾਇ।"
- ਰਾਮ ੫, ੧੭, ੨:੩ (888)

(3) ਚਰਾਉਂਦਾ ਹੈ
"ਆਪੇ ਗਊ ਚਰਾਵੈ ਬਾਨਾ।"
- ਮਾਰੂ ੫, ਸੋਲਾ ੧੧, ੧੫:੨ (1083)

ਚਰਿ ------ (1) ਚੜ੍ਹ ਕੇ
"ਗਊ ਚਰਿ ਸਿੰਘ ਪਾਛੈ ਪਾਵੈ।"
- ਗਉ ੫, ੧੬੦, ੨:੨ (198)

"ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ।"
- ਸੋਰ ੫, ੬੧, ੨:੨ (624)

(2) ਚੜ੍ਹਾ ਕੇ
"ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ।"
- ਗਉ ੫, ਅਸ ੧੪, ੩:੧ (241)

(3) ਚਰ ਗਏ, ਖਾ ਗਏ
"ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ।"
- ਆਸਾ ੪, ੬੧, ੨:੨ (368)

ਚਰਿਓ ----- (1) ਚੜ੍ਹਿਆ ਪ੍ਰਾਪਤ ਹੋਇਆ ਹੈ (ਭਾਵ)

"ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ।"
– ਗੂਜ ੫, ੩, ੩:੨ (496)

(2) ਚੜ੍ਹਿਆ ਭਾਵ ਉਦੈ ਹੋਇਆ
"ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ।"
– ਧਨਾ ੪, ੬, ੩:੨ (668)

(3) ਚੜ੍ਹਿਆ ਭਾਵ ਤੁਰ ਪਿਆ, ਨਿਕਲ ਗਿਆ
"ਖੋਜਤ ਚਰਿਓ ਦੇਖਉ ਪ੍ਰਿਅ ਜਾਈ।"
– ਸੂਹੀ ੫, ੫, ੧:੨ (737)

ਚਰਿਤ ----- (1) ਬਿਰਤਾਂਤ
"ਗੀਤ ਚਰਿਤ ਪ੍ਰਭ ਕੇ ਗੁਨ ਗਾਵਾ।"
– ਗਉ ੫, ੧੪੯*, ੨:੨ (212)

(2) ਕਉਤਕ, ਲੀਲਾ
"ਅਪਨੇ ਚਰਿਤ ਪ੍ਰਭਿ ਆਪਿ ਬਨਾਏ।"
– ਗਉ ੫, ਸੁਖ ੧੮, ੮:੩ (287)
"ਏਕ ਨਿਮਖ ਓਪਾਇ ਸਮਾਵੈ ਦੇਖਿ ਚਰਿਤ ਮਨ ਮੋਹੰ।" (ਲੀਲਾ, ਕਉਤਕ)
– ਸਾਰ ੫, ੩੭, ੧*:੨ (1211)

ਚਰਿਤ੍ਰ ----- ਕਉਤਕ, ਲੀਲਾ
"ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ।"
– ਸਾਰ ੫, ੧੫, ੪:੧ (1207)

ਚਰੀ ------ ਚੜ੍ਹੀ (ਭਾਵ ਪ੍ਰਾਪਤ ਹੋਈ, ਹੱਥ ਲਗੀ)
"ਅਚਿੰਤ ਚਰੀ ਹਥਿ ਹਰਿ ਹਰਿ ਟੇਕਾ।"
– ਭੈਰ ੫, ਅਸ ੩, ੭:੪ (1157)

ਚਰੀਐ ----- ਚੜੀਏ, ਸਵਾਰ ਹੋਈਏ
"ਚਰਨ ਕਮਲ ਜਪਿ ਬੋਹਿਥਿ ਚਰੀਐ।"
– ਮਾਰੂ ੫, ਸੋਲਾ ੯, ੫:੧ (1080)

ਚਰੈ ------- (1) ਖਾਵੈ, ਚਰੇ
"ਅਚਰੁ ਚਰੈ ਤਾ ਨਿਰਮਲੁ ਹੋਇ।"
– ਗਉ ੩, ੨੫, ੩:੨ (159)

(2) ਚੜੇ ਭਾਵ ਪ੍ਰਾਪਤ ਹੋਏ
"ਫਿਰਿ ਇਆ ਅਉਸਰੁ ਚਰੈ ਨ ਹਾਥਾ।"
– ਗਉ ੫, ਬਾਅ ੩੮:੩ (258)

(3) ਉਪਰ ਚੜਨਾ (ਠੋ ਛਲਮਿਬ)
"ਜਲ ਕੀ ਮਾਛੁਲੀ ਚਰੈ ਖਜੂਰਿ।"
– ਟੋਡੀ ਨਾਮ, ੧, ੧:੨ (718)

(4) ਚੜ੍ਹੇ ਭਾਵ ਉਦੈ ਹੋਵੈ
"ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ।"
– ਬਿਲਾ ੫, ਛੰਤ ੩, ੪:੫ (847)

(5) ਚਰਾਉਂਦਾ ਹੈ
"ਬੇਨੁ ਬਜਾਵੈ ਗੋਧਨੁ ਚਰੈ"
– ਮਾਲੀ ਨਾਮ, ੧, ੪:੧ (988)

(6) ਚਾੜ੍ਹ ਕੇ ਭਾਵ ਚੁੱਕ ਕੇ
"ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ।"
– ਸਲੋ ਕਬ, ੮੯:੧ (1369)

ਚਰ੍ਹਾਵਉ ---- ਚੜ੍ਹਾਉਂਦਾ ਅਰਥਾਤ ਭੇਟਾ ਕਰਦਾ ਹਾਂ
"ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ।"
– ਜੈਤ ੫, ੮, ੧:੨ (701)

ਚਰ੍ਹੈ ------- (1) ਚੜ੍ਹਦੀ ਭਾਵ ਰਖੀ ਜਾਂਦੀ
"ਕਾਇਆ ਹਾਂਡੀ ਕਾਠ ਕੀ ਨਾ ਓਹ ਚਰ੍ਹੈ ਬਹੋਰਿ।"
– ਸਲੋ ਕਬ, ੭੦:੨ (1368)

(2) ਉਦੇ ਹੋਵੇ
"ਸੂਰੁ ਚਰ੍ਹੈ ਪ੍ਰਿਉ ਦੇਖੈ ਨੈਨੀ ਨਿਵਿ ਨਿਵਿ ਲਾਗੈ ਪਾਂਈ।"
– ਮਲਾ ੧, ਅਸ ੧, ੧:੨ (1273)

ਚਲ ------- ਚੰਚਲ, ਸਥਿਰ ਨ ਰਹਿਣ ਵਾਲਾ, ਨਾਂ ਟਿਕਨ ਵਾਲਾ
"ਨਾਨਕ ਹੁਕਮੁ ਵਰਤੈ ਖਸਮ ਕਾ ਮਤਿ ਭਵੀ ਫਿਰਹਿ ਚਲ ਚਿਤ।"
– ਸਲੋ ਕਬ, ੬੬:੧ (1421)

ਚਲਉ ----- ਤੁਰੋ, ਚਲੋ
"ਚਰਨ ਚਲਉ ਮਾਰਗਿ ਗੋਬਿੰਦ।"
– ਗਉ ੫, ਸੁਖ ੧੪, ੨:੭ (281)

ਚਲਈ ----- (1) ਜਾਂਦਾ, ਚਲਦਾ
"ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ।"
– ਸਿਰੀ ੪, ਵਾਰ ਪਸ, ੩, ੨:੧ (84)

(2) ਪੈਦਾ ਖੁਭਦਾ, ਰੁਚਿਤ ਹੁੰਦਾ (ਭਾਵ)
"ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ।" (ਉਹ ਵਿਚੋਲਾ ਪਰਵਾਨ ਹੁੰਦਾ ਹੈ ਜੋ ਲੋਭ ਵਿਚ ਨਹ॥ ਪੈਂਦਾ)
– ਮਾਝ ੧, ਵਾਰ ੨੨ਸ, ੨, ੨:੫ (148)

(3) ਚਲਦਾ, ਪਰਵਾਨ ਹੁੰਦਾ, ਪੁਗਦਾ
"ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ।"
– ਆਸਾ ੧, ਵਾਰ ੨੨:੬ (474)

ਚਲਈਆ --- ਚਲਾਂਦਾ, ਤੋਰਦਾ
"ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ"
– ਬਿਲਾ ੪, ਅਸ ੨, ੮:੨ (834)

ਚਲਸਹਿ ---- ਜਾਵੇਗਾ, ਚਲੇਗਾ, ਰਵਾਨਾ ਹੋਵੇਗਾ
"ਜੈਸੇ ਰੈਨਿ ਪਰਾਹੁਣੇ ਉਠਿ ਚਲਸਹਿ ਪਰਭਾਤਿ।"

– ਸਿਰੀ ੫, ੯੨, ੨:੧ (50)

ਹੋਰ ਰੂਪ:

ਚਲਸੀ –
“ਜੇ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ।” (ਚਲਾ ਜਾਵੇਗਾ)
– ਸਿਰੀ ੫, ੯੩, ੨:੨ (50)

ਚਲਹ ------ **ਚਲੀਏ**
“ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ।”
– ਜੈਤ ੪, ੧, ੪:੨ (696)

ਹੋਰ ਰੂਪ:

ਚਲਹਿ –
“ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ।” (ਚਲਦਾ ਹੈ)
– ਗਉ ੪, ਮੋਹ ੪, ੨:੨ (13)
“ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।” (ਪੈਦਾ ਹੋਏ, ਉਦੈ ਹੋਵੇ)
– ਸਿਰੀ ੧, ੭, ੧*:੨ (16)
“ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ।” (ਚਲਦੀ/ਤੁਰਦੀ ਹੈ)
– ਸਿਰੀ ੩, ੬੧, ੧:੧ (37)
“ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ।” (ਜਾਂਦੇ)
– ਗਉ ੫, ਵਾਰ ੩ਸ ੫, ੨:੨ (318)
“ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ।” (ਵਗਦੇ)
– ਗਉ ੫, ਵਾਰ ੯:੪ (320)
“ਨਚਿ ਨਚਿ ਹਸਹਿ ਚਲਹਿ ਸੇ ਰੋਇ।” (ਜਾਂਦੀ ਵੇਰ)
– ਆਸਾ ੧, ਵਾਰ ੫ਸ, ੧, ੨:੨੩ (465)

ਚਲਹੁ –
“ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।” (ਜਾਉ, ਚਲੋ)
– ਗਉ ੫, ਸੋਹ ੫, ੧:੨ (13)

ਚਲਚਿਤ ---- **ਚੰਚਲ, ਚਲਾਇਮਾਨ ਹੈ ਜਿਤ ਦਾ ਚਿਤ**
“ਚਲਚਿਤ ਵਿਤ ਭ੍ਰਮਾਭ੍ਰਮੰ ਜਗੁ ਮੋਹ ਮਗਨ ਹਿਤੰ।”
– ਗੁਜ ੧, ਅਸ ੫, ੩:੧ (505)
“ਚਲਚਿਤ ਜੋਗੀ ਆਸਣੁ ਤੇਰਾ।” (ਚਲਾਇਮਾਨ)
– ਰਾਮ ੫, ੧੩, ੩:੧ (886)

ਚਲਣ ------ **(1) ਤੁਰਨ**
“ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਚਲਣ ਵੇਲਾ ਆਦੀ।”
– ਸਿਰੀ ੪, ਪਹ ੩, ੪:੧ (77)

ਹੋਰ ਰੂਪ:

ਚਲਣਹਾਰ –

“ਦਰਿ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ।” (ਤੁਰਨ ਵਾਲੇ, ਚਲਾਇਮਾਨ, ਨਾਸ਼ਵਾਨ)

– ਸਿਰੀ ੧, ਅਸ ੧੭, ੩:੨ (64)

(2) ਪੈਰ

“ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ।”

– ਸਲੋ ਫਰ, ੭੭:੧ (1381)

ਚਲਣਹਾਰ --- (1) ਚਲਾਇਮਾਨ, ਨਾਸ਼ਵਾਨ ਵੇਖੋ ‘ਚਲਣ’ (1)

ਹੋਰ ਰੂਪ:

ਚਲਣਹਾਰਾ –

“ਮੋਹੁ ਕੁਟੰਬੁ ਦਿਸਿ ਆਵਦਾ ਸਭੁ ਚਲਣਹਾਰਾ ਆਵਣ ਜਾਣਾ।”

– ਗਉ ੪, ਵਾਰ ੧੦:੩ (305)

ਚਲਣਹਾਰੁ –

“ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ।”

– ਸਿਰੀ ੧, ੨੦, ੩:੨ (21)

“ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ।” (ਜਗਤ ਨੂੰ ਚਲਾਇਮਾਨ ਰੂਪ ਵਿਚ ਜਾਣ ਲਵਾਂ)

– ਸਿਰੀ ੧, ਅਸ ੧੬, ੨:੧ (63)

(2) ਪ੍ਰਾਣੀ, ਮੁਸਾਫਰ

“ਚਲੇ ਚਲਣਹਾਰ ਵਾਟ ਵਟਾਇਆ।”

– ਆਸਾ ੧, ਅਸ ੧੬, ੧:੧ (419)

ਚਲਣਵਾਰਾ -- ਚਲਣ ਦਾ ਸਮਾਂ

“ਆਇਆ ਹਕਾਰਾ ਚਲਣਵਾਰਾ ਹਰਿ ਰਾਮ ਨਾਮਿ ਸਮਾਇਆ।”

– ਰਾਮ ਸੁੰਦ, ਸਦ ੧:੫ (923)

“ਅੰਤਿ ਸਖਾਈ ਚਲਣਵਾਰਾ”

– ਮਾਰੂ ੧, ਸੋਲਾ ੨੨, ੪:੨ (1044)

ਚਲਣਾ ----- ਤੁਰਨਾ

“ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।”

– ਜਪੁ ੧, ੧:੬ (1)

“ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।”

– ਰਾਮ ੩, ਅਨੰ ੧੪:੨ (918)

(2) ਚਲੇ ਜਾਣਾ

“ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ।”

– ਧਨਾ ੧, ੩, ੪:੧ (661)

ਚਲਣਿ ----- ਚਲਾਇਮਾਨ

“ਹਉਮੈ ਬੰਧਨ ਸਤਿਗੁਰਿ ਤੋੜੇ ਚਿਤੁ ਚੰਚਲੁ ਚਲਣਿ ਨ ਦੀਨਾ ਹੇ।”

– ਮਾਰੂ ੧, ਸੋਲਾ ੮, ੧੬:੩ (1028)

ਚਲਣੁ ----- (1) ਚਲਣਾ

“ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ।”

– ਸਿਰੀ ੫, ੭੦, ੨:੨ (42)

ਹੋਰ ਰੂਪ:

ਚਲਣੈ –

“ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ।”

– ਸਿਰੀ ੧, ਅਸ ੧੭, ੧:੧ (64)

(2) ਵਰਤਣ

“ਆਗੈ ਚਲਣੁ ਅਉਰੁ ਹੈ ਭਾਈ ਊਹਾ ਕਾਮਿ ਨ ਆਇਆ।”

– ਗਉ ੫, ੨੧੬*, ੧:੨ (216)

ਚਲਤ ------ (1) ਕੌਤਕ, ਚੋਜ, ਚਰਿਤ੍ਰ

“ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।”

– ਧਨਾ ੧, ਸੋਹ ੩, ੨:੨ (13)

“ਕਉਣੁ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ।”

– ਤਿਲੰ ੫, ੪, ੧:੨ (724)

(2) ਚਲਦਿਆਂ

“ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ।”

– ਮਾਝ ੫, ਅਸ ੧੭, ੨:੨ (99)

(3) ਚਲਣ

“ਬਿਖੈ ਬਿਲਾਸ ਕਹੀਅਤ ਬਹੁਤੇਰੇ ਚਲਤ ਨ ਕਛੂ ਸੰਗਾਰੇ।”

– ਟੋਡੀ ੫, ੭, ੨:੧ (713)

(4) ਚਲਾ ਗਿਆ, ਬੀਤ ਗਿਆ

“ਤਨੁ ਧਨੁ ਜੋਬਨੁ ਚਲਤ ਗਇਆ।”

– ਬਿਲਾ ੫, ੧੧੦, ੧*:੧ (826)

(5) ਤੁਰਦੀ ਭਾਵ ਵੱਧਦੀ ਹੈ

“ਤ੍ਰਿਸਨਾ ਚਲਤ ਬਹੁ ਪਰਕਾਰਿ।”

– ਸਾਰ ੫, ੧੦੭, ੧*:੧ (1225)

ਚਲਤਉ ---- (1) ਦੋੜਦਾ, ਭਜਦਾ, ਚੰਚਲ

“ਚਲਤਉ ਮਨੁ ਰਾਖੈ ਅੰਮ੍ਰਿਤੁ ਚਾਖੈ।”

– ਆਸਾ ੧, ੧੩, ੪:੧ (352)

“ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ।”

– ਰਾਮ ੧, ਸਿਗੋ ੬:੩ (938)

(2) ਚਲਾਇਮਾਨ, ਨਾਸ਼ਮਾਨ

“ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ।”

– ਆਸਾ ੫, ਅਸ ੨, ੪:੧ (431)

ਚਲਤਾ ----- (1) ਕੌਤਕ, ਚਰਿਤ੍ਰ, ਚੋਜ

“ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ।”

– ਗਉ ੫, ਛੰਤ ੧, ੨:੩ (247)

(2) ਤੁਰਦਾ, ਦੌੜਦਾ ਭਾਵ ਚੰਚਲ

“ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ।”
– ਮਾਰੂ ੧, ਸੋਲਾ ੧੦, ੧੬:੩ (1031)

ਚਲਤੀ ----- (1) ਚਲੀ ਜਾਂਦੀ ਹੈ
“ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ।”
– ਬਿਹਾ ੫, ਛੰਤ ੮, ੩:੫ (547)
(2) ਜਾਂਦੀ (ਵਾਰੀ)
“ਚਲਤੀ ਬਾਰ ਤੇਰੋ ਕਛੂ ਨਾਹਿ।”
– ਬਸੰ ੧, ਅਸ ੫, ੪:੨ (1189)

ਚਲਤੁ ------ (1) ਕੌਤਕ, ਚੋਜ, ਕ੍ਰਿਸ਼ਮਾ
“ਕਾਲਬੂਤ ਕੀ ਹਸਤਨੀ ਮਨ ਬਉਰਾ ਰੇ ਚਲਤੁ ਰਚਿਓ ਜਗਦੀਸ।”
– ਗਉ ਕਬ, ੫੭, ੧:੧ (335)
(2) ਚਾਲ, ਗਤੀ
“ਸੂਰਜੁ ਚੰਦੁ ਸਿਰਜਿ ਅਨੁ ਅਹਿਨਿਸਿ ਚਲਤੁ ਵੀਚਾਰੋ।”
– ਵਡ ੧, ਅਲਾ ੩, ੧:੪ (580)

ਚਲਤੇ ------ (1) ਚਲਦਿਆਂ, ਤੁਰਦੇ ਹੋਇਆਂ
“ਹਰਿ ਧਨੁ ਚਲਤੇ ਹਰਿ ਧਨੁ ਬੈਸੇ ਹਰਿ ਧਨੁ ਜਾਗਤ ਸੂਤਾ।”
– ਗੂਜ ੫, ੩, ੧*:੨ (495)
(2) ਚਲਣ ਲਗਿਆਂ, ਤੁਰਨ ਲਗਿਆਂ, ਜਾਣ ਵੇਲੇ
“ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ।”
– ਮਾਰੂ ੫, ੪, ੧*:੨ (999)
(3) ਦੌੜਦੇ, ਚੰਚਲ
“ਰਹੈ ਅਲਿਪਤੁ ਚਲਤੇ ਘਰਿ ਆਣੈ।”
– ਮਾਰੂ ੧, ਸੋਲਾ ੨੧, ੧੫:੨ (1042)

ਚਲੰਤੇ ----- ਤੁਰਦੇ ਭਾਵ ਜਾਂਦੀ
“ਉਬਟ ਚਲੰਤੇ ਇਹੁ ਮਦੁ ਪਾਇਆ ਜੈਸੇ ਖੋਂਦ ਖੁਮਾਰੀ।”
– ਕੇਦਾ ਕਬ, ੩, ੪:੨ (1123)

ਚਲਤੈ ------ (1) ਚੋਜ, ਖੇਡ, ਕੌਤਕ
“ਤੂ ਘਟਿ ਘਟਿ ਇਕੁ ਵਰਤਦਾ ਸਚੁ ਸਾਹਿਬ ਚਲਤੈ।”
– ਗਉ ੪, ਵਾਰ ੨੪:੪ (314)
(2) ਤੁਰ ਪੈਂਦੇ, ਚਲਦਿਆਂ
“ਅਹਿਨਿਸਿ ਭੋਗੈ ਚੋਜ ਬਿਨੋਦੀ ਉਠਿ ਚਲਤੈ ਮਤਾ ਨ ਕੀਨਾ ਹੇ।”
– ਮਾਰੂ ੧, ਸੋਲਾ ੮, ੬:੩ (1028)

ਚਲਤੌ ------ ਦੌੜਦੇ ਫਿਰਦੇ, ਭਟਕਦੇ
“ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ।”
– ਸੋਰ ੧, ੧੧, ੩:੧ (599)

ਚਲੰਥੋ ----- ਚਲਦਾ ਹੈ

"ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ।"
– ਗਾਥਾ ੫, ੩:੨ (1360)

ਚਲਦਾ ----- (1) ਤੁਰੀ ਜਾਂਦਾ
"ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ।"
– ਸਿਰੀ ੧, ਅਸ ੧੩, ੨:੩ (61)
"ਓਹ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ।" (ਤੁਰਦਾ)
– ਮਾਝ ੧, ਵਾਰ ੫ਸ, ੪, ੨:੨ (140)
(2) ਜਾਣ ਵਾਲਾ ਪ੍ਰਾਣੀ
"ਜੇ ਚਲਦਾ ਲੈ ਚਲਿਆ ਕਿਛੁ ਸੰਪੈ ਨਾਲੇ।"
– ਆਸਾ ੧, ਅਸ ੧੩, ੬:੧ (418)
(3) ਜਾਂਦਾ ਹੋਇਆ
"ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ।"
– ਧਨਾ ੧, ੨, ੪:੨ (661)

ਹੋਰ ਰੂਪ:

ਚਲਦਿਆ –
"ਚਲਦਿਆ ਨਾਲਿ ਹਰਿ ਚਲਸੀ ਹਰਿ ਅੰਤੇ ਲਏ ਛਡਾਇ।" (ਜਾਣ ਲੱਗਿਆਂ, ਮਰਿਆਂ)
– ਸਿਰੀ ੪, ਵਣ ੧, ੩:੨ (82)

ਚਲਦੀ ----- ਤੁਰੀ, ਚਲੀ
"ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ।"
– ਆਸਾ ੧, ਅਸ ੧੩, ੧੦:੧ (418)

ਚਲੰਦੀ ----- ਤੁਰਦੀ, ਅੱਗੇ ਵੱਧਦੀ
"ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ।"
– ਸਿਰੀ ੪, ਛੰਤ ੧, ੫:੨ (79)

ਚਲਦੀਆ --- ਤੁਰਦੀਆਂ
"ਸਤਿਗੁਰ ਕੈ ਭਾਣੈ ਚਲਦੀਆ ਨਾਮੇ ਸਹਜਿ ਸੀਗਾਰੁ।"
– ਆਸਾ ੩, ਅਸ ੩੦, ੨:੨ (426)

ਹੋਰ ਰੂਪ:

ਚਲਦੇ –
"ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ।"
– ਮਾਰੂ ੫, ਵਾਰ ੪:੮ (1095)

ਚਲਨ ------ ਤੁਰਨ
"ਸੰਗਿ ਚਲਨ ਕਉ ਤੋਸਾ ਦੀਨ੍ਹਾ ਗੋਬਿੰਦ ਨਾਮ ਕੇ ਬਿਉਹਾਰੀ।"
– ਆਸਾ ੫, ੧੨੨, ੧:੨ (401)
"ਸਭੁ ਕੋਈ ਚਲਨ ਕਹਤ ਹੈ ਊਹਾਂ।" (ਜਾਣ ਲਈ)
– ਭੈਰ ਕਬ, ੧੬, ੧*:੧ (1161)

ਹੋਰ ਰੂਪ:

ਚਲਨਾ –

“ਬਾਵੈ ਮਾਰਗੁ ਟੇਢਾ ਚਲਨਾ।” (ਤੁਰਨਾ)

– ਗਉ ੫, ੯੮, ੩:੧ (185)

“ਇਤਨੀ ਨ ਬੁਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ।” (ਚਾਲੇ ਪਾ ਜਾਣੇ ਭਾਵ ਮਰਨਾ)

– ਦੇਵ ੫, ੧੫, ੧*:੨ (531)

“ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਪਿਓ ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ।” (ਜਾਣਾ)

– ਧਨਾ ੫, ੩੦, ੧:੨ (678)

ਚਲਨਿ ----- (1) ਉਠਦੇ, ਪੈਦਾ ਹੁੰਦੇ

“ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ।”

– ਵਡ ੪, ਵਾਰ ੫ਸ, ੩, ੧:੮ (587)

(2) ਚਲਦੇ ਹਨ, ਤੁਰਦੇ ਹਨ

“ਨਾਨਕ ਹਉ ਬਲਿਹਾਰੀ ਤਿੰਨ ਕਉ ਜੋ ਚਲਨਿ ਸਤਿਗੁਰ ਭਾਇ।”

– ਸੋਰ ੪, ਵਾਰ ੨੪ਸ, ੩, ੧:੪ (651)

ਹੋਰ ਰੂਪ:

ਚਲੰਨਿ –

“ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ।” (ਤੁਰਨ)

– ਗਉ ੩, ਅਸ ੯, ੨:੧ (233)

ਚਲਨੀ –

“ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ।” (ਚਲਣ/ਤੁਰਨਗੇ)

– ਗਉ ੫, ਵਾਰ ੨ਸ, ੫, ੨:੨ (318)

ਚਲਨੀ ----- (1) ਚਲਣ/ਤੁਰਣਗੇ, ਵੇਖੋ ‘ਚਲਨਿ’ (2) ਟਲਦੇ

“ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ।”

– ਸਲੋ ਫਰ, ੧:੪ (1377)

ਚਲਨੈ ------ ਤੁਰਨ/ਚਲਣ ਦਾ

“ਪੇਖਤ ਲੀਲਾ ਰੰਗ ਰੂਪ ਚਲਨੈ ਦਿਨੁ ਆਇਆ।”

– ਬਿਲਾ ੫, ੫੦, ੩:੧ ’813)

ਚਲਨੌ ------ ਚਲਾ ਜਾਏਗਾ, ਤੁਰ ਜਾਏਗਾ

“ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੌ ਲੋਗ।”

– ਗਉ ੫, ਬਾਅ ੧੯ਸ:੧ (254)

ਚਲੰਨ੍ਹਿ ----- ਤੁਰਨ

“ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ।”

– ਸੂਹੀ ੧, ੩, ੧*:੧ (729)

ਚਲਾ ------ ਮੈਂ ਤੁਰਾਂ

“ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ।”

- ਸਿਰੀ ੩, ੪੪, ੨:੨ (30)

ਹੋਰ ਰੂਪ:

“ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।” (ਚਲ ਰਿਹਾ ਹਾਂ)

- ਸਲੋ ਫਰ, ੨:੧ (1378)

ਚਲਾਉ ----- ਚਲਾਵਾਂ

“ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।”

- ਸਿਰੀ ੧, ੨, ੪:੨ (15)

ਚਲਾਊ ----- ਚਲਣ ਵਾਲਾ, ਨਾਸ ਹੋ ਜਾਣ ਵਾਲਾ

“ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ।”

- ਮਾਰੂ ੫, ਵਾਰ ੧੪ਸ, ੫, ੧:੧ (1099)

ਚਲਾਏ ----- (1) ਚਲਾਉਂਦਾ, ਦਿੰਦਾ

“ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ।”

- ਸਿਰੀ ੫, ੭੨, ੩:੧ (42)

(2) ਤੋਰਦਾ

“ਜਨ ਨਾਨਕ ਕੇ ਪ੍ਰਭ ਤੂ ਧਣੀ ਜਿਉ ਭਾਵੈ ਤਿਵੈ ਚਲਾਇ।”

- ਗਉ ੪, ਵਾਰ ੭ਸ, ੪, ੨:੮ (303)

(3) ਤੌਰ, ਭਾਵ ਬਦਲ ਡੋਲਾਅ

“ਗੁਰਮਤਿ ਅਚੁਲ ਹੈ ਚਲਾਇ ਨ ਸਕੈ ਕੋਇ।”

- ਬਿਰਾ ੪, ਵਾਰ ੨ਸ, ੩, ੧:੩ (548)

(4) ਚਲਾਉਂਦਾ ਭਾਵ ਛਡਦਾ, ਮਾਰਦਾ

“ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ।”

- ਫੁਨ ੫, ੧੬:੩ (1363)

ਚਲਾਇਓਂ --- (1) (ਪਕੜ) ਲਿਆ

“ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਕਰਿ ਊਪਰੁ ਕਢਿ ਨਿਸਤਾਰੇ।”

- ਨਟ ੪, ਅਸ ੪, ੧*:੨ (982)

(2) ਤੁਰ ਪਿਆ, ਚਲਾ ਗਿਆ

“ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ”

- ਮਾਰੂ ੫, ਅਸ ੧, ੨:੧ (1017)

ਚਲਾਇਓਨੁ -- ਦਿਤਾ, ਮਨਾਇਆ (ਹੁਕਮ)

“ਸਚਾ ਅਮਰੁ ਚਲਾਇਓਨੁ ਕਰਿ ਸਚੁ ਫੁਰਮਾਣੁ।”

- ਸੂਹੀ ੩, ਵਾਰ ੧੧:੧ (789)

ਚਲਾਇਆ -- (1) ਤੋਰ ਲਿਆ, ਅਗੇ ਲਾ ਲਿਆ, ਧਕਿਆ

“ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ।”

- ਸਿਰੀ ੧, ਪਹ ੧, ੪:੨ (75)

“ਜਮ ਦੁਆਰਿ ਜਾ ਪਕੜਿ ਚਲਾਇਆ ਤਾ ਚਲਦਾ ਪਛੁਤਾਣਾ।”

– ਧਨਾ ੧, ੨, ੪:੨ (661)

(2) ਤੋਰਿਆ

“ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ।”

– ਮਾਝ ੧, ਵਾਰ ੪:੮ (140)

“ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ।” (ਹੁਕਮ ਅਨੁਸਾਰ ਚਲਾਉਂਦਾ ਹੈ)

– ਮਲਾ ੧, ਵਾਰ ੨੬:੧ (1290)

(3) ਪਰਚਲਤ ਕੀਤਾ, ਪਸਾਰ ਦਿੱਤਾ

“ਝੂਠਾ ਪਰਪੰਚੁ ਜੋਰਿ ਚਲਾਇਆ।”

– ਗਉ ਕਬ, ੬੦, ੨:੨ (337)

(4) ਕਾਇਮ ਕੀਤਾ, ਤੋਰਿਆ ਭਾਵ ਕੀਤਾ

“ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ।”

– ਰਾਮ ਬਸ, ਵਾਰ ੧:੩ (966)

(5) ਦਿਤਾ, ਮਨਾਇਆ (ਹੁਕਮ)

“ਜੀਅ ਉਪਾਇ ਰਿਜਕੁ ਦੇ ਆਪੇ ਸਿਰਿ ਸਿਰਿ ਹੁਕਮੁ ਚਲਾਇਆ।”

– ਮਾਰੂ ੧, ਸੋਲਾ ੨੨, ੧:੩ (1042)

“ਆਪੇ ਸੂਰਾ ਅਮਰੁ ਚਲਾਇਆ।” (ਭਾਵ ਹਕੂਮਤ ਕੀਤੀ)

– ਮਾਰੂ ੫, ਸੋਲਾ ੧੦, ੧੩:੨ (1082)

(6) ਵਿਸਫੋਟਿਤ ਕੀਤਾ

“ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ।”

– ਭੈਰ ਕਬ, ੧੭, ੪:੧ (1161)

(7) ਸ਼ੁਰੂ ਕੀਤਾ, ਭਾਵ ਖੜਾ ਕੀਤਾ

“ਬਕਿ ਬਕਿ ਵਾਦੁ ਚਲਾਇਆ ਬਿਨੁ ਨਾਵੈ ਬਿਖੁ ਜਾਣਿ।”

– ਪ੍ਰਭਾ ੧, ੧੩, ੧:੨ (1331)

(8) ਟਾਲੇ ਨਹੀਂ ਜਾ ਸਕਦੇ

“ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ।” (ਕਰਮਾਂ ਤੋਂ ਭਾਗ ਟਾਲਿਆਂ ਨਹੀਂ ਟਾਲੇ ਜਾ ਸਕਦੇ)

– ਪ੍ਰਭਾ ੧, ਅਸ ੪, ੪:੨ (1344)

ਚਲਾਇਹਿ --- ਤੋਰੇ

“ਜਿਉ ਤੂ ਚਲਾਇਹਿ ਤਿਵੈ ਚਲਹ ਸੁਆਮੀ ਹੋਰ ਕਿਆ ਜਾਣਾ ਗੁਣ ਤੇਰੇ।”

– ਰਾਮ ੩, ਅਨੰ ੧੫:੧ (919)

ਚਲਾਇਦਾ --- (1) ਤੋਰਦਾ

“ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ।”

– ਆਸਾ ੧, ਵਾਰ ੧੬:੧ (472)

(2) ਦਿੰਦਾ, ਮਨਾਂਦਾ (ਹੁਕਮ)

“ਆਪੇ ਹੁਕਮੁ ਚਲਾਇਦਾ ਜਗੁ ਧੰਧੈ ਲਾਇਆ।”

– ਸੂਹੀ ੩, ਵਾਰ ੧੨:੧ (789)

ਚਲਾਇਦੇ --- ਕਰਦੇ, ਤੋਰਦੇ

“ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ।”

– ਗਉ ੪, ਵਾਰ ੫ਸ, ੪, ੨:੩ (302)

ਚਲਾਇਨਿ --- ਅਗੇ ਤੋਰ/ਲਾ ਲੈਣ
“ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।”
– ਮਾਝ ੫, ਬਾਰਾ ੭:੪ (134)

ਚਲਾਈ ----- (1) ਤੋਰ ਲਵਾਂ, ਅਗੇ ਲਾ ਲਵਾਂ
“ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ।”
– ਮਾਝ ੧, ਵਾਰ ੧੯ਸ, ੧, ੧:੨ (147)
(2) ਚਲ ਸਕਦੀ ਹੈ
“ਮਾਨੁਖ ਕੀ ਕਹੁ ਕੇਤ ਚਲਾਈ।”
– ਆਸਾ ੫, ੭੯, ੨:੨ (390)
(3) ਦਾਗੀ
“ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ।”
– ਆਸਾ ੧, ਅਸ ੧੨, ੫:੨ (418)
(4) ਅਰੰਭ ਕੀਤੇ/ਤੋਰੇ ਹਨ
“ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ।”
– ਆਸਾ ਕਬ, ੮, ੧:੧ (477)
“ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ।” (ਆਰੰਭੀ)
– ਸੂਹੀ ੪, ਛੰਤ ੨, ੨:੬ (774)
(5) ਚਲਾ ਰਿਹਾ/ਵਰਤ ਰਿਹਾ ਹੈ
“ਚੰਦੁ ਸੂਰਜੁ ਦੁਇ ਸਾਥ ਚਲਾਈ।” (ਚੰਦ ਸੂਰਜ ਦੋਵੇਂ ਨਾਲ ਚਲਾਈਆਂ ਹਨ)
– ਆਸਾ ਕਬ, ੩੬, ੨:੨ (484)
(6) ਤੋਰਦਾ ਹੈ, ਚਲਾਂਦਾ ਹੈ
“ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ।”
– ਸੂਹੀ ੪, ੧੦, ੬:੧ (734)
“ਸਚਾ ਸਾਹਿਬੁ ਸਚੁ ਪਰਖੈ ਸਾਚੈ ਹੁਕਮਿ ਚਲਾਈ ਹੇ।” (ਚਲਾਉਂਦਾ/ਤੋਰਦਾ)
– ਮਾਰੂ ੧, ਸੋਲਾ ੪, ੩:੩ (1023)

ਚਲਾਈਅਹਿ - ਤੋਰੀਏ, ਅੱਗੇ ਲਾ ਲਈਏ
“ਮਨਮੁਖਿ ਬੰਨ੍ਹਿ ਚਲਾਈਅਹਿ ਨ ਮਿਲਹੀ ਵਗਿ ਸਗਿ।”
– ਸਲੋ ੩, ੬:੪ (1413)

ਚਲਾਈਆ --- (1) ਤੁਰਦੇ ਹਾਂ
“ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ।”
– ਸਿਰੀ ੧, ੩, ੧:੨ (15)

ਹੋਰ ਰੂਪ:

ਚਲਾਈਐ –
“ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ।” (ਹੁਕਮ ਅੰਦਰ ਹੀ ਤੁਰਦਾ ਹੈ)
– ਮਾਝ ੧, ਵਾਰ ੨ਜ਼ਸ, ੧, ੨:੩ (148)

(2) ਅਗੇ ਲਾ ਲਈਆਂ, ਤੋਰ ਲਈਆਂ
"ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ"
– ਤਿਲੰ ੪, ਅਸ ੨, ੧੩:੨ (726)

ਹੋਰ ਰੂਪ:

ਚਲਾਈਐ –
"ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ।" (ਤੋਰ ਲਈਦਾ ਹੈ)
– ਸਿਰੀ ੧, ਅਸ ੧੩, ੭:੨ (61)

ਚਲਾਏ ----- (1) ਤੋਰਦਾ/ਚਲਾਉਂਦਾ ਹੈ
"ਹੁਕਮੀ ਹੁਕਮੁ ਚਲਾਏ ਰਾਹੁ।"
– ਜਪੁ ੧, ੩:੧੩ (2)
"ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ।" (ਹੁਕਮ ਅਨੁਸਾਰ ਚਲਾਉਂਦਾ ਹੈ)
– ਆਸਾ ੧, ਅਸ ੧੨, ੭:੩ (418)

(2) ਰਾਜ ਕਰਦਾ, (ਹੁਕਮ) ਕਰਦਾ/ਦਿੰਦਾ
"ਸੋ ਐਸਾ ਹਰਿ ਨਾਮੁ ਧਿਆਈਐ ਮਨ ਮੇਰੇ ਜੋ ਸਭਨਾ ਉਪਰਿ ਹੁਕਮੁ ਚਲਾਏ।"
– ਸਿਰੀ ੪, ਵਾਰ ੧੫:੧ (89)

(3) ਪ੍ਰਚਲਤ ਕਰੇ, ਤੋਰੇ
"ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ।"
– ਮਾਝ ੧, ਵਾਰ ੧੪ਸ, ੧, ੧:੨ (144)

(4) ਤੋਰੇ
"ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ।" (ਸਾਰੇ ਚਲਾਏ ਹੋਏ ਚਲਦੇ ਹਨ)
– ਆਸਾ ੪, ਛੰਤ ੧੮, ੩:੨ (450)

(5) ਚਲਾਉਣਾ ਭਾਵ ਵਰਤੋਂ ਵਿਚ ਲਿਆਉਣਾ
"ਆਪਿ ਸਰਾਫੁ ਕਸਵਟੀ ਲਾਏ ਆਪੇ ਪਰਖੇ ਆਪਿ ਚਲਾਏ।"
– ਬਿਲਾ ੩, ੨, ੨:੨ (797)

(6) ਲੱਦ ਲਏ (ਭਾਵ)
"ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ।"
– ਕੇਦਾ ਕਬ, ੨, ੨:੨ (1123)

(7) ਅਗੇ ਲਾ ਲੈਂਦਾ ਹੈ
"ਕਾਲੁ ਚਲਾਏ ਬੰਨਿ੍ ਕੋਇ ਨ ਰਖਸੀ।"
– ਮਲਾ ੧, ਵਾਰ ੨੬:੩ (1290)

ਚਲਾਹਾ ----- ਟਾਲਿਆ
"ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ।"
– ਮਾਰੂ ੩, ਸੋਲਾ ੧੪, ੮:੩ (1058)

ਚਲਾਹੀ ----- ਚਲਾਉਂਦਾ ਹੈ, ਤੋਰਦਾ ਹੈ
"ਸਭਨਾ ਤੇਰਾ ਜੋਰੁ ਹੈ ਜਿਉ ਭਾਵੈ ਤਿਵੈ ਚਲਾਹੀ।"
– ਰਾਮ ੩, ਵਾਰ ੨:੪ (947)

ਚਲਾਹੁ ----- ਚਲਾਉਂਦਾ ਹੈ, ਤੋਰਦਾ ਹੈ
“ਆਪੇ ਸਾਗਰੁ ਬੋਹਿਥਾ ਪਿਆਰਾ ਗੁਰੁ ਖੇਵਟੁ ਆਪਿ ਚਲਾਹੁ।”
- ਸੋਰ ੪, ੧, ੪:੧ (604)

ਚਲਾਵਉ ---- ਭੇਜੋ
“ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ।”
- ਆਸਾ ੫, ੫, ੧:੧ (371)

ਚਲਾਵਹਿ ---- (1) ਚਲਾਉਂਦਾ ਹੈ
“ਤੁਧੁ ਆਪੈ ਭਾਵੈ ਤਿਵੈ ਚਲਾਵਹਿ ਸਭ ਤੇਰੈ ਸਬਦਿ ਸਮਾਇ ਜੀਉ।”
- ਆਸਾ ੪, ਛੰਤ ੧੪, ੪:੨ (448)
(2) ਚਲਾ/ਤੋਰ ਰਹੇ ਹਨ
“ਸੰਜੋਗ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।”
- ਜਪੁ ੧, ੨੮:੩ (6)

ਚਲਾਵਹੁ ---- ਤੋਰੋ
“ਵਖਰੁ ਨਾਮੁ ਲਦਿ ਖੇਪ ਚਲਾਵਹੁ।”
- ਆਸਾ ੫, ਅਸ ੧, ੬:੧ (430)

ਚਲਾਇਹਿ --- ਤੋਰੇ, ਚਲਾਵੇਂ
“ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ।”
- ਰਾਮ ੩, ਅਨੰ ੧੫:੫ (919)

ਚਲਾਵਣਹਾਰਾ - ਦੇਣ ਵਾਲਾ
“ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ”
- ਸੋਰ ੧, ਅਸ ੧, ੭:੨ (635)

ਚਲਾਵੈ ----- (1) ਤੋਰਦਾ ਹੈ
“ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।”
- ਜਪੁ ੧, ੩੦:੩ (7)
(2) ਚਲਾਂਦਾ
“ਸਭ ਘਟ ਭੀਤਰਿ ਹਾਟੁ ਚਲਾਵੈ”
- ਸੂਹੀ ਰਵਿ, ੨, ੨:੨ (794)

ਚਲਿ ------ ਤੁਰ, ਫਿਰ
“ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ।” (ਭਟਕ)
- ਗਉ ੪, ੫੯, ੧:੧ (171)
“ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ।” (ਚਲੇ ਗਏ)
- ਵਡ ੪, ਵਾਰ ੨ਸ, ੩, ੨:੧ (586)
“ਕਬ ਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ।” (ਤੁਰ ਕੇ)
- ਸਲੋ ਫਰ, ੭੦:੨ (1381)

ਹੋਰ ਰੂਪ:

ਚਲਿਓ –
“ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ।” (ਨਿਭਿਆ ਤੁਰਿਆਂ)
– ਸਿਰੀ ੧, ੩, ੨:੨ (15)
“ਤਿਆਗਿ ਚਲਿਓ ਹੈ ਮੂੜ ਨੰਗ।” (ਚਲਿਆ)
– ਗਉ ੫, ੧੩੯, ੨:੨ (210)
“ਦੇਖਤ ਨੈਨ ਚਲਿਓ ਜਗੁ ਜਾਈ।” (ਜਗਤ ਚਲੀ/ਮਰੀ ਜਾਂਦਾ ਹੈ)
– ਆਸਾ ਕਬ, ੨੧, ੧*:੨ (481)

ਚਲਿਓ ----- (1) ਨਿਭਿਆ, ਵੇਖੋ ‘ਚਲਿ’
(2) ਚਲਿਆ, ਵੇਖੋ ‘ਚਲਿ’
(3) ਮਰੀ ਜਾਣਾ, ਵੇਖੋ ‘ਚਲਿ’
(4) ਵਗੀ, ਚਲੀ
“ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ।”
– ਮਾਰੂ ੫, ਅਸ ੩, ੬:੧ (1018)
(5) ਚਲਣਾ
“ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ।”
– ਸਲੋ ਕਬ, ੮੯:੧ (1369)

ਚਲਿਆ ---- ਤੁਰ ਪਿਆ
“ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ।”
– ਸਿਰੀ ੧, ੬, ੪:੩ (16)
“ਤੂ ਨੇੜ੍ਹੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ।” (ਤੁਰਿਆ ਹੈ)
– ਬਿਹਾ ੫, ੯, ੧:੨ (547)
(2) ਜਾਂਦਾ, ਤੁਰਦਾ
“ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ।”
– ਆਸਾ ੪, ੧੮, ੧:੩ (450)

ਚਲਿਤ ----- ਕੌਤਿਕ, ਚੋਜ
“ਅਪੁਨੇ ਚਲਿਤ ਆਪਿ ਕਰਣੈਹਾਰ।”
– ਗਉ ੫, ਸੁਖ ੧੨, ੭:੭ (279)

ਹੋਰ ਰੂਪ:

ਚਲਿਤੁ –
“ਆਪਨ ਚਲਿਤੁ ਆਪ ਹੀ ਕਰੈ।”
– ਗਉ ੫, ਸੁਖ ੧੪, ੬:੨ (281)

ਚਲੀ ------ (1) ਤੁਰੀ, ਤੁਰ ਪਈ
“ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ।”
– ਸਿਰੀ ੧, ੨੪, ੪:੨ (23)
(2) ਜਾ ਰਹੀ ਹੈ
“ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।”
– ਸਿਰੀ ੫, ੭੩, ੧*:੨ (43)

(3) ਪੇਸ਼ ਜਾਣਾ
"ਚਿੜ੍ਹ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।"
– ਸਿਰੀ ੫, ਛੰਤ ੨, ੩:੫ (79)

(4) ਪੁਰਾਣਾ, ਚਲਣਾ, ਬਰ ਆਉਣਾ
"ਧੋਹੁ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ।"
– ਗਉ ੫, ਵਾਰ ੧੨:੧ (321)

ਚਲੀਅਹਿ --- ਦੂਰ ਹੁੰਦੇ ਹਨ, ਚਲੇ ਜਾਂਦੇ ਹਨ
"ਉਤੁ ਭੁਖੈ ਖਾਇ ਚਲੀਅਹਿ ਦੁਖ।"
– ਆਸਾ ੧, ਸੋਦ ੩, ੧:੪ (9)

ਚਲੀਆ ---- ਤੁਰੀ ਹੈ, ਨਿਭੀ ਹੈ
"ਏਨੀ ਜਲੀਈਂ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ।"
– ਮਲਾ ੧, ਵਾਰ ੨੬ਸ, ੨, ੨:੨ (1290)

ਚਲੀਐ ----- (1) ਜਾਈਏ
"ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।"
– ਸਿਰੀ ੪, ਵਾਰ ੩ਸ, ੨, ੨:੧ (83)

(2) ਤੁਰੀਏ
"ਸਿਰਿ ਧਰਿ ਚਲੀਐ ਸਹੀਐ ਭਾਰੁ।"
– ਗਉ ੧, ੧, ੧:੩ (151)

ਚਲੁ ------- (1) ਤੁਰ
"ਮਨ ਮੇਰੇ ਸਤਿਗੁਰ ਕੈ ਭਾਣੈ ਚਲੁ।"
– ਸਿਰੀ ੩, ੫੯, ੧*:੨ (37)

(2) ਚਲਣ ਵਾਲਾ, ਚੰਚਲ, ਟਿਕ ਕੇ ਨ ਬਹਿਣ ਵਾਲਾ
"ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ।"
– ਮਾਰੂ ਜੈਦੇ, ੧, ੧:੨ (1106)

ਚਲੂਲ ----- (ਫਾ. ਚੂ ਲਾਲਾ 'ਲਾਲ' ਫੁੱਲ ਵਰਗਾ) ਗੂੜ੍ਹੇ ਲਾਲ ਰੰਗ ਦੇ
"ਬਸਤ੍ਰ ਹਮਾਰੇ ਰੰਗਿ ਚਲੂਲ।"
– ਆਸਾ ੫, ੭, ੩:੧ (372)

ਹੋਰ ਰੂਪ:

ਚਲੂਲਾ –
"ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ।"
– ਵਡ ੪, ਘੋੜੀ ੧, ੧:੪ (575)

ਚਲੂਲਿ –
"ਮੁਹਬਤਿ ਜਿਸੁ ਖੁਦਾਇ ਦੀ ਰਤਾ ਰੰਗਿ ਚਲੂਲਿ।"
– ਰਾਮ ੫, ਵਾਰ ੨੨ਸ, ੫, ੧:੧ (966)

ਚਲੂਲਿਆ –
"ਗੁਰਮੁਖਿ ਰੰਗਿ ਚਲੂਲਿਆ ਰੰਗਿ ਹਰਿ ਰੰਗਿ ਰਾਤੀ।"

– ਮਾਝ ੧, ਵਾਰ ੧:੫ (138)

ਚਲੂਲੀ –
“ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗਿ ਚੜਾਵਣਿਆ।”
– ਮਾਝ ੩, ਅਸ ੯, ੧:੩ (114)

ਚਲੂਲੁ –
“ਰੂੜੌ ਰੂੜੌ ਆਖੀਐ ਭਾਈ ਰੂੜੌ ਲਾਲ ਚਲੂਲੁ।”
– ਸੋਰ ੧, ਅਸ ੪, ੩:੧ (637)

ਚਲੂਲੇ –
“ਸਬਦਿ ਰਤੇ ਸੇ ਰੰਗਿ ਚਲੂਲੇ ਰਾਤੇ ਸਹਜਿ ਸੁਭਾਈ।”
– ਸਾਰ ੩, ਅਸ ੨, ੨:੨ (1234)

ਚਲੂਲੈ –
“ਹੀਰੈ ਹੀਰੁ ਮਿਲਿ ਬੇਧਿਆ ਰੰਗਿ ਚਲੂਲੈ ਨਾਇ।”
– ਸਿਰੀ ੪, ੬੭, ੧:੩ (40)

ਚਲੇ ------- (1) ਤੁਰੇ ਹਨ
“ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ।”
– ਸਿਰੀ ੧, ਅਸ ੬, ੮:੧ (57)
“ਸੇ ਚਰਣ ਸੁਹਾਵੇ ਜੋ ਹਰਿ ਮਾਰਗਿ ਚਲੇ ਹਉ ਬਲਿ ਤਿਨ ਸੰਗਿ ਪਛਾਣਾ ਜੀਉ।” (ਤੁਰੇ/ਤੁਰ ਪਏ)
– ਮਾਝ ੫, ੨੯, ੨:੩ (103)

(2) ਨਿਭੇ
“ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ।”
ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ।”
– ਗਉ ੧, ੧੩, ੪:੧, ੨ (155)

(3) ਲੈਣਾ (ਭਾਵ) ਜਾਣਾ
“ਅਵਗਣ ਮੇਟਿ ਚਲੇ ਗੁਣ ਸੰਗਮ ਨਾਲੇ ਰਾਮ।” (ਔਗੁਣ ਦੂਰ ਕਰ ਲੈਂਦਾ ਹੈ)
– ਆਸਾ ੧, ਛੰਤ ੩, ੩:੨ (437)
“ਨਾਮ ਧਿਆਵਹਿ ਸੇ ਜਿਣਿ ਚਲੇ ਗੁਰ ਪੂਰੇ ਸਨਬੰਧੁ ਜੀਉ।” (ਜਿਤ ਜਾਂਦੇ ਹਨ)
– ਸੂਹੀ ੫, ਅਸ ੩, ੨:੩ (760)

(4) ਨਸ਼ਟ/ਨਾਸ਼ ਹੁੰਦਾ ਹੈ
“ਚਲੇ ਚਲਣਹਾਰ ਵਿਚਾਰਾ ਲੇਇ ਮਨੋ।”
– ਆਸਾ ਫਰ, ੨, ੭:੧ (488)
“ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ।” (ਮਰ ਰਹੇ, ਨਾਸ਼ ਹੋ ਰਹੇ ਹਨ)
– ਵਡ ੪, ਵਾਰ ੨ਸ, ੩, ੨:੧ (586)

ਚਲੇਸਹਿ ---- ਚਲਦੇ, ਤੁਰਦੇ
“ਤਿਸੁ ਜਨ ਕੇ ਪਗ ਨਿਤ ਪੁਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ।”
– ਬਿਹਾ ੪, ਛੰਤ ੪, ੩:੩ (540)

ਚਲੈ -------- (1) ਨਿਭਦਾ

"ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।"

- ਜਪੁ ੧, ੧:੪ (1)

"ਐਸਾ ਨਿਧਾਨੁ ਦੇਹੁ ਮੋ ਕਉ ਹਰਿ ਜਨ ਚਲੈ ਹਮਾਰੈ ਸਾਥੇ।"

- ਗਉ ੫, ੧੩੫*, ੩:੨ (209)

(2) ਤੁਰਦੇ

"ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ।"

- ਜਪੁ ੧, ੭:੨ (2)

ਹੋਰ ਰੂਪ:

ਚਲੋ -

"ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ।" (ਤੁਰੋ)

- ਧਨਾ ੧, ਛੰਤ ੩, ੨:੧ (689)

(3) ਮਿਲੇ (ਭਾਵ)

"ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ।"

- ਸਿਰੀ ੧, ੫, ੧*:੨ (15)

(4) ਡੋਲਦਾ ਹੈ

"ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ।"

- ਸਿਰੀ ੧, ਅਸ ੧੫, ੪:੧ (63)

(5) ਤੁਰ ਪਏ, ਮਰ ਗਏ

"ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ।"

- ਸਿਰੀ ੧, ਅਸ ੧੬, ੫:੩ (63)

ਹੋਰ ਰੂਪ:

ਚਲੈਗੋ -

"ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ।"

- ਟੋਡੀ ੫, ੨੧:੨ (712)

(7) ਤੁਰੇ, ਅਗੇ ਵੱਧੇ

"ਜੁਗਿ ਜੁਗਿ ਪੀੜੀ ਚਲੈ ਸਤਿਗੁਰ ਕੀ ਜਿਨੀ ਗੁਰਮੁਖਿ ਨਾਮੁ ਧਿਆਇਆ।"

- ਸਿਰੀ ੪, ਛੰਤ ੧, ੫:੩ (79)

(8) ਪਰਵਾਨ ਹੁੰਦਾ ਹੈ, ਮੰਨਿਆ ਜਾਂਦਾ ਹੈ

"ਜਾ ਕਾ ਕਹਿਆ ਦਰਗਹ ਚਲੈ।"

- ਗਉ ੫, ੧੦੨, ੩:੧ (186)

(9) ਪੁਗਦਾ

"ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ।"

- ਆਸਾ ੧, ਵਾਰ ੨੨ਸ, ੨, ੩:੪ (474)

"ਤਿਸੁ ਨਾਲਿ ਕਿਆ ਚਲੈ ਪਹਨਾਮੀ।" (ਪੁਗਦੀ)

- ਬਿਲਾ ੩, ਅਸ ੧, ੪:੩ (833)

(10) ਕਾਰਗਰ ਹੋਣਾ

"ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ।"

– ਆਸਾ ਰਵਿ, ੧, ੩:੨ (486)

(11) ਜੋਰ/ਵਸ ਚਲਣਾ

"ਮਿਲਨ ਕਉ ਕਰਉ ਉਪਾਵ ਕਿਛੁ ਹਮਾਰਾ ਨਹ ਚਲੈ ਰਾਮ।"

– ਬਿਹਾ ੫, ਛੰਤ ੨, ੨:੨ (542)

"ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈ ਤਿਸੁ ਨਾਲਿ।"

– ਰਾਮ ੩, ਵਾਰ ੩ਸ, ੩, ੧:੨ (947)

(12) ਝੁਲਦਾ ਸੀ (ਭਾਵ)

"ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ।"

– ਧਨਾ ਨਾਮ, ੧, ੨:੨ (692)

(13) ਹੰਢਦਾ, ਭਗਦਾ

"ਹੋਇ ਪੁਰਾਣਾ ਕਪੜੁ ਪਾਟੈ ਸੁਈ ਧਾਗਾ ਗੰਢੈ।"
ਮਾਹੁ ਪਖੁ ਕਿਹੁ ਚਲੈ ਨਾਹੀ ਘੜੀ ਮੁਹਤੁ ਕਿਛੁ ਹੰਢੈ।"

– ਰਾਮ ੩, ਵਾਰ ੧੯ਸ, ੧, ੧:੬ (955)

(14) ਟਲਦਾ

"ਸੰਜੋਗੁ ਵਿਜੋਗੁ ਕਰਤੈ ਲਿਖਿ ਪਾਏ ਕਿਰਤੁ ਨ ਚਲੈ ਚਲਾਹਾ ਹੇ।"

– ਮਾਰੂ ੩, ਸੋਲਾ ੧੪, ੮:੩ (1058)

(15) ਭਟਕਦਾ/ਦੌੜਦਾ

"ਮਨੁ ਚਲੈ ਨ ਜਾਈ ਠਾਕਿ ਰਾਖੁ।" (ਦੌੜਦਾ)

– ਬਸੰ ੧, ਅਸ ੨, ੪:੧ (1188)

"ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ।" (ਭਟਕਦਾ)

– ਬਸੰ ਰਾਮ, ੧, ੧*:੨ (1195)

(16) ਖਰਾਬ ਹੋ ਜਾਂਦੀ/ਵਿਚਲ ਜਾਂਦੀ ਹੈ

"ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ।"

– ਸਲੋ ੧, ੩੨:੧ (1412)

ਚਲੋ ------- (1) ਤੁਰੋ, ਵੇਖੋ 'ਚਲੈ' (2)

(2) ਭਜ ਗਿਆ, ਦੌੜ ਗਿਆ

"ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ।" (ਛੱਟ/ਸੁੱਟ ਕੇ ਭੱਜ ਗਿਆ)

– ਗਉ ਕਬ, ੪੯, ੩:੨ (333)

ਚਵਹਿ ----- ਕਹੇ, ਉਚਾਰੇ, ਬੋਲੇ, ਜਪੇ

"ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ।"

– ਤੁਖਾ ੪, ਛੰਤ ੩, ੩:੩ (1115)

"ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ।" (ਗਲਾਂ ਕਰਦੇ ਹਨ)

– ਸਲੋ ੫, ੧੦:੨ (1425)

ਹੋਰ ਰੂਪ:

ਚਵਹੁ –

"ਸਭਿ ਚਵਹੁ ਮੁਖਹੁ ਜਗੰਨਾਥੁ ਜਗੰਨਾਥੁ ਜਗਜੀਵਨੋ ਜਿਤੁ ਭਵਜਲ ਪਾਰਿ ਉਤਾਰਾ।" (ਬੋਲੋ)

– ਕਾਨ ੪, ਵਾਰ ੪:੫ (1314)

ਚਵਗਣ ---- ਚਉਗੁਣੀ, ਚੌਗੁਣੀ
"ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ।"
– ਸੋਰ ੧, ੨, ੪:੩ (596)

ਹੋਰ ਰੂਪ:

ਚਵਗਣਿ –
"ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ।"
– ਗਉ ੪, ਵਾਰ ੨੫:੪ (314)

ਚਵਗਲਿ ---- ਚੌਗੁਣਾ
"ਨਾਨਕ ਹੁਕਮਿ ਮੰਨਿਐ ਤਿਖ ਉਤਰੈ ਚੜੈ ਚਵਗਲਿ ਵੰਨੁ।"
– ਮਲਾ ੧, ਵਾਰ ੬ਸ, ੩, ੧:੨ (1282)

ਚਵਰ ------ ਚੌਰ
"ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ।"
– ਧਨਾ ਰਵਿ, ੩, ੩:੨ (694)

ਚਵਰਾਸੀਹ -- ਅੱਸੀ ਤੇ ਚਾਰ, ਗਿਣਤੀ ਦੀ ਇਕ ਇਕਾਈ
"ਚਵਰਾਸੀਹ ਸਿਧ ਬੁਧ ਜਿਤੁ ਰਾਤੇ ਅੰਬਰੀਕ ਭਵਜਲੁ ਤਰਿਆ।"
– ਸਵ ੩, ੩:੨ (1393)

ਚਵਰੁ ------ ਚੌਰ
"ਜਾ ਕਾ ਚਵਰੁ ਸਭ ਊਪਰਿ ਝੁਲੈ।"
– ਆਸਾ ੫, ੯੦, ੨:੩ (393)

ਹੋਰ ਰੂਪ:

ਚਵਰੋ –
"ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।"
– ਧਨਾ ੧, ੯, ੧:੨ (663)

ਚਵਾ ------ ਕਹਾਂ, ਬੋਲਾਂ, ਜਪਾਂ, ਉਚਾਰਾਂ, ਕਥਨ ਕਰਾਂ, ਸਿਮਰਾਂ
"ਹਰਿ ਗੁਣ ਗਾਵਾ ਹਰਿ ਨਿਤ ਚਵਾ ਗੁਰਮਤੀ ਹਰਿ ਰੰਗੁ ਸਦਾ ਮਾਣਿ।"
– ਸੋਰ ੪, ਵਾਰ ੨੨:੨ (651)

ਚਵਾਂਈਐ --- ਬੋਲੀਏ
"ਸਚੇ ਦੈ ਦਰਿ ਜਾਇ ਸਚੁ ਚਵਾਂਈਐ।"
– ਮਾਝ ੧, ਵਾਰ ੧੫:੬ (145)

ਚਵਾਵੈ ----- ਬੋਲਦਾ ਹੈ
"ਕੁਬੁਧਿ ਚਵਾਵੈ ਸੋ ਕਿਤੁ ਠਾਇ।" (ਬੇਅਕਲੀ ਦੀਆਂ ਗੱਲਾਂ ਕਰੇ)
– ਰਾਮ ੧, ਸਿਗੋ ੫੫:੧ (944)

ਚਵਿਆ ---- ਉਚਾਰਿਆ
"ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮ ਚਵਿਆ।"

– ਤੁਖਾ ੪, ਛੰਤ ੩, ੩:੨ (1115)

ਹੋਰ ਰੂਪ:

ਚਵੇ –

“ਸਚੁ ਸਤਿਆ ਜਿਨੀ ਅਰਾਧਿਆ ਜਾ ਉਠੇ ਤਾ ਸਚੁ ਚਵੇ।” (ਬੋਲਦੇ, ਸਿਮਰਦੇ ਹਨ)

– ਗਉ ੪, ਵਾਰ ੨੧:੧ (312)

“ਝੂਠੇ ਵੈਣ ਚਵੇ ਕਾਮਿ ਨ ਆਵਏ ਜੀਉ।” (ਬੋਲੇ)

– ਧਨਾ ੧, ਛੰਤ ੩, ੪:੨ (689)

ਚਵੈ –

“ਜੈਸੀ ਚਾਤ੍ਰਿਕ ਪਿਆਸ ਖਿਨ ਖਿਨ ਬੂੰਦ ਚਵੈ ਬਰਸੁ ਸੁਹਾਵੇ ਮੇਹੁ।” (ਬੋਲਦਾ ਹੈ)

– ਆਸਾ ੫, ਛੰਤ ੪, ੨:੨ (455)

ਚੜਉ ----- **ਚੜ੍ਹਾਂ**

“ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ।”

– ਸਿਰੀ, ੯, ੨:੩ (17)

“ਬੋਹਿਥਿ ਚੜਉ ਜਾ ਆਵੈ ਵਾਰੁ।” (ਚੜ੍ਹ ਸਕਦਾ ਹਾਂ)

– ਗਉ ੧, ੭, ੪:੧ (153)

ਚੜਹਿ ----- **(1) ਵਧਦਾ ਹੈ, ਚੜਦਾ ਹੈ**

“ਤੂੰ ਸਚਾ ਦਾਤਾਰੁ ਨਿਤ ਦੇਵਹਿ ਚੜਹਿ ਸਵਾਇਆ।”

– ਮਾਝ ੧, ਵਾਰ ੨੬:੭ (150)

(2) ਉਦੈ ਹੋਵੇ, ਪ੍ਰਗਟ ਹੋਵੇ

“ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।”

– ਆਸਾ ੧, ਵਾਰ ੧ਸ, ੨, ੨:੧ (463)

(3) ਸਵਾਰ ਹੋਣਾ, ਚੜਨਾ

“ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ।”

– ਆਸਾ ੧, ਵਾਰ ੨੩:੩ (475)

(4) ਤੁਰੇ, ਨਿਕਲੇ

“ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ।”

– ਰਾਮ ੩, ਅਸ ੧, ੩:੨ (908)

(5) ਉਪਰ ਵਲ ਜਾਣਾ

“ਬਾਬੀਹਾ ਸਗਲੀ ਧਰਤੀ ਜੇ ਫਿਰਹਿ ਉਡਿ ਚੜਹਿ ਆਕਾਸਿ।”

– ਸਲੋ ੩, ੫੮:੧ (1420)

ਚੜਣਾ ----- **ਸਵਾਰੀ ਕਰਨਾ**

“ਬਾਬਾ ਹੋਰੁ ਚੜਣਾ ਖੁਸੀ ਖੁਆਰ।”

– ਸਿਰੀ ੧, ੭, ੩*:੧ (16)

ਚੜਤੁ ------ **ਚੜਦਾ ਹੈ, ਉਪਰ ਵਲ ਨੂੰ ਜਾਂਦਾ ਹੈ**

“ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ।” (ਭਾਵ ਚੜਦੀ ਕਲਾ ਵਿਚ ਹੁੰਦਾ ਹੈ)

– ਰਾਮ ੧, ੧, ੨:੧ (876)

ਚੜੰਦੀਆ --- ਚੜ੍ਹਕੇ, ਵੱਧ ਗੁਣਵਾਨ
"ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ।"
– ਸੂਹੀ ੧, ਕੁਚ ੧:੨ (762)

ਚੜਾ ------ (1) ਫਿਰਾਂ, ਭ੍ਰਮਣ ਕਰਾਂ, ਹੋਰ ਵੇਖੋ 'ਚੜਿ' (1)
"ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ।"
– ਸਿਰੀ ੧, ਅਸ ੬, ੭:੧ (57)

(2) ਉਪਰ ਵੱਲ ਜਾਵਾਂ
"ਊਡਾਂ ਊਡਿ ਚੜਾ ਅਸਮਾਨਿ।"
– ਮਲਾ ੧, ੯, ੨:੧ (1257)

ਚੜਾਉ ----- (1) ਚੜ੍ਹ ਜਾਂਦਾ/ਹੋ ਜਾਂਦਾ ਹੈ (ਰੰਗ)
"ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ।"
– ਸਿਰੀ ੧, ੧੨, ੧:੨ (18)

(2) ਚੜਾਵਾ, ਚੜਾਉਂਣਾ, ਭੇਟਾ ਕਰਨਾ
"ਸੇਵਕ ਸੇਵਹਿ ਕਰਮਿ ਚੜਾਉ।"
– ਆਸਾ ੧, ਵਾਰ ਪਸ, ੧, ੨:੧੧ (465)

ਚੜਾਊ ----- ਸਵਾਰ, ਬੇੜੀ ਦਾ ਮੁਸਾਫਰ, ਚੜ੍ਹਨ ਵਾਲਾ, ਸਵਾਰ ਹੋਣ ਵਾਲਾ
"ਭਉ ਬੇੜਾ ਜੀਉ ਚੜਾਊ।"
– ਮਾਰੂ ੧, ੨, ੪:੩ (990)

ਚੜਾਇ ----- (1) ਚਾੜ੍ਹੋ, ਚੜਵਾਓ
"ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ।"
– ਆਸਾ ੩, ਅਸ ੩੧, ੧*:੧ (427)
"ਰੰਗੁ ਤਿਸੈ ਕਉ ਅਗਲਾ ਵੰਨੀ ਚੜੈ ਚੜਾਇ।" (ਰੰਗਨ ਚੜ ਜਾਂਦੀ ਹੈ)
– ਗੂਜ ੩, ਵਾਰ ਪਸ, ੩, ੧:੮ (510)
(2) ਲਗਾਉਂਦਾ/ਮਲਦਾ ਹੈ, ਹੋਰ ਵੇਖੋ 'ਚੜਾਈ'
"ਭਸਮ ਚੜਾਇ ਕਰਹਿ ਪਾਖੰਡੁ।"
– ਰਾਮ ੧, ਅਸ ੨, ੩:੧ (903)

ਚੜਾਇਓ --- ਚਾੜੀ, ਫਿੱਟ ਕੀਤੀ
"ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ।"
– ਰਾਮ ਬਸ, ਵਾਰ ੬:੭ (968)

ਚੜਾਇਆ --- (1) ਸਵਾਰ ਕੀਤਾ
"ਸਭੁ ਪਰਵਾਰੁ ਚੜਾਇਆ ਬੇੜੇ।"
– ਗਉ ਕਬ, ੬੧, ੧*:੨ (337)
(2) ਆਕਰਮਣ ਕਰਵਾਇਆ
"ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।"
– ਆਸਾ ੧, ੩੯, ੧:੨ (360)

(3) ਭੇਟ ਕੀਤਾ, ਚੜ੍ਹਾਵੇ ਰੂਪ ਵਿਚ ਚੜ੍ਹਾਉਣਾ
"ਸੇਵਕੋ ਗੁਰ ਸੇਵਾ ਲਾਗਾ ਜਿਨਿ ਮਨੁ ਤਨੁ ਅਰਪਿ ਚੜਾਇਆ ਰਾਮ।"
– ਆਸਾ ੪, ਛੰਤ ੯, ੮:੨ (444)

ਹੋਰ ਰੂਪ:

ਚੜਾਈ –
"ਹਰਿ ਬਿਨੁ ਸਭੁ ਕਿਛੁ ਮੈਲਾ ਸੰਤਹੁ ਕਿਆ ਹਉ ਪੂਜ ਚੜਾਈ।" (ਭੇਟਾ ਚੜਾਵਾ/ਕਰਾਂ)
– ਰਾਮ ੩, ਅਸ ੩, ੨:੧ (910)

(4) ਚਾੜਿਆ/ਕੀਤਾ (ਰੰਗ)
"ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ"
– ਵਡ ੪, ਘੋੜੀ, ੧, ੩:੫ (575)

ਹੋਰ ਰੂਪ:

ਚੜਾਇਦਾ –
"ਪੂਰੈ ਭਾਗਿ ਕੋ ਇਹੁ ਰੰਗੁ ਪਾਏ ਗੁਰਮਤੀ ਰੰਗੁ ਚੜਾਇਦਾ।"
– ਮਾਰੂ ੩, ਸੋਲਾ ੨੨, ੮:੩ (1066)

(5) ਧਰਿਆ –
"ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ"
– ਸੋਰ ੪, ੪, ੧:੩ (605)

ਹੋਰ ਰੂਪ:

ਚੜਾਈ –
"ਧਰਿ ਤਾਰਾ ਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।"
– ਮਾਝ, ਵਾਰ ੧੯ਸ, ੧, ੧:੩ (147)

(6) ਪਹਿਰਿਆ, ਪਾਇਆ
"ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ"
– ਬਿਲਾ ੩, ਵਾਰ ੧, ੧:੨ (796)

(7) ਚੜ੍ਹਾਨਾ, ਹੋਰ ਵੇਖੋ 'ਚੜਾਈਐ'
"ਕਟਿ ਕੁਟਿ ਕਰਿ ਖੁੰਬਿ ਚੜਾਈਐ।"
– ਰਾਮ ੩, ਵਾਰ ੧੯ਸ, ੧, ੧:੨ (955)

(8) ਉਪਰ ਵੱਲ ਭੇਜਣਾ/ਚਾੜਨਾ
"ਪੰਚ ਬਾਣ ਲੇ ਜਮ ਕਉ ਮਾਰੈ ਗਗਨੰਤਰਿ ਧਣਖੁ ਚੜਾਇਆ।"
– ਮਾਰੂ ੧, ਸੋਲਾ ੨੧, ੯:੩ (1042)

ਚੜਾਈ ----- (1) ਭੇਟਾ ਕਰਾਂ, ਧਰਿਆ, ਚੜਾਵਾਂ ਚੜਾਵਾਂ ਵੇਖੋ 'ਚੜਾਇ' (3)
(2) ਵੇਖੋ 'ਚੜਾਇ' (5)
(3) ਮਲੀ, ਲਾਈ
"ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ।"
– ਮਾਰੂ ੧, ਅਸ ੭, ੪:੧ (1013)

ਚੜਾਈਆ --- ਸੁਣਾਈਆਂ, ਦਿਤੀਆਂ

“ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣ ਥਿਆ।”

– ਆਸਾ ੧, ਵਾਰ ੧੫ਸ, ੧, ੧:੬ (471)

ਚੜਾਈਐ --- (1) ਚਾੜ੍ਹੀਏ

“ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ।”

– ਆਸਾ ੧, ਵਾਰ ੧੧ਸ ੧, ੧:੫ (468)

(2) ਮਲਿਆਂ, ਵੇਖੋ ‘ਚੜਾਇ’ (2) ਚੜਾਈ (3)

“ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ”

– ਸੂਹੀ ੧, ੮, ੧:੧ (730)

ਚੜਾਏ ----- (1) ਚਾੜ੍ਹੇ, ਕਰੇ (ਰੰਗ)

“ਗੁਰ ਕੈ ਸਬਦਿ ਹਰਿ ਰੰਗੁ ਚੜਾਏ।”

– ਮਾਝ ੩, ੯, ੧:੨ (114)

(2) ਚਾੜ੍ਹੀ, ਫਿੱਟ ਕੀਤੀ

“ਸਹਜੇ ਸਿਫਤੀ ਧਣਖੁ ਚੜਾਏ।”

– ਮਾਰੂ ੧, ੧੨, ੩:੨ (993)

(3) ਚਾੜ੍ਹੇ, ਸਵਾਰ ਕਰੇ

““ਬੋਹਿਥੁ ਨਾਨਕ ਦੇਉ ਗੁਰੁ ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ।”

– ਮਾਰੂ ੫, ਵਾਰ ੨੨:੮ (1102)

(4) ਭੇਟਾ ਕਰੇ, ਚੜ੍ਹਾਵੇ ਦੇ ਰੂਪ ਵਿਚ ਚਾੜ੍ਹੇ

“ਕੁੰਗੂ ਚੰਨਣੁ ਫੁਲ ਚੜਾਏ।”

– ਸਾਰ ੪, ਵਾਰ ੯ਸ, ੧, ੧:੩ (1240)

ਚੜਾਹੀ ----- ਵੱਧਦੀ ਹੈ

“ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ।”

– ਗਉ ੪, ਵਾਰ ੧੫ਸ, ੪, ੨:੧੩ (309)

ਚੜਾਵਉ ---- (1) ਲਾਵਾਂ, ਮਲਾਂ

“ਚੋਆ ਚੰਦਨੁ ਅੰਕਿ ਚੜਾਵਉ।”

– ਗਉ ੧, ਅਸ, ੧੦, ੧:੧ (225)

(2) ਭੇਟਾ ਕਰਾਂ

“ਕਿਸੁ ਪੂਜ ਚੜਾਵਉ ਲਗਉ ਪਾਇ।”

– ਬਸੰ ੧, ੨, ੧:੩ (1168)

ਹੋਰ ਰੂਪ:

ਚੜਾਵਏ –

“ਮਨੁ ਤਨੁ ਧਨੁ ਸਭੁ ਪ੍ਰਭੁ ਕੇਰਾ ਕਿਆ ਕੋ ਪੂਜ ਚੜਾਵਏ।”

– ਬਿਹਾ ੫, ਛੰਤ ੧, ੩:੩ (542)

ਚੜਾਵਹੁ ---- ਲਗਾਓ

“ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।”

– ਰਾਮ ੧, ਅਸ ੧, ੬:੨ (903)

ਚੜਾਵਣਿਆ – ਚਾੜ੍ਹਨਾ, ਕਰਨਾ (ਰੰਗ)
"ਮਨੁ ਤਨੁ ਰਤਾ ਰਸਨਾ ਰੰਗਿ ਚਲੂਲੀ ਭੈ ਭਾਇ ਰੰਗੁ ਚੜਾਵਣਿਆ।"
– ਮਾਝ ੩, ਅਸ ੯, ੧:੩ (114)

ਚੜਾਵੈ ----- (1) ਲਗਾਵੇ, ਮਲੇ
"ਸੇਵਾ ਸੁਰਤਿ ਬਿਭੂਤ ਚੜਾਵੈ।"
– ਆਸਾ ੧, ਅਸ ੧, ੪:੨ (411)

(2) ਉਦੈ ਕਰੇ, ਚੜਾਏ
"ਪਛਿਮ ਫੇਰਿ ਚੜਾਵੈ ਸੂਰੁ।" (ਪੱਛਮ ਵਲੋਂ ਫੇਰ ਕੇ ਸੂਰਜ ਚੜ੍ਹਾਵੇ)
– ਰਾਮ ਬਣੀ, ੧, ੭:੪ (974)

ਚੜਿ ------ (1) ਫਿਰ ਕੇ, ਗਮਨ ਕਰਕੇ, ਵੇਖੋ ('ਚੜਾ (1)
"ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ।"
– ਸਿਰੀ ੧, ਅਸ ੬, ੭:੧ (57)

(2) ਸਵਾਰ ਹੋ ਕੇ
"ਹਰਿ ਕੇ ਚਰਣ ਹਿਰਦੈ ਉਰਿ ਧਾਰਿ।"
"ਭਵ ਸਾਗਰੁ ਚੜਿ ਉਤਰਹਿ ਪਾਰਿ।"
– ਗਉ ੫, ੧੫੩, ੨:੧;੨ (196)

"ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ।" (ਵਿਚ ਬੈਠ ਕੇ)
– ਆਸਾ ੧, ਅਸ ੧੧, ੨:੨ (417)

(3) ਉਪਰ ਜਾ ਕੇ
"ਚੜਿ ਸੁਮੇਰਿ ਢੂਢਿ ਜਬ ਆਵਾ।"
– ਗਉ ਕਬ, ਬਾਅ ੨੦:੩ (341)

"ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ।" (ਉਪਰ ਜਾ ਰਿਹਾ ਹੈ)
– ਸਲੋ ਕਬ, ੧੬੫:੨ (1373)

(4) ਚੜਦਾ ਹੈ, ਆਉਂਦਾ ਹੈ
"ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਆ ਰੁਤੇ।"
– ਆਸਾ ੪, ਛੰਤ ੨੧, ੪:੧ (452)

ਚੜਿਓ ----- (1) ਆ ਗਿਆ, ਚੜ ਗਿਆ (ਹਥ), ਲਭਿਆ, ਪ੍ਰਾਪਤ ਹੋਇਆ
"ਹਾਥਿ ਚੜਿਓ ਹਰਿ ਸਾਲਗਿਰਾਮ।"
– ਆਸਾ ੫, ੯੦, ੪:੩ (393)

(2) ਤੁਰ ਪਿਆ
"ਸੰਤਸੰਗਿ ਲੇ ਚੜਿਓ ਸਿਕਾਰ।"
– ਭੈਰ ੫, ੪, ੧*:੧ (1136)

(3) ਪਿਆ
"ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ।"
– ਸਾਰ ੫, ੩, ੨:੧ (1203)

ਚੜਿਅਉ --- ਸਵਾਰ ਹੋਇਆ
"ਪਹਿਰਿ ਸਮਾਧਿ ਸਨਾਹੁ ਗਿਆਨਿ ਹੈ ਆਸਣਿ ਚੜਿਅਉ।"

– ਸਵ ੩, ੨੧:੧ (1396)

ਹੋਰ ਰੂਪ:

ਚੜਿਆ –
"ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ।"
– ਸਿਰੀ ੪, ੬੭, ੪:੧ (40)

ਚੜਿਆ ---- (1) ਸਵਾਰ ਹੋਇਆ ਵੇਖੋ 'ਚੜਿਆਉ'
"ਜਰ ਜਰਵਾਣਾ ਕੰਨ੍ਹਿ ਚੜਿਆ ਨਚਸੀ।"
– ਮਲਾ ੧, ਵਾਰ ੨੬:੪ (1290)

(2) ਹੋਇਆ
"ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ।"
– ਮਾਝ ੩, ਅਸ ੧੩, ੬:੨ (117)

(3) ਉਦੈ ਹੋਇਆ, ਪ੍ਰਗਟ ਹੋਇਆ
"ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ।"
– ਮਾਝ ੧, ਵਾਰ ੧੬ਸ, ੧, ੧:੨ (145)
"ਅਨਤ ਕਲਾ ਹੋਇ ਠਾਕੁਰੁ ਚੜਿਆ।" (ਪ੍ਰਗਟ ਹੋਇਆ)
– ਮਾਰੂ ੫, ਸੋਲਾ ੯, ੧੬:੨ (1081)

(4) ਲਭਿਆ, ਪ੍ਰਾਪਤ ਹੋਇਆ
"ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ।"
– ਆਸਾ ੪, ਛੰਤ, ੮, ੪:੨ (442)

ਹੋਰ ਰੂਪ:

ਚੜ੍ਹਿਓ –
"ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜਿ ਲੀਓ ਅਬਿਨਾਸੀ।"
– ਭੈਰ ਕਬ, ੧੭, ੬:੨ (1162)

(5) ਹੋਇਆ, ਚੜਿਆ ਹੋਇਆ ਹੈ
"ਮਨਮੁਖ ਕਰਜੁ ਚੜਿਆ ਬਿਖੁ ਭਾਰੀ ਉਤਰੈ ਸਬਦੁ ਵੀਚਾਰੇ।"
– ਨਟ ੪, ਅਸ ੨, ੭:੧ (981)

(6) ਆਰੰਭ ਹੋਇਆ
"ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ।"
– ਬਸੰ ੧, ੧, ੧:੧ (1168)
"ਬਨਸਪਤਿ ਮੌਲੀ ਚੜਿਆ ਬਸੰਤੁ।"
– ਬਸੰ ੩, ੧੪, ੧:੧ (1176)

(7) ਉਤਾਂਹ ਵੱਲ ਜਾਣਾ
"ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ।"
– ਸਲੋ ੩, ੧੬:੧ (1414)

ਚੜਿਐ ----- ਸਵਾਰ ਹੋਣ ਨਾਲ
"ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।"
– ਸਿਰੀ ੧, ੭, ੩*:੨ (16)

ਚੜੀ ------ ਹੋਇਆ (ਰੰਗ)
"ਜਿਨ ਸਤਿਗੁਰ ਕਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ।"
- ਗਉ ੪, ਵਾਰ ੨੫:੪ (314)

ਹੋਰ ਰੂਪ:

ਚੜੀਅਸ -
"ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।" (ਚੜ ਗਈ, ਹੋ ਗਈ, ਲੱਗ ਗਈ)
- ਸੂਹੀ ੩, ਵਾਰ ੧੨ਸ, ੧, ੨:੨ (789)

(2) ਆਵੈ, ਉਦੈ ਹੋਵੇ, ਪ੍ਰਗਟ ਹੋਵੈ
"ਸਤਿਗੁਰੁ ਅਪਣਾ ਮਨਾਇ ਲੈ ਰੂਪੁ ਚੜੀ ਤ ਅਗਲਾ ਦੂਜਾ ਨਾਹੀ ਥਾਉ।"
- ਸੂਹੀ ੩, ਵਾਰ ੨ਸ, ੩, ੧:੨ (785)

(3) ਚੜ੍ਹ ਕੇ
"ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ।"
- ਮਲਾ ੧, ਵਾਰ ੧੯ਸ, ੧, ੨:੫ (1286)

(4) ਬੈਠੀ, ਚੜ੍ਹੀ
"ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ।"
- ਸਲੋ ਕਬ, ੮੫:੧ (1368)

ਚੜੀਐ ----- (1) ਉਪਰ ਚੜ੍ਹਨ ਨਾਲ
"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।"
- ਜਪੁ ੧, ੩੨:੩ (7)

(2) ਚੜ੍ਹਿਆ ਹੋਇਆ, ਵਡਾ
"ਤੂ ਸਚਾ ਸਭਸ ਦਾ ਖਸਮੁ ਹੈ ਸਭ ਦੂ ਤੂ ਚੜੀਐ।"
- ਗਉ ੪, ਵਾਰ ੩:੪ (301)

ਚੜੇ ------- (1) ਧਰੇ
"ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ।"
- ਆਸਾ ੧, ਵਾਰ ੨੪ਸ, ੧, ੧:੨ (475)

(2) ਪੁਜ ਗਏ (ਭਾਵ), ਵੇਖੋ 'ਚੜੈ' (2)
"ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ।"
- ਮਾਰੂ ੫, ੧੪, ੨:੨ (1002)

ਚੜੈ ------- (1) ਚੜਦਾ/ਉਦੈ ਹੁੰਦਾ ਹੈ
"ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ।"
- ਸਿਰੀ ੪, ੭੦, ੧:੧ (41)

"ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।" (ਦਿਨ ਚੜਦਾ)
- ਗਉ ੪, ਵਾਰ ੧੧ਸ, ੪, ੨:੪ (305)

(2) ਪੁਜੇ (ਭਾਵ)
"ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ।"
- ਸਿਰੀ ੧, ਅਸ ੧੨, ੨:੨ (60)

(3) ਵਧੇ, ਵਾਧਾ ਹੋਵੇ

"ਹਰਿ ਪੁਰਖੁ ਨ ਕਬਹੀ ਬਿਨਸੈ ਜਾਵੈ ਨਿਤ ਦੇਵੈ ਚੜੈ ਸਵਾਇਆ।"

– ਸਿਰੀ ੪, ਛੰਤ ੧, ੫:੪ (79)

"ਸੋ ਅਉਧੂਤੀ ਸਿਵ ਪੁਰਿ ਚੜੈ"

– ਰਾਮ ੩, ਵਾਰ ੧੨ਸ, ੧, ੩:੪ (952)

(4) ਚੜਦਾ ਹੈ, ਹੁੰਦਾ ਹੈ (ਰੰਗ)

"ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ।"

– ਮਾਝ ੧, ਵਾਰ ੧੮ਸ, ੨, ੧:੭ (146)

(5) ਚੜਦਾ/ਸਰਕਰਦਾ ਹੈ

"ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ।" (ਇਸ ਜੀਵਨ ਜੁਗਤ ਦੀ ਘਾਟੀ ਚੜਦਾ ਹੈ)

– ਗਉ ਕਬ, ਵਾਰ ੬:੧ (344)

(6) (ਉਪਰ ਵੱਲ) ਗਤੀਸ਼ੀਲ ਹੋਣਾ

"ਊਚਾ ਚੜੈ ਸੁ ਪਵੈ ਪਇਆਲਾ।"

– ਆਸਾ ੫, ੧੩, ੩:੧ (374)

(7) ਸਵਾਰ ਹੋਵੇ

"ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ।"

– ਆਸਾ ੧, ਅਸ ੧੭, ੪:੨ (420)

ਚੜ੍ਣਾ ----- ਚੜਦੇ ਹਨ

"ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਣਾ।"

– ਤਿਲੰ ੧, ੨, ੨:੧ (721)

ਚੜ੍ਹਾਈਆ --- ਪਾਈਏ, ਦੇਈਏ

"ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ।"

– ਗੋਂਡ ਕਬ, ੯, ੨:੩ (872)

ਚੜ੍ਹਾਵਹਿ ---- ਲਾਉਣਾ

"ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ।"

– ਮਲਾ ੧, ਵਾਰ ੧੫:੩ (1284)

ਚੜ੍ਹਿਓ ----- ਹੋ ਗਿਆ

"ਬਦਿਸਾਹੁ ਚੜ੍ਹਿਓ ਅਹੰਕਾਰਿ।"

– ਭੈਰ ਨਾਮ, ੧੦, ੫:੧ (1165)

ਚੜ੍ਹੂ ------- ਚੜੇਗਾ, ਆਕਰਮਣ ਕਰੇਗਾ

"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ਹ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।"

– ਸਵ ੪, ਗਯੰ ੯:੨ (1403)

ਚੜ੍ਹੇ ------- ਸਵਾਰ ਹੋ ਕੇ

"ਗਰੁੜ ਚੜ੍ਹੇ ਗੋਬਿੰਦ ਆਇਲਾ।"

– ਭੈਰ ਨਾਮ, ੧੦, ੧੫:੨ (1166)

ਚਾ ------- ਕਰ

"ਤਰਕੁ ਨ ਚਾ।" (ਤਰਕ ਨਾ ਕਰ)

ਭ੍ਰਮੀਆ ਚਾ।" (ਭਰਮ ਦੂਰ ਕਰ)

– ਧਨਾ ਨਾਮ, ੪, ੨:੩:੪ (693)

ਚਾਉ ------ ਹੁਲਾਸ/ਖੁਸ਼ੀ ਅਨੰਦ ਦੀ ਲਹਿਰ

"ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।" (ਅਨੰਦ ਆਵੈ, ਮਨ ਖੁਸ਼ ਹੋਵੇ)

– ਸਿਰੀ ੧, ੧, ੧:੨ (14)

"ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।" (ਖੁਸ਼ੀ ਹੋ ਰਹੀ ਹੈ)

– ਆਸਾ ੧, ਵਾਰ ੧:੨ (463)

(2) ਉਮੰਗ, ਸਿਕ ਭਰੀ ਇਛਾ, ਰੀਝ

"ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।"

– ਸਿਰੀ ੪, ੬੮, ੧:੩ (41)

"ਮਨਿ ਹਰਿ ਹਰਿ ਲਗਾ ਚਾਉ।" (ਇਛਾ, ਉਪਜੀ)

– ਸਿਰੀ ੪, ਵਣ, ੧, ੨*:੧ (82)

ਹੋਰ ਰੂਪ:

ਚਾਓੁ –

"ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਓੁ।"

– ਸਾਰ ੪, ੧੦, ੧:੧ (1201)

(3) ਉਤਸ਼ਾਹ

"ਚਉਥੈ ਪਹਿਰਿ ਸਬਾਹ ਕੈ ਸੁਰਤਿਆ ਉਪਜੈ ਚਾਉ।" (ਉਤਸ਼ਾਹ)

– ਮਾਝ ੧, ਵਾਰ ੧੮ਸ, ੨, ੧:੪ (146)

ਹੋਰ ਰੂਪ:

ਚਾਓ –

"ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਪਹਿ ਕਰਿ ਬਿਚਿਤਿ ਚਾਓ।"

– ਸਵ ੪, ਗਯੰ ੨:੧ (1401)

(4) ਸ਼ੌਕ, ਚਾਹਣਾ

"ਨਚਣੁ ਕੁਦਣੁ ਮਨੁ ਕਾ ਚਾਉ।"

– ਆਸਾ ੧, ਵਾਰ ੫ਸ, ੧, ੨:੨੫ (465)

ਚਾਇ ------ (1) ਚਾ ਵਿਚ, ਉਤਸ਼ਾਹ ਨਾਲ

"ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ।"

– ਸਿਰੀ ੫, ਅਸ ੨੬, ੬:੩ (70)

(2) ਸ਼ੌਕ, ਖੁਸ਼ੀ

"ਕਰਹਿ ਭਗਤਿ ਆਤਮ ਕੈ ਚਾਇ।"

– ਗਉ ੫, ਸੁਖ ੧੭, ੭:੩ (286)

ਚਾਇਆ ---- ਚਾਉ, ਉਮੰਗ

"ਅਬਿਨਾਸੀ ਵਰੁ ਸੁਣਿਆ ਮਨਿ ਉਪਜਿਆ ਚਾਇਆ ਰਾਮ।"
– ਬਿਲਾ ੫, ਛੰਤ ੧, ੧:੨ (845)

ਚਾਇਲੇ ---- ਚਾਅ ਵਾਲੇ ਭਾਵ ਪ੍ਰੇਮੀ
"ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ ਰਖਿ ਲੇਵਹੁ ਸਰਣਿ ਅਨਾਥ ਹੇ ਮਿਲੁ ਚਾਉ ਚਾਈਲੇ ਪ੍ਰਾਨ।"
– ਆਸਾ ੫, ਛੰਤ ੧੪, ੪:੧ (462)

ਚਾਈਆ ---- ਚਾਅ ਵਾਲਾ
"ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ।"
– ਮਾਰੂ ੫, ਵਾਰ ੭ਸ ੫, ੨:੧ (1096)

ਚਾਏ ------ ਚਾਅ, ਉਮੰਗ, ਭਾਵ ਪ੍ਰੇਮ
"ਭਗਤ ਰੰਗਿ ਰਾਤੇ ਸਦਾ ਤੇਰੈ ਚਾਏ"
– ਮਾਝ ੩, ਅਸ ੨੨, ੫:੧ (122)

ਚਾਹ ------ ਉਮੰਗ, ਲੋਚਾ
"ਪ੍ਰਭ ਮਿਲਬੇ ਕੀ ਚਾਹ।"
– ਮਲਾ ੫, ੨੪, ੧*:੩ (1272)

ਚਾਹਉ ----- ਚਾਹਵਾਂ, ਮੰਗਾਂ, ਇਛਾ ਕਰਾਂ
"ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।"
– ਦੇਵ ੫, ੨੯, ੧:੧ (534)

ਹੋਰ ਰੂਪ:

ਚਾਹਹਿ –
"ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ।" (ਇਛਾ ਕਰੇ, ਲੋਚੇ)
– ਗਉ ੫, ਥਿਤੀ ੧:੮ (296)

ਚਾਹਹੁ –
"ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ।"
– ਗਉ ੫, ਬਾਅ ੨੭:੨ (255)

ਚਾਹਕੁ ----- ਚਾਹੁਣ ਵਾਲਾ, ਇਛੁੱਕ
"ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ।"
– ਸਵ ੪, ੧:੧੧ (1396)

ਚਾਹਤ ----- ਚਾਹੁੰਦਾ/ਲੋਚਦਾ ਸੀ
"ਜੋ ਚਾਹਤ ਸੋਈ ਜਬ ਪਾਇਆ।"
– ਗਉ ੫, ੧੧੦*, ੪:੧ (202)
"ਅਨਿਕ ਸੁਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਹ।" (ਚਾਹੁੰਦੀ)
– ਜੈਤ ੫, ੧੦, ੧:੧ (702)
"ਮਨਿ ਤਨਿ ਬਚਨਿ ਏਹੀ ਸੁਖੁ ਚਾਹਤ ਪ੍ਰਭ ਦਰਸੁ ਦੇਖਹਿ ਕਬ ਆਖੀ।" (ਚਾਹੁੰਦਾ/ਮੰਗਦਾ ਹੈ)
– ਸਾਰ ੫, ੧੨੧, ੧*:੨ (1227)

ਹੋਰ ਰੂਪ:

ਚਾਹਤਾ –
"ਜਿਸੁ ਵਖਰ ਕਉ ਚਾਹਤਾ ਸੋ ਪਾਇਓ ਨਾਮਹਿ ਰੰਗਿ।"
– ਆਸਾ ੫, ਅਸ ੨, ੨:੨ (431)

ਚਾਹਨ ----- (1) ਇਛਾ, ਲੋਚਾ
"ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ।"
– ਗਉ ੧, ੧੮, ੨:੨ (156)

ਹੋਰ ਰੂਪ:

ਚਾਹਨਾ –
"ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ।"
(ਚਾਹੁੰਣਾ/ਲੋਚਣਾ)
– ਬਿਲਾ ੫, ਛੰਤ ੪, ੩:੪ (848)

(2) ਭਾਵਨਾ
"ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ।"
– ਮਾਰੂ ਕਬ, ੨, ੩:੧ (1103)

ਚਾਹਿ ------ (1) ਚਾਹੁੰਦੇ, ਲੋਚਦੇ
"ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮ੍ਹ ਗ੍ਯਾਨੁ ਧ੍ਯਾਨੁ ਧਰਤ ਹੀਐ ਚਾਹਿ ਜੀਉ।"
– ਸਵ ੪, ਗਯੰ ੬:੪ (1402)

(2) ਚਾਅ/ਸ਼ੌਕ ਨਾਲ
"ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ।"
– ਸਵ ੪, ਗਯੰ ੮:੧ (1402)

ਚਾਹਿਆ ---- ਇਛਾ ਕੀਤੀ, ਲੋਚਿਆ
"ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ।"
– ਗਉ ੧, ੧੮, ੨:੧ (156)

ਚਾਹੀ ------ ਚਾਹੁੰਦਾ, ਲੋਚਦਾ
"ਕਿਛੁ ਕਿਛੁ ਨ ਚਾਹੀ।"
– ਆਸਾ ੫, ੧੪੩, ੨:੨ (406)

ਚਾਹੀਐ ---- (1) ਲੋੜੀਏ, ਮੰਗੀਏ
"ਚਾਤ੍ਰਿਕ ਚਿਤ ਸੁਚਿਤ ਸੁ ਸਾਜਨੁ ਚਾਹੀਐ।"
– ਫੁਨ ੫, ੧੧:੧ (1362)

ਹੋਰ ਰੂਪ:

ਚਾਹੇ –
"ਖੋਜਤ ਖੋਜਤ ਦਰਸਨ ਚਾਹੇ।" (ਲੋਚੇ/ਮੰਗੇ)
– ਮਾਝ ੫, ੧੨, ੧:੧ (98)

ਚਾਹੈ –

"ਬ੍ਰਹਮਾਦਿਕ ਸਨਕਾਦਿਕ ਚਾਹੈ।"

– ਗਉ ੫, ੧੧੭*, ੨:੧ (203)

"ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ।"

– ਧਨਾ ੫, ੮, ੩:੧ (672)

(2) ਚਾਹੀਦਾ ਹੈ

"ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ।"

– ਸਲੋ ਕਬ, ੧੪੮:੨ (1372)

ਚਾਹੈ ------ (1) ਲੋਚੇ, ਵੇਖੋ 'ਚਾਹੀਐ' (1)

"ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ।"

– ਭੈਰ ੫, ੪੫, ੧:੩ (1149)

(2) ਪਿਆਰ ਕਰੇ

"ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ।"

– ਤੁਖਾ ੧, ਛੰਤ ੪, ੨:੩ (1111)

ਚਾਕਰ ----- (ਫਾ. ਚਾਕਰ) ਸੇਵਕ, ਨੌਕਰ

"ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ।"

– ਸਿਰੀ ੧, ਅਸ ੬, ੮:੧ (57)

ਹੋਰ ਰੂਪ:

ਚਾਕਰਾਂ –

"ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ।"

– ਤਿਲੰ ੧, ੧, ੪:੨ (721)

ਚਾਕਰੀ ----- (1) ਸੇਵਾ

"ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ।"

– ਸਿਰੀ ੧, ੧੧, ੧:੨ (18)

ਹੋਰ ਰੂਪ:

ਚਾਕਰੀਆ –

"ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ।"

– ਸੂਹੀ ੧, ੩, ੬:੧ (729)

(2) ਸੇਵਕੀ, ਨੌਕਰੀ

"ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ।"

– ਸਿਰੀ ੩, ੫੪, ੧:੩ (34)

"ਏਹ ਕਿਨੇਹੀ ਚਾਕਰੀ ਜਿਤੁ ਭਉ ਖਸਮ ਨ ਜਾਇ।"

– ਆਸਾ ੧, ਵਾਰ ੨੩ਸ, ੨, ੨:੧ (475)

"ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ।"

– ਤਿਲੰ ੪, ਅਸ ੨, ੩:੨ (725)

(3) ਕਮਾਈ (ਭਾਵ)

"ਜਾਂ ਨ ਸਿਆ ਕਿਆ ਚਾਕਰੀ ਜਾਂ ਜੰਮੇ ਕਿਆ ਕਾਰ।"

– ਸਾਰ ੪, ਵਾਰ ੧੪ਸ, ੨, ੨:੧ (1242)

ਚਾਕਰੁ ----- ਸੇਵਕ, ਨੌਕਰ, ਵੇਖੋ 'ਚਾਕਰ'
"ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ।"
– ਆਸਾ ੧, ਵਾਰ ੨੨ਸ, ੨, ੧:੧ (474)
"ਚਾਕਰੁ ਤ ਤੇਰਾ ਸੋਇ ਹੋਵੈ ਜੋਇ ਸਹਜਿ ਸਮਾਵਏ।" (ਦਾਸ)
– ਵਡ ੧, ਛੰਤ ੨, ੪:੪ (567)

ਚਾਕੀ ------ ਚੱਕੀ, ਆਟਾ ਪੀਹਨ ਦਾ ਯੰਤਰ
"ਚਾਕੀ ਚਾਟਹਿ ਚੂਨੁ ਖਾਹਿ।"
– ਬਸੰ ਕਬ, ੧, ੨:੧ (1196)

ਚਾਖਹਿ ----- ਚਖਦਾ ਹੈ
"ਹਰਿ ਰਸੁ ਚਾਖਹਿ ਸੇ ਜਨ ਨਿਰਮਲ ਨਿਰਮਲ ਨਾਮੁ ਧਿਆਵਣਿਆ।"
– ਮਾਝ ੩, ਅਸ ੩੨, ੧*:੨ (128)
"ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ।" (ਚਖੇ ਭਾਵ ਪੀਵੇ, ਸੇਵਨ ਕਰੇ)
– ਸੋਰ ੧, ੧੦, ੧:੨ (598)
"ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ।" (ਭਾਵ ਕਰੇ)
– ਬਸੰ ੧, ੧੦, ੨:੨ (1171)

ਹੋਰ ਰੂਪ:

ਚਾਖਹੁ –
"ਹਰਿ ਰਸੁ ਜਨ ਚਾਖਹੁ ਜੇ ਭਾਈ।" (ਭਾਵ ਪੀਵੋ, ਸੇਵਨ ਕਰੋ)
– ਸੂਹੀ ੪, ੭, ੧*:੧ (733)

ਚਾਖਤ ----- (1) ਪੀਂਦਿਆਂ ਹੀ, ਸੇਵਨ ਕਰਦਿਆਂ ਹੀ, ਚਖਦਿਆਂ ਹੀ
"ਚਾਖਤ ਹੋਇ ਰਹਹਿ ਬਿਸਮਾਦੁ।"
– ਗਉ ੫, ੮੪, ੧:੪ (180)
(2) ਭਾਲਦੇ (ਭਾਵ ਮੁਹਾਵਰੇ 'ਪੇਖਤ ਚਾਖਤ' ਵਿਚ)
"ਪੇਖਤ ਚਾਖਤ ਕਹੀਅਤ ਅੰਧਾ ਸੁਨੀਅਤ ਸੁਨੀਐ ਨਾਹੀ।"
– ਸੂਹੀ ੫, ੨੦, ੧:੧ (731)

ਚਾਖਾ ------ ਚਖਿਆ ਹੈ
"ਤੇ ਉਜੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ।"
– ਜੈਤ ੪, ੨, ੨:੨ (696)

ਹੋਰ ਰੂਪ:

ਚਾਖਿ –
"ਰਸਨਾ ਰਸੁ ਚਾਖਿ ਸਦਾ ਰਹੈ ਰੰਗਿ ਰਾਤੀ ਸਹਜੇ ਹਰਿ ਗੁਣ ਗਾਵਣਿਆ।" (ਚੱਖਕੇ)
– ਮਾਝ ੩, ਅਸ ੧੭, ੧*:੨ (119)

ਚਾਖਿਓ –

“ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ।”
– ਸਮੁ ੫, ੬:੪ (1386)

ਚਾਖਿਅੜਾ –
“ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ।”
– ਆਸਾ ੫, ਛੰਤ ੧, ੧:੨ (452)

ਚਾਖਿਆ –
“ਜਿਨੀ ਗੁਰਮੁਖਿ ਚਾਖਿਆ ਸਹਜੇ ਰਹੇ ਸਮਾਇ।”
– ਸਿਰੀ ੩, ੩੪, ੧*:੨ (26)

“ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ।” (ਭਾਵ ਸੁਆਦ ਪ੍ਰਾਪਤ ਕੀਤਾ)
– ਗਉ ੧, ੧੩, ੪:੩ (155)

ਚਾਖਿਬਾ ---- **ਚਖਿਆ**
“ਹਰਿ ਕੀਏ ਪਤਿਤ ਪਵਿਤ੍ਰ ਮਿਲਿ ਸਾਧ ਗੁਰ ਹਰਿ ਨਾਮੈ ਹਰਿ ਰਸੁ ਚਾਖਿਬਾ।”
– ਜੈਤ ੪, ੪, ੧*:੨ (697)

ਚਾਖੀ ------ **ਚਖੀ, ਭਾਵ ਗ੍ਰਹਿਣ ਕੀਤੀ**
“ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ।” (ਚੱਖੀ ਹੈ)
– ਸਿਰੀ ੪, ਵਾਰ ੧੨:੩ (87)

“ਗੁਰ ਕੀ ਸਾਖੀ ਸਹਜੇ ਚਾਖੀ ਤ੍ਰਿਸਨਾ ਅਗਨਿ ਬੁਝਾਏ।” (ਭਾਵ ਗ੍ਰਹਿਣ ਕੀਤੀ, ਧਾਰਨ ਕੀਤੀ)
– ਸੂਹੀ ੩, ਅਸ ੧, ੬:੩ (753)

ਹੋਰ ਰੂਪ:

ਚਾਖੀਐ –
“ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ।”
– ਸਿਰੀ ੪, ਵਾਰ ੨੦:੩ (91)

ਚਾਖੁ –
“ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ।” (ਚੱਖ ਭਾਵ ਪੀ, ਸੇਵਨ ਕਰ)
– ਸਿਰੀ ੩, ੩੪, ੧*:੧ (26)

ਚਾਖੇ –
“ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ।” (ਚੱਖਣ ਤੋਂ)
– ਸਿਰੀ ੩, ੫੦, ੨:੧ (33)

ਚਾਖੈ –
“ਹਰਿ ਰਸੁ ਨ ਚਾਖੈ ਫੀਕਾ ਆਲਾਇ।”
– ਗਉ ੩, ੨੩, ੨:੨ (158)

“ਸਬਦੁ ਚਾਖੈ ਸਾਚਾ ਸਾਦੁ ਪਾਏ।”
– ਆਸਾ ੩, ੪੩, ੨:੧ (362)

ਚਾਗਾ ------ **ਚੰਗਾ**
“ਮਨਮੁਖੁ ਰੰਗੁ ਕਸੁੰਭੁ ਹੈ ਕਚੂਆ ਜਿਉ ਕੁਸਮ ਚਾਰਿ ਦਿਨ ਚਾਗਾ।”
– ਮਾਲੀ ੪, ੪, ੨:੧ (985)

ਚਾਂਗੇਦਿਆ -- ਦੁਹਾਈ ਦਿੰਦਿਆਂ

"ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ।"

- ਸਲੋ ਫਰ, ੧੫:੧ (1378)

ਚਾਟ ------ ਚਟਣ ਦੀ ਇਛਾ/ਅਭਿਲਾਸ਼ਾ (ਮਹਾਨਕੋਸ਼) ਚੱਟਣ ਯੋਗ (ਕੋਸ਼)

"ਸਤਿਗੁਰ ਚਾਟਉ ਪਗ ਚਾਟ।"

- ਕਾਨ ੪, ੧੦, ੧*:੧ (1297)

ਚਾਟਉ ----- ਮੈਂ ਚਟਦਾ ਹਾਂ

"ਸਤਿਗੁਰ ਚਾਟਉ ਪਗ ਚਾਟ।"

- ਕਾਨ ੪, ੧੦, ੧*:੧ (1297)

ਚਾਟਸਾਲ --- ਸਕੂਲ, ਪਾਠਸ਼ਾਲਾ

"ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ।"

- ਬਿਹਾ ੪, ਵਾਰ ੧੧:੧ (552)

ਚਾਟਹਿ ----- ਚਟਦਾ ਹੈ

"ਚਾਕੀ ਚਾਟਹਿ ਚੂਨੁ ਖਾਹਿ।"

- ਬਸੰ ਕਬ, ੧, ੨:੧ (1196)

ਚਾਟੜਿਆ --- ਵਿਦਿਆਰਥੀਆਂ, ਚੇਲਿਆਂ

"ਪਹਿਲਾ ਫਾਹਾ ਪਾਇਆ ਪਾਧੇ ਪਿਛੋ ਦੇ ਗਲਿ ਚਾਟੜਿਆ।"

- ਆਸਾ ੩, ਪਟੀ ੫:੨ (435)

"ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ।" (ਭਾਵ ਜਗਿਆਸੂਆਂ ਜਿਨ੍ਹਾਂ ਨੂੰ ਚਾਟ ਲੱਗੀ ਹੈ)

- ਰਾਮ ੧, ਓਅੰ ੫੪:੧ (938)

ਹੋਰ ਰੂਪ:

ਚਾਟੜੇ –

"ਆਪੇ ਚਾਟ ਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ।"

- ਬਿਹਾ ੪, ਵਾਰ ੧੧:੧ (552)

ਚਾਟੇ ------ ਚੱਟਣ/ਚੁੰਮਣ ਨਾਲ

"ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ।"

- ਗਉ ੪, ੪੧, ੪:੩ (164)

ਹੋਰ ਰੂਪ:

ਚਾਟੈ –

"ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ।"

- ਗਉ ੫, ੧੩੨*, ੫:੨ (208)

ਚਾਂਡੂਰਿ ----- ਚਾਣੂਰਿ, ਕੰਸ ਦਾ ਇਕ ਪਹਿਲਵਾਨ ਜਿਸ ਨੂੰ ਸ੍ਰੀ ਕ੍ਰਿਸ਼ਨ ਜੀ ਨੇ ਮਾਰਿਆ ਸੀ

"ਕੰਸੁ ਕੇਸੁ ਚਾਂਡੂਰਿ ਨ ਹੋਈ।"

- ਗਉ ੧, ਅਸ ੯, ੧੧:੧ (225)

ਚਾਣਨੁ ----- ਪ੍ਰਕਾਸ਼, ਰੋਸ਼ਨੀ
"ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਣਨੁ ਆਪੁ ਪਛਾਨਣਿਆ।"
- ਮਾਝ ੩, ਅਸ ੩੨, ੭:੩ (129)

ਚਾਤੁਰ ----- ਚਤੁਰ, ਸਿਆਣਾ, ਬੁੱਧੀਵਾਨ
"ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ।"
- ਮਾਰੂ ੧, ੪, ੩:੧ (990)

ਹੋਰ ਰੂਪ:

ਚਾਤੁਰਹ -
"ਨਚ ਰਾਗ ਰਤਨ ਕੰਠੰ ਨਹ ਚੰਚਲ ਚਤੁਰ ਚਾਤੁਰਹ।"
- ਸਸ ੫, ੩੧:੨ (1356)

ਚਾਤੁਰੀ -
"ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਰੀ।" (ਸਿਆਣਪ, ਚਤੁਰਤਾ)
- ਆਸਾ ੫, ੧੧੮, ੧*:੨ (400)

"ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ।" (ਸਿਆਣਾ, ਚਤੁਰ)
- ਮਾਰੂ ਕਬ, ੧, ੩:੧ (1105)

ਚਾਤ੍ਰਿਕ ---- ਪਪੀਹਾ, ਸਾਰੰਗ
"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ।"
- ਸਿਰੀ ੧, ਅਸ ੧੧, ੩:੧ (60)

ਹੋਰ ਰੂਪ:

ਚਾਤ੍ਰਿਕੁ -
"ਚਾਤ੍ਰਿਕੁ ਜਾਚੈ ਬੂੰਦ ਜਿਉ ਹਰਿ ਪ੍ਰਾਨ ਅਧਾਰਾ ਰਾਮ ਰਾਜੇ।"
- ਆਸਾ ੫, ਛੰਤ ੩, ੩:੧ (454)

ਚਾਤ੍ਰਿਕੋ -
"ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ।"
- ਜੈਤ ੫, ਵਾਰ ੧੨:੨ (708)

ਚਾਂਦ ------ ਚੰਨ, ਭਾਵ ਰਾਤ ਸਮੇਂ
"ਕਬੀਰ ਸੂਰਜ ਚਾਂਦ ਕੈ ਉਦੈ ਭਈ ਸਭ ਦੇਹ।"
- ਸਲੋ ਕਬ, ੧੭੯:੧ (1374)

ਚਾਦਨਾ ----- ਪ੍ਰਕਾਸ਼, ਰੌਸ਼ਨੀ, ਚਾਨਣ
"ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ।"
- ਮਾਰੂ ੫, ਅਸ ੪, ੧:੧ (1018)

ਹੋਰ ਰੂਪ:

ਚਾਂਦਨਾ -
"ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ।"
- ਕਾਨ ੫, ੧੬, ੨:੧ (1301)

ਚਾਦਨੁ –
“ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ।”
– ਮਾਰੂ ੫, ਅਸ ੪, ੧:੧ (1018)

ਚਾਨਣ ----- **ਪ੍ਰਕਾਸ਼, ਰੋਸ਼ਨੀ**
“ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ।”
– ਆਸਾ ੧, ਵਾਰ ੨੧ਸ, ੨, ੨:੧ (463)

ਹੋਰ ਰੂਪ:

ਚਾਨਣਾ –
“ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ।” (ਗਿਆਨ ਦਾ ਪ੍ਰਕਾਸ਼)
– ਸਿਰੀ ੩, ੪੩, ੨:੩ (30)
“ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।” (ਉਜਲਾ ਸਰੂਪ (ਭਾਵ)
– ਸਲੋ ਫਰ, ੫੦:੨ (1380)

ਚਾਨਣਿ –
“ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।” (ਪ੍ਰਕਾਸ਼ ਨਾਲ)
– ਧਨਾ ੧, ਸੋਹ ੩, ੩:੨ (13)
“ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ।” (ਰੋਸ਼ਨੀ)
– ਮਾਝ ੧, ਵਾਰ ੧੨ਸ, ੧, ੧:੫ (143)

ਚਾਨਣੁ –
“ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ।” (ਗਿਆਨ ਦਾ ਪ੍ਰਕਾਸ਼)
– ਸਿਰੀ ੧, ੧੬, ੪:੨ (20)
“ਕਰਿ ਚਾਨਣੁ ਸਾਹਿਬ ਤਉ ਮਿਲੈ।” (ਨਾਮ ਦਾ ਚਾਨਣ)
– ਸਿਰੀ ੧, ੩੩, ੨*:੨ (25)
“ਚਾਨਣੁ ਹੋਵੈ ਛੋਡੈ ਹਉਮੈ ਮੇਰਾ।” (ਆਤਮ ਗਿਆਨ ਦਾ ਪ੍ਰਕਾਸ਼)
– ਮਾਝ ੩, ਅਸ ੨੫, ੩:੨ (126)
“ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ।” (ਰੌਸ਼ਨੀ, ਚਾਨਣ)
– ਧਨਾ ੧, ਛੰਤ ੧, ੧:੬ (687)
“ਗੁਰਮਤੀ ਘਟਿ ਚਾਨਣੁ ਹੋਆ ਪ੍ਰਭੁ ਰਵਿ ਰਹਿਆ ਸਭ ਥਾਈ ਰਾਮ।” (ਗਿਆਨ)
– ਸੂਹੀ ੩, ਛੰਤ ੪, ੪:੨ (770)
“ਅੰਧੇਰਾ ਚਾਨਣੁ ਆਪੇ ਕੀਆ।” (ਰੌਸ਼ਨੀ ਭਾਵ ਦਿਨ)
– ਮਾਰੂ ੩, ਸੋਲਾ ੧੩, ੩:੧ (1056)

ਚਾਨਣੇ –
“ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ।” (ਰੌਸ਼ਨ, ਪ੍ਰਕਾਸ਼ਮਈ)
– ਰਾਮ ੩, ਵਾਰ ੧:੪ (947)

ਚਾਨਾਣੁ –
“ਆਪੇ ਸ੍ਰਿਸਟਿ ਉਪਾਇਦਾ ਪਿਆਰਾ ਕਰਿ ਸੂਰਜੁ ਚੰਦੁ ਚਾਨਾਣੁ।”
– ਸੋਰ ੪, ੫, ੧:੧ (606)

ਚਾਪੇ ------ **ਦਬਾਇਆ ਹੋਇਆ**
“ਇਤ ਉਤ ਜਾਹਿ ਕਾਲ ਕੇ ਚਾਪੇ।”

– ਆਸਾ ੧, ਅਸ ੮, ੧:੩ (415)

ਹੋਰ ਰੂਪ:
ਚਾਪੈ –
“ਕਾਲੁ ਨ ਚਾਪੈ ਦੁਖੁ ਨ ਸੰਤਾਪੈ।” (ਦਬਾਉਂਦਾ)
– ਮਾਝ ੩, ਅਸ ੫, ੧:੨ (111)

ਚਾਂਪੈ ------ ਚਬਦਾ
“ਕਾਲੁ ਨ ਚਾਂਪੈ ਹਰਿ ਗੁਣ ਗਾਇ।”
– ਰਾਮ ੧, ਓਅੰ ੨੬:੬ (933)

ਚਾਬਕੁ ----- ਕੋਰੜਾ
“ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ਮਨੁ ਜਿਣੈ ਗੁਰਮੁਖਿ ਜੀਤਿਆ।”
– ਵਡ ੪, ਘੋੜੀ ੧, ੩:੩ (575)

ਚਾਬਨੁ ----- ਚਬੀਰ, ਭੁਜੇ ਹੋਏ ਦਾਣੇ
“ਹਮ ਕਉ ਚਾਬਨੁ ਉਨ ਕਉ ਰੋਟੀ।”
– ਗੋਂਡ ਕਬ, ੬, ੩:੪ (871)

ਚਾਬਿਆ ---- ਚਿਥਿਆ, ਭਾਵ ਪੀਸਿਆ ਗਿਆ
“ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ।”
– ਸਲੋ ਕਬ, ੨੧੫:੨ (1376)

ਚਾਬੁਕ ----- ਕੋਰੜਾ, ਵੇਖੋ ‘ਚਾਬਕੁ’
“ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ।”
– ਗਉ ਕਬ, ੩੧, ੨:੨ (329)

ਚਾਮ ------ ਚੰਮ, ਚਮੜੀ
“ਕਿਆ ਨਾਗੇ ਕਿਆ ਬਾਧੇ ਚਾਮ।” (ਖਲ, ਖਲੜੀ)
– ਗਉ ਕਬ, ੪, ੧*:੧ (324)
“ਬਿਸਤਾ ਅਸਤ ਰਕਤੁ ਪਰੇਟੇ ਚਾਮ।” (ਚਮੜੀ)
– ਆਸਾ ੫, ੧੪, ੩:੧ (374)

ਚਾਮਕਨਿ --- ਚਮਕਨ, ਲਿਸ਼ਕਨ
“ਭਿੰਨੀ ਰੈਨੜੀਐ ਚਾਮਕਨਿ ਤਾਰੇ।”
– ਆਸਾ ੫, ਛੰਤ ੧੦, ੧:੧ (459)

ਚਾਮਰੋ ----- ਚਮੜਾ
“ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ।”
– ਸਾਰ ੫, ੬੧, ੧*:੨ (1216)

ਚਾਮੁ ------ ਚਮੜੀ
“ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ।”
– ਸਲੋ ਕਬ, ੬੩:੨ (1367)

ਚਾਯ ------ ਚਾਅ, ਉਤਸ਼ਾਹ

"ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ ਮਿਸ੍ਟ ਬਾਣੀ।"

– ਸਵ ੩, ੮:੧ (1393)

ਚਾਰ ------ (1) ਸੁੰਦਰ, ਸੋਹਣੀਆਂ

"ਗਾਵੈ ਕੋ ਗੁਣ ਵਡਿਆਈਆ ਚਾਰ।"

– ਜਪੁ ੧, ੩:੪ (2)

"ਅਤਿ ਸੁੰਦਰ ਬਹੁ ਚਤੁਰ ਸਿਆਨੇ ਬਿਦਿਆ ਰਸਨਾ ਚਾਰ।" (ਵਿਦਿਆ ਕਰਕੇ ਸੋਹਣੀ ਹੈ)

– ਦੇਵ ੫, ੩੧, ੨:੧ (534)

(2) ਆਚਾਰ ਦਾ ਸੰਖੇਪ

"ਚਾਰ ਬਿਚਾਰੁ ਬਿਨਸਿਓ ਸਭ ਦੂਆ।"

– ਗਉ ੫, ਬਾਅ ੨੨:੫ (254)

"ਸਤਜੁਗਿ ਸਤੁ ਤੇਤਾ ਜੁਗੀ ਦੁਆਪਰਿ ਪੂਜਾ ਚਾਰ।"

– ਗਉ ਰਵਿ, ਅਸ ੧, ੧:੧ (346)

"ਮਜਨੁ ਝੂਠਾ ਚੰਡਾਲ ਕਾ ਫੋਕਟ ਚਾਰ ਸੀਂਗਾਰ।" (ਭਾਵ ਕਰਮ ਕਾਂਡ)

– ਪ੍ਰਭਾ ੧, ਅਸ ੩, ੨:੪ (1343)

(3) ਚੰਗੇ, ਸ਼ੁਭ

"ਚਾਰ ਅਚਾਰ ਰਹੇ ਉਰਝਾਇ।"

– ਗਉ ਕਬ, ੯, ੨:੨ (325)

ਚਾਰਹੁ ----- ਚੜਾਓ

"ਅਧਿਕ ਗਰਤ ਸੰਸਾਰ ਸਾਗਰ ਕਰਿ ਦਇਆ ਚਾਰਹੁ ਧੋਰ।"

– ਕੇਦਾ ੫, ੧੦, ੧:੧ (1121)

ਚਾਰਣੋ ----- ਚਰਨਾਂ ਦਾ

"ਓਹੁ ਸਭਨਾ ਕੀ ਰੇਣੁ ਬਿਰਹੀ ਚਾਰਣੋ।"

– ਰਾਮ ੫, ਵਾਰ ੧੩:੭ (963)

ਚਾਰਾ ------ (ਫਾ. ਚਾਰਾ) ਤਦਬੀਰ, ਉਪਾਉ

"ਜਿਸੁ ਤੂ ਦੇਹਿ ਤਿਸੈ ਕਿਆ ਚਾਰਾ।"

– ਆਸਾ ੧, ਸੋਦ ੨, ੪:੩ (9)

(2) ਵਾਹ/ਜ਼ੋਰ ਨਹੀ ਜਾਂਦੀ

"ਜਿਸੁ ਠਾਕੁਰ ਸਿਉ ਨਾਹੀ ਚਾਰਾ।"

– ਗਉ ੫, ਸੁਖ ੫, ੧:੫ (268)

(3) ਆਚਾਰ

"ਅਠ ਸਠਿ ਤੀਰਥ ਪੁੰਨ ਕਿਰਿਆ ਮਹਾ ਨਿਰਮਲ ਚਾਰਾ।"

– ਸੂਹੀ ੫, ਛੰਤ ੧੦, ੩:੫ (784)

(4) ਹੀਲਾ, ਇਲਾਜ

"ਜਿਉ ਤੁਮ੍ ਰਾਖਹੁ ਤਿਉ ਰਹਾ ਅਵਰੁ ਨਹੀ ਚਾਰਾ।"

– ਬਿਲਾ ੫, ੩੫, ੨:੧ (809)

"ਕੀਤੇ ਕਾ ਨਾਹੀ ਕਿਹੁ ਚਾਰਾ।" (ਉਜਰ)

– ਮਾਰੂ ੧, ਸੋਲਾ ੨੨, ੧:੨ (1042)

ਚਾਰਿ ------ (1) ਚਾਰ, ਗਿਣਤੀ ਦੀ ਇਕ ਇਕਾਈ
"ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।"
– ਸਿਰੀ ੧, ੫, ੧:੨ (15)
"ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ।" (ਚਾਰੇ)
– ਸਿਰੀ ੧, ਅਸ ੬, ੨:੧ (56)
"ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ।"
– ਮਾਰੂ ਨਾਮ, ੧, ੧:੧ (1105)
(ਚਾਰ ਮੁਕਤੀਆਂ ਹਨ:
ਸਾ ਲੋਕਯ੍ – ਇਸ਼ਟ ਲੋਕ ਵਿਚ ਰਹਿਣਾ
ਸਾਮੀਪਯ੍ – ਇਸ਼ਟ ਦੇ ਕੋਲ ਰਹਿਣਾ
ਸਾਰੂਪਯ੍ – ਇਸ਼ਟ ਦੀ ਸ਼ਕਲ ਵਰਗਾ ਹੋਣਾ
ਸਾਯੁਜਲ੍ – ਇਸ਼ਟ ਨਾਲ ਇਕ ਮਿੱਕ ਹੋ ਜਾਣਾ
(2) ਸੁੰਦਰ
"ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ।"
– ਆਸਾ ੧, ਵਾਰ ੧੯ਸ, ੧, ੨:੭ (473)
(3) ਚਾਰ ਵੇਦ (ਭਾਵ)
"ਚਾਰਿ ਪੁਕਾਰਹਿ ਨਾ ਤੂ ਮਾਨਹਿ।"
– ਰਾਮ ੫, ੧੨, ੧:੧ (886)
(4) ਚਾਰ ਪਹਿਰ (ਭਾਵ)
"ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ।"
– ਸਲੋ ਫਰ, ੩੮:੧ (1379)

ਚਾਰੀ ------ (1) ਚਹੁੰਆਂ
"ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ।"
– ਗੂਜ ੩, ਅਸ ੧, ੫:੨ (506)
(2) ਚਾਰਾ, ਉਪਾਉ
"ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ।"
– ਸਾਰ ੫, ੫੯, ੨:੧ (1216)

ਚਾਰੁ ------ (1) ਆਚਾਰ
"ਨਾਮ ਬਿਨਾ ਕੈਸੇ ਗੁਨ ਚਾਰੁ।"
– ਬਸੰ ੧, ਅਸ ੧, ੧*:੨ (1187)

ਚਾਰੇ ------ (1) ਚਹੁੰ ਹੀ
"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ।"
– ਜਪੁ ੧, ੬:੧ (2)

ਹੋਰ ਰੂਪ:

ਚਾਰੈ –
"ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ।" (ਚਾਰੇ ਹੀ)

– ਮਾਰੂ ਨਾਮ, ੧, ੧:੧ (1105)

(2) ਸੁੰਦਰ

“ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ ਰਤੀ ਚਾਰੇ।”

– ਆਸਾ ੪, ਛੰਤ ੧੨, ੨:੩ (446)

(3) ਚੜ੍ਹਾਉਂਦਾ ਹਾਂ

“ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ ਅਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ।”

– ਧਨਾ ਰਵਿ, ੩, ੧:੨ (694)

(4) ਚਰਾਉਂਦਾ, ਘਾਹ ਖੁਆਂਦਾ

“ਗਊ ਕਉ ਚਾਰੇ ਸਾਰਦੂਲੁ।”

– ਰਾਮ ੫, ੫੦, ੧:੧ (898)

(5) ਚਾਰੇ ਵੇਦ (ਭਾਵ)

“ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ।”

– ਬਸੰ ੧, ਅਸ ੮, ੧:੨ (1190)

ਚਾਰੋ ------ ਚਾਰਾ, ਵਸ, ਜੋਰ

“ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ।”

– ਵਡ ੧, ਅਲਾ ੩, ੩:੩ (580)

ਚਾਰਿਓ ---- ਚੜ੍ਹਾਇਆ

“ਹਰਿ ਚਾਰ੍ਹਿਓ ਰੰਗੁ ਮਿਲੈ ਗੁਰੁ ਸੋਭਾ ਹਰਿ ਰੰਗਿ ਚਲੂਲੈ ਰਾਂਗਾ।”

– ਮਾਲੀ ੪, ੪, ੪:੧ (985)

ਚਾਲ ------ (1) ਤਰੀਕਾ, ਢੰਗ

“ਕਉਣੁ ਸੁ ਚਾਲ ਜਿਤੁ ਪਾਰਬ੍ਰਹਮੁ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ।”

– ਮਾਝ ੫, ਅਸ ੩੬, ੪:੩ (131)

(2) ਜੀਵਨ-ਢੰਗ, ਜੀਵਨ ਜਾਂਚ

“ਗੁਰਮਤਿ ਚਾਲ ਨਿਹਚਲ ਨਹੀ ਡੋਲੈ।”

– ਗਉ ੧, ਅਸ ੧੫, ੩:੧ (227)

“ਗੁਰ ਕੀ ਚਾਲ ਗੁਰੂ ਤੇ ਜਾਪੈ।”

– ਮਾਰੂ ੩, ਸੋਲਾ ੨, ੧੩:੧ (1045)

“ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ।” (ਰਹਿਤਲ, ਰਹਿਣ ਸਹਿਣ)

– ਗਉ ੫, ਛੰਤ ੨, ੨:੧ (248)

(3) ਤੋਰ

“ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।”

– ਵਡ ੧, ਛੰਤ ੨, ੮:੧ (567)

“ਸੁਰਹ ਕੀ ਜੈਸੀ ਤੇਰੀ ਚਾਲ।”

– ਬਸੰ ਕਬ, ੧, ੧:੧ (1196)

(4) ਮਰਯਾਦਾ, ਰੀਤ

“ਭਗਤਾ ਕੀ ਚਾਲ ਸਚੀ ਅਤਿ ਨਿਰਮਲ ਨਾਮੁ ਸਚਾ ਮਨਿ ਭਾਇਆ।”

– ਸੂਹੀ ੩, ਛੰਤ ੨, ੧:੫ (768)

“ਭਗਤਾ ਕੀ ਚਾਲ ਨਿਰਾਲੀ।”

– ਰਾਮ ੩, ਅਨੰ ੧੪:੧ (918)

ਚਾਲਉ ----- **ਚਲੋ, ਤੁਰੋ**
“ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ।”
– ਸੋਰ ੧, ਅਸ ੧, ੬:੨ (635)

ਚਾਲਸਉ ---- **ਤੁਰੀਏ, ਚਲੀਏ**
“ਚੜਿ ਬੋਹਿਥੈ ਚਾਲਸਉ ਸਾਗਰ ਲਹਰੀ ਦੇਇ।”
– ਮਾਰੂ ੩, ਵਾਰ ੨ਸ ੪, ੩:੧ (1087)

ਚਾਲਸਹਿ --- **ਚਲੇ ਜਾਣਗੇ**
“ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ।”
– ਬਿਲਾ ੫, ੩੧, ੩:੨ (808)

ਚਾਲਸਿ ----- **ਚਲਦੀ**
“ਸੰਗਿ ਨ ਚਾਲਸਿ ਤੇਰੈ ਧਨਾ।”
– ਗਉ ੫, ਸੁਖ ੧੯, ੫:੧ (288)

ਹੋਰ ਰੂਪ:

ਚਾਲਸੀ –
“ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ।” (ਚਲੇਗਾ)
– ਰਾਮ ੧, ਓਅੰ ੪੩:੫ (936)

ਚਾਲਹ –
“ਜਿਉ ਚਲਾਏ ਤਿਉ ਚਾਲਹ ਭਾਈ ਹੋਰ ਕਿਆ ਕੋ ਕਰੇ ਚਤੁਰਾਈ।” (ਚਲਦਾ ਹੈ)
– ਸੋਰ ੧, ਅਸ ੧, ੬:੪ (635)
“ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ।” (ਚਲੀਏ)
– ਜੈਤ ੪, ੧ ੪:੧ (696)

ਚਾਲਹਿ –
“ਚਾਲਹਿ ਗੁਰਮੁਖਿ ਹੁਕਮਿ ਰਜਾਈ।” (ਚਲਦੇ ਹਨ)
– ਗਉ ੧, ਅਸ ੧੫, ੧:੨ (227)
“ਘਟਿ ਘਟਿ ਬੈਸਿ ਨਿਰੰਤਰਿ ਰਹੀਐ ਚਾਲਹਿ ਸਤਿਗੁਰ ਭਾਏ।” (ਚਲੇ)
– ਰਾਮ ੧, ਸਿਗੋ ੩:੧ (938)
“ਪੰਚ ਚੋਰ ਚੰਚਲ ਚਿਤੁ ਚਾਲਹਿ।” (ਚਲਦਾ ਭਾਵ ਡੋਲਦਾ ਹੈ)
– ਮਾਰੂ ੧, ਸੋਲਾ ੨, ੩:੧ (1021)

ਚਾਲਹੀ –
“ਕਾਹੂ ਸੰਗਿ ਨ ਚਾਲਹੀ ਮਾਇਆ ਜੰਜਾਲ।” (ਚਲਦਾ)
– ਬਿਲਾ ੫, ੨੯, ੧:੧ (807)

ਚਾਲਹੁ –
“ਸਾਚਿ ਸੀਲਿ ਚਾਲਹੁ ਸੁਲਿਤਾਨ।” (ਚਲੋ)
– ਭੈਰ ਨਾਮ, ੧੦, ੨੪:੨ (1166)

ਚਾਲਣਹਾਰ -- **ਚਲਾਏਮਾਨ**
“ਨਿਜ ਘਰਿ ਵਾਸਾ ਤਹ ਮਗੁ ਨ ਚਾਲਣਹਾਰ।”

– ਮਲਾ ੧, ਅਸ ੪, ੩:੪ (1275)

ਹੋਰ ਰੂਪ:

ਚਾਲਣਹਾਰੋ –
"ਪੇਡਿ ਲਗੀ ਹੈ ਜੀਅੜਾ ਚਾਲਣਹਾਰੋ।"
– ਆਸਾ ੫, ੩੪, ੩:੨ (359)

ਚਾਲਣਾ ---- ਚਲਣਾ/ਤੁਰਨਾ ਹੈ
"ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ।"
– ਸਿਰੀ ਤ੍ਰਿਲੋ, ੧, ੩:੧ (92)

ਚਾਲਤ ----- (1) ਚਲਦਿਆਂ
"ਚਾਲਤ ਬੈਸਤ ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ।"
– ਆਸਾ ੫, ੧੩੫, ੨:੧ (404)
"ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ।" (ਚਲਦਾ/ਰਹਿੰਦਾ)
– ਸਲੋ ਕਬ, ੧੬੬:੧ (1373)

(2) ਫਿਰਦਿਆਂ, ਤੁਰਦਿਆਂ
"ਕਾਹੂ ਬਿਹਾਵੈ ਦਿਨੁ ਰੈਨਿ ਚਾਲਤ।"
– ਰਾਮ ੫, ਅਸ ੩, ੫:੧ (914)

ਚਾਲਤੀ ----- (1) ਚਲਦੀ, ਨਿਭਦੀ
"ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ।"
– ਬਿਲਾ ੫, ੫, ੨:੨ (803)

ਹੋਰ ਰੂਪ:

ਚਾਲਹੇ –
"ਸੰਚੰਤਿ ਬਿਖਿਆ ਛਲੰ ਛਿੰਦ੍ਰ ਨਾਨਕ ਬਿਨੁ ਹਰਿ ਸੰਗਿ ਨ ਚਾਲਹੇ।"
– ਜੈਤ ੫, ਵਾਰ ੧੦ਸ, ੫, ੧:੨ (708)

(2) ਤੁਰਦੀ/ਚਲਦੀ ਹੈ
"ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ।"
– ਬਸੰ ਨਾਮ, ੩, ੧:੧ (1196)

ਚਾਲਨਹਾਰ -- ਚਲਾਏਮਾਨ
"ਹੈਵਰ ਗੈਵਰ ਚਾਲਨਹਾਰ।"
– ਰਾਮ ੫, ੧੯, ੨:੨ (888)

ਹੋਰ ਰੂਪ:

ਚਾਲਨਹਾਰੀ –
"ਤੂ ਅਜਰਾਵਰੁ ਅਮਰੁ ਤੂ ਸਭ ਚਾਲਨਹਾਰੀ।" (ਕਈ ਬੀੜਾਂ ਵਿਚ ਇਹ ਸ਼ਬਦ 'ਚਾਲਣਹਾਰੀ' ਹੈ)
– ਮਾਰੂ ੧, ਅਸ ੧, ੧*:੧ (1009)

ਚਾਲਨਹਾਰੁ –
"ਜੋ ਦੀਸੈ ਸੋ ਚਾਲਨਹਾਰੁ।"

– ਗਉ ੫, ਸੁਖ ੫, ੩:੫ (268)

ਚਾਲਾ ------ ਰੀਤ, ਮਰਯਾਦਾ, ਜੀਵਨ-ਜੁਗਤ
“ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।”
– ਰਾਮ ੩, ਅਨੰ ੧੪:੨ (918)

ਚਾਲਿਓ ---- (1) ਚਲਿਆ, ਨਿਭਿਆ
“ਸੰਗਿ ਨ ਚਾਲਿਓ ਇਨ ਮਹਿ ਕਛੂਐ ਊਠਿ ਸਿਧਾਇਓ ਨਾਂਗਾ।”
– ਜੈਤ ੫, ੧, ੩:੨ (700)

(2) ਤੁਰ ਪਿਆ, ਚਾਲੇ ਪਿਆ
“ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ।”
– ਮਾਰੂ ੫, ੫, ੧:੨ (1000)

ਚਾਲਿਅਨੁ --- ਚਲਾ ਗਿਆ, ਭਾਵ ਭੇਜ/ਧੱਕ ਦਿਤਾ ਗਿਆ
“ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ।”
– ਸਿਰੀ ੪, ਵਾਰ ੧੯:੪ (91)

ਚਾਲਿਆ ---- (1) ਤੋਰ ਲਿਆ, ਅਗੇ ਲਾ ਲਿਆ
“ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ।”
– ਗਉ ੪, ਵਾਰ ੩੨:੩ (317)

(2) ਤੁਰ ਪਿਆ
“ਥਾਉ ਨ ਪਾਇਨਿ ਕੂੜਿਆਰ ਮੁਹ ਕਾਲ੍ਹੈ ਦੋਜਕਿ ਚਾਲਿਆ।”
– ਆਸਾ ੧, ਵਾਰ ੨:੩ (463)

ਚਾਲੀ ------ (1) ਤੁਰੀ, ਅਗੇ ਵਧੀ
“ਵਧੀ ਵੇਲਿ ਬਹੁ ਪੀੜੀ ਚਾਲੀ।”
–ਆਸਾ ੫, ੧੦੧, ੩:੧ (396)

(2) ਚਲੀ
“ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ।”
– ਆਸਾ ੪, ਛੰਤ ੧੬, ੨:੨ (449)

ਹੋਰ ਰੂਪ:

ਚਾਲੀਐ –
“ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ।” (ਚਲਦੇ ਹਨ)
– ਸਲੋ ਫਰ, ੧੧੮:੨ (1384)

(3) ਰੀਤ, ਚਾਲ, ਮਰਿਯਾਦਾ
“ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ ਕਿਉ ਚਾਲਹ ਗੁਰ ਚਾਲੀ।”
– ਧਨਾ ੪, ੪, ੧:੧ (667)

(4) ਨਿਭੀ, ਚਲੀ
“ਪ੍ਰੀਤਿ ਕਰੀ ਚਾਲੀ ਨਹੀ ਸਾਥਿ।”
– ਰਾਮ ੫, ੨੯, ੧:੨ (891)

“ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ।”
– ਸਲੋ ਕਬ, ੧੩:੧ (1365)

(5) ਆਰੰਭ ਹੋ ਗਿਆ, ਪ੍ਰਚਲਤ ਹੋਣਾ, ਸ਼ੁਰੂ ਹੋ ਗਿਆ
“ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ।”
– ਸਾਸੰ ੧, ਅਸ ੮, ੫:੨ (1191)

ਚਾਲੀਸੀ ---- ਚਾਲ੍ਹੀਆਂ ਉਪਰ ਪੁੱਜ ਕੇ
“ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕੇ ਬੋਢੇਪਾ ਆਵੈ।”
– ਮਾਝ ੧, ਵਾਰ ੧ਸ, ੧, ੩:੨ (138)

ਚਾਲੁ ------ ਤੁਰ, ਚਲ
“ਲਾਦਿ ਖੇਪ ਸੰਤਹ ਸੰਗਿ ਚਾਲੁ।”
– ਗਉ ੫, ਸੁਖ ੧੫, ੫:੫ (283)

ਚਾਲੇ ------ ਚਲੇ ਗਏ
“ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ।”
– ਬਿਲਾ ੫, ੩੧, ੩:੨ (808)
“ਗਲਿ ਮਿਲਿ ਚਾਲੇ ਏਕੈ ਭਾਈ।” (ਚਲਦੇ/ਤੁਰਦੇ ਹਨ)
– ਰਾਮ ੫, ੧੬, ੩:੪ (887)

ਚਾਲੈ ------ (1) ਚਲਦੇ, ਤੁਰਦੇ
“ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।”
– ਆਸਾ ੧, ਸੋਪੁ ੩, ੧:੨ (12)
(2) ਨਿਭਦੇ, ਚਲਦੇ
“ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ।”
– ਸਿਰੀ ੫, ਪਹ ੪, ੪:੪ (77)
“ਸੋ ਧਨੁ ਸੰਚਹੁ ਜੋ ਚਾਲੈ ਨਾਲੇ।” (ਨਿਭੇ, ਚਲੇ)
– ਗਉ ੫, ੧੨੬, ੩:੨ (191)
(3) ਚਲਾ ਜਾਂਦਾ/ਤੁਰ ਜਾਂਦਾ ਹੈ
“ਬਹੁ ਚਿੰਤਾ ਪਿੜ ਚਾਲੈ ਹਾਰੀ।”
– ਗਉ, ਅਸ ੩, ੪:੨ (222)
(4) ਆਰੰਭ ਕਰੇ (ਗਾਇਣ)
“ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ।”
– ਰਾਮ ੫, ੮, ੨:੧ (885)
(5) ਤੁਰਦੀ ਹੈ (ਗੱਲ)
“ਘਟਿ ਘਟਿ ਕਥਾ ਰਾਜਨ ਕੀ ਚਾਲੈ ਘਰਿ ਘਰਿ ਤੁਝਹਿ ਉਮਾਹਾ।”
– ਸਾਰ ੫, ਅਸ ੧, ੪:੧ (1235)
(6) ਚਲੇ ਜਾਣ, ਭੱਜਣ ਵਾਲੇ
“ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਾਹੀ।”
– ਸਵ ੫, ਕਲ ੯, ੧:੧ (1408)

ਚਾਵ ------ ਚਾਅ
“ਪ੍ਰਭ ਮਿਲੇ ਸੁਆਮੀ ਸੁਖਹ ਗਾਮੀ ਚਾਵ ਮੰਗਲ ਰਸ ਭਰੇ।”
– ਆਸਾ ੫, ਛੰਤ ੧੦, ੨:੩ (459)

ਚਾਵਰ ----- ਚੌਰੀ ਕਰਨ ਵਾਲਾ
“ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ।”
– ਸਮੁ ੫, ੫*:੨ (1388)

ਚਾਵਲ ----- ਧਾਨ ਦਾ ਬੀਜ, ਚੌਲ
“ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ।”
– ਰਾਮ ੫, ਵਾਰ ੨੦ਸ, ੫, ੨:੧ (965)

ਚਾੜਸਿ ----- ਚਾੜ੍ਹਦਾ ਹੈ
“ਚਾੜਸਿ ਪਵਨੁ ਸਿੰਘਾਸਨੁ ਭੀਜੈ।”
– ਰਾਮ ੧, ਅਸ ੫, ੩:੧ (905)

ਚਾੜਣ ----- ਪਕਾਉਣ ਲਈ, ਕਿਸੇ ਵਸਤੂ ਦਾ ਚੁਲ੍ਹੇ ਅਥਵਾ ਅੱਗ ਉਪਰ ਰਖਨਾ
“ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ।”
– ਆਸਾ ੧, ਪਟੀ ੭:੨ (432)

ਚਾੜਿ ------ ਚੜਾਉਣਾ, ਵਿਚ ਬੈਠਾਉਣਾ
“ਸਭੁ ਮੁਕਤੁ ਹੋਆ ਸੈਸਾਰੜਾ ਨਾਨਕ ਸਚੀ ਬੇੜੀ ਚਾੜਿ ਜੀਉ।”
– ਸਿਰੀ ੫, ਅਸ ੨੯, ੧੧:੩ (74)

ਚਾੜਿਆ ---- ਚੜਾਇਆ (ਰੰਗ)
“ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਗੁ।”
– ਸੂਹੀ ੪, ੩, ੧:੨ (731)

ਚਾੜੀ ------ (ਕਿਸੇ ਨੂੰ) ਚੁਕਣਾ, ਭੜਕਾਉਣਾ, ਚੁਗਲੀ ਕਰਨੀ
“ਲਾੜੀ ਚਾੜੀ ਲਾਇਤਬਾਰੁ।”
– ਰਾਮ ੧, ਓਅੰ ੧੩:੩ (931)

“ਲੋਕ ਮੁਹਾਵਹਿ ਚਾੜੀ ਖਾਹਿ।”
– ਰਾਮ ੩, ਵਾਰ ੧੧ਸ, ੧, ੧:ਜ਼੨ (951)

ਚਾੜੇ ------ (1) ਚਾੜਿਆ ਹੋਇਆ, ਵੱਧ
“ਹਿਕ ਦੂ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ।”
– ਜੈਤ ੫, ਛੰਤ ੧, ੨:੩ (703)

ਹੋਰ ਰੂਪ:

ਚਾੜੈ –
“ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ।”
– ਜੈਤ ੫, ਛੰਤ ੧, ੨:੨ (703)

(2) ਚਾੜ੍ਹ ਲੈਂਦਾ ਹੈ
“ਅੰਧ ਕੂਪ ਤੇ ਕੰਢੈ ਚਾੜੇ।”
– ਮਾਝ ੫, ਅਸ ੩੭, ੪:੧ (131)

ਚਿ ------- (ਫਾ. ਚੇਹ) ਕੀ
“ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ।”

– ਤਿਲੰ ੫, ੧, ੩:੨ (723)

ਚਿਹ ------ ਚਿਖਾ

“ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ।”

– ਸਲੋ ਕਬ, ੮੫:੧ (1368)

ਚਿਹਨ ----- ਨਿਸ਼ਾਨ, ਚਿੰਨ੍ਹ

“ਵਰਨ ਚਿਹਨ ਸਗਲਹ ਤੇ ਰਹਤਾ।”

– ਗਉ ੫, ਬਾਅ ੪੬:੭ (260)

ਹੋਰ ਰੂਪ:

ਚਿਹਨਾ –

“ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ।” (ਨਿਸ਼ਾਨਾ)

– ਸਿਰੀ ੫, ੭੭, ੪:੨ (44)

ਚਿਹਨੁ –

“ਜਬ ਇਸ ਕਾ ਬਰਨੁ ਚਿਹਨੁ ਨ ਜਾਪਤ।”

– ਗਉ ੫, ਸੁਖ ੨੧, ੧:੫ (290)

ਚਿਹਨੁ ----- (1) ਨਿਸ਼ਾਨ, ਵੇਖੋ ‘ਚਿਹਨ’

(2) ਲਛਣ, ਨਿਸ਼ਾਨੀ

“ਬਰਨੁ ਨ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀਅਉ।”

– ਜੈਤ ੫, ੨, ੧:੨ (700)

“ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ।”

– ਸੂਹੀ ੩, ਵਾਰ ੨ਸ, ੩, ੧:੪ (785)

(3) ਰੂਪ (ਭਾਵ)

“ਬਰਨੁ ਚਿਹਨੁ ਨਾਹੀ ਕਿਛੁ ਪੇਖਿਓ ਦਾਸ ਕਾ ਕੁਲੁ ਨ ਬੀਚਾਰਿਓ।” (ਰੰਗ ਰੂਪ)

– ਨਟ ੫, ੪, ੧:੧ (979)

ਚਿਕੜਿ ---- ਗਾਰਾ ਕੀਚ

“ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ।”

– ਰਾਮ ੫, ਵਾਰ ੫ਸ, ੫, ੨:੬ (959)

ਹੋਰ ਰੂਪ:

ਚਿਕੜੁ –

“ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ।”

– ਸਲੋ ਫਰ, ੨੪:੧ (1379)

ਚਿਕੜੋ –

“ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ।”

– ਸਿਰੀ ੧, ੨੭, ੨:੧ (24)

ਚਿੰਜੁ ------ ਚੁੰਝ

"ਮਨੁ ਤਨੁ ਮੈਲਾ ਅਵਗੁਣੀ ਚਿੰਜੁ ਭਰੀ ਗੰਧੀ ਆਇ।"
– ਸਲੋ ੧, ੧੦:੨ (1411)

ਹੋਰ ਰੂਪ:

ਚਿੰਜੂ –
"ਚਿੰਜੂ ਬੋੜਨਿ੍ ਨ ਪੀਵਹਿ ਉਡਣ ਸੰਦੀ ਡੰਝ।"
– ਸਲੋ ਫਰ, ੬੪:੨ (1381)

ਚਿਟਵੀਆਹ -- ਸੁਫੈਦ, ਚਿਟੀਆਂ
"ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।"
– ਸਿਰੀ ੪, ਵਾਰ ੭ਸ, ੧, ੨:੨ (85)

ਚਿਟੇ ------ ਸੁਫੈਦ
"ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ।"
– ਸੂਹੀ ੧, ਅਸ ੨, ੩:੧ (751)

ਚਿਤ ------ (1) ਮਨ, ਦਿਲ, ਅੰਤਹਕਰਣ
"ਮਨਮੁਖ ਮੂੜ ਮਾਇਆ ਚਿਤ ਵਾਸੁ।"
– ਗਉ ੧, ਅਸ ੩, ੭:੨ (222)
"ਜਿਨ ਕੇ ਚਿਤ ਕਠੋਰ ਹਹਿ ਸਿ ਬਹਹਿ ਨ ਸਤਿਗੁਰ ਪਾਸਿ।"
– ਗਉ ੪, ਵਾਰ ੨੬:੧ (314)

ਹੋਰ ਰੂਪ:

ਚਿਤੰ –
"ਅਨਿਤ੍ਰ ਵਿਤੰ ਅਨਿਤ੍ਰ ਚਿਤੰ ਅਨਿਤ੍ਰ ਆਸਾ ਬਹੁ ਬਿਧਿ ਪ੍ਰਕਾਰੰ।"
– ਸਸ ੫, ੧੬:੧ (1355)

(2) ਚਿਤ੍ਰਕਾਰੀ (ਸ਼ਬਦਾਰਥ)
"ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ।" (ਸੰਥਿਆ ਇਥੇ ਵੀ ਅਰਥ 'ਦਿਲ' ਹੀ ਕਰਦਾ ਹੈ)
– ਚਉ ੫, ੧੦:੧ (1364)

ਚਿੰਤ ------ ਚਿੰਤਾ, ਫਿਕਰ
"ਮਿਟੇ ਵਿਸੂਰੇ ਉਤਰੀ ਚਿੰਤ।"
– ਗਉ ੫, ੧੨੨, ੨:੨ (190)

ਚਿੰਤੰ ------ ਚਿੰਤਕ, ਚਿਤਵਨ ਕਰਨ ਵਾਲੀ
"ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ।"
– ਗਜ ੧, ਅਸ ੫, ੨:੧ (505)

ਚਿਤਹ ----- ਦਿਲ/ਹਿਰਦੇ ਵਿਚ
"ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ।"
– ਸਵ ੪, ਮਥੁ ੧:੬ (1404)

ਹੋਰ ਰੂਪ:

ਚਿਤਹਿ –
“ਚਿਤਹਿ ਨ ਬਿਸਰਹਿ ਕਾਹੂ ਬੇਰਾ।” (ਚਿਤ ਤੋਂ)
– ਸੂਹੀ ੫, ੧੧, ੧*:੨ (739)

ਚਿਤਕਾਰੀ --- ਚਿਤ੍ਰਕਾਰ/ਬਣਾਉਣਾ ਵਾਲਾ ਨੂੰ
“ਤਜਿ ਚਿਤ੍ਰੈ ਚੇਤਹੁ ਚਿਤਕਾਰੀ।”
– ਗਉ ਕਬ, ਬਾਅ ੧੧:੨ (340)

ਚਿਤਗੁਪਤ --- ਜੀਵਾਂ ਦੇ ਚੰਗੇ ਬੁਰੇ ਕਰਮਾਂ ਦਾ ਲੇਖਾ ਰਖਨ ਵਾਲੇ ਦੇਵਤੇ
“ਚਿਤ ਗੁਪਤ ਕਰਮਹਿ ਜਾਨ।”
– ਬਿਲਾ ੫, ਅਸ ੨, ੩:੪ (838)

ਚਿੰਤਤ ----- (1) ਇਛਤ, ਚਾਹੇ, ਸੋਚੇ ਹੋਏ
“ਮਨ ਚਿੰਤਤ ਸਗਲੇ ਫਲ ਪਾਏ।”
– ਆਸਾ ੫, ੧੦੦, ੨:੨ (395)
(2) ਚਿੰਤਾਤੁਰ, ਫਿਕਰਮੰਦ
“ਚਿੰਤਤ ਹੀ ਦੀਸੈ ਸਭੁ ਕੋਇ।”
– ਰਾਮ ੧, ਓਅੰ ੨੩:੫ (925)

ਚਿੰਤਨ ----- ਸੋਚ, ਖਿਆਲ
“ਸੁਭ ਚਿੰਤਨ ਗੋਬਿੰਦ ਰਮਣ ਨਿਰਮਲ ਸਾਧੂ ਸੰਗ।”
– ਗੂਜ ੫, ਵਾਰ ੧੭ਸ, ੫, ੨:੧ (522)

ਚਿਤਵ ----- ਧਿਆਨ ਕਰ
“ਜਾ ਕੋ ਪ੍ਰੇਮ ਸੁਆਉ ਹੈ ਚਰਨ ਚਿਤਵ ਮਨ ਮਾਹਿ।”
– ਚਉ, ੫, ੮:੧ (1364)

ਹੋਰ ਰੂਪ:

ਚਿਤਵਉ –
“ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ।” (ਯਾਦ ਕਰਦੀ ਹਾਂ)
– ਗਉ ੫, ੧੨੧*, ੧*:੨ (204)
“ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ।” (ਚਿੰਤਨ ਕਰਦਾ ਹਾਂ)
– ਗਉ ੫, ੧੫੯*, ੧:੧ (214)
“ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ।” (ਸੋਚਦਾ ਹੈ)
– ਗੂਜ ੫, ਵਾਰ ੬ਸ, ੫, ੧:੧ (519)
“ਚਿਤਵਉ ਵਾ ਅਉਸਰ ਮਨ ਮਾਹਿ।” (ਲੋਚਦਾ ਹਾਂ)
– ਸਾਰ ੫, ੯੫, ੧*:੧ (1222)
“ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ।” (ਸੋਚਦਾ ਹਾਂ)
– ਸਲੋ ਕਬ, ੨੧੯:੧ (1376)

ਚਿਤਵਹਿ –

"ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।" (ਭਜ ਦੌੜ ਲਈ ਸੋਚਦਾ ਹੈ)

– ਗੂਜ ੫, ਸੋਦ ੫, ੧:੧ (10)

"ਜਿਨਿ ਕੀਏ ਤਿਸਹਿ ਨ ਜਾਣਨੀ ਚਿਤਵਹਿ ਅਨਿਕ ਉਪਾਇ।" (ਸੋਚਦਾ ਹੈ)

– ਗਉ ੫, ਥਿਤੀ ੩:੪ (297)

ਚਿਤਵਹੁ –

"ਚਿਤਿ ਚਿਤਵਹੁ ਨਾਰਾਇਣ ਏਕ।" (ਧਿਆਨ ਧਰੋ)

– ਗਉ ੫, ਸੁਖ ੨੪, ੨:੫ (295)

ਚਿਤਵਤ –

"ਭਰਤਾ ਚਿਤਵਤ ਪੂਰਨ ਆਸਾ।" (ਯਾਦ ਕਰਦੀ ਸੀ)

– ਮਾਝ ੫, ੨੧, ੩:੨ (100)

"ਚਾਤ੍ਰਿਕ ਚਿਤਵਤ ਬਰਸਤ ਮੇਹ।" (ਲੋਚਨ ਨਾਲ)

– ਜ਼ੈਤ ੫, ੧੦, ੧*:੧ (702)

ਚਿਤਵਤਾ –

"ਚਿਤਵਤਾ ਗੋਪਾਲ ਦਰਸਨ ਕਲਮਲਾ ਕਢੁ ਧੋਇ।" (ਧਿਆਨ ਕਰਨ ਵਾਲਾ)

– ਸਾਰ ੫, ੧੨੫, ੧:੧ (1228)

ਚਿਤਵੰਤਿ –

"ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ।" (ਪ੍ਰਭੂ ਦਾ ਖਿਆਲ ਕਰਦਿਆਂ)

– ਆਸਾ ੫, ਛੰਤ ੧੪, ੨:੪ (462)

"ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ਚਿਤਵੰਤਿ ਦਰਸਨੁ ਸਦ ਮਨਾ।" (ਇਛਾ ਕਰਦਾ ਹੈ)

– ਬਿਹਾ ੫, ਛੰਤ ੬, ੪:੪ (546)

ਚਿਤਵਤੇ –

"ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ।" (ਸੋਚਦੇ ਰਹਿੰਦੇ ਹਨ)

– ਬਿਲਾ ੫, ੫੯, ੨:੨ (816)

ਚਿਤਵਦੇ –

"ਮਾਇਆ ਮੋਹੁ ਬਹੁ ਚਿਤਵਦੇ ਬਹੁ ਆਸਾ ਲੋਭੁ ਵਿਕਾਰ।"

– ਸਲੋ ੩, ੩੮:੧ (1417)

ਚਿਤਵਨਿ –

"ਸ਼ੁਭ ਚਿਤਵਨਿ ਦਾਸ ਤੁਮਾਰੇ।" (ਚੰਗੇ ਵਿਚਾਰ, ਸੋਚਦੇ ਹਨ)

– ਸੋਰ ੫, ੭੪, ੧*:੧ (627)

"ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ।" (ਸੋਚਾਂ ਸੋਚਦੇ)

– ਸਾਰ ੫, ੧੫, ੧:੧ (1207)

ਚਿਤਵਨੀ –

"ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਉ ਉਠਿ ਨੀਤ।" (ਸੋਚ, ਲੋਚਾ)

– ਗੂਜ ੫, ਵਾਰ ੬ਸ, ੫, ੧:੧ (519)

"ਹਮਰੀ ਚਿਤਵਨੀ ਹਰਿ ਪ੍ਰਭੁ ਜਾਨੈ।" (ਮਨ ਦੇ ਭਾਵ)

– ਕਲਿ ੪, ੫, ੧*:੧ (1320)

ਚਿਤਵਿ –
“ਚਿਤਵਉ ਚਿਤਵਿ ਸਰਬ ਸੁਖ ਪਾਵਉ ਆਗੈ ਭਾਵਉ ਕਿ ਨ ਭਾਵਉ।” (ਸੋਚ/ਵਿਚਾਰ ਕੇ)
– ਆਸਾ ੫, ੧੨੧, ੧:੧ (401)

ਚਿਤਵਿਆ –
“ਚਿਤਿ ਜਿ ਚਿਤਵਿਆ ਸੋ ਮੈ ਪਾਇਆ।” (ਜੋ ਦਿਲ ਵਿਚ ਸੋਚਿਆ/ਲੋਚਿਆ)
– ਜੈਤ ੫, ਛੰਤ ੨, ੪ਸ:੧ (704)

ਚਿਤਵੀ –
“ਗਹੀ ਓਟ ਚਿਤਵੀ ਨਾਥ।” (ਲੋਚੀ)
– ਬਿਲਾ ੫, ਅਸ ੨, ੪:੫ (838)

ਚਿਤਵੀਅਹਿ –
“ਅਨਿਕ ਉਪਾਵ ਚਿਤਵੀਅਹਿ ਬਹੁਤੇਰੇ ਸਾ ਹੋਵੈ ਜਿ ਬਾਤ ਹੋਵੈਨੀ।”
– ਬਿਲਾ ੪, ੫, ੨:੧ (800)

ਚਿਤਵੀਆਹਾ – **ਚਿਤਰੀਆਂ ਹੋਈਆਂ**
“ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।”
– ਸੂਹੀ ੧, ੩, ੨:੧ (729)

ਚਿਤਵੀਐ --- **ਸੋਚਦੇ ਹਾਂ**
“ਅਵਰ ਉਪਾਵ ਸਗਲ ਮੈ ਦੇਖੇ ਜੋ ਚਿਤਵੀਐ ਤਿਤੁ ਬਿਗਰਸਿ ਕਾਜੁ।”

ਹੋਰ ਰੂਪ:

ਚਿਤਵਉ –
“ਕਬੀਰ ਜੋ ਮੈ ਚਿਤਵਉ ਨਾ ਕਰੈ ਕਿਆ ਮੇਰੇ ਚਿਤਵੇ ਹੋਇ।”
– ਸਲੋ ਕਬ, ੨੧੯:੧ (1376)

ਚਿਤਵੈ –
“ਧਨੁ ਚਿਤਵੈ ਧਨੁ ਸੰਚਵੈ ਵਣਜਾਰਿਆ ਮਿਤ੍ਰਾ ਹਰਿ ਨਾਮਾ ਹਰਿ ਨ ਸਮਾਲਿ।” (ਲੋਚਦਾ)
– ਸਿਰੀ ੪, ਪਹ ੩, ੩:੨ (76)

“ਬਹੁ ਚਿੰਤਾ ਚਿਤਵੈ ਆਪੁ ਨ ਪਛਾਨਾ।” (ਕਰਦਾ ਹੈ)
– ਗਉ ੩, ੨੬, ੧:੩ (159)

“ਮਨ ਮਹਿ ਚਿਤਵੈ ਪੂਰਨ ਭਗਵੰਤ।” (ਯਾਦ ਕਰੇ/ਧਿਆਨ ਧਰੇ)
– ਗਉ ੫, ਥਿਤੀ ੧੦:੬ (299)

“ਆਪੇ ਹਸੈ ਆਪਿ ਹੀ ਚਿਤਵੈ ਆਪੇ ਚੰਦੁ ਸੂਰੁ ਪਰਗਾਸਾ।” (ਸੋਚੇ ਭਾਵ ਵਿਚਾਰੇ)
– ਸਵ ੪, ਗਯੰ ੧੨:੨ (1403)

ਚਿੰਤਵੈ –
“ਅਨਦਿਨੁ ਚਿੰਤਾ ਚਿੰਤਵੈ ਚਿੰਤਾ ਬਧਾ ਜਾਇ।” (ਸੋਚਦਾ ਰਹਿੰਦਾ ਹੈ)
– ਸਲੋ ੪, ੨੬:੩ (1424)

ਚਿਤਾ ------ **ਚਿਤ, ਜੀਅ, ਮਨ**
“ਦਸਨਿ ਸੰਤ ਪਿਆਰਿਆ ਸੁਣਹੁ ਲਾਇ ਚਿਤਾ।”

- ਰਾਮ ੫, ਵਾਰ ੧੯:੭ (965)

ਚਿੰਤਾ ------ (1) ਫਿਕਰ, ਸੋਚ
"ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀ ਆਸ।"
- ਸਿਰੀ ੧, ੧੮, ੧:੧ (20)
"ਨਾ ਕਰਿ ਚਿੰਤ ਚਿੰਤਾ ਹੈ ਕਰਤੇ।" (ਸੋਚ)
- ਮਾਰੂ ੪, ਸੋਲਾ ੨, ੬:੧ (1070)
(2) ਖਿਆਲ, ਧਿਆਨ
"ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।"
- ਗੂਜ ਤ੍ਰਿਲੋ ੨, ੧:੧ (526)
"ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ।"
- ਮਾਲੀ ਨਾਮ, ੩, ੨:੧ (988)

ਚਿਤਾਸਾ ---- ਚਿਤ/ਹਿਰਦੇ ਵਿਚ
"ਹਰਿ ਜਪੁ ਮੰਤੁ ਗੁਰ ਉਪਦੇਸੁ ਲੈ ਜਾਪਹੁ ਤਿਨ੍ ਅੰਤਿ ਛਡਾਏ ਜਿਨ੍ ਹਰਿ ਪ੍ਰੀਤਿ ਚਿਤਾਸਾ।"
- ਗੋਂਡ ੪, ੨, ੪:੨ (860)

ਚਿੰਤਾਮਣਿ --- ਮਨ ਇਛਤ ਫਲ ਦੇਣ ਵਾਲੀ ਮਣੀ (ਰਤਨ) ਭਾਵ ਵਾਹਿਗੁਰੂ
"ਚਿੰਤਾਮਣਿ ਕਰੁਣਾ ਮਏ।"
- ਗਉ ੫, ੧੫੧*, ੧*:੧ (212)

ਹੋਰ ਰੂਪ:

ਚਿੰਤਾਮਨਿ –
"ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ।"
- ਸੋਰ ੯, ੪, ੩:੨ (632)

ਚਿਤਾਰਣਾ --- ਚਿਤ ਧਾਰਣਾ, ਧਿਆਨ ਕਰਨਾ, ਚਿੰਤਨ ਕਰਨਾ
"ਗੁਣ ਗਾਵਹਿ ਅਨਹਦ ਧੁਨਿ ਬਾਣੀ ਤਹ ਨਾਨਕ ਦਾਸੁ ਚਿਤਾਰਣਾ।"
- ਮਾਰੂ ੫, ਸੋਲਾ ੬, ੮:੩ (1077)

ਹੋਰ ਰੂਪ:

ਚਿਤਾਰਦਾ –
"ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ।"
- ਮਾਰੂ ੫, ਵਾਰ ੨੧:੪ (1101)

ਚਿਤਾਰਾ –
"ਸਾਧਸੰਗਿ ਹਰਿ ਹਰਿ ਨਾਮੁ ਚਿਤਾਰਾ।" (ਸਿਮਰਿਆ)
- ਟੋਡੀ ੫, ੨੮, ੧*:੧ (717)

ਚਿਤਾਰਿ –
"ਕਹੁ ਨਾਨਕ ਗੁਰ ਮੰਤ੍ਰੁ ਚਿਤਾਰਿ।" (ਚੇਤੇ ਕਰ, ਸਿਮਰ)
- ਗਉ ੫, ੧੦੧, ੪:੧ (186)
"ਸਾਸਿ ਸਾਸਿ ਹਰਿ ਦੇਹੁ ਚਿਤਾਰਿ।" (ਚੇਤੇ ਕਰਨਾ)
- ਭੈਰ ੫, ੪੯, ੪:੪ (1150)

ਚਿਤਾਰਿਆ –

“ਦੇਵਣਹਾਰੁ ਦਾਤਾਰੁ ਮੈ ਨਿਤ ਚਿਤਾਰਿਆ।” (ਯਾਦ ਕੀਤਾ)

– ਗਉ ੫, ਵਾਰ ੯ਸ, ੫, ੧:੨ (320)

ਚਿਤਾਰੀ –

“ਦੁਖਿ ਲਾਗੈ ਰਾਮ ਨਾਮੁ ਚਿਤਾਰੀ।” (ਯਾਦ ਕਰਦਾ ਹੈ)

– ਗਉ ੫, ੧੫੧, ੧:੨ (196)

ਚਿਤਾਰੀਐ –

“ਬਿਨਵੰਤਿ ਨਾਨਕ ਮਿਲਿ ਸੰਗਿ ਸਾਧੂ ਦਿਨਸੁ ਰੈਣਿ ਚਿਤਾਰੀਐ।”

– ਰਾਮ ੫, ਛੰਤ ੨, ੧:੬ (925)

ਚਿਤਾਰੁ –

“ਅਵਰ ਤਿਆਗਿ ਤੂ ਤਿਸਹਿ ਚਿਤਾਰੁ।” (ਯਾਦ ਕਰ)

– ਗਉ ੫, ਸੁਖ ੧੫, ੪:੪ (283)

ਚਿਤਾਰੇ –

“ਰੋਗ ਗਿਰਸਤ ਚਿਤਾਰੇ ਨਾਉ।” (ਸਿਮਰੇ)

– ਗਉ ੫, ੧੫੧*, ੨:੧ (196)

“ਜੋ ਹਮ ਕਉ ਹਰਿ ਨਾਮੁ ਚਿਤਾਰੇ।” (ਯਾਦ ਕਰਵਾਏ/ਸਿਮਰਾਏ)

– ਸੂਹੀ ੫, ੧੩, ੧*:੨ (739)

“ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ ਅਉਗਣੁ ਕੋ ਨ ਚਿਤਾਰੇ।” (ਵਿਚਾਰਦਾ, ਧਿਆਨ ਧਰਦਾ)

– ਸੂਹੀ ੫, ਛੰਤ ੧੧, ੧:੩ (784)

“ਆਪਿ ਚਿਤਾਰੇ ਅਪਣਾ ਕੀਆ।” (ਧਿਆਨ ਰਖਦਾ ਹੈ)

– ਮਾਰੂ ੫, ਸੋਲਾ ੬, ੨:੧ (1076)

ਚਿਤਾਰੈ –

“ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ।” (ਯਾਦ ਕਰਦੀ ਹੈ)

– ਸਲੋ ਕਬ, ੧੨੩:੧ (1371)

ਚਿਤਿ ------ (1) ਚਿਤ ਅੰਦਰ, ਮਨ ਵਿਚ

“ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ।” (ਯਾਦ ਨਹੀਂ ਆਉਂਦੇ)

– ਜਪੁ ੧, ੨੭:੧੬ (6)

“ਏਨੈ ਚਿਤਿ ਕਠੋਰਿ ਸੇਵ ਗਵਾਈਐ।” (ਮਨ)

– ਮਾਝ ੧, ਵਾਰ ੧੭:੩ (146)

(2) ਚਿਤਰਣ

“ਦੂਜਾ ਕਾਗਲੁ ਚਿਤਿ ਨ ਜਾਣਦਾ।” (ਭਾਵ ਲਿਖਣਾ)

– ਸਿਰੀ ੫, ਅਸ ੨੯, ੩:੨ (73)

(3) ਯਾਦ

“ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ।”

– ਗਉ ੫, ਵਾਰ ੩ਸ, ੫, ੧:੧ (318)

“ਗਗੈ ਗੋਬਿਦੁ ਚਿਤਿ ਕਰਿ ਮੂੜੇ ਗਲੀ ਕਿਨੈ ਨ ਪਾਇਆ।” (ਯਾਦ ਕਰ)

– ਆਸਾ ੩, ਪਟੀ ੧੫:੧ (435)

(4) ਸੁਣਦਾ ਹੈ (ਭਾਵ)
"ਆਪਿ ਉਲਾਮ੍ਹੇ ਚਿਤਿ ਧਰੇਇ।"
– ਆਸਾ ੧, ੩, ੨:੨ (349)

(5) ਖਿਆਲ/ਧਿਆਨ (ਨਾ ਆਉਣਾ)
"ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ।"
– ਮਾਰੂ ੫, ਵਾਰ ੯:੬ (1097)

ਚਿੰਤਿ ------ ਧਿਆਨ ਧਰਨ ਨਾਲ
"ਪਰਮਦਭੁਤੰ ਪਰਕ੍ਰਿਤਿ ਪਰੰ ਜਚਿ ਚਿੰਤਿ ਸਰਬ ਗਤੰ।"
– ਗੂਜ ਜੈਦੇ, ੧, ੧:੨ (526)

ਚਿੰਤੀ ------ ਫਿਕਰ, ਸੋਚ
"ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੁਕੈ ਮਨ ਕੀ ਚਿੰਤੀ।"
– ਸੋਰ ੫, ੬੨, ੪:੨ (625)

ਚਿਤੁ ------ ਮਨ, ਦਿਲ
"ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।"
– ਸਿਰੀ ੧, ੬, ੧:੨ (16)
"ਸਤਿਗੁਰ ਸੇਤੀ ਚਿਤੁ ਲਾਇ ਸਦਾ ਸਦਾ ਰੰਗੁ ਮਾਣਿ।" (ਦਿਲ ਜੋੜ ਕੇ ਪ੍ਰੇਮ ਕਰਕੇ)
– ਸਿਰੀ ੫, ੭੩, ੧:੩ (43)

ਚਿਤੁ ਗੁਪਤੁ -- ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਰੱਖਣ ਵਾਲੇ ਦੇਵਤੇ, ਚਿਤਰ ਗੁਪਤ ਵੇਖੋ 'ਚਿਤ ਗੁਪਤ'
"ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮ ਵੀਚਾਰੇ।"
– ਆਸਾ ੧, ਸੋਦ ੧, ੧:੫ (347)

ਚਿਤੇ ------ ਚਿਤਰੇ ਹੋਏ
"ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ।"
– ਸਿਰੀ ੧, ਅਸ ੧੫, ੧:੧ (62)

ਚਿਤੇਹੀਆ --- ਯਾਦ ਹਾਂ
"ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ।"
– ਜੈਤ ੫, ਛੰਤ ੧, ੨:੨ (703)

ਚਿਤੇਨ ----- ਸਿਆਣੇ, ਸਮਝ ਵਾਲੇ
"ਹਮ ਅਚਿਤ ਅਚੇਤ ਨ ਜਾਨਹਿ ਗਤਿ ਮਿਤਿ ਗੁਰਿ ਕੀਏ ਸੁਚਿਤ ਚਿਤੇਨ।"
– ਕਾਨ ੪, ੨, ੧:੧ (1294)

ਚਿਤੇਰਾ ----- ਚਿਤਰਕਾਰ ਭਾਵ ਹਰੀ
"ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ।"
– ਗਉ ਕਬ, ਬਾਅ ੧੨:੪ (340)

ਚਿਤੇਰੇ ----- ਯਾਦ ਕਰਾਇਆ ਹੈ

“ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ।”

– ਬਿਹਾ ੪, ਛੰਤ ੪, ੨:੪ (540)

“ਮਨੁ ਜੀਵੈ ਪ੍ਰਭ ਨਾਮੁ ਚਿਤੇਰੇ।” (ਯਾਦ ਕਰਨੇ)

– ਵਡ ੫, ੨, ੧*:੨ (562)

ਚਿਤੈ ------ (1) ਚਿਤਵਦਾ/ਸੋਚਦਾ ਹੈ

“ਮਨੁ ਭੂਲੋ ਬਹੁ ਚਿਤੈ ਵਿਕਾਰੁ।”

– ਗਉ ੧, ਅਸ ੩, ੨:੧ (222)

(2) ਧਿਆਨ ਵਿਚ

“ਚਿਤੈ ਅੰਦਰਿ ਸਭੁ ਕੋ ਵੇਖਿ ਨਦਰੀ ਹੇਠਿ ਚਲਾਇਦਾ।”

– ਆਸਾ ੧, ਵਾਰ ੧੬:੧ (472)

ਚਿਤੈਨੀ ----- ਯਾਦ/ਸੋਚ ਵਿਚ

“ਅਪਨਾ ਭਲਾ ਸਭੁ ਕੋਈ ਬਾਛੈ ਸੋ ਕਰੇ ਜਿ ਮੇਰੈ ਚਿਤਿ ਨ ਚਿਤੈਨੀ।”

– ਬਿਲਾ ੪, ੫, ੨:੨ (800)

ਚਿਤੋ ------ ਚਿਤ, ਦਿਲ

“ਬਿਦਾਰਣ ਕਦੇ ਨ ਚਿਤੋ।”

– ਗਾਧਾ ੫, ੧੩:੨ (1361)

ਚਿਤ੍ਰ ------ (1) ਤਸਵੀਰ

“ਚਚਾ ਰਚਿਤ ਚਿਤ੍ਰ ਹੈ ਭਾਰੀ।”

– ਗਉ ਕਬ, ਬਾਅ ੧੨:੧ (340)

(2) ਚਿਤਰੀ ਹੋਈ

“ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ।”

– ਸਲੋ ੯, ੩੭:੨ (1428)

ਚਿਤ੍ਰਸਾਲ --- ਤਸਵੀਰਾਂ ਨਾਲ ਸਜੇ ਹਾਲ

“ਚਿਤ੍ਰਸਾਲ ਸੁੰਦਰ ਬਾਗ ਮੰਦਰ ਸੰਗਿ ਨ ਕਛਹੂ ਜਾਇਆ।”

– ਗੂਜ ੫, ੮, ੧:੨ (497)

ਹੋਰ ਰੂਪ:

ਚਿਤ੍ਰਸਾਲਾ –

“ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ-ਪੂਰੀਅਲੇ।”

– ਮਲਾ ਨਾਮ, ੧, ੧:੧ (1292)

ਚਿਤ੍ਰਗੁਪਤ --- ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਹਿਸਾਬ ਕਿਤਾਬ ਰੱਖਨ ਵਾਲੇ ਦੇਵਤੇ

“ਚਿਤ੍ਰਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।”

– ਸਿਰੀ ੫, ਛੰਤ ੨, ੩:੫ (79)

ਹੋਰ ਰੂਪ:

ਚਿਤ੍ਰ ਗੁਪਤਿ –

"ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ।"
– ਧਨਾ ੪, ੬, ੨:੨ (668)

ਚਿਤ੍ਰਗੁਪਤੁ –
"ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ।"
– ਸੋਰ ੫, ੨੬, ੩:੨ (616)

ਚਿਤ੍ਰੈ ------ ਚਿਤਰ ਨੂੰ
"ਤਜਿ ਚਿਤ੍ਰੈ ਚੇਤਹੁ ਚਿਤਕਾਰੀ।"
– ਗਉ ਕਬ, ਬਾਅ ੧੨:੨ (340)

ਚਿਥਿਆ ---- ਮਸਲਣਾ, ਦਰੜਨਾ
"ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ।"
– ਮਾਝ ੧, ਵਾਰ ੧੧ਸ, ੧, ੧:੨ (142)

ਚਿੰਦ ------ (1) ਵਿਚਾਰ, ਚਿੰਤਨ
"ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ।"
– ਸਿਰੀ ਬੇਣੀ, ੧, ੨:੧ (93)

"ਕਬਹੂ ਨਿੰਦ ਚਿੰਦ ਬਿਉਹਾਰ।" (ਸੋਚਨਾ)
– ਗਉ ੫, ਸੁਖ ੧੧, ੫:੭ (277)

"ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ।" (ਨਿੰਦਾ ਦੇ ਵਿਚਾਰ)
– ਆਸਾ ੫, ੧੨੫, ੨:੨ (402)

ਹੋਰ ਰੂਪ:

ਚਿੰਦਾ –
"ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ।" (ਨਿੰਦਾ ਦਾ ਖਿਆਲ)
– ਗਉ ੧, ੧੩, ੨:੨ (155)

(2) ਚਿੰਤਾ
"ਮਨ ਅੰਤਰ ਕੀ ਉਤਰੈ ਚਿੰਦ।"
– ਗਉ ੫, ਸੁਖ ੨੪, ੧:੪ (295)

ਹੋਰ ਰੂਪ:

ਚਿੰਦਾ –
"ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ।" (ਚਿੰਤਾ)
– ਆਸਾ ੫, ਛੰਤ ੧, ੩:੪ (453)

ਚਿੰਦਿਅੜਾ --- ਇਛਤ, ਭਾਉਂਦਾ
"ਮਨਿ ਚਿੰਦਿਅੜਾ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ ਜੀਉ।"
– ਗਉ ੪, ੬੬, ੩:੨ (173)

ਹੋਰ ਰੂਪ:

ਚਿੰਦਿਅੜੇ –
"ਮਨ ਚਿੰਦਿਅੜੇ ਫਲ ਪਾਵੈ।"
– ਸੋਰ ੫, ੫੭, ੨:੨ (623)

ਚਿੰਦਿਆ ---- ਇਛਿਤ, ਭਾਉਂਦਾ, ਚਾਹਿਆ, ਮੰਗਿਆ, ਚਿਤਵਿਆ
"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ।"
– ਸਿਰੀ ੩, ੩੪, ੧:੩ (26)

ਹੋਰ ਰੂਪ:

ਚਿੰਦੀ –
"ਮਨ ਚਿੰਦੀ ਸੋ ਫਲੁ ਪਾਇਦਾ।"
– ਸਿਰੀ ੫, ਅਸ ੨੯, ੭:੨ (73)

ਚਿੰਦੇ –
"ਮਨ ਚਿੰਦੇ ਸੇਈ ਫਲ ਪਾਵਹਿ ਚਰਣ ਕਮਲ ਚਿਤੁ ਲਾਏ।"
– ਸਿਰੀ ੫, ਛੰਤ ੨, ੧:੪ (79)

ਚਿਨੀ ------ (ਫਾ. ਚਿੰਨੀ) ਇਹੋ ਜਿਹਾ, ਅਜੇਹਾ
"ਗਾਹੇ ਨ ਨੇਕੀ ਕਾਰ ਕਰਦਮ ਮਮ ੲੀ ਚਿਨੀ ਅਹਵਾਲ।"
– ਤਿਲੰ ੧, ੧, ੩:੨ (721)

(2) ਜਿਹੇ, ਵਰਗੇ
"ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ।"
– ਤਿਲੰ ਨਾਮ, ੩, ੩:੨ (727)

ਚਿਰੰਕਾਲ --- ਚਿਰ ਪਿਛੋਂ
"ਚਿਰੰਕਾਲ ਇਹ ਦੇਹ ਸੰਜਰੀਆ।" (ਭਾਗਾਂ ਨਾਲ)
– ਗਉ ੫, ੭੨, ੧*:੨ (176)

"ਚਿਰੰਕਾਲ ਨ ਜੀਵੈ ਦੋਊ ਕੁਲ ਲਜੈ।" (ਬਹੁਤਾ ਸਮਾਂ)
–ਬਸੰ ਨਾਮ, ੧, ੧:੨ (1195)

ਚਿਰਗਟ ---- ਚਿੜੇ ਦੇ ਰਹਿਣ ਦੀ ਥਾਂ, ਪਿੰਜਰਾ ਭਾਵ ਦੇਹ
"ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ।"
– ਆਸਾ ਕਬ, ੧੬, ੫:੨ (480)

ਚਿਰਜੀਵੇ --- ਲੰਮੀ ਉਮਰ ਵਾਲੇ
"ਕਈ ਕੋਟਿ ਕੀਏ ਚਿਰਜੀਵੇ।"
– ਗਉ ੫, ਸੁਖ ੧੦, ੪:੫ (276)

ਚਿਰਾਣਾ ---- ਪੁਰਾਣਾ, ਚਿਰਾਂ ਤੋਂ ਭਾਵ ਅਟਲ
"ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ।"
– ਤੁਖਾ ੧, ਛੰਤ ੫, ੪:੪ (1112)

ਚਿਰਾਣੀਆ -- ਕਦੋਂ ਦੀ, ਚਿਰਾਂਦੀ, ਚਿਰੋਕਣੀ
"ਮੁਦਤਿ ਪਈ ਚਿਰਾਣੀਆ ਫਿਰਿ ਕਡੂ ਆਵੈ ਰੁਤਿ।"

ਚਿਰਾਣੇ ---- (1) ਦੇਰ ਨਾਲ, ਚਿਰ ਪਿਛੋਂ
"ਪਿਰੁ ਅਪਨਾ ਪਾਇਆ ਰੰਗੁ ਲਾਲੁ ਬਣਾਇਆ ਅਤਿ ਮਿਲਿਓ ਮਿਤ੍ਰ ਚਿਰਾਣੇ।"
– ਆਸਾ ੫, ਛੰਤ ੪, ੪:੪ (455)

(2) ਚਿਰ ਤੱਕ ਰਹਿਣ ਵਾਲਾ ਭਾਵ ਵਡੀ ਉਮਰ ਵਾਲਾ

“ਰਾਂਡ ਨ ਬੈਸਈ ਪ੍ਰਭ ਪੁਰਖ ਚਿਰਾਣੇ।”
- ਬਿਹਾ ੫, ਛੰਤ ੪, ੩:੨ (544)

(3) ਚਿਰਾਂ ਦੇ
“ਮਿਟਹਿ ਕਮਾਣੇ ਪਾਪ ਚਿਰਾਣੇ ਸਾਧਸੰਗਤਿ ਮਿਲਿ ਮੁਆ ਜੀਜੈ।”
- ਧਨਾ ੫, ੫੪, ੧*:੨ (683)

ਚਿਰਾਣੋ ----- ਚਿਰਾਂ ਤੋਂ, ਮੁੱਢ ਤੋਂ ਭਾਵ ਧੁਰ ਤੋਂ
“ਕੋਟਿ ਮਧੇ ਕੋਊ ਬਿਰਲਾ ਸੇਵਕੁ ਪੂਰਨ ਭਗਤੁ ਚਿਰਾਣੋ।”
- ਮਲਾ ੫, ੧੫, ੧*:੨ (1269)

ਚਿਰਾਂਮੰ ----- ਚਿਰ ਤੱਕ, ਲੰਮੀ
“ਕਲਿ ਭਗਵਤ ਬੰਦ ਚਿਰਾਂਮੰ।”
- ਪ੍ਰਭਾ ਬੇਣੀ, ੧, ੧*:੧ (1351)

ਚਿਰੀ ------ ਚਿਰਾਂ ਦੇ, ਬਹੁਤ ਦੇਰ ਦੀ
“ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ।”
- ਸਿਰੀ ੩, ੪੯, ੩:੨ (32)

ਚਿਰੀਆ ---- ਚੇਲੀ, ਦਾਸੀ
“ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ।”
- ਸਾਰ ੫, ੨੪, ੧*:੨ (1209)

ਚਿਰੀ ਵਿਛੁੰਨਾ - ਚਿਰਾਂ ਤੋਂ ਵਿਛੜਿਆ ਹੋਇਆ
“ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ।”
- ਬਿਹਾ ੪, ਛੰਤ ੧, ੨:੩ (538)

ਹੋਰ ਰੂਪ:

ਚਿਰੀ ਵਿਛੁੰਨਿਆ -
“ਹਰਿ ਲਾਭੁ ਪਾਇਆ ਆਪੁ ਮਿਟਾਇਆ ਮਿਲੇ ਚਿਰੀ ਵਿਛੁੰਨਿਆ।”
- ਬਿਹਾ ੫, ਛੰਤ ੫, ੨:੪ (545)

ਚਿਰੀ ਵਿਛੁੰਨੇ -
“ਗੁਰਮੁਖਿ ਪਿਆਰੇ ਆਇ ਮਿਲ ਮੈ ਚਿਰੀ ਵਿਛੁੰਨੇ ਰਾਮ ਰਾਜੇ।”
- ਆਸਾ ੪, ਛੰਤ ੧੬, ੩:੧ (449)

ਚਿਰੁ ------ ਦੇਰ, ਬਹੁਤ ਸਮਾਂ
“ਚਿਰੁ ਹੋਆ ਦੇਖੇ ਸਾਰੰਗਪਾਣੀ।”
- ਮਾਝ ੫, ੮, ੨:੨ (96)

“ਨਉ ਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ।”
- ਗਉ ੫, ਸੁਖ ੩, ੨:੧ (265)

ਚਿਰੁਜੀਵਨੁ -- ਲੰਮੀ ਉਮਰ, ਲੰਮਾ ਜੀਵਨ
“ਚਿਰੁਜੀਵਨੁ ਚੇਤਨੁ ਨਿਤ ਨੀਤ।”
- ਰਾਮ ੧, ਓਅੰ ੨੩:੪ (932)

“ਚਿਰੁ ਜੀਵਨੁ ਉਪਜਿਆ ਸੰਜੋਗਿ।” (ਵਡੀ ਉਮਰ ਵਾਲਾ)

– ਆਸਾ ੫, ੧੦੧, ੧:੨ (396)

ਚਿਲਕਣਾ --- ਚਮਕਣ ਵਾਲਾ, ਚਮਕੀਲਾ

"ਉਜਲ ਕੈਹਾ ਚਿਲਕਣਾ।"

– ਸੂਹੀ ੧, ੩, ੧:੧ (729)

ਚਿਲਕਿਓਨੁ -- ਚਮਕਾ ਦਿੱਤਾ (ਭਾਵ ਪ੍ਰਕਾਸ਼ ਸਮਾਨ ਕਰ ਦਿਤਾ)

"ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ।"

– ਰਾਮ ਬਸ, ਵਾਰ ੪:੪ (967)

ਚਿਲਿਮਿਲਿ -- ਚਮਕਾਰ, ਪ੍ਰਕਾਸ਼, ਬਿਜਲੀ ਦੀ ਲਿਸ਼ਕ

"ਚਿਲਿਮਿਲ ਬਿਸੀਆਰ ਦੁਨੀਆ ਫਾਨੀ।"

– ਮਲਾ ੧, ਵਾਰ ੨੭ਸ, ੧, ੨:੧ (1291)

ਚਿੜਾਇਆ -- ਕ੍ਰੋਧਿਤ ਕਰਨਾ, ਖਿਝਾਉਣਾ

"ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ।"

– ਭੈਰ ੩, ੨੧, ੩:੨ (1133)

ਹੋਰ ਰੂਪ:

ਚਿੜਾਈ –

"ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ।" (ਚਿੜਾਏ, ਖਿਝਾਈ, ਕ੍ਰੋਧਿਤ ਕੀਤੇ)

– ਆਸਾ ੧, ਅਸ ੧੨, ੫:੨ (418)

ਚਿੜੀ ------ ਇਕ ਪੰਛੀ

"ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।"

– ਗਉ ੫, ਵਾਰ ੬ਸ, ੫, ੧:੧ (319)

ਚੀ ------- ਦੀ

"ਸੰਤ ਚੀ ਸੰਗਤਿ ਸੰਤ ਕਥਾ ਰਸੁ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ।"

– ਆਸਾ ਰਵਿ, ੨, ੧*:੧ (486)

ਚੀਸਾ ------ ਚੀਕ, ਚੰਘਿਆੜ

"ਹਸਤਿ ਭਾਗਿ ਕੈ ਚੀਸਾ ਮਾਰੈ।"

– ਗੋਂਡ ਕਬ, ੪, ੧:੩ (870)

ਚੀਕੜਿ ----- ਚਿਕੜ, ਕੀਚ

"ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ।"

– ਆਸਾ ੪, ਛੰਤ ੧੨, ੪:੨ (446)

ਹੋਰ ਰੂਪ:

ਚੀਕੜੁ –

"ਬਿਨੁ ਸੰਗਤਿ ਕਰਮ ਕਰੈ ਅਭਿਮਾਨੀ ਕਢਿ ਪਾਣੀ ਚੀਕੜੁ ਪਾਵੈਗੋ।" (ਮਾੜੇ ਕਰਮਾਂ ਰੂਪੀ ਚਿਕੜ)

– ਕਾਨ ੪, ਅਸ ੨, ੩:੨ (1309)

ਚੀਜ ------ (1) ਚੋਜ, ਕੌਤਕ, ਮੌਜ
“ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ।”
– ਆਸਾ ੧, ਵਾਰ ੧੭:੩ (472)
(2) ਵਡਿਆਈ ਵਾਲੇ, ਗੁਣ ਵਾਲੇ
“ਨਿਚੀਜਿਆਂ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ।”
– ਸੋਰ ੫, ੬੨, ੧*:੨ (624)
(3) (ਫਾ. ਚੀਜ਼) ਵਸਤ, ਪਦਾਰਥ
“ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ।”
– ਤਿਲੰ ੫, ੪, ੪:੧ (724)

ਚੀਜੀ ------ ਚੀਜਾਂ ਭਾਵ ਭੋਜਨ ਜੋ ਯੱਗ ਸਮੇਂ ਧਰਤੀ ਨੂੰ ਅਰਪਣ ਕੀਤੇ ਜਾਂਦੇ ਹਨ
“ਧਰਤੀ ਚੀਜੀ ਕਿ ਕਰੇ ਜਿਸੁ ਵਿਚਿ ਸਭੁ ਕਿਛੁ ਹੋਇ।”
– ਮਾਝ ੧, ਵਾਰ ੨੬ਸ, ੨, ੨:੩ (150)

ਚੀਜੁ ------ ਵਸਤ, ਪਦਾਰਥ
“ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ।”
– ਮਲਾ ੧, ਵਾਰ ੨੭ਸ, ੧, ੨:੪ (1291)

ਚੀਟੀ ------ ਕੀੜੀ
“ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ।”
– ਰਾਮ ਕਬ, ੧੨, ੨:੨ (972)
“ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈ ਬਹੁ ਨਾਨਾ ਰੇ।” (ਕੀੜੇ)
– ਮਾਲੀ ਨਾਮ, ੩, ੧:੧ (988)

ਚੀਤ ------ (1) ਚਿਤ, ਮਨ
“ਪ੍ਰਾਨ ਅਧਾਰੁ ਰਾਖਹੁ ਸਦ ਚੀਤ।”
– ਗਉ ੫, ੧੦੮, ੧*:੨ (187)
(2) ਬਾਤ ਸਮਾਸ ‘ਬਾਤ ਚੀਤ’ ਵਿਚ
“ਬਾਤ ਚੀਤ ਸਭ ਰਹੀ ਸਿਆਨਪ।”
– ਗਉ ੫, ਬਾਅ ੩੯:੭ (258)

ਚੀਤਨਹਾਰੇ -- ਚਿਤ੍ਰਕਾਰ ਨੇ, ਚਿਤਰਣ ਵਾਲੇ ਨੇ
“ਕਿਨਿ ਓਇ ਚੀਤੇ ਚੀਤਨਹਾਰੇ।”
– ਗਉ ਕਬ, ੨੯, ੧:੩ (329)

ਚੀਤਾ ------ (1) ਮਨ, ਚਿਤ
“ਹਰਿ ਅਉਖਧੁ ਜਾ ਕਉ ਗੁਰਿ ਦੀਆ ਤਾ ਕੇ ਨਿਰਮਲ ਚੀਤਾ।”
– ਗਉ ੫, ੧੩੩, ੧*:੨ (208)
“ਚਰਣ ਕਮਲ ਵਸਹਿ ਮੇਰੈ ਚੀਤਾ।” (ਚਿਤ ਵਿਚ)
– ਸੂਹੀ ੫, ੨੪, ੩:੨ (742)
(2) ਦਿਲੋਂ, ਮਨ ਕਰਕੇ
“ਸਾਕਤ ਉਲਟਿ ਸੁਜਨ ਭਏ ਚੀਤਾ।”
– ਗਉ ਕਬ, ੧੭, ੧:੪ (326)

ਚੀਤਿ ------ (1) ਚਿਤ/ਮਨ ਵਿਚ

“ਚੰਦਨੁ ਚੀਤਿ ਵਸਿਆ ਮੰਦਰੁ ਦਸਵਾ ਦੁਆਰੁ।”

– ਸਿਰੀ ੧, ਅਸ ੨, ੫:੨ (54)

ਹੋਰ ਰੂਪ:

ਚੀਤੁ –

“ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ।” (ਚਿਤ, ਮਨ)

– ਸਿਰੀ ੫, ੭੫, ੪:੩ (44)

(2) ਯਾਦ ਵਿਚ

“ਓਹ ਬੇਲਾ ਕਛੁ ਚੀਤਿ ਨ ਆਵੈ।”

– ਗਉ ੫, ੭੮, ੧*:੧ (178)

“ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ।” (ਯਾਦ ਆਵੇ)

– ਆਸਾ ੫, ੪੯, ੧:੧ (383)

“ਜਉ ਮੈ ਅਪੁਨਾ ਸਾਹਿਬੁ ਚੀਤਿ।” (ਯਾਦ ਕੀਤਾ)

– ਆਸਾ ੫, ੮੦, ੨:੧ (390)

ਚੀਤੇ ------ (1) ਚਿਤਰਾ, ਇਕ ਜੰਗਲੀ ਜਾਨਵਰ

“ਬੰਤਰ ਚੀਤੇ ਅਰੁ ਸਿੰਘਾਤਾ।”

– ਭੈਰ ਕਬ, ੧੩, ੪:੨ (1160)

(2) ਚਿਤਰੇ ਹਨ

“ਕਿਨਿ ਓਇ ਚੀਤੇ ਚੀਤਨਹਾਰੇ।”

– ਗਉ ਕਬ, ੨੯, ੧:੨ (329)

ਚੀਥਰਾ ----- ਪਰੋਲਾ, ਪੂੰਝਨ ਵਾਲੀ ਲੀਰ

“ਚਾਕੀ ਕਾ ਚੀਥਰਾ ਕਹਾਂ ਲੈ ਜਾਹਿ।”

– ਬਸੰ ਕਬ, ੧, ੨:੨ (1196)

ਚੀਨ ------ ਸਮਝ, ਵੇਖ

“ਸਗਲ ਅਸਥਾਨ ਭੈ ਭੀਤ ਚੀਨ।”

– ਗਉ ੫, ੧੪੪*, ੨:੧ (211)

“ਤਹ ਬੇਦ ਕਤੇਬ ਕਹਾ ਕੋਊ ਚੀਨ।” (ਸਮਝਦਾ/ਵਿਚਾਰਦਾ ਸੀ)

– ਗਉ ੫, ਸੁਖ ੨੧, ੫:੪ (291)

ਹੋਰ ਰੂਪ:

ਚੀਨਈ –

“ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ।” (ਪਛਾਣਦਾ)

– ਸਿਰੀ ੪, ਵਾਰ ੧੦ਸ, ੩, ੧:੨ (86)

“ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ।”

– ਗਉ ੫, ਬਾਅ, ੫੩:੪ (938)

ਚੀਨਸਿ –

“ਜਬ ਨਹੀ ਚੀਨਸਿ ਆਤਮ ਰਾਮ।” (ਸਮਝਿਆ)

– ਗਉ ਕਬ, ੪, ੧*:੨ (324)

“ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।” (ਸਮਝਦੀ ਹੈ)
– ਭੈਰ ੧, ਅਸ ੧, ੧:੧ (1153)

ਚੀਨਹਿ ----- ਸਮਝਦਾ, ਪਛਾਣਦਾ
“ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ।”
– ਗਉ ੩, ਅਸ ੪, ੨:੩ (231)

ਹੋਰ ਰੂਪ:

ਚੀਨਹੁ –
“ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ।” (ਸਮਝੋ, ਪਛਾਣੋ)
– ਰਾਮ ੫, ੨, ੩:੧ (883)

ਚੀਨਤ ----- ਸਮਝਕੇ
“ਚੀਨਤ ਚੀਤੁ ਨਿਰੰਜਨ ਲਾਇਆ।”
– ਗਉ ਕਬ, ੨੭, ੩:੧ (328)

ਚੀਨਾ ------ ਸਮਝਿਆ
“ਤਾ ਤੇ ਰਮਈਆ ਘਟਿ ਘਟਿ ਚੀਨਾ।”
– ਗਉ ੫, ਅਸ ੧, ੧:੪ (235)
“ਗੁਰ ਕਾ ਸਬਦੁ ਰਿਦੇ ਮਹਿ ਚੀਨਾ।” (ਵਿਚਾਰਿਆ)
– ਬਿਲਾ ੫, ੧੨, ੧:੧ (804)
“ਘਟਿ ਘਟਿ ਰਮਈਆ ਸਭ ਮਹਿ ਚੀਨਾ।”
– ਗੋਂਡ ੫, ੧੩, ੧:੪ (866)

ਹੋਰ ਰੂਪ:

ਚੀਨਿ –
“ਆਤਮ ਚੀਨਿ ਪਰਮ ਰੰਗ ਮਾਨੀ।” (ਆਪਣੇ ਆਤਮਾ ਨੂੰ ਪਛਾਣਕੇ)
– ਗਉ ੫, ੧੦੭, ੧*:੨ (187)
“ਆਤਮੁ ਚੀਨਿ ਰਹੈ ਲਿਵ ਲਾਇਆ।” (ਪਛਾਣਕੇ)
– ਆਸਾ ੧, ੧੭, ੩:੨ (354)
“ਸਬਦੁ ਚੀਨਿ ਸਦਾ ਸੁਖੁ ਪਾਇਆ।” (ਸਮਝਕੇ)
– ਆਸਾ ੩, ੨੪, ੧:੩ (423)

ਹੋਰ ਰੂਪ:

ਚੀਨਿਓ –
“ਗੁਰ ਕਾ ਸਬਦੁ ਨ ਚੀਨਿਓ ਫਿਰਿ ਫਿਰਿ ਜੋਨੀ ਪਾਇ।”
– ਗਉ ੩, ੩੬, ੨:੨ (162)

ਚੀਨਿਆ –
“ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ।” (ਸਮਝਿਆ, ਪਛਾਣਿਆ)
– ਗਉ ੫, ੧੫੨*, ੩:੨ (213)

ਚੀਨੀ ------ (1) ਖੋਜਿਆ ਹੈ

"ਗਤਿ ਮਿਤਿ ਪਾਈ ਆਤਮੁ ਚੀਨੀ।"

- ਗਉ ੧, ਅਸ ੧੫, ੪:੩ (227)

(2) ਸਮਝੀ ਜਾਂਦੀ ਹੈ

"ਸੰਤ ਵਡਾਈ ਹਰਿ ਜਸੁ ਚੀਨੀ।"

- ਧਨਾ ੫, ੨੩, ੨:੨ (676)

ਚੀਨੀਐ ---- ਪਛਾਣੀਦਾ

"ਗੁਰ ਬਿਨੁ ਆਪੁ ਨ ਚੀਨੀਐ ਕਹੇ ਸੁਣੇ ਕਿਆ ਹੋਇ।"

- ਸਿਰੀ ੧, ਅਸ ੮, ੮:੨ (58)

ਹੋਰ ਰੂਪ:

ਚੀਨੇ –

"ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।" (ਸਮਝੇ ਭਾਵ ਵੇਖੇ, ਅਸਾਂ ਜਨਮ ਧਾਰੇ)

- ਗਉ ੧, ਅਸ ੧੭, ੨:੧ (156)

ਚੀਨੈ –

"ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ।" (ਸਮਝੇ, ਵਿਚਾਰੇ)

- ਸਿਰੀ ੧, ੧੭, ੩:੩ (20)

ਚੀਨੋ –

"ਆਪਨ ਰਾਮੁ ਨ ਚੀਨੋ ਖਿਨੂਆ।" (ਪਛਾਣਿਆ)

- ਟੋਡੀ ੫, ੧੬, ੧:੧ (715)

ਚੀਨ੍ਹ ------ ਦੇਖ, ਸਮਝ

"ਪ੍ਰਭ ਅਬਿਨਾਸੀ ਘਟਿ ਘਟਿ ਚੀਨ੍ਹ।"

- ਆਸਾ ੫, ੨੩, ੪:੨ (376)

"ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ ਸੁਖੁ ਨਾਨਕ ਹਰਿ ਪਦ ਚੀਨ੍ਹ।" (ਸਮਝਣ ਵਿਚ)

- ਸਾਰ ੫, ੧੦੮, ੨:੨ (1225)

ਹੋਰ ਰੂਪ:

ਚੀਨ੍ਹਸੀ –

"ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ।" (ਸਮਝੇਗਾ, ਅਨੁਭਵ ਕਰੇਗਾ)

- ਆਸਾ ਨਾਮ, ੫, ੧:੧ (486)

ਚੀਨ੍ਹਹੀ –

"ਗੁਰ ਕਾ ਸਬਦੁ ਨ ਚੀਨ੍ਹਹੀ ਤਤੁ ਸਾਰੁ ਨਿਰੰਤਰ।" (ਖੋਜਦੇ, ਸਮਝਦੇ)

- ਆਸਾ ੧, ਅਸ ੧੪, ੩:੨ (419)

ਚੀਨ੍ਹਾ –

"ਮਨ ਤਨ ਰਸਨਾ ਹਰਿ ਚੀਨ੍ਹਾ।" (ਵਿਚਾਰਿਆ)

- ਬਿਲਾ ੫, ੭੨, ੧*:੨ (823)

"ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ।" (ਪਛਾਣਿਆ)

- ਬਿਲਾ ੫, ਛੰਤ ੫, ੨:੨ (848)

ਚੀਨ੍ਹਾਂ –

“ਜੋਲਾਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮੁ ਪਛਾਨਾਂ।”
– ਆਸਾ ਕਬ, ੩੬, ੩:੨ (484)

ਚੀਨ੍ਹਿ –
“ਆਤਮੁ ਚੀਨ੍ਹਿ ਪਰਮ ਸੁਖੁ ਪਾਇਆ।” (ਸਮਝ ਕੇ)
– ਆਸਾ ੫, ੧੫, ੪:੨ (375)
“ਸਬਦੁ ਚੀਨ੍ਹਿ ਸਹਜ ਘਰਿ ਆਵਹੁ।” (ਵਿਚਾਰ ਕੇ)

ਚੀਨ੍ਹਿਆ –
“ਆਪਾ ਪਦੁ ਨਿਰਬਾਣੁ ਨ ਚੀਨ੍ਹਿਆ ਇਨ ਬਿਧਿ ਅਭਿਉ ਨ ਚੂਕੇ।”
– ਆਸਾ ਕਬ, ੧, ੨:੨ (475)

ਚੀਨ੍ਹੇ –
“ਗੁਰੂ ਧਿਆਇ ਹਰਿ ਚਰਨ ਮਨ ਚੀਨ੍ਹੇ।” (ਵਿਚਾਰੇ)
– ਸੂਹੀ ੫, ੩੬, ੧*:੧ (744)

ਚੀਨ੍ਹੈ –
“ਚੀਨ੍ਹੈ ਤਤੁ ਗਗਨ ਦਸ ਦੁਆਰ।”
– ਆਸਾ ੧, ੨੦, ੩:੩ (355)

ਚੀਰ ------ ਕਪੜਾ, ਵਸਤ੍ਰ
“ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ।”
– ਗੂਜ ੫, ਅਸ ੨, ੬:੧ (508)

ਚੀਰਹਿ ----- ਕਟੇ, ਚੀਰੇ, ਦੋ ਖੰਡੇ ਕਰੇ
“ਜਉ ਤਨੁ ਚੀਰਹਿ ਅੰਗੁ ਨ ਮੋਰਉ।”
– ਆਸਾ ਕਬ, ੩੫, ੨:੧ (484)

ਚੀਰਾ ------ ਪਲਾ, ਵਿਸਤਾਰ, ਖਿਲਾਰਾ (ਸ਼ਬਦਾਰਥ /ਨਿਰਣੈ): ਬਲ, ਸ਼ਕਤੀ (ਮਹਾਨਕੋਸ਼) ਪਾਟ, ਚੌੜਾਈ, ਵਿਸਤਾਰ (ਸੰਥਿਆ)
“ਕੋਇ ਨ ਜਾਣੈ ਤੇਰਾ ਕੇਵਡੁ ਚੀਰਾ।”
– ਆਸਾ ੧, ਸੋਦ ੨, ੧*:੨ (9)

ਚੀਰਿਆ ---- ਕਟਿਆ, ਦੋਫਾੜ ਕੀਤਾ
“ਕੰਚਨ ਵੰਨੇ ਪਾਸੇ ਕਲਵਤਿ ਚੀਰਿਆ।”
– ਆਸਾ ਫਰ, ੨, ੪:੨ (488)

ਚੀਰੀ ------ (1) ਪਰਚੀ
“ਜਿਨ੍ਹ ਕੀ ਚੀਰੀ ਦਰਗਾਹ ਪਾਟੀ ਤਿਨ੍ਹਾ ਮਰਣਾ ਭਾਈ।”
– ਆਸਾ ੧, ਅਸ ੧੨, ੫:੩ (418)
(2) ਚਿੱਠੀ, ਸਦਾ
“ਚੀਰੀ ਆਈ ਢਿਲ ਨ ਕਾਊ।”
– ਰਾਮ ੩, ਵਾਰ ੧੧ਸ, ੧, ੨:੧੪ (952)
(3) ਹੁਕਮ, ਪਰਵਾਨਾ
“ਚੀਰੀ ਜਾ ਕੀ ਨ ਫਿਰੈ ਸਾਹਿਬੁ ਸੋ ਪਰਵਾਣੁ।”
– ਸਾਰ ੪, ਵਾਰ ਪਸ ੨, ੧:੨ (1239)

“ਚੀਰੀ ਜਿਸ ਕੀ ਚਲਣਾ ਮੀਰ ਮਲਕ ਸਲਾਰ।”
– ਸਾਰ ੪, ਵਾਰ ਪਸ, ੨, ੧:੩ (1239)

ਚੀਰੀਐ ---- ਚੀਰਦਾ/ਕੱਟਦਾ ਹੈ
“ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ।”
– ਸਲੋ ਕਬੁ, ੮੮:੨ (1369)

ਚੀਰੁ ------ ਕਪੜਾ
“ਕਾਇਆ ਕਚੀ ਕਚਾ ਚੀਰੁ ਹੰਢਾਏ।”
– ਮਾਝ ੩, ਅਸ ੫, ੨:੧ (111)

ਚੀਰੇ ------ ਹਦ, ਹਲਕੇ
“ਸਭੁ ਕੋ ਜਮ ਕੇ ਚੀਰੇ ਵਿਚਿ ਹੈ ਜੇਤਾ ਸਭੁ ਆਕਾਰੁ।”
– ਬਿਲਾ ੪, ਵਾਰ ਪਸ, ੩, ੨:੨ (851)

ਹੋਰ ਰੂਪ:

ਚੀਰੈ –
“ਹਰਿ ਜੀ ਸਚਾ ਸਚੁ ਤੂ ਸਭੁ ਕਿਛੁ ਤੇਰੈ ਚੀਰੈ।” (ਹਦਬੰਦੀ, ਵਸ ਵਿਚ ਹੈ)
– ਸਿਰੀ ੩, ੬੩, ੧:੧ (38)

ਚੀਰੈ ------ (1) ਹਦ ਵਿਚ, ਵਸ ਵਿਚ, ਵੇਖੋ ‘ਚੀਰੇ’
“ਸਭੁ ਜਗੁ ਹੈ ਤਿਸ ਹੀ ਕੈ ਚੀਰੈ।” (ਵਸ ਵਿਚ, ਪਲੇ ਵਿਚ)
– ਮਾਰੂ ੩, ਸੋਲਾ ੫, ੧:੨ (1048)
(2) ਪਰਚੀ, ਚਿਠੀ
“ਹੁਕਮੁ ਭਇਆ ਰਹਣਾ ਨਹੀ ਧੁਰਿ ਫਾਟੇ ਚੀਰੈ।”
– ਮਾਰੂ ੧, ਅਸ ੬, ੧:੧ (1012)
(3) ਕਟੇ, ਚੀਰੇ
“ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ।”
– ਸਲੋ ਫਰ, ੫੧:੧ (1380)

ਚੁਆਇਆ -- ਟਪਕਾਇਆ
“ਤਿਸੁ ਮਹਿ ਧਾਰ ਚੂਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ।”
– ਸਿਰੀ ਕਬ, ੩, ੨:੨ (92)
“ਰਾਮ ਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ।” (ਚੋਅ ਦਿਤਾ, ਟਿਪਕਾ ਦਿਤਾ)
– ਬਸੰ ੪, ਅਸ ੧, ੨:੨ (1191)

ਹੋਰ ਰੂਪ:

ਚੁਆਇਆਥਾ –
“ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮ ਚੁਆਇਆਥਾ।” (ਚੋਅ ਰਿਹਾ ਹੈ)
– ਮਾਰੂ ੫, ਅਸ ੧੨, ੨:੨ (1002)

ਚੁਆਈਐ –

“ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ।” (ਚੋਈਦਾ ਹੈ)
– ਆਸਾ ੧, ੩੮, ੧:੨ (360)

ਚੁਆਵਉ –
“ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ।”
– ਕੇਦਾ ਕਬ, ੩, ੧:੨ (1123)

ਚੁਆਵੈ –
“ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰਧਾਰ ਚੁਆਵੈਗੋ।”
– ਕਾਨ ੪, ਅਸ ੧, ੩:੨ (1308)

ਚੁਐ –
“ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ।” (ਚੋਂਦੀ ਹੈ, ਟਪਕਦੀ ਹੈ)
– ਸਿਰੀ ਕਬ, ੩, ੨:੨ (92)

“ਗਗਨਿ ਰਸਾਲ ਚੁਐ ਮੇਰੀ ਭਾਠੀ।” (ਮੇਰੀ ਦਸਮ ਦੁਆਰ ਰੂਪੀ ਭੱਠੀ ਵਿਚ ਸੁੰਦਰ ਅੰਮ੍ਰਿਤ ਚੋਅ ਰਿਹਾ ਹੈ)
– ਗਉ ਕਬ, ੨੭, ੧:੧ (328)

ਚੁਈਜੈ ----- ਚੋਂਦਾ/ਟਪਕਦਾ ਹੈ
“ਨਉ ਦਰਵਾਜ ਨਵੇ ਦਰ ਫੀਕੇ ਰਸੁ ਅੰਮ੍ਰਿਤੁ ਦਸਵੇ ਚੁਈਜੈ।”
– ਕਲਿ ੪, ਅਸ ੧, ੨:੧ (1323)

ਚੁਹਕੀ ----- ਧੀਮੀ ਮਧੁਰ ਆਵਾਜ਼ ਵਿਚ ਬੋਲਣਾ, ਬੋਲਣਾ
“ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।”
– ਗਉ ੫, ਵਾਰ ੬ਸ, ੫, ੧:੧ (319)

ਚੁਕਈ ----- ਮੁਕਣਾ, ਖਤਮ ਹੋਣਾ
“ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ।”
– ਸਿਰੀ ੧, ੧੩, ੩:੩ (19)

“ਸਹਸਾ ਮੂਲਿ ਨ ਚੁਕਈ ਵਿਚਿ ਵਿਸਟਾ ਪਚੈ ਪਚਾਇ।” (ਦੂਰ ਹੋਣਾ)
– ਗੂਜ ੩, ਵਾਰ ੧੦ਸ, ੩, ੨:੫ (512)

“ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ।” (ਦੂਰ ਹੁੰਦੀ ਭਾਵ ਲਹਿੰਦੀ)
– ਵਡ ੪, ਵਾਰ ੨੧ਸ, ੩, ੧:੩ (594)

ਚੁਕਨਿ ----- ਮੁਕਦੇ, ਦੂਰ ਹੁੰਦੇ
“ਤੁਧਹੁ ਭੁਲੇਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ।”
– ਰਾਮ ੫, ਵਾਰ ੯ਸ, ੫, ੧:੨ (961)

ਚੁਕਾ ------ ਮੁਕ ਗਿਆ, ਮਿਟ ਗਿਆ
“ਚੁਕਾ ਨਿਹੋਰਾ ਸਖੀ ਸਹੇਰੀ।”
– ਆਸਾ ੫, ੫੩, ੧*:੧ (384)

ਹੋਰ ਰੂਪ:

ਚੁਕਾਇ –
“ਮਨ ਰੇ ਦੂਜਾ ਭਾਉ ਚੁਕਾਇ।” (ਦੂਰ ਕਰ)

– ਸਿਰੀ ੩, ੫੨, ੧*:੧ (33)

"ਜਿਨੀ ਇਕੁ ਪਛਾਣਿਆ ਦੂਜਾ ਭਾਉ ਚੁਕਾਇ।" (ਦੂਰ ਕਰਕੇ)

– ਸਿਰੀ ੩, ੬੨, ੩:੩ (38)

ਚੁਕਾਇਓ –

"ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ।"

– ਸੋਰ ੫, ੨੯, ੨:੧ (617)

ਚੁਕਾਇਓਨੁ –

"ਗੁਰਮੁਖਿ ਝਗੜੁ ਚੁਕਾਇਓਨੁ।" (ਮੁਕਾ ਦਿਤਾ)

– ਸੂਹੀ ੩, ਵਾਰ ੧੪:੩ (790)

ਚੁਕਾਇਆ –

"ਅਨਦਿਨੁ ਭਗਤਿ ਕਰਹਿ ਦਿਨੁ ਰਾਤੀ ਹਉਮੈ ਮੋਹੁ ਚੁਕਾਇਆ।" (ਦੂਰ ਕੀਤਾ)

– ਸਿਰੀ ੩, ਅਸ ੧੮, ੫:੨ (65)

"ਪੰਚਾ ਤੇ ਮੇਰਾ ਸੰਗੁ ਚੁਕਾਇਆ।" (ਮੁਕਾ/ਤੋੜ ਦਿਤਾ)

– ਆਸਾ ਕਬ, ੩, ੨:੨ (476)

ਚੁਕਾਇਸੀ –

"ਹੁਕਮੀ ਹੋਇ ਨਿਬੇੜੁ ਭਰਮੁ ਚੁਕਾਇਸੀ ਜੀਉ।" (ਦੂਰ ਕਰੇਗਾ)

– ਧਨਾ ੧, ਛੰਤ ੨, ੨:੨ (688)

ਚੁਕਾਇਦਾ –

"ਆਪੇ ਮੁਕਤਿ ਦਾਨੁ ਮੁਕਤੀਸਰੁ ਮਮਤਾ ਮੋਹੁ ਚੁਕਾਇਦਾ।" (ਦੂਰ ਕਰਦਾ ਹੈ)

– ਮਾਰੂ ੧, ਸੋਲਾ ੧੪, ੧੪:੩ (1035)

ਚੁਕਾਈ ---- ਦੂਰ ਕੀਤੀ

"ਮੇਰ ਤੇਰ ਜਬ ਇਨਹਿ ਚੁਕਾਈ।"

– ਗਉ ੫, ਅਸ ੧, ੨:੩ (235)

ਹੋਰ ਰੂਪ:

ਚੁਕਾਈਅਨੁ –

"ਦੁਬਿਧਾ ਮੈਲੁ ਚੁਕਾਈਅਨੁ ਹਰਿ ਰਾਖਿਆ ਉਰ ਧਾਰਿ।"

– ਸਿਰੀ ੩, ੫੬, ੧:੩ (35)

ਚੁਕਾਈਐ –

"ਸਤਿਗੁਰ ਸੇਵਿ ਨਿਸੰਗੁ ਭਰਮੁ ਚੁਕਾਈਐ।"

– ਮਾਝ ੧, ਵਾਰ ੧੫:੧ (145)

ਚੁਕਾਏ ----- ਦੂਰ ਕਰੇ, ਮੁਕਾਏ

"ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ।"

– ਮਾਝ ੩, ਅਸ ੨੧, ੩:੩ (121)

"ਸਤਿਗੁਰੁ ਸੇਵੇ ਭਰਮੁ ਚੁਕਾਏ।" (ਦੂਰ ਕਰਦਾ ਹੈ)

– ਬਿਲਾ ੩, ਵਾਰ ੨, ੯:੫ (843)

ਚੁਕਾਹਾ ----- ਦੂਰ ਕੀਤਾ

"ਅਨਦਿਨੁ ਨਾਮਿ ਰਤਾ ਦਿਨੁ ਰਾਤੀ ਮਾਇਆ ਮੋਹੁ ਚੁਕਾਹਾ ਹੇ।"

– ਮਾਰੂ ੩, ਸੋਲਾ ੧੩, ੮:੩ (1057)

ਹੋਰ ਰੂਪ:

ਚੁਕਾਹੀ –
"ਬਾਬਾ ਤੂੰ ਐਸੇ ਭਰਮੁ ਚੁਕਾਹੀ।"
– ਗਉ ੩, ੩੫, ੧*:੧ (162)

ਚੁਕਾਵਹਿਗੇ -- ਦੂਰ ਹੋਣਗੇ
"ਜਬ ਚੂਕੈ ਪੰਚ ਧਾਤੁ ਕੀ ਰਚਨਾ ਐਸੇ ਭਰਮੁ ਚੁਕਾਵਹਿਗੇ।"
– ਮਾਰੂ ਕਬ, ੪, ੨:੧ (1103)

ਚੁਕਾਵਹੁ ---- ਦੂਰ ਕਰੋ
"ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ।"
– ਰਾਮ ੫, ੨, ੩:੧ (883)

ਹੋਰ ਰੂਪ:

ਚੁਕਾਵਹੇ –
"ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ।" (ਦੂਰ ਕਰੇ)
– ਵਡ ੧, ਛੰਤ ੨, ੫:੫ (567)

ਚੁਕਾਵਣਿਆ – ਦੂਰ ਕਰ ਲੈਂਦਾ ਹੈ
"ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ।"
– ਮਾਝ ੩, ਅਸ ੨, ੧:੩ (110)

ਚੁਕਾਵੈ ----- ਦੂਰ ਕਰੇ
"ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।"
– ਮਾਝ ੧, ਵਾਰ ੮ਸ, ੧, ੧:੩ (141)
"ਹਿੰਸਾ ਮਮਤਾ ਮੋਹੁ ਚੁਕਾਵੈ।" (ਛਡ ਦੇਵੇ)
– ਬਿਲਾ ੧, ਥਿਤੀ ੧੩:੨ (840)

ਹੋਰ ਰੂਪ:

ਚੁਕਾਵੈਗੋ –
"ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ।" (ਦੂਰ ਕਰੇਗਾ)
– ਕਾਨ ੪, ਅਸ ੨, ੬:੨ (1309)

ਚੁਕਿ ------ ਉਕ ਕੇ, ਭੁਲੇਖੇ ਕਰਕੇ, ਖੁੰਝ ਕੇ
"ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ।"
– ਆਸਾ ੪, ਛੰਤ ੧੯, ੧:੨ (450)

(2) ਮੁਕ ਗਿਆ, ਦੂਰ ਹੋ ਗਿਆ
"ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ।"
– ਸੋਰ ੪, ਵਾਰ ੩ਸ, ੩, ੧:੭ (643)

ਚੁਕਿਹਿ ----- ਦੂਰ ਹੋ ਜਾਂਦਾ ਹੈ
"ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ।"
– ਸਵ ੩, ੧੪:੪ (1394)

ਚੁਕੀ ------ ਉਕੀ, ਖੁੰਝੀ
“ਜੇ ਭੁਲੀ ਜੇ ਚੁਕੀ ਸਾਂਈ ਭੀ ਤਹਿੰਜੀ ਕਾਢੀਆ।”
– ਸੂਹੀ ੫, ਅਸ ੪, ੧:੧ (761)

ਹੋਰ ਰੂਪ:

ਚੁਕੇ –
“ਓਇ ਬੋਲੇ ਕਿਸੈ ਨ ਭਾਵਨੀ ਮੁਹ ਕਾਲੇ ਸਤਿਗੁਰ ਤੇ ਚੁਕੇ।” (ਭੁਲੇ ਹੋਏ ਭਾਵ ਵਿਛੜੇ ਹੋਏ)
– ਗਉ ੪, ਵਾਰ ੮:੫ (304)

(2) ਮੁਕ ਗਈ, ਦੂਰ ਹੋ ਗਈ
“ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ ਮੁਹਤਾਈਐ।”
– ਸਾਰ ੫, ੪੯, ੨:੨ (1214)

ਹੋਰ ਰੂਪ:

ਚੁਕੇ –
“ਦਇਆ ਧਾਰੀ ਸਮਰਥਿ ਚੁਕੇ ਬਿਲ ਬਿਲਾਪ।”
– ਗੂਜ ੫, ਵਾਰ ੧੩:੩ (521)

ਚੁਕੈ –
“ਸਹਸਾ ਮੂਲਿ ਨ ਚੁਕੈ ਵਿਕਾਰਾ।” (ਮੁਕੇ, ਦੂਰ ਹੋਵੇ)
– ਮਾਰੂ ੩, ਸੋਲਾ ੧੮, ੯:੨ (1062)

ਚੁਖ ------- (1) ਟੁਕੜਾ, ਖੰਡ
“ਨਾਨਕ ਤਾ ਕਾ ਦਾਸੁ ਹੈ ਬਿੰਦ ਬਿੰਦ ਚੁਖ ਚੁਖ ਹੋਇ।”
– ਧਨਾ ੧, ੧, ੪:੨ (660)

(2) ਥੋੜਾ, ਤਨਿਕ
“ਚੁਖ ਚੁਖ ਲੇ ਗਏ ਬਾਂਢੇ ਬਾਟਿ।”
– ਭੈਰ ੫, ੪, ੩:੨ (1136)

(3) ਰਤੀ ਕੁ, ਥੋੜਾ
“ਨਾਨਕ ਚਸਿਅਹੁ ਚੁਖ ਬਿੰਦ ਉਪਰਿ ਆਖਣੁ ਦੋਸੁ।”
– ਸਾਰ ੪, ਵਾਰ ੧੦ਸ, ੧, ੨:੪ (1241)
“ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।”
– ਸਲੋ ਫਰ, ੭੬:੧ (1381)

ਹੋਰ ਰੂਪ:

ਚੁਖਾ –
“ਤੇ ਸੰਤ ਭਲੇ ਗੁਰਸਿਖ ਹੈ ਜਿਨ ਨਾਹੀ ਚਿੰਤ ਪਰਾਈ ਚੁਖਾ।” (ਰਤੀ ਵੀ)
– ਵਡ ੪, ਵਾਰ ੬:੪ (588)

ਚੁਗਹਿ ----- ਚੁਣਦੇ ਹਨ, ਪੰਛੀਆਂ ਦਾ ਚੁੰਜ ਨਾਲ ਦਾਣੇ/ਚੋਗ ਚੁਗਣਾ
“ਸੰਤ ਚੁਗਹਿ ਨਿਤ ਗੁਰਮੁਖਿ ਹੋਈ।” (ਗੁਰਮੁਖ ਹੰਸ ਬਣ ਨਿਰਮਲ ਸਾਗਰ ਤੋਂ ਨਾਮ ਰੂਪੀ ਮੋਤੀ ਚੁਣਦੇ ਹਨ)
– ਮਾਝ ੩, ਅਸ ੩੨, ੪:੨ (128)

“ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ।”
– ਧਨਾ ੧, ਅਸ ੧, ੧:੨ (685)

ਚੁਗਣਾ ----- ਚੁਣਨਾ ਭਾਵ ਖਾਣਾ
“ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ।”
– ਰਾਮ ੫, ਵਾਰ ੭ਸ, ੫, ੧:੮ (960)

ਹੋਰ ਰੂਪ:

ਚੁਗਣੁ –
“ਅਧੁ ਗੁਲ੍ਹਾ ਚਿੜੀ ਕਾ ਚੁਗਣੁ ਗੈਣਿ ਚਿੜੀ ਬਿਲਲਾਇ।” (ਖਾਣਾ, ਖੁਰਾਕ)
– ਮਲਾ ੧, ਵਾਰ ੧੯ਸ, ੧, ੨:੫ (1286)

ਚੁਗਦੇ ----- ਚੁਣਦੇ ਭਾਵ ਭਾਲ ਕੇ ਚੁੰਜ ਨਾਲ ਚੁਕ ਚੁਕ ਕੇ ਖਾਂਦੇ
“ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ।”
– ਸਿਰੀ ੧, ਅਸ ੧੧, ੮:੧ (60)

ਚੁਗਨਿ ----- ਚੁੰਜ ਨਾਲ ਚੁਣ ਕੇ ਖਾਂਦੇ ਹਨ
“ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ।”
– ਸਲੋ ਫਰ, ੧੦੧:੨ (1383)

ਚੁਗਲ ----- (ਫਾ. ਚੁਗਲ) ਪਿੱਠ ਪਿਛੇ ਨਿੰਦਾ/ਬੁਰਾਈ ਕਰਨ ਵਾਲਾ
“ਹਰਿ ਕੀ ਵਡਿਆਈ ਵਡੀ ਹੈ ਜਾ ਨ ਸੁਣਦੀ ਕਹਿਆ ਚੁਗਲ ਕਾ।”
– ਸਿਰੀ ੪, ਵਾਰ ੬:੪ (84)

ਚੁਗਲੀ ----- ਪਿੱਠ ਪਿਛੇ ਕੀਤੀ ਬੁਰਾਈ, ਨਿੰਦਾ
“ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ।”
– ਗਉ ੪, ਵਾਰ ੧੨ਸ, ੪, ੧:੩ (306)

ਚੁਗਲੋ ----- ਚੁਗਲ ਕਰਕੇ
“ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ।”
– ਗਉ ੪, ਵਾਰ ੧੫ਸ, ੪, ੧:੩ (308)

ਚੁਗਾਇਦਾ --- ਚੁਗਾਉਂਦਾ ਹੈ
“ਗੁਰਮੁਖਿ ਸਹਜਿ ਰਵੈ ਗੁਣ ਗਾਵੈ ਹਰਿ ਰਸੁ ਚੋਗ ਚੁਗਾਇਦਾ।”
– ਮਾਰੂ ੧, ਸੋਲਾ ੧੩, ੭:੩ (1033)

ਚੁਗਾਵੈ ----- ਚੁਗਾਉਂਦਾ ਹੈ
“ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।”
– ਗੂਜ ੫, ਸੋਦ ੫, ੩:੧ (10)

ਚੁਗਿ ------ ਚੁਣ ਕੇ, ਚੁੰਝ ਨਾਲ ਚੁਕ ਕੇ
“ਕਬੀਰ ਚੁਗੈ ਚਿਤਾਰੈ ਭੀ ਚੁਗੈ ਚੁਗਿ ਚੁਗਿ ਚਿਤਾਰੇ।”
– ਸਲੋ ਕਬ, ੧੨੩:੧ (1371)

ਚੁਗੈ ------- ਚੁਗ ਕੇ

“ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ।”
- ਸਿਰੀ ੩, ੨੦, ੧:੧ (66)

ਚੁੰਙਿਆ ---- ਜੋਗ ਮਤ ਅਨੁਸਾਰ ਖਿੱਚ ਕੇ ਬਾਹਰ ਕੱਢਣ ਵਾਲੀ ਨਾਲ, ਪਿੰਗਲਾ (ਖਬੀ) ਸੁਰ ਰੂਪ ਨਾੜੀ
“ਭਾਠੀ ਗਗਨੁ ਸਿਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ।”
- ਸਿਰੀ ਕਬ, ੩, ੨:੧ (92)

ਚੁੰਚ ------- (ਸੰ.) ਚੁੰਜ, ਚੋਚ
“ਜੋ ਸਿਰ ਚੁੰਚ ਸਵਾਰਹਿ ਕਾਗ।”
- ਗਉ ਕਬ, ੩੫, ੧:੨ (330)

ਚੁਣਿ ------ (1) ਚੁਣ ਕੇ, ਛਾਂਟ ਕੇ, ਚੋਣ ਕਰਕੇ, ਵਖ ਕਰਕੇ
“ਬਿਨੁ ਨਾਵੈ ਚੁਣਿ ਸੁਟੀਅਹਿ ਕੋਇ ਨ ਸੰਗੀ ਸਾਥਿ।”
- ਸਿਰੀ ੧, ਅਸ ੪, ੩:੩ (55)

(2) ਚੁਗ ਕੇ, ਹੋਰ ਵੇਖੋ ‘ਚੁਨਿ’
“ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ।”
- ਮਾਝ ੧, ਵਾਰ ੫:੧ (140)

ਹੋਰ ਰੂਪ:

ਚੁਣੀਅਹਿ -
“ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ।”
- ਸੂਹੀ ੩, ਵਾਰ ੧੮ਸ, ੧, ੧:੨ (791)

ਚੁਨਤ ------ ਚੁਣਨ ਵਿਚ, ਚੋਣ ਕਰਨ ਵਿਚ (ਸ਼ਇਲਇਚਟਨਿਗ)
“ਮੇਲਤ ਚੁਨਤ ਖਿਨ ਪਲੁ ਚਸਾ ਲਾਗੈ ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ।”
- ਆਸਾ ੪, ੬੨, ੨:੨ (368)

ਚੁਨਿ ------ ਚੁਗ ਕੇ, ਭਾਵ ਇਕਠੇ ਕਰਕੇ
“ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ।”
- ਸੋਰ ਕਬ, ੩, ੨:੧ (654)

ਹੋਰ ਰੂਪ:

ਚੁਨਿਓ -
“ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀਂ ਚੁਨਿਓ ਨ ਜਾਈ।”
- ਰਾਮ ਕਬ, ੧੨, ੨:੧ (972)

ਚੁਨੀ -
“ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ।”
- ਸਲੋ ਕਬ, ੨੩੮:੧ (1377)

ਚੁਪ ------- ਖਾਮੋਸ਼ੀ, ਮੋਨ
“ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।”
- ਜਪੁ ੧, ੧:੨ (1)

“ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ।”

– ਮਾਝ ੧, ਵਾਰ ੨੪ਸ, ੧, ੨:੩ (149)

ਹੋਰ ਰੂਪ:

ਚੁਪੈ –
“ਆਖਣਿ ਜੋਰੁ ਚੁਪੈ ਨਹ ਜੋਰੁ।”
– ਜਪੁ ੧, ੩੩:੧ (7)

ਚੁਭਹਿ ----- **ਚੁਭ ਦੀਆਂ/ਖੁੜਦੀਆਂ ਹਨ**
“ਕਰੈ ਗੁਮਾਨੁ ਚੁਭਹਿ ਤਿਸੁ ਸੂਲਾ ਕੋ ਕਾਢਨ ਕਉ ਨਾਹੀ।”
– ਰਾਮ ਕਬ, ੩, ੪:੧ (969)

ਹੋਰ ਰੂਪ:

ਚੁਭੈ –
“ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ।”
– ਗਉ ੪, ਸੋਹ ੪, ੨:੨ (13)

ਚੁੰਮਾ ------ **ਚੁੰਮਦਾ/ਬੋਸਾ, ਲੈਂਦਾ ਹਾਂ**
“ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ।”
– ਆਸਾ ਫਰ, ੧, ੩:੨ (488)

ਹੋਰ ਰੂਪ:

ਚੁੰਮਿ –
“ਆਪਨੜੈ ਘਰਿ ਜਾਈਐ ਪੈਰ ਤਿਨ੍ਾ ਦੇ ਚੁੰਮਿ।” (ਬੋਸਾ ਲੈ, ਚੁੰਮ)
– ਸਲੋ ਫਰ, ੭:੨ (1378)

ਚੁਰਾਇਆ --- **ਚੋਰੀ ਕੀਤੀ**
“ਹਮ ਅਪਰਾਧ ਪਾਪ ਬਹੁ ਕੀਨੇ ਕਰਿ ਦੁਸਟੀ ਚੋਰ ਚੁਰਾਇਆ।”
– ਗਉ ੪, ੬੩, ੪:੧ (172)
“ਭਲਕੇ ਉਠਿ ਨਿਤ ਪਰ ਦਰਬੁ ਹਿਰਹਿ ਹਰਿ ਨਾਮੁ ਚੁਰਾਇਆ।” (ਲੁਕਾ ਰਖਿਆ, ਭਾਵ ਉਚਾਰਨ ਨ ਕੀਤਾ)
– ਸਾਰ ੪, ਵਾਰ ੧੭:੩ (1244)

ਹੋਰ ਰੂਪ:

ਚੋੁਰਾਏ –
“ਕਾਹੂ ਬਿਹਾਵੈ ਪਰ ਦਰਬ ਚੋੁਰਾਏ।” (ਚੁਰਾਨ ਵਿਚ)
– ਰਾਮ ੫, ਅਸ ੩, ੩:੩ (914)

ਚੁਰੂ ------- **ਚੁਲੀ ਭਰਕੇ**
“ਆਪਿ ਨ ਦੇਹਿ ਚੁਰੂ ਭਰਿ ਪਾਨੀ।”
– ਗਉ ਕਬ, ੪੪, ੨:੧ (332)

ਚੁਲੰਭੁ ----- **ਗੂੜ੍ਹੇ ਲਾਲ ਰੰਗ ਦਾ**
“ਮਨ ਤਨੁ ਹੋਇ ਚੁਲੰਭੁ ਜੇ ਸਤਿਗੁਰ ਭਾਇਆ।”
– ਸੂਹੀ ੧, ਅਸ ੩, ੧:੨ (751)

ਚੁਲੀ ------ (1) ਇਕ ਹੱਥ ਵਿਚ ਜਿਤਨਾ ਜਲ ਆ ਸਕੇ
"ਮਨਿ ਜੂਠੈ ਚੁਲੀ ਭਰੇਨਿ।"
– ਆਸਾ ੧, ਵਾਰ ੧੯ਸ, ੧, ੨:੨੦ (472)
(2) ਮੂੰਹ ਸਾਫ ਕਰਨ ਲਈ ਹੱਥ ਵਿਚ ਲਿਆ ਜਲ, ਕੁਰਲੀ
"ਆਪੇ ਜਲੁ ਆਪ ਦੇ ਛਿੰਮਾ ਆਪੇ ਚੁਲੀ ਭਰਾਵੈ।"
– ਬਿਹਾ ੪, ਵਾਰ ੬:੩ (551)

ਹੋਰ ਰੂਪ:

ਚੁਲੀਆ –
"ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ।" (ਕੁਰਲੀ)
– ਸਾਰ ੪, ਵਾਰ ੭ਸ, ੧, ੨:੧ (1240)

ਚੁਲੈ ------- (ਸੰ.) ਅੱਗ ਰੱਖਨ ਦੀ ਥਾਂ, ਭੋਜਨ ਪਕਾਉਣ ਲਈ ਜਿਥੇ ਅੱਗ ਬਾਲੀ ਦੀ ਹੈ।
"ਇਕਨੀ ਦੁਧੁ ਸਮਾਈਐ ਇਕਿ ਚੁਲੈ ਰਹਨਿ ਚੜੇ।"
– ਆਸਾ ੧, ਵਾਰ ੨੪ਸ, ੧, ੧:੨ (475)

ਚੁੰ -------- (ਫਾ. ਚੁੰ) ਜਿਵੇਂ, ਸਮਾਨ, ਤੁਲ
"ਆਖਿਰ ਬਿਅਫਤਮ ਕਸ ਨ ਦਾਰਦ ਚੁੰ ਸਵਦ ਤਕਬੀਰ।"
– ਤਿਲੰ ੧, ੧, ੨:੨ (721)

ਚੁਸਏ ----- ਚੂਸ ਲੈਂਦਾ, ਕੱਢ ਲੈਂਦਾ ਹੈ
"ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੁਸਏ।"
– ਤੁਖਾ ੧, ਛੰਤ ੨, ੧:੩ (1110)

ਹੋਰ ਰੂਪ:

ਚੂਸੀਐ –
"ਕਬੀਰ ਰਸ ਕੋ ਗਾਂਡੋ ਚੂਸੀਐ ਗੁਨ ਕਉ ਮਰੀਐ ਰੋਇ।" (ਰਸ ਮੂੰਹ ਨਾਲ ਅਥਵਾ ਹੋਰ ਸਾਧਨ ਨਾਲ ਖਿਚ ਲੈਣਾ)
– ਸਲੋ ਕਬ, ੭੧:੧ (1368)

ਚੂਹੜਾ ----- ਮਲ/ਕੂੜਾ ਹੂੰਝਨ ਅਥਵਾ ਚੁਕਣ ਵਾਲਾ
"ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।"
– ਸਿਰੀ ੧, ੪, ੧:੧ (15)

ਚੂਹੜੀ ----- ਮਲ/ਕੂੜਾ ਹੂੰਝਨ ਅਥਵਾ ਚੁਕਣ ਵਾਲੀ ਇਸਤ੍ਰੀ, ਚੂਹੜੇ ਦਾ 'ਇਸਤ੍ਰੀ' ਲਿੰਗ'
"ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।"
– ਸਿਰੀ ੪, ਵਾਰ ੨੦ਸ, ੧, ੧:੧ (91)

ਚੂਹਾ ------ ਮੂਸਾ, ਪੂਛਲ ਵਾਲਾ ਇਕ ਛੋਟਾ
"ਜੀਵ ਜੋ ਘਰਾਂ ਤੇ ਖੇਤਾਂ ਵਿਚ ਅਨਾਜ ਖਾਂਦਾ ਅਥਵਾ ਖਰਾਬ ਕਰਦਾ ਹੈ
"ਜਮੁ ਚੂਹਾ ਕਿਰਸ ਨਿਤ ਕੁਰਕਦਾ ਹਰਿ ਕਰਤੈ ਮਾਰਿ ਕਢਾਇਆ।"
– ਗਉ ੪, ਵਾਰ ੯ਸ, ੪, ੧:੫ (304)

ਚੂਕ ------- (1) ਭੁੱਲ, ਖਤਾ, ਉਕਾਈ
"ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ।"
(ਭੂਲਾਂ ਚੁਕਾਂ ਅਣਡਿਠ ਕਰ, ਮਿਹਰ ਕਰੋ)
–ਗਉ ੪, ੫੯, ੪:੨ (171)

(ਭੂਲ ਚੁਕ ਗੁਰੂ ਗ੍ਰੰਥ ਸਾਹਿਬ ਵਿਚ ਸਿਵਾਏ ਕਬੀਰ ਜੀ ਦੇ ਇਹ ਸਲੋਕਾਂ ਦੀ ਬਾਕੀ ਹਰ ਥਾਂ ਇਕੱਠਾ ਹੀ ਆਇਆ ਹੈ ਅਤੇ ਉਥੇ ਇਸ ਦੇ ਅਰਥ 'ਘਾਟ, 'ਕਸਰ' ਦੇ ਹਨ)

(2) ਘਾਟ, ਕਸਰ
"ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ।"
– ਸਲੋ ਕਬ, ੧੫੮:੧ (1372)

ਚੂਕਈ ----- ਮੁਕਦਾ, ਖਤਮ ਹੁੰਦਾ
"ਬਿਨੁ ਸਬਦੈ ਭਰਮੁ ਨ ਚੂਕਈ ਨਾ ਵਿਚਹੁ ਹਉਮੈ ਜਾਇ।"
– ਸਿਰੀ ੩, ਅਸ ੨੧, ੬:੩ (67)
"ਜੰਮਣੁ ਮਰਣੁ ਨ ਚੂਕਈ ਫਿਰਿ ਫਿਰਿ ਆਵੈ ਜਾਇ।"
– ਸਿਰੀ ੩, ਅਸ ੨੩, ੫:੩ (68)
"ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ।" (ਟੁਟਦਾ)
– ਗਉ ੧, ਅਸ ੧੭, ੮:੨ (229)
"ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ।" (ਦੂਰ ਹੁੰਦੀ)
– ਸੋਰ ੧, ਅਸ ੨, ੨:੨ (635)

ਚੂਕਸਿ ----- ਮੁਕਦਾ/ਦੂਰ ਹੁੰਦਾ ਹੈ
"ਸਬਦੁ ਵੀਚਾਰੈ ਚੂਕਸਿ ਸੋਗਾ।"
– ਰਾਮ ੧, ਅਸ ੨, ੭:੨ (903)

ਚੂਕਹ ------ ਖੁੰਝੇ ਹੋਏ
"ਤੁਝ ਬਿਨੁ ਦੂਜਾ ਅਵਰੁ ਨ ਕੋਈ ਭੂਲਹ ਚੂਕਹ ਪ੍ਰਭ ਤੇਰੇ।"
– ਰਾਮ ੫, ੩੭, ੧*:੨ (894)

ਚੂਕਹਿ ----- (1) ਮੁਕ ਜਾਣ, ਦੂਰ ਹੋਣ
"ਕਬੀਰ ਰਮਈਆ ਕੰਠਿ ਮਿਲੁ ਚੂਕਹਿ ਸਰਬ ਜੰਜਾਲ।"
– ਸਲੋ ਕਬ, ੮੨:੨ (1368)

(2) ਖੁੰਝੀਂ
"ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ।"
– ਸਵ ੫, ਮਥੁ ੫:੩ (1409)

ਚੂਕਾ ------ (1) ਦੂਰ ਹੋਇਆ, ਮੁਕ ਗਿਆ
"ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ।"
– ਸਿਰੀ ੩, ੩੪, ੨:੨ (26)
"ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ।" (ਰਹਿ ਗਿਆ)
– ਪ੍ਰਭਾ ੫, ਅਸ ੨, ੫:੨ (1348)
"ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ।" (ਰਹਿ ਗਿਆ)

– ਪ੍ਰਭਾ ਕਬ, ੪, ੪:੨ (1350)

(2) ਹਟਿਆ, ਦੂਰ ਹੋਇਆ
“ਚੂਕਾ ਪੜਦਾ ਤਾਂ ਨਦਰੀ ਆਇਆ।”
– ਭੈਰ ੫, ੨੩, ੨:੩ (1141)

ਚੂਕਿ ------ (1) ਮੁਕ, ਖਤਮ ਹੋ
“ਚੂਕਿ ਗਈ ਫਿਰਿ ਆਵਨ ਜਾਨੀ।”
– ਗਉ ਕਬ, ੬੧, ੩:੨ (337)

(2) ਸਮਾਪਤ ਹੋ ਗਿਆ
“ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ।”
– ਮਲਾ ੩, ੧, ੪:੩ (1258)

ਚੂਕਿਆ ---- ਰਹਿ ਗਿਆ, ਉਕ ਗਿਆ ਭਾਵ ਹਥੋ ਗੰਵਾ ਲਿਆ
“ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ।”
– ਬਿਲਾ ੫, ੩੮, ੩:੨ (810)

ਚੂਕੀ ------ (1) ਮੁੱਕ ਗਈ
“ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ।”
– ਮਾਝ ੫, ੧੦, ੩:੩ (97)

(2) ਦੂਰ ਹੋ ਗਈ
“ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ।”
– ਗਉ ੧, ਅਸ ੧੫, ੬:੩ (227)

ਚੂਕੀਅਲੇ --- ਦੂਰ ਹੋਇਆ ਹੈ
“ਚੂਕੀਅਲੇ ਮੋਹ ਮਇਆਸਾ।” (ਮਾਇਆ ਮੋਹ ਦੂਰ ਹੋਇਆ ਹੈ)
– ਰਾਮ ਕਬ, ੧੦, ੩:੧ (972)

ਚੂਕੇ ------- (1) ਮੁਕ ਗਏ
“ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ।”
– ਗਉ ੪, ੪੯, ੪:੩ (167)

ਹੋਰ ਰੂਪ:

ਚੂਕੈ –
“ਦੇਦਾ ਰਹੈ ਨ ਚੂਕੈ ਭੋਗੁ।” (ਮੁਕਦਾ)
– ਆਸਾ ੧, ਸੋਦ ੩, ੩:੨ (9)
“ਗੁਰ ਮਿਲਿਐ ਨਾਮੁ ਪਾਈਐ ਚੂਕੈ ਮੋਹ ਪਿਆਸ।” (ਮੁੱਕ ਜਾਏ)
– ਸਿਰੀ ੩, ੩੪, ੪:੧ (26)
“ਗੁਰਮੁਖਿ ਹਉਮੈ ਚੂਕੈ ਪੀਰ।” (ਮੁੱਕ ਜਾਂਦੀ ਹੈ)
– ਮਾਝ ੩, ਅਸ ੨੬, ੪:੨ (124)
“ਨਾਨਕ ਮਾਇਆ ਕਾ ਦੁਖੁ ਤਦੇ ਚੂਕੈ ਜਾ ਗੁਰ ਸਬਦੀ ਚਿਤੁ ਲਾਏ।” (ਮਿਟਦਾ ਹੈ)
– ਗਉ ੩, ਛੰਤ ੫, ੩:੬ (247)
“ਪੇਖਿਓ ਪ੍ਰਭ ਜੀਉ ਅਪੁਨੇ ਸੰਗੇ ਚੂਕੈ ਭੀਤਿ ਭ੍ਰਮਾਰੀ।” (ਹੱਟ ਜਾਂਦੀ ਹੈ)
ਸੋਰ ੫, ੨੮, ੩:੧ (616)

ਚੂਕੋ –
“ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ।”
– ਗਉ ੫, ੧੨੮*, ੩:੨ (207)

(2) ਰਹਿ ਗਏ, ਹਟ ਗਏ
“ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ।”
– ਗਉ ੫, ੧੬੧, ੧:੨ (215)

(3) ਖੁੰਝੇ, ਘੁਥੇ
“ਭੂਲੇ ਚੂਕੇ ਮਾਰਗਿ ਪਾਵਹਿ।”
– ਮਾਰੂ ੧, ਸੋਲਾ ੨, ੮:੧ (1021)

ਹੋਰ ਰੂਪ:

ਚੂਕੈ –
“ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ।”
– ਮਾਰੂ ੫, ਸੋਲਾ ੫, ੨:੩ (1075)

ਚੂਗਹਿ ----- ਚੁਗਹਿ, ਚੁੰਜ ਨਾਲ ਚੁਣ ਕੇ ਖਾਵੇ
“ਊਜਲ ਮੋਤੀ ਚੂਗਹਿ ਹੰਸ।”
– ਆਸਾ ੧, ੧੨, ੧:੩ (352)

ਚੂਘੈ ------ ਚੁੰਘਦੀ ਹੈ ਥਨਾਂ ਨੂੰ ਮੂੰਹ ਨਾਲ ਚੂਸ ਕੇ ਰਸ ਪੀਂਦੀ ਹੈ
“ਲੇਲੇ ਕਉ ਚੂਘੈ ਨਿਤ ਭੇਡ।”
– ਗਉ ਕਬ, ੧੪, ੩:੨ (326)

ਚੂੰਡਿ ------ ਚੁੰਜ ਅਥਵਾ ਨਹੁੰਆਂ ਨਾਲ ਨੋਚਨਾ
“ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ।”
– ਸਲੋ ਫਰ, ੯੨:੧ (1382)

ਚੂਨ ------- ਆਟਾ
“ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ।”
– ਸਲੋ ਕਬ, ੫੭:੧ (1367)

ਚੂਨੜੀ ----- ਚੁੰਘਣ ਵਾਲੀ
“ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ।”
– ਮਾਰੂ ੩, ਵਾਰ ੧੫ਸ, ੧, ੨:੪ (1091)

ਚੂਨਾ ------ ਆਟਾ
“ਦੁਇ ਸੇਰ ਮਾਂਗਉ ਚੂਨਾ।”
– ਸੋਰ ਕਬ, ੧੧, ੨:੧ (656)

ਹੋਰ ਰੂਪ:

ਚੂਨਾਂ –
“ਕਬੀਰ ਹਰਦੀ ਪੀਅਰੀ ਚੂਨਾਂ ਊਜਲ ਭਾਇ।”
– ਸਲੋ ਕਬ, ੫੬:੧ (1367)

ਚੂਨੁ –

“ਚਾਕੀ ਚਾਟਹਿ ਚੂਨੁ ਖਾਹਿ।”
– ਬਸੰ ਕਬ, ੧, ੨:੧ (1196)

ਚੂਪ ------- ਚੁਪ, ਮੌਨ
“ਸਹਜੇ ਚੂਪ ਸਹਜੇ ਹੀ ਜਪਨਾ।”
– ਗਉ ੫, ਅਸ ੩, ੩:੪ (236)

ਹੋਰ ਰੂਪ:

ਚੂਪੀ –
“ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ।” (ਚੁਪ ਰਹਿਣ ਨਾਲ)
– ਆਸਾ ੫, ੪੪, ੩:੧ (381)

ਚੂਰਾ ------ ਚੂਰਮਾ
“ਅਖੰਡ ਕੀਰਤਨੁ ਤਿਨਿ ਭੋਜਨੁ ਚੂਰਾ।”
– ਗਉ ੫, ਅਸ ੨, ੮:੩ (236)

ਚੂਰੁ ------- ਚੂਰਣ ਦਾ ਸੰਖੇਪ/ਮਹਾਨਕੋਸ਼ ਟੋਟੋ ਟੋਟੇ ਹੋ ਜਾਂਦਾ ਹੈ ਭਾਵ ਤਬਾਹ ਹੋ ਜਾਂਦਾ ਹੈ (ਦਰਪਣ)
“ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ।” (ਚੂਰਣ ਬਣ ਜਾਂਦਾ ਹੈ)
– ਰਾਮ ਬਸ, ਵਾਰ ੫:੭ (967)

ਚੂਰੇ ------- ਚੂਰਾ ਕਰੇ, ਮਾਰੇ ਭਾਵ ਵਸ ਕਰੇ
“ਮਨ ਚੂਰੇ ਖਟੁ ਦਰਸਨ ਜਾਣੁ।”
– ਆਸਾ ੧, ੧੧, ੧*:੧ (352)

“ਕਹਤ ਕਬੀਰ ਪੰਚ ਜੋ ਚੂਰੇ।” (ਮਾਰੇ, ਕਾਬੂ ਕਰੇ)
– ਆਸਾ ਕਬ, ੧੧, ੪:੧ (478)

ਚੂਲ੍ਹੇ ------- ਚੁਲੇ, ਅੱਗ ਬਾਲਣ ਲਈ ਬਣਾਇਆ ਸਥਾਨ
“ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ।”
– ਆਸਾ ਕਬ, ੨, ੨:੨ (476)

ਚੂੜਾ ------ ਸ਼ਗਨਾਂ ਵਾਲੀਆਂ ਲਾਲ ਵੰਗਾਂ ਦਾ ਸਮੂੰਹ
“ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।”
– ਵਡ ੧, ੩, ੧:੫ (557)

ਚੂੜੀਆ ---- ਵੰਗਾਂ
“ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ।”
– ਵਡ ੧, ੩, ੧:੭ (558)

ਚੇ -------- (1) ਦੇ
“ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ।”
– ਗੂਜ ਨਾਮ, ੨, ੩:੨ (525)

(2) ਤਾਂ (ਮਹਾਨਕੋਸ਼); ਵਰਗਾ (ਦਰਪਣ)
“ਤੁਮ੍ ਚੇ ਪਾਰਸੁ ਹਮ ਚੇ ਲੋਹਾ ਸੰਗੇ ਕੰਚਨੁ ਭੈਇਲਾ।”
– ਪ੍ਰਭਾ ਨਾਮ, ੨, ੩:੧ (1351)

ਚੇਟਕ ------ ਕੌਤਕ, ਤਮਾਸ਼ਾ
"ਕਿ ਨਹੀ ਸਿਧ ਬਹੁ ਚੇਟਕ ਲਾਏ।" (ਜਾਦੂ ਵਾਲੇ ਤਮਾਸ਼ੇ)
- ਰਾਮ ੫, ਅਸ ੧, ੬:੧ (913)

ਹੋਰ ਰੂਪ:

ਚੇਟਕਈਆ –
"ਆਸਣ ਸਿਧ ਸਿਖਹਿ ਬਹੁਤੇਰੇ ਮਨਿ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ।"
- ਬਿਲਾ ੪, ਅਸ ੪, ੫:੧ (835)

ਚੇਤ ------- (1) ਯਾਦ ਕਰ, ਸਮਰਣ ਕਰ
"ਮਨ ਅਪੁਨੇ ਮਹਿ ਫਿਰਿ ਫਿਰਿ ਚੇਤ।"
- ਗਉ ੫, ਅਸ ੬, ੪:੧ (238)

ਹੋਰ ਰੂਪ:

ਚੇਤਈ –
"ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ।"
- ਸਿਰੀ ੩, ੪੭, ੩:੨ (32)

ਚੇਤਸਿ –
"ਮਨ ਏਕੁ ਨ ਚੇਤਸਿ ਮੂੜ ਮਨਾ।" (ਸਿਮਰਦਾ, ਯਾਦ ਕਰਦਾ)
- ਆਸਾ ੧, ਸੋਪੁ ੩, ੧*:੧ (12)
"ਤੂ ਅਜਹੁ ਨ ਚੇਤਸਿ ਚੇਰੀ।" (ਸੋਚ ਦੀ)
- ਸੋਰ ਕਬ, ੫, ੨:੩ (655)

ਚੇਤਹਿ –
"ਨਾਮੁ ਨ ਚੇਤਹਿ ਉਪਾਵਣਹਾਰਾ।"
- ਗਉ ੩, ਅਸ ੬, ੨:੨ (232)

ਚੇਤਹੁ –
"ਕਹੁ ਨਾਨਕ ਪ੍ਰਾਣੀ ਤੀਜੈ ਪਹਰੈ ਪ੍ਰਭੁ ਚੇਤਹੁ ਲਿਵ ਲਾਇ।"
- ਸਿਰੀ ੧, ਪਹ ੨, ੩:੬ (76)

ਚੇਤਤ –
"ਚੇਤਤ ਚੇਤਤ ਨਿਕਸਿਓ ਨੀਰੁ।"
- ਗਉ ਕਬ, ੨੪, ੩:੧ (328)

(2) ਚੇਤੰਨ –
"ਰੇ ਚਿਤ ਚੇਤਿ ਚੇਤ ਅਚੇਤ।" (ਚੇਤੰਨ ਤੋਂ 'ਅਚੇਤ' ਹੋਏ ਹੇ ਮਨ)
- ਕੇਦਾ ਰਵਿ, ੧, ੧*:੧ (1124)

ਚੇਤਨੰ ------ ਖਬਰਦਾਰ, ਚੇਤਨ, ਸਾਵਧਾਨ
"ਨਿਵੰਤਿ ਹੋਵੰਤਿ ਮਿਥਿਆ ਚੇਤਨੰ ਸਤਿ ਸ੍ਵਜਨਹ।"
- ਸਸ ੫, ੬੦:੨ (1359)

ਚੇਤਨਹ ----- ਸਾਵਧਾਨ, ਸੁਚੇਤ
"ਸ੍ਰਿਜੰਤ ਰਤਨ ਜਨਮ ਚਤੁਰ ਚੇਤਨਹ।"
- ਸਸ ੫, ੨੩:੩ (1356)

ਚੇਤਨਾ ----- ਸਿਮਰਣਾ, ਯਾਦ ਕਰਨਾ

“ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ।”

– ਤਿਲੰ ੯, ੧, ੧*:੧ (726)

ਹੋਰ ਰੂਪ:

ਚੇਤਨੀ –

“ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ।” (ਯਾਦ ਕਰਦੇ)

– ਆਸਾ ੧, ਵਾਰ ੧ਸ, ੧, ੩:੧ (463)

ਚੇਤਨੁ ------ ਸੁਚੇਤ, ਸਾਵਧਾਨ

“ਚਿਰੁ ਜੀਵਨੁ ਚੇਤਨੁ ਨਿਤ ਨੀਤ।”

– ਰਾਮ ੧, ਓਅੰ ੨੩:੪ (932)

ਹੋਰ ਰੂਪ:

ਚੇਤੰਨੁ –

“ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ।”

– ਬਿਹਾ ੪, ਵਾਰ ੧੯ਸ, ੩, ੧:੩ (556)

ਚੇਤਵਿਆ --- ਚੇਤੇ, ਯਾਦ ਕੀਤਾ

“ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ।”

– ਆਸਾ ੧, ਪਟੀ ੨੮:੧ (434)

ਚੇਤਾ ------ (1) ਯਾਦ

“ਚੇਤਾ ਈ ਤਾਂ ਚੇਤਿ ਸਾਹਿਬੁ ਸਚਾ ਸੋ ਧਣੀ।”

– ਗਉ ੫, ਵਾਰ ੨ਸ, ੫, ੧:੧ (318)

(2) ਚੇਤਦਾ/ਸਿਮਰਦਾ ਹਾਂ

“ਹਰਿ ਨਾਮੁ ਚੇਤਾ ਅਵਰੁ ਨ ਪੂਜਾ।”

– ਮਾਰੂ ੩, ਸੋਲਾ ੫, ੭:੧ (1048)

ਹੋਰ ਰੂਪ:

ਚੇਤਾਇ –

“ਹਰਿ ਹਰਿ ਨਾਮੁ ਚੇਤਾਇ ਗੁਰ ਹਰਿ ਮਾਰਗਿ ਚਾਲੀ।” (ਸਿਮਰਾਓ)

– ਆਸਾ ੪, ਛੰਤ ੧੬, ੨:੨ (449)

ਚੇਤਾਇਆ –

“ਹਰਿ ਦਇਆ ਧਾਰਿ ਪ੍ਰਭ ਬੇਨਤੀ ਹਰਿ ਹਰਿ ਚੇਤਾਇਆ।”

– ਗਉ ੩, ੩੮, ੪:੩ (163)

ਚੇਤਾਏ –

“ਸੋ ਚੇਤੇ ਜਿਸੁ ਆਪਿ ਚੇਤਾਏ।”

– ਮਾਰੂ ੩, ਸੋਲਾ ੨੧, ੯:੧ (1065)

(3) ਸਿਮਰਨ

“ਹਲੁ ਹਲੇਮੀ ਹਾਲੀ ਚਿਤੁ ਚੇਤਾ ਵਤੂ ਵਖਤ ਸੰਜੋਗੁ।”

– ਰਾਮ ੩, ਵਾਰ ੧੭ਸ, ੧, ੨:੨ (955)

ਚੇਤਾਵਨੀ ---- ਯਾਦ ਦਹਾਨੀ ਭੁਲ ਗਈ, ਚੇਤੇ ਕਰਵਾਉਣ ਦੀ ਕਿਰਿਆ
"ਕਬੀਰ ਇਹ ਚੇਤਾਵਨੀ ਮਤ ਸਹਸਾ ਰਹਿ ਜਾਇ।"
– ਸਲੋ ਕਬ, ੪੪:੧ (1366)

ਚੇਤਾਵੈ ----- ਸਿਮਰਾਵੇ, ਯਾਦ ਕਰਵਾਏ
"ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ।"
– ਬਿਲਾ ੩, ਅਸ ੧, ੧*:੨ (832)

ਚੇਤਿ ------ (1) ਸਿਮਰ, ਯਾਦ ਕਰ
"ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ।"
– ਸਿਰੀ ੩, ੫੪, ੧*:੧ (34)
"ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ।"
– ਸਿਰੀ ੧, ਪਹ ੨, ੧:੬ (75)

ਹੋਰ ਰੂਪ:

ਚੇਤਿਓ –
"ਜਿਨਿ ਹਰਿ ਹਰਿ ਨਾਮੁ ਨ ਚੇਤਿਓ ਸੁ ਅਉਗੁਣਿ ਆਵੈ ਜਾਇ।" (ਸਿਮਰਿਆ)
– ਸਿਰੀ ੧, ੨੨, ੩:੨ (22)

ਚੇਤਿਆ –
"ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ।"
– ਗਉ ਕਬ, ੪੫, ੪:੨ (332)

(2) ਯਾਦ ਰੱਖ, ਚੇਤੇ ਰੱਖ
"ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ।"
– ਸਿਰੀ ੧, ਪਹ ੧, ੨:੪ (75)

(3) ਬਿਕਰਮੀ ਸੰਮਤ ਦਾ ਪਹਿਲਾ ਮਹੀਨਾ
"ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ।"
– ਮਾਝ ੫, ਬਾਰਾ ੨:੧ (133)
"ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜਲੀਆਂ।"
– ਆਸਾ ਫਰ, ੨, ੬:੧ (488)

(4) ਸੋਚ ਕੇ, ਵਿਚਾਰ ਕੇ
"ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ।"
– ਆਸਾ ਕਬ, ੨੩, ੩:੨ (482)
"ਚੇਤਿ ਸੁਚੇਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ।" (ਯਾਦ ਕਰ/ਵਿਚਾਰ ਕੇ)
– ਗਉ ਕਬ, ੭੩, ੨:੨ (339)

ਚੇਤੀਅਲੇ --- ਸਿਮਰੋ
"ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ।"
– ਆਸਾ ਨਾਮ, ੫, ੧:੨ (486)

ਚੇਤੀਐ ----- ਸਿਮਰੀਏ
"ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ।"
– ਆਸਾ ੧, ਅਸ ੧੧, ੫:੧ (417)

ਚੇਤੁ ------- (1) ਚਿਤ, ਇਰਾਦਾ
“ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾਂ ਜਮਿ ਪਕੜਿ ਚਲਾਇਆ।”
– ਸਿਰੀ ੧, ਪਹ ੧, ੪:੩ (75)
(2) ਯਾਦ ਰੱਖ, ਸਮਝ
“ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ।”
– ਸਿਰੀ ੪, ਵਾਰ ੫:੨ (84)
(3) ਬਿਕਰਮੀ ਸੰਮਤ ਦਾ ਪਹਿਲਾ ਮਹੀਨਾ
“ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਆ ਰੁਤੇ।”
– ਆਸਾ ੪, ਛੰਤ ੨੧, ੪:੧ (452)

ਚੇਤੂ ------- ਚਿਤਰ ਗੁਪਤ
“ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ।”
– ਮਾਰੂ ਕਬ, ੭, ੧*:੨ (1104)

ਚੇਤੇ ------- (1) ਯਾਦ ਕਰੇ, ਚੇਤੇ ਰਖੇ
“ਪੇਈਅੜੈ ਪਿਰੁ ਚੇਤੇ ਨਾਹੀ।”
– ਮਾਝ ੩, ਅਸ ੨੯, ੬:੧ (127)
“ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ।” (ਚੇਤੇ/ਯਾਦ ਵਿਚ)
– ਸਲੋ ਫਰ, ੯੯:੪ (1383)
(2) ਸਿਮਰੇ
“ਏਕੋ ਨਾਮੁ ਚੇਤੇ ਵਿਚਹੁ ਭਰਮੁ ਚੁਕਾਏ।”
– ਗਉ ੩, ੩੧, ੪:੨ (161)

ਹੋਰ ਰੂਪ:

ਚੇਤੈ –
“ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ।” (ਸਿਮਰੇ)
– ਸਿਰੀ ੩, ੩੭, ੪:੧ (28)

ਚੇਰਾ ------ ਨੌਕਰ, ਚੇਲਾ, ਦਾਸ
“ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ।”
– ਗਉ ੫, ਸੁਖ ੨੧, ੫:੮ (291)

ਚੇਰਿ ------ ਚੇਲੀ
“ਅਨਿਕ ਮਾਇਆ ਹੈ ਤਾ ਕੀ ਚੇਰਿ।”
– ਰਾਮ ੫, ੧੮, ੧:੨ (888)
“ਸਰਬ ਜੋਤਿ ਨਾਮੈ ਕੀ ਚੇਰਿ।” (ਚੇਲੀਆਂ)
– ਬਸੰ ੧, ਅਸ ੧, ੨:੪ (1187)

ਹੋਰ ਰੂਪ:

ਚੇਰੀ –
“ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ।”
– ਸਿਰੀ ੧, ਅਸ ੨, ੩:੧ (54)
“ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ।” (ਦਾਸੀ ਭਾਵ ਮਾਇਆ)

– ਗਉ ੧, ਅਸ ੧੮, ੭:੧ (229)

"ਚੇਰੀ ਤੂ ਰਾਮੁ ਨ ਕਰਸਿ ਭਤਾਰਾ।" (ਹੇ ਦਾਸੀ)

– ਸੋਰ ਕਬ, ੫, ੧*:੧ (655)

ਚੇਰੁਲੀ ----- ਨਿਮਾਣੀ ਜਿਹੀ ਦਾਸੀ/ਸੇਵਕਾ

"ਜਾ ਪ੍ਰਭੁ ਕੀ ਹਉ ਚੇਰੁਲੀ ਸੋ ਸਭ ਤੇ ਊਚਾ।"

– ਆਸਾ ੫, ੧੧੭, ੧:੧ (400)

ਚੇਰੇ ------- ਚੇਲੇ, ਸੇਵਕ

"ਸਦਾ ਚੇਰੇ ਗੋਵਿੰਦ ਗੋਸਾਈ।"

– ਆਸਾ ੫, ੬੦, ੧*:੧ (386)

"ਕੋਟਿ ਅਪ੍ਰਾਧ ਭਰੇ ਭੀ ਤੇਰੇ ਚੇਰੇ ਰਾਮ।"

– ਬਿਹਾ ੫, ੮, ੧:੨ (547)

ਹੋਰ ਰੂਪ:

ਚੇਰੋ –

"ਹਰਿ ਚਰਣ ਸਰਣ ਮੋਹਿ ਚੇਰੋ।"

– ਸੋਰ ੫, ੩੫, ੧*:੨ (618)

ਚੇਲ ------- (ਸਿੰ.) ਚਲਦੇ ਹਨ

"ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ।"

– ਆਸਾ ੪, ੬੧, ੪:੧ (368)

ਚੇਲਾ ------ ਸ਼ਿਸ਼, ਚਾਟੜਾ, ਸੇਵਕ

"ਤੂੰ ਸਤਿਗੁਰੁ ਹਉ ਨਉ ਤਨੁ ਚੇਲਾ।"

– ਗਉ ਕਬ, ੨, ੪:੧ (324)

"ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।" (ਸੇਵਕ)

– ਤਿਲੰ ੧, ੫, ੨:੫ (723)

ਹੋਰ ਰੂਪ:

ਚੇਲੇ –

"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।"

– ਜਪੁ ੧, ੩੦:੧ (7)

"ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ।" (ਭਾਵ ਗਿਆਨ ਇੰਦ੍ਰੇ)

– ਗਉ ੧, ੧੫, ੧:੨ (155)

ਚੈ -------- ਦੇ

"ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ।"

– ਮਲਾ ਨਾਮ, ੧, ੧:੧ (1292)

ਚੈਨ ------- ਸੁਖ ਸ਼ਾਂਤੀ

"ਪ੍ਰਭ ਜੀ ਕੋ ਨਾਮੁ ਜਪਤ ਮਨ ਚੈਨ।"

– ਧਨਾ ੫, ੧੩, ੧*:੧ (674)

ਹੋਰ ਰੂਪ:

ਚੈਨਾ –
“ਗ੍ਰਿਹਿ ਸੇਜ ਸੁਹਾਵੀ ਆਗਨਿ ਚੈਨਾ ਤੋਰੋ ਰੀ ਤੋਰੋ ਪੰਚ ਦੂਤਨ ਸਿਉ ਸੰਗੁ ਤੋਰੋ।”
– ਕਾਨ ੫, ੪੩, ੧:੧ (1306)

ਚੈਨੁ –
“ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ।”
– ਮਾਝ ੫, ਦਿਨ ੧:੫ (136)

ਚੋ -------- ਦਾ
“ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।”
– ਆਸਾ ਧੰਨਾ, ੩, ੩:੧ (488)

ਚੋਆ ------ ਅਗਰ ਦੀ ਲਕੜੀ ਤੋਂ ਟਪਕਿਆ ਹੋਇਆ ਤੇਲ, ਅਤਰ
“ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ।”
– ਸਿਰੀ ੧, ੧੩, ੪:੨ (19)

ਚੋਇ ------ ਟਪਕੇ
“ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ।”
– ਸਿਰੀ ੪, ੬੯, ੪:੨ (41)

ਹੋਰ ਰੂਪ:

ਚੋਇਆ –
“ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ।” (ਟਪਕਾਇਆ)
– ਬਿਹਾ ੪, ਛੰਤ ੩, ੩:੩ (539)
“ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ।”
– ਬਿਹਾ ੫, ਛੰਤ ੧, ੪:੪ (542)

ਚੋਖਤਾ ----- ਚੁੰਘਦਾ
“ਥਨ ਚੋਖਤਾ ਮਾਖਨੁ ਘੂਟਲਾ।”
– ਗੋਂਡ ਨਾਮ, ੪, ੨:੨ (874)

ਚੋਖੀ ------ ਸੁਥਰੀ
“ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ।”
– ਆਸਾ ੧, ੧੯, ੩:੧ (354)

ਚੋਗ ------- ਪੰਛੀਆਂ ਦੇ ਚੁਗਣ ਯੋਗ ਵਸਤ, ਦਾਨੇ
“ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ।” (ਵਿਸ਼ੇ ਰੂਪ, ਭੋਗਾਂ ਰੂਪੀ)
– ਸਿਰੀ ੫, ੯੧, ੩:੧ (50)

ਹੋਰ ਰੂਪ:

ਚੋਗੜੀ –

“ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ।”
– ਮਾਰੂ ੧, ਅਸ ੪, ੬:੨ (1011)
ਚੋਗੈ –
“ਗੁਰਿ ਰਾਖੇ ਸੇ ਉਬਰੇ ਹੋਰਿ ਫਾਥੇ ਚੋਗੈ ਸਾਥਿ।” (ਚੋਗ ਨਾਲ)
– ਸਿਰੀ ੧, ਅਸ ੪, ੩:੨ (55)

ਚੋਜ ------- **ਕੌਤਕ, ਤਮਾਸ਼ਾ ਖੇਲ, ਲੀਲਾ**
“ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ।”
– ਆਸਾ ੪, ਸੋਪੁ ੧, ੨:੨ (11)
“ਆਪਹਿ ਕਉਤਕ ਕਰੈ ਅਨਦ ਚੋਜ।” (ਖੇਡ)
– ਗਉ ੫, ਸੁਖ ੨੧, ੮:੫ (292)

ਚੋਜਾਹਾ ----- **ਕੌਤਕ, ਲੀਲਾ, ਖੇਡ**
“ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ।”
– ਸੋਰ ੪, ੬, ੩:੧ (606)

ਚੋਜੀ ------ **ਚੋਜ (ਕੌਤਕ, ਲੀਲਾ) ਕਰਨ ਵਾਲਾ**
“ਚੋਜੀ ਮੇਰੇ ਗੋਵਿੰਦਾ ਚੋਜੀ ਮੇਰੇ ਪਿਆਰਿਆ ਹਰਿ ਪ੍ਰਭੁ ਮੇਰਾ ਚੋਜੀ ਜੀਉ।”
– ਮਾਝ ੪, ੬੮, ੧:੧ (174)

ਚੋਜੁ ------- **ਕੌਤਕ, ਲੀਲਾ**
“ਸਭੁ ਤੇਰਾ ਚੋਜੁ ਵਰਤਦਾ ਦੁਖੁ ਸੁਖੁ ਤੁਧੁ ਪਾਸਿ।”
– ਬਿਹਾ ੪, ਵਾਰ ੨:੫ (549)

ਚੋਟ ------- **ਸਟ, ਜ਼ਰਬ**
“ਗੁਣ ਸੰਜਮਿ ਜਾਵੈ ਚੋਟ ਨ ਖਾਵੈ ਨਾ ਤਿਸੁ ਜੰਮਣੁ ਮਰਣਾ।”
– ਸਿਰੀ ੧, ਪਹ ੨, ੫:੩ (76)

ਹੋਰ ਰੂਪ:

ਚੋਟਾ –
“ਮੰਨੈ ਮੁਹਿ ਚੋਟਾ ਨਾ ਖਾਇ।” (ਸੱਟਾਂ)
– ਜਪੁ ੧, ੧੩:੩ (3)
“ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਏ।” (ਭਾਵ ਮਾਰ ਖਾਂਦਾ/ਦੁੱਖੀ ਹੁੰਦਾ ਹੈ)
– ਬਿਹਾ ੪, ਵਾਰ ੪ਸ ੩, ੨:੨ (549)
ਚੋਟਾਂ –
“ਸੋ ਧਨੁ ਮਿਤ੍ਰੁ ਨ ਕਾਂਢੀਐ ਜਿਤੁ ਸਿਰਿ ਚੋਟਾਂ ਖਾਇ।”
– ਮਲਾ ੧, ਵਾਰ ੨੧ਸ, ੧, ੧:੨ (1287)

ਚੋਟੀ ------ **ਬੋਦੀ**
“ਨਾ ਹਰਿ ਭਜੇ ਨ ਤੀਰਥ ਸੇਵੇ ਚੋਟੀ ਕਾਲਿ ਗਹੀ।”
– ਸੋਰ ੮, ੨, ੧*:੨ (631)

ਚੋਟੈ ------- **ਚੋਟ ਨਾਲ, ਸਟ ਨਾਲ**

“ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ।”
– ਸਲੋ ੧, ੧੩:੨ (1411)

ਚੋਪੜੀ ----- ਘੀ ਆਦਿ ਨਾਲ ਪੋਚੀ ਹੋਈ
“ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ।”
– ਸਲੋ ਫਰ, ੨੮:੨ (1379)

ਚੋਭ ------- ਰੜਕ, ਚੁਭਵੀਂ ਪੀੜ
“ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ।”
– ਰਾਮ ਕਬ, ੩, ੪:੨ (969)

ਚੋਰ ------- (1) ਚੋਰੀ ਕਰਨ ਵਾਲਾ, ਤਸਕਰ
“ਅਸੰਖ ਚੋਰ ਹਰਾਮਖੋਰ।”
– ਜਪੁ ੧, ੧੮:੨ (4)
“ਜਿਨਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ।” (ਭਾਵ ਬੁਰੇ, ਅਸਿਸ਼ਟ)
– ਆਸਾ ੩, ਅਸ ੩੧, ੬:੨ (427)
(2) ਚੋਰੀ ਚੋਰੀ, ਲੁਕੋ ਕੇ
“ਕਰਿ ਪੰਜੀਰੁ ਖਵਾਇਓ ਚੋਰ।”
– ਭੈਰ ੫, ੧, ੨:੧ (1136)

ਚੋਰਈਐ ---- ਚੋਰੀ ਹੈ, ਲੁਕਵੀਂ ਹੈ
“ਹਰਿ ਅੰਤਰਿ ਨਾਲੇ ਬਾਹਰਿ ਨਾਲੇ ਕਹੁ ਤਿਸੁ ਪਾਸਹੁ ਮਨ ਕਿਆ ਚੋਰਈਐ।”
– ਗੋਂਡ ੪, ੫, ੩:੧ (861)

ਚੋਰਹਿ ----- ਚੋਰਾਂ ਨੂੰ
“ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ।”
– ਫੁਨ ੫, ੧੨:੪ (1362)

ਚੋਰਟੀ ----- ਚੋਰਨੀ, ਚੋਰੀ ਲਈ ਫਿਰਨ ਵਾਲੀ
“ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ।”
– ਸਲੋ ਕਬ, ੨੦:੧ (1365)

ਚੋਰਾ ------ ਚੋਰਾਂ/ਤਸਕਰਾਂ ਦਾ
“ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ।”
– ਆਸਾ ੧, ਵਾਰ ੬ਸ, ੧, ੧:੯ (466)

ਚੋਰਾਇ ----- ਚੁਰਾਂਦਾ ਹੈ
“ਦੇਸਿ ਪਰਦੇਸਿ ਧਨੁ ਚੋਰਾਇ ਆਣਿ ਮੁਹਿ ਪਾਇਆ।”
– ਸਾਰ ੪, ਵਾਰ ੩੨:੩ (1249)

ਚੋਰਾਇਆ --- ਲੁਕਾ ਕੇ ਰੱਖਿਆ
“ਅਨੇਕ ਕਰਮ ਕਰਹਿ ਅਭਿਮਾਨੀ ਹਰਿ ਨਾਮੋ ਨਾਮੁ ਚੋਰਾਇਆ।”
– ਆਸਾ ੪, ਛੰਤ ੯, ੪:੪ (443)

ਚੋਰਿ ------ ਚੋਰੀ ਭਾਵ ਠੱਗੀ

"ਮੁਠੀ ਧੰਧੈ ਚੋਰਿ ਮਹਲੁ ਨ ਪਾਈਐ।"

– ਮਾਝ ੧, ਵਾਰ ੧੭:੨ (146)

ਚੋਰੀ ------ ਤਸਕਰੀ

"ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ।"

– ਗਉ ੧, ੧੩, ੨:੩ (155)

(2) ਲੁਕ ਛੁਪ ਕੇ

"ਜਿਤੁ ਮਿਰਗ ਪੜਤ ਹੈ ਚੋਰੀ।"

– ਸੋਰ ਕਬ, ੧੦, ੧:੨ (656)

ਚੋਰੀਆ ---- ਤਸਕਰੀਆਂ, ਭਾਵ ਮਾੜੇ ਕਰਮ

"ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ।"

– ਆਸਾ ੧, ਵਾਰ ੧੫ਸ, ੧, ੨:੧ (471)

ਚੋਰੁ ------- (1) ਤਸਕਰ, ਚੋਰੀ ਕਰਨ ਵਾਲਾ

"ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ।"

– ਸਿਰੀ ੧, ੨੯, ੪:੨ (24)

"ਚੋਰੁ ਸਲਾਹੇ ਚੀਤੁ ਨ ਭੀਜੈ।" (ਭਾਵ ਮਾੜਾ ਆਦਮੀ)

– ਧਨਾ ੧, ੬, ੧:੧ (662)

"ਅੰਤਰਿ ਚੋਰੁ ਕਿਉ ਸਾਦੁ ਲਹੀਜੈ।" (ਭਾਵ ਕਾਮਾਦਿਕ)

– ਰਾਮ ੧, ਅਸ ੫, ੪:੨ (905)

"ਅੰਤਰਿ ਚੋਰੁ ਮੁਹੈ ਘਰੁ ਮੰਦਰੁ ਇਨਿ ਸਾਕਤਿ ਦੂਤੁ ਨ ਜਾਤਾ ਹੇ।" (ਭਾਵ ਅਹੰਕਾਰ)

– ਮਾਰੂ ੧, ਸੋਲਾ ੧੧, ੭:੩ (1031)

(2) ਚੋਰ ਭਾਵ ਮੌਤ

"ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ।"

– ਆਸਾ ਕਬ, ੧੫, ੨:੨ (479)

ਚੋਰੈ ------- ਚੋਰ ਦੀ/ਵਾਗ

"ਚੋਰੈ ਵਾਂਗੂ ਪਕੜੀਐ ਬਿਨੁ ਨਾਵੈ ਚੋਟਾ ਖਾਈ।"

– ਆਸਾ ੩, ਅਸ ੨੮, ੬:੨ (425)

ਚੋਲਨਾ ----- ਚੋਲਾ, ਇਕ ਪ੍ਰਕਾਰ ਦਾ ਪਹਿਰਨ, ਚੋਗਾ

"ਲਾਲੁ ਚੋਲਨਾ ਤੈ ਤਨਿ ਸੋਹਿਆ।"

– ਆਸਾ ੫, ੫੨, ੧:੧ (384)

ਚੋਲੜਾ ----- (1) ਚੋਲਾ, ਚੋਗਾ

"ਮੇਰੇ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਇ।" (ਜੀਵਨ ਰੂਪੀ)

– ਤਿਲੰ ੧, ੩, ੧:੨ (721)

(2) ਚੋਲੀ, ਇਸਤ੍ਰੀ

"ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ।"

– ਸਿਰੀ ੧, ੨੫, ੧:੨ (23)

ਚੋਲਾ ------- ਚੋਗਾ
“ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ।” (ਭਾਵ ਸਰੀਰ)
– ਸਿਰੀ ੧, ੨੪, ੧*:੨ (23)
“ਮਾਇਆ ਮੋਹ ਕਾ ਕਚਾ ਚੋਲਾ ਤਿਤੁ ਪੈਧੈ ਪਗੁ ਖਿਸੈ।” (ਚੋਗਾ)
– ਵਡ ੩, ਅਲਾ ੩, ੨:੪ (584)

ਚੋਲੀ ------- ਅੰਗੀ, ਇਸਤ੍ਰੀਆਂ ਦਾ ਥਲੇ ਪਾਉਣ ਵਾਲਾ ਪਹਿਰਨ
“ਗੁਰਮੁਖਿ ਰੰਗੁ ਭਇਆ ਅਤਿ ਗੂੜਾ ਹਰਿ ਰੰਗਿ ਭੀਨੀ ਮੇਰੀ ਚੋਲੀ।” (ਭਾਵ ਜੀਵਨ)
“ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ।” (ਸਰੀਰ ਰੂਪੀ)
– ਸੋਰ ੪, ਵਾਰ ੧੧:੧ (646)

ਹੋਰ ਰੂਪ:

ਚੋਲੀਆ –
“ਹਰਿ ਰੰਗਿ ਚਲੂਲੇ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ।” (ਸਰੀਰ ਰੂਪੀ ਚੋਲੀ)
– ਗਉ ੪, ਵਾਰ ੧੯ਸ, ੪, ੧:੫ (311)
ਚੋਲੀਐ –
“ਗੁਰਮੁਖਿ ਰੰਗਿ ਚਲੂਲੈ ਰਾਤੀ ਹਰਿ ਪ੍ਰੇਮ ਭੀਨੀ ਚੋਲੀਐ।” (ਜੀਵਨ ਰੂਪੀ)
– ਦੇਵ ੪, ੩, ੧*:੨ (527)
ਚੋਲੇ –
“ਹਰਿ ਪ੍ਰੇਮਿ ਕਸਾਈ ਦਿਨਸੁ ਰਾਤਿ ਹਰਿ ਰਤੀ ਹਰਿ ਰੰਗਿ ਚੋਲੇ।” (ਚੋਲੀ ਅੰਗੀ) ਜੀਵਨ ਰੂਪੀ
– ਸੋਰ ੪, ਵਾਰ ੧ਸ, ੪, ੨:੩ (642)

ਚੋਲੇ -------- (1) ਚੋਲੀ, ਅੰਗੀ, ਵੇਖੋ ‘ਚੋਲੀ’
(2) ਚੋਗੇ
“ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ।”
– ਤਿਲੰ ੧, ੩, ੩:੧ (722)

ਚੋਲੈ -------- (1) ਖਾਂਦੀ/ਮਾਣਦੀ ਹੈ
“ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ।”
– ਤੁਖਾ ੧, ਬਾਰਾ ੨:੨ (1107)
(2) ਚੋਗਾ ਭਾਵ ਸਰੀਰ
“ਗੁਨ ਨਿਧਾਨੁ ਪ੍ਰਗਟਿਓ ਇਹ ਚੋਲੈ।”
– ਕਾਨ ੫, ੪੬, ੧:੩ (1307)

ਚੋਲ੍ਹਾ ------- (1) ਚੁਹਲ, ਕੌਤਕ
“ਅਲਖੁ ਲਖਾਇਆ ਗੁਰ ਤੇ ਪਾਇਆ ਨਾਨਕ ਇਹੁ ਹਰਿ ਕਾ ਚੋਲ੍ਹਾ।”
– ਆਸਾ ੫, ੧੪੫, ੩:੧ (407)
(2) ਚੂਰੀ, ਘਿਉ ਪਾ ਕੇ ਗੁੰਨੀ ਹੋਈ ਭਾਵ ਸੁਆਦੀ ਪਕਵਾਨ
“ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ।”

– ਧਨਾ ੫, ੮, ੪:੨ (673)

ਛ

ਛਉੜ ----- ਪੜਦਾ, ਅੱਖਾਂ ਵਿਚ ਪੈਦਾ ਹੁੰਦਾ ਪੜਦਾ ਭਾਵ ਮੋਤੀਆ ਬਿੰਦ ਜੋ ਨਜ਼ਰ ਵਿਚ ਬਾਧਾ ਬਣਦਾ ਹੈ।
“ਸਾਹਿਬ ਸਦਾ ਹਜੂਰਿ ਹੈ ਭਰਮੈ ਕਾ ਛਉੜ ਕਟਿ ਕੈ ਅੰਤਰਿ ਜੋਤਿ ਧਰੇਹੁ।”
– ਬਿਹ ੪, ਵਾਰ ੧੫ਸ, ੩, ੨:੩ (554)

ਛਹ ------- ਛੇ
“ਚਾਰਿ ਮੰਤਰਹ ਛਹ ਮੁਏ ਚਾਰਿ ਪੁਰਖ ਦੁਇ ਨਾਰਿ।”
– ਸਲੋ ਕਬ, ੬੧:੨ (1369)

ਛਹਬਰ ----- ਮੂਸਲਾਧਾਰ, ਝੜੀ ਲਾ ਕੇ
“ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ ਵਠਾ ਛਹਬਰ ਲਾਇ।”
– ਸਾਰ ੪, ਵਾਰ ੩੪ਸ, ੪, ੩:੨ (1250)

ਛਹੀਆ ---- ਛਾਂ, ਸਾਇਆ
“ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤ ਪਤਿ ਪਰਲਉ ਨਾਹੀ।”
– ਗਉ ਕਬ, ੪੮, ੧:੧ (333)

ਛਹੂੰ ------- ਛੇਹਾਂ
“ਛਠਿ ਖਟੁ ਚਕ੍ਰ ਛਹੂੰ ਦਿਸ ਧਾਇ।”
– ਗਉ ਕਬ, ਥਿਤੀ ੭:੧ (343)

ਛਕਿ ------ (1) ਤ੍ਰਿਪਤ ਹੋ ਕੇ ਭਾਵ ਪ੍ਰਸੰਨ ਹੋ ਕੇ
“ਛਕਿ ਕਿ ਨ ਰਹਹੁ ਛਾਡਿ ਕਿ ਨ ਆਸਾ।”
– ਗਉ ਕਬ, ਬਾਅ ੧੩:੨ (340)
(2) ਛੱਕ/ਖਾ ਕੇ
“ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ।”
– ਆਸਾ ੪, ਛੰਤ ੧੬, ੪:੨ (449)

ਛਕੇ ------- ਖਾ ਕੇ, ਛੱਕ ਕੇ
“ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ।”
– ਆਸਾ ੪, ਛੰਤ ੧੬, ੪:੨ (449)

ਛਛਾ ------ ਗੁਰਮੁਖੀ ਲਿਪੀ ਦਾ 12ਵਾਂ ਅੱਖਰ ‘ਛ’
“ਛਛਾ ਛੋਹਰੇ ਦਾਸ ਤੁਮਾਰੇ।”
– ਗਉ ੫, ਬਾਅ ੨੩:੧ (254)

ਛੰਛਾਰਾ ----- ਸੰਸਾਰ
“ਤਹ ਦੀਪਕ ਜਲੈ ਛੰਛਾਰਾ।”
– ਸੋਰ ਨਾਮ, ੧, ੪:੨ (657)

ਛਛੈ ------- ਵੇਖੋ ‘ਛਛਾ’ ਛਛੇ ਦੁਆਰਾ ਉਪਦੇਸ਼ ਹੈ
“ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ।”
– ਆਸਾ ੧, ਪਟੀ ੧੦:੧ (433)

ਛਜ ------- ਅੰਨ ਵਿਚੋਂ ਮਿੱਟੀ ਕੱਖ ਕਾਨ ਆਦਿ ਕੱਢਣ ਦਾ ਸੰਦ
“ਚੂਹਾ ਖਡ ਨ ਮਾਵਈ ਤਿਕਲਿ ਬੰਨ੍ੈ ਛਜ।”
– ਮਲਾ ੧, ਵਾਰ ੧੯ਸ, ੧, ੧:੨ (1286)

ਛਜਿ ------ ਛਜੀਂ ਭਾਵ ਝੜੀ ਲਾ ਕੇ (ਮੁਹਾਵਰੇ ਵਿਚ)
“ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ।”
– ਸਵ ੨, ੧:੩ (1391)

ਛਜੇ ------- ਛਤ ਦਾ ਬਾਹਰ ਨੂੰ ਵਧਿਆ ਭਾਗ ਜੋ ਘਰ ਦੀ ਸ਼ੋਭਾ ਅਥਵਾ ਬਾਰਸ਼ ਦੇ ਫਾਂਡੇ ਆਦਿ ਨੂੰ ਰੋਕਣ ਲਈ ਬਣਾਇਆ ਹੁੰਦਾ ਹੈ।
“ਅੰਦਰਿ ਕੋਟ ਛਜੇ ਹਟਨਾਲੇ।”
– ਮਾਰੂ ੧, ਸੋਲਾ ੧੩, ੨:੧ (1033)

ਛਟੀਐ ----- ਛਟਾਂ, ਗੁਣ, ਬੋਰੀ ਜਿਸ ਵਿਚ ਦਾਣੇ ਆਦਿ ਪਾ ਕੇ ਘੋੜੇ ਅਥਵਾ ਖੋਤੇ ਉਪਰ ਲੱਦੇ ਜਾਂਦੇ ਹਨ।
“ਦਿਲਿ ਖੋਟੈ ਆਕੀ ਫਿਰਨਿ੍ ਬੰਨ੍ ਭਾਰੁ ਉਚਾਇਨਿ੍ ਛਟੀਐ।”
– ਰਾਮ ਬਸ, ਵਾਰ ੨:੧੧ (967)

ਛਠਿ ------ ਛੇਵੀਂ
“ਛਠਿ ਖਟੁ ਚਕ੍ਰ ਛਹੂੰ ਦਿਸ ਧਾਇ।”
– ਗਉ ਕਬ, ਥਿਤੀ ੭:੧ (343)

ਛਡਈਐ ---- ਛਡਾਏ, ਬਚਾ (ਭਾਵ)
“ਜਨ ਨਾਨਕ ਸੋ ਹਰਿ ਨਾਲਿ ਹੈ ਤੇਰੈ ਹਰਿ ਸਦਾ ਧਿਆਇ ਤੂ ਤੁਧੁ ਲਏ ਛਡਈਐ।”
– ਗੋਂਡ ੪, ੫, ੪:੨ (861)

ਛਡਹਿ ----- ਤਿਆਗੇ, ਤਰਕ ਕਰੇ
“ਪਾਪਾ ਕਮਾਣੇ ਛਡਹਿ ਨਾਹੀ ਲੈ ਚਲੇ ਘਤਿ ਗਲਾਵਿਆ।”
– ਆਸਾ ੫, ਛੰਤ ੧੧, ੨:੩ (460)

ਹੋਰ ਰੂਪ:

ਛਡਹੈ –
“ਏਕਹਿ ਸੁਪਨੈ ਦਾਮੁ ਨ ਛਡਹੈ।” (ਤਿਆਗਦਾ)
– ਮਾਰੂ ੫, ੧੮, ੨:੨ (1004)

ਛਡਣੇ –
“ਘਰ ਛਡਣੇ ਰਹੈ ਨ ਕੋਈ।” (ਛਡ ਜਾਣੇ, ਤਿਆਗ ਜਾਣੇ)
– ਮਾਰੂ ੧, ੨, ੨:੨ (989)

ਛਡਨਾ –

"ਜੋ ਛਡਨਾ ਸੁ ਅਸਥਿਰੁ ਕਰਿ ਮਾਨੈ।" (ਤਿਆਗਨ ਯੋਗ ਇਥੇ ਭਾਵ 'ਨਾਸ਼ਵਾਨ')

ਛਡਾ ------ **ਛੋਡਿਆ ਭਾਵ ਦਿਤਾ**
"ਜਨ ਨਾਨਕ ਨਾਮੁ ਧਿਆਇਆ ਮੇਰੀ ਜਿੰਦੁੜੀਏ ਧੁਰਿ ਮਸਤਕਿ ਹਰਿ ਲਿਖਿ ਛਡਾ ਰਾਮ।"
– ਬਿਹਾ ੪, ਛੰਤ ੫, ੪:੪ (541)

ਛਡਾਊਂ ----- **ਮੈਂ ਛੁਡਾ/ਬਚਾ ਲਵਾਂਗੀ**
"ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ।"
– ਬਸੰ ਕਬ, ੪, ੨:੪ (1194)

ਛਡਾਇ ----- **ਛੁਡਾ, ਬਚਾਅ, ਮੁਕਤ ਕਰਣਾ**
"ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ।"
– ਸਿਰੀ ੫, ੭੮, ੧*:੨ (45)

ਹੋਰ ਰੂਪ:

ਛਡਾਇਆ –
"ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ।" (ਛੁਡਵਾ/ਮੁਕਤ ਕਰਵਾਇਆ)
– ਗਉ ੪, ੫੧, ੪:੩ (168)

ਛਡਾਇਦਾ –
"ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ।"
– ਮਾਰੂ ੫, ਸੋਲਾ ੫, ੧੧:੩ (1076)

ਛਡਾਈ –
"ਹਰਿ ਤਿਸੈ ਧਿਆਵਹੁ ਸੰਤ ਜਨਹੁ ਜੋ ਲਏ ਛਡਾਈ।"
– ਸਿਰੀ ੪, ਵਾਰ ੨:੫ (83)

ਛਡਾਏ –
"ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ।"
– ਸਿਰੀ ੧, ਅਸ ੧੫, ੨:੩ (62)

ਛਡਾਹਿ ----- **ਮੁਕਤ ਕਰਾਵੇ, ਬਚਾ ਲਵੇ, ਛਡਾ ਲਏ**
"ਓਇ ਆਪਿ ਤਰੇ ਸਭ ਕੁਟੰਬ ਸਿਉ ਤਿਨ ਪਿਛੈ ਸਭੁ ਜਗਤੁ ਛਡਾਹਿ।"
– ਗਉ ੪, ਵਾਰ ੧੭ਸ, ੪, ੧:੬ (310)

ਹੋਰ ਰੂਪ:

ਛਡਾਹੀ –
"ਸਭਿ ਜੀਅ ਤੇਰੇ ਤੂ ਸਭਸ ਦਾ ਤੂ ਸਭ ਛਡਾਹੀ।"
– ਗਉ ੪, ਵਾਰ ੪:੫ (302)

ਛਡਾਤਾ ----- **ਛੁਡਾਉਂਦਾ/ਮੁਕਤ ਕਰਾਉਂਦਾ ਹੈ**
"ਹਰਿ ਨਾਮੈ ਜੇਵਡੁ ਅਵਰੁ ਨ ਸੁਝੈ ਹਰਿ ਨਾਮੋ ਅੰਤਿ ਛਡਾਤਾ।"
– ਵਡ ੪, ਵਾਰ ੧੬:੩ (592)

ਛਡਾਨਾ ----- **ਛੱਡ ਜਾਣਾ ਹੈ**

“ਉਰਝਿ ਪਰੇ ਜੋ ਛੋਡਿ ਛਡਾਨਾ।”
- ਗਉ ੫, ਬਾਅ ੬:੫ (251)

ਛਡਾਵਹੁ ---- ਛੁਡਵਾ/ਮੁਕਤ ਕਰਵਾ ਲਵੋ
“ਕਾਮ ਕ੍ਰੋਧ ਲੋਭ ਝੂਠ ਨਿੰਦਾ ਇਨ ਤੇ ਆਪਿ ਛਡਾਵਹੁ।”
- ਸੋਰ ੫, ੩੧, ੧:੧ (617)

ਛਡਾਵਣਹਾਰਾ - ਮੁਕਤ ਕਰਵਾਉਣ/ਛੁਡਾਵਣ ਵਾਲਾ
“ਸੋ ਐਸਾ ਹਰਿ ਸੇਵਹੁ ਮੇਰੇ ਮਨ ਹਰਿ ਅੰਤਿ ਛਡਾਵਣਹਾਰਾ।”
- ਬੈਰਾ ੪, ੫, ੧:੨ (720)

ਹੋਰ ਰੂਪ:

ਛਡਵਾਣਹਾਰੋ -
“ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ।”
- ਵਡ ੧, ਅਲਾ ੪, ੨:੫ (581)

ਛਡਾਵਨ ---- ਛੁਡਾਉਣਾ/ਮੁਕਤ ਕਰਵਾਉਣਾ ਹੈ
“ਜਬ ਜਮੁ ਆਇ ਕੇਸ ਕੇ ਪਕਰੈ ਤਹ ਹਰਿ ਕੋ ਨਾਮੁ ਛਡਾਵਨ।”
- ਮਾਰੂ ਕਬ, ੬, ੧*:੨ (1104)

ਛਡਾਣੀਐ --- ਛੁਡਵਾ/ਮੁਕਾ ਦਿੰਦਾ ਹੈ, ਮੁਕਤ ਕਰ ਦਿੰਦਾ ਹੈ
“ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ।”
- ਕੇਦਾ ੪, ੧, ੨:੨ (1118)

ਛਡਾਵੈ ----- ਮੁਕਤ ਕਰਦਾ/ਛੁਡਵਾਉਂਦਾ ਹੈ
“ਮੈ ਮੂਰਖ ਹਰਿ ਨਾਮੁ ਛਡਾਵੈ।”
- ਗਉ ੪, ੩੯, ੩:੩ (164)

ਛਡਿ ------ ਛਡ ਕੇ, ਤਿਆਗ ਕੇ
“ਜੋ ਘਰੁ ਛਡਿ ਗਵਾਵਣਾ ਸੋ ਲਗਾ ਮਨ ਮਾਹਿ।”
- ਸਿਰੀ ੫, ੭੩, ੩:੧ (43)
“ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ।”
- ਸਿਰੀ ੫, ੭੫, ੧*:੨ (43)

ਹੋਰ ਰੂਪ:

ਛਡਿਓ -
“ਛਡਿਓ ਹਭੁ ਆਪੁ ਲਗੜੋ ਚਰਣਾ ਪਾਸਿ।” (ਛਡ/ਤਿਆਗ ਦਿਤਾ)
- ਜੈਤ ੫, ਵਾਰ ੧੬ਸ, ੫, ੨:੧ (709)

ਛਡਿਆ -
“ਮੈ ਛਡਿਆ ਸਭੋ ਧੰਧੜਾ।” ਤਿਆਗਿਆ, (ਤਿਆਗ ਦਿਤਾ)
- ਸਿਰੀ ੫, ਅਸ ੨੫, ੮:੧ (73)

ਛਡਿਆ ---- (1) ਤਿਆਗਿਆ, ਵੇਖੋ ‘ਛਡਿ’
(2) ਦਿਤਾ

"ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ।"
– ਗਉ ੪, ਵਾਰ ੩੦ਸ, ੪, ੧:੧੧ (316)

ਛਡੀਅਨੁ ---- ਦਿਤੇ, ਛਡੇ
"ਇਕਿ ਆਪੇ ਆਪਿ ਖੁਆਇਅਨੁ ਦੂਜੈ ਛਡਿਅਨੁ ਲਾਇ।"
– ਸਿਰੀ ੩, ੫੮, ੪:੨ (36)

ਛਡੀਆ ---- (1) ਦਿਤੀ ਸੀ, ਛਡੀ ਸੀ
"ਖੋਜੀ ਲਧਮੁ ਖੋਜੁ ਛਡੀਆ ਉਜਾੜਿ।"
– ਗੂਜ ੫, ਵਾਰ ੧੨ਸ, ੫, ੨:੧ (521)
(2) ਤਿਆਗ ਦੇਈਏ
"ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ।"
– ਆਸਾ ੧, ਵਾਰ ੧੦:੨ (468)

ਹੋਰ ਰੂਪ:

ਛਡੇ –
"ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ।" (ਤਿਆਗੇ, ਛਡ ਦੇਵੇ)
– ਸਿਰੀ ੩, ੫੧, ੪:੧ (33)

ਛਡੈ –
"ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ।"
– ਰਾਮ ੩, ਵਾਰ ੪ਸ, ੩, ੨:੨ (948)

ਛੰਤ ------- ਵਡਿਆਈ/ਗੁਣਾਂ ਦਾ ਗੀਤ
"ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ।"
– ਗਉ ੫, ਬਾਅ ੨੩ਸ:੧ (254)

ਛਤਰੀਆ --- ਛੱਤਰ
"ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ।"
– ਆਸਾ ੫, ੫੫, ੨:੧ (385)

ਛਤਰੇ ------ ਛੱਤੇ ਹੋਏ, ਜਿੰਨਾਂ ਉਪਰ ਛੱਤ ਹੈ
"ਛਤੜੇ ਬਾਜਾਰ ਸੋਹਨਿ ਵਿਚਿ ਵਪਾਰੀਏ।"
– ਰਾਮ ੫, ਵਾਰ ੧੯ਸ, ੫, ੧:੧ (965)

ਛੰਤਾ ------ ਵਡਿਆਈ/ਸਿਫਤ/ਗੁਣਾਂ ਦੇ ਗੀਤ
"ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ।"
– ਸੋਰ ੪, ਵਾਰ ੨੦:੧ (650)

ਛਤਾਰਾ ----- (ਸੰ.) ਛਤਰਾ, ਭੇਡੂ, ਮੀਂਢਾ
"ਬਿਨੁ ਸਿਮਰਨ ਜੈਸੇ ਸੀਙ ਛਤਾਰਾ।"
– ਗਉ ੫, ੭, ੪:੧ (239)

ਛਤਿ ------ ਮਕਾਨ ਦਾ ਉਪਰਲਾ ਢਕਾਉ

"ਗੁਰੁ ਕੁੰਜੀ ਪਾਹੁ ਨਿਵਲੁ ਮਨੁ ਕੋਠਾ ਤਨੁ ਛਤਿ।"
- ਸਾਰ ੪, ਵਾਰ ੧ਸ, ੨, ੧:੧ (1237)

ਛਤੀਹ ----- ਗਿਣਤੀ ਦੀ ਇਕ ਇਕਾਈ, ਪੈਂਤੀ ਤੋਂ ਬਾਅਦ ਤੇ ਸੈਂਤੀ ਤੋਂ ਪਹਿਲਾਂ ਦੀ ਇਕਾਈ
"ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ।" (ਭਾਵ ਕਈ ਪ੍ਰਕਾਰ ਦੇ)
- ਸਿਰੀ ੧, ੭, ੧:੩ (16)
"ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ।" (ਭਾਵ ਅਨੇਕ)
- ਰਾਮ ੩, ਵਾਰ ੭:੧ (949)

ਛਤੁ ------- (ਸੰ.) ਛਤਰ
"ਏਕੁ ਸਾਹਿਬੁ ਸਿਰਿ ਛਤੁ ਦੂਜਾ ਨਾਹਿ ਕੋਇ।"
- ਆਸਾ ੫, ੧੦੯, ੧:੨ (398)

ਛਤ੍ਰ ------- ਛੱਤਰ, ਰਾਜਿਆਂ ਦਾ ਰਾਜ ਦਾ ਚਿੰਨੁ
"ਪਾਤਿਸਾਹੁ ਛਤ੍ਰ ਸਿਰ ਸੋਊ।"
- ਗਉ ੫, ਬਾਅ ੩੭:੭ (258)

ਛਤ੍ਰਧਾਰ ---- ਛੱਤਰ ਦੇ ਧਾਰਨ ਵਾਲਾ ਰਾਜਾ
"ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ।"
- ਸਿਰੀ ੫, ੭੨, ੧:੨ (42)

ਛਤ੍ਰਪਤਿ ---- ਛੱਤਰਧਾਰੀ ਅਰਥਾਤ ਪ੍ਰਤਾਪੀ
"ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ।"
- ਗਉ ਕਬ, ੧੩, ੨:੨ (326)
"ਛਛਾ ਇਹੈ ਛਤ੍ਰਪਤਿ ਪਾਸਾ।" (ਭਾਵ ਬਾਦਸ਼ਾਹ ਹਰੀ)
- ਗਉ ਕਬ, ਬਾਅ ੧੩:੧ (340)
"ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨੁ ਸਮਸਰਿ ਲਾਵਉ।" (ਪ੍ਰਤਾਪੀ ਰਾਜਾ)
- ਆਸਾ ੫, ੧੨੧, ੧*:੨ (401)

ਹੋਰ ਰੂਪ:

ਛਤ੍ਰਪਤੀ -
"ਕਬੀਰ ਹੈ ਗੇ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ।" (ਪ੍ਰਤਾਪੀ ਰਾਜਾ)
- ਸਲੋ ਕਬ, ੧੫੯:੧ (1373)

ਛਤ੍ਰੁ ------- ਛੱਤਰ, ਰਾਜਿਆਂ ਦੀ ਪ੍ਰਤਾਪੀ ਦਾ ਚਿੰਨੁ
"ਤਾਜ ਕੁਲਹ ਸਿਰਿ ਛਤ੍ਰੁ ਬਨਾਵਉ।"
- ਗਉ ੧, ਅਸ ੧੦, ੬:੨ (225)

ਛੰਦ ------- (1) ਖੁਸ਼ੀ ਦੇ ਗੀਤ
"ਗੂੰਗਾ ਬਕਤ ਗਾਵੈ ਬਹੁ ਛੰਦ।"
- ਰਾਮ ੫, ਅਸ ੪, ੪:੨ (914)
(2) (ਸੰ.) ਵੇਦ
"ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ।"
- ਸਮੁ ੫, ੭*:੧ (1388)

ਛਦਮ ------ ਛਲ (ਬਾਵਨ) ਰੂਪ, (ਸ਼ਬਦਾਰਥ) ਲੁਕਾਉ ਛਪਾਉ (ਮਹਾਨਕੋਸ਼) ਛਲ ਅਰਥਾਤ ਛਪਾਣਾ (ਗੁਰੂ ਗਿਰਾਰਥ)
"ਸੰਖ ਚਕ੍ਰ ਗਦਾ ਪਦਮ ਆਪਿ ਆਪੁ ਕੀਓ ਛਦਮ ਅਪਰੰਪਰ ਪਾਰਬ੍ਰਹਮ ਲਖੈ ਕਉਨੁ ਤਾਹਿ ਜੀਉ।"
– ਸਵ ੪, ਗਯੰ ੭:੩ (1402)

ਛੰਦਾ ------ ਮੁਹਛੰਗੀ, ਮੁਥਾਜੀ, ਹੋਰ ਵੇਖੋ 'ਛੰਦੇ' (2) ਇਛਾ ਅਭਿਲਾਸ਼ਾ (ਮਹਾਨਕੋਸ਼)
"ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ।"
– ਜੈਤ ੫, ਛੰਤ ੧, ੩:੧ (703)

ਛੰਦ ------- (1) ਛੰਦ/ਕਾਵਿ ਬੰਦ ਵਿਚ
"ਤੀਨਿ ਛੰਦੇ ਖੇਲੁ ਆਛੈ।"
– ਟੋਡੀ ਨਾਮ, ੩, ੧*:੧ (718)
(2) ਮੁਹਥਾਜੀ (ਸ਼ਬਦਾਰਥ) ਬੰਧਨ (ਮਹਾਨਕੋਸ਼)
"ਧਰਮ ਰਾਇ ਕੀ ਕਾਣਿ ਚੁਕਾਈ ਸਭਿ ਚੂਕੇ ਜਮ ਕੇ ਛੰਦੇ।"
– ਬਿਲਾ ੪, ੬, ੧:੨ (800)

ਛਨਹਰੀ ---- ਛੰਨ (ਗੁਪਤ) ਨੂੰ ਬਾਹਰ ਲਿਆਉਣ ਵਾਲੀ
"ਪਗ ਨੇਵਰ ਛਨਕ ਛਨਹਰੀ।"
– ਗੋਂਡ ਕਬ, ੮, ੩:੨ (872)

ਛਨਕ ------ ਝਾਂਜਰ ਦੀ ਛਨ ਛਨ ਦੀ ਆਵਾਜ਼
"ਪਗ ਨੇਵਰ ਛਨਕ ਛਨਹਰੀ।"
– ਗੋਂਡ ਕਬ, ੮, ੩:੨ (872)

ਛਨਿਛਰਵਾਰਿ – ਹਫਤੇ ਦਾ ਛੇਵਾਂ ਦਿਨ
"ਛਨਿਛਰਵਾਰਿ ਸਉਣ ਸਾਸਤ ਬੀਚਾਰੁ।"
– ਬਿਲਾ ੩, ਵਾਰ ੧, ੮:੧ (841)

ਛੰਨੀ ------ ਢਕੀ/ਲੁਕੀ ਹੋਈ
"ਗੁਝੀ ਛੰਨੀ ਨਾਹੀ ਬਾਤ।"
– ਆਸਾ ੫, ੧੦੧, ੪:੩ (396)

ਛਪਸਿ ----- ਛਪਦਾ, ਲੁਕਦਾ
"ਛਪਸਿ ਨਾਹਿ ਕਛੁ ਕਰੈ ਛਪਾਇਆ।"
– ਗਉ ੫, ਸੁਖ ੪, ੫:੪ (267)

ਛਪਹਿ ----- ਛਪਦਾ, ਲੁਕਿਆ ਰਹਿੰਦਾ
"ਨਾਨਕ ਜਿਨ ਅੰਦਰਿ ਸਚੁ ਹੈ ਸੇ ਜਨ ਛਪਹਿ ਨ ਕਿਸੈ ਦੇ ਛਪਾਏ।"
– ਬਿਲਾ ੪, ਵਾਰ ੪ਸ, ੩, ੧:੭ (850)

ਛਪਨ ------ ਛਪੰਜਾ, ਗਿਣਤੀ ਦੀ ਇਕ ਇਕਾਈ
"ਛਪਨ ਕੋਟਿ ਜਾ ਕੇ ਖੇਲ ਖਾਸੀ।"
– ਭੈਰ ਕਬ, ੧੫, ੧:੪ (1161)

ਛਪਰਾ ----- ਛਪਰ
"ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ।" (ਸਰੀਰ ਰੂਪੀ)
– ਆਸਾ ੫, ੪੪, ੨:੧ (381)

ਹੋਰ ਰੂਪ:

ਛਪਰਿ –
"ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।"
– ਸਲੋ ਫਰ, ੧੮:੨ (1378)

ਛਪੜਿ ----- ਟੋਭਾ, ਕਚਾ ਤਲਾ
"ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ।"
– ਮਾਝ ੧, ਵਾਰ ੫ਸ, ੪, ੨:੩ (140)
"ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥਿ।" (ਭਾਵ ਦੰਭੀ ਗੁਰੂ)
– ਸਲੋ ਫਰ, ੫੩:੨ (1380)

ਹੋਰ ਰੂਪ:

ਛਪੜੀ –
"ਕਿਆ ਬਗੁ ਬਪੁੜਾ ਛਪੜੀ ਨਾਇ।"
– ਧਨਾ ੧, ਅਸ, ੧, ੧*:੧ (685)

ਛਪਾਇਓ --- ਲੁਕਾਇਆ
"ਜਿਨਿ ਹਰਿ ਪਾਇਓ ਤਿਨਹਿ ਛਪਾਇਓ।"
– ਧਨਾ ਨਾਮ, ੧, ੧*:੨ (718)

ਛਪਾਇਆ --- (1) ਲੁਕੋ, ਓਲਾ
"ਛਪਸਿ ਨਾਹਿ ਕਛੁ ਕਰੈ ਛਪਾਇਆ।"
– ਗਉ ੫, ਸੁਖ ੪, ੫:੪ (267)
(2) ਲੁਕਾਇਆ
"ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਛਪਾਇਆ।"
– ਆਸਾ ੫, ੪੨, ੩:੨ (381)
"ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ।" (ਲੁਕਾਣ ਨਾਲ)
– ਸੋਰ ਭੀਖ, ੨, ੧:੨ (659)

ਛਪਾਇਨਿ --- ਛੁਪਾਉਂਦੇ/ਲੁਕਾਉਂਦੇ ਹਨ
"ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ।"
– ਗਉ ੪, ਵਾਰ ੨੧ਸ, ੪, ੧:੪ (312)

ਛਪਾਈ ----- ਛੁਪਾ/ਲੁਕੋ ਲੈਣਾ
"ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ।"
– ਸਾਰ ੫, ੨, ੧*:੨ (1202)

ਹੋਰ ਰੂਪ:

ਛਪਾਈਆ –

"ਤਸਿ ਦੇਵੈ ਆਪਿ ਦਇਆਲੁ ਨ ਛਪੈ ਛਪਾਈਆ।" (ਛਪਾਣ ਨਾਲ)
– ਸਾਰ ੪, ਵਾਰ ੩੪:੨ (1250)

ਛਪਾਏ –
"ਸਾਚੁ ਨ ਛਪੈ ਜੇ ਕੋ ਰਖੈ ਛਪਾਏ।" (ਛਪਾ ਕੇ)
– ਗਉ ੩, ਅਸ ੬, ੫:੨ (232)

ਛਪਾਨੀ –
"ਮੁਕਤਿ ਕੀ ਬਰੀਆ ਕਹਾ ਛਪਾਨੀ।" (ਛਪ ਜਾਂਦੀ/ਲੁਕ ਜਾਂਦੀ ਹੈ)
– ਗੋਂਡ ਨਾਮ, ੬, ੪:੨ (874)

ਛਪਾਵੈ –
"ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।"
– ਗਉ ੧, ੧੭, ੩:੨ (156)

ਛਪਿ ------ ਲੁਕ, ਛੁਪ
"ਬੰਧਨ ਖੋਲਨਿ੍ ਸੰਤ ਦੂਤ ਸਭਿ ਜਾਹਿ ਛਪਿ।"
– ਗੂਜ ੫, ਵਾਰ ੮:੪ (520)
"ਬਲਬੰਚ ਛਪਿ ਕਰਤ ਉਪਾਵਾ ਪੇਖਤ ਸੁਨਤ ਪ੍ਰਭ ਅੰਤਰਜਾਮੀ।"
– ਸਮੁ ੫, ੧*:੫ (1387)

ਛਪਿਆ ---- ਲੁਕਿਆ, ਗੁਝਾ ਰਿਹਾ
"ਪ੍ਰਗਟ ਭਏ ਨਾਨਕ ਨਹ ਛਪਿਆ।"
– ਗਉ ੫, ਬਾਅ ੨੧:੮ (254)

ਹੋਰ ਰੂਪ:

ਛਪੇ –
"ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ।" (ਲੁਕ ਗਏ)
– ਜੈਤ ੫, ਵਾਰ ੧੯:੨ (710)

ਛਪੈ –
"ਸਾਚੁ ਨ ਛਪੈ ਜੇ ਕੋ ਰਖੈ ਛਪਾਏ।" (ਲੁਕਦਾ, ਛੁਪਦਾ)
– ਗਉ ੩, ਅਸ ੬, ੫:੨ (232)

ਛਬਿ ------ (ਫਾ. ਸ਼ਬ) ਰਾਤ ਨੂੰ (ਮਹਾਨਕੋਸ਼) ਰੋਅਬਦਾਬ, ਦਬਦਬਾ (ਸ਼ਬਦਾਰਥ)
"ਪਾਹਰੂਅਰਾ ਛਬਿ ਚੋਰੁ ਨ ਲਾਗੈ।"
– ਆਸਾ ੧, ੨੦, ੪:੨ (355)

ਛਬੀਲਾ ----- ਛਬੀ ਵਾਲਾ ਭਾਵ ਸੁੰਦਰ
"ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ।"
– ਰਾਮ ੫, ਵਾਰ ੬ਸ, ੫, ੧:੫ (959)

ਹੋਰ ਰੂਪ:

ਛਬੀਲੀ –
"ਸੁੰਦਰ ਬਚਨ ਤੁਮ ਸੁਣਹੁ ਛਬੀਲੀ ਪਿਰੁ ਤੈਡਾ ਮਨ ਸਾਧਾਰਣੁ।" (ਹੇ ਸੁੰਦਰੀ)
– ਰਾਮ ੫, ਵਾਰ ੬ਸ, ੫, ੧:੨ (959)

ਛਮਿ ਛਰੀ --- ਪ੍ਰਿਥਵੀ ਉਪਰ ਫਿਰਨ ਵਾਲੇ, ਪਿਤਰ

"ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।"

– ਆਸਾ ੧, ੩੨, ੪:੧ (358)

ਛਰਿਆ ---- ਛਡੇ ਹੋਏ ਹਨ

"ਊਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।"

– ਗੂਜ ੫, ੧, ੩:੧ (495)

ਛਲ ------- (1) ਕਪਟ, ਧੋਖਾ

"ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ।"

– ਗਉ ੫, ਬਾਅ ੩੩:੨ (257)

ਹੋਰ ਰੂਪ:

ਛਲੰ –

"ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ।"

– ਜੈਤ ੫, ਵਾਰ ੧੦ਸ, ੫, ੧:੨ (708)

(2) ਛਲਵਾਨ, ਛਲੀ

"ਛਲ ਬਪੁਰੀ ਇਹ ਕਉਲਾ ਡਰਪੈ ਅੰਤਿ ਡਰਪੈ ਧਰਮ ਰਾਇਆ।"

– ਮਾਰੂ ੫, ੧, ੩:੨ (999)

ਛਲਨ ------ ਛਲਨ ਵਾਲਾ

"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ਹ ਕੁਆਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।"

– ਸਵ ੪, ਗਯੰ ੯:੨ (1403)

ਛਲਨਾ ----- ਛਲਿਆ ਜਾ ਸਕਨਾ

"ਆਪ ਹੀ ਅਛਲੁ ਨ ਜਾਈ ਛਲਨਾ।"

– ਬਿਲਾ ੫, ੭, ੨:੨ (803)

ਛਲਾ ------ ਛਲਿਆ, ਗਿਆ

"ਗਾਵਹਿ ਸਨਕਾਦਿ ਸਾਧ ਸਿਧਾਦਿਕ ਮੁਨਿ ਜਨ ਗਾਵਹਿ ਅਛਲ ਛਲਾ।"

– ਸਵ ੧, ੩:੨ (1389)

ਛਲਾਈ ----- ਛਲਨ ਲਗਿਆਂ

"ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।"

– ਸਿਰੀ ੧, ੩੩, ੧:੧ (25)

ਛਲਿਓ ----- (ਤੂੰ) ਛਲਿਆ

"ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ।"

– ਸਵ ੧, ੭:੧ (1390)

ਛਲੀ ------ ਛਲ ਲਈ

"ਕਉਲਾ ਬਪੁਰੀ ਸੰਤੀ ਛਲੀ।"

– ਆਸਾ ੫, ੯੮, ੩:੪ (392)

“ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ।” (ਛਲਿਆ ਹੈ)
– ਆਸਾ ੫, ੧੩੨, ੧:੨ (404)

ਛਲੀਆ ---- (1) ਧੋਖਾ ਦੇਣ ਵਾਲਾ, ਕਪਟੀ
“ਮਾਇਆ ਛਲੀਆ ਬਿਕਾਰ ਬਿਖਲੀਆ।”
– ਆਸਾ ੫, ੫੫, ੪:੧ (385)
(2) ਛਲ ਲਿਆ, ਧੋਖੇ ਨਾਲ ਠਗ ਲਿਆ
“ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ।”
– ਆਸਾ ਕਬ, ੧੯, ੧:੨ (480)
ਹੋਰ ਰੂਪ:
ਛਲੀਐ –
“ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ।” (ਛਲਿਆ ਜਾਂਦਾ)
– ਪ੍ਰਭਾ ੧, ਅਸ ੪, ੩:੨ (1344)

ਛਲੁ ------- ਕਪਟ, ਧੋਖਾ
“ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।”
– ਸਿਰੀ ੪, ਵਾਰ ੮:੨ (85)
“ਮਾਈ ਮਾਇਆ ਛਲੁ।”
– ਟੋਡੀ ੫, ੨੬, ੧*:੧ (717)

ਛਲੇ ------- ਕਪਟ/ਧੋਖੇ ਵਿਚ ਆਏ ਹੋਏ
“ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ ਮਾਇਆ ਛਲੇ ਕਨਿਕ ਕਾਮਿਨੀ।”
– ਰਾਮ ੫, ੬੦, ੧*:੧ (901)

ਛਲੈ ------- ਛਲਿਆ ਜਾ ਸਕਦਾ, ਧੋਖੇ ਵਿਚ ਲਿਆਂਦਾ ਜਾ ਸਕਦਾ
“ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ।”
– ਸਿਰੀ ੧, ੩੩, ੧:੧ (25)
“ਹਰਿ ਸੰਗਿ ਰਾਤੇ ਮਾਇਆ ਨਹੀ ਛਲੈ।” (ਛਲਦੀ, ਧੋਖਾ ਦੇਂਦੀ)
– ਗਉ ੫, ੧੦੯, ੧:੨ (201)
(2) ਛਲ ਰੂਪ ਭਾਵ ਬਿਨਸਨਹਾਰ, ਵਿਨਾਸ਼ ਹੋਣ ਵਾਲੇ
“ਇਸਟ ਮੀਤ ਜਾਣੁ ਸਭ ਛਲੈ।”
– ਰਾਮ ੫, ੨੨, ੧:੩ (889)

ਛਵਾਈ ----- ਬਣਵਾਇਆ ਹੈ, ਛਤਾਉਣਾ
“ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ।”
– ਸੋਰ ਨਾਮ, ੨, ੧:੧ (657)

ਛਵਾਵੈ ----- ਬਣਵਾਉਂਦਾ, ਛਤਾਉਂਦਾ
“ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ।”
– ਸੋਰ ਨਾਮ, ੨, ੨:੧ (657)

ਛਡਾਵਣੀ ---- ਮੁਕਤ ਕਰਾਉਣੀ
“ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੈ।”

– ਮਾਰੂ ੩, ਵਾਰ ੧੨:੫ (1090)

ਛਾਉ ------ (1) ਛਾਂ, ਸਾਇਆ

“ਮਨਮੁਖ ਉਭੇ ਸੁਕਿ ਗਏ ਨਾ ਫਲੁ ਤਿੰਨਾ ਛਾਉ।”

– ਸਿਰੀ ੩, ਅਸ ੨੦, ੪:੧ (66)

ਹੋਰ ਰੂਪ:

ਛਾਂਉ –

“ਪਹਿਲੋ ਦੇ ਜੜ ਅੰਦਰਿ ਜੰਮੈ ਤਾ ਊਪਰਿ ਹੋਵੈ ਛਾਂਉ।”

– ਮਲਾ ੧, ਵਾਰ ੨੨ਸ, ੧, ੨:੪ (1288)

(2) ਆਸਰਾ (ਭਾਵ)

“ਸਭਨਾ ਜੀਆ ਇਕਾ ਛਾਂਉ।”

– ਸਿਰੀ ੪, ਵਾਰ ੩ਸ, ੧, ੧:੨ (83)

“ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ।”

– ਕੇਦਾ ੫, ੪, ੨:੧ (1120)

ਛਾਇ ------ ਫੈਲੀ/ਖਿਲਰੀ/ਛਾਈ ਹੈ

“ਮੁਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ।”

– ਚਉ ੫, ੪:੧ (1364)

ਹੋਰ ਰੂਪ:

ਛਇਓ –

“ਕ੍ਰਿਪਾ ਨਿਧਾਨ ਸੂਖ ਕੇ ਸਾਗਰ ਜਸੁ ਸਭ ਮਹਿ ਜਾ ਕੋ ਛਾਇਓ।” (ਫੈਲਿਆ ਹੈ)

– ਸਾਰ ੫, ੬੬, ੧:੧ (1217)

ਛਾਇਆ ---- (1) ਅਕਸ, ਪ੍ਰਤਿਬਿੰਬ

“ਆਪੇ ਮਾਇਆ ਆਪੇ ਛਾਇਆ।” (ਭਾਵ ਜੀਵਾਤਮਾ)

– ਮਾਝ ੩, ਅਸ ੨੭, ੫:੧ (125)

“ਸਭੁ ਜਗੁ ਦੇਖਿਆ ਮਾਇਆ ਛਾਇਆ।” (ਮਾਇਆ ਦੇ ਅਕਸ (ਪਰਦੇ) ਹੇਠਾਂ)

– ਆਸਾ ੧, ੧੭, ੪:੩ (354)

ਹੋਰ ਰੂਪ:

ਛਾਇਐ –

“ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ।”

– ਗੂਜ ੫, ਵਾਰ ੮:੮ (520)

(2) ਫੈਲਿਆ, ਖਿਲਰਿਆ

“ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ।”

– ਗਉ ੪, ੬੫, ੪:੧ (173)

“ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ।” (ਪ੍ਰਵੇਸ਼ ਕਰਕੇ)

– ਆਸਾ ੧, ੮, ੩:੨ (351)

“ਜਪਿ ਏਕ ਪ੍ਰਭੂ ਅਨੇਕ ਰਵਿਆ ਸਰਬ ਮੰਡਲ ਛਾਇਆ।” (ਵਿਆਪਕ)

– ਸੂਹੀ ੫, ਛੰਤ ੮, ੪:੩ (782)

“ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ।” (ਪਸਰਿਆ)

- ਸੂਹੀ ੫, ਛੰਤ ੧੦, ੧:੨ (783)

(3) ਛਤਿਆ ਹੋਇਆ (ਮਹਾਨਕੋਸ਼)

"ਊਚੇ ਮੰਦਰ ਸੁੰਦਰ ਛਾਇਆ।"

- ਗਉ ੫, ੭੧, ੧:੨ (175)

"ਅਵਗਣ ਮਾਰਿ ਗੁਣੀ ਘਰੁ ਛਾਇਆ ਪੂਰੈ ਪੁਰਖਿ ਬਿਧਾਤੈ।" (ਛਤਿਆ)

- ਸੂਹੀ ੧, ਛੰਤ ੩, ੨:੪ (765)

(4) ਪਰਛਾਵਾਂ ਭਾਵ ਅਸਰ

"ਸਾਚ ਮਹਲਿ ਗੁਰਿ ਅਲਖੁ ਲਖਾਇਆ ਨਿਹਚਲ ਮਹਲੁ ਨਹੀ ਛਾਇਆ ਮਾਇਆ।" (ਮਾਇਆ ਦਾ ਅਸਰ)

- ਗਉ ੧, ਅਸ ੧੫, ੮:੧, ੨ (228)

(5) ਛਾਂ, ਸਾਇਆ ਭਾਵ ਚਲਾਇਮਾਨ, ਨਾਸ਼ਮਾਨ

"ਬਿਰਖ ਕੀ ਛਾਇਆ ਸਿਉ ਰੰਗੁ ਲਾਵੈ।"

- ਗਉ ੫, ਸੁਖ ੫, ੩:੩ (268)

"ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ।"

- ਧਨਾ ੧, ਛੰਤ ੩, ੧:੫ (689)

(6) ਛਾਂ ਭਾਵ ਅਵਿਦਿਆ

"ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ।"

- ਆਸਾ ੧, ਪਟੀ ੧੦:੧ (433)

"ਹਉ ਵਿਚਿ ਮਾਇਆ ਹਉ ਵਿਚਿ ਛਾਇਆ।" (ਭਰਮ, ਅਵਿਦਿਆ)

- ਆਸਾ ੧, ਵਾਰ ੭ਸ, ੧, ੧:੧੩ (466)

"ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ।" (ਅਗਿਆਨਤਾ ਦਾ ਹਨੇਰਾ)

- ਗੂਜ ੧, ਅਸ ੨, ੩:੧ (504)

(7) ਸੁਆਹ

"ਨਿੰਦਕ ਕੈ ਮੁਖਿ ਛਾਇਆ।"

- ਸੋਰ ੫, ੮੪, ੧:੨ (629)

(8) ਛਾਇਆ ਭਾਵ ਓਟ, ਆਸਰਾ

"ਛਾਇਆ ਪ੍ਰਭਿ ਛਤ੍ਰਪਤਿ ਕੀਨ੍ੀ ਸਗਲੀ ਤਪਤਿ ਬਿਨਾਸੀ ਰਾਮ।"

- ਸੂਹੀ ੫, ਅਸ ਛੰਤ ੭, ੩:੧ (781)

(9) ਭਰਮ, ਚਲਾਇਮਾਨ ਭਾਵ ਮਾਇਆ

"ਛਾਇਆ ਛੂਛੀ ਜਗਤੁ ਭੁਲਾਨਾ।"

- ਰਾਮ ੧, ਓਅੰ ੨੪:੫ (932)

(10) ਪਸਾਰਾ, ਵਰਤਾ (ਭਾਵ)

"ਰਜ ਤਮ ਸਤ ਕਲ ਤੇਰੀ ਛਾਇਆ।"

- ਮਾਰੂ ੧, ਸੋਲਾ ੧੮, ੨:੧ (1038)

(11) ਛਾਂ

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ।"

- ਤੁਖਾ ੧, ਬਾਰਾ ੮:੪ (1108)

ਛਾਇਅਉ --- ਫੈਲਿਆ/ਪਸਰਿਆ ਹੋਇਆ

“ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ।”
– ਸਵ ੪, ਬਲ ੩:੩ (1405)

ਛਾਇਲੈ ---- ਛਾਪੀ ਹੋਈ ਚਾਦਰ/ਕਪੜਾ, ਛੀਟ
“ਕਾਹੈ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ।”
– ਸਲੋ ਕਬ, ੨੧੨:੨ (1375)

ਛਾਈ ------ (1) ਸੁਆਹ
“ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ।”
– ਮਾਝ ੧, ਵਾਰ ੨੬ਸ, ੧, ੧:੨੫ (150)

(2) ਛਾਇਆ, ਪਰਛਾਵਾਂ, ਛਾਂ
“ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।”
– ਗਉ ੯, ੨, ੨:੧ (219)

ਹੋਰ ਰੂਪ:

ਛਾਏ –
“ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ।”
– ਗਉ ੫, ੧੫੨*, ੧:੨ (212)

(3) ਅਕਸ, ਪ੍ਰਤਿਬਿੰਬ
“ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।”
– ਧਨਾ ੯, ੧, ੧:੧ (684)

(4) ਛਤ ਲਈ, ਛਤੀ
“ਜਉ ਗੁਰਦੇਉ ਤ ਛਾਪਰਿ ਛਾਈ।”
– ਭੈਰ ਨਾਮ, ੧੧, ੬:੩ (1167)

(5) ਕਾਲਖ, ਮੈਲ, ਦਾਗ
“ਮਿਲਿ ਸਾਧੂ ਸੁਖੁ ਉਪਜੈ ਲਥੀ ਸਭ ਛਾਈ।”
– ਬਸੰ ੫, ਵਾਰ ੧:੪ (1193)

(6) ਖਤਮ ਹੋ ਜਾਣਾ, ਭਸਮ ਹੋ ਜਾਣਾ, ਸੁਆਹ ਹੋ ਜਾਣਾ, ਖਾਕ ਹੋ ਜਾਣਾ
“ਪੂਰਨ ਮਨਮੋਹਨ ਘਟ ਘਟ ਸੋਹਨ ਜਬ ਖਿੰਚੈ ਤਬ ਛਾਈ।”
– ਸਾਰ ੫, ਛੰਤ ੧, ੨:੩ (1236)

ਛਾਏ ------ (1) ਛਾਂ, ਅਕਸ ਵੇਖੋ ‘ਛਾਈ’ (2) ਫੈਲਦਾ ਹੈ
“ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ।”
– ਆਸਾ ੪, ਛੰਤ ੮, ੨:੪ (442)

“ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ।” (ਫੈਲੇ ਹੋਏ ਭਾਵ ਲੱਗੇ ਹੋਏ ਹਨ)
– ਆਸਾ ਕਬ, ੬, ੩:੧ (477)

“ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ।” (ਫੈਲੇ ਹੋਏ ਹਨ)
– ਤੁਖਾ ੧, ਬਾਰਾ ੪:੫ (1107)

(3) ਛਤੇ ਹੋਏ ਹਨ
“ਗਹਰੀ ਕਰਿ ਕੈ ਨੀਵ ਖੁਦਾਈ ਊਪਰਿ ਮੰਡਪ ਛਾਏ।”
– ਧਨਾ ਨਾਮ, ੧, ੧*:੧ (692)

ਛਾਹ ------ ਛਾਂ
“ਅਮਲ ਨ ਮਲ ਨ ਛਾਹ ਨਹੀ ਧੂਪ।”
– ਗਉ ਕਬ, ਥਿਤੀ ੧੧:੪ (344)

ਹੋਰ ਰੂਪ:

ਛਾਹੀ –
“ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ।”
– ਸਾਰ ੯, ੨, ੧:੨ (1231)

ਛਾਛਿ ------ ਲੱਸੀ
“ਸੰਤਹੁ ਮਾਖਨੁ ਖਾਇਆ ਛਾਛਿ ਪੀਐ ਸੰਸਾਰੁ।”
– ਸਲੋ ਕਬ, ੧੮:੨ (1365)

ਛਾਜਾ ------ ਛਾਇਆ ਹੋਇਆ, ਫੈਲਿਆ ਹੋਇਆ (ਸ਼ਬਦਾਰਥ) ਸਜਿਆ ਹੋਇਆ, ਛਬੀ ਸਹਿਤ (ਮਹਾਨਕੋਸ਼)
“ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ।”
– ਬਿਲਾ ਕਬ, ੫, ੧:੧ (856)

ਛਾਜੈ ------ ਵਿਆਪਕ ਹੋ ਰਿਹਾ ਹੈ
“ਸ੍ਰਿਸਟਿ ਉਪਾਇ ਰਹੇ ਪ੍ਰਭ ਛਾਜੈ।”
– ਮਾਰੂ ੧, ਸੋਲਾ ੮, ੭:੧ (1028)

ਛਾਂਟਿ ------ (1) ਛਡ
“ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਿ ਛਾਂਟਿ।”
– ਸਾਰ ੫, ੧੦੫, ੧:੨ (1224)

(2) ਚੁਣ ਕੇ
“ਸਰਨਿ ਗਹੀ ਅਚੁਤ ਅਬਿਨਾਸੀ ਕਿਲਬਿਖ ਕਾਢੇ ਹੈ ਛਾਂਟਿ।”
– ਮਲਾ ੫, ੧੪, ੨:੧ (1269)

ਛਾਡਉ ----- ਛਡਾਂ, ਤਿਆਗਾਂ
“ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ।”
– ਸਲੋ ਕਬ, ੪੫:੨ (1366)

ਹੋਰ ਰੂਪ:

ਛਾਡਹੁ –
“ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ।” (ਛੱਡ ਦੇ, ਤਿਆਗ ਦੇ)
– ਗਉ ਕਬ, ੬੮, ੧:੧ (338)

ਛਾਡਨ ----- ਤਿਆਗ ਕਰਨਾ, ਛਡਨਾ
“ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ।”
– ਬਿਲਾ ੫, ੯੬, ੧:੧ (823)

ਛਾਡਿ ------ (1) ਛਡ/ਤਿਆਗ (ਕਿਰਿਆ ਦਾ ‘ਅਮਰ’ ਰੂਪ)

"ਛਾਡਿ ਸਿਆਨਪ ਬਹੁ ਚਤੁਰਾਸੀ।"

- ਗਉ ੫, ੧੨੨, ੧:੧ (190)

(2) ਛਡ ਕੇ (ਪਿਛੇ), ਛੋੜ ਕੇ

"ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ।"

- ਗਉ ੫, ਬਾਅ ੧੯:੬ (254)

"ਜੋਨਿ ਛਾਡਿ ਜਉ ਜਗ ਮਹਿ ਆਇਓ।" (ਛੱਡ ਕੇ)

- ਗਉ ਕਬ, ੬੨, ੧:੧ (337)

(3) ਤੋਂ ਬਿੰਨਾਂ, (ਇਸ ਨੂੰ) ਛੱਡ ਕੇ

"ਛਾਡਿ ਕੁਚਰਚਾ ਆਨ ਨ ਜਾਨਹਿ।"

- ਗਉ ਕਬ, ੪੪, ੪:੧ (332)

ਛਾਡਿਆ ---- ਛੱਡਿਆ, ਜਾਣ ਦਿਤਾ (ਸ਼ਪਓਰੲਦ)

"ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿੰਦ ਕੀ ਪਾਧੀ।"

ਛਾਡਿਤ ----- ਛਡਦੀ, ਤਿਆਗ ਦੀ, ਵਖ ਹੁੰਦੀ

"ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ।"

- ਸਲੋ ੯, ੩੭:੨ (1428)

"ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ।" (ਛੱਡ ਗਏ)

- ਸੋਰ ੯, ੧੨, ੧:੨ (634)

ਛਾਡੀ ------ ਛਡ ਦਿਤੀ, ਤਿਆਗ ਦਿਤੀ

"ਸਾਧਸੰਗਿ ਚਿੰਤ ਬਿਰਾਨੀ ਛਾਡੀ।"

- ਧਨਾ ੫, ੩, ੧*:੧ (671)

ਛਾਡੀਅਲੇ --- ਛਡੀਆਂ/ਖੋਲ ਕੇ ਛਡੀਆਂ ਹਨ

"ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ।"

- ਰਾਮ ਨਾਮ, ੧, ੩:੧ (972)

ਛਾਡੁ ------ ਤਿਆਗ, ਛਡ ਦੇ

"ਸਸਾ ਸਿਆਨਪ ਛਾਡੁ ਇਆਨਾ।"

- ਗਉ ੫, ਬਾਅ ੫੦:੧ (260)

ਹੋਰ ਰੂਪ:

ਛਾਡੇ -

"ਇਹ ਰਸ ਛਾਡੇ ਉਹ ਰਸੁ ਆਵਾ।" (ਛਡੇ, ਤਿਆਗੇ)

- ਗਉ ਕਬ, ਬਾਅ ੩੫:੩ (342)

ਛਾਡੇ ------ (1) ਛਡੇ, ਤਿਆਗੇ, ਵੇਖੋ 'ਛਾਡੁ'

ਹੋਰ ਰੂਪ:

ਛਾਡੈ -

"ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ।" (ਤਿਆਗਦਾ)

- ਆਸਾ ਨਾਮ, ੪, ੧:੧ (485)

ਛਾਡੈ -

"ਤੈਸੇ ਸੰਤ ਜਨਾ ਰਾਮ ਨਾਮੁ ਨ ਛਾਡੈ।"
– ਬਸੰ ਨਾਮ, ੧, ੨:੨ (1195)

ਛਾੜ੍ਉ –
"ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾੜ੍ਉ ਏਕ ਘਰੀ।"
(ਤਿਆਗਾਂ, ਛਡਾਂ)
– ਸਵ ੫, ਮਥੁ ੪:੨ (1409)

(2) ਛਡੇ, ਦਿਤੇ
"ਜਨਮ ਮਰਨ ਬਿਕਾਰ ਅੰਕੁਰ ਹਰਿ ਕਾਟਿ ਛਾਡੇ ਖੋਇ।"
– ਸਾਰ ੫, ੧੨੫, ੧:੨ (1228)

ਛਾਨਿ ------ ਪੁਨ ਕੇ, ਪੁਣ ਕੇ
"ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਨਿ।"
–ਬਿਲਾ ੫, ੧੧੨, ੨:੧ (826)

ਹੋਰ ਰੂਪ:

ਛਾਣੀ –
"ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ।" (ਪੁਨੀ, ਚੁਣੀ)
– ਮਾਰੂ ੧, ਅਸ ੭, ੪:੧ (1013)

ਛਾਣੈ ------ ਪਾ ਲੈਣਾ/ਬਿਖੇਰ ਲੈਂਦਾ ਹੈ (ਭਾਵ) ਹੋਰ ਵੇਖੋ 'ਛਾਨਹਿ'
"ਜਿਉ ਕੁੰਚਰੁ ਨਾਇ ਖਾਕੁ ਸਿਰਿ ਛਾਣੈ।"
– ਆਸਾ ੪, ੫੯, ੪:੧ (367)

ਛਾਤੀ ------ ਸੀਨਾ
"ਛਾਤੀ ਸੀਤਲ ਮਨੁ ਸੁਖੀ ਛੰਤ ਗੋਬਿਦ ਗੁਨ ਗਾਇ।"
– ਗਉ ੫, ਬਾਅ ੨੩ਸ:੧ (254)

ਛਾਦਨ ----- ਕਪੜੇ ਬਸਤਰ
"ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ।"
– ਮਾਝ ੧, ਵਾਰ ੫:੩ (140)

ਹੋਰ ਰੂਪ:

ਛਾਦਨੁ –
"ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮ ਗਵਾਇਆ।"
– ਗੂਜ ੩, ਵਾਰ ੧੨ਸ, ੩, ੨:੫ (513)

ਛਾਦਿ ------ 'ਛਾਦਨ' ਦਾ ਸੰਖੇਪ, ਕਪੜੇ
"ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ।"
– ਧਨਾ ੫, ੫੩, ੧:੧ (683)

ਛਾਨਹਿ ----- ਪਾ ਲੈਂਦਾ ਹੈ, ਵੇਖੋ ਛਾਣੈ, 'ਛਾਨੈ'
"ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੂ ਜਾਲਿਆ।"
– ਜੈਤ ੫, ਛੰਤ ੩, ੩:੪ (705)

ਛਾਨਾ ------ (ਸੰ.) ਗੁਪਤ, ਲੁਕਿਆ ਹੋਇਆ
“ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ।”
– ਆਸਾ ੫, ੪੪, ੪:੧ (382)

ਛਾਨਿ ------ ਛਪਰੀ, ਛੰਨ, ਫੂਸ ਦਾ ਛੱਪਰ
“ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ।”
– ਗਉ ਕਬ, ਅਸ ੪੩, ੧:੨ (332)

ਛਾਨੀ ------ ਛੁਪੀ, ਲੁਕੀ
“ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ।”
– ਸੋਰ ੫, ੨੬, ੧*:੨ (616)

ਛਾਨੈ ------ ਉਪਰ ਪਾ ਲੈਂਦਾ ਹੈ, ਵੇਖੋ ਛਾਣੈ, ‘ਛਾਨਹਿ’
“ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ।”
– ਆਸਾ ੫, ੩੮, ੩:੩ (380)

ਛਾਪ ------ ਮੁਹਰ
“ਸਤਿਗੁਰਿ ਕਰਿ ਦੀਨੀ ਧੁਰ ਕੀ ਛਾਪ।” (ਭਾਵ ਮੁਆਫੀ ਦੀ ਮੋਹਰ)
– ਆਸਾ ੫, ਅਸ ੧, ੫:੨ (430)

ਛਾਪਣ ----- ਛੁਪਣਾ, ਭਾਵ ਮਰਨਾ
“ਨਾਨਕ ਰੰਗੁ ਲਗਾ ਪਰਮੇਸਰ ਬਾਹੁੜਿ ਜਨਮ ਨ ਛਾਪਣ।”
–ਧਨਾ ੫, ੪੯, ੨:੨ (682)

ਛਾਪਰਿ ----- ਝੁੱਗੀ, ਝੌਂਪੜੀ
“ਜਉ ਗੁਰਦੇਉ ਤ ਛਾਪਰਿ ਛਾਈ।”
– ਭੈਰ ਨਾਮ, ੧੧, ੬:੩ (1167)

ਹੋਰ ਰੂਪ:

ਛਾਪਰੀ –
“ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ।”
– ਸੂਹੀ ੫, ੪੧, ੧*:੧ (745)

ਛਾਪਰੁ ----- ਛੱਪਰ ਛੰਨ
“ਛਾਪਰੁ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ।”
– ਸਾਰ ੫, ੧੦, ੧:੨ (1205)

ਛਾਪੈ ------ ਸੁਤਿਆਂ ਪਿਆ, ਦਬਾਅ, ਮਹਿਸੂਸ ਕਰਨ ਦਾ ਰੋਗ, ਉਥਾਰਾ ਰੋਗ
“ਸਤਿਗੁਰ ਬਾਝਹੁ ਸਮਝ ਨ ਹੋਵੀ ਸਭੁ ਜਗੁ ਦਬਿਆ ਛਾਪੈ।”
– ਮਲਾ ੧, ਅਸ ੪, ੪:੨ (1275)

ਛਾਬਾ ------ ਤਕੜੀ ਦਾ ਪਲਾ
“ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ।”
– ਮਾਰੂ ੧, ੧੧, ੩:੧ (992)

ਛਾਮ ------ ਛਾਂ, ਪਰਛਾਵਾਂ

"ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ।" (ਭਾਵ ਰਖਿਆ)
– ਗਉ ੫, ਸੁਖ ੨, ੪:੮ (264)
"ਹਲਤਿ ਪਲਤਿ ਜਾ ਕੀ ਸਦ ਛਾਮ।" (ਭਾਵ ਆਸਰਾ)
– ਭੈਰ ੫, ੬, ੧*:੨ (1137)

ਛਾਮਨੀ ----- ਛਾਂ
"ਸੁਤ ਕਲਤ੍ਰ ਭ੍ਰਾਤ ਮੀਤ ਉਰਝਿ ਪਰਿਓ ਭਰਮਿ ਮੋਹਿਓ ਇਹ ਬਿਰਖ ਛਾਮਨੀ।"
– ਰਾਮ ੫, ੬੦, ੨:੧ (901)

ਛਾਯਉ ----- ਫੈਲਿਆ, ਵਿਆਪਕ ਹੋਇਆ
"ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ।"
– ਸਵ ੫, ਮਥੁ ੨:੩ (1408)

ਛਾਯਾ ------ ਛਾਂ
"ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੂਮ ਛਾਯਾ ਰਚਿ ਦੁਰਮਤਿਹ।"
– ਸਸ ੫, ੩੦:੧ (1356)

ਛਾਰ ------ ਸੁਆਹ
"ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ।"
– ਆਸਾ ੧, ਵਾਰ ੪ਸ, ੧, ੨:੭ (465)

ਛਾਂਰਹੁ ----- ਛਾਂ
"ਮਿਤ੍ਰ ਨ ਪੁਤ੍ਰ ਕਲਤ੍ਰ ਸਾਜਨ ਸਖ ਉਲਟਤ ਜਾਤ ਬਿਰਖ ਕੀ ਛਾਂਰਹੁ।"
– ਸਸੁ ੫, ੫*:੬ (1388)

ਛਾਰਾ ------ ਸੁਆਹ, ਖੇਹ
"ਵਿਣੁ ਨਾਵੈ ਹੋਰੁ ਧਨੁ ਨਾਹੀ ਹੋਰੁ ਬਿਖਿਆ ਸਭੁ ਛਾਰਾ।"
– ਮਾਝ ੧, ਵਾਰ ੭:੭ (141)

ਹੋਰ ਰੂਪ:

ਛਾਰੀ –
"ਖੰਨਾ ਸਗਲ ਰੇਨੁ ਛਾਰੀ।" (ਚਰਨ ਧੂੜ)
– ਸੋਰ ੫, ੮੦, ੧:੨ (628)

ਛਾਰੁ –
"ਨਾਨਕ ਪ੍ਰੇਮ ਮਹਾ ਰਸੀ ਸਭਿ ਬੁਰਿਆਈਆ ਛਾਰੁ।"
–ਸੂਹੀ ੩, ਵਾਰ ੪ਸ, ੧, ੨:੩ (786)
"ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।" (ਸੁਆਹ ਵਾਂਗ)
– ਮਾਝ ੫, ਬਾਰਾ ੬:੩ (134)
"ਬਿਨੁ ਭਗਤੀ ਤਨੁ ਹੋਸੀ ਛਾਰੁ।" (ਮਿੱਟੀ)
– ਗਉ ੫, ਸੁਖ ੨੦, ੫:੬ (290)
"ਨਾਨਕ ਨਾਲਿ ਨ ਚਲਨੀ ਜਲਿ ਬਲਿ ਹੋਏ ਛਾਰੁ।" (ਸੁਆਹ)
– ਗਉ ੫, ਵਾ ੨ਸ, ੫, ੨:੨ (318)
"ਹੋਇ ਰਹੇ ਸਭ ਕੀ ਪਗ ਛਾਰੁ।" (ਧੂੜ)

– ਆਸਾ ੫, ੮੮, ੧:੪ (392)
“ਏਕ ਸਾਚੇ ਨਾਮ ਬਾਝਹੁ ਸਗਲ ਦੀਸੈ ਛਾਰੁ।” (ਭਾਵ ਤੁਛ)
– ਆਸਾ ੫, ੧੩੬, ੧:੨ (405)
“ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ।” (ਭਾਵ ਕੁਝ ਵੀ ਨਾ)
– ਆਸਾ ਕਬ, ੧੪, ੪:੨ (479)
“ਨਾਨਕ ਦਾਸ ਸਰਨਾਗਤੀ ਤੇਰੇ ਸੰਤਨਾ ਕੀ ਛਾਰੁ।” (ਚਰਨ ਧੂੜਾ)
– ਕੇਦਾ ੫, ੧੨, ੨:੨ (1121)

ਛਾਰੋ –
“ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰ ਛਾਰੋ।”
– ਗਉ ੧, ੧੩, ੧:੩ (154)

ਛਾਲਾ ------ ਕੁਦਾੜੀ, ਟਪੂਸੀ
“ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ।” (ਛਾਲਾਂ ਮਾਰੀਆਂ ਭਾਵ ਟਿੱਲ/ਵਾਹ ਲਾਇਆ)
– ਆਸਾ ੧, ਵਾਰ ੧੧ਸ, ੧, ੩:੨ (469)

ਛਾਵ ------ ਛਾਂ, ਸਾਇਆ
“ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ।”
– ਸਿਰੀ ੧, ਅਸ ੧੦, ੨:੨ (59)
“ਧੂਪ ਛਾਵ ਜੇ ਸਮ ਕਰਿ ਜਾਣੈ।” (ਭਾਵ ਸੁਖ)
– ਰਾਮ ੧, ਓਅੰ ੨੪:੩ (932)

ਹੋਰ ਰੂਪ:

ਛਾਂਵ –
“ਰਾਜੁ ਮਾਲੁ ਜੋਬਨੁ ਸਭੁ ਛਾਂਵ।”
– ਮਲਾ ੧, ੮, ੨:੧ (1257)

ਛਾਵਨੀ ----- ਛਾਈ/ਫੈਲੀ, ਖਿਲਰੀ, ਵਿਆਪਕ
“ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ।”
– ਮਲਾ ੫, ੨੫, ੨:੧ (1272)

ਛਾਵੜੀਏਹ -- ਛਾਂ ਥਲੇ
“ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹ ਜੀਉ।” (ਭਾਵ ਸੁਖੀ)
– ਸੂਹੀ ੧, ਕਚ ੧:੩ (762)

ਛਾਵਾ ------ ਰਖਿਆ ਓਟ
“ਸਿਖ ਮਤਿ ਸਭ ਬੁਧਿ ਤੁਮ੍ਹਾਰੀ ਮੰਦਿਰ ਛਾਵਾ ਤੇਰੇ।”
– ਬਿਲਾ ੧, ੨, ੩:੧ (795)

ਛਾਵਾਣਿਆ --- (ਫਾ. ਸਾਇਵਾਨ) ਸਾਇਬਾਨ, ਚੰਦੋਆ
“ਪਰਗਟੁ ਭਇਆ ਸੰਸਾਰਿ ਮਿਹਰ ਛਾਵਾਣਿਆ।”
– ਮਲਾ ੧, ਵਾਰ ੨੭:੬ (1291)

ਛਾਵਾਣੁ ----- (1) ਛਾਂ

"ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ।"
– ਰਾਮ ਬਸ, ਵਾਰ ੬:੯ (968)

(2) ਵਿਛੌਣਾ, ਬਿਸਤਰਾ
"ਸੇਜ ਸਧਾ ਸਹਜੁ ਛਾਵਾਣੁ ਸੰਤੋਖੁ ਸਰਾਇਚਉ ਸਦਾ ਸੀਲ ਸੰਨਾਹੁ ਸੋਹੈ।"
– ਸਵ ੪, ਕਲ ੧੦:੧ (1398)

ਛਿਅ ------ ਛੇ, ਗਿਣਤੀ ਦੀ ਇਕ ਇਕਾਈ
"ਛਿਅ ਘਰ ਛਿਅ ਗੁਰ ਛਿਅ ਉਪਦੇਸ।"
– ਆਸਾ ੧, ੨, ੧:੧ (12)

ਛਿਕਿ ------ ਖਿਚ ਕੇ, ਭਾਵ ਘੁਟ ਕੇ
"ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ।"
– ਸਿਰੀ ੫, ਅਸ ੨੯, ੮:੩ (73)

ਹੋਰ ਰੂਪ:

ਛਿਕਿਓਨੁ –
"ਲਹਣੇ ਧਰਿਓਨੁ ਛਤੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ।"
– ਰਾਮ ਬਸ, ਵਾਰ ੪:੬ (967)

ਛਿਕੇ –
"ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ।" (ਖਿਚ ਕੇ ਭਾਵ ਬੰਨ੍ਹ ਕੇ)
– ਗਉ ੪, ਵਾਰ ੮:੩ (304)

ਛਿੰਗਾ ------ ਨੋਕਦਾਰ ਪਤਲਾ ਤੀਲਾ (ਡੱਕਾ) ਜਿਸ ਨਾਲ ਦੰਦਾਂ ਦੀਆਂ ਵਿਰਲਾਂ ਸਾਫ ਕੀਤੀਆਂ ਜਾਂਦੀਆਂ ਹਨ
"ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ।"
– ਬਿਹਾ ੪, ਵਾਰ ੬:੩ (551)

ਛਿਜਈ ----- ਛਿਜੇ, ਨਾਸ ਹੋਵੇ, ਭਾਵ ਉਜੜੇ
"ਤੈ ਸਹਿ ਦਿਤੀ ਵਾੜਿ ਨਾਨਕ ਖੇਤੁ ਨ ਛਿਜਈ।"
– ਗੁਜ ੫, ਵਾਰ ੧੨ਸ, ੫, ੨:੨ (521)

ਹੋਰ ਰੂਪ:

ਛਿਜਹਿ –
"ਇਕੁ ਛਿਜਹਿ ਬਿਆ ਲਤਾੜੀਅਹਿ।" (ਕਟਦੇ/ਤੋੜਦੇ ਹਨ)
– ਸਲੋ ਫਰ, ੧੬:੩ (1378)

ਛਿਜਣਾ –
"ਜੇ ਜਾਣਾ ਲੜੁ ਛਿਜਣਾ ਪੀਡੀ ਪਾਈ ਗੰਢਿ।" (ਖੁੱਲ ਜਾਣ/ਛਿੱਜ ਜਾਣ ਵਾਲਾ)
– ਸਲੋ ਫਰ, ੫:੧ (1378)

ਛਿਜਤ ----- ਛਿਜਦੀ, ਟੁੱਟਦੀ
"ਦਿਨੁ ਦਿਨੁ ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲਾ।"
– ਬਿਲਾ ੫, ੨੨, ੧:੨ (806)

ਹੋਰ ਰੂਪ:

ਛਿਜੰਤ –
“ਛਿਜੰਤ ਮਹਾ ਸੁੰਦਰੀ ਕਾਇਆ ਕਾਲ ਕੰਨਿਆ ਗ੍ਰਾਸਤੇ।” (ਟੁੱਟਦੀ ਹੈ)
– ਸਸ ੫, ੬੧:੨ (1359)

ਛਿਜੰਤਿ –
“ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ।” (ਭੰਨ ਦੀਆਂ, ਤੋੜਦੀਆਂ)
– ਸਸ ੫, ੫੩:੪ (1359)

ਛਿਜੰਦੜੀ --- ਟੁੱਟ ਗਈ
“ਦੇਹ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ ਧਰਾਇਆ।”
– ਰਾਮ ੫, ਵਾਰ ੧੬ਸ, ੫, ੨:੧ (964)

ਛਿਜਦੀ ----- ਘਟਦੀ
“ਅਨਦਿਨੁ ਆਰਜਾ ਛਿਜਦੀ ਜਾਏ।”
– ਮਾਰੂ ੩, ਸੋਲਾ ੧੭, ੭:੧ (1061)

ਛਿਜੀਐ ---- ਤੁੱਟੀਦਾ, ਉਜੜੀਦਾ
“ਕਿਤ ਹੀ ਕੰਮਿ ਨ ਛਿਜੀਐ ਜਾ ਹਿਰਦੈ ਸਚਾ ਸੋਇ।”
– ਸਿਰੀ ੫, ੭੫, ੨:੨ (43)

ਛਿਜੈ ------ ਨਾਸ ਹੋ ਰਿਹਾ/ਟੁੱਟ ਰਿਹਾ ਹੈ
“ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ।”
– ਸਿਰੀ ੧, ੬, ੪:੧ (16)
“ਜਿਨੀ ਇਕ ਮਨਿ ਇਕੁ ਅਰਾਧਿਆ ਤਿਨ ਕਾ ਕੰਧੁ ਨ ਕਬਹੂ ਛਿਜੈ।” (ਟੁੱਟਦਾ ਹੈ)
– ਗਉ ੪, ਵਾਰ ੨੦:੨ (312)

ਛਿੰਝ ------ (1) ਮਲ ਅਖਾੜਾ, ਘੋਲ/ਕੁਸ਼ਤੀ ਦਾ ਨਾਇਕ/ਸਿਰਮੌਰ ਬਣਕੇ
“ਹਉ ਬਾਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ।”
– ਸਿਰੀ ੫, ਅਸ ੨੯, ੨੧:੩ (74)
(2) ਕੁਸ਼ਤੀਆਂ ਵੇਖਣ ਲਈ ਇਕੱਠੀ ਹੋਈ ਲੋਕਾਈ
“ਸਭ ਹੋਈ ਛਿੰਝ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ।”
– ਸਿਰੀ ੫, ਅਸ ੨੯, ੧੭:੩ (74)
(3) ਮਲਯੁੱਧ, ਘੋਲ ਦਾ ਉਤਸਵ
“ਆਪੇ ਛਿੰਝ ਪਵਾਇ ਮਲਾਖਾੜਾ ਰਚਿਆ।”
– ਮਲਾ ੧, ਵਾਰ ੪:੧ (1280)

ਛਿਟਕਾਈ --- ਸੁਟ/ਛੁਟਕਾਰਾ ਪਾ ਕੇ
“ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ।”
– ਗਉ ਕਬ, ੪੯, ੩:੨ (333)

ਛਿਟਕਾਏ --- ਖੋਲ੍ਹ ਕੇ, ਖਲਾਰ ਕੇ
“ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ।”

– ਆਸਾ ਕਬ, ੯, ੩:੨ (478)

ਛਿਟਕਾਰੇ --- ਛਿੜਕਦਾ ਹਾਂ
"ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ਨਾਮੁ ਤੇਰਾ ਕੇਸਰੋ ਲੇ ਛਿਟਕਾਰੇ।"
– ਧਨਾ ਰਵਿ, ੩, ੧:੧ (694)

ਛਿਟੜਿ ----- ਦਾਗੀ, ਛਿਟਾਂ ਵਾਲਾ
"ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ।"
– ਮਾਰੂ ੫, ਵਾਰ ੫ਸ, ੫, ੧:੨ (1095)

ਛਿਟੀ ------ ਟਾਹਣੀ, ਟੋਟੇ
"ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ।"
– ਸਾਰ ੫, ੧੦, ੩:੨ (1205)

ਛਿਦੇ ------ ਵਿੰਨ ਜਾਂਦੇ ਹਨ
"ਨਾਨਕ ਰੋਗ ਦੋਖ ਅਘ ਮੋਹ ਛਿਦੇ ਹਰਿ ਨਾਮ ਖਗਿ।"
– ਸਸ ੫, ੧੦:*੩ (1389)

ਛਿਦ੍ਰ ------ ਛੇਕ, ਨੁਕਸ
"ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ।"
– ਟੋਡੀ ੫, ੧੨, ੧:੧ (714)
"ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ।" (ਦੋਸ਼)
– ਗਉ ੫, ਸੁਖ ੬, ੩:੫ (270)
"ਤਹ ਛਲ ਛਿਦ੍ਰ ਲਗਤ ਕਹੁ ਕੀਸ।" (ਪਾਪ)
– ਗਉ ੫, ਸੁਖ ੨੧, ੪:੬ (291)
"ਨਉਮੀ ਨਵੇ ਛਿਦ੍ਰ ਅਪਵੀਤ।" (ਛੇਕ ਭਾਵ ਗੋਲਕਾਂ)
– ਗਉ ੫, ਥਿਤੀ ੯:੧ (298)
"ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ।" (ਨੌਵੇਂ ਗੋਲਕਾਂ)
– ਮਾਰੂ ੪, ੭, ੩:੧ (998)
"ਪੰਚ ਦੋਖ ਛਿਦ੍ਰ ਇਆ ਤਨ ਮਹਿ ਬਿਖੈ ਬਿਆਧਿ ਕੀ ਕਰਣੀ।" (ਕਲੰਕ)
– ਸਾਰ ੫, ੭੭, ੧:੧ (1219)

ਹੋਰ ਰੂਪ:

ਛਿਦ੍ਰੰ –
"ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ।"
– ਜੈਤ ੫, ਵਾਰ ੧੦ਸ, ੫, ੧:੨ (708)

ਛਿਦ੍ਰੁ –
"ਕਾਇਆ ਰੋਗੁ ਨ ਛਿਦ੍ਰੁ ਕਿਛੁ ਨਾ ਕਿਛੁ ਕਾੜਾ ਸੋਗੁ।" (ਨੁਕਸ, ਦੋਸ਼)
– ਸਿਰੀ ੫, ਅਸ ੨੬, ੮:੧ (71)
"ਪਰਾਇਆ ਛਿਦ੍ਰੁ ਅਟਕਲੈ ਆਪਣਾ ਅਹੰਕਾਰੁ ਵਧਾਵੈ।"
– ਆਸਾ ੪, ੫੪, ੫:੨ (366)

ਛਿਨ ------ ਪਲ, ਸਮੇਂ ਦੀ ਬਹੁਤ ਛੋਟੀ ਇਕਾਈ ਭਾਵ ਝਟ ਹੀ

“ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।”
- ਬਿਹਾ ੯, ੧, ੧:੧ (537)

“ਦੀਨ ਦਯਾਲ ਪੁਰਖ ਪ੍ਰਭ ਪੂਰਨ ਛਿਨ ਛਿਨ ਸਿਮਰਹੁ ਅਗਮ ਅਪਾਰਹੁ।” (ਭਾਵ ਹਰ ਸਮੇਂ)
- ਸਮੁ ੫, ੫*:੭ (1388)

ਛਿਨਹੂ ----- ਛਿਨ/ਪਲ ਵਿਚ ਹੀ, ਭਾਵ ਝਟ ਤੁਰੰਤ
“ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮੁ ਬਖਾਨੋ।”
- ਬਿਲਾ ੯, ੧, ੧:੧ (830)

ਛਿਨਵੈ ----- ਗਿਣਤੀ ਦੀ ਇਕ ਇਕਾਈ, ਸੌ ਤੋਂ ਚਾਰ ਘੱਟ 96
“ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ।”
- ਮਲਾ ਨਾਮ, ੧, ੪:੨ (1292)

ਛਿਨਾ ------ ਲੁਕਿਆ ਹੋਇਆ ਗੁਪਤ (ਸ਼ਬਦਾਰਥ) ਕੰਗਾਲ (ਮਹਾਨਕੋਸ਼)
“ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ।” (ਨ ਛਨਾ ਭਾਵ ਉਘਾ)
- ਮਾਰੂ ੫, ਸੋਲਾ ੮, ੧੧:੩ (1079)

ਛਿੰਨਾ ------ (ਸੰ.) ਪਾਟੇ ਹੋਏ, ਖੰਡਿਤ
“ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ।”
- ਜੈਤ ੫, ਵਾਰ ੭:੧ (707)

ਛਿਨਾਏ ----- ਖੋਹ ਲਏ
“ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ।”
- ਭੈਰ ਨਾਮ, ੧, ੪:੧ (1167)

ਛਿਨੁ ------ (ਸੰ.) ਪਲ, ਥੋੜਾ ਸਮਾਂ
“ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ।”
- ਗਉ ਰਵਿ, ੧, ੧*:੧ (346)

“ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ।”
- ਸੋਰ ਕਬ, ੯, ੨:੧ (656)

(2) ਟੁਕੜਾ
“ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ।”
- ਆਸਾ ਰਵਿ, ੪, ੧:੧ (486)

ਛਿਵੈ ------ ਛੇਵੀਂ ਅਵਸਥਾ
“ਛਿਵੈ ਕਾਮੁ ਨ ਪੁਛੈ ਜਾਤਿ।”
- ਮਾਝ ੧, ਵਾਰ ੧ਸ, ੧, ੨:੬ (137)

ਛੀਕਿ ------ ਖਿਚ ਕੇ ਭਾਵ ਚੰਗੀ ਤਰਾਂ
“ਬਚਨ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ।”
- ਸਾਰ ੫, ੬, ੧*:੨ (1204)

ਛੀਕੇ ------ ਛੱਤ ਨਾਲ ਲਟਕਿਆ ਟੋਕਰਾ ਜਿਸ ਵਿਚ ਖਾਦ ਪਦਾਰਥ ਰਖੇ ਜਾਂਦੇ ਹਨ
“ਛੀਕੇ ਪਰ ਤੇਰੀ ਬਹੁਤ ਡੀਠਿ।”

– ਬਸੰ ਕਬ, ੧, ੩:੧ (1196)

ਛੀਜਹਿ ----- ਟੁੱਟ ਰਿਹਾ/ਛਿਜ ਰਿਹਾ/ਖੀਨ ਹੋ ਰਿਹਾ ਹੈ
"ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ।"
– ਆਸਾ ੩, ਪਟੀ ੨:੨ (434)

ਹੋਰ ਰੂਪ:

ਛੀਜਤ –
"ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ।"
– ਗਉ ੫, ੧੨੭, ੨:੨ (206)

ਛੀਜਿ ------ ਮੁਕ ਗਿਆ (ਭਾਵ)
"ਆਲਸੁ ਛੀਜਿ ਗਇਆ ਸਭੁ ਤਨ ਤੇ ਪ੍ਰੀਤਮ ਸਿਉ ਮਨੁ ਲਾਗਾ।"
– ਧਨਾ ੫, ੪੭, ੧*:੨ (682)

ਛੀਜੈ ------ (1) ਨਾਸ ਹੋਏ
"ਆਰਜਾ ਨ ਛੀਜੈ ਸਬਦੁ ਪਛਾਣੁ।"
– ਮਾਝ ੩, ਅਸ ੨੬, ੨:੨ (124)

(2) ਕੰਮਜ਼ੋਰ ਹੋਣਾ, ਖੀਨ ਹੋਣਾ
"ਰੰਡ ਬੈਠੀ ਦੂਜੈ ਭਾਇ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ।"
– ਵਡ ੩, ਅਲਾ ੨, ੩:੩ (583)

(3) ਘਟਨਾ
"ਜੇ ਬਦੀ ਕਰੇ ਤਾ ਤਸੂ ਨ ਛੀਜੈ।"
– ਧਨਾ ੧, ੬, ੧:੨ (662)
"ਜਮਕਾਲੁ ਘੜੀ ਮੁਹਤੁ ਨਿਹਾਲੇ ਅਨਦਿਨੁ ਆਰਜਾ ਛੀਜੈ।"
– ਮਾਰੂ ੩, ਸੋਲਾ ੬, ੪:੩ (1049)

(4) ਖਰਾਬ ਹੋਣਾ (ਭਾਵ)
"ਜੇ ਕੋ ਸਤ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ।"
– ਰਾਮ ੧, ਅਸ ੧, ੩:੧ (902)

ਛੀਨਤ ----- ਖੋਏ ਜਾਣ ਸਮੇਂ, ਖੋਹਦਿਆਂ
"ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ।"
– ਬਸੰ ੫, ਅਸ ੧, ੪:੨ (1192)

ਛੀਨਾ ------ ਛਿੰਨ ਮਾਤਰ, ਥੋੜਾ ਜਿਹਾ
"ਕਹੁ ਨਾਨਕ ਠਾਕੁਰ ਭਾਰੋਸੈ ਕਹੂ ਨ ਮਾਨਿਓ ਮਨਿ ਛੀਨਾ।"
– ਬਿਲਾ ੫, ੯੭, ੨:੨ (823)

ਛੀਨਾਂ ------ ਕਟਿਆ, ਵਢ ਦਿੱਤਾ
"ਬਜਰ ਕੁਠਾਰੁ ਮੋਹਿ ਹੈ ਛੀਨਾਂ ਕਰਿ ਮਿੰਨਤਿ ਲਗਿ ਪਾਵਉ।"
– ਧਨਾ ਨਾਮ, ੨, ੨:੧ (693)

ਛੀਨਿ ------ ਖੋਹ ਕੇ ਲੈ ਜਾਣਾ
"ਜੇਤਾ ਮੋਹੁ ਹਉਮੈ ਕਰਿ ਭੂਲੇ ਮੇਰੀ ਮੇਰੀ ਕਰਤੇ ਛੀਨਿ ਖਰੇ।"

– ਮਾਰੂ ੧, ਅਸ ੮, ੬:੧ (1014)

ਛੀਪਰੁ ----- ਛਾਪੋ, ਠੇਕੋ
“ਕਾਹੇ ਛੀਪਰੁ ਛਾਇਲੈ ਰਾਮ ਨ ਲਾਵਹੁ ਚੀਤੁ।”
– ਸਲੋ ਕਬ, ੨੧੨:੨ (1375)

ਛੀਪਰੋ ----- ਛੀਂਬਾ ਅਥਵਾ ਕਪੜਿਆਂ ਤੇ ਵੇਲ ਬੂਟੇ ਛਾਪਨ ਵਾਲਾ
“ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।”
– ਆਸਾ ਧਨਾ, ੨, ੧*:੨ (487)

ਛੀਪਾ ------ ਛੀਂਬਾ
“ਨਾਮ ਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।”
– ਸੂਹੀ ੪, ੮, ੩:੧ (733)

ਹੋਰ ਰੂਪ:

ਛੀਪੇ –
“ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ।”
– ਆਸਾ ਨਾਮ, ੫, ੨:੧ (486)

ਛੀਪੈ ------ ਦੀਪ (ਦਾਗ)
“ਬਸੈ ਘਟਾ ਘਟ ਲੀਪ ਨ ਛੀਪੈ।”
– ਕਾਨ ਨਾਮ, ੧, ੧:੧ (1318)

ਛੀਬਾ ------ ਛੀਂਬਾ, ਵੇਖੋ ‘ਛੀਪਰੋ’
“ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ।”
– ਸਿਰੀ ੩, ਅਸ ੨੨, ੩:੧ (67)

ਛੁਏ ------- ਛੂਹੇ, ਨਾਲ ਲੱਗੇ
“ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ।”
– ਗਉ ਰਵਿ, ਅਸ ੧, ੫:੨ (346)

ਛੁਹਉ ------ ਛੂਹਣਾ ਭਾਵ ਛੇੜਨਾ
“ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ।”
– ਸਲੋ ਫਰ, ੯੧:੨ (1382)

ਛੁਹਾਰੇ ----- ਸੁਕੀ ਹੋਈ ਅਰਬੀ ਖਜੂਰ, ਖੁਰਮਾ
“ਗਰੀ ਛੁਹਾਰੇ ਖਾਂਦੀਆਂ ਮਾਣਨਿ ਸੇਜੜੀਆ।”
– ਆਸਾ ੧, ਅਸ ੧੧, ੩:੨ (417)

ਛੁਹਿ ------ ਸਪਰਸ਼, ਛੂਹਣ ਤੋਂ ਭਾਵ
“ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ।”
– ਕਾਨ ੪, ੧੧, ੧:੨ (1297)

ਛੁਕਟੀ ----- ਛਟਕੀ ਦਾ ਤਦਭਵ ਰੂਪ ਅਰਥਾਤ ਛੁਟਕਾਰਾ ਪਾਇਆ
“ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ।”

– ਦੇਵ ੪, ੬, ੨:੨ (528)

ਛੁਟਈ ----- (1) ਦੂਰ ਹੋਈ
"ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ।"
– ਮਾਰੂ ੫, ਵਾਰ ੧੧:੫ (1098)

ਹੋਰ ਰੂਪ:

ਛੂਟਹਿ –
"ਜਿਸੁ ਸਿਮਰਤ ਸੰਕਟ ਛੂਟਹਿ ਅਨਦ ਮੰਗਲ ਬਿਸ੍ਰਾਮ।" (ਦੂਰ ਹੋਏ)
– ਗਉ ੫, ਵਾਰ ੧੦ਸ, ੫, ੨:੧ (320)
(2) ਛੁਟ ਜਾਈਦਾ/ਮੁਕਤ ਹੋ ਜਾਈਦਾ ਹੈ
"ਖਾਵਹੁ ਭੁੰਚਹੁ ਸਭਿ ਗੁਰਮੁਖਿ ਛੁਟਈ।"
– ਫੁਨ ੫, ੧੭:੨ (1363)

ਹੋਰ ਰੂਪ:

ਛੁਟਸੀ –
"ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਿਜ ਮਿਲਿਐ ਸੁਖੁ ਹੋਇ।"
(ਛੁਟੇਗੀ/ਦੂਰ ਹੋਏਗੀ/ਮੁਕਤ ਹੋਇਆ ਜਾਵੇਗਾ)
– ਸਿਰੀ ੧, ੧੨, ੩:੨ (18)
ਛੁਟਹਿ –
"ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ"
– ਸਿਰੀ ੧, ਪਹ ੧, ੩:੨ (75)

ਛੁਟਹਿ ----- (1) ਦੂਰ ਹੋਣਾ, ਵੇਖੋ 'ਛੁਟਈ' (1)
(2) ਮੁਕਤ ਹੋਈਏ, ਵੇਖੋ 'ਛੁਟਈ' (2)
"ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ।" (ਅਜ਼ਾਦ ਹੋ ਜਾਵੇ)
– ਸੂਹੀ ੧, ੩, ੬:੨ (729)
(3) ਨਿਕਲ ਜਾਣ (ਭਾਵ)
"ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ।"
– ਆਸਾ ੧, ਵਾਰ ੮ਸ, ੧, ੨:੩ (467)

ਛੁਟਹੁ ------ ਮੁਕਤ ਹੋ ਜਾਓਗੇ
"ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧੵਾਈ ਹੈ।"
– ਸਵ ੪, ਕਲ ੨:੪ (1398)

ਛੁਟਕਹਿ ---- ਛੁਟਦੇ/ਖੁਲਦੇ ਹਨ
"ਤੁਮਹਿ ਛਡਾਵਹੁ ਛੁਟਕਹਿ ਬੰਧ।"
– ਰਾਮ ੫, ੨੩, ੪:੩ (890)

ਛੁਟਕਤ ---- (1) ਖੁਲ ਜਾਂਦੇ ਹਨ (ਭਾਵ)
"ਉਨਮਨ ਮਨ ਮਨ ਹੀ ਮਿਲੇ ਛੁਟਕਤ ਬਜਰ ਕਪਾਟ।"
– ਗਉ ਰਵਿ, ਅਸ ੧, ੬:੨ (346)

(2) ਮੁਕਤ ਹੁੰਦਿਆਂ, ਆਜ਼ਾਦ ਹੁੰਦਿਆਂ
"ਤਬ ਅਰੋਗ ਜਬ ਤੁਮ ਸੰਗਿ ਬਸਤੌ ਛੁਟਕਤ ਹੋਇ ਰਵਾਰੈ।"
– ਸਾਰ ੫, ੫੨, ੧:੨ (1214)

ਛੁਟਕੰਤ ---- ਖੁਲਦਾ ਭਾਵ ਚਲਦਾ ਹੈ
"ਅੰਮ੍ਰਿਤ ਪਰਵਾਹ ਛੁਟਕੰਤ ਸਦ ਦ੍ਵਾਰਿ ਜਿਸ ਗ੍ਯਾਨ ਗੁਰ ਬਿਮਲ ਸਰ ਸੰਤ ਸਿਖ ਨਾਈਐ।"
– ਸਵ ੪, ਨਲ ੧੫:੪ (1401)

ਛੁਟਕਾਏ ---- ਛਡਾ/ਮੁਕਤ ਕਰਾ ਲਿਆ
"ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ।"
– ਧਨਾ ੫, ੩, ੧:੧ (671)

ਛੁਟਕਾਕੀ --- ਛੁਟਣ ਦੇ ਅਭਿਲਾਸ਼ੀ
"ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ।"
– ਧਨਾ ੪, ੬, ੧:੧ (668)

ਛੁਟਕਾਰ ---- ਛੁਟਕਾਰਾ, ਮੁਕਤੀ, (ਬੰਧ) ਖਲਾਸੀ
"ਇਨ ਤੇ ਕਹਹੁ ਕਵਨ ਛੁਟਕਾਰ।"
– ਗਉ ੫, ਸੁਖ ੧੯, ੫:੬ (288)

ਹੋਰ ਰੂਪ:

ਛਟਕਾਰਾ –
"ਬਿਨੁ ਹਰਿ ਭਜਨ ਨਾਹੀ ਛੁਟਕਾਰਾ।"
– ਗਉ ੫, ੧੧੩, ੩:੨ (188)

ਛੁਟਕਾਰਿ –
"ਗੁਰ ਸੇਵਾ ਜਮ ਤੇ ਛੁਟਕਾਰਿ।" (ਖਲਾਸੀ)
– ਗੋਂਡ ੫, ੯, ੩:੨ (864)

ਛੁਟਕਾਰੀ –
"ਕਰਿ ਕਿਰਪਾ ਪਾਰਬ੍ਰਹਮ ਸੁਆਮੀ ਇਹ ਬੰਧਨ ਛੁਟਕਾਰੀ।" (ਛੁਡਾ ਦਿਓ, ਤੋੜ ਦਿਓ)
– ਧਨਾ ੫, ੪੨, ੨:੧ (681)

ਛੁਟਕਾਵਨਿ -- ਛੁਡਾਵਨ, ਖਲਾਸੀ ਕਰਾਉਣ
"ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ।"
– ਗਉ ਕਬ, ੫੧, ੧*:੨ (334)

ਛੁਠਕਾਵੈ----- ਮੁਕਤ/ਖਲਾਸੀ ਕਰਵਾਏ
"ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ।"
– ਧਨਾ ੫, ੧੪, ੧:੧ (674)

ਛੁਟਕਿ ----- (1) ਮੁਕ, ਖਤਮ
"ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ ਛੁਟਕਿ ਗਇਆ।"
– ਤੁਖਾ ੪, ਛੰਤ ੨, ੪:੩ (1115)

"ਜਲ ਬਿਨੁ ਪਿਆਸ ਨ ਉਤਰੈ ਛੁਟਕਿ ਜਾਂਹਿ ਮੇਰੇ ਪ੍ਰਾਨ।" (ਖਤਮ ਹੋ ਜਾਣ, ਮੁਕ ਜਾਣ)

– ਮਲਾ ੧, ਵਾਰ ੧੩ਸ, ੩, ੨:੨ (1284)

(2) ਮੁਕਤ/ਆਜ਼ਾਦ ਹੋ ਗਏ

"ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ।

– ਤੁਖਾ ੪, ੪, ੪:੫ (1116)

ਛੁਟਕਿਓ ---- ਛਡਿਆ ਗਿਆ, ਮੁਕਿਆ

"ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।"

– ਸੋਰ ੫, ਅਸ ੩, ੧:੨ (641)

"ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ।" (ਖਤਮ ਹੋ ਗਿਆ)

– ਸਲੋ ੯, ੫੩:੧ (1429)

ਛੁਟਕੀ ----- (1) ਮੁਕਤ/ਆਜ਼ਾਦ ਹੋਈ

"ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓ ਰੀ।"

– ਆਸਾ ੫, ੫੧, ੧*:੧ (383)

(2) ਛੁਟਕਾਰਾ –

"ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ।"

– ਦੇਵ ੫, ੩੭, ੧:੩ (535)

ਛੁਟਕੇ ------ (1) ਖੁੰਝੇ

"ਅਬ ਕੇ ਛੁਟਕੇ ਠਉਰ ਨ ਠਾਇਓ।"

– ਗਉ ਕਬ, ੬੨, ੩:੨ (337)

(2) ਮੁਕ ਗਏ

"ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ।" (ਭਾਵ ਖੁਲ੍ਹ ਗਏ)

– ਆਸਾ ੫, ੧੧੯, ੨:੨ (400)

"ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ।" (ਮੁਕ ਗਏ)

– ਜੈਤ ੫, ੬, ੧:੧ (701)

ਹੋਰ ਰੂਪ:

ਛੁਟਕੈ –

"ਹਉ ਛੁਟਕੈ ਹੋਇ ਅਨੰਦੁ ਤਿਹ ਹਉ ਨਾਹੀ ਤਹ ਆਪਿ।" (ਮੁਕਿਆਂ, ਤੋਂ ਖਲਾਸੀ ਹੋਇਆਂ)

– ਗਉ ੫, ਬਾਅ, ੫੧:੩ (260)

"ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ।" (ਛੁਟ ਜਾਏ ਖਲਾਸੀ ਹੋ ਜਾਵੇ)

– ਆਸਾ ੫, ੨੮, ੧:੧ (377)

"ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ।" (ਛੰਡੀ ਜਾਣੀ)

– ਸੋਰ ੫, ਅਸ ੩, ੨:੨ (642)

ਛੁਟਕ੍ਯਾ –

"ਅਵਲੋਕ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯਾ ਦਿਬ੍ਯ ਦ੍ਰਿਸ੍ਯ ਕਾਰਣ ਕਰਣੰ।

– ਸਵ ੪, ਗਯੰ ੩:੫ (1402)

ਛੁਟਤ ------ ਛੁਟ ਪਿਆ, ਚਲ ਪਿਆ
“ਛੁਟਤ ਪਰਵਾਹ ਅਮਿਅ ਅਮਰਾਪਦ ਅੰਮ੍ਰਿਤ ਸਰੋਵਰ ਸਦ ਭਰਿਆ।”
– ਸਵ ੪, ਕਲ ੨:੧ (1396)

ਛੁਟੜਿ ----- ਤਿਆਗੀ/ਛਡੀ ਹੋਈ
“ਹੰਸੁ ਚਲਿਆ ਤੂੰ ਪਿਛੈ ਰਹ ਏਹਿ ਛੁਟੜਿ ਹੋਈਅਹਿ ਨਾਰੀ।”
– ਗਉ ੧, ੧੩, ੨:੪ (155)
“ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ।” (ਛਡੀ ਹੋਈ ਇਸਤ੍ਰੀ)
– ਸੋਰ ੪, ਵਾਰ ੭ਸ, ੩, ੨:੨ (645)

ਛੁਟਾ ------ ਛੁਟ/ਛਡਿਆ ਗਿਆ
“ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ।”
– ਬਿਹਾ ੫, ਛੰਤ ੧, ੨:੫ (542)

ਹੋਰ ਰੂਪ:

ਛੁਟਾਹੀ –
“ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ।” (ਛੁਟਦਾ/ਮੁਕਤ ਹੁੰਦਾ ਹੈ)
– ਮਾਰੂ ੩, ਵਾਰ ੧੬:੪ (1092)

ਛੁਟਾਰ ----- ਛੁਟਕਾਰਾ, ਰਹਾਈ, ਛੁਟੀਦਾ ਹੈ
“ਅਹੰਬੁਧਿ ਬੰਧਨ ਪਰੇ ਨਾਨਕ ਨਾਮ ਛੁਟਾਰ।”
– ਗਉ ੫, ਬਾਅ ੨੪ਸ:੨ (255)

ਹੋਰ ਰੂਪ:

ਛੁਟਾਰਾ –
“ਅਨਿਕ ਜਤਨ ਨਹੀ ਹੋਤ ਛੁਟਾਰਾ।” (ਛੁਟਕਾਰਾ)
– ਗਉ ੫, ੭੯, ੧:੧ (178)

ਛੁਟਿ ------ ਛਡੀ, ਤਿਆਗੀ
“ਨਾਨਕ ਦੁਰਮਤਿ ਛੁਟਿ ਗਈ ਪਾਰਬ੍ਰਹਮ ਬਸੇ ਚੀਤਿ।”
– ਗਉ ੫, ਥਿਤੀ ੨:੮ (297)

ਹੋਰ ਰੂਪ:

ਛੁਟਿਓ –
“ਤਾ ਤੇ ਛੁਟਿਓ ਬਿਖੁ ਸੰਸਾਰੁ।” (ਛੁਟ ਗਿਆ, ਛਡਿਆ ਗਿਆ)
– ਗਉ ੫, ੧੫੫, ੩:੨ (197)

ਛੁਟਿਆ –
“ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ।” (ਛਡੇ ਗਿਆਂ)
– ਆਸਾ ੧, ੧ਸ, ੧, ੩:੩ (463)

ਛੁਟੀ ------ (1) ਮੁਕਤ ਹੋ ਗਈ, ਬੰਧ ਖਲਾਸ ਹੋ ਗਈ
“ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।”
– ਜਪੁ ੧, ੩੮ਸ:੬ (8)

ਹੋਰ ਰੂਪ:

ਛੁਟੀਆ –
"ਜਨ ਨਾਨਕ ਗੁਰਮੁਖਿ ਉਬਰੇ ਗੁਰ ਸਬਦੀ ਹਉਮੈ ਛੁਟੀਆ।"
– ਸੂਹੀ ੪, ਛੰਤ ੬, ੧:੪ (776)

ਛੁਟੀਐ –
"ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ।" (ਛੁਟਕਾਰਾ ਮਿਲਦਾ ਹੈ)
– ਸਿਰੀ ੧, ੧੭, ੩:੩ (20)

ਛੁਟੀਵੇ –
"ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ।" (ਛੁਟਦਾ ਹੈ)
– ਸਿਰੀ ੪, ਵਾਰ ੩:੫ (83)

ਛੁਟੁ –
"ਸਭਿ ਅੰਦੇਸੇ ਮਿਟਿ ਗਏ ਜਮ ਕਾ ਭਉ ਛੁਟੁ।" (ਛੁਟ ਗਿਆ)
– ਗਉ ੪, ਵਾਰ ੨੯:੨ (315)

ਛੁਟੇ –
"ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੇ।" (ਮੁਕਤ ਹੋਏ, ਛੁਟਕਾਰਾ ਪਾ ਗਏ)
– ਸਿਰੀ ੪, ਵਾਰ ੩:੫ (83)

(2) ਛੁਟ ਗਈ, ਵਖ ਹੋ ਗਈ
"ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ।"
– ਵਡ ੧, ਅਲਾ ੩, ੫:੨ (580)

(3) ਖੁਲ੍ਹ ਗਈ
"ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ।"
– ਧਨਾ ੫, ਛੰਤ ੧, ੧:੫ (691)

(4) ਉਤਰੀ, ਦੂਰ ਹੋਈ, ਮਿਟੀ
"ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ।"
– ਟੋਡੀ ੯, ੧, ੨:੧ (718

ਛੁਟੇ ------- (1) ਮੁਕਤ ਹੋਏ, ਵੇਖੋ ਛੁਟੀ (1)
ਹੋਰ ਰੂਪ:

ਛੁਟੈ –
"ਜਿਥੈ ਲੇਖਾ ਮੰਗੀਐ ਤਿਥੈ ਛੁਟੈ ਸਚੁ ਕਮਾਏ।" (ਮੁਕਤ ਹੋਈਦਾ/ਛੁਟਕਾਰਾ ਪਾਈਦਾ ਹੈ)
– ਮਾਝ ੩, ਅਸ ੫, ੩:੨ (112)

(2) ਰਹਿ ਗਏ
"ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।"
– ਆਸਾ ੧, ਵਾਰ ੧ਸ; ੧, ੩:੨ (463)

(3) ਵਖ ਹੋਏ ਭਾਵ ਸਬੰਧ ਖਤਮ ਹੋ ਜਾਵੇਗਾ
"ਜਾ ਛੁਟੇ ਤਾ ਖਾਕੁ ਤੂ ਸੁੰਞੀ ਕੰਤੁ ਨ ਜਾਣਹੀ।"
– ਮਾਰੂ ੫, ਵਾਰ ੧੦ਸ, ੫, ੧:੧ (1097)

(4) ਖਤਮ ਹੋ ਜਾਣਾ, ਮੁਕ ਜਾਣਾ

“ਨਾਮੁ ਲੈਤ ਛੁਟੇ ਜੰਜਾਰਾ।”
– ਭੈਰ ੫, ੨੫, ੨:੪ (1142)

ਹੋਰ ਰੂਪ:

ਛੁਟੈ –
“ਤਜਿ ਅਭਿਮਾਨੁ ਛੁਟੈ ਤੇਰੀ ਬਾਕੀ।”
– ਗਉ ੫, ਬਾਅ ੪੪:੨ (259)

ਛੁਟੈ ------- (1) ਮੁਕਤ ਹੋਵੇ, ਛੁਟਕਾਰਾ ਹੋ ਜਾਏ ਵੇਖੋ ‘ਛੁਟੇ (1)
(2) ਖਤਮ ਹੋ ਜਾਵੇ, ਮੁਕ ਜਾਵੇ, ਵੇਖੋ ‘ਛੁਟੇ’ (4)
(3) ਛੁਟ ਜਾਏ, ਤਿਆਗ ਹੋ ਜਾਵੇ
“ਮਨ ਕਾਮਨਾ ਤੀਰਥ ਦੇਹ ਛੁਟੇ।”
– ਗਉ ੫, ਸੁਖ ੩, ੩:੧ (265)
(4) ਰਹਿ ਜਾਂਦਾ ਹੈ, ਹੋਰ ਵੇਖੋ ‘ਛੁਟੇ’ (2)
“ਸੰਤ ਕਾ ਦੋਖੀ ਛੁਟੈ ਇਕੇਲਾ।”
– ਗਉ ੫, ਸੁਖ ੧੩, ੬:੫ (280)

ਛੁਟੈਗੀ ----- ਛਡ ਦਿਤੀ ਜਾਵੇਗੀ
“ਸੋ ਪ੍ਰਭੁ ਚਿਤੁ ਨ ਆਇਓ ਛੁਟੈਗੀ ਬੇਬਾਣਿ।”
– ਸਿਰੀ ੫, ੭੩, ੧:੨ (43)

ਛੁਟੋ ------- ਛੁਟਕਾਰਾ ਪਾਵੇਗਾ
“ਲਾਗਿ ਛੁਟੋ ਸਤਿਗੁਰ ਕੀ ਪਾਈ।”
– ਆਸਾ ੫, ੮੭, ੧:੪ (392)

ਛੁਡਾਇ ----- ਛਡਾ/ਮੁਕਤ ਕਰਾ ਲਵੇ
“ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ।”
– ਸਿਰੀ ੫, ਅਸ ੨੯, ੧੨:੩ (74)

ਛੁਰਾ ------ ਵਡਾ ਚਾਕੂ
“ਕੂੜੁ ਛੁਰਾ ਮੁਠਾ ਮੁਰਦਾਰੁ।”
– ਸਿਰੀ ੧, ੨੯, ੧:੩ (24)

ਛੁਰੀ ------ ਛੋਟਾ ਚਾਕੂ
“ਛੁਰੀ ਕਾਢਿ ਲੇਵੈ ਹਥਿ ਦਾਨਾ।” (ਭਾਵ ਜੋਰੀ)
– ਗਉ ੫, ੧੦੭*, ੨:੨ (201)

ਛੁੜਕਿ ----- ਛੁਟ, ਨਿਕਲ
“ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ।”
– ਸੂਹੀ ੪, ੧੦, ੫:੨ (734)

ਛੁਟਕਿਆ --- ਭਾਵ ਉਕਿਆ
“ਏਥਹੁ ਛੁਟਕਿਆ ਠਉਰ ਨ ਪਾਇ।”

– ਆਸਾ ੩, ੪੫, ੩:੨ (362)

ਛੁਟਕੀ ----- (1) ਛੁਟ ਗਈ
"ਹਥਹੁ ਛੁਟਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ।"
– ਗੂਜ ੩, ਵਾਰ ਪਸ, ੩, ੧:੪ (510)
"ਪਉੜੀ ਛੁਟਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ।" (ਮੌਕਾ ਖੁੰਝ ਗਿਆ)
– ਬਿਲਾ ੩, ੧, ੧:੩ (796)
(2) ਟੁੱਟ ਗਈ, ਛੁੱਟ ਗਈ
"ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ।"
– ਰਾਮ ੩, ਅਨੰ ੨੯:੪ (921)

ਛੂਛ ------- ਨਿਕੰਮਾ, ਤੁਛ, ਹਲਕਾ
"ਸੂਪਨੀ ਤੇ ਆਨ ਛੂਛ ਨਹੀ ਅਵਰਾ।"
– ਆਸਾ ਕਬ, ੧੯, ੩:੧ (480)

ਛੂਛਾ ------ ਖਾਲੀ, ਸਖਣਾ
"ਕਹੁ ਕਬੀਰ ਛੂਛਾ ਘਟੁ ਬੋਲੈ।"
– ਗੋਂਡ ਕਬ, ੧, ੪:੧ (870)

ਛੂਛੀ ------ ਥੋਥੀ
"ਛਾਇਆ ਛੂਛੀ ਜਗਤੁ ਭੁਲਾਨਾ।"
– ਰਾਮ ੧, ਓਅੰ ੨੪:੫ (932)

ਛੂਛੇ ------- ਥੋਥੇ, ਫੋਕਟ, ਤੁਛ
"ਕਹਿ ਕਬੀਰ ਸਗਲੇ ਮਦ ਛੂਛੇ ਇਹੈ ਮਹਾ ਰਸੁ ਸਾਚੋ ਰੇ।"
– ਰਾਮ ਕਬ, ੧, ੪:੨ (969)

ਹੋਰ ਰੂਪ:

ਛੂਛੈ –
"ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ।"
– ਆਸਾ ੧, ੩੮, ੨:੨ (360)

ਛੂਟ ------- ਮੁਕਤ ਹੋਣ/ਛੁਟਕਾਰਾ ਪਾਉਣ/ਛੂਟ ਜਾਣ/ਨਿਕਲ ਜਾਣ ਤੋਂ ਭਾਵ
"ਮਾਤ ਗਰਭ ਸੰਕਟ ਤੇ ਛੂਟ।"
– ਰਾਮ ੫, ਅਸ ੪, ੧:੨ (914)

ਹੋਰ ਰੂਪ:

ਛੂਟਉ –
"ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਹ ਲਪਟਾਵਉ।"
– ਧਨਾ ਨਾਮ, ੨, ੩:੧ (693)

ਛੂਟਉ ----- (1) ਛੁਟਕਾਰਾ ਪਾਵਾਂ, ਵੇਖੋ 'ਛੂਟ'
(2) ਵਿਛੜਾ, ਵੱਖ ਹੋ ਜਾਵਾਂ

“ਜਉ ਛੂਟਉ ਤਉ ਜਾਇ ਪਇਆਲ।”
– ਰਾਮ ੫, ੫੧, ੪:੧ (899)

ਛੂਟਈ ----- ਖੁਲਦੀ
“ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ।”
– ਸੋਰ ੧, ਅਸ ੨, ੬:੨ (635)

ਛੂਟਸਹਿ ---- ਛੁਟ ਸਕਦੀ ਬਚ ਸਕਦੀ
“ਇਹ ਦੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ।”
– ਸਲੋ ਕਬ, ੪੯:੨ (1367)

ਛੂਟਸਿ ----- ਛੁਟੀ ਦਾ/ਛੁਟਕਾਰਾ ਪਾਈਦਾ ਹੈ
“ਸਭਨਾ ਕਾ ਦਰਿ ਲੇਖਾ ਸਚੈ ਛੂਟਸਿ ਨਾਮਿ ਸੁਹਾਵਣਿਆ।”
– ਮਾਝ ੧, ਅਸ ੧, ੩:੩ (109)
“ਛੂਟਸਿ ਪ੍ਰਾਣੀ ਗੁਰਮੁਖਿ ਦਾਸਾ।” (ਭਾਵ ਮੁਕਤ ਹੁੰਦਾ ਹੈ)
– ਅਸ ੧, ਅਸ ੨, ੧*:੨ (412)

ਹੋਰ ਰੂਪ:

ਛੂਟਸੀ –
“ਬਿਨੁ ਹਰਿ ਨਾਮ ਨ ਛੂਟਸੀ ਮਰਿ ਨਰਕ ਸਮਾਏ।” (ਛੁਟੇਗਾ)
– ਆਸਾ ੧, ਅਸ ੮, ੫:੨ (420)

ਛੂਟਹ –
“ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਰੀ।”
(ਛੁਟੀਏ/ਮੁਕਤ ਹੋਈਏ)
– ਧਨਾ ੪, ੬, ੧:੧ (668)

ਛੂਟਹਿ –
“ਮਨ ਰੇ ਕਿਉ ਛੂਟਹਿ ਬਿਨੁ ਪਿਆਰ।” (ਛੁਟ ਸਕਦਾ ਹੈ)
– ਸਿਰੀ ੧, ਅਸ ੧੧, ੧*:੧ (60)

ਛੂਟਹਿ ----- (1) ਛੁਟ ਸਕਦਾ ਹੈ, ਵੇਖੋ ‘ਛੂਟਸਿ’

ਹੋਰ ਰੂਪ:

ਛੂਟਹਿਗਾ –
“ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਛੂਟਹਿਗਾ ਹਰਿ ਚੇਤਿ।”
– ਸਿਰੀ ੧, ਪਹ ੨, ੧:੬ (75)

(2) ਖੁਲ ਜਾਂਦੇ ਹਨ
“ਜਾ ਕੈ ਸਿਮਰਨਿ ਛੂਟਹਿ ਬੰਧ।”
– ਮਾਲੀ ੫, ੨, ੧:੨ (986)

ਛੂਟਹੀ ----- ਛੁਟ ਸਕਦਾ, ਬੰਧਨ ਮੁਕਤ ਹੋ ਸਕਦਾ
“ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ।”
– ਆਸਾ ੧, ਅਸ ੧੪, ੬:੨ (419)

ਹੋਰ ਰੂਪ:

ਛੂਟਹੁ –
"ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ।"
– ਮਾਰੂ ਕਬ, ੧, ੪:੨ (1103)

ਛੂਟਣ ------ ਛੁਟਕਾਰਾ
"ਜਨ ਨਾਨਕ ਅਨਦਿਨੁ ਨਾਮ ਜਪਹੁ ਹਰਿ ਸੰਤਹੁ ਇਹ ਛੂਟਣ ਕਾ ਸਾਚਾ ਭਰਵਾਸਾ।"
– ਗੋਂਡ ੪, ੨, ੪:੩ (860)

ਛੂਟਤ ------ ਛੁਟਕਾਰਾ ਪਾ ਸਕਨਾ, ਮੁਕਤ ਹੋ ਸਕਨਾ
"ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ।"
– ਮਾਰੂ ੯, ੩, ੧:੨ (1008)

ਛੂਟਨ ------ ਛੁਟਕਾਰਾ, ਮੁਕਤੀ, ਬੰਧ ਖਲਾਸੀ
"ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ।"
– ਗਉ ਕਬ, ੪੧, ੩:੧ (331)
"ਛੂਟਨ ਬਿਧਿ ਸੁਨੀ ਹਾਂ।" (ਮੁਕਤੀ ਦਾ ਸਾਧਨ ਸੁਣੀਦਾ ਹੈ)
– ਆਸਾ ੫, ੧੫੯, ੧*:੪ (409)

ਛੂਟਨਹਾਰੇ --- ਬਚ ਸਕਨਾ
"ਅਨਿਕ ਉਪਾਵ ਨ ਛੂਟਨਹਾਰੇ।"
– ਗਉ ੫, ਸੁਖ ੧੯, ੪:੭ (288)

ਛੂਟਨੁ ------ ਛੁਟਕਾਰਾ, ਮੁਕਤੀ
"ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ।"
– ਸਿਰੀ ੫, ੧੦੦, ੧:੧ (52)

ਛੂਟਰਿ ----- ਛਡੀ ਹੋਈ ਅਥਵਾ ਵਿਧਵਾ
"ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ।"
– ਮਾਰੂ ੫, ਸੋਲਾ ੨, ੧੦:੩ (1073)
"ਛੂਟਰਿ ਤੇ ਗੁਰਿ ਕੀਈ ਸੋੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ।"
– ਸਾਰ ੫, ੩੧, ੧:੧ (1210)

ਛੂਟਲਾ ----- ਛੁਟਿਆ ਹੋਇਆ, ਕਿਲਿਉਂ ਖੁਲਿਆ ਹੋਇਆ
"ਜੈਸੇ ਗਾਇ ਕਾ ਬਾਛਾ ਛੂਟਲਾ।"
– ਗੋਂਡ ਨਾਮ, ੪, ੨:੧ (874)

ਛੂਟਾ ------ (1) ਮੁਕਤ/ਅਜ਼ਾਦ ਹੋਇਆ, ਛੁਟਿਆ, ਛੁਟਕਾਰਾ ਹੋਇਆ
"ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ।"
– ਮਾਝ ੫, ਅਸ ੩੬, ੨:੧ (131)
"ਹਰਿ ਪ੍ਰਭੁ ਚਿਤਿ ਨ ਆਵਈ ਕਿਉ ਛੂਟਾ ਮੇਰੇ ਹਰਿ ਰਾਇਆ।" (ਛੂਟਾਂ, ਮੈਂ ਮੁਕਤ ਹੋਵਾਂ)
– ਗਉ ੪, ੫੦, ੧:੩ (167)
(2) ਮੁਕਿਆ, ਖਤਮ ਹੋਇਆ

"ਕਹੁ ਨਾਨਕ ਤ੍ਰੈ ਗੁਣ ਭ੍ਰਮੁ ਛੂਟਾ ਜਉ ਪ੍ਰਭ ਭਏ ਸਹਾਈ।"
– ਮਾਰੂ ੫, ੭, ੪:੨ (1000)

ਛੂਟਿ ------ (1) ਛੁਟ ਗਈ, ਮੁਕਤ ਹੋ ਗਈ
"ਕਾਣਿ ਕਢਨ ਤੇ ਛੂਟਿ ਪਰੀ।"
– ਆਸਾ ੫, ੫੩, ੨:੨ (384)
"ਕਾਮੁ ਕ੍ਰੋਧੁ ਦੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ।"
– ਰਾਮ ਕਬ, ੨, ੨:੨ (969)

ਹੋਰ ਰੂਪ:

ਛੂਟਿਓ –
"ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।"
– ਬਸੰ ੯, ੩, ੧*:੨ (1186)

(2) ਮੁਕ, ਖਤਮ ਹੋ
"ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ।"
– ਕਾਨ ੪, ੪, ੩:੨ (1295)
"ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ।" (ਨਿਕਲ/ਮੁਕ ਜਾਣਗੇ)
– ਸਲੋ ਕਬ, ੪੧:੨ (1366)

ਹੋਰ ਰੂਪ:

ਛੂਟਿਓ –
"ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ।" (ਛਡਿਆ ਗਿਆ/ਖਤਮ ਹੋਇਆ)
– ਸਾਰ ਪਰ, ੧, ੧:੧ (1253)

ਛੂਟਿਆ ---- ਮੁਕਤ ਹੋਇਆ, ਬੰਧਨ ਮੁਕਤ ਹੋਇਆ
"ਕਹੁ ਕਬੀਰ ਮੈ ਰਾਮ ਕਹਿ ਛੂਟਿਆ।"
– ਗਉ ਕਬ, ੩੦, ੩:੨ (329)

ਛੂਟਿਬੋ ----- ਛੁਟੇ/ਮੁਕਤ ਹੋਏਗਾ
"ਕਹਿ ਰਵਿਦਾਸ ਛੂਟਿਬੋ ਕਵਨ ਗੁਨ।"
– ਆਸਾ ਕਬ, ੪, ੩:੨ (487)

ਛੂਟੀ ------ (1) ਛੁਟੜ ਹੋ ਗਈ
"ਦਰਿ ਘਰਿ ਢੋਈ ਨ ਲਹੈ ਛੂਟੀ ਦੂਜੈ ਸਾਦਿ।"
– ਸਿਰੀ ੧, ਅਸ ੫, ੫:੩ (56)
"ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ।" (ਛੱਡ ਦਿਤੀ)
– ਧਨਾ ੧, ਛੰਤ ੩, ੧:੬ (689)

(2) ਛੱਡੀ ਹੋਈ, ਛੁਟੜ
"ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ।" (ਛੁਟੜ ਦੀ ਰਾਤ ਨਿਖਸਮੀ ਹੋ ਗਈ)
– ਧਨਾ ੧, ਛੰਤ ੩, ੪:੪ (689)

(3) ਮੁਕਤ ਹੋ ਗਈ

"ਜਿਨ ਹਰਿ ਜਪਿਆ ਤਿਨ ਪੀਛੈ ਛੂਟੀ ਘਣੀ।"
- ਗਉ ੪, ੪੩, ੧:੩ (165)

(4) ਛਡੀ ਗਈ, ਤਿਆਗੀ ਗਈ
"ਤ੍ਰਿਕੁਟੀ ਛੂਟੀ ਬਿਮਲ ਮਝਾਰਿ।"
- ਗਉ ੧, ਅਸ ੧, ੧:੩ (220)

"ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ।"
- ਸਾਰ ਪਰ, ੧, ੧:੨ (1253)

(5) ਪਿਛੇ/ਬਾਕੀ ਰਹਿ ਗਈ
"ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ।"
- ਆਸਾ ਕਬ, ੧੬, ੫:੨ (480)

(6) ਮੁਕ ਗਿਆ
"ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ।"
- ਆਸਾ ਕਬ, ੨੮, ੨:੨ (483)

"ਲੇਖਾ ਚਿਤ੍ਰ ਗੁਪਤਿ ਜੋ ਲਿਖਿਆ ਸਭ ਛੂਟੀ ਜਮ ਕੀ ਬਾਕੀ।" (ਮੁਕ ਗਈ)
- ਧਨਾ ੪, ੬, ੨:੨ (668)

"ਅਵਰ ਛੂਟੀ ਸਭ ਆਸ।" (ਮੁੱਕ ਗਈ)
- ਰਾਮ ੫, ੪੪, ੧:੩ (896)

(7) ਖਿਲਰੀ
"ਲਟ ਛੂਟੀ ਵਰਤੈ ਬਿਕਰਾਲ।" (ਲਿਟਾਂ ਖਿਲਾਰੀ)
- ਭੈਰ ਕਬ, ਅਸ ੨, ੫:੩ (1163)

ਛੂਟੀਐ ----- ਛੁਟਕਾਰਾ ਹੁੰਦਾ, ਮੁਕਤੀ ਹੁੰਦੀ
"ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ।"
- ਗਉ ੧, ਅਸ ੧੮, ੧*:੧ (229)

ਛੂਟੇ ------- (1) ਖਤਮ ਹੋ ਜਾਏ
"ਤਨ ਛੂਟੇ ਮਨੁ ਕਹਾ ਸਮਾਈ।"
- ਗਉ ਕਬ, ਅਸ ੩੬, ੪:੨ (330)

"ਭ੍ਰਮ ਛੂਟੇ ਤੇ ਏਕੰਕਾਰਾ।"
- ਸੂਹੀ ੫, ੧, ੩:੪ (736)

ਹੋਰ ਰੂਪ:

ਛੂਟੈ -
"ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੇ ਪਦਿ ਮੁਕਤਿ ਦੁਆਰੁ।"
- ਸਿਰੀ ੩, ੫੧, ੨:੩ (33)

"ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਹਾ ਲਪਟਾਈ।"
- ਸਾਰ ੯, ੧, ੧:੨ (1231)

(2) ਛੁਟ ਜਾਂਦੇ/ਖੁਸ ਜਾਂਦੇ ਹਨ
"ਛੂਟੇ ਕੁੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ।"
- ਗਉ ਕਬ, ੫੪, ੩:੨ (335)

(3) ਛੁਟਕਾਰਾ ਪਾਇਆ, ਮੁਕਤ ਹੋਏ

"ਹਰਿ ਸਿਮਰਨੁ ਕਰਿ ਹਰਿ ਜਨ ਛੂਟੇ।"
- ਆਸਾ ੫, ੭੩, ੧:੨ (388)

ਹੋਰ ਰੂਪ:

ਛੂਟੈ -
"ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ।" (ਛੁਟੀਦਾ/ਛੁਟਕਾਰਾ ਪਾਈਦਾ ਹੈ)
- ਸਿਰੀ ੧, ਅਸ ੧੩, ੭:੩ (61)

ਛੂਟੈ ------- (1) ਮੁਕ ਜਾਏ ਵੇਖੋ 'ਛੂਟੇ' (1)
"ਛੂਟੈ ਸੰਸਾ ਮਿਟਿ ਜਾਹਿ ਦੁਖ।"
- ਗਉ ਕਬ, ਥਿਤੀ ੮:੩ (343)

(2) ਛੁਟਕਾਰਾ ਪਾਈਦਾ ਹੈ, ਵੇਖੋ 'ਛੂਟੇ' (3)

ਹੋਰ ਰੂਪ:

ਛੂਟੋ -
"ਪ੍ਰਭ ਕੀ ਓਟ ਗਹੀ ਤਉ ਛੂਟੋ।"
- ਧਨਾ ੫, ੧੧, ੧*:੧ (673)

(3) ਨਿਰਲੇਪ, ਛੁਟਿਆ ਹੋਇਆ
"ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ।"
- ਗਉ ਕਬ, ੫੩, ੨:੨ (334)

(4) ਛਡੀ ਜਾ ਸਕਦੀ
"ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ।"
- ਬਿਲਾ ੫, ੧੧੪, ੧:੧ (827)

(5) ਖੁਲਣਾ (ਭਾਵ)
"ਦੇਵ ਸੰਸੈ ਗਾਂਠਿ ਨ ਛੂਟੈ।"
- ਰਾਮ ਰਵਿ, ੧, ੧*:੧ (973)

(6) ਛਡਾਈ ਜਾ ਸਕਦੀ
"ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ।"
- ਸਾਰ ਨਾਮ, ੩, ੧:੧ (1252)

ਛੇਆ ------ (ਸੰ.) ਨਾਸ
"ਛੇਆ ਨਿਤ ਦੇਖਹੁ ਜਗਿ ਹੰਢਿ।"
- ਰਾਮ ੧, ਓਅੰ ੨੪:੨ (932)

ਛੇਂਕ ------ ਮੋਰੀ
"ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ।"
- ਸਲੋ ਕਬ, ੩੫:੧ (1366)

ਹੋਰ ਰੂਪ:

ਛੇਕ -
"ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕ।"
- ਸਲੋ ਕਬ, ੧੫੭:੨ (1372)

ਛੇਦੰਤ ------ ਵਿੰਨ ਦੇ, ਟੁਕੜੇ ਕਰਦੇ
"ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ।"
– ਸਸ ੫, ੫੩:੩ (1359)

ਛੇਦਾਵੈ ----- ਤੋੜਦੀ ਹੈ
"ਭਗਤ ਕੀ ਨਿੰਦਾ ਕੰਧੁ ਛੇਦਾਵੈ।" (ਸਰੀਰ ਨੂੰ ਤੋੜਦੀ ਭਾਵ ਨਾਸ ਕਰਦੀ ਹੈ)
– ਭੈਰ ੫, ੩੪, ੨:੧ (1145)

ਛੇਦਿ ------ ਛੇਦ ਕੇ, ਕੱਟ ਕੇ ਭਾਵ ਮਾਰ ਕੇ
"ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ।"
– ਆਸਾ ੧, ੭, ੩:੨ (350)
"ਛੇਦਿ ਅਹੰਬੁਧਿ ਕਰੁਣਾ ਮੈ ਚਿੰਤ ਮੇਟਿ ਪੁਰਖ ਅਨੰਤ।" (ਤੋੜਦੇ)
– ਗੂ ੫, ਅਸ ੨, ੩:੨ (508)
"ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ।" (ਕਟਿਆ ਹੈ)
– ਸਾਰ ੫, ੨੯, ੧*:੨ (1210)

ਹੋਰ ਰੂਪ:

ਛੇਦਿਓ –
"ਹਰਨਾਖਸੁ ਛੇਦਿਓ ਨਖ ਬਿਦਾਰ।" (ਮਾਰਿਆ ਅਥਵਾ ਨਾਸ ਕੀਤਾ)
– ਬਸੰ ਕਬ, ੪, ੪:੪ (1194)

ਛੇਦੀ ------ ਵਿੰਨ੍ਹ ਦਿਤੀ
"ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ।"
– ਗਉ ਕਬ, ੪੬, ੨:੧ (332)

ਛੇਦੇ ------- (1) ਕਟੇ ਜਾਣ
"ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਦੇ ਬੈਰਾਈਐ।"
– ਰਾਮ ੧, ਸਿਗੋ ੨੧:੪ (940)
"ਬੈਰ ਬਿਰੋਧ ਛੇਦੇ ਭੈ ਭਰਮਾਂ।" (ਕੱਟ ਦਿੱਤੇ)
– ਪ੍ਰਭਾ ੫, ਅਸ ੩, ੩:੩ (1348)
(2) ਵਿੰਨੇ ਹੋਏ
"ਦੀਪਕ ਪਤੰਗ ਮਾਇਆ ਕੇ ਛੇਦੇ।"
– ਭੈਰ ਕਬ, ੧੩, ੧:੨ (1160)

ਛੇਦ੍ਰਤੇ ----- ਕਟਿਆ ਜਾਣਾ, ਭਾਵ ਵਿੰਗਾ ਹੋਣਾ, ਕੋਈ ਦੁੱਖ ਜਾਂ ਨੁਕਸਾਨ ਪੁੱਜਣਾ
"ਅਹੋ ਜਸੁ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਰਤੇ।"
– ਸਸ ੫, ੬:੨ (1354)

ਛੇਧੇ ------- ਮਾਰੇ, ਨਾਸ ਕੀਤੇ
"ਬਡੇ ਭੂਪਤਿ ਰਾਜੇ ਹੈ ਛੇਧੇ।"
– ਗੋਂਡ ਕਬ, ੮, ੪:੪ (872)

ਛੇਪ ------- ਦਾਗ (ਸ਼ਬਦਾਰਥ); ਅਹੰਕਾਰ (ਮਹਾਨਕੋਸ਼)
"ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਰਤੇ।"

– ਸਸ ੫, ੩੬:੨ (1357)

ਛੇਰੀਂ ------ ਛੇਕਾਂ/ਮੋਰੀਆਂ ਵਿਚ
“ਛੇਰੀਂ ਭਰਮੈ ਮੁਕਤਿ ਨ ਹੋਇ।”
– ਬਿਲਾ ੧, ਥਿਤੀ ੭:੪ (839)

ਛੇਲ ------- (ਸੰ.) ਭੇਡ ਦਾ ਬੱਚਾ, ਛੇਲਾ, ਮੇਂਮਣਾ
“ਕੁਦਮ ਕਰੈ ਗਾਡਰ ਜਿਉ ਛੇਲ।”
– ਰਾਮ ੫, ੫੨, ੧:੩ (899)

ਛੇਵਾ ------ ਛੱਟਾਂ
“ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।”
– ਸੂਹੀ ੪, ੧੫, ੩:੧ (736)

ਛੇੜਿ ------ ਉਕਸਾਉਂਣਾ, ਖਿਝਾਉਣਾ, ਤੰਗ ਕਰਨਾ
“ਜਿਉ ਜਿਉ ਨਿਵਹਿ ਸਾਕਤ ਨਰ ਸੇਤੀ ਛੇੜਿ ਛੇੜਿ ਕਢੈ ਬਿਖੁ ਖਾਰੇ।”
– ਨਟ ੪, ਅਸ ੬, ੫:੨ (683)

ਛੈ -------- (ਸੰ.) ਨਾਸ ਹੋ ਗਏ
“ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ।”
– ਗਉ ਕਬ, ਬਾਅ ੪:੧ (340)
(2) ਹੈ
“ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇਆ ਛੈ।”
– ਦੇਵ ੫, ੨੮, ੨:੧ (534)
(ਇਸ ਦਾ ਪਾਠ-ਛੇਦ ‘ਮਾਇ ਆਛੈ’ ਵੀ ਕੀਤਾ ਜਾਂਦਾ ਹੈ)

ਛੈਲ ------- ਬਾਂਕੇ ਜੁਆਨ
“ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ।”
– ਆਸਾ ਫਰ, ੨, ੪:੧ (488)

ਹੋਰ ਰੂਪ:

ਛੈਲੁ –
“ਪਿਰੁ ਛੈਲੁ ਛਬੀਲਾ ਛਡਿ ਗਵਾਇਓ ਦੁਰਮਤਿ ਕਰਮਿ ਵਿਹੂਣੀ।”
– ਰਾਮ ੫, ਵਾਰ ੬ਸ, ੫, ੧:੫ (959)

ਛੋਹਰਾ ----- ਲੜਕਾ
“ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ।” (ਭਾਵ ਸੇਵਕ ਬਾਲਕੇ)
– ਬਿਲਾ ੫, ੪੪, ੧*:੧ (811)
“ਬਿਦਰ ਦਾਸੀ ਸੁਤੁ ਛੋਕ ਛੋਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ।”
– ਕਾਨ ੪, ਅਸ ੩, ੨:੨ (1309)

ਛੋਹਰਿ ----- ਇਆਣੀ, ਇਸਤ੍ਰੀ, ਬਾਲੜੀ
“ਘਰਿ ਵਰੁ ਸਹਜੁ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ।”

– ਮਾਰੂ ੧, ਸੋਲਾ ੨, ੧:੩ (1022)

ਛੋਹਰੇ ------ ਛੋਕਰੇ, ਬਾਲਕੇ, ਛੋਟੇ ਦਾਸ
"ਛਛਾ ਛੋਹਰੇ ਦਾਸ ਤੁਮਾਰੇ।"
– ਗਉ ੫, ਬਾਅ ੨੩:੧ (254)

ਛੋਹਾਇਆ --- ਗੁੱਸੇ ਹੁੰਦਾ ਹੈ
"ਸਾਚ ਧਰਮ ਸਿਉ ਰੁਚਿ ਨਹੀਂ ਆਵੈ ਸਤਿ ਸੁਨਤ ਛੋਹਾਇਆ।"
– ਆਸਾ ੫, ੧੨੫, ੩:੨ (402)

ਛੋਹਿਓ ----- ਛੂਹਿਆ, ਲਗਿਆ
"ਕਵਨ ਚਿਹਨ ਸੁਨਿ ਊਪਰਿ ਛੋਹਿਓ ਮੁਖ ਤੇ ਸੁਨਿ ਕਰਿ ਗਾਰਾ।"
– ਮਾਰੂ ੫, ੪, ੧:੨ (999)

ਛੋਹੈ ------- ਗੁੱਸਾ ਲਗਨਾ
"ਅੰਤਰਿ ਬਾਹਿਰ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ।"
– ਮਾਰੂ ੧, ਅਸ ੭, ੪:੨ (1013)

ਹੋਰ ਰੂਪ:

ਛੋਹੋ –
"ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ।"
– ਰਾਮ ੫, ਵਾਰ ੭ਸ, ੫, ੨:੪ (960)

ਛੋਕ ------- ਅਛੂਤ
"ਬਿਦਰ ਵਾਸੀ ਸੁਤੁ ਛੋਕ ਛੌਹਰਾ ਕ੍ਰਿਸਨੁ ਅੰਕਿ ਗਲਿ ਲਾਵੈਗੋ।"
– ਕਾਨ ੪, ਅਸ ੩, ੨:੨ (1309)

ਛੋਛਾ ------ ਥੋੜਾ, ਨਿਗੂਣਾ
"ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ।"
– ਸਿਰੀ ੪, ਵਾਰ ੮ਸ, ੩, ੨:੨ (85)

ਛੋਛੀ ------ ਥੋਥੀ, ਖਾਲੀ
"ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ।"
– ਗਉ ਕਬ, ੫੪, ੪:੧ (335)

ਛੋਟ ------- (1) ਛੁਟਕਾਰਾ
"ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ।"
– ਗਉ ੫, ੧੧੫, ੧:੨ (189)

(2) ਮੁਆਫੀ
"ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ।"
– ਸਾਰ ੫, ੧੦੪, ੧*:੨ (1224)

ਛੋਟਾ ------ ਛੁਟਕਾਰਾ, ਮੁਆਫੀ
"ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ।"
– ਸਮੁ ੫, ੫*:੫ (1388)

ਹੋਰ ਰੂਪ:

ਛੋਟਿ –

“ਨਿਮਖ ਮਾਹਿ ਹੋਵੈ ਤੇਰੀ ਛੋਟਿ।”

– ਗਉ ੫, ੭੩, ੩:੪ (177)

“ਗੁਰਿ ਕ੍ਰਿਪਾਲਿ ਮੋਹਿ ਕੀਨੀ ਛੋਟਿ।” (ਛੁਟਕਾਰਾ ਕਰਾ ਦਿਤਾ, ਬਚਾ ਲਿਆ)

– ਪ੍ਰਭਾ ੫, ਅਸ ੧, ੩:੨ (1347)

ਛੋਡਉ ----- ਛਡਨਾਂ, ਤਿਆਗਨਾ

“ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ।”

– ਗਉ ਕਬ, ੬੮, ੨:੨ (338)

ਛੋਡਇ ----- ਛਡਦੀਆ, ਤਿਆਗ ਦਿਤਾ

“ਫੁਨਿ ਕੀਰਤਿਵੰਤ ਸਦਾ ਸੁਖ ਸੰਪਤਿ ਰਿਧਿ ਅਰੁ ਸਿਧਿ ਨ ਛੋਡਇ ਸਥੁ।”

– ਸਵ ੪, ਮਥੁ ੭:੨ (1404)

ਹੋਰ ਰੂਪ:

ਛੋਡਈ –

“ਪਾਖੰਡਿ ਜਮਕਾਲੁ ਨ ਛੋਡਈ ਲੈ ਜਾਸੀ ਪਤਿ ਗਵਾਇ।” (ਛਡੇਗਾ)

– ਵਡ ੪, ਵਾਰ ੪ਸ, ੩, ੨:੭ (587)

“ਅਜਹੁ ਬਿਕਾਰ ਨ ਛੋਡਈ ਪਾਪੀ ਮਨੁ ਮੰਦਾ।” (ਛੱਡਦਾ)

– ਬਿਲਾ ਕਬ, ੩, ੧:੨ (855)

ਛੋਡਸਿ ----- ਛਡਦਾ, ਤਿਆਗਦਾ

“ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ।”

– ਮਾਰੂ ੧, ੪, ੩:੨ (990)

ਛੋਡਹ ------ ਛਡ ਦੇ, ਤਿਆਗ ਦੇ

“ਸਗਲ ਪਰਾਧ ਏਕੁ ਗੁਣ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ।”

– ਸਾਰ ੫, ੪, ੩:੧ (1203)

ਹੋਰ ਰੂਪ:

ਛੋਡਹਿ –

“ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ।” (ਛਡੇ, ਤਿਆਗੇ)

– ਗਉ ੫, ੧੨੫*, ੨:੧ (206)

ਛੋਡਹਿ ----- (1) ਛਡੇ, ਤਿਆਗੇ, ਵੇਖੋ ‘ਛੋਡਾ’

(2) ਛਡਦੇ/ਦਿੰਦੇ ਹਨ

“ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ।”

– ਮਲਾ ੧, ਵਾਰ ੧੨ਸ, ੧, ੨:੧੪ (1290)

ਛੋਡਹੁ ------ ਛਡੋ, ਤਿਆਗੋ

“ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ।”

– ਆਸਾ ੧, ਅਸ ੧੩, ੭:੨ (418)

ਛੋਡਨ ------ ਛਡਦੇ/ਦਿੰਦੇ ਹਨ
"ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ।"
– ਗਉ ੫, ੯੮, ੧:੨ (185)

ਛੋਡਨਿ ----- ਤਿਆਗਨ, ਛਡਨਾ
"ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ।"
– ਗਉ ੫, ਵਾਰ ੧੮ਸ, ੫, ੨:੨ (322)

ਛੋਡਾ ------ ਛਡਾਂ, ਤਿਆਗਾਂ
"ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ।"
– ਗਉ ੫, ਵਾਰ ੧੮ਸ, ੫, ੨:੧ (322)

ਛੋਡਾਇਸੀ --- ਛੁਡਵਾ ਲਵੇਗਾ, ਮੁਕਤ ਕਰਵਾ ਲਵੇਗਾ
"ਜਨ ਨਾਨਕ ਨਾਮੁ ਧਿਆਇ ਤੂ ਹਰਿ ਹਲਤਿ ਪਲਤਿ ਛੋਡਾਇਸੀ।"
– ਗਉ ੪, ਵਾਰ ੧੮ਸ, ੪, ੧:੫ (310)

ਛੋਡਿ ------ (1) ਛਡ/ਤਿਆਗ ਦੇ
"ਮਨ ਰੇ ਹਉਮੈ ਛੋਡਿ ਗੁਮਾਨੁ।" (ਛਡਣਾ ਦਾ 'ਹੁਕਮੀ' ਰੂਪ)
– ਸਿਰੀ ੧, ੧੯, ੧*:੧ (21)
"ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ।" (ਛੱਡ/ਤਿਆਗ ਕੇ)
– ਸਿਰੀ ੩, ੫੩, ੪:੨ (34)

ਹੋਰ ਰੂਪ:

ਛੋਡਿਓ –
"ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ।"
– ਗੂਜ ੫, ੫, ੩:੨ (496)

ਛੋਡਿਅੜਾ –
"ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ।"
– ਵਡ ੪, ੩, ੩:੨ (561)

ਛੋੜਿਅੜੀ –
"ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੀ।"
– ਵਡ ੧, ਅਲਾ ੩, ੭:੨ (581)

(2) ਪਿਛੇ ਛਡਨਾ/ਰਹਿ ਜਾਣਾ
"ਇਹੁ ਧਨੁ ਸੰਪੈ ਮਾਇਆ ਝੂਠੀ ਅੰਤਿ ਛੋਡਿ ਚਲਿਆ ਪਛੁਤਾਈ।"
– ਸਿਰੀ ੪, ਪਹ ੩, ੩:੪ (77)
"ਛੋਡਿ ਚਲੈ ਤ੍ਰਿਸ਼ਨਾ ਨਹੀ ਬੂਝੈ।"
– ਗਉ ੫, ੧੧੩, ੨:੨ (188)

(3) ਪਿਛੇ ਛਡਨਾ, ਵੱਖ ਹੋਣਾ
"ਬਿਨਸਤ ਨਾਹੀ ਛੋਡਿ ਨ ਜਾਇ।" (ਸਾਥ ਨਹੀਂ ਛਡਦੀ)
– ਗਉ ੫, ਅਸ ੧੧, ੨:੧ (240)

(4) ਛਡ ਦੇ, ਪਿਛੇ ਨਾ ਪੈ, ਭੁਲ ਜਾ, ਨੂੰ ਅਧਾਰ ਨਾ ਬਣਾ
"ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ।"

– ਟੋਡੀ ੫, ੯, ੧:੨ (713)

ਛੋਡਿਆ ---- (1) ਦਿਤਾ

"ਨਾਨਕ ਰੰਗੁ ਨ ਉਤਰੈ ਜੋ ਹਰਿ ਧੁਰਿ ਛੋਡਿਆ ਲਾਇ।"

– ਸਿਰੀ ੩, ੪੭, ੪:੩ (32)

"ਜਿਨਿ ਤੂ ਬੰਧਿ ਕਰਿ ਛੋਡਿਆ ਫੁਨਿ ਸੁਖ ਮਹਿ ਪਾਇਆ।" (ਦਿਤਾ ਹੈ, ਰੱਖਿਆ ਹੈ)

– ਬਿਲਾ ੫, ੬੦, ੧:੧ (816)

ਹੋਰ ਰੂਪ:

ਛੋਡੀ –

"ਨਾਨਕ ਸਹ ਪ੍ਰੀਤਿ ਨ ਜਾਇਸੀ ਜੋ ਧੁਰਿ ਛੋਡੀ ਸਚੈ ਪਾਇ।"

– ਸਿਰੀ ੪, ਵਾਰ ੫ਸ, ੩, ੧:੪ (84)

"ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ।"

– ਆਸਾ ੧, ਵਾਰ ੨੪:੩ (475)

ਛੋਡੇ –

"ਲਬੁ ਲੋਭੁ ਬੁਰਿਆਈਆਂ ਛੋਡੇ ਮਨਹੁ ਵਿਸਾਰਿ।"

– ਰਾਮ ੧, ਓਅੰ ੪੫:੩ (936)

(2) ਛਡਿਆ, ਤਿਆਗਿਆ

"ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ।"

– ਸਿਰੀ ੪, ਵਾਰ ੧੭ਸ, ੩, ੧:੨ (89)

ਹੋਰ ਰੂਪ:

ਛੋਡਿਐ –

"ਘਰਿ ਛੋਡਿਐ ਜਾਇ ਜੁਲਾਹੋ।" (ਛੱਡਣ/ਤਿਆਗਣ ਕਰਕੇ)

– ਗਉ ਕਬ, ੫੪, ੧*:੨ (335)

ਛੋਡਿਹੁ –

"ਛੋਡਿਹੁ ਨਿੰਦਾ ਤਾਤਿ ਪਰਾਈ।" (ਛਡੀ, ਤਿਆਗੀ)

– ਮਾਰੂ ੧, ਸੋਲਾ ੬, ੭:੧ (1026)

ਛੋਡੀ –

"ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ।" (ਛੱਡ ਦਿੱਤੀ)

– ਸਿਰੀ ੪, ਵਾਰ ੧੭ਸ, ੩, ੧:੪ (89)

ਛੋਡੀਆ –

"ਬਾਦਿ ਕਾਰਾ ਸਭਿ ਛੋਡੀਆ ਸਾਚੀ ਤਰੁ ਤਾਰੀ।"

– ਮਾਰੂ ੧, ਅਸ ੪, ੭:੩ (1011)

ਛੋਡੀਐ –

"ਕੂੜਾ ਲਾਲਚੁ ਛੋਡੀਐ ਤਉ ਸਾਚੁ ਪਛਾਣੈ।"

– ਆਸਾ ਅਸ ੧੫, ੨:੧ (419)

"ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ।" (ਛਡੀਐ, ਤੋ ਪਰਾਂ ਹੋਈਏ)

– ਸਲੋ ਕਬ, ੫੦:੧ (1367)

ਛੋਡੀਲੇ –

"ਛੋਡੀਲੇ ਪਾਖੰਡਾ।"

– ਆਸਾ ੧, ਵਾਰ ੧੯ਸ, ੧, ੧:੪ (471)

ਛੋਡੇ –

"ਇਹ ਰਸ ਰਾਤੀ ਬਹੁਰਿ ਨ ਛੋਡੇ।" (ਛਡੇਗੀ)

– ਗਉ ੫, ੮੪, ੪:੨ (180)

"ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ।" (ਤਿਆਗੇ)

– ਆਸਾ ੧, ੮, ੨:੨ (351)

ਛੋਡੇਂ –

"ਘਰ ਛੋਡੇਂ ਬਾਹਰਿ ਜਿਨਿ ਜਾਇ।"

– ਗਉ ਕਬ, ਵਾ੩:੩ (344)

ਛੋਡੈ –

"ਚਾਨਣੁ ਹੋਵੈ ਛੋਡੈ ਹਉਮੈ ਮੇਰਾ।"

– ਮਾਝ ੩, ਅਸ ੨੮, ੫:੨ (126)

"ਆਪੇ ਮਾਰੇ ਆਪੇ ਛੋਡੈ ਆਪੇ ਲੇਵੈ ਦੇਇ।" (ਛੱਡ ਦੇਣਾ, ਭਾਵ ਮਾਰ ਤੋਂ ਬਚਾ ਲੈਣਾ)

– ਆਸਾ ੧, ੫, ੨:੧ (350)

"ਆਪੇ ਮਾਰੇ ਆਪੇ ਛੋਡੈ ਆਪੇ ਬਖਸੇ ਕਰੇ ਦਇਆ।" (ਬਚਾ ਲੈਂਦਾ ਹੈ)

– ਬਿਹਾ ੪, ਵਾਰ ੧੩:੩ (553)

"ਤਟਿ ਤੀਰਥਿ ਨ ਛੋਡੈ ਜੋਗ ਸੰਨਿਆਸ।" (ਛਡਦੀ, ਬਖਸ਼ਦੀ ਮਾਇਆ ਦਰਿਆਵਾਂ ਦੇ ਕੰਢਿਆਂ ਅਥਵਾ ਤੀਰਥਾਂ ਉਤੇ ਬੈਠੇ ਜੋਗੀਆਂ ਸੰਨਿਆਸੀਆਂ ਨੂੰ ਵੀ ਨਹੀਂ ਬਖਸ਼ਦੀ/ ਛਡਦੀ)

– ਆਸਾ ੫, ੪, ੨:੩ (371)

"ਬਿਰਥਾ ਕਾਹੂ ਛੋਡੈ ਨਾਹੀ।" (ਵਿਹਲਾ ਰਹਿਣ ਦਿੰਦਾ/ਛਡਦਾ)

– ਆਸਾ ੫, ੯੦, ੧:੩ (393)

"ਨਿੰਦਕ ਕਉ ਦਈ ਛੋਡੈ ਨਾਹਿ।" (ਛੁਟਕਾਰਾ ਨਹੀਂ ਦਿੰਦਾ)

– ਭੈਰ ੫, ੫੪, ੨:੪ (1152)

ਛੋਤਿ ------ **ਛੂਤ, ਭਿਟ**

"ਬਿਨੁ ਨਾਵੈ ਸੂਤਕੁ ਜਗਿ ਛੋਤਿ।"

– ਆਸਾ ੧, ਅਸ ੪, ੪:੨ (413)

ਛੋਰਾਇ ----- **ਛੁਟਦੀ, ਖੁਲਦੀ**

"ਅਨਿਕ ਭਾਂਤਿ ਕੀ ਏਕੈ ਜਾਲੀ ਤਾ ਕੀ ਗੰਠਿ ਨਹੀਂ ਛੋਰਾਇ।"

– ਕਾਨ ੫, ੨੩, ੧:੨ (1302)

ਛੋਰਿ ------ **(1) ਖੋਲਨ/ਤੋੜਨ ਵਾਲਾ**

"ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ।"

– ਜੈਤ ੫, ੯, ੨:੨ (702)

(2) ਛੁਡਾ ਕੇ

"ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ।"

– ਟੋਡ ੫, ੨੦, ੧:੧ (716)

ਛੋਰੀ ------ (1) ਛਡਿਆਂ
"ਤੋਰੀ ਨ ਤੂਟੈ ਛੋਰੀ ਨਾ ਛੂਟੈ ਐਸੀ ਮਾਧੋ ਖਿੰਚ ਤਨੀ।"
– ਬਿਲਾ ੫, ੧੧੪, ੧:੧ (827)

(2) ਛਡਦੀ
"ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ।"
– ਸਾਰ ੫, ੬੦, ੧:੨ (1216)

ਛੋਰੂ ------- ਛੋਕਰੇ, ਛੋਟੇ ਦਾਸ
"ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ।"
– ਆਸਾ ੧, ਅਸ ੧੯, ੧*:੧ (421)

ਛੋਰੇ ------- ਛੱਡ ਦਿਤੇ, ਤਿਆਗ ਦਿਤੇ
"ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ।"
– ਆਸਾ ਕਬ, ੧੮, ੫:੧ (480)

ਹੋਰ ਰੂਪ:

ਛੋਰੈ –
"ਸਾਧਸੰਗਿ ਇਹ ਹਉਮੈ ਛੋਰੈ।"
– ਗਉ ੫, ਸੁਖ ੩, ੫:੬ (266)

ਛੋੜਿ ------ ਛਡ
"ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ।"
– ਮਾਰੂ ੫, ਵਾਰ ੨੨ਸ, ੫, ੧:੨ (1102)

ਛੋੜਿਆ ---- ਛੱਡ ਦਿਤਾ
"ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਵਾਈ ਛੋੜਿਆ ਹਭੁ ਕਿਝੁ ਤਿਆਗੀ।"
– ਰਾਮ ੫, ਵਾਰ ੧੪ਸ, ੫, ੧:੧ (963)

ਛੋੜੁ ------- ਛੁਡਾਉਣ ਵਾਲੇ
"ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ।"
– ਸੋਰ ੫, ੬੨, ੧:੧ (624)

ਛੋੜੇ ------- ਛੱਡਦਾ
"ਢਾਢੀ ਦਰਿ ਪ੍ਰਭ ਮੰਗਣਾ ਦਰੁ ਕਦੇ ਨ ਛੋੜੇ।"
– ਗਉ ੫, ਵਾਰ ੨੧:੪ (323)

ਜ

ਜਉ ------- (1) ਜਦ, ਜਦੋਂ
"ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ।"
– ਗਉ ੫, ੧੨੩*, ੧:੨ (205)
"ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ।" (ਜਦ)
– ਗਉ ੫, ੧੫੯*, ੧:੧ (214)
"ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ ਘਰੀ ਪਲੋ।" (ਜਦੋ ਤੱਕ ਰਾਤ ਹੈ)

– ਸਾਰ ੫, ੩, ੩:੧ (1203)

(2) ਜਿਸ ਵੇਲੇ
“ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ ਸਭੁ ਆਨਦ ਰੂਪੁ ਦਿਖਾਇਓ।”
– ਗਉ ੫, ੧੩੬*, ੩:੨ (209)

(3) ਜੇ, ਅਗਰ, ਯਦਿ
“ਤਉ ਕੀਜੈ ਜਉ ਆਪਨ ਜੀਜੈ।”
– ਗਉ ਕਬ, ੧੨, ੧:੨ (325)

“ਜਉ ਤਨੁ ਚੀਰਹਿ ਅੰਗੁ ਨ ਮੋਰਉ।”
– ਆਸਾ ਕਬ, ੩੫, ੨:੧ (484)

“ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ।” (ਜੇਕਰ)
– ਦੇਵ ੯, ੩, ੨:੨ (536)

(4) ਕਿਉਂਕਿ, ਚੂੰਕਿ
“ਜਉ ਮੈ ਰੂਪ ਕੀਏ ਬਹੁਤੇਰੇ ਅਬ ਫੁਨਿ ਰੂਪੁ ਨ ਹੋਈ।”
– ਆਸਾ ਕਬ, ੨੮, ੧:੧ (483)

“ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ।” (ਜੇਕਰ, ਜਦੋਂ ਤੱਕ)
– ਰਾਮ ਰਵਿ, ੧, ੧:੨ (973)

(5) ਜੋ ਜਿਹੜਾ
“ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ।”
– ਸੋਰ ਨਾਮ, ੨, ੨:੧ (657)

(6) ਭਾਵੇਂ, ਬੇਸ਼ੱਕ
“ਕਬੀਰ ਸਮੁੰਦੁ ਨ ਛੋਡੀਐ ਜਉ ਅਤਿ ਖਾਰੋ ਹੋਇ।”
– ਸਲੋ ਕਬ, ੫੦:੧ (1367)

“ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ।”
– ਸਲੋ ਕਬ, ੧੭੪:੧ (1373)

(7) ਜੌਂ, ਇਕ ਪ੍ਰਕਾਰ ਦਾ ਅੰਨ
“ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ।”
– ਸਲੋ ਕਬ, ੯੯:੧ (1369)

ਜਉਹਰੀ ---- ਹੀਰਿਆਂ ਦਾ ਵਾਪਾਰੀ।”
“ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ।”
– ਸਲੋ ਕਬ, ੧੬੨:੧ (1373)

ਜਉਤ ------ ਜੇਕਰ, ਯਦਿ, ਅਗਰ, ਜੇ ਤਾਂ
“ਜਉਤ ਸਭ ਸੁਖ ਇਤ ਉਤ ਤੁਮ ਬੰਛਵਹੁ ਗੁਰੂ ਗੁਰ ਗੁਰ ਗੁਰੂ ਗੁਰੂ ਜਪੁ ਪ੍ਰਾਨੀਅਹੁ।”
– ਸਵ ੪, ਕਲ ੧੩:੫ (1400)

ਜਉਪੈ ----- ਜੇਕਰ, ਅਗਰ, ਯਦਿ
“ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।”
– ਸਿਰੀ ਰਵਿ, ੧, ੧*:੧ (13)

“ਜਉਪੈ ਰਸਨਾ ਰਾਮੁ ਨ ਕਹਿਬੋ।” (ਜਦ ਤੱਕ)

– ਗਉ ਕਬ, ੮, ੧*:੧ (325)

ਜਉਲਾ ----- (1) (ਅ. ਜਉਲਾਂ ਦੌੜਨਾ) ਅੱਡ ਹੋਣਾ
"ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ।"
– ਮਾਝ ੫, ੨੬, ੪:੩ (102)
('ਜਉਲਾਂ' ਦੇ ਅਰਬੀ ਵਿਚ ਇਕ ਅਰਥ 'ਜੰਜੀਰ' ਵੀ ਹੁੰਦੇ ਹਨ 'ਮਹਾਨਕੋਸ਼' ਇਸੇ ਅਧਾਰ ਉਤੇ ਇਸ ਦੇ ਅਰਥ 'ਬੇੜੀ ਅਥਵਾ ਬੰਧਨ' ਕਰਦਾ ਹੈ)
"ਇਸੁ ਮਾਰੀ ਬਿਨੁ ਸਭੁ ਕਿਛੁ ਜਉਲਾ।" (ਦੌੜ ਜਾਣ ਵਾਲਾ ਅਰਥਾਤ ਨਾਸ ਹੋਣ ਵਾਲਾ)
– ਗਉ ੫, ਅਸ ੫, ੭:੪ (238)
('ਮਹਾਨਕੋਸ਼' ਇਸ ਦੇ ਅਰਥ ਵੀ 'ਬੰਧਨ ਰੂਪ' ਹੀ ਕਰਦਾ ਹੈ)
(2) ਨਿਰਲੇਪ, ਵੱਖਰਾ
"ਨਿਤ ਸਾਰਿ ਸਮ੍ਹਾਲੇ ਸਭ ਜੀਅ ਜੰਤ ਹਰਿ ਵਸੈ ਨਿਕਟਿ ਸਭ ਜਉਲਾ।"
– ਕਾਨ ੪, ਵਾਰ ੬:੩ (1315)

ਜਈਅੰਪਹਿ -- ਅਲਾਪਦੇ/ਉਚਾਰਣ ਕਰਦੇ ਹਨ
"ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ।"
– ਬਿਲਾ ੫, ਛੰਤ ੩, ੩:੫ (847)

ਜਇਆ ---- (1) ਜੈ, ਜੈਜੈਕਾਰ
"ਅਤੁਲ ਬਡਾਈ ਅਚੁਤ ਅਬਿਨਾਸੀ ਨਾਨਕੁ ਉਚਰੈ ਹਰਿ ਕੀ ਜਇਆ।"
– ਬਿਲਾ ੫, ੧੨੪, ੨:੨ (829)
"ਜਿਨਹਿ ਨਿਵਾਜੇ ਤਿਨ ਹੀ ਸਾਜੇ ਆਪੇ ਕੀਨੇ ਸੰਤ ਜਇਆ।" (ਫਤਹਿਮੰਦ)
– ਰਾਮ ੫, ੫੫, ੪:੧ (900)
(2) ਜਨਮਿਆ, ਪੈਦਾ ਹੋਇਆ ਭਾਵ ਜਨਮ, ਜੀਵਨ
"ਪੁੰਨੁ ਦਾਨੁ ਇਸਨਾਨੁ ਨ ਸੰਜਮੁ ਸਾਧਸੰਗਤਿ ਬਿਨੁ ਬਾਦਿ ਜਇਆ।"
– ਰਾਮ ੧, ਅਸ ੭, ੩:੨ (906)

ਜਈ ------ ਜਾਣਾ
"ਰਾਮ ਮੋ ਕਉ ਤਾਰਿ ਕਹਾਂ ਲੈ ਜਈ ਹੈ।" (ਲਈ ਜਾਂਦੇ ਹੋ)
– ਮਾਰੂ ਕਬ, ੫, ੧*:੧ (1104)

ਜਈਐ ----- ਜਾਈਐ
"ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਈਐ ਭਾਗਿ।"
– ਸਲੋ ਕਬ, ੧੩੧:੧ (1371)
(1957 ਤੋਂ ਬਾਅਦ ਦੀਆਂ ਛਾਪਾਂ ਵਿਚ ਇਸ ਸ਼ਬਦ ਨੂੰ 'ਜਾਈਐ' ਕਰਕੇ ਛਾਪਿਆ ਹੈ)

ਜਈਹੈ ----- (1) ਜਾਂਦਾ ਹੈ
"ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈਹੈ ਨਾਰਿ।" (ਜਿਵੇਂ ਫੁਲ ਜੀਅ ਪੈਂਦਾ ਹੈ ਨਾਰਿ ਪਾਣੀ ਵਿਚ)
– ਗਉ ਕਬ, ੬੬, ੨:੧ (338)
(2) ਦੂਰ ਹੋਵੈ

"ਤਉ ਮਨੁ ਮਾਨੈ ਜਾ ਤੇ ਹਉਮੈ ਜਈਹੈ।"
– ਗਉ ਕਬ, ੧੦, ੨:੨ (325)

ਜਏ ------- ਜੈ, ਜੈਜੈਕਾਰ
"ਗੋਵਿੰਦ ਗੁਪਾਲ ਦਇਆਲ ਸੰਮ੍ਰਿਥ ਬੋਲਿ ਸਾਧੂ ਹਰਿ ਜੈ ਜਏ।"
– ਆਸਾ ੫, ਛੰਤ ੯, ੨:੫ (458)

ਜਸ ------- (1) (ਸੰ.;) ਵਡਿਆਈ, ਕੀਰਤ
"ਤੂੰ ਹੀ ਰਸ ਤੂੰ ਹੀ ਜਸ ਤੂੰ ਹੀ ਰੂਪ ਤੂੰ ਹੀ ਰੰਗ।"
– ਗਉ ੫, ੧੫੬, ੧:੧ (213)
"ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ।" (ਕੀਰਤੀ ਦਾ ਤੀਰ)
– ਰਾਮ ਬਸ, ਵਾਰ ੬:੭ (968)
(2) ਜਿਵੇਂ
"ਜਸ ਦੇਖੀਐ ਤਰਵਰ ਕੀ ਛਾਇਆ।"
– ਗਉ ਕਬ, ੮, ੩:੧ (325)
(3) ਜੈਸਾ, ਜਿਵੇਂ ਦਾ, ਜਿਸ ਪ੍ਰਕਾਰ ਦਾ, ਜਿਹਾ
"ਜਸ ਓਹੁ ਹੈ ਤਸ ਲਖੈ ਨ ਕੋਈ।"
– ਗਉ ਕਬ, ਬਾਅ ੨:੪ (340)
"ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰੇ ਚੰਦਨ ਜਸ ਭਾਰਾ।"
– ਮਾਰੂ ਕਬ, ੧, ੧:੧ (1103)
(4) ਜੋ, ਜਿਹੜਾ
"ਜਸ ਅਦੇਖਿ ਤਸ ਰਾਖਿ ਬਿਚਾਰਾ।"
– ਗਉ ਕਬ, ਬਾਅ ੨੪:੨ (341)

ਜਸਮਰਣੇਨ -- ਜਿਸ ਦਾ ਸਿਮਰਨ ਕਰਨ ਨਾਲ
"ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ।"
– ਗੂਜ ਜੈਦੇ, ੧, ੧*:੩ (526)

ਜਸਰਥ ----- ਸ੍ਰੀ ਰਾਮ ਜੀ ਦੇ ਪਿਤਾ, ਅਯੋਧਿਆ ਦਾ ਸੂਰਵੰਸੀ ਰਾਜਾ ਦਸ਼ਰਥ
"ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ।"
– ਰਾਮ ਨਾਮ, ੪, ੪:੨ (973)

ਜਸੁ ------- (1) ਇਜ਼ਤ, ਸਨਮਾਨ, ਮਾਨ, ਵਡਿਆਈ
"ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ।"
– ਜਪੁ ੧, ੭:੨ (2)
"ਹਰੀਚੰਦੁ ਦਾਨੁ ਕਰੈ ਜਸੁ ਲੇਵੈ।" (ਸ਼ੋਭਾ)
– ਗਉ ੧, ਅਸ ੯, ੩:੧ (224)
(2) ਵਡਿਆਈ, ਕੀਰਤ, ਸਿਫਤ ਸਲਾਹ
"ਮੁਖਿ ਤਾ ਕੋ ਜਸੁ ਰਸਨ ਬਖਾਨੈ।"
– ਗਉ ੫, ਸੁਖ ੬, ੨:੬ (270)

ਜਸੁਦਾ ----- ਨੰਦ ਗੁਆਲੇ ਦੀ ਇਸਤ੍ਰੀ, ਜਿਸ ਨੇ ਕ੍ਰਿਸ਼ਨ ਜੀ ਨੂੰ ਪਾਲਿਆ

"ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।"
– ਸਿਰੀ ੧, ਪਹ ੧, ੨:੨ (75)

ਜਸੋ ------- ਜਸ, ਸਿਫਤ ਸਲਾਹ
"ਸੁਨਤ ਜਸੋ ਕੋਟਿ ਅਘ ਖਏ।"
– ਗਉ ੫, ੧੫੧*, ੨:੨ (212)

ਜਸੋਦ ------ ਸ੍ਰੀ ਕ੍ਰਿਸ਼ਨ ਜੀ ਦੀ ਪਾਲਣਹਾਰ ਮਾਤਾ
"ਕਵਲ ਨੈਨ ਮਧੁਰ ਬੈਨ ਕੋਟਿ ਸੈਨਿ ਸੰਗ ਸੋਭ ਕਹਤ ਮਾ ਜਸੋਦ ਜਿਸਹਿ ਦਹੀ ਭਾਤੁ ਖਾਹਿ ਜੀਉ।"
– ਸਵ ੪, ਗਯੰ ੬:੨ (1402)

ਜਸੵ ------- (1) ਜਿਸ ਨੂੰ
"ਅਹੋ ਜਸੵ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ।"
– ਸਸ ੫, ੬:੨ (1354)

(2) ਕੀਰਤ, ਸਿਫਤ ਸਲਾਹ
"ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸੵ ਸਿਮਰਣ ਰਿਦੰਤਰਹ।"
– ਸਸ ੫, ੨੫:੧ (1356)

ਜਹ ------- (1) ਜਿਥੇ
"ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ।"
– ਸਿਰੀ ੧, ੧੮, ੪:ਜ਼ (21)

(2) ਜਦ, ਜਿਸ ਵੇਲੇ
"ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ।"
– ਗਉ ੧, ੯, ੧:੩ (224)

ਜਹਰ ------ (ਫਾ. ਜ਼ਹਿਰ) ਵਿਹੁ ਮਹੁਰਾ
"ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ।"
– ਮਲਾ ੧, ਵਾਰ ੨੭ਸ, ੧, ੨:੪ (1291)

ਹੋਰ ਰੂਪ:

ਜਹਰੁ –
"ਲਾਹੋਰ ਸਹਰੁ ਜਹਰੁ ਕਹਰੁ ਸਵਾ ਪਹਰੁ।" (ਆਤਮਿਕ ਮੌਤ ਲਿਆਉਣ ਵਾਲਾ ਜ਼ਹਿਰ)
– ਸਲੋ ੧, ੨੭:੧ (1412)

ਜਹਾ ------ ਜਿਥੇ, ਜਿਸ ਸਥਾਨ ਤੇ
"ਧੰਨੁ ਸੇ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ।"
– ਮਾਝ ੫, ੮, ੨:੩ (96)
"ਜਹਾ ਪੰਥਿ ਤੇਰਾ ਕੋ ਨ ਸਿਞਾਨੂ।" (ਜਿਸ ਰਸਤੇ ਤੋਂ)
– ਗਉ ੫, ਸੁਖ ੨, ੪:੫ (264)
"ਜਹਾ ਜਹਾ ਧ੍ਰੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ।" (ਜਿਸ ਅਵਸਥਾ ਵਿਚ)
– ਗੋਂਡ ਨਾਮ, ੩, ੨:੧ (873)

ਹੋਰ ਰੂਪ:

ਜਹਾਂ –
“ਬੇਦੁ ਬਡਾ ਕਿ ਜਹਾਂ ਤੇ ਆਇਆ।” (ਜਿਸ ਸਥਾਨ ਤੋਂ)
– ਗਉ ਕਬੁ, ਅਸ ੪੨, ੨:੨ (331)
“ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ।”
– ਆਸਾ ੩, ੫੦, ੪:੩ (364)

ਜਹਾਜੁ ----- (ਅ. ਜਹਾਜ਼) ਬੋਹਿਥ, ਬੇੜਾ, ਸਮੁੰਦਰ ਵਿਚ ਚਲਣ ਵਾਲੀ ਬਹੁਤ ਵਡੀ ਕਿਸ਼ਤੀ
“ਨਿਰਭੈ ਹੋਇ ਨ ਹਰਿ ਭਜੇ ਮਨ ਬਉਰਾ ਰੇ ਗਹਿਓ ਨ ਰਾਮ ਜਹਾਜੁ।”
– ਗਉ ਕਬ, ੫੭, ੧*:੨ (336)

ਜਹਾਨ ----- (ਫ਼ਾ.) ਜਗਤ, ਸੰਸਾਰ, ਦੁਨੀਆਂ
“ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ।”
– ਸਿਰੀ ੫, ੮੦, ੪:੨ (45)

ਹੋਰ ਰੂਪ:

ਜਹਾਨੰ –
“ਮਨੁ ਧਨੁ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ।”
– ਸਮੁ ੫, ੪:੨ (1386)

ਜਹਾਨੁ –
“ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।”
– ਸਿਰੀ ੫, ੮੬, ੪:੨ (48)

ਜਹਾਂਨੁ –
“ਸਿਮਰਿ ਸਿਮਰਿ ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਂਨੁ।”
– ਬਿਲਾ ੫, ੧੧੫, ੧:੧ (827)
(ਦਸੰਬਰ 1956 ਤੋਂ ਬਾਅਦ ਦੀਆਂ ਛਾਪਾਂ ਵਿਚ ਇਹ ਸ਼ਬਦ ‘ਜਹਾਨੁ’ ਕਰਕੇ ਹੈ)

ਜਹਾਨੋੁ –
“ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੋੁ।”
– ਸਿਰੀ ੧, ੩੧, ੪:੨ (25)

ਜਹਾਨੈ –
“ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ।”
– ਸੋਰ ੪, ਵਾਰ ੧੨ਸ, ੩, ੧:੧ (647)

ਜਹੀਰ ----- (ਅ. ਜ਼ਹੀਰ) ਦੁੱਖੀ, (ਕੋਸ਼) ਜ਼ਹੀਰੇ ਦੇ ਅਖਰੀ ਅਰਥ ਹਨ ‘ਪੇਚਸ਼’ ਦੀ ਬੀਮਾਰੀ, ਭਾਵ ਹੈ ਗਮਗੀਨ, ਕੰਗਾਲ (ਸ਼ਬਦਾਰਥ), ਲਾਚਾਰ, ਅਸਮਰਥ (ਗਿਰਾਰਥ ਕੋਸ਼)
“ਇਕਨਾ ਵਡੀ ਆਰਜਾ ਇਕਿ ਮਰਿ ਹੋਹਿ ਜਹੀਰ।”
– ਮਲਾ ੧, ਵਾਰ ੨੪, ੧, ੧:੪ (1289)

ਜਕੀੜਾ ----- ਖਿਚ ਭਾਵ ਉਮਾਹ, ਲਗਨ
“ਸਾਕਤ ਬੰਧ ਭਏ ਹੈ ਮਾਇਆ ਬਿਖੁ ਸੰਚਹਿ ਲਾਇ ਜਕੀੜਾ।”
– ਜੈ ੪, ੬, ੨:੧ (698)

ਜਖ ------- ਯਕਸ, ਦੇਵਤਿਆਂ ਦਾ ਇਕ ਵਰਗ

"ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ।"

– ਆਸਾ ੫, ਛੰਤ ੫, ੨:੪ (455)

ਹੋਰ ਰੂਪ:

ਜਖੵ –

"ਕਈ ਕੋਟਿ ਜਖੵ ਕਿੰਨਰ ਪਿਸਾਚ।"

– ਗਉ ੫, ਸੁਖ ੧੦, ੪:੭ (276)

ਜਖੵਿ –

"ਸਿਮਰਹਿ ਜਖੵਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ।"

– ਮਾਰੂ ੫, ਸੋਲਾ ੮, ੩:੩ (1079)

ਜਗ ------- (1)) ਜਗਤ, ਦੁਨੀਆਂ, ਸੰਸਾਰ

"ਨਾਨਕ ਰਤਾ ਰੰਗਿ ਹਰਿ ਸਭ ਜਗ ਮਹਿ ਚਾਨਣੁ ਹੋਇ।"

– ਸਿਰੀ ੪, ੭੧, ੪:੪ (42)

"ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ।"

– ਗੂਜ ੫, ਵਾਰ ੧ਸ, ੫, ੧:੫ (517)

(2) (ਸੰ.;) ਯਗ

"ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ।"

– ਮਾਝ ੧, ਵਾਰ ੨੬ਸ, ੧, ੧:੨੨ (150)

"ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ।"

– ਬਿਹਾ ੫, ਛੰਤ ੬, ੪:੧ (546)

(3) ਲੋਕ, ਲੋਕਾਈ

"ਬਿਖੁ ਕਾ ਮਾਤਾ ਜਗ ਸਿਉ ਲੂਝੈ।"

– ਆਸਾ ੧, ਅਸ ੫, ੬:੩ (414)

(4) ਯਕਸ਼, ਦੇਵਤਿਆਂ ਦੀ ਇਕ ਜਾਤੀ (ਇਹ ਅਰਥ ਕੇਵਲ 'ਮਹਾਨਕੋਸ਼' ਦੇ ਹਨ, ਬਾਕੀ ਸਭ ਇਥੇ ਵੀ ਅਰਥ 'ਯਗ' ਹੀ ਕਰਦੇ ਹਨ)

"ਕੋਟਿ ਜਗ ਜਾ ਕੈ ਦਰਬਾਰ।"

– ਭੈਰ ਕਬ, ਅਸ ੨, ੬:੧ (1163)

ਜਗਜੀਵਨ --- ਜਗਤ ਦੇ ਜੀਵਨ, ਜਗਤ ਨੂੰ ਜੀਵਨ ਦੇਣ ਵਾਲੇ ਭਾਵ ਪ੍ਰਭੂ, ਕਰਤਾਰ

"ਮੈ ਆਇ ਮਿਲਹੁ ਜਗਜੀਵਨ ਪਿਆਰੇ।"

– ਮਾਝ ੪, ੪, ੪:੧ (95)

"ਨਾਨਕ ਸਹਜਿ ਮਿਲੇ ਜਗਜੀਵਨ ਸਤਿਗੁਰ ਬੂਝ ਬੁਝਾਈਐ।"

– ਆਸਾ ੧, ਛੰਤ ੨, ੨:੬ (436)

ਜਗਜੀਵਨ ਦਾਤਾ ਜਗਤ ਨੂੰ ਜੀਵਨ ਦੇਣ ਵਾਲਾ, ਭਾਵ ਪ੍ਰਭੂ

"ਕਾਇਆ ਅੰਦਰਿ ਜਗਜੀਵਨਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ।"

– ਸੂਹੀ ੩, ੨, ੨:੨ (754)

ਜਗਜੀਵਨਾ -- ਹੇ ਜਗਤ ਦੇ ਜੀਵਨ ਭਾਵ ਹੇ ਪ੍ਰਭੂ

"ਓਟ ਤੇਰੀ ਜਗਜੀਵਨਾ ਮੇਰੇ ਠਾਕੁਰ ਅਗਮ ਅਗਾਧਿ।"

– ਗਉ ੫, ੧੭੦, ੨:੨ (218)

ਹੋਰ ਰੂਪ:

ਜਗਜੀਵਨਿ –
"ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ ਉਰਿ ਧਾਰਿਓ ਮਨ ਮਾਝਾ।"
– ਜੈਤ ੪, ੫, ੪:੧ (698)

ਜਗਜੀਵਨੁ –
"ਆਪੇ ਜਗਜੀਵਨੁ ਸੁਖਦਾਤਾ ਆਪੇ ਬਖਸਿ ਮਿਲਾਏ।"
– ਸਿਰੀ ੩, ੪੮, ੨:੧ (32)

ਜਗਜੀਵਨੁਦਾਤਾ ਜਗਤ ਨੂੰ ਜੀਵਨ ਦੇਣ ਵਾਲਾ ਭਾਵ ਪ੍ਰਭੂ
"ਜਗਜੀਵਨੁਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ।"
– ਵਡ ੩, ਛੰਤ ੪, ੪:੪ (570)

ਜਗਜੀਵਨੋ --- ਜਗਤ ਦਾ ਜੀਵਨ ਭਾਵ ਪ੍ਰਭੂ
"ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ।"
– ਆਸਾ ੫, ਛੰਤ ੩, ੩:੫ (454)

ਜਗਜੀਵਨੋਦਾਤਾ ਜਗਤ ਦੇ ਜੀਵਨ ਦੇਣ ਵਾਲਾ ਭਾਵ ਪ੍ਰਭੂ
"ਮਨਿ ਤਨਿ ਰਵਿ ਰਹਿਆ ਜਗਜੀਵਨੋਦਾਤਾ ਰਾਮ।"
– ਆਸਾ ੧, ਛੰਤ ੩, ੪:੨ (437)

ਜਗਤ ------ (1) (ਸੰ.) ਸੰਸਾਰ, ਵਿਸ਼ਵ, ਹੋਰ ਵੇਖੋ 'ਜਗਤਿ'
"ਜਿਥੈ ਜਾਈਐ ਜਗਤ ਮਹਿ ਤਿਥੈ ਹਰਿ ਸਾਈ।"
– ਬਿਲਾ ੪, ਵਾਰ ੫:੧ (851)

(2) ਲੋਕਾਈ
"ਜਗਤ ਉਧਾਰਣ ਸੇਈ ਆਏ ਜੋ ਜਨ ਦਰਸ ਪਿਆਸਾ।"
– ਗਉ ੫, ੧੩੧*, ੨:੧ (207)

ਜਗਤਗੁਰ --- (ਸੰ.) ਸੰਸਾਰ ਦਾ ਗੁਰੂ
"ਤੁਮ ਕਹੀਅਤ ਹੌ ਜਗਤ ਗੁਰ ਸੁਆਮੀ।"
– ਜੈਤ ਰਵਿ, ੧, ੧:੧ (711)
"ਜਿਸ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ।"
– ਸੂਹੀ ੪, ੯, ੪:੧ (733)

ਹੋਰ ਰੂਪ:

ਜਗਤਗੁਰਾ –
"ਤਵ ਗੁਨ ਕਹਾ ਜਗਤਗੁਰਾ ਜਉ ਕਰਮੁ ਨ ਨਾਸੈ।"
– ਬਿਲਾ ਸਧ, ੧, ੧:੧ (858)

ਜਗਤਗੁਰੂ --- ਸੰਸਾਰ ਦੇ ਗੁਰੂ, ਸੰਸਾਰ ਨੂੰ ਗਿਆਨ ਦੇਣ ਵਾਲਾ
"ਜਾ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ।"
– ਮਲਾ ਨਾਮ, ੧, ੨:੨ (1292)

ਜਗਤਪਿਤ --- ਜਗਤ ਦਾ ਪਿਤਾ ਅਰਥਾਤ ਉਤਪਤ ਕਰਤਾ, ਜਗਤ ਨੂੰ ਪੈਦਾ ਕਰਨ ਵਾਲਾ ਭਾਵ ਪ੍ਰਭੂ
“ਓਟ ਗਹੀ ਜਗਤ ਪਿਤ ਸਰਣਾਇਆ।”
– ਮਾਰੂ ੫, ਸੋਲਾ ੧੧, ੧੭:੧ (1083)
“ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤਪਿਤ ਭਾਵਹਿਗੇ।”
– ਕਲਿ ੪, ੬, ੧:੨ (1321)

ਹੋਰ ਰੂਪ:

ਜਗਤ ਪਿਤਾ –
“ਹਰਿ ਅੰਤੁ ਨਾਹੀ ਪਾਰਾਵਾਰੁ ਕਉਨੁ ਹੈ ਕਰੈ ਬੀਚਾਰੁ ਜਗਤ ਪਿਤਾ ਹੈ ਸ੍ਰਬ ਪ੍ਰਾਨ ਕੋ ਅਧਾਰੁ।”
– ਸਵ ੫, ੧:੬ (1385)

ਜਗਤਿ ----- ਸੰਸਾਰ, ਵੇਖੋ ‘ਜਗਤ’
“ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ।”
– ਗਉ ੪, ਵਾਰ ੧੫ਸ, ੪, ੨:੩ (308)

ਹੋਰ ਰੂਪ:

ਜਗਤੁ –
“ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।”
– ਜਪੁ ੧, ੩੮ਸ:੨ (8)

ਜਗਤੁ ------ (1) ਸੰਸਾਰ ਸ੍ਰਿਸ਼ਟੀ, ਵੇਖੋ ‘ਜਗਤਿ’, ਜਗਤੈ’, ਜਗਤੋ, ‘ਜਗਤੂ’
(2) ਮੁਲਕ, ਦੇਸ
“ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ।” (ਸੰਸਾਰ ਦੇ ਸਾਰੇ ਦੇਸ਼, ਮੁਲਕ)
– ਵਡ ੪, ਵਾਰ ੨੧ਸ, ੩, ੧:੧ (594)
(3) ਲੋਕਾਈ, ਲੋਕ
“ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ।”
– ਸਲੋ ੯, ੪੦:੧ (1428)

ਜਗਤੈ ------ ਸੰਸਾਰ ਦਾ
“ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ।”
– ਗਉ ੪, ਵਾਰ ੧੩ਸ, ੪, ੨:੫ (307)
“ਬਾਬੀਹਾ ਕਿਆ ਬਪੁੜਾ ਜਗਤੈ ਕੀ ਤਿਖ ਜਾਇ।”
– ਮਲਾ ੧, ਵਾਰ ੧੨ਸ, ੩, ੧:੪ (1283)

ਹੋਰ ਰੂਪ:

ਜਗਤੋ –
“ਏਕਸ ਮਹਿ ਸਭੁ ਜਗਤੋ ਵਰਤੈ ਵਿਰਲਾ ਏਕੁ ਪਛਾਣੈ।” (ਸੰਸਾਰ)
– ਸਾਰ ੩, ਅਸ ੨, ੭:੧ (1234)

ਜਗਤੂ –
“ਜੈ ਜੈ ਕਾਰੁ ਜਗਤੂ ਮਹਿ ਲੋਚਹਿ ਸਭਿ ਜੀਆ।” (ਸੰਸਾਰ, ਲੋਕਾਈ)
– ਬਿਲਾ ੫, ੩੦, ੧:੧ (808)

ਜਗਦੀਸ ---- (1) ਜਗਤ ਦਾ ਈਸ਼ (ਸੁਆਮੀ) ਭਾਵ ਪ੍ਰਭੂ
"ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ।"
- ਜਪੁ ੧, ੩੨:੨ (7)

(2) ਸੰਸਾਰ ਦੇ ਰਾਜੇ
"ਜਗਦੀਸ ਈਸ ਗੋੁਪਾਲ ਮਾਧੋ ਗੁਣ ਗੋਵਿੰਦ ਵੀਚਾਰੀਐ।" (ਸੰਸਾਰ ਦੇ ਰਾਜਿਆਂ ਦਾ ਸੁਆਮੀ ਭਾਵ ਪ੍ਰਭੂ)
- ਰਾਮ ੫, ਛੰਤ ੨, ੧:੫ (925)

ਜਗਦੀਸਰ --- ਜਗਤ/ਸੰਸਾਰ ਦਾ ਮਾਲਕ ਪ੍ਰਭੂ
"ਜਗੰਨਾਥ ਜਗਦੀਸਰ ਕਰਤੇ ਅਪਰੰਪਰ ਪੁਰਖੁ ਅਤੋਲੁ।"
- ਕਾਨ ੪, ਵਾਰ ੧੨:੧ (1317)

ਹੋਰ ਰੂਪ:

ਜਗਦੀਸਰਾ -
"ਸਰਬ ਜਾਚਿਕ ਏਕੁ ਦਾਤਾ ਕਰੁਣਾ ਮੈ ਜਗਦੀਸਰਾ।"
- ਰਾਮ ੫, ਛੰਤ ੨, ੩:੪ (925)

ਜਗਦੀਸਰਿ -
"ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ।"
- ਬੈਰਾ ੪, ੨, ੨:੧ (719)

ਜਗਦੀਸਰੁ -
"ਚੀਨਹੁ ਆਪੁ ਜਪਹੁ ਜਗਦੀਸਰੁ ਹਰਿ ਜਗੰਨਾਥੁ ਮਨਿ ਭਾਇਆ।"
- ਮਾਰੂ ੧, ਸੋਲਾ ੨੦, ੧੩:੩ (1041)

ਜਗਦੀਸਰੈ -
"ਆਨੰਦ ਅਨਦਿਨੁ ਸਦਾ ਸਾਚਾ ਸਰਬ ਗੁਣ ਜਗਦੀਸਰੈ।"
- ਬਿਹਾ ੫, ਛੰਤ ੬, ੩:੪ (546)

ਜਗਦੀਸਰੋ -
"ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ।"
- ਸਾਰ ੪, ੮, ੧*:੧ (1200)

ਜਗਦੀਸਾ --- ਜਗਤ/ਸੰਸਾਰ ਦਾ ਮਾਲਕ ਭਾਵ ਹਰੀ
"ਅਨਦਿਨੁ ਹਿਰਦੈ ਜਪਉ ਜਗਦੀਸਾ।"
- ਗਉ ੩, ਅਸ ੭, ੧*:੧)232)

ਹੋਰ ਰੂਪ:

ਜਗਦੀਸੁ -
"ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ।"
- ਵਡ ੪, ਵਾਰ ੩:੨ (586)

ਜਗਦੀਸੁਰ --- ਪ੍ਰਭੂ, ਹਰੀ, ਜਗਤ ਦਾ ਮਾਲਕ
"ਜਗਜੀਵਨ ਅਪਰੰਪਰ ਸੁਆਮੀ ਜਗਦੀਸੁਰ ਪੁਰਖ ਬਿਧਾਤੇ।"
- ਗਉ ੪, ੫੪, ੧:੧ (169)

ਹੋਰ ਰੂਪ:

ਜਗਦੀਸੁਰਹ –
"ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ।"
– ਜੈਤ ੫, ਵਾਰ ੧ਸ, ੫, ੧:੨ (705)

ਜਗਦੀਸੋੁਰਾ –
"ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੋੁਰਾ।"
– ਸਾਰ ੪, ੯, ੨:੩ (1201)

ਜਗਦੀਸੁਰਿ –
"ਹਰਿ ਹਰਿ ਕ੍ਰਿਪਾ ਕਰੀ ਜਗਦੀਸੁਰਿ ਹਰਿ ਧਿਆਇਓ ਜਨ ਪਗਿ ਲਗੇ।"
– ਨਟ ੪, ੪, ੧*:੨ (976)

ਜਗਦੀਸੁਰੁ –
"ਮਨਿ ਤਨਿ ਰਵਿ ਰਹਿਆ ਜਗਦੀਸੁਰੁ ਪੇਖਤ ਸਦਾ ਹਜੂਰੇ।"
– ਮਲਾ ੫, ੧੨, ੨:੧ (1269)

ਜਗਦੀਸੈ ---- ਪ੍ਰਭੂ ਦੀ
"ਸਰਬ ਕਲਾ ਜਗਦੀਸੈ ਅੰਸ।"
– ਆਸਾ ੧, ੧੨, ੧:੪ (352)
"ਸੰਤ ਪ੍ਰਸਾਦਿ ਭੇਟੇ ਪ੍ਰਭੂ ਪੂਰਨ ਜਗਦੀਸੈ।" (ਪ੍ਰਭੂ ਨੂੰ)
– ਬਿਲਾ ੫, ੬੩, ੩:੨ (817)

ਜਗਦੀਸ੍ਵਰਹ -- ਪ੍ਰਭੂ ਦੀ
"ਹਰਿ ਕਰਣਹਾਰੰ ਨਮਸਕਾਰੰ ਸਰਣਿ ਨਾਨਕ ਜਗਦੀਸ੍ਵਰਹ।"
– ਸਸ ੫, ੪੫:੩ (1358)

ਜਗਦਗੁਰੋ --- ਵੇਖੋ 'ਜਗਤਗੁਰ' ਸੰਸਾਰ ਦਾ ਗੁਰੂ ਭਾਵ ਪ੍ਰਭੂ, ਹਰੀ
"ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦਗੁਰੋ।" (ਨਵੀਆਂ ਛਾਪਾਂ ਵਿਚ ਇਸ ਨੂੰ 'ਜਗਦਗੁਰੋ' ਕਰ ਦਿਤਾ ਹੈ)
– ਸਸ ੫, ੫੦:੧ (1358)

ਜਗਨ ------ ਯੱਗ, ਵੇਖੋ 'ਜਗਨੇ'
"ਜਗਨ ਕਰੈ ਬਹੁ ਭਾਰ ਅਫਾਰੀ।"
– ਗਉ ੧, ਅਸ ੯, ੨:੨ (224)

ਜਗੰਨਥਈ --- ਜਗੰਨਾਥ, ਜਗਤ ਦਾ ਮਾਲਕ
"ਜਨ ਤੇਰਾ ਜਸੁ ਗਾਵਹਿ ਹਰਿ ਹਰਿ ਪ੍ਰਭ ਹਰਿ ਜਪਿਓ ਜਗੰਨਥਈ।"
– ਕਲਿ ੪, ੪, ੪:੧ (1320)

ਜਗੰਨਾਥ ---- ਜਗਤ ਦਾ ਮਾਲਕ, ਪ੍ਰਭੂ
"ਜਗੰਨਾਥ ਜਗਦੀਸੁਰ ਕਰਤੇ ਸਭ ਵਸਗਤਿ ਹੈ ਹਰਿ ਕੇਰੀ।"
– ਗਉ ੪, ੫੮, ੪:੧ (170)

ਹੋਰ ਰੂਪ:

ਜਗੰਨਾਥਾ –

“ਮੋ ਕਉ ਕੀਜੈ ਦਾਸੁ ਦਾਸ ਦਾਸਨ ਕੋ ਹਰਿ ਦਇਆ ਧਾਰਿ ਜਗੰਨਾਥਾ।”
– ਜੈਤ ੪, ੧, ੩:੨ (696)

ਜਗਨਾਥਿ –
“ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ।”
– ਰਾਮ ਬਸ, ਵਾਰ ੪:੨ (967)

ਜਗੰਨਾਥਿ –
“ਜਗੰਨਾਥਿ ਕਿਰਪਾ ਪ੍ਰਭਿ ਧਾਰੀ ਮਤਿ ਗੁਰਮਤਿ ਨਾਮ ਬਨੇ।”
– ਨਟ ੪, ੫, ੧*:੨ (976)

ਜਗੰਨਾਥੁ –
“ਸੋ ਸਤਿਗੁਰੁ ਪੂਜਹੁ ਦਿਨਸੁ ਰਾਤਿ ਜਿਨਿ ਜਗੰਨਾਥੁ ਜਗਦੀਸੁ ਜਪਾਇਆ।”
– ਵਡ ੪, ਵਾਰ, ੩:੨ (586)

ਜਗੰਨਾਥੇ –
“ਮੇਰੇ ਮਨ ਜਪੁ ਜਪਿ ਜਗੰਨਾਥੇ।”
– ਕਲਿ ੪, ੩, ੧*:੧ (1320)

ਜਗਨੇ ------ ਯੱਗ, ਵੇਖੋ ‘ਜਗਨ’
“ਅਸੁਮੇਧ ਜਗਨੇ।”
– ਗੋਂਡ ਨਾਮ, ੧, ੧:੧ (873)

ਜਗਬੰਦਨ --- ਜਗ/ਸੰਸਾਰ ਦੇ ਨਮਸਕਾਰ ਕਰਨਯੋਗ
“ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ।”
– ਜੈਤ ੯, ੩, ੨:੨ (703)

ਜੰਗਮ ------ (1) (ਸੰ.) ਗਮਨ ਕਰਨ ਵਾਲਾ ਜੋ ਇਕ ਥਾਂ ਤੇ ਨਾ ਟਿਕੇ, ਲੱਤਾਂ ਵਾਲੇ ਜੀਵ
“ਅਸਥਾਵਰ ਜੰਗਮ ਕੀਟ ਪਤੰਗਾ।”
– ਗਉ ਕਬ, ੧੩, ੧:੧ (325)

(2) ਸ਼ਿਵ-ਉਪਾਸ਼ਕ ਸਾਧੂ ਦਾ ਇਕ ਟੋਲਾ ਜੋ ਫਿਰਦੇ ਤੁਰਦੇ ਰਹਿੰਦੇ ਹਨ ਅਤੇ ਟੱਲੀ ਖੜਕਾ ਕੇ ਭਿਖਿਆ ਮੰਗਦੇ ਹਨ; ਇਹ ਸਿਰ ਤੇ ਸੱਪ ਦੀ ਸ਼ਕਲ ਦੀ ਰੱਸੀ ਬੰਨਦੇ ਹਨ।
“ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ।”
– ਮਾਝ ੧, ਵਾਰ ੨੬ਸ, ੧, ੧:੧੦ (149)

ਜਗਮਗੈ ---- ਚਮਕੇ, ਪ੍ਰਕਾਸ਼ਿਤ ਹੋਵੇ, ਲਿਸ਼ਕੇ
“ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ।”
– ਸਵ ੫, ਮਥੁ ੨:੩ (1408)

ਜਗਮੋਹਨੀ --- ਜਗਤ ਨੂੰ ਲੁਭਾਇਮਾਨ ਕਰਨ ਵਾਲੀ ਭਾਵ ਮਾਇਆ
“ਜਗ ਮੋਹਨੀ ਹਮ ਤਿਆਗਿ ਗਵਾਈ।”
– ਆਸਾ ੫, ੮੭, ੧*:੧ (392)

ਜਗਮੋਹਨੋ --- ਜਗਤ ਨੂੰ ਮੋਹ ਲੈਣ ਵਾਲਾ ਪ੍ਰਭੂ, ਹਰਿ
“ਸਭਿ ਸੇਵਹੁ ਮੋਹਨੋ ਮਨਮੋਹਨੋ ਜਗਮੋਹਨੋ ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ।”
– ਕਾਨ ੪, ਵਾਰ ੧੧:੫ (1317)

ਜਗਰਚਨਾ --- ਜਗਤ ਦੀ ਰਚਨਾ, ਸ੍ਰਿਸ਼ਟੀ, ਜਗਤ
"ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।"
– ਸਲੋ ੯, ੨੫:੧ (1427)

ਜੰਗਲ ----- (ਫਾ.) ਵਣ, ਰੋਹੀ
"ਤੇਲੀ ਕੈ ਘਰ ਤੇਲੁ ਆਛੈ ਜੰਗਲ ਮਧੇ ਬੇਲ ਗੋ।"
– ਟੋਡੀ ਨਾਮ, ੩, ੩:੧ (718)

ਹੋਰ ਰੂਪ:

ਜੰਗਲਿ –
"ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ।"
– ਸਲੋ ਫਰ, ੧੦੧:੧ (1383)

ਜੰਗਲੁ –
"ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ।"
– ਆਸਾ ੧, ਅਸ ੧੭, ੧:੧ (420)

ਜੰਗਾ ------ (ਫਾ. ਜੰਗ) ਲੜਾਈ, ਯੁੱਧ ਦਰਪਣ (ਸ਼ਬਦਾਰਥ) ਜਾਗਦਿਆਂ ਜਾਗਰਨ ਰਹਿੰਦਿਆਂ
"ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ।"
– ਸਾਰ ੫, ੩੦, ੧*:੨ (1210)

ਜਗਾਇ ----- (1) ਨੀੱਦ ਤੋਂ ਸਾਵਧਾਨ ਕਰੇ, ਜਾਗ੍ਰਤ ਅਵਸਥਾ ਵਿਚ ਲਿਆਵੇ
"ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ।"
– ਗਉ ੫, ਸੋਹ ੫, ੨:੨ (13)

(2) ਰੋਸ਼ਨ/ਪ੍ਰਜਵਲਤ ਕਰੇ, ਬਾਲੇ
"ਸਬਦਿ ਜੋਤਿ ਜਗਾਇ ਦੀਪਕੁ ਨਾਨਕਾ ਭਉ ਭੰਜਨੋ।"
– ਬਿਲਾ ੧, ਛੰਤ ੧, ੩:੬ (843)

ਜਗਾਇਆ --- (1) ਸਾਵਧਾਨ ਰਖਿਆ, ਜਾਗ੍ਰਤ ਰਖਿਆ
"ਤਸਕਰੁ ਚੋਰੁ ਨ ਲਾਗੈ ਤਾ ਕਉ ਧੁਨਿ ਉਪਜੈ ਸਬਦਿ ਜਗਾਇਆ।" ('ਸਬਦ' ਨੇ ਜਗਾਈ/ਸਾਵਧਾਨ ਰੱਖਿਆ)
– ਮਾਰੂ ੧, ਸੋਲਾ ੧੯, ੧:੩ (1039)

(2) ਰੌਸ਼ਨ/ਪ੍ਰਜਵਲਤ ਕਰ ਦਿਤੀ
"ਸਕਤਿ ਗਈ ਭ੍ਰਮੁ ਕਟਿਆ ਸਿਵ ਜੋਤਿ ਜਗਾਇਆ।"
– ਸਾਰ ੪, ਵਾਰ ੨:੩ (1238)

"ਜੋਤਿ ਲਾਇ ਜਗਦੀਸ ਜਗਾਇਆ ਬੂਝੈ ਬੂਝਨਹਾਰਾ।" (ਜਗਦੀਸ/ਪ੍ਰਭੂ ਨੇ ਜੋਤ ਨਾਲ ਇਹ ਦੀਪਕ ਬਾਲਿਆ)
– ਪ੍ਰਭਾ ਕਬ, ੫, ੨:੨ (1350)

ਜਗਾਇਨਿ੍ --- ਉਠਾ ਦੇਣ, ਨੀੱਦ ਭੰਗ ਕਰ ਦੇਣ
"ਜਾਇ ਜਗਾਇਨਿ੍ ਬੈਠੇ ਸੁਤੇ।" (ਭਾਵ ਬੇ-ਆਰਾਮ ਕਰਨ)
– ਮਲਾ ੧, ਵਾਰ ੨੨ਸ, ੧, ੨:੬ (1288)

ਜਗਾਈ ----- ਸਾਵਧਾਨ ਕਰੇ, ਨੀੱਦ ਤੋਂ ਉਠਾ ਕੇ

"ਆਪੇ ਸੁਤਿਆ ਦੇਇ ਜਗਾਈ।"
– ਗਉ ੩, ੨੯, ੨:੩ (160)

ਹੋਰ ਰੂਪ:

ਜਗਾਈਐ –
"ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ।" (ਉਠਾਈ ਰਖਦਾ ਹੈ)
– ਸੂਹੀ ੧, ਅਸ ੪, ੬:੧ (752)

ਜਗਾਏ –
"ਜਾ ਤਿਨਿ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ।"
– ਬਿਹਾ ੪, ਵਾਰ ੧੬ਸ, ੩, ੨:੨ (554)

ਜਗਾਏ ----- (1) ਬਾਲੇ, ਪ੍ਰਜਵਲਤ ਕਰੇ
"ਆਸਾ ਮਨਸਾ ਏਹੁ ਸਰੀਰੁ ਹੈ ਅੰਤਰਿ ਜੋਤਿ ਜਗਾਏ।"
– ਵਡ ੩, ੩, ੪:੧ (559)
(2) ਸਾਵਧਾਨ ਕਰੇ, ਨੀੱਦ ਤੋਂ ਉਠਾਏ, ਵੇਖੋ 'ਜਗਾਈ'

ਜਗਾਤਿ ----- ਮਸੂਲ, ਚੁੰਗੀ
"ਜੇਜੀਆ ਡੰਨੁ ਕੋ ਲਏ ਨ ਜਗਾਤਿ।"
– ਆਸਾ ੫, ਅਸ ੧, ੫:੧ (430)

ਜਗਾਤੀ ----- ਮਸੂਲ ਲੈਣ ਵਾਲੇ
"ਕਾਮੁ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਣਵਾਰਾ।"
– ਗਉ ਕਬ, ੪੯, ੨:੧ (333)

ਜੰਗਾਲੀ ---- ਜੰਗਾਲ ਵਾਲੇ, ਜਿਨ੍ਹਾਂ ਨੂੰ ਜੰਗਾਲ ਲੱਗਾ ਹੋਵੇ, ਭਾਵ ਪਾਪੀ
"ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ।"
– ਰਾਮ ਬਸ, ਵਾਰ ੩:੬ (967)

ਜਗਾਵਨ ---- ਜਗਾਉਣ
"ਕਬੀਰ ਹਰਿ ਕਾ ਸਿਮਰਨ ਛਾਡਿ ਕੈ ਰਾਤਿ ਜਗਾਵਨ ਜਾਇ।" (ਇਥੇ ਭਾਵ ਰੂਹਾਂ ਨੂੰ ਜਗਾਉਣਾ ਅਥਵਾ 'ਪ੍ਰੇਤ' ਵਸ ਕਰਨੇ)
– ਸਲੋ ਕਬ, ੧੦੭:੧ (1370)

ਜਗਾਵੈ ----- ਨੀੱਦ ਤੋਂ ਉਠਾਉਣਾ
"ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀੱਦ ਨ ਪਵੈ ਕਿਵੈ।"
– ਆਸਾ ੪, ਛੰਤ ੨੧, ੩:੩ (452)

ਜਗਿ ------ (1) ਜਗ/ਸੰਸਾਰ ਵਿਚ/ ਤੇ; ਜਗਤ ਨੇ; ਜਗਤ ਦੇ
"ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ।" (ਸੰਸਾਰ ਵਿਚ)
– ਜਪੁ ੧, ੭:੩ (2)
"ਨਾਨਕ ਗਿਆਨੀ ਜਗੁ ਜੀਤਾ ਜਗਿ ਜੀਤਾ ਸਭੁ ਕੋਇ।" (ਜਗਤ ਨੇ)
– ਬਿਹਾ ੪, ਵਾਰ ੨ਸ, ੩, ੧:੧ (548)
"ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ।"
– ਵਡ ੪, ਛੰਤ ੪, ੨:੨ (574)

(2) ਗਿਆਨਵਾਨ, ਪੰਡਿਤ (ਕੇਵਲ ਮਹਾਨਕੋਸ਼)
“ਵਿਣੁ ਨਾਵੈ ਸਭਿ ਭਰਮਦੇ ਨਿਤ ਜਗਿ ਤੋਟਾ ਸੈਸਾਰਿ।” (ਬਾਕੀ ਸਭ ‘ਜਗਤ ਵਿਚ’ ਹੀ ਕਰਦੇ ਹਨ)
- ਸੋਰ ੪, ਵਾਰ ੯ਸ, ੩, ੧:੧ (646)
(ਨਿਰਣੈ ਇਥੇ ‘ਜਗਿ’ ਦੇ ਅਰਥ ‘ਜਗਤ ਵਾਲਾ’ ਕਰਦਾ ਹੈ)

ਜਗਿਜੀਵਨੁ -- ਜਗਤ ਵਿਚ ਜਿਊਣਾ
“ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ।”
- ਆਸਾ ਕਬ, ੨੭, ੧:੧ (482)

ਜਗੀ ------ ਯਗਾਂ ਕਰਕੇ (ਮਹਾਨਕੋਸ਼), ਯੱਗ (ਸ਼ਬਦਾਰਥ)
“ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।”
- ਗਉ ਰਵਿ, ਅਸ ੧, ੧:੧ (346)
(ਤ੍ਰੇਤਾ ਯੁੱਗਾਂ ਕਰਕੇ/ਤ੍ਰੇਤਾ ਵਿਚ ਯੱਗ ਪ੍ਰਧਾਨ ਸਨ)

ਜੰਗੀਲਾ ---- ਜੰਗ
“ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ।”
- ਗੂਜ ੫, ੧੩, ੨:੧ (498)

ਜਗੁ ------- (1) ਜਗਤ, ਸੰਸਾਰ
“ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।”
- ਸਿਰੀ ੧, ੧੧, ੩:੧ (18)
“ਸਭੁ ਜਗੁ ਕਾਜਲ ਕੋਠੜੀ ਤਨੁ ਮਨੁ ਦੇਹ ਸੁਆਹਿ।”
- ਸਿਰੀ ੧, ਅਸ ੧੬, ੭:੨ (64)
(2) ਲੋਕਾਈ, ਜਨ ਸਮੂਹ
“ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।”
- ਜਪੁ ੧, ੨੮:੩ (6)
“ਭਾਈ ਰੇ ਜਗੁ ਦੁਖੀਆ ਦੂਜੈ ਭਾਇ।”
- ਸਿਰੀ ੩, ੪੦, ੧*:੧ (29)
(3) ਯੱਗ
“ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ।”
- ਰਾਮ ਨਾਮ, ੪, ੧:੨ (973)

ਜਗੇ ------- ਜਗਤ/ਸੰਸਾਰ ਵਿਚ
“ਰਾਮੁ ਆਪੇ ਆਪਿ ਆਪੇ ਸਭ ਕਰਤਾ ਰਾਮੁ ਆਪੇ ਆਪਿ ਆਪਿ ਸਭਤੁ ਜਗੇ।”
- ਸਾਰ ੪, ੧੩, ੧:੧ (1202)

ਜਗੇਨ ------ ਯਗ
“ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ।”
- ਗੂਜ ਜੈਦੇ, ੧, ੪:੨ (526)

ਜਗੈ ------- ਸੰਸਾਰ, ਜਗਤ
“ਸੇਈ ਉਬਰੇ ਜਗੈ ਵਿਚਿ ਜੋ ਸਚੈ ਰਖੇ।”

– ਗਉ ੫, ਵਾਰ ੨:੧ (318)

ਹੋਰ ਰੂਪ:

ਜਗੋ –
“ਇਹੁ ਜਗੋ ਦੁਤਰੁ ਮਨਮੁਖੁ ਪਾਰਿ ਨ ਪਾਈ ਰਾਮ।” (ਸੰਸਾਰ)
– ਸੂਹੀ ੪, ਛੰਤ ੪, ੩:੧ (775)

ਜਗੋਟਾ ----- ਉਨ ਦਾ ਰਸਾ ਜੋ ਜੋਗੀ ਲੱਕ ਨਾਲ ਬੰਨਦੇ ਹਨ
“ਸਹਜ ਜਗੋਟਾ ਬੰਧਨ ਤੇ ਛੂਟਾ।”
– ਰਾਮ ੧, ੧੧, ੪:੧ (879)

ਜਗੁ ------- ਯੱਗ
“ਸਭਿ ਤੀਰਥ ਬਰਤ ਜਗੁ ਪੁੰਨ ਕੀਏ ਹਿਵੈ ਗਾਲਿ ਗਾਲਿ ਤਨੁ ਛੀਜੈ।”
– ਕਲਿ ੪, ਅਸ ੩, ੭:੧ (1325)

ਜੰਘੀਐ ----- ਲੱਤਾਂ ਨਾਲ
“ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ।”
– ਸਲੋ ਫਰ, ੨੦:੧ (1378)

ਜਚਨਾ ----- (1) ਫਬਨਾ, ਢੁਕਵੇਂ ਹੋਣਾ
“ਜਾ ਉਹੁ ਨਿਰਮਲੁ ਤਾਂ ਹਮ ਜਚਨਾ।” (ਸ਼ੁਧ (ਕੋਸ਼)
– ਆਸਾ ੫, ੮੩, ੩:੪ (391)
(2) ਯਾਚਕ ਕੋਸ਼ (ਮਹਾਨਕੋਸ਼) ਕੌਤਕ ਚੋਜ (ਨਿਰਣੈ) ਦਰਪਣ); ਖਿਆਲ ਜੋ ਉਸ ਨੂੰ ਜਚਦੇ ਹਨ (ਸ਼ਬਦਾਰਥ)
“ਕਹੁ ਨਾਨਕ ਪ੍ਰਭ ਕੇ ਸਭਿ ਜਚਨਾ।”
– ਬਿਲਾ ੫, ੭, ੪:੨ (803)
“ਕਰਿ ਕਰਿ ਵੇਖੈ ਅਪਣੇ ਜਚਨਾ।” (ਚੋਜ਼, ਕੌਤਕ)
– ਮਾਰੂ ੫, ਅਸ ੭, ੮:੨ (1019)
“ਮਾਨਹਿ ਬ੍ਰਹਮਾਦਿਕ ਰੁਦ੍ਰਾਦਿਕ ਕਾਲ ਕਾ ਕਾਲੁ ਨਿਰੰਜਨ ਜਚਨਾ।” (ਮੰਗਦੇ ਹਨ, ਯਾਚਕ ਹਨ)
– ਸਵ ੪, ਗਯੰ ੧੩:੩ (1403)

ਜਚਨੀ ----- ਯਾਚਨਾ ਕੀਤੇ ਜਾਣ ਵਾਲੀ ਵਸਤ, ਮੰਗ
“ਜੋ ਇਛੈ ਸੋ ਫਲੁ ਪਾਇਸੀ ਸਭਿ ਘਰੈ ਵਿਚਿ ਜਚਨੀ।”
– ਸੂਹੀ ੩, ਵਾਰ ੧੮:੫ (791)

ਜਚਾ ------ ਚੋਜ਼, ਕੌਤਕ (ਸ਼ਬਦਾਰਥ, ਨਿਰਣੈ, ‘ਦਰਪਣ’) ਭਿਖਾਰੀ (ਯਾਚਕ, (ਮਹਾਨਕੋਸ਼)
“ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ।”
– ਮਾਰੂ ੩, ਵਾਰ ੨੨:੫ (1094)

ਜਜਮਾਨ ---- (ਸੰ.;) ਜੋ ਪੁਰੋਹਿਤ ਤੋਂ ਯੱਗ ਕਰਵਾਉਂਦਾ ਹੈ
“ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ।”
– ਆਸਾ ੩, ਪਟੀ ੬:੨ (435)

ਹੋਰ ਰੂਪ:

ਜਜਮਾਨੁ –
“ਨਾਨਕ ਪਰਮੇਸਰੁ ਜਜਮਾਨੁ ਤਿਸਹਿ ਭੁਖ ਨ ਮੂਲਿ।”
– ਗਉ ੫, ਵਾਰ ੨੧ਸ, ੫, ੨:੨ (323)

ਜਜਮਾਲਿਆ – ਕੁਸ਼ਟ ਰੋਗੀ, ਛੂਤ ਦੇ ਰੋਗ ਵਾਲਾ, ਕੋਹੜੀ
“ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।”
– ਗਉ ੪, ਵਾਰ ੩੦ਸ, ੪, ੧:੧ (315)
“ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ।” (ਮਾੜੇ ਬੰਦੇ)
– ਆਸਾ ੧, ਵਾਰ ੨:੨ (463)

ਹੋਰ ਰੂਪ:

ਜਜਮਾਲੇ –
“ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ ਆਪੇ ਸਚੈ ਵਖਿ ਕਢੇ ਜਜਮਾਲੇ।”
– ਗਉ ੪, ਵਾਰ ੧੦ਸ, ੪, ੧:੨ (304)

ਜਜਰੀ ----- ਪੁਰਾਣਾ, ਜੀਰਣ
“ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ।”
– ਵਡ ੩, ਅਲਾ ੪, ੧:੧ (584)

ਜਜਾ ------ ਗੁਰਮੁਖੀ ਲਿਪੀ ਦਾ 13ਵਾਂ ਅੱਖਰ, ‘ਜ’
“ਜਜਾ ਜਾਨੈ ਹਉ ਕਛੁ ਹੂਆ।”
– ਗਉ ੫, ਬਾਅ ੨੪:੧ (255)

ਜੰਜਾਰ ----- ਜੰਜੀਰ, ਬੰਧਨ, ਉਲਝਾਉ, ਸੰਸਾਰ ਬੰਧਨ
“ਕਰਮ ਕਰਤ ਜੀਅ ਕਉ ਜੰਜਾਰ।”
– ਆਸਾ ੫, ੫੮, ੩:੨ (385)

ਹੋਰ ਰੂਪ:

ਜੰਜਾਰਾ –
“ਬਹੁਰਿ ਬਹੁਰਿ ਲਪਟਿਓ ਜੰਜਾਰਾ।” (ਬੰਧਨ, ਧੰਧੇ)
– ਸੂਹੀ ੫, ੮, ੨*:੨ (738)
“ਨਾਮੁ ਲੈਤ ਛੁਟੇ ਜੰਜਾਰਾ।”
– ਭੈਰ ੫, ੨੫, ੨:੪ (1142)

ਜੰਜਾਰੀ –
“ਅਨਿਕ ਕਾਜ ਅਨਿਕ ਧਾਵਰਤਾ ਉਰਝਿਓ ਆਨ ਜੰਜਾਰੀ।”
– ਸਾਰ ੫, ੬੩, ੧*:੨ (882)

ਜੰਜਾਰੋ –
“ਧੰਧੁ ਬੰਧੁ ਅਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ।”
– ਬਿਲਾ ੫, ੬੩, ੧*:੨)822)

ਜੰਜਾਲ ----- (1) ਬੰਧਨ, ਝਮੇਲੇ
“ਸਤਗੁਰ ਕੈ ਉਪਦੇਸਿਐ ਬਿਨਸੇ ਸਰਬ ਜੰਜਾਲ।”
– ਸਿਰੀ ੫, ੮੬, ੧:੨ (48)

ਹੋਰ ਰੂਪ:

ਜੰਜਾਲਾ –

“ਮਾਇਆ ਮੋਹੁ ਸਰਬ ਜੰਜਾਲਾ।”

– ਗਉ ੧, ਅਸ ੪, ੬:੧ (222)

ਜੰਜਾਲਿ –

“ਦੇਖਿ ਕੁਟੰਬੁ ਮਾਇਆ ਗ੍ਰਿਹ ਮੰਦਰੁ ਸਾਕਤੁ ਜੰਜਾਲਿ ਪਰਾਲਿ ਪਇਆ।”

– ਰਾਮ ੧, ਅਸ ੭, ੯:੨ (907)

ਜੰਜਾਲੁ –

“ਪੂਰਾ ਸਤਿਗੁਰੁ ਭੇਟਿਆ ਬਿਨਸਿਆ ਸਭੁ ਜੰਜਾਲੁ।”

– ਸਿਰੀ ੧, ੯੮, ੧:੩ (52)

“ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ।”

– ਆਸਾ ੫, ੧੧੧, ੨:੧ (398)

(2) ਧੰਧੇ, ਬੰਧਨ ਵਿਚ ਫਸਾਨ ਵਾਲੇ ਕੰਮ, ਝਮੇਲੇ, ਬਿਖੇੜੇ, ਟੰਟੇ

“ਨਾਨਕ ਤਜੀਅਲੇ ਅਵਰਿ ਜੰਜਾਲਾ।”

ਗਉ ੫, ੧੨੧, ੪:੨ (190)

“ਅਵਰ ਤਿਆਗਿ ਬਿਖਿਆ ਜੰਜਾਲ।”

– ਗਉ ੫, ਸੁਖ ੧੫, ੫:੬ (283)

ਹੋਰ ਰੂਪ:

ਜੰਜਾਲਾ –

“ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ।” (ਘਰ ਦਾ ਧੰਧੇ)

– ਮਾਰੂ ੧, ਅਸ ੬, ੪:੧ (1012)

ਜੰਜਾਲਿ –

“ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਗਾ ਆਲਿ ਜੰਜਾਲਿ।”

– ਸਿਰੀ ੪, ਪਹ ੩, ੩:੧ (76)

ਜੰਜਾਲੀ –

“ਮਨੁ ਜੰਜਾਲੀ ਵੇੜਿਆ ਭੀ ਜੰਜਾਲਾ ਮਾਹਿ।”

– ਰਾਮ ੧, ਓਅੰ ੩੮:੭ (935)

ਜੰਜਾਲੁ –

“ਤੇਰੈ ਕਾਜਿ ਨ ਬਿਖੈ ਜੰਜਾਲੁ।”

– ਰਾਮ ੫, ੨੨, ੧:੨ (889)

ਜੰਜਾਲੇ –

“ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ।”

– ਆਸਾ ੧, ਛੰਤ ੫, ੩:੧ (439)

ਜਜਿ ------ ਯਜਨ, ਦੇਵ ਪੂਜਾ, ਯੱਗ

“ਜਜਿ ਕਾਜਿ ਪਰਥਾਇ ਸੁਹਾਈ।”

– ਆਸਾ ੫, ੩, ੧*:੨ (371)

ਜੰਜੀਰ ----- (ਫਾ. ਜੰਜੀਰ) ਸੰਗਲ, ਲੋਹੇ ਦੀਆਂ ਕੜੀਆਂ ਦੀ ਰੱਸੀ

“ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ।”

– ਸੋਰ ੧, ੧, ੪:੧ (595)

"ਜੰਜੀਰ ਬਾਂਧਿ ਕਰਿ ਖਰੇ ਕਬੀਰ।"

– ਭੈਰ ਕਬ, ੧੮, ੧:੨ (1162)

ਹੋਰ ਰੂਪ:

ਜੰਜੀਰੀ –

"ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ।"

– ਰਾਮ ੧, ਅਸ ੧, ੪:੨ (903)

ਜੰਜੀਰੀਆ –

"ਇਕਨ੍ਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ।"

– ਆਸਾ ੧, ਵਾਰ ੨੩:੩ (475)

ਜਜੈ ------- 'ਜ' ਅਖਰ ਦੁਆਰਾ

"ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ।"

– ਆਸਾ ੧, ਪਟੀ ੧੧:੧ (433)

ਜੰਞ ------- ਜਨੇਤ, ਬਰਾਤ

"ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ।"

– ਵਡ ੪, ਘੋੜੀ ੧, ੪:੫ (575)

ਜਟ ------- ਜਟਾਂ, ਵੇਖੋ 'ਜਟ'

"ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ।"

– ਕਾਨ ੪, ੧੦, ੧:੧ (1297)

ਜਟਧਾਰੈ ---- ਜਟਾਂ ਵਾਲੇ (ਜੋਗੀ)

"ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ।"

– ਭੈਰ ੫, ੧੫, ੧:੨ (1139)

ਜਟਨ ------ ਜਟਾਂ

"ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ।"

– ਕਾਨ ੫, ੩੯, ੧:੧ (1306)

ਜਟਾ ------ ਸਿਰ ਦੇ ਉਲਝੇ ਹੋਏ ਰੱਸੀ ਵਾਂਗੂੰ ਬਣੇ ਕੇਸ

"ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ।"

– ਸੋਰ ਕਬ, ੧, ੨:੨ (654)

"ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ।"

– ਭੈਰ ੧, ੮, ੪:੧ (1127)

ਜਟਾ ਜੂਟ --- ਜਟਾਂ ਦਾ ਜੂੜਾ

"ਜਾ ਕੌ ਜੋਗੀ ਜਤੀ ਸਿਧ ਸਾਧਿਕ ਅਨੇਕ ਤਪ ਜਟਾ ਜੂਟ ਭੇਖ ਕੀਏ ਫਿਰਤ ਉਦਾਸ ਕਉ।"

– ਸਵ ੪, ਮਥੁ ੫:੩ (1404)

ਜਟਾਧਰ ---- ਜਟਾਂ ਰੱਖਨ ਵਾਲਾ
"ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ।"
– ਆਸਾ ਕਬ, ੫, ੧:੨ (476)

ਜਟਾਧਾਰ ---- ਜਟਾਂ ਨੂੰ ਧਾਰਨ (ਰੱਖਨ) ਵਾਲਾ
"ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ।"
– ਆਸਾ ੫, ਛੰਤ ੫, ੨:੧ (455)

ਹੋਰ ਰੂਪ:

ਜਟਾਧਾਰਿ –
"ਕਬਿ ਜਨ ਜੋਗੀ ਜਟਾਧਾਰਿ।"
– ਬਸੰ ਕਬ, ੫, ੨:੩ (1194)

ਜਟਾਰੋ ----- ਜੱਟ, ਵਾਹੀ ਕਰਨ ਵਾਲਾ, ਮੂੜ ਜਿਹਾ ਕਿਸਾਨ
"ਇਹ ਬਿਧਿ ਸੁਨਿ ਕੈ ਜਟਾਰੋ ਉਠਿ ਭਗਤੀ ਲਾਗਾ।"
– ਆਸਾ ਧੰਨਾ, ੨, ੪:੧ (488)

ਜਟੁ ------- ਕਿਸਾਨ, ਵਾਹੀ ਕਰਨ ਵਾਲਾ
"ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।"
– ਬਿਲਾ ੪, ਅਸ ੪, ੭:੨ (835)

ਜਟੂਆ ----- ਜਟਾਂ, ਵਾਲਾ ਦੀਆਂ ਲਿਟਾਂ
"ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ।"
– ਸਮੁ ੫, ੧੧*:੨ (1389)

ਜਠਰ ------ ਪੇਟ, ਢਿੱਡ
"ਤਉ ਜਠਰ ਅਗਨਿ ਮਹਿ ਰਹਤਾ।"
– ਗਉ ਕਬ, ੬੨, ੨:੨ (337)

ਜਠਰਾਗਨਿ -- ਪੇਟ ਦੀ ਅਗਨੀ
"ਫਿਰੰਤ ਜੋਨਿ ਅਨੇਕ ਜਠਰਾਗਨਿ ਨਹ ਸਿਮਰੰਤ ਮਲੀਣ ਬੁਧੰ।"
– ਸਸ ੫, ੧੬:੩ (1355)

ਜਠਾਨੜੀਆਹ ਪਤੀ ਦੀ ਵਡੀ ਭਰਜਾਈ
"ਫੁਫੀ ਨਾਨੀ ਮਾਸੀਆ ਦੇਰ ਜਠਾਨੜੀਆਹ।"
– ਮਾਰੂ ੧, ਅਸ ੧੦, ੨:੧ (1015)

ਜਣਜਣ ---- ਜਣਾ ਖਣਾ
"ਕਾਮੁ ਕ੍ਰੋਧੁ ਲੋਭੁ ਮੋਹੁ ਜਣ ਜਣ ਸਿਉ ਛਾਡੁ ਧੋਹੁ ਹਉਮੈ ਕਾ ਫੰਧੁ ਕਾਟੁ ਸਾਧਸੰਗਿ ਰਤਿ ਜੀਉ।"
– ਸਵ ੪, ਗਯੰ ੧੦:੩ (1403)

ਜਣਾ ------ ਜਾਣਾ, ਸਮਝਾਂ, ਗਿਣਾਂ
"ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ।"
– ਮਾਝ ੫, ਬਾਰਾ ੨:੪ (133)

ਜਣਾਇਆ --- ਦੱਸਿਆ, ਪ੍ਰਗਟ ਕੀਤਾ, ਸਮਝਾਇਆ
"ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ।"
– ਬਿਲਾ ੫, ਛੰਤ ੨, ੩:੩ (846)

ਜਣਾਇਹਿ --- ਪ੍ਰਗਟ ਕਰੇ, ਦਸੇ, ਸਮਝਾਏ
"ਹਾਥਿ ਹਮਾਰੈ ਕਛੂਐ ਨਾਹੀ ਜਿਸੁ ਜਣਾਇਹਿ ਤਿਸੈ ਜਣਾਵਣਾ।"
– ਮਾਰੂ ੫, ਸੋਲਾ ੧੪, ੯:੩ (1086)

ਜਣਾਏ ----- (1) ਜਣਾਉਣਾ, ਜਤਾਉਣਾ
"ਹਉ ਹਉ ਕਰੇ ਤੈ ਆਪੁ ਜਣਾਏ।"
– ਮਾਝ ੩, ਅਸ ੩੦, ੫:੧ (127)
(2) ਦਸਨਾ, ਪ੍ਰਗਟ ਕਰਨਾ
"ਆਪਣਾ ਕੀਆ ਆਪਿ ਜਣਾਏ।"
– ਰਾਮ ੫, ੩੬, ੩:੪ (894)

ਜਣਾਵਹਿ ---- (1) ਜਤਲਾਏ
"ਭਗਤਿ ਕਰਹਿ ਮੂਰਖ ਆਪੁ ਜਣਾਵਹਿ।"
– ਗਉ ੩, ੨੪, ੩:੧ (159)
(2) ਦਸੇ, ਪ੍ਰਗਟ ਕਰੇ
"ਜਿਸਹਿ ਜਣਾਵਹਿ ਤਿਨਿ ਤੂ ਜਾਤਾ।"
– ਰਾਮ ੫, ੩੭, ੩:੪ (894)

ਜਣਾਵਣਾ --- ਸਮਝ ਆਉਣਾ, ਪਤਾ ਲੱਗਣਾ
"ਹਾਥਿ ਹਮਾਰੈ ਕਛੂਅ ਨਾਹੀ ਜਿਸੁ ਜਣਾਇਹਿ ਤਿਸੈ ਜਣਾਵਣਾ।"
– ਮਾਰੂ ੫, ਸੋਲਾ ੧੪, ੯:੩ (1086)

ਜਣਾਵਣਿਆ – ਪ੍ਰਗਟ ਕਰਦਾ ਹੈ
"ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ।"
– ਮਾਝ ੩, ਅਸ ੧੫, ੫:੩ (118)

ਜਣਿ ------ ਜਨਮ ਦੇ ਕੇ
"ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ।"
– ਗਉ ੪, ੫੧, ੧:੧ (168)

ਜਣਿਓਹਿ --- ਜਨਮ ਦਿਤਾ ਸੀ
"ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ।"
– ਸਲੋ ਫਰ, ੭੩:੧ (1381)

ਜਣਿਆ ---- (1) ਜਨਮ ਦਿਤਾ
"ਧਨੁ ਧੰਨੁ ਪਿਤਾ ਧਨ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ।"
– ਗਉ ੪, ਵਾਰ ੧੭ਸ, ੪, ੨:੩ (310)
"ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ।" (ਜਨਮੇ ਹੋਏ ਪੈਦਾ ਕੀਤੇ ਹੋਏ)
– ਗਉ ੫, ਵਾਰ ੭:੪ (319)
(2) ਮਨੁੱਖਾਂ, ਵਿਅਕਤੀਆਂ, ਬੰਦਿਆਂ

"ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ।"
– ਸਲੋ ਫਰ, ੧੦੦:੫ (1383)

ਜਣੀ ------ ਕਦੀ ਵੀ ਨਾ, ਮਤ, ਨਾਹ
"ਜਣੀ ਲਖਾਵਹੁ ਅਸੰਤ ਪਾਪੀ ਸਣਿ।"
– ਆਸਾ ਰਵਿ, ੨, ੩:੨ (486)

ਜਣੁ ------- ਜਾਣੋ, ਸਮਝੋ
"ਜਿਸ ਨੋ ਵਿਸਰੈ ਮੇਰਾ ਰਾਮ ਸਨੇਹੀ ਤਿਸੁ ਲਾਖ ਬੇਦਨ ਜਣੁ ਆਈ।"
– ਸੋਰ ੫, ੧੫, ੧*:੨ (613)

ਜਣੇ ------- ਜਨਮੇ
"ਪੰਚ ਪੂਤ ਜਣੇ ਇਕ ਮਾਇ।"
– ਗੋਂਡ ੫, ੧੧, ੩:੧ (865)

ਜਣੇਦਾ ----- ਜਣਨ ਵਾਲਾ ਭਾਵ ਪਿਤਾ
"ਨਾਨਕ ਲੇਖੈ ਮੰਗਿਐ ਅਉਤੁ ਜਣੇਦਾ ਜਾਇ।"
– ਰਾਮ ੩, ਵਾਰ ੧੭ਸ, ੧, ੧:੪ (955)

ਜਣੇਦੀ ----- ਜਣਨ ਵਾਲੀ, ਜਨਮ ਦੇਣ ਵਾਲੀ
"ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ।"
– ਸਿਰੀ ੩, ੩੮, ੩:੨ (28)

ਜਤ ------- (1) ਜਿਧਰ, ਜਿਥੇ
"ਜਤ ਕਤ ਦੇਖਉ ਤਤ ਰਹਿਆ ਸਮਾਇ।"
– ਗਉ ੫, ੧੩੮, ੪:੧ (193)
(2) ਇੰਦ੍ਰੀਆਂ ਨੂੰ ਵੱਸ ਵਿਚ ਰੱਖਨਾ
"ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ।"
– ਰਾਮ ੧, ਅਸ ੧, ੬:੧ (903)
(3) ਜਦ, ਜਦੋਂ, ਜਿਸ ਸਮੇਂ
"ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ।"
– ਕੇਦਾ ੫, ੪, ੧:੧ (1120)
(4) ਜਿਧਰੋ, ਜਿਥੋਂ
"ਰਤਨ ਪਦਾਰਥੁ ਪਰਹਰਿ ਤਿਆਗਿਆ ਜਤ ਕੋ ਤਤ ਹੀ ਆਇਆ।" (ਜਿਥੋ ਆਇਆ ਉਥੋ)
– ਮਲਾ ੧, ੩, ੨:੨ (1255)

ਜੰਤ ------- (1) (ਸੰ.) ਜੰਤੂ, ਜਨਮ ਲੈਣ ਵਾਲਾ ਜੀਵ, ਹੋਰ ਵੇਖੋ 'ਜੰਤਨ'
"ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।"
– ਗੂਜ ੫, ਸੋਦ ੫, ੧:੨ (10)
(2) (ਸੰ.;) ਯੰਤ੍ਰ, ਯੰਤਰ
"ਸੂਐ ਚਾੜਿ ਭਵਾਈਅਹਿ ਜੰਤ।"
– ਆਸਾ ੧, ਵਾਰ ਪਸ, ੧, ੨:੯ (465)

(3) ਵਾਜਾ
“ਹਮ ਤੇਰੇ ਜੰਤ ਤੂ ਬਜਾਵਨਹਾਰਾ।”
– ਭੈਰ ੫, ੩੧, ੨:੧ (1144)

ਜਤਨ ------ (1) (ਸੰ.; ਯਤਨ) ਉਪਾਏ, ਕੋਸ਼ਿਸ਼, ਉਦਮ
“ਅਵਰਿ ਜਤਨ ਕਹਹੁ ਕਉਨ ਕਾਜ।”
– ਗਉ ੫, ੭੬, ੨:੩ (178)
(2) ਇੰਦ੍ਰੀਆਂ ਨੂੰ ਵੱਸ ਵਿਚ ਰੱਖ ਕੇ, ਜਤ ਧਾਰਨ ਕਰਕੇ
“ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ।”
– ਆਸਾ ੧, ਅਸ ੧੪, ੬:੧ (419)
“ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ।”
– ਕਾਨ ੫, ੩੯, ੨:੧ (1306)

ਜੰਤਨ ------ ਜੀਵਾਂ, ‘ਜੰਤ’ ਦਾ ਬਹੁ ਵਚਨ
“ਪ੍ਰਭ ਥਾਨੁ ਤੇਰੋ ਕੇਹਰੋ ਜਿਤੁ ਜੰਤਨ ਕਰਿ ਬੀਚਾਰੁ।”
– ਕਾਨ ੫, ੩੭, ੨:੨ (1305)

ਜਤਨਾ ----- ਉਦਮ, ਉਪਾਇ, ‘ਜਤਨ’ ਦਾ ਬਹੁ ਵਚਨ
“ਕੋਟਿ ਜਤਨਾ ਕਰਿ ਰਹੇ ਗੁਰ ਬਿਨੁ ਤਰਿਓ ਨ ਕੋਇ।”
– ਸਿਰੀ ੫, ੯੪, ੨:੨ (51)

ਜਤਨਿ ----- ਉਦਮ/ਕੋਸ਼ਿਸ਼ ਨਾਲ, ਮਿਹਨਤ ਨਾਲ
“ਅਵਰ ਜਤਨਿ ਨਹੀ ਪਾਈਐ।”
– ਗਉ ੫, ੧੪੨*, ੧:੧ (211)
“ਇੰਦ੍ਰੀ ਕੈ ਜਤਨਿ ਨਾਮੁ ਉਚਰੈ।”
– ਗੋਂਡ ਕਬ, ੧੦, ੪:੨ (873)

ਹੋਰ ਰੂਪ:

ਜਤਨੁ –
“ਸੁਆਨੁ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ।”
– ਸੋਰ ੯, ੯, ੩:੧ (633)

ਜਤੰਨੁ –
“ਹਰਿਹਾ ਸੋਈ ਜਤੰਨੁ ਬਤਾਇ ਸਖੀ ਪ੍ਰਿਉ ਪਾਈਐ।”
– ਫੁਨ ੫, ੧੩:੪ (1362)

ਜੰਤਰੀਆ --- ਨਿਮਾਣੇ, ਜੀਵ/ਜੰਤ
“ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ।”
– ਸਾਰ ੫, ੪੫, ੨:੧ (1213)

ਜੰਤਾ ------ ਜੀਵਾਂ, ‘ਜੰਤ’ ਦਾ ਬਹੁ ਵਚਨ
“ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ।”
– ਸਿਰੀ ੧, ਅਸ ੪, ੮:੩ (55)
“ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ।” (ਜੀਵ/ਮਨੁੱਖ ਨੇ)

– ਆਸਾ ੫, ੩, ੧:੪ (371)

ਜੰਤਾਇਲੇ --- ਜੰਤ, ਜੀਵ
"ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਸਭਿ ਤੁਮ੍ਰੇ ਜੀਅ ਜੰਤਾਇਲੇ।"
– ਗੋਂਡ ੫, ੨, ੪:੧ (862)

ਜੰਤਾਹ ----- ਜੀਵਾਂ ਦਾ
"ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ।"
– ਆਸਾ ੧, ਵਾਰ ੮ਸ, ੧, ੧:੪ (467)

ਜਤਿ ------ (1) ਜਾਤੀ, ਜ਼ਾਤ
"ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ।"
– ਸਿਰੀ ੪, ਵਣ ੧, ੫:੪ (82)
(2) ਜਤੀ, ਇੰਦ੍ਰੀਆਂ ਨੂੰ ਕਾਬੂ ਵਿਚ ਰੱਖਨ ਵਾਲਾ
"ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ।"
– ਭੈਰ ੫, ੧੫, ੨:੧ (1139)

ਹੋਰ ਰੂਪ:

ਜਤੀ –
"ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ।"
– ਜਪੁ ੧, ੨੭:੯ (6)
"ਛਿਅ ਜਤੀ ਮਾਇਆ ਕੇ ਬੰਦਾ।" (ਇਹ ਛੇ ਜਤੀ ਹਨ – ਭੈਰੋ, ਹਨੂੰਮਾਨ, ਲਛਮਣ,ਗੋਰਖ, ਭੀਸ਼ਮ, ਦਤ)
–ਭੈਰ ਕਬ, ੧੩, ੩:੧ (1160)
(3) ਜਿਥੇ
"ਜਤਿ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ।"
– ਕਾਨ ੫, ੫੦, ੧:੨ (1308)

ਜੰਤੀ ------ (1) ਜੰਤਰ ਵਜਾਉਣ ਵਾਲਾ, ਵਜੰਤ੍ਰੀ
"ਜਸ ਜੰਤੀ ਮਹਿ ਜੀਉ ਸਮਾਨਾ।"
– ਗਉ ਕਬ, ੮, ੩:੧ (325)
(2) ਯੰਤਰ ਇਥੇ ਭਾਵ ਕੋਹਲੂ
"ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ।"
–ਕੇਦਾ ੫, ੧੩, ੧:੨ (1121)

ਜਤੁ ------- ਇੰਦ੍ਰੀਆਂ ਨੂੰ ਕਾਬੂ ਕਰਨਾ
"ਜਤੁ ਪਾਹਾਰਾ ਧੀਰਜੁ ਸੁਨਿਆਰੁ।"
– ਜਪੁ ੧, ੩੮:੧ (8)

ਜੰਤੁ ------- (1) ਜੀਵ
"ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ।"
– ਸਿਰੀ ੫, ੯੧, ੨:੨ (50)
"ਨਾਨਕ ਵਜਦਾ ਜੰਤੁ ਵਜਾਇਆ।" (ਜੀਵ ਰੂਪੀ ਵਾਜਾ)

– ਗਉ ੪, ਵਾਰ ੨੪ਸ, ੩, ੨:੬ (313)

(2) ਵਾਜਾ

“ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ।”

– ਸੋਰ ੪, ੪, ੪:੩ (606)

“ਹਰਿ ਦਾਸਨ ਕੈ ਵਸਿ ਹੈ ਜਿਉ ਜੰਤੀ ਕੈ ਵਸਿ ਜੰਤੁ।”

– ਸੋਰ ੪, ਵਾਰ ੨੫ਸ, ੪, ੧:੨ (652)

“ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ।” (ਸਰੀਰ ਰੂਪ ਵਾਜਾ)

– ਸਲੋ ਕਬ, ੧੦੩:੧ (1369)

ਜਤੈ ------- ਜਤ, ਇੰਦ੍ਰੀਆਂ ਦਾ ਸੰਜਮ

“ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।”

– ਆਸਾ ੧, ਵਾਰ ੧੩ਸ, ੧, ੧:੪ (470)

ਜੰਤੈ ------- ਜੀਵ ਦੇ/ਨੂੰ

“ਕਰਮ ਸੁਕਰਮੁ ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ।”

– ਸਿਰੀ ੫, ਪਹ, ੪, ੧:੫ (77)

“ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ।”

– ਗਉ ੫, ਛੰਤ ੪, ੧:੪ (249)

ਜੰਤੈਨੀ ----- ਜੰਤ (ਵਾਜਾ) ਵਜਾਉਣਾ ਵਾਲਾ

“ਮਤਿ ਸੁਮਤਿ ਤੇਰੈ ਵਸਿ ਸੁਆਮੀ ਹਮ ਜੰਤ ਤੂ ਪੁਰਖੁ ਜੰਤੈਨੀ।”

– ਬਿਲਾ ੪, ੫, ੪:੧ (800)

ਜਤ੍ਰ ------- (ਸੰ.;) ਜਿਥੇ, ਜਿਧਰ

“ਜਤ੍ਰ ਜਾਉ ਤਤ ਬੀਠਲੁ ਭੈਲਾ।”

– ਆਸਾ ਨਾਮ, ੨, ੧*:੧ (485)

ਜੰਤ੍ਰ ------- (1) ਯੰਤਰ, ਭਾਵ ਸਰੀਰ (ਮਹਾਨਕੋਸ਼)

“ਜੀਅ ਜੰਤ੍ਰ ਸਭ ਤੇਰੇ ਥਾਪੇ।” (ਜੀਵ ਆਤਮਾ ਤੇ ਸਰੀਰ ਸਭ ......)

– ਮਾਝ ੫, ੪੬, ੧:੨ (107)

(2) ਜੰਤ, ਜੀਵ

“ਮਾਇਆ ਕਰਿ ਮੂਲ ਜੰਤ੍ਰ ਭਰਮਾਏ।”

– ਗਉ ੩, ਅਸ ੬, ੪:੧ (232)

“ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ ਨਥਹਾਰੇ।”

– ਨਟ ੪, ਅਸ ੨, ੮:੧ (981)

(3) ਪਸ਼ੂ

“ਜੀਅ ਜੰਤ੍ਰ ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ।”

– ਸੋਰ ੫, ੫੦, ੧:੧ (621)

ਜਥ ------- ਜਿਥੇ

“ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ।”

– ਗਾਥਾ ੫, ੧੭:੧ (1361)

ਜਥਾ ------ ਜਿਵੇਂ, ਜਿਸ ਪ੍ਰਕਾਰ

"ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ।"

– ਗਉ ਰਵਿ, ਅਸ, ੧, ੫:੧ (346)

"ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ।" (ਵਾਂਗ)

– ਸਸ ੫, ੪੭, ੨ (1358)

ਜਦਹੁ ------ ਜਿਸ ਸਮੇਂ, ਜਦੋਂ

"ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।"

– ਆਸਾ ੧, ਅਸ ੧੧, ੨:੧ (417)

ਜੰਦਾਰ ----- (1) ਜਿੰਦ+ਆਰਿ – ਜਿੰਦ ਦਾ ਵੈਰੀ (ਕੋਸ਼), ਅਵੈੜਾ ਭਾਵ ਜਮ (ਸ਼ਬਦਾਰਥ, ਦਰਪਣ (ਫਾ. ਜੰਦਾਲ), ਗਵਾਰ, ਜ਼ਾਲਮ ਸ਼ਬਦਾਰਥ, ਮਹਾਨਕੋਸ਼)

"ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ।"

–ਸਿਰੀ ੫, ੭੪, ੧:੩ (43)

ਹੋਰ ਰੂਪ:

ਜੰਦਾਰਾ –

"ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ।"

– ਸਿਰੀ ੫, ਪਹ ੪, ੨:੪ (77)

(ਵੱਡਾ ਡੰਡਾ (ਕੋਸ਼) ਜਮ ਸਿਰ ਵਿਚ ਵਡਾ ਮੋਟਾ ਡੰਡਾ ਮਾਰਦਾ ਹੈ)

– ਅਵੈੜ (ਸ਼ਬਦਾਰਥ, ਨਿਰਣੈ, ਦਰਪਣ)

ਜੰਦਾਰੁ –

"ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ।"

– ਸਿਰੀ ੧, ੨੧, ੨:੩ (22)

ਜੰਦਾਰੇ –

"ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ।"

– ਗਉ ੪, ਵਾਰ ੧੪ਸ, ੪, ੧:੪ (307)

ਜਦਿ ------ (ਸੰ.;) ਜੋ

(1) "ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ।" (ਜੋ ਚਿੰਤਨ ਤੋਂ ਪਰਾਂ ਹੈ)

– ਗੂਜ ਜੈਦੇ, ੧, ੧:੨ (526)

"ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿ ਬਿਧਿ ਆਚਰਣੰ।" (ਜੋ ਵਿਧੀ ਤੋਂ ਰਹਿਤ ਹਨ)

– ਗੂਜ ਜੈਦੇ, ੧, ੩:੧ (526)

(2) ਜਦੋਂ, ਜਿਸ ਵਕਤ

"ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ।"

– ਬਿਲਾ ੫, ੫੦, ੧*:੧ (813)

ਜਨ ------- (1) ਸਮੂਹ

"ਆਖਹਿ ਸੁਰਿ ਨਰ ਮੁਨਿ ਜਨ ਸੇਵ।"

– ਜਪੁ ੧, ੨੬:੧੮ (6)

(2) ਭਗਤ, ਸਾਧੂ

"ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।"

– ਗੂਜ ੪, ਸੋਦ ੪, ੧:੧ (10)

“ਹਰਿ ਧਿਆਵਹਿ ਹਰਿ ਧਿਆਵਹਿ ਤੁਧ ਜੀ, ਸੇ ਜਨ ਜੁਗ ਮਹਿ ਸੁਖਵਾਸੀ।”

– ਆਸਾ ੪, ਸੋਪੁ ੧, ੩:੧ (11)

“ਦੁਸਟਾ ਸੇਤੀ ਪਿਰਹੜੀ ਜਨ ਸਿਉ ਵਾਦੁ ਕਰੰਨਿ੍।” (ਹਰਿ ਜਨ ਅਰਥਾਤ ਭਗਤ)

– ਬਿਲਾ ੪, ਵਾਰ ੧੨ਸ, ੩, ੧:੫ (854)

(3) ਮਨੁੱਖ, ਲੋਕ, ਪ੍ਰਾਣੀ

“ਸੇ ਜਨ ਸਬਦੇ ਸੋਹਣੇ ਤਿਤੁ ਸਚੈ ਦਰਬਾਰਿ।” (ਉਸ ਸੱਚੇ ਦਰਬਾਰ ਵਿਚ ਉਹੋ ਲੋਕ ਨਾਮ ਦੇ ਸਵਾਰੇ ਹੋਏ ਲਗਣਗੇ)

– ਸਿਰੀ ੩, ੬੦, ੨:੩ (37)

“ਸੇ ਜਨ ਸਚੇ ਨਿਰਮਲੇ ਜਿਨ ਸਤਿਗੁਰ ਨਾਲਿ ਪਿਆਰੁ।”

– ਸਿਰੀ ੩, ਅਸ ੧੯, ੫:੧ (65)

“ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ।”

– ਰਾਮ ੧, ੮, ੪:੧ (878)

ਹੋਰ ਰੂਪ:

ਜੰਨ –

“ਫੁਨਿ ਤਰਹਿ ਤੇ ਸੰਤ ਹਿਤ ਭਗਤ ਗੁਰੁ ਗੁਰੁ ਕਰਹਿ ਤਰਿਓ ਪ੍ਰਹਲਾਦੁ ਗੁਰ ਮਿਲਤ ਮੁਨਿ ਜੰਨ ਰੇ।”

– ਸਵ ੪, ਨਲ ੧੬:੩ (1401)

(4) ਦਾਸ, ਸੇਵਕ

“ਬਿਖ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ।”

– ਸਿਰੀ ੪, ੬੫, ੪:੩ (40)

“ਪ੍ਰਭੁ ਤੇ ਜਨੁ ਜਾਨੀਜੈ ਜਨ ਤੇ ਸੁਆਮੀ।”

– ਸਿਰੀ ਰਵਿ, ੧, ੨:੨ (93)

“ਕਰਿ ਕਿਰਪਾ ਪ੍ਰਭ ਆਪਣੀ ਜਨ ਧੂੜੀ ਸੰਗਿ ਸਮਾਉ।” (ਸੇਵਕਾਂ ਦੀ ਧੂੜੀ ਵਿਚ ਸਮਾਇਆ ਰਹਾਂ)

– ਮਾਝ ੫, ਦਿਨ, ੪:੩ (137)

(5) (ਫਾ. ਜ਼ਨ, ਇਸਤ੍ਰੀ, ਔਰਤ, ਬੀਵੀ, ਜੋਰੂ)

“ਜਨ ਪਿਸਰ ਪਦਰ ਬਿਰਾਦਰਾਂ, ਕਸ ਨੇਸ ਦਸਤੰਗੀਰ।”

– ਤਿਲੰ ੧, ੧, ੨:੧ (721)

“ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।”

– ਰਾਮ ਬਸ, ਵਾਰ ੩:੮ (967)

ਜਨਈ ----- ਜਾਣਦਾ

“ਚਮਰਟਾ ਗਾਂਠਿ ਨ ਜਨਈ।”

– ਸੋਰ ਰਵਿ, ੭, ੧*:੧ (659)

ਜਨਹ ------ ਵਿਅਕਤੀ, ਮਨੁੱਖ, ਪ੍ਰਾਣੀ

“ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ।”

– ਗਾਥਾ ੫, ੧੦:੧ (1360)

“ਸਤਿਗੁਰ ਪੂਰਿ ਜਨਹ ਕੀ ਆਸਾ।” (ਬਹੁ ਵਚਨ, ਮਨੁੱਖਾਂ, ਲੋਕਾਂ)

– ਸਵ ੪, ਕਲ ੧:੪ (1396)

ਜਨਹਿ ----- ਦਾਸ/ਸੇਵਕ ਨੇ

“ਅੰਮ੍ਰਿਤੁ ਨਾਮੁ ਤੁਮਾਰਾ ਠਾਕੁਰ ਏਹੁ ਮਹਾ ਰਸ ਜਨਹਿ ਪੀਓ।”

– ਆਸਾ ੫, ੪੭, ੧:੧ (382)

“ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ।” (ਦਾਸਾਂ)

– ਟੋਡੀ ੫, ੧, ੨:੧ (711)

ਜਨਹੁ ------ ਪ੍ਰਾਣੀਓ, ਜਨੋ ਪੁਰਸ਼ੋ (ਬਹੁ-ਵਚਨ)

“ਸੰਤ ਜਨਹੁ ਮਿਲਿ ਭਾਈਹੋ ਸਚਾ ਨਾਮੁ ਸਮਾਲਿ।”

– ਸਿਰੀ ੫, ੯੦, ੧:੧ (49)

ਜਨਕ ------ (1) ਮਾਨੋ, ਜਿਵੇਂ ਕਿ

“ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।”

– ਧਨਾ ੧, ਸੋਹ ੩, ੧:੧ (13)

(2) ਮਿਥਲਾਪੁਰੀ ਦਾ ਰਾਜਾ ਜੋ ਗ੍ਰਿਹਸਥੀ ਹੁੰਦਾ ਹੋਇਆ ਵੀ ਧਰਮਾਤਮਾ ਸੀ ਅਤੇ ਰਾਜਜੋਗ ਦਾ ਪ੍ਰਤੀਕ ਬਣ ਗਿਆ, ਸੀਤਾ ਦਾ ਪਿਤਾ ਤੇ ਸ੍ਰੀ ਰਾਮਚੰਦਰ ਜੀ ਦਾ ਸਹੁਰਾ

“ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ।”

– ਕਾਨ ੪, ਅਸ ੨, ੭:੧ (1309)

“ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ।”

– ਕਾਨ ੪, ਅਸ ੨, ੮:੧ (1309)

(ਪਹਿਲੇ ‘ਜਨਕ’ ਦੇ ਅਰਥ ‘ਗਿਆਨਵਾਨ’ ਜਾਣਨ ਵਾਲਾ ਹੈ। ਮਹਾਨਕੋਸ਼ ਇਸ ਦੇ ਅਰਥ ਪੈਦਾ ਕਰਨ ਵਾਲਾ ਪਿਤਾ, ਕਰਤਾਰ ਕਰਦੇ ਹਨ)

(3) ਪੁਰਸ਼ਾਂ ਤੋਂ

“ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ।” (ਉਤਮ ਜਨਾਂ ਤੋਂ ਵੀ ਊਤਮ ਜਨ)

– ਕਾਨ ੪, ੪, ੩:੧ (1295)

(4) ਗਿਆਨਵਾਨ, ਜਾਣਨਵਾਲਾ

“ਜਨਕ ਜਨਕ ਬੈਠੇ ਸਿੰਘਾਸਨਿ ਨਉ ਮੁਨੀ ਧੂਰਿ ਲੈ ਲਾਵੈਗੋ।”

– ਕਾਨ ੪, ਅਸ ੨, ੮:੧ (1309)

(‘ਮਹਾਨਕੋਸ਼’ ਜਨਕ ਜਨਕ’ ਦੇ ਅਰਥ ‘ਜਨਕ (ਪਿਤਾ ਕਰਤਾਰ) ਦੇ ਜਨਾਉਣ (ਗਿਆਨ ਕਰਾਉਣਾ) ਵਾਲਾ ਕਰਦੇ ਹਨ

(ਦੂਜੇ ‘ਜਨਕ’ ਦੇ ਅਰਥ ‘ਰਾਜਾ ਜਨਕ’ ਹੈ – ਗਿਆਨਵਾਨ ਜਨਕ ਸਿੰਘਾਸਨ ਉਪਰ ਬੈਠੇ ……)

ਜਨਕਹ ----- ਗਿਆਨ ਦੇ

“ਗੁਰ ਅਰਜੁਨ ਕਲੁਚਰੈ ਤੈ ਜਨਕਹ ਕਲਸੁ ਦੀਪਾਇਅਉ।”

– ਸਵ ੫, ਕਲ ੯:੪ (1408)

(ਗਿਆਨ ਦੇ ਕਲਸ ਨੂੰ ਚਮਕਾਇਆ ਹੈ)

ਜਨਕਾਦਿ --- ਰਾਜਾ ਜਨਕ ਆਦਿਕ, ਵੇਖੋ ਜਨਕ (2)

“ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ।”

– ਸਵ ੧, ੩:੧ (1389)

ਜਨਕਿ ----- ਰਾਜੇ ਜਨਕ ਨੇ, ਵੇਖੋ 'ਜਨਕ' (2)
"ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ।"
– ਵਡ ੪, ਵਾਰ ੧੩:੨ (591)

ਜਨਕੁ ------ (1) ਗਿਆਨਵਾਣ, ਗਿਆਨੀ
"ਜਨਕੁ ਸੋਇ ਜਿਨਿ ਜਾਣਿਆ ਉਨਮਨਿ ਰਥੁ ਧਰਿਆ।"
– ਸਵ ੪, ਕਲ ੧੩:੧ (1398)

(2) ਰਾਜਾ ਜਨਕ, ਵੇਖੋ ਜਨਕ (2)
"ਭਗਤਿ ਜੋਗ ਕੈ ਜੈਤਵਾਰੁ ਹਰਿ ਜਨਕੁ ਉਪਾਯਉ।"
– ਸਵ ੫, ਕਲ ੧:੯ (1407)

ਜਨਖੇ ------ (ਜਨ+ਖੇ) ਜਨਾਂ (ਭਗਤ ਜਨਾਂ) ਦੇ (ਸ਼ਬਦਾਰਥ, ਦਰਪਣ); ਭਗਤ ਜਨਾਂ ਦੀ ਕ੍ਰਿਪਾ ਨਾਲ (ਮਹਾਨਕੋਸ਼)
"ਅਵਗਨਿਆਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ।"
– ਨਟ ੪, ੩, ੩:੨ (976)

ਜਨਗੇ ------ (ਜਨ+ਗੇ) ਦਾਸ ਦੀ, ਸੇਵਕ ਦੀ
"ਗੁਨ ਗਾਵਤ ਛੀਪਾ ਦੁਸਟਾਰਿਓ ਪ੍ਰਭਿ ਰਾਖੀ ਪੈਜ ਜਨਗੇ।"
– ਨਟ ੪, ੪, ੨:੨ (976)

ਜਨਜਨ ----- ਹਰ ਇਕ, ਐਰੇ ਗੈਰੇ
"ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ।"
– ਆਸਾ ੯, ੧, ੧:੧ (411)

ਜਨਨਿ ----- ਜਨਮ ਦੇਣ ਵਾਲੀ, ਮਾਂ, ਮਾਤਾ
"ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।"
– ਗੂਜ ੫, ਸੋਦ ੫, ੨:੧ (10)

ਹੋਰ ਰੂਪ:

ਜਨਨੀ –
"ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ।"
– ਸਿਰੀ ੩, ੪੯, ੧:੧ (32)

ਜਨਮ ------ (1) (ਸੰ.) ਪੈਦਾਇਸ਼
"ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ।"
– ਗਉ ੪, ਸੋਹ ੪, ੩:੧ (13)

ਹੋਰ ਰੂਪ:

ਜਨਮੰ –
"ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ।"
– ਸਸ ੫, ੧੨:੧ (1355)

(2) ਜੂਨ (ਭਾਵ) ਜੀਵਨ

"ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ।"
– ਸਿਰੀ ੪, ੬੬, ੪:੨ (40)

"ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।"
– ਮਾਝ ੫, ਬਾਰਾ ੯:੩ (135)

"ਕਈ ਜਨਮ ਭਏ ਕੀਟ ਪਤੰਗਾ।"
– ਗਉ ੫, ੭੨, ੧:੧ (176)

ਹੋਰ ਰੂਪ:

ਜਨੰਮ –
"ਨਾਨਕ ਸਾਧ ਕੈ ਸੰਗਿ ਸਫਲ ਜਨੰਮ।"
– ਗਉ ੫, ਸੁਖ ੭, ੫:੧ (272)

"ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ।"
– ਸਮੁ ੫, ੨*:੫ (1387)

ਜਨਮਸਿ ---- **(ਜਨਮ+ਮਸਿ) ਜਨਮ ਹੈ, ਜੀਵਨ ਹੈ**
"ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।"
– ਮਾਝ ੧, ਵਾਰ ੨੩ਸ, ੨, ੨:੧ (148)

ਹੋਰ ਰੂਪ:

ਜਨਮਸ੍ਹ –
"ਨਿਹਫਲੰ ਤਸ੍ਹ ਜਨਮਸ੍ਹ ਜਾਵਦ ਬ੍ਰਹਮ ਨ ਬਿੰਦਤੇ।"
– ਸਸ ੧, ੨:੧ (1353)

ਜਨਮਹ ----- **ਜਨਮ/ਪੈਦਾਇਸ਼ ਦੇ**
"ਹਤੇ ਦੂਖ ਜਨਮਹ ਮਰਨ ਸੰਤਸੰਗ ਪਰਤਾਪ।"
– ਗਉ ੫, ਬਾਅ ੫੧:੪ (260)

ਹੋਰ ਰੂਪ:

ਜਨਮਹਿ –
"ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰ ਜਨਮਹਿ ਜਨਮੁ ਗਵਾਵਣਿਆ।" (ਜੰਮਦੇ)
– ਮਾਝ ੩, ਅਸ ੧੧, ੭:੩ (116)

ਜਨਮਤ ----- **ਜੰਮਦਿਆਂ ਹੀ, ਜਨਮ ਤੋਂ ਹੀ**
"ਜਨਮਤ ਮੋਹਿਓ ਮੋਹਨੀ ਮਾਇਆ।"
– ਗਉ ੫, ਬਾਅ ੬:੨ (251)

"ਪਾਇ ਠਗਉਰੀ ਆਪਿ ਭੁਲਾਇਓ ਜਨਮਤ ਬਾਰੋ ਬਾਰ।" (ਜੰਮਦਾ ਹੈ)
– ਸਾਰ ੫, ੧੦੧, ੧:੧ (1223)

ਜਨਮਤੇ ----- **ਜੰਮਦੇ**
"ਆਵਹਿ ਜਾਹਿ ਅਨੇਕ ਮਰਿ ਮਰਿ ਜਨਮਤੇ।"
– ਸੂਹੀ ੫, ਅਸ ੫, ੫:੧ (762)

ਜਨਮਨਹ ---- **ਜਨਮ, ਪੈਦਾਇਸ਼, ਹੋਂਦ, ਵਜੂਦ**
"ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ।"

- ਸਸ ੫, ੬੩:੩ (1359)

ਜਨਮੜਾ ---- ਜਨਮ, ਪੈਦਾਇਸ਼
“ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।”
- ਮਾਰੂ ੫, ਵਾਰ ੭ਸ, ੫, ੧:੨ (1096)

ਜਨਮੜੀਆਹ - ਜਨਮ ਦੀਆਂ, ਪੈਦਾ ਹੁੰਦੀਆਂ
“ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ।”
- ਮਾਝ ੫, ਬਾਰਾ ੧੦:੯ (135)

ਜਨਮਾ ----- (1) ਜਨਮਿਆ
“ਇਹੁ ਮਨੁ ਪੰਚ ਤਤੁ ਤੇ ਜਨਮਾ।”
- ਆਸਾ ੧, ਅਸ ੮, ੩:੧ (415)

(2) ਜਨਮ, ਹੋਂਦ ਵਿਚ ਆਉਣਾ, ਜੀਵਨ
“ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ।”
- ਸੋਰ ੫, ੨, ੨:੨ (712)

ਹੋਰ ਰੂਪ:

ਜਨੰਮਾ -
“ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ।”
- ਬਿਲਾ ੪, ੨, ੪:੨ (799)

(3) ਜੂਨ
“ਸਾਧਸੰਗਤਿ ਕੈ ਬਲਿ ਬਲਿ ਜਾਈ ਬਹੁੜਿ ਨ ਜਨਮਾ ਧਾਇ।” (ਫਿਰ ਜੂਨ ਵਿਚ ਨਹੀਂ ਧਾਉਣਾ ਪੈਂਦਾ)
- ਸਾਰ ੫, ੯੮, ੨:੧ (1223)

ਜਨਮਾਸੀ ---- ਜਨਮ ਦੀ
“ਅਸਟਮ ਥੀਤਿ ਗੋਵਿੰਦ ਜਨਮਾਸੀ।”
- ਭੈਰ ੫, ੧, ੧:੨ (1136)

ਜਨਮਾਂਤੁ ---- ਜਨਮਾਂਤਰ, ਹੋਰ ਜਨਮ (ਸ਼ਬਦਾਰਥ, ਮਹਾਨਕੋਸ਼) ਜਨਮ ਦੇ ਅੰਤ ਭਾਵ ਜਨਮ ਮਰਣ (ਕੋਸ਼)
“ਮੇਟਿਆ ਜਨਮਾਂਤੁ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ।”
- ਸਵ ੪, ਕਲ ੪:੩ (1397)

ਜਨਮਾਧੇ ---- ਜਨਮ ਧਾਰਦੇ
“ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ।”
- ਆਸਾ ੫, ੧੨੬, ੩:੨ (403)

ਜਨਮਿ ----- (1) ਜਨਮ ਲੈ ਕੇ, ਪੈਦਾ ਹੋ ਕੇ
“ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ।”
- ਸਿਰੀ ੧, ਪਹ ੨, ੨:੪ (75)

(2) ਜਨਮ-ਮਰਨ/ਜੂਨਾਂ ਵਿਚ
“ਤੂੰ ਆਪੇ ਮਨਮੁਖਿ ਜਨਮਿ ਭਵਾਇਹਿ।”

– ਮਾਝ ੫, ੯, ੪:੨ (97)

“ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ ਜਨਮਿ ਜਨਮਿ ਵੈਰਾਈ।” (ਹਰ ਜਨਮ ਹਰ ਜੂਨ ਦਾ)

– ਗੂਜ ੧, ਅਸ ੩, ੩:੧ (504)

(3) ਜਨਮ ਵਿਚ, ਪੈਦਾਇਸ਼ ਵਿਚ

“ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ।”

– ਗਉ ੩, ੩੫, ੪:੨ (162)

“ਪੂਰਬ ਜਨਮਿ ਕਰਮ ਭੂਮਿ ਬੀਜੁ ਨਾਹੀ ਬੋਇਆ।” (ਜਨਮ ਵਿਚ)

– ਆਸਾ ਕਬ, ੨੩, ੧*:੨ (481)

(4) ਜਨਮ ਤੋਂ ਹੀ, ਮੁੱਢ/ਸ਼ੁਰੂ ਤੋਂ ਹੀ

“ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ।”

– ਵਡ ੪, ਵਾਰ ੧ਸ, ੩, ੨:੨ (585)

ਜਨਮਿਓ ---- ਜੰਮਿਆ, ਪੈਦਾ ਹੋਇਆ

“ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ।”

– ਸਲੋ ਕਬ, ੪੨:੧ (1366)

ਜਨਮਿਆ --- ਜਨਮ ਲਿਆ, ਪੈਦਾ ਹੋਇਆ

ਇਹੁ ਜਗੁ ਜਨਮਿਆ ਦੂਜੈ ਭਾਇ।”

– ਗਉ ੩, ੩੧, ੨:੨ (161)

ਜਨਮੁ ------ (1) ਜੀਵਨ, ਜੂਨ, ਉਮਰ

“ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।”

– ਆਸਾ ੫, ਸੋਪੁ ੪, ੧*:੨ (12)

“ਬਿਨੁ ਬੂਝੇ ਕਰਮ ਕਮਾਵਣੇ ਜਨਮੁ ਪਦਾਰਥੁ ਖੋਇ।” (ਮਨੁੱਖਾ ਜਨਮ)

– ਸਿਰੀ ੩, ੫੦, ੧:੨ (33)

ਹੋਰ ਰੂਪ:

ਜਨੰਮ –

“ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ।”

– ਵਡ ੫, ਛੰਤ ੨, ੩ਸ:੨ (577)

(2) ਪੈਦਾਇਸ਼, ਜੰਮਣ

“ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ।”

– ਸਿਰੀ ੫, ੭੬, ੪:੩ (44)

“ਜਨਮੁ ਜਰਾ ਮਿਰਤੁ ਜਿਸੁ ਵਾਸਿ।”

– ਗਉ ੫, ੧੫੬, ੩:੧ (197)

“ਇਸੁ ਮਾਰੀ ਬਿਨੁ ਜਨਮੁ ਨ ਮਿਟੈ।” (ਭਾਵ ਆਵਣ ਜਾਣ, ਜਨਮ ਮਰਨ)

– ਗਉ ੫, ਅਸ ੫, ੬:੩ (238)

“ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ।” (ਜਨਮ ਮਰਨ)

– ਸੋਰ ੩, ਅਸ ੧, ੭:੧ (638)

(3) ਜੀਵਨ ਦਾ ਮਨੋਰਥ (ਭਾਵ)

"ਜਨਮੁ ਜੀਤਿ ਮਰਣਿ ਮਨੁ ਮਾਨਿਆ।"
– ਗਉ ੧, ੮, ੨:੧ (153)

ਜਨਮੇ ------ (1) ਜੰਮੇ/ਜਨਮ ਧਾਰਣ ਕੀਤਾ, ਜਨਮ ਲਿਆ
"ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਕਜ ਬਿਗੋਈ।"
– ਗਉ ਕਬ, ੪੧, ੧:੨ (331)

(2) ਜਨਮ ਤੇ, ਜੰਮਣ ਸਮੇਂ
"ਜਨਮੇ ਕਉ ਵਾਜਹਿ ਵਾਧਾਏ।"
– ਮਾਰੂ ੧, ਸੋਲਾ ੧੨, ੭:੧ (1032)

ਜਨਮੇਂ ----- ਜਨਮ ਵਿਚ, ਜੂਨ ਵਿਚ
"ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ।"
– ਸਲੋ ਕਬ, ੯੪:੨ (1369)

ਜਨਮੇਜਾ ---- ਇਕ ਕੌਰਵਵੰਸ਼ੀ ਰਾਜਾ ਜੋ ਅਰਜਨ ਦਾ ਪੜਪੋਤਾ ਸੀ, ਇਸ ਦੇ ਪਿਤਾ ਪ੍ਰੀਖਤ ਦੀ ਮੌਤ ਸਰਪ ਤਰਸ਼ਕ ਦੇ ਡੱਸਣ ਕਰਕੇ ਹੋਈ, ਇਸ ਨੇ ਬਦਲੇ ਵਜੋਂ ਸਰਪਮੇਧ ਯੱਗ ਕਰਕੇ ਅਨੇਕ ਸੱਪਾਂ ਨੂੰ ਨਸ਼ਟ ਕੀਤਾ। ਰਿਸ਼ੀ ਬਿਆਸ ਦੀ ਹੋਣੀ ਦੇ ਅਟੱਲ ਹੋਣ ਦੀ ਸਿਖਿਆ ਨੂੰ ਇਸ ਨੇ ਨਾ ਮੰਨਿਆ। ਰਿਸ਼ੀ ਨੇ ਇਸ ਦਾ ਭਵਿੱਖ ਵੇਖ ਕੇ ਇਸ ਨੂੰ ਚਿਤਾਵਨੀ ਦਿੱਤੀ ਕਿ ਉਹ ਯੱਗ ਕਰਦਿਆਂ 18 ਬ੍ਰਾਹਮਣ ਦਾ ਘਾਤ ਕਰੇਗਾ ਤੇ ਫਲ ਵਜੋਂ ਉਸ ਨੂੰ ਕੋਹੜ ਹੋਵੇਗਾ। ਮਨੁੱਖੀ ਸਿਆਣਪ ਦੇ ਵਿਸ਼ਵਾਸੀ ਨੇ ਕਈ ਹੀਲੇ ਕੀਤੇ ਪਰ ਬਚ ਨਾ ਸਕਿਆ। ਅੰਤ ਕੋਹੜ ਤੋਂ ਮੁਕਤੀ ਮਹਾਂ ਭਾਰਤ ਦੀ ਕਥਾ ਸੁਣ ਕੇ ਹੋਈ। ਇਸ ਨੂੰ ਸੱਪਾਂ ਦਾ ਵੈਰੀ ਰਾਜਾ ਕਰਕੇ ਵੀ ਜਾਣਿਆ ਜਾਂਦਾ ਹੈ।
"ਰੋਵੈ ਜਨਮੇਜਾ ਖੁਇ ਗਇਆ।"
– ਰਾਮ ੧, ਵਾਰ ੧੪ਸ, ੧, ੧:੧੧ (954)
"ਰਾਜਾ ਜਨਮੇਜਾ ਦੇ ਮੰਤੀ ਬਰਜਿ ਬਿਆਸਿ ਪੜ੍ਹਾਇਆ।"
– ਪ੍ਰਭਾ ੧, ਅਸ ੪, ੪:੧ (1344)

ਹੋਰ ਰੂਪ:

ਜਨਮੇਜੈ –
"ਜਨਮੇਜੈ ਗੁਰ ਸਬਦੁ ਨ ਜਾਨਿਆ।"
– ਗਉ ੧, ਅਸ ੯, ੧੦:੧ (225)

ਜਨਮੈ ------ (1) ਜੰਮਦਾ/ਪੈਦਾ ਹੁੰਦਾ/ਜਨਮ ਧਾਰਦਾ ਹੈ
"ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ।"
– ਸਿਰੀ ੧, ੧੩, ੩:੩ (19)

(2) ਜਨਮ, ਹੋਂਦ ਵਿਚ ਆਉਣ, ਪੈਦਾਇਸ਼
"ਜਨਮੈ ਕਾ ਫਲੁ ਪਾਇਆ।"
– ਮਾਝ ੫, ਅਸ ੩੮, ੭:੨ (132)

ਜਨਾ ------ (1) ਸਮੂਹ
"ਮੇਰੇ ਭਾਈ ਜਨਾ ਕੋਈ ਮੋ ਕਉ ਹਰਿ ਪ੍ਰਭੁ ਮੇਲਿ ਮਿਲਾਇ।"
– ਸਿਰੀ ੪, ੬੮, ੧*:੧ (41)

ਹੋਰ ਰੂਪ:

ਜਨਾਂ –
"ਤਾ ਚੇ ਹੰਸਾ ਸਗਲੇ ਜਨਾਂ।" (ਜੀਵ ਸਮੂਹ)
– ਧਨਾ ਨਾਮੁ, ੪, ੧:੨ (693)

ਜੰਨਾਂ –
"ਨਾ ਚੰਤੀ ਗੋਪੀ ਜੰਨਾ।"
– ਧਨਾ ਨਾਮ, ੪, ੨:੧ (693)

(2) ਪੁਰਸ਼, ਵਿਅਕਤੀ

"ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ।" (ਨਿਮਾਣਾ ਵਿਅਕਤੀ)
– ਗਉ ੧, ੧੪, ੧:੧ (155)

"ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ।"
– ਗਉ ੧, ੧੪, ੨:੨ (155)

"ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।"
– ਆਸਾ ੧, ਪਟੀ ੨੧:੨ (433)

"ਰਾਖਨਹਾਰੁ ਸਮ੍ਹਾਰਿ ਜਨਾ।" (ਹੇ ਮਨੁੱਖ)
– ਰਾਮ ੫, ਅਸ ੨, ੧*:੧ (913)

ਹੋਰ ਰੂਪ:

ਜਨਾਂ –
"ਭਗਤ ਜਨਾਂ ਕਉ ਦੇਹੁਰਾ ਫਿਰੈ।"
– ਭੈਰ ਨਾਮ, ੬, ੩:੨ (1164)

(3) ਭਗਤਾ

"ਰਾਮ ਜਨਾ ਕਉ ਰਾਮ ਭਰੋਸਾ।"
– ਗਉ ੫, ੧੪੨, ੧*:੧ (194)

"ਕੋਟਿ ਜਨਾ ਕਰਿ ਸੇਵ ਲਗਾਇਆ ਜੀਉ।" (ਕ੍ਰੋੜਾਂ ਭਗਤ ਪੈਦਾ ਕਰ)
– ਗਉ ੫, ੧੬੬*, ੧:੨ (216)

ਹੋਰ ਰੂਪ:

ਜਨਾਂ –
"ਗਿਆਨੁ ਕਮਾਈਐ ਪੂਛਿ ਜਨਾਂ।" (ਭਗਤਾਂ, ਸੰਤਾਂ)
– ਬਸੰ ੫, ੩, ੨:੨ (1180)

(4) ਸੇਵਕਾਂ

"ਸੰਤ ਜਨਾ ਕੀ ਰੇਨੁ ਮਨਿ ਭਾਈ ਮਿਲਿ ਹਰਿ ਜਨ ਹਰਿ ਨਿਸਤਾਰੇ।"
– ਨਟ ੪, ਅਸ ੫, ੫:੨ (983)

ਹੋਰ ਰੂਪ:

ਜਨਾਂ –
"ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ।"
– ਮਾਝ ੫, ੫੦, ੩:੨ (109)

ਜਨਾਇ ----- ਗਿਆਨ/ਗਿਆਨ ਕਰਵਾਏ, ਦਸੇ
"ਆਪੁ ਜਨਾਇ ਅਵਰ ਕਉ ਜਾਨੈ ਤਬ ਹੋਇ ਭਿਸਤ ਸਰੀਕੀ।"
– ਆਸਾ ਕਬ, ੧੭, ੪:੨ (480)

ਹੋਰ ਰੂਪ:

ਜਨਾਇਆ –
"ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।" (ਗਿਆਤ ਕਰਵਾਇਆ ਸਮਝਾਇਆ)
– ਸੋਰ ਰਵਿ, ੧, ੧*:੧ (658)

ਜਨਾਈ –
"ਮਨ ਬਚ ਕ੍ਰਮ ਜਿਹ ਆਪਿ ਜਨਾਈ।" (ਸਮਝਾਈ, ਸਮਝ ਦਿਤੀ)
– ਗਉ ੫, ਬਾਅ ੪੩:੯ (259)
"ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ।" (ਗਿਆਨ ਵਿਚ ਲਿਆਂਦੀ)
– ਆਸਾ ੫, ਛੰਤ ੫, ੪:੧ (456)

ਜਨਾਏ –
"ਅੰਤਰਗਤਿ ਜਿਸੁ ਆਪਿ ਜਨਾਏ।"
– ਗਉ ੫, ਸੁਖ ੨੩, ੫:੯ (294)

ਜਨਾਕ ----- ਗਿਆਨ ਦਾਤਾ
"ਹਰਿ ਕੇ ਸੰਤ ਜਨਾ ਮਹਿ ਹਰਿ ਹਰਿ ਤੇ ਜਨ ਊਤਮ ਜਨਕ ਜਨਾਕ।"
– ਕਾਨ ੪, ੪, ੩:੧ (1295)

ਜਨਾਵਹੁ ---- ਦਸੋ, ਹੋਰ ਵੇਖੋ 'ਜਨਾਇ' 'ਜਨਾਵਨ, ਜਨਾਵੈ
"ਜਿਸਹਿ ਜਨਾਵਹੁ ਸੋ ਜਾਨੈ ਨਾਨਕ।"
– ਗਉ ੫, ਬਾਅ ੩੯:੮ (258)

ਜਨਾਵਤ ---- ਸਮਝਾਂਦਾ ਦਸਦਾ ਹੈ
"ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ।"
– ਗਉ ੫, ਸੁਖ ੫, ੮:੪ (269)

ਜਨਾਵੈ ----- (1) ਸਮਝਾ/ਦੱਸ ਸਕੇ
"ਕਰਤਾ ਹੋਇ ਜਨਾਵੈ।"
– ਗਉ ੫, ੧੬੩*, ੧*:੨ (215)

(2) ਜਤਲਾਵੇ, ਦਸੇ, ਪ੍ਰਗਟ ਕਰੇ
"ਆਪਸ ਕਉ ਕਰਿ ਕਛੁ ਨ ਜਨਾਵੈ।"
– ਗਉ ੫, ਸੁਖ ੧੮, ੨:੩ (286)

(3) ਜਿੱਤਦਾ ਜਾਦਾ ਹੈ
"ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ।"
– ਸੋਰ ਕਬ, ੯, ੨:੧ (656)

ਜਨਿ ------ (1) ਪ੍ਰਾਣੀ, ਪੁਰਸ਼, ਮਨੁੱਖ
"ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ।"
– ਸਿਰੀ ੪, ਵਾਰ ੧੨:੨ (87)

(2) ਦਾਸ, ਸੇਵਕ
“ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ।”
– ਗਉ ੪, ੪੭, ੪:੩ (166)

(3) ਭਗਤ ਨੇ
“ਪੁਰਖੋਤਮੁ ਹਰਿ ਨਾਮੁ ਜਨਿ ਗਾਇਓ ਸਭਿ ਦਾਲਦ ਦੁਖ ਦਲਲੇ।”
– ਨਾਟ ੪, ੨, ੨:੧ (975)

ਜਨਿਕ ----- ਰਾਜ ਯੋਗ ਦਾ ਪ੍ਰਤੀਕ ਰਾਜਾ ਜਨਕ, ਵੇਖੋ ‘ਜਨਕ’ (2)
“ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ।”
– ਸਵ ੨, ੩:੩ (1391)

ਜਨੀ ------ ਪੁਰਸ਼ਾਂ/ਵਿਅਕਤੀਆਂ/ਪ੍ਰਾਣੀਆਂ/ਜਨਾਂ ਨੇ
“ਅੰਮ੍ਰਿਤੁ ਹਰਿ ਕਾ ਨਾਮੁ ਤਿਨ੍ਹੀ ਜਨੀ ਜਪਿ ਲਇਆ।”
– ਸੂਹੀ ੫, ਅਸ ੫, ੬:੨ (762)

ਜਨੀਆ ---- ਭਗਤ/ਸੇਵਕ
“ਲੇ ਰਾਖਿਓ ਰਾਮ ਜਨੀਆ ਨਾਉ।”
– ਆਸਾ ਕਬ, ੩੩, ੧:੨ (484)

ਜਨੁ ------- (1) ਦਾਸ, ਸੇਵਕ
“ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ।”
– ਆਸਾ ੪, ਸੋਪੁ ੧, ੨:੫ (11)

“ਪ੍ਰਭੁ ਤੇ ਜਨੁ ਜਾਨੀਜੈ ਜਨ ਤੇ ਸੁਆਮੀ।”
– ਸਿਰੀ ਰਵਿ, ੧, ੨:੨ (93)

(2) ਪੁਰਖ, ਵਿਅਕਤੀ, ਮਨੁਖ
“ਜਿਸ ਨੋ ਤੂ ਜਾਣਾਇਹਿ ਸੋਈ ਜਨੁ ਜਾਣੈ।”
– ਆਸਾ ੧, ਸੋਪੁ ੨, ੩:੧ (11)

“ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ।” (ਗੁਰੂਪੁਰਬ)
– ਸੋਰ ੯, ੩, ੨:੧ (632)

(3) ਮਾਨੋ, ਗੋਇਆ, ਸਮਝੋ, ਜਿਵੇ
“ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ।”
– ਸਿਰੀ ਬੇਣੀ, ੧, ੧*:੨ (93)

(4) ਭਗਤ
“ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ।”
– ਗਉ ੫, ੧੩੪, ੩:੨ (208)

ਜਨੂਆ ----- ਜਨ, ਭਗਤ
“ਧਧਾ ਧੂਰਿ ਪੁਨੀਤ ਤੇਰੇ ਜਨੂਆ।”
– ਗਉ ੫, ਬਾਅ ੪:੧ (251)

ਜਨੇਊ ----- ਜੰਞੂ, ਸੂਤਰ ਦਾ ਵੱਟ ਚਾੜ ਕੇ ਗਲ ਪਾਇਆ ਧਾਗਾ, ਯਗੋਂਪਵੀਤ

“ਗਿਆਨੁ ਜਨੇਊ ਧਿਆਨੁ ਕੁਸਪਾਤੀ।”
– ਆਸਾ ੧, ੨੦, ੧:੨ (355)

ਜਨੈ ------- ਸੇਵਕ/ਭਗਤ
“ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ।”
– ਮਾਰੂ ੫, ਵਾਰ ੮:੭ (1097)

ਜਨੋ ------- ਸੇਵਕ/ਭਗਤ
“ਭਣਤਿ ਨਾਨਕੁ ਜਨੋ ਰਵੈ ਜੇ ਹਰਿ ਮਨੋ ਮਨ ਪਵਨ ਸਿਉ ਅੰਮ੍ਰਿਤੁ ਪੀਜੈ।”
– ਮਾਰੂ ੧, ੬, ੩:੧ (992)

ਜਪ ------- (ਸੰ.) ਜਪਨਾ, ਮਨ ਹੀ ਮਨ ਵਿਚ ਵਾਰ ਵਾਰ ਕਹਿਣਾ, ਹੌਲੇ ਸਵਰ ਵਿਚ ਉਚਾਰਣ ਕਰਨਾ
“ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤਿ।” (ਜਾਪ)
– ਸਿਰੀ ੫, ੮੭, ੩:੨ (48)
“ਅਨਿਕ ਬਰਖ ਕੀਏ ਜਪ ਤਾਪਾ।” (ਜਾਪ)
– ਮਾਝ ੫, ੧੨, ੩:੧ (98)
(2) ਜਾਪ ਕਰਨ ਵਾਲੇ (ਭਾਵ)
“ਅਸੰਖ ਜਪ ਅਸੰਖ ਭਾਉ।”
– ਜਪੁ ੧, ੧੭:੧ (3)
“ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ।”
– ਸਿਰੀ ੩, ੪੦, ੪:੧ (29)

ਜਪਉ ------ ਮੈ ਜਪਾਂ
“ਭੇਟਤ ਸੰਗਿ ਸਾਧ ਸੰਤਨ ਕੈ ਸਦਾ ਜਪਉ ਦਇਆਲਾ ਜੀਉ।”
– ਮਾਝ ੫, ੩੩, ੨:੩ (104)

ਹੋਰ ਰੂਪ:

ਜੰਪਉ –
“ਕਹਿ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ।” (ਜਪਦਾ ਹਾਂ)
– ਆਸਾ ਕਬ, ੫, ੪:੨ (477)

ਜਪਈ ----- ਜਪਦਾ
“ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ।”
– ਮਾਰੂ ੧, ਅਸ ੭, ੪:੪ (1013)

ਜਪਸਿ ----- ਜਪ, ਜਪਦਾ
“ਜਪਸਿ ਨਿਰੰਜਨੁ ਰਚਸਿ ਮਨਾ।”
– ਗਉ ੧, ੧੫, ੩*:੧ (156)
“ਹਰਿ ਕਾ ਨਾਮੁ ਨ ਜਪਸਿ ਗਵਾਰਾ।”
– ਸੋਰ ਕਬ, ੭, ੧*:੧ (655)

ਜਪਹ ------ ਜਪਦਾ ਹੈ
“ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ।”

– ਆਸਾ ੫, ੧੧੪, ੧:ਜ਼ (399)

"ਹਮ ਕਿਉ ਕਰਿ ਜਪਹ ਇਆਨਿਆ ਹਰਿ ਤੁਮ ਵਡ ਅਗਮ ਅਗਾਹ।" (ਜਪੀਏ)

– ਕਾਨ ੪, ਵਾਰ ਪਸ, ੪, ੧:੨ (1314)

ਹੋਰ ਰੂਪ:

ਜਪਹਿ –

"ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ।" (ਜਪਦੇ ਹਨ)

– ਆਸਾ ੪, ਸੋਪੁ, ਜ਼, ੪:੩ (11)

"ਨਾਮੁ ਨ ਜਪਹਿ ਤੇ ਆਤਮਘਾਤੀ।" (ਜਪਦੇ)

– ਗਉ ੫, ੧੧੧, ੧:੨ (188)

ਜੰਪਹਿ –

"ਰਹਸੁ ਕੀਅਉ ਸੁਰ ਦੇਣ ਤੋਹਿ ਜਸੁ ਜਯ ਜਯ ਜੰਪਹਿ।"

– ਸਵ ੫, ਹਰਿ ੨:੩ (1409)

ਜਪਹੀਨ ---- ਜਾਪ ਵਿਹੂਣੇ

"ਜਪ ਹੀਨ ਤਪ ਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ।"

– ਗਉ ਨਾਮ, ੧, ੨:੨ (345)

ਜਪਹੁ ------ (1) ਜਾਪ ਕਰੋ, ਜਪੋ

"ਮੂੜੇ ਰਾਮੁ ਜਪਹੁ ਗੁਣ ਸਾਰਿ।"

– ਸਿਰੀ ੧, ੧੪, ੧*:੧ (19)

(2) ਦ੍ਰਿੜ ਕਰੋ (ਸ਼ਬਦਾਰਥ), ਸਮਝੋ, ਜਾਣੋ (ਮਹਾਨਕੋਸ਼) ਵੇਖੋ 'ਜਪਾਈ' (2)

"ਐਸਾ ਗਿਆਨੁ ਜਪਹੁ ਮੇਰੋ ਮੀਤਾ।"

– ਗਉ ਕਬ, ੪੧, ੧*: ੨ (331)

"ਐਸਾ ਗਿਆਨੁ ਜਪਹੁ ਮਨ ਮੇਰੇ।"

– ਸੂਹੀ ੧, ੨, ੧*:੧ (728)

ਹੋਰ ਰੂਪ:

ਜੰਪਹੁ –

"ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ।"

– ਸਵ ੩, ੧੩:੩ (1394)

ਜਪਣਾ ----- ਧੀਮੀ ਸੁਰ ਵਿਚ ਉਚਾਰਨਾ, ਮਨ ਵਿਚ ਉਚਾਰਨਾ, ਜਾਪ ਕਰਨਾ

"ਜੀਅ ਜੰਤ ਸੋਈ ਹੈ ਜਪਣਾ।"

– ਮਾਰੂ ੫, ਸੋਲਾ ੬, ੭:੨ (1077)

ਹੋਰ ਰੂਪ:

ਜਪਣੇ –

"ਹਰਿ ਹਰਿ ਦਇਆਲਿ ਦਇਆ ਪ੍ਰਭ ਧਾਰੀ ਲਗਿ ਸਤਿਗੁਰ ਹਰਿ ਜਪਣੇ।"

– ਨਟ ੪, ੬, ੧*:੨ (977)

ਜਪਤ ------ ਜਪਦਿਆਂ, ਜਾਪ ਕਰਦਿਆਂ, ਹੋਰ ਵੇਖੋ 'ਜਪਤੀ' ਜਪਤੁ'

"ਜੀਅਰੇ ਰਾਮ ਜਪਤ ਮਨੁ ਮਾਨੁ।"

– ਸਿਰੀ ੧, ੧੮, ੧*:੧ (20)

ਹੋਰ ਰੂਪ:

ਜਪੰਤ –
"ਹਰਿ ਹਰਿ ਜਸੁ ਜਪਤ ਜਪੰਤ ਜਨ ਇਕੁ ਤਿਲੁ ਨਹੀ ਕੀਮਤਿ ਪਾਇ।"
– ਕਾਨ ੪, ਵਾਰ ੪ਸ, ੪, ੨:੩ (1316)

ਜਪੰਤਿ –
"ਸਰਣਿ ਸੂਰ ਭਗਵਾਨਹ ਜਪੰਤਿ ਨਾਨਕ ਹਰਿ ਹਰਿ ਹਰੇ।" (ਜਪਦਾ ਹਾਂ)
– ਜੈਤ ੫, ਵਾਰ ੧੬ਸ, ੫, ੧:੨ (709)

ਜਪਤਿਅਹੁ --- ਜਪਣ ਵਾਲੇ, ਜਾਪ ਕਰਨ ਵਾਲੇ
"ਜਿਨ ਤੂ ਜਪਿਓ ਤੇਈ ਜਨ ਨੀਕੇ ਹਰਿ ਜਪਤਿਅਹੁ ਕਉ ਸੁਖੁ ਪਾਵੈਗੋ।" (ਜਾਪ ਕਰਨ ਵਾਲਿਆਂ ਨੂੰ ਸੁਖ ਬਖਸ਼ਦਾ ਹੈ)
– ਕਾਨ ੪, ਅਸ ੩, ੨:੧ (1309)

ਜਪਤਿਆ --- ਜਪਦਿਆਂ, ਜਾਪ ਕਰਦਿਆਂ, ਜਪਨ ਨਾਲ
"ਨ ਹੋਵੀ ਪਛੋਤਾਉ ਤੁਧ ਨੋ ਜਪਤਿਆ।"
– ਗੂਜ ੫, ਵਾਰ ੭:੨ (519)

ਹੋਰ ਰੂਪ:

ਜਪੰਤਿਆ –
"ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ।"
– ਆਸਾ ੫, ੮, ੧ਸ:੧ (457)

ਜਪਤੀ ----- ਜਪਦੀ, ਧੀਮੇ ਸੁਰ ਵਿਚ ਉਚਾਰਨ ਕਰਦੀ
"ਰਸਨਾ ਜਪਤੀ ਹਰਿ ਹਰਿ ਨੀਤ।"
– ਗਉ ੫, ਸੁਖ ੨੦, ੮:੬ (290)

ਹੋਰ ਰੂਪ:

ਜਪਤੁ –
"ਅਨਦਿਨੁ ਜਪਤੁ ਰਹਉ ਤੇਰੀ ਸਰਣਾਇ।"
– ਗਉ ੧, ਅਸ ੧੨, ੮:੨ (226)

ਜਪਤੁ ------ (1) ਜਪਦਾ, ਵੇਖੋ 'ਜਪਤੀ'

ਹੋਰ ਰੂਪ:

ਜਪਤੇ –
"ਨਾਮੁ ਨਿਧਾਨੁ ਗੁਰਮੁਖਿ ਜੋ ਜਪਤੇ।"
– ਗਉ ੫, ਬਾਅ ੩੬:੩ (257)

(2) ਕਰਦਾ
"ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ।" (ਤ੍ਰਾਹ ਤ੍ਰਾਹ ਕਰਦਾ ਹੈ)
– ਮਾਰੂ ੩, ੧, ੫:੨ (993)

ਜਪੰਥਾ ----- ਜਪਤਾ
"ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ।"
- ਮਾਰੂ ੫, ਵਾਰ ੨੦:੩ (1101)

ਜਪੰਦੜੀ ---- ਜਪਦਿਆਂ
"ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ ਨਾਮੁ ਜਪੰਦੜੀ ਲਾਲੀ।"
- ਰਾਮ ੫, ਵਾਰ ੧੭ਸ, ੫, ੧:੧ (964)

ਹੋਰ ਰੂਪ:

ਜਪੰਦੜੋ -
"ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ।"
- ਜੈਤ ੫, ਵਾਰ ੧੭ਸ, ੫, ੨:੨ (709)

ਜਪਦਿਆ --- ਜਾਪ ਕਰਦਿਆਂ, ਧੀਮੀ ਸੁਰ ਵਿਚ ਉਚਾਰਦਿਆਂ
"ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ।"
- ਬਿਹਾ ੪, ਛੰਤ ੫, ੨:੨ (540)

ਹੋਰ ਰੂਪ:

ਜਪੰਦਿਆ -
"ਧਰਤਿ ਸੁਹਾਵੜੀ ਆਕਾਸੁ ਸੁਹੰਦਾ ਜਪੰਦਿਆ ਹਰਿ ਨਾਉ।"
- ਸਾਰ ੪, ਵਾਰ ੨੬ਸ, ੫, ੨:੧ (1247)

ਜਪਦੇ ------ ਧੀਮੀ ਸੁਰ ਵਿਚ ਉਚਾਰਨ ਕਰਦੇ
"ਜੋ ਜਪਦੇ ਹਰਿ ਹਰਿ ਦਿਨਸੁ ਰਾਤਿ ਤਿਨ ਹਉ ਕੁਰਬੈਣੀ।"
- ਸੋਰ ੪, ਵਾਰ ੨੪:੩ (652)

ਹੋਰ ਰੂਪ:

ਜਪੰਦੋ -
"ਵਥੁ ਸੁਹਾਵੀ ਸਾਇ ਨਾਨਕ ਨਾਉ ਜਪੰਦੋ ਤਿਸੁ ਧਣੀ।"
- ਗਉ ੫, ਵਾਰ ੪ਸ, ੫, ੨:੨ (319)

ਜਪਨ ------ ਜਾਪ ਧੀਮੀ ਸੁਰ ਵਿਚ ਉਚਾਰਨ
"ਹਰਿ ਕਾ ਨਾਮੁ ਜਪਨ ਕਉ ਦੀਏ।"
- ਪ੍ਰਭਾ ੫, ੬, ੧:੨ (1339)

ਹੋਰ ਰੂਪ:

ਜਪਨਾ -
"ਹਰਿ ਹਰਿ ਕਥਾ ਸਦਾ ਜਪੁ ਜਪਨਾ।"
- ਗਉ ੫, ੯੬, ੨:੪ (184)
"ਜੇ ਤੂੰ ਦੇਹਿ ਤੇਰਾ ਨਾਉ ਜਪਨਾ।"
-ਸੂਹੀ ੫, ੩੫, ੧*:੨ (744)
ਜਪੰਨਾ -
"ਕਾਹੇ ਕਉ ਕੀਜੈ ਧਿਆਨੁ ਜਪੰਨਾ।"(ਜਾਪ ਜਪੀਏ)

– ਆਸਾ ਨਾਮ, ੪, ੧*:੧ (485)

ਜਪੰਨਿ –
"ਗੁਰਮੁਖਿ ਹਰਿ ਹਰਿ ਨਾਮੁ ਜਪੰਨਿ।"
– ਸੂਹੀ ੩, ਅਸ ੪, ੧:੧ (756)

ਜਪਨੀ ----- (1) ਜਪਮਾਲਾ, ਜਿਸ ਨਾਲ ਜਾਪ ਕੀਤਾ ਜਾਵੇ
"ਕਰਿ ਕਿਰਪਾ ਰਾਖਹੁ ਸਰਣਾਈ ਮੋ ਕਉ ਦੇਹੁ ਹਰੇ ਹਰਿ ਜਪਨੀ।"
– ਆਸਾ ੫, ੭੦, ੧*:੧ (388)
(2) ਜਪਨਾ
"ਸਤਿਗੁਰ ਚਰਣੀ ਲਗਿਆ ਹਰਿ ਨਾਮੁ ਨਿਤ ਜਪਨੀ।"
– ਸੂਹੀ ੩, ਵਾਰ ੧੮:੪ (791)

ਜਪਨੁ ------ ਜਾਪ, ਜਪ
"ਮਨਿ ਹਰਿ ਹਰਿ ਜਪਨੁ ਕਰੇ।"
– ਸਿਰੀ ੪, ਵਣ ੧, ੪*:੧ (82)
"ਹਰਿ ਹਰਿ ਜਪਨੁ ਜਪਉ ਦਿਨੁ ਰਾਤੀ ਜਪਿ ਹਰਿ ਹਰਿ ਹਰਿ ਉਰਿਧਾਰੀ।"
– ਧਨਾ ੪, ੧, ੩:੧ (666)

ਹੋਰ ਰੂਪ:

ਜਪਨੇ –
"ਨਾਨਕ ਜਿਸ ਪ੍ਰਸਾਦਿ ਐਸਾ ਪ੍ਰਭੁ ਜਪਨੇ।" (ਜਪ ਕਰਨਾ)
– ਗਉ ੫, ਸੁਖ ੧੮, ੫:੧੦ (287)

ਜਪਮਾਲੀ --- ਜਪਨੀ, ਜਾਪ ਕਰਨ ਵਾਲੀ ਮਾਲਾ
"ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।"
– ਆਸਾ ੧, ਵਾਰ ੧੬ਸ, ੧, ੧:੨ (471)

ਹੋਰ ਰੂਪ:

ਜਪਮਾਲੀਆ –
"ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ।"
– ਆਸਾ ਕਬ, ੨, ੧:੨ (475)

ਜਪਲਾ ----- ਜਪਿਆ, ਜਾਪ ਕੀਤਾ
"ਹਰਿ ਹਰਿ ਜਾਪੁ ਜਪਲਾ।"
– ਰਾਮ ੫, ੨੭, ੧*:੧ (891)

ਜਪਾ ------ ਜਪ ਨਾਲ
"ਹੋਮ ਜਪਾ ਨਹੀ ਜਾਣਿਆ ਗੁਰਮਤੀ ਸਾਚੁ ਪਛਾਣੁ।"
– ਮਾਰੂ ੧, ੧੦, ੩:੩ (992)

ਜਪਾਇ ----- ਜਪ ਕਰਾਏ, ਧੀਮੀ ਸੁਰ ਵਿਚ ਉਚਾਰਨ ਕਰਾਏ
"ਜਿਉ ਭਾਈ ਤਿਉ ਨਾਮੁ ਜਪਾਇ।"
– ਗਉ ੧, ੧੦, ੩:੨ (154)
"ਜਿਸੁ ਤੂੰ ਬਖਸਹਿ ਨਾਮੁ ਜਪਾਇ।" (ਜਪਾਉਂਦਾ ਹੈ)

– ਆਸਾ ੧, ਅਸ ੯, ੨:੩ (416)

ਜਪਾਇਅਨੁ -- ਉਸਨੇ ਜਪਾਏ

"ਆਪਣੇ ਚਰਣ ਜਪਾਇਅਨੁ ਵਿਚ ਦਯੁ ਖੜੋਆ।"

– ਬਸੰ ੫, ਵਾਰ ੨:੨ (1193)

ਹੋਰ ਰੂਪ:

ਜਪਾਇਆ –

"ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ।"

– ਸਿਰੀ ੪, ਵਾਰ ੨੧:੫ (91)

ਜਪਾਇਹਿ –

"ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ।" (ਜਪਾਉਂਦਾ ਹੈ)

– ਬਿਹਾ ੪, ਵਾਰ ਜ਼੪:੨ (554)

ਜਪਾਇਦਾ –

"ਆਪੇ ਨਾਉ ਜਪਾਇਦਾ ਪਿਆਰਾ ਆਪੇ ਹੀ ਜਪੁ ਜਾਪੈ।"

– ਸੋਰ ੪, ੩, ੪:੧ (605)

ਜਪਾਈ –

"ਆਪਣਾ ਨਾਉ ਆਪਿ ਜਪਾਈ।"

– ਮਾਝ ੫, ੪੮, ੪:੨ (108)

ਜਪਾਈ ----- (1) ਜਪਾਇਆ, ਜਾਪ ਕਰਵਾਇਆ, ਵੇਖੋ 'ਜਪਾਇਅਨੁ'

ਹੋਰ ਰੂਪ:

ਜਪਾਈਐ –

" ਅਗਮ ਰੂਪ ਅਬਿਨਾਸੀ ਕਰਤਾ ਪਤਿਤ ਪਵਿਤ ਇਕ ਨਿਮਖ ਜਪਾਈਐ।" (ਜਪਾਉ)

– ਬਿਲਾ ੫, ੮੨, ੧:੧ (822)

ਜਪਾਏ –

"ਆਪਿ ਜਪਾਏ ਜਪੈ ਸੋ ਨਾਉ।" (ਜਾਪ ਕਰਾਏ)

– ਗਉ ੫, ਸੁਖ ੬, ੮:੧ (270)

(2) ਦ੍ਰਿੜ ਕਰਵਾਇਆ, ਸਮਝਾਇਆ ਵੇਖੋ 'ਜਾਪਹੁ (2)

"ਹੋਆ ਓਹੀ ਅਲੁ ਜਗ ਮਹਿ ਗੁਰ ਗਿਆਨੁ ਜਪਾਈ।"

– ਮਾਰੂ ੫, ਵਾਰ ੧੬:੭ (1100)

"ਗੁਰਮੁਖਿ ਘਾਲੇ ਗੁਰਮੁਖਿ ਖਟੇ ਗੁਰਮੁਖਿ ਨਾਮੁ ਜਪਾਏ।" (ਜਪਾਉਂਦਾ ਹੈ)

– ਸੂਹੀ ੩, ਅਸ ੧, ੪:੧ (753)

ਜਪਾਹਾ ----- ਜਪੀਏ

"ਆਵਹੁ ਸੰਤਹੁ ਮਿਲਿ ਨਾਮੁ ਜਪਾਹਾ।"

– ਗਉ ੪, ੬੫, ੩:੧ (173)

"ਹਰਿ ਹਰਿ ਹਰਿ ਹਰਿ ਨਾਮੁ ਜਪਾਹਾ।" (ਜਪੋ) (ਮਹਾਨਕੋਸ਼, ਇਸ ਦੇ ਅਰਥ 'ਜਪਨਯੋਗ ਨਾਮ'ਕਰਦਾ ਹੈ)

– ਜੈਤ ੪, ੮, ੧:੧ (698)

"ਨਾਮੁ ਰਤਨੁ ਹਰਿ ਨਾਮੁ ਜਪਾਹਾ।" (ਜਪਦੇ ਹਾਂ)
– ਜੈਤ ੪, ੯, ੩:੧ (699)

ਜਪਾਤ ----- ਜਪਦੇ ਹਨ
"ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ।"
– ਆਸਾ ੫, ਛੰਤ ੪, ੧ਸ:੧ (454)

ਹੋਰ ਰੂਪ:

ਜਪਾਤਿ –
"ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ।" (ਜਪਦੇ ਹਨ)
– ਆਸਾ ੫, ਛੰਤ ੫, ੩:੫ (456)
ਜਪਾਤੀ –
"ਜਿਤੁ ਮੁਖਿ ਭਾਗਿ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ।"
(ਜਪਾਉਂਦਾ ਹੈ)
– ਸਿਰੀ ੪, ਵਾਰ ੧੩:੫ (88)

ਜਪਾਨਾ ----- ਜਪਿਆ ਹੈ
"ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਓ।"
– ਆਸਾ ੪, ਛੰਤ ੧੩, ੧:੧ (447)

ਹੋਰ ਰੂਪ:

ਜਪਾਨੀ –
"ਗੁਰ ਸਬਦੀ ਖੋਲਾਈਅਨਿ੍ ਹਰਿ ਨਾਮੁ ਜਪਾਨੀ।" (ਜਪਿਆ ਜਾਂਦਾ ਹੈ)
– ਗੂਜ ੩, ਵਾਰ ੧੪:੪ (514)

ਜਪਾਨੀ ----- (1) ਜਪਿਆ ਜਾਦਾ ਹੈ, ਵੇਖੋ 'ਜਪਾਨਾ'
(2) ਜਾਪ (ਸ਼ਬਦਾਰਥ, ਨਿਰਣੈ ਦਰਪਣ, ਜਪਨ ਯੋਗ (ਮਹਾਨਕੋਸ਼)
"ਜਿਨ ਕੇ ਵਡੇ ਭਾਗ ਵਡ ਊਚੇ ਤਿਨ ਹਰਿ ਜਪਿਓ ਜਪਾਨੀ।"
– ਧਨਾ ੪, ੩, ੪:੧ (667)

ਜਪਾਵਹਿ ---- ਜਪਾਉਂਦਾ ਹੈ
"ਤੁਧੁ ਭਾਵੈ ਤਾ ਨਾਮੁ ਜਪਾਵਹਿ ਸੁਖੁ ਤੇਰਾ ਦਿਤਾ ਲਹੀਐ।"
– ਸੂਹੀ ੫, ੫੫, ੧*:੨ (749)

ਹੋਰ ਰੂਪ:

ਜਪਾਵਹੁ –
"ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ।" (ਜਪਾਓ)
– ਗਉ ੫, ੧੬੫, ੨:੨ (216)

ਜਪਾਵਣਿਆ -- ਜਪਾਉਂਦਾ ਹੈ
"ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ।"
– ਮਾਝ ੩, ਅਸ ੨੨, ੩:੩ (122)

ਜਪਾਵੈ ----- ਜਪਾਏ, ਜਪਾਉਂਦਾ ਹੈ

"ਸੋ ਸੁਖਦਾਤਾ ਜਿ ਨਾਮੁ ਜਪਾਵੈ।"
- ਗਉ ੫, ੯੩, ੧*:੧ (183)

ਜਪਿ ------ (1) ਜਪ, ਧੀਮੀ ਸੁਰ ਵਿਚ ਉਚਾਰਨ ਕਰ, ਜਪੋ
"ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਨੁ।"
- ਸਿਰੀ ੧, ੧੯, ੨:੧ (21)
"ਮਨ ਮੇਰੇ ਰਾਮ ਨਾਮੁ ਜਪਿ ਜਾਪੁ।"
- ਸਿਰੀ ੫, ੮੭, ੧*:੧ (48)

ਹੋਰ ਰੂਪ:

ਜਪਿਓ -
"ਸਾਧਸੰਗਿ ਜਪਿਓ ਭਗਵੰਤੁ।"
- ਗਉ ੫, ੯੨, ੧:੧ (183)
"ਸਿਧ ਸਮਾਧਿ ਜਪਿਓ ਲਿਵ ਲਾਈ ਸਾਧਿਕ ਮੁਨਿ ਜਪਿਆ।"
- ਮਾਰੂ ੪, ੨, ੧:੧ (995)

ਜਪਿਅਹੁ -
"ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ।" ਜਪੋ, ਜਪਿਆ ਜੇ
- ਗਉ ੪, ਵਾਰ ੨੦ਸ, ੪, ੨:੧੦ (312)

ਜਪਿਆ -
"ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ।" (ਧੀਮੀ ਸੁਰ ਵਿਚ ਉਚਾਰਨ ਕੀਤਾ, ਜਾਪ ਕੀਤਾ)
- ਸਿਰੀ ੪, ਵਾਰ ੧੫:੪ (89)
"ਸੰਤ ਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ।" (ਆਰਾਧਿਆ)
- ਮਾਝ ੫, ੪੮, ੧:੩ (108)

ਜਪਿਐ -
"ਸਭਿ ਸੁਖ ਸਭਿ ਗੁਣ ਸਭਿ ਨਿਧਾਨ ਹਰਿ ਜਿਤੁ ਜਪਿਐ ਦੁਖ ਭੁਖ ਸਭ ਲਹਿ ਜਾਈ।" (ਜਪਣ ਨਾਲ, ਜਪਿਆਂ)
- ਗੂਜ ੪, ੪, ੧:੨ (493)

ਜਪਿਹੁ -
"ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ।" (ਜਪੋ ਜਪਿਆ ਜੇ)
- ਰਾਮ ੩, ਅਨੰ ੨੩:੪ (920)

ਜਪਿਬੋ -
"ਰਾਮ ਨਾਮਾ ਜਪਿਬੋ ਕਰੈ।" (ਜਪੇ, ਜਪਦਾ ਰਹੇ)
- ਭੈਰ ਨਾਮ, ੯, ੧*:੧ (1165)

ਜਪਿਭਾ -
"ਗੁਰ ਸਤਿਗੁਰਿ ਨਾਮੁ ਦ੍ਰਿੜਾਇਓ ਹਰਿ ਹਰਿ ਹਮ ਮੁਏ ਜੀਵੇ ਹਰਿ ਜਪਿਭਾ।"
- ਪ੍ਰਭਾ ੪, ੬, ੧:੧ (1337)

(2) ਜਪ ਕੇ

“ਨਾਨਕੁ ਜੀਵੈ ਜਪਿ ਹਰੀ ਦੋਖ ਸਭੇ ਹੀ ਹੰਤੁ।”

– ਮਾਝ ੫, ਦਿਨ ੩:੭ (137)

“ਮਤਿ ਮਲੀਣ ਪਰਗਟ ਭਈ ਜਪਿ ਨਾਮੁ ਮੁਰਾਰਾ।”

– ਗਉ ੩, ੩੮, ੧:੨ (163)

(3) ਜਪਨਯੋਗ (ਮਹਾਨਕੋਸ਼)

“ਜਪਿ ਜਗਦੀਸੁ ਜਪਉ ਮਨ ਮਾਹਾ।”

– ਜੈਤ ੪, ੯, ੪:੧ (699)

ਜਪੀ ------ (1) ਜਪੀ, ਜਪਾਂ, ਜਪ ਕਰਾਂ

“ਅਨਦਿਨੁ ਨਾਮੁ ਜਪੀ ਸੁਖੁ ਪਾਈ ਨਿਤ ਜੀਵਾ ਆਸ ਹਰਿ ਤੇਰੀ।”

– ਗਉ ੪, ੫੮, ੨:੨ (170)

(2) ਜਪਿਆ

“ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ।”

– ਮਾਰੂ ੫, ਸੋਲਾ ੪, ੮:੩ (1075)

ਜਪੀਐ ----- ਜਾਪ ਕਰੀਐ

“ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ।”

– ਸਿਰੀ ੫, ੮੨, ੧:੨ (46)

ਜਪੀਸ ----- ਜਪਨ ਯੋਗ (ਸ਼ਬਦਾਰਥ) (ਦਰਪਣ): ਜਪ-ਦੀਸ, ਸਾਰੇ ਜਪਾਂ ਦਾ ਸੁਆਮੀ (ਮਹਾਨਕੋਸ਼) ਮੁਖ ਜਪ, ਸ੍ਰੇਸ਼ਟ ਜਪ (ਕੋਸ਼)

“ਜਪਿ ਹਰਿ ਹਰਿ ਸਬਦਿ ਜਪੀਸ।”

– ਕਾਨ ੪, ੮, ੧*:੩ (1296)

ਜਪੀਜੈ ----- ਜਪੋ, ਜਪ ਕਰੋ

ਜਿਨਿ ਧਾਰੇ ਬ੍ਰਹਮੰਡ ਖੰਡ ਹਰਿ ਤਾ ਕੋ ਨਾਮੁ ਜਪੀਜੈ ਰੇ।”

– ਗਉ ੫, ੧੩੭, ੧*:੨ (209)

ਜਪੀਨੇ ----- ਜਪੋ

“ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ।”

– ਧਨਾ ੪, ੭, ੧:੧ (668)

ਜਪੁ ------- (1) ਗੁਰੂ ਨਾਨਕ ਸਾਹਿਬ ਦੀ ਇਕ ਬਾਣੀ ਜਿਸ ਦੀਆਂ 38 ਪਉੜੀਆਂ ਤੇ ਦੋ ਸਲੋਕ ਹਨ। ਇਹ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਉਪਰ ਹੈ।

“ਜਪੁ।”

– ਜਪੁ ੧*, (1)

(2) ਜਾਪ, ਜਪ

“ਜਪੁ ਤਪੁ ਸੰਜਮੁ ਧਰਮੁ ਨ ਕਮਾਇਆ।”

– ਆਸਾ ੫, ਸੋਪੁ ੪, ੨:੧ (12)

(3) ਜਾਪ ਕਰਨਾ

“ਮੈ ਮੂਰਖ ਹਰਿ ਹਰਿ ਜਪੁ ਪੜਿਆ।” (ਜਾਪ ਕਰਨਾ ਹੀ ਪੜਿਆ/ਸਿਖਿਆ ਹੈ)

– ਗਉ ੪, ੩੯, ੧:੩ (163)

ਜਪੇ ------- (1) ਜਾਪ ਕਰੇ
"ਹਰਿ ਹਰਿ ਨਾਮੁ ਜਪੇ ਆਰਾਧੇ ਵਿਚ ਅਗਨੀ ਹਰਿ ਜਪਿ ਜੀਵਿਆ।"
- ਸਿਰੀ ੪, ਪਹ, ੩, ੧:੬ (76)
(2) ਜਪ ਕੇ
"ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ।"
- ਆਸਾ ੫, ਛੰਤ, ੫, ੧:੨ (455)
"ਹਰਿ ਕਿਰਪਾ ਕਰਿ ਸੁਆਮੀ ਹਮ ਲਾਇ ਹਰਿ ਸੇਵਾ ਹਰਿ ਜਪਿ ਜਪੇ ਹਰਿ ਜਪਿ ਜਪੇ ਜਪੁ ਜਾਪਉ ਜਗਦੀਸ।"
- ਕਾਨ ੪, ੮, ੧:੧ (1297)
(3) ਜਪਣ ਲਈ
"ਹਰਿ ਜਪੇ ਹਰਿ ਮੰਦਰੁ ਸਾਜਿਆ ਸੰਤ ਭਗਤ ਗੁਣ ਗਾਵਹਿ ਰਾਮ।"
- ਸੂਹੀ ੫, ਛੰਤ ੭, ੧:੧ (781)

ਜਪੇਉ ----- ਜਪਣ ਯੋਗ (ਹਰੀ)
"ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ।"
- ਬਸੰ ੧, ੬, ੨:੪ (1170)

ਜਪੇਇ ----- ਜਪਦੇ ਹਨ
"ਨਾਨਕ ਤਿਸੁ ਬਲਿਹਾਰਣੈ ਹਰਿ ਹਰਿ ਨਾਮੁ ਜਪੇਇ।"
- ਗਉ ੫, ਥਿਤੀ ੭:੮ (298)

ਜਪੇਹਾ ----- ਜਪਦੇ ਹਨ
"ਸਾਜਨ ਸੰਤ ਮਿਲਿ ਨਾਮੁ ਜਪੇਹਾ।"
- ਮਾਝ ੫, ੩੪, ੧:੨ (104)
ਹੋਰ ਰੂਪ:
ਜਪੇਹੀ -
"ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ।" (ਜਪਨਾ)
- ਸਿਰੀ ੪, ਵਾਰ ੨੦ ਸ, ੧, ੧:੩ (91)

ਜਪੇਦਿਆ --- ਜਪਦਿਆਂ
"ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ।"
- ਗਉ ੫, ੧੭੧*, ੧:੧ (218)

ਜਪੇਨ ------ ਜਪਦੇ ਹਨ
"ਪ੍ਰਭਿ ਦੀਨ ਦਇਆਲਿ ਕੀਓ ਅੰਗੀਕ੍ਰਿਤੁ ਮਨਿ ਹਰਿ ਹਰਿ ਨਾਮੁ ਜਪੇਨ।"
- ਕਾਨ ੪, ੨, ੧:੨ (1294)

ਜਪੇਰੈ ------ ਜਪ ਕੇ, ਜਪਦਾ ਰਹੁ
"ਉਧਰੁ ਦੇਹ ਦੁਲਭ ਸਾਧੂ ਸੰਗਿ ਹਰਿ ਹਰਿ ਨਾਮੁ ਜਪੇਰੈ।"
- ਦੇਵ ੫, ੧੨, ੧:੧ (530)

ਜਪੈ ------- (1) ਜਪਦਾ/ਜਪਦੀ ਹੈ
"ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ।"

- ਸਿਰੀ ੧, ਅਸ ੧੦, ੫:੨ (59)

(2) ਚੇਤੇ ਰਖਨਾ, ਸਿਮਰਨ ਵਿਚ ਰਖਨਾ, ਧਿਆਨ ਧਰਨਾ

"ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ।"

- ਗਉ ੫, ਸੁਖ ੮, ੪:੧੦ (273)

"ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ।"

- ਆਸਾ ੩, ਅਸ ੨੩, ੧*:੧ (422)

ਹੋਰ ਰੂਪ:

ਜੰਪੈ –

"ਨਾਨਕੁ ਪਇਅੰਪੈ ਚਰਣ ਜੰਪੈ ਨਾਮੁ ਜਪਤ ਗੋਬਿੰਦ ਨਹ ਅਲਸਾਈਐ।" (ਜਪਦਾ ਹੈ)

- ਆਸਾ ੫, ਛੰਤ ੬, ੧:੬ (456)

"ਨਾਨਕੁ ਜੰਪੈ ਪਤਿਤ ਪਾਵਨ ਹਰਿ ਦਰਸੁ ਪੇਖਤ ਨਹ ਸੰਤਾਪ।" (ਭਾਵ ਕਹਿੰਦਾ ਹੈ)

- ਆਸਾ ੫, ਛੰਤ ੧੪, ੩:੬ (462)

"ਭਗਤਿ ਹੀਣੁ ਨਾਨਕੁ ਜਨੁ ਜੰਪੈ ਹਉ ਸਾਲਾਹੀ ਸਚਾ ਸੋਈ।" (ਬੇਨਤੀ ਕਰਦਾ ਹੈ)

- ਸੂਹੀ ੧, ੧, ੪:੨ (728)

ਜਪੈਨੀ ----- ਜਪਣਯੋਗ

"ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ।"

- ਬਿਲਾ ੪, ੫, ੧:੧ (800)

ਜਪੋ ------- ਜਾਪ ਕਰੋ

"ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ।"

- ਤੁਖਾ ੧, ਛੰਤ ੬, ੨:੬ (1113)

ਜਪੵਉ ----- ਜਪਿਆ ਹੈ

"ਜਪੵਉ ਜਿਨੑ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ।"

- ਸਵ ੫, ਮਥੁ ੬:੪ (1409)

ਜਬ ------- ਜਦੋ, ਜਿਸ ਸਮੇਂ

"ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲ ਬਿਗਸੈ ਮਧੁ ਆਸ੍ਰਮਾਈ।"

- ਸਿਰੀ ੧, ੨੬, ੨:੨ (23)

"ਕੈਸੇ ਬੂਝੈ ਜਬ ਮੋਹਿਆ ਹੈ ਮਾਇਆ।" (ਜਦੋਂ ਕਿ)

- ਸਿਰੀ ਕਬ, ੧, ੧*:੨ (92)

ਜਬਹੀ ----- ਜਦੋਂ, ਜਿਸ ਸਮੇਂ

"ਜਬਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ।"

- ਸੋਰ ੯, ੯, ੧:੨ (633)

"ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬਹੀ ਰਾਮੁ ਬਖਾਨੋ।"

- ਬਿਲਾ ੯, ੧, ੧:੧ (830)

ਜਬਹੂ ------ ਜਦੋ

"ਸੁਖੁ ਆਇਓ ਭੈ ਭਰਮ ਬਿਨਾਸੇ ਕ੍ਰਿਪਾਲ ਹੂਏ ਪ੍ਰਭ ਜਬਹੂ।"

– ਦੇਵ ੫, ੪, ੨:੧ (529)

ਜਬਲਉ ---- ਜਦ ਤੱਕ
"ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ।"
– ਸਵ ੫, ਮਥੁ ੬:੧ (1409)

ਜਬਲਗ ---- ਜਦ ਤੱਕ, ਜਿਨਾਂ ਚਿਰ
"ਬਿਨੁ ਗੁਰ ਬੂਡੋ ਠਉਰ ਨ ਪਾਵੈ ਜਬਲਗ ਦੂਜੀ ਰਾਈ।"
– ਪ੍ਰਭਾ ੧, ੧੧, ੩:੨ (1330)

ਹੋਰ ਰੂਪ:

ਜਬਲਗਿ –
"ਜਿਉ ਸੁਪਨੈ ਨਿਸਿ ਭੁਲੀਐ ਜਬਲਗਿ ਨਿਦ੍ਰਾ ਹੋਇ।"
– ਸਿਰੀ ੧, ਅਸ ੧੫, ੭:੧ (63)

ਜਬਲਗੁ –
"ਜਬਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ।"
– ਸਿਰੀ ੧, ੧੩, ੫:੩ (19)

ਜਬਲੀਧਰ --- ਰਾਗ ਮੇਘ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਦੇ ਸੱਤ ਹਨ:
ਬੈਰਾਧਰ, ਗਜਧਰ, ਕੇਦਾਰਾ, ਨਟ, ਜਲਧਾਰਾ, ਸੰਕਰ ਤੇ ਸਿਆਮਾ
"ਜਬਲੀਧਰ ਨਟ ਅਉ ਜਲਧਾਰਾ।"
– ਰਾਗ ੧:੫੬ (1430)

ਜਬਾਬੁ ----- (1) (ਅ. ਜਵਾਬ) – ਉਤਰ
"ਧਰਮਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ।"
– ਸਿਰੀ ੫, ਪਹ ੪, ੨:੫ (77)
(2) ਨਾ ਇਨਕਾਰ ਕਰਨਾ, ਨਾ ਨੁਕਰ (ਦਰਪਣ); ਸਾਹਮਣੇ ਬੋਲਣਾ; ਹੁਕਮ ਮੰਨਣੋ ਨਾਂਹ ਕਰਨੀ (ਨਿਰਣੈ)
"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ।"
– ਆਸਾ ੧, ਵਾਰ ੨੧ਸ, ੨, ੨:੧ (474)
(3) ਮੁਨਕਰ ਹੋਣਾ, ਨਾ ਮੰਨਾਂ (ਭਾਵ)
"ਤੁਮ ਦਾਤੇ ਹਮ ਸਦਾ ਭਿਖਾਰੀ।" ਦੇਉ ਜਬਾਬੁ ਹੋਇ ਬਜਗਾਰੀ।"
– ਭੈਰ ਕਬ, ੧੫, ੪:੧੨ (1161)
(4) ਉਜ਼ਰ, ਨਾਹ (ਭਾਵ)
"ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ।"
– ਸਾਰ ਨਾਮ, ੩, ੧:੨ (1253)

ਜਬਿ ------ ਜਿਸ ਸਮੇਂ, ਜਦੋਂ
"ਕਾਲ ਫਾਸ ਜਬਿ ਗਲਿ ਪਰੀ ਸਭਿ ਭਇਓ ਪਰਾਇਓ।"
– ਤਿਲੰ ੯, ੩, ੧:੨ (727)

ਜੰਬੁਕੁ ------ (ਸੰ. ਜੰਬੁਕ, ਗਿਦੜ
ਬ੍ਰ ਜੰਬੂਕ

"ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ।"

– ਬਿਲਾ ਸਧ, ੧, ੧*:੨ (858)

ਜੰਬੂਰ ------ (ਫ਼ਾ. ਜ਼ੰਬੂਰ) – ਭ੍ਰਿੰਡ, ਡੇਮੂ (ਮਹਾਨਕੋਸ਼) ਸੰਨ੍ਹੀ ਵਰਗਾ ਕਿਸੇ ਚੀਜ਼ ਨੂੰ ਫੜਨ ਵਾਲਾ ਹਥਿਆਰ (ਨਿਰਣੈ); ਚਿਮਟੇ ਵਰਗਾ ਹਥਿਆਰ ਜਿਸ ਨਾਲ ਵੈਰੀ ਨੂੰ ਤਸੀਹੇ ਦਿਤੇ ਜਾਂਦੇ ਹਨ (ਦਰਪਣ)

"ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ।"

– ਗੂਜ ੫, ਵਾਰ ੧੧ਸ, ੫, ੧:੧ (520)

ਜਬੈ ------- ਜਦੋਂ ਵੀ

"ਦਰਿਵਾਟ ਊਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ।"

– ਆਸਾ ੧, ਵਾਰ ੨੦ਸ, ੧, ੨:੭ (473)

ਜਮ ------- (1) ਕਾਲ, ਪ੍ਰਾਣ ਕਢਣ ਵਾਲਾ ਦੇਵਤਾ

"ਮੰਨੈ ਜਮ ਕੈ ਸਾਥਿ ਨ ਜਾਇ।"

– ਜਪੁ ੧, ੧੩:੪ (3)

(2) ਯਮਰਾਜ, ਧਰਮਰਾਜ

"ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ।"

– ਸਿਰੀ ੩, ਅਸ ੨੫, ੫:੨ (69)

"ਚਿਤਿ ਨ ਆਇਓ ਪਾਰਬ੍ਰਹਮੁ ਜਮ ਕੰਕਰ ਵਸਿ ਪਰਿਆ।" (ਧਰਮਰਾਜ ਦੇ ਸੇਵਕਾਂ)

– ਸਿਰੀ ੩, ੨੬, ੮:੪ (71)

(3) ਜਨਮ

"ਜਮ ਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ।" (ਜਨਮ ਤੇ ਮੌਤ)

– ਮਾਝ ੧, ਵਾਰ ੫:੫ (140)

ਜਮਈਆ --- ਜਮਾਈ/ਪੈਦਾ ਕੀਤੀ ਹੈ (ਸ਼ਬਦਾਰਥ) ਦ੍ਰਿੜ ਵਸਾਈ (ਮਹਾਨਕੋਸ਼)

"ਪੂਰਬ ਜਨਮਿ ਭਗਤਿ ਕਰਿ ਆਏ ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ।"

– ਬਿਲਾ ੪, ਅਸ ੬, ੭:੧ (837)

ਜੰਮਸੀ ----- ਜੰਮੇਗਾ, ਸਫੁਟਿਤ ਹੋਵੇਗਾ

"ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ।"

– ਸੋਰ ੧, ੨, ੧:੩ (595)

ਜਮਹ ------ ਜਮ ਦਾ

"ਹਰਿ ਹਰਿ ਕਰਤ ਨਹੀ ਦੁਖੁ ਜਮਹ।"

– ਗੋਂਡ ਨਾਮ, ੫, ੧*:੨ (874)

ਹੋਰ ਰੂਪ:

ਜਮਹਿ –

"ਦੂਜਾ ਆਇਓਹਿ ਜਮਹਿ ਤਣਾ।" (ਜਮ ਦਾ ਪੁੱਤਰ ਭਾਵ ਬੁਢੇਪਾ) (ਬੁਢਾਪਾ ਜਮ ਦਾ ਸੁਨੇਹਾ ਲੈ ਕੇ ਆਇਆ)

– ਸਿਰੀ ਤ੍ਰਿਲੋ ੨, ੧*:੧ (92)

ਜਮਹਿ ----- (1) ਜਮ ਦਾ, ਜਮ ਨੇ, ਜਮ ਨੂੰ ਵੇਖੋ 'ਜਮਹ'
"ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ।" (ਜਮ ਨੇ ਵੇਖੀ)
– ਆਸਾ ੫, ਛੰਤ ੧੧, ੧:੪ (460)
"ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨਿ੍ ਲੀਜੈ।"
–ਰਾਮ ਨਾਮ, ੪, ੪:੧ (973)
(2) ਜਨਮੇ
"ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ।"
– ਗਉ ੫, ਥਿਤੀ ੯:੮ (298)
"ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ।"
– ਗੂਜ ੫, ਵਾਰ ੨੦ਸ, ੫, ੨:੮ (523)

ਜੰਮਹਿ ----- ਜਨਮ ਲੈ ਕੇ
"ਬਿਨੁ ਸਬਦੈ ਮੈਲੁ ਨ ਉਤਰੈ ਮਰਿ ਜੰਮਹਿ ਹੋਇ ਖੁਆਰੁ।"
– ਸਿਰੀ ੩, ੪੦, ੩:੨ (29)

ਜਮਹਿ ਡਰਾ -- ਜਮ ਦਾ ਡਰ/ਭੈ
"ਕਾਲ ਜਾਲ ਅਰੁ ਮਹਾ ਜੰਜਾਲਾ ਛੁਟਕੇ ਜਮਹਿ ਡਰਾ।"
– ਜੈਤ ੫, ੬, ੧:੧ (701)

ਜਮਹੁ ------ ਜਮ ਤੋਂ
"ਗੁਰ ਪਰਸਾਦੀ ਕਰਹੁ ਕਿਰਪਾ ਲੇਹੁ ਜਮਹੁ ਉਬਾਰੇ।"
– ਵਡ ੧, ਛੰਤ ੨, ੫:੬ (567)

ਜਮਕੰਕਰ --- ਜਮਰਾਜ ਦੇ ਸੇਵਕ/ਦਾਸ, ਜਮਦੂਤ
"ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ।"
– ਵਡ ੪, ਛੰਤ ੪,; ੨:੪ (574)

ਹੋਰ ਰੂਪ:

ਜਮਕੰਕਰਿ –
"ਆਏ ਖਰੇ ਕਠਿਨ ਜਮਕੰਕਰਿ ਪਕੜਿ ਲਇਆ।" (ਜਮਦੂਤਾਂ ਨੇ)
– ਬਿਹਾ ੫, ਛੰਤ ੭, ੩:੨ (546)

ਜਮਕੰਕਰੁ –
"ਜਮਕੰਕਰੁ ਨੇੜਿ ਨ ਆਇਆ।"
– ਸੋਰ ੫, ੫੯, ੪:੩ (624)

ਜਮਕਲੈ ---- ਜਮਕਾਲ, ਜਨਮ ਤੇ ਮਰਣ ਦਾ ਸਮਾਂ, ਦੋ ਵੇਲੇ
"ਹਰਿ ਜਨ ਨੇੜਿ ਨ ਆਵਈ ਜਮਕੰਕਰ ਜਮਕਲੈ ।"
– ਮਾਰੂ ੩, ਵਾਰ ੧੫:੩ (1091)

ਜਮਕਾਣਿ --- ਜਮਰਾਜ ਦੀ ਮੁਥਾਜੀ
"ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨ ਜਮਕਾਣਿ ਨ ਜਮ ਕੀ ਬਾਕੀ।"
– ਗੂਜ ੧, ਅਸ ੪, ੧*:੨ (505)

ਜਮਕਾਲ ---- ਜਨਮ ਤੇ ਮਰਣ ਦਾ ਸਮਾਂ, ਦੋ ਵੇਲੇ (ਮਹਾਨਕੋਸ਼) ਵੇਖੋ ਜਮਕਲੈ; ਕਾਲ ਦਾ ਕਰਤਾ ਜਮ

"ਜਮਕਾਲ ਕੀ ਫਿਰਿ ਆਵੈ ਨ ਫੇਟੈ।"

– ਬਸੰ ੩, ੧੬, ੩:੨ (1176)

ਜਮਕਾਲਾ --- ਕਾਲ ਦਾ ਕਰਤਾ ਜਮ, ਵੇਖੋ 'ਜਮਕਾਲ'

"ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮਕਾਲਾ।"

– ਗਉ ੩, ਅਸ ੪, ੨:੧ (231)

"ਪਾਪ ਪੁੰਨ ਦੁਇ ਸੰਗਮੇ ਖੁਧਿਆ ਜਮਕਾਲਾ।"

– ਮਾਰੂ ੧, ਅਸ ੬, ੪:੨ (1012)

ਹੋਰ ਰੂਪ:

ਜਮਕਾਲਿ –

"ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ।"

– ਸਿਰੀ ੩, ੪੩, ੪:੨ (30)

"ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ।" (ਜਮ ਜੋ ਕਾਲ ਦਾ ਰੂਪ ਹੈ)

– ਗਉ ੪, ਕਰ ੨, ੭:੨ (235)

ਜਮਕਾਲੁ –

"ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ।"

– ਗਉ ੪, ਸੋਹ ੪, ੨:੨ (13)

ਜਮਕਾਲੇ –

"ਮਾਇਆ ਮੋਹਿ ਜੋਹਿਆ ਜਮਕਾਲੇ।"

– ਮਾਝ ੩, ਅਸ ੨੧, ੪:੨ (121)

ਜਮਕਾਲੈ –

"ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ।"

– ਵਡ ੪, ਵਾਰ ੭ਸ, ੩, ੧:੩ (588)

ਜਮਜੰਦਾਰੁ --- (ਫਾ. ਜੰਦਾਲ) ਅਵੈੜ/ਗਵਾਰ ਭਾਵ ਜ਼ਾਲਮ ਜਮ

"ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮਜੰਦਾਰੁ।"

– ਸਿਰੀ ੪, ਵਾਰ ੧੮ਸ, ੩, ੨:੫ (90)

ਜਮਜਾਲ ---- ਜਮ/ਕਾਲ ਦੀ ਫਾਹੀ

"ਕਰਿ ਕਿਰਪਾ ਕਾਟੇ ਜਮਜਾਲ।"

– ਗਉ ੫, ੧੨੨, ੩:੨ (190)

ਹੋਰ ਰੂਪ:

ਜਮਜਾਲਾ –

"ਰਵਣ ਗੁਣਾ ਕਟੀਐ ਜਮਜਾਲਾ।"

– ਸੂਹੀ ੫, ਅਸ ੨, ੩:੨ (760)

ਜਮਜਾਲੀ –

"ਕਰਿ ਕਿਰਪਾ ਮੇਲਹੁ ਸਤਸੰਗਤਿ ਤੂਟਿ ਗਈ ਮਾਇਆ ਜਮਜਾਲੀ।"

– ਭੈਰ ੪, ੩, ੧*:੨ (1134)

ਜਮਜਾਲੁ –
“ਜਾ ਕੀ ਧੂਰਿ ਕਾਟੈ ਜਮਜਾਲੁ।”
– ਰਾਮ ੫, ੫੬, ੧:੨ (900)

ਜਮਜਾਲੇ –
“ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮਜਾਲੇ।”
– ਸਿਰੀ ੩, ੪੨, ੩:੨ (30)

ਜਮਡੰਡੁ ---- ਜਮਾਂ ਵਲੋਂ ਦਿਤੀ ਗਈ ਸਜ਼ਾ/ਦੁਖ
“ਹਉਮੈ ਕਰਮ ਕਮਾਵਦੇ ਜਮਡੰਡੁ ਲਗੈ ਤਿਨ ਆਇ।”
– ਸਿਰੀ ੩, ਅਸ ੧੯, ੧:੧ (65)

ਜੰਮਣ ------ ਜਨਮਣਾ, ਪੈਦਾ ਹੋਣਾ
“ਜੰਮਣ ਮਰਣੁ ਨ ਚੁਕੈ ਫੇਰਾ।”
– ਮਾਝ ੩, ਅਸ ੨੮, ੩:੨ (126)

ਹੋਰ ਰੂਪ:

ਜੰਮਣੁ –
“ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ।”
– ਸਿਰੀ ੩, ੪੫, ੨:੨ (31)

“ਜੰਮਣੁ ਮਰਣਾ ਹੈ ਸੰਸਾਰੁ।”
– ਆਸਾ ੩, ੪੯, ੩:੧ (364)

ਜਮਤ ------ ਅਪਣਾ ਕੇ (ਮਹਾਨਕੋਸ਼); ਪੈਦਾ ਹੋਣਾ (ਸ਼ਬਦਾਰਥ, ਦਰਪਣ)
“ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ, ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ।” (ਆਪਣਾ ਕੇ, ਡਰ ਨਾਲ ਨਹੀਂ) (ਡਰ ਪੈਦਾ ਨਹੀਂ ਹੁੰਦਾ)
– ਸਵ ੪, ਨਲ ੪:੩ (1399)

ਜਮਤੀਰੁ ---- ਜਮਾਂ ਦਾ ਤੀਰ ਭਾਵ ਜਮਾਂ ਦੀ ਚੋਟ ਅਥਵਾ ਦੁੱਖ
“ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ਹਰਿ ਕੈ ਨਾਮਿ ਨ ਲਗੈ ਜਮਤੀਰੁ।”
– ਰਾਮ ੧, ਅਸ ੬, ੧*:੨ (905)

ਜਮਤੁ ------ ਜਨਮ ਦਾ, ਜਨਮ ਲੈਂਦਾ
“ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ।”
– ਦੇਵ ੪, ੬, ੧*:੨ (528)

ਜਮਦਗਨਿ --- ਇਕ ਤਪੱਸਵੀ ਤੇ ਸੂਰਬੀਰ ਰਿਸ਼ੀ ਜੋ ਭ੍ਰਿਗੁ ਵੰਸ਼ ਵਿਚ ਪਿਤਾ ਰਿਚੀਕ ਤੇ ਮਾਤਾ ਸਤਯਵਤੀ ਦਾ ਪੁੱਤਰ ਸੀ; ਦਮਕਰਨ ਦਾ
“ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ।”
– ਸਵ ੧, ੪:੨ (1389)

ਜਮਦਰਿ ---- ਜਮਰਾਜ ਦੇ ਦੁਆਰ ਤੇ
“ਜਮਦਰਿ ਬਧਾ ਚੋਟਾ ਖਾਏ।”
– ਮਾਝ ੧, ਅਸ ੧, ੪:੨ (109)

ਜਮਦੁਆਰ --- ਜਮ ਰਾਜੇ ਦੇ ਦੁਆਰੇ
"ਜਮਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ।"
- ਆਸਾ ਕਬ, ੨੬, ੧*:੧ (482)

ਹੋਰ ਰੂਪ:

ਜਮਦੁਆਰਿ -
"ਜਮਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀਹੋ।"
- ਵਡ ੧, ਛੰਤ ੨, ੭:੫ (567)

ਜਮਦੂਤ ---- ਜਮਰਾਜ ਦੇ ਸੇਵਕ, ਜਮਗਣ
"ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ।"
- ਸਿਰੀ ੫, ੯੦, ੪:੨ (50)

ਹੋਰ ਰੂਪ:

ਜਮਦੂਤਨ -
"ਸਾਧਸੰਗਿ ਮਿਲਿ ਹਰਿ ਗੁਨ ਗਾਏ ਜਮਦੂਤਨ ਕਉ ਤ੍ਰਾਸ ਅਹੇ।" (ਜਮਰਾਜ ਦੇ ਸੇਵਕਾਂ, ਜਮਗਣਾਂ)
- ਬਿਲਾ ੫, ੧੦੩, ੧*:੨ (824)

ਜਮਦੂਤਾ -
"ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।" (ਜਮਗਣਾਂ, ਜਮ ਦੇ ਸੇਵਕਾਂ)
- ਸਿਰੀ ੫, ਛੰਤ ੨, ੩:੫ (79)

ਜਮਦੂਤੀ -
"ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ।" (ਜਮਦੂਤਾਂ ਨੇ)
- ਮਾਰੂ ੫, ਵਾਰ ੧੫:੭ (1099)

ਜਮਦੂਤੁ -
"ਜਮਦੂਤੁ ਨ ਆਵੈ ਨੇਰੈ।"
- ਸੋਰ ੫, ੮੮, ੧:੨ (630)

ਜਮਦੂਤੈ -
"ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ।"
- ਸੂਹੀ ੪, ੧੦, ੪:੧ (734)

ਜਮਧਾਰਾ ---- ਜਮ ਦੇ ਕਾਨੂੰਨ ਦਾ ਦਫਾ
"ਆਵਣੁ ਜਾਣੁ ਨਹੀ ਜਮਧਾਰਾ।"
- ਮਾਰੂ ੧, ਸੋਲਾ ੧੨, ੧੩:੨ (1033)

ਜਮਨਾ ----- ਵਿਚਾਰਾ/ਨਿਗੂਣਾ ਯਮ
"ਰਸਨਾ ਰਾਮ ਨਾਮ ਹਿਤੁ ਜਾ ਕੈ ਕਹਾ ਕਰੈ ਜਮਨਾ।"
- ਆਸਾ ਕਬ, ੫, ੧*:੨ (476)

ਜੰਮਨਿ ----- ਸਫੁਟਿਤ ਹੋਣਾ, ਉਗਨਾ
"ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ।"

– ਵਡ ੧, ਅਲ ੪, ੩:੫ (581)

ਜਮਪੰਥ ---- **ਜਮ-ਮਾਰਗ ਭਾਵ ਮੌਤ**
“ਹਰਿ ਗੁਣ ਰਮਤ ਨਾਹੀ ਜਮਪੰਥ।”
– ਗੋਂਡ ੫, ੧੭, ੧:੩ (867)

ਹੋਰ ਰੂਪ:

ਜਮਪੰਥਿ –
“ਭੈ ਭਰਮ ਨਾਠੇ ਛੁਟੀ ਗਾਠੇ ਜਮਪੰਥਿ ਮੂਲਿ ਨ ਆਵੀਐ।”
– ਧਨਾ ੫, ਛੰਤ ੧, ੧:੫ (691)

ਜਮਪੰਥੁ –
“ਹਰਿ ਆਰਾਧੇ ਜਮਪੰਥੁ ਸਾਧੇ ਦੁਖੁ ਨ ਵਿਆਪੈ ਕੋਈ।”
– ਸੂਹੀ ੫, ਛੰਤ ੬, ੧:੩ (780)

ਜਮਪਾਸਿ --- **ਜਮ ਦੀ ਫਾਹੀ ਵਿਚ**
“ਜਿਨ੍ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮਪਾਸਿ।”
– ਗੂਜ ੪, ੧, ੩:੧ (492)

ਜਮਪੀਰ ---- **ਜਮਾਂ ਦਾ ਦਿਤਾ ਦੁੱਖ**
“ਅੰਤਰਿ ਵਸੈ ਨ ਲਗੈ ਜਮਪੀਰ।”
– ਗਉ ੩, ੨੬, ੪:੨ (159)

ਹੋਰ ਰੂਪ:

ਜਮਪੀੜ –
“ਹਰਿ ਸੇਵਕ ਨਾਹੀ ਜਮਪੀੜ।”
– ਬਿਲਾ ੫, ੩, ੨:੨ (802)

ਜਮਪੁਰ ----- **ਜਮਾਂ ਦੀ ਪੁਰੀ, ਜਮਾਂ ਦਾ ਦੇਸ਼**
“ਸਰਣਿ ਪਰਹਿ ਤੇ ਉਬਰਹਿ ਛੋਡਿ ਜਮਪੁਰ ਕੀ ਲਿਖਹ।”
– ਸਵ ੩, ੧੭:੨ (1395)

ਹੋਰ ਰੂਪ:

ਜਮਪੁਰਿ –
“ਬਿਨੁ ਨਾਵੈ ਠਉਰੁ ਨ ਪਾਇਨੀ ਜਮਪੁਰਿ ਦੂਖ ਸਹਾਹਿ।” (ਜਮਾਂ ਦੀ ਪੁਰੀ ਵਿਚ)
– ਸਿਰੀ ੩, ੫੭, ੩:੩ (36)
“ਜਨਮ ਮਰਣੁ ਨਿਵਾਰੀਐ ਦੁਖੁ ਨ ਜਮਪੁਰਿ ਹੋਇ।” (ਭਾਵ ਧਰਮਰਾਜ ਦੇ ਦਰਬਾਰ ਵਿਚ)
– ਆਸਾ ੫, ੧੩੬, ੩:੧ (426)
“ਜਮਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ।” (ਅਗਲੇ ਜਹਾਨ)
– ਆਸਾ ੩, ਅਸ ੨੯, ੬:੨ (426)

ਜਮਪੁਰੁ –
“ਰਾਮ ਸਨੇਹੀ ਬਾਹਰਾ ਜਮਪੁਰੁ ਮੇਰੇ ਭਾਂਇ।”
– ਸਲੋ ਕਬ, ੧੫੧:੨ (1372)

ਜਮਫੰਧ ----- ਜਮਾਂ ਦੀ ਫਾਹੀ

"ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮਫੰਧ ਪਰੇ।"

– ਆਸਾ ਧੰਨਾ, ੧, ੨:੧ (487)

ਹੋਰ ਰੂਪ:

ਜਮਫੰਧੁ –

"ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮਫੰਧੁ।"

– ਗਉ ੫, ਬਾਅ ੧੯:੪ (254)

ਜਮਫਾਸਾ ---- ਮੌਤ/ਜਮ ਦੀ ਫਾਂਸੀ ਭਾਵ ਜਨਮ ਮਰਨ ਦਾ ਚੱਕਰ

"ਤੁਮਰੇ ਭਜਨ ਕਟਹਿ ਜਮਫਾਂਸਾ।"

– ਸੋਰ ਰਵਿ, ੫, ੫:੧ (659)

ਹੋਰ ਰੂਪ:

ਜਮਫਾਸੀ –

"ਕਟੀਐ ਜਮਫਾਸੀ ਸਿਮਰਿ ਅਬਿਨਾਸੀ ਸਗਲ ਮੰਗਲ ਸੁਗਿਆਨਾ।"

– ਸੂਹੀ ੫, ਛੰਤ ੬, ੨:੩ (781)

ਜਮਬੰਧ ----- ਜਮਾਂ ਦਾ ਬੰਧਨ/ਪਕੜ, ਜਮਾਂ ਦੀ ਫਾਹੀ

"ਮੇਰੇ ਮਨ ਨਾਮਿ ਲਏ ਜਮਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ।"

– ਗਉ ੫, ੧੫੩*, ੨:੧ (213)

ਜਮਭਉ ---- ਜਮਾਂ ਦਾ ਭੈ/ਡਰ

"ਸਾਧ ਸੰਗਤਿ ਮਹਿ ਹਰਿ ਰਸੁ ਪਾਈਐ ਗੁਰਿ ਮਿਲਿਐ ਜਮਭਉ ਭਾਗਾ।"

– ਸੋਰ ੧, ੧੦, ੫:੧ (598)

ਜਮਮਗਿ ---- ਜਮਾਂ ਵੱਲ ਨੂੰ ਜਾਂਦਾ ਰਾਹ

"ਮਨਮੁਖ ਜਮਮਗਿ ਪਾਈਅਨਿ੍ ਜਿਨ੍ ਦੂਜਾ ਭਾਉ ਪਿਆਰਾ।"

– ਗੂਜ ੩, ਵਾਰ ੧੨:੩ (513)

ਜਮਰਾ ----- ਵਿਚਾਰਾ/ਨਿਮਾਣਾ ਜਿਹਾ ਜਮ

"ਸ੍ਰਪਨੀ ਜੀਤੀ ਕਹਾ ਕਰੈ ਜਮਰਾ।"

– ਆਸਾ ਕਬ, ੧੯, ੩:੨ (480)

ਜਮਰਾਉ ---- ਜਮਾਂ ਦਾ ਰਾਜਾ, ਧਰਮਰਾਜ

"ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।"

– ਸਿਰੀ ਕਬ, ੧, ੧:੨ (92)

ਜਮਰਾਜੇ ---- ਧਰਮਰਾਜ

"ਜਮਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ।"

– ਆਸਾ ੧, ਪਟੀ ੫:੨ (432)

ਹੋਰ ਰੂਪ:

ਜਮਰਾਜੈ –

"ਜਮਰਾਜੈ ਨਿਤ ਨਿਤ ਮਨਮੁਖ ਹੇਰਿਆ।"

– ਮਾਝ ੧, ਵਾਰ ੧੧:੪ (143)

ਜਮਾ ------ ਜਮਾਂ ਦਾ
“ਤਾ ਕੈ ਕਛੂ ਨਾਹੀ ਡਰੁ ਜਮਾ।”
– ਗਉ ੫, ੧੦੩, ੩:੨ (186)

ਜਮਾਇ ----- ਉਪਜਾਏ ਭਾਵ ਇਕਠੇ ਕੀਤੇ; ਹੋਰ ਵੇਖੋ “ਜਮਾਵੈ”
“ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ।”
– ਸਿਰੀ ੫, ਅਸ ੨੯, ੨:੩ (73)

ਹੋਰ ਰੂਪ:

ਜੰਮਾਇ –
“ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।”
– ਸਿਰੀ ੧, ੨੬, ੧:੨ (23)

ਜਮਾਇਓ –
“ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ।”
– ਰਾਮ ਬਸ, ਵਾਰ ੬:੮ (968)

ਜਮਾਇਆ –
“ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ।”
– ਗਉ ੪, ਵਾਰ ੯ਸ, ੪, ੧:੩ (304)

ਜਮਾਈ –
“ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ।”
– ਭੈਰ ੩, ੧੦, ੪:੨ (1130)

ਜਮਾਏ –
“ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ।”
– ਵਡ ੩, ਛੰਤ ੨, ੨:੧ (568)

ਜਮਾਣੀ ----- ਜਮਾਂ ਦੀ
“ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ।”
– ਵਡ ੫, ਛੰਤ ੧, ੧:੩ (576)

ਜਮਾਤੀ ----- ਹਮ ਬਰਾਬਰ, ਇਕੋ ਜਮਾਤ ਨਾਲ ਸਬੰਧ ਰਖਣ ਵਾਲਾ
“ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।”
– ਜਪੁ ੧, ੨੮:੩ (6)

ਜਮਾਦਿ ----- ਜਮ ਆਦਿਕ
“ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ।”
– ਗੂਜ ਜੈਦੇ, ੧, ੨:੧ (526)

ਜਮਾਨੈ ----- ਜਮਾਂ ਦਾ
“ਤਿਸ ਨਾਰੀ ਕਉ ਦੁਖੁ ਨ ਜਮਾਨੈ।”
– ਗਉ ੫, ੯੯, ੩:੨ (185)

ਜਮਾਲ ----- (ਅ. ਜ਼ਮਾਲ) ਸੁੰਦਰਤਾ, ਕੋਮਲ ਸੁੰਦਰਤਾ

"ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ।"
– ਚਉ ੫, ੯:੨ (1364)
(ਹੇ ਜਮਾਲ, ਜਮਾਲ ਇਕ ਸਿਖ ਦਾ ਨਾਂ ਹੈ, ਸ਼ਬਦਾਰਥ)

ਜਮਾਵੈ ----- ਇਕਠੇ ਕਰੇ
"ਹਉਮੈ ਕਰੈ ਕਰਾਵੈ ਹਉਮੈ ਪਾਪ ਕੋਇਲੇ ਆਨਿ ਜਮਾਵੈਗੋ।"
– ਕਾਨ ੪, ਅਸ ੫, ੬:੧ (1311)

ਜਮਿ ------ (1) ਯਮ, ਜਮ
"ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ।"
– ਸਿਰੀ ੧, ਪਹ ੧, ੪:੨ (75)
(2) ਜੰਮਦਾ
"ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ।" (ਜੰਮਦਾ ਮਰਦਾ)
– ਗਉ ੫, ਬਾਅ ੩੦:੫ (256)
"ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ।"
– ਰਾਮ ੫, ਵਾਰ ੯ ਸ, ੫, ੧:੨ (961)

ਜਮਿਓ ----- ਉਗਿਆ
"ਬਿਰਖੁ ਜਮਿਓ ਹੈ ਪਾਰਜਾਤ।"
– ਬਸੰ ੫, ੧, ੪:੧ (1180)

ਜੰਮਿਆ ---- (1) ਪੈਦਾ ਹੋਇਆ, ਜਨਮਿਆ
"ਆਸਾ ਅੰਦਰਿ ਜੰਮਿਆ ਆਸਾ ਰਸ ਕਸ ਖਾਇ।"
– ਸਿਰੀ ੧, ਅਸ ੧੩, ੭:੧ (61)
(2) ਉਗਿਆ
"ਖੇਤਿ ਮੇਰੈ ਜੰਮਿਆ ਨਿਖੁਟਿ ਨ ਕਬਹੂ ਜਾਇ।"
– ਮਾਰੂ ੫, ੧੩, ੩:੨ (1002)

ਜੰਮਿਹਿ ----- ਜਮ (ਯਮ) ਉਤੇ
"ਅਗਮ ਨਿਗਮ ਉਧਰਣ ਜਰਾ ਜੰਮਿਹਿ ਆਰੋਅਹ।" (ਜਮ ਉਤੇ ਸੁਆਰ ਹੋ)
– ਸਵ ੪, ਸਲ ੨:੪ (1406)

ਜੰਮੀ ------ ਉੱਗੀ
"ਖੇਤੀ ਜੰਮੀ ਅਗਲੀ ਮਨੂਆ ਰਜਾ ਸਹਜਿ ਸੁਭਾਇ।"
– ਸਿਰੀ ੩, ੫੫, ੨:੨ (35)

ਜੰਮੀਐ ----- ਜਨਮ ਲਈਦਾ ਹੈ, ਜਨਮੀਦਾ ਹੈ
"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।"
– ਆਸਾ ੧, ਵਾਰ ੧੯ਸ, ੧, ੨:੧ (473)

ਜਮੁ ------- ਯਮ, ਕਾਲ, ਮੌਤ
"ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ।"
– ਸਿਰੀ ੧, ੧੯, ੩:੨ (21)
"ਗੁਰਮਤੀ ਜਮੁ ਜੋਹਿ ਨ ਸਾਕੈ ਸਾਚੈ ਨਾਮਿ ਸਮਾਇਆ।"

– ਸਿਰੀ ੪, ਵਾਰ ੧੧ਸ, ੩, ੨:੪ (87)

ਜਮੁਨ ------ (1) ਸਜੀ ਸੁਰ ਯੋਗ ਮਤ ਅਨੁਸਾਰ ਪਿੰਗਲਾ ਨਾਂੜੀ ਵਿਚ ਚਲਦਾ ਸ੍ਵਰ
"ਉਲਟੀ ਗੰਗਾ ਜਮੁਨ ਮਿਲਾਵਉ।"
– ਗਉ ਕਬ, ੧੮, ੩:੧ (327)

(2) ਜਮਨਾ ਨਦੀ ਜਿਸ ਦੀ ਗਿਣਤੀ ਤ੍ਰਿਵੇਣੀ ਵਿਚ ਹੈ
"ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ।"
– ਤੁਖਾ ੪, ਛੰਤ ੪, ੪:੧੬ (1116)

"ਗੰਗ ਜਮੁਨ ਜਉ ਉਲਟੀ ਬਹੈ।"
– ਭੈਰ ਨਾਮ, ੧੦, ੧੩:੧ (1166)

ਹੋਰ ਰੂਪ:

ਜਮੁਨਾ –
"ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ।"
– ਮਲਾ ੪, ੨, ੧:੧ (1263)

ਜਮੂਆ ----- ਵਿਚਾਰਾ/ਨਿਗੂਣਾ ਯਮ
"ਜਮੂਆ ਨ ਜੋਹੈ ਹਰਿ ਕੀ ਸਰਣਾਈ।"
– ਗਉ ੩, ਅਸ ੫, ੫:੧ (231)

ਜੰਮੇ ------- (1) ਜਨਮੇ, ਜਨਮ ਲਿਆ
"ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ।"
– ਮਾਝ ੧, ਵਾਰ ੨੪ਸ, ੧, ੧:੧ (149)

ਜਮੈ ------- (1) ਉਗੇ, ਪੈਦਾ ਹੋਏ
"ਗੁਰਮੁਖਿ ਬੀਜੇ ਸਚੁ ਜਮੈ ਸਚੁ ਨਾਮੁ ਵਾਪਾਰੁ।
– ਆਸਾ ੩, ਅਸ ੩੪, ੩:੧ (428)

(2) ਜਮ ਦੇ ਨਾਲ
"ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ।"
– ਮਾਰੂ ੫, ਵਾਰ ੧੮:੬ (1100)

"ਜਮੈ ਕਾਲੈ ਤੇ ਛੁਟੈ ਸੋਇ।"
– ਭੈਰ ੩, ੨, ੫:੨ (1128)

ਜੰਮੈ ------- (1) ਜਨਮੇ, ਜਨਮ ਲਿਆ
"ਸੋ ਨਰੁ ਜੰਮੈ ਨਾ ਮਰੈ ਨਾ ਆਵੈ ਨਾ ਜਾਇ।"
– ਸਿਰੀ ੧, ੧੪, ੪:੨ (19)

(2) ਉਗੇ, ਸਫੁਟਿਤ ਹੋਏ
"ਕੁਰੁਤਾ ਬੀਜੁ ਬੀਜੇ ਨਹੀਂ ਜੰਮੈ ਸਭੁ ਲਾਹਾ ਮੂਲੁ ਗਵਾਇਦਾ।"
– ਮਾਰੂ ੫, ਸੋਲ ੫, ੫:੩ (1075)

ਜਯ ------- ਜੈ, ਸੋਭਾ, ਜਸ; ਜਿਤ, ਫਤਹਿ (ਮਹਾਨਕੋਸ਼)
"ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮਪਦੁ ਪ੍ਰਾਇਯਉ।"
– ਸਵ ੪, ਬਲ ੧:੭ (1405)

ਜਯਦੇਵ ---- ਕਨੌਂਜ ਨਿਵਾਸੀ ਭੋਜਦੇਵ ਬ੍ਰਾਹਮਣ ਦਾ ਪੁੱਤਰ, ਮੂਲ ਰੂਪ ਵਿਚ ਵੈਸ਼ਨਵ ਤੇ ਕ੍ਰਿਸ਼ਨ ਉਪਾਸ਼ਕ ਸੀ, ਤਤਵੇਤਾ ਸਾਧੂਆਂ ਦੀ ਸੰਗਤ ਕਾਰਨ ਪ੍ਰਭੂ ਭਗਤ ਹੋਇਆ, ਅਧਿਕ ਸਮਾਂ ਬੰਗਾਲ ਵਿਚ ਹੀ ਗੁਜਾਰਿਆ ਗੀਤ ਗੋਵਿੰਦ ਇਸ ਦੀ ਪ੍ਰਸਿੱਧ ਰਚਨਾ ਹੈ, ਇਸ ਦੇ ਦੋ ਸ਼ਬਦ ਰਾਗ ਗੂਜਰੀ ਤੇ ਮਾਰੂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਹੋਰ ਵੇਖੋ 'ਜੈਦੇਵ'

"ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ।"

– ਸਵ ੪, ਬਲ ੩:੨ (1405)

ਜਯੋ ------- ਜੈ ਹੋਵੇ, ਜਸ/ਵਡਿਆਈ ਹੋਵੇ

"ਸ੍ਰੀ ਗੁਰੂ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮਪਦੁ ਪਾਇਯਉ।"

– ਸਵ ੪, ਬਲ ੧:੭ (1405)

ਜਰ ------- ਦੌਲਤ, ਧਨ

"ਪਰੰਦਏ ਨ ਗਿਰਾਹ ਜਰ।"

– ਮਾਝ ੧, ਵਾਰ ੧੩ਸ, ੧, ੬:੧ (144)

ਜਰਉ ------ ਸੜ ਰਹੀ ਹਾਂ

"ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ।"

– ਆਸਾ ਕਬ, ੨੫, ੧:੨ (482)

(2) ਜਰਾਂ, ਸਹਾਰਾ

"ਧਰਤ ਧਿਆਨੁ ਗਿਆਨੁ ਸਸਤ੍ਰਗਿਆ ਅਜਰ ਪਦੁ ਕੈਸੇ ਜਰਉ।"

– ਕਲਿ ੫, ੬, ੧*:੨ (1322)

ਜਰਹੁ ------ ਸਾੜੋ

"ਤਸਕਰ ਪੰਚ ਨਿਵਾਰਹੁ ਠਾਕੁਰ ਸਗਲੋ ਭਰਮਾ ਹੋਮਿ ਜਰਹੁ।"

– ਬਿਲਾ ੫, ੧੧੯, ੧:੨ (828)

ਜਰੰਗਾ ----- ਸੜਦੇ ਹਨ

"ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ।"

– ਕਾਨ ੫, ੩੬, ੨:੩ (1305)

ਜਰਜਰਾ ---- (ਸੰ.) ਖਸਤਾ, ਜੀਰਣ, ਬਹੁਤ ਪੁਰਾਣਾ

"ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ।"

– ਸਲੋ ਕਬ, ੩੫:੧ (1366)

ਜਰਣੀ ----- ਬੁਢਾਪਾ

"ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ।"

– ਸਾਰ ੫, ੭੭, ੧:੨ (1219)

ਜਰਣੇ ------ ਸਹਾਰਿਆ ਹੈ

"ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ।"

– ਗਉ ੫, ਵਾਰ ੯ :੩ (320)

ਜਰਤ ------ ਸਹਾਰਣਾ, ਬਰਦਾਸ਼ਤ ਕਰਨਾ, ਝਲਣਾ

"ਸੁਖਦਾਈ ਪੂਰਨ ਪ੍ਰਭੁ ਕਰਤਾ ਮੇਰੀ ਬਹੁਤੁ ਇਆਨਪ ਜਰਤ।"
– ਦੇਵ ੫, ੩, ੨:੧ (529)

ਜਰਤਾ ----- ਸੜਦਾ
"ਇਹੁ ਜਗੁ ਜਰਤਾ ਦੇਖਿ ਕੈ ਭਇਓ ਕਬੀਰੁ ਉਦਾਸੁ।"
– ਸਲੋ ਕਬ, ੩੬:੨ (1366)

ਹੋਰ ਰੂਪ:

ਜਰਤੇ –
"ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ।"
– ਮਲਾ ੫, ੪, ੩:੧ (1267)
ਜਰਦਰੂਬਾਨੀ – (ਫਾ. ਜ਼ਰਦਰੂ) ਪੀਲੇ ਰੰਗੇ ਮੂੰਹ ਵਾਲਾ (ਬਾਨੀ–ਰੰਗਤ, ਵੰਨ)
"ਦਿਲ ਖਲਹਲੁ ਜਾ ਕੈ ਜਰਦਰੂਬਾਨੀ।"
– ਭੈਰ ਕਬ, ੧੫, ੩:੧ (1161)

ਜਰਨ ------ ਸਹਾਰਦੇ ਹਨ
"ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ।"
– ਸਾਰ ੫, ੧੩, ੩:੨ (1206)

ਹੋਰ ਰੂਪ:

ਜਰਨਾ –
"ਆਪਨ ਬਿਭਉ ਆਪ ਹੀ ਜਰਨਾ।"
– ਬਿਲਾ ੫, ੭, ੧*:੨ (803)

ਜਰਮ ------ ਉਤਪਤਿ ਜਨਮ
"ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।"
– ਸਵ ੪, ਗਯੰ ੯:੩ (1403)

ਜਰਵਾਣਾ ---- (1) ਬਲਵਾਨ, ਜ਼ਾਲਮ
"ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ।"
– ਸਿਰੀ ੪, ਪਹ ੨, ੫:੧ (76)
"ਜਰੁ ਜਰਵਾਣਾ ਕੰਨ੍ਹਿ ਚੜਿਆ ਨਚਸੀ।"
– ਮਲਾ ੧, ਵਾਰ ੨੬:੪ (1290)
(2) ਜਰਾ ਦਾ ਵਰਣ (ਰੰਗ) ਬੁਢੇਪੇ ਦਾ ਰੰਗ, ਚਿਟੇ ਵਾਲ
"ਜੇ ਜਰਵਾਣਾ ਪਰਹਰੈ ਜਰੁ ਵੇਸ ਕਰੇਦੀ ਆਈਐ।"
– ਆਸਾ ੧, ਵਾਰ ੫:੪ (465)
('ਦਰਪਣ' 'ਜਰਵਾਣਾ' ਦੇ ਅਰਥ 'ਬਲਵਾਲਾ ਬੁਢਾਪਾ' ਉਹ ਬੁਢਾਪਾ ਜੋ ਟਾਲਿਆ ਨਾ ਜਾ ਸਕੇ ਕਰਦੇ ਹਨ।)

ਜਰਾ ------ (1) ਬੁਢਾਪਾ
"ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ।"
– ਸਿਰੀ ੫, ੭੬, ੪:੩ (44)

(2) ਬਰਦਾਸ਼ਤ ਕੀਤਾ
"ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ।"
– ਜੈਤ ੫, ੬, ੨:੨ (701)

ਜਰਾਇ ----- ਜਲਾ/ਸਾੜ ਕੇ
"ਭਰਮੁ ਜਰਾਇ ਚਰਾਈ ਬਿਭੂਤਾ ਪੰਥਿ ਏਕੁ ਕਰਿ ਪੇਖਿਆ।"
– ਗਉ ੫, ੧੩੨*, ੩:੧ (208)

ਜਰਾਏ ----- ਜਰਨ ਦੀ ਸਮਰਥਾ
"ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ।"
– ਰਾਮ ੫, ਵਾਰ ੩:੭ (958)

ਜਰਾਸੰਧਿ --- ਸ੍ਰੀ ਕ੍ਰਿਸਨ ਜੀ ਵਲੋਂ ਮਾਰਿਆ ਗਿਆ ਇਕ ਦੈਂਤ
"ਜਰਾਸੰਧਿ ਕਾਲਜਮੁਨ ਸੰਘਾਰੇ।"
– ਗਉ ੧, ਅਸ ੯, ੭:੧ (224)

ਜਰਾਧਿ ----- ਜਰਾ (ਬੁਢਾਪੇ) ਆਧਿ ਦਾ ਰੋਗ, ਬੁਢਾਪੇ ਦਾ ਰੋਗ
"ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ।"
– ਗੂਜ ਜੈਦੇ, ੧, ੧*:੩ (526)

ਜਰਾਵਤ ---- ਜਲਾਉਂਦਾ, ਬਾਲਦਾ
"ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ।"
– ਬਿਲਾ ੫, ੮੮, ੨:੧ (821)

ਜਰਾਵੈ ----- ਸਾੜੇ, ਜਲਾਵੈ
"ਜਜਾ ਜਉ ਤਨ ਜੀਵਤ ਜਰਾਵੈ।"
– ਗਉ ਕਬ, ਬਾਅ ੧੪:੧ (340)

ਜਰਿ ------ (1) ਸੜ
"ਰਾਮ ਜਪਤ ਤਨੁ ਜਰਿ ਕੀ ਨ ਜਾਇ।" (ਸਰੀਰ ਕਿਵੇਂ ਸੜ ਸਕਦਾ ਹੈ)
– ਗਉ ਕਬ ੩੩, ੧*:੧ (329)

(2) ਬਰਦਾਸ਼ਤ ਕਰਨਾ, ਝਲਣਾ
"ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ।"
– ਰਾਮ ੫, ਵਾਰ ੧੮:੬ (965)

(3) ਬੁਢਾਪਾ
"ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ।"
– ਭੈਰ ੧, ੩, ੧:੧ (1125)

ਜਰਿਓ ----- (1) ਸੜਿਆ
"ਪਾਵਕ ਜਰਿਓ ਨ ਜਾਤ ਰਹਿਓ ਜਨ ਧੂਰਿ ਲਗਿ।"
– ਸਮੁ ੫, ੧੦*:੩ (1389)

(2) ਬਰਦਾਸ਼ਤ ਕਰਨਾ, ਝਲਣਾ
"ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਓ।"
– ਸਵ ੫, ਕਲ ੮:੫ (1408)

ਹੋਰ ਰੂਪ:

ਜਰਿਆ –
“ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ।”
– ਸਾਰ ੫, ੯, ੪:੨ (1205)
“ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ।” (ਤਿੰਨੇ ਤਲੀਆਂ ਭਾਵ ਤਿੰਨੇ ਢੁਕਦੀਆਂ ਹਨ)
(ਤਿੰਨਾਂ ਲੋਕਾਂ ਦਾ ਭਾਰ ਸਹਾਰਿਆ ਹੋਇਆ ਹੈ– ‘ਨਿਰਣੈ’
ਤਿੰਨੇ ਤਾਪ ਸਾੜ ਦਿਤੇ ਹਨ – ‘ਦਰਪਣ’
– ਗੂਜ ਨਾਮ, ੨, ੩:੨ (525)

ਜਰੀ ------ (1) ਸੜੀ
“ਲਕਰੀ ਬਿਖਰਿ ਜਰੀ ਮੰਝ ਭਾਰਿ।”
– ਰਾਮ ੧, ੧੧, ੨:੪ (879)
(2) ਝਲਣਾ, ਸਹਾਰਨਾ
“ਬਰਧਮਾਨ ਹੋਵਤ ਦਿਨ, ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ।”
– ਸਮੁ ੫, ੩*:੪ (1387)

ਹੋਰ ਰੂਪ:

ਜਰੀਆ –
“ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ।” (ਝਲੀਦੀ ਹੈ)
– ਆਸਾ ੪, ਛੰਤ ੧੫, ੨:੨ (449)

ਜਰੀਆ ---- (1) ਝਲਦਾ, ਵੇਖੋ ‘ਜਰੀ’ (2)
(2) ਬੁਢਾਪਾ
“ਨਹ ਮਰੀਆ ਨਹ ਜਰੀਆ।”
– ਸੂਹੀ ੫, ੪੪, ੧:੫ (746)
(3) ਸੜਨਾ
“ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮ ਮਦ ਮਾਤ ਕੋਪ ਜਰੀਆ।”
– ਕਾਨ ੫, ੩੦, ੨:੧ (1303)

ਹੋਰ ਰੂਪ:

ਜਰੀਐ –
“ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ।” (ਸੜੀਦਾ ਹੈ)
– ਸੋਰ ਕਬ, ੨, ੧:੧ (654)

ਜਰੀਨਾ ----- ਦੌਲਤ (ਸ਼ਬਦਾਰਥ); ਸੋਨੇ ਦੀ ਮੋਹਰ, ਅਸ਼ਰਫੀ (ਮਹਾਨਕੋਸ਼)
“ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ।”
– ਸਾਰ ੫, ੫੬, ੨:੧ (1215)

ਜਰੁ ------- (1) ਬੁਢੇਪਾ
“ਓੜਕੁ ਆਇਆ ਤਿਨ ਸਾਹਿਆ ਵਣਜਾਰਿਆ ਮਿਤ੍ਰਾ ਜਰੁ ਜਰਵਾਣਾ ਕੰਨਿ।”
– ਸਿਰੀ ੧, ਪਹ ੨, ੫:੧ (76)

(2) ਦੌਲਤ, ਧਨ

"ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ।"

– ਆਸਾ ੧, ਅਸ ੧੨, ੧*:੨ (417)

ਜਰੂਆ ----- ਬੁਢੇਪਾ

"ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ।"

– ਸਿਰੀ ੧, ਪਹ ੨, ੩:੨ (75)

ਜਰੂਰਤਿ ---- (1) ਲੋੜਵੰਦੇ ਹੋ ਕੇ

"ਕਾਹੂ ਬਿਹਾਵੈ ਸੇਵਾ ਜਰੂਰਤਿ।"

– ਰਾਮ ੫, ਅਸ ੩, ੭:੨ (914)

(2) (ਅ   ਜਰੂਰਤ) ਆਵਸ਼ਕਤਾ, ਲੋੜ

"ਜੈਸਾ ਕਰੈ ਕਹਾਵੈ ਤੈਸਾ ਐਸੀ ਬਨੀ ਜਰੂਰਤਿ।"

– ਸਾਰ ੪, ਵਾਰ ੨੦ਸ, ੨, ੨:੧ (1245)

ਜਰੇ ------- (1) ਸੜਦੇ

"ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ।"

– ਮਾਝ ੫, ਬਾਰਾ ੧੪:੪ (136)

"ਬਿਨੁ ਗੁਰ ਬਾਦਿ ਜੀਵਣੁ ਹੋਰੁ ਮਰਣਾ ਬਿਨੁ ਗੁਰ ਸਬਦੈ ਜਨਮੁ ਜਰੇ।" (ਸੜਦਾ ਭਾਵ ਜਾਇਆ ਜਾਂਦਾ ਹੈ)

– ਮਾਰੂ ੧, ਅਸ ੮, ੯:੨ (1014)

ਹੋਰ ਰੂਪ:

ਜਰੈ –

"ਕਾ ਕੋ ਜਰੈ ਕਾਹਿ ਹੋਇ ਹਾਨਿ।"

– ਗਉ ਕਬ, ੩੩, ੨:੧ (329)

(2) ਜੜੇ, ਲਗੇ

"ਭ੍ਰਮਤ ਬਿਆਪਤ ਜਰੇ ਕਿਵਾਰਾ।"

– ਸੂਹੀ ੫, ਅਸ ੧, ੪:੧ (759)

(3) ਬਲੇ, ਜਲੇ

"ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ।"

– ਰਾਮ ੫, ੭, ੩:੧ (884)

ਜਰੈ ------- (1) ਸੜੇ, ਵੇਖੋ 'ਜਰੇ' (1)

"ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ।" (ਸੜਦਾ ਹੈ)

– ਮਾਰੂ ੧, ਅਸ ੧੧, ੬:੨ (1016)

(2) ਸਹਾਰਦਾ ਹੈ, ਬਰਦਾਸ਼ਤ ਕਰਦਾ ਹੈ

"ਜਿਸਹਿ ਜਰਾਏ ਆਪਿ ਸੋਈ ਅਜਰੁ ਜਰੈ।"

– ਰਾਮ ੫, ਵਾਰ ੩:੭ (958)

ਜਲ ------- (1) ਪਾਣੀ)

"ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।"

– ਸਿਰੀ ੧, ੧੫, ੩:੨ (19)

"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।"
– ਸਿਰੀ ੧, ਅਸ ੧੧, ੧:੧ (59)

"ਜਹਾ ਜਾਈਐ ਤਹ ਜਲ ਪਖਾਨ।" (ਭਾਵ ਤੀਰਥ)
– ਬਸੰ ਰਾਮਾ, ੧, ੨:੧ (1195)

ਹੋਰ ਰੂਪ:

ਜਲੰ –
"ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।"
– ਜੈਤ ੫, ਵਾਰ ੧੨ਸ, ੫, ੧:੧ (708)

(2) ਸ਼ਮੁੰਦਰੀ ਭਾਗ
"ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ।"
– ਮਾਝ ੫, ੩੯, ੩:੩ (106)

"ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ।"
– ਗਉ ੫, ਵਾਰ ੧੭ਸ ੫, ੨:੧ (322)

"ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ।"
– ਸਾਰ ਕਬ, ੨, ੨:੧ (1252)

(3) ਸਮੁੰਦਰ (ਭਾਵ)
"ਜਲ ਭੀਤਰਿ ਕੁੰਭ ਸਮਾਨਿਆ।"
– ਸੋਰ ਨਾਮ, ੩, ੩:੧ (657)

"ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।"
– ਰਾਮ ੫, ਰੁਤੀ, ੪:੨ (928)

(4) ਭਾਵ ਹਰੀ, ਪੈਦਾ ਕਰ ਪ੍ਰਫੁਲਤ ਕਰਨ ਵਾਲੀ ਸ਼ਕਤੀ ਵੇਖੋ 'ਜਲੁ (5)
"ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਹੋਇ।"
– ਮਲਾ ੧, ਵਾਰ ੧੧ਸ, ੩, ੨:੪ (1283)

ਜਲਉ ----- ਸੜਨ, ਸੜ ਜਾਣ
"ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ।"
– ਸਿਰੀ ੧, ਅਸ ੨, ੭:੨ (54)

ਜਲਹਰ ----- ਬਦਲ, ਜਲ ਲੈ ਜਾਣ ਵਾਲਾ
"ਤਿਨ੍ਹ ਤਰਿਓ ਸਮੁਦ੍ਰੁ ਰੁਦ੍ਰੁ ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ।"
– ਸਵ ੪, ਗਯੰ ੫:੨ (1402)

ਹੋਰ ਰੂਪ:

ਜਲਹਰੁ –
"ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ।" (ਬਦਲ)
– ਮਲਾ ੧, ਵਾਰ ੪ਸ, ੨, ੨:੧ (1280)

ਜਲਹਿ ----- (1) ਸੜਨਾ
"ਗਰਬਿ ਅਟੀਆ ਤ੍ਰਿਸਨਾ ਜਲਹਿ ਦੁਖੁ ਪਾਵਹਿ ਦੂਜੈ ਭਾਇ।"
– ਸਿਰੀ ੩, ੬੧, ੨:੨ (38)

"ਹਰਿ ਸਿਮਰਤ ਤੂ ਨਾ ਜਲਹਿ ਮਨਿ ਤਨਿ ਉਰ ਧਾਰਿ।" (ਸੜਦਾ)

– ਜੈਤ ੫, ਵਾਰ ੨:੩ (706)

(2) ਜਲ (ਪਾਣੀ) ਵਿਚ/ਅੰਦਰ
"ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ।"
– ਸਿਰੀ ੪, ੬੮, ੪:੩ (41)

(3) ਜਲ ਹੀ
"ਜਲ ਮਹਿ ਰਹਉ ਜਲਹਿ ਬਿਨੁ ਖੀਨੁ।"
– ਗਉ ਕਬ, ੨, ੧:੨ (323)

(4) ਜਲ ਦਾ
"ਜਿਉ ਦੂਧ ਜਲਹਿ ਸੰਜੋਗੁ।"
– ਬਿਲਾ ੫, ਅਸ ੨, ੭:੩ (838)

ਜਲਹੀਨ ---- ਪਾਣੀ ਤੋਂ ਬਿਨਾਂ
"ਮੀਨਾ ਜਲਹੀਨ ਮੀਨਾ ਜਲਹੀਨ ਹੇ ਓਹੁ ਬਿਛੁਰਤ ਮਨ ਤਨ ਖੀਨ ਹੇ ਕਤ ਜੀਵਨੁ ਪ੍ਰਿਅ ਬਿਨੁ ਹੋਤ।"
– ਆਸਾ ੫, ਛੰਤ ੧੪, ੨:੧ (462)

ਜਲਹੁ ------ ਸੜਦਾ ਹੈ
"ਅੰਤ ਕਾਲਿ ਭਜਿ ਜਾਹਿਗੇ ਕਾਹੇ ਜਲਹੁ ਕਰੋਧੀ।"
– ਬਿਲਾ ੫, ੩੬, ੩:੨ (809)

ਜਲਣਿ ----- ਸਾੜਾ, ਈਰਖਾ ਤਪਸ਼
"ਜਲਣਿ ਬੁਝੀ ਸੀਤਲ ਭਏ ਮਨਿ ਤਨਿ ਉਪਜੀ ਸਾਂਤਿ।"
– ਰਾਮ ੫, ਰੁਤੀ ੬, ੧ਸ:੧ (929)

ਜਲਤ ------ (1) ਸੜਦੇ, ਜਲਦੇ
"ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ।"
– ਆਸਾ ਧੰਨਾ ੧, ੨:੧ (487)

ਹੋਰ ਰੂਪ:

ਜਲੰਤ –
"ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇ ਦੀਪੵ ਬੈਸ੍ਵਾਂਤਰਹ।"
– ਸਸ ੫, ੧੭:੧ (1355)

(2) ਸੜਦੇ, ਕ੍ਰਿਝਦੇ, ਦੁਖੀ ਹੁੰਦੇ
"ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ।"
– ਸੋਰ ੪, ਵਾਰ ੧੨ਸ, ੩, ੨:੬ (647)

ਹੋਰ ਰੂਪ:

ਜਲੰਤ –
"ਮਿਤ੍ਰ ਪੁਤ੍ਰ ਕਲਤ੍ਰ ਸੁਰਿ ਰਿਦ ਤੀਨਿ ਤਾਪ ਜਲੰਤ।"
– ਗੁਜ ੪, ੩੦, ੪:੧ (502)

ਜਲਤਉ ---- ਸੜ ਰਿਹਾ/ਦੁਖੀ ਹੋ ਰਿਹਾ ਹਾਂ
"ਤ੍ਰਾਹਿ ਤ੍ਰਾਹਿ ਕਰਿ ਸਰਨੀ ਆਏ ਜਲਤਉ ਕਿਰਪਾ ਕੀਜੈ।"

– ਮਲਾ ੫, ੧੭, ੨:੧ (1270)

ਜਲਤਰੰਗ --- ਪਾਣੀ ਦੀਆਂ ਲਹਿਰਾਂ
"ਜਲਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ।"
– ਆਸਾ ਨਾਮ, ੧, ੨:੧ (485)

ਜਲਤਾ ----- ਸੜਦਾ, ਦੁਖੀ ਹੁੰਦਾ
"ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ।"
– ਸਿਰੀ ੫, ੨੫, ੬:੧ (70)
"ਦੂਜੈ ਭਾਇ ਬਹੁਤੁ ਦੁਖੁ ਲਾਗਾ ਜਲਤਾ ਕਰੇ ਪੁਕਾਰ।"
– ਵਡ ੪, ਵਾਰ ੨੧ਸ, ੩, ੨:੨ (594)
"ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ।"
(ਤਪਨਾ, ਗਰਮ ਹੋਣਾ)
– ਗੋਂਡ ੪, ੩, ੧:੨ (860)

ਜਲਤੀ ----- (1) ਬਲਦੀ
"ਸੀਤਲ ਸਾਂਤਿ ਸੁਖ ਹਰਿ ਸਰਣੀ ਜਲਤੀ ਅਗਨਿ ਨਿਵਾਰੇ।"
– ਗਉ ੫, ੧੩੮*, ੧:੩ (210)
(2) ਸੜਦੀ
"ਲਖ ਚਉਰਾਸੀ ਮੇਦਨੀ ਤਿਸਨਾ ਜਲਤੀ ਕਰੇ ਪੁਕਾਰ।"
– ਸਲੋ ੩, ੨੮:੧ (1416)

ਹੋਰ ਰੂਪ:

ਜਲਤੁ –
"ਤਾਮਸਿ ਲਗਾ ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ।" (ਸੜਦਿਆਂ)
– ਬਿਹਾ ੪, ਵਾਰ ੧੫ਸ, ੩, ੧:੩ (554)

ਜਲਤੇ –
"ਕਰਿ ਕਿਰਪਾ ਕਰਿ ਲੀਨੋ ਅਪੁਨਾ ਜਲਤੇ ਸੀਤਲ ਹੋਣੀ।" (ਸੜਦੇ)
– ਦੇਵ ੫, ੯, ੧:੨ (530)
"ਘਰ ਜਲਤੇ ਕੀ ਖਬਰਿ ਨ ਪਾਈ।"
– ਮਾਰੂ ੩, ਸੋਲਾ ੩, ੫:੨ (1046)

ਜਲਤੋ –
"ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ।"
– ਗਉ ੫, ੧੬੨*, ੩:੨ (215)

ਜਲਤੌ –
"ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ।"
– ਸਾਰ ੫, ੭੫, ੧:੧ (1219)

ਜਲਥਲਿ ---- ਪਾਣੀ ਤੇ, ਧਰਤੀ ਭਾਵ ਸਮੁੰਦਰ ਤੇ ਧਰਤੀ
"ਆਪੇ ਜਲਥਲਿ ਸਭਤੁ ਹੈ ਪਿਆਰਾ ਪ੍ਰਭੁ ਆਪੇ ਕਰੇ ਸੁ ਹੋਇ।"
– ਸੋਰ ੪, ੨, ੨:੧ (605)

ਜਲੰਦਾ ----- ਸੜਦਾ, ਦੁਖੀ ਹੁੰਦਾ

“ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ।”
– ਆਸਾ ੩, ਅਸ ੨੬, ੧*:੨ (424)

ਜਲਦੀ ----- (1) ਸੜਦੀ
“ਤ੍ਰਿਸਨਾ ਕਦੇ ਨ ਚੁਕਈ ਜਲਦੀ ਕਰੇ ਪੁਕਾਰ।”
– ਸਿਰੀ ੪, ਵਾਰ ੧੭ਸ, ੩, ੧:੩ (89)
“ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।”
– ਆਸਾ ੧, ਵਾਰ ੬ਸ, ੧, ੨:੨ (466)
(2) ਦੁਖੀ ਹੁੰਦੀ, ਕ੍ਰਿਝਦੀ, ਕੁੜਦੀ
“ਅਨਦਿਨੁ ਜਲਦੀ ਫਿਰੈ ਦਿਨੁ ਰਾਤੀ ਬਿਨੁ ਪਿਰ ਬਹੁ ਦੁਖੁ ਪਾਵਣਿਆ।”
– ਮਾਝ ੩, ਅਸ ੫, ੨:੩ (112)

ਹੋਰ ਰੂਪ:

ਜਲਦੀਆ –
“ਅਨਦਿਨੁ ਸਦਾ ਜਲਦੀਆ ਫਿਰਹਿ ਸੇਜੈ ਰਵੈ ਨ ਭਤਾਰੁ।”
– ਅਸ ੩, ਅਸ ੩੭, ੫:੨ (430)

ਜਲਧਰਾ ---- ਜਲ ਦੀ ਧਾਰਾ ਇਥੇ ਭਾਵ ਸ੍ਵਾਂਤ ਬੂੰਦ
“ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ।”
– ਧਨਾ ਨਾਮ, ੩, ੪:੧ (693)

ਹੋਰ ਰੂਪ:

ਜਲਧਾਰਾ –
“ਸਾਰਿੰਗ ਪ੍ਰੀਤਿ ਬਸੈ ਜਲ ਧਾਰਾ।” (ਲਗਾਤਾਰ ਮੀਂਹ)
– ਗਉ ੪, ੪੧, ੩:੧ (164)

ਜਲਧਾਰਾ ---- (1) ਜਲ ਦੀ ਧਾਰਾ ਭਾਵ ਲਗਾਤਾਰ ਮੀਂਹ, ਵੇਖੋ ‘ਜਲਧਰਾ’
(2) ਰਾਗ ਮੇਘ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਦੇ ਸੱਤ ਹਨ:
“ਬੈਰਾਧਰ, ਗਜਧਰ, ਕੇਦਾਰਾ, ਜਬਲੀਧਰ, ਨਟ, ਸੰਕਰ ਤੇ ਸਿਆਮਾ।”
“ਜਬਲੀਧਰ ਨਟ ਅਉ ਜਲਧਾਰਾ।”
– ਰਾਗ ੧:੫੬ (1430)

ਜਲਧਿ ----- ਜਲਧਾਰਨ ਵਾਲਾ, ਸਮੁੰਦਰ
“ਬੇਢੀ ਕੇ ਗੁਣ ਸਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ।”
– ਸੋਰ ਨਾਮ, ੨, ੪:੧ (657)

ਜਲਨ ------ ਜਲਾਂ ਵਿਚ, ਪਾਣੀਆਂ ਵਿਚ
“ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ।”
– ਰਾਮ ੫, ੫੯, ੧*:੨ (901)

ਜਲਨਿ ----- (1) ਤਪਸ਼, ਜਲਣ (ਵਿਛੋੜੇ ਦੀ)
“ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ।”
– ਮਾਝ ੫, ੩੦, ੧:੩ (103)
“ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ।”

– ਸੋਰ ਭੀਖ, ੧, ੨:੧ (659)

(2) ਸੜਨ

“ਸੰਸਾਰ ਸਾਗਰ ਮਹਿ ਜਲਨਿ ਨ ਦੀਨੇ ਕਿਨੈ ਨ ਦੁਤਰੁ ਭਾਖੇ।”

– ਧਨਾ ੫, ੨੬, ੧:੨ (677)

ਹੋਰ ਰੂਪ:

ਜਲੰਨਿ੍ –

“ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍।”

– ਸੂਹੀ ੩, ਵਾਰ ੬ਸ, ੩, ੧:੧ (787)

ਜਲਨਿਧਿ --- (1) ਪਾਣੀ ਦਾ ਖਜ਼ਾਨਾ/ਭੰਡਾਰ, ਸਮੁੰਦਰ

“ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ।”

– ਮਾਝ ੪, ੩, ੪:੩ (95)

(2) ਜਲ ਦੇ ਖਜਾਨੇ ਭਾਵ ਅੰਮ੍ਰਿਤ ਨਾਮ

“ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ।”

– ਸੋਰ ੧, ੯, ੧:੧ (598)

(3) ਭਾਵ ਸਰਵ-ਵਿਆਪੀ ਹਰਿ

“ਚਾਰਿ ਕੁੰਟ ਦਹ ਦਿਸਿ ਜਲ ਨਿਧਿ ਊਨ ਥਾਉ ਨ ਕੇਹੁ।”

– ਸਾਰ ੫, ੧੧੪, ੧:੧ (1226)

ਜਲਨੁ ------ ਸੜ ਜਾਣ, ਸੜਨ

“ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ।”

– ਵਡ ੧, ੩, ੧:੮ (558)

ਜਲਮੀਨ ---- ਪਾਣੀ ਦੀ ਮੱਛੀ

“ਜਿਉ ਜਲਮੀਨ ਜਲੰ ਜਲ ਪ੍ਰੀਤਿ ਹੈ ਖਿਨੁ ਜਲ ਬਿਨੁ ਫੂਟਿ ਮਰੀਜੈ।”

– ਕਲਿ ੪, ਅਸ ੩, ੫:੨ (1325)

ਜਲਾ ------ (1) ਜਲ ਦਾ ਬਹੁ-ਵਚਨ

“ਅਨਿਕ ਜਲਾ ਜੇ ਧੋਵੈ ਦੇਹੀ।”

– ਗਉ ੫, ੧੬੯, ੨:੧ (200)

(2) ਅਗਨੀ ਦੀ ਲਾਟ (ਕੇਵਲ ਮਹਾਨਕੋਸ਼)

“ਜੈਸੇ ਮੈਲੁ ਨ ਲਾਗੈ ਜਲਾ।”

– ਗਉ ੫, ਸੁਖ ੮, ੨:੨ (272)

(ਬਾਕੀ ਸਾਰੇ ਇਥੇ ਵੀ ‘ਜਲਾ’ ਦੇ ਅਰਥ ‘ਪਾਣੀ’ ਹੀ ਕਰਦੇ ਹਨ)

(3) ਸਮੁੰਦਰਾਂ

“ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ।”

– ਮਾਰੂ ੫, ਵਾਰ ੨੧ਸ, ੫, ੩:੧ (1101)

ਜਲਾਇ ----- (1) ਸਾੜ, ਬਾਲ

“ਧੰਧਾ ਸਭ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ।”

– ਸਿਰੀ ੫, ੭੫, ੧:੨ (43)

“ਆਸਾ ਮਨਸਾ ਜਲਾਇ ਤੂ ਹੋਇ ਰਹੁ ਮਿਹਮਾਣੁ।” (ਭਾਵ ਖਤਮ ਕਰ)

– ਸੋਰ ੪, ਵਾਰ ੧੧ਸ ੩, ੧:੪ (646)

ਹੋਰ ਰੂਪ:

ਜਲਾਇਆ –
“ਮਾਇਆ ਮੋਹੁ ਸਬਦਿ ਜਲਾਇਆ।”
– ਮਾਝ ੩, ਅਸ ੧੮, ੪:੨ (120)

(2) ਦੁਖੀ ਹੋਣਾ
“ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ।”
– ਸਿਰੀ ੩, ਅਸ ੨੩, ੫:੨ (68)

ਜਲਾਇਆ --- (1) ਸਾੜਿਆ, ਵੇਖੋ ‘ਜਲਾਇ’ (1)

ਹੋਰ ਰੂਪ:

ਜਲਾਈ –
“ਜਹਾ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ।”
– ਗਉ ੩, ਅਸ ੨੮, ੨:੩ (160)

ਜਲਾਈਅਲੇ –
“ਕਾਲ ਕੇ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ।”
– ਰਾਮ ੧, ਸਿਗੋ ੨੧:੩ (940)

ਜਲਾਈਐ –
“ਖੋਟੇ ਨਦਰਿ ਨ ਆਵਨੀ ਲੇ ਅਗਨਿ ਜਲਾਈਐ।”
– ਆਸਾ ੧, ਅਸ ੨੦, ੫:੨ (421)

ਜਲਾਏ –
“ਦੂਜਾ ਭਰਮੁ ਗੁਰ ਸਬਦਿ ਜਲਾਏ।”
– ਮਾਝ ੩, ਅਸ ੧੦, ੬:੨ (115)

(2) ਬਾਲਿਆ, ਜਗਾਇਆ
“ਦੀਪਕੁ ਸਹਜਿ ਬਲੈ ਤਤਿ ਜਲਾਇਆ।”
– ਤੁਖਾ ੧, ਬਾਰਾ ੧੨:੨ (1109)

ਹੋਰ ਰੂਪ:

ਜਲਾਈਐ –
“ਸਚੁ ਬੂਝਣੁ ਆਣਿ ਜਲਾਈਐ।” (ਬਾਲੀਏ)
– ਸਿਰੀ ੧, ੩੩, ੨:੩ (25)

ਜਲਾਏ –
“ਅੰਧਿਆਰੈ ਦੀਪਕ ਆਨਿ ਜਲਾਏ ਗੁਰ ਗਿਆਨਿ ਗੁਰੂ ਲਿਵ ਲਾਗੇ।” (ਬਾਲੇ, ਜਗਾਏ)
– ਗਉ ੧, ਅਸ ੩, ੬:੨ (222)

ਜਲਾਹਿ ----- ਸਾੜਦੀਆਂ ਹਨ
“ਕੰਤਾ ਨਾਲਿ ਮਹੇਲੀਆ ਸੇਤੀ ਅਗਿ ਜਲਾਹਿ।”
– ਸੂਹੀ ੩, ਵਾਰ ੬ਸ, ੩, ੩:੧ (787)

ਜਲਾਵਹਿ ---- ਬਾਲਦੇ

“ਇਕਿ ਅਗਨਿ ਜਲਾਵਹਿ ਦੇਹ ਖਪਾਵਹਿ।”

– ਮਾਰੂ ੧, ਸੋਲਾ ੫, ੧੪:੨ (1025)

ਜਲਾਵਣਿਆ – ਸਾੜਨਾ

“ਹਉ ਵਾਰੀ ਜੀਉ ਵਾਰੀ ਮਾਇਆ ਮੋਹੁ ਸਬਦਿ ਜਲਾਵਣਿਆ।”

– ਮਾਝ ੩, ਅਸ ੩੩, ੧*:੧ (129)

ਜਲਾਵਣੀ --- ਸਾੜਨ ਯੋਗ

“ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ।”

– ਸਿਰੀ ੧, ਅਸ ੧੦, ੫:੨ (59)

ਜਲਾਵੈ ----- ਸਾੜੇ

“ਹਉਮੈ ਦੂਜਾ ਸਬਦਿ ਜਲਾਵੈ।”

– ਗਉ ੩, ਅਸ ੪, ੫:੨ (231)

ਜਲਿ ------ (1) ਸੜ, ਦਗਧ

“ਹਰਿ ਬਿਨੁ ਜੀਉ ਜਲਿ ਬਲਿ ਜਾਉ।”

– ਸਿਰੀ ੧, ੧, ੧*:੧ (14)

(ਮਹਾਨਕੋਸ਼ ਇਥੇ ‘ਜਲਿ’ ਦੇ ਅਰਥ ‘ਜ੍ਵਾਲਾ’ ਅਥਵਾ ‘ਅਗਨੀ’ ਕਰਦਾ ਹੈ)

(2) ਜਲਨ, ਅੱਗ, ਤ੍ਰਿਸ਼ਨਾ ਰੂਪੀ ਅੱਗ

“ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ।”

– ਸਿਰੀ ੧, ੧੮, ੧*:੨ (20)

(3) ਪਾਣੀ

“ਜਿਉ ਅਗਨਿ ਮਰੈ ਜਲਿ ਪਾਈਐ ਤਿਉ ਤ੍ਰਿਸਨਾ ਦਾਸਨਿ ਦਾਸਿ।”

– ਸਿਰੀ ੧, ੨੧, ੨:੨ (22)

(4) ਜਲ ਵਿਚ, ਜਲ ਵਾਲੇ ਭਾਗ ਵਿਚ

“ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ।”

– ਸਿਰੀ ੫, ੮੭, ੨:੨ (48)

“ਤੁਧੁ ਭਾਵੈ ਤਾ ਵਾਵਹਿ ਗਾਵਹਿ ਤੁਧੁ ਭਾਵੈ ਜਲਿ ਨਾਵਹਿ।” (ਜਲ ਵਿਚ)

– ਮਾਝ ੧, ਵਾਰ ੧੫ਸ, ੧, ੧:੧ (144)

(5) ਦੁਖੀ ਹੋ ਕੇ

“ਰੈਣਿ ਸਬਾਈ ਜਲਿ ਮੁਈ ਕੰਤ ਨ ਲਾਇਓ ਭਾਉ।”

– ਗੂਜ ੩, ਵਾਰ ੬ਸ, ੩, ੨:੧ (510)

“ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ।” (ਸੜ ਜਾਂਦਾ/ਦੁੱਖੀ ਹੋ ਜਾਂਦਾ ਹੈ)

– ਸੋਰ ੪, ਵਾਰ ੧੦:੨ (646)

(6) ਪਾਣੀ ਨਾਲ

“ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ।”

– ਵਡ ੧, ਅਲਾ ੩, ੬:੧ (580)

(7) ਜਲਦ, ਛੇਤੀ (ਕੇਵਲ ਮਹਾਨਕੋਸ਼)

“ਹਥੁ ਨ ਲਾਇ ਕੁਸੁੰਭੜੈ ਜਲਿ ਜਾਸੀ ਢੋਲਾ।” (ਇਹ ਰੰਗ ਛੇਤੀ ਮਿਟ ਜਾਣ ਵਾਲਾ ਹੈ) (ਬਾਕੀ ਸਾਰੇ ਸੜ ਜਾਣ ਦੇ ਅਰਥ ਕਰਦੇ ਹਨ)

– ਸੂਹੀ ਫਰ, ੨, ੧*:੧ (794)

ਜਲਿਓ ------ ਬਲਿਆ, ਜਗਿਆ
"ਮਨ ਮੰਦਰ ਮਹਿ ਦੀਪਕੁ ਜਲਿਓ।"
- ਗਉ ੫, ਅਸ ੧, ੭:੨ (235)

ਜਲਿਓਹੁ ---- ਸੜਿਆ ਹੋਇਆ
"ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ।"
- ਆਸਾ ੩, ਪਟੀ ੯:੧ (435)

ਜਲਿਆ ---- ਸੜਿਆ ਭਾਵ ਦੁਖੀ ਹੋਇਆ
"ਆਪਣੈ ਅਹੰਕਾਰਿ ਜਗਤੁ ਜਲਿਆ ਮਤ ਤੂੰ ਆਪਣਾ ਆਪੁ ਗਵਾਵਹੇ।"
- ਆਸਾ ੩, ਛੰਤ ੭, ੭:੪ (441)

ਜਲਿਐ ------ ਸੜੇ ਹੋਏ ਨੇ
"ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ।"
- ਸੂਹੀ ੩, ਵਾਰ ੧੧ਸ, ੧, ੧:੧ (789)

ਜਲਿਥਲੇ ---- ਪਾਣੀ ਤੇ ਧਰਤੀ ਉਤੇ
"ਜਲਿ ਥਲੇ ਰਾਮ ਨਾਮੁ।"
- ਬਿਲਾ ੪, ੭, ੧*:੪ (801)

ਜਲਿਬਲਿ --- (1) ਜ੍ਵਾਲਾ (ਅਗਨੀ) ਦੀ ਬਲੀ (ਭੇਟਾ) (ਕੇਵਲ ਮਹਾਨਕੋਸ਼)
"ਹਰਿ ਬਿਨੁ ਜੀਉ ਜਲਿ ਬਲਿ ਜਾਉ।"
- ਸਿਰੀ ੧, ੧, ੧*:੧ (14)

(2) ਸੜ ਮਚ ਕੇ
"ਅੰਕ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ।"
- ਸਿਰੀ ੧, ਅਸ ੨, ੭:੨ (54)

"ਬਿਨੁ ਗੁਰ ਸਬਦੈ ਜਲਿ ਬਲਿ ਤਾਤਾ।"
- ਰਾਮ ੧, ਸਿਗੋ ੬੨:੨ (945)

ਜਲੀ ------ ਸੜੀ
"ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ।"
- ਸਿਰੀ ੧, ਅਸ ੫, ੪:੨ (56)

ਜਲੀਆ ---- ਸੜ ਗਈਆਂ ਭਾਵ ਮੁਕ ਗਈਆਂ, ਨਾਕਾਮ ਹੋ ਗਈਆਂ
"ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ।"
- ਸਿਰੀ ੧, ੮, ੪:੨ (17)

ਜਲੀਈ ----- ਸੜੀਆਂ ਹੋਈਆਂ ਨੇ
"ਏਨੀ ਜਲੀਈ ਨਾਮੁ ਵਿਸਾਰਿਆ ਇਕ ਨ ਚਲੀਆ ਨਾਲਿ।"
- ਮਲਾ ੧, ਵਾਰ ੨੬ਸ, ੨, ੨:੨ (1290)

ਜਲੁ ------- (1) ਪਾਣੀ
"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।"
- ਸਿਰੀ ੧, ੧੫, ੩:੧ (19)

(2) ਜਲ ਵਾਲਾ ਭਾਗ ਭਾਵ ਸਮੁੰਦਰ

“ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ।”

– ਗੂਜ ੧, ਅਸ ੨, ੨:੨ (503)

(3) ਹੰਝੂ (ਭਾਵ)

“ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ।”

– ਵਡ ੧, ੩, ੧:੧੫ (558)

(4) ਸੜ

“ਦੁਰਜਨ ਤੂ ਜਲੁ ਭਾਹੜੀ ਵਿਛੋੜੇ ਮਰਿ ਜਾਹਿ।”

– ਮਾਰੂ ੫, ਵਾਰ ੨ਸ, ੫, ੨:੧ (1094)

(5) ਪ੍ਰਭੂ ਹਰਿ, ਪੈਦਾ ਕਰਕੇ ਪ੍ਰਫੁਲਤ ਕਰਨ ਵਾਲੀ ਮੂਲ ਤਾਕਤ ਭਾਵ ਚੇਤੰਨ ਹਰੀ; ਵੇਖੋ ‘ਜਲ’ (4)

“ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਹੋਇ।”

– ਮਲਾ ੧, ਵਾਰ ੧੧ਸ ੩, ੨:੪ (1283)

ਜਲੇ ------- (1) ਸੜੇ

“ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।”

– ਆਸਾ ੧, ਅਸ ੧੨, ੪:੨ (417)

(2) ਸੜ ਕੇ ਮੁਕ ਜਾਣ

“ਤੇਲ ਜਲੇ ਬਾਤੀ ਠਹਰਾਨੀ ਸੁੰਨਾ ਮੰਦਰੁ ਹੋਈ।”

– ਆਸਾ ਕਬ, ੬, ੧:੨ (477)

(3) ਮੁਕ ਗਏ, ਮਿਟ ਗਏ

“ਸਾਧ ਸੰਗਮਿ ਹਰਿ ਅਰਾਧੇ ਸਗਲ ਕਲਮਲ ਦੁਖ ਜਲੇ।”

– ਬਿਹਾ ੫, ਛੰਤ ੯, ੪:੩ (548)

ਜਲੇਤਾ ----- ਸੜਨ ਵਾਲੀ ਵਸਤ ਬਾਲਣ

“ਕਾਮੁ ਕ੍ਰੋਧੁ ਚੁਇ ਕੀਏ ਜਲੇਤਾ ਛੂਟਿ ਗਈ ਸੰਸਾਰੀ।”

– ਰਾਮ ਕਬ, ੨, ੨:੨ (969)

ਜਲੈ ------- (1) ਬਲਣਾ

“ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ।”

– ਸਿਰੀ ੧, ੧੬, ੨:੧ (20)

(2) ਜਗਨਾ

“ਬਿਨੁ ਤੇਲ ਦੀਵਾ ਕਿਉ ਜਲੈ।”

– ਸਿਰੀ ੧, ੩੩, ੧*:੧ (25)

(3) ਸੜੇ

“ਮਨਮੁਖ ਕਰਮ ਕਮਾਵਣੇ ਹਉਮੈ ਜਲੈ ਜਲਾਇ।”

– ਸਿਰੀ ੩, ਅਸ ੨੩, ੫:੨ (68)

(4) ਸੜਨਾ ਭਾਵ ਦੁਖੀ ਹੋਣਾ

“ਤਿਸਨਾ ਅਗਨਿ ਜਲੈ ਸੰਸਾਰਾ।”

– ਮਾਝ ੩, ਅਸ ੧੯, ੩:੧ (120)

(5) ਸੜਨ ਨਾਲ

“ਜਲੈ ਨ ਪਾਈਐ ਰਾਮ ਸਨੇਹੀ।”

– ਗਉ ੫, ੯੯, ੧*:੧ (185)

ਜਲੋ ------- ਪਾਣੀ
“ਨ ਸਪਤ ਦੀਪ ਨਹ ਜਲੋ।”
– ਮਾਝ ੧, ਵਾਰ ੧੩ਸ, ੧, ੪:੨ (144)

ਜਲ੍ ------- ‘ਜਾਲਪ’ ਭੱਟ (ਜਿਸ ਦੇ ਗੁਰੂ ਅਮਰਦਾਸ ਜੀ ਦੀ ਸਿਫਤ ਦੇ 5 ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ) ਦੇ ਕਾਵਿ ਉਪ ਨਾ
“ਤੈ ਲੋਭੁ ਕ੍ਰੋਧੁ ਤ੍ਰਿਸਨਾ ਤਜੀ ਸੁ ਮਤਿ ਜਲ੍ ਜਾਣੀ ਜੁਗਤਿ।”
– ਸਵ ੩, ੧੩:੫ (1394)

ਜਲ੍ਨ ------ ਪਾਣੀਆਂ ਦੇ
“ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲ੍ਨ ਤੀਰਿ ਬਿਪਾਸਿ ਬਨਾਯਉ।”
– ਸਵ ੪, ਕਲ ੧੦:੪ (1400)

ਜਵਾਈ ----- (ਸੰ. *ਵਾਥਾਗ*) ਦਾਮਾਦ, ਪੁਤਰੀ ਦਾ ਪਤੀ
“ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ।”
– ਆਸਾ ੪, ੫੪, ੧:੨ (366)

ਜਵਾਹਰ ---- (ਅ. ਜਵਾਹਰ) ਰਤਨ
“ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।”
– ਜਪੁ ੧, ੬:੩ (2)

ਜਵਾਲੁ ----- (ਅ. ਜਵਾਲ) ਗਿਰਾਉ
“ਖਉਫੁ ਨ ਖਤਾ ਨ ਤਰਸੁ ਜਵਾਲੁ।”
– ਗਉ ਰਵਿ, ੨, ੧:੪ (345)

ਜਵੇਹਰ ----- ਰਤਨ, ਵੇਖੋ ‘ਜਵਾਹਰ’
“ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ।”
– ਸਿਰੀ ੫, ੮੭, ੪:੧ (48)

ਜਵੇਹਰੀ ---- ਰਤਨਾਂ ਵਰਗੇ/ਵਾਂਗਰ
“ਹਰਿ ਧਨੁ ਰਤਨ ਜਵੇਹਰੀ ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ।”
– ਬਿਲਾ ੪, ਵਾਰ ੯:੧ (853)

ਜਵੇਹਰੁ ----- ਰਤਨ, ਵੇਖੋ ‘ਜਵਾਹਰ’
“ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ।”
– ਸਿਰੀ ੪, ੧੦, ੩:੧ (734)

ਜੜ ------- ਮੂਲ, ਬੂਟੇ ਦਾ ਉਹ ਭਾਗ ਜੋ ਧਰਤੀ ਵਿਚ ਹੁੰਦਾ ਹੈ
“ਦੁਲਭ ਦੇਹ ਖੋਈ ਅਗਿਆਨੀ ਜੜ ਅਪੁਣੀ ਆਪਿ ਉਪਾੜੀ ਜੀਉ।”
– ਮਾਝ ੫, ੩੭, ੩:੩ (105)

ਜੜਤੀ ----- ਜੜੀ ਹੋਈ
“ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।”

– ਸਿਰੀ ੧, ੧, ੨:੧ (14)

ਜੜੰਦੀਆਂ --- ਜੜੀਆਂ ਹੋਈਆਂ
"ਸੇਜੜੀਆਂ ਸੋਇੰਨ ਹੀਰੇ ਲਾਲ ਜੜੰਦੀਆ।"
– ਮਾਰੂ ੫, ਵਾਰ ੨੨ਸ, ੫, ੩:੨ (1102)

ਜੜਵਤ ----- ਜੜ+ਵਤ, ਜੜ੍ਹ ਵਸਤੂਆਂ ਵਾਂਗ
"ਆਈ ਮਸਟਿ ਜੜਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨ੍ਹਿਾ।"
– ਸਾਰ ੫, ੪, ੩:੨ (1203)

ਜੜਾ ------ ਜੜ੍ਹ ਭਾਵ ਮੂਰਖ
"ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ।"
– ਮਾਰੂ ੫, ਸੋਲਾ ੧੦, ੬:੩ (1081)

ਜੜਾਉ ----- ਜੜਿਆ ਹੋਇਆ
"ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ।" (ਜੜ੍ਹਿਆ ਹੋਇਆ)
– ਮਾਝ ੧, ਵਾਰ ੯ਸ, ੧, ੧:੩ (142)

ਜੜਾਈ ----- ਲਗਾਈ, ਜੜ ਦਿਤੀ
"ਸਗਲ ਬਨਸਪਤਿ ਆਣਿ ਜੜਾਈ।"
– ਆਸਾ ੫, ੫੬, ੩:੧ (385)

ਹੋਰ ਰੂਪ:

ਜੜਾਂਈ –
"ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ।" (ਜੜ/ਲਗਾਂ ਲਵਾਂ)
– ਸਲੋ ੫, ੨੧:੨ (1426)

ਜੜਾਵਾ ----- ਜੜਾਊ ਗਹਿਣਾ, ਉਹ ਭੂਸ਼ਨ ਜਿਸ ਵਿਚ ਕੁਝ ਜੜਿਆ (ਠੋਕ ਕੇ ਵਿਚ ਲਾਇਆ) ਹੋਵੇ
"ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ।"
– ਆਸਾ ੫, ੪੪, ੨:੧ (381)

ਜੜਾਵੀ ----- ਜੜਾਊ
"ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ।" (ਜੜੇ ਹੋਏ ਰਤਨਾਂ ਦਾ ਘਾਹ)
– ਗਉ ੫, ਵਾਰ ੧੭ਸ, ੫, ੧:੧ (322)

ਜੜਿ ------ (1) ਜੜੇ ਹੋਏ, ਲਗੇ ਹੋਏ
"ਜੜਿ ਹਰਿ ਹਰਿ ਨਾਮੁ ਰਤੰਨਾ ਰਾਮ।"
– ਵਡ ੪, ਘੋੜੀ ੨, ੨:੨ (576)

(2) ਬੰਦ ਕਰਨੇ, ਲਗਾਨੇ
"ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ।"
– ਮਾਰੂ ੧, ਸੋਲਾ ੧੩, ੨:੩ (1033)

ਜੜਿਓ ----- ਜੜ ਦਿਤੇ, ਲਾ ਦਿਤੇ
"ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ।"

– ਆਸਾ ੫, ੪੪, ੨:੧ (381)

ਜੜੀਅੰ ----- ਲਗਨਾ, ਜੁੜਨਾ

"ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ।"

– ਗਾਥਾ ੫, ੮:੧ (1360)

ਜੜੀਆਹ --- ਜੜੇ ਹੋਏ, ਲਗੇ ਹੋਏ (ਸਜਾਵਟ ਵਜੋਂ)

"ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ।"

– ਮਾਝ ੫, ਬਾਰਾ ੧੦:੭ (135)

ਜੜੀਏ ----- ਜੜਨ ਵਾਲੇ ਮਨੁੱਖ ਭਾਵ ਕਾਰੀਗਰ

"ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ।"

– ਆਸਾ ੫, ੪੪, ੨:੨ (381)

ਜੜੀਜੈ ----- ਜੜੋ, ਲਾਓ

"ਨਿਰਮਲ ਨਿਰਮਲ ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ।"

– ਕਲਿ ੪, ਅਸ ੪, ੫:੧ (1325)

ਜੜੇ ------- (1) ਲਗੇ ਹੋਏ

"ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।"

– ਰਾਮ ੧, ੩, ੨:੧ (877)

(2) ਬੰਦ ਕੀਤੇ ਹੋਏ

"ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ।"

– ਮਾਰੂ ੧, ਸੋਲਾ ੧੩, ੨:੩ (1033)

ਜਾ ------- (1) ਜਦੋਂ, ਜਿਸ ਵੇਲੇ

"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।"

– ਜਪੁ ੧, ੨੧:੧੪ (4)

ਹੋਰ ਰੂਪ:

ਜਾਂ –

"ਜਾਂ ਤਿਸੁ ਭਾਵੈ ਤਾ ਲਾਗੈ ਭਾਉ।"

– ਸਿਰੀ ਕਬ, ੧, ੩:੧ (92)

(2) ਜਿਸ

"ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ।"

– ਜਪੁ ੧, ੨੧:੧੭ (5)

"ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੇ ਨਾਇ ਵਾਸਾ।" (ਜਿਸ ਤੋਂ)

– ਧਨਾ ੧, ਸੋਹ ੩, ੪:੨ (13)

"ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ।" (ਜਿਸ ਲਈ)

– ਗਉ ੫, ਸੋਹ ੫, ੩:੧ (13)

ਹੋਰ ਰੂਪ:

ਜਾਂ –

“ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ।”
– ਰਾਮ ੯, ੧, ੨:੨ (902)

(3) ਜਦ ਕਿ
“ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।”
– ਗੂਜ ੫, ਸੋਦ ੫, ੧:੧ (10)

ਹੋਰ ਰੂਪ:

ਜਾਂ –
“ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲਿ।”
– ਸਿਰੀ ੪, ਵਾਰ ੨੦ਸ, ੧, ੧:੨ (91)
“ਜਾਂ ਆਪੇ ਵਰਤੈ ਏਕੋ ਸੋਈ।”
– ਭੈਰ ੩, ੪, ੧*:੨ (1128)

(4) ਜੇ ਕਰ, ਜੇ
“ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ।”
– ਸਿਰੀ ੧, ੫, ੨:੩ (16)

ਹੋਰ ਰੂਪ:

ਜਾਂ –
“ਜਾਂ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ।”
– ਗਉ ੪, ਵਾਰ ੧੦ਸ, ੪, ੨:੩ (305)

(5) ਜਦ ਤੱਕ
“ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ।”
– ਸਿਰੀ ੧, ੨੪, ੧*:੧ (23)

(6) ਕਿਉਂਕਿ, ਕਿਉਂ ਜੋ
“ਹਰਿ ਕੀ ਵਡਿਆਈ ਵਡੀ ਹੈ ਜਾ ਨਿਆਉ ਹੈ ਧਰਮ ਕਾ।”
– ਸਿਰੀ ੪, ਵਾਰ ੬:੨ (84)

(7) ਜਿਥੇ (ਸਥਾਨ) ਜਦੋਂ ਵੀ/ਸਮਾਂ)
“ਠਾਕੁਰ ਜਾ ਸਿਮਰਾ ਤੂੰ ਤਾਹੀ।” (ਜਿਥੇ/ਜਦੋਂ ਵੀ)
– ਗੂਜ ੫, ੧੯, ੧*:੧ (499)

ਹੋਰ ਰੂਪ:

ਜਾਂ –
“ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ।” (ਜਿਥੇ, ਜਿਸ ਥਾਂ)
– ਮਲਾ ੧, ਵਾਰ ੨੧ਸ, ੧, ੩:੨ (1287)

(8) ਜਿੰਨ੍ਹਾਂ –
“ਜਾ ਕਉ ਗੁਰਮੁਖਿ ਆਪਿ ਬੁਝਾਈ।” (ਜਿੰਨ੍ਹਾਂ ਨੂੰ)
– ਸੋਰ ਕਬ, ੪, ੩:੩ (655)
“ਜਾ ਕੈ ਕੀਆ ਸੂਮੁ ਕਰੈ ਤੇ ਬੈਰ ਬਿਰੋਧੀ।”
– ਬਿਲਾ ੫, ੩੬, ੩:੧ (809)

ਜਾਉ ------ (1) ਜਾਂਦਾ ਹਾਂ (ਸਹਾਇਕ ਕ੍ਰਿਆ ....)

"ਆਖਾ ਜੀਵਾ ਵਿਸਰੈ ਮਰਿ ਜਾਉ।"

– ਆਸਾ ੧, ਸੋਦ ੩, ੧:੧ (9)

"ਹਰਿ ਬਿਨੁ ਜੀਉ ਜਲਿ ਬਲਿ ਜਾਉ।" (ਜਾਂਦਾ ਹੈ)

– ਸਿਰੀ ੧, ੧, ੧*:੧ (14)

"ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।" (ਜਾਵਾਂ)

– ਸਿਰੀ ੧, ੨, ੨:੨ (14)

ਹੋਰ ਰੂਪ:

ਜਾਂਉ –

"ਬਲਿ ਬਲਿ ਜਾਂਉ ਹਉ ਬਲਿ ਬਲਿ ਜਾਂਉ।"

– ਤਿਲੰ ਨਾਮ, ੩, ੧*:੨ (727)

ਜਾਓ –

"ਸਾਚੁ ਕਹਉ ਅਰਦਾਸਿ ਹਮਾਰੀ ਹਉ ਸੰਤ ਜਨਾ ਬਲਿ ਜਾਓ।"

– ਰਾਮ ੧, ਸਿਗੋ ੨:੨ (938)

(2) ਜਾਣਾ, ਤੁਰ ਕੇ ਜਾਣਾ, ਫਾਸਲਾ (ਵਿੱਥ) ਤਹਿ ਕਰਕੇ ਪੁੱਜਣਾ, ਗਮਨ ਕਰਕੇ ਜਾਣਾ

"ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।"

– ਸਿਰੀ ੪, ੬੮, ੧:੧ (41)

"ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ।"

– ਸਿਰੀ ੧, ਅਸ ੧, ੫:੩ (53)

"ਭਰਮੇ ਭੂਲੇ ਆਵਉ ਜਾਉ।"

– ਗਉ ੩, ਅਸ ੧, ੧:੨ (229)

ਹੋਰ ਰੂਪ:

ਜਾਂਉ –

"ਜਹਾ ਪਠਾਵਉ ਜਾਂਉ ਤਤੀ ਰੀ।"

– ਸੂਹੀ ੫, ੧੦, ੨:੨ (739)

(3) ਗਮਨ, ਗਵਨ

"ਕਰਿ ਕਿਰਪਾ ਪ੍ਰਭੁ ਭੇਟਿਆ ਮਰਣੁ ਨ ਆਵਣੁ ਜਾਉ।"

– ਸਿਰੀ ੫, ੮੮, ੧:੪ (48)

(4) ਚਲੀਆਂ ਜਾਣ, ਦੂਰ ਹੋ ਜਾਣ (ਸ਼ਬਦਾਰਥ, ਮਹਾਨਕੋਸ਼); ਨਾਸ਼ਮਾਨ ਚਲੇ ਜਾਣ ਵਾਲੀਆਂ (ਕੋਸ਼)

"ਸੁਰਗੈ ਦੀਆ ਮੋਹਣੀਆ ਇਸਤਰੀਆਂ ਹੋਵਨਿ ਨਾਨਕ ਸਭੋ ਜਾਉ।"

– ਮਾਝ ੧, ਵਾਰ ੯ਸ, ੧, ੪:੨ (142)

"ਕਬੀਰ ਰਾਮੁ ਨ ਛੋਡੀਐ ਤਨੁ ਧਨੁ ਜਾਇ ਤਾ ਜਾਉ।" (ਚਲਾ ਜਾਏ)

– ਸਲੋ ਕਬ, ੧੦੨:੧ (1369)

ਜਾਇ ------ (1) ਜਾ ਸਕਦਾ

"ਥਾਪਿਆ ਨ ਜਾਇ ਕੀਤਾ ਨ ਹੋਇ।"

– ਜਪੁ ੧, ੫:੧ (2)

"ਕਥਨੁ ਨ ਜਾਇ ਅਕਥੁ ਸੁਆਮੀ ਸਦਕੇ ਜਾਇ ਨਾਨਕ ਵਾਰਿਆ।"

– ਸਿਰੀ ੫, ਛੰਤ ੩, ੫:੬ (81)

(2) ਜਾਵੇ (ਸਹਾਇਕ ਕ੍ਰਿਆ)

“ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।”

– ਜਪੁ ੧, ੫:੬ (2)

“ਨਾਨਕ ਗਇਆ ਜਾਪੈ ਜਾਇ।” (ਜਾਣਿਆ ਜਾਂਦਾ ਹੈ)

– ਜਪੁ ੧, ੩੪:੧੨ (7)

(3) ਜੰਮਦਾ, ਉਤਪਤਿ ਹੁੰਦਾ, ਹੋਰ ਵੇਖੋ ‘ਜਾਇਆ’ (1)

“ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।” (ਨਾ ਜਨਮੇਗਾ ਅਤੇ ਨਾ ਮਰੇਗਾ)

– ਜਪੁ ੧, ੨੭:੧੮ (6)

“ਜੀਵਣ ਮਰਣਾ ਜਾਇ ਕੈ ਏਥੈ ਖਾ ਜੈ ਕਾਲਿ।” (ਜਨਮ ਲੈ ਕੇ)

– ਸਿਰੀ ੧, ੩, ੨:੧ (15)

“ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ।” (ਜਨਮਦਾ)

– ਸਿਰੀ ੧, ਅਸ ੨, ੪:੨ (54)

(4) ਜਾਂਦਾ

“ਵਡਾ ਨ ਹੋਵੈ ਘਾਟਿ ਨ ਜਾਇ।”

– ਆਸਾ ੧, ਸੋਦ ੩, ੨:੪ (9)

(5) ਜਾ ਕੇ

“ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।”

– ਸਿਰੀ ੧, ੧੦, ੨:੧ (17)

“ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।”

– ਸਿਰੀ ੧, ੨੪, ੨:੧ (23)

(6) ਮਿਟੇ, ਦੂਰ ਹੋਇ

“ਮਨ ਰੇ ਸਚੁ ਮਿਲੈ ਭਉ ਜਾਇ।”

– ਸਿਰੀ ੧, ੧੧, ੧*:੧ (18)

“ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ।” (ਮਿਟੇ, ਦੂਰ ਹੋਏ)

– ਸਿਰੀ ੩, ੩੪, ੧*:੧ (26)

(7) ਚਲਾ ਜਾਣਾ

“ਸੰਜੋਗੀ ਮਿਲ ਏਕਸੇ ਵਿਜੋਗੀ ਉਠਿ ਜਾਇ।”

– ਸਿਰੀ ੧, ੧੧, ੩:੨ (18)

“ਸੁੰਵੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ।” (ਚਲਾ ਜਾਏ)

– ਸਿਰੀ ੧, ੧੪, ੧:੨ (19)

“ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ।”

– ਸਿਰੀ ੧, ੨੨, ੩:੩ (22)

“ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਇ ਜਾਇ।” (ਚਲੀ ਜਾਦੀ ਭਾਵ ਲੰਘ ਜਾਂਦੀ ਹੈ)

– ਸਿਰੀ ੩, ੭੦, ੧:੧ (41)

(8) ਥਾਂ, ਸਥਾਨ

“ਚਾਰੇ ਕੁੰਡਾ ਭਾਲੀਆ ਸਹ ਬਿਨੁ ਅਵਰੁ ਨ ਜਾਇ।”

– ਸਿਰੀ ੫, ੮੯, ੨:੩ (49)

“ਸਚੇ ਸੇਤੀ ਰਤਿਆ ਦਰਗਹ ਬੈਸਣੁ ਜਾਇ।” (ਬੈਠਣ ਦੀ ਥਾਂ ਮਿਲਦੀ ਹੈ)
– ਸਿਰੀ ੫, ੯੮, ੩:੨ (52)

ਜਾਇਓ ---- ਜਾਇਆ ਜਾਵੇ
“ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਿਰ ਕੈਠੈ ਜਾਇਓ।”
– ਗਉ ੫, ੧੨੩*, ੩:੨ (205)
(2) ਜਾਂਦਾ ਹੈ, ਹੋਰ ਵੇਖੋ ‘ਜਾਇਆ’ (2)
“ਖਿਨਹੂੰ ਰਸ ਭੋਗਨ ਖਿਨੰਹੂ ਖਿਨਹੂ ਤਜਿ ਜਾਇਓ।”
– ਆਸਾ ੫, ੧੫੬, ੧:੨ (409)

ਜਾਇਆ ---- (1) ਜਨਮਿਆ
“ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ।”
– ਸਿਰੀ ੪, ਛੰਤ ੧, ੨:੫ (78)
“ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ।” (ਪੈਦਾ ਕੀਤਾ ਹੋਇਆ, ਸੰਤਾਨ)
– ਗਉ ਕਬ, ੭, ੨:੧ (324)
(2) ਜਾਂਦਾ ਹੈ (ਸਹਾਇਕ ਕ੍ਰਿਆ)
“ਜਨ ਨਾਨਕੁ ਨਾਮੁ ਲਏ ਤਾਂ ਜੀਵੈ ਬਿਨੁ ਨਾਵੈ ਖਿਨੁ ਮਰਿ ਜਾਇਆ।”
– ਸਿਰੀ ੪, ਵਾਰ ੧੧ਸ, ੩, ੨:੬ (87)
(3) ਜਾਵੇ (ਸਕ੍ਰਮਿਕ) ਗਮਨ ਕਰੇ
“ਤਬ ਢੂੰਢਨ ਕਹਾ ਕੋ ਜਾਇਆ।”
– ਗਉ ੫, ੧੧੦, ੪:੨ (202)
“ਬਿਨਵੰਤ ਨਾਨਕ ਆਪਿ ਮਿਲਿਆ ਬਹੁੜਿ ਕਤਹੂ ਨ ਜਾਇਆ।” (ਗਿਆ)
– ਬਿਹਾ ੫, ਛੰਤ ੭, ੫:੬ (547)

ਹੋਰ ਰੂਪ:

ਜਾਇਆਥਾ –
“ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆਥਾ।”
– ਮਾਰੂ ੫, ੧੨, ੧:੨ (1002)
(4) ਜਨਮ ਦੇਣ ਵਾਲੀ, ਇਸਤਰੀ
“ਤਹ ਮਾਤ ਨ ਬੰਧੁ ਨ ਮੀਤ ਨ ਜਾਇਆ।”
– ਮਾਰੂ ੫, ੧੯, ੩:੧੦ (1005)
(5) ਦੂਰ ਹੋਣਾ, ਮਿਟਨਾ
“ਆਨਦ ਰੂਪ ਅਨੂਪ ਅਗੋਚਰ ਗੁਰ ਮਿਲਿਐ ਭਰਮੁ ਜਾਇਆ।”
– ਮਾਰੂ ੧, ਸੋਲਾ ੨੨, ੩:੩ (1042)

ਜਾਇਸਾ ---- ਜਾਵਾਂਗਾ
“ਭੁਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ।”
– ਧਨਾ ੧, ਛੰਤ ੨, ੫:੧ (689)

ਜਾਇਸਿ ---- ਜਾਂਦੀ, ਮਿਟਦੀ, ਦੂਰ ਹੁੰਦੀ
“ਮਨੁ ਨਹੀ ਧ੍ਰਾਪੈ ਤ੍ਰਿਸਨਾ ਨਾ ਜਾਇਸਿ।”
– ਆਸਾ ੫, ੧੧, ੩:੪ (373)

ਜਾਇਸੀ ---- ਜਾਵੇਗਾ, ਗਮਨ ਕਰੇਗਾ
“ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ।”
– ਸਿਰੀ ੧, ਅਸ ੧੬, ੭:੧ (64)

ਜਾਇਗਾ ---- (1) ਜਾਵੇਗਾ (ਸਹਾਇਕ ਕ੍ਰਿਆ)
“ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ।”
– ਸੂਹੀ ੪, ੧੧, ੩:੨ (734)

ਹੋਰ ਰੂਪ:

ਜਾਇਗੋ –
“ਬਿਨਸਿ ਜਾਇਗੋ ਸਗਲ ਆਕਾਰਾ।”
– ਗਉ ੫, ਅਸ ੪, ੫:੪ (237)

(2) ਭਾਵ ਨਿਭੇਗਾ
“ਨ ਇਹੁ ਤਨੁ ਜਾਇਗਾ ਨ ਜਾਹਿਗੇ ਖੰਭ।”
– ਮਲਾ ੧, ੯, ੪:੧ (1257)

ਜਾਇਗੋ ---- (1) ਜਾਵੇਗਾ, ਵੇਖੋ ਜਾਇਗਾ (1)
(2) ਮਿਟ ਜਾਵੇ ਗਾ, ਨਾਸ ਹੋ ਜਾਏਗਾ
“ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ।”
– ਸਾਰ ੫, ੬, ੧:੨ (1204)

ਜਾਇਣੁ ---- ਜਾਣਾ, ਗਵਨ
“ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ।”
– ਆਸਾ ੫, ਛੰਤ ੧੧, ੨:੬ (460)

ਜਾਇਥਾ ---- ਗਿਆ ਸੀ
“ਕਬੀਰ ਹਜ ਕਾਬੇ ਹਉ ਜਾਇਥਾ ਆਗੈ ਮਿਲਿਆ ਖੁਦਾਇ।”
– ਸਲੋ ਕਬ, ੧੯੭:੧ (1375)

ਜਾਇਦਾ ---- (1) ਜਾਂਦਾ ਭਾਵ ਮਰਦਾ
“ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ।”
– ਮਾਰੂ ੧, ਸੋਲਾ ੧੫, ੩:੩ (1035)

(2) ਜਾਂਦਾ/ਗਮਨ ਕਰਦਾ ਹੈ
“ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ।”
– ਮਾਰੂ ੫, ਸੋਲਾ ੫, ੬:੩ (1076)

ਜਾਇਬਾ ---- ਜਾਂਦਾ ਹੈ
“ਤੇ ਦੂਜੈ ਭਾਇ ਪਵਹਿ ਗ੍ਰਭ ਜੋਨੀ ਸਭੁ ਬਿਰਥਾ ਜਨਮੁ ਤਿਨ ਜਾਇਬਾ।”
– ਜੈਤ ੪, ੪, ੩:੨ (697)

ਜਾਇਬੇ ----- ਜਾਣ ਦੇ ਸਮੇਂ
“ਮਰਿ ਜਾਇਬੇ ਕਉ ਕਿਆ ਕਰਹੁ ਅਭਾਗੇ।”
– ਸੂਹੀ ਕਬ, ੧, ੧*:੨ (792)

ਜਾਇਬੋ ------ ਜਾਂਦਾ ਹੈ

“ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ।”

– ਧਨਾ ਪੀਪਾ, ੧, ੧*:੨ (695)

ਜਾਇਲੇ ---- (1) ਜਾਂਦਾ ਹੈ

“ਅਪਨੇ ਰਹਨ ਕਉ ਠਉਰੁ ਨ ਪਾਵਹਿ ਕਾਏ ਪਰ ਕੈ ਜਾਇਲੇ।”

– ਗੋਂਡ ੫, ੨, ੧*:੨ (862)

(2) ਜਾਣਾ, ਮਿਟਣਾ, ਨਾਸ ਹੋਣਾ

“ਆਨਦ ਮੂਲੁ ਸਦਾ ਪੁਰਖੋਤਮੁ ਘਟੁ ਬਿਨਸੈ ਗਗਨੁ ਨ ਜਾਇਲੇ।”

– ਗੋਂਡ ਕਬ, ੩, ੧:੨ (870)

ਜਾਈ ------ (1) ਜਾ ਸਕਦਾ

“ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ।”

– ਜਪੁ ੧, ੨:੧ (1)

(2) ਜਾਵੇ (ਸਹਾਇਕ ਕ੍ਰਿਆ)

“ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।”

– ਜਪੁ ੧, ੫:੧੧ (2)

“ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ।” (ਜਾਂਦਾ ਹਾਂ)

–ਮਾਝ ੫, ੨੪, ੨:੩ (98)

“ਨਿਮਖ ਨ ਬਿਸਰਉ ਹੀਏ ਮੋਰੇ ਤੇ ਬਿਸਰਤ ਜਾਈ ਹਉ ਮਰਤ।” (ਜਾਣ ਤੇ)

– ਦੇਵ ੫, ੩, ੧:੨ (529)

ਹੋਰ ਰੂਪ:

ਜਾਏਂ –

“ਸਦਾ ਸਦਾ ਜਾਏਂ ਬਲਿਹਾਰ।”

– ਗੋਂਡ ੫, ੨੦, ੪:੨ (868)

ਜਾਂਈ –

“ਸਾਧਸੰਗਤਿ ਤੇ ਸਭ ਫਲ ਪਾਏ ਸਤਿਗੁਰ ਕੈ ਬਲਿ ਜਾਂਈ।” (ਜਾਵਾਂ)

– ਸੋਰ ੫, ੪੯, ੧:੨ (621)

(3) ਜਾਂਦਾ, ਗਮਨ ਕਰਦਾ ਭਾਵ ਨਿਭਦਾ

“ਦੇਖਿ ਕੁਟੰਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ।”

– ਸਿਰੀ ੩, ੪੮, ੩:੧ (32)

“ਨੈਨਹ ਦੇਖਤ ਇਹੁ ਜਗੁ ਜਾਈ।” (ਚਲਾ ਜਾਂਦਾ ਹੈ)

– ਗਉ ਕਬ, ੧੧, ੧:੨ (325)

“ਆਨੰਦਿ ਮਾਤੇ ਅਨਦਿਨੁ ਜਾਈ।” (ਜਾਂਦਾ/ਲੰਘਦਾ ਹੈ)

– ਗਉ ਕਬ, ੨੭, ੨:੨ (328)

“ਖੋਜਤ ਚਰਿਓ ਦੇਖਉ ਪ੍ਰਿਅ ਜਾਈ।” (ਜਾਕੇ)

– ਸੂਹੀ ੫, ੫, ੧:੨ (737)

“ਸਹਜੇ ਮਾਤੇ ਅਨਦਿਨੁ ਜਾਈ।” (ਜਾਂਦਾ ਭਾਵ ਲੰਘਦਾ ਹੈ)

– ਮਾਰੂ ੧, ੮, ੩:੨ (991)

ਹੋਰ ਰੂਪ:

ਜਾਈਂ –
“ਜਹਾ ਪਠਾਵਹੁ ਤਹ ਤਹ ਜਾਈਂ।” (ਜਾਂਦਾ ਹੈ)
– ਆਸਾ ੫, ੬੦, ੧:੧ (386)

(4) ਦੂਰ ਹੁੰਦਾ, ਮਿਟਦਾ
“ਆਪਣੈ ਮਨਿ ਚਿਤਿ ਕਹੈ ਕਹਾਏ ਬਿਨੁ ਗੁਰ ਆਪੁ ਨ ਜਾਈ।” (ਹਉਮੈ ਨਹੀਂ ਮਿਟਦੀ)
– ਸਿਰੀ ੩, ਅਸ ੧੮, ੮:੧ (65)
“ਇਸਨਾਨੁ ਕਰੈ ਪਰੁ ਮੈਲੁ ਨ ਜਾਈ।” (ਦੂਰ ਹੁੰਦੀ, ਲਹਿੰਦੀ)
– ਮਾਝ ੩, ਅਸ ੩੨, ੬:੨ (129)
“ਹਰਿ ਬੋਲਤ ਸਭ ਪਾਪ ਲਹਿ ਜਾਈ।” (ਦੂਰ ਹੁੰਦੇ, ਮੁਕ ਜਾਂਦੇ ਹਨ)
– ਗਉ ੪, ੪੩, ੧*:੨ (165)
“ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ।” (ਤ੍ਰਿਪਤ ਹੋਣਾ, ਮਿਟਣਾ)
ਮਲਾ ੧, ਅਸ ੧, ੩:੨ (1273)

(5) ਥਾਵਾਂ
“ਸਭ ਕਿਛੁ ਦੀਆ ਭਲੀਆ ਜਾਈ।”
– ਮਾਝ ੫, ੧੯, ੨:੨ (100)
“ਆਪੇ ਸਾਜੇ ਕਰੇ ਆਪਿ ਜਾਈ ਭਿ ਰਖੈ ਆਪਿ।” (ਥਾਂ ਸਿਰ)
– ਆਸਾ ੧, ਵਾਰ ੨੪ਸ, ੨, ੨:੧ (475)

ਹੋਰ ਰੂਪ:

ਜਾਂਈ –
“ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ।” (ਥਾਂ)
– ਰਾਮ ੩, ਵਾਰ ੧:੧ (947)

ਜਾਈਅਹੁ --- ਜਾਵੀਂ
“ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ।”
– ਗਉ ੫, ਬਾਅ ੩੧ਸ:੨ (256)

ਜਾਈਆ ---- ਜਾਂਦਾ ਹਾਂ
“ਬਲਿਹਾਰੀ ਗੁਰ ਆਪਣੇ ਗੁਰ ਕਉ ਬਲਿ ਜਾਈਆ।”
– ਤਿਲੰ ੪, ਅਸ ੨, ੧:੨ (725)

ਜਾਈਐ ---- (1) ਜਾਣੀਏ (ਸਹਾਇਕ ਕਿਰਿਆ)
“ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ।”
– ਗੂਜ ੫, ਸੋਦ ੫, ੪:੨ (10)
“ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ।” (ਜਾਈਦਾ ਹੈ)
– ਸਾਰ ੫, ੪੯, ੧:੨ (1214)

(2) ਗਮਨ ਕਰਨਾ, ਜਾਣਾ

"ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ।" (ਜਾਈਦਾ ਹੈ, ਜਾਣਾ ਹੈ)

- ਸਿਰੀ ੧, ੧੮, ੨:੨ (21)

"ਬਿਨੁ ਗੁਰ ਭੇਟੇ ਮਰਿ ਆਈਐ ਜਾਈਐ।" (ਭਾਵ ਮਰੀਏ)

- ਧਨਾ ੧, ਅਸ ੨, ੧*:੨ (686)

(3) ਜਾ ਸਕਦੀ

"ਕੀਮਤਿ ਕਹਣੁ ਨ ਜਾਈਐ ਸਾਗਰੁ ਗੁਣੀ ਅਥਾਹੁ।"

- ਸਿਰੀ ੫, ੮੨, ੨:੧ (46)

(4) ਦੂਰ ਹੋਵੇ, ਮਿਟੇ

"ਕੋਈ ਨ ਆਖੈ ਘਟਿ ਹਉਮੈ ਜਾਈਐ।"

- ਮਾਝ ੧, ਵਾਰ ੧੭:੬ (146)

(5) ਜਾਂਦੀ ਹੁੰਦੀ

"ਜਾ ਤੇ ਘਾਲ ਨ ਬਿਰਥੀ ਜਾਈਐ।"

- ਗੂਜ ੫, ੨੨, ੧*:੧ (500)

ਜਾਏ ------ (1) ਜਾਂਦਾ, ਲੰਘਦਾ

"ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ।"

- ਸਿਰੀ ੫, ਛੰਤ ੨, ੧:੩ (79)

"ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਇ।" (ਲੰਘਦਾ)

- ਆਸਾ ੪, ਛੰਤ ੧੮, ੨:੨ (450)

(2) ਦੂਰ ਹੋਵੇ, ਹਟਦੀ, ਮਿਟਦੀ

"ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ।"

- ਸਿਰੀ ੪, ਵਾਰ ੧੪ਸ, ੩, ੩:੪ (88)

"ਗੁਰ ਪਰਸਾਦੀ ਹਉਮੈ ਜਾਏ।"

- ਮਾਝ ੩, ਅਸ ੬, ੮:੨ (114)

"ਗੁਰਿ ਆਸਾ ਮਨਸਾ ਪੂਰੀਆ ਮੇਰੀ ਜਿੰਦੁੜੀਏ ਹਰਿ ਮਿਲਿਆ ਭੁਖ ਸਭ ਜਾਏ ਰਾਮ।" (ਤ੍ਰਿਪਤ ਹੋਏ)

- ਬਿਹਾ ੪, ਛੰਤ ੩, ੨:੩ (539)

(3) ਜਾ ਸਕਦੀ

"ਮਹਿਮਾ ਤਿਸ ਕੀ ਕਹਣੁ ਨ ਜਾਏ।"

- ਮਾਝ ੫, ੧੧, ੪:੧ (97)

"ਪੂਰਬਿ ਲਿਖਿਆ ਸੁ ਮੇਟਣਾ ਨ ਜਾਏ।"

- ਮਾਝ ੩, ਅਸ ੩, ੩:੩ (110)

(4) ਥਾਂ

"ਜਿਥੈ ਰਖੈ ਸਾ ਭਲੀ ਜਾਏ।"

- ਮਾਝ ੫, ੪੯, ੧:੨ (108)

"ਜਲਿ ਥਲਿ ਮਹੀਅਲਿ ਪੂਰਿ ਪੂਰਨ ਤਿਸੁ ਬਿਨਾ ਨਹੀ ਜਾਏ।"

- ਸੂਹੀ ੫, ਛੰਤ ੮, ੪:੫ (782)

(5) ਜਾਂਦਾ/ਜਾਂਦੀ, ਗਮਨ ਕਰਦੀ

"ਦੇਹੀ ਜਾਤਿ ਨ ਆਗੈ ਜਾਏ।"

– ਮਾਝ ੩, ਅਸ ੫, ੩:੧ (112)

"ਖੇਤੁ ਖਸਮ ਕਾ ਰਾਖਾ ਉਠਿ ਜਾਏ।" (ਚਲਾ ਜਾਂਦਾ ਹੈ)

– ਗਉ ੫, ੮੦, ੩:੨ (179)

"ਗੁਰ ਬਿਨੁ ਭੂਲੋ ਆਵੈ ਜਾਏ।"

– ਆਸਾ ੧, ਅਸ ੨, ੫:੩ (412)

ਹੋਰ ਰੂਪ:

ਜਾਂਏ –

"ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ।" (ਜਾਂਦੇ ਹਨ)

– ਪ੍ਰਭਾ ਕਬ, ੨, ੪:੨ (1349)

(6) ਜਾਂਦਾ/ਜਾਂਦੀ (ਸਹਾਇਕ ਕ੍ਰਿਆ)

"ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ।"

– ਬਿਹਾ ੪, ਛੰਤ ੨, ੧:੨ (538)

"ਜਿਨ ਗੁਰ ਕਾ ਭਾਣਾ ਮੰਨਿਆ ਤਿਨ ਘੁਮਿ ਘੁਮਿ ਜਾਏ।" (ਜਾਂਦਾ ਹਾਂ)

– ਤਿਲੰ ੪, ਅਸ ੨, ੨:੨ (725)

"ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ।" (ਜਾਵੇ)

– ਰਾਮ ੩, ਅਨੰ ੧੮:੩ (919)

(7) ਜਾ ਕੇ

"ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ।"

– ਤਿਲੰ ੪, ਅਸ ੧, ੫:੧ (725)

(8) ਸੰਤਾਨ, ਜਨਮੇ ਹੋਏ

"ਸਰਪਨਿ ਹੋਇ ਕੈ ਅਉਤਰੈ ਜਾਏ ਅਪੁਨੇ ਖਾਇ।"

– ਸਲੋ ਕਬ, ੧੦੭:੨ (1370)

ਜਾਸ ------ **(1) ਜਸ, ਕੀਰਤ, ਵਡਿਆਈ**

"ਨਿਤ ਗਾਵਹਿ ਹਰਿ ਹਰਿ ਗੁਣ ਜਾਸ।"

– ਗਉ ੫, ੭੩, ੧:੪ (176)

"ਪੂਰਨ ਪਾਰਬ੍ਰਹਮ ਸੁਖਦਾਤੇ ਅਬਿਨਾਸੀ ਬਿਮਲ ਜਾ ਕੋ ਜਾਸ।"

– ਟੋਡੀ ੫, ੨੪, ੧:੨ (716)

(2) ਜਿਸ ਦਾ

"ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ।"

– ਗਉ ੯, ੯, ੧:੧ (220)

(3) ਜਾਂਦਾ ਹਾਂ

"ਜਨ ਨਾਨਕ ਦਾਸੁ ਕਹੀਅਤੁ ਹੈ ਤੁਮ੍ਰਾ ਹਉ ਬਲਿ ਬਲਿ ਸਦ ਬਲਿ ਜਾਸ।"

– ਕਾਨ ੫, ੩੩, ੨:੫ (1304)

ਜਾਸਹਿ ----- **ਜਾਵੇਗਾ**

"ਬਿਨੁ ਸਾਚੇ ਹੋਰੁ ਸਾਲਾਹਣਾ ਜਾਸਹਿ ਜਨਮੁ ਸਭੁ ਖੋਇ।"

– ਵਡ ੩, ਅਸ ੧, ੨:੨ (565)

ਜਾਸਨ ----- **(1) ਜਸ ਕਰਦਾ, ਕੀਰਤ ਕਰਦਾ**

"ਆਪਹਿ ਸੁਨਤ ਆਪ ਹੀ ਜਾਸਨ।"

(2) ਜਸ ਦਾ ਪਾਤਰ, ਜਸ ਕਰਨ ਜੋਗ
"ਜਾਸਨ ਬਾਸਨ ਸਹਜ ਕੇਲ ਕਰੁਣਾ ਮੈ ਏਕ ਅਨੰਤ ਅਨੂਪੈ ਠਾਉ।"
– ਦੇਵ ੫, ੩੮, ੧:੧ (536)

ਜਾਸਨਿ ----- ਜਾਣਗੇ
"ਮਨਮੁਖ ਸਬਦੁ ਨ ਜਾਣਨੀ ਜਾਸਨਿ ਪਤਿ ਗਵਾਇ।"
– ਸਿਰੀ ੩, ੫੨, ੩:੨ (33)

ਜਾਸਾ ------ ਜਾਂਦਾ ਹੈ, ਜਾਂਦਾ ਹਾਂ
"ਨਾਨਕ ਤਾ ਕੈ ਬਲਿ ਬਲਿ ਜਾਸਾ।" (ਜਾਂਦਾ ਹੈ)
– ਗਉ ੫, ਸੁਖ ੩, ੫:੧੦ (266)
"ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ।" (ਜਾਂਦਾ ਹੈ)
– ਵਡ ੪, ੧, ੧*:੨ (561)

ਜਾਸਿ ------ (1) ਜਿਸ
"ਸਭੁ ਕੋਊ ਕਹੈ ਜਾਸੁ ਕੀ ਬਾਤਾ।"
– ਗਉ ਕਬ, ਅਸ ੩੮, ੪:੧ (330)
(2) ਜਾਂਦਾ
"ਦੁਖੁ ਲਾਗਾ ਬਹੁ ਅਤਿ ਘਣਾ ਪੁਤੁ ਕਲਤੁ ਨ ਸਾਥਿ ਕੋਈ ਜਾਸਿ।"
– ਸੋਰ ੪, ਵਸ ੩ਸ, ੩, ੧:੫ (643)

ਜਾਸੀ ------ (1) ਜਾਵੇਗਾ, ਗਮਨ ਕਰੇਗਾ
"ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।"
– ਜਪੁ ੧, ੨੭, ੧੮ (6)
"ਜੋ ਆਇਆ ਸੋ ਸਭੁ ਕੋ ਜਾਸੀ ਉਬਰੇ ਗੁਰ ਵੀਚਾਰੇ।" (ਜਾਵੇਗਾ, ਮਰੇਗਾ)
– ਗਉ ੩, ਛੰਤ ੪, ੨:੪ (246)
(2) ਜਾਵੇਗਾ (ਸਹਾਇਕ ਕ੍ਰਿਆ)
"ਸੇ ਧੰਨੁ ਸੇ ਧੰਨੁ ਜਿਨ ਹਰਿ ਧਿਆਇਆ ਜੀਉ ਜਨੁ ਨਾਨਕੁ ਤਿਨ ਬਲਿ ਜਾਸੀ।"
– ਆਸਾ ੪, ਸੋਦ ੨, ੩:੫ (348)

ਜਾਸੁ ------ (1) ਜਾਂਦਾ ਹਾਂ (ਸਹਾਇਕ ਕ੍ਰਿਆ)
"ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ।"
– ਸਿਰੀ ੧, ੧੨, ੪:੩ (18)
(2) ਜਿਸ ਦੇ
"ਪੀਵਤ ਰਾਮ ਰਸੁ ਅੰਮ੍ਰਿਤ ਗੁਣ ਜਾਸੁ।"
– ਗਉ ੫, ੧੪੯, ੧*:੧ (195)
(3) ਜਸ, ਕੀਰਤ, ਵਡਿਆਈ
"ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ।"
– ਗਉ ੩, ਅਸ ੭, ੭:੩ (232)
"ਸਿਮਰਉ ਜਾਸੁ ਬਿਸੁੰਭਰ ਏਕੈ।"
– ਗਉ ੫, ਸੁਖ ੧, ੧:੩ (262)

(4) ਜਿਸ ਨੂੰ
"ਬ੍ਰਹਮਾ ਬਡਾ ਕਿ ਜਾਸੁ ਉਪਾਇਆ।"
– ਗਉ ਕਬ, ੪੨, ੨:੧ (331)

ਜਾਹ ------ ਜਾਵੇ
"ਮੈ ਤਨਿ ਅਵਗਣ ਝੁਰਿ ਮੁਈ ਵਿਣੁ ਗੁਣ ਕਿਉ ਘਰਿ ਜਾਹ।"
– ਰਾਮ ੧, ਸਿਗੋ ੪੪:੪ (936)

ਜਾਹਰਨਵੀ --- ਜਹਨਵੀ, ਗੰਗਾ ਨਦੀ
"ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ।"
– ਮਲਾ ੪, ੨, ੨:੧ (1263)

ਜਾਹਰਾ ----- (ਅ. ਜ਼ਾਹਰਾ) ਪ੍ਰਗਟ/ਪ੍ਰਤੱਖ ਰੂਪ ਵਿਚ
"ਹਰਿ ਦਿਸਹਿ ਹਾਜਰੁ ਜਾਹਰਾ।"
– ਸਿਰੀ ੫, ਅਸ ੨੯, ੨੦:੨ (74)

ਹੋਰ ਰੂਪ:

ਜਾਹਰਿ –
"ਉਨਿ੍ ਕੈ ਸੰਗਿ ਤੂ ਹੋਈ ਹੈ ਜਾਹਰਿ।"
– ਆਸਾ ੫, ੮੨, ੨:੨ (390)

ਜਾਹਰੁ –
"ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕੁ ਠਾਕੁਰ ਹੀ ਸੰਗਿ ਜਾਹਰੁ ਜੀਉ।"
– ਮਾਝ ੫, ੨੫, ੩:੩ (102)

ਜਾਹਾ ------ (1) ਜਾਂਦਾ ਹੈ
"ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹਾ।"
– ਆਸਾ ੫, ੧੨੩, ੩:੧ (402)

(2) ਚਲੀਏ, ਜਾਈਏ
"ਚਲੁ ਸਖੀਏ ਪ੍ਰਭੁ ਰਾਵਣ ਜਾਹਾ।"
– ਸੂਹੀ ੫, ੨੬, ੧*:੧ (742)

ਜਾਹਿ ------ (1) ਜਾਂਦੇ ਹਨ (ਸਹਾਇਕ ਕ੍ਰਿਆ)
"ਅਸੰਖ ਅਮਰ ਕਰਿ ਜਾਹਿ ਜੋਰ।" (ਜੋਰ ਦਾ ਰਾਜ ਕਰ ਜਾਂਦੇ ਹਨ)
– ਜਪੁ ੧, ੧੮:੩ (4)

ਹੋਰ ਰੂਪ:

ਜਾਹੰ –
"ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ।" (ਜਾਣਗੇ)
– ਸਲੋ ਕਬ, ੪੨:੨ (1366)

ਜਾਂਹਿ –
"ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ।"
– ਸਾਰ ੫, ੯੫, ੧:੧ (1222)

(2) ਜਾਉ, ਗਮਨ ਕਰੋ

"ਮੇਰੇ ਮਨ ਲੈ ਲਾਹਾ ਘਰਿ ਜਾਹਿ।" (ਜਾਉ)
- ਸਿਰੀ ੧, ੧੭, ੧*:੧ (20)

"ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।" (ਜਾਂਦੇ ਹਨ)
- ਸਿਰੀ ੩, ੨੦, ੨:੧ (66)

"ਜਾਹਿ ਬੈਕੁੰਠਿ ਨਹੀ ਸੰਸਾਰਿ।" (ਸਵਰਗਾਂ ਵਿਚ ਜਾਂਵੇ .....)
- ਰਾਮ ਕਬ, ੯, ੧:੨ (971)

"ਮੰਞਹੁ ਦੂਰਿ ਨ ਜਾਹਿ ਪਿਰਾ ਜੀਉ ਘਰਿ ਬੈਠਿਆ ਹਰਿ ਪਾਏ।" (ਜਾਉ)
- ਗਉ ੩, ਛੰਤ ੫, ੧:੨ (246)

ਜਾਹਿ -

"ਗੁਰ ਪ੍ਰਸਾਦਿ ਨਾਨਕ ਜਗੁ ਜੀਤਿਓ ਬਹੁਰਿ ਨ ਆਵਹਿ ਜਾਂਹਿ।"
- ਸਾਰ ੫, ੧੧੧, ੨:੨ (1225)

"ਏਕਸ ਹਰਿ ਕੇ ਨਾਮ ਬਿਨੁ ਬਾਧੇ ਜਮ ਪੁਰਿ ਜਾਂਹਿ।"
- ਸਲੋ ਕਬ, ੩੪:੨ (1366)

(3) ਜਾ ਸਕਦਾ

"ਤਾ ਕੇ ਅੰਤ ਨ ਪਾਏ ਜਾਹਿ।"
- ਜਪੁ ੧, ੨੪:੮ (5)

(4) ਦੂਰ ਹੋ/ਮਿਟ ਜਾਂਦੇ ਹਨ

"ਦੇਖਿ ਦਰਸਨੁ ਮਨੁ ਸਾਧਾਰੈ ਪਾਪ ਸਗਲੇ ਜਾਹਿ।"
- ਸਿਰੀ ੫, ੯੪, ੩:੧ (51)

(5) ਭਾਵ ਰਖਦਾ ਹੈ

"ਜਾਹਿ ਸਵਾਰੈ ਸਾਝ ਬਿਆਲ।"
- ਗਉ ੧, ੧੧, ੩:੧ (154)

(6) ਤੁਰ ਜਾਣਾ ਭਾਵ ਮਰ ਜਾਣਾ

"ਜਿਨੑ ਸਿਉ ਧੜੇ ਕਰਹਿ ਸੇ ਜਾਹਿ।"
- ਆਸਾ ੪, ੫੪, ੨:੧ (366)

(7) ਜਿਸ ਦੇ

"ਕਲ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ।"
- ਸੋਰ ੯, ੫, ੨:੧ (632)

ਜਾਹੀ ------ ਜਾਂਦੇ ਹਨ, ਗਮਨ ਕਰਦੇ ਹਨ

"ਤਿਨ ਐਥੇ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ।"
- ਸਿਰੀ ੪, ਵਾਰ ੧੪:੫ (89)

"ਪਤਿ ਸੇਤੀ ਅਪੁਨੈ ਘਰਿ ਜਾਹੀ।"
- ਗਉ ੫, ਬਾਅ ੧੫:੬ (253)

ਹੋਰ ਰੂਪ:

ਜਾਂਹੀ -

"ਹਰਿ ਤਜਿ ਕਤ ਕਾਹੂ ਕੇ ਜਾਂਹੀ।"
- ਗਉ ਕਬ, ਅਸ ੩੮, ੧:*੨ (330)

(2) ਜਾਂਦੇ (ਸਹਾਇਕ ਕ੍ਰਿਆ)

"ਮਰਿ ਨ ਜਾਹੀ ਜਿਨਾ ਬਿਸਰਤ ਰਾਮ।"

– ਗਉ ੫, ੧੧੧, ੧*:੧ (188)

ਹੋਰ ਰੂਪ:

ਜਾਂਹੀ –
“ਮੋਇਆ ਰੋਂਹਿ ਰੋਂਦੇ ਮਰਿ ਜਾਂਹੀ।”
– ਮਲਾ ੧, ਵਾਰ ੨੦ਸ, ੧, ੧:੮ (1287)

ਜਾਂਹੀ –
“ਜਿਨ ਕਉ ਬਿਸਰੈ ਮੇਰੋ ਰਾਮੁ ਪਿਆਰਾ ਸੇ ਮੂਏ ਮਰਿ ਜਾਂਹੀ।”
– ਮਲਾ ੧, ੧੨, ੧:੨ (1269)

(3) ਲੰਘਦਾ/ਲੰਘ ਜਾਂਦਾ ਹੈ
“ਡਰਪਤ ਡਰਪਤ ਜਨਮ ਬਹੁਤੁ ਜਾਹੀ।”
– ਗਉ ੫, ੧੫੬, ੧*:੨ (197)
“ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ।” (ਲੰਘ ਗਏ)
– ਸੋਰ ਰਵਿ, ੩, ੨:੧ (658)

(4) ਜਾ ਸਕਦੇ
“ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ।”
– ਗਉ ੫, ਛੰਤ ੨, ੪:੫ (248)

(5) ਮਿਟ ਜਾਂਦੇ/ਦੂਰ ਹੋ ਜਾਂਦੇ ਹਨ
“ਪ੍ਰਭ ਸਰਨੀ ਆਈਐ ਸਰਬ ਫਲ ਪਾਈਐ ਸਗਲੇ ਦੁਖ ਜਾਹੀ।”
– ਆਸਾ ੫, ੧੪੮, ੨:੧ (407)

ਜਾਹੁ ------ (1) ਜਾਵੋ, ਗਮਨ ਕਰੋ
“ਨਾਨਕ ਹੁਕਮੀ ਆਵਹੁ ਜਾਹੁ।”
– ਜਪੁ ੧, ੨੦:੧੦ (4)

(2) ਜਾਉ, ਜਾਵੇ (ਸਹਾਇਕ ਕ੍ਰਿਆ)
“ਲੋਭ ਮੋਹ ਸਭ ਬੀਸਰਿ ਜਾਹੁ।”
– ਗਉ ਕਬ, ਥਿਤੀ ੯:੩ (343)
“ਆਪਿ ਕਰਾਏ ਸਾਖਤੀ ਪਿਆਰਾ ਆਪਿ ਮਾਰੇ ਮਰਿ ਜਾਹੁ।” (ਜਾਂਦੀ ਹੈ)
– ਸੋਰ ੪, ੧, ੩:੨ (604)
“ਭਜਹੁ ਗੋਬਿੰਦ ਭੂਲਿ ਮਤ ਜਾਹੁ।” (ਜਾਵੋ)
– ਭੈਰ ਕਬ, ੯, ੧*:੧ (1159)

ਜਾਹੂ ------ (1) ਜਾਂਦਾ, ਗਮਨ ਕਰਦਾ
“ਜੋ ਏਕ ਛਾਡਿ ਅਨ ਕਤਹਿ ਨ ਜਾਹੂ।”
– ਗਉ ੫, ਬਾਅ ੪:੬ (251)
“ਉਆ ਕਾ ਸਰੂਪੁ ਦੇਖਿ ਮੋਹੀ ਗੁਆਰਨਿ ਮੋ ਕਉ ਛੋਡਿ ਨ ਆਉ ਨ ਜਾਹੂ ਰੇ।”
– ਗਉ ਕਬ, ੬੬, ੧:੨ (338)

(2) ਜਿਸ ਦੇ
“ਗੁਰ ਪ੍ਰਸਾਦਿ ਸਿਮਰਤ ਰਹੈ ਜਾਹੂ ਮਸਤਕਿ ਭਾਗ।”
– ਗਉ ੫, ਬਾਅ ੧੯:੭ (254)
“ਮਮਾ ਜਾਹੂ ਮਰਮੁ ਪਛਾਨਾ।” (ਜਿਸ ਨੇ)

– ਗਉ ੫, ਬਾਅ ੪੨:੧ (259)

(3) ਜਿਥੇ

"ਲਲਾ ਲਾਵਉ ਅਉਖਧ ਜਾਹੂ।"

– ਗਉ ੫, ਬਾਅ ੪੫:੧ (259)

"ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ।" (ਜਿਥੇ ਕਿਥੇ)

– ਸਾਰ ੫, ੫੭, ੧*:੧ (1215)

ਜਾਹੇ ------ ਜਾਂਦੇ ਹਨ

"ਵਣਜਾਰੇ ਇਕ ਭਾਤੀ ਆਵਹਿ ਲਾਹਾ ਹਰਿ ਨਾਮੁ ਲੈ ਜਾਹੇ।"

– ਆਸਾ ੪, ਛੰਤ ੮, ੩:੫ (442)

ਜਾਹੋ ------ ਜਾ ਰਿਹਾ ਹੈ

"ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ।"

– ਰਾਮ ੪, ਸਿਗੋ ੨:੩ (938)

ਜਾ ਕੇ ----- ਜਿਸ ਦੇ

"ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ।"

– ਸਿਰੀ ੧, ੫, ੪:੧ (16)

ਜਾਗ ------ ਜਾਗਦਾ, ਸੁਚੇ ਤੰਨ

"ਸਭ ਮਦ ਮਾਤੇ ਕੋਊ ਨ ਜਾਗ।"

– ਬਸੰ ਕਬ, ੨, ੧*:੧ (1193)

ਹੋਰ ਰੂਪ:

ਜਾਗਉ –

"ਅਜੈ ਸੁ ਜਾਗਉ ਆਸ ਪਿਆਸੀ।" (ਜਾਗ ਪਵਾਂ, ਸੁਚੇਤੰਨ ਹੋ ਜਾਵਾਂ)

– ਆਸਾ ੧, ੨੬, ੩*:੧ (357)

ਜਾਗਸਿ –

"ਜਾਗਸਿ ਜੀਵਣ ਜਾਗਣਹਾਰਾ।" (ਜਾਗਦਾ ਹੈ)

– ਪ੍ਰਭਾ ੧, ੧੧, ੧*:੨ (1330)

ਜਾਗਹਿ –

"ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ।" (ਜਾਗਦੇ ਹਨ)

– ਆਸਾ ੫, ਛੰਤ ੧੦, ੧:੩ (459)

ਜਾਗਹੁ –

"ਗੁਰ ਪ੍ਰਸਾਦਿ ਨਾਨਕ ਮਨਿ ਜਾਗਹੁ।" (ਸੁਚੇਤ ਰਹੋ)

– ਗਉ ੫, ਸੁਖ ੬, ੬:੧੦ (270)

ਜਾਗਣਹਾਰਾ -- ਜਾਗਣ ਵਾਲਾ

"ਜਾਗਸਿ ਜੀਵਣ ਜਾਗਣਹਾਰਾ।"

– ਪ੍ਰਭਾ ੧, ੧੧, ੧*:੧ (1330)

ਜਾਗਣਾ ----- ਜਾਗਦਾ, ਸੁਚੇਤੰਨ

"ਹਉ ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ।"

– ਸਿਰੀ ੧, ਅਸ ੨, ੮:੨ (54)

ਹੋਰ ਰੂਪ:

ਜਾਗਣੁ –
“ਸਹਜੇ ਜਾਗਣੁ ਸਹਜੇ ਸੋਇ।” (ਜਾਗਦੇ)
– ਗਉ ੫, ਅਸ ੩, ੩:੧ (236)

ਜਾਗਤ ----- ਜਾਗਦਿਆਂ
“ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ।”
– ਮਾਝ ੫, ੨੪, ੧:੩ (101)
“ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ।” (ਜਾਗਦੇ)
– ਗਉ ੧, ਅਸ ੧੮, ੪:੧ (229)
“ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ।” (ਜਾਗਦਾ)
– ਬਿਹਾ ੫, ਛੰਤ ੯, ੨:੧ (548)

ਜਾਗਤਾ ----- (1) ਚੇਤੰਨ, ਜਿਉਂਦਾ
“ਸਤਿਗੁਰੁ ਜਾਗਤਾ ਹੈ ਦੇਉ।”
– ਆਸਾ ਕਬ, ੧੪, ੧*:੨ (479)

(2) ਸੁਚੇਤੰਨ, ਜਾਗਦਾ
“ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ।”
– ਵਡ ੪, ਵਾਰ ੧੭ਸ, ੩, ੨:੧ (592)

ਹੋਰ ਰੂਪ:

ਜਾਗੰਤਾ –
“ਧਨ ਸੁਤੀ ਪਿਰੁ ਸਦ ਜਾਗੰਤਾ।” (ਸੁਚੇਤ)
– ਸੂਹੀ ੫, ੫, ੨:੨ (737)

ਜਾਗਤੁ –
“ਤੁਮਰੈ ਭਾਣੈ ਭਰਮਿ ਮੋਹਿ ਮੋਹਿਆ ਜਾਗਤੁ ਨਾਹੀ ਸੂਤਾ।”
– ਗਉ ੫, ੧੩੦*, ੨:੨ (207)
“ਜਾਗਤੁ ਜਾਗਿ ਰਹੈ ਲਿਵ ਲਾਇ।” (ਜਾਗ ਦੇ)
– ਬਿਲਾ ੧, ਥਿਤੀ ੧੫:੩ (840)

ਜਾਗੰਦੇ ----- ਜਾਗਦੇ
“ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ।”
– ਸਿਰੀ ੪, ਵਾਰ ੨ਸ, ੧, ੧:੨ (83)

ਜਾਗਨ ----- ਜਾਗ੍ਰਤ ਅਵਸਥਾ
“ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ।”
– ਬਿਲਾ ੫, ੬੧, ੧*:੨ (816)

ਜਾਗਨਹਾਰੇ -- ਜਾਗਨ ਵਾਲੇ
“ਜਾਗੁ ਰੇ ਮਨ ਜਾਗਨਹਾਰੇ।”
– ਆਸਾ ੫, ੬੭, ੧*:੧ (387)

ਜਾਗਨਾ ------ ਸੁਚੇਤ ਹੋਣਾ
“ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ।”
– ਮਾਰੂ ੫, ਅਸ ੪, ੫:੧ (1018)

ਹੋਰ ਰੂਪ:

ਜਾਗਨਿ –
“ਈਤ ਊਤ ਨਹ ਡੋਲੀਐ ਹਰਿ ਸੇਵਾ ਜਾਗਨਿ ਰਾਮ।” (ਸਾਵਧਾਨ ਰਹਿਣਾ)
– ਬਿਲਾ ੫, ਛੰਤ ੪, ੪:੩ (848)
ਜਾਗੰਨਿ –
“ਸਤਿਗੁਰੁ ਸੇਵਨਿ ਜਾਗੰਨਿ ਸੇ ਜੋ ਰਤੇ ਸਚਿ ਨਾਮਿ ਗੁਣਤਾਸਿ।” (ਜਾਗਦੇ ਹਨ)
– ਵਡ ੪, ਵਾਰ ੧੭ਸ, ੩, ੨:੨ (592)
ਜਾਗਨੁ –
“ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ।” (ਸੁਚੇਤ ਹੋਣਾ)
– ਮਾਰੂ ੫, ਅਸ ੪, ੫:੧ (1018)
ਜਾਗੰਨ੍ਹਿ –
“ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ।”
– ਸਲੋ ਫਰ, ੧੧੨:੨ (1384)

ਜਾਗਰਣੁ ---- ਜਾਗ, ਨੀਂਦ ਦਾ ਅਭਾਵ ਭਾਵ ਗਿਆਨ ਵਾਲੀ ਅਵਸਥਾ
“ਨਿਤ ਨਿਤ ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੁੋਰਾ।”
– ਸਾਰ ੪, ੬, ੨:੩ (1201)

ਜਾਗਾ ------ ਜਾਗਿਆ, ਸੁਚੇਤੰਨ ਹੋਇਆ, ਜਾਗ ਪਿਆ
“ਜਨਮ ਜਨਮ ਕਾ ਸੋਇਆ ਜਾਗਾ।”
– ਗਉ ੫, ੯੬, ੧:੨ (184)

ਜਾਗਾਇ ---- ਜਗਾਏ, ਬਾਲੇ, ਪ੍ਰਜਵਲਤ ਕਰੇ
“ਪਰਮ ਜੋਤਿ ਜਾਗਾਇ ਵਾਜਾ ਵਾਵਸੀ।”
– ਸਲੋ ੧, ੧੪:੪ (1411)

ਜਾਗਾਈ ---- ਜਾਗ੍ਰਤ/ਸੁਚੇਤਨ ਅਵਸਥਾ ਵਿਚ ਲਿਆਉਣਾ, ਜਗਾਨਾ
“ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ।”
– ਸੂਹੀ ੪, ਅਸ ੧, ੨੩:੧ (758)

ਜਾਗਾਏ ---- ਜਗਾਵੇ, ਸੁਚੇਤਨ ਕਰੇ
“ਜਿਸ ਤੇ ਸੁਤਾ ਸੋ ਜਾਗਾਏ ਗੁਰਮਤਿ ਸੋਝੀ ਪਾਵਣਿਆ।”
– ਮਾਝ ੩, ਅਸ ੫, ੬:੩ (112)

ਜਾਗਾਤਿ ---- (1) ਮਸੂਲੀਆ, ਕਰ ਲੈਣ/ਲਾਣ ਵਾਲਾ
“ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ।”
– ਮਾਰੂ ੧, ਸੋਲਾ ੮, ੫:੩ (1028)

ਹੋਰ ਰੂਪ:

ਜਾਗਾਤੀ –

"ਜਮੁ ਜਾਗਾਤੀ ਦੂਜੈ ਭਾਇ ਕਰੁ ਲਾਏ।"
– ਮਾਝ ੩, ਅਸ ੨੯, ੫:੧ (127)

(2) ਟੈਕਸ, ਮਸੂਲ
"ਜਮੁ ਜਾਗਾਤਿ ਨ ਲਾਗਈ ਜੇ ਚਲੈ ਸਤਿਗੁਰ ਭਾਇ।"
– ਸਲੋ ੧, ੯:੩ (1411)

ਜਾਗਾਤੀ ---- (1) ਮਸੂਲੀਆ, ਕਰ ਲੈਣ/ ਲਾਣ ਵਾਲਾ, ਵੇਖੋ 'ਜਾਗਾਤਿ' (1)

ਹੋਰ ਰੂਪ:

ਜਾਗਾਤੀਆ –
"ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ।"
(ਮਸੂਲੀਆ ਦੇ ਮੂੰਹ ਬੰਦ ਹੋ ਗਏ)
– ਤੁਖਾ ੪, ਛੰਤ ੪, ੫:੩ (1116)

(2) ਮਸੂਲੀ, ਜਿਥੇ ਮਸੂਲ ਲਗਾ ਹੋਵੇ
"ਜਹ ਲਾਲਚ ਜਾਗਾਤੀ ਘਾਟ।" (ਮਸੂਲੀ ਪਤਨ)
– ਆਸਾ ੫, ੯੧, ੨:੨ (393)

ਜਾਗਾਵੈ ----- ਉਠਾਏ, ਸੁਚੇਤਨ ਅਵਸਥਾ ਵਿਚ ਲਿਆਵੇ
"ਸੋ ਜਾਗੈ ਜਾਗਾਵੈ ਸੋਈ।"
– ਆਸਾ ੩, ਅਸ ੨੫, ੧:੪ (423)

ਜਾਗਿ ------ ਜਾਗਏ/ਸੁਚੇਤੰਨ ਰਹਿੰਦੇ ਹਨ
"ਸੰਤ ਕ੍ਰਿਪਾ ਤੇ ਅਨਦਿਨੁ ਜਾਗਿ।"
– ਗਉ ੫, ਸੁਖ ੧, ੬:੯ (263)
"ਅੰਤਰਿ ਗਾਵਉ ਬਾਹਰਿ ਗਾਵਉ ਗਾਵਉ ਜਾਗਿ ਸਵਾਰੀ।" (ਜਾਗਦਿਆਂ)
– ਆਸਾ ੫, ੧੨੨, ੧:੧ (401)
"ਜਾਗਿ ਲੇਹੁ ਰੇ ਮਨਾ ਜਾਗਿ ਲੇਹੁ ਕਹਾ ਗਾਫਲ ਸੋਇਆ।" (ਸੁਚੇਤ/ ਖਬਰਦਾਰ ਹੋ ਜਾ)
– ਤਿਲੰ ੯, ੨, ੧*:੧ (726)

ਹੋਰ ਰੂਪ:

ਜਾਗਿਓ –
"ਸਾਧ ਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ।" (ਜਾਗ/ਚੇਤੰਨ ਹੋ ਗਿਆ)
– ਗਉ ੫, ੧੬੦*, ੩:੨ (215)

ਜਾਗਿਓਹਿ –
"ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।" (ਤੂੰ ਜਾਗਿਆ)
– ਸਲੋ ਫਰ, ੧੦੭:੧ (1383)

ਜਾਗਿਆ –
"ਉਲਟ ਭਈ ਜੀਵਤ ਮਰਿ ਜਾਗਿਆ।" (ਜਾਗ ਗਿਆ ਸੁਚੇਤੰਨ ਹੋ ਗਿਆ)
– ਗਉ ੧, ਅਸ ੧, ੩:੧ (221)

"ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ।" (ਭਾਗ ਜਾਗ ਪਏ ਭਾਵ ਭਾਗ ਚੰਗੇ ਹੋ ਗਏ)

– ਗਉ ੫, ਅਸ ੮, ੮:੧ (239)

"ਪਰਾ ਪੂਰਬਲਾ ਅੰਕੁਰੁ ਜਾਗਿਆ।" (ਬੀਜ ਫੁਟਿਆ/ਚੇਤੰਨ ਹੋ ਗਿਆ)

– ਸੋਰ ੫, ੭੨, ੨:੧ (627)

ਜਾਗੀ –

"ਗੁਣ ਗਾਵੈ ਅਨਦਿਨੁ ਨਿਤਿ ਜਾਗੀ।" (ਜਾਗ ਕੇ)

– ਮਾਝ ੫, ੫੦, ੨:੨ (109)

"ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ।" (ਜਾਗ ਪਈ)

– ਗਉ ੫, ੧੧੯*, ੨:੨ (204)

ਜਾਗੀ ------ (1) ਜਾਗ ਪਈ, ਜਾਗ ਕੇ, ਵੇਖੋ 'ਜਾਗਿ'

(2) ਜਗੀ, ਪ੍ਰਕਾਸ਼ਮਾਨ ਹੋਈ

"ਗੁਰ ਸਾਖੀ ਅੰਤਰਿ ਜਾਗੀ।"

– ਸੋਰ ੧, ੧੨, ੨:੧ (599)

"ਸਾਖੀ ਜਾਗੀ ਗੁਰਮੁਖਿ ਜਾਣੀ।" (ਸਿਖਿਆ ਪ੍ਰਗਟ ਹੋਈ ਹੈ)

– ਰਾਮ ਬੇਣੀ, ੧, ੨:੪ (974)

ਜਾਗੀਆ ---- ਜਾਗਦੀਆਂ ਹਨ

"ਸੁਖ ਸਹਜਿ ਸੋਵਹਿ ਕਿਲਵਿਖ ਖੋਵਹਿ ਨਾਮ ਰਸਿ ਰੰਗ ਜਾਗੀਆ।"

– ਬਿਹਾ ੫, ਛੰਤ ੪, ੩:੪ (544)

ਹੋਰ ਰੂਪ:

ਜਾਗੀਐ –

"ਕਰਿ ਦਾਸ ਦਾਸੀ ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ।" (ਭਾਵ ਸੇਵਾ ਵਿਚ ਹਾਜਰ ਰਹੀ ਏ)

– ਆਸਾ ੫, ਛੰਤ ੭, ੩:੫ (457)

ਜਾਗੀਲੇ –

"ਸਤਸੰਗਤਿ ਸਹਸ ਸਾਰਿ ਜਾਗੀਲੇ ਗੁਰ ਬੀਚਾਰਿ ਨਿੰਮਰੀ ਭੂਤ ਸਦੀਵ ਪਰਮ ਪਿਆਰਿ।" (ਜਾਗੀ ਰਹਿੰਦੀ ਹੈ)

– ਸਵ ੨, ੨:੩ (1391)

ਜਾਗੁ –

"ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ।" (ਜਾਗ ਕੇ)

– ਸਿਰੀ ੩, ੫੪, ੨:੧ (34)

ਜਾਗੁ ------ (1) ਜਾਗ ਕੇ, ਵੇਖੋ 'ਜਾਗੀਆ'

"ਜਾਗੁ ਰੇ ਮਨ ਜਾਗਨਹਾਰੇ।" (ਉਠ, ਸੁਚੇਤੰਨ ਹੋ ਕੇ, ਹੋਸ਼ ਕਰ)

– ਆਸਾ ੫, ੬੭, ੧*:੧ (387)

(2) ਜਾਵੇਗਾ

"ਹਉਮੈ ਰੋਗੁ ਭ੍ਰਮੁ ਕਟੀਐ ਨਾ ਆਵੈ ਨਾ ਜਾਗੁ।"

– ਸਿਰੀ ੫, ੮੫, ੨:੩ (47)

(3) ਜਾਗਦਿਆਂ
"ਜਾਗੁ ਸੋਇ ਸਿਮਰਨ ਰਸ ਭੋਗ।"
– ਰਾਮ ਕਬ, ੯, ੭:੩ (971)

ਜਾਗੂਤਾ ----- ਨੀਂਦ ਤਿਆਗੀ, ਜਾਗਰਣ ਕਰਨ ਵਾਲਾ
"ਕਾਪੜੀ ਕਉਤੇ ਜਾਗੂਤਾ।"
– ਸਿਰੀ ੫, ਅਸ ੨੭, ੫:੨ (71)

ਜਾਗੇ ------ (1) ਸੁਚੇਤੰਨ ਹੋਏ, ਹੋਸ਼ ਵਿਚ ਆਏ
"ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ।"
– ਸਿਰੀ ੩, ੫੪, ੩:੧ (34)
"ਸਗਲੀ ਰੈਣਿ ਸੋਈ ਅੰਧਿਆਰੀ ਗੁਰ ਕਿੰਚਤ ਕਿਰਪਾ ਜਾਗੇ।" (ਹੋਸ਼ ਵਿਚ ਆਏ)
– ਦੇਵ ੪, ੧, ੨:੧ (527)

ਹੋਰ ਰੂਪ:

ਜਾਗੈ –
"ਉਪਜੈ ਸਹਜੁ ਗਿਆਨ ਮਤੁ ਜਾਗੈ।"
– ਸਿਰੀ ਕਬ, ੧, ੩:੩ (92)

(2) ਪ੍ਰਗਟ/ਪ੍ਰਕਾਸ਼ਮਾਨ ਹੋਏ
"ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ।"
– ਰਾਮ ਬਸ, ੮:੧ (968)

ਹੋਰ ਰੂਪ:

ਜਾਗੈ –
"ਗਿਆਨੁ ਧਿਆਨੁ ਜੁਗਤਿ ਸਚੁ ਜਾਗੈ।" (ਸਚ ਦਾ ਪ੍ਰਕਾਸ਼ ਹੋਇਆ)
– ਗਉ ੧, ਅਸ ੬, ੪:੨ (223)
"ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ।" (ਧੁਨੀ ਉਠੇ)
– ਗੂਜ ੧, ੨, ੩:੨ (489)
"ਸਰਬ ਨਿਰੰਤਰਿ ਏਕੋ ਜਾਗੈ।" (ਇਕੋ ਹਰੀ ਪ੍ਰਕਾਸ਼ ਕਰ ਰਿਹਾ ਹੈ)
– ਸੂਹੀ ੫, ੨੯, ੩:੧ (743)

(3) ਜਾਗਦਾ ਹੈ ਭਾਵ ਜਾਗਦੀ ਜੋਤ ਹੈ
"ਬਾਬਾ ਗੋਰਖੁ ਜਾਗੈ।"
– ਰਾਮ ੧, ੪, ੧*:੧ (877)

ਜਾਗੋਟੀ ----- ਲੰਗੋਟੀ
"ਕਾਂਇਆ ਕੜਾਸਣੁ ਮਨੁ ਜਾਗੋਟੀ।"
– ਰਾਮ ੧, ਸਿਗੋ ੧੧:੨ (939)

ਜਾਗੂਣ ----- ਜਗਰਾਤਾ
"ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ।"
– ਪ੍ਰਭਾ ੩, ਅਸ ੨, ੧:੧ (1346)

ਹੋਰ ਰੂਪ:

ਜਾਗ੍ਣੁ –
“ਹਉਮੈ ਵਿਚਿ ਜਾਗ੍ਣੁ ਨ ਹੋਵਈ ਹਰਿ ਭਗਤਿ ਨ ਪਵਈ ਥਾਇ।”
– ਪ੍ਰਭਾ ੩, ਅਸ ੨, ੪:੧ (1346)

ਜਾਗ੍ਯਾ ------ ਜਾਗਿਆ, ਹੋਸ਼ ਵਿਚ ਆਇਆ, ਸੁਚੇਤੰਨ ਹੋਇਆ
“ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ।”
– ਸਵ ੪, ਕਲ ੩:੨ (1396)

ਜਾਚਉ ----- ਮੰਗਾਂ
“ਕਿਸੁ ਜਾਚਉ ਨਾਹੀ ਕੋ ਥਾਉ।”
– ਗਉ ੧, ੮, ੨:੧ (153)
“ਹਰਿ ਨਾਮਾ ਜਸੁ ਜਾਚਉ ਨਾਉ।” (ਮੰਗਦਾ ਹਾਂ)
– ਆਸਾ ੧, ੨੦, ੧:੩ (355)

ਹੋਰ ਰੂਪ:

ਜਾਚੰਉ –
“ਸੇਵੀ ਸਾਹਿਬੁ ਆਪਣਾ ਅਵਰੁ ਨ ਜਾਚੰਉ ਕੋਇ।
– ਧਨਾ ੧, ੧, ੪:੧ (660)

ਜਾਚਹਿ –
“ਹਰਿ ਜੀਉ ਸੋਈ ਕਰਹਿ ਜਿ ਭਗਤ ਤੇਰੇ ਜਾਚਹਿ ਏਹੁ ਤੇਰਾ ਬਿਰਦੁ।”
(ਮੰਗਦੇ/ਚਾਹੁੰਦੇ/ਲੋਚਦੇ ਹਨ)
– ਆਸਾ ੫, ੧੪੦, ੪:੧ (406)
“ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ।” (ਜਿਸ ਮਾਇਆ ਨੂੰ ਤੂੰ ਮੰਗਦਾ ਹੈ)
– ਬਿਲਾ ਕਬ, ੮, ੨:੧ (857)

ਜਾਚਹੁ –
“ਤਿਹ ਜਨ ਜਾਚਹੁ ਜਗਤ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ।” (ਮੰਗੋ)
– ਸਵ ੫, ਮਥੁ ੩:੧ (1408)

ਜਾਚਕ ----- ਮੰਗਤਾ, ਸਵਾਲੀ, ਇਛਕ
“ਜਾਚਕ ਜਨੁ ਜਾਚੈ ਪ੍ਰਭ ਦਾਨੁ।”
– ਗਉ ੫, ਸੁਖ ੨੦, ੧:੧ (289)

ਹੋਰ ਰੂਪ:

ਜਾਚਕੁ –
“ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ।” (ਮੰਗਤਾ)
– ਗਉ ੫, ੧੭੨*, ੪:੨ (218)

ਜਾਚੰਗਨਾ --- ਭਿਖਿਆ, ਦਾਨ
“ਹਰਿ ਦਾਤਾ ਜੀਅ ਜੰਤ ਭੇਖਾਰੀ ਜਨੁ ਬਾਛੈ ਜਾਚੰਗਨਾ।”
– ਮਾਰੂ ੫, ਸੋਲਾ ੯, ੧:੩ (1080)

ਜਾਚਤ ----- ਮੰਗਦਿਆਂ

“ਮਾਨੁਖ ਕਉ ਜਾਚਤ ਸ੍ਰਮੁ ਪਾਈਐ ਪ੍ਰਭ ਕੈ ਸਿਮਰਨਿ ਮੋਖ।”
– ਧਨਾ ੫, ੫੦, ੧*:੨ (682)

ਹੋਰ ਰੂਪ:

ਜਾਚੰਤ –
“ਨਾਮ ਦਾਨੁ ਜਾਚੰਤ ਨਾਨਕ ਦੈਨਹਾਰ ਗੁਰ ਗੋਪਾਲਾ।” (ਮੰਗਦਾ ਹੈ)
– ਸਸ ੫, ੧੪:੩ (1355)

ਜਾਚੰਤਿ –
“ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ (ਮੰਗਦਾ ਹੈ)
– ਸਸ ੫, ੨੧:੬ (1356)

ਜਾਚੰਦੀ –
“ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ।” (ਮੰਗਦੀ)
– ਗਉ ੫, ਵਾਰ ੧੪ਸ, ੫, ੧:੧ (321)

ਜਾਚਨਾ ----- **ਮੰਗ**
“ਸਾਧ ਤੇਰੇ ਕੀ ਜਾਚਨਾ ਵਿਸਰੁ ਨ ਸਾਸਿ ਗਿਰਾਸਿ।”
– ਆਸਾ ੫, ਅਸ ੨, ੭:੧ (431)

ਜਾਚੜੀ ----- **ਸੰਗ**
“ਜਾਚੜੀ ਸਾ ਸਾਰੁ ਜੋ ਜਾਚੰਦੀ ਹੇਕੜੋ।”
– ਗਉ ੫, ਵਾਰ ੧੪ਸ, ੫, ੧:੧ (321)

ਜਾਚਾ ------ **ਮੰਗਾਂ**
“ਤੁਧੁ ਬਿਨੁ ਅਵਰੁ ਨ ਕੋਈ ਜਾਚਾ ਗੁਰ ਪਰਸਾਦੀ ਤੂੰ ਪਾਵਣਿਆ।”
– ਮਾਝ ੪, ਅਸ ੩੪, ੪:੩ (130)

ਜਾਚਿ ------ **ਮੰਗ ਕੇ**
“ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ।”
– ਗੂਜ ੧, ਅਸ ੨, ੬:੧ (504)

ਜਾਚਿਆ ---- **ਮੰਗਿਆਂ**
“ਅਨਭਉ ਬਿਸਰਿ ਗਏ ਪ੍ਰਭੁ ਜਾਚਿਆ ਹਰਿ ਨਿਰਮਾਇਲੁ ਸੰਗੀ।”
– ਸਾਰ ੧, ਅਸ ੨, ੧:੨ (1232)

ਜਾਚਿਕ ----- **ਮੰਗਤਾ, ਮੰਗਣ ਵਾਲਾ**
“ਤਿਨ ਕੀ ਸੰਗਤਿ ਦੇਹਿ ਪ੍ਰਭ ਮੈ ਜਾਚਿਕ ਕੀ ਅਰਦਾਸਿ।”
– ਸਿਰੀ ੧, ੭੦, ੪:੨ (42)

ਜਾਚਿਕਹ ---- **ਮੰਗਦੇ ਹਨ**
“ਗੁਣ ਨਿਧਾਨ ਸਿਮਰੰਤਿ ਨਾਨਕ ਸਫਲ ਜਾਚੰਤ ਜਾਚਿਕਹ।”
– ਸਸ ੫, ੪੩:੪ (1357)

ਜਾਚਿਕਾ----- **ਮੰਗਤੇ**

“ਤੂ ਦਾਤੌ ਹਮ ਜਾਚਿਕਾ ਹਰਿ ਦਰਸਨ ਦੀਜੈ।”
– ਆਸਾ ੧, ੧੫, ੧*:੧ (419)

ਜਾਚਿਕੁ ------ ਮੰਗਤਾ
“ਜਾਚਿਕੁ ਜਾਚੈ ਸਾਧ ਰਵਾਲਾ।”
– ਮਾਝ ੫, ੪੫, ੪:੨ (107)

ਜਾਚੀ ------ ਮੰਗਾਂ
“ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ।”
– ਸੋਰ ੫, ੧, ੧:੧ (608)
“ਅਉਹਠਿ ਹਸਤ ਮਹਿ ਭਿਖਿਆ ਜਾਚੀ ਏਕ ਭਾਇ ਲਿਵ ਲਾਗੀ।” (ਮੰਗੀ)
– ਪ੍ਰਭਾ ੧, ੧੬, ੧*:੨ (1332)

ਹੋਰ ਰੂਪ:

ਜਾਚੀਐ –
“ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ।” (ਮੰਗੀਏ)
– ਗੂਜ ੫, ਅਸ, ੨, ੪:੨ (508)

ਜਾਚੁ –
“ਸਗਲ ਜੀਅ ਜਾ ਕਉ ਆਰਾਧਹਿ ਤਾਹੂ ਕਉ ਤੂੰ ਜਾਚੁ।” (ਮੰਗ)
– ਗੂਜ ੫, ੨੩, ੧*:੨ (500)

ਜਾਚੇ –
“ਤੁਮ ਦਇਆਲ ਸਰਣਿ ਪ੍ਰਤਿਪਾਲਕ ਮੋ ਕਉ ਦੀਜੈ ਦਾਨੁ ਹਰਿ ਹਮ ਜਾਚੇ।” (ਮੰਗਦੇ ਹਾਂ)
– ਗਉ ੪, ੫੫, ੩:੧ (169)
“ਬਿਨੁ ਹਰਿ ਜਾਚੇ ਭਗਤਿ ਨ ਨਾਮੁ।” (ਮੰਗਿਆ)
– ਗਉ ੧, ਅਸ ੧੨, ੩:੩ (226)
“ਤੁਮ੍ਹ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ।” (ਮੰਗਦਾ ਹੈ)
– ਆਸਾ ਕਬ, ੨੬, ੩:੨ (482

ਜਾਚੈ –
“ਜਾਚਿਕ ਜਾਚੈ ਸਾਧ ਰਵਾਲਾ।” (ਮੰਗਦਾ ਹੈ)
– ਮਾਝ ੫, ੪੫, ੪:੨ (107)

ਜਾਚੋਵੈ ------ ਮੰਗਦਾ ਹੈ
“ਤਉ ਜੇਵਡੁ ਦਾਤਾਰ ਨ ਕੋਈ ਜਾਚਕੁ ਸਦਾ ਜਾਚੋਵੈ।”
– ਰਾਮ ੫, ਵਾਰ ੧੬ਸ, ੫, ੧:੨ (964)

ਜਾਞੀ ------ (1) ਜੰਞ ਦਾ ਮਾਲਕ, ਭਾਵ ਲਾੜਾ
“ਜਾਞੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ।”
– ਸੂਹੀ ੧, ਛੰਤ ੧, ੩:੪ (763)
(2) ਜੰਞ ਵਿਚ ਸ਼ਾਮਲ ਹੋਣ ਵਾਲਾ, ਬਰਾਤੀ
“ਆਪੇ ਜਾਞੀ ਆਪੇ ਮਾਞੀ ਆਪਿ ਸੁਆਮੀ ਆਪਿ ਦੇਵਾ।”
– ਆਸਾ ੫, ਛੰਤ ੧, ੨:੪ (452)

ਹੋਰ ਰੂਪ:

ਜਾਵੀਆ –
“ਮਿਲਿ ਸੰਤ ਆਏ ਪ੍ਰਭ ਧਿਆਏ ਬਣੇ ਅਚਰਜ ਜਾਵੀਆ।”
– ਬਿਲਾ ੫, ਛੰਤ ੧, ੩:੩ (846)

ਜਾਟ ------ ਜੂੜਾ
“ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ।”
– ਕਾਨ ੪, ੧੦, ੧:੧ (1297)

ਜਾਟਰੋ ----- ਨਿਮਾਣਾ ਜਿਹਾ ਜੱਟ/ਕਿਸਾਨ/ਵਾਹੀ ਕਰਨ ਵਾਲਾ
“ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ।”
– ਆਸਾ ਧੰਨਾ, ੨, ੪:੧ (488)

ਜਾਡਾ ------ ਜਾੜਾ, ਸਰਦੀ
“ਆਗੈ ਘਾਮ ਪਿਛੈ ਰੁਤਿ ਜਾਡਾ।”
– ਤੁਖਾ ੧, ਬਾਰਾ ੧੧:੪ (1109)

ਜਾਣ ------ (1) ਗਮਨ, ਜਾਣਾ
“ਆਵਣ ਜਾਣ ਰਹੈ ਵਡਭਾਗੀ ਨਾਨਕ ਪੂਰਨ ਆਸਾ ਜੀਉ।” (ਭਾਵ ਮਰਨ)
– ਮਾਝ ੫, ੩੮, ੪:੨ (105)
“ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ।” (ਚਲੇ ਜਾਣ ਦੇਉ)
– ਰਾਮ ੧, ਓਅੰ ੩੬:੩ (934)

(2) ਜਾਣੇ ਜਾਣਾ, ਸਮਝੇ ਜਾਣ
“ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ।”
– ਵਡ ੧, ਅਲਾ ੫, ੪:੬ (582)

ਜਾਣਉ ----- ਜਾਣਦਾ ਦਾ, ਪਤਾ ਨਹੀਂ
“ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ।”
– ਤੁਖਾ ੧, ਛੰਤ ੪, ੩:੪ (1111)

ਜਾਣੀਅਹਿ --- ਸਮਝੋ, ਮੰਨੋ
“ਤੇ ਨਰ ਵਿਰਲੇ ਜਾਣੀਅਹਿ ਜਿਨ ਅੰਤਰਿ ਗਿਆਨੁ ਮੁਰਾਰਿ।”
– ਪ੍ਰਭਾ ੧, ੧੩, ੪:੨ (1331)

ਜਾਣਇ ----- ਜਾਣਦਾ ਹੈ
“ਸਦਾ ਚਾਇ ਹਰਿ ਭਾਇ ਪ੍ਰੇਮ ਰਸੁ ਆਪੇ ਜਾਣਇ।”
– ਸਵ ੪, ਕਲ ੫:੩ (1397)

ਹੋਰ ਰੂਪ:

ਜਾਣਈ –
“ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ।” (ਜਾਣਦਾ)
– ਸਿਰੀ ੧, ੧੩, ੩:੧ (19)

"ਜਿਨਿ ਕੀਤਾ ਤਿਸਹਿ ਨ ਜਾਣਈ ਮਨਮੁਖ ਪਸੁ ਨਾਪਾਕ।" (ਜਾਣਦਾ, ਪਛਾਣਦਾ, ਅਹਿਸਾਨ ਮੰਨਦਾ)
- ਸਿਰੀ ੫, ੮੪, ੨:੩ (47)
"ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ।" (ਜਾਣਦਾ, ਗਿਆਨ ਨਹੀਂ)
- ਮਾਝ ੫, ਦਿਨ ੨:੮ (137)
"ਖੁਧਿਆਵੰਤੁ ਨ ਜਾਣਈ ਲਾਜ ਕੁਲਾਜ ਕੁਬੋਲੁ।" (ਜਾਣਦਾ, ਪਰਵਾਹ ਕਰਦਾ)
- ਗਉ ੪, ਵਾਰ ੩੨ਸ, ੫, ੨:੧ (317)
"ਪਿਰ ਕੀ ਸਾਰ ਨ ਜਾਣਈ ਦੂਜੇ ਭਾਇ ਪਿਆਰੁ।" (ਸੋਝੀ)
- ਸੋਰ ੪, ਵਾਰ ੨੪ਸ, ੩, ੨:੨ (652)
"ਦੇਖੈ ਸੁਣੇ ਨ ਜਾਣਈ ਮਾਇਆ ਮੋਹਿਆ ਅੰਧੁ ਜੀਉ।" (ਸਮਝਦਾ)
- ਸੂਹੀ ੫, ਅਸ ੩, ੨:੧ (760)

ਜਾਣਏ -
"ਕਰਿ ਬੈਰਾਗੁ ਤੂੰ ਛੋਡਿ ਪਾਖੰਡੁ ਸੋ ਸਹੁ ਸਭੁ ਕਿਛੁ ਜਾਣਏ।" (ਜਾਣਦਾ ਹੈ)
- ਆਸਾ ੩, ਛੰਤ ੭, ੨:੩ (440)

ਜਾਣਸਿ ----- ਜਾਣਦਾ
"ਜੇ ਜਾਣਸਿ ਬ੍ਰਹਮੰ ਕਰਮੰ।"
- ਆਸਾ ੧, ਵਾਰ ੧੪ਸ, ੧, ੨:੭ (470)

ਹੋਰ ਰੂਪ:

ਜਾਣਸੀ -
"ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ।" (ਸਮਝਦਾ/ਜਾਣਦਾ ਹੈ)
- ਆਸਾ ੧, ਅਸ ੨੧, ੪:੧ (422)

ਜਾਣਹ -
"ਕਿਆ ਹਮ ਕਥਹ ਕਿਛੁ ਕਥ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ।"
- ਸਾਰ ੫, ੨, ੫:੧ (1203)

ਜਾਣਹਾ -
"ਹਮ ਮੂਰਖ ਕਿਛੂਅ ਨਾ ਜਾਣਹਾ ਕਿਵ ਪਾਵਹ ਪਾਰੋ।" (ਜਾਣਦੇ)
- ਆਸਾ ੪, ਛੰਤ ੧੭, ੩:੩ (450)

ਜਾਣਹਿ -
"ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ।" (ਜਾਣਦੇ ਹਨ)
- ਜਪੁ ੧, ੨੭:੫ (6)
"ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ।" (ਜਾਣਦਾ ਹੈ, ਵਾਕਫ ਹੈ)
- ਸਿਰੀ ੧, ੨੮, ੨:੧ (24)
"ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ।" (ਆਪਣਾ ਰਾਜਾ ਸਮਝਦੇ ਹਨ)
- ਸਿਰੀ ੧, ਅਸ ੬, ੮:੨ (57)
"ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ।" (ਸਮਝਦੇ ਨਹੀਂ)
- ਆਸਾ ੫, ੧੫੨, ੧*:੨ (408)
"ਸੁਣਿ ਬਾਵਰੇ ਮਤੁ ਜਾਣਹਿ ਪ੍ਰਭੁ ਮੈ ਪਾਇਆ।" (ਸਮਝੇ)
- ਸੂਹੀ ੫, ਛੰਤ ੧, ੪:੧ (777)

ਜਾਣਹੀ –
“ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ।” (ਜਾਣਦਾ)
– ਆਸਾ ੧, ਅਸ ੨੧, ੩:੧ (422)

ਜਾਣਹੁ –
“ਭਾਈ ਰੇ ਇਉ ਸਿਰਿ ਜਾਣਹੁ ਕਾਲੁ।” (ਸਮਝੋ)
– ਸਿਰੀ ੧, ਅਸ ੪, ੧*:੨ (55)
“ਤੁਮਰੇ ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੁੋਪਾਲਾ ਜੀਉ।” (ਜਾਣਦਾ ਹੈ)
– ਮਾਝ ੫, ੩੩, ੧:੧ (104)
ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ।” (ਸਮਝੋ)
– ਗਉ ੪, ੫੧, ੩:੨ (168)
“ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ।” (ਸਮਝੋ ਭਾਵ ਵੇਖੋ)
– ਆਸਾ ੧, ੩, ੧*:੧ (349)
“ਜੋ ਇਹੁ ਜਾਣਹੁ ਸੋ ਇਹੁ ਨਾਹਿ।” (ਇਸ ਨੂੰ ਸਮਝਦੇ ਹੋ)
– ਰਾਮ ੫, ੧੦, ੪:੧ (885)
“ਕਢਿ ਕਸੀਦਾ ਪਹਿਰਹਿ ਚੋਲੀ ਤਾ ਤੁਮ੍ ਜਾਣਹੁ ਨਾਰੀ।” (ਆਖੀ, ਸਮਝੀ ਜਾ ਸਕਦੀ ਹੈ)
– ਬਸੰ ੧, ੧੦, ੨:੧ (1171)

ਜਾਣਹੂ –
“ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੂ।” (ਜਾਣਦੇ)
– ਆਸਾ ੧, ਅਸ ੧੬, ੩:੧ (419)

ਜਾਣਹੇ –
“ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ।” (ਸਮਝ)
– ਰਾਮ ੩, ਅਨੰ ੧੨:੨ (918)
“ਮੈਲੁ ਪਰਹਰਿ ਸਬਦੁ ਨਿਰਮਲੁ ਮਹਲੁ ਘਰੁ ਸਚੁ ਜਾਣਹੇ।” (ਸਮਝ ਲੈ, ਭਾਵ ਲੱਭ ਲੈ)
– ਤੁਖਾ ੧, ਛੰਤ ੬, ੪:੪ (1113)

ਜਾਣੰਤ –
“ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤ ਪ੍ਰਤੇ।” (ਜਾਣਦਾ)
– ਸਸ ੫, ੬੧:੧ (1359)

ਜਾਣਤਾ ----- ਜਾਣਦਾ ਹੈ
“ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ।”
– ਗਉ ੪, ੪੯, ੧:੨ (167)

ਹੋਰ ਰੂਪ:

ਜਾਣੰਤਿ –
“ਇਕਨਾ ਨਾਦ ਨ ਬੇਦ ਨ ਗੀਅ ਰਸੁ ਰਸ ਕਸ ਨ ਜਾਣੰਤ।”
– ਸਾਰ ੪, ਵਾਰ ੨੨ਸ, ੧, ੨:੪ (1246)

ਜਾਣਦਾ ----- (1) ਗਿਆਤਾ ਹੈ, ਵਾਕਫ ਹੈ, ਜਾਣੂੰ ਹੈ

"ਮੇਰਾ ਪ੍ਰਭੁ ਸਭੁ ਕਿਛੁ ਜਾਣਦਾ।"

– ਸਿਰੀ ੧, ਅਸ ੨੮, ੧੭:੨ (72)

ਹੋਰ ਰੂਪ:

ਜਾਣਦੇ –

"ਇਹੁ ਹਰਿ ਰਸੁ ਸੇਈ ਜਾਣਦੇ ਜਿਉ ਗੂੰਗੈ ਮਿਠਿਆਈ ਖਾਈ।"

– ਗਉ ੪, ਵਾਰ ੧੮:੪ (311)

ਜਾਣਦੋ –

"ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ।"

– ਸਿਰੀ ੫, ਛੰਤ ੩, ੫, ੩:੧ (81)

(2) ਆਉਂਦਾ (ਭਾਵ)

"ਹਉ ਆਪਹੁ ਬੋਲ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ।" (ਭਾਵ ਸਮਝ ਨਹੀਂ)

– ਸੂਹੀ ੫, ਕੁਚ ੩:੧੦ (763)

ਜਾਣਨਿ ----- ਜਾਣਦੇ ਹਨ, ਵਾਕਫ ਹਨ, ਨੂੰ ਪਤਾ ਹੈ, ਸਮਝ ਦੇ

"ਜਿਨਾ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ।"

– ਗਉ ੪, ਵਾਰ ੧੯ਸ, ੪, ੧:੧ (311)

"ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ।" (ਸਮਝਦੀਆਂ ਹਨ)

– ਰਾਮ ੩, ੧, ੨:੨ (880)

ਹੋਰ ਰੂਪ:

ਜਾਣਨੀ –

"ਮਨਮੁਖ ਨਾਮੁ ਨ ਜਾਣਨੀ ਵਿਣੁ ਨਾਵੈ ਪਤਿ ਜਾਇ।" (ਜਾਣਦੇ)

– ਸਿਰੀ ੩, ੩੮, ੨:੧ (28)

"ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮ ਜੰਦਾਰੁ।" (ਸਮਝ ਕੇ)

– ਸਿਰੀ ੪, ਵਾਰ ੧੮ਸ, ੩, ੨:੫ (90)

"ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ।" (ਨਿਖੇੜਾ ਨਹੀਂ ਕਰਦੇ)

– ਵਡ ੧, ਅਲਾ ੩, ੪:੪ (580)

"ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ।" (ਮੂਲ ਨਹੀਂ ਪਛਾਣਦੇ)

– ਪ੍ਰਭਾ ੩, ਅਸ ੧, ੨:੨ (1346)

"ਮਨਹੁ ਜਿ ਅੰਧੇ ਘੂਪ ਕਹਿਆ ਬਿਰਦੁ ਨ ਜਾਣਨੀ।" (ਕੀਤੇ ਉਪਦੇਸ਼ ਦੀ ਲਾਜ ਨਹੀਂ ਪਾਲਦੇ)

– ਸਲੋ ੧, ੧੫:੧ (1411)

ਜਾਣੰਨਿ੍ –

"ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨਿ੍।" (ਜਾਣਦੇ)

– ਬਿਲਾ ੪, ਵਾਰ ੧੨ਸ, ੩, ੧:੩ (854)

ਜਾਣਨ੍ੀ –

"ਜਿਨਿ੍ ਕੀਤੇ ਤਿਸੈ ਨ ਜਾਣਨ੍ੀ ਬਿਨੁ ਨਾਵੈ ਸਭਿ ਚੋਰ।" (ਜਾਣਦੇ)

– ਆਸਾ ੩, ਅਸ ੩੧, ੬:੨ (427)

ਜਾਣਲਾ ----- ਜਾਣਦਾ

"ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ।"

- ਰਾਮ ੫, ਵਾਰ ੧੮:੩ (965)

ਜਾਣਾ ------ (1) ਜਾਣਦਾ, ਹੋਵਾਂ, ਗਿਆਤਾ ਹੋਵਾਂ

"ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।"

- ਜਪੁ ੧, ੫:੯ (2)

"ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ।" (ਜਾਣਦਾ)

- ਆਸਾ ੪, ਸੋਦ ੨, ੨:੩ (348)

"ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ।" (ਜਾਣਦੀ, ਪਤਾ ਹੁੰਦਾ)

- ਵਡ ੪, ਵਾਰ ੧ਸ, ੩, ੨:੨ (585)

ਹੋਰ ਰੂਪ:

ਜਾਣਾਂ –

"ਫਰੀਦਾ ਜੇ ਜਾਣਾਂ ਤਿਲ ਥੋੜੜੇ ਸਮਲਿ ਬੁਕੁ ਭਾਰੀ।"

- ਸਲੋ ਫਰ, ੪:੧ (1378)

(2) ਗਿਆਨ ਪ੍ਰਾਪਤ ਕਰਾਂ

"ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ।"

- ਜਪੁ ੧, ੨੧:੧੫ (5)

(3) ਗਮਨ ਕਰਾਂ

"ਆਵਣੁ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ।"

- ਸਿਰੀ ੩, ੪੫, ੨:੨ (31)

"ਆਵਣੁ ਜਾਣਾ ਤੁਮ ਹੀ ਕੀਆ।" (ਭਾਵ ਮਰਨਾ)

- ਵਡ ੫, ੭, ੩:੧ (563)

"ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ।" (ਭਾਵ ਜਮ ਦੇ ਰਸਤੇ ਤੇ ਨਹੀਂ ਪੈਣਾ ਅਰਥਾਤ ਤੁਰਨਾ)

- ਵਡ ੧, ਅਲਾ ੫, ੨:੫ (582)

(4) ਗਿਆਨੀ, ਜਾਣਨ ਵਾਲਾ (ਮਹਾਨਕੋਸ਼) ਜਾਣਿਆ ਭਾਵ ਲਗਦਾ ਹੈ (ਦਰਪਣ)

"ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।"

- ਸਿਰੀ ੫, ੯੬, ੧:੨ (51)

(5) ਸਮਝਾਂ, ਮੰਨਾ

"ਬਿਨਉ ਕਰੀ ਜੇ ਜਾਣਾ ਦੂਰਿ।"

- ਸੂਹੀ ੫, ੩, ੪:੧ (737)

"ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ।" (ਸਮਝਦਾ ਹੈ)

- ਰਾਮ ੧, ਅਸ ੭, ੧੨:੧ (907)

(6) ਦਾਨਾ, ਖਾਜ

"ਜਾਣੀ ਪਾਣੀ ਨਾ ਲਹਾਂ ਜੈ ਸੇਤੀ ਮੇਰਾ ਸੰਗੁ।"

- ਸਲੋ ੧, ੩੦:੩ (1412)

ਜਾਣਾਇਆ -- ਸਮਝਾਇਆ, ਬੁਝਾਇਆ

"ਗੁਰਿ ਪੂਰੈ ਜਾਣਾਇਆ ਭਾਈ ਤਿਸੁ ਬਿਨੁ ਅਵਰੁ ਨ ਕੋਇ।"

– ਸੋਰ ੫, ੨, ੧*:੨ (608)

ਹੋਰ ਰੂਪ:

ਜਾਣਾਇਹਿ –
“ਜਿਸਨੋ ਤੂ ਜਾਣਾਇਹਿ ਸੋਈ ਜਨੁ ਜਾਣੈ।” (ਸਮਝਾਵੇ, ਬੁਝਾਏ)
– ਆਸਾ ੪, ੫੩, ੩:੧ (365)

ਜਾਣਾਈ –
“ਉਸਤਤਿ ਨਿੰਦਾ ਗੁਰਿ ਸਮ ਜਾਣਾਈ ਇਸੁ ਜੁਗ ਮਹਿ ਲਾਹਾ ਹਰਿ ਜਪਿ-ਲੈ ਜਾਇ।” (ਦਸੀ ਸਮਝਾਦੀ)
– ਆਸਾ ੩, ੪੫, ੧*:੨ (362)
“ਸਬਦਿ ਭੇਦਿ ਜਾਣੈ ਜਾਣਾਈ।” (ਦਸਦਾ/ਸਮਝਾਉਂਦਾ ਹੈ)
– ਰਾਮ ੧, ਸਿਗੋ ੨੯:੫ (941)

ਜਾਣਾਈਐ --- ਦਸੀਏ, ਪ੍ਰਗਟ ਕਰੀਏ, ਗਿਣਵਾਈ ਦੇ, ਜਤਾਉਣਾ
“ਤਜਿ ਆਪੁ ਮਿਟੈ ਸੰਤਾਪੁ ਆਪੁ ਨਹ ਜਾਣਾਈਐ।”
– ਆਸਾ ੫, ਛੰਤ ੭, ੩:੩ (457)

ਜਾਣਾਏ ----- (1) ਦਸਿਆਂ, ਸਮਝਾਇਆ
“ਵਿਣੁ ਜਾਣਾਏ ਕੋਇ ਨ ਜਾਣੈ।”
– ਮਾਰੂ ੧, ਸੋਲਾ ੧੪, ੪:੧ (1034)
(2) ਜਤਾਉਣਾ
“ਕਹਿ ਕਹਿ ਕਹਣੁ ਆਪੁ ਜਾਣਾਏ।”
– ਮਲਾ ੩, ਅਸ ੩, ੬:੩ (1278)

ਜਾਣਾਵੈ ----- ਦਸੇ, ਬੁਝਾਏ, ਸਮਝਾਵੇ
“ਸਮਝੈ ਸੂਝੈ ਜਾਣੀਐ ਜੇ ਆਪਿ ਜਾਣਾਵੈ।”
– ਸੂਹੀ ੧, ਛੰਤ ੫, ੪:੨ (766)

ਜਾਣਿ ------ (1) ਜਾਣ ਕੇ, ਜਾਣ ਬੁੱਝ ਕੇ, ਸਮਰਥਾ ਹੁੰਦਿਆਂ ਹੋਇਆਂ ਵੀ
“ਗੁਰ ਕਉ ਜਾਣਿ ਨ ਜਾਣਈ ਕਿਆ ਤਿਸੁ ਚਜੁ ਅਚਾਰੁ।” (ਜਾਣ ਕੇ ਨਹੀ ਜਾਣਦਾ ਭਾਵ ਅਕਲ ਹੁੰਦਿਆਂ ਨਹੀਂ ਸਮਝਦਾ)
– ਸਿਰੀ ੧, ੧੩, ੩:੧ (19)
(ਮਹਾਨਕੋਸ਼ ਇਥੇ ਜਾਣਿ ਦੇ ਅਰਥ ‘ਵਿਦਵਾਨ’ ਕਰਦਾ ਹੈ)
“ਕੋਈ ਜਾਣਿ ਨ ਭੂਲੈ ਭਾਈ।”
– ਪ੍ਰਭਾ ੧, ਅਸ ੪, ੧*:੧ (1344)
(2) ਜਾਣ ਕੇ, ਸਮਝੈ ਕੇ, ਹੋਰ ਵੇਖੋ ‘ਜਾਣਿਆ’
“ਗੁਰਮੁਖਿ ਜਾਣਿ ਸਿਵਾਣੀਐ ਗੁਰਿ ਮੇਲੀ ਗੁਣ ਚਾਰੁ।”
– ਸਿਰੀ ੧, ਅਸ ੯, ੨:੩ (58)
“ਮੂਲੁ ਜਾਣਿ ਗਲਾ ਕਰੇ ਹਾਣਿ ਲਾਏ ਹਾਣੁ।” (ਵਿਤ ਨੂੰ ਸਮਝ ਕੇ)
– ਮਾਝ ੧, ਵਾਰ ੨੨ਸ, ੨, ੨:੪ (148)

ਹੋਰ ਰੂਪ:

ਜਾਣਿਓ –

“ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮ ਰਸ ਜਿਨਿ ਜਾਣਿਓ।” (ਸਮਝਿਆ/ਜਾਣਿਆ ਹੈ)

– ਸਵ ੧, ੨:੩ (1389)

ਜਾਣਿਅਉ –

“ਗੁਰ ਅਰਜਨੁ ਕਲੁਚਰੈ ਤੈ ਰਾਜ ਜੋਗ ਰਸੁ ਜਾਣਿਅਉ।” (ਸਮਝਿਆ ਹੈ)

– ਸਵ ੫, ਕਲ ੭:੬ (1407)

ਜਾਣਿਅਹੁ –

“ਨੇੜਾ ਹੈ ਦੂਰਿ ਨ ਜਾਣਿਹੁ ਨਿਤ ਸਾਰੇ ਸੰਮ੍ਹਾਲੇ।”

– ਗੂਜ ੧, ੧, ੪:੧ (489)

(3) ਸਮਝ/ਜਾਣ ਲੈ

“ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ।” (ਹੇ ਰਾਜੇ/ਸਮਝ ਲੈ)

– ਬਿਲਾ ੫, ਛੰਤ ੯, ੩:੧ (548)

(4) ਗਮਨ ਕਰਨ, ਜਾਣਾ

“ਮਾਇਆ ਕੇ ਵਾਪਰਾ ਜਗਤਿ ਪਿਆਰਾ ਆਵਣਿ ਜਾਣਿ ਦੁਖੁ ਪਾਈ।” (ਭਾਵ ਮਰਨ)

– ਵਡ ੩, ਛੰਤ ੫, ੩:੩ (571)

ਜਾਣਿਆ ---- (1) ਸਮਝਿਆ, ਚੇਤੰਨ ਹੋਣਾ

“ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ।”

– ਗਉ ੪, ਸੋਹ ੪, ੨:੧ (13)

“ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ।” (ਸਮਝਿਆ)

– ਸਿਰੀ ੩, ੪੪, ੪:੧ (30)

“ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ।”

– ਸਿਰੀ ੧, ਅਸ ੪, ੧:੧ (55)

“ਭਗਤਾ ਕਾ ਸਹਾਈ ਜੁਗਿ ਜੁਗਿ ਜਾਣਿਆ।” (ਜਾਣਿਆ/ਸਮਝਿਆ ਗਿਆ, ਪ੍ਰਸਿਧ ਹੋਇਆ)

– ਆਸਾ ੫, ੧੦੯, ੩:੨ (398)

ਹੋਰ ਰੂਪ:

ਜਾਣਿਆ –

“ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ।”

– ਰਾਮ ੧, ੩, ੩:੧ (877)

(2) ਜਾਣਦੇ, ਸਵੀਕਾਰਦੇ, ਮੰਨਦੇ

“ਮਨਮੁਖ ਲੂਣ ਹਾਰਾਮ ਕਿਆ ਨ ਜਾਣਿਆ।”

– ਮਾਝ ੧, ਵਾਰ ੧੧:੫ (143)

(3) ਗਮਨ ਕਰਨਾ, ਜਾਣਾ ਭਾਵ ਮਰਨਾ

“ਵਿਣੁ ਨਾਵੈ ਦੁਖੁ ਪਾਇ ਆਵਣ ਜਾਣਿਆ।”

– ਮਾਝ ੧, ਵਾਰ ੧੩:੭ (144)

“ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ।” (ਜਾਣ ਵਾਰੇ)

– ਮਲਾ ੧, ਵਾਰ ੧:੮ (1279)

ਜਾਣੀ ------ (1) ਸਮਝ, ਸਮਝੀ

"ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ।" (ਹੇ ਮੂਰਖ ਸਮਝ)

– ਸਿਰੀ ੧, ੨੭, ੧:੨ (24)

"ਗੁਰ ਪਰਸਾਦਿ ਕਿਨੈ ਵਿਰਲੈ ਜਾਣੀ।" (ਸਮਝੀ)

– ਮਾਝ ੫, ੨੯, ੧:੨ (103)

"ਜਿਸ ਨੋ ਸਾਹਿਬ ਵਡਾ ਕਰੇ ਸੋਈ ਵਡ ਜਾਣੀ।" (ਸਮਝ)

– ਗਉ ੪, ਵਾਰ ੫:੧ (302)

(2) ਜਾਣ ਭਾਵ ਮਰਨ ਵਾਲੀ

"ਨਾਮ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ।"

– ਆਸਾ ੩, ਅਸ ੨੩, ੫:੧ (423)

"ਜੋ ਦੀਸੈ ਸਭ ਆਵਣ ਜਾਣੀ।" (ਜਾਣ/ਮਰਨ ਵਾਲੀ)

– ਮਾਝ ੧, ਸੋਲਾ ੧, ੧੩:੨ (1021)

(3) ਜਾਣਾ, ਭਾਵ ਮਰਨਾ

"ਅਸਥਿਰੁ ਥੀਆ ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ।" (ਜਾਣਾ ਭਾਵ ਮਰਨਾ)

– ਵਡ ੫, ਛੰਤ ੧, ੧:੪ (576)

"ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ।"

– ਤੁਖਾ ੧, ਛੰਤ ੪, ੪:੪ (1112)

(4) ਜਾਣਨ ਵਾਲਾ

"ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ।"

– ਬਿਹਾ ੫, ਛੰਤ ੭, ੨:੧ (546)

"ਆਪਣਾ ਚੋਜੁ ਕਰਿ ਵੇਖੈ ਆਪੇ ਆਪੇ ਸਭਨਾ ਜੀਆ ਕਾ ਹੈ ਜਾਣੀ।"

– ਬਿਹਾ ੪, ਵਾਰ ੧੨:੫ (553)

ਹੋਰ ਰੂਪ:

ਜਾਣੀਅ –

"ਹਰਿ ਹਰਿ ਦਰਸ ਸਮਾਨ ਆਤਮਾਵੰਤ ਗਿਆਨ ਜਾਣੀਅ ਅਕਲ ਗਤਿ ਗੁਰ ਪਰਵਾਨ।" (ਜਾਣਨ ਵਾਲਾ)

– ਸਵ ੨, ੪:੨ (1391)

ਜਾਣੀਅਹਿ --- ਜਾਣੇ ਜਾਂਦੇ, ਸਮਝੇ ਜਾਂਦੇ, ਗਿਣੇ ਜਾਂਦੇ

"ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ।" (ਭਾਵ ਪਛਾਣੇ ਜਾਂਦੇ)

– ਜਪੁ ੧, ੨੩:੨ (5)

"ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ।" (ਜਾਣੇ ਜਾਂਦੇ)

– ਸਿਰੀ ੪, ੬੯, ੨:੩ (41)

"ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ।" (ਸਮਝੀਏ)

– ਸਿਰੀ ੧, ਅਸ ੭, ੫:੩ (57)

"ਇਸੁ ਜਗ ਮਹਿ ਵਿਰਲੇ ਜਾਣੀਅਹਿ ਨਾਨਕ ਸਚੁ ਲਹੰਨਿ।" (ਸਮਝੋ)

– ਸੂਹੀ ੩, ਅਸ ੩, ੩੪:੨ (756)

ਹੋਰ ਰੂਪ:

ਜਾਣੀਅਹੁ –

“ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ।” (ਸਮਝੇ/ਕਹੇ/ਮੰਨੇ ਜਾਓਗੇ)

– ਆਸਾ ੧, ਅਸ ੧੩, ੮:੨ (418)

ਜਾਣੀਅਨਿ –

“ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨ੍ਹਿ।” (ਸਮਝੀਆਂ ਜਾਣੀਆਂ ਚਾਹੀਦੀਆਂ ਹਨ)

– ਸੂਹੀ ੩, ਵਾਰ ੬ਸ, ੩, ੧:੨ (787)

(2) ਪ੍ਰੀਚਿਤ/ਗਿਆਤਾ/ਹੋਣਾ

“ਗੁਣ ਗੋਬਿੰਦ ਨ ਜਾਣੀਅਹਿ ਮਾਇ।”

– ਮਲਾ ੧, ੬, ੧*:੧ (1256)

(3) ਪਤਾ ਲਗੇਗਾ

“ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ।”

– ਮਲਾ ੧, ਵਾਰ ੨੧ਸ, ੧, ੪:੫ (1287)

ਜਾਣੀਆ ---- (1) ਜਾਣ ਵਾਲੀ, ਖਤਮ ਹੋ ਜਾਣ ਵਾਲੀ, ਮਰਨ ਵਾਲੀ

“ਸਭ ਦੁਨੀਆ ਆਵਣ ਜਾਣੀਆ।”

– ਸਿਰੀ ੧, ੩੩, ੩:੩ (26)

(2) ਜਾਣਿਆ, ਬੋਧ ਪ੍ਰਾਪਤ ਕੀਤਾ, ਸਮਝਿਆ

“ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ।”

– ਗਉ ੫, ੧੭੦, ੨:੧ (218)

“ਜਿਸੁ ਭੁਲਾਏ ਆਪਿ ਤਿਸੁ ਕਲ ਨਹੀ ਜਾਣੀਆ।”

– ਗਉ ੫, ੧੬ਸ, ੫, ੨:੨ (322)

ਹੋਰ ਰੂਪ:

ਜਾਣੀਐ –

“ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ।” (ਸਮਝੀਏ)

– ਜਪੁ ੧, ੪:੭ (2)

“ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ।” (ਸਮਝ ਆਉਂਦੀ/ਪਤਾ ਲਗਦਾ ਹੈ)

– ਸਿਰੀ ੧, ੬, ੩:੩ (16)

“ਹੁਕਮੀ ਵਜਹੁ ਲਿਖਾਇ ਆਇਆ ਜਾਣੀਐ।” (ਸਮਝਣਾ ਚਾਹੀਦਾ/ ਆਉਣਾ ਚਾਹੀਦਾ ਹੈ)

– ਆਸਾ ੧, ੧੬, ੪:੧ (419)

(3) ਜਾਣਿਆ ਗਿਆ, ਪ੍ਰਸਿੱਧ ਹੋਇਆ

“ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ।”

– ਸਲੋ ੩, ੩:੨ (1413)

“ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ।” (ਮੰਨ/ਸਮਝ ਸਕਦੇ ਹਾਂ)

– ਸਿਰੀ ੧, ਅਸ ੧੭, ੧:੨ (64)

ਹੋਰ ਰੂਪ:

ਜਾਣੀਐ –

"ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ।" (ਜਾਣਿਆ ਜਾਂਦਾ ਪ੍ਰਸਿੱਧ ਹੁੰਦਾ)

– ਜਪੁ ੧, ੭:੨ (2)

"ਅੰਤਰਿ ਬਹਿ ਕੈ ਕਰਮ ਕਮਾਵੈ ਸੋ ਚਹੁ ਕੁੰਡੀ ਜਾਣੀਐ।"

– ਮਾਝ ੧, ਵਾਰ ੨ਸ, ੨, ੨ :੩ (138)

ਜਾਣੁ ------ **(1) ਸਮਝ**

"ਨਾਨਕ ਸਾਚੇ ਕਉ ਸਚੁ ਜਾਣੁ।"

– ਸਿਰੀ ੧, ੫, ੧*:੧ (15)

"ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ।" ('ਮਹਾਨਕੋਸ਼' ਜਾਣਨ ਵਾਲੇ)

– ਸਿਰੀ ੫, ੭੪, ੪:੩ (43)

(2) ਜਾਣ, ਗਮਨ ਕਰਨ, ਭਾਵ ਮਰਨ

"ਆਵਣ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ।"

– ਸਿਰੀ ੧, ੧੩, ੩:੩ (19)

(3) ਜਾਣੂ, ਜਾਣਨ ਵਾਲਾ, ਸਿਆਣਾ, ਸੁਜਾਣ

"ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ।"

– ਸਿਰੀ ੪, ਵਾਰ ੧੮:੨ (90)

"ਅੰਧੀ ਦੁਨੀਆ ਸਾਹਿਬੁ ਜਾਣੁ।"

– ਆਸਾ ੧, ੪, ੧*:੨ (349)

"ਮੇਰਾ ਪ੍ਰਭੁ ਸਾਚਾ ਆਪੇ ਜਾਣੁ।"

– ਆਸਾ ੩, ੫੧, ੨:੩ (364)

"ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ।"

– ਗੂਜ ੫, ਵਾਰ ੪:੪ (519)

"ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ।" (ਜਾਣਨਹਾਰ ਹਰੀ)

– ਪ੍ਰਭਾ ੧, ੬, ੨:੨ (1329)

(4) ਪਛਾਣ, ਗਿਆਨ

"ਮਨ ਚੂਰੇ ਖਟੁ ਦਰਸਨ ਜਾਣੁ।" (ਛੇ ਦਰਸ਼ਨਾਂ ਦੀ ਪਛਾਣ/ਗਿਆਨ ਇਹ ਮਨ ਨੂੰ ਵੱਸ ਕਰਦਾ ਹੈ)

– ਆਸਾ ੧, ੧੧, ੧*:੧ (352)

(5) ਜਾਣਨਯੋਗ ਹਰੀ

"ਪੂਰੇ ਗੁਰ ਤੇ ਜਾਣੈ ਜਾਣੁ।"

– ਬਸੰ ੧, ਅਸ ੩, ੩:੪ (1188)

ਜਾਣੇ ------ **(1) ਜਾਣਿਆ, ਗਿਆਨ/ਜਾਣਕਾਰੀ ਪ੍ਰਾਪਤ ਕੀਤੀ**

"ਸੇ ਵਡਭਾਗੀ ਜਿਨਿ ਤੁਮ ਜਾਣੇ।"

– ਮਾਝ ੫, ੨੭, ੩:੧ (102)

"ਆਪੇ ਜਾਣੇ ਅੰਤਰਜਾਮੀ।" (ਜਾਣਦਾ ਹੈ)

– ਮਾਰੂ ੧, ਸੋਲਾ ੭, ੫:੨ (1027)

"ਇਹੁ ਰਾਜ ਜੋਗ ਗੁਰ ਰਾਮਦਾਸ ਤੁਮ੍ਹ ਹੁ ਰਸੁ ਜਾਣੇ।" (ਜਾਣਦਾ ਹੈ)

– ਸਵ ੪, ਕਲ ੧੨:੪ (1398)

(2) ਸਹਾਇਕ ਕਿਰਿਆ
“ਗਰਭ ਜੋਨੀ ਵਾਸੁ ਪਾਇਦੇ ਗਰਭੇ ਗਲਿ ਜਾਣੇ।”
– ਗਉ ੩, ੩੭, ੩:੩ (163)

(3) ਜਾਣੇ ਗਏ ਭਾਵ ਪਰਵਾਨ ਚੜੇ
“ਜਿਨਾ ਆਪੇ ਗੁਰਮੁਖਿ ਦੇ ਵਡਿਆਈ ਸੇ ਜਨ ਸਚੀ ਦਰਗਹਿ ਜਾਣੇ।”
– ਬਿਹਾ ੪, ਵਾਰ ੧੧:੫ (553)
“ਸਨਮੁਖ ਸਦਾ ਸੋਹਣੇ ਸਚੈ ਦਰਿ ਜਾਣੇ।” (ਜਾਣੇ ਗਏ)

(4) ਗਮਨ ਕਰਨਾ, ਭਾਵ ਮਰਨਾ
“ਜਮ ਦਰਿ ਬਾਧੇ ਆਵਣ ਜਾਣੇ।”
– ਬਿਲਾ ੧, ਥਿਤੀ ੨:੨ (839)

ਜਾਣੈ ------ (1) ਸਮਝਦਾ/ਮੰਨਦਾ ਹੈ
“ਗਾਵੈ ਕੋ ਦਾਤਿ ਜਾਣੈ ਨੀਸਾਣੁ।”
– ਜਪੁ ੧, ੩:੨ (1)
“ਏਹੁ ਲੇਖਾ ਲਿਖਿ ਜਾਣੈ ਕੋਇ।” (ਜਾਣਦਾ ਹੋਵੇ/ਜਾਣਦਾ ਹੈ)
– ਜਪੁ ੧, ੧੬:੧੬ (3)
“ਓਹੁ ਜਾਣੈ ਜੇਤੀਆ ਮੁਹਿ ਖਾਇ।” (ਜਾਣਾ ਹੈ/ਉਸ ਨੂੰ ਹੀ ਪਤਾ ਹੈ)
– ਜਪੁ ੧, ੨੫:੧੩ (5)

(2) ਵੇਖੋ (ਦਰਪਣ) ਜਾਣ ਸਕਦਾ ਹੋ (ਸੰਪਿਅ ਨਿਰਣੇ)
“ਜੇ ਕੋ ਮੰਨਿ ਜਾਣੈ ਮਨਿ ਕੋਇ।”
– ਜਪੁ ੧, ੧੨:੬ (3)
“ਆਵਤ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ।” (ਕੌਣ ਜਾਣ ਸਕਦਾ ਹੈ)
– ਗੂਜ ਨਾਮ, ੨, ੧:੨ (525)

(3) ਜਾਣਿਆ, ਜਾਣਨ ਨਾਲ
“ਤਾ ਕੋ ਜਾਣੈ ਦੁਬਿਧਾ ਜਾਇ।”
– ਬਿਲਾ ੩, ੨, ੧*:੨ (797)

(4) ਗਮਨ ਕਰਨ, ਜਾਣ ਭਾਵ ਮਰਨ
“ਆਵਣ ਜਾਣੈ ਪਰਜ ਵਿਗੋਈ।”
– ਮਾਰੂ ੩, ਸੋਲਾ ੨੪, ੬:੧ (1068)

ਜਾਣੋ ------ (1) ਜਾਣੂ, ਜਾਣਨ ਵਾਲਾ, ਜਾਣਨਹਾਰ
“ਨਾਨਕ ਸਚੁ ਧਿਆਈਐ ਸਦ ਹੀ ਅੰਤਰਜਾਮੀ ਜਾਣੋ ਜੀਉ।”
– ਮਾਝ ੫, ੪੪, ੪:੩ (107)

(2) ਜਾਣਾ, ਭਾਵ ਮਰਨਾ
“ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ।”
– ਤੁਖਾ ੧, ਛੰਤ ੫, ੩:੨ (1112)

(3) ਸਮਝੋ, ਮੰਨੋ
“ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ।”
– ਗਾਥਾ ੩:੧ (1360)

ਜਾਣੋਈ ----- ਜਾਣਨਵਾਲਾ, ਜਾਣਨਹਾਰ

"ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ।"
– ਆਸਾ ੪, ਸੋਪੁ ੧, ੫:੫ (11)

ਜਾਤ ------ (1) ਜਾਂਦਾ, ਗੁਜ਼ਰਦਾ, ਲੰਘਾਂ

"ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।"
– ਆਸਾ ੫, ੪, ੧*:੨ (12)

"ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ।" (ਅਗਰਸਰ ਹੁੰਦੇ/ਜਾਂਦੇ ਨੂੰ ਮੋੜ ਲਿਆ)
– ਗਉ ੫, ੧੨੧*, ੨:੧ (204)

"ਜਿਹ ਮਾਰਗਿ ਇਹੁ ਜਾਤ ਇਕੇਲਾ।"
– ਗਉ ੫, ਸੁਖ ੨, ੨:੭ (264)

"ਸੋ ਜਨੁ ਪਰ ਘਰ ਜਾਤ ਨ ਸੋਹੀ।"
– ਗਉ ਕਬ, ਅਸ ੩੮, ੧ :੨ (330)

"ਕਮਲਾ ਭ੍ਰਮਿ ਭੀਤਿ ਕਮਲਾ ਭ੍ਰਮਿ ਭੀਤਿ ਹੇ ਤੀਖਣ ਮਦ ਬਿਪਰੀਤ ਹੇ ਅਵਧ ਅਕਾਰਥ ਜਾਤ।"
– ਆਸਾ ੫, ਛੰਤ ੧੪, ੧:੧ (461)

(2) ਜਾਂਦਾ (ਸਹਾਇਕ ਕਿਰਿਆ)

"ਜਿਉ ਪਾਣੀ ਕਾਗਦੁ ਬਿਨਸਿ ਜਾਤ ਹੈ ਤਿਉ ਮਨਮੁਖ ਗਰਭਿ ਗਲਾਢੇ।"
– ਗਉ ੪, ੫੯, ੩:੨ (171)

"ਸਾਧਸੰਗਿ ਮਿਟਿ ਜਾਤ ਬਿਕਾਰ।"
– ਗਉ ੫, ੧੬੧, ੩:੧ (198)

"ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਕਹਿਓ ਰੀ।"
– ਆਸਾ ੫, ੫੧, ੨:੨ (384)

ਹੋਰ ਰੂਪ:

ਜਾਂਤ –

"ਤਿਨ੍ ਦੇਖੇ ਮੇਰਾ ਮਨੁ ਬਿਗਸੈ ਹਉ ਤਿਨ ਕੈ ਸਦ ਬਲਿ ਜਾਂਤ।"
– ਮਲਾ ੪, ੫, ੧:੨ (1264)

ਜਾਤਉ –

"ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ।"
– ਗਉ ੧, ਛੰਤ ੧, ੩:੪ (242)

(3) ਗਮਨ ਕਰਨ, ਜਾਣ

"ਆਵਤ ਜਾਤ ਜੋਨੀ ਦੁਖ ਖੀਨਾ।"
– ਗਉ ੫, ੧੨੪, ੧*:੨ (190)

"ਆਵਤ ਜਾਤ ਨਰਕ ਅਵਤਾਰ।" (ਭਾਵ ਮਰਨ)
– ਗਉ ੫, ਥਿਤੀ ੧੩:੨ (299)

"ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ।" (ਜਾਂਦਾ)
– ਬਿਹਾ ੪, ਵਾਰ ੬ਸ, ੩, ੨:੨ (550)

ਹੋਰ ਰੂਪ:

ਜਾਤਉ –

“ਬਾਹਰਿ ਜਾਤਉ ਉਲਟਿ ਪਰਾਵੈ।”
– ਆਸਾ ੧, ਅਸ ੫, ੫:੩ (414)
(4) ਦੂਰ ਹੁੰਦਾ, ਮਿਟਦਾ
“ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ।”
– ਬਿਲਾ ੫, ੬੪, ੧:੨ (821)

ਜਾਤਉ ----- (1) ਜਾਂਦਾ (ਸਹਾਇਕ ਕਿਰਿਆ) ਵੇਖੋ ‘ਜਾਤ (2)
(2) ਜਾਂਦਾ, ਗਮਨ ਕਰਦਾ, ਵੇਖੋ ‘ਜਾਤ (3)
(3) ਜਾਇਆ
“ਰਿਦੈ ਬਸੈ ਅਕਹੀਉ ਸੋਇ ਰਸੁ ਤਿਨ ਹੀ ਜਾਤਉ।”
– ਸਵ ੩, ੯:੩ (1394)

ਜਾਤਨ ----- ਜਾਤੀਆ
“ਜਾਤਨ ਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ।”
(ਮਹਾਨਕੋਸ਼ ਇਥੇ ਪਦ ਛੇਦ ਜਾਤ ਨਜਾਤਿ ਕਰਕੇ ਅਰਥ ਉਚੀ ਨੀਵੀ)

ਜਾਤਾ ------ (1) ਜਾਣਿਆ
“ਮੈ ਕੀਤਾ ਨ ਜਾਤਾ ਹਰਾਮਖੋਰੁ।”
– ਸਿਰੀ ੧, ੨੯, ੪:੧ (24)
“ਸਾ ਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ।” (ਸਮਾਝਿਆ)
– ਸਿਰੀ ੧, ਅਸ ੬, ੬:੧ (57)
“ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ।” (ਜਾਣਿਆ ਜਾਂਦਾ ਹੈ)
– ਸੂਹੀ ੧, ਛੰਤ ੩, ੧:੫ (765)
(2) ਜਨਮਦਾ
“ਮਰਤਾ ਜਾਤਾ ਨਦਰਿ ਨ ਆਇਆ।” (ਜਨਮਦਾ ਮਰਦਾ ਕੋਈ ਨਹੀਂ ਦਿਸਦਾ)
– ਗਉ ੧, ੪, ੪:੪ (152)
(3) ਜਾਣਿਆ ਗਿਆ, ਪ੍ਰਸਿੱਧ ਹੋਇਆ
“ਜਗ ਜੀਵਨੁ ਸੇਵਿ ਜੁਗ ਚਾਰੇ ਜਾਤਾ।”
– ਗਉ ੩, ੨੬, ੨:੨ (159)
“ਤੀਨਿ ਭਵਨ ਜੁਗ ਚਾਰੇ ਜਾਤਾ।” (ਪ੍ਰਸਿਧ ਹੋਇਆ ਹਰ ਸਮੇਂ ਜਾਣਿਆ ਜਾਂਦਾ ਹੈ)
– ਰਾਮ ੧, ਓਅੰ ੧੦:੪ (931)
(4) ਜਾਂਦਾ, ਗਮਨ ਕਰਦਾ
“ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ।”
– ਗਉ ੧, ਅਸ ੧੮, ੫:੧ (229)
“ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।”
– ਗਉ ਕਬ, ੧੮, ੧:੧ (327)
“ਆਇ ਗਇਆ ਕੀ ਨ ਆਇਓ ਕਿਉ ਆਵੈ ਜਾਤਾ।” (ਭਾਵ ਮਰਨਾ)
– ਸੂਹੀ ੩, ਛੰਤ ੫, ੩:੧ (766)
(5) ਜਾਂਦਾ (ਸਹਾਇਕ ਕਿਰਿਆ)
“ਆਨ ਰਸਾ ਖਿਨ ਮਹਿ ਲਹਿ ਜਾਤਾ।”
– ਆਸਾ ੫, ੨੭, ੧:੨ (377)

(6) ਜੰਤ, ਜੀਵ

"ਜਾਤਿ ਮੈ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ।"

– ਆਸਾ ੧, ਵਾਰ ੧੨ਸ, ੧, ੨:੧ (469)

(7) ਯਾਤ੍ਰਾ ਭਾਵ ਜੀਵਨ

"ਹਰਿ ਕੀਈ ਹਮਾਰੀ ਸਫਲ ਜਾਤਾ।"

– ਬਿਲਾ ੪, ੭, ੧:੪ (801)

ਜਾਤਿ –

(1) ਕੁਲ, ਵੰਸ਼

"ਜੀਅ ਜਾਤਿ ਰੰਗਾ ਕੇ ਨਾਵ।" (ਭਾਵ ਸ਼੍ਰੇਣੀਆ)

– ਜਪੁ ੧, ੧੬:੧੪ (3)

"ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ।" (ਕੁਲ, ਵੰਸ਼)

– ਸਿਰੀ ੧, ੭, ੩:੩ (16)

"ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ।" (ਉਚੀ ਕੁਲ)

– ਵਡ ੪, ਛੰਤ ੪, ੩:੫ (574)

(2) ਜਾਂਦੀ (ਸਹਾਇਕ ਕਿਰਿਆ)

"ਮਨ ਕੀ ਮੈਲੁ ਨ ਤਨ ਤੇ ਜਾਤਿ।"

– ਗਉ ੫, ਸੁਖ ੩, ੩:੪ (265)

"ਤਿਸ ਕੇ ਕਰਤਬ ਬਿਰਥੇ ਜਾਤਿ।" (ਜਾਂਦੇ ਹਨ)

– ਗਉ ੫, ਸੁਖ ੧੭, ੫:੬ (286)

ਹੋਰ ਰੂਪ:

ਜਾਂਤਿ –

"ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਂਤਿ।"

– ਕਾਨ ੫, ੧੫, ੨:੧ (1301)

(3) ਸ੍ਰਿਸ਼ਟੀ (ਪੈਦਾ ਕੀਤੀ ਹੋਈ)

"ਜੋਤਿ ਕੀ ਜਾਤਿ ਜਾਤਿ ਕੀ ਜੋਤੀ।"

– ਗਉ ਕਬ, ੯, ੧:੧ (325)

"ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ।" (ਪ੍ਰਾਣੀ, ਜੀਵ)

– ਆਸਾ ੧, ਵਾਰ ੧੨ਸ, ੧, ੨:੧ (469)

(4) ਹੋਂਦ, ਵਿਅਕਤਿਤਵ ਸਖਸ਼ੀਅਤ

"ਲਾਲੈ ਆਪਣੀ ਜਾਤਿ ਗਵਾਈ।"

– ਆਸਾ ੩, ੪੬, ੧:੧ (363)

"ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ।" (ਸਖਸ਼ੀਅਤ)

– ਆਸਾ ੧, ਵਾਰ ੭ਸ, ੨, ੨:੧ (466)

"ਜੇ ਕਿਹੁ ਹੋਇ ਤ ਕਿਹੁ ਦਿਸੈ ਜਾਪੈ ਰੂਪੁ ਨ ਜਾਤਿ।"

– ਸਾਰ ੪, ਵਾਰ ੬ਸ, ੧, ੨:੩ (1239)

(5) ਉਤਪਤੀ

"ਪਵਣੈ ਪਾਣੀ ਜਾਣੈ ਜਾਤਿ।" (ਹਵਾ ਪਾਣੀ ਤੋਂ ਉਤਪਤੀ ਜਾਣਦਾ ਹੈ)

– ਮਲਾ ੧, ੬, ੧:੧ (1256)
(‘ਦਰਪਣ’ ਇਸ ਦਾ ਅਰਥ ਅਸਲ ਦਾ, ਮੂਲ, ਮੁੱਢ ਕਰਦਾ ਹੈ)

ਜਾਤਿਅਹੁ --- ਜਾਂਦਿਆਂ
“ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ।”
– ਸਲੋ ਕਬ, ੬੬:੧ (1367)

ਜਾਤੀ ------ (1) ਕੁਲ, ਵੰਸ਼, ਜਾਤ
“ਫਕੜ ਜਾਤੀ ਫਕੜੁ ਨਾਉ।”
– ਸਿਰੀ ੪, ਵਾਰ ੩ਸ, ੧, ੧:੧ (83)
“ਜਾਤੀ ਦੈ ਕਿਆ ਹਥਿ ਸਚੁ ਪਰਖੀਐ।”
– ਮਾਝ ੧, ਵਾਰ ੧੦:੧ (142)

ਹੋਰ ਰੂਪ:

ਜਾਤੀਂ –
“ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ।”
– ਸਾਰ ੪, ਵਾਰ ੧੬ਸ, ੨, ੧:੩ (1243)
(1957 ਦੀ ਛਾਪ ਵਿਚ ਇਹ ਸ਼ਬਦ ਜਾਤੀ ਕਰਕੇ ਹੈ)
(2) ਜਾਂਦਾ ਹੈ (ਸਹਾਇਕ ਕਿਰਿਆ)
“ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ।”
– ਸਿਰੀ ੪, ਵਾਰ ੧੩:੩ (88)
(3) ਜਾਣੀ, ਸਮਝੀ, ਹੋਰ ਵੇਖੋ ‘ਜਾਤੀਆ’
“ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ।”
– ਮਾਝ ੫, ੧੩, ੪:੩ (98)
(4) ਕਿਸਮ, ਪ੍ਰਕਾਰ
“ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ।”
– ਆਸਾ ੧, ਵਾਰ ੩ਸ੧ ੨:੫ (464)
(5) ਯਾਤਰੀ, ਤੀਰਥਾਂ ਤੇ ਜਾਣ ਵਾਲਾ
“ਜਉ ਤੁਮ ਤੀਰਥ ਤਉ ਹਮ ਜਾਤੀ।”
– ਸੋਰ ਰਵਿ, ੫, ੨:੨ (559)
(6) ਹਸਤੀਆਂ
“ਜੋਤੀ ਜਾਤੀ ਗਣਤ ਨ ਆਵੈ।” (ਜੋਤ ਵਾਲੀਆਂ ਹਸਤੀਆਂ)
– ਬਿਲਾ ੧, ਥਿਤੀ ੪:੩ (839)
(7) ਜਾਂਦੀ, ਤੁਰਦੀ, ਗਮਨ ਕਰਦੀ
“ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ।”
– ਗੋਂਡ ਨਾਮ, ੭, ੧:੨ (875)

ਜਾਤੀਆ ---- (1) ਜਾਣੀਆਂ, ਸਮਝੀਆਂ
“ਸਭੇ ਗਲਾ ਜਾਤੀਆ ਸੁਣਿ ਕੈ ਚੁਪ ਕੀਆ।”
– ਗਉ ੫, ੧੬੯*, ੧:੧ (217)

ਜਾਤੁ ------ (1) ਜਾਂਦਾ (ਸਹਾਇਕ ਕਿਰਿਆ)

“ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ।”

– ਸੋਰ ੯, ੧, ੨:੨ (631)

(2) ਜਾਂਦਾ, ਗਮਨ ਕਰਦਾ

“ਆਵਤ ਕਰਤਾ ਜਾਤੁ ਭੀ ਕਰਤਾ।”

– ਗੋਂਡ ੫, ੧, ੨:੨ (862)

“ਛਿਨੁ ਛਿਨੁ ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ।”

– ਜੇਜਾ ੯, ੧, ੨:੩ (1352)

ਜਾਤੇ ------ (1) ਜਾਣੇ ਗਏ, ਪ੍ਰਸਿੱਧ ਹੋਏ

“ਗੁਰ ਸੇਵਾ ਤੇ ਜੁਗ ਚਾਰੇ ਜਾਤੇ।”

– ਮਾਝ ੩, ਅਸ ੪, ੩:੨ (111)

“ਹਰਿ ਕੇ ਭਗਤ ਸਦਾ ਜਨ ਨਿਰਮਲ ਜੁਗਿ ਜੁਗਿ ਸਦ ਹੀ ਜਾਤੇ।” (ਜਾਣੇ ਗਏ, ਪ੍ਰਗਟ ਹੋਏ)

– ਸੂਹੀ ੩, ਛੰਤ ੫, ੪:੪ (771)

(2) ਜਾਂਦੇ ਹਾਂ, ਗਮਨ ਕਰਦੇ ਹਾਂ

“ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ।”

– ਗਉ ੪, ੫੪, ੧:੨ (169)

“ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ।” (ਜਾਂਦੇ)

– ਗਉ ੧, ਅਸ ੧੮, ੫:੧ (229)

(3) ਜਾਣ/ਸਮਝ ਲਿਆ

“ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ।”

– ਗਉ ੫, ੯੧, ੧*:੨ (183)

“ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ।”

– ਗਉ ੫, ੧੨੮*, ੨:੨ (207)

“ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ।” (ਜਾਣਿਆ, ਪਛਾਣਿਆ)

– ਸੂਹੀ ੫, ੫੪, ੩:੨ (749)

ਜਾਤੋ ------ (1) ਜਾਂਦਾ ਹੈ (ਸਹਾਇਕ ਕਿਰਿਆ)

“ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ।”

– ਸਿਰੀ ੫, ੭੮, ੨:੨ (45)

ਹੋਰ ਰੂਪ:

ਜਾਤੌ –

“ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ।”

– ਪ੍ਰਭਾ ੧, ੧੭, ੪:੨ (1332)

(2) ਜਾਣਿਆ, ਮੰਨਿਆ, ਪਛਾਣਿਆ

“ਪੇਈਅੜੈ ਪਿਰੁ ਜਾਤੋ ਨਾਹੀ।”

– ਮਾਝ ੧, ਅਸ ੧, ੬:੧ (109)

(3) ਜਨਮਦਾ

“ਜਾਤੋ ਜਾਇ ਕਹਾ ਤੇ ਆਵੈ।” (ਜਨਮਦਾ ਮਰਦਾ ਹੈ)

– ਗਉ ੧, ੬, ੧:੧ (152)

(4) ਸਮਝਿਆ, ਜਾਣਿਆ
"ਮਨਿ ਓਹੋ ਸੁਖੁ ਜਾਤੋ।"
– ਸਿਰੀ ੫, ੭੮, ੨:੨ (45)

ਜਾਤ੍ਰ ------ ਯਾਤਰਾ
"ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ।"
– ਭੈਰ ੫, ੫੭, ੨:੨ (1153)

ਹੋਰ ਰੂਪ:

ਜਾਤ੍ਰਾ –
"ਸਫਲ ਸਫਲ ਭਈ ਸਫਲ ਜਾਤ੍ਰਾ।" (ਜੀਵਨ ਰੂਪ ਯਾਤਰਾ)
– ਧਨਾ ੫, ਅਸ ੧, ੯*:੧ (687)

ਜਾਦਮੁ ----- ਯਾਦਵ, ਖਤਰੀਆਂ ਦੀ ਇਕ ਵੰਸ਼/ਜਾਤ
"ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ।"
– ਆਸਾ ੧, ਵਾਰ ੧੩ਸ, ੧, ੨:੭ (470)

ਜਾਦਵ ----- ਯਾਦਵ, ਯਾਦਵ ਜਾਤੀ ਦਾ ਵਿਅਕਤੀ
"ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ।"
– ਧਨਾ ਨਾਮ, ੧, ੪:੧ (693)

ਜਾਦਾ ------ ਗਮਨ ਕਰਦਾ
"ਬਾਹਰਿ ਜਾਦਾ ਘਰ ਮਹਿ ਆਣਿਆ।"
– ਬਸੰ ੩, ੧੧, ੨:੪ (1175)

ਹੋਰ ਰੂਪ:

ਜਾਂਦਾ –
"ਇਹੁ ਮਨੁ ਭੂਲਾ ਜਾਂਦਾ ਫੇਰੇ।" (ਭਟਕਦਾ ਫਿਰਦਾ ਹੈ)
– ਮਾਝ ੩, ਅਸ ੧੬, ੫:੨ (118)
"ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁਚੈ ਮਰ ਜਾਇ।" (ਚਲਦਾ)
– ਸਲੋ ੩, ੧੯:੫ (1414)

ਜਾਦਿਮ ----- ਯਾਦਵ ਜਾਤੀ ਦਾ ਵਿਅਕਤੀ
"ਹੀਣੜੀ ਜਾਤਿ ਮੇਰੀ ਜਾਦਿਮ ਰਾਇਆ।"
– ਭੈਰ ਨਾਮ, ੬, ੧*:੧ (1164)

ਜਾਂਦੀ ------ ਮਿਟਦੀ, ਖਤਮ ਹੁੰਦੀ
"ਇਹੁ ਮਾਇਆ ਕੀ ਸੋਭਾ ਚਾਰਿ ਦਿਹਾੜੇ ਜਾਂਦੀ ਬਿਲਮੁ ਨ ਹੋਇ।"
– ਆਸਾ ੩, ਅਸ ੩੫, ੫:੨ (429)

ਜਾਦੇ ------ (1) ਤੁਰਦੇ, ਗਮਨ ਕਰਦੇ
"ਉਝੜਿ ਜਾਦੇ ਮਾਰਗਿ ਪਾਏ।"
– ਮਾਰੂ ੧, ਸੋਲਾ ੧੧, ੧੩:੨ (1032)

ਹੋਰ ਰੂਪ:

ਜਾਂਦੇ –
"ਜੇ ਓਇ ਦਿਸਹਿ ਨਰਕਿ ਜਾਂਦੇ ਤਾਂ ਉਨ੍ ਕਾ ਦਾਨੁ ਨ ਲੇਣਾ।"
– ਮਲਾ ੧, ਵਾਰ ੨੫ਸ, ੧, ੨:੨੦ (1290)

(2) ਖਤਮ ਹੁੰਦੇ, ਮਿਟਦੇ, ਲੋਪ ਹੁੰਦੇ
"ਸੂਹਾ ਰੰਗੁ ਦਿਨ ਥੋੜੇ ਹੋਵੈ ਇਸੁ ਜਾਦੇ ਬਿਲਮ ਨ ਲਾਇਦਾ।"
– ਮਾਰੂ ੩, ਸੋਲਾ ੨੨, ੭:੩ (1066)

ਹੋਰ ਰੂਪ:

ਜਾਂਦੇ –
"ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ।"
– ਸਿਰੀ ੫, ੯੧, ੧:੩ (50)
"ਜੋਬਨ ਜਾਂਦੇ ਨ ਡਰਾਂ ਜੇ ਸਹ ਪ੍ਰੀਤਿ ਨ ਜਾਇ।"
– ਸਲੋ ਫਰ, ੩੪:੧ (1379)

ਜਾਦੋ –
"ਹੁਕਮੈ ਅੰਦਰਿ ਆਇਆ ਪਿਆਰੇ ਹੁਕਮੇ ਜਾਦੋ ਜਾਇ।" (ਜਾਣ ਲਗਿਆਂ ਤੁਰਨ ਲਗਿਆਂ)
– ਸੋਰ ੧, ਅਸ ੩, ੫:੧ (636)

ਜਾਨ ------ (1) ਸਮਝੋ, ਜਾਣੋ
"ਜੈਸਾ ਜਨਾਵੈ ਤੈਸਾ ਨਾਨਕ ਜਾਨ।"
– ਗਉ ੫, ਸੁਖ ੧੬, ੩:੧੦ (284)
"ਮੋਹਿ ਨਿਰਗੁਨ ਇਕੁ ਗੁਨੁ ਨ ਜਾਨ।" (ਜਾਣਦਾ/ਸਮਝਦਾ)
– ਬਸੰ ੫, ੭, ੧:੪ (1181)
"ਜਿਨ ਕੈ ਹਿਰਦੈ ਤੂ ਸੁਆਮੀ ਤੇ ਸੁਖ ਫਲ ਪਾਵਹਿ ਤੇ ਤਰੇ ਭਵਸਿੰਧੁ ਤੇ ਭਗਤ ਹਰਿ ਜਾਨ।"
– ਕਾਨ ੪, ੧੨, ੨:੧ (1298)
('ਮਹਾਨਕੋਸ਼' ਇਥੇ 'ਜਾਨ' ਦੇ ਅਰਥ 'ਦਾਸ', 'ਸੇਵਕ' ਕਰਦਾ ਹੈ)

ਹੋਰ ਰੂਪ:

ਜਾਨਉ –
"ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ।" (ਸਮਝਦਾ ਹਾਂ)
– ਸਿਰੀ ੫, ੯੭, ੧:੧ (51)
"ਨਾ ਜਾਨਉ ਕਿਆ ਕਰਸੀ ਪੀਉ।" (ਜਾਣਦਾ)
– ਸੂਹੀ ਕਬ, ੨, ੧:੨ (792)
"ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ।" (ਜਾਣਾ)
– ਸਲੋ ਕਬ, ੩੯:੨ (1366)

ਜਾਨਊ –
"ਕ੍ਰਿਸ੍ਨਾ ਤੇ ਜਾਨਊ ਹਰਿ ਹਰਿ ਨਾਚੰਤੀ ਨਾਚਨਾ।"
– ਧਨਾ ਨਾਮ, ੪, ੧:੨ (693)
"ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ।"

– ਬਿਲਾ ੫, ੩੪, ੧:੨ (809)

(2) (ਸੰ.) ਗਿਆਨ

“ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ ਸਰਣਿ ਤੁਮਾਰੀ ਅਹੀ।” (ਗਿਆਨ ਨਾਲ ਭਰਿਆ ਹੋਇਆ)

– ਦੇਵ ੫, ੭, ੨:੧ (529)

(3) ਜਾਣਨ ਵਾਲਾ, ਗਿਆਤਾ

“ਨਾਨਕ ਤਿਸੁ ਸਰਣਾਗਤੀ ਘਟ ਘਟ ਸਭ ਜਾਨ।”

– ਬਿਲਾ ੫, ੭੬, ੨:੨ (819)

”“ਚਿਤ ਗੁਪਤ ਕਰਮਹਿ ਜਾਨ।” (ਜਾਣਨ ਵਾਲਾ ਹੈ)

– ਬਿਲਾ ੫, ਅਸ ੨, ੩:੪ (838)

(4) ਜਾਣਾ, ਗਮਨ ਕਰਨਾ

“ਕਹੁ ਨਾਨਕ ਗੁਰੁ ਪੂਰਾ ਭੇਟਿਓ ਆਵਨ ਜਾਨ ਰਹੇ।”

– ਬਿਲਾ ੫, ੧੨੬, ੨:੨ (829)

ਜਾਨਈ ----- ਜਾਣਦਾ

“ਗੁਣ ਬੇਅੰਤ ਸੁਆਮੀ ਤੇਰੇ ਕੋਇ ਨ ਜਾਨਈ।”

– ਰਾਮ ੫, ਛੰਤ ੨, ੩:੧ (925)

“ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ।” (ਜਾਣਦਾ ਭਾਵ ਚੇਤੇ ਰਖਦਾ)

– ਫੁਨ ੫, ੨੦:੩ (1363)

ਜਾਨਸਿ ----- ਜਾਣਦਾ, ਸਮਝਦਾ, ਮੰਨਦਾ

“ਸੇਵਾ ਏਕ ਨ ਜਾਨਸਿ ਅਵਰੇ।”

– ਗਉ ੧, ਅਸ ੧੧, ੧:੧ (225)

“ਜਬ ਕਿਸ ਕਉ ਇਹੁ ਜਾਨਸਿ ਮੰਦਾ।”

– ਗਉ ੫, ਅਸ ੧, ੨:੧ (235)

ਜਾਨਹ ----- ਜਾਣਾ/ਸਮਝਾਂਗੇ

“ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੇ।”

– ਗਉ ੪, ੫੯, ੪:੧ (171)

“ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ।” (ਜਾਣਦੇ)

– ਸੋਰ ੫, ੧੭, ੩:੧ (613)

ਹੋਰ ਰੂਪ:

ਜਾਨਹਿ –

“ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ।” (ਜਾਣਦਾ ਹੈ)

– ਮਾਝ ੫, ੨੫, ੩:੧ (101)

“ਜੋ ਜਾਨਹਿ ਹਰਿ ਪ੍ਰਭ ਧਨੀ।” (ਜੋ ਹਰਿ ਪ੍ਰਭੂ ਨੂੰ ਮਾਲਕ ਜਾਣਦੇ ਹਨ)

– ਗਉ ੫, ੧੪੭*, ੨:੧ (212)

“ਛਾਡਿ ਕੁ ਚਰਚਾ ਆਨ ਨ ਜਾਨਹਿ।” (ਜਾਣਦੇ)

– ਗਉ ਕਬ, ੪੪, ੪:੧ (332)

“ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ।” (ਸਮਝਨ)

– ਕੇਦਾ ਕਬ, ੧, ੧:੨ (1123)

ਜਾਨਹਿ ----- (1) ਜਾਣਦਾ ਹੈ ਜਾਣਦੇ/ਸਮਝਦੇ ਹਨ, ਵੇਖੋ ‘ਜਾਨੇ’
“ਆਪੁਨਾ ਕੀਆ ਜਾਨਹਿ ਆਪਿ।”
– ਸਾਰ ੫, ਅਸ ੨, ੧੨:੩ (1236)

ਹੋਰ ਰੂਪ:

ਜਾਨਹੁ –
“ਜੋ ਹਮਰੈ ਮਨ ਚਿਤਿ ਹੈ ਸੁਆਮੀ ਸਾ ਬਿਧਿ ਤੁਮ ਹਰਿ ਜਾਨਹੁ ਮੇਰੀ।” (ਜਾਣਦੇ ਹਨ)
– ਗਉ ੪, ੫੮, ੨:੧ (170)
“ਦੁਖ ਸੁਖ ਏ ਬਾਧੇ ਜਿਹ ਨਾਹਿਨ ਤਿਹ ਤੁਮ ਜਾਨਹੁ ਗਿਆਨੀ।”
– ਗਉ ੯, ੭, ੩:੧ (220)
(ਹੁਣ ਵਾਲੀ ਛਾਪ ਵਿਚ ਇਹ ਸ਼ਬਦ ‘ਜਾਨਉ’ ਹੈ)
“ਤਿਸ ਕੀ ਜਾਨਹੁ ਤ੍ਰਿਸਨਾ ਬੁਝੈ।” (ਸਮਝੋ)
– ਗਉ ੫, ਸੁਖ ੧੪, ੪:੨ (281)
ਜਾਨਹੁਗੇ –
“ਤਬ ਜਾਨਹੁਗੇ ਜਬ ਉਘਰੈਗੋ ਪਾਜ।” (ਸਮਝੇਗਾ)
– ਗਉ ਕਬ, ੩, ੩:੨ (324)
(2) ਹੋ ਸਕੇ (ਭਾਵ)
“ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ ਜਿਉ ਜਾਨਹਿ ਤਿਉ ਪਾਰੈ।”
– ਸਾਰ ੫, ੫੨, ੧*:੨ (1214)
“ਜਿਉ ਜਾਨਹਿ ਤਿਉ ਤਾਰਿ ਸੁਆਮੀ।”
– ਕਾਨ ੫, ੧੯, ੧*:੨ (1301)

ਹੋਰ ਰੂਪ:

ਜਾਨਹੁ –
“ਜਿਉ ਜਾਨਹੁ ਤਿਉ ਕਰੁ ਗਤਿ ਮੇਰੀ।” (ਹੋ ਸਕੇ ਭਾਵੇ)
– ਸੂਹੀ ਰਵਿ, ੧, ੩:੪ (793)

ਜਾਨਣਹਾਰ -- ਜਾਣਨ ਵਾਲਾ, ਗਿਆਤਾ
“ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ।”
– ਗਉ ੫, ਥਿਤੀ ੧੬:੫ (300)

ਹੋਰ ਰੂਪ:

ਜਾਨਣਹਾਰੁ –
“ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ।”
– ਆਸਾ ੫, ੪੪, ੪:੧ (382)
ਜਾਨਣਹਾਰੇ –
“ਜਾਨਣਹਾਰੇ ਕਉ ਬਲਿ ਜਾਉ।”
– ਰਾਮ ੫, ੧੦, ੪:੨ (885)

ਜਾਨਣਿਆ --- ਜਾਣਿਆ, ਸਮਝਿਆ, ਮੰਨਿਆ
“ਨਾਨਕ ਨਾਮਿ ਮਿਲੈ ਵਡਿਆਈ ਦੁਖੁ ਸੁਖੁ ਸਮ ਕਰਿ ਜਾਨਣਿਆ।”

– ਮਾਝ ੩, ਅਸ ੧੧, ੮:੩ (116)

ਜਾਨਣੋ ----- ਜਾਣੋ/ਸਮਝੌਂ; ਜਾਣਿਆ/ਸਮਝਿਆ ਜਾਂਦਾ ਹੈ
"ਜਿਸ ਨੋ ਇਕੋ ਰੰਗੁ ਭਗਤੁ ਸੋ ਜਾਨਣੋ।"
– ਰਾਮ ੫, ਵਾਰ ੧੩:੬ (963)

ਜਾਨਤ ----- ਜਾਣਦੀ/ਸਮਝਦੀ ਹੈ
"ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।"
– ਸਿਰੀ ਕਬ, ੧, ੧:੧ (91)
"ਸਿਮਰਿ ਗੁਪਾਲ ਦਇਆਲ ਸਤਸੰਗਤਿ ਨਾਨਕ ਜਗੁ ਜਾਨਤ ਸੁਪਨਾ।" (ਜਾਣਦਿਆ ਹੋਇਆ)
– ਸਮੁ ੫, ੪*:੬ (1388)

ਹੋਰ ਰੂਪ:

ਜਾਨਤਾ –
"ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ।" (ਸਮਝਦਾ, ਕਰਦਾ)
– ਆਸਾ ੫, ੧੧੯, ੨:੧ (400)
"ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ।"(ਜਾਣਦਾ)
– ਧਨਾ ੪, ੧੩, ੧*:੨ (670)
ਜਾਨੰਤਿ –
"ਗੋਬਿੰਦ ਨਾਮੰ ਨਹ ਸਿਮਰੰਤਿ ਅਗਿਆਨੀ ਜਾਨੰਤਿ ਅਸਥਿਰੰ।" (ਜਾਣਦਾ ਹੈ)
– ਸਸ ੫, ੪:੩ (1354)
ਜਾਨਤੇ –
"ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ।"
– ਆਸਾ ੫, ਬਿਹ ੩, ੧:੧ (432)
"ਜਾਨਤੇ ਦਇਆਰ।" (ਜਾਣਦਾ ਹੈ)
– ਸਾਰ ੫, ੧੩੭, ੧*:੨ (1230)

ਜਾਨਥ ----- ਜਾਣਦਾ/ਸਮਝਦਾ ਹੈ
"ਸਤਿ ਹੋਤਾ ਅਸਤਿ ਕਰ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ।"
– ਮਾਰੂ ੫, ੧੦, ੩:੧ (1001)

ਜਾਂਨਦ ----- ਜਾਣਦਾ ਹੈ
"ਨਾਨਕ ਪੂਰਿ ਰਹਿਓ ਹੈ ਸਰਬ ਮੈ ਸਗਲ ਗੁਣਾ ਬਿਧਿ ਜਾਂਨਦ।"
– ਸਾਰ ੫, ੭, ੪:੨ (1204)

ਜਾਨਨਹਾਰ --- ਜਾਣਨ ਵਾਲਾ, ਗਿਆਤਾ
"ਜਾਨਨਹਾਰ ਪ੍ਰਭੂ ਪਰਬੀਨ।"
– ਗਉ ੫, ਸੁਖ ੫, ੭:੩ (269)

ਜਾਨਾ ------ (1) ਜਾਣਦਾ, ਮੰਨਦਾ
"ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ।"

– ਮਾਝ ੪, ੨, ੧:੨ (94)
"ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।" (ਸਮਝਿਆ ਹੈ)
– ਗਉ ੯, ੧, ੨:੨ (219)
"ਕਿਆ ਜਾਨਾ ਕਿਆ ਹੋਇਗਾ ਰੀ ਮਾਈ।" (ਪਤਾ ਹੈ, ਜਾਣਾ)
– ਆਸਾ ੧, ੨੬, ੨*:੧ (357)
"ਜਿਸ ਕਾ ਅਨੁ ਧਨੁ ਸਹਜਿ ਨ ਜਾਨਾ।" (ਸਮਝਿਆ)
– ਆਸਾ ੧, ਅਸ ੬, ੭:੧ (414)

ਹੋਰ ਰੂਪ:

ਜਾਨਾਂ –
"ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ।" (ਸਮਝਿਆ, ਜਾਣਿਆ)
– ਗਉ ਕਬ, ਅਸ ੩੬, ੫:੨ (330)
"ਕਿਆ ਜਾਨਾਂ ਕਿਆ ਕਰੈ ਕਰਾਵੈ।" (ਪਤਾ ਹੈ, ਜਾਣਾਂ)
– ਪ੍ਰਭਾ ੧, ੧੪, ੧*:੧ (1331)

(2) ਜਾਣਾ, ਗਮਨ ਕਰਨਾ
"ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ।"
– ਗਉ ੫, ਬਾਅ ੭ਸ:੨ (251)
"ਅਉਰਨ ਪਹਿ ਜਾਨਾ ਚੂਕਾ।"
– ਸੋਰ ਕਬ, ੬, ੩:੪ (655)

ਹੋਰ ਰੂਪ:

ਜਾਨਾ –
"ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ।"
– ਆਸਾ ਕਬ, ੩੭, ੧:੧ (484)

(3) ਜਾਣਾ (ਸਹਾਇਕ ਕਿਰਿਆ)
"ਅਤਿ ਰਚਿਓ ਕਰਿ ਲੀਨੋ ਅਪੁਨਾ ਉਨਿ ਛੋਡਿ ਸਰਾਪਰ ਜਾਨਾ।"
– ਧਨਾ ੫, ੨, ੩:੨ (671)

ਜਾਨਾਤ ----- ਜਣਾਉਂਦਾ, ਲਖਾਉਂਦਾ
"ਹੋਇ ਅਨੰਨਿ ਮਨ ਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ।"
– ਗੂਜ ੫, ੫, ੩:੧ (496)

ਜਾਨਾਨਾ ---- ਜਾਣ ਲਿਆ
"ਬਿਖੈ ਰੋਗ ਭੈ ਬੰਧਨ ਭਾਗੇ ਮਨ ਨਿਜ ਘਰਿ ਸੁਖੁ ਜਾਨਾਨਾ।"
– ਗਉ ਕਬ, ੭੪, ੧:੨ (339)

ਜਾਨਿ ------ (1) ਜਾਣ ਕੇ, ਸਮਝ ਕੇ
"ਪੁਤ੍ਰ ਕਲਤ੍ਰ ਉਰਝਿਓ ਜਾਨਿ ਮੇਰੀ।"
– ਗਉ ੫, ੮੦, ੧:੩ (179)
"ਜਾਨਿ ਬੂਝਿ ਅਪਨਾ ਕੀਓ ਨਾਨਕ ਭਗਤਨ ਕਾ ਅੰਕੁਰੁ ਰਾਖਿਓ।" (ਦੇਖ ਚਾਖ ਅਥਵਾ ਸਮਝ ਬੁੱਝ ਕੇ)
– ਧਨਾ ੫, ੨੬, ੨:੨ (677)

ਹੋਰ ਰੂਪ:

ਜਾਨਿਉ –
"ਕਬੀਰ ਮੈ ਜਾਨਿਉ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ।"
– ਸਲੋ ਕਬ, ੪੫:੧ (1366)

(1992 ਦੀ ਛਾਪ ਵਿਚ ਇਹ ਸ਼ਬਦ 'ਜਾਨਿਓ' ਹੈ)

ਜਾਨਿਓ –
"ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।" (ਜਾਣਿਆ, ਸਮਝਿਆ)
– ਗਉ ੯, ੨, ੨:੨ (219)

ਜਾਨਿਆ –
"ਸੇਵਾ ਸਾਧ ਨ ਜਾਨਿਆ ਹਰਿ ਰਾਇਆ।" (ਜਾਣੀ, ਸਮਝੀ)
– ਆਸਾ ੫, ਸੋਪੁ ੪, ੨:੨ (12)

(2) ਜਾਂਦੇ ਹਨ
"ਹਰਿ ਸੋਭਾ ਪਾਈ ਹਰਿ ਨਾਮਿ ਵਡਿਆਈ ਹਰਿ ਦਰਗਹ ਪੈਧੇ ਜਾਨਿ ਜੀਉ।"
– ਆਸਾ ੪, ਛੰਤ ੧੩, ੩:੨ (447)

(3) ਗਮਨ ਕਰਨ, ਤੁਰ ਜਾਣ
"ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।"
– ਤਿਲੰ ੧, ੫, ੨:੫ (723)

(4) ਜਾਣ, ਜਾਂਦੇ (ਸਹਾਇਕ ਕਿਰਿਆ)
"ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ।"
– ਰਾਮ ੫, ਵਾਰ ੫ਸ, ੫, ੨:੨ (959)

ਜਾਨਿਆ ---- (1) ਜਾਣਿਆ, ਸਮਝਿਆ, ਵੇਖੋ, 'ਜਾਨਿ' (1)
(2) ਪ੍ਰਸਿੱਧ ਹੋਇਆ, ਜਾਣਿਆ ਗਿਆ
"ਸੋ ਸੇਵਕੁ ਚਹੁ ਜੁਗ ਚਹੁ ਕੁੰਟ ਜਾਨਿਆ।"
– ਮਾਰੂ ੪, ੮, ੩:੨ (998)

(3) ਸਨਮਾਨਤ ਹੋਏ, ਜਾਣੇ ਗਏ
"ਹਰਿਹਾਂ ਹਉ ਬਲਿਹਾਰੀ ਤਿੰਨ ਜਿ ਦਰਗਹਿ ਜਾਨਿਆ।"
– ਫੁਨ ੫, ੧੯:੪ (1363)

ਜਾਨੀ ------ (1) ਸਮਝੀ, ਜਾਣੀ
"ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ।"
– ਗਉ ੫, ਸੋਹ ੫, ੨:੨ (13)

ਹੋਰ ਰੂਪ:

ਜਾਨੀਅਹੁ –
"ਸਬਦੁ ਹਰਿ ਹਰਿ ਜਪੈ ਨਾਮੁ ਨਵਨਿਧਿ ਅਪੈ ਰਸਨਿ ਅਹਿਨਿਸਿ ਰਸੈ ਸਤਿ ਕਰਿ ਜਾਨੀਅਹੁ।" (ਸਮਝੋ, ਮੰਨੋ)
– ਸਵ ੪, ਕਲ ੧੩:੨ (1400)

ਜਾਨੀਅਤੁ –

"ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤੁ ਬਾਸੁਰ ਰਯਨਿ ਬਾਸੁ ਜਾ ਕੋਹਿਤੁ ਨਾਮ ਸਿਉ।" (ਜਾਣਿਆ ਜਾਣ ਵਾਲਾ)

– ਸਵ ੫, ਮਸ ੩:੧ (1408)

ਜਾਨੀਐ –

"ਡਰਿ ਡਰਿ ਮਰਤੇ ਜਬ ਜਾਨੀਐ ਦੂਰਿ।" (ਸਮਝੀਐ)

– ਗਉ ੫, ੧੦੧, ੧:੧ (186)

"ਜਬ ਲਗੁ ਜੁਗਤਿ ਨ ਜਾਨੀਐ ਭਾਉ ਭਗਤਿ ਭਗਵਾਨ।" (ਜਾਣਦੇ ਹੋਏ ਏ)

– ਗਉ ਕਬ, ੬੩, ੨:੨ (337)

(2) ਜਾਂਦੇ, ਜਾ ਸਕਦੇ

"ਕਹੇ ਨ ਜਾਨੀ ਅਉਗਣ ਮੇਰੇ।" (ਕਹੇ ਨ ਜਾਣ/ਨਹੀਂ ਜਾਂਦੇ)

– ਗਉ ੧, ੧੭, ੧*:੨ (156)

(3) ਜਾਣ; ਗਮਨ ਕਰਨਾ

"ਚੂਕਿ ਗਈ ਫਿਰਿ ਆਵਨ ਜਾਨੀ।"

– ਗਉ ਕਬ, ੬੧, ੩:੨ (337)

(4) ਜਾਣੀ; (ਸਹਾਇਕ ਕਿਰਿਆ)

"ਸਹਜਿ ਵਿਹਾਝੀ ਸਹਜਿ ਲੈ ਜਾਨੀ।"

– ਆਸਾ ੫, ੬, ੩:੨ (372)

"ਜੇਤੀ ਸਮਗ੍ਰੀ ਦੇਖਹੁ ਰੇ ਨਰ ਤੇਤੀ ਹੀ ਛਡਿ ਜਾਨੀ।"

– ਸੋਰ ੫, ੨੦, ੧:੧ (614)

(5) ਪਿਆਰਾ, ਮਹਿਬੂਬ

"ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ।"

– ਵਡ ੧, ਅਲਾ ੧, ੧:੩ (579)

"ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ।" (ਪਿਆਰੇ ਜੀਵ)

– ਬਿਲਾ ਕਬ, ੧, ੪:੧ (855)

"ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ।" (ਹੇ ਪਿਆਰੇ, ਹੇ ਮਹਿਬੂਬ)

– ਮਾਰੂ ੫, ਵਾਰ ੨ਸ ੫, ੧:੨ (1094)

ਹੋਰ ਰੂਪ:

ਜਾਨੀਅੜਾ –

"ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ।"

– ਵਡ ੧, ਅਲਾ ੧, ੧:੨ (579)

(ਮਹਾਨਕੋਸ਼ ਇਥੇ ਅਰਥ 'ਜਾਨਧਾਰੀ' ਕਰਦਾ ਹੈ)

ਜਾਨੀਆ –

"ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ।" (ਪਿਆਰਿਆਂ)

– ਵਡ ੧, ਅਲਾ ੩, ੪:੧ (580)

"ਜਾਨੀਅੜਾ ਹਰਿ ਜਾਨੀਅੜਾ ਨੈਣ ਅਲੋਇਅੜਾ ਹਰਿ ਜਾਨੀਅੜਾ।" (ਜਾਨ ਤੋਂ ਪਿਆਰਾ 'ਮਹਾਨਕੋਸ਼')

– ਰਾਮ ੫, ਛੰਤ ੧, ੧:੨ (924)

ਜਾਨੀਜੈ ----- ਜਾਣਿਆ ਜਾਂਦਾ ਹੈ

"ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ।"

– ਸਿਰੀ ਰਵਿ, ੧, ੨:੨ (93)

ਜਾਣੁ ------ (1) ਗਮਨ ਕਰਨ ਭਾਵ ਮਰਨ, ਜਾਣਾ

"ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਣੁ।"

– ਸਿਰੀ ੧, ੧੯, ੧:੨ (21)

"ਫਿਰਿ ਫਿਰਿ ਆਵਨ ਜਾਣੁ ਨ ਹੋਈ।"

– ਗਉ ੫, ਬਾਅ ੩੮:੫ (258)

"ਜਾਣੁ ਜਾਣੁ ਸਭਿ ਕਰਹਿ ਤਹਾ ਹੀ।" (ਜਾਣਾ ਹੈ)

– ਗਉ ਕਬ, ੧੦, ੧*:੨ (325)

(2) ਸਮਝ

"ਰਾਮ ਨਾਮੁ ਜਪਿ ਦਿਨਸੁ ਰਾਤਿ ਗੁਰਮੁਖਿ ਹਰਿ ਧਨੁ ਜਾਣੁ।"

– ਸਿਰੀ ੧, ੧੯, ੨:੧ (21)

"ਜੋ ਪ੍ਰਾਨੀ ਨਿਸਿ ਦਿਨੁ ਭਜੈ ਰੂਪ ਰਾਮ ਤਿਹ ਜਾਨੁ।"

– ਸਲੋ ੯, ੨੯:੧ (1427)

(3) ਮੰਨ, ਜਾਣ

"ਪਾਰਬ੍ਰਹਮ ਬਿਨੁ ਜਾਣੁ ਨ ਦੂਜਾ।"

– ਗਉ ੫, ੧੬੫, ੨:੨ (199)

"ਜਿਨਿ ਤੂੰ ਕੀਆ ਤਿਸ ਕਉ ਜਾਣੁ।" (ਮੰਨ, ਪਛਾਣ)

– ਗੋਂਡ ੫, ੧੩, ੩:੧ (866)

ਹੋਰ ਰੂਪ:

ਜਾਣੂ –

"ਤੁਝ ਬਿਨਾ ਪ੍ਰਭ ਕਿਛੂ ਨ ਜਾਣੂ।" (ਜਾਣਦਾ, ਮੰਨਦਾ)

– ਕਲਿ ੫, ੭, ੩:੧ (1322)

(4) (ਸੰ.) ਗਿਆਨ

"ਜਜੈ ਜਾਣੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ।"

– ਆਸਾ ੧, ਪਟੀ ੧੧:੧ (433)

(5) ਸੁਜਾਨ, ਸਿਆਣਾ

"ਤੂੰ ਜਾਣੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ।"

– ਸੂਹੀ ੧, ਛੰਤ ੨, ੩:੫ (764)

(6) ਜਾਣਨਵਾਲਾ, ਗਿਆਤਾ

"ਆਪੇ ਸੁਰਤਾ ਆਪੇ ਜਾਣੁ।"

– ਬਿਲਾ ੧, ੩, ੧:੨ (796)

"ਕਿਆ ਗੁਣ ਤੇਰੇ ਆਖਿ ਵਖਾਣਾ ਪ੍ਰਭ ਅੰਤਰਜਾਮੀ ਜਾਣੁ।"

– ਨਟ ੫, ੮, ੨:੧ (919)

ਜਾਨੇ ------ (1) ਜਾਣੇ ਜਾਣਾ/ਗਏ

"ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ।"

– ਗਉ ੪, ੫੬, ੧:੨ (169)

“ਹਮ ਮੂੜ ਮੁਗਧ ਅਸੁਧ ਮਤਿ ਹੋਤੇ ਗੁਰ ਸਤਿਗੁਰ ਕੈ ਬਚਨ ਹਰਿ ਹਮ ਜਾਨੇ।” (ਸਮਝੇ, ਗਿਆਤ ਹੋਏ)

- ਗਉ ੪, ੫੬, ੧:੨ (169)

“ਸਾਧਸੰਗਿ ਜਾਨੇ ਪਰਮਾਨੰਦਾ।” (ਜਾਣ ਲੈਂਦਾ ਹੈ)

- ਗਉ ੫, ਸੁਖ ੭, ੩:੬ (271)

“ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ।” (ਜਾਣਨ ਨਾਲ/ ਜਾਣਕੇ)

- ਗਉ ਕਬ, ਬਾਅ ੩੮:੧ (342)

“ਰੈਣਿ ਭਈ ਤਬ ਅੰਤੁ ਨ ਜਾਨੇ।” (ਅੰਤ ਨਹੀਂ ਜਾਣਦੀ ਭਾਵ ਮੁੱਕਣ ਵਿਚ ਹੀ ਨਹੀਂ ਆਉਂਦੀ)

- ਆਸਾ ੫, ੧੫, ੨:੨ (375)

ਹੋਰ ਰੂਪ:

ਜਾਨੈ –

“ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ।” (ਜਾਣੇ, ਸਮਝੇ)

- ਮਾਝ ੧, ਵਾਰ ੪ਸ ੧, ੨:੪ (139)

“ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ।” (ਜਾਣਦਾ ਹੈ)

- ਗਉ ੫, ੧੨੬, ੫:੧ (206)

(2) ਜਨੇ/ਜਨਮੇ ਹੋਏ

“ਨਾਭਿ ਕਮਲ ਜਾਨੇ ਬ੍ਰਹਮਾਦਿ।”

- ਬਸੰ ਕਬ, ੫, ੨:੨ (1194)

ਜਾਨੈ ------ (1) ਜਾਣਦਾ ਹੈ, ਵੇਖੋ ‘ਜਾਨੇ’ (18)

(2) ਜਨ ਦੀ

“ਹਰਿ ਸੇਵਾ ਤੇ ਕਾਲੁ ਜੋਹਿ ਨ ਸਾਕੈ ਚਰਨੀ ਆਇ ਪਵੈ ਹਰਿ ਜਾਨੈ।”

- ਕਲਿ ੪, ੫, ੧:੨ (1320)

ਜਾਨੋ ------ (1) ਜਾਣਾ ਹੈ, ਗਮਨ ਕਰਨਾ ਹੈ

“ਜਹ ਜਾਨੋ ਸੋ ਚੀਤਿ ਨ ਆਵੈ ਅਹੰਬੁਧਿ ਭਏ ਆਧੇ।”

- ਆਸਾ ੫, ੧੨੬*, ੧:੨ (402)

“ਜਹ ਜਾਨੋ ਤਹ ਰਹਨੁ ਨ ਪਾਵੈ। (ਜਾਂਦਾ ਹੈ)

- ਮਾਰੂ ੫, ੧੯, ੩:੩ (1005)

(2) ਜਾਣੋ, ਸਮਝੋ

“ਅਜਾਮਲੁ ਗਨਿਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ।” (ਜੀਅ ਨਾਲ-ਜਾਣੋ, ਚੰਗੀ ਤਰ੍ਹਾਂ ਸਮਝੋ)

- ਬਿਲਾ ੯, ੧, ੧*:੨ (830)

ਹੋਰ ਰੂਪ:

ਜਾਨੌ –

“ਕਛੂ ਨ ਜਾਨੌ ਕਛੂ ਦਿਖਾਏ।”

- ਕਾਨ ੫, ੪੬, ੧*:੨ (1307)

ਜਾਨੵਉ –

“ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ।”

– ਸਵ ੪, ਨੀਰ ੩:੧ (1406)

ਜਾਪ ------ (1) ਜਪਨ, ਸਿਮਰਨ, ਜਪ
“ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ।”
– ਗਉ ੫, ੧੫੫, ੨:੧ (213)
(2) ਜਪ ਨੇ, ਜਪਨ ਨਾਲ
“ਸੀਤਲ ਭਏ ਗੁਰ ਚਰਨੀ ਲਾਗੇ ਰਾਮ ਨਾਮ ਹਿਰਦੇ ਮਹਿ ਜਾਪ।”
– ਬਿਲਾ ੫, ੧੦੬, ੧*:੨ (825)

ਜਾਪਉ ----- ਮੈਂ ਜਪਾਂ
“ਕਿਆ ਜਪੁ ਜਾਪਉ ਬਿਨੁ ਜਗਦੀਸੈ।”
– ਬਿਲਾ ੧, ਥਿਤੀ ੧*:੧ (839)

ਜਾਪਈ ---- (1) ਮਾਲੂਮ ਹੁੰਦਾ, ਜਾਣੀਦਾ, ਪਤਾ ਲਗਦਾ, ਸੋਝੀ ਹੋਈ
“ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ।”
– ਸਿਰੀ ੩, ਅਸ ੨੦, ੨:੩ (66)
“ਬਿਨੁ ਸਬਦੈ ਆਪੁ ਨ ਜਾਪਈ ਸਭ ਅੰਧੀ ਭਾਈ।” (ਸੋਝੀ ਹੁੰਦੀ)
– ਆਸਾ ੩, ਅਸ ੨੯, ੨:੧ (426)
“ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ।” (ਮਾਲੂਮ ਹੋ ਸਕਦਾ)
– ਆਸਾ ੧, ਵਾਰ ੨ ਸ, ੨, ੩:੪ (463)
“ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ।” (ਪਤਾ ਲੱਗੇ, ਪਛਾਣੀ ਜਾਏ)
– ਰਾਮ ੩, ਵਾਰ ੧੯ਸ, ੨, ੨:੩ (954)

ਜਾਪਏ ----- ਜਾਪਦਾ ਹੈ, ਦਿਸ ਰਿਹਾ ਹੈ
“ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ।”
– ਰਾਮ ੩, ਅਨੰ ੩੪:੪ (921)

ਜਾਪਸਿ ----- ਦਿਸਦਾ ਹੈ
“ਵਰਨੁ ਭੇਖੁ ਅਸਰੂਪੁ ਨ ਜਾਪੀ ਕਿਉ ਕਰਿ ਜਾਪਸਿ ਸਾਚਾ।”
– ਰਾਮ ੧, ਸਿਗੋ ੬੬:੫ (945)
“ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ-ਧਾਰਣਾ।”
– ਮਾਰੂ ੫, ਸੋਲਾ ੬, ੧:੩ (1076)

ਜਾਪਹਿ ----- (1) ਜਪ ਕਰਦੇ ਹਨ
“ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ।”
– ਵਡ ੧, ਛੰਤ ੨, ੫:੪ (567)
“ਜਿਨ੍ਹੀ ਨਾਮੁ ਵਿਸਾਰਿਆ ਕਿਆ ਜਪੁ ਜਾਪਹਿ ਹੋਰਿ।”
– ਸਾਰ ੪, ਵਾਰ ੨੫ਸ ੩, ੨:੧ (1247)
(2) ਜਾਣੀਦੇ, ਦਿਸਦੇ
“ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ। (ਪਾਉਂਦੇ)
– ਸੂਹੀ ੩, ੧੧, ੪:੨ (604)
“ਸਾਚੀ ਭਗਤਿ ਕਰਹਿ ਦਰਿ ਜਾਪਹਿ ਘਰਿ ਦਰਿ ਸਚਾ ਸੋਈ।” (ਮਾਨ ਪਾਉਂਦੇ)
– ਸੂਹੀ ੩, ਛੰਤ ੫, ੪:੫ (771)

ਜਾਪਹੁ ----- ਜਪੋ, ਧਿਆਓ
“ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤ ਨਾ ਪਾਰੋ।”
– ਗੂਜ ੫, ੪, ੧:੨ (496)

ਜਾਪਣ ----- ਜਾਪ ਕਰਨ
“ਸ੍ਵਸਤਿ ਬਿਵਸਥਾ ਹਰਿ ਕੀ ਸੇਵਾ ਮਧ੍ਯੰਤ ਪ੍ਰਭ ਜਾਪਣ।”
– ਧਨਾ ੫, ੪੯, ੨:੧ (682)

ਹੋਰ ਰੂਪ:

ਜਾਪਣਾ –
“ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ।” (ਜਪਣ ਦਾ)
– ਸਿਰੀ ੫, ੮੭, ੧:੧ (48)
“ਤਿਨਹਿ ਗੁਸਾਈ ਜਾਪਣਾ।” (ਜਪਿਆ ਹੈ)
– ਮਾਝ ੫, ਅਸ ੩੮, ੫:੨ (132)
“ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ।” (ਜਪਣਾ)
– ਗੂਜ ੩, ਵਾਰ ੧੯ਸ, ੩, ੧:੨ (516)
ਜਾਪਣੇ –
“ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ।” (ਜਪਣ ਨਾਲ)
– ਆਸਾ ੫, ੧੦੫, ੧*:੨ (397)

ਜਾਪਤ ----- (1) ਜਪਣ/ਜਾਪ ਕਰਨ ਨਾਲ
“ਪ੍ਰਗਟ ਪ੍ਰਤਾਪੁ ਤਾਹੂ ਕੋ ਜਾਪਤ।”
– ਗਉ ੫, ਬਾਅ ੩:੬ (250)
“ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ।” (ਜਪਦੇ)
– ਮਲਾ ੪, ੮, ੩:੧ (1265)
(2) ਪਤਾ ਲਗਣਾ ਦਿਸਣਾ
“ਜਬ ਇਸ ਕਾ ਬਰਨੁ ਚਿਹਨੁ ਨ ਜਾਪਤ।”
– ਗਉ ੫, ਸੁਖ ੨੧, ੧:੫ (290)

ਜਾਪਦਾ ----- ਸਹੀ ਹੁੰਦਾ, ਜਾਣੀਦਾ, ਮਹਿਸੂਸ ਹੁੰਦਾ, ਲਖੀਦਾ
“ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਿਗੁਰ ਬੂਝ ਨ ਪਾਇ।”
– ਸਿਰੀ ੩, ੨੩, ੨:੩ (35)
“ਪਰਗਟਿ ਪਾਹਾਰੈ ਜਾਪਦਾ।” (ਸੰਸਾਰ ਵਿਚ ਪ੍ਰਤੱਖ ਦਿਸ ਪੈਂਦਾ ਹੈ)
– ਸਿਰੀ ੧, ਅਸ ੨੮, ੩:੧ (71)

ਹੋਰ ਰੂਪ:

ਜਾਪਦੇ –
“ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ।” (ਦਿਸ ਪੈਂਦੇ)
– ਗਉ ੪, ਵਾਰ ੩੧:੩ (316)
“ਐਥੈ ਘਰਿ ਘਰਿ ਜਾਪਦੇ ਆਗੈ ਜੁਗਿ ਜੁਗਿ ਪਰਗਟੁ ਹੋਇ।” (ਜਾਣੇ ਜਾਂਦੇ, ਸਿੱਧ ਹੁੰਦੇ)
– ਆਸਾ ੩, ਅਸ ੩੧, ੧:੨ (427)

ਜਾਪਨੀ ----- ਸਮਝੇ
"ਬਿਨੁ ਗੁਰ ਗੁਣ ਨ ਜਾਪਨੀ ਬਿਨੁ ਗੁਣ ਭਗਤਿ ਨ ਹੋਇ।"
– ਸਿਰੀ ੩, ਅਸ ੨੧, ੮:੧ (67)
"ਵਿਣੁ ਸਤਗੁਰ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰੁ।"
– ਰਾਮ ੧, ਓਅੰ ੪੪:੮ (936)

ਹੋਰ ਰੂਪ:

ਜਾਪਨ੍ਹਿ –
"ਰੰਗ ਪਰੰਗ ਅਨੇਕ ਨ ਜਾਪਨ੍ਹਿ ਕਰਤਬਾ।" (ਸਮਝੇ, ਜਾਣ)
– ਰਾਮ ੫, ਵਾਰ ੧੮:੨ (965)

ਜਾਪਨ੍ਹੀ –
"ਨਾਨਕ ਅੰਤ ਨ ਜਾਪਨ੍ਹੀ ਹਰਿ ਤਾ ਕੇ ਪਾਰਾਵਾਰ।" (ਦਿਸਦਾ, ਲਭਦਾ)
– ਆਸਾ ੧, ਵਾਰ ੨੩:੧ (475)

ਜਾਪਿ ------ (1) ਜਪੋ
"ਜੀਅ ਜੰਤ ਸਭਿ ਜਿਨਿ ਕੀਏ ਆਠ ਪਹਰ ਤਿਸੁ ਜਾਪਿ।"
– ਸਿਰੀ ੫, ੭੯, ੩:੨ (45)
"ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ।" (ਜਪਦਾ ਹੈ, 'ਮਹਾਨਕੋਸ਼' ਇਸ ਦੇ ਅਰਥ ਉਸਤਤ ਕਰਦਾ ਹੈ)
– ਗਉ ੫, ਸੁਖ ੨੧ਸ:੨ (290)
"ਨਾਨਕ ਅਨਦ ਭਏ ਦੁਖ ਭਾਗੇ ਸਦਾ ਸਦਾ ਹਰਿ ਜਾਪਿ।" (ਜਪ ਕੇ)
– ਧਨਾ ੫, ੪੪, ੨:੨ (681)

ਹੋਰ ਰੂਪ:

ਜਾਪਿਓ –
"ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ ਅਰਥੁ ਦ੍ਰਬੁ ਦੇਖੁ
ਕਛੁ ਸੰਗਿ ਨਾਹੀ ਚਲਨਾ।" (ਜਪਿਆ)
– ਧਨਾ ੫, ੩੦, ੧:੨ (678)

ਜਾਪਿਆ –
"ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ।"
– ਬਿਹਾ ੫, ਛੰਤ ੭, ੩:੬ (546)

(2) ਜਪ
"ਤਾ ਤੇ ਜਾਪਿ ਮਨਾ ਹਰਿ ਜਾਪਿ।"
– ਕਾਨ ੫, ੪੪, ੧*:੧ (1307)

ਜਾਪੀ ------ (1) ਪਤਾ ਲਗਨਾ, ਸਮਝ ਆਉਂਦਾ
"ਤੇਰਾ ਹੁਕਮ ਨ ਜਾਪੀ ਕੇਤੜਾ ਲਿਖਿ ਨ ਜਾਣੈ ਕੋਇ।"
– ਸਿਰੀ ੧, ਅਸ ੧, ੨:੧ (53)
"ਨਾਨਕ ਸਾਹਿਬੁ ਸਚੋ ਸਚਾ ਤਿਚਰੁ ਜਾਪੀ ਜਾਪੈ।" (ਪਤਾ ਲੱਗਦਾ, ਦਿਸਦਾ ਹੈ)
– ਰਾਮ ੩, ਵਾਰ ੧੯ਸ, ੧, ੧:੮ (956)
(2) ਜਾਪਕ, ਜਪਨ ਵਾਲਾ (ਮਹਾਨਕੋਸ਼)
"ਨਾਨਕ ਜਾਪੀ ਜਪੁ ਜਾਪੁ।" (ਸ਼ਬਦਾਰਥ ਇਥੇ ਵੀ ਅਰਥ 'ਜਪਾਂ' ਹੀ ਕਰਦਾ ਹੈ)

- ਰਾਮ ੫, ੪੩, ੪:੩ (896)

(3) ਜਪਾਂ

“ਏਹ ਦੇਹ ਸੁ ਬਾਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ।”

- ਵਡ ੪, ਘੋੜੀ ੧, ੧:੫ (575)

ਜਾਪੀਅਲੇ --- ਜਪਦਾ ਹਾਂ

“ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ।”

- ਧਨਾ ਤਿਲੋ, ੧, ੬:੧ (695)

ਜਾਪੀਐ ---- ਜਪੀਏ, ਜਾਪ ਕਰੀਏ

“ਸੰਤ ਪ੍ਰਸਾਦਿ ਹਰਿ ਜਾਪੀਐ।”

- ਗਉ ੫, ੧੪੫*, ੨:੧ (211)

ਜਾਪੁ ------ (1) ਜਾਪ, ਜਿਸ ਦਾ ਜਪ ਕੀਤਾ ਜਾਵੇ

“ਮਨ ਮੇਰੇ ਰਾਮ ਨਾਮੁ ਜਪਿ ਜਾਪੁ।” (ਮਹਾਨਕੋਸ਼ ਇਥੇ ਅਰਥ ‘ਜਪਨ ਯੋਗ’ ਕਰਦਾ ਹੈ)

- ਸਿਰੀ ੫, ੮੭, ੧:੧ (48)

“ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ।”

- ਗੂਜ ੫, ਵਾਰ ੧੦:੬ (520)

(2) ਜਪ, ਜਪੋ

“ਚਰਣ ਕਮਲ ਹਿਰਦੇ ਮਹਿ ਜਾਪੁ।”

- ਗਉ ੫, ੧੫੭, ੪:੧ (197)

ਜਾਪੇ ------ (1) ਜਪੇ, ਚੇਤੇ ਕਰੇ

“ਪੂਰਨ ਆਸ ਕਰੀ ਖਿਨ ਭੀਤਰਿ ਹਰਿ ਹਰਿ ਹਰਿ ਗੁਣ ਜਾਪੇ ਜੀਉ।”

- ਮਾਝ ੫, ੩੪, ੪:੩ (104)

“ਭਏ ਮਨੋਰਥ ਸੋ ਪ੍ਰਭੁ ਜਾਪੇ।” (ਜਪਨ ਨਾਲ)

- ਬਿਲਾ ੫, ੧੭, ੨:੨ (805)

ਹੋਰ ਰੂਪ:

ਜਾਪੈ -

“ਆਠ ਪਹਰ ਤੁਧੁ ਜਾਪੈ ਪਵਨਾ।” (ਜਪਦੀ ਹੈ)

- ਮਾਝ ੫, ਅਸ ੩੫, ੩:੧ (130)

(2) ਸੁਝਾਉਣਾ, ਜਣਾਉਣਾ, ਦਸਨਾ

“ਆਪਿ ਬੁਝਾਏ ਆਪੇ ਜਾਪੇ।”

- ਬਿਲਾ ੩, ੨, ੪:੨ (797)

ਜਾਪੈ ------ (1) ਜਪਣਾ, ਵੇਖੋ ‘ਜਾਪੇ’ (1)

“ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ।”

- ਸੂਹੀ ੫, ੫੦, ੩:੨ (747)

(2) ਪਤਾ ਲਗਨਾ, ਸਮਝ ਆਉਣਾ, ਦਿਸਨਾ ਪ੍ਰਤੀਤ ਹੋਣਾ

“ਅੰਤੁ ਨ ਜਾਪੈ ਕੀਤਾ ਆਕਾਰੁ।”

– ਜਪੁ ੧, ੨੪:੫ (5)

“ਨਹ ਜਾਪੈ ਨਹ ਬੁਝੀਐ ਨਰ ਕਛੁ ਕਰਤ ਬੀਚਾਰੁ।” (ਦਿਸਦੀ ਹੈ)

– ਗਉ ੫, ਥਿਤੀ ੫:੩ (297)

“ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ।” (ਪਤਾ ਹੈ)

– ਬਿਹਾ ੪, ਛੰਤ ੫, ੨:੨ (540)

“ਉਗਵੈ ਸੂਰੁ ਨ ਜਾਪੈ ਚੰਦੁ।” (ਦਿਸਦਾ)

– ਸੂਹੀ ੩, ਵਾਰ ੧੭ਸ, ੩, ੧:੩ (791)

(3) ਜਾਪਨਾ, ਉਘੜਨਾ

“ਨਾਨਕ ਐਸਾ ਆਗੂ ਜਾਪੈ।”

– ਮਾਝ ੧, ਵਾਰ ੫ਸ, ੧, ੧:੪ (140)

“ਰਤੁ ਪੀਣੈ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ।” (ਹਾਲਤ ਇਸ ਤਰ੍ਹਾਂ ਦੀ ਹੋ ਜਾਵੇ/ਬਣ ਜਾਵੈ)

– ਮਾਝ ੧, ਵਾਰ ੯ਸ, ੧, ੩:੨ (142)

“ਸਚੀ ਬਾਣੀ ਜੁਗੁ ਚਾਰੇ ਜਾਪੈ।” (ਜਾਣੀ ਜਾਂਦੀ ਹੈ)

– ਗਉ ੩, ੨੩, ੧:੩ (158)

“ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ।” (ਲਗਦੀ/ਜਾਪਦੀ ਹੈ)

– ਆਸਾ ੩, ਅਸ ੩੬, ੯:੧ (430)

(4) ਵੇਖਿਆ, ਜਾਤਾ

“ਸੇਵਾ ਸੁਰਤਿ ਨ ਜਾਣੀਆ ਨਾ ਜਾਪੈ ਆਰਾਧਿ।”

– ਗਉ ੫, ੧੭੦*, ੨:੧ (218)

(5) ਪ੍ਰਗਟ ਹੋਣਾ, ਪ੍ਰਸਿੱਧ ਹੋਣਾ

“ਗੁਰ ਕਾ ਸੇਵਕੁ ਦਹਦਿਸਿ ਜਾਪੈ।”

– ਗੋਂਡ ੫, ੮, ੩:੪ (864)

“ਜਿਨਿ ਜਿਨਿ ਗੁਰਮੁਖਿ ਬੁਝਿਆ ਸੁ ਚਹੁ ਕੁੰਡੀ ਜਾਪੈ।”

– ਮਾਰੂ ੫, ਵਾਰ ੮:੨ (1097)

(6) ਅਹੁੜਦਾ, ਸੁਝਦਾ

“ਹਰਿ ਕੀ ਕੀਮਤਿ ਨਾ ਪਵੈ ਕਿਛੁ ਕਹਣੁ ਨ ਜਾਪੈ।”

– ਰਾਮ ੩, ਵਾਰ ੧੩:੨ (953)

(7) ਜਾਣੇ ਜਾਣਾ

“ਸਭ ਅੰਤਰਿ ਜਨ ਵਰਤਾਇਆ ਹਰਿ ਜਨ ਤੇ ਜਾਪੈ।” (ਹਰਿ ਸੇਵਕ/ਜਨ ਤੋਂ ਜਾਣਿਆ ਜਾਂਦਾ ਹੈ)

– ਮਾਰੂ ੫, ਵਾਰ ੮:੮ (1097)

ਜਾਮ ------ (1) ਯਮ, ਧਰਮ ਰਾਜ ਦੇ ਦੂਤ

“ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ।”

– ਮਾਝ ੫, ਬਾਰਾ ੧:੮ (133)

“ਅਵਰੁ ਜਿ ਕਰਨ ਕਰਾਵਨੋ ਤਿਨ ਮਹਿ ਭਉ ਹੈ ਜਾਮ ਕਾ।” (ਜਮਾਂ ਦਾ)

– ਗਉ ੫, ੧੪੨*, ੧*:੨ (211)

(2) ਜਨਮ

"ਅਨਿਕ ਜੋਨ ਜਨਮੈ ਮਰਿ ਜਾਮ।" (ਜਨਮ ਹੋਵੇ)

– ਗਉ ੫, ਸੁਖ ੨, ੩:੫ (264)

(3) ਪਹਿਰ, ਸਮੇਂ ਦੀ ਇਕ ਇਕਾਈ

"ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ।"

– ਸਲੋ ਕਬ, ੨੩੫:੧ (1377)

ਜਾਂਮਣੁ ----- ਜੰਮਣ

"ਜਾਂਮਣੁ ਮਰਣਾ ਦੀਸੈ ਸਿਰਿ ਊਭੌ ਖੁਧਿਆ ਨਿਦ੍ਰਾ ਕਾਲੰ।"

– ਮਲਾ ੧ ਅਸ ੪, ੮:੩ (1275)

ਜਾਮਾ ------ (ਫਾ. ਜਾਮਾ) ਕਪੜਾ, ਵਸਤ੍ਰ, ਪਹਿਰਾਵਾ

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।"

– ਮਾਝ ੧, ਵਾਰ ੬ਸ, ੧, ੧:੧ (140)

ਜਾਮਿ ------(1) ਜਦੋਂ

"ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ।"

– ਗਉ ੧, ਛੰਤ ੧, ੩:੪ (242)

"ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ।" (ਜਦੋਂ ਤੱਕ)

– ਵਡ ੧, ਛੰਤ ੨, ੩:੫ (566)

"ਜਾਮਿ ਨ ਉਚਰਸਿ ਸ੍ਰੀ ਗੋਬਿੰਦ।" (ਜੇਕਰ)

– ਭੈਰ ਨਾਮ, ੧, ੧:੨ (1763)

ਜਾਮੁ ------ ਜਮ

"ਜਿਸੁ ਚੀਤਿ ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟਿ ਨ ਆਵੈ ਤਾ ਕੈ ਜਾਮੁ।"

– ਭੈਰ ੫, ੩੮, ੧*:੨ (1146)

ਜਾਮੈ ------ (1) ਜੰਮਦਾ, ਜਨਮ ਲੈਂਦਾ

"ਢੇਰੀ ਜਾਮੈ ਜਮਿ ਮਰੈ ਗਰਭ ਜੋਨਿ ਦੁਖ ਪਾਇ।"

– ਗਉ ੫, ਬਾਅ ੩੦:੫ (256)

(2) ਉਗਦਾ, ਜੰਮੇਗਾ

"ਆਜੁ ਕਾਲਿ ਭੁਇ ਲੇਟਣਾ ਊਪਰਿ ਜਾਮੈ ਘਾਸੁ।"

– ਸਲੋ ਕਬ, ੩੮:੨ (1366)

ਹੋਰ ਰੂਪ:

ਜਾਂਮੈ –

"ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ।" (ਜੰਮਦੀ, ਉਗਦੀ)

– ਸਾਰ ੫, ੧੧, ੨:੧ (1205)

ਜਾਰ ------ ਵਿਭਚਾਰੀ

"ਚੋਰ ਜਾਰ ਜੂਆਰ ਤੇ ਬੁਰਾ।"

– ਭੈਰ ੫, ੩੪, ੩:੩ (1145)

ਜਾਰਉ ----- ਸਾੜ ਦਿਓ

"ਯਯਾ ਜਾਰਉ ਦੁਰਮਤਿ ਦੋਊ।"

– ਗਉ ੫, ਬਾਅ ੧੪:੧ (253)
“ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ।” (ਸਾੜਦਿਆਂ)
– ਦੇਵ ੫, ੧੯, ੧:੧ (532)

ਜਾਰਸਿ ----- ਸਾੜਦਾ ਹੈ
“ਬੈਰੀ ਸੰਗਿ ਰੰਗ ਰਸਿ ਰਚਿਆ ਤਿਸੁ ਸਿਉ ਜੀਅਰਾ ਜਾਰਸਿ ਰੇ।”
– ਮਾਰੂ ੫, ੭, ੧*:੨ (1000)

ਜਾਰਹੁ ----- ਸਾੜ ਦਿਓ
“ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ।”
– ਆਸਾ ੫, ੧੦੪, ੨:੧ (399)

ਜਾਰਾ ------ (1) ਵਿਭਚਾਰੀ ਲੋਕਾਂ, ਵਿਭਚਾਰੀਆ
“ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ।”
– ਆਸਾ ੧, ਵਾਰ ੬ਸ, ੧, ੧:੯ (466)
(2) ਸਾੜਿਆ –
“ਭੈ ਮਰਬੇ ਕੋ ਬਿਸਰਤ ਨਾਹਿਨ ਤਿਹ ਚਿੰਤਾ ਤਨੁ ਜਾਰਾ।”
– ਜੈਤ ੯, ੨, ੧:੨ (703)

ਹੋਰ ਰੂਪ:

ਜਾਰਿ –
“ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ।” (ਸਾੜ ਦੇਹ)
– ਸਿਰੀ ੪, ਵਾਰ ੧੫ਸ, ੨, ੧:੨ (89)
“ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ।” (ਸਾੜਿਆ ਹੈ)
– ਬਿਲਾ ਕਬ, ੨, ੨:੨ (855)
“ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ।” (ਅੱਗ ਵਿਚ ਪਾ/ਸੁਟ (ਮਹਾਨਕੋਸ਼)
– ਬਸੰ ਕਬ, ੪, ੩:੪ (1194)

ਜਾਰਿਓ –
“ਕਰਮ ਧਰਮ ਕਰਤੇ ਬਹੁ ਸੰਜਮ ਅਹੰਬੁਧਿ ਮਨੁ ਜਾਰਿਓ ਰੇ।” (ਸਾੜਿਆ ਹੈ)
– ਗਉ ਕਬ, ੫੬, ੧:੨ (355)

ਜਾਰਿਆ –
“ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ।” (ਸਾੜਿਆ)
– ਸਲੋ ਕਬ, ੧੭੫:੨ (1373)

ਜਾਰੀ –
“ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ।” (ਸਾੜ ਦਿਤੀ)
– ਆਸਾ ਕਬ, ੨੮, ੨:੧ (483)

ਜਾਰੀ ------ (1) ਸਾੜ ਦਿਤੀ, ਵੇਖੋ ਜਾਰਾ (2)
(2) ਬਾਲੀ, ਪ੍ਰਜਵਲਤ ਕੀਤੀ
“ਭਵਨ ਚਤੁਰ ਦਸ ਭਾਠੀ ਕੀਨ੍ਹੀ ਬ੍ਰਹਮ ਅਗਨਿ ਤਨਿ ਜਾਰੀ ਰੇ।”
– ਰਾਮ ਕਬ, ੧, ੨:੧ (969)
(3) ਲੰਘਾ ਦਿਤੀ (ਭਾਵ)

“ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ।”
– ਸਮੁ ੫, ੬:*੩ (1388)

ਜਾਰੀਆ ---- ਵਿਭਚਾਰ ਦੇ ਕੰਮ
“ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ।”
– ਆਸਾ ੧, ਵਾਰ ੧੫ਸ ੧, ੨:੧ (471)

ਜਾਰੀਐ ---- ਸੜ ਜਾਣ
“ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮਿ ਬਿਹਾਲ।”
– ਚਉ ੫, ੭:੧ (1364)

ਜਾਰੇ ------ ਸਾੜ ਦੇਵੇ
“ਕਾਲੁ ਜਾਲੁ ਬ੍ਰਹਮ ਅਗਨੀ ਜਾਰੇ।”
– ਗਉ ੧, ਅਸ ੭, ੩:੧ (223)
“ਜਿਹ ਪਾਵਕ ਸੁਰਿ ਨਰ ਹੈ ਜਾਰੇ।” (ਸਾੜੇ ਹਨ)
– ਗਉ ਕਬ, ੧, ੨:੧ (323)

ਹੋਰ ਰੂਪ:

ਜਾਰੈ –
“ਜਾਰੈ ਖਸਮੁ ਤ ਰਾਖੈ ਕਵਨਾ।”
– ਗਉ ਕਬ, ੩੩, ੧:੨ (329)

ਜਾਰੈ ------ (1) ਸਾੜੇ, ਵੇਖੋ ‘ਜਾਰੇ’
(2) ਬਾਲੇ, ਪ੍ਰਜਵਲਤ ਕਰੇ
“ਛਾਪਰ ਬਾਂਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ।”
– ਸਾਰ ੫, ੧੦, ੧:੩ (1205)

ਹੋਰ ਰੂਪ:

ਜਾਰੋ –
“ਬੁਝੀ ਤ੍ਰਿਸਨਾ ਸਹਜਿ ਸੁਹੇਲਾ ਕਾਮੁ ਕ੍ਰੋਧੁ ਬਿਖੁ ਜਾਰੋ।” (ਸਾੜੇ)
– ਸਾਰ ੫, ੫੪, ੧:੧ (1215)

ਜਾਲ ------ (1) ਜੀਵਾਂ ਨੂੰ ਫਸਾ ਕੇ ਫੜਨ ਲਈ ਬਣਾਈ ਧਾਗੇ ਅਥਵਾ ਹੋਰ ਵਸਤੂ ਨਾਲ ਬਣਾਈ ਫਾਹੀ, ਫਾਹੀ (ਫੰਧਾ)
“ਆਪ ਜਾਲ ਮਣਕੜਾ ਆਪੇ ਅੰਦਰਿ ਲਾਲੁ।”
– ਸਿਰੀ ੧, ੨੫, ੨:੨ (23)
“ਆਲ ਜਾਲ ਮਾਇਆ ਜੰਜਾਲ।” (ਘਰ ਦੇ ਫੰਧੇ ਭਾਵ ਘਰ ਦੇ ਧੰਦੇ ਤੇ ਬੰਧਨ)
– ਗਉ ੫, ਸੁਖ ੨੧, ੭:੫ (292)
(2) ਬੰਧਨ
“ਗੁਰਿ ਪੂਰੈ ਤਾ ਕੇ ਕਾਟੇ ਜਾਲ।”
– ਗਉ ੫, ੮੨, ੪:੪ (180)

ਜਾਲਉ ----- ਸਾੜ ਦੇਵਾਂ
“ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ।”

– ਵਡ ੪, ਵਾਰ ੧੦ਸ, ੧, ੨:੧ (590)

ਜਾਲਹੁ ----- ਸਾੜ ਦੇਵੋ
“ਹਉਮੈ ਮਮਤਾ ਲੋਭੁ ਜਾਲਹੁ ਸਬਦਿ ਮੈਲੁ ਚੁਕਾਈਐ।”
– ਬਿਲਾ ੧, ਛੰਤ ੧, ੪:੪ (843)

ਜਾਲਕਾ ----- ਸਾੜਕੇ
“ਬਾਸਨ ਮੇਟਿ ਨਿਬਾਸਨ ਹੋਈਐ ਕਲਮਲ ਸਗਲੇ ਜਾਲਕਾ।”
– ਮਾਰੂ ੫, ਸੋਲਾ ੧੩, ੭:੩ (1085)

ਜਾਲਣ ----- ਸਮਾਂ ਕੱਟਣਾ, ਭੋਗਨਾ (ਦੁੱਖ), ਦੁੱਖ ਸਹਾਰਨਾ
“ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ।”
– ਆਸਾ ਫਰ, ੨, ੮:੨ (488)

ਜਾਲਪਾ ----- ਇਕ ਭੱਟ ਜਿਸ ਦੇ ਗੁਰੂ ਅਮਰਦਾਸ ਜੀ ਦੀ ਵਡਿਆਈ ਦੇ 5 ਸਵਯੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹਨ।
“ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ।”
– ਸਵ ੩, ੧੪:੬ (1395)

ਹੋਰ ਰੂਪ:

ਜਲਪੁ –
“ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ।”
– ਸਵ ੩, ੧੦:੭ (1394)

ਜਾਲਾ ------ (1) ਜਾਲ, ਫਾਹੀ
“ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ।”
– ਗਉ ੧, ਅਸ ੧੭, ੬:੧ (228)

(2) ਬੰਧਨ
“ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ।”
– ਗੂਜ ੧, ਅਸ ੧, ੪:੧ (503)

“ਅਮਰੁ ਅਜੋਨੀ ਜਾਤਿ ਨ ਜਾਲਾ।”
– ਬਿਲਾ ੧, ਥਿਤੀ ੧:੨ (838)

(3) ਜੰਗਾਲ, ਮੈਲ
“ਹੰਸ ਹੰਸਾ ਬਗ ਬਗਾ ਲਹੈ ਮਨ ਕੀ ਜਾਲਾ।”
– ਵਡ ੧, ਛੰਤ ੨, ੭:੬ (567)

(4) ਜਲਾ/ਸਾੜ ਦਿਤੇ
“ਬਹੁ ਮੈਲੇ ਨਿਰਮਲ ਹੋਇਆ ਸਭ ਕਿਲਬਿਖ ਹਰਿ ਜਸਿ ਜਾਲਾ।”
– ਮਾਲੀ ੪, ੫, ੪:੧ (985)

ਜਾਲਾਇ ---- ਸਾੜ ਦਿਤੇ
“ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ।”
– ਮਾਝ ੧, ਵਾਰ ੧੧ਸ, ੧, ੨:੪ (143)

ਜਾਲਿ ------ (1) ਸਾੜਨਾ

"ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।" (ਸਾੜਕੇ)
– ਸਿਰੀ ੧, ੬, ੧:੧ (16)
"ਜਾਲਿ ਨ ਸਾਕਹਿ ਤੀਨੇ ਤਾਪ।" (ਸਾੜ ਨਹੀ ਸਕਦੇ)
– ਸੂਹੀ ੫, ੩੧, ੩:੨ (743)
"ਨਾਨਕ ਹਉਮੈ ਜਾਲਿ ਸਮਾਈ।" (ਹਉਮੈ ਸਾੜ ਕੇ)
– ਰਾਮ ੧, ਸਿਗੋ ੨੯:੬ (941)

ਹੋਰ ਰੂਪ:

ਜਾਲਿਓਨੁ –
"ਨਾਨਕ ਭਗਤਾ ਸਦਾ ਅਨੰਦੁ ਭਾਉ ਦੂਜਾ ਜਾਲਿਓਨੁ।"
– ਸੋਰ ੪, ਵਾਰ ੨੮:੫ (653)
(2) ਫੰਧਾ, ਜਾਲ, ਫਾਹੀ
"ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ।"
– ਸਿਰੀ ੫, ੭੩, ੨:੨ (43)

ਜਾਲਿਆ ---- (1) ਬਿਤਾਈ, ਲੰਘਾਈ, ਕਟੀ
"ਕਹਿਆ ਨ ਮਾਨਹਿ ਸਿਰਿ ਖਾਕੁ ਛਾਨਹਿ ਜਿਨ ਸੰਗਿ ਮਨੁ ਤਨੁ ਜਾਲਿਆ।"
– ਜੈਤ ੫, ਛੰਤ ੩, ੩:੪ (705)
(2) ਸਾੜਨਾ
"ਮਮਤਾ ਜਾਲਿਆ ਪਿੰਡੁ ਵਣਾਹੰਬੈ।" (ਸਾੜਿਆ, ਸੜ ਰਹੀ ਹੈ)
– ਮਾਰੂ ਕਬ, ੮, ੪:੨ (1104)

ਜਾਲੀ ------ (1) ਜਾਲ, ਫਾਹੀ
"ਨ ਜਾਣਾ ਮੇਉ ਨ ਜਾਣਾ ਜਾਲੀ।"
– ਸਿਰੀ ੧, ੩੧, ੧*:੧ (25)

ਹੋਰ ਰੂਪ:

ਜਾਲੁ –
"ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ।"
– ਸਿਰੀ ੧, ੨੫, ੨:੧ (23)
ਜਾਲੇ –
"ਅੰਧਾ ਭੂਲਿ ਪਇਆ ਜਮ ਜਾਲੇ।" (ਜਾਲ ਵਿਚ)
– ਮਾਝ ੧, ਵਾਰ ੪ਸ, ੧, ੨:੩ (139)
ਜਾਲੋ –
"ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ।"
– ਭੈਰ ੧, ੩, ੧:੨ (1126)
ਜਾਲੋੁ –
"ਜਿਨਿ ਜਗੁ ਥਾਪਿ ਵਤਾਇਆ ਜਾਲੁ‘ ਸੋ ਸਾਹਿਬੁ ਪਰਵਾਣੋ।"
– ਵਡ ੧, ਅਸ ੪, ੧:੬ (581)
(2) ਸਾੜੀ
"ਮਰਤੀ ਬਾਰ ਅਗਨਿ ਸੰਗਿ ਜਾਲੀ।"
– ਗਉ ਕਬ, ੧੧, ੨:੨ (325)

ਹੋਰ ਰੂਪ:

ਜਾਲੀਅਉ –
“ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ।” (ਸਾੜਿਆ ਜਾਏ)
– ਸਿਰੀ ੧, ਅਸ ੨, ੭:੨ (54)

ਜਾਲੀਅਹਿ –
“ਕਟੀਅਹਿ ਤੈ ਨਿਤ ਜਾਲੀਅਹਿ ਓਨਾ ਸਬਦੁ ਨ ਨਾਉ।”
– ਸਿਰੀ ੩, ਅਸ ੨੦, ੪:੩ (66)
“ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ।” (ਸੜ ਜਾਣ)
– ਸਲੋ ੩, ੪:੪ (1413)

ਜਾਲੀਆ –
“ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।” (ਸਾੜਿਆ ਜਾਣਾ)
– ਸਿਰੀ ੧, ੨, ੨:੨ (14)

ਜਾਲੀਐ –
“ਹਰਿ ਏਕ ਬਿਨੁ ਕਛੁ ਅਵਰੁ ਨਾਹੀ ਭਾਉ ਦੁਤੀਆ ਜਾਲੀਐ।” (ਸਾੜ ਦੇਈਏ)
– ਆਸਾ ੫, ਛੰਤ ੧੩, ੪:੪ (461)

ਜਾਲੁ –
“ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ।”
– ਬਿਲਾ ੫, ੪੪, ੧:੨ (811)

ਜਾਲੇ –
“ਨਾਨਕੁ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ।”
– ਸਿਰੀ ੫, ਛੰਤ ੨, ੧:੬ (79)

ਜਾਲੇ ------ (1) ਜਾਲ ਵਿਚ, ਵੇਖੋ (‘ਜਾਲੀ’ (1)
(2) ਸਾੜੇ, ਵੇਖੋ ‘ਜਾਲੀ’ (2)
(3) ਬਾਲੇ, ਜਗਾਏ, ਪ੍ਰਜਵਲਤ ਕਰੇ
“ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ।”
– ਆਸਾ ੧, ੩੫, ੪:੧ (359)

ਜਾਲੇਨਿ –
“ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ।” (ਸਾੜਨ)
– ਸਲੋ ਫਰ, ੧੧੬:੧ (1384)

ਜਾਲੈ –
“ਭਾਹਿ ਨ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ।” (ਸਾੜਦੀ)
– ਆਸਾ ੫, ੧੮, ੧*:੨ (375)

ਜਾਵਉ ----- (1) ਜਾਵਾਂ
“ਦੂਖੁ ਨ ਦੇਈ ਕਿਸੈ ਜੀਅ ਪਤਿ ਸਿਉ ਘਰਿ ਜਾਵਉ।”
– ਗਉ ੫, ਵਾਰ ੧੭:੫ (322)
“ਸਾਧਸੰਗਤਿ ਕੀ ਜਾਵਉ ਟੇਕ।” (ਭਾਵ ਲੈਂਦਾ ਹਾਂ)
– ਰਾਮ ੫, ੮, ੪:੩ (885)
(2) ਜਾਵਾਂ (ਸਹਾਇਕ ਕਿਰਿਆ)

“ਬਲਿ ਜਾਵਉ ਦਰਸਨ ਸਾਧੂ ਕੈ ਜਿਹ ਪ੍ਰਸਾਦਿ ਹਰਿ ਨਾਮੁ ਲੀਨਾ।”
– ਬਿਲਾ ੫, ੯੭, ੨:੧ (823)

ਜਾਵਏ ----- ਜਾਂਦਾ ਹੈ ਅਰਥਾਤ ਖਤਮ ਹੁੰਦਾ ਹੈ
“ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ।”
– ਆਸਾ ੫, ਛੰਤ ੭, ੧:੧ (457)

ਜਾਵਸਿ ----- ਜਾਏਗਾ
“ਕਿਆ ਲੇ ਆਵਨਿ ਕਿਆ ਲੇ ਜਾਵਸਿ ਰਾਮ ਜਪਹੁ ਗੁਣਕਾਰੀ।”
– ਭੈਰ ੧, ੫, ੧*:੨ (1126)

ਜਾਵਸਿਤਾ --- ਜਾਂਦਾ, ਭਾਵ ਮਿਟਦਾ, ਖਤਮ ਹੁੰਦਾ
“ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ।”
– ਗਉ ੧, ੧੫, ੩:੧ (155)

ਜਾਵਹਗੇ ---- (1) ਜਾਵਾਂ ਗੇ, ਪਹੁੰਚ ਕਰਾਂਗੇ
“ਮੋਹਿ ਦੂਜੀ ਨਾਹੀ ਠਉਰ ਜਿਸੁ ਪਹਿ ਹਮ ਜਾਵਹਗੇ।”
– ਕਲਿ ੪, ੬, ੨:੨ (1321)

(2) ਜਾਵਾਂ ਗੇ, (ਸਹਾਇਕ ਕਿਰਿਆ)
“ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ।”
– ਕਲਿ ੪, ੬, ੩:੨ (1321)

ਜਾਵਹਿ ----- (1) ਦੂਰ ਹੋਣ, ਮਿਟਣ, ਜਾਣ
“ਜਨਮ ਜਨਮ ਕੇ ਕਿਲਬਿਖ ਜਾਵਹਿ।”
– ਮਾਝ ੫, ੩੫, ੨:੧ (104)

(2) ਜਾਣਾ ਹੈ (ਸਹਾਇਕ ਕਿਰਿਆ)
“ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ।”
– ਮਾਝ ੩, ਅਸ ੨੩, ੬:੩ (123)
“ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।”
– ਮਾਝ ੧, ਵਾਰ ੧੫ਸ, ੧, ੧:੫ (145)

(3) ਜਾਏ, ਗਮਨ ਕਰੇ
“ਨਾਨਕ ਪਤਿ ਸੇਤੀ ਘਰਿ ਜਾਵਹਿ।”
– ਗਉ ੫, ਸੁਖ ੬, ੨:੧੦ (270)
“ਇਕਿ ਆਵਹਿ ਇਕ ਜਾਵਹਿ ਆਈ।” (ਜਾਂਦੇ ਭਾਵ ਮਰਦੇ)
– ਆਸਾ ੧, ੧੫, ੧:੧ (353)

ਹੋਰ ਰੂਪ:

ਜਾਵਹੀ –
“ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ।” (ਜਾਂਦੇ/ਮਰਦੇ ਹਨ)
– ਸਿਰੀ ੧, ੧੬, ੧:੨ (20)

ਜਾਵਹੁ –
“ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ।” (ਜਾਏ, ਲੈ ਕੇ ਗਮਨ ਕਰੇ)
– ਆਸਾ ੧, ਅਸ ੧੩, ੮:੨ (418)

"ਗੁਰ ਤੇ ਭੂਲੇ ਆਵਹੁ ਜਾਵਹੁ।" (ਭਾਵ ਜਨਮੋ, ਮਰੋ)

– ਮਾਰੂ ੧, ਸੋਲਾ ੧੦, ੧੩:੧ (1030)

ਜਾਵਹੇ –

"ਇਉ ਕਹੈ ਨਾਨਕ ਮਨ ਤੂੰ ਗਾਰਬਿ ਘਟਿਆ ਗਰਬਿ ਲਦਿਆ ਜਾਵਹੇ।"

– ਆਸਾ ੩, ਛੰਤ ੭, ੬:੬ (441)

ਜਾਵਣਾ ----- (1) ਜਾਣਾ, ਗਮਨ ਕਰਨਾ

"ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ।"

– ਮਾਝ ੧, ਵਾਰ ੨੧:੧ (148)

ਹੋਰ ਰੂਪ:

ਜਾਵਣਿਆ –

"ਅਗਿਆਨੀ ਅੰਧਾ ਮਗੁ ਨ ਜਾਣੈ ਫਿਰਿ ਫਿਰਿ ਆਵਣ ਜਾਵਣਿਆ।" (ਭਾਵ ਮਰਨਾ)

– ਮਾਝ ੩, ਅਸ ੨, ੫:੩ (110)

ਜਾਵਣੀ –

"ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।"

– ਸਿਰੀ ੧, ਅਸ ੧੭, ੬:੨ (64)

ਜਾਵਣੁ –

"ਕਿਨਿ ਬਿਧਿ ਆਵਣੁ ਜਾਵਣੁ ਤੂਟਾ।"

– ਮਾਝ ੫, ਅਸ ੩੬, ੨:੨ (131)

ਜਾਵਣੇ –

"ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ।"

– ਸੂਹੀ ੧, ਛੰਤ ੫, ੭:੪ (767)

ਜਾਵਣੋ –

"ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ।"

– ਸਿਰੀ ੧, ਅਸ ੧੫, ੪:੧ (63)

(2) ਜਾਣਾ (ਸਹਾਇਕ ਕਿਰਿਆ)

"ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ।"

– ਸੋਰ ੪, ਵਾਰ ੬:੨ (645)

"ਭਗਤਿ ਦਾਨੁ ਮੰਗੈ ਜਨੁ ਤੇਰਾ ਨਾਨਕ ਬਲਿ ਬਲਿ ਜਾਵਣਾ।"

– ਮਾਰੂ ੫, ਸੋਲਾ ੧੪, ੧੫:੩ (1086)

ਹੋਰ ਰੂਪ:

ਜਾਵਣਿਆ –

"ਨਾਨਕ ਅੰਮ੍ਰਿਤੁ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤ ਸਭ ਭੁਖ ਲਹਿ ਜਾਵਣਿਆ।"

– ਮਾਝ ੩, ਅਸ ੧੬, ੮:੩ (119)

ਜਾਵਣੀ –

"ਸਭਿ ਬੋਲਹੁ ਰਾਮ ਰਮੋ ਸ੍ਰੀ ਰਾਮ ਰਮੋ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਵਣੀ।"

– ਕਾਨ ੪, ਵਾਰ ੩:੫ (1314)

ਜਾਵਤ ----- (1) ਜਾਂਦਾ, ਗਮਨ ਕਰਦਾ

"ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ।"
- ਗਉ ੫, ੧੩੬*, ੪:੧ (209)
"ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ।" (ਮਰਨ)
- ਗਉ ੧, ਅਸ ੧੫, ੧*:੨ (227)
"ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ।" (ਛੱਡ ਕੇ ਜਾਂਦੀ)
-ਰਾਮ ੫, ੩, ੧:੧ (883)

ਹੋਰ ਰੂਪ:

ਜਾਵੰਤ -
"ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਾ।"
- ਸਸ ੫, ੪੯:੩ (1358)

(2) ਜਾਂਦਾ/ਜਾਂਦੀ (ਸਹਾਇਕ ਕਿਰਿਆ)
"ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ।"
- ਬਿਲਾ ੫, ੫, ੨:੨ (803)
"ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ।"
- ਸਸ ੫, ੭*:੫ (1388)

ਜਾਵਤੁ ----- (1) (ਸੰ.;) ਜਦ ਤੱਕ
"ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।"
- ਮਾਝ ੧, ਵਾਰ ੨੩ਸ ੨, ੨:੧ (148)

(2) ਜਾਂਦਾ, ਗਮਨ ਕਰਦਾ ਭਾਵ ਮਰਦਾ
"ਆਵਤੁ ਕਿਨੈ ਨ ਰਾਖਿਆ ਜਾਵਤੁ ਕਿਉ ਰਾਖਿਆ ਜਾਇ।"
- ਪ੍ਰਭਾ ੧, ੮, ੧:੧ (1329)

ਜਾਵਦ ----- ਜਦ ਤਾਂਈ ਵੇਖੋ 'ਜਾਵਤੁ' (1)
"ਨਿਹਫਲੰ ਤਸੵ ਜਨਮਸੵ ਜਾਵਦ ਬ੍ਰਹਮ ਨ ਬਿੰਦਤੇ।"
- ਸਸ ੧, ੨:੧ (1353)

ਜਾਵਦਾ ----- ਜਾਂਦਾ (ਸਹਾਇਕ ਕਿਰਿਆ)
"ਹਉ ਵਾਰੀ ਘੁੰਮਾ ਜਾਵਦਾ।"
- ਸਿਰੀ ੫, ਅਸ ੨੯, ੬:੧ (73)

ਜਾਵਨ ----- (1) ਜਾਣ (ਸਹਾਇਕ ਕਿਰਿਆ)
"ਰਸਨਾ ਸਿਮਰਿ ਸਿਮਰਿ ਜਸੁ ਜੀਵਾ ਨਾਨਕ ਦਾਸ ਸਦਾ ਬਲਿ ਜਾਵਨ।"
- ਟੋਡੀ ੫, ੨੫, ੨:੨ (717)

(2) ਜਾਣਾ, ਗਮਨ ਕਰਨਾ ਭਾਵ ਮਰਨਾ
"ਨਾਮੇ ਆਵਨ ਜਾਵਨ ਰਹੇ।"
- ਗੋਂਡ ੫, ੪, ੪:੨ (863)

ਹੋਰ ਰੂਪ:

ਜਾਵਨਾ -
"ਸੰਤ ਬਿਨਾ ਮੈ ਥਾਉ ਨ ਕੋਈ ਅਵਰ ਨ ਸੂਝੈ ਜਾਵਨਾ।" (ਜਾਣਾ)
- ਮਾਰੂ ੫, ਅਸ ੫, ੬:੧ (1018)

ਜਾਵਨੁ –
"ਆਵਨੁ ਜਾਵਨੁ ਮਾਇਆ ਧੰਧ।" (ਮਰਨ)
– ਰਾਮ ੫, ੧੯, ੧:੪ (888)

ਜਾਵਲ ----- ਜਾਲਾ, ਗੰਦ
"ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ।"
– ਮਾਰੂ ੧, ੪, ੧:੧ (990)

ਜਾਵਾ ------ (1) ਜਾ ਸਕਨਾ (ਸਹਾਇਕ ਕਿਰਿਆ)
"ਵਾਰਿਆ ਨ ਜਾਵਾ ਏਕ ਵਾਰ।"
– ਜਪੁ ੧, ੧੬:੨੩ (3)

ਹੋਰ ਰੂਪ:

ਜਾਵਾਂ –
"ਬਲਿ ਜਾਵਾਂ ਗੁਰ ਅਪਨੇ ਪ੍ਰੀਤਮ ਜਿਨਿ ਹਰਿ ਪ੍ਰਭੁ ਆਣਿ ਮਿਲਾਇਆ।"
– ਮਲਾ ੧, ੪, ੧*:੨ (1255)

(2) ਜਾਵਾਂ, ਗਮਨ ਕਰਾ,
"ਦੇਖਿ ਅਟਲ ਟਲਿ ਕਤਹਿ ਨ ਜਾਵਾ।"
– ਗਉ ਕਬ, ਬਾਅ ੧੭:੩ (341)
"ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ।"
– ਵਡ ੧, ੩, ੧:੯ (558)
"ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ।" (ਭਾਵ ਮਰਨਾ)
– ਮਾਰੂ ੫, ੧੨, ੪:੧ (1002)

ਜਵਾਈ ----- ਧੀ ਦਾ ਪਤੀ, ਦਾਮਾਦ
"ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ।"
– ਬਿਲਾ ੪, ਵਾਰ ੧੦:੨ (853)

ਜਾਵੀ ------ ਚਲੀ ਜਾਂਦੀ ਹੈ ਭਾਵ ਮੁਕ ਜਾਂਦੀ ਹੈ
"ਜਿਨ ਸੁਣਿ ਸਿਖਾ ਗੁਰੁ ਮੰਨਿਆ ਤਿਨਾ ਭੁਖ ਸਭ ਜਾਵੀ।"
– ਤਿਲੰ ੪, ਅਸ ੨, ੧੮:੨ (726)

ਜਾਵੇ ------ ਜਾਏ, ਜਾਂਦਾ ਹੈ (ਸਹਾਇਕ ਕਿਰਿਆ)
"ਦਇਆ ਤੁਹਾਰੀ ਕਿਆ ਜੰਤ ਵਿਚਾਰੀ ਨਾਨਕ ਬਲਿ ਬਲਿ ਜਾਵੇ।"
– ਆਸਾ ੫, ੧੪੭, ੩:੧ (407)

ਜਾਵੈ ------ (1) ਜਾਏ, ਗਮਨ ਕਰੇ
"ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ
– ਸਿਰੀ ੪, ਪਹ ੨, ੫:੫ (76)
"ਦੁਬਿਧਾ ਬਾਧਾ ਆਵੈ ਜਾਵੈ।" (ਭਾਵ ਮਰਦਾ)
– ਮਾਝ ੧, ਅਸ ੧, ੫:੨ (109)

(2) ਜਾਏ, ਜਾਵੇ (ਸਹਾਇਕ ਕਿਰਿਆ)

"ਦੁਖੁ ਤਦੇ ਜਾ ਵਿਸਰਿ ਜਾਵੈ।"

- ਮਾਝ ੫, ੧੫, ੧:੧ (98)

"ਸਾਧ ਕੈ ਸੰਗਿ ਨ ਬਿਰਥਾ ਜਾਵੈ।" (ਜਾਂਦਾ)

- ਗਉ ੫, ਸੁਖ ੭, ੬:੮ (272)

(3) ਮਿਟੇ, ਖਤਮ ਹੋਏ, ਮੁਕ ਜਾਵੇ

"ਤਉ ਭੀ ਹਉਮੈ ਮੈਲੁ ਨ ਜਾਵੈ।"

- ਗਉ ੫, ਸੁਖ ੩, ੨:੮ (265)

"ਜਿਨ ਸਾਲਾਹਨਿ ਸੇ ਮਰਹਿ ਖਪਿ ਜਾਵੈ ਸਭੁ ਅਪਵਾਦੁ।"

- ਗਉ ੪, ਵਾਰ ੨ਸ, ੪, ੧:੩ (301)

"ਰਾਜੁ ਤੇਰਾ ਕਬਹੁ ਨ ਜਾਵੈ।" (ਮੁੱਕੇ, ਖਤਮ ਹੋਵੇ)

- ਵਡ ੧, ਛੰਤ ੨, ੪:੨ (567)

ਜਿ ------- (1) ਜਿਹੜਾ, ਜੋ, ਜੋ ਕੋਈ

"ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ।" (ਜਿਹੜਾ)

- ਜਪੁ ੧, ੭:੭ (2)

"ਭਲੀ ਸਰੀ ਜਿ ਉਬਰੀ ਹਉਮੈ ਮੁਈ ਘਰਾਹੁ।" (ਜੋ)

- ਸਿਰੀ ੧, ੧੧, ੧:੧ (18)

"ਪਾਰਬ੍ਰਹਮੁ ਜਿ ਚੀਨ੍ਹਸੀ ਆਸਾ ਤੇ ਨ ਭਾਵਸੀ।" (ਜੋ ਕੋਈ)

- ਆਸਾ ਨਾਮ, ੫, ੧:੧ (486)

(2) ਜੇਕਰ

"ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।"

- ਜਪੁ ੧, ੨੧:੧੧ (4)

"ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ।"

- ਆਸਾ ੧, ਵਾਰ ੧੪ਸ, ੧, ੧:੨ (470)

(3) ਜਿਸ ਤੋਂ

"ਤਿਨਿ ਮਾਰਿਆ ਜਿ ਰਖੈ ਨ ਕੋਇ।" (ਜਿਸ ਤੋਂ)

- ਗਉ ੫, ੧੬੭, ੩:੧ (199)

"ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ।" (ਜਿਸ ਨੂੰ)

- ਗਉ ੪, ਵਾਰ ੧੫ਸ, ੪, ੩:੧ (309)

"ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ।" (ਜਿਸ ਦਾ)

- ਗਉ ੫, ਵਾਰ ੧੪ਸ, ੫, ੨:੧ (321)

"ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।" (ਜਿਸ)

- ਸਲੋ ਫਰ, ੭੬:੧ (1381)

(4) ਕਿ

"ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ।
ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ।"

- ਗਉ ਕਬ, ੧੮, ੨:੧;੨ (327)

"ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ।" (ਕਿ)

- ਆਸਾ ੧, ੭, ੪:੧ (351)

(5) ਜੋ, ਜੋ ਕੁਝ

“ਜਿ ਕਰਾਵੈ ਸੋ ਕਰਣਾ।”
– ਸੋਰ ੫, ੭੧, ੨:੩ (627)
“ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ।”
– ਰਾਮ ਸੁੰਦ, ਸਦ ੬:੧ (923)

(6) ਕਿਉਂ ਜੋ, ਕਿਉਂਕਿ
“ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ।”
– ਮਾਰੂ ੩, ਵਾਰ ੧੯ਸ, ੩, ੨:੧ (1092)

ਜਿਉ ------ (1) ਜਿਸ ਤਰਾਂ, ਜਿਵੇਂ
“ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ।”
– ਆਸਾ ੧, ਸੋਦ ੧, ੧:੨੦ (9)
“ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ।” (ਜਿਵੇਂ, ਜੈਸੇ)
– ਸਿਰੀ ੧, ੧੩, ੧:੨ (18)
“ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।” (ਜਿਵੇਂ, ਵਾਂਗ)
– ਸਿਰੀ ੧, ੨੪, ੧:੨ (23)
“ਦਿਨਸੁ ਰੈਣਿ ਜਿਉ ਤੁਧੁ ਧਿਆਈ ਏਹੁ ਦਾਨੁ ਮੋਹਿ ਕਰਨਾ ਜੀਉ।” (ਜਿਵੇਂ ਹੋ ਸਕੇ)
– ਮਾਝ ੫, ੧੯, ੧:੩ (110)
“ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ ਪਾਲਾ।” (ਵਾਂਗ)
– ਸੋਰ ੫, ੫੮, ੧*:੨ (623)

ਹੋਰ ਰੂਪ:

ਜਿਉਂ –
“ਜਿਉਂ ਜਲ ਤੰਤੁ ਪਸਾਰਿਓ ਬਧਕਿ ਗ੍ਰਸਿ ਮੀਨਾ ਵਸਗਤਿ ਖਰਿਆ।”
– ਕਾਨ ੪, ੧, ੨:੨ (1294)

(2) ਜਿਤਨਾ –
“ਜਿਉਂ ਅਧਿਕਉਂ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ।”
– ਸਿਰੀ ੧, ਅਸ ੧੧, ੨:੨ (60)

(3) ਜੀਓ, ਜੀਅ
“ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।” (ਮਹਾਨਕੋਸ਼)
– ਗਉ ੧, ਸੋਹ ੧, ੩:੨ (12)

(4) ਜਿਧਰ, ਜਿਸ ਪਾਸੇ
“ਗਲਿ ਜੇਵੜੀ ਆਪੇ ਪਾਇਦਾ ਪਿਆਰੇ ਜਿਉ ਪ੍ਰਭੁ ਖਿੰਚੈ ਤਿਉ ਜਾਹਾ।”
– ਸੋਰ ੪, ੬, ੪:੨ (607)

(5) ਜੇਹੇ, ਵਾਂਗਰ
“ਨਾਨਕ ਸੰਤ ਸਵਾਰੇ ਪਾਰਬ੍ਰਹਮਿ ਸਚੇ ਜਿਉ ਬਣਿਆ।”
– ਬਿਲਾ ੪, ਵਾਰ ੧੨:੫ (854)

(6) ਮਨ (ਕੇਵਲ ਮਹਾਨਕੋਸ਼)
“ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ।”
– ਗਉ ੫, ੧੨੭*, ੩:੨ (206)

ਜਿਸ ------ ਜੋ, ਜਿਹੜਾ, ਜਿਸ
"ਜਿਸ ਨੋ ਬਖਸੇ ਸਿਫਤਿ ਸਾਲਾਹ।"
- ਜਪੁ ੧, ੨੫:੧੬ (5)

ਜਿਸਹਿ ----- ਜਿਸ ਨੂੰ, ਜਿਹੜੇ ਨੂੰ
"ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ।"
- ਗਉ ੫, ਸੋਹ ੫, ੨:੨ (13)

ਜਿਸਨੋ ----- ਜਿਸ ਉਪਰ, ਜਿਸ ਨੂੰ
"ਜਿਸਨੋ ਨਦਰਿ ਕਰੇ ਸਾ ਸੋਹਾਗਣਿ ਹੋਇ।"
- ਆਸਾ ੧, ੧੦, ੪:੨ (351)
"ਜਿਸਨੋ ਬਖਸੇ ਸਾਚਾ ਸੋਇ।" (ਜਿਸ ਨੂੰ)
- ਆਸਾ ੩, ੫੦, ੫:੨ (364)

ਜਿਸੁ ------ ਜਿਸ ਨੂੰ/ਜਿਸ ਦੇ/ਜਿਸ ਵਿਚ
"ਜਿਸੁ ਤੂ ਦੇਹਿ ਤਿਸੈ ਕਿਆ ਚਾਰਾ।" (ਜਿਸ ਨੂੰ)
- ਆਸਾ ੧, ਸੋਦ ੨, ੪:੩ (9)
"ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ।" (ਜਿਸ ਦੇ)
- ਸਿਰੀ ੧, ੧੧, ੪:੩ (18)
"ਤਨੁ ਸੂਚਾ ਸੋ ਆਖੀਐ ਜਿਸੁ ਮਹਿ ਸਾਚਾ ਨਾਉ।" (ਜਿਸ ਵਿਚ)
- ਸਿਰੀ ੧, ੧੫, ੨:੧ (19)

ਹੋਰ ਰੂਪ:

ਜਿਸੈ -
"ਦੁਖਿ ਤਿਸੈ ਪਹਿ ਆਖੀਅਹਿ ਸੁਖ ਜਿਸੈ ਹੀ ਪਾਸਿ।" (ਜਿਸ ਦੇ ਕੋਲ)
- ਸਿਰੀ ੧, ੫, ੩:੩ (16)
"ਸਾਧਿਕ ਸਿਧ ਜਿਸੈ ਕਉ ਫਿਰਦੇ।" (ਜਿਸ)
- ਮਾਝ ੫, ਅਸ ੩੫, ੨:੧ (130)

ਜਿਸੋ -
"ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ।"
- ਮਾਰੂ ੫, ੩੨, ੨:੧ (1008)

ਜਿਹ ------ (1) ਜਿਸ
"ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੇ ਬਚਨਿ ਹਰਿ ਹਮ ਬਾਚੇ।"
- ਗਉ ੪, ੫੫, ੧*:੨ (169)

(2) ਜਿਨ੍ਹਾਂ
"ਜਿਹ ਧੰਧੇ ਮਹਿ ਓਇ ਲਪਟਾਏ।"
- ਗਉ ੫, ੭੮, ੧:੩ (178)
"ਧਨਿ ਤੇਊ ਜਿਹ ਰੁਚ ਇਆ ਮਨੂਆ।" (ਜਿੰਨ੍ਹਾਂ ਦਾ)
- ਗਉ ੫, ਬਾਅ ੪:੨ (251)
"ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ।" (ਜਿੰਨਾਂ ਉਪਰ)

– ਗਉ ੫, ਬਾਅ ੨੮ਸ:੧ (256)

(3) ਜਿਸ ਨੇ
“ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ।”
– ਗਉ ੯, ੪, ੧:੧ (219)

(4) ਜਿਸ ਦੇ/ਨੂੰ
“ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ।”
– ਗਉ ੯, ੫, ੧:੨ (219)
“ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ।” (ਜਿਸ ਨੂੰ)
– ਗਉ ੯, ੭, ੩:੧ (220)
“ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ।” (ਜਿਸ ਦੇ)
– ਗਉ ੫, ਸੁਖ ੪, ੨:੧ (267)

(5) ਜਿਸ ਨਾਲ
“ਆਰ ਨਹੀ ਜਿਹ ਤੋਪਉ।”
– ਸੋਰ ਰਵਿ, ੭, ੧:੧ (659)

(6) ਜਿਥੇ
“ਜਿਹ ਪਉੜੇ ਪ੍ਰਭ ਸ੍ਰੀ ਗੋਪਾਲ।”
– ਭੈਰ ਕਬ, ੧, ੨:੪ (1162)
“ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ।”
– ਸਲੋ ਕਬ, ੧੫:੨ (1365)

ਜਿਹਬਾ ----- (ਸੰ.) ਜੀਭ, ਜ਼ੁਬਾਨ
“ਬੋਲਹੁ ਜਸੁ ਜਿਹਬਾ ਦਿਨੁ ਰਾਤਿ।”
– ਗਉ ੫, ਸੁਖ ੧੭, ੭:੧ (286)

ਹੋਰ ਰੂਪ:

ਜਿਹਬੇ –
“ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ।”
– ਸਸ ੫, ੬੨:੧ (1359)

ਜਿਹਵ ----- ਜੀਭ, ਵੇਖੋ ਜਿਹਬਾ
“ਚਾਰਿ ਬੇਦ ਜਿਹਵ ਭਨੇ।” (ਜੀਭ ਨਾਲ ਉਚਾਰੇ)
– ਸਾਰ ੫, ੧੩੧, ੧:੧ (1229)

ਹੋਰ ਰੂਪ:

ਜਿਹਵਾ –
“ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ।”
– ਸਿਰੀ ੧, ੧੫, ੨:੨ (19)

ਜਿਹਵੇ –
“ਹੇ ਜਿਹਵੇ ਤੂੰ ਰਾਮ ਗੁਣ ਗਾਉ।”
– ਗਉ ੫, ੮੪, ੨:੧ (180)

ਜਿਹਿ ------ (1) ਜਿਧਰ, ਜਿਸ ਪਾਸੇ

"ਜਿਹਿ ਘਿਰਿ ਦੇਖਾ ਤਿਹ ਘਿਰਿ ਮਉਜੂਦੁ।"
– ਸਿਰੀ ੪, ਵਾਰ ੪ਸ, ੧, ੧:੮ (84)
('ਸ਼ਬਦਾਰਥ' ਦੀ 1993 ਦੀ ਛਾਪ ਵਿਚ 'ਹ' ਮੁਕਤਾ ਹੈ)
(2) ਜਿਸ (ਕੰਮ ਕਰਨ) ਨਾਲ
"ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ।"
– ਅਸ ਪਹ, ੧, ੨:੨ (1253)
(3) ਜਿਸ ਨੇ
"ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ।"
– ਸਲੋ ੯, ੧੭:੧ (1427)

ਜਿਕਿਓਨੁ --- ਜੋ ਕੀਤਾ ਨੇ, ਜਿਹਾ ਕੀਤਾ ਨੇ
"ਸਿਖਾਂ ਪੁਤ੍ਰਾ ਘੋਖਿ ਕੈ ਸਭ ਉਮਤਿ ਵੇਖਹੁ ਜਿਕਿਓਨੁ।"
– ਰਾਮ ਬਸ, ੪:੮ (967)

ਜਿਚਰੁ ----- ਜਦ ਤੱਕ, ਜਿਨਾ ਚਿਰ ਤੱਕ
"ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ।"
– ਸਿਰੀ ੩, ੫੯, ੧:੪ (37)

ਜਿਠਾਣੀ ---- ਪਤੀ ਦੇ ਵਡੇ ਭਰਾ (ਜੇਠ) ਦੀ ਪਤਨੀ
"ਦੇਰ ਜਿਠਾਣੀ ਮੁਈ ਦੂਖਿ ਸੰਤਾਪਿ।"
– ਆਸਾ ੫, ੨, ੧:੨ (370)
ਹੋਰ ਰੂਪ:
ਜਿਠਾਨੀ –
"ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ।"
– ਬਿਲਾ ਕਬ, ੪, ੨:੧ (856)

ਜਿਠੇਰੇ ----- ਜੇਠਾ ਵਡਾ ਭਾਵ ਧਰਮਰਾਜ
"ਘਰ ਕੇ ਜਿਠੇਰੇ ਕੀ ਚੂਕੀ ਕਾਣਿ।"
– ਆਸਾ ੫, ੨, ੧:੩ (370)

ਜਿਣਹਿ ----- ਜਿਤਨ
"ਸੇਇ ਮੁਕਤ ਜਿ ਮਨੁ ਜਿਣਹਿ ਫਿਰਿ ਧਾਤੁ ਨ ਲਾਗੈ ਆਇ।"
– ਗੂਜ ੩, ੫, ੩:੧ (490)

ਜਿਣਕਾ ----- ਜਿਤ ਜਾਂਦਾ ਹੈ
"ਹਰਿ ਹਰਿ ਦਇਆਲੁ ਹੋਵੈ ਜਿਸੁ ਉਪਰਿ ਸੋ ਗੁਰਮੁਖਿ ਹਰਿ ਜਪਿ ਜਿਣਕਾ।"
– ਸੋਰ ੪, ਵਾਰ ੨੧:੫ (651)

ਜਿਣਤਿਆ --- ਜਿਤ ਲਿਆ
"ਧਨੁ ਧਨੁ ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ।"
– ਸੋਰ ੪, ਵਾਰ ੧੮:੪ (649)

ਜਿਣਿ ------ (1) ਜਿੱਤ, ਜਿਤ ਕੇ

"ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ।" (ਜਿਤ)
– ਸਿਰੀ ੧, ਅਸ ੭, ੬:੩ (57)

"ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ।" (ਜਿਤ ਕੇ)
– ਸਿਰੀ ੪, ਛੰਤ ੧, ੩:੪ (78)

ਹੋਰ ਰੂਪ:

ਜਿਣੈ –
"ਜੋਬਨੁ ਘਟੈ ਜਰੂਆ ਜਿਣੈ ਵਣਜਾਰਿਆ ਮਿਤ੍ਰਾ ਆਵ ਘਟੈ ਦਿਨੁ ਜਾਇ।" (ਜਿਤੇ)
– ਸਿਰੀ ੧, ਪਹ ੨, ੩:੨ (75)

(2) ਜਿਸ ਨੇ
"ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ।"
– ਰਾਮ ਬਸ, ਵਾਰ ੪:੫ (967)

ਜਿਤਉ ----- ਜਿਤਿਆ ਹੈ
"ਗੁਰ ਅਮਰਦਾਸ ਸਚੁ ਸਲ੍ਯ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ।"
– ਸਵ ੩, ੨੧:੬ (1396)

ਜਿਤਤੇ ----- (1) ਜਿਤਦੇ ਹਨ
"ਬਸੰਤਿ ਸ੍ਵਰਗ ਲੋ ਕਹ ਜਿਤਤੇ ਪ੍ਰਿਥਵੀ ਨਵ ਖੰਡਣਹ।" (ਜਿਤ ਲੈਂਦੇ ਹਨ)
– ਜੈਤ ੫, ਵਾਰ ੯ਸ, ੫, ੧:੧ (707)

"ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੵੰ ਕਰੋਤਿ ਪੰਚ ਤਸਕਰਹ।"
– ਸਸ ੫, ੨੯:੫ (1396)

ਜਿਤਨੀ ----- ਜਿਨੀ, ਜਿਸ ਕਦਰ
"ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ।"
– ਮਲਾ ੪, ੨, ੪:੧ (1263)

ਹੋਰ ਰੂਪ:

ਜਿਤਨੇ –
"ਜਿਤਨੇ ਭਗਤ ਹਰਿ ਸੇਵਕਾ ਮੁਖਿ ਅਠਸਠਿ ਤੀਰਥ ਤਿਨ ਤਿਲਕੁ ਕਢਾਇ।" (ਜਿਨੇ ਵੀ ਸਨ, ਜਿਸ ਕਦਰ)
– ਸੂਹੀ ੪, ੮, ੪:੧ (733)

"ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ।"
– ਨਟ ੪, ਅਸ ੨, ੭:੨ (981)

ਜਿਤਨੋ ----- ਜਿਤ ਰਹੇ ਹਨ
"ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ।"
– ਗਉ ੫, ੧੪੮*, ੧:੩ (212)

ਜਿਤੜੇ ----- ਜਿਨੇ, ਜਿਤਨੇ
"ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ।"
– ਸਿਰੀ ੫, ੯੯, ੪:੧ (52)

ਜਿਤਾ ------ ਜਿਤ ਲਿਆ
"ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ।"
- ਮਾਝ ੫, ੩੧, ੪:੩ (103)
"ਗੁਰਮੁਖਿ ਜਿਤਾ ਮਨਮੁਖਿ ਹਾਰਿਆ।"
- ਗਉ ੪, ਵਾਰ ੧੭:੫ (310)

ਜਿਤਾਨਾ ---- ਜਿਤਿਆ ਹੈ
"ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ।"
- ਮਾਰੂ ੩, ਵਾਰ ੮:੫ (1089)

ਜਿਤਿਆ ---- ਜਿਤ ਲਿਆ
"ਤਨੁ ਭਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ।"
- ਆਸਾ ੫, ਛੰਤ ੧੧, ੧:੪ (460)

ਜਿਤੀ ------ (1) ਜਿਤਨੀਆ
"ਇਕੋ ਕੰਤੁ ਸਬਾਈਆ ਜਿਤੀ ਦਰਿ ਖੜੀਆਹ।"
- ਸੂਹੀ ੩, ਵਾਰ ੧੫ਸ, ੧, ੨:੧ (790)
"ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ।" (ਜਿਤਨੀ ਵੀ)
- ਸਲੋ ੫, ੪:੧ (1425)
('ਮਹਾਨਕੋਸ਼' ਇਥੇ 'ਜਿਤੀ' ਦੇ ਅਰਥ 'ਲਾਭ' ਕਰਦੇ ਹਨ ਤੈਨੂੰ ਲਾਭ ਹੈ ਕਈ ਦਰ ਮੰਗ ਕੇ)

ਜਿਤੀਆ ---- ਜਿਤ ਲਿਆ
"ਜਬ ਆਣੈ ਵਲਵੰਚ ਕਰਿ ਝੂਠੁ ਤਬ ਜਾਣੈ ਜਗੁ ਜਿਤੀਆ।"
- ਤਿਲੰ ੪, ੨, ੧:੨ (723)

ਜਿਤੁ ------ (1) ਜਿਸ ਨਾਲ, ਜਿਸ ਸਦਕਾ, ਜਿਸ ਕਰਕੇ
"ਫੇਰਿ ਕਿ ਅਗੈ ਰਖੀ ਐ ਜਿਤੁ ਦਿਸੈ ਦਰਬਾਰੁ।"
- ਜਪੁ ੧, ੪:੩ (2)
"ਨਾਨਕ ਸੋ ਨਾਉ ਮਨਹੁ ਨ ਵਿਸਾਰੀਐ ਜਿਤੁ ਦਰਿ ਸਚੈ ਸੋਭਾ ਪਾਇ।"
- ਸਿਰੀ ੪, ਵਾਰ ੬ਸ, ੩, ੧:੮ (85)
"ਏਕੁ ਸਬਦੁ ਜਿਤੁ ਕਥਾ ਵੀਚਾਰੀ।" (ਜਿਸ ਰਾਹੀ)
- ਰਾਮ ੧, ਸਿਗੋ ੪੪:੫ (943)

(2) ਜਿਸ ਨੂੰ/ਜਿਸ ਦੇ
"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।"
- ਜਪੁ ੧, ੪:੪ (3)
"ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ।"
- ਸਿਰੀ ੩, ੫੫, ੨:੩ (35)

(3) ਜਦੋਂ, ਜਿਸ ਸਮੇਂ
"ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।"
- ਜਪੁ ੧, ੨੧:੧੦ (4)
"ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ।"

– ਸਿਰੀ ੫, ੭੬, ੩:੧ (44)

(4) ਜਿਥੇ

"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।"

– ਜਪੁ ੧, ੨੭:੧ (6)

"ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ।"

– ਮਾਝ ੫, ੪੪, ੧:੧ (107)

"ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ।" (ਜਿਸ ਵਿਚ, ਜਿਥੇ)

– ਮਾਝ ੧, ਵਾਰ ੨੬ਸ, ੧, ੧:੨੪ (150)

"ਵਿਸਰਹਿ ਨਾਹੀ ਜਿਤੁ ਤੂ ਕਬਹੂ ਸੋ ਥਾਨੁ ਤੇਰਾ ਕੇਹਾ।" (ਜਿਥੇ)

– ਸੂਹੀ ੫, ੪੯, ੧:੧ (747)

(5) ਜਿਸ

"ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ।"

– ਗਉ ੧, ਸੋਹ ੧, ੧*:੨ (12)

"ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ।" (ਜਿਸ ਨੂੰ)

– ਵਡ ੪, ੩, ੫:੧ (562)

(6) ਜਿਧਰ, ਜਿਸ ਪਾਸੇ

"ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ।"

– ਮਾਝ ੫, ੩੧, ੩:੨ (103)

(7) ਜਿਥੋ

"ਗੁਰਿ ਦਿਖਲਾਈ ਮੋਰੀ ਜਿਤੁ ਮਿਰਗ ਪੜਤ ਹੈ ਚੋਰੀ।"

– ਸੋਰ ਕਬ, ੧੦, ੧:੨ (656)

ਜਿਤੇ ------ ਜਿਤ ਲਏ ਭਾਵ ਮੁਕਾ ਦਿਤੇ

"ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ।"

– ਆਸਾ ੫, ੩੮, ੨:੧ (380)

ਜਿਤੈ ------ ਜਿਸ ਨਾਲ

"ਸਚੁ ਗੁਰ ਸਬਦੁ ਜਿਤੈ ਲਗਿ ਤਰਣਾ।"

– ਮਾਰੂ ੧, ਸੋਲਾ ੨੦, ੪:੨ (1040)

ਜਿਥਹੁ ----- ਜਿਥੋਂ, ਜਿਸ ਸਥਾਨ ਤੋਂ

"ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ।"

– ਗਉ ੫, ਵਾਰ ੧੯ਸ, ੫, ੧:੨ (322)

ਜਿਥੈ ------ (1) ਜਿਸ ਸਥਾਨ ਤੇ

"ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ।"

– ਸਿਰੀ ੧, ੩, ੨:੨ (15)

"ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਆਪੁ ਬੁਝਾਇਆ।" (ਭਾਵ ਜਿਸ ਮਨੁੱਖ ਦੇ ਅੰਦਰ)

– ਆਸਾ ੧, ਵਾਰ ੧੧:੪ (469)

"ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ।" (ਭਾਵ ਹਰ ਥਾਂ)

– ਵਡ ੪, ਵਾਰ ੫:੩ (588)

ਜਿੰਦੁ ------ (1) (ਫਾ. ਜਿੰਦ) ਜੀਵਨ, ਜਿੰਦਗੀ
“ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ।” (ਜਿੰਦੜੀ)
– ਸਿਰੀ ੫, ੮੨, ੪:੨ (46)
“ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ।”
– ਸਿਰੀ ੫, ੮੩, ੪:੨ (47)
(2) ਅੰਤਹਕਰਣ
“ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ।”
– ਸਿਰੀ ੫, ੮੮, ੨:੨ (88)
(3) ਜੀਵਨ ਸਤਾ, ਜਾਨ
“ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ।”
– ਮਾਝ ੫, ੩:੨ (137)
“ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ।” (ਪ੍ਰਾਣ)
– ਆਸਾ ੧, ਵਾਰ ੧:੪ (463)

ਜਿੰਦੁੜੀਏ --- ਹੇ ਅੰਤਹਕਰਣ, ਹੇ ਮਨ, ਹੇ ਜਿੰਦੇ
“ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ।”
– ਬਿਹਾ ੪, ਛੰਤ ੧, ੧:੧ (537)

ਜਿਦੂ ------ ਜਿਸ ਤੋਂ, ਜਿਸ ਕੋਲੋਂ
“ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ।”
– ਸਿਰੀ ੩, ੪੪, ੩:੨ (30)

ਜਿੰਦੂ ------ (1) ਹੇ ਜਿੰਦੇ; ਹੇ ਮਨ
“ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ।”
– ਸਿਰੀ ੪, ਵਣ ੧, ੪*:੨ (82)
“ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ।” (ਜਿੰਦ ਨੂੰ)
– ਸਲੋ ਫਰ, ੧:੪ (1377)
(2) ਜੀਵ, ਜਾਨ ਵਾਲੇ
“ਪਸੁ ਪੰਖੀ ਅਨਿਕ ਜੋਨਿ ਜਿੰਦੂ।”
– ਗਉ ੫, ਅਸ ੪, ੫:੨ (237)

ਜਿੰਦੋ ------ ਜਿੰਦ, ਜਾਨ
“ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ।”
– ਮਾਰੂ ੧, ਸੋਲਾ ੧੫, ੯:੧ (1035)

ਜਿਧਰਿ ----- ਜਿਸ ਪਾਸੇ ਵੱਲ
“ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ।”
– ਸਲੋ ਫਰ, ੮੪:੨ (1382)

ਜਿਨ ------ (1) ਜਿਸ ਦਾ ਬਹੁ ਵਚਨ, ਜਿਨ੍ਹਾਂ
“ਜਿਨ ਕੈ ਰਾਮੁ ਵਸੈ ਮਨ ਮਾਹਿ।”
– ਜਪੁ ੧, ੩੭:੮ (8)

ਹੋਰ ਰੂਪ:

ਜਿੰਨ –
"ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ।"
– ਆਸਾ ਫਰ, ੧, ੧:੧ (488)

(2) ਜਿਧਰ, ਜਿਸ ਪਾਸੇ ਵੱਲ
"ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ।"
– ਰਾਮ ੧, ਓਅੰ ੪੧:੫ (935)

ਜਿਨਸਿ ----- ਅਨਾਜ, ਰਸਦ (ਮਹਾਨਕੋਸ਼); ਭਾਂਤ ਭਾਂਤ ਦੇ (ਸਰੀਰ) (ਸ਼ਬਦਾਰਥ, ਦਰਪਣ)
"ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ।"
– ਸਾਰ ੪, ਵਾਰ ੨ਸ, ੧, ੨:੧ (1238)

ਜਿਨਸੀ ----- (ਅ. ਜਿਨਸ) ਜਾਤੀ, ਕਿਸਮ, ਸ਼੍ਰੇਣੀ
"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।"
– ਜਪੁ ੧, ੨੭:੧੯ (6)
"ਹਉ ਵਿਚਿ ਜਾਤੀ ਜਿਨਸੀ ਖੋਵੈ।" (ਸ਼੍ਰੇਣੀ)
– ਆਸਾ ੧, ਵਾਰ ੭ਸ, ੧, ੧:੧੦ (466)
"ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ।" (ਕਿਸਮਾਂ)
– ਤੁਖਾ ੧, ਛੰਤ ੫, ੨:੪ (1112)

ਜਿਨਹਿ ----- ਜਿਸ ਨੇ
"ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ।"
– ਸਿਰੀ ੫, ੬੫, ੧*:੨ (51)

ਹੋਰ ਰੂਪ:

ਜਿਨਹੁ –
"ਕਬੀਰ ਜਿਨਹੁ ਕਿਛੂ ਜਾਨਿਆ ਨਹੀ ਤਿਨ ਸੁਖ ਨੀਦ ਬਿਹਾਇ।" (ਜਿੰਨ੍ਹਾਂ ਨੇ)
– ਸਲੋ ਕਬ, ੧੮੧:੧ (1374)

ਜਿਨਾ ------ (1) ਜਿਨਾਂ ਦੇ
"ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।"
– ਸਿਰੀ ੧, ੬, ੪:੨ (16)
"ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ।" (ਜਿੰਨ੍ਹਾਂ ਦੀ)
– ਸਿਰੀ ੧, ੨੩, ੨:੧ (22)

(2) ਜਿੰਨ੍ਹਾਂ ਨੂੰ
"ਜਿਨਾ ਹਰਿ ਕਾ ਸਾਦੁ ਆਇਆ ਹਉ ਤਿਨ ਬਲਿਹਾਰੈ ਜਾਸੁ।"
– ਸਿਰੀ ੩, ੩੪, ੪:੩ (26)

ਹੋਰ ਰੂਪ:

ਜਿੰਨਾ –
"ਜਿੰਨਾ ਸਤਿਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ।"
– ਸਿਰੀ ੧, ੨੨, ੪:੧ (22)

(3) ਜਿੰਨ੍ਹਾਂ ਨੇ
"ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ।"
– ਸਿਰੀ ੫, ੮੦, ੧:੧ (45)

(4) ਜਿੰਨਾਂ
"ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ।"
– ਸਿਰੀ ੧, ਅਸ ੨੮, ੬:੩ (72)

"ਹੁਕਮੁ ਜਿਨਾ ਨੋ ਮਨੇਇਆ।"
– ਸਿਰੀ ੧, ਅਸ ੨੮, ੯:੧ (72)

"ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ ਰਵਿਆਸੁ।"
– ਮਾਰੂ ੫, ਵਾਰ ੯ਸ, ੫, ੧:੧ (1097)

ਹੋਰ ਰੂਪ:

ਜਿੰਨਾ –
"ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।"
– ਮਾਝ ੫, ਬਾਰਾ ੫:੧ (134)

(5) ਜਿਨ੍ਹਾ ਉਪਰ
"ਜਨ ਨਾਨਕ ਗੁਰੁ ਤਿਨ ਪਾਇਆ ਜਿਨਾ ਆਪਿ ਤੁਠਾ ਗੁਣਤਾਸਿ।"
– ਸਿਰੀ ੪, ਵਣ ੧, ੬:੫ (82)

"ਅਸੁ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ।"
– ਮਾਝ ੫, ਬਾਰਾ ੮:੯ (135)

"ਧਨਾਢਿ ਆਢਿ ਭੰਡਾਰ ਹਰਿ ਨਿਧਿ ਹੋਤ ਜਿਨਾ ਨ ਚੀਰ।" (ਜਿੰਨਾਂ ਉਤੇ)
– ਗੂਜ ੫, ਅਸ ੨, ੬:੧ (508)

(6) ਜਿਤਦਾ ਹੈ
"ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥ ਸੋ ਜਿਨਾ।"
– ਮਾਰੂ ੫, ਸੋਲਾ ੮, ੮:੩ (1079)

ਜਿੰਨਾ ------ (1) ਜਿੰਨ੍ਹਾਂ ਨੂੰ, ਵੇਖੋ 'ਜਿਨਾ' (1)
(2) ਜਿਨ੍ਹਾਂ, ਵੇਖੋ 'ਜਿੰਨਾਂ (4)
(3) ਭੂਤ, ਪ੍ਰੇਮ
"ਪੁਤੁ ਜਿਨੂਰਾ ਧੀਅ ਜਿਨੂਰੀ ਜੋਰੂ ਜਿੰਨਾ ਦਾ ਸਿਕਦਾਰੁ।"
– ਬਿਹਾ ੪, ਵਾਰ ੨੦ਸ, ੧, ੧:੨ (556)

ਹੋਰ ਰੂਪ:

ਜਿੰਨਾ –
"ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ।"
– ਬਿਹਾ ੪, ਵਾਰ ੨੦ਸ, ੧, ੧:੧ (556)

(4) ਜਿਸ ਕਦਰ
"ਗੁਰਮੁਖਿ ਹਰਿ ਸਾਲਾਹਿਆ ਜਿੰਨਾ ਤਿਨ ਸਲਾਹਿ ਹਰਿ ਜਾਤਾ।"
– ਪ੍ਰਭਾ ੩, ੧:੧ (1333)

ਜਿਨਾਵਹੁ ---- ਦਸੋ, ਸਮਝਾਵੋ, ਪ੍ਰਗਟ ਕਰੋ
"ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ।"

– ਵਡ ੫, ੩, ੨:੨ (563)

ਜਿਨਿ ------ (1) ਜਿੰਨ੍ਹਾਂ ਨੇ
"ਜਿਨਿ ਸੇਵਿਆ ਤਿਨਿ ਪਾਇਆ ਮਾਨੁ।"
– ਜਪੁ ੧, ੫:੩ (2)

ਹੋਰ ਰੂਪ:

ਜਿਨੀ –
"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।"
– ਜਪੁ ੧, ੩੮ਸ:੫ (8)
"ਜਿੰਨੀ ਸਚੁ ਵਿਸਾਰਿਆ ਸੇ ਦੁਖੀਏ ਚਲੇ ਰੋਇ।"
– ਸਿਰੀ ੩, ਅਸ ੨੫, ੪:੩ (69)

(2) ਜਿਸ ਨੇ
"ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।"
– ਜਪੁ ੧, ੧੬:੮ (3)

ਹੋਰ ਰੂਪ:

ਜਿੰਨਿ –
"ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ।"
– ਮਾਝ ੩, ਅਸ ੩੩, ੨:੨ (129)

(3) ਜਿੰਨ੍ਹਾਂ ਦਾ
"ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ।" (ਜਿੰਨਾਂ ਦੇ ਭਾਰ ਖਿਚ ਕੇ.....)
– ਗਉ ਕਬ, ੬੪, ੧:੧ (327)

(4) ਹਰਗਿਜ਼ ਨਾ, ਮਤ
"ਘਰ ਛੋਡੇ ਬਾਹਰਿ ਜਿਨਿ ਜਾਇ।"
– ਗਉ ਕਬ, ਵਾ ੩:੩ (344)
"ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ।" (ਨਾ ਕਢੋ)
– ਆਸਾ ਕਬ, ੩੪, ੧*:੧ (484)
"ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ।" (ਬਿਲਕੁਲ ਨਾ)
– ਧਨਾ ਰਵਿ, ੨, ੧*:੧ (694)

ਜਿਨੂਰਾ ----- ਜਿੰਨ ਦੀ ਨੁਹਾਰ ਵਾਲਾ, ਸ਼ੈਤਾਨ ਮੂਰਤ, ਛੋਟਾ ਜਿੰਨ, ਭੂਤਨਾ
"ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ।"
– ਬਿਹਾ ੪, ਵਾਰ ੨੦ਸ, ੧, ੧:੨ (556)

ਜਿੰਨੂਰੀ ----- ਭੂਤਨੀ
"ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ।"
– ਬਿਹਾ ੪, ਵਾਰ ੨੦ਸ, ੧, ੧:੨ (556)

ਜਿਨੇਹਾ ----- ਜਿਹਾ, ਵਰਗਾ
"ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ।"
– ਰਾਮ ੫, ਵਾਰ ੭ਸ, ੫, ੨:੧ (960)

ਜਿਨ੍ਹੁ ------ (1) ਜਿਸ ਨੇ, ਜਿਸ

"ਸੇ ਮੁਕਤੁ ਸੇ ਮੁਕਤੁ ਭਏ ਜਿਨ੍ਹ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ।"

– ਆਸਾ ੪, ਸੋਦ ੨ ੩:੨ (348)

"ਜਿਨ੍ਹ ਕਉ ਆਪਿ ਲਏ ਪ੍ਰਭੁ ਮੇਲਿ।"

– ਆਸਾ ੧, ੧੫, ੨:੧ (353)

ਹੋਰ ਰੂਪ:

ਜਿਨ੍ਹਿ –

"ਜਿਨ੍ਹਿ ਕੀਤੇ ਤਿਸੈ ਨ ਜਾਣਨ੍ਹੀ ਬਿਨੁ ਨਾਵੈ ਸਭਿ ਚੋਰ।"

– ਆਸਾ ੩, ਅਸ ੩੧, ੬:੨ (427)

(2) ਜਿਨ੍ਹਾਂ (ਨੂੰ, ਨੇ)

"ਪ੍ਰਣਵਤਿ ਨਾਨਕ ਤਿਨ੍ਹ ਕੀ ਸਰਣਾ ਜਿਨ੍ਹ ਤੂੰ ਨਾਹੀ ਵੀਸਰਿਆ।"

– ਆਸਾ ੧, ੨੯, ੨:੨ (357)

"ਸੇ ਵਡਭਾਗੀ ਜਿਨ੍ਹ ਨਾਮੁ ਧਿਆਇਆ।" (ਜਿੰਨ੍ਹਾਂ ਨੇ)

– ਆਸਾ ੩, ੪੧, ੩:੩ (361)

"ਜਿਨ੍ਹ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ।" (ਜਿੰਨਾਂ ਨੂੰ)

– ਆਸਾ ੪, ਛੰਤ ੧੦, ੪:੧ (445)

ਹੋਰ ਰੂਪ:

ਜਿਨ੍ਹਾ –

"ਜੀਵਣਿ ਮਰਣਿ ਸੁਖੁ ਹੋਇ ਜਿਨ੍ਹਾ ਗੁਰੁ ਪਾਇਆ।" (ਜਿੰਨਾਂ ਨੇ)

– ਆਸਾ ੪, ੬੪, ੪:੧ (369)

ਜਿੰਨ੍ਹਾ –

"ਜਿੰਨ੍ਹਾ ਨੈਣ ਨੀਦ੍ਰਾਵਲੇ ਤਿੰਨਾ ਮਿਲਣੁ ਕੁਆਉ।"

– ਸਲੋ ਫਰ, ੮੦:੨ (1382)

ਜਿਨ੍ਹਿ –

"ਪਾਰਬ੍ਰਹਮ ਜਿਨ੍ਹਿ ਰਿਦੈ ਅਰਾਧਿਆ ਤਾ ਕੈ ਸੰਗਿ ਤਰਉ ਰੇ।"

– ਆਸਾ ੫, ੫੦, ੧*:੨ (383)

ਜਿਨ੍ਹੀ –

"ਧੰਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ।"

– ਆਸਾ ੧, ਅਸ ੧੧, ੪:੧ (417)

ਜਿੰਨ੍ਹੀ –

"ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ।"

– ਮਾਝ ੫, ਬਾਰਾ ੮:੫ (135)

ਜਿਪਈ ----- ਜਿਤੀ ਜਾਂਦੀ

"ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ।"

– ਸੂਹੀ ੩, ਵਾਰ ੭ਸ, ੨, ੪:੧ (787)

ਜਿਮੀ ------ (ਫਾ. ਜ਼ਮੀਨ) ਧਰਤੀ, ਭੂਮੀ

“ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ।”
– ਮਾਝ ੧, ਵਾਰ ੧੩ਸ ੧, ੧:੧ (143)

ਜਿਵ ------ ਜਿਵੇਂ, ਜਿਸ ਪ੍ਰਕਾਰ
“ਜਿਵ ਫੁਰਮਾਏ ਤਿਵ ਤਿਵ ਪਾਹਿ।”
– ਜਪੁ ੧, ੧੯:੮ (4)

ਜਿਵਹਾ ----- ਜਿਵੇਂ, ਜਿਸ ਪ੍ਰਕਾਰ (ਸ਼ਬਦਾਰਥ); ਤਾਰਾ ਮੀਰਾ (ਕੋਸ਼)
“ਕਾਬੂਹੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ।”
– ਸਾਰ ੫, ੪, ੧:੨ (1203)

ਜਿਵਾਹੇ ----- ਇਕ ਪ੍ਰਕਾਰ ਦੇ ਬੀਜ਼ ਜਿੰਨਾਂ ਤੋਂ ਤੇਲ ਕਢਿਆ ਜਾਂਦਾ ਹੈ, ਤਾਰਾਮੀਰਾ
“ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ।”
– ਰਾਮ ਬਸ, ਵਾਰ ੩:੧ (967)

ਜਿਵਾਲੇ ----- ਖਵਾਉਣਾ, ਭੋਜਨ ਛਕਾਉਣਾ
“ਮੋ ਕਉ ਦੋਨਉ ਵਖਤ ਜਿਵਾਲੇ।”
– ਸੋਰ ਕਬ, ੧੧, ੨:੪ (656)

ਜਿਵੈ ------ ਜਿਵੇ, ਜਿਸ ਪ੍ਰਕਾਰ
“ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ।”
– ਆਸਾ ੧, ਛੰਤ ੫, ੧:੪ (439)

ਜੀ ------- (1) ਸਨਮਾਨ ਬੋਧਕ ਸ਼ਬਦ
“ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।”
– ਗੂਜ ੫, ੫, ੧*:੧ (10)

“ਗੁਰ ਜੀ ਕੇ ਦਰਸਨ ਕਉ ਬਲਿ ਜਾਉ।”
– ਗਉ ੫, ੧੬੯, ੧:੧ (193)

“ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ।”
– ਮਲਾ ੫, ੭, ੧*:੧ (1268)

(‘ਮਹਾਨਕੋਸ਼’ ਇਥੇ ਜੀ ਨੂੰ ‘ਜੀਵਨ’ ਦਾ ਸੰਖੇਪ ਮੰਨਦਾ ਤੇ ਜਲ ਨੂੰ ਜੀਵਨ ਦਾ ਆਧਾਰ ਮੰਨ, ‘ਜੀ’ ਦੇ ਅਰਥ ‘ਜਲ’ ਕਰਦਾ ਹੈ)

(2) ਦਿਲ, ਮਨ, ਚਿਤ ਹੋਰ ਵੇਖੋ ‘ਜੀਉ’ (1)
“ਆਪੇ ਜਾਨੈ ਅਪਨੇ ਜੀ ਕੀ।”
– ਗਉ ੫, ਸੁਖ ੨੩, ੭:੪ (294)

“ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ।”
– ਤਿਲੰ ੪, ਅਸ ੧, ੪:੨ (725)

(3) ਜੀਵ, ਪ੍ਰਾਣੀ, ਆਤਮਾ (ਸ਼ਬਦਾਰਥ, ਨਿਰਣੈ)
“ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ।”
– ਸੋਰ ੫, ੫੭, ੧*:੨ (623)

“ਮੈ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ।” (ਪ੍ਰਾਣੀ, ਵਿਅਕਤੀ)
– ਸੂਹੀ ੧, ਕੁਚ ੧:੪ (762)

ਜੀਉ ------ (1) ਮਨ, ਦਿਲ ਚਿਤ, ਹੋਰ ਵੇਖੋ ‘ਜੀਓ’ (2)

“ਹਰਿ ਬਿਨੁ ਜੀਉ ਜਲਿ ਬਲਿ ਜਾਉ।”

- ਸਿਰੀ ੧, ੧, ੧*:੧ (14)

“ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ।”

- ਗਉ ੪, ੪੭, ੧:੧ (166)

“ਅਰਪਿ ਸਾਧ ਕਉ ਅਪਨਾ ਜੀਉ।” (ਸੁਰਤ, ਚਿਤ)

- ਗਉ ੫, ਸੁਖ ੧੫, ੬:੨ (283)

(2) ਜੀਵ ਆਤਮਾ

“ਖੇਹੂ ਖੇਹ ਰਲਾਈਐ ਤਾਂ ਜੀਉ ਕੇਹਾ ਹੋਇ।”

- ਸਿਰੀ ੧, ੮, ੪:੧ (17)

(‘ਦਰਪਣ’ ਇਥੇ ਅਰਥ ‘ਜਿੰਦ’ ਕਰਦਾ ਹੈ)

“ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ।”

- ਸਿਰੀ ੧, ੧੪, ੧:੧ (19)

“ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ।”

- ਸਿਰੀ ੫, ੮੫, ੩:੨ (47)

“ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।”

- ਗਉ ਕਬ, ੧੮, ੧:੧ (327)

(3) ਜੀਵਨ, ਜਨਮ (ਸੰਧਿਆ, ਨਿਰਣੈ)

“ਇਹ ਮਾਣਕੁ ਜੀਉ ਨਿਰਮੋਲਕ ਹੈ ਇਉ ਕਉਡੀ ਬਦਲੈ ਜਾਇ।”

- ਸਿਰੀ ੧, ੨੨, ੩:੨ (22)

(‘ਦਰਪਣ’ ਇਥੇ ਅਰਥ ‘ਜਿੰਦ’ ਕਰਦਾ ਹੈ)

“ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ।” (ਜੀਵਨ)

- ਆਸਾ ੧, ੧੯, ੪:੨ (354)

“ਜੀਅਉ ਹਮਾਰਾ ਜੀਉ ਦੇਨਹਾਰਾ।”

- ਆਸਾ ੫, ੮੩, ੧*:੨ (391)

“ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ।” (ਜੀਵਨ, ਜਨਮ)

- ਬਿਲਾ ਕਬ, ੪, ੧:੧ (856)

(4) ਜਾਨ ਜਿੰਦ

“ਸਾਧਸੰਗਤਿ ਕਉ ਵਾਰਿਆ ਜੀਉ ਕੀਆ ਕੁਰਬਾਣੁ।”

- ਸਿਰੀ ੫, ੭੪, ੪:੧ (43)

“ਜੀਉ ਪ੍ਰਾਨ ਧਨੁ ਆਗੈ ਧਰੀਐ।”

- ਆਸਾ ੫, ੮੪, ੧:੨ (391)

“ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ।” (ਭਾਵ ਜੀਵਨ, ਜਾਨ ਦਾ ਸੋਮਾ)

- ਆਸਾ ੧, ਵਾਰ ੧੮ਸ, ੧, ੧:੪ (472)

“ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ।” (ਜਾਨ, ਜਿੰਦ)

- ਆਸਾ ਕਬ, ੧੪, ੧:੧ (479)

“ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ।” (ਜਾਨ ਬਚਾ ਲੈ)

- ਭੈਰ ੩, ੨੦, ੨:੨ (1133)

(5) ਸਤਿਕਾਰ ਬੋਧਿਕ

"ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ।"

– ਸਿਰੀ ੫, ੯੩, ੨:੧ (50)

"ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ।"

– ਸਿਰੀ ੧, ੨੮, ੧:੨ (71)

"ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ।" (ਸਤਿਕਾਰ ਕਰੇ, ਜੀ ਆਇਆ ਆਖੇ)

– ਪ੍ਰਭਾ ੧, ੩, ੪:੨ (1328)

(6) ਜੀਵ, ਪ੍ਰਾਣੀ

"ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ।"

– ਸਿਰੀ ੧, ਅਸ ੧੬, ੪:੩ (63)

"ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ।"

– ਸਿਰੀ ੩, ਅਸ ੨੧, ੬:੨ (67)

"ਇਹੁ ਮਨੁ ਪੰਚ ਤਤ ਕੋ ਜੀਉ।" (ਭਾਵ ਸਰੀਰ)

– ਗਉ ਕਬ, ਬਾਅ ੩੩:੨ (342)

"ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ।" (ਵਿਅਕਤੀ)

– ਆਸਾ ੧, ਵਾਰ ੧੧ਸ, ੧, ੩:੩ (469)

(7) ਜਿੰਦ (ਰਾਗ ਦੀ) ਭਾਵ ਸੁਰ

"ਜਸ ਜੰਤੀ ਮਹਿ ਜੀਉ ਸਮਾਨਾ।" (ਨਿਰਣੇ, ਇਥੇ ਵੀ 'ਜੀਉ' ਦੇ ਅਰਥ 'ਮਨ' ਹੀ ਕਰਦਾ ਹੈ)

(8) ਜੋਤ

"ਜੀਉ ਏਕੁ ਅਰੁ ਸਗਲ ਸਰੀਰਾ।"

– ਗਉ ਕਬ, ਅਸ ੩੬, ੯:੧ (330)

(9) ਜਿਊਣ

"ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ।"

– ਆਸਾ ੧, ਵਾਰ ੧੦ਸ, ੧, ੨:੫ (468)

ਜੀਓ ------ (1) ਜਿਊਂਦਾ

"ਦਰਸਨੁ ਪੇਖਤ ਮੈ ਜੀਓ।" (ਜਿਊਂਦਾ ਹਾਂ)

– ਆਸਾ ੫, ੪੭, ੧*:੧ (382)

"ਤੁਮ੍ ਮਿਲਤੇ ਮੇਰਾ ਮਨੁ ਜੀਓ ਤੁਮ੍ ਮਿਲਹੁ ਦਇਆਲ।" (ਜਿਊਂਦਾ ਹੈ)

– ਬਿਲਾ ੫, ੪੧, ੧*:੧ (810)

(2) ਮਨ, ਚਿਤ

"ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ।"

– ਬਿਲਾ ੫, ੫, ੧:੨ (803)

ਜੀਅ ------ (1) ਜਿੰਦਾ, ਜਾਨਾਂ (ਜੀਉ ਦਾ ਬਹੁ ਵਚਨ)

"ਗਾਵੈ ਕੋ ਜੀਅ ਲੈ ਫਿਰਿ ਦੇਹ।"

– ਜਪੁ ੧, ੩:੬ (2)

"ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ।"

– ਸਿਰੀ ੧, ੫, ੪:੧ (16)

(2) ਜੀਵ, ਪ੍ਰਾਣੀ

"ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।"

- ਜਪੁ ੧, ੨:੨ (1)

"ਜੀਅ ਜੰਤ ਸਭਿ ਤੇਰਾ ਖੇਲਿ।"

- ਆਸਾ ੪, ਸੋਪੁ ੨, ੨:੩ (11)

"ਥਾਨ ਥਨੰਤਰਿ ਰਵਿ ਰਹਿਆ ਜੀਅ ਅੰਦਰਿ ਜਾਣਾ।" (ਜੀਵਾਂ ਅੰਦਰ ਵਿਆਪਕ)

- ਗਉ ੫, ਵਾਰ ੧:੩ (318)

(3) ਆਤਮਾ, ਜੀਵਆਤਮਾ

"ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ।"

- ਸਿਰੀ ੫, ੯੦, ੧:੨ (49)

"ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ।"

- ਸਿਰੀ ੧, ਅਸ ੧੪, ੫:੨ (62)

"ਜੀਅ ਪ੍ਰਾਣ ਨਾਨਕ ਗੁਰੁ ਆਧਾਰੁ।" (ਆਤਮਾ ਤੇ ਜਿੰਦ ਦਾ ਆਧਾਰ ਹੈ)

- ਗਉ ੫, ੧੦੭, ੪:੨ (187)

"ਭਜੁ ਮਨ ਮੇਰੇ ਏਕੋ ਨਾਮ। ਜੀਅ ਤੇਰੇ ਕੈ ਆਵੈ ਕਾਮ।"

- ਗਉ ੫, ੧੩੭, ੧*:੧;੨ (193)

"ਜੀਅ ਪਿੰਡ ਕੇ ਪ੍ਰਾਨ ਅਧਾਰੇ।"

- ਆਸਾ ੫, ੯੯, ੧:੨ (395)

(4) ਜੀਵਨ, ਜਿੰਦਗੀ

"ਸਤਿਗੁਰੁ ਦਾਤਾ ਜੀਆ ਕਾ ਸਭਸੈ ਦੇਇ ਅਧਾਰੁ।"

- ਸਿਰੀ ੫, ੯੯, ੧:੨ (52)

"ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ।" (ਜੀਵਨ)

- ਗਉ ੫, ਸੁਖ ੮, ੮:੩ (273)

"ਜੀਅ ਜੁਗਤਿ ਸੁਜਾਣੁ ਸੁਆਮੀ ਸਦਾ ਰਾਖਣਹਾਰੁ।" (ਜੀਵਨ ਜੁਗਤੀ)

- ਮਾਰੂ ੫, ਅਸ ੨, ੩:੨ (1017)

"ਗੁਰ ਕਾ ਸੇਵਕੁ ਸਾਧਸੰਗੁ ਪਾਏ ਗੁਰੁ ਕਰਦਾ ਨਿਤ ਜੀਅ ਦਾਨਾ ਹੇ।" (ਆਤਮਕ ਜੀਵਨ)

- ਮਾਰੂ ੫, ਸੋਲਾ ੪, ੩:੩ (1075)

(5) ਮਨ, ਦਿਲ

"ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ।"

- ਸਿਰੀ ੫, ਛੰਤ ੩, ੨:੪ (80)

"ਹਰਿ ਕੀ ਵਡਿਆਈ ਵਡੀ ਹੈ ਜਾ ਫਲੁ ਹੈ ਜੀਅ ਕਾ।" (ਜੀਆਂ ਵਿਚ ਜੋ ਹੋਵੇ ਉਸ ਅਨੁਸਾਰ ਫਲ ਮਿਲਦਾ ਹੈ)

- ਸਿਰੀ ੪, ਵਾਰ ੬:੩ (84)

"ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰਸਿਖ ਰਖੈ ਜੀਅ ਨਾਲੀ।" (ਹਿਰਦੇ ਨਾਲ)

- ਗਉ ੪, ੫੧, ੨:੩ (168)

(6) ਅੰਤਹਕਰਣ

"ਕਾਮੁ ਕ੍ਰੋਧੁ ਜੀਅ ਮਹਿ ਚੋਟ।"

- ਗਉ ੧, ੫, ੨:੩ (152)

"ਭ੍ਰਮ ਕੇ ਮੁਸੇ ਤੁੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ।" (ਅੰਦਰ ਦੀ/ਅੰਤਹਕਰਣ ਦੀ ਗੱਲ ਤੈਨੂੰ ਮੰਨਣੀ ਪਵੇਗੀ)

- ਆਸਾ ੫, ੧੨੮, ੧*:੨ (403)

ਜੀਅਉ ----- ਜੀਵੇ

"ਜੀਅਉ ਹਮਾਰਾ ਜੀਉ ਦੇਨਹਾਰਾ।"

- ਆਸਾ ੫, ੮੩, ੧*:੨ (391)

ਹੋਰ ਰੂਪ:

ਜੀਅਂਉ -

"ਹਰਿ ਕੇ ਬਿਓਗ ਕੈਸੇ ਜੀਅਂਉ ਮੇਰੀ ਮਾਈ।"

- ਗਉ ਕਬ, ੩੯, ੧*:੨ (331)

ਜੀਅਹੁ ----- ਦਿਲੋਂ

"ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।" (ਭਾਵ ਸ਼ਰਧਾ ਕਰਕੇ, ਪੂਰਨ ਪ੍ਰਤੀਤ ਨਾਲ)

- ਬਿਲਾ ੩, ੪, ੧*:੨ (797)

"ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ।" (ਦਿਲ ਵਿਚੋਂ)

- ਪ੍ਰਭਾ ੧, ਅਸ ੪, ੭:੨ (1344)

ਜੀਅ ਜੰਤ --- ਜੀਵ, ਵਡੇ ਛੋਟੇ ਜੀਅ, ਹੋਰ ਵੇਖੋ 'ਜੀਅ ਜੰਤੁ'

"ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰੰਗ ਪਾਣਾ।"

- ਸਿਰੀ ੪, ਵਾਰ ੪:੩ (84)

ਜੀਅਜੰਤ ਤਾਰਣਾ ਜੀਵਾਂ ਨੂੰ ਤਾਰਨ ਵਾਲੇ

"ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦ ਉਚਾਰ ਨਹੀ ਅੰਤੁ ਪਾਇਓ।"

- ਧਨਾ ੫, ੫੩, ੨:੧ (683)

ਜੀਅਜੰਤੁ ---- ਇਕੇ ਵੱਡੇ ਜੀਵ, ਵੇਖੋ 'ਜੀਅ ਜੰਤ'

"ਜਿਤੁ ਹਰਿਆ ਸਭੁ ਜੀਅਜੰਤੁ।"

- ਬਸੰ ੩, ੧, ੧:੨ (1172)

ਜੀਅਣਹ ---- ਜੀਵਾਂ ਦਾ

"ਜਥ ਕਥ ਰਮਣੰ ਸਰਣੰ ਸਰਬਤ੍ਰ ਜੀਅਣਹ।"

- ਗਾਥਾ ੫, ੧੭:੧ (1361)

ਜੀਅਦਾਤਾ --- ਜੀਵਨ ਬਖਸ਼ਣ ਵਾਲਾ

"ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ।"

- ਗਉ ੫, ਅਸ ੧੧, ੩:੧ (240)

ਹੋਰ ਰੂਪ:

ਜੀਅਦਾਤੇ -

"ਨਾਮ ਰਾਤੇ ਜੀਅਦਾਤੇ ਨਿਤ ਦੇਹਿ ਚੜਹਿ ਸਵਾਇਆ।" (ਆਤਮਕ ਜੀਵਨ ਦੇਣ ਵਾਲੇ)

– ਬਿਲਾ ੫, ਛੰਤ ੩, ੨:੪ (543)

ਜੀਅਦਾਨ --- ਜੀਵਨਦਾਨ

“ਬਾਬੀਹਾ ਬੇਨਤੀ ਕਰੇ ਕਰਿ ਕਿਰਪਾ ਦੇਹੁ ਜੀਅਦਾਨ।”

– ਮਲਾ ੧, ਵਾਰ ੧੩ਸ ੩, ੨:੧ (1284)

ਹੋਰ ਰੂਪ:

ਜੀਅਦਾਨੁ –

“ਜੀਅਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਏ।” (ਆਤਮਕ ਜੀਵਨ)

– ਆਸਾ ੪, ਛੰਤ ੯, ੨:੫ (443)

ਜੀਅਦੈ ----- ਆਤਮਕ, ਜੀਅ (ਆਤਮਾ) ਦਾ

“ਮਤਿ ਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅਦੈ।”

– ਰਾਮ ਬਸ ਵਾਰ ੧:੫ (966)

ਜੀਅਧਾਨ --- ਜ਼ਿੰਦਗੀ ਦੀ ਖ਼ੁਰਾਕ

“ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ।”

– ਸਮੁ ੫, ੯*, ੫, (1389)

ਜੀਅਨ ----- (1) ਜੀਵਾਂ ਨੂੰ

“ਪ੍ਰਤਿਪਾਲੈ ਜੀਅਨ ਬਹੁ ਭਾਤਿ।”

– ਗਉ ੫, ਸੁਖ ੨੨, ੩:੫ (292)

(2) ਦਿਲਾਂ ਵਿਚ

“ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ।”

– ਬਿਲਾ ੫, ੯੪, ੧:੧ (823)

ਜੀਅਪ੍ਰਾਣ --- ਜ਼ਿੰਦਗੀ

“ਜੀਅਪ੍ਰਾਣ ਸੁਖਦਾਤਾ ਨੇਰਾ।”

– ਭੈਰ ੫, ੪੭, ੧:੨ (1149)

ਹੋਰ ਰੂਪ:

ਜੀਅਪ੍ਰਾਨ –

“ਤੁਮ ਪਰਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨ ਦਾਤਾ।”

– ਸਾਰ ੫, ੫੬, ੧:੨ (1215)

ਜੀਅਰਾ ---- (1) ਆਤਮਾ, ਜੀਵਾਤਮਾ

“ਮਰਣਹਾਰੁ ਇਹੁ ਜੀਅਰਾ ਨਾਹੀ।”

– ਗਉ ੫, ੧੧੨, ੩:੨ (188)

(2) ਜੀਵ, ਪ੍ਰਾਣੀ

“ਜੀਅਰਾ ਹਰਿ ਕੇ ਗੁਨ ਗਾਉ।”

– ਗਉ ਕਬ, ੬੨, ੧*:੧ (337)

“ਪਾਪੀ ਜੀਅਰਾ ਲੋਭੁ ਕਰਤੁ ਹੈ ਆਜੁ ਕਾਲਿ ਉਠਿ ਜਾਹਿਗਾ।”

– ਮਾਰੂ ਕਬ, ੧*, ੧*:੨ (1106)

ਹੋਰ ਰੂਪ:

ਜੀਅਰੇ –
“ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ ਆਪੁ।”
– ਸਿਰੀ ੧, ੧੭, ੩:੩ (20)
“ਜੀਅਰੇ ਜਾਹਿਗਾ ਮੈ ਜਾਨਾਂ।” (ਹੇ ਜੀਵ)
– ਗਉ ਕਬ, ੬੭, ੧*:੧ (338)

(3) ਮਨ, ਚਿਤ
“ਹਰਿ ਬਿਨੁ ਜੀਅਰਾ ਰਹਿ ਨ ਸਕੈ ਜਿਉ ਬਾਲਕੁ ਖੀਰ ਅਧਾਰੀ।”
– ਗੂਜ ੪, ਅਸ ੧, ੧:੧ (506)

ਹੋਰ ਰੂਪ:

ਜੀਅਰੇ –
“ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ।”
– ਗਉ ੫, ਬਾਅ ੩੫ਸ:੧ (257)

(ਅ) ਜੀਵਨ
“ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ।”
– ਬਿਲਾ ਕਬ, ੩, ੩:੨ (856)

ਹੋਰ ਰੂਪ:

ਜੀਅਰੇ –
“ਕਰੈ ਬਿਕਾਰ ਜੀਅਰੇ ਕੈ ਤਾਈ।” (ਜੀਵਨ ਲਈ)
– ਰਾਮ ੫, ੫੨, ੨:੩ (899)

ਜੀਅੜਾ ---- (1) ਪ੍ਰਾਣੀ, ਜੀਵ
“ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ।”
– ਸਿਰੀ ੧, ਅਸ ੧੫, ੭:੨ (63)
“ਪੇਡਿ ਲਗੀ ਹੈ ਜੀਅੜਾ ਚਾਲਣਹਾਰੋ।”
– ਆਸਾ ੧, ੩੪, ੩:੨ (359)

ਹੋਰ ਰੂਪ:

ਜੀਅੜੇ –
“ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ।”
– ਗਉ ੧, ਸੋਰ ੧, ੨:੧ (12)

(2) “ਸੋਈ ਸੇਵਹਿ ਜੀਅੜੇ ਦਾਤਾ ਬਖਸਿੰਦੁ।” (ਹੇ ਜੀਵ)
– ਗਉ ੫, ਵਾਰ ੧੪:੧ (321)
“ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ।”
– ਗਉ ੧, ੧੭, ੬:੧ (156)

ਹੋਰ ਰੂਪ:

ਜੀਅੜਿਆ –
“ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ।” (ਜਿੰਦ, ਜੀਵ ਆਤਮਾ)
– ਆਸਾ ੩, ਛੰਤ ੫, ੩:੧ (439)

ਜੀਅੜੇ –
"ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।" (ਮੇਰੀ ਜਿੰਦੇ)
– ਗਉ ੧, ੧੩, ੧*:੨ (154)

(3) ਮਨ
"ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।"
– ਵਡ ੧, ੩, ੧:੨੦ (558)

ਹੋਰ ਰੂਪ:

ਜੀਅੜੇ –
"ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ।"
– ਧਨਾ ੪, ੧੨, ੧:੨ (670)

ਜੀਆ ----- (1) ਜੀਵਾਂ ਦਾ/ਦੇ ਜੀਵਾਂ ਨੂੰ
"ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।"
– ਜਪੁ ੧, ੫:੧੧ (2)

"ਸਾਚਾ ਸਾਹਿਬੁ ਏਕੁ ਤੂ ਹੋਰਿ ਜੀਅ ਕੇਤੇ ਲੋਅ।" (ਜੀਵਾਂ/ਲੋਕਾਂ ਦੇ)
– ਸਿਰੀ ੧, ੩, ੩:੩ (15)

"ਬ੍ਰਾਹਮਣੁ ਨਾਵੈ ਜੀਆ ਘਾਇ।"
– ਧਨਾ ੧, ੭, ੨:੨ (662)

ਹੋਰ ਰੂਪ:

ਜੀਆਂ –
"ਜੀਆਂ ਕੁਹਤ ਨ ਸੰਗੈ ਪਰਾਣੀ।" (ਜੀਵਾਂ ਨੂੰ)
– ਗਉ ੫, ੧੦੭*, ੩:੨ (201)

(2) ਦਿਲੋਂ
"ਮਿਲਹੁ ਪਿਆਰੇ ਜੀਆ।"
– ਗਉ ੫, ੧੩੦*, ੧*:੧ (207)

(3) ਜਿਊਂਦਾ ਹੈ
"ਏਕ ਨਿਮਖ ਜੋ ਸਿਮਰਨ ਮਹਿ ਜੀਆ।"
– ਗਉ ੫, ਅਸ ੭, ੧*:੧ (239)

(4) ਇਹ ਜੀਵ
"ਕਬਹੂ ਕੀਟ ਹਸਤਿ ਪਤੰਗ ਹੋਇ ਜੀਆ।"
– ਗਉ ੫, ਸੁਖ ੧੧, ੭:੫ (277)

(5) ਜਾਨ
"ਸੋ ਕਿਉ ਬਿਸਰੈ ਜਿ ਜੀਵਨ ਜੀਆ।" (ਜੀਵਨ ਦੀ 'ਜਾਨ' ਹੈ)
– ਗਉ ੫, ਸੁਖ ੨੦, ੪:੪ (290)

(6) ਜਿਊਂਦਿਆ, ਜੀਂਵਿਆ
"ਜਿਹ ਬਾਝ ਨ ਜੀਆ ਜਾਈ।"
– ਗਉ ਕਬ, ੬, ੧:੧ (655)

(7) ਜੀਵਨ
"ਵੁਠੈ ਜੀਅ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ।" (ਜੀਵਨ ਜੁਗਤੀ ਭਾਵ ਸਤਾ)

– ਮਲਾ ੧, ਵਾਰ ੧੧ਸ, ੩, ੨:੩ (1283)

ਜੀਆਂ ----- (1) ਜੀਵਾਂ ਨੂੰ, ਵੇਖੋ ਜੀਆ (1)
(2) ਪਰਿਵਾਰ ਦੇ ਸਦਸਯ (ਮੈਂਬਰ)
“ਘਰਿ ਘਰਿ ਮੀਆ ਸਭਨਾ ਜੀਆਂ ਬੋਲੀ ਅਵਰ ਤੁਮਾਰੀ।”
– ਬਸੰ ੧, ਅਸ ੮, ੬:੨ (1191)

ਹੋਰ ਰੂਪ:

ਜੀਂਆ –
“ਤੂ ਦਾਤਾ ਜੀਂਆ ਸਭਨਾ ਕਾ ਜੀਆ ਅੰਦਰਿ ਜੀਉ ਤੁਹੀ।”
– ਮਲਾ ੧, ੧, ੨:੨ (1254)

ਜੀਆਇ ---- ਜਿਵਾਏ, ਜੀਵਨ ਦੇਵੇ
“ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ।”
– ਗਉ ਕਬ, ੬੯, ੨:੨ (338)

ਜੀਆਇਹ --- ਜੀਵਾਂ ਨੂੰ
“ਕਾਹੂ ਬਿਹਾਵੈ ਜੀਆਇਹ ਹਿਰਤੇ।”
– ਰਾਮ ੫, ਅਸ ੩, ੬:੨ (914)

ਜੀਆਵਨਹਾਰਾ ਜੀਊਂਦਾ ਕਰਨ ਵਾਲਾ, ਜੀਵਨ ਦਾਤਾ
“ਅਬ ਮੋਹਿ ਮਿਲਿਓ ਹੈ ਜੀਆਵਨਹਾਰਾ।”
– ਗਉ ਕਬ, ੧੨, ੧*:੨ (328)

ਜੀਐ ------ (1) ਆਤਮਾ
“ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆਜੀਐ ਨਾਲੇ ਜਾਇ।”
– ਗੂਜ ੩, ਵਾਰ ੭ਸ, ੩, ੨:੩ (511)
“ਗਣਤ ਗਣੀਐ ਸਹਸਾ ਜੀਐ।” (ਜੀਆ/ਆਤਮਾ ਲਈ, ਸੰਸੇ ਹਨ)
– ਮਾਰੂ ੧, ਸੋਲਾ ੩, ੧੨:੧ (1023)
(2) ਜਾਨ, ਜਿੰਦ
“ਕਿਰਪਾਲੁ ਸਦਾ ਦਇਆਲੁ ਦਾਤਾ ਜੀਆ ਅੰਦਰਿ ਤੂੰ ਜੀਐ।”
– ਬਿਲਾ ੧, ਛੰਤ ੨, ੧:੪ (843)
(3) ਜਿਊਂਦਾ ਰਹਿੰਦਾ
“ਗਣਤ ਗਣੀਐ ਸਹਸਾ ਦੁਖੁ ਜੀਐ।” (ਭਾਵ ਬਣਿਆ ਰਹਿੰਦਾ)
– ਰਾਮ ੧, ਅਸ ੪, ੫:੧ (904)
(4) ਦਿਲ, ਹਿਰਦਾ
“ਜੋ ਜੀਐ ਕੀ ਸਾਰ ਨ ਜਾਣੈ।”
– ਮਾਰੂ ੪, ਸੋਲਾ ੨, ੫:੧ (1070)

ਜੀਇ ------ (1) ਦਿਲ, ਅੰਤਰ ਆਤਮੇ
“ਸਭ ਕਿਛੁ ਕੀਤੋਨੁ ਆਪਣਾ ਜੀਇ ਨ ਸੰਕ ਧਰਿਆ।” (ਦਿਲ ਵਿਚ)
– ਸਿਰੀ ੫, ਅਸ ੨੬, ੮:੩ (71)

“ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ਪ੍ਰਭੁ ਘਾਲਿਆ ਕਿਸੈ ਕਾ ਇਕੁ ਤਿਲੁ ਨ ਗਵਾਈ।”
– ਗੋਂਡ ੪, ੧, ੧:੨ (859)

(2) ਆਤਮਾ
“ਗੁਰ ਕੀ ਮਤਿ ਜੀਇ ਆਈ ਕਾਰਿ।”
– ਗਉ ੧, ਅਸ ੧, ੧:੪ (220)

(3) ਜੀਵ ਅੰਦਰ
“ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ।” (ਭਾਵ ਮਾਂ ਦੇ ਉਦਰ ਵਿਚ)
– ਮਲਾ ੧, ਵਾਰ ੨੫ਸ, ੧, ੨:੧੩ (1290)

ਜੀਸ ------ ਜਾਂਦਾ ਹੈ
“ਤੁਮਰੇ ਜਨ ਰਾਮੁ ਜਪਹਿ ਤੇ ਊਤਮ ਤਿਨ ਕਉ ਹਉ ਘੁਮਿ ਘੁਮੇ ਘੁਮਿ ਘੁਮਿ ਜੀਸ।”
– ਕਾਨ ੪, ੮, ੧:੨ (1297)

ਜੀਹ ------ ਜੀਭ, ਰਸਨਾ
“ਏਕ ਜੀਹ ਗੁਣ ਕਵਨ ਵਖਾਨੈ ਅਗਮ ਅਗਮ ਅਗਮਈ।”
– ਆਸਾ ੫, ੧੨੪, ੪:੧ (402)

ਜੀਜੀਐ ---- ਜੀਵੀਏ
“ਖਾਨ ਪਾਨ ਸੀਗਾਰ ਬਿਰਥੇ ਹਰਿ ਕੰਤ ਬਿਨੁ ਕਿਉ ਜੀਜੀਐ।”
– ਬਿਹਾ ੫, ਛੰਤ ੨, ੨:੪ (543)

ਜੀਜੈ ------ ਜਿਊਂਦਾ, ਜੀਂਦਾ
“ਤਉ ਕੀਜੈ ਜਉ ਆਪਨ ਜੀਜੈ।” (ਜਿਉਂਦਾ ਰਹਿਣਾ ਹੋਵੈ)
– ਗਉ ਕਬ, ੧੨, ੧:੨ (325)

ਜੀਤ ------ ਜਿਤ
“ਜਾਣੈ ਨਾਹੀ ਜੀਤ ਅਰੁ ਹਰ।”
– ਗਉ ੫, ੮੨, ੨:੩ (180)
“ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ।” (ਜਿਤਿਆ ਜਾ ਰਿਹਾ ਹੈ)
– ਧਨਾ ੫, ੯, ੩:੨ (673)

ਜੀਤਉ ----- ਜਿਤ ਲਿਆ
“ਜਗੁ ਜੀਤਉ ਗੁਰਦੁਆਰਿ ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ।”
– ਸਵ ੨, ੧:੫ (1391)

ਜੀਤਹਿ ----- ਜਿਤ ਲੈਂਦੇ ਹਨ
“ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ।”
– ਸਵ ੪, ਗਯੰ ੨:੪ (1401)

ਹੋਰ ਰੂਪ:

ਜੀਤਹੁ –
“ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ।”
– ਬਸੰ ੫, ੧੯, ੨:੨ (1185)

ਜੀਤਾ ------ ਜਿਤਿਆ
“ਆਤਮ ਗੜੁ ਬਿਖਮੁ ਤਿਨਾ ਹੀ ਜੀਤਾ।”
– ਮਾਝ ੫, ੧੮, ੩:੧ (99)
“ਐਸੀ ਭਗਤਿ ਗੋਵਿੰਦ ਕੀ ਕੀਟਿ ਹਸਤੀ ਜੀਤਾ।” (ਜਿਤ ਲਿਆ)
– ਬਿਲਾ ੫, ੩੭, ੨:੧ (809)

ਜੀਤਿ ------ ਜਿਤ ਕੇ
“ਜਨਮੁ ਜੀਤਿ ਮਰਣਿ ਮਨੁ ਮਾਨਿਆ।”
– ਗਉ ੧, ੮, ੨:੧ (153)
“ਸਾਧਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਆਖਾੜਾ।” (ਜਿਤਿਆ ਹੈ)
– ਆਸਾ ੫, ਛੰਤ ੧੨, ੪:੫ (461)

ਜੀਤਿਓ ----- ਜਿਤਿਆ, ਜਿਤ ਲਿਆ
“ਮੈ ਜੀਤਿਓ ਜਨਮੁ ਅਪਾਰੁ ਬਹੁਰਿ ਨ ਹਾਰੀਆ।”
– ਗਉ ੫, ਅਸ ੧੨, ੬:੨ (241)
“ਗੁਰ ਪ੍ਰਸਾਦਿ ਨਾਨਕ ਜਗੁ ਜੀਤਿਓ ਬਹੁਰਿ ਨ ਆਵਹਿ ਜਾਹਿ।” (ਸਫਲਤਾ ਪ੍ਰਾਪਤ ਕਰ ਲਈ, ਵੱਸ ਕਰ ਲਿਆ)
– ਸਾਰ ੫, ੧੧੧, ੨:੨ (1225)
(2) ਪ੍ਰਾਪਤ ਕੀਤਾ, ਜਿਤਿਆ
“ਨਰ ਤੇ ਉਪਜਿ ਸੁਰਗ ਕਉ ਜੀਤਿਓ ਸੋ ਅਵਖਧ ਮੈ ਪਾਈ।”
– ਗੋਂਡ ਨਾਮ, ੩, ੧:੨ (874)

ਜੀਤਿਆ ---- ਜਿਤਿਆ, ਵਸ ਵਿਚ ਕੀਤਾ, ਕਾਬੂ ਕੀਤਾ
“ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ।”
– ਸਿਰੀ ੩, ੩੫, ੨:੧ (26)

ਜੀਤੀ ------ ਜਿਤ ਲਈ, ਵਸ ਕਰ ਲਈ, ਕਾਬੂ ਵਿਚ ਕਰ ਲਈ
“ਦੁਲਭ ਦੇਹ ਜੀਤੀ ਨਹੀ ਹਾਰੇ।”
– ਆਸਾ ੫, ੬੫, ੧:੨ (387)

ਹੋਰ ਰੂਪ:

ਜੀਤੀਐ –
“ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ।”
– ਕਾਨ ੪, ਵਾਰ ੧੪:੪ (1318)

ਜੀਤੁ ------ ਜਿਤ, ਕਾਬੂ ਕਰ
“ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।”
– ਜਪੁ ੧, ੨੮:੩ (6)

ਜੀਤੇ ------ ਜਿਤੇ, ਕਾਬੂ ਕੀਤੇ

"ਨਉ ਖੰਡ ਜੀਤੇ ਸਭਿ ਥਾਨ ਥਨੰਤਰ।"

– ਆਸਾ ੫, ੪, ੧*:੨ (371)

"ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ।" (ਜਿਤਿਆ, ਜਿਤਨ ਦੇ ਨਾਲ)

– ਮਾਰੂ ਕਬ, ੨, ੨:੨ (1103)

ਹੋਰ ਰੂਪ:

ਜੀਤੈ –

"ਮਨੂਆ ਜੀਤੈ ਹਰਿ ਮਿਲੈ ਤਿਹ ਸੂਰਤਣ ਵੇਸ।" (ਜਿਤਨ ਨਾਲ)

– ਗਉ ੫, ਬਾਅ ੩੧:੪ (356)

"ਕਹਤ ਕਬੀਰ ਬਹੁ ਤਬ ਜੀਤੈ।" (ਤਦ ਜਿਤਦੀ ਹੈ)

– ਆਸਾ ਕਬ, ੩੪, ੪:੧ (484)

ਜੀਤੋ –

"ਕਰੁ ਮਸਤਕਿ ਗੁਰਿ ਪੂਰੈ ਧਰਿਓ ਮਨੁ ਜੀਤੋ ਜਗੁ ਸਾਰੀ।" (ਜਿਤਿਆ ਗਿਆ)

– ਗਉ ੫, ੧੬੧*, ੧:੨ (215)

"ਕੀਰੀ ਜੀਤੋ ਸਗਲਾ ਭਵਨੁ।" (ਜਿਤ ਸਕਦੀ ਹੈ)

– ਰਾਮ ੫, ੧੮, ੨:੨ (888)

"ਜੀਤੋ ਬੂਡੈ ਹਾਰੋ ਤਿਰੈ।" (ਜਿਤਿਆ ਹੋਇਆ)

– ਭੈਰ ਕਬ ੧੪, ੩:੧ (1161)

ਜੀਨ ------ (ਫਾ. (ਠੀਕ) ਕਾਠੀ

"ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ।"

– ਸੋਰ ੪, ਵਾਰ ੧੬:੩ (648)

ਹੋਰ ਰੂਪ:

ਜੀਨੁ –

"ਦੇਹ ਪਾਵਉ ਜੀਨੁ ਬੁਝਿ ਚੰਗਾ ਰਾਮ।"

– ਵਡ ੪, ਘੋੜੀ ੧, ੨:੧ (575)

ਜੀਭ ------ ਜ਼ੁਬਾਨ, ਜਿਹਭਾ

"ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ।"

– ਸਿਰੀ ੧, ਪਹ ੨, ੪:੩ (76)

ਹੋਰ ਰੂਪ:

ਜੀਭੈ –

"ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ।" (ਜੀਭ ਤੋਂ)

– ਮਾਝ ੧, ਵਾਰ ੩ਸ, ੨, ੧:੩ (139)

ਜੀਭੌ –

"ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ।"

– ਜਪੁ ੧, ੩੨:੧ (7)

ਜੀਰਾਣ ----- ਕਬਰਸਤਾਨ, ਮਿਰਤਕ ਸਰੀਰ ਨੂੰ ਦਬਣ ਦਾ ਸਥਾਨ

"ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ।"
– ਸਲੋ ਫਰ, ੪੫:੨ (1380)

ਹੋਰ ਰੂਪ:

ਜੀਰਾਣਿ –
"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।" (ਕਬਰ ਵਿਚ)
– ਸਿਰੀ ੧, ੨੪, ੨:੧ (23)

ਜੀਰਾਂਦਿ ---- ਜੇਰਾ, ਜਿਗਰਾ, ਸਬਰ, ਸ਼ਹਿਣਸ਼ੀਲਤਾ
"ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।"
– ਸਲੋ ਫਰ, ੬੦:੨ (1381)

ਜੀਲ ------ (ਫਾ. ਜ਼ੀਰ) ਤਾਰ, ਹੁੰਦੀ
"ਜੀਲ ਬਿਨਾ ਕੈਸੇ ਬਜੈ ਰਬਾਬ।"
– ਭੈਰ ੫, ੧੯, ੧:੩ (1140)

ਜੀਵ ------ (1) ਪ੍ਰਾਣੀ
"ਅਚਰਜੁ ਭਇਆ ਜੀਵ ਤੇ ਸੀਉ।"
– ਗਉ ਕਬ, ਥਿਤੀ ੧੩:੪ (344)

ਹੋਰ ਰੂਪ:

ਜੀਵੰ –
"ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ।"
– ਸਸ ੫, ੪੭:੨ (1358)

(2) ਜਿਊਣਾ
"ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।"
– ਜੈਤ ੫, ਵਾਰ ੧੨ਸ, ੫, ੧:੧ (708)

ਜੀਵਉ ----- (1) ਜੀਊਂਦਾ ਹਾਂ
"ਪ੍ਰਿਅ ਦੇਖਤ ਜੀਵਉ ਮੇਰੀ ਮਾਈ।"
– ਆਸਾ ੫, ੧੧, ੧:੬ (373)
"ਭਾਵੈ ਜੀਵਉ ਕੈ ਮਰਉ ਦੂਰਹੁ ਹੀ ਭਜਿ ਜਾਹਿ।" (ਜਿਊਂਦਾ ਹੋਵੇ)
– ਸੂਹੀ ੩, ਵਾਰ ੬ਸ, ੩, ੩:੪ (787)
"ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ।" (ਜੀਵਾਂ)
– ਬਿਲਾ ੧, ੪, ੧*:੧ (796)

(2) ਜੀਓ, ਜੀਵੇ
"ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ।"
– ਆਸਾ ਕਬ, ੩੨, ੧*:੨ (483)
"ਜਨ ਨਾਨਕ ਜਿਸ ਦੇ ਏਹਿ ਚਲਤ ਹਹਿ ਸੋ ਜੀਵਉ ਦੇਵਣਹਾਰੁ।"
– ਰਾਮ ੩, ਵਾਰ ੯ਸ, ੩, ੨:੯ (951)

ਜੀਵਊ ----- ਜੀਵਾਂਗਾ
"ਤਿਸੁ ਬਿਨੁ ਘੜੀ ਨ ਜੀਵਊ ਬਿਨੁ ਨਾਵੈ ਮਰਿ ਜਾਉ।"

– ਸਿਰੀ ੧, ਅਸ ੮, ੨:੨ (58)

ਜੀਵਈ ----- ਜਿਊਂਦੀ
“ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ।”
– ਸਿਰੀ ੧, ਅਸ ੧੧, ੨:੩ (60)

ਜੀਵਸਾ ----- ਜੀਵਾਂ
“ਜਾਣਾ ਲਖ ਭਵੇ ਪਿਰੀ ਭਿਖੰਦੋ ਤਾ ਜੀਵਸਾ।”
– ਮਾਰੂ ੫, ਵਾਰ ੮ਸ, ੫, ੨:੨ (1097)

ਜੀਵਹ ----- ਜੀ ਪਏ, ਜਿਉਂਦੇ ਹੋ ਗਏ
“ਹਮਰੈ ਸੁਆਮੀ ਲੋਚ ਹਮ ਲਾਈ ਹਮ ਜੀਵਹ ਦੇਖਿ ਹਰਿ ਮਿਲੇ।”
– ਨਟ ੪, ੨, ੪:੧ (975)
“ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ ਭਾਗਏ।” (ਜਿਉਂਦੇ ਹਨ)
– ਕਾਨ ੫, ਛੰਤ ੧, ੨:੩ (1312)

ਹੋਰ ਰੂਪ:

ਜੀਵਹਿ –
“ਭਗਤ ਜੀਵਹਿ ਗੁਣ ਗਾਇ ਅਪਾਰਾ।” (ਜਿਊਂਦੇ ਹਨ)
– ਮਾਝ ੫, ੩੨, ੧:੨ (103)
“ਜਬ ਲਗੁ ਜੀਵਹਿ ਕਲੀ ਕਾਲ ਮਹਿ ਜਨ ਨਾਨਕ ਨਾਮੁ ਸਮ੍ਾਰਿ।” (ਜਿਊਂਦਾ ਹੈ)
– ਆਸਾ ੫, ੩੭, ੪:੨ (379)
“ਏ ਬਾਰਿਕ ਕੈਸੇ ਜੀਵਹਿ ਰਘੁਰਾਈ।” (ਜਿਉਣਗੇ)
– ਗੂਜ ਕਬ, ੨, ੧:੨ (524)

ਜੀਵਹੁ –
“ਜੁਗ ਜੁਗ ਜੀਵਹੁ ਅਮਰ ਫਲ ਖਾਹੁ।” (ਜੀਵੋ)
– ਗਉ ਕਬ, ਥਿਤੀ ੧੦:੪ (344)

ਜੀਵਣ ----- (1) ਜਿਊਂਦੇ ਰਹਿਣ ਦੀ ਅਵਸਥਾ, ਜ਼ਿੰਦਗੀ
“ਜੀਵਣ ਮਰਣਾ ਜਾਇ ਕੈ ਏਥੈ ਖਾ ਜੈ ਕਾਲਿ।”
– ਸਿਰੀ ੧, ੩, ੨:੧ (15)

ਹੋਰ ਰੂਪ:

ਜੀਵਣੰ –
“ਜੀਵਣੰ ਹਰਿ ਨਾਮ ਧ੍ਾਵਣਹ।”
– ਗਾਥਾ ੫, ੧੫:੨ (1361)

ਜੀਵਣਹ –
“ਗੁਸਾਂਈ ਗਰਿਸ੍ ਰੂਪੇਣ ਸਿਮਰਣੰ ਸਰਬ੍ਰ ਜੀਵਣਹ।”
– ਸਸ ੫, ੫੪:੧ (1359)

(2) ਜਿਊਣ, ਜਿਊਂਦੇ ਰਹਿਣ ਦੀ
“ਇਹੁ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ।”
– ਗਜ ੩, ਵਾਰ ੧ਸ, ੩, ੧:੧ (508)

ਜੀਵਣਾ ----- ਜਿਊਣਾ, ਜੀਵਨ ਅਵਸਥਾ ਵਿਚ ਰਹਿਣਾ
“ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।”
– ਸਿਰੀ ੪, ਵਾਰ ੩ਸ, ੨, ੨:੨ (83)

ਜੀਵਣਿ ----- ਜੀਵਨ/ਜ਼ਿੰਦਗੀ ਵਿਚ
“ਮਰਣਿ ਜੀਵਣਿ ਆਰਾਧਣਾ ਸਭਨਾ ਕਾ ਆਧਾਰੁ।”
– ਮਾਝ ੫, ਦਿਨ ੨:੨ (136)

ਹੋਰ ਰੂਪ:

ਜੀਵਣੁ –
“ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।” (ਜ਼ਿੰਦਗੀ)
– ਸਿਰੀ ੧, ੧੩, ੧:੧ (18)

ਜੀਵਣੈ –
“ਸਿਮਰਿ ਸਿਮਰਿ ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ।” (ਜਿਊਣ ਦਾ ਜ਼ਿੰਦਗੀ ਦਾ)
– ਮਾਲੀ ੫, ੬, ੧:੧ (987)

ਜੀਵਤ ----- (1) ਜਿਊਂਦਿਆਂ ਹੀ
“ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ।”
– ਸਿਰੀ ੩, ਪ੩, ੪:੨ (34)
“ਕਾਹੂ ਬਿਹਾਵੈ ਸੋਧਤ ਜੀਵਤ।” (ਜਿਊਂਦਿਆਂ ਨੂੰ ਜਦ ਤੱਕ ਜਿਊਂਦੇ ਹਨ (ਦਰਪਣ) (ਮਹਾਨਕੋਸ਼ ਤੇ ‘ਨਿਰਣੈ’ ਇਥੇ ‘ਜੀਵਤ’ ਦਾ ਅਰਥ ‘ਉਪਜੀਵਕਾ’ ਕਰਦੇ ਹਨ)
– ਰਾਮ ੫, ਅਸ ੩, ੭:੪ (914)
(2) ਜਿਊਂਦੀ/ਜੀਊਂਦਾ ਹੈ
“ਪੂਤ ਪੇਖਿ ਜਿਉ ਜੀਵਤ ਮਾਤਾ।”
– ਗਉ ੫, ੧੬੨, ੨:੧ (198)
“ਸੋ ਜੀਵਤ ਜਿਹ ਜੀਵਤ ਜਪਿਆ।” (ਜਿਊਂਦਾ ਹੈ, ਚੇਤੰਨ ਹੈ)
–ਗਉ ੫, ਬਾਅ ੨੧:੭ (254)
(ਦੂਜੇ ‘ਜੀਵਤ ਦਾ ਅਰਥ ਹੈ ਜਿਊਂਦਿਆਂ ਹੀ)
(3) ਜੀਵਤ ਭਾਵ
“ਜੀਵਤ ਮਰੈ ਮਰੈ ਫੁਨਿ ਜੀਵੈ ਐਸੇ ਸੁੰਨਿ ਸਮਾਇਆ।”
– ਗਉ ਕਬ, ੩੬, ੧:੧ (332)
“ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ।” (‘ਜੀਵਤ’ ਭਾਵ ਤੋਂ ਮਰਨਾ)
– ਰਾਮ ੩, ਵਾਰ ੪ਸ, ੩, ੩;੧ (948)

ਜੀਵੰਤ ----- ਜੀਵਾਂ ਉਪਰ
“ਕਬੀਰ ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤ।”
– ਸਲੋ ਕਬ, ੨੩੦:੧ (1376)

ਜੀਵਤਾ ----- ਜਿਊਂਦਾ
“ਜੀਵਤੇ ਕਉ ਜੀਵਤਾ ਮਿਲੈ ਮੁਏ ਕਉ ਮੂਆ।”

– ਸੂਹੀ ੩, ਵਾਰ ੯ਸ, ੨, ੨:੨ (788)

ਜੀਵਤਿਆ --- ‘ਜੀਵਤ’ ਭਾਵ ਤੋਂ, ਜਿਊਂਦਿਆਂ ਹੀ
“ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ।”
– ਗਉ ੩, ਛੰਤ ੪, ੧:੪ (245)

ਜੀਵਤੀ ----- ਜਿਉਂ ਸਕਦੀ, ਜਿਊਂਦੀ ਰਹਿ ਸਕਦੀ
“ਹਰਿ ਬਿਨੁ ਚਸਾ ਨ ਜੀਵਤੀ ਗੁਰ ਮੇਲਿਹੁ ਹਰਿ ਰਸੁ ਪੀਵਾ।”
– ਗਉ ੩, ੩੮, ੧*:੨ (163)

ਜੀਵਤੁ ----- (1) ਜਿਊਂਦਿਆਂ; ‘ਜੀਵਤ’ ਭਾਵ ਤੋਂ
“ਗੁਰ ਕੈ ਸਬਦਿ ਜੀਵਤੁ ਮਰੈ ਹਰਿ ਨਾਮੁ ਵਸੈ ਮਨਿ ਆਇ।”
– ਸਿਰੀ ੩, ੫੧, ੧:੩ (33)

(2) ਜਿੰਨਾਂ ਚਿਰ ਜਿਉਂਦੇ ਹੋ, ਜਿਊਂਦਿਆਂ
“ਜੀਵਤੁ ਰਾਮ ਕੇ ਗੁਣ ਗਾਇ।”
– ਸਾਰ ੫, ੯੮, ੧*:੧ (1223)

ਜੀਵਤੇ ----- ਜਿਊਂਦੇ ਹਨ
“ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ।”
– ਸਿਰੀ ੫, ਛੰਤ ੩, ੩:੧ (80)

ਜੀਵਦੜੋ ---- ਜਿਊਂਦਿਆਂ ਹੀ
“ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।”
– ਸਲੋ ਫਰ, ੧੦੭:੧ (1383)

ਜੀਵਦਾ ----- ਜਿਊਂਦਾ ਹੈ
“ਮਤੁ ਜਾਣਹੁ ਜਗੁ ਜੀਵਦਾ ਦੂਜੈ ਭਾਇ ਮੁਇਆਸੁ।”
– ਸੋਰ ੪, ਵਾਰ ੩ਸ, ੩, ੧:੩ (643)
“ਨਾਨਕ ਜੀਵਦਾ ਪੁਰਖੁ ਧਿਆਇਆ ਅਮਰਾ ਪਦੁ ਹੋਈ।” (ਸਦਾ ਜਿਊਂਦਾ ਰਹਿਣ ਵਾਲਾ ਭਾਵ ਪ੍ਰਭੂ)
– ਸਾਰ ੪, ਵਾਰ ੨੫:੫ (1247)

ਜੀਵੰਦਾ ----- ਜਿਊਂਦਾ
“ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ।”
– ਮਾਰੂ ੫, ਵਾਰ ੨੩ਸ, ੫, ੨:੧ (1102)

ਜੀਵਦਿਆ --- (1) ਜੀਊਂਦਿਆਂ, ਜੀਵਨ ਦੌਰਾਨ
“ਜੀਵਦਿਆ ਮਰੁ ਮਾਰਿ ਨ ਪਛੋਤਾਈਐ।”
– ਮਾਰੂ ੧, ਵਾਰ ੨੦:੧ (147)
“ਮੁਇਆ ਜੀਵਦਿਆ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।”
– ਮਾਝ ੧, ਵਾਰ ੨੬ਸ, ੧, ੧:੧੭ (150)

(2) ਜੀਵਨ ਵਾਲੇ
“ਜੀਵਦਿਆ ਨੋ ਮਿਲੈ ਸੁ ਜੀਵਦੇ ਹਰਿ ਜਗਜੀਵਨ ਉਰਧਾਰਿ।” (ਜੀਵਨ ਵਾਲਿਆਂ ਨੂੰ ਮਿਲਣ ਵਾਲੇ ਹੀ ਜੀਵਦੇ ਹਨ)

– ਸਲੋ ੩, ੪੭:੫ (1418)

ਜੀਵੰਦਿਆ --- ਜਿਊਂਦਿਆਂ, ਜੀਵਨ ਦੌਰਾਨ
"ਜੀਵੰਦਿਆ ਹਰਿ ਚੇਤਿਆ ਮਰੰਦਿਆ ਹਰਿ ਰੰਗਿ।"
– ਗੂਜ ੫, ਵਾਰ ੧੯ਸ, ੫, ੨:੧ (523)

ਜੀਵਦੀ ----- ਜੀ ਸਕਦੀ, ਜਿਊਂਦੀ ਰਹਿ ਸਕਦੀ
"ਨਾਨਕ ਜਿਸੁ ਬਿਨੁ ਚਸਾ ਨ ਜੀਵਦੀ ਸੋ ਸਤਿਗੁਰਿ ਦੀਆ ਮਿਲਾਇ।"
– ਮਲਾ ੧, ਵਾਰ ੧੨ਸ, ੩, ੨:੪ (1283)

ਜੀਵਦੇ ----- ਜਿਊਂਦੇ
"ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ।"
– ਵਡ ੪, ਵਾਰ ੯ਸ, ੩, ੨:੨ (589)

ਹੋਰ ਰੂਪ:

ਜੀਵੰਦੇ –
"ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ।"
– ਮਾਰੂ ੫, ਵਾਰ ੨੨ਸ, ੫, ੧:੨ (1102)

ਜੀਵਦੈ –
"ਸਹਿ ਟਿਕਾ ਦਿਤੋਸੁ ਜੀਵਦੈ।"
– ਰਾਮ ਬਸ, ਵਾਰ ੧:੭ (966)

ਜੀਵਨ ----- (1) ਜਿੰਦਗੀ
"ਨਾਮ ਬਿਹੂਨ ਜੀਵਨ ਕਉਨ ਕਾਮ।"
– ਗਉ ੫, ੧੧੧, ੧*:੨ (188)

(2) ਜਨਮ (ਭਾਵ)
"ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ।" (ਭਾਵ ਜਨਮ ਮਰਨ)
– ਗਉ ਕਬ, ੪੮, ੧:੨ (333)

"ਜੀਵਨ ਮਰਨ ਦੋਊ ਮਿਟਵਾਇਆ।"
– ਗੋਂਡ ਕਬ, ੫, ੪:੨ (871)

(3) ਜੀ ਸਕਨਾ
"ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ।"
– ਬਿਲਾ ੫, ੧੨੩, ੨:੧ (829)

ਜੀਵਨਹਾਰਾ -- ਜੀਊਨ ਵਾਲਾ
"ਦੈਨਹਾਰੁ ਸਦ ਜੀਵਨਹਾਰਾ।"
– ਗਉ ੫, ਬਾਅ ੩੪:੫ (257)

ਜੀਵਨਪਦ --- ਜੀਵਨ ਅਵਸਥਾ, ਜਿਊਂਦੇ ਰਹਿਣ ਦੀ ਹਾਲਤ, ਸਦੀਵ ਜੀਵਨ
"ਲਾਲਚ ਕਰੈ ਜੀਵਨਪਦ ਕਾਰਨ ਲੋਚਨ ਕਛੂ ਨ ਸੂਝੈ।"
– ਧਨਾ ਕਬ, ੨, ੨:੨ (692)

ਜੀਵਨ ਪਦਵੀ – ਸਦੀਵ ਜੀਵਨ, ਵੇਖੋ 'ਜੀਵਨਪਦ'

"ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ।"
– ਬਿਹਾ ੪, ਵਾਰ ੧੯ਸ, ੩, ੨:੪ (556)

ਜੀਵਨਪਦੁ --- ਸਦੀਵ ਜੀਵਨ, ਵੇਖੋ 'ਜੀਵਨ ਪਦ'
"ਨਾਨਕ ਭਗਤਿ ਭਾਉ ਕਰਿ ਦਇਆਲ ਕੀ ਜੀਵਨ-ਪਦੁ ਪਾਈਐ ਰਾਮ।"
– ਬਿਲਾ ੫, ਛੰਤ ੪, ੨:੪ (848)

ਜੀਵਨਪ੍ਰਾਨ -- ਜਿੰਦ
"ਗੋਬਿੰਦ ਜੀਵਨ ਪ੍ਰਾਨ ਧਨ ਰੂਪ।"
– ਜੈਤ ੫, ੮, ੧*:੧ (701)

ਜੀਵਨ ਮੁਕਤ – ਜਿਊਂਦਿਆਂ ਤੇ ਮੁਕਤ ਹੋਇਆ ਪੁਰਖ
"ਜੀਵਨ ਮੁਕਤ ਜਗਦੀਸ ਜਪਿ ਮਨ ਧਾਰਿ ਰਿਦ ਪਰਤੀਤਿ।"
– ਗੂਜ ੫, ਅਸ ੨, ੭:੧ (508)

ਹੋਰ ਰੂਪ:

ਜੀਵਨ ਮੁਕਤਿ –
"ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ।"
– ਗਉ ੫, ਸੁਖ ੨੩, ੮:੪ (294)

ਜੀਵਨ ਰੂਪ -- ਪ੍ਰਾਣ ਰੂਪ
"ਜੀਵਨ ਰੂਪ ਅਨੂਪ ਦਇਆਲਾ।"
– ਸੂਹੀ ੫, ਅਸ ੨, ੩:੧ (760)
"ਜੀਵਨ ਰੂਪ ਹਰਿ ਚਰਣ।"
– ਰਾਮ ੫, ੩੮, ੩:੨ (895)
"ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ।" (ਜੀਵਨ ਪ੍ਰਾਨ ਹਰੀ, ਪ੍ਰਭੂ)
– ਕੇਦਾ ੫, ੧੩, ੧:*੨ (1121)

ਜੀਵਨਾ ----- (1) ਜਿਊਣਾ, ਜਿੰਦਾ ਰਹਿਣਾ
"ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗੁ ਰਹਣਾ ਸੰਸਾਰਿ।"
– ਗਉ ੫, ੧੧੬*, ੧:੧ (203)

ਹੋਰ ਰੂਪ:

ਜੀਵਨ੍ਹ –
"ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ੍ਹਿ ਓਨ੍ਹਾ ਅੰਦਰਿ ਹਿਰਦੈ ਭਾਈ।"
– ਬਿਲਾ ੪, ਵਾਰ ੪:੨ (850)

(2) ਜ਼ਿੰਦਗੀ, ਜੀਵਨ
"ਰਾਮ ਗੁਸਈਆ ਜੀਅ ਕੇ ਜੀਵਨਾ।"
– ਗਉ ਰਵਿ, ੧, ੧*:੧ (345)
"ਸਰਬ ਜੋਤਿ ਜਗ ਜੀਵਨਾ ਸਿਰਿ ਸਿਰਿ ਸਾਚਾ ਲੇਖ।"
– ਮਾਰੂ ੧, ੧੦, ੧*:੨ (992)

ਹੋਰ ਰੂਪ:

ਜੀਵਨਿ –
“ਹਰਿ ਹਰਿ ਸੰਤ ਜਨਾ ਕੀ ਜੀਵਨਿ।”
– ਸਾਰ ੫, ੯੧, ੧*:੧ (1222)

ਜੀਵਨੁ –
“ਸਫਲ ਜੀਵਨੁ ਸਫਲੁ ਤਾ ਕਾ ਸੰਗੁ।” (ਜਿੰਦਗੀ)
– ਗਉ ੫, ਸੁਖ ੨੪, ੩:੫ (295)

ਜੀਵਨੈ –
“ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ।”
– ਆਸਾ ਕਬ, ੨੩, ੩:੧ (481)

ਜੀਵਨੋ –
“ਜੀਵਨੋ ਮੈ ਜੀਵਨੁ ਪਾਇਆ ਗੁਰਮੁਖਿ ਭਾਏ ਰਾਮ।”
– ਆਸਾ ੪, ਛੰਤ ੮, ੧:੧ (442)

ਜੀਵਾ ------ **ਜਿਊਂਦਾ ਹਾਂ**
“ਆਖਾ ਜੀਵਾ ਵਿਸਰੈ ਮਰਿ ਜਾਉ।”
– ਆਸਾ ੧, ਸੋਦ ੩, ੧:੧ (9)

ਹੋਰ ਰੂਪ:

ਜੀਵਾਂ –
“ਊਚ ਅਥਾਹ ਬੇਅੰਤ ਸੁਆਮੀ ਸਿਮਰਿ ਸਿਮਰਿ ਹਉ ਜੀਵਾਂ ਜੀਉ।”
– ਮਾਝ ੫, ੧੬, ੧:੩ (99)

ਜੀਵਾਉ ----- **ਜੀਵੇ**
“ਦਇਆ ਮਇਆ ਕਿਰਪਾ ਨਾਨਕ ਕਉ ਸੁਨਿ ਸੁਨਿ ਜਸੁ ਜੀਵਾਉ।”
– ਦੇਵ ੫, ੩੮, ੨:੨ (536)

ਜੀਵਾਇ ---- **ਜਿਊਂਦਾ ਕਰ ਦੇਵੇ**
“ਬਿਸਮਿਲਿ ਗਊ ਦੇਹੁ ਜੀਵਾਇ।”
– ਭੈਰ ਨਾਮ, ੧੦, ੨:੧ (1165)

ਜੀਵਾਇਆ -- **(1) ਜੀਵਾਵਣ ਵਾਲਾ, ਜਿਊਂਦਾ ਕਰਨ ਵਾਲਾ**
“ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ।”
– ਮਾਝ ੪, ੧, ੩:੨ (94)

(2) ਜੀਵਿਆ
“ਨਾਮ ਬਿਨਾ ਧ੍ਰਿਗੁ ਧ੍ਰਿਗੁ ਜੀਵਾਇਆ।”
– ਆਸਾ ੪, ੫੬, ੩:੨ (366)

(3) ਜਿਊਂਦਾ ਕੀਤਾ
“ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ ਫਿਰਿ ਬਾਹੁੜਿ ਮਰਣੁ ਨ ਹੋਈ।”
– ਆਸਾ ੪, ਛੰਤ ੧੩, ੪:੩ (447)

(4) ਪਾਲਣਾ ਕੀਤੀ (ਭਾਵ)
“ਦੁਖ ਸੁਖ ਕਰਿ ਕੈ ਕੁਟੰਬੁ ਜੀਵਾਇਆ।”
– ਸੂਹੀ ਕਬ, ੧, ੨:੧ (792)

ਜੀਵਾਇਦਾ -- ਜਿਊਂਦਾ ਕਰਦਾ
“ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ।”
- ਸੋਰ ੪, ੪, ੩:੩ (606)

ਜੀਵਾਈਆ -- ਜੀਵਾਂ/ਜਿਊਂਦਾ ਕਰ ਦਿੰਦਾ ਹੈ
“ਗੁਰੁ ਸਤਿਗੁਰੁ ਬੋਲਹੁ ਸਭੁ ਗੁਰੁ ਆਖਿ ਗੁਰੂ ਜੀਵਾਈਆ।”
- ਸੋਰ ੪, ਵਾਰ ੧੪:੫ (648)

ਹੋਰ ਰੂਪ:

ਜੀਵਾਈਐ -
“ਸੰਤ ਕਾ ਦੋਖੀ ਨ ਮਰੈ ਨ ਜੀਵਾਈਐ।” (ਜਿਊਂਦਿਆਂ)
- ਗਉ ੫, ਸੁਖ ੧੩, ੭:੪ (280)
“ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ।” (ਜਿਊਣ)

ਜੀਵਾਏ ----- ਜਿਊਂਦਾ ਕਰੇ
“ਆਪੇ ਮਾਰੇ ਆਪਿ ਜੀਵਾਏ।”
- ਮਾਝ ੩, ਅਸ ੨੭, ੭:੧ (125)

ਜੀਵਾਸਿ ---- ਜੀਊਣਗੇ
“ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ।”
- ਗੂਜ ੪, ਸੋਦ ੪, ੩:੨ (10)

ਜੀਵਾਸੁ ----- ਜੀਵਨ ਦੀ ਆਸ ਭਾਵ ਜੀਵਨ
“ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ।”
- ਸਿਰੀ ੪, ੬੬, ੧:੧ (40)

ਜੀਵਾਹਿ ---- ਜਿਊਂਦੇ ਹਾਂ
“ਜਨ ਨਾਨਕ ਕਉ ਹਰਿ ਮੇਲਿ ਜਨ ਤਿਨ ਵੇਖਿ ਵੇਖਿ ਹਮ ਜੀਵਾਹਿ।”
- ਗਉ ੪, ਵਾਰ ੧੭ਸ, ੪, ੧:੭ (310)

ਜੀਵਾਨਦ ---- ਜੀਵੀਦਾ ਹੈ
“ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ।”
- ਸਾਰ ੫, ੭, ੩:੨ (1204)

ਜੀਵਾਲਹਿ --- ਜੀਵਾਉਂਦਾ ਹੈ
“ਤੂ ਮਾਰਿ ਜੀਵਾਲਹਿ ਬਖਸਿ ਮਿਲਾਇ।”
- ਗਉ ੧, ੧੦, ੩:੧ (154)

ਜੀਵਾਲਣਹਾਰਾ ਜਿਊਂਦਾ ਕਰਨ ਵਾਲਾ
“ਗੁਰੁ ਅੰਕਸੁ ਮਾਰਿ ਜੀਵਾਲਣਹਾਰਾ।”
- ਗਉ ੩, ੨੫, ੨:੪ (159)

ਜੀਵਾਲਦਾ --- ਜਿਊਂਦਾ ਕਰਦਾ
“ਮਾਰਿ ਆਪੇ ਜੀਵਾਲਦਾ ਅੰਤਰਿ ਬਾਹਰਿ ਸਾਥਿ।”

– ਸਿਰੀ ੫, ੮੫, ੪:੨ (48)

ਜੀਵਾਲਨਹਾਰ – ਜਿਊਂਦਾ ਕਰਨ ਵਾਲਾ
“ਮਿਰਤਕ ਕਉ ਜੀਵਾਲਨਹਾਰ।”
– ਗਉ ੫, ਸੁਖ ੧੫, ੭:੧ (283)

ਜੀਵਾਲਿ ---- ਜੀਊਂਦਾ ਕਰ
“ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ।”
– ਵਡ ੪, ਵਾਰ ੨੧:੪ (594)

ਜੀਵਾਲਿਅਨੁ – ਜੀਊਂਦਾ ਕੀਤਾ ਸੁ, ਜੀਵਨ ਦਿਤਾ ਸੁ
“ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ।”
– ਬਿਲਾ ੫, ੮੦, ੧:੨ (820)

ਜੀਵਾਲਿਆ -- ਜੀਊਂਦਾ ਕੀਤਾ
“ਪਰਮੇਸਰਿ ਜੀਵਾਲਿਆ ਨਾਨਕ ਤਿਸੈ ਧਿਆਇ।”
– ਗਉ ੫, ਵਾਰ ੧੬ਸ, ੫, ੧:੫ (321)

ਜੀਵਾਲੇ ----- ਜੀਊਂਦਾ ਕਰੇ/ਰਖੇ
“ਜੇਤੇ ਜੀਅ ਜੀਵਾਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।”
– ਮਾਝ ੧, ਵਾਰ ੧੪ਸ, ੧, ੧:੫ (144)
“ਜੀਉ ਪਿੰਡੁ ਸਭ ਰਾਸਿ ਤਿਸੈ ਕੀ ਮਾਰਿ ਆਪੇ ਜੀਵਾਲੇ।” (ਜੀਊਂਦਾ ਕਰਦਾ ਹੈ)
– ਗਉ ੧, ੧੩, ੬:੨ (155)

ਹੋਰ ਰੂਪ:

ਜੀਵਾਲੈ –
“ਸਤਿਗੁਰੁ ਮੇਰਾ ਮਾਰਿ ਜੀਵਾਲੈ।”
– ਭੈਰ ੫, ੨੪, ੨:੨ (1142)

ਜੀਵਾਵਉ --- ਜੀਵਾਂ
“ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ।”
– ਬਿਲਾ ੫, ੫੧, ੧:੨ (813)

ਜੀਵਾਵਣਿਆ – ਜੀਊਂਦਾ ਕਰਦਾ ਹੈ
“ਸਭਨਾ ਜੀਆ ਕਾ ਏਕੋ ਦਾਤਾ ਸਬਦੇ ਮਾਰਿ ਜੀਵਾਵਣਿਆ।”
– ਮਾਝ ੩, ਅਸ ੬, ੫:੩ (112)

ਜੀਵਿ ------ ਜੀ ਕੇ, ਜੀਊਂਦੇ ਰਹਿ ਕੇ
“ਜੀਵਿ ਜੀਵਿ ਮੁਏ ਮੁਏ ਜੀਵੇ।”
– ਸਾਰ ੪, ਵਾਰ ੩ਸ, ੧, ੨:੨ (1238)

ਜੀਵਿਆ ---- ਜੀਊਂਦਾ ਰਿਹਾ
“ਹਰਿ ਹਰਿ ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ।”
– ਸਿਰੀ ੪, ਪਹ, ੩, ੧:੩ (76)

ਜੀਵੀ ------ ਜਿਊਂਦੇ ਰਹੇ
"ਭਾਈ ਹਮਾਰੇ ਸਦ ਹੀ ਜੀਵੀ।"
– ਭੈਰ ੫, ੨੨, ੧:੨ (1141)

ਹੋਰ ਰੂਪ:

ਜੀਵੀਐ –
"ਮੁਹਿ ਡਿਠੈ ਜਨ ਕੈ ਜੀਵੀਐ।" (ਜੀਵੀਦਾ ਹੈ)
– ਮਾਝ ੫, ਅਸ ੩੮, ੪:੨ (132)
"ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ।"
– ਤੁਖਾ ੪, ਛੰਤ ੧, ੧:੧ (1113)

ਜੀਵੀਜੈ ----- ਜੀਊਂਦੇ ਹਨ
"ਸਾਕਤ ਨਰ ਅਹੰਕਾਰੀ ਕਹੀਅਹਿ ਬਿਨੁ ਨਾਵੈ ਧ੍ਰਿਗੁ ਜੀਵੀਜੈ।"
– ਕਲਿ ੪, ਅਸ ੪, ੭:੨ (1325)

ਜੀਵੇ ------ ਜੀਊਂਦਾ ਹੈ
"ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗ ਜੀਵੇ ਧ੍ਰਿਗ ਜੀਵਾਸਿ।"
– ਗੂਜ ੪, ਸੋਦ ੪, ੩:੨ (10)

ਹੋਰ ਰੂਪ:

ਜੀਵੈ –
"ਜਨੁ ਨਾਨਕੁ ਜੀਵੈ ਨਾਮੁ ਲੈ ਹਰਿ ਦੇਵਹੁ ਸਹਜਿ ਸੁਭਾਇ।" (ਜਿਊਂਦਾ ਹੈ)
– ਸਿਰੀ ੩, ੩੫, ੫:੨ (27)
"ਗੁਰਮੁਖਿ ਜੀਵੈ ਮਰੈ ਪਰਵਾਣੁ।" (ਜਿਊਂਦਿਆਂ/ਜੀਵਨ ਵਿਚ)
– ਮਾਝ ੩, ਅਸ ੨੬, ੨:੧ (124)

ਜੀਵੇ ------ (1) ਜਿਊਂਦਾ ਹੈ, ਜਿਊਂਦਿਆਂ, ਜੀਵਨ ਵਿਚ, ਵੇਖੋ 'ਜੀਵੇ'
"ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ।" (ਜੀਵਨ ਦੀ ਜੁਗਤ ਕਿਵੇਂ ਆਵੈ)
– ਰਾਮ ੩, ਵਾਰ ੧੨ਸ, ੧, ੭:੧ (953)
"ਨਾਨਕ ਏਵੈ ਜਾਣੀਐ ਜੀਵੈ ਦੇਵਣਹਾਰੁ।" (ਸਦਾ ਜਿਊਂਦਾ ਹੈ, ਭਾਵ ਅਟੱਲ ਹੈ)
– ਸਾਰ ੪, ਵਾਰ ੧੨ਸ, ੧, ੨:੫ (1242)
(2) ਜਿਊਂਦਾ ਰਹੇ
"ਜੀਵੈ ਦਾਤਾ ਮਰੈ ਨ ਕੋਇ।"
– ਮਾਝ ੧, ਵਾਰ ੧੪ਸ, ੧, ੨:੬ (144)
"ਜੀਵੈ ਦਾਤਾ ਦੇਵਣਹਾਰੁ।"
– ਗਉ ੩, ੨੧, ੪:੩ (158)

ਜੁ -------- (1) ਜੋ, ਜਿਹੜਾ
"ਸੋ ਐਸਾ ਹਰਿ ਨਾਮੁ ਜਪੀਐ ਮਨ ਮੇਰੇ ਜੁ ਮਨ ਕੀ ਤ੍ਰਿਸਨਾ ਸਭ ਭੁੱਖ ਗਵਾਏ।"
– ਸਿਰੀ ੪, ਵਾਰ ੧੫:੩ (89)
"ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ।" (ਜੋ)
– ਸਿਰੀ ਕਬ, ੩, ੩:੧ (92)
"ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ।" (ਜੋ ਕੁਝ)

– ਸਲੋ ਫਰ, ੯:੧ (1378)

ਹੋਰ ਰੂਪ:

ਜੁੋ –
"ਸੋ ਭਗਉਤੀ ਜੁੋ ਭਗਵੰਤੈ ਜਾਣੈ।"
– ਸਿਰੀ ੪, ਵਾਰ ੧੪ਸ, ੩, ੨:੧ (88)

(2) ਜਿਸ ਨੂੰ
"ਸੋ ਬੂਝੈ ਜੁ ਦਯਿ ਸਵਾਰਿਆ।"
– ਗਉ ੪, ਵਾਰ ੩੦ਸ, ੪, ੧:੧੪ (316)

"ਓਹੁ ਜੁ ਭਰਮੁ ਭੁਲਾਵਾ ਕਹੀਅਤ ਤਿਨ ਮਹਿ ਉਰਝਿਓ ਸਗਲ ਸੰਸਾਰਾ।"
– ਸੋਰ ੫, ੯, ੨:੧ (611)

ਜੋ -------- (1) ਜਿਹੜਾ, ਵੇਖੋ 'ਜੁ' (1)
(2) ਜੇ ਕਰ
"ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੁੋ ਗਾਵੈ।"
– ਸਵ ੩, ੨੨:੩ (1396)

ਜੁਆਇਆ -- ਜੁੜਿਆ ਹੋਇਆ, ਸਬੰਧਿਤ
"ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ।"
– ਗੂਜ ੧, ਅਸ ੧, ੮:੧ (503)

ਜੁਆਣੀ ---- ਯੁਵਾ ਅਵਸਥਾ, ਯੌਵਨ, ਵੇਖੋ 'ਜੁਆਨੀ'
"ਕੁਹਕਨਿ ਕੋਕਿਲਾ ਤਰਲ ਜੁਆਣੀ।"
– ਵਡ ੧, ਛੰਤ ੨, ੮:੨ (567)

ਜੁਆਨ ----- ਯੁਵਾ ਅਵਸਥਾ ਵਾਲਾ; ਭਾਵ ਤਾਕਤਵਰ
"ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ।" (ਪੰਜ ਜੁਆਨ ਤਂ ਭਾਵ ਕਾਮਾਦਿਕ)
– ਸਿਰੀ ੫, ਅਸ ੨੯, ੧੮:੩ (74)

ਜੁਆਨੀ ---- ਯੁਵਾ ਅਵਸਥਾ
"ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੁਆਨੀ ਲਹਰੀ ਦੇਇ।"
– ਸਿਰੀ ੫, ਪਹ ੪, ੨:੧ (77)

ਹੋਰ ਰੂਪ:

ਜੁੋਆਨੀ –
"ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੁੋਆਨੀ।"
– ਆਸਾ ੫, ੩੮, ੧:੧ (379)

ਜੁਆਰੀ ---- ਜੂਆ ਖੇਡਣ ਵਾਲਾ
"ਕਉਡਾ ਡਾਰਤ ਹਿਰੈ ਜੁਆਰੀ।"
– ਗੋਂਡ ਨਾਮ, ੨, ੩:੨ (873)

"ਚਲੈ ਜੁਆਰੀ ਦੁਇ ਹਥ ਝਾਰਿ।"
– ਭੈਰ ਕਬ, ੨, ੪:੨ (1158)

ਜੁਆਲਾ ---- ਅਗ, ਅਗਨੀ

"ਗਿਰਿ ਤਰ ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ।"

– ਭੈਰ ਨਾਮ, ੯, ੩:੨ (1165)

"ਜਿਨਿ ਜੁਆਲਾ ਜਗੁ ਜਾਰਿਆ ਸੁ ਜਨ ਕੇ ਉਦਕ ਸਮਾਨਿ।"

– ਸਲੋ ਕਬ, ੧੭੫:੨ (1373)

ਜੁਗ ------- (1) ਸਮੇਂ ਦੀ ਇਕ ਵਡੀ ਇਕਾਈ, ਸਮਾਂ

"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ।"

– ਜਪੁ ੧, ੭:੧ (2)

"ਇਸ ਜੁਗ ਮਹਿ ਗੁਰਮੁਖ ਨਿਰਮਲੇ ਸਚਿ ਨਾਮਿ ਰਹਹਿ ਲਿਵ ਲਾਇ।" (ਸਮੇਂ ਵਿਚ)

– ਆਸਾ ੩, ੩੭, ੨:੧ (430)

ਹੋਰ ਰੂਪ:

ਜੁਗਹ –

"ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ।" (ਜੁਗ ਜੁਗ ਵਿਚ, ਹਰ ਜੁਗ ਵਿਚ ਸਰਦਾਰੀ)

– ਸਿਰੀ ੧, ਅਸ ੧, ੭:੩ (54)

"ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ।" (ਸਮੇਂ ਸਮੇਂ ਦੇ)

– ਆਸਾ ੩, ਅਸ ੨੩, ੭:੧ (423)

ਜੁਗਹੁ –

"ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ।"

– ਰਾਮ ੩, ਅਨੰ ੧੪:੬ (918)

(2) ਜ਼ਮਾਨਾ, ਸੰਸਾਰ

"ਰਾਜ ਜੋਬਨੁ ਅਵਧ ਜੋ ਦੀਸੈ ਸਭੁ ਕਿਛੁ ਜੁਗ ਮਹਿ ਘਾਟਿਆ।"

– ਗਉ ੫, ੧੩੧*, ੪:੧ (207)

"ਯਾ ਜੁਗ ਮਹਿ ਏਕਹਿ ਕਉ ਆਇਆ।" (ਸਮੇਂ/ਜਨਮ ਵਿਚ)

– ਗਉ ੫, ਬਾਅ ੬:੧ (251)

"ਕਨਿਕ ਕਾਮਿਨੀ ਜੁਗ ਬਿਉਹਾਰ।" (ਸੰਸਾਰ, ਜਗਤ)

– ਗਉ ਕਬ, ਥਿਤੀ ੬:੨ (343)

"ਜੁਗ ਮਾਹਿ ਨਾਮੁ ਦੁਲੰਭੁ ਹੈ ਗੁਰਮੁਖਿ ਪਾਇਆ ਜਾਇ।" (ਸੰਸਾਰ)

– ਗੂਜ ੩, ੫, ੧:੧ (490)

"ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ।" (ਜਗਤ, ਸੰਸਾਰ ਵਿਚ)

– ਸੂਹੀ ੫, ਅਸ ੩, ੩:੧ (760)

(3) ਜੋਗ, ਜੁੜਨ ਵਾਲਾ, ਇਥੇ ਜੁੜਿਆ ਹੋਇਆ

"ਤੂ ਆਪੇ ਹੀ ਸਿਧ ਸਾਧਿਕੋ ਤੂ ਆਪੇ ਹੀ ਜੁਗ ਜੋਗੀਆ।" (ਜੋਗੀਆਂ ਦੇ ਜੋਗ)

– ਕਾਨ ੪, ਵਾਰ ੧:੧ (1313)

(4) ਜੋੜਾ, ਦੋ

"ਕਵਨ ਉਪਮਾ ਦੇਉ ਕਵਨ ਸੇਵਾ ਸਰੇਉ ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ।" (ਦੋਵੇਂ ਹੱਥ ਜੋੜ ਕੇ)

– ਸਵ ੪, ਕਲ ੩:੨ (1399)

ਜੁਗਣੇ ----- ਜੁੜਿਆ ਹੋਇਆ, ਯੁਕਤ
"ਇਹੁ ਪਰਪੰਚੁ ਕੀਆ ਪ੍ਰਭੁ ਸੁਆਮੀ ਸਭੁ ਜਗਜੀਵਨੁ ਜੁਗਣੇ।"
– ਨਟ ੪, ੬, ੨:੧ (977)

ਜੁਗਤਨ ---- ਸਿਆਣੀਆਂ ਜੁਗਤਾਂ/ਢੰਗ ਤਦਬੀਰ
"ਜੁਗਤਨ ਮਹਿ ਤੇਰੀ ਪ੍ਰਭ ਜੁਗਤਾ ਇਸਨਾਨਨ ਮਹਿ ਇਸਨਾਨੀ।"
– ਗੂਜ ੫, ਅਸ ੧, ੬:੨ (507)

ਜੁਗੰਤਰ ---- ਦੂਜੇ ਜੁਗ ਭਾਵ ਕਈ ਜੁਗ
"ਜੁਗਹ ਜੁਗੰਤਰ ਕੀ ਬਿਧਿ ਜਾਣੈ।"
– ਮਾਰੂ ੧, ਸੋਲਾ ੭, ੧੬:੨ (1027)

ਹੋਰ ਰੂਪ:

ਜੁਗੰਤਰਿ –
"ਜੁਗਾ ਜੁਗੰਤਰਿ ਖਾਹੀ ਖਾਹਿ।"
– ਜਪੁ ੧, ੩:੧੨ (2)

"ਜੁਗਹ ਜੁਗੰਤਰਿ ਭਗਤ ਤੁਮਾਰੇ।" (ਜੁਗਾਂ ਜੁਗਾਂ ਵਿਚ)
– ਵਡ ੧, ਛੰਤ ੨, ੫:੧ (567)

ਜੁਗੰਤਰਿ ---- (1) ਬਹੁਤ ਸਾਰੇ ਜੁਗਾਂ ਵੇਖੋ 'ਜੁਗੰਤਰ'
(2) ਜੁਗਾਂ ਅੰਦਰ
"ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ।" ('ਅਲੱਖ' ਦੇ ਜੁਗ (ਸੰਸਾਰ) (ਵਿਚ) ਅੰਦਰ ਆਪਣੀ ਸਤਾ ਰੱਖੀ)
– ਸਵ ੨, ੭:੩ (1392)

ਜੁਗਤਾ ----- (1) ਢੰਗ, ਜੁਗਤ, ਤਰੀਕਾ
"ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ।"
– ਸਿਰੀ ੫, ੯੭, ੩:੧ (51)

"ਹਉ ਹਉ ਕਰਤ ਬੰਧਨ ਮਹਿ ਪਰਿਆ ਨਹੀ ਮਿਲੀਐ ਇਹ ਜੁਗਤਾ।"
– ਸੋਰ ੫, ਅਸ ੩, ੫:੨ (642)

(2) ਰਹਿਣੀ
"ਜੋ ਇਸੁ ਮਾਰੇ ਤਿਸ ਕੀ ਨਿਰਮਲ ਜੁਗਤਾ।" (ਭਾਵ ਰਹਿਣੀ, ਜੀਵਨ ਜੁਗਤ)
– ਗਉ ੫, ਅਸ ੫, ੫:੨ (238)

"ਜੋ ਕਿਛੁ ਕਰੈ ਸੋਈ ਭਲ ਜਨ ਕੈ ਅਤਿ ਨਿਰਮਲ ਦਾਸ ਕੀ ਜੁਗਤਾ।" (ਰਹਿਣੀ)
– ਆਸਾ ੫, ੭੧, ੧*:੨ (388)

(3) ਜੁਗਤੀ, ਵਿਰਤ ਤੁਲਸੀ ਮਾਲਾ ਆਦਿ
"ਭਗਉਤੀ ਰਹਤ ਜੁਗਤਾ।"
– ਸਿਰੀ ੫, ਅਸ ੨੭, ੨:੧ (71)

(4) ਜੁਗਤੀ ਵਾਲਾ
"ਇੰਦ੍ਰੀ ਵਸਿ ਸਚ ਸੰਜਮਿ ਜੁਗਤਾ।"
– ਮਾਝ ੩, ਅਸ ੨੧, ੭:੨ (122)

(5) ਜੁੜਿਆ ਹੋਇਆ

"ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ।"

– ਮਾਝ ੫, ਅਸ ੩੬, ੧:੧ (131

"ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮਤੰਤ ਮਹਿ ਜੋਗੰ।"

– ਆਸਾ ੧, ੩੭, ੧*:੧ (360)

"ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ।" (ਜੁੜਿਆ ਹੋਇਆ)

– ਧਨਾ ੫, ਅਸ ੧, ੬:੧ (687)

(6) ਜੁੜ ਕੇ ਭਾਵ ਰਲ ਕੇ, ਇਕਠੇ

"ਚੂਗਹਿ ਚੋਗ ਅਨੰਦ ਸਿਉ ਜੁਗਤਾ।"

– ਪ੍ਰਭਾ ੫, ਅਸ ੧, ੧:੨ (1347)

ਜੁਗਤਿ ----- **(1) ਰਹਿਣੀ, ਢੰਗ, ਜੀਵਨ ਜਾਚ**

"ਸੁਣਿਐ ਜੋਗ ਜੁਗਤਿ ਤਨਿ ਭੇਦ।"

– ਜਪੁ ੧, ੯:੩ (2)

"ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ।" (ਰਹਿਣੀ ਬਹਿਣੀ)

– ਆਸਾ ੧, ੭, ੨:੧ (350)

"ਕਰਮ ਧਰਮ ਜੁਗਤਿ ਬਹੁ ਕਰਤਾ ਕਰਣੈਹਾਰੁ ਨ ਜਾਨੈ।" (ਵਿਸ਼ੇਸ਼ ਪ੍ਰਕਾਰ ਦੇ ਕਰਮਾਂ ਵਾਲੀ ਰਹਿਣੀ)

– ਆਸਾ ੫, ੩੮, ੩:੧ (380)

(2) ਵਿਉਂਤ, ਢੰਗ, ਤਰੀਕਾ

"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।"

– ਜਪੁ ੧, ੩੦:੧ (7)

"ਜੋਗ ਜੁਗਤਿ ਇਵ ਪਾਵਸਿਤਾ।" (ਜੋਗ ਕਮਾਉਣ ਦਾ ਤਰੀਕਾ)

– ਗਉ ੧, ੧੫, ੧*:੧ (155)

"ਕਵਨ ਸੁ ਜੁਗਤਿ ਜਿਤੁ ਕਰਿ ਭੀਜੈ।" (ਢੰਗ)

– ਗਉ ੫, ੮੫, ੨:੨ (181)

ਹੋਰ ਰੂਪ:

ਜੁਗਤੀ –

"ਜੋਰੁ ਨ ਜੁਗਤੀ ਛੁਟੈ ਸੰਸਾਰੁ।"

– ਜਪੁ ੧, ੩੩:੬ (7)

(3) ਪ੍ਰਬੰਧ

"ਜੀਅ ਜੁਗਤਿ ਜਾ ਕੈ ਹੈ ਹਾਥ।"

– ਗਉ ੫, ੯੫, ੧:੧ (184)

"ਜੀਅ ਜੁਗਤਿ ਵਸਿ ਪ੍ਰਭੂ ਕੈ ਜੋ ਕਹੈ ਸੁ ਕਰਨਾ।" (ਜੀਵਾਂ ਦਾ ਪ੍ਰਬੰਧ)

– ਬਿਲਾ ੫, ੬੯, ੧:੧ (818)

(4) ਯੋਗਤਾ, ਸਮਰਥਾ

"ਜੋ ਵਰਤਾਏ ਸਾਈ ਜੁਗਤਿ।"

– ਗਉ ੫, ਸੁਖ ੯, ੭:੯ (275)

(5) ਸੰਸਾਰਕ ਕਾਮਯਾਬੀ (ਸਫਲਤਾ)
“ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧਿ ਲਹੀ।” (ਮੁਕਤੀ ਤੇ ਸੰਸਾਰਿਕ ਸਫਲਤਾ ਸੰਤਾਂ ਦੀ ਚਰਨ ਧੂੜ ਹੀ ਹੈ)
– ਗੂਜ ੫, ੨੬, ੨:੨ (501)

(6) ਜੁਗਤੀ ਵਾਲੇ
“ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ।” (ਜੁਗਤੀ ਵਾਲੇ ਵੱਡੇ ਜੋਗੀ)
– ਸਵ ੧, ੩:੧ (1389)

ਹੋਰ ਰੂਪ:

ਜੁਗਤੇ –
“ਸਦਾ ਅਲਿਪਤੁ ਜੋਗ ਅਰੁ ਜੁਗਤੇ।”
– ਗਉ ੫, ੮੬, ੩:੨ (181)

(7) ਜੁੜਿਆ ਹੋਇਆ
“ਜੈ ਜੈ ਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ।”
– ਸਵ ੫, ਕਲ ੬:੧ (1407)

ਜੁਗਨੇ ------ ਜੁਗਾਂ ਵਿਚ
“ਸੁਆਮੀ ਪਾਰਬ੍ਰਹਮ ਪਰਮੇਸਰੁ ਤੁਮ ਖੋਜਹੁ ਜੁਗ ਜੁਗਨੇ।”
– ਨਟ ੪, ੫, ੪:੧ (976)

ਜੁਗਾ ------ ਬਹੁਤ ਸਾਰੇ ਜੁਗ, ਜੁਗਾਂ
“ਜੁਗਾ ਜੁਗੰਤਰਿ ਖਾਹੀ ਖਾਹਿ।”
– ਜਪੁ ੧, ੩:੧੨ (2)
“ਸਤਿਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ।”
– ਆਸਾ ੫, ੧੪੦, ੩:੧ (406)

ਜੁਗਾਹਾ ----- ਜੋਗ ਵਿਚ
“ਆਪੇ ਜੋਗੀ ਜੁਗਤਿ ਜੁਗਾਹਾ।”
– ਜੈਤ ੪, ੧੦, ੧:੧ (699)

ਜੁਗਾਦਿ ---- (1) ਯੁੱਗ ਦੇ ਆਦਿ/ਆਰੰਭ
“ਆਦਿ ਜੁਗਾਦਿ ਜਾ ਕਾ ਭਰਵਾਸਾ।” (‘ਆਦਿ ਜੁਗਾਦਿ’ ਭਾਵ ਸਦੀਵ)
– ਗਉ ੫, ੧੦੮, ੩:੨ (187)
(‘ਜੁਗਾਦਿ’ ਵਧੇਰੇ ‘ਆਦਿ ਜੁਗਾਦਿ’ (ਕਰਕੇ ਹੀ ਆਇਆ ਹੈ)

ਹੋਰ ਰੂਪ:

ਜੁਗਾਦੀ –
“ਆਦਿ ਜੁਗਾਦੀ ਸੇਵਕ ਸੁਆਮੀ ਭਗਤਾ ਨਾਮੁ ਅਧਾਰੇ।” (ਜੁਗਾਂ ਦੇ ਅਰੰਭ ਤੇ)
– ਸਿਰੀ ੫, ਛੰਦ ੨, ੨:੫ (79)

(2) ਦੂਜੇ
“ਜੁਗਾਦਿ ਗੁਰਏ ਨਮਹ।”
– ਗਉ ੫, ਸੁਖ ੧ਸ:੨ (262)

ਜੁਗਾਦੀ ----- (1) ਜੁਗਾਂ ਦੇ ਆਰੰਭ ਤੋ, ਵੇਖੋ ‘ਜੁਗਾਦਿ’ (1)
(2) ਜੋ ਜੁਗਾਂ ਦੇ ਆਰੰਭ ਤੇ ਮੌਜੂਦ ਸੀ
“ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਣੋ।”
- ਆਸਾ ੧, ਛੰਤ ੩, ੧:੪ (437)
“ਆਦਿ ਜੁਗਾਦੀ ਹੈ ਭੀ ਹੋਗੁ।”
- ਬਿਲਾ ੧, ਥਿਤੀ ੧੧:੫ (840)

ਜੁਗਿ ------ ਸਮੇਂ ਦੀ ਇਕ ਵਡੀ ਇਕਾਈ ਵਿਚ
“ਚਹੁ ਜੁਗਿ ਮੈਲੇ ਮਲੁ ਭਰੇ ਜਿਨ ਮੁਖਿ ਨਾਮੁ ਨ ਹੋਇ।”
- ਸਿਰੀ ੧, ਅਸ ੭, ੭:੧ (57)
“ਪਿਰ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ।” (ਸਾਰੇ ਜੁਗਾਂ ਵਿਚ ਹਮੇਸ਼ਾ)
- ਵਡ ੩, ਛੰਤ ੧, ੨:੩ (568)
(ਵਧੇਰੇ ਕਰਕੇ ‘ਜੁਗਿ’ ਜੁਗਿ’ ਰੂਪ ਵਿਚ ਆਇਆ ਹੈ)

ਜੁਗੀ ------ ਜੁਗਾਂ ਵਿਚ, ਜੁਗੀ
“ਸੇਈ ਸੁਖੀਏ ਚਹੁ ਜੁਗੀ ਜਿਨਾ ਨਾਮੁ ਅਖੁਟੁ ਅਪਾਰੁ।”
- ਸਿਰੀ ੩, ੩੪, ੩:੪ (26)

ਜੁਗੁ ------- ਸਮੇਂ ਦੀ ਇਕ ਵਡੀ ਇਕਾਈ, ਯੁੱਗ
“ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ।”
- ਆਸਾ ੪, ੬੧, ੧*:੨ (368)
(ਵਧੇਰੇ ਕਰਕੇ ‘ਜੁਗ ਜੁਗ’ ਕਰਕੇ ਹੀ ਆਇਆ ਹੈ)

ਜੁਜ ------- ਯਜੁਰ ਵੇਦ ਦੀ ਪ੍ਰਧਾਨਤਾ ਵਾਲਾ ਜੁਗ ਭਾਵ ਦੁਆਪਰ
“ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸਨੁ ਜਾਦਮੁ ਭਇਆ।”
- ਆਸਾ ੧, ਵਾਰ ੧੩ਸ, ੧, ੨:੭ (470)

ਜੁਜਰੁ ------ ਹਿੰਦੂ ਧਰਮ ਦੇ ਗਿਆਨ ਸ੍ਰੋਤ ਗ੍ਰੰਥਾਂ ਚਾਰ ਵੇਦਾਂ, ਵਿਚੋਂ ਇਕ ਜਿਸ ਵਿਚ ਪੂਜਾ ਯੱਗ ਆਦਿ ਕਰਨ ਦਾ ਵਿਧਾਨ ਹੈ।
“ਸਾਮ ਵੇਦੁ ਰਿਗੁ ਜੁਜਰੁ ਅਥਰਬਣੁ।”
- ਮਾਰੂ ੧, ਸੋਲਾ ੧੭, ੯:੧ (1037)

ਜੁਝੁ ------- ਯੁੱਧ, ਜੰਗ
“ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ।”
- ਸਲੋ ੧, ੨੫:੨ (1412)

ਜੁਟਸੀ ----- ਮਿਲੇ, ਜੁੜੇ
“ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ।”
- ਦੇਵ ੫, ੩੭, ੨:੧ (536)

ਜੁਟੁ ------- ਮੇਲ/ਜੁਟ (ਜੋੜ) ਹੋਇਆ ਹੈ, ਸਬੰਧ ਬਣਿਆ ਹੈ
“ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ।”
- ਗਉ ੪, ਵਾਰ ੨੯:੫ (315)

ਜੁਤੇ ------- (1) ਜੋਏ ਗਏ, ਜੋਤ ਗਏ
"ਕੀਤਾ ਪਾਇਨਿ ਅਪਣਾ ਦੁਖ ਸੇਤੀ ਜੁਤੇ।"
– ਗਉ ੫, ਵਾਰ ੧੨:੪ (321)

(2) ਜੁੜ ਜਾਣਾ
"ਮਨਿ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ।"
– ਆਸਾ ੪, ਛੰਤ ੨੧, ੪:੩ (452)

ਜੁਦਰੀਆ --- ਘਾਲਣਾ, ਮੁਸ਼ਕਤ, ਕਰੜੀ ਮਿਹਨਤ
"ਪਾਇ ਲਗਉ ਨਿਤ ਕਰਉ ਜੁਦਰੀਆ ਹਰਿ ਮੇਲਹੁ ਕਰਮਿ ਬਿਧਾਤਾ।" (ਕਰੜੀ ਭਗਤੀ)
– ਮਾਲੀ ੪, ੨, ੨:੨ (984)

ਜੁਧ ------- ਲੜਾਈ, ਯੁੱਧ
"ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ।"
– ਆਸਾ ੪, ਛੰਤ ੧੧, ੩:੪ (445)

ਹੋਰ ਰੂਪ:

ਜੁਧੁ –
"ਗੁਰ ਅਮਰਦਾਸ ਸਚੁ ਸਲ੍ਯ ਭਣਿ ਤੈ ਦਲੁ ਜਿਤਉ ਇਵ ਜੁਧੁ ਕਰਿ।"
– ਸਵ ੩, ੨੧:੬ (1396)

ਜੋਨੀਐ ----- ਜੂਨਾਂ/ਜਨਮ ਮਰਨ ਦੇ ਗੇੜ ਵਿਚ
"ਤਹ ਜਨਮ ਨ ਮਰਣਾ ਆਵਣ ਜਾਣਾ ਬਹੁੜਿ ਨ ਪਾਈਐ ਜੋਨੀਐ।"
– ਸੂਹੀ ੫, ਛੰਤ ੯, ੪:੫ (783)

ਜੁੰਮਣਹਾਰ --- ਜਾਣ ਵਾਲੇ, ਬਿਨਸਨਹਾਰ
"ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।"
– ਸਿਰੀ ੧, ੨੪, ੧:੨ (23)

ਜੁੰਮਿਓ ----- ਬਿਨਸਦੀ/ਨਾਸ ਹੁੰਦੀ ਹੈ
"ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ।"
– ਮਾਰੂ ੫, ਵਾਰ ਪਸ, ੫, ੨:੨ (1095)

ਜੁਰਨਾ ----- ਜੋੜ ਕੇ
"ਜਿਸ ਤੇ ਸੁਖ ਪਾਵਹਿ ਮਨ ਮੇਰੇ ਸੋ ਸਦਾ ਧਿਆਇ ਨਿਤ ਕਰ ਜੁਰਨਾ।"
– ਗੋਂਡ ੪, ੩, ੪:੧ (861)

ਜੁਰਿ ------ ਜੋੜਕੇ, ਮਿਲਾ ਕੇ
"ਸਗਲ ਬਿਧੀ ਜੁਰਿ ਆਹਰੁ ਕਰਿਆ ਤਜਿਓ ਸਗਲ ਅੰਦੇਸਾ।"
– ਮਲਾ ੫, ੩, ੧:੧ (1266)

ਹੋਰ ਰੂਪ:

ਜੁਰਿਆ –
"ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ।" (ਜੁੜਿਆ, ਸੰਬੰਧਿਤ ਹੋਇਆ)

– ਗਉ ੫, ਅਸ ੪, ੧:੨ (237)
ਜੁਰੀਆ –
“ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ।” (ਜੁੜਿਆ ਫਸਿਆ)
– ਸੂਹੀ ੫, ੪੪, ੨:੧ (746)
ਜੁਰੇ –
“ਜਿਨ੍ਹ ਕੇ ਭਾਗ ਬਡੇ ਹੈ ਭਾਈ ਤਿਨ੍ਹ ਸਾਧੂ ਸੰਗਿ ਮੁਖ ਜੁਰੇ।” (ਜੁੜੇ ਸਬੰਧਿਤ ਹੋਏ)
– ਸਾਰ ੫, ੨੨, ੨:੧ (1208)
ਜੁਰੈ –
“ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ।” (ਜੁੜੇ, ਮੇਲ ਕਰੇ)
– ਗਉ ੫, ੬, ੧:੩ (238)

ਜੁਰੈ ------- (1) ਜੁਟੇ, ਲੜੇ ਯੁੱਧ ਕਰੇ
“ਗੁਰ ਉਪਦੇਸਿ ਕਾਲ ਸਿਉ ਜੁਰੈ।”
– ਭੈਰ ਕਬ, ੧੧, ੧:੨ (1159)

(2) ਜੁੜੇ, ਮੇਲ ਕਰੇ, ਵੇਖੋ ‘ਜੁਰਿ’

ਜੁਲਈ ----- ਚਲਦੀ, ਗਈ, ਜਾਂਦੀ
“ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ।”
– ਜੈਤ ੫, ਵਾਰ ੧੦ਸ, ੫, ੨:੨ (708)

ਜੁਲਹਾ ----- ਜੁਲਾਹਾ, ਖੱਡੀ ਤੇ ਕਪੜੇ ਉਨਣ ਵਾਲਾ
“ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ।”
– ਆਸਾ ਕਬ, ੨੬, ੩:੧ (482)

ਜੁਲੰਦੜੀ ---- ਜਾਂਦਿਆਂ, ਤੁਰਦਿਆਂ
“ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ।”
– ਰਾਮ ੫, ਵਾਰ ੧੭ਸ, ੫, ੧:੨ (964)

ਜੁਲਦੇ ----- ਤੁਰਦੇ, ਜਾਂਦੇ
“ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ।”
– ਰਾਮ ੫, ਵਾਰ ੧੫ਸ, ੫, ੨:੧ (964)

ਜੁਲਮ ------ (ਅ. ਜੁਲਮ) ਧੱਕਾ, ਅਤਿਆਚਾਰ
“ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ।”
– ਗਉ ੫, ਬਾਅ ੨੪ਸ:੧ (255)

ਹੋਰ ਰੂਪ:

ਜੁਲਮੁ –
“ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ।”
– ਆਸਾ ਕਬ, ੯, ੪:੨ (478)
“ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ।”
– ਸਲੋ ਕਬ, ੨੦੦:੧ (1375)

ਜੁਲਾਂ ------ ਜਾਵਾਂ
“ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ।”
– ਸਲੋ ਫਰ, ੧੧੯:੨ (1384)
“ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ।” (ਚਲਦੀ)
– ਵਡ ੧, ੨, ੩:੧ (557)

ਜੁਲਾਊਂ ----- ਜਾਵਾਂ
“ਮੂੰ ਜੁਲਾਊਂ ਤਥਿ ਨਾਨਕ ਪਿਰੀ ਪਸੰਦੋ ਹਰਿ ਥੀਓਸਿ।”
– ਮਾਰੂ ੫, ਵਾਰ ੨੦ਸ, ੫, ੨:੨ (1101)

ਜੁਲਾਈ ----- ਚਲਾਵਾਂ
“ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ।”
– ਸੂਹੀ ੫, ਅਸ ੪, ੪:੧ (761)

ਹੋਰ ਰੂਪ:

ਜੁਲਾਈਆ –
“ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ।” (ਚਲਾਂ)
– ਮਾਰੂ ੫, ਵਾਰ ੧੨:੫ (1098)

ਜੁਲਾਹਾ ----- ਖਡੀ ਉਪਰ ਕਪੜਾ ਬੁਨਣ ਵਾਲਾ
“ਜਾਤਿ ਜੁਲਾਹਾ ਮਤਿ ਕਾ ਧੀਰੁ।”
– ਗਉ ਕਬ, ੨੬, ੩:੧ (328)

ਹੋਰ ਰੂਪ:

ਜੋੁਲਾਹਾ –
“ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ।”
– ਸਿਰੀ ੩, ਅਸ ੨੨, ੩:੧ (67)

ਜੁਲਾਹੋ –
“ਘਰ ਛੋਡਿਐ ਜਾਇ ਜੁਲਾਹੋ।” (ਜੁਲਾਹਾ)
– ਗਉ ਕਬ, ੫੪, ੧*:੨ (335)
“ਜਿਉ ਸਤਸੰਗਤਿ ਤਰਿਓ ਜੁਲਾਹੋ ਸੰਤ ਜਨਾ ਮਨਿ ਭਾਵੈਗੋ।” (ਜੁਲਾਹਾ ਭਾਵ ਭਗਤ ਕਬੀਰ)
– ਕਾਨ ੪, ਅਸ ੩, ੪:੨ (1310)

ਜੁਲਿਆ ---- ਚਲਿਆ
“ਨਾਨਕ ਕਮਾਣਾ ਸੰਗਿ ਜੁਲਿਆ ਨਹ ਜਾਇ ਕਿਰਤੁ ਮਿਟਾਇਆ।”
– ਆਸਾ ੫, ਛੰਤ ੧੧, ੧:੬ (460)

ਜੁੜਤੇ ------ ਜੁੜਦੇ, ਯੁਕਤ ਹੁੰਦੇ
“ਤਰਵਰ ਵਿਛੁੰਨੇ ਨਹ ਪਾਤ ਜੁੜਤੇ ਜਮ ਮਗਿ ਗਉਨੁ ਇਕੇਲੀ।”
– ਬਿਹਾ ੫, ਛੰਤ ੭, ੧:੫ (546)

ਜੁੜੰਦਾ ----- (1) ਜੁੜਨਾ, ਸਬੰਧਿਤ ਹੋਣਾ
“ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੇ ਸਭਿ ਨਿਵੰਨਿ।”

– ਮਾਝ ੫, ਬਾਰਾ ੪:੧ (134)

(ਸ਼ਬਦਾਰਥ ਇਸ ਦੇ ਅਰਥ ‘ਜੇੜਾ ਦੇਣ ਵਾਲਾ, ਸੀਤਲ ਕਰਿੰਦਾ ਕਰਦਾ ਹੈ)

(2) ਇਕਠਾ ਹੋਇਆ

“ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ ਧੁਰਿ ਪਾਇਆ ਕਿਰਤੁ ਜੁੜੰਦਾ।” (ਕਰਮਾਂ ਦੇ ਇਕੱਠੇ ਹੋਣ ਕਰਕੇ)

– ਵਡ ੪, ਘੋੜੀ ੧, ੪:੩ (575)

ਜੁੜੰਨਿ ----- ਜੜੇ ਹੋਏ/ਸ਼ੋਭ ਰਹੇ ਹਨ

“ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ।”

– ਸੂਹੀ ੩, ਵਾਰ ੧੦ਸ, ੧, ੨:੧ (788)

ਜੁੜਿ ------ ਇਕੱਠੇ ਹੋ ਕੇ

“ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ।”

– ਸਾਰ ੪, ਵਾਰ ੩ਸ, ੧, ੨:੧ (1238)

ਹੋਰ ਰੂਪ:

ਜੁੜੇ –

“ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ।” (ਇਕਠੇ ਹੋਏ, ਮਿਲੇ)

– ਸਾਰ ੪, ਵਾਰ ੩ਸ, ੧, ੨:੧ (1238)

ਜੁੜੈ ------- ਜੁੜ-ਸਕਨਾ, ਸੰਯੁਕਤ ਹੋ ਸਕਨਾ, ਲਗ ਸਕਨਾ

“ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ।”

– ਗਉ ਕਬ, ੫੨, ੩:੧ (334)

ਜੁ -------- ਆਦਰ ਬੋਧਕ ਜੀ

“ਹਰਿ ਜੁ ਰਾਖਿ ਲੇਹੁ ਪਤਿ ਮੇਰੀ।”

– ਜੈਤ ੯, ੨, ੧*:੧ (703)

ਜੂਆ ------ ਸ਼ਰਤ ਲਾ ਕੇ/ਦਾਅ ਉਪਰ ਲਾ ਕੇ ਖੇਡੀ ਜਾਣ ਵਾਲੀ ਖੇਡ

“ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ।”

– ਗਉ ੫, ੧੪੮*, ੧:੩ (212)

ਜੂਆਰ ----- ਜੂਆ ਖੇਡਨ ਵਾਲਾ, ਜੁਆਰੀ, ਜੂਏ ਬਾਜ਼

“ਜਿਉ ਜੂਆਰ ਬਿਸਨੁ ਨ ਜਾਇ।”

– ਬਿਲਾ ੫, ਅਸ ੨, ੮:੫ (838)

ਹੋਰ ਰੂਪ:

ਜੂਆਰੀ –

“ਐਸਾ ਜਗੁ ਦੇਖਿਆ ਜੂਆਰੀ।”

– ਗਉ ੧, ਅਸ ੪, ੧*:੧ (222)

ਜੂਐ ------ ਜੂਏ ਵਿਚ

“ਅਨਾਥ ਕੇ ਨਾਥੇ ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ।” (ਭਾਵ ਅਜਾਂਈ ਹੀ)

– ਸਿਰੀ ੫, ਛੰਤ ੩, ੨:੫ (80)
“ਜੂਐ ਖੇਲਣੁ ਕਾਚੀ ਸਾਰੀ।” (ਜੂਏ ਦੇ ਖੇਡਣ ਵਾਲਾ)
– ਗਉ ੧, ਅਸ ੩, ੪:੩ (222)

ਜੂਈ ------ ਜੂਆਂ
“ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।”
– ਗਉ ੪, ਵਾਰ ੧੨ਸ, ੪, ੧:੧ (306)

ਜੂਏ ------- ਵੇਖੋ ‘ਜੂਆ’ ਸ਼ਰਤ/ਦਾਅ ਲਾ ਕੇ ਖੇਡੀ ਜਾਣ ਵਾਲੀ ਖੇਡ ਵਿਚ
“ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ।” (ਭਾਵ ਵਿਅਰਥ)
– ਗਉ ੫, ੧੩੮*, ੩:੨ (210)

ਜੂਹ ------- ਸਾਰਾ, ਸਭ (ਮਹਾਨਕੋਸ਼) ਖੁਲ੍ਹੀ ਧਰਤੀ ਜਿਥੇ ਪਸ਼ੂ ਚਰਦੇ ਹਨ (ਸ਼ਬਦਾਰਥ, ਨਿਰਣੇ, ਦਰਪਣ)
“ਰਾਮ ਰੰਗਿ ਰਾਤੇ ਦਾਸ ਨਾਨਕ ਮਉਲਿਓ ਮਨੁ ਤਨੁ ਜੂਹ।”
– ਸਾਰ ੫, ੯੫, ੨:੨ (1227)

ਜੁਝਹਿ ----- ਲੜੇ, ਯੁੱਧ ਕੀਤਾ
“ਦਾਗੇ ਹੋਹਿ ਸੁ ਰਨ ਮਹਿ ਜੁਝਹਿ ਬਿਨੁ ਦਾਗੇ ਭਗਿ ਜਾਈ।”
– ਰਾਮ ਕਬ, ੪, ੩:੧ (970)

ਜੁਝਨ ------ ਲੜਨ, ਯੁੱਧ ਕਰਨ
“ਖੇਤੁ ਜੁ ਮਾਂਡਿਓ ਸੂਰਮਾ ਅਬ ਜੁਝਨ ਕੋ ਦਾਉ।”
– ਮਾਰ ਕਬ, ੧੦, ੧:੨ (1105)

ਜੁਝਿ ------ ਲੜ ਕੇ
“ਮਨ ਸਿਉ ਜੁਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ।”
– ਆਸਾ ੧, ੧੬, ੪:੧ (353)

ਹੋਰ ਰੂਪ:

ਜੂਝੁ –
“ਕਾਮ ਕਰੋਧੁ ਨਗਰ ਮਹਿ ਸਬਲਾ ਨਿਤ ਉਠਿ ਉਠਿ ਜੂਝੁ ਕਰੀਜੈ।” (ਯੁੱਧ)
– ਕਲਿ ੪, ੫, ੨:੧ (1326)

ਜੂਝੈ –
“ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ।” (ਯੁਧ ਕਰਦਾ ਹੈ)
– ਮਾਰੂ ੩, ਵਾਰ ੧੧:੪ (1090)

ਜੂਠਨ ------ ਜੂਠਾ ਪਦਾਰਥ, ਜੂਠੇ ਪੱਤਲ/ਥਾਲੀ
“ਜਿਉ ਕੂਕਰ ਜੂਠਨ ਮਹਿ ਪਾਇ।”
– ਗਉ ੫, ਅਸ ੧੦, ੧:੨ (10)
“ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ।”
– ਕਾਨ ੪, ਅਸ ੨, ੭:੨ (1309)

ਜੂਠਾ ------ ਅਪਵਿੱਤਰ, ਖਾਧੇ ਵਿਚੋਂ ਬਚਿਆ ਹੋਇਆ; ਜੂਠ

“ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।”
– ਮਾਝ ੧, ਵਾਰ ੨੬ਸ, ੧, ੧:੧ (149)
“ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ।” (ਜੂਠ)
– ਆਸਾ ੧, ਵਾਰ ੧੭ਸ, ੧, ੨:੨ (472)
“ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ।” (ਅਪਵਿੱਤਰ)
– ਬਸੰ ਕਬ, ੭, ੧:੧ (1195)

ਜੂਠਾਨ ------ ਜੂਠ
“ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ।”
– ਸਾਰ ੫, ੨, ੧:੧ (1202)

ਹੋਰ ਰੂਪ:

ਜੂਠਾਨੈ –
“ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ।” (ਜੂਠਿਆਂ/ਕਪਟੀਆਂ ਨਾਲ)
– ਆਸਾ ੧, ਅਸ ੧੦, ੪:੨ (421)

ਜੂਠਾਰੀ ----- ਜੂਠੇ ਮਨੁੱਖ
“ਤੁਮ ਪਵਿਤ੍ਰ ਪਾਵਨ ਪੁਰਖ ਪ੍ਰਭ ਸੁਆਮੀ
ਹਮ ਕਿਉ ਕਰਿ ਮਿਲਹ ਜੂਠਾਰੀ।”
– ਦੇਵ ੪, ੫, ੧:੧ (528)

ਜੂਠਾਰੇ ------ ਜੂਠੇ
“ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ ਭਾਰ ਅਠਾਰਹ ਸਗਲ ਜੂਠਾਰੇ।”
– ਧਨਾ ਰਵਿ, ੩, ੩:੧ (694)

ਜੂਠਿ ------ (1) ਜੂਠ, ਅਪਵਿੱਤਰ ਵਸਤ
“ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ।”
– ਸਿਰੀ ੧, ਅਸ ੫, ੧:੧ (55)

(2) ਅਪਵਿੱਤਰਤਾ, ਜੂਠਾ ਪਣ
“ਬਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ।”
– ਸਿਰੀ ੪, ਵਾਰ ੧੪ਸ, ੩, ੩:੪ (88)

ਜੂਠੀ ------ ਅਪਵਿੱਤਰ
“ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ।”
– ਸਿਰੀ ੧, ਅਸ ੫, ੧:੧ (56)

ਜੂਠੁ ------- ਭੈੜਾ/ਅਪਵਿੱਤਰ ਕੰਮ, ਕੁਕਰਮ
“ਮਨ ਕੀ ਜੂਠੀ ਜੂਠੁ ਕਮਾਵੈ।”
– ਮਾਰੂ ੩, ਸੋਲਾ ੪, ੬:੨(1047)

ਜੂਠੇ ------- ਅਪਵਿੱਤਰ
“ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ।”
– ਆਸਾ ੧, ਵਾਰ ੧੭ਸ ੨, ੨:੨ (472)

ਹੋਰ ਰੂਪ:

ਜੁਠੈ –
“ਮਨਿ ਜੁਠੈ ਚੁਲੀ ਭਰੇਨਿ।”
– ਆਸਾ ੧, ਵਾਰ ੧੯ਸ, ੧, ੨:੧੦ (472)

ਜੁਥ ------- ਟੋਲੇ, ਸਮੂਹ, ਗਰੋਹ
“ਸਤਿਗੁਰਿ ਖੇਮਾ ਤਾਣਿਆ ਜੁਗ ਜੂਥ ਸਮਾਣੇ।”
– ਸਵ ੪, ਕਲ ੧੨:੧ (1398)

ਜੂਨਾ ------ ਜੂਨੀਆਂ
“ਕੋਟਿ ਜਨਮ ਭਰਮਹਿ ਬਹੁ ਜੂਨਾ।”
– ਗਉ ੫, ੧੪੭, ੧*:੨ (195)

ਜੂਨਿ ------ ਜਨਮ, ਸਰੀਰ
“ਚਿਤਿ ਨ ਆਇਓ ਪਾਰਬ੍ਰਹਮ ਤਾ ਸਰਪ ਕੀ ਜੂਨਿ ਗਇਆ।”
– ਸਿਰੀ ੫, ਅਸ ੨੬, ੬:੪ (70)
“ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ।”
– ਸਲੋ ੩, ੪੭:੨ (1418)

ਹੋਰ ਰੂਪ:

ਜੂਨੀ –
“ਬਿਖਿਆ ਮਾਤੇ ਕਿਛੁ ਸੁਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ।” (ਜਨਮ ਵਿਚ)
– ਮਾਝ ੩, ਅਸ ੩੧, ੧:੩ (128)
“ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ।”
– ਧਨਾ ੫, ਅਸ ੧, ੧:੧ (686)

ਜੂਨੀ ------ (1) ਜਨਮ, ਵੇਖੋ ‘ਜੂਨਿ’
(2) ਯੋਨੀ, ਭਗ, ਜੀਵਾਂ ਦੀ ਉਤਪਤੀ ਦਾ ਸਥਾਨ
“ਭਾਗਹੀਨ ਸਤਿਗੁਰੁ ਨਹੀ ਪਾਇਆ ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ।”
– ਮਾਝ ੪, ੫, ੩:੩ (95)
“ਸਾਚੈ ਨਾਮਿ ਸੁਖੁ ਹੋਈ ਮਰੈ ਨ ਕੋਈ ਗਰਭਿ ਨ ਜੂਨੀ ਵਾਸਾ।” (ਗਰਭ ਜੋਨੀ ਵਿਚ ਵਾਸਾ ਭਾਵ ਮੁੜ ਮੁੜ ਜਨਮ ਨਹੀਂ ਹੁੰਦਾ)
– ਸੂਹੀ ੩, ਛੰਤ ੩, ੨:੩ (769)

ਜੇ -------- ਜੇਕਰ, ਅਗਰ, ਯਧਿ
“ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।”
– ਜਪੁ ੧, ੧:੨ (1)

ਜੇਸਟ ------ ਪਤੀ ਦਾ ਵੱਡਾ ਭਰਾ
“ਮਤੀ ਦੇਵੀ ਦੇਵਰ ਜੇਸਟ।” (ਭਾਵ ਗਿਆਨ ਇੰਦ੍ਰੀਆਂ)
– ਅਸ ੫, ੩, ੪:੨ (371)

ਜੇਹ ------- ਜਿਸ, ਜਿੰਨਾਂ
“ਜੇਹ ਹੀਐ ਅਹੰਬੁਧਿ ਬਿਕਾਰਾ।”
– ਗਉ ੫, ਬਾਅ ੪੭:੬ (260)

"ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ।" (ਜਿੰਨਾਂ ਨੇ ਜੀਭ ਨਾਲ ਚੱਖਿਆ ਹੈ)
– ਸਮੁ ੫, ੬:੪ (1386)

ਹੋਰ ਰੂਪ:

ਜੇਂਹ –
"ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ।"
– ਆਸਾ ੫, ੧੫੨, ੨:੩ (408)

ਜੇਹੜਾ ----- (1) ਜੇਹਾ, ਜੈਸਾ, ਵਰਗਾ
"ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ।"
– ਵਡ ੧, ਅਲਾ ੫, ੩:੨ (582)
"ਨਾਨਕ ਹਉਮੈ ਮਾਰੀਐ ਸਚੇ ਜੇਹੜਾ ਸੋਇ।" (ਉਹ ਸਚੇ ਵਰਗਾ ਹੈ)
– ਮਾਰੂ ੧, ਅਸ ੧੦, ੮:੨ (1015)

ਜੇਹਾ ------ (1) ਜੇਹੋ ਜਿਹਾ, ਜਿਵੇਂ ਦਾ, ਜਿਸ ਤਰਾਂ ਦਾ
"ਜੇਹਾ ਸਤਿਗੁਰੁ ਕਰਿ ਜਾਣਿਆ ਤੇਹੋ ਜਿਹਾ ਸੁਖੁ ਹੋਇ।"
– ਸਿਰੀ ੩, ੪੪, ੪:੧ (30)
"ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ।"
– ਗਉ ੪, ਵਾਰ ੧੫ਸ, ੪, ੧:੫ (308)

ਹੋਰ ਰੂਪ:

ਜੇਹੀ –
"ਜੇਹੀ ਸੁਰਤਿ ਤੇਹਾ ਤਿਨ ਰਾਹੁ।" (ਜੇਹੋ ਜਿਹੀ)
– ਸਿਰੀ ੧, ੩੦, ੧:੩ (24)

(2) ਵਰਗਾ
"ਭੈਣ ਭਾਈ ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ।"
– ਸਿਰੀ ੫, ਅਸ ੨੯, ੧:੩ (73)
"ਮੈ ਹੋਰੁ ਨ ਕੋਈ ਤੁਧੈ ਜੇਹਾ।"
– ਮਾਝ ੩, ਅਸ ੬, ੭:੧ (112)

ਹੋਰ ਰੂਪ:

ਜੇਹਿਆ –
"ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ।"
– ਮਾਝ ੧, ਵਾਰ ੨੬:੩ (150)

ਜੇਹੀ –
"ਤੂ ਠਾਕਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ।" (ਜਿਹੀ, ਵਰਗੀ)
– ਸੂਹੀ ੫, ਛੰਤ ੪, ੧:੧ (779)

ਜੇਹੀਆ –
"ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ।" (ਵਰਗੀ)
– ਜੈਤ ੫, ਛੰਤ ੧, ੨:੧ (703)
"ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ।"

– ਮਾਰੂ ੧, ਅਸ ੬, ੮:੧ (1015)

ਜੇਹੇ –
“ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ।”
– ਮਾਰੂ ੧, ਸੋਲਾ ੨, ੪:੩ (1021)

ਜੇਹੇ –
“ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ।” (ਜਿਸ ਤਰਾਂ ਦਾ)
– ਸਿਰੀ ੩, ੫੦, ੩:੩ (33)

ਜੇਹੈ –
“ਓਹਿ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ।”
– ਗਉ ੪, ੪੫, ੩:੨ (165)

ਜੇਕਰ ------ ਅਗਰ
“ਅਉਖਧ ਮੰਤ੍ਰ ਮੂਲੁ ਮਨ ਏਕੈ ਜੇਕਰਿ ਦ੍ਰਿੜੁ ਚਿਤੁ ਕੀਜੈ ਰੇ।”
– ਗਉ ੧, ੧੬, ੧:੧ (156)

ਜੇਕਾ ------ ਜਿਥੋਂ ਤੱਕ ਵਾਹ ਲਗੇ
“ਲੋਭੀ ਕਾ ਵੇਸਾਹੁ ਨ ਕੀਜੈ ਜੇਕਾ ਪਾਰਿ ਵਸਾਇ।”
– ਸਲੋ ੩, ੪੦:੧ (1417)

ਜੇਜੀਆ ---- (ਅ. ਜਿਜੀਆ) ਮੁਸਲਮਾਨ ਰਾਜ ਵਿਚ ਗੈਰ ਮੁਸਲਮਾਨਾਂ ਉਪਰ ਲਾਇਆ ਟੈਕਸ
“ਜੇਜੀਆ ਡੰਨੁ ਕੋ ਲਏ ਨ ਜਗਾਤਿ।”
– ਆਸਾ ੫, ਅਸ ੧, ੫:੧ (430)

ਜੇਠ ------- (1) ਪਤੀ ਦਾ ਵਡਾ ਭਰਾ, ਹੋਰ ਵੇਖੋ ‘ਜੇਠੋ’
“ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮਿ ਡਰਉ ਰੇ।” (ਭਾਵ ਜਮ)
– ਆਸਾ ਕਬ, ੨੫, ੧:੧ (482)
(2) ਬਿਕਰਮੀ ਸੰਮਤ ਦਾ ਤੀਜਾ ਮਹੀਨਾ, ਹੋਰ ਵੇਖੋ ‘ਜੇਠਿ’, ‘ਜੇਠੁ’
“ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ।”
– ਰਾਮ ੫, ਰੁਤੀ ੩:੧ (928)

ਜੇਠਾਨੀ ----- ਪਤੀ ਦੇ ਵੱਡੇ ਭਰਾ ਦੀ ਪਤਨੀ
“ਸਗਲ ਸੰਤੋਖੀ ਦੇਰ ਜੇਠਾਨੀ।” (ਆਸਾ ਤ੍ਰਿਸ਼ਨਾ)
– ਆਸਾ ੫, ੩, ੩:੪ (371)

ਜੇਠਿ ------ ਬਿਕਰਮੀ ਸੰਮਤ ਦਾ ਤੀਜਾ ਮਹੀਨਾ
“ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ।”
– ਮਾਝ ੫, ਬਾਰਾ ੪:੧ (134)

ਜੇਠੀ ------ ਵਡੀ
“ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ।”
– ਆਸਾ ਕਬ, ੩੨, ੨:੨ (484)

ਜੇਠੁ ------- ਬਿਕਰਮੀ ਸੰਮਤ ਦਾ ਤੀਜਾ ਮਹੀਨਾ
“ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।”

– ਮਾਝ ੫, ਬਾਰਾ ੪:੯ (134)

ਜੇਠੋ ------- ਪਤੀ ਦਾ ਵੱਡਾ ਭਰਾ
“ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ।” (ਭਾਵ ਜਮ ਰਾਜ)
– ਰਾਮ ੫, ਵਾਰ ੧੩ਸ, ੫, ੨:੧ (963)

ਜੇਡੁ ------- ਜਿਡਾ, ਜਿਨਾ, ਜੇਵਡ
“ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ।”
– ਸਲੋ ਫਰ, ੧੭:੧ (1378)

ਜੇਣ ------- (ਸੰ.;) ਜਿੰਨਾਂ ਵਿਚ
“ਸੁੰਦਰ ਮੰਦਰ ਸੈਣਹ ਜੇਣ ਮਧੵ ਹਰਿ ਕੀਰਤਨਹ।”
– ਗਾਥਾ ੫, ੧੨:੧ (1360)

(2) ਕੇ
“ਪਤ੍ਰ ਭੁਰਿ ਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ।” (ਭੁਰ ਕੇ)

ਜੇਤ ------- (1) ਜਿਤਨੀ, ਜਿਤਨੇ
“ਸਭਸੈ ਦੇ ਦਾਤਾਰੁ ਜੇਤ ਉਪਾਰੀਐ।”
– ਗੂਜ ੫, ਵਾਰ ੧:੪ (518)

“ਸੁਰਿ ਨਰ ਗਣ ਗੰਧ੍ਰਬ ਜਸੁ ਗਾਵਹਿ ਸਭ ਗਾਵਤ ਜੇਤ ਉਪਾਮ।”
– ਬੈਰ ੪, ੧, ੨:੧ (719)

(2) ਜਿੰਨ੍ਹਾਂ ਨਾਲ
“ਚਰਨ ਭਏ ਸੰਤ ਬੋਹਿਥਾ ਤਰੇ ਸਾਗਰੁ ਜੇਤ।”
– ਬਿਲਾ ੫, ੩੯, ੧:੧ (810)

ਜੇਤੜੇ ------ ਜਿਤਨੇ
“ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ।”
– ਸਿਰੀ ੧, ੩, ੨:੩ (15)

ਜੇਤਾ ------ (1) ਜਿਤਨਾ ਵੀ, ਜੋ ਕੁਝ ਵੀ
“ਜੇਤਾ ਕੀਤਾ ਤੇਤਾ ਨਾਉ।”
– ਜਪੁ ੧, ੧੯:੧੦ (4)

“ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ।”
– ਸਿਰੀ ੧, ੫, ੪:੨ (16)

“ਜੇਤਾ ਬੋਲਣੁ ਤੇਤਾ ਗਿਆਨੈ।” (ਜੋ ਕੁਝ ਵੀ)
– ਗਉ ੫, ੩, ੨:੨ (236)

ਹੋਰ ਰੂਪ:

ਜੇਤੀ –
“ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।” (ਜਿਤਨੀ ਵੀ)
– ਜਪੁ ੧, ੬:੨ (2)

ਜੇਤੀਆ –

"ਓਹੁ ਜਾਣੈ ਜੇਤੀਆ ਮੁਹਿ ਖਾਇ।" (ਜਿਤਨੀਆਂ ਕੁ)
-ਜਪੁ ੧, ੨੫:੧੩ (5)

(2) ਜਿਤਣ ਵਾਲਾ
"ਨਾਨਕ ਸਗਲ ਸ੍ਰਿਸਟਿ ਕਾ ਜੇਤਾ।"
- ਗਉ ੫, ਸੁਖ ੨੨, ੧:੧੦ (292)

ਜੇਤੁ ------- ਜਿਸ ਨਾਲ
"ਮਨੁਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ।"
- ਆਸਾ ੪, ੬੧, ੩:੨ (368)

ਜੇਤੇ ------- ਜਿਤਨੇ
"ਏਕਾ ਸੁਰਤਿ ਜੇਤੇ ਹੈ ਜੀਅ।"
- ਸਿਰੀ ੧, ੩੦, ੧:੧ (24)

ਜੇਤੈ ------- ਜਿੱਤ
"ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ।"
- ਕਾਨ ੫, ੨੨, ੧:੨ (1302)

ਜੇਤੋ ------- ਜਿਤਨਾ, ਜਿਸ ਕਦਰ
"ਨਾਮ ਬਿਨਾ ਜੇਤੋ ਲਪਟਾਇਓ ਕਛੂ ਨਹੀ ਨਾਹੀ ਕਛੁ ਤੇਰੋ।"
- ਕਾਨ ੫, ੨੫, ੧:੧ (1302)

ਜੇਨ ------- ਜਿਸ, ਜਿਸ ਨੇ ਜਿਹੜਾ, ਜਿਸ ਕਰਕੇ
"ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ।" (ਜਿਸ ਕਿਸ ਤਰਾਂ)
- ਆਸਾ ੫, ਛੰਤ ੮, ੪:੨ (458)
"ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ।" (ਜਿਸ ਨੇ)
- ਸਸ ੫, ੫੩:੧ (1359)
"ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ।" (ਜਿਹੜਾ)
- ਸਵ ੧, ੧੦:੨ (1390)
"ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ।"
- ਸਵ ੩, ੧:੩ (1392)

ਜੇਰ ------- (1) ਹੇਠਾਂ, ਥਲੇ
"ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ।"
- ਮਾਝ ੧, ਵਾਰ ੧੩ਸ, ੧, ੧:੧ (143)
"ਨ ਸਪਤ ਜੇਰ ਜਿਮੀ।" (ਥਲੇ)
- ਮਾਝ ੧, ਵਾਰ ੧੩ਸ, ੧, ੩:੨ (144)

(2) ਜੇਰਜ, ਝਿੱਲੀ ਵਿਚੋਂ ਪੈਦਾ ਹੋਏ
"ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ।"
- ਸਾਰ ੫, ੬, ੨:੧ (1204)

ਜੇਰਜ ------ ਝਿੱਲੀ ਵਿਚੋਂ ਪੈਦਾ ਹੋਏ
"ਅੰਡਜ ਜੇਰਜ ਉਤਭੁਜਾਂ ਖਾਣੀ ਸੇਤ ਜਾਂਹ।"
- ਆਸਾ ੧, ਵਾਰ ੮ਸ, ੧, ੧:੩ (467)

ਜੇਵ ------- ਜਿਵੇਂ, ਜਿਸ ਵਾਂਗ

"ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ।"

- ਆਸਾ ੧, ਛੰਤ ੫, ੧:੪ (439)

ਜੇਵਹਿ ----- ਖਾਂਦੇ ਹਨ

"ਸੁਰ ਤੇਤੀ ਸਉ ਜੇਵਹਿ ਪਾਕ।"

- ਭੈਰ ਕਬ, ਅਸ ੨, ੨:੨ (1163)

ਜੇਵਡ ------ ਜਿਤਨਾ ਵੱਡਾ, ਵਰਗਾ

"ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ।"

- ਗਉ ੪, ੫੪, ੪:੧ (169)

ਜੇਵਡਾ ----- ਮੋਟੀ ਰਸੀ, ਬੰਧਨ, ਫਾਹੀ

"ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।"

- ਵਡ ੧, ੩, ੧:੨ (557)

ਜੇਵਡੁ ------ (1) ਜਿਤਨਾ ਵੱਡਾ

"ਜੇਵਡੁ ਆਪਿ ਜਾਣੈ ਆਪਿ ਆਪਿ।"

- ਜਪੁ ੧, ੨੪:੧੫ (5)

"ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ।"

- ਮਾਰੂ ੩, ਸੋਲਾ ੧੮, ੬:੧ (1062)

(2) ਵਰਗਾ

"ਨਾਨਕ ਗੁਰੁ ਪਾਇਓ ਵਡਭਾਗੀ ਤਿਸੁ ਜੇਵਡੁ ਅਵਰੁ ਨ ਕੋਈ।"

- ਸੋਰ ੫, ੩੯, ੨:੨ (619)

ਜੇਵਰਾ ----- ਮੋਟੀ ਰੱਸੀ, ਬੰਧਨ, ਫਾਹੀ

"ਚਹੁ ਦਿਸ ਪਸਰਿਓ ਹੈ ਜਮ ਜੇਵਰਾ।"

- ਸੋਰ ਕਬ, ੧, ੧*:੨ (654)

ਹੋਰ ਰੂਪ:

ਜੇਵਰੀ –

"ਮੋਹ ਕੀ ਜੇਵਰੀ ਬਾਧਿਓ ਚੋਰ।"

- ਗਉ ੫, ੧੨੪, ੧:੨ (190)

ਜੇਵੜਾ ----- ਮੋਟਾ ਰੱਸਾ, ਬੰਧਨ, ਫਾਹੀ

"ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ।"

- ਗਉ ੩, ਅਸ ੪, ੪:੨ (231)

ਹੋਰ ਰੂਪ:

ਜੇਵੜੀ –

"ਗੁਰਿ ਕਟੀ ਮਿਹਡੀ ਜੇਵੜੀ।" (ਫਾਹੀ)

- ਸਿਰੀ ੪, ਅਸ ੨੯, ੨੧:੨ (74)

ਜੇਵੜੀਆ –

"ਕਿਉ ਖੁਲੈ ਗਲ ਜੇਵੜੀਆ ਜੀਉ ਬਿਨੁ ਗੁਰ ਅਤਿ ਪਿਆਰੇ।"
– ਗਉ ੧, ਛੰਤ ੨, ੩:੨ (243)

ਜੇਵਿਆ ---- ਖਾਧਾ
"ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ।"
– ਆਸਾ ੧, ਵਾਰ ੧੯ਸ, ੧, ੧:੩ (473)

ਜੇਵਿਹਾ ----- ਵਾਂਗ, ਵਰਗਾ
"ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ।"
– ਰਾਮ ਬਸ, ਵਾਰ ੬:੨ (968)

ਜੇਵੇਹੀ ----- ਜਿਹੋ ਜਿਹੀ, ਜੈਸੀ
"ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ।"
– ਆਸਾ ੧, ਵਾਰ ੧੦:੩ (468)

ਹੋਰ ਰੂਪ:

ਜੇਵੇਹੇ –
"ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ।"
– ਗਉ ੪, ਵਾਰ ੩੨:੧ (317)

ਜੈ -------- (1) ਜਿਸ
"ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ।"
– ਗਉ ੧, ਸੋਹ ੧, ੧:੧ (12)
"ਜੈ ਕਾਰਣਿ ਤਟਿ ਤੀਰਥ ਜਾਹੀ।"
– ਗਉ ੧, ੪, ੩:੧ (152)

ਹੋਰ ਰੂਪ:

ਜੈਂ –
"ਸੋ ਸਾਂਈ ਜੈਂ ਵਿਸਰੈ ਨਾਨਕ ਸੋ ਤਨੁ ਖੇਹ।" (ਜਿਸ ਨੂੰ)
–ਜੈਤ ੫, ਵਾਰ ੬ਸ, ੫, ੨:੨ (707)

(2) ਜਿਤ ਦਾ ਨਾਹਰਾ, ਚੜ੍ਹਦੀ ਕਲਾ ਦੀ ਰੌਂ
"ਜੈ ਜੈ ਸਬਦੁ ਅਨਾਹਦੁ ਵਾਜੈ।"
– ਗਉ ੫, ਸੁਖ ੨੪, ੩:੭ (295)

(3) ਸ਼ੋਭਾ, ਵਡਿਆਈ, ਪ੍ਰਸੰਸਾ, ਆਦਰ ਸਤਿਕਾਰ
"ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ ਤਾ ਜੈ ਜੈ ਕਰੇ ਸਭੁ ਕੋਇ।"
– ਆਸਾ ੪, ੬੨, ੪:੨ (368)
"ਜੈ ਜਗਦੀਸ ਪਰਮ ਗਤਿ ਸਰਣਾ।" (ਜੈ ਹੋਵੇ, ਆਸ਼ੀਰਵਾਦ)
– ਆਸਾ ੧, ਅਸ ੪, ੩:੨ (413)

(4) ਜਿਤ
"ਜਾ ਕੇ ਭਗਤ ਕਉ ਸਦਾ ਜੈ।"
– ਬਸੰ ੫, ੫, ੩:੪ (1181)

ਜੈਸਾ ------ (1) ਜਿਸ ਪ੍ਰਕਾਰ ਦਾ, ਜਿਸ ਤਰਾਂ ਦਾ

"ਜੈਸਾ ਬੀਜਹਿ ਤੈਸਾ ਖਾਸਾ।"

– ਗਉ ੫, ੭੧*, ੩:੩ (176)

ਹੋਰ ਰੂਪ:

ਜੈਸੀ –

"ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।" (ਜਿਸ ਤਰਾਂ ਦੀ)

– ਸਿਰੀ ੧, ੨੩, ੧:੨ (22)

(2) ਵਰਗਾ

"ਕਨਕ ਕਟਿਕ ਜਲ ਤਰੰਗ ਜੈਸਾ।"

– ਸਿਰੀ ਰਵਿ, ੧, ੧:੨ (93)

"ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।"

– ਗਉ ੧, ੧੮, ੧:੨ (156)

ਹੋਰ ਰੂਪ:

ਜੈਸੀ –

"ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ।"

– ਸਿਰੀ ੩, ੬੧, ੧:੪ (38)

ਜੈਸੇ –

"ਹਮ ਜੈਸੇ ਅਪਰਾਧੀ ਅਵਰੁ ਕੋਈ ਰਾਖੈ ਜੈਸੇ ਹਮ ਸਤਿਗੁਰਿ ਰਾਖਿ ਲੀਏ ਛਡਾਇ।"

– ਗਉ ੪, ੪੯, ੩:੨ (167)

(ਦੂਜੇ ਜੈਸੇ ਦੇ ਅਰਥ ਜਿਵੇ, ਜਿਸ ਤਰ੍ਹਾਂ ਹੈ)

(3) ਜਿਸ ਤਰ੍ਹਾ ਦੀ ਸੂਰਤ, ਜਿਹਾ

"ਜੈਸਾ ਸੇਵੈ ਤੈਸੋ ਹੋਇ।"

– ਗਉ ੧, ਅਸ ੭, ੪:੩ (224)

"ਜੈਸਾ ਸਾ ਤੈਸਾ ਦ੍ਰਿਸਟਾਨਾ।"

– ਗਉ ੫, ਸੁਖ ੧੪, ੮:੬ (282)

(4) ਜਿਵੇਂ, ਜਿਸ ਪ੍ਰਕਾਰ, ਜਿਸ ਤਰਾਂ

"ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ।"

– ਆਸਾ ੫, ੪੨, ੩:੧ (381)

"ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ।"

– ਸੋਰ ੫, ੬੨, ੨:੧ (624)

ਹੋਰ ਰੂਪ:

ਜੈਸੀ –

"ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ।"

– ਗਉ ੩, ੩੫, ੧:੧ (162)

"ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ ਮਨ ਐਸਾ ਨੇਹੁ ਕਰੇਹੁ।"

– ਆਸਾ ੫, ਛੰਤ ੪, ੨:੧ (455)

ਜੈਸੇ –

"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ।"

– ਸਿਰੀ ੫, ੯੨, ੨:੧ (50)

ਜੈਸੋ –

“ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ।”

– ਗਉ ੫, ੧੫੮*, ੪:੧ (214)

ਜੈਹਹਿ ----- ਜਾਵੇਗਾ

“ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ।”

– ਸਲੋ ਕਬ, ੧੧੬:੨ (1370)

ਜੈਹੈ ------- ਜਾਵੇਗਾ

“ਨਾਨਕੁ ਜਨੁ ਕਹਤੁ ਬਾਤ ਬਿਨਸਿ ਜੈਹੈ ਤੇਰੋ ਗਾਤੁ।”

– ਜੈਜਾ ੯, ੧, ੨:੧ (1352)

ਜੈਕਾਰ ----- ਜੈ ਦੀ ਧੁਨੀ ‘ਜੈ’ ਸ਼ਬਦ ਦਾ ਉਚੇ ਸੁਰ ਨਾਲ ਉਚਾਰਣ, ਇਕ ਪ੍ਰਕਾਰ ਦੀ ਸਤਿਕਾਰ ਭਰੀ ਬੰਧਨਾ ਵਡਿਆਈ, ਸਿਫਤ

“ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ।” (ਜੈ ਹੋਵੇ, ਕਰਨਾ)

– ਗੂਜ ੧, ਅਸ ੨, ੬:੧ (504)

ਹੋਰ ਰੂਪ:

ਜੈਕਾਰਾ –

“ਸਭ ਸ੍ਰਿਸਟਿ ਕਰੈ ਜੈਕਾਰਾ।”

– ਸੋਰ ੫, ੫੨, ੪:੨ (621)

ਜੈਕਾਰੁ –

“ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ।”

– ਸਿਰੀ ੧, ਅਸ ੨੮, ੧੭:੩ (72)

“ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ।” (ਫਤਹਿ ਕੀਤੀ, ਸਫਲਤਾ ਬਖਸ਼ੀ)

– ਸਿਰੀ ੪, ਵਾਰ ੧੬:੫ (89)

“ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ।” (ਬੰਧਨਾ, ਨਮਸਕਾਰ)

– ਗਉ ੩, ੨੮, ੪:੩ (160)

“ਈਹਾ ਸੁਖੁ ਦਰਗਹ ਜੈਕਾਰੁ।” (ਸਫਲਤਾ, ਫਤਹਿ)

– ਗਉ ੫, ਸੁਖ ੧੯, ੭:੮ (289)

“ਵਰ ਨਾਰੀ ਮਿਲਿ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ।”

– ਦੇਵ ੫, ੨੩, ੨:੧ (532)

“ਹਰਿ ਆਪਣੀ ਵਡਿਆਈ ਭਾਵਦੀ ਜਨ ਕਾ ਜੈਕਾਰੁ ਕਰਾਈ।” (ਯਸ)

– ਸੋਰ ੪, ਵਾਰ ੨੫ਸ, ੪, ੧:੬ (652)

“ਦੇਵਣਹਾਰੇ ਕਉ ਜੈਕਾਰੁ।” (ਬੰਧਨਾ, ਕਰਤਗਤਾ ਦਾ ਪ੍ਰਗਟਾ, ਧੰਨਵਾਦ)

– ਬਿਲਾ ੩, ਵਾ ੧, ੫:੬ (841)

ਜੈਕਾਰੋ –

“ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੜੀਏ ਤਿਨ ਸੰਤ ਜਨਾ ਜੈਕਾਰੋ।” (ਨਮਸਕਾਰ)

– ਬਿਹਾ ੪, ਛੰਤ ੪, ੧:੩ (540)
“ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ।” (ਉਸਤਿਤ, ਜੈ ਜੈਕਾਰ)
“ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ।” (ਨਮਸਕਾਰ ਹੈ)
– ਰਾਮ ੧, ਸਿਗੋ ੧:੧ (938)

ਜੈਚੰਦਾ ----- ਹੇ ਜੈਚੰਦ
“ਭਰਮੇ ਭੂਲੀ ਰੇ ਜੈਚੰਦਾ।”
– ਗੂਜ ਤ੍ਰਿਲੋ, ੧, ੧*:੧ (525)

ਜੈਜੈਕਾਰ ---- ਸਦਾ ਜਿੱਤ ਹੋਵੇ, ਜੈ ਦੀ ਧੁਨੀ, ਸਤਿਕਾਰ, ਜਿਤ ਤੇ ਬੰਧਨਾ ਦੀ ਧੁਨੀ
“ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ।”
– ਆਸਾ ੪, ਛੰਤ ੫, ੨:੫ (455)
“ਜੈ ਜੈ ਕਾਰ ਭਏ ਜਗ ਭੀਤਰਿ ਹੋਆ ਪਾਰਬ੍ਰਹਮੁ ਰਖਵਾਲਾ।”
– ਸੋਰ ੫, ੪੩, ੨:੨ (619)

ਹੋਰ ਰੂਪ:

ਜੈ ਜੈ ਕਾਰੁ –
“ਜੈ ਜੈ ਕਾਰੁ ਕਰੈ ਸਭ ਉਸਤਤਿ ਸੰਗਤਿ ਸਾਧ ਪਿਆਰੀ।”
– ਸੋਰ ੫, ੨੪, ੩:੧ (615)
“ਜੈ ਜੈ ਕਾਰੁ ਜਗੁ ਗਾਵੈ।” (ਸ਼ੋਭਾ)
– ਸੋਰ ੫, ੫੭, ੨:੧ (623)
“ਜੈ ਜੈ ਕਾਰੁ ਕਰਹਿ ਤੁਧੁ ਭਾਵਹਿ ਗੁਰ ਕੈ ਸਬਦਿ ਅਮੁਲਏ।” (ਸਿਫਤ ਸਲਾਹ)
– ਸੂਹੀ ੧, ਛੰਤ ੫, ੯:੪ (767)

ਜੈਤਵਾਰੁ ---- ਜਿਤਣ ਵਾਲਾ
“ਭਗਤ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ।”
– ਸਵ ੫, ਕਲ ੧:੯ (1407)

ਜੈਦੇਉ ----- ਬੰਗਾਲ ਦਾ 12ਵੀਂ ਸਦੀ ਵੈਸ਼ਨਵ ਕ੍ਰਿਸ਼ਨ ਭਗਤ ਜੋ ਸਾਧੂਆਂ ਦੀ ਸੰਗਤ ਕਰਕੇ ਕਰਤਾਰ ਭਗਤ ਹੋਇਆ, ਇਸ ਦੇ 2 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗੂਜਰੀ ਤੇ ਮਾਰੂ ਵਿਚ ਦਰਜ ਹਨ।
“ਗੁਰ ਪਰਸਾਦੀ ਜੈਦੇਉ ਨਾਮਾ।”
– ਗਉ ਕਬ, ਅਸ ੩੬, ੫:੧ (330)

ਜੈ ਦੇਵ ----- (1) ਬਾਹਰਵੀਂ ਸਦੀ ਦਾ ਬੰਗਾਲ ਦਾ ਇਕ ਭਗਤ, ਵੇਖੋ ‘ਜੈਦੇਉ’
“ਜੈਦੇਵ ਤਿਆਗਿਓ ਅਹੰਮੇਵ।”
– ਬਸੰ ੫, ਅਸ ੧, ੬:੧ (1192)

ਹੋਰ ਰੂਪ:

ਜੈ ਦੇਵਿ –
“ਜਿ ਮਤਿ ਗਹੀ ਜੈਦੇਵਿ ਜਿ ਮਤਿ ਨਾਮੈ ਸੰਮਾਣੀ।”
– ਸਵ ੩, ੧੩:੧ (1394)

(2) ਪ੍ਰਭੂ, ਹਰੀ

“ਬਦਤਿ ਜੈ ਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ।”
- ਮਾਰੂ ਜੈਦੇ, ੧, ੨:੨ (1106)

ਜੈਨ ------- (1) ਜਿਨ ਦਾ ਚਲਾਇਆ
“ਧਰਮ ਮਾਰਗ ਜੋ ਅਹਿੰਸਾ, ਬ੍ਰਹਮਚਰਜ, ਸਤਿ ਅਤੇ ਚੋਰੀ ਤੇ ਮੋਹ ਦੇ ਤਿਆਗ ਤੇ ਆਧਾਰਿਤ ਹੈ।
“ਜੈਨ ਮਾਰਗ ਸੰਜਮ ਅਤਿ ਸਾਧਨ।”
- ਗਉ ੫, ਸੁਖ ੩, ੨:੬ (265)
(2) ਜੈਨ ਧਰਮ ਵਾਲੇ, ਜੈਨੀਆਂ ਵਾਲੇ
“ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ।”
- ਧਨਾ ੫, ੧੩, ੨:੨ (674)

ਜੈਨੀ ------ ਜੈਨ ਧਰਮ ਨੂੰ ਮੰਨਣ ਵਾਲੇ
“ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ।”
- ਮਲਾ ੧, ਵਾਰ ੧੬:੧ (1285)

ਜੈਬੋ ------- ਜਾਇਗਾ
“ਇੰਦ੍ਰ ਲੋਕ ਸਿਵ ਲੋਕਹਿ ਜੈਬੋ।” (ਜੇ ਪੁਜ ਜਾਵੇ)
- ਧਨਾ ਕਬ, ੪, ੧:੧ (692)

ਜੋ -------- ਜਿਹੜਾ, ਜਿਹੜੀ, ਜਿਹੜੇ, ਜਿਸ ਨੂੰ
“ਜੋ ਤੁਧੁ ਭਾਵੈ ਸਾਈ ਭਲੀ ਕਾਰ।”
- ਜਪੁ ੧, ੧੬:੨੪ (3)
“ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ।”
- ਗੂਜ ੪, ਸੋਦ ੪, ੩:੨ (10)
“ਮਿਲਿਆ ਕਦੇ ਨ ਵਿਛੁੜੈ ਜੋ ਮੇਲਿਆ ਕਰਤਾਰਿ।” (ਜਿਸ ਨੂੰ)
- ਸਿਰੀ ੫, ੮੮, ੪:੧ (49)

ਜੋਆਇਆ -- ਜੋਤਿਆ, ਜੋੜਿਆ
“ਮੈ ਸਤ ਦਾ ਹਲੁ ਜੋਆਇਆ।”
- ਸਿਰੀ ੫, ਅਸ ੨੯, ੨:੨ (73)

ਜੋਇ ------ (1) ਜਿਹੜੀ, ਜੋ
“ਜੋਤਿ ਕੀ ਵਟੀ ਘਟ ਮਹਿ ਜੋਇ।” (ਜਿਹੜੀ)
- ਗਉ ਕਬ, ਵਾਰ ੭:੨ (344)
“ਨਾਮਿ ਤੇਰੈ ਜੋਇ ਰਾਤੇ ਨਿਤ ਚੜਹਿ ਸਵਾਇਆ।” (ਜੋ)
- ਵਡ ੧, ਛੰਤ ੨, ੩:੪ (566)
(2) ਜੋਰੂ, ਇਸਤ੍ਰੀ
“ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।”
- ਗੋਂਡ ਨਾਮ, ੭, ੩:੨ (875)
“ਜੋਇ ਖਸਮੁ ਹੈ ਜਾਇਆ।” (ਇਸਤ੍ਰੀ (ਮਾਇਆ ਰੂਪੀ) ਨੇ ਖਸਮ (ਮਨ) ਨੂੰ ਜਨਮ ਦਿਤਾ ਹੈ)
- ਬਸੰ ਕਬ, ੩, ੧:੧ (1194)

(3) ਖੋਜ/ਪੜਤਾਲ ਕੇ
“ਬੇਦ ਪੁਰਾਨ ਸਭ ਦੇਖੇ ਜੋਇ।”
– ਬਸੰ ਰਾਮ, ੧, ੨:੩ (1195)
(4) (ਫਾ. ਜੋਇਦਨ .....) ਲਭ/ਢੂੰਡ ਕੇ
“ਰਵਣ ਗੁਣ ਗੋਪਾਲ ਕਰਤੇ ਨਾਨਕਾ ਸਚੁ ਜੋਇ।”
– ਗਉ ੫, ੧੨੫, ੨:੨ (1226)

ਜੋਇਓ ----- ਜੋਤਿਆ ਜੋੜਿਆ
“ਕਈ ਜਨਮ ਹੈਵਰ ਬ੍ਰਿਖ ਜੋਇਓ।”
– ਗਉ ੫, ੭੨, ੧:੪ (176)

ਹੋਰ ਰੂਪ:

ਜੋਇਆ –
“ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।”
– ਗਉ ੪, ਵਾਰ ੧੯ਸ ੪, ੧:੫ (309)
“ਲਖ ਚਉਰਾਸੀਹ ਮਰਿ ਮਰਿ ਜਨਮੇ ਫਿਰਿ ਫਿਰਿ ਜੋਨੀ ਜੋਇਆ।” (ਧੱਕੇ ਜਾਂਦੇ ਹਨ)
– ਮਾਰੂ ੫, ੧, ੨:੨ (998)

ਜੋਇਸੀ ----- ਜੋਤਸ਼ੀ
“ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ।”
– ਆਸਾ ੧, ਅਸ ੧੪, ੪:੧ (419)

ਜੋਈ ------ (1) ਜੋਰੂ, ਇਸਤ੍ਰੀ
“ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ।”
– ਆਸਾ ਕਬ, ੯, ੨:੧ (478)
(2) ਖੋਜੇ, ਲਭੇ, ਪੜਤਾਲੇ, ਵੇਖੋ ‘ਜੋਇ’ (4)
“ਸਗਲੇ ਮੈ ਦੇਖੇ ਜੋਈ।”
– ਮਾਰੂ ੫, ੨੧, ੨:੧ (1005)

ਹੋਰ ਰੂਪ:

ਜੋਈਐ –
“ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ।”
– ਮਾਰੂ ੧, ਅਸ ੧, ੮:੨ (1009)
(3) ਵੇਖਾਂ, ਜੋਈ
“ਪਿਰੀਏ ਤੂ ਜਾਣੁ ਮਹਿਜਾ ਸਾਉ ਜੋਈ ਸਾਈ ਮੁਹੁ ਖੜਾ।”
(4) ਜਿਹੜਾ
“ਜੋਈ ਜੋਈ ਕੀਨੋ ਸੋਈ ਸੋਈ ਦੇਖਿਓ।”
– ਮਲਾ ਰਵਿ, ੩, ੩:੨ (1293)

ਜੋਹ ------- ਤਕਣਾ, ਤਾੜ
“ਨਾਨਕ ਭ੍ਰਮ ਭਉ ਕਾਟੀਐ ਚੂਕੈ ਜਮ ਕੀ ਜੋਹ।”
– ਗਉ ੫, ਬਾਅ ੩੨ਸ:੨ (256)

“ਕਾਮਵੰਤ ਕਾਮੀ ਬਹੁ ਨਾਰੀ ਪਰ ਗ੍ਰਿਹ ਜੋਹ ਨ ਚੂਕੈ।” (‘ਮਹਾਨਕੋਸ਼’ ਇਥੇ ਅਰਥ ‘ਢੂੰਡਣ’ ਦੇ ਕਰਦਾ ਹੈ)
– ਧਨਾ ੫, ੬, ੩:੧ (672)

ਜੋਹੰ ------- ਨਾਸ ਹੋ ਜਾਂਦੇ ਹਨ
“ਜਿਸੁ ਸੁਣਿਐ ਮਨਿ ਹੋਇ ਰਹਸੁ ਅਨਿ ਰਿਦੈ ਮਾਨ ਦੁਖ ਜੋਹੰ।”
– ਸਾਰ ੫, ੩੭, ੧:੧ (1211)

ਜੋਹਈ ----- ਵੇਖਦੇ, ਭਾਵ ਅਸਰ ਕਰਦੇ
“ਤੰਤੁ ਮੰਤੁ ਨ ਜੋਹਈ ਤਿਤੁ ਚਾਖੁ ਨ ਲਾਗੈ।”
– ਬਿਲਾ ੫, ੬੮, ੧*:੨ (818)

ਜੋਹਹਿ ----- ਵੇਖਦਾ, ਤਾੜਦਾ
“ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ।”
– ਸਿਰੀ ੧੩, ੨, ੧:੨ (92)
“ਤਿਸ ਨੋ ਜੋਹਹਿ ਦੂਤ ਧਰਮ ਰਾਇ।” (ਤਾੜਦੇ ਹਨ)
– ਗਉ ੫, ੧੪੭, ੧:੨ (195)

ਜੋਹਣਿ ----- ਦੁਖ ਦੇਣ, ਨੁਕਸਾਨ ਪਹੁੰਚਾਉਣ
“ਜਿਸੁ ਬਿਸਰਿਐ ਜਮੁ ਜੋਹਣਿ ਲਾਗੈ।”
– ਮਾਰੂ ੧, ਸੋਲਾ ੧੦, ੨:੧ (1030)

ਜੋਹਤ ------ ਵੇਖਦਾ, ਤਕਦਾ
“ਜਾਸੁ ਜਪਤ ਇਹੁ ਕਾਲੁ ਨ ਜੋਹਤ।”
– ਗਉ ੫, ਅਸ ੨, ੬:੨ (236)

ਹੋਰ ਰੂਪ:

ਜੋਹਤੀ –
“ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ।”
– ਫੁਨ ੫, ੯:੨ (1362)

ਜੋਹਨ ------ (1) ਵੇਖਣ, ਤਾੜਨ
“ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ।”
– ਸੋਰ ੧, ੧੦, ੧:੧ (598)
“ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ।” (ਰਸਤੇ ਤੱਕ ਕੇ, ਭਾਵ ਡਾਕੇ ਮਾਰ ਕੇ)
– ਸਖੁ ੫, ੬*:੧ (1388)

ਹੋਰ ਰੂਪ:

ਜੋਹਨਿ –
“ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ।” (ਤਕਣ ਲਗੇ, ਮਾਰਨ ਲਈ)
– ਗਉ ੪, ੬੨, ੪:੧ (172)

ਜੋਹਨੀ –

“ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ।” (ਵੇਖਦੀ ਹੈ)
– ਬਿਲਾ ੫, ਛੰਤ ੩, ੨:੫ (847)
(2) ਦੂਰ ਕਰਨ, ਨਾਸ ਕਰਨ, ਮਿਟਾਉਣ
“ਕੀਰਤਿ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ।”
– ਸਮੁ ੫, ੨*:੧ (1387)

ਜੋਹਾ ------ (1) ਤਕ, ਲਾਲਸਾ
“ਕੂੜੀ ਆਵੈ ਕੂੜੀ ਜਾਵੈ ਮਾਇਆ ਕੀ ਨਿਤ ਜੋਹਾ।” (ਤੱਕ, ਲਾਲਸਾ)
– ਰਾਮ ੫, ਵਾਰ ੭ਸ, ੫, ੨:੩ (960)
(ਮਹਾਨਕੋਸ਼ ਇਸ ਦੇ ਅਰਥ ਤਲਾਸ਼ ਖੋਜ’ ਕਰਦਾ ਹੈ)
(2) ਤਕਨਾ, ਨਜ਼ਰ ਰੱਖਣੀ
“ਆਵੈ ਜਾਇ ਸਦਾ ਜਮਿ ਜੋਹਾ।”
– ਗਉ ੫, ਅਸ ੧, ੪:੨ (235)

ਜੋਹਾਰ ----- ਨਮਸਕਾਰ, ਬੰਧਨਾ, ਪ੍ਰਨਾਮ
“ਸਦਾ ਸਦਾ ਤਾ ਕੋ ਜੋਹਾਰ।”
– ਭੈਰ ੫, ੩੨, ੧:੨ (1144)

ਹੋਰ ਰੂਪ:

ਜੋਹਾਰੀ –
“ਤਿਸੁ ਜੋਹਾਰੀ ਸੁਅਸਤਿ ਤਿਸੁ ਤਿਸੁ ਦੀਬਾਣੁ ਅਭਗੁ।” (ਪ੍ਰਨਾਮ ਹੋਵੇ)
– ਆਸਾ ੧, ਵਾਰ ੮ਸ, ੧, ੧:੮ (467)

ਜੋਹਿ ------ ਵੇਖਣਾ, ਤਕਣਾ
“ਕਾਲੁ ਜਾਲੁ ਜਮੁ ਜੋਹਿ ਨ ਸਾਕੈ ਭਾਇ ਭਗਤਿ ਭੈ ਤਰਣਾ।” (ਭਾਵ ਪੋਹ ਸਕਨਾ)
– ਸਿਰੀ ੪, ਪਹ ੨, ੫:੪ (76)
“ਜਮਕੰਕਰੁ ਜੋਹਿ ਨ ਸਕਈ ਨਾਨਕ ਪ੍ਰਭੂ ਦਇਆਲ।” (ਵੇਖ ਭਾਵ ਦੁੱਖ ਦੇ)
– ਗਉ ੫, ਥਿਤੀ ੮ਸ:੨ (298)
“ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨਾ ਓਚਕਾ ਲੈ ਜਾਇ।” (ਤਾੜਨਾ)
– ਗੂਜ ੩, ਵਾਰ ੭ਸ, ੩, ੨:੨ (511)
“ਜਰਾ ਜੋਹਿ ਨ ਸਕਈ ਸਚਿ ਰਹੈ ਲਿਵਲਾਇ।” (ਭਾਵ ਦੁਖ ਦੇਣਾ ਹੈ)
– ਮਾਰੂ ੧, ਅਸ ੨, ੬:੨ (1010)

ਹੋਰ ਰੂਪ:

ਜੇਹਿਓ –
“ਕੰਤੁ ਮਿਲਿਓ ਮੇਰੋ ਸਭੁ ਦੁਖੁ ਜੋਹਿਓ।” (ਤਕਿਆ, ਮੇਟਣ ਲਈ, ਗਹੁ ਨਾਲ ਤਕਿਆ)
– ਆਸਾ ੫, ੭, ੨:੨ (372)
(ਮਹਾਨਕੋਸ਼, ‘ਨਿਰਣੈ’ ਨੇ ਇਸ ਦਾ ਅਰਥ ਦੂਰ ਹੋ ਗਿਆ ਕੀਤਾ ਹੈ)

ਜੋਹਿਆ ---- (1) ਮਿਟ ਗਏ, ਨਾਸ ਹੋ ਗਏ
“ਹਰਿ ਕੰਠਿ ਲਗਿ ਸੋਹਿਆ ਦੋਖ ਸਭਿ ਜੋਹਿਆ ਭਗਤਿ ਲਖੁਣ ਕਰਿ ਵਸਿ ਭਏ।”
– ਸਿਰੀ ੫, ਛੰਤ ੩, ੪:੩ (81)

(2) ਤਕਿਆ, ਤਾੜਿਆ
"ਮਾਇਆ ਮੋਹਿ ਜੋਹਿਆ ਜਮਕਾਲੇ।"
– ਮਾਝ ੩, ਅਸ ੨੧, ੪:੨ (121)
"ਪਾਇ ਠਗਉਲੀ ਸਭੁ ਜਗੁ ਜੋਹਿਆ।" (ਤਨ ਵਿਚ ਰੱਖਿਆ ਹੋਇਆ ਹੈ ਭਾਵ ਕਾਬੂ ਵਿਚ ਰਖਿਆ ਹੋਇਆ ਹੈ)
– ਆਸਾ ੫, ੯੬, ੨:੧ (394)
"ਮਨੁ ਝੂਠਾ ਜਮਿ ਜੋਹਿਆ ਅਵਗੁਣ ਚਲਹਿ ਨਾਲਿ।" (ਦੁਖ ਕੀਤਾ ਹੋਇਆ)
– ਰਾਮ ੧, ਓਅੰ ੪੨:੩ (935)

ਜੋਹੀ ------ (1) ਤੱਕਣ ਵਾਲਾ, ਦਰਸ਼ਕ
"ਪਰ ਘਰੁ ਜੋਹੀ ਨੀਚ ਸਨਾਤਿ।"
– ਸਿਰੀ ੧, ੨੯, ੨:੨ (24)

ਹੋਰ ਰੂਪ:

ਜੋਹੇ –
"ਅਨਦਿਨੁ ਦੁਖ ਕਮਾਵਦੇ ਨਿਤ ਜੋਹੇ ਜਮ ਜਾਲੇ।" (ਤਾੜੇ)
– ਸਿਰੀ ੩, ੪੨, ੩:੨ (30)
"ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ।" (ਤਕੇ ਵੇਖੋ)
– ਮਾਰੂ ੫, ਵਾਰ ੪ਸ, ੫, ੩:੧ (1095)

ਜੋਹੈ –
"ਕਾਲੁ ਨ ਜੋਹੈ ਦੁਖੁ ਨ ਸੰਤਾਪੈ।" (ਤਕਦਾ, ਤਾੜਦਾ)
– ਮਾਝ ੩, ਅਸ ੨੬, ੧:੨ (124)

(2) ਤਕੀ ਹੈ, ਤਾੜ ਰੱਖੀ ਹੈ
"ਦੂਜੇ ਭਾਇ ਦੁਖੁ ਪਾਇਆ ਸਭ ਜੋਹੀ ਜਮਕਾਲਿ।"
– ਸਿਰੀ ੪, ਵਾਰ ੭ਸ, ੩, ੧:੨ (85)

ਜੇਹੋ ------- ਵੇਖੋ 'ਜੋਹੀ' (1)

ਜੋਹੈ ------- (1) ਪੋਹਦੀ
"ਮਾਤ ਗਰਭ ਮਹਿ ਅਗਨਿ ਨ ਜੋਹੈ।"
– ਗੋਂਡ ੫, ੨੦, ੧:੧ (868)
"ਗੁਰਿ ਮਿਲਿਐ ਨਹ ਜੋਹੈ ਮਾਈ।" (ਮਾਇਆ ਨਹੀਂ ਪੋਂਹਦੀ/ਤੰਗ ਕਰਦੀ)
– ਮਾਰੂ ੫, ਸੋਲਾ ੪, ੭:੨ (1075)
(2) ਤਕਦਾ, ਤਾੜਦਾ, ਵੇਖੋ 'ਜੋਹੀ' (1)

ਜੋਕ ------- ਪਾਣੀ ਤੇ ਨਮੀ ਵਿਚ ਰਹਿਣ ਵਾਲਾ ਇਕ ਕੀੜਾ ਜੋ ਥੈਲੀ ਦੀ ਸ਼ਕਲ ਦਾ ਹੁੰਦਾ ਹੈ ਤੇ ਸਰੀਰ ਨੂੰ ਚੰਬੜ ਕੇ ਖ਼ੂਨ ਚੂਸ ਲੈਂਦਾ ਹੈ
"ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕਸਟੀ ਤਨਿ ਜੋਕ।"
– ਸਾਰ ਸੂਰ ੧, ੨:੧ (1253)

ਜੋਖੀਵਦੈ ---- ਤੋਲਿਆ ਜਾਵੇ, ਚਣੌਤੀ ਦਿੱਤੀ ਜਾਵੇ
"ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ।"
– ਰਾਮ ਬਸ, ਵਾਰ ੧:੧ (966)

ਜੋਗ ------- (1) ਪਾਤੰਜਲ ਰਿਸ਼ੀ ਦਾ ਮਨ ਦੀ ਇਕਾਗਰਤਾ ਲਈ ਦਸਿਆ ਸਾਧਨ

“ਜੋਗ ਜੁਗਤਿ ਇਵ ਪਾਵਸਤਾ।”

– ਗਉ ੧, ੧੫, ੧*:੧ (155)

(2) ਜੋਗੀ

“ਅਸੰਖ ਜੋਗ ਮਨਿ ਰਹਹਿ ਉਦਾਸ।”

– ਜਪੁ ੧, ੧੭:੪ (3)

(3) ਜੁੜੇ ਹੋਏ

“ਸਦਾ ਅਲਿਪਤੁ ਜੋਗ ਅਰੁ ਜੁਗਤੇ।” (ਜੁੜੇ ਹੋਏ ਤੇ ਜੁਗਤ ਵਾਲੇ ਹਨ)

– ਗਉ ੫, ੮੬, ੩:੨ (181)

“ਨਾਨਕ ਆਪੇ ਜੋਗ ਸਜੋਗੀ ਨਦਰਿ ਕਰੇ ਲਿਵ ਲਾਈਐ।” (ਸੰਜੋਗ, ਮੇਲ ਦਾ)

– ਸੂਹੀ ੧, ਛੰਤ ੩, ੩:੬ (765)

ਹੋਰ ਰੂਪ:

ਜੋਗੰ –

“ਬਾਬਾ ਜੁਗਤਾ ਜੀਉ ਜੁਗਹੁ ਜੁਗ ਜੋਗੀ ਪਰਮ ਤੰਤ ਮਹਿ ਜੋਗੰ।” (ਮੇਲ, ਜੋੜ)

– ਆਸਾ ੧, ੩੭, ੧*:੧ (360)

(4) ਸਮਰਥ

“ਵਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ।”

– ਗਉ ੫, ਬਾਅ ੨੬:੭ (255)

“ਪ੍ਰਭ ਕੇ ਸੰਤ ਉਧਾਰਨ ਜੋਗ।”

– ਆਸਾ ੫, ੬੫, ੨:੧ (387)

(5) ਲਾਇਕ, ਉਚਿਤ

“ਨਾਨਕ ਸਦਾ ਧਿਆਈਐ ਧਿਆਵਨ ਜੋਗ।”

– ਗਉ ੫, ਸੁਖ ੬, ੧:੧੦ (269)

“ਮਨਸਾ ਪੂਰਨ ਸਰਨਾ ਜੋਗ।”

– ਗਉ ੫, ਸੁਖ ੧੬, ੨:੧ (284)

“ਅਚੁਤ ਪੂਜਾ ਜੋਗ ਗੋਪਾਲ।” (ਪੂਜਾ ਦੇ ਲਾਇਕ)

– ਬਿਲਾ ੫, ੧੦੨, ੧*:੧ (824)

ਹੋਰ ਰੂਪ:

ਜੋਗੰ –

“ਸਰਣਿ ਜੋਗੰ ਸੰਤ ਪ੍ਰਿਅ ਨਾਨਕ ਸੋ ਭਗਵਾਨ ਖੇਮੰ ਕਰੋਤਿ।”

– ਸਸ ੫, ੧੯:੪ (1355)

(6) ਯੋਗ, ਠੀਕ

“ਗੁਨ ਗਾਵਹੁ ਨਿਤ ਰਾਮ ਕੇ ਇਹ ਅਵਖਦ ਜੋਗ।”

– ਬਿਲਾ ੫, ੨੮, ੧:੨ (807)

(7) ਜੁਗਾਂ

“ਤੁਹੀ ਮੁਕੰਦ ਜੋਗ ਜੁਗ ਤਾਰਿ।”

– ਗੋਂਡ ਰਵਿ, ੧, ੩:੪ (875)

(8) ਲਈ

“ਤੇਰੈ ਕਾਜਿ ਨ ਅਵਰਾ ਜੋਗ।”
- ਰਾਮ ੫, ੨੩, ੧:੨ (889)

ਜੋਗੰ ------- (1) ਮੇਲ, ਵੇਖੋ ‘ਜੋਗ’ (3)
(2) ਉਚਿਤ, ਲਾਇਕ, ਵੇਖੋ ਜੋਗ (5)

ਜੋਗਈ ----- ਜੋਗਾ, ਵਾਸਤੇ, ਲਈ
“ਓਨਾ ਪਿਆਰਾ ਰਬੁ ਓਨਾਹਾ ਜੋਗਈ।”
- ਰਾਮ ੫, ਵਾਰ ੪:੬ (958)

ਜੋਗਤਣ ---- ਜੋਗੀਪੁਣਾ, ਯੋਗਤੂ
“ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਣਾ।”
- ਆਸਾ ਕਬ, ੭, ੪:੧ (477)

ਜੋਗਨ ------ ਜੋਗੀ, ਸੰਸਾਰ ਦੇ ਭੋਗਾਂ ਤੋਂ ਵੱਖ ਰਹਿਣ ਵਾਲੇ
“ਗ੍ਰਹਸਨ ਮਹਿ ਤੂੰ ਬਡੋ ਗ੍ਰਿਹਸਤੀ ਜੋਗਨ ਸਹਿਯੋਗੀ।”
-ਗੁਜ ੫, ਅਸ ੨, ੩:੨ (507)

ਜੋਗਨੀ ----- ਜੋੜਿਆ ਹੋਇਆ
“ਇਹ ਬਿਧਿ ਹੈ ਮਨੁ ਜੋਗਨੀ।”
- ਰਾਮ ੫, ੩, ੧*:੧ (883)

ਜੋਗਵੈ ------ ਜੋਗ ਕਮਾਉਂਦਾ ਹੈ
“ਜੋਗੀ ਜੋਵੈ ਜੋਗਵੈ ਭੋਗੀ ਹੋਵੈ ਖਾਇ।”
- ਸੂਹੀ ੧, ੭, ੧:੧ (730)

ਜੋਗਾ ------ (1) ਲਾਇਕ, ਯੋਗਤਾ ਵਾਲਾ, ਸਮਰਥ
“ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ।”
- ਮਾਝ ੫, ੪੮, ੨:੩ (108)
(2) ਜੋਗ
“ਲਾਖ ਜੋਗੀਸਰ ਕਰਤੇ ਜੋਗਾ।”
- ਵਡ ੫, ੧, ੨:੩ (562)
(3) ਜੋਗੀ
“ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ।” (ਜਿਵੇਂ ਸੰਸਾਰੀ, ਤਿਵੇਂ ਜੋਗੀ ......)
- ਰਾਮ ੧, ਅਸ ੨, ੭:੧ (903)

ਜੋਗਾਧਾਰੀ --- ਜੋਗ ਅਧਾਰੀ ਜੋਗ (ਪ੍ਰਭੂ ਮਿਲਾਪ) ਜਿਸ ਦਾ ਆਸਰਾ ਹੈ
“ਗੁਰ ਕੈ ਸਬਦਿ ਮਰੈ ਮਨੁ ਮਾਰੇ ਸੁੰਦਰਿ ਜੋਗਾਧਾਰੀ ਜੀਉ।”
- ਮਾਰੂ ੧, ੧੨, ੩:੩ (993)

ਜੋਗਿ ------ ਜੋਗ ਸਾਧਨਾ ਕਰਨ ਨਾਲ
“ਨ ਭੀਜੈ ਸੁਰਤੀ ਗਿਆਨੀ ਜੋਗਿ।”
- ਸਾਰ ੪, ਵਾਰ ੧ਸ, ੧, ੨:੨ (1237)

ਜੋਗਿਆ ---- ਯੋਗਯ/ਲਾਇਕ

"ਗਾਈਐ ਰਾਤਿ ਦਿਨੰਤੁ ਗਾਵਣ ਜੋਗਿਆ।"
– ਰਾਮ ੫, ਵਾਰ ੨:੭ (957)

ਜੋਗਿੰਦ੍ਰਾ ---- ਜੋਗੀਆਂ ਦਾ ਇੰਦਰ, ਜੋਗਰਾਜ ਭਾਵ ਗੋਰਖ
"ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ।"
– ਰਾਮ ੧, ਸਿਗੋ ੯:੧ (939)

ਜੋਗੀ ------ ਜੋਗ ਦੀ ਸਾਧਨਾ ਕਰਨ ਵਾਲਾ, ਯੋਗ ਅਭਿਆਸੀ
"ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।" (ਜੋਤਸ਼ੀ ਮਹਾਨਕੋਸ਼)
– ਜਪੁ ੧, ੨੧:੧੩ (4)

"ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ।"
– ਸਿਰੀ ੧, ਅਸ ੧੭, ੨:੧ (64)

ਹੋਰ ਰੂਪ:

ਜੋਗੀਆ –
"ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ।"
– ਸਿਰੀ ੫, ਅਸ ੨੬, ੫:੨ (70)

ਜੋਗੀਸਰ ---- ਵਡੇ ਜੋਗੀ
"ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ।"
– ਗਉ ਰਵਿ, ੧, ੩:੧ (346)

ਹੋਰ ਰੂਪ:

ਜੋਗੀਸੁਰ –
"ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ।"
– ਬਿਲਾ ੫, ੬੧, ੩:੧ (816)

ਜੋਗੁ ------- (1) ਪਾਤੰਜਲ ਰਿਸ਼ੀ ਦਾ ਮਨ ਦੀ ਇਕਾਗਰਤਾ ਲਈ ਦੱਸਿਆ ਸਾਧਨ
"ਪੂਰਾ ਤਪੁ ਪੂਰਨ ਰਾਜ ਜੋਗੁ।"
– ਗਉ ੫, ੧੧੪, ੨:੨ (188)

"ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ।"
– ਗਉ ੫, ੧੪੬*, ੧:੨ (211)

"ਕਹਤ ਸੁਨਤ ਕਛੁ ਜੋਗੁ ਨ ਹੋਊ।"
– ਗਉ ੫, ਬਾਅ ੫:੪ (251)

(2) ਨੂੰ, ਤਾਈਂ
"ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ।"
– ਮਾਝ ੫, ਬਾਰਾ ੯:੧ (135)

(3) ਠੀਕ, ਉਚਿਤ
"ਸਚੁ ਸੰਤਤਿ ਕਹੁ ਨਾਨਕ ਜੋਗੁ।" (ਸਚ ਨੂੰ ਸੰਤਾਨ ਬਣਾਨਾ ਉਚਿਤ (ਠੀਕ) ਹੈ)
– ਗਉ ੧, ੩, ੩:੨ (152)

"ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ।"
– ਗਉ ੫, ਬਾਅ ੪੯, ਸ:੨ (260)

(4) ਸਮਰਥ, ਲਾਇਕ

"ਅਵਰੁ ਨ ਦੂਜਾ ਕਰਣੈ ਜੋਗੁ।"
- ਗਉ ੫, ੭੨, ੪:੨ (176)

"ਨਾਮੁ ਅਰਾਧਨ ਹੋਆ ਜੋਗੁ।"
- ਪ੍ਰਭਾ ੫, ੧੦, ੧:੨ (1340)

(5) ਮੇਲ, ਮਿਲਾਪ
"ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ।"
- ਬਿਹਾ ੪, ਵਾਰ ੨੧ਸ, ੩, ੨:੨ (556)

"ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ ਹਰਿ ਪਾਈਐ ਸਤਸੰਗਤੀ ਉਪਦੇਸਿ ਗੁਰੂ ਗੁਰ ਸੰਤ ਜਨਾ ਖੋਲਿ ਖੋਲਿ ਕਪਾਟ।"
- ਕਾਨ ੪, ੧੦, ੧:੨ (1297)

(6) ਲਈ, ਵਾਸਤੇ, ਜੋਗਾ
"ਤਨੁ ਮਨੁ ਸਾਚੇ ਸਾਹਿਬ ਜੋਗੁ।"
- ਭੈਰ ੩, ੪, ੧*:੨ (1128)

"ਤਨੁ ਮਨੁ ਰਾਮ ਪਿਆਰੇ ਜੋਗੁ।"
- ਭੈਰ ਨਾਮ, ੪, ੧*:੨ (1164)

ਜੇਗੋਸੁਰ ---- **ਵਡੇ ਜੋਗੀ**
"ਗਾਵਹਿ ਜਨਕਾਦਿ ਜੁਗਤਿ ਜੋਗੇਸੁਰ ਹਰਿ ਰਸ ਪੂਰਨ ਸਰਬ ਕਲਾ।"
- ਸਵ ੧, ੩:੧ (1389)

ਜੋਗੇਨ ------ **ਜੋਗ ਕਰਕੇ**
"ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ।"
- ਗੂਜ ਜੈਦੇ, ੧, ੪:੨ (526)

ਜੋਗੈ ------- **ਜੋਗ ਸਾਧਨਾ ਦੇ**
"ਜੋਗੈ ਕਾ ਮਾਰਗੁ ਬਿਖਮੁ ਹੈ ਜੋਗੀ ਜਿਸ ਨੋ ਨਦਰਿ ਕਰੇ ਸੋ ਪਾਏ।"
- ਰਾਮ ੩, ਅਸ ੧, ੧੧:੧ (909)

ਜੋਗੋ ------- **ਸਮਰਥ, ਲਾਇਕ, ਯੋਗ**
"ਸਚੜਾ ਪਿਰੁ ਸਾਲਾਹੀਐ ਸਭੁ ਕਿਛੁ ਕਰਣੈ ਜੋਗੋ।"
- ਵਡ ੩, ਅਲਾ ੧, ੧:੬ (582)

ਜੋਜਨ ------ **ਲੰਬਾਈ/ਪੈਂਡੇ ਦੀ ਮਿਣਤੀ ਦੀ ਇਕ ਇਕਾਈ, ਚਾਰ ਕੋਹ**
"ਬਾਰਹ ਜੋਜਨ ਛਤ੍ਰੁ ਚਲੈ ਥਾ ਦੇਹੀ ਗਿਰਝਨ ਖਾਈ।"
- ਧਨਾ ਨਾਮ, ੧, ੨:੨ (692)

ਜੋਤ ------- **ਜੋਤਿਆ ਹੋਇਆ, ਜੋਇਆ ਹੋਇਆ**
"ਆਠ ਪਹਰ ਮਹਾ ਸ੍ਰਮੁ ਪਇਆ ਜੈਸੇ ਬਿਰਖ ਜੰਤੀ ਜੋਤ।"
- ਕੇਦਾ ੫, ੧੩, ੧:੨ (1121)

ਜੋਤਕੀ ----- **ਜੋਤਸ਼ੀ, ਭਵਿਖ ਦਸਨ ਵਾਲਾ**
"ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ।"
- ਸਿਰੀ ੩, ੩੬, ੩:੧ (27)

ਜੋਤਕੁ ------ ਜੋਤਸ਼ੀ

“ਗਣਿ ਗਣਿ ਜੋਤਕੁ ਕਾਂਡੀ ਕੀਨੀ।”

– ਰਾਮ ੧, ਅਸ ੪, ੨:੧ (904)

ਜੋਤਿ ------ (1) ਪਰਮਾਤਮਾ ਰੂਪੀ ਜੋਤੀ ਭਾਵ ਪਰਮਾਤਮਾ

“ਸਭ ਮਹਿ ਜੋਤਿ ਜੋਤਿ ਹੈ ਸੋਇ।”

– ਧਨਾ ੧, ਸੋਲਾ ੩, ੩:੧ (13)

“ਏਕਾ ਮਾਟੀ ਏਕਾ ਜੋਤਿ।”

– ਗਉ ੫, ੧੧੨, ੨:੧ (188)

(2) ਆਤਮਾ ਰੂਪੀ ਜੋਤ

“ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ।”

– ਸਿਰੀ ੧, ੨੦, ੨:੧ (21)

“ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ।”

– ਆਸਾ ੧, ੨੦, ੨:੧ (355)

“ਜੋਤੀ ਜੋਤਿ ਮਿਲਾਵਣਹਾਰਾ।” (ਭਾਵ ਲਿਵ/ਸੁਰਤ)

– ਆਸਾ ੧, ਅਸ ੧, ੫:੪ (411)

“ਜਜੈ ਜੋਤਿ ਹਿਰਿ ਲਈ ਤੇਰੀ ਮੂੜੇ ਅੰਤਿ ਗਇਆ ਪਛੁਤਾਵਹਿਗਾ।” (ਭਾਵ ਉਚੀ ਸੁਰਤ)

– ਆਸਾ ੩, ਪਟੀ ੪:੧ (434)

(3) ਆਤਮਕ ਰੋਸ਼ਨੀ, ਰੂਹਾਨੀ ਪ੍ਰਕਾਸ਼

“ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ।”

– ਸਿਰੀ ੫, ੮੧, ੧:੨ (46)

“ਜੋਤਿ ਭਈ ਜੋਤੀ ਮਾਹਿ ਸਮਾਨਾ।” (ਪ੍ਰਕਾਸ਼ ਹੋ ਗਿਆ)

– ਗਉ ੧, ਅਸ ੧, ੭:੨ (221)

(4) ਪ੍ਰਕਾਸ਼, ਰੌਸ਼ਨੀ, ਚਮਕ

“ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ।”

– ਸਿਰੀ ੧, ਅਸ ੭, ੨:੨ (57)

“ਜੋਤਿ ਭਈ ਜੋਤੀ ਮਾਹਿ ਸਮਾਨਾ।” (ਪ੍ਰਕਾਸ਼ ਹੋ ਗਿਆ)

– ਗਉ ੧, ਅਸ ੧, ੭:੨ (221)

ਹੋਰ ਰੂਪ:

ਜੋਤ੍ਰਿ –

“ਜੇਨ ਕਲਾ ਸਸਿ ਸੂਰ ਨਖਤ੍ਰ ਜੋਤ੍ਰਿ ਸਾਸੰ ਸਰੀਰ ਧਾਰਣੰ।” (ਪ੍ਰਕਾਸ਼)

– ਸਸ ੫, ੫੩:੨ (1359)

ਜੋਤਿਕ ----- ਜੋਤਿਸ਼, ਭਵਿੱਖ ਦਸਣ ਦੀ ਵਿਦਿਆ

“ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ।”

– ਆਸਾ ਕਬ, ੫, ੨:੧ (476)

ਹੋਰ ਰੂਪ:

ਜੋਤਿਕੀ –

“ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ।”

– ਆਸਾ ੩, ਅਸ ੨੭, ੨:੨ (425)

ਜੋਤੀ ------ (1) ਪ੍ਰਮਾਤਮਾ ਰੂਪੀ ਜੋਤ

“ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।”

– ਧਨਾ ੧, ਸੋਹ ੩, ੧:੨ (13)

“ਜੋਤੀ ਜੋਤਿ ਮਿਲਾਵਣਹਾਰਾ।” (ਪ੍ਰਮਾਤਮਾ ਵਿਚ ਆਪਣੀ ਲਿਵ (ਜੋਤ) ਜੋੜਦਾ ਹੈ)

–ਆਸਾ ੧, ਅਸ ੧, ੫:੪ (411)

(2) ਪ੍ਰਕਾਸ਼, ਰੋਸ਼ਨੀ

“ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਿਗੁਰ ਬੂਝ ਨ ਪਾਇ।” (ਅੰਦਰ ਦੇ ਪ੍ਰਕਾਸ਼ ਨਾਲ ਹੀ ਪ੍ਰਭੂ ਸਹੀ ਕਰੀਦਾ ਹੈ)

– ਸਿਰੀ ੩, ੫੬, ੨:੩ (35)

“ਜੋਤੀ ਅੰਤਰਿ ਬ੍ਰਹਮੁ ਅਨੂਪੁ।” (ਰੋਸ਼ਨੀ (ਸੂਰਜ਼ ਚੰਦ ਦੀ) ਵਿਚ

– ਰਾਮ ਕਬ, ੧੧, ੧:੨ (972)

(3) ਬੁੱਧੀ, (ਭਾਵ)

“ਜੋਤਿ ਕੀ ਜਾਤਿ ਜਾਤਿ ਕੀ ਜੋਤੀ।” (ਸ੍ਰਿਸ਼ਟੀ ਪੈਦਾ ਕੀਤੀ ਹੋਈ, (ਜਾਤਿ) ਵਾਹਿਗੁਰੂ (ਜੋਤਿ) ਦੀ ਹੈ ਅਤੇ ਜਾਤਿ (ਸ੍ਰਿਸ਼ਟੀ) ਦਾ ਪ੍ਰਕਾਸ਼ (ਬੁੱਧੀ) ਹੈ)

– ਗਉ ਕਬ, ੯, ੧:੧ (325)

(4) ਜੋਤ ਵਾਲੇ

“ਜੋਤੀ ਜਾਤੀ ਗਣਤ ਨ ਆਵੈ।”

– ਬਿਲਾ ੧, ਥਿਤੀ ੪:੩ (839)

ਜੋਤੈ ------- ਜੁਤੇ, ਜੋੜੇ

“ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ।”

– ਗਉ ੪, ੪੭, ੧:੨ (166)

ਜੋਦਰੀਆ --- ਬੇਨਤੀ, ਤਰਲਾ

“ਮੋਹਨ ਘਰਿ ਆਵਹੁ ਕਰਉ ਜੋਦਰੀਆ।”

– ਸਾਰ ੫, ੨੪, ੧*:੧ (1209)

ਜੋਦੜੀ ----- (ਫਾ. ਜ਼ੁਹਦ) ਕਰੜੀ ਸੇਵਾ/ਘਾਲਣਾ

“ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।”

– ਸਿਰੀ ੪, ੬੮, ੧:੩ (41)

(2) ਬੇਨਤੀ, ਮਿੰਨਤ

“ਗੁਰ ਆਗੈ ਕਰਿ ਜੋਦੜੀ ਜਨ ਨਾਨਕ ਹਰਿ ਮੇਲਾਇ।”

– ਗਉ ੪, ਕਰ ੧, ੧੦:੨ (234)

ਜੋਧ ------- ਜੋਧੇ, ਬਹਾਦਰ

“ਕੇਤੇ ਮੰਗਹਿ ਜੋਧ ਅਪਾਰ।”

– ਜਪੁ ੧, ੨੫:੧ (5)

“ਮਹਾ ਜੁਧ ਜੋਧ ਬਹੁ ਕੀਨ੍ਹੇ ਵਿਚਿ ਹਉਮੈ ਪਚੈ ਪਚਾਇ ਜੀਉ।”

– ਆਸਾ ੪, ਛੰਤ ੧੧, ੩:੪ (445)

ਹੋਰ ਰੂਪ:

ਜੋਧਾ –
“ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ।” (ਬਹਾਦਰ)
– ਆਸਾ ੧, ਵਾਰ ੧੧ਸ, ੧, ੨:੫ (469)

ਜੋਧੁ –
“ਕਵਨੁ ਜੋਧੁ ਜੋ ਕਾਲੁ ਸੰਘਾਰੈ।”
– ਰਾਮ ੧, ਸਿਗੋ ੪੮:੫ (943)

ਜੋਨ ------- ਗਰਭ
“ਭਰਮੇ ਜਨਮ ਅਨੇਕ ਸੰਕਟ ਮਹਾ ਜੋਨ।”
– ਆਸਾ ੫, ਛੰਤ ੮, ੩:੧ (458)

ਜੋਨਿ ------ (1) ਜੂਨੀਆਂ, ਜਨਮਾਂ ਦਾ ਗੇੜ
“ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ।”
– ਸਿਰੀ ੪, ੬੬, ੩:੨ (40)
“ਲਖ ਚਉਰਾਸੀਹ ਜੋਨਿ ਭ੍ਰਮਾਇਆ।”
– ਗਉ ੫, ੭੨, ੨:੪ (176)
“ਜਨਮ ਮਰਣ ਕੀ ਜੋਨਿ ਨ ਭਵਿਆ।” (ਜੂਨ, ਉਹ ਜੀਵਨ ਜੋ ਸਮੇਂ ਦੀ ਸੀਮਾ ਅਥਵਾ ਜਨਮ ਮਰਨ ਦੀ ਬੰਦਸ਼ ਵਿਚ ਹੈ, ਭਾਵ ਗੇੜ)
– ਮਾਰੂ ੫, ਸੋਲਾ ੧, ੭:੨ (1071)
“ਅਨਿਕ ਜਨਮ ਭ੍ਰਮੇ ਜੋਨਿ ਮਾਹਿ।”
– ਬਸੰ ੫, ਅਸ ੨, ੧:੧ (1192)

2. ਗਰਭ
“ਜੋਨਿ ਛਾਡਿ ਜਉ ਜਗ ਮਹਿ ਆਇਓ।”
– ਗਉ ਕਬ, ੬੨, ੧:੧ (337)
“ਗੁਰਿ ਭੇਟਿਐ ਨ ਹੋਇ ਜੋਨਿ ਅਉਤਾਰੁ।”
– ਮਲਾ ੫, ੧੯, ੩:੨ (1270)

(3) ਜੂਨਾਂ ਦੇ ਜੀਵ
“ਅਵਰ ਜੋਨਿ ਤੇਰੀ ਪਨਿਹਾਰੀ।”
– ਆਸਾ ੫, ੧੨, ੪:੧ (374)
“ਸਗਲ ਜੋਨਿ ਮਹਿ ਤੂ ਸਿਰਿ ਧਰਿਆ।” (ਜੂਨਾਂ ਦੇ ਜੀਵਾ ਵਿਚ)
– ਰਾਮ ੫, ਅਸ ੨, ੬:੨ (913)

ਜੋਨੀ ------ (1) ਜੂਨਾਂ ਵਿਚ, ਜਨਮ ਮਰਨ ਦੇ ਗੇੜ ਵਿਚ, ਵੇਖੋ ‘ਜੋਨਿ’ (1)
“ਬਿਨੁ ਸਤਗੁਰ ਸੁਖੁ ਨ ਪਾਵਈ ਫਿਰਿ ਫਿਰਿ ਜੋਨੀ ਪਾਹਿ।”
– ਸਿਰੀ ੩, ੩੫, ੩:੨ (26)

(2) ਜੂਨੀ ਵਾਲਾ
“ਆਸਾ ਮਾਹਿ ਨਿਰਾਲਮੁ ਜੋਨੀ ਅਕੁਲ ਨਿਰੰਜਨੁ ਗਾਇਆ।” (ਜੋਨੀ ਵਾਲਾ ਹੁੰਦਾ ਹੋਇਆ ਆਸਾ ਵਿਚ ਨਿਰਲੇਪ ਰਹਿੰਦਾ ਹੈ)
– ਮਾਰੂ ੧, ਸੋਲਾ ੧੯, ੧੪:੩ (1040)

ਜੋਬਨ ------ ਜਵਾਨੀ, ਯੁਵਾ ਅਵਸਥਾ
“ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ।”

- ਸਿਰੀ ੧, ਪਹ ੧, ੩:੧ (75)

“ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ।”
- ਗਉ ੫, ੧੧੮*, ੨:੧ (204)

ਜੋਬਨਵੰਤ --- ਜੁਆਨ
“ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ।”
- ਗਉ ੫, ਅਸ ੧੫, ੩:੧ (242)

ਹੋਰ ਰੂਪ:

ਜੋਬਨਵੰਤੁ -
“ਜੋ ਜਾਨੈ ਮੈ ਜੋਬਨਵੰਤੁ।”
- ਗਉ ੫, ਸੁਖ ੧੨, ੧:੩ (278)

ਜੋਬਨਾ ----- ਜਵਾਨੀ, ਯੁਵਾ ਅਵਸਥਾ
“ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ।”
- ਬਿਲਾ ੫, ੩੮, ੧*:੨ (810)

ਜੋਬਨਿ ----- ਜਵਾਨੀ ਵਿਚ
“ਜਬ ਲਗੁ ਜੋਬਨਿ ਸਾਸੁ ਹੈ ਤਬ ਲਗੁ ਇਹੁ ਤਨੁ ਦੇਹ।” (ਜਵਾਨੀ ਵਿਚ)
- ਸਿਰੀ ੧, ੧੭, ੧:੨ (20)

“ਪਾਵਤੁ ਰਲੀਆ ਜੋਬਨਿ ਬਲੀਆ।” (ਜਵਾਨੀ ਕਰਕੇ ਬਲੀ ਹੈ)
- ਆਸਾ ੫, ੫੫, ੧:੧ (385)

ਹੋਰ ਰੂਪ:

ਜੋਬਨੁ -
“ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।”
- ਸਿਰੀ ੧, ੨੪, ੧:੧ (23)

ਜੋਬਨੈ -
“ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ।” (ਜਵਾਨੀ ਵਿਚ)
- ਗਉ ੫, ਬਾਅ ੧੯:੩ (254)

ਜੋਰ ------- (1) ਧਕਾ
“ਅਸੰਖ ਅਮਰ ਕਰਿ ਜਾਹਿ ਜੋਰ।” (ਧਕੇ ਨਾਲ ਰਾਜ ਕਰ ਜਾਂਦੇ ਹਨ)
- ਜਪੁ ੧, ੧੮:੩ (4)

“ਜੋਰ ਜੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ।”
- ਗਉ ੫, ਬਾਅ ੨੪ਸ:੧ (255)

(2) ਬਲ
“ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਪਰਾ ਪੂਰਬਲਾ ਜੋਰ।”
- ਸਾਰ ੫, ੧੨੪, ੨:੧ (1228)

ਜੋਰਹਿ ----- ਜੋੜੇ
“ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ।” (ਹੱਥ ਜੋੜਦੇ ਹਨ)

– ਗਉ ੫, ੧੨੯*, ੧:੨ (207)

ਜੋਰਤ ------ ਜੋੜਨੀ, ਇਕਠੀ ਕਰਨੀ
“ਕਉਡੀ ਕਉਡੀ ਜੋਰਤ ਕਪਟੇ ਅਨਿਕ ਜੁਗਤਿ ਕਰਿ ਧਾਇਓ।”
– ਗੂਜ ੫, ੨੫, ੧:੧ (501)

ਜੋਰਨ ------ ਜੋੜਨ, ਇਕਠੀ ਕਰਨ
“ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ।”
– ਗੂਜ ੫, ੫, ੨:੧ (496)

ਜੋਰਾ ------ (1) ਆਸਰਾ, ਓਟ
“ਬਲਿ ਬਲਿ ਬਲਿ ਬਲਿ ਚਰਣ ਤੁਮ੍ਹਾਰੇ ਈਹਾ ਊਹਾ ਤੁਮ੍ਹਾਰਾ ਜੋਰਾ।”
– ਗੂਜ ੫, ੧੬, ੨:੧ (499)

(2) ਜੋਰੂ ਇਸਤ੍ਰੀ ਦਾ
“ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ।”
– ਗਉ ੪, ਵਾਰ ੯ਸ, ੪, ੨:੩ (304)

ਜੋਰਿ ------ (1) ਬਲ ਨਾਲ, ਆਸਰੇ
“ਕਰਤਾ ਸਭੁ ਕੋ ਤੇਰੈ ਜੋਰਿ।”
– ਸਿਰੀ ੧, ੧੦, ੧*:੧ (17)

“ਜੋਰਿ ਤੁਮਾਰੈ ਸੁਖਿ ਵਸਾ ਸਚੁ ਸਬਦੁ ਨੀਸਾਣੁ।”
– ਗਉ ੫, ੧੬੯*, ੧*:੨ (217)

(2) ਜੋੜ ਕੇ
“ਝੂਠਾ ਪਰਪੰਚੁ ਜੋਰਿ ਚਲਾਇਆ।”
– ਗਉ ਕਬ, ੬੦, ੨:੨ (337)

“ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ।” (ਪੈਰ ਜੋੜ ਕੇ)
– ਆਸਾ ਕਬ, ੩੬, ੩:੧ (484)

“ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।”
– ਸੋਰ ਰਵਿ, ੫, ੩:੨ (659)

(3) ਇਕਠਾ ਕਰਕੇ
“ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ।”
– ਸੋਰ ਕਬ, ੨, ੨:੧ (654)

“ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ।”
– ਸਲੋ ਕਬ, ੧੪੪:੨ (1372)

ਹੋਰ ਰੂਪ:

ਜੋਰਿਓ –
“ਗੁਰਿ ਕ੍ਰਿਪਾਲਿ ਸਉਦਾ ਇਹੁ ਜੋਰਿਓ ਹਥਿ ਚਰਿਓ ਲਾਲੁ ਅਗਾਮਾ।”
– ਸਾਰ ੫, ੩੫, ੧:੨ (1211)

ਜੋਰਿਆ –
“ਮਾਲੁ ਧਨੁ ਜੋਰਿਆ ਭਇਆ ਪਰਾਇਆ।”
– ਸੂਹੀ ਕਬ, ੩, ੪:੨ (792)

ਜੋਰਿਐ ----- ਜੋੜਨ ਨਾਲ, ਮੇਲ ਰਖਨ ਨਾਲ
"ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ।"
– ਬਿਲਾ ੫, ੪੪, ੪:੧ (811)

ਜੋਰੀ ------ (1) ਜੋੜੀ
"ਅਪੁਨੇ ਸੇਵਕ ਸੰਗਿ ਤੁਮ ਪ੍ਰਭ ਰਾਤੇ ਓਤਿ ਪੋਤਿ ਭਗਤਨ ਸੰਗਿ ਜੋਰੀ।"
– ਗਉ ੫, ੧੩੪*, ੨:੧ (208)
(2) ਗੰਢੀ, ਜੋੜੀ
"ਗੁਰਿ ਤੂਟੀ ਲੈ ਜੋਰੀ।"
– ਗਉ ੫, ੧੫੬*, ੨:੨ (214)
"ਤੁਮ ਸਮਰਥ ਕਾਰਨ ਕਰਨਾ ਤੂਟੀ ਤੁਮ ਹੀ ਜੋਰੀ।"
– ਸਾਰ ੫, ੬੫, ੧*:੨ (1217)
(3) ਇਕਠੀ ਕੀਤੀ
"ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ।"
– ਗਉ ੫, ੧੬੨*, ੨:੧ (215)
(4) ਜੋਰ/ਧਕੇ ਨਾਲ, ਜੋਰੀਂ
"ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ।"
– ਤਿਲੰ ੧, ੫, ੧:੨ (722)
(5) ਜੁੜ ਕੇ, ਲਿਵਲੀਨ/ਸਬੰਧਿਤ ਹੋ ਕੇ
"ਪ੍ਰੇਮ ਭਗਤਿ ਜੋਰੀ ਸੁਖ ਮਾਨਿ।"
– ਰਾਮ ੫, ੫੧, ੨:੪ (899)
(6) ਸਿਰਜੀ, ਬਣਾਈ
"ਮਾਟੀ ਕੀ ਇਹ ਪੁਤਰੀ ਜੋਰੀ ਕਿਆ ਏਹ ਕਰਮ ਕਮਾਸਿ।"
– ਕਾਨ ੫, ੩੩, ੧:੨ (1304)

ਜੋਰੁ ------- (1) ਬਲ, ਆਸਰਾ
"ਤਿਸ ਤੇ ਭਾਰੁ ਤਲੈ ਕਵਣੁ ਜੋਰੁ।"
– ਜਪੁ ੧, ੧੬:੩ (3)
"ਤੇਰਾ ਜੋਰੁ ਤੇਰੀ ਮਨਿ ਟੇਕ।"
– ਤਿਲੰ ੫, ੨, ੧:੧੩ (723)
(2) ਵਸ, ਤਾਕਤ ਵਿਚ
"ਆਖਣਿ ਜੋਰੁ ਚੁਪੈ ਨਹ ਜੋਰੁ।"
– ਜਪੁ ੧, ੩੩:੧ (7)
(3) ਸ਼ਕਤੀ, ਸਮਰਥਾ
"ਜਿਸੁ ਹਥਿ ਜੋਰੁ ਕਰਿ ਵੇਖੈ ਸੋਇ।"
– ਜਪੁ ੧, ੩੩:੭ (7)
"ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ।"
– ਮਾਝ ੫, ੪੦, ੧:੩ (106)
"ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ।" (ਤ੍ਰਾਣ)
– ਆਸਾ ੧, ਵਾਰ ੧੫ਸ ੧, ੨:੬ (471)
(4) ਧਕਾ

“ਗੁਰਮੁਖਿ ਜੋਰੁ ਕਰੇ ਕਿਆ ਤਿਸ ਨੋ ਆਪੇ ਖਪਿ ਦੁਖੁ ਪਾਵਣਿਆ।” (ਗੁਰਮੁੱਖ ਨਾਲ ਧੱਕਾ ਕਰੇ)

– ਮਾਝ ੩, ਅਸ ੧੫, ੩:੩ (118)

(5) ਜੋੜ

“ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ।”

– ਗਉ ੫, ਅਸ ੬, ੧*:੧ (238)

“ਲਾਇ ਪ੍ਰੀਤਿ ਕੀਨ ਆਪਨ ਤੂਟਤ ਨਹੀ ਜੋਰੁ।” (ਜੋੜ)

– ਕਾਨ ੫, ੪੮, ੧:੧ (1307)

(6) ਹਠ, ਜੋਰਾਵਰੀ

“ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ।”

– ਬਿਹਾ ੪, ਵਾਰ ੯ਸ, ੩, ੧:੧ (551)

(7) ਅਧਿਕਤਾ

“ਅੰਤਰਿ ਜੋਰਿ ਹਉਮੈ ਤਨਿ ਮਾਇਆ ਕੂੜੀ ਆਵੈ ਜਾਇ।”

– ਸਲੋ ੪, ੬:੧ (1421)

ਜੋਰੂ ------- (1) ਨਾਰੀ, ਇਸਤ੍ਰੀ

“ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ।”

– ਆਸਾ ੧, ਵਾਰ ੧੭ਸ, ੧, ੨:੧ (472)

(2) ਪਤਨੀ

“ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ।”

– ਆਸਾ ੧, ੭ ੨:੨ (350)

ਜੋਰੇ ------- ਜੋੜੇ, ਇਕਠੇ ਕਰੇ

“ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ।”

– ਗਉ ੫, ੧੫੪*, ੧:੧ (213)

ਹੋਰ ਰੂਪ:

ਜੋਰੈ –

“ਕਵਨੁ ਸੁ ਜਨੁ ਜੋ ਸਉਦਾ ਜੋਰੈ।”

– ਗਉ ੫, ੮੫, ੨:੪ (181)

ਜੋਰੈ ------- (1) ਇਕਠਾ ਕਰੇ, ਵੇਖੋ ‘ਜੋਰੇ’

(2) ਮਿਲਾ ਕੇ, ਜੋੜ ਕੇ, ਜੋੜੇ

“ਧਨ ਕਰੈ ਬਿਨਉ ਦੋਊ ਕਰ ਜੋਰੈ।”

– ਮਾਰੂ ੫, ਸੋਲਾ ੨, ੪:੧ (1072)

“ਓਸੁ ਬਿਨਾ ਕੋਊ ਮੁਖੁ ਨਹੀ ਜੋਰੈ।” (ਭਾਵ ਮਿਲਣਾ ਨਹੀ ਚਾਹੁੰਦਾ, ਮੂੰਹ ਨਹੀਂ ਜੋੜਦਾ)

– ਆਸਾ ੫, ੮੨, ੧:੪ (390)

ਜੋਰੋ ------- ਜੋੜੋ

“ਅਹੰ ਤੋਰੋ ਮੁਖੁ ਜੋਰੋ।” (ਭਾਵ ਮਿਲ ਬੈਠੋ)

– ਕਾਨ ੫, ੪੩, ੧*:੧ (1306)

ਜੋਲਾਹਰਾ ---- ਜੁਲਾਹਾ, ਖਡੀ ਕਪੜੇ ਉਣਨ ਵਾਲਾ
“ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ।”
– ਆਸਾ ਧੰਨਾ ੨, ੧:੨ (487)

ਜੋਲਾਹੇ ----- ਜੁਲਾਹੇ ਨੇ
“ਜੋਲਾਹੇ ਘਰੁ ਅਪਨਾ ਚੀਨੑਾਂ ਘਟ ਹੀ ਰਾਮ ਪਛਾਨਾਂ।”
– ਆਸਾ ਕਬ, ੩੬, ੩:੨ (484)

ਜੋਲਿ ------ ਤੋਰ, ਭੇਜ
“ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ।”
– ਸਲੋ ਫਰ, ੧:੬ (1377)

ਜੋਲੀਐ ----- ਚਲਣਾ ਚਾਹੀਦਾ ਹੈ
“ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।”
– ਆਸਾ ਫਰ, ੨, ੩:੨ (488)

ਜੋਵਹਿ ----- ਜੋਂਦੇ ਹਨ, ਜੋੜਦੇ ਚਲਾਂਦੇ ਹਨ
“ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿਬੇਲ।”
– ਆਸਾ ੪, ੬੧, ੨:੨ (368)

ਹੋਰ ਰੂਪ:

ਜੋਵਹੁ –
“ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ।” (ਜੋਤੋ)
– ਆਸ ੪, ੬੧, ੩:੨ (368)

ਜੋਵਣਾ ----- ਜੋਤਨਾ
“ਜੋ ਤੇਰੈ ਰੰਗਿ ਰਤੇ ਸੇ ਜੋਨਿ ਨ ਜੋਵਣਾ।” (ਭਾਵ ਭਟਕਦੇ)
– ਗੂਜ ੫, ਵਾਰ ੧੮:੫ (523)

ਜੋਵੈ ------- ਤਕਦੀਆਂ ਹਨ
“ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ।”
– ਸਵ ੩, ੯:੧ (1394)

ਜੋੜਣਹਾਰਾ --- ਮਿਲਾਣ ਵਾਲਾ, ਸਬੰਧ ਬਣਾਨ ਵਾਲਾ
“ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ।”
– ਗਉ ੫, ਵਾਰ ੧੪ਸ, ੫, ੨:੨ (321)

ਹੋਰ ਰੂਪ:

ਜੋੜਣਹਾਰੈ –
“ਲਗੜੀ ਸੁਥਾਨਿ ਜੋੜਣਹਾਰੈ ਜੋੜੀਆ।”
– ਗੂਜ ੫, ਵਾਰ ੭ਸ, ੫, ੧:੧ (519)

ਜੋੜਣਹਾਰੋ –
“ਜੋੜਣਹਾਰੋ ਸਦਾ ਅਤੀਤਾ ਇਹ ਕਹੀਐ ਕਿਸੁ ਮਾਹੀ।” (ਭਾਵ ਪ੍ਰਭੂ)
– ਗਉ ਕਬ, ੫੨, ੨:੧ (334)

ਜੋੜਿ ------ (1) ਮਿਲਾ ਕੇ

“ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ।”

– ਸਿਰੀ ੧, ਅਸ ੨, ੨:੨ (54)

“ਵਿਸਟਿ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ।” (ਮੇਲ ਦਿਤਾ, ਮਿਲਾ ਦਿਤਾ)

– ਗਉ ੪, ਵਾਰ ੨੪ਸ, ੪, ੧:੨ (313)

“ਆਪੇ ਜੋੜਿ ਵਿਛੋੜੇ ਆਪੇ ਵੇਖੁ ਤੇਰੀ ਵਡਿਆਈ।” (ਮਿਲਾਵੇ)

– ਅਸ ੧, ੩੯, ੨:੩ (360)

“ਆਪੇ ਸਚੁ ਕੀਆ ਕਰ ਜੋੜਿ।” (ਹੱਥ ਜੋੜ ਭਾਵ ਹੱਥ, ਉਦਮ ਕਰ, ਹੁਕਮ ਕਰਕੇ)

– ਬਿਲਾ ੧, ਥਿਤੀ ੩:੧ (839)

ਜੋੜਿਆ ---- ਮਿਲਾਇਆ

“ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ।”

– ਗੂਜ ੫, ਵਾਰ ੧੬:੨ (522)

ਜੋੜਿਹੁ ----- ਜੋੜੋ, ਮਿਲਾਓ

“ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ।”

– ਬਿਹਾ ੫, ਛੰਤ ੧, ੩:੧ (542)

ਜੋੜੀ ------ (1) ਮਿਲਾਈ

“ਹਰਿ ਸਿਉ ਤੋੜਿ ਬਿਖਿਆ ਸੰਗਿ ਜੋੜੀ।”

– ਗਉ ਕਬ, ੨੪, ੧*:੨ (328)

ਹੋਰ ਰੂਪ:

ਜੋੜੀਆ –

“ਲਗੜੀ ਸੁਥਾਨਿ ਜੋੜਣਹਾਰੈ ਜੋੜੀਆ।”

– ਗੂਜ ੫, ਵਾਰ ੭ਸ, ੫, ੧:੧ (519)

(2) ਜੋੜਿਆ, ਮਿਲਾਇਆ

“ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ।”

– ਗਉ ਕਬ, ੫੨, ੩:੧ (334)

(3) ਇਕਠਾ ਕਰਨਾ

“ਸਗਲ ਸਮਗ੍ਰੀ ਮੈ ਘਰ ਕੀ ਜੋੜੀ।”

– ਸੂਹੀ ੫, ੪, ੧:੩ (737)

ਹੋਰ ਰੂਪ:

ਜੋੜੀਐ –

“ਫਉਜ ਸਤਾਣੀ ਹਾਠ ਪੰਚਾ ਜੋੜੀਐ।” (ਇਕਠੀ ਕੀਤੀ ਹੈ)

– ਗੂਜ ੫, ਵਾਰ ੧੫:੨ (522)

(4) ਸੰਗੀ,ਰਲ ਕੇ ਬੈਠਣ ਵਾਲੇ

“ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ।”

– ਬਸੰ ੫, ੧੯, ੧:੨ (1185)

ਜੋੜੀਐ ----- (1) ਮਿਲਾਈ, ਜੋੜੀ, ਵੇਖੋ ‘ਜੋੜੀ’ (1)
(2) ਇਕਠੀ ਕੀਤੀ ਵੇਖੋ ‘ਜੋੜੀ’ (3)
(3) ਮਿਲਾ ਕੇ, ਜੋੜ ਕੇ
“ਹਉ ਤਿਸੁ ਅਗੈ ਦਿਨੁ ਰਾਤਿ ਰਹਾ ਕਰ ਜੋੜੀਐ।”
– ਗੁਜ ੫, ਵਾਰ ੧੫:੮ (522)

ਜੋੜੁ ------- ਮੇਲ, ਪ੍ਰੀਤੀ
“ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।”
– ਮਾਝ ੧, ਵਾਰ ੧੬:੧ (145)

ਜੋੜੇ ------- (1) ਇਕਠੇ ਕੀਤੇ
“ਲਸਕਰ ਜੋੜੇ ਨੇਬ ਖਵਾਸਾ।”
– ਗਉ ੫, ੭੧, ੨:੨ (176)
(2) ਮੇਲੇ
“ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।” (ਮੁਹੁ ਜੋੜੇ ਭਾਵ ਮਿਲ ਬੈਠੇ)
– ਗਉ ੪, ਵਾਰ ੮ਸ, ੪, ੨:੪ (303)
(3) ਪੋਸ਼ਾਕੇ, ਪਹਿਰਾਵਾ, ਸੂਟ
“ਮਨੁ ਰਤਾ ਗੋਵਿੰਦ ਸੰਗਿ ਸਚੁ ਭੋਜਨੁ ਜੋੜੇ।”
– ਗਉ ੫, ਵਾਰ ੨੧:੧ (323)
“ਹਸਤਿ ਘੋੜੇ ਜੋੜੇ ਮਨਿ ਭਾਨੀ।”
– ਆਸਾ ੫, ੮੬, ੩:੨ (392)
(4) ਮਿਲਾਏ
“ਕਰ ਜੋੜੇ ਸੇਵਾ ਕਰੇ ਅਰਦਾਸਿ।”
– ਆਸਾ ੫, ੧, ੪:੨ (370)

ਜੌ -------- ਜੇਕਰ, ਜੇ, ਅਗਰ
“ਨਗਨ ਫਿਰਤ ਜੌ ਪਾਈਐ ਜੋਗੁ।”
– ਗਉ ਕਬ, ੪, ੧:੧ (324)

ਜੌਕਰਿ ----- ਜੇਕਰ, ਜੇ
“ਜੌਕਰਿ ਪਾਚਨੁ ਬੇਗਿ ਨ ਪਵੈ ਝਗਰੁ ਕਰੈ ਘਰਹਾਈ।”
– ਗਉ ਕਬ, ੫੪, ੨:੨ (335)

ਜੌਬਨ ------ ਜੁਆਨੀ
“ਜੌਬਨ ਬਹਿਕ੍ਰਮ ਕਨਿਕ ਕੁੰਡਲਹ।”
– ਸਸ ੫, ੧੧:੨ (1354)

ਝ

ਝਹੀਆ ---- ਕਚੀਚੀਆਂ

"ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ।" (ਭਾਵ ਦੰਦ ਪੀਂਹਦਾ ਗੁੱਸੇ ਤੇ ਅਫਸੋਸ ਵਿਚ)
– ਗਉ ੪, ਵਾਰ ੧੩ਸ, ੪, ੨:੨ (307)

ਝਕੋਰਿਆ --- ਜੋਰ ਨਾਲ ਝਟਕਣਾ/ਰਿੜਕਨਾ
"ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ।"
–ਰਾਮ ਕਬ, ੬, ੨:੨ (970)

ਝਕੋਲਨਹਾਰੁ -- ਰਿੜਕਨ ਵਾਲੀ ਭਾਵ ਮਧਾਣੀ
"ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ।"
– ਸਲੋ ਕਬ, ੧੯:੧ (1365)

ਝਕੋਲਿਆ --- ਸਿੰਚਿਆ, ਛਿੱਟਾ ਪਾਈਆਂ, ਹਿਲਾ ਕੇ ਸੁੰਗੰਧ ਫੈਲਾਉਣਾ
"ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ।" (ਚੰਗੀ ਤਰਾਂ ਸੁਗੰਧਤ ਹੋ ਗਿਆ)
– ਆਸਾ ੪, ਛੰਤ ੧੫, ੧:੪ (449)
"ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ।" (ਸੁਗੰਧਿਤ ਹੋ ਗਿਆ)
– ਮਾਰੂ ੩, ਵਾਰ ੧੫ਸ, ੧, ੨:੫ (1091)

ਹੋਰ ਰੂਪ:

ਝਕੋਲੇ –
"ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝਕੋਲੇ ਰਾਮ।" (ਭਾਵ ਡੁਚੱਭੀ ਲਾਉਂਦਾ ਹੈ, ਆਪਣੇ ਆਪ ਨੂੰ ਸਿੰਝਦਾ ਹੈ)
– ਬਿਹਾ ੪, ਛੰਤ ੧, ੧:੨ (538)

ਝਖ ------- ਵਿਅਰਥ ਯਤਨ/ਖੇਚਲ, ਵਿਅਰਥ ਬੋਲਣਾ, ਖੇਹ ਖਾਣਾ
"ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸ਼ਟ ਝਖ ਮਾਰਾ।"
– ਆਸਾ ੪, ਛੰਤ ੨੦, ੩:੩ (451)
"ਝਖ ਮਾਰਉ ਸਾਕਤੁ ਵੇਚਾਰਾ।"
– ਬਿਲਾ ੫, ੧੮, ੨:੨ (806)
"ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ।" (ਵਿਅਰਥ ਬੋਲਿਆਂ/ਨਿੰਦਾ ਕੀਤਿਆਂ)
– ਬਿਲਾ ੪, ਵਾਰ ੪:੪ (850)
"ਮੂਰਖ ਸਿਉ ਬੋਲੇ ਝਖ ਮਾਰੀ।" (ਵਿਅਰਥ ਜਾਂਦਾ ਹੈ)
– ਗੋਂਡ ਕਬ, ੧, ੨:੨ (870)

ਝਖਹਿ ----- ਝਖ ਮਾਰਦੇ ਹਨ, ਵਿਅਰਥ ਕਾਰਜ ਕਰਦੇ ਹਨ
"ਝਖਿ ਝਖਿ ਜਾਹਿ ਝਖਹਿ ਤਿਨ੍ ਪਾਸਿ।"
– ਸਾਰ ੪, ਵਾਰ ੧੫ਸ, ੧, ੧:੮ (1243)

ਝਖਣਾ ----- ਵਿਅਰਥ ਬੋਲਣਾ, ਦਿਲ ਦੁਖਾਉਣ ਲਈ ਊਲ ਜਲੂਲ ਬੋਲਣਾ, ਬਕਵਾਸ ਕਰਨਾ
"ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ।"
– ਮਾਝ ੧, ਵਾਰ ੨੪ਸ, ੧, ੨:੧ (149)

“ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ।” (ਭਾਵ ਸਿਰ ਖਪਾਈ)
– ਆਸਾ ੧, ਵਾਰ ੯ਸ, ੧, ੧:੫ (467)

ਝਖਣੁ ------ ਵਿਅਰਥ ਬੋਲਣਾ/ਬਕਨਾ
“ਬਹੁਤਾ ਬੋਲਣੁ ਝਖਣੁ ਹੋਇ।”
– ਧਨਾ ੧, ੫, ੧*:੧ (661)

ਝਖਦਾ ----- ਖਪਦਾ
“ਨਿਤ ਝਹੀਆ ਪਾਏ ਝਗੂ ਸੁਟੇ ਝਖਦਾ ਝਖਦਾ ਝੜਿ ਪਇਆ।”
– ਗਉ ੪, ਵਾਰ ੧੩ਸ, ੪, ੨:੨ (307)

ਝਖੜ ------ ਹਨੇਰੀ
“ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ।”
– ਸਲੋ ੧, ੪:੧ (1410)

ਹੋਰ ਰੂਪ:

ਝਖੜਿ –
“ਝਖੜ ਵਾਉ ਨ ਡੋਲਈ ਪਰਬਤੁ ਮੇਰਾਣੁ।” (ਹਨੇਰੀ ਨਾਲ)
– ਰਾਮ ਬਸ, ਵਾਰ ੬:੧੪ (968)

ਝਖੜੁ –
“ਝਖੜੁ ਝਾਗੀ ਮੀਂਹ ਵਰਸੈ ਭੀ ਗੁਰੁ ਦੇਖਣ ਜਾਈ।”
– ਸੂਹੀ ੪, ਅਸ ੧, ੧੩:੧ (757)

ਝਖਾਇਆ --- ਸਿਰ ਖਪਾਈ ਕੀਤੀ, ਖਪਿਆ
“ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ।”
– ਸਿਰੀ ੫, ੭੪, ੩:੨ (43)

ਹੋਰ ਰੂਪ:

ਝਖਾਈਐ –
“ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ।” (ਖਪਦਾ ਹੈ)
– ਗਉ ੫, ੧੬੪*, ੩:੨ (216)

ਝਖਿ ------ ਝਖ ਮਾਰ ਕੇ, ਵਿਅਰਥ ਕਾਰਜ ਕਰਕੇ, ਖਪਕੇ
“ਓਨ੍ਹਾਂ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ।”
– ਗਉ ੪, ਵਾਰ ੯:੫ (304)
“ਕਤ ਝਖਿ ਝਖਿ ਅਉਰਨ ਸਮਝਾਵਾ।” (ਖਪ ਖਪ ਕੇ)
– ਗਉ ਕਬ, ਬਾਅ ੧੫:੩ (341)
“ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ।” (ਝਖਾਂ ਮਾਰਕੇ)
– ਬਿਲਾ ੪, ਵਾਰ ੨:੫ (849)

ਝੰਖੀਐ ----- ਝਖਾਂ ਮਾਰੀਐ, ਸਿਰ ਖਪਾਈ ਕਰੀਏ
“ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ।”
– ਸਲੋ ਕਬ, ੩੨:੧ (1366)

ਝੰਖੁ ------- ਝਖ, ਸਿਰ ਖਪਾਈ

"ਕਬੀਰ ਝੰਖੁ ਨ ਝੰਖੀਐ ਤੁਮਰੋ ਕਹਿਓ ਨ ਹੋਇ।"

– ਸਲੋ ਕਬ, ੩੨:੧ (1366)

ਝਗਰਉ ---- ਝਗੜਾ/ਬਿਖੇੜਾ

"ਝਗਰੁ ਕੀਏ ਝਗਰਉ ਹੀ ਪਾਵਾ।"

– ਗਉ ਕਬ, ਬਾਅ ੧੫:੪ (341)

ਝਗਰਤ ----- ਝਗੜਾ/ਬਿਖੇੜਾ ਕਰਦਾ

"ਬਿਨੁ ਬੂਝੇ ਝਗਰਤ ਜਗੁ ਕਾਚਾ।"

– ਗਉ ੧, ਅਸ ੮, ੪:੨ (224)

"ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ।" (ਝਗੜਾ ਕਰਦਿਆ)

– ਆਸਾ ਕਬ, ੨੫, ੩:੧ (482)

ਹੋਰ ਰੂਪ:

ਝਗਰਤੇ –

"ਕਾਮੁ ਕ੍ਰੋਧੁ ਲੋਭੁ ਮੋਹੁ ਨਿਤ ਝਗਰਤੇ ਝਗਰਾਇਆ।" (ਝਗੜਦੇ ਹਨ)

– ਮਾਲੀ ੪, ੧, ੧:੧ (984)

ਝਗਰਾ ----- (1) ਸ਼ੰਕਾ, ਗੁੰਝਲ

"ਝਗਰਾ ਏਕੁ ਨਿਬੇਰਹੁ ਰਾਮ।"

– ਗਉ ਕਬ, ਅਸ ੪੨, ੧*:੧ (331)

(2) ਲੜਾਈ

"ਕਹਤ ਕਬੀਰ ਪੰਚ ਕੋ ਝਗਰਾ ਝਗਰਤ ਜਨਮੁ ਗਵਾਇਆ।"

– ਆਸਾ ਕਬ, ੨੫, ੩:੧ (482)

(3) ਭਾਵ ਯਤਨ, ਦੀਰਘ ਖੋਜ

"ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ।"

– ਗੂਜ ੧, ੨, ੩:੧ (489)

ਝਗਰਾਇਆ – ਝਗੜਾਏ ਹੋਏ

"ਕਾਮੁ ਕ੍ਰੋਧੁ ਲੋਭੁ ਮੋਹ ਨਿਤ ਝਗਰਤੇ ਝਗਰਾਇਆ।"

– ਮਾਲੀ ੪, ੧, ੧:੧ (984)

ਝਗਰੁ ------ ਝਗੜਾ

"ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ।"

– ਗਉ ੧, ਅਸ ੧੩, ੬:੨ (226)

ਝਗੜਾ ----- ਬਖੇੜਾ

"ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ।"

– ਸਿਰੀ ੪, ਵਾਰ ੧੨ਸ, ੩, ੨:੫ (87)

ਹੋਰ ਰੂਪ:

ਝਗੜਾਏ –

"ਕਲਜੁਗ ਮਹਿ ਧੜੇ ਪੰਚ ਚੋਰ ਝਗੜਾਏ।" (ਝਗੜਾ ਕਰ ਭਾਵ ਲੜ ਰਹੇ ਹਨ)

– ਆਸਾ ੪, ੫੪, ੪:੧ (366)

ਝਗੜੁ –
“ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ।” (ਝਗੜਾ)
– ਮਾਝ ੧, ਵਾਰ ੪:੭ (139)

ਝਗੜੇ –
“ਓਸੁ ਅੰਦਰਿ ਕੂੜੁ ਕੂੜੋ ਕਰਿ ਬੁਝੈ ਅਣਹੋਦੇ ਝਗੜੇ ਦਯਿ ਓਸ ਦੈ ਗਲਿ ਪਾਇਆ।” (ਲੜਾਈਆਂ/ਬਿਖਾਦ)
– ਗਉ ੪, ਵਾਰ ੮ਸ, ੪, ੨:੨ (303)
“ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ।” (ਝਗੜਦੇ ਹਨ)
– ਮਲਾ ੧, ਵਾਰ ੨੫ਸ, ੧, ੨:੧ (1289)

ਝਗੜੈ –
“ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ।” (ਝਗੜੇ ਵਿਚ)
– ਸੂਹੀ ੩ ਵਾਰ ੧੪:੨ (790)

ਝਗੁ ------- ਝੱਗ
“ਨਿਤ ਝਹੀਆ ਪਾਏ ਝਗੁ ਸੁਟੇ ਝਖਦਾ ਝਖਦਾ ਝੜਿ ਪਇਆ।”
– ਗਉ ੪, ਵਾਰ ੧੩ਸ, ੪, ੨:੨ (307)

ਝਗੋਲੁ ----- ਹਥੋ ਪਾਈ
“ਸਭਿ ਧਿਆਵਹੁ ਨਰ ਨਾਰਾਇਣੋ ਨਾਰਾਇਣੋ ਜਿਤੁ ਚੂਕਾ ਜਮ ਝਗਰ ਝਗੋਲੁ।”
– ਕਾਨ ੪, ਵਾਰ ੧੨:੫ (1317)

ਝਝਕਿ ----- ਝਿਝਕਨਾ, ਡਰਦਾ
“ਰਹਿਓ ਝਝਕਿ ਨਾਹੀ ਪਰਵਾਨਾ।”
– ਗਉ ਕਬ, ਬਾਅ ੧੫:੨ (341)

ਝਝਾ ------ ਗੁਰਮੁਖੀ ਲਿਪੀ ਦਾ 14ਵਾਂ ਅੱਖਰ, ‘ਝ’
“ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ।”
– ਆਸਾ ੧, ਪਟੀ ੧੨:੧ (433)

ਝਟੀਐ ----- ਛੜਦਾ/ਟਪਕਦਾ ਹੈ
“ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।”
– ਰਾਮ ਬਸ, ੨:੭ (967)

ਝਤਿ ------ ਸਮਾਂ, ਵਕਤ
“ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ।”
– ਗਉ ੪, ਵਾਰ ੨੬:੩ (314)

ਝਨਤਕਾਰ --- ਛਣਕਾਰ, ਘੁੰਗਰੂਆਂ ਦੀ ਧੁਨੀ, ਛਣ ਛਣ ਦੀ ਆਵਾਜ਼
“ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ।”
– ਸਵ ੪, ਗਯੰ ੬:੩ (1402)

ਝਪੀੜਾ ----- ਜਫੀ, ਘੁਟ ਕੇ ਅੰਗ ਨਾਲ ਲਾਉਣਾ

"ਮੇਰੇ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ ਹਰਿ ਮਿਲਿਓ ਲਾਇ ਝਪੀੜਾ।"
– ਜੈਤ ੪, ੬, ੧*:੨ (698)

ਝਬਕਿ ----- ਤੁਰੰਤ, ਝਟ ਹੀ, ਝਬਦੇ
"ਕਬੀਰ ਡੂਬਾ ਥਾ ਪੈ ਉਬਰਿਓ ਗੁਨ ਕੀ ਲਹਰਿ ਝਬਕਿ।"
– ਸਲੋ ਕਬ, ੬੭:੧ (1368)

ਝਮਕ ------ ਚਮਕਨਾ
"ਤੇਰੀ ਪੂੰਛਟ ਊਪਰਿ ਝਮਕ ਬਾਲਾ।"
– ਬਸੰ ਕਬ, ੧, ੧:੨ (1196)

ਝਰਹਿ ----- ਝੜ ਜਾਣ, ਦੂਰ ਹੋਣ, ਮਿਟ ਜਾਣ
"ਝਰਹਿ ਕਸੰਮਲ ਪਾਪ ਤੇਰੇ ਮਨੂਆ।"
– ਗਉ ੫, ਬਾਅ ੨੫:੫ (255)

ਝਰਣਾ ----- ਝੜਨ/ਡਿਗਨ/ਟਪਕਨ ਦੇਣਾ
"ਸੁਪਨੈ ਬਿੰਦੁ ਨ ਦੇਈ ਝਰਣਾ।"
– ਰਾਮ ੩, ਵਾਰ ੧੨ਸ, ੧, ੫:੩ (952)

ਝਰਣੇ ------ (ਸੰ.) ਫੁਹਾਰੇ, ਚਸ਼ਮੇ, ਝਰਣੇ
"ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ।"
– ਗਉ ੫, ਵਾਰ ੯:੪ (320)

ਝਰਨਾ ----- ਲੜਨ, ਡਿਗਨ, ਟਪਕਨ
"ਸੁਪਨੈ ਬਿੰਦੁ ਨ ਦੇਈ ਝਰਨਾ।"
– ਭੈਰ ਕਬ, ੧੧, ੨:੩ (1160)

ਝਰਿ ------ ਝੜਨਾ, ਮਗਰੋਂ ਲਹਿ ਜਾਣਾ, ਡਿਗਣਾ
"ਨਿੰਦਕੁ ਐਸੇ ਹੀ ਝਰਿ ਪਰੀਐ।"
– ਬਿਲਾ ੫, ੯੫, ੧*:੧ (823)

ਝਰੇ ------- ਝੜ ਜਾਂਦੇ ਹਨ
"ਹਸਤ ਪਾਵ ਝਰੇ ਖਿਨ ਭੀਤਰਿ ਅਗਨਿ ਸੰਗਿ ਲੈ ਜਾਰਿਓ।"
– ਮਾਰੂ ੫, ੮, ੧:੨ (1000)

ਝਰੈ ------- (1) ਝਰਦਾ/ਟਪਕਦਾ/ਵਗਦਾ ਹੈ
"ਸੋਮਵਾਰਿ ਸਸਿ ਅੰਮ੍ਰਿਤੁ ਝਰੈ।"
– ਗਉ ਕਬ, ਵਾਰ ੨:੧ (344)
"ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ।"
– ਸੂਹੀ ੧, ੮, ੩:੨ (730)
(2) ਝੜੇ
"ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ।"
– ਮਾਰੂ ੧, ਅਸ ੧੧, ੬:੧ (1016)

ਝਲ ------- ਲਿਸ਼ਕ, ਚਮਕ, ਰੋਸ਼ਨੀ, ਪ੍ਰਕਾਸ਼

"ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ।"
- ਗਉ ਕਬ, ੪੭, ੩:੨ (333)

ਝਲਉ ----- ਝਲਦੀ ਹਾਂ, ਹਿਲਾਉਂਦੀ ਹਾਂ
"ਲੇ ਪਖਾ ਪ੍ਰਿਅ ਝਲਉ ਪਾਏ।"
- ਆਸਾ ੫, ੯੫, ੨:੩ (394)

ਝਲਈ ----- ਝਲਣਾ, ਬਰਦਾਸ਼ਤ ਕਰਨਾ, ਸਹਾਰਨਾ
"ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ।"
- ਗਉ ੩, ਅਸ ੯, ੫:੨ (233)

ਝਲੀ ------ ਆਸਰੇ, ਓਟ, ਪਨਾਹ, ਛਤਰ ਛਾਇਆ
"ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ।"
- ਆਸਾ ੫, ੧੩੨, ੨:੨ (404)

ਝਲੁ ------- ਝਲਪੁਣਾ, ਪਾਗਲਪਣ, ਦੀਵਾਨਗੀ
"ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ।"
- ਬਿਹਾ ੪, ਵਾਰ ੯ਸ, ੩, ੧:੧ (551)

ਝਲੁੰਭਲੈ ---- ਪਾਣੀ ਦੀ ਲਹਿਰ ਵਿਚ ਗੋਤਾ ਖਾ ਕੇ ਨਹਾ ਕੇ ਚੁਭੀ ਲਾ ਕੇ (ਮਹਾਨਕੋਸ਼); ਪ੍ਰਭਾਤ ਵੇਲੇ, ਸਵੇਰੇ (ਸ਼ਬਦਾਰਥ) ਘੁਸਮੁਸੇ (ਦਰਪਣ), ਅੰਮ੍ਰਿਤ ਵੇਲੇ (ਕੋਸ਼)
"ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ।"
- ਸਲੋ ੩, ੬੨:੧ (1420)

ਝਲੇ ------- ਸ਼ੀਸ਼ਿਆਂ ਨਾਲ ਜੜੇ ਪਖੇ
"ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।"
- ਆਸਾ ੧, ਅਸ ੧੧, ੨:੩ (417)

ਝਲੈ ------- ਸਹਾਰਦਾ, ਆਸਰਾ ਦਿੰਦਾ ਹੈ
"ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ।"
- ਗਉ ੫, ਵਾਰ ੮:੪ (320)

ਝੜ ------- ਬਲਦਾਂ ਦਾ ਇਕਠ
"ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ।"
- ਸਲੋ ੧, ੪:੧ (1410)

ਝੜਿ ------ ਝੜ ਕੇ, ਡਿਗ ਕੇ
"ਕਿਸ ਹੀ ਨਾਲਿ ਨ ਚਲੇ ਨਾਨਕ ਝੜਿ ਝੜਿ ਪਏ ਗਵਾਰਾ।"
- ਗਉ ੧, ੧੩, ੪:੨ (155)
"ਤੁਧੁ ਅਪੜਿ ਕੋਇ ਨ ਸਕੈ ਸਭ ਝਖਿ ਝਖਿ ਪਵੈ ਝੜਿ।"
- ਬਿਲਾ ੪, ਵਾਰ ੨:੫ (849)

ਝੜੀ ------ ਬਦਲਾਂ ਦੀ ਘਟਾ ਦਾ ਅਖੰਡ ਪਾਣੀ ਵਸਨਾ, ਲਗਾਤਾਰ ਮੀਂਹ ਪੈਣਾ
"ਊਨਵਿ ਊਨਵਿ ਆਇਆ ਵਰਸੈ ਲਾਇ ਝੜੀ।"
- ਮਲਾ ੧, ਵਾਲ ੬ਸ, ੩, ੧:੧ (1280)

ਝੜੀਯੰ ----- ਝੜਦੇ/ਡਿਗਦੇ ਹਨ

"ਪਤ੍ਰ ਭੁਰਿਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ।"

– ਗਾਥਾ, ੫, ੮:੧ (1360)

ਝੜੇ ------- ਡਿਗੇ

"ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ।"

– ਸਲੋ ਫਰ, ੧੦੨:੧ (1383)

ਝਾਕ ------ ਨਜ਼ਰ, ਦੁਰਮਤਿ ਦ੍ਰਿਸ਼ਟੀ, ਤਾਕ ਰੱਖਨਾ

"ਹਰਿ ਹਰਿ ਕ੍ਰਿਪਾ ਕਰੀ ਜਗਦੀਸਰਿ ਦੁਰਮਤਿ ਦੂਜਾ ਭਾਉ ਗਇਓ ਸਭ ਝਾਕ।"

– ਕਾਨ ੪, ੪, ੧*:੨ (1295)

"ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ।"

– ਸਲੋ ਫਰ, ੧੧੪:੨ (1384)

ਝਾਕੁ ------ (1) ਦੇਖਣ ਦੀ ਕਿਰਿਆ

"ਮਨੁ ਤਨੁ ਹੋਇ ਨਿਹਾਲੁ ਬਿੰਦਕੁ ਨਦਰਿ ਝਾਕੁ।" (ਵੇਖਣ ਨਾਲ)

– ਰਾਮ ੫, ਵਾਰ ੫:੬ (959)

(2) ਤਕਦਾ ਹੈ

"ਬਾਝਹੁ ਸਤਿਗੁਰ ਆਪਣੇ ਬੈਠਾ ਝਾਕੁ ਦਰੂਦ।"

– ਮਾਰੂ ੫, ਵਾਰ ੬ਸ, ੫, ੨:੨ (1096)

ਝਾਖ ------ ਖਪਣਾ ਝਖ, ਬਰਬਾਦ ਕਰਨਾ

"ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ।"

– ਸਿਰੀ ੫, ੭੪, ੩:੨ (43)

"ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ।" (ਖਪਣ ਖਪਦੇ ਹਨ)

– ਗਉ ੫, ੧੬੪*, ੩:੨ (216)

"ਝਖਿ ਝਖਿ ਝਖਣਾ ਝਗੜਾ ਝਾਖ।" (ਫਜ਼ੂਲ/ਵਾਧੂ/ਖਪਣ ਵਾਲਾ ਝਗੜਾ ਹੈ)

– ਸਾਰ ੪, ਵਾਰ ੧੫ਸ, ੧, ੧:੭ (1243)

ਝਾਗਿ ------ (1) ਝੋਲ ਕੇ, ਕਾਹੀ ਹਟਾ ਕੇ

"ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ।"

– ਗਉ ਕਬ, ੨੪, ੨:੨ (328)

(2) ਗਾਹ ਕੇ, ਫਿਰ ਕੇ

"ਪਰਦੇਸੁ ਝਾਗਿ ਸਉਦੇ ਕਉ ਆਇਆ।"

– ਆਸਾ ੫, ੬, ੧:੧ (372)

(3) ਮੱਛੀ (ਮਹਾਨਕੋਸ਼)

"ਬਿਬਲੁ ਝਾਗਿ ਸਹਜਿ ਪਰਗਾਸਿਆ।" ਬਲਹੀਣ (ਕੰਮਜ਼ੋਰ) ਮੱਛੀ ਨੂੰ ਸਹਜੇ ਹੀ ਫੜ ਲਿਆ।

– ਪ੍ਰਭਾ ੧, ੧੩, ੧*:੨ (1331)

'ਸ਼ਬਦਾਰਥ' 'ਦਰਪਣ' ਇਸ ਦੇ ਅਰਥ 'ਝਗੂੜ' (ਝੱਗ ਵਾਲਾ ਪਾਣੀ) ਕਰਦਾ ਹੈ। 'ਝਗੂੜ' ਵਿਚੋਂ ਲੰਘ ਕੇ ਸੁਤੇ ਹੀ ਉਜਲ ਹੋ ਗਿਆ)

ਝਾਗੀ ------ ਜੋਰ ਦੀ ਹਵਾ

“ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।” (‘ਝਖੜ ਝਾਗੀ’ ਭਾਵ ਜੋਰ ਦੀ ਵਸਦਾ)

– ਸੂਹੀ ੪, ਅਸ ੧, ੧੩:੧ (757)

ਝਾਗੇ ------ (1) ਗਾਹ ਮਾਰੇ, ਫਿਰੇ

“ਦੇਸ ਦਿਸੰਤਰ ਮੈ ਸਗਲੇ ਝਾਗੇ।”

– ਸੂਹੀ ੫, ੫, ੩:੨ (737)

(2) ਲੰਘ ਕੇ, ਦੂਰ ਕਰਕੇ

“ਮੇਰਾ ਹਰਿ ਪ੍ਰਭੁ ਰਾਵਣਿ ਆਈਆ ਹਉਮੈ ਬਿਖੁ ਝਾਗੇ ਰਾਮ।”

– ਬਿਲਾ ੪, ਛੰਤ ੨, ੧:੧ (845)

ਝਾਟੁਲੀ ----- ਝਠੂਲੀ, ਝੁਠਾਉਣ ਦੀ ਕਿਰਿਆ (ਮਹਾਨਕੋਸ਼); ਝਪਟ ਨਾਲ (ਸ਼ਬਦਾਰਥ, ਨਿਰਣੈ, ਦਰਪਨ)

“ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ।”

– ਸਾਰ ੫, ੬੧, ੧:੧ (1216)

ਝਾਟੈ ------ ਸਿਰ ਦੇ ਵਾਲਾਂ ਵਿਚ, ਝਾਟੇ ਵਿਚ

“ਉਡਿ ਉਡਿ ਰਾਵਾ ਝਾਟੈ ਪਾਇ।”

– ਆਸਾ ੧, ਵਾਰ ਪਸ, ੧, ੨:੩ (465)

ਝਾਰ ------ (1) ਝਾੜ ਕੇ

“ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ।” (ਹੱਥ ਝਾੜ ਕੇ ਭਾਵ ਵਿਹਲਾ ਹੋ ਕੇ)

– ਸਾਰ ੫, ੧੨੯, ੨:੧ (1229)

ਹੋਰ ਰੂਪ:

ਝਾਰਉ –

“ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ।”

– ਗੂਜ ੫, ੨੦, ੧:੨ (500)

“ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ।” (ਭਾਵ ਸੁਣਦਿਆਂ)

– ਦੇਵ ੫, ੧੯, ੨:੧ (532)

ਝਾਰਹ –

“ਹਰਿ ਹਰਿ ਨਾਮੁ ਦ੍ਰਿੜਾਇਓ ਗੁਰਿ ਮੀਠਾ ਗੁਰ ਪਗ ਝਾਰਹ ਹਮ ਬਾਲ।”

– ਪ੍ਰਭਾ ੪, ੨, ੧*:੨ (1335)

ਝਾਰਹੁ –

“ਕੋਟ ਨ ਓਟ ਨ ਕੋਸ ਨ ਛੋਟਾ ਕਰਤ ਬਿਕਾਰ ਦੋਊ ਕਰ ਝਾਰਹੁ।”

– ਸਪੁ ੫, ੫*:੫ (1388)

(2) ਝਾੜੀਆ

“ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰਿ ਗਹੇ।” (ਝਾੜੀਆਂ ਗਾਂਹਦਾ ਹੈ)

– ਪ੍ਰਭਾ ੪, ੪, ੩:੨ (1336)

ਝਾਰਤ ----- ਝਾੜ ਕੇ

"ਕਰਤ ਬਿਕਾਰ ਦੋਊ ਕਰ ਝਾਰਤ।" (ਭਾਵ ਤਿਆਰ ਬਰ ਤਿਆਰ ਹੋ ਕੇ)
– ਸੂਹੀ ੫, ੩੩, ੨:੧ (743)

ਝਾਰਿ ------ (1) ਕੰਡੇਦਾਰ ਝਾੜੀ
"ਨੀਬੁ ਭਇਓ ਆਂਬੁ ਆਂਬੁ ਭਇਓ ਨੀਬਾ ਕੇਲਾ ਪਾਕਾ ਝਾਰਿ।"
– ਰਾਮ ਕਬ, ੧੨, ੧:੧ (972)
(2) ਝਾੜ ਕੇ
"ਚਲੇ ਜੁਆਰੀ ਦੁਇ ਹਥ ਝਾਰਿ।"
– ਭੈਰ ਕਬ, ੨, ੪:੨ (1158)
ਹੋਰ ਰੂਪ:
ਝਾਰੀ –
"ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ।" (ਝਾੜਦਾ ਹਾਂ)
– ਸਾਰ ੫, ੬੬, ੨:੧ (1217)
ਝਾਰੇ –
"ਗੁਰ ਕੇ ਚਰਨ ਕੇਸ ਸੰਗਿ ਝਾਰੇ।" (ਝਾੜ, ਝਾੜੋ)
– ਆਸਾ ੫, ੬੭, ੧:੨ (387)
ਝਾਰੈ –
"ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ।"
– ਸਾਰ ੫, ੧੦, ੨:੨ (1205)

ਝਾਲਾ ------ ਲਾਟਾਂ (ਸ਼ਬਦਾਰਥ); ਧੁਪ, ਆਤਮ (ਮਹਾਨਕੋਸ਼)
"ਸੂਰਜੁ ਤਪੈ ਅਗਨਿ ਬਿਖੁ ਝਾਲਾ।"
– ਮਾਰੂ ੧, ਸੋਲਾ ੯, ੭:੧ (1029)

ਝਾਲਾਘੇ ---- 'ਝਾਲਾ' (ਰੋਸ਼ਨੀ) ਤੋਂ ਪਹਿਲਾਂ, ਅੰਮ੍ਰਿਤ ਵੇਲੇ
"ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ।"
– ਗਉ ੫, ਬਾਅ ੨੫ਸ:੧ (255)

ਝਾਲਿ ------ ਪਰਭਾਤ, ਅੰਮ੍ਰਿਤ ਵੇਲਾ
"ਵਡੜੈ ਝਾਲਿ ਝਲੰਭਲੈ ਨਾਵੜਾ ਲਈਐ ਕਿਸੁ।"
–ਸਲੋ ੩, ੬, ੨:੧ (1420)

ਝਾਲੁ ------ ਸਵੇਰਾ, ਝਲਾਂਘਾ, ਪਰਭਾਤ
"ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ।"
– ਸੂਹੀ ੧, ਕੁਚ ੧:੧੩ (762)

ਝਾਲੂ ------ ਸਵੇਰੇ, ਪਰਭਾਤ ਵੇਲੇ
"ਉਠੀ ਝਾਲੂ ਕੰਤੜੇ ਹਉ ਪਸੀ ਤਉ ਦੀਦਾਰੁ।"
– ਮਾਰੂ ੫, ਵਾਰ ੧ਸ, ੫, ੩:੧ (1094)

ਝਾੜ ------ ਝੜੀਆ
"ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ।"
– ਗਉ ੪, ਵਾਰ ੧੫:੫ (309)

ਝਾੜਾ ------ ਝੇੜਾ, ਝਗੜਾ
“ਆਪੇ ਲੇਖ ਅਲੇਖੈ ਆਪੇ ਤੁਮ ਸਿਉ ਨਾਹੀ ਕਿਛੁ ਝਾੜਾ।”
– ਮਾਰੂ ੫, ਸੋਲਾ ੧੦, ੩:੩ (1081)

ਝਾੜਿ ------ ਝਾੜ ਕੇ
“ਸਣੁ ਕੀਸਾਰਾ ਚਿਥਿਆ ਕਣੁ ਲਇਆ ਤਨੁ ਝਾੜਿ।”
– ਮਾਝ ੧, ਵਾਰ ੧੧ਸ, ੧, ੧:੨ (142)

ਝਾੜ੍ਉ ----- ਝਾੜ ਦਿਤਾ, ਲਾਹ ਕੇ ਪਰਾਂ ਸੁੱਟ ਦਿਤਾ
“ਕ੍ਰੋਧਿ ਖੰਡਿ ਪਰਚੰਡਿ ਲੋਭੁ ਅਪਮਾਨ ਸਿਉ ਝਾੜ੍ਉ।”
– ਸਵ ੪, ਸਲ ੧:੨ (1406)

ਝਿੰਙ ------ ਅੰਗਹੀਣ (ਸ਼ਬਦਾਰਥ); ਭੇਖੀ ਪਿਛਲਗੂ (ਮਹਾਨਕੋਸ਼); ਝੜੇ ਹੋਏ ਅੰਗਾਂ ਵਾਲਾ (ਦਰਪਣ)
“ਹੋਵਹਿ ਲਿੰਙ ਝਿੰਙ ਨਹ ਹੋਵਹਿ ਐਸੀ ਕਹੀਐ ਸੂਰਤਿ।”
– ਸਾਰ ੪, ਵਾਰ ੨੦ਸ, ੨, ੨:੨ (1245)

ਝਿਮਕਨਿ --- ਚਮਕਦੇ ਝਲਕਦੇ ਹਨ
“ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।”
– ਆਸਾ ੧, ਅਸ ੧੧, ੨:੩ (417)

ਝਿਮਝਿਮਾ --- ਇਕ ਰਸ ਵਸਨ ਵਾਲਾ (ਸ਼ਬਦਾਰਥ); ਬਿਜਲੀ ਦੀ ਚਮਕਾਰ ਸਹਿਤ, ਗੜਕਦਾ ਹੋਇਆ ਗਰਜਦਾ ਹੋਇਆ (ਮਹਾਨਕੋਸ਼)
“ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ।”
– ਸਾਰ ੪, ਵਾਰ ੩੪ਸ, ੪, ੩:੧ (1250)

ਝਿਮਿ ------ ਮਧਮ ਮਧਮ ਆਵਾਜ਼ (ਬੂੰਦਾਂ ਡਿਗਣ ਦੀ ਧੁਨੀ) ਨਾਲ
“ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।”
– ਮਾਝ ੫, ੨੬, ੨:੧ (102)

“ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ।” (ਛਮ ਛਮ ਇਕ ਰਸ ਮੀਂਹ ਦਾ ਵਸਣਾ)
– ਸਲੋ ੩, ੫੬:੪ (1420)

ਹੋਰ ਰੂਪ:

ਝਿੰਮਿ –
“ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ।”
– ਸਿਰੀ ੫, ਅਸ ੨੯, ੧੪:੧ (74)

ਝਿਮੇ ------ ਝਿਮ (ਬੂੰਦ ਦੇ ਡਿਗਣ ਦੀ ਮਧਮ ਧੁਨੀ) ਨਾਲ
“ਝਿਮਿ ਝਿਮੇ ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ ਰਾਮ।”
– ਆਸਾ ੪, ਛੰਤ ੯, ੧:੧ (442)

ਝਿਲਕਾਵਹਿ -- ਚਮਕਦੇ, ਲਿਸ਼ਕਦੇ
“ਦੁਆਰ ਊਪਰਿ ਝਿਲਕਾਵਹਿ ਕਾਨ।”

– ਗੋਂਡ ਕਬ, ੬, ੧:੨ (871)

ਝਿਲਕੈ ----- ਚਮਕਦਾ ਹੈ
"ਝਿਲਮਿਲਿ ਝਿਲਕੈ ਚੰਦ ਨ ਤਾਰਾ।"
– ਮਾਰੂ ੧, ਸੋਲਾ ੧੩, ੮:੧ (1033)

ਝਿਲਮਿਲ --- ਚਮਕ ਦਮਕ
"ਝਿਲਮਿਲ ਝਿਲਕੈ ਚੰਦੁ ਨ ਤਾਰਾ।"
– ਮਾਰ ੧, ਸੋਨ ੧੩, ੮:੧ (1033)

ਝਿਲਮਿਲਿਕਾਰੁ ਤੇਜ਼ ਚਮਕ (ਰੋਸ਼ਨੀ) ਦਾ ਪ੍ਰਕਾਸ਼
"ਜਹ ਝਿਲਮਿਲਿਕਾਰੁ ਦਿਸੰਤਾ।"
– ਸੋਰ ਨਾਮ, ੧, ੨:੧ (657)

ਝਿੜਕੇ ----- ਗੁਸੇ ਹੋਏ, ਫਿਟਕਾਰ ਪਾਏ
"ਕਰਿ ਉਪਦੇਸਿ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ।"
– ਸੋਰ ੫, ੬੨, ੨:੨ (624)

ਝੀਕ ------ ਡੀਕ ਲਾ ਕੇ
"ਗੁਰਮੁਖਿ ਨਾਮੁ ਸੀਤਲ ਜਲੁ ਪਾਇਆ ਹਰਿ ਹਰਿ ਨਾਮੁ ਪੀਆ ਰਸੁ ਝੀਕ।"
– ਪ੍ਰਭਾ ੪, ੩, ੧*:੨ (1336)

ਝੀਣੀ ------ ਧੀਮੀ, ਮਧਮ
"ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ।"
– ਸਿਰੀ ੧, ੨੪, ੨:੨ (23)

ਝੀਵਰਿ ----- ਝਿਊਰ, ਮੱਛੀਆਂ ਪਕੜਨ ਵਾਲਾ, ਮਾਛੀ
"ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ।"
– ਸਲੋ ਕਬ, ੪੯:੧ (1367)

ਹੋਰ ਰੂਪ:

ਝੀਵਰੁ –
"ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ।"
– ਰਾਮ ੩, ਵਾਰ ੧੮ਸ, ੧, ੨:੧ (955)

ਝੁੰਗੀਆ ---- ਝੌਂਪੜੀ, ਛੰਨ
"ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ।"
– ਸਲੋ ਕਬ, ੧੪:੧ (1365)

ਝੁੰਡੀ ------ ਟੋਡੀ, ਮੰਡਲੀ, (ਮਹਾਨਕੋਸ਼); ਝੁੰਬ, ਝੁੰਗਲਮਾਟਾ (ਸ਼ਬਦਾਰਥ), ਉਧੀ ਪਾ ਕੇ ਧੌਣ ਸੁਟਕੇ ('ਦਰਪਣ' ਨਿਰਣੈ)
"ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।"
– ਮਾਝ ੧, ਵਾਰ ੨੬ਸ, ੧, ੧:੮ (149)

ਝੁਣਕਾਰੁ ---- ਮਿਠੀ ਮਿਠੀ ਧੁਨੀ/ਆਵਾਜ਼ /ਛਣਕਾਰ, ਹੋਰ ਵੇਖੋ 'ਝੁਨਕਾਰ'
"ਪੰਚ ਸ਼ਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ।"

– ਮਾਰੂ ੧, ਸੋਲਾ ੧੯, ੮:੩ (1040)

ਝੁਣਕਾਰੇ ---- ਛਣਕਾਰ, ਮਿਠੀ ਧੁਨੀ/ਗੂੰਜ
"ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ।"
– ਸੂਹੀ ੫, ਛੰਤ ੨, ੩:੫ (778)

ਹੋਰ ਰੂਪ:

ਝੁਣਕਾਰੋ –
"ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ।"
– ਬਿਹਾ ੫, ਛੰਤ ੫, ੨:੧ (545)

ਝੁਣੁ ------- ਧੀਮੀ ਆਵਾਜ਼/ਛਣਕਾਰ
"ਮੰਦਰਿ ਭਾਗੁ ਸੋਭ ਦੁਆਰੈ ਅਨਹਤ ਰੁਣੁ ਝੁਣੁ ਲਾਏ।"
– ਦੇਵ ੫, ੨੭, ੨:੧ (533)

ਝੁਨਕਾਰ ---- ਮਿਠੀ ਧੀਮੀ ਧੁਨੀ/ਆਵਾਜ਼ /ਘੁੰਘਰੂਆਂ ਦੀ ਛਣਕਾਰ ਵੇਖ 'ਝੁਣਕਾਰੁ'
"ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ।"
– ਗਉ ੫, ਸੁਖ ੧, ੭:੭ (263)

ਝੁਨੰਤਕਾਰ --- ਛਣਕਾਰ, ਘੁੰਗਰੂਆਂ ਦੀ ਮਿਠੀ ਧੀਮੀ ਆਵਾਜ਼
"ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ।"
– ਸਾਰ ੫, ੧੩੯, ੧*:੨ (1231)

ਝੁੰਪੜੀ ----- ਝੌਂਪੜੀ, ਕੁਲੀ, ਛਪਰੀ
"ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ।"
– ਜੈਤ ੫, ਵਾਰ ੭:੧ (707)

ਝੁਰਿ ------ ਝੁਰ ਕੇ
"ਝੁਰਿ ਝੁਰਿ ਝਖਿ ਮਾਟੀ ਰਲਿ ਜਾਇ।"
– ਰਾਮ ੧, ਓਅੰ ੨੬:੫ (933)

ਹੋਰ ਰੂਪ:

ਝੁਰੁ –
"ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ।"
– ਮਾਰੂ ੩, ਵਾਰ ੪ਸ, ੩, ੨:੨ (1088)

ਝੁਰੈ –
"ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।"
– ਸਲੋ ੧, ੨੫:੧ (1412)

ਝੁਲਾਇਆ --- ਝੂਟਾ/ਹਿਲੋਰਾ ਦੇਣਾ
"ਜੈਸੇ ਪਵਨੁ ਝੁਲਾਇਆ।"
– ਸੂਹੀ ੫, ੪੬, ੧:੨ (746)

ਝੁਲਾਈ ----- ਝੂਟਾ, ਹਿਲੋਰਾ

"ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ।"
– ਸੋਰ ੫, ੩, ੩:੨ (609)

ਝੁਲਾਰਦੇ ---- ਝੂਟਾ ਦਿੰਦੇ, ਹਿਲੋਰਾ ਦਿੰਦੇ
"ਜਲ ਥਲ ਨੀਰਿ ਭਰੇ ਸੀਤਲ ਪਵਣ ਝੁਲਾਰਦੇ।" (ਭਾਵ ਚਲ/ਵਗ ਰਹੀਆਂ ਹਨ)
– ਮਾਰੂ ੫, ਵਾਰ ੨੨ਸ, ੫, ੩:੧ (1102)

ਝੁਲਾਰਿਆ --- ਝੌਂਕਾ, ਹਵਾ ਦਾ ਬੁਲਾ
"ਕਿਆ ਸੁਣੇਦੋ ਕੂੜੁ ਵੰਵਨਿ ਪਵਣ ਝੁਲਾਰਿਆ"
– ਵਡ ੫, ਛੰਤ ੨, ੧ਸ:੧ (577)

ਝੁਲਾਰੇ ----- ਝੂਟੇ, ਝੋਲੇ
"ਪਵਨ ਝੁਲਾਰੇ ਮਾਇਆ ਦੇਇ।"
– ਬਿਲਾ ੫, ੧, ੨:੧ (801)
"ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ।" (ਭਾਵ ਰਿੜਕਦਾ ਹੈ)
– ਨਾਟ ੪, ਅਸ ੫, ੨:੧ (982)

ਝੁਲਾਵੈ ----- ਝਕੋਲੇ ਦਿੰਦੀ ਹੈ, ਉਡਾਉਂਦੀ ਹੈ
"ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ।"
– ਗਉ ਕਬ, ੪੬, ੩:੨ (333)

ਝੁਲੈ ------- ਝੂਲਦਾ ਹੈ
"ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ।"
– ਰਾਮ ਬਸ, ੨:੩ (966)

ਝੂਠ ------- ਅਸਤ, ਕੂੜ
"ਮੋਹ ਝੂਠੁ ਪਸਾਰਾ ਝੂਠ ਕੇ ਝੂਠੇ ਲਪਟਾਇ।"
– ਗਉ ੪, ੪੭, ੩:੨ (166)
"ਸਾਚੁ ਛੋਡਿ ਝੂਠ ਸੰਗਿ ਮਚੈ।"
– ਗਉ ੫, ਸੁਖ ੪, ੪:੨ (267)
"ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ।" (ਨਾਸਮਾਨ, ਬਿਨਸਨਹਾਰ)
– ਜੈਤ ੫, ਵਾਰ ੯:੨ (707)

ਝੂਠਉ ----- ਝੂਠਾ, ਬਿਨਸਨਹਾਰ
"ਞਾਣਹੁ ਇਆ ਬਿਧਿ ਸਹੀ ਚਿਤ ਝੂਠਉ ਮਾਇਆ ਰੰਗੁ।"
– ਗਉ ੫, ਬਾਅ ੨੬:੪ (255)

ਝੂਠਹ ------ ਝੂਠ ਨਾਲ
"ਸਾਚ ਛਾਡਿ ਕੈ ਝੂਠਹ ਲਾਗਿਓ ਜਨਮੁ ਅਕਾਰਥੁ ਖੋਇਓ।"
– ਸੋਰ ੯, ੧੦, ੧:੧ (633)

ਝੂਠਾ ------ (1) ਕੂੜਾ, ਅਸਤ, ਹੋਰ ਵੇਖੋ 'ਝੂਠੁ'
"ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ।" (ਕੇਵਲ ਦਿਖਾਵੇ ਦਾ)

– ਸਿਰੀ ੫, ਪਹ ੧, ੪:੪ (75)

"ਝੂਠਾ ਮੰਗਣੁ ਜੇ ਕੋਈ ਮਾਂਗੈ।" (ਨਾਸ ਹੋਣ ਵਾਲਾ)

– ਮਾਝ ੫, ੫੦, ੧:੧ (109)

"ਮਹਜਰੁ ਝੂਠਾ ਕੀਤੋਨੁ ਆਪਿ।" (ਜੋ ਸਚ ਨਾ ਹੋਵੇ, ਬਣਾਵਟੀ)

– ਗਉ ੫, ੧੯੮, ੧:੧ (199)

"ਘਰੁ ਦਰੁ ਛੋਡੇ ਆਪਣਾ ਪਰ ਘਰਿ ਝੂਠਾ ਜਾਈ।" (ਨਾਸ ਹੋਣ ਵਾਲਾ ਮਨੁੱਖ)

– ਆਸਾ ੩, ਅਸ ੨੮, ੬:੧ (425)

"ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ।" (ਫਜੂਲ, ਨਿਰਾਰਥਕ)

– ਆਸਾ ੧, ਛੰਤ ੩, ੧:੪ (437)

"ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ।" (ਜੋ ਖਰਾ ਨਹੀਂ, ਅਸਲੀ ਨਹੀਂ)

– ਰਾਮ ੩, ਵਾਰ ੪ਸ, ਕਬ, ੧:੧ (948)

ਹੋਰ ਰੂਪ:

ਝੂਠਿ –

"ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ।" (ਝੂਠ ਕਰਕੇ)

– ਸਿਰੀ ੧, ਅਸ ੫, ੪:੨ (56)

"ਝੂਠਿ ਨ ਪਾਵਸਿ ਪਾਖੰਡਿ ਕੀਨੈ।" (ਝੂਠ ਦੁਆਰਾ)

– ਰਾਮ ੧, ਅਸ ੬, ੮:੨ (906)

ਝੂਠਿਆ –

"ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ।" (ਝੂਠੇ, ਅਸਤ, ਕੇਵਲ ਦਿਖਾਵੇ ਦਾ)

– ਜੈਤ ੫, ਛੰਤ ੩, ੩:੬ (705)

ਝੂਠੀ –

"ਕਥਨੀ ਝੂਠੀ ਜਮੁ ਭਵੈ ਰਹਣੀ ਸਬਦੁ ਸੁ ਸਾਰੁ।" (ਅਸਾਰਥਕ)

– ਸਿਰੀ ੧, ਅਸ ੫, ੬:੩ (56)

ਝੂਠੀਆ –

"ਅਵਰ ਟਹਲਾ ਝੂਠੀਆ ਨਿਤ ਕਰੈ ਜਮੁ ਸਿਰਿ ਮਾਰ।"

– ਮਾਲੀ ੫, ੧, ੧*:੨ (986)

(2) ਅਸਤਵਾਦੀ, ਝੂਠ ਬੋਲਣ ਵਾਲਾ

"ਜਿਥੈ ਓਹੁ ਜਾਇ ਤਿਥੈ ਓਹੁ ਝੂਠਾ ਕੂੜੁ ਬੋਲੇ ਕਿਸੈ ਨ ਭਾਵੈ।"

– ਸੋਰ ੪, ਵਾਰ ੨੭ਸ, ੪, ੨:੫ (653)

ਹੋਰ ਰੂਪ:

ਝੂਠੀ –

"ਝੂਠੀ ਝੂਠਿ ਲਗੀ ਜੀਉ ਕੂੜਿ ਮੁਠੀ ਕੂੜਿਆਰੇ।"

– ਗਉ ੧, ਛੰਤ ੨, ੩:੨ (244)

"ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ।"

– ਵਡ ੩, ਅਲਾ ੨, ੨:੪ (583)

ਝੂਠੁ ------- ਮਿਥਿਆ, ਕੂੜ, ਅਸਤ, ਝੂਠਾ ਵੇਖੋ 'ਝੂਠ'

"ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ।"

- ਸਿਰੀ ੧, ੧੩, ੧*:੨ (19)

"ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ।"

- ਸਿਰੀ ੧, ਅਸ ੫, ੧:੨ (56)

"ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ।" (ਅਸਤ, ਨਾਸ਼ਮਾਨ)

- ਗਉ ੧, ਛੰਤ ੧, ੧:੪ (242)

"ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ।" (ਭਾਵ ਮੰਦਾ, ਮਾੜਾ)

- ਤਿਲੰ ੪, ੧, ੨:੨ (723)

ਝੂਠੇ ------- (1) ਅਸਤ ਪ੍ਰਾਣੀ, ਨਾ ਰਹਿਣ ਵਾਲੇ ਪ੍ਰਾਣੀ, ਹੋਰ ਵੇਖੋ 'ਝੂਠੈ' (3)

"ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ।"

- ਸਿਰੀ ੧, ਪਹ ੨, ੨:੪ (75)

"ਮੋਹ ਝੂਠੁ ਪਸਾਰਾ ਝੂਠ ਕੇ ਝੂਠੇ ਲਪਟਾਇ।"

- ਗਉ ੪, ੪੭, ੩:੨ (166)

(2) ਜੋ ਸਤਿ ਨਹੀਂ, ਮਿਥਿਆ, ਕੂੜੇ, ਹੋਰ ਵੇਖੇ 'ਝੂਠੇ' (2)

"ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ।"

- ਮਾਝ ੧, ਵਾਰ ੬ਸ, ੧, ੧:੪ (140)

"ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ।" (ਭਾਵ ਮਾੜੀਆਂ ਗਲਾਂ)

- ਸਲੋ ਕਬ, ੨੦੫:੧ (1375)

(3) ਝੂਠ ਵਿਚ

"ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ।" (ਦੂਜੇ 'ਝੂਠੇ' ਦੇ ਅਰਥ 'ਅਸਤ' ਮਿਥਿਆ ਹੈ)

- ਗੂਜ ੩, ੪, ੪:੧ (490)

"ਰਾਣਾ ਰਾਉ ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ।" (ਝੂਠ ਵਿਚ ਦਾਹਵਾ ਬੰਨਦੇ ਹਨ)

- ਸਾਰ ੫, ਅਸ ੧, ੧:੧ (1235)

(4) ਹੇ ਝੂਠੇ, ਹੇ ਅਸਤਿ ਪ੍ਰਾਣੀ

"ਝੂਠੇ ਕਹਾ ਬਿਲੋਵਸਿ ਪਾਨੀ।"

- ਸੋਰ ਕਬ, ੮, ੧:੨ (656)

ਝੂਠੈ ------- (1) ਜੂਠੇ, ਅਪਵਿੱਤਰ

"ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ।"

- ਸਿਰੀ ੧, ਅਸ ੫, ੧:੨ (56)

(2) ਝੂਠੇ, ਜੋ ਅਸਤ ਨਹੀਂ, ਕੂੜੇ ਵੇਖੋ 'ਝੂਠੇ' (2)

"ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ।"

- ਮਾਝ ੫, ਬਾਰਾ ੩:੪ (133)

(3) ਝੂਠਾ, ਕੂੜਾ, ਝੂਠ ਬੋਲਣ ਵਾਲਾ, ਅਸਤ ਵੇਖੋ ਝੂਠੇ (1)

(3) ਝੂਠੈ ਕੀ ਹੈ ਝੂਠੀ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ।"

- ਦੇਵ ੫, ੩੭, ੧*:੩ (535)

(4) ਝੂਠ ਵਿਚ

"ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ।"
– ਸੋਰ ੩, ੧੨, ੧*:੨ (604)

ਝੂਠੋ ------- **ਅਸਤ ਹੀ, ਕੂੜ ਹੀ**
"ਝੂਠੋ ਝੂਠੁ ਵਖਾਨਿ ਸੁ ਮਹਲੁ ਖੁਆਈਐ।"
– ਮਾਝ ੧, ਵਾਰ ੧੮:੬ (146)

ਝੂਣਾ ------ **ਉਦਾਸ, ਚਿੰਤਾਂਤੁਰ**
"ਦੇਹ ਛਿਜੰਦੜੀ ਊਣਮ ਝੂਣਾ ਗੁਰਿ ਸਜਣਿ ਜੀਉ ਧਰਾਇਆ।"
– ਰਾਮ ੫, ਵਾਰ ੧੬ਸ, ੫, ੨:੧ (964)

ਹੋਰ ਰੂਪ:

ਝੂਣੀ –
"ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ।" (ਚਿੰਤਾਂਤੁਰ, ਉਦਾਸ)
– ਰਾਮ ੫, ਵਾਰ ੬ਸ, ੧:੪ (959)

ਝੂਣੇ –
"ਨਾਮ ਵਿਹੂਣੇ ਊਣੇ ਝੂਣੇ ਨਾ ਗੁਰਿ ਸਬਦੁ ਸੁਣਾਇਆ।" (ਉਦਾਸ)
– ਸੂਹੀ ੧, ਛੰਤ ੫, ੭:੫ (767)

ਝੂਰਉ ------ **ਝੂਰਾਂ, ਪਛਤਾਵਾਂ**
"ਗੁਰ ਪ੍ਰਸਾਦਿ ਨਾਨਕ ਮਨਿ ਵਸਿਆ ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ।"
– ਜੈਤ ੫, ੩, ੪:੧ (700)

ਹੋਰ ਰੂਪ:

ਝੂਰਹਿ –
"ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂ ਵਿਖਾ।" (ਪਛਤਾਵੇ)
– ਆਸਾ ੩, ਪਟੀ ੧੩:੧ (435)

ਝੂਰਤ ------ **ਝੁਰ ਝੁਰ ਕੇ, ਪਛਤਾ ਕੇ, ਈਰਖਾ ਵਿਚ ਸੜ ਸੜ ਕੇ**
"ਝੂਰਤ ਝੂਰਤ ਸਾਕਤ ਮੂਆ।"
– ਗਉ ੫, ਬਾਅ ੨੫:੩ (255)

ਝੂਰਨ ------ **ਈਰਖਾ ਵਿਚ ਸੜਨਾ**
"ਪ੍ਰਭ ਕੇ ਸੇਵਕ ਦੂਖ ਨ ਝੂਰਨ।"
– ਆਸਾ ੫, ੯੯, ੩:੨ (395)

ਹੋਰ ਰੂਪ:

ਝੂਰਨੁ –
"ਝਝਾ ਝੂਰਨੁ ਮਿਟੈ ਤੁਮਾਰੋ।" (ਝੂਰਨਾ)
– ਗਉ ੫, ਬਾਅ ੨੫:੧ (255)

ਝੂਰਿ ------ **(1) ਈਰਖਾ ਵਿਚ ਸੜਨਾ**
"ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ।"
– ਸਿਰੀ ੧, ੯, ੧:੧ (17)

"ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ।" (ਈਰਖਾ ਵਿਚ ਸੜ ਕੇ)
– ਸਿਰੀ ੩, ੩੭, ੨:੪ (27)

(2) ਪਛਤਾਕੇ
"ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਭਾਈ ਤਿਤੁ ਦਿਨਿ ਮਰੀਐ ਝੂਰਿ।"
– ਸੋਰ ੫, ਅਸ ੧, ੪:੩ (640)
"ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ।" (ਕੁੜ੍ਹ ਕੁੜ੍ਹ ਕੇ)
– ਸੂਹੀ ੫, ਅਸ ੪, ੧:੨ (761)

ਝੂਰੀ ------ ਪਛਤਾਵਾ, ਉਦਾਸੀ
"ਚੀਤਿ ਆਵੈ ਤਾਂ ਕਬਹਿ ਨ ਝੂਰੀ।"
– ਭੈਰ ੫, ੨੧, ੧:੪ (1141)

ਝੂਰੀਐ ----- ਪਛਤਾਈਏ, ਕੁੜੀਏ
"ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ।"
– ਮਾਝ ੧, ਵਾਰ ੨੫:੧ (149)
"ਧਨਿ ਗਇਐ ਬਹਿ ਝੂਰੀਐ ਧਨ ਮਹਿ ਚੀਤੁ ਗਵਾਰ।" (ਕੁੜੀਦਾ ਭਾਵ ਦੁੱਖੀ ਹੋਈਦਾ ਹੈ)
– ਰਾਮ ੧, ਓਅੰ ੩੬:੧ (934)

ਝੂਰੇ ------- ਪਛਤਾਵੇ, ਕੁੜ੍ਹੇ
"ਸਰਨਿ ਆਵੈ ਪਾਰਬ੍ਰਹਮ ਕੀ ਤਾ ਫਿਰਿ ਕਾਹੇ ਝੂਰੇ।"
– ਮਾਝ ੫, ਅਸ ੩੯, ੨:੧ (133)
"ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ।" (ਝੁਰ/ ਪਛਤਾਕੇ)
– ਵਡ ੪, ਛੰਤ ੩, ੩:੩ (574)

ਹੋਰ ਰੂਪ:

ਝੂਰੇਉ –
"ਪਿਰ ਬਿਨੁ ਜੋਬਨੁ ਬਾਦਿ ਗਇਅਮੁ ਵਾਢੀ ਝੂਰੇਦੀ ਝੂਰੇਉ।"
– ਮਾਰੂ ੧, ਅਸ ੯, ੫:੨ (1015)

ਝੂਰੇਇ –
"ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ।"
– ਸਿਰੀ ੧, ਅਸ ੫, ੨:੧ (56)

ਝੂਰੇਦੀ –
"ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ।"
– ਸਲੋ ਫਰ, ੬੨:੨ (1381)

ਝੂਰੈ –
"ਮਾਇਆ ਕਾਰਣਿ ਸਦ ਹੀ ਝੂਰੈ।"
– ਰਾਮ ੫, ੩੨, ੩:੧ (893)

ਝੂਲਤ ------ (1) ਝੂਲਦਿਆਂ, ਵਗਦਿਆਂ, ਚਲਦਿਆਂ
"ਬਿਰਖ ਛਾਇਆ ਜੈਸੇ ਬਿਨਸਤ ਪਵਨ ਝੂਲਤ ਮੇਹ।"

– ਮਾਰੂ ੫, ੨੫, ੨:੧ (1006)

(2) ਝੂਟਨਾਂ, ਹੁਲਾਰਾ ਲੈਣਾ
“ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ।”
– ਸਮੁ ੫, ੪*:੨ (1387)

ਝੂਲਾਵਉ ---- ਝਲਾਂ
“ਤਿਸੁ ਗੁਰ ਕਉ ਝੂਲਾਵਉ ਪਾਖਾ।”
– ਗਉ ੫, ਅਸ ੯, ੩:੧ (239)

ਝੂਲੈ ------- (1) ਝੂਲਦੇ/ਹੁਲਾਰੇ ਲੈਂਦੇ ਹਨ
“ਜਾ ਕਾ ਚਵਰੁ ਸਭ ਊਪਰਿ ਝੂਲੈ।”
– ਆਸਾ ੫, ੯੦, ੨:੩ (393)

(2) ਝੂਮਦਾ ਹੈ
“ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ।”
– ਸਲੋ ਕਬ, ੮੮:੨ (1369)

ਝੇਰਾ ------ ਝਗੜਾ
“ਉਮਰਾਵਹੁ ਆਗੈ ਝੇਰਾ।”
– ਸੋਰ ੫, ੫੧, ੧:੩ (621)

ਹੋਰ ਰੂਪ:

ਝੇਰਿ –
“ਅੰਧਾ ਝਖਿ ਝਖਿ ਪਇਆ ਝੇਰਿ।” (ਝਗੜੇ ਭਾਵ ਜਨਮ ਮਰਨ ਦੇ ਚੱਕਰ ਵਿਚ)
– ਮਲਾ ੧, ਵਾਰ ੨੦ਸ, ੧, ੧:੫ (1287)

ਝੇਲਾ ------ ਝਲਾਂ, ਲਾਟਾਂ
“ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ।”
– ਮਾਰੂ ੧, ਸੋਲਾ ੬, ੯:੧ (1026)

ਝੋਕ ------- ਅਨੰਦ/ਖੁਸ਼ੀ ਦਾ ਹੁਲਾਰਾ/ਝੂਟਾ, ਨਸ਼ੇ ਵਿਚ ਸਿਰ ਝੁਕ ਜਾਣਾ
“ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ।”
–ਸਾਰ ਸੂਰ, ੧, ੧*:੨ (1253)

ਝੋਕਿ ------ ਝੁਕ ਕੇ
“ਚਾਰੇ ਕੁੰਡਾ ਝੋਕਿ ਵਰਸਦਾ ਬੂੰਦ ਪਵੈ ਸਹਜਿ ਸੁਭਾਇ।”
– ਸਲੋ ੩, ੫੫:੪ (1419)

ਝੋਟ ------- ਚੋਟੀ, ਬੋਦੀ, ਵਾਲ
“ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ।”
– ਆਸਾ ਕਬ, ੨੩, ੨:੨ (481)
“ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ।” (ਝਾਟਾ, ਕੇਸ)
– ਸਾਰ ੫, ੧੦੪, ੧:੨ (1224)

ਝੋਲ ------- (1) ਬੁਛਾੜ, ਮੀਂਹ ਦਾ ਜ਼ੋਰ ਨਾਲ ਪੈਣਾ

"ਕਾਲਾ ਗੰਢੁ ਨਦੀਆ ਮੀਹ ਝੋਲ।"

– ਮਾਝ ੧, ਵਾਰ ੧੨ਸ, ੧, ੨:੭ (143)

(2) ਹਿਲਾਉਣ ਦੀ ਕ੍ਰਿਆ

"ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ।" (ਭਾਵ ਰਿੜਕਦਾ ਹੈ)

– ਨਟ ੪, ਅਸ ੫, ੨:੧ (983)

(3) ਹੁਲਾਰਾ

"ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ।"

– ਸਮੁ ੫, ੪*:੨ (1387)

ਝੋਲਾ ------ ਝੌਂਕਾ, ਹਵਾ ਦਾ ਬੁਲਾ

"ਤੁਝੈ ਨ ਲਾਗੈ ਤਾਤਾ ਝੋਲਾ।"

– ਗਉ ੫, ੭੯, ੧*:੨ (179)

ਝੋਲਿ ------ ਹਥਾਂ ਨਾਲ ਹਿਲਾ ਕੇ, ਨਿਤਾਰ ਕੇ

"ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ।" (ਬੁੱਕ ਭਰਨ ਨੂੰ ਵੀ 'ਝੋਲ' ਕਹਿੰਦੇ ਹਨ)

– ਗਉ ੫, ੧੬੪, ੧*:੨ (198)

"ਰਸੁ ਸਤੁ ਝੋਲਿ ਮਹਾ ਰਸੁ ਪਾਵੈ।" (ਭਾਵ ਰਿੜਕ ਕੇ)

– ਆਸਾ ੧, ਅਸ ੧, ੧:੪ (411)

ਝੋਲੀ ------ ਫਕੀਰਾਂ ਦੀ ਭਿਖਿਆ ਮੰਗਣ ਦੀ ਗੁਥਲੀ

"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।"

– ਜਪੁ ੧, ੨੮:੧ (6)

ਝੋਲੀਐ ----- ਝੋਲ ਕੇ, ਹਿਲਾ ਕੇ

"ਸਤਿਗੁਰੁ ਪੁਰਖੁ ਮਨਾਵਹੁ ਅਪੁਨਾ ਹਰਿ ਅੰਮ੍ਰਿਤੁ ਪੀ ਝੋਲੀਐ।"

– ਦੇਵ ੪, ੩, ੨:੧ (527)

ਝੋਲੈ ------- ਝੂਟਾ ਦੇਣਾ, ਡੋਲਾਣਾ

"ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ।"

– ਬਿਲਾ ਕਬ, ੧੨, ੨:੧ (857)

ਞ

ਞਤਨ ------ ਜਤਨ, ਉਦਮ

"ਞਤਨ ਕਰਹੁ ਤੁਮ ਅਨਿਕ ਬਿਧਿ ਰਹਨੁ ਨ ਪਾਵਹੁ ਮੀਤ।"

– ਗਉ ੫, ਬਾਅ ੨੬ਸ:੧ (255)

ਞੰਞਾ ------ ਗੁਰਮੁਖੀ ਲਿਪੀ ਦਾ 15 ਅੱਖਰ 'ਞ'

"ਞੰਞਾ ਞਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ।"

– ਗਉ ੫, ਬਾਅ ੨੬:੧ (255)

ਞੰਞੈ ------- 'ਞਞੈ' ਅੱਖਰ ਦੁਆਰਾ

"ਞੰਞੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ।"

– ਆਸਾ ੧, ਪਟੀ ੧੩:੧ (433)

ਞਾ -------- ਜਿਸ
"ਞਾ ਕੈ ਹਾਥਿ ਸਮਰਥ ਤੇ ਕਾਰਨ ਕਰਨੈ ਜੋਗ।"
– ਗਉ ੫, ਬਾਅ ੨੬:੭ (255)

ਞਾਹੂ ------ ਜਿਸ ਨੇ
"ਨਾਨਕ ਤਿਹ ਉਸਤਤਿ ਕਰਉ ਞਾਹੂ ਕੀਓ ਸੰਜੋਗ।"
– ਗਉ ੫, ਬਾਅ ੨੬:੮ (255)

ਞਾਣਹੁ ----- ਜਾਣੋ, ਸਮਝੋ
"ਞੰਵਾ ਞਾਣਹੁ ਦ੍ਰਿੜੁ ਸਹੀ ਬਿਨਸਿ ਜਾਤ ਏਹ ਹੇਤ।"
– ਗਉ ੫, ਬਾਅ ੨੬:੧ (255)

ਞਾਣਤ ----- ਜਾਣਦਾ, ਸਮਝਦਾ
"ਵਾਣਤ ਸੋਈ ਸੰਤੁ ਸੋਇ ਭ੍ਰਮ ਤੇ ਕੀਚਿਤ ਭਿੰਨ।"
– ਗਉ ੫, ਬਾਅ ੨੬:੫ (255)

ਞਿਆਨੋ ---- ਗਿਆਨ
"ਞਿਆਨੋ ਬੋਲੈ ਆਪੇ ਬੂਝੈ।"
– ਰਾਮ ੧, ਓਅੰ ੨੭:੧ (933)

ਞੋ --------- ਜੋ
"ਞੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ।"
– ਗਉ ੫, ਬਾਅ ੨੬:੩ (255)

ਟ

ਟਹਕੇਵ ----- ਖਿੜਾਂਦਾ ਹੈ
"ਧੰਨੁ ਅਨਾਦਿ ਭੂਖੇ ਕਵਲੁ ਟਹਕੇਵ।"
-ਗੋਂਡ ਕਬ, ੧੧, ੧:੨ (873)

ਟਹਲ ------ ਸੇਵਾ
"ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ।"
-ਗਉ ੫, ੫, ੧:੧ (13)

ਹੋਰ ਰੂਪ:

ਟਹਲਾ –
"ਅਵਰ ਟਹਲਾ ਝੂਠੀਆਂ ਨਿਤ ਕਰੈ ਜਮੁ ਸਿਰਿ ਮਾਰ।" (ਸੇਵਾ)
– ਮਾਲੀ ੫, ੧, ੧*:੨ (986)

ਟਹਲਾਇਓ -- ਟਹਲ/ਸੇਵਾ ਵਿਚ ਲਾ ਦਿਤਾ
"ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ।"
-ਗਉ ੫, ੧੩੬*, ੧:੧ (209)

ਟਹਲਾਵਾ ---- ਟਹਲ (ਸੇਵਾ) ਵਿਚ

"ਨੇਤ੍ਰ ਪੁਨੀਤ ਭਏ ਦਰਸੁ ਪੇਖੇ ਹਸਤ ਪੁਨੀਤ ਟਹਲਾਵਾ।"
-ਸਾਰ ੫, ੩੯, ੧:੧ (1212)

ਟਹਲੈ ------ ਸੇਵਾ ਵਿਚ
"ਕਰਿ ਕਿਰਪਾ ਮੋਹਿ ਟਹਲੈ ਲਾਏ।"
-ਮਾਰੂ ੫, ਸੋਲਾ ੭, ੧੩:੨ (1078)

ਟਕਸਾਲ ---- ਟਕੇ ਬਣਾਉਣ ਦਾ ਘਰ
"ਘੜੀਐ ਸਬਦੁ ਸਚੀ ਟਕਸਾਲ।"
- ਜਪੁ ੧, ੩੮:੫ (8)

ਹੋਰ ਰੂਪ:

ਟਕਸਾਲਾ–
"ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ।"
- ਸਾਰ ੧, ੪, ੧:੨ (596)

ਟਕਸਾਲੀ –
"ਤਿਸੁ ਘੜੀਐ ਸਬਦੁ ਸਚੀ ਟਕਸਾਲੀ।"
-ਭੈਰ ੪, ੩, ੨:੨ (1134)

ਟਕਾ ------ ਚਾਂਦੀ ਦਾ ਇਕ ਪੁਰਾਣਾ ਸਿੱਕਾ ਭਾਵ ਰੁਪਈਆ
"ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ।"
-ਸਾਰ ਕਬ, ੧, ੧*:੨ (1251)

ਹੋਰ ਰੂਪ:

ਟਕਿਆ
"ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ।" (ਰੁਪਈਆ)
-ਆਸਾ ੧, ਵਾਰ ੪ਸ, ੧, ੨:੬ (464)

ਟੰਕੁ ------- ਤੋਲ ਦੀ ਇਕ ਇਕਾਈ, ਚਾਰ ਮਾਸਿਆਂ ਦਾ ਤੋਲਾ
"ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕੁ ਚੜਾਇਆ।" (ਭਾਵ ਪ੍ਰਭੂ ਰਚਨਾ ਦੀ ਸਮੁਚਤਾ ਦੇ ਸੰਦਰਭ ਵਿਚ ਧਰਤੀ ਬੜੀ ਨਿੱਕੀ ਹੈ)
- ਸੋਰ ੪, ੪, ੧:੩ (605)

ਟੰਗ ------- ਲਤ
"ਹਰਿ ਭਗਤਾਂ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ।"
- ਬਿਲਾ ੪, ਵਾਰ ੨:੩ (849)

ਟਗਰੀ ----- ਟੰਗ, ਲਤ
"ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ।"
- ਗੋਂਡ ਨਾਮ, ੭, ੧:੨ (875)

ਟੰਚੁ ------- ਵਿਅਰਥ ਧੰਧਾ
"ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ।"
-ਆਸਾ ੧, ਪਟੀ ੧੪:੧ (433)

ਟਟਰਿ ------ ਕੜਾਹਾ
"ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲ ਲਾਇ।"
– ਮਾਝ ੧, ਵਾਰ ੧੧ਸ, ੧, ੨:੩ (143)

ਟਟਾ ------ ਗੁਰਮੁਖੀ ਲਿਪੀ ਦਾ 16ਵਾਂ ਅੱਖਰ 'ਟ' (ਟੈਂਕਾ)
"ਟਟਾ ਬਿਕਟ ਘਾਟ ਘਟ ਮਾਹੀ।"
– ਗਉ ਕਬ, ਬਾਅ ੧੭:੧ (341)

ਹੋਰ ਰੂਪ:

ਟਟੈ –
"ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿ ਮੁਹਤਿ ਕਿ ਉਠਿ ਚਲਣਾ।"
–ਆਸਾ ੧, ਪਟੀ ੧੪:੧ (433)

ਟਪਹਿ ------ ਉਛਲੇ, ਟਪੂਸੀ ਮਾਰੇ
"ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ।
– ਗਉ ੩, ੨੪, ੩:੨ (159)

ਟਪਿਐ ------ ਟਪਣ ਨਾਲ, ਉਛਲਣ ਨਾਲ
"ਨਚਿਐ ਟਪਿਐ ਭਗਤਿ ਨ ਹੋਇ।"
– ਗਉ ੩, ੨੪, ੩:੩ (159)

ਟਬਰ ------ ਪਰਿਵਾਰ
"ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।"
– ਮਾਝ ੧, ਵਾਰ ੨੬ਸ, ੧, ੧:੪ (149)

ਟੰਮਕ ------ ਛੋਟਾ ਨਗਾਰਾ
"ਵਾਤ ਵਜਨਿ ਟੰਮਕ ਭੇਰੀਆ।"
– ਸਿਰੀ ੫, ਅਸ ੨੯, ੧੮:੧ (74)

ਟਰਹੁ ------ ਟਾਰੇ, ਹਟਾਓ, ਦੂਰ ਕਰੋ
"ਜੋ ਤੁਮ੍ ਕਰਹੁ ਸੋਈ ਭਲ ਮਾਨੈ ਭਾਵਨੁ ਦੁਬਿਧਾ ਦੂਰਿ ਟਰਹੁ।"
– ਬਿਲਾ ੫, ੧੧੯, ੨:੧ (828)

ਟਰਤ ------ ਹਟਦਾ, ਦੂਰ ਹੁੰਦਾ
"ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ।"
– ਮਾਰੂ ੫, ੮, ੨:੧ (1001)

ਟਰਿਓ ------ ਦੂਰ ਹੋਈ, ਹਟੀ, ਨਾਸ ਹੋਈ
"ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ।"
– ਮਾਰੂ ਨਾਮ, ੧, ੩:੨ (1105)

ਹੋਰ ਰੂਪ:

ਟਰਿਆ –
"ਪ੍ਰਥਮੇ ਗਰਭ ਵਾਸ ਤੇ ਟਰਿਆ।" (ਹਟਿਆ, ਦੂਰ ਹੋਇਆ, ਬਾਹਰ ਆਇਆ)
– ਗਉ ੫, ਅਸ ੪, ੧:੧ (237)

ਟਰੀ ------ ਟਲ ਗਈ, ਹਟ ਗਈ
“ਜਾਸੁ ਜਪਤ ਭੈ ਅਪਦਾ ਟਰੀ।”
– ਗੋਂਡ ਨਾਮ, ੫, ੪:੪ (874)

ਹੋਰ ਰੂਪ:

ਟਰੀਐ –
“ਖਿਨੁ ਨਾਹਿ ਟਰੀਐ ਪ੍ਰੀਤਿ ਹਰੀਐ ਸੀਗਾਰ ਹਭਿ ਰਸ ਅਰਪੀਐ।” (ਹਟੀਏ, ਦਰ ਹੋਈਏ)
– ਆਸਾ ੫, ਛੰਤ ੪, ੧:੩ (454)

ਟਰੇ –
“ਚਰਣ ਕਮਲ ਸੰਗਿ ਪ੍ਰੀਤਿ ਕਲਮਲ ਪਾਪ ਟਰੇ।” (ਟਲ ਗਏ, ਦੂਰ ਹੋਏ)
– ਆਸਾ ੫, ਛੰਤ ੯, ੪:੨ (459)

ਟਰੈ –
“ਕਵਨੁ ਅਸਥਾਨੁ ਜੋ ਕਬਹੁ ਨ ਟਰੈ।” (ਟਲਦਾ ਭਾਵ ਅਟੱਲ ਹੈ)
– ਗਉ ੫, ਅਸ ੪, ੧*:੧ (237)
“ਸੰਤ ਕੀ ਦੂਖਨਾ ਸੁਖ ਤੇ ਟਰੈ।” (ਟਲਦਾ ਹੈ, ਭਾਵ ਰਹਿ ਜਾਂਦਾ ਹੈ)
– ਗਉ ੫, ਸੁਖ ੧੩, ੪:੮ (280)

ਟਲ ------- ਇਕ ਭੱਟ ਕਵੀ, ਜਿਸ ਦਾ ਗੁਰੂ ਅੰਗਦ ਦੇਵ ਜੀ ਦਾ ਇਕ ਸਵਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕਈ ਵਿਦਵਾਨ ‘ਟਲ’ ਤੇ ‘ਕਲ’ ਨੂੰ ਇਕੋ ਮੰਨਦੇ ਹਨ
“ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ।”
– ਸਵ ੨, ੧੦:੫ (1392)

ਟਲਹਿ ----- ਟਲ ਜਾਂਦੇ ਹਨ
“ਟਲਹਿ ਜਾਮ ਕੇ ਦੂਤ ਤਿਹ ਜੁ ਸਾਧੂ ਸੰਗਿ ਸਮਾਹਿ।”
– ਗਉ ੫, ਬਾਅ ੨੭:੬ (255)

ਟਲਪਲੈ ---- ਟਲ ਪੈਂਦਾ/ਜਾਂਦਾ ਹੈ
“ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲਪਲੈ।”
– ਸਿਰੀ ੧, ੩੩, ੧:੨ (25)

ਟਲਾਧਾ ----- ਟਾਲਿਆ, ਹਟਾਇਆ
“ਨਿਹਚਲੁ ਮਸਤਕਿ ਲੇਖੁ ਲਿਖਿਆ ਸੋ ਟਲੈ ਨ ਟਲਾਧਾ।”
– ਮਾਰੂ ੫, ਵਾਰ ੧੯:੬ (1101)

ਟਲਿ ------ ਟਲਣਾ, ਰੁਕਨਾ
“ਦੇਖਿ ਅਟਲ ਟਲਿ ਕਤਹਿ ਨ ਜਾਵਾ।”
– ਗਉ ਕਬ, ਬਾਅ ੧੭:੩ (341)

ਟਲਿਆ ---- ਦੂਰ ਹੋਇਆ
“ਵਰੁ ਪਾਇਆ ਪ੍ਰਭੁ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ।”
-ਗਉ ੫, ਛੰਤ ੪, ੪:੪ (249)

ਠਲੀ ------ ਟੱਲ ਗਈ, ਦੂਰ ਹੋਈ

"ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ।"
– ਰਾਮ ੧, ਓਅੰ ੧੨:੨ (931)

ਟਲੈ ------- ਟਲਦਾ, ਦੂਰ ਹੁੰਦਾ
"ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ।"
– ਸਿਰੀ ੧, ਅਸ, ੪, ੧:੩ (55)

ਟਾਕਿਮ ----- ਮੈਂ ਰੋਕਾਂ
"ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂਜੜੀਆਂ ਮਨਹੁ ਮਚਿੰਦੜੀਆ।"
–ਆਸਾ ਫਰ, ੨, ੧*:੧ (488)

ਟਾਟੀ ------ ਓਟ, ਸਰਕੜਿਆ, ਅਥਵਾ ਬਾਂਸ ਦੀ ਕੰਧ/ਪੜਦਾ, ਛਪਰੀ
"ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।"
– ਗਉ ਕਬ, ੪੩, ੧*:੨ (331)

ਟਾਂਡ ------ ਸੌਦਾ, ਵਖਰ
"ਤ੍ਰਿਸਨਾ ਗੁਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ।"
– ਗਉ ਕਬ, ੪੯, ੧:੨ (333)

ਟਾਂਡਾ ------ (1) ਵਪਾਰ ਦੀ ਸਮਗ੍ਰੀ ਨਾਲ ਲਦਿਆ ਬੈਲਾਂ ਦਾ ਵਗ, ਕਾਫਲਾ
"ਪੰਚ ਤਤੁ ਮਿਲੁ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ।"
– ਗਉ ਕਬ, ੪੯, ੨:੨ (333)

ਹੋਰ ਰੂਪ:

ਟਾਂਡੋ –
"ਦਹਦਿਸ ਟਾਂਡੋ ਗਇਓ ਫੂਟਿ।" (ਭਾਵ ਸਰੀਰ)
– ਬਸੰ ਕਬ, ੬, ੩:੨ (1195)

(2) ਵਖਰ, ਸੌਦਾਰ, ਖੇਪ
"ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ।"
–ਗਉ ਰਵਿ, ੧, ੧*:੧ (345)

ਟਾਪੈ ------ ਟਪੇ, ਉਛਲੇ, ਕੁਦੇ
"ਸਕਤੀ ਘਰਿ ਜਗਤੁ ਸੂਤਾ ਨਾਚੈ ਟਾਪੈ ਅਵਰੋ ਗਾਵੈ ਮਨਮੁਖਿ ਭਗਤਿ ਨ ਹੋਈ।"
– ਗੂਜ ੩, ਅਸ ੧, ੩:੨ (506)

ਟਾਰਉ ----- ਹਟਾਉਣਾ, ਦੂਰ ਕਰਨਾ
"ਸੰਤ ਕਾ ਨਿੰਦਕੁ ਅਕਾਸ ਤੇ ਟਾਰਉ।" (ਭਾਵ ਸੁਟਾਂ)
– ਗੋਂਡ ੫, ੧੮, ੧:੨ (867)

ਹੋਰ ਰੂਪ:

ਟਾਰਿਓ–
"ਅਸਾਧ ਰੋਗੁ ਉਪਜਿਓ ਤਨ ਭੀਤਰਿ ਟਰਤ ਨ ਕਾਹੂ ਟਾਰਿਓ।"
– ਮਾਰੂ ੫, ੮, ੨:੧ (1001)

ਟਾਰੀ ------ ਟਾਲੀ, ਹਟਾਈ

“ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ।”
-ਗਉ ਰਵਿ, ਅਸ ੧, ੮:੧ (346)

ਹੋਰ ਰੂਪ:

ਟਾਰੀਐ –
“ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ।” (ਹਟਾਈਏ)
-ਸਿਰੀ ੫, ਛੰਤ ੩, ੨:੩ (80)

ਟਾਲਿ ------ ਟਲਦਾ, ਡਿਗਦਾ
“ਸੰਤ ਕਾ ਦੋਖੀ ਰਾਜ ਤੇ ਟਾਲਿ।”
– ਗੋਂਡ ੫, ੧੮, ੨:੪ (867)

ਟਾਲੈ ਟੋਲੈ --- ਟਾਲ ਮਟੋਲ, ਬਹਾਨਿਆਂ ਵਿਚ
“ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ।”
-ਸਲੋ ਕਬ, ੨੦੮:੧ (1375)

ਟਿਕ ------ ਅਧਾਰ, ਟੇਕ, ਆਸਰਾ
“ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ।”
– ਧਨਾ ੫, ੩੨, ੨:੧ (679)

ਟਿਕਈ ----- ਟਿਕੇ, ਠਹਿਰੇ
“ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ।”
– ਰਾਮ ੧, ਸਿਗੋ ੮:੨ (939)

ਟਿਕਈਆ --- (1) ਟਿਕਾਈ ਹੈ, ਲਈ ਹੈ, ਬਣਾਈ ਹੈ।
“ਜਨ ਕੀ ਟੇਕ ਹਰਿ ਨਾਮੁ ਟਿਕਈਆ।”
– ਬਿਲਾ ੪, ਅਸ ੩, ੧*:੧ (834)

(2) ਟਿਕਾਇਆਂ
“ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ।”
– ਬਿਲਾ ੪, ਅਸ ੪, ੨:੧ (835)

ਟਿਕਹਿ ----- ਟਿਕਦਾ/ਵਸਦਾ, ਠਹਿਰਦਾ
“ਜਿਸ ਕੈ ਮਸਤਕਿ ਗੁਰ ਹਾਥੁ ਤਿਸੁ ਹਿਰਦੈ ਹਰਿ ਗੁਣ ਟਿਕਹਿ।”
-ਤੁਖਾ ੪, ਛੰਤ ੩, ੪:੨ (1115)

ਟਿਕਣ ----- ਠਹਿਰਨ, ਵਸਨ
“ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ।”
– ਗੂਜ ੫, ਵਾਰ ੨੦:੧ (523)

ਹੋਰ ਰੂਪ:

ਟਿਕਣੁ –
“ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ।” (ਠਹਿਰਨਾ, ਟਿਕਾਉ, ਵਾਸਾ)

– ਜੈਤ ੫, ਛੰਤ ੩, ੨:੬ (705)

ਟਿਕੰਨਿ –
“ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ।”
– ਗਉ ੩, ਅਸ ੯, ੫:੧ (233)

ਟਿਕਨੁ –
“ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ।”
– ਗਉ ੫, ਸੁਖ ੧੩, ੩:੨ (280)

ਟਿਕਾ ------ ਤਿਲਕ
“ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ।”
– ਸਿਰੀ ੧, ੮, ੧:੨ (17)

ਟਿਕਾਇ ---- (1) ਠਹਿਰਿਆ/ਟਿਕਾਇਆ ਹੋਇਆ
“ਕਿਰਿਆ ਕਰਮ ਕਮਾਇਆ ਪਗ ਦੁਇ ਖਿਸਕਾਇਆ ਦੁਇ ਪਗ ਟਿਕੈ ਟਿਕਾਇ ਜੀਉ।”
– ਆਸਾ ੪, ਛੰਤ ੧੧, ੩:੩ (445)

(2) ਟਿਕਾ, ਰਖ ਲੈ
“ਗੁਰ ਕੀ ਹਰਿ ਟੇਕ ਟਿਕਾਇ।”
–ਰਾਮ ੫, ੩੯, ੩:੧ (895)

ਟਿਕਾਇਆ -- ਟਿੱਕਾ ਲਾਇਆ, ਭਾਵ ਥਾਪ ਦਿਤਾ
“ਸਤਿਗੁਰ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ।”
–ਰਾਮ ਸੁੰਦ, ਸਦ, ੪:੫ (923)

ਟਿਕਾਈ ---- ਰਖੀ, ਦਿਤੀ
“ਮੈਂ ਅੰਧੁਲੇ ਹਰਿ ਟੇਕ ਟਿਕਾਈ।”
– ਗਉ ੪, ੩੯, ੪:੩ (164)
“ਐ ਜੀਉ ਨਾਮੁ ਦਿੜਹੁ ਨਾਮੇ ਲਿਵ ਲਾਵਹੁ ਸਤਿਗੁਰ ਟੇਕ ਟਿਕਾਈ।” (ਦਿਤੀ ਹੈ)
– ਗੂਜ ੧, ਅਸ ੩, ੫:੧ (504)

ਟਿਕਾਹੀ ---- ਟਿਕਦੇ/ਟਿਕ ਸਕਦੇ ਹਨ
“ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ।”
–ਕੇਦਾ ੫, ਛੰਤ ੧, ੨:੬ (1122)

ਟਿਕਾਵਸਿ --- ਲੈ, ਟਿਕਾ
“ਕਾਢਿ ਦੇਇ ਸਿਆਲ ਬਪੁਰੇ ਕਉ ਤਾ ਕੀ ਓਟ ਟਿਕਾਵਸਿ ਰੇ।”
–ਮਾਰੂ ੫, ੭, ੨:੨ (1000)

ਟਿਕਾਵਹੁ ---- ਰਖੋ, ਟਿਕਾਓ
“ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ।”
– ਗੋਂਡ ਨਾਮ, ੩, ੨:੧ (874)

ਟਿਕਾਵੈ ----- ਰਖੈ, ਟਿਕਾ ਦੇਵੈ, ਸਥਿਤ ਕਰੇ
“ਅਕਲ ਕਲਾ ਸਚੁ ਸਾਚਿ ਟਿਕਾਵੈ।”

– ਆਸਾ ੧, ਅਸ ੭, ੪:੨ (414)

ਟਿਕਿਓਨੁ --- ਟਿੱਕਾ ਲਾਇਆ, ਭਾਵ ਗੱਦੀ ਉਪਰ ਬਿਰਾਜਮਾਨ ਕੀਤਾ
"ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ।"
– ਰਾਮ ਬਸ, ਵਾਰ ੪:੯ (967)

ਟਿਕਿਆ ---- (1) ਟਿੱਕਾ ਲਾਇਆ ਭਾਵ ਗੱਦੀ ਦਿਤੀ
"ਗੁਰ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ।"
– ਗਉ ੪, ਵਾਰ ੧੪ਸ, ੪, ੧:੭ (307)
(2) ਟਿਕਿਆ ਰਿਹਾ, ਰਹਿ ਗਿਆ ਭਾਵ ਬਚਿਆ
"ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ।"
– ਆਸਾ ੪, ਛੰਤ ੧੧, ੨:੨ (445)

ਟਿਕੀ ------ ਟਿਕਨਾ ਰਖਨਾ
"ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ।"
– ਸਿਰੀ ੧, ਅਸ ੮, ੨:੩ (58)

ਟਿਕੀਜੈ ----- ਰਖੀਏ
"ਬਿਨੁ ਨਾਵੈ ਕਿਆ ਟੇਕ ਟਿਕੀਜੈ।"
– ਮਾਰੂ ੧, ਸੋਲਾ ੧੧, ੭:੨ (1031)

ਟਿਕੇ ------ (1) ਤਿਲਕ
"ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ।" (ਪ੍ਰਵਾਨਗੀ ਦੇ ਤਿਲਕ)
– ਸਿਰੀ ੧, ੬, ੨:੨ (16)
(2) ਟਿਕਾ ਲਾਵੇ, ਭਾਵ ਗੱਦੀ ਦੇਵੇ
"ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ।"
– ਗਉ ੪, ਵਾਰ ੧੯:੧ (304)

ਟਿਕੈ ------ (1) ਟਿਕੇ, ਸਥਿਤ ਹੋਏ
"ਕਹਣੈ ਹਾਥ ਨ ਲਭਈ ਸਚਿ ਟਿਕੈ ਪਤਿ ਪਾਇ।"
– ਸਿਰੀ ੧ ਅਸ ੧੩, ੫:੨ (61)
"ਕਿਸੁ ਊਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ ਕਰੇਇ।" (ਰਖੇ)
– ਸਾਰ ੪, ਵਾਰ ੧੦ਸ, ੧, ੧:੩ (1241)
(2) ਰਹਿੰਦਾ
"ਊਂਧੈ ਭਾਂਡੈ ਟਿਕੈ ਨ ਕੋਇ।"
– ਗਉ ੩, ੨੩, ੪:੨ (158)
(3) ਠਹਿਰਦਾ, ਟਿਕਦਾ, ਭਟਕਣ ਮੁਕਤ ਹੁੰਦਾ
"ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ।"
– ਗਉ ੪, ੫੯, ੧:੧ (170)
(4) ਅਟਕਦਾ, ਖਲੋਂਦਾ
"ਇਸੁ ਆਗੈ ਕੋ ਨ ਟਿਕੈ ਵੇਕਾਰੀ।"
– ਸੋਰ ੫, ੮੦, ੧:੩ (628)

ਟਿੰਡ ------ ਮਿੱਟੀ ਦਾ ਗੜਵੇ ਦੀ ਸ਼ਕਲ ਦਾ ਬਰਤਨ ਜੋ ਹਰਟ ਦੀ ਮਾਹਲ ਨਾਲ ਪਾਣੀ ਕੱਢਣ ਲਈ ਬੰਨਦੇ ਹਨ।
"ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ।"
– ਬਸੰ ੧, ੯, ੨:੧ (1171)

ਟਿਬੇ ------ ਰੇਤ ਦਾ ਟਿੱਲਾ (ਉਚਾ ਢੇਰ)
"ਨਦੀਆ ਵਿਚਿ ਟਿਬੇ ਦਿਖਾਲੇ ਥਲੀ ਕਰੇ ਅਸਗਾਹ।"
– ਮਾਝ ੧, ਵਾਰ ੧੪ਸ, ੧, ੧:੩ (144)

ਟੀਕ ------ (1) ਟਿਕਾ/ਤਿਲਕ ਲਾਓ
"ਮੇਰੈ ਮਨਿ ਹਰਿ ਹਰਿ ਰਾਮ ਨਾਮੁ ਰਸੁ ਟੀਕ।"
– ਪ੍ਰਭਾ ੪, ੩, ੧*:੧ (1336)
(2) ਟਿਕਾ
"ਜਿਨ ਹਰਿ ਹਿਰਦੈ ਪ੍ਰੀਤਿ ਲਗਾਨੀ ਤਿਨਾ ਮਸਤਕਿ ਊਜਲ ਟੀਕ।"
– ਪ੍ਰਭਾ ੪, ੩, ੨:੧ (1336)

ਟੀਕਾ ------ (1) ਸ਼੍ਰੋਮਣੀ, ਮੁਖੀ
"ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ।"
– ਗੂਜ ੫, ਅਸ ੧, ੫:੧ (507)
(2) ਅਰਥ, ਵਿਆਖਿਆ
"ਮੁਖ ਤੇ ਪੜਤਾ ਟੀਕਾ ਸਹਿਤ।"
– ਰਾਮ ੫, ੧੭, ੧:੧ (887)

ਟੀਕਾਵੈ ----- ਟਿਕਦਾ, ਠਹਿਰਦਾ
"ਕੁੰਭ ਬਿਨਾ ਜਲੁ ਨ ਟੀਕਾਵੈ।"
–ਗੋਂਡ ਕਬ, ੯, ੧:੩ (872)

ਟੀਡੁ ------ ਟਿੱਡਾ
"ਰਥ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ।"
– ਤੁਖਾ ੧, ਬਾਰਾ ੮:੪ (1108)

ਟੁਕਾਇ ---- ਟੁਕਦਾ/ਕੁਤਰਦਾ ਹੈ
"ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ।"
– ਸਿਰੀ ੪, ੭੦, ੧:੨ (41)

ਹੋਰ ਰੂਪ:

ਟੁਕਾਈ–
"ਅਨਦਿਨੁ ਮੂਸਾ ਲਾਜੁ ਟੁਕਾਈ।"
– ਆਸਾ ੫, ੮੧, ੧:੧ (390)

ਟੁਕੁ ------- (1) ਟੁਕੜਾ
"ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨ ਸਮਾਲਸੀ ਬੋਲਾ।"
– ਤਿਲੰ ੧, ੫, ੨:੪ (723)
(2) ਜਰਾ ਕੁ, ਥੋੜੇ ਸਮੇਂ ਲਈ

ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ।”
– ਤਿਲੰ ਕਬ, ੧, ੧:੨ (727)
“ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ।”
– ਮਾਰੂ ਕਬ, ੨, ੩:੧ (1103)

ਟੁਟਿ ------ ਭਜ/ਟੁਟ ਕੇ
“ਵਧਿ ਥੀਵਹਿ ਦਰਿਆਉ ਟੁਟਿ ਨ ਥੀਵਹਿ ਵਾਹੜਾ।” (ਭਾਵ ‘ਘਟ’ ਕੇ)
– ਸਲੋ ਫਰ, ੧੧੭:੨ (1384)

ਟੁਟੀ ------ ਟੁਟ ਗਈ
“ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ।”
– ਭੈਰ ਕਬ, ੧੮, ੨:੧ (1162)
“ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ।” (ਭਾਵ ਮੁਕ ਗਈ)
–ਸਲੋ ਫਰ, ੬੮:੧ (1381)

ਟੁੰਡਾ ------- ਜਿਸ ਦਾ ਹੱਥ ਨਹੀਂ, ਲੁੰਜਾ
“ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ।”
– ਮਾਝ ੧, ਵਾਰ ੩ਸ, ੨, ੨:੨ (139)

ਟੁਬੀ ------- ਟੁਬੀ ਲਾ ਕੇ ਭਾਵ ਡੁੱਬ ਕੇ
“ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ।”
–ਸਲੋ ਫਰ, ੬੨:੧ (1381)

ਟੁਲਿ ਟੁਲਿ --- ਉਛਲ, ਉਛਲ
“ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ।”
–ਮਾਝ ੪, ੫, ੧:੩ (95)

ਟੁਲੇਰੈ ----- ਟੋਲ ਨੂੰ, ਗੁਣ ਨੂੰ (ਸ਼ਬਦਾਰਥ) ਉਪਕਾਰ ਨੂੰ (ਕੋਸ਼); ਸਮੁਦਾਯ ਨੂੰ (ਮਹਾਨਕੋਸ਼) ਗੁਰ ਗਿਰਾਰਥ
“ਬਰਨਿ ਨ ਸਾਕਉ ਏਕ ਟੁਲੇਰੈ।”
– ਕਾਨ ੫, ੩੪, ੨:੪ (1305)

ਟੂਕ ------- (1) ਟੁਕੜ, ਰੋਟੀ
“ਕਬਹੂ ਘਰ ਘਰ ਟੂਕ ਮਗਾਵੈ।”
– ਭੈਰ ਨਾਮ, ੫, ੧:੨ (1164)
(2) ਟੁਕੜੇ, ਭਾਗ
“ਅੰਡ ਟੂਕ ਜਾ ਚੈ ਭਸਮਤੀ।”
– ਮਲਾ ਨਾਮ, ੧, ੩:੫ (1292)

ਟੂਕਸਿ ----- ਕੁਤਰਦਾ/ਟੁਕਦਾ/ਕਟਦਾ ਹੈ
“ਰਾਤਿ ਅਨੇਰੀ ਸੁਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ।”
– ਗਉ ੧, ੧੬, ੨:੨ (156)

ਟੂਕਾ ------ ਰੋਟੀਆਂ, ਟੁਕੜ

“ਮਾਗਹਿ ਟੂਕਾ ਤ੍ਰਿਪਤਿ ਨ ਪਾਵੈ।”
– ਰਾਮ ੫, ੧੩, ੨:੩ (886)

ਟੂਕਿ ------ ਕੁਤਰ/ਟੁਕ/ਕੱਟ ਕੇ
“ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ।”
– ਧਨਾ ੫, ੪੨, ੧*:੨ (681)

ਟੂਟ ------- ਟੁਟ ਗਿਆ, ਮੁਕ ਗਿਆ
“ਪੂੰਜੀ ਹਿਰਾਨੀ ਬਨਜੁ ਟੂਟ।”
– ਬਸੰ ਕਬ, ੬, ੩:੧ (1195)

ਟੂਟਸਿ ----- ਟੁਟ ਸਕਦਾ ਹੈ
“ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹੁ ਜੁ ਕਿਤੀਐ।”
– ਆਸਾ ੫, ਛੰਤ ੪, ੩:੫ (455)

ਟੂਟਹਿ ----- ਟੁਟਦਾ
“ਬਿਨੁ ਗੁਰ ਬੰਧਨ ਟੂਟਹਿ ਨਾਹੀ ਗੁਰਮੁਖਿ ਮੋਖ ਦੁਆਰਾ।”
– ਸੋਰ ੩, ੬, ੨:੨ (602)

ਟੂਟਨਿ ----- ਅਣਬਣ, ਨਾਚਾਰੀ
“ਛਲਿ ਨਾਗਨਿ ਸਿਉ ਮੇਰੀ ਟੂਟਨਿ ਹੋਈ।”
–ਪ੍ਰਭਾ ੫, ਅਸ ੧, ੨:੧ (1347)

ਟੂਟਾ ------ (1) ਟੁਟਿਆ ਹੋਇਆ
“ਜਨਮ ਜਨਮ ਕਾ ਟੂਟਾ ਗਾਂਢੈ।” (ਭਾਵ ਵਿਛੜੇ ਹੋਏ ਦਾ ਮਿਲਾਪ ਹੋ ਜਾਂਦਾ ਹੈ)
– ਗਉ ੫, ਸੁਖ ੨੦, ੪:੮ (290)
(2) ਟੁਟ ਗਿਆ
“ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।”
– ਗਉ ਕਬ, ੪੩, ੧:੧ (331)

ਟੂਟਿ ------ (1) ਟੁੱਟੇ ਭਾਵ ਮੁਕੇ, ਖਤਮ ਹੋਵੇ
“ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ।”
– ਗਉ ੫, ਬਾਅ ੧੯ਸ:੧ (253)
(2) ਟੁੱਟ, ਮੁੱਕ
“ਟੂਟਿ ਪਰੀਤਿ ਗਈ ਬੁਰ ਬੋਲਿ।”
– ਰਾਮ ੧, ਓਅੰ ੨੮:੩ (933)

ਹੋਰ ਰੂਪ:

ਟੂਟੀ –
“ਟੂਟੀ ਗਾਢਨਹਾਰ ਗੁੋਪਾਲ।”
– ਗਉ ੫, ਸੁਖ ੧੫, ੧:੧ (282)

ਟੂਟੀਐ –
“ਅਨ ਤੇ ਟੂਟੀਐ ਰਿਖ ਤੇ ਛੂਟੀਐ।” (ਸਬੰਧ ਤੋੜ ਲਵੋ)
– ਬਿਲਾ ੫, ੧੨੯, ੨:੧ (830)

ਟੂਟੇ –

“ਟੂਟੇ ਅਨ ਭਰਾਨਿ ਹਾਂ।” (ਹੋਰ ਭਰਮ ਮੁਕ ਗਏ)

– ਆਸਾ ੫, ੧੫੮, ੧:੧ (409)

(3) ਟੁੱਟ (ਭਰਣਉਕ)

“ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ।”

–ਸਲੋ ਕਬ, ੧੦੩:੧ (1369)

ਹੋਰ ਰੂਪ:

ਟੂਟੀ –

“ਟੂਟੀ ਲਾਜੁ ਭਰੈ ਮਤਿ ਹਾਰੀ।”

– ਗਉ ਕਬ, ੧੨, ੩:੨ (325)

“ਸੇ ਮੁਕਤੁ ਸੇ ਮੁਕਤੁ ਭਏ ਜਿਨ੍ ਹਰਿ ਧਿਆਇਆ ਜੀਉ ਤਿਨ ਟੂਟੀ ਜਮ ਕੀ ਫਾਸੀ।”

– ਆਸਾ ੪, ਸੋਦ ੨, ੩:੨ (348)

ਟੂਟੇ –

“ਜਨਮ ਜਨਮ ਕੇ ਟੂਟੇ ਗਾਢੇ।”

– ਗਉ ੫, ੧੨੫, ੩:੨ (191)

“ਭਉ ਚੂਕਾ ਟੂਟੇ ਸਭਿ ਫੰਦ।”

– ਆਸਾ ੫, ੮੭, ੪:੨ (392)

ਟੂਟੇ ------- (1) ਮੁਕੇ, ਟੁੱਟ ਚੁਕੇ, ਵੇਖੋ ਟੂਟਿ (2)

(2) ਭਜੇ, ਵੇਖੋ ਟੂਟਿ (3)

ਹੋਰ ਰੂਪ:

ਟੂਟੈ –

“ਸੰਤ ਕਾ ਦੋਖੀ ਅਧ ਬੀਚ ਤੇ ਟੂਟੈ।”

– ਗਉ ੫, ਸੁਖ ੧੩, ੫:੧ (280)

“ਟੂਟੈ ਬਾਹ ਦੁਹੂ ਦਿਸ ਗਹੀ।”

– ਰਾਮ ੧, ਓਅੰ ੨੮:੨ (933)

(3) ਟੁੱਟੇ ਹੋਏ ਭਾਵ ਜਖਮੀ

“ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈ ਹੈ।”

–ਗੂਜ ਕਬ, ੧, ੧*:੨ (524)

ਟੂਟੈ ------- (1) ਭਜਣਾ, ਟੁਟਣਾ, ਵੇਖੋ ਟੂਟੇ (2)

(2) ਖਤਮ ਹੋਣ (ਸਬੰਧ)

“ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ।”

– ਬਿਲਾ ੫, ੪੪, ੪:੧ (811)

“ਟੂਟੈ ਗੰਠਿ ਪੜੈ ਵੀਚਾਰਿ।”

– ਰਾਮ ੧, ਓਅੰ ੨੮:੫ (933)

(3) ਮੁਕ ਜਾਣ (ਸੰਸੇ)

“ਜਉ ਗੁਰਦੇਉ ਤ ਸੰਸਾ ਟੂਟੈ।”

– ਭੈਰ ਨਾਮ, ੧੧, ੮:੧ (1167)

ਟੇਕ ------- (1) ਆਸਾਰਾ, ਆਧਾਰ

"ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ।"

- ਗਉ ੪, ਸੋਹ ੪, ੪:੨ (13)

"ਰਾਜਾ ਜਾਨੈ ਸਗਲ ਰਾਜੁ ਹਮਰਾ ਤਿਉ ਹਰਿ ਜਨ ਟੇਕ ਸੁਆਮੀ।" (ਆਸਰਾ, ਮਾਣ)

- ਧਨਾ, ੫, ੩੪, ੧:੨ (679)

"ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ।" (ਓਟ ਵਿਚ)

-ਸੂਹੀ ੧, ਅਸ ੫, ੧*:੨ (752)

"ਸਾਧ ਸੰਗਤਿ ਕੀ ਜਾਵਉ ਟੇਕ।" (ਸ਼ਰਨ ਜਾਂਦਾ ਭਾਵ ਆਸਰਾ ਲੈਂਦਾ ਹਾਂ)

- ਰਾਮ ੫, ੮, ੪:੩ (885)

(2) ਸੋਟੀ, ਆਸਰਾ

"ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ।"

-ਤਿਲੰ ਨਾਮ, ੨, ੧*:੧ (727)

(3) ਟਿਕਾਣਾ

"ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ।"

-ਮਲਾ ੫, ੪, ੧*:੨ (1267)

ਹੋਰ ਰੂਪ:

ਟੇਕਾ–

"ਸਭਨਾ ਕਰਤੇ ਤੇਰੀ ਟੇਕਾ।"

- ਬਿਲਾ ੩, ਵਾ ੧, ੬:੪ (841)

ਟੇਕੇ ------- ਟਿਕਾਏ/ਸਥਿਤ ਕੀਤੇ ਹਨ

"ਜਹਾ ਜਹਾ ਧੂਆ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ।"

- ਗੋਂਡ ਨਾਮ, ੩, ੨:੧ (874)

ਟੇਕੈ ------- (1) ਆਸਰੇ, ਅਧਾਰ ਤੇ

"ਨਾਨਕ ਦਾਸ ਹਰਿ ਹਰਿ ਹਰਿ ਟੇਕੈ।"

- ਗਉ ੫, ੮੭, ੪:੪ (181)

(2) ਟਿਕਾਉਂਦਾ/ਸਥਿਰ ਕਰਦਾ ਹੈ

"ਸਤਿਗੁਰੁ ਮਿਲੈ ਤ ਮਨੂਆ ਟੇਕੈ।"

- ਮਾਰੂ ੧, ਸੋਲਾ ੯, ੧੬:੧ (1029)

ਟੇਢ ------- ਵਿਗ, ਟੇਢਾਪਣ, ਟੇਢਤਾ

"ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢ ਪਗਰੀ।"

- ਬਿਲਾ ਕਬ, ੬, ੧*:੨ (856)

ਟੇਢਉ ----- ਡਿੰਗਾ, ਉਲਟਾ (ਭਾਵ)

"ਮਾਇਆ ਮੋਇਆ ਟੇਢਉ ਜਾਤ।"

- ਰਾਮ ੫, ੩੨, ੧:੪ (892)

ਟੇਢਾ ------ ਵਿੰਗਾ, ਡਿੰਗਾ

"ਬਾਵੈ ਮਾਰਗੁ ਟੇਢਾ ਚਲਨਾ।"

– ਗਉ ੫, ੯੮, ੩:੧ (185)

ਹੋਰ ਰੂਪ:

ਟੇਢੀ –

“ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ।”

– ਕੇਦਾ ਕਬ, ੫, ੧:੧ (1124)

ਟੇਢੇ –

“ਚਲਤ ਕਤ ਟੇਢੇ ਟੇਢੇ ਟੇਢੇ।” (ਭਾਵ ਆਕੜਿਆ)

– ਕੇਦਾ ਕਬ, ੪, ੧*:੧ (1124)

ਟੇਢੌ –

“ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੋ ਟੇਢੌ ਜਾਤੁ।” (ਭਾਵ ਆਕੜ ਕੇ)

– ਸਾਰ ਕਬ, ੧, ੧*:੨ (1251)

ਟੇਰਉ ----- ਉਚਾਰਦੀ/ਅਲਾ ਹੁੰਦੀ ਹਾਂ

“ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ ਨੀਦ ਪਲਕ ਨਹੀਂ ਜਾਗਿਓ।”

– ਸਾਰ ੫, ੫, ੧:੧ (1203)

ਟੇਰਤ ------ ਕਹਿੰਦੇ ਹਨ, ਆਖਦੇ ਹਨ

“ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ।”

– ਦੇਵ ੯, ੨, ੧:੧ (536)

ਟੇਰੇ ------- ਪੁਕਾਰਦਾ, ਦੁਖ ਵਿਚ ਆਵਾਜ਼ਾ ਕਢਦਾ ਹੈ

“ਹਰਿ ਬਿਨੁ ਸਾਂਤਿ ਨ ਪਾਈਐ ਮੇਰੀ ਜਿੰਦੁੜੀਏ ਜਿਉ ਚਾਤ੍ਰਿਕ ਜਲ ਬਿਨੁ ਟੇਰੇ ਰਾਮ।”

– ਬਿਹਾ ੪, ਛੰਤ ੨, ੨:੨ (538)

ਟੇਰੈ ------- ਬੋਲਦਾ, ਪੁਕਾਰਦਾ, ਉਚਾਰਦਾ

“ਚਾਤ੍ਰਿਕੁ ਜਲ ਬਿਨੁ ਪ੍ਰਿਉ ਪ੍ਰਿਉ ਟੇਰੈ ਬਿਲਪ ਕਰੈ ਬਿਲਲਾਈ।”

– ਮਲਾ ੧, ਅਸ ੧, ੩:੧ (1273)

ਟੇਵ ------- ਸੁਭਾਵ, ਬਾਣ, ਚਸਕਾ, ਆਦਤ

“ਗੁਨ ਗੋਪਾਲ ਉਚਾਰੁ ਰਸਨਾ ਟੇਵ ਏਹ ਪਰੀ।”

– ਕੇਦਾ ੫, ੧੦, ੧:੨ (1121)

ਟੋਏ ------- ਡੂੰਘੇ ਥਾਂ, ਖਾਤੇ, ਗਢੇ

“ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ।”

– ਸਲੋ ਫਰ, ੭੪:੧ (1381)

ਟੋਹਣੀ ----- ਸੋਟੀ

“ਜਿਉ ਅੰਧੁਲੈ ਹਥਿ ਟੋਹਣੀ ਹਰਿ ਨਾਮੁ ਹਮਾਰੈ।”

– ਆਸਾ ੧, ਅਸ ੨੨, ੬:੧ (422)

ਹੋਰ ਰੂਪ:

ਟੋਹਨੀ –

"ਅੰਮ੍ਰਿਤੁ ਪ੍ਰਿਅ ਕਾ ਨਾਮੁ ਮੈ ਅੰਧੁਲੇ ਟੋਹਨੀ।"
– ਬਿਲਾ ੫, ਛੰਤ ੩, ੨:੧ (847)

ਟੋਹੇ ਟਾਹੇ --- ਵੇਖੇ ਭਾਲੇ
"ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ।"
– ਗਉ ੫, ਬਾਅ ੨੭:੫ (255)

ਟੋਘਨੈ ----- ਟੋਭਿਆਂ ਛੋਟੇ ਪਾਣੀਆਂ ਭਾਵ ਦੇਵੀ ਦੇਵਤਿਆਂ
"ਇਹ ਟੋਘਨੈ ਨ ਛੂਟਸਹਿ ਫਿਰਿ ਕਰਿ ਸਮੁੰਦੁ ਸਮ੍ਹਾਲਿ।"
– ਸਲੋ ਕਬ, ੪੯:੨ (1367)

ਟੋਡੀ ------ ਦਿਨ ਦੇ ਦੂਜੈ ਪਹਿਰ ਗਾਇਆ ਜਾਣ ਵਾਲੀ ਦੀਪਕ ਰਾਗ ਦੀ ਰਾਗਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਰਾਗ ਦੀ ਬਾਣੀ ਨੂੰ ਤਰਤੀਬ ਵਿਚ ਬਾਹਰਵਾਂ ਸਥਾਨ ਪ੍ਰਾਪਤ ਹੈ
"ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ।"
– ਰਾਗ ੧:੩੫ (1430)

ਟੋਪੀ ------ ਸਿਰ ਤੇ ਪਾਣ ਵਾਲਾ ਇਕ ਛੋਟੀ ਟੋਕਰੀ-ਨੁਮਾ ਵਸਤਰ, ਕੁਲਹ
"ਊਂਧਉ ਖਪਰੁ ਪੰਚ ਭੂ ਟੋਪੀ।"
– ਰਾਗ ੧, ਸਿਗੋ ੧੧:੧ (939)

ਹੋਰ ਰੂਪ:

ਟੋਪੁ –
"ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ।"
– ਭੈਰ ਕਬ, ੧੭, ੩:੧ (1161)

ਟੋਭਿਆ ---- ਤਲਾ, ਚਪੜ
"ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ।"
– ਬਿਲਾ ੪, ਵਾਢ ੧੩:੩ (855)

ਟੋਰੈ ------- ਟੋਲਦਾ/ਲਭਦਾ ਹੈ
"ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ।"
– ਗਉ ੫, ੧੫੦*, ੨:੧ (212)

ਟੋਲ ------- ਸ਼ੋਭਾ ਦੇ ਸਮਾਨ, ਵਸਤ੍ਰ ਗਹਿਣ ਆਦਿ
"ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ।"
– ਮਾਝ ੧, ਵਾਰ ੧੦ਸ, ੧, ੨:੬ (142)

ਟੋਲਹੁ ------ ਲਭੋ, ਢੂੰਡੋ
"ਸੰਤ ਸਭਾ ਮਹਿ ਇਹੁ ਰਸੁ ਟੋਲਹੁ।"
– ਮਾਰੂ ੧, ਸੋਲਾ ੧੦, ੪:੨ (1030)

ਟੋਲਾਵਹੁ ---- ਲਭਾਵੋ, ਲਭੋ
"ਤਰੀਕਤਿ ਤਰਕ ਖੋਜਿ ਟੋਲਾਵਹੁ।"
– ਮਾਰੂ ੫, ਸੋਲਾ ੧੨, ੩:੨ (1083)

ਟੋਲਿ ------ (1) ਖੂਬੀ, ਵਡਿਆਈ
"ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ।"
– ਸੂਹੀ ੧, ਕੁਚ ੧:੬ (762)

(2) ਲਭ ਕੇ
"ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ।"
– ਬਿਲਾ ੪, ਵਾਰ ੧੦:੨ (853)

ਟੋਲੀ ------ ਸ਼ੋਭਾ ਵਡਿਆਈ ਦਾ ਸਮਾਨ
"ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ।"
– ਸੂਹੀ ੧, ਕੁਚ ੧:੧੦ (762)

ਟੋਲੇ ------- ਟੋਲ/ਢੂੰਡ ਕੇ
"ਹਰਿ ਜੈਸਾ ਪੁਰਖੁ ਨ ਲਭਈ ਸਭੁ ਦੇਖਿਆ ਜਗਤੁ ਮੈ ਟੋਲੇ।"
– ਸੋਰ ੪, ਵਾਰ ੧ਸ, ੪, ੨:੪ (642)

ਹੋਰ ਰੂਪ:

ਟੋਲੈ –
"ਬਾਹਿਰ ਟੋਲੈ ਸੋ ਭਰਮਿ ਭੁਲਾਹੀ।" (ਲਭੇ, ਢੂੰਡੇ)
– ਮਾਝ ੫, ੨੬, ੧:੨ (102)

ਟੋਵੈ ------- ਟੋਏ/ਖਾਤੇ ਵਿਚ
"ਗਲਾਂ ਕਰੇ ਘਣੇਰੀਆ ਤਾਂ ਅੰਨ੍ਹੇ ਪਵਣਾ ਖਾਤੀ ਟੋਵੈ।"
– ਸਲੋ ੧, ੩੨:੨ (1412)

ਠ

ਠਉਰ ----- ਠਹਿਰਨ ਦੀ ਥਾਂ, ਠਉੜ, ਟਿਕਾਣਾ
"ਮਨਮੁਖ ਮਨੁ ਤਨੁ ਅੰਧੁ ਹੈ ਤਿਸੁ ਨਉ ਠਉਰੁ ਨ ਠਾਉ।"
– ਸਿਰੀ ੫, ੪੩, ੨:੧ (30)
"ਕਤ ਨਹੀ ਠਉਰ ਮੂਲੁ ਕਤ ਲਾਵਉ।" (ਥਾਂ)
– ਗਉ ਕਬ, ੨੧, ੧:੧ (327)
"ਸੋ ਠਗੁ ਠਗਿਆ ਠਉਰ ਮਨੁ ਆਵਾ।" (ਥਾਂ ਸਿਰ/ਹੋਸ਼ ਵਿਚ ਆਇਆ)
– ਗਉ ਕਬ, ਬਾਅ ੧੮:੪ (341)
"ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ।" (ਥਾਵਾਂ ਭਾਵ ਜਹਾਨ)
– ਆਸਾ ੫, ੪੨, ੧:੧ (381)
"ਐ ਜੀ ਖੋਟੇ ਠਉਰ ਨਾਹੀ ਘਰਿ ਬਾਹਰਿ ਨਿੰਦਕ ਗਤਿ ਨਹੀ ਕਾਈ।" (ਢੋਈ)
– ਗੂਜ ੧, ਅਸ ੪, ੩:੧ (505)

ਹੋਰ ਰੂਪ:

ਠਉਰਾ –
"ਬਿਨੁ ਗੁਰ ਸਬਦੈ ਮਨੁ ਨਹੀ ਠਉਰਾ।" (ਟਿਕਾਣੇ ਤੇ ਨਹੀਂ ਆਉਂਦਾ)

– ਆਸਾ ੧, ਅਸ ੮, ੧*:੧ (415)

ਠਉਰੁ –
“ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨਾ ਪਾਇ।” (ਟਿਕਾਣਾ)
– ਸਿਰੀ ੩, ੩੭, ੪:੨ (28)

ਠਉਰੇ –
“ਭਰਿਪੁਰਿ ਧਾਰਿ ਰਹਿਆ ਸਭ ਠਉਰੇ।”
– ਆਸਾ ੧, ਅਸ ੧, ੧*:੨ (411)

ਠਇਓ ----- ਬਣੀ
“ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਾਇਓ।”
– ਗਉ ਕਬ, ੫੯, ੪:੧ (336)

ਠਹਕਿ ----- ਟਕਰਾ-ਠਹਕ ਕੇ
“ਠਹਕਿ ਠਹਕਿ ਮਾਇਆ ਸੰਗਿ ਮੁਏ।”
– ਗਉ ੫, ਬਾਅ ੨੮:੩ (256)

ਠਹਰਾਇਓ -- ਰੋਕ ਦਿਤੇ, ਠਹਿਰਾ ਦਿਤੇ
“ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ।”
– ਗਉ ੫, ੧੩੬*, ੨:੨ (209)

ਹੋਰ ਰੂਪ:

ਠਹਰਾਇਆ –
“ਡੋਲਨ ਤੇ ਚੂਕਾ ਠਹਰਾਇਆ।” (ਟਿਕਾ ਦਿਤਾ)
– ਰਾਮ ੫, ੨੫, ੧:੩ (890)

ਠਹਰਾਇਦਾ –
“ਦੇਹੁ ਦਰਸੁ ਜਿਤੁ ਮਨੁ ਤ੍ਰਿਪਤਾਸੈ ਹਰਿ ਕੀਰਤਨਿ ਮਨੁ ਠਹਰਾਇਦਾ।” (ਟਿਕਾਉ ਵਿਚ ਆਉਂਦਾ ਹੈ)
– ਮਾਰੂ ੫, ਸੋਲਾ ੫, ੯:੩ (1076)

ਠਹਰਾਈ –
“ਖੋਲ੍ਹਿਓ ਕਪਾਟੁ ਤਾ ਮਨੁ ਠਹਰਾਈ।” (ਟਿਕਾਉ ਵਿਚ ਆਗਿਆ)
– ਸੂਹੀ ੫, ੫, ੪*:੨ (738)

ਠਹਰਾਈ ---- (1) ਟਿਕ ਗਿਆ, ਵੇਖੋ ‘ਠਹਰਾਇਓ’
(2) ਮਿਥੀ, ਨਿਸਚਿਤ ਕੀਤੀ
“ਕਰਤ ਕਰਤ ਅਨਿਕ ਬਹੁ ਭਾਤੀ ਨੀਕੀ ਇਹ ਠਹਰਾਈ।”
– ਗੂਜ ੫, ੧੭, ੨:੧ (499)

ਠਹਰਾਈਐ -- (1) ਟਿਕਾਈਏ, ਟਿਕਾਉ ਵਿਚ ਲਿਆਈਏ
“ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ।”
– ਬਿਹਾ ੪, ਛੰਤ ੧, ੧:੩ (538)

(2) ਠਹਿਰ ਸਕਨਾ
“ਪਤਿਤ ਪਾਵਨ ਪ੍ਰਭੁ ਤਿਆਗਿ ਕਰੇ ਕਹੁ ਕਤ ਠਹਰਾਈਐ ਰਾਮ।”
– ਬਿਲਾ ੫, ਛੰਤ ੪, ੨:੩ (848)

ਠਹਰਾਨਾ ---- ਟਿਕਦਾ, ਠਹਿਰਦਾ, ਟਿਕਾਉ ਵਿਚ ਆਉਂਦਾ
"ਬਿਨੁ ਬੂਝੇ ਕਹਾ ਮਨੁ ਠਹਰਾਨਾ।"
- ਭੈਰ ੫, ੧੯, ੩:੩ (1140)

ਠਹਰਾਨੀ ---- ਠਹਿਰ (ਖਲੋ) ਗਈ ਭਾਵ ਬੁਝ ਗਈ
"ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ।"
- ਆਸਾ ਕਬ, ੯, ੧:੨ (477)

ਠਹਰਾਨੇ ---- ਠਹਿਰ ਗਿਆ, ਟਿਕਾਉ ਵਿਚ ਆ ਗਿਆ
"ਬਿਸ ਬਿਸੁਏ ਜਾ ਮਨ ਠਹਰਾਨੇ।"
- ਰਾਮ ੫, ੧੬, ੨:੩ (887)

ਹੋਰ ਰੂਪ:

ਠਹਰਾਨੋ -
"ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ।" (ਟਿਕਾ ਲਿਆ ਹੈ)
- ਧਨਾ ੯, ੩, ੨:੧ (685)

ਠਹਰਾਯਉ --- ਨਿਸਚੇ ਕੀਤਾ ਮੁਕਰਰ ਕੀਤਾ
"ਗੁਰੂ ਅਰਜਨੁ ਘਰਿ ਗੁਰ ਰਾਮਦਾਸ ਅਨ ਭਉ ਠਹਰਾਯਉ।"
- ਸਵ ੫, ਕਲ ੨:੪ (1407)

ਠਹਰਾਵਨ --- ਰਖਨ ਲਈ, ਟਿਕਾਉਣ ਲਈ
"ਅੰਤਰਿ ਥਾਨ ਠਹਰਾਵਨ ਕਉ ਕੀਏ।"
- ਰਾਮ ੫, ਅਸ ੨, ੪:੨ (913)

ਠਹਰਾਵੈ ---- ਟਿਕਾਉ ਵਿਚ ਲਿਆਵੇ
"ਤੂ ਅਥਾਹੁ ਅਤਿ ਅਗਮੁ ਅਗਮੁ ਹੈ ਮਤਿ ਗੁਰਮਤਿ ਮਨੁ ਠਹਰਾਵੈ ਗੋ।"
- ਕਾਨ ੪, ਅਸ ੩, ੧:੨ (1309)
"ਇਹੁ ਮਨੁ ਡੋਲਤ ਤਉ ਠਹਰਾਵੈ।"
- ਪ੍ਰਭਾ ੧, ਅਸ ੫, ੫:੩ (1344)
"ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ।" (ਟਿਕ ਜਾਵੇ)
-ਸਮੁ ੫, ੯:੪ (1387)

ਠਕੁਰ ------ ਦੇਵਤਾ, ਪੂਜਨਯੋਗ ਇਸ਼ਟ, ਮਾਲਕ, ਸੁਆਮੀ
"ਕਵਿ ਕਲੵ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ।"
- ਸਵ ੪, ਕਲ ੧:੧੨ (1396)

ਠਕੁਰਾਈ --- ਸਾਹਿਬੀ, ਸਰਦਾਰੀ, ਮਾਲਕੀ, ਪ੍ਰਭੂਤ੍ਵ, ਪ੍ਰਧਾਨਤਾ
"ਤੂੰ ਮੀਰਾ ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ।"
- ਮਾਝ ੫, ਅਸ ੩੭, ੮:੩ (132)

ਠਕੁਰਾਣੀ --- ਰਾਜਪੂਤ ਇਸਤ੍ਰੀ, ਠਾਕੁਰ (ਰਾਜਪੂਤ) ਦੀ ਰਾਣੀ
"ਇਕ ਹਿੰਦੁਤਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।"
- ਆਸਾ ੧, ਅਸ ੧੨, ੬:੧ (418)

ਠਗ ------- ਧੋਖੇ ਨਾਲ ਧਨ ਹਰਨ ਵਾਲਾ
“ਹਰਿ ਠਗ ਜਗ ਕਉ ਠਗਉਰੀ ਲਾਈ।”
– ਗਉ ਕਬ, ਅਸ ੩੯, ੧*:੧ (331)
“ਕਹਿ ਕਬੀਰ ਠਗ ਸਿਉ ਮਨੁ ਮਾਨਿਆ।” (ਹਰਿ ਰੂਪੀ ਠਗ)
– ਗਉ ਕਬ, ਅਸ ੩੯, ੩:੧ (331)

ਠਗਉਰ ---- ਹੋਰਾਂ ਨੂੰ ਠਗਣ ਦੀਆਂ ਵਿਉਤਾਂ
“ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ।”
– ਸਲੋ ੯, ੩੮:੨ (1428)

ਠਗਉਰੀ ---- (1) ਠਗ ਬੂਟੀ ਜਿਸ ਨਾਲ, ਬੇਹੋਸ਼ ਕਰ ਠਗ ਠਗਦੇ ਹਨ, ਇਕ ਨਸ਼ੀਲੀ ਬੂਟੀ (ਗੁਰਬਾਣੀ ਵਿਚ ‘ਮਾਇਆ’ ‘ਮੋਹ’ ਤੇ ਭਗਤੀ ਨੂੰ ‘ਠਗਉਰੀ’ ਕਿਹਾ ਹੈ)
“ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ।”
– ਸਿਰੀ ੫, ਛੰਤ ੩, ੪:੧ (81)
(2) ਠੱਗੀ, ਛਲ
“ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ।”
– ਧਨਾ ਨਾਮ, ੧, ੪:੧ (693)

ਠਗਉਲੀ ---- ਠਗਉਰੀ, ਠਗ ਬੂਟੀ
“ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ।”
– ਸਿਰੀ ੧, ਅਸ ੧੩, ੧:੩ (61)

ਠਗਹਾਰੇ ---- ਠਗ, ਠਗਣ ਵਾਲੇ
“ਸੂਨੇ ਨਗਰਿ ਪਰੇ ਠਗਹਾਰੇ।”
– ਗਉ ੫, ੮੯, ੨:੪ (182)

ਠਗਣ ----- ਠਗ ਲੈਣ
“ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ।”
– ਆਸਾ ੧, ਵਾਰ ੨:੪ (463)
“ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ।”
– ਧਨਾ ੧, ੮, ੧*:੨ (662)

ਠਗਣਹਾਰ --- ਠਗਣ ਵਾਲਾ, ਠਗ
“ਠਗਣਹਾਰ ਅਣਠਗਦਾ ਠਾਗੈ।” (ਭਾਵ ਆਤਮ ਗਿਆਨੀ)
– ਰਾਮ ੫, ੫੪, ੩:੩ (900)

ਠਗਨਿ੍ ----- ਠਗਦੇ ਹਨ
“ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ।”
– ਮਲਾ ੧, ਵਾਰ ੨੩ਸ, ੧, ੨:੩ (1288)

ਠਗਮੂਰੀ ---- ਇਹ ਜ਼ਹਿਰੀਲੀ ਬੂਟੀ ਜਿਸ ਨਾਲ ਬੇਹੋਸ਼ ਕਰ ਠਗ ਠਗਦੇ ਹਨ
“ਭੂਲੌ ਰੇ ਠਗਮੂਰੀ ਖਾਇ।”
– ਸਾਰ ਨਾਮ, ੧, ੧*:੨ (1252)

ਠਗਵਾਰੀ --- ਠਗਣੀ (ਸ਼ਬਦਾਰਥ) ਠੱਗ-ਮੰਡਲੀ (ਮਹਾਨਕੋਸ਼)

“ਇਹ ਠਗਵਾਰੀ ਬਹੁਤੁ ਘਰ ਗਾਲੇ।”
- ਪ੍ਰਭਾ ੫, ਅਸ ੧, ੩:੩ (1347)

ਠਗਵਾਲੇ ---- ਠਗਣ ਵਾਲੇ
“ਜਨ ਨਾਨਕ ਇਕਨਾ ਗੁਰੁ ਮੇਲਿ ਸੁਖੁ ਦੇਵੈ ਇਕ ਆਪੇ ਵਖਿ ਕਢੈ ਠਗਵਾਲੇ।”
- ਗਉ ੪, ਵਾਰ ੧੦ਸ, ੪, ੧:੭ (305)

ਠਗਵਾੜਾ --- ਠਗਣ ਵਾਲਾ, ਠਗ
“ਹਉ ਠਗਵਾੜਾ ਠਗੀ ਦੇਸੁ।”
- ਸਿਰੀ ੧, ੨੯, ੩:੨ (24)

ਠਗਵਾੜੀ --- ਠੱਗਾਂ ਦੀ ਮੰਡਲੀ (ਕਾਮਾਦਿਕਾਂ)
“ਕੂੜਿ ਮੂਠੀ ਠਗੀ ਠਗਵਾੜੀ।”
- ਮਾਰੂ ੧, ਸੋਲਾ ੫, ੬:੧ (1024)

ਠਗਾ ------ ਠੱਗਾਂ ਨਾਲ
“ਠਗਾ ਨੀਹੁ ਮਤ੍ਰੋੜਿ ਜਾਣੁ ਗੰਧ੍ਰਬਾ ਨਗਰੀ।”
- ਮਾਰੂ ੫, ਵਾਰ ੧੩ਸ, ੫, ੩:੧ (1098)

ਠਗਾਊ ----- ਠੱਗ, ਠਗਣ ਵਾਲੇ
“ਅਗਰਕ ਉਸਕੇ ਵਡੇ ਠਗਾਊ।”
- ਆਸਾ ੫, ੮੭, ੩:੧ (392)

ਠਗਾਇ ---- ਠਗਾਂਦਾ ਹੈ
“ਹੋਇ ਮਜੂਰੁ ਗਇਆ ਠਗਾਇ ਠਗਿ।”
- ਰਾਮ ੧, ਓਅੰ ੧੩:੬ (931)

ਠਗਾਈ ---- ਠਗੀ, ਛਲ
“ਕਰਹਿ ਬੁਰਾਈ ਠਗਾਈ ਦਿਨੁ ਰੈਨਿ ਨਿਹਫਲ ਕਰਮ ਕਮਾਹੀ।”
- ਸਾਰ ੫, ੧੬, ੨:੧ (1207)

ਠਗਾਨਾ ----- ਠਗਿਆ, ਠਗ ਲਿਆ
“ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ।”
- ਸਾਰ ੫, ੬੭, ੨:੨ (1217)

ਠਗਾਵੈ ----- ਠਗਦੀ (ਧੋਖਾ ਦਿੰਦੀ) ਹੈ
“ਮੁਖਿ ਬੇਰਾਵੈ ਅੰਤਿ ਠਗਾਵੈ।”
- ਰਾਮ ੫, ੨੯, ੩:੧ (892)

ਠਗਿ ------ (1) ਠਗੀ ਕਰਕੇ, ਠਗ ਕੇ
“ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।”
-ਸਿਰੀ ੧, ੪, ੧:੧ (15)

(2) ਠਗਨ
“ਸਭ ਜਗੁ ਠਗਿਓ ਠਗਿ ਆਈਐ ਜਾਈਐ।”
- ਮਾਝ ੧, ਵਾਰ ੧੯:੭ (147)

"ਹੋਇ ਮਜੂਰੁ ਗਇਆ ਠਗਾਇ ਠਗਿ।" (ਠਗ ਤੋਂ)
- ਰਾਮ ੧, ਓਅੰ ੧੩:੬ (931)

(3) ਠੱਗੀ ਕੇ, ਠੱਗੀ ਚਾ ਕੇ
"ਠਗਿ ਮੁਠੀ ਕੂੜਿਆਰ ਬੰਨ੍ਹਿ ਚਲਾਈਐ।"
- ਆਸਾ ੧, ਅਸ ੧੬, ੭:੨ (420)

ਠਗਿਓ ----- ਠਗਿਆ ਹੈ
"ਸਭੁ ਜਗੁ ਠਗਿਓ ਠਗਿ ਆਈਐ ਜਾਈਐ।"
- ਮਾਝ ੧, ਵਾਰ ੧੯:੭ (147)

ਠਗਿਆ ---- (1) ਠੱਗੀ ਕੇ, ਠਗੇ ਜਾ ਕੇ
"ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ।"
- ਸਿਰੀ ੧, ਅਸ ੧੨, ੧:੩ (60)
"ਨਾਨਕ ਠਗਿਆ ਮੁਠਾ ਜਾਇ।"
- ਮਾਝ ੧, ਵਾਰ ੧੦ਸ, ੧, ੧:੬ (142)

(2) ਠਗ ਲਿਆ
"ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।"
- ਸਿਰੀ ੧, ਅਸ ੧੩, ੧:੨ (61)

(3) ਠਗ ਕੇ
"ਸੋ ਠਗੁ ਠਗਿਆ ਠਉਰ ਮਨੁ ਆਵਾ।"
- ਗਉ ਕਬ, ਬਾਅ ੧੮:੪ (341)

ਠਗਿਆਈ -- ਠਗੀ, ਛੱਲ
"ਲੋਗ ਦੁਰਾਇ ਕਰਤ ਠਗਿਆਈ ਹੋਤੌ ਸੰਗਿ ਨ ਜਾਨੋ।"
- ਮਲਾ ੫, ੧੫, ੧:੨ (1269)

ਠਗੀ ------ (1) ਠਗਦਾ ਹਾਂ
"ਹਉ ਠਗਵਾੜਾ ਠਗੀ ਦੇਸੁ।"
- ਸਿਰੀ ੧, ੨੯, ੩:੨ (24)

(2) ਛੱਲ, ਠਗਪੁਣਾ
"ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ ਜਾਇ।"
- ਗਉ ੪, ਵਾਰ ੭ਸ, ੪, ੨:੫ (303)

(3) ਠਗੀ ਗਈ
"ਕੂੜਿ ਮੁਠੀ ਠਗੀ ਠਗਵਾੜੀ।"
- ਮਾਰੂ ੧, ਸੋਲਾ ੫, ੬:੧ (1024)

(4) ਠਗਾਂ ਨੇ
"ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ।"
- ਮਾਰੂ ੫, ਵਾਰ ੧੦:੨ (1097)

ਹੋਰ ਰੂਪ:

ਠਗੀਂ -
"ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ।"

– ਮਲਾ ੧, ਵਾਰ ੨੩ਸ, ੧, ੨:੨ (1288)

ਠਗੀਆ ---- ਠੱਗੀ ਦਾ ਬਹੁ ਵਚਨ, ਬਹੁਤ ਸਾਰੇ ਛਲ
“ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ।”
– ਆਸਾ ੧, ਵਾਰ ੧੫ਸ, ੧, ੨:੨ (471)

ਠਗੁ ------- ਠੱਗੀ ਕਰਨ ਵਾਲੇ ਨੂੰ
“ਗਈ ਠਗਉਰੀ ਠਗੁ ਪਹਿਚਾਨਿਆ।”
– ਗਉ ਕਬ, ੩੯, ੩:੨ (331)

ਠਗੇ ------- ਠਗਦੀ ਹੈ
“ਜਿਨ੍ਹਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ।”
– ਸਲੋ ੩, ੬:੩ (1413)

ਠਗੈ ------- ਠੱਗਾਂ ਨਾਲ
“ਠਗੈ ਸੇਤੀ ਠਗੁ ਰਲਿ ਆਇਆ ਸਾਥੁ ਭਿ ਇਕੋ ਜੇਹਾ।”
– ਰਾਮ ੫, ਵਾਰ ੭ਸ, ੫, ੨:੬ (960)

ਠਠਾ ------ ਗੁਰਮੁਖੀ ਲਿਪੀ ਦਾ 17ਵਾਂ ਅੱਖਰ ‘ਠ’
“ਠਠਾ ਮਨੂਆ ਠਾਹਹਿ ਨਾਹੀ।”
– ਗਉ ੫, ਬਾਅ ੨੮:੧ (256)

ਠਠੈ ------- ‘ਠਠੇ’ ਦੁਆਰਾ
“ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਣੀ ਜਿਨ੍ ਕਾ ਚਿਤੁ ਲਾਗਾ।”
– ਆਸਾ ੧, ਪਟੀ ੧੫:੧ (433)

ਠੰਢੜਾ ----- ਠੰਢਾ, ਸੀਤਲ, ਭਾਵ ਸ਼ਾਂਤ
“ਹਿਆਉ ਮਹਿਜਾ ਠੰਢੜਾ ਮੁਖਹੁ ਸਚੁ ਅਲਾਇ।”
– ਮਾਰੂ ੫, ਵਾਰ ੧੨ਸ, ੫, ੨:੨ (1098)

ਠੰਢਾ ------ ਸੀਤਲ
“ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ।” (ਭਾਵ ਸ਼ਾਂਤ)
– ਮਾਝ ੫, ੧੬, ੨:੩ (99)
“ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ।”
– ਮਾਝ ੫, ੨੧, ੨:੩ (100)

ਹੋਰ ਰੂਪ:

ਠੰਢੀ –
“ਠੰਢੀ ਤਾਤੀ ਮਿਟੀ ਖਾਈ।”
– ਆਸਾ ੫, ੩੩, ੧*:੧ (378)
“ਪ੍ਰਭ ਖੇਪਤ ਜੀਵਾ ਠੰਢੀ ਥੀਵਾਂ ਤਿਸੁ ਜੇਵਡੁ ਅਵਰੁ ਨ ਕੋਈ।” (ਸ਼ਾਂਤ)
– ਸੂਹੀ ੫, ਛੰਤ ੧੧, ੨:੩ (784)

ਠਨਕਾ ----- ਚੋਟ, ਸੱਟ, ਠੋਕਰ
“ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ।”

– ਸਾਰੰ ਕਬ, ੧, ੧:੨ (1253)

ਠਨਗਨੁ ---- ਘੰਟਾ, ਟਲ
"ਨਕਟੀ ਕੋ ਠਨਗਨੁ ਬਾਡਾ ਡੂੰ।"
– ਆਸਾ ਕਬ, ੪, ੧*:੧ (476)

ਠਰਾ ------ ਠੇਲਦਾ, ਧਕਦਾ
"ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ।"
– ਮਾਰੂ ੫, ਸੋਲਾ ੧੨, ੧੧:੩ (1084)

ਠਰੁ ------- ਠੰਢਾ
"ਜਮੁ ਜਾਗਾਤਿ ਨਾਹੀ ਕਰੁ ਲਾਗੈ ਜਿਸੁ ਅਗਨਿ ਬੁਝੀ ਠਰੁ ਸੀਨਾ ਹੇ।"
– ਮਾਰੂ ੧, ਸੋਲਾ ੮, ੫:੩ (1028)

ਠਰੂਰੁ ------ ਹਿਮਾਲਯਾ (ਮਹਾਨਕੋਸ਼); ਸ਼ਾਂਤ ਠੰਢਾ ਸਮੁੰਦਰ (ਸ਼ਬਦਾਰਥ) ਕੋਸ਼; ਠਰਿਆਂ ਹੋਇਆ (ਕੋਸ਼:ਦਰਪਣ)
"ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ।"
– ਰਾਮ ਬਸ, ਵਾਰ ੫:੫ (967)

ਠਰੂਰੇ ------ ਸ਼ਾਂਤ, ਠੰਢੀ
"ਸਭ ਛਡਾਈ ਖਸਮਿ ਆਪਿ ਹਰਿ ਜਪਿ ਭਈ ਠਰੂਰੇ।"
– ਮਾਝ ੫, ਅਸ ੩੯, ੬:੧ (133)

ਠਵਰ ------ ਸਥਾਨ, ਠੌਰ, ਠਹਿਰਣ ਦੀ ਥਾਂ, ਟਿਕਾਣਾ
"ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ।"
– ਆਸਾ ੧, ਅਸ ੨੦, ੪:੨ (421)

ਠਾਉ ------ ਟਿਕਾਣਾ, ਥਾਂ
"ਮਨਮੁਖ ਮਨੁ ਤਨੁ ਅੰਧੁ ਹੈ ਤਿਨ ਨਉ ਠਉਰ ਨ ਠਾਉ।"
– ਸਿਰੀ ੩, ੪੩, ੨:੧ (30)
"ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ।" (ਟੇਕ, ਆਸਰਾ, ਥਾਂ)
– ਸਿਰੀ ੫, ੮੨, ੩:੧ (46)
"ਗੋਵਿੰਦ ਤੁਝ ਬਿਨੁ ਅਵਰੁ ਨ ਠਾਉ।" (ਜੁਗਾਂ ਭਾਗ ਆਸਰਾ)
– ਗੂਜ ੫, ੩੨, ੧*:੨ (502)
"ਨਹੀ ਰਾਂਬੀ ਠਾਉ ਰੋਪਉ।" (ਫੱਟੀ ਹੋਈ ਥਾਂ ਨੂੰ ਗੰਢਾਂ)
– ਸੋਰਿ ਰਵਿ, ੭, ੧:੨ (659)
"ਸਿਮਰਿ ਸਿਮਰਿ ਪ੍ਰਭੁ ਆਪਨਾ ਨਾਠਾ ਦੁਖ ਠਾਉ।" (ਦੁੱਖ ਦਾ ਥਾਂ ਭਾਵ ਡੇਰਾ)
– ਬਿਲਾ ੫, ੭੦, ੧:੧ (818)
"ਦੁਖ ਬਿਨਸੇ ਸੁਖ ਕੀਨੋ ਠਾਉ।" (ਟਿਕਾਣਾ)
– ਗੋਂਡ ੫, ੧੨, ੧:੨ (865)

ਹੋਰ ਰੂਪ:

ਠਾਉ –
"ਪ੍ਰਗਟ ਪੁਰਖ ਸਭ ਠਾਉ ਜਾਨੇ।" (ਥਾਵਾਂ ਤੇ)

– ਗਉ ੫, ਬਾਅ ੧੨:੬ (252)

ਠਾਓ –

“ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ।” (ਥਾਂ)

– ਵਡ ੧, ਅਲਾ ੫, ੧:੩ (581)

ਠਾਇ ------ ਥਾਂ, ਟਿਕਾਣੇ

“ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ।”

– ਸਿਰੀ ੧, ਅਸ ੭, ੩:੨ (57)

“ਧਾਵਤ ਮਨੂਆ ਆਵੈ ਠਾਇ।” (ਟਿਕਾਣੇ ਤੇ ਆ ਜਾਂਦਾ ਹੈ ਭਾਵ ਟਿਕ ਜਾਂਦਾ ਹੈ)

– ਗਉ ੫, ਅਸ ੨, ੨:੨ (236)

ਹੋਰ ਰੂਪ:

ਠਾਂਇ –

“ਨਾਤਰੁ ਗਰਦਨਿ ਮਾਰਉ ਠਾਂਇ।”

– ਭੈਰ ਨਾਮ, ੧੦, ੨:੨ (1165)

“ਰਮਤ ਰਾਮ ਪੂਰਨ ਸ੍ਰਬ ਠਾਂਇ।”

– ਸਾਰ ੫, ਅਸ ੨, ੯:੪ (1236)

ਠਾਇਓ ---- ਥਾਂ, ਟਿਕਾਣਾ

“ਅਬ ਕੇ ਛੁਟਕੇ ਠਉਰ ਨ ਠਾਇਓ।”

– ਗਉ ਕਬ, ੬੨, ੩:੨ (337)

ਠਾਈ ------ (1) ਥਾਵਾਂ

“ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ।”

– ਮਾਝ ੫, ੪੧, ੧:੩ (106)

ਹੋਰ ਰੂਪ:

ਠਾੰਈ –

“ਸੰਗਿ ਸਹਾਈ ਛੋਡਿ ਨ ਜਾਈ ਪ੍ਰਭੁ ਦੀਸੈ ਸਭਨੀ ਠਾੰਈ।”

– ਮਲਾ ੫, ੧੬, ੧:੨ (1269)

ਠਾਂਈ –

“ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ।”

– ਸੋਰ ਨਾਮਾ, ੨, ੩:੧ (657)

(2) ਟਿਕਾਣਾ, ਥਾਂ

“ਜਿਉ ਬਾਲੂ ਘਰ ਠਉਰ ਨ ਠਾਈ।”

– ਪ੍ਰਭਾ ੫, ਅਸ ੨, ੭:੪ (1348)

ਠਾਏ ------ (1) ਥਾਵਾਂ ਤੇ

“ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ।”

– ਬਿਹਾ ੫, ਛੰਤ ੧, ੪:੫ (542)

(2) ਟਿਕਾਣੇ ਤੇ

“ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ।”

– ਸੂਹੀ ੧, ਛੰਤ ੨, ੪:੫ (764)

ਠਾਹਹਿ ----- ਢਾਹੁੰਦੇ, ਦੁਖਾਉਂਦੇ
“ਠਠਾ ਮਨੂਆ ਠਾਹਹਿ ਨਾਹੀ।”
– ਗਉ ੫, ਬਾਅ ੨੮:੧ (256)

ਠਾਹਣੁ ------ ਢਾਹੁਣਾ, ਤੋੜਨਾ
“ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।”
– ਸਲੋ ਫਰ, ੧੩੦:੧ (1384)

ਠਾਹਰ ----- ਥਾਂ, ਟਿਕਾਣਾ
“ਏਕੈ ਠਾਹਰ ਦੁਹਾ ਬਸੇਰਾ।”
– ਆਸਾ ਕਬ, ੩, ੪:੨ (476)

ਠਾਹਰੈ ----- ਠਹਿਰਦਾ, ਟਿਕਦਾ
“ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ।”
– ਗੋਂਡ ਕਬ, ੯, ੧:੧ (872)

ਠਾਹਿ ------ ਢਾਹ, ਤੋੜ
“ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ।”
– ਸਲੋ ਫਰ, ੧੨੯:੨ (1384)

ਹੋਰ ਰੂਪ:

ਠਾਹੇ –
“ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ।”
– ਸਲੋ ਫਰ, ੧੩੦:੨ (1384)

ਠਾਕ ------ ਰੁਕਾਵਟ, ਰੋਕ
“ਮੰਨੈ ਮਾਰਗਿ ਠਾਕ ਨ ਪਾਇ।”
– ਜਪੁ ੧, ੧੪:੧ (3)

ਠਾਕਹਾਰੇ --- ਰੁਕਾਵਟ, ਰੋਕ
“ਉਨ ਕਉ ਖਸਮਿ ਕੀਨੀ ਠਾਕਹਾਰੇ।” (ਭਾਵ ਰੋਕਿਆ)
– ਗੋਂਡ ੫, ੧੧, ੧:੧ (865)

ਠਾਕਹੁ ----- ਰੋਕੋ
“ਠਾਕਹੁ ਮਨੂਆ ਰਾਖਹੁ ਠਾਇ।”
– ਰਾਮ ੧, ਓਅੰ ੨੯:੧ (933)

ਠਾਕਿ ------ ਰੋਕ, ਰੁਕਾਵਟ
“ਕਰਮਿ ਮਿਲੈ ਨਾਹੀ ਠਾਕਿ ਰਹਾਈਐ।” (ਰੋਕ ਨਹੀਂ ਸਕਦਾ)
– ਆਸਾ ੧, ਸੋਦ ੨, ੩:੪ (9)
“ਜੰਮਣੁ ਮਰਣਾ ਠਾਕਿ ਰਹਾਏ।” (ਭਾਵ ਦੂਰ ਕਰ ਦਿੰਦਾ ਹੈ)
– ਗਉ ੧, ਅਸ ੪, ੭:੩ (222)

ਹੋਰ ਰੂਪ:

ਠਾਕਿਆ –

"ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ।" (ਰੋਕਿਆ ਭਾਵ ਮੁਕਾ ਦਿੱਤਾ)
– ਮਾਰੂ ੩, ਵਾਰ ੭:੫ (1089)

ਠਾਕੀ –
"ਆਸਾ ਮਨਸਾ ਮੋਹਣੀ ਗੁਰਿ ਠਾਕੀ ਸਚੁ ਬੋਲੁ।"
– ਸਿਰੀ ੧, ਅਸ ੯, ੭:੨ (59)

ਠਾਕੀਆ –
"ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ।" (ਰੋਕਿਆ)
– ਸਾਰ ੪, ਵਾਰ ੧੦ਸ, ੧, ੨:੩ (1241)

ਠਾਕੀਐ –
"ਗੁਰ ਪਰਸਾਦੀ ਠਾਕੀਐ ਗਿਆਨ ਮਤੀ ਘਰਿ ਆਵੈ।"
– ਆਸਾ ੩, ਅਸ ੩੦, ੧*:੨ (426)

ਠਾਕੁਰ ----- **ਮਾਲਕ, ਸਵਾਮੀ**
"ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ।" (ਭਾਵ ਪ੍ਰਭੂ)
– ਗੂਜ਼ ੫, ਸੋਦ ੫, ੪:੧ (10)
"ਜੋ ਕਿਛੁ ਠਾਕੁਰ ਕਾ ਸੋ ਸੇਵਕ ਕਾ ਸੇਵਕ ਠਾਕੁਰ ਹੀ ਸੰਗਿ ਜਾਹਰੁ ਜੀਉ।"
– ਮਾਝ ੫, ੨੫, ੩:੩ (102)

ਹੋਰ ਰੂਪ:

ਠਾਕੁਰਾ –
"ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ।" (ਹੇ ਮਾਲਕ)
– ਗਉ ੫, ਸੁਖ ੨੨ਸ:੧ (292)

ਠਾਕੁਰਿ –
"ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ।" (ਠਾਕਰ ਨੇ)
– ਸਿਰੀ ੫, ਛੰਤ ੨, ੫:੫ (80)

ਠਾਕੁਰੁ–
"ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।"
– ਗੂਜ ੫, ਸੋਦ ੫, ੨:੨ (10)

ਠਾਕੁਰੈ –
"ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ।" (ਮਾਲਕ/ਪ੍ਰਭੂ ਦਾ)
– ਗਉ ੫, ੧੬੦*, ੧:੨ (215)

ਠਾਕੁਰੋ –
"ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ।"
– ਆਸਾ ੪, ਛੰਤ ੮, ੩:੧ (442)

ਠਾਕੇ ------ **ਰੋਕੇ**
"ਨਉ ਦਰ ਠਾਕੇ ਧਾਵਤੁ ਰਹਾਏ।"
– ਮਾਝ ੩, ਅਸ ੨੫, ੬:੧ (124)
"ਠਾਕੇ ਬੋਹਿਥ ਦਰਗਹ ਮਾਰ।" (ਰੋਕੇ ਗਏ)
– ਗਉ ੧, ੭, ੪:੨ (153)
"ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ।" (ਭਾਵ ਮੁਕ ਗਏ)

– ਤੁਖਾ ੧, ਛੰਤ ੨, ੫:੧ (1110)

ਹੋਰ ਰੂਪ:

ਠਾਕੈ –

“ਦਸਮੀ ਦਸੇ ਦੁਆਰ ਜੇ ਠਾਕੈ ਏਕਾਦਸੀ ਏਕੁ ਕਰਿ ਜਾਣੈ।” (ਰੋਕੇ)

– ਸਾਰ ੪, ਵਾਰ ੨੧ਸ, ੩, ੨:੩ (1245)

ਠਾਗਉਰੀ --- ਠਗਮੂਰੀ, ਇਕ ਜ਼ਹਿਰੀਲੀ ਬੂਟੀ, ਵੇਖ ‘ਠਗਉਰੀ’

“ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ।”

– ਸਾਰ ੫, ੪, ੨:੧ (1203)

ਠਾਗੀ ------ ਠਗ ਲਈ, ਛਲ ਨਾਲ ਹਿਰਿ ਲਈ

“ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ।”

– ਸਾਰ ੫, ੬੭, ੨:੨ (1217)

ਠਾਗੇ ------ ਠਗੇ, ਛਲ ਨਾਲ ਲੁਟੇ

“ਨਾ ਓਹਿ ਮਰਹਿ ਨ ਠਾਗੇ ਜਾਹਿ।”

– ਜਪੁ ੧, ੩੭:੭ (8)

ਹੋਰ ਰੂਪ:

ਠਾਗੈ –

“ਠਗਣਹਾਰ ਅਣਠਗਦਾ ਠਾਗੈ।” (ਠਗ ਲਏ)

– ਰਾਮ ੫, ੫੪, ੩:੩ (900)

ਠਾਟਾ ------ ਰਚਨਾ, ਬਣਾਵਟ (ਮਹਾਨਕੋਸ਼); ਸਮਿਆਨ (ਸ਼ਬਦਾਰਥ); ਥਣ (ਕੋਸ਼) ਸੋਮਾ (ਨਿਰਣੈ/ਦਰਪਣ)

“ਜਾ ਕੇ ਨਿਗਮ ਦੂਧ ਕੇ ਠਾਟਾ।”

– ਸੋਰ ਕਬ, ੫, ੧:੧ (655)

ਠਾਟੁ ------ (1) ਬਣਾਵਟ, ਰਚਨਾ

“ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ।”

– ਗਉ ਕਬ, ੫੯, ੪:੧ (336)

(2) ਮੇਲ

“ਕਾਮ ਕ੍ਰੋਧ ਸਿਉ ਠਾਟੁ ਨ ਬਨਿਆ।”

– ਪ੍ਰਭਾ ੫, ਅਸ ੧, ੪:੧ (1347)

ਠਾਠਾ ਬਾਗਾ -- ਬਨਾਵਟੀ ਮੇਲ ਜੋਲ, ਕੰਮ ਸਾਰਨ ਜੋਗਾ ਉਦਮ

“ਲੋਗਨ ਸਿਉ ਮੇਰਾ ਠਾਠਾ ਬਾਗਾ।”

– ਆਸਾ ੫, ੫੪, ੧:੨ (384)

ਠਾਢਾ ------ ਖੜੋਤਾ, ਖੜਾ

“ਸਿਰ ਊਪਰਿ ਠਾਢਾ ਗੁਰੁ ਸੂਰਾ।”

– ਗਉ ੫, ਸੁਖ ੨੨, ੭:੯ (293)

ਠਾਂਢਾ ------ ਠੰਢਾ, ਸੀਤਲ

"ਕਲਿ ਤਾਤੀ ਠਾਂਢਾ ਹਰਿ ਨਾਉ।"
– ਗਉ ੫, ਸੁਖ ੧੯, ੩:੫ (288)

ਠਾਢਿ ------ ਠੰਢ
"ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ।"
– ਮਾਝ ੫, ੩੪, ੧:੩ (104)

ਹੋਰ ਰੂਪ:

ਠਾਂਢਿ –
"ਠਾਂਢਿ ਪਰੀ ਸੰਤਹ ਸੰਗਿ ਬਸਿਆ।"
– ਗਉ ੫, ਬਾਅ ੨੮:੫ (256)

ਠਾਢੀ ------ ਖੜੋ ਕੇ
"ਦਿਨੁ ਰੈਣਿ ਠਾਢੀ ਕਰਉ ਸੇਵਾ ਪ੍ਰਭੁ ਕਵਨ ਜੁਗਤੀ ਪਾਇਆ।"
– ਬਿਲਾ ੫, ਛੰਤ ੧, ੧:੫ (845)

ਠਾਂਢੀ ------ ਠੰਢੀ, ਸੀਤਲ
"ਹਰਿ ਕੇ ਨਾਮ ਕੀ ਗਤਿ ਠਾਂਢੀ।"
– ਸਾਰ ੫, ੭੫, ੧*:੧ (1219)
"ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ।" (ਭਾਵ ਸੁਖੀ)
– ਸੋਰ ੫, ੬, ੨:੧ (610)

ਠਾਢੇ ------ ਖੜਾ/ਖਲੋਤਾ ਹੈ
"ਪੂਰਾ ਸਤਿਗੁਰੁ ਕਬਹੂੰ ਨ ਸੇਵਿਆ ਸਿਰਿ ਠਾਢੇ ਜਮ ਜੰਦਾਰਾ।"
– ਸਿਰੀ ੫, ਪਹ ੪, ੨:੪ (77)
"ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ।" (ਖੜੋ ਗਿਆ/ਟਿਕ ਗਿਆ)
– ਗਉ ੪, ੫੯, ੧:੨ (171)
"ਹਮ ਜਾਨਿਆ ਕਛੂ ਨ ਜਾਨਹ ਆਗੈ ਜਿਉ ਹਰਿ ਰਾਖੈ ਤਿਉ ਠਾਢੈ।" (ਖੜੇ ਹਾਂ ਭਾਵ ਰਹਿੰਦੇ ਹਾਂ)
– ਗਉ ੪, ੫੯, ੪:੧ (171)

ਹੋਰ ਰੂਪ:

ਠਾਢੋ –
"ਸਿਰ ਉਪਰਿ ਠਾਢੋ ਧਰਮ ਰਾਇ।"
– ਗਉ ੫, ੭੮, ੨:੩ (178)

ਠਾਢੌ –
"ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ।"
– ਸਾਰ ੫, ੧੦, ੩:੧ (1205)

ਠਾਣ ------ ਥਾਂ, ਸਥਾਨ
"ਜਾ ਕੀ ਦ੍ਰਿਸਟਿ ਅਚਲ ਠਾਣ ਬਿਮਲ ਬੁਧਿ ਸੁਥਾਨ ਪਹਿਰਿ ਸੀਲ ਸਨਾਹੁ ਸਕਤਿ ਬਿਦਾਰਿ।"

– ਸਵ ੨, ੪:੩ (1391)

ਠਾਣਾ ------ ਟਿਕਾਣਾ, ਠਹਿਰਣ ਦਾ ਥਾਂ
“ਖੰਡ ਬ੍ਰਹਮੰਡ ਦਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ।”
– ਗਉ ੫, ੧੨੩*, ੩:੧ (205)

ਠਾਣੀ ------ ਥਾਵਾਂ ਤੋਂ
“ਤਕਹਿ ਨਾਰਿ ਪਰਾਈਆਂ ਲੁਕਿ ਅੰਦਰਿ ਠਾਣੀ।”
– ਗਉ ੪, ਵਾਰ ੨੭:੨ (315)

ਠਾਨੀ ------ ਦਿਲ ਵਿਚ ਪਕ ਕੀਤੀ
“ਪੂਤੁ ਪ੍ਰਹਿਲਾਦੁ ਕਰਿਆ ਨਹੀ ਮਾਨੈ ਤਿਨਿ ਤਉ ਅਉਰੈ ਠਾਨੀ।”
– ਭੈਰ ਨਾਮ, ੯, ੨:੨ (1165)

ਠਾਰੁ ------ ਠੰਢਾ, ਸੀਤਲ
“ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ।”
– ਮਾਰੂ ੫, ਸੋਲਾ ੧੦, ੧੩:੩ (1082)

ਠਿਠਕੀ ---- ਠਿੱਠ ਕੀਤੀ ਹੋਈ, ਫਿਟ ਕਾਰੀ ਹੋਈ
“ਸੰਤ ਕੀ ਠਿਠਕੀ ਫਿਰੈ ਬਿਚਾਰੀ।”
– ਗੋਂਡ ਕਬ, ੭, ੨:੪ (871)

ਠਿਣਕਿਓਨੁ -- ਠੋਕ ਵਜਾ ਕੇ ਵੇਖਿਆ
“ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ।”
– ਰਾਮ ਬਸ, ਵਾਰ ੪:੫ (967)

ਠਿਮਿ ਠਿਮਿ -- ਠੁਮਕ ਠੁਮਕ ਕੇ, ਸਹਾਉਣੀ ਧੀਮੀ ਚਾਲ ਨਾਲ, ਮਟਕ ਮਟਕ ਕੇ
“ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ ਆਪਿ ਆਪੁ ਸੰਧੂਰਏ।”
– ਵਡ ੧, ਛੰਤ ੨, ੮:੪ (567)

ਠੀਸ ------ ਸ਼ੇਖੀ, ਗੱਪ
“ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ।”
– ਜਪੁ ੧, ੩੨:੫ (7)

ਠੀਕਰੁ ----- ਟੁੱਟੇ ਹੋਏ ਮਿੱਟੀ ਦੇ ਭਾਂਡੇ ਦਾ ਟੁਕੜਾ
“ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ।”
– ਮਾਝ ੧, ਵਾਰ ੨ਸ, ੧, ੧:੫ (138)

ਠੀਗਾ ------ ਠੋਕਰ, ਸੱਟ
“ਕਾਲ ਕਾ ਠੀਗਾ ਕਿਉ ਜਲਾਈਅਲੇ ਕਿਉ ਨਿਰਭਉ ਘਰਿ ਜਾਈਐ।”
– ਰਾਮ ੧, ਸਿਗੋ ੨੧:੩ (940)

ਠੇਹ ------- ਠੋਕਰ, ਠੇਡਾ
“ਦੁਸਮਨ ਦੂਤ ਜਮਕਾਲੁ ਠੇਹ ਮਾਰਉ ਹਰਿ ਸੇਵਕ ਨੇੜਿ ਨ ਜਾਈ ਜੀਉ।”
– ਮਾਰੂ ੪, ੮, ੨:੩ (998)

ਠੇਗਾ ------ (1) ਸੋਟ
"ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ।"
– ਗੂਜ ਕਬ, ੧, ੧:੨ (524)
ਠੇਂਗਾ – ਧੱਕਾ
"ਕਬੀਰ ਜਮ ਕਾ ਠੇਂਗਾ ਬੁਰਾ ਹੈ ਓਹੁ ਨਹੀ ਸਹਿਆ ਜਾਇ।"
– ਸਲੋ ਕਬ, ੭੮:੧ (1368)

ਠੈ -------- ਥਾਂ
"ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਰਿ ਕੈ ਠੈ ਜਾਇਓ।"
– ਗਉ ੫, ੧੨੩*, ੩:੨ (205)

ਠੋਕਿ ------ ਠੋਕ ਕੇ, ਠੋਕਰ ਲਾ ਕੇ
"ਤੇਰੀ ਕੀਮਤਿ ਨ ਪਵੈ ਸਭ ਡਿਠੀ ਠੋਕਿ ਵਜਾਇ।"
– ਸਿਰੀ ੧, ਅਸ ੧੩, ੫:੧ (61)

ਠੌਰੁ ------- ਟਿਕਾਣਾ, ਥਾਂ, ਵੇਖੋ 'ਠਉਰੁ'
"ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਹੂੰ ਨ ਪਾਇਆ ਠੌਰੁ।"
(1957 ਤੋਂ ਪਿਛੋ ਦੀਆਂ ਛਾਪਾਂ ਵਿਚ ਇਸ ਨੂੰ ਠਓਰੁ ਕਰ ਦਿਤਾ ਹੈ)
– ਸਲੋ ਕਬ, ੯੨:੧ (1369)

ਡ

ਡਉ ------- (ਸ.) ਜੰਗਲ ਦੀ ਅੱਗ, ਦਾਵਾ ਅਗਨ
"ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ।"
– ਸਿਰੀ ੧, ੧੬, ੨:੧ (20)

ਡਉਰੂ ----- ਹੱਥ ਨਾਲ ਵੱਜਣ ਵਾਲਾ ਇਕ ਸਾਜ਼, ਵਿਚਕਾਰਲਾ ਹਿੱਸਾ ਪਤਲਾ ਤੇ ਸਿਰੇ ਵਾਲੇ ਚੌੜੇ ਹੁੰਦੇ ਹਨ ਤੇ ਚਮੜੇ ਨਾਲ ਮੜ੍ਹਕੇ ਰੱਸੀਆਂ ਨਾਲ ਕੱਸਿਆ ਹੁੰਦਾ ਹੈ। ਦੁਹਾਂ ਸਿਰਿਆਂ ਤੇ ਰੱਸੀਆਂ ਨਾਲ ਕਪੜੇ ਦੀਆਂ ਡੋਡੀਆਂ ਬੰਨ੍ਹੀਆਂ ਹੁੰਦੀਆਂ ਤੇ ਹੱਥ ਵਿਚ ਹਿਲਾਣ ਨਾਲ ਇਹ ਕਸੇ ਹੋਏ ਚਮੜੇ ਉਪਰ ਵਜ ਕੇ ਡਮ ਡਮ ਦੀ ਆਵਾਜ਼ ਪੈਦਾ ਕਰਦੀਆਂ ਹਨ, ਇਹ ਸ਼ਿਵ ਜੀ ਦਾ ਪਿਆਰਾ ਸਾਜ਼ ਹੈ
"ਬਰਦ ਚਢੇ ਡਉਰੂ ਢਮਕਾਵੈ।"
– ਗੋਂਡ ਨਾਮ, ੬, ੨:੨ (874)
"ਜਿਨਿ ਸੀਤਾ ਆਦੀ ਡਉਰੂ ਵਾਇ।" (ਭਾਵ ਫਕੀਰੀ ਭੇਸ ਧਾਰ ਕੇ)
– ਰਾਮ ੩, ਵਾਰ ੧੪ਸ, ੧, ੧:੮ (954)

ਡਸੰਤੇ ------ ਡੰਗ ਮਾਰਦੇ
"ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ।"
– ਤੁਖਾ ੧, ਬਾਰਾ ੧੦:੪ (1108)

ਡਸਾਨਾ ----- ਡਸ ਗਿਆ
"ਨਾਮੁ ਸੁਨਤ ਜਨੁ ਬਿਛੂਅ ਡਸਾਨਾ।"
– ਰਾਮ ੫, ੩੨, ੨:੪ (893)

ਡਸਿ ------ ਡੰਗ ਮਾਰਨਾ
“ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ ਹਰਿ ਕਾ ਰਸੁ ਪੀਜੈ।”
– ਰਾਮ ੧, ਅਸ ੫, ੧*:੨ (905)

ਡਸੀਅਲੇ ---- ਡਸ ਲਿਆ, ਡੰਗ ਮਾਰ ਦਿਤਾ
“ਜਿਨਿ ਤ੍ਰਿਭਵਣੁ ਡਸੀਅਲੇ ਗੁਰ ਪ੍ਰਸਾਦਿ ਡੀਠੀ।”
– ਆਸਾ ਕਬ, ੧੯, ੧*:੨ (480)

ਡਸੀਐ ----- ਡੰਗ ਮਾਰਦਾ/ਡਸਦਾ ਹੈ
“ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ।”
– ਨਟ ੪, ਅਸ ੩, ੫:੨ (982)

ਡੰਸੁ ------- ਡੰਗ
“ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ।”
– ਰਾਮ ੪, ੨, ੩:੨ (881)

ਡਸੈ ------- ਡੰਗ ਮਾਰੇ
“ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ।” (ਭਾਵ ਤੰਗ ਕਰਦਾ ਹੈ)
– ਸੂਹੀ ਕਬ, ੫, ੧*:੧ (793)
“ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ।”
– ਰਾਮ ੧, ਸਿਗੋ ੩੮:੫ (942)

ਡਹਕਹਿ ---- ਠਗੀ ਕਰਦਾ, ਛਲ ਕਰਦਾ, ਭਰਮਾਉਂਦਾ
“ਰੇ ਮਨ ਕਾਇ ਕਹਾ ਲਉ ਡਹਕਹਿ ਜਉ ਪੇਖਤ ਹੀ ਸੰਗਿ ਸੁਨਤਾ।”
– ਬਿਲਾ ੫, ੬੪, ੧:੨ (823)

ਡਹਕਾਇਆ -- ਭਰਮ/ਭੁਲੇਖੇ ਵਿਚ ਪਾਇਆ
“ਸਚੈ ਜਗਤੁ ਡਹਕਾਇਆ ਕਹਣਾ ਕਛੂ ਨ ਜਾਇ।”
– ਗੂਜ ੩, ੯, ੫:੧ (492)

ਡਹਕਾਈ ---- ਭਰਮਾਉਂਦੀ ਹੈ
“ਜੇਤੇ ਜੀਅ ਤੇਤੇ ਡਹਕਾਈ।”
– ਭੈਰ ਕਬ, ੧੩, ੧*:੨ (1160)

ਹੋਰ ਰੂਪ:

ਡਹਕਾਏ –
“ਭਰਮਿ ਭਰਮਿ ਮਾਨੁਖ ਡਹਕਾਏ।” (ਛਲੇ, ਭਰਮਾਏ, ਧੋਖੇ ਵਿਚ ਲਿਆਂਦੇ)
– ਗਉ ੫, ਬਾਅ ੪੦:੫ (258)

ਡਹਕਾਵਉ --- ਭਰਮਾਉਂਦੇ/ਠਗਦੇ ਹੋ, ਧੋਖਾ ਦਿੰਦੇ ਹੋ
“ਕਤ ਕਉ ਡਹਕਾਵਉ ਲੋਗਾ ਮੋਹਨ ਦੀਨ ਕਿਰਪਾਈ।”
– ਮਾਰੂ ੫, ੨੦, ੧:੧ (1005)

ਹੋਰ ਰੂਪ:

ਡਹਕਾਵਏ –

“ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ।”
– ਮਾਰੂ ੫, ੧੧, ੧:੧ (1001)

ਡਹਕਾਵੈ –
“ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ।” (ਧੋਖਾ ਦਿੰਦਾ ਹੈ)
– ਧਨਾ ੫, ੩੬, ੧:੧ (680)

ਡਹਕੈ – ਭਟਕਦਾ
“ਝੂਠਾ ਜਗੁ ਡਹਕੈ ਘਨਾ ਦਿਨ ਦੁਇ ਬਰਤਨ ਕੀ ਆਸ।”
– ਮਾਰੂ ਕਬ, ੩, ੨:੧ (1103)

ਡੰਕ ------- ਡੌਰੂ, ਡੰਕਾ
“ਬਾਜੀਗਰ ਡੰਕ ਬਜਾਈ।”
– ਸੋਰ ਕਬ, ੪, ੨:੧ (655)

ਡਕੈ ------- ਡਕਾਰ ਮਾਰਦਾ ਹੈ (ਬਹੁਤ ਖਾ ਕੇ)
“ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ।”
– ਮਲਾ ੧, ਵਾਰ ੧੯ਸ, ੧, ੨:੨ (1286)

ਡੰਗ ------- ਡੇਗੂ, ਮੱਛਰ, ਬਿਛੂ ਆਦਿ ਜੀਵਾਂ ਦਾ ਤਿੱਖਾ ਕੰਡਾ ਜਿਸ ਵਿਚ ਜ਼ਹਿਰ ਹੁੰਦੀ ਹੈ
“ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।”
– ਤੁਖਾ ੧, ਬਾਰਾ ੧੦:੫ (1108)

ਡਗਮਗ ---- ਡਿਕੋ ਡੋਲੇ, ਦੁਚਿਤਾਪਨ, ਡਾਵਾਂ ਡੋਲ
“ਡਗਮਗ ਛਾਡਿ ਰੇ ਮਨ ਬਉਰਾ।”
– ਗਉ ਕਬ, ੬੮, ੧*:੧ (338)

“ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ।”
– ਸਲੋ ਕਬ, ੩:੧ (1364)

ਹੋਰ ਰੂਪ:

ਡਗਮਗੇ –
“ਸਿਰ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ।” (ਡਿਕੋ ਡੋਲੇ ਲਵੇ, ਹਿਲੇ)
– ਸਲੋ ੯, ੪੭:੧ (1428)

ਡਗਰੀ ----- ਡੋਲਨ ਵਾਲੀ, ਟੇਢੀ
“ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀਂ ਭਾਈ।”
– ਭੈਰ ੧, ੫, ੩:੧ (1126)

ਡਗਰੋ ------ ਰਸਤਾ
“ਗੁਰਪ੍ਰਸਾਦਿ ਮੈ ਡਗਰੋ ਪਾਇਆ।” (ਭਾਵ ਜੀਵਨ ਜੁਗਤਿ)
– ਗੋਂਡ ਕਬ, ੫, ੪:੧ (871)

ਡੰਝ ------- ਪਿਆਸ
“ਅਤਿ ਤ੍ਰਿਸਨਾ ਉਡਣੈ ਕੀ ਡੰਝ।” (ਤੀਬਰ ਇੱਛਾ, ਤਾਂਘ)
– ਮਲਾ ੧, ੯, ੩:੨ (1257)

“ਚਿੰਜੂ ਬੋੜਨਿ ਨਾ ਪੀਵਹਿ ਉਡਣ ਸੰਦੀ ਡੰਝ।” (ਤਾਂਘ)

– ਸਲੋ ਫਰ, ੬੪:੨ (1381)

ਹੋਰ ਰੂਪ:

ਡੰਝਾ –
"ਪ੍ਰਭ ਮਿਲਿਆ ਤਾ ਚੂਕੀ ਡੰਝਾ।" (ਜਲਨ, ਭੜਕੀ)
– ਆਸਾ ੫, ੧੧, ੪:੫ (373)
"ਜਨਮ ਮਰਣ ਕੀ ਮਿਟਵੀ ਡੰਝਾ।" (ਭਟਕਣਾ, ਪਿਆਸ)
– ਮਾਰੂ ੫, ਸੋਲਾ ੯, ੧੦:੨ (1080)

ਡੰਡ ------- (1) ਡੇਡਾ
"ਕਾਹੂ ਹੋ ਡੰਡ ਧਰਿ ਹੋ।"
– ਗਉ ੫, ੧੫੫*, ੧:੨ (213)
"ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ।"
– ਭੈਰ ੧, ੮, ੩:੧ (1127)
(2) ਸ਼ਜਾ
"ਤਬ ਤੇ ਦੂਖ ਡੰਡ ਅਰੁ ਖੇਦਾ।"
– ਗਉ ੫, ਅਸ ੧, ੫:੨ (235)
"ਬਿਨੁ ਬੂਝੇ ਜਮੁ ਦੇਤ ਡੰਡ।"
– ਬਸੰ ੫, ਅਸ ੨, ੧:੪ (1192)
(3) (ਸੰ.) ਸ਼ਾਹੀ ਆਸਾ, ਸ਼ਾਹੀ ਚੋਬ (ਦੰਪਨ)
"ਮੇਰ ਡੰਡ ਸਿਰ ਊਪਰਿ ਬਸੈ।"
– ਭੈਰ ਕਬ, ੧੦, ੨:੪ (1159)
(ਨਿਰਣੈ) ਮਹਾਨਕੋਸ਼ ਨੇ 'ਮੇਰ ਡੰਡ' ਦੇ ਅਰਥ 'ਸੁਖਮਨਾ ਨਾੜੀ' ਕੀਤੇ ਹਨ)

ਡੰਡਉਤ ---- (ਸੰ.) ਡੰਡੇ ਵਾਂਗ ਸਿੱਧੇ ਪੈਣ ਦੀ ਕਿਰਿਆ, ਸਿੱਧਾ ਲੇਟ ਕੇ ਪ੍ਰਣਾਮ ਕਰਨਾ
"ਕਰਿ ਡੰਡਉਤ ਪੁਨੁ ਵਡਾ ਹੇ।"
– ਗਉ ੪, ਸੋਹ ੪, ੧*:੨ (9)
"ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ।"
– ਸੋਰ ੫, ਅਸ ੩, ੫:੧ (642)

ਹੋਰ ਰੂਪ:

ਡੰਡਉਤਿ –
"ਧੋਤੀ ਡੰਡਉਤਿ ਪਰਸਾਦਨ ਭੋਗਾ।"
– ਗਉ ੫, ਅਸ ੪, ੪:੩ (237)

ਡੰਡਲੀ ----- ਦੰਡ/ਸਜਾ
"ਓਤਿ ਪੋਤਿ ਮਿਲਿ ਜੋਤਿ ਨਾਨਕ ਕਛੂ ਦੁਖੁ ਨ ਡੰਡਲੀ।"
– ਕਲਿ ੫, ੫, ੨:੨ (1322)

ਡਡਾ ------ ਗੁਰਮੁਖੀ ਲਿਪੀ ਦਾ 18ਵਾਂ ਅੱਖਰ 'ਡ'
"ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ।"
– ਗਉ ੫, ਬਾਅ ੨੯:੧ (256)

ਡੰਡਾ ------ (1) ਸੋਟਾ
"ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।" (ਜੋਗੀਆਂ ਦਾ ਛੋਟਾ ਡੰਡਾ)
- ਜਪੁ ੧, ੨੮:੨ (6)
(2) ਦੰਡ (ਭਾਵ)
"ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ।"
- ਗਉ ੪, ਸੋਰ ੪, ੨:੨ (13)

ਡੰਡਾਤਾ ----- ਡੰਡਾ
"ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ।"
- ਗਉ ੧, ੧੫, ੧:੨ (155)

ਡੰਡਾਧਾਰੀ --- ਡੰਡਾ ਪਕੜਨ ਵਾਲਾ, ਜੋਗੀਆਂ ਦਾ ਇਕ ਫਿਰਕਾ, ਜੋ ਤਿੰਨ ਪੋਰੀਆਂ ਵਾਲਾ ਡੰਡਾ ਰਖਦੇ ਹਨ; ਸੰਨਿਆਸੀ (ਮਹਾਨਕੋਸ਼)
"ਹਰਿ ਆਪੇ ਜੋਗੀ ਡੰਡਾਧਾਰੀ।"
- ਗਉ ੪, ੪੪, ੧:੧ (165)

ਡੰਡੀ ------ (1) ਸੋਟੀ, ਵੀਣਾ ਦੀ, ਜਿਨਾਂ ਦੇ ਦੁਹਾਂ ਸਿਰਿਆ ਤੇ ਤੂੰਬੇ ਜੜੇ ਹੁੰਦੇ ਹਨ
"ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ।"
- ਰਾਮ ੩, ਅਸ ੧, ੫:੧ (908)
(2) ਤਕੜੀ ਦੀ ਸੋਟੀ (ਫੜੀ) ਜਿਸ ਨਾਲੇ ਦੋਵੇਂ ਪਾਸੇ ਛਾਬੇ ਬੰਨ੍ਹੇ ਹੁੰਦੇ ਹਨ
"ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ।"
- ਮਾਰੂ ੧, ੧੧, ੩:੧ (992)

ਡਡੀਆ ---- ਪੋਸ਼ਾਕ, ਲਿਬਾਸ, ਸਾੜੀ ਆਦਿ
"ਕਹੁ ਡਡੀਆ ਬਾਧੈ ਧਨ ਖੜੀ।"
- ਗਉ ਕਬ, ੫੦, ੧*:੧ (333)

ਡੰਡੁ ------- (1) ਦੰਡ, ਸਜ਼ਾ
"ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ।"
- ਸਿਰੀ ੪, ਵਾਰ ੧੬:੫ (89)
"ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮ ਡੰਡੁ ਦੇ।"
- ਰਾਮ ੫, ਵਾਰ ੧੪:੫ (964)
(2) ਡੰਡਾ, ਸੋਟਾ
"ਪਾਖੰਡਿ ਲੋਕੀ ਮਾਰੀਐ ਜਮ ਡੰਡੁ ਦੇਇ ਸਜਾਇ।"
- ਗਉ ੪, ਕਰ ੧, ੬:੧ (234)
"ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈਂ ਨਿਬੇਰਾ।"
- ਆਸਾ ਕਬ, ੧੬, ੩:੨ (479)
"ਏਹ ਜਮ ਕੀ ਸਿਰਕਾਰ ਹੈ ਏਨ੍ਹਾ ਉਪਰਿ ਜਮ ਕਾ ਡੰਡੁ ਕਰਾਰਾ।" (ਭਾਵ ਹੁਕਮ)
- ਗੂਜ ੩, ਵਾਰ ੧੨:੨ (513)
(3) ਜੁਰਮਾਨਾ, ਡੰਡ
"ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ।"

– ਸੂਹੀ ੪, ੨, ੨:੨ (731)

"ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਾਤੀ ਡੰਡੁ ਨ ਲਗਾਈ।" (ਭਾਵ ਮਸੂਲ)

– ਸੂਹੀ ੪, ੧੦, ੪:੨ (734)

ਡਡੂਰੀ ----- ਅੱਧਪ ਕੀ

"ਹਰੀ ਨਾਹੀ ਨਹ ਡਡੂਰੀ ਪਕੀ ਵਢਣਹਾਰ।"

– ਸਿਰੀ ੫, ੭੪, ੨:੧ (43)

ਡਡੈ ------- ਡਡੇ ਅੱਖਰ ਦੁਆਰਾ

"ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੁ ਸਭੁ ਚਲਣਾ।"

– ਆਸਾ ੧, ਪਟੀ ੧੬:੧ (433)

ਡੰਡੈ ------- ਸੋਟੇ ਨਾਲ

"ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ।"

– ਸੂਹੀ ੧, ੮, ੧:੧ (730)

ਡੰਨੁ ------- ਸਜ਼ਾ, ਜੁਰਮਾਨਾ

"ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ।"

– ਆਸਾ ੧, ਅਸ ੧੦, ੪:੨ (416)

ਡੰਫੁ ------- ਪਾਖੰਡ, ਦਿਖਾਵਾ

"ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ।"

– ਸਿਰੀ ੫, ੯੨, ੧:੧ (50)

ਡਰ ------- (ਸੰ.) ਭੌ, ਤ੍ਰਾਸ, ਖੌਫ

"ਡਡਾ ਡਰ ਉਪਜੇ ਡਰੁ ਜਾਈ।"

– ਗਉ ਕਬ, ਬਾਅ ੧੯:੧ (341)

ਡਰਉ ------ ਡਰਦਾ/ਭੈ ਖਾਂਦਾ ਹਾਂ

"ਆਪਿ ਨ ਡਰਉ ਨ ਅਵਰ ਡਰਾਵਉ।"

– ਗਉ ਕਬ, ੧੭, ੩:੪ (327)

"ਜਨਮੁ ਪਾਇ ਕਿਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ।"

– ਧਨਾ ੯, ੪, ੧:੧ (685)

ਡਰਈ ----- ਡਰਦਾ/ਭੈ ਖਾਂਦਾ

"ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ।"

– ਭੈਰ ੩, ਅਸ ੧, ੭:੨ (1154)

ਡਰਹਿ ----- ਡਰ ਵਿਚ, ਭੈ ਵਿਚ

"ਕਿਆ ਡਰੀਐ ਡਰੁ ਡਰਹਿ ਸਮਾਨਾ।"

– ਗਉ ੧, ੧੧, ੧*:੧ (154)

ਡਰਣ ------ ਭੈ, ਡਰ ਦਾ ਭਾਵ

"ਆਦਿ ਜੁਗਾਦਿ ਪ੍ਰਭੁ ਰਖਦਾ ਆਇਆ ਹਰਿ ਸਿਮਰਤ ਨਾਨਕ ਨਹੀ ਡਰਣ।"

– ਬਿਲਾ ੫, ੧੧੬, ੨:੨ (827)

ਡਰਣਾ ----- ਭੈ ਖਾਣਾ
“ਭੀ ਕਰਤਾਰਹੁ ਡਰਣਾ।”
– ਸਿਰੀ ੪, ੨੮, ੧*:੨ (24)

ਡਰਤ ------ ਡਰੀ ਹਾਂ
“ਮਾਈ ਸੁਨਤ ਸੋਚ ਭੈ ਡਰਤ।”
– ਦੇਵ ੫, ੩, ੧*:੧ (529)

ਡਰਤਾ ----- ਡਰਦਾ, ਭੈ ਖਾਂਦਾ
“ਭੈ ਤੇ ਨਿਰਭਉ ਡਰਤਾ ਫਿਰੈ।”
– ਰਾਮ ੫, ੫੪, ੨:੩ (900)

ਡਰਤੁ ------ ਡਰਦਾ
“ਜੀਉ ਡਰਤ ਹੈ ਆਪਣਾ ਕੈ ਸਿਉ ਕਰੀ ਪੁਕਾਰ।”
– ਧਨਾ ੧, ੧, ੧:੧ (660)

ਹੋਰ ਰੂਪ:

ਡਰਤੇ –
“ਕਾਹੂ ਬਿਹਾਵੈ ਰਾਜ ਮਹਿ ਡਰਤੇ।” (ਡਰਦਿਆਂ)
– ਰਾਮ ੫, ਅਸ ੩, ੬:੩ (914)

ਡਰਦਾ ----- ਭੈ ਮਾਨ ਹੁੰਦਾ
“ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ।”
– ਮਾਝ ੫, ੨੪, ੩:੩ (101)

ਡਰਨਾ ----- ਜਾਨਵਰਾਂ ਨੂੰ ਡਰਾਉਣ ਲਈ ਖੇਤੀ ਵਿਚ ਪਸ਼ੂ ਜਾਂ ਮਨੁੱਖ ਦੀ ਸ਼ਕਲ ਦਾ ਬਣਾਉਟੀ ਢਾਂਚਾ
“ਜਿਉ ਡਰਨਾ ਖੇਤ ਮਾਹਿ ਡਰਾਇਆ।”
– ਗਉ ੫, ੧੨੪, ੨:੨ (190)

ਡਰਨੁ ------ ਡਰ, ਭੈ
“ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ।”
– ਗਉ ੫, ੧੨੬*, ੧*:੨ (206)

ਡਰਪਹਿ ---- ਡਰਦੇ ਹਨ
“ਦੇਹਧਾਰ ਅਰੁ ਦੇਵ ਡਰਪਹਿ ਸਿਧ ਸਾਧਿਕ ਡਰਿ ਮੁਇਆ।”
– ਮਾਰੂ ੫, ੧, ੨:੧ (998)

ਡਰਪਤ ----- ਡਰਦਿਆਂ
“ਡਰਪਤ ਡਰਪਤ ਜਨਮ ਬਹੁਤੁ ਜਾਹੀ।”
– ਗਉ ੪, ੧੫੬, ੧*:੨ (197)

ਡਰਪਨਾ ---- ਡਰਨਾ, ਭੈਮਾਨ ਹੋਣਾ
“ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ।”
– ਸਲੋ ਕਬ, ੭੧:੨ (1368)

ਡਰਪਾਵਉ --- **ਡਰਦੇ ਹਾਂ**

"ਸੰਤਨ ਕੇ ਹਮ ਉਲਟੇ ਸੇਵਕ ਭਗਤਨ ਤੇ ਡਰਪਾਵਉ।"

– ਧਨਾ ਨਾਮ, ੨, ੨:੨ (693)

ਡਰਪਿ ----- **ਡਰ ਕਰਕੇ**

"ਡਰਪਿ ਮੁਈ ਘਰਿ ਆਪਣੈ ਡੀਠੀ ਕੰਤਿ ਸੁਜਾਣਿ।"

– ਰਾਮ ੧, ਓਅੰ ੩੦:੩ (933)

ਹੋਰ ਰੂਪ:

ਡਰਪੀਐ –

"ਜਹ ਦੂਖੁ ਸੁਣੀਐ ਜਮ ਪੰਥੁ ਭਣੀਐ ਤਹ ਸਾਧ ਸੰਗਿ ਨ ਡਰਪੀਐ।" (ਡਰੀਏ)

– ਆਸਾ ੫, ਛੰਤ ੪, ੧:੪ (454)

ਡਰਪੈ –

"ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ।" (ਡਰਦਾ ਹੈ)

– ਸਿਰੀ ੧, ਅਸ ੮, ੧:੨ (57)

ਡਰਾਂ ------ **ਮੈਂ ਨਹੀ ਡਰਦਾ**

"ਜੋਬਨ ਜਾਂਦੇ ਨ ਡਰਾਂ ਜੇ ਸਹ ਪ੍ਰੀਤਿ ਨ ਜਾਇ।"

– ਸਲੋ ਫਰ, ੩੪:੧ (1379)

ਡਰਾਉ ----- **ਡਰਾਉਣਾ**

"ਸੁਣਿ ਸੁਣਿ ਪੰਥੁ ਡਰਾਉ ਬਹੁਤ ਭੈਹਾਰੀਆ।"

– ਗਉ ੫, ਅਸ ੧੨, ੨:੧ (240)

ਡਰਾਂਉ ----- **ਡਰਾਉਣਾ**

"ਭਾਈ ਰੇ ਭਵਜਲੁ ਬਿਖਮੁ ਡਰਾਂਉ।"

– ਸਿਰੀ ੧, ਅਸ ੧੬, ੧*:੧ (63)

ਡਰਾਇ ----- **ਡਰਦਾ ਹੈ**

"ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ।"

– ਭੈਰ ਕਬ, ੧੮, ੧*:੧ (1162)

ਹੋਰ ਰੂਪ:

ਡਰਾਇਓ –

"ਦਹ ਦਿਸ ਛਤ੍ਰਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ।" (ਡਰਾਉਂਦੀ ਹੈ)

– ਸੋਰ ੫, ੬੧, ੧:੧ (624)

ਡਰਾਇਆ –

"ਜਿਉ ਡਰਨਾ ਖੇਤ ਮਾਹਿ ਡਰਾਇਆ।" (ਡਰਾਂਦਾ ਹੈ)

– ਗਉ ੫, ੧੨੪, ੨:੨ (190)

"ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ।"
(ਭੈਮਾਨ ਕੀਤਾ ਹੋਇਆ)

– ਭੈਰ ੩, ੨੧, ੪:੧ (1133)

ਡਰਾਈ –

"ਦੁਖਿ ਸੁਖਿ ਸਿਮਰੀ ਤਹ ਮਉਜੂਦੁ ਜਮੁ ਬਪੁਰਾ ਮੋ ਕਉ ਕਹਾ ਡਰਾਈ।"
(ਡਰਾਉਂਦਾ ਹੈ)
– ਆਸਾ ੫, ੧੬, ੧*:੨ (375)
"ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ।" (ਡਰ ਜਾਂਦੀ ਹੈ)
– ਆਸਾ ੫, ੪੪, ੧*:੧ (381)
ਡਰਾਏ –
"ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਿਨ ਚਮਕਿ ਡਰਾਏ।" (ਡਰਾਉਂਦੀ ਹੈ)
– ਤੁਖਾ ੧, ਬਾਰਾ ੯:੩ (1108)

ਡਰਾਹੀ ----- ਡਰਦਾ ਹੈ
"ਤੂ ਸਾਜਨੁ ਸੰਗੀ ਪ੍ਰਭੁ ਮੇਰਾ ਕਾਹੇ ਜੀਅ ਡਰਾਹੀ।"
– ਆਸਾ ੫, ੩੦, ੧:੨ (378)

ਡਰਾਂਹੀ ----- ਡਰਾ
"ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ।"
– ਆਸਾ ਧੰਨਾ, ੩, ੩:੨ (488)

ਡਰਾਨਾ ----- ਡਰਦੇ ਹਨ
"ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ।"
– ਗਉ ਕਬ, ਅਸ ੩੬, ੨:੧ (330)
ਹੋਰ ਰੂਪ:
ਡਰਾਨੇ –
"ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ।" (ਡਰਦੇ)
– ਗਉ ਕਬ, ੪੪, ੧*:੨ (332)

ਡਰਾਵਉ ---- ਡਰਾਉਂਦਾ
"ਆਪਿ ਨ ਡਰਉ ਨ ਅਵਰ ਡਰਾਵਉ।"
– ਗਉ ਕਬ, ੧੭, ੩:੪ (327)

ਡਰਾਵਣਾ ---- ਡਰ ਉਪਜਾਉਣ ਵਾਲਾ, ਡਰਾਉਣੀ ਹਾਲਤ ਵਿਚ, ਭੈ ਦਾਇਕ
"ਨੰਗਾ ਦੋਜਕਿ ਚਾਲਿਆ ਤਾਂ ਦਿਸੈ ਖਰਾ ਡਰਾਵਣਾ।" (ਭਾਵ ਕਰੂਪ)
– ਆਸਾ ੧, ਵਾਰ ੧੪:੪ (471)
"ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ।"
– ਸਾਰ ੪, ਵਾਰ ੨੭:੪ (1247)
ਹੋਰ ਰੂਪ:
ਡਰਾਵਣੀ –
"ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ।"
– ਸਿਰੀ ੧, ੧੪, ੧:੧ (19)
ਡਰਾਵਣੇ –
"ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ।" (ਭੈ ਦਾਇਕ)
– ਸੂਹੀ ੧, ਛੰਤ ੫, ੭:੪ (767)

ਡਰਾਵਣੋ –
“ਭਵਜਲੁ ਬਿਖਮੁ ਡਰਾਵਣੋ ਨਾ ਕੰਧੀ ਨਾ ਪਾਰੁ।” (ਭੈ ਦਾਇਕ)
– ਸਿਰੀ ੧, ਅਸ ੧੦, ੪:੧ (59)

ਡਰਿ ------ ਡਰ/ਭੈ ਨਾਲ/ਕਰਕੇ
“ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ।”
– ਗਉ ੧, ੨, ੧:੧ (151)
“ਬੂਡਤ ਜਗੁ ਦੇਖਿਆ ਤਉ ਡਰਿ ਭਾਗੇ।” (ਡਰਕੇ)
– ਆਸਾ ੧, ਅਸ ੬, ੮:੧ (414)
“ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ।” (ਡਰ ਨਾਲ/ਸਦਕਾ)
– ਮਾਰੂ ੧, ਅਸ ੩, ੧:੨ (1010)

ਹੋਰ ਰੂਪ:

ਡਰਿਓ –
“ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ ਦੇਖਿ ਪ੍ਰਤਾਪੁ ਜਮੁ ਡਰਿਓ।” (ਡਰਿਆ, ਭੈਮਾਨ ਹੋ ਗਿਆ)
– ਮਾਰੂ ਨਾਮ, ੧, ੨:੧ (1105)

ਡਰਿਆ –
“ਨਾ ਓਹੁ ਮਰਤਾ ਨਾ ਹਮ ਡਰਿਆ।” (ਡਰਦੇ ਹਾਂ)
–ਆਸਾ ੫, ੮੩, ੧:੧ (391)

ਡਰਿਆਹੁ –
“ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ।” (ਡਰਨਾ, ਡਰਿਆਜੇ)
– ਸਲੋ ਫਰ, ੯੩:੨ (1382)

ਡਰੀਆਸੁ–
“ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ।” (ਡਰਦਾ ਹੈ)
– ਸਿਰੀ ੧, ੧੬, ੧:੧ (63)

ਡਰੀਐ –
“ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ।” (ਭੈਮਾਨ ਹੋਈਏ)
– ਸਿਰੀ ੪, ਵਾਰ ੫:੪ (84)

ਡਰੁ – ਭੈ, ਤ੍ਰਾਸ
“ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ।”
– ਸਿਰੀ ੧, ੬, ੪:੧ (16)

ਡਰੂਆ ----- ਡਰ, ਭੈ
“ਜਾ ਕੈ ਸਿਮਰਣਿ ਜਮ ਨਹੀ ਡਰੂਆ।”
–ਗਉ ੫, ੧੫੪, ੧*:੨ (196)

ਡਰੈ ------- ਡਰਦਾ/ਭੈਮਾਨ ਹੁੰਦਾ ਹੈ
“ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ।”
– ਸਿਰੀ ੪, ਵਾਰ ੫:੩ (84)

ਡਰ੍ਉ ------ ਡਰ ਗਿਆ

“ਨਿਸਿ ਬਾਸੁਰ ਏਕ ਸਮਾਨ ਧਿਆਨ ਸੁ ਨਾਮ ਸੁਨੇ ਸੁਤੁ ਭਾਨ ਡਰੵਉ।”
–ਸਵ ੪, ਨਲ ੧੧:੩ (1400)

ਡਵਿ ------ ਜੰਗਲ ਦੀ ਅੱਗ
“ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ।”
–ਸਿਰੀ ੧, ੧੬, ੬:੩ (63)

ਡਾਇਣ ----- (ਸੰ.) ਚੁੜੇਲ, ਭੂਤਨੀ
“ਨਾਰਾਇਣ ਦੰਤ ਭਾਨੇ ਡਾਇਣ।”
–ਗੋਂਡ ੫, ੧੯, ੨:੪ (868)

ਡਾਹਪਣਿ ---- ਜਲਨ/ਈਰਖਾ/ਸਾੜੇ ਵਿਚ
“ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ।”
– ਰਾਮ ੧, ਓਅੰ ੩੦:੨ (933)

ਡਾਕੀ ------ (ਸੰ.) ਭੂਤਨੀ, ਚੁੜੇਲ
“ਡਾਕੀ ਕੋ ਚਿਤਿ ਕਛੂ ਨ ਲਾਗੈ ਚਰਨ ਕਮਲ ਸਰਨਾਇ।”
– ਆਸਾ ੫, ੩੧, ੧:੨ (378)

ਡਾਖੜੋ ------ ਕਠਿਨ, ਔਖਾ
“ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ।”
–ਸਿਰੀ ੧, ਅਸ ੫, ੪:੩ (56)

ਡਾਂਗੀਆ ---- ਚੋਬਦਾਰ
“ਪਾਪੁ ਪੁੰਨੁ ਜਾਂ ਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ।”
– ਮਲਾ ਨਾਮ, ੧, ੨:੩ (1292)

ਡਾਂਡ ------ ਦੰਡ, ਸਜਾ
“ਜਪ ਤਪ ਸੰਜਮ ਤੁਮ੍ਹ ਖੰਡੇ ਜਮ ਕੇ ਦੁਖ ਡਾਂਡ।”
– ਬਿਲਾ ੫, ੫੮, ੨:੧ (815)

ਡਾਂਡਾ ------ ਸਜ਼ਾ, ਦੰਡ
“ਅਤਿ ਕੁਚੀਲ ਮਿਲੈ ਜਮ ਡਾਂਡਾ।”
– ਸੂਹੀ ੫, ੨੦, ੩:੨ (741)

ਡਾਡੀ ------ ਗਜ਼ਾ ਨਾਲ ਜ਼ਮੀਨ ਮਿਣਨ ਵਾਲਾ, ਜਰੀਬਕਸ਼
“ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ।”
– ਸੂਹੀ ਕਬ, ੫, ੨:੧ (793)

ਡਾਂਡੇ ------ ਦੰਡ, ਸਜ਼ਾ
“ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ।”
– ਗਉ ਕਬ, ੬੮, ੧:੧ (338)

ਡਾਢਾ ------ ਜੋਰਾਵਰ
“ਜਿਸ ਕਾ ਸਾਹਿਬੁ ਡਾਢਾ ਹੋਇ।”
– ਬਿਲਾ ੩, ਵਾ ੨, ੪:੧ (842)

ਹੋਰ ਰੂਪ:

ਡਾਢਿਆ–
“ਹਰਿ ਨਿਮਾਣਿਆ ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ।” (ਜੋਰਾਵਰ)
– ਸਿਰੀ ੪, ਵਾਰ ੧੭:੩ (90)

ਡਾਢੀ ਹੂੰ------ ਜੋਰਾਵਰਾਂ ਤੋਂ
“ਹਰਿ ਨਿਮਾਣਿਆ ਤੂੰ ਮਾਣੁ ਹਰਿ ਡਾਢੀ ਹੂੰ ਤੂੰ ਡਾਢਿਆ।”
– ਸਿਰੀ ੪, ਵਾਰ ੧੭:੩ (90)

ਡਾਨ ------ ਡੰਨ, ਜੁਰਮਾਨਾ, ਟੈਕਸ
“ਜਉ ਲਉ ਪੋਟ ਉਠਾਈ ਚਲਿਅਉ ਤਉ ਲਉ ਡਾਨ ਭਰੇ।”
– ਗਉ ੫, ੧੫੯*, ੪:੧ (214)

ਡਾਨਉ ----- ਸਜ਼ਾ ਦਿੰਦਾ/ਡੰਨ ਲਾਉਂਦਾ ਹਾਂ
“ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।”
– ਰਾਮ ਕਬ, ੪, ੧:੧ (969)

ਡਾਨਿ ------ ਡੰਨ, ਸਜ਼ਾ
“ਕੈ ਬੰਧੈ ਕੈ ਡਾਨਿ ਲੇਇ ਕੈ ਨਰਪਤਿ ਮਰਿ ਜਾਇਆ।”
– ਗਉ ੪, ੪੮, ੨:੨ (166)

ਹੋਰ ਰੂਪ:

ਡਾਨੁ –
“ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ।”
– ਗਉ ੫, ਬਾਅ ੧੮:੭ (253)

ਡਾਨੈ –
“ਅਵਰ ਕਰਤੂਤਿ ਸਗਲੀ ਜਮੁ ਡਾਨੈ।” (ਡੰਨ ਲਾਉਂਦੇ ਹਨ)
– ਗਉ ੫, ਸੁਖ ੩, ੪:੭ (266)

ਡਾਰ ------- (1) ਮੰਡਲੀ, ਜੁੰਡੀ, ਸਮੂਹ
“ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ।”
– ਰਾਮ ੧, ਓਅੰ ੩੦:੨ (933)

(2) ਟਾਹਣੀ, ਸ਼ਾਖ
“ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ।”
– ਰਾਮ ਕਬ, ੬, ੧:੧ (970)

ਡਾਰਉ ----- (1) ਸੁਟ ਪਾਵਾਂ, ਤਿਆਗਾਂ
“ਕਰਉ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੂ ਨ ਡਾਰਉ।”
–ਦੇਵ ੫, ੧੯, ੧*:੨ (532)

ਹੋਰ ਰੂਪ:

ਡਾਰਹੁ –

“ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ।” (ਪਰਾਂ ਸੁਟੋ, ਹਟਾਓ)

– ਮਲਾ ੫, ੪, ੩:੨ (1267)

(2) ਦਿਆਂਗਾ, ਸੁੱਟਾਂਗਾ

“ਰੇ ਮਹਾਵਤ ਤੁਝੁ ਡਾਰਉ ਕਾਟਿ।”

– ਗੋਂਡ ਕਬ, ੪, ੨:੧ (870)

ਡਾਰਤ ----- ਸੁਟਦਾ

“ਕਉਡਾ ਡਾਰਤ ਹਿਰੈ ਜੁਆਰੀ।”

– ਗੋਂਡ, ਨਾਮ, ੨, ੩:੨ (873)

ਡਾਰਨ ----- (1) ਸੁਟ ਰਖਨਾ, ਪਰਾ ਕਰ ਰਖਨਾ, ਤਿਆਗਨਾ

“ਸੰਚਿ ਬਿਖਿਆ ਲੇ ਗ੍ਰਾਹਜੁ ਕੀਨੀ ਅੰਮ੍ਰਿਤੁ ਮਨ ਤੇ ਡਾਰਨ।”

– ਬਿਲਾ ੫, ੮੩, ੧:੧ (820)

(2) ਦੂਰ ਕਰਨ ਵਾਲੇ, ਪਰਾਂ ਸੁੱਟਣ ਵਾਲੇ

“ਕਲਿਮਲ ਡਾਰਨ ਮਨਹਿ ਸਧਾਰਨ ਇਹ ਆਸਰ ਮੋਹਿ ਤਰਨਾ।”

– ਦੇਵ ੫, ੧੬, ੧*:੨ (531)

ਡਾਰਾ ------ ਸੁੱਟ ਦਿਤਾ, ਦੂਰ ਕੀਤਾ, ਤਿਆਗਿਆ

“ਪ੍ਰਭੁ ਪੁਰਖੁ ਜਗ ਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ।”

– ਆਸਾ ੫, ਛੰਤ ੩, ੩:੫ (454)

ਡਾਰਿ ------ ਸੁਟ ਦੇਈਏ

“ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਦੀਜੈ ਡਾਰਿ।”

– ਸਿਰੀ ੪, ਵਾਰ ੧੫ਸ, ੨, ੧:੧ (89)

“ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ।” (ਰੱਖ)

–ਗਉ ੫, ੧੬੦, ੧:੧ (215)

“ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ।” (ਸੁਟਾ ਕੇ ਭਾਵ ਖੋਹਕੇ)

– ਆਸਾ ੫, ੮੬, ੧:੪ (392)

“ਮਟੁਕੀ ਡਾਰਿ ਧਰੀ ਹਰਿ ਲਿਵ ਲਾਈ ਰਾਮ।” (ਸੁਟ ਦਿਤੀ, ਤਿਆਗ ਦਿਤੀ)

– ਬਿਲਾ ੧, ਛੰਤ ੧, ੧:੨ (843)

ਹੋਰ ਰੂਪ:

ਡਾਰਿਓ –

“ਨਿਰਭਉ ਭਏ ਸੰਤ ਭ੍ਰਮ ਡਾਰਿਓ ਪੂਰਨ ਸਰਬਾਗਿਓ।” (ਸੁਟ/ਤਿਆਗ ਦਿਤੇ)

– ਗਉ ੫, ੧੬੦*, ੨:੨ (215)

“ਖਿਸਰਿ ਗਇਓ ਭੂਮ ਪਰਿ ਡਾਰਿਓ।” (ਡੇਗ ਦਿਤਾ, ਸੁੱਟ ਦਿਤਾ)

– ਆਸਾ ੫, ੭੬, ੨:੨ (389)

“ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ।” (ਸੁੱਟ ਦਿਤਾ)

– ਧਨਾ ੫, ੨, ੨:੨ (671)

“ਭੁਜਾ ਬਾਂਧਿ ਭਿਲਾ ਕਰਿ ਡਾਰਿਓ।” (ਪਾ/ਸੁੱਟ ਦਿੱਤਾ)

– ਗੋਂਡ ਕਬ, ੪, ੧:੧ (870)

ਡਾਰੀ –
“ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।” (ਸੁੱਟ ਦਿੱਤੀ)
– ਆਸਾ ਕਬ, ੪, ੪:੧ (476)
“ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ।” (ਸੁੱਟੀ, ਦਿਤੀ)
– ਕੇਦਾ ਕਬ, ੨, ੪:੧ (1123)
“ਸਭ ਹੀ ਪਰਿ ਡਾਰੀ ਇਹ ਫਾਸ।” (ਸੁਟੀ)
– ਬਸੰ ੯, ੨, ੧:੨ (1186)

ਡਾਰੇ –
“ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।” (ਦੇਵੇ, ਸੁਟੇ)
– ਬਿਹਾ ੯, ੨, ੧:੧ (537)
“ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ।” (ਸੁੱਟ ਦਿੰਦਾ ਹੈ)
– ਬਿਲਾ ਰਵਿ, ੨, ੨:੨ (858)

ਡਾਰੈ –
“ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ।” (ਸੁੱਟ ਦਿੰਦਾ ਹੈ)
–ਸਾਰ ੫, ੧੦, ੨:੧ (1205)

ਡਾਲ ------ **ਡਾਲੀਆ, ਸ਼ਾਖਾਂ, ਟਾਹਣੀਆਂ**
“ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ।”
– ਗਉ ੪, ਵਾਰ ੧੨:੧੦ (306)

ਹੋਰ ਰੂਪ:

ਡਾਲਾ –
“ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ।” (ਟਾਹਣ)
– ਗੂਜ ੧, ਅਸ ੧, ੩:੧ (503)

ਡਾਲਿ –
“ਕਬ ਚੰਦਨਿ ਕਬ ਅਕਿ ਡਾਲਿ ਕਬ ਉਚੀ ਪਰੀਤਿ।”
– ਮਾਝ ੧, ਵਾਰ ੨੧ਸ, ੧, ੨:੨ (148)

ਡਾਲੀ –
“ਡਾਲੀ ਲਾਗੈ ਨਿਹਫਲੁ ਜਾਇ।” (ਇਥੇ ਭਾਵ ਜਗਤ ਮੋਹ)
– ਆਸਾ ੩, ੪੪, ੨:੧ (362)

ਡਾਂਵੜਾ ----- **ਸਚੇ ਘੜਨ ਵਾਲਾ**
“ਜਾਂ ਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਂਵੜਾ ਜਿਨ ਬਿਸ੍ਵ ਸੰਸਾਰੁ ਰਾਚੀਲੇ।”
– ਮਲਾ ਨਾਮ, ੧, ੨:੧ (1292)

ਡਿਸੰਦੋ ----- **ਦਿਸਦਾ ਹੈ**
“ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।”
– ਵਡ ੫, ਛੰਤ ੨, ੨ਸ:੨ (577)

ਡਿਖੰਦੋ ----- **ਦੇਖਾਂ, ਦਰਸ਼ਨ ਕਰਾਂ**
“ਜਾਣਾ ਲਖ ਭਵੇ ਪਿਰੀ ਡਿਖੰਦੋ ਤਾ ਜੀਵਸਾ।”

-ਮਾਰੂ ੫, ਵਾਰ ੮ਸ, ੫, ੨:੨ (1097)

ਡਿਖਾ ------ ਵੇਖਾਂ, ਦਰਸ਼ਨ ਕਰਾਂ
“ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ।”
- ਜੈਤ ੫, ਛੰਤ ੧, ੨:੬ (703)

ਡਿਗਿ ------ ਡਿਗਣਾ, ਪਤਨ ਹੋਣਾ, ਨਾਸ ਹੋਣਾ
“ਡਿਗਿ ਨ ਡੋਲੈ ਕਤਹੂ ਨ ਧਾਵੈ।”
-ਰਾਮ ੫, ੨੦, ੩:੧ (889)

ਹੋਰ ਰੂਪ:

ਡਿਗੈ -
“ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ।” (ਨਾਸ ਹੋਵੇ)
-ਧਨਾ ੫, ੫, ੨:੨ (671)
“ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ।” (ਭਾਵ ਡੋਲਦਾ, ਹੌਂਸਲਾ ਛੱਡਦਾ)
-ਭੈਰ ਕਬ, ੧੮, ੧*:੧ (1162)

ਡਿਠ ------ ਵੇਖਿਆ/ਡਿਠਾ ਹੈ
“ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ।”
- ਵਡ ੫, ਛੰਤ ੨, ੨ਸ:੧ (577)

ਡਿਠਮੁ ----- ਮੈਂ ਵੇਖਿਆ
“ਗੁਰੁ ਥੀਆ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ।”
- ਆਸਾ ੫, ਛੰਤ ੪, ੪:੫ (455)

ਡਿਠੜਾ ----- ਵੇਖਿਆ
“ਨੈਣੀ ਮੇਰੇ ਪਿਆਰਿਆ ਨੈਣੀ ਮੇਰੇ ਗੋਵਿਦਾ ਕਿਨੈ ਹਰਿ ਪ੍ਰਭੁ ਡਿਠੜਾ ਨੈਣੀ ਜੀਉ।”
- ਗਉ ੪, ੬੭, ੨:੧ (173)

ਹੋਰ ਰੂਪ:

ਡਿਠੜਿਆ -
“ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ।”
- ਗਉ ੫, ੧੬੯*, ੨:੧ (218)
ਡਿਠੜੋ-
“ਡਿਠੜੋ ਹਭ ਠਾਇ ਊਣ ਨ ਕਾਈ ਜਾਇ।” (ਵੇਖੇ ਹਨ)
- ਗਉ ੫, ਵਾਰ ੪ਸ, ੫, ੧:੧ (318)

ਡਿਠਾ ------ ਵੇਖਿਆ
“ਨਾਨਕ ਡਿਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ।”
- ਸਿਰੀ ੫, ੭੪, ੪:੩ (43)
“ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ।” (ਵੇਖਿਆ)
- ਸਿਰੀ ੫, ੯੦, ੪:੩ (50)

ਹੋਰ ਰੂਪ:

ਡਿਠਿਆ
"ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ।" (ਵੇਖਿਆਂ, ਦਰਸ਼ਨ ਕੀਤੀਆਂ)
– ਗੂਜ ੫, ਵਾਰ ੯:੧ (520)

ਡਿਠੀ –
"ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ।" (ਵੇਖੀ)
– ਮਾਰੂ ੫, ਵਾਰ ੧੯ਸ, ੫, ੧:੧ (1100)

ਡਿਠੀਆ –
"ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ।"
– ਸਿਰੀ ੫, ਅਸ ੨੯, ੧੨:੩ (74)

ਡਿਠੁ –
"ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ।" (ਵੇਖਿਆ)
– ਮਾਝ ੧, ਵਾਰ ੧੧ਸ, ੧, ੧:੪ (142)

ਡਿਠੇ –
"ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।" (ਵੇਖੇ)
–ਸਿਰੀ ੧, ੬, ੪:੨ (16)

ਡਿਠੈ –
"ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ।" (ਵੇਖਣ ਨਾਲ, ਵੇਖਿਆਂ)
– ਸਿਰੀ ੪, ਵਾਰ ੧੧:੨ (87)

ਡਿਠੋ –
"ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।" (ਵੇਖਿਆਂ)
– ਆਸਾ ੪, ਵਾਰ ੧:੨ (463)
"ਹਭ ਮਝਾਹੂ ਸੋ ਧਣੀ ਬਿਆ ਨ ਡਿਠੋ ਕੋਇ।" (ਵੇਖਿਆਂ)
– ਮਾਰੂ ੫, ਵਾਰ ੨੧ਸ, ੫, ੧:੨ (1101)

ਡਿਠੋਮਿ –
"ਅੰਦਰੁ ਵਿਧਾ ਸਚਿ ਨਾਇ ਬਾਹਰਿ ਭੀ ਸਚੁ ਡਿਠੋਮਿ।" (ਮੈਂ ਡਿਠਾ/ਵੇਖਿਆ)
–ਰਾਮ ੫, ਵਾਰ ੨੨ਸ, ੫, ੨:੧ (966)

ਡਿੰਨਾ ------ ਦਿੱਤਾ ਹੈ
"ਮਾਣਿਕੂ ਮੋਹਿ ਮਾਉ ਡਿੰਨਾ ਧਣੀ ਅਪਾਹਿ।"
– ਮਾਰੂ ੫, ਵਾਰ ੧੨ਸ, ੫, ੨:੧ (1098)

ਡਿੰਭ ------ (ਸੰ.) ਦੰਭ, ਪਾਖੰਡ
"ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ।" (ਪਾਖੰਡ ਖਿਲਾਰ ਬੈਠਾ)
– ਸੋਰ ਕਬ, ੩, ੩:੨ (654)

ਡਿਵੈ ------ ਦਿੰਦਾ ਹੈ
"ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ।"
– ਆਸਾ ੫, ਛੰਤ ੪, ੪:੧ (455)

ਡੀਹਰ ----- ਡਾਇਣ, ਚੁੜੇਲ

“ਡੀਹਰ ਨਿਆਈ ਮੋਹਿ ਫਾਕਿਓ ਰੇ।”

- ਟੋਡੀ ੫, ੧੯, ੧*:੩ (715)

ਡੀਹੜਾ ----- ਦਿਨ, ਦਿਵਸ

“ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ।”

- ਸਲੋ ਫਰ, ੮੯:੨ (1382)

ਡੀਗਨ ----- ਡਿਗਨ, ਪਤਨ ਹੋਣ, ਨਾਸ ਹੋਣ

“ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ।” (ਡਾਵਾਂ ਡੋਲ ਹੋਣ)

- ਆਸਾ ੫, ੧੧੯, ੧:੧ (400)

ਡੀਗਿ ------ ਡਿਗਦਾ

“ਮਨੁ ਡੀਗਿ ਡੋਲਿ ਨ ਜਾਇ ਕਤਹੀ ਆਪਣਾ ਪਿਰੁ ਜਾਣਏ।”

- ਬਿਲਾ ੧, ਛੰਤ ੨, ੪:੪ (844)

“ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ।” (ਡਿਗੀਏ, ਡੋਲੀਏ ਨਾ)

- ਸਲੋ ੧, ੭:੧ (1410)

ਡੀਠ ------ ਵੇਖਿਆ

“ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ।”

- ਤਿਲੰ ੧, ੩, ੨:੨ (722)

“ਮੇਰਾ ਕਮਲੁ ਬਿਗਸੈ ਸੰਤ ਡੀਠ।” (ਵੇਖ ਕੇ, ਵੇਖਿਆਂ)

- ਮਾਲਾ ੫, ੪, ੨:੪ (987)

ਡੀਠੜਿਆ --- ਦੇਖਿਆ

“ਨਰਕ ਨ ਡੀਠੜਿਆ ਸਿਮਰਤ ਨਾਰਾਇਣ।”

- ਆਸਾ ੫, ਛੰਤ ੧੨, ੩:੧ (460)

ਡੀਠਾ ------ ਵੇਖਿਆ

“ਕੇਵਡੁ ਵਡਾ ਡੀਠਾ ਹੋਇ।”

- ਆਸਾ ੧, ਸੋਦ ੨, ੧:੨ (9)

ਡੀਠਿ ------ ਨਜ਼ਰ, ਦ੍ਰਿਸ਼ਟੀ

“ਛੀਕੇ ਪਰ ਤੇਰੀ ਬਹੁਤੁ ਡੀਠਿ।”

- ਬਸੰ ਕਬ, ੧, ੩:੧ (1196)

ਡੀਠਿਆ ---- ਦਿਸਦਾ

“ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ।”

- ਜੈਤ ੫, ਛੰਤ ੩, ੩:੨ (705)

ਡੀਠੀ ------ ਵੇਖੀ

“ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ।”

- ਮਾਝ ੩, ਅਸ ੮, ੧:੨ (113)

ਡੀਠੁ ------ (1) ਪ੍ਰਗਟ, ਦਿਸ ਰਿਹਾ ਹੈ

“ਗੁਰ ਕੈ ਸਬਦਿ ਸਲਾਹਣਾ ਘਟਿ ਘਟਿ ਡੀਠੁ ਅਡੀਠੁ।”

– ਸਿਰੀ ੧, ਅਸ ੩, ੨:੩ (54)

(2) ਵੇਖਣਾ
"ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈਂ ਡੀਠੁ।"
– ਰਾਮ ੫, ਵਾਰ ੧:੧ (957)

ਡੀਠੁਲਾ ------ ਵੇਖਿਆ
"ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ।"
– ਧਨਾ ਨਾਮ, ੩, ੫:੧ (693)

ਡੀਠੇ ------ ਵੇਖਿਆਂ
"ਵਡੈ ਭਾਗਿ ਦੇਵੈ ਪਰਮੇਸਰੁ ਕੋਟਿ ਫਲਾ ਦਰਸਨ ਗੁਰ ਡੀਠੇ।"
– ਟੋਡੀ ੫, ੨੭, ੧*:੨ (717)

ਹੋਰ ਰੂਪ:

ਡੀਠੈ –
"ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ਜਿਉ ਬਾਰਿਕੁ ਦੇਖਿ ਮਹਤਾਰੀ।"
– ਮਲਾ ੪, ੧, ੩:੨ (1263)

ਡੁਖ ------- ਦੁਖ, ਕਸ਼ਟ
"ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ।"
– ਮਾਰੂ ੫, ਵਾਰ ੪ਸ, ੫, ੧:੨ (1095)

ਡੁਖੜੇ ------ ਦੁਖ
"ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ।"
–ਜੈਤ ੫, ਵਾਰ ੫ਸ, ੫, ੨:੨ (706)

ਡੁਖਾ ------ ਦੁਖਾਂ
"ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ।"
– ਸਲੋ ਫਰ, ੮੫:੧ (1382)

ਹੋਰ ਰੂਪ:

ਡੁਖੀ –
"ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ।" (ਦੁੱਖਾਂ ਵਿਚ)
– ਮਾਰੂ ੧, ਅਸ ੯, ੪:੨ (1014)

ਡੁਖੁ –
"ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ।" (ਦੁਖ)
– ਮਾਰੂ ੫, ਵਾਰ ੧੯ਸ, ੫, ੩:੧ (1100)

ਡੁਖੇ –
"ਡੁਖੇ ਕੋੜਿ ਨ ਡੁਖੇ ਨਾਨਕ ਪਿਰੀ ਪਿਖੰਦੋ ਸੁਭ ਦਿਸਟਿ।"
–ਮਾਰੂ ੫, ਵਾਰ ੧੯ਸ, ੫, ੧:੨ (1100)

ਡੁਬਣ ------ ਪਾਣੀ ਵਿਚ ਮਗਨ ਹੋਣਾ, ਪਾਣੀ ਹੇਠਾਂ ਚਲੇ ਜਾਣਾ, ਗਰਕਣਾ
"ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ।"
– ਗੂਜ ੫, ਵਾਰ ੭ਸ, ੫, ੧:੨ (519)

ਹੋਰ ਰੂਪ:

ਡੁਬਣਿ –
"ਸਤਿਗੁਰ ਸਿਉ ਆਲਾਇ ਬੇੜੇ ਡੁਬਣਿ ਨਾਹਿ ਭਉ।" (ਡੁਬਣ ਦਾ)
– ਸਲੋ ੧, ੪:੨ (1410)

ਡੁਬਤ ------ ਡੁਬਦੇ
"ਹਮ ਪਾਪੀ ਪਾਥਰ ਨੀਰਿ ਡੁਬਤ ਕਰਿ ਕਿਰਪਾ ਪਾਖਣ ਹਮ ਤਾਰੀ।"
– ਧਨਾ ੪, ੧, ੧*:੧ (666)

ਹੋਰ ਰੂਪ:

ਡੁਬਤਾ –
"ਓਹੁ ਪਾਹਣੁ ਲੈ ਉਸ ਕਉ ਡੁਬਤਾ।" (ਡੁਬਦਾ)
– ਸੂਹੀ ੫, ੯, ੨:੨ (739)

ਡੁਬੰਤ੍ਹ –
"ਗੁਰੁ ਗਉ ਹਰੁ ਦਰੀਆਉ ਪਲਕ ਡੁਬੰਤ੍ਹ ਤਾਰੈ।" (ਡੁਬਿਆਂ ਨੂੰ)
–ਸਵ ੩, ੧੭:੪ (1395)

ਡੁਬਦਾ ----- ਗਰਕ ਹੁੰਦੇ, ਡੁਬ ਰਹੇ ਨੂੰ
"ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ।"
– ਸਿਰੀ ੫, ੭੩, ੪:੩ (43)

ਹੋਰ ਰੂਪ:

ਡੁਬਦਿਆ–
"ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ ਕਰੇ ਦਾਤਾਰੁ।"
– ਗਉ ੪, ਵਾਰ ੨੨ਸ, ੪, ੨:੨ (313)

ਡੁਬਦੀ –
"ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ।"
– ਆਸਾ ੪, ਛੰਤ ੯, ੨:੪ (443)

ਡੁਬਦੇ –
"ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ।" (ਡੁਬੀ ਜਾਂਦੇ)
–ਸਿਰੀ ੪, ੬੫, ੪:੩ (40)

ਡੁਬੰਦੋ –
"ਜੋ ਡੁਬੰਦੋ ਆਪਿ ਸੋ ਤਰਾਏ ਕਿਨ੍ ਖੇ।" (ਡੁਬਦਾ ਹੈ)
– ਮਾਰੂ ੫, ਵਾਰ ੨੦ਸ, ੫, ੧:੧ (1101)

ਡੁਬਾ ------ ਗਰਕ ਹੋਇਆ
"ਬਾਝੁ ਗੁਰੂ ਡੁਬਾ ਸੰਸਾਰ।"
– ਮਾਝ ੧, ਵਾਰ ੧ਸ, ੧, ੨:੧੬ (138)

ਡੁਬਾਵਹਿ ---- ਡੋਬ/ਗਰਕ ਕਰ ਲਵੇ
"ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ।"
– ਆਸਾ ਕਬ, ੨, ੩:੨ (476)

ਹੋਰ ਰੂਪ:

ਡੁਬਿ –
“ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ।” (ਪਾਣੀ ਹੇਠਾਂ ਜਾ ਕੇ, ਡੁੱਬ ਕੇ)
– ਵਡ ੪, ਵਾਰ ੧ਸ, ੩, ੩:੨ (585)

ਡੁਬੀਐ –
“ਵਿਣੁ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹ।” (ਡੁਬੀਦਾ ਹੈ)
– ਸੁਰ ੧, ਅਸ ੩, ੧*:੨ (636)

ਡੁਬੇ –
“ਮਨਮੁਖ ਅਗਿਆਨੀ ਮਹਾ ਦੁਖੁ ਪਾਇਦੇ ਡੁਬੇ ਹਰਿ ਨਾਮੁ ਵਿਸਾਰਿ।” (ਡੁਬ ਗਏ)
–ਸਿਰੀ ੪, ਵਾਰ ੧੬ਸ, ੩, ੨:੨ (89)

ਡੁਬੈ –
“ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ।”
–ਮਾਝ ੧, ਵਾਰ ੨੨ਸ, ੨, ੧:੪ (148)

ਡੁਬੋਹੁ –
“ਭਭੈ ਭਵਜਲਿ ਡੁਬੋਹੁ ਮੂੜੇ ਮਾਇਆ ਵਿਚਿ ਗਲਤਾਨੁ ਭਇਆ।”
– ਆਸਾ ੩, ਪਟੀ ੧੧:੧ (435)

ਡੁੰਮਣਾ------ ਦੋ ਮਨੀ ਭਾਵ ਉਦਾਸ ਹੋ ਕੇ, ਦੁਚਿੱਤੇ ਰੂਪ ਵਿਚ
“ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।”
–ਸੂਹੀ ਫਰ ੨, ੩:੨ (794)

ਹੋਰ ਰੂਪ:

ਡੁਮਣੀ–
“ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ।” (ਦੁਚਿਤੀ ਵਿਚ)
–ਸਿਰੀ ੧, ੨੪, ੨:੨ (23)
“ਵਿਣੁ ਨਾਵੈ ਸਭ ਡੁਮਣੀ ਦੂਜੈ ਭਾਇ ਖੁਆਇ।” (ਦੁਬਿਧਾ ਵਿਚ)
– ਸਿਰੀ ੩, ੫੬, ੩:੧ (35)

ਡੁੰਮਣੀ –
“ਮਨਮੁਖਿ ਮੈਲੀ ਡੁੰਮਣੀ ਭਾਈ ਦਰਗਹ ਨਾਹੀ ਥਾਉ।”
– ਸੋਰ ੩, ਅਸ ੩, ੬:੧ (639)

ਡੁਮਣੋ –
“ਹੰਸੁ ਚਲੈ ਉਠਿ ਡੁਮਣੋ ਮਾਇਆ ਭੂਲੀ ਆਥਿ।” (ਦੋਚਿਤਾ/ਉਦਾਸ ਹੋ ਕੇ)
–ਰਾਮ ੧, ਓਅੰ ੪੨:੨ (935)

ਡੁੰਮਿ ------ ਟੋਏ, ਗੜ੍ਹਾ
“ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ।”
– ਸਿਰੀ ੪, ਵਾਰ ੧੫ਸ, ੫, ੨:੨ (89)

ਡੁੋਲਾਈ ---- ਡੋਲਾਏ, ਅਸਥਿਰ ਕਰ ਦੇਵੇ
“ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੁੋਲਾਈ।”
–ਰਾਮ ੧, ਸਿਗੋ ੮:੧ (939)

ਡੁਲਾਨਾ ----- **ਡੋਲਦਾ, ਅਸਥਿਰ ਹੁੰਦਾ**

"ਜਿਨਿ ਹਰਿ ਸਾਦੁ ਪਾਇਆ ਸੋ ਨਾਹਿ ਡੁਲਾਨਾ।"

– ਮਾਝ ੫, ੨੨, ੩:੨ (101)

ਡੁਲਾਵਹਿ ---- **ਅਸਥਿਰ ਕਰੇ**

"ਕਬੀਰ ਡਗਮਗ ਕਿਆ ਕਰਹਿ ਕਹਾ ਡੁਲਾਵਹਿ ਜੀਉ।"

– ਸਲੋ ਕਬ, ੩:੧ (1364)

ਹੋਰ ਰੂਪ:

ਡੋਲਾਵੈ–

"ਸੋ ਸੰਤੁ ਸੁਹੇਲਾ ਨਹੀ ਡੋਲਾਵੈ।" (ਡੋਲਦਾ/ਅਸਥਿਰ ਨਹੀਂ ਹੁੰਦਾ)

– ਗਉ ੫, ਸੁਖ ੧੪, ੫:੨ (281)

ਡੂੰ -------- **ਤੋਂ**

"ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ।"

– ਜੈਤ ੫, ਛੰਤ ੧, ੨:੨ (703)

ਡੁਇ ------- **ਦੋ**

"ਸੁਖ ਘਟਾਊ ਡੁਇ ਇਸੁ ਪੰਧਾਣੂ ਘਰ ਘਣੇ।" (ਦੋ ਘੜੀਆਂ)

–ਮਾਝ ੫, ਵਾਰ ੧੩ਸ, ੫, ੩:੨ (1098)

ਡੂਗਰ ------ **ਪਹਾੜ**

"ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ।"

– ਗਉ ਰਵਿ, ੧, ੧:੧ (345)

"ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ।" (ਪਹਾੜ ਦੀ ਵਾਟ)

–ਸੂਹੀ ੧, ੩, ੫:੧ (729)

ਹੋਰ ਰੂਪ:

ਡੂੰਗਰ –

"ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ।" (ਪਰਬਤ)

– ਸਲੋ ਫਰ, ੨੧:੧ (1378)

ਡੂਗਰਿ –

"ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ।" (ਪਹਾੜ ਤੇ)

– ਸਿਰੀ ੧, ਅਸ ੬, ੭:੧ (57)

ਡੂਗਰਿ –

"ਡੂਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ।" (ਪਹਾੜਾਂ ਤੇ/ਵਿਚ)

– ਮਾਰੂ ੫, ਵਾਰ ੨੧ਸ, ੫, ੩:੧ (1101)

ਡੂੰਗਰੁ–

"ਡੂੰਗਰੁ ਊਚਉ ਗੜੁ ਪਾਤਾਲਿ।"

– ਮਲਾ ੧, ਅਸ ੪, ੧:੨ (1275)

ਡੂੰਗਰੁ–

"ਡੂੰਗਰ ਦੇਖਿ ਡਰਾਵਣੋ ਪੇਈਅੜੈ ਡਰੀਆਸੁ।" (ਪਰਬਤ)

–ਸਿਰੀ ੧, ਅਸ ੧੬, ੧:੧ (63)

ਡੂਜੜੋ ------ **ਦੂਜਾ**
"ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ।"
- ਸਿਰੀ ੫, ਛੰਤ ੩, ੨੩:੧ (80)

ਡੂਬਹਿ ----- **ਡੁਬਦੀਆਂ ਹਨ**
"ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਡੂਬਹਿ ਤੇਹਿ।"
-ਸੋਰ ੧, ਅਸ ੪, ੬:੨ (637)

ਹੋਰ ਰੂਪ:

ਡੂਬਹਿਗੋ –
"ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ।" (ਡੁਬੇਗਾ)
-ਸਲੋ ਕਬ, ੧੬੭:੧ (1373)

ਡੂਬਹੁ –
"ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।"
- ਸਲੋ ਕਬ, ੧੨:੧ (1365)

ਡੂਬਤ ------ **ਡੁਬਦੇ**
"ਜਿਸੁ ਸਿਮਰਤ ਡੂਬਤ ਪਾਹਨ ਤਰੇ।"
- ਗਉ ੫, ੯੦, ੩:੪ (183)

ਹੋਰ ਰੂਪ:

ਡੂਬਤਾ –
"ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ।" (ਡੁਬਦਾ)
- ਧਨਾ ੧, ੮, ੧:੨ (662)

ਡੂਬਾ ------ **ਡੁਬਾ**
"ਨਿੰਦਕੁ ਡੂਬਾ ਹਮ ਉਤਰੇ ਪਾਰਿ।"
- ਗਉ ਕਬ, ੭੧, ੩:੪ (339)

ਹੋਰ ਰੂਪ:

ਡੂਬਿ –
"ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ।" (ਡੁਬ ਕੇ)
- ਸਿਰੀ ੩, ੪੫, ੧*:੨ (31)

ਡੂਬੀ–
"ਬਿਖਿਆ ਲੈ ਡੂਬੀ ਪਰਵਾਰੁ।"
- ਗਉ ਕਬ, ੨੪, ੧:੨ (328)

ਡੂਬੀਅਲੇ –
"ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।" (ਡੁਬ ਗਏ ਹਨ)
- ਆਸਾ ੧, ੨੯, ੧:੨ (357)

ਡੂਬੇ –
"ਭਵਜਲਿ ਡੂਬੇ ਦੂਜੈ ਭਾਏ।" (ਡੁਬ ਗਏ)
-ਗਉ ੩, ਅਸ ੪, ੩:੩ (231)

ਡੂਬੈ –

"ਨਾ ਜੀਉ ਮਰੈ ਨ ਡੂਬੈ ਤਰੈ।" (ਡੁਬਦਾ ਹੈ)

– ਗਉ ੧, ੨, ੨:੧ (151)

ਡੂਬੌ –
"ਮੋਹ ਲੋਭ ਡੂਬੌ ਸੰਸਾਰ।" (ਡੁਬਾ ਹੈ)

–ਬਸੰ ੫, ਅਸ ੨, ੩:੨ (1192)

ਡੂਮਣੀ------ ਮਿਰਸਣ, ਨੀਵੀਂ ਜਾਤ ਦੀ ਔਰਤ
"ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।"

–ਸਿਰੀ ੪, ਵਾਰ ੨੦ਸ, ੧, ੧:੧ (91)

ਡੇਉ ------- ਦੇਵਾਂ
"ਮੁਖੁ ਡੇਖਾਊ ਪਲਕ ਛਡਿ ਆਨ ਨ ਡੇਉ ਚਿਤੁ।"

–ਜੈਤ ੫, ਵਾਰ ੧੨ਸ, ੫, ੨:੧ (708)

ਡੇਈ ------ ਦੇਵਾਂ
"ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ।"

– ਮਾਰੂ ੫, ਵਾਰ ੧ਸ, ੫, ੧:੧ (1094)

ਡੇਹ ------- ਦਿਨ
"ਪੂਰਬਿ ਲਿਖੇ ਡੇਹ ਸਿ ਆਏ ਮਾਇਆ।"

– ਆਸਾ ੪, ੬੪, ੨:੧ (369)

ਡੇਹਿ ------ ਦੇਵੇ
"ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ।" (ਭਾਵ ਨਿਕਲੇ)

– ਸੋਰ ੪, ਵਾਰ ੫ ਸ, ੩, ੧:੧ (644)

ਡੇਂਹੀਆਂ ---- ਦੇਂਦੀ ਹਾਂ, ਭੇਟਾ ਕਰਦੀ ਹਾਂ
"ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨ ਡੇਂਹੀਆ।"

– ਜੈਤ ੫, ਛੰਤ ੧, ੨:੫ (703)

ਡੇਹੁ ------- ਦਿਨ
"ਸਾ ਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ।"

– ਮਾਰੂ ੧, ਅਸ ੧੦, ੫:੨ (1015)

ਡੇਖਣ ------ ਵੇਖਣ, ਦਰਸ਼ਨ
"ਡੇਖਣ ਕੂ ਮੁਸਤਾਕੁ ਮੁਖੁ ਕਿ ਜੇਹਾ ਤਉ ਧਣੀ।"

– ਮਾਰੂ ੫, ਵਾਰ ੮ਸ, ੫, ੧:੧ (1096)

ਡੇਖਣਹਾਰੁ---- ਵੇਖਣਹਾਰ (ਪ੍ਰਭੂ)
"ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ।"

– ਮਾਰੂ ੧, ਅਸ ੯, ੭:੧ (1015)

ਡੇਖਾਊ ----- ਵੇਖਾਂ
"ਮੁਖੁ ਡੇਖਾਊ ਪਲਕ ਛਡਿ ਆਨ ਨ ਡੇਉ ਚਿਤੁ।"

– ਜੈਤ ੫, ਵਾਰ ੧੨ਸ, ੫, ੨:੧ (708)

ਡੇਖਿ ------ ਵੇਖ ਕੇ

“ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿੰਦ ਨਾਮੁ ਮਜੀਠਾ।”

– ਸੂਹੀ ੫, ਛੰਤ ੧, ੧:੩ (777)

ਹੋਰ ਰੂਪ:

ਡੇਖੁ–

“ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ।” (ਵੇਖੇ ਹਨ)

–ਮਾਰੂ ੫, ਵਾਰ ੧ਸ, ੫, ੨:੧ (1094)

ਡੇਖੈ –

“ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ।” (ਵੇਖੇ)

– ਮਾਰੂ ੧, ਅਸ ੬, ੭:੧ (1015)

ਡੇਰਾ ------ ਠਹਿਰਨ ਦਾ ਸਥਾਨ, ਟਿਕਾਣਾ

“ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ।”

– ਮਾਝ ੫, ੪੩, ੧:੩ (107)

“ਡਡਾ ਡੇਰਾ ਇਹੁ ਨਹੀ ਜਹ ਡੇਰਾ ਤਹ ਜਾਨੁ।”

–ਗਉ ੫, ਬਾਅ ੨੯:੧ (256)

“ਦੂਖ ਬਿਨਾਸ ਕੀਆ ਸੁਖਿ ਡੇਰਾ ਜਾ ਤ੍ਰਿਪਤਿ ਰਹੇ ਆਘਾਈ ਹੇ।” (ਟਿਕਾਣਾ)

– ਮਾਰੂ ੫, ਸੋਲਾ ੧, ੭:੩ (1071)

ਡੇਰੀ ------ ਟੇਢੀ, ਵਿੰਗੀ

“ਬੰਕੇ ਬਾਲ ਪਾਗ ਸਿਰਿ ਡੇਰੀ।”

– ਸੋਰ ਰਵਿ, ੬, ੩:੧ (659)

ਡੇਰੇ ------- ਟਿਕਾਣੇ, ਤੰਬੂ, ਖੇਮੇ

“ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ।”

– ਮਾਰੂ ੫, ਵਾਰ ੧੭:੨ (1100)

ਡੇਵਸਾ ----- ਦੇਵਾਂਗਾ

“ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ।”

– ਸੂਹੀ ੫, ਕੁਚ ੩:੪ (763)

ਡੋਸੜੇ ------ ਦੋਸ

“ਮੰਞ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ।”

– ਸੂਹੀ ੧, ਕੁਚ ੧:੧ (762)

ਡੋਹਾਗਣਿ --- ਦੁਹਾਗਣ, ਭੈੜੇ ਭਾਗਾਂ ਵਾਲੀ, ਅਭਾਗਣ ਨੂੰ

“ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।”

– ਸੂਹੀ ੧, ਕੁਚ ੧:੧੬ (762)

ਹੋਰ ਰੂਪ:

ਡੋਹਾਗਣੀ –

“ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ।” (ਛੁਟੜ, ਪਤੀ ਵਲੋਂ ਤ੍ਰਿਸਕਾਰੀ ਹੋਈ, ਅਭਾਗਣ)
– ਸਿਰੀ ੧, ਅਸ ੧੨, ੧*:੨ (60)

ਡੋਬੰਨਿ ----- ਡੋਬਦੇ ਹਨ
“ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ।”
– ਸੂਹੀ ੩, ਅਸ ੩, ੫:੨ (755)

ਡੋਬੇ ------- ਡੋਬ ਦਿਤੇ
“ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ।”
-ਸਿਰੀ ੧, ੧੫, ੧:੩ (19)

ਡੋਬੇਨਿ ----- ਡੋਬਦੇ ਹਨ
“ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ।”
-ਰਾਮ ੩, ਵਾਰ ੧੦ਸ, ੩, ੨:੪ (951)

ਡੋਮ ------- ਇਕ ਨੀਵੀ ਸਮਝੀ ਜਾਂਦੀ ਜਾਤ
“ਬ੍ਰਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।”
– ਬਿਲਾ ਰਵਿ ੨, ੧:੧ (858)

ਡੋਰ ------- (1) ਗੁਡੀ ਉਡਾਣ ਵਾਲਾ ਤਾਗਾ
“ਹਾਥਿ ਤ ਡੋਰ ਮੁਖਿ ਖਾਇਓ ਤੰਬੋਰ।”
– ਗਉ ਕਬ, ੧੬, ੩:੧ (326)
(2) ਇਕ ਕਿਸਮ ਦਾ ਗਹਿਣਾ ਜੋ ਗੁੱਟ ਜਾਂ ਬਾਜੂ ਤੇ ਬੰਨਿਆ ਹੁੰਦਾ ਹੈ, ਬਾਜੂਬੰਦ
“ਹਾਰ ਡੋਰ ਸੀਗਾਰ ਸਭਿ ਰਸ ਗੁਣ ਗਾਉ ਅਲਖ ਅਭੇਵਿਆ।”
– ਰਾਮ ੫, ਰੁਤੀ ੬:੪ (929)

ਡੋਰਾ ------ ਬੋਲਾ, ਜੋ ਸੁਣ ਨ ਸਕਦਾ ਹੋਵੇ
“ਕਹਾ ਬੁਝਾਰਤਿ ਬੂਝੈ ਡੋਰਾ।”
– ਗਉ ੫, ਸੁਖ ੪, ੬:੩ (267)

ਡੋਰਿ ------ (1) ਡੋਰੀ
“ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ।” (ਭਾਵ ਸੁਆਸ)
– ਗਉ ੫, ੧੨੭*, ੨:੨ (206)
(2) ਗੁਡੀ ਉਡਾਣ ਵਾਲਾ ਤਾਗਾ
“ਦਹ ਦਿਸ ਬੂਡੀ ਪਵਨੁ ਝੁਲਾਵੈ ਡੋਰਿ ਰਹੀ ਲਿਵ ਲਾਈ।”
– ਗਉ ਕਬ, ੪੬, ੩:੨ (333)
(3) ਲਿਵ, ਤਾਰ (ਭਾਵ) ਹੋਰ ਵੇਖੋ ‘ਡੋਰੀ’ (2)
“ਮਨਿ ਡੋਰਿ ਪ੍ਰੇਮ ਪਰੀਤਿ।”
– ਬਿਲਾ ੫, ਅਸ ੧, ੩:੧ (837)

ਡੋਰੀ ------ (1) ਰਸੀ, ਨਕੇਲ
“ਪ੍ਰਭ ਡੋਰੀ ਹਾਥਿ ਤੁਮਾਰੇ।”

– ਸੋਰ ੫, ੭੧, ੨:੨ (627)

"ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ।" (ਭਾਵ ਜਰੀਬ)

– ਸੂਹੀ ਕਬ, ੫, ੨:੨ (793)

(2) ਲਿਵ, ਮਨ ਦੀ ਨੀਝ

"ਚਰਨ ਕਮਲ ਸੰਗਿ ਲਾਗੀ ਡੋਰੀ।"

– ਨਟ ੫, ੬, ੧*:੧ (979)

ਡੋਲ ------- (1) ਝੋਲਾ, ਧਕਾ

"ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ।"

– ਗਉ ਕਬ, ੫੩, ੪:੧ (335)

(2) ਡੋਲਦਾ ਹੈ

"ਕਰ ਕੰਪਹਿ ਸਿਰੁ ਡੋਲ ਨੈਣ ਨ ਡੀਠਿਆ।"

– ਜੈਤ ੫, ਛੰਤ ੩, ੩:੨ (705)

ਹੋਰ ਰੂਪ:

ਡੋਲਦੀ–

"ਆਤਮਾ ਅਡੋਲੁ ਨ ਡੋਲਦੀ ਗੁਰ ਕੈ ਭਾਇ ਸੁਭਾਇ।" (ਡੋਲਦਾ)

– ਸਿਰੀ ੪, ਵਾਰ ੧੨ਸ, ੩, ੧:੩ (87)

ਡੋਲਹਿ –

"ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਣਾ।" (ਡੋਲਦਾ ਭਾਵ ਭਟਕਦਾ)

– ਗਉ ਕਬ, ੪੫, ੪:੧ (332)

ਡੋਲਹੁ –

"ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨਿ ਅਧਾਰਿ।" (ਡੋਲੋ, ਥਿੜਕੋ)

– ਧਨਾ ੫, ੨੮, ੩:੧ (678)

"ਨਾ ਤੁਮ ਡੋਲਹੁ ਨ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ।" (ਹਿਲੋ)

– ਰਾਮ ਕਬ, ੩, ੧:੨ (969)

ਡੋਲਤ ------ (1) ਭਟਕਦਾ

"ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।"

– ਆਸਾ ੯, ੧, ੧:੨ (411)

"ਸਾਰੋ ਦਿਨ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ।" (ਭਟਕਦਾ, ਫਿਰਦਾ)

– ਗੂਜ ਕਬ, ੧, ੨:੧ (524)

"ਇਹੁ ਮਨੁ ਡੋਲਤ ਤਉ ਠਹਰਾਵੈ।" (ਭਟਕਦੇ)

– ਪ੍ਰਭਾ ੧, ਅਸ ੫, ੫:੩ (1344)

(2) ਝੋਲਾ ਖਾਂਦੀ

"ਫਿਰਿ ਡੋਲਤ ਕਤਹੂ ਨਾਹੀ।" (ਭਾਵ ਟੂਟਦੀ)

– ਸੋਰ ੫, ੮੭, ੧:੪ (630)

"ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ।" (ਭਾਵ ਹਿਚਕੌਲੇ ਖਾਂਦੇ ਹਾਂ)

– ਰਾਮ ੧, ੬, ੧:੧ (878)

(3) ਡੋਲ ਰਿਹਾ/ਹਿਲ ਰਿਹਾ ਹੈ
"ਜੀਅ ਜੰਤ ਸਭੁ ਜਗੁ ਹੈ ਜੇਤਾ ਮਨੁ ਡੋਲਤ ਡੋਲ ਕਰੀਜੈ।"
– ਕਲਿ ੪, ਅਸ ੩, ੧:੧ (1324)
"ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ।" (ਹੁਣ ਦੀਨ ਹੋਣਦੇ ਕਿਉਂ ਡੋਲਦਾ ਹੈ)
– ਸਲੋ ੯, ੭:੨ (1426)

ਹੋਰ ਰੂਪ:

ਡੋਲਤਾ –
"ਪੂਰਨੁ ਕਬਹੂ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ।"
– ਗਉ ੫, ਥਿਤੀ ੧੬ਸ:੧ (300)

ਡੋਲਤੇ –
"ਧਾਵੰਤ ਜੀਆ ਬਹੁ ਪਕਾਰੰ ਅਨਿਕ ਭਾਂਤਿ ਬਹੁ ਡੋਲਤੇ।"
– ਸਸ ੫, ੪੮:੨ (1358)

ਡੋਲਨ ------ ਥਿੜਕਣ, ਝੋਲਾ ਖਾਣ, ਭਟਕਣ
"ਤ੍ਰਿਪਤਿ ਅਘਾਇ ਰਹੇ ਰਿਦ ਅੰਤਰਿ ਡੋਲਨ ਤੇ ਅਬ ਚੂਕੇ।"
– ਗਉ ੫, ੧੬੧*, ੨:੧ (215)

ਡੋਲਨੀ ----- ਚਾਟੀ, ਛੋਟਾ ਡੋਲ
"ਕਬੀਰ ਮਾਇਆ ਡੋਲਨੀ ਪਵਨੁ ਝਕੋਲਨਹਾਰੁ।"
– ਸਲੋ ਕਬ, ੧੯:੧ (1365)

ਡੋਲਾ ------ ਡੋਲਣਾ, ਭਟਕਣਾ, ਡੋਲਣ ਦਾ ਭਾਵ
"ਡੀਗਨ ਡੋਲਾ ਤਉ ਲਉ ਜਉ ਮਨ ਕੇ ਭਰਮਾ।"
– ਆਸਾ ੫, ੧੧੯, ੧:੧ (400)

ਡੋਲਾਇ ---- ਡੋਲਾਉਂਦੀ ਅਸਥਿਰ ਕਰਦੀ, ਹਿਲਾਉਂਦੀ
"ਭੂਲੀ ਡੂੰਗਰਿ ਥਲਿ ਚੜੈ ਭਰਮੈ ਮਨੁ ਡੋਲਾਇ।"
–ਸਿਰੀ ੧, ਅਸ ੧੨, ੨:੨ (60)

ਹੋਰ ਰੂਪ:

ਡੋਲਾਇਆ –
"ਨਾਨਕ ਤੇ ਜਨ ਨਹ ਡੋਲਾਇਆ।" (ਡੋਲਦਾ, ਭਟਕਦਾ, ਹਿਲਦਾ)
– ਗਉ ੫, ਬਾਅ ੨੯:੮ (256)

ਡੋਲਾਏ –
"ਪਰ ਘਰ ਜਾਇ ਨ ਮਨੁ ਡੋਲਾਇ।" (ਡੋਲਾਉਂਦਾ)
– ਰਾਮ ੧, ਅਸ ੩, ੫:੩ (904)

ਡੋਲਾਨੇ ------ ਡੋਲਦੇ
"ਪੂਰਨ ਪੁਰਖ ਨਹੀ ਡੋਲਾਨੇ।"
– ਗਉ ੫, ਸੁਖ ੨੦, ੨:੪ (289)

ਡੋਲਿ ------ (1) ਡੋਲ ਕੇ, ਭਟਕ ਕੇ

“ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ।”
- ਸਿਰੀ ੧, ਅਸ ੧੫, ੪:੧ (63)

(2) ਡੋਲ, ਝੋਲੇ ਖਾ
“ਈਤ ਊਤ ਨ ਡੋਲਿ ਕਤਹੂ ਨਾਮੁ ਹਿਰਦੈ ਧਾਰਿ।”
-ਸਾਰ ੫, ੧੧੯, ੧:੧ (1227)

ਡੋਲੀ ------ ਡੋਲਦਾ ਭਾਵ ਟੁੱਟਦਾ
“ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ।”
- ਬਿਲਾ ੫, ੮੯, ੧:੨ (822)

ਡੋਲੀਐ ----- ਭਟਕੀਏ, ਹਿਚਕੋਲੇ ਖਾਈਏ
“ਨਹ ਡੋਲੀਐ ਇਤ ਊਤ।”
- ਬਿਲਾ ੫, ਅਸ ੧, ੪:੩ (837)

ਡੋਲੁ ------- ਇਕ ਭਾਂਡਾ, ਖੂਹ ਤੋਂ ਪਾਣੀ ਕਢਣ ਵਾਲਾ ਡੰਡੀ ਵਾਲਾ ਇਕ ਭਾਂਡਾ
“ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ।”
- ਗਉ ੧, ਅਸ ੧੭, ੬:੨ (228)

ਡੋਲੇ ------- ਭਟਕੇ, ਹਿਲੇ, ਹਿਚਕੌਲੇ ਲਵੇ
“ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ।”
- ਬਿਹਾ ੪, ਛੰਤ ੧, ੧:੩ (538)
“ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ।” (ਹਿਲ ਜਾਂਦਾ ਹੈ, ਥਿੜਕ ਜਾਂਦਾ ਹੈ)
- ਤੁਖਾ ੧, ਬਾਰਾ ੧੧:੪ (1109)

ਡੋਲੇਤ ------ ਡੋਲਦੇ
“ਨਿਹਚਲ ਆਸਣੁ ਮਿਟੀ ਚਿੰਤ ਨਾਹੀ ਡੋਲੇਤ।”
- ਬਿਲਾ ੫, ੩੮, ੩:੧ (810)

ਡੋਲੈ ------- (1) ਹਿਲੇ, ਅਸਥਿਰ ਹੋਵੇ, ਹਿਚਕੋਲੇ ਲਵੇ
“ਡੋਲੈ ਨਾਹੀ ਤੁਮਰਾ ਚੀਤੁ।”
- ਗਉ ੫, ੭੯, ੩:੩ (179)
“ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ।” (ਡੋਲਦਾ, ਭਟਕਦਾ)
- ਸੋਰ ੧, ਅਸ ੧, ੨:੩ (634)
“ਭਰਿਆ ਹੋਇ ਸੁ ਕਬਹੁ ਨ ਡੋਲੈ।” (ਹਲਦਾ)
- ਗੋਂਡ ਕਬ, ੧, ੪:੨ (870)
“ਭ੍ਰਮਿ ਭ੍ਰਮਿ ਡੋਲੈ ਲਖ ਚਉਰਾਸੀ।” (ਭਟਕਦਾ ਹੈ)
- ਪ੍ਰਭਾ ੧, ਅਸ ੫, ੩:੧ (1344)

(2) ਫਿਰਦਾ ਹੈ (ਭਾਵ)
“ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।”
- ਸੋਰ ੮, ੧, ੧:੨ (631)

ਢ

ਢਹਸੀਓ ---- ਢਹੇਗਾ, ਡਿਗੇਗਾ
"ਹਟ ਪਟਣ ਬਾਜਾਰ ਹੁਕਮੀ ਢਹਸੀਓ।"
– ਮਾਝ ੧, ਵਾਰ ੮:੨ (141)

ਢਹਗਿ ----- ਢਹੇਗੀ, ਡਿਗੇਗੀ
"ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ।"
– ਬਸੰ ੧, ੯, ੧*:੨ (1171)

ਢਹਤ ------ ਢਹਿਦੇ, ਡਿਗਦੇ
"ਢਹਤ ਢਹਤ ਅਬ ਢਹਿ ਪਰੇ ਸਾਧ ਜੁਨਾ ਸਰਨਾਇ।"
– ਗਉ ੫, ਬਾਅ ੩੦:੭ (256)

ਹੋਰ ਰੂਪ:

ਢਹਤੇ –
"ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ।" (ਢਿਗ ਪਏ)
– ਰਾਮ ੧, ਓਅੰ ੩੧:੨ (933)

ਢਹਦੀ ----- ਡਿਗਦੀ
"ਢਹਦੀ ਜਾਇ ਕਰਾਰਿ ਵਹਣਿ ਵਹੰਦੇ ਮੈ ਡਿਠਿਆ।"
– ਮਾਰੂ ੫, ਵਾਰ ੮ਸ, ੫, ੩:੧ (1097)

ਹੋਰ ਰੂਪ:

ਢਹਦੇ –
"ਸੇ ਭੀ ਢਹਦੇ ਡਿਠੁ ਮੈ ਮੁੰਧ ਨ ਗਰਬੁ ਥਣੀ।"
– ਸਲੋ ੧, ੧:੪ (1410)

ਢਹੰਦੋ –
"ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ।" (ਡਿਗਦੇ)
– ਆਸਾ ੫, ੧੦੭, ੩:੧ (397)

ਢਹਾ ------ ਆਸਰਾ, ਓਟ
"ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਹਾ ਫਿਰਾਹੀ।"
– ਗਉ ੪, ਵਾਰ ੧੫ਸ, ੪, ੨:੪ (308)

ਢਹਿ ------ ਡਿਗ
"ਕਲਰ ਕੇਰੀ ਕੰਧ ਜਿਉ ਅਹਿਨਿਸ ਕਿਰਿ ਢਹਿ ਪਾਇ।"
– ਸਿਰੀ ੧, ੧੩, ੧:੨ (18)
"ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ।"(ਡਿਗਕੇ)
– ਸਿਰੀ ੧, ੧੭, ੧:੩ (20)

ਢਹੈ ------- (1) ਢਲਦਾ, ਟੁਟਦਾ
"ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸਿ।"
– ਮਾਝ ੧, ਵਾਰ ੧੨ਸ, ੧, ੧:੭ (143)

(2) ਡਿਗਦਾ ਹੈ, ਢਹਿੰਦਾ ਹੈ
"ਜਿਸੁ ਸਿਮਰਤ ਦੁਖ ਡੇਰਾ ਢਹੈ।"

– ਗਉ ੫, ੯੦, ੩:੧ (182)

ਢਕਣ ------ ਕਜਣ
“ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ।”
– ਗੂਜ ੫, ਵਾਰ ੮ਸ, ੫, ੧:੧ (520)

ਢਕਿਆ ---- ਕੱਜ/ਢੱਕ ਲਿਆ ਹੈ
“ਨਾਨਕ ਤੈ ਸਹਿ ਢਕਿਆ ਮਨ ਮਹਿ ਸਚਾ ਮਿਤੁ।”
– ਗੂਜ ੫, ਵਾਰ ੩ਸ, ੫, ੨:੨ (518)

ਹੋਰ ਰੂਪ:

ਢਕੀਐ –
“ਜਿਸੁ ਸਿਮਰਤ ਅਵਗੁਣ ਸਭਿ ਢਕੀਐ।” (ਢਕੀਦੇ/ਕਜੀਦੇ ਹਨ)
– ਮਾਰੂ ੫, ੧੯, ੧:੬ (1104)

ਢਕੇ –
“ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ।”
– ਬਿਲਾ ੫, ੪੭, ੧:੨ (812)

ਢੰਗੁ ------- ਤੌਰ ਤਰੀਕਾ, ਸਲੀਕਾ
“ਕਿਛੁ ਰੂਪੁ ਨਹੀ ਕਿਛੁ ਜਾਤਿ ਨਾਹੀ ਕਿਛੁ ਢੰਗੁ ਨ ਮੇਰਾ।”
– ਗਉ ੪, ੫੦, ੨:੧ (167)

ਢਠੀਆਂ ---- ਡਿਗਰੀਆਂ, ਢਹਿ ਢੇਰੀ ਹੋਈਆਂ
“ਢਠੀਆਂ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ।”
– ਸੂਹੀ ੧, ੩, ੨:੨ (729)

ਢਢਾ ------ ਗੁਰਮੁਖੀ ਲਿਪੀ ਦਾ 19ਵਾਂ ਅੱਖਰ ‘ਢ’
“ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ।
– ਗਉ ੫, ਬਾਅ ੩੦:੧ (256)

ਹੋਰ ਰੂਪ
ਢਢੈ –
“ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੇ ਤਿਵੈ ਕਰੇ।” (ਢਢੇ ਦੁਆਰਾ ਉਪਦੇਸ਼ ਹੈ)
– ਆਸ ੧, ਪਟੀ ੧੭:੧ (433)

ਢੰਢੋਲਤ ---- ਲਭਦਿਆਂ, ਢੂੰਢਦਿਆਂ
“ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ।”
– ਰਾਮ ੧, ਓਅੰ ੩੧:੧ (933)

ਢਢੋਲਿ ----- ਲਭ ਕੇ, ਢੂੰਡ ਕੇ
“ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।”
– ਗਉ ੫, ਸੁਖ ੩ਸ:੧ (265)

ਹੋਰ ਰੂਪ:

ਢੰਢੋਲਿ –
“ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ।”
– ਮਾਰੂ ੫, ਵਾਰ ੧੮ਸ, ੫, ੧:੧ (1100)

ਢਢੋਲਿਆ –
“ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ।” (ਭਾਵ ਫੋਲਿਆ)
– ਸਲੋ ਫਰ, ੯੧:੧ (1382)

ਢੰਢੋਲਿਆ –
“ਤ੍ਰਿਭਵਣੁ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ।”
–ਸਿਰੀ ੧, ੧੭, ੪:੨ (20)

ਢੰਢੋਲਿਮੁ ---- ਮੈਂ ਢੂੰਡਿਆਂ/ਖੋਜਿਆ/ਲਭਿਆ
“ਢੰਢੋਲਿਮੁ ਢੂੰਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ।”
– ਮਾਝ ੧, ਵਾਰ ੧ਸ, ੧, ੩:੫ (138)

ਢੰਢੋਲੀ ----- ਲਭ/ਖੋਜ ਕੇ, ਨਿਰਣਾ ਕੇ
“ਕਰਹੁ ਬਿਬੇਕੁ ਸੰਤ ਜਨ ਭਾਈ ਖੋਜਿ ਹਿਰਦੈ ਦੇਖਿ ਢੰਢੋਲੀ।”
– ਗਉ ੪, ੫੩, ੨:੧ (168)

ਹੋਰ ਰੂਪ
ਢੰਢੋਲੀਐ –
“ਖਾਰ ਸਮੁਦ੍ਰ ਢੰਢੋਲੀਐ ਇਕੁ ਮਣੀਆ ਪਾਵੈ।” (ਟੋਲੀਏ/ਫੋਲਾ ਫਾਲੀ ਕਰੀਏ)
–ਮਾਰੂ ੧, ਅਸ ੬, ੬:੧ (1012)

ਢੰਢੋਲੇ –
“ਸੋਰਠਿ ਤਾਮਿ ਸੁਹਾਵਣੀ ਜਾ ਹਰਿ ਨਾਮੁ ਢੰਢੋਲੇ।” (ਲਭੇ)
– ਸੋਰ ੪, ਵਾਰ ੧ਸ, ੪, ੨:੧ (642)
“ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।”
– ਮਲਾ ੧, ਵਾਰ ੩ਸ, ੧, ੧:੧ (1279)

ਢਬੁ ------- ਵੱਲ, ਤਰੀਕਾ, ਜੁਗਤ
“ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ।”
– ਧਨਾ ੧, ੧, ੧:੧ (662)

ਢਬੂਆ ----- ਇਕ ਚਾਂਦੀ ਦਾ ਸਿਕਾ
“ਉਘਰਿ ਗਇਆ ਜੈਸਾ ਖੋਟਾ ਢਬੂਆ ਨਦਰਿ ਸਰਾਫਾ ਆਇਆ।”
– ਆਸਾ ੫, ੪੨, ੩:੧ (381)

ਢਮਕਾਵੈ ---- ਵਜਾਵੇ
“ਬਰਦ ਚਢੇ ਡਉਰੂ ਢਮਕਾਵੈ।”
– ਗੋਂਡ ਨਾਮ, ੬, ੨:੨ (874)

ਢਰਨਿ ----- ਢਿਲਕ
“ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ।”
– ਆਸਾ ਕਬ, ੧੮, ੩:੨ (480)

ਢਰਿ ------ ਢਾਲਣਾ, ਪਿਗਲਾਣਾ
"ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ।"
– ਮਲਾ ੧, ਅਸ ੨, ੧:੨ (1274)

ਢਰੇ ------- ਵਗਦਾ
"ਬਿਰਧਿ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ।"
– ਮਾਰੂ ੧, ਅਸ ੮, ੭:੧ (1014)

ਢਰੈ ------- ਡੁਬਦਾ/ਕ੍ਰਿਪਾਲੂ ਹੁੰਦਾ ਹੈ, ਪਸੀਜਦਾ ਹੈ
"ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ।"
– ਮਾਰੂ ਰਵਿ, ੧, ੧:੧ (1106)

ਢਲਿ ----- (1) ਮੁਰਝਾ ਕੇ, ਢਲ ਕੇ
"ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।"
–ਸਿਰੀ ੧, ੨੪, ੧:੨ (23)

(2) ਵਗ/ਰਿੜ ਕੇ
"ਓਹਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ।"
– ਸਲੋ ਕਬ, ੧੭੭:੨ (1374)

ਢਾਹਸੀ ----- ਡਿਗੇਗਾ
"ਜੋ ਉਸਾਰੇ ਸੋ ਢਾਹਸੀ ਤਿਸੁ ਬਿਨੁ ਅਵਰੁ ਨ ਕੋਇ।"
– ਰਾਮ ੧, ਓਅੰ ੩੧:੭ (934)

ਹੋਰ ਰੂਪ:

ਢਾਹਹੁ –
"ਢੇਰੀ ਢਾਹਹੁ ਸਾਧਸੰਗਿ ਅਹੰਬੁਧਿ ਬਿਕਰਾਲਾ।" (ਢਾਹੋ, ਡੇਗੋ)
– ਗਉ ੫, ਬਾਅ ੩੦:੩ (256)

ਢਾਹਨ–
"ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ।" (ਡੇਗਨ)
– ਗਉ ੫, ਬਾਅ ੩੦ਸ:੧ (256)

ਢਾਹਾ ------ ਪਾਣੀ ਦੇ ਖਾਰ ਤੋਂ ਬਣਿਆ ਨਦੀ ਦਾ ਉਚਾ ਕੰਢਾ
"ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ।"
– ਸਲੋ ੧੪, ੯੮:੧ (1383)

ਢਹਾਇਦਾ --- ਡੇਗ/ਢਾਹ ਦਿੰਦਾ ਹੈ
"ਪਵਣੈ ਖੇਲੁ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ।"
– ਮਾਰੂ ੧, ਸਲੋ ੧੩, ੫:੩ (1033)

ਢਾਹਿ ------ (1) ਢਾਹ/ਡੇਗ ਕੇ
"ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ।"
– ਗਉ ੧, ੧੪, ੩:੧ (155)

ਹੋਰ ਰੂਪ:

ਢਾਹਿਓ –

“ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ।”

– ਸੋਰ ੫, ੨੧, ੨:੧ (614)

(2) ਡਿਗੇ ਹੋਏ

“ਢਾਹਿ ਉਸਾਰੈ ਉਸਰੇ ਢਾਹੈ।”

– ਰਾਮ ੧, ਓਅੰ ੪੧:੨ (935)

ਢਾਹਿਆ ---- (1) ਬੋਲਿਆ

“ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।”

–ਸਿਰੀ ੪, ਵਾਰ ੮:੨ (85)

(2) ਡੇਗਿਆ

“ਅੰਗੀਕਾਰੁ ਕੀਆ ਤਿਨਿ ਕਰਤੈ ਦੁਖ ਕਾ ਡੇਰਾ ਢਾਹਿਆ ਜੀਉ।”

–ਮਾਝ ੫, ੪੩, ੧:੩ (107)

ਹੋਰ ਰੂਪ:

ਢਾਹੇ –

“ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ।”

– ਸਿਰੀ ੧, ਅਸ ੧, ੪:੧ (53)

ਢਾਹੈ –

“ਢਾਹਿ ਉਸਾਰੈ ਉਸਰੇ ਢਾਹੈ।”

– ਰਾਮ ੧, ਓਅੰ ੪੧:੨ (935)

ਢਾਕ ------ ਢੱਕ, ਇਕ ਪ੍ਰਕਾਰ ਦੀ ਲਕੜੀ ਦਾ ਦਰਖਤ, ਵੇਖੋ ‘ਢਾਕੁ’

“ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।”

– ਸਲੋ ਕਬ, ੧੧:੧ (1365)

ਢਾਕਨ ----- (1) ਢਕਣ/ਕਜਣ (ਲਈ)

“ਸਾਧ ਸੰਗਿ ਭਜਨੁ ਕਰਿ ਸੁਆਮੀ ਢਾਕਨ ਕਉ ਇਕੁ ਹਰੇ।”

–ਟੋਡੀ ੫, ੧੨, ੧*:੨ (714)

(2) ਪਰਦਾ

“ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ।”

– ਬਿਲਾ ੫, ੧੧੮, ੧*:੨ (828)

ਢਾਕਨਹਾਰੇ -- ਪੜਦਾ ਕਰਨਹਾਰ, ਢਕਣ ਦੇ ਸਮਰੱਥ

“ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖਦਾਤੇ।”

– ਤੁਖਾ ੫, ਛੰਤ ੧, ੪:੩ (1117)

ਢਾਕਿ ------ ਢੱਕ/ਕਜ/ਪੜਦਾ ਪਾ (ਲਿਆ)

“ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ।”

– ਮਾਝ ੫, ੨੪, ੪:੩ (101)

ਹੋਰ ਰੂਪ:

ਢਾਕਿਆ –

"ਕਹੁ ਨਾਨਕ ਗੁਰਿ ਪੜਦਾ ਢਾਕਿਆ।" (ਕਜਿਆ)
-ਪ੍ਰਭਾ ੫, ੮, ੪:੪ (1340)

ਢਾਕੀਅਹਿ –
"ਨਿਤਪ੍ਰਤਿ ਹਿਰਹਿ ਪਰ ਦਰਬੁ ਛਿਦ੍ਰ ਕਤ ਢਾਕੀਅਹਿ।" (ਕਜੀਏ)
– ਫੁਨ ੫, ੮:੨ (1362)

ਢਾਕੁ ------ ਇਕ ਪ੍ਰਕਾਰ ਦੀ ਲਕੜੀ ਦਾ ਦਰਖਤ, ਢਕ, ਵੇਖੋ 'ਢਾਕੁ'
"ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ।"
– ਸਲੋ ਕਬ, ੧੧੧:੨ (1370)

ਢਾਕੇ ------ ਕਜੇ, ਢਕੇ, ਪਰਦਾ ਪਾਏ
"ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ।" (ਢਕਦਾ ਹੈ)
ਗਉ ੫, ਸੁਖ ੬, ੩:੫ (270)

ਹੋਰ ਰੂਪ:

ਢਾਕੈ –
"ਅਪੁਨੇ ਜਨ ਕਾ ਪਰਦਾ ਢਾਕੈ।" (ਢਕਦਾ)
-ਗਉ ੫, ਸੁਖ ੧੭, ੪:੧ (285)

ਢਾਠਾ ------ ਢਹਿ ਗਿਆ, ਡਿਗ ਪਿਆ
"ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ।"
– ਸੂਹੀ ੫, ਛੰਤ ੭, ੩:੨ (781)

ਹੋਰ ਰੂਪ:

ਢਾਠੀ –
"ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ।" (ਢਿਗ ਪਈ)
– ਆਸਾ ੫, ਛੰਤ ੩, ੪:੨ (454)

ਢਾਢੀ ------ (1) ਢੱਡ ਨਾਲ ਵਾਰ ਗਾਉਣ ਵਾਲਾ, ਜਸ/ਕੀਰਤੀ ਗਾਉਣ ਵਾਲਾ
"ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ।"
– ਸਿਰੀ ੪, ਵਾਰ ੨੧:੧ (91)

"ਖਾਲਕ ਕਉ ਆਦੇਸੁ ਢਾਢੀ ਗਾਵਣਾ।"
– ਮਾਝ ੧, ਵਾਰ ੨੧:੭ (148)

ਹੋਰ ਰੂਪ:

ਢਾਢੀਆ –
"ਜਾਂ ਚੈ ਘਰਿ ਗਣ ਗੰਧਰਬ ਰਿਖੀ ਬਪੁੜੇ ਢਾਢੀਆ ਗਾਵੰਤ ਆਛੈ।"
– ਮਲਾ ਨਾਮ, ੧, ੩:੧ (1292)

(2) ਨੀਵੀਂ ਜਾਤ ਦਾ ਸੇਵਕ, ਡੂਮ (ਭਾਵ)
"ਢਾਢੀ ਕਰੇ ਪੁਕਾਰ ਪ੍ਰਭੂ ਸੁਣਾਇਸੀ।"
– ਗੂਜ ੩, ਵਾਰ ੫:੧ (510)

ਢਾਰਿ ------ ਡਾਲ, ਪਾ ਦੇਣਾ ਭਾਵ ਭੇਟ ਕਰ ਦੇਣਾ
"ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।"

– ਦੇਵ ੪, ੪, ੧:੨ (528)

ਢਾਲ ------ ਰੀਤੀ, ਮਰਯਾਦਾ
"ਅਹੰਬੁਧਿ ਕਉ ਬਿਨਸਨਾ ਇਹ ਧੁਰਿ ਕੀ ਢਾਲ।"
–ਬਿਲਾ ੫, ੨੯, ੧:੧ (807)

ਢਾਲਹੁ ------ ਚਲੋ (ਚਾਲ)
"ਇਨੁ ਬਿਧਿ ਪਾਸਾ ਢਾਲਹੁ ਬੀਰ।"
– ਬਸੰ ੫, ੧੯, ੧*:੧ (1185)

ਢਾਲਣ ----- ਵਾਂਗ, ਤੁਲ (ਮਹਾਨਕੋਸ਼); ਪ੍ਰਵਾਹ (ਦਰਪਣ)
"ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।"
– ਸਵ ੨, ੫:੪ (1391)

ਢਾਲਣਿ ---- ਰੇੜਨਾ, ਸੁਟਣਾ ਹੋਰ ਵੇਖੋ 'ਢਾਲਿ' (2)
"ਜੀਅ ਜੰਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿ ਲਗਾ।" (ਭਾਵ ਚਾਲ ਚਲਣ ਲਗਾ)
– ਆਸਾ ੧, ਪਟੀ ੨੬:੨ (434)

ਢਾਲਾ ------ ਰਚਨਾ, ਬਨਾਵਟ
"ਕੰਚਨ ਕਾਇਆ ਸੁਇਨੇ ਕੀ ਢਾਲਾ।"
– ਵਡ ੧, ਛੰਤ ੨, ੭:੩ (567)

ਢਾਲਿ ------ (1) ਸਿਰਜ, ਸ਼ਕਲ ਦੇ (ਠੋਸ ਵਸਤੂ ਨੂੰ ਪਾਣੀ ਵਾਂਗ ਪਿਗਲਾ ਕੇ ਕਿਸੇ ਸੰਚੇ ਵਿਚ ਪਾ ਕੇ ਵਿਸ਼ੇਸ਼ ਰੂਪ ਦੇਣਾ)
"ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।"
– ਜਪੁ ੧, ੩੮:੪ (8)

"ਕਰਣੀ ਤੇ ਕਰਿ ਚਕਹੁ ਢਾਲਿ।" (ਸ਼ਕਲ ਦੇਰ)
– ਰਾਮ ੧, ੭, ੨:੩ (878)

(2) ਰੇੜਨਾ, ਸੁਟਣਾ, ਹੋਰ ਵੇਖੋ 'ਢਾਲਣਿ'
"ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ।"
– ਸਿਰੀ ੧, ਅਸ ੨੮, ੨:੩ (71)

ਹੋਰ ਰੂਪ:

ਢਾਲਿਆ –
"ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ।"
– ਸਿਰੀ ੪, ਛੰਤ ੧, ੩:੪ (78)

ਢਾਲੀਐ –
"ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ।"
– ਆਸਾ ੧, ਵਾਰ ੨੧:੪ (474)

ਢਾਲੀਐ ---- (1) ਸੁਟੀਏ, ਰੇੜੀਏ, ਵੇਖੋ 'ਢਾਲਿ' (2)
(2) ਝੁਲਾਇਆ ਜਾਂਦਾ ਹੈ
"ਇਸ ਹੀ ਮਹਿ ਜਿਸ ਕੀ ਪਤਿ ਰਾਖੈ ਤਿਸੁ ਸਾਧੂ ਚਉਰੁ ਢਾਲੀਐ।"

– ਮਾਰੂ ੫, ਅਸ ੭, ੬:੩ (1019)

ਢਾਲੇ ------ ਸੁਟੇ, ਰੌੜੇ
“ਹੁਕਮੈ ਬੂਝੈ ਚਉਪੜਿ ਖੇਲੈ ਮਨੁ ਜਿਣਿ ਢਾਲੇ ਪਾਸਾ।”
– ਸੂਹੀ ਕਬ, ੪, ੩:੨ (793)

ਢਾਲੈ ------ ਪਿਘਲਾਏ, ਗਾਲੇ
“ਜਿਉ ਕੰਚਨ ਸੋਹਾਗਾ ਢਾਲੈ।”
– ਰਾਮ ੧, ਓਅੰ ੧੮:੨ (932)

ਢਿਗ ------- ਪਾਸੇ, ਤਰਫਾਂ
“ਢਢਾ ਢਿਗ ਢੂਢਹਿ ਕਤ ਆਨਾ।”
– ਗਉ ਕਬ, ਬਾਅ ੨੦:੧ (341)

ਢਿਲ ------ ਦੇਰੀ
“ਲੇਵੈ ਦੇਵੈ ਢਿਲ ਨ ਪਾਈ।”
– ਸਿਰੀ ੧, ੩੦, ੧*:੨ (25)

ਢਿਲਾ ------ ਸਿਥਲ, ਢਿਲੇ
“ਰਾਤੀ ਊਘੈ ਦਬਿਆ ਨਵੇ ਸੋਤ ਸਭਿ ਢਿਲਾ।”
– ਗਉ ੪, ਵਾਰ ੯ਸ, ੪, ੨:੨ (304)

ਢੀਠ ------ ਨਿਰਲਜ
“ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ।”
– ਬਿਲਾ ੫, ੧੧੮, ੧:੧ (828)

ਢੀਠਾ ------ ਅੜਬਪੁਣਾ, ਨਿਰਲਜਤਾ, ਢੀਠਪੁਣਾ
“ਬਿਨਸਿਓ ਮਨ ਕਾ ਮੂਰਖੁ ਢੀਠਾ।”
– ਆਸਾ ੫, ੬੬, ੨:੧ (387)

ਢੀਠਾਈ ---- ਢੀਠਤਾ, ਢੀਠਪੁਣਾ
“ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਂਤੀ ਇਹ ਹਉਮੈ ਕੀ ਢੀਠਾਈ।”
– ਮਲਾ ੫, ੬, ੧:੨ (1267)

ਢੀਠੁ ------- (ਸੰ.) ਆਪਣੀ ਗਲ ਤੋਂ ਨਾ ਮੁੜਨ ਵਾਲਾ, ਜ਼ਿੱਦੀ ਬੇਅਦਬ, ਨਿਰਲਜ
“ਪਾਵਉ ਦਾਨ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ।”
– ਸੂਹੀ ੫, ੬, ੪:੧ (738)

ਢੀਠੇ ------ ਜ਼ਿਦੀ, ਜੋ ਹਟਾਇਆ ਨਾ ਹਟੇ
“ਗੁਨ ਗਾਵਤ ਅਚੁਤ ਅਬਿਨਾਸੀ ਕਾਮ ਕ੍ਰੋਧ ਬਿਨਸੇ ਮਦ ਢੀਠੇ।”
– ਟੋਡੀ ੫, ੨੭, ੧:੧ (717)

ਢੀਂਢੇ------- ਨੀਚ ਜਾਤ
“ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ।”
– ਬਸੰ ੪, ੪, ੪:੧ (1178)

ਢੀਮ ------ ਮਿਟੀ ਦਾ ਗੋਲਾ ਭਾਵ ਜੜ੍ਹਮਤ ਵਾਲਾ, ਮੂਰਖ
"ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ।"
– ਬਸੰ ੪, ੪, ੪:੧ (1178)

ਢੀਲ ------ ਢਿਲ, ਦੇਰੀ
"ਢੀਲ ਨ ਪਰੀ ਜਾ ਗੁਰਿ ਫੁਰਮਾਏ।"
– ਗਉ ੫, ੧੨੭, ੩:੨ (191)

ਢੀਲਾ ------ (1) ਸੁਸਤ, ਦੇਰ ਕਰਨ ਵਾਲਾ
"ਰੇ ਮੂੜੇ ਲਾਹੇ ਕਉ ਤੂ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ।"
– ਆਸਾ ੫, ੧੨੫, ੧:੧ (402)

(2) ਦੇਰੀ
"ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ।"
– ਗੂਜ ੫, ੧੩, ੧:੧ (498)

ਢੀਲਿਆ ---- (ਕੱਸ ਤੋਂ/ਬੰਧ ਤੋਂ) ਢਿਲੇ ਕਰਨਾ
"ਇਕਿ ਬਾਂਧੇ ਇਕਿ ਢੀਲਿਆ ਇਕਿ ਸੁਖੀਏ ਹਰਿ ਪ੍ਰੀਤਿ।"
– ਮਾਰੂ ੩, ਵਾਰ ੧੫, ੪, ੨:੨ (1087)

ਢੁਕਾਸਾ ---- ਢੁਕਣਾ, ਆਉਣਾ
"ਜਿਤੁ ਦਿਨਿ ਉਨੁ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੇ ਕੋ ਨ ਢੁਕਾਸਾ।"
– ਗੋਂਡ ੪, ੨, ੩:੨ (860)

ਢੁਰਿ ------ ਢਲ ਕੇ, ਦ੍ਰਵ ਹੋ ਕੇ
"ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ।"
– ਧਨਾ ਕਬ, ੩, ੧:੨ (692)

ਢੁਲਕੇ ----- ਝੂਲਕੇ
"ਢੁਲਕੇ ਚਵਰ ਸੰਖ ਘਨ ਗਾਜੇ।"
– ਰਾਮ ਬੇਣੀ, ੧, ੯:੪ (974)

ਢੁਲਾਵਉ ---- ਹਿਲਾਉਣਾ, ਫੇਰਨਾ
"ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।"
– ਸੂਹੀ ੫, ੪੨, ੧:੧ (745)

ਢੁਲਿ ------ (1) ਢਹਿ ਕੇ
"ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।"
– ਸਿਰੀ ੧, ੨੪, ੧:੨ (23)

(2) ਪਿਘਲ ਕੇ, ਦ੍ਰਵਤ ਹੋ ਕੇ
"ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ।"
– ਗਉ ੪, ੬੬, ੧:੪ (173)

ਢੁਲੈ ------- ਝੂਲੇ, ਫਿਰੇ
" ਚਉਰੁ ਢੁਲੈ ਪਵਣੈ ਲੈ ਫੇਰੀ।"
– ਮਾਰੂ ੧, ਸੋਲਾ ੧੩, ੬:੨ (1033)

ਢੂੰਢ ------- ਭਾਲ, ਭਾਵ ਭਟਕਣਾ
"ਢੂੰਢ ਵਵਾਂਈ ਥੀਆ ਥਿਤਾ।"
– ਰਾਮ ੫, ਬਾਅ ੧੭ਸ, ੫, ੨:੩ (964)

ਢੂਢਹਿ ----- ਢੂੰਢਦਾ, ਭਾਲਦਾ, ਲਭਦਾ
"ਢਢਾ ਢਿਗ ਢੂਢਹਿ ਕਤ ਆਨਾ।"
– ਗਉ ਕਬ, ਬਾਅ ੨੦:੧ (341)

ਢੂਢਤ ------ ਢੂੰਢਦਾ, ਲਭਦਾ
"ਢਢਾ ਢੂਢਤ ਕਰ ਫਿਰਹੁ ਢੂਢਨੁ ਮਨ ਮਾਹਿ।"
– ਗਉ ੫, ਬਾਅ ੩੧:੧ (256)
"ਢੂਢਤ ਹੀ ਢਹਿ ਗਏ ਪਰਾਨਾ।" (ਲਭਦਿਆਂ ਲਭਦਿਆਂ)
– ਗਉ ਕਬ, ਬਾਅ ੨੦:੨ (341)

ਹੋਰ ਰੂਪ:

ਢੂੰਢਤ –
"ਢੂੰਢਤ ਡੋਲਿਹ ਅੰਧ ਗਤਿ ਅਰੁ ਚੀਨਤ ਨਾਹੀ ਸੰਤ।"
– ਸਲੋ ਕਬ, ੨੪੧:੧ (1377)

ਢੂਢਤੀ –
"ਬਨੁ ਬਨੁ ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ।" (ਲਭਦੀ, ਭਾਲਦੀ)
– ਰਾਮ ੧, ਓਅੰ ੩੬:੭ (934)

ਢੂਢਤੇ –
"ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿਹੈ ਕੋਇ।"
– ਸਲੋ ਕਬ, ੫੦:੨ (1367)

ਢੂੰਢਤੇ –
"ਆਢ ਆਢ ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ।"
– ਆਸਾ ੫, ੧੨੪, ੩:੧ (402)

ਢੂਢਨ ------ ਭਾਲਣ, ਲਭਣ
"ਅਬ ਢੂਢਨ ਕਾਹੇ ਕਉ ਜਾਹਿ।"
– ਗਉ ੫, ੭੭, ੨:੪ (178)

ਹੋਰ ਰੂਪ:

ਢੂੰਢਨ –
"ਤਬ ਢੂੰਢਨ ਕਹਾ ਕੋ ਜਾਇਆ।"
– ਗਉ ੫, ੧੧੦*, ੪:੨ (202)

ਢੂਢਨ –
"ਢਢਾ ਢੂਢਤ ਕਹ ਫਿਰਹੁ ਢੂਢਨੁ ਇਆ ਮਨ ਮਾਹਿ।"
– ਗਉ ੫, ਬਾਅ ੩੦:੧ (256)

ਢੂਢਾਈ ---- ਭਾਲ
"ਹਉ ਹਰਿ ਪ੍ਰਭੁ ਪਿਆਰਾ ਢੂਢਿ ਢੂਢਾਈ।" (ਭਾਲ ਕੀਤੀ)
– ਸੂਹੀ ੪, ੫, ੩:੧ (732)

ਢੂਢਿ ------ ਭਾਲਕੇ, ਲਭਕੇ

“ਚੜਿ ਸੁਮੇਰਿ ਢੂਢਿ ਜਬ ਆਵਾ।”

– ਗਉ ਕਬ, ਬਾਅ ੨੦:੩ (341)

“ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।” (ਲਭ ਲੈ)

– ਮਾਰੂ ੫, ਵਾਰ ੨੨ਸ, ੫, ੧:੧ (1102)

ਹੋਰ ਰੂਪ:

ਢੂੰਢਿ –

“ਇਸ ਘਰ ਮਹਿ ਹੈ ਸੁ ਤੂੰ ਢੂੰਢਿ ਖਾਹਿ।” (ਲੱਭ ਕੇ)

– ਬਸੰ ਕਬ, ੧, ੧*:੧ (1196)

“ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ।” (ਭਾਲ ਤਲਾਸ਼)

– ਵਡ ੪, ਛੰਤ ੨, ੧:੪ (573)

ਢੂਢਿਅਉ --- ਲਭਿਆ, ਭਾਲ ਕੀਤੀ

“ਜਾ ਕਾਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ।”

– ਗਉ ਕਬ, ਬਾਅ ੧੬:੨ (341)

ਢੂੰਢਿਆ ---- ਭਾਲਿਆ

“ਕਬੀਰ ਦੇਖਿ ਦੇਖਿ ਜਗੁ ਢੂੰਢਿਆ ਕਾਹੂੰ ਨ ਪਾਇਆ ਠਉਰੁ।”

– ਸਲੋ ਕਬ, ੬੨:੧ (1369)

ਢੂਢਿਮੁ ----- ਮੈਂ ਢੂੰਢਿਆ/ਭਾਲਿਆ/ਤਲਾਸ਼ ਕੀਤੀ

“ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ।”

– ਮਾਝ ੧, ਵਾਰ ੧ਸ, ੧, ੩:੫ (138)

ਢੂਢੀ ------ ਢੂੰਡਾਂ, ਭਾਲਾਂ

“ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ।”

– ਆਸਾ ੧, ਅਸ ੧੭, ੧:੧ (420)

ਢੂਢੀਆ ---- ਮੈਂ ਭਾਲੀਆਂ ਹਨ

“ਚਾਰੇ ਕੁੰਡਾਂ ਢੂਢੀਆ ਕੋ ਨੀਮ੍ਹੀ ਮੈਡਾ।”

– ਆਸਾ ੧, ਅਸ ੧੪, ੧:੧ (418)

ਹੋਰ ਰੂਪ:

ਢੂੰਢੀਆਂ –

“ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ।”

– ਸਲੋ ਫਰ, ੧੦੨:੨ (1383)

ਢੂਢੀਐ –

“ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ।” (ਭਾਲੀਏ)

– ਆਸਾ ੧, ਅਸ ੧੬, ੧*:੧ (419)

ਢੂਢੇਹਿ ----- ਟੋਲਦੀ/ਲਭਦੀ/ਭਾਲਦੀ ਹੈ

“ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।”

– ਤਿਲੰ ੧, ੪, ੧:੩ (722)

ਢੂਢੇਦਿਆ --- ਲਭਦਿਆਂ, ਟੋਲਦਿਆਂ
"ਗੁਰਮੁਖਿ ਢੂੰਢਿ ਢੂਢੇਦਿਆ ਹਰਿ ਸਜਣੁ ਲਧਾ ਰਾਮ ਰਾਜੇ।"
– ਆਸਾ ੪, ਛੰਤ ੧੬, ੧:੧ (449)

ਹੋਰ ਰੂਪ:

ਢੂਢੇਦੀ –
"ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ।"
– ਗੂਜ ੫, ਵਾਰ ੯ਸ, ੫, ੨:੨ (520)
ਢੂੰਢੇਦੀ –
"ਫਰੀਦਾ ਗਲੀ੍ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ।"
– ਸਲੋ ਫਰ, ੮੭:੧ (1382)
ਢੂੰਢੇਂਦੀ –
"ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ।"
– ਕਾਨ ੪, ਵਾਰ ੧੫ਸ, ੪, ੧:੧ (1318)
ਢੂਢੇਦੀਏ –
"ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ।" (ਭਾਲ ਕਰਨ ਵਾਲੀਏ)
– ਸਲੋ ਫਰ, ੧੧੪:੧ (1384)
ਢੂਢੈ –
"ਤਨਿ ਸੁਗੰਧ ਢੂਢੈ ਪ੍ਰਦੇਸੁ।" (ਲਭਦਾ ਹੈ)
– ਬਸੰ ਰਵਿ, ੨, ੨:੨ (1196)
"ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ।" (ਢੂੰਢਣ ਨਾਲ)
– ਸਲੋ ਫਰ, ੫੩:੨ (1380)

ਢੂਲ ------- ਚਵਰ ਬਰਦਾਰ, ਝਲਾਉਣ ਵਾਲੀ (ਨਿਰਣੈ/ ਸ਼ਬਦਾਰਥ) ਲਹਿਰਾਉ, ਝੂਲ (ਮਹਾਨਕੋਸ਼)
"ਚਉਰ ਢੂਲ ਜਾਂ ਚੈ ਹੈ ਪਵਣੁ।"
– ਮਲਾ ਨਾਮ, ੧, ੩:੩ (1292)

ਢੇਢ ------- ਨੀਚ
"ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ।"
– ਮਲਾ ਨਾਮ, ੨, ੨:੨ (1292)

ਢੇਮ ------- ਮਿਟੀ ਦਾ ਰੋੜਾ, ਵੱਟਾ
"ਮਤਿ ਕੋਊ ਮਾਰੈ ਈਂਟ ਢੇਮ।"
– ਬਸੰ ਕਬ, ੧, ੪:੨ (1196)

ਢੇਰੀ ------ ਛੋਟਾ ਢੇਰ
"ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹਿ।"
– ਸਿਰੀ ੧, ੧੭, ੧:੩ (20)
"ਸਭਿ ਤਿਸੈ ਨੋ ਸਾਲਾਹਿਹੁ ਸੰਤਹੁ ਜਿਨਿ ਦੂਜੇ ਭਾਵ ਕੀ ਮਾਰਿ ਵਿਡਾਰੀ ਢੇਰੀ।"
(ਟਿਬਾ)
– ਬਿਹਾ ੪, ਵਾਰ ੧੬:੫ (555)

ਢੋਅ ------ ਪਨਾਹ, ਢੋਈ
"ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨੀ੍ ਧਾਵਦੇ।"
– ਆਸਾ ੧, ਵਾਰ ੯:੨ (468)

ਢੋਆ ------ (1) ਤੋਫਾ, ਦਾਤ (ਸ਼ਬਦਾਰਥ); ਆਸਰਾ, ਅਧਾਰ (ਮਹਾਨਕੋਸ਼)
"ਸਚੇ ਦਾ ਸਚਾ ਢੋਆ।"
– ਸੋਰ ੫, ੭੮, ੨:੨ (628)
(2) ਮਿਲਾਪ, ਮੁਲਾਕਾਤ (ਮਹਾਨਕੋਸ਼)
"ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ।" (ਸਬਾਦਰਥ ਨਿਰਣੈ, ਦਰਪਣ, ਇਥੇ ਵੀ ਅਰਥ ਤੋਠਾ ਭੇਟਾ ਕਰਦਾ ਹੈ)
– ਤੁਖਾ ੪, ਛੰਤ ੪, ੩:੫ (1116)
(3) ਧਾਵਾ, ਹਲਾ (ਮਹਾਨਕੋਸ਼)
"ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ।" (ਸ਼ਦਾਰਥ ਇਥੇ ਵੀ ਅਰਥ 'ਤੋਹਫਾ' ਹੀ ਕਰਦਾ ਹੈ ਤੇ 'ਨਿਰਣੈ' ਆਸਰਾ)
ਬਸੰ ੫, ਵਾਰ ੨:੧ (1193)

ਢੋਇਆ ---- ਪੇਸ਼/ਹਾਜ਼ਰ ਕੀਤਾ
"ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ।"
– ਗਉ ੪, ਵਾਰ ੧੬ਸ, ੪, ੧:੨ (309)

ਢੋਈ ------ (1) ਆਸਰਾ, ਪਨਾਹ, ਓਟ
"ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ।"
– ਸਿਰੀ ੧, ੧੩, ੧*:੨ (19)
(2) ਦਾਖਲਾ ਪ੍ਰਵੇਸ (ਮਹਾਨ ਕੋਸ਼)
"ਹਰਿ ਦਰਗਹ ਢੋਈ ਨ ਲਹਨਿ੍ ਮੇਰੀ ਜਿੰਦੁੜੀਏ ਜੋ ਮਨ ਮੁਖ ਪਾਪਿ ਲੁਭਾਣੇ ਰਾਮ।"
–ਬਿਹਾ ੪, ਛੰਤ ੫, ੧:੩ (540)

ਢੋਈਐ ----- ਆਸਰਾ/ਓਟ/ਪਨਾਹ ਮਿਲੇਗੀ
"ਨਿਤ ਜਪਿਅਹੁ ਹਰਿ ਹਰਿ ਦਿਨਸੁ ਰਾਤਿ ਹਰਿ ਦਰਗਹ ਢੋਈਐ।"
– ਵਡ ੪, ਵਾਰ ੪:੩ (587)

ਢੋਏ ------- ਢੁਕੇ
"ਮਿਲਿ ਇਕਤ੍ਰ ਹੋਏ ਸਹਿਜ ਢੋਏ ਮਨਿ ਪ੍ਰੀਤਿ ਉਪਜੀ ਮਾਈਆ।"
– ਬਿਲਾ ੩, ੧, ੩:੪ (846)

ਢੋਰ ------- ਹਲ/ਗਡੇ ਅਗੋ ਜੋਤਿਆ ਜਾਣ ਵਾਲਾ ਪਸ਼ੂ, ਡੰਗਰ
"ਅਨਿਕ ਰਸਾ ਖਾਏ ਜੈਸੇ ਢੋਰ।"
– ਗਉ ੫, ੧੨੪, ੧:੧ (190)
"ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ।"
– ਗਉ ੫, ਬਾਅ ੬ਸ:੧ (251)
"ਓਹੁ ਜਨਮਿ ਨ ਮਰੈ ਰੇ ਸਾਕਤ ਢੋਰ।" (ਭਾਵ ਮੂਰਖ)
– ਭੈਰ ੫, ੧, ੨:੨ (1136)

ਹੋਰ ਰੂਪ:

ਢੋਰੈ –
“ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ।” (ਪਸ਼ੂ)
– ਮਾਰ ੧, ਅਸ ੭, ੧:੪ (1012)

ਢੋਲਾ ------ ਪਿਆਰਾ
“ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ।”
– ਸੂਹੀ ੧, ੪, ੧*:੧ (729)

ਢੋਲਾਰੇ ----- ਝੁਲਾਉਦਾ ਹਾਂ
“ਤੇਰੋ ਕੀਆ ਤੁਝਹਿ ਕਿਆ ਅਰਪਉ ਨਾਮੁ ਤੇਰਾ ਤੁਹੀ ਚਵਰ ਢੋਲਾਰੇ।”
– ਧਨਾ ਰਵਿ, ੩, ੩:੨ (694)

ਢੋਲਾਵਉ ---- ਫੇਰਾਂ, ਝੁਲਾਵਾਂ
“ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ।”
– ਬਿਲਾ ੫, ੫੧, ੧*:੨ (813)

ਢੌਲਿ ------ ਪਤੀ/ਪਿਆਰੇ ਨੇ
“ਦੁਰਮਤਿ ਪਰਹਰਿ ਛਾਡੀ ਢੋਲਿ।”
– ਰਾਮ ੧, ਓਅੰ ੨੮:੪ (933)

ਢੋਲੀਐ ----- ਪਿਆਰੇ
“ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ।”
– ਦੇਵ ੪, ੩, ੧:੧ (527)

ਢੋਲੋ ------- ਪਿਆਰਾ
“ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈ ਤਾ ਮੁੰਧ ਭਲੀ।”
– ਆਸਾ ੧, ਛੰਤ ੧, ੩:੩ (436)
“ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ।”
– ਤੁਖਾ ੧, ਬਾਰਾ ੬:੪ (1108)

ਢੋਵਉ ----- ਮੈਂ ਢੋਵਾਂ/ਲਿਆਵਾਂ
“ਤਿਸੁ ਗੁਰ ਕੈ ਗ੍ਰਿਹਿ ਢੋਵਉ ਪਾਣੀ।”
– ਗਉ ੫, ਅਸ ੯, ੪:੧ (239)

ਢੋਵੰਤ ------ ਢੋਦੇ ਹਨ, ਇਕ ਥਾਂ ਤੋਂ ਲੱਦ ਕੇ ਦੂਜੀ ਥਾਂ ਲੈ ਜਾਂਦੇ ਹਨ
“ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ।”
– ਮਲਾ ਰਵਿ, ੨, ੩:੧ (1293)

ਹੋਰ ਰੂਪ:

ਢੋਵੰਤਾ –
“ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।”
– ਮਲਾ ਰਵਿ, ੧, ੩:੧ (1293)

ਢੋਵਾ ------ ਲਿਆਵਾਂ
“ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ।”

– ਸੂਹੀ ੫, ੫੪, ੪:੧ (749)

ਹੋਰ ਰੂਪ:

ਢੋਵਾਂ –

“ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ।”

– ਵਡ ੪, ੩, ੪:੨ (562)

ਢੋਵੈ –

“ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ।” (ਲੱਦ ਕੇ ਲੈ ਜਾਂਦਾ ਹੈ)

– ਬਿਲਾ ੪, ੧, ੩:੨ (799)

ਣ

ਣਹ ------- ਨਹੀਂ, ਨਾ

“ਣਾ ਹਉ ਣਾ ਤੂ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ।”

– ਗਉ ੫, ਬਾਅ ੩੧ਸ:੨ (256)

ਣਾ ------- ਨਹੀਂ

“ਣਾ ਕੋ ਜਾਣੈ ਆਪਣੋ ਏਕਹਿ ਟੇਕ ਅਧਾਰ।”

– ਗਉ ੫, ਬਾਅ ੩੧:੫ (256)

ਣਾਣਾ ------ ਗੁਰਮੁਖੀ ਲਿਪੀ ਦਾ 20ਵਾਂ ਅੱਖਰ, ਣ

“ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ।”

– ਗਉ ੫, ਬਾਅ ੩੧;੧ (256)

ਹੋਰ ਰੂਪ:

ਣਾਣੈ –

“ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ।” (‘ਣ’ ਦੁਆਰਾ ਉਪਦੇਸ ਹੈ)

– ਆਸਾ ੧, ਪਟੀ ੧੮:੧ (433)

ਣਾਮ ------ ਨਾਮ, ਪ੍ਰਭੂ

“ਣਾਮ ਵਿਹੂਣੇ ਆਦਮੀ ਕਲਰ ਕੰਧ ਗਿਰੰਤ।”

– ਰਾਮ ੧, ਓਅੰ ੩੨:੩ (934)

ਤ

ਤ--------- (1) ਤਦ

“ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।”

-ਜਪੁ ੧, ੨:੬ (1)

“ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ।”

-ਸਿਰੀ ੧, ੧੩, ੪:੩ (19)

(2) ਜੇ, ਜੇਕਰ

“ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।”

-ਸਿਰੀ ੧, ੧, ੧:੧ (14)

(ਮਹਾਨਕੋਸ਼ ‘ਇਥੇ ਅਰਥ ਤੋਂ’ ਕਰਦਾ ਹੈ)

(3) ਤਾਂ

“ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ।”

-ਸਿਰੀ ੧, ਅਸ ੧੭, ੨:੧ (64)

“ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ।”

-ਮਾਝ ੧, ਵਾਰ ੨੪ਸ, ੧, ੧:੩ (149)

(4) ਤੇ, ਅਤੇ

“ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜਿਆ।”

-ਬਿਹਾ ੫, ੧, ੧:੩ (542)

“ਦੁਸਮਨੁ ਤ ਦੂਖੁ ਨ ਲਗੈ ਮੂਲੇ ਪਾਪੁ ਨੇੜਿ ਨ ਆਵਏ।”

-ਵਡ ੧, ਛੰਤ ੨, ੪:੫ (567)

(5) ਕੇਵਲ, ਸਿਰਫ

“ਜਪਹਿ ਤ ਸਾਚਾ ਏਕੁ ਮੁਰਾਰੇ।”

-ਵਡ ੧, ਛੰਤ ੨, ੫:੩ (567)

“ਜਪਹੁ ਤ ਏਕੋ ਨਾਮਾ।”

-ਸੂਹੀ ੧, ੧, ੧*:੧ (728)

ਤਉ ------- **(1) ਤੈਨੂੰ**

“ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ।”

-ਆਸਾ ੪, ਸੋਪੁ ੨, ੧*:੨ (11)

“ਤਉ ਭਾਣਾ ਤਾਂ ਤ੍ਰਿਪਤਿ ਅਘਾਇ ਰਾਮ।”

-ਵਡ ੫, ਛੰਤ ੧, ੩:੧ (577)

(2) ਤਾਂ, ਤਦ

“ਕਰਿ ਚਾਨਣੁ ਸਾਹਿਬ ਤਉ ਮਿਲੈ।”

-ਸਿਰੀ ੧, ੩੩, ੨*:੨ (25)

“ਨਾਨਕ ਤਉ ਮੋਖੰਤਰੁ ਪਾਹਿ।”

-ਆਸਾ ੧, ਵਾਰ ੧੩ਸ, ੧, ੨:੬ (470)

(3) ਤੂੰ, ਤੈਂ ਨੇ

“ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ।”

-ਸਿਰੀ ੫, ਛੰਤ ੩, ੪੩:੧ (81)

“ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ।”

-ਮਾਰੂ ੫, ਵਾਰ ੨ਸ, ੫, ੧:੨ (1094)

(4) ਤੇਰੀ

“ਤਉ ਕੁਦਰਤਿ ਕੀਮਤਿ ਨਹੀ ਪਾਇ।”

-ਗਉ ੧, ੩, ੧*:੨ (152)

“ਤਉ ਕਿਰਪਾ ਤੇ ਮਾਰਗੁ ਪਾਈਐ।”

-ਗਉ ੫, ੮੩, ੧:੧ (180)

“ਤਉ ਕਾਰਣਿ ਸਾਹਿਬਾ ਰੰਗਿ ਰਤੇ। (ਤੇਰੇ ਸਦਕਾ)”

-ਆਸਾ ੧, ੩੩, ੧*:੧ (358)

(5) ਉਸ, ਤਿਸ

“ਤਉ ਗੁਣ ਪਛਾਣਹਿ ਤਾ ਪ੍ਰਭੁ ਜਾਣਹਿ ਗੁਣਹ ਵਸਿ ਅਵਗਣ ਨਸੈ।”

-ਆਸਾ ੧, ਛੰਤ ੧, ੨:੪ (436)

“ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ।”

-ਤਿਲੰ ੧, ੪, ੩:੩ (722)

(6) ਤਾਂ

“ਸਕਰ ਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ।”

-ਗਉ ੧, ੧੬, ੨:੧ (156)

“ਉਆ ਕਾ ਮਰਮੁ ਓਹੀ ਪਰੁ ਜਾਨੈ ਓਹੁ ਤਉ ਸਦਾ ਅਬਿਨਾਸੀ।”

-ਗਉ ਕਬ, ੫੨, ੪:੨ (334)

“ਤਉ ਭੀ ਮੇਰਾ ਮਨੁ ਨ ਪਤੀਆਰਾ।”

-ਆਸਾ ੫, ੧੧, ੧:੨ (373)

“ਮੈ ਤਉ ਮੋਲਿ ਮਹਗੀ ਲਈ ਜੀਅ ਸਟੈ।”

-ਧਨਾ ਰਵਿ, ੨, ੧*:੨ (694)

(7) ਤਾਂ ਵੀ, ਫਿਰ ਵੀ

“ਤਉ ਨ ਪੁਜਹਿ ਹਰਿ ਕੀਰਤਿ ਨਾਮਾ।”

-ਗੋਂਡ ਨਾਮ ੧, ੧*:੧ (873)

(8) ਤੇਰੇ ਕੋਲ

“ਤਉ ਮੈ ਆਇਆ ਸਰਨੀ ਆਇਆ।”

-ਸੂਹੀ ੫, ੪੬, ੧*:੧ (746)

ਤਉਕਿਆ---- ਛਿੜਕਿਆ, ਤ੍ਰੌਂਕਿਆ

“ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ।”

-ਗਉ ੫, ੧੪, ੧:੧ (241)

ਤਉਕੁ ------ (ਅ. (ਤੌਕ) ਲੋਹੇ ਦਾ ਪਟਾ ਜੋ ਕੈਦੀਆਂ ਦੇ ਗਲੇ ਵਿਚ ਪਾਂਦੇ ਹਨ

“ਤੇਰੇ ਗਲਹਿ ਤਉਕੁ ਪਗ ਬੇਰੀ।”

-ਗਉ ਕਬ, ੫, ੨:੧ (655)

ਤਉਪਰਿ----- ਤਾਂਹੀ, ਤਦ ਹੀ

“ਘੂੰਘਟੁ ਤੇਰੋ ਤਉਪਰਿ ਸਾਚੈ।”

ਆਸਾ ਕਬ, ੩੪, ੩:੧ (484)

ਤਊ ------- (1) ਤਦ

“ਡੀਗਨ ਡੋਲਾ ਤਊ ਲਉ ਜਉ ਮਨ ਕੇ ਭਰਮਾ।”

-ਆਸਾ ੫, ੧੧੬, ੧:੧ (400)

(2) ਤਾਂ ਭੀ

“ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ।”

-ਆਸਾ ਕਬ, ੫, ੧:੨ (476)

“ਕਉਰਾਪਨੁ ਤਊ ਨ ਜਾਈ।”

-ਸੋਰ ਕਬ, ੮, ੨:੨ (656)

(3) ਤੈਨੂੰ
"ਸੂਕਰ ਕੂਕਰ ਜੋਨਿ ਭ੍ਰਮੇ ਤਊ ਲਾਜ ਨ ਆਈ।"
-ਧਨਾ ਕਬ, ੫, ੩:੧ (692)

(4) ਤੇਰੀਆ
"ਸਹੀਆ ਤਊ ਅਸੰਖ ਮੰਞਹੁ ਹਭਿ ਵਧਾਣੀਆ।"
-ਸੂਹੀ ੫, ਅਸ ੪, ੬:੧ (761)
"ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ।" (ਤੇਰੇ)
-ਮਾਰੂ ੫, ਵਾਰ ੧ਸ, ੫, ੨:੧ (1094)

ਤਈ ------ (ਅਰ-ਤਅਈਨ) ਤਿਆਰ
"ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ।"
ਮਹਾਨਕੋਸ਼ ਇਥੇ ਅਰਥ ਤਪਾਇਆ ਕਰਦਾ ਹੈ।
-ਆਸਾ ੧, ਪਟੀ ੭:੨ (432)
"ਅਜਰਾਈਲੁ ਫਰੇਸਤਾ ਹੋਸੀ ਆਇ ਤਈ।" (ਤਿਆਰ ਮੁਕਰਰ)
-ਰਾਮ ੩, ਵਾਰ ੧੩ਸ, ੧, ੨:੪ (953)

ਤਈਆਰੁ ---- ਤਿਆਰ
"ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ।"
-ਸਿਰੀ ੫, ੭੪, ੨:੨ (43)

ਤਸ ------- (1) ਤੈਸਾ, ਤਿਹੋ ਜਿਹਾ
"ਜਸ ਓਹੁ ਹੈ ਤਸ ਲਖੈ ਨ ਕੋਈ।"
-ਗਉ ਕਬ, ਬਾਅ, ੨:੪ (340)

(2) ਤਿਸ ਦਾ, ਉਸ ਦਾ
"ਜਸ ਅਦੇਖਿ ਤਸ ਰਾਖਿ ਬਿਚਾਰਾ।"
-ਗਉ ਕਬ, ਬਾਅ ੨੪:੨ (341)

ਤਸਕਰ ----- (ਸੰ.) (1) ਚੋਰ
"ਵੇਮੁਖ ਹੋਇ ਰਾਮ ਤੇ ਜਿਉ ਤਸਕਰ ਉਪਰਿ ਸੂਲਿ।"
-ਗਉ ੫, ਵਾਰ ੭ਸ, ੫, ੨:੨ (319)
"ਤਸਕਰ ਪੰਚ ਸਬਦਿ ਸੰਘਾਰੇ।"(ਭਾਵ ਕਾਮਾਦਿਕ ਚੋਰ)
-ਰਾਮ ੧, ਅਸ ੩, ੫:੨ (904)

ਹੋਰ ਰੂਪ:

ਤਸਕਰਹ-
"ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੵੰ ਕਰੋਤਿ ਪੰਚ ਤਸਕਰਹ।"
-ਸਸ ੫, ੨੯:੫ (1356)

ਤਸਕਰਾ-
"ਖੀਨ ਭਏ ਸਭਿ ਤਸਕਰਾ ਗੁਰਮੁਖਿ ਜਨੁ ਜਾਗੈ।"
-ਆਸਾ ੫, ੧੧੪, ੧*:੨ (399)

ਤਸਕਰੁ-

“ਘਰ ਮਹਿ ਅੰਮ੍ਰਿਤ ਤਸਕਰੁ ਲੇਈ।”
-ਗਉ ੧, ਅਸ ੨, ੨:੧ (221)

ਤਸਕਰੈ-
“ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ।”
-ਸੂਹੀ ੪, ੧੦, ੪:੧ (734)

(2) ਠਗ
“ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚ ਚੋਰ ਲਗਈਆ।”
-ਬਿਲਾ ੪, ਅਸ ੧, ੨:੧ (833)

ਹੋਰ ਰੂਪ:

ਤਸਕਰੁ-
“ਇਸੁ ਧਨ ਕਉ ਤਸਕਰੁ ਜੋਹਿ ਨ ਸਕਈ ਨ ਉਚਕਾ ਲੈ ਜਾਇ।”
-ਗੂਜ ੩, ਵਾਰ ੭ਸ, ੩, ੨:੨ (511)

ਤਸਬੀ ------ (ਅ. ਤਸ਼ਬੀਹ) ਮਾਲਾ ਜਿਸ ਦੇ 101 ਮਨਕੇ ਹੁੰਦੇ ਹਨ
“ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।”
-ਮਾਝ ੧, ਵਾਰ ੭ਸ, ੧, ੧:੪ (140)

ਤਸਵੀਸ ----- (ਅ. ਤਸ਼ਵੀਸ਼) ਘਬਰਾਹਟ, ਸੋਚ, ਚਿੰਤਾ
“ਨਾ ਤਸਵੀਸ ਖਿਰਾਜੁ ਨ ਮਾਲੁ।”
-ਗਉ ਰਵਿ, ੨, ੧:੩ (345)

ਤਸਿ ------- ਤਿਸ ਦਾ
“ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।”
-ਮਾਝ ੧, ਵਾਰ ੨੩ਸ, ੨, ੨:੧ (148)

ਤਸੁ ------- ਜਰ੍ਹਾ/ਥੋੜਾ/ਤਨਿਕ ਵੀ
“ਜਾ ਕਾ ਤਸੁ ਨਹੀ ਸੰਗਿ ਚਾਲੈ।”
-ਗਉ ੫, ਬਾਅ ੨੯:੪ (256)

ਤਸੂਆ ----- ਰਤਾ/ਜਰਾ/ਥੋੜਾ ਵੀ
“ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ।”
-ਗਉ ੫, ੧੨੭*, ੧:੧ (206)

ਤਸੵ ------- ਉਸ ਦਾ
“ਨਿਹਫਲੰ ਤਸੵ ਜਨਮਸੵ ਜਾਵਦ ਬ੍ਰਹਮ ਨ ਬਿੰਦਤੇ।”
-ਸਸ ੧, ੨:੧ (1353)

ਤਹ-------- (1) ਉਥੇ
“ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।”
-ਆਸਾ ੧, ਸੋਪੁ ੩, ੧:੨ (12)

(2) ਉਸ
“ਲਪਟਿ ਰਹਿਓ ਤਹ ਅੰਧ ਅੰਧਾਰੁ।”

-ਗਉ ੫, ਸੁਖ ੫, ੩:੬ (268)

"ਤਹ ਬਿਖੜੇ ਥਾਨ ਅਨਿਕ ਖਿੜ ਕੀਆ।" (ਉਸ ਬਿਖੜੇ ਥਾਂ)

-ਰਾਮ ੫, ੧੨, ੪:੨ (886)

"ਸੁੰਨ ਸਮਾਧਿ ਗੁਫਾ ਤਹ ਆਸਨੁ।" (ਉਨ੍ਹਾਂਦਾ)

-ਰਾਮ ੫, ੩੫, ੩:੧ (894)

(3) ਤਾਂ, ਤਦ

"ਤਹ ਬਿਨੁ ਮੈਲੁ ਕਹਹੁ ਕਿਆ ਧੋਤਾ।"

....

"ਤਹ ਕਉਨ ਕਉ ਮਾਨ ਕਉਨ ਅਭਿਮਾਨ।"

-ਗਉ ੫, ਸੁਖ ੨੧, ੪:੨;੪ (291)

"ਤਹ ਬੇਦ ਕਤੇਬ ਕਹਾ ਕੋਊ ਚੀਨ।"

-ਗਉ ੫, ਸੁਖ ੨੧, ੫:੪ (291)

ਤਹਕੀਕ----- (ਅ. ਤਹਕੀਕ) ਨਿਸਚਿਤ, ਯਕੀਨਨ

"ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।"

-ਤਿਲੰ ੧, ੧, ੧*:੧ (721)

ਤਹਾ ------- (1) ਉਸ ਥਾਂ, ਉਥੇ

"ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ।"

-ਗਉ ੩, ੨੮, ੨:੩ (160)

ਹੋਰ ਰੂਪ:

ਤਹਾਂ-

"ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ।"

-ਸਿਰੀ ੫, ੭੬, ੪:੩ (44)

(2) ਉਸ ਨਾਲ

"ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ।"

-ਗਉ ੫, ਬਾਅ ੧੯:੬ (254)

ਤਹਿਜਾ ----- ਤੇਰਾ

"ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ ਤਹਿਜਾ ਨਾਉ।"

-ਮਾਰੂ ੫, ਵਾਰ ੧੧ਸ, ੫, ੧:੨ (1098)

ਤਹਿੰਜੀ ----- ਤੇਰੇ

"ਜੇ ਭੁਲੀ ਜੇ ਚੁਕੀ ਸਾਈਂ ਭੀ ਤਹਿੰਜੀ ਕਾਢੀਆ।"

-ਸੂਹੀ ੫, ਅਸ ੪, ੧:੧ (761)

ਤਹੀ ------- (1) ਉਸੇ ਥਾਂ, ਉਥੇਹੀ

"ਤਹੀ ਨਿਰੰਜਨੁ ਰਹਿਆ ਸਮਾਈ।"

-ਗਉ ੧, ਅਸ ੨, ੭:੨ (221)

(2) ਤਦ ਹੀ, ਤਦੋਂ ਹੀ

"ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ।"

-ਗਉ ੧, ਅਸ ੯, ੧:੩ (224)

(3) ਉਥੇ
"ਚਮਕਾਰ ਬੀਜੁਲ ਤਹੀ।"
-ਸੋਰ ਨਾਮ, ੧, ੩:੨ (657)

(4) ਉਸੇ ਨਾਲ
"ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ।"
-ਟੋਡੀ ੫, ੫, ੨:੨ (713)

(5) ਉਸ ਨੂੰ
"ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ।"
-ਰਾਮ ੧, ਅਸ ੧, ੮:੨ (903)

ਤਕਉ ------- ਵੇਖਦਾ ਹਾਂ
"ਸਰਬ ਚਿੰਤ ਤੁਝੁ ਪਾਸਿ ਸਾਧ ਸੰਗਤਿ ਹਉ ਤਕਉ।"(ਭਾਵ ਲੈਂਦਾ ਹਾਂ ਸਾਧ ਸੰਗਤ ਦਾ ਆਸਰਾ)
-ਸਵ ੩, ੧੮:੨ (1395)

ਤਕਹਿ ------ ਤਕਦੇ ਹਨ
"ਸਾਝ ਬਿਹਾਗ ਤਕਹਿ ਆਗਾਸੁ।"
-ਗਉ ੧, ੬, ੩:੩ (152)
"ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।"(ਟਕ ਲਾ ਕੇ ਵੇਖਣਾ)
-ਗਉ ੪, ਵਾਰ ੨੭:੨ (315)

ਤਕਬੀਰ ----- (ਅ.ਤਕਬੀਰ) ਰਬ ਦੀ ਵਡਿਆਈ ਕਰਕੇ ਉਸ ਨੂੰ ਯਾਦ ਕਰਨਾ, ਮ੍ਰਿਤ ਸਰੀਰ ਤੇ 'ਰਾਮ ਨਾਮ ਸਤ' ਦੀ ਧੁਨੀ ਅਥਵਾ ਕਲਮਾ ਪੜਨਾ ਭਾਵ ਮ੍ਰਿਤਕ ਪ੍ਰਾਣੀ ਲਈ ਪ੍ਰਾਰਥਨਾ, ਉਹ ਨਮਾਜ਼ ਜੋ ਮੁਰਦੇ ਨੂੰ ਦਫਨ ਕਰਨ ਲਗਿਆਂ ਪੜ੍ਹਦੇ ਹਨ
"ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ।"
-ਤਿਲੰ ੧, ੧, ੨:੨ (721)

ਤਕੜੀ ------ ਤਰਾਜ਼ੂ, ਕੰਡਾ
"ਬਿਨੁ ਤਕੜੀ ਤੋਲੈ ਸੰਸਾਰਾ।"
-ਮਾਝ ੩, ਅਸ ੩, ੧:੨ (110)

ਤਕੜੇ ------ ਦ੍ਰਿੜ, ਮਜ਼ਬੂਤ, ਤਾਕਤਵਰ
"ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ।"
-ਸਿਰੀ ੫, ਪਹ ੪, ੫:੨ (78)

ਤਕਾ -------- ਵੇਖਾਂ
"ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ।"(ਭਾਵ ਉਡੀਕਾਂ)
-ਸੂਹੀ ੧, ਛੰਤ ੩, ੧:੨ (764)

ਤਕੀ -------- ਵੇਖੀ, ਢੂੰਢੀ
"ਹਉ ਆਇਆ ਦੂਰਹੁ ਚਲਿ ਕੈ ਮੈਂ ਤਕੀ ਤਉ ਸਰਣਾਇ ਜੀਉ।"
-ਸੂਹੀ ੫, ਕੁਚ ੩:੫ (763)
('ਮਹਾਨਕੋਸ਼' ਇਥੇ ਅਰਥ ਵਿਚਾਰੀ ਨਿਸਰਿਤ ਕੀਤੀ ਕਰਦਾ ਹੈ)

ਤਕੀਆ ----- (ਅ. ਤਕੀਯਹ) ਆਸਰਾ ਆਧਾਰ

“ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ।”

-ਗਉ ੫, ੮੭, ੩:੪ (181)

ਹੋਰ ਰੂਪ:

ਤਕੀਐ-

“ਗੁਰ ਕੈ ਤਕੀਐ ਨਾਮਿ ਅਧਾਰੇ।” (ਆਸਰੇ)

-ਮਾਝ ੩, ਅਸ ੧੫, ੩:੨ (118)

ਤਕੇ ------- ਵੇਖਦਾ ਹੈ

“ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ।”(ਭਾਵ ਖੁਆਰ ਹੁੰਦਾ ਹੈ)

-ਸਿਰੀ ੧, ਅਸ ੬, ੨:੧ (56)

“ਮਨਮੁਖੁ ਤਕੇ ਕੁੰਡਾ ਚਾਰੇ।”

-ਮਾਰੂ ੧, ਸੋਲਾ ੩, ੨:੨ (1022)

ਹੋਰ ਰੂਪ:

ਤਕੈ-

“ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ।”(ਤਕਦੀ ਹੈ, ਤਾਂਘ ਨਾਲ ਵੇਖਦੀ ਹੈ)

-ਸਿਰੀ ੧, ਅਸ ੨, ੨:੨ (54)

ਤਖਤ ------ (ਅ. ਤਖ਼ਤ) ਰਾਜ/ਸਿੰਘਾਸਣ

“ਤਖਤ ਨਿਵਾਸੀ ਪੰਚ ਸਮਾਇ।”

-ਆਸਾ ੧, ਅਸ ੧, ੬:੨ (411)

ਹੋਰ ਰੂਪ:

ਤਖਤਿ-

“ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।”(ਤਖਤ ਤੇ)

-ਸਿਰੀ ੧, ੧, ੪:੧ (14)

“ਮੇਰੇ ਠਾਕੁਰ ਪੂਰੈ ਤਖਤਿ ਅਡੋਲੁ।” (ਰਾਜ ਸਿੰਘਾਸਨ)

-ਸਿਰੀ ੧, ੯, ੧*:੧ (17)

“ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ।”(ਰਾਜ ਸਿੰਘਾਸਨ ਭਾਵ ਰਾਜੇ)

-ਮਾਝ ੧, ਵਾਰ ੧੧:੮ (143)

“ਵਜਹੁ ਗਵਾਏ ਆਪਣਾ ਤਖਤਿ ਨ ਬੈਸਹਿ ਸੇਇ।”(ਉਚੀ ਪਦਵੀ)

-ਰਾਮ ੧, ਓਅੰ ੪੫:੬ (936)

ਤਖਤੁ-

“ਤਖਤੁ ਸਭਾ ਮੰਡਨ ਦੋਲੀਚੇ।”

-ਗਉ ੫, ੮੧, ੩:੧ (179)

“ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ।”(ਗੱਦੀ)

-ਰਾਮ ਬਸ, ਵਾਰ ੨:੩ (966)

“ਸਾਚੀ ਨਗਰੀ ਤਖਤੁ ਸਚਾਵਾ।” (ਹਿਰਦੇ ਰੂਪੀ ਤਖਤ)

-ਮਾਰੂ ੧, ਸੋਲਾ ੩, ੧੧:੧ (1023)

ਤਖਤੈ–

"ਤਖਤਿ ਬਹੈ ਤਖਤੈ ਕੀ ਲਾਇਕ।" (ਤਖਤ ਦੇ)

–ਮਾਰੂ ੩, ਸੋਲਾ ੧੮, ੧੪:੧ (1039)

"ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ।"

–ਮਾਰੂ ੩, ਵਾਰ ੬:੧ (1088)

ਤਗ -------ਧਾਗਾ, ਡੋਰੀ, ਹੋਰ ਵੇਖੋ ਤਗਿ', ਤਗੁ'

"ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।"(ਭਾਵ ਜਨੇਊ)

–ਆਸਾ ਕਬ, ੨, ੧:੧ (475)

ਤੰਗਨਾ------ਤੰਗੀ, ਤਕਲੀਫ, ਵੇਖੋ "ਤੰਗੀਐ"

"ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ।"

–ਮਾਰੂ ੫, ਸੋਲਾ ੯, ੪:੩ (1080)

ਤਗਿ -------ਧਾਗਾ ਭਾਵ ਜਨੇਊ, ਹੋਰ ਵੇਖੋ 'ਤਗ', 'ਤਗੁ'

"ਨਾਨਕ ਤਗੁ ਨ ਤੁਟਈ ਜੇ ਤਗਿ ਹੋਵੈ ਜੋਰੁ।"

–ਆਸਾ ੧, ਵਾਰ ੧੫ਸ, ੧, ੨:੬ (471)

ਤਗੀਐ -----ਤਰੱਕੀ ਕਰੀਦੀ ਹੈ

"ਕੂੜਹਿ ਕਰੇ ਵਿਣਾਸੁ ਧਰਮੇ ਤਗੀਐ।"

–ਗੂਜ ੫, ਵਾਰ ੨:੭ (518)

ਤੰਗੀਐ -----ਤੰਗ ਹੋਈਦਾ ਹੈ, ਵੇਖੋ ਤੰਗਨਾ

"ਵਿਣੁ ਨਾਵੈ ਕੂੜਿਆਰੁ ਅਉਖਾ ਤੰਗੀਐ।"

–ਮਲਾ ੧, ਵਾਰ ੨੩:੨ (1288)

ਤਗੁ -------ਧਾਗਾ, ਡੋਰੀ ਭਾਵ ਜੰਞੂ

"ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ।"

–ਆਸਾ ੧, ਵਾਰ ੮ਸ, ੧, ੧:੯ (467)

ਤਗੈ -------ਨਿਭਹਿ

"ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ।"

–ਮਾਰੂ ੫, ਵਾਰ ੧੧:੨ (1098)

ਤਛਾਵਹਿ ----ਕਟਵਾਉਣਾ, ਛਿਲਾਉਣਾ

"ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ।"

–ਰਾਮ ੩, ਵਾਰ ੧੨ਸ, ੧, ੧:੩ (952)

ਤਜਉ ------ਤਿਆਗਦਾ ਹਾਂ

"ਮੇਰ ਤੇਰ ਤਜਉ ਅਭਿਮਾਨਾ ਸਰਨਿ ਸੁਆਮੀ ਕੀ ਪਰਤ।"

–ਦੇਵ ੫, ੩, ੧*:੨ (529)

"ਏਕਾ ਓਟ ਤਜਉ ਬਿਖੁ ਕਾਮੀ।" (ਛੱਡ/ਤਿਆਗ ਦਿਆਂ)

–ਮਾਰੂ ੫, ਸੋਲ ੯, ੩:੨ (1080)

ਹੋਰ ਰੂਪ:

ਤਜਹਿ–
“ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ।”(ਤਿਆਗੇ)
–ਧਨਾ ਕਬ, ੩, ੧*:੨ (692)

ਤਜਹੁ–
“ਪੰਡਿਤ ਹਰਿ ਪੜੁ ਤਜਹੁ ਵਿਕਾਰਾ” (ਤਿਆਗੋ, ਛਡੋ)
–ਗਉ ੩, ਅਸ ੨, ੧*:੧ (229)

ਤਜਣੰ ------ ਤਿਆਗ ਦੇਣਾ, ਛਡਣਾ
“ਸੰਸਾਰ ਕਾਮ ਤਜਣੰ ਨਾਨਕ ਗੋਬਿੰਦ ਰਮਣੰ ਸਾਧ ਸੰਗਮਹ।”
–ਗਾਥਾ ੫, ੧0:੨ (1360)

ਹੋਰ ਰੂਪ:

ਤਜਣਾ–
“ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ।”
(ਛੱਡਣ ਹੁੰਦਾ, ਤਿਆਗਿਆ ਜਾਂਦਾ ਹੈ)
ਆਸਾ ੫, ਬਿਰ ੧, ੨:੧ (431)

ਤਜਤ ------ ਛਡਣਾ
“ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ।”
–ਸਲੋ ੯, ੪੫:੧ (1428)

ਹੋਰ ਰੂਪ:

ਤਜੰਤ–
“ਦ੍ਰਿੜੰਤ ਨਾਮੰ ਤਜੰਤ ਲੋਭੰ।”(ਛਡਣਾ, ਤਿਆਗਣਾ)
–ਸਸ ੫, ੧0:੨ (1354)

ਤਜੰਤਿ–
“ਮਿਤ੍ਰੰ ਤਜੰਤਿ ਸੰਤ੍ਰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ।” (ਤਜਨ ਨਾਲ)
–ਸਸ ੫, ੪੯:੨ (1358)

ਤਜਾਇ ----- (1) ਦੂਰ ਕਰਦਾ ਹੈ
“ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ।”
–ਸਿਰੀ ੩, ੬੪, ੨:੪ (39)

(2) ਛਡ ਦੇਹ
“ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ।”
–ਗਉ ੪, ਕਰ ੧, ੬:੧ (234)

ਹੋਰ ਰੂਪ:

ਤਜਾਇਆ–
“ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ।” (ਛਡਿਆ)
–ਸੂਹੀ ੪, ਛੰਤ ੨, ੧:੨ (773)

ਤਜਾਇਣ–

“ਦੂਖ ਰੋਗ ਸੋਗ ਸਭਿ ਬਿਨਸੇ ਗੁਰ ਪੂਰੇ ਮਿਲਿ ਪਾਪ ਤਜਾਇਣ।”(ਛੱਡ ਦਿਤੇ ਜਾਂਦੇ ਹਨ)

-ਸੂਹੀ ੫, ੩੪, ੧*:੨ (744)

ਤਜਾਏ–

“ਕਾਮੁ ਕ੍ਰੋਧੁ ਅੰਹਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ।” (ਛਡਾਉਂਦਾ ਹੈ)

-ਮਾਰੂ ੫, ਸੋਲਾ ੧੩, ੧੪:੩ (1085)

“ਚਰਨ ਲੁਭਾਏ ਆਨ ਤਜਾਏ।” (ਤਿਆਗਿਆ ਹੈ)

-ਕਾਨ ੫, ੪੬, ੨:੧ (1307)

ਤਜਾਤ ------- **ਛੜਣਾ**

“ਬੇਦ ਬਾਣੀ ਸਹਿਤ ਬਿਰੰਚਿ ਜਸੁ ਗਾਵੈ ਜਾ ਕੋ ਸਿਵ ਮੁਨਿ ਗਹਿ ਨ ਤਜਾਤ ਕਬਿਲਾਸ ਕੰਉ।”

-ਸਵ ੪, ਮਥੁ ੫:੨ (1404)

ਤਜਾਰੀ ----- **ਛਡਣਾ**

“ਕਾਮ ਕ੍ਰੋਧ ਲੋਭ ਮੋਹ ਤਜਾਰੀ।”

-ਸੂਹੀ ੫, ੧੮, ੩:੧ (740)

ਤਜਾਵਹਿ ---- **ਦੂਰ ਕਰੇ, ਛਡੇ**

“ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ।”

-ਸੂਹੀ ੫, ੭, ੧:੨ (781)

ਹੋਰ ਰੂਪ:

ਤਜਾਵਹੁ–

“ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ।”(ਛਡਵਾ ਦੇਵੋ)

-ਕੇਦਾ ੫, ੬, ੨:੧ (1120)

ਤਜਾਵਣਾ–

“ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਣਾ।”

-ਮਾਰੂ ੫, ਅਸ ੫, ੩:੧ (1018)

ਤਜਾਵੈ–

“ਆਲ ਜਾਲ ਭ੍ਰਮ ਮੋਹ ਤਜਾਵੈ ਪ੍ਰਭ ਸੇਤੀ ਰੰਗੁ ਲਾਈ।”(ਛੁਡਾ ਦੇਦਾ ਹੈ)

-ਗੂਜ ੫, ੧੭, ੧:੧ (449)

ਤਜਿ ------- **(1) ਤਿਆਗ/ਛੱਡ ਕੇ**

“ਬਿਖੈ ਬਿਕਾਰ ਦੁਸਟ ਕਿਰਪਾ ਕਰੇ ਇਨ ਤਜਿ ਆਤਮੈ ਹੋਇ ਧਿਆਈ।”

-ਸਿਰੀ ੧, ੨੬, ੨:੧ (23)

(2) ਛਡ/ਤਿਆਗ ਦੇ, ਛੱਡੋ, ਤਿਆਗੋ

“ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ।”

-ਸਿਰੀ ੩, ੪੨, ੧*:੧ (29)

ਹੋਰ ਰੂਪ:

ਤਜਿਓ–

“ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ।” (ਤਿਆਗ ਦਿਤਾ, ਛੱਡ ਦਿਤਾ)
-ਗੂਜ ਕਬ, ੨, ੧*:੧ (524)
“ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ।” (ਤਿਆਗਿਆ/ਛੱਡਿਆ ਹੈ)
-ਰਾਮ ੧, ਸਿਗੋ ੧੭:੧ (939)

ਤਜਿਆ–
“ਸੋਈ ਕਾਜੀ ਜਿਨਿ ਆਪੁ ਤਜਿਆ ਇਕੁ ਨਾਮੁ ਕੀਆ ਆਧਾਰੋ।” (ਤਿਆਗਿਆ, ਛਡਿਆ)
-ਸਿਰੀ ੧, ੨੮, ੩:੧ (24)

ਤਜਿਐ–
“ਤਜਿਐ ਅੰਨਿ ਨ ਮਿਲੈ ਗੁਪਾਲੁ।”
(ਤਿਆਗਨ ਨਾਲ)
-ਗੋਂਡ ਕਬ, ੧੧, ੪:੨ (873)

ਤਜੀ–
“ਤਜੀ ਸਿਆਣਪ ਬਲ ਬੁਧਿ ਬਿਕਾਰ।”(ਛੱਡ ਦਿਤੀ)
-ਗਉ ੫, ੭੬, ੧:੩ (177)

ਤਜੀਅ–
-ਬਿਖੈ ਬਿਖੈ ਕੀ ਬਾਸਨਾ ਤਜੀਅ ਨਹ ਜਾਈ।”
-ਬਿਲਾ ਕਬ, ੩, ੨:੧ (855)

ਤਜੀਅਹਿ–
“ਆਠ ਪਹਰ ਗੁਨ ਗਾਈਅਹਿ ਤਜੀਅਹਿ ਅਵਰਿ ਜੰਜਾਲ।”
-ਗਉ ੫, ਥਿਤੀ ੮ਸ:੧ (298)

ਤਜੀਅਲੇ–
“ਮਾਇਆ ਮੋਹੁ ਤਬ ਬਿਸਰਿ ਗਇਆ ਜਾਂ ਤਜੀਅਲੇ ਸੰਸਾਰੰ।”(ਛਡੇਗਾ)
-ਸਿਰੀ ਤਿਲੋ, ੨, ੩:੨ (92)
“ਨਾਨਕ ਤਜੀਅਲੇ ਅਵਰਿ ਜੰਜਾਲ।” (ਛੱਡ/ਤਿਆਗ ਦੇ)
-ਗਉ ੫, ੧੨੧, ੪:੨ (190)

ਤਜੀਐ–
“ਮਾਨੁ ਮੋਹੁ ਬਿਕਾਰੁ ਤਜੀਐ ਅਰਪਿ ਤਨੁ ਧਨੁ ਇਹੁ ਮਨਾ।”(ਛੱਡ ਦੇਈਏ)
-ਬਿਹਾ ੫, ਛੰਤ ੪, ੨:੪ (544)

ਤਜੀਲੇ–
“ਤਜੀਲੇ ਬਨਾਰਸ ਮਤਿ ਭਈ ਥੋਰੀ।” (ਤਿਆਗ/ਛੱਡ ਦਿਤਾ)
-ਗਉ ਕਬ, ੧੫, ੧*:੨ (326)

ਤਜੁ–
“ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ।”(ਛੱਡ)
-ਆਸਾ ਰਵਿ, ੬, ੪:੧ (486)

ਤਜੇ–
“ਹਉਮੈ ਵਿਚਹੁ ਤਜੇ ਵਿਕਾਰ।” (ਤਿਆਗੇ)
-ਗਉ ੩, ੨੫, ੩:੪ (159)

ਤਜੈ–

“ਮਨ ਕੇ ਬਿਕਾਰ ਮਨਹਿ ਤਜੈ ਮਨਿ ਚੂਕੈ ਮੋਹੁ ਅਭਿਮਾਨੁ। ”(ਤਿਆਗ ਦੇਵੇ)
-ਸਿਰੀ ੩, ੬੩, ੩:੧ (39)

ਤਜੋ–
“ਕਾਮ ਕ੍ਰੋਧ ਲੋਭੁ ਮੋਹੁ ਤਜੋ। ”(ਤਿਆਗ ਦੇਵੈ)
-ਗਉ ੫, ਅਸ ੧੩, ੬:੧ (241)

ਤਟ-------- ਕਿਨਾਰਾ ਕੰਢਾ
“ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ। ”
-ਗਉ ੧, ੧੭, ੪:੧ (156)

ਤਟਹ ------ ਕਿਨਾਰੇ ਭਾਵ ਤੀਰਥ
“ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ। ”
-ਭੈਰ ੫, ੫੭, ੨:੨ (1153)

ਤਟਨ ------ ਕਿਨਾਰੇ ਭਾਵ ਤੀਰਥ
“ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ। ”
-ਕਾਨ ੫, ੩੯, ੧:੧ (1306)

ਤਟਾ ------- *(ਸੰ.)* ਤਲਾ, ਸਰੋਵਰ
“ਜੇ ਓਹੁ ਕੂਪ ਤਟਾ ਦੇਵਾਵੈ। ”
-ਗੋਂਡ ਰਵਿ, ੨, ੧:੩ (875)

ਤਟਾਂ ------- ਦਰਿਆਵਾਂ ਦੇ ਕੰਢਿਆਂ
“ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ। ”
-ਆਸਾ ੧, ਵਾਰ ੮ਸ, ੧, ੧:੧ (467)

ਤਟਿ ------- ਕਿਨਾਰੇ, ਕੰਢੇ
“ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ। ”
-ਮਾਝ ੩, ਅਸ ੧੨, ੩:੩ (116)

ਤਡਹਿ ------ ਫੈਲਾਉਣਾ, ਅੱਡਣਾ
“ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ। ”
-ਗਉ ੪, ਵਾਰ ੭ਸ, ੪, ੨:੪ (303)

ਹੋਰ ਰੂਪ:

ਤਡਾਇਆ–
“ਹਰਿ ਚੇਤਿ ਖਾਹਿ ਤਿਨਾ ਸਫਲੁ ਹੈ ਅਚੇਤਾ ਹਥ ਤਡਾਇਆ। ”(ਅੱਡਣਾ)
-ਸਿਰੀ ੪, ਵਾਰ ੮:੫ (85)

ਤਣਾ ------- (ਸੰ.) ਪੁਤਰ
“ਦੂੜਾ ਆਇਓਹਿ ਜਮਹਿ ਤਣਾ। ”(ਜਮ ਦਾ ਪੁੱਤਰ ਭਾਵ ਬੁਢਾਪਾ ਜਮਦੂਤ (ਦਰਪਣ)
-ਸਿਰੀ ਤਿਲੋ, ੨, ੧*:੧ (92)

(ਮਹਾਨਕੋਸ਼ ਇਸ ਦੇ ਅਰਥ ਗਰਜਦਾ ਹੋਇਆ ਕਰਦਾ ਹੈ)

ਤਣੀਐ ------ ਤਾਣੀ ਨੂੰ ਫੈਲਾਈਏ

“ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ।”

-ਸੂਹੀ ੩, ਵਾਰ ੧੪ਸ, ੧, ੧:੫ (790)

ਤਣੀਏ------- ਤਾਣੀਆਂ ਭਾਵ ਪ੍ਰਕਾਰ/ਕਿਸਮਾਂ

“ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ।”

-ਰਾਮ ੫, ੧੨, ੩:੨ (886)

ਤਤ--------- (1) ਤਤ੍ਵ, ਅਸਲੀਅਤ, ਸਾਰ ਵਸਤੂ

“ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ।”

-ਸਿਰੀ ੫, ੯੬, ੨:੨ (51)

‘ਕੋਸ਼ ਨੇ ਇਥੇ ਅਰਥ ਬ੍ਰਹਮ’ ਕੀਤੇ ਹਨ

“ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ।”

(ਮਿਲਾਪ ਦੀ ਅਸਲੀਅਤ)

-ਕਾਨ ੫, ੨੨, ੧*:੨ (1302)

(2) ਭੂਤ, ਅਨਾਸਰ ਸਾਧਾਰਣ ਮੂਲ ਪਦਾਰਥ (ਕੋਸ਼)

“ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ।”

-ਗਉ ੩, ੩੫, ੪:੨ (162)

“ਇਆ ਤਤ ਲੇਹੁ ਸਰੀਰ ਬਿਚਾਰੀ।”

-ਗਉ ਕਬ, ੩੯, ੨:੨ (331)

“ਇਹੁ ਮਨੁ ਪੰਚ ਤਤ ਕੋ ਜੀਉ।”

-ਗਉ ਕਬ, ਬਾਅ ੩੩:੨ (342)

(3) ਉਥੇ, ਉਧਰ ਤਤ੍ਰ

“ਜਤ ਕਤ ਦੇਖਉ ਤਤ ਰਹਿਆ ਸਮਾਇ।”

-ਗਉ ੫, ੧੩੮, ੪:੧ (193)

“ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ।”

-ਗਉ ੫, ਥਿਤੀ ੧੦ਸ:੧ (298)

(4) ਆਤਮ ਤਤ

“ਤਉ ਤਤਹਿ ਤਤ ਮਿਲਿਆ ਸਚੁ ਪਾਵਾ।”

-ਗਉ ਕਬ, ਬਾਅ ੨੨:੪ (341)

(5) ਤੁਰੰਤ, ਫੌਰਨ, ਤਤਕਾਲ ਦਾ ਸੰਖੇਪ

“ਜੋ ਜੋ ਕਰੈ ਅਵਗਿਆ ਜਨ ਕੀ ਹੋਇ ਗਇਆ ਤਤ ਛਾਰ।”

-ਧਨਾ ੫, ੫੨, ੧:੨ (683)

“ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ।”(ਤੁਰੰਤ)

-ਸਾਰ ੫, ੧੦੫, ੧*:੨ (1224)

(6) ਤਦ, ਤਦੋ

“ਕਰਉ ਸੇਵਾ ਸਤਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ।”

-ਕੇਦਾ ੫, ੪, ੧:੧ (1120)

(7) ਨਿਚੋੜ, ਸਾਰ

“ਸਗਲ ਤਤ ਮਹਿ ਤਤੁ ਗਿਆਨੁ।”

-ਬਸੰ ੫, ੮, ੪:੧ (1182)

(8) ਬ੍ਰਹਮ, ਹਰੀ

“ਪਤੰਤਿ ਮੋਹ ਕੂਪ ਦੁਰਲਭੵ ਦੇਹੰ ਤਤ ਆਸ੍ਰਯੰ ਨਾਨਕ।”(ਮਹਾਨਕੋਸ਼) ਇਥੇ ਅਰਥ ‘ਉਸ’ ਕਰਦੇ ਹਨ)

-ਸਸ ੫, ੩:੫ (1354)

“ਹਰਿ ਨਾਮ ਰਸਿਕੁ ਗੋਬਿੰਦ ਗੁਣ ਗਾਹਕੁ ਚਾਹਕੁ ਤਤ ਸਮਤ ਸਰੇ।”(ਹਰਿ (ਤਤ) ਦਾ ਚਾਹੁਣ ਵਾਲਾ)

-ਸਵ ੪, ਕਲ ੧:੧੨ (1396)

ਤੰਤ -------- (ਸੰ.) ਤੰਤ੍ਰ, ਟੂਣੇ

“ ਅਉਖਧ ਮੰਤ੍ਰ ਤੰਤ ਸਭਿ ਛਾਰੁ।”

-ਗਉ ੫, ੧੪੯, ੩:੧ (196)

(2) ਤਤ, ਅਸਲੀਅਤ

“ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ।”(ਭਾਵ ਪ੍ਰਭੂ)

-ਆਸਾ ੧, ੩੭, ੧*:੧ (360)

“ਪਰਮ ਤੰਤ ਮਹਿ ਰੇਖ ਨ ਰੂਪੁ।”(ਭਾਵ ਹਰਿ)

-ਰਾਮ ੩, ਵਾਰ ੧੨ਸ, ੧, ੨:੬ (952)

(3) ਜੀਵ, ਤਤ

“ਤੰਤ ਕਉ ਪਰਮ ਤੰਤੁ ਮਿਲਿਆ ਨਾਨਕਾ ਬੁਧਿ ਪਾਈ।”

-ਪ੍ਰਭਾ ੧, ੪, ੪:੨ (1328)

ਤਤਹ ------- (1) ਤਿਵੇਂ, ਉਸੇ ਤਰ੍ਹਾਂ

“ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ।”

-ਸਸ ੫, ੩੦:੨ (1356)

(2) ਉਥੇ

“ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ।”

-ਸਸ ੫, ੩੬:੧ (1357)

ਤਤਹਿ ------- ਹਰਿ ਤਤ, ਅਸਲੀਅਤ

“ਤਉ ਤਤਹਿ ਤਤ ਮਿਲਿਆ ਸਚ ਪਾਵਾ।”

-ਗਉ ਕਬ, ਬਾਅ ੨੨:੪ (341)

ਤਤਕਾਲ------ ਤੁਰਤ ਤੁਰੰਤ, ਛੇਤੀ, ਫੌਰਨ

“ਹਸਤ ਪੁਨੀਤ ਹੋਹਿ ਤਤਕਾਲ।”

-ਗਉ ੫, ੯੭, ੧:੧ (185)

ਹੋਰ ਰੂਪ:

ਤਤਕਾਲਿ-

“ਗਲਾ ਉਪਰਿ ਤਪਾਵਸਿ ਨ ਹੋਈ ਵਿਸੁ ਖਾਧੀ ਤਤਕਾਲਿ ਮਰਿ ਜਾਏ।”

-ਗਉ ੪, ਵਾਰ ੧੫ਸ, ੪, ੧:੬ (308)

ਤਤਕਾਲੇ-

"ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ।"
-ਆਸਾ ੫, ੪੨, ੪:੧ (381)

ਤਤਖਿਣ------ ਝਟਪਟ, ਤੁਰੰਤ
"ਸੰਤ ਉਧਾਰਉ ਤਤਖਿਣ ਤਾਲਿ।"
-ਗੋਂਡ ੫, ੧੮, ੧:੪ (867)

ਤਤਬੇਤਾ------ ਅਸਲੀਅਤ ਨੂੰ ਜਾਣਨ ਵਾਲਾ, ਗਿਆਨਵਾਨ
"ਜਪ ਤਪ ਸੰਜਮ ਗਿਆਨ ਤਤਬੇਤਾ ਜਿਸੁ ਮਨਿ ਵਸੈ ਗੋੁਪਾਲਾ।"
-ਸੋਰ ੫, ੨੩, ੩:੧ (615)

ਤਤਮਇਅੰ --- ਤਤਸਰੂਪ
"ਬਦਿ ਅੰਮ੍ਰਿਤ ਤਤਮਇਅੰ।"
-ਗੂਜ ਜੈਦੇ, ੧, ੧*:੨ (326)

ਤਤਾ -------- (1) ਗੁਰਮੁਖੀ ਲਿਪੀ ਦਾ ਇਕੀਵਾਂ ਅਖਰ 'ਤ'
"ਤਤਾ ਤਾ ਸਿਉ ਪ੍ਰੀਤਿ ਕਰਿ ਗੁਣ ਨਿਧਿ ਗੋਬਿੰਦ ਰਾਇ।"
-ਗਉ ੫, ਬਾਅ ੩੨:੧ (256)
(2) ਗਰਮ
"ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ।"
-ਗਉ ੪, ਵਾਰ ੩੨:੨ (317)

ਤਤਿ -------- (1) ਸਾਰ ਨਾਲ, ਤਤ ਨਾਲ, ਅਸਲੀਅਤ ਨਾਲ
"ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ।"
-ਸੂਹੀ ੪, ਛੰਤ ੧, ੧:੫ (773)
(2) ਵੀਚਾਰ
"ਦੀਪਕੁ ਸਹਜਿ ਬਲੈ ਤਤਿ ਜਲਾਇਆ।"
-ਤੁਖਾ ੧, ਬਾਰਾ ੧੨:੨ (1109)
(3) ਤਤ ਸਰੂਪ ਹਰਿ, ਬ੍ਰਹਮ
"ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ।" (ਗਿਆਨ ਰਾਹੀਂ ਤਤ ਹਰਿ ਵਿਚ ਲਿਵ ਜੋੜੇ)
-ਸਾਰ ੪, ੪, ੩:੧ (1199)

ਤਤਿਆ ------ ਤਤੀ, ਗਰਮ
"ਚਲੇ ਨਾਮੁ ਵਿਸਾਰਿ ਤਾਵਣਿ ਤਤਿਆ।"
-ਮਲਾ ੧, ਵਾਰ ੨੪:੫ (1289)

ਤਤੀ -------- (1) ਗਰਮ
"ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।"
-ਸਿਰੀ ੫, ਅਸ ੨੬, ੧:੪ (70)
(2) ਉਥੇ ਹੀ
"ਜਹਾ ਪਠਾਵਉ ਜਾਂਉ ਤਤੀ ਰੀ।"
-ਸੂਹੀ ੫, ੧੦, ੨:੨ (739)

(3) ਸੜੀ ਹੋਈ

“ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ।”

-ਸਲੋ ਫਰ, ੬੨:੧ (1381)

ਤੰਤੀ ------- (1) ਤਾਰ

“ਥਿਰ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ।”(ਭਾਵ ਬਿਰਤੀ ਰੂਪੀ/ਸੁਰਤ ਰੂਪੀ)

-ਗਉ ਕਬ, ੫੩, ੩:੨ (335)

“ਜਿਉ ਨਟੂਆ ਤੰਤੁ ਵਜਾਏ ਤੰਤੀ ਤਿਉ ਵਾਜਹਿ ਜੰਤ ਜਨਾ।”(ਵੀਣਾ, ਤਾਰ ਵਾਲਾ ਸਾਜ਼)

-ਬਿਲਾ ੪, ੧, ੧:੨ (799)

ਤਤੀਆ ----- ਦੁਖਦਾਇਕ, ਪੀੜਤ

“ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ।”

-ਮਾਰੂ ੫, ਵਾਰ ੨੨ਸ, ੫, ੩:੩ (1102)

ਤਤੁ ------- (1) ਮੂਲ ਭਾਵ ਪ੍ਰਭੂ, ਹਰਿ, ਪਾਰਬ੍ਰਹਮ

“ਪ੍ਰੇਮ ਪਦਾਰਥੁ ਪਾਈਐ ਗੁਰਮੁਖਿ ਤਤੁ ਵੀਚਾਰੁ।”

-ਸਿਰੀ ੧, ਅਸ ੧੨, ੫:੧ (61)

“ਚੀਨ੍ਹੈ ਤਤੁ ਗਗਨ ਦਸ ਦੁਆਰ।”

-ਆਸਾ ੧, ੨੦, ੩:੩ (355)

(2) ਅਸਲੀਅਤ

“ਸਤਿਗੁਰੁ ਮਿਲੈ ਤਾ ਤਤੁ ਪਾਏ।”

-ਮਾਝ ੩, ਅਸ ੧੩, ੩:੧ (116)

“ਕਹੁ ਨਾਨਕ ਇਹੁ ਤਤੁ ਬੀਚਾਰਾ।” (ਵਿਚਾਰ ਕੇ ਅਸਲ ਗਲ ਲਭੀ ਹੈ)

-ਗਉ ੫, ੧੧੩, ੩:੧ (188)

(3) ਤਤੁ

“ਨਾਮ ਤਤੁ ਕਲਿ ਮਹਿ ਪੁਨਹਚਰਨਾ।”

-ਗਉ ੫, ਬਾਅ ੨੦:੪ (254)

(4) ਸਾਰ, ਨਿਚੋੜ

“ਕਰਮ ਧਰਮ ਤਤੁ ਨਾਮ ਅਰਾਧੁ” (ਨਾਮ ਦਾ ਆਰਾਧਨਾ ਸਾਰੇ ਕਰਮਾ ਧਰਮ ਦਾ ਸਾਰ ਹੈ)

-ਗਉ ੫, ਬਾਅ ੪੭:੨ (260)

“ਖੋਜਤ ਖੋਜਤ ਖੋਜਿ ਬੀਚਾਰਿਓ ਤਤੁ ਨਾਨਕ ਇਹੁ ਜਾਨਾ ਰੇ।”(ਮੂਲ ਗੱਲ/ਨਿਚੋੜ)

-ਆਸਾ ੫, ੧੩੦, ੩:੧ (404)

(5) ਅਨਸਰ, ਭੂਤ, ਸਾਧਾਰਨ ਮੂਲ ਪਦਾਰਥ

“ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ।”

-ਗਉ ਕਬ, ੪੯, ੨:੨ (333)

“ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।”

-ਸੂਹੀ ੪, ੧੫, ੩:੧ (736)

(6) ਮਖਣ

"ਸਚੁ ਮਨ ਕਾਰਣਿ ਤਤੁ ਬਿਲੋਵੈ।"

–ਆਸਾ ੧, ਅਸ ੧, ੩:੧ (411)

"ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ।"

–ਆਸਾ ਕਬ, ੧੦, ੧*:੨ (478)

"ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ।"

–ਮਾਰੂ ੧, ਅਸ ੧, ੩:੧ (1009)

(7) ਅਸਲੀ, ਸ਼ੁਧ, ਠੀਕ

"ਸੁਣਿ ਮਨ ਮੇਰੇ ਤਤੁ ਗਿਆਨੁ।"

–ਆਸਾ ੩, ਅਸ ੨੪, ੧*:੧ (423)

"ਕਹੁ ਨਾਨਕ ਗੁਰ ਬਿਨੁ ਨਹੀ ਤਰੀਐ ਇਹੁ ਪੂਰਨ ਤਤੁ ਬੀਚਾਰਾ।" (ਠੀਕ/ਅਸਲ ਵਿਚਾਰ ਹੈ)

–ਸੋਰ ੫, ੯, ੪:੨ (611)

(8) ਤਤਕਾਲ, ਤੁਰੰਤ, ਝਟਪਟ

"ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ।"

–ਸੂਹੀ ੪, ਛੰਤ ੧, ੪:੪ (773)

"ਜਬ ਲਗੁ ਸਾਸੁ ਸਾਸੁ ਮਨ ਅੰਤਰਿ ਤਤੁ ਬੇਗਲ ਸਰਨਿ ਪਰੀਜੈ।"(ਤਤਕਾਲ)

–ਕਲਿ ੪, ਅਸ ੪, ੮:੧ (1325)

(9) ਗਿਆਨ

" ਤਤੁ ਤੇਲੁ ਨਾਮੁ ਕੀਆ ਬਾਤੀ ਦੀਪਕੁ ਦੇਹ ਉਜੵਾਰਾ।"

–ਪ੍ਰਭਾ ਕਬ, ੫, ੨:੧ (1350)

(10) ਜੋਤ (ਭਾਵ)

"ਤਾ ਦੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ।"

–ਸਵ ੫, ਮਥੁ ੧:੨ (1408)

ਤੰਤੁ ------- **(1) ਤੰਦ**

"ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ।"

–ਗਉ ਕਬ, ੫੪, ੪:੧ (335)

(2) ਤਾਰ, ਤੰਦੀ

"ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨਾ।"

–ਆਸਾ ੪, ੬੧, ੧:੧ (368)

(3) ਤੰਤਰ–

"ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਹਾ।"

–ਆਸਾ ੫, ੬੨, ੪:੧ (386)

(4) ਤਤ੍ਵ, ਤਤ ਵਸਤੂ

"ਆਪੇ ਤੰਤੁ ਪਰਮ ਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ।"

–ਬਿਹਾ ੪, ਵਾਰ ੧੩:੧ (553)

(5) ਸੂਤਰ ਦਾ ਫਾਹਾ, ਜਾਲ

"ਜਿਉਂ ਜਲ ਤੰਤੁ ਪਸਾਰਿਓ ਬਧਕਿ ਗ੍ਰਸਿ ਮੀਨਾ ਵਸਗਤਿ ਖਰਿਆ।"

–ਕਾਨ ੪, ੧, ੨:੨ (1294)

ਤਤੇ -------- ਗਰਮ
"ਇਕਿ ਤਤੇ ਇਕਿ ਬੋਲਨਿ ਮਿਠੇ।" (ਭਾਵ ਗੁਸੇ ਵਾਲੇ, ਦੁਖਦਾਈ)
-ਮਾਰੂ ੫, ਅਸ ੮, ੧:੨ (1019)
"ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ।"(ਸਾੜਨ ਵਾਲੀ ਤ੍ਰਿਸਨਾ)
-ਮਾਰੂ ੩, ਵਾਰ ੧੯:੨ (1093)

ਤਤੈ -------- (1) ਤਤ੍ਵ ਵਿਚ
"ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ।"
-ਗਉ ੫, ੧੨੩*, ੪:੨ (205)
(2) 'ਤਤੇ' ਅਖਰ ਦੁਆਰਾ
"ਤਤੈ ਤਾਰੂ ਭਵਜਲੁ ਹੋਆ ਤਾ ਕਾ ਅੰਤ ਨ ਪਾਇਆ।"
-ਆਸਾ ੧, ਪਟੀ ੧੯:੧ (433)
(3) ਤਤ ਦਾ, ਅਸਲੀਅਤ ਭਾਵ ਪਾਰਬ੍ਰਹਮ ਦਾ
"ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।"
-ਰਾਮ ੧, ਅਨੰ ੨੭:੧ (920)
"ਕਿਉ ਤਤੈ ਅਵਿਗਤੈ ਪਾਵੈ ਗੁਰਮੁਖਿ ਲਗੈ ਪਿਆਰੋ।"
-ਰਾਮ ੧, ਸਿਗੋ ੨੨:੩ (940)

ਤੰਤੈ -------- ਤਤ ਨੂੰ
"ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ।"
-ਸੋਰ ੧, ੬, ੫:੨ (597)

ਤਤੋ -------- (1) ਅਸਲ
"ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ।"
-ਸੋਰ ੧, ਅਸ ੧, ੮:੨ (635)
(2) ਪ੍ਰਭੂ ਤਤ
"ਤਤੋ ਤਤੁ ਮਿਲੈ ਮਨੁ ਮਾਨੈ।"
-ਰਾਮ ੧, ਸਿਗੋ ੫੦:੩ (943)

ਤਤ੍ਰ -------- ਤਿਵੇ, ਉਥੇ
"ਤਤ੍ਰ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇਂ।"
-ਸਸ ੫, ੪੧:੨ (1357)

ਤੰਤ੍ਰ -------- (ਸੰ.)ਟੂਣਾ, ਜਾਦੂ, ਹੋਰ ਵੇਖੋ 'ਤੰਤ੍ਰੁ'
"ਅਉਖਧ ਮੰਤ੍ਰ ਤੰਤ੍ਰ ਪਰ ਦੁਖ ਹਰ ਸਰਬ ਰੋਗ ਖੰਡਣ ਗੁਣਕਾਰੀ।"
-ਸਮੁ ੫, ੯*:੨ (1389)

ਤਤ੍ਰਾਗਤ------ ਉਸ ਅੰਦਰ
"ਮਿਟੰਤਿ ਤਤ੍ਰਾਗਤ ਭਰਮ ਮੋਹੰ।"
-ਸਸ ੫, ੮:੨ (1354)

ਤੰਤ੍ਰੁ --------ਟੂਣਾ, ਜਾਦੂ, ਵੇਖੋ 'ਤੰਤ੍ਰ'
"ਮੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ।"

-ਗਉ ੫, ੯੬, ੩:੧ (184)

ਤਥ--------- ਉਸ ਨਾਲ ਉਥੇ, ਤਤੂ, ਤਿਵੇਂ
"ਤਥ ਲਗਣੰ ਪ੍ਰੇਮ ਨਾਨਕ।"
-ਗਾਥਾ ੫, ੧੭:੨ (1361)

ਤਥਾ -------- ਤਿਵੇਂ
"ਗੁਰ ਕੈ ਸਬਦਿ ਤਥਾ ਚਿਤੁ ਲਾਏ।"
-ਮਾਰੂ ੧, ੧੨, ੨:੨ (993)
"ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ।"
-ਸਸ ੫, ੫੬:੩ (1359)

ਤਥਿ -------- ਉਸ ਥਾਂ, ਉਥੇ ਹੀ
"ਮੂੰ ਜਲਾਊਂ ਤਥਿ ਨਾਨਕ ਪਿਰੀ ਪਸੰਦੋ ਹਰਿਓ ਥੀਓਸਿ।"
-ਮਾਰੂ ੫, ਵਾਰ ੨0ਸ, ੫, ੨:੨ (1101)

ਤਥੁ -------- (1) ਤਤ, ਅਸਲ ਚੀਜ਼ ਭਾਵ ਮੱਖਣ
"ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ।"
-ਸੋਰ ੧, ਅਸ ੨, ੫:੧ (635)
(2) ਅਸਲੀਅਤ
"ਗੁਰੁ ਗੋਵਿੰਦੁ ਸਲਾਹੀਐ ਭਾਈ ਜਿਸ ਤੇ ਜਾਪੈ ਤਥੁ।"
-ਸੋਰ ੫, ਅਸ ੧, ੧:੪ (639)
"ਦਾਨਿ ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ।"(ਸਚਾਈ)
-ਸਵ ੪, ਮਥੁ ੭:੩ (1405)

ਤਦ--------- ਓਦੋਂ, ਉਸ ਸਮੇਂ
"ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ।"
-ਆਸਾ ੫, ੧੫੨, ੧:੨ (408)

ਤਦਹੁ ------- ਓਦੋਂ, ਉਸ ਸਮੇਂ
"ਆਪਣਾ ਆਪੁ ਉਪਾਇਓਨੁ ਤਦਹੁ ਹੋਰੁ ਨ ਕੋਈ।"
-ਗੂਜ ੩, ਵਾਰ, ੧:੧ (509)

ਤਦਿ -------- ਉਸ ਵੇਲੇ, ਤਦੋਂ, ਓਦੋਂ
"ਤੂੰ ਵਿਸਰਹਿ ਤਦਿ ਹੀ ਮਰਿ ਜਾਉ।"
-ਗਉ ੩, ੨੭, ੧*:੨ (159)
"ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ।"
(ਓਦੋਂ, ਤਦੋਂ)
-ਗੂਜ ੧, ਅਸ ੨, ੩:੧ (504)

ਤਦੂਐ ------- ਤੰਤੂਆਂ (ਤੰਦੀਆਂ) ਨਾਲ ਜੀਵ ਨੂੰ ਫਸਾ ਕੇ ਫੜਨ ਵਾਲਾ ਜਲ ਵਿਚ ਰਹਿਣ ਵਾਲਾ ਜੀਵ, ਤੰਦੂਆ
"ਜਿਉ ਜਲ ਕੁੰਚਰੁ ਤਦੂਐ ਬਾਂਧਿਓ ਹਰਿ ਚੇਤਿਓ ਮੋਖ ਮੁਖਨੇ।"
-ਨਟ ੪, ੫, ੩:੨ (976)

ਤਦੇ -------- ਉਸ ਵੇਲੇ, ਤਬ ਹੀ
"ਦੁਖੁ ਤਦੇ ਜਾ ਵਿਸਰਿ ਜਾਵੈ।"
-ਮਾਝ ੫, ੧੫, ੧:੧ (98)

ਤਨ--------- (1) (ਫਾ. ਤਨ) ਸਰੀਰ
"ਮਧੁਸੂਦਨ ਮੇਰੇ ਮਨ ਤਨ ਪ੍ਰਾਨਾ।"
-ਮਾਝ ੪, ੨, ੧:੧ (94)
"ਤਨ ਤੇ ਛੁਟਕੀ ਅਪਨੀ ਧਾਰੀ।"(ਭਾਵ ਜੀਵਨ ਵਿਚੋ)
-ਰਾਮ ੫, ੧੬, ੧:੧ (887)

ਹੋਰ ਰੂਪ:

ਤੰਨ-
"ਨਾਨਕ ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੈ।"
-ਗਉ ੫, ਵਾਰ ੨0ਸ, ੫, ੧:੨ (323)
(2) (ਸੰ.) ਸੰਤਾਨ ਹੋਰ ਵੇਖੋ 'ਤਨਹ'
"ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ।"
ਆਸਾ ਧੰਨਾ ੩, ੨:੧ (488)
(3) ਸਾਥ, ਨਾਲ, ਸੰਗ
"ਘਰ ਕੀ ਨਾਰਿ ਉਰਹਿ ਤਨ ਲਾਗੀ।"
-ਸੂਹੀ ਰਵਿ, ੩, ੩:੧ (794)

ਤਨਹ ------- ਸੰਤਾਨ ਜਨ, ਪੁਤਰ
"ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੰ ਅਚੁਤ ਤਨਹ।"(ਅਬਿਨਾਸੀ ਪ੍ਰਭੂ ਦੇ ਪੁੱਤਰ ਭਾਵ ਸੰਤ)
-ਸਸ ੫, ੧:੪ (1354)

ਤਨਹਿ ------- (1) ਸਰੀਰ/ਤਨ ਨੂੰ
" ਊਚਾ ਕੂਕੇ ਤਨਹਿ ਪਛਾੜੇ।"
-ਮਾਝ ੩, ਅਸ ੨੧, ੪:੧ (121)
"ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ।"(ਤਨ ਤੋਂ)
-ਮਾਰੂ ੩, ਸੋਲਾ ੨੩, ੧੫:੧ (1067)
(2) ਤਣਦੇ ਹਾਂ
"ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ।"
-ਆਸਾ ਕਬ, ੨੬, ੧:੧ (482)

ਤਨਕ ------- ਥੋੜੀ ਜਿਹੀ
"ਰਾਮ ਬਡੇ ਮੈ ਤਨਕ ਲਹੁਰੀਆ"
-ਆਸਾ ਕਬ, ੩0, ੧*:੨ (483)

ਤਨਨਾ ------- ਤਾਣੀ ਦਾ ਫੈਲਾਉਣਾ, ਤਣਨਾ
"ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ।"
-ਆਸਾ ਧੰਨਾ, ੨, ੧:੧ (487)

ਤਨਾ ------- (1) ਤਨ, ਸਰੀਰ

“ਸਗਲ ਸਮਗ੍ਰੀ ਜਾ ਕਾ ਤਨਾ।”

-ਗਉ ੫, ਸੁਖ ੨੩, ੬:੩ (294)

(2) ਪੁਤਰ, ਵੇਖੋ ‘ਤਨ’(2)

“ਬਲਿ ਬਲਿ ਜੇ ਬਿਸਨ ਤਨਾ ਜਸੁ ਗਾਵੈ।”(ਵਿਸ਼ਨ ਦੇ ਪੁੱਤਰਾਂ ਦਾ ਭਾਵ ਸੰਤ ਜਨਾਂ ਦਾ)

-ਗਉ ਕਬ, ਬਾਅ ੩੭:੩ (342)

“ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ।”

-ਸਵ ੩, ੨੧:੫ (1396)

ਤਨਾਇਓ ---- ਤਣਾਇਆ (ਤਾਣੀ ਫੈਲਾਉਣਾ) ਹੈ

“ਸਭੁ ਜਗੁ ਆਨਿ ਤਨਾਇਓ ਤਾਨਾਂ।”

-ਆਸਾ ਕਬ, ੩੬, ੧*:੨ (484)

ਹੋਰ ਰੂਪ:

ਤਨਾਈ-

“ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ।”

ਗਉ ਕਬ, ੫੪ ੧:੧ (335)

ਤਨਿ ------- (1) ਤਨ/ਸਰੀਰ ਦੁਆਰਾ

“ਸੁਣਿਐ ਜੋਗ ਜੁਗਤਿ ਤਨਿ ਭੇਦ।”(ਮਹਾਨਕੋਸ਼ ਇਸ ਦੇ ਅਰਥ ‘ਸਰੀਰ ਚ’ ਕਰਦਾ ਹੈ)

- ਜਪੁ ੧, ੯:੩ (2)

“ਆਠ ਪਹਰ ਸਿਮਰਹੁ ਪ੍ਰਭੁ ਅਪਨਾ ਮਨਿ ਤਨਿ ਸਦਾ ਧਿਆਇਐ।” (ਤਨ ਦੁਆਰਾ)

-ਗੂਜ ੫, ੨੨, ੧*:੨ (500)

(2) ਤਨ ਵਿਚ

“ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ।”(ਭਾਵ ਪੇਟ ਵਿਚ)

-ਸਿਰੀ ੧, ੫, ੩:੧ (16)

“ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ।”

-ਸਵ ੫, ੩*:੧ (1387)

(3) ਤਨ ਉਪਰ ਤਨ ਉਤੇ

“ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ।”

-ਆਸਾ ੧, ਵਾਰ ੪ਸ, ੧, ੨:੭ (465)

ਹੋਰ ਰੂਪ:

ਤੰਨਿ-

“ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ।”

-ਸਲੋ ੫, ੨੧:੨ (1426)

(4) ਸਰੀਰ ਨੂੰ, ਤਨ ਨੂੰ

“ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ।”

-ਬਿਹਾ ੫, ੩, ੨:੨ (543)

(5) ਤਨ ਦੀਆਂ
“ਸਭਿ ਇਛਾ ਮਨਿ ਤਨਿ ਪੂਰੀਆ ਸਭੁ ਚੂਕਾ ਡਰੁ ਜਮ ਕੇ।”
ਸੂਹੀ ੪, ੧, ੧:੨ (731)

(6) ਸਰੀਰ ਦਾ
“ਜੋ ਤੁਧੁ ਭਾਵੈ ਸੋ ਪਰਵਾਣੁ ਮਨਿ ਤਨਿ ਤੂਹੈ ਅਧਾਰੀ।”
-ਸੂਹੀ ੫, ੪੮, ੧*:੨ (747)

ਤੰਨਿ ------- (1) ਸਰੀਰ, ਉਪਰ, ਵੇਖੋ ‘ਤਨਿ’(3)
(2) ਤਿੰਨਾਂ, ਉਨ੍ਹਾਂ
“ਖਾਕੁ ਲੋੜੇਦਾ ਤੰਨਿ ਖੇ ਜੋ ਰਤੇ ਦੀਦਾਰ।”
-ਮਾਰੂ ੫, ਵਾਰ ੧੧ਸ, ੫, ੨:੨ (1098)

ਤਨੀ ------- ਤਣੀ, ਫੈਲਾਈ ਹੈ (ਤਾਣੀ)
“ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ।”(ਖਿਚ ਕੇ, ਕਸ ਕੇ ਤਣੀ)
-ਬਿਲਾ ੫, ੧੧੪, ੧:੨ (827)

ਤਨੀਜੈ ------ ਤਣਿਆ ਜਾਵੇ
“ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ।”
-ਕਲਿ ੪, ੨, ੬:੧ (1324)

ਤਨੁ ------- ਸਰੀਰ
“ਗਾਵੈ ਕੋ ਸਾਜਿ ਕਰੇ ਤਨੁ ਖੇਹ।”
-ਜਪੁ ੧, ੩:੫ (2)

ਹੋਰ ਰੂਪ:

ਤੰਨੁ-
“ਮਨੁ ਤੰਨੁ ਨਿਰਮਲੁ ਦੇਖਿ ਦਰਸਨੁ ਨਾਮੁ ਪ੍ਰਭ ਕਾ ਮੁਖਿ ਭਣਾ।”
-ਸੂਹੀ ੫, ਛੰਤ ੩, ੨:੪ (778)

ਤਨੂਰ ------ (ਅ. ਤਨੂਰ) ਭੱਠੀ, ਚੁਲਾ
“ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ।”
-ਸਲੋ ਫਰ, ੧੧੯:੧ (1384)

ਤਨੇ ------- (1) ਸਪੁਤਰ
“ਕਵਿ ਕਲੵ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ।”
-ਸਵ ੪, ਕਲ ੧:੧੩ (1396)

ਹੋਰ ਰੂਪ:

ਤਨੈ-
“ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ।”
-ਮਲਾ ਰਵਿ, ੨, ੩:੨ (1293)

(2) ਸਰੀਰ
“ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ।”
-ਸਿਰੀ ੫, ਛੰਤ ੩, ੩:੨ (81)

ਤਨੋ ------- ਸਰੀਰ, ਤਨ
"ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।"
-ਸਿਰੀ ੧, ਅਸ ੧੫, ੫:੨ (63)

ਤਨੌ -------ਪੁੱਤਰ
"ਭਲਉ ਪ੍ਰਸਿਧੁ ਤੇਜੋ ਤਨੌ ਕਲ੍ਯ ਜੋੜਿ ਕਰ ਧ੍ਯਾਇਅਓ।"
-ਸਵ ੩, ੫:੫ (1393)

ਤਪ-------- (1) ਤਪਸਿਆ, ਕਰੜੀ ਘਾਲਣਾ
"ਅਸੰਖ ਪੂਜਾ ਅਸੰਖ ਤਪ ਤਾਉ।"
-ਜਪੁ ੧, ੧੭:੨ (3)
(2) ਤਪ ਕਰਨ ਵਾਲਾ, ਤਪਸੀ, ਤਪੀਆ
"ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ।"
-ਸਿਰੀ ੩, ੪੦, ੪:੧ (29)

ਤਪਸਾ ------ ਤਪ, ਕਰੜੀ ਘਾਲਣਾ
"ਜੋਗੇਨ ਕਿੰ ਜਗੇਤ ਕਿੰ ਦਾਨੇਨ ਕਿੰ ਤਪਸਾ।"
-ਗੂਜ ਜੈਂਦੇ, ੧, ੪:੨ (526)

ਤਪਸਿਆ ---- ਤਪ, ਕਠਿਨ ਘਾਲਨਾ
"ਅਨਿਕ ਤਪਸਿਆ ਕਰੇ ਅਹੰਕਾਰ।"
-ਗਉ ੫, ਸੁਖ ੧੨, ੩:੩ (278)

ਤਪਸੀ ------ ਤਪਸਿਆ ਕਰਨ ਵਾਲਾ, ਤਪੀ
"ਤਪਸੀ ਤਪਹਿ ਰਾਤਾ।"
-ਸਿਰੀ ੫, ਅਸ ੨੭, ੨:੩ (71)

ਤਪਸੀਅਹ --- ਤਪ ਕਰਨ ਵਾਲੇ, ਤਪੀ
"ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ।"
-ਸਵ ੩, ੨੦:੨ (1395)

ਤਪਹਿ ------ ਤਪ ਵਿਚ ਹੀ, ਕਰੜੀ ਘਾਲਣਾ ਕਰਨ ਵਿਚ ਹੀ
"ਤਪਸੀ ਤਪਹਿ ਰਾਤਾ।"
-ਸਿਰੀ ੫, ਅਸ ੨੭, ੨:੩ (71)

ਤਪਹੀਨ ----- ਤਪਸਿਆ ਤੋਂ ਵਿਹੂਣਾ
"ਜਪਹੀਨ ਤਪਹੀਨ ਕੁਲ ਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ।"
-ਗਉ ਨਾਮ, ੧, ੨:੨ (345)

ਤਪਹੁ ------ ਤਪ ਕਰਨਾ, ਘਾਲਨਾ ਕਰਨੀ
"ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ।"
-ਗੂਜ ਤ੍ਰਿਲੋ, ੧, ੩:੧ (526)

ਤਪਤ ------ (1) ਗਰਮ ਕਰਨਾ
"ਚੰਦੁ ਸੂਰਜੁ ਜਾ ਕੇ ਤਪਤ ਰਸੋਈ।"(ਭਾਵ ਰਸੋਈ ਕਰਦੇ ਹਨ)

-ਆਸਾ ਕਬ, ੨੧, ੩:੧ (481)

(2) ਤਤਾ, ਸੜਦਾ

"ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ਹ ਗਲਿ ਲਾਤਿਆ।"

-ਬਿਹਾ ੫, ਛੰਤ ੭, ੩:੪ (546)

"ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।"

-ਮਾਰੂ ੫, ੧੪, ੧*:੨ (1002)

ਤਪਤਾਲੁ------ ਤਪ ਦਾ ਤਾਲ ਤਪਦੀ ਲੈ ਭਾਵ ਤਪ ਕਰਨ ਦਾ ਤਰੀਕਾ

"ਭੁਲਿਆ ਚੁਕਿ ਗਇਆ ਤਪਤਾਲੁ।"

-ਮਲਾ ੧, ਵਾਰ ੨੦ਸ, ੧, ੧:੪ (1287)

ਤਪਤਿ------ (ਸੰ.) ਸੇਕ, ਜਲਨ

"ਸਿਮਰਿ ਸਿਮਰਿ ਸਭ ਤਪਤਿ ਬੁਝਾਈ।"

-ਗਉ ੫, ੧੨੬, ੧*:੨ (191)

"ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ।"(ਭਾਵ ਤ੍ਰਿਸਨਾ ਦੀ ਜਲਨ/ਦੁਖ/ਭਟਕਣਾ)

-ਗਉ ੫, ਬਾਅ ੩੨:੨ (257)

"ਤਪਤਿ ਮਾਹਿ ਠਾਢਿ ਵਰਤਾਈ।" (ਗਰਮੀ, ਤਪਸ)

-ਗਉ ੫, ਸੁਖ ੧੮, ੭:੧ (287)

"ਮਾਇਆ ਤਪਤਿ ਬੁਝਿਆ ਅੰਗਿਆਰੁ।"(ਤਪਦੀ/ਸੜਦੀ ਮਾਇਆ)

-ਗਉ ਕਬ, ੪੦, ੩:੧ (331)

"ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ।"(ਜਲਨ)

-ਬਿਹਾ ੫, ਛੰਤ ੬, ੨:੨ (545)

ਤਪਤੁ ------ ਅਸ਼ਾਂਤ ਹੋਣਾ, ਸੜਨਾ

"ਜੀਉ ਤਪਤੁ ਹੈ ਬਾਰੋ ਬਾਰ।"

-ਧਨਾ ੧, ੫, ੧:੧ (661)

ਤਪਤੈ ------ ਤਪਦਾ/ਤੜਫਦਾ ਹੈ ਭਾਵ ਲੋਚਦਾ/ ਤਾਂਘਦਾ ਹੈ।

"ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ।"

-ਗੋਂਡ ੪, ੬, ੧:੧ (861)

ਤਪੰਦਾ------ ਗਰਮ, ਤਪਸ਼ ਵਾਲਾ

"ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।"

-ਮਾਝ ੫, ਬਾਰਾ ੫:੧ (134)

ਤਪਨ ------ (1) ਤਪਾਂ ਦਾ

"ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ।"

-ਆਸਾ ਰਵਿ, ੧, ੪:੧ (486)

(2) ਤਪ

"ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ।"

-ਕਾਨ ੫, ੩੯, ੨:੧ (1306)

ਤਪਨਾ ----- ਤਪਸ਼, ਜਲਨ, ਗਰਮੀ

“ਜੈਸੇ ਸਕਤਿ ਸੂਰੁ ਬਹੁ ਜਲਤਾ ਗੁਰ ਸਸਿ ਦੇਖੇ ਲਹਿ ਜਾਇ ਸਭ ਤਪਨਾ।”
-ਗੋਂਡ ੪, ੩, ੧:੨ (860)

ਤਪਨੁ ------ ਤਪ, ਕਠਿਨ/ਕਰੜੀ ਘਾਲਨਾ
“ਵਰਤੁ ਤਪਨੁ ਕਰਿ ਮਨੁ ਨਹੀ ਭੀਜੈ।”
-ਰਾਮ ੧, ਅਸ ੫, ੧:੨ (905)

ਤਪਾ ------- ਤਪ ਕਰਨ ਵਾਲਾ, ਕਰੜੀ ਘਾਲਨਾ ਘਾਲਣ ਵਾਲਾ
“ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ।”
-ਗਉ ੪, ਵਾਰ ੩0ਸ, ੪, ੧:੧ (315)

ਤਪਾਂ ------- ਤਪਸਿਆਵਾਂ, ਘਾਲਨਾਵਾਂ
“ਗੁਰ ਸੇਵਾ ਤਪਾਂ ਸਿਰਿ ਤਪੁ ਸਾਰੁ।”
-ਆਸਾ ੩, ਅਸ ੨੪, ੪:੧ (423)

ਤਪਾਇ ----- ਬਾਲੇ, ਗਰਮ ਕਰੇ
“ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ।”
-ਸਲੋ ਫਰ, ੧੨0:੧ (1384)

ਤਪਾਇਆ --- ਗਰਮ ਕੀਤਿਆਂ, ਤਪਾਇਆਂ, ਤਪਾਇਆ ਹੋਇਆ
“ਕਵਨ ਮੁਖਿ ਸੂਰਜੁ ਤਪੈ ਤਪਾਇਆ।”
-ਰਾਮ ੧, ਸਿਗੋ ੪੮:੨ (943)

ਤਪਾਵਸੁ----- ਨਿਬੇੜਾ ਨਿਆਂ, ਇਨਸਾਫ
“ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ।”
-ਗਉ ੪, ਵਾਰ ੧੫ਸ, ੪, ੧:੬ (308)
(‘ਮਹਾਨਕੋਸ਼’ ਅਰਥ ‘ਖੋਜ’ ‘ਨਿਰਣਾ’ ਦਿੰਦਾ ਹੈ)

ਹੋਰ ਰੂਪ:

ਤਪਾਵਸੋ–
“ਕਰਤੈ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ।”
-ਮਾਝ ੫, ਅਸ ੩੯, ੭:੧ (133)

ਤਪਿ ------- (1) ਕੁੜ੍ਹ ਕੇ, ਸੜ੍ਹ ਕੇ
“ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ।”
-ਵਡ ੩, ਛੰਤ ੬, ੨:੫ (571)

ਤਪਿਆ ----- ਗਰਮ ਹੋਇਆ, ਸੜਿਆ ਪਿਆ
“ਅਗੇ ਦੋਜਕੁ ਤਪਿਆ ਹੂਲ ਪਵੈ ਕਾਹਾਹਾ।”
-ਸਲੋ ਫਰ, ੯੮:੨ (1383)

ਤਪੀ ------- ਤਪਸਿਆ ਕਰਨ ਵਾਲਾ, ਤਪਸੀ
“ਜੋਗੀ ਜਤੀ ਤਪੀ ਬ੍ਰਹਮਚਾਰੀ।”
-ਗਉ ਕਬ, ੧੩, ੨:੧ (326)

ਹੋਰ ਰੂਪ:

ਤਪੀਆ
"ਕਵਨ ਤਪੁ ਜਿਤੁ ਤਪੀਆ ਹੋਇ।"
-ਗਉ ੫, ੧੦੫, ੩:੧ (187)

ਤਪੀਸਰ------ ਵਡਾ ਤਪੀਆ, ਪ੍ਰਧਾਨ ਤਪੀਆ, ਤਪੀਆ ਦਾ ਈਸ਼
"ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ।"
-ਸਿਰੀ ੫, ੨੬, ੫:੨ (70)

ਹੋਰ ਰੂਪ:

ਤਪੀਸਰੁ-
"ਮਹਾ ਉਦਾਸੁ ਤਪੀਸਰੁ ਥੀਵੈ।"
-ਗਉ ੫, ਸੁਖ ੩, ੨:੨ (265)

ਤਪੀਸੁਰ-
"ਤਪੀ ਤਪੀਸੁਰ ਮੁਨਿ ਮਹਿ ਪੇਖਿਉ ਨਟ ਨਾਟਿਕ ਨਿਰਤਾਏ।"
-ਭੈਰ ੫, ੧੫, ੨:੨ (1139)

ਤਪੁ -------- ਤਪਸਿਆ, ਕਰੜੀ ਘਾਲਣਾ/ਸਾਧਨਾ
"ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ।"
-ਆਸਾ ੪, ਸੋਪੁ ੧, ੪:੩ (11)
"ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ।" (ਸਾਧਨਾ)
-ਆਸਾ ਕਬ, ੧੫, ੧:੧ (479)

ਤਪੇ -------- ਤਪਸਿਆ ਕਰਨ ਵਾਲੇ, ਤਪਸੀ
"ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ।"
-ਗਉ ੪, ਵਾਰ, ੩੦, ੪, ੧:੭ (315)

ਤਪੈ -------- (1) ਗਰਮ ਹੁੰਦਾ, ਸੜਦਾ
"ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ।"
-ਮਾਝ ੧, ਵਾਰ ੧੧ਸ, ੧, ੨:੩ (143)
"ਤਪੈ ਹਿਆਉ ਜੀਅੜਾ ਬਿਲਲਾਇ।"
-ਧਨਾ ੧, ੩, ੧:੨ (661)

(2) ਤਪਸੀ ਨੇ, ਤਪਸਿਆ ਕਰਨ ਵਾਲੇ ਨੇ
"ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ।"
-ਗਉ ੪, ਵਾਰ ੩੦ਸ, ੪, ੧:੨ (315)

(3) ਤਪੱਸਿਆ/ਤਪ ਤਾਉਣ
"ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ।"
-ਆਸਾ ੧, ਵਾਰ ੧੩ਸ, ੧, ੧:੫ (470)

ਹੋਰ ਰੂਪ:

ਤਪੋ-
"ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ।"

-ਤੁਖਾ ੧, ਛੰਤ, ੬, ੨:੫ (1113)

ਤਬ-------- ਉਦੋਂ, ਉਸ ਸਮੇਂ
"ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ।"
-ਸਿਰੀ ੫, ਪਹ ੪, ੨:੫ (77)

ਤਬਹਿ ------ (1) ਤਦ ਹੀ, ਓਦੋਂ ਹੀ
"ਜਬ ਹੀ ਹੋਇ ਤਬਹਿ ਮਨੁ ਮਾਨਾ।"
-ਗਉ ਕਬ, ਬਾਅ ੪੨:੨ (342)
(2) ਓਦੋਂ, ਉਸ ਸਮੇਂ
"ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ।"
-ਆਸਾ ਕਬ, ੨੩, ੨:੨ (481)

ਤਬਹੂੰ ------ ਓਦੋਂ ਹੀ, ਤਦ ਹੀ
"ਜਹ ਤੇ ਉਪਜਿਓ ਤਹੀ ਸਮਾਇਓ ਇਹ ਬਿਧਿ ਜਾਨੀ ਤਬਹੂੰ।"
-ਦੇਵ ੫, ੪, ੧:੧ (529)

ਤਬਤੇ ------ ਓਦੋਂ ਤੋਂ, ਉਸ ਸਮੇਂ ਤੋਂ
ਜਬ ਤੇ ਭੇਟੇ ਸਾਧ ਦਇਆਰਾ ਤਬਤੇ ਦੁਰਮਤਿ ਦੂਰਿ ਭਈ।"
-ਬਿਲਾ ੫, ੯੦, ੧*:੨ (822)

ਤਬਲਗ ----- ਓਦੋਂ ਤੱਕ, ਉਸ ਸਮੇਂ ਤੱਕ
"ਜਬ ਲਗੁ ਸਾਹਿਬੁ ਮਨਿ ਵਸੈ ਤਬਲਗ ਬਿਘਨੁ ਨ ਹੋਇ।"
-ਮਾਰੂ ੧, ੧੦, ੪:੩ (992)

ਹੋਰ ਰੂਪ:

ਤਬ ਲਗਿ–
"ਜਬ ਲਗੁ ਜੀਉ ਪਿੰਡੁ ਹੈ ਸਾਬਤੁ ਤਬ ਲਗਿ ਕਿਛੁ ਨ ਸਮਾਰੇ।"
-ਨਟ ੪, ਅਸ ੩, ੪:੧ (981)

ਤਬਲਗੁ–
"ਜਬ ਲਗੁ ਜੋਬਨਿ ਸਾਸੁ ਹੈ ਤਬਲਗੁ ਇਹੁ ਤਨੁ ਦੇਹ।"
-ਸਿਰੀ ੧, ੧੭, ੧:੨ (20)

ਤਬਲਬਾਜ---- (ਫਾ. ਤਬਲਬਾਜ਼) ਨਗਾਰਚੀ, ਧੌਂਸਾ ਵਜਾਉਣ ਵਾਲਾ
"ਤਬਲਬਾਜ ਬੀਚਾਰ ਸਬਦਿ ਸੁਣਾਇਆ।"
-ਮਾਝ ੧, ਵਾਰ ੧੦:੬ (142)

ਤੰਬੂ ------- ਖੇਮਾ,ਕਪੜੇ,ਟਾਟ ਕੈਂਨਵਸ ਦਾ ਬਣਿਆ ਖੇਮਾ ਜੋ ਚੋਬਾਂ ਤੇ ਖੜਾ ਕੀਤਾ ਜਾਂਦਾ ਹੈ ਤੇ ਇਕ ਥਾਂ ਤੋਂ ਦੂਜੀ ਥਾਂ ਲੈ ਜਾਇਆ ਜਾ ਸਕਦਾ ਹੈ।
"ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।"
-ਮਾਝ ੧, ਵਾਰ ੮:੭ (141)

ਤਬੇਲਾ------- ਅਸਤਬਲ, ਘੋੜੇ ਬੰਨਣ ਵਾਲਾ ਅਹਾਤਾ
"ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ।"

-ਆਸਾ ੧, ਅਸ ੧੨, ੧:੧ (417)

ਤਬੈ-------- ਓਦੋਂ, ਉਸ ਸਮੇਂ, ਤਦੋਂ
"ਤਾਰਨ ਤਰਨੁ ਤਬੈ ਲਗੁ ਕਹੀਐ ਜਬ ਲਗੁ ਤਤੁ ਨ ਜਾਨਿਆ।"
-ਮਾਰੂ ਕਬ, ੫, ੨:੧ (1104)

ਤੰਬੋਰ ------ ਪਾਨ ਦਾ ਬੀੜਾ, ਵੇਖੋ 'ਤੰਬੋਲ'
"ਹਾਥਿ ਤ ਡੋਰ ਮੁਖਿ ਖਾਇਓ ਤੰਬੋਰ।"
-ਗਉ ਕਬ, ੧੬, ੩:੧ (326)

ਤੰਬੋਲ ------ (ਸੰ.) ਪਾਨ ਦਾ ਬੀੜਾ, ਹੋਰ ਵੇਖੋ 'ਤੰਬੋਲੁ'
"ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ।"
-ਮਾਝ ੫, ਬਾਰਾ ੧:੭ (133)

ਹੋਰ ਰੂਪ:

ਤੰਬੋਲਾ–
"ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ।"
-ਆਸਾ ੫, ੧੧੮, ੨:੨ (400)

ਤੰਬੋਲੀ------ (ਸ.) ਪਾਨ ਵੇਚਨ ਵਾਲੀ, ਪਾਨ ਦਾ ਬੀੜਾ ਬਣਾਨ ਵਾਲੀ
"ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ।"
-ਆਸਾ ੧, ੧੨, ੨:੩ (417)

ਤੰਬੋਲੁ ------ ਪਾਨ ਦਾ ਬੀੜਾ
"ਅੰਮ੍ਰਿਤ ਨਾਮੁ ਤੰਬੋਲੁ ਮੁਖਿ ਖਾਇਆ।"
-ਸੂਹੀ ੫, ੪, ੨:੨ (737)

ਤਮ-------- (1) ਹਨੇਰਾ, ਅੰਧਕਾਰ
"ਤਮ ਅੰਧ ਕੂਪ ਤੇ ਉਧਾਰੈ ਨਾਮੁ ਮੰਨਿ ਵਸਾਈਐ।"
-ਗਉ ੫, ਛੰਤ ੩, ੨:੪ (249)

"ਬਾਹ ਪਕੜਿ ਤਮ ਤੇ ਕਾਢਿਆ ਕਰਿ ਅਪੁਨਾ ਲੀਨਾ ਰਾਮ।" (ਭਾਵ ਅਗਿਆਨਤਾ ਰੂਪੀ ਹਨੇਰੇ ਤੋਂ)
-ਬਿਲਾ ੫, ਛੰਤ ੫, ੨:੩ (848)

"ਦ੍ਰਿਸਟਿ ਧਰਤ ਤਮ ਹਰਨ ਦਹਨ ਅਘ ਪਾਪ ਪ੍ਰਨਾਸਨ।"
-ਸਵ ੨, ੫:੧ (1391)

(2) ਤਮੋ ਗੁਣ, ਅਗਿਆਨ ਤੇ ਕ੍ਰੋਧ ਦਾ ਲਖਾਇਕ ਗੁਣ।
"ਰਜ ਤਮ ਸਤ ਕਲ ਤੇਰੀ ਛਾਇਆ।"
-ਮਾਰੂ ੧, ਸੋਲਾ ੧੭, ੧੧:੧ (1038)

(3) ਕਾਲਿਸ਼, ਸ਼ਿਆਮਤਾ(ਮਹਾਨਕੋਸ਼)
"ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ।"
-ਮੁੰਦਾ ੫, ੧:੫ (1429)

ਤਮ ਹਰਣ --- ਹਨੇਰਾ ਦੂਰ ਕਰਨ ਵਾਲੇ, ਪਾਪ ਮਿਟਾਣ ਵਾਲੇ (ਮਹਾਨਕੋਸ਼)
"ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ।"

-ਮਾਝ ੫, ਦਿਨ ੪:੭ (137)

ਤਮਾਇ ----- (1) (ਅ. ਤਮਾਅ) ਲਾਲਚ, ਤਮਾ
"ਵਡਾ ਦਾਤਾ ਤਿਲੁ ਨ ਤਮਾਇ।"
-ਜਪੁ ੧, ੨੫:੨ (5)
"ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ।" (ਭਾਵ ਥੁੜ, ਲੋੜ)
-ਬਸੰ ੩, ੩, ੨:੪ (1173)

ਹੋਰ ਰੂਪ:

ਤਮਾਈ-
"ਨਾਨਕ ਵੇਪਰਵਾਹੁ ਹੈ ਤਿਸੁ ਤਿਲੁ ਨ ਤਮਾਈ।"
-ਸੂਹੀ ੩, ਵਾਰ ੨੦:੫ (792)
ਤਮਾਏ-
"ਜਨੁ ਨਾਨਕ ਵਡਿਆਈ ਆਖੈ ਹਰਿ ਕਰਤੇ ਕੀ ਜਿਸ ਨੋ ਤਿਲੁ ਨ ਤਮਾਏ।"
-ਬਿਹਾ ੪, ਵਾਰ ੧੫:੫ (554)
(2) ਇਛਾ ਕਰੇ, (ਨਿਰਣੈ): ਤਾਂਘ, ਖਿਚ (ਦਰਪਣ); ਸਮਾਇ(ਸੰਧਿਆ)
"ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ।"
-ਸਿਰੀ ੧, ੨, ੧*:੨ (14)

ਤਮਾਸਾ ----- (ਅੰ.ਤਮਾਸ਼ਾ) ਜੀਆ ਨੂੰ ਖੁਸ਼ ਕਰਨ ਵਾਲਾ ਦ੍ਰਿਸ਼/ਖੇਡ
"ਰੰਗ ਤਮਾਸਾ ਪੂਰਨ ਆਸਾ ਕਬਹਿ ਨ ਬਿਆਪੈ ਚਿੰਤਾ।"
-ਗੂਜ ੫, ੪, ੩:੨ (496)

ਹੋਰ ਰੂਪ:

ਤਮਾਸਿਆ-
"ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ।"(ਖੇਡਾ, ਮਨੋਰੰਜਨ)
-ਜੈਤ ੫, ਵਾਰ ੯ਸ, ੫, ੨:੧ (707)
ਤਮਾਸੇ-
"ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ।" (ਖੇਡਾਂ)
-ਸਿਰੀ ੫, ਅਸ ੨੬, ੬:੩ (70)
ਤਮਾਸੈ-
"ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।"(ਮਨੋਰੰਜਨ, ਖੇਡਾ)
-ਆਸਾ ੧, ਅਸ ੧੧, ੫:੨ (417)

ਤਮੋਲ ------ ਪਾਨ, ਵੇਖੋ 'ਤੰਬੋਲ'
"ਕਾਜਲੁ ਹਾਰ ਤਮੋਲ ਰਸੁ ਬਿਨੁ ਪਸੇ ਹਭਿ ਰਸ ਛਾਰੁ।"
-ਮਾਰੂ ੫, ਵਾਰ ੧ਸ, ੫, ੩:੨ (1094)

ਤਰ--------- (1) (ਸੰ.)ਰੁਖ, ਬ੍ਰਿਛ, ਦਰਖਤ
"ਗਿਰਿ ਤਰ ਧਰਣਿ ਗਗਨ ਅਰੁ ਤਾਰੇ।"
-ਗਉ ੫, ਅਸ ੪, ੩:੧ (237)
"ਗਿਰਿ ਤਰ ਥਲ ਜਲ ਭਵਨ ਭਰਪੁਰਿ ਘਟਿ ਘਟਿ ਲਾਲਨ ਛਾਵਨੀ ਨੀਕੀ।"
(ਰੁੱਖਾਂ ਵਿਚ)

–ਮਲਾ ੫, ੨੫, ੨:੧ (1272)

(2) ਹੇਠਾਂ, ਥਲੇ
“ਗਿਰਿ ਤਰ ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ।” (ਪਹਾੜ ਤੋਂ ਹੇਠਾਂ ਸੁਟਣ)
–ਭੈਰ ਨਾਮ, ੯, ੩:੨ (1165)

“ਹੈਵਰ ਊਪਰਿ ਛਤ੍ਰ ਤਰ ਤੇ ਫੁਨਿ ਧਰਨੀ ਗਾਡ।” (ਜੋ ਘੋੜਿਆਂ ਉਪਰ ਛਤਰਾਂ ਹੇਠਾਂ ਸਨ)
–ਸਲੋ ਕਬ, ੩੭:੨ (1366)

(3) ਤਰਨਾ
“ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ।”
–ਆਸਾ ੧, ਪਟੀ ੧੯:੨ (433)

ਤਰਉ ------ ਮੈਂ ਤਰਾਂ, ਪਾਰ ਹੋ ਜਾਵਾਂ
“ਕਵਨ ਸੁ ਬਿਧਿ ਜਿਤੁ ਭਵਜਲ ਤਰਉ।”
–ਗਉ ੫, ੧੦੫, ੨:੨ (187)

ਤਰਈ ------ ਤਰੀਦਾ ਹੈ
“ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ।”
–ਸੋਰ ੯, ੫, ੧:੨ (632)

ਤਰਸ ------ (ਸੰ. ਤਰਸ) ਭੈ, ਡਰ
“ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ।”
–ਆਸਾ ਕਬ, ੧੭, ੪:੧ (480)

ਤਰਸਹਿ ----- ਲੋਚਦੇ ਹਨ, ਤਾਂਘਦੇ ਅਭਿਲਾਸ਼ਾ ਕਰਦੇ
“ਸਿਧ ਸਾਧਿਕ ਤਰਸਹਿ ਸਭਿ ਲੋਇ।”
–ਧਨਾ ੩, ੭, ੩:੩ (665)

“ਜਿਸੁ ਨਾਮੈ ਕਉ ਤਰਸਹਿ ਬਹੁ ਦੇਵਾ।”
–ਮਾਰੂ ੫, ਸੋਲਾ ੭, ੩:੧ (1078)

ਤਰਸਤ ----- ਲੋਚਦਾ, ਤਾਂਘਦਾ
“ਚਾਤ੍ਰਿਕ ਜਿਉ ਤਰਸਤ ਰਹੈ ਤਿਨ ਕੋ ਕਉਨੁ ਹਵਾਲੁ।”
–ਸਲੋ ਕਬ, ੧੨੪:੨ (1371)

ਤਰਸਦੇ ----- ਲੋਚਦੇ, ਤਾਂਘਦੇ, ਅਭਿਲਾਸ਼ਾ ਕਰਦੇ
“ਲਖ ਚਉਰਾਸੀ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ।”
–ਸਿਰੀ ੩, ੩੯, ੩:੨ (29)

ਤਰਸਨ ------ (1) ਤਰਸਦੇ, ਲੁਛਦੇ ਭਾਵ ਇਛਾਵਾਨ, ਅਭਿਲਾਸ਼ੀ
“ਮੰਗਤ ਜਨ ਦੀਨ ਖਰੇ ਦਰਿ ਠਾਢੇ ਅਤਿ ਤਰਸਨ ਕਉ ਦਾਨੁ ਦੀਜੈ।” (ਇਛਾਵਾਨ, ਅਭਿਲਾਸ਼ੀ)
–ਕਲਿ ੪, ਅਸ ੫, ੧:੧ (1325)

(2) ਲੋਚਨ, ਤਾਂਘਨ, ਅਭਿਲਾਖਾ ਕਰਨ

“ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ।”
-ਬਿਹਾ ੫, ਛੰਤ ੨, ੧:੪ (542)

ਤਰਸਨਾ ------ ਤਾਂਘ/ਲੋਚਾ ਕਰਨੀ, ਲੁਛਣਾ,ਵਿਲਕਣਾ
“ਆਸ ਪਿਆਸ ਸਫਲ ਮੂਰਤਿ ਉਮਗਿ ਹੀਉ ਤਰਸਨਾ।”
-ਕਾਨ ੫, ੩੫, ੧:੧ (1305)

ਤਰਸਾਇ ---- ਵਿਲਕ, ਲੁਛ
“ਬਾਬੀਹਾ ਨਾ ਬਿਲਲਾਇ ਨਾ ਤਰਸਾਇ ਏਹੁ ਮਨੁ ਖਸਮ ਕਾ ਹੁਕਮੁ ਮੰਨਿ।”
-ਮਲਾ ੧, ਵਾਰ ੯ਸ, ੩, ੧:੧ (1282)

ਹੋਰ ਰੂਪ:

ਤਰਸਾਏ–
“ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।”
-ਸਲੋ ਫਰ, ੨੯:੨ (1379)

ਤਰਸਿ ------ (1) ਤਰਸੇਵੇ/ਲੋਚਾ ਨਾਲ
“ਉਮਕਿ ਤਰਸਿ ਚਾਲੈ।”
-ਮਲਾ ੫, ੨੪, ੧*:੨ (1272)

(2) ਤਰ ਜਾਏਗਾ
“ਭਜੁ ਨਾਮਾ ਤਰਸਿ ਭਵ ਸਿਧੰ।”
-ਗੋਂਡ ਨਾਮ, ੧, ੪:੪ (873)

ਤਰਸੁ ------ (1) ਡਰ, ਭੈ ਵੇਖੋ ‘ਤਰਸ’
“ਖਉਫੁ ਨ ਖਤਾ ਨ ਤਰਸੁ ਜਵਾਲੁ।”
-ਗਉ ਰਵਿ, ੨, ੧:੪ (345)

(2) ਦਇਆ ਰਹਿਮ
“ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਇ।”
-ਮੁੰਦਾ ੫, ੧ਸ:੨ (1428)

ਤਰਸੈ ------ ਲੋਚੇ, ਤਾਂਘੇ
“ਮਿਤਿ ਨਹੀ ਪਾਈਐ ਅੰਤੁ ਨ ਲਹੀਐ ਮਨੁ ਤਰਸੈ ਚਰਨਾਰੇ।”
-ਸੂਹੀ ੫, ੬, ੩:੨ (738)

ਤਰਹਿ ------ ਤਰਦਾ/ਡਰ ਕੇ ਪਾਰ ਹੁੰਦਾ ਹੈ
“ਆਪਿ ਤਰਹਿ ਸਗਲੇ ਕੁਲ ਤਾਰੇ।”
-ਮਾਝ ੩, ਅਸ ੧੪, ੬:੨ (117)

ਤਰਹਿਗਾ ---- ਤਰਕੇ, ਪਾਰ ਹੋਵੇਗਾ
“ਕੈਸੇ ਮਨ ਤਰਹਿਗਾ ਰੇ ਸੰਸਾਰੁ ਸਾਗਰੁ ਬਿਖੈ ਕੋ ਬਨਾ।”
-ਆਸਾ ਨਾਮ, ੫, ੧*:੧ (486)

ਤਰਹੁ ------ ਤਰ ਕੇ ਪਾਰ ਹੋਵੋ
“ਮਨ ਰੇ ਸਬਦਿ ਤਰਹੁ ਚਿਤੁ ਲਾਇ।”

-ਸਿਰੀ ੧, ੧੫, ੧*:੧ (19)

ਤਰਕ ------ (1) ਵੈਰਾਗ (ਮਹਾਨਕੋਸ਼), ਨਫਰਤ (ਨਿਰਣੈ, ਸ਼ਬਦਾਰਥ,ਦਰਪਣ)
“ਉਪਜੀ ਤਰਕ ਦਿਗੰਬਰੁ ਹੋਆ।”
-ਬਿਲਾ ੪, ਅਸ ੪, ੪:੧ (835)
(2) ਵੈਰਾਗ
“ਤਰੀਕਤਿ ਤਰਕ ਖੋਜਿ ਟੋਲਾਵਹੁ।” (ਵੈਰਾਗ ਦੁਆਰਾ ਖੋਜਕੇ ਹਰੀ ਨੂੰ ਲਭਣਾ ‘ਤਰੀਕਤ’ ਹੈ)
-ਮਾਰੂ ੫, ਸੋਲਾ ੧੨, ੩:੨ (1083)

ਤਰਕਸ ----- ਤੀਰ ਰਖਨ ਵਾਲਾ ਥੈਲਾ, ਭਥਾ
“ਤਰਕਸ ਤੀਰ ਕਮਾਣ ਸਾਂਗ ਤੇਗ ਬੰਦ ਗੁਣ ਧਾਤੁ।”
-ਸਿਰੀ ੧, ੭, ੩:੨ (16)

ਤਰਕਸਬੰਦ --- ਤਰਕਸ਼ ਬੰਨਣ ਵਾਲੇ ਭਾਵੇ ਜੋਧੇ
“ਲਸਕਰ ਤਰਕਸਬੰਦ ਬੰਦ ਜੀਉ ਜੀਉ ਸਗਲੀ ਕੀਤ।”
-ਸਿਰੀ ੫, ਅਸ ੨੬, ੭:੩ (70)

ਤਰਕਨਿ ----- ਚਰਚਾ/ਬਹਿਸ ਕਰਨ ਲਗਾ, ਹੁਜਤ ਬਾਜ਼ੀ
“ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ।”
-ਆਸਾ ੫, ੪੨, ੨:੨ (381)

ਤਰਕੁ ------ ਨੁਕਤਾਚੀਨੀ, ਦਲੀਲਬਾਜ਼ੀ
“ਤਰਕੁ ਨ ਚਾ।”
-ਧਨਾ ਨਾਮ, ੪, ੨:੩ (693)

ਤਰੰਗ ------ (ਸੰ.) ਲਹਿਰ ਮੌਜ
“ਕਨਕ ਕਟਿਕ ਜਲ ਤਰੰਗ ਜੈਸਾ।”
-ਸਿਰੀ ਰਵਿ, ੧, ੧*:੨ (93)
“ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ।” (ਮਨ ਦੀਆਂ ਮੌਜਾਂ)
-ਭੈਰ ੫, ੫੭, ੧:੨ (1153)

ਹੋਰ ਰੂਪ:

ਤਰੰਗੰ-
“ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤੇ ਮਰਣਹ।”
-ਸਸ ੫, ੧੭:੨ (1355)

ਤਰੰਗਾ-
“ਹਰਿ ਹਰਿ ਨਾਮੁ ਜਪਿ ਅਨਤ ਤਰੰਗਾ।” (ਅਨੇਕ ਲਹਿਰਾਂ ਵਾਲੇ ਹੀ)
-ਆਸਾ ੪, ੫੯, ੧*:੧ (367)
“ਜਲ ਤੇ ਊਠਹਿ ਅਨਿਕ ਤਰੰਗਾ।” (ਲਹਿਰਾਂ)
-ਸੂਹੀ ੫, ੧, ੨:੧ (736)

ਤਰੰਗੀ-
“ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ।”

-ਮਾਰੂ ੪, ੨, ੪:੧ (995)

"ਜੋਗ ਗਿਆਨ ਧਿਆਨ ਸੇਖਨਾਗੈ ਸਗਲ ਜਪਹਿ ਤਰੰਗੀ।"(ਲਹਿਰਾਂ ਵਾਲਾ ਭਾਵ ਚੋਜੀ ਹਰਿ)

-ਕਲਿ ੫, ੩, ੨:੧ (1322)

ਤਰੰਗੁ-

"ਜਲ ਤਰੰਗੁ ਜਿਉ ਜਲਹਿ ਸਮਾਇਆ।"

-ਮਾਝ ੫, ੨੬, ੪:੧ (102)

"ਤੂੰ ਮੇਰਾ ਤਰੰਗੁ ਹਮ ਮੀਨ ਤੁਮਾਰੇ।" (ਭਾਵ ਦਰਿਆ)

-ਆਸਾ ੫, ੭੪, ੧:੧ (389)

ਤਰੰਗੇ-

"ਨਾਨਕ ਪ੍ਰਭ ਸਰਨਾਗਤੀ ਜਪਿ ਅਨਤ ਤਰੰਗੇ ਰਾਮ।"(ਅਨੇਕਾ ਲਹਿਰਾਂ ਵਾਲੇ ਹਰਿ)

-ਬਿਲਾ ੫, ਛੰਤ ੫, ੧:੪ (848)

ਤਰਣ ------ (1) ਨਦੀ ਅਥਵਾ ਸਾਗਰ ਪਾਰ ਕਰਨ ਦੀ ਕ੍ਰਿਆ, ਤਰਨਾ

"ਰਾਮ ਰਮਣ ਤਰਣ ਭੈ ਸਾਗਰ।" (ਸਿਮਰਨ ਦੁਆਰਾ ਭਵਸਾਗਰ ਤੋਂ ਪਾਰ ਤਰਨਾ ਹੁੰਦਾ ਹੈ)

-ਗਉ ੫, ੧੫0, ੧*:੧ (196)

ਹੋਰ ਰੂਪ:

ਤਰਣੰ-

"ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ।"

-ਸਸ ੫, ੫, ੧:੨ (1358)

(2) (ਸੰ.) ਬੇੜੀ, ਜਹਾਜ਼

"ਤਰਣ ਸਰਣ ਸੁਆਮੀ ਰਮਣ ਸੀਲ ਪਰਪੇਸੁਰਹ।"

-ਸਸ ੫, ੪੩:੧ (1357)

ਹੋਰ ਰੂਪ:

ਤਰਣੰ-

"ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸ ਤਾਰਣ ਤਰਣੰ।" (ਜਹਾਜ਼)

-ਸਵ ੪, ਗਯੰ, ੧:੧੮ (1401)

ਤਰਣਹਾਰੁ---- ਤਰਣ ਜੋਗੇ, ਤਰ ਕੇ ਪਾਰ ਜਾਣ ਦੇ ਸਮਰਥ

"ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ।"

-ਬਿਹਾ ੪, ਵਾਰ ੨0ਸ, ੧, ੨:੫ (556)

ਤਰਣਾ------ ਤਰ ਕੇ ਪਾਰ ਹੋਣਾ

"ਗੁਰ ਪਰਸਾਦੀ ਛੂਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ।"

-ਸਿਰੀ ੩, ੫੧, ੧*:੨ (33)

"ਜੀਵਤ ਮਰਣਾ ਤਾਰੇ ਤਰਣਾ।" (ਤਰੀਦਾ ਹੈ, ਪਾਰ ਹੋਈਦਾ ਹੈ)

-ਆਸਾ ੧, ਅਸ ੪, ੩:੧ (413)

ਹੋਰ ਰੂਪ:

ਤਰਣੀ-
"ਸਾਧ ਸੰਗਤਿ ਕੈ ਅੰਚਲਿ ਲਾਵਹੁ ਬਿਖਮ ਨਦੀ ਜਾਇ ਤਰਣੀ।"(ਤਰੀ ਜਾਏ)
-ਜੈਤ ੫, ੧੨, ੧:੨ (702)

ਤਰਣੁ-
"ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ।"(ਤਰਣਾ, ਪਾਰ ਹੋਣਾ)
-ਆਸਾ ੫, ਛੰਤ ੧੧, ੩:੩ (460)

ਤਰਣੇ-
"ਜਗ ਜੀਵਨੁ ਹਰਿ ਧਿਆਇ ਤਰਣੇ।" (ਤਰਣ ਲਈ)
-ਭੈਰ ੪, ੭, ੧*:੧ (1135)

ਤਰਤ ------ ਤਰਦਿਆਂ, ਪਾਰ ਹੁੰਦਿਆਂ
"ਤਉ ਭਵਜਲ ਤਰਤ ਨ ਲਾਵੈ ਬਾਰਾ।"
-ਗਉ ਕਬ, ਬਾਅ ੪੦:੪ (342)

ਤਰੰਤ ------ ਤਰ ਜਾਵੇ
"ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ।"
-ਸਸ ੫, ੫੫:੧ (1359)

ਤਰਤਾ ------ ਤਰਦਾ
"ਜਿਉ ਕਾਸਟ ਸੰਗਿ ਲੋਹਾ ਬਹੁ ਤਰਤਾ ਤਿਉ ਪਾਪੀ ਸੰਗਿ ਤਰੇ ਸਾਧ ਸਾਧ ਸੰਗਤੀ ਗੁਰ ਸਤਿਗੁਰੂ ਗੁਰ ਸਾਧੋ।"
-ਕਾਨ ੪, ੧੧, ੨:੧ (1297)

ਤਰਤਾਰੇ ----- ਤਾਰਦਾ ਹੈ
"ਏਕ ਨਾਮ ਕਲਿਪ ਤਰਤਾਰੇ।"
-ਗਉ ਕਬ, ਅਸ ੩੭, ੧:੨ (330)

ਤਰਤੀ ------ ਤਰ ਦੀ
"ਜਲਿ ਤਰਤੀ ਬੂਡੀ ਜਲ ਮਾਹੀ।"
-ਮਲਾ ੧, ਅਸ ੫, ੨:੨ (1275)

ਤਰਤੇ ------ ਤਰ ਰਹੇ ਹਾਂ
"ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ।"
-ਮਲਾ ੫, ੪, ੨:੨ (1267)

ਤਰੰਦੜੀ----- ਤਰਦਿਆਂ
"ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤ ਤੇਰੀ।"
-ਗੂਜ ੫, ਵਾਰ ੯ਸ, ੫, ੧:੧ (520)

ਤਰੰਦਾ------ ਤਰਿਆ, ਤਰੀਦਾ
"ਨਾਮਿ ਲਇਐ ਜਾਹਿ ਤਰੰਦਾ।"

ਹੋਰ ਰੂਪ:

ਤਰੰਦਿਆ–
“ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ।” (ਤਰਦਿਆਂ)
–ਵਡ ੪, ਵਾਰ ੧ਸ, ੩, ੩:੧ (585)

ਤਰਨ ------ (1) ਪਾਰ ਹੋਣ
“ਸਰੰਜਾਮਿ ਲਾਗੁ ਭਵਜਲ ਤਰਨ ਕੈ।”
–ਆਸਾ ੫, ਸੋਪੁ ੪, ੧*:੧ (12)
“ਕਹਿ ਕਬੀਰ ਭੈ ਸਾਗਰ ਤਰਨ ਕਉ ਮੈ ਸਤਿਗੁਰ ਓਟ ਲਇਓ।”
–ਗਉ ਕਬ, ੫੯, ੪:੨ (336)
(2) ਬੇੜੀ, ਜਹਾਜ਼, ਵੇਖੋ ‘ਤਰਣ’(2)
“ਯਾਹੂ ਤਰਨ ਤਾਰਨ ਸਮਰਾਥਾ।”
(ਬੇੜੀ ਵਾਂਗ ਤਾਰਨ ਤੇ ਸਮਰਥ ਹੈ
–ਗਉ ੫, ਬਾਅ ੪੩:੭ (259)
(‘ਨਿਰਣੇ’ ਇਸ ਦੇ ਅਰਥ ਤਰਸਕਨ ਦੀ ਜਾਂਚ ਸਿਖਾਉਣ ਤੇ ਤਾਰਨ ਦੇ ਸਮਰਥ ਕਰਦਾ ਹੈ)
“ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ।”(ਤਾਰਨ ਵਾਲਾ ਤੁਲਹਾ (ਬੇੜੀ)
–ਧਨਾ ੫, ੨੯, ੧:੨ (678)

ਤਰਨਤਾਰਨ--- ਤਾਰਨ ਵਾਲਾ ਜਹਾਜ਼, ਵੇਖੋ ‘ਤਰਣ’
“ਕਰਿ ਬਿਚਾਰੁ ਬਿਕਾਰ ਪਰ ਹਰਿ ਤਰਨ ਤਾਰਨ ਸੋਇ।”
–ਆਸਾ ਕਬ, ੨੭, ੩:੧ (482)

ਤਰਨਾ ------- ਪਾਰ ਹੋਣਾ
“ਜਿਹ ਆਸਰ ਇਆ ਭਵਜਲੁ ਤਰਨਾ।”
–ਗਉ ੫, ਬਾਅ ੧੪:੪ (253)

ਤਰਨਾਪੋ ------ ਜੁਆਨੀ
“ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ।”
–ਸਲੋ ੯, ੩:੧ (1426)

ਤਰਨੁ ------ ਤਰਨਾ,ਪਾਰ ਹੋਣਾ
“ਬਿਨੁ ਭੈ ਭਗਤੀ ਤਰਨੁ ਕੈਸੇ।”
–ਬਿਲਾ ੫, ੧੨੫, ੧*:੧ (829)

ਤਰਪਣੁ ----- ਪਿਤਰਾਂ ਤੇ ਦੇਵਿਆਂ ਨੂੰ ਤ੍ਰਿਪਤ ਕਰਨ ਲਈ ਜਲ ਅਰਪਣ ਕਰਨਾ
“ਸੰਧਿਆ ਤਰਪਣ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ।”
–ਸੋਰ ੩, ੧੦, ੨:੨ (603)

ਤਰਫ ------ ਪੱਖ, ਪਾਸਾ,ਧੜਾ
“ਮਨਹਠਿ ਤਰਫ ਨ ਜਿਪਈ ਜੇ ਬਹੁਤਾ ਘਾਲੇ।”
–ਸੂਹੀ ੩, ਵਾਰ ੭ਸ, ੨, ੪:੧ (707)
“ਮਨਮੁਖ ਦੂਜੀ ਤਰਫ ਹੈ ਵੇਖਹੁ ਨਦਰਿ ਨਿਹਾਲਿ।”(ਪਾਸੇ,ਦਿਸ਼ਾ ਵਿਚ)

-ਮਲਾ ੧, ਵਾਰ ੧ਸ, ੩, ੧:੫ (1279)

ਤਰਫਾ ------ (1) ਧੜੇ
"ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ।"
-ਮਾਰੂ ੩, ਵਾਰ ੧੦:੧ (1090)
(2) ਤਰਦੇ ਹਨ
"ਹਲਤਿ ਪਲਤਿ ਜਨ ਭਏ ਸੁਹੇਲੇ ਮੁਖ ਊਜਲ ਗੁਰਮੁਖਿ ਤਰਫਾ।"
-ਪ੍ਰਭਾ ੪, ੫, ੨:੨ (1336)
('ਮਹਾਨਕੋਸ਼' ਓਰਸੇ ਵਲੋਂ ਅਰਥ ਕਰਦੇ ਹਨ)

ਤਰਬੀਐ ---- ਤਰੀਦਾ ਹੈ
"ਏਕੁ ਨਾਮੁ ਆਧਾਰੁ ਭਉਜਲੁ ਤਰਬੀਐ।"
-ਆਸਾ ੫, ੧੧੧, ੧:੨ (398)

ਤਰਬੇ ------ ਤਰਨ ਦਾ, ਤਰਨ ਲਈ
"ਮਨ ਧਰ ਤਰਬੇ ਹਰਿ ਨਾਮ ਨੋ।"
-ਗਉ ੫, ੧੪੦, ੧*:੧ (210)

ਤਰਲ ------ ਚੰਚਲ, ਟਿਕਕੇ ਨਾ ਬੈਠਣ ਵਾਲੀ
"ਕੁਹਕਨਿ ਕੋਕਿਲਾ ਤਰਲ ਜੁਆਣੀ।"
-ਵਡ ੧, ਛੰਤ ੨, ੮:੨ (567)

ਹੋਰ ਰੂਪ:

ਤਰਲਾ-
"ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀ ਏ।"
-ਵਡ ੧, ਛੰਤ ੨, ੮:੩ (567)

ਤਰਵਰ ----- ਦਰਖਤ, ਰੁੱਖ, ਬਰਿਛ
"ਤਰਵਰ ਪੰਖੀ ਬਹੁ ਨਿਸਿ ਬਾਸੁ।"
-ਗਉ ੧, ੬, ੩:੧ (152)

ਹੋਰ ਰੂਪ:

ਤਰਵਰਿ-
"ਜਲ ਕੀ ਮਛੁਲੀ ਤਰਵਰਿ ਬਿਆਈ।" (ਦਰਖਤ ਉਤੇ)
-ਆਸਾ ਕਬ, ੨੨, ੨:੧ (481)

ਤਰਵਰੁ-
"ਤੂੰ ਤਰਵਰੁ ਹਉ ਪੰਖੀ ਆਹਿ।"
-ਗਉ ਕਬ, ੨, ੩:੧ (323)

ਤਰਾ ------- ਤਰ ਗਿਆ, ਪਾਰ ਹੋ ਗਿਆ
"ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ ਹਮ ਮੂੜ ਪਾਪੀ ਜਿਤੁ ਲਗਿ ਤਰਾ।"
-ਗਉ ੩, ਬਾਅ ੧ਸ:੮ (250)
"ਹਕੁ ਹੁਕਮੁ ਸਚੁ ਖੁਦਾਇਆ ਬੁਝਿ ਨਾਨਕ ਬੰਦਿ ਖਲਾਸ ਤਰਾ।"
(ਤਰ ਜਾਈਦਾ ਹੈ)

-ਮਾਰੂ ੫, ਸੋਲਾ ੧੨, ੧੫:੩ (1084)

ਤਰਾਉ------ਮੈਂ ਤਰ ਜਾਂਦਾ ਹਾਂ/ਪਾਰ ਹੋ ਜਾਂਦਾ ਹਾਂ
“ਤੂੰ ਕਰਤਾ ਤੂ ਦਾਨਾ ਬੀਨਾ ਤੇਰੈ ਨਾਮਿ ਤਰਾਉ।”
-ਮਾਰੂ ੧, ਅਸ ੧੧, ੧*:੨ (1015)

ਤਰਾਇ -----ਤਰਾ
“ਐਸਾ ਦੀਵਾ ਨੀਰਿ ਤਰਾਇ।”
-ਰਾਮ ੧, ੭, ੧*:੧ (878)
“ਏਹੁ ਭਉ ਜਲੁ ਜਗਤੁ ਸੰਸਾਰੁ ਹੈ ਗੁਰੁ ਬੋਹਿਥੁ ਨਾਮਿ ਤਰਾਇ।”(ਤਾਰਦਾ ਹੈ)
-ਸਲੋ ੪, ੨੭:੩ (1424)

ਹੋਰ ਰੂਪ:

ਤਰਾਇਓ-
“ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ।”(ਤਾਰ ਦਿੱਤਾ ਹੈ)
-ਗਉ ੫, ਅਸ ੧੪, ੩:੧ (241)

ਤਰਾਇਆ-
“ਕਹੁ ਨਾਨਕ ਗੁਰਿ ਜਗਤੁ ਤਰਾਇਆ।” (ਪਾਰ ਕੀਤਾ)
-ਗਉ ੫, ਅਸ ੭, ੮:੨ (239)
“ਤੂ ਦੁਖ ਭੰਜਨੁ ਸਰਬ ਸੁਖਦਾਤਾ ਹਮ ਪਾਥਰ ਤਰੇ ਤਰਾਇਆ।” (ਤਾਰਿਆਂ, ਤਰਾਇਆਂ)
-ਵਡ ੪, ਛੰਤ ੪, ੪:੪ (575)

ਤਰਾਇਣ ----ਤਰ ਜਾਵੇਂ, ਪਾਰ ਹੋ ਜਾਵੇ
“ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ।”
-ਟੋਡੀ ੫, ੧੦, ੧:੨ (714)

ਹੋਰ ਰੂਪ:

ਤਰਾਇਣੁ-
“ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਭਵਜਲੁ ਹਰਿ ਨਾਮਿ ਤਰਾਇਣੁ।” (ਉਧਾਰ)
-ਭੈਰ ੪, ੧, ੧*:੨ (1134)

ਤਰਾਈ -----ਤਾਰ ਦਿਤੀ, ਪਾਰ ਲਗਾ ਦਿਤੀ
“ਅੰਚਲਿ ਲਾਇ ਸਭ ਸਿਸਟਿ ਤਰਾਈ।”
-ਮਾਝ ੫, ੪੮, ੪:੧ (108)

ਹੋਰ ਰੂਪ:

ਤਰਾਂਈ-
“ਸੰਗੀ ਸਾਥੀ ਸਗਲ ਤਰਾਂਈ।”
-ਆਸਾ ੫, ੯੩, ੧:੨ (394)

ਤਰਾਈਐ-
“ਆਪਿ ਤਰੈ ਸਭੁ ਕੁਟੰਬੁ ਤਰਾਈਐ।”

-ਪ੍ਰਭਾ ੫, ਅਸ ੨, ੮*:੨ (1348)

ਤਰਾਏ–
“ਜਨ ਕੀ ਪੈਜ ਰਖੈ ਰਾਮ ਨਾਮਾ ਪ੍ਰਹਿਲਾਦ ਉਧਾਰਿ ਤਰਾਏ।” (ਤਾਰੇ)
-ਆਸਾ ੪, ਛੰਤ ੯, ੫:੪ (443)

ਤਰਾਸ ------ (ਸੰ.) ਬੇੜਾ (ਮਹਾਨਕੋਸ਼), ਤਾਰ ਲਿਆ (ਨਿਰਣੈ) (ਦਰਪਣ)
“ਅਵਗਨੀਆਰੇ ਪਾਥਰ ਭਾਰੇ ਸਤਸੰਗਤਿ ਮਿਲਿ ਤਰੇ ਤਰਾਸ।”
-ਕਾਨ ੪, ੩, ੩:੨ (1295)

ਹੋਰ ਰੂਪ:

ਤਰਾਸਿ–
“ਜਮ ਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ” (ਤਾਰਦਾ ਹੈ) (‘ਮਹਾਨਕੋਸ਼’ ਇਥੇ ਵੀ ਅਰਥ ‘ਨੌਕਾ’ ਸਾਥ ਹੀ ਕਰਦੇ ਹਨ)
-ਸਿਰੀ ੧, ੨੧, ੨:੩ (22)

ਤਰਾਸਿਆ --- ਡਰਿਆ ਹੈ
“ਜਿਹ ਮਰਨੈ ਸਭੁ ਜਗਤੁ ਤਰਾਸਿਆ।”
-ਗਉ ਕਬ, ੨੦, ੧:੧ (327)

ਤਰਾਹ ------ ਤਰ ਜਾਈਏ
“ਸਤਸੰਗਤਿ ਹਰਿ ਮੇਲਿ ਪ੍ਰਭ ਹਮ ਪਾਪੀ ਸੰਗਿ ਤਰਾਹ।”
-ਕਾਨ ੪, ਵਾਰ ੫ਸ, ੪, ੧:੪ (1314)

ਹੋਰ ਰੂਪ:

ਤਰਾਹਿ–
“ਆਪਿ ਤਰਹਿ ਸੰਗੀ ਤਰਾਹਿ ਸਭ ਕੁਟੰਬੁ ਤਰਾਵੈ।”(ਤਾਰ ਦੇ)
-ਕਾਲ ੪, ਵਾਰ ੧੫:੪ (1318)

ਤੁਰਾਕੀ ----- ਤਰਨ ਵਾਲਾ, ਤਰਾਕ
“ਹਰਿ ਹਰਿ ਜਪੁ ਬੇੜੀ ਹਰਿ ਤੁਲਹਾ ਹਰਿ ਜਪਿਓ ਤਰੈ ਤਰਾਕੀ।”
-ਧਨਾ ੪, ੬, ੧:੨ (668)

ਤਰਾਜੀ ----- (ਫਾ. ਤਰਾਜੂ) ਤਕੜੀ
“ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ।”
-ਸੋਰ ੪, ੪, ੧:੧ (605)

ਤਰਾਂਤਿ ----- (ਸੰ.) ਰਖਿਆ ਕਰਨ ਵਾਲਾ (ਮਹਾਨਕੋਸ਼) ਭਾਵ ਨਿਰਲੇਪ ਰਖਣ ਵਾਲਾ (ਨਿਰਣੈ) ਪਾਰ ਲੰਘਾਂਦਾ ਹੈ (ਦਰਪਣ) ਤਾਰਦੇ ਹਨ (ਕੋਸ਼)
“ਧੰਨੁ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ।”
-ਮਲਾ ੪, ੫, ੪:੨ (1264)

ਤਰਾਧੋ ------ ਤਾਰ ਲੈਂਦਾ ਹੈ
“ਚਾਰਿ ਬਰਨ ਚਾਰਿ ਆਸ੍ਰਮ ਹੈ ਕੋਈ ਮਿਲੈ ਗੁਰੂ ਗੁਰ ਨਾਨਕ ਸੋ ਆਪਿ ਤਰੈ ਕੁਲ ਸਗਲ ਤਰਾਧੋ।”

-ਕਾਨ ੪, ੧੧, ੨:੨ (1297)

ਤਰਾਨਥ ----- ਤਰਦੇ ਹਨ, ਪਾਰ ਹੁੰਦੇ ਹਨ
“ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕੈ ਨਾਮਿ ਤਰਾਨਥ।”
-ਮਾਰੂ ੫, ੧੦, ੪:੧ (1001)

ਤਰਾਯਉ ---- ਤਾਰਿਆ ਹੈ
“ਅ ਜੋਨੀ ਸੰਭਵਿਅਉ ਜਗਤੁ ਗੁਰ ਬਚਨਿ ਤਰਾਯਉ।”
-ਸਵ ੪, ਕਲ ੮:੪ (1397)

ਤਰਾਵਣਿਆ -- ਤਰਾ ਦੇਣ ਵਾਲੇ
“ਗੁਰ ਕਿਰਪਾ ਤੇ ਹਰਿ ਨਿਰਭਉ ਧਿਆਇਆ ਬਿਖੁ ਭਉਜਲੁ ਸਬਦਿ ਤਰਾਵਣਿਆ।”
-ਮਾਝ ੩, ਅਸ ੯, ੧*:੨ (114)

ਤਰਾਵੈ ------ ਤਾਰ ਦੇਵੇ, ਪਾਰ ਲਗਾ ਦੇਵੇ
“ਨਾਨਕ ਗੁਰਮੁਖਿ ਹਰਿ ਆਪਿ ਤਰਾਵੈ।”
-ਗਉ ੪, ੪੩, ੪:੩ (165)

ਤਰਿ ------- ਤਰ ਕੇ
“ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ।”
-ਸਿਰੀ ੪, ਵਾਰ ੧:੫ (83)
“ਸਾਗਰ ਤਰਿ ਬੋਹਿਥ ਪ੍ਰਭ ਚਰਣ।” (ਤਰਨ ਲਈ)
-ਗੋਂਡ ੫, ੧੪, ੩:੩ (866)

ਹੋਰ ਰੂਪ:

ਤਰਿਓ–
“ਇਹ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ।”(ਤਰਿਆਂ)
-ਗਉ ੫, ਸੋਹ ੫, ੨:੧ (13)
“ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ।”(ਭਾਵ ਮੁਕਤ ਹੋ ਗਿਆ)
-ਮਾਰੂ ੫, ੨, ੨:੧ (999)

ਤਰਿਆ–
“ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।” (ਤਰ ਗਿਆ, ਪਾਰ/ਮੁਕਤ ਹੋ ਗਿਆ)
-ਗੁਜ ੫, ਸੋਂਦ ੫, ੧*:੧ (10)

ਤਰੀ–
“ਨਾਨਕ ਦਾਸ ਤਰੀ ਤਿਨਿ ਮਾਇਆ।” (ਤਰ ਲਈ,ਪਾਰ ਕਰ ਲਈ)
-ਆਸਾ ੫, ੫੬, ੪:੨ (385)

ਤਰੀ ------- (1) ਧਾਗੇ, ਤੜੀ
“ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ।”
-ਆਸਾ ਕਬ, ੧੬, ੫:੨ (480)
(2) ਤਰ ਲਈ, ਪਾਰ ਕਰ ਲਈ, ਵੇਖੋ ‘ਤਰਿ’

"ਹਰਿ ਹਰਿ ਕਰਤ ਪੂਤਨਾ ਤਰੀ।"

-ਗੋਂਡ ਨਾਮ, ੫, ੩:੧ (874)

"ਧਨੁ ਧੰਨੁ ਗੁਰੂ ਨਾਨਕ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ।"
(ਨਿੰਦਾ ਉਸਤਤਿ ਨੂੰ ਤਰ ਕੇ ਭਾਵ ਨਿਰਲੇਪ ਰਹਿ ਕੇ)

-ਮਲਾ ੪, ੫, ੪:੨ (1264)

ਹੋਰ ਰੂਪ:

ਤਰੀਅੰ–
"ਬੂਡੰਤ ਤਰੀਅੰ ਉਣੰ ਤ ਭਰੀਅੰ।"

-ਸਸ ੫, ੬੪:੨ (1359)

ਤਰੀਅਲੇ–
"ਕਹੁ ਨਾਨਕ ਤਿਨਿ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ।"

-ਦੇਵ ੫, ੩੧, ੪:੧ (534)

ਤਰੀਆ–
"ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ ਤਰੀਆ।"

-ਆਸਾ ੪, ਛੰਤ ੧੫, ੨:੪ (449)

ਤਰੀਆ ------ (1) ਤਰਿਆ ਜਾਂਦਾ ਹੈ, ਵੇਖੋ 'ਤਰੀ'(2)
(2) ਤਲੇ, ਹੇਠਾਂ
"ਸਗਲ ਬਟਰੀਆ।"
"ਬਿਰਖ ਇਕ ਤਰੀਆ।"

-ਬਿਹਾ ੫, ੧, ੩:੧;੨ (537)

ਤਰੀਆਸੁ ---- ਮੈਂ ਤਰ ਗਈ
"ਗੁਰਮੁਖਿ ਅੰਤਰਿ ਜਾਣਿਆ ਗੁਰਿ ਮੇਲੀ ਤਰੀਆਸੁ।"

-ਸਿਰੀ ੧, ਅਸ ੧੬, ੧:੩ (63)

ਤਰੀਐ------ ਪਾਰ ਹੋਈਏ, ਮੁਕਤ ਹੋਈਏ
"ਗੁਰ ਬਿਨੁ ਕਿਉ ਤਰੀਐ ਸੁਖੁ ਹੋਇ।"

-ਸਿਰੀ ੧, ੧੬, ੧*:੧ (20)

ਤਰੀਕਤਿ ---- (1) ਸ਼ਰਾਹ ਦੀ ਕਿਤਾਬ, ਹਦੀਸ
"ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ।"

-ਗਉ ਕਬ, ਬਾਅ ੫:੧ (340)

(2) (ਅ.)ਸੂਫੀਆਂ ਅਨੁਸਾਰ ਅੰਤਰ ਕਰਨ ਦੀ ਸ਼ੁੱਧੀ ਦਾ ਢੰਗ
"ਤਰੀਕਤਿ ਤਰਕ ਖੋਜਿ ਟੋਲਾਵਹੁ।"

-ਮਾਰੂ ੫, ਸੋਲਾ ੧੨, ੩:੨ (1083)

ਤਰੀਜੈ ------ ਤਰੋ, ਪਾਰ ਹੋਵੇ
"ਸਾਧੂ ਸੰਗਿ ਤਰੀਜੈ ਸਾਗਰੁ ਕਟੀਐ ਜਮ ਕੀ ਫਾਸਾ ਜੀਉ।"

-ਮਾਝ ੫, ੪੭, ੨:੩ (108)

ਤਰੁ ------- (1) ਤਰ ਜਾ, ਤਾਰ ਲੈ

"ਤਰੁ ਤਾਰੀ ਮਨਿ ਨਾਮੁ ਸੁਚੀਤੁ।"
-ਗਉ ੧, ੭, ੧:੪ (153)

(2) ਤਾਰ ਦੇ, ਪਾਰ ਕਰ ਕੇ
"ਅੰਨੁ ਪਾਣੀ ਮੁਚੁ ਉਪਾਇ ਦੁਖ ਦਾਲਦੁ ਭੰਨਿ ਤਰੁ।"
-ਸਾਰ ੪, ਵਾਰ ੩੬ਸ, ੫, ੧:੨ (1251)

ਤਰੁਣ ------ ਜਵਾਨੀ
"ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ।"
-ਸਿਰੀ ਬੇਣੀ, ੧, ੩:੧ (93)

ਤਰੁਣਿ------ ਜੁਆਨ ਇਸਤ੍ਰੀ
"ਜੈਸੀ ਤਰੁਣਿ ਭਤਾਰ ਉਰਝੀ ਪਿਰਹਿ ਸਿਵੈ ਇਹੁ ਮਨੁ ਲਾਲ ਦੀਜੈ।"
-ਆਸਾ ੫, ਛੰਤ ੪, ੪:੨ (455)

ਹੋਰ ਰੂਪ:

ਤਰੁਣੀ-
"ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ।"
-ਧਨਾ ਨਾਮ, ੩, ੩:੨ (693)

ਤਰੁਤਾਰੀ ---- ਬੇੜੀ, ਨੌਕ (ਮਹਾਨਕੋਸ਼, ਸੰਥਿਆ)
"ਮਨ ਰੇ ਹਰਿ ਕੀਰਤਿ ਤਰੁਤਾਰੀ।"
-ਗੂਜ ੪, ਅਸ ੧, ੧*:੧ (506)
(ਤਾਰੀ ਤਰ ਜਾ-(ਸ਼ਬਦਾਰਥ;ਤਾਰੀ ਤਰ (ਨਿਰਣੈ, ਦਰਪਣ))

ਤਰੁਨਾਪੋ----- ਜੁਆਨੀ
"ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ।"
-ਰਾਮ ੯, ੩, ੧:੧ (902)

ਤਰੁਨਿ------ ਜੁਆਨ ਇਸਤ੍ਰੀ
"ਜਿਉ ਤਰੁਨਿ ਭਰਤ ਪਰਾਨ।"
-ਬਿਲਾ ੫, ਅਸ ੨, ੭:੧ (838)

ਤਰੁਨੇ ------ ਜੁਆਨ
"ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮ ਲੈ ਜਈ ਹੈ ਰੇ।"
-ਬਿਲ ਕਬ, ੧, ੧:੧ (855)

ਤਰੂਅ ------ ਰੁਖ, ਦਰਖਤ
"ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ।"
-ਸਵ ੪, ਨਲ ੫:੨ (1399)

ਤਰੇ ------- ਤਰ ਗਏ,ਪਾਰ ਲੰਘ ਗਏ
"ਮਨਮੁਖ ਭਉਜਲਿ ਪਚਿ ਮੁਏ ਗੁਰਮੁਖਿ ਤਰੇ ਅਥਾਹੁ।"
-ਸਿਰੀ ੧, ਅਸ ੧੬, ੮:੩ (64)

ਹੋਰ ਰੂਪ:

ਤਰੇਇ–
“ਅਨਦਿਨੁ ਗੁਣ ਗਾਵੈ ਸੁਖ ਸਹਜੇ ਬਿਖੁ ਭਵਜਲੁ ਨਾਮਿ ਤਰੇਇ।”
–ਰਾਮ ੩, ਵਾਰ ੪ਸ, ੩, ੩:੩ (948)

ਤਰੈ –
“ਮੰਨੈ ਤਰੈ ਤਾਰੇ ਗੁਰੁ ਸਿਖ।” (ਤਰਦਾ ਹੈ, ਪਾਰ ਹੁੰਦਾ ਭਾਵ ਮੁਕਤ ਹੁੰਦਾ ਹੈ)
–ਜਪੁ ੧, ੧੫:੩ (3)

ਤਰੈ ------- (1) ਤਰਦਾ ਹੈ, ਪਾਰ ਹੁੰਦਾ ਹੈ ਵੇਖੋ ‘ਤਰੇ’
(2) ਪਾਣੀ ਦੀ ਸਤਾ ਉਤੇ ਰਹਿਣਾ
“ਨਾ ਜੀਉ ਮਰੈ ਨ ਡੂਬੈ ਤਰੈ।”
–ਗਉ ੧, ੨, ੨:੧ (151)
(3) ਥਲੇ, ਹੇਠਾਂ
“ਜਉ ਗੁਰਦੇਵ ਤ ਬੈਕੁੰਠ ਤਰੈ।”
–ਭੈਰ ਨਾਮ, ੧੧, ੧:੩ (1166)

ਤਰੋਵਰ ----- ਰੁਖ,ਦਰਖਤ
“ਬ੍ਰਹਮ ਨਾਮ ਗੁਣ ਸਾਖ ਤਰੋਵਰ ਨਿਤ ਚੁਨਿ ਚੁਨਿ ਪੂਜ ਕਰੀਜੈ।”
–ਕਲਿ ੪, ਅਸ ੪, ੧:੧ (1325)

ਹੋਰ ਰੂਪ:

ਤਰੋਵਰੁ–
“ਤੂੰ ਵਡ ਪੁਰਖੁ ਅਗੰਮ ਤਰੋਵਰੁ ਹਮ ਪੰਖੀ ਤੁਝ ਮਾਹੀ।”
–ਗੂਜ ੧, ਅਸ ੪, ੮:੧ (505)

ਤਲ ------- (1) ਪੈਰ ਦਾ ਤਲਾ
“ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਨ ਵਿਟਹੁ ਤਲ ਰੋਲੀਆ।”
–ਗਉ ੪, ਵਾਰ ੧੯ਸ, ੪, ੧:੩ (311)
(2) ਹੇਠਲੇ/ਨੀਵੇਂ
“ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ।” (ਹੇਠਲੇ ਸੁਆਸਾਂ ਨੂੰ ਦਸਵੇਂ ਦੁਆਰ ਚੜ੍ਹਾਵੇ)
–ਅਸ ਕਬ, ੭, ੧*:੨ (477)
(3) ਹੇਠਾਂ, ਨੀਚੇ
“ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ।”
–ਮਲਾ ੫, ੧੮, ੧*:੨ (1270)
(4) ਤਲਾ, ਛੰਭ
“ਚਲਿ ਚਲਿ ਗਈਆ ਪੰਖੀਆਂ ਜਿਨੀ ਵਸਾਏ ਤਲ।”
–ਸਲੋ ਫਰ, ੬੬:੧ (1381)

ਤਲਹੀਅਲੁ --- ਥਲਿਓ, ਤਹਿ ਤੋਂ, ਅੰਦਰੋਂ
“ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰ ਪਰਮਲੁ ਕਹੀਐ।”
–ਪ੍ਰਭਾ ੧, ੬, ੩:੧ (1329)

ਤਲਕੀ ------ ਅਧੀਨਤਾ,ਤਾਬਿਆਦਾਰੀ, ਮੁਥਾਜੀ
“ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ।”

-ਵਡ ੪, ਵਾਰ ੧੪:੨ (591)

ਤਲਫੈ ------ ਤੜਫਦੀ ਹੈ

"ਪਾਨੀਆ ਬਿਨੁ ਮੀਨੁ ਤਲਫੈ।"

-ਗੋਂਡ ਨਾਮ, ੪, ੧*:੧ (874)

ਤਲਬ ------ (1) (ਤਲਬ) ਬੁਲਾਵਾ, ਸਦਾ

"ਆਈ ਤਲਬ ਗੋਪਾਲ ਰਾਇ ਕੀ ਮਾਇਆ ਮੰਦਰ ਛੋਡਿ ਚਲਿਓ।"

-ਆਸਾ ਕਬ, ੧੫, ੫:੨ (479)

"ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ।"(ਮੰਗ)

-ਗੂਜ ੩, ਵਾਰ ੧੮ਸ, ੩, ੨:੬ (516)

ਹੋਰ ਰੂਪ:

ਤਲਬਾ–

"ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ।" (ਸਦੇ)

-ਰਾਮ ੩, ਵਾਰ ੧੩ਸ, ੧, ੨:੩ (953)

(2) ਖਾਹਿਸ਼,ਇਛਾ,ਲਾਲਸਾ

"ਜੀਵਨ ਤਲਬ ਨਿਵਾਰਿ ਸੁਆਮੀ।"

-ਰਾਮ ੧, ੨, ੧*:੧ (876)

ਤਲਬੀਐ ---- ਬੁਲਾਏ/ਸੱਦੇਗਾ

"ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ।"

-ਸੂਹੀ ੧, ਅਸ ੨, ੫:੧ (751)

ਤਲਾਉ------ ਤਲਾ,ਤਾਲ, ਸਰ

"ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ।"

-ਸਲੋ ੧, ੭:੨ (1410)

ਤਲਾਹਾ ----- ਹੇਠਾਂ/ਥਲੇ ਵੱਲ

"ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ।"

-ਗੂਜ ੧, ਅਸ ੧, ੨:੧ (503)

ਤਲਿ ------- (1) ਥਾਂ, ਜਗ੍ਹਾ

"ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ।"(ਤਲਾ ਵਾਲੀ ਜਗਾ ਭਾਵ ਜਿਥੇ ਚੋਗਾ ਖੁਲ੍ਹਾ ਮਿਲਦਾ ਹੈ)

-ਸਿਰੀ ੧, ਅਸ ੧੧, ੮:੧ (60)

(2) ਹੇਠਾਂ, ਥਲੇ

"ਪੰਚ ਮਾਰਿ ਪਾਵਾ ਤਲਿ ਦੀਨੇ।"

-ਆਸਾ ਕਬ, ੩, ੨:੩ (476)

"ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ।"(ਥੱਲੇ, ਧਰਤੀ ਥੱਲੇ ਭਾਵ ਕਬਰ ਵਿਚ)

-ਸਲੋ ਫਰ, ੯੭:੧ (1382)

(3) ਪੈਰ ਦਾ ਤਲਾ

“ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ।”
– ਸੂਹੀ ੫, ੪੨, ੧:੨ (745)

ਤਲੀ ------ (1) ਹਥੇਲੀ
“ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ।” (ਹੱਥ ਵਿਚ ਛੇ ਸ਼ਾਸਤਰ ਹਨ)
– ਆਸਾ ੫, ੧੩੨, ੧:੧ (404)
“ਸਿਰੁ ਧਰਿ ਤਲੀ ਗਲੀ ਮੇਰੀ ਆਉ।” (ਹਥੇਲੀ ਉਪਰ)
– ਸਲੋ ੧, ੨੦:੨ (1412)
(2) ਪੈਰ ਦਾ ਤਲਾ
“ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ।” (ਪੈਰਾਂ ਦੇ ਤਲੇ ਦੀ ਧੂੜ ਭਾਵ ਚਰਨ ਧੂੜ)
– ਆਸਾ ੧, ਵਾਰ ੧੦:੧ (468)

ਹੋਰ ਰੂਪ:

ਤਲੀਆਂ –
“ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ।”
– ਸਲੋ ਫਰ, ੯੦:੧ (1382)

ਤਲੇ ------- ਥਲੇ
“ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ।”
(ਸਭ ਦੇ ਥਲੇ ਭਾਵ ਨਿਮਾਣਾ ਹੋ ਕੇ ਰਹਿੰਦਾ ਹੈ)
–ਗਉ ੫, ਸਲੋ ੧੨ ਸ:੧ (278)
“ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਣਿ ਸਭੁ ਪੈਰੀ ਪਾਏ।”(ਹੇਠਾਂ ਤੋਂ)
–ਸੂਹੀ ੪, ੧੨, ੪:੨ (735)

ਹੋਰ ਰੂਪ:

ਤਲੈ–
“ਤਿਸ ਤੇ ਭਾਰੁ ਤਲੈ ਕਵਣੁ ਜੋਰੁ।”
(ਹੇਠਾਂ, ਥਲੇ)
–ਜਪੁ ੧, ੧੬:੧੩ (3)
“ਸੋ ਕਿਸ ਕਉ ਨਦਰਿ ਲੈ ਆਵੈ ਤਲੈ।” (ਨਜ਼ਰ ਹੇਠਾਂ)
–ਗਉ ੫, ੧੦੨, ੩:੨ (186)
“ਤਲੈ ਕੁੰਚਰੀਆ ਸਿਰਿ ਕਨਿਕ ਛਤਰੀਆ।” (ਹੇਠਾਂ ਭਾਵ ਚੜਨ ਲਈ ਹਾਥੀ ਹਨ)
–ਆਸਾ ੫, ੫੫, ੨:੧ (385)

ਤਲੈ ------- (1) ਹੇਠਾਂ, ਵੇਖੋ ‘ਤਲੇ’
(2) ਤਲੀ, ਹਥੇਲੀ
“ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ।”(ਅਠਾਰਾਂ ਸਿਧੀਆਂ ਹੱਥ ਦੀ ਤਲੀ ਤੇ ਆ ਗਈਆਂ)
–ਬਿਲਾ ਰਵਿ, ੧, ੧:੨ (858)

ਤਵ--------- ਤੁਹਾਡੇ, ਤੇਰੇ

"ਸਹਸ ਤਵ ਨੈਨ ਨਨ ਨੈਨ ਹਰਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।"

-ਧਨਾ ੧, ਸੋਲਾ ੩, ੨:੧ (13)

ਤੜ--------- ਝਟ, ਤੁਰੰਤ, ਫੌਰਨ

"ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।"

-ਗਉ ੪, ਵਾਰ ੧੨ਸ, ੪, ੧:੪ (306)

ਤੜਫੜਾਇ --- ਤੜਫੇ, ਵਿਆਕੁਲ ਹੋ ਕੇ ਤੜਫੇ

"ਜਿਉ ਜਲ ਬਿਹੂਨ ਮਛੁਲੀ ਤੜਫੜਾਇ।"

-ਗਉ ੫, ਸੁਖ ੧੩, ੬:੨ (280)

ਹੋਰ ਰੂਪ:

ਤੜਫੜਾਵੈ-

"ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ"

-ਰਾਮ ੫, ਰੁਤੀ ੩:੪ (928)

ਤੜਫਿ------- ਵਿਆਕੁਲ ਰੂਪ ਵਿਚ ਤੜਫ ਕੇ

"ਤੜਫਿ ਮੂਆ ਜਿਉ ਜਲ ਬਿਨੁ ਮੀਨਾ।"

-ਭੈਰ ੫, ੨੮, ੩:੪ (1143)

ਤਾ --------- (1) ਤਿਸ, ਉਸ, ਉਨਾਂ

"ਤਾ ਕੇ ਅੰਤ ਨ ਪਾਏ ਜਾਹਿ" (ਉਸ)

-ਜਪੁ ੧, ੨੪:੮ (5)

"ਤਾ ਕੀਆ ਗਲਾ ਕਥੀਆ ਨਾ ਜਾਹਿ।" (ਉਨ੍ਹਾਂ)

-ਜਪੁ ੧, ੩੬:੫ (8)

(2) ਤਦ,ਤਾਂ

"ਤਾ ਆਖਿ ਨ ਸਕਹਿ ਕੇਈ ਕੇਇ।" (ਤਦ ਵੀ)

-ਜਪੁ ੧, ੨੬:੨੨ (6)

"ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ।" (ਤਦ)

-ਜਪੁ ੧, ੨੬:੨੬ (6)

"ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ।"(ਤਾਂ)

-ਗਉ ੩, ਛੰਤ ੧, ੩:੪ (244)

ਹੋਰ ਰੂਪ:

ਤਾਂ-

"ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ।"

-ਸਿਰੀ ੫, ੭੭, ੩:੩ (44)

(3) ਜਿਸ

"ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ।"

-ਸਿਰੀ ਬੇਣੀ, ੧, ੪:੩ (93)

ਤਾਂ -------- (1) ਤਦ, ਵੇਖੋ 'ਤਾਂ'(2)
(2) ਤੋਂ
"ਮੈਂ ਤਾਂ ਨਾਮੁ ਤੇਰਾ ਆਧਾਰੁ।"
-ਆਸਾ ੧, ੧੮, ੧*:੧ (354)
(3) ਉਥੇ, ਤਿਸ ਸਥਾਨ
"ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ।"
-ਆਸਾ ੧, ਵਾਰ ੧0ਸ, ੧, ੨:੯ (468)
(4) ਇਸ
"ਤਾਂ ਤੇ ਜਾਪਿ ਮਨਾ ਹਰਿ ਜਾਪਿ।"
-ਕਾਨ ੫, ੪੪, ੧*:੧ (1307)
(5) ਉਸ
"ਤਨੁ ਧਨੁ ਜਿਹ ਤੋ ਕਉ ਦੀਓ ਤਾਂ ਸਿਉ ਨੇਹੁ ਨ ਕੀਨ।"
-ਸਲੋ ੯, ੭:੧ (1426)

ਤਾਉ ------- (1) ਤਪ ਕਰਨ ਦੀ ਕ੍ਰਿਆ
"ਅਸੰਖ ਪੂਜਾ ਅਸੰਖ ਤਪੁ ਤਾਉ।"
-ਜਪੁ ੧, ੧੭:੨ (3)

"ਏਹਾ ਭਗਤਿ ਏਹੋ ਤਪ ਤਾਉ।"
-ਆਸਾ ੧, ੬, ੧:੩ (350)
(2) ਆਂਚ, ਸੇਕ
"ਭਉ ਖਲਾ ਅਗਨਿ ਤਪ ਤਾਉ।"
-ਜਪੁ ੧, ੩੮:੩ (8)

"ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ।"
-ਸਿਰੀ ੧, ੧੫, ੨:੩ (19)

ਤਾਊ ------- ਤਾਪ, ਬੁਖਾਰ(ਮਹਾਨਕੋਸ਼)(ਦਰਪਣ); ਉਸ ਨੂੰ (ਸ਼ਬਦਾਰਥ); ਤਪਸ਼,ਗਰਮੀ (ਨਿਰਣੈ)
"ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ।"
-ਆਸਾ ੫, ੩੧, ੧:੧ (378)

ਤਾਇਓ ----- ਗਰਮ ਕੀਤਾ
"ਜਿਉ ਕੰਚਨੁ ਬੈਸੰਤਰਿ ਤਾਇਓ ਮਲੁ ਕਾਟੀ ਕਟਿਤ ਉਤਾਰੀ।"
-ਧਨਾ ੪, ੧, ੨:੨ (666)

ਤਾਈ ------ (1) ਲਈ, ਵਾਸਤੇ
"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।"
-ਮਾਝ ੫, ੮, ੧:੧ (96)
(2) ਨਮਿਤ, ਖਾਤਰ
"ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ।"
-ਗਉ ੪, ੪੮, ੩:੧ (166)
"ਕਰੈ ਬਿਕਾਰ ਜੀਅਰੈ ਕੈ ਤਾਈ।" (ਜਿਊਣ ਦੀ ਖਾਤਰ)
-ਰਾਮ ੫, ੫੨, ੨:੩ (899)

ਹੋਰ ਰੂਪ:

ਤਾਂਈ–
"ਖਿਨੁ ਤਿਲੁ ਰਹਿ ਨ ਸਕੈ ਪਲੁ ਜਲ ਬਿਨੁ ਮਰਨੁ ਜੀਵਨ ਤਿਸੁ ਤਾਂਈ।"
–ਮਲਾ ੧, ਅਸ ੧, ੪:੨ (1273)

(3) ਤਕ, ਤੀਕ, ਤੋੜੀ
"ਇਹੁ ਸਰੀਰੁ ਕੂੜਿ ਕੁਸਤਿ ਭਰਿਆ ਗਲ ਤਾਈ ਪਾਪ ਕਮਾਏ।"
–ਗਉ ੩, ਛੰਤ ੩, ੧:੪ (245)

ਹੋਰ ਰੂਪ:

ਤਾਂਈ–
"ਨਾਨ੍ਹੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਂਈ।"
–ਮਲਾ ੧, ਅਸ ੨, ੪:੨ (1274)

ਤਾਂਈ–
"ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਂਈ ਨੀਰੁ।"
–ਸਲੋ ਫਰ, ੯੬:੨ (1382)

(4) ਅਧੀਨ, ਵਸ
"ਜੀਵਣੁ ਮਰਣਾ ਸਭੁ ਤੁਧੈ ਤਾਈ।"
–ਮਾਝ ੩, ਅਸ ੨, ੮:੨ (110)

(5) ਸਦਕਾ, ਕਾਰਨ
"ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ।"
–ਆਸਾ ਕਬ, ੯, ੪:੧ (478)

(6) ਉਸ ਵਿਚ
"ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ।"
–ਮਾਰੂ ੧, ਸੋਲਾ ੬, ੯:੩ (1026)

ਤਾਈਜਾ ----- ਤਾਇਆ/ਗਰਮ ਕੀਤਾ ਜਾਂਦਾ
"ਪਰਖਿ ਖਜਾਨੈ ਪਾਇਆ ਸਰਾਫੀ ਫਿਰਿ ਨਾਹੀ ਤਾਈਜਾ ਹੇ।"
–ਮਾਰੂ ੫, ਸੋਲਾ ੩, ੧੬:੩ (1074)

ਤਾਸ ------- (1) ਤਿਸ/ਉਸ ਦੇ
"ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ।"
–ਸਿਰੀ ੧, ੯, ੪:੩ (17)

(2) ਸੁਆਮੀ, ਮਾਲਕ (ਮਹਾਨਕੋਸ਼), ਖਜ਼ਾਨਾ (ਸ਼ਬਦਾਰਥ), ਨਿਰਣੈ, ਦਰਪਣ)
ਹੇਠਾਂ ਵੇਖੋ 'ਤਾਸੁ' (2)
"ਹੇ ਪੂਰਨ ਹੇ ਸਰਬ ਮੈਂ ਦੁਖ ਭੰਜਨ ਗੁਣ ਤਾਸ"
–ਗਉ ੫, ਬਾਅ ੫੨:੨ (261)

ਹੋਰ ਰੂਪ:

ਤਾਸਾ–
"ਸਿਮਰਹਿ ਚੰਦ ਸੂਰਜ ਗੁਣ ਤਾਸਾ।"
–ਮਾਰੂ ੫, ਸੋਲਾ ੮, ੧:੨ (1078)

(3) ਉਸ

“ਕਿਆ ਹਮ ਕਿਰਮ ਕਿਆ ਕਰਮ ਕਮਾਵਹਿ ਮੂਰਖ ਮੁਗਧ ਰਖੇ ਪ੍ਰਭ ਤਾਸ।”

-ਕਾਨ ੪, ੩, ੩:੧ (1295)

ਤਾਸਿ ------ ਉਸ ਵਲ

“ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ।”

-ਗਉ ੯, ੩, ੧:੨ (219)

ਤਾਸੁ ------- (1) ਉਸ ਤੋਂ

“ਸਤਿਗੁਰੁ ਸੇਵੇ ਆਪਣਾ ਹਉ ਸਦ ਕੁਰਬਾਣੈ ਤਾਸੁ।”

-ਸਿਰੀ ੧, ੧੮, ੩:੨ (21)

(2) ਖਜ਼ਾਨਾ, ਭਾਂਡਾ, ਸੰਗ੍ਰਹਿ

“ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣ ਤਾਸੁ।”

-ਸਿਰੀ ੩, ੩੪, ੪:੪ (26)

(3) ਉਸ ਦਾ/ਉਸ ਦੀ

“ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ।”

-ਸਿਰੀ ੧, ਅਸ ੬, ੧:੨ (56)

“ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ।”

-ਸਿਰੀ ੧, ਅਸ ੧੬, ੧:੨ (63)

“ਜਨ ਨਾਨਕ ਨਾਮੁ ਧਿਆਇ ਤੂ ਸਭਿ ਕਿਲਵਿਖ ਕਟੇ ਤਾਸੁ।”(ਉਸ ਦੇ)

-ਗਉ ੪, ਵਾਰ ੬ਸ, ੪, ੨:੪ (302)

(ਮਹਾਨਕੋਸ਼, ਇਥੇ ਅਰਥ ਤ੍ਰਾਸ ਭੈ ਦੇ ਕਰਦਾ ਹੈ)

(4) ਤ੍ਰੇਹ, ਪਿਆਸ

“ਜਪਿ ਹਰਿ ਚਰਣ ਮਿਟੀ ਖੁਧਿ ਤਾਸੁ।”

-ਗਉ ੫, ੧੪੯, ੧*:੨ (195)

(5) ਉਸ

“ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ।”

-ਗਉ ੫, ਬਾਅ ੧੫:੧ (253)

(6) ਉਸ ਨੂੰ

“ਜਹ ਉਹੁ ਜਾਇ ਤਹੀ ਸੁਖੁ ਪਾਵੈ ਮਾਇਆ ਤਾਸੁ ਨ ਝੋਲੈ ਦੇਵ।”

-ਬਿਲਾ ਕਬ, ੧੨, ੨:੧ (857)

(7) ਤ੍ਰਾਹ ਤ੍ਰਾਹ ਕਰਕੇ, ਬਚਾਓ ਬਚਾਓ ਦੀ ਪੁਕਾਰ ਕਰਕੇ

“ਤਾਸੁ ਤਾਸੁ ਧਰਮ ਰਾਇ ਜਪਤੁ ਹੈ ਪਏ ਸਚੇ ਕੀ ਸਰਨਾ।”

-ਮਾਰੂ ੩, ੧, ੫:੨ (993)

(8) ਉਹ

“ਸਰੁ ਸੰਤੋਖੁ ਤਾਸੁ ਗੁਰੁ ਹੋਇ।”(ਉਹ ਗੁਰੂ ਹੀ)

-ਪ੍ਰਭਾ ੧, ੬, ੧*:੨ (1329)

ਤਾਹ ------- ਉਸ ਨੇ

“ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ।”

-ਆਸਾ ੧, ਵਾਰ ੮ਸ, ੧, ੧:੬ (467)

ਤਾਹਾ------- (1) ਉਥੇ, ਹੋਰ ਵੇਖੋ ‘ਤਾਹਿ’ (3)

“ਅਨਦ ਬਿਨੋਦ ਮੰਗਲ ਸੁਖ ਤਾਹਾ।”
-ਸੂਹੀ ੫, ੨੬, ੧:੨ (742)

(2) ਉਸ ਦੀ, ਉਸ ਦੇ, ਹੋਰ ਵੇਖੋ ‘ਤਾਹਿ’ (1)
“ਜਾ ਕਉ ਅਲਖੁ ਲਖਾਏ ਆਪੇ ਅਕਥ ਕਥਾ ਬੁਧਿ ਤਾਹਾ ਹੇ।”
-ਮਾਰੂ ੧, ਸੋਲਾ ੧੨, ੬:੩ (1032)
“ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ।” (ਉਸ ਦੇ)
-ਮਾਰੂ ੫, ਸੋਲਾ ੧, ੯:੨ (1072)

(3) ਉਸ ਨੂੰ, ਹੋਰ ਵੇਖੋ ‘ਤਾਹਿ’ (2)
“ਅੰਧੁਲੇ ਕੀ ਮਤਿ ਅੰਧਲੀ ਬੋਲੀ ਆਇ ਗਇਆ ਦੁਖੁ ਤਾਹਾ ਹੇ।”
-ਮਾਰੂ ੧, ਸੋਲਾ ੧੨, ੧੧:੩ (1033)

ਤਾਹਿ------- (1) ਉਸ ਦੀ
“ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ।”
-ਸਿਰੀ ੧, ੧੫, ੪:੩ (20)

(2) ਉਸ ਨੂੰ, ਇਸ ਨੂੰ
“ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ।” (ਉਸ ਨੂੰ)
- ਗਉ ੯, ੩, ੨:੧ (219)
“ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ।” (ਇਸ ਨੂੰ)
-ਆਸਾ ੧, ਵਾਹ ੧੩ਸ, ੧, ੧:੨ (470)

(3) ਉਥੇ
“ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ।”
-ਗਉ ੯, ੬, ੨:੨ (220)

(4) ਉਸ ਲਈ, ਉਸ ਵਾਸਤੇ
“ਹਰਿ ਚਰਨ ਬੋਹਿਥ ਤਾਹਿ।”
-ਬਿਲਾ ੫, ਅਸ ੨, ੧੦:੫ (838)

(5) ਉਸ ਨਾਲ
“ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ।”
-ਬਸੰ ੯, ੧, ੧:੨ (1186)

ਤਾਹੀ------- (1) ਉਥੇ ਹੀ
“ਠਾਕੁਰ ਜਾ ਸਿਮਰਾ ਤੂੰ ਤਾਹੀ।”
-ਗੂਜ ੫, ੧੯, ੧*:੧ (499)

(2) ਤਦੇ ਹੀ, ਤਾਂ ਹੀ
“ਨਿਰਮਲ ਨਾਮੁ ਜਪਹੁ ਸਦ ਗੁਰਮੁਖਿ ਅੰਤਰ ਕੀ ਗਤਿ ਤਾਹੀ ਜੀਉ।”
-ਸੋਰ ੧, ੯, ੩:੨ (598)

(3) ਉਨ੍ਹਾਂ ਵਿਚ
“ਸੰਤ ਸੇਵਕ ਭਗਤ ਹਰਿ ਤਾ ਕੇ ਨਾਨਕ ਮਨੁ ਲਾਗਾ ਹੈ ਤਾਹੀ।”
-ਬਿਲਾ ੫, ੧੦੦, ੨:੨ (824)

(4) ਉਸੇ ਦੇ
“ਪੂਰਨ ਕਾਜੁ ਤਾਹੀ ਕਾ ਹੋਇ।”
-ਭੈਰ ੫, ੩੩, ੪:੨ (1145)

“ਸਗਲ ਮਨੋਰਥ ਪੂਰਨ ਤਾਹੂ ਕੇ ਦੂਖੁ ਨ ਬਿਆਪੈ ਕੋਇ।” (ਉਨ੍ਹਾਂ)
–ਸਾਰ ੫, ੯੭, ੧*:੨ (1223)

ਤਾਹੂ ------- (1) ਉਸੇ ਨੂੰ
“ਬਿਨਸਿ ਜਾਇ ਤਾਹੂ ਲਪਟਾਵੈ।”
–ਗਉ ੫, ੭੮, ੧*:੨ (178)

(2) ਉਸ ਨੂੰ
“ਧੰਧੇ ਕਹਾ ਬਿਆਪਹਿ ਤਾਹੂ।”
–ਗਉ ੫, ਬਾਅ ੪:੫ (251)

(3) ਤੇਰੇ
“ਤਾਹੂ ਸੰਗਿ ਨ ਧਨੁ ਚਲੈ ਗ੍ਰਿਹ ਜੋਬਨ ਨਹ ਰਾਜ।”
–ਗਉ ੫, ਬਾਅ ੩੨:੫ (257)

(4) ਉਸੇ ਹੀ
“ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ।”
–ਸੂਹੀ ੫, ੪੩, ੧*:੧ (745)

(5) ਫਿਰ ਵੀ, ਤਾਂ ਵੀ
“ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ।”
–ਸਲੋ ੧, ੩:੧ (1410)

(6) ਉਹੀ
“ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ।”
–ਸਲੋ ੧, ੩:੨ (1410)

ਤਾਕ -------ਕਪਾਟ, ਦਰਵਾਜੇ
“ਹਰਿ ਕੇ ਸੰਤ ਮਿਲੇ ਹਰਿ ਪ੍ਰਗਟੇ ਉਘਰਿ ਗਏ ਬਿਖਿਆ ਕੇ ਤਾਕ।”
–ਕਾਨ ੪, ੪, ੧:੨ (1295)

ਤਾਕਹਿ ----- ਵੇਖ ਕੇ
“ਉਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ।”
–ਰਾਮ ੧, ਓਅੰ ੩੩:੩ (934)

ਤਾਕੀ ------ਤਕੀ
“ਪਾਰਬ੍ਰਹਮ ਕੀ ਸਰਣਿ ਜਨ ਤਾਕੀ।”
–ਗਉ ੫, ੧੧੪, ੧*:੨ (188)

ਤਾਕੁ ------- (1) ਦਰਵਾਜ਼ਾ, ਭਿਤ
“ਦਿਸੈ ਸਚਾ ਮਹਲੁ ਖੁਲੈ ਭਰਮ ਤਾਕੁ।”
–ਰਾਮ ੫, ਵਾਰ ੫:੪ (959)

(2) ਤਾਕ ਹੋ ਕੇ, ਸੋਚ ਸਮਝ ਕੇ (ਸ਼ਬਦਾਰਥ), ਆਪ ਹੀ ਆਪ (ਨਿਰਣੈ)/ਦਰਪਣ)
“ਗੁਪਤ ਪ੍ਰਗਟ ਹਰਿ ਘਟਿ ਘਟਿ ਦੇਖਹੁ ਵਰਤੈ ਤਾਕੁ ਸਬਾਇਆ।”
–ਮਾਰੂ ੧, ਸੋਲਾ ੨੨, ੨:੩ (1042)

ਤਾਕੈ -------ਵੇਖੇ

"ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ।"
-ਧਨਾ ੫, ੩੬, ੧*:੨ (680)

ਤਾਕੋ ਤਾਕੁ --- ਇਕਲਾ ਆਪ ਹੀ ਆਪ, ਇਕੋ ਇਕ, ਪੂਰਨ ਅਦੁਤੀ
"ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।"
-ਆਸਾ ੧, ਵਾਰ ੩ਸ, ੧, ੨:੯ (464)

ਤਾਖਤੀ ----- (ਫਾ. ਤਾਖ਼ਤਨ) ਦੌੜ ਭਜ
"ਇਕਨੀ ਬਧੇ ਭਾਰ ਇਕਨਾ ਤਾਖਤੀ।"
-ਮਾਝ ੧, ਵਾਰ ੧੦:੮ (142)

ਤਾਗ ------- ਧਾਗਾ, ਡੋਰਾ, ਭਾਵ ਜਨੇਊ
"ਛੁਰੀ ਵਗਾਇਨਿ ਤਿਨ ਗਲਿ ਤਾਗ।"
-ਆਸਾ ੧, ਵਾਰ ੧੬ਸ, ੧, ੨:੨ (471)

ਤਾਗਰੀ ----- ਤੜਾਗੀ, ਧਾਗੇ ਧੂਗੇ (ਸ਼ਬਦਾਰਥ), ਠੂਠੀ (ਨਿਰਣੈ, ਦਰਪਣ)
"ਚਿਰਗਟ ਫਾਰਿ ਚਟਾਰਾ ਲੈ ਗਇਓ ਤਰੀ ਤਾਗਰੀ ਛੂਟੀ।"
(ਕੂਜੀ ਤੇ ਠੂਠੀ ਬਾਕੀ ਰਹਿ ਗਈ)
-ਆਸਾ ਕਬ, ੧੬, ੫:੨ (480)

ਤਾਗਾ ------ (1) ਡੋਰ, ਤੰਦੀ, ਧਾਗਾ
"ਤਾਗਾ ਤੂਟਾ ਗਗਨੁ ਬਿਨਸੁ ਗਇਆ ਤੇਰਾ ਬੋਲਤ ਕਹਾ ਸਮਾਈ।"
(ਸੁਆਸਾਂ ਰੂਪੀ ਡੋਰ)
-ਗਉ ਕਬ, ੫੨, ੧*:੧ (334)

ਹੋਰ ਰੂਪ:

ਤਾਗਿ-
"ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ।" (ਧਾਗੇ ਵਿਚ)
-ਸੋਰ ੫, ੪, ੩:੧ (609)

(2) ਤਗਿਆ, ਕਾਇਮ ਰਹਿਆ
ਨਿਰਣੇ (ਸ਼ਬਦਾਰਥ), ਗਿਆਨਵਾਨ (ਮਹਾਨਕੋਸ਼), ਟਾਕਰਾ ਕਰਨ ਜੋਗਾ (ਦਰਪਣ)
"ਜਿਸਹਿ ਧਿਆਇਆ ਪਾਰਬ੍ਰਹਮੁ ਸੋ ਕਲਿ ਮਹਿ ਤਾਗਾ।"
-ਰਾਮ ੫, ਵਾਰ ੧੭:੫ (965)

ਤਾਗੇ-
(1) ਦੌੜਦੇਹਨ (ਸ਼ਬਦਾਰਥ), ਗਿਆਨਵਾਨ (ਮਹਾਨਕੋਸ਼), ਪਕੇ ਰਹੇ (ਨਿਰਣੇ), ਤੋੜ ਨਿਬੇ (ਦਰਪਣ)
"ਬਿਨਵੰਤਿ ਨਾਨਕ ਸਰਣਿ ਸੁਆਮੀ ਸਦਾ ਹਰਿ ਜਨ ਤਾਗੇ।"
-ਆਸਾ ੫, ਛੰਤ ੧੦, ੪:੬ (459)

(2) ਧਾਗੇ, ਡੋਰੀ
"ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ।"
-ਸੂਹੀ ੩, ਵਾਰ, ੪ਸ, ੧, ੨:੧ (786)
"ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ।" (ਭਾਵ ਜੀਵ ਆਤਮਾ)
-ਸਲੋ ਕਬ, ੪੭:੨ (1366)

ਹੋਰ ਰੂਪ:
ਤਾਗੈ–
"ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ।"
-ਸਿਰੀ ੧, ਅਸ ੯, ੪:੨ (58)
ਤਾਗੋ–
"ਇਹੁ ਜਗੁ ਤਾਗੋ ਸੂਤ ਕੋ ਭਾਈ ਦਹ ਦਿਸ ਬਾਧੋ ਮਾਇ।"
-ਸੋਰ ੧, ਅਸ ੨, ੬:੧ (635)

ਤਾਚੀ ------ ਤਿਸ ਦੀ, ਉਸਦੀ
"ਕਹਤ ਨਾਮਦੇਉ ਤਾਚੀ ਆਣਿ।"
-ਸਾਰ ਨਾਮ, ੧, ੪:੩ (1252)
ਹੋਰ ਰੂਪ:
ਤਾਂਚੀ–
"ਪ੍ਰਣਵੈ ਨਾਮਦੇਉ ਤਾਂਚੀ ਆਣਿ।" (ਉਸ ਦੀ ਸ਼ਰਨ ਵਿਚ)
-ਮਲਾ ਨਾਮ, ੧, ੫:੪ (1292)

ਤਾਚੇ ------- (1) ਉਸ ਦਾ / ਉਸ ਦੇ
"ਆਪੇ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਹਹਿ ਤਾਚੇ।"
-ਗਉ ੪, ੫੫, ੪:੧ (169)
(2) ਇਸ ਕਰਕੇ
"ਪੂਰਬਲੋ ਕ੍ਰਿਤ ਕਰਮੁ ਨਿ ਮਿਟੈ ਰੀ ਘਰ ਗੇਹਣਿ ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ।"
-ਧਨਾ ਤਿਲੋ, ੧, ੬:੧ (695)

ਤਾਜ ------- (ਅੰ. ਤਾਜਾ) ਮੁਕਟ, ਬਾਦਸ਼ਾਹਿਤ ਦਾ ਪ੍ਰਤੀਕ ਸਿਰ ਦਾ ਭੂਸ਼ਨ
"ਤਾਜ ਕੁਲਹ ਸਿਰਿ ਛਤ੍ਰੁ ਬਨਾਵਉ।"
-ਗਉ ੧, ਅਸ ੧੦, ੬:੨ (225)

ਤਾਜਨਿ ----- ਚੰਗੀ ਨਸਲ ਦੀ ਅਰਬੀ ਘੋੜੀ
"ਇਕ ਤਾਜਨਿ ਤੁਰੀ ਚੰਗੇਰੀ।"
-ਧਨਾ ਧੰਨਾ, ੧, ੨:੨ (695)

ਤਾਜੀ------- ਅਰਬੀ ਨਸਲ ਦਾ ਘੋੜਾ
"ਤਾਜੀ ਰਥ ਤੁਖਾਰ ਹਾਥੀ ਪਾਖਰੇ।"
-ਮਾਝ ੧, ਵਾਰ ੮:੫ (141)

ਤਾਣ ------- ਬਲ, ਸ਼ਕਤੀ
"ਤਾਣ ਹੋਦੇ ਹੋਇ ਨਿਤਾਣਾ।"
-ਸਲੋ ਫਰ, ੧੨੮:੨ (1384)

ਤਾਣਾ ------ ਬਲ, ਸ਼ਕਤੀ
"ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ।"
-ਸਿਰੀ ੧, ਪਹ ੨, ੪:੩ (76)

“ਤੁਝ ਊਪਰਿ ਮੇਰਾ ਹੈ ਮਾਣਾ ਤੂਹੈ ਮੇਰਾ ਤਾਣਾ ਰਾਮ।” (ਬਲ/ਸਹਾਰਾ)
-ਸੂਹੀ ੫, ਛੰਤ ੪, ੩:੧ (779)

ਹੋਰ ਰੂਪ:

ਤਾਣਿ-
“ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ।”
-ਸਿਰੀ ੪, ਵਾਰ ੭ਸ, ੧, ੨:੫ (85)

ਤਾਣਿ ------ (1) ਬਲ, ਸ਼ਕਤੀ, ਵੇਖੋ ‘ਤਾਣਾ’
“ਸਾਹਿਬ ਸੰਮ੍ਰਿਥ ਤੇਰੈ ਤਾਣਿ।”
(ਤੇਰੇ ਬਲ ਨਾਲ)
-ਮਲਾ ੧, ੯, ੨:੨ (1257)
(2) ਤਾਣ ਕੇ, ਸਿਸ਼ਤ ਲੈ ਕੇ
“ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ।”
-ਆਸਾ ੧, ਅਸ ੧੨, ੫:੨ (418)

ਤਾਣਿਅਉ---- ਤਣਿਆ, ਲਾਇਆ, ਖਿਲਾਰਿਆ
“ਗੁਰ ਰਾਮਦਾਸ ਤਨੁ ਸਰਬ ਮੈ ਸਹਜਿ ਚੰਦੋਆ ਤਾਣਿਅਉ।”
-ਸਵ ੫, ਕਲ ੭:੫ (1407)

ਹੋਰ ਰੂਪ:

ਤਾਣਿਆ-
“ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ।”
-ਮਲਾ ੧, ਵਾਰ ੧:੨ (1279)

ਤਾਣੀ ------ ਕਪੜੇ ਦਾ ਲੰਮੇ ਰੁਖ ਤਣਿਆ ਹੋਇਆ ਸੂਤ
“ਉਰਝੀ ਤਾਣੀ ਕਿਛੁ ਨ ਬਸਾਇ।”
-ਪ੍ਰਭਾ ੧, ੧੧, ੧:੪ (1330)

ਤਾਣੁ ------- (1) ਜ਼ੋਰ, ਬਲ
“ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।”
-ਜਪੁ ੧, ੩:੧ (1)
“ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਣਉ ਆਪਾ।” (ਆਸਰਾ)
-ਸਿਰੀ ੫, ੯੭, ੨:੧ (51)
“ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ।” (ਜ਼ੋਰ, ਤਾਕਤ)
-ਬਿਹਾ ੫, ਛੰਤੰ ੬, ੧:੨ (545)
(2) ਤਾਣਾ, ਤਾਣੀ
“ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ।”
-ਸੂਹੀ ੩, ਵਾਰ ੧੪ਸ, ੧, ੧:੫ (790)

ਤਾਤ ------- ਰੁਚੀ, ਚਾਹ
“ਕਨਿਕ ਮੰਦਰ ਪਾਟ ਸੇਜ ਸਖੀ ਮੋਹਿ ਨਾਹਿ ਇਨ ਸਿਉ ਤਾਤ।”
-ਕਾਨ ੫, ੪੨, ੧:੧ (1306)

ਤਾਤਉ------ ਤਪਿਆ ਹੋਇਆ, ਤੱਤਾ

ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਉ।”

-ਆਸਾ ੧, ਛੰਤ ੫, ੨:੪ (439)

ਤਾਤਾ------- (1) ਤਤਾ, ਤਤੀ, ਗਰਮ

“ਤੁਝੈ ਨ ਲਾਗੇ ਤਾਤਾ ਝੋਲਾ।”

-ਗਉ ੫, ੭੯, ੧*:੨ (179)

(2) ਈਰਖਾ, ਸਾੜਾ

“ਵਿਸਰੀ ਤਿਸੈ ਪਰਾਈ ਤਾਤਾ।”

-ਗਉ ੫, ੧੧੭, ੧:੨ (189)

ਹੋਰ ਰੂਪ:

ਤਾਤਿ–

“ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ।”

-ਗਉ ੫, ੧੬੧*, ੩:੨ (215)

(3) ਦੁਖਦਾਈ

“ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ।”

-ਆਸਾ ੧, ਛੰਤ ੫, ੧:੨ (438)

(4) ਸੜਿਆ ਹੋਇਆ

“ਜਲਤਾ ਫਿਰੈ ਰਹੈ ਨਿਤ ਤਾਤਾ।”

-ਮਾਰੂ ੫, ਸੋਲ ੧੪, ੭:੨ (1086)

ਤਾਤਿ ------ (1) ਈਰਖਾ, ਸਾੜਾ, ਵੇਖੋ, ‘ਤਤਾ’ (2)

(2) ਚਿੰਤਾ

“ਛਾਡਿ ਵਿਡਾਣੀ ਤਾਤਿ ਮੂੜੇ।”

-ਰਾਮ ੫, ੨੩, ੧*:੧ (889)

ਤਾਤੀ------- (1) ਤਤੀ, ਗਰਮ

“ਕਲਿ ਤਾਤੀ ਠਾਂਢਾ ਹਰਿ ਨਾਉ।”

-ਗਉ ੫, ਸੁਖ ੧੯, ੩:੫ (288)

(2) ਅਗਨੀ

“ਠੰਢੀ ਤਾਤੀ ਮਿਟੀ ਖਾਈ।” (ਸਰੀਰ ਨੂੰ ਪਾਣੀ ਅਗਨੀ ਜਾਂ ਮਿੱਟੀ ਖਾ ਲੈਂਦੀ ਹੈ)

-ਆਸਾ ੫, ੩੩, ੧*:੧ (378)

(3) ਦੁਖ, ਚਿੰਤਾ, ਸਾੜਾ

“ਤੂ ਅਡੋਲੁ ਕਦੇ ਡੋਲਹਿ ਨਾਹੀ ਤਾ ਹਮ ਕੈਸੀ ਤਾਤੀ।”

-ਰਾਮ ੫, ੬, ੧:੨ (884)

ਤਾਂਤੀ------- ਤਣਨ ਬੁਣਨ ਵਾਲਾ ਜੁਲਾਹਾ

“ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ।”

-ਆਸਾ ਕਬ, ੩੬, ੩:੧ (484)

ਤਾਤੁ ------- ਤੁਰਤ, ਛੇਤੀ ਛੇਤੀ

“ਜਿਨਿ ਜਿਹਵਾ ਦਿਤੀ ਬੋਲੇ ਤਾਤੁ।”

–ਧਨਾ ੧, ੫, ੨:੨ (662)

(ਮਹਾਨਕੋਸ਼ ਇਸ ਦੇ ਅਰਥ 'ਪਿਆਰਾ' ਦਿੰਦਾ ਹੈ)

ਤਾਤੇ ------- (1) ਈਰਖਾ

"ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ ਹਉਮੈ ਲਗੀ ਤਾਤੇ।"

–ਤੁਖਾ ੧, ਛੰਤ ੪, ੧:੪ (1111)

(2) ਉਸ ਤੋਂ

"ਤਾਤੇ ਭਲੀ ਮਧੁਕਰੀ ਸੰਤਸੰਗਿ ਗੁਨ ਗਾਇ।"

–ਸਲੋ ਕਬ, ੧੫੦:੨ (1372)

(3) ਇਸ ਲਈ, ਇਸ ਕਰਕੇ

"ਤਾਤੇ ਮੋਹਿ ਧਾਰੀ ਓਟ ਗੋਪਾਲ।"

ਧਨਾ ੫, ੨੧, ੧*:੧ (676)

ਤਾਨ ------- ਸੁਰ, ਆਲਾਪ

"ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ।"

ਰਾਗ ੧:੨੪ (1430)

ਤਾਨਾ------- (1) ਤਾਣਾ, ਤਣੇ ਹੋਏ ਧਾਗਿਆਂ ਦਾ ਸਮੂਹ

"ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ।"

–ਆਸਾ ਕਬ, ੨੬, ੧:੧ (482)

ਹੋਰ ਰੂਪ:

ਤਾਨਾਂ

"ਤਬ ਹਮ ਇਤਨਕੁ ਪਸਰਿਓ ਤਾਨਾਂ।"

–ਆਸਾ ਕਬ, ੩੬, ੧:੨ (484)

(2) ਕਪੜੇ ਦੀ ਲੰਮੇ ਰੁਖ ਦੀ ਤੰਦ

"ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ।"

–ਬਿਲਾ ਕਬ, ੪, ੧:੨ (856)

(3) ਰਾਗ ਦਾ ਪਲਟਾ

"ਬਾਜਾ ਮਾਣੁ ਤਾਣੁ ਤਜਿ ਤਾਨਾ ਪਾਉ ਨ ਬੀਗਾ ਘਾਲੈ।"

–ਰਾਮ ੫, ੮, ੨:੨ (885)

(4) ਤਾਣ, ਤਾਕਤ, ਆਸਰਾ

"ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ।"

–ਸਾਰ ੫, ੫੭, ੧:੨ (1215)

ਤਾਨਿ------- ਤਾਣ ਕੇ, ਉਪਰ ਲੈ ਕੇ

"ਮੰਦਰ ਸੋਵਹਿ ਪਟੰਬਰ ਤਾਨਿ।"

–ਰਾਮ ਕਬ, ੯, ੫:੨ (971)

ਤਾਨਿਆ------ ਤਾਣਾ ਤਣਿਆ

"ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ।"

–ਆਸਾ ਧੰਨਾ, ੧, ੧:੨ (487)

ਤਾਨੀ-------- ਬਲ ਵਾਲਾ, ਸ਼ਕਤੀਸ਼ਾਲੀ

"ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ।"

-ਟੋਡੀ ੫, ੧, ੧:੧ (711)

ਤਾਨੁ -------- (1) ਬਲ, ਸਮਰਥਾ

"ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ।"

-ਆਸਾ ੫, ੧੫੨, ੪:੨ (408)

(2) ਤਾਣਾ

"ਸਾਕਤ ਸੂਤੁ ਬਹੁ ਗੁਰਝੀ ਭਰਿਆ ਕਿਉ ਕਰਿ ਤਾਨੁ ਤਨੀਜੈ।"

-ਕਲਿ ੪, ਅਸ ੨, ੬:੧ (1324)

ਤਾਨੈ -------- ਖਿਚੇ

"ਸੋ ਸੁਰਤਾਨੁ ਜੁ ਦੁਇ ਸਰ ਤਾਨੈ।"

-ਭੈਰ ਕਬ, ੧੧, ੩:੧ (1160)

ਤਾਪ -------- (1) ਦੁਖ, ਕਲੇਸ਼

"ਤਾਪ ਗਏ ਪਾਈ ਪ੍ਰਭਿ ਸਾਂਤਿ।"

-ਗਉ ੫, ੧੨੮, ੧:੧ (191)

"ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ।" (ਸਾੜੇ)

-ਸੂਹੀ ੫, ਛੰਤ ੩, ੪:੪ (779)

(2) ਤਪਸਿਆ

"ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ।"

-ਗਉ ੫, ੧੫੫*, ੨:੧ (213)

(3) ਤਪਸ਼, ਗਰਮੀ, ਬੁਖਾਰ ਰੋਗ

"ਤਾਤਾ ਕਛੂ ਨ ਹੋਈ ਹੈ ਜਉ ਤਾਪ ਨਿਵਾਰੈ ਆਪ।" (ਹਉਮੈ ਦਾ ਤਾਪ)

-ਗਉ ੫, ਬਾਅ ੩੨:੭ (257)

"ਤ੍ਰਉਦਸੀ ਤੀਨਿ ਤਾਪ ਸੰਸਾਰ।" (ਤ੍ਰੈ ਗੁਣਾਂ ਰਜੋ ਤਮੋ ਸਤੋ ਤੋਂ ਉਪਜਿਆ ਵਿਕਾਰ)

-ਗਉ ੫, ਥਿਤੀ ੧੩:੧ (299)

"ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ।" (ਤਿੰਨ ਤਾਪ ਹਨ- (ਆਧ (ਮਨ ਦਾ) ਬਿਆਨ (ਸਰੀਰ ਦਾ) ਉਪਾਧ (ਭੁਲੇਖੇ ਦਾ)

-ਟੋਂਡ ੫, ੧੩, ੧:੧ (714)

ਤਾਪਹਿ ------ (1) ਤਪ ਕਰਦਾ ਹੈ, ਤਪਦਾ ਹੈ

"ਤੇਰੀ ਅਨਿਕ ਤੇਰੀ ਅਨਿਕ ਕਰਹਿ ਹਰਿ ਪੂਜਾ ਜੀ ਤਪੁ ਤਾਪਹਿ ਜਪਹਿ ਬੇਅੰਤਾ।"

-ਆਸਾ ੪, ਸੁਪੁ ੧, ੪:੩ (11)

"ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ।"

-ਆਸਾ ੪, ਛੰਤ ੧੧, ੩:੨ (445)

(2) ਤਪਸ਼ ਵਿਚ ਆਉਂਦਾ ਹੈ, ਗਰਮ ਹੁੰਦਾ ਹੈ

"ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ।"

-ਤੁਖਾ ੧, ਬਾਰਾ ੭:੨ (1108)

ਤਾਪਤੇ------- ਤਪਦੇ ਹਨ, ਗਰਮ ਹੁੰਦੇ ਹਨ

"ਜੈਸੇ ਤਾਪਤੇ ਨਿਰਮਲ ਘਾਮਾ।"
-ਗੋਂਡ ਨਾਮ, ੪, ੫:੧ (874)

ਤਾਪਨ ------ ਤਪਾਉਣਾ
"ਤਪੁ ਤਾਪਨ ਤਾਪਹਿ ਜਗ ਪੁੰਨ ਆਰੰਭਹਿ ਅਤਿ ਕਿਰਿਆ ਕਰਮ ਕਮਾਇ ਜੀਉ।"
-ਆਸਾ ੪, ਛੰਤ ੧੧, ੩:੨ (445)

ਤਾਪਰੁ ------ (1) ਉਸ ਸਮੇਂ, ਤਦ ਹੀ
"ਨਾਨਕ ਤਾਪਰੁ ਜਾਪੈ ਜਾ ਪਤਿ ਲੇਖੈ ਪਾਏ।"
-ਸਿਰੀ ੪, ਵਾਰ ੩ਸ, ੧, ੧:੪ (83)

ਤਾਪਾ------- (1) ਤਪ, ਤਪਸਿਆ
"ਅਨਿਕ ਬਰਖ ਕੀਏ ਜਪ ਤਾਪਾ।"
-ਮਾਝ ੫, ੧੨, ੩:੧ (98)
(2) ਕਲੇਸ਼, ਤਪਸ਼, ਦੁਖ, ਬੁਖਾਰ
"ਤਾਪਾ ਬਿਨਾਸਨ ਦੂਖ ਨਾਸਨ ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ।"
-ਆਸਾ ੫, ਛੰਤ ੧੪, ੩:੩ (462)

ਤਾਪੁ ------- ਬੀਮਾਰੀ, ਬੁਖਾਰ
"ਸਤਿਗੁਰ ਕੀ ਸੇਵਾ ਸੋ ਕਰੇ ਜਿਸੁ ਬਿਨਸੈ ਹਉਮੈ ਤਾਪੁ।"
-ਸਿਰੀ ੫, ੭੮, ੪:੨ (45)

ਤਾਪੈ ------- (1) ਤਪਦਾ ਹੈ, ਤਪ ਕਰਦਾ ਹੈ
"ਹਰਿ ਆਪੇ ਤਪੁ ਤਾਪੈ ਲਾਇ ਤਾਰੀ।"
-ਗਉ ੪, ੪੪, ੧:੩ (165)
(2) ਤਪਾਉਂਦਾ ਹੈ
"ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ।"
-ਮਾਰੂ ੧, ਅਸ ੭, ੩:੧ (1013)
(3) ਦੁਖਦਾ, ਦੁਖੀ ਹੁੰਦਾ ਹੈ
"ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ।"
-ਮਲਾ ੧, ਅਸ ੩, ੬:੧ (1274)

ਤਾਂਬਾ------- ਇਕ ਧਾਤ, Copper
"ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ।"
-ਕੇਦਾ ਕਬ, ੨, ੧:੧ (1123)

ਤਾਬੋ ------- ਤਾਂਬੇ ਨੂੰ
"ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ।"
-ਗਉ ਰਵਿ, ਅਸ ੧, ੫:੨ (346)

ਤਾਮ ------- ਤਮੋ ਗੁਣ, ਗੁਸੇ ਤੇ ਈਰਖਾ ਦੇ ਹਨੇਰੇ ਵਿਚ ਫਿਰਨ ਵਾਲਾ ਗੁਣ
"ਰਾਜ ਬਿਨਾਸੀ ਤਾਮ ਬਿਨਾਸੀ ਸਾਕਤੁ ਭੀ ਬੇਨਾਧਾ।"
-ਸਾਰ ੫, ੬, ੩:੧ (1204)

ਤਾਮਸ ------ ਤਮੋ ਗੁਣ ਵਾਲੇ

“ਕਈ ਕੋਟਿ ਰਾਜਸ ਤਾਮਸ ਸਾਤਕ।”
-ਗਉ ੫, ਸੁਖ ੧੦, ੪:੧ (276)

ਤਾਮਸਿ -----ਕ੍ਰੋਧ ਵਿਚ, ਤਮੋ ਗੁਣ ਵਿਚ
“ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ।”
-ਆਸਾ ੩, ਪਟੀ ੯:੧ (435)

ਤਾਮਸੀ -----ਕ੍ਰੋਧੀ
“ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ।”
-ਆਸਾ ੧, ਅਸ ੧੪, ੫:੨ (419)

ਤਾਮਸੁ------ (1) ਕ੍ਰੋਧ
“ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ।”
-ਸਿਰੀ ੩, ੪੧, ੩:੨ (29)
(2) ਤਾਮਸੀ, ਤਮੋ ਗੁਣ ਵਾਲਾ
“ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ।”
-ਮਾਰੂ ੫, ੧, ੩:੧ (998)

ਤਾਮਹਿ -----ਉਨ੍ਹਾਂ (ਲੋਕਾਂ) ਵਿਚ
“ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾਮਹਿ ਜਲਤੌ ਫਿਰਿਆ।”
-ਸਾਰ ੫, ੭੫, ੧:੧ (1219)

ਤਾਮਿ ------ (1) (ਅ. ਤੁਆਮ) ਰੋਟੀ
“ਤਾਮਿ ਪਰੀਤਿ ਵਸੈ ਘਰਿ ਆਇ।”
-ਆਸਾ ੧, ੪, ੨:੨ (349)
(2) ਤਾਂ, ਤਦ
“ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ।”
-ਆਸਾ ੧, ਵਾਰ ੧੨ਸ, ੧, ੧:੧ (469)
(ਮਹਾਨਕੋਸ਼ ਇਸ ਦਾ ਤਾਂ +ਆਮਿ ਵਿਚ ਸੰਧੀ ਨਿਛੇਦ ਕਰ ਕੇ ਅਰਥ ਕੀਤੇ ਹਨ ਤਾਂ + ਆਮ (ਰੋਗ)-ਅਰਥਾਤ ਤਾਂ ਰੋਗ ਨਹੀਂ ਹੁੰਦਾ।)
(3) ਤਦੋਂ
“ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ।”
-ਵਡ ੧, ਛੰਤ ੨, ੫:੪ (567)

ਤਾਰ ------- (1) ਇਕ ਰਸ, ਇਕ ਟਕ, ਅਖੰਡ, ਇਕਾਗਰ
“ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।”
-ਜਪੁ ੧, ੧:੨ (1)
-ਅਨਹਦਿ ਰਾਤਾ ਏਕ ਲਿਵ ਤਾਰ।”
-ਬਸੰ ੧, ਅਸ ੩, ੪:੩ (1188)
(2) ਨੀਝ, ਦ੍ਰਿਸ਼ਟੀ, ਤਕ
“ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ।”
-ਗਉ ੪, ਵਾਰ ੫ਸ, ੪, ੧:੧ (302)
“ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ।” (ਨੀਝ)

-ਰਾਮ ੫, ਵਾਰ ੭ਸ, ੫, ੧:੬ (960)

(3) ਵਾਂਗ, ਤਰਾਂ
“ਮਨੁ ਭੂਲਉ ਭਰਮਸਿ ਭਵਰ ਤਾਰ।”
-ਬਸੰ ੧, ਅਸ ੨, ੨:੧ (1188)

(4) ਉਚੀ ਸੁਰ
“ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ।”
-ਮਲਾ ੧, ਵਾਰ ੨੭ਸ, ੧, ੧:੪ (1291)

(5) ਤੰਤ, ਡੋਰੀ
“ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ।” (ਸੁਰਾਂ ਤਾਰਾਂ)
-ਸਲੋ ਕਬ, ੧੦੩:੨ (1369)

(6) ਸੰਗੀਤ ਅਨੁਸਾਰ ਇਕ ਠਾਟ ਦੀ ਸਪਤਕ, ਸਤਸੁਰਾਂ ਦਾ ਸਮੁਦਾਯ
“ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ।”
-ਰਾਗ ੧:੨੪ (1430)

(7) ਤਾਰ ਲੈਂਦਾ, ਪਾਰ ਲੰਘਾ ਲੈਂਦਾ ਹੈ
“ਬਡਭਾਗੀ ਨਾਨਕ ਕੋ ਤਾਰੰ।”
-ਗਾਥਾ ੫, ੨੦:੪ (1361)

ਤਾਰਉ------ ਤਾਰੀਆਂ ਲਾਵਾਂ, ਪਾਰ ਲੰਘਾਵਾਂ
“ਚਲੁ ਰੇ ਬੈਕੁੰਠ ਤੁਝਹਿ ਲੇ ਤਾਰਉ।”
-ਗਉ ਕਬ, ੩੧, ੨:੧ (329)

ਤਾਰਾਈ----- ਤਾਰ ਲੈਂਦਾ ਹੈ
“ਹਰਿ ਗੁਣ ਰਮਤ ਪਵਿਤ੍ਰ ਸਗਲ ਕੁਲ ਤਾਰਈ।”
-ਫੁਨ ੫, ੮:੩ (1362)

ਤਾਰਸੀ ----- ਤਾਰੇਗਾ, ਪਾਰ ਲੰਘਾਏਗਾ
“ਸਹਸਾ ਮੂਲੇ ਨਾਹਿ ਸਰਪਰ ਤਾਰਸੀ।”
-ਸੂਹੀ ੧, ੫, ੧:੩ (729)

ਤਾਰਹਿ ----- ਤਾਰਦਾ ਹੈ
“ਬੂਡਤ ਪਾਹਨ ਤਾਰਹਿ ਤਾਰਿ।”
-ਆਸਾ ੧, ੧੨, ੩:੪ (352)

ਤਾਰਹੁ ------ ਤਾਰ ਦਿਓ, ਪਾਰ ਲਗਾ ਦਿਓ
“ਹਰਿ ਦਇਆ ਪ੍ਰਭ ਧਾਰਹੁ ਪਾਖਾਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ।”
-ਆਸਾ ੪, ਛੰਤ ੧੨, ੪:੧ (446)

ਤਾਰਕੁ------ ਤਾਰਨ ਵਾਲਾ, ਪਾਰ ਲੰਘਾਉਣ ਵਾਲਾ
“ਰਾਮ ਨਾਮੁ ਸਭ ਜਗ ਕਾ ਤਾਰਕੁ ਲਗਿ ਸੰਗਤਿ ਨਾਮੁ ਧਿਆਵੈਗੋ।”
-ਕਾਨ ੪, ਅਸ ੬, ੮:੧ (1312)

ਤਾਰਗਿ ----- ਤਾਰੇਗਾ, ਤਾਰਦਾ ਹੈ

“ਭਵ ਸਾਗਰ ਨਾਵ ਹਰਿ ਸੇਵਾ ਜੋ ਚੜੈ ਤਿਸੁ ਤਾਰਗਿ ਰਾਮ।”
-ਸੂਹੀ ੫, ਛੰਤ ੬, ੩:੨ (781)

ਤਾਰਣ ------ (1) ਤਾਰਣ ਵਾਲੇ
“ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ।”
-ਆਸਾ ੧, ਪਟੀ ੧੯:੨ (433)
(ਮਹਾਨਕੋਸ਼ ਇਥੇ ‘ਤਾਰਣ’ ਦੇ ਅਰਥ ‘ਜਹਾਜ਼’ ਕਰਦਾ ਹੈ)
“ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ।” (ਤਾਰਣ ਵਾਲਾ)
-ਧਨਾ ੫, ੨੦, ੧:੨ (675)
(2) ਪਾਰ ਕਰਨ, ਤਾਰ ਦੇਣ
“ਸੰਸਾਰ ਸਾਗਰ ਤਰਿ ਤਾਰਣ ਰਮ ਨਾਮ ਕਰਿ ਕਰਣੀ।”
- (ਤਾਰਿ ਦਾ ਅਰਥ ਜਹਾਜ਼ ਅਥਵਾ ਬੇੜੀ ਹਨ)
-ਗੂਜ ੧, ਅਸ ੫, ੧*:੨ (505)
(3) ਜਹਾਜ਼, ਬੇੜੀ
“ਆਤਮ ਚੀਨਿ ਤਹਾ ਤੂ ਤਾਰਣ ਸਚੁ ਤਾਰੇ ਤਾਰਣਹਾਰਾ।”
-ਮਲਾ ੧, ੩, ੩:੪ (1255)

ਤਾਰਣਹ ----- ਤਾਰ ਦੇਂਦਾ / ਪਾਰ ਲਗਾ ਦੇਂਦਾ ਹੈ
“ਨਾਨਕ ਸੰਸਾਰ ਸਾਗਰ ਤਾਰਣਹ।”
-ਗਾਥਾ ੫, ੧੪:੪ (1361)

ਤਾਰਣਹਰੀ --- ਤਾਰਣ ਵਾਲਾ ਹਰੀ
“ਜਨ ਨਾਨਕੁ ਤਾਰਿਓ ਤਾਰਣਹਰੀ।”
-ਭੈਰ ੪, ੨, ੪:੨ (1134)

ਤਾਰਣਹਾਰ --- ਤਾਰਣ ਦੇ ਸਮਰਥ, ਤਾਰਣ ਵਾਲੇ, ਤਾਰਣਯੋਗ
“ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ।”
-ਰਾਮ ੫, ਰੁਤੀ ੮, ੧ਸ:੧ (929)

ਹੋਰ ਰੂਪ:

ਤਾਰਣਹਾਰਾ-
“ਨਾਨਕ ਤਾਰੇ ਤਾਰਣਹਾਰਾ ਹਉਮੈ ਦੂਜਾ ਪਰਹਰਿਆ।”
-ਰਾਮ, ੧, ਸਿਗੋ, ੨੫:੬ (941)
ਤਾਰਣਹਾਰਿਆ-
“ਦਰਿ ਜਾਇ ਦਰਸਨੁ ਕਰੀ ਭਾਣੈ ਤਾਰਿ ਤਾਰਣਹਾਰਿਆ।”
-ਬਿਲਾ ੧, ਛੰਤ ੧, ੪:੫ (843)
ਤਾਰਣਹਾਰੁ-
“ਨਾਨਕ ਤਾਰੇ ਤਾਰਣਹਾਰੁ।”
-ਰਾਮ ੧, ਸਿਗੋ ੨੦:੬ (940)
ਤਾਰਣਹਾਰੋ-
-ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ ਬਿਖੁ ਭਉਜਲੁ ਤਾਰਣਹਾਰੋ ਰਾਮ।”

-ਬਿਹਾ ੪, ਛੰਤ ੪, ੧:੨ (539)

ਤਾਰਣ ਤਰਣ-- ਤਾਰਣ ਵਾਲਾ ਤਾਰਣ ਯੋਗ

"ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ।"

-ਸਵ ੪, ਸਲ ੬੦, ੨:੫ (1406)

ਤਾਰਣੁ------ ਤਾਰਣ ਵਾਲਾ

"ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ।"

-ਸਵ ੪, ਗਲ ੨:੫ (1393)

ਤਾਰਣੋ------ ਤਾਰਣ ਯੋਗ

"ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ।"

-ਬਿਹਾ ੫, ੪, ੪:੪ (544)

ਤਾਰਦਾ -----ਪਾਰ ਲਾਉਂਦਾ

"ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ ਤਾਰਦਾ।"

-ਸਿਰੀ ੪, ਵਾਰ ੧੮:੫ (90)

ਤਾਰਨ------ (1) ਤਾਰਨ ਦੇ, ਪਾਰ ਲਾਉਣ ਦੇ

"ਯਾਹੂ ਤਰਨ ਤਾਰਨ ਸਮਰਾਥਾ।"

-ਗਉ ੫, ਬਾਅ ੪੨:੭ (259)

"ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ।" (ਪਾਰ ਲਾਉਣਾ)

-ਸਵ ੫, ਮਥੁ ੪:੪ (1409)

(2) ਤਾਰਣ ਯੋਗ

"ਜੀਅ ਉਧਾਰਨ ਸਭ ਕੁਲ ਤਾਰਨ ਹਰਿ ਹਰਿ ਨਾਮੁ ਧਿਆਇ।"

-ਧਨਾ ੫, ੨੧, ੨:੨ (676)

ਹੋਰ ਰੂਪ:

ਤਾਰਨਹਾਰੇ-

"ਪਾਵਕ ਸਾਗਰ ਅਥਾਹ ਲਹਰਿ ਮਹਿ ਤਾਰਹੁ ਤਾਰਨਹਾਰੇ।"

-ਸੋਰ ੫, ੧੮, ੧:੨ (613)

ਤਾਰਨਿ-

"ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦ ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸਾ।" (ਤਾਰਨ ਲਈ)

-ਸਵ ੪, ਨਲ ੪:੨ (1399)

ਤਾਰਨੁ-

"ਸੋਈ ਨਾਮ ਅਛਲੁ ਭਗਤਹ ਭਵ ਤਾਰਨੁ ਅਮਰਦਾਸ ਗੁਰ ਕਉ ਫੁਰਿਆ।" (ਤਾਰਨਯੋਗ)

-ਸਵ ੩, ੨:੪ (1393)

ਤਾਰਨੋ-

"ਹਰਿ ਸੰਤ ਭਗਤ ਤਾਰਨੋ।"

-ਬਿਲਾ ੪, ੭, ੧*:੨ (801)

ਤਾਰਾ-------- (1) ਤਾਰਕ, ਮਲਾਹ

"ਹਰਿ ਆਪੇ ਬੇੜੀ ਤੁਲਹਾ ਤਾਰਾ।"

-ਗਉ ੪, ੪੪, ੪:੧ (165)

(2) ਇਕ ਰਸ, ਅਖੰਡ

"ਨੇਤ੍ਰ ਸੰਤੋਖੇ ਏਕ ਲਿਵ ਤਾਰਾ।"

-ਗਉ ੧, ਅਸ ੮, ੨:੧ (224)

(3) ਪਾਰ ਕੀਤਾ, ਤਾਰਿਆ

"ਸਮੁੰਦੁ ਸਾਗਰੁ ਜਿਨਿ ਖਿਨ ਮਹਿ ਤਾਰਾ।"

-ਧਨਾ ੫, ੫੭, ੧*:੨ (684)

(4) ਸਿਤਾਰਾ

"ਝਿਲਮਿਲ ਝਿਲਕੈ ਚੰਦੁ ਨ ਤਾਰਾ।"

-ਮਾਰੂ ੧, ਸੋਲਾ ੧੩, ੮:੧ (1033)

"ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ।" (ਭਾਵ ਹੈ ਭਾਗ ਖੁਲੇ)

-ਤੁਖਾ ੧, ਛੰਤ ੩, ੧:੧ (1110)

ਤਾਰਾਜੀ ------ ਤਕੜੀ, ਤੋਲਣ ਦਾ ਯੰਤਰ

"ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।"

-ਮਾਝ ੧, ਵਾਰ ੧੯ਸ, ੧, ੧:੩ (147)

ਤਾਰਾਜੂ ------ ਤਕੜੀ, ਵੇਖੋ 'ਤਾਰਾਜੀ'

"ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ।"

-ਆਸਾ ੧, ਵਾਰ ੧੪ਸ, ੧, ੧:੬ (470)

ਤਾਰਿ-------- (1) ਤਾਰ ਲੈਂਦਾ/ਪਾਰ ਕਰ ਲੈਂਦਾ ਹੈ/ ਉਦਾਰ ਕਰਦਾ ਹੈ

"ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ।"

-ਸਿਰੀ ੧, ੧੬, ੧:੩ (20)

"ਹਰਿ ਧਨੁ ਤੁਲਹਾ ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ।" (ਤਾਰ ਕੇ, ਪਾਰ ਕਰਦਾ ਹੈ)

-ਗੂਜ ੫, ੩, ੨:੨ (495)

(2) ਬੇੜੀ ਦੁਆਰਾ (ਸ਼ਬਦਾਰਥ:ਨਿਰਣੈ, ਦਰਪਣ, ਸੰਥਿਆ) ਸੰ -ਤਾਰਨ ਵਾਲਾ (ਮਹਾਨਕੋਸ਼)

"ਬੂਡਤ ਪਾਹਨ ਤਾਰਹਿ ਤਾਰਿ।"

-ਆਸਾ ੧, ੧੨, ੩:੪ (352)

ਹੋਰ ਰੂਪ:

ਤਾਰਿਓ-

"ਹਰਿ ਹਰਿ ਨਾਮੁ ਜਪਤ ਜਨੁ ਤਾਰਿਓ।"

-ਗਉ ੫, ੭੭, ੧*:੧ (178)

ਤਾਰਿਅਨੁ-

"ਲਾਇ ਅੰਚਲਿ ਨਾਨਕ ਤਾਰਿਅਨੁ ਜਿਤਾ ਜਨਮੁ ਅਪਾਰ ਜੀਉ।" (ਤਾਰ ਲਿਆ)

-ਮਾਝ ੫, ਅਸ ੩੮, ੮:੩ (132)

ਤਾਰਿਅਮੁ-

"ਭਉ ਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ।"

-ਜੈਤ ੫, ਵਾਰ ੧੯ਸ, ੫, ੨:੧ (710)

ਤਾਰਿਆ-

"ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀਂ ਕੁਲੁ ਤਾਰਿਆ ਜੀਉ।"

-ਸਿਰੀ ੫, ਛੰਤ ੩, ੫:੧ (81)

(3) ਤਾਰ ਲੈ, ਤਾਰ ਦੀ ਅਮਰ ਕਿਰਿਆ, ਉਦਾਰ ਕਰ

"ਚਰਣ ਸਰਣ ਦਇਆਲ ਕੇਸਵ ਤਾਰਿ ਜਗ ਭਵ ਸਿੰਧ।"

-ਗੂਜ ੫, ਅਸ ੨, ੧*:੨ (508)

"ਭਵ ਸਾਗਰੁ ਤਾਰਿ ਮੁਰਾਰੀ।"

-ਸੋਰ ਕਬ, ੮, ੩:੨ (656)

(4) ਤਾਰਨ ਵਾਲੇ

"ਮਦਨ ਮੂਰਤਿ ਭੈ ਤਾਰਿ ਗੋਬਿੰਦੇ।"

-ਧਨਾ ਸੈਣ, ੧, ੪:੧ (695)

(5) ਤਾੜ, ਇਕ ਰੁਖ ਜਿਸ ਤੋਂ ਨਸ਼ੀਲਾ ਪਦਾਰਥ ਨਿਕਲਦਾ ਹੈ

"ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ।"

-ਮਲਾ ਰਵਿ, ੧, ੨:੧ (1283)

ਤਾਰਿਕਾ----- (1) ਤਾਰੇ

"ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ।"

-ਸਿਰੀ ੧, ਅਸ ੧੭, ੮:੧ (64)

ਤਾਰੀ------- (1) ਤਰਨ ਦੀ ਕਿਰਿਆ, ਤਰਣਾ

"ਤਰੁ ਤਾਰੀ ਮਨਿ ਨਾਮੁ ਸੁਚੀਤੁ।" (ਮਨ ਵਿਚ ਨਾਮ ਰੱਖ ਕੇ ਤਾਰੀ ਤਰ ਜਾ)

-ਗਉ ੧, ੭, ੧:੪ (153)

"ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ।"

-ਗਉ ੪, ੩੯, ੧*:੨ (164)

"ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ।"

-ਗੂਜ ੩, ਵਾਰ ੩:੨ (509)

(2) ਤਾੜੀ, ਸਮਾਧੀ, ਲਿਵ, ਜੋਗ ਦੀ ਇਕ ਕਿਰਿਆ

"ਹਰਿ ਆਪੇ ਤਪੁ ਤਾਪੈ ਲਾਇ ਤਾਰੀ।"

-ਗਉ ੪, ੪੪, ੧:੩ (165)

"ਹੋਇ ਅਉਧੂਤ ਬੈਠੇ ਲਾਇ ਤਾਰੀ।"

-ਮਾਰੂ ੫, ੧੮, ੪:੧ (1004)

"ਨੈਨੀ ਹਰਿ ਹਰਿ ਲਾਗੀ ਤਾਰੀ।"

-ਮਲਾ ੪, ੧, ੧*:੧ (1262)

(3) ਤਾਰ ਦਿੱਤਾ

"ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ।"

-ਗੂਜ ੫, ੨, ੪:੨ (495)

"ਹਮ ਪਾਪੀ ਪਾਥਰ ਨੀਰਿ ਡੁਬਤ ਕਰਿ ਕਿਰਪਾ ਪਾਖਣ ਹਮ ਤਾਰੀ।" (ਤਾਰ ਦਿਉ)

-ਧਨਾ ੪, ੧, ੧*:੨ (666)

"ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ।"

-ਵਡ ੪, ਵਾਰ ੨:੪ (586)

(ਮਹਾਨਕੋਸ਼ ਇਥੇ ‘ਤਾਰੀ’ ਦੇ ਅਰਥ ‘ਤਾਰਕ’ ਤਾਰਨ ਵਾਲਾ ਕਰਦਾ ਹੈ)

“ਸਚੁ ਅਰਾਧਿਆ ਗੁਰਮੁਖਿ ਤਰੁ ਤਾਰੀ।” (ਤਰ ਜਾ)

-ਰਾਮ ੧, ਸਿਗੋਂ ੬੩:੫ (945)

(4) ਨਦੀ, ਸੰਸਾਰ ਸਾਗਰ

“ਮਾਰਗੁ ਬਿਖਮੁ ਡਰਾਵਣਾ ਕਿਉ ਤਰੀਐ ਤਾਰੀ।”

-ਸਾਰ ੪, ਵਾਰ ੨੭:੪ (1248)

(5) ਬੇੜੀ

“ਇਹੁ ਭਉਜਲੁ ਜਗਤੁ ਨ ਜਾਈ ਤਰਣਾ ਗੁਰਮੁਖਿ ਤਰੁ ਹਰਿ ਤਾਰੀ।”

-ਮਲਾ ੩, ੯, ੧*:੨ (1260)

(ਸ਼ਬਦਾਰਥ-ਇਥੇ ਵੀ ਅਰਥ ‘ਨਦੀ’ ਦੇ ਹੀ ਕਰਦਾ ਹੈ)

ਤਾਰੀਅਲੇ---- (1) ਤਾਰੇ ਸਨ, ਤੈਰਾਦੇ ਸਨ

“ਦੇਵਾ ਪਾਹਨ ਤਾਰੀਅਲੇ।”

-ਗਉ ਨਾਮ, ੧, ੧*:੧ (345)

(2) ਪਾਰ ਕੀਤੇ / ਉਦਾਰ ਸਨ

“ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।”

-ਗਉ ਨਾਮ, ੧, ੧:੧ (345)

ਤਾਰੀਐ ------ ਤਾਰ ਲੈ, ਉਦਾਰ ਕਰ

“ਨਾਨਕ ਕੀ ਬੇਨੰਤੀ ਪ੍ਰਭ ਪਹਿ ਕ੍ਰਿਪਾ ਕਰਿ ਭਵਜਲੁ ਤਾਰੀਐ।”

-ਸਿਰੀ ੫, ਛੰਤ ੩, ੨:੬ (80)

ਤਾਰੀਲੇ-ਤਾਰ ਲੈ, ਓਦਾਰ ਕਰ

“ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ।”

-ਗਉ ੫, ੧੩੩*, ੨:੧ (208)

ਤਾਰੂ-ਡੂੰਘਾ ਪਾਣੀ

“ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ।”

-ਮਾਝ ੧, ਵਾਰ ੧੨ਸ, ੧, ੧:੧ (143)

(2) ਡੂੰਘਾ, ਅਥਾਹ

“ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ।”

-ਗਉ ੫, ੧੩੩*, ੨:੧ (208)

(3) ਤਰਨ ਯੋਗ, ਜੋ ਤਰੇ ਬਿਨਾਂ ਨਾ ਲੰਘਿਆ ਜਾ ਸਕੇ

“ਤਤੈ ਤਾਰੂ ਭਵਜਲੁ ਹੋਆ ਤਾ ਕੇ ਅੰਤੁ ਨ ਪਾਇਆ।”

-ਆਸਾ ੧, ਪਟੀ ੧੯:੧ (433)

(4) ਤੈਰਾਕ, ਤਰਨ ਸਕਣ ਵਾਲਾ

“ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ।”

-ਸਲੋ ੧, ੩:੧ (1410)

ਤਾਰੇ ------- (1) ਤਾਰਦਾ, ਉਦਾਰ ਕਰਦਾ, ਪਾਰ ਲਗਾਉਂਦਾ

“ਮੰਨੈ ਤਰੈ ਤਾਰੇ ਗੁਰੁ ਸਿਖ।”

-ਜਪੁ ੧, ੧੫:੩ (3)

(2) ਤੈਰਾ ਦਿਤੇ ਤਰਾਏ
"ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।"
-ਗਉ ੧, ਅਸ ੧੭, ੫:੩ (156)

(3) ਗਗਨ ਮੰਡਲ ਵਿਚ ਚਮਕਦੇ ਪਦਾਰਥ
"ਗਿਰਿ ਤਰ ਧਰਣਿ ਗਗਨ ਅਰੁ ਤਾਰੇ।"
-ਗਉ ੫, ਅਸ ੪, ੩:੧ (237)
"ਓਇ ਜੁ ਦੀਸਹਿ ਅੰਬਰਿ ਤਾਰੇ।"
-ਗਉ ਕਬ, ੨੯, ੧:੧ (329)

ਤਾਰੇਦੜੋ------ ਤਰਦਾ ਹੈ, ਪਾਰ ਹੁੰਦਾ ਹੈ
"ਤਾਰੇਦੜੋ ਭੀ ਤਾਰਿ ਨਾਨਕ ਪਿਰ ਸਿਉ ਰਤਿਆ।"
-ਮਾਰੂ ੫, ਵਾਰ ੨੦ਸ, ੫, ੧:੨ (1101)

ਤਾਰੇਨਿ ------ ਤਾਰ ਲਈਆਂ, ਭਾਵ ਮੁਕਤ ਕਰਵਾ ਲਈਆਂ
"ਨਾਨਕ ਆਏ ਸੇ ਪਰਵਾਣੁ ਭਏ ਜਿ ਸਗਲੇ ਕੁਲ ਤਾਰੇਨਿ।"
-ਰਾਮ ੩, ਵਾਰ ੧੦ਸ, ੩, ੧:੫ (951)

ਤਾਰੈ ------- (1) ਤਾਰੇ ਦੇਵੇ/ਪਾਰ ਲੰਘਾ ਦੇਵੇਗਾ
"ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ।"
-ਸਿਰੀ ੧, ੨੬, ੩:੨ (23)
"ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ।"
-ਧਨਾ ੧, ਛੰਤ ੧, ੨:੩ (688)

ਹੋਰ ਰੂਪ:

ਤਾਰੋ-
"ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ।"
-ਸਾਰ ੫, ੧੧੦, ੨:੨ (1225)

ਤਾਰੵਉ-
"ਤਾਰੵਉ ਸੰਸਾਰੁ ਮਾਯਾ ਮਦ ਮੋਹਿਤ ਅੰਮ੍ਰਿਤ ਨਾਮੁ ਦੀਅਉ ਸਮਰਥੁ।"
-ਸਵ ੪, ਮਥੁ ੭:੨ (1404)

(2) ਤਾਰ ਨਾਲ
"ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ।"
-ਬਿਲਾ ੧, ਥਿਤੀ ੧੭:੨ (840)

(3) ਤੈਰਾ/ਤਰਾ ਦੇਵੇ
"ਗੁਰੁ ਗਉ ਹਰੁ ਦਰੀਆਉ ਪਲਕ ਡੁਬੰਤੵਹ ਤਾਰੈ।"
-ਸਵ ੩, ੧੭:੪ (1395)

ਤਾਲ ------- (1) ਸੰਗੀਤ ਅਨੁਸਾਰ ਸਮੇਂ ਤੋਂ ਲੈ ਦੀ ਵੰਡ ਕਰਨ ਲਈ ਤਾਲੀ ਦੀ ਧੁਨਿ
"ਬਹੁ ਤਾਲ ਪੂਰੇ ਵਾਜੇ ਵਜਾਏ।"
-ਮਾਝ ੩, ਅਸ ੨੧, ੬:੧ (122)
"ਪਾਵਹੁ ਬੇੜੀ ਹਾਥਹੁ ਤਾਲ।" (ਤਾੜੀ)
-ਭੈਰ ਨਾਮ, ੧੦, ੧੨:੧ (1166)

(2) ਛੈਣੇ, ਸੰਗੀਤ ਦਾ ਇਕ ਸਾਜ਼ ਹੋਰ ਵੇਖੋ ‘ਤਾਲਾ’ (3)
“ਤਾਲ ਮਦੀਰੇ ਘਟ ਕੇ ਘਾਟ।”
-ਆਸਾ ੧, ੪, ੧:੧ (349)

(3) ਸੰਗੀਤ ਦੀ ਲੈਅ ਹੋਰ ਵੇਖੋ ‘ਤਾਲਾ’ (2)
“ਪੂਰੇ ਤਾਲ ਜਾਣੈ ਸਾਲਾਹ।” (ਸਿਫਤ ਕਰਨੀ ਜਾਣੇ ਤਾਂ ਹੀ ਤਾਲ ਅਨੁਸਾਰ ਨਾਚ ਹੁੰਦਾ ਹੈ)
-ਆਸਾ ੧, ੬, ੧*:੧ (350)
“ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆਂ।”
-ਬਿਲਾ ੪, ਅਸ ੩, ੫:੨ (835)

(4) ਤਲਾ, ਹੋਰ ਵੇਖੋ ‘ਤਾਲਿ’ (2)
“ਜਿਨਿ ਉਦਮੁ ਕੀਆ ਤਾਲ ਕੇਰਾ ਤਿਸ ਕੀ ਉਪਮਾ ਕਿਆ ਗਨੀ।”
-ਸੂਹੀ ੫, ਛੰਤ ੧੦, ੩:੪ (784)
“ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ।”
-ਮਲਾ ੧, ਵਾਰ ੧ਸ, ੩, ੧:੨ (1279)

(5) ਘੜੀ ਸਮੇਂ ਪਲ, ਖਿਨ, ਤਾਲੀ ਵਜਨ ਜਿਨਾਂ ਸਮਾਂ, ਵੇਖੋ ‘ਤਾਲਿ’ (1)
“ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ।”
-ਸਲੋ ਕਬ, ੧੩੮:੧ (1371)

ਤਾਲਕਾ ----- (ਅ. ਤਅੱਲਕ) ਸਬੰਧ, ਵਾਸਤਾ
“ਅਨਤ ਬਿਨੋਦ ਕਰੇ ਹਰਿ ਸਿਮਰਨੁ ਤਿਸੁ ਮਾਇਆ ਸੰਗਿ ਨ ਤਾਲਕਾ।”
-ਮਾਰੂ ੫, ਸੋਲਾ ੧੩, ੧੦:੩ (1085)

ਤਾਲਾ ------ (1) ਜੰਦਰਾ
“ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ।”
-ਗਉ ੫, ੧੨੨*, ੩:੧ (205)

(2) ਤਾਲ, ਸੰਗੀਤਕ ਲੈਅ, ਵੇਖੋ ‘ਤਾਲ’ (3), ਤਾਲੁ (1)
“ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ।”
-ਆਸਾ ੪, ੬੨, ੧:੧ (468)

(3) ਛੈਣੇ, ਵੇਲੋ ‘ਤਾਲ’ (2)
“ਘੂਘਰ ਬਾਧਿ ਬਜਾਵਹਿ ਤਾਲਾ।”
-ਪ੍ਰਭਾ ੫, ਅਸ ੨, ੩:੧ (1348)

ਤਾਲਾਬੇਲੀ---- ਤਲ ਮਿਲਾਹਟ, ਤੜਫਨ
“ਮੋਹਿ ਲਾਗਤੀ ਤਾਲਾਬੇਲੀ।”
-ਗੋਂਡ ਨਾਮ, ੪, ੧:੧ (874)

ਤਾਲਿ ------ (1) ਤਾਲੀ ਵਜਣ ਜਿਨਾਂ ਸਮਾਂ, ਤੁਰਤ, ਖਿਨ ਪਲ, ਵੇਖੋ ਤਾਲ (5)
“ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ।”
-ਧਨਾ ੧, ੩, ੪:੧ (661)
“ਸੰਤ ਉਧਾਰਉ ਤਤਖਿਣ ਤਾਲਿ।”
-ਗੋਂਡ ੫, ੧੮, ੧:੪ (867)

(2) ਤਲਾ, ਵੇਖੋ ‘ਤਾਲਾ’ (4) ਤਾਲੁ (2)

“ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ।”
-ਸੂਹੀ ੩, ਵਾਰ ੧੧ਸ, ੧, ੧:੨ (789)

ਤਾਲੁ ------- (1) ਸੰਗੀਤਕ ਲੈਅ, ਤਾਲ
“ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ।”
-ਮਾਝ ੩, ਅਸ ੨੧, ੩:੩ (121)
(2) ਤਲਾ, ਸਰੋਵਰ
“ਕਰਤੈ ਪੁਰਖਿ ਤਾਲੁ ਦਿਵਾਇਆ।”
-ਸੋਰ ੫, ੬੪, ੨:੧ (625)
“ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।”
-ਸੂਹੀ ੫, ਛੰਤ ੭, ੪:੧ (782)

ਤਾਵਣਿ ----- (1) ਤਪਾਉਂਦੇ/ਗਰਮ ਕਰਦੇ ਹਨ
“ਸੂਰਜੁ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ।”
-ਆਸਾ ੧, ਛੰਤ ੫, ੨:੫ (439)
(2) ਗਰਮ ਕਰਨ ਦਾ ਪਾਤਰ, ਕੜ੍ਹਾਹੀ
“ਚਲੇ ਨਾਮੁ ਵਿਸਾਰਿ ਤਾਵਣਿ ਤਤਿਆ।”
-ਮਲਾ ੧, ਵਾਰ ੨੪:੫ (1289)

ਤਾੜੰਤਿ ----- ਡਾਂਟਦੇ/ਧਮਕਾਉਂਦੇ ਹਨ
“ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ।”
-ਸਸ ੫, ੪੭:੩ (1358)

ਤਾੜੀ------- ਸਮਾਧੀ
“ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ।”
-ਮਾਝ ੫, ੧੦, ੧:੩ (97)

ਤਿਉ ------- ਤਿਵੇਂ ਤੈਸੇ
“ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ।”
-ਸਿਰੀ ੧, ੧੬, ੧*:੨ (20)

ਤਿਅਕਤ ---- ਤਿਆਗ ਕੇ, ਛਡ ਕੇ
“ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।”
-ਜੈਤ ੫, ਵਾਰ ੧੨ਸ, ੫, ੧:੧ (708)

ਤਿਆਸ ----- ਤ੍ਰਿਸ਼ਨਾ, ਪਿਆਸ, ਭੁਖ
“ਅਧਿਕ ਤਿਆਸ ਭੇਖ ਬਹੁ ਕਰੈ।”
-ਆਸਾ ੧, ੧੧, ੨:੧ (352)

ਤਿਆਗੰ ------ ਛਡ ਜਾਂਦੀ ਹੈ
“ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ।”
-ਸਸ ੫, ੧:੩ (1354)

ਤਿਆਗਉ---- (1) ਮੈ ਛਡਦਾ ਹਾਂ
“ਕਰਉ ਬਿਨੰਤੀ ਮਾਨੁ ਤਿਆਗਉ।”

-ਮਾਝ ੫, ੧੮, ੧:੨ (99)

(2) ਛਡੋ

"ਸਾਧੋ ਮਨ ਕਾ ਮਾਨੁ ਤਿਆਗਉ।"

-ਗਉ ੯, ੧, ੧*:੧ (219)

ਹੋਰ ਰੂਪ:

ਤਿਆਗਹਿ–

"ਕਉਡੀ ਬਦਲੇ ਰਤਨੁ ਤਿਆਗਹਿ।" (ਛੱਡ ਦਿੰਦਾ ਹੈ)

-ਗਉ ੫, ੧੪੫, ੧*:੨ (195)

ਤਿਆਗਹੁ–

"ਮਨ ਕੀ ਮਤਿ ਤਿਆਗਹੁ ਹਰਿ ਜਨ ਹੁਕਮੁ ਬੂਝਿ ਸੁਖੁ ਪਾਈਐ ਰੇ।"
(ਛਡੋ, ਤਿਆਗ ਦਿਓ)

-ਗਉ ੫, ੧੩੭*, ੧:੧ (209)

ਤਿਆਗਤ–

"ਬ੍ਰਹਮ ਗਿਆਨੀ ਅਹੰਬੁਧਿ ਤਿਆਗਤ ।" (ਛਡ ਦਿੰਦਾ ਹੈ)

-ਗਉ ੫, ਸੁਖ ੮, ੫:੬ (273)

ਤਿਆਗੰਤ–

"ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ।"
(ਛਡ ਦਿੰਦਾ ਹੈ)

-ਜੈਤ ੫, ਵਾਰ ੭ਸ, ੫, ੧:੨ (707)

ਤਿਆਗਦੇ–

"ਧ੍ਰਿਗ ਤਿਨ੍ਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ।"

-ਗੂਜ ੩, ਵਾਰ ੮ਸ, ੩, ੧:੧ (511)

ਤਿਆਗਨਾ–

"ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ।"

-ਮਾਰੂ ੫, ਅਸ ੪, ੩:੧ (1018)

ਤਿਆਗਨਿ–

"ਚੰਦਨ ਚੀਰ ਸੁਗੰਧ ਰਸਾ ਹਉਮੈ ਬਿਖੁ ਤਿਆਗਨਿ ਰਾਮ।"

-ਬਿਲਾ ੫, ਛੰਤ ੪, ੪:੨ (848)

ਤਿਆਗਨੀ–

"ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ।"

-ਬਿਹਾ ੫, ਛੰਤ ੪, ੧:੪ (544)

ਤਿਆਗਨੁ–

"ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ।"

-ਮਾਰੂ ੫, ਅਸ ੪, ੩:੧ (1018)

ਤਿਆਗਿ ---- ਛਡ ਕੇ, ਤਿਆਗ ਕੇ

"ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ।"

-ਸਿਰੀ ੫, ੭੮, ੩:੧ (85)

ਹੋਰ ਰੂਪ:

ਤਿਆਗਿਓ–
“ਭਾਵਨੁ ਤਿਆਗਿਓ ਰੀ ਤਿਆਗਿਓ।” (ਛੱਡ ਦਿੱਤਾ ਹੈ)
–ਗਉ ੫, ੧੬੦, ੧:੧ (214)

ਤਿਆਗਿਆ–
“ਰਸੁ ਸੰਗ੍ਰਹਿ ਬਿਖੁ ਪਰਹਰਿ ਤਿਆਗਿਆ।”
–ਗਉ ੧, ਅਸ ੧, ੩:੩ (221)

ਤਿਆਗੀ ---- (1) ਛੱਡ ਦਿਤੀ
“ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ।”
–ਸਿਰੀ ੧, ੧੧, ੧:੩ (18)
“ਅਹੰਬੁਧਿ ਤਿਨਿ ਸਗਲ ਤਿਆਗੀ।”
–ਗਉ ੫, ੧੦੭, ੨:੨ (187)

ਹੋਰ ਰੂਪ:

ਤਿਆਗੀਐ–
“ਪੀਸਉ ਚਰਣ ਪਖਾਰਿ ਆਪੁ ਤਿਆਗੀਐ।” (ਛੱਡ ਦੇਈਏ)
–ਆਸਾ ੫, ਛੰਤ ੭, ੩:੨ (457)

(2) (ਸੰ.) ਤਿਆਗ ਦਾ ਪਾਤਰ, ਛੱਡ ਦੇਣ ਵਾਲਾ, ਤਿਆਗ ਕਰਨ ਵਾਲਾ
“ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ।”
–ਭੈਰ ੫, ੧੯, ੯:੨ (1040)
“ਐਸੋ ਤਿਆਗੀ ਵਿਰਲਾ ਕੋਇ।”
–ਭੈਰ ੫, ੪੦, ੧*:੧ (1147)
“ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ।” (ਛੱਡੀਏ)
–ਬਿਲਾ ੫, ਛੰਤ ੨, ੨:੩ (846)

ਤਿਆਗੁ ----- ਛਡ ਦੇ
“ਮਨ ਮੇਰੇ ਸਗਲ ਉਪਾਵ ਤਿਆਗੁ।”
–ਸਿਰੀ ੫, ੭੯, ੧*:੧ (45)
“ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ।” (ਤਿਆਗੀ ਹੈ)
–ਗਉ ੪, ੩੯, ੨:੨ (164)

ਹੋਰ ਰੂਪ:

ਤਿਆਗੇ–
“ਗੁਰਮੁਖਿ ਰਾਗ ਸੁਆਦ ਅਨ ਤਿਆਗੇ।” (ਛਡ ਦਿੰਦਾ ਹੈ)
–ਆਸਾ ੧, ਅਸ ੮, ੭:੧ (415)
“ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ ਅਨੁਰਾਗਾ।” (ਛੱਡ ਦਿਤੇ)
–ਧਨਾ ੫, ੪੭, ੨:੨ (682)

ਤਿਆਗੇਂ–
“ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ।”
–ਸੂਹੀ ੫, ਕੁਚ ੩:੮ (763)

ਤਿਆਗੈ–
"ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ।" (ਛੱਡ ਦੇਵੇ)
-ਸਿਰੀ ੧, ੧੨, ੪:੨ (18)
"ਮਿਲੈ ਪਿਆਰੇ ਸਭ ਦੁਖ ਤਿਆਗੈ।" (ਛੱਡ ਦਿੰਦੀ ਅਥਵਾ ਭੁੱਲ ਜਾਂਦੀ ਹੈ)
-ਗਉ ੪, ੪੨, ੨:੨ (164)

ਤਿਆਗਿ–
"ਤਜੀ ਸਿਆਨਪ ਚਿੰਤ ਵਿਸਾਰੀ ਅਹੰ ਛੋਡਿਓ ਹੈ ਤਿਆਗਿ।"
-ਜੈਤ ੫, ੫, ੧*:੨ (701)

ਤਿਸ ------- (1) ਉਸ
"ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ।"
-ਜਪੁ ੧, ੨੭:੨੧ (6)
(2) ਤ੍ਰਿਸ਼ਨਾ, ਪਿਆਸ
"ਨਹ ਤ੍ਰਿਪਤਾਵੈ ਨਹ ਤਿਸ ਲਾਥੀ।"
-ਗਉ ੫, ਅਸ ੧, ੬:੨ (235)
"ਪ੍ਰੇਮੁ ਨ ਚਾਖਿਆ ਮੇਰੀ ਤਿਸ ਨ ਬੁਝਾਨੀ।"
-ਆਸਾ ੧, ੨੬, ੩:੧ (357)

ਤਿਸਹਿ ----- (1) ਉਸ ਨੂੰ
"ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ।"
-ਸਿਰੀ ੫, ੭੮, ੩:੩ (45)
(2) ਉਸ ਦੇ/ਦੀ/ਦਾ
"ਨਾਨਕ ਏਵੈ ਜਾਣੀਐ ਸਭ ਕਿਛੁ ਤਿਸਹਿ ਰਜਾਇ।"
-ਮਾਝ ੧, ਵਾਰ ੨੨ਸ, ੨, ੧:੬ (148)
"ਤਿਸਹਿ ਭਲਾਈ ਨਿਕਟਿ ਨ ਆਵੈ।"
-ਗਉ ੫, ਸੁਖ ੧੨, ੩:੮ (278)
"ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ।"
-ਜੈਤ ੫, ੪, ੧*:੨ (700)
(3) ਉਸ ਵਿਚ
"ਜਿਸ ਤੇ ਹੋਆ ਤਿਸਹਿ ਸਮਾਣਾ ਚੂਕਿ ਗਇਆ ਪਾਸਾਰਾ।"
-ਮਲਾ ੩, ੧, ੪:੩ (1258)

ਤਿਸਹੀ ----- ਉਸੇ ਨੂੰ
"ਤਿਸਹੀ ਮਿਲਿਆ ਸਚੁ ਮੰਤ੍ਰੁ ਗੁਰ ਮਨਿ ਧਰੈ।"
-ਰਾਮ ੫, ਵਾਰ ੩:੮ (958)

ਤਿਸਕਾਰ ---- (ਸੰ.) ਅਪਮਾਨ ਨਿਰਾਦਰ
"ਕਬੀਰ ਮੇਰੀ ਬੁਧਿ ਕਉ ਜਮੁ ਨ ਕਰੈ ਤਿਸਕਾਰ।"
-ਸਲੋ ਕਬ, ੧੪੦:੧ (1371)

ਤਿਸਕੇ ------ ਤਿਹਾਏ (ਪਿਆਸੇ ਦੀ)
"ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ ਤਿਸ ਤਿਸਕੇ।"

-ਸੂਹੀ ੪, ੧, ੩:੨ (731)

ਤਿਸਟਸਿ ---- (ਸ.) ਟਿਕਣਾ, ਸਥਿਤ ਹੋਣਾ, ਕਾਇਮ ਰਹਿਣਾ
"ਅੰਦਰਿ ਮੋਹੁ ਨਿਤ ਭਰਮਿ ਵਿਆਪਿਆ ਤਿਸਟਸਿ ਨਾਹੀ ਦੇਹਾ।"
-ਰਾਮ ੫, ਵਾਰ ੭ਸ, ੫, ੨:੨ (960)

ਤਿਸਟਿਆ --- ਟਿਕਿਆ, ਠਹਿਰਿਆ
"ਨਿਰਵੈਰਾ ਨਾਲਿ ਜਿ ਵੈਰੁ ਚਲਾਇਦੇ ਤਿਨ ਵਿਚਹੁ ਤਿਸਟਿਆ ਨ ਕੋਇ।"
-ਗਉ ੪, ਵਾਰ ੫ਸ, ੪, ੨:੩ (302)

ਤਿਸੰਤੀਆ --- ਪਿਆਸਾ
"ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ।"
-ਜੈਤ ੫, ਛੰਤ ੧, ੧:੫ (703)

ਤਿਸਨ ------ (ਫਾ.ਤਿਸਨਾ) ਪਿਆਸ
"ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ।"
-ਗੂਜ ੫, ਵਾਰ ੧੩:੭ (521)

ਤਿਸਨਾ ----- ਤ੍ਰਿਸਨਾ, ਲੋਚਾ, ਲਾਲਚ, ਪ੍ਰਾਪਤੀ ਦੀ ਤੀਬਰ ਇਛਾ
"ਤਿਸਨਾ ਅਗਨਿ ਜਲੈ ਸੰਸਾਰਾ।"
-ਮਾਝ ੩, ਅਸ ੧੯, ੩:੧ (120)

(2) ਪਿਆਸ
"ਝਿਮਿ ਝਿਮਿ ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ।"
-ਸਲੋ ੩, ੫੬:੪ (1420)

ਤਿਸਾ ------ ਤ੍ਰਿਖਾ, ਤੇਹ, ਪਿਆਸ
"ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ।"
-ਮਾਝ ੩, ਅਸ ੨੦, ੧*:੨ (121)

ਤਿਸਾਇਓ --- ਪਿਆਸ, ਤ੍ਰਿਖਾ
"ਸੋ ਸੰਚਉ ਜਿਤੁ ਭੂਖ ਤਿਸਾਇਓ।"
-ਟੋਡੀ ੫, ੧੬, ੩:੧ (715)

ਤਿਸਾਈ ----- (1) ਤਿਹਾਈ, ਪਿਆਸੀ
"ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ।"
-ਗਉ ੫, ੧੧੮*, ੩:੧ (204)
(2) ਡਾਂਝ, ਜਲਨ (ਮਹਾਨਕੋਸ਼); ਤੀਬਰ, ਤਾਂਘ (ਨਿਰਣੈ, ਦਰਪਣ)
"ਤਿਸੁ ਬਿਨੁ ਘੜੀ ਨਹੀਂ ਜਗਿ ਜੀਵਾ ਐਸੀ ਪਿਆਸ ਤਿਸਾਈ।"
-ਮਲਾ ੧, ਅਸ ੧, ੧*:੨ (1273)

ਤਿਸਾਏ ----- ਪਿਆਸੇ
"ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ।"
-ਧਨਾ ੧, ਛੰਤ ੨, ੪:੩ (688)

ਤਿਸੁ ------- ਉਸ

“ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।”
-ਜਪੁ ੧, ੬:੧ (2)
“ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।” (ਉਸ ਭਾਵ ਕੂੰਜਾਂ)
-ਗੂਜ ੫, ਸੋਦ ੫, ੩:੧ (10)

ਹੋਰ ਰੂਪ:

ਤਿਸੈ–
“ਆਦੇਸੁ ਤਿਸੈ ਆਦੇਸੁ।” (ਉਸੇ ਨੂੰ)
-ਜਪੁ ੧, ੨੮:੪ (6)

ਤਿਹ ------- (1) ਤਿੰਨਾਂ
“ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ।”
-ਮਾਝ ੧, ਵਾਰ ੧ਸ, ੧, ੧:੧ (137)
(2) ਉਨਾਂ, ਉਸ
“ਦੂਖੁ ਦਰਦੁ ਤਿਹ ਨਾਨਕ ਨਸੈ।” (ਉਨਾਂ ਦਾ)
-ਗਉ ੫, ੭੯, ੪:੪ (179)
“ਜਨਮ ਮਰਣਿ ਤਿਹ ਮੂਲੇ ਨਾਹੀ।” (ਉਨ੍ਹਾਂ ਨੂੰ)
-ਗਉ ੫, ੧੧੭*, ੩:੩ (203)
“ਨਾਨਕ ਸਚੁ ਸੁਚਿ ਪਾਈਐ ਤਿਹ ਸੰਤਨ ਕੈ ਪਾਸਿ।” (ਉਨ੍ਹਾਂ)
-ਗਉ ੫, ਬਾਅ ੩ਸ:੨ (250)
“ਆਵਨ ਜਾਨਾ ਤਿਹ ਮਿਟੈ ਨਾਨਕ ਜਿਹ ਮਨਿ ਸੋਇ।” (ਉਸ ਦਾ)
-ਗਉ ੫, ਬਾਅ ੭ਸ:੨ (251)
“ਤਿਹ ਰਾਵਨ ਘਰ ਖਬਰਿ ਨ ਪਾਈ।” (ਉਸ)
-ਆਸਾ ਕਬ, ੨੧, ੧:੨ (481)
(3) ਓਹੀ
“ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮ ਸੰਜੋਗਿ ਪਾਇਆ।
-ਧਨਾ ੫, ਅਸ ੧, ੧:੧ (686)

ਤਿਹਟੜੇ------ ਤਿੰਨ ਛਤਾਂ ਵਾਲੇ (ਭਾਵ ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਵਾਲੇ) (ਦਰਪਣ): (ਸ਼ਬਦਾਰਥ)
ਨਾਮ ਦਾਨ ਇਸਨਾਨ ਸਾਸਨ ਦੁਆਰਾ (ਮਹਾਨਕੋਸ਼); ਸਤਿਸੰਗ ਜਿਥੇ ਸ੍ਰਵਣ ਮੰਨਣ ਨਿਦਿਧਯਾਸਨ ਰੂਪ ਤਿੰਨੇ ਛਤਾਂ ਹਨ (ਕੋਸ਼)”
“ਤਿਹਟੜੇ ਬਾਜਾਰ ਸਉਦਾ ਕਰਨਿ ਵਣਜਾਰਿਆ।”
-ਸਲੋ ੫, ੧੭:੧ (1425)

ਤਿਹੰਡੀਆ --- ਤੇਰੀ
“ਹਉ ਆਇਆ ਸਾਮ੍ਹੈ ਤਿਹੰਡੀਆ।”
-ਸਿਰੀ ੫, ਅਸ ੨੯, ੫:੧ (73)

ਤਿਹਰੇ ------ ਤੀਹਰੇ, ਤਿੰਨਾਂ (ਧਾਗਿਆਂ/ਡੋਰਾਂ) ਵਾਲੇ
“ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।”
-ਆਸਾ ਕਬ, ੨, ੧:੧ (475)

ਤਿਹਾਂ------- ਤਿੰਨਾਂ ਹੀ

“ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ।”

-ਮਲਾ ੩, ੧੦, ੩:੧ (1261)

ਤਿਹਾਇਆ --- ਪਿਆਸਾ

“ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ।”

-ਮਾਝ ੧, ਵਾਰ ੨:੩ (138)

ਤਿਹਾਰਉ ---- ਤੇਰਾ

“ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤਿਹਾਰਉ ਲੀਨਉ।”

-ਸੋਰ ੯, ੯, ੩:੨ (633)

ਤਿਹਾਰੀ ----- ਤੇਰੀ

“ਚਰਨ ਸਰਨ ਨਾਮਾ ਬਲਿ ਤਿਹਾਰੀ।”

-ਧਨਾ ਨਾਮ, ੫, ੨:੨ (694)

ਹੋਰ ਰੂਪ:

ਤਿਹਾਰੈ-

“ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ।”

-ਬਸੰ ੯, ੧, ੧:੨ (1186)

ਤਿਹਾਲ ----- ਤਿੰਨ ਵਾਰੀ, ਤ੍ਰਿਕਾਲ ਭਾਵ ਸਵੇਰੇ ਦੁਪਹਿਰ ਤੇ ਸ਼ਾਮ

“ਤ੍ਰੈਪਾਲ ਤਿਹਾਲ ਬਿਚਾਰੰ।”

-ਆਸਾ ੧, ਵਾਰ ੧੪ਸ, ੧, ੨:੪ (470)

ਤਿਹਿ------- ਉਸ

“ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ।” (ਉਸ ਨਾਲ)

-ਗਉ ਕਬ, ਅਸ ੪੩, ੨:੧ (332)

“ਦੂਖੁ ਅੰਦੋਹੁ ਨਹੀ ਤਿਹਿ ਠਾਉ।” (ਉਸ)

-ਗਉ ਰਵਿ, ੨, ੧:੨ (345)

ਹੋਰ ਰੂਪ:

ਤਿਹੀ-

“ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।” (ਉਸ ਵਿਚ ਵੀ ਸੰਗਤ ਮਾੜੀ ਹੈ)

-ਆਸਾ ਰਵਿ, ੧, ੨:੨ (486)

ਤਿਹੀ------- (1) ਉਸ ਵਿਚ, ਵੇਖੋ ਤਿਹਿ

(2) ਤਿੰਨਾਂ

“ਤਿਹੀ ਗੁਣੀ ਤ੍ਰਿਭਵਣੁ ਵਿਆਪਿਆ ਭਾਈ ਗੁਰਮੁਖਿ ਬੂਝ ਬੁਝਾਇ।”

-ਸੋਰ ੩, ੯, ੧:੧ (603)

ਤਿਹੁ ------- (1) ਉਸੇ ਦਾ

“ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ।”

-ਸਿਰੀ ੧, ਅਸ ੧੪, ੬:੨ (62)

(2) ਤਿੰਨਾਂ
"ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ।"
-ਗਉ ੫, ਸੁਖ ੭, ੮:੩ (272)

ਤਿਹੂ ------- ਤਿੰਨਾਂ ਹੀ
"ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ।"
-ਮਲਾ ਰਵਿ, ੨, ੨:੨ (1293)

ਹੋਰ ਰੂਪ:

ਤਿਹੂੰ-
"ਦੇਖਿਆ ਤਿਹੂੰ ਲੋਕ ਕਾ ਪੀਉ।"
-ਗਉ ਕਬ, ਥਿਤੀ ੧੩:੩ (344)

ਤਿਕਲਿ ----- ਪਿਛੇ, ਲਕ ਨਾਲ
"ਦੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ।"
-ਮਲਾ ੧, ਵਾਰ ੧੯, ੧, ੧:੨ (1286)

ਤਿਕਾਲ ----- ਤਿੰਨ ਕਾਲ, ਸਵੇਰ ਦੁਪਹਿਰ ਸ਼ਾਮ
"ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ।"
-ਭੈਰ ੧, ੮, ੨:੧ (1127)

ਤਿਖ ------- (1) ਪਿਆਸ
"ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ।"
-ਸਿਰੀ ੩, ੩੪, ੧*:੧ (26)

"ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ।" (ਪਿਆਸ ਨਾਲ, ਤਿਹਾਏ)
-ਮਾਰੂ ੪, ੪, ੩:੩ (996)

"ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ।" (ਪਿਆਸ ਨਾਲ, ਤਿਹਾਏ)
-ਮਲਾ ੧, ਵਾਰ ੯ਸ, ੩, ੨:੪ (1282)

(2) ਤ੍ਰਿਸ਼ਨਾ
"ਅਨਿਕ ਮਾਇਆ ਰੰਗ ਤਿਖ ਨ ਬੁਝਾਵੈ।"
-ਗਉ ੫, ਸੁਖ ੨, ੨:੫ (264)

"ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ।" (ਸਾੜਨ ਵਾਲੀ ਤ੍ਰਿਸ਼ਨਾ)
-ਮਾਰੂ ੩, ਵਾਰ ੧੯:੨ (1093)

ਤਿਖਈਆ --- ਪਿਆਸਾ, ਤਿਹਾਇਆ
"ਮਨਮੁਖ ਮਾਇਆ ਮੋਹਿ ਵਿਆਪੇ ਇਹੁ ਮਨੁ ਤ੍ਰਿਸਨਾ ਜਲਤ ਤਿਖਈਆ।"
-ਬਿਲਾ ੪, ਅਸ ੩, ੪:੧ (834)

ਤਿਖਹਾਰੇ ---- ਪਿਆਸੇ, ਪਿਆਸ ਨਾਲ ਆਤੁਰ ਹੋਏ
"ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ।"
-ਮਾਝ ੫, ੨੧, ੧:੨ (100)

ਤਿਖਾ-------- (1) (ਤ੍ਰਿਸ਼ਨਾ/ਰੂਪੀ ਪਿਆਸ)
"ਗੁਰ ਕੈ ਸਬਦਿ ਤਿਖਾ ਨਿਵਾਰੀ ਸਹਜੇ ਸੂਖਿ ਸਮਾਵਣਿਆ।"
-ਮਾਝ ੩, ਅਸ ੮, ੩:੩ (113)
(2) ਪਿਆਸ
"ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ।"
-ਮਾਝ ੧, ਵਾਰ ੧੭ਸ, ੧, ੧:੫ (146)

ਤਿਖਾਟ ------ ਪਿਆਸ
"ਜਨ ਨਾਨਕ ਰਸੁ ਅੰਮ੍ਰਿਤੁ ਪੀਆ ਸਭ ਲਾਥੀ ਭੂਖ ਤਿਖਾਟ।"
-ਮਾਲੀ ੪, ੬, ੪:੩ (986)

ਤਿਖੀ-------- ਤੇਜ਼, ਤੇਜ਼ਧਾਰ ਵਾਲੀ
"ਖੰਨਿਅਹੁ ਤਿਖੀ ਬਹੁਤੁ ਪਈਣੀ।"
-ਸੂਹੀ ਫਰ, ੧, ੪:੨ (794)

ਤਿਚਰੁ------- ਉਤਨੀ ਦੇਰ ਤੱਕ, ਓਦੋਂ ਤੱਕ, ਓਨਾ ਚਿਰ
"ਤਿਚਰੁ ਵਸਹਿ ਸੁਹੇਲੜੀ ਜਿਚਰੁ ਸਾਥੀ ਨਾਲਿ।"
-ਸਿਰੀ ੫, ੯੩, ੧:੧ (50)

ਤਿਣੰ-------- ਤਿਨਾਂ ਦਾ, ਉਨ੍ਹਾਂ ਦਾ
"ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ।"
-ਸਵ ੪, ਬਲ ੪:੧ (1405)

ਤਿਣਿ ------ (ਸੰ.) ਘਾਹ
"ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ।"
-ਸਿਰੀ ੪, ੬੯, ੩:੧ (41)

ਤਿਣੁ-------- ਤੀਲਾ, ਡਕਾ
"ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁਖ।"
-ਰਾਮ ੫, ਵਾਰ ੩ਸ, ੫, ੨:੩ (958)

ਤਿਤ ------ ਉਸੇ, ਉਸੇ ਕੰਮ, ਉਧਰ ਹੀ
"ਜਿਤੁ ਤੁਮ ਲਾਵਹੁ ਤਿਤ ਹੀ ਲਾਗਾ ਪੂਰਨ ਖਸਮ ਹਮਾਰੇ।"
-ਗਉ ੫, ੧੬੫*, ੧:੨ (216)

ਤਿਤਨੇ------- ਉਤਨੇ, ਓਨੇ
"ਜਿਤਨੇ ਰਸ ਅਨ ਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ।"
-ਗਉ ੪, ੫੬, ੨:੧ (170)

ਤਿਤੜੇ------- ਉਤਨੇ/ਓਨੇ ਹੀ
"ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ।"
-ਸਿਰੀ ੫, ੯੯, ੪:੧ (52)

ਤਿਤੁ-------- ਉਸ ਵਿਚ
"ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।"

-ਜਪੁ ੧, ੩੮:੪ (8)

(2) ਉਸ

“ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।” (ਉਸ)

-ਆਸਾ ੧, ਸੋਪੁ ੩, ੧:੧ (12)

“ਤਿਤੁ ਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣ ਹਾਰੋ।” (ਉਸ)

- ਗਉ ੧, ਸੋਹ ੧, ੧:੨ (12)

“ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ।”

-ਸਿਰੀ ੩, ੩੮, ੧:੨ (28)

“ਗੁਰਮੁਖਿ ਨਾਮੁ ਜਪੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ।” (ਉਸ ਦੇ ਰਾਹੀਂ)

-ਮਾਝ ੫, ੧੩, ੪:੩ (98)

(3) ਉਥੇ

“ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ।”

-ਸਿਰੀ ੧, ੧੬, ੧:੨ (63)

ਤਿਤੈ -------- ਉਸੇ

“ਅਨਦ ਬਿਨੋਦ ਤਿਤੈ ਘਰਿ ਸੋਹਹਿ ਜੋ ਧਨ ਕੰਤਿ ਸਿਗਾਰੀ ਜੀਉ।”

-ਮਾਝ ੫, ੧੧, ੧:੩ (97)

ਤਿਥਹੁ ------- ਉਥੋਂ, ਉਸ ਸਥਾਨ ਤੋਂ

“ਜਿਥੇ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ।”

-ਮਾਝ੩, ਅਸ ੧੪, ੭:੩ (117)

ਤਿਥਾਊ ----- ਉਥੇ ਹੀ, ਉਸ ਸਥਾਨ ਤੇ ਹੀ

“ ਜਿਥਹੁ ਵੰਵੈ ਜਾਇ ਤਿਥਾਊ ਮਉਜੂਦੁ ਸੋਇ।”

-ਗਉ ੫, ਵਾਰ ੧੯ਸ, ੫, ੧:੨ (322)

ਤਿਥਾਈ----- ਉਥੇ ਹੀ, ਉਸ ਸਥਾਨ ਤੇ ਹੀ

“ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ।”

-ਮਾਝ ੫, ੪੦, ੩:੩ (106)

ਹੋਰ ਰੂਪ:

ਤਿਥਾਈਂ-

“ਮੰਗਲ ਸੂਖ ਕਲਿਆਣ ਤਿਥਾਈਂ।” (ਉਥੇ ਹੀ)

-ਪ੍ਰਭਾ ੫, ਅਸ ੩, ੫:੧ (1348)

ਤਿਥੈ -------- ਉਥੇ, ਉਸ ਸਥਾਨ ਤੇ

“ਤਿਥੈ ਸੋਹਨਿ ਪੰਚ ਪਰਵਾਣੁ।”

-ਜਪੁ ੧, ੩੪:੮ (7)

ਤਿਦਾਊ ----- ਉਸ ਪਾਸੇ/ਉਧਰ ਹੀ

“ਜਿਧਰ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ।”

-ਸਲੋ ਫਰ, ੮੪:੨ (1382)

ਤਿਦੂ ------- (1) ਉਥੋਂ, ਉਸ ਸਥਾਨ ਤੋਂ
“ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ।”
-ਸਲੋ ਫਰ, ੯੨:੨ (1382)
(2) ਉਸ ਤੋਂ
“ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ।”
-ਸਿਰੀ ੪, ਵਾਰ ੧੯ਸ, ੪, ੧:੬ (309)

ਤਿਨ ------- (1) ਉਨਾਂ ਹੋਰ ਵੇਖੋ ਤਿੰਨ (1)
“ਤਿਨ ਕੇ ਨਾਮ ਅਨੇਕ ਅਨੰਤ।”
-ਜਪੁ ੧, ੩੪:੫ (7)
“ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ।” (ਉਨ੍ਹਾਂ ਨੂੰ)
-ਗੂਜ ੫, ਸੋਦ ੫, ੩:੨ (10)
“ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ ਕੁਰਬਾਣਾ।” (ਉਨ੍ਹਾਂ ਦੇ)
-ਆਸਾ ੪, ਸੁਪੁ ੧, ੨:੫ (11)
“ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ।” (ਉਨ੍ਹਾ ਦੇ)
-ਸਿਰੀ ੪, ੬੯, ੧:੩ (41)
“ਓਇ ਜੇਹੈ ਵਣਜਿ ਹਰਿ ਲਾਇਆ ਫਲੁ ਤੇਹਾ ਤਿਨ ਪਾਇਆ।” (ਉਨ੍ਹਾਂ ਨੇ)
-ਗਉ ੪, ੪੫, ੩:੨ (165)
(2) ਤ੍ਰਿਣ, ਕੱਪ, ਤੀਲੇ
“ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ।” (ਨਾਮ ਰੂਪੀ ਅਗਨੀ ਪਾਪ ਰੂਪੀ ਤੀਲਿਆਂ ਨੂੰ ਸਾੜ ਸਕਦੀ ਹੈ)
-ਗਉ ੫, ਛੰਤ ੩, ੧ਸ:੨ (248)
“ਅਉਧ ਅਨਲ ਤਨੁ ਤਿਨ ਕੋ ਮੰਦਰੁ ਚਹੁ ਦਿਸ ਠਾਟੁ ਠਇਓ।” (ਸਰੀਰ ਕੱਖਾਂ ਦਾ ਮੰਦਰ ਹੈ)
-ਗਉ ਕਬ, ੫੯, ੪:੧ (336)
(3) ਉਧਰ (ਉਸ ਪਾਸੇ ਵਲ)
“ਗੁਰਮੁਖਿ ਗਿਆਨੁ ਡੋਰੀ ਪ੍ਰਭਿ ਪਕੜੀ ਜਿਨ ਖਿੰਚੈ ਤਿਨ ਜਾਈਐ।”
-ਰਾਮ ੧, ਓਅੰ ੪੧:੫ (935)

ਤਿੰਨ ------- ਓਨ੍ਹਾਂ, ਵੇਖੋ ਤਿਨਾ (1)
“ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ।”
-ਬਿਹਾ ੫, ਛੰਤ ੩, ੩:੨ (543)

ਤਿਨਹ ------ ਉਨ੍ਹਾਂ
“ਜੋ ਗੁਣ ਅਲਖ ਅਗੰਮ ਤਿਨਹ ਗੁਣ ਅੰਤੁ ਨ ਜਾਣਉ।”
-ਸਵ ੩, ੧੫:੪ (1395)

ਤਿਨਹਿ ------ (1) ਉਸ ਨੇ
“ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।”
-ਆਸਾ ੧, ਸੋਪੁ ੩, ੧:੧ (12)
“ਨਾਨਕ ਤਿਨਹਿ ਨਿਰੰਜਨੁ ਜਾਨਿਆ।”
-ਗਉ ੫, ਸੁਖ ੧੪, ੩:੧੦ (281)

(2) ਘਾਹ ਨੂੰ
“ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਹੇ।” (ਕੁੱਤੇ ਨੂੰ ਘਾਹ ਖਾਣ ਲਾ ਦਿਤਾ)
-ਆਸਾ ੫, ੪੪, ੧*:੨ (381)

(3) ਤ੍ਰਿਣ/ਤੀਲੇ ਦੇ
“ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ।”
-ਕਲਿ ੫, ੪, ੧:੧ (1322)

ਤਿਨਹੁ ------ ਉਨ੍ਹਾਂ ਨੂੰ
“ਠਾਕ ਨ ਹੋਤੀ ਤਿਨਹੁ ਦਰਿ ਜਿਹ ਹੋਵਹੁ ਸੁਪ੍ਰਸੰਨ।”
-ਗਉ ੫, ਬਾਅ ੨੮ਸ, :੧ (255)

ਤਿਨਹੂ ------ ਉਨ੍ਹਾਂ ਨੂੰ
“ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ।”
-ਗਉ ੫, ਅਸ ੧੫, ੫:੧ (242)
“ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ।” (ਉਨ੍ਹਾਂ ਨਾਲ)
-ਗਉ ੫, ਬਾਅ ੫੨:੬ (261)
“ਸੁਰਿ ਨਰ ਮੁਨਿ ਜਨ ਤਿਨਹੂ ਤੇ ਦੂਰਿ।” (ਉਨ੍ਹਾਂ ਤੋਂ)
-ਗਉ ੫, ਅਸ ੫, ੧*:੨ (694)
“ਜਿਹ ਕ੍ਰਿਪਾਲੁ ਹੋਯਉ ਗੋਬਿੰਦੁ ਸਰਬ ਸੁਖ ਤਿਨਹੂ ਪਾਏ।” (ਉਨ੍ਹਾਂ ਨੇ ਹੀ)
-ਸਮੁ ੫, ੭:੫ (1386)

ਤਿਨਕਾ ----- ਤ੍ਰਿਣ, ਤੀਲਾ, ਡਕਾ
“ਪੀਛੈ ਤਿਨਕਾ ਲੈ ਕਰਿ ਹਾਂਕਤੀ।” (ਭਾਵ ਉਤਸ਼ਾਹ ਰੂਪੀ ਡੰਡਾ)
-ਬਸੰ ਨਾਮ, ੩, ੧:੨ (1196)

ਤਿਨਗੇ ------ ਤਿਨਾਂ ਦੇ, ਉਨ੍ਹਾਂ ਦੇ
“ਜੋ ਤੁਮਰੇ ਗੁਨ ਗਾਵਹਿ ਸੁਆਮੀ ਹਉ ਬਲਿ ਬਲਿ ਬਲਿ ਤਿਨਗੇ।”
-ਨਟ ੪, ੪, ੩:੧ (976)

ਤਿਨਛੇ ----- ਤਿਸ/ਉਸ ਦੇ
“ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ।”
-ਬਸੰ ੪, ੪, ੩:੧ (1178)

ਤਿਨਰ ------ ਉਨਾਂ ਵਿਅਕਤੀਆਂ/ਮਨੁੱਖਾਂ ਨੂੰ, ਤਿਨਾਂ ਨੂੰ
“ਤਿਨਰ ਦੁਖ ਨਹ ਭੁਖ ਤਿਨਰ ਨਿਧਨ ਨਹੁ ਕਹੀਅਹਿ।”
-ਸਵ ੩, ੧੧:੧ (1394)

ਤਿਨਾ------- (1) ਉਨ੍ਹਾਂ ਨੂੰ
“ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖ ਹੋਇ।”
-ਸਿਰੀ ੧, ੨੩, ੨:੧ (22)

ਹੋਰ ਰੂਪ:

ਤਿੰਨਾ–

"ਤਿੰਨਾ ਭੁਖ ਨ ਕਾ ਰਹੀ ਜਿਸ ਦਾ ਪ੍ਰਭੁ ਹੈ ਸੋਇ।" (ਉਨ੍ਹਾਂ ਨੂੰ)
-ਗਉ ੫, ਵਾਰ ੨੧ਸ, ੫, ੧:੧ (323)

ਤਿਨਾਹ-
"ਰਾਮ ਨਾਮ ਰੰਗ ਰਤਿਆ ਭਾਰੁ ਨ ਭਰਮੁ ਤਿਨਾਹ।" (ਉਨ੍ਹਾਂ ਨੂੰ)
-ਸਿਰੀ ੧, ੨੩, ੪:੨ (23)

ਤਿੰਨਾਹ-
"ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ।" (ਉਨ੍ਹਾਂ ਨੂੰ)
-ਮਾਰੂ ੫, ਵਾਰ ੨੧ਸ, ੫, ੨:੨ (1101)

(2) ਉਨ੍ਹਾਂ
"ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ।"
-ਸਿਰੀ ੩, ੩੫, ੪:੨ (26)

"ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ।" (ਉਨ੍ਹਾਂ ਦਾ)
-ਮਾਝ ੩, ਅਸ ੨੩, ੫:੧ (123)

"ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ।" (ਉਨ੍ਹਾਂ ਦੇ)
-ਗਉ ੪, ਵਾਰ ੧੦ਸ, ੪, ੧:੪ (305)

"ਬਿਰਥਾ ਜਨਮੁ ਤਿਨਾ ਜਿਨ੍ਹੀ ਨਾਮੁ ਵਿਸਾਰਿਆ" (ਉਨ੍ਹਾਂ ਦਾ)
-ਆਸਾ ੪, ੬੪, ੩:੧ (369)

ਹੋਰ ਰੂਪ:

ਤਿੰਨਾ-
"ਮਨਮੁਖ ਊਭੇ ਸੁਕਿ ਗਏ ਨ ਫਲੁ ਤਿੰਨਾ ਛਾਉ।"
"ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ।" (ਉਨ੍ਹਾਂ)
-ਸਿਰੀ ੩, ਅਸ ੨੦, ੪:੧-੨ (66)

ਤਿਨਾਹਾ-
"ਏਕੁ ਧਿਆਇਨਿ ਸਦਾ ਸੁਖੁ ਪਾਇਨਿ ਨਿਹਚਲੁ ਰਾਜ ਤਿਨਾਹਾ ਹੇ।"
-ਮਾਰੂ ੩, ਸੋਲਾ ੧੪, ੩:੩ (1057)

ਤਿਨਾੜਾ ----- ਉਨ੍ਹਾਂ ਦਾ
"ਵਿਸਰਿਆ ਜਿਨ੍ਹਾ ਨਾਮੁ ਤਿਨਾੜਾ ਹਾਲੁ ਕਉਣੁ।"
-ਆਸਾ ੫, ੧੦੬, ੩:੨ (397)

ਹੋਰ ਰੂਪ:

ਤਿਨਾੜੀ-
"ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ।" (ਉਨ੍ਹਾਂ ਦੀ)
-ਤੁਖਾ ੧, ਬਾਰਾ ੧੨:੫ (1109)

ਤਿਨਾੜੀਆ-
"ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ।" (ਉਨ੍ਹਾਂ ਦੀ)
-ਸਿਰੀ ੪, ਵਾਰ ੭ਸ, ੧, ੨:੩ (85)

ਤਿਨਿ ------ (1) ਉਸ ਨੇ
"ਜਿਨਿ ਸੇਵਿਆ ਤਿਨਿ ਪਾਇਆ ਮਾਨੁ।"

-ਜਪੁ ੧, ੫:੩ (2)

“ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ।” (ਭਾਵ ਉਸ ਮਾਇਆ ਨੇ)

-ਗਉ ਕਬ, ੪੬, ੩:੧ (333)

(2) ਤ੍ਰੈ, ਤੀਨ

“ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।”

-ਜਪੁ ੧, ੩੦:੧ (7)

“ਥਾਲ ਵਿਚ ਤਿਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।”

-ਮੁੰਦਾ ੫, ੧:੧ (1429)

(3) ਉਸ ਪਾਸ

“ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।” (ਉਧਰ-ਮਹਾਨਕੋਸ਼)

-ਸਿਰੀ ੪, ੬੮, ੧:੧ (41)

(4) ਘਾਹ, ਤ੍ਰਿਣ, ਹੋਰ ਵੇਖੋ ਤਿਨੁ

“ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ।”

-ਗਉ ੫, ਸੁਖ ੨੩, ੨:੫ (294)

(5) ਇੰਨਾਂ/ਉਨ੍ਹਾਂ ਨੇ

“ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।”

-ਵਡ ੧, ੩, ੧:੨ (557)

ਤਿਨੀ------- ਉਨ੍ਹਾਂ ਨੇ

“ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ।”

-ਸਿਰੀ ੩, ੩੪, ੨:੧ (26)

ਤਿਨੁ ------- (1) ਘਾਹ, ਤ੍ਰਿਣ

“ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ।”

ਆਸਾ ੫, ਛੰਤ ੫, ੧:੫ (455)

ਤਿਨੇਹਾ ------ ਏਹੋ ਜਿਹਾ

“ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।”

-ਮਾਰੂ ੧, ੩, ੪:੧ (990)

ਤਿਨੇਹਿ ------ ਤਿੰਨਾਂ ਦਾ

“ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ।”

-ਸਿਰੀ ੧, ਅਸ ੧੧, ੧:੩ (60)

ਤਿਨੈ ------- (1) ਉਸ ਨੂੰ ਤਿਸ ਨੂੰ

“ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ।”

-ਗਉ ਕਬ, ੪੧, ੩:੨ (331)

(2) ਉਸ ਨੇ, ਤਿਸ ਨੇ

“ਮਹਾ ਰੋਗੁ ਬਿਕਰਾਲੁ ਤਿਨੈ ਬਿਦਾਰੂਓ।”

-ਗੂਜ ੫, ਵਾਰ ੧੬:੪ (522)

“ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ।” (ਉਸ ਨੇ ਆਪ ਹੀ)

-ਰਾਮ ਬਸ, ਵਾਰ ੨:੧੨ (967)

ਤਿੰਨੈ -------- ਤਿਸ/ ਉਸ ਨੇ
"ਤਿੰਨੈ ਮਾਰੇ ਨਾਨਕਾ ਜਿ ਕਰਣ ਕਾਰਣ ਸਮਰਥੁ।"
-ਗਉ ੪, ਵਾਰ ੨੭ਸ, ੫, ੨:੨ (315)

ਤਿਨ੍ਹ -------- (1) ਉਨ੍ਹਾਂ
"ਪੰਚ ਪਹਰੂਆ ਦਰ ਮਹਿ ਰਹਤੇ ਤਿਨ੍ ਕਾ ਨਹੀ ਪਤੀਆਰਾ।"
-ਗਉ ਕਬ, ੭੩, ੨:੧ (339)
"ਜੋ ਸੇਵਹਿ ਜੋ ਸੇਵਹਿ ਤੁਧੁ ਜੀ ਜਨੁ ਨਾਨਕੁ ਤਿਨ੍ ਕੁਰਬਾਣਾ।" (ਉਨ੍ਹਾਂ ਤੋਂ)
-ਆਸਾ ੪, ਸੋਦ ੨, ੨:੫ (348)
"ਭਗਤਿ ਰਤੇ ਤਿਨ੍ ਸਚੀ ਸੋਇ।" (ਉਨ੍ਹਾਂ ਦੀ)
-ਆਸਾ ੩, ੫੧, ੫:੩ (365)
"ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ।" (ਉਨ੍ਹਾਂ ਨੂੰ)
-ਆਸਾ ੫, ੧, ੨:੧ (370)
(2) ਉਸ ਨੂੰ
"ਹਰਿ ਹਰਿ ਹਰਿ ਹਰਿ ਹਰਿ ਜਨ ਊਤਮ ਕਿਆ ਉਪਮਾ ਤਿਨ੍ਹ ਦੀਜੈ।"
-ਕਲਿ ੪, ਅਸ ੧, ੮:੧ (1324)

ਹੋਰ ਰੂਪ:

ਤਿੰਨ੍–
"ਜੰਮਣੁ ਮਰਣੁ ਨ ਤਿੰਨ੍ ਕਉ ਜੋ ਹਰਿ ਲੜਿ ਲਾਗੇ।"
-ਗਉ ੫, ਵਾਰ ੧੬:੧ (322)
ਤਿਨ੍–
"ਹਰਿ ਗੁਰੁ ਨਾਨਕੁ ਜਿਨ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ।"
-ਸਵ ੫, ੬:੬ (1386)

ਤਿੰਨ੍ਖੇ ------- ਤਿੰਨ੍ਹਾਂ ਨੇ, ਉਨ੍ਹਾਂ ਨੇ
"ਜੇਤੇ ਖੰਡ ਬ੍ਰਹਮੰਡ ਉਧਾਰੇ ਤਿੰਨ੍ਖੇ।"
-ਆਸਾ ੫, ੧੦੮, ੨:੧ (397)

ਤਿਨ੍ਹਾ ------- ਉਨ੍ਹਾਂ
"ਜਿਨ੍ ਕੈ ਪੋਤੈ ਪੁੰਨੁ ਤਿਨ੍ਾ ਗੁਰੂ ਮਿਲਾਏ।"
-ਆਸਾ ੩, ੫੦, ੪:੨ (364)
"ਨਾਨਕ ਨਾਮੁ ਤਿਨ੍ਹਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ।" (ਉਨਾਂ ਨੂੰ)
-ਆਸਾ ੩, ੩੫, ੯:੨ (429)

ਹੋਰ ਰੂਪ:

ਤਿਨ੍ਾਂ–
"ਜਿਨਾ ਨਾਉ ਸੁਹਾਗਣੀ ਤਿਨ੍ਾਂ ਝਾਕ ਨ ਹੋਰ।"
-ਸਲੋ ਫਰ, ੧੧੪:੨ (1384)
ਤਿੰਨ੍ਾ–
"ਜਿੰਨਾ ਨੈਣ ਨੰੀਦ੍ਰਾਵਲੇ ਤਿੰਨ੍ਾ ਮਿਲਣੁ ਕੁਆਉ।" (ਉਨ੍ਹਾਂ)

-ਸਲੋ ਫਰ, ੮੦:੨ (1382)

ਤਿਨ੍ਹਾ ਹੀ ---- ਉਨ੍ਹਾਂ ਨਾਲ
"ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਹਾ ਹੀ ਸੇਤੀ ਵਾਸਾ।"
-ਬਸੰ ੧, ੧੧, ੪:੧ (1171)

ਤਿਨ੍ਹਿ ------ ਉਸ ਨੇ
"ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।"
-ਆਸਾ ਧੰਨਾ, ੨, ੨:੧ (487)

ਹੋਰ ਰੂਪ:

ਤਿਨ੍ਹੀ-
"ਗੁਰਮੁਖਿ ਆਪੁ ਪਛਾਣਿਆ ਤਿਨ੍ਹੀ ਇਕ ਮਨਿ ਧਿਆਇਆ।" (ਉਨ੍ਹਾਂ ਨੇ)
-ਆਸਾ ੩, ਅਸ ੩੫, ੨:੧ (429)

ਤਿਪਤਾਇ---- ਤ੍ਰਿਪਤ ਹੁੰਦਾ/ਰਜਦਾ ਹੈ
"ਹਰਿ ਪ੍ਰਭੁ ਵੇਪਰਵਾਹੁ ਹੈ ਕਿਤੁ ਖਾਧੈ ਤਿਪਤਾਇ।"
-ਸਲੋ ੩, ੧੨:੬ (1413)

ਤਿਪਤਾਸੈ ---- ਤ੍ਰਿਪਤਾ ਹੁੰਦਾ ਹੈ
"ਸਤਿਗੁਰ ਕੈ ਭਾਣੈ ਜੋ ਚਲੈ ਤਿਪਤਾਸੈ ਹਰਿ ਗੁਣ ਗਾਇ।"
-ਸਲੋ ੩, ੧੨:੭ (1414)

ਤਿਪਤਿ ----- (1) ਸੰਤੁਸ਼ਟ, ਤ੍ਰਿਪਤ
"ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ।"
-ਗਉ ੫, ਵਾਰ ੧੯ਸ, ੫, ੧:੨ (321)

ਹੋਰ ਰੂਪ:

ਤਿਪਤੇ-
"ਨੈਨ ਤਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ।" (ਤ੍ਰਿਪਤ ਹੋਏ)
-ਕਾਨ ੫, ੪੦, ੧:੧ (1306)

ਤਿਪਤੈ-
"ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ।"
-ਮਾਝ ੧, ਵਾਰ ੨:੩ (138)

(2) ਤ੍ਰਿਪਤੀ, ਸੰਤੁਸ਼ਟਤਾ
"ਤਿਪਤਿ ਨਾਹੀ ਮਾਇਆ ਮੋਹ ਪਸਾਰੀ।"
-ਆਸਾ ੧, ਅਸ ੧੦, ੫:੨ (416)

ਤਿਪੀਆ----- ਤ੍ਰਿਪਤੀਆਂ, ਰਤੀਆਂ, ਸੰਤੁਸ਼ਟ ਹੋਈਆਂ
"ਲਗੜੀਆ ਪਿਰੀਅੰਨਿ ਪੇਖੰਦੀਆ ਨ ਤਿਪੀਆ।"
-ਮਾਰੂ ੫, ਵਾਰ ੨੧ਸ, ੫, ੧:੧ (1101)

ਤਿਮਰ ------ ਹਨੇਰਾ, ਅਗਿਆਨ

"ਨਾਨਕ ਗੁਰਮੁਖਿ ਗਿਆਨੁ ਪਰਾਪਤਿ ਹੋਵੈ ਤਿਮਰ ਅਗਿਆਨੁ ਅਧੇਰੁ ਚੁਕਾਇਆ।"
-ਗੂਜ੩, ਵਾਰ ੧੧ਸ, ੩, ੧:੪ (512)

ਤਿਰਸਕਾਰ --- (ਸੰ.) ਅਨਾਦਰ, ਅਪਮਾਨ
"ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ।"
-ਸਸ ੫, ੨੮:੧ (1356)

ਤਿਰਿ ------ ਤਰ, ਪਾਰ ਹੋ
"ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ।"
-ਸਲੋ ਕਬ, ੩੫:੨ (1366)

ਤਿਰੀਆ ----- ਇਸਤ੍ਰੀ, ਪਤਨੀ
"ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ।"
-ਆਸਾ ਕਬ, ੯, ੩:੨ (478)

ਤਿਰੁ ------- ਤਿਲ ਮਾਤਰ, ਥੋੜੀ
"ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ।"
-ਸਮੁ ੫, ੮:੨ (1386)

ਤਿਰੈ ------- ਤਰ ਜਾਂਦਾ/ਪਾਰ ਹੋ ਜਾਂਦਾ ਹੈ
"ਜੀਤੇ ਬੂਡੈ ਹਾਰੇ ਤਿਰੈ।"
-ਭੈਰ ਕਬ, ੧੪, ੩:੧ (1161)

ਤਿਲ ------- (1) ਤਿਲ ਮਾਤਰ, ਥੋੜਾ ਜਿਹਾ, ਨਿਗੂਣਾ ਜਿਹਾ
"ਜੇ ਕੋ ਪਾਵੈ ਤਿਲ ਕਾ ਮਾਨੁ।"
-ਜਪੁ ੧, ੨੧:੨ (4)
"ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ।"
-ਸੋਰ ੫, ੬0, ੧*:੨ (624)
(2) ਤਿਲ ਦਾ ਬੀਜ, ਇਕ ਨਿੱਕਾ ਜਿਹਾ ਬੀਜ ਜਿਸ ਦਾ ਤੇਲ ਕੱਢਿਆ ਜਾਂਦਾ ਹੈ।
"ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।"
-ਗਉ ੪, ਵਾਰ ੨੭:੫ (315)
"ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ।" (ਭਾਵ ਸੁਆਸ)
-ਸਲੋ ਫਰ, ੪:੧ (1378)
(3) ਤਿਲ ਦਾ ਬੂਟਾ, ਹੋਰ ਵੇਖੋ 'ਤਿਲੁ' (3)
"ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ।"
-ਆਸਾ ੧, ਵਾਰ ੧ਸ, ੧, ੩:੨ (463)
(4) ਥੋੜਾ ਸਮਾਂ, ਖਿਨ ਮਾਤਰ, ਵੇਖੋ 'ਤਿਲਾ' (4)
"ਰਾਮ ਨਾਮੁ ਇਕੁ ਤਿਲ ਤਿਲ ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ।"
-ਕਾਨ ੪, ਅਸ ੧, ੪:੧ (1308)

ਤਿਲਕ ------ ਮੱਥੇ ਉਪਰ ਚੰਦਨ/ਕੇਸਰ ਅਥਵਾ ਹੋਰ ਵਸਤੂਆਂ ਦਾ ਲਾਇਆ ਟਿੱਕਾ
"ਪੂਜਾ ਤਿਲਕ ਕਰਤ ਇਸਨਾਨਾਂ।"

-ਗਉ ੫, ੧੦੭*, ੨:੧ (201)

ਹੋਰ ਰੂਪ:

ਤਿਲਕੁ–

"ਪੂਜਾ ਤਿਲਕੁ ਤੀਰਥ ਇਸਨਾਨਾ।"

-ਮਾਝ ੫, ੧੨, ੨:੨ (98)

"ਰਾਮਦਾਸ ਸੋਢੀ ਤਿਲਕੁ ਦੀਆ ਗੁਰ ਸਬਦੁ ਸਚੁ ਨੀਸਾਣੁ ਜੀਉ।" (ਭਾਵ ਗੱਦੀ ਦਿਤੀ)

-ਰਾਮ ਸੁੰਦ, ਸਦ ੫:੬ (923)

ਤਿਲਕੁ------ (1) ਮੱਥੇ ਤੇ ਲਾਇਆ ਟਿੱਕਾ, ਵੇਖੋ 'ਤਿਲਕ'

(2)ਸ਼ਿਰੋਮਣੀ, ਪ੍ਰਧਾਨ, ਮੁਖੀਆ

"ਰਘੁ ਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ।"

-ਸਵ ੪, ਗਯੰ ੨:੫ (1401)

ਤਿਲਤ------ ਤਿਲਾਂ ਦਾ ਰਸ, ਤੇਲ

"ਬੂਝਤ ਦੀਪਕ ਮਿਲਤ ਤਿਲਤ।"

-ਮਾਲੀ ੫, ੩, ੧:੨ (987)

ਤਿਲਨਾ ----- ਤਿਲ ਕਾਤਰ, ਥੋੜਾ ਜਿਹਾ

"ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ ਓਹੁ ਘਟੇ ਨ ਕਿਸੈ ਕੀ ਘਟਾਈ ਇਕੁ ਤਿਲੁ ਤਿਲੁ ਤਿਲਨਾ।"

-ਗੋਂਡ ੪, ੩, ੩:੨ (861)

ਤਿਲਾਹ ----- ਤਿਲਾਂ ਦੇ

"ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ।"

-ਸਲੋ ਫਰ, ੪੯:੧ (1380)

ਤਿਲੁ------- (1) ਤਿਲ ਭਰ/ਜਰਾ ਜਿਨਾ ਵੀ, ਰਤਾ ਭਰ ਵੀ

"ਵਡਾ ਦਾਤਾ ਤਿਲੁ ਨ ਤਮਾਇ।"

-ਜਪੁ ੧, ੨੫:੨ (5)

(2) (ਅ. (ਤਿਲ) ਧੋਖਾ, ਛੱਲ

"ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ।"

-ਸਿਰੀ ੧, ਅਸ ੯, ੬:੩ (59)

(3) ਤਿਲਾਂ ਦਾ ਬੂਟਾ, ਵੇਖੋ 'ਤਿਲ' (3)

"ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ।"

-ਗਉ ੫, ਸੁਖ ੧੩, ੬:੬ (280)

(4) ਥੋੜਾ ਸਮਾਂ, ਖਿਨ ਮਾਤਰ ਵੇਖੋ 'ਤਿਲ' (4)

"ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਾਰੈ।"

-ਆਸਾ ੪, ੬੨, ੩:੨ (368)

ਹੋਰ ਰੂਪ:

ਤਿਲੈ–

"ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ।"
-ਬਿਹਾ ੫, ਛੰਤ ੨, ੨:੫ (543)

(5) ਥੋੜਾ, ਰਤਾ
"ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ।"
-ਮਾਰੂ ੫, ਅਸ ੩, ੩:੨ (1018)

ਤਿਲੈ ------ ਥੋੜਾ ਸਮਾਂ, ਵੇਖੋ 'ਤਿਲ' (4)

ਤਿਲੋਕ ----- ਤ੍ਰੈਲੋਕੀ, ਅਰਸ਼, ਫਰਸ਼ ਤੇ ਪਾਤਾਲ, ਉਤਮ, ਮਧਮ ਤੇ ਨੀਚ ਲੋਕ
"ਤੀਨਿ ਤਿਲੋਕ ਸਮਾਧਿ ਪਲੋਵੈ।"
-ਰਾਮ ਬੇਣੀ ੧, ੫:੨ (974)

ਤਿਲੋਚਨ----- 13ਵੀਂ ਸਦੀ ਦਾ ਵੰਸ਼ ਕੁਲ ਦਾ ਮਹਾਰਾਸ਼ਟਰ ਦਾ ਕਬੀਰ ਜੀ ਦਾ ਸਮਕਾਲੀ ਇਕ ਭਗਤ ਜਿੰਨ੍ਹਾਂ ਦੇ ਸਿਰੀ ਰਾਗ, ਗੂਜਰੀ ਤੇ ਧਨਾਸਰੀ ਰਾਗਾਂ ਵਿਚ 4 ਸ਼ਬਦ ਦਰਜ਼ ਹਨ।
"ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ।"
-ਰਾਮ ਨਾਮ, ੧, ੪:੧ (972)

ਹੋਰ ਰੂਪ:

ਤਿਲੋਚਨਾ-
"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ।"
-ਸਲੋ ਕਬ, ੨੧੩:੧ (1376)

ਤਿਲੋਚਨੁ-
"ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ।"
-ਗੂਜ ਤ੍ਰਿਲੋ, ੨, ੫:੨ (526)

ਤਿਵ ------- ਤਿਵੇਂ, ਤੈਸੇ, ਉਵੇਂ, ਉਸੇ ਤਰਾਂ
"ਜਿਵ ਫੁਰਮਾਏ ਤਿਵ ਤਿਵ ਪਾਹਿ।"
-ਜਪੁ ੧, ੧੯:੯ (4)

ਤਿਵੈ ------- ਤਿਵੇਂ, ਉਸੇ ਤਰ੍ਹਾਂ, ਉਵੇਂ ਹੀ
"ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।"
-ਜਪੁ ੧, ੩0:੩ (7)

ਹੋਰ ਰੂਪ:

ਤਿੰਵੈ-
"ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿੰਵੈ ਨਿਬਾਹਿ ਜੀਉ।"
-ਸਿਰੀ ੫, ੨੯, ੩:੩ (73)

ਤਿਡ਼ੰਨ੍ ------ ਤਰਨ ਦੀ
"ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ।" (ਤਰਨ ਦੀ ਕਲਾ/ਵਿਦਿਆ)
-ਸਲੋ ੧, ੩:੧ (1410)

ਤੀ -------- ਇਸਤ੍ਰੀ, ਪਤਨੀ
"ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ।"

-ਆਸਾ ੫, ੧੨੫, ੩:੧ (402)

ਤੀਆ ------ ਤੀਜਾ, ਤੀਸਰਾ
"ਅਵਰੁ ਨ ਜਾਣਾ ਦੂਆ ਤੀਆ।"
-ਮਾਰੂ ੧, ਸੋਲਾ, ੧੩, ੧੨:੨ (1034)

ਤੀਐ------- ਤਿੰਨ ਗੁਣਾਂ ਵਿਚ
"ਕਿਉ ਸੁਖੁ ਪਾਵੈ ਦੂਐ ਤੀਐ।"
-ਮਾਰੂ ੧, ਸੋਲਾ ੩, ੧੨:੨ (1023)

ਤੀਸ ------- (ਸੰ.) ਤੀਹ, ਗਿਣਤੀ ਦੀ ਇਕ ਇਕਾਈ
"ਤੀਸ ਬਰਸ ਕਛੁ ਦੇਵ ਨ ਪੂਜਾ ਫਿਰਿ ਪਛੁਤਾਨਾ ਬਿਰਧਿ ਭਇਓ।"
-ਆਸਾ ਕਬ, ੧੫, ੧:੨ (479)

ਹੋਰ ਰੂਪ:

ਤੀਸਾ-
"ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।" (ਤੀਹਾਂ ਦਾ)
-ਮਾਝ ੧, ਵਾਰ ੧ਸ, ੧, ੩:੧ (138)

(2) ਤੀਹ ਅਖਰਾਂ ਵਾਲੀ ਲਿਪੀ (ਫਾਰਸੀ)
"ਤੀਸ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ।"
-ਸਵ ੩, ੧੨:੪ (1394)

ਤੀਹ ------- ਤੀਸ, ਗਿਣਤੀ ਦਾ ਇਕ ਇਕਾਈ
"ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।"
-ਸਿਰੀ ੧, ੨੭, ੪:੧ (28)

ਤੀਖਣ ------ (1) ਤਿਖਾ, ਤੇਜ਼
"ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ।"
-ਆਸਾ ੫, ਛੰਤ ੧੪, ੧:੧ (461)
"ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਹਾਈਐ।"
-ਫੁਨ ੫, ੧੬:੩ (1363)

ਹੋਰ ਰੂਪ:

ਤੀਖਣਿ-
"ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ।"
-ਮਾਰੂ ੫, ਅਸ ੩, ੧:੧ (1017)

ਤੀਖਨ-
"ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ ਸਰੀ।"
-ਕੇਦਾ ੫, ੯, ੨:੧ (1121)

ਤੀਖੵਣ-
"ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖੵਣ ਮੋਹ ਕੀ ਫਾਸ।"
-ਗਉ ੫, ੧੨੦*, ੧:੧ (204)

ਤੀਖੵਣ–
"ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖੵਣ ਕਠਿਨਹ।"
–ਸਸ ੫, ੫੮:੩ (1359)

ਤੀਜੜੀ ------ **ਤੀਸਰੀ, ਤੀਜੀ**
"ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿਰਾਮ ਜੀਉ।"
–ਸੂਹੀ ੪, ਛੰਤ ੨, ੩:੧ (774)

ਤੀਜਾ-------- **ਤੀਸਰਾ**
"ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ।"
–ਮਾਝ ੧, ਵਾਰ ੭ਸ, ੧, ੩:੨ (141)

ਹੋਰ ਰੂਪ:

ਤੀਜੀ–
"ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ।"
–ਗਉ ੪, ਵਾਰ ੧੪ਸ, ੪, ੧:੬ (307)

ਤੀਜੈ–
"ਤੀਜੈ ਝਾਖ ਝਖਾਇਆ ਚਉਥੈ ਭੋਰੁ ਭਇਆ।"
–ਸਿਰੀ ੫, ੭੪, ੩:੨ (43)

ਤੀਨ -------- **ਤ੍ਰੈ, ਗਿਣਤੀ ਦੀ ਇਕ ਇਕਾਈ, ਤਿੰਨ**
"ਤੀਨ ਭਵਨ ਨਿਹਕੇਵਲ ਗਿਆਨੁ।"
–ਆਸਾ ੧, ਅਸ ੬, ੨:੨ (414)

ਹੋਰ ਰੂਪ:

ਤੀਨਿ–
"ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ।" (ਭਾਵ ਬਾਲ, ਜੁਆਨੀ ਤੇ ਬ੍ਰਿਥ ਅਵਸਥਾ)
–ਸਿਰੀ ੧, ੨੬, ੩:੧ (23)
"ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ।" (ਤਿੰਨ ਗੁਣਾਂ ਰੂਪੀ ਸਾਖਾਵਾਂ)
–ਸਿਰੀ ੩, ਅਸ 20, ੩:੨ (66)
"ਤੀਨਿ ਦੇਵ ਏਕ ਸੰਗਿ ਲਾਇ।" (ਭਾਵ ਬ੍ਰਹਮਾ, ਵਿਸ਼ਨੂੰ ਤੇ ਸ਼ਿਵ
"ਤੀਨਿ ਨਦੀ ਤਹ ਤ੍ਰਿਕੁਟੀ ਮਾਹਿ।" (ਕਰਮ, ਗਿਆਨ ਤੇ ਭਗਤੀ)
–ਗਉ ਕਬ, ਵਾ ੫:੨;੩ (344)
"ਮਿਤ੍ਰ ਪੁਤ੍ਰ ਕਲਤ੍ਰ ਸੁਰ ਰਿਦ ਤੀਨਿ ਤਾਪ ਜਲੰਤ।" (ਆਦਿ ਮਨ ਦੇ) ਬਿਆਧਿ (ਸਰੀਰ ਦੇ) ਤੇ ਉਪਾਧਿ (ਭੁਲੇਖੇ) ਦੇ ਦੁੱਖ
–ਗੂਜ ੫, ੩੦, ੪:੧ (502)
"ਤੀਨਿ ਸਮਾਏ ਏਕ ਕ੍ਰਿਤਾਰਥ।" (ਧਰਮ, ਅਰਥ ਤੇ ਕਾਮ)
–ਪ੍ਰਭਾ ੧, ਅਸ ੬, ੫:੨ (1345)

ਤੀਨੇ–
"ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ।" (ਤਿੰਨੇ ਹੀ)
–ਸਿਰੀ ੩, ਅਸ ੨੧, ੫:੨ (67)

ਤੀਨੈ–
"ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ।" (ਤਿੰਨੋ ਹੀ)
–ਗੂਜ ਨਾਮ, ੨, ੩:੨ (525)

ਤੀਨੌ–
"ਰੋਗੁ ਨ ਬਿਆਪੈ ਤੀਨੌ ਤਾਪ।"
–ਗਉ ਕਬ, ੧੭, ੨:੪ (327)

ਤੀਰ ------- (1) (ਫ਼ਾ. ਤੀਰ) ਬਾਣ, ਕਮਾਣ, ਵਿਚ ਰੱਖ ਕੇ ਚਲਾਣ ਵਾਲਾ ਲੰਮਾ ਨੋਕਦਾਰ ਹਥਿਆਰ ਹੋਰ ਵੇਖੋ 'ਤੀਰ'
"ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ।"
–ਸਿਰੀ ੧, ੭, ੩:੨ (16)
"ਰਾਮ ਭਗਤਿ ਅਨੀਆਲੇ ਤੀਰ।"
–ਗਉ ਕਬ, ੨੧, ੧*:੨ (327)
(2) (ਸੰ.) ਕਿਨਾਰਾ, ਕੰਢਾ, ਤਟ, ਹੋਰ ਵੇਖੋ ਤੀਰਾ; 'ਤੀਰੈ'
"ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ।"
–ਗਉ ੫, ੧੫੫*, ੩:੧ (213)
(ਮਹਾਨਕੋਸ਼ ਇਸ ਦੇ ਅਰਥ ਸ਼ਿਵ ਭਗਤੀ ਕਰਦਾ ਹੈ)
"ਨਾਨਕ ਤਿਨ ਬਲਿਹਾਰਣੈ ਹਰਿ ਜਪਿ ਉਤਰੇ ਤੀਰ ।" (ਕੰਢੇ ਤੇ)
–ਰਾਮ ੫, ਰੁਤੀ ੮, ੨ਸ:੨ (929)

ਤੀਰਥ ------ ਧਰਮ ਨਾਲ ਸਬੰਧਿਤ ਪਵਿੱਤਰ ਸਥਾਨ
"ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।"
–ਸਿਰੀ ੩, ੬੪, ੧:੨ (39)

ਤੀਰਥਹ ----- ਤੀਰਥਾਂ/ਧਾਰਮਿਕ ਪਵਿਤਰ ਸਥਾਨਾਂ ਉਤੇ
"ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ।"
–ਆਸਾ ੫, ਛੰਤ ੫, ੧:੪ (455)

ਤੀਰਥਵਾਸੀ--- ਤੀਰਥ ਸਥਾਨਾਂ ਦਾ ਨਿਵਾਸੀ
"ਕਈ ਕੋਟਿ ਭਏ ਤੀਰਥ ਵਾਸੀ।"
–ਗਉ ੫, ਸੁਖ, ੧੦, ੧:੩ (275)

ਤੀਰਥਾ ----- (1) ਤੀਰਥ ਹੈਨ, ਪਵਿੱਤਰ ਸਥਾਨ ਹਨ
"ਤੇਰੇ ਸਠਿ ਸੰਬਤ ਸਭਿ ਤੀਰਥਾ।"
–ਬਸੰ ੧, ੨, ੩:੧ (1168)

ਹੋਰ ਰੂਪ:

ਤੀਰਥਾਂ–
"ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ।"
–ਆਸਾ ੧, ਵਾਰ ੮ਸ, ੧, ੧:੧ (467)
(2) ਤੀਰਥ–ਇਸਨਾਨ (ਭਾਵ)
"ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ।"
–ਸਲੋ ੩, ੩੭:੧ (1417)

ਤੀਰਥਾ ਏ --- ਤੀਰਥਾਂ ਉਤੇ
"ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ।"
-ਭੈਰ ੫, ੧੫, ੧:੨ (1139)

ਤੀਰਥਿ ----- ਤੀਰਥ ਤੇ, ਪਵਿੱਤਰ ਸਥਾਨ ਤੇ
"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।"
-ਜਪੁ ੧, ੬:੧ (2)

ਹੋਰ ਰੂਪ:

ਤੀਰਥੀ–
"ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ।" (ਤੀਰਥਾਂ ਤੇ)
-ਸੋਰ ੪, ਵਾਰ ੨੧ਸ, ੩, ੨:੨ (650)
ਤੀਰਥੁ–
"ਗੁਰੁ ਸਚੁ ਸਾਗਰੁ ਬੋਹਿਥੋ ਗੁਰੁ ਤੀਰਥੁ ਦਰੀਆਉ।"
-ਸਿਰੀ ੧, ੯, ੩:੨ (17)

ਤੀਰਾ-------- ਕੰਢੇ ਤੇ, ਵੇਖੋ ਤੀਰ (2)
"ਰਾਮ ਨਾਮ ਲਗਿ ਉਤਰੇ ਤੀਰਾ।" (ਕੰਢੇ ਲਗ ਜਾਏ ਭਾਵ ਪਾਰ ਹੋ ਜਾਏ)
-ਆਸਾ ਕਬ, ੧੦, ੪:੨ (478)

ਹੋਰ ਰੂਪ:

ਤੀਰਿ–
"ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ।"
-ਮਾਰੂ ੫, ਅਸ ੩, ੨:੨ (1018)

ਤੀਰੁ -------- ਬਾਣ
"ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮ ਤੀਰੁ।"
-ਸਿਰੀ ੧, ਅਸ ੭, ੧:੩ (57)
(ਮਹਾਨਕੋਸ਼ ਇਥੇ 'ਤੀਰੁ' ਦੇ ਅਰਥ ਪਾਸ ਨੇੜੇ ਕਰਦਾ ਹੈ)

ਤੀਰੈ -------- ਦਰਿਆਵਾਂ ਦੇ ਕੰਢੇ, ਤਟ, ਵੇਖੋ ਤੀਰ (2)
"ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ।"
-ਬਿਲਾ ੫, ਛੰਤ ੩, ੨:੫ (847)

ਤੁ---------- ਤੇਰੇ
"ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖ ਤੁ ਘਰਿ।"
-ਸਮੁ ੫, ੨:੨ (1385)

ਹੋਰ ਰੂਪ:

ਤੁਅ–
"ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ।" (ਤੇਰੇ)
-ਗਉ ਰਵਿ, ੧, ੩:੧ (346)
"ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ ਤੁਅ ਨਾਉ।" (ਤੇਰਾ)
-ਸਲੋ ਕਬ, ੧੧੯:੧ (1370)

ਤੁਅ -------- (1) ਤੇਰੇ, ਤੇਰਾ, ਵੇਖੋ ‘ਤੁ’
(2) ਤੈਨੂੰ
“ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ।”
-ਸਲੋ ਕਬ, ੨੩੫:੧ (1377)
“ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰੵਉ।”
-ਸਵ ੫, ਕਲ ੯, ੨:੨ (1408

ਤੁਆਨਾ ------ (ਫਾ.ਤੁਵਾਨਾ) ਕਰ ਸਕਨ ਜੋਗਾ, ਤਾਕਤਵਰ
“ਮਲ ਤੁਆਨਾ ਤੂ ਕੁਦਰਤੀ ਆਇਆ।”
-ਮਲਾ ੧, ਵਾਰ ੨੭ਸ, ੧, ੨:੬ (1291)

ਤੁਈ -------- ਤੂੰ ਹੀ, ਕੇਵਲ ਤੂੰ, ਹੋਰ ਵੇਖੋ ‘ਤੁਹੀ’
“ਏਕ ਤੂਈ ਏਕ ਤੁਈ।”
-ਮਾਝ ੧, ਵਾਰ ੧੩ਸ, ੧, ੨:੪ (144)

ਤੁਸਹਿ ------- (ਸ.ਪ੍ਰਸੰਨ ਹੋਣਾ) ਕਿਰਪਾਲੂ ਹੋਵੇ, ਹੋਰ ਵੇਖੋ ਤੁਸਿ
“ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ।”
-ਗੂਜ ੫, ਵਾਰ ੨ਸ, ੫, ੧:੧ (518)

ਤੁਸਾ -------- ਤੁਸੀਂ
“ਜਾਇ ਪੁਛਹੁ ਸੋਹਾਗਣੀ ਤੁਸਾ ਕਿਉ ਕਰਿ ਮਿਲਿਆ ਪ੍ਰਭੁ ਆਇ।”
-ਸਿਰੀ ੪, ੬੯, ੧:੨ (41)

ਤੁਸਾੜੀਆ --- ਤੁਹਾਡੀ
“ਸੇਵਾ ਕਰੀ ਤੁਸਾੜੀਆ ਮੈ ਦਸਿਹੁ ਮਿਤਾ।”
-ਰਾਮ ੫, ਵਾਰ ੧੯:੫ (965)

ਤੁਸਿ -------- ਤੁਠ ਕੇ, ਪ੍ਰਸੰਨ ਹੋ ਕੇ, ਕ੍ਰਿਪਾ ਕਰਕੇ, ਮਿਹਰਬਾਨ ਹੋ ਕੇ ਵੇਖੋ ‘ਤੁਸਹਿ’
“ਅੰਤਰਿ ਪਿਆਸ ਹਰਿ ਨਾਮ ਕੀ ਗੁਰੁ ਤੁਸਿ ਮਿਲਾਵੈ ਸੋਇ।”
-ਸਿਰੀ ੪, ੬੭, ੧*:੨ (40)

ਤੁਸੀ -------- ਤੁਸਾਂ, ਆਪ
“ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।”
-ਸਿਰੀ ੧, ੧੦, ੨:੧ (17)
“ਤੁਸੀ ਭੋਗਿਹੁ ਭੁੰਚਹੁ ਭਾਈ ਹੋ।”
-ਸਿਰੀ ੫, ਅਸ ੨, ੯, ੪:੧ (73)

ਤੁਹ--------- (ਸੰ.) ਫੂਸ, ਛਿਲੜ, ਹੋਰ ਵੇਖੋ ‘ਤੁਹੁ’
“ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਛੂ ਨ ਪਾਇ।”
-ਸੋਰ ੩, ੮, ੨:੨ (603)
“ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ।” (ਭਾਵ ਬੇਅਰਥ ਕੰਮ ਕਰੇ)
-ਸਾਰ ੪, ੪, ੪:੨ (1199)

ਤੁਹਨੋ ------- ਤੈਨੂੰ
“ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।”

-ਜਪੁ ੧, ੨੭:੪ (6)

ਤੁਹਾਰਾ ------ ਤੁਹਾਡਾ, ਤੇਰਾ

"ਨਾਨਕ ਸਰਨਿ ਪਰਿਓ ਜਗ ਬੰਦਨ ਰਾਖਹੁ ਬਿਰਦੁ ਤੁਹਾਰਾ।" (ਭਾਵ ਆਪਣਾ)

-ਜੈਤ ੯, ੩, ੨:੨ (703)

ਤੁਹਾਰਿ ------ ਤੁਹਾਡੀ, ਤੇਰੀ

"ਮੈ ਆਹੀ ਓੜਿ ਤੁਹਾਰਿ ਨਾਨਕ ਬਲਿਹਾਰੀਆ।"

-ਗਉ ੫, ਅਸ ੧੨, ੫:੨ (241)

ਹੋਰ ਰੂਪ:

ਤੁਹਾਰੀ–

"ਜਨ ਨਾਨਕ ਓੜਿ ਤੁਹਾਰੀ ਪਰਿਓ ਆਇਓ ਸਰਣਾਗਿਓ।" (ਤੁਹਾਡੀ, ਤੇਰੀ)

-ਗਉ ੫, ੧੬0*, ੪:੧ (215)

ਤੁਹਾਰੀਆ–

"ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ।"

-ਗਉ ੫, ਬਾਅ ੫੫ਸ:੩ (261)

ਤੁਹਾਰੇ–

"ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ।"

-ਗਉ ੫, ੧੨੫*, ੧:੨ (206)

ਤੁਹਾਰੈ–

"ਨਾਮੁ ਇਸਟੁ ਮੀਤ ਸੁਤ ਕਰਤਾ ਮਨ ਸੰਗਿ ਤੁਹਾਰੈ ਚਾਲੈ।"

-ਗਉ ੫, ੧੫੩*, ੩:੧ (213)

ਤੁਹਾਰੋ–

"ਕਾਂਖੀ ਏਕੈ ਦਰਸ ਤੁਹਾਰੋ।" (ਤੁਹਾਡੇ)

-ਗਉ ੫, ਸੁਖ ੧, ੧:੯ (262)

ਤੁਹਿ -------- (1) ਤੇਰੇ

"ਤੂੰ ਸਚਾ ਸਾਹਿਬੁ ਅਤਿ ਵਡਾ ਤੁਹਿ ਜੇਵਡੁ ਤੂੰ ਵਡ ਵਡੇ।"

-ਗਉ ੪, ਵਾਰ ੩੩:੧ (317)

(2) ਤੈਨੂੰ

"ਹੇ ਬਉਰੇ ਤੁਹਿ ਘਰੀ ਨ ਰਾਖੈ ਕੋਈ।"

-ਆਸਾ ਕਬ, ੯, ੧*:੧ (478)

"ਜਿਹ ਸਿਮਰਨ ਨਾਹੀ ਤੁਹਿ ਕਾਨਿ।"

-ਰਾਮ ਕਬ, ੯, ੫:੧ (971)

ਤੋਹਿ–

"ਰੇ ਜੀਅ ਨਿਲਜ ਲਾਜ ਤੋੁਹਿ ਨਾਹੀ।"

-ਗਉ ਕਬ, ਅਸ ੩੮, ੧*:੧ (330)

ਤੁਹੀ -------- ਕੇਵਲ ਤੂੰ

"ਏਕ ਤੁਹੀ ਏਕ ਤੁਹੀ।"

-ਮਾਝ ੧, ਵਾਰ ੧੩ਸ, ੧, ੧:੩ (143)

"ਮਨ ਤਨ ਅੰਤਰਿ ਤੁਹੀ ਧਿਆਇਆ।" (ਕੇਵਲ ਤੈਨੂੰ ਹੀ)
-ਗਉ ੫, ੮੭, ੪:੧ (181)

ਹੋਰ ਰੂਪ:

ਤੁੰਹੀ–
"ਤੁੰਹੀ ਨਿਰੰਜਨੁ ਕਮਲਾ ਪਾਤੀ।"
-ਧਨਾ ਸੈਣ, ੨, ੨:੨ (695)

ਤੁੋਹੀ–
"ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।"
-ਧਨਾ ੧, ੩, ੨:੧ (13)

ਤੁਹੁ ------- ਭੂਸਾ, ਛਿਲੜ, ਵੇਖੋ 'ਤੁਰ'
"ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ।"
-ਟੋਡੀ ੫, ੪, ੩:੧ (712)

ਤੁਖ ------- ਛਿਲੜ/ਤੋਰ ਨੂੰ ਵੇਖੋ ਤੁਹ
"ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ।"
-ਰਾਮ ੫, ਵਾਰ ੨0ਸ, ੫, ੨:੧ (965)

ਹੋਰ ਰੂਪ:

ਤੁਖਾ–
"ਕਣ ਬਿਨਾ ਜੈਸੇ ਥੋਥਰ ਤੁਖਾ।"
-ਗਉ ੫, ੧੩੪, ੧:੧ (192)

ਤੁਖਾਈਆ --- ਘੋੜੀ
"ਜਿਤੁ ਹਰਿ ਪ੍ਰਭੁ ਜਾਪੈ ਸਾ ਧਨੁ ਧੰਨੁ ਤੁਖਾਈਆ ਰਾਮ।"
-ਵਡ ੪, ਘੋੜੀ ੧, ੪:੨ (575)

ਤੁਖਾਰ ------ ਤੁਖਾਰ ਦਾ ਘੋੜਾ, ਉਤਰ ਪਛਮ ਦਾ ਇਕ ਦੇਸ਼ ਜਿਥੋਂ ਦੇ ਘੋੜੇ ਉਤਮ ਨਸਲ ਦੇ ਮੰਨੇ ਜਾਂਦੇ ਹਨ।
"ਤਾਜੀ ਰਥ ਤੁਖਾਰ ਹਾਥੀ ਪਾਖਰੇ।"
-ਮਾਝ ੧, ਵਾਰ ੮:੫ (141)

ਤੁਖਾਰੁ ------ (ਸੰ.ਬਰਫ) ਠੰਢ, ਪਾਲਾ, ਸਰਦੀ
"ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।"
-ਮਾਝ ੧, ਵਾਰ ੧੧:੧ (135)

ਤੁੰਗ ------- () ਉਚਾ ਭਾਵ ਅਮੀਰ, ਪ੍ਰਧਾਨ, ਮੁਖੀਆ
"ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ।"
-ਮਾਰੂ ੫, ਵਾਰ ੧੭:੩ (1100)

ਹੋਰ ਰੂਪ:

ਤੁੰਗੁ–
"ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ।"

-ਰਾਮ ੧, ਓਅੰ ੪੪:੧ (936)

ਤੁਚਾ -------- ਚਮੜੀ
"ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ।"
-ਭੈਰ ੧, ੪, ੧:੧ (1126)

ਤੁਛ -------- ਥੋੜਾ, ਅਲਪ
"ਤੁਛ ਮਾਤ ਸੁਣਿ ਸੁਣਿ ਵਖਾਣਹਿ।" (ਅਲਪ ਮਾਤਰ, ਥੋੜਾ ਜਿਹਾ)
-ਮਾਰੂ ੫, ਸੋਲਾ ੭, ੧੦:੨ (1078)

ਤੁਜਾਰਾ ------ (ਅ.ਤੁਜਾਰ)ਤਾਜਰ (ਸੋਦਾਗਰ) ਦਾ ਬਹੁ ਵਚਨ (ਮਹਾਨਕੋਸ), ਤਜ਼ਾਰਤ ਦੇ ਭੰਡਾਰ, ਖਜ਼ਾਨੇ (ਸ਼ਬਦਾਰਥ);ਖਜ਼ਾਨੇ (ਦਰਪਣ)
"ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ।"
-ਮਾਝ ੧, ਵਾਰ ੭:੬ (141)

ਤੁਝ -------- (1)ਤੇਰੇ, ਤੁਹਾਡੇ
"ਤੂੰ ਦਰਿਆਉ ਸਭ ਤੁਝ ਹੀ ਮਾਹਿ।"
-ਆਸਾ ੪, ਸੋਪੁ ੨, ੨:੧ (11)
"ਮੇਰੇ ਸਤਿਗੁਰਾ ਮੈ ਤੁਝ ਬਿਨੁ ਅਵਰੁ ਨ ਕੋਇ।"
-ਸਿਰੀ ੪, ੬੫, ੧*:੧ (39)

ਹੋਰ ਰੂਪ:

ਤੁਝਹਿ–
"ਜਨ ਕੀ ਉਪਮਾ ਤੁਝਹਿ ਵਡਈਆ।" (ਤੇਰੀ ਹੀ)
-ਗਉ ੪, ੪੬, ੧*:੨ (166)

ਤੁਝਹੀ–
"ਨਾਨਾ ਰੂਪ ਸਦਾ ਹਹਿ ਤੇਰੇ ਤੁਝਹੀ ਮਾਹਿ ਸਮਾਹੀ।" (ਤੇਰੀ ਹੀ)
-ਗਉ ੩, ੩੫, ੨:੨ (162)

ਤੁਝੀ–
"ਸੰਤ ਤੁਝੀ ਤਨੁ ਸੰਗਤਿ ਪ੍ਰਾਨ।"
-ਆਸਾ ਰਵਿ, ੨, ੧:੧ (486)

ਤੁਝੁ–
"ਜਹਾ ਤ੍ਰਿਖਾ ਮਨ ਤੁਝੁ ਆਕਰਖੈ।" (ਤੇਰਾ ਸਾਹ ਖਿਚਦੀ ਹੈ)
-ਗਉ ੫, ਸੁਖ ੨, ੪:੯ (264)
"ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ।"
-ਸੂਹੀ ੪, ਛੰਤ ੫, ੨:੩ (776)

ਤੁਝੈ–
"ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ।" (ਤੇਰੇ ਸਮੇਤ)
-ਸਿਰੀ ੫, ੭੧, ੩:੨ (42)

(2) ਤੈਨੂੰ, ਤੁਹਾਨੂੰ
"ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ।"
-ਸੂਹੀ ੫, ੧੧, ੧:੨ (739)

ਤੁਝੈ–
“ਜਾ ਦੁਖੁ ਲਾਗੈ ਤਾ ਤੁਝੈ ਸਮਾਲੀ।”
–ਸਿਰੀ ੧, ੩੧, ੧*:੨ (25)

“ਤੁਝ ਰਾਖਨਹਾਰੋ ਮੋਹਿ ਬਤਾਇ।”
–ਬਸੰ ਕਬ, ੪, ੪:੨ (1194)

ਹੋਰ ਰੂਪ:

ਤੁਝਹਿ–
“ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੈ।” (ਤੁਹਾਨੂੰ ਹੀ)
–ਗਉ ੫, ਛੰਤ ੨, ੧:੪ (248)

ਤੁਝੁ–
“ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ।”
–ਸਿਰੀ ੧, ੧੬, ੩:੧ (20)

(3) ਤੂੰ, ਤੁਸੀਂ
“ਤੁਝ ਹੀ ਕੀਆ ਜੰਮਣ ਮਰਣਾ।”
–ਮਾਰੂ ੧, ਸੋਲਾ ੩, ੫:੧ (1022)

ਹੋਰ ਰੂਪ:

ਤੁਝਹਿ–
“ਤ੍ਰਿਭਵਣੋ ਤੁਝਹਿ ਕੀਆ ਜਗਤੁ ਸਬਾਇਆ ਰਾਮ।” (ਤੂੰ ਹੀ)
–ਆਸਾ ੧, ਛੰਤ ੨, ੪:੨ (437)

“ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ।” (ਤੂੰਹੀ)
–ਵਡ ੧, ਛੰਤ ੨, ੫:੫ (567)

ਤੁਝੁ–
“ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ।” (ਤੂੰ)
–ਵਡ ੧, ਛੰਤ ੨, ੧:੫ (566)

ਤੁਝੈ–
“ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ।”
–ਵਡ ੧, ਛੰਤ ੧, ੨:੧ (566)

ਤੁਝੈ ------- (1) ਤੇਰਾ, ਵੇਖੋ ਤੁਝ (1)
(2) ਤੈਨੂੰ, ਵੇਖੋ ਤੁਝ (2)
(3) ਤੈਥੋਂ
“ਹਉ ਮਾਗਉ ਤੁਝੈ ਦਇਆਲ ਕਰਿ ਦਾਸਾ ਗੋਲਿਆ।”
–ਗੁਜ ੫, ਵਾਰ ੩:੧ (518)

(4) ਤੂੰ, ਵੇਖੋ ਤੁਝ (3)

ਤੁਟਉ ------ (ਸੰ.) ਟੁੱਟੇ, ਮੁਕ ਜਾਵੇ, ਸਮਾਪਤ ਹੋ ਜਾਵੇ
“ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।”
–ਸਲੋ ਫਰ, ੨੫:੨ (1379)

ਤੁਟਈ------ (1) ਮੁਕਣਾ, ਖਤਮ ਹੋਣਾ, ਭੰਗ ਹੋਈ

“ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ।”
-ਸਿਰੀ ੩, ੫੭, ੧:੧ (36)

“ਸਾਚੀ ਪ੍ਰੀਤਿ ਨ ਤੁਟਈ ਸਾਚੇ ਮੇਲਿ ਮਿਲਾਉ।”
-ਸਿਰੀ ੧, ਅਸ ੨, ੩:੨ (54)

ਹੋਰ ਰੂਪ:

ਤੁਟਹਿ-
“ਕੇਤੇ ਖਪਿ ਤੁਟਹਿ ਵੇਕਾਰ।” (ਭਾਵ ਰਹਿ ਗਏ, ਮੁਕ ਗਏ)
-ਜਪੁ ੧, ੨੫:੫ (5)

“ਸਾਧ ਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ।”
-ਮਾਰੂ ੫, ਅਸ ੭, ੩:੩ (1019)

ਤੁਟਈ-
“ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ।”
-ਮਲਾ ੩, ਅਸ ੨, ੬:੩ (1277)

ਤੁਟਦੀ-
“ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ।”
-ਵਡ ੪, ਵਾਰ ੫ਸ, ੩, ੧:੮ (587)

ਤੁਟੜੀਆ-
“ਤੁਟੜੀਆਂ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ।”
-ਜੈਤ ੫, ਵਾਰ ੪ਸ, ੫, ੨:੧ (706)

ਤੁਟਾ-
“ਹਉਮੈ ਤੁਟਾ ਮੋਹੜਾ ਇਕੁ ਸਚੁ ਨਾਮੁ ਆਧਾਰੁ।”
-ਰਾਮ ੫, ਵਾਰ ੪ਸ, ੫, ੨:੪ (958)

ਤੁਟੀ-
“ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ।”
-ਗਉ ੪, ਵਾਰ੩੧ਸ, ੪, ੧:੫ (316)

ਤੁਟੀਆ-
“ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ।”
-ਬਿਹਾ ੪, ਵਾਰ ੨ਸ, ੩, ੧:੯ (549)

ਤੁਟੁ-
“ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ।”
-ਗਉ ੪, ਵਾਰ ੨, ੯:੩ (315)

ਤੁਟੇ-
“ਨਾਨਕ ਉਠੀ ਚਲਿਆ ਸਭਿ ਕੂੜੈ ਤੁਟੇ ਨੇਹ।”
-ਸਿਰੀ ੧, ੬, ੪:੩ (16)

ਤੁਟੈ-
“ਨਾਨਕ ਗੁਰਮੁਖਿ ਹਉਮੈ ਤੁਟੈ ਤਾ ਹਰਿ ਹਰਿ ਨਾਮੁ ਧਿਆਵੈ।”
-ਮਾਝ ੧, ਵਾਰ ੪ਸ, ੧, ੨:੫ (139)

ਹੋਰ ਰੂਪ:

ਤੁਟਨਿ੍–
"ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ।"
-ਆਸਾ ੧, ਅਸ ੧੧, ੩:੩ (417)

ਤੁਟਾ–
"ਬੰਧੁ ਤੁਟਾ ਬੇੜੀ ਨਹੀ ਨਾ ਤੁਲਹਾ ਨਾ ਹਾਥ।" (ਭਾਵ ਰੁੜ ਗਿਆ)
-ਮਲਾ ੧, ਵਾਰ ੨ਸ, ੧, ੩:੩ (1287)

ਤੁਟੇ–
"ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ।" (ਭਜਣਾ)
-ਰਾਮ ੧, ਓਅੰ ੩੩:੪ (934)

ਤੁਟੈ–
"ਕੈਹਾ ਕੰਚਨੁ ਤੁਟੈ ਸਾਰੁ।"
-ਮਾਝ ੧, ਵਾਰ ੧੨ਸ, ੧, ੨:੧ (143)
"ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ।"
-ਆਸਾ ੧, ਵਾਰ ੧੫ਸ, ੧, ੧:੩ (471)

ਤੁਠੜਾ------ (ਸੰ.) ਪ੍ਰਸੰਨ ਹੋਇਆ, ਮਿਹਰਵਾਨ ਹੋਇਆ, ਹੋਰ ਵੇਖੋ ਤੁਠਾ
"ਸਤਿਗੁਰੁ ਤੁਠੜਾ ਦਸੇ ਹਰਿ ਪਾਈ ਜੀਉ।"
-ਗਉ ੪, ੭੦, ੩:੩ (175)

ਤੁਠਾ ------- ਖੁਸ਼, ਪ੍ਰਸੰਨ ਹੋਇਆ, ਮਿਹਰਵਾਨ ਹੋਇਆ, ਵੇਖੋ ਤੁਠੜਾ
"ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ।"
-ਸਿਰੀ ੪, ੬੭, ੨:੧ (40)

ਹੋਰ ਰੂਪ:

ਤੁਠਿਆ–
"ਪਾਈਅਨਿ੍ ਸਭਿ ਨਿਧਾਨ ਸਾਹਿਬਿ ਤੁਠਿਆ।" (ਮਿਹਰਵਾਨ ਹੋਇਆ)
-ਗੂਜ ੫, ਵਾਰ ੧੨:੮ (521)

ਤੁਠੇ–
"ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ।" (ਕ੍ਰਿਪਾਲ ਹੋਣ ਨਾਲ)
-ਸਿਰੀ ੫, ਛੰਤ ੨, ੫:੪ (80)

ਤੁਠੈ–
"ਸਤਿਗੁਰੁ ਤੁਠੈ ਪਾਈਐ ਪੂਰਨ ਅਲਖ ਅਭੇਵ।" (ਪਸੰਦ ਹੋਣ/ਕਿਰਪਾ ਕਰਨ ਨਾਲ)
-ਸਿਰੀ ੫, ੧੦੦, ੧*:੨ (53)

ਤੁਧ-------- (1) ਤੂੰ
"ਹਉ ਨਾਹੀ ਤੂ ਹੋਵਹਿ ਤੁਧ ਹੀ ਸਾਜਿਆ।"
-ਸੂਹੀ ੧, ਅਸ ੫, ੫:੧ (752)

(2) ਤੇਰੇ
"ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ।"
-ਸਿਰੀ ੫, ਅਸ ੨੯, ੬:੩ (73)
"ਜੋ ਤੁਧੁ ਸੇਵਹਿ ਸੇ ਤੁਧੁ ਹੀ ਜੇਹੇ ਨਿਰਭਉ ਬਾਲ ਸਖਾਈ ਹੇ।"

–ਮਾਰੂ ੧, ਸੋਲਾ ੨, ੪:੩ (1021)

ਤੁਧਹੁ ------ ਤੇਰੇ ਤੋਂ

“ਪ੍ਰਭ ਤੁਧਹੁ ਖਾਲੀ ਕੋ ਨਹੀ ਦਰਿ ਗੁਰਮੁਖਾ ਨੋ ਸਾਬਾਸਿ।” (ਤੇਰੇ ਦਰ ਤੋਂ)
–ਸਿਰੀ ੪, ੬੫, ੪:੨ (40)

“ਹਰਿ ਤੁਧਹੁ ਬਾਹਰਿ ਕਿਛੁ ਨਾਹੀ ਤੂੰ ਸਚਾ ਸਾਈ।”
–ਸਿਰੀ ੪, ਵਾਰ ੨:੩ (83)

ਤੁਧਨੋ ------ (1) ਤੈਨੂੰ

“ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ।”
–ਸਿਰੀ ੪, ਵਾਰ ੧੭:੨ (90)

“ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ।”
–ਆਸਾ ੫, ੫, ੩:੧ (371)

(2) ਤੇਰੇ ਤੋਂ

“ਨਾਨਕੁ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ।”
–ਗਉ ੫, ੧੭੨*, ੪:੨ (218)

ਤੁਧੁ------- (1) ਤੈਨੂੰ

“ਹੋਰਿ ਗਲਾਂ ਸਭਿ ਕੂੜੀਆਂ ਤੁਧੁ ਭਾਵੈ ਪਰਵਾਣੁ।”
–ਸਿਰੀ ੧, ੫, ੪:੩ (16)

“ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ।”
–ਮਾਰੂ ੩, ਅਸ ੮, ੨:੩ (113)

ਹੋਰ ਰੂਪ:

ਤੁਧੈ–
“ਹਰਿ ਤੁਧੈ ਸੇਵੀ ਤੈ ਤੁਧੁ ਸਾਲਾਹੀ।” (ਤੈਨੂੰ ਹੀ)
–ਮਾਝ ੩, ਅਸ ੬, ੬:੨ (112)

(2) ਤੂੰ

“ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ।”
–ਸਿਰੀ ੫, ੭੩, ੩:੨ (43)

“ਤੁਧੁ ਸੰਸਾਰੁ ਉਪਾਇਆ।”
–ਸਿਰੀ ੧, ਅਸ ੨੮, ੨:੧ (71)

ਹੋਰ ਰੂਪ:

ਤੁਧੈ–
“ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ।” (ਤੂੰ ਹੀ)
–ਆਸਾ ੪, ਛੰਤ ੧੭, ੨:੨ (449)

“ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ।” (ਤੂੰ ਹੀ)
–ਮਲਾ ੧, ਵਾਰ ੧੨:੨ (1283)

(3) ਤੇਰੇ–

“ਮੇਰੇ ਸਤਿਗੁਰਾ ਹਉ ਤੁਧੁ ਵਿਟਹੁ ਕੁਰਬਾਣੁ।”
–ਸਿਰੀ ੫, ੯੮, ੧*:੧ (52)

ਹੋਰ ਰੂਪ:

ਤੁਧੈ–
“ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ।” (ਤੇਰੇ ਕੋਲੋ)
–ਸਿਰੀ ੪, ਵਾਰ ੯:੨ (86)
“ਮੈ ਹੋਰੁ ਨ ਕੋਈ ਤੁਧੈ ਜੇਹਾ।”
–ਮਾਝ ੩, ਅਸ ੬, ੭:੧ (112)

ਤੁਪਕ ------ (ਫਾ. ਤੁਪਕ) ਛੋਟੀ ਤੋਪ, ਬੰਦੂਕ
“ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ।”
–ਆਸਾ ੧, ਅਸ ੧੨, ੫:੨ (418)

ਤੁਮ ------- (1) ਤੁਸੀ, ਤੂੰ ਦਾ ਬਹੁ–ਵਚਨ, ਹੋਰ ਵੇਖੋ ਤੁਮ (1)
“ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ।”
–ਗਉ ੧, ਸੋਹ ੧, ੧*:੧ (12)

ਹੋਰ ਰੂਪ:

ਤੁਮਹਿ–
“ਜਿਸ ਨੋ ਤੁਮਹਿ ਦਿਖਾਇਓ ਦਰਸਨੁ ਸਾਧ ਸੰਗਤਿ ਕੈ ਪਾਛੈ।” (ਤੁਸੀਂ)
–ਗਉ ੫, ੧੩੦*, ੪:੧ (207)
ਤੁਮਹੀ–
“ਤੂ ਮੇਰੀ ਓਟ ਬਲ ਬੁਧਿ ਧਨੁ ਤੁਮ ਹੀ ਤੁਮਹਿ ਮੇਰੈ ਪਰਵਾਰੈ।”
–ਬਿਲਾ ੫, ੮੨, ੨:੧ (820)

(2) ਤੁਹਾਡੇ, ਹੋਰ ਵੇਖੋ ਤੁਮੁ (2)
“ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ।”
–ਮਾਝ ੫, ੧੮, ੨:੩ (99)
“ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ।” (ਤੇਰੇ)
–ਮਾਝ ੫, ੪੦, ੩:੧ (106)

ਹੋਰ ਰੂਪ:

ਤੁਮਹਿ–
“ਪੇਖਿ ਪੇਖਿ ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ।” (ਤੇਰੀ ਵਡਿਆਈ)
–ਸੋਰ ੫, ੬੩, ੩:੨ (625)
ਤੁਮਹੀ –
“ਸਰਬ ਨਿਧਾਨ ਗੁਣ ਤੁਮਹੀ ਪਾਸਿ।”
–ਗਉ ੫, ੮੩, ੩:੩ (180)

(3) ਤੁਹਾਨੂੰ, ਹੋਰੇ ਵੇਖੋ ਤੁਮੁ (3)
“ਸੇ ਵਡਭਾਗੀ ਜਿਨਿ ਤੁਮ ਜਾਣੇ।”
–ਮਾਝ ੫, ੨੭, ੩:੧ (102)

ਹੋਰ ਰੂਪ:

ਤੁਮਹਿ–
“ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ।” (ਤੁਹਾਨੂੰ ਹੀ)

-ਗਉ ੫, ਸੁਖ ੨੦, ੧:੬ (289)

ਤੁਮਘਾ------ ਤੁਹਾਡਾ

"ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨੁ ਤੁਮਾਘਾ।"

-ਸੂਹੀ ੪, ੨, ੩:੨ (731)

ਤੁਮਚੇ ------ (1) ਤੁਹਾਡੇ

"ਭ੍ਰਮਿ ਭ੍ਰਮਿ ਆਏ ਤੁਮਰੇ ਦੁਆਰਾ।"

-ਧਨਾ ਨਾਮ, ੪, ੩:੨ (693)

(2) ਤੁਸੀਂ

"ਤੁਮਚੇ ਪਾਰਸੁ ਹਮਚੇ ਲੋਹਾ ਸਗੇ ਕੰਚਨੁ ਭੈਇਲਾ।"

-ਪ੍ਰਭਾ ਨਾਮ, ੨, ੩:੧ (1351)

ਤੁਮਨਛੇ ----- ਤੁਹਾਡੇ, ਤੇਰੇ

"ਤੁਮ੍ਹ ਵਡ ਪੁਰਖ ਵਡ ਅਗਮ ਗੁਸਾਈ ਹਮ ਕੀਰੇ ਕਿਰਮ ਤੁਮਨਛੇ।"

-ਬਸੰ ੪, ੪, ੧:੧ (1178)

ਤੁਮਨਥੇ ----- ਤੁਹਾਡੇ, ਤੇਰੇ

"ਬਾਰ ਬਾਰ ਖਿਨੁ ਪਲ ਸਭਿ ਗਾਵਹਿ ਗੁਨ ਕਹਿ ਨ ਸਕਹਿ ਪ੍ਰਭ ਤੁਮਨਥੇ।"

-ਕਲਿ ੪, ੩, ੧:੨ (1320)

ਤੁਮਨਬਾ----- ਤੁਹਾਡਾ, ਤੇਰਾ

"ਜਿਉ ਜਾਨਹੁ ਤਿਉ ਰਾਖਹੁ ਸੁਆਮੀ ਜਨ ਨਾਨਕੁ ਦਾਸੁ ਤੁਮਨਬਾ।"

-ਪ੍ਰਭ ੪, ੬, ੪:੨ (1337)

ਤੁਮਰਾ ------ ਤੇਰਾ, ਤੁਹਾਡਾ

"ਡੋਲੈ ਨਾ ਹੀ ਤੁਮਰਾ ਚੀਤੁ।" (ਤੇਰਾ)

-ਗਉ ੫, ੭੯, ੩:੩ (179)

"ਜੀਉ ਪਿੰਡੁ ਸਭੁ ਤੁਮਰਾ ਮਾਲਾ।" (ਤੁਹਾਡਾ)

-ਸੂਹੀ ੫, ੩੮, ੧:੨ (744)

ਹੋਰ ਰੂਪ:

ਤੁਮਰੀ-

"ਤੁਮਰੀ ਆਸ ਪਿਆਸਾ ਤੁਮਰੀ ਤੁਮ ਹੀ ਸੰਗਿ ਮਨੁ ਲੀਨਾ ਜੀਉ।"

-ਮਾਝ ੫, ੨੧, ੧:੩ (100)

ਤੁਮਰੇ-

"ਤੁਮਰੇ ਕਰਤਬ ਤੁਮ ਹੀ ਜਾਣਹੁ ਤੁਮਰੀ ਓਟ ਗੋੁਪਾਲਾ ਜੀਉ।"

-ਮਾਝ ੫, ੩੩, ੧:੩ (104)

ਤੁਮਰੈ-

"ਹਮਰੇ ਪ੍ਰਾਨ ਵਸਗਤਿ ਪ੍ਰਭ ਤੁਮਰੈ ਮੇਰਾ ਜੀਉ ਪਿੰਡੁ ਸਭ ਤੇਰੀ।"

-ਗਉ ੫, ੫੮, ੧:੧ (170)

ਤੁਮਰੋ-

"ਨਾਮੁ ਜਪੈ ਨਾਨਕੁ ਦਾਸੁ ਤੁਮਰੋ ਉਧਰਸਿ ਆਖੀ ਫੋਰ।"

-ਗੁਜ ੫, ੨੦, ੨:੨ (500)

ਤੁਮਾ ------- ਦਿਸਨ ਨੂੰ, ਖਰਬੂਜੇ ਵਰਗਾ ਪਰ ਵਿਚੋਂ ਕੌੜਾ ਫਲ, ਕੌੜ ਤੁੰਮਾ

"ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ।"

-ਮਾਝ ੧, ਵਾਰ ੨੧ਸ, ੧, ੧:੧ (147)

ਹੋਰ ਰੂਪ:

ਤੁੰਮਾ–

"ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ।"

-ਜੈਤ ੫, ਵਾਰ ੧੦ਸ, ੫, ੨:੧ (708)

ਤੁਮਾਹੀ ----- ਤਸੀਂ ਹੀ

"ਤੁਮਰਾ ਮਰਮੁ ਤੁਮਾਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ।"

-ਗਉ ੫, ੧੩੫*, ੧:੧ (209)

ਤੁਮਾਤੀ ----- ਤੁਮਾਰਾ, ਤੇਰਾ

"ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ।"

-ਮਾਝ ੧, ਵਾਰ ੧:੩ (138)

ਤੁਮਾਰਾ ----- ਤੁਹਾਡਾ, ਤੇਰਾ

"ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ ਸੋਈ ਭਗਤੁ ਤੁਮਾਰਾ ਜੀਉ।"

-ਮਾਝ ੫, ੯, ੨:੩ (97)

ਹੋਰ ਰੂਪ:

ਤੁਮਾਰੀ–

"ਸੁਣਿ ਸੁਣਿ ਜੀਵਾ ਸੋਇ ਤੁਮਾਰੀ।" (ਤੇਰੀ, ਤੁਹਾਡੀ)

-ਮਾਝ ੫, ੩੩, ੧:੧ (104)

ਤੁਮਾਰੀਆ–

"ਬਿਨਵੰਤਿ ਨਾਨਕ ਪੈਜ ਰਾਖਹੁ ਸਭ ਸੇਵਕ ਸਰਨਿ ਤੁਮਾਰੀਆ।"

-ਗਉ ੫, ਛੰਤ ੨, ੨:੬ (248)

ਤੁਮਾਰੇ–

"ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ।"

-ਮਾਝ ੫, ੮, ੪:੩ (97)

ਤੁਮਾਰੈ–

"ਸਭ ਭੈ ਮਿਟਹਿ ਤੁਮਾਰੈ ਨਾਇ।"

-ਗਉ ੫, ੧੦੯, ੧*:੧ (201)

ਤੁਮਾਰੋ–

"ਝਝਾ ਝੂਰਨੁ ਮਿਟੈ ਤੁਮਾਰੋ।"

-ਗਉ ੫, ਬਾਅ ੨੫:੧ (255)

ਤੁਮੀ ------- ਉਪਰੋਂ ਖਰਬੂਜੇ ਵਰਗਾ ਦਿਸਦਾ ਪਰ ਵਿਚੋਂ ਕੌੜਾ ਫਲ

"ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ।"

-ਮਾਝ ੧, ਵਾਰ ੨੧ਸ, ੧, ੧:੧ (147)

ਤੁਮੈ -------- ਤੈਨੂੰ

"ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ ਰਾਖਨਹਾਰ ਤੁਮੈ ਜਗਦੀਸ।"

-ਸਾਰ੫, ੧੨੮, ੧*:੨ (1228)

ਤੁਮ੍ -------- (1) ਤੁਸੀ, ਤੂੰ, ਵੇਖੋ 'ਤੁਮ' (1)

"ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ।"

-ਸਿਰੀ ਰਵਿ, ੧, ੨:੧ (93)

"ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ।"

-ਗੂਜ ੫, ੪, ੧:੨ (496)

(2) ਤੇਰੇ, ਤੁਹਾਡੇ, ਵੇਖੋ 'ਤੁਮ' (2)

"ਮਨੁ ਤਨੁ ਹੋਇ ਨਿਹਾਲੁ ਤੁਮ੍ ਸੰਗਿ ਭੇਟਿਆ।"

-ਆਸਾ ੫, ੧੦੮, ੧*:੧ (397)

"ਹਰਿ ਨਾਮੁ ਮਾਗਉ ਚਰਣ ਲਾਗਉ ਮਾਨੁ ਤਿਆਗਉ ਤੁਮ੍ ਦਇਆ।" (ਤੁਹਾਡੀ)

-ਆਸਾ ੫, ੮, ੧:੩ (457)

ਹੋਰ ਰੂਪ:

ਤੁਮ੍ਹੀ–

"ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ਹੀ ਤੇ ਮੇਰੋ ਨਿਸਤਾਰ।"

-ਬਿਲਾ ਕਬ, ੭, ੧:੨ (856)

(3) ਤੁਹਾਨੂੰ, ਤੈਨੂੰ, ਵੇਖੋ 'ਤੁਮ' (3)

"ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ।"

-ਆਸਾ ੧, ਅਸ ੧੩, ੩:੨ (418)

"ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ।"

- ਗੁਜ ੫, ੪, ੧*:੨ (496)

ਤੁਮ੍ਰਾ ------ ਤੁਹਾਡਾ, ਤੇਰਾ

"ਜੀਉ ਪਿੰਡੁ ਸਭੁ ਤੁਮ੍ਰਾ ਦਾਤੇ ਨਾਨਕ ਸਦ ਕੁਰਬਾਣੇ।"

- ਆਸਾ ੫, ੫੦, ੪:੨ (383)

ਤੁਮ੍ਰੀ ------ ਤੇਰੀ, ਤੁਹਾਡੀ

"ਤੁਮ੍ਰੀ ਉਸਤਤਿ ਤੁਮ ਤੇ ਹੋਇ।"

- ਗਉ ੫, ਸੁਖ ੩, ੭:੯ (266)

ਤੁਮ੍ਰੇ ------- ਤੇਰੇ, ਤੁਹਾਡੇ

"ਦ੍ਰਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ।"

- ਆਸਾ ੫, ੪੭, ੨:੨ (382)

ਹੋਰ ਰੂਪ:

ਤੁਮ੍ਰੈ –

"ਤੁਮ੍ਰੈ ਲਵੈ ਨ ਕੋਊ ਲਾਂਈ।"

- ਆਸਾ ੫, ੬੦, ੩:੨ (386)

ਤੁਮ੍ਰੋ ------- ਤੁਹਾਡਾ, ਤੇਰਾ

"ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਹਰੋ ਕੋਟਿ ਮਾਘਾ ਤੇਰੋ ਨਾਮ ਹਰਨ।"
- ਬਿਲਾ ੫, ੧੧੮, ੧:੨ (828)

ਤੁਮ੍ਹਾ ------ **ਤੁਸੀਂ**
"ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਹਾ ਮੇਲੁ।"
-ਆਸਾ ੧, ਵਾਰ ੨੧ਸ, ੧, ੨:੮ (473)

ਤੁਮ੍ਹਾਰ ------- **ਤੁਹਾਡਾ**
"ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ ਸੁਨੀਅਤੁ ਸੁਜਸੁ ਤੁਮ੍ਹਾਰ।"
-ਬਿਲਾ ਕਬ, ੭, ੧:੧ (856)

ਹੋਰ ਰੂਪ:

ਤੁਮ੍ਹਾਰਹਿ-
"ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਹਾਰਹਿ।" (ਤੇਰੇ, ਤੁਹਾਡੇ)
-ਸਾਰ ੫, ੩੪, ੨:੨ (1211)

ਤੁਮ੍ਹਾਰਾ-
"ਅੰਮ੍ਰਿਤ ਨਾਮੁ ਤੁਮ੍ਹਾਰਾ ਠਾਕੁਰ ਏਹੁ ਮਹਾਰਸੁ ਜਨਹਿ ਪੀਓ।" (ਤੁਹਾਡਾ, ਤੇਰਾ)
-ਆਸਾ ੫, ੪੭, ੧:੧ (382)

ਤੁਮ੍ਹਾਰੀ -
"ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ।" (ਤੁਹਾਡੀ, ਤੇਰੀ)
-ਆਸਾ ਰਵਿ, ੩੧*:੧ (486)

ਤੁਮ੍ਹਾਰੇ-
"ਬਲਿ ਬਲਿ ਬਲਿ ਬਲਿ ਚਰਣ ਤੁਮ੍ਹਾਰੇ ਈਹਾ ਊਹਾ ਤੁਮ੍ਹਾਰਾ ਜੋਰਾ।"
-ਗੂਜ ੫, ੧੬, ੨:੧ (499)
"ਸੁਨਿ ਕਰਿ ਬਚਨ ਤੁਮ੍ਹਾਰੇ ਸਤਿਗੁਰ ਮਨੁ ਤਨੁ ਮੇਰਾ ਠਾਰੁ ਥੀਓ।"
-ਆਸਾ ੫, ੪੭, ੧*:੨ (382)

ਤੁਮ੍ਹਾਰੈ-
"ਤੁਮ੍ਹਰੀ ਟੇਕ ਪੂਰੈ ਮੇਰੇ ਸਤਿਗੁਰ ਮਨ ਸਰਨਿ ਤੁਮ੍ਹਾਰੈ ਪਰੀ।"
-ਗੂਜ ੫, ੧੮, ੨:੧ (499)

ਤੁਮ੍ਹਾਰੋ-
"ਤੁਮ੍ਹਰੋ ਧਿਆਨੁ ਤੁਮ੍ਹਾਰੋ ਰੰਗਾ।"
-ਬਿਲਾ ੫, ੧੨੦, ੧*:੨ (828)

ਤੁਮ੍ਹੇ ------- **ਤੂੰ**
"ਕਵਨ ਤੁਮ੍ਹੇ ਕਿਆ ਨਾਉ ਤਮਾਰਾ ਕਉਨੁ ਮਾਰਗੁ ਕਉਨੁ ਸੁਆਓ।"
-ਰਾਮ ੧, ਸਿਗੋ ੨:੧ (938)

ਤੁਯੰ ------- **ਤੂੰ**
"ਦ੍ਰਿਸਟ ਤੁਯੰ ਅਮੋਘ ਦਰਸੰਨ ਬਸੰਤ ਸਾਧ ਰਸਨਾ।।"
-ਸਸ ੫, ੮:੪ (1354)

ਤੁਰਸੀ ------ **(ਫਾ. ਤੁਰਸ਼ੀ)-ਖਟਾਸ**
"ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।"

-ਸਿਰੀ ੧, ੭, ੧:੨ (16)

(2) ਤੁਲਸੀ, ਇਕ ਪੌਦਾ
"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿ ਗਾਊਂ ਰੇ।"
-ਗਉ ਕਬ, ੬੬, ੧:੧ (338)

ਤੁਰਹਿ ------- ਤੁਰਦੇ ਹਨ
"ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ।"
-ਗਉ ੪, ਵਾਰ ੨੭:੧ (315)

ਤੁਰਕ ------ (ਫਾ. ਤੁਰਕ) ਤੁਰਕਸਤਾਨ ਦੇ ਵਾਸੀ ਹੋਰ ਵੇਖੋ 'ਤੁਰਕੁ'
"ਜਾਤਿ ਵਰਨ ਤੁਰਕ ਅਰੁ ਹਿੰਦੂ।"
-ਗਉ ੫, ਅਸ ੪, ੫:੧ (237)

ਹੋਰ ਰੂਪ:

ਤੁਰਕਾ–
"ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।" (ਤੁਰਕਾਂ ਵਾਲਾ)
-ਆਸਾ ੧, ਵਾਰ ੧੬ਸ, ੧, ੧:੩ (471)

ਤੁਰਕਾਣੀ ---- ਤੁਰਕ ਇਸਤ੍ਰੀ
"ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।"
-ਆਸਾ ੧, ਅਸ ੧੨, ੬:੧ (418)

ਤੁਰਕੀ------ ਤੁਕਸਤਾਨ ਦੇ, ਘੋੜਿਆਂ ਦੀ ਇਕ ਉਚੀ ਨਸਲ
"ਤਾਜੀ ਤੁਰਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ।"
-ਗਉ ੧, ੧੩, ੪:੧ (155)

ਤੁਰਕੁ ------ ਤੁਰਕਸਤਾਨ ਦਾ ਵਸਨੀਕ ਭਾਵ ਮੁਸਲਮਾਨ, ਵੇਖੋ 'ਤੁਰਕ'
"ਜਉਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ।"
-ਆਸਾ ਕਬ, ੮, ੨:੨ (477)

ਤੁਰਕੂ ------ ਤੁਕਰਸਤਾਨ ਦਾ ਵਾਸੀ ਭਾਵ ਮੁਸਲਮਾਣ
"ਹਿੰਦੂ ਅੰਨ੍ਹਾ ਤੁਰਕੂ ਕਾਣਾ।"
-ਗੋਂਡ ਨਾਮ, ੭, ੪:੧ (875)

ਤੁਰੰਗੁ ------ (ਸੰ.) ਘੋੜੇ, ਤੇਜ਼ ਚਲਣ ਵਾਲੇ ਘੋੜੇ
"ਕਬਹੂ ਤੁਰੈ ਤੁਰੰਗ ਨਚਾਵੈ।"
-ਭੈਰ ਨਾਮ, ੫, ੨:੧ (1164)

ਤੁਰੰਤਹ ----- ਤੁਰਤ ਹੀ, ਝਟ ਪਟ ਹੀ
"ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ।"
-ਆਸਾ ਕਬ, ੧੫, ੨:੨ (479)

ਤੁਰਤੁ ------ ਝਟ ਹੀ
"ਤੁਝ ਤੁਰਤੁ ਛਡਾਊ ਮੇਰੋ ਕਹਿਓ ਮਾਨਿ।"
-ਬਸੰ ਕਬ, ੪, ੨:੪ (1194)

ਤੁਰਦਾ ------ ਚਲਦਾ, ਗਤੀਸ਼ੀਲ
“ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ।” (ਤੁਰਦੇ ਜਲ ਨਾਲ ਜਲ ਮਿਲਦਾ ਹੈ)
-ਸੂਹੀ ੩, ਵਾਰ ੮ਸ, ੨, ੨:੧ (788)

ਤੁਰਾ ------- ਤੇਰਾ
“ਨਾਨਕ ਬਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ।”
-ਤਿਲੰ ੧, ੧, ੪:੨ (721)

ਤੁਰਾਵਹੁ ----- ਤੋਰੋ, ਚਲਾਵਉ
“ਇਸਹਿ ਤੁਰਾਵਹੁ ਘਾਲਹੁ ਸਾਟਿ।”
-ਗੋਂਡ ਕਬ, ੪, ੨:੨ (871)

ਤੁਰਿ ------- ਤੁਰੰਤ, ਝਟ ਹੀ
“ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣ।”
-ਸਲੋ ੧, ੧੩:੧ (1411)

ਤੁਰੀ ------- (1) ਘੋੜੀ
“ਮਨ ਅਸਵਾਰ ਜੈਸੇ ਤੁਰੀ ਸੀਗਾਰੀ।”
-ਗਉ ੫, ੧੬0, ੧:੧ (198)
“ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜ੍ਹਾਇਆ।” (ਦੇਹ ਰੂਪੀ ਘੋੜੀ)
-ਵਡ ੪, ਘੋੜੀ ੧, ੩:੫ (575)
(2) ਜੁਲਾਹੇ ਦਾ ਇਕ ਸੰਦ, ਕੁਚ
“ਤੁਰੀ ਨਾਰਿ ਕੀ ਛੋਡੀ ਬਾਤਾ।”
-ਗੋਂਡ ਕਬ, ੬, ੨:੧ (841)

ਤੁਰੀਆ ----- (ਸੰ.) (1) ਚੌਥੀ ਅਵਸਥਾ, ਪੂਰਨ ਗਿਆਨ ਤੇ ਸ਼ਾਂਤੀ ਵਾਲੀ ਤਿੰਨਾਂ ਗੁਣਾਂ (ਜਾਗ੍ਰਤ, ਸੁਪਨ ਤੇ ਸੁਖਮਤਿ) ਤੋਂ ਉਚੀ ਅਵਸਥਾ ਸਾਜ ਅਵਸਥਾ
“ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ।”
-ਗਉ ੫, ਥਿਤੀ ੩ਸ:੧ (297)
“ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ।” (ਸਹਜ ਅਵਸਥਾ ਵਾਲਾ ਗੁਣ)
-ਮਲਾ ੩, ੯, ੨:੨ (1260)
(2) ਚੋਥੀ
“ਤੁਰੀਆ ਗੁਣੁ ਮਿਲਿ ਸਾਧ ਪਛਾਨੇ।” (ਅਰਥ ‘ਤੁਰੀਆ’ ਅਵਸਥਾ ਕੀਤੇ ਜਾਂਦੇ ਹਨ)
-ਆਸਾ ੫, ੨, ੨:੪ (370)

ਤੁਰੀਆਵਸਥਾ – ਗਿਆਨ ਵਾਲੀ ਸਹਿਜ ਅਵਸਥਾ, ਸ਼ਾਂਤੀ ਤੇ ਟਿਕਾਉ ਵਾਲੀ ਭਟਕਣ ਮੁਕਤ ਅਵਸਥਾ
“ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ।”
-ਗਉ ੧, ੧੨, ੧:੪ (154)

ਤੁਰੇ --------ਘੋੜੇ
"ਲੈ ਤੁਰੇ ਸਉਦਾਗਰੀ ਸਉਦਾਗਰੁ ਧਾਵੈ।"
-ਗਉ ੪, ੪੭, ੨:੧ (166)

ਤੁਲਸੀ------ਇਕ ਪੌਦਾ ਜਿਸ ਤੇ ਪਤੇ ਦੁਆਈ ਵਜੋਂ ਵੀ ਵਰਤੇ ਜਾਂਦੇ ਹਨ ਤੇ ਪਵਿਤਰ ਵੀ ਸਮਝੇ ਜਾਂਦੇ ਹਨ।
"ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ।"
-ਰਾਮ ਨਾਮ, ੩, ੩:੧ (973)

ਤੁਲਹੜਾ-----ਨਦੀ ਪਾਰ ਕਰਨ ਲਈ ਰਸੀ ਨਾਲ ਕਾਠ ਦਾ ਬੰਨ੍ਹਿਆ ਇਕ ਪ੍ਰਕਾਰ ਦਾ ਬੇੜਾ
"ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ।"
-ਸਿਰੀ ੧, ੯, ੧:੩ (17)

ਤੁਲਹਾ------ਰਸੀ ਨਾਲ ਬੰਨ ਕੇ ਫੱਟਿਆਂ ਦਾ ਬਣਾਇਆ ਇਕ ਬੇੜਾ
"ਗੁਰ ਪਉੜੀ ਬੇੜੀ ਗੁਰੂ ਗੁਰੁ ਤੁਲਹਾ ਹਰਿ ਨਾਉ।"
-ਸਿਰੀ ੧, ੯, ੩:੧ (17)
"ਤਉ ਸਹ ਚਰਣੀ ਮੈਡਾ ਹੀਅੜਾ ਸੀਤਮੁ ਹਰਿ ਨਾਨਕ ਤੁਲਹਾ ਬੇੜੀ।" (ਨਦੀ ਵਿਚ ਤੋਲ ਬਰਾਬਰ ਕਰਨ ਲਈ ਲਕੜਾਂ ਦਾ ਬੰਨਿਆ ਆਸਰਾ)
-ਗੂਜ ੫, ਵਾਰ ੯ਸ, ੫, ੧:੨ (520)

ਤੁਲਾ ------- (1) ਤਕੜੀ, ਤਰਾਜੂ
"ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ।"
-ਗਉ ੫, ੧੨੧, ੧:੨ (204)
(2) ਤੋਲ, ਵੱਟਾ
"ਕਉਣ ਤਰਾਜੀ ਕਵਣੁ ਤੁਲਾ ਤੇਰਾਂ ਕਵਣੁ ਸਰਾਫੁ ਬੁਲਾਵਾ।"
-ਸੂਹੀ ੧, ੯, ੧:੧ (730)
(3) ਤੋਲਾਦਾਨ, ਆਪਣੇ ਬਰਾਬਰ ਵਸਤ ਤੋਲ ਦੇ ਦਾਨ ਕਰਨੀ
"ਤੁਲਾ ਪੁਰਖ ਦਾਨੇ।"
-ਗੋਂਡ ਨਾਮ, ੧, ੧:੨ (873)

ਤੁੋਲਾਇਸੀ --- ਤੁਲਾਏਗਾ, ਭਾਰ ਕਰਾਏਗਾ
"ਗੁਰਮੁਖਿ ਤੋਲਿ ਤੁੋਲਾਇਸੀ ਸਚੁ ਤਰਾਸੀ ਤੋਲੁ।"
-ਸਿਰੀ ੧, ਅਸ ੯, ੭:੧ (59)

ਤੁਲਾਇਦਾ----ਤੁਲਵਾਉਂਦਾ/ਭਾਰ ਕਰਾਉਂਦਾ ਹੈ
"ਆਪੇ ਅਤੁਲੁ ਤੁਲਾਇਦਾ ਪਿਆਰਾ ਜਨ ਨਾਨਕ ਸਦ ਕੁਰਬਾਣੁ।"
-ਸੋਰ ੪, ੫, ੪:੩ (606)

ਤੁਲਾਈ -----ਬਿਸਤਰੇ ਵਿਚ ਥੱਲੇ ਵਛਾਉਣ ਵਾਲਾ ਰੂੰਦਾਰ ਗਦੇਲਾ
"ਸਿਰਹਾਨਾ ਅਵਰ ਤੁਲਾਈ।"
-ਸੋਰ ਕਬ, ੧੧, ੩:੨ (656)

ਹੋਰ ਰੂਪ:

ਤੁਲਾਈਆ–

"ਨਾ ਜਲੁ ਲੇਫ ਤੁਲਾਈਆਂ ਨਾ ਭੋਜਨ ਪਰਕਾਰੋਵਾ।"
-ਵਡ ੧, ਅਲਾ ੪, ੩:੨ (581)

ਤੁਲਾਈਐ---- ਤੁਲਵਾਈਐ, ਵਜ਼ਰ ਕਰਾਈਐ
"ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ।"
-ਮਾਝ ੧, ਵਾਰ ੧੭:੫ (146)

ਤੁਲਾਏ------ ਤੁਲਵਾਉਂਦਾ/ਵਜ਼ਨ ਕਰਵਾਉਂਦਾ ਹੈ
"ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ।"
-ਬਸੰ ੧, ੭, ੧*:੨ (1170)

ਤੁੋਲਾਹਾ ------ ਤੋਲਕੇ, ਭਾਵ ਘੋਕ ਕੇ, ਮਲਾਂਕਣ ਕਰਕੇ
"ਸਭਿ ਤੀਰਥ ਵਰਤ ਜਗ ਪੁੰਨ ਤੁੋਲਾਹਾ।"
-ਜੈਤ ੪, ੧੧, ੩:੧ (699)

ਤੁੋਲਾਵੈ------- ਤੁਲਵਾਏ
"ਗੁਰਮੁਖਿ ਤੋਲਿ ਤੁੋਲਾਵੈ ਤੋਲੈ।"
-ਜਪੁ ੧, ਸਿਗੋ ੨੨:੨ (932)

ਤੁਲਿ-------- (1) ਬਰਾਬਰ, ਸਮਾਨ
"ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।"
-ਜਪੁ ੧, ੨੩:੪ (5)
(2) ਤਕੜੀ: (ਸ਼ਬਦਾਰਥ, ਸੰਥਿਆ)
"ਤੁਕੀਲਿ ਨਹੀਂ ਚਢੈ ਜਾਇ ਨ ਮੁਕਾਤੀ ਹਲ ਲਗੈ ਨ ਭਾਰੀ।"
-ਗਉ ਕਬ, ੪੮, ੧*:੨ (333)
(ਦਰਪਣ ਇਸ ਦੇ ਅਰਥ ਤੋਲੀ ਨਹੀਂ ਜਾ ਸਕਦੀ ਅਤੇ 'ਨਿਰਣੈ' ਨੇ ਤੁਲ ਕੇ (ਤਕੜੀ) ਨਹੀਂ ਚੜ੍ਹ ਸਕਦੀ ਕੀਤੇ ਹਨ)

ਤੁਲਿਓ------- ਤੋਲਿਆ
"ਇਸੁ ਕਰਤੇ ਕਉ ਕਿਉ ਗਹਿ ਰਾਖਉ ਅਫਰਿਓ ਤੁਲਿਓ ਨ ਜਾਈ।"
-ਰਾਮ ੧, ਓਅੰ ੬:੧ (930)

ਤੁਲਿਆ ------ ਤੋਲਿਆ
"ਅਗਮੁ ਅਗੋਚਰੁ ਅਤਿ ਵਡਾ ਅਤੁਲੁ ਨ ਤੁਲਿਆ ਜਾਇ।"
-ਬਿਹਾ ੪, ਵਾਰ ੧੮ਸ, ੩, ੧:੨ (555)

ਤੁਲੀਅਹਿ---- ਤੁਲੀਦਾ ਹੈ, ਭਾਵ ਪੂਰਾ ਉਤਰੀਦਾ ਹੈ
"ਨਾਨਕ ਤੁਲੀਅਹਿ ਤੋਲ ਜੇ ਜੀਉ ਪਿਛੈ ਪਾਈਐ।"
-ਸਾਰ ੪, ਵਾਰ ੬ਸ, ੧, ੧:੧ (1239)

ਹੋਰ ਰੂਪ:

ਤੁਲੀਐ-
"ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ।"
-ਸਿਰੀ ੧, ੨੧, ੧:੨ (22)

“ਤੂ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ।” (ਤੋਲਿਆ ਜਾ ਸਕਦਾ ਹੈ ਤੁਲੀ ਸਕਦਾ ਹੈ)

-ਗਉ ੪, ਵਾਰ ੯:੧ (304)

ਤੁਲੀਜੈ------- ਤੋਲਿਆਂ

“ਅਤੁਲਾ ਤੋਲੁ ਰਾਮ ਨਾਮੁ ਹੈ ਗੁਰਮਤਿ ਕੋ ਪੂਜੈ ਨ ਤੋਲ ਤੁਲੀਜੈ।”

-ਕਲਿ ੪, ਅਸ ੩, ੭:੨ (1325)

ਤੁਲੁ ------- ਤੋਲ, ਪੈਮਾਨਾ, ਤਰਾਜੂ (ਮਹਾਨਕੋਸ਼)

“ਅਮੁਲੁ ਤੁਲੁ ਅਮੁਲੁ ਪਰਵਾਣੁ।”

-ਜਪੁ ੧, ੨੬:੬ (5)

“ਆਪੇ ਕੀਮਤਿ ਪਾਇਦਾ ਪਿਆਰਾ ਆਪੇ ਤੁਲੁ ਪਰਵਾਣੁ।” (ਤੋਲ ਦਾ ਪੈਮਾਨਾ)

-ਸੋਰ ੪, ੫, ੪:੨ (606)

ਤੁਲੈ ------- ਤੁਲ ਰਿਹਾ ਹੈ, ਜੋਖਿਆ ਜਾ ਰਿਹਾ ਹੈ

“ਆਪਿ ਤੁਲੈ ਆਪੇ ਵਣਜਾਰ।”

-ਗਉ ੧, ੫, ੪:੩ (152)

ਤੂ--------- ਤੂੰ, ਆਪ

“ਤੂ ਸਦਾ ਸਲਾਮਤਿ ਨਿਰੰਕਾਰ।”

-ਜਪੁ ੧, ੧੬:੨੫ (3)

“ਜਿਸ ਤੂ ਦੇਹਿ ਤਿਸੈ ਕਿਆ ਚਾਰਾ।”

-ਆਸਾ ੧, ਸੋਦ ੨, ੪:੩ (9)

ਹੋਰ ਰੂਪ:

ਤੂੰ-

“ਨਾਨਕ ਨਾਮ ਸਲਾਇ ਤੂੰ ਅੰਤੁ ਨ ਪਾਰਾਵਾਰੁ।”

-ਸਿਰੀ ੩, ੫੭, ੪:੩ (9)

ਤੂਹੀ ------- ਕੇਵਲ ਤੂੰ

“ਏਕ ਤੂਹੀ ਏਕ ਤੂਹੀ।”

-ਮਾਝ ੧, ਵਾਰ ੧੩ਸ, ੧, ੧:੩ (143)

ਹੋਰ ਰੂਪ:

ਤੂੰਹੀ-

“ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ।”

-ਆਸਾ ੫, ੧੪੪, ੧:੧ (407)

ਤੂਹੈ ------- ਕੇਵਲ ਤੂੰ

“ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ।”

-ਬਿਹਾ ੪, ਵਾਰ ੩:੧ (549)

ਹੋਰ ਰੂਪ:

ਤੂੰਹੈ-

“ਤੇਰਾ ਸਬਦੁ ਸਭੁ ਤੂੰਹੈ ਵਰਤਹਿ ਤੂੰ ਆਪੇ ਕਰਹਿ ਸੁ ਹੋਈ।”
-ਆਸਾ ੪, ਛੰਤ ੧੦੪, ੩:੪ (448)
“ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ।”
-ਬਿਹਾ ੫, ਛੰਤ ੧, ੧:੫ (542)

ਤੂਟ -------ਤੋਟਾ, ਘਾਟਾ
“ਪੂਰਨ ਭਈ ਸਮਗਰੀ ਕਬਹੂ ਨਹੀ ਤੂਟ।”
-ਬਿਲਾ ੫, ੬੨, ੧*:੨ (816)

ਤੂਟਉ ------ਟੁੱਟੇ
“ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ।
-ਧਨਾ ੫, ੫੮, ੧*:੧ (684)

ਤੂਟਸਿ------ (1) ਟੁੱਟੇ ਭਾਵ ਮੁਕਣਾ
“ਸਦਾ ਸਾਹਿਬ ਕੈ ਰੰਗਿ ਰਹੈ ਕਬਹੂੰ ਨ ਤੂਟਸਿ ਨੇਹੁ।”
-ਸਿਰੀ ੪, ਵਾਰ ੫ਸ, ੩, ੧:੨ (84)
“ਕਬਹੂ ਨ ਤੂਟਸਿ ਰਹਿਆ ਸਮਾਇ।” (ਪ੍ਰੀਤ ਨਹੀਂ ਟੁਟਦੀ)
-ਭੈਰ ਨਾਮ, ੭, ੩:੩ (1164)
(2) ਟੁਟਣਾ, ਦੋ ਟੁਕੜੇ ਹੋਣਾ (ਫਿਜੀਕਲ ਬਰੇਕ) ਸਰੀਰਕ ਵਖਰਤਾ
“ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ।”
-ਗਉ ਕਬ, ੫੩, ੩:੨ (335)
“ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ।”
-ਆਸਾ ੧, ਵਾਰ ੧੫ਸ, ੧, ੩:੨ (471)

ਤੂਟਹਿ------ (1) ਟੁੱਟਣਾ, ਭਜਨਾ
“ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ।”
-ਮਾਝ ੩, ਅਸ ੩੦, ੩:੩ (127)
(2) ਟੁੱਟਣਾ ਭਾਵ ਖਤਮ ਹੋ ਜਾਣਾ
“ਨਰਕ ਨਿਵਾਰੈ ਦੁਖੁ ਹਰੈ ਤੂਟਹਿ ਅਨਿਕ ਕਲੇਸ।”
-ਗਉ ੫, ਥਿਤੀ, ੪:੩ (297)

ਤੂਟਤ ------ (1) ਟੁੱਟਦਿਆਂ, ਭਾਵ ਖਤਮ ਹੁੰਦਿਆਂ
“ਤੂਟਤ ਬਾਰ ਨ ਲਾਗੈ ਤਾ ਕਉ ਜਿਉ ਗਾਗਰਿ ਜਲ ਫੋਰੀ।”
-ਸਾਰ ੫, ੯੪, ੧:੨ (1222)
(2) ਟੁੱਟਦਾ ਭਾਵ ਵੱਖ ਹੁੰਦਾ
“ਲਾਇ ਪ੍ਰੀਤਿ ਕੀਨ ਆਪਨ ਤੂਟਤ ਨਾਹੀ ਜੋਰੁ।” (ਜੋੜ ਨਹੀਂ ਟੁਟਦਾ)
-ਕਾਨ ੫, ੪੮, ੧:੧ (1307)

ਤੂਟਤੇ ------ਟੁੱਟ ਜਾਂਦੇ ਹਨ, ਭਾਵ ਖਤਮ ਹੋ ਜਾਂਦੇ ਹਨ
“ਪੁਤ੍ਰ ਮਿਤ੍ਰ ਬਿਲਾਸ ਬਨਿਤਾ ਤੂਟਤੇ ਏ ਨੇਹ।”
-ਮਾਰੂ ੫, ੨੫, ੧:੨ (1006)

ਤੂਟਾ ------- (1) ਮੁਕਿਆਂ ਖਤਮ ਹੋਇਆ, ਮੁਕਤ ਹੋਇਆ

"ਕਿਲਿ ਬਿਧਿ ਆਵਣੁ ਜਾਵਣੁ ਤੂਟਾ।"

-ਮਾਝ ੫, ਅਸ ੩੬, ੨:੨ (131)

"ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ।" (ਛੁੱਟ ਗਿਆ, ਮੁੱਕ ਗਿਆ)

-ਵਡ ੫, ਛੰਤ ੨, ੩:੫ (578)

"ਫਾਥੀ ਮਛੁਲੀ ਕਾ ਜਾਲਾ ਤੂਟਾ।" (ਜਾਲ ਟੁੱਟ ਗਿਆ, ਖੁਲ ਗਿਆ।)

-ਰਾਮ ੫, ੫੦, ੨:੪ (898)

(2) ਟੁਟਿਆਂ, ਦੋ ਟੁਕੜੇ ਹੋ ਗਿਆ, ਵੇਖੋ ਤੁਟਸਿ (2)

"ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ।"

-ਗਉ ਕਬ, ੫੨, ੧*:੧ (334)

ਤੂਟਿ ------- (1) ਟੁੱਟਦਾ

"ਕਟੀ ਨ ਕਟੈ ਤੂਟਿ ਨਹ ਜਾਈ।"

-ਗਉ ਕਬ, ੩੦, ੨:੧ (329)

"ਤੂਟਿ ਜਾਇਗੋ ਸੂਤਿ ਬਾਪੁਰੇ ਫਿਰਿ ਪਾਛੈ ਪਛੁਤੋਹੀ।"

-ਸੋਰ ੫, ੪, ੩:੨ (609)

(2) ਮੁੱਕ ਗਈ, ਖਤਮ ਹੋ ਗਈ

"ਗੁਰ ਪ੍ਰਸਾਦੀ ਪ੍ਰਭੁ ਧਿਆਇਆ ਗਈ ਸੰਕਾ ਤੂਟਿ।"

-ਗੂਜ ੫, ੨੯, ੧:੧ (502)

ਤੂਟੀ ------- (1) ਮੁਕ ਗਈ, ਖਤਮ ਹੋ ਗਈ

"ਸੇ ਮੁਕਤ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ।"

-ਆਸਾ ੪, ਸੋਪੁ ੧, ੩:੨ (11)

"ਜਗ ਸਿਉ ਤੂਟੀ ਝੂਠ ਪਰੀਤਿ।"

-ਬਸੰ ੧, ਅਸ ੧, ੧:੪ (1187)

(2) ਟੁੱਟੀ ਹੋਈ

"ਗੁਰਿ ਤੂਟੀ ਲੈ ਜੋਰੀ।"

-ਗਉ ੫, ੧੫੬*, ੨:੨ (213)

"ਧਰ ਤੂਟੀ ਗਾਡੋ ਸਿਰ ਭਾਰਿ।" (ਧੁਰਾ ਭੱਜ/ਟੁੱਟ ਗਿਆ)

-ਰਾਮ ੧, ੧੧, ੨:੩ (879)

(3) ਟੁੱਟ ਗਈ, ਗਿਰ ਗਈ, ਢਹਿ ਗਈ

"ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ।"

-ਆਸਾ ੫, ਛੰਤ ੧, ੪:੩ (453)

"ਬਸਤਾ ਤੂਟੀ ਝੁੰਪੜੀ ਚੀਰ ਸ਼ਭਿ ਛਿੰਨਾ।" (ਡਿੱਗੀ /ਟੁੱਟੀ ਹੋਈ)

-ਜੈਤ ੫, ਵਾਰ ੭:੧ (707)

ਤੂਟੇ ------- (1) ਟੁੱਟ ਗਏ

"ਨਾਇ ਵਿਸਰਿਐ ਧ੍ਰਿਗੁ ਜੀਵਣਾ ਤੂਟੇ ਕਚ ਧਾਗੇ।"

-ਗਉ ੫, ਵਾਰ ੧੬:੪ (322)

"ਬੰਧਨ ਤੂਟੇ ਇਕੁ ਨਾਮੁ ਵਸਾਮੰ।"

-ਬਿਲਾ ੧, ਅਸ ੧, ੭:੪ (831)

ਹੋਰ ਰੂਪ:

ਤੂਟੈ–
"ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ।"
–ਆਸਾ ਕਬ, ੧, ੧*:੧ (475)

(2) ਮੁਕ ਜਾਏ, ਖਤਮ ਹੋ ਗਏ
"ਤੂਟੇ ਮਾਇਆ ਮੋਹ ਪਿਆਰ।"
–ਭੈਰ ੫, ੪੪, ੩:੨ (1148)

"ਲੋਭ ਮੋਹ ਤੂਟੇ ਭ੍ਰਮ ਸੰਗਾ।"
–ਸਾਰ ੫, ੧੪, ੩:੨ (1206)

ਹੋਰ ਰੂਪ:

ਤੂਟੈ–
"ਲਾਗੀ ਪ੍ਰੀਤਿ ਨ ਤੂਟੈ ਮੂਲੇ।"
–ਮਾਝ ੫, ੩੮, ੨:੧ (105)

"ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ।"
–ਸੂਹੀ ੧, ੮, ੩:੧ (730)

ਤੂਠਾ -------- ਪ੍ਰਸੰਨ ਹੋਇਆ, ਮਿਹਰ ਵਿਚ ਆਇਆ, ਕ੍ਰਿਪਾਲ ਹੋਇਆ।
"ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ।"
–ਆਸਾ ੫, ਛੰਤ ੧, ੧:੩ (452)

ਹੋਰ ਰੂਪ:

ਤੂਠੇ–
"ਸਭਿ ਸੁਖ ਪਾਏ ਸਤਿਗੁਰ ਤੂਠੇ।" (ਕ੍ਰਿਪਾਲ ਹੋਇਆ)
–ਬਿਲਾ ੫, ੨, ੩:੩ (801)

ਤੂਠੈ–
"ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ।"
–ਸਿਰੀ ੫, ੭੫, ੩:੨ (44)

ਤੂੰਬਰੀ ------- ਤੂੰਬੜੀ, ਤੂੰਬੀ
"ਕਬੀਰ ਧਰਤੀ ਅਰੁ ਆਕਾਸ ਮਹਿ ਦੁਇ ਤੂੰਬਰੀ ਅਬਧ।"
–ਸਲੋ ਕਬ, ੨੦੨:੧ (1375)
(ਪ੍ਰੋ. ਸਾਹਿਬ ਸਿੰਘ ਪਦਛੇਦ "ਤੂੰ ਬਰੀ" ਕਰਕੇ ਅਰਥ ਕਰਦੇ ਹਨ "ਤੂੰ ਬੜੀ")

ਤੂੰਬੜੀ ------- ਤੂੰਬੀ, ਕਦੂ ਆਦਿ ਦਾ ਫਲ
"ਜਿਨ੍ਹਾ ਵੇਲਿ ਨ ਤੂੰਬੜੀ ਮਾਇਆ ਠਗੇ ਠਗਿ।"
–ਸਲੋ ੩, ੬:੩ (1413)

ਤੂੰਬਾ -------- ਕਦੂ ਜਾਤ ਦਾ ਇਕ ਫਲ ਜਿਸ ਤੋਂ ਕਈ ਤਰ੍ਹਾਂ ਦੇ ਤਾਰਦਾਰ ਸਾਜ਼ ਬਣਦੇ ਹਨ।
"ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ।"
–ਗਉ ਕਬ, ੫੩, ੩:੧ (334)

ਤੂੰਮਰੁ ------- ਕਦੂ ਜਾਤ ਦਾ ਫਲ, ਵੇਖੋ ਤੂੰਬ'

"ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ।"

-ਆਸਾ ੫, ੧੨੭, ੨:੧ (403)

ਤੂਮੜੀ------- ਤੂੰਬੀ, ਕਦੂ ਜਾਤ ਦਾ ਇਕ ਕੋੜਾ ਫਲ

"ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।"

-ਸੂਹੀ ੩, ਵਾਰ ੧੨ਸ, ੧, ੨:੩ (789)

ਤੂਰ -------- (ਸੰ.) ਤੁਰਮ, ਨਰਸਿੰਘਾ

"ਅਹਿਨਿਸਿ ਬਾਜੇ ਅਨਹਦ ਤੂਰ।"

-ਗਉ ਕਬ, ਥਿਤੀ ੧੩:੨ (344)

"ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ" (ਭਾਵ ਵਾਜੇ)

-ਬਿਲਾ ੪, ਅਸ ੩, ੫:੧ (835)

ਤੂਰਾ -------- ਤੁਰਮ, ਨਰਸਿੰਘਾ, ਵੇਖੋ 'ਤੂਰ'

"ਤਿਤੁ ਘਟ ਅਨਹਤ ਬਾਜੇ ਤੂਰਾ।"

-ਗਉ ੧, ੧੬, ੨:੨ (228)

"ਸੁਾਂਤਿ ਸਹਜ ਆਨੰਦ ਨਾਮੁ ਜਪਿ ਵਾਜੇ ਅਨਹਦ ਤੂਰਾ।" (ਵਾਜੇ)

-ਸੋਰ ੫, ੩੬, ੧*:੨ (618)

ਹੋਰ ਰੂਪ:

ਤੂਰੁ-

"ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ।"

-ਸਿਰੀ ੧, ੧੫, ੧:੨ (19)

ਤੂਰੇ-

"ਤਹ ਬਾਜੇ ਨਾਨਕ ਅਨਹਦ ਤੂਰੇ।"

-ਗਉ ੫, ਬਾਅ ੩੬:੮ (258)

ਤੂਲਾ -------- ਗਠਾ, ਪੁਲੰਦਾ

"ਹਾਡ ਜਲੇ ਜੈਸੇ ਲਕਰੀ ਕਾ ਤੂਲਾ।"

-ਗੋਂਡ ਕਬ, ੨, ੨:੧ (870)

ਤੇ---------- (1)ਦੇ

"ਤਿਸ ਤੇ ਭਾਰੁ ਤਲੈ ਕਵਣੁ ਜੋਰੁ।"

-ਜਪੁ ੧, ੧੬:੧੨ (3)

(2) ਤੋਂ

"ਤਿਸ ਤੇ ਹੋਏ ਲਖ ਦਰਿਆਉ।"

-ਜਪੁ ੧, ੧੬:੨੧ (3)

"ਗੁਰ ਤੇ ਬਾਹਰਿ ਕਿਛੁ ਨਹੀ ਗੁਰ ਕੀਤਾ ਲੋੜੇ ਸੁ ਹੋਇ।" (ਤੋਂ)

-ਸਿਰੀ ੫, ੯੯, ੨:੪ (52)

"ਤਨੁ ਹੈਮੰਚਲਿ ਗਾਲੀਐ ਭੀ ਮਨੁ ਤੇ ਰੋਗੁ ਨ ਜਾਇ।" (ਤੋਂ)

-ਸਿਰੀ ੧, ਅਸ ੧੪, ੩:੨ (62)

"ਜਬ ਤੇ ਸਾਧੂ ਸੰਗਤਿ ਪਾਏ।"

-ਮਾਝ ੫, ੨੪, ੪:੧ (101)

(3) ਦੁਆਰਾ, ਰਾਹੀਂ

"ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ।" (ਸਦਕਾ)

-ਧਨਾ ੧, ਸੋਹ ੩, ੪:੨ (13)

"ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ।" (ਗੁਰੂ ਦੀ ਰਾਹੀਂ, ਗੁਰੂ ਤੋਂ ਗੁਰੂ ਦੁਆਰਾ)

-ਗਉ ੫, ਸੋਹ ੫, ੩:੧ (13)

"ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ।" (ਦੁਆਰਾ, ਰਾਹੀਂ)

-ਸਿਰੀ ੧, ਅਸ ੭, ੧:੧ (57)

(4) ਉਨ੍ਹਾਂ ਦੇ

"ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।"

-ਜਪੁ ੧, ੩੮ਸ:੬ (8)

(5) ਓਹ

"ਖਸਮੁ ਵਿਸਾਰਹਿ ਤੇ ਕਮਜਾਤਿ।"

-ਆਸਾ ੧, ਸੋਦ ੩, ੪:੩ (10)

(6) 'ਅਤੇ' ਦਾ ਸੰਖੇਪ

"ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ।"

-ਸਿਰੀ ੫, ੨੬, ੫:੩ (70)

ਤੇਊ ------- (1) ਉਹ

"ਧਨਿ ਤੇਊ ਜਿਹ ਰੁਚਇਆ ਮਨੂਆ।"

-ਗਉ ੫, ਬਾਅ ੪:੨ (251)

(2) ਉਹ ਹੀ

"ਜਿਹ ਬਿਧਿ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ।"

-ਗਉ ੫, ਬਾਅ ੯:੨ (252)

(3) ਇਹੋ ਜਿਹੇ

"ਚਰਨ ਬਧਿਕ ਜਨ ਤੇਊ ਮੁਕਤਿ ਭਏ।"

-ਗਉ ਨਾਮ, ੧, ੧:੨ (345)

"ਜਪ ਹੀਨ ਤਪ ਹੀਨ ਕੁਲਹੀਨ ਕ੍ਰਮ ਹੀਨ ਨਾਮੇ ਕੇ ਸੁਆਮੀ ਤੇਊ ਤਰੇ।"

-ਗਉ ਨਾਮ, ੧, ੨:੨ (345)

(4) ਉਹ ਵੀ

"ਤੇਊ ਉਤਰਿ ਪਾਰਿ ਪਰੇ ਰਾਮ ਨਾਮ ਲੀਨੇ।"

-ਧਨਾ ਕਬ, ੫, ੨:੨ (692)

ਤੇਈ ------- ਉਹ ਹੀ

"ਬਿਖਮ ਸਾਗਰੁ ਤੇਈ ਜਨ ਤਰੇ।"

-ਗਉ ੫, ੧੩੭, ੪:੧ (193)

ਤੇਹ -------- (1) ਉਸ ਨੇ

"ਨਾਨਕ ਤੇਹ ਪਰਮ ਸੁਖ ਪਾਇਆ।"

–ਗਉ ੫, ਬਾਅ ੪੦:੮ (258)

ਹੋਰ ਰੂਪ:

ਤੇਂਹ–

“ਆਨ ਉਪਾਵ ਨ ਜੀਵਤ ਮੀਨਾ ਬਿਨੁ ਜਲ ਮਰਨਾ ਤੇਂਹ।” (ਉਸ ਨੇ)

–ਜੈਤ ੫, ੧੦, ੧:੨ (702)

(2) ਤਿਨ੍ਹਾਂ

“ਚਰਨ ਕਮਲ ਬੋਹਿਥ ਭਏ ਲਗਿ ਸਾਗਰੁ ਤਰਿਓ ਤੇਹ।” (ਤੇਹ ਲਗਿ ਤਿਨਾਂ ਨਾਲ ਲੱਗ ਕੇ।

–ਆਸਾ ੧, ਅਸ ੨, ੬:੧ (431)

(‘ਮਹਾਨਕੋਸ਼’ ਅਰਥ ‘ਤਿਸ ਕਰਕੇ’ ਕਰਦਾ ਹੈ)

(3) ਉਹ

“ਜੇਹ ਰਸਨ ਚਾਖਿਓ ਤੇਹ ਜਨ ਤ੍ਰਿਪਤਿ ਅਘਾਏ।”

–ਸਮੁ ੫, ੬:੪ (1386)

ਤੇਹੜ ------ ਤੇਰਾ ਮਨ

“ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ।” (ਭਾਵ ਅਹੰ ਤਿਆਗ)

–ਸੋਰ ੪, ਵਾਰ ੧੧ਸ, ੩, ੧:੨ (646)

ਤੇਹਾ ------- ਉਹੋ ਜਿਹਾ

“ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ।”

–ਜਪੁ ੧, ੭:੭ (2)

ਤੇਹਿ ------- (1) ਉਹ

“ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ।”

–ਸੋਰ ੧, ਅਸ ੪, ੬:੨ (637)

(2) ਤਿਸ ਲਈ, ਇਸ ਕਾਰਨ ਲਈ

“ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ।”

–ਰਾਮ ੧, ਓਅੰ ੪੦:੪ (935)

(‘ਮਹਾਨਕੋਸ਼’ ਅਰਥ ਸਨੇਹ, ਮੁਹਬਤ ਕਰਦਾ ਹੈ; ਦਰਪਣ ਤੇ ਪਦ ਨਿਛੇਦ ਸੇਵ ‘ਹਿਤੇਹਿ’ ਕਰਕੇ ਅਰਥ ਕੀਤਾ ਹੈ ‘ਸਨੇਹ’ ਪਿਆਰ ਨਾਲ; ਨਿਰਣੈ ਅਰਥ ‘ਉਸ ਨੂੰ ’ ਕਰਦਾ ਹੈ)

(3) ਉਨ੍ਹਾਂ ਤੋਂ

“ਪਾਰਬ੍ਰਹਮ ਕਾ ਅੰਤੁ ਨ ਤੇਹਿ।”

–ਸਾਰ ੫, ਅਸ ੨, ੭:੪ (1236)

ਤੇਹੀ ------- ਉਹੋ ਜੇਹੀ, ਤੈਸੀ

“ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੁ ਵਾਸੁ ਜਣਾਵਣਿਆ।”

–ਮਾਝ ੩, ਅਸ ੪, ੬:੨ (118)

“ਮੈਲੁ ਨ ਉਤਰੈ ਸੁਧੁ ਨ ਤੇਹੀ।” (ਉਹੋ ਜੇਹੀ)

–ਗਉ ੫, ੧੬੯, ੨:੨ (200)

('ਮਹਾਨਕੋਸ਼' ਅਰਥ ਤਿਸ ਸੇ, ਉਸ ਤੋਂ ਅਤੇ 'ਦਰਪਣ' ਉਸ ਤਰੀਕੇ ਨਾਲ ਕਰਦੇ ਹਨ)

ਹੋਰ ਰੂਪ:

ਤੇਹੇ-
"ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ।" (ਉਹੋ ਜਿਹੇ)
-ਸੂਹੀ ੪, ੧੫, ੨:੨ (736)

ਤੇਹੈ-
"ਜੇਹੀ ਸੁਰਤਿ ਤੇਹੈ ਰਾਹਿ ਜਾਇ।" (ਉਹੋ ਜਿਹੇ)
-ਧਨਾ ੧, ੬, ੩:੪ (662)

ਤੇਹੋ ------- (1) ਉਹੋ
"ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ।"
-ਸਿਰੀ ੩, ੪੪, ੪:੧ (30)
(2) ਉਹੋ ਜਿਹਾ, ਉਸੇ ਤਰ੍ਹਾਂ ਦਾ
"ਜੇਹਾ ਡਿਠਾ ਮੈ ਤੇਹੋ ਕਹਿਆ।"
-ਮਾਝ ੫, ੧੦, ੪:੧ (97)

ਤੇਗ ------- (ਫਾ. ਤੇਗ਼) ਤਲਵਾਰ, ਖੜਗ
"ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।"
-ਮਾਝ ੧, ਵਾਰ ੧੫ਸ, ੧, ੧:੫ (145)

ਤੇਗਬੰਦ ------ ਤਲਵਾਰ ਬੰਨਣ ਵਾਲਾ, ਤਲਵਾਰਧਾਰੀ (ਮਹਾਨਕੋਸ਼) ਗਾਤਰਾ (ਦਰਪਣ ਨਿਰਣੈ)
"ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ।"
-ਸਿਰੀ ੧, ੭, ੩:੨ (16)

ਤੇਜ ------- (1) ਵੇਗ, ਤੇਜ਼ ਰਫਤਾਰ
"ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ।"
-ਜੈਤ ੫, ੧, ੩:੧ (700)
(2) ਪ੍ਰਕਾਸ਼, ਜੋਤ
"ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ।"
-ਬਿਲਾ ਕਬ, ੧੧, ੩:੧ (857)
"ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ।" (ਪ੍ਰਕਾਸ਼)
-ਸਵ ੪, ਮਥੁ ੬:੧ (1404)

ਤੇਜਨਿ------ ਤੇਜ਼ ਚਾਲ ਵਾਲੀ (ਘੋੜੀ)
"ਦੇਹ ਤੇਜਨਿ ਜੀ ਰਾਮਿ ਉਪਾਈਆ ਰਾਮ।"
-ਵਡ ੪, ਘੋੜੀ ੧, ੧:੧ (575)
"ਘੋੜੀ ਤੇਜਨਿ ਦੇਹ ਰਾਮਿ ਉਪਾਈਆ ਰਾਮ।"
-ਵਡ ੪, ਘੋੜੀ ੧, ੪:੧ (575)

ਤੇਜਨ ------ ਪਰਤਾਪ ਵਾਲੇ

"ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ।"
-ਗੂਜ ੫, ਅਸ ੧, ੨:੨ (507)

ਤੇਜਨੜੀ------ ਘੋੜੀ, ਤੇਜ਼ ਚਲਣ ਵਾਲੀ ਘੋੜੀ
"ਦੇਹ ਤੇਜਨੜੀ ਹਰਿ ਨਵਰੰਗੀਆ ਰਾਮ।"
-ਵਡ ੪, ਘੋੜੀ ੨, ੧:੧ (576)

ਤੇਜਵੰਸੀ------ ਪਰਤਾਪੀ ਕੁਲ ਵਾਲਾ
"ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ।"
-ਗੂਜ ੫, ਅਸ ੧, ੨:੨ (507)

ਤੇਜੁ -------- ਜੋਰ, ਬਲ, ਸ਼ਕਤੀ, ਸੱਤਾ
"ਤਰੁਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ।" (ਭਾਵ ਜੋਸ਼)
-ਸਿਰੀ ਬੇਣੀ ੧, ੩:੧ (93)
"ਸੰਤ ਕੈ ਦੂਖਨਿ ਤੇਜੁ ਸਭੁ ਜਾਇ" (ਤੇਜ਼ ਪ੍ਰਤਾਪ)
-ਗਉ ੫, ਸੁਖ ੧੩, ੨:੭ (279)
"ਸਾਖੀ ਸਬਦੁ ਸੁਰਤਿ ਨਹੀ ਉਪਜੈ ਖਿੰਚਿ ਤੇਜੁ ਸਭੁ ਲੀਨ੍ਹਾ।" (ਸੱਤਾ)
-ਆਸਾ ਕਬ, ੧੮, ੨:੨ (480)
(2) ਅਗਨ
"ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।"
-ਗਉ ਕਬ, ੧੮, ੪:੧ (327)
(3) (ਸੰ.) ਜੋਤ
"ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ।"
-ਬਿਲਾ ਕਬ, ੧੧, ੩:੧ (857)
(4) ਪ੍ਰਤਾਪ
"ਮਾਣੁ ਮਹਤਾ ਤੇਜੁ ਆਪਣਾ ਆਪਿ ਜਰਿ।"
-ਰਾਮ ੫, ਵਾਰ ੧੮:੬ (965)
(5) ਤਪੋ ਗੁਣ, ਕ੍ਰੋਧ
"ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮੁ ਨ ਭਾਇਆ।"
-ਮਲਾ ੧, ੩, ੨:੧ (1255)
(6) ਪ੍ਰਕਾਸ਼
"ਪ੍ਰਗਟ ਜੋਤਿ ਜਗਮਗੈ ਤੇਜੁ ਭੂਅ ਮੰਡਲਿ ਛਾਯਉ।"
-ਸਵ ੫, ਮਥੁ ੨:੩ (1408)

ਤੇਜੋ -------- ਗੁਰੂ ਅਮਰਦਾਸ ਜੀ ਦੇ ਪਿਤਾ ਤੇਜਭਾਨ
"ਭਲਉ ਪ੍ਰਸਿਧੁ ਤੇਜੋ ਤਨੌ ਕਲੵ ਜੋੜਿ ਕਰ ਧੵਾਇਅਓ।"
-ਸਵ ੩, ੫:੫ (1393)

ਤੇਟਿਆ------ ਨੇੜੇ ਹੋਣਾ, ਵਸ ਪੈਣਾ
"ਹੋਆ ਸਾਧੂ ਸੰਗੁ ਫਿਰਿ ਦੂਖ ਨ ਤੇਟਿਆ।"
-ਗੂਜ ੫, ਵਾਰ ੧੦:੨ (520)

ਤੇਟੈ -------- ਡਾਂਟਦਾ, ਤਾੜਦਾ

"ਸਤਿਗੁਰੁ ਭੇਟੈ ਜਮੁ ਨ ਤੇਟੈ।"

-ਪ੍ਰਭਾ ੫, ੧੩, ੨:੨ (1341)

ਤੇਤ ------- ਉਤਨੀ

"ਜੇਤੀ ਪ੍ਰਭੂ ਜਨਾਈ ਰਸਨਾ ਤੇਤ ਭਨੀ।"

-ਆਸਾ ੫, ਛੰਤ ੫, ੪:੧ (456)

ਤੇਤਾ ------- (1) ਉਤਨਾ ਹੀ, ਉਹ ਸਾਰਾ ਹੀ

"ਜੇਤਾ ਕੀਤਾ ਤੇਤਾ ਨਾਉ।"

-ਜਪੁ ੧, ੧੯:੧੦ (4)

"ਜੇਤਾ ਬੋਲਣੁ ਤੇਤਾ ਗਿਆਨੈ।"

-ਗਉ ੫, ਅਸ ੩, ੨:੨ (236)

ਹੋਰ ਰੂਪ:

ਤੇਤੀ-

"ਜੇਤੀ ਹੈ ਤੇਤੀ ਕਿਹੁ ਨਾਹੀ" (ਉਤਨੀ ਹੀ/ਉਹ ਸਾਰੀ ਹੀ)

-ਗਉ ੧, ਅਸ ੧੩, ੭:੧ (226)

(2) ਮੰਨੇ ਜਾਣੇ ਚਹੁੰ ਯੁੱਗਾਂ ਵਿਚੋ ਇਕ ਦਾ ਨਾਂ

"ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।"

-ਗਉ ਰਵਿ, ਅਸ ੧, ੧:੨ (346)

"ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ।"

-ਆਸਾ ੪, ਛੰਤ ੧੧, ੨:੧ (445)

ਤੇਤੀਸ------ ਤੀਹ ਉਪਰ ਤਿੰਨ, ਗਿਣਤੀ ਦੀ ਇਕ ਇਕਾਈ

"ਕੋਟਿ ਤੇਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ।"

-ਸਿਰੀ ੫, ੭੨, ੪:੧ (42)

ਤੇਤੀਸਉ----- ਤੇਤੀ ਹੀ

"ਸੁਰ ਤੇਤੀਸਉ ਜੇਵਹਿ ਪਾਕ।"

-ਭੈਰ ਕਬ, ਅਸ ੨, ੨:੨ (1163)

ਤੇਤੀਸਾ ----- ਤੇਤੀ

"ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ।"

-ਮਾਝ ੫, ਅਸ ੩੫, ੨:੩ (130)

ਤੇਤੇ ------- ਉਤਨੇ ਹੀ, ਸਾਰੇ ਹੀ

"ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ।"

-ਸਿਰੀ ੫, ੭੨, ੨:੧ (42)

ਤੇਤੋ ------- ਉਤਨਾ ਹੀ

"ਬਹੁ ਤੀਰਥ ਭਵਿਆ ਤੇਤੋ ਲਵਿਆ।"

-ਆਸਾ ੧, ਵਾਰ ੯ਸ, ੧, ੨:੨ (467)

ਤੇਨ ------- (1) ਤਿਨ੍ਹਾਂ ਨੂੰ

"ਹਰਿ ਕੇ ਸੰਤ ਮਿਲਹਿ ਮਨ ਪ੍ਰੀਤਮ ਕਟਿ ਦੇਵਉ ਹੀਅਰਾ ਤੇਨ।"
-ਕਾਨ ੪, ੨, ੨:੧ (1295)

(2) ਉਸੇ ਹੀ
"ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ।"
"ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ।"
-ਸਸ ੫, ੫੩:੩;੪ (1359)

ਤੇਰ -------- ਤੇਰਾਪਣ
"ਮੇਰ ਤੇਰ ਜਬ ਇਨਹਿ ਚੁਕਾਈ।"
-ਗਉ ੫, ਅਸ ੧, ੨:੩ (235)

ਤੇਰਓ ------- ਤੇਰਾ ਹੀ
"ਮੈ ਆਧਾਰੁ ਤੇਰਾ ਤੂ ਖਸਮ ਮੇਰਾ ਮੈ ਤਾਣੁ ਤਕੀਆ ਤੇਰਓ।"
-ਬਿਲਾ ੧, ਛੰਤ ੨, ੪:੫ (844)

ਤੇਰਸਿ ------- ਤ੍ਰੌਦਸੀ/ਤੇਹਰਵੀਂ ਦੁਆਰਾ
"ਤੇਰਸਿ ਤਰਵਰ ਸਮੁਦ ਕਨਾਰੈ।"
-ਬਿਲਾ ੧, ਥਿਤੀ ੧੭:੧ (840)

ਤੇਰਹ ------- ਤੇਰਾ '13'
"ਤੇਰਸਿ ਤੇਰਹ ਅਗਮ ਬਖਾਣਿ।" (ਇਹ 13 ਅਗਮ ਹਨ–4 ਵੇਦ 6 ਵੇਦਾਂਗ
ਸਿੰਮ੍ਰਿਤੀ ਪੁਰਾਣ ਤੇ ਤੰਤ੍ਰ ਸ਼ਾਸਤਰ
-ਗਉ ਕਬ, ਥਿਤੀ ੧੪:੧ (344)

ਤੇਰਾ -------- ਆਪ ਦਾ ਤੁਹਾਡਾ
"ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ।"
-ਗੂਜ ੫, ਸੋਦ ੫, ੪:੨ (10)
"ਜੀਅ ਜੰਤ ਸਭਿ ਤੇਰਾ ਖੇਲੁ।"
-ਆਸਾ ੪, ਸੋਪੁ ੨, ੨:੩ (11)

ਤੇਰਿਆ ------ ਤੇਰੇ
"ਤੇਰਿਆ ਭਗਤਾ ਰਿਦੈ ਸਮਾਨੀਆ।"
-ਸਿਰੀ ੧, ਅਸ ੨੮, ੧੨:੨ (72)

ਤੇਰੀ -------- ਤੁਹਾਡੀ, ਆਪਦੀ
"ਏਹਿ ਭਿ ਦਾਤਿ ਤੇਰੀ ਦਾਤਾਰ।"
-ਜਪੁ ੧, ੨੫:੯ (5)
"ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।"
-ਸਿਰੀ ੧, ੨, ੧:੩ (14)

ਹੋਰ ਰੂਪ:

ਤੇਰੀਆ–
"ਕੇਤੀਆਂ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ।"
-ਸਿਰੀ ੧, ੧0, ੩:੧ (18)

ਤੇਰੀਐ–
"ਕਾਰਣ ਕਰਣ ਕਰੀਮ ਕੁਦਰਤਿ ਤੇਰੀਐ।"
–ਰਾਮ ੫, ਵਾਰ ੧੬:੮ (964)

ਤੇਰੇ -------ਤੁਹਾਡੇ, ਆਪ ਦੇ
"ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ।"
–ਸਿਰੀ ੧, ੧੦, ੩:੨ (18)

ਹੋਰ ਰੂਪ:

ਤੇਰੈ–
"ਕਰਤਾ ਸਭੁ ਕੋ ਤੇਰੈ ਜੋਰਿ" (ਤੁਹਾਡੇ)
–ਸਿਰੀ ੧, ੧੦, ੧*:੧ (17)

ਤੇਰੋ–
"ਤੇਰੋ ਰੂਪੁ ਸਗਲ ਦੇਖਿ ਮੋਹੀ।"
–ਗਉ ੫, ੧੨੯, ੧*:੨ (207)

ਤੇਲ ------- (ਸੰ.)ਤਿਲਾਂ ਦੀ ਚਿਕਨਾਈ ਕਿਉਂਕਿ ਸਭ ਤੋਂ ਪਹਿਲਾਂ ਤਿਲਾਂ ਤੋਂ ਤੇਲ ਕੱਢਿਆ ਮੰਨਿਆ ਜਾਂਦਾ ਹੈ, ਇਸ ਲਈ ਇਸ ਦਾ ਨਾਂ 'ਤੇਲ' ਪੈ ਗਿਆ।
"ਬਿਨੁ ਤੇਲ ਦੀਵਾ ਕਿਉ ਜਲੈ।"
–ਸਿਰੀ ੧, ੩੩, ੧*:੧ (25)

ਤੇਲਕ ------ (ਸੰ.) ਤੇਲੀ, ਤੇਲ ਕਢਣ ਵਾਲਾ
"ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈ ਹੈ।"
–ਗੂਜ ਕਬ, ੧, ੪:੧ (524)

ਤੇਲੰਗੀ------ਬਿਲਾਵਲ ਠਾਟ ਦਾ ਇਕ ਘੋੜਵ ਰਾਗ
"ਤੇਲੰਗੀ ਦੇਵਕਰੀ ਆਈ।"
–ਰਾਮ ੧:੨੫ (1430)

ਤੇਲੀ-------ਤੇਲ ਕਢਣ ਵਾਲਾ
"ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।"
–ਗਉ ੪, ਵਾਰ ੧੬ਸ, ੪, ੧:੫ (309)

ਤੇਲੁ -------ਬੀਜਾਂ ਅਥਵਾ ਤਿਲਾਂ ਦੀ ਚਿਕਨਾਈ
"ਇਹੁ ਤੇਲੁ ਦੀਵਾ ਇਉ ਜਲੈ।"
–ਸਿਰੀ ੧, ੩੩, ੩:੧ (25)

ਹੋਰ ਰੂਪ:

ਤੇਲੋ–
"ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ।"
–ਤੁਖਾ ੧, ਬਾਰਾ ੧੨:੩ (1109)

ਤੇਵਡ ------ਓਡੀ ਵਡੀ ਨਹੀਂ
"ਜੇਵਡੁ ਆਪਿ ਤੇਵਡ ਤੇਰੀ ਦਾਤਿ।"

-ਆਸਾ ੧, ਸੋਦ ੩, ੪:੧ (9)

"ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰਹਿ ਰਜਾਈ।"

-ਮਾਝ ੧, ਵਾਰ ੧੯ਸ, ੧, ੧:੬ (147)

ਹੋਰ ਰੂਪ:

ਤੇਵਡੁ–

"ਜੇਵਡੁ ਭਾਵੈ ਤੇਵਡੁ ਹੋਇ।"

-ਜਪੁ ੧, ੨੬:੨੩ (6)

ਤੇਵਰ ------ ਤਿਹਰੀ, ਤਿੰਨ ਗੁਣਾਂ

"ਦੋਵਰ ਕੋਟ ਅਰੁ ਤੇਵਰ ਖਾਈ।"

-ਭੈਰ ਕਬ, ੧੭, ੧*:੨ (1161)

ਤੇਵੇਹਾ ------ ਇਹੋ ਜਿਹਾ, ਤੇਹੋ ਜਿਹਾ

"ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ।"

-ਆਸਾ ੧, ਵਾਰ ੨੧:੪ (474)

ਹੋਰ ਰੂਪ:

ਤੇਵੇਹੇ–

"ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ।"

-ਗਉ ੪, ਵਾਰ ੩੦:੪ (317)

ਤੇਵੈ ------- ਉਹ

"ਧੰਨਿ ਤੇਵੈ ਮੁਨਿ ਜਨ ਜਿਨ ਧਿਆਇਓ ਹਰਿ ਪ੍ਰਭੁ ਮੇਰਾ।"

-ਧਨਾ ਨਾਮ, ੫, ੧:੨ (694)

ਤੇੜਿ ------- ਕਮਰ ਤੇ, ਲਕ ਤੇ

"ਮਥੈ ਟਿਕਾ ਤੇੜਿ ਧੋਤੀ ਕਖਾਈ।"

-ਆਸਾ ੧, ਵਾਰ ੧੬ਸ, ੧, ੨:੯ (471)

ਤੈ --------- (1) ਅਤੇ, ਤੇ

"ਆਖਹਿ ਗੋਪੀ ਤੈ ਗੋਵਿੰਦ।"

-ਜਪੁ ੧, ੨੬:੧੪ (6)

"ਜੇਤਾ ਉਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ।"

-ਸਿਰੀ ੩, ਅਸ ੨੦, ੨:੨ (66)

(2) ਤੋਂ

"ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰਦੇ ਝੂਰਿ।"

-ਸਿਰੀ ੩, ੩੭, ੨:੪ (27)

(3) ਤਿਸ ਨੂੰ, ਉਸ ਨੂੰ

"ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ।"

-ਸਿਰੀ ੩, ੫੭, ੨:੩ (36)

"ਵਡੇ ਹਥਿ ਵਡਿਆਈਆ ਜੈ ਭਾਵੈ ਤੈ ਦੇਇ।"

-ਸਿਰੀ ੧, ਅਸ ੧, ੬:੨ (53)

(4) ਤੂੰ
"ਆਨ ਰਸਾ ਜੇਤੇ ਤੈ ਚਾਖੇ।"
-ਗਉ ੫, ੮੪, ੧:੧ (180)
"ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ।"
-ਆਸਾ ੫, ਛੰਤ ੧੧, ੧:੧ (459)

ਹੋਰ ਰੂਪ:

ਤੈਂ –
"ਐਸਾ ਤੈਂ ਜਗੁ ਭਰਮਿ ਲਾਇਆ।"
-ਸਿਰੀ ਕਬ, ੧, ੧*:੧ (92)

(5) ਤੇਰੇ
"ਲਾਲ ਚੋਲਨਾ ਤੈ ਤਨਿ ਸੋਹਿਆ।"
-ਆਸਾ ੫, ੫੨, ੧:੧ (384)
"ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ।"
-ਵਡ ੧, ੩, ੧:੧੮ (558)
"ਹਰਿ ਨਾਮੁ ਨ ਸਿਮਰਹਿ ਸਾਧ ਸੰਗਿ ਤੈ ਤਨਿ ਉਡੈ ਖੇਹ।" (ਤੇਰੇ)
-ਬਿਹਾ ੪, ਵਾਰ ੧੪ਸ, ੫, ੧:੧ (553)
(ਮਹਾਨਕੋਸ਼ ਇਸ ਦੇ ਅਰਥ 'ਉਸ ਦੇ' ਕਰਦਾ ਹੈ।)

(6) ਤਿੰਨ
"ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।"
-ਆਸਾ ਕਬ, ੨, ੧:੧ (475)
"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ।"
-ਸੋਰ ੪, ਵਾਰ ੮ਸ, ੩, ੧:੧ (645)

(7) ਉਸ
"ਹਭਿ ਰੰਗ ਮਾਣਹਿ ਜਿਸੁ ਸੰਗਿ ਤੈ ਸਿਉ ਲਾਈਐ ਨੇਹੁ।"
-ਜੈਤ ੫, ਵਾਰ ੩ਸ, ੫, ੨:੧ (706)

(8) ਥਾਂ, ਜਗਾ
"ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ।"
-ਆਸਾ ੧, ਵਾਰ ੧੮ਸ, ੧, ੧:੧ (472)
"ਹਰਿ ਅੰਤਰਜਾਮੀ ਸਭ ਤੈ ਵਰਤੈ ਜੇਹਾ ਹਰਿ ਕਰਾਏ ਤੇਹਾ ਕੋ ਕਰਈਐ।"
-ਗੋਂਡ ੪, ੫, ੧:੧ (861)

(9) ਉਨ੍ਹਾਂ ਦੇ
"ਤੈ ਤਨਿ ਪੜਦਾ ਨਾਹਿ ਨਾਨਕ ਜੈ ਗੁਰੁ ਭੇਟਿਆ।"
-ਮਾਰੂ ੫, ਵਾਰ ੧੫ਸ, ੫, ੨:੨ (1099)

(10) ਤਦ, ਓਦੋਂ
"ਤੈ ਸਹ ਪਾਸਹੁ ਕਹਣੁ ਕਹਾਇਆ।"
-ਸਾਰ ੪, ਵਾਰ ੧੫ਸ, ੧, ੨:੪ (1243)

ਤੈਸੜਾ------ ਤਿਹੋ ਜਿਹਾ, ਉਸੇ ਤਰਾਂ ਦਾ
" ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।"
-ਤਿਲੰ ੧, ੫, ੧:੧ (722)

ਤੈਸਾ -------- ਉਹੋ ਜਿਹਾ, ਤਿਵੇਂ ਦਾ

"ਜੈਸੀ ਨਦਰਿ ਕਰਿ ਦੇਖੈ ਸਚਾ ਤੈਸਾ ਹੀ ਕੋ ਹੋਇ।"

-ਸਿਰੀ ੩, ਅਸ ੨੦, ੮:੨ (66)

ਤੈਸੀ -------- ਉਹੋ ਜਿਹੀ, ਤਿਵੇਂ ਦੀ, ਤਿਹੋ ਜਿਹੀ

"ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।"

-ਸਿਰੀ ੧, ੨੩, ੧:੨ (22)

ਤੈਸੇ -------- ਉਹੋ ਜਿਹੇ, ਉਵੇਂ ਦੇ

"ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ ਤੈਸੇ ਜਾਇ ਸਮਾਹੀ।"

-ਗਉ ੩, ੩੫, ੧*:੨ (162)

ਹੋਰ ਰੂਪ:

ਤੈਸੈ-

"ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ।"

-ਗਉ ੫, ੧੨੬*, ੪:੨ (206)

ਤੈਸੋ -------- ਉਹੋ ਜਿਹਾ, ਤਿਵੇਂ ਦਾ

"ਜਿਸੁ ਸਿਉ ਰਾਤਾ ਤੈਸੋ ਹੋਵੈ ਸਚੇ ਸਚਿ ਸਮਾਇਆ।"

-ਸਿਰੀ ੩, ਅਸ ੧੮, ੫:੩ (65)

ਤੈਕੂ -------- ਤੈਨੂੰ

"ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈਕੂ ਦੇਸਾ।"

-ਸੋਰ ੫, ੧੨, ੨:੧ (612)

ਤੈਡਾ -------- ਤੇਰਾ

"ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ।"

-ਆਸਾ ੧, ਅਸ ੧੪, ੧:੨ (418)

ਤੈਡੀ -------- ਤੇਰੀ

"ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ।"

-ਰਾਮ ੫, ਵਾਰ ੧੫ਸ, ੫, ੧:੧ (964)

ਤੈਡੇ -------- ਤੇਰੇ

"ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ।"

-ਸਲੋ ਫਰ, ੭੨:੧ (1381)

ਹੋਰ ਰੂਪ:

ਤੈਡੈ-

"ਤੈਡੈ ਸਿਮਰਣਿ ਹਭਿ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ।"

-ਗੂਜ ੫, ਵਾਰ ੮ਸ, ੫, ੨:੧ (520)

ਤੋ ---------- (ਫਾ. ਤਉ) ਤੇਰੇ

"ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ।"

-ਸੋਰ ਨਾਮ, ੨, ੧:੨ (657)

"ਤਨੁ ਧਨੁ ਜਿਹ ਤੋ ਕਉ ਦੀਉ ਤਾਂ ਸਿਉ ਨੇਹੁ ਨ ਕੀਨ।" (ਤੇਰੇ ਕੋ ਭਾਵ ਤੈਨੂੰ)
-ਸਲੋ ੯, ੭:੧ (1426)

ਤੋਊ ------- ਤੈਨੂੰ
"ਚਾਰਿ ਆਸਰਮ ਚਾਰਿ ਬਰੰਨਾ ਮੁਕਤਿ ਭਏ ਸੇਵਤੋਊ।"
-ਦੇਵ ੫, ੩੩, ੧:੨ (535)

ਤੋਅ ------- () ਜਲ, ਪਾਣੀ, ਹੋਰ ਵੇਖੋ 'ਤੋਆ'
"ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਣਹ।"
-ਸਸ ੫, ੫੮:੪ (1359)

ਤੋਆ ਤੋਐ --- ਪਾਣੀ, ਜਲ, ਵੇਖੋ 'ਤੋਅ'
"ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ।"
-ਮਲਾ ੧, ਵਾਰ ੨੫ਸ, ੧, ੨:੨੫ (1290)

ਤੋਇ ------- (1) ਤੈਨੂੰ
"ਸੋ ਘਰੁ ਰਾਖੁ ਵਡਾਈ ਤੋਇ।"
-ਆਸਾ ੧, ਸੋਲਾ ੨, ੧*:੨ (12)
(2) ਜਲ, ਪਾਣੀ
"ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ।"
-ਸਲੋ ਫਰ, ੬੨:੧ (1381)

ਤੋਇਅਹੁ ---- ਪਾਣੀ ਤੋਂ, ਵੇਖੋ 'ਤੋਅ'
"ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ।"
-ਮਲਾ ੧, ਵਾਰ ੨੫ਸ, ੧, ੧:੨੪ (1290)

ਤੋਸਾ ------- (ਫਾ. ਤੋਸ਼ਹ) ਸਫਰ ਵਾਸਤੇ ਖਰਚਾ ਤੇ ਖੁਰਾਕ
"ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ।"
-ਸਿਰੀ ੫, ੯੦, ੧:੨ (49)

ਤੋਸੈ ------- ਸਫਰ ਦਾ ਖਰਚ ਤੇ ਖੁਰਾਕ ਸਦਕਾ
"ਦੀਨ ਕੈ ਤੋਸੈ ਦੁਨੀ ਨ ਜਾਇ।"
-ਸੂਹੀ ੫, ੨੯, ੨:੨ (743)

ਤੋਹ--------- ਤੂੰ
"ਮੈ ਅਵਰੁ ਨ ਦੀਸੈ ਸਰਬ ਤੋਹ।"
-ਬਸੰ ੧, ੫, ੧:੨ (1169)

ਤੋਹੰ ------- ਤੇਰੇ ਨਾਲ
"ਸੁਖੁ ਪਾਇਓ ਦੁਖੁ ਦੂਰਿ ਪਰਾਇਓ ਬਣਿ ਆਈ ਪ੍ਰਭ ਤੋਹੰ।"
-ਸਾਰ ੫, ੩੭, ੧:੨ (1211)

ਤੋਹਿ ------- (1) ਤੇਰੇ
"ਸਹਸ ਤਵ ਨੈਨ ਨਨ ਨੈਨ ਹਰਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।"
-ਧਨਾ ੧, ਸੋਹ ੩, ੨:੧ (13)

“ਮੇਰਾ ਮਨੁ ਲਾਗਾ ਤੋਹਿ।” (ਤੇਰੇ ਨਾਲ)
-ਗਉ ਕਬ, ੫੫, ੧*:੨ (335)

“ਤੋਹਿ ਚਰਨ ਮਨੁ ਲਾਗੋ ਸਾਰਿੰਗਧਰ।”
-ਗਉ ਕਬ, ੬੬, ੧*:੧ (338)

(2) ਤੂੰ
“ਤੇਰੇ ਜੀਅ ਜੀਆ ਕਾ ਤੋਹਿ।”
-ਸਿਰੀ ੧, ੩੦, ੨:੧ (25)

(3) ਤੈਨੂੰ
“ਆਸੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ।”
-ਸੋਰ ੯, ੧, ੨:੧ (631)

“ਕਿਉ ਮਿਲੀਐ ਪ੍ਰਭ ਅਬਿਨਾਸੀ ਤੋਹਿ।”
-ਬਿਲਾ ੫, ੧, ੧:੨ (801)

ਤੋਹੀ -------- (1) ਤੇਰੇ
“ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।”
-ਸਿਰੀ ਰਵਿ, ੧, ੧:੧ (93)

(2) ਤੈਨੂੰ
“ਤੁਝ ਬਿਨੁ ਕਵਨੁ ਰੀਝਾਵੈ ਤੋਹੀ।”
-ਗਉ ੫, ੧੨੯, ੧*:੧ (207)

(3) ਤੂੰ
“ਜਤ ਕਤ ਦੇਖੀਐ ਤਤ ਤਤ ਤੋਹੀ।”
-ਰਾਮ ੫, ਅਸ ੨, ੭:੨ (913)

ਤੋਖਿ -------- ਪ੍ਰਸੰਨ ਹੋਏ, ਤ੍ਰਿਪਤ ਹੋਏ ਸੰਤੋਖ ਪਾਇਆ
“ਨੈਨ ਤਿਪਤੇ ਦਰਸੁ ਪੇਖਿ ਜਸੁ ਤੋਖਿ ਸੁਨਤ ਕਰਨ।”
-ਕਾਨ ੫, ੪੦, ੧:੧ (1306)

ਹੋਰ ਰੂਪ:

ਤੋਖਿਓ–
“ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ।”
-ਟੋਡੀ ੫, ੩, ੩:੨ (712)

ਤੋਖਿਤ ------- ਪ੍ਰਸੰਨ ਤ੍ਰਿਪਨ ਹੁੰਦਾ ਹੈ
“ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ।”
-ਮਾਰੂ ੫, ਸੋਲਾ ੧੧, ੧੩:੩ (1083)

ਤੋਖੀਲੇ ------- ਪ੍ਰਸੰਨ ਕੀਤਾ
“ਦਾ ਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।”
-ਧਨਾ ਤਿਲੋ, ੧, ੫:੧ (693)

ਤੋਟ -------- ਘਾਟਾ, ਕਮੀ
“ਗੁਰੁ ਸਾਗਰੁ ਰਤਨੀ ਨਹੀ ਤੋਟ।”
-ਰਾਮ ੧, ਓਅੰ ੨੭:੫ (933)

ਤੋਟਾ ------- (1) ਘਾਟ, ਕਮੀ, ਥੁੜ

"ਹਉਮੈ ਮਾਇਆ ਸਭ ਬਿਖੁ ਹੈ ਨਿਤ ਜਗਿ ਤੋਟਾ ਸੰਸਾਰਿ ।" (ਕਮੀ)
-ਗਉ ੪, ਵਾਰ ੧ਸ, ੪, ੨:੧ (300)

"ਇਸੁ ਹਰਿ ਧਨੈ ਦਾ ਤੋਟਾ ਕਦੇ ਨ ਆਵਈ ਜਨ ਨਾਨਕ ਕਉ ਗੁਰਿ ਸੋਝੀ ਪਾਈ।" (ਕਮੀ, ਘਾਟ)
-ਸੂਹੀ ੪, ੧੦, ੬:੨ (734)

ਹੋਰ ਰੂਪ:

ਤੋਟਿ–

"ਕਥਨਾ ਕਥੀ ਨ ਆਵੈ ਤੋਟਿ।" (ਭਾਵ ਬਿਆਨ ਮੁਕਦਾ ਨਹੀਂ, ਕੋਈ ਅੰਤ ਨਹੀਂ)
-ਜਪੁ ੧, ੩:੯ (2)

"ਮਸੁ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।"
-ਸਿਰੀ ੧, ੨, ੪:੨ (15)

"ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ।"
-ਸਿਰੀ ੧, ਅਸ ੧, ੭:੩ (54)

"ਦੇਦੇ ਤੋਟਿ ਨਾਹੀ ਪ੍ਰਭ ਰੰਗਾ।" (ਭਾਵ ਕਸਰ ਨਹੀਂ ਰਹਿੰਦੀ)
-ਮਾਝ ੫, ੧੫, ੩:੨ (99)

"ਆਵਵੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ।" (ਅੰਤ ਨਹੀਂ ਹੁੰਦਾ)
-ਸੂਹੀ ੧, ਛੰਤ ੫, ੭:੪ (767)

(2) ਘਾਟਾ, ਨੁਕਸਾਨ

"ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ।"
-ਗਉ ੪, ੫੨, ੩:੨ (168)

"ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤ।" (ਘਾਟਾ)
-ਗਉ ੫, ਥਿਤੀ ੨:੫ (297)

ਹੋਰ ਰੂਪ:

ਤੋਟੇ–

"ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ।"
-ਆਸਾ ੫, ੧੨੫, ੧:੧ (402)

ਤੋਟੈ–

"ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ।" (ਘਾਟੇ ਸਦਕਾ)
-ਗਉ ੪, ੪੮, ੩:੨ (166)

ਤੋਤ -------ਤੋਤੇ ਦੇ

"ਗਨਿਕਾ ਉਧਰੀ ਹਰਿ ਕਹੈ ਤੋਤ।"
-ਬਸੰ ੫, ਅਸ ੧, ੨:੧ (1192)

ਤੋਪਉ ------ਤ੍ਰੋਪਾ ਲਾਵਾ

"ਆਰ ਨਹੀ ਜਿਹ ਤੋਪਉ।"
-ਸੋਰ ਰਵਿ, ੭, ੧:੧ (659)

ਤੋਯੰ -------ਪਾਣੀ, ਜਲ, ਵੇਖੋ 'ਤੋਅ'

“ਕਾਰ ਕੋਟੰ ਰਚੰਤਿ ਤੋਯੰ ਲਪਨੰ ਰਕਤ ਚਰਮਣਹ।”
-ਸਾਰ ੫, ੪:੧ (1354)

ਤੋਯਣਹ ------ ਪਾਣੀ ਦੀਆਂ
“ਤੇਨ ਕਲਾ ਅਸਥੰਭੰ ਸਰੋਵਰੰ ਨਾਨਕ ਨਹ ਛਿਜੰਤਿ ਤਰੰਗ ਤੋਯਣਹ।”
-ਸਸ ੫, ੫੩:੪ (1359)

ਤੋਰ -------- (1) ਤੇਰਾ
“ਤੂੰ ਪਿੰਜਰ ਹਉ ਸੂਅਟਾ ਤੋਰ।”
-ਗਉ ਕਬ, ੨, ੨:੧ (323)
“ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।” (ਤੇਰੇ)
-ਧਨਾ ਰਵਿ, ੧, ੧:੨ (694)
“ਹਰਿ ਜਨ ਬੋਲਤ ਸ਼੍ਰੀਰਾਮ ਨਾਮਾ ਮਿਲਿ ਸਾਧਸੰਗਤਿ ਹਰਿ ਤੋਰ।” (ਹਰਿ ਤੇਰੀ ਸਾਧ ਸੰਗਤ)
-ਮਲਾ ੪, ੮, ੧*:੧ (1265)
(‘ਮਹਾਨਕੋਸ਼’ ਇਸ ਦੇ ਅਰਥ ਚਾਲ, ਤੁਰਣ ਦਾ ਕ੍ਰਿਯਾ ਕਰਦਾ ਹੈ)
(2) ਤੇਰਾਪਣ
“ਗੁਰ ਸੇਵ ਤਰੇ ਤਜਿ ਮੇਰ ਤੋਰ।”
-ਬਸੰ ੧, ੭, ੨:੨ (1170)

ਤੋਰਉ ------ ਤੋੜਾਂ
“ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ।”
-ਆਸਾ ਕਬ, ੩੫, ੨:੨ (484)

ਤੋਰਹਿ ------ ਤੋੜ ਕੇ
“ਤੀਨਿ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ।”
-ਆਸਾ ਕਬ, ੧੪, ੨:੨ (479)
“ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ।” (ਤੋੜ ਦੇ)
-ਸੋਰ ਰਵਿ, ੫, ੧*:੧ (658)

ਤੋਰਹੁ ------ ਤੋੜੋ
“ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ।”
-ਸੋਰ ਰਵਿ, ੫, ੧*:੧ (658)

ਤੋਰਾ -------- (1) ਤੇਰਾ
“ਅਬ ਕਹੁ ਰਾਮ ਭਰੋਸਾ ਤੋਰਾ।”
-ਗਉ ਕਬ, ੨੨, ੧*:੧ (328)
(2) ਤੋੜਿਆ ਹੋਵੇ
“ਹੈ ਕੋਈ ਸਾਜਣੁ ਪਰਦਾ ਤੋਰਾ।” (ਭਾਵ ਦੂਰ ਦੀਤਾ ਹੋਵੇ)
-ਵਡ ੫, ੨, ੩:੨ (562)

ਤੋਰਾਵੈ ------ ਤੋੜ ਦੇ ਹਨ
“ਭਰਮਿ ਭੂਲੇ ਅਗਿਆਨੀ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ।”

-ਮਲਾ ੪, ੪, ੩:੧ (1264)

ਤੋਰਿ ------- ਤੋੜ ਕੇ

“ਬੰਧਨ ਤੋਰਿ ਭਏ ਨਿਰਵੈਰ।”

-ਗਉ ੫, ਸੁਖ ੨੨, ੪:੭ (292)

“ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ।” (ਭਾਵ ਲਾਹ ਲਈ)

-ਸਲੋ ਕਬ, ੧੪੪:੨ (1372)

ਤੋਰੀ ------- (1) ਤੇਰੀ

“ਦਇਆ ਮਾਇਆ ਕਰਿ ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ ਤੋਰੀ।”

-ਗਉ ੫, ੧੩੪, ੧*:੧ (208)

(2) ਤੋਰੀ

“ਕਹਤੁ ਕਬੀਰੁ ਕਾਰਗਹ ਤੋਰੀ।” (ਸਰੀਰ ਰੂਪੀ ਖਡੀ ਤੋੜੀ)

-ਆਸਾ ਕਬ, ੩੬, ੪:੧ (484)

“ਤੁਮ ਸਿਉ ਜੋਰਿ ਅਵਰ ਸੰਗਿ ਤੋਰੀ।”

-ਸੋਰ ਰਵਿ, ੫, ੩:੨ (659)

ਤੋਰੁ ------- ਚਲਾਵੋ, ਅਗੇ ਗਤੀਸ਼ੀਲ ਕਰੋ

“ਕਾਜੀ ਬਕਿਬੋ ਹਸਤੀ ਤੋਰੁ।”

-ਗੋਂਡ ਕਬ, ੪, ੧*:੨ (871)

ਤੋਰੇ ------- (1) ਤੋੜੇ

“ਅਨਿਕ ਬੰਧਨ ਤੋਰੇ ਨਹੀ ਜਾਹਿ।”

-ਗਉ ੫, ੧੫੨, ੩:੧ (196)

“ਲਹਿਓ ਸਹਸਾ ਬੰਧਲ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ।” (ਤੋੜ ਦਿਤੇ)

-ਗਉ ੫, ੧੨੩*, ੨:੧ (205)

ਹੋਰ ਰੂਪ:

ਤੋਰੈ–

“ਹੈ ਕੋਈ ਐਸਾ ਹਉਮੈ ਤੋਰੈ।” (ਮੁਕਾਏ, ਹਉਮੈ ਦੇ ਬੰਧਨ ਤੋਂ ਮੁਕਤ ਹੋਏ)

-ਗਉ ੫, ੧੫੦*, ੧*:੧ (212)

“ਕੋਊ ਬਿਖਮ ਗਾਰ ਤੋਰੈ।” (ਤੋੜੇ, ਭੰਨੇ ਢਾਹੇ)

-ਆਸਾ ੫, ੨੫੪, ੧*:੧ (408)

(2) ਤੇਰੇ

“ਤੋਰੈ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ।”

-ਰਾਮ ਕਬ, ੩, ੨:੧ (969)

ਹੋਰ ਰੂਪ:

ਤੋਰੈ–

“ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾ ਕੈ ਪਾਉ।”

-ਦੇਵ ੫, ੩੮, ੧*:੨ (536)

ਤੋਰੈ ------- (1) ਤੋੜੇ, ਵੇਖੋ ‘ਤੋਰੇ’ (1)

(2) ਤੇਰੇ, ਵੇਖੋ ਤੋਰੇ (2)
(3) ਚਲਾਵੈ
"ਹਸਤਿ ਨ ਤੋਰੈ ਧਰੈ ਧਿਆਨੁ।"
-ਗੋਂਡ ਕਬ, ੪, ੨:੩ (871)

ਹੋਰ ਰੂਪ:

ਤੋਰੋ-
"ਅਹੰ ਤੋਰੋ ਮੁਖੁ ਜੋਰੋ।" (ਤੋੜੋ, ਖਤਮ ਕਰੋ)
-ਕਾਲ ੫, ੪੩, ੧*:੧ (1306)

ਤੋਲ -------- ਵਜ਼ਨ, ਭਾਰ
"ਤੂ ਨਦਰੀ ਅੰਦਰਿ ਤੋਲਹਿ ਤੋਲ।"
-ਸਿਰੀ ੧, ੩੦, ੩:੨ (25)
"ਤੂ ਸਭਨਾ ਦੇਖਹਿ ਤੋਲਹਿ ਤੋਲ।" (ਮਾਪ ਕਰਦਾ ਭਾਵ ਪਛਾਣਦਾ ਹੈ)
-ਮਾਰੂ ੩, ਸੋਲ ੮, ੫:੨ (1051)

ਤੋਲਉ ------- ਮੈਂ ਤੋਲਦਾ ਹਾਂ
"ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ।"
-ਮਾਰੂ ੧, ੧੧, ੩:੧ (992)

ਤੋਲਸੀ------- ਤੋਲੇਗਾ
"ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ।"
-ਸਿਰੀ ੧, ਅਸ ੯, ੭:੩ (59)

ਤੋਲਹਿ------- ਤੋਲਦਾ ਹੈ
"ਤੂ ਸਭਨਾ ਦੇਖਹਿ ਤੋਲਹਿ ਤੋਲ।"
-ਮਾਰੂ ੩, ਸੋਲਾ ੮, ੫:੨ (1051)

ਤੋਲਣਹਾਰਾ ---- ਤੋਲਣ ਵਾਲਾ
"ਨਾ ਕੋ ਹੋਆ ਤੋਲਣਹਾਰਾ।"
-ਮਾਰੂ ੩, ਸੋਲਾ ੨੩, ੯:੨ (1067)

ਹੋਰ ਰੂਪ:

ਤੋਲਣਹਾਰੁ-
"ਕੀਮਤਿ ਕੋਇ ਨ ਜਾਣਈ ਕੋ ਨਾਹੀ ਤੋਲਣਹਾਰੁ।"
-ਮਾਝ ੫, ਦਿਨ ੨:੮ (137)

ਤੋਲਣਿ------- ਵਜ਼ਨ ਕਰਨ
"ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ।"
-ਗਉ ੧, ੧੭, ੪:੨ (156)

ਤੋਲਾ -------- (ਫਾ.ਤੋਲਹ) ਵਜ਼ਨ ਦੀ ਇਕ ਨਿੱਕੀ ਇਕਾਈ ਜੋ 12 ਮਾਸਿਆਂ ਦੀ ਹੁੰਦੀ ਹੈ।
"ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ।"
-ਬਸੰ ੧, ੧੧, ੪:੨ (1171)

ਤੋਲਾਇਆ --- ਤੁਲਵਾਉਂਦਾ ਹੈ

“ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ।”

-ਸੋਰ ੪, ੪, ੧:੧ (605)

ਤੋਲਾਏ------ ਤੁਲਵਾਏ, ਵਜ਼ਨ ਕਰਵਾਏ

“ਗੁਰ ਕੈ ਸਬਦੇ ਤੋਲਿ ਤੋਲਾਏ ਅੰਤਰਿ ਸਬਦਿ ਪਛਾਤਾ ਹੇ।” (ਪਰਖ ਕਰਦਾ ਹੈ)

-ਮਾਰੂ ੩, ਸੋਲਾ ੯, ੧੪:੩ (1053)

ਤੋਲਾਵੈ------ ਤੁਲਵਾਏ, ਵਜ਼ਨ ਕਰਾਵੇ ਭਾਵ ਪਰਖ ਕਰੇ, ਮੁਲ ਪਾਏ

“ਕਾਇਆ ਅੰਦਰਿ ਤੋਲਿ ਤੁਲਾਵੈ ਆਪੇ ਤੋਲਣਹਾਰਾ।”

-ਸੂਹੀ ੩, ਅਸ ੨, ੫:੧ (754)

ਤੋਲਿ ------- (1) ਵਜ਼ਨ, ਤੋਲ, ਵਟਾ

“ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ।”

-ਸਿਰੀ ੧, ੨੧, ੧:੨ (22)

“ਆਪੇ ਕੰਡਾ ਆਪਿ ਤਰਾਜੀ ਪ੍ਰਭਿ ਆਪੇ ਤੋਲਿ ਤੋਲਾਇਆ।”

-ਸੋਰ ੪, ੫, ੧:੧ (605)

(2) ਤੋਲ ਵਿਚ

“ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ।” (ਤੋਲ ਵਿਚ ਪੂਰੇ ਉਤਰੀਏ)

-ਮਾਝ ੧, ਵਾਰ ੧੭:੫ (146)

(3) ਤੋਲ ਕੇ, ਵਜ਼ਨ ਕਰਕੇ

“ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ।”

-ਸਿਰੀ ੧, ਅਸ ੧੪, ੨:੧ (62)

“ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ।” (ਤੋਲਿਆਂ)

-ਦੇਵ ੫, ੩੨, ੧:੨ (534)

(4) ਜਾਂਚ, ਪਰਖ (ਭਾਵ)

“ਰਾਮ ਨਾਮੁ ਹਿਰਦੇ ਮਹਿ ਤੋਲਿ।”

-ਗਉ ੫, ਸੁਖ ੧੫, ੫:੪ (283)

ਤੋਲਿਆ ----- ਵਜ਼ਨ ਕੀਤਾ ਹੋਇਆ

“ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ।”

-ਆਸਾ ੧, ਵਾਰ ੧੧ਸ, ੧, ੨:੧੦ (469)

ਤੋਲੀ ------- (1) ਤੋਲ ਲਵਾਂ

“ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।”

-ਮਾਝ ੧, ਵਾਰ ੧੯ਸ, ੧, ੧:੩ (147)

ਹੋਰ ਰੂਪ:

ਤੋਲੀਐ-

“ਸਾਹਿਬੁ ਅਤੁਲ ਨ ਤੋਲੀਐ ਕਥਨਿ ਨ ਪਾਇਆ ਜਾਇ।” (ਵਜ਼ਨ ਕਰੀਏ ਜਾਂਚ ਕਰੀਏ)

-ਸਿਰੀ ੧, ਅਸ ੯, ੫:੩ (59)

(2) ਤੋਲ ਵਾਲੀ

“ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ।”
-ਸੂਹੀ ੫, ਛੰਤ ੪, ੪:੫ (779)

ਤੋਲੀਜਾ ------ ਤੋਲ
“ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਰੇ।”
-ਮਾਰੂ ੫, ਸੋਲਾ ੩, ੧੫:੩ (1074)

ਤੋਲੁ ------- (1) ਤੋਲ, ਵਜ਼ਨ, ਵੱਟਾ
“ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ।”
-ਸਿਰੀ ੧, ਅਸ ੯, ੭:੩ (59)
“ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ।” (ਵੱਟਾ)
-ਸੂਹੀ ੧, ੯, ੩:੧ (731)
(2) ਤੋਲਾ, ਵਜ਼ਨ ਦੀ ਇਕ ਨਿਕੀ ਇਕਾਈ
“ਜਨ ਨਾਨਕ ਹਰਿ ਪ੍ਰਭਿ ਪੂਰੇ ਕੀਏ ਖਿਨੁ ਮਾਸਾ ਤੋਲੁ ਨ ਘਟੀਐ।”
-ਗਉ ੪, ੫੭, ੫:੨ (170)

ਤੋਲੇ ------- ਤੋਲਦਾ/ਵਜ਼ਨ ਕਰਦਾ ਹੈ
“ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ।”
-ਸਿਰੀ ਬੇਣੀ, ੧, ੩:੪ (93)
“ਅਤੁਲੁ ਕਿਉ ਤੋਲੀਐ ਵਿਣੁ ਤੋਲੇ ਪਾਇਆ ਨ ਜਾਇ।” (ਭਾਵ ਜਾਂਚਿਆ, ਪਰਖਿਆਂ, ਜਾਣਿਆਂ)
- ਮਲਾ ੧, ਵਾਰ ੮:੧ (1282)

ਹੋਰ ਰੂਪ:

ਤੋਲੈ–
“ਬਿਨੁ ਤਕੜੀ ਤੋਲੈ ਸੰਸਾਰਾ।” (ਤੋਲਦਾ/ਜਾਂਚਦਾ ਹੈ)
-ਮਾਝ ੩, ਅਸ ੩, ੧:੨ (110)

ਤੋਲੋ–
“ਆਪੇ ਪਰਖੇ ਪੂਰਾ ਤੋਲੋ।” (ਤੋਲਦਾ ਹੈ)
-ਮਾਰੂ ੧, ਸੋਲਾ ੧, ੮:੨ (1020)

ਤੋੜਹਿ ------ ਤੋੜਦਾ ਹੈ
“ਗੁਰਮੁਖਿ ਹੋਵਹਿ ਸੇ ਬੰਧਨ ਤੋੜਹਿ ਮੁਕਤੀ ਕੈ ਘਰਿ ਪਾਇਦਾ।”
-ਮਾਰੂ ੫, ਸੋਲਾ ੧੮, ੮:੩ (1063)

ਤੋੜਨਿ ------ ਤੋੜ ਦਿੰਦੇ ਹਨ
“ਬਾਲਕ ਬਿਰਧਿ ਨ ਜਾਣਨੀ ਤੋੜਨਿ ਹੇਤੁ ਪਿਆਰੋ।”
-ਵਡ ੧, ਅਲਾ ੩, ੪:੪ (580)

ਤੋੜਿ ------ (1) ਤੋੜ ਦੇ
“ਮੇਰੇ ਰਾਮ ਤੋੜਿ ਬੰਧਨ ਮਾਇਆ ਘਰ ਕੈ ਕੰਮਿ ਲਾਇ।”
-ਗਉ ੪, ੪੮, ੧*:੧ (166)
“ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।”

–ਮਾਰੂ ੫, ਵਾਰ ੨੨ਸ, ੫, ੧:੧ (1102)

(2) ਤੋੜ ਕੇ

“ਬੰਧਨ ਤੋੜਿ ਬੋਲਾਵੈ ਰਾਮੁ।”

–ਗਉ ੫, ੯੩, ੧:੧ (183)

(3) ਤੋੜ

“ਹੇਤ ਕੇ ਬੰਧਨ ਤੋੜਿ ਨ ਸਾਕਹਿ ਤਾ ਜਮੁ ਕਰੇ ਖੁਆਰੀ ਜੀਉ।”

–ਮਾਰੂ ੧, ੧੨, ੫:੩ (993)

ਤੋੜਿਆ ----- ਭੰਨ੍ਹ/ਤੋੜ ਦਿਤਾ

“ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ।”

–ਗੂਜ ੫, ਵਾਰ ੧੬:੧ (522)

ਤੋੜੀ ------- ਤੋੜਿਆਂ

“ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ।”

–ਗਉ ਕਬ, ੫੨, ੩:੧ (334)

ਤੋੜੀਐ ----- ਭੰਨ੍ਹੀਐ

“ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ।”

–ਗੂਜ ੫, ੧੫:੬ (522)

ਤੋੜ ------- ਤੋੜ ਦੇਵੇ, ਭੰਨ ਦੇਵੇ

“ਬੰਧਨ ਤੋੜੇ ਸਦਾ ਹੈ ਮੁਕਤਾ।”

–ਮਾਝ ੩, ਅਸ ੨੭, ੪:੨ (125)

“ਸਹਸਾ ਤੋੜੇ ਭਰਮੁ ਚੁਕਾਏ।” (ਦੂਰ ਕਰੇ)

–ਮਾਰੂ ੧, ੧੨, ੩:੧ (993)

ਹੋਰ ਰੂਪ:

ਤੋੜੈ–

“ਹਉਮੈ ਮਾਰਿ ਬੰਧਨ ਸਭ ਤੋੜੈ ਗੁਰਮੁਖਿ ਸਬਦਿ ਸੁਹਾਵਣਿਆ।”

–ਮਾਝ ੩, ਅਸ ੨੬, ੧:੩ (124)

ਤੌ---------- ਤਾਂ

“ਕਹੁ ਕਬੀਰ ਤੌ ਅਨਭਉ ਪਾਇਆ।”

–ਗਉ ਕਬ, ੨੭, ੩:੨ (328)

ਤ੍ਰਉਦਸੀ ---- ਚੰਦਰਮਾ ਦੇ ਪੱਖ ਦੀ ਤੇਰ੍ਹਵੀਂ ਤਿਥਿ

“ਤ੍ਰਉਦਸੀ ਤੀਨਿ ਤਾਪ ਸੰਸਾਰਾ।”

–ਗਉ ੫, ਥਿਤੀ ੧੩:੧ (299)

ਤ੍ਰਈ ------- ਤ੍ਰੈਵੇ, ਤਿੰਨੇ, ਤਿੰਨੇ ਤਾਪ ਹਨ ਆਧਿ, ਵਿਆਧ, ਉਪਾਧਿ

“ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ।”

–ਸਾਰ ਨਾਮ, ੩, ੧*:੨ (1252)

ਤ੍ਰਸਨ ------ ਤ੍ਰਹਿੰਦੇ ਹਨ, ਭੈਮਾਨ ਹੁੰਦੇ ਹਨ

“ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ।”
-ਸਵ ੨, ੭:੫ (1392)

ਤ੍ਰਿਖਿ -------- ਤਿਹਾਈ, ਪਿਆਸੀ
“ਹਮ ਕਉ ਦ੍ਰਿਸਟਿ ਪਰੈ ਤ੍ਰਿਖਿ ਡਾਇਨਿ।”
-ਗੋਂਡ ਕਬ, ੭, ੩:੪ (872)

ਤ੍ਰਾਸ -------- ਡਰ, ਭੈ
“ਫਲ ਪਾਵਹਿ ਮਿਟੈ ਜਮ ਤ੍ਰਾਸ।”
-ਗਉ ੫, ੭੩, ੧:੩ (176)

ਹੋਰ ਰੂਪ:

ਤ੍ਰਾਸਾ-
“ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ।” (ਡਰ, ਭੈ)
-ਗਉ ੫, ਸੁਖ ੧, ੪:੫ (263)

ਤ੍ਰਾਸੁ-
“ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ।” (ਡਰ)
-ਗਉ ੯, ੫, ੧:੨ (219)

ਤ੍ਰਾਹਿ ------- ਬਚਾ ਲਵੋ, ਰਖਿਆ ਕਰੋ, ਓਟ ਦੇਓ
“ਜਨ ਤ੍ਰਾਹਿ ਤ੍ਰਾਹਿ ਸਰਣਾਗਤੀ ਮੇਰੀ ਜਿੰਦੁੜੀਏ ਗੁਰ ਨਾਨਕ ਹਰਿ ਰਖਵਾਲੇ ਰਾਮ।”
-ਬਿਹਾ ੪, ੨, ੩:੪ (539)

ਤ੍ਰਾਘਿ ------- ਤਾਂਘ, ਲੋਚ
“ਆਗਾਹ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।”
-ਮਾਰੂ ੫, ਵਾਰ ੭ਸ, ੫, ੧:੧ (1096)

ਤ੍ਰਿਅ-------- (1) ਇਸਤ੍ਰੀ
“ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ।”
-ਗਉ ੪, ੩੯, ੨:੨ (164)

(2) ਤਿੰਨ
“ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ।”
-ਭੈਰ ਕਬ, ਅਸ ੧, ੩:੨ (1162)

ਤ੍ਰਿਅ ਜਿਤੁ ---- ਇਸਤ੍ਰੀ ਦਾ ਜਿਤਿਆ ਹੋਇਆ
“ਜਗੁ ਤ੍ਰਿਅ ਜਿਤੁ ਕਾਮਣਿ ਹਿਤਕਾਰੀ।”
-ਆਸਾ ੧, ਅਸ ੨, ੩:੧ (412)

ਤ੍ਰਿਸਟਸਿ ----- ਇਸਥਿਤ ਹੁੰਦੀ/ ਟਿਕਾਉ ਵਿਚ ਆਉਂਦੀ ਹੈ
“ਏਕੁ ਨਾਮੁ ਅੰਮ੍ਰਿਤ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ।”
-ਮਾਰੂ ੧, ੩, ੪:੨ (990)

ਤ੍ਰਿਸਟੈ------- ਟਿਕਾਉ ਵਿਚ ਆਵੈ
“ਸੰਤ ਕੈ ਦੋਖਿ ਨ ਤ੍ਰਿਸਟੈ ਕੋਇ।”

-ਗਉ ੫, ਸੁਖ ੧੩, ੭:੭ (280)

ਤ੍ਰਿਸਨ------ (1) (ਸੰ.) ਪਿਆਸ
"ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ।"
-ਗਉ ੫, ੧੬੧*, ੧:੧ (215)

ਹੋਰ ਰੂਪ:

ਤ੍ਰਿਸਨਾ–
"ਨਾ ਉਸੁ ਭੂਖ ਨ ਹਮ ਕਉ ਤ੍ਰਿਸਨਾ।"
-ਆਸਾ ੫, ੮੩, ੩:੩ (391)
"ਰਾਮੋ ਰਾਮੁ ਰਵਿਆ ਘਟ ਅੰਤਰਿ ਸਭ ਤ੍ਰਿਸਨਾ ਭੂਖ ਗਵਾਈ।"
-ਆਸਾ ੪, ਛੰਤ ੯, ੩:੪ (443)
(2) ਹੋਰ ਪ੍ਰਾਪਤੀ ਦੀ ਲੋਚਾ/ਇਛਾ /ਖ਼ਾਹਿਸ਼
"ਅਨਿਕ ਜਤਨ ਕਰਿ ਤ੍ਰਿਸਨ ਨ ਧ੍ਰਾਪੈ।"
-ਗਉ ੫, ਸੁਖ ੩, ੪:੨ (266)

ਹੋਰ ਰੂਪ:

ਤ੍ਰਿਸਨਾ–
"ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।" (ਹੋਰ ਪ੍ਰਾਪਤੀ ਦੀ ਇਛਾ)
-ਸਿਰੀ ੧, ੧੪, ੨:੨ (19)
"ਸਾਂਤਿ ਭਈ ਬੁਝੀ ਸਭ ਤ੍ਰਿਸਨਾ ਅਨਦੁ ਭਇਆ ਸਭ ਠਾਈ ਜੀਉ।"
-ਮਾਝ ੫, ੪੧, ੧:੩ (106)

ਤ੍ਰਿਹਦਸ----- ਤੇਰਾਂ '13' (ਤਿਨ 'ਗੁਣ' ਅਤੇ 10 ਵਿਸ਼ੇ)
"ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ।"
-ਗੂਜ ੧, ਅਸ ੧, ੧:੨ (503)

ਤ੍ਰਿਹਾ ------ ਤਿੰਨਾਂ ਵੀ
"ਤ੍ਰਿਹਾ ਗੁਣਾ ਤੇ ਰਹੈ ਨਿਰਾਰਾ ਸੋ ਗੁਰਮੁਖਿ ਸੋਭਾ ਪਾਇਦਾ।"
-ਮਾਰੂ ੫, ਸੋਲਾ ੫, ੪:੩ (1075)

ਹੋਰ ਰੂਪ:

ਤ੍ਰਿਹੁ–
"ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।"
-ਸਿਰੀ ੧, ੧੮, ੪:੨ (21)

ਤ੍ਰਿਕੁਟੀ ----- (1) ਤਿੰਨਾਂ ਗੁਣਾਂ ਦੀ ਗੁੰਝਲ
"ਕਿਉ ਗੁਰ ਬਿਨੁ ਤ੍ਰਿਕੁਟੀ ਛੁਟਸੀ ਸਹਜਿ ਮਿਲਿਐ ਸੁਖੁ ਹੋਇ।"
-ਸਿਰੀ ੧, ੧੨, ੩:੨ (18)
"ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ।"
-ਰਾਮ ੩, ਅਸ, ੨, ੧੭:੧ (909)
(ਮਹਾਨਕੋਸ਼ ਇਥੇ ਅਰਥ ਬ੍ਰਹਮਾ, ਬਿਸ਼ਨ, ਮਹੇਸ਼ ਤਿੰਨ ਦੇਵਤਿਆਂ ਦੀ ਉਪਾਸ਼ਨਾ ਕਰਦਾ ਹੈ)

(2) ਤਿੰਨਾਂ ਗੁਣਾਂ
"ਤ੍ਰਿਕੁਟੀ ਸੰਧਿ ਮੈ ਪੇਖਿਆ ਘਟ ਤੂ ਘਟ ਜਾਗੀ।"
-ਬਿਲਾ ਕਬ, ੧੧, ੨:੧ (857)

(3) ਮੱਥੇ ਤੇ ਪਈ ਤਿਊੜੀ (ਤਿੰਨ ਲਕੀਰਾਂ) ਜੋ ਵਿਅਕਤੀ ਦੀ ਖਿਝ ਦਾ ਪ੍ਰਗਟਾ ਹਨ (ਦਰਪਣ)
"ਤੀਨਿ ਨਦੀ ਤਹ ਤ੍ਰਿਕੁਟੀ ਮਾਹਿ।" (ਜੋ ਖਿਝ ਵਿਚ ਰਹਿੰਦੇ ਹਨ, ਉਹ ਮਾਇਆ ਦੀਆਂ ਤਿੰਨ ਗੁਣਾਂ ਦੀਆਂ ਨਦੀਆਂ ਵਿਚ ਗੋਤੇ ਖਾਂਦੇ ਹਨ)
-ਗਉ ਕਬ, ਵਾ ੫:੩ (344)

('ਨਿਰਣੈ' ਤੇ 'ਸ਼ਬਦਾਰਥ' ਤੀਨਿ ਨਦੀਆ ਕਰਮ, ਗਿਆਨ ਤੇ ਭਗਤੀ ਦੀਆਂ ਮੰਨਕੇ ਤ੍ਰਿਕੁਟੀ ਤੋਂ ਭਾਵ ਤਿੰਨਾਂ ਦਾ ਜੋੜ 'ਵਾਹਿਗੁਰੂ' ਲਿਆ ਹੈ)
"ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।"
-ਆਸਾ ੫, ੯੬, ੧:੧ (394)

ਤ੍ਰਿਖਾ ------ ਤ੍ਰੇਹ, ਪਿਆਸ
"ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ।"
-ਮਾਝ ੫, ੮, ੧:੩ (96)

ਤ੍ਰਿਖਾਈ----- ਪਿਆਸੇ
"ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਨਰ ਤ੍ਰਿਸਨ ਤ੍ਰਿਖਾਈ।"
-ਸੋਰ ੫, ੧੫, ੧:੨ (612)

ਤ੍ਰਿਖਾਵੰਤ ---- ਪਿਆਸਾ
"ਝੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ।"
-ਗਉ ੫, ਬਾਅ ੪੭ਸ:੨ (260)

ਹੋਰ ਰੂਪ:

ਤ੍ਰਿਖਾਵੰਤੁ-
"ਤ੍ਰਿਖਾਵੰਤੁ ਜਲੁ ਪੀਵਤ ਠੰਢਾ ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ।"
-ਮਾਝ ੫, ੨੧, ੨:੩ (100)

ਤ੍ਰਿਗਦ------ ਜੋ ਸਿੱਧਾ ਖੜੋ/ ਚਲ ਨੱਸ ਕੇ ਜਿਵੇਂ ਡੱਡੂ ਸੱਪ ਆਦਿ, ਪੇਟ ਦੇ ਭਾਰ ਚੱਲਣ ਵਾਲੀਆਂ ਜੂਨਾਂ
"ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ।"
-ਗਉ ੫, ੧੧੧, ੩:੨ (188)

"ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ।"
-ਗਉ ੫, ਸੁਖ ੧੩, ੨:੪ (279)

ਤ੍ਰਿਗੁਣ------ ਤਿੰਨਾਂ ਗੁਣਾਂ ਵਾਲੀ
"ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਨ ਕਾ ਸਹਸਾ।"
-ਮਲਾ ੩, ੧, ੨:੨ (1257)

ਹੋਰ ਰੂਪ:

ਤ੍ਰਿਗੁਣਿ-

"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ।"
-ਰਾਮ ੩, ਅਸ ੨, ੧੬:੧ (909)

ਤ੍ਰਿਣ------- (ਸੰ.) - (1) ਤੀਲੇ ਜਿੰਨਾਂ/ਰਤਾ ਵੀ, ਥੋੜਾ, ਹੋਰ ਵੇਖੋ 'ਤ੍ਰਿਣੁ' (3)
"ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ।"
-ਗਉ ੫, ਸੁਖ ੧੨ਸ, ੨:੨ (278)
"ਤੁਧੁ ਆਵਣ ਜਾਣਾ ਕੀਆ ਤੁਧੁ ਲੇਪੁ ਨ ਲਗੈ ਤ੍ਰਿਣ।"
-ਮਾਰੂ ੫, ਵਾਰ ੨:੬ (1095)
(2) ਘਾਹ
"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।"
-ਆਸਾ ੫, ੫੧, ੨:੧ (384)

ਹੋਰ ਰੂਪ:

ਤ੍ਰਿਣਿ-
"ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾਂ ਵਣਿ ਤ੍ਰਿਣਿ ਰਤੜਾ ਨਾਰਾਇਣ।"
-ਸਿਰੀ ਤ੍ਰਿਲੋ, ੨, ੫:੧ (92)
"ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ।"
-ਰਾਮ ੫, ਵਾਰ ੨੨ਸ, ੫, ੨:੨ (966)
ਤ੍ਰਿਣੁ-
"ਵਣੁ ਤ੍ਰਿਣ ਤ੍ਰਿਭਵਣੁ ਕੀਤੋਨੁ ਹਰਿਆ।"
-ਮਾਝ ੫, ੩੦, ੪:੧ (103)
"ਇਕਿ ਮਾਸ ਹਾਰੀ ਇਕਿ ਤ੍ਰਿਣੁ ਖਾਹਿ।"
-ਮਾਝ ੧, ਵਾਰ ੧੪ਸ, ੧, ੨:੧ (144)
(3) ਕੱਖ, ਤੀਲੇ
"ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ।"
-ਟੋਡੀ ੫, ੨੬, ੧*:੨ (717)
"ਤ੍ਰਿਣ ਕੋ ਮੰਦਰੁ ਸਾਜਿ ਸਵਾਰਿਓ ਪਾਵਕੁ ਤਲੈ ਜਰਾਵਤ ਹੇ।"
-ਬਿਲਾ ੫, ੮੮, ੨:੧ (821)

ਹੋਰ ਰੂਪ:

ਤ੍ਰਿਣੰ-
"ਤ੍ਰਿਣੰ ਤ ਮੇਰੰ ਸਹਕੰ ਤ ਹਰੀਅੰ।" (ਤਿਨਕਾ, ਕੱਖ)
-ਸਸ ੫, ੬੪:੧ (1360)

ਤ੍ਰਿਣੁ------- (1) ਘਾਹ, ਵੇਖੋ ਤ੍ਰਿਣ (2)
"ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ।"
-ਬਿਲਾ ੫, ੩੭, ੩:੧ (810)
(2) ਤੁਛ, ਸਾਧਾਰਨ
"ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ।"
-ਸੋਰ ੫, ੧੮, ੨:੧ (613)
(3) ਤਿਣਕਾ ਵੀ ਭਾਵ ਥੋੜਾ ਜਿਹਾ ਵੀ
"ਤ੍ਰਿਣੁ ਨ ਪਾਇਓ ਬਪੁੜੀ ਨਾਨਕੁ ਕਹੈ ਗਵਾਰ।"

-ਸਾਰ ੪, ਵਾਰ ੧੧ਸ, ੧, ੧:੭ (1241)

ਤ੍ਰਿਤੀਅ ----- ਤੀਜਾ
"ਤ੍ਰਿਤੀਅ ਬਿਵਸਥਾ ਸਿੰਚੇ ਮਾਇ।"
-ਰਾਮ ੫, ੨੩, ੨:੩ (890)

ਤ੍ਰਿਤੀਆ ---- (ਸੰ.) (1) ਤੀਜੀ ਥਿਤ
"ਤ੍ਰਿਤੀਆ ਤ੍ਰੈ ਗੁਣ ਬਿਖੈ ਫਲ ਕਬ ਊਤਮ ਕਬ ਨੀਚੁ।"
-ਗਉ ੫, ਥਿਤੀ ੩:੧ (297)

(2) ਤੀਜ, ਤੀਸਰਾ
"ਤ੍ਰਿਤੀਆ ਤੇਰਾ ਸੁੰਦਰ ਥਾਨੁ।"
-ਆਸਾ ੫, ੧੨, ੧:੩ (374)

ਹੋਰ ਰੂਪ:

ਤ੍ਰਿਤੀਏ-
"ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ।"
-ਆਸਾ ੫, ੫, ੧:੩ (371)

ਤ੍ਰਿਤੀਏ ----- (1) ਤੀਜਾ, ਤੀਸਰਾ, ਵੇਖੋ 'ਤਿਤੀਆ' (2)
(2) ਤ੍ਰੇਤਾ ਯੁੱਗ
"ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ।"
-ਰਾਮ ੫, ੧੨, ੨:੨ (886)

ਤ੍ਰਿਪਤ ------ (ਸੰ.) ਰਜਿਆ ਹੋਇਆ, ਸੰਤੁਸ਼ਟ
"ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ।"
-ਵਡ ੧, ੧, ੨:੨ (557)

ਤ੍ਰਿਪਤਉ----- ਤ੍ਰਿਪਤ/ਸੰਤੁਸ਼ਟ ਹੁੰਦਾ ਹਾਂ, ਰਜਦੀ ਹਾਂ
"ਮੋਹਿ ਚਾਤ੍ਰਿਕ ਤੁਮ੍ ਬੂੰਦ ਤ੍ਰਿਪਤਉ ਮੁਖਿ ਪਰੈ।"
-ਬਿਲਾ ੫, ਛੰਤ ੩, ੪:੨ (847)

ਤ੍ਰਿਪਤਾ ----- ਰਜਿਆ ਹੋਇਆ, ਸੰਤੁਸ਼ਟ
"ਆਪੇ ਤ੍ਰਿਪਤਾ ਆਪੇ ਮੁਕਤਾ।"
-ਮਾਰੂ ੧, ਸੋਲਾ ੧੪, ੧੪:੨ (1035)

ਤ੍ਰਿਪਤਾਇ---- ਰਜ ਹੁੰਦਾ /ਸੰਤੁਸ਼ਟਤਾ ਹੁੰਦੀ ਹੈ
"ਹਰਿ ਦਰਸਨ ਕੀ ਪਿਆਸ ਹੈ ਦਰਸਨਿ ਤ੍ਰਿਪਤਾਇ।"
-ਸਾਰ ੪, ਵਾਰ ੨੯:੨ (1248)

ਹੋਰ ਰੂਪ:

ਤ੍ਰਿਪਤਾਇਆ-
"ਤਬ ਤੇ ਧਾਵਤੁ ਮਨੁ ਤ੍ਰਿਪਤਾਇਆ।" (ਰਜ ਗਿਆ, ਸੰਤੁਸ਼ਟ ਹੋ ਗਿਆ)
-ਗਉ ੫, ੧੧੯, ੧:੨ (189)

ਤ੍ਰਿਪਤਾਇਣੁ -- ਤ੍ਰਿਪਤ/ਸੰਤੁਸ਼ਟ ਕਰਦੇ ਹਨ

“ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤ ਪੀਵਾਂ ਜੀਉ।”
-ਮਾਝ ੫, ੧੬, ੩:੩ (99)

ਤ੍ਰਿਪਤਾਈ---- ਰਜਦਾ/ਸੰਤੁਸ਼ਟ/ਤ੍ਰਿਪਤ ਹੁੰਦਾ ਹਾਂ
“ਜਨ ਨਾਨਕ ਕੀ ਆਸ ਤੂ ਜਾਣਹਿ ਹਰਿ ਦਰਸਨੁ ਦੇਖਿ ਹਰਿ ਦਰਸਨਿ ਤ੍ਰਿਪਤਾਈ।”
-ਗੋਂਡ ੪, ੧, ੪:੩ (860)
“ਨਾਮ ਰਸਾਇਣਿ ਇਹੁ ਮਨੁ ਰਾਤਾ ਅੰਮ੍ਰਿਤ ਪੀ ਤ੍ਰਿਪਤਾਈ।” (ਰਜਿਆ)
-ਰਾਮ ੫, ਅਸ ੬, ੮:੧ (915)

ਤ੍ਰਿਪਤਾਏ ---- ਸੰਤੁਸ਼ਟ/ਤ੍ਰਿਪਤ
“ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ।”
-ਸੂਹੀ ੫, ੪੧, ੨:੨ (745)

ਤ੍ਰਿਪਤਾਸ ---- ਰੱਜ ਸੰਤੁਸ਼ਟਤਾ, ਤ੍ਰਿਪਤੀ
“ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ।”
-ਸਾਰ ੫, ੧੯, ੧:੧ (1208)

ਹੋਰ ਰੂਪ:

ਤ੍ਰਿਪਤਾ ਸਹਿ-
“ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ।” (ਰਜੇ, ਤ੍ਰਿਪਤ ਹੋਏ)
-ਗੂਜ ੪, ਸੋਦ ੪, ੨:੨ (10)

ਤ੍ਰਿਪਤਾਸਾ-
“ਨਾਨਕ ਹਰਿ ਰਸੁ ਪੀ ਤ੍ਰਿਪਤਾਸਾ।”
-ਗਉ ੧, ਅਸ ੧੧, ੮:੧ (226)

ਤ੍ਰਿਪਤਾਸਿ-
“ਖਾਵੈ ਦੂਖ ਭੂਖ ਸਾਚੇ ਕੀ ਸਾਚੇ ਹੀ ਤ੍ਰਿਪਤਾਸਿ ਰਹੈ।” (ਰਜਿਆ)
-ਰਾਮ ੧, ਸੋਗੋ ੬੫:੪ (945)

ਤ੍ਰਿਪਤਾਸਿਆ-
“ਜਿਨ ਚਾਖਿਆ ਸੇ ਤ੍ਰਿਪਤਾਸਿਆ ਉਹ ਰਸੁ ਜਾਣੈ ਜਿੰਦੁ।” (ਤ੍ਰਿਪਤ ਹੋਇਆ ਰੱਜ ਗਿਆ)
-ਸਿਰੀ ੫, ੮੮, ੨:੨ (48)

ਤ੍ਰਿਪਤਾਸੀ-
“ਹਰਿ ਗੁਣ ਗਾਇ ਸਦਾ ਤ੍ਰਿਪਤਾਸੀ ਫਿਰਿ ਭੂਖ ਨ ਲਾਗੈ ਆਇ।” (ਰਜੀਦਾ ਹੈ)
-ਸੂਹੀ ੩, ਛੰਤ ੧, ੪:੩ (768)
“ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਜਿਉ ਚਾਤ੍ਰਿਕ ਜਲਿ ਪੀਐ ਤ੍ਰਿਪਤਾਸੀ।” (ਰਜਦਾ ਹੈ)
-ਸਾਰ ੪, ੧੨, ੨:੨ (1202)

ਤ੍ਰਿਪਤਾਸੀਐ-
“ਨਾਨਕੁ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ।” (ਰਜ ਜਾਈਐ ਸੰਤੁਸ਼ਟ ਕਰੀਏ)

-ਮਾਰੂ ੩, ਵਾਰ ੩ਸ, ੧, ੧:੪ (1087)

ਤ੍ਰਿਪਤਾਸੇ–
“ਸਹਜਿ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ।” (ਸਤੁੰਸ਼ਟ ਹੋਏ ਰਜੇ)

ਮਾਝ ੫, ੪੨, ੩:੩ (106)

ਤ੍ਰਿਪਤਾਸੈ–
-ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ।”

-ਗਉ ੫, ਥਿਤੀ ੧੨:੪ (299)

ਤ੍ਰਿਪਤਾਗਾ---- ਰਜ ਗਿਆ, ਤ੍ਰਿਪਤ ਹੋ ਗਿਆ, ਸ਼ਾਂਤ ਹੋ ਗਿਆ
“ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ।”

-ਸੋਰ ੧, ੧੦, ੩:੧ (598)

ਤ੍ਰਿਪਤਾਣੇ ---- ਤ੍ਰਿਪਤ ਹੋਇਆ
“ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ।”

-ਮਾਝ ੫, ੩੯, ੩:੩ (106)

ਤ੍ਰਿਪਤਾਤਾ---- ਤ੍ਰਿਪਤ ਹੋ ਗਏ, ਰਜ ਗਏ
“ਜਿਨਾ ਗੁਰਮੁਖਿ ਅੰਮ੍ਰਿਤੁ ਚਾਖਿਆ ਸੇ ਜਨ ਤ੍ਰਿਪਤਾਤਾ।”

-ਗੂਜ ੩, ਵਾਰ ੧੫:੫ (514)

ਹੋਰ ਰੂਪ:

ਤ੍ਰਿਪਤਾਤੇ–
“ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ।” (ਰੱਜ ਗਏ)

-ਭੈਰ ੩, ੧੫, ੧*:੨ (1131)

ਤ੍ਰਿਪਤਾਨ ---- ਰਜਦਾ, ਸੰਤੁਸ਼ਟ/ਤ੍ਰਿਪਤ ਹੁੰਦਾ
“ਤਾ ਤੇ ਨਾਹੀ ਮਨੁ ਤ੍ਰਿਪਤਾਨ।”

-ਗਉ ੫, ੮੧, ੧:੪ (179)

ਹੋਰ ਰੂਪ:

ਤ੍ਰਿਪਤਾਨਾ–
“ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ ਧਾਵਉ ਰੇ।” (ਰਜ ਗਿਆ, ਤ੍ਰਿਪਤ ਹੋ ਗਿਆ)

-ਆਸਾ ੫, ੧੩੧, ੧:੨ (404)

ਤ੍ਰਿਪਤਾਨੀ –
“ਹਰਿ ਜੀਉ ਅੰਮ੍ਰਿਤ ਬਿਰਖੁ ਹੈ ਜਿਨ ਪੀਆ ਤੇ ਤ੍ਰਿਪਤਾਨੀ।” (ਤ੍ਰਿਪਤ ਹੋ ਗਏ)

-ਗੂਜ ੩, ਵਾਰ ੧੪:੫ (514)

ਤ੍ਰਿਪਤਾਨੇ–
“ਨਾਮ ਰਸਿ ਜੋ ਜਨ ਤ੍ਰਿਪਤਾਨੇ।” (ਰਜੇ ਹਨ, ਤ੍ਰਿਪਤ ਹੋਏ ਹਨ)

-ਗੁਉ ੫, ਸੁਖ ੧੭, ੬:੧ (286)

ਤ੍ਰਿਪਤਾਨੋ–

"ਮਨ ਤ੍ਰਿਪਤਾਨੋ ਮਿਟੇ ਜੰਜਾਲ।" (ਤ੍ਰਿਪਤ ਹੋ ਗਿਆ)
-ਆਸਾ ੫, ੭੮, ੧:੧ (389)

ਤ੍ਰਿਪਤਾਰੀ---- ਤ੍ਰਿਪਤ ਰਜੀ ਹੋਈ
"ਇਹ ਰਸ ਰਾਤੀ ਹੋਇ ਤ੍ਰਿਪਤਾਰੀ।"
ਗਉ ੫, ੮੪, ੧*:੨ (180)

ਹੋਰ ਰੂਪ:

ਤ੍ਰਿਪਤਾਰੈ -
"ਜਿਹ ਭੋਜਨ ਕੀਨੋ ਤੇ ਤ੍ਰਿਪਤਾਰੈ।" (ਰਜਦਾ ਹੈ)
-ਕਾਨ ੫, ੫, ੨:੨ (1299)

ਤ੍ਰਿਪਤਾਵਹਿ--- ਤ੍ਰਿਪਤ ਹੁੰਦਾ ਹੈ, ਰਜਦਾ ਹੈ
"ਹਰਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ।"
-ਰਾਮ ੧, ਅਸ ੬, ੬:੨ (906)

ਹੋਰ ਰੂਪ:

ਤ੍ਰਿਪਤਾਵਹੁ-
"ਤ੍ਰਿਸਨਾ ਬੁਝੈ ਮਨੁ ਤ੍ਰਿਪਤਾਵਹੁ।" (ਮੈਂ ਤ੍ਰਿਪਤ ਕਰ ਲਵਾ)
-ਗਉ ੫, ੮੧, ੧*:੨ (179)

ਤ੍ਰਿਪਤਾਵਣਿਆ- ਰਜਾਉਂਦੇ/ਤ੍ਰਿਪਤ ਕਰਦੇ ਹਨ
"ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਹਰਿ ਰਸਿ ਮਨੁ ਤ੍ਰਿਪਤਾਵਣਿਆ।"
-ਮਾਝ ੩, ਅਸ ੩੦, ੧:੩ (127)

ਹੋਰ ਰੂਪ:

ਤ੍ਰਿਪਤਾਵਣੀ
"ਜੋ ਗੁਰਮੁਖਿ ਚਖੈ ਸਾਦੁ ਸਾ ਤ੍ਰਿਪਤਾਵਣੀ।"
-ਸੋਰ ੪, ਵਾਰ ੧੩:੩ (647)

ਤ੍ਰਿਪਤਾਵਨ --- ਤ੍ਰਿਪਤ ਹੋਣ, ਰਜਨ
"ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ।"
-ਪ੍ਰਭਾ ੫, ਅਸ ੨, ੫:੨ (1348)

ਤ੍ਰਿਪਤਾਵੈ ---- ਰਜਦਾ, ਤ੍ਰਿਪਤ ਹੁੰਦਾ
"ਜੋ ਜੋ ਪੀਵੈ ਸੋ ਤ੍ਰਿਪਤਾਵੈ"
-ਮਾਝ ੫, ੨੨, ੨:੧ (101)

ਤ੍ਰਿਪਤਿ ----- (1) ਰਜ਼ਨ ਦਾ ਪ੍ਰਭਾਵ, ਸੰਤੁਸ਼ਟ ਦੇਖੋ 'ਤ੍ਰਿਪਤ'
"ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ।"
-ਸਿਰੀ ੩, ੬੦, ੪:੧ (37)
"ਬਿਨੁ ਪਿਰ ਤ੍ਰਿਪਤਿ ਨ ਕਬਹੂੰ ਹੋਈ।" (ਸੰਤੁਸ਼ਟਤਾ, ਸ਼ਾਂਤੀ, ਤ੍ਰਿਪਤੀ)
-ਗਉ ੧, ਅਸ ੧੧, ੬:੩ (226)

(2) ਪ੍ਰਸੰਨ ਹੋਵੇ

"ਜਨ ਨਾਨਕ ਪ੍ਰੀਤਿ ਤ੍ਰਿਪਤਿ ਗੁਰੁ ਸਾਚਾ।"

-ਗਉ ੪, ੪੨, ੪:੩ (165)

"ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ।" (ਭਾਵ ਸੰਤੋਖ)

-ਸੋਰ ੫, ੧੦, ੧*:੨ (611)

ਹੋਰ ਰੂਪ:

ਤ੍ਰਿਪਤਿਆ–

"ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ।" (ਰਜਿਆ, ਸੰਤੁਸ਼ਟ ਹੋਇਆ)

-ਮਾਝ ੧, ਵਾਰ ੨੩ਸ, ੧, ੧:੧ (118)

"ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ।" (ਰੱਜ ਗਿਆ)

ਵਡ ੩, ੭, ੧:੨ (560)

ਤ੍ਰਿਪਤੀ–

"ਹਰਿ ਨਾਮੁ ਅੰਮ੍ਰਿਤ ਚਾਖਿ ਤ੍ਰਿਪਤੀ ਨਾਨਕਾ ਉਰਧਾਰਿਆ।" (ਰਜ ਗਈ, ਤ੍ਰਿਪਤ ਹੋ ਗਈ)

-ਬਿਲਾ ੧, ਛੰਤ ੧, ੪:੬ (843)

ਤ੍ਰਿਪਤੀਐ–

"ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗੁ ਜੀਵਾਸੁ।" (ਰਜਦਾ ਹੈ)

-ਸਿਰੀ ੪, ੬੬, ੧:੧ (40)

"ਜਿਤੁ ਖਾਧੈ ਮਨੁ ਤ੍ਰਿਪਤੀਐ ਪਾਈਐ ਮੋਖ ਦੁਆਰੁ।" (ਰਜਦਾ/ ਸ਼ਾਂਤ ਹੁੰਦਾ ਹੈ)

-ਸੋਰ ੪, ਵਾਰ ੮ਸ, ੩, ੧:੨ (645)

ਤ੍ਰਿਪਤੀਵਨਾ--- ਤ੍ਰਿਪਤ ਹੋਣਾ, ਰਜ ਜਾਣਾ, ਸੰਤੁਸ਼ਟ ਹੋਣਾ

"ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ।"

-ਮਾਰੂ ੫, ਅਸ ੬, ੨:੧ (1019)

ਤ੍ਰਿਪਤੇ------ ਰਜੇ ਰਹੇ, ਸੰਤੁਸ਼ਟ ਰਹੇ

"ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ।"

-ਜੈਤ ੫, ਛੰਤ ੩, ੪:੬ (705)

ਹੋਰ ਰੂਪ:

ਤ੍ਰਿਪਤੈ–

"ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ।"

-ਗੂਜ ੩, ੪, ੨:੨ (490)

ਤ੍ਰਿਪਲੁ------ ਤਿੰਨ ਹਾਲਤਾਂ, ਤਿੰਨ ਗੁਣ– ਰਜੋ ਤਮੋ ਸਤੋ, ਤ੍ਰਿਗੁਣੀ ਮਾਇਆ ਭਾਵ ਮਾਇਆ ਵਾਲੀ ਰੁਚੀ/ਧਿਆਨ/ ਅਭਿਲਾਖਾ

"ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ।"

-ਗਉ ਕਬ, ੫੩, ੨:੨ (334)

ਤ੍ਰਿਪ੍ਰਤੇ------ ਰਜਨਾ, ਸੰਤੁਸ਼ਟ ਹੋਣਾ, ਵੇਖੋ 'ਤ੍ਰਿਪਤ'

"ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਰਤੇ।"

-ਸਸ ੫, ੨੬:੨ (1356)

ਤ੍ਰਿਬਧਿ ----- ਤਿੰਨ ਪ੍ਰਕਾਰ/ਕਿਸਮ ਦਾ

"ਤ੍ਰਿਬਧਿ ਕਰਮ ਕਮਾਈਅਹਿ ਆਸ ਅੰਦੇਸਾ ਹੋਇ।"

-ਸਿਰੀ ੧, ੧੨, ੩:੧ (18)

ਤ੍ਰਿਬਿਧਿ ----- (1) ਤ੍ਰਿਗੁਣੀ

"ਦੁਬਿਧਾ ਦੂਜਾ ਤ੍ਰਿਬਿਧਿ ਮਾਇਆ।"

-ਮਾਝ ੩, ਅਸ ੭, ੪:੨ (113)

"ਤ੍ਰਿਬਿਧਿ ਮਾਇਆ ਕਾਰਣਿ ਲੂਝੈ।"

-ਮਾਝ ੩, ੩੦, ੩:੨ (127)

(2) ਤਿੰਨ ਪ੍ਰਕਾਰ ਦੀ

"ਤ੍ਰਿਬਿਧਿ ਮਨਸਾ ਤ੍ਰਿਬਿਧਿ ਮਾਇਆ।"

-ਮਾਝ ੩, ਅਸ ੧੩, ੫:੨ (117)

"ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ।"

-ਮਾਝ ੩, ਅਸ ੩੦, ੩:੩ (127)

ਤ੍ਰਿਭਵਣ ------ ਤਿੰਨ ਲੋਕ-ਆਕਾਸ, ਪਾਤਾਲ ਤੇ ਧਰਤੀ, ਤਿੰਨ ਭਵਨ ਭਾਵ ਸਾਰਾ ਸੰਸਾਰ

"ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ।"

-ਸਿਰੀ ਕਬ, ੩, ੧:੨ (92)

"ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ।"

-ਗਉ ੧, ੧੫, ੨:੨ (155)

"ਤਨ ਤ੍ਰਿਭਵਣ ਮਹਿ ਰਹਿਓ ਸਮਾਈ।" (ਸੰਸਾਰ ਭਾਵ ਸੰਸਾਰਕ ਪਦਾਰਥ)

-ਗਉ ਕਬ, ਬਾਅ ੨੨:੨ (341)

"ਜਉ ਤ੍ਰਿਭਵਣ ਤਨ ਮਾਹਿ ਸਮਾਵਾ।" (ਸੰਸਾਰਕ ਪਦਾਰਥ ਤਨ ਵਿਚ ਹੀ ਸਮਾ ਜਾਣ)

-ਗਉ ਕਬ, ਬਾਅ, ੨੨:੩ (341)

('ਮਹਾਨਕੋਸ਼ ਇਥੇ ਅਰਥ ਤ੍ਰਿਭਵਨ ਰੂਪ ਕਰਤਾਰ ਕਰਦਾ ਹੈ)

ਤ੍ਰਿਭਵਣਸਾਰ -- ਤਿੰਨਾਂ ਹੀ ਲੋਕਾਂ ਭਾਵ ਸਾਰੀ ਸ੍ਰਿਸ਼ਟੀ ਦੀ ਸੂਝ

"ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣਸਾਰ।"

-ਗੂਜ ੧, ਅਸ ੨, ੩:੨ (504)

ਤ੍ਰਿਭਵਣਨਾਥੁ -- ਤ੍ਰਿਲੋਕੀ ਦਾ ਮਾਲਕ, ਸਾਰੀ ਸ੍ਰਿਸ਼ਟੀ ਦਾ ਸੁਆਮੀ ਭਾਵ ਪ੍ਰਭੂ

"ਅਨਿਕ ਪਾਤਿਕ ਹਰਤਾ ਤ੍ਰਿਭਵਣਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ।"

-ਧਨਾ ਤ੍ਰਿਲੋ, ੧, ੩:੧ (695)

ਤ੍ਰਿਭਵਣਿ ---- ਤਿੰਨਾਂ ਲੋਕਾਂ ਵਿਚ, ਵੇਖੋ 'ਤ੍ਰਿਭਵਣ'

"ਤ੍ਰਿਭਵਣਿ ਸੋ ਪ੍ਰਭੁ ਜਾਣੀਐ ਸਾਚੋ ਸਾਚੈ ਨਾਇ।"

-ਸਿਰੀ ੧, ਅਸ ੬, ੫:੩ (57)

ਹੋਰ ਰੂਪ:

ਤ੍ਰਿਭਵਣੁ-

"ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ।" (ਤਿੰਨ ਲੋਕ ਸ੍ਰਿਸ਼ਟੀ)

-ਸਿਰੀ ੧, ੧੫, ੩:੨ (19)

ਤ੍ਰਿਭਵਣੋ–
"ਤ੍ਰਿਭਵਣੋ ਤੁਝਹਿ ਕੀਆ ਸਭੁ ਜਗਤੁ ਸਬਾਇਆ ਰਾਮ।" (ਸਾਰਾ ਸੰਸਾਰ)
-ਆਸਾ ੧, ਛੰਤ ੨, ੪:੨ (437)

ਤ੍ਰਿਭਵਨ------ ਤਿੰਨ ਲੋਕ, ਸ੍ਰਿਸ਼ਟੀ
"ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ।"
-ਗਉ ੫, ਬਾਅ ੫੪:੧ (261)

ਤ੍ਰਿਲੋਚਨ----- 1325 ਬਿਕਰਮੀ ਵਿਚ ਜਨਮਿਆ ਵੈਸ਼ ਜਾਤ ਦਾ ਬਾਰਸੀ (ਸ਼ੋਲਾਪੁਰ) ਦਾ ਵਸਨੀਕ ਇਕ ਭਗਤ ਜਿਸ ਦੇ ਚਾਰ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਰੀ, ਗੂਜਰੀ ਤੇ ਧਨਾਸਰੀ ਰਾਗਾਂ ਵਿਚ ਸੰਕਲਤ ਹਨ।
"ਤ੍ਰਿਲੋਚਨ ਗੁਰ ਮਿਲਿ ਭਈ ਸਿਧਿ।"
-ਬਸੰ ੫, ੧, ੫:੨ (1192)

ਹੋਰ ਰੂਪ:

ਤ੍ਰਿਲੋਚਨੁ –
"ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ।"
-ਗੂਜ ੫, ੧੦, ੨:੨ (498)

ਤ੍ਰੀਅ------- ਇਸਤ੍ਰੀ, ਪਤਨੀ, ਜੋਰੂ
"ਤਬ ਇਹ ਤ੍ਰੀਅ ਓਹੁ ਕੰਤੁ ਕਹਾਵਾ।"
-ਗਉ ਕਬ, ਬਾਅ ੪੧:੪ (342)

ਤ੍ਰੇਤਾ ------- ਯੁੱਗਾਂ ਦੇ ਕ੍ਰਮ ਵਿਚ ਦੂਜਾ ਯੱਗ
"ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਉਤਮੋ ਜੁਗਾ ਮਾਹਿ।"
-ਆਸਾ ੫, ੧੪੦, ੩:੧ (406)

ਹੋਰ ਰੂਪ:

ਤ੍ਰੇਤੈ–
"ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ।"
-ਆਸਾ ੧, ਵਾਰ ੧੩ਸ, ੧, ੧:੪ (470)

ਤ੍ਰੈ--------- ਤਿੰਨ
"ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ।" (ਤਿੰਨ ਗੁਣ ਹਨ, ਰਜੋ, ਤਮੋ, ਸਤੋ)
-ਸਿਰੀ ੩, ੪੩, ੩:੧ (30)

"ਮਾਈ ਮਾਗਤ ਤ੍ਰੈ ਲੋਭਾਵਹਿ।"
-ਰਾਮ ੧, ਅਸ ੨, ੪:੨ (903)
(ਮਹਾਨਕੋਸ਼ ਇਥੇ 'ਤ੍ਰੈ' ਦਾ ਅਰਥ ਮਨ, ਨੇਤ੍ਰ ਤੇ ਤੁਚਾ ਕਰਦਾ ਹੈ)

ਤ੍ਰੈਗੁਣ ------ (1) ਤਿੰਨਾਂ ਗੁਣਾਂ ਦਾ ਧਾਰਨੀ
"ਤ੍ਰੈਗੁਣ ਰੋਵਹਿ ਨੀਤਾ ਨੀਤ।"
-ਆਸਾ ੧, ਅਸ ੪, ੫:੨ (413)

"ਖੰਡ ਬ੍ਰਹਮੰਡ ਤ੍ਰੈਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ।" (ਤ੍ਰਿਗੁਣੀ ਸ੍ਰਿਸ਼ਟੀ)

-ਗੂਜ ੩, ਅਸ ੧, ੫:੧ (506)

"ਤ੍ਰੈਗੁਣ ਅਚੇਤ ਨਾਮ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ।"

-ਰਾਮ ੩, ਅਸ ੨, ੧੫:੧ (909)

(ਤ੍ਰੈ ਗੁਣੀ ਜੀਵ ਤ੍ਰੈ ਗੁਣਾਂ ਦਾ ਧਾਰਨੀ)

ਹੋਰ ਰੂਪ:

ਤ੍ਰੈ ਗੁਣੀਆ-

"ਇੰਦ੍ਰੀ ਦਸੇ ਦਸੇ ਫੁਨਿ ਧਾਵਤ ਤ੍ਰੈ ਗੁਣੀਆ ਖਿਨੁ ਨ ਟਿਕਾਵੈਗੋ।"

-ਕਾਨ ੪, ਅਸ ੪, ੩:੧ (1310)

(ਤਿੰਨਾਂ ਗੁਣਾਂ ਵਾਲੀ/ ਦੀ ਧਾਰਨੀ)

(2) ਤਿੰਨ ਗੁਣ

"ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ।"

-ਗੂਜ ੩, ਵਾਰ ੨:੪ (509)

"ਤ੍ਰੈ ਗੁਣ ਬਧਕ ਮੁਕਤਿ ਨਿਰਾਰੀ।"

-ਮਾਰੂ ੩, ਸੋਲਾ ੬, ੧੩:੨ (1049)

"ਮੂਰਖ ਅੰਧੇ ਤ੍ਰੈ ਗੁਣ ਸੇਵਹਿ ਮਾਇਆ ਕੈ ਬਿਉਹਾਰੀ।" (ਤਿੰਨ ਗੁਣਾਂ ਦੀ)

-ਸਾਰ ੪, ਵਾਰ ੨੪ਸ, ੩, ੧:੩ (1246)

ਹੋਰ ਰੂਪ:

ਤ੍ਰੈ ਗੁਣੀਆ-

"ਗੁਰਮੁਖਿ ਤ੍ਰੈ-ਗੁਣੀਆ ਬਿਸਥਾਰੁ।" (ਤਿੰਨਾਂ ਗੁਣਾਂ ਦਾ)

-ਮਲਾ ੫, ੧੯, ੧:੨ (1270)

(3) ਤਿੰਨ ਗੁਣਾਂ ਵਾਲੀ ਅਵਸਥਾ

"ਤ੍ਰੈ ਗੁਣ ਸਭਾ ਧਾਤੁ ਹੈ ਨ ਹਰਿ ਭਗਤਿ ਨ ਭਾਇ।"

-ਮਲਾ ੩, ੨, ੨:੧ (1258)

ਤ੍ਰੈ ਗੁਨੀਆ --- ਤਿੰਨ ਗੁਣਾਂ ਵਿਚ ਵਿਚਰਨ ਵਾਲੇ, ਸੰਸਾਰੀ

"ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ।"

-ਆਸਾ ੫, ੫੧, ੧:੨ (384)

"ਮੋਹਨੀ ਮੋਹਿ ਲੀਏ ਤ੍ਰੈਗੁਨੀਆ।"

-ਮਾਰੂ ੫, ੧੮, ੧:੧ (1004)

ਤ੍ਰੈਪਾਲ------ ਤਿੰਨਾਂ ਪਾਲਾਂ (ਸਤਰਾਂ) ਵਾਲੀ ਭਾਵ ਗਾਇਤ੍ਰੀ

"ਤ੍ਰੈਪਾਲ ਤਿਹਾਲ ਬਿਚਾਰੰ।"

-ਆਸਾ ੧, ਵਾਰ ੧੪ਸ, ੧, ੨:੪ (470)

ਤ੍ਰੈਲੋਆ ------ ਤ੍ਰੈਲੋਕੀ ਸਾਰੀ ਸ੍ਰਿਸ਼ਟੀ

"ਖਬਰਿ ਭਈ ਸੰਸਾਰਿ ਆਏ ਤ੍ਰੈਲੋਆ।"

-ਤੁਖਾ ੪, ਛੰਤ ੪, ੩:੨ (1116)

ਤ੍ਰੈਲੋਈ------ ਤ੍ਰੈਲੋਕੀ, ਸਾਰੀ ਸ੍ਰਿਸ਼ਟੀ, ਤਿੰਨ ਲੋਕ

“ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ।”
-ਗੂਜ ੩, ਵਾਰ ੧:੩ (509)

ਤ੍ਰੈਲੋਕ ------ ਤ੍ਰੈ-ਲੋਕੀ, ਸਾਰੀ ਸ੍ਰਿਸ਼ਟੀ
“ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ।”
-ਤੁਖਾ ੧, ਛੰਤ ੬, ੩:੪ (1113)

ਤ੍ਰੋੜਿ ------- ਤ੍ਰੋੜ, ਖਤਮ ਕਰ, ਮੁੱਕਾ
“ਠਗਾ ਨੀਹੁਮ ਤ੍ਰੋੜਿ ਜਾਣੁ ਗੰਧ੍ਰਬਾ ਨਗਰੀ।”
-ਮਾਰੂ ੫, ਵਾਰ ੧੩ਸ, ੫, ੩:੧ (1098)

ਤ੍ਰਿਾਗਿ ------ ਛੰਡ ਦੇ
“ਪਰਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗਿ ਸਗਲ ਰੇਣੁਕਹ।”
-ਸਸ ੫, ੪੦:੬ (1357)

ਥ

ਥਕਹਿ ------ ਸਰੀਰ ਅਥਵਾ ਹੋਰ ਇੰਦ੍ਰੀਆਂ ਦਾ ਹੋਰ ਕੰਮ ਕਰਨ ਤੋਂ ਅਸਮਰਥ ਹੋਣਾ, ਅਥਵਾ ਰਹਿ ਜਾਣਾ
“ਆਖਹਿ ਥਕਹਿ ਆਖਿ ਆਖਿ ਕਰਿ ਸਿਫਤੀਂ ਵੀਚਾਰ।”
-ਸਾਰ ੪, ਵਾਰ ੧੧ਸ, ੧, ੧:੬ (1241)

ਥਕਤ ------ ਥਕਣਾ, ਹੋਰ ਕੰਮ ਕਰਨ ਤੋਂ ਅਸਮਰਥ ਹੋ ਜਾਣਾ
“ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾ ਹੀ ਛੋਟ।”
-ਸਾਰ, ੫, ੧੦੪, ੧*:੨ (1224)

ਹੋਰ ਰੂਪ:

ਥਕੰਤ-
“ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ।”
-ਸਸ ੫, ੪੯:੩ (1358)

ਥਕਾ ------- ਭਾਵ ਮੁਕ ਗਿਆ, ਅਸਮਰਥ ਹੋ ਗਿਆ
“ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ।”
-ਸਿਰੀ ੧, ੧੪, ੩:੨ (19)

ਥਕਾਂ ------- ਹੋਰ ਕੰਮ ਕਰਨ ਤੋਂ ਅਸਮਰਥ ਹੋਵਾਂ
“ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ।”
-ਸਾਰ ੪, ਵਾਰ ੧੦ਸ, ੧, ੨:੩ (1241)

ਥਕਿ ------- (1) ਥਕ ਜਾਣਾ, ਹੋਰ ਕਰਨ ਤੋਂ ਅਸਮਰਥ ਹੋ ਜਾਣਾ
“ਦੇਦਾ ਦੇ ਲੈਦਾ ਥਕਿ ਪਾਹਿ।”
-ਜਪੁ ੧, ੩:੧੧ (2)
“ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ।” (ਥੱਕ ਗਏ)
-ਸੋਰ ੪, ਵਾਰ ੨੦ਸ, ੩, ੨:੧ (650)

(2) ਥਕ ਕੇ, ਲਾਚਾਰ ਹੋ ਕੇ
"ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।"
-ਮਾਝ ੫, ਬਾਰਾ ੧:੨ (133)
"ਥਕਿ ਪਰਿਓ ਪ੍ਰਭ ਦਰਬਾਰ।"
-ਬਿਲਾ ੫, ਅਸ ੧, ੮:੨ (837)

ਥਕਿਤ------ ਥਕਦੇ, ਕੰਮ ਕਰਨ ਤੋ ਅਸਮਰਥ ਹੁੰਦੇ
"ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ।"
-ਕਾਨ ੫, ੨੯, ੨:੧ (1303)

ਥਕੀ ------- (1) ਰਹਿ ਗਈ, ਹਾਰ ਗਈ, ਥਕ ਗਈ
"ਮਿਤ੍ਰ ਘਣੇਰੇ ਕਰਿ ਥਕੀ ਮੇਰਾ ਦੁਖੁ ਕਾਟੈ ਕੋਇ।"
-ਸਿਰੀ ੩, ੫੯, ੪:੧ (37)
(2) ਮੁੱਕ ਗਈ
"ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।" (ਮੁੱਕ ਗਈ)
-ਤਿਲੰ ੧, ੫, ੧:੪ (722)
"ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ।"
-ਮਾਰੂ ੩, ਵਾਰ ੧੫ਸ, ੧, ੨:੨ (1090)

ਥਕੇ ------- (1) ਥਕ ਗਏ, ਰਹਿ ਗਏ, ਹਾਰ ਗਏ
"ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।"
-ਜਪੁ ੧, ੨੨:੨ (5)
"ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ।"
-ਸਿਰੀ ੩, ੫੩, ੧:੩ (34)
(2) ਬਾਕੀ ਬਚੇ, ਰਹਿ ਗਏ
"ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ।"
-ਸਿਰੀ ੧, ੨੪, ੧*:੨ (23)
"ਫਰੀਦਾ ਸਚੁ ਭਰਿਆ ਭੀ ਚਲਸੀ ਥਕੇ ਕਵਲ ਇਕਲ।"
-ਸਲੋ ਫਰ, ੬੬:੨ (1381)

ਥਟਣਹਾਰੈ---- ਬਣਾਨ ਵਾਲੇ ਨੇ, ਰਚਨਹਾਰੇ ਨੇ, ਕਰਤਾਰ ਨੇ
"ਥਟਣਹਾਰੈ ਥਾਟੁ ਆਪੇ ਹੀ ਥਟਿਆ।"
-ਰਾਮ ੫, ਵਾਰ ੧:੧ (957)

ਥਟਿਆ ----- ਬਣਾਇਆ, ਰਚਿਆ
"ਥਟਣਹਾਰੈ ਥਾਟੁ ਆਪੇ ਹੀ ਥਟਿਆ।"
-ਰਾਮ ੫, ਵਾਰ ੧:੧ (957)

ਥਟੀਐ ----- (1) ਬਣਤ/ ਰਚਨਾ ਦੀ
"ਕੀਮਤਿ ਕਿਸੈ ਨ ਪਾਇ ਤੇਰੀ ਥਟੀਐ।"
-ਰਾਮ ੫, ਵਾਰ ੨੨:੬ (966)
(2) ਟਿਕਾਇਆ ਗਿਆ, ਸਥਾਪਿਤ ਕੀਤਾ ਗਿਆ
"ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ।"

-ਰਾਮ ਬਸ, ਵਾਰ ੨:੧੨ (967)

ਥਟੂਆ ------ ਠਾਟ ਬਣਾਉਣ ਵਾਲਾ, ਸਾਂਗ ਬਣਾਨ ਵਾਲਾ
"ਭੇਖ ਕਰਹਿ ਖਿੰਥਾ ਬਹੁ ਥਟੂਆ।"
-ਰਾਮ ੧, ਅਸ ੨, ੫:੧ (903)
"ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ।"
-ਸਮ ੫, ੧੧*:੪ (1389)

ਥਣ ------- ਮੰਮਾ, ਸਰੀਰ ਦਾ ਉਹ ਅੰਗ ਜਿਥੋ ਬੱਚਾ ਮਾਂ ਦਾ ਦੁੱਧ ਚੁੰਘਦਾ ਹੈ
"ਪਹਿਲੈ ਪਿਆਰਿ ਲਗਾ ਥਣ ਦੁਧਿ।"
-ਮਾਝ ੧, ਵਾਰ ੧ਸ, ੪, ੨:੧ (137)

ਥਣੀ ------- (1) ਥਣਾਂ ਵਿਚ, ਮੰਮਿਆਂ ਵਿਚ
"ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ।"
-ਗਉ ੧, ਛੰਤ ੧, ੧:੫ (242)
(2) ਥਣਾਂ ਕਰਕੇ, ਥਣਾਂ ਸਦਕਾ
"ਸਸੁੜਿ ਸੁਹੀਆ ਕਿਵ ਕਰੀ ਨਿਵਣੁ ਨ ਜਾਇ ਥਣੀ।"
-ਸਲੋ ੧, ੧:੨ (1410)

ਥਥਾ ------- ਗੁਰਮੁਖੀ ਲਿਪੀ ਦਾ 22ਵਾਂ ਅੱਖਰ 'ਥ'
"ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ।"
-ਗਉ ੫, ਬਾਅ ੩੩:੧ (257)

ਹੋਰ ਰੂਪ:

ਥਥੈ-
"ਥਥੈ ਥਾਨਿ ਥਾਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ।" (ਥਥੇ ਦੁਆਰਾ ਉਪਦੇਸ਼ ਹੈ)
-ਆਸਾ ੧, ਪਟੀ ੨੦:੧ (433)

ਥਨ --------- ਥਣ, ਮੰਮਾ, ਵੇਖੋ 'ਥਨਿ'
"ਥਨ ਚੋਖਤਾ ਮਾਖਨੁ ਘੂਟਲਾ।"
-ਗੋਂਡ ਨਾਮ, ੪, ੨:੨ (874)

ਥਨਹੁ ------ ਥਣਾਂ ਤੋਂ ਹੀ
"ਦੂਧੁ ਤ ਬਛਰੈ ਥਨਹੁ ਬਿਟਾਰਿਓ।"
-ਗੂਜ ਰਵਿ, ੧, ੧:੧ (525)

ਥਨੰਤਰ ------ ਥਾਂ ਦੇ ਅੰਦਰ/ਵਿਚਕਾਰ
"ਨਉ ਖੰਡ ਜੀਤੇ ਸਭਿ ਥਾਨ ਥਨੰਤਰ।"
-ਆਸਾ ੫, ੪, ੨:੨ (371)

ਹੋਰ ਰੂਪ:

ਥਨੰਤਰਾ-
"ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ।"

-ਸਿਰੀ ੫, ੭੨, ੨:੧ (42)

ਥਨੰਤਰਿ-
"ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ।" (ਭਾਵ ਸਭ ਥਾਂ)
-ਸਿਰੀ ੫, ੭੯, ੩:੧ (45)

ਥਨੰਤਰੀ-
"ਸਰਬੇ ਥਾਨ ਥਨੰਤਰੀ ਤੂ ਦਾਤਾ ਦਾਤਾਰੁ।"
-ਰਾਮ ੧, ਓਅੰ ੩੪:੫ (934)

ਥਨਾਏ------ **ਥਨੰਤਰ, ਥਾਂ ਦੇ ਅੰਦਰ**
"ਥਾਨ ਥਨਾਏ ਸਰਬ ਸਮਾਏ।"
-ਕਾਨ ੫, ੪੬, ੨:੨ (1307)

ਥਨਿ ------- **ਥਨ, ਮੰਮਾ**
"ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ।"
-ਬਸੰ ੪, ੫, ੧:੨ (1178)

ਥਪਿਓ------ **ਥਾਪਿਆ, ਸਥਾਪਤ ਕੀਤਾ**
"ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸ੍ਰਬ ਸਿਧੀ।"
-ਸਵ ੩, ੧:੩ (1392)

ਹੋਰ ਰੂਪ:

ਥਪਿਅਉ-
"ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ।"
-ਸਵ ੪, ਸਲ ੨:੫ (1406)

ਥਪਿਆ-
"ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ।"
-ਮਾਰੂ ਜੈਦੇ ੧, ੧:੨ (1106)

ਥਪੇ-
"ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ।" (ਥਾਪਿ ਦਿੰਦਾ/ਬਣਾ ਦਿੰਦਾ ਹੈ)
-ਜੈਤ ੫, ਵਾਰ ੧੯:੩ (710)

ਥਪ੍ਉ ------ **ਸਥਾਪਤ ਕੀਤਾ, ਕਾਇਮ ਕੀਤਾ**
"ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਉ।"
-ਸਵ ੪, ਗਯੰ ੧:੧੬ (1401)

ਥੰਭ-
(1) ਰੋਕੇ (ਕੋਸ਼, ਸੰਥਿਆ ਸ਼ਬਦਾਰਥ) ਥੰਮੀ, ਸਹਾਰਾ (ਦਰਪਣ, ਨਿਰਣੈ)
"ਕਾਇਆ ਮੰਦਰ ਮਨਸਾ ਥੰਭ।"
-ਗਉ ਕਬ, ਵਾ ੧:੨ (344)

(2) ਥੰਮੀ, ਥਮਲਾ
"ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ।"
-ਭੈਰ ਨਾਮ, ੯, ੪:੨ (1165)

“ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ।”
–ਬਸੰ ਕਬ, ੪, ੪:੩ (1194)

ਹੋਰ ਰੂਪ:

ਥੰਭਾ–
“ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।”
–ਸੋਰ ਰਵਿ, ੬, ੧:੧ (659)

ਥੰਭਿ–
“ਜਲਤ ਅੰਭ ਥੰਭਿ ਮਨੁ ਧਾਵਤੁ ਭਰਮ ਬੰਧਨ ਭਉ ਭਾਗਾ।”
–ਗਉ ਕਬ, ੫੮, ੩:੨ (336)

ਥੰਭੈ ------- ਥੰਮਦਾ, ਆਸਰਾ ਦਿੰਦਾ ਹੈ
“ਬਿਨੁ ਹੀ ਥਾਭਹ ਮੰਦਿਰੁ ਥੰਭੈ।”
–ਗਉ ਕਬ, ਬਾਅ ੨੩:੪ (341)

ਥੰਮ ------- ਥਮਲਾ
“ਬਿਸਾਰਿ ਹਰਿ ਜੀਉ ਬਿਖੈ ਭੋਗਹਿ ਤਪਤ ਥੰਮ ਗਲਿ ਲਾਇ।”
–ਮਾਰੂ ੫, ੧੧, ੧:੨ (1001)

ਥੰਮਨ ------ (1) ਸਹਾਰਾ ਦੇਣਾ, ਟਿਕਾਈ ਰਖਨ ਲਈ
“ਕ੍ਰਿਪਾ ਕ੍ਰਿਪਾ ਕਰਿ ਸਾਧੁ ਮਿਲਾਵਹੁ ਜਗੁ ਥੰਮਨ ਕਉ ਥੰਮੁ ਦੀਜੈ।”
–ਕਲਿ ੪, ਅਸ ੩, ੧:੨ (1324)

ਥੰਮਨੁ ------ ਥੰਮ, ਥਮਲਾ
“ਜਿਉ ਮੰਦਰ ਕਉ ਥਾਮੈ ਥੰਮਨੁ।”
–ਗਉ ੫, ਸੁਖ ੧੫, ੩:੧ (282)

ਥੰਮਾ ------- ਥਮਲੇ
“ਬਿਨੁ ਥੰਮਾ ਰਾਖੇ ਸਚੁ ਕਲ ਪਾਏ।”
–ਮਾਰੂ ੧, ਸੋਲਾ ੧੭, ੬:੨ (1037)

ਥੰਮਿ ------- ਥੰਮ ਕੇ, ਸਹਾਰਾ ਦੇ ਕੇ
“ਆਪੀਨੈ ਆਪੁ ਸਾਜਿਓਨੁ ਆਪੇ ਹੀ ਥੰਮਿ ਖਲੋਆ।”
–ਰਾਮ ਬਸ, ੮:੨ (968)

ਥੰਮੁ ------- ਥਮਲੇ, ਟੇਕਾਂ
“ਘਰੁ ਬੰਧਹੁ ਸਚ ਧਰਮ ਕਾ ਗਡਿ ਥੰਮੁ ਅਹਲੈ।”
–ਗਉ ੫, ਵਾਰ ੮:੩ (320)

ਥੰਮੈ ------- ਸਹਾਰਾ ਦੇਵੇ, ਡਿਗਣ ਤੋਂ ਆਸਰਾ ਦੇ ਬਚਾਏ
“ਆਪੇ ਥੰਮੈ ਸਚਾ ਸੋਈ।”
–ਸੂਹੀ ੫, ੩੯, ੧:੨ (744)

ਥੰਮ੍ਹ ------- ਥੰਮਲਾ, ਥੰਭ
“ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ਹ ਗਲਿ ਲਾਤਿਆ।”

-ਬਿਹਾ ੫, ਛੰਤ ੭, ੨:੪ (546)

ਥੰਮ੍ਹਿ -------- ਥੰਮ ਕੇ, ਸਹਾਰਾ ਦੇ ਕੇ

"ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ।"

-ਆਸਾ ੩, ਛੰਤ ੭, ੪:੪ (441)

ਥੰਮ੍ਹਿਓ------- ਰੋਕਿਆ, ਬੰਦ ਕੀਤਾ, ਸਮੇਟਿਆ

"ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ।"

-ਸੂਹੀ ੫, ੧, ੧:੩ (736)

ਥੰਮ੍ਹਿਆ ------ ਰੋਕਿਆ

"ਸਤਿਗੁਰ ਮਿਲਿਐ ਧਾਵਤੁ ਥੰਮ੍ਹਿਆ ਨਿਸ ਘਰਿ ਵਸਿਆ ਆਏ।"

-ਆਸਾ ੩, ਛੰਤ ੭, ੪:੧ (440)

ਹੋਰ ਰੂਪ:

ਥੰਮ੍ਹੀਐ-

"ਸਭੁ ਕੋ ਭਰਿਆ ਫੂਕਿ ਆਖਣਿ ਕਹਣਿ ਨ ਥੰਮ੍ਹੀਐ।"

-ਸਾਰ ੪, ਵਾਰ ੧੯ਸ, ੧, ੨:੩ (1244)

ਥੰਮ੍ਹੁ -------- ਥਮਲਾ, ਥੰਭ

"ਥੰਮ੍ਹੁ ਉਪਾੜਿ ਹਰਿ ਆਪੁ ਦਿ ਖਾਇਆ।"

-ਭੈਰ ੩, ਅਸ ੧, ੯:੧ (1154)

ਥਰਹਰ ------ ਥਰ ਥਰ, ਥੜਕ ਥੜਕ ਕੇ

"ਥਰਹਰ ਕੰਪੈ ਬਾਲਾ ਜੀਉ।"

-ਸੂਹੀ ਕਬ, ੨, ੧:੧ (792)

ਥਰਥਰ ------ ਥੜਕ ਥੜਕ ਕੇ, ਜੋਰ ਜੋਰ ਦੀ

"ਥਰਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ।"

-ਰਾਮ ੧, ਓਅੰ ੩੪:੧ (934)

ਥਲ -------- (1) ਧਰਤੀ, ਧਰਤੀ ਦਾ ਉਹ ਭਾਗ ਜਿਥੇ ਪਾਣੀ ਨਾ ਹੋਵੇ, ਖੁਸ਼ਕੀ

"ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ।"

-ਸਿਰੀ ੧, ਅਸ ੧੧, ੩:੨ (60)

"ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ।" (ਸੁੱਕੀ ਧਰਤੀ)

-ਮਾਝ ੫, ੩੦, ੨:੩ (103)

"ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ। (ਖੁਸ਼ਕੀ)

-ਮਾਝ ੫, ੩੯, ੩:੩ (106)

"ਥਲ ਵਾਰੋਲੇ ਬਹੁਤੁ ਅਨੰਤੁ।" (ਰੇਤਲੇ ਮੈਦਾਨ)

-ਆਸਾ ੧, ਵਾਰ ਪਸ, ੧, ੨:੧੬ (465)

"ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ।"

-ਤੁਖਾ ੧, ਬਾਰਾ ੭:੨ (1108)

ਥਲਨ ------- ਥਲਾਂ/ਰੇਤਲੇ ਮੈਦਾਨਾਂ ਵਿਚ

"ਜਲਨ ਥਲਨ ਬਸੁਧ ਗਗਨ ਏਕ ਏਕੰਕਾਰੰ।"

-ਰਾਮ ੫, ੫੯, ੧*:੨ (901)

ਥਲਾ -------- ਥਲਾਂ/ਰੇਤਲੇ ਮੈਦਾਨਾਂ ਵਿਚ
“ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ।”
-ਮਾਰੂ ੫, ਵਾਰ ੨੧ਸ, ੫, ੩:੧ (1101)

ਥਲਿ -------- ਸੁਕੀ ਧਰਤੀ ਵਿਚ
“ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ।”
-ਸਿਰੀ ੫, ੮੭, ੨:੨ (48)

ਥਲੀ -------- ਥਲਾਂ ਵਿਚ
“ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ।”
-ਮਾਝ ੧, ਵਾਰ ੧੪ਸ, ੧, ੧:੩ (144)

ਥਲੁ -------- ਥਲ, ਸੁਕੀ ਧਰਤੀ
“ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ।”
-ਗੂਜ ੧, ਅਸ ੨, ੨:੨ (503)

ਥਲੇ -------- ਥਲ ਵਿਚ
“ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਓ।”
-ਸਾਰ ੪, ੧੦, ੧:੧ (1201)

ਥਾ --------- ਸੀ
“ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ।”
-ਗਉ ਕਬ, ੪੭, ੧*:੨ (333)

ਥਾਉ -------- (1) ਥਾਂ, ਟਿਕਣਾ, ਡੇਰਾ
“ਵਿਣੁ ਨਾਵੈ ਨਾਹੀ ਕੋ ਥਾਉ।”
-ਜਪੁ ੧, ੧੮;੧੧ (4)
“ਸਗਲ ਰੋਗ ਕਾ ਬਿਨਸਿਆ ਥਾਉ।” (ਸਾਰੇ ਰੋਗਾਂ ਦਾ ਡੇਰਾ ਉਠ ਗਿਆ)
-ਗਉ ੫, ੧੨੮, ੨:੨ (191)
“ਸਭੁ ਮੀਤ ਬੰਧਪ ਹਰਖੁ ਉਪਜਿਆ ਦੂਤ ਥਾਉ ਗਵਾਇਆ।”
-ਗਉ ੫, ਛੰਤ ੧, ੪:੪ (247)

ਹੋਰ ਰੂਪ:

ਥਾਓ-
“ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ।”
-ਤੁਖਾ ੧, ਬਾਰਾ ੧੬:੪ (1109)

(2) ਭਾਵ ਪ੍ਰਿਥਵੀ
“ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ।”
-ਮਾਝ ੧, ਵਾਰ ੯, ੧, ੨:੨ (142)

(3) ਸਥਾਨ
“ਜਿਤੁ ਘਟਿ ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ।”

-ਗਉ ੫, ੧੭੦*, ੧:੧ (218)

ਥਾਇ ------ (1) ਥਾਂ, ਸਥਾਨ
"ਸਾਚਾ ਨਿਰੰਕਾਰੁ ਨਿਜ ਥਾਇ।"
-ਗਉ ੧, ੨, ੧*:੧ (14)

(2) ਸਫਲ ਹੋਵੇ, ਪਰਵਾਨ ਹੋਵੇ, ਕਬੂਲ ਪਵੈ
"ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ।" (ਸਿਰ ਪਵੇ)
-ਸਿਰੀ ੩, ੩੬, ੪:੨ (27)
"ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ।" (ਪਰਵਾਨ/ ਕਬੂਲ ਕਰਦਾ ਹੈ)
-ਸਿਰੀ ੫, ਅਸ ੨੯, ੧੪:੩ (74)

(3) ਟਿਕਾਨੇ/ਥਾਂ ਸਿਰ ਰੱਖੇ
"ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ।" (ਟਿਕਾਣੇ/ਥਾਂ ਸਿਰ ਰੱਖੇ)
-ਗਉ ੪, ਵਾਰ ੧੦ਸ, ੪, ੧:*੬ (305)

(4) ਟਿਕਾਉ
"ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ।" (ਟਿਕਾਉ ਨਹੀਂ ਮਿਲਦਾ)
-ਸੂਹੀ ੧, ਅਸ ੨, ੨:੨ (751)

(5) ਸਥਾਨ ਤੇ, ਬਦਲੇ ਵਿਚ
"ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ।"
-ਸਲੋ ਫਰ, ੭੨:੨ (1381)

ਥਾਈ ------ ਥਾਵਾਂ/ਸਥਾਨਾਂ ਉਤੇ
"ਸਰਬੇ ਥਾਈ ਏਕੁ ਤੂੰ ਜਿਉ ਭਾਵੈ ਤਿਉ ਰਾਖੁ।"
-ਸਿਰੀ ੧, ਅਸ ੧੩, ੮:੧ (61)

ਹੋਰ ਰੂਪ:

ਥਾਂਈ–
"ਸਭਨੀ ਥਾਂਈ ਰਵਿਆ ਆਪਿ।"
-ਬਿਲਾ ੫, ੨, ੨:੧ (801)

ਥਾਏ–
"ਹਰਿ ਗੁਣ ਗਾਵੈ ਬੈਸਿ ਸੁ ਥਾਏ।" (ਸਥਾਨ ਉਤੇ)
-ਗਉ ੩, ੨੩, ੧*:੨ (158)

ਥਾਹ ------- (1) ਡੂੰਘਾਈ ਦਾ ਅੰਤ, ਨਦੀ ਸਮੁੰਦਰ ਆਦਿ ਦਾ ਤਲਾ
"ਥਥਾ ਅਥਾਹ ਥਾਹ ਨਾਹੀ ਪਾਵਾ।"
-ਗਉ ਕਬ, ਬਾਅ ੨੩:੧ (341)
"ਤੁਮਰੀ ਥਾਹ ਪਾਈ ਨਹੀ ਪਾਵੈ ਜਨ ਨਾਨਕ ਕੇ ਪ੍ਰਭ ਵਡਨੇ।" (ਅੰਤ)
-ਨਟ ੪, ੫, ੪:੨ (976)

(2) ਟਿਕਾਣਾ
"ਤਿਚਰੁ ਥਾਹ ਨ ਪਾਵਈ ਜਿਚਰੁ ਸਾਹਿਬ ਸਿਉ ਮਨ ਭੰਗੈ।"

-ਮਾਰੂ ੫, ਵਾਰ ੧੧:੬ (1098)

ਥਾਕਸਿ ----- ਥਕਦੀ

“ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ।”

-ਸੂਹੀ ਕਬ, ੪, ੧:੨ (793)

ਥਾਕਾ ------ ਥਕਿਆ ਅਰਥਾਤ ਮੁਕ ਗਿਆ, ਰਹਿ ਗਿਆ

“ਥਾਕਾ ਤੇਜੁ ਉਡਿਆ ਮਨੁ ਪੰਖੀ ਘਰਿ ਆਂਗਨਿ ਨ ਸੁਖਾਈ।”

-ਸਿਰੀ ਬੇਣੀ, ੧, ੫:੨ (93)

“ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ।” (ਰਹਿ ਗਿਆ)

-ਆਸਾ ਕਬ, ੧੮, ੩:੧ (480)

“ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ।” (ਦੌੜ ਭੱਜ ਮੁੱਕ ਗਈ)

-ਮਾਰੂ ੫, ੬, ੧:੨ (1000)

(2) ਥਕ ਗਿਆ

“ਘਾਟੀ ਚਢਤ ਬੈਲੁ ਇਕੁ ਥਾਕਾ ਚਲੋ ਗੋਨਿ ਛਿਟਕਾਈ।”

-ਗਉ ਕਬ, ੪੯, ੩:੨ (333)

ਥਾਕਿ ------ ਥਕ ਕੇ

“ਕਰਣ ਪਲਾਵ ਕਰੇ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ।”

-ਮਾਰੂ ੧, ਅਸ ੮, ੪:੧ (1014)

“ਥਾਕਿ ਰਹੀ ਕਿਵ ਅਪੜਾ ਹਾਥ ਨਹੀ ਨ ਪਾਰੁ।” (ਥਕ ਗਈ, ਰਹਿ ਗਈ)

-ਰਾਮ ੧, ਓਅੰ ੩੭:੫ (935)

ਹੋਰ ਰੂਪ:

ਥਾਕਿਆ-

“ਅਨਿਕ ਕਰਮ ਕਰਿ ਥਾਕਿਆ ਭਾਈ ਫਿਰਿ ਫਿਰਿ ਬੰਧਨ ਪਾਇ।”

-ਸੋਰ ੫, ੨, ੩:੨ (608)

ਥਾਕੀ ------ (1) ਥਕ ਗਈ, ਰਹਿ ਗਈ

“ਜਪੁ ਤਪੁ ਕਰਿ ਕਰਿ ਸੰਜਮ ਥਾਕੀ ਹਠਿ ਨਿਗ੍ਰਹਿ ਨਹੀ ਪਾਈਐ।”

-ਆਸਾ ੧, ਛੰਤ ੨, ੨:੫ (436)

“ਥਾਕੇ ਨੈਨ ਸ੍ਰਵਨ ਸੁਨਿ ਥਾਕੇ ਥਾਕੀ ਸੁੰਦਰਿ ਕਾਇਆ।” (ਰਹਿ ਗਈ ਭਾਵ ਨਿਤਾਣੀ ਹੋ ਗਈ)

-ਸੂਹੀ ਕਬ, ੪, ੧:੧ (793)

(2) ਮੁੱਕ ਗਈ

“ਲੋਭੁ ਮੂਆ ਤ੍ਰਿਸਨਾ ਬੁਝਿ ਥਾਕੀ।”

-ਸੂਹੀ ੫, ੨੭, ੩:੧ (742)

“ਜਰਾ ਹਾਕ ਦੀ ਸਭ ਮਤਿ ਥਾਕੀ ਏਕ ਨ ਥਾਕਸਿ ਮਾਇਆ।” (ਮੁੱਕ ਗਈ, ਮੱਧਮ ਪੈ ਗਈ)

-ਸੂਹੀ ਕਬ, ੪, ੧:੨ (793)

ਥਾਕੇ ------- (1) ਥਕ ਗਏ, ਹਾਰ ਗਏ

“ਪੜਿ ਪੜਿ ਥਾਕੇ ਸਾਂਤਿ ਨ ਆਈ।”

-ਮਾਝ ੩, ਅਸ ੧੮, ੭:੧ (120)

ਹੋਰ ਰੂਪ:

ਥਾਕੋ–
"ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ।"
-ਗਉ ਕਬ, ੭੦, ੧:੧ (338)

(2) ਮੁਕ ਗਏ
"ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ।"
-ਆਸਾ ੧, ਛੰਤ ੨, ੩:੫ (437)
"ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ।"
-ਵਡ ੫, ਛੰਤ ੨, ੩:੫ (578)

ਥਾਂਘੀ ------ ਥਾਹ ਲੈਣ ਵਾਲਾ, ਥਮਣ ਵਾਲਾ, ਮਲਾਹ ਭਾਵ ਗੁਰੂ
"ਕਬੀਰ ਨਿਗੁਸਾਏ ਬਹਿ ਗਏ ਥਾਂਘੀ ਨਾਹੀ ਕੋਇ।"
-ਸਲੋ ਕਬ, ੫੧:੧ (1367)

ਥਾਟ ------- ਬਣਾਵਟਾਂ, ਪਾਸਰੇ
"ਮੁਕਤੁ ਭਏ ਬਿਨਸੇ ਭ੍ਰਮ ਥਾਟ।" ('ਮਹਾਨਕੋਸ਼' ਇਥੇ ਅਰਥ 'ਸੰਕਲਪ, ਵਿਚਾਰ' ਕਰਦੇ ਹਨ)
-ਗਉ ੫, ੧੧੨, ੪:੨ (188)
"ਸਾਹ ਵਾਪਾਰੀ ਏਕੈ ਥਾਟ।" (ਬਾਨਹੂ, ਬਣਾਵਟ)
-ਆਸਾ ੫, ਅਸ, ੪:੨ (430)

ਥਾਟਹਿ ----- ਬਣਾਵਟਾਂ ਬਣਾਉਂਦੇ ਹਨ
"ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ।"
-ਸਮ ੫, ੧੧*:੪ (1389)

ਥਾਟਾ------- ਬਣਾਵਟ, ਰਚਨਾ
"ਬੇਦ ਪੁਰਾਣ ਪੜੈ ਸੁਣਿ ਥਾਟਾ।" (ਕੋਸ਼ ਵਿਚ ਇਸ ਦੇ ਅਰਥ 'ਸਮਾਚਾਰ' ਭੀ ਕਰਦਾ ਹੈ
-ਗਉ ੧, ਅਸ ੧੧, ੭:੨ (226)

ਥਾਟਿ ------ ਪ੍ਰਬੰਧ, ਰਚਨ, ਬਣਾਵਟ
"ਸਭੇ ਗਲਾ ਆਪਿ ਥਾਟਿ ਬਗਲੀ ਓਨੁ।"
-ਸੋਰ ੪, ਵਾਰ ੨੮:੧ (653)

ਥਾਟਿਓ ----- ਬਣਾਇਆ, ਰਚਿਆ ਹੈ
"ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਚ ਕਾ ਪੰਥਾ ਥਾਟਿਓ।"
-ਟੋਡੀ ੫, ੧੧, ੧:੧ (714)

ਥਾਟੀ------- ਰਚੀ, ਬਣਾਈ
"ਪੁਤਰੀ ਤੇਰੀ ਬਿਧਿ ਕਰਿ ਥਾਟੀ।"
-ਆਸਾ ੫, ੧੪, ੧:੧ (374)

“ਉਨ੍ਹ ਕੈ ਸੰਗਿ ਤੇਰੀ ਸਭ ਬਿਧਿ ਥਾਟੀ।” (ਹਰ ਤਰਾਂ ਨਾਲ ਬਣਾ-ਤਣਾ ਕੇ ਰੱਖਿਆ ਜਾਂਦਾ ਹੈ)

- (ਕੋਸ਼ ਇਸ ਦੇ ਅਰਥ ‘ਬਣੀ’ ਕਰਦਾ ਹੈ)
-ਆਸਾ ੫, ੮੨, ੩:੩ (390)

ਥਾਟੁ ------- (1) ਸਮਾਨ (ਸ਼ਬਦਾਰਥ, ਨਿਰਣੈ, ਸੰਥਿਆ) ਬਣਾਵਟ, ਬਣਤਰ (ਦਰਪਣ)

“ਨਾਮ ਸੰਜੋਗੀ ਗੋਇਲਿ ਥਾਟੁ।” (ਕਚੀ/ਥੋੜੇ ਸਮੇਂ ਲਈ ਬਣੀ ਬਣਾਵਟ ਅਰਥਾਤ ਝੁਗੀ)
-ਗਉ ੧, ੬, ੪:੧ (153)

“ਆਪੇ ਜਗਤੁ ਉਪਾਇਓਨੁ ਕਰਿ ਪੂਰਾ ਥਾਟੁ।”
-ਗੂਜ ੩, ਵਾਰ ੨੨:੧ (517)

“ਜਦਹੁ ਆਪੇ ਥਾਟੁ ਕੀਆ ਬਹਿ ਕਰਤੈ ਤਦਹੁ ਪੁਛਿ ਨ ਸੇਵਕੁ ਬੀਆ।” (ਰਚਨਾ)
-ਬਿਹਾ ੪, ਵਾਰ ੭:੧ (551)

“ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ।” (ਰਚਨਾ)
-ਬਿਲਾ ੩, ੪, ੧:੧ (797)

“ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ।” (ਥਾਂ, ਸਥਾਨ)
-ਮਾਰੂ ੫, ੧:੨ (1094)

(2) ਠਾਠ, ਸ਼ਿੰਗਾਰ

“ਕਰਿ ਆਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ।”
-ਟੋਡੀ ੫, ੪, ੨:੧ (712)

“ਪੂਰਾ ਥਾਟੁ ਬਣਾਇਆ ਰੰਗੁ ਗੁਰਮਤਿ ਮਾਣੁ ।”
-ਸੂਹੀ ੩, ਵਾਰ ੧੧:੪ (789)

ਥਾਤੀ------- (1) ਪੂੰਜੀ, ਰਾਸ, ਦੋਲਤ

“ਥਾਤੀ ਪਾਈ ਹਰਿ ਕੋ ਨਾਮ।”
-ਗਉ ੫, ੧੫੩, ੧:੧ (196)

“ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬ੍ਰਿਸ੍ਰਾਮ।” (ਧਨ ਦੀ ਥੈਲੀ)
-ਧਨਾ ੫, ੪੮, ੨:੧ (682)

(2) ਤਾਕੀ

“ਊਪਰਿ ਹਾਟੁ ਹਾਟ ਪਰਿ ਆਲਾ ਆਲੇ ਭੀਤਰਿ ਥਾਤੀ।”
-ਰਾਮ ਬੇਣੀ, ੧, ੪:੨ (974)

ਥਾਨ ------- ਥਾਂ, ਸਥਾਨ

“ਜੇਤੇ ਥਾਨ ਥਨੰਤਰਾ ਤੇਤੇ ਭਵਿ ਆਇਆ।”
-ਸਿਰੀ ੫, ੭੨, ੨:੧ (42)

“ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।” (ਇਥੇਭਾਵ ਤਕੀਏ)
-ਆਸਾ ੧, ਅਸ ੧੨, ੪:੨ (417)

ਹੋਰ ਰੂਪ:

ਥਾਨੰ-
“ਬਿਗਸੀਧੵਿ ਬੁਧਾ ਕੁਸਲ ਥਾਨੰ।”

-ਸਸ ੫, ੧੩:੨ (1355)

ਥਾਨਸਟ------ਪੂਜਾ ਸਥਾਨ, ਇਸ਼ਟ ਦਾ ਸਥਾਨ (ਸ਼ਬਦਾਰਥ), ਪਵਿਤਰ ਸਥਾਨ ਭਾਵ ਹਿਰਦਾ /ਦਰਪਣ)

"ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ।"

-ਧਨਾ ੧, ੮, ੧:੨ (662)

(ਮਹਾਨਕੋਸ਼ ਇਸਦੇ ਅਰਥ ਪੁਜਾਰੀ/ਮਹੰਤ ਕਰਦਾ ਹੈ)

ਥਾਨਹੁ ------ ਥਾਂ ਤੋਂ

"ਬਿਖਮ ਥਾਨਹੁ ਜਿਨਿ ਰਖਿਆ ਤਿਸੁ ਤਿਲੁ ਨ ਵਿਸਾਰਿ।"

-ਜੈਤ ੫, ਵਾਰ ੨:੪ (706)

ਥਾਨਕ ------ ਵਸਤੀ, ਨਗਰੀ, ਆਬਾਦੀ

"ਥੋੜੈ ਥਲਿ ਥਾਨਕ ਆਰੰਭੈ।"

-ਗਉ ਕਬ, ਬਾਅ ੨੩:੩ (341)

(ਮਹਾਨਕੋਸ਼) ਅਰਥ 'ਘਰ ਗ੍ਰਹਿ' ਕਰਦਾ ਹੈ)

ਥਾਨੰਤਰ------ਥਾਵਾਂ ਦੇ ਅੰਦਰ ਭਾਵ ਵਿਥਾਂ ਵਿਚ

"ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ ਥਾਨੰਤਰ ਦੇਸਾ।"

-ਸਾਰ ੫, ਛੰਤ ੧, ੩:੪ (1237)

ਹੋਰ ਰੂਪ:

ਥਾਨੰਤਰਿ–

"ਥਾਨ ਥਾਨੰਤਰਿ ਰਵਿ ਰਹਿਆ ਪਾਰਬ੍ਰਹਮ ਪ੍ਰਭੁ ਸੋਇ।"

-ਸਿਰੀ ੫, ੮੦, ੩:੧ (45)

ਥਾਨਾ------- (1) ਥਾਂ

"ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ।"

-ਮਾਝ ੫, ੨੩, ੩:੩ (101)

"ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ।" (ਥਾਂ)

-ਗੂਜ ੫, ੧੪, ੨:੧ (499)

ਹੋਰ ਰੂਪ:

ਥਾਨਾਂ–

"ਮਨੂਆ ਲਾਇ ਸਵਾਰੇ ਥਾਨਾਂ ਪੂਛਉ ਸੰਤਾ ਜਾਇ।" (ਥਾਵਾਂ ਸਾਫ ਕੀਤੀਆਂ)

-ਮਲਾ ੫, ੩, ੨:੧ (1267)

(2) ਥਾਂ, ਟਿਕਾਣਾ, ਠਹਿਰਣ ਦਾ ਥਾਂ, ਨਿਵਾਸ ਸਥਾਨ

"ਅਗਮ ਰੂਪ ਕਾ ਮਨ ਮਹਿ ਥਾਨਾ।"

-ਗਉ ੫, ੧੦੪, ੧:੧ (186)

ਹੋਰ ਰੂਪ:

ਥਾਨਾਂ–

"ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ।"

-ਮਾਰੂ ੫, ਸੋਲ ੪, ੮:੩ (1075)

ਥਾਨਾਨਾਂ ----- ਥਾਂ, ਟਿਕਾਣਾ

"ਜੋ ਜਨ ਗਾਇ ਧਿਆਇ ਜਸੁ ਠਾਕੁਰ ਤਾਸੁ ਪ੍ਰਭੂ ਹੈ ਥਾਨਾਨਾਂ।"

-ਗਉ ਕਬ, ੭੪, ੩:੧ (339)

ਥਾਨਿ------- ਥਾਂ/ਟਿਕਾਣੇ ਤੇ, ਥਾਂ ਸਿਰ

"ਦਹ ਦਿਸ ਧਾਵਤ ਮਿਟਿ ਗਏ ਨਿਰਮਲ ਥਾਨਿ ਬਸਨਾ।" (ਥਾਂ ਤੇ, ਥਾਂ ਸਿਰ)

-ਬਿਲਾ ੫, ੪੩, ੩:੨ (811)

"ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ।"

-ਭੈਰ ੫, ੩੬, ੨:੩ (1146)

(2) ਥਾਂ, ਸਥਾਨ

"ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ।"

-ਸਿਰੀ ੧, ੯, ੪:੨ (17)

"ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ।" (ਸਚੇ ਥਾਂ ਭਾਵ ਸਤਸੰਗਤ ਵਿਚ)

-ਸਿਰੀ ੧, ਅਸ ੧੬, ੨:੩ (63)

"ਅਹਿਨਿਸਿ ਨਿਰਮਲੁ ਥਾਨਿ ਸੁਥਾਨੁ।" (ਥਾਂ ਅਥਵਾ ਅਵਸਥਾ)

-ਆਸਾ ੫, ੬, ੨:੧ (414)

ਹੋਰ ਰੂਪ:

ਥਾਨੁ-

"ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ।"

-ਸਿਰੀ ੧, ੧੨, ੨:੧ (18)

"ਇਸੁ ਗੁਫਾ ਮਹਿ ਇਕੁ ਥਾਨੁ ਸੁਹਾਇਆ।" (ਸਰੀਰ ਰੂਪੀ ਗੁਫਾ ਵਿਚ ਅੰਤਾਹਕਰਣ ਰੂਪ ਥਾਂ)

-ਮਾਝ ੩, ੨੯, ੩:੧ (126)

ਥਾਨੇ-

"ਗੁਣ ਗਾਵਤ ਆਰਾਧਿ ਨਾਮੁ ਹਰਿ ਆਏ ਅਪੁਨੈ ਥਾਨੇ।" (ਟਿਕਾਣੇ ਤੇ)

-ਸੋਰ ੫, ੨੪, ੨:੨ (615)

ਥਾਨੋ-

"ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ।"

-ਤੁਖਾ ੧, ਛੰਤ ੫, ੪:੧ (1112)

ਥਾਨਿੰ-

"ਭਗਵਾਨ ਰਮਣੰ ਸਰਬਤ੍ਰ ਥਾਨਿੰ।" (ਸਥਾਨ ਤੇ)

-ਸਸ ੫, ੮:੩ (1354)

(3) ਥਾਂ ਵਾਲਾ, ਟਿਕਾਣੇ ਵਾਲਾ

"ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ।"

-ਰਾਮ ੧, ਓਅੰ ੩੪:੨ (934)

ਥਾਪਹਿ ----- ਸਥਾਪਤ ਕੀਤੇ, ਕਾਇਮ ਕੀਤੇ

"ਸੰਗਿ ਰਾਗਨੀ ਪਾਚਉ ਥਾਪਹਿ।"

ਰਾਗ ੧:੧੪ (1429)

ਥਾਪਹੁ ------ ਕਾਇਮ ਕਰਦੇ ਭਾਵ ਸਮਝਦੇ

"ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ।"
"ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।"
-ਮਾਰੂ ਕਬ, ੧, ੨:੧;੨ (1103)

ਥਾਪਣਹਾਰਿਆ- ਟਿਕਾਉਣ/ਸਥਾਪਤ ਕਰਨ ਵਾਲਾ ਅਥਵਾ ਸਮਰਥ

"ਦਇਆਲ ਸਦਾ ਕ੍ਰਿਪਾਲ ਸੁਆਮੀ ਨੀਚ ਥਾਪਣਹਾਰਿਆ।"
-ਧਨਾ ੫, ਛੰਤ ੧, ੩:੩ (681)

ਹੋਰ ਰੂਪ:

ਥਾਪਣਹਾਰੈ-
"ਨਉ ਘਰ ਥਾਪੇ ਥਾਪਣਹਾਰੈ।"
-ਮਾਰੂ ੧, ਸੋਲਾ ੧੬, ੨:੧ (1036)

ਥਾਪਨਹਾਰੈ-
"ਕਵਨ ਬਸੇਰੋ ਦਾਸ ਦਾਸਨ ਕੋ ਥਾਪਿਓ ਥਾਪਨਹਾਰੈ।"
-ਸਾਰ ੫, ੫੨, ੨:੧ (1214)

ਥਾਪਿ ------ (1) ਸਥਾਪਤ ਕਰਕੇ, ਥਾਪ ਕੇ

"ਸੰਤੋਖੁ ਥਾਪਿ ਰਖਿਆ ਜਿਨਿ ਸੁਤਿ।"
-ਜਪੁ ੧, ੧੬:੮ (3)

"ਗੁਰਮੁਖਿ ਥਾਪੇ ਥਾਪਿ ਉਥਾਪੇ।" (ਘੜ ਕੇ, ਥਾਪ ਕੇ, ਬਣਾ ਕੇ)
-ਮਾਝ ੩, ਅਸ ੧੩, ੮:੧ (117)

ਹੋਰ ਰੂਪ:

ਥਾਪਿਉ-
"ਕਵਨ ਬਸੇਰੋ ਦਾਸ ਦਾਸਨ ਕੋ ਥਾਪਿਉ ਥਾਪਨਹਾਰੈ।"
-ਸਾਰ ੫, ੫੨, ੨:੧ (1214)

ਥਾਪਿਓ-
"ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ।" (ਟਿਕਾਇਆ)
-ਸੋਰ ਨਾਮ, ੨, ੪:੧ (657)

"ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ।" (ਬਣਾਇਆ ਭਾਵ ਸਮਝ ਲਿਆ)
-ਧਨਾ ੫, ੩੦, ੧:੨ (678)

ਥਾਪਿਆ-
"ਥਾਪਿਆ ਨ ਜਾਇ ਕੀਤਾ ਨਾ ਹੋਇ।"
-ਜਪੁ ੧, ੫:੧ (2)

"ਸਰਬ ਕਲਾ ਕਰਿ ਥਾਪਿਆ ਅੰਤਰਿ ਜੋਤਿ ਅਪਾਰ।" (ਸਿਰਜਿਆ ਰਚਿਆ)
-ਸਿਰੀ ੫, ੮੪, ੧:੨ (47)

"ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ।" (ਮੁਕਰਰ ਕੀਤਾ)
-ਬਿਲਾ ੫, ੬੬, ੧:੧ (817)

ਥਾਪੀ-
"ਮਨਹਿ ਮਾਰਿ ਕਵਨ ਸਿਧਿ ਥਾਪੀ।" (ਕੀ ਮਲਮਾਰੀ)

-ਗਉ ਕਬ, ੨੮, ੧:੨ (329)

"ਜਿਨਿ ਸਭ ਥਾਪੀ ਥਾਪਿ ਉਥਾਪਿ।" (ਸਿਰਜੀ)

-ਆਸਾ ੧, ਅਸ ੩, ੪:੨ (412)

ਥਾਪੇ–

"ਜੀਅ ਜੰਤ੍ਰ ਸਭਿ ਤੇਰੇ ਥਾਪੇ।" (ਸਿਰਜੇ)

-ਮਾਝ ੫, ੪੬, ੧:੨ (107)

"ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।" (ਸਥਾਪਤ ਕੀਤੇ/ਵਡਿਆਏ ਗਏ ਪਦਵੀ ਦਿੱਤੀ ਗਈ)

-ਗਉ ੪, ੪੯, ੪:੨ (167)

"ਸਤਿਗੁਰ ਸਰਨਿ ਪਏ ਸੇ ਥਾਪੇ ਤਿਨ ਰਾਖਨ ਕਉ ਪ੍ਰਭੁ ਆਵੈਗੋ।" (ਵਡਿਆਏ ਗਏ)

-ਕਾਨ ੪, ਅਸ ੬, ੪:੧ (1311)

ਥਾਪੈ–

"ਸਰਗੁਣ ਨਿਰਗੁਣ ਥਾਪੈ ਨਾਉ।" (ਸਿਰਜੇ)

-ਆਸਾ ੫, ੬੭, ੩:੧ (387)

"ਸੋਗੁ ਨ ਬਿਆਪੈ ਆਪੁ ਨ ਥਾਪੈ ਸਾਧਸੰਗਤਿ ਬੁਧਿ ਪਾਈ।" (ਅਪਣਤ ਨਾ ਧਾਰੇ ਗ੍ਰਹਿਣ ਕਰੇ ਤਾਂ ਸੋਗ ਨਹੀਂ)

-ਸੋਰ ੫, ੩, ੩:੧ (609)

"ਊਚੇ ਤੇ ਨੀਚਾ ਕਰੈ ਨੀਚ ਖਿਨ ਮਹਿ ਥਾਪੈ।" (ਪਦਵੀ ਦੇਵੇ)

-ਬਿਲਾ ੫, ੫੦, ੨:੧ (813)

(2) ਥਾਪੜਾ ਦੇ ਕੇ ਭਾਵ ਪਿਆਰ ਨਾਲ

"ਬਾਲਕ ਰਾਖੇ ਅਪਨੇ ਕਰ ਥਾਪਿ।"

-ਬਸੰ ੫, ੧੬, ੧:੨ (184)

ਹੋਰ ਰੂਪ:

ਥਾਪੀ–

"ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ।" (ਥਾਪੜਾ, ਸ਼ਾਬਾਸ਼)

-ਸਿਰੀ ੫, ਅਸ ੨੯, ੧੮:੩ (74)

ਥਾਪੇ–

"ਜਿਸੁ ਆਪਿ ਬੁਝਾਏ ਸੋ ਬੁਝਸੀ ਜਿਸੁ ਸਤਿਗੁਰੁ ਥਾਪੇ।" (ਥਾਪੜਾ ਦੇਵੇ/ ਨਿਵਾਜੇ)

-ਸੂਹੀ ੩, ਵਾਰ ੧੩:੪ (790)

ਥਾਭਹ ------- ਥਮਲਾ, ਥੰਮਾ

"ਬਿਨੁ ਹੀ ਥਾਭਹ ਮੰਦਿਰੁ ਥੰਭੈ।"

-ਗਉ ਕਬ, ਬਾਅ ੨੩:੪ (341)

ਥਾਮ -------- ਥੰਮਣਾ, ਰੁਕਣ ਦੀ ਕ੍ਰਿਆ

"ਅਨਿਕ ਛਿਦ੍ਰ ਬੋਹਿਥ ਕੇ ਛੁਟਕਤ ਥਾਮ ਨ ਜਾਹੀ ਕਰੇ।"

-ਟੋਡੀ ੫, ੧੨, ੧:੧ (714)

ਹੋਰ ਰੂਪ:

ਥਾਮੈ–

"ਜਿਉ ਮੰਦਰ ਕਉ ਥਾਮੈ ਥੰਮਨੁ।" (ਆਸਰਾ ਦੇਣਾ)

-ਗਉ ੫, ਸੁਖ ੧੫, ੩:੧ (282)

ਥਾਮ੍ਹਿਆ–

"ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ।"

-ਆਸਾ ੫, ੪੪, ੨:੧ (381)

ਥਾਰਉ ------ ਤੇਰਾ

"ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ।"

-ਗਉ ਕਬ, ਬਾਅ ੩੪:੨ (342)

ਹੋਰ ਰੂਪ:

ਥਾਰਾ–

"ਸਭ ਭਾਂਡੇ ਤੁਧੈ ਸਾਜਿਆ ਵਿਚਿ ਵਸਤੁ ਹਰਿ ਥਾਰਾ।" (ਤੇਰੀ)

-ਆਸਾ ੪, ਛੰਤ ੧੭, ੨:੨ (449)

ਥਾਰੀ–

"ਸੇਵਾ ਥਾਰੀ ਗੁਰਹਿ ਟੇਕ।" (ਤੇਰੀ)

-ਗਉ ੫, ੧੪੧*, ੧*:੨ (210)

ਥਾਰੇ–

"ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇਥਾਰੇ।"

-ਗਉ ੪, ਵਾਰ ੧੪:੨ (308)

ਥਾਰੋ–

"ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ।"

-ਧਨਾ ਤਿਲੋ, ੧, ੧*:੨ (695)

ਥਾਲ ------- ਇਕ ਭਾਂਡਾ, ਚੌੜੀ ਰਕੇਬੀ ਜਿਸ ਵਿਚ ਆਮ ਕਰਕੇ ਰੋਟੀ ਖਾਂਦੇ ਹਨ, ਹੋਰ ਵੇਖੋ 'ਥਾਲੁ'

"ਥਾਲ ਵਿਚਿ ਤਿੰਨਿ ਵਸਤੂ ਪਾਈਓ ਸਤੁ ਸੰਤੋਖੁ ਵੀਚਾਰੋ।" (ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ)

-ਮੁੰਦਾ ੫, ੧:੧ (1429)

ਥਾਲਕਾ ----- ਥਲਾਂ ਵਿਚ ਸੁਕੇ ਸਥਾਨਾਂ ਤੇ (ਜਲਾਂ ਦੇ ਵਿਪ੍ਰੀਤ)

"ਸਿਮਰਿ ਸਿਮਰਿ ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ ਥਾਲਕਾ।"

-ਮਾਰੂ ੫, ਸੋਲਾ ੧੩, ੯:੩ (1085)

ਥਾਲੁ ------- ਇਕ ਭਾਂਡਾ, ਵੇਖੋ 'ਥਾਲ'

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।"

-ਧਨਾ ੧, ੯, ੧:੧ (663)

ਹੋਰ ਰੂਪ:

ਥਾਲੈ–

"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜਨੁ ਅੰਮ੍ਰਿਤੁ ਸਾਰੁ।"

-ਸੋਰ ੪, ਵਾਰ ੮ਸ, ੩, ੧:੧ (645)

ਥਾਵ ------- (1) ਸਥਾਨ, ਥਾਂ

“ਅਸੰਖ ਨਾਵ ਅਸੰਖ ਥਾਵ।”

-ਜਪੁ ੧, ੧੯:੧ (4)

ਥਾਵ ਸਗਲੇ ਸੁਖੀ ਵਸਾਇਆ।”

-ਸੋਰ ੫, ੮੧, ੧:੪ (628)

“ਦੋਵੈ ਥਾਵ ਰਖੈ ਗੁਰ ਸੂਰੇ।” (ਭਾਵ ਹਲਤ, ਪਲਤ)

-ਬਿਲਾ ੫, ੧੦੮, ੧*:੧ (825)

“ਅਤਿ ਡਾਹਪਣਿ ਦੁਖੁ ਘਣੈ ਤੀਨੇ ਥਾਵ ਭਰੀਡੁ।” (ਭਾਵ ਮਨ, ਬਾਣੀ ਤੇ ਸਰੀਰ)

-ਮਾਰੂ ੩, ਵਾਰ ੧੪ਸ, ੧, ੧:੨ (1091)

(2) ਸੰਭਾਵਨਾ, ਗੁੰਜ਼ਾਇਸ਼

“ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ।”

- (ਜੁਗ ਜੀਵਾਂ ਵਿਚ ਖੇਡਦਾ ਹੈ ਇਹ ਗੱਲ ਮੰਨਣ ਦੀ ਥਾਂ (ਗੁੰਜ਼ਾਇੰਸ਼) ਕਿਵੇਂ ਹੋ ਸਕਦੀ ਹੈ)

-ਰਾਮ ੧, ਅਸ ੧, ੧:੨ (902)

ਹੋਰ ਰੂਪ:

ਥਾਵਹਿ-

“ਚਉਦਸਿ ਚਉਥੇ ਥਾਵਹਿ ਲਹਿ ਪਾਵੈ।” (ਸਥਾਨ ਤੇ, ਅਵਸਥਾ ਤੇ)

-ਬਿਲਾ ੧, ਥਿਤੀ ੧੮:੧ (840)

ਥਾਵਹੁ ------ (1) ਤੋਂ, ਨਾਲੋਂ

“ਅੰਮ ਅਬੇ ਥਾਵਹੁ ਮਿਠੜਾ।” (ਮਾਂ ਪਿਉ ਤੋਂ ਵਧੀਕ ਮਿਠਾ ਹੈ)

-ਸਿਰੀ ੫, ਅਸ ੨੯, ੧:੨ (73)

“ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ।”

-ਮਾਝ ੧, ਵਾਰ ੨ਸ, ੨, ੨:੧ (138)

(2) ਸਥਾਨ/ ਥਾਂ ਤੋਂ

“ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।”

-ਗਉ ੧, ੧੭, ੧:੧ (156)

(3) ਪਾਸੋਂ, ਕੋਲੋਂ

“ਸਭਿ ਤੁਝ ਹੀ ਥਾਵਹੁ ਮੰਗਦੇ ਮੇਰੇ ਸਾਹਾ ਤੂ ਸਭਨਾ ਕਰਹਿ ਇਕ ਦਾਤਿ।”

-ਧਨਾ ੪, ੧੩, ੨:੧ (670)

“ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਓੁ ਪਰਖਾਇ।”

-ਸਾਰ ੪, ਵਾਰ ੩੨ਸ, ੩, ੧:੫ (1249)

(4) ਵਲੋਂ, ਤੋਂ

“ਖਾਲਕ ਥਾਵਹੁ ਭੁਲਾ ਮੁਠਾ।”

-ਮਾਰੂ ੫, ਅਸ ੮, ੬:੧ (1020)

ਥਾਵਰ ------ (ਸੰ.) ਸ਼ਾਬਦਕ ਅਰਥ ਸਥਿਰ, ਠਹਿਰਨ ਵਾਲਾ, ਅਚਲ, ਛਨਿਛਰ ਗ੍ਰਹਿ ਦੀ ਚਾਲ ਅਤਿ ਧੀਮੀ ਹੋਣ ਕਰਕੇ ਉਸ ਦਾ ਨਾਂ ਥਾਵਰ ਪੈ ਗਿਆ, ਭਾਵ ‘ਛਨਿਛਰਵਾਰ’

“ਥਾਵਰ ਥਿਰੁ ਕਰਿ ਰਾਖੈ ਸੋਇ।”

-ਗਉ ਕਬ, ਵਾ ੭:੧ (344)

ਥਾਵਰੀ ------ ਥਿਰ ਰਹਿਣ ਵਾਲਾ, ਟਿਕ ਕੇ ਰਹਿਣ ਵਾਲਾ ਅਟਲ, ਕੋਸ਼: ਬਲਵਾਨ, ਸ਼ਕਤੀਮਾਨ (ਮਹਾਨਕੋਸ਼)
"ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ।"
-ਮਾਰੂ ੫, ਵਾਰ ੯:੨ (1097)

ਥਾਵਾ-------- ਸਥਾਨ, 'ਥਾਂ' ਦਾ ਬਹੁ ਵਚਨ
"ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤੁ ਹਹਿ ਥਾਵਾ।"
-ਮਾਰੂ ੩, ੧, ੧:੨ (993)
"ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ।" (ਥਾਵਾਂ ਦੇ)
-ਸਿਰੀ ੧, ਅਸ ੧, ੫:੧ (53)

ਥਿਓ -------- ਹੁੰਦਾ ਹੈ
"ਨੀਤਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ।"
-ਗਉ ੫, ਵਾਰ ੧੪ਸ, ੫, ੨:੧ (321)

ਥਿਅਈ ------ ਹੁੰਦਾ ਹੈ
"ਜਿਸ ਨੋ ਤੂ ਕਿਰਪਾਲ ਸਚਾ ਸੋ ਥਿਅਈ।"
-ਰਾਮ ੫, ਵਾਰ ੭:੬ (961)

ਥਿਆ ------- ਹੋਇਆ
"ਨਾਨਕ ਜੋ ਤਿਸੁ ਭਾਵੈ ਸੋਈ ਥਿਆ।"
-ਗਉ ੫, ਸੁਖ ੧੩, ੬:੧੦ (280)

ਥਿਗਲੀ ------ ਟਾਕੀ
"ਤਾਗਾ ਕਰਿ ਕੈ ਲਾਈ ਥਿਗਲੀ।"
-ਰਾਮ ੫, ੧੩, ੧:੧ (886)

ਥਿਤ -------- ਸਥਿਰਤਾ ਟਿਕਾਓ
"ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ।"
-ਗਉ ੫, ਬਾਅ ੩੮ਸ:੨ (258)

ਥਿਤਾ ------- ਟਿਕਾਓ, ਸਥਿਰਤਾ
"ਢੂੰਢ ਵਞਾਈ ਥੀਆ ਥਿਤਾ।"
-ਰਾਮ ੫, ਵਾਰ ੧੭ਸ, ੫, ੨:੩ (964)

ਥਿਤਿ ------- (1) ਤਿਥ, ਚੰਦਰਮਾ ਦੇ ਘਟਨ ਵਧਨ ਅਨੁਸਾਰ ਬਣਿਆ ਦਿਨ
"ਕਵਣ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।"
-ਜਪੁ ੧, ੨੧:੯ (4)
"ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ।"
-ਸਾਰ ੪, ਵਾਰ ੧੭ਸ, ੧, ੧:੧ (1244)

ਹੋਰ ਰੂਪ:

ਥਿਤੀ–
"ਰਾਤੀ ਰੁਤੀ ਥਿੰਤੀ ਵਾਰ।"

-ਜਪੁ ੧, ੩੪:੧ (7)

ਥਿਤੰੀ-
"ਪੰਦ੍ਰਹ ਥਿਤੰੀ ਤੈ ਸਤਵਾਰ।"
-ਬਿਲਾ ੩, ਵਾਰ ੧, ੧੦:੧ (842)

ਥਿੰਤੀ-
"ਪੰਦ੍ਰਹ ਥਿੰਤੀ ਸਾਤਵਾਰ।"
-ਗਉ ਕਬ, ਥਿਤੀ ੧ਸ:੧ (343)

(2) ਸਥਿਰਤਾ, ਟਿਕਾਓ
"ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ।"
-ਗਉ ੫, ੧੬੨*, ੨:੨ (215)

ਥਿਧਾਈ ------ ਥਿੰਧਾ, ਚਿਕਨਾਈ
"ਅਹੰਬੁਧਿ ਮਨ ਪੂਰਿ ਥਿਧਾਈ।"
-ਗਉ ੫, ੧੬੯, ੧ :੧ (200)

ਥਿਰ -------- ਸਥਿਰ, ਠਹਿਰਿਆ ਹੋਇਆ, ਕਾਇਮ, ਅਟਲ, ਅਡੋਲ
"ਥਿਰ ਥਿਰ ਚਿਤ ਥਿਰ ਹਾਂ।"
-ਆਸਾ ੫, ੧੫੭, ੨:੧ (409)

ਥਿਰਾ-------- ਸਥਿਰ, ਅਡੋਲ
"ਬਿਨੁ ਪਰਚੈ ਨਹੀ ਥਿਰਾ ਰਹਾਇ।"
-ਗਉ ਕਬ, ਥਿਤੀ ੭:੨ (343)

ਥਿਰੁ -------- (1) ਅਡੋਲ, ਸਥਿਰ, ਕਾਇਮ
"ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ।"
-ਸਿਰੀ ੩, ੩੭, ੩:੪ (28)
"ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚੁ ਜਾਣੁ।"
-ਸਿਰੀ ੫, ਅਸ ੨੬, ੧*:੨ (70)
"ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ।" (ਟਿਕਕੇ)
-ਗਉ ੫, ੧੦੮*, ੧*:੧ (201)
"ਕੋਟਿ ਦਿਨਸ ਲਾਖ ਸਦਾ ਥਿਰੁ ਥੀਆ।" (ਅਡੋਲ)
-ਗਉ ੫, ਅਸ ੭, ੧*:੨ (239)

ਹੋਰ ਰੂਪ:

ਥਿਰੋ-
"ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ।" (ਸਥਿਰ ਹੋ ਗਿਆ)
-ਸਾਰ ੫, ੩, ੨:੨ (1203)

(2) ਸਥਿਰਤਾ, ਅਡੋਲਤਾ
"ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹ ਜੁ ਕਿਤੀਐ।"
-ਆਸਾ ੫, ਛੰਤ ੪, ੩:੫ (455)

ਥੀ --------- (1) ਹੋਣ ਦਾ ਭਾਵ

“ਤਿਨ ਹੀ ਜੈਸੀ ਥੀ ਰਹਾ ਸਤਸੰਗਤਿ ਮੇਲਿ ਮਿਲਾਇ।”
-ਸਿਰੀ ੩, ੬੧, ੧:੪ (38)

(2) ‘ਹੈ’ ਦਾ ਭੂਤ ਕਾਲ, ਸੀ
“ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ।”
-ਗੋਂਡ ਨਾਮ, ੭, ੧:੨ (875)

(3) ਤੋਂ
“ਮਿਥਿਆ ਮੋਹਿ ਮਗਨੁ ਥੀ ਰਹਿਆ ਝੂਠ ਸੰਗਿ ਲਪਟਾਨਾ।”
-ਸੂਹੀ ੫, ਛੰਤ ੧, ੧:੫ (777)

ਥੀਉ ------- ਹੋਣ ਤੋਂ ਭਾਵ
“ਜੋ ਤਿਸੁ ਭਾਵੈ ਸੋਈ ਫੁਨਿ ਥੀਉ।” (ਹੁੰਦਾ ਹੈ)
-ਗਉ ੫, ਸੁਖ ੧੧, ੫:੪ (277)
“ਤਜਿ ਆਪੁ ਬਿਨਸੀ ਤਾਪੁ ਰੇਣ ਸਾਧੂ ਥੀਉ।” (ਹੋ ਜਾ)
-ਮਾਰੂ ੫, ੨੮, ੧:੧ (1007)

ਹੋਰ ਰੂਪ:

ਥੀਓ-
“ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ।” (ਹੋ ਗਿਆ)
-ਗਉ ੫, ੧੩੬*, ੧:੨ (209)

ਥੀਓਸਿ-
“ਮੂੰ ਜੁਲਾਊਂ ਤਥਿ ਨਾਨਕ ਪਿਰੀ ਪਸੰਦੋ ਹਰਿਓ ਥੀਓਸਿ।” (ਹੋਵਾਂ)
-ਮਾਰੂ ੫, ਵਾਰ ੨੦ਸ, ੫, ੨:੨ (1101)

ਥੀਓਮਿ-
“ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ।” (ਹੋ ਗਿਆ ਹੈ, ਭਇਆ ਹੈ)
-ਸਲੋ ਫਰ, ੨੦:੨ (1378)

ਥੀਆ ------ ਹੋਣ ਦਾ ਭਾਵ, ਹੋਇਆ
“ਸਚੀ ਭਗਤੀ ਮਨੁ ਲਾਲੁ ਥੀਆ ਰਤਾ ਸਹਜਿ ਸੁਭਾਇ।”
-ਸਿਰੀ ੩, ੫੮, ੨:੧ (36)
“ਪ੍ਰਭ ਕੀਆ ਤੁਮਾਰਾ ਥੀਆ।” (ਹੋਇਆ, ਵਾਪਰਿਆ)
-ਗਉ ੫, ੧੩੦*, ੧*:੨ (207)
“ਜੈਸਾ ਕਰੇ ਤੈਸਾ ਕੋ ਥੀਆ।” (ਹੋ/ ਬਣ ਜਾਂਦਾ ਹੈ)
-ਗਉ ੫, ਸੁਖ ੧੩, ੮:੬ (280)
“ਗੁਰ ਥੀਆ ਸਾਖੀ ਤਾ ਡਿਠਮੁ ਆਖੀ ਪਿਰ ਜੇਹਾ ਅਵਰੁ ਨ ਦੀਸੈ।”
(ਹੋਇਆ/ਬਣਿਆ)
-ਆਸਾ ੫, ਛੰਤ ੪, ੪:੫ (455)
“ਜਿਸ ਤੂ ਰਾਖਹਿ ਤਿਸੁ ਦੂਖੁ ਨ ਥੀਆ।”
-ਵਡ ੫, ੭, ੩:੨ (563)

ਥੀਆਊ ----- ਹੋਵਾਂ
“ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ।”
-ਮਾਰੂ ੫, ਵਾਰ ੧੨ਸ, ੫, ੩:੧ (1098)

ਥੀਐ-------- **ਹੋਵੇ, ਹੋਣ ਦਾ ਭਾਵ**

"ਭੈ ਬਿਨੁ ਨਿਰਭਉ ਕਿਉ ਥੀਐ ਗੁਰਮੁਖਿ ਸਬਦਿ ਸਮਾਇ।"
-ਸਿਰੀ ੧, ੧੧, ੧*:੨ (18)

"ਜੋ ਪ੍ਰਭ ਭਾਵੈ ਸੋ ਥੀਐ ਅਵਰੁ ਨ ਕਰਣਾ ਜਾਇ।" (ਹੁੰਦਾ ਹੈ, ਵਾਪਰਦਾ ਹੈ)
-ਸਿਰੀ ੩, ੩੫, ੫:੧ (27)

"ਕਾਰੀ ਕਢੀ ਕਿਆ ਥੀਐ ਜਾ ਚਾਰੇ ਬੈਠੀਆ ਨਾਲਿ।" (ਹੋ ਜਾਂਦਾ ਹੈ ਭਾਵ ਕੀ ਫਰਕ ਪੈਂਦਾ ਹੈ)
-ਸਿਰੀ ੪, ਵਾਰ ੨੦ਸ, ੧, ੧:੨ (91)

"ਕਿਤੀਆ ਕੁਢੰਗ ਗੁਝਾ ਥੀਐ ਨ ਹਿਤੁ।" (ਹੁੰਦਾ ਭਾਵ ਰਹਿੰਦਾ-ਪਿਆਰ ਗੁੱਝਾ ਨਹੀਂ ਰਹਿੰਦਾ)
-ਗੂਜ ੫, ਵਾਰ ੩ਸ, ੫, ੨:੧ (518)

ਥੀਇ ------- **ਹੋ ਕੇ**

"ਤਿਨ ਜਰੁ ਵੈਰੀ ਨਾਨਕਾ ਜਿ ਬੁਢੇ ਥੀਇ ਮਰੰਨਿ।"
-ਸੂਹੀ ੩, ਵਾਰ ੧੦ਸ, ੧, ੨:੨ (788)

ਥੀਈ ------- **ਹੋਈ ਹੈ**

"ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ।"
-ਗਉ ੧, ਛੰਤ ੧, ੧:੩ (242)

"ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ।" (ਹੋ ਜਾਵੇ ਗੀ)
-ਸੂਹੀ ੩, ਅਸ ੩, ੧:੨ (755)

ਥੀਏ -------- **ਹੋਇਆ**

"ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ।"
-ਸਿਰੀ ੫, ਛੰਤ ੩, ੩੩:੧ (80)

"ਜਿਨਿ ਸੇਵਿਆ ਸੋ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ।" (ਹੋ ਗਏ)
-ਮਾਝ ੫, ੩੫, ੩:੩ (104)

"ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ।" (ਹੋ ਗਏ ਭਾਵ ਬਣ ਗਏ)
-ਆਸਾ ਫਰ, ੧, ੧*:੨ (488)

"ਹਭਿ ਗੁਣ ਤੈਡੇ ਨਾਨਕ ਜੀਉ ਮੈ ਕੂ ਥੀਏ ਮੈ ਨਿਰਗੁਣ ਤੇ ਕਿਆ ਹੋਵੈ।" (ਭਾਵ ਮਿਲੇ)
-ਰਾਮ ੫, ਵਾਰ ੧੬ਸ, ੫, ੧:੧ (964)

ਥੀਸੀ ------- **ਹੋਵੇਗਾ, ਵਾਪਰੇਗਾ**

"ਜੋ ਤਉ ਭਾਵੈ ਸੋਈ ਥੀਸੀ ਜੋ ਤੂ ਦੇਹਿ ਸੋਈ ਹਉ ਪਾਈ।"
-ਆਸਾ ੪, ਸੋਪੁ ੨, ੧*:੨ (11)

"ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।" (ਹੋ ਜਾਵੇਗਾ)
-ਸੂਹੀ ਫਰ, ੨, ੩:੨ (794)

ਥੀਜੈ -------- **ਹੋਣਾ, ਹੋਣ ਦਾ ਭਾਵ**

"ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ।"
-ਰਾਮ ੧, ਅਸ ੫, ੬:੨ (905)

ਥੀਤਿ ------ ਥਿਤਾਂ, ਚੰਨ ਦੇ ਧਰਤੀ ਦੁਆਰੇ ਚੱਕਰ ਅਨੁਸਾਰ ਮਿਥੇ ਸਮੇਂ ਦੀ ਇਕ ਇਕਾਈ
"ਸਗਲੀ ਥੀਤਿ ਪਾਸਿ ਡਾਰਿ ਰਾਖੀ।"
-ਭੈਰ ੫, ੧, ੧:੧ (1136)

ਥੀਤੇ ------- ਸਥਿਤ ਹੋਏ, ਪਕੀ ਤਰ੍ਹਾਂ ਟਿਕਾਨਾ ਕੀਤਾ
"ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ ਥੀਤੇ ਸਦ ਥਾਏ।"
-ਦੇਵ ੫, ੨੭, ੨:੨ (533)

ਥੰੀਧਾ ------ ਥਿੰਧਾ ਹੋ ਕੇ, ਭਾਵ ਲਗਨ ਨਾਲ
"ਤੇਰੀ ਭਗਤ ਕਰੈ ਜਨੁ ਥੰੀਧਾ।"
-ਸੋਰ ਕਬ, ੧੧, ੩:੪ (656)

ਥੀਰ ------- ਥਿਰ, ਸਦਾ ਕਾਇਮ
"ਆਦਿ ਅੰਤਿ ਮਧਿ ਹੋਇ ਰਹਿਆ ਥੀਰ।"
-ਗਉ ਕਬ, ਥਿਤੀ ੧੬:੩ (344)

ਥੀਵਈ ----- ਹੋਵੇ
-ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ।"
-ਗੂਜ ੫, ਵਾਰ ੧੩ਸ, ੫, ੨:੨ (521)

ਥੀਵਹਿ ----- ਹੋਵੇ, ਹੋ ਜਾਵੇ
"ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ।"
-ਸੂਹੀ ੫, ਛੰਤ ੧, ੧:੪ (777)
"ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ।"
-ਸਲੋ ਫਰ, ੧੧੭:੨ (1378)

ਹੋਰ ਰੂਪ:

ਥੀਵਹੀ-
"ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ।"
-ਸਲੋ ਫਰ, ੫੯:੨ (1381)

ਥੀਵਤੇ ------ ਹੁੰਦੇ ਹਨ
"ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰੁ ਥੀਵਤੇ ਬਿਖੈ ਬਨੁ ਫੀਕਾ ਜਾਨਿਆ।"
-ਸਿਰੀ ੫, ਛੰਤ ੩, ੩:੩ (81)

ਥੀਵਦੈ ------ ਹੁੰਦੇ
"ਗੁਹਿ ਚੇਲੇ ਰਹਿਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ।"
-ਰਾਮ ਬਸ, ਵਾਰ ੧:੬ (966)

ਹੋਰ ਰੂਪ:

ਥੀਵਦੋ-
"ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ।" (ਹੋ ਜਾਵੇ)
-ਮਾਰੂ ੫, ਵਾਰ, ੫ਸ, ੫, ੧:੨ (1095)

ਥੀਵਨਾ-

“ਪੈਨਣਾ ਰਖੁ ਪਤਿ ਪਰਮੇਸੁਰ ਫਿਰਿ ਨਾਗੇ ਨਹੀ ਥੀਵਨਾ।” (ਹੋਵਨਾ)
-ਮਾਰੂ ੫, ਅਸ ੬, ੩:੧ (1019)

ਥੀਵਨਿ-
“ਨਾਨਕ ਸੰਤ ਚਾਤ੍ਰਿਕ ਕੀ ਨਿਆਈ ਹਰਿ ਬੂੰਦ ਪਾਨ ਸੁਖ ਥੀਵਨਿ।” (ਹੁੰਦੇ ਹਨ)
-ਸਾਰ ੫, ੬੧, ੨:੨ (1222)

ਥੀਵਾ------- (1) ਹੁੰਦੀ ਹਾਂ
“ਪ੍ਰਭ ਪੇਖਤ ਜੀਵਾ ਠੰਢੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ।”
-ਸੂਹੀ ੫, ਛੰਤ ੧੧, ੨:੩ (784)

ਹੋਰ ਰੂਪ:

ਥੀਵਾਂ-
“ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ।”
-ਮਾਝ ੫, ੧੬, ੨:੩ (99)

(2) ਹੋ ਜਾਵਾਂ
“ਸਭਿ ਜੀਅ ਤੇਰੇ ਪ੍ਰਭੂ ਮੇਰੇ ਕਰਿ ਕਿਰਪਾ ਸਭ ਰੇਣ ਥੀਵਾ।”
-ਰਾਮ ੫, ਛੰਤ ੩, ੩:੫ (926)

ਥੀਵਿਆ----- ਹੋਣ ਤੋਂ ਭਾਵ, ਹੋਏ
“ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ।”
-ਸਿਰੀ ੪, ਪਹ ੩, ੧:੪ (76)

ਥੀਵੇ ------- ਹੁੰਦੇ ਹਨ, ਹੋਣ ਤੋਂ ਭਾਵ
“ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੇ।”
-ਸਿਰੀ ੪, ਵਾਰ ੩:੩ (83)
“ਕਈ ਕੋਟਿ ਗਿਰੀ ਮੇਰ ਸੁਵਰਨ ਥੀਵੇ।” (ਹੋਏ)
-ਗਉ ੫, ਸੁਖ ੧੦, ੪:੬ (276)

ਹੋਰ ਰੂਪ:

ਥੀਵੈ-
“ਮਹਾ ਉਦਾਸੁ ਤਪੀਸਰੁ ਥੀਵੈ।” (ਹੋ ਜਾਵੇ, ਬਣ ਜਾਵੇ)
-ਗਉ ੫, ਸੁਖ ੩, ੨:੨ (265)
“ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ।” (ਹੋਵੇ)
-ਵਡ ੧, ੨, ੩:੨ (557)
“ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ।”
-ਜੈਤ ੫, ਵਾਰ ੧੩ਸ, ੫, ੨:੧ (708)

ਥੁਕ ------- ਜੀਭ ਦੀਆਂ ਗਿਲਟੀਆਂ ਤੋਂ ਨਿਕਲਿਆ ਲੇਸਦਾਰ ਰਸ, ਜੋ ਅਪਵਿੱਤਰ ਮੰਨਿਆ ਜਾਂਦਾ ਹੈ। ਹੋਰ ਵੇਖੋ ‘ਥੂਕ’
“ਕੋਈ ਜਾਇ ਮਿਲੈ ਤਿਨ ਨਿੰਦਕਾਂ ਮੁਹ ਫਿਕੇ ਥੁਕ ਥੁਕ ਮੁਹਿ ਪਾਈ।”
-ਗਉ ੪, ਵਾਰ ੧੫ਸ, ੪, ੨:੨ (308)

ਹੋਰ ਰੂਪ:

ਥੁਕਾ–
"ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ।"
-ਆਸਾ ੧, ਵਾਰ ੧੯ਸ, ੧, ੧:੯ (473)

ਥੁੜੀਂਦੋ ------ ਥੁੜਦਾ, ਘਾਟੇ ਵਿਚ ਹੁੰਦਾ
"ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ।"
-ਸਲੋ ੫, ੨੦:੧ (1426)

ਥੂਕ -------- ਮੂੰਹ ਦਾ ਲੇਸਦਾਰ ਪਾਣੀ/ਪਦਾਰਥ, ਵੇਖੋ 'ਥੁਕ'
"ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭ ਬਾਦਿ ਸੀਗਾਰੁ ਫੋਕਟ ਫੋਕਟਈਆ।
"ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ।"
-ਬਿਲਾ ੪, ਅਸ ੫, ੭:੨ (836)

ਥੂਨਿ -------- ਥੰਮੀ
"ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।"
-ਗਉ ਕਬ, ਅਸ ੪੩, ੧:੧ (331)

ਹੋਰ ਰੂਪ:

ਥੂਨੀ–
"ਕਬੀਰ ਥੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ।"
-ਸਲੋ ਕਬ, ੧੬੧:੧ (1373)

ਥੂਨੀਆ–
"ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ।"
-ਆਸਾ ੫, ੪੪, ੨:੧ (381)

ਥੂਲ -------- ਸਥੂਲ, ਪ੍ਰਤੱਖ ਅਕਾਰ ਵਾਲੇ
"ਸਿਮਰਹਿ ਥੂਲ ਸੂਖਮ ਸਭਿ ਜੰਤਾ।"
-ਮਾਰੂ ੫, ਸੋਲਾ ੮, ੫:੧ (1079)

ਥੇ---------- (1) ਸੀ, ਭੂਤਕਾਲੀ ਕਿਰਿਆ
"ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ।"
-ਧਨਾ ਰਵਿ, ੧, ੨:੧ (694)

(2) ਤੈਨੂੰ
"ਨਾਨਕੁ ਜਲ ਕੌ ਮੀਨੁ ਸੈ ਥੇ ਭਾਵੈ ਰਾਖਹੁ ਪ੍ਰੀਤਿ।"
-ਪ੍ਰਭਾ ੧, ੧੩, ੫:੨ (1331)

(3) ਤੋਂ
"ਹਰਿ ਗੁਰੁ ਨਾਨਕੁ ਜਿਨ ਪਰਸਿਆਉ ਸਿ ਜਨਮ ਮਰਣ ਦੁਹ ਥੇ ਰਹਿਓ।"
-ਸਮੁ ੫, ੫:੬ (1386)

ਥੇਂ --------- ਤੂੰ
"ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ ਪੂਰਿ ਰਹਿਓ ਸ੍ਰਬ ਮਹਿ ਆਪਿ ਹੈ ਨਿਰਾਰੇ।"
-ਸਮੁ ੫, ੩:੧ (1386)

ਥੇਹਹੁ ------- ਟਿਕਾਣਾ, ਥਾਂ
"ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ।"
-ਵਡ ੧, ਅਸ ੫, ੨:੪ (582)

ਥੇਹੁ ------- (1) ਨਗਰ, ਪਿੰਡ
"ਉਜੜੁ ਥੇਹੁ ਵਸਾਇਓਨੁ ਹਉ ਤੁਧ ਵਿਟਹੁ ਕੁਰਬਾਣੁ ਜੀਉ।"
-ਸਿਰੀ ੫, ਅਸ ੨੯, ੬:੩ (73)
"ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ।"
-ਸੋਰ ੪, ਵਾਰ ੨੭:੧ (653)
(2) ਟਿਕਾਣਾ-
"ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ।"
-ਆਸਾ ੧, ਵਾਰ ੨੨ਸ, ੨, ੪:੨ (474)
"ਆਵਣ ਜਾਣਾ ਹੁਕਮੁ ਸਭੁ ਨਿਹਚਲੁ ਤੁਧੁ ਥੇਹੁ।"
-ਜੈਤ ੫, ਵਾਰ ੨੦:੪ (710)

ਥੇਕੈ ------- ਮਿਆਨ
"ਗੁਣ ਕੀ ਥੇਕੈ ਵਿਚਿ ਸਮਾਇ।"
-ਰਾਮ ੩, ਵਾਰ ੧੯ਸ, ੧, ੨:੪ (956)

ਥੇਵਾ ------- ਛਾਪ ਵਿਚ ਜੜਿਆ ਹੋਇਆ ਨਗੀਨਾ
"ਬਿਨੁ ਜੜੀਏ ਲੈ ਜੜਿਓ ਜੜਾਵਾ ਥੇਵਾ ਅਚਰਜੁ ਲਾਇਆ ਰੇ।"
-ਆਸਾ ੫, ੪੪, ੨:੨ (381)

ਥੈ--------- (1) ਕੋਲ, ਪਾਸ
"ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ।"
-ਮਾਝ ੫, ਬਾਰਾ ੯:੫ (135)
(2) 'ਹਥੈ' ਦਾ ਸੰਖੇਪ, ਹਥ ਵਿਚ (ਸ਼ਬਦਾਰਥ); ਟਿਕਾਣੇ ਸਿਰ (ਮਹਾਨਕੋਸ਼) ਨਿਰਣੈ, ਦਰਪਣ
"ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ।"
-ਆਸਾ ੩, ਅਸ ੨੭, ੩:੧ (425)
(3) ਵਿਚ ਅੰਦਰ
"ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ।"
-ਸਾਰ ੪, ਵਾਰ ੩੨ਸ, ੩, ੧:੨ (1249)

ਥੈਂ -------- ਤੈਨੂੰ
"ਥੈਂ ਭਾਵੈ ਦਰੁ ਲਹਸਿ ਪਿਰਾਣਿ।"
-ਮਲਾ ੧, ਅਸ ੪, ੨:੪ (1275)

ਥੈਲੀ ------- (1) ਮਾਇਆ / ਦੌਲਤ ਦੀ ਗੁਥੀ
"ਥੈਲੀ ਸੰਚਹੁ ਸ੍ਰਮੁ ਕਰਹੁ ਥਾਕਿ ਪਰਹੁ ਗਾਵਾਰ।"
-ਗਉ ੫, ਬਾਅ ੩੩:੩ (257)
(2) ਢਲੈ ਹੋਏ ਸੋਨੇ ਦੀ ਡਲੀ
"ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ।"

-ਧਨਾ ੫, ੫, ੩:੨ (672)

ਥੋ---------- ਸੀ
"ਸਰਨਿ ਅਕਾਸੁ ਦਸੋਦਿਸ ਨਾਹੀ ਤਬ ਇਹੁ ਨੰਦੁ ਕਾਹਾ ਥੋ ਰੇ।"
-ਗਉ ਕਬ, ੭੦, ੧*:੩ (338)

ਥੋਕ -------- (1) ਵਸਤੂਆਂ, ਚੀਜਾਂ, ਪਦਾਰਥ
"ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ।"
-ਸਿਰੀ ੫, ੭੬, ੧:੧ (44)

(2) ਕੰਮ
"ਤਿਨਿ ਸਭੇ ਥੋਕ ਸਵਾਰੇ।"
-ਸੋਰ ੫, ੮੫, ੨:੨ (629)

ਥੋਕੜੇ ------ ਪਦਾਰਥ, ਚੀਜਾਂ, ਵਸਤੂਆਂ
"ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ।"
-ਸਿਰੀ ੫, ਛੰਤ ੩, ੩੩:੨ (80)

ਥੋਕਾ -------- ਪਾਦਰਥ
"ਹਰਿ ਧਨ ਤੇ ਮੈ ਨਵ ਨਿਧਿ ਪਾਈ ਹਾਥਿ ਚਰਿਓ ਹਰਿ ਥੋਕਾ।"
-ਗੂਜ ੫, ੩, ੩:੨ (496)

ਹੋਰ ਰੂਪ:

ਥੋਕਿ-
"ਵਿਧੜੋ ਸਚ ਥੋਕਿ ਨਾਨਕ ਮਿਠੜਾ ਸੋ ਧਣੀ।"
-ਜੈਤ ੫, ਵਾਰ ੧੧ਸ, ੫, ੨:੨ (708)

ਥੋਕੁ-
"ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ।"
-ਭੈਰ ੫, ੫੫, ੪:੨ (1152)

ਥੋਥਰ ------ (1) ਥੋਥਾ, ਖਾਲੀ
" ਕਣ ਬਿਨਾ ਜੈਸੇ ਥੋਥਰ ਤੁਖਾ।"
-ਗਉ ੫, ੧੩੪, ੧:੧ (192)

(2) ਬੇ ਅਸਰ, ਬਿਰਥਾ
"ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ।"
-ਆਸਾ ੪, ੬੧ ੧:੧ (368)

ਥੋਥਰਾ ----- ਬੇ ਅਰਥ
"ਸਜਣ ਸਚੁ ਪਰਖਿ ਮੁਖਿ ਅਲਾਵਣੁ ਥੋਥਰਾ।"
-ਮਾਰੂ ੫, ਵਾਰ ੧੭ਸ, ੫, ੩:੧ (1100)

ਥੋਥਾ -------- ਖਾਲੀ, ਖੋਖਲਾ
"ਸੰਤ ਕਾ ਦੋਖੀ ਅੰਤਰਿ ਤੇ ਥੋਥਾ।"
-ਗਉ ੫, ਸੁਖ ੧੩, ੫:੫ (280)

ਥੋਰ -------- **ਥੋੜੀ, ਘਟ**

"ਬਹੁਤੁ ਓਪਮਾ ਥੋਰ ਕਹੀ।"

-ਮਾਲੀ ੫, ੩, ੪:੧ (957)

ਥੋਰਾ -------- **ਥੋੜੇ, ਘਟ**

"ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ।"

-ਗਉ ੫, ੧੨੧,* ੧:੨ (204)

"ਘਟਿ ਘਟਿ ਵਸਹਿ ਜਾਣਹਿ ਥੋਰਾ।" (ਥੋੜੇ ਹੀ ਜਾਣਦੇ ਹਨ)

-ਵਡ ੫, ੧, ੩:੧ (562)

ਹੋਰ ਰੂਪ:

ਥੋਰੀ–

"ਤਜੀਲੇ ਬਨਾਰਸ ਮਤਿ ਭਈ ਥੋਰੀ।" (ਥੋੜੀ, ਘਟ)

-ਗਉ ਕਬ, ੧੫, ੧*:੨ (326)

ਥੋਰੀਆ–

"ਮੋਹਿ ਨਿਰਗੁਨ ਮਤਿ ਥੋਰੀਆ ਤੂੰ ਸਦ ਹੀ ਦੀਨ ਦਇਆਲ।"

-ਗਉ ੫, ੧੧੬, ੨:੨ (203)

ਥੋਰੇ–

"ਹਮ ਥੋਰੇ ਤੁਮ ਬਹੁਤ ਮੁਚ।"

-ਬਸੰ ੫, ੭, ੩:੪ (1182)

ਥੋਰੈ–

"ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ।"

-ਕਾਨ ੫, ੨੫, ੧*:੨ (1302)

ਥੋੜੜੀ ------- **ਥੋੜੀ ਜਿਹੀ, ਅਲਪ ਜਿਹੀ**

"ਕਿਆ ਥੋੜੜੀ ਬਾਤ ਗੁਮਾਨੁ।"

-ਸਿਰੀ ੫, ੯੨, ੧*:੨ (50)

ਹੋਰ ਰੂਪ:

ਥੋੜੜੇ–

"ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ।"

-ਸਿਰੀ ੧, ੨੪, ੧*:੨ (23)

ਥੋੜਾ -------- **ਘਟ**

"ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ।"

-ਗਉ ੪, ਵਾਰ ੩੦ਸ, ੪, ੧:੪ (315)

ਹੋਰ ਰੂਪ:

ਥੋੜਿਆ–

"ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ।"

-ਸਿਰੀ ੪, ਵਾਰ ੮ਸ, ੩, ੨:੨ (85)

ਥੋੜੀ–

“ਕਿਸੈ ਥੋੜੀ ਕਿਸੈ ਹੈ ਘਣੇਰੀ।”

-ਮਾਝ ੩, ਅਸ ੧੭, ੩:੨ (119)

ਥੋੜੇ-

“ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ।”

-ਗਉ ੪, ਵਾਰ ੧੧:੧ (306)

ਥੋੜੈ-

“ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ।”

-ਸਿਰੀ ੧, ਅਸ ੫, ੨:੨ (56)

ਥੂਟਿਟਿ ------ ਪਸ਼ੂਆਂ ਨੂੰ ਤੋਰਨ ਲਈ ਪੈਦਾ ਕੀਤੀ ਜਾਂਦੀ ਆਵਾਜ਼

“ਜੈਸੇ ਪਨਕਤ ਥ੍ਰੂਟਿਟਿ ਹਾਂਕਤੀ।”

-ਬਸੰ ਨਾਮ, ੩, ੯, ੧*:੧ (1196)

ਦ

ਦਉਤ ------ (ਸੰ.) ਦਿਨ ਉਦੈ ਹੋਣ ਦਾ ਵੇਲਾ, ਪ੍ਰਕਾਸ਼, ਉਦਯੈ

“ਰਾਮ ਨਾਮੁ ਹਰਿ ਟੇਕ ਹੈ ਨਿਸਿ ਦਉਤ ਸਵਾਰੈ।”

-ਆਸਾ ੧, ਅਸ ੨੨, ੬:੨ (422)

ਹੋਰ ਰੂਪ:

ਦਉਤ-

“ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ।” (ਪ੍ਰਕਾਸ਼, ਚੜਨਾ ਸੂਰਜ ਚੜ੍ਹ ਪਿਆ)

-ਤੁਖਾ ੧, ਛੰਤ ੨, ੪:੧ (1110)

ਦਉਰਾਇਓ--- ਦਉੜਾਇਆ, ਭਜਾਇਆ

“ਦਹ ਦਿਸਿ ਲੈ ਇਹੁ ਮਨੁ ਦਉਰਾਇਓ ਕਵਨ ਕਰਮ ਕਰਿ ਬਾਧਾ।”

-ਗਉ ੫, ੧੬੩*, ੧:੨ (215)

ਹੋਰ ਰੂਪ:

ਦਉਰਾਵਉ-

“ਸਗਲ ਤ ਜੀਨੁ ਗਗਨ ਦਉਰਾਵਉ।” (ਭਜਾਓ, ਸੈਰ ਕਰੋ)

-ਗਉ ਕਬ, ੩੧, ੧:੨ (329)

ਦਉਰਿਓ-

“ਦੇਖੈ ਦੇਖੈ ਸੁਨੈ ਬੋਲੇ ਦਉਰਿਓ ਫਿਰਤੁ ਹੈ।” (ਭਜਿਆ, ਦੌੜਿਆ)

-ਆਸਾ ਰਵਿ, ੬, ੧*:੨ (487)

ਦਉਲਤਿ ---- (ਅ. ਦੌਲਤ) ਮਾਇਆ, ਧਨ

“ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ।”

-ਰਾਮ ਬਸ, ੩:੯ (967)

ਦਇ ------- ਦੇ ਕੇ

“ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ।”

-ਧਨਾ ੫, ੨੭, ੨:੧ (677)

ਦਇਓ------ (1) ਦਿੰਦਾ (ਸਹਾਇਕ ਕਿਰਿਆ)

“ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ।”

-ਗਉ ਕਬ, ੫੯, ੧:੧ (336)

(2) ਦਿੱਤੇ ਹਨ

“ਇਆ ਧਨ ਜੋਬਨ ਅਰੁ ਸੁਤ ਦਾਰਾ ਪੇਖਨ ਕਉ ਜੁ ਦਇਓ।”

-ਗਉ ਕਬ, ੫੯, ੩:੧ (336)

ਦਇਅਲੀਆ-- ਦਿਆਵਾਨ, ਦਿਆਲੂ

“ਨਿਰਭਉ ਨਿਰੰਕਾਰੁ ਦਇਅਲੀਆ।”

-ਮਾਰੂ ੫, ੧੮, ੧*:੧ (1004)

ਦਇਆ ----- (1) ਕਰੁਣਾ, ਦੂਜੇ ਦੇ ਦੁੱਖ ਨੂੰ ਵੇਖ ਕੇ ਮਨ ਦਾ ਦ੍ਰਵਤ ਹੋਣ ਦਾ ਭਾਵ, ਤਰਸ ਤੋਂ ਉਪਜੀ ਕ੍ਰਿਪਾ

“ਧੌਲੁ ਧਰਮੁ ਦਇਆ ਕਾ ਪੂਤੁ।”

-ਜਪੁ ੧, ੧੬:੭ (3)

“ਦਰਸਨਿ ਦੇਖਿਐ ਦਇਆ ਨ ਹੋਇ। ਲਏ ਦਿਤੇ ਵਿਣੁ ਰਹੈ ਨ ਕੋਇ।” (ਭਾਵ ਹਮਦਰਦੀ)

-ਆਸਾ ੧, ੪, ੩:੧;੨ (350)

(2) ਦਿੱਤਾ ਹੈ

“ਜਿਹ ਠਾਕੁਰ ਕਉ ਸੁਨਤ ਅਗਾਧਿ ਬੋਧਿ ਸੋ ਰਿਦੈ ਗੁਰਿ ਦਇਆ।”

-ਸੋਰ ੫, ੧੪, ੧*:੨ (612)

ਦਇਆਦਾਨੁ -- ਦਇਆ/ਕ੍ਰਿਪਾ ਦਾ ਦਾਨ

“ਕਰਿ ਦਇਆਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ।”

-ਤੁਖਾ ੧, ਛੰਤ ੬, ੫:੫ (1113)

ਦਇਆਪਤਿ -- ਮਿਹਰ ਦਾ ਪਤੀ ਭਾਵ ਮਾਲਕ, ਦਇਆ ਦਾ ਸਰੂਪ

“ਤੂ ਦਇਆਲੁ ਦਇਆਪਤਿ ਦਾਤਾ ਕਿਆ ਏਹਿ ਜੰਤ ਵਿਚਾਰੇ।”

-ਬਿਲਾ ੩, ੧, ੨:੧ (796)

“ਆਦਿ ਜੁਗਾਦਿ ਦਇਆਪਤਿ ਦਾਤਾ ਤੁਧੁ ਵਿਣੁ ਮੁਕਤਿ ਨ ਪਾਈ।”

-ਮਾਰੂ ੧, ੬, ੪:੨ (991)

ਦਇਆ ਮਤੇ -- ਦਇਆ ਵਾਲੀ ਮਤ/ ਬੁੱਧੀ

“ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ।”

-ਧਨਾ ੧, ਛੰਤ ੧, ੩:੩ (688)

ਦਇਆਰ ---- ਦਇਆਵਾਨ, ਦਇਆਲੂ

“ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ।”

-ਆਸਾ ੫, ਛੰਤ ੫, ੨:੨ (455)

“ਤੂੰ ਕਰਿ ਗਤਿ ਮੇਰੀ ਪ੍ਰਭ ਦਇਆਰ।”

-ਬਸੰ ੫, ੭, ੧*:੨ (1182)

“ਐਸੀ ਹੋਈ ਪਰੀ।”

“ਜਾਨਤੇ ਦਇਆਰ।” (ਭਾਵ ਪ੍ਰਭੂ)

-ਸਾਰ ੫, ੧੩੭, ੧* ੧;੨ (1230)

ਹੋਰ ਰੂਪ:

ਦਇਆਰਾ–
“ਜਿਸੁ ਰਾਖੈ ਆਪਿ ਰਾਮੁ ਦਇਆਰਾ।” (ਦਇਆਵਾਨ)
-ਗਉ ੫, ੭੧*, ੧*:੧ (176)

ਦਇਆਰੁ–
“ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ।” (ਦਇਆਲੂ)
-ਸੋਰ ੫, ੬੧, ੪:੨ (624)

ਦਇਆਲ---- (1) ਦਇਆ ਵਾਨ, ਮੇਹਰਬਾਨ, ਰਹੀਮ
“ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲ ਪੁਰਖੁ ਮਿਹਰਵਾਨੁ।”
-ਸਿਰੀ ੫, ੮੮, ੩:੩ (49)
“ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ।”
-ਸਿਰੀ ੫, ਛੰਤ ੩, ੫:੫ (81)

ਹੋਰ ਰੂਪ:

ਦਇਆਲੰ–
“ਸੰਤ ਉਧਰਣ ਦਇਆਲੰ ਆਸਰੰ ਗੋਪਾਲ ਕੀਰਤਨਹ।”
-ਜੈਤ ੫, ਵਾਰ ੧੭ਸ, ੫, ੧:੧ (709)

ਦਇਆਲਾ–
“ਸਿਮਰਤ ਨਾਮੁ ਸਦਾ ਸੁਹੇਲਾ ਜਿਸੁ ਦੇਵੈ ਦੀਨ ਦਇਆਲਾ ਜੀਉ।”
-ਮਾਝ ੫, ੧੫, ੧:੩ (98)

ਦਇਆਲਿ–
“ਆਪਿ ਦਇਆਲਿ ਦਇਆ ਪ੍ਰਭਿ ਧਾਰੀ।”
-ਮਾਝ ੪, ੫, ੪:੧ (95)

ਦਇਆਲੀ–
“ਜਤ ਕਤ ਤੁਮ੍ ਭਰਪੂਰ ਹਹੁ ਮੇਰੇ ਦੀਨ ਦਇਆਲੀ।”
-ਬਿਲਾ ੫, ੪੨, ੩:੨ (811)

ਦਇਆਲੁ–
“ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰ ਮੁਖਿ ਨਾਮਿ ਸਮਾਇ।”
-ਸਿਰੀ ੩, ੩੬, ੨:੪ (27)

ਦਇਆਲੈ–
“ਨੈਨ ਨਿਹਾਲੀ ਤਿਸੁ ਪੁਰਖ ਦਇਆਲੈ।”
-ਮਾਝ ੫, ੨੭, ੨:੨ (102)

(2) ਦੇਣ ਵਾਲਾ, ਦਾਤਾਰ
“ਸਭਿ ਜਾਚਿਕ ਪ੍ਰਭ ਤੁਮ੍ ਦਇਆਲ।”
-ਬਸੰ ੫, ੪, ੧:੩ (1181)
(‘ਨਿਰਣੈ’ ਤੇ ‘ਦਰਪਣ’ ਇਥੇ ਵੀ ਅਰਥ ‘ਦਇਆਵਾਨ’ ਦੇ ਕਰਦੇ ਹਨ)

ਦਈ------- (1) ਪ੍ਰਕਾਸ਼ ਰੂਪ, ਵਾਹਿਗੁਰੂ, ਵਿਧਾਤਾ

"ਪੂਰਨ ਪੂਰਿ ਰਹਿਓ ਸੰਪੂਰਨ ਸੀਤਲ ਸਾਂਤਿ ਦਇਆਲ ਦਈ।"
-ਬਿਲਾ ੫, ੯੦, ੧:੧ (822)

"ਨਿੰਦਕ ਕਉ ਦਈ ਛੋਡੈ ਨਾਹਿ।" (ਹਰਿ)
-ਭੈਰ ੫, ੫੪, ੨:੪ (1152)

(2) ਦਿਤਾ

"ਨਉ ਨਿਧਿ ਠਾਕੁਰਿ ਦਈ ਸੁਦਾਮੈ ਧ੍ਰੂਅ ਅਟਲੁ ਅਜਹੂ ਨ ਟਰਿਓ।"
-ਮਾਰੂ ਨਾਮ, ੧, ੩:੨ (1105)

"ਸੁ ਤਿਨਿ ਸਤਿਗੁਰਿ ਸੁਖ ਭਾਇ ਕ੍ਰਿਪਾ ਧਾਰੀ ਜੀਅ ਨਾਮ ਕੀ ਬਡਾਈ ਦਈ ਗੁਰ ਰਾਮਦਾਸ ਕਉ।"
-ਸਵ ੪, ਮਥੁ ੫:੪ (1404)

ਦਈਆ ------ ਹਰਿ/ਵਾਹਿਗੁਰੂ ਨੂੰ: ਦਇਆ ਦਾ ਘਰ ਪ੍ਰਭੂ (ਦਰਪਣ)

"ਜੋ ਜੋ ਮਿਲੈ ਸਾਧੂ ਜਨ ਸੰਗਤਿ ਧਨੁ ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ।"
-ਬਿਲਾ ੪, ਅਸ ੪, ੭:੨ (835)

ਦਏ ------- ਦਇਆ, ਕਰੁਣਾ

"ਮਹਾ ਮੁਗਧ ਅਜਾਨ ਅਗਿਆਨੀ ਰਾਖੇ ਧਾਰਿ ਦਏ।"
-ਬਿਲਾ ੫, ੧੨੬, ੨:੧ (829)

ਦਸ ------- (1) ਗਿਣਤੀ ਦੀ ਇਕ ਇਕਾਈ, ਸੌ ਦਾ ਦਸਵਾਂ ਹਿੱਸਾ

"ਦਸ ਅਠਾਰ ਮੈਂ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ।"
-ਸਿਰੀ ੧, ੨੬, ੩:੨ (23)

(2) ਦਸ ਦੀ ਗਿਣਤੀ ਵਾਲੇ ਪਦਾਰਥ/ਅਵਸਥਾ ਦਾ ਬੋਧਕ

"ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।" (ਦਸ ਵਰ੍ਹੇ)
-ਮਾਝ ੧, ਵਾਰ ੧ਸ, ੧, ੩:੧ (138)

"ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ।" (ਦਸ ਇੰਦਰੀਆਂ)
-ਗਉ ੫, ੧੩੨*, ੨:੨ (208)

"ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ।" (ਦਸ ਇੰਦ੍ਰੀਆਂ)
-ਸੂਹੀ ਕਬ, ੫, ੨:੧ (793)

ਦਸਅਸਟ---- ਦਸ ਤੇ ਅੱਠ ਭਾਵ ਅਠਾਰਾਂ

"ਸਭਿ ਨਿਧਾਨ ਦਸ ਅਸਟ ਨਿਧਾਨ ਠਾਕੁਰ ਕਰ ਤਲ ਧਰਿਆ।"
-ਗੂਜ ੫, ਸੋਦ ੫, ੪:੧ (10)

ਹੋਰ ਰੂਪ:

ਦਸ ਅਸਟੀ-

"ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸਅਸਟੀ ਸਿੰਮ੍ਰਿਤਾਏ।" (ਅਠਾਰਾਂ ਪੁਰਾਣ)
-ਭੈਰ ੫, ੧੫, ੩:੧ (1139)

ਦਸਅਠ ------ ਅਠਾਰਾਂ

"ਆਪੇ ਦਸਅਠ ਵਰਨ ਉਪਾਇਅਨੁ ਆਪਿ ਬ੍ਰਹਮੁ ਆਪਿ ਰਾਜੁ ਲਇਆ।"
-ਬਿਹਾ ੪, ਵਾਰ ੧੩:੨ (553)

"ਦਸਅਠ ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮੁ ਛਡਾਈ ਜੀਉ।"

-ਮਾਰੂ ੪, ੮, ੫:੩ (998)

ਹੋਰ ਰੂਪ:

ਦਸਅਠਾ–
"ਦਸਅਠਾ ਅਠਸਠੇ ਚਾਰੀ ਖਾਣੀ ਇਹੈ ਵਰਤਣਿ ਹੈ ਸਗਲ ਸੰਸਾਰੇ।"
-ਧਨਾ ਰਵਿ, ੩, ੪:੧ (694)

ਦਸਏਂ ------ ਦਸਵਾਂ
"ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ।"
-ਸਲੋ ਕਬ, ੫੮:੧ (1367)

ਦਸਹੁ ------ ਦਸੋ, ਬਤਾਉ
"ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ।"
-ਮਾਝ ੪, ੪, ੧:੨ (95)

ਦਸਹੂ ------ ਦਸਾਂਹੀ
"ਲੋਭਿ ਗ੍ਰਸਿਓ ਦਸਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ।"
-ਆਸਾ ੯, ੧, ੧*:੨ (411)

ਦਸਚਾਰਿ ---- ਚੌਦਾਂ
"ਦਸ ਚਾਰਿ ਹਟ ਤੁਧੁ ਸਾਜਿਆ ਵਾਪਾਰੁ ਕਰੀਵੇ।"
-ਸਿਰੀ ੪, ਵਾਰ ੩:੨ (83)

ਦਸਤ ------ (ਫਾ. ਦਸਤ), ਹੱਥ
"ਨ ਰਿਜਕੁ ਦਸਤ ਆ ਕਸੇ।"
-ਮਾਝ ੧, ਵਾਰ ੧੩ਸ, ੧, ੫:੧ (144)

ਦਸਤੰਗੀਰ --- (ਫਾ. ਦਸਤਗੀਰ) ਹੱਥ ਪਕੜਨ ਵਾਲਾ, ਸਹਾਇਕ
"ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।"
--ਤਿਲੰ ੧, ੧, ੨:੧ (721)

ਹੋਰ ਰੂਪ:

ਦਸਤਗੀਰੀ–
"ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ।" (ਸਹਾਇਤਾ)
-ਤਿਲੰ ਕਬ, ੧, ੧*:੨ (727)

ਦਸੰਤਣ ----- ਨਿਮਾਨਾ, ਦਾਸ
"ਦਾਸ ਦਸੰਤਣ ਭਾਇ ਤਿਨਿ ਪਾਇਆ ।"
-ਗਉ ੫, ਸੁਖ ੯, ੬:੪ (275)

ਦਸਤਾਰ ----- ਪਗੜੀ
"ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ।"
-ਮਾਰੂ ੫, ਸੋਲਾ ੧੨, ੧੨:੩ (1084)

ਦਸੰਦਾ ------ ਪੁਛਣ ਵਾਲਾ, ਸਵਾਲੀ
"ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ।"

–ਜੈਤ ੫, ਛੰਤ ੧, ੩:੨ (703)

ਦਸਦੁਆਰਾ--- ਦਸ ਦੁਆਰਾਂ ਵਾਲਾ
"ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ।"
–ਆਸਾ ਧੰਨਾ ੩, ੧:੧ (488)

ਦਸਨ ------ ਦੰਦ
"ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ।"
–ਗਾਥਾ ੫, ੧੬*:੧ (1361)

ਦਸਨਾ------ ਨਿਮਾਨਾ ਦਾਸ
"ਨਾਨਕ ਜਨ ਕਾ ਦਾਸਨਿ ਦਸਨਾ।"
–ਗਉ ੫, ਸੁਖ ੧, ੪:੧੦ (263)

ਦਸਨਿ------ ਦਸਦੇ ਹਨ
"ਦਸਨਿ ਸੰਤ ਪਿਆਰਿਆ ਸੁਣਹੁ ਲਾਇ ਚਿਤਾ।"
–ਰਾਮ ੫, ਵਾਰ ੧੯:੭ (965)

ਦਸੰਨ੍ਹਿ------ ਦਸਦੇ ਹਨ
"ਜਿਥੈ ਲੇਖਾ ਮੰਗੀਐ ਤਿਥੈ ਖੜੇ ਦਸੰਨ੍ਹਿ।"
–ਸੂਹੀ ੧, ੩, ੧*:੨ (729)
(ਨਵੇਂ ਸੰਸਕਰਣਾ ਵਿਚ ਇਹ ਸ਼ਬਦ "ਦਿਸੰਨ੍ਹਿ" ਹੈ। 'ਦਰਪਣ' ਇਸ ਨੂੰ "ਦਸੰਨ੍ਹਿ" ਕਰਕੇ ਹੀ ਅਰਥ ਦਸਦੇ ਹਨ ਕਰਦਾ ਹੈ)

ਦਸਮਦੁਆਰਾ-- ਦਿਮਾਗ (ਮਹਾਨਕੋਸ਼), ਯੋਗ ਮਤਿ ਅਨੁਸਾਰ ਸਿਰ ਦੀ ਚੋਟੀ ਦੇ ਅੰਦਰਲਾ ਉਹ ਤਿਕੋਨੀ ਥਾਂ ਪ੍ਰਾਣਾਂ ਨੂੰ ਲੈ ਜਾ ਕੇ ਸੁਰਤ ਟਿਕਾਈ ਜਾਂਦੀ ਹੈ ਤੇ ਪਰਮ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ।
"ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ।"
–ਰਾਮ ਬੇਣੀ, ੧, ੪:੧ (974)

ਹੋਰ ਰੂਪ:

ਦਸਮ ਦੁਆਰਿ–
"ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮ ਚੁਆਇਆ ਥਾ।"
–ਮਾਰੂ ੫, ੧੨, ੨:੨ (1002)

ਦਸਮੀ------ ਚੰਦਰਮਾ ਦੇ ਪੱਖ ਦੀ ਦਸਵੀਂ ਤਿਥ
"ਦਸਮੀ ਦਸ ਦੁਆਰ ਬਸਿ ਕੀਨੇ।"
–ਗਉ ੫, ਥਿਤੀ ੧੦:੧ (298)

ਦਸਰਥ ----- ਅਯੋਧਿਆ ਦਾ ਰਘੂਵੰਸ ਰਾਜਾ ਜੋ 'ਅਜ' ਦਾ ਪੁਤਰ ਤੇ ਸ੍ਰੀ ਰਾਮਚੰਦਰ ਦਾ ਪਿਤਾ ਸੀ
"ਰਘੂਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ।"
–ਸਵ ੪, ਗਯੰ ੨:੫ (1401)

ਦਸਵਾ------ ਦਸਮ
"ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ।"

-ਰਾਮ ੩, ਅਨੰ ੩੮:੨ (922)

ਦਸਵਾ ਦੁਆਰੁ – ਦਸਮ ਦੁਆਰ ਵੇਖੋ ‘ਦਸਮ ਦੁਆਰ” ਮਨ ਦੀ ਉਹ ਸ਼ਾਂਤ ਅਵਸਥਾ ਜਦੋਂ ‘ਪਰਮਸੱਤ’ (ਵਾਹਿਗੁਰੂ) ਦਾ ਅਨੁਭਵ ਹੁੰਦਾ ਹੈ
“ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ।”
-ਸਿਰੀ ੧, ੨, ੫:੨ (54)
“ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ ਦਸਵਾ ਦੁਆਰੁ ਪਾਇਆ।”
-ਆਸਾ ੩, ਛੰਤ ੭, ੪:੩ (441)

ਦਸਵੈ ------ (1) ਦਸਮ ਦੁਆਰ, ਦਸਮ ਦੁਆਰ ਵਿਚ
“ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।” (ਦਸਵਾਂ ਦੁਆਰ)
-ਮਾਝ ੩, ਅਸ ੨, ੩:੩ (110)
“ਦਸਵੈ ਨਿਜਘਰਿ ਵਾਸਾ ਪਾਏ।” (ਦਸਵੇਂ ਦੁਆਰ ਰਾਹੀਂ)
-ਮਾਝ ੩, ਅਸ ੨੫, ੬:੨ (124)
“ਦਸਵੈ ਵਾਸਾ ਅਲਖ ਅਪਾਰੈ।” (ਦਸਵੇਂ ਦੁਆਰ ਵਿਚ)
-ਮਾਰੂ ੧, ਸੋਲਾ ੧੬, ੨:੨ (1036)

ਹੋਰ ਰੂਪ:

ਦਸਵੈਂ–
“ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ।”
-ਗਉ ਕਬ, ੭੩, ੩:੨ (339)

(2) ਦਸਵੀਂ ਥਾਂ ਤੇ
“ਦਸਵੈ ਦਧਾ ਹੋਆ ਸੁਆਹ।”
-ਮਾਝ ੧, ਵਾਰ ੧ਸ, ੧, ੨:੧੦ (138)

(3) ਦਸਵਾਂ ਹਿੱਸਾ
“ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ।”
-ਗੂਜ ੩, ਵਾਰ ੪ਸ, ਕਬ, ੧:੧ (509)

(4) ਦਸਵੇਂ, ਦਸਮ
“ਦਸਵੈ ਦੁਆਰਿ ਪ੍ਰਗਟੁ ਹੋਇ ਆਇਆ।”
-ਮਾਰੂ ੪, ਸੋਲਾ ੧, ੬:੨ (1069)

ਦਸਾ ------- (1) ਦਸ
“ਅਸਟ ਦਸਾ ਖਟੁ ਤੀਨਿ ਉਪਾਏ।” (ਅੱਠ ਤੇ ਦੱਸ=ਅਠਾਰਾਂ ਪੁਰਾਣ)
-ਬਿਲਾ ੧, ਥਿਤੀ ੫:੩ (839)

(3) (ਸੰ) ਦਿਸ਼ਾ, ਤਰਫ
“ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।”
-ਬਿਲਾ ਰਵਿ, ੧, ੧:੧ (858)

(3) (ਸੰ) ਦਿਸ਼ਾ, ਤਰਫ
“ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ।”
-ਫੁਨ ੫, ੧੬:੧ (1363)

ਦਸਾਇ ----- (1) ਦਾਸਾਂ/ਸੇਵਕਾਂ ਦੇ, ਹੋਰ ਵੇਖੋ ‘ਦਸਾਇਣਾ’

“ਐਸੀ ਕਿਰਪਾ ਕਰਹੁ ਪ੍ਰਭ ਨਾਨਕ ਦਾਸ ਦਸਾਇ।”
-ਗਉ ੫, ਬਾਅ ੨੩ਸ:੨ (254)

(2) ਪੁਛ ਕੇ
“ਰਾਹੁ ਦਸਾਇ ਓਥੈ ਕੋ ਜਾਇ।”
-ਰਾਮ ੩, ਵਾਰ ੧੧ਸ, ੧, ੨:੭ (951)

ਹੋਰ ਰੂਪ:

ਦਸਾਇਆ-
“ਹਉ ਫਿਰਉ ਉਦਾਸੀ ਮੈ ਇਕੁ ਰਤਨੁ ਦਸਾਇਆ।” (ਪੁਛਿਆ)
-ਬਿਲਾ ੫, ੧, ੪:੧ (801)

ਦਸਾਇਣਾ---- ਦਾਸਾਂ ਦਾ, ਸੇਵਕਾਂ ਦਾ
“ਸੂਖ ਸਹਜ ਸਦਾ ਆਨੰਦਾ ਨਾਨਕ ਦਾਸ ਦਸਾਇਣਾ।”
-ਮਾਰੂ ੫, ਸੋਲਾ ੭, ੧੫:੩ (1078)

ਹੋਰ ਰੂਪ:

ਦਸਾਇਣੁ-
“ਦੁਇਕਰ ਜੋੜਿ ਨਾਨਕੁ ਦਾਨੁ ਮਾਂਗੈ ਤੇਰੇ ਦਾਸਨਿ ਦਾਸ ਦਸਾਇਣੁ।”
-ਨਟ ੫, ੭, ੨:੨ (979)

ਦਸਾਇਦਾ---- ਪੁਛਦਾ ਹਾਂ
“ਹਉ ਪੂੰਜੀ ਨਾਮੁ ਦਸਾਇਦਾ ਕੋ ਦਸੇ ਹਰਿ ਧਨੁ ਰਾਸਿ।”
-ਮਾਰੂ ੪, ੪, ੧:੧ (996)

ਦਸਾਇਲੇ ---- ਦਾਸਾਂ ਦੇ
“ਪਾਵਉ ਦਾਨੁ ਸਦਾ ਦਰਸੁ ਪੇਖਾ ਮਿਲੁ ਨਾਨਕ ਦਾਸ ਦਸਾਇਲੇ।”
-ਗੋਂਡ ੫, ੨, ੪:੨ (862)

ਦਸਾਈ ----- ਪੁਛਦੀ ਹਾਂ
“ਹਉ ਪੰਥੁ ਦਸਾਈ ਨਿਤ ਖੜੀ ਕੋਈ ਪ੍ਰਭੁ ਦਸੇ ਤਿਨਿ ਜਾਉ।”
-ਸਿਰੀ ੪, ੬੮, ੧:੧ (41)

ਹੋਰ ਰੂਪ:

ਦਸਾਏ-
“ਉਡਿਆ ਹੰਸੁ ਦਸਾਏ ਰਾਹ।” (ਪੁਛਦਾ ਹੈ)
-ਮਾਝ ੧, ਵਾਰ ੧ਸ, ੧, ੨:੧੨ (138)

ਦਸਾਏ------ (1) ਪੁਛਦਾ ਹੈ, ਵੇਖੋ ‘ਦੇਂਸਾਈ’
(2) ਦਾਸਾਂ ਦਾ
“ਹੋਤ ਕ੍ਰਿਪਾਲ ਦੀਨ ਦਇਆ ਪ੍ਰਭ ਜਨ ਨਾਨਕ ਦਾਸ ਦਸਾਏ।”
-ਸਾਰ ੫, ੮, ੪:੨ (1205)

ਦਸਾਹਰਾ ---- (1) ਦਿਸਦਾ ਹੈ, ਦਿਸ ਆਉਂਦਾ ਭਾਵ ਪ੍ਰਗਟ ਹੈ
“ਨਾਨਕ ਦਾਸ ਤੇਰੈ ਬਲਿਹਾਰੈ ਸਭੁ ਤੇਰਾ ਖੇਲੁ ਦਸਾਹਰਾ ਜੀਉ।”

-ਮਾਝ ੫, ੯, ੪:੩ (97)

(2) ਦਸਵਾਂ ਦਿਨ, ਜੇਠ ਸੁਧੀ ਦਸ, ਜਿਸ ਦਿਨ ਦਸ ਪਾਪ ਹਰਨ ਵਾਲੀ ਗੰਗਾ ਦਾ ਜਨਮ ਹੋਇਆ, 'ਦੁਸਹਿਰੇ' ਦਾ ਪੁਰਬ ਦਸ ਪਾਪ ਹਰਨ ਵਾਲਾ ਪੁਰਬ

"ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ।"

-ਧਨਾ ੧, ਛੰਤ ੧, ੧:੩ (687)

ਦਸਾਹਾ -----ਪੁਛਦੀ ਹਾਂ

"ਗੁਰੁ ਸਜਣੁ ਪਿਆਰਾ ਮੈ ਮਿਲਿਆ ਹਰਿ ਮਾਰਗੁ ਪੰਥੁ ਦਸਾਹਾ।"

-ਸੂਹੀ ੪, ਛੰਤ ੫, ੨:੧ (776)

ਦਸਾਕੀ -----ਦਾਸਾਂ ਦਾ

"ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ ਕਰਿ ਦਾਸਨਿ ਦਾਸ ਦਸਾਕੀ।"

-ਧਨਾ ੪, ੬, ੪:੨ (668)

ਦਸਾਣੀ -----ਦਾਸਾਂ ਦਾ

"ਹਰਿ ਕੀ ਸਰਣਿ ਪਇਆ ਹਰਿ ਜਾਪੀ ਜਨੁ ਨਾਨਕੁ ਦਾਸੁ ਦਸਾਣੀ ਹੇ।"

-ਮਾਰੂ ੫, ਸੋਲਾ ੨, ੧੬:੩ (1071)

ਦਸਾਨਿਓ ----ਦਾਸਾਂ ਦਾ

"ਕਰੁ ਮਸਤਕਿ ਧਰਿ ਕਟੀ ਜੇਵਰੀ ਨਾਨਕ ਦਾਸ ਦਸਾਨਿਓ।"

-ਸਾਰ ੫, ੬੨, ੨:੨ (1216)

ਦਸਾਨੀ -----ਦਾਸਾਂ ਦਾ

"ਦਇਆਲ ਪੁਰਖ ਕਿਰਪਾ ਕਰਹੁ ਨਾਨਕ ਦਾਸ ਦਸਾਨੀ।"

-ਗਉ ੫, ਅਸ ੫, ੮:੧ (242)

ਦਸਾਵਣਿਆ - ਦਾਸਾਂ ਦਾ

"ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ।"

-ਮਾਝ ੫, ਅਸ ੩੫, ੮:੩ (130)

ਦਸਾਵਾ -----ਪੁਛਦੀ ਹਾਂ

"ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ।"

-ਆਸਾ ੪, ੧੬, ੨:੧ (449)

ਦਸਿ -------ਬਤਾ, ਦਸ, ਗਿਆਤ ਕਰਵਾ-ਜਾਣੂ ਕਰਵਾ

"ਸਤਿਗੁਰ ਹਰਿ ਪ੍ਰਭੁ ਦਸਿ ਨਾਮੁ ਧਿਆਈ ਮਨਿ ਹਰੀ।"

-ਗਉ ੪, ਵਾਰ ੨ਸ, ੪, ੨:੧ (301)

"ਦੇਂਦਾ ਮੂੰ ਪਿਰੁ ਦਸਿ ਹਰਿ ਸਜਣੁ ਸਿਰਜਣਹਾਰਿਆ।" (ਭਾਵ ਵਿਖਾਲ)

-ਸਲੋ ੪, ੪:੪ (1421)

ਹੋਰ ਰੂਪ:

ਦਸਿਆ-

"ਸਚਾ ਭੋਜਨੁ ਭਾਉ ਸਤਿਗੁਰਿ ਦਸਿਆ।" (ਬਤਾਇਆ)

-ਮਾਝ ੧, ਵਾਰ ੧੮:੧ (146)

ਦਸਿਐ–
"ਅੰਧੇ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ।" (ਦਸਨ ਤੇ)
–ਰਾਮ ੩, ਵਾਰ ੧੬ਸ, ੨, ੧:੧ (954)

ਦਸਿਹੁ–
"ਸੇਵਾ ਕਰੀ ਤੁਸਾੜੀਆ ਮੈ ਦਸਿਹੁ ਮਿਤੁ।" (ਦੱਸਿਆ ਜੇ, ਤੁਸੀਂ ਦੱਸੋ)
–ਰਾਮ ੫, ਵਾਰ ੧੯:੫ (965)

ਦਸੀ -------- **ਦਸਾਂ**
"ਦਸੀ ਮਾਸੀ ਮਾਨਸ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ।"
--ਸਿਰੀ ੫, ਪਹ ੪, ੧:੨ (77)

ਦਸੂਣੀ------- **ਦਸ ਗੁਣੀ**
"ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ।"
–ਜਪੁ ੧, ੭:੧ (2)

ਦਸੇ -------- (1) ਬਤਾਏ, ਜਾਣੂ ਕਰਵਾਏ
"ਕੋਈ ਗੁਰਮੁਖਿ ਸਜਣੁ ਜੇ ਮਿਲੈ ਮੈ ਦਸੇ ਪ੍ਰਭੁ ਗੁਣਤਾਸੁ।"
–ਸਿਰੀ ੪, ੬੬, ੧:੨ (40)

ਹੋਰ ਰੂਪ:

ਦਸੈ–
"ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ।"
–ਮਾਝ ੧, ੨, ੧:੩ (94)

(2) ਦਸਦਾ ਹੈ
"ਕਢਿ ਕਾਗਲੁ ਦਸੇ ਰਾਹੁ।"
–ਆਸਾ ੧, ਵਾਰ ੧੫ਸ, ੧, ੪:੮ (471)

(3) ਦਸਾਂ ਹੀ, ਸਾਰੀਆਂ ਦਸਾਂ ਵਿਚ ਹੀ
"ਦਸੇ ਦਿਸਾ ਰਵਿਆ ਪ੍ਰਭੁ ਏਕੁ।"
–ਗਉ ੫, ਥਿਤੀ ੧੪:੩ (299)
"ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੋਭਾਈਆ।" (ਦਸੇ ਹੀ)
–ਮਾਰੂ ੫, ਵਾਰ ੬:੩ (1096)

ਹੋਰ ਰੂਪ:

ਦਸੈ–
"ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ।" (ਦਸੋਂ ਹੀ)
–ਆਸਾ ਕਬ, ੧੮, ੫:੧ (480)

(4) ਦਸ ਕੇ, ਚੇਤੰਨ ਕਰਵਾ ਕੇ
"ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ ਮੇਲੇਈ।"
–ਸੂਹੀ ੪, ਛੰਤ ੬, ੪: ੧ (776)

ਦਸੋ–
"ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋਰੇ।" (ਦਸੇ ਹੀ)
–ਗਉ ਕਬ, ੭੦, ੧*:੨ (338)

ਦਸੋਨਾ------- ਦਾਸਾਂ ਦਾ

"ਸਭਿ ਧਿਆਵਹੁ ਆਦਿ ਸਤੇ ਜੁਗਾਦਿ ਸਤੇ ਪਰਤਖਿ ਸਤੇ ਸਦਾ ਸਦਾ ਸਤੇ ਜਨ ਨਾਨਕੁ ਦਾਸੁ ਦਸੋਨਾ।"

-ਕਾਨ ੪, ਵਾਰ ੫:੫ (1315)

ਦਸੌ -------- ਦਸਾਂ ਹੀ

"ਘਨਹਰ ਘੋਰ ਦਸੌ ਦਿਸਿ ਬਰਸੈ ਬਿਨੁ ਜਲ ਪਿਆਸ ਨ ਜਾਈ।"

-ਮਲਾ ੧, ਅਸ ੧, ੩:੨ (1273)

ਦਸ੍ਤਗੀਰੀ ---- (ਫਾ. ਦਸਤਗੀਰੀ) ਸਹਾਇਤਾ, ਮਦਦ

"ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ।"

-ਤਿਲੰ ੫, ੫, ੨:੧ (724)

ਦਹ---------- ਦਸਾਂ

"ਇਹ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ।"

-ਗਉ ੪, ੫੯, ੧:੧ (171)

ਦਹਸਿਰਿ ---- ਦਸਾਂ ਸਿਰਾਂ ਵਾਲੇ ਅਰਥਾਤ ਰਾਵਣ

"ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ।"

-ਆਸਾ ੧, ੭, ੧:੨ (350)

ਹੋਰ ਰੂਪ:

ਦਹਸਿਰੁ-

"ਰੋਵੈ ਦਹਸਿਰੁ ਲੰਕ ਗਵਾਇ।"

-ਰਾਮ ੩, ਵਾਰ ੧੪ਸ, ੧, ੧:੭ (954)

ਦਹਸਿਰੋ-

"ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ।"

-ਸਲੋ ੧, ੨੫:੩ (1412)

ਦਹਣੁ ------- ਭਸਮ ਕਰਨ ਦੀ ਕਿਰਿਆ, ਦਾਹ

"ਅਗਹ ਗਹਣੁ ਭ੍ਰਮ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ।"

-ਸਵ ੪, ਕਲ ੫:੩ (1407)

ਦਹਤ ------- ਸਾੜਨਾ

"ਜਿਸੁ ਪਰਾਪਤਿ ਹੋਇ ਸਿਮਰੈ ਤਿਸੁ ਦਹਤ ਨਹ ਸੰਸਾਰੁ।"

-ਕੇਦਾ ੫, ੧੨, ੧:੨ (1121)

ਹੋਰ ਰੂਪ:

ਦਹਤਾ-

"ਕਲਿਮਲਹ ਦਹਤਾ ਸੁਧੁ ਕਰਤਾ ਦਿਨਸੁ ਰੈਣਿ ਅਰਾਧੋ।" (ਸਾੜਨ ਵਾਲਾ)

-ਗਉ ੫, ਛੰਤ ੩, ੧:੫ (248)

ਦਹਦਿਸ------ ਦਸ ਦਿਸ਼ਾਵਾਂ, ਦਸਾਂ ਦਿਸ਼ਾਵਾਂ ਵਿਚ ਅਰਥਾਤ ਹਰ ਥਾਂ

"ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ।"

-ਸਿਰੀ ੫, ੯੧, ੧:੧ (50)

ਹੋਰ ਰੂਪ:

ਦਹਦਿਸਹ–
“ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ।”
-ਜੈਤ ੫, ਵਾਰ ੭ਸ, ੫, ੧:੧ (707)

ਦਹਦਿਸਾ–
“ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ।”
-ਗਉ ੫, ਵਾਰ ੧੭ਸ, ੫, ੨:੧ (322)

ਦਹਦਿਸਿ–
“ਜਲਿ ਥਲਿ ਮਹੀਅਲ ਦਹ ਦਿਸਿ ਵਰਸਾਇਆ।”
-ਮਾਝ ੫, ੪੧, ੧:੨ (106)

ਦਹੰਦਿਸਿ–
“ ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ।”
-ਸਵ ੪, ਨਲ ੧੦:੩ (1400)

ਦਹਨ ------ ਭਸਮ ਕਰਨ ਲਈ, ਦਾਹ ਲਈ, ਸਾੜਨ ਲਈ
“ਸਤ੍ਰ ਦਹਨ ਹਰਿ ਨਾਮ ਕਹਨ ਅਵਰ ਕਛੁ ਨ ਉਪਾਉ।”
-ਗੂਜ ੫, ੩੧, ੨:੧ (502)
“ਮਲ ਪਾਪ ਕਲਮਲ ਦਹਨ।” (ਸਾੜ ਦਿੰਦਾ ਹੈ)
-ਬਿਲਾ ੫, ਅਸ ੧, ੨:੨ (837)

ਹੋਰ ਰੂਪ:

ਦਹਨੁ–
“ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ।” (ਭਸਮ ਹੋਣ ਦਾ ਕੰਮ)
-ਆਸਾ ੫, ਛੰਤ ੧੨, ੨:੨ (460)

ਦਹੀ ------- ਖੱਟਾ ਲਾ ਕੇ ਜਮਾਇਆ ਹੋਇਆ ਦੁੱਧ
“ਵੂਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ।”
-ਮਾਝ ੧, ਵਾਰ ੨੬ਸ, ੧, ੧:੨੧ (150)
“ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ।”
- ਸੋਰ ੧, ਅਸ ੨, ੫:੧ (635)

ਦਹੇ-------- ਸੜ ਗਏ
“ਆਵਣ ਜਾਣੁ ਭਰਮੁ ਭਉ ਨਾਠਾ ਜਨਮ ਜਨਮ ਕੇ ਕਿਲਵਿਖ ਦਹੇ।”
-ਬਿਲਾ ੫, ੧੦੩, ੧:੨ (824)

ਹੋਰ ਰੂਪ:

ਦਹੈ–
“ਅਗਨਿ ਦਹੈ ਅਰੁ ਗਰਭ ਬਸੇਰਾ।” (ਸਾੜਨਾ)
-ਗਉ ਕਬ, ੩੨, ੧*:੨ (329)
“ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ।” (ਸਾੜ ਕੇ ਦੂਰ ਕਰ ਦਿੰਦਾ ਹੈ)
-ਮਾਰੂ ੩, ਵਾਰ ੨੦:੨ (1093)

ਦਖਨਿ------ ਸਵੇਰੇ ਸੂਰਜ ਵਲ ਮੂੰਹ ਕਰਕੇ ਖੜੋਨ ਨਾਲ ਸਜੇ ਪਾਸੇ ਦੀ ਦਿਸ਼ਾ
"ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ।"
-ਪ੍ਰਭਾ ਕਬ, ੨, ੨:੧ (1349)

ਦਖਿਣਹਿ ---- ਦਖਣ ਦਿਸ਼ਾ ਵਿਚ
"ਉਤਰਿ ਦਖਿਣਹਿ ਪੁਬਿ ਅਰ ਪਸ੍ਚਮਿ ਜੈ ਜੈ ਕਾਰ ਜਪੰਥਿ ਨਰਾ।"
-ਸਵ ੩, ੧:੬ (1392)

ਦਖਿਣਾ ----- ਦਾਨ, ਭੇਟਾ
"ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ।"
-ਪ੍ਰਭਾ ੧, ੭, ੧*:੧ (1329)

ਦਖਿਣਿ ----- ਦਖਣ ਵਲ ਦੀ ਦਿਸ਼ਾ ਵਿਚ, ਵੇਖੋ 'ਦਖਨਿ'
"ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ।"
-ਸਵ ੩, ੫:੨ (1393)

ਦਗਧ ------ (ਸੰ) ਸੜਿਆ ਹੋਇਆ
" ਕਲਮਲ ਦੁਗਧ ਹੋਹਿ ਖਿਨ ਅੰਤਰਿ ਕੋਟਿ ਦਾਨ ਇਸਨਾਨ।"
-ਸਾਰ ੫, ੮੯, ੧*:੨ (1221)

ਦਗਰਾ------ ਰਾਹੀ, ਮੁਸਾਫਰ
" ਰਾਮ ਰਸਾਇਨ ਪੀਉ ਰੇ ਦਗਰਾ।"
-ਆਸਾ ਨਾਮ, ੪, ੩:੨ (486)

ਦਗਲੀ------ (ਫਾ. ਦਗਲਾ) ਕੁੜਤੀ, ਕੋਟ
"ਪਹਿਰਉ ਨਹੀ ਦਗਲੀ ਲਗੈ ਨ ਪਾਲਾ।"
-ਆਸਾ ਕਬ, ੩, ੧*:੨ (476)

ਦਗਾਈ ----- ਤਤੇ ਲੋਹੇ ਨਾਲ ਮਥੇ ਉਤੇ ਲਾਇਆ ਨਿਸ਼ਾਨ ਜੋ ਗੁਲਾਮੀ ਦਾ ਚਿੰਨ ਹੁੰਦਾ ਹੈ
"ਤੇਰੇ ਦੁਆਰੈ ਧਨਿ ਸਹਜ ਕੀ ਮਾਥੈ ਮੇਰੇ ਦਗਾਈ।"
-ਰਾਮ ਕਬ, ੪, ੨:੨ (970)

ਦਗਾਨਾ ----- ਦਾ ਗਿਆ, ਦਾਗ ਲਾਇਆ
" ਹਮਰੈ ਮਸਤਕਿ ਦਾਗੁ ਦਗਾਨਾ ਹਮ ਕਰਜ ਗੁਰੂ ਬਹੁ ਸਾਢੇ।"
-ਗਉ ੪, ੫੯, ੨:੧ (171)

ਦਝਸੀ------ ਸੜੇਗਾ
"ਕੁਫਰ ਗੋਅ ਕੁਫਰਾਣੈ ਪਇਆ ਦਝਸੀ।"
-ਮਾਝ ੧, ਵਾਰ ੯:੬ (142)

ਹੋਰ ਰੂਪ:

ਦਝਹਿ-
"ਪਵਹਿ ਦਝਹਿ ਨਾਨਕ ਤਰੀਐ ਕਰਮੀ ਲਗਿ।" (ਸੜਦੇ ਹਨ)
-ਮਾਝ ੧, ਵਾਰ ੨੦ਸ, ੧, ੨:੬ (147)
"ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ।" (ਸਾੜੇ ਜਾਂਦੇ ਹਨ)

-ਸੋਰ ੪, ਵਾਰ ੧੬ਸ, ੩, ੨:੧ (648)

ਦਝਹਿ ------ (1) ਸੜਨਾ, ਦਗਧ ਹੋਣਾ, ਵੇਖੋ ‘ਦਝਸੀ’
(2) ਸੜਨਾ, ਈਰਖਾਲੂ ਹੋਣਾ
“ਪੜਿ ਪੜਿ ਦਝਹਿ ਸਾਂਤਿ ਨ ਆਈ।”
-ਮਾਰੂ ੧, ਸੋਲ ੬, ੭:੨ (1026)

ਦਝਾਂ ------- ਸੜ ਜਾਂਦਾ
“ਸਾਂਈ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ।”
-ਸਲੋ ਫਰ, ੩:੨ (1378)

ਹੋਰ ਰੂਪ:

ਦਝਿ-
“ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ।” (ਸੜਕੇ)
-ਸੂਹੀ ੩, ਅਸ ੩, ੨:੧ (755)

ਦਝਿ ------- (1) ਸੜਕੇ, ਦਗਧ ਹੋ ਕੇ, ਵੇਖੋ ‘ਦਝਾਂ’
(2) ਈਰਖਾ ਵਿਚ ਗਲਤਾਨ ਹੋ, ਸੜਕੇ
“ਸੂਹੇ ਵੇਸਿ ਪਿਰੁ ਕਿਨੈ ਨ ਪਾਇਓ ਮਨਮੁਖਿ ਦਝਿ ਮੁਈ ਗਾਵਾਰਿ।”
-ਸੂਹੀ ੩, ਵਾਰ ੫ਸ, ੩, ੧:੨ (787)

ਦਝੈ ------- ਸੜਦੀ ਹੈ
“ਸਾਵਣਿ ਦਝੈ ਗੁਣ ਬਾਹਰੀ ਜਿਸੁ ਦੂਜੈ ਭਾਇ ਪਿਆਰੁ।”
-ਮਲਾ ੧, ਵਾਰ ੧੭ ਸ, ੩, ੨:੧ (1285)
“ਆਪਣੈ ਰੋਹਿ ਆਪੇ ਹੀ ਦਝੈ।” (ਗੁੱਸੇ ਵਿਚ ਸੜਨਾ, ਕੁੜ੍ਹਨਾ)
-ਸਲੋ ੩, ੪੬:੨ (1418)

ਦੰਡਧਾਰ ------ ਡੰਡਾ ਧਾਰ (ਜੋਗੀ) ਡੰਡਾ ਪਕੜਨ ਵਾਲਾ
“ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ।”
-ਭੈਰ ੫, ੧੫, ੧:੨ (1139)

ਦਤ--------- ਦਾਤ, ਦਾਨ, ਹੋਰ ਵੇਖੋ ‘ਦਤੁ’।
“ਕੰਚਨਾ ਬਹੁ ਦਤ ਕਰਾ।”
-ਸਾਰ ੫, ੧੩੧, ੧*:੧ (1229)

ਦੰਤ ------- ਦੰਦ
“ਤੇਰੇ ਬੰਕੇ ਲੋਇਣ ਦੰਤ ਰੀਸਾਲਾ।”
-ਵਡ ੧, ਛੰਤ ੨, ੭:੧ (567)

ਹੋਰ ਰੂਪ:

ਦੰਤਾ-
“ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ।” (ਦੰਦਾਂ ਦੇ)
-ਸੋਰ ੪, ਵਾਰ ੪ਸ, ੩, ੧:੧ (643)

ਦਤਾਰ ------ ਦਾਤਾ, ਦਾਨ ਦੇਣ ਵਾਲਾ

"ਜੇਤ ਕੀਨ ਉਪਾਰਜਨਾ ਪ੍ਰਭੁ ਦਾਨੁ ਦੇਇ ਦਾਤਾਰ।"
-ਮਾਲੀ ੫, ੭, ੧:੨ (988)

ਦਤੁ ------- (ਸੰ.) ਦਾਨ, ਬਖਸ਼ਿਸ਼, ਦਾਤ
" ਤੀਰਥੁ ਤਪੁ ਦਇਆ ਦਤੁ ਦਾਨੁ।"
-ਜਪੁ ੧, ੨੧:੧ (4)

ਦੰਤੁ -------- ਦੰਦਾਂ ਦਾ ਮੰਜਨ, ਦੰਦਾਸਾ
"ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ।"
-ਆਸਾ ੧, ੩੫, ੨:੧ (359)

ਦੰਦਖੰਡ ------ ਦੰਦ/ਹਾਥੀ ਦੰਦ ਦਾ ਟੁਕੜਾ
"ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ।"
-ਆਸਾ ੧, ਅਸ ੧੧, ੨:੨ (417)

ਦਦਾ -------- ਗੁਰਮੁਖੀ ਅੱਖਰ ਦਾ 23ਵਾਂ ਅੱਖਰ 'ਦ'
"ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ।"
-ਗਉ ੫, ਬਾਅ ੩੪:੧ (257)

ਦੰਦੀ -------- ਦੰਦਾਂ ਨੂੰ
"ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ।"
- ਸੋਰ ੪, ਵਾਰ ੧ਸ, ੪, ੧:੨ (642)

ਦਦੈ ------- 'ਦ' ਅਖਰ ਦੁਆਰਾ
"ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।"
-ਆਸਾ ੧, ਪਟੀ ੨੧:੧ (433)

ਦਧਾ -------- ਸੜਿਆ/ਜਲਿਆ ਹੋਇਆ
"ਮਨਮੁਖਿ ਨਾਮੁ ਵਿਸਾਰਿਆ ਜਿਉ ਡਵਿ ਦਧਾ ਕਾਨੁ।"
-ਸਿਰੀ ੧, ਅਸ ੧੬, ੬:੩ (63)
"ਦਸਵੈ ਦਧਾ ਹੋਆ ਸੁਆਹ।" (ਸੜ ਕੇ)
-ਮਾਝ ੧, ਵਾਰ ੧ਸ, ੧, ੨:੧੦ (138)

ਦਧਿ -------- ਦਹੀ
"ਦਧਿ ਕੈ ਭੋਲੈ ਬਿਰੋਲੈ ਨੀਰੁ।"
-ਗਉ ਕਬ, ੧੪, ੧*:੨ (326)
"ਗੁਰਮਤੀ ਦਧਿ ਮਥੀਐ ਅੰਮ੍ਰਿਤੁ ਪਾਈਐ ਨਾਮੁ ਨਿਧਾਨਾ।" ('ਸ਼ਬਦ' ਰੂਪੀ ਦਹੀਂ)
-ਮਾਰੂ ੧, ਅਸ ੧, ੩:੨ (1009)

ਦਨੋਤਿ ------ (ਸੰ.) ਦੁੱਖ ਦਿੰਦਾ
"ਨ ਦਨੋਤਿ ਜਸ ਮਰਣੇਨ ਜਨਮ ਜਰਾਧਿ ਮਰਣ ਭਇਅੰ।"
-ਗੁਜ ਜੈਦੇ, ੧, ੧*:੩ (526)

ਦਫਤਰਿ ----- (ਫਾ. ਦਫਤਰ) ਕੰਮ ਕਰਨ ਦੇ ਸਥਾਨ (ਦਫਤਰ) ਵਿਚ, ਆਫਸ ਵਿਚ
"ਜਾ ਕੈ ਦਫਤਰਿ ਪੁਛੈ ਨ ਲੇਖਾ।"

-ਗਉ ੫, ਅਸ ੬, ੬:੩ (238)
"ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ।" (ਰਬੀ ਦਰਗਾਂਹ)
-ਸਲੋ ਕਬ, ੧੯੭:੨ (1378)

ਦਫਤਰੁ ------ ਲੇਖਾ (ਭਾਵ)
"ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ।"
-ਸੂਹੀ ਕਬ, ੫, ੩:੨ (793)

ਦੰਫਾਨ ------- ਪਖੰਡ
"ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ।"
-ਸਾਰ ੫, ੨, ੩:੧ (1203)

ਦਬਟੀਐ ---- ਦਬ ਕੇ
"ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ।"
-ਰਾਮ ਬਸ, ਵਾਰ ੨:੬ (967)

ਦਬਿਓਹੁ ------ ਦਬਿਆ ਪਿਆ ਹੈ
"ਰੇ ਜਨ ਉਥਾਰੈ ਦਬਿਓਹੁ ਸੁਤਿਆ ਗਈ ਵਿਹਾਇ।"
-ਸੋਰ ੪, ਵਾਰ ੨੩ਸ, ੩, ੧:੧ (651)

ਦਬਿਆ ------ (1) ਕਾਬੂ ਕੀਤਾ, ਪਕੜ ਵਿਚ ਲੈ ਆਂਦਾ, ਦਬੋਚਿਆ
"ਰਾਤੀ ਉਘੈ ਦਬਿਆ ਨਵੇਂ ਸੋਤ ਸਭਿ ਢਿਲਾ।" (ਨੀਂਦਾ/ਦਬੋਚਿਆ)
-ਗਉ ੪, ਵਾਰ ੯ਸ, ੪, ੨:੨ (304)

(2) ਦਫਨ ਕੀਤਾ, ਜ਼ਮੀਨ ਵਿਚ ਗਡਿਆ
"ਅਨਤਾ ਧਨੁ ਧਰਿ ਦਬਿਆ ਫਿਰਿ ਬਿਖੁ ਭਾਲਣ ਗਇਆ।"
-ਸੂਹੀ ੪, ਛੰਤ ੫, ੩:੩ (776)

ਦਬੀ -------- ਨੱਪੀ ਗਈ, ਪਕੜ ਵਿਚ ਆਈ ਹੋਈ
"ਭੈ ਵਿਚਿ ਧਰਤੀ ਦਬੀ ਭਾਰਿ।"
-ਆਸਾ ੧, ਵਾਰ ੪ਸ, ੧, ੧:੪ (464)

ਦਬੀਅਹਿ ---- ਧਰਤੀ ਹੇਠ ਗਡੀਐ, ਦਫਨ ਕਰੀਏ
"ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ।"
-ਸੋਰ ੪, ਵਾਰ ੧੬ਸ, ੧, ੨:੧ (648)

ਦਬੁ -------- ਦਰਬ, ਧਨ, ਦੌਲਤ
"ਘਬੁ ਦਬੁ ਜਬ ਜਾਰੀਐ ਬਿਛੁਰਤ ਪ੍ਰੇਮ ਬਿਹਾਲ।"
-ਚਉ ੫, ੭:੧ (1364)

ਦਭੁ --------- ਘਾਹ
"ਫਰੀਦਾ ਥੀਉ ਪਵਾਹੀ ਦਭੁ।"
-ਸਲੋ ਫਰ, ੧੬:੧ (1378)

ਦਮ -------- ਪੈਸੇ
"ਬਿਨੁ ਦਮ ਕੇ ਸਉਦਾ ਨਹੀ ਹਾਟ।"

-ਗਉ ੧, ਆਸਾ ੧੨, ੫:੧ (226)

"ਸੂਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ।" (ਅਧੀ ਦਮੜੀ)

-ਬਿਲਾ ੫, ੩੭, ੩:੨ (810)

ਦੰਮ -------ਪੈਸੇ, ਮਾਇਆ

"ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ।"

-ਮਾਰੂ ੩, ਵਾਰ ੨੧ਸ, ੫, ੧:੧ (1093)

ਦਮੜਾ------ਸਿਕਾ, ਰੁਪਇਆ

"ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ।"

-ਸਿਰੀ ੫, ੨੬, ੨:੨ (70)

ਦੰਮਾ -------ਮਾਇਆ, ਪੈਸੇ

"ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ।"

-ਮਾਰੂ ੩, ਵਾਰ ੨੧ਸ, ੫, ੧:੧ (1093)

ਹੋਰ ਰੂਪ:

ਦੰਮਾਂ–

"ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ"

-ਸਲੋ ੫, ੧੯:੧ (1426)

ਦਮਾਮਾ -----ਧੌਸਾ

"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ।"

-ਮਾਰੂ ਕਬ, ੧0, ੧:੧ (1105)

ਹੋਰ ਰੂਪ:

ਦਮਾਮਿਆ–

"ਲਸਕਰ ਸਣੇ ਦਮਾਮਿਆ ਛੁਟੇ ਬੰਕ ਦੁਆਰ।"

-ਸਾਰ ੪, ਵਾਰ ੧੭ਸ, ੧, ੧:੪ (1244)

ਦਮਾਮੇ–

"ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ।"

-ਸਲੋ ਫਰ, ੪੫:੧ (1380)

ਦਮਿ -------ਸੁਆਸ/ਸਾਹ ਨਾਲ

"ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ।"

-ਬਿਹਾ ੪, ਵਾਰ ੧੯ਸ, ੩, ੨:੩ (556)

ਹੋਰ ਰੂਪ:

ਦਮੁ–

"ਇਕੁ ਦਮੁ ਸਾਚਾ ਵੀਸਰੈ ਜਾ ਵੇਲਾ ਬਿਰਥਾ ਜਾਇ।" (ਸੁਆਸ)

-ਗੂਜ ੩, ਅਸ ੧, ੯:੧ (506)

ਦੰਮੁ–

"ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ।"

-ਬਿਹਾ ੪, ਵਾਰ ੧੯ਸ, ੩, ੨:੩ (556)

"ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ।"
-ਬਿਹਾ ੪, ਵਾਰ ੧੯ਸ, ੩, ੧:੨ (556)

ਦਮੋਦਰ ------ ਜਿਸ ਦੇ ਪੇਟ ਦੁਆਲੇ ਰੱਸੀ ਸੀ, ਸ੍ਰੀ ਕ੍ਰਿਸ਼ਨ ਅਰਥਾਤ ਵਾਹਿਗੁਰੂ
"ਦੀਨ ਦਇਆਲ ਦਮੋਦਰ ਰਾਇਆ ਜੀਓ।"
-ਗਉ ੫, ੧੬੬*, ੧:੧ (216)

ਹੋਰ ਰੂਪ:

ਦਮੋਦਰੁ-
"ਦਇਆਲੁ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ।"
-ਮਾਝ ੫, ੧੩, ੨:੩ (98)

ਦਯ ------- ਰਖਿਆ ਕਰਨ ਵਾਲਾ, ਦਇਆ ਕਰਨ ਵਾਲਾ
"ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ।"
-ਗਉ ੫, ੧੧੬*, ੧*:੧ (203)

ਦਯਾ ------- ਕ੍ਰਿਪਾ, ਰਹਮ, ਦਇਆ
"ਜੀਅ ਜੰਤ ਹੋਏ ਮਿਹਰਵਾਨਾ ਦਯਾ ਧਾਰੀ ਹਰਿ ਨਾਥ।"
-ਟੋਡੀ ੫, ੧੪, ੨:੧ (714)

ਦਯਾਰੰ ------ ਦਇਆ
"ਬਿਨਵੰਤਿ ਨਾਨਕ ਹਰਿ ਗਰ ਦਯਾਰੰ।"
-ਸਸ ੫, ੬੪:੪ (1360)

ਦਯਾਲ ------ ਦਇਆਵਾਨ
"ਰੇ ਚਿਤ ਚੇਤਸਿ ਕੀ ਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ।"
-ਆਸਾ ਧੰਨਾ ੩, ੧*:੧ (488)

ਹੋਰ ਰੂਪ:

ਦਯਾਲੰ-
"ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ।"
-ਸਸ ੫, ੪੦:੩ (1357)

ਦਯਾਲਹ-
"ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ।"
-ਸਸ ੫, ੫੦:੩ (1358)

ਦਯਾਲਿ-
"ਸਤਗੁਰਿ ਦਯਾਲਿ ਹਰਿ ਨਾਮੁ ਦ੍ਰਿੜ੍ਹਾਯਾ ਤਿਸੁ ਪ੍ਰਸਾਦਿ ਵਸਿ ਪੰਚ ਕਰੇ।"
-ਸਵ ੪, ਕਲ ੩:੩ (1397)

ਦਯਾਲੁ-
"ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ।"
-ਸਵ ੫, ਮਥੁ ੪:੩ (1409)

ਦਯਿ ------- ਹਰੀ/ਵਾਹਿਗੁਰੂ ਦੇ, (ਪ੍ਰਕਾਸ਼ ਰੂਪ ਹਰਿ)
"ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।"

-ਮਾਝ ੧, ਵਾਰ ੨੬ਸ, ੧, ੧:੧੧ (150)

ਹੋਰ ਰੂਪ:

ਦਯੁ-
“ਸਭ ਹੋਈ ਛਿੰਞ ਇਕਠੀਆ ਦਯੁ ਬੈਠਾ ਵੇਖੈ ਆਪਿ ਜੀਉ।” (ਪ੍ਰਭੂ)
-ਸਿਰੀ ੫, ਅਸ ੨੯, ੧੭:੩ (74)
“ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ।” (ਪ੍ਰਭੂ)
-ਗਉ ੫, ਵਾਰ ੧੯:੫ (323)

ਦਯੁ ------- (1) ਪ੍ਰਭੂ, ਹਰਿ, ਵੇਖੋ ‘ਦਯਿ’
(2) ਪੂਜਯ ਦੇਵ
“ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ।”
-ਗਉ ੫, ੧੭੦*, ੪:੧ (218)

ਹੋਰ ਰੂਪ:

ਦਯੈ-
“ਮੈ ਜੁਗਿ ਜੁਗਿ ਦਯੈ ਸੇਵੜੀ।” (ਪ੍ਰਭੂ ਦੀ, ਪ੍ਰਕਾਸ਼ ਰੂਪ ਹਰੀ ਦੀ)
-ਸਿਰੀ ੫, ਅਸ ੨੯, ੨੧:੧ (74)

ਦਰ-------- (1) (ਫਾ. ਦਰ) ਦਰਵਾਜਾ
“ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ।”
-ਸਿਰੀ ੧, ਅਸ ੧੬, ੩:੧ (63)
“ਨਉ ਦਰ ਠਾਕੇ ਧਾਵਤੁ ਰਹਾਏ।” (ਨੌਂ ਗੋਲਕਾਂ ਰੂਪ ਦਰਵਾਜੇ)
-ਮਾਝ ੩, ਅਸ ੨੫, ੬:੧ (124)
“ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ।”
-ਗਉ ਕਬ, ੭੩, ੨:੧ (339)
(2) ਹਰੀ ਦਾ ਦਰਵਾਜਾ
“ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।”
-ਸਲੋ ਫਰ, ੨:੧ (1377)
(3) ਦਰਬਾਰ
“ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।”
-ਆਸਾ ੧, ੩੮, ੩:੨ (360)
“ਮਨੁ ਤਨੁ ਧਨੁ ਅਪੁਨਾ ਕਰਿ ਜਾਨਿਆ ਦਰ ਕੀ ਖਬਰਿ ਨ ਪਾਈ।” (ਪ੍ਰਭੂ ਦੇ ਦਰਬਾਰ ਵਿਚ)
-ਸੋਰ ੧, ੩, ੩:੨ (596)
(4) ਅੰਦਰ ਵਿਚ
“ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।”
-ਤਿਲੰ ੧, ੧, ੧:੧ (721)
“ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।”
- ਤਿਲੰ ੧, ੧, ੩:੨ (721)

ਦਰਸ ------ (1) ਦਰਸ਼ਨ, ਦੀਦਾਰ

"ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ।"
-ਮਾਝ ੫, ਬਾਰ ੧੪:੮ (136)

(2) ਦਰਸ਼ਨ, ਸ਼ਾਸ਼ਤਰ
"ਸਿਮ੍ਰਿਤ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ।"
-ਮਾਰੂ ੫, ਵਾਰ ੧੮:੩ (1100)

ਦਰਸਨ ----- (1) ਦੀਦਾਰ
"ਤੇਰੇ ਦਰਸਨ ਕਉ ਬਲਿਹਾਰਣੈ ਤੁਸਿ ਦਿਤਾ ਅੰਮ੍ਰਿਤ ਨਾਮੁ।"
-ਸਿਰੀ ੫, ੯੮, ੧*:੨ (52)

ਹੋਰ ਰੂਪ:

ਦਰਸਨੰ-
"ਮਿਸਟੰ ਸਾਧਸੰਗਿ ਹਰਿ ਨਾਨਕ ਦਾਸ ਮਿਸਟੰ ਪ੍ਰਭ ਦਰਸਨੰ।"
-ਜੈਤ ੫, ਵਾਰ ੧੧ਸ, ੫, ੧:੨ (708)

ਦਰਸਨਹ-
"ਜਨਮ ਮਰਣ ਰਹੰਤ ਸ੍ਰੋਤਾ ਸੁਖ ਸਮੂਹ ਅਮੋਘ ਦਰਸਨਹ।"
-ਸਸ ੫, ੧੯:੩ (1355)

ਦਰਸਨਾ-
"ਤਿਨ ਕਾ ਮੈ ਨ ਕਰਉ ਦਰਸਨਾ।"
-ਭੈਰ ਨਾਮ, ੨, ੧*:੨ (1163)

ਦਰਸਨਿ-
"ਦਰਸਨਿ ਤੇਰੈ ਭਵਨ ਪੁਨੀਤਾ।" (ਦਰਸਨ ਦੁਆਰਾ)
-ਮਾਝ ੫, ੧੮, ੩:੧ (99)

ਦਰਸਨੁ-
"ਬਿਨੁ ਭਾਗਾ ਦਰਸਨੁ ਨ ਥੀਐ ਭਾਗਹੀਣ ਬਹਿ ਰੋਇ।"
-ਸਿਰੀ ੪, ੬੮, ੩:੨ (41)

ਦਰਸਨੋ-
"ਦੇਖਿ ਤੁਮ੍ਹਾਰਾ ਦਰਸਨੋ ਮੇਰਾ ਮਨੁ ਧੀਰੇ।"
-ਆਸਾ ੫, ੧੧੧, ੧*:੨ (398)

(2) ਭੇਖ (ਇਹ ਛੇ ਭੇਖ ਹਨ: ਜੋਗੀ, ਜੰਗਮ, ਸੰਨਿਆਸੀ, ਬੋਧੀ, ਸਰੇਵੜੇ, ਬੈਰਾਗੀ)
"ਖਟੁ ਦਰਸਨ ਜੋਗੀ ਸੰਨਿਆਸੀ ਬਿਨੁ ਗੁਰ ਭਰਮਿ ਭੁਲਾਏ।"
-ਸਿਰੀ ੩, ਅਸ ੨੨, ੫:੧ (67)

ਹੋਰ ਰੂਪ:

ਦਰਸਨੁ-
"ਦਰਸਨੁ ਆਪਿ ਸਹਜ ਘਰਿ ਆਵੈ।" (ਭੇਖ ਇਹ ਹੋਵੇ ਕਿ ਆਪ ਸਹਜ ਆਤਮਕ ਸ਼ਾਂਤੀ ਵਾਲੀ ਅਵਸਥਾ ਪਕੜੇ)
-ਆਸਾ ੧, ਅਸ ੨, ੪:੩ (411)

"ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ।" (ਭੇਖ)
-ਮਾਰੂ ਕਬ, ੪, ੨:੨ (1103)

(3) ਸ਼ਾਸ਼ਤਰ, ਵਿਚਾਰਧਾਰਾਵਾਂ (ਛੇ ਸ਼ਾਸ਼ਤਰ: ਸਾਂਖ, ਨਿਆਇ, ਵੈਸੈਸ਼ਿਕ, ਮੀਮਾਂਸਾ, ਯੌਗ ਤੇ ਵਿਦਾਂਤ)
"ਮਨ ਚੂਰੇ ਖਟੁ ਦਰਸਨ ਜਾਣੁ।"
-ਆਸਾ ੧, ੧੧, ੧*:੧ (352)

ਹੋਰ ਰੂਪ:

ਦਰਸਨੁ-
"ਗੁਰ ਕਾ ਦਰਸਨੁ ਅਗਮ ਅਪਾਰਾ।" (ਮਤ, ਧਰਮ ਸਿਖਿਆ ਪ੍ਰਣਾਲੀ)
-ਆਸਾ ੩, ੪0, ੧:੪ (361)
"ਵਰੁ ਘਰੁ ਦਰੁ ਦਰਸਨੁ ਨਹੀ ਜਾਤਾ ਪਿਰ ਕਾ ਸਹਜੁ ਨ ਭਾਇਆ।"
- ਸੂਹੀ ੧, ਛੰਤ ੧, ੧:੪ (763)

ਦਰਸਾ ------ ਦਰਸ਼ਨ, ਦੀਦਾਰ
"ਇਕਿ ਲੂਕਿ ਨ ਦੇਵਹਿ ਦਰਸਾ।"
-ਸਿਰੀ ੫, ਅਸ ੨੭, ੬:੨ (71)

ਦਰਸਾਇਆ -- ਦਰਸ਼ਨ, ਦੀਦਾਰ
"ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ।"
-ਮਾਝ ੫, ੩੨, ੨:੩ (104)

ਦਰਸਾਇਣਾ -- ਦਰਸ਼ਨਾਂ/ਦੀਦਾਰ ਤੋਂ
"ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਗੁਰ ਦਰਸਾਇਣਾ।"
-ਮਾਰੂ ੫, ਸੋਲਾ ੭, ੮:੩ (1078)

ਦਰਸਾਏ----- ਦਰਸ਼ਨ
"ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ।"
-ਆਸਾ ੫, ੧੫੩, ੧:੧ (408)

ਦਰਸਾਯਉ --- ਦਰਸ਼ਨ ਕਰਵਾਏ, ਦਿਖਾਇਆ
"ਅਗਮੁ ਅਗੋਚਰੁ ਪਾਰਬ੍ਰਹਮੁ ਸਤਿਗੁਰਿ ਦਰਸਾਯਉ।"
-ਸਵ ੫, ਕਲ ੨:੩ (1407)

ਦਰਸਾਰ----- ਦਰਸ਼ਨ
"ਖੋਜਤੀ ਦਰਸਾਰ।"
-ਸਵ ੫, ੧੩੬, ੧*:੨ (1230)

ਹੋਰ ਰੂਪ:

ਦਰਸਾਰਾ-
"ਤੇਰਾ ਰੂਪ ਅਗੰਮੁ ਹੈ ਅਨੂਪੁ ਤੇਰਾ ਦਰਸਾਰਾ।"
-ਸੂਹੀ ੫, ੪੭, ੩:੧ (746)
ਦਰਸਾਰੀ-
"ਜਨਮ ਮਰਣ ਕੋ ਚੂਕੋ ਸਹਸਾ ਸਾਧਸੰਗਤਿ ਦਰਸਾਰੀ।" (ਦਰਸ਼ਨਾਂ ਸਦਕਾ)
-ਗਉ ੫, ੧੨੮*, ੩:੨ (207)
ਦਰਸਾਰੁ-

"ਅਵਲੋਕਨ ਪੁਨਹ ਪੁਨਹ ਕਰਉ ਜਨ ਕਾ ਦਰਸਾਰੁ।"
-ਸੂਹੀ ੫, ੪੨, ੩:੧ (745)

ਦਰਸਾਰੇ–
"ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ।"
-ਦੇਵ ੫, ੨੯, ੧:੨ (534)

ਦਰਸਾਰੈ–
"ਕਹੁ ਨਾਨਕ ਪ੍ਰਭ ਭਏ ਕ੍ਰਿਪਾਲਾ ਮਗਨ ਭਏ ਹੀਅਰੈ ਦਰਸਾਰੈ।" (ਦਰਸ਼ਨ ਕਰਕੇ)
-ਕਾਨ ੫, ੨੪, ੨:੨ (1302)

ਦਰਸਾਵਏ---- ਦਰਸ਼ਨ, ਦੀਦਾਰ
"ਦਾਸਾ ਨਹ ਭਾਵਏ ਬਿਨੁ ਦਰਸਾਵਏ ਇਕ ਖਿਨੁ ਧੀਰਜੁ ਕਿਉ ਕਰੈ।"
-ਸਿਰੀ ੫, ਛੰਤ ੩, ੧:੩ (80)

ਹੋਰ ਰੂਪ:

ਦਰਸਾਵਾ–
"ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੈ ਮੇਰੈ ਮਾਥੇ।" (ਦਰਸ਼ਨ)
-ਸਾਰ ੫, ੪੩, ੨:੧ (1213)

ਦਰਸਾਵੈ–
"ਮਨਿ ਪਿਆਸ ਬਹੁਤੁ ਦਰਸਾਵੈ।" (ਦਰਸਨ ਦੀ)
-ਨਟ ੫, ੧, ੧*:੨ (978)

ਦਰਸਿ------ (1) ਦਰਸਨ ਵਿਚ
"ਨਾਨਕ ਹਰਿ ਕੈ ਦਰਸਿ ਸਮਾਇਆ।"
-ਗਉ ੫, ਬਾਅ ੧੩:੮ (252)

(2) ਦਰਸਨ ਰਾਹੀਂ/ਦਰਸ਼ਨ ਦੁਆਰਾ
"ਤਿਸਿ ਕੈ ਦਰਸਿ ਸਭ ਪਾਪ ਮਿਟਾਵਹਿ।"
-ਗਉ ੫, ਸੁਖ ੧੭, ੮:੬ (286)

ਦਰਸੁ ------ ਦਰਸ਼ਨ ਦੀਦਾਰ
"ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ।"
-ਸਿਰੀ ੧, ਅਸ ੧੫, ੬:੩ (63)
"ਦਰਸੁ ਸਫਲਿਓ ਦਰਸੁ ਪੇਖਿਓ ਗਏ ਕਿਲਬਿਖ ਗਏ।"
-ਮਲਾ ੫, ੨੬, ੧:੧ (1272)
(ਮਹਾਨਕੋਸ਼ ਨੇ ਇਸ ਤੁਕ ਦੀ ਉਦਾਹਰਣ 'ਦਰਸੁ' ਦੇ 'ਦ੍ਰਿਸ਼' ਅਰਥ ਹੇਠ ਦਿਤੀ ਹੈ

ਹੋਰ ਰੂਪ:

ਦਰਸੈ–
"ਪੜੀਐ ਗੁਨੀਐ ਨਾਮੁ ਸਭੁ ਸੁਨੀਐ ਅਨਭਉ ਭਾਉ ਨ ਦਰਸੈ।"
-ਰਾਮ ਰਵਿ, ੧, ੧:੧ (973)

ਦਰਹਾਲੀ ---- ਤੁਰੰਤ, ਫੌਰਨ
"ਸਤਿਗੁਰ ਆਖੈ ਸਚਾ ਕਰੇ ਸਾ ਬਾਤ ਹੋਵੈ ਦਰਹਾਲੀ।

-ਰਾਮ ਬਸ, ੩:੩ (967)

ਹੋਰ ਰੂਪ:

ਦਰਹਾਲੁ–
“ਚਲੁ ਦਰਹਾਲੁ ਦੀਵਾਨਿ ਬੁਲਾਇਆ” (ਇਸ ਹਾਲ ਵਿਚ ਛੇਤੀ)
-ਸੂਹੀ ਕਬ, ੩, ੧*:੧ (792)

ਦਰਖਤ ----- (ਫਾ.ਦਰਖਤ) ਬਿਰਛ
“ਦਰਖਤ ਆਬ ਆਸ ਕਰ।”
-ਮਾਝ ੧, ਵਾਰ ੧੩ਸ, ੧, ੬:੨ (144)
“ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ।”
-ਤਿਲੰ ੫, ੧, ੧:੨ (723)

ਦਰਗਹ ----- (ਫਾ. ਦਰਗਾਹ) ਦਰਬਾਰ, ਰੱਬੀ ਕਚਿਹਿਰੀ, ਪ੍ਰਭੂ ਦੇ ਹਜੂਰ
“ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ।”
-ਸਿਰੀ ੧, ੫, ੧*:੨ (15)
“ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ।”
-ਸਿਰੀ ੧, ੧੮, ੩:੩ (21)
“ਦਰਗਹ ਅੰਦਰਿ ਪਾਈਐ ਤਗੁ ਨ ਤੁਟਸਿ ਪੂਤ।”
-ਆਸਾ ੧, ਵਾਰ ੧੫ਸ, ੧, ੩:੨ (471)
(ਮਹਾਨਕੋਸ਼ ਇਥੇ ‘ਦਰਗਹ’ ਦਾ ਅਰਥ ‘ਸਾਧੁ ਸਭਾ’ ‘ਸਤਸੰਗ’ ਕਰਦੇ ਹਨ)

ਹੋਰ ਰੂਪ:

ਦਰਗਹਿ–
“ਪੰਚੇ ਪਾਵਹਿ ਦਰਗਹਿ ਮਾਨੁ।” (ਦਰਗਾਹ ਵਿਚ)
-ਜਪੁ ੧, ੧੬:੨ (3)

ਦਰਜੀ ------ (ਫਾ. ਦਰਜ਼ੀ) ਕਪੜੇ ਸਿਊਣ ਵਾਲਾ
“ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ।”
-ਰਾਮ ੩, ਵਾਰ ੧੯ਸ, ੧, ੧:੩ (955)

ਦਰਦ ------ (ਫਾ. ਦਰਦ/ਪੀੜ, ਦੁਖ)
“ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ।”
-ਸਿਰੀ ੫, ੮੩, ੧:੩ (46)

ਦਰਦਵੰਦ ---- (ਫਾ. ਦਰਦਮੰਦ) ਦਰਦ ਵਾਲਾ, ਪੀੜਾ ਵਾਲਾ
“ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ।”
-ਆਸਾ ੧, ੩੩, ੩:੨ (358)

ਹੋਰ ਰੂਪ:

ਦਰਦਵੰਦੁ–
“ਦੁਖੀਆ ਦਰਦਵੰਦੁ ਦਰਿ ਆਇਆ।”
-ਸੂਹੀ ਰਵਿ, ੧, ੩:੧ (793)

ਦਰਦਾ ------- ਪੀੜ
"ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ।"
-ਮਾਝ ੫, ੨੪, ੨:੩ (101)

ਹੋਰ ਰੂਪ:

ਦਰਦੁ-
"ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ।" (ਪੀੜਾ)
-ਸਿਰੀ ੫, ੭੭, ੨:੨ (44)

ਦਰਪਨ ----- ਸ਼ੀਸ਼ਾ, ਆਇਨਾ
"ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨ ਨਿਆਈ।"
-ਸੋਰ ੯, ੫, ੩:੨ (632)

ਦਰਬ ------ ਧਨ, ਦੋਲਤ, ਹੋਰ ਵੇਖੋ 'ਦਰਬਿ', 'ਦਰਬੁ'
"ਕਈ ਕੋਟਿ ਪਰ ਦਰਬ ਕਉ ਹਿਰਹਿ।"
-ਗਉ ੫, ਸੁਖ ੧੦, ੨:੫ (275)

ਦਰਬਵੰਤ ---- ਧਨੀ, ਦੋਲਤਮੰਦ, ਅਮੀਰ
"ਦਰਬਵੰਤ ਦਰਬੁ ਦੇਖਿ ਗਰਬੈ ਭੂਮਵੰਤੁ ਅਭਿਮਾਨੀ।"
-ਧਨਾ ੫, ੩੪, ੧:੧ (679)

ਦਰਬਾ ------ ਧਨ, ਦੌਲਤ
"ਰਾਜ ਮਿਲਖ ਨਹੀ ਆਪਨ ਦਰਬਾ।"
-ਗਉ ੫, ੧੦੬, ੧:੨ (187)

ਦਰਬਾਰ ----- (1) (ਫਾ. ਦਰਬਾਰ) ਰਬ ਦੀ ਦਰਗਾਹ
"ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ।"
-ਧਨਾ ੫, ੨੮, ੩:੨ (678)

(2) ਬਾਦਸ਼ਾਹ ਦੀ ਸਭਾ
"ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ।"
-ਤਿਲੰ ੫, ੧, ੩:੧ (723)

ਦਰਬਾਰਨ ---- ਦਰਬਾਰ ਵਾਲੇ, ਅਰਥਾਤ ਰਾਜੇ, ਹਾਕਮ
"ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ।"
-ਗੂਜ ੫, ਅਸ ੧, ੫:੧ (507)

ਦਰਬਾਰਿ ---- (1) ਦਰਬਾਰ ਵਿਚ, ਰਾਜਸਭਾ ਵਿਚ
"ਤਿਨ ਕੇ ਮੁਖ ਸਦ ਉਜਲੇ ਤਿਤੁ ਸਚੈ ਦਰਬਾਰਿ।"
-ਸਿਰੀ ੩, ੩੮, ੧:੨ (28)

(2) ਦਰਬਾਰ ਨਾਲ
"ਸਿਫਤੀ ਗੰਢੁ ਪਵੈ ਦਰਬਾਰਿ।"
-ਮਾਝ ੧, ਵਾਰ ੧੨ਸ, ੧, ੨:੧੪ (143)

(3) ਦਰਬਾਰੀ, ਦਰਬਾਰ ਵਿਚ ਬੈਠਣ ਵਾਲਾ
"ਮੇਟੀ ਜਾਤਿ ਹੂਏ ਦਰਬਾਰਿ।"

ਗੋਂਡ ਰਵਿ, ੧, ੩:੩ (875)

ਦਰਬਾਰੀ ---- (1) ਦਰਬਾਰ ਵਾਲੇ, ਦਰਬਾਰ ਵਿਚ ਬੈਠਣ ਵਾਲੇ
"ਇਹ ਆਮਰਿ ਹਮ ਗੁਰਿ ਕੀਏ ਦਰਬਾਰੀ।"
-ਆਸਾ ੫, ੪, ੪*:੨ (371)

(2) ਦਰਬਾਰੀਆਂ ਨੇ
"ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ।"
-ਮਾਰੂ ਕਬ, ੭, ੨:੨ (1104)

ਦਰਬਾਰੁ ----- (1) ਰਬੀ ਦਰਗਾਹ, ਪ੍ਰਭੂ ਦੀ ਸਭਾ
"ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।"
-ਜਪੁ ੧, ੪:੩ (2)

(2) ਰਾਜ ਸਭਾ
"ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ।"
-ਮਾਝ ੧, ਵਾਰ ੧੩:੩ (144)

(3) ਦਰ ਦਰ, ਥਾਂ ਥਾਂ
"ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰਬਾਰੁ।"
-ਭੈਰ ੩, ੧੮, ੨:੨ (1132)

ਦਰਬਾਰੇ ----- (1) ਦਰਬਾਰ ਨੂੰ
"ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ।"
-ਮਾਝ ੫, ੮, ੩:੩ (97)

(2) ਦਰਬਾਰ ਵਿਚ, ਪ੍ਰਭੂ ਦੀ ਦਰਗਾਹ ਵਿਚ
"ਮੁਖ ਊਜਲ ਹੋਵਹਿ ਦਰਬਾਰੇ।"
-ਗਉ ੫, ੧੨੩, ੧*:੨ (190)

ਦਰਬਿ ------ ਧਨ, ਦੌਲਤ ਪਦਾਰਥ ਨਾਲ, ਹੋਰ ਵੇਖੋ 'ਦਰਬ'
"ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ।"
-ਮਾਲ ੧, ਵਾਰ ੮:੪ (141)

ਹੋਰ ਰੂਪ:

ਦਰਬੁ-
"ਬਹੁਤੁ ਦਰਬੁ ਕਰਿ ਮਨੁ ਨ ਅਘਾਨਾ।" (ਧਨ, ਦੌਲਤ)
-ਗਉ ੫, ੮੦, ੧:੧ (179)

ਦਰਬੈ-
"ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ।" (ਧਨ)
-ਗਉ ੫, ਸੁਖ ੧੫, ੨:੪ (282)

ਦਰਮਾਦੇ ----- (ਫਾ.ਦਰਮਾਂਦਾ) ਆਜਿਜ਼ /ਨਿਮਾਣਾ ਹੋ ਕੇ, ਦੀਨ ਹੋ ਕੇ, ਲਾਚਾਰ ਹੋ ਕੇ, ਥਕੇ ਹੋਏ
"ਦਰਮਾਦੇ ਠਾਢੇ ਦਰਬਾਰਿ।"
-ਬਿਲਾ ਕਬ, ੭, ੧*:੧ (856)

ਦਰਵਾਜ ----- (ਫਾ. ਦਰਵਾਜ਼ਾ) ਦਰ, ਭਿਤ, ਬੂਹਾ, ਕਿਵਾੜ

"ਏਕ ਮਸੀਤਿ ਦਸੈ ਦਰਵਾਜ।"

-ਭੈਰ ਕਬ, ੪, ੧*:੨ (1158)

ਹੋਰ ਰੂਪ:

ਦਰਵਾਜਾ-

"ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।"

-ਰਾਮ ੧, ੩, ੨:੧ (877)

ਦਰਵਾਜੇ-

"ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।"

-ਮਾਝ ੩, ਅਸ ੨, ੩:੩ (110)

"ਮੂੰਦਿ ਲੀਏ ਦਰਵਾਜੇ।"

-ਸੋਰ ਕਬ, ੧੦, ੧:੩ (656)

ਦਰਵਾਜੈ-

"ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ।" (ਦਰਵਜੇ ਉਪਰ)

-ਸਲੋ ਫਰ, ੩੯:੧ (1379)

ਦਰਵਾਣੀ ---- ਦਰਵਾਜ਼ੇ ਉਪਰ ਦਿਤਾ ਜਾਂਦਾ ਪਹਿਰਾ

"ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ।"

ਸੂਹੀ ੧, ੫, ੩:੨ (729)

ਦਰਵਾਨੀ ---- (1) ਪਹਿਰਾ

"ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ।" (ਭਾਵ ਨਿਗਰਾਨੀ)

-ਮਾਰੂ ੩, ਵਾਰ ੧੨ਸ, ੧, ੧:੩ (1090)

(2) ਪਹਿਰੇਦਾਰ

"ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ।"

-ਭੈਰ ਕਬ, ੧੭, ੨:੧ (1161)

ਦਰਵਾਨੁ ----- ਦਰਬਾਨ, ਬੂਹੇ ਤੇ ਖੜੋਤਾ ਚੌਕੀਦਾਰ

"ਦਰਿ ਸੇਵਕੁ ਦਰਵਾਨੁ ਦਰਦੁ ਤੂੰ ਜਾਣਹੀ।"

-ਆਸਾ ੧, ਅਸ ੨੧, ੩:੧ (422)

ਦਰਵਾਰ ----- ਦਰਬਾਰ, ਰਾਜ ਸਭਾ

"ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ।"

-ਸਿਰੀ ੧, ੬, ੩:੨ (16)

ਹੋਰ ਰੂਪ:

ਦਰਵਾਰਾ-

"ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ।" (ਪ੍ਰਭੂ ਦਰਬਾਰ)

-ਵਡ ੩, ਛੰਤ ੪, ੩:੬ (570)

ਦਰਵਾਰਿ-

"ਹਰਖ ਸੋਗ ਉਭੇ ਦਰਵਾਰਿ।"

-ਗਉ ੧, ਅਸ ੩, ੫:੨ (222)

ਦਰਵਾਰੀ ---- ਦਰਬਾਰ ਵਾਲੇ

"ਇਕਿ ਉਪਾਏ ਵਡ ਦਰਵਾਰੀ।"

-ਮਾਰੂ ੫, ਸੋਲ ੬, ੩:੧ (1076)

ਦਰਵਾਰੁ ----- ਰੱਬੀ ਦਰਗਾਹ, ਰੱਬੀ ਸਭਾ, ਦਰਬਾਰ

"ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ।" (ਦਰਬਾਰ ਨਾਲ ਸਬੰਧ ਰੱਖਣ ਲਈ)

-ਸਿਰੀ ੧, ੫, ੧:੩ (15)

ਹੋਰ ਰੂਪ:

ਦਰਵਾਰੇ –

"ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ।" (ਦਰਬਾਰ ਵਿਚ)

– ਸਿਰੀ ੪, ਪਹ ੪, ੫:੬ (78)

ਦਰਵੇਸ– (ਫਾ· ਦਰਵੇਸ਼) ਫਕੀਰ, ਮੰਗਤਾ

"ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ।"

-ਸਿਰੀ ੧, ਅਸ ੧, ੩:੨ (53)

"ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ।" (ਯਾਚਕ, ਅਭਿਆਗਤ)

-ਆਸਾ ੧, ੩੩, ੩:੨ (358)

ਹੋਰ ਰੂਪ:

ਦਰਵੇਸਾਂ–

"ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।"

-ਸਲੋ ਫਰ, ੬0:੨ (1381)

ਦਰਵੇਸਾਵੀ–

"ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ।" (ਦਰਵੇਸਾਂ ਵਾਲੀ)

-ਸਲੋ ਫਰ, ੧੧੮:੨ (1384)

ਦਰਵੇਸੀ–

"ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ।"

-ਸਲੋ ਫਰ, ੧੧੮:੧ (1384)

ਦਰਵੇਸੁ–

"ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ।"

-ਬਿਹਾ ੪, ਵਾਰ ੬ਸ, ੩, ੧:੧ (550)

ਦਰਾ ------- (1) ਦਰਵਾਜ਼ਿਆਂ

"ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ।"

-ਰਾਮ ੧, ੩, ੧:੧ (877)

(2) ਦਰ ਤੇ, ਦਰਗਾਹ ਵਿਚ

"ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ।"

-ਮਾਰੂ ੫, ਸੋਲਾ ੧੨, ੧:੩ (1083)

ਦਰਾਹਿ ----- ਦਵਾਰ ਵਿਚ, ਸ਼ਰਨ ਵਿਚ

"ਜੈਸੋ ਦਾਨੋ ਚਕੀ ਦਰਾਹਿ।"

-ਮਾਲੀ ੫, ੩, ੩:੪ (987)

ਹੋਰ ਰੂਪ:

ਦਰਾਹੁ–
"ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ।" (ਦਰ ਤੋਂ)

-ਸੂਹੀ ੩, ਵਾਰ ੧੦ਸ, ੧, ੧:੫ (788)

ਦਰਿ ------- (1) ਦਰਗਾਹ ਵਿਚ
"ਪੰਚੇ ਸੋਹਹਿ ਦਰਿ ਰਾਜਾਨੁ।"

-ਜਪੁ ੧, ੧੬:੩ (3)

"ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ।" (ਉਸ ਦਰਗਾਹ ਵਿਚ)

-ਸਿਰੀ ੧, ੪, ੧*:੨ (15)

(2) ਦਰਵਾਜ਼ੇ ਤੇ
"ਕੋਟਿ ਤੇ ਤੀਸ ਸੇਵਕਾ ਸਿਧ ਸਾਧਿਕ ਦਰਿ ਖਰਿਆ।" (ਦਰਵਾਜੇ ਤੇ)

-ਸਿਰੀ ੫, ੭੨, ੪:੧ (42)

"ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ।" (ਘਰ ਦੇ ਦਰਵਾਜ਼ੇ ਤੇ ਠਾਕ /ਅਟਕਾ/ਰੁਕਾਵਟ ਨਾ ਹੋਵੇ।)

-ਸਿਰੀ ੧, ਅਸ ੬, ੮:੨ (57)

"ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ।" (ਦਰਵਾਜੇ ਤੇ)

-ਵਡ ੧, ੩, ੧:੯ (558)

"ਕਹਾ ਭਇਓ ਦਰਿ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ।"

-ਧਨਾ ਨਾਮ, ੧, ੩:੩ (693)

(3) ਟੋਲੀ, ਸਮੂਹ
"ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ।" (ਸ਼ਬਦਾਰਥ ਇਥੇ ਵੀ ਅਰਥ 'ਦਰ' ਤੇ ਕਰਦਾ ਹੈ)

-ਜਪੁ ੧, ੨੭:੭ (6)

(4) ਵਾਰੋ ਵਾਰੀ, ਦਰਜਾ ਬਦਰਜਾ
"ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ।" (ਕੂਚ ਦਰ ਕੂਚ) (ਵਾਰੋ ਵਾਰੀ ਚਲੇ ਗਏ)

-ਸਿਰੀ ੧, ਅਸ ੧੭, ੩:੨ (64)

(5) ਵਿਚ, ਅੰਦਰ
"ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ।"

-ਮਾਝ ੧, ਵਾਰ ੧੦:੪ (142)

"ਤੂੰ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ।" (ਨਜ਼ਰ/ਨਿਗਰਾਨੀ ਹੇਠ/ਅੰਦਰ)

-ਸੂਹੀ ੧, ਅਸ ੪, ੩:੨ (752)

"ਊਪਰਿ ਦਰਿ ਅਸਮਾਨਿ ਪਇਆਲਿ।" (ਅੰਦਰ ਵਿਚ)

-ਮਲਾ ੧, ੬, ੨:੧ (1256)

(6) ਚੱਕੀ ਦੀ ਕਿੱਲੀ ਦਾ ਨਾਲ ਵਾਲਾ ਹਿੱਸਾ ਵੇਖੋ 'ਦਰ'
"ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ।"

-ਮਾਝ ੧, ਵਾਰ ੧੧ਸ, ੧, ੧:੪ (142)

ਦਰਿਆਉ---- ਦਰਿਆ
"ਵਧਿ ਥੀਵਹਿ ਦਰਿਆਉ ਟੁਟਿ ਨ ਥੀਵਹਿ ਵਾਹੜਾ।"
-ਸਲੋ ਫਰ, ੧੧੭:੨ (1384)

ਦਰਿ ਘਰਿ --- (1) ਭਾਵ ਇਹ ਜਹਾਨ
"ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ।"
-ਸਿਰੀ ੧, ੧੩, ੧*:੨ (19)

(2) ਭਾਵ ਹਰ ਥਾਂ
"ਨਾਨਕ ਦਰਿ ਘਰਿ ਏਕੰਕਾਰੁ।"
-ਗਉ ੧, ੭, ੪:੪ (153)

ਦਰਿਦ੍ਰ------ ਦੀਨਤਾ, ਨਿਰਧਨਤਾ, ਗਰੀਬੀ
"ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ।"
-ਸਵ ੪, ਨਲ ੬:੩ (1399)

ਹੋਰ ਰੂਪ:

ਦਰਿਦ੍ਰ -
"ਗੁਰੂ ਅਮਰਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਹਿ ਪਰੈ।"
-ਸਵ ੩, ੧੭:੬ (1396)

ਦਰਿਵਾਟ ---- ਦਰਵਾਜੇ ਦੀ ਦਲਹੀਜ਼ ਤੇ ਭਾਵ ਪ੍ਰਭੂ ਦਰ ਤੇ
"ਦਰਿਵਾਟ ਉਪਰਿ ਖਰਚੁ ਮੰਗਾ ਜਬੈ ਦੇਇ ਤ ਖਾਹਿ।"
-ਆਸਾ ੧, ਵਾਰ ੨0ਸ, ੧, ੨:੭ (473)

ਦਰੀਆ ----- ਦਰਿਆ
"ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ।"
-ਗਉ ਕਬ, ਅਸ ੬੯, ੧:੨ (338)

ਦਰੀਆਉ---- ਦਰਿਆ
" ਤਿਸ ਤੇ ਹੋਏ ਲਖ ਦਰੀਆਉ।"
-ਜਪੁ ੧, ੧੬:੨੧ (3)

ਦਰੀਆਇ --- ਦਰਿਆ ਵਿਚ
"ਕਿੰਤੀ ਇਤੁ ਦਰੀਆਇ ਵੰਞਨ੍ਹਿ ਵਹਦਿਆ।"
-ਆਸਾ ੫, ੧੧੦, ੧:੨ (398)

ਦਰੀਆਵਾ --- ਦਰਿਆ ਦਾ ਬਹੁ ਵਚਨ
"ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।"
-ਮਾਝ ੧, ਵਾਰ ੧੯ਸ, ੨, ੧:੫ (146)

ਹੋਰ ਰੂਪ:

ਦਰੀਆਵੈ-
"ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।" (ਦਰਿਆ ਦੇ)

-ਸਲੋ ਫਰ, ੯੯:੧ (1383)

ਦਰੁ ------- ਦਰਵਾਜਾ, ਦੁਆਰਾ

"ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ।"

-ਜਪ ੧, ੨੭:੧ (6)

"ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ।"

-ਕੇਦਾ ਕਬ, ੩, ੩:੨ (1123)

ਦਰੁਘਰੁ ----- ਪ੍ਰਭੂ ਦਾ ਦਰਬਾਰ

"ਢਾਢੀ ਦਰੁਘਰੁ ਪਾਇਸੀ ਸਚੁ ਰਖੈ ਉਰ ਧਾਰਿ।"

-ਗੂਜ ੩, ਵਾਰ ੧੯:੩ (516)

ਦਰੂਦ ------ (1) (ਫਾ. ਦਰੂਦ) ਨਮਾਜ਼ ਤੋਂ ਪਿਛੋਂ ਜੋ ਦੁਆ ਕਰਦੇ ਹਨ

"ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ।"

-ਸਿਰੀ ੧, ਅਸ ੧, ੩:੩ (53)

(2) ਕਿਸੇ ਪੁਰਬ ਉਤੇ ਰੋਟੀ ਭੇਟ ਕਰਨ ਸਮੇਂ ਪੜ੍ਹੀ ਜਾਂਦੀ ਦੁਆ

"ਬਾਝਹੁ ਸਤਿਗੁਰ ਆਪਣੇ ਬੈਠਾ ਝਾਕੁ ਦਰੂਦ।"

-ਮਾਰੂ ੫, ਵਾਰ ੬ਸ, ੫, ੨:੨ (1096)

ਦਰੋਗ ------ (ਫਾ. ਦਰੋਗ਼) ਝੂਠ ਮਿਥਿਆ

"ਨਾਉ ਬੀਜ ਬਖਸੀਸ ਬੋਹਲ ਦੁਨੀਆ ਸਗਲ ਦਰੋਗ।"

-ਰਾਮ ੩, ਵਾਰ ੧੭ਸ, ੧, ੨:੩ (955)

ਹੋਰ ਰੂਪ:

ਦਰੋਗੁ–

"ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ।" (ਕਲਿਪਤ, ਕਥਨ/ਵਾਰਤਾ)

-ਤਿਲੰ ਕਬ, ੧, ੨:੧ (727)

ਦਲ ------- (1) (ਸੰ.) ਟੁਕੜੇ ਟੁਕੜੇ ਕਰਨਾ, ਦਲਨ ਕਰਨਾ

"ਤਹ ਕਰ ਦਲ ਕਰਨਿ ਮਹਾਬਲੀ ਤਿਨ ਆਗਲੜੈ ਮੈ ਰਹਣੁ ਨ ਜਾਇ।"

-ਸਿਰੀ ਤਿਲੋ, ੨, ੪:੨ (92)

('ਨਿਰਣੈ' ਪਦ ਛੇਦ ਕਹਦਲ' ਕਰਦੇ ਹਨ ਤੇ ਅਰਥ ਕਰਦੇ ਹਨ ਮਲੀਦਾ ਕਰ ਦੇਣਾ)

(2) ਸਮੂਹ, ਝੁੰਡ

"ਜਬ ਜਰੀਐ ਤਬ ਹੋਇ ਭਸਮ ਤਨੁ ਰਹੈ ਕਿਰਮ ਦਲ ਖਾਈ।"

-ਸੋਰ ਕਬ, ੨, ੧:੧ (654)

ਹੋਰ ਰੂਪ:

ਦਲਆ–

"ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ।" (ਸਮੂਹ)

-ਸੂਹੀ ੪, ੨, ੧:੧ (731)

(3) ਪੰਖੜੀਆ, ਪਤੀਆਂ

"ਦੁਆਦਸ ਦਲ ਅਭ ਅੰਤਹਿ ਮੰਤ।" (ਪੰਖੜੀਆਂ ਵਾਲਾ ਹਿਰਦਾ)
-ਭੈਰ ਕਬ, ੧, ੪:੩ (1162)

(4) ਫੌਜ
"ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।"
-ਸਲੋ ੧, ੨੫:੧ (1412)

ਦਲਣ ------ ਤੋੜਨ ਵਾਲਾ, ਵੇਖੋ 'ਦਲ' (1)
"ਦਾਲਦ ਭੰਜਨ ਦੁਖ ਦਲਣ ਗੁਰਮੁਖਿ ਗਿਆਨੁ ਧਿਆਨੁ।"
-ਰਾਮ ੧, ਓਅੰ ੩੫:੪ (934)

ਦਲਲੇ ------ ਦਲ ਲਏ, ਦੂਰ ਕਰ ਲਏ
"ਪੁਰਖੋਤਮੁ ਹਰਿ ਨਾਮੁ ਜਨਿ ਗਾਇਓ ਸਭ ਦਾਲਦ ਦੁਖ ਦਲਲੇ।"
-ਨਟ ੪, ੨, ੨:੧ (975)

ਦਲਾਲ ------ ਵਿਚੋਲਾ, ਵਿਚ ਪੈ ਕੇ ਸੌਦਾ ਕਰਵਾਉਣ ਵਾਲਾ
"ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।"
-ਆਸਾ ੧, ਵਾਰ ੧੭ਸ, ੧, ੧:੩ (472)

ਦਲਾਲੀ ----- (1) ਵਿਚ ਪੈ ਕੇ ਸੌਦਾ ਕਰਵਾਉਣ ਦਾ ਇਵਜ਼ਾਨਾ/ਉਜਰਤ, ਬਦਲੇ ਵਿਚ, ਵਟਾਂਦਰੇ ਵਿਚ
"ਕੋਈ ਹੈ ਰੇ ਸੰਤੁ ਸਹਜ ਸੁਖ ਅੰਤਰਿ ਜਾ ਕਉ ਜਪੁ ਤਪੁ ਦੇਉ ਦਲਾਲੀ ਰੇ।"
-ਰਾਮ ਕਬ, ੧, ੧*:੧ (969)

(2) ਦਲੀਲ ਨਾਲ ਇਨਸਾਫ ਕਰਨਾ
"ਧਰਮ ਰਾਇ ਹੈ ਦੇਵਤਾ ਲੈ ਗਲਾ ਕਰੇ ਦਲਾਲੀ।"
-ਰਾਮ ਬਸ, ਵਾਰ ੩:੨ (967)

ਦਲਾਲੁ ------ ਵਿਚੋਲਾ, ਵਿਚ ਪੈ ਕੇ ਨਿਬੇੜਾ ਕਰਵਾਉਣ ਵਾਲਾ
"ਧਰਮ ਦਲਾਲੁ ਪਾਏ ਨੀਸਾਣੁ।"
-ਸੂਹੀ ੩, ਵਾਰ ੧੩ਸ, ੧, ੧:੫ (789)

ਦਲਿ ------- (1) ਦਲ ਕੇ, ਦਲਣ ਕਰਕੇ, ਕੁਚਲ ਕੇ
"ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ।"
-ਗੂਜ ੩, ਵਾਰ ੫ਸ, ੩, ੨:੩ (510)

ਹੋਰ ਰੂਪ:

ਦਲੈ-
"ਜਹ ਮਹਾ ਭਇਆਨ ਦੂਤ ਜਮ ਦਲੈ।"
-ਗਉ ੫, ਸੁਖ ੨, ੧:੩ (264)

(2) ਫੌਜ
"ਗੁਰ ਰਾਮਦਾਸ ਸਚੁ ਸਲ੍ ਭਣਿ ਤੂ ਅਟਲੁ ਰਾਜਿ ਅਭਗੁ ਦਲਿ।"
-ਸਵ ੪, ਸਲ ੧:੬ (1406)

ਹੋਰ ਰੂਪ:

ਦਲੁ-

“ਆਗੈ ਜਮ ਦਲੁ ਬਿਖਮੁ ਘਨਾ।”

-ਗਉ ੧, ੧੪, ੧*:੨ (155)

“ਗੁਰ ਕਿਰਪਾ ਤੇ ਦਲੁ ਸਾਧਿਆ।” (ਕਾਮਾਦਿਕਾਂ ਦੀ ਫੌਜ)

-ਗਉ ੧, ੧੪੧*, ੧:੨ (210)

ਦਵਣ ------ **ਖੰਡਣ, ਦੂਰ ਕਰਨ**

“ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਮੁਨਿੰਦ ਜੀਉ।”

-ਸਵ ੪, ਗਯੰ ੯:੩ (1403)

ਦਵਾਰੁ ------ **ਦੁਆਰਾ**

“ਨਉ ਦਰਵਾਜੇ ਦਸਵਾ ਦਆਰੁ।”

-ਗਉ ੧, ੪, ੧:੩ (152)

ਦੜਿ ------- **ਵਗੈਰਾ, ਆਦਿਕ (ਕੋਸ਼), ਅੰਦਰ (ਮਹਾਨਕੋਸ਼)**

“ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।”

-ਮਾਝ ੧, ਵਾਰ ੨੬ਸ, ੧, ੧:੮ (149)

ਦਾ -------- **(1) ਸਬੰਧ ਬੋਧਕ ਸ਼ਬਦ ਕਾ**

“ਜੀਉ ਪਿੰਡੁ ਸਭੁ ਤਿਸ ਦਾ ਤਿਸੈ ਦਾ ਆਧਾਰੁ।”

-ਸਿਰੀ ੩, ੫੭, ੪:੧ (36)

(2) ਨਾਲ

“ਚਾਕਰ ਨਹ ਦਾ ਪਾਇਨਿ੍ ਘਾਉ। (ਨਹੁੰਆਂ ਨਾਲ)

-ਮਲਾ ੧, ਵਾਰ ੨੨ਸ, ੧, ੨:੬ (1288)

(‘ਦਰਪਣ’ ਪਦ ਛੇਦ ‘ਨਹ ਦਾ’ ਕਰਕੇ ਨਹੁੰਦਰਾ ਅਰਥ ਕਰਦਾ ਹੈ)

ਦਾਉ ------- **(1) ਯੋਗ ਮੌਕਾ**

“ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।”

-ਮਾਰੂ ਕਬ, ੧੦, ੧:੨ (1105)

(2) ਸਮਾਂ, ਵੇਲਾ, ਅਵਸਰ

“ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ।”

-ਬਸੰ ੫, ੧੯, ੩:੨ (1185)

ਦਾਇਆ ---- **ਬੱਚੇ ਨੂੰ ਖਿਡਾਉਣ ਤੇ ਪਾਲਣ ਵਾਲਾ**

“ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।”

-ਜਪੁ ੧, ੩੮ਸ:੨ (8)

ਦਾਇਮ ----- **(ਅ.ਦਾਇਮ) ਹਮੇਸ਼ਾਂ, ਸਦੀਵੀ**

“ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ।”

-ਤਿਲੰ ਕਬ, ੧, ੩:੨ (727)

ਹੋਰ ਰੂਪ:

ਦਾਇਮੁ-

“ਕਾਇਮੁ ਦਾਇਮੁ ਸਦਾ ਪਾਤਿਸਾਹੀ।”

–ਗਉ ਰਵਿ, ੨, ੨:੧ (345)

ਦਾਈ ------ ਬਚੇ ਨੂੰ ਖਿਡਾਉਣ ਤੇ ਪਾਲਣ ਵਾਲੀ
"ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।"
–ਜਪੁ ੧, ੩੮ਸ:੨ (8)

ਦਾਈਐ ----- ਦਾਉ ਲਾ ਕੇ
"ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ।"
–ਮਾਝ ੧, ਵਾਰ ੨੦:੫ (147)

ਦਾਸ ------- (ਸੰ.) ਸੇਵਕ
"ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ।"
–ਸਿਰੀ ੪, ਵਾਰ ੨੦:੪ (91)

ਹੋਰ ਰੂਪ:

ਦਾਸਹ–
"ਸੁਖੁ ਪਾਇਆ ਲਗਿ ਦਾਸਹ ਪਾਇ।" (ਦਾਸਾਂ ਦੇ)
–ਗਉ ੫, ੧੧0*, ੩:੨ (202)
"ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਣਹਾਰ।" (ਦਾਸਾਂ ਨੇ)
–ਗਉ ੫, ੩੪ਸ:੧ (257)

(2) ਗੁਲਾਮ
"ਪ੍ਰਣਵਤਿ ਨਾਨਕ ਹਮ ਤਾ ਕੇ ਦਾਸ।"
–ਗਉ ੧, ਅਸ ੮, ੯:੨ (224)

(3) (ਸੰ.) ਭਾਵ ਵੈਰੀ, ਭਾਰਤ ਦੇ ਪ੍ਰਾਚੀਨ ਵਸਨੀਕ ਜਿੰਨ੍ਹਾਂ ਨੂੰ ਆਰੀਆਂ ਨੇ ਵੇਦਾਂ ਵਿਚ ਦਾਸ () ਕਿਹਾ ਹੈ ਤੇ ਜਿੰਨ੍ਹਾਂ ਨੂੰ ਉਹ ਆਪਣੇ ਵੈਰੀ ਸਮਝਦੇ ਸਨ।
"ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ।"
–ਕੇਦਾ ੫, ੨, ੧*:੨ (1119)

(4) ਭਗਤ
"ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ।"
–ਸਾਰ ਨਾਮ, ੨, ੨:੧ (1253)

ਦਾਸਤ ------ ਦਾਸ ਹੋਣ ਦਾ ਭਾਵ ਵਿਚ/ ਦਾਸ ਭਾਵ ਸਦਕਾ
"ਆਪੁ ਛੋਡਿ ਹੋਹਿ ਦਾਸਤ ਭਾਇ।"
–ਬਸੰ ੩, ੪, ੩:੩ (1173)

ਦਾਸਤਣ ----- ਸੇਵਕ ਹੋਣ ਦਾ ਭਾਵ, ਸੇਵਾ ਬਿਰਤੀ
"ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ।"
– ਆਸਾ ੫, ੧੦੬, ੩:੧ (397)

ਦਾਸਨ ------ ਦਾਸਾਂ (ਦਾ ਦਾਸ), ਸੇਵਕਾਂ (ਦਾ ਸੇਵਕ)
"ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ।"
–ਗਉ ੫, ੧੨੧*, ੧:੧ (204)
"ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ।"

‘ਦਾਸ’ ਦਾ ਬਹੁ ਵਚਨ, ਦਾਸਾਂ, ਸੇਵਕਾਂ

-ਗਉ ੪, ਵਾਰ ੧੪ਸ, ੪, ੨:੯ (308)

ਹੋਰ ਰੂਪ:

ਦਾਸੰਨਾ-

“ਹਰਿ ਦਾਸਨ ਦਾਸ ਦਾਸ ਹਮ ਕਰੀਅਹੁ ਜਨ ਨਾਨਕ ਦਾਸ ਦਾਸੰਨਾ।”

-ਬਿਲਾ ੪, ੧, ੪:੨ (799)

ਦਾਸਨਿ-

“ਨਾਨਕ ਜਨ ਕਾ ਦਾਸਨਿ ਦਸਨਾ।” (ਦਾਸਾਂ ਦਾ)

-ਗਉ ੫, ਸੁਖ ੧, ੪:੧੦ (263)

ਦਾਸਨਿਦਾਸ--- **ਦਾਸਾਂ ਦਾ ਦਾਸ**

“ਦਾਸਨਿ ਦਾਸ ਹੋਇ ਕੈ ਜਿਨੀ ਵਿਚਹੁ ਆਪੁ ਗਵਾਇਆ।”

-ਮਾਝ ੧, ਵਾਰ ੧੬:੭ (145)

ਹੋਰ ਰੂਪ:

ਦਾਸਨਿ ਦਾਸਾ

“ਭਾਈ ਰੇ ਦਾਸਨਿ ਦਾਸਾ ਹੋਇ।”

-ਸਿਰੀ ੩, ੨੧, ੧*:੧ (66

ਦਾਸਨਿ ਦਾਸਿ-

“ਜਿਉ ਅਗਨਿ ਮਰੈ ਜਲਿ ਪਾਇਐ ਤਿਉ ਤ੍ਰਿਸਨਾ ਦਾਸਨਿ ਦਾਸਿ।”

-ਸਿਰੀ ੧, ੨੧, ੨:੨ (22)

ਦਾਸਨਿਦਾਸੁ-

“ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ।”

-ਗਉ ੫, ੧੬੭*, ੩:੩ (217)

ਦਾਸਰਾ ----- **ਨਿਮਾਣਾ ਜਿਹਾ ਦਾਸ/ਸੇਵਕ/ਗੁਲਾਮ**

“ਅਪੁਨਾ ਦਾਸਰਾ ਆਪੇ ਮੁਲਿ ਲੀਉ।”

-ਗਉ ੫, ਅਸ ੯, ੬:੨ (240)

ਦਾਸਰੀ ----- **ਨਿਮਾਣੀ ਸੇਵਕਾ/ ਦਾਸੀ**

“ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ।”

-ਆਸਾ ੫, ੨੮, ੨:੨ (377)

ਦਾਸਰੇ ------ **ਸੇਵਕ**

“ਤੇਰੇ ਦਾਸਰੇ ਕਉ ਕਿਸ ਕੀ ਕਾਣਿ।”

-ਆਸਾ ੫, ੨੧, ੨:੧ (376)

ਹੋਰ ਰੂਪ:

ਦਾਸਰੋ-

“ਕਾਟਿ ਜੇਵਰੀ ਕੀਓ ਦਾਸਰੋ ਸੰਤਨ ਟਹਲਾਇਓ।”

-ਗਉ ੫, ੧੩੬, ੧:੧ (209)

ਦਾਸਾ ------ **ਸੇਵਕਾਂ**

“ਦਾਸਾ ਕੇ ਬੰਧਨ ਕਟਿਆ ਸਾਚੈ ਸਿਰਜਣਹਾਰਿ।”
-ਸਿਰੀ ੫, ੮੮, ੪:੨ (49)
“ਦੁਨੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ।” (ਸੇਵਕਾਂ ਨੂੰ)
-ਸਿਰੀ ੫, ਛੰਤ ੩, ੧:੨ (80)
“ਅੰਮ੍ਰਿਤ ਨਾਮੁ ਨਿਧਾਨ ਦਾਸਾ ਘਰਿ ਘਣਾ।” (ਦਾਸਾਂ ਦੇ)
-ਗੂਜ ੫, ਵਾਰ ੩:੩ (518)

ਹੋਰ ਰੂਪ:

ਦਾਸਾਇ–
“ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ।”
(ਦਾਸੀਆਂ/ਸੇਵਕਵਾਂ)
-ਗੂਜ ੫, ੨੧, ੨:੨ (500)

ਦਾਸਾਨ ------ ‘ਦਾਸ ’ ਦਾ ਬਹੁ ਵਚਨ, ਸੇਵਕ
“ਆਚਾਰ ਸਹਿਤ ਬ੍ਰਿਪ ਕਰਹਿ ਡੰਡਉਤਿ ਤਿਨ ਤਨੈ ਰਵਿਦਾਸ ਦਾਸਾਨ ਦਾਸਾ।”
-ਮਲਾ ਰਵਿ, ੨, ੩:੨ (1293)

ਦਾਸਾਰਾ ----- ਦਾਸਾਂ ਦੀ
“ਦਾਨੁ ਪਾਵਉ ਸੰਤਾ ਸੰਗੁ ਨਾਨਕ ਰੇਨੁ ਦਾਸਾਰਾ।”
-ਮਾਰੂ ੫, ੨੧, ੪:੨ (1006)

ਦਾਸਾਵੀਆ --- ਦਾਸੀਆਂ
“ਮਨਿ ਦਰਸਨ ਕੀ ਪਿਆਸ ਚਰਣ ਦਾਸਾਵੀਆ।”
-ਰਾਮ ੫, ਵਾਰ ੧੫:੬ (964)

ਦਾਸਿ ------ (1) ਦਾਸ/ਦਾਸੀ ਨੂੰ
“ਦਾਸਿ ਸਲਾਮੁ ਕਰਤ ਕਤ ਸੋਭਾ।”
-ਗਉ ੫, ੧੪੫, ੨:੨ (195)
“ਦਾਸਨ ਕੀ ਹੋਇ ਦਾਸਿ ਦਾਸਰੀ ਤਾ ਪਾਵਹਿ ਸੋਭਾ ਹਰਿ ਦੁਆਰੀ।” (ਦਾਸਾਂ ਦੀ)
-ਆਸਾ ੫, ੨੮, ੨:੨ (377)
“ਨਾਨਕ ਦਾਸਿ ਵਖਾਣੀ।” (ਦਾਸ ਨੇ)
-ਸੋਰ ੫, ੮੨, ੨:੩ (629)
(2) ਦਾਸੀ, ਸੇਵਕਾਂ
“ਗਿਆਨੀ ਕੀ ਹੋਇ ਵਰਤੀ ਦਾਸਿ।”
-ਆਸਾ ੫, ੧, ੪:੧ (370)
“ਗਹਿ ਭੁਜਾ ਲੀਨੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ।”
-ਬਿਲਾ ੫, ਛੰਤ ੨, ੩:੩ (846)
“ਜਾ ਕੈ ਸਿਮਰਨਿ ਕਵਲਾ ਦਾਸਿ।” (ਦਾਸ ਬਣ ਜਾਂਦੀ ਹੈ)
-ਮਾਲੀ ੫, ੨, ੩:੨ (986)

ਦਾਸੀ ------ (1) ਸੇਵਕਾਂ, ਟਹਿਲਣ
“ਸੰਤ ਦਾਸੀ ਸੇਵਾ ਚਰਣੀ ਜੀਉ।”
-ਗਉ ੫, ੧੬੬*, ੨:੨ (216)

“ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ।”
-ਗਉ ੩, ਅਸ ੪, ੬:੧ (231)

(2) ਸੇਵਕਾਂ ਦੀ
“ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ।”
-ਬਿਲਾ ੫, ੩੪, ੨:੨ (809)

ਦਾਸੰੀ ------ ਦਾਸਾਂ ਨੇ, ਸੇਵਕਾਂ /ਟਹਿਲੀਆਂ ਨੇ
“ਦਾਸੰੀ ਹਰਿ ਕਾ ਨਾਮੁ ਧਿਆਇਆ।”
-ਧਨਾ ੫, ੫੭, ੧:੨ (684)

ਦਾਸੀਆ ---- ਟਹਿਲਣਾਂ, ‘ਦਾਸ’ ਦਾ ਬਹੁ ਵਚਨ
“ਹਮ ਸਹ ਕੇਰੀਆ ਦਾਸੀਆ ਸਾਚਾ ਖਸਮੁ ਹਮਾਰਾ।”
-ਸੂਹੀ ੧, ੪, ੫:੨ (729)

ਦਾਸੁ ------- ਸੇਵਕ, ਟਹਿਲੀਆ
“ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।”
-ਗਉ ੫, ਸੋਹ ੫, ੪:੨ (13)
“ਜਿਉ ਭਾਵੈ ਤਿਉ ਰਾਖੁ ਤੂੰ ਨਾਨਕੁ ਤੇਰਾ ਦਾਸੁ।”
-ਸਿਰੀ ੪, ਵਾਰ ੯ਸ, ੩, ੨:੮ (86)

ਦਾਸੇ ------- (1) ਸੇਵਕ
“ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ।”
-ਮਾਝ ੫, ੨੧, ੪:੩ (100)

(2) ਦਾਸ/ਸੇਵਕ ਨੂੰ
“ਜੈਸੀ ਦਾਸੇ ਧੀਰ ਮੀਰ।”
-ਬਸੰ ੫, ੬, ੧:੩ (1181)

ਦਾਸੋ ------- ਦਾਸ, ਸੇਵਕ
“ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕ ਤਾ ਕਾ ਦਾਸੋ।”
-ਰਾਮ ੧, ਸਿਗੋ ੫:੪ (638)

ਦਾਹਨਹਾਰ --- ਸਾੜ ਸਕਨ ਦੇ ਸਮਰਥ
“ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ।”
-ਗਉ ੫, ਛੰਤ ੩, ੧ਸ:੨ (248)

ਦਾਹਨੇ ------ ਸਜੇ
“ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ।”
-ਗਉ ਕਬ, ੫੧, ੪:੧ (334)

ਦਾਹਾ------- ਦਿਨ
“ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ।”
-ਆਸਾ ੫, ੧੨੩, ੧:੧ (401)

ਦਾਹਿਣੈ ----- ਸਜੇ ਹਥ
“ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ।”

-ਸਵ ੩, ੯:੧ (1394)

ਦਾਖ ------- ਸੁਕਾ ਹੋਇਆ ਅੰਗੂਰ

“ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ।”

-ਸਲੋ ਫਰ, ੨੩:੧ (1379)

ਦਾਗ ------ (ਫਾ. ਦਾਗ਼) ਨਿਸ਼ਾਨ

“ਸਭਾ ਕਾਲਖ ਦਾਗਾ ਦਾਗ।”

– ਧਨਾ ੧, ੫, ੩:੨ (662)

“ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ।”

– ਕਲਿ ੪, ਅਸ ੨, ੨:੧ (1324)

ਦਾਗਰੁ ----- (ਫਾ. ਦਾਗ਼ਲ), ਫਰੇਬ

“ਸਭਿ ਪਵਹੁ ਸਰਨਿ ਸਤਿਗੁਰੂ ਕੀ ਬਿਨਸੈ ਦੁਖ ਦਾਗਰੁ।”

– ਕਾਨ ੪, ੧੪:੫ (1318)

ਦਾਗਾ ------ ਦਾਗ, ਨਿਸ਼ਾਨ, ਧਭਾ

“ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ।”

– ਬਿਲਾ ੫, ੩੩, ੧:੨ (808)

ਦਾਗੁ ------ ਧਭਾ

“ਜਨਮ ਮਰਣ ਬਿਕਾਰ ਛੂਟੇ ਫਿਰਿ ਨ ਲਾਗੈ ਦਾਗੁ ਜੀਉ।” (ਦੋਸ਼)

– ਰਾਮ ੫, ਛੰਤ ੪, ੩:੫ (927)

“ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।”

– ਸਲੋ ਕਬ, ੧੩੧:੨ (1371)

ਦਾਗੇ ------ ਜਿੰਨਾਂ ਉਪਰ ਨਿਸ਼ਾਨ ਲੱਗਾ ਹੋਵੇ, ਅੰਕੇ ਹੋਏ

“ਦਾਗ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ।”

– ਰਾਮ ਕਬ, ੪, ੩:੧ (970)

ਦਾਜੁ ------ ਦਹੇਜ਼, ਪਿਤਾ ਵਲੋਂ ਵਿਆਹ ਸਮੇਂ ਬੇਟੀ ਨੂੰ ਦਿੱਤਾ ਜਾਂਦਾ ਸਾਮਾਨ

“ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ।”

– ਸਿਰੀ ੪, ਛੰਤ ੧, ੪:੫ (79)

ਹੋਰ ਰੂਪ:

ਦਾਜੋ –

“ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ।”

– ਸਿਰੀ ੪, ਛੰਤ ੧, ੪:੬ (79)

ਦਾਝਹਿ ----- ਸੜਦੇ ਹਨ

“ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ।”

– ਸਿਰੀ ੩, ਅਸ ੨੦, ੨:੨ (66)

ਦਾਝਨੁ ----- ਸੜਨ

“ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ।”

– ਸਲੋ ਕਬ, ੧੬੯:੧ (1373)

ਦਾਝਿ ------ ਸੜ
"ਦਾਝਿ ਗਏ ਤ੍ਰਿਣ ਪਾਪ ਸੁਮੇਰ।"
– ਰਾਮ ੫, ੫੧, ੨:੧ (899)

ਹੋਰ ਰੂਪ:

ਦਾਝੈ –
"ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ।" (ਸੜਦੀ ਹੈ)
– ਗਉ ੧, ੧੫, ੪:੨ (156)

ਦਾਣਾ ------ (1) (ਫ਼ਾ. ਦਾਨਹ) ਦਾਨਾ, ਸਿਆਣਾ
"ਤੂ ਸਾਹਿਬੁ ਅਗਮ ਦਇਆਲੁ ਹੈ ਵਡ ਦਾਤਾ ਦਾਣਾ।"
– ਗਉ ੪, ਵਾਰਾ ੧੦:੧ (305)

(2) ਕਣ, ਭਾਵ ਅਨਾਜ
"ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ।" (ਭਾਵ ਅਨਾਜ)
– ਮਲਾ ੧, ਵਾਰ ੧੯ਸ, ੧, ੨:੧ (1286)

ਦਾਣੀ ------ ਦੇਣ ਵਾਲਾ, ਦਾਤਾ
"ਤਿਸੁ ਆਗੈ ਜਨ ਕਰਿ ਬੇਨੰਤੀ ਜੋ ਸਰਬ ਸੁਖਾ ਕਾ ਦਾਣੀ ਹੇ।"
– ਮਾਰੂ ੪, ਸੋਲਾ ੨, ੪:੩ (1070)

ਦਾਣੁ ------ (1) ਦਾਣਾ, ਕਣ, ਬੀਜ
"ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ।"
– ਸਿਰੀ ੧, ੧੩, ੨:੨ (19)

(2) ਦਾਨ
"ਆਪੇ ਭਗਤਿ ਭੰਡਾਰ ਹੈ ਪਿਆਰਾ ਆਪੇ ਦੇਵੈ ਦਾਣੁ।"
– ਸੋਰ ੪, ੫, ੩:੧ (606)

ਦਾਣੇ ------ (1) ਕਣ, ਦਾਨੇ, ਅਨਾਜ, ਵੇਖੋ 'ਦਾਣਾ'
"ਖਸਮੈ ਨਦਰੀ ਕੀੜਾ ਆਵੈ ਕੇਤੇ ਚੁਗੈ ਦਾਣੇ।"
– ਆਸਾ ੧, ੩੯, ੩:੨ (360)

(2) (ਫ਼ਾ. ਦਾਨਾ ਸਿਆਣਾ), ਸਮਝਦਾਰ
"ਜਿਨ ਗੁਰਮੁਖਿ ਹਰਿ ਆਰਾਧਿਆ ਸੇ ਸਾਹ ਵਡ ਦਾਣੇ।"
– ਤਿਲੰ ੪, ਅਸ ੨, ੨੦:੧ (726)

ਦਾਤ ------ ਦਾਤਰੀ, ਖੇਤ ਵਿਚੋਂ ਅਨਾਜ ਵੱਢਣ ਵਾਲਾ ਦੰਦੇਦਾਰ ਸੰਦ
"ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ।"
– ਸਿਰੀ ੫, ੭੪, ੨:੨ (43)

ਦਾਤਉ------ (1) ਹੇ ਦਾਤੇ, ਦਾਤ ਦੇਣ ਵਾਲੇ
"ਪ੍ਰਭ ਦਾਤਉ ਦਾਤਾਰ ਪਰ੍ਹਿਉ ਜਾਚਕੁ ਇਕੁ ਸਰਨਾ।"
– ਸਮੁ ੫, ੯:੧ (1387)

(2) ਦਾਤਾ

“ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲ ਸੁਖ ਦਾਤਉ।”
– ਸਵ ੪, ਕਲ ੫:੩ (1407)

ਦਾਤਨ ----- ਦਾਨ ਦੇਣ ਵਾਲਾ, ਦਾਤਾ
“ਸੁਖੀਅਨ ਮਹਿ ਸੁਖੀਆ ਤੂੰ ਕਹੀਅਹਿ ਦਾਤਨ ਸਿਰਿ ਦਾਤਾ।”
– ਗੂਜ ੫, ਅਸ ੧, ੨:੧ (507)

ਦਾਤੜੀ ----- ਦਾਤ ਬਖਸ਼ਿਸ਼
“ਏਹਾ ਪਾਈ ਮੂ ਦਾਤੜੀ ਨਿਤ ਹਿਰਦੈ ਰਖਾ ਸਮਾਲਿ।”
– ਸੂਹੀ ੫, ਅਸ ੪, ੩:੨ (761)

ਦਾਤਾ ------ (ਸੰ.) ਦਾਨੀ, ਦੇਣ ਵਾਲਾ
“ਸਭਨਾ ਜੀਆ ਕੀ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।”
– ਜਪੁ ੧, ੫:੧੧ (2)
“ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ।”
– ਆਸਾ ੪, ਸੁਪੁ ੧, ੨:੩ (11)

ਦਾਤਾਰ ----- ਦਾਤਾ, ਦਾਨ ਦੇਣ ਵਾਲਾ
“ਬਿਸਰੁ ਨਹੀ ਇਕੁ ਤਿਲੁ ਦਾਤਾਰ।”
– ਗਉ ੫, ੧੬੨, ੪:੧ (198)

ਹੋਰ ਰੂਪ:

ਦਾਤਾਰਹ –
“ਪਾਰਬ੍ਰਹਮ ਪੁਰਖ ਦਾਤਾਰਹ ਨਾਨਕ ਗੁਰ ਸੇਵਾ ਕਿੰਨ ਲਭ੍ਯਤੇ।”
– ਸਸ ੫, ੨੦:੪ (1355)

ਦਾਤਾਰਾ –
“ਸਭਿ ਜੀਅ ਤੁਮਾਰੇ ਤੂੰ ਜੀਆ ਕਾ ਦਾਤਾਰਾ।” (ਦੇਣ ਵਾਲਾ)
– ਆਸਾ ੪, ਸੁਖ ੧, ੧:੩ (10)

ਦਾਤਾਰਿ –
“ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ।” (ਦਾਤੇ ਨੇ)
– ਬਿਲਾ ੫, ੭੩, ੧:੧ (818)

ਦਾਤਾਰੁ –
“ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।”
– ਜਪੁ ੧, ੪:੨ (2)

ਦਾਤਾਰੇ –
“ਕਾਮਿ ਕ੍ਰੋਧਿ ਲੋਭ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ।” (ਹੇ ਦਾਤੇ)
– ਗਉ ੫, ੧੩੮*, ੪:੧ (210)
“ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ਹ ਨਿਰਗੁਨ ਦਾਤਾਰੇ।” (ਕਰਤੇ)
— ਬਿਲਾ ੫, ੩੪, ੨:੧ (809)

ਦਾਤਿ ------ (1) ਦਿਤੀ ਹੋਈ ਵਸਤੂ/ਪਦਾਰਥ
“ਗਾਵੈ ਕੋ ਦਾਤਿ ਜਾਣੈ ਨੀਸਾਣੁ।”
– ਜਪੁ ੧, ੩:੨ (1)

"ਸਚੇ ਸਚੀ ਦਾਤਿ ਦੇਹਿ ਦਇਆਲੁ ਹੈ।"
– ਆਸਾ ੧, ਅਸ ੨੧, ੭:੧ (422)

"ਦਾਤਿ ਪਿਆਰੀ ਵਿਸਰਿਆ ਦਾਤਾਰਾ।"
– ਧਨਾ ੫, ੨੨, ੨:੩ (676)

"ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ।" (ਉਪਦੇਸ਼ ਰੂਪੀ ਦਾਤ)
– ਮਾਰੂ ੩, ਸੋਲਾ ੧, ੧੪:੩ (1044)

(2) ਦਾਨ, ਬਖਸ਼ਿਸ਼

"ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।"
– ਜਪੁ ੧, ੪:੨ (2)

"ਨਾਨਕ ਨਦਰੀ ਕਰਮੀ ਦਾਤਿ।"
– ਜਪੁ ੧, ੨੪:੧੬ (5)

"ਏਹਿ ਭਿ ਦਾਤਿ ਤੇਰੀ ਦਾਤਾਰ।"
– ਜਪੁ ੧, ੨੫:੯ (5)

"ਦਾਤਿ ਕਰਹੁ ਮੇਰਾ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ।"
– ਮਾਝ ੫, ੩੪, ੨:੩ (104)

"ਸਭਨਾ ਦਾਤਾ ਏਕੁ ਤੂੰ ਮਾਣਸਿ ਦਾਤਿ ਨ ਹੋਇ।"
– ਸੋਰ ੧, ੧, ੨:੨ (595)

(ਕੇਵਲ ਮਹਾਨਕੋਸ਼ ਇਥੇ 'ਦਾਤਿ' ਦੇ ਅਰਥ 'ਦਾਤਾ' ਕਰਦਾ ਹੈ)

(3) ਦਾਨ ਦੇਣ ਯੋਗ ਵਸਤੂ

"ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ।"
– ਸਿਰੀ ੩, ੫੦, ੩:੨ (33)

(4) ਦਾਨ, ਖ਼ੈਰਾਇਤ ਵਜੋਂ ਅਥਵਾ ਪੁੰਨ ਵਜੋਂ ਕੁਝ ਦੇਣਾ

"ਪੁਰਬੀ ਨਾਵੈ ਵਰਨਾਂ ਕੀ ਦਾਤਿ।" (ਵਰਣਾਂ ਅਨੁਸਾਰ ਜੋ ਦਾਨ ਲਿਖਿਆ ਹੈ, ਉਹ ਵਿੱਧੀ ਅਨੁਸਾਰ ਕਰੇ)
– ਬਸੰ ੧, ੩, ੨:੩ (1169)

ਦਾਤਿਆ ---- ਦਾਤ/ਦਾਨ ਦੇਣ ਵਾਲੇ, ਦਾਤਾ ਦਾ ਬਹੁ ਵਚਨ

"ਹਰਿ ਇਕੋ ਮੇਰਾ ਦਾਤਾਰੁ ਹੈ ਸਿਰਿ ਦਾਤਿਆ ਜਗ ਹਥੁ।"
– ਰਾਮ ੫, ਵਾਰ ੫ਸ, ੫, ੧:੬ (958)

ਦਾਤੀ ------ (1) 'ਦਾਤ' ਦਾ ਬਹੁ ਵਚਨ

"ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ।"
– ਸਿਰੀ ੧, ੫, ੩:੨ (16)

"ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ।" (ਦਾਤਾਂ)
– ਸਿਰੀ ੪, ਵਾਰ ੨ਸ, ੧, ੧:੧ (83)

"ਹਰਿ ਜੀਉ ਤੇਰੀ ਦਾਤੀ ਰਾਜਾ।" (ਦਾਤਾਂ ਨਾਲ)
– ਸੋਰ ੫, ੧, ੧*:੧ (608)

ਹੋਰ ਰੂਪ:

ਦਾਤੀਂ –

"ਨ ਭੀਜੈ ਦਾਤੰੀ ਕੀਤੈ ਪੁੰਨਿ।"
– ਸਾਰ ੪, ਵਾਰ ੧ਸ, ੧, ੨:੬ (1237)

(2) ਦੇਣ ਵਾਲੀ
"ਹਰਿ ਕੀ ਭਗਤਿ ਫਲ ਦਾਤੀ।"
– ਸੋਚ ੫, ੮੧, ੧*:੧ (629)

ਦਾਤੇ ------ (1) ਦੇਣ ਵਾਲੇ, ਦਾਨੀ ਪੁਰਸ਼
"ਇਕਿ ਦਾਤੇ ਇਕ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ।"
– ਆਸਾ ੪, ਸੋਪੁ ੧, ੨:੨ (11)
"ਰਾਮ ਤੁਮ ਆਪੇ ਆਪਿ ਆਪਿ ਪ੍ਰਭੁ ਠਾਕੁਰ ਤੁਮ ਜੇਵਡ ਅਵਰੁ ਨ ਦਾਤੇ।"
– ਗਉ ੪, ੫੪, ੪:੧ (169)
"ਹਰਿ ਸਿਮਰਨਿ ਭਏ ਸਿਧ ਜਤੀ ਦਾਤੇ।"
– ਗਉ ੫, ਸੁਖ ੧, ੮:੩ (263)

(2) ਦੇਣ ਵਾਲੇ ਭਾਵ ਪ੍ਰਭੂ
"ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ।"
– ਗਉ ੧, ਸੋਹ ੧, ੨:੨ (12)
"ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ।" (ਹੇ ਦਾਤੇ)
– ਗਉ ੫, ੧੩੫*, ੧*:੧ (209)

(3) ਦਾਤ, ਬਖਸ਼ਿਸ਼
"ਨਾਨਕ ਹਰਿ ਗੁਰ ਕੀਨੀ ਦਾਤੇ।"
– ਗਉ ੫, ਬਾਅ ੪੪:੮ (259)
"ਪ੍ਰਭੁ ਸੁਘਰੁ ਸਰੂਪੁ ਸੁਜਾਨੁ ਸੁਆਮੀ ਤਾ ਕੀ ਮਿਟੈ ਨ ਦਾਤੇ।"
– ਆਸਾ ੫, ਛੰਤ ੩, ੨:੫ (454)

ਦਾਤੇਰੈ ----- ਦਾਤੇ
"ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ।"
– ਸਾਰ ੫, ੫੦, ੨:੧ (1214)

ਦਾਤੈ ------ ਦਾਤੇ ਨੇ
"ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ।"
– ਸਿਰੀ ੪, ਵਾਰ ੨੧:੫ (91)

ਹੋਰ ਰੂਪ:

ਦਾਤੋ –
"ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ।" (ਦਾਤੇ)
– ਗਉ ਕਬ, ੫੬, ੧*:੧ (335)

ਦਾਤੌ –
"ਤੂ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ।" (ਦਾਤਾ)
– ਆਸਾ ੧, ਅਸ ੧੫, ੧*:੧ (419)

ਦਾਦਰ ----- (ਸੰ.) ਡੱਡੂ, ਮੇਂਡਕ
"ਦਾਦਰ ਤੂ ਕਬਹਿ ਨ ਜਾਨਸਿ ਰੇ।"

– ਮਾਰੂ ੧, ੪, ੧*:੧ (990)

ਹੋਰ ਰੂਪ:

ਦਾਦਰੁ –
"ਮਨੁ ਮੁਗਧੌਂ ਦਾਦਰੁ ਭਗਤਿ ਹੀਨੁ।"
– ਬਸੰ ੧, ਅਸ ੨, ੩:੧ (1188)

ਦਾਦਿ ------ ਦਾਨ (ਮਹਾਨਕੋਸ਼), ਪ੍ਰਸੰਸ਼ਾ, ਵਡਿਆਈ (ਸ਼ਬਦਾਰਥ)
"ਸਚੈ ਸਰਮੈ ਬਾਹਰੇ ਅਗੈ ਲਹਹਿ ਨ ਦਾਦਿ।"
– ਸਾਰ ੪, ਵਾਰ ੨੦ਸ, ੧, ੧:੩ (1245)

ਦਾਦਿ ------ (ਫਾ. ਹਾਹ, 'ਦਾਦ') ਇਨਸਾਫ਼
"ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ।"
– ਆਸਾ ੫, ੪੪, ੩:੧ (381)

ਦਾਦੀ ------ ਫਰਿਆਦ ਕਰਨ ਵਾਲਾ
"ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ।"
– ਆਸਾ ੫, ੪੪, ੩:੧ (381)

ਦਾਦੁਰ ----- ਡੱਡੂ, ਵੇਖੋ 'ਦਾਦਰ'
"ਜਿਉ ਭਏ ਦਾਦੁਰ ਪਾਨੀ ਮਾਹੀ।"
– ਗਉ ਕਬ, ੫, ੧:੨ (324)

ਦਾਦੇ ------ (1) ਇਨਸਾਫ
"ਨ ਦਾਦੇ ਦਿਹੰਦ ਆਦਮੀ।"
– ਮਾਝ ੧, ਵਾਰ ੧੩ਸ, ੧, ੩:੧ (144)
(2) ਪਿਤਾ ਦਾ ਪਿਤਾ
"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।"
– ਗਉ ੫, ੧੦੦, ੧:੧ (186)

ਦਾਧਾ ------ ਸਾੜਿਆ
"ਜਮਕਾਲਿ ਬਾਧਾ ਤ੍ਰਿਸ਼ਨਾ ਦਾਧਾ ਬਿਨੁ ਗੁਰ ਕਵਣੁ ਛਡਾਏ।"
– ਸੂਹੀ ੩, ਅਸ ੧, ੪:੪ (753)

ਹੋਰ ਰੂਪ:

ਦਾਧੀ –
"ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ।" (ਸੜੀ ਹੋਈ)
– ਵਡ ੧, ੩, ੧:੯ (558)
"ਤ੍ਰਿਸ਼ਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ।"
– ਵਡ ੪, ਵਾਰ ੬ਸ, ੩, ੧:੧ (588)

ਦਾਧੀਲੇ ----- ਸਾੜ ਦਿੱਤਾ
"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।"
– ਧਨਾ ਤ੍ਰਿਲੋ, ੧, ੫:੧ (695)

ਦਾਧੇ ------ ਸੜੇ ਹੋਏ
"ਸੁਰਿ ਨਰ ਦਾਧੇ ਲਾਗੀ ਆਗਿ।" (ਸੜ ਰਹੇ ਹਨ)
– ਗਉ ਕਬ, ੨੪, ੨:੧ (328)
"ਦੀਸਹਿ ਦਾਧੇ ਕਾਨ ਜਿਉ ਜਿਨੁ ਮਨਿ ਨਾਹੀ ਨਾਉ।"
– ਸਲੋ ਕਬ, ੪:੨ (1364)

ਦਾਨ ------ (1) ਖੈਰਾਤ, ਪੁੰਨ ਰੂਪ ਵਿਚ, ਤਰਸ ਕਰਕੇ ਦਿਤੀ ਵਸਤੂ
"ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ।"
– ਸਿਰੀ ੧, ਅਸ ੬, ੧:੨ (56)
"ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ।" (ਦਾਤਾਂ)
– ਬਿਲਾ ੫, ੩੪, ੩:੨ (809)

ਹੋਰ ਰੂਪ:

ਦਾਨੰ –
"ਭਗਤੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ।"
– ਸਸ ੫, ੨੦:੩ (1355)

(2) ਟੈਕਸ
"ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ।"
– ਆਸਾ ੧, ਅਸ ੧੦, ੪:੨ (416)

(3) ਡੰਨ
"ਸਹੰਸਰ ਦਾਨ ਦੇ ਇੰਦ੍ਰੁ ਰੋਆਇਆ।"
– ਰਾਮ ੩, ਵਾਰ ੧੪ਸ, ੧, ੧:੧ (953)
(ਮਹਾਨਕੋਸ਼ ਇਥੇ ਅਰਥ 'ਯਗਯ' ਕਰਦਾ ਹੈ)

ਦਾਨਸਬੰਦੁ --- (ਫਾ.) ਸਿਆਣਾ, ਸੂਝਵਾਨ, ਬੁਧੀਮਾਨ
"ਦਾਨਸਬੰਦੁ ਸੋਈ ਦਿਲਿ ਧੋਵੈ।"
– ਧਨਾ ੧, ੭, ੪:੧ (662)

ਦਾਨਹੁ ----- ਦਾਨ ਤੋਂ
"ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।"
– ਮਾਝ ੧, ਵਾਰ ੨੬ਸ, ੧, ੧:੧੩ (150)

ਦਾਨਵ ----- ਰਾਖਸ਼, ਦੈਂਤ
"ਆਖਹਿ ਦਾਨਵ ਆਖਹਿ ਦੇਵ।"
– ਜਪੁ ੧, ੨੬:੧੭ (6)

ਹੋਰ ਰੂਪ:

ਦਾਨਵਾ –
"ਨ ਦੇਵ ਦਾਨਵਾ ਨਰਾ।"
– ਮਾਝ ੧, ਵਾਰ ੧੩ਸ, ੧, ੨:੧ (143)

ਦਾਨਾ ------ (1) (ਫਾ. ਦਾਨਾ) ਗਿਆਨਵਾਨ, ਜਾਣਨ ਵਾਲਾ, ਸਿਆਣਾ, ਸੂਝਵਾਣ
"ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।"

– ਸਿਰੀ ੧, ੩੧, ੧:੧ (25)

ਹੋਰ ਰੂਪ:

ਦਾਨਾਂ –
“ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ।”
– ਬਿਹਾ ੪, ਵਾਰ ੧੯:੧ (556)

(2) ਖੈਰਾਤ ਵਿਚ ਪੁੰਨ ਅਰਥ ਦਿਤੇ ਜਾਣ ਵਾਲਾ ਪਦਾਰਥ, ਦਾਨ
“ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ।”
– ਮਾਝ ੧, ਵਾਰ ੨੦ਸ, ੧, ੧:੩ (147)
“ਛੁਰੀ ਕਾਢਿ ਲੇਵੈ ਹਥਿ ਦਾਨਾ।”
– ਗਉ ੫, ੧੦੭*, ੨:੨ (201)
“ਗੁਰ ਕਾ ਸੇਵਕੁ ਸਾਧਸੰਗੁ ਪਾਏ ਗੁਰੁ ਕਰਦਾ ਨਿਤ ਜੀਅ ਦਾਨਾ ਹੇ।”
– ਮਾਰੂ ੫, ਸੋਲਾ ੪, ੩:੩ (1075)

(3) ਅਨਾਜ
“ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ।”
– ਬਿਲਾ ੫, ੪੪, ੨:੧ (811)

(4) ਦਾਤਾ, ਦਾਨੀ, ਦਾਨ ਦੇਣ ਵਾਲਾ
“ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ।” (ਦਾਤਿਆਂ ਦਾ ਦਾਤਾ)
– ਰਾਮ ੧, ਓਅੰ ੩੫:੩ (934)
(ਪਹਿਲੇ ‘ਦਾਨਾਂ’ ਦਾ ਅਰਥ ਜਾਣਨ ਵਾਲਾ ਹੈ)

ਦਾਨਿ ------ (1) ਦਾਨ ਵਿਚ
“ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ।”
– ਸਿਰੀ ੧, ੪, ੪:੩ (15)
“ਤੂ ਪ੍ਰਭ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ।” (ਦਾਨ ਵਿਚ, ਦਾਨ ਕਰਕੇ)
– ਸੋਰ ੧, ੮, ੧:੧ (597)

(2) ਦਾਨ, ਖੈਰਾਤ
“ਕਰੁ ਧਰਿ ਮਸਤਕਿ ਥਾਪਿਆ ਨਾਮੁ ਦੀਨੋ ਦਾਨਿ।”
– ਬਿਲਾ ੫, ੬੬, ੧:੧ (817)

(3) ਦਾਨੀ
“ਦਾਨਿ ਬਡੌ ਅਤਿਵੰਤੁ ਮਹਾ ਬਲਿ ਸੇਵਕਿ ਦਾਸਿ ਕਹਿਓ ਇਹੁ ਤਥੁ।”
– ਸਵ ੪, ਮਥੁ ੭:੩ (1404)

ਦਾਨੀ ------ (1) ਦਾਨ ਕਰਤਾ
“ਉਰਵਾਰਿ ਪਾਰਿ ਸਭ ਏਕੋ ਦਾਨੀ।”
– ਗਉ ਕਬ, ੬੧, ੪:੨ (337)

(2) ਜਾਣੀ
“ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।”
– ਤਿਲੰ ੧, ੧, ੧*:੧ (721)

ਦਾਨੀਆ ---- ਜਾਣਨ ਵਾਲਾ, ਗਿਆਤਾ

"ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲੁ।"
- ਗਉ ਰਵਿ, ੧, ੩:੧ (346)

ਦਾਨੁ ------ (1) ਖੈਰਾਤ, ਪੁੰਨ ਅਰਥ ਦਿੱਤਾ ਪਦਾਰਥ
"ਨਾਮੁ ਦਾਨੁ ਇਸਨਾਨੁ ਦਿੜਾਇਆ।"
- ਸਿਰੀ ੫, ਅਸ ੨੯, ੧੧:੨ (74)
(2) ਡੰਨ, ਲੁੱਟ ਦਾ ਮਾਲ
"ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ।"
- ਗਉ ਕਬ, ੪੯, ੨:੨ (333)
"ਜਗਤ ਪਾਸ ਤੇ ਲੇਤੇ ਦਾਨੁ।
ਗੋਬਿਦ ਭਗਤ ਕਉ ਕਰਹਿ ਸਲਾਮੁ।" (ਖਿਰਾਜ, ਡੰਨ)
- ਗੋਂਡ ੫, ੧੧, ੨, ੧:੨ (865)
(3) ਦਾਨ ਦੇਣ ਵਾਲਾ, ਦਾਨੀ, ਦਾਤਾ
"ਦਾਨਾ ਤੂ ਬੀਨਾ ਤੁਹੀ ਦਾਨਾ ਕੈ ਸਿਰਿ ਦਾਨੁ।" (ਦਾਤਿਆਂ ਦਾ ਦਾਤਾ)
- ਰਾਮ ੧, ਓਅੰ ੩੫:੩ (934)

ਦਾਨੇ ------ (1) ਦਾਨ ਦੇਵੇ
"ਤੁਲਾ ਪੁਰਖ ਦਾਨੇ।"
- ਗੋਂਡ ਨਾਮ, ੧, ੧:੨ (873)
"ਭੇਖੀ ਹਾਥ ਨ ਲਭਈ ਤੀਰਥਿ ਨਹੀ ਦਾਨੇ।" (ਦਾਨ ਕੀਤਿਆਂ)
- ਮਾਰੂ ੧, ਅਸ ੬, ੮:੧ (1012)

ਦਾਨੇਨ ----- ਦਾਨ ਕਰਕੇ
"ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ।"
- ਗੂਜ ਜੈਦੇ, ੧, ੪:੨ (526)

ਦਾਨੈ ------ ਦਾਨ ਦੀ
"ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ।"
- ਗਉ ੧, ਸੋਹ ੧, ੨:੨ (12)

ਦਾਨੋ ------ (1) ਦਾਨ (ਅਨਾਜ ਦਾ)
"ਜੈਸੋ ਦਾਨੋ ਚਕੀ ਦਰਾਹਿ।"
- ਮਾਲੀ ੫, ੩, ੩:੪ (987)
(2) ਦਾਨ
"ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ।"
- ਤੁਖਾ ੧, ਛੰਤ ੫, ੪:੩ (1112)

ਦਾਮ ------ (ਅ. ਦਾਮ) ਕੌਡੀ, ਪੈਸੇ
"ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।" (ਧਨ, ਮਾਲ, ਮਹਾਨਕੋਸ਼)
- ਮਾਝ ੫, ਬਾਰਾ ੧:੪ (133)

ਦਾਮਨਿ ----- ਬਿਜਲੀ
"ਦਰ ਦਿਸ ਛਤ੍ਰ ਮੇਘ ਘਟਾ ਘਟ ਦਾਮਨਿ ਚਮਕਿ ਡਰਾਇਓ।"

– ਸੋਰ ੫, ੬੧, ੧:੧ (624)

ਹੋਰ ਰੂਪ:

ਦਾਮਨੀ –
"ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ।"
– ਗਉ ੫, ਵਾਰ ੪ਸ, ੫, ੨:੧ (319)

ਦਾਮਾ ------ ਪੈਸੇ, ਧਨ
"ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ।"
– ਗੂਜ ੫, ੮, ੩:੧ (497)

ਹੋਰ ਰੂਪ:

ਦਾਮਿ –
"ਕਾਮਿ ਦਾਮਿ ਚਿਤੁ ਪਰ ਵਸਿ ਸੇਈ।" (ਪੈਸਿਆਂ ਲਈ)
– ਗਉ ੧, ਅਸ ੧੧, ੬:੨ (226)

ਦਾਮੁ ------ ਦਮਾਂ (ਧਨ, ਪੈਸੇ) ਵਾਲੇ
"ਫਿਰਹਿ ਗੁਮਾਨੀ ਜਗ ਮਹਿ ਕਿਆ ਗਰਬਹਿ ਦਾਮੀ।"
– ਮਾਰੂ ੫, ਵਾਰ ੧੪:੪ (1099)

ਦਾਮ ------ ਪੈਸਾ, ਧਨ
"ਏਕਹਿ ਸੁਪਨੈ ਦਾਮੁ ਨ ਛਡਹੈ।"
– ਮਾਰੂ ੫, ੧੮, ੨:੨ (1004)

ਦਾਮੋਦਰ ---- 'ਦਾਮ' (ਰਸੀ) ਬੰਨ੍ਹੀ ਹੋਵੇ ਜਿਸ ਦੇ 'ਉਦਰ' (ਪੇਟ) ਦੁਆਲੇ, ਕ੍ਰਿਸ਼ਨ ਜੀ ਭਾਵ ਪ੍ਰਭੂ
"ਗੋਪਾਲ ਦਾਮੋਦਰ ਦੀਨ ਦਇਆਲ।"
– ਗਉ ੫, ਸੁਖ ੨੪, ੨:੭ (295)

ਹੋਰ ਰੂਪ:

ਦਾਮੋਦਰਹ –
"ਸਰਬ ਭੂਤ ਦਯਾਲ ਅਚੁਤ ਦੀਨ ਬਾਂਧਵ ਦਾਮੋਦਰਹ।" (ਪ੍ਰਭੂ)
– ਸਸ ੫, ੨੧:੩ (1356)

ਦਾਮੋਦਰੁ –
"ਸਿਮਰਿ ਮਨਾ ਦਾਮੋਦਰੁ ਦੁਖ ਹਰੁ ਭੈ ਭੰਜਨ ਹਰਿ ਰਾਇਆ।"
– ਗਉ ੫, ਛੰਤ ੩, ੨:੧ (248)

ਦਾਯਕੁ ----- ਦੇਣ ਵਾਲਾ
"ਫੁਨਿ ਦੁਖਨਿ ਨਾਮੁ ਸੁਖ ਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ।"
– ਸਵ ੪, ਕਲ ੯:੩ (1400)

ਦਾਰਦ ----- (ਫਾ. ਦਾਰਦ) ਰਖਦਾ ਹੈ
"ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ।"
– ਤਿਲੰ ੧, ੧, ੨:੨ (721)

ਦਾਰਨ ----- (ਸੰ.) ਭਿਆਨਕ

"ਦਾਰਨ ਦੁਖ ਦੁਤਰ ਸੰਸਾਰੁ।"

– ਗਉ ੫, ੧੬੬, ੩:੧ (199)

ਦਾਰਾ ------ (ਸੰ.) ਪਤਨੀ, ਵਹੁਟੀ

"ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ।"

– ਸਿਰੀ ੫, ੮੫, ੧:੨ (47)

ਦਾਰਿਦ ----- (ਸੰ.) ਗਰੀਬੀ, ਨਿਰਧਨਤਾ

"ਦੁਖ ਦਾਰਿਦ ਅਪਵਿਤ੍ਰਤਾ ਨਾਸਹਿ ਨਾਮ ਅਧਾਰ।"

– ਗਉ ੫, ਥਿਤੀ ੪:੬ (297)

ਹੋਰ ਰੂਪ:

ਦਾਰਿਦੁ –

"ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।"

– ਬਿਲਾ ਰਵਿ, ੧, ੧:੧ (858)

ਦਾਰਿਦ੍ਰ – ਗਰੀਬੀ, ਨਿਰਧਨਤਾ

"ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟੁ ਮਗੁ ਦਿਖਾਇਆ।"

– ਆਸਾ ੫, ਛੰਤ ੯, ੪:੩ (459)

ਹੋਰ ਰੂਪ:

ਦਾਰਿਦ੍ਰੰ –

"ਘੋਰ ਦੁਖੵੰ ਅਨਿਤ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ।"

– ਸਸ ੫, ੧੮:੧ (1355)

ਦਾਰਿਦ੍ਰੁ –

"ਤਿਸੁ ਭੇਟੇ ਦਾਰਿਦ੍ਰੁ ਨ ਚੰਪੈ।"

– ਸਵ ੪, ਕਲ ੧:੭ (1396)

ਦਾਰੁਨ ----- ਕਠਿਨ, ਅਸਹਿ

"ਮਾਧਉ ਦਾਰੁਨ ਦੁਖੁ ਸਹਿਓ ਨ ਜਾਇ।"

– ਬਸੰ ਕਬ, ੫, ੧*:੧ (1194)

ਦਾਰੂ ------ (1) (ਫਾ. ਦਾਰੂ) ਦਵਾ, ਔਖਧੀ

"ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।"

– ਮਾਝ ੧, ਵਾਰ ੨੨ਸ, ੨, ੨:੨ (148)

"ਦੀਖਿਆ ਦਾਰੂ ਭੋਜਨੁ ਖਾਇ।"

– ਰਾਮ ੧, ੫, ੪:੩ (878)

(ਮਹਾਨਕੋਸ਼ ਇਥੇ 'ਦਾਰੂ' ਦੇ ਅਰਥ 'ਮਾਦਿਰਾ' ਕਰਦਾ ਹੈ)

(2) ਰੋਗ ਦੂਰ ਕਰਨ ਵਾਲੀ, ਰੋਗ ਵਿਦਾਰਕ

"ਮਨਮੁਖ ਕਰਣ ਪਲਾਵ ਕਰਿ ਭਰਮੇ ਸਭਿ ਅਉਖਧ ਦਾਰੂ ਲਾਇ ਜੀਉ।"

– ਅਸ ੪, ਛੰਤ ੧੩, ੨:੪ (447)

(ਸ਼ਬਦਾਰਥ ਅਰਥ ਦਵਾ ਦਾਰੂ ਹੀ ਕਰਦੇ ਹਨ)

ਦਾਰੂਓ ----- ਦਵਾ

“ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ।”
– ਗੂਜ ੫, ਵਾਰ ੧੬:੩ (522)

ਦਾਲ ------ ਦਲ ਦੇਣ ਵਾਲੀ, ਨਾਸ ਕਰਨ ਵਾਲੀ
“ਸਭਿ ਦਾਲਦ ਭੰਜਿ ਦੁਖ ਦਾਲ।”
– ਨਟ ੪, ੭, ੧*:੩ (977)
(ਸ਼ਬਦਾਰਥ ਇਸਦੇ ਅਰਥ ‘ਦਲ ਦੇ’ ਕਰਦਾ ਹੈ)

ਦਾਲਦ ----- ਗਰੀਬੀ, ਨਿਰਧਨਤਾ, ਕੰਗਾਲੀ
“ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ।”
– ਗਉ ੪, ੬੭, ੧:੩ (173)

ਹੋਰ ਰੂਪ:

ਦਾਲਦੁ –
“ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ।”
– ਸਿਰੀ ੪, ਵਾਰ ੧੩:੩ (88)

ਦਾਲਿ ------ ਇਸ ਪ੍ਰਕਾਰ ਦਾ ਅੰਨ, ਦਲਿਆ ਹੋਇਆ ਅੰਨ
“ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ।”
– ਆਸਾ ੧, ਵਾਰ ੧੧ਸ, ੧, ੧:੨ (468)

ਦਾਲਿਦ ----- ਗਰੀਬੀ
“ਭ੍ਰਮੁ ਭਉ ਮਿਟਿਆ ਸਾਧ ਸੰਗ ਤੇ ਦਾਲਿਦ ਨ ਕੋਈ ਘਾਲਕਾ।”
– ਮਾਰੂ ੫, ਸੋਲਾ ੧੩, ੬:੩ (1085)

ਦਾਲੇ ------ ਦਾਲ
“ਅਧ ਸੇਰੁ ਮਾਗਉ ਦਾਲੇ।”
– ਸੋਰ ਕਬ, ੧੧, ੨:੩ (656)

ਦਾਵਣਿ ----- ਦਾਮਨ, ਪਲੇ
“ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ।”
– ਮਾਝ ੫, ਬਾਰਾ ੪:੨ (134)

ਦਾਵਨਿ ----- ਰਸੀ ਨਾਲ
“ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ।”
– ਸਮੁ ੫, ੧੦*:੨ (1389)

ਦਾਵਾ ------ (1) ਜੰਗਲ ਦੀ ਅੱਗ
“ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।”
– ਆਸਾ ੫, ੫੧, ੨:੧ (384)
(2) (ਅੰ. ਦਵਾਇ) ਕਿਸੇ ਵਸਤੂ ਦਾ ਅਧਿਕਾਰ ਕਾਇਮ ਕਰਨ ਦੀ ਕਿਰਿਆ
“ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ।”
– ਸਲੋ ਕਬ, ੧੬੮:੨ (1373)

ਹੋਰ ਰੂਪ:

ਦਾਵੇ –
"ਲੇਖੈ ਬੋਲਣੁ ਲੇਖੈ ਚਲਣੁ ਕਾਇਤੁ ਕੀਚਹਿ ਦਾਵੇ।"
– ਸਾਰ ੪, ਵਾਰ ੨ਸ, ੧, ੨:੪ (1238)

ਦਾਵੈ –
"ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ।"
– ਸਲੋ ਕਬ, ੧੯੯:੧ (1373)

ਦਾੜਾ ------ ਸੂਰ ਦੇ ਬਾਹਰ ਨਿਕਲੇ ਦੰਦ, ਹੁੱਡ
"ਦਾੜਾ ਅਗ੍ਰੇ ਪ੍ਰਿਥਮਿ ਧਰਾਇਣ।"
– ਮਾਰੂ ੫, ਸੋਲਾ ੧੧, ੩:੨ (1082)

ਦਾੜੀ ------ ਠੋਡੀ ਉਪਰ ਉਗ੍ਰੇ ਰੋਮ, ਸਤਿਕਾਰ ਤੇ ਉਚ ਪਦਵੀ ਦਾ ਪ੍ਰਤੀਕ
"ਗਰੀਬਾ ਉਪਰਿ ਜਿ ਖਿੰਜੈ ਦਾੜੀ।"
– ਗਉ ੫, ੧੬੭, ੧:੧ (199)

ਹੋਰ ਰੂਪ:

ਦਾੜੀਆ –
"ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ।"
– ਸਲੋ ੩, ੫੩:੧ (1419)

ਦਾੜੀਆਂ –
"ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ।"
– ਸਲੋ ੩, ੫੨:੧ (1419)

ਦਿਉਸ ----- (ਸੰ. ,੍) ਦਿਨ
"ਦਿਉਸ ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ ਭਾਰੀ।"
– ਸਾਰ ੫, ੫੯, ੧:੧ (1216)

ਦਿਉਹਾੜੀ --- ਦਿਨ ਵਿਚ
"ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।"
–ਆਸਾ ੧, ਵਾਰ ੧ਸ, ੧, ੧:੧ (462)

ਦਿਸ ------ ਦਿਸ਼ਾ, ਓਰ ਪਾਸੇ
"ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।"
– ਮਾਝ ੫, ਬਾਰਾ ੧:੨ (133)

ਦਿਸਟੀ ----- ਦਿਸ ਦਾ
"ਗੁਰ ਜੇਵਡੁ ਅਵਰੁ ਨ ਦਿਸਈ ਆਠ ਪਹਰ ਤਿਸੁ ਜਾਪਿ।"
– ਸਿਰੀ ੫, ੧੦੦, ੩:੨ (53)

ਦਿਸਹ ----- ਤਰਫ, ਦਿਸ਼ਾਵਾਂ
"ਬਹੁ ਜਤਨ ਕਰਤਾ ਬਲਵੰਤ ਕਾਰੀ ਸੇਵੰਤ ਸੂਰਾ ਚਤੁਰ ਦਿਸਹ।"
– ਸਸ ੫, ੭:੧ (1354)

ਦਿਸਹਿ ----- ਦਿਸਦੇ ਹਨ

"ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ।"

– ਸਿਰੀ ੧, ੧੫, ੧:੧ (62)

ਦਿਸਟਾਵੈ --- ਨਜ਼ਰ ਆਵੇ, ਦਿਸੇ

"ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ।"

– ਨਟ ੫, ੧, ੪:੧ (978)

ਦਿਸਟਿ ----- (ਸੰ.) ਦ੍ਰਿਸ਼ਟੀ ਨਾਲ, ਨਜ਼ਰ/ਨਿਗਾਹ ਨਾਲ (ਕ੍ਰਿਪਾ/ ਦ੍ਰਿਸ਼ਟੀ)

"ਜਾ ਕੀ ਦਿਸਟਿ ਨਾਦ ਲਿਵ ਲਾਗੈ।"

– ਸਿਰੀ ਕਬ, ੩, ੧*:੨ (92)

"ਭੁਖੇ ਕੋੜਿ ਨ ਭੁਖ ਨਾਨਕ ਪਿਰੀ ਪਿਖੰਦੋ ਸੁਭ ਦਿਸਟਿ।"

– ਮਾਰੂ ੫, ੧੯ਸ, ੫, ੧:੨ (1100)

(2) ਦਿਸਦਾ ਹੈ

"ਪੂਰਨ ਪੂਰਿ ਰਹੇ ਕਿਰਪਾ ਨਿਧਿ ਘਟਿ ਘਟਿ ਦਿਸਟਿ ਸਮਾਇਣ।"

– ਨਟ ੫, ੭, ੧:੨ (979)

ਦਿਸਟੈ ----- ਦਿਸਦਾ ਹੈ

"ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ।"

– ਦੇਵ ੫, ੨੮, ੧:੧ (533)

ਦਿਸੰਤਰ ---- (1) (ਸੰ.੍) ਦੂਜੇ ਦੇਸ, ਵਿਦੇਸ਼

"ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ।"

– ਸਿਰੀ ੧, ੨੨, ੧:੧ (22)

ਹੋਰ ਰੂਪ:

ਦਿਸੰਤਰਿ –

"ਜਾ ਤੁਧੁ ਭਾਵੈ ਜਾਹਿ ਦਿਸੰਤਰਿ ਸੁਣਿ ਗਲਾ ਘਰਿ ਆਵਹਿ।" (ਵਿਦੇਸ਼ਾਂ ਵਿਚ)

– ਮਾਝ ੧, ਵਾਰ ੧੫ਸ, ੧, ੧:੬ (145)

"ਅੰਤਰਿ ਵਸਤੁ ਦਿਸੰਤਰਿ ਜਾਇ।" (ਵਿਦੇਸ਼ ਭਾਵ ਬਾਹਰ)

– ਭੈਰ ੫, ੧੬, ੩:੩ (1139)

ਦਿਸੰਤਰੁ –

"ਦਿਸੰਤਰੁ ਭਵੈ ਅੰਤਰੁ ਨਹੀ ਭਾਲੇ।" (ਬਾਹਰ)

– ਮਾਰੂ ੩, ਸੋਲਾ ੧੬, ੧੧:੧ (1060)

(2) ਦੇਸ਼ਾਂ ਅੰਦਰ/ਵਿਚ

"ਦਿਸੰਤਰ ਭਵਹਿ ਸਿਰਿ ਪਾਵਹਿ ਧੂਰਿ।"

– ਬਸੰ ੩, ੩, ੨:੨ (1173)

ਹੋਰ ਰੂਪ:

ਦਿਸੰਤਰਿ –

"ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ।" (ਦੇਸ ਵਿਚ)

– ਮਾਝ ੩, ਅਸ ੧੨, ੩:੩ (116)

ਦਿਸੰਤਰੀ –

“ਭੁਲੀ ਫਿਰੈ ਦਿਸੰਤਰੀ ਭੁਲੀ ਗ੍ਰਿਹੁ ਤਜਿ ਜਾਇ।” (ਦੇਸਾਂ ਅੰਦਰ)
– ਸਿਰੀ ੧, ਅਸ ੧੨, ੨:੧ (60)

ਦਿਸੰਤਰੁ –
“ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ।”
– ਮਾਰੂ ੧, ਅਸ ੭, ੧:੩ (1012)

ਦਿਸੰਤਾ ----- ਦਿਸਦਾ/ਨਜ਼ਰ ਆਉਂਦਾ ਹੈ
“ਜਹ ਝਿਲਿ ਮਿਲਿ ਕਾਰੁ ਦਿਸੰਤਾ।”
– ਸੋਰ ਨਾਮ, ੧, ੨:੧ (657)

ਦਿਸੰਦੜਿਆ – ਵੇਖਦਿਆਂ, ਦਰਸ਼ਨ ਕੀਤਿਆਂ, ਨਜ਼ਰ ਆਇਆਂ, ਦਿਸਿਆ
“ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ।”
– ਗੂਜ ੫, ਵਾਰ ੯ਸ, ੫, ੨:੧ (520)

ਦਿਸਦਾ ----- ਪ੍ਰਤਖ, ਜੋ ਦਿਖਾਈ ਦੇ ਰਿਹਾ ਹੈ
“ਦਿਸਦਾ ਸਭੁ ਕਿਛੁ ਚਲਸੀ ਮੇਰੇ ਪ੍ਰਭ ਭਾਇਆ।”
– ਸਾਰ ੪, ਵਾਰ ੩੩:੨ (1250)

ਦਿਸਨਿ ----- ਵਖਾਈ ਦਿੰਦੀਆਂ ਹਨ, ਲਗਦੇ/ਜਾਪਦੇ ਹਨ
“ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।”
– ਮਾਝ ੫, ਬਾਰਾ ੬:੩ (134)
“ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।”
– ਮਾਝ ੫, ਬਾਰਾ ੧੦:੬ (135)

ਹੋਰ ਰੂਪ:

ਦਿਸੰਨਿ –
“ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ।”
– ਗਉ ੩, ਅਸ ੯, ੧:੧ (233)

ਦਿਸੰਨ੍ਹਿ –
“ਸੇਈ ਮੁਖ ਦਿਸੰਨ੍ਹਿ ਨਾਨਕ ਰਤੇ ਪ੍ਰੇਮ ਰਸਿ।” (ਦਿਸਨ, ਦਰਸ਼ਨ ਹੋਣ)
– ਗੂਜ ੫, ਵਾਰ ੧੨ਸ, ੫, ੧:੨ (521)

ਦਿਸਨ੍ਹਿ –
“ਮੰਨਿ ਅੰਧੈ ਊਂਧੈ ਕਵਲਿ ਦਿਸਨ੍ਹਿ ਖਰੇ ਕਰੂਪ।”
– ਸਾਰ ੪, ਵਾਰ ੨੨ਸ, ੧, ੨:੨ (1245)

ਦਿਸਾ ------ ਦਿਸ਼ਾਵਾਂ, ਤਰਫਾਂ
“ਦਸੇ ਦਿਸਾ ਰਵਿਆ ਪ੍ਰਭੁ ਏਕੁ।”
– ਗਉ ੫, ਥਿਤੀ ੧੪:੩ (299)
“ਕਬੀਰ ਭਲੀ ਭਈ ਜੋ ਭਉ ਪਰਿਆ ਦਿਸਾ ਗਈਂ ਸਭ ਭੁਲਿ।” (ਵਿੱਥਾਂ ਵਿਖੇਵੇ ਤਰਫਾਂ, ਜਾਤ ਆਦਿ ਦਾ ਅਭਿਮਾਨ)
– ਸਲੋ ਕਬ, ੧੭੭:੧ (1374)

ਦਿਸਾਖ ----- ਭੈਰੋ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਸੱਤ ਹਨ: ਪੰਚਮ, ਹਰਖ, ਬੰਗਾਲਮ, ਮੱਧ, ਮਾਧਵ, ਲਲਤ ਤੇ ਬਿਲਾਵਲ
"ਪੰਚਮ ਹਰਖ ਦਿਸਾਖ ਸੁਨਾਵਹਿ।"
– ਰਾਗ ੧:੯ (1429)

ਦਿਸਾਪੁਰੀ --- ਪਰਦੇਸ ਵਿਚ
"ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ।"
– ਸੂਹੀ ੩, ਵਾਰ ੧੮ਸ, ੨, ੨:੨ (791)

ਦਿਸਾਵਰ ---- ਪਰਦੇਸ, ਵਿਦੇਸ਼, ਦੂਜਾ ਦੇਸ਼
"ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ।"
– ਰਾਮ ੫, ਵਾਰ ੧੪ ਸ, ੫, ੨:੧ (963)

ਹੋਰ ਰੂਪ:

ਦਿਸਾਵਰੀ –
"ਪੰਖੀ ਚਲੇ ਦਿਸਾਵਰੀ ਬਿਰਖਾ ਸੁਫਲ ਫਲੰਤ।"
– ਸਲੋ ਕਬ, ੨੩੦:੨ (1377)

ਦਿਸਿ ------ (1) ਦਿਸ਼ਾਵਾਂ ਵਿਚ, ਤਰਫਾਂ ਵਿਚ
"ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।"
– ਸਿਰੀ ੩, ੨੦, ੨:੧ (66)
(2) ਦਿਸਦਾ
"ਤੁਧੁ ਜੇਵਡੁ ਮੈ ਹੋਰੁ ਕੋ ਦਿਸਿ ਨ ਆਵਈ ਤੂਹੈਂ ਸੁਘੜੁ ਮੇਰੈ ਮਨਿ ਭਾਣਾ।"
– ਗਉ ੪, ਵਾਰ ੧੦:੨ (305)
"ਜਿਨ੍ਹ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ।" (ਵੇਖਿਆ)
– ਸੂਹੀ ੧, ਛੰਤ ੪, ੨:੪ (765)

ਦਿਸੇ ------ (1) ਦਿਸ਼ਾਵਾਂ, ਤਰਫਾਂ, ਪਾਸੇ
"ਚਾਰਿ ਕੁੰਟ ਦਹ ਦਿਸੇ ਸਮਾਹਿ।"
– ਗਉ ੫, ਸੁਖ ੨੩, ੨:੮ (294)
(2) ਦੇਖ ਕੇ
"ਕੇਸਵ ਕਲੇਸ ਨਾਸ ਅਘ ਖੰਡਨ ਨਾਨਕ ਜੀਵਤ ਦਰਸ ਦਿਸੇ।"
– ਬਿਲਾ ੫, ੧੨੫, ੨:੨ (829)

ਦਿਸੈ ------ (1) ਦਿਖਾਈ ਦੇਵੇ
"ਗਾਵੈ ਕੋ ਜਾਪੈ ਦਿਸੈ ਦੂਰਿ।"
– ਜਪੁ ੧, ੩:੭ (2)
"ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।"
– ਜਪੁ ੧, ੪:੩ (2)
"ਸੋਹੰਦੜੋ ਹਭ ਠਾਇ ਕੋਇ ਨ ਦਿਸੈ ਡੂਜੜੋ।" (ਵਿਖਾਈ ਦਿੰਦਾ)
– ਸਿਰੀ ੫, ਛੰਤ ੩, ੨੩:੧ (80)

ਦਿਹ ------ ਦਿਨ

"ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ।"
- ਗਉ ੧, ਸੋਲਾ ੧, ੪:੨ (12)
"ਸਭੇ ਰਾਤੀ ਸਭਿ ਦਿਹ ਸਭਿ ਥਿਤੀ ਸਭਿ ਵਾਰ।"
- ਸਾਰ ੪, ਵਾਰ ੧੧ਸ, ੧, ੧:੧ (1241)

ਦਿਹੰਦ ----- (ਫਾ.) ਦੇਣ ਵਾਲਾ, ਦਾਤਾ
"ਨ ਦਾਦੇ ਦਿਹੰਦ ਆਦਮੀ।" (ਇਨਸਾਫ ਦੇਣ ਵਾਲਾ)
- ਮਾਝ ੧, ਵਾਰ ੧੩ਸ, ੧, ੩:੧ (144)
"ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ।"
- ਤਿਲੰ ਨਾਮ, ੨, ੨:੧ (727)

ਦਿਹਰੀ ----- ਮੁਹਾਠ
"ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ।"
- ਕੇਦਾ ਕਬ, ੬, ੧:੧ (1124)

ਦਿਹਾ ------ ਦਿਨ ਦਿਹਾੜੇ
"ਏਥੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ।"
- ਵਡ ੧, ਅਲਾ ੧, ੨:੨ (579)

ਦਿਹਾਈ ---- ਦਿਨਾਂ ਦਾ
"ਤੇਰੀ ਖਿੰਥਾ ਦੋ ਦਿਹਾਈ।"
- ਰਾਮ ੫, ੧੩, ੧*:੨ (886)

ਦਿਹਾਰੇ ----- ਦਿਨ
"ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ।"
- ਆਸਾ ੫, ੧੫, ੧:੧ (374)

ਦਿਹਾੜੀ ---- ਦਿਨ ਦਾ
"ਤੀਨਿ ਸੇਰ ਕਾ ਦਿਹਾੜੀ ਮਿਹਮਾਨੁ।"
- ਆਸਾ ੪, ੧੪, ੨:੧ (374)

ਹੋਰ ਰੂਪ:

ਦਿਹਾੜੇ -
"ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ।" (ਦਿਨ)
- ਆਸਾ ੫, ੩੮, ੨:੩ (380)

ਦਿਹਾੜੈ -
"ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ।"
- ਸਲੋ ਫਰ, ੧:੧ (1377)

ਦਿਹਿ ------ ਦਿਨ
"ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।"
- ਸਲੋ ਫਰ, ੭੬:੧ (1381)

ਹੋਰ ਰੂਪ:

ਦਿਹੁ –
“ਦਿਹੁ ਬਗਾ ਤਪੈ ਘਣਾ ਕਾਲਿਆ ਕਾਲੇ ਵੰਨ।”
– ਸੂਹੀ ੩, ਵਾਰ ੧੩ਸ, ੧, ੨:੨ (789)
“ਓਥੈ ਦਿਹੁ ਐਥੇ ਸਭ ਰਾਤਿ।” (ਮਹਾਨਕੋਸ਼ ਇਥੇ ਅਰਥ ‘ਗਿਆਨ’ ਦੇ ਕਰਦਾ ਹੈ)
– ਮਲਾ ੧, ੮, ੨:੪ (1257)

ਦਿਹੁਦੀਵੀ --- ਦਿਨ ਤੇ ਦੀਵਿਆਂ ਦੇ ਪ੍ਰਕਾਸ਼ ਹੁੰਦਿਆਂ
“ਦਿਹੁਦੀਵੀ ਅੰਧ ਘੋਰੁ ਘਬੁ ਮੁਹਾਈਐ।”
– ਸੂਹੀ ਅਸ, ੪, ੫:੧ (752)

ਦਿਹੈ ------ ਦਿਨੇ, ਦਿਨ ਵੇਲੇ
“ਮੈ ਰਾਤਿ ਦਿਹੈ ਵਡਿਆਈਆਂ।”
– ਸਿਰੀ ੫, ਅਸ ੨੮, ੨੪:੨ (73)

ਦਿਖਈਆ --- ਦਿਖਾਇਆ/ਦੱਸਿਆ ਹੈ
“ਮਨੁ ਤਨੁ ਕਾਟਿ ਦੇਉ ਗੁਰ ਆਗੈ ਜਿਨਿ ਹਰਿ ਪ੍ਰਭੁ ਮਾਰਗੁ ਪੰਥ ਦਿਖਈਆ।”
– ਬਿਲਾ ੪, ਅਸ ੫, ੨:੨ (836)

ਹੋਰ ਰੂਪ:

ਦਿਖਈਐ –
“ਹਰਿ ਏਕੋ ਬੋਲੈ ਹਰਿ ਏਕੁ ਬੁਲਾਏ ਗੁਰਿ ਪੂਰੈ ਹਰਿ ਏਕੁ ਦਿਖਈਐ।”
– ਗੋਂਡ ੪, ੫, ੨:੨ (861)

ਦਿਖਹੁ ----- ਵੇਖੋ, ਦੇਖੋ, ਵੇਖ ਲਵੋ
“ਹਰਿ ਹਰਿ ਨਾਮੁ ਅੰਮ੍ਰਿਤੁ ਹਰਿ ਮੀਠਾ ਹਰਿ ਸੰਤਹੁ ਚਾਖਿ ਦਿਖਹੁ।”
– ਬਿਲਾ ੪, ੪, ੩:੧ (800)

ਦਿਖਨਥੇ ---- ਵੇਖਣ ਲਈ
“ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ ਦਿਖਨਥੇ।”
– ਕਲਿ ੪, ੩, ੨:੨ (1320)

ਦਿਖਲਾਇਆ – ਵਖਾਇਆ, ਦ੍ਰਿਸ਼ਟਮਾਨ ਕਰਵਾਇਆ
“ਦੂਜਾ ਖੇਲੁ ਕਰਿ ਦਿਖਲਾਇਆ।”
– ਸਿਰੀ ੧, ਅਸ ੨੮, ੨੦:੨ (73)

ਹੋਰ ਰੂਪ:

ਦਿਖਲਾਈ –
“ਗੁਰਿ ਦਿਖਲਾਈ ਮੋਰੀ।” (ਵਖਾਈ, ਦਸੀ)
– ਸੋਰ ਕਬ, ੧੦, ੧:੧ (656)

ਦਿਖਲਾਵਉ -- ਵਖਾਵਾਂ, ਦਸਾਂ, ਦ੍ਰਿਸ਼ਟਮਾਨ ਕਰਾਵਾਂ
“ਸੁਣਿ ਮਨ ਤਨ ਤੁਝੁ ਸੁਖੁ ਦਿਖਲਾਵਉ।”
– ਸੂਹੀ ੫, ੨੭, ੧*:੧ (742)

ਹੋਰ ਰੂਪ:

ਦਿਖਲਾਵਹਿ –
“ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀਂ ਸੂਝੈ।” (ਦਿਖਾਉਂਦਾ ਹੈ)
– ਮਲਾ ੧, ਵਾਰ ੨੫ਸ, ੧, ੨:੫ (1289)
“ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ।” (ਵਖਾਲਦਾ ਹੈ)
– ਸਲੋ ਕਬ, ੭੫:੧ (1368)

ਦਿਖਲਾਵੈ –
“ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ।” (ਦਸੇ)
– ਸਾਰ ੪, ੧੦, ੧:੨ (1201)

ਦਿਖਾ ------ (1) ਵੇਖਾਂ
“ਜਿਚਰੁ ਤੇਰੀ ਜੋਤਿ ਤਿਚਰੁ ਜੋਤੀ ਵਿਚਿ ਤੂੰ ਬੋਲਹਿ ਵਿਣੁ ਜੋਤੀ ਕੋਈ ਕਿਛੁ ਕਰਿਹੁ ਦਿਖਾ ਸਿਆਣੀਐ।”
– ਮਾਝ ੧, ਵਾਰ ੨ਸ, ੨, ੨:੬ (138)

(2) ਵੇਖੀਏ
“ਪੰਡਿਤ ਭੁਲਿ ਭੁਲਿ ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ।”
– ਗੂਜ ੩, ਵਾਰ ੧੨ਸ, ੩, ੨:੨ (513)

(3) ਦਿਸਿਆ
“ਖੂਲ੍ਹੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਦਿਖਾ।”
– ਸਾਰ ੫, ੪੦, ੧:੨ (1212)

(4) ਦੇਖਣ ਵਾਲਾ
“ਜਿਸੁ ਬੁਝਾਏ ਆਪਿ ਬੁਝਾਇ ਦੇਇ ਸੋਈ ਜਨੁ ਦਿਖਾ।”
– ਕਾਨ ੪, ਵਾਰ ੮:੩ (1316)

ਦਿਖਾਉ ---- (1) ਦੇਖਾਂ, ਮੈਂ ਵੇਖਾਂ
“ਨਾਨਕ ਕੇ ਪ੍ਰਭ ਪੁਰਖ ਬਿਧਾਤੇ ਘਟਿ ਘਟਿ ਤੁਝਹਿ ਦਿਖਾਉ।”
– ਕੇਦਾ ੫, ੪, ੨:੨ (1120)

(2) ਦਿਖਾਵਾਂ, ਵਖਾਵਾਂ
“ਜਗੁ ਰੋਗੀ ਕਹ ਦੇਖਿ ਦਿਖਾਉ।”
– ਬਸੰ ੧, ਅਸ ੪, ੪:੩ (1189)

(3) ਪਸਾਰਾ, ਦਿਖਾਵਾ
“ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ।”
– ਸਾਰ ੫, ੧, ੩:੨ (1202)

ਦਿਖਾਇ ---- (1) ਵਿਖਾ, ਦਿਖਾਲ, ਦਰਸ਼ਨ ਕਰਦਾ
“ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ।”
– ਸਿਰੀ ੪, ੬੮, ੧*:੪ (41)

(2) ਦਿਸਦਾ
“ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ।”
– ਸਿਰੀ ੫, ੭੩, ੪:੧ (43)

(3) ਵਿਖਾਓ, ਦਿਖਾਓ
“ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ।”
- ਗਉ ਰਵਿ, ੧, ੧*:੧ (346)

ਦਿਖਾਇਓ --- ਵਖਾਲਿਆ, ਦਰਸ਼ਨ ਕਰਵਾਇਆ, ਵਖਾਇਆ, ਦਿਖਾ ਦਿਤਾ
“ਹੋਣਾ ਸਾ ਸੋਈ ਫੁਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ।”
“ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ।”
- ਗਉ ੫, ੧੨੩*, ੨:੨;੩:੧ (205)
“ਗੁਰਹਿ ਦਿਖਾਇਓ ਲੋਇਨਾ।”
- ਆਸਾ ੫, ੧੪੪, ੧*:੧ (407)

ਦਿਖਾਇਆ -- ਵਖਾਲਿਆ, ਵਖਾਇਆ
“ਰਾਮ ਨਾਮੁ ਹਰਿ ਕੀਰਤਿ ਗਾਈ ਕਰਿ ਚਾਨਣੁ ਮਗੁ ਦਿਖਾਇਆ।”
- ਸਿਰੀ ੪, ਵਾਰ ੧੧ਸ, ੩, ੨:੨ (86)

ਦਿਖਾਇਆਥਾ ਵਿਖਾਇਆ
“ਬਾਹਿਰ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆਥਾ।”
- ਮਾਰੂ ੫, ੧੨, ੧:੧ (1002)

ਦਿਖਾਇਣਾ -- ਦਿਸ ਪੈਂਦਾ ਹੈ
“ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ।”
- ਮਾਰੂ ੫, ਸੋਲਾ ੭, ੭:੩ (1078)

ਦਿਖਾਇਦਾ -- ਦਿਖਾਂਦਾ
“ਹੁਕਮੇ ਸਾਸ ਗਿਰਾਸ ਸਦਾ ਫੁਨਿ ਹੁਕਮੇ ਦੇਖਿ ਦਿਖਾਇਦਾ।”
- ਮਾਰੂ ੧, ਸੋਲਾ ੧੬, ੧੨:੩ (1037)

ਦਿਖਾਈ ---- (1) ਦਿਖਾਣ ਨਾਲ
“ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨ ਨਿਮਖ ਦਿਖਾਈ।” (ਦਿਖਾਨ ਨਾਲ)
- ਆਸਾ ੪, ੬੭, ੨:੨ (370)
(2) ਦਿਖਾ ਦਿਤਾ
“ਅੰਤਰਿ ਨਾਮੁ ਨਿਧਾਨੁ ਹੈ ਪੂਰੈ ਸਤਿਗੁਰਿ ਦੀਆ ਦਿਖਾਈ।”
- ਆਸਾ ੩, ਅਸ ੨੮, ੧*:੨ (425)
(3) ਦਸ ਦਿਤੀ, ਦਸੀ
“ਹਰਿ ਕਾ ਮਾਰਗੁ ਗੁਰ ਸੰਤਿ ਬਤਾਇਓ ਗੁਰਿ ਚਾਲ ਦਿਖਾਈ ਹਰਿ ਚਾਲ।”
- ਨਟ ੪, ੯, ੧:੧ (978)

ਦਿਖਾਈਐ --- (1) ਦਿਖਾਉਂਦਾ ਹੈ
“ਨਾਨਕ ਦੇਖਿ ਦਿਖਾਈਐ ਹਉ ਸਦ ਬਲਿਹਾਰੈ ਜਾਸੁ।”
- ਸਿਰੀ ੧, ੧੨, ੪:੩ (18)
(2) ਦਿਸਦਾ ਹੈ
“ਘਟਿ ਅਵਘਟਿ ਰਵਿਆ ਸਭ ਠਾਈ ਹਰਿ ਪੂਰਨ ਬ੍ਰਹਮੁ ਦਿਖਾਈਐ।”

– ਦੇਵ ੫, ੧, ੮:੨ (528)

(3) ਦਿਖਾਓ, ਦੇਓ

“ਨਾਨਕੁ ਪਇਅੰਪੈ ਸੰਤ ਸਰਣੀ ਮੋਹਿ ਦਰਸੁ ਦਿਖਾਈਐ।”

– ਬਿਹਾ ੫, ਛੰਤ ੨, ੩:੬ (543)

ਦਿਖਾਏ ----- (1) ਦਿਖਾਉਂਦਾ ਹੈ

“ਸਬਦਿ ਦਿਖਾਏ ਸਤਿਗੁਰੁ ਪੂਰਾ।”

– ਮਾਝ ੩, ਅਸ ੨੭, ੧:੨ (125)

“ਸਤਿਗੁਰੁ ਮਿਲੈ ਸੁ ਮਰਣੁ ਦਿਖਾਏ।” (ਦਸਦਾ/ਪਰਿਚਿਤ ਕਰਵਾਉਂਦਾ ਹੈ)

– ਗਉ ੧, ੯, ੧:੧ (153)

(2) ਵਖਾਵੇ

“ਅਨਿਕ ਜਤਨ ਕਰਿ ਕਰਹ ਦਿਖਾਏ ਸਾਚੀ ਸਾਖੀ ਚੀਨੀ।”

– ਸਾਰ ੫, ਅਸ ੧, ੫:੨ (1235)

ਦਿਖਾਧਾ ---- ਦਿਖਾਂਦਾ ਹੈ

“ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ।”

– ਸਾਰ ੫, ੬, ੪:੧ (1204)

ਦਿਖਾਯਾ ---- ਵਖਾਇਆ, ਦਸਿਆ

“ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ।”

– ਧਨਾ ੫, ੮, ੧:੨ (672)

ਦਿਖਾਰਿਆ -- ਵਖਾਇਆ, ਦਰਸਨ ਕਰਵਾਏ

“ਤ੍ਰਿਪਤਿ ਅਘਾਇ ਰਹਿਆ ਹੈ ਸੰਤਹੁ ਗੁਰਿ ਅਨਭਉ ਪੁਰਖੁ ਦਿਖਾਰਿਆ।”

– ਮਾਝ ੫, ੧੦, ੨:੩ (97)

ਦਿਖਾਰੀਆ -- ਦਿਖਾਲੀ, ਦਰਸ਼ਨ

“ਗੁਰ ਨਿਵਿ ਨਿਵਿ ਲਾਗਉ ਪਾਇ ਦੇਹੁ ਦਿਖਾਰੀਆ।”

– ਗਉ ੫, ਅਸ ੧੨, ੩:੨ (241)

ਦਿਖਾਰੈ ----- ਵਖਾਉਂਦਾ, ਦਸਦਾ

“ਕਾਹੂ ਪੰਥੁ ਦਿਖਾਰੈ ਆਪੈ।”

– ਗਉ ੫, ਬਾਅ ੧੭:੫ (253)

ਦਿਖਾਲਹਿ --- ਵਖਾਏ, ਪ੍ਰਦਰਸ਼ਿਤ ਕਰੇ

“ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ।”

– ਸਿਰੀ ੪, ਛੰਤ ੧, ੪:੫ (79)

ਦਿਖਾਲਦਾ --- ਵਖਾਉਂਦਾ

“ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ।”

– ਬਿਹਾ ੪, ਵਾਰ ੧੯:੨ (556)

ਦਿਖਾਲਨੁ --- ਵਖਾਉਣ

“ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ।”

– ਆਸਾ ੫, ੪੪, ੩:੨ (382)

ਦਿਖਾਲਾ ---- **ਦਿਖਾਵਾ**

"ਜਿਸਹਿ ਦਿਖਾਲਾ ਵਾਟੜੀ ਤਿਸਹਿ ਭੁਲਾਵੈ ਕਉਣੁ।"

– ਰਾਮ ੩, ਵਾਰ ੧੨ਸ, ੧, ੧:੮ (952)

ਦਿਖਾਲਿ ---- **ਵਖਾ**

"ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ।"

– ਸੂਹੀ ੫, ਅਸ ੪, ੪:੧ (761)

ਹੋਰ ਰੂਪ:

ਦਿਖਾਲਿਆ –

"ਨਾਮੁ ਨਿਧਾਨੁ ਸਤਗੁਰੂ ਦਿਖਾਲਿਆ ਹਰਿ ਰਸੁ ਪੀਆ ਅਘਾਏ।" (ਵਖਾਇਆ)

– ਸਿਰੀ ੩, ੪੧, ੩:੩ (29)

ਦਿਖਾਲੀ –

"ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ।" (ਵਖਾਈ)

– ਭੈਰ ੪, ੩, ੩:੧ (1134)

ਦਿਖਾਲੀਐ –

"ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ।"

– ਮਾਝ ੫, ੨੮, ੨:੩ (102)

ਦਿਖਾਲੇ –

"ਖੋਲਿ ਕਿਵਾਰ ਦਿਖਾਲੇ ਦਰਸਨੁ ਪੁਨਰਪਿ ਜਨਮਿ ਨ ਆਈਐ।" (ਵਖਾਏ)

– ਆਸਾ ੫, ੫੦, ੧:੨ (383)

ਦਿਖਾਵਉ --- **ਵਖਾਵਾਂ, ਦਿਖਾਵਾਂ**

"ਕਿਆ ਪਹਿਰਉ ਕਿਆ ਓਢਿ ਦਿਖਾਵਉ।"

– ਗਉ ੧, ਅਸ ੧੦, ੧*:੧ (225)

ਦਿਖਾਵਈ --- **ਦਸਦਾ, ਵਖਾਉਂਦਾ**

"ਗੁਰ ਬਿਨੁ ਕੋ ਨ ਦਿਖਾਵਈ ਅੰਧੀ ਆਵੈ ਜਾਇ।"

– ਸਿਰੀ ੧, ੧੨, ੧:੨ (60)

ਹੋਰ ਰੂਪ:

ਦਿਖਾਵਏ –

"ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ।" (ਦਿਖਾਉਂਦੀ ਹੈ)

– ਬਿਲਾ ੫, ਛੰਤ ੩, ੨:੩ (847)

"ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ।" (ਦਸੇ, ਵਿਖਾ ਦੇਵੇ)

–ਸਲੋ ੪, ੫:੩ (1421)

ਦਿਖਾਵਹਿ --- **ਵਖਾਂਦਾ ਹੈ**

"ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ।"

– ਆਸਾ ੩, ਛੰਤ ੭, ੨:੧ (440)

"ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ।" (ਦਿਖਾਂਦੇ ਹਨ)

– ਰਾਮ ੫, ੭, ੩:੩ (884)

ਹੋਰ ਰੂਪ:

ਦਿਖਾਵਹੁ –
“ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਣੇਰੀ।” (ਵਿਖਾਓ)
– ਗਉ ੧, ੫੮, ੧:੨ (170)

ਦਿਖਾਵਣਿਆ – ਵੇਖਿਆ
“ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ।”
– ਮਾਝ ੩, ਅਸ ੨੪, ੭:੩ (124)

ਦਿਖਾਵਨੀ --- ਦਿਖਾਉਣ ਵਾਲੀ ਅਦਾਇਗੀ, ਅਦਾਕਾਰੀ
“ਧੁਨਿਤ ਲਲਿਤ ਗੁਨਗ੍ਯ ਅਨਿਕ ਭਾਂਤਿ ਬਹੁ ਬਿਧਿ ਰੂਪ ਦਿਖਾਵਨੀ ਨੀਕੀ।”
– ਮਲਾ ੫, ੨੫, ੧:੧ (1272)

ਦਿਖਾਵਾ ---- ਪ੍ਰਦਰਸ਼ਨ
“ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ।”
– ਮਾਰੂ ੫, ੧੫, ੩:੨ (1003)

ਦਿਖਾਵੈ ----- (1) ਵਖਾਏ, ਪ੍ਰਗਟ ਕਰੇ
“ਕਰੈ ਦੁਹਕਰਮ ਦਿਖਾਵੈ ਹੋਰੁ।”
– ਗਉ ੫, ੧੪੦, ੧:੧ (194)
“ਵੇਸ ਕਰੇ ਬਹੁ ਰੂਪ ਦਿਖਾਵੈ।” (ਪ੍ਰਦਰਸਤ ਕਰੇ)
– ਆਸਾ ੫, ੪, ੧:੩ (371)
(2) ਦਸੇ, ਦਿਖਾਏ
“ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ।”
– ਗਉ ੧, ਅਸ ੧੨, ੬:੧ (226)
“ਜੋ ਦੇਖਿ ਦਿਖਾਵੈ ਤਿਸ ਕਉ ਬਲਿ ਜਾਈ।” (ਦਰਸ਼ਨ ਦਰਾਏ)
– ਬਿਲਾ ੧, ਥਿਤੀ ੧:੫ (838)

ਦਿਖੀਜੈ ----- ਦਿਸ ਗਏ, ਦਰਸ਼ਨ ਹੋ ਗਏ
“ਪਰਸ ਨਿਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ।”
– ਕਲਿ ੪, ਅਸ ੨, ੫:੨ (1324)

ਦਿਖੀਤਾ ---- ਦਿਸਦਾ ਹੈ
“ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ।”
– ਬਿਲਾ ੫, ੩੭, ੩:੧ (810)

ਦਿਖੈ ------ ਵੇਖੇ
“ਮੁੰਧ ਇਆਣੀ ਪੇਈਅੜੈ ਗੁਰਮੁਖਿ ਹਰਿ ਦਰਸਨੁ ਦਿਖੈ।”
– ਸਿਰੀ ੪, ਛੰਤ ੧, ੧:੬ (78)

ਦਿਗ ------ ਦਿਸ਼ਾ, ਤਰਫਾਂ
“ਜਾਂ ਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ।”

– ਮਲਾ ਨਾਮ, ੧, ੧:੧ (1292)

ਦਿਗੰਬਰ ---- ਨੰਗਾ ਰਹਿਣ ਵਾਲਾ, ਜੈਨੀ ਸਾਧੂਆਂ ਦਾ ਇਕ ਫਿਰਕਾ, ਨਾਂਗੇ
"ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ।"
-ਤੁਖਾ ੪, ਛੰਤ ੪, ੩:੫ (1116)

ਹੋਰ ਰੂਪ:

ਦਿਗੰਬਰਾ –
"ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ।"
– ਮਾਝ ੫, ਵਾਰ ੧੮:੬ (1100)

ਦਿਗੰਬਰੁ –
"ਦਇਆ ਦਿਗੰਬਰੁ ਦੇਹ ਬੀਚਾਰੀ।"
– ਆਸਾ ੧, ੨੫, ੩:੧ (356)

ਦਿਗਰ ----- (ਫਾ. ਦੀਗਰ) ਹੋਰ, ਦੂਜਾ
"ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ।"
– ਤਿਲੰ ਨਾਮ, ੨, ੨:੨ (727)

ਹੋਰ ਰੂਪ:

ਦਿਗਰਿ –
"ਅਸਤਿ ਏਕੁ ਦਿਗਰਿ ਕੁਈ।"
– ਮਾਝ ੧, ਵਾਰ ੧੩ਸ, ੧, ੨:੩ (144)

ਦਿਚੰਨ੍ਹਿ ---- ਦੇਵੀਏ
"ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨ੍ਹਿ।"
– ਕਾਨ ੪, ਵਾਰ ੧੩ਸ, ੪, ੨:੨ (1318)

ਦਿਚੈ ------ (1) ਦੇਈਏ
"ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ।"
– ਮਾਝ ੧, ਵਾਰ ੧੧ਸ, ੧, ੨:੪ (143)

(2) ਦੇਓ
"ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ।"
– ਗਉ ੫, ਵਾਰ ੪:੫ (319)

"ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ।"
– ਗੂਜ ੫, ਵਾਰ ੩:੮ (518)

ਦਿਜਇ ----- ਦੇਈਏ
"ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ।"
– ਸਵ ੪, ਨਲ ੭:੧ (1399)

ਦਿਣਸੁ ----- ਦਿਨ
"ਰੈਣਿ ਦਿਣਸੁ ਸਿਮਰਤ ਰਹੈ ਸੋ ਪ੍ਰਭੁ ਪੁਰਖੁ ਅਪਾਰ।"
– ਗਉ ੫, ਬਾਅ ੩੧:੬ (256)

ਦਿਤਨੋ ----- ਦਿਤਾ ਹੈ
"ਨਾਨਕ ਉਧਰੇ ਸਾਧਸੰਗਿ ਕਿਰਪਾ ਨਿਧਿ ਮੈ ਦਿਤਨੋ।"
– ਗਉ ੫, ੧੪੮, ੨:੨ (212)

ਦਿਤਮੁ ----- ਮੈਨੂੰ ਦਿਤਾ ਹੈ
"ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ।"
– ਮਾਰੂ ੧, ਅਸ ੧੦, ੧*:੨ (1015)

ਦਿਤੜਾ ----- ਦਿਤਾ
"ਇਹ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ।"
– ਵਡ ੫, ਛੰਤ ੧, ੧:੨ (576)
"ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਉ।"
– ਤਿਲੰ ੪, ਅਸ ੨, ੧੬:੨ (726)

ਹੋਰ ਰੂਪ:

ਦਿਤੜੀ –
"ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ।"
– ਸੂਹੀ ੧, ਛੰਤ ੧, ੪:੧ (764)

ਦਿਤਾ ------ (1) ਦੀਆ, ਪ੍ਰਦਾਨ ਕੀਤਾ
"ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ।"
– ਸਿਰੀ ੧, ੫, ੧:੧ (15)
(2) ਦਿਤਾ ਹੋਇਆ ਪਦਾਰਥ
"ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ।"
– ਮਾਝ ੧, ਵਾਰ ੨ਸ, ੧, ੧:੩ (138)
"ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ।"
– ਮਾਝ ੧, ਵਾਰ ੨ਸ, ੨, ੨:੧ (138)

ਦਿਤਿ ------ ਦਿਤੀ ਹੋਈ ਵਸਤ, ਦਾਤ, ਬਖਸ਼ਿਸ਼
"ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ।"
– ਰਾਮ ਬਸ, ਵਾਰ ੨:੬ (967)

ਦਿਤਿਅਨੁ --- ਦਿਤੇ, ਪ੍ਰਦਾਨ ਕੀਤੇ
"ਮਨ ਬਾਂਛਤ ਫਲ ਦਿਤਿਅਨੁ ਨਾਨਕ ਬਲਿਹਾਰੀ।"
– ਬਿਲਾ ੫, ੮੦, ੨:੨ (820)

ਦਿਤੀ ------ ਦੀਆ, ਪ੍ਰਦਾਨ ਕੀਤੀ
"ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ।"
– ਸਿਰੀ ੫, ਅਸ ੨੯, ੧੮:੩ (74)

ਹੋਰ ਰੂਪ:

ਦਿਤੀਓ –
"ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ।" (ਦਿਤੀਆਂ)
– ਮਾਰੂ ੫, ਵਾਰ ੧੦:੫ (1097)

ਦਿਤੀਅਨੁ –

"ਆਪਿ ਵਡਾਈ ਦਿਤੀਅਨੁ ਗੁਰਮੁਖਿ ਦੇਇ ਬੁਝਾਇ।" (ਦਿਤੀ)

– ਸਿਰੀ ੩, ੫੮, ੩:੪ (36)

ਦਿਤੀਆ –

"ਸੇ ਵਸਤੁ ਸਹਿ ਦਿਤੀਆ ਮੈ ਤਿਨ੍ ਸਿਉ ਲਾਇਆ ਚਿਤੁ ਜੀਉ।" (ਪ੍ਰਦਾਨ ਕੀਤੀਆਂ)

– ਸੂਹੀ ੧, ਕੁਚ ੧:੮ (762)

"ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ।" (ਦਿਤਾ)

– ਸੂਹੀ ੪, ਛੰਤ ੬, ੧:੧ (776)

ਦਿਤੀਨੁ –

"ਜੀਉ ਪਿੰਡੁ ਜਿਨਿ ਸਾਜਿਆ ਕਰਿ ਕਿਰਪਾ ਦਿਤੀਨੁ ਜਿੰਦੁ।" (ਦਿਤੀ ਹੈ)

– ਮਾਝ ੫, ਦਿਨ ੩:੨ (137)

ਦਿਤੀਮੁ –

"ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ।"

– ਜੈਤ ੫, ਵਾਰ ੫ਸ, ੫, ੨:੧ (706)

ਦਿੰਤੁ ------ ਦਿਤਾ ਹੋਇਆ

"ਸੁਖ ਸਾਗਰੁ ਪਾਇਅਉ ਦਿੰਤੁ ਹਰਿ ਮਗਿ ਨ ਹੁਟੈ।"

– ਸਵ ੪, ਕਲ ੬:੩ (1397)

(ਮਹਾਨਕੋਸ਼ ਇਸ ਦੇ ਅਰਥ 'ਪ੍ਰਕਾਸ਼ਮਾਨ, ਰੌਸ਼ਨ' ਕਰਦਾ ਹੈ)

ਦਿਤੇ ------ (1) ਦਿਤਾ ਹੋਇਆ ਪਦਾਰਥ, ਦਾਤ

"ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ।"

– ਸਿਰੀ ੪, ਪਹ ੩, ੨:੪ (76)

ਹੋਰ ਰੂਪ:

ਦਿਤੈ –

"ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ।"

– ਗਉ ੪, ਵਾਰ ੩੧ਸ, ੪, ੧:੪ (316)

(2) ਦੇਣ ਦੀ ਕਿਰਿਆ

"ਲਏ ਦਿਤੇ ਵਿਣੁ ਰਹੈ ਨ ਕੋਇ।"

– ਆਸਾ ੧, ੪, ੩:੨ (350)

(3) ਸਹਾਇਕ ਕਿਰਿਆ

"ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ।"

– ਗੁਜ ੫, ਵਾਰ ੨੦:੧ (523)

(4) ਪ੍ਰਦਾਨ ਕੀਤੇ

"ਗੁਰਿ ਸਚੈ ਬਧਾ ਥੇਹੁ ਰਖਵਾਲੇ ਗੁਰਿ ਦਿਤੇ।"

– ਸੋਰ ੪, ਵਾਰ ੨੭:੧ (653)

"ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ।" (ਦੇਣ ਨਾਲ)

– ਸਲੋ ੩, ੧:੨ (1413)

ਹੋਰ ਰੂਪ:

ਦਿਤੈ –
"ਰਾਜਾ ਮੰਗੈ ਦਿਤੈ ਗੰਢੁ ਪਾਇ।" (ਦੇਣ ਨਾਲ, ਪ੍ਰਦਾਨ ਕਰਨ ਨਾਲ)
– ਮਾਝ ੧, ਵਾਰ ੧੨ਸ, ੧, ੨:੫ (143)

ਦਿਤੋਸੁ –
"ਸਹਿ ਟਿਕਾ ਦਿਤੋਸੁ ਜੀਵਦੈ।"
– ਰਾਮ ਬਸ, ੧:੭ (966)

ਦਿਤੋਨੁ –
"ਕਿਰਪਾ ਕਰਿ ਕੈ ਆਪਣੀ ਦਿਤੋਨੁ ਭਗਤਿ ਭੰਡਾਰੁ।" (ਉਸ ਨੇ ਦਿਤਾ)
– ਸਿਰੀ ੩, ੫੮, ੧:੪ (36)

ਦਿਨ ------ (1) ਸੂਰਜ ਚੜਨ ਤੋਂ ਸੂਰਜ ਡੁਬਣ ਤੱਕ ਦਾ ਸਮਾਂ
"ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।"
– ਸਿਰੀ ੧, ੫, ੧:੨ (15)

(2) ਸਮੇਂ ਦੀ ਇਕ ਇਕਾਈ, 8 ਪਹਿਰਾ/ਸੂਰਜ ਦੇ ਚੜਨ ਤੇ ਫਿਰ ਚੜਨ ਤੱਕ ਦਾ ਸਮਾਂ
"ਤੇ ਦਿਨ ਸੰਮਲੁ ਕਸਟ ਮਹਾ ਦੁਖ ਅਬ ਚਿਤੁ ਅਧਿਕ ਪਸਾਰਿਆ।" (ਭਾਵ ਸਮਾਂ)
– ਸਿਰੀ ਬੇਣੀ, ੧, ੧:੩ (93)
"ਪੇਵਕੜੈ ਦਿਨ ਚਾਰਿ ਹੈ ਸਾਹੁਰੜੈ ਜਾਣਾ।"
– ਗਉ ਕਬ, ੫੦, ੧:੧ (333)

(3) ਸਮਾਂ
"ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ।"
– ਆਸਾ ੫, ਛੰਤ ੮, ੨:੫ (458)
"ਕੇਤੜਿਆ ਦਿਨ ਗੁਪਤੁ ਕਹਾਇਆ।" (ਸਮਾਂ,ਚਿਰ)
– ਮਾਰੂ ੫, ਸੋਲਾ ੧੦, ੧੨:੧ (1081)

ਦਿਨਸ ----- ਦਿਨ
"ਕੋਟਿ ਦਿਨਸ ਲਾਖ ਸਦਾ ਥਿਰੁ ਥੀਆ।"
– ਗਉ ੫, ੭, ੧*:੨ (239)

ਹੋਰ ਰੂਪ:

ਦਿਨਸੁ –
"ਅਉਧ ਘਟੈ ਦਿਨਸੁ ਰੈਣਾਰੇ।"
– ਗਉ ੫, ਸੋਰ ੫, ੧*:੧ (13)

ਦਿਨਹਿ ----- ਦਿਨ ਸਮੇ, ਦਿਹਾੜੀ
"ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ।"
– ਗਉ ੫, ਥਿਤੀ ੧੩:੭ (299)

ਦਿਨ ਕਰੋ --- ਸੂਰਜ
"ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ ਦਿਨ ਕਰੋ ਅਨਦਿਨੁ ਖਾਤ।"

– ਆਸਾ ੫, ਛੰਤ ੧੪, ੧:੨ (461)

ਦਿਨਛੇ ----- ਦੀਨੀ, ਦਿਤੀ
"ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ ਦਿਨਛੇ।"
– ਬਸੰ ੪, ੪, ੨:੨ (1178)

ਦਿਨੰਤਿ ----- ਦਿਨ
ਰਾਤਿ ਦਿਨੰਤਿ ਰਹੈ ਰੰਗਿ ਰਾਤਾ।"
–ਰਾਮ ੧, ਓਅੰ ੧੦:੩ (931)

ਹੋਰ ਰੂਪ:

ਦਿਨੰਤੁ –
"ਰਾਤਿ ਦਿਨੰਤੁ ਕੀਏ ਭਉ ਭਾਉ।"
– ਬਿਲਾ ੧, ਥਿਤੀ ੩:੪ (839)

ਦਿਨਥੇ ----- ਦੇਵਾਂ
"ਕੋਈ ਮਾਰਗੁ ਪੰਥੁ ਬਤਾਵੈ ਪ੍ਰਭ ਕਾ ਕਹੁ ਤਿਨ ਕਉ ਕਿਆ ਦਿਨਥੇ।"
– ਕਲਿ ੪, ੩, ੩:੧ (1320)

ਦਿਨ ਰਾਤਿ -- ਦਿਨੇ ਰਾਤੀ ਭਾਵ ਹਰ ਸਮੇਂ, ਹਮੇਸ਼ਾਂ
"ਤੁਮ੍ਹਰੀ ਉਸਤਤਿ ਕਰਉ ਦਿਨ ਰਾਤਿ।"
– ਭੈਰ ੫, ੩੧, ੧*:੨ (1144)

ਹੋਰ ਰੂਪ:

ਦਿਨ ਰਾਤੀ –
"ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ।" (ਸਦਾ, ਹਮੇਸ਼ਾਂ ਹੀ)
– ਭੈਰ ੩, ੨੧, ੨:੧ (1133)

ਦਿਨਾ ------ (1) ਦਿਨ ਭਾਵ ਸਮਾਂ
"ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ।"
– ਧਨਾ ੧, ੨, ੧*:੧ (660)

(2) ਸੂਰਜ ਚੜ੍ਹਨ ਤੇ ਸੂਰਜ ਢਲਣ ਤਕ ਦਾ ਸਮਾਂ, ਦਿਨ
"ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ।"
– ਮਾਰੂ ੫, ਸੋਲਾ ੮, ੬:੩ (1079)

ਦਿਨਿ ------ (1) ਦਿਨ ਭਾਵ ਸਮੇਂ
"ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।"
– ਮਾਝ ੫, ਬਾਰਾ ੭:੩ (134)

(2) ਸਮੇਂ ਦੀ ਇਕ ਇਕਾਈ, ਸੂਰਜ ਚੜ੍ਹਨ ਤੋਂ ਢਲਣ ਤੱਕ ਦਾ ਸਮਾਂ
"ਰਾਤੀ ਕਾਲੁ ਘਟੈ ਦਿਨਿ ਕਾਲੁ।"
– ਮਲਾ ੧, ਵਾਰ ੨੦ਸ, ੧, ੧:੧ (1287)

"ਸਾਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ।"
– ਸਵ ੪, ਨਲ ੫:੨ (1399)

ਦਿਨੀਅਰੁ --- (1) ਦਿਨਕਰ, ਸੂਰਜ
"ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ।"
– ਆਸਾ ੫, ਛੰਤ ੪, ੩:੧ (455)
('ਸ਼ਬਦਾਰਥ' ਇਸ ਦੇ ਅਰਥ 'ਦੇ ਹੁੰ' ਕਰਦਾ ਹੈ)
"ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ।"
– ਧਨਾ ੪, ੬, ੩:੨ (668)
"ਸੋਈ ਚੰਦੁ ਚੜਹਿ ਸੇਤਾਰੇ ਸੋਈ ਦਿਨੀਅਰੁ ਤਪਤ ਰਹੈ।"
– ਰਾਮ ੧, ਅਸ ੧, ੧:੧ (902)
(2) ਦਿਨ
"ਆਸਾ ਪਿਆਸੀ ਰੈਨਿ ਦਿਨੀਅਰੁ ਰਹਿ ਨ ਸਕੀਐ ਇਕੁ ਤਿਲੈ।"
– ਬਿਹਾ ੫, ਛੰਤ ੨, ੨:੫ (543)

ਦਿਨੁ ------ (1) ਸਮੇਂ ਦੀ ਇਕ ਇਕਾਈ, ਸੂਰਜ ਦੇ ਚੜ੍ਹਨ ਤੋਂ ਸੂਰਜ ਦੇ ਡੁਬਣ ਤੱਕ ਦਾ ਸਮਾਂ
"ਜਿਨਿ ਦਿਨੁ ਕਰਿ ਕੈ ਕੀਤੀ ਰਾਤਿ।"
– ਆਸਾ ੧, ਸੋਦ ੩, ੪:੨ (10)
"ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ।"
– ਮਾਝ ੫, ਦਿਨ ੨:੯ (137)
(2) ਦਿਨ ਭਾਵ ਸਮਾਂ
"ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇਓਇ।"
– ਸਿਰੀ ੫, ੯੨, ੪:੨ (50)

ਦਿਨੁ ਰਾਤਿ -- ਹਮੇਸ਼ਾਂ
"ਸੰਤ ਕੈ ਸੰਗਿ ਬਸੈ ਦਿਨੁ ਰਾਤਿ।"
– ਗੋਂਡ ੫, ੧੮, ੨:੨ (867)

ਹੋਰ ਰੂਪ:

ਦਿਨੁਰਾਤੀ –
"ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ।"
– ਰਾਮ ੫, ੭, ੪:੧ (884)

ਦਿਨੈ ------ ਦਿਨ
"ਸਉ ਓਲਾਮ੍ਹੇ ਦਿਨੈ ਕੇ ਰਾਤੀ ਮਿਲਨ੍ਹਿ ਸਹੰਸ।"
– ਸੂਹੀ ੩, ਵਾਰ ੧੬ਸ, ੧, ੨:੧ (790)

ਦਿਨੋ ਦਿਨੁ --- ਹਰ ਦਿਨ ਨਾਲ, ਨਿਰੰਤਰ
"ਹਰਿਹਾਂ ਜਬ ਬਿਸਰੈ ਗੋਬਿਦ ਰਾਇ ਦਿਨੋ ਦਿਨੁ ਘਟੀਐ।"
– ਫੁਨ ੫, ੧੪:੪ (1363)
"ਜਿਹ ਸਤਿਗੁਰ ਸਿਮਰੰਥਿ ਰਿਦੈ ਹਰਿ ਨਾਮੁ ਦਿਨੋ ਦਿਨੁ।"
– ਸਵ ੪, ਬਲ ੫:੨ (1405)

ਦਿਬਦਿਸਟਿ -- (ਸੰ.) ਦੈਵੀ ਅਲੌਕਿਕ ਦ੍ਰਿਸ਼ਟੀ, ਉਹ ਨਜ਼ਰ ਜਿਸ ਨਾਲ ਸਾਰੇ ਗੁਪਤ ਸਥਾਨ ਦਿਸ ਜਾਣ
"ਅੰਦਰੁ ਖੋਲੈ ਦਿਬ ਦਿਸਟਿ ਦੇਖੈ ਮੁਕਤਿ ਭੰਡਾਰਾ।"
– ਆਸਾ ੩, ੨੮, ੨:੨ (425)

ਦਿਬਦ੍ਰਿਸਟਿ -- ਅਲੌਕਿਕ, ਦ੍ਰਿਸ਼ਟੀ, ਵੇਖੋ ‘ਦਿਬਦਿਸਟਿ’
“ਦਿਬ ਦ੍ਰਿਸਟਿ ਜਾਗੈ ਭਰਮੁ ਚੁਕਾਏ।”
- ਮਾਰੂ ੩, ਅਸ ੧, ੨:੧ (1016)

ਹੋਰ ਰੂਪ:

ਦਿਬ੍ਯ੍ਰਦ੍ਰਿਸ੍ਰਿ –
“ਅਵਲੋਕ੍ਯ੍ਰਾ ਬ੍ਰਹਮੁ ਭਰਮੁ ਸਭੁ ਛੁਟਕ੍ਯ੍ਰਾ ਦਿਬ੍ਯ੍ਰਦ੍ਰਿਸ੍ਰਿ ਕਾਰਣ ਕਰਣੰ।”
- ਸਵ ੪, ਗਯੰ ੩:੫ (1402)

ਦਿਰਾਨੀ ---- ਪਤੀ ਦੀ ਛੋਟੀ ਭਰਜਾਈ, ਦੇਵਰਾਨੀ, ਦੇਵਰ ਦੀ ਪਤਨੀ
“ਸੁਨਹੁ ਜਿਠਾਨੀ ਸੁਨਹੁ ਦਿਰਾਨੀ ਅਚਰਜੁ ਏਕੁ ਭਇਓ।”
- ਬਿਲਾ ਕਬ, ੪, ੨:੧ (856)

ਦਿਲ ------ ਮਨ, ਚਿਤ, ਅੰਤਹਕਰਣ
“ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ।”
- ਸਿਰੀ ੧, ਅਸ ੧੭, ੪:੨ (64)

ਦਿਲਹਿ ----- ਦਿਲ ਨੂੰ
“ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ।”
- ਸਿਰੀ ੧, ੨੭, ੩:੨ (24)

ਦਿਲਹੁ ----- ਦਿਲੋਂ
“ਦਿਲਹੁ ਮੁਹਬਤਿ ਜਿੰਨ੍ਹ ਸੇਈ ਸਚਿਆ।”
- ਆਸਾ ਫਰ, ੧, ੧:੧ (488)

ਦਿਲਾ ------ ਦਿਲਾਂ, ਦਿਲ ਦਾ ਬਹੁ ਵਚਨ
“ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ।”
- ਤਿਲੰ ੫, ੩, ੨:੨ (724)

ਦਿਲਾਸਾ ---- ਧਰਵਾਸ, ਤਸਲੀ, ਪਿਆਰ, ਭਰਿਆ, ਭਰੋਸਾ, ਧੀਰਜ
“ਤ੍ਰਿਪਤਿ ਅਘਾਇ ਰਹੇ ਜਨ ਤੇਰੇ ਸਤਿਗੁਰਿ ਕੀਆ ਦਿਲਾਸਾ ਜੀਉ।”
- ਮਾਝ ੫, ੩੮, ੩:੩ (105)
“ਸੂਖ ਸਹਜ ਆਨੰਦ ਘਨੇਰੇ ਸਤਿਗੁਰ ਦੀਆ ਦਿਲਾਸਾ।”
- ਸੋਰ ੫, ੯੦, ੩:੧ (630)

ਦਿਲਾਵਰ ---- (ਫਾ. ਦਿਲਾਵਰ) ਬਹਾਦਰ
“ਦਸ੍ਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ।”
- ਤਿਲੰ ੫, ੫, ੨:੧ (724)

ਦਿਲਿ ------ ਮਨ/ਚਿਤ ਨਾਲ
“ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।”
- ਮਾਝ ੧, ਵਾਰ ੬ਸ, ੧, ੧:੩ (140)
“ਦਾਨ ਸਬੰਦੁ ਸੋਈ ਦਿਲਿ ਧੋਵੈ।” (ਚਿਤ ਨੂੰ)
- ਧਨਾ ੧, ੭, ੪:੧ (662)

“ਜੋ ਦਿਲਿ ਮਿਲਿਆ ਸੁ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ।” (ਦਿਲੋਂ)
– ਤਿਲੰ ੧, ਅਸ ੧, ੭:੧ (725)

ਹੋਰ ਰੂਪ:

ਦਿਲੁ –
“ਜੋ ਦਿਲੁ ਸੋਧੈ ਸੋਈ ਹਾਜੀ।” (ਦਿਲ ਨੂੰ)
– ਮਾਰੂ ੫, ਸੋਲਾ ੧੨, ੬:੨ (1084)

ਦਿਲੈ –
“ਖਾਲਕੁ ਯਾਦਿ ਦਿਲੈ ਮਹਿ ਮਉਲਾ।” (ਦਿਲ ਅੰਦਰ)
– ਮਾਰੂ ੫, ਸੋਲਾ ੧੨, ੭:੨ (1084)

ਦਿਵਈ ਹੈ --- ਦਿਵਾਵੇਗਾ, ਦਿਵਾਏਗਾ
“ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈ ਹੈ ਰੇ।”
– ਬਿਲਾ ਕਬ, ੧, ੧*:੨ (855)

ਦਿਵਸ ----- (1) ਦਿਨ, ਦਿਹਾੜੇ
“ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।”
– ਮਾਝ ੫, ਬਾਰਾ ੧੪:੭ (136)
“ਸੁਭ ਦਿਵਸ ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਗੇ।” (ਦਿਨ ਭਾਵ ਸਮਾਂ)
– ਆਸਾ ੫, ਛੰਤ ੧੦, ੪:੫ (459)

ਹੋਰ ਰੂਪ:

ਦਿਵਸੁ –
“ਸੋਈ ਦਿਵਸੁ ਭਲਾ ਮੇਰੇ ਭਾਈ।” (ਸਮਾਂ)
– ਆਸਾ ੫, ੯੮, ੧*:੧ (395)

(2) ਸੂਰਜ ਚੜ੍ਹਨ ਤੋਂ ਡੁਬਣ ਤੱਕ ਦਾ ਸਮਾਂ
“ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ।”
– ਸਲੋ ਕਬ, ੨੨੩:੨ (1376)

ਹੋਰ ਰੂਪ:

ਦਿਵਸੁ –
“ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।”
– ਜਪੁ ੧, ੩੮ਸ:੨ (8)

ਦਿਵਾ ------ ਦੇਵਾਂ, ਅਰਪਨ ਕਰਾਂ
“ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ।”
– ਫੁਨ ੫, ੨:੨ (1361)

ਦਿਵਾਇਓ --- ਪ੍ਰਦਾਨ ਕਰਵਾਇਆ, ਦਿਵਾਇਆ
“ਸੋ ਸੋ ਪਾਇਓ ਜੁ ਆਪਿ ਦਿਵਾਇਓ।”
– ਗਉ ੫, ਬਾਅ ੮:੪ (251)

ਦਿਵਾਇਆ -- ਪ੍ਰਦਾਨ ਕਰਾਇਆ
“ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ।”

– ਸਿਰੀ ੪, ਛੰਤ ੧, ੪:੩ (79)

“ਕਰਤੈ ਪੁਰਖਿ ਤਾਲੁ ਦਿਵਾਇਆ।” (ਭਾਵ ਬਣਵਾਇਆ ਹੈ)

– ਸੋਰ ੫, ੬੪, ੨:੧ (625)

ਹੋਰ ਰੂਪ:

ਦਿਵਾਇਆ ਥਾ –

“ਮੋਲਿ ਅਮੋਲੁ ਨ ਪਾਇਆ ਜਾਈ ਕਰਿ ਕਿਰਪਾ ਗੁਰੂ ਦਿਵਾਇਆ ਥਾ।” (ਦਿਲਵਾਇਆ ਸੀ)

– ਮਾਰੂ ੫, ੧੨, ੧*:੨ (1002)

ਦਿਵਾਇਐ –

“ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ।” (ਦਿੰਦਾ ਹੈ)

– ਗੂਜ ੫, ਵਾਰ ੮:੭ (520)

ਦਿਵਾਇਬਾ -- ਦਿਵਾਂਦਾ ਹੈ

“ਜਨੁ ਨਾਨਕੁ ਰੇਣ ਸਾਧ ਪਗ ਮਾਗੈ ਹਰਿ ਹੋਇ ਦਇਆਲੁ ਦਿਵਾਇਬਾ।”

– ਜੈਤ ੪, ੪, ੪:੨ (697)

ਦਿਵਾਈ ---- ਦੁਆਈ

“ਐ ਜੀ ਗੁਰ ਕੀ ਦਾਤਿ ਨ ਮੇਟੈ ਕੋਈ ਮੇਰੈ ਠਾਕੁਰਿ ਆਪਿ ਦਿਵਾਈ।”

– ਗੂਜ ੧, ਅਸ ੪, ੪:੧ (505)

ਹੋਰ ਰੂਪ:

ਦਿਵਾਏ –

“ਕਰਿ ਕਿਰਪਾ ਜਿਸੁ ਆਪਿ ਦਿਵਾਏ।” (ਪ੍ਰਦਾਨ ਕਰਵਾਏ)

– ਗਉ ੫, ੧੧੮, ੧*:੨ (189)

“ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ।” (ਭਾਵ ਕਰਵਾਏ)

– ਸੂਹੀ ੪, ਛੰਤ ੧, ੪:੪ (773)

ਦਿਵਾਜਾ ---- (ਭਾਵ) ਦਿਖਾਵਾ, ਅਡੰਬਰ

“ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ।”

– ਬਿਲਾ ਕਬ, ੫, ੧*:੨ (856)

ਹੋਰ ਰੂਪ:

ਦਿਵਾਜੇ –

“ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ।”

– ਮਾਝ ੧, ਵਾਰ ੬ਸ, ੧, ੧:੪ (140)

ਦਿਵਾਨਾ ---- (ਡਾ. ਦੀਵਾਨਾ) ਮਸਤ, ਝੱਲਾ, ਬਉਰਾ

“ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ।”

– ਧਨਾ ੯, ੨, ੧:੨ (685)

“ਕਹਿ ਕਬੀਰ ਹਉ ਭਇਆ ਦਿਵਾਨਾ।” (ਆਸ਼ਕ, ਮਸਤ)

– ਭੈਰ ਕਬ, ੪, ੪:੧ (1158)

(2) ਪਾਗਲ, ਝਲਾ, ਬਉਰਾ

“ਨਾਨਕ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ।”
– ਸੂਹੀ ੪, ਅਸ ੧, ੧੨:੧ (757)

ਹੋਰ ਰੂਪ:

ਦਿਵਾਨਾਂ –
“ਚਉਰਾਸੀ ਲਖ ਫਿਰੈ ਦਿਵਾਨਾਂ।” (ਕਮਲਾ)
– ਭੈਰ ਕਬ, ੧੫, ੨:੨ (1161)

ਦਿਵਾਨੀ –
“ਹਉ ਫਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ।”
– ਦੇਵ ੪, ੩, ੧:੧ (527)

ਦਿਵਾਨੁ ----- ਪਾਗਲ,ਝੱਲਾ, ਦੀਵਾਨਾ
“ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ।”
– ਸਿਰੀ ੩, ੬੩, ੩:੩ (39)

ਹੋਰ ਰੂਪ:

ਦਿਵਾਨੇ –
“ਭਰਮਿ ਭੁਲਾਨੇ ਭਏ ਦਿਵਾਨੇ ਵਿਣੁ ਭਾਗਾ ਕਿਆ ਪਾਈਐ।”
– ਰਾਮ ੧, ਓਅੰ ੪੧:੪ (935)

ਦਿਵਾਲ ----- (ਫਾ. ਦੀਵਾਰ) ਕੰਧ, ਦੀਵਾਰ
“ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ।”
– ਗਉ ੧, ੧੩, ੫:੧ (155)

ਦਿਵਾਵੈ ----- ਦਿਵਾਏ
“ਕਰਿ ਕਿਰਪਾ ਜਿਸੁ ਆਪਿ ਦਿਵਾਵੈ।”
– ਗਉ ੫, ੭੯, ੪:੨ (179)
“ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਤਿਸੁ ਕਰਤਾ ਮਾਰ ਦਿਵਾਵੈ।” (ਪੁਗਾਉਂਦਾ)
– ਗਉ ੪, ਵਾਰ ੮ਸ, ੪, ੧:੫ (303)

ਦਿਵੈ ------ ਦਿੰਦਾ ਹੈ
“ਸੁਣੇ ਦੇਖੇ ਬਾਝੁ ਕਹਿਐ ਦਾਨੁ ਅਣਮੰਗਿਆ ਦਿਵੈ।”
– ਸੂਹੀ ੧, ਛੰਤ ੪, ੪:੪ (766)

ਦਿੜੰ ------ ਦ੍ਰਿੜ ਕੀਤੀ, ਪਕੀ ਕੀਤੀ
“ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ।”
– ਗੂਜ ੧, ਅਸ ੫, ੩:੨ (505)

ਦਿੜਹੁ ----- ਪੱਕਾ ਕਰੋ
“ਐ ਜੀਉ ਨਾਮੁ ਦਿੜਹੁ ਨਾਮੇ ਲਿਵ ਲਾਵਹੁ ਸਤਿਗੁਰ ਟੇਕ ਟਿਕਾਈ।”
– ਗੂਜ ੧, ਅਸ ੩, ੫:੧ (504)

ਦਿੜਤਾ ----- ਪਕਿਆਈ
“ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ।” (ਨਿਸਚੇ ਦੀ)

– ਨਟ ੪, ਅਸ ੩, ੩:੨ (981)

ਦਿੜਾਇਆ -- ਪਕਿਆਂ ਕਰਾਇਆ, ਸਮਝਾਇਆ
“ਸਤਿਗੁਰਿ ਸਚੁ ਦਿੜਾਇਆ ਸਦਾ ਸਚਿ ਸੰਜਮਿ ਰਹਣਾ।”
– ਸਿਰੀ ੩, ਅਸ ੨੫, ੬:੨ (70)
“ਨਾਮੁ ਦਾਨੁ ਇਸਨਾਨੁ ਦਿੜਾਇਆ।” (ਪੱਕੀ ਤਰ੍ਹਾਂ ਸਮਝਾਇਆ)
– ਸਿਰੀ ੫, ਅਸ ੨੯, ੧੧:੨ (74)

ਹੋਰ ਰੂਪ:

ਦਿੜਾਏ –
“ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮ ਦਿੜਾਏ।” (ਪਰਿਭਾਸ਼ਾ)
– ਆਸਾ ੪, ਛੰਤ ੯, ੨:੪ (443)

ਦਿੜਾਵੈ ----- ਪਕੀ ਤਰ੍ਹਾਂ ਦ੍ਰਿੜ ਕਰਾਏ/ਸਮਝਾਏ
“ਗੁਰੁ ਸਬਦੁ ਦਿੜਾਵੈ ਰੰਗ ਸਿਉ ਬਿਨੁ ਕਿਰਪਾ ਲਇਆ ਨ ਜਾਇ।”
– ਸਿਰੀ ੩, ਅਸ ੧੯, ੪:੧ (65)

ਦਿੜਿਆ ---- ਪੱਕਾ ਕੀਤਾ, ਦ੍ਰਿੜ ਕੀਤਾ
“ਸੇ ਜਨ ਪਰਵਾਣੁ ਹੋਏ ਜਿਨੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ।”
– ਆਸਾ ੩, ਛੰਤ ੭, ੮:੫ (441)

ਦਿੜੀ ------ ਪੱਕੀ ਤਰ੍ਹਾਂ, ਚੰਬੜੀ ਹੋਈ, ਦ੍ਰਿੜ ਹੋਈ ਹੋਈ ਹੈ
“ਉਨ ਤੇ ਦੁਗੁਣ ਦਿੜੀ ਉਨ ਮਾਏ।”
– ਗਉ ੫, ੭੮, ੧:੪ (178)

ਦਿੜੁ ------ ਪਕੀ ਤਰ੍ਹਾਂ
“ਦਿੜੁ ਕਰਿ ਚਰਣ ਗਹੇ ਪ੍ਰਭ ਤੁਮ੍ਰੇ ਸਹਜੇ ਬਿਖਿਆ ਭਈ ਖੀਓ।”
– ਆਸਾ ੫, ੪੭, ੨:੨ (382)
“ਹਰਿ ਕਾ ਮੰਦਰੁ ਸਰੀਰੁ ਅਤਿ ਸੋਹਣਾ ਹਰਿ ਹਰਿ ਨਾਮੁ ਦਿੜੁ।” (ਦ੍ਰਿੜ ਕਰ)
– ਰਾਮ ੩, ਵਾਰ ੧੧:੩ (952)
“ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ।”(ਪਕੀ ਤਰ੍ਹਾਂ, ਸਮਝ ਜਾਵੇ)
– ਸਲੋ ਫਰ, ੧੧੭:੧ (1384)

ਦਿੜੇ ------ ਦ੍ਰਿੜ ਕਰਾਏ ਜਾਂਦੇ ਹਨ
“ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ।”
– ਗਉ ਰਵਿ, ੧, ੧:੨ (346)

ਦੀ ------- ਸਬੰਧ ਬੋਧਕ, ਪ੍ਰਤਯ
“ਸਤਗੁਰੁ ਸੇਵਿ ਗੁਣ ਨਿਧਾਨੁ ਪਾਇਆ ਤਿਸ ਦੀ ਕੀਮ ਨ ਪਾਈ।”
– ਸਿਰੀ ੩, ੪੮, ੩:੨ (32)

ਦੀਉ ------ ਦਿੱਤਾ, ਪ੍ਰਦਾਨ ਕੀਤਾ
“ਨਾਮ ਵਡਾਈ ਤੁਧੁ ਭਾਣੈ ਦੀਉ।”
– ਗਉ ੧, ਅਸ ੧੨, ੭:੩ (226)

ਹੋਰ ਰੂਪ:
ਦੀਓ –
“ਹਮ ਅਪਰਾਧੀ ਰਾਖੇ ਗੁਰ ਸੰਗਤੀ ਉਪਦੇਸੁ ਦੀਓ ਹਰਿ ਨਾਮੁ ਛਡਾਵੈ।”
– ਗਉ ੪, ੪੯, ੨:੩ (167)

ਦੀਓ ------- (1) ਦਿਤਾ, ਵੇਖੋ ‘ਦੀਉ’
(2) ਸਹਾਇਕ ਕਿਰਿਆ
“ਸਾਧੂ ਸੰਗਤਿ ਦੀਓ ਰਲਾਇ।”
– ਗਉ ਕਬ, ੪੦, ੧:੨ (331)
“ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ।”
– ਗੂਜ ੫, ੨੧, ੧*:੨ (500)
ਹੋਰ ਰੂਪ:
ਦੀਓਇ –
“ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ।”
– ਸਿਰੀ ੪, ਵਾਰ ੧੬:੫ (89)

ਦੀਅਉ ----- (1) ਦਿਤਾ, ਸਹਾਇਕ ਕਿਰਿਆ
“ਗੁਰੁ ਮਿਲ੍ਹਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ।”
– ਸਵ ੩, ੧੯:੬ (1395)
(2) ਦਿੱਤਾ, ਪ੍ਰਦਾਨ ਕੀਤਾ
“ਗੁਰ ਅੰਗਦ ਦੀਅਉ ਨਿਧਾਨੁ ਅਕਥ ਕਥਾ ਗਿਆਨੁ ਪੰਚ ਭੂਤ ਬਸਿ ਕੀਨੇ ਜਮਤ ਨ ਤ੍ਰਾਸ।”
– ਸਵ ੪, ਕਲ ੪:੩ (1399)
“ਗੁਰਿ ਕੀਨੀ ਕ੍ਰਿਪਾ ਹਰਿ ਨਾਮੁ ਦੀਅਉ ਜਿਸ ਦੇਖਿ ਚਰੰਨ ਅਘੰਨ ਹਰ੍ਉ।”
– ਸਵ ੪, ਨਲ ੧੧:੨ (1400)

ਦੀਅਨੁ ----- ਦਿੱਤਾ, ਪ੍ਰਦਾਨ ਕੀਤਾ
“ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।”
– ਸਵ ੩, ਨਲ ੪:੧ (1399)
ਦੀਅਰਾ – ਦੀਵਾ
“ਉਤਮੁ ਦੀਅਰਾ ਨਿਰਮਲ ਬਾਤੀ।”
– ਧਨਾ ਸੈਣ, ੧, ੨:੧ (695)

ਦੀਆ ----- (1) ਦਿਤਾ, ਪ੍ਰਦਾਨ ਕੀਤਾ
“ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ।”
– ਸਿਰੀ ੧, ੧੯, ੨:੩ (21)
“ਸਤਿਗੁਰਿ ਦੀਆ ਅੰਮ੍ਰਿਤ ਨਾਮੁ।”
– ਪ੍ਰਭਾ ੧, ੫, ੨:੨ (1328)
(2) ਦਿਤਾ, ਸਹਾਇਕ ਕਿਰਿਆ
“ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ।”
– ਸਿਰੀ ੪, ੬੮, ੧*:੨ (41)

“ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ।”
– ਸਿਰੀ ੧, ਅਸ ੨੮, ੪:੩ (72)

“ਸਤਿਗੁਰ ਸਾਚੈ ਦੀਆ ਭੇਜਿ।”
– ਆਸਾ ੫, ੧੦੧, ੧:੧ (396)

(3) ਸੰਬੰਧ ਵਾਚਕ ਪ੍ਰਤਯ

“ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ।”
– ਮਾਝ ੧, ਵਾਰ ੯ਸ, ੧, ੪:੨ (142)

“ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ।”
– ਰਾਮ ੩, ਅਨੰ ੪:੪ (917)

(4) ਲਾਇਆ

“ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ।”
– ਗਉ ੫, ੧੨੨*, ੩:੧ (205)

“ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ।”
– ਗਉ ਕਬ, ੪੭, ੩:੨ (333)

“ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ।”
– ਭੈਰ ੩, ਅਸ ੧, ੭:੧ (1154)

(5) ਦੀਵਾ, ਦੀਪਕ

“ਤਿਹ ਰਾਵਨ ਘਰ ਦੀਆ ਨ ਬਾਤੀ।”
– ਆਸਾ ਕਬ, ੨੧, ੨:੨ (481)

(6) ਵਜਾਇਆ (ਭਾਵ)

“ਮਨੁ ਜੰਜਾਲੁ ਨ ਛੋਡਈ ਜਮ ਦੀਆ ਦਮਾਮਾ ਆਇ।”
– ਸਲੋ ਕਬ, ੨੨੭:੨ (1376)

ਦੀਐ ------ (1) ਦੇ ਸਕਦਾ ਹੈ, ਸਹਾਇਕ ਕਿਰਿਆ

“ਲੇਖਾ ਮਾਗੈ ਤਾ ਕਿਨਿ ਦੀਐ।”
– ਮਾਝ ੩, ਅਸ ੩, ੭:੧ (111)

(2) ਦਿਤਿਆਂ, ਪ੍ਰਦਾਨ ਕੀਤਿਆਂ

“ਜਿਸ ਕੈ ਦੀਐ ਰਹੈ ਅਘਾਇ।”
– ਗਉ ੫, ਸੁਖ ੧੪, ੧:੩ (281)

ਦੀਈ ------ (1) ਦਿਤੀ, ਸਹਾਇਕ ਕਿਰਿਆ

“ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ।”
– ਆਸਾ ੫, ੧੨੬, ੩:੨ (403)

“ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ।” (ਭਾਵ ਸੌਂਪੀ)
– ਵਾਰ ੪, ਵਾਰ ੧੭:੩ (593)

ਹੋਰ ਰੂਪ:

ਦੀਏ –

“ਸਭਨਾ ਕਉ ਸਨਬੰਧੁ ਹਰਿ ਕਰਿ ਦੀਏ।”
– ਗੂਜ ੪, ੭, ੧:੨ (494)

(2) ਪ੍ਰਦਾਨ ਕੀਤੀ, ਦਿਤੀ

"ਰਾਸਿ ਦੀਈ ਹਰਿ ਏਕੋ ਨਾਮੁ।"

– ਗੋਂਡ ੫, ੪, ੧*:੧ (863)

ਹੋਰ ਰੂਪ:

ਦੀਏ –

"ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ।" (ਦਿਤਿਆਂ, ਪ੍ਰਦਾਨ ਕੀਤਿਆਂ)

– ਸਿਰੀ ੩, ਅਸ ੨੩, ੧੦:੩ (69)

"ਸਿਮਰਿ ਸਾਹਿਬੁ ਸੋ ਸਚੁ ਸੁਆਮੀ ਰਿਜਕੁ ਸਭਸੁ ਕਉ ਦੀਏ ਜੀਉ।" (ਦਿੰਦਾ ਹੈ)

– ਮਾਝ ੫, ੩੫, ੨:੩ (104)

ਦੀਏ ------ (1) ਸਹਾਇਕ ਕਿਰਿਆ, ਦਿਤੇ, ਵੇਖੋ 'ਦੀਈ' (1)

(2) ਦਿਤੇ, ਪ੍ਰਦਾਨ ਕੀਤੇ, ਵੇਖੋ 'ਦੀਈ' (2)

(3) ਦੀਵੇ, ਦੀਪਕ

"ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੁਰਜੁ ਮੁਖਿ ਦੀਏ।"

– ਰਾਮ ੧, ੪, ੨:੧ (877)

ਦੀਸਈ ----- ਦਿਸਦਾ, ਦ੍ਰਿਸ਼ਟਮਾਨ ਹੁੰਦਾ

"ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ।"

– ਸਿਰੀ ੧, ਪਹ ੨, ੪:੨ (76)

ਦੀਸਹਿ ----- ਦਿਸਦੇ ਹਨ

"ਤ੍ਰੈ ਗੁਣ ਦੀਸਹਿ ਮੋਹੇ ਮਾਇਆ।"

– ਮਾਝ ੩, ਅਸ ੩੩, ੧:੨ (129)

ਹੋਰ ਰੂਪ:

ਦੀਸਹੀ –

"ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ।" (ਦਿਸਦੇ)

– ਬਿਹਾ ੪, ਵਾਰ ੬ਸ, ੩, ੨:੨ (550)

ਦੀਸਤ ----- ਦਿਸਦਾ

"ਦੀਸਤ ਮਾਸੁ ਨ ਖਾਇ ਬਿਲਾਈ।"

– ਰਾਮ ੫, ੫੦, ੨:੧ (898)

ਦੀਸਿ ------ ਦਿਸਦਾ

"ਦੀਸਿ ਆਵਤ ਹੈ ਬਹੁਤੁ ਭੀਹਾਲਾ।"

– ਆਸਾ ੫, ੫੪, ੩:੧ (384)

ਹੋਰ ਰੂਪ:

ਦੀਸੇ –

"ਸਚੈ ਊਪਰਿ ਅਵਰ ਨ ਦੀਸੇ ਸਾਚੇ ਕੀਮਤਿ ਪਾਈ ਹੇ।"

– ਮਾਰੂ ੧, ਸੋਲਾ ੩, ੮:੩ (1023)

ਦੀਸੈ –

"ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ।" (ਦਿਸੇ, ਵਖਾਈ ਦੇਵੇ)

– ਸਿਰੀ ੧, ੨੦, ੩:੨ (21)

“ਗੁਰਮੁਖਿ ਦੀਸੈ ਸਹਜਿ ਸੁਭਾਇ।” (ਦਿਸ ਪੈਂਦਾ ਹੈ)

– ਗਉ ੧, ਅਸ ੪, ੨:੩ (222)

ਦੀਸੈ ------ (1) ਦਿਸੇ, ਵਖਾਈ ਦੇਵੇ, ਵੇਖੋ ‘ਦੀਸਿ’

(2) ਜਾਪਦਾ/ਲਗਦਾ ਹੈ

“ਗੁਰ ਕੈ ਸਬਦਿ ਮਹਲੁ ਘਰੁ ਦੀਸੈ।” (ਹਰੀ ਦਾ ਮਹਲ ਵਸਣ ਲਈ ਘਰ ਜਾਪਦਾ ਹੈ)

– ਬਿਲਾ ੧, ਥਿਤੀ ੧*:੨ (839)

ਦੀਖਿਆ ---- ਉਪਦੇਸ਼, ਲਿਖਿਆ

“ਦੀਖਿਆ ਆਪਿ ਬੁਝਾਇਆ ਸਿਫਤੀ ਸਚਿ ਸਮੇਉ।”

– ਮਾਝ ੧, ਵਾਰ ੨੭ਸ, ੨, ੧:੨ (150)

ਦੀਜਈ ----- ਦੇਂਦੇ ਹਨ

“ਮਿਲਿ ਮਿਲਿ ਖਾਵਹਿ ਸੰਤ ਸਗਲ ਕਉ ਦੀਜਈ।”

– ਫੁਨ ੫, ੨੨:੨ (1363)

ਦੀਜਹਿ ----- (1) ਦਿਤੇ ਜਾਣ, ਦੇਈਏ

“ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ।”

– ਗਉ ੫, ੮੦, ੨:੧ (179)

(2) ਦੇਵਾਂ, ਭੇਟਾ ਕਰਾਂ

“ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ।”

– ਜੈਤ ੫, ੯, ੧*:੨ (701)

(3) ਦਿਓ, ਦੇਵੋ

“ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ।”

– ਸੂਹੀ ੫, ੬, ੨:੧ (780)

ਦੀਜੀਐ ---- ਦੇਵੋ

“ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ।”

– ਬਿਲਾ ੫, ੩੫, ੧:੧ (809)

ਦੀਜੈ ------ ਦਿਓ

“ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ।” (ਵਾਰ ਦਿਓ/ਭੇਟਾ ਕਰੋ)

– ਸਿਰੀ ੩, ੩੬, ੪:੧ (27)

“ਜੋ ਸਿਰੁ ਸਾਂਈ ਨ ਨਿਵੈ ਸੋ ਸਿਰੁ ਦੀਜੈ ਡਾਰਿ।” (ਦੇਈਏ)

– ਸਿਰੀ ੪, ਵਾਰ ੧੫ਸ, ੨, ੧:੧ (89)

“ਦਸਵੈ ਦੁਆਰਿ ਕੁੰਚੀ ਜਬ ਦੀਜੈ।” (ਦੇਈ ਦੀ ਹੈ)

– ਗਉ ਕਬ, ੨੪:੩ (341)

“ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ।” (ਦੇਈਏ)

– ਆਸਾ ੧, ਅਸ ੧੭, ੫:੧ (420)

ਦੀਤ ------ ਦਿਤਾ

"ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤ।"
– ਸਿਰੀ ੫, ਅਸ ੨੬, ੭:੪ (71)

ਦੀਤਾ ------ ਦਿਤਾ
"ਰਾਵੇ ਰੰਗਿ ਰਾਤੜਿਆ ਮਨੁ ਲੀਅੜਾ ਦੀਤਾ ਰਾਮ।"
– ਆਸਾ ੧, ਛੰਤ ੧, ੪:੨ (436)

ਹੋਰ ਰੂਪ:

ਦੀਤੀ –
"ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ।"
– ਸੋਰ ੫, ੮੮, ੧*:੨ (630)

ਦੀਤੁ –
"ਸਗਲ ਮਨੋਰਥ ਮੁਕਤਿ ਪਦੁ ਦੀਤੁ।"
– ਗਉ ੫, ੧੪੮, ੧:੨ (195)

ਦੀਦੰ ------ ਦੇਖਦੀ ਹੈ
"ਬੰਦੇ ਚਸਮ ਦੀਦੰ ਫਨਾਇ।" (ਜੋ ਅੱਖ ਦੇਖੀ ਹੈ, ਜੋ ਦ੍ਰਿਸ਼ਟਮਾਨ ਹੈ)
– ਤਿਲੰ ੫, ੧, ੧*:੧ (723)

ਦੀਦਨੇ ----- (ਫਾ. ਦੀਦਨ) ਦੇਖਨ ਦੀ ਕ੍ਰਿਯਾ
"ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸ ਕਾ ਮੋਲੁ।"
– ਤਿਲੰ ੫, ੫, ੧:੧ (724)

ਦੀਦਾਰ ----- (ਫਾ. ਦੀਦਾਰ) ਦਰਸਨ
"ਜੋ ਰਤੇ ਦੀਦਾਰ ਸੇਈ ਸਚੁ ਹਾਕੁ।"
– ਰਾਮ ੫, ਵਾਰ ੫:੧ (959)

ਹੋਰ ਰੂਪ:

ਦੀਦਾਰਿ –
"ਨਾਨਕ ਦਰਿ ਦੀਦਾਰਿ ਸਮਾਇ।" (ਦਰਸ਼ਨਾਂ ਵਿਚ)
– ਰਾਮ ੩, ਵਾਰ ੧੯ਸ, ੧, ੨:੮ (956)

ਦੀਦਾਰੁ –
"ਦੀਦਾਰੁ ਪੂਰੇ ਪਾਇਸਾ ਥਾਉ ਨਹੀ ਖਾਇਕਾ।"
– ਸਿਰੀ ੪, ਵਾਰ ੨ਸ, ੧, ੨:੨ (83)

ਦੀਨ ------ (1) ਅਨਾਥ, ਗਰੀਬ, ਨਿਮਾਣੇ
"ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ।"
– ਸਿਰੀ ੫, ੮੩, ੧:੩ (46)

"ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ।"
– ਮਾਝ ੪, ੨, ੪:੨ (94)

"ਰਾਖਹੁ ਸਰਣਿ ਅਨਾਥ ਦੀਨ ਕਉ ਕਰਹੁ ਹਮਾਰੀ ਗਾਤੇ।" (ਗਰੀਬ)
– ਗਉ ੫, ੧੩੫*, ੧:੨ (209)

"ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ।"

– ਸਸ ੫, ੪੭:੪ (1358)

(ਮਹਾਨਕੋਸ਼ ਇਥੇ ‘ਦੀਨ’ ਦੇ ਅਰਥ ‘ਗਰੀਬੀ’ ਕਰਦਾ ਹੈ)

(2) (ਅ. ਦੀਨ) ਮਜ਼ਬ, ਧਰਮ

“ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਸੁ ਮੁਸਾਵੈ।”

– ਮਾਝ ੧, ਵਾਰ ੮ਸ, ੧, ੧:੩ (141)

(3) ਪਰਲੋਕ

“ਐਸਾ ਰਾਮੁ ਦੀਨ ਦੁਨੀ ਸਹਾਈ।” (ਲੋਕ ਪਰਲੋਕ)

– ਗਉ ੫, ੧੭੪, ੧*:੧ (200)

“ਨਿੰਦਕ ਕਾ ਮੁਖੁ ਕਾਲਾ ਹੋਆ ਦੀਨ ਦੁਨੀਆ ਕੈ ਦਰਬਾਰਿ।”

– ਧਨਾ ੫, ੧੫, ੨:੨ (674)

(4) ਦੀਨਤਾ, ਗਰੀਬੀ

“ਦੂਖ ਦੀਨ ਨ ਭਉ ਬਿਆਪੈ ਮਿਲੈ ਸੁਖ ਬਿਸ੍ਰਾਮੁ।”

– ਮਾਰੂ ੫, ੨੪, ੨:੧ (1006)

(5) ਦਿਤਾ

“ਸਰਬਸੁ ਨਾਮੁ ਭਗਤ ਕਉ ਦੀਨ।”

– ਗਉ ੫, ਅਸ ੧੧, ੮:੨ (240)

“ਬੰਧਨ ਤੋਰਿ ਛੋਰਿ ਬਿਖਿਆ ਤੇ ਗੁਰ ਕੋ ਸਬਦੁ ਮੇਰੈ ਹੀਅਰੈ ਦੀਨ।”

– ਟੋਡੀ ੫, ੨੦, ੧:੧ (716)

(6) ਦੀਨਤਾ, ਨਿਮਰਤਾ

“ਦੀਨ ਗਰੀਬੀ ਆਪੁਨੀ ਕਰਤੇ ਹੋਇ ਸੁ ਹੋਇ।”

– ਸਲੋ ਕਬ, ੫੧:੨ (1367)

ਦੀਨ ਦਇਆਰਾ ਗਰੀਬਾਂ/ਅਨਾਥਾਂ ਉਪਰ ਦਇਆ ਕਰਨ ਵਾਲਾ

“ਬਿਨਵੰਤ ਨਾਨਕ ਕਰ ਦੇਇ ਰਾਖਹੁ ਗੋਬਿੰਦ ਦੀਨ ਦਇਆਰਾ।”

– ਬਿਹਾ ੫, ਛੰਤ ੭, ੪:੬ (547)

ਦੀਨ ਦਇਆਲ ਗਰੀਬਾਂ/ਅਨਾਥਾਂ ਪ੍ਰਤੀ ਦਿਆਲੂ

“ਪ੍ਰਭ ਗੋਪਾਲ ਦੀਨ ਦਇਆਲ ਪਤਿਤ ਪਾਵਨ ਪਾਰਬ੍ਰਹਮ ਹਰਿ ਚਰਣ ਸਿਮਰਿ ਜਾਗੁ।”

– ਆਸਾ ੫, ੧੫੫, ੨:੧ (409)

ਹੋਰ ਰੂਪ:

ਦੀਨ ਦਇਆਲਾ –

“ਕਰਿ ਕਿਰਪਾ ਪ੍ਰਭ ਦੀਨ ਦਇਆਲਾ।”

– ਵਡ ੫, ੪, ੧*:੧ (563)

ਦੀਨ ਦਇਆਲਿ –

“ਦੀਨ ਦਇਆਲਿ ਗੁਰੁ ਸਾਧੁ ਮਿਲਾਇਆ ਮਿਲਿ ਸਤਿਗੁਰ ਮਲੁ ਲਹਿ ਜਾਇ ਜੀਉ।”

– ਆਸਾ ੪, ਛੰਤ ੧੧, ੩:੫ (445)

ਦੀਨ ਦੁਖ ਭੰਜਨ ਗਰੀਬਾਂ ਦਾ ਦੁਖ ਦੂਰ ਕਰਨ ਵਾਲਾ

“ਮੋਹਿ ਸਰਨਿ ਦੀਨ ਦੁਖ ਭੰਜਨ ਤੂੰ ਦੇਹਿ ਸੋਈ ਪ੍ਰਭ ਪਾਈਐ।”

– ਗੂਜ ੫, ੨੨, ੨:੧ (500)

ਹੋਰ ਰੂਪ:

ਦੀਨ ਦੁਖ ਭੰਜਨੁ –
“ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਜਨਮ ਮਰਣ ਦੁਖ ਲਾਥੇ।” (ਗਰੀਬਾਂ ਦਾ ਦੁਖ ਦੂਰ ਕਰਨ ਵਾਲਾ)
– ਆਸਾ ੫, ੧੨੬, ੪:੩ (403)

ਦੀਨ ਦੈਆਲ – ਨਿਮਾਣਿਆਂ/ਗਰੀਬਾਂ ਉਪਰ ਦਿਆਲੂ
“ਦੀਨ ਦੈਆਲ ਸਦਾ ਕਿਰਪਾਲਾ ਸਰਬ ਜੀਆ ਪ੍ਰਤਿਪਾਲਾ।”
– ਧਨਾ ੫, ੭, ੪:੧ (672)

ਹੋਰ ਰੂਪ:

ਦੀਨ ਦੈਆਲਾ –
“ਆਠ ਪਹਰ ਹਰਿ ਕੇ ਗੁਣ ਗਾਵੈ ਸਿਮਰੈ ਦੀਨ ਦੈਆਲਾ।”
– ਗੂਜ ੫, ੩੨, ੩:੧ (503)

ਦੀਨ ਬੰਧਵ -- ਨਿਮਾਣਿਆਂ ਦਾ ਮਿੱਤਰ
“ਨਾਥ ਨਰਹਰ ਦੀਨ ਬੰਧਵ ਪਤਿਤ ਪਾਵਨ ਦੇਵ।”
– ਗੂਜ ੫, ਅਸ ੨, ੧:੧ (508)

ਦੀਨ ਬੰਧ --- ਦੀਨਾਂ ਦਾ ਬੰਧੁ/ਸਹਾਇਕ
“ਦੀਨ ਬੰਧ ਸਿਮਰਿਓ ਨਹੀ ਕਬਹੂ ਹੋਤ ਜੁ ਸੰਗਿ ਸਹਾਈ।”
– ਟੋਡੀ ੯, ੧, ੧:੨ (718)

ਦੀਨਾ ------ (1) ਦਿਤਾ, ਪ੍ਰਦਾਨ ਕੀਤਾ
“ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ।”
– ਸਿਰੀ ੫, ਛੰਤ ੨, ੫:੫ (80)

(2) ਗਰੀਬਾਂ/ਨਿਮਾਣਿਆਂ ਦਾ
“ਦੀਨਾ ਨਾਥੁ ਸਰਬ ਸੁਖਦਾਤਾ।”
– ਗਉ ੧, ੧੨, ੪:੩ (154)

“ਏਕੁ ਨਿਵਾਹੂ ਰਾਮ ਨਾਮਿ ਦੀਨਾ ਕਾ ਪ੍ਰਭੁ ਨਾਥ।”
– ਆਸਾ ੫, ਅਸ ੨, ੫:੨ (431)

(3) ਦਿੱਤਾ, ਸਹਾਇਕ ਕਿਰਿਆ
“ਸਗਲ ਬਿਆਧਿ ਕੈ ਵਸਿ ਕਰਿ ਦੀਨਾ।”
– ਸੂਹੀ ੫, ਅਸ ੧, ੬:੧ (759)

“ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨ ਦੀਨਾ ਧਾਕੁ।”
– ਬਿਲਾ ੫, ੧੦੪, ੧:੨ (825)

ਦੀਨਾ ਨਾਥ -- ਗਰੀਬਾਂ/ਨਿਮਾਣਿਆਂ ਦਾ ਸੁਆਮੀ
“ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ।”
– ਮਾਝ ੫, ਦਿਨ ੨:੬ (137)

ਹੋਰ ਰੂਪ:

ਦੀਨਾ ਨਾਥੁ –
"ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ।"
– ਧਨਾ ੧, ਛੰਤ ੨, ੫:੪ (689)

ਦੀਨੀ ------ (1) ਦਿਤੀ, ਸਹਾਇਕ ਕਿਰਿਆ
"ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ।"
– ਸਿਰੀ ੫, ਪਹ ੪, ੧:੩ (77)
(2) ਦਿਤੀ, ਪ੍ਰਦਾਨ ਕੀਤੀ
"ਧਨੁ ਧਨੁ ਗੁਰੁ ਸਤ ਪੁਰਖੁ ਹੈ ਜਿਨਿ ਭਗਤਿ ਹਰਿ ਦੀਨੀ।"
– ਗਉ ੩, ੩੮, ੨:੩ (163)

ਦੀਨੁ ------ (1) ਧਰਮ, ਵੇਖੋ 'ਦੀਨ'
"ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।"
– ਮਾਝ ੧, ਵਾਰ ੮ਸ, ੧, ੧:੨ (141)
"ਦੀਨੁ ਛਡਾਇ ਦੁਨੀ ਜੋ ਲਾਏ।"
– ਸੂਹੀ ੫, ੨੯, ੧:੧ (743)
(2) ਹੀਣਾ, ਕੰਗਾਲ, ਗਰੀਬ, ਨਿਮਾਣਾ
"ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ।"
– ਗਉ ੫, ਸੁਖ ੧੩, ੩:੬ (280)
"ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ ਸਦਾ ਸਦਾ ਉਪਕਾਰੇ।"
– ਸੂਹੀ ੫, ੬, ੨:੧ (738)

ਦੀਨੇ ------ (1) ਦਿਤੇ (ਸਹਾਇਕ ਕਿਰਿਆ)
"ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ।"
– ਸਿਰੀ ੫, ਛੰਤ ੩, ੫:੪ (81)
"ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ।"
– ਗਉ ੫, ੧੦੮*, ੨:੧ (201)

ਹੋਰ ਰੂਪ:

ਦੀਨੋ –
"ਜਬ ਹਮ ਹਰਿ ਸੇਤੀ ਮਨੁ ਮਾਨਿਆ ਕਰਿ ਦੀਨੋ ਜਗਤੁ ਸਭੁ ਗੋਲ ਅਮੋਲੀ।" (ਦਿਤੇ)
– ਗਉ ੪, ੫੩, ੧*:੨ (168)
(2) ਦਿਤੇ, ਪ੍ਰਦਾਨ ਕੀਤੇ
"ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ।"
– ਆਸਾ ਕਬ, ੧੬, ੧:੧ (479)

ਹੋਰ ਰੂਪ:

ਦੀਨੋ –
"ਲਾਖ ਅਰਬ ਖਰਬ ਦੀਨੋ ਦਾਨ।"
– ਗਉ ੫, ੧੧੧, ੧:੨ (202)

ਦੀਨ੍ਹ ------ ਦਿਤੀ (ਸਹਾਇਕ ਕਿਰਿਆ)

“ਹਰਿ ਜਨ ਕਉ ਹਰਿ ਦੀਨ੍ ਵਡਾਈ ਹਰਿ ਜਨੁ ਹਰਿ ਕਾਰੈ ਲਾਵੈ।”
– ਮਲਾ ੪, ੪, ੧:੨ (1263)

ਹੋਰ ਰੂਪ:

ਦੀਨ੍ਾ –
“ਹਰਿ ਹਰਿ ਤੰਤੁ ਮੰਤੁ ਗੁਰਿ ਦੀਨ੍ਾ।”
– ਆਸਾ ੫, ੬੨, ੪:੧ (386)

ਦੀਨ੍ਾ ------ (1) ਦਿਤਾ (ਸਹਾਇਕ ਕਿਰਿਆ), ਵੇਖੋ ‘ਦੀਨ੍’

ਹੋਰ ਰੂਪ:

ਦੀਨ੍ੀ –
“ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ੀ।”
– ਆਸਾ ੫, ੮੬, ੧:੪ (392)

ਦੀਨ੍ੋ –
“ਪ੍ਰਭਿ ਅੰਮ੍ਰਿਤ ਨਾਮੁ ਮਹਾ ਰਸੁ ਦੀਨ੍ੋ।”
– ਬਿਲਾ ੫, ੮੬, ੧:੨ (821)

(2) ਪ੍ਰਦਾਨ ਕੀਤਾ, ਦਿਤਾ
“ਸੰਗਿ ਚਲਨ ਕਉ ਤੋਸਾ ਦੀਨ੍ਾ ਗੋਬਿੰਦ ਨਾਮ ਕੇ ਬਿਉਹਾਰੀ।”
– ਆਸਾ ੫, ੧੨੨, ੧:੨ (401)

ਹੋਰ ਰੂਪ:

ਦੀਨੇ –
“ਸਰਬ ਫਲਾ ਦੀਨੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ।”
– ਸਾਰ ੫, ੭੦, ੨:੨ (1218)

ਦੀਪ ------ (1) ਚਹੁਆਂ ਪਾਸਿਆਂ ਤੋਂ ਘਿਰਿਆ ਧਰਤੀ ਦਾ ਖੰਡ ਭਾਵ ਦੇਸ
“ਸੁਣਿਐ ਦੀਪ ਲੋਅ ਪਾਤਾਲ।”
– ਜਪੁ ੧, ੮:੩ (2)
“ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।”
– ਸਿਰੀ ੪, ਵਾਰ ੪:੧ (84)

ਹੋਰ ਰੂਪ:

ਦੀਪੰ –
“ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖੵਤ੍ਰ ਗਗਨੰ।”
– ਸਸ ੫, ੯:੧ (1354)

(2) ਦੀਵਾ
“ਰਵਿ ਸਸਿ ਦੀਪ ਅਨੂਪ ਜੋਤਿ ਤ੍ਰਿਭਵਣਿ ਜੋਤਿ ਅਪਾਰ।”
– ਸਿਰੀ ੧, ਅਸ ੭, ੨:੨ (57)

ਦੀਪਕ ----- (1) ਦੀਵਾ
“ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।”
– ਧਨਾ ੧, ਸੋਹ ੩, ੧:੧ (172)

ਹੋਰ ਰੂਪ:

ਦੀਪਕਿ –
“ਤ੍ਰੈ ਗੁਣ ਮਾਇਆ ਵੇਖਿ ਭੁਲੇ ਜਿਉ ਦੇਖਿ ਦੀਪਕਿ ਪਤੰਗ ਪਚਾਇਆ।” (ਦੀਵੇ ਨੂੰ)
– ਗੂਜ ੩, ਵਾਰ ੧੨ਸ, ੫, ੨:੧ (513)

ਦੀਪਕੁ –
“ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ।”
– ਸਿਰੀ ੩, ੬੪, ੨:੪ (39)
“ਦੀਪਕੁ ਬਾਂਧਿ ਧਰਿਓ ਬਿਨੁ ਤੇਲ।” (ਗਿਆਨ ਰੂਪੀ ਦੀਵਾ)
– ਰਾਮ ਕਬ, ੯, ੩:੨ (971)

ਦੀਪਕੋ –
“ਗੁਰ ਦਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਰੀ।”
– ਆਸਾ ੫, ੧੧੮, ੩:੧ (400)

(2) ਇਕ ਰਾਗ
“ਪੁਨਿ ਆਈ ਦੀਪਕ ਕੀ ਬਾਰੀ।”
– ਰਾਗ ੧:੩੪ (1430)

ਦੀਪਾ ------ (1) ਦੀਵਾ, ਦੀਪਕ
“ਸਤਿਗੁਰ ਸਬਦਿ ਉਜਾਰੋ ਦੀਪਾ।”
– ਬਿਲਾ ੫, ੮੭, ੧*:੧ (821)

(2) ਪਾਣੀ ਨਾਲ ਘਿਰਿਆ ਭੂਖੰਡ
“ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ।” (ਦੀਪਾਂ ਵਿਚ)
– ਮਲਾ ਰਵਿ, ੨, ੧:੨ (1293)

ਹੋਰ ਰੂਪ:

ਦੀਪਾਂ –
“ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।”
– ਆਸਾ ੧, ਵਾਰ ੮ਸ, ੧, ੧:੨ (467)

ਦੀਪਾਇਓ --- ਜਗਾਇਆ, ਪ੍ਰਜਵਲਿਤ ਕੀਤਾ
“ਅਗਿਆਨ ਅੰਧੇਰਾ ਮਿਟਿ ਗਇਆ ਗੁਰ ਗਿਆਨੁ ਦੀਪਾਇਓ।”
– ਗਉ ੫, ਅਸ ੧੪, ੨:੧ (241)

ਦੀਪਾਇਅਉ – ਪ੍ਰਜਵਲਿਤ ਕੀਤਾ ਭਾਵ ਚਮਕਾਇਆ
“ਗੁਰ ਅਰਜੁਨੁ ਕਲੁਚਰੈ ਤੈ ਜਨਕਹ ਕਲਸੁ ਦੀਪਾਇਅਉ।” (ਜਨਕ (ਗਿਆਨ) ਦੇ ਕਲਸ ਨੂੰ ਚਮਕਾਇਆ ਹੈ)
– ਸਵ ੫, ਕਲ ੯:੪ (1408)

ਦੀਪਾਇਆ -- ਪ੍ਰਕਾਸਿਆ, ਪ੍ਰਜਵਲਿਤ ਕੀਤਾ
“ਦਾਨਿ ਤੇਰੈ ਘਟਿ ਚਾਨਣਾ ਤਨਿ ਚੰਦੁ ਦੀਪਾਇਆ।”
– ਸੂਹੀ ੧, ਛੰਤ ੪, ੧:੨ (765)

ਦੀਪਾਈ ---- ਪ੍ਰਕਾਸ਼/ਚਾਣਨ ਕੀਤਾ
"ਅਕਾਲ ਮੂਰਤਿ ਅਜੂਨੀ ਸੰਭਉ ਕਲਿ ਅੰਧਕਾਰ ਦੀਪਾਈ।"
- ਰਾਮ ੫, ਅਸ ੬, ੧੮:੧ (916)

ਦੀਪਾਈਐ --- ਜਗਾਉਣ/ਪ੍ਰਕਾਸ਼ ਕਰਨ ਨਾਲ
"ਸਬਦਿ ਨਿਵਾਰੀ ਆਗਿ ਜੋਤਿ ਦੀਪਾਈਐ।" (ਜਗਾਉਣ ਨਾਲ, ਪ੍ਰਕਾਸ਼ ਕਰਨ ਨਾਲ)
- ਸੂਹੀ ੧, ਅਸ ੪, ੬:੨ (752)

ਦੀਪਾਹਾ ---- ਰੋਸ਼ਨ ਕਰਨਾ
"ਆਪੇ ਦੀਪ ਲੋਅ ਦੀਪਾਹਾ।"
- ਜੈਤ ੪, ੧੦, ੨:੧ (699)

ਹੋਰ ਰੂਪ:

ਦੀਪਾਹਿ -
"ਅੰਧਕਾਰ ਦੀਪਕ ਦੀਪਾਹਿ।" (ਰੋਸ਼ਨ ਕਰਦਾ/ਚਾਨਣ ਕਰਦਾ ਹੈ)
- ਗਉ ੫, ੭੯, ੨:੧ (179)

ਦੀਪਾਯਉ --- ਜਗਾਇਆ, ਰੋਸ਼ਨ ਕੀਤਾ
"ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ।"
- ਸਵ ੩, ੧੬:੩ (1395)

ਦੀਪੁ ------ ਦੀਪਕ, ਦੀਵਾ
"ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ।"
- ਸਲੋ ਕਬ, ੨੧੬:੨ (1376)

ਦੀਬਾਣਹੁ ---- ਕਚਹਿਰੀਓਂ ਅਦਾਲਤ ਤੋਂ ਹਕੂਮਤ ਵਿਚੋਂ
"ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ।"
- ਵਡ ੪, ਵਾਰ ੧੪:੩ (591)

ਦੀਬਾਨਿ ---- (ਅ. ਦੀਵਾਨ) ਦਰਬਾਰ/ਕਚਹਿਰੀ ਵਿਚ
"ਗੁਰਿ ਦੀਬਾਨਿ ਕਵਾਇ ਪੈਨਾਈਓ।"
- ਸਿਰੀ ੫, ਅਸ ੨੯, ੪:੨ (73)

ਹੋਰ ਰੂਪ:

ਦੀਬਾਣੀ -
"ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ।" (ਕਚਹਿਰੀਆਂ/ਦਰਬਾਰਾਂ ਵਿਚ)
- ਸਿਰੀ ੪, ਵਾਰ ੧੧:੧ (87)

ਦੀਬਾਣੀਐ -
"ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ।" (ਦੀਬਾਨ ਵਿਚ)
- ਮਾਝ ੧, ਵਾਰ ੧੦:੪ (142)

ਦੀਬਾਣੁ -

“ਅਮੁਲੁ ਧਰਮੁ ਅਮੁਲੁ ਦੀਬਾਣੁ।” (ਕਚਹਿਰੀ/ਦਰਬਾਰ)
– ਜਪੁ ੧, ੨੬:੫ (5)

“ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ।” (ਮਜਲਿਸ ਹੈ, ਇਕੱਠਾ ਬੈਠਦੀਆਂ ਹਨ)
– ਸੂਹੀ ੩, ਵਾਰ ੧੪ਸ, ੧, ੧:੧ (790)

(ਮਹਾਨਕੋਸ਼ ਇਥੇ ‘ਦੀਬਾਣੁ’ ਨੂੰ ‘ਦੀਬਾਣੁ’ ਕਰਕੇ ਬਣ ਦੇ ਅਰਥ ‘ਸੁਭਾਅ’, ‘ਆਦਤ’ ਕਰਦਾ ਹੈ)

ਦੀਬਾਣੁ ---- (1) ਦਰਬਾਰ, ਕਚਹਿਰੀ, ਵੇਖੋ ‘ਦੀਬਾਣਿ’
(2) ਕਚਿਹਰੀ ਲਾਣ ਵਾਲਾ, ਹਾਕਮ

“ਤੂੰ ਸਚਾ ਦੀਬਾਣੁ ਹੋਰਿ ਆਵਣ ਜਾਣਿਆ।”
– ਮਾਝ ੧, ਵਾਰ ੨੬:੨ (150)

“ਤੇਰਾ ਤਾਣੁ ਤੂਹੈ ਦੀਬਾਣੁ।” (ਦੀਵਾਨ ਲਾਉਣ ਵਾਲਾ, ਹਾਕਮ, ਆਸਰਾ)
– ਆਸਾ ੧, ੨੧, ੩:੧ (355)

ਹੋਰ ਰੂਪ:

ਦੀਬਾਣੋ –
“ਕਹੁ ਨਾਨਕ ਥਿਰੁ ਤਖਤਿ ਨਿਵਾਸੀ ਸਚੁ ਤਿਸੈ ਦੀਬਾਣੋ।” (ਦੀਬਾਣ, ਦਰਬਾਰ, ਕਚਿਹਰੀ)
– ਰਾਮ ੫, ਛੰਤ ੧, ੩:੬ (924)

ਦੀਬਾਨ ----- (1) ਹਾਕਮ

“ਕਿਸ ਹੀ ਜੋਰੁ ਦੀਬਾਨ ਮਾਇਆ ਕਾ।” (ਭਾਵ ਆਸਰਾ)
– ਮਾਰੂ ੫, ਸੋਲਾ ੨, ੧੩:੨ (1071)

ਹੋਰ ਰੂਪ:

ਦੀਬਾਨੁ –
“ਦੀਬਾਨੁ ਹਮਾਰੋ ਤੁਹੀ ਏਕ।”
– ਗਉ ੫, ੧੪੧*, ੧*:੧ (210)

(2) ਕਚਹਿਰੀ

“ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ।”
– ਸਲੋ ਕਬ, ੨੦੧:੨ (1375)

ਹੋਰ ਰੂਪ:

ਦੀਬਾਨਿ –
“ਚਲਹੁ ਸਿਤਾਬ ਦੀਬਾਨਿ ਬੁਲਾਇਆ।” (ਕਚਹਿਰੀ ਵਿਚ, ਧਰਮ ਰਾਜ ਦੀ)
– ਸੂਹੀ ਕਬ, ੩, ੧:੪ (792)

ਦੀਬਾਨੁ –
“ਦੀਬਾਨੁ ਏਕੋ ਕਲਮ ਏਕਾ ਹਮਾ ਤੁਮ੍ਹਾ ਮੇਲੁ।”
– ਆਸਾ ੧, ਵਾਰ ੨੦ਸ, ੧, ੨:੮ (473)

(ਮਹਾਨਕੋਸ਼ ਇਥੇ ਅਰਥ ‘ਹਾਕਮ’ ਕਰਦੇ ਹਨ)
“ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ।”

– ਸਾਰ ੪, ਵਾਰ ੯ਸ, ੧, ੨:੮ (1241)

ਦੀਰਘ ----- (1) ਵਡਾ, ਚਿਰ ਸਥਾਈ, ਡਾਢਾ ਚੰਦਰਾ, ਲੰਮਾ
“ਦੀਰਘ ਰੋਗੁ ਮਾਇਆ ਆਸਾਧਿਓ।”
– ਗਉ ੫, ਥਿਤੀ ੧੩:੬ (299)

ਹੋਰ ਰੂਪ:

ਦੀਰਘੁ –
“ਹਉਮੈ ਰੋਗੁ ਕਮਾਵਣਾ ਅਤਿ ਦੀਰਘੁ ਬਹੁ ਸੁਆਉ।”
– ਬਿਲਾ ੪, ਵਾਰ ੩ਸ, ੩, ੨:੨ (850)
(2) ਲੰਮ/ਅਕਾਰ ਵਿਚ
“ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ।”
– ਆਸਾ ੧, ਵਾਰ ੧੪ਸ, ੧, ੧:੧ (470)
(3) ਡੂੰਘੀ
“ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ।”
– ਤੁਖਾ ੧, ਬਾਰਾ ੩:੬ (1107)

ਦੀਰਘੁ ----- (1) ਵਡਾ ਲੰਮ, ਵੇਖੋ ‘ਦੀਰਘ’ (1)
(2) ਸ਼ਬਦਕ ਅਰਥ ਦੋ ਮਾਤਰਾਂ ਵਾਲਾ ਭਾਵ ਵਡਾ, ਉਚਾ, ਚੰਗੇਰਾ
“ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ।”
– ਮਾਰੂ ਕਬ, ੧, ੨:੧ (1105)

ਦੀਵਟੀ ----- ਦੀਵੇ ਦੀ ਵੱਟੀ, ਬਤੀ
“ਜੋਤਿ ਦੀਵਟੀ ਘਟ ਮਹਿ ਜੋਇ।”
– ਗਉ ਕਬ, ਵਾਰ ੭:੨ (344)

ਦੀਵਨਾ ----- ਦੇਣਾ, ਦਾਨ ਕਰਨਾ
“ਮਿਲਓ ਤਿਸੁ ਸਰਬ ਨਿਧਾਨਾ ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ।”
– ਮਾਰੂ ੫, ਅਸ ੬, ੭:੧ (1019)

ਦੀਵਰਾ ----- ਦੀਵਾ
“ਜਉ ਤੁਮ ਦੀਵਰਾ ਤਉ ਹਮ ਬਾਤੀ।”
– ਸੋਰ ਰਵਿ, ੫, ੨:੧ (658)

ਦੀਵੜੇ ----- ਦੇਵੇ
“ਜਾਂ ਚੈ ਘਰਿ ਲਛਿਮੀ ਕੁਆਰੀ ਚੰਦੁ ਸੂਰਜੁ ਦੀਵੜੇ ਕਉਤਕੁ ਕਾਲੁ ਬਪੁੜਾ ਕੋਟਵਾਲੁ ਸੁ ਕਰਾ ਸਿਰੀ।”
– ਮਲਾ ਨਾਮ, ੧, ੧:੨ (1292)
“ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।” (ਦੀਵੇ ਭਾਵ ਅਖਾਂ)
– ਸਲੋ ਫਰ, ੪੮:੨ (1380)

ਦੀਵਾ ------ ਦੀਪਕ
“ਬਿਨੁ ਤੇਲ ਦੀਵਾ ਕਿਉ ਜਲੇ।”
– ਸਿਰੀ ੧, ੩੩, ੧*:੧ (25)

ਦੀਵਾਨ ----- (1) ਦਰਬਾਰ ਵਿਚ
"ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ।"
– ਆਸਾ ੫, ੧੫੨, ੩:੧ (408)
(2) ਹਕੂਮਤ ਕਰਨਾ
"ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨੁ।"
– ਕੇਦਾ ਕਬ, ੫, ੧:੨ (1124)

ਦੀਵਾਨਾ ---- ਦਰਬਾਰ
"ਪੁਰਖੁ ਅਲੇਖੁ ਸਚੇ ਦੀਵਾਨਾ।"
– ਮਾਰੂ ੧, ਸੋਲਾ ੧੯, ੫:੧ (1039)

ਹੋਰ ਰੂਪ:

ਦੀਵਾਨਿ –
"ਚਲੁ ਦਰਹਾਲੁ ਦੀਵਾਨਿ ਬੁਲਾਇਆ।" (ਦਰਬਾਰ/ਕਚਹਿਰੀ ਵਿਚ)
– ਸੂਹੀ ਕਬ, ੩, ੧*:੧ (792)

ਦੀਵਾਨੀ ---- ਦੀਵਾਨ/ਦਰਬਾਰ ਵਿਚ ਵਸਨ/ਬੈਠਣ ਵਾਲਾ
"ਕੈ ਜਾਨੈ ਆਪਨ ਧਨੀ ਕੈ ਦਾਸੁ ਦੀਵਾਨੀ ਹੋਇ।"
– ਸਲੋ ਕਬ, ੧੭੬:੨ (1373)

ਦੀਵਾਨੁ ----- ਹਾਕਮ, ਦਰਬਾਰ ਲਾਉਣ ਵਾਲਾ
"ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ ਸਭ ਨਾ ਦੀਵਾਨੁ ਦਇਆਲਾ।"
– ਵਡ ੩, ੫, ੫:੨ (559)

ਦੀਵੀ ------ ਦੀਵਿਆ, ਦੀਪਕਾਂ
"ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।"
– ਸਲੋ ਫਰ, ੪੮:੧ (1380)

ਦੀਵੇ ------ ਦੀਪਕ
"ਤੁਧੁ ਆਪੇ ਧਰਤੀ ਸਾਜੀਐ ਚੰਦੁ ਸੂਰਜੁ ਦੁਇ ਦੀਵੇ।"
– ਸਿਰੀ ੪, ਵਾਰ ੩:੧ (83)
"ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ।"
– ਆਸਾ ਕਬ, ੯, ੧:੧ (477)

ਹੋਰ ਰੂਪ:

ਦੀਵੈ –
"ਜਿਤੁ ਦੀਵੈ ਸਭ ਸੋਝੀ ਪਾਇ।" (ਦੀਵੇ ਨਾਲ)
– ਰਾਮ ੧, ੭, ੧*:੨ (878)

ਦੁਆਉ ----- ਅਸੀਸ, ਅਸ਼ੀਰਵਾਦ
"ਅੰਧਾ ਅਖਰੁ ਵਾਉ ਦੁਆਉ।" (ਫਜ਼ੁਲ/ਕੇਵਲ ਮੌਖਕ ਅਸੀਸ ਹੀ ਹੈ)
– ਗਉ ੧, ੧, ੩:੪ (151)

ਦੁਆਈ ---- ਅਸੀਸਾਂ

“ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ।”
– ਮਲਾ ੧, ਵਾਰ ੧੯ਸ, ੧, ੧:੩ (1286)

ਦੁਆਸਿ ---- ਦੂਜੀ ਵਾਰ, ਦੁਬਾਰਾ (ਮਹਾਨਕੋਸ਼), ਦੁਆਲੇ (ਕੋਸ਼, ਸ਼ਬਦਾਰਥ, ਨਿਰਣੇ), ‘ਪਾਸਿ ਦੁਆਸਿ’ ਨੇੜੇ ਤੇੜੇ (ਦਰਪਣ)
“ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ।”
– ਸਿਰੀ ੪, ੬੬, ੩:੩ (40)

ਦੁਆਦਸ ---- ਬਾਰਾਂ
“ਜੇ ਓਹੁ ਦੁਆਦਸ ਸਿਲਾ ਪੂਜਾਵੈ।”
– ਗੋਂਡ ਰਵਿ, ੨, ੧:੨ (875)

ਦੁਆਦਸਿ --- ਬਾਹਰਵੀਂ ਥਿਤ ਦੁਆਰਾ
“ਦੁਆਦਸਿ ਮੁਦ੍ਰਾ ਮਨੁ ਅਉਧੂਤਾ।”
– ਬਿਲਾ ੧, ਥਿਤੀ ੧੫:੧ (840)

ਹੋਰ ਰੂਪ:

ਦੁਆਦਸੀ –
“ਦੁਆਦਸੀ ਦਇਆ ਦਾਨੁ ਕਰਿ ਜਾਣੈ।”
– ਬਿਲਾ ੧, ਥਿਤੀ ੧੬:੧ (840)

ਦੁਆਪਰਿ --- ਮੰਨੇ ਜਾਂਦੇ ਚਾਰ ਯੁੱਗਾਂ ਵਿਚੋਂ ਦੀਜੇ ਯੁਗ ਵਿਚ ਇਹ ਯੁੱਗ ਹਨ: ਸਤਯੁਗ, ਤ੍ਰੇਤਾ ਦੁਆਪਰ ਤੇ ਕਲਯੁਗ
“ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।”
– ਗਉ ਰਵਿ, ਅਸ ੧, ੧:੧ (346)

ਹੋਰ ਰੂਪ:

ਦੁਆਪਰੁ –
“ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ।”
– ਅਸਾ ੫, ੧੪੦, ੩:੧ (406)

ਦੁਆਪੁਰਿ --- ਇਕ ਯੁੱਗ, ਵੇਖੋ ‘ਦੁਆਪਰਿ’ ਵਿਚ
“ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ।”
– ਆਸਾ ੧, ਵਾਰ ੧੩ਸ, ੧, ੧:੫ (470)

ਹੋਰ ਰੂਪ:

ਦੁਆਪੁਰੁ –
“ਜੁਗੁ ਦੁਆਪੁਰੁ ਆਇਆ ਭਰਮਿ ਭਰਮਾਇਆ ਹਰਿ ਗੋਪੀ ਕਾਨੁ ਉਪਾਇ ਜੀਉ।”
– ਆਸਾ ੪, ਛੰਤ ੧੧, ੩:੧ (445)

ਦੁਆਰ ----- (1) ਦਰਵਾਜ਼ਾ, ਦਰ, ਬੂਹਾ
“ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ।”
– ਸਿਰੀ ੧, ਅਸ ੧੫, ੧:੧ (62)

(2) ਇੰਦ੍ਰੀਆਂ ਦੇ ਗੋਲਕ

“ਦਸਮੀ ਦਸ ਦੁਆਰ ਬਸਿ ਕੀਨੇ।”

– ਗਉ ੫, ਥਿਤੀ ੧੦:੧ (298)

ਹੋਰ ਰੂਪ:

ਦੁਆਰੰ –
“ਸਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।”

– ਸਸ ੫, ੪:੨ (1354)

ਦੁਆਰਹਿ --- ਬੂਹਿਓ
“ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ।”

– ਆਸਾ ੯, ੧, ੧:੨ (411)

ਦੁਆਰਾ ---- (1) ਦਰਵਾਜ਼ਾ
“ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾਧਨਾ।”

– ਗਉ ੧, ੧੪, ੨:੧ (155)

“ਭ੍ਰਮਿ ਭ੍ਰਮਿ ਆਏ ਤੁਮ ਚੇ ਦੁਆਰਾ।” (ਦਰਵਾਜੇ/ਦਰੇ ਤੇ, ਸ਼ਰਨ ਵਿਚ)

– ਧਨਾ ਨਾਮ, ੪, ੩:੨ (693)

ਹੋਰ ਰੂਪ:

ਦੁਆਰਿ –
“ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ।” (ਦੁਆਰੇ ਤੇ)

– ਸਿਰੀ ੪, ਵਾਰ ੧੧ਸ, ੩, ੧:੪ (86)

(2) ਦੁਆਰਕਾ ਨਗਰੀ
“ਕਾਸੀ ਕਾਂਤੀ ਪੁਰੀ ਦੁਆਰਾ।”

– ਮਾਰੂ ੧, ਸੋਲਾ ੨, ੯:੨ (1022)

ਦੁਆਰਿ ---- (1) ਦਰਵਾਜੇ/ਦਰ ਤੇ, ਵੇਖੋ ‘ਦੁਆਰਾ’ (1)
(2) ਗੋਲਕ ਤੇ
“ਦਸਵੈ ਦੁਆਰਿ ਪ੍ਰਗਟੁ ਹੋਇ ਆਇਆ।”

– ਮਾਰੂ ੪, ਸੋਲਾ ੧, ੬:੨ (1069)

ਦੁਆਰਿਆ -- ਦੁਆਰੇ/ਦਰ ਤੇ
“ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ।”

– ਜੈਤ ੫, ਵਾਰ ੧੯:੧ (709)

ਦੁਆਰੀ ---- (1) ਰਾਹੀਂ, ਦੁਆਰਾ
“ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ।”

– ਸੋਰ ੫, ੨੮, ੪:੧ (616)

(2) ਦੁਆਰੇ/ਦਰ ਤੇ
“ਅਵਰ ਨ ਸੂਝੈ ਦੂਜੀ ਠਾਹਰ ਹਰਿ ਪਰਿਓ ਤਉ ਦੁਆਰੀ।”

– ਟੋਡੀ ੫, ੯, ੧:੧ (713)

ਦੁਆਰੁ ----- (1) ਦਰ, ਦਰਵਾਜ਼ਾ
“ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।”

– ਜਪੁ ੧, ੪:੬ (2)

(2) ਦਰਬਾਰ, ਕਚਹਿਰੀ
"ਭੈ ਵਿਚਿ ਰਾਜਾ ਧਰਮ ਦੁਆਰੁ।" (ਧਰਮ ਰਾਜ ਦੀ ਕਚਹਿਰੀ)
– ਆਸਾ ੧, ਵਾਰ ੪ਸ, ੧, ੧:੬ (464)

ਦੁਆਰੇ ----- (1) ਦਰ ਉਤੇ
"ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ।"
– ਜਪੁ ੧, ੨੭:੪ (6)

ਹੋਰ ਰੂਪ:

ਦੁਆਰੈ –
"ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ।" (ਦਰ ਉਤੇ/ਤੋਂ)
– ਸਿਰੀ ੩, ੫੦, ੩:੨ (33)

(2) ਦਰ ਭਾਵ ਮਹਿਲ/ਮੰਦਰ
"ਸੁਖ ਮਹਲ ਜਾ ਕੇ ਊਚ ਦੁਆਰੇ।"
– ਸੂਹੀ ੫, ੧੨, ੧:੧ (739)

(3) ਗੋਲਕ
"ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ।"
– ਰਾਮ ੩, ਅਨੰ ੩੮:੨ (922)

ਦੁਆਰੈ ----- (1) ਦਰ ਤੇ, ਵੇਖੋ 'ਦੁਆਰੇ'
"ਸਾਹ ਵਾਪਾਰੀ ਦੁਆਰੈ ਆਏ।" (ਦਰਵਾਜ਼ੇ ਤੇ)
– ਆਸਾ ੫, ੬, ੧*:੧ (372)
"ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ।" (ਦਰਬਾਰ ਵਿਚ)
– ਆਸਾ ੫, ੧੦, ੨:੧ (373)

(2) ਰਾਹੀ ਦੁਆਰਾ
"ਗੁਰੂ ਦੁਆਰੈ ਹਮਰਾ ਵੀਆਹੁ ਜਿ ਹੋਆ ਜਾ ਸਹੁ ਮਿਲਿਆ ਤਾਂ ਜਾਨਿਆ।"
– ਆਸਾ ੧, ੧੦, ੨:੧ (351)

(3) ਭਾਵ ਰਸਤੇ/ਰਾਤ ਤੋਂ
"ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ।"
– ਬਿਲਾ ੪, ਵਾਰ ੧੦ਸ, ੩, ੧:੨ (853)

ਦੁਆਲੈ ----- ਚੌਗਿਰਦੇ, ਆਸ ਪਾਸ
"ਮਸਤਕਿ ਪਦਮੁ ਦੁਆਲੈ ਮਣੀ।"
– ਰਾਮ ਬੇਣੀ, ੧, ੯:੧ (974)

ਦੁੋਆਲੈ ----- ਆਸ ਪਾਸ, ਚੌਗਿਰਦੇ
"ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ।"
– ਸਿਰੀ ੧, ਪਹ ੧, ੪:੪ (75)

ਦੁਇ ------ (1) ਦੋਵੇਂ
"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।"

– ਜਪੁ ੧, ੨੯:੩ (6)

“ਸਾਧਸੰਗਿ ਮਿਲਿ ਦੁਇ ਕੁਲ ਸਾਧਿ।” (ਭਾਵ ਲੋਕ ਪ੍ਰਲੋਕ ਦੀਆਂ ਦੋਵੇ)

– ਗਉ ੫, ੧੬੬, ੪:੧ (199)

(2) ਦੋ

“ਏਕੁ ਸੁਆਨੁ ਦੁਇ ਸੁਆਨੀ ਨਾਲਿ।”

– ਸਿਰੀ ੧, ੨੯, ੧:੧ (24)

“ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ।”

– ਸਿਰੀ ੧, ਅਸ ੨, ੨:੨ (54)

“ਕਹੁ ਕਬੀਰ ਅਖਰ ਦੁਇ ਭਾਖਿ।” (ਰਾਮ ਨਾਮ ਦੇ ਦੋ ਅੱਖਰ)

– ਗਉ ਕਬ, ੩੩, ੩:੧ (329)

ਦੁਈਆ ---- ਦੂਜਾ, ਦੂਸਰਾ

“ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ੍ ਅਵਰੁ ਨ ਭਾਵੈ ਬਿਨੁ ਹਰਿ ਕੋ ਦੁਈਆ।”

– ਬਿਲਾ ੪, ਅਸ ੬, ੩:੨ (836)

ਦੁਸਹ ------ ਨਾ ਸਹਾਰੇ ਜਾਣ ਵਾਲੇ

“ਭੈ ਦੂਰਿ ਕਰਤਾ ਪਾਪ ਹਰਤਾ ਦੁਸਹ ਦੁਖ ਭਵ ਖੰਡਨੋ।”

– ਰਾਮ ੫, ਛੰਤ ੨, ੧:੪ (925)

ਦੁਸਟ ------ (ਸੰ.) (1) ਭੈੜੇ

“ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।”

– ਸਿਰੀ ੧, ੨੬, ੨:੧ (23)

“ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ।” (ਮਾੜੀ, ਮੰਦੀ ਵਾਸਨਾ)

– ਗੂਜ ੫, ਵਾਰ ੧੮ਸ, ੫, ੧:੧ (523)

!“ਦੁਸਟ ਭਾਉ ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ।” (ਮਾੜੀ, ਮੰਦੀ ਬਿਰਤੀ)

– ਮਲਾ ੧, ੫, ੧:੨ (1255)

(2) ਖੋਟੇ/ਵਿਕਾਰੀ ਮਨੁੱਖ

“ਸੋ ਗੁਰਮੁਖਿ ਨਾਮੁ ਜਪਿਆ ਵਡਭਾਗੀ ਤਿਨ ਨਿੰਦਕ ਦੁਸਟ ਸਭਿ ਪੈਰੀ ਪਾਏ।”

– ਸਿਰੀ ੪, ਵਾਰ ੧੫:੪ (89)

ਹੋਰ ਰੂਪ:

ਦੁਸਟਾ –

“ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ।”

– ਗਉ ੪, ਵਾਰ ੧੪ਸ, ੪, ੨:੪ (308)

ਦੁਸਟਾਂ –

“ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ।”

– ਨਟ ੪, ਅਸ ੫, ੧*:੨ (982)

(2) ਮਨੁੱਖੀ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ ਆਦਿ)

“ਸਾਧ ਸੰਗਿ ਓਇ ਦੁਸਟ ਵਸਿ ਹੋਤੇ।”

– ਗਉ ੫, ੮੯, ੩:੪ (182)

(3) ਦੁਸ਼ਮਨ, ਵੈਰੀ
"ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ।"
- ਗਉ ੧, ਛੰਤ ੧, ੪:੪ (242)

ਦੁਸਟਾਰਿਓ -- ਦੁਸ਼ਟ ਕਹਿ ਕੇ ਕੱਢ ਦਿਤਾ
"ਗੁਨ ਗਾਵਤ ਛੀਪਾ ਦੁਸਟਾਰਿਓ ਪ੍ਰਭਿ ਰਾਖੀ ਪੈਜ ਜਨਗੇ।"
- ਨਟ ੪, ੪, ੨:੨ (976)

ਦੁਸਟਾਰੀ --- (1) ਦੁਸ਼ਟਪੁਣਾ, ਭੈੜ, ਖੋਟ, ਬੁਰਾਈ
"ਹਮਰੀ ਮੁਦ੍ਰਾ ਨਾਮ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ।"
- ਦੇਵ ੪, ੫, ੨:੧ (528)

(2) ਵਿਕਾਰੀ/ਖੋਟੇ ਮਨੁਖ
"ਅੰਤਰਿ ਸੂਖਾ ਬਾਹਿਰ ਸੂਖਾ ਹਰਿ ਜਪਿ ਮਲਨ ਭਏ ਦੁਸਟਾਰੀ।"
-ਰਾਮ ੫, ਆਸ ੮, ੧:੧ (816)

ਦੁਸਟੀ ----- (1) ਨੀਚਤਾ, ਬਦੀ, ਦੁਸ਼ਟਤਾ
"ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।"
- ਸਿਰੀ ੩, ੪੫, ੨:੧ (31)

(2) ਮਾੜੀ, ਦੁਸਟ
"ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ।"
- ਪ੍ਰਭਾ ੧, ਅਸ ੩, ੩:੪ (1343)

ਦੁਸਟੁ ------ (1) ਮੰਦਾ ਵਿਅਕਤੀ, ਖੋਟਾ ਮਨੁੱਖ
"ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ।"
- ਸਿਰੀ ੧, ੨੯, ੪:੨ (24)

(2) ਮੰਦੀ, ਭੈੜੀ
"ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ।"
- ਸਿਰੀ ੩, ੬੩, ੨:੨ (38)

(3) ਵੈਰੀ
"ਨਾਨਕ ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟੁ ਅਹੰਕਰਣ ਮਾਰਿਆ।"
- ਸਿਰੀ ੪, ਵਾਰ ੧੧ਸ, ੩, ੧:੧ (86)

"ਸਾਜਨ ਦੁਸਟੁ ਜਾ ਕੈ ਏਕ ਸਮਾਨੈ।"
- ਗਉ ੫, ਅਸ ੩, ੨:੧ (236)

ਦੁਸਮਣ ---- (ਫਾ. ਦੁਸ਼ਮਨ) ਵੈਰੀ
"ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ।"
- ਮਾਝ ੫, ੪੩, ੨:੩ (107)

ਦੁਸਮਨ ---- ਵੈਰੀ
"ਦੁਸਮਨ ਕਢੇ ਮਾਰਿ ਸਜਣ ਸਰਸਿਆ।"
- ਮਾਝ ੧, ਵਾਰ ੨੩:੪ (148)

ਦੁਹ ------- (1) ਦੋ

"ਦੁਤੀਆ ਦੁਹ ਕਰਿ ਜਾਨੈ ਅੰਗ।"

– ਗਉ ਕਬ, ੩:੧ (343)

(2) ਦੋਹਾਂ

"ਹਰਖ ਸੋਗ ਦੁਹ ਮਾਹਿ ਨਿਰਾਲਾ ਕਰਣੈਹਾਰੁ ਪਛਾਤਾ।"

– ਗੂਜ ੫, ੯, ੨:੨ (498)

"ਹਿੰਦੂ ਮੂਰਤਿ ਨਾਮ ਨਿਵਾਸੀ ਦੁਹ ਮਹਿ ਤਤੁ ਨ ਹੇਰਾ।"

– ਪ੍ਰਭਾ ਕਬ, ੨, ੧:੨ (1349)

ਦੁਹਸਾਸਨ -- ਕੁਰੁਵੰਸੀ ਰਾਜਾ ਧ੍ਰਿਤਰਾਸ਼ਟਰ ਦਾ ਪੁਤਰ ਦੁਰਯੋਦਨ ਦਾ ਛੋਟਾ ਭਰਾ ਜਿਸ ਨੇ ਦ੍ਰੋਪਤੀ ਨੂੰ ਵਾਲਾਂ ਤੋਂ ਪਕੜ ਕੇ ਦਰਬਾਰ ਵਿਚ ਬੇਪਤੀ ਕਰਨ ਲਈ ਲਿਆਇਆ ਸੀ

"ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।"

– ਮਾਲੀ ਨਾਮ, ੨, ੧:੨ (988)

ਦੁਹਹੂ ------ ਦੋਹਾਂ

"ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ।"

– ਸੂਹੀ ੫, ੫੪, ੨:੧ (749)

ਹੋਰ ਰੂਪ:

ਦੁਹਹੂੰ –

"ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।"

– ਸਿਰੀ ੫, ੯੬, ੧:੨ (51)

ਦੁਹਕਰਮ --- ਮਾੜੇ ਕੰਮ, ਖੋਟੇ ਕਰਮ

"ਕਰੈ ਦੁਹਕਰਮ ਦਿਖਾਵੈ ਹੋਰ।"

– ਗਉ ੫, ੧੪੦, ੧:੧ (194)

ਦੁਹਕ੍ਰਿਤ ---- ਮੰਦੇ ਕੰਮ, ਖੋਟੇ ਕਰਮ

"ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ।"

– ਗੂਜ ਜੈਦੇ, ੧, ੩:੨ (526)

ਦੁਹਚਾਰਣਿ -- ਮੰਦੇ/ਭੈੜੇ ਆਚਰਣ ਵਾਲੀ

"ਜਿਉ ਛਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ।"

– ਸੋਰ ੪, ਵਾਰ ੭ਸ, ੩, ੨:੨ (645)

"ਸ੍ਰੀ ਗੋਪਾਲੁ ਨ ਉਚਰਹਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ।" (ਮਾੜੇ ਕਰਮ ਕਰਨ, ਮਾੜੇ ਬੋਲ ਬੋਲਣ ਵਾਲੀਏ)

– ਬਿਲਾ ੫, ਛੰਤ ੪, ੩:੧ (848)

ਹੋਰ ਰੂਪ:

ਦੁਹਚਾਰਣੀ –

"ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ।"

– ਮਲਾ ੩, ਅਸ ੩, ੨:੨ (1277)

ਦੁਹਚਾਰੀ ---- ਮਾੜੇ ਆਚਰਨ ਵਾਲਾ, ਦੁਰਾਚਾਰੀ, ਮੰਦ ਕਰਮੀ

"ਤੇ ਨਰ ਭਾਗਹੀਨ ਦੁਹਚਾਰੀ ਓਇ ਜਨਮਿ ਮੁਏ ਫਿਰਿ ਮਰਾ।"

– ਬਿਲਾ ੪, ੩, ੩:੨ (799)

ਹੋਰ ਰੂਪ:

ਦੁਹਚਾਰੀਆ –
"ਹਮ ਮੈਲੁ ਭਰੇ ਦੁਹਚਾਰੀਆ ਹਰਿ ਰਾਖਹੁ ਅੰਗੀ ਅੰਙੁ।"
– ਸੂਹੀ ੪, ੩, ੩:੧ (732)

ਦੁਹਾ ------ ਦੋਹਾਂ, ਦੋਨੋ
"ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ।"
– ਸਿਰੀ ੫, ਅਸ ੨੬, ੬:੩ (71)

ਹੋਰ ਰੂਪ:

ਦੁਹਾਂ –
"ਦੁਹਾਂ ਤੇ ਗਿਆਨੀ ਸਿਆਣਾ।"
– ਗੋਂਡ ਨਾਮ, ੭, ੪:੨ (875)

ਦੁਹਾਈ ----- (1) ਸਹਾਇਤਾ ਲਈ ਕੀਤੀ ਪੁਕਾਰ
"ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ।"
– ਧਨਾ ਪੀਪਾ, ੧, ੧*:੨ (695)

(2) ਚੋ ਲਈ
"ਗਊ ਦੁਹਾਈ ਬਛਰਾ ਮੇਲਿ।"
– ਭੈਰ ਨਾਮ, ੧੦, ੧੯:੨ (1166)

ਦੁਹਾਗਣਿ --- ਪਤੀ ਤੋਂ ਵਿਛੜੀ ਹੋਈ, ਪਤੀ ਦੀ ਛੱਡੀ ਹੋਈ, ਮੰਦੇ ਭਾਗਾਂ ਵਾਲੀ
"ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ।"
– ਵਡ ੪, ੨, ੩:੨ (561)

ਦੋੁਹਾਗਣਿ --- ਮੰਦ-ਭਾਗੀ, ਪਤੀ ਤੋਂ ਵਿਛੜੀ ਹੋਈ, ਛੁਟੜ
"ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।"
– ਗਉ ੪, ਵਾਰ ੮ਸ, ੪, ੨:੪ (303)

ਦੁਹਾਗਨਿ --- (1) ਭੈੜੀ ਇਸਤ੍ਰੀ, ਮੰਦ ਭਾਗਨ
"ਦੁਖੀ ਦੁਹਾਗਨਿ ਦੁਇ ਪਖ ਹੀਨੀ।"
– ਸੂਹੀ ਰਵਿ, ੧, ੨:੧ (793)

(2) ਵਿਧਵਾ
"ਦਾਸ ਨਾਰੀ ਮੈ ਕਰੀ ਦੁਹਾਗਨਿ।"
– ਪ੍ਰਭਾ ੫, ਅਸ ੧, ੫:੧ (1347)

ਦੁਹਾਵੈ ----- ਚੁਆਉਂਦਾ ਹੈ
"ਬੈਲ ਕਉ ਨੇਤ੍ਰਾ ਪਾਇ ਦੁਹਾਵੈ।"
– ਗਉ ੫, ੧੬੦, ੨:੧ (198)

ਦੁਹਿ ------ ਚੋ ਕੇ

"ਕਪਲ ਗਾਇ ਨਾਮੈ ਦੁਹਿ ਆਨੀ।"
– ਭੈਰ ਨਾਮ, ੩, ੧:੨ (1163)

ਦੁਹੀ ------ ਦੁਹਾਂ, ਦੋਵੇ
"ਦੁਹੀ ਸਰਾਈ ਖੁਨਾਮੀ ਕਹਾਏ।"
– ਸੂਹੀ ੫, ੨੯, ੧:੨ (743)

ਦੁਹੁ ------- (1) ਦੋ
"ਇਕਸੁ ਦੁਹੁ ਚਹੁ ਕਿਆ ਗਣੀ ਸਭ ਇਕਤੁ ਸਾਦਿ ਮੁਠੀ।"
– ਗਉ ੫, ੧੬੯*, ੩:੧ (218)
(2) ਦੁਹਾਂ, ਦੋਨੋਂ
"ਜਨਮ ਮਰਨ ਦੁਹੁ ਤੇ ਰਹਿਓ।"
– ਗਉ ੫, ਅਸ ੧੩, ੬:੨ (241)
"ਨਾਨਕ ਸਚਾ ਏਕੁ ਹੈ ਦੁਹੁ ਵਿਚ ਹੈ ਸੰਸਾਰੁ।" (ਜਨਮ ਮਰਨ)
– ਰਾਮ ੩, ਵਾਰ ੮ਸ, ੩, ੨:੯ (950)
(3) ਦ੍ਵੰਦ, ਦੁਚਿਤੀ
"ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ।"
– ਸੂਹੀ ੩, ਅਸ ੪, ੭:੧ (757)
"ਨਯਨਿ ਬਯਨਿ ਮੁਹਿ ਇਕੁ ਇਕੁ ਦੁਹੁ ਠਾਂਇ ਨ ਜਾਣਿਓ।" (ਦ੍ਵੈਤ)
– ਸਵ ੩, ੧੨:੨ (1394)

ਦੁਹੂ ------- ਦੁਹਾਂ ਤੋਂ
"ਦੁਹੂ ਭਾਤਿ ਤੇ ਆਪਿ ਨਿਰਾਰਾ।"
– ਗਉ ੫, ਬਾਅ ੨:੭ (250)
"ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ।"
– ਸੋਰ ਕਬ, ੧, ੧:੨ (654)

ਹੋਰ ਰੂਪ:

ਦੁਹੂੰ –
"ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ।"
– ਆਸਾ ਕਬ, ੨੯, ੩:੨ (483)

ਦੁਹੇਰਾ ----- ਮੁਸ਼ਕਲ, ਔਖਾ, ਕਠਨ
"ਸੇਜ ਏਕ ਪੈ ਮਿਲਨੁ ਦੁਹੇਰਾ।"
– ਆਸਾ ਕਬ, ੩੦, ੨:੧ (483)

ਦੁਹੇਰੀ ----- ਦੁਖੀ
"ਤਿਸੁ ਬਿਨੁ ਤੁਹੀ ਦੁਹੇਰੀ ਰੀ।"
– ਆਸਾ ੫, ੮੨, ੧*:੨ (390)
('ਸ਼ਬਦਾਰਥ' ਇਸ ਦੇ ਅਰਥ 'ਛੁਟੜ' ਕਰਦਾ ਹੈ)

ਦੁਹੇਲੜੀਆ -- ਔਖੀ, ਦੁਖੀ
"ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ।"

– ਗਉ ੧, ਛੰਤ ੧, ੧:੧ (242)

ਦੁਹੇਲਾ ----- (1) ਦੁਖਦਾਈ, ਦੁਖ ਵਾਲਾ
"ਦੂਜੈ ਭਾਇ ਅਗਿਆਨੁ ਦੁਹੇਲਾ।"
– ਗਉ ੧, ਅਸ ੧੨, ੪:੩ (226)

ਹੋਰ ਰੂਪ:

ਦੁਹੇਲੀ –
"ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨਾ ਪੁਛੈ ਕੋਈ।" (ਦੁਖੀ)
– ਗਉ ੧, ੧੩, ੩*:੧ (155)
"ਮਾਣਸ ਸੇਵਾ ਖਰੀ ਦੁਹੇਲੀ।" (ਦੁਖਦਾਈ)
– ਬਸੰ ੫, ੮, ੨:੩ (1182)
ਦੁਹੇਲੇ –
"ਲਿਖਿਆ ਆਇਆ ਪਕੜਿ ਚਲਾਇਆ ਮਨਮੁਖ ਸਦਾ ਦੁਹੇਲੇ।"
– ਸਿਰੀ ੫, ਪਹ, ੪, ੫:੩ (78)
(2) ਔਖਾ
"ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ।"
– ਆਸਾ ੫, ਛੰਤ ੧੧, ੩:੩ (460)

ਹੋਰ ਰੂਪ:

ਦੁਹੇਲੀ –
"ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ।" (ਔਖੀ)
– ਬਿਹਾ ੫, ਛੰਤ ੭, ੧:੧ (546)

ਦੁਕ੍ਰਿਤ ----- ਮਾੜੇ ਕਰਮ
"ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ।"
– ਸਿਰੀ ੫, ੯੬, ੧:੧ (51)

ਦੁਕ੍ਰਿਤੁ ----- ਮੰਦਾ ਭਾਵ ਦੁਖ
"ਦੁਕ੍ਰਿਤੁ ਸੁਕ੍ਰਿਤ ਥਾਰੋ ਕਰਮੁ ਰੀ।"
– ਧਨਾ ਤ੍ਰਿਲੰ, ੧, ੧*:੨ (695)

ਦੁਖ ------- ਤਕਲੀਫ
"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।"
– ਜਪੁ ੧, ੨:੩ (1)

ਹੋਰ ਰੂਪ:

ਦੁਖੰ –
"ਦੁਖੰ ਭਯੰਤਿ ਸੁਖੰ ਭੈ ਭੀਤੰ ਤ ਨਿਰਭਯਹ।"
– ਸਸ ੫, ੩੭:੨ (1357)

ਦੁਖ ਸਾਗਰ -- ਦੁਖਾਂ ਦਾ ਸਮੁੰਦਰ ਭਾਵ ਸੰਸਾਰ
"ਦੁਖ-ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ।"
– ਸੋਰ ੫, ਅਸ ੨, ੧:੩ (641)

ਹੋਰ ਰੂਪ:

ਦੁਖ-ਸਾਗਰੋ –
"ਮਾਤ ਗਰਭ ਦੁਖ-ਸਾਗਰੋ ਪਿਆਰੇ ਤਹ ਅਪਣਾ ਨਾਮੁ ਜਪਾਇਆ।"
– ਸੋਰ ੫, ਅਸ ੨, ੧;੧ (640)

ਦੁਖਹੰਤਾ ---- ਦੁਖਾਂ ਨੂੰ ਦੂਰ ਕਰਨ ਵਾਲਾ
"ਤੀਨੇ ਤਾਪ ਨਿਵਾਰਣਹਾਰਾ ਦੁਖਹੰਤਾ ਸੁਖ ਰਾਸਿ।"
– ਟੋਡੀ ੫, ੧੩, ੧:੧ (714)

ਦੁਖਹਰ ----- ਦੁਖ ਦੂਰ ਕਰਨ
"ਅਉਖਧ ਮੰਤ੍ਰ ਤੰਤ੍ਰ ਪਰ ਦੁਖਹਰ ਸਰਬ ਰੋਗ ਖੰਡਣ ਗੁਣਕਾਰੀ।"
– ਸਮੁ ੫, ੯*:੨ (1389)

ਦੁਖ ਹਰਤ --- ਦੁੱਖ ਦੂਰ ਕਰਨ ਵਾਲੇ
"ਦੁਖ ਹਰਤ ਕਰਤਾ ਸੁਖਹ ਸੁਆਮੀ ਸਰਣਿ ਸਾਧੂ ਆਇਆ।"
– ਧਨਾ ੫, ਛੰਤ ੧, ੨:੩ (691)

ਦੁਖ ਹਰਣ --- ਦੁੱਖ ਦੂਰ ਕਰਨ ਵਾਲੇ
"ਦੁਖ ਹਰਣ ਦੀਨ ਸਰਣ ਸ੍ਰੀਧਰ ਚਰਨ ਕਮਲ ਅਰਾਧੀਐ।"
– ਗਉ ੫, ਛੰਤ ੩, ੧:੩ (248)

ਦੁਖ ਹਰਨ --- ਦੁੱਖ ਦੂਰ ਕਰਨ ਵਾਲੇ
"ਦੁਖ ਹਰਨ ਕਿਰਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ।"
– ਬਿਹਾ ੫, ਛੰਤ ੮, ੧:੩ (547)

ਦੁਖਹਰੁ ----- ਦੁਖ ਦੂਰ ਕਰਨ ਵਾਲਾ
"ਸਿਮਰਿ ਮਨਾ ਦਾਮੋਦਰੁ ਦੁਖਹਰੁ ਭੈ ਭੰਜਨੁ ਹਰਿ ਰਾਇਆ।"
– ਗਉ ੫, ਛੰਤ ੩, ੨:੧ (248)

ਦੁਖੰਤ ------ ਅਤਿ ਦਾ ਦੁਖ
"ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ।"
– ਸਮ ੫, ੧੭:੨ (1355)

ਦੁਖਦਾਈ --- (1) ਦੁਖ ਦੇਣ ਵਾਲੀ
"ਧਨੁ ਸੰਪੈ ਮਾਇਆ ਸੰਚੀਐ ਅੰਤੇ ਦੁਖਦਾਈ।"
– ਸੋਰ ੪, ਵਾਰ ੧੫:੧ (648)

(2) ਦੁਖੀ
"ਆਇਆ ਕਾਲੁ ਦੁਖਦਾਈ ਹੋਏ ਜੋ ਬੀਜੇ ਸੋ ਖਵਲਾਵੈਗੋ।"
– ਕਾਨ ੪, ਅਸ ੫, ੬:੨ (1311)

ਦੁਖਦਾਰੀ ---- ਦੁਖਾਂ ਨੂੰ ਦਲਣ ਭਾਵ ਦੂਰ ਕਰਨ ਵਾਲਾ, ਦੁਖ-ਨਾਸ਼ਕ
"ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ।"
– ਸੋਰ ੫, ੬੨, ੧:੧ (624)

ਦੁਖਨਹ ----- ਦੁਖ

"ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੁਖਨਹ।"
– ਸਸ ੫, ੨੮:੨ (1356)

ਦੁਖਨਿ ----- ਦੁਖਾਂ ਦਾ
"ਫੁਨਿ ਦੁਖਨਿ ਨਾਸੁ ਸੁਖਦਾਯਕੁ ਸੂਰਉ ਜੋ ਧਰਤ ਧਿਆਨੁ ਬਸਤ ਤਿਹ ਨੇਰੇ।"
– ਸਵ ੪, ਨਲੵ ੯:੩ (1400)

ਹੋਰ ਰੂਪ:

ਦੁਖਨੁ –
"ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ।"
– ਗਉ ੫, ੧੫੯*, ੧:੧ (214)

ਦੁਖਭੰਜਨ --- ਦੁਖ ਨਾਸ਼ਕ, ਦੁਖਾਂ ਨੂੰ ਤੋੜਨ ਵਾਲਾ
"ਤੁਮ ਦਇਆਲ ਸਰਬ ਦੁਖ ਭੰਜਨ ਇਕ ਬਿਨਉ ਸੁਨਹੁ ਦੇ ਕਾਨੇ।"
– ਗਉ ੪, ੫੬, ੧:੧ (169)

ਹੋਰ ਰੂਪ:

ਦੁਖਭੰਜਨਾ –
"ਹਰਿ ਚਰਨ ਸਰਨ ਗੋਬਿੰਦ ਦੁਖ ਭੰਜਨਾ ਦਾਸ ਅਪੁਨੇ ਕਉ ਨਾਮੁ ਦੇਵਹੁ।" (ਹੇ ਦੁਖ ਦੂਰ ਕਰਨ ਵਾਲੇ, ਸੰਬੋਧਕ)
– ਧਨਾ ੫, ੫੩, ੧*:੧ (683)
"ਹਰਿ ਕੀ ਨ ਸਿਮਰਹੁ ਦੁਖ ਭੰਜਨਾ।" (ਦੁੱਖ ਦੂਰ ਕਰਨ ਵਾਲਾ)
– ਭੈਰ ਕਬ, ੧੪, ੧*:੨ (1161)
ਦੁਖ ਭੰਜਨੁ –
"ਸਰਨਿ ਕੋ ਦਾਤਾ ਦੁਖ ਭੰਜਨੁ ਸੁਖ ਰਾਇ।"
– ਗੁਜ ੫, ੩੨, ੧:੨ (502)
ਦੁਖਭੰਜਨੋ –
"ਭਉ ਖੰਡਨੁ ਦੁਖਭੰਜਨੋ ਭਗਤਿ ਵਛਲ ਹਰਿ ਨਾਇਓ।"
– ਗੁਜ ੫, ਅਸ ੧੪, ੫:੧ (241)

ਦੁਖਾ ------ ਦੁਖਾਂ
"ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ।"
– ਮਾਝ ੧, ਬਾਰਾ ੧੩:੩ (136)

ਦੁਖਾਏ ----- ਦੁਖੀ ਕਰਦਾ ਹੈ
"ਆਪਣਾ ਆਪੁ ਨ ਪਛਾਣੈ ਮੂੜਾ ਅਵਰਾ ਆਖਿ ਦੁਖਾਏ।"
– ਬਿਹਾ ੪, ਵਾਰ ੪ਸ, ੩, ੨:੧ (549)

ਦੁਖਾਹੀ ----- ਦੁਖਾਂਦੇ ਹਨ
"ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ।"
– ਆਸਾ ੫, ੧੫੨, ੧*:੧ (408)

ਦੁਖਾਲਾ ---- (1) ਦੁਖਵਾਲਾ, ਦੁਖਦਾਈ, ਭਾਵ ਦੁੱਖ
"ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ।"

– ਸੂਹੀ ਕਬ, ੫, ੧:੨ (793)

(2) ਦੁਖੀ
"ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ।"
– ਮਾਝ ੫, ੪੦, ੪:੩ (106)

ਹੋਰ ਰੂਪ:

ਦੁਖਾਲੀ –
"ਬਿਨੁ ਹਰਿ ਨਾਮੁ ਸੁ ਦੇਹ ਦੁਖਾਲੀ।" (ਦੁੱਖੀ)
– ਗਉ ੧, ਅਸ ੧੦, ੪:੩ (225)
"ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ।" (ਦੁਖਦਾਈ)
– ਗਉ ੩, ਛੰਤ ੫, ੩:੪ (246)
"ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ।" (ਦੁਖੀ ਹੋ ਕੇ)
– ਬਿਲਾ ੧, ੪, ੨:੧ (796)

ਦੁਖਿ ------ ਦੁਖ ਨਾਲ/ਵਿਚ
"ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ।"
– ਸਿਰੀ ੧, ੧੪, ੧:੩ (19)

ਦੁਖਿਆ ---- ਦੁਖਿਤ ਕੀਤਾ, ਦੁਖੀ ਕੀਤਾ
"ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ।"
– ਨਟ ੪, ਅਸ ੪, ੬:੨ (982)

ਦੁਖਿਆਰੀ --- ਦੁਖੀ ਹੋਈਦਾ ਹੈ
"ਵੇਸਿ ਨ ਪਾਈਐ ਮਹਾ ਦੁਖਿਆਰੀ।"
– ਪ੍ਰਭਾ ੫, ੨, ੫:੩ (1348)

ਦੁਖੀ ------ (1) ਦੁਖਾਂ ਨਾਲ/ਵਿਚ
"ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ।"
– ਸਿਰੀ ੩, ੪੭, ੨:੨ (31)

(2) ਦੁਖੀ ਕੀਤੀ ਹੋਈ
"ਸਾਸੁ ਕੀ ਦੁਖੀ ਸਸੁਰ ਕੀ ਪਿਆਰੀ ਜੇਠ ਕੇ ਨਾਮ ਡਰਉਰੀ।"
– ਆਸਾ ਕਬ, ੨੫, ੧:੧ (482)

(3) ਦੁੱਖ
"ਜਾ ਕੈ ਸਿਮਰਣਿ ਹੋਇ ਅਨੰਦਾ ਬਿਨਸੈ ਜਨਮ ਮਰਣ ਭੈ ਦੁਖੀ।"
– ਸੋਰ ੫, ੩੦, ੧:੧ (617)

(4) ਦੁਖ-ਗ੍ਰਸਤ
"ਓਇ ਆਪਿ ਦੁਖੀ ਸੁਖੁ ਕਬਹੂ ਨ ਪਾਵਹਿ ਜਨਮਿ ਮਰਹਿ ਮਰਿ ਜਾਹਿ।"
– ਸੋਰ ੪, ਵਾਰ ੨੬ਸ, ੪, ੨:੪ (652)

ਦੁਖੀਆ ---- ਦੁਖੀ, ਪੀੜਤ
"ਭਾਈ ਰੇ ਜਗੁ ਦੁਖੀਆ ਦੂਜੈ ਭਾਇ।"
– ਸਿਰੀ ੩, ੪੦, ੧*:੧ (29)
"ਜਿਹ ਨਰ ਬਿਸਰਿਆ ਪੁਰਖੁ ਬਿਧਾਤਾ ਤੇ ਦੁਖੀਆ ਮਹਿ ਗਨਣੇ।" (ਦੁਖੀਆਂ ਵਿਚ)

– ਸੋਰ ੫, ੧੫, ੨:੨ (613)

ਦੁਖੀਐ ----- ਦੁਖੀ ਹੋਵੇ, ਪੀੜਤ ਹੋਵੇ
"ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ।"
– ਸਲੋ ਫਰ, ੯੮:੧ (1382)

ਦੁਖੀਏ ----- ਦੁਖੀ, ਦੁਖ-ਗ੍ਰਸਤ
"ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ।"
– ਸਿਰੀ ੩, ੫੩, ੧:੧ (34)

ਦੁਖੁ ------- ਪੀੜਾ, ਤਕਲੀਫ
"ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।"
– ਜਪੁ ੧, ੫:੬ (2)

ਦੁਖੇ ------- ਦੁਖ/ਪੀੜਾ/ਤਕਲੀਫ ਹੀ
"ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ।"
– ਮਾਝ ੩, ਅਸ ੨੩, ੫:੩ (123)

ਦੁਖੋ ------- ਦੁਖ ਹੀ
"ਮਨਮੁਖ ਕਰਮ ਕਰੇ ਅਹੰਕਾਰੀ ਸਭੁ ਦੁਖੋ ਦੁਖੁ ਕਮਾਇ।"
– ਸਿਰੀ ੪, ਵਾਰ ੧੨ਸ, ੩, ੧:੮ (87)

ਦੁਖੵੰ ------- ਦੁਖ
"ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਰਾ ਬਿਖਾਦੵੰ।"
– ਸਸ ੫, ੧੮:੧ (1358)

ਦੁਗਣ ----- ਦ੍ਵੈਤ ਭਾਵ
"ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ।"
– ਸਵ ੩, ੧੪:੫ (1395)

ਦੁਗਣੀ ----- ਦੋ-ਗੁਣੀ, ਦੂਨੀ
"ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ।"
– ਸੋਰ ਨਾਮ, ੨, ੧:੨ (657)

ਦੁਗਾਣਾ ---- ਦੋ ਗੰਢੇ, ਅੱਠ ਕੌਡੀਆਂ, ਇਕ ਦਮੜੀ
"ਖੋਟੇ ਕਾ ਮੁਲੁ ਏਕੁ ਦੁਗਾਣਾ।"
– ਧਨਾ ੧, ੬, ੨:੨ (662)

ਦੁਗੁਣ ----- ਦੂਣੀ
"ਉਨ ਤੇ ਦੁਗੁਣ ਦਿੜੀ ਉਨ ਮਾਏ।"
– ਗਉ ੫, ੭੮, ੧:੪ (178)

ਹੋਰ ਰੂਪ:

ਦੁਗੁਣੇ –
"ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ।" (ਦੂਣੇ)
– ਸਿਰੀ ੫, ਅਸ ੨੬, ੫:੩ (70)

ਦੁਘਟ ----- ਔਖਾ, ਬਿਖਮ
"ਦੁਘਟ ਘਟ ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ।"
– ਮਾਰੂ ੧, ਸੋਲਾ ੨੧, ੬:੨ (1042)

ਦੁਚਿਤੇ ----- ਦੁਚਿਤਾਪਣ
"ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ।"
– ਗਉ ਕਬ, ਅਸ ੪੩, ੧:੧ (331)

ਦੁਤਰ ------ (1) ਔਖਿਆਂ, ਤਰਿਆ ਜਾਣ ਵਾਲਾ
"ਦਾਰਨ ਦੁਖ ਦੁਤਰ ਸੰਸਾਰੁ।"
– ਗਉ ੫, ੧੬੬, ੩:੧ (199)

(2) ਔਖਿਆਂ ਤਰਨ ਵਾਲੇ
"ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ।"
– ਤੁਖਾ ੧, ਬਾਰ ੬:੩ (1108)

ਦੁਤਰਹ ----- ਔਖਿਆਂ ਤਰਿਆ ਜਾਣ ਵਾਲਾ
"ਸਾਧ ਸੰਗੇਣ ਤਰਣੰ ਨਾਨਕ ਮਹਾ ਸਾਗਰ ਭੈ ਦੁਤਰਹ।"
– ਸਸ ੫, ੫੧:੨ (1358)

"ਮਤੇ ਸਮੇਵ ਚਰਣੰ ਉਧਰਣੰ ਭੈ ਦੁਤਰਹ।" (ਔਖਿਆਂ ਤਰਿਆ ਜਾਣ ਵਾਲਾ ਸੰਸਾਰ ਸਾਗਰ ਦੇ ਭੈਅ ਤੋਂ)
– ਸਸ ੫, ੬੭:੧ (1360)

ਦੁਤਰੁ ------ ਔਖਿਆਂ ਤਰਿਆ ਜਾਣ ਵਾਲਾ
"ਮਿਲਿ ਸਤਸੰਗਤਿ ਹਰਿ ਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ।"
– ਮਾਝ ੪, ੩, ੧:੩ (95)

"ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ।" (ਔਖਿਆਂ ਤਰਿਆ ਜਾਣ ਵਾਲਾ ਸੰਸਾਰ ਸਾਗਰ)
– ਮਾਰੂ ੩, ਸੋਲਾ ੬, ੧੪:੩ (1050)

ਦੁਤੀਆ ---- (1) ਦ੍ਵੈਤ, ਦੂਜਾ ਭਾਵ
"ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ।"
– ਸਿਰੀ ੫, ਛੰਤ ੩, ੧:੨ (80)

(2) ਦੂਜੀ ਥਿੱਤ ਦੁਆਰਾ
"ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ।"
– ਗਉ ੫, ਥਿਤੀ ੨:੧ (296)

(ਮਹਾਨਕੋਸ਼ ਇਥੇ ਵੀ ਅਰਥ 'ਦਵੈਤ' ਕਰਦਾ ਹੈ)
"ਦੁਤੀਆ ਦੁਹ ਕਰਿ ਜਾਨੈ ਅੰਗ।" (ਦੂਜੀ ਥਿਤ ਦੁਆਰਾ ਉਪਦੇਸ਼ ਹੈ)
– ਗਉ ਕਬ, ਥਿਤੀ ੩:੧ (343)

(3) ਦੂਜੀ ਥਾਂ ਤੇ ਫਿਰ
"ਦੁਤੀਆ ਤਿਆਗੀ ਲੋਗਾ ਰੀਤਿ।"
– ਆਸਾ ੫, ੨, ੨:੨ (370)

"ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ।"

– ਤੁਖਾ ੪, ਛੰਤ ੪, ੪:੧ (1116)

“ਦੁਤੀਆ ਮਉਲੇ ਚਾਰਿ ਬੇਦ।” (ਦੂਜੀ ਗਲ ਇਹ ਹੈ)

– ਬਸੰ ਕਬ, ੧, ੨:੧ (1193)

(4) ਦੂਜਾ

“ਦੁਤੀਆ ਮਤਾ ਦੁਇ ਮਾਨੁਖ ਪਹੁਚਾਵਉ।”

– ਆਸਾ ੫, ੫, ੨:੨ (371)

“ਕਹਿ ਕਬੀਰ ਜਗਜੀਵਨੁ ਐਸਾ ਦੁਤੀਆ ਨਾਹੀ ਕੋਇ।”

– ਆਸਾ ਕਬ, ੨੭, ੩:੨ (482)

(5) ਦੁਆਪਰ, ਇਕ ਯੁੱਗ

“ਦੁਤੀਆ ਅਰਧੋ ਅਰਧਿ ਸਮਾਇਆ।”

– ਰਾਮ ੫, ੧੨, ੨:੩ (886)

ਦੁਤੇੜਾ ----- ਤ੍ਰੇੜ, ਫਰਕ (ਸ਼ਬਦਾਰਥ) ਨਿਰਣੈ, ਦੁਹਰਾ, ਘਾਟਾ, ਨੁਕਸਾਨ (ਕੋਸ਼) (ਮਹਾਨਕੋਸ਼), ਘਾਟ (ਦਰਪਣ)

“ਤ੍ਰਿਤੀਏ ਮਹਿ ਕਿਛੁ ਭਇਆ ਦੁਤੇੜਾ।”

– ਰਾਮ ੫, ੧੨, ੨:੨ (886)

ਦੁੰਦਰ ------ ਰੌਲਾ ਪਾਣ ਵਾਲੇ, ਝਗੜਾਲੂ (ਕਾਮਾਦਿਕ)

“ਦੁੰਦਰ ਦੂਤ ਭੂਤ ਭੀਹਾਲੇ।”

– ਮਾਰੂ ੧, ਸੋਲਾ ੧੧, ੮:੧ (1031)

ਦੁਧ ------- ਮਦੀਨ ਦੀਆਂ ਗਿੱਟੀਆ ਦਾ ਰਸ, ਦੁਗੱਧ

“ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ।”

– ਸਿਰੀ ੧, ਅਸ ੧੧, ੪:੧ (160)

“ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ।”

– ਸਿਰੀ ੧, ੧੯, ੧:੧ (354)

ਦੁਧਵਾਨੀ ---- ਦੁਧ ਵਰਗੇ ਭਾਵ ਚਿਟੇ

“ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧਵਾਨੀ।”

– ਸੋਰ ਭੀਖ, ੧, ੧:੧ (659)

ਦੁਧਾ ------ ਚੋਇਆ ਹੋਇਆ

“ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ।”

– ਗਉ ੧, ਛੰਤ ੧, ੧:੫ (242)

ਦੁਧਿ ------ ਦੁਧ ਨਾਲ

“ਪਹਿਲੈ ਪਿਆਰਿ ਲਗਾ ਥਣ ਦੁਧਿ।”

– ਮਾਝ ੧, ਵਾਰ ੧ਸ, ੧, ੨:੧ (137)

ਹੋਰ ਰੂਪ:

ਦੁਧੁ –

“ ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ।”

– ਮਾਝ ੧, ਵਾਰ ੯ਸ, ੧, ੧:੧ (141)

ਦੁਧੈ –
"ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।" (ਦੁਧ ਤੋਂ)
– ਮਾਝ ੫, ਬਾਰ ੧:੩ (133)

ਦੁਨਿਆਈ --- ਜਗਤ, ਦੁਨੀਆ ਦੇ ਲੋਕ, ਖਲਕਤ
"ਹੋਰਿਓ ਗੰਗ ਵਹਾਈਐ ਦੁਨਿਆਈ ਆਖੈਂ ਕਿ ਕਿਓਨੁ।"
– ਰਾਮ ਬਸ, ੪:੧ (967)

ਦੁਨੀ ------ (1) ਦੁਨੀਆ
"ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।"
– ਸਿਰੀ ੧, ਅਸ ੧੭, ੬:੨ (64)

(2) ਦੁਨੀਆਦਾਰੀ
"ਦੀਨ ਛਡਾਇ ਦੁਨੀ ਜੋ ਲਾਏ।"
– ਸੂਹੀ ੫, ੨੯, ੧:੧ (743)

(3) ਮਾਇਆ
"ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿ ਦੁਖ।"
– ਮਲਾ ੧, ਵਾਰ ੨੧ਸ, ੧, ੨:੧ (1287)

ਦੁਨੀਆ ---- (1) (ਅ. ਦੁਨੀਆ) ਸੰਸਾਰ, ਜਗਤ
"ਸਭ ਦੁਨੀਆ ਆਵਣ ਜਾਣੀਆ।"
– ਸਿਰੀ ੧, ੩੩, ੩:੩ (26)

(2) ਜਗਤ ਦੇ ਲੋਕ
"ਸਭ ਦੁਨੀਆ ਸੁਬਹਾਨੁ ਸਚਿ ਸਮਾਈਐ।"
– ਮਾਝ ੧, ਵਾਰ ੯:੭ (142)

ਦੁਨੀਆਂ ---- (1) ਦੁਨੀਆਦਾਰ
"ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।"
– ਸਲੋ ਫਰ, ੨:੧ (1378)

(2) ਦੁਨੀਆਂ ਦੇ ਲੋਕ, ਖਲਕਤ
"ਦੁਨੰੀਆ ਮੁਰਦਾਰ ਖੁਰਦਨੀ ਗਾਫਲ ਹਵਾਇ।"
– ਤਿਲੰ ੫, ੧, ੧*:੨ (723)

ਦੁਨੀਆਇ --- ਦੁਨੀਆ
"ਖਾਕ ਨੂਰ ਕਰਦੰ ਆਲਮ ਦੁਨੀਆਇ।"
– ਤਿਲੰ ੫, ੧, ੧:੧ (723)

ਦੁਨੀਆਈਐ – ਦੁਨੀਆ ਦੇ, ਜਗਤ ਦੇ, ਸੰਸਾਰ ਦੇ
"ਕਾਲੁ ਬੁਰਾ ਖੈ ਕਾਲੁ ਸਿਰਿ ਦੁਨੀਆਈਐ।"
– ਮਾਝ ੧, ਵਾਰ ੨੦:੪ (147)

ਦੁਨੀਆਦਾਰ -- ਸੰਸਾਰੀ ਮਨੁੱਖ, ਸੰਸਾਰ ਦੇ ਧੰਧਿਆਂ ਵਿਚ ਉਲਝਿਆ ਮਨੁੱਖ
"ਵਡੇ ਵਡੇ ਜੋ ਦੁਨੀਆਦਾਰ।"
– ਗਉ ੫, ੬, ੨:੧ (238)

ਦੁਨੀਦਾਰੁ --- ਸੰਸਾਰੀ ਮਨੁਖ
"ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।"
- ਆਸਾ ੧, ਵਾਰ ੩:੨ (464)

ਦੁਬਲਾ ----- ਕੰਮਜ਼ੋਰ, ਦੁਰਬਲ
"ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।"
- ਸਿਰੀ ੫, ਅਸ ੨੬, ੨:੧ (70)

ਦੁਬਲਿ ----- ਕੰਮਜੋਰ, ਮਾੜੀ
"ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ।"
- ਗਉ ੧, ਛੰਤ ੧, ੧:੩ (242)

ਦੁਬਲੀਆ --- ਕੰਮਜੋਰ, ਮਾੜੀ
"ਸਾ ਧਨ ਦੁਬਲੀਆ ਜੀਉ ਪਿਰ ਕੈ ਹਾਵੈ।"
-ਗਉ ੧, ਛੰਤ ੧, ੧:੨ (242)

ਦੁਬਿਧਾ ----- ਦ੍ਵੈਤ ਭਾਵ ਮਨ ਦੀ ਡਾਵਾਂ ਡੋਲ ਹਾਲਤ, ਦੁਚਿਤੀ ਦੋ ਬਿਧਾਂ ਵਿਚ ਹੋਣਾ, ਦੁਪਾਸੀ ਬਿਰਤੀ
"ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।"
- ਸਿਰੀ ੧, ੧੪, ੨:੨ (19)
"ਬਿਨੁ ਗੁਰ ਮੁਕਤਿ ਨ ਪਾਈਐ ਨਾ ਦੁਬਿਧਾ ਮਾਇਆ ਜਾਇ।" (ਦ੍ਵੈਤ ਵਿਚ ਰਖਣ ਵਾਲੀ ਮਾਇਆ)
- ਸਿਰੀ ੩, ਅਸ ੨੧, ੫:੩ (67)

ਦੁੰਮਣੀ ----- ਦੁਚਿਤੀ, ਕੰਮਜ਼ੋਰ ਇਰਾਦੇ ਵਾਲੀ
"ਮੁੰਧ ਇਆਣੀ ਦੁੰਮਣੀ ਸੂਹੈ ਵੇਸਿ ਲੋੁਭਾਇ।"
- ਸੂਹੀ ੩, ਵਾਰ ੩ਸ, ੩, ੨:੩ (786)
ਦੁਮਾਲੜਾ - (ਫਾ. ਦੁੰਬਾਲਾ) ਸਿਰ ਉਪਰ ਕਲਗੀ ਵਾਗੂੰ ਫਰਾਉਣ ਵਾਲਾ ਪਗੜੀ ਦਾ ਲੜ, ਤੁਰਾ
"ਮੈਂ ਗੁਰ ਮਿਲਿ ਉਚ ਦੁਮਾਲੜਾ।"
- ਸਿਰੀ ੫, ਅਸ ੨੯, ੧੭:੨ (74)

ਦੁਯਾ ------ ਦੂਜਾ
"ਦੁਯਾ ਕਾ ਗਲੁ ਚਿਤਿ ਨ ਜਾਣਦਾ।"
- ਸਿਰੀ ੫, ਅਸ ੨੯, ੩:੨ (73)

ਦੁਯੀ ------ ਦੂਜੀ, ਆਪੇ ਤੋਂ ਵੱਖ
"ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।"
- ਆਸਾ ੧, ਵਾਰ ੧:੨ (463)

ਦੂਯੈ ------- ਦੂਜੇ
"ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ।"
- ਮਾਝ ੫, ਬਾਰਾਂ ੫:੩ (134)

ਦੁਰਗੰਧ ---- (1) ਭੈੜੀ ਵਾਸ਼ਨਾ

"ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ।" (ਭਾਵ ਮੰਦ ਭਾਵਨਾ)
- ਗਉ ੫, ਬਾਅ ੧੧ਸ:੨ (252)

(2) ਬਦਬੂ
"ਮੁਖਿ ਆਵਤ ਤਾ ਕੈ ਦੁਰਗੰਧ।"
- ਗਉ ੫, ਸੁਖ ੫, ੬:੪ (269)

(3) ਭੈੜੀ ਬੋ/ਗੰਦਗੀ ਵਾਲਾ
"ਦੁਰਗੰਧ ਅਪਵਿਤ੍ਰ ਅਪਾਵਨ ਭੀਤਰਿ ਜੋ ਦੀਸੈ ਸੋ ਛਾਰਾ।"
- ਦੇਵ ੫, ੧੧, ੧*:੨ (530)

(4) ਨਿੰਦਿਤ ਪਦਾਰਥ
"ਜੋ ਦੂਜੇ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ।"
- ਸੂਹੀ ੪, ੧੧, ੨:੨ (734)

"ਓਇ ਆਵਹਿ ਜਾਹਿ ਭਵਾਈਅਹਿ ਬਹੁ ਜੋਨੀ ਦੁਰਗੰਧ ਭਾਖੁ।" (ਨਿੰਦਿਤ ਪਦਾਰਥ)
- ਮਾਰੂ ੪, ੬, ੩:੩ (997)

(5) ਵਿਸ਼ੇ ਵਿਕਾਰ
"ਭਰਿ ਜੋਬਨਿ ਲਾਗਾ ਦੁਰਗੰਧ।"
- ਰਾਮ ੫, ੨੩, ੨:੨ (890)

ਦੁਰਗਮ ---- ਔਖਾ, ਜਿਥੇ ਜਾਣਾ ਕਠਿਨ ਹੋਵੇ
"ਦੁਰਗਮ ਸਥਾਨ ਸਗਮੰ ਮਹਾ ਦੂਖ ਸਰਬ ਸੂਖਣਹ।"
- ਸਸ ੫, ੪੪:੧ (1358)

ਦੁਰਗਾ ----- 'ਦੁਰਗ' ਦੈਂਤ ਨੂੰ ਮਾਰਨ ਵਾਲੀ ਦੇਵੀ
"ਦੁਰਗਾ ਕੋਟਿ ਜਾ ਕੈ ਮਰਦਨੁ ਕਰੈ।"
- ਭੈਰ ਕਬ, ਅਸ ੨, ੧:੩ (1162)

ਦੁਰਗਾਦਿ --- ਬਦਬੂ ਵਾਲੇ, ਬੁਰੀ ਸੁਗੰਧ ਵਾਲੇ
"ਮਿਲਤ ਸੰਗਿ ਪਾਪਿਸਟ ਤਨ ਹੋਏ ਦੁਰਗਾਦਿ।"
- ਬਿਲਾ ੫, ੩੮, ੨:੨ (810)

ਦੁਰਗਾਧੇ ---- ਬਦਬੂ ਵਾਲੇ, ਗੰਦੇ
"ਜੈਸੇ ਮੀਠੈ ਸਾਦਿ ਲੋਭਾਏ ਝੂਠੇ ਧੰਧਿ ਦੁਰਗਾਧੇ।"
- ਆਸਾ ੫, ੧੨੬, ੨:੨ (403)

ਦੁਰਜਨ ----- ਖੋਟੇ,/ਮੰਦਾ/ਭੈੜਾ ਆਦਮੀ
"ਕਾਮੁ ਕ੍ਰੋਧ ਸੰਗਿਤ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ।"
- ਗਉ ੯, ੧, ੧*:੨ (219)

ਦੁਰਜਨਹ --- ਵੈਰੀ, ਮਿੱਤਰ ਦੇ ਉਲਟ
"ਸਹਣ ਸੀਲ ਸੰਤੰ ਸਮ ਮਿਤ੍ਰਸੑ ਦੁਰਜਨਹ।"
- ਸਸ ੫, ੨੭:੧ (1356)

ਦੁਰਜਨਾ ---- ਖੋਟੇ/ਮੰਦੇ/ਭੈੜੇ ਆਦਮੀ
"ਮਨ ਅੰਤਰਿ ਹਉਮੈ ਰੋਗੁ ਹੈ ਭ੍ਰਮਿ ਭੂਲੇ ਮਨਮੁਖ ਦੁਰਜਨਾ।"
- ਗਉ ੪, ਵਾਰ ੩ਸ, ੪, ੧:੧ (301)

ਹੋਰ ਰੂਪ:

ਦੁਰਜਨੁ -
"ਦੁਰਜਨੁ ਦੂਜਾ ਭਾਉ ਹੈ ਵੇਛੋੜਾ ਹਉਮੈ ਰੋਗੁ।"
- ਮਾਰੂ ੫, ਵਾਰ ੨ਸ, ੫, ੩:੧ (1094)

ਦੁਰਜੋਧਨ --- ਪਾਂਡਵਾਂ ਦਾ ਵਿਰੋਧੀ, ਕੌਰਵਾਂ ਦਾ ਮੁੱਖੀ ਚੰਦਰਬੰਸੀ ਰਾਜਾ ਧ੍ਰਿਤਰਾਸ਼ਟਰ ਦਾ ਵਡਾ ਪੁੱਤਰ
"ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ।"
- ਧਨਾ ਨਾਮ, ੧, ੨:੧ (692)

ਹੋਰ ਰੂਪ:

ਦੁਰਜੋਧਨੁ -
"ਬੂਡਾ ਦੁਰਜੋਧਨੁ ਪਤਿ ਖੋਈ।"
- ਗਉ ੧, ਅਸ ੯, ੯:੧ (225)

ਦੁਰਤੁ ------ ਪਾਪ
"ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤੁ ਬਿਖੰਡਨੋ।"
- ਬਿਲਾ ੫, ਛੰਤ ੩, ੧:੪ (847)

ਦੁਰੰਤ ------ ਮਾੜੇ/ਭੈੜੇ ਅੰਤ ਵਾਲੇ
"ਮੋਹ ਮਿਥਨ ਦੁਰੰਤ ਆਸਾ ਬਾਸਨਾ ਬਿਕਾਰ।"
- ਗੂਜ ੫, ਅਸ ੨, ੫:੧ (508)

ਦੁਰਤ ------ ਪਾਪ, ਦੋਸ਼
"ਸੰਤ ਪ੍ਰਤਾਪਿ ਦੁਰਤ ਸਭੁ ਨਸੈ।"
- ਗਉ ੫, ਸੁਖ ੨, ੮:੬ (265)
"ਹਾਥੁ ਦੇਇ ਰਾਖੇ ਪਰਮੇਸੁਰਿ ਸਗਲਾ ਦੁਰਤੁ ਮਿਟਾਇਆ।"
- ਦੇਵ ੫, ੨੩, ੧:੨ (532)

ਦੁਰਬਚਨ --- ਕੌੜੇ/ਮਾੜੇ ਬੋਲ, ਕੁਵਾਕ
"ਦੁਰਬਚਨ ਭੇਦ ਭਰਮੰ ਸਾਕਤ ਪਿਸਨੰ ਤ ਸੁਰਜਨਹ।"
- ਸਸ ੫, ੪੪:੨ (1358)

ਦੁਰਬਲ ---- ਕੰਮਜ਼ੋਰ, ਨਿਤਾਣਾ
"ਸੋਈ ਮੁਕੰਦੁ ਦੁਰਬਲ ਧਨੁ ਲਾਧੀ।"
- ਗੋਂਡ ਕਬ, ੧, ੨:੪ (875)
ਦੁਰਬਾਸਾ - ਇਕ ਰਿਸ਼ੀ ਜਿਸ ਨਾਲ ਯਾਦਵਾਂ ਨੇ ਮਖੌਲ ਕੀਤਾ ਸੀ
"ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ।"
- ਧਨਾ ਨਾਮ, ੧, ੪:੧ (693)

ਦੁਰਮਤਿ ---- (1) ਭੈੜੀ/ਖੋਜੀ ਬੁੱਧੀ ਕਰਕੇ

"ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ।"
– ਸਿਰੀ ੧, ੧੯, ੧:੨ (21)

"ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਮਤਿ ਵਿਕਾਰ।" (ਭੈੜੀ ਮਤ ਭਾਵ ਮੂਰਖਤਾ)
– ਮਾਝ ੧, ਵਾਰ ੪ਸ, ੧, ੧:੫ (139)

(2) ਭੈੜੀ/ਖੋਟੀ ਮਤਿ ਵਾਲਾ
"ਦੁਰਮਤਿ ਹਰਣਾਖਸੁ ਦੁਰਾਚਾਰੀ।"
– ਗਉ ੧, ਅਸ ੯, ੪:੧ (224)

"ਮਨਮੁਖ ਅਗਿਆਨੁ ਦੁਰਮਤਿ ਅਹੰਕਾਰੀ।"
– ਗਉ ੪, ਵਾਰ ੨੬ਸ, ੩, ੨:੧ (314)

"ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ।"
– ਕੇਦਾ ਰਵਿ, ੧, ੩:੨ (1124)

ਦੁਰਮਤਿਹ --- ਭੈੜੀ ਮਤ
"ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੂਮ ਛਾਯਾ ਰਚਿ ਦੁਰਮਤਿਹ।"
– ਸਸ ੫, ੨੯:੧ (1356)

ਦੁਰਮਤੀ ---- ਮੰਦੀ ਬੁੱਧੀ/ਵਾਸ਼ਨਾ, ਬੇਸਮਝੀ
"ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ।"
– ਗੂਜ ਜੈਦੇ, ੧, ੩:੨ (526)

"ਸਾਕਤ ਮੁਠੇ ਦੁਰਮਤੀ ਹਰਿ ਰਸੁ ਨ ਜਾਣੰਨ੍ਹਿ।" (ਭੈੜੀ ਮਤ ਕਰਕੇ)
– ਬਿਲਾ ੪, ਵਾਰ ੧੨ਸ, ੩, ੧:੩ (854)

ਦੁਰਮਤੀਆ -- ਭੈੜੀ ਮਤ ਵਾਲਾ, ਖੋਟੀ ਬੁੱਧੀ ਵਾਲਾ
"ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ।"
– ਤਿਲੰ ੪, ੨, ੧:੧ (723)

ਦੁਰਲਭ ---- ਔਖਿਆਂ ਲਭਣ ਵਾਲੀ
"ਦੁਰਲਭ ਦੇਹ ਪਾਇ ਮਾਨਸ ਕੀ ਬਿਰਥਾ ਜਨਮ ਸਿਰਾਵੈ।"
– ਗਉ ੯, ੬, ੧:੧ (220)

ਹੋਰ ਰੂਪ:

ਦੁਰਲਭੰ –
"ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ।"
– ਸਸ ੫, ੩੫:੧ (1357)

ਦੁਰਲਭ੍ਯ –
"ਪਤੰਤਿ ਮੋਹ ਕੂਪ ਦੁਰਲਭ੍ਯ ਦੇਹੰ ਤਤ ਆਸ੍ਰਯੰ ਨਾਨਕ।"
– ਸਸ ੫, ੩:੫ (1354)

ਦੁਰਾਉ ----- (1) ਦੂਰੀ, ਵਖੇਵਾਂ, ਭਾਵ ਪੜਦਾ (ਅਗਿਆਨ ਰੂਪੀ)
"ਸਹਜੇ ਮਿਟਿਓ ਸਗਲ ਦੁਰਾਉ।"
– ਗਉ ੫, ਅਸ ੩, ੪:੨ (236)

(2) ਲੁਕਾਉ, ਪਰਦਾ

"ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ।"
– ਬਿਲਾ ੫, ੧੧੭, ੨:੧ (827)

ਦੁਰਾਇ ----- ਲੁਕਾਉ, ਪਰਦਾ
"ਅੰਤਰਿ ਬਾਹਰਿ ਸੰਗਿ ਹੈ ਨਾਨਕ ਕਾਇ ਦੁਰਾਇ।"
– ਗਉ ੫, ਬਾਅ ੪੬ਸ:੨ (259)
"ਨਾਮੁ ਦੁਰਾਇ ਚਲੈ ਸੋ ਚੋਰੁ।" (ਲੁਕਾ/ਛੁਪਾਕੇ)
– ਬਸੰ ੧, ਅਸ ੧, ੩:੪ (1187)

ਦੁਰਾਏਂ ---- ਕਠਿਨ ਹੈ, ਮੁਸ਼ਕਲ/ਔਖੀ ਹੈ
"ਗੋਬਿੰਦ ਠਾਕੁਰ ਮਿਲਨ ਦੁਰਾਈਂ।"
– ਕਾਨ ੫, ੪੭, ੧*:੧ (1307)

ਦੁਰਾਏ ----- ਲੁਕਿਆ ਹੋਇਆ, ਪਰਦੇ ਵਿਚ
"ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ।"
– ਭੈਰ ੫, ੧੫, ੩:੨ (1139)

ਦੁਰਾਚਾਰੀ --- ਮਾੜੇ/ਖੋਟੇ ਕਰਮ ਕਰਨ ਵਾਲਾ,ਭੈੜੇ ਆਚਾਰ ਵਾਲਾ
"ਦੁਰਮਤਿ ਹਰਣਾਖਸੁ ਦੁਰਾਚਾਰੀ।"
– ਗਉ ੧, ਅਸ ੯, ੪:੧ (224)

ਦੁਰਾਛੈ ----- ਬੁਰੀ ਇਛਾ, ਭੈੜੀ ਵਾਸ਼ਨਾ
"ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ।"
– ਦੇਵ ੫, ੨੮, ੨:੨ (534)

ਦੁਰਾਤੇ ----- ਦੁਰਤ, ਭੈੜ (ਸ਼ਬਦਾਰਥ), ਲੁਕਾਉ (ਮਹਾਨਕੋਸ਼)
"ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ।"
– ਮਾਰੂ ੫, ੪, ੨:੨ (999)

ਦੁਰੈ ------- ਲੁਕਾਂਦੀ, ਲੁਕਦੀ
"ਅੰਤਰਿ ਰਤਨ ਪਦਾਰਥ ਹਿਤ ਕੌ ਦੁਰੈ ਨ ਲਾਲ ਪਿਆਰੀ।"
– ਸਾਰ ੧, ੩, ੪:੧ (1198)

ਦੁਲਹਨੀ ---- ਸੱਜ-ਵਿਆਹੀ ਇਸਤ੍ਰੀ
"ਗਾਉ ਗਾਉ ਰੀ ਦੁਲਹਨੀ ਮੰਗਲ ਚਾਰਾ।"
– ਆਸਾ ਕਬ, ੨੪, ੧*:੧ (482)

ਦੁਲਭ ------ ਔਖਿਆਈ ਨਾਲ ਪ੍ਰਾਪਤ ਹੋਣ ਵਾਲਾ, ਦੁਰਲਭ
"ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ।"
– ਸਿਰੀ ੫, ੯੨, ੪:੧ (50)

ਹੋਰ ਰੂਪ:

ਦੁਲੰਭ –
"ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ।" (ਅਮੋਲਕ, ਦੁਰਲਭ)
– ਰਾਮ ੩, ਅਸ ੩, ੧:੧ (910)

ਦੁਲਭਾਵਉ --- ਔਖਿਆਂ ਪ੍ਰਾਪਤ ਹੋਣ ਵਾਲਾ, ਦੁਰਲਭ
“ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸੁਨਤਕੁਮਾਰ ਤਿਨ੍ ਕਉ ਮਹਲੁ ਦੁਲਭਾਵਉ।”
– ਆਸਾ ੫, ੧੨੧, ੨:੨ (401)

ਦੁਲਭਾਇਆ – ਦੁਰਲਭ, ਔਖਿਆਂ ਪ੍ਰਾਪਤ ਹੋਣ ਵਾਲਾ
“ਕਰਮ ਭੂਮਿ ਹਰਿ ਨਾਮੁ ਬੋਇ ਅਉਸਰੁ ਦੁਲਭਾਇਆ।”
– ਬਿਲਾ ੫, ੪੬, ੨:੨ (812)

ਹੋਰ ਰੂਪ:

ਦੁਲਭਾਈ –
“ਅਨਿਕ ਜਨਮ ਭ੍ਰਮਤੌ ਹੀ ਆਇਓ ਮਾਨਸ ਜਨਮੁ ਦੁਲਭਾਈ।”
– ਸਾਰ ੫, ੧੬, ੧:੧ (1207)

ਦੁਲਭੁ ------ ਦੁਰਲਭ, ਕਠਿਨਾਈ ਰਾਹੀਂ, ਪ੍ਰਾਪਤ ਹੋਣ ਵਾਲਾ
“ਰਾਮ ਨਾਮੁ ਦੁਲਭੁ ਹੈ ਭਾਈ।”
– ਭੈਰ ੩, ੯, ੧*:੧ (1129)

ਹੋਰ ਰੂਪ:

ਦੁਲੰਭੁ –
“ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ।”
– ਆਸਾ ੪, ਛੰਤ ੧੮, ੨:੨ (450)

ਦੁਲਾਰਿਓ --- ਦੁਰਾਰਿਓ, ਲੁਕਾਉ, ਛੁਪਾ
“ਅੰਤਰਜਾਮੀ ਸਭ ਬਿਧਿ ਜਾਨੈ ਤਿਸ ਤੇ ਕਹਾ ਦੁਲਾਇਓ।”
– ਮਾਰੂ ੫, ੮, ੧:੧ (1000)

ਦੁਲੀਚਿਆ -- (ਚਾ. ਕਾਲੀਚਾ) ਗਲੀਚਾ, ਕਾਲੀਨ
“ਲਾਲ ਸੁਪੇਦ ਦੁਲੀਚਿਆ ਬਹੁ ਸਭਾ ਬਣਾਈ।”
– ਸਾਰ ੪, ਵਾਰ ੨੪:੩ (1247)

ਹੋਰ ਰੂਪ:

ਦੁਲੀਚੇ –
“ਮਾਲਿ ਦੁਲੀਚੈ ਬੈਠੀ ਲੇ ਮਿਰਤਕੁ ਨੈਨ ਦਿਖਾਲਨੁ ਧਾਇਆ ਰੇ।” (ਭਾਵ ਆਸਨ)
– ਆਸਾ ੫, ੪੪, ੩:੨ (381)

ਦੂ -------- ਤੋਂ, ਕੋਲੋਂ
“ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ।”
– ਗਉ ੪, ਵਾਰ ੮:੧ (304)
“ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ ਸਭ ਕਰਤਾ ਆਪਣੀ ਕਲਾ ਵਧਾਏ।” (ਵਲੋਂ, ਕੋਲੋਂ)
– ਗਉ ੪, ਵਾਰ ੧੪ਸ, ੪, ੨:੨ (308)

ਹੋਰ ਰੂਪ:

ਦੂੰ –
“ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ।”
– ਜੈਤ ੫, ਛੰਤ ੧, ੨:੩ (703)

ਦੂਆ ------ (1) ਦੂਜਾ
“ਸਚੇ ਬਾਝਹੁ ਕੋ ਅਵਰੁ ਨ ਦੂਆ।”
– ਮਾਝ ੩, ਅਸ ੭, ੬:੧ (113)
(2) ਹੋਰ
“ਚਾਰ ਬਿਚਾਰ ਬਿਨਸਿਓ ਸਭ ਦੂਆ।”
– ਗਉ ੫, ਬਾਅ ੨੨:੫ (254)
(3) ਦ੍ਵੈਂਤ/ਦੁਜੈਗੀ ਭਾਵ
“ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ।”
– ਧਨਾ ੫, ੧੧, ੩:੧ (673)

ਦੂਐ ------ (1) ਦੋ
“ਸੁਖੁ ਨਾਹੀ ਫੁਨਿ ਦੂਐ ਤੀਐ।” (ਦੋ ਤਿੰਨ ਭਾਵ ਗਿਣਤੀ ਵਿਚ)
– ਮਾਝ ੩, ਅਸ ੩, ੭:੨ (111)
(2) ਦ੍ਵੈਂਤ ਭਾਵ
“ਕਿਉ ਸੁਖੁ ਪਾਵੈ ਦੂਐ ਤੀਐ।” (ਦ੍ਵੈਤ ਭਾਵ ਤੇ ਤਿੰਨ ਗੁਣਾਂ ਵਿਚ)
– ਮਾਰੂ ੧, ਸੋਲਾ ੩, ੧੨;੨ (1023)

ਦੂਸਰ ------ ਦੂਜਾ, ਕੋਈ ਹੋਰ
“ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ।”
– ਗਉ ੫, ਬਾਅ ੧*ਸ:੨ (250)

ਹੋਰ ਰੂਪ:

ਦੂਸਰੁ –
“ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ।”
– ਬਸੰ ੫, ਵਾਰ ੩:੪ (1193)
ਦੂਸਰੋ –
“ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੋ ਏਕੈ ਨਿਮਖ ਤੁ ਘਰਿ।” (ਦੂਜੇ ਨੂੰ)
– ਸਮੁ ੫, ੨:੨ (1385)

ਦੂਖ ------- ਦੁਖ, ਤਕਲੀਫ, ਪੀੜਾ
“ਸੁਣਿਐ ਦੂਖ ਪਾਪ ਕਾ ਨਾਸੁ।”
– ਜਪੁ ੧, ੮:੬ (2)

ਦੂਖਹ ------ ਦੁਖਾਂ ਦੀ/ਦਾ
“ਮਾਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ।”
– ਗਉ ੫, ੧੩੬*, ੩:੧ (209)
“ਨਾਮੁ ਲੈਤ ਸਭ ਦੂਖਹ ਨਾਸੁ।”
– ਭੈਰ ੫, ੪੯, ੧:੩ (1150)

ਦੂਖਨ ------ (1) ਦੁਖਾਂ
“ਸਭ ਦੂਖਨ ਕੋ ਹੰਤਾ।”
– ਸਾਰ ੪, ੧੦, ੧*:੨ (1201)

ਹੋਰ ਰੂਪ:

ਦੂਖਨਿ –
“ਦੂਖਨਿ ਗਾਵਉ ਸੁਖਿ ਭੀ ਗਾਵਉ ਮਾਰਗਿ ਪੰਥਿ ਸਮ੍ਹਾਰੀ।”
– ਆਸਾ ੫, ੧੨੨, ੨:੧ (401)

(2) ਦੋਸ਼ ਲਭਣ ਨਾਲ, ਨਿੰਦਾ ਕਰਨ ਨਾਲ
“ਸੰਤ ਕੇ ਦੂਖਨ ਤੇ ਮੁਖੁ ਭਵੈ।”
– ਗਉ ੫, ਸੁਖ ੧੩, ੨:੧ (279)

ਹੋਰ ਰੂਪ:

ਦੂਖਨਾ –
“ਕਈ ਕੋਟਿ ਪਰ ਦੂਖਨਾ ਕਰਹਿ।” (ਨਿੰਦਾ)
– ਗਉ ੫, ਸੁਖ ੧੦, ੨:੬ (275)

“ਸੰਤ ਕੀ ਦੂਖਨਾ ਸੁਖ ਤੇ ਟਰੈ।” (ਨਿੰਦਾ)
– ਗਉ ੫, ਸੁਖ ੧੩, ੪:੮ (280)

ਦੂਖਨਿ –
“ਸੰਤ ਕੈ ਦੂਖਨਿ ਆਰਜਾ ਘਟੈ।” (ਨਿੰਦਾ ਕਰਨ ਨਾਲ)
– ਗਉ ੫, ਸੁਖ ੧੩, ੧:੧ (279)

ਦੂਖਭੰਜਨੁ --- ਦੁਖ ਤੋੜਨ/ਦੂਰ ਕਰਨ ਵਾਲਾ
“ਹਰਿ ਚੇਤਿ ਰੇ ਮਨ ਮਹਲੁ ਪਾਵਣ ਸਭ ਦੂਖ ਭੰਜਨੁ ਰਾਇਆ।”
– ਮਾਲੀ ੪, ੧, ੩:੧ (984)

ਦੂਖਾ ------ ਦੁਖ
“ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ।”
– ਗਉ ੫, ੧੬੦*, ੧:੨ (215)

“ਸਤਿਗੁਰਿ ਪੂਰੈ ਸੇਵਿਐ ਦੂਖਾ ਕਾ ਹੋਇ ਨਾਸੁ।” (ਦੁਖਾਂ)
– ਗਉ ੫, ਵਾਰ ੧੦ਸ, ੫, ੧:੧ (320)

ਦੂਖਿ ------ ਦੁਖ
“ਸੋ ਜਨੁ ਦੂਖਿ ਨ ਵਿਆਪੀਐ।”
– ਗਉ ੫, ੧੪੫, ੨:੨ (211)

“ਦੇਰ ਜਿਠਾਣੀ ਮੁਈ ਦੂਖਿ ਸੰਤਾਪਿ।” (ਦੁਖ ਨਾਲ/ਵਿਚ)
– ਆਸਾ ੫, ੨, ੧:੨ (370)

ਦੂਖੀ ------ ਦੁਖਾਂ ਨਾਲ
“ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ।”
– ਸੂਹੀ ੧, ਛੰਤ ੫, ੭:੨ (767)

ਦੂਖੁ ------- ਦੁਖ

"ਬਿਨੁ ਸਬਦੈ ਸੁਖੁ ਨਾ ਥੀਐ ਪਿਰ ਬਿਨੁ ਦੂਖੁ ਨ ਜਾਇ।"
- ਸਿਰੀ ੧, ੧੩, ੧:੩ (18)

ਦੂਖੇ ------- ਦੁਖ
"ਨ ਓਸੁ ਦੂਖੁ ਨ ਹਮ ਕਉ ਦੂਖੇ।"
- ਆਸਾ ੫, ੮੩, ੧:੪ (391)

ਦੂਜੜੀ ----- ਦੂਜੀ
"ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ।"
- ਸੂਹੀ ੪, ਛੰਤ ੨, ੨:੧ (773)

ਦੂਜੜੈ ------ ਦ੍ਵੈਤ ਭਾਵ ਵਿਚ
"ਦੂਜੜੈ ਕਾਮਣਿ ਭਰਮਿ ਭੁਲੀ ਹਰਿ ਵਰੁ ਨ ਪਾਏ ਰਾਮ।"
- ਆਸਾ ੩, ਛੰਤ ੬, ੨:੧ (439)

ਦੂਜਾ ------ (1) ਹੋਰ
"ਤੁਝ ਬਿਨੁ ਦੂਜਾ ਕੋਈ ਨਾਹਿ।"
- ਆਸਾ ੪, ਸੋਪੁ, ੨, ੨:੨ (11)
"ਜਿਉ ਭਾਵੈ ਤਿਉ ਰਾਖੁ ਤੂ ਮੈ ਅਵਰੁ ਨ ਦੂਜਾ ਕੋਇ।"
- ਸਿਰੀ ੧, ੧੬, ੧*:੨ (20)
"ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ।"
- ਮਾਝ ੫, ਬਾਰਾ ੧੩:੬ (136)
(2) ਦ੍ਵੈਤ (ਭਾਵ)
"ਮਨ ਰੇ ਦੂਜਾ ਭਾਉ ਚੁਕਾਇ।"
- ਸਿਰੀ ੩, ੫੨, ੧*:੧ (33)
"ਦੂਜਾ ਖੇਲੁ ਕਰਿ ਦਿਖਲਾਇਆ।" (ਦ੍ਵੈਤ ਭਾਵ ਵਾਲਾ ਖੇਲ)
- ਸਿਰੀ ੧, ਅਸ ੨੮, ੨੦:੨ (73)
"ਦੂਜਾ ਮਾਰਿ ਮਨੁ ਸਚਿ ਸਮਾਣਾ।"
- ਮਾਝ ੩, ੧੮, ੮:੨ (120)
"ਦੂਜਾ ਮਾਰਿ ਸਬਦਿ ਪਛਾਤਾ।"
- ਗਉ ੧, ਅਸ ੫, ੬:੨ (223)
(3) ਦੂਸਰਾ
"ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ।"
- ਸਿਰੀ ੩, ੫੭, ੨:੧ (36)
"ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ।"
- ਮਾਝ ੧, ਵਾਰ ੩:੧ (139)
"ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ।"
- ਗਉ ੧, ੧੫, ੧*:੨ (155)
(4) ਸੰਸਾਰ, ਜਨਮ ਮਰਨ ਦਾ ਗੇੜ (ਭਾਵ)
"ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ।"
- ਸਿਰੀ ੧, ਪਹ ੨, ੨:੬ (75)

ਦੂਜਾਣੇ ------ ਹੋਰ ਕਿਸੇ ਨਾਲ
"ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ।"
- ਸੂਰੀ ੫, ਅਸ ੪, ੧:੨ (761)

ਦੂਜੀ ------- (1) ਕਿਸੇ ਹੋਰ
"ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ।"
- ਸਿਰੀ ੧, ੧੪, ੨:੧ (19)

"ਜਬ ਲਗੁ ਘਟ ਮਹਿ ਦੂਜੀ ਆਨ।"
- ਗਉ ਕਬ, ਵਾ ੮:੧ (345)

ਹੋਰ ਰੂਪ:

ਦੂਜੈ -
"ਜੇ ਦੂਜੈ ਪਾਸਹੁ ਮੰਗੀਐ ਤਾ ਲਾਜ ਮਰਾਈਐ।" (ਕਿਸੇ ਹੋਰ)
- ਵਡ ੪, ਵਾਰ ੧੦:੩ (590)

(2) ਦੂਸਰੀ
"ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ।"
- ਸਿਰੀ ੧, ਅਸ ੮, ੭:੧ (58)
"ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ।"
- ਸੂਹੀ ੪, ਛੰਤ ੨, ੨:੬ (774)

(3) ਦ੍ਵੈਤ ਭਾਵ ਵਾਲੀ, ਦੁਜੈਗੀ, ਦ੍ਵੈਤ
"ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ।" (ਦਵੈਤ ਭਾਵ ਵਾਲੀ)
- ਗਉ ਕਬ, ਵਾਰ ੬:੪ (344)
"ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ।" (ਦ੍ਵੈਤ ਅਵਿਦਿਆ)
- ਸੋਰ ੧, ਅਸ ੧, ੪:੧ (634)
"ਅੰਦਰਹੁ ਦੁਰਮਤਿ ਦੂਜੀ ਖੋਈ ਸੋ ਜਨੁ ਹਰਿ ਲਿਵ ਲਾਗਾ।" (ਦ੍ਵੈਤ ਭਾਵ ਵਾਲੀ)
- ਸੂਹੀ ੩, ਛੰਤ ੧, ੨:੪ (767)

ਹੋਰ ਰੂਪ:

ਦੂਜੇ -
"ਧ੍ਰਿਗੁ ਏਹ ਆਸਾ ਦੂਜੇ ਭਾਵ ਕੀ ਜੋ ਮੋਹਿ ਮਾਇਆ ਚਿਤੁ ਲਾਏ।"
- ਬਿਲਾ ੪, ਵਾਰ ੫ਸ, ੩, ੧:੧ (850)

ਦੂਜੇਰੈ ------- ਹੋਰ, ਦੂਜੇ, ਦੂਸਰੇ
"ਸਗਲ ਤਿਆਗਹੁ ਭਾਉ ਦੂਜੇਰੈ।"
- ਕਾਲ ੫, ੩੪, ੨:੨ (1304)

ਦੂਜੈ -------- (1) ਦ੍ਵੈਤ
"ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।"
- ਸਿਰੀ ੧, ੧੩, ੧:੧ (18)

"ਦੂਜੈ ਮੁਠੀ ਰੋਵੈ ਧਾਹੀ।"
- ਮਾਝ ੩, ਅਸ ੨੯, ੬:੨ (127)

(2) ਦੂਸਰੇ

"ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।"
- ਸਿਰੀ ੫, ੭੪, ੩:੧ (43)

"ਦੂਜੈ ਮਾਇ ਬਾਪ ਕੀ ਸੁਧਿ।" (ਦੂਸਰੇ ਦੂਜੀ ਥਾਂ ਤੇ)
- ਮਾਝ ੧, ਵਾਰ ੧ਸ, ੧, ੨:੨ (137)

(3) ਹੋਰ

"ਦਰਿ ਘਰਿ ਢੋਈ ਨਾ ਲਹੈ ਛੂਟੀ ਦੂਜੈ ਸਾਦਿ।"
- ਸਿਰੀ ੧, ਅਸ ੫, ੫:੩ (56)

"ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ।"
- ਗਉ ੪, ੫੭, ੪:੧ (170)

ਦੂਣ ------- ਦੋ ਗੁਣਾਂ, ਦੁਗਣਾ, ਦੂਣੀ

"ਦੂਣ ਚਉਣੀ ਦੇ ਵਡਿਆਈ ਸੋਭਾ ਨੀਤਾ ਨੀਤ।"
- ਸੋਰ ੫, ੩੭, ੧*:੨ (618)

ਦੂਣਾ ------ ਦੋ ਗੁਣਾਂ ਭਾਵ ਵਧੇਰਾ

"ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ।"
- ਆਸਾ ੧, ਵਾਰ ੧੪ਸ, ੧, ੧:੭ (470)

ਦੂਣਿ ------ ਦੋ ਪਹਾੜਾਂ ਦੇ ਵਿਚਕਾਰਲਾ ਮੈਦਾਨ/ਵਾਦੀ, ਭਾਵ ਜਨਮ ਮਰਨ ਦਾ ਗੇੜ

"ਦੂਣਿ ਨ ਪਰਈ ਫੰਕ ਬਿਚਾਰੈ।"
- ਗਉ ਕਬ, ਬਾਅ ੨੮:੩ (341)

(ਮਹਾਨਕੋਸ਼ ਇਸ ਦਾ ਅਰਥ 'ਘਾਟਾ' 'ਨੁਕਸਾਨ' ਕਰਦਾ ਹੈ)

ਦੂਣੀ ------ ਦੋ ਗੁਣਾਂ ਭਾਵ ਵਧੇਰੀ, ਬਹੁਤੀ

"ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲ ਲਾਗੀ ਆਇ।"
- ਸਿਰੀ ੩, ੬੪, ੧:੩ (39)

ਦੂਤ ------- (1) ਵੈਰੀ

"ਦੂਤ ਲਗੇ ਫਿਰ ਚਾਕਰੀ ਸਤਿਗੁਰ ਕਾ ਵੇਸਾਹੁ।" (ਭਾਵ ਵਾਸ਼ਨਾਵਾਂ)
- ਸਿਰੀ ੧, ੧੧, ੧:੨ (18)

"ਪੰਚ ਦੂਤ ਮੁਹਹਿ ਸੰਸਾਰਾ।" (ਕਾਮਾਦਿਕ)
- ਮਾਝ ੩, ਅਸ ੭, ੨:੧ (113)

ਹੋਰ ਰੂਪ:

ਦੂਤਹ -

"ਮਹਾ ਬੀਚਾਰ ਪੰਚ ਦੂਤਹ ਮੰਥ।" (ਕਾਮਾਦਿਕ ਵੈਰੀ)
- ਗੋਂਡ ੫, ੧੭, ੧:੪ (867)

ਦੂਤਨ -

"ਦੂਤਨ ਸੰਗਰੀਆ।"
- ਬਿਹਾ ੫, ੧, ੧:੧ (537)

ਦੂਤਨਹ -

"ਕੀਰਤਨੰ ਸਾਧ ਸੰਗੇਣ ਨਾਨਕ ਨਹ ਦ੍ਰਿਸਟੰਤਿ ਜਮ ਦੂਤਨਹ।"
- ਸਸ ੫, ੩੪:੨ (1357)

ਦੂਤਾ –
"ਮਨੁ ਵਸਿ ਦੂਤਾ ਦੁਰਮਤਿ ਦੋਇ।" (ਕਾਮਾਦਿਕ)
– ਗਉ ੧, ਅਸ ੩, ੧:੨ (222)

ਦੂਤਾਰੇ –
"ਦੀਨ ਦਇਆਲਿ ਕਰੀ ਪ੍ਰਭਿ ਕਿਰਪਾ ਵਸਿ ਕੀਨੇ ਪੰਚ ਦੂਤਾਰੇ।"
– ਧਨਾ ੫, ੧, ੧*:੨ (670)

ਦੂਤੁ –
"ਗੁਰ ਸਰਣਾਈ ਜੋਹਿ ਨ ਸਾਕੈ ਦੂਤੁ ਨ ਸਕੈ ਸੰਤਾਈ।"
– ਗੂਜ ੧, ਅਸ ੩, ੪:੧ (504)

(2) ਨਿੰਦਕ, ਚੁਗਲ
"ਦੂਤ ਦੁਸਮਣ ਸਭਿ ਸਜਣ ਹੋਏ ਏਕੋ ਸੁਆਮੀ ਆਹਿਆ ਜੀਉ।"
– ਮਾਝ ੫, ੪੩, ੨:੩ (107)
"ਮਨੂਆ ਡੋਲੈ ਦੂਤੁ ਸੰਗਤਿ ਮਿਲਿ ਸੋ ਪਾਏ ਜੋ ਕਿਛੁ ਕੀਨਾ ਹੇ।" (ਮਾੜੇ ਵਿਅਕਤੀ)
– ਮਾਰੂ ੧, ਸੋਲਾ ੮, ੭:੩ (1028)

ਹੋਰ ਰੂਪ:

ਦੂਤਾ –
"ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।"
– ਰਾਮ ਕਬ, ੪, ੧:੧ (969)

(3) ਹਰਕਾਰਾ, ਸੁਨੇਹਾ ਲਿਆਉਣ ਵਾਲਾ
"ਧਰਮ ਰਾਇ ਕੇ ਦੂਤ ਨ ਜੋਹੈ।" (ਜਮਦੂਤ)
– ਗਉ ੫, ੯੭, ੨:੩ (185)

ਹੋਰ ਰੂਪ:

ਦੂਤਹ –
"ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ।" (ਜਮਦੂਤ ਸੜ ਗਏ)
– ਆਸਾ ੫, ਛੰਤ ੧੨, ੨:੨ (460)
"ਪੁਜਿ ਦਿਵਸ ਆਏ ਲਿਖੇ ਮਾਏ ਦੁਖੁ ਧਰਮ ਦੂਤਹ ਡਿਠਿਆ।" (ਦੂਤਾਂ ਨੂੰ)
– ਜੈਤ ੫, ਛੰਤ ੩, ੧:੫ (705)

ਦੂਤਾ –
"ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ।"
– ਆਸਾ ੧, ਅਸ ੧੧, ੪:੨ (417)

ਦੂਤਿ –
"ਘਤਿ ਗਲਾਵਾਂ ਚਾਲਿਆ ਤਿਨਿ ਦੂਤਿ ਅਮਲ ਤੇ।"
– ਗਉ ੪, ਵਾਰ ੩੨:੩ (317)

ਦੂਤੁ –
"ਦੂਤੁ ਨ ਲਾਗਿ ਸਕੈ ਗੁਨ ਗਾਇ।"
– ਆਸਾ ੧, ਅਸ ੯, ੨:੪ (416)

ਦੂੰਦਰ ------ ਰੌਲਾ/ਸ਼ੋਰ ਮਚਾਉਣ ਵਾਲੇ, ਝਗੜਾਲੂ

“ਊਂਦਰ ਦੂੰਦਰ ਪਾਸਿ ਧਰੀਜੈ।”
- ਰਾਮ ੧, ਅਸ ੫, ੮:੧ (905)

ਦੂਧ ------- ਦੁੱਧ
“ਬਾਰ ਬਿਵਸਥਾ ਤੁਝਹਿ ਪਿਆਰੈ ਦੂਧ।”
- ਗਉ ੫, ਸੁਖ ੪, ੧:੫ (266)

ਦੂਧਹਿ ------ ਦੁੱਧ ਨੂੰ
“ਦੂਧਹਿ ਦੁਹਿ ਜਬ ਮਟੁਕੀ ਭਰੀ।”
- ਭੈਰ ਨਾਮ, ੧੦, ੨੦:੧ (1166)

ਦੂਧਾਧਾਰੀ --- ਨਿਰੇ ਦੁੱਧ ਦੇ ਅਹਾਰ ਤੇ ਜੀਉਣ ਵਾਲੇ
“ਜਗ ਮਹਿ ਬਕਤੇ ਦੂਧਾਧਾਰੀ।”
- ਗੋਂਡ ਕਬ, ੧੧, ੩:੩ (873)

ਦੂਧਿ ------ ਦੁਧ ਵਿਚ
“ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ।”
- ਮਾਰੂ ੧, ੪, ੩:੧ (990)

ਹੋਰ ਰੂਪ:

ਦੂਧੁ –
“ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ।”
- ਗਉ ੪, ੬੧, ੩:੨ (171)

ਦੂਧੈ –
“ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ।”
- ਸਿਰੀ ੧, ਅਸ ੧੫, ੮:੨ (63)

ਦੂਨਾ ------ ਦੋਗੁਣਾ
“ਕਬੀਰ ਸੰਗਤਿ ਸਾਧ ਕੀ ਦਿਨ ਦਿਨ ਦੂਨਾ ਹੇਤੁ।”
- ਸਲੋ ਕਬ, ੧੦੦:੧ (1369)

ਦੂਬਲਾ ----- ਪਤਲਾ ਭਾਵ ਕੰਮਜ਼ੋਰ, ਵੇਖੋ ‘ਦੁਬਲਾ’
“ਕਬੀਰ ਹਰਨਾ ਦੂਬਲਾ ਇਹੁ ਹਰਿਆਰਾ ਤਾਲੁ।”
-ਸਲੋ ਕਬ, ੫੩:੧ (1367)

ਦੂਰ ------- ਫਾਸਲੇ, ਦੂਰੀ
“ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।”
- ਗਉ ੫, ੧੧੮*, ੧:੧ (204)

ਦੂਰਹਿ ----- ਦੂਰ ਤੋ, ਫਾਸਲੇ ਤੋਂ
“ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ।”
- ਸਲੋ ਕਬ, ੧੩੧:੧ (1371)

ਹੋਰ ਰੂਪ:

ਦੂਰਹੁ –

"ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ।" (ਦੂਰ ਤੋਂ)
– ਦੇਵ ੫, ੩੭, ੧:੨ (535)

ਦੂਰਣਹ ----- ਦੂਰ, ਫਾਸਲੇ ਤੇ
"ਖੰਡਣੰ ਕਲਿ ਕਲੇਸਹ ਪ੍ਰਭ ਸਿਮਰਿ ਨਾਨਕ ਨਹ ਦੂਰਣਹ।"
– ਜੈਤ ੫, ਵਾਰ ੩ਸ, ੫, ੧:੨ (706)

ਦੂਰੰਤਰਿ ---- ਦੂਰੋਂ, ਹੀ ਫਾਸਲੇ ਤੋਂ ਹੀ
"ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ।"
– ਸਵ ੪, ਕਲ ੬:੨ (1397)

ਦੂਰਬਾ ----- ਦੁਰਬਾਸਾ ਰਿਸ਼ੀ ਜੋ ਨਿੱਕੀ ਜਿਹੀ ਗੱਲ ਤੇ ਕ੍ਰੋਧ ਵਿਚ ਆ ਸਰਾਪ ਦੇ ਦਿੰਦਾ ਸੀ।
"ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ।"
– ਸਵ ੧, ੧੦:੫ (1390)

ਦੂਰਾਇਓ --- ਦੂਰ ਜਾਪਨਾ
"ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ।"
– ਸੋਰ ੫, ੬੧, ੩:੨ (628)

ਦੂਰਾਈ ----- (1) ਦੂਰ ਭਾਵ ਕਠਿਨ
"ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ।"
– ਸੋਰ ੫, ੩, ੧:੧ (609)
(2) ਦੂਰ, ਫਾਸਲੇ ਤੇ
"ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ।"
– ਮਾਰੂ ੫, ੬, ੨:੨ (1000)

ਦੂਰਾਰੀ ----- ਦੂਰ
"ਸੋ ਮਾਰਗੁ ਸੰਤਨ ਦੂਰਾਰੀ।"
– ਆਸਾ ੫, ੯੧, ੧:੨ (393)

ਦੂਰਿ ------ (1) ਵਿਥ/ਫਾਸਲੇ/ਦੂਰੀ ਤੇ
"ਗਾਵੈ ਕੋ ਜਾਪੈ ਦਿਸੈ ਦੂਰਿ।"
– ਜਪੁ ੧, ੩:੭ (2)
(2) ਦੂਰ ਕਰਨਾ, ਹਟ/ਮਿਟ ਜਾਣਾ (ਭਾਵ)
"ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ।" (ਪਰਾਂ, ਦੂਰੀ ਦੇ ਭਾਵ ਹਟ ਗਿਆ)
– ਸਿਰੀ ੩, ੫੪, ੨:੩ (34)
"ਘਰਿ ਵਰੁ ਪਾਇਆ ਆਪਣਾ ਹਉਮੈ ਦੂਰਿ ਕਰੇਇ।" (ਮਿਟਾ ਦੇਵੇ)
– ਸਿਰੀ ੩, ੬੧, ੪:੩ (38)

ਦੂਰੀ ------ ਵਿੱਥ, ਫਾਸਲਾ
"ਆਪੇ ਜਲਿ ਥਲਿ ਵਰਤਦਾ ਮੇਰੇ ਗੋਵਿਦਾ ਰਵਿ ਰਹਿਆ ਨਹੀ ਦੂਰੀ ਜੀਉ।"
– ਗਉ ੪, ੬੮, ੩:੨ (177)

ਦੂਰੁ ------- ਵਿਥ ਉਤੇ, ਫਾਸਲੇ ਤੇ

"ਨੇੜੇ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ।"
– ਰਾਮ ਬਸ, ਵਾਰ ੫:੮ (967)

ਦੂਰੇ ------- (1) ਦੂਰ ਹੋ ਗਏ, ਮਿਟ ਗਏ, ਮੁੱਕ ਗਏ
"ਨਾਨਕ ਰਾਮ ਮਿਲੇ ਭ੍ਰਮ ਦੂਰੇ।"
– ਗਉ ੧, ੧੧, ੪:੨ (154)
"ਜੈ ਡਿਠੇ ਮਨੁ ਧੀਰੀਐ ਕਿਲਵਿਖ ਵੰਞਨਿ ਦੂਰੇ।"
– ਸੂਹੀ ੫, ਅਸ ੪, ੭:੧ (761)
(2) ਵਿਥ ਤੇ, ਦੂਰੀ ਤੇ
"ਤਾ ਕਉ ਅੰਧਾ ਜਾਨਤ ਦੂਰੇ।"
– ਗਉ ੫, ਸੁਖ ੪, ੩:੬ (267)

ਦੂਲਹ ------ ਪਤੀ, ਲਾੜਾ
" ਚਾਰਿ ਮੁਕਤਿ ਚਾਰੈ ਸਿਧ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ।"
– ਮਾਰੂ ਨਾਮ, ੧, ੧:੧ (1105)

ਹੋਰ ਰੂਪ:

ਦੂਲਹੁ –
"ਰਾਮ ਰਾਇ ਸੋ ਦੂਲਹੁ ਪਾਇਓ ਅਸ ਬਡਭਾਗ ਹਮਾਰਾ।"
– ਆਸਾ ਕਬ, ੨੪, ੨:੨ (482)

ਦੂੜਾ ------ ਹਰਕਾਰਾ, ਦੂਤ, ਸੁਨੇਹਾ ਲਿਆਉਣ ਵਾਲਾ (ਸ਼ਬਦਾਰਥ), ਦੌੜਦਾ (ਦਰਪਣ), ਟੋਲਾ (ਨਿਰਣੈ)
"ਦੂੜਾ ਆਇਓਹਿ ਜਮਹਿ ਤਣਾ।"
– ਸਿਰੀ ਤ੍ਰਿਲੋ, ੨, ੧*:੧ (92)

ਦੇ ------- (1) ਦੇਂਦਾ ਹੈ, ਪ੍ਰਦਾਨ ਕਰਦਾ ਹੈ
"ਦੇਦਾ ਦੇ ਲੈਦੇ ਥਕਿ ਪਾਹਿ।"
– ਜਪੁ ੧, ੩:੧੧ (2)
"ਚਹੁ ਵਰਨਾ ਕਉ ਦੇ ਉਪਦੇਸੁ।" (ਦੇਦਾ/ਪ੍ਰਦਾਨ ਕਰਦਾ ਹੈ)
– ਗਉ ੫, ਸੁਖ ੬, ੪:੬ (274)
(2) ਲਾ ਕੇ
"ਦੇ ਸਾਬੂਣੁ ਲਈਐ ਓਹੁ ਧੋਇ।"
– ਜਪੁ ੧, ੨੦:੪ (4)
"ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ।"
– ਮਾਝ ੧, ਵਾਰ ੨੨ਸ, ੨, ੧:੨ (148)
(3) ਦੁਆਰਾ, ਬਦਲੇ
"ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ।"
– ਸਿਰੀ ੧, ੧੨, ੨:੨ (18)
"ਜਿਸੁ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ।" (ਦੇ ਕੇ, ਆਸਰੇ ਦੁਆਰਾ)
– ਸਿਰੀ ੫, ੭੫, ੨:੩ (43)
"ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ।"

– ਆਸਾ ੧, ਅਸ ੧੭, ੭:੨ (420)

(4) ਦਾ ਦੇ

“ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ।” (ਦਾ ਬੀਜ)
– ਸਿਰੀ ੧, ੧੩, ੨:੨ (19)

“ਪਰਵਦਗਾਰੁ ਸਾਲਾਹੀਐ ਜਿਸ ਦੇ ਚਲਤ ਅਨੇਕ।”
– ਸਿਰੀ ੫, ੮੯, ੪:੧ (49)

“ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ।”
– ਮਾਝ ੧, ਵਾਰ ੭:੧ (141)

(5) ਦੇ ਕੇ

“ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ।”
– ਸਿਰੀ ੧, ਅਸ ੫, ੬:੨ (56)

“ਦੇ ਕੰਨੁ ਸੁਣਹੁ ਅਰਦਾਸਿ ਜੀਉ।” (ਕੰਨ ਦੇ ਕੇ ਭਾਵ ਧਿਆਨ ਲਾ ਕੇ)
– ਸਿਰੀ ੫, ਅਸ ੨੯, ੧੨:੨ (74)

(6) ਥਾਂ ਤੇ (ਭਾਵ)

“ਪਹਿਲੋ ਦੇ ਤੈਂ ਰਿਜਕੁ ਸਮਾਹਾ।”
– ਮਾਝ ੧, ਅਸ ੩੫, ੬:੧ (130)

(7) ਜਾ ਕੇ (ਭਾਵ)

“ਪਿਛੋ ਦੇ ਤੈਂ ਜੰਤੁ ਉਪਾਹਾ।” (ਜਾ ਕੇ)
– ਮਾਝ ੧, ਅਸ ੩੫, ੬:੨ (130)

“ਪਹਿਲਾ ਫਾਹਾ ਪਾਇਆ ਪਾਧੇ ਪਿਛੋ ਦੇ ਗਲਿ ਚਾਟੜਿਆ।”
– ਅਸਾ ੩, ਪਟੀ ੫:੨ (435)

(8) ਦੇ/ ਰੱਖ ਕੇ (ਭਾਵ)

“ਦੇ ਦੇ ਨੀਵ ਦਿਆਲ ਉਸਾਰੀ ਭਸਮੰਦਰ ਕੀ ਢੇਰੀ।”
– ਗਉ ੧, ੧੩, ੫:੧ (155)

(9) ਹਵਾਲੇ ਕਰਕੇ, ਸਪੁਰਦ ਕਰਕੇ, ਦੇ ਕੇ

“ਮਨੁ ਦੇ ਲੀਆ ਰਹਿਸ ਗੁਣ ਗਾਈ।”
– ਗਉ ੧, ਅਸ ੨, ੩:੩ (221)

(10) ਹੀ (ਭਾਵ)

“ਅਗੋ ਦੇ ਜੇ ਚੇਤੀਐ ਤਾ ਕਾਇਤੁ ਮਿਲੈ ਸਜਾਇ।”
– ਆਸਾ ੧, ਅਸ ੧੧, ੫:੧ (417)

(11) ਦੇ ਕੇ ਭਾਵ ਖਾ ਕੇ

“ਸਾਹਿਬ ਸਿਵੁ ਮਨੁ ਮਾਨਿਆ ਦੇ ਸਾਚੁ ਅਧਾਰੁ।” (ਸਚ ਦਾ ਭੋਜਨ ਦੇ ਕੇ) (ਭਾਵ ਖਾ ਕੇ)
– ਆਸਾ ੧, ਆਸਾ ੨੦, ੨:੨ (421)

(12) ‘ਦੇਵ’ ਦਾ ਸੰਖੇਪ

“ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ।”
– ਆਸਾ ਕਬ, ੪, ੧:੨ (476)

(13) ਦੈਵੀ

“ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ।”
– ਰਾਮ ਬਸ, ਵਾਰ ੧:੨ (966)

ਦੇਉ ------- (1) ਦਿੱਤਾ ਹੈ

“ਤਿਨ ਕਉ ਕਿਆ ਉਪਦੇਸੀਐ ਜਿਨ ਗੁਰੁ ਨਾਨਕ ਦੇਉ।”

– ਮਾਝ ੧, ਵਾਰ ੨੭ਸ, ੨, ੧:੨ (150)

“ਸੰਤ ਦੇਉ ਸੰਦੇਸਾ ਪੈ ਚਰਣਾਰੇ ਜੀਉ।”

– ਗਉ ੫, ੧੬੭*, ੧:੩ (217)

“ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ।” (ਅਰਪਨ ਕਰਦਾ ਹਾਂ)

– ਗੂਜ ੩, ਵਾਰ ੧੭ਸ, ੩, ੧:੬ (515)

(2) ਪ੍ਰਮਾਤਮਾ, ਹਰੀ ਰੂਪ

“ਮਨੁ ਮਧੁਸੂਦਨੁ ਤ੍ਰਿਭਵਣ ਦੇਉ।” (ਤਿੰਨਾ ਲੋਕਾਂ ਨੂੰ ਉਜਲ ਕਰਨਾ/ਰੌਸ਼ਨੀ ਦੇਣ ਵਾਲਾ ਭਾਵ ਪ੍ਰਮਾਤਮਾ)

– ਗਉ ਕਬ, ੨੮, ੩:੨ (329)

ਹੋਰ ਰੂਪ:

ਦੇਂਉ –

“ਹੀਂਉ ਦੇਂਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ।”

– ਸਾਰ ੫, ੫, ੨:੨ (1204)

ਦੇਊ –

“ਆਉ ਬੈਠੁ ਆਦਰੁ ਸੁਭ ਦੇਊ।”

– ਗਉ ੫, ਬਾਅ ੧੦:੪ (252)

(3) ਦੇਵਤਾ

“ਸਤਿਗੁਰੁ ਜਾਗਤਾ ਹੈ ਦੇਉ।” ’(ਜਿਊਂਦਾ ਜਾਗਦਾ ਦੇਵਤਾ)

– ਆਸਾ ਕਬ, ੧੪, ੧*:੨ (479)

“ਐਸੇ ਹੀ ਠਗ ਦੇਉ ਬਖਾਨੈ।” (ਠਗਾਂ ਦਾ ਦੇਵਤਾ/ਗੁਰੂ)

– ਆਸਾ ਨਾਮ, ੪, ੨:੨ (486)

“ਜੇ ਓਹੁ ਦੇਉ ਤ ਓਹੁ ਭੀ ਦੇਵਾ।”

– ਗੂਜ ਨਾਮ, ੧, ੪:੩ (525)

“ਗੁਰੁ ਮੇਰਾ ਦੇਉ ਅਲਖ ਅਭੇਉ।” (ਦੇਵਤਾ, ਪੂਜਨੀਕ)

– ਗੋਂਡ ੫, ੯, ੧:੩ (864)

(4) ਜਿੰਨ, ਭੂਤ

“ਹਰਿ ਸਿਮਰਤ ਦੈਤ ਦੇਉ ਨ ਪੋਹੈ।”

– ਭੈਰ ੫, ੪੯, ੨:੨ (1150)

ਦੇਅਹੁ ----- ਦੇਵੋ

“ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ।”

– ਸਲੋ ੧, ੩੨:੧ (1412)

ਦੇਇ ------ (1) ਦਿੰਦਾ ਹੈ,ਦੇਣ ਦਾ/ਪ੍ਰਦਾਨ ਕਰਨ ਦਾ ਭਾਵ

“ਆਪੇ ਜਾਣੈ ਆਪੇ ਦੇਇ।”

– ਜਪੁ ੧, ੨੫:੧੪ (5)

ਹੋਰ ਰੂਪ:

ਦੇਈ –

"ਭਾਵੈ ਦੇਇ ਨ ਦੇਈ ਸੋਇ।"

– ਸਿਰੀ ੧, ੩੨, ੧:੩ (25)

(2) ਦੇਵੇ, ਸਹਾਇਕ ਕਿਰਿਆ

"ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ।"

– ਸਿਰੀ ੩, ੩੪, ੧:੨ (26)

"ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ।"

– ਸਿਰੀ ੩, ੫੨, ੧:੧ (33)

ਹੋਰ ਰੂਪ:

ਦੇਈ –

"ਪਾਪੀਆ ਨੋ ਨ ਦੇਈ ਥਿਰੁ ਰਹਿਣ ਚੁਣਿ ਨਰਕ ਘੋਰਿ ਚਾਲਿਅਨੁ।" (ਦਿੰਦਾ, ਸਹਾਇਕ ਕਿਰਿਆ)

– ਸਿਰੀ ੪, ੧੯:੪ (90)

"ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ।"

– ਗਉ ੪, ਵਾਰ ੧੨ਸ, ੪, ੧:੨ (306)

ਦੇਸ ------- (1) ਮੁਲਕ, ਭੂਖੰਡ ਦੀ ਇਕਾਈ

"ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।"

– ਜਪੁ ੧, ੩੫:੬ (7)

(2) ਵਤਨ, ਆਪਣੇ ਦੇਸ਼

"ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ।"

– ਆਸਾ ੧, ੩੩, ੨:੧ (358)

"ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ।" (ਮਹਾਨਕੋਸ਼ ਇਸ ਦੇ ਅਰਥ ਸਰੀਰ ਦੇ ਅੰਗ ਕਰਦਾ ਹੈ)

– ਬਿਹਾ ੫, ਛੰਤ ੬, ੧:੪ (547)

ਦੇਸਹਿ ----- ਦੇਵੇਂਗਾ

"ਦੇਵਲਾ ਦੇਵਲ ਧਾਹੜੀ ਦੇਸਹਿ ਉਗਵਤ ਸੂਰ।"

– ਸਲੋ ਕਬ, ੧੨੬:੨ (1371)

ਦੇਸੰਤਰ ---- ਦੇਸ ਅੰਦਰ

"ਪੜ੍ਹਿ ਪੜ੍ਹਿ ਪੰਡਿਤ ਮੋੁਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ।"

– ਸਾਰ ੪, ਵਾਰ ੨੪ਸ, ੩, ੧:੧ (1246)

ਹੋਰ ਰੂਪ:

ਦੇਸੰਤਰੁ –

"ਦੇਸੰਤਰੁ ਭਵੈ ਦੂਜੇ ਭਾਇ ਖੁਆਏ।"

– ਮਾਝ ੩, ੨੪, ੪:੨ (123)

ਦੇਸਨਿ ----- ਦੇਣਗੀਆਂ

"ਬਿਨੁ ਸਤਿਗੁਰ ਭਰਮਿ ਭੁਲਾਣੀਆ ਕਿਆ ਮੁਹੁ ਦੇਸਨਿ ਆਗੈ ਜਾਏ।"

– ਵਡ ੩, ਅਲਾ ੪, ੩:੨ (585)

ਦੇਸਾ ------ (1) ਦੇਵਾਂਗਾ
“ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ।” (ਵਖਾਵਾਂਗਾ)
– ਸਿਰੀ ੧, ੨੯, ੪:੨ (24)
(2) ਸਰੀਰ ਦੇ ਅੰਗ, ਗਿਆਨ ਇੰਦਰੇ
“ਹਉ ਮਨੁ ਅਰਪੀ ਸਭੁ ਤਨੁ ਅਰਪੀ ਅਰਪੀ ਸਭਿ ਦੇਸਾ।”
– ਗਉ ੫, ਛੰਤ ੧, ੩:੧ (247)
(3) ਦੇਸ
“ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ।”
– ਸੋਰ ੫, ੧੭, ੧*:੨ (613)

ਦੇਸਾਂਗਿਓ --- ਦੇਸ, ਥਾਂ, ਟਿਕਾਣਾ
“ਪੂਛਉ ਪੂਛਉ ਦੀਨ ਭਾਂਤਿ ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ।”
– ਸਾਜਰ ੫, ੫, ੨:੧ (1204)

ਦੇਸਿ ------ ਮੁਲਕ/ਵਤਨ/ਖੇਤ ਵਿਚ
“ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ।”
– ਸੋਰ ੧, ੨, ੩:੩ (595)
“ਬਹੁਤ ਸਜਾਇ ਪਇਆ ਦੇਸ ਲੰਮੈ।” (ਲੰਮੇ ਦੇਸ ਵਿਚ ਭਾਵ ਜਨਮ ਮਰਨ ਦੇ ਲੰਮੇ ਗੇੜ ਵਿਚ)
– ਮਾਰੂ ੫, ਅਸ ੮, ੫:੨ (1020)

ਦੇਸੀ ------ (1) ਦੇਵੇਗਾ
“ਮਨਮੁਖ ਜਨਮੁ ਬਿਰਥਾ ਗਇਆ ਕਿਆ ਮੁਹੁ ਦੇਸੀ ਜਾਇ।” (ਭਾਵ ਵਿਖਾਵੇਗਾ)
– ਸਿਰੀ ੩, ੫੪, ੩:੪ (35)
“ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵਨਿਧਿ ਦੇਸੀ।”
– ਸੋਰ ੫, ੧, ੧:੩ (608)
(2) ਦੇਸ਼/ਵਤਨ ਦੇ
“ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ।”
– ਰਾਮ ੫, ੮, ੧:੨ (885)

ਦੇਸੁ ------- (1) ਵਤਨ, ਮੁਲਕ
“ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ।”
– ਸਿਰੀ ੧, ੨੨, ੧:੧ (22)
“ਧੰਨੁ ਸੁ ਦੇਸੁ ਜਹਾ ਤੂ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ।”
– ਮਾਝ ੫, ੮, ੨:੩ (96)
(2) ਮਲਕੀਅਤ
“ਜੀਉ ਪਿੰਡ ਸਭੁ ਹਰਿ ਕਾ ਦੇਸੁ।”
– ਆਸਾ ੫, ੫, ੨:੨ (371)

ਦੇਹ ------- (1) ਦਿੰਦਾ ਹੈ
“ਗਾਵੈ ਕੋ ਜੀਅ ਲੈ ਫਿਰਿ ਦੇਹ।”

– ਜਪੁ ੧, ੩:੬ (2)

(2) ਦੇਵੋ

"ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਅਸੀਸਾ ਹੇ।"

– ਵਡ ੧, ਅਲਾ ੫, ੨:੧ (582)

(3) ਸਰੀਰ

"ਭਰੀਐ ਹਥੁ ਪੈਰੁ ਤਨੁ ਦੇਹ।"

– ਜਪੁ ੧, ੨੦:੧ (4)

ਹੋਰ ਰੂਪ:

ਦੇਹੰ –

"ਮਿਥੰਤ ਦੇਹੰ ਖੀਣੰਤ ਬਲਨੰ।"

– ਸਸ ੫, ੩:੧ (1354)

(4) ਜਨਮ/ਜੀਵਨ

"ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਉਤਮ ਫਲੁ।"

– ਟੋਡੀ ੫, ੨੬, ੧:੨ (717)

ਦੇਂਹ ------ (1) ਦੇਂਦਾ ਹੈ

"ਦੇਂਹ ਅਧਾਰੁ ਸਰਬ ਕਉ ਠਾਕੁਰ ਜੀਅ ਪ੍ਰਾਨ ਸੁਖਦਾਤੇ।"

– ਸਾਰ ੫, ੨੬, ੧:੨ (1209)

(2) ਦਿਨ

"ਅਨਿਕ ਸੂਖ ਚਕਵੀ ਨਹੀ ਚਾਹਤ ਅਨਦ ਪੂਰਨ ਪੇਖਿ ਦੇਂਹ।"

– ਜੈਤ ੫, ੧੦, ੧:੧ (702)

ਦੇਹਧਾਰ ---- ਦੇਹਧਾਰੀ, ਜੀਵ

"ਦੇਹਧਾਰ ਅਰੁ ਦੇਵਾ ਡਰਪਹਿ ਸਿਧ ਸਾਧਿਕ ਡਰਿ ਮੁਇਆ।"

– ਮਾਰੂ ੫, ੧, ੨:੧ (998)

ਦੇਹੜਿ ----- ਦੇਹੀ, ਸਰੀਰ

"ਚੜਿ ਦੇਹੜਿ ਘੋੜੀ ਬਿਖਮੁ ਲਘਾਏ ਮਿਲੁ ਗੁਰਮੁਖਿ ਪਰਮਾਨੰਦਾ।"

– ਵਡ ੪, ਘੋੜੀ ੧, ੪:੪ (575)

ਦੇਹਾ ------ (1) ਦੇਹੀ

"ਤੇਰੀ ਨਦਰੀ ਸੀਝਸਿ ਦੇਹਾ।"

– ਮਾਝ ੩, ਅਸ ੬, ੭:੨ (112)

"ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ।" (ਸਰੀਰ ਨੂੰ)

– ਮਾਝ ੧, ਵਾਰ ੨੫:੬ (149)

"ਹਉ ਵੇਖਿ ਵੇਖਿ ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ।" (ਸਰੀਰ, ਰੂਪ, ਦਰਸ਼ਨ, ਜਾਤ)

– ਤਿਲੰ ੪, ਅਸ ੨, ੧੭:੨ (726)

(2) ਦੇਣ ਲਈ

"ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ।"

– ਆਸਾ ੫, ੩੪, ੪:੨ (359)

ਦੇਹਾਦਿ ----- ਦੇਹ/ਸਰੀਰ ਆਦਿ
"ਫਿਰਤੁ ਫਿਰਤੁ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ।"
- ਬਿਲਾ ੫, ੩੮, ੩:੧ (810)

ਦੇਹਿ ------ (1) ਦੇਓ, ਦਾਨ ਕਰੋ
"ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।"
- ਜਪੁ ੧, ੪:੨ (2)
"ਜੋ ਤਉ ਭਾਵੈ ਸੋਈ ਥੀਸੀ ਜੋ ਤੂੰ ਦੇਹਿ ਸੋਈ ਹਉ ਪਾਈ।" (ਦੇਵੇਂਗਾ)
- ਆਸਾ ੪, ਸੋਪੁ ੨, ੧*:੨ (11)
"ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ।" (ਦੇਵੇ)
- ਆਸਾ ੩, ਅਸ ੨੩, ੮:੧ (423)
"ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਤੁ ਦੇਹਿ।" (ਦਿੰਦਾ ਹੈ)
- ਗੂਜ ੧, ੧, ੩:੧ (489)
(2) ਦੇਓ, ਸਹਾਇਕ ਕਿਰਿਆ
"ਗੁਰਾ ਇਕ ਦੇਹਿ ਬੁਝਾਈ।"
- ਜਪੁ ੧, ੫:੧੦ (22)
"ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ।"
- ਵਡ ੩, ਛੰਤ ੬, ੪:੨ (571)
(3) ਅਰਪਨ ਕਰੋ, ਭੇਟਾ ਕਰੋ
"ਮਨੁ ਤਨੁ ਅਪਨਾ ਤਿਨ ਜਨ ਦੇਹਿ।"
- ਗਉ ੫, ਸੁਖ ੧੭, ੮:੨ (286)

ਦੇਹੀ ------ (1) ਸਰੀਰ, ਤਨ
"ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ।"
- ਸਿਰੀ ੫, ਅਸ ੨੬, ੩:੧ (70)
(2) ਦਿੰਦੇ, ਕਿਰਿਆ ਰੂਪ
"ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ।"
- ਸਿਰੀ ੪, ਵਾਰ ੨੦ਸ, ੧, ੧:੪ (91)
(3) ਸਰੀਰ/ਦੇਹ ਵਾਲਾ
"ਦੇਹੀ ਗੁਪਤ ਬਿਦੇਹੀ ਦੀਸੈ।"
- ਰਾਮ ੫, ੫੪, ੩:੧ (900)

ਦੇਹੁ ------- (1) ਦੇਵੋ, ਸਹਾਇਕ ਕਿਰਿਆ
"ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ।"
- ਗਉ ੧, ੧, ੩:੨ (12)
(2) ਪ੍ਰਦਾਨ ਕਰੋ, ਦੇਓ
"ਨਿਰਗੁਨੀਆਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ।"
- ਸੋਰ ੫, ੧੭, ੨:੨ (613)
(3) ਸਰੀਰ
"ਸੋ ਸਹੁ ਬਿੰਦ ਨ ਵਿਸਰਉ ਨਾਨਕ ਜਿਨਿ ਸੁੰਦਰੁ ਰਚਿਆ ਦੇਹੁ।"
- ਜੈਤ ੫, ਵਾਰ ੩ ਸ, ੫, ੨:੨ (706)

ਦੇਹੁਰਾ ----- (1) ਦੇਵ-ਗ੍ਰਹਿ, ਦੇਵ ਮੰਦਰ, ਮੰਦਰ
"ਤੀਰਥ ਦੇਵ ਦੇਹੁਰਾ ਪੋਥੀ।"
- ਗਉ ੫, ਅਸ ੪, ੪:੧ (237)
"ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ।"
- ਗੋਂਡ ੭, ੪:੩ (875)
(2) ਦੇਹ, ਸਰੀਰ
"ਮਾਟੀ ਕਾਲੇ ਦੇਹੁਰਾ ਕਰਿਆ।"
- ਰਾਮ ੫, ਅਸ ੨, ੧:੨ (913)

ਦੇਹੁਰੀ ----- (1) ਦੇਹ, ਸਰੀਰ
"ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ।"
- ਸਿਰੀ ੧, ੧੫, ੨:੨ (19)
"ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ।" (ਭਾਵ ਜੀਵਨ)
- ਆਸਾ ੪, ਛੰਤ ੧੬, ੪:੧ (449)
(2) ਦਹਿਲੀਜ਼, ਮੁਹਾਠ
"ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ।"
- ਆਸਾ ਕਬ, ੯, ੩:੧ (478)

ਦੇਹੁਰੀਆ --- ਸਰੀਰ, ਦੇਹ
"ਭਈ ਪਰਾਪਤਿ ਮਾਨੁਖ ਦੇਹੁਰੀਆ।"
- ਆਸਾ ੫, ਸਪੁ ੪, ੧:੧ (12)

ਦੇਹੁਰੇ ------ ਮੰਦਰ, ਸ਼ਿਵਾਲੇ
"ਹਸਤ ਖੇਲਤ ਤੇਰੇ ਦੇਹੁਰੇ ਅਇਆ।"
- ਭੈਰ ਨਾਮ, ੬, ੧:੧ (1164)

ਹੋਰ ਰੂਪ:

ਦੇਹੁਰੈ -
"ਦੇਹੁਰੈ ਪਾਛੈ ਬੈਠਾ ਜਾਇ।" (ਸ਼ਿਵਾਲੇ ਦੇ)
- ਭੈਰ ਨਾਮ, ੬, ੨:੨ (1164)

ਦੇਹੂ ------- ਹੇ ਦੇਹ/ਸਰੀਰ
"ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ।"
- ਸਿਰੀ ਰਵਿ, ੧, ੩:੧ (93)

ਦੇਹੈ ------- ਦੇਹ/ਸਰੀਰ ਨੂੰ
"ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ।"
- ਮਾਝ ੧, ਵਾਰ ੯ਸ, ੧, ੩:੧ (142)

ਦੇਹੋ ------- ਦਿਓ, ਦੇਵੋ
"ਦਰਸਨ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ।"
- ਤੁਖਾ ੧, ਬਾਰਾ ੧੪:੫ (1109)

ਦੇਖ ------- ਵੇਖਦਾ, ਤਕਦਾ

"ਕਾਹੇ ਨ ਬਾਲਮੀਕਹਿ ਦੇਖ।"

– ਕੇਦਾ ਰਵਿ, ੧, ੧*:੨ (1124)

ਹੋਰ ਰੂਪ:

ਦੇਖੰ –

"ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ।"(ਵੇਖਿਆ)

– ਮਾਰੂ ੫, ਵਾਰ ੧੩:੮ (1099)

ਦੇਖਉ ----- (1) ਵੇਖਦਾ ਹਾਂ, ਤਕਦਾ ਹਾਂ

"ਆਗੈ ਦੇਖਉ ਡਉ ਜਲੈ ਪਾਛੈ ਹਰਿਓ ਅੰਗੂਰੁ।"

– ਸਿਰੀ ੧, ੧੬, ੨:੧ (20)

(2) ਵਿਚਾਰਦਾ ਹਾਂ

"ਜਉ ਦੇਖਉ ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗਿ।"

– ਜੈਤ ੫, ੫, ੧:੧ (701)

ਦੇਖਏ ------ ਵੇਖੇ

"ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਏ।"

– ਗਉ ੧, ਛੰਤ ੧, ੧:੩ (242)

ਦੇਖਸਾ ----- ਵੇਖਾਂਗਾ

"ਪਿਆਰੇ ਹਰਿ ਬਿਨੁ ਪ੍ਰੇਮੁ ਨ ਖੇਲਸਾ।"

"ਕਿਉ ਪਾਈ ਗੁਰੁ ਜਿਤੁ ਲਗਿ ਪਿਆਰਾ ਦੇਖਸਾ।"

– ਆਸਾ ੪, ਛੰਤ ੨੧, ੬:੧;੨ (452)

ਦੇਖਹ ------ ਵੇਖੇ ਹਨ

"ਏਕਿ ਚਲੇ ਹਮ ਦੇਖਹ ਸੁਆਮੀ ਭਾਹਿ ਬਲੰਤੀ ਆਈ।"

– ਰਾਮ ੧, ੧, ੩:੨ (876)

ਹੋਰ ਰੂਪ:

ਦੇਖਹਿ –

"ਤੂ ਦੇਖਹਿ ਹਉ ਮੁਕਰਿ ਪਾਉ।" (ਦੇਖਦਾ ਹੈ)

– ਸਿਰੀ ੧, ੩੧, ੨:੩ (25)

"ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ।" (ਦੇਖਦਾ ਹੈ)

– ਆਸਾ ੧, ਵਾਰ ੨੦:੨ (474)

ਦੇਖਹੁ –

"ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ।" (ਵੇਖੋ, ਵੇਖ ਲਓ)

– ਸਿਰੀ ੩, ੩੭, ੨:੧ (27)

"ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ।" (ਵੇਖ ਲਵੋ)

– ਆਸਾ ਨਾਮ, ੧, ੪:੧ (485)

ਦੇਖਣ ------ ਵੇਖਣ, ਦਰਸ਼ਨ ਕਰਨ

"ਹਰਿ ਦਰਗਹਿ ਤੇ ਮੁਖ ਉਜਲੇ ਤਿਨ ਕਉ ਸਭਿ ਦੇਖਣ ਜਾਹਿ।"

– ਗਉ ੪, ਵਾਰ ੧੭ਸ, ੪, ੧:੨ (310)

ਦੇਖਣਹਾਰੀਆ ਵੇਖਣ ਵਾਲੀਆਂ

"ਹਉ ਬਲਿ ਜਾਵਾ ਦਿਨੁ ਰਾਤਿ ਗੁਰ ਦੇਖਣਹਾਰੀਆ।"

– ਸੋਰ ੪, ਵਾਰ ੮:੫ (645)

ਹੋਰ ਰੂਪ:

ਦੇਖਣਹਾਰੁ –

"ਓਹੁ ਨ ਮੂਆ ਜੋ ਦੇਖਣਹਾਰੁ।" (ਵੇਖਣ ਵਾਲਾ, ਸਾਖੀ, ਚੇਤੰਨ ਆਤਮਾ)

– ਗਉ ੧, ੪, ੨:੪ (152)

"ਦਇਆ ਦਾਨੁ ਦਇਆਲੁ ਤੂ ਕਰਿ ਕਰਿ ਦੇਖਣਹਾਰੁ।" (ਵੇਖਣ/ਸੰਭਾਲਣ ਵਾਲਾ)

– ਰਾਮ ੧, ਓਅੰ ੩੫:੧ (934)

ਦੇਖਣਹਾਰੇ –

"ਜੀਅ ਜੰਤ ਪ੍ਰਭਿ ਸਗਲ ਉਧਾਰੇ ਦਰਸਨੁ ਦੇਖਣਹਾਰੇ।"

– ਸੋਰ ੫, ੩੭, ੨:੧ (618)

ਦੇਖਣਹਾਰੋ –

"ਅਵਰੁ ਨਾਹੀ ਕਰਿ ਦੇਖਣਹਾਰੋ।" (ਸੰਭਾਲਣ ਵਾਲਾ)

– ਪ੍ਰਭਾ ੧, ਅਸ ੧, ੮:੧ (1342)

ਦੇਖਣਾ –

"ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ।"

– ਸਿਰੀ ੩, ਅਸ ੨੦, ੫:੨ (66)

ਦੇਖਣਿ –

"ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ।"

– ਤੁਖਾ ੪, ਛੰਤ ੪, ੩:੩ (1116)

ਦੇਖਣੁ –

"ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ।" (ਦਰਸਨ ਕਰ ਸਕਾਂ, ਦੇਖ ਸਕਾਂ)

– ਸੂਹੀ ੫, ੫੪, ੪:੨ (749)

ਦੇਖਣੈ –

"ਮਨਿ ਬੈਰਾਗੁ ਭਇਆ ਦਰਸਨ ਦੇਖਣੈ ਕਾ ਚਾਉ।"

– ਸਿਰੀ ੫, ੯੩, ੧*:੧ (50)

ਦੇਖਤ ------ ਵੇਖਦਿਆਂ

"ਨੈਨਹ ਦੇਖਤ ਇਹੁ ਜਗੁ ਜਾਈ।"

– ਗਉ ਕਬ, ੧੧, ੧:੨ (325)

"ਅਬ ਹਮ ਤੁਮ ਏਕ ਭਏ ਹਰਿ ਏਕੈ ਦੇਖਤ ਮਨੁ ਪਤੀਆਹੀ।" (ਦੇਖਕੇ)

– ਗਉ ਕਬ, ੭੨, ੧:੨ (339)

"ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ।" (ਦੇਖਦੇ)

– ਬਿਹਾ ੪, ਵਾਰ ੪, ੩, ੨:੬ (550)

ਦੇਖੰਤਾ ----- ਵੇਖਦਾ ਹੈ

"ਇਹੁ ਆਵਾ ਗਵਣੁ ਰਚਾਇਓ ਕਰਿ ਚੋਜ ਦੇਖੰਤਾ।"

– ਮਾਰੂ ੫, ਵਾਰ ੪:੬ (1095)

ਦੇਖਦਾ ----- **ਵੇਖਦਾ ਹੈ**
"ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ।"
– ਰਾਮ ੩, ਅਨੰ ੧੧:੨ (918)

ਹੋਰ ਰੂਪ:

ਦੇਖਦਿਆ –
ਪ੍ਰਭ ਦੇਖਦਿਆ ਦੁਭ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ।"
– ਮਾਰੂ ੫, ਵਾਰ ੯:੬ (1097)
ਦੇਖਦੇ –
"ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।" (ਵੇਖਦੇ ਹੋ)
– ਰਾਮ ੩, ਅਨੰ ੩੬:੩ (922)

ਦੇਖਨ ------ **ਵੇਖਣ/ਦਰਸ਼ਨ**
"ਮੇਰੈ ਅੰਤਰਿ ਪ੍ਰੀਤਿ ਲਗੀ ਦੇਖਨ ਕਉ ਗੁਰਿ ਹਿਰਦੈ ਨਾਲ ਦਿਖਾਇਆ।"
– ਗਉ ੪, ੬੩, ੩:੧ (172)

ਦੇਖਨਹਾਰਾ -- **ਵੇਖਣ ਵਾਲਾ, ਸੰਭਾਲਣ ਵਾਲਾ**
"ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।"
– ਬਿਹਾ ੯, ੨, ੨:੧ (537)

ਦੇਖਨਿ ----- **ਵੇਖਣ ਭਾਵ ਪਰਖਨ, ਦਰਸ਼ਨ ਕਰਨ**
"ਜਾ ਹੰਸ ਸਭਾ ਵੀਚਾਰੁ ਕਰਿ ਦੇਖਨਿ ਤਾ ਬਗਾ ਨਾਲਿ ਜੋੜੁ ਕਦੇ ਨ ਆਵੈ।"
– ਰਾਮ ੫, ਵਾਰ ੭ਸ, ੫, ੧:੭ (960)
"ਜਾਂ ਸਹੁ ਦੇਖਨਿ ਆਪਣਾ ਨਾਨਕ ਥੀਵਨਿ ਭੀ ਹਰੇ।" (ਦਰਸ਼ਨ ਕਰਨ)
– ਸਲੋ ੪, ੮:੨ (1422)

ਹੋਰ ਰੂਪ:

ਦੇਖਨੀ –
"ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ।" (ਵੇਖਦੇ)
– ਸਿਰੀ ੩, ੪੨, ੩:੩ (30)
ਦੇਖਨ੍ੇ –
"ਤਿਨ੍ ਨੇਹੁ ਲਗਾ ਰਬ ਸੇਤੀ ਦੇਖਨ੍ਵੀਚਾਰਿ।" (ਵੇਖਣ/ਦਰਸ਼ਨ ਦੇ)
– ਆਸਾ ੧, ਵਾਰ ੨੦ਸ, ੧, ੨:੪ (473)
ਦੇਖਾ – ਵੇਖ ਸਕਾਂ
"ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ।"
–ਸਿਰੀ ੧, ੨, ੧:੨ (14)
"ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲੁ।" (ਦੇਖਦਾ ਹਾਂ)
– ਸਿਰੀ ੧, ੧੯, ੪:੧ (21)

ਹੋਰ ਰੂਪ:

ਦੇਖਾਂ –
"ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ।" (ਦੇਖਦਾਂ ਹਾਂ)

– ਸੋਰ ਭੀਖ, ੨, ੨:੨ (659)

(2) ਵੇਖਣਾ
“ਦੇਖਾ ਦੇਖੀ ਸਭ ਕਰੇ ਮਨੁਮੁਖਿ ਬੂਝ ਨ ਪਾਇ।”
– ਸਿਰੀ ੩, ੩੭, ੫:੧ (28)

ਦੇਖਾਇ ----- ਵਖਾ ਦੇਵੇ
“ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ।”
– ਮਲਾ ੧, ਵਾਰ ੨੭ਸ, ੧, ੧:੧ (1290)

ਹੋਰ ਰੂਪ:

ਦੇਖਾਇਆ –
“ਪਾਰਬ੍ਰਹਮ ਪੂਰਨ ਦੇਖਾਇਆ।” (ਵਖਾਇਆ, ਦ੍ਰਿਸ਼ਟਮਾਨ ਕਰਵਾਇਆ)
– ਗਉ ੫, ੧੧੦, ੪:੨ (188)

ਦੇਖਾਇਦਾ -- ਵਖਾ ਦਿੱਤਾ
“ਉਤਭੁਜੁ ਚਲਤੁ ਕੀਆ ਸਿਰਿ ਕਰਤੈ ਬਿਸਮਾਦੁ ਸਬਦਿ ਦੇਖਾਇਦਾ।”
– ਮਾਰੂ ੧, ਸੋਲਾ ੧੭, ੭:੩ (1037)

ਦੇਖਾਈ ----- ਵਖਾਈ, ਦ੍ਰਿਸ਼ਟਮਾਨ ਕਰਵਾਈ
“ਊਚ ਅਪਾਰ ਅਗੋਚਰ ਥਾਨਾ ਓਹੁ ਮਹਲੁ ਗੁਰੂ ਦੇਖਾਈ ਜੀਉ।”
– ਮਾਝ ੫, ੨੩, ੩:੩ (101)

ਦੇਖਾਦੇਖੀ --- ਬਿਨਾਂ ਵਿਚਾਰਿਆ ਨਕਲ ਕਰਨਾ
“ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ।”
– ਸਿਰੀ ੩, ੩੭, ੫:੧ (28)

ਦੇਖਾਰੇ ----- ਦਿਖਾਉਂਦਾ ਹੈ
“ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ।”
– ਸੁਮੁ ੫, ੩:੩ (1386)

ਦੇਖਾਲਿਆ --- ਵਖਾਇਆ, ਵਖਾ ਦਿਤਾ
“ਜਹ ਦੇਖਉ ਤਹ ਨਾਲਿ ਗੁਰਿ ਦੇਖਾਲਿਆ।”
– ਸੂਹੀ ੧, ਅਸ ੫, ੨:੧ (752)

ਹੋਰ ਰੂਪ:

ਦੇਖਾਲਿਹੁ –
“ਮੈ ਦੇਖਾਲਿਹੁ ਤਿਸੁ ਸਾਲਾਹੀ।” (ਦਿਖਾਇਓ)
– ਮਾਰੂ ੧, ਸੋਲਾ ੫, ੯:੨ (1025)

ਦੇਖਾਲੇ –
“ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ।” (ਦਿਖਾਵੇ)
– ਮਾਝ ੧, ਵਾਰ ੧੪ਸ, ੧, ੧:੩ (144)

ਦੇਖਾਵਹੀ ---- ਵੇਖਾਉਂਦਾ ਹੈ
“ਤੂ ਸਭ ਮਹਿ ਵਰਤਹਿ ਆਪਿ ਕੁਦਰਤ ਦੇਖਾਵਹੀ।”

- ਮਾਰੂ ੫, ਵਾਰ ੩:੪ (1095)

ਦੇਖਾਵਣਿਆ – ਵੇਖਾਉਂਦਾ ਹੈ

"ਤੂੰ ਆਪੇ ਦੁਖੁ ਸੁਖੁ ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ।"
- ਮਾਝ ੩, ਅਸ ੨੭, ੨:੩ (125)

ਦੇਖਿ ------ ਵੇਖ ਕੇ

"ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।"
- ਸਿਰੀ ੧, ੧, ੧:੩ (14)

"ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ।" (ਦੇਖ ਚੁਕੀ)
- ਆਸਾ ੧, ਛੰਤ ੨, ੪:੧ (437)

"ਏਕ ਮਹਿ ਸਰਬ ਸਰਬ ਮਹਿ ਏਕਾ ਏਹ ਸਤਿਗੁਰਿ ਦੇਖਿ ਦਿਖਾਈ।"
- ਰਾਮ ੧, ਅਸ ੮, ੫:੧ (907)

(ਕੇਵਲ 'ਮਹਾਨਕੋਸ਼' ਇਸਦੇ ਅਰਥ 'ਦ੍ਰਿਸ਼' ਕਰਦਾ ਹੈ)

ਹੋਰ ਰੂਪ:

ਦੇਖਿਓ –

"ਐਸੋ ਅਚਰਜੁ ਦੇਖਿਓ ਕਬੀਰ।" (ਵੇਖਿਆ)
- ਗਉ ਕਬ, ੧੪, ੧*:੧ (326)

"ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ।" (ਸਮਝਿਆ)
- ਸਲੋ ੯, ੪੮:੧ (1428)

ਦੇਖਿਅਉ–

"ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ।"
- ਸਵ ੪, ਅਲ ੮:੬ (1399)

ਦੇਖਿਆ ---- (1) ਸਹਾਇਕ ਕਿਰਿਆ

"ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।"
- ਸਿਰੀ ੧, ੧, ੧*:੨ (14)

"ਗੁਰੁ ਪੁਛਿ ਦੇਖਿਆ ਨਾਹੀ ਦਰੁ ਹੋਰੁ।"
- ਗਉ ੧, ਅਸ ੪, ੮:੨ (223)

(2) ਵੇਖਿਆ

"ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ।"
- ਤਿਲੰ ੪, ਅਸ ੨, ੩:੧ (725)

"ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ।"
- ਗੋਂਡ ਨਾਮ, ੭, ੧*:੧ (874)

(3) ਅਨੁਭਵ ਕੀਤਾ

"ਊਚਾ ਊਚਉ ਆਖੀਐ ਕਹਉ ਨ ਦੇਖਿਆ ਜਾਇ।"
- ਸਿਰੀ ੧, ਅਸ ੩, ੮:੧ (55)

"ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ।" (ਦਿਸਦਾ ਹੈ)
- ਮਾਝ ੪, ਅਸ ੩੪, ੧*:੨ (129)

"ਸਭੁ ਜਗੁ ਦੇਖਿਆ ਮਾਇਆ ਛਾਇਆ।"

– ਆਸਾ ੧, ੧੭, ੪:੩ (354)

(4) ਸੰਭਾਲ/ਖਬਰਦਾਰੀ ਕੀਤੀ

"ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ।"

– ਤਿਲੰ ੧, ਅਸ ੧, ੧:੧ (724)

"ਜਿਨਿ ਕੀਆ ਤਿਨਿ ਦੇਖਿਆ ਸਭੁ ਧੰਧੜੈ ਲਾਇਆ।"

– ਸੂਹੀ ੧, ਛੰਤ ੪, ੧:੧ (765)

ਦੇਖਿਐ ----- ਵੇਖਣ ਨਾਲ, ਦਰਸ਼ਨਾਂ ਨਾਲ

"ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ।"

– ਸਿਰੀ ੪, ੬੫, ੧:੨ (39)

ਦੇਖੀ ------ (1) ਵੇਖੀ

"ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ।"

– ਗਉ ੧, ੧੩, ੧:੩ (154)

(2) ਪਰਖ ਲਈ, ਜਾਂਚ ਲਈ

"ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ।"

– ਸੋਰ ੫, ੬੨, ੩:੩ (625)

"ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ।"

– ਸਲੋ ਕਬ, ੧੧੩:੨ (1370)

ਦੇਖੀਅਤੁ ---- ਵੇਖੀਦਾ ਹੈ

"ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੵੌ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮਸਿਉ।"

– ਸਵ ੫, ਮਥੁ ੩:੨ (1408)

ਦੇਖੀਐ ----- (1) ਦਿਸਦਾ ਹੈ, ਵੇਖੀਦਾ ਹੈ

"ਅਸਥਿਰੁ ਕਰਤਾ ਦੇਖੀਐ ਹੋਰੁ ਕੇਤੀ ਆਵੈ ਜਾਇ।"

– ਸਿਰੀ ੧, ਅਸ ੩, ੪:੧ (54)

(2) ਵੇਖਾਂ ਕੀ

"ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ।"

– ਆਸਾ ੫, ਛੰਤ ੪, ੩:੧ (455)

(3) ਪ੍ਰਾਪਤ ਕਰੀਦਾ ਹੈ (ਭਾਵ)

"ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ।"

– ਸੋਰ ੧, ਅਸ ੨, ੫:੨ (635)

ਦੇਖੁ ------- (1) ਵੇਖ

"ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ।"

– ਸਿਰੀ ੧, ੨੫, ੩:੨ (23)

ਹੋਰ ਰੂਪ:

ਦੇਖੇ –

"ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ।" (ਵੇਖਿਆਂ)

– ਸਿਰੀ ੩, ੬੧, ੩:੨ (38)

"ਜਿਨੀ ਨਾਮੁ ਵਿਸਾਰਿਆ ਸੋ ਹੋਤ ਦੇਖੇ ਖੇਹ।" (ਵੇਖੇ)
– ਮਾਰੂ ੫, ੨੫, ੧:੧ (1006)

(2) ਪਰਖ, ਦ੍ਰਿਸ਼ਟੀ ਗੋਚਰ ਕਰ ਜਾਂਚ ਕਰ
"ਮਨ ਕਰਹਲਾ ਵੀਚਾਰੀਆ ਵੀਚਾਰਿ ਦੇਖੁ ਸਮਾਲਿ।"
– ਗਉ ੪, ਅਸ ੨, ੧:੧ (234)

"ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ।"
– ਆਸਾ ਧੰਨਾ, ੩, ੨:੨ (488)

ਹੋਰ ਰੂਪ:

ਦੇਖੇ –
"ਸਾਸਤ੍ਰ ਬੇਦ ਸੋਧਿ ਸੋਧਿ ਦੇਖੇ ਮੁਨਿ ਨਾਰਦ ਬਚਨ ਪੁਕਾਰੇ।" (ਪਰਖੇ, ਜਾਂਚੇ)
– ਨਟ ੪, ਅਸ ੬, ੩:੧ (983)

ਦੇਖੇ ------- (1) ਵੇਖਿਆਂ, ਵੇਖੋ 'ਦੇਖੁ' (1)
(2) ਪਰਖਿਆ, ਜਾਂਚ ਕੀਤਿਆਂ, ਵੇਖੋ 'ਦੇਖ' (2)
(3) ਮਿਲਿਆਂ, ਪ੍ਰਾਪਤ ਕੀਤਿਆਂ (ਭਾਵ)
"ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ।"
– ਬਸੰ ੪, ੫, ੨:੨ (1179)

ਦੇਖੈ ------- (1) ਵੇਖਦਾ ਹੈ, ਨਿਗਰਾਨੀ/ਸੰਭਾਲ ਕਰਦਾ ਹੈ
"ਕਰਿ ਕਰਿ ਦੇਖੈ ਕੀਤਾ ਆਪਣਾ ਜਿਉ ਤਿਸ ਦੀ ਵਡਿਆਈ।"
– ਆਸਾ ੧, ਸੋਦ ੧, ੧:੨੦ (9)

"ਕਰਿ ਕਰਿ ਕਰਤਾ ਦੇਖੈ ਸੋਇ।"
– ਗਉ ੧, ਅਸ ੪, ੩:੪ (222)

(2) ਵੇਖਦਾ/ਪਰਖਦਾ ਹੈ
"ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ।"
– ਸਿਰੀ ੧, ੨੩, ੧*:੨ (22)

"ਜਾ ਸਤਿਗੁਰ ਸਰਾਫੁ ਨਦਰਿ ਕਰਿ ਦੇਖੈ ਸੁਆਵਗੀਰ ਸਭਿ ਉਘੜਿ ਆਏ।" (ਪਰਖੇ, ਜਾਂਚੇ)
– ਗਉ ੪, ਵਾਰ ੭ਸ, ੪, ੧:੫ (303)

(3) ਸਮਝੇ, ਮੰਨੇ (ਭਾਵ)
"ਸਭੁ ਕਿਛੁ ਦੇਖੈ ਤਿਸੈ ਕਾ ਜਿਨਿ ਕੀਆ ਤਨੁ ਸਾਜਿ।"
– ਬਿਹਾ ੪, ਵਾਰ ੭ਸ, ੪, ੨:੩ (551)

"ਆਪਿ ਦਿਖਾਵੈ ਆਪੇ ਦੇਖੈ।" (ਸਮਝਦਾ)
– ਧਨਾ ੧, ਅਸ ੨, ੪:੧ (686)

"ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੇ।" (ਸਮਝਦਾ ਹੈ)
– ਨਟ ੪, ਅਸ ੪, ੨:੧ (982)

"ਨਿਤ ਦੇਖੈ ਸੁਆਮੀ ਹਜੂਰਿ।" (ਪ੍ਰਤੀਤ ਕਰਦਾ ਹੈ)
– ਬਸੰ ੫, ੧੫, ੩:੨ (1184)

ਦੇਖੌ ------- ਵੇਖੋ
"ਦੇਖੌ ਭਾਈ ਗ੍ਯਾਨ ਕੀ ਆਈ ਆਂਧੀ।"

– ਗਉ ਕਬ, ਅਸ ੪੩, ੧*:੧ (331)

ਦੇਗ ------- ਚੌੜੇ ਮੂੰਹ ਵਾਲਾ ਵਡਾ ਬਰਤਨ ਜਿਸ ਵਿਚ ਭੋਜਨ ਪਕਾਈਦਾ ਹੈ
"ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ।"
– ਬਸੰ ੧, ਅਸ ੮, ੨:੨ (1190)

ਦੇਣ ------- ਲਗਾਵਣ
"ਆਪ ਕਮਾਣੇ ਵਿਛੁੜੀ ਦੋਸੁ ਨ ਕਾਹੂ ਦੇਣ।"
– ਮਾਝ ੫, ਦਿਨ ੧:੬ (136)

ਦੇਣਾ ------ ਬਖਸ਼ਣਾ, ਪ੍ਰਦਾਨ ਕਰਨਾ
"ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ।"
– ਆਸਾ ੧, ਪਟੀ ੧੨:੧ (433)
"ਲੇਖਾ ਦੇਣਾ ਤੇਰੈ ਸਿਰਿ ਰਹਿਆ।" (ਚੁਕਾਉਣਾ, ਨਿਬੇੜਨਾ)
– ਆਸਾ ੩, ੧*:੨ (434)

ਦੇਣਿ ------ ਦਾਨ/ਦੇਣ ਦਾ
"ਅੰਤੁ ਨ ਕਰਣੈ ਦੇਣਿ ਨ ਅੰਤੁ।"
– ਜਪੁ ੧, ੨੪:੨ (5)

ਹੋਰ ਰੂਪ:

ਦੇਣੈ –
"ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ।" (ਦੇਣ/ਦਾਨ ਦੇਣ ਦੇ)
– ਆਸਾ ੧, ਵਾਰ ੬ਸ, ੧, ੧:੭ (466)

ਦੇਤ ------- (1) ਦਿੰਦਾ, ਪ੍ਰਦਾਨ ਕਰਦਾ
"ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ।"
– ਸਿਰੀ ੫, ਛੰਤ ੩, ੨:੪ (80)
"ਲੈਤ ਦੇਤ ਉਨੁ ਮੂਕਰਿ ਪਰਨਾ।"(ਦੇ ਕੇ)
– ਆਸਾ ੫, ੮, ੧:੨ (372)

ਹੋਰ ਰੂਪ:

ਦੇਤਾ –
"ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ।" (ਦਿੰਦਾ ਹੈ)
– ਭੈਰ ਕਬ, ੧੨, ੧*:੨ (1160)

ਦੇਤੁ –
"ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ।"
– ਮਾਝ ੫, ਬਾਰਾਂ ੭:੮ (134)

ਦੇਤੇ –
"ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ।" (ਦੇਂਦਿਆਂ)
– ਬਿਲਾ ੫, ੬੨, ੨:੨ (816)

ਦੇਤੋ –
"ਨਿਮਾਨੇ ਕਉ ਜੋ ਦੇਤੋ ਮਾਨੁ।" (ਦਿੰਦਾ ਹੈ)

– ਗੋਂਡ ੫, ੫, ੧:੧ (863)

(2) ਸਹਾਇਕ ਕਿਰਿਆ, ਦਿੰਦੇ ਹਨ

“ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ।”

– ਦੇਵ ੯, ੨, ੧:੨ (536)

“ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ।”

– ਮਾਰੂ ੫, ੨੯, ੧:੧ (1007)

ਦੇਦਾ ------ (1) ਦੇਣ ਵਾਲਾ, ਦਾਤਾ

“ਦੇਦਾ ਦੇ ਲੈਦੇ ਥਕਿ ਪਾਹਿ।”

– ਜਪੁ ੧, ੩:੧੧ (2)

ਹੋਰ ਰੂਪ:

ਦੇਂਦਾ –

“ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ।”

– ਮਲਾ ੧, ਵਾਰ ੨੫ਸ, ੧, ੨:੨੧ (1290)

(2) ਦਾਨ ਕਰਦਾ

“ਦੇਦਾ ਰਹੈ ਨ ਚੂਕੈ ਭੋਗੁ।”

– ਆਸਾ ੧, ਸੋਦ ੩, ੩:੨ (9)

“ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ।”

– ਗੂਜ ੩, ਵਾਰ ੧੯ਸ, ੩, ੧:੪ (515)

ਹੋਰ ਰੂਪ:

ਦੇਂਦਾ –

“ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ।”(ਪ੍ਰਦਾਨ ਕਰਦਾ, ਦਾਨ ਕਰਦਾ)

– ਸਿਰੀ ੪, ਵਾਰ ੯ਸ, ੩, ੧:੩ (85)

ਦੇਦਿਆ ---- ਦੇਂਦਿਆਂ, ਪ੍ਰਦਾਨ ਕਰਦਿਆਂ

“ਫਰੀਦਾ ਕੂਕੇਦਿਆਂ ਚਾਂਗੇਦਿਆ ਮਤੀ ਦੇਦਿਆ ਨਿਤ।”

– ਸਲੋ ਫਰ, ੧੫:੧ (1378)

ਦੇਦੀ ------ ਦੇਂਦੀ

“ਗੁਰ ਸੁਪ੍ਰਸੰਨੇ ਮਿਲੁ ਨਾਹ ਵਿਛੁੰਨੇ ਧਨ ਦੇਦੀ ਸਾਚੁ ਸੁਨੇਹਾ।”

– ਆਸਾ ੫, ਛੰਤ ੪, ੨:੫ (455)

ਦੇਦੀਪੵ ----- ਦਗਦਗ ਚਮਕਦਾ

“ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪੵ ਬੈਸ੍ਵਾਂਤਰਹ।”

– ਸਸ ੫, ੧੭:੧ (1355)

ਦੇਦੇ ------- ਦੇਂਦਿਆਂ, ਦੇ ਦੇ ਕੇ

“ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ।”

– ਮਾਰੂ ੧, ਅਸ ੬, ੫:੩ (1012)

ਦੇਂਦੇ ------ (1) ਦੇਣ ਵਾਲਾ, ਦਾਤਾ

“ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ।”
– ਮਾਝ ੧, ਵਾਰ ੨ਸ, ੨, ੨:੧ (138)

(2) ਦੇਂਦਿਆਂ
“ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰੁ ਰੇ।”
– ਗਉ ੫, ੧੩੭*, ੩:੨ (209)

ਦੇਨ ------- ਦਿੰਦੇ ਹਨ
“ਜਿਨ ਭੇਟਤ ਹੋਵਤ ਸੁਖੀ ਜੀਅ ਦਾਨੁ ਦੇਨ।”
– ਬਿਲਾ ੫, ੪੯, ੧*:੨ (813)
“ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ।” (ਦੇਣ ਦੀ ਕਿਰਪਾ ਕਰ)
– ਬਸੰ ੫, ਅਸ ੧, ੧*:੨ (1192)
“ਤੁਮ੍ ਹਰਿ ਸਾਹ ਵਡੇ ਪ੍ਰਭ ਸੁਆਮੀ ਹਮ ਵਣਜਾਰੇ ਰਾਸਿ ਦੇਨ।” (ਦਿਓ)
– ਕਾਨ ੪, ੨, ੪:੧ (1295)

ਦੇਨਹਾਰ ---- ਦੇਣ ਵਾਲਾ
“ਦੇਨਹਾਰ ਦੇ ਰਹਿਓ ਸੁਜਾਨਾ।”
– ਗਉ ੫, ਬਾਅ ੪੧:੨ (258)

ਹੋਰ ਰੂਪ:

ਦੇਨਹਾਰਾ –
“ਜੀਅਉ ਹਮਾਰਾ ਜੀਉ ਦੇਨਹਾਰਾ।” (ਦੇਣ ਵਾਲਾ, ਦਾਤਾ)
– ਆਸਾ ੫, ੮੩, ੧*:੨ (391)

ਦੇਨਹਾਰੁ –
“ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ।” (ਦਾਤੇ ਪ੍ਰਭੂ ਨੂੰ ਛੱਡ ਕੇ)
– ਗਉ ੫, ਸੁਖ ੫ਸ:੧ (268)

ਦੇਨਾ ------ ਦੇਣਾ, ਪ੍ਰਦਾਨ ਕਰਨਾ
“ਜੋ ਦੇਨਾ ਸੋ ਦੇ ਰਹਿਓ ਭਾਵੈ ਤਹ ਤਹ ਜਾਹਿ।”
– ਗਉ ੫, ਬਾਅ ੧੮:੨ (253)
“ਮੈ ਨਾਹੀ ਕਿਸੀ ਕਾ ਦੇਨਾ।”
– ਸੋਰ ਕਬ, ੧੧, ੧:੪ (656)

ਦੇਨਿ ------ ਦਿੰਦੇ
“ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ।”
– ਮਾਝ ੧, ਵਾਰ ੧੧ਸ, ੧, ੨:੨ (143)
“ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ।”
– ਵਡ ੩, ਅਲਾ ੪, ੩:੩ (585)

ਦੇਨੀ ------ ਦੇਣਾ
“ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ।”
– ਮਾਝ ੫, ਬਾਰਾ ੭:੪ (134)

ਦੇਨੁ ------- (1) ਦਿਤਾ, ਦਸਿਆ

"ਰੀ ਬਾਈ ਬੇਢੀ ਦੇਨੁ ਨ ਜਾਈ।"

– ਸੋਰ ਨਾਮ, ੨, ੧*:੧ (657)

(2) ਦਿੰਦੇ ਹਨ

"ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ।"

– ਸੂਹੀ ਕਬ, ੫, ੧:੨ (793)

ਦੇਰ ------- ਦੇਵਰਾਨੀ, ਪਤੀ ਦੇ ਛੋਟੇ ਭਰਾ ਦੀ ਪਤਨੀ

"ਦੇਰ ਜਿਠਾਣੀ ਮੁਈ ਦੂਖਿ ਸੰਤਾਪਿ।" (ਆਸਾ ਤ੍ਰਿਸਨਾ ਰੂਪੀ)

– ਆਸਾ ੫, ੨, ੧:੨ (370)

ਦੇਵ ------- (1) ਦੇਵਤੇ

"ਆਖਹਿ ਦਾਨਵ ਆਖਿਹ ਦੇਵ।"

– ਜਪੁ ੧, ੨੬:੧੭ (6)

"ਨ ਦੇਵ ਦਾਨਵਾ ਨਰਾ।"

– ਮਾਝ ੧, ਵਾਰ ੧੩ਸ, ੧, ੨:੧ (143)

(2) ਪ੍ਰਭੂ, ਵਾਹਿਗੁਰੂ, ਜੋਤੀ ਸਰੂਪ ਕਰਤਾਰ

"ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ।"

– ਸਿਰੀ ੫, ੭੫, ੩:੨ (44)

"ਦੇਵ ਕਰਹੁ ਦਇਆ ਮੋਹਿ ਮਾਰਗਿ ਲਾਵਹੁ ਜਿਤੁ ਭੈ ਬੰਧਨ ਤੂਟੈ।" (ਹੇ ਪ੍ਰਕਾਸ਼ ਰੂਪੀ ਹਰੀ)

– ਆਸਾ ਕਬ, ੧, ੧*:੧ (475)

(3) ਦੇਵ ਮੂਰਤ, ਠਾਕੁਰ

"ਬਾਹਿਰ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ।"

– ਗੂਜ ੧, ੧, ੨:੧ (489)

ਦੇਵਉ ----- ਦੇਵਾਂ, ਭੇਟਾ ਕਰਾਂ

"ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ।"

– ਗਉ ੪, ੬੨, ੨:੨ (172)

ਦੇਵਈ ----- ਦੇਵੇ

"ਸੋ ਸਹੁ ਸਾਂਤਿ ਨ ਦੇਵਈ ਕਿਆ ਚਲੈ ਤਿਸੁ ਨਾਲਿ।"

– ਰਾਮ ੩, ਵਾਰ ੩ਸ, ੩, ੧:੨ (947)

ਦੇਵਸੀ ----- ਦੇਵੇਗਾ

"ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ।"

– ਸਿਰੀ ੪, ੬੯, ੪:੨ (41)

ਦੇਵਹ ------ ਪ੍ਰਕਾਸ਼ ਰੂਪ

"ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ।"

– ਸਸ ੫, ੩੯:੧ (1357)

ਦੇਵਹਿ ----- ਦਿੰਦਾ ਹੈ

"ਇਕਿ ਲੂਕਿ ਨ ਦੇਵਹਿ ਦਰਸਾ।"

– ਸਿਰੀ ੫, ਅਸ ੨੭, ੬:੨ (71)

"ਮਨਮੁਖਾ ਦੈ ਸਿਰਿ ਜੋਰਾ ਅਮਰੁ ਹੈ ਨਿਤ ਦੇਵਹਿ ਭਲਾ।" (ਹਮੇਸ਼ਾ, ਭਲਾ, ਦਿੰਦੇ ਹਨ ਭਾਵ ਮੰਨਦੇ ਹਨ)

– ਗਉ ੪, ਵਾਰ ੯ਸ, ੪, ੨:੩ (304)

"ਦਾਤਾ ਕਰਤਾ ਆਪਿ ਤੂ ਤੁਸਿ ਦੇਵਹਿ ਕਰਹਿ ਪਸਾਉ।" (ਦੇਂਦਾ ਹੈ)

– ਆਸਾ ੧, ਵਾਰ ੧:੩ (463)

"ਪ੍ਰਣਵਤਿ ਨਾਨਕ ਜੇ ਤੂੰ ਦੇਵਹਿ ਅੰਤੇ ਹੋਇ ਸਖਾਈ।" (ਦੇਵੇ)

– ਰਾਮ ੧, ੧, ੪:੨ (876)

ਹੋਰ ਰੂਪ:

ਦੇਵਹੀ –

"ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ।" (ਦਿੰਦੇ)

–ਜੈਤ ੫, ਵਾਰ ੪:੨ (706)

ਦੇਵਹੁ –

"ਜਨੁ ਨਾਨਕੁ ਜੀਵੈ ਨਾਮੁ ਲੈ ਹਰਿ ਦੇਵਹੁ ਸਹਜਿ ਸੁਭਾਇ।" (ਦਿੰਦੇ ਹੋ)

– ਸਿਰੀ ੩, ੩੫, ੫:੨ (27)

"ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ।" (ਦੇਵੋ ਦਿਓ)

– ਸਿਰੀ ੫, ੭੭, ੪:੩ (44)

ਦੇਵ ਹੋ –

"ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ।" (ਦਿਓ)

– ਵਡ ੧, ਅਲਾ ੫, ੨:੩ (582)

ਦੇਵ ਕਰੀ --- ਹਿੰਡੋਲ ਰਾਗ ਦੀਆਂ ਛੇ ਰਾਗਨੀਆਂ ਵਿਚੋਂ ਇਕ

"ਤੇਲੰਗੀ ਦੇਵਕਰੀ ਆਈ।"

– ਰਾਗ ੧:੨੫ (1430)

ਦੇਵਕਾ ----- ਦਿੰਦਾ ਹੈ

"ਹਰਿ ਕੀ ਵਡਿਆਈ ਵਡੀ ਹੈ ਅਪੁਛਿਆ ਦਾਨੁ ਦੇਵਕਾ।"

– ਸਿਰੀ ੪, ਵਾਰ ੬:੫ (84)

ਦੇਵਕੀ ----- ਸ੍ਰੀ ਕ੍ਰਿਸ਼ਨ ਜੀ ਦੀ ਮਾਤਾ

"ਧਨਿ ਧਨਿ ਤੂ ਮਾਤਾ ਦੇਵਕੀ।"

– ਮਾਲੀ ਨਾਮ, ੧, ੨:੧ (988)

ਦੇਵ ਕੁਲੀ --- ਦੇਵ ਕੁਲ ਵਾਲੇ ਭਾਵ ਦੇਵਤੇ

"ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ।"

– ਭੈਰ ੩, ਅਸ ੧, ੧੧:੧ (1154)

ਦੇਵਗੰਧਾਰੀ -- ਮਾਲਕ ਉਸ ਦੀ ਪੰਜ ਰਾਗਨੀਆਂ ਵਿਚੋਂ ਇਕ

"ਗੋਂਡਕਰੀ ਅਰੁ ਦੇਵਗੰਧਾਰੀ।"

– ਰਾਮ ੧:੧੫ (1430)

ਦੇਵਣ ----- ਦੇਵ

"ਗੁਰ ਦੀਖਿਆ ਘਰਿ ਦੇਵਣ ਜਾਹਿ।"

– ਰਾਮ ੩, ਵਾਰ ੧੧ਸ, ੧, ੧:੨ (951)

ਦੇਵਣਹਾਰ --- ਦੇਣਹਾਰ, ਦੇ ਸਕਣ ਦੇ ਸਮਰਥ

"ਜੈਸੀ ਭੁਖ ਹੋਈ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ।"

– ਗੂਜ ੧, ਅਸ ੨, ੧:੨ (503)

ਹੋਰ ਰੂਪ:

ਦੇਵਣਹਾਰਾ –

"ਸਰਬ ਜੀਆ ਕਉ ਦੇਵਣਹਾਰਾ।" (ਦੇਣ ਵਾਲਾ)

– ਮਾਝ ੫, ੩੯, ੩:੧ (106)

ਦੇਵਣਹਾਰਿ –

"ਅਮੁਲ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ।" (ਦੇਣ ਵਾਲੇ ਨੇ)

– ਸਿਰੀ ੧, ੫, ੧:੧ (15)

ਦੇਵਣਹਾਰੁ –

"ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ।" (ਦੇਣ ਵਾਲਾ, ਦੇ ਸਕਣ ਦੇ ਸਮਰਥ)

– ਗਉ ੧, ਸੋਹ ੧, ੨:੧ (12)

ਦੇਵਣਹਾਰੇ –

"ਦੇਵਣਹਾਰੇ ਕੈ ਹਥਿ ਦਾਨੁ।"

– ਸਿਰੀ ੧, ੩੨, ੧:੨ (25)

ਦੇਵਣਹਾਰੈ –

"ਹਥੀ ਦਿਤੀ ਪ੍ਰਭਿ ਦੇਵਣਹਾਰੈ।"

– ਮਾਝ ੫, ੪੨, ੪:੧ (106)

ਦੇਵਣਹਾਰੋ –

"ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ।"

– ਵਡ ੧, ਅਲਾ ੩, ੨:੧ (580)

ਦੇਵਣ ਵਾਲਾ -- ਦੇਣਹਾਰ, ਦੇਣ ਵਾਲਾ

"ਦੇਵਣ ਵਾਲਾ ਸਭ ਬਿਧਿ ਜਾਣੈ ਗੁਰਮੁਖਿ ਪਾਈਐ ਨਾਮੁ ਨਿਧਾਨੁ।"

– ਆਸਾ ੩, ੨੪, ੧*:੨ (423)

ਹੋਰ ਰੂਪ:

ਦੇਵਣ ਵਾਲੇ –

"ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ।"

– ਸਿਰੀ ੩, ੫੦, ੩:੨ (33)

ਦੇਵਣਾ ----- ਦੇਣਾ, ਪ੍ਰਦਾਨ ਕਰਨਾ

"ਅਣਮੰਗਿਆ ਦਾਨੁ ਦੇਵਣਾ ਕਹੁ ਨਾਨਕ ਸਚੁ ਸਮਾਲਿ ਜੀਉ।"

– ਸਿਰੀ ੧, ਅਸ ੨੮, ੨੪:੩ (73)

ਹੋਰ ਰੂਪ:

ਦੇਵਣਿਆ –

“ਹਉ ਤੇਰਾ ਤੂੰ ਠਾਕੁਰੁ ਮੇਰਾ ਸਬਦਿ ਵਡਿਆਈ ਦੇਵਣਿਆ।” (ਦੇਣ ਵਾਲਾ)
– ਮਾਝ ੩, ਅਸ ੧੧, ੧*:੨ (115)

ਦੇਵਤ ------ **ਦਿੰਦਾ ਹੈ**
“ਭੁਖੇ ਕਉ ਦੇਵਤ ਅਧਾਰ।”
– ਗਉ ੫, ਸੁਖ ੧੫, ੭:੨ (283)

ਹੋਰ ਰੂਪ:

ਦੇਵੰਤ –
“ਭਰਣ ਪੋਖਣ ਕਰੰਤ ਜੀਆ ਬਿਸ੍ਰਾਮ ਛਾਦਨ ਦੇਵੰਤ ਦਾਨੰ।”
– ਸਸ ੫, ੨੩:੧ (1356)

ਦੇਵਤਾ ----- **(1) ਸਵਰਗ ਨਿਵਾਸੀ, ਸੁਰ, ਫਰਿਸਤਾ**
“ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ।”
– ਗਉ ੫, ਵਾਰ ੨੦, ੫, ੨:੧ (323)

ਹੋਰ ਰੂਪ:

ਦੇਵਤਿਆ –
“ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ।”
– ਬਸੰ ੧, ਅਸ ੮, ੫:੨ (1191)

(2) ਪਵਿਤਰ ਪਦਾਰਥ
“ਅੰਨੁ ਦੇਵਤਾ ਪਾਣੀ ਦੇਵਤਾ ਬਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ।”
– ਆਸਾ ੧, ਵਾਰਾ ੧੯ਸ, ੧, ੧:੫ (473)

ਦੇਵਤੇ ------ **(1) ਭਲੇ/ਉਤਮ ਪੁਰਸ਼**
“ਮਾਣਸ ਤੇ ਦੇਵਤੇ ਭਏ ਧਿਆਇਆ ਨਾਮੁ ਹਰੇ।”
– ਸਿਰੀ ੪, ਵਾਰ ੧੯ਸ, ੩, ੨:੨ (90)

(2) ਫਰਿਸ਼ਤੇ
“ਸਿਮਰਹਿ ਦੇਵਤੇ ਕੋੜਿ ਤੇਤੀਸਾ।”
– ਮਾਰੂ ੫, ਸੋਲਾ ੮, ੩:੨ (1079)

“ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ।”
– ਮਾਰੂ ੫, ਵਾਰ ੧੮:੨ (1100)

ਦੇਵਦਾ ----- **ਦਿੰਦਾ**
“ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ।”
– ਗਉ ੪, ਵਾਰ ੩੨:੭ (317)

ਦੇਵਨ – ਦੇਣ, ਦਾਨ ਕਰਨ
“ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ।”
– ਗਉ ੫, ਛੰਤ ੩, ੪:੨ (249)

ਦੇਵਨਹਾਰ --- **ਦੇਣ ਹਾਰ, ਦੇ ਸਕਨ ਦੇ ਸਮਰਥ, ਵੇਖੋ ‘ਦੇਵਣਹਾਰ’**
“ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ।”
– ਗਉ ੫, ਬਾਅ ੩੪ਸ:੧ (257)

ਹੋਰ ਰੂਪ:

ਦੇਵਨਹਾਰਾ –
“ਤਿਨ ਜਨ ਕੀ ਧੂਰਿ ਬਾਛੈ ਨਿਤ ਨਾਨਕੁ ਪਰਮੇਸਰੁ ਦੇਵਨਹਾਰਾ।”
– ਦੇਵ ੫, ੨੦, ੨:੨ (532)

ਦੇਵਨਹਾਰੁ –
“ਦੇਵਨਹਾਰੁ ਮਨਹਿ ਬਿਸਰਾਨਾ।”
– ਗਉ ੫, ਬਾਅ ੬:੬ (251)

ਦੇਵਨ ਜੋਗ --- ਦੇਣ ਦੇ ਸਮਰਥ
“ਸੁਤ ਬਨਿਤਾ ਸਾਜਨ ਸੇਵਕ ਦੀਏ ਪ੍ਰਭ ਦੇਵਨ ਜੋਗ।”
– ਜੈਤ ੫, ਵਾਰ ੩:੩ (706)

ਦੇਵਨੀ ----- ਦੇਵੀ
“ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ।”
– ਸਿਰੀ ੫, ਪਹ ੪, ੫:੨ (78)

ਦੇਵਪੁਰੀ ---- ਦੇਵਤਿਆਂ ਦਾ ਨਗਰ, ਸਵਰਗ, ਸਚਖੰਡ
“ਦੇਵ ਪੁਰੀ ਮਹਿ ਗਯਉ ਆਪਿ ਪਰਮੇ ਸ੍ਵਰ ਭਾਯਉ।”
– ਸਵ ੫, ਹਰਿ ੨:੧ (1409)

ਦੇਵਰ ------ ਪਤੀ ਦਾ ਛੋਟਾ ਭਰਾ
“ਮਤੀ ਦੇਵੀ ਦੇਵਰ ਜੇਸਟ।”
– ਆਸਾ ੫, ੩, ੪:੨ (371)

ਦੇਵਲ ------ ਨਿਵਾਸ, ਸਥਾਨ, ਮੰਦਰ, ਸ਼ਿਵਾਲਾ
“ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ।”
– ਸਿਰੀ ਪੀਪਾ, ੧, ੧:੧ (695)

ਦੇਵਾ ------ (1) ਦੇਵਾਂ, ਭੇਟਾ ਕਰਾਂ
“ਹਰਿ ਕੇ ਸੰਤ ਮਿਲਹੁ ਮਨੁ ਦੇਵਾ ਜੋ ਗੁਰਬਾਣੀ ਮੁਖਿ ਚਉਦਾ ਜੀਉ।”
– ਮਾਝ ੪, ੫, ੨:੩ (95)
“ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ।”
– ਗੂਜ ੪, ੬, ੧*:੨ (494)

ਹੋਰ ਰੂਪ:

ਦੇਵਾਂ –
“ਮਨੁ ਦੇਵਾਂ ਸੰਤਾ ਮੇਰਾ ਪ੍ਰਭੁ ਮੇਲੇ ਜੀਉ।”
– ਗਉ ੪, ੬੬, ੨:੩ (173)

(2) ਦੇਣ ਵਾਲਾ, ਦਾਤਾ
“ਪਾਰਬ੍ਰਹਮ ਅਪਰੰਪਰ ਦੇਵਾ।”
– ਮਾਝ ੫, ੧੩, ੧:੧ (98)

(3) ਦੇਵਤਾ
“ਦੇਵੀ ਦੇਵਾ ਮੂਲੁ ਹੈ ਮਾਇਆ।”

– ਮਾਝ ੩, ੩੩, ੨:੧ (129)

“ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੈ ਜੀਉ ਦੇਹੀ।”

– ਗਉ ਕਬ, ੪੫, ੨:੧ (332)

“ਤੁਮਾ ਸੋ ਠਾਕੁਰੁ ਅਉਰੁ ਨ ਦੇਵਾ।” (ਦੇਵਤਾ, ਪੂਜਨਯੋਗ)

– ਸੋਰ ਰਵਿ, ੫, ੪:੨ (659)

ਹੋਰ ਰੂਪ:

ਦੇਵਾ –

“ਪੁਛਾ ਦੇਵਾ ਮਾਣਸਾਂ ਜੋਧ ਕਰਹਿ ਅਵਤਾਰ।”

– ਸਾਰ ੪, ਵਾਰ ੧੧ਸ, ੧, ੨:੩ (1241)

(4) ਪ੍ਰਭੂ, ਹਰਿ, ਪ੍ਰਮਾਤਮਾ

“ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ।”

– ਗਉ ੯, ੭, ੧:੨ (220)

“ਜੀਵਨ ਦੇਵਾ ਪਾਰਬ੍ਰਹਮ ਸੇਵਾ ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ।”

– ਧਨਾ ੫, ੨੯, ੧:੨ (678)

(ਜੀਵਨ ਪਾਰਬ੍ਰਹਮ ਦੇਵ (ਪਰਮਾਤਮਾ) ਦੀ ਸੇਵਾ)

(5) ਹੇ ਦੇਵ

“ਦੇਵਾ ਪਾਹਨ ਤਾਰੀਅਲੇ।”

– ਗਉ ਨਾਮ, ੧, ੧*:੧ (345)

(6) ਇਸ਼ਟ ਦੇਵ

“ਆਪੇ ਜਾਵੀ ਆਪੇ ਮਾਵੀ ਆਪਿ ਸੁਆਮੀ ਆਪਿ ਦੇਵਾ।”

– ਆਸਾ ੫, ਛੰਤ ੧, ੨:੪ (452)

“ਆਪ ਹੀ ਪੁਜਾਰੀ ਆਪ ਹੀ ਦੇਵਾ।”

– ਬਿਲਾ ੫, ੬, ੩:੨ (803)

(7) ਦੇਵਤਿਆ

“ਰਾਮ ਨਾਮੁ ਦੇਵਾ ਮਹਿ ਸੂਰੁ।”

– ਆਸਾ ੧, ਵਾਰ ੧੩ਸ, ੧, ੨:੪ (470)

“ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ।” (ਦੇਵਤਿਆਂ ਦੇ)

– ਆਸਾ ਰਵਿ, ੨, ੧:੨ (486)

(8) ਉਤਮ, ਸ੍ਰੇਸ਼ਟ ਪੁਰਸ਼

“ਨਾਦਿ ਸਮਾਇਲੋ ਰੇ ਸਤਿਗੁਰ ਭੇਟਿਲੇ ਦੇਵਾ।” (ਜਦ ਸਤਿਗੁਰ ਦੇਵ (ਉਤਮ ਪੁਰਸ਼) ਨੂੰ ਮਿਲਿਆ)

– ਸੋਰ ਨਾਮ, ੧, ੧*:੧ (657)

“ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ।” (ਹੇ ਦੇਵ/ਹੇ ਭਲੇ ਪੁਰਸ਼)

– ਸਾਰ ਪਰ, ੧, ੧:੧ (1253)

ਦੇਵਾਇਆ --- ਪ੍ਰਦਾਨ ਕਰਵਾਇਆ, ਦੁਆਇਆ

“ਇਕਨਾ ਸਚੁ ਬੁਝਾਇਓਨੁ ਤਿਨਾ ਅਤੁਟ ਭੰਡਾਰ ਦੇਵਾਇਆ।”

– ਸਿਰੀ ੪, ਵਾਰ ੮:੪ (85)

ਦੇਵਾਇਣਾ --- ਦੁਆਉਣਾ
“ਸਦਾ ਸਦਾ ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ।”
– ਮਾਰੂ ੫, ਸੋਲਾ ੭, ੧੪:੩ (1078)

ਦੇਵਾਈ ----- ਦੇਂਦਾ ਹੈ
“ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ।”
– ਸੂਹੀ ੪, ਅਸ ੧, ੨੧:੧ (758)

ਦੇਵਾਈਆ --- ਦਿਵਾਉਂਦਾ ਹੈ
“ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ।”
– ਸੋਰ ੪, ਵਾਰ ੧੪:੩ (648)

ਹੋਰ ਰੂਪ:

ਦੇਵਾਏ –
“ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ।” (ਦੇਵਾਉਂਦਾ ਹੈ)
– ਸੂਹੀ ੪, ੧੨, ੪:੧ (735)

ਦੇਵਾਕਰ ---- ਜੋਤ/ਚਾਣਨ ਦੀ ਖਾਨ/ਭੰਡਾਰ
“ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ।”
– ਪ੍ਰਭਾ ਕਬ, ੫, ੧:੧ (1350)

ਦੇਵਾਤ ----- ਦੇਵਤਾਪਨ (ਸ਼ਬਦਾਰਥ) ਪ੍ਰਕਾਸ਼ ਸਰੂਪ (ਸੰਥਿਆ)
“ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾਤ ਆਤਮਾ।”
– ਆਸਾ ੧, ਵਾਰ ੧੨, ੨, ੪:੧ (469)
(‘ਦਰਪਣ’ ਤੇ ‘ਨਿਰਣੇ’ ਦਾ ਪਾਠ ਦਾ ਪਦ ਛੇਦ ‘ਦੇਵਾ ਤ’ ਕਰਕੇ ‘ਤ’ ਦੇ ਅਰਥ ‘ਭੀ’ ਦੇ ਕਰਦੇ ਹਨ)

ਦੇਵਾਧਿ ----- ਦੇਵਤਿਆਂ ਦਾ
“ਓਹਿ ਪਰਮ ਪੁਰਖ ਦੇਵਾਧਿ ਦੇਵ।” (ਦੇਵਤਿਆਂ ਦਾ ਦੇਵ)
– ਬਸੰ ਕਬ, ੪, ੫:੧ (1194)

ਦੇਵਾਨਾ ----- ਝੱਲਾ, ਮੂਰਖ, ਸ਼ੁਦਾਈ, ਕਮਲਾ
“ਸੋ ਕਹੀਐ ਦੇਵਾਨਾ ਆਪੁ ਨ ਪਛਾਣਈ।”
– ਮਾਝ ੧, ਵਾਰ ੯:੨ (142)
“ਅੰਮ੍ਰਿਤ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ।” (ਸ਼ੁਦਾਈ, ਮਸਤ)
– ਮਾਰੂ ੧, ਅਸ ੭, ੫:੩ (1013)

ਦੇਵਾਨਿਆ --- ਸ਼ੁਦਾਈ ਹੋਇਆ, ਝੱਲਾ ਹੋਇਆ
“ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ।”
– ਜੈਤ ੫, ਵਾਰ ੯:੩ (707)

ਦੇਵਾਨੀ ----- ਕਮਲੀ, ਸ਼ੁਦਾਈ
“ਦੂਜੈ ਭਾਇ ਫਿਰੈ ਦੇਵਾਨੀ।”

– ਮਾਰੂ ੩, ਸੋਲਾ ੪, ੧੨:੧ (1047)

ਦੇਵਾਨੇ ----- ਪਾਗਲ, ਮੂਰਖ
"ਜੀਵਤ ਛਾਡਿ ਜਾਹਿ ਦੇਵਾਨੇ।"
– ਗਉ ੫, ੧੬੬, ੧:੧ (199)

ਦੇਵਾਲਿਆ --- ਮੰਦਰ
"ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ।"
– ਮਾਰੂ ੫, ਵਾਰ ੧੮:੧ (1100)

ਦੇਵਾਲੀਏ --- ਉਹ ਪੁਰਸ਼ ਜਿਸ ਕੋਲ ਰਿਣ ਚੁਕਾਨ ਲਈ ਕੁਝ ਨਾਂ ਹੋਵੇ
"ਜਿਨੀ ਗੁਰਮੁਖਿ ਹਰਿ ਨਾਮੁ ਧਨੁ ਨ ਖਟਿਓ ਸੇ ਦੇਵਾਲੀਏ ਜਗ ਮਾਹਿ।"
– ਬਿਲਾ ੪, ਵਾਰ ੮:੧ (852)

ਦੇਵਾਵੈ ----- ਦੁਆਏ, ਭਾਵ ਲਵਾਏ, ਖੁਦਾਏ, ਬਣਵਾ ਦੇਵੇ
"ਜੇ ਓਹੁ ਕੂਪ ਤਟਾ ਦੇਵਾਵੈ।"
– ਗੋਂਡ ਰਵਿ, ੨, ੧:੨ (875)

ਦੇਵੀ ------ (1) ਦੇਵਤਾ ਦੀ ਇਸਤ੍ਰੀ ਭਾਵ ਦੁਰਗਾ
"ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ।"
– ਜਪੁ ੧, ੨੭:੬ (6)

(2) ਦੇਵਤਾ ਦਾ ਇਸਤ੍ਰੀ ਲਿੰਗ, ਪਵਿੱਤਰ ਇਸਤ੍ਰੀ, ਸਤਕਾਰਿਤ ਇਸਤ੍ਰੀ
"ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।"
– ਜਪੁ ੧, ੩੫:੭ (7)

"ਦੇਵੀ ਦੇਵ ਉਪਾਏ ਵੇਸਾ।"
– ਬਿਲਾ ਥਿਤੀ, ੪:੨ (839)

(3) ਦੇਵਤਿਆਂ ਦੇ
"ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ।"
– ਮਾਝ ੧, ਵਾਰ ੨੬ਸ, ੧, ੧:੧੫ (150)
"ਜਿਤਨੇ ਤੀਰਥ ਦੇਵੀ ਥਾਪੇ ਸਭਿ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ।"
– ਮਲਾ ੪, ੨, ੩:੧ (1263)

(4) ਦੇਣ ਵਾਲੀ
"ਮਤੀ ਦੇਵੀ ਦੇਵਰ ਜੇਸਟ।"
– ਆਸਾ ੫, ੩, ੪:੨ (371)

ਦੇਵੀਆ ---- ਦੇਵੀਆਂ
"ਦੇਵੀਆ ਨਹੀ ਜਾਨੈ ਮਰਮ।"
– ਰਾਮ ੫, ੩੬, ੨:੩ (894)

ਦੇਵੈ ------- (1) ਦਿੰਦਾ ਹੈ, ਪ੍ਰਦਾਨ ਕਰਦਾ ਹੈ
"ਲੇਵੈ ਦੇਵੈ ਢਿਲ ਨ ਪਾਈ।"
– ਸਿਰੀ ੧, ੩੦, ੧*:੨ (25)
"ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ।"
– ਸਿਰੀ ੪, ੩, ੨:੪ (76)

(2) ਦਿੰਦਾ ਹੈ (ਸਹਾਇਕ ਕਿਰਿਆ)
“ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ।”
– ਸਿਰੀ ੪, ੬੬, ੨:੨ (40)
“ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ।”
– ਸਿਰੀ ੫, ਅਸ ੨੬, ੨:੨ (70)

ਦੈ -------- ਸਬੰਧ ਬੋਧਕ ਪ੍ਰਤਯ
“ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ।”
– ਧਨਾ ੧, ਸੋਰ ੩, ੩:੨ (13)

ਦੈਆਰ ----- ਹੇ ਦਿਆਲ
“ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ।”
– ਗਉ ੫, ਛੰਤ ੨, ੧:੩ (248)

ਦੈਆਲ ----- ਦਿਆਲ, ਦਇਆਵਾਨ
“ਦੀਨਾ ਨਾਥ ਦੈਆਲ ਦੇਵ ਪਤਿਤ ਉਧਾਰਣਹਾਰੁ।”
– ਮਾਝ ੫, ਦਿਨ ੨:੬ (137)

ਹੋਰ ਰੂਪ:

ਦੈਆਲਾ –
“ਬਿਨਵੰਤ ਨਾਨਕ ਇਛ ਪੁਨੀ ਜਪਤ ਦੀਨ ਦੈਆਲਾ।”
– ਗਉ ੫, ਛੰਤ ੩, ੪:੬ (249)

ਦੈਆਲੁ –
“ਜਉ ਹੋਇ ਦੈਆਲੁ ਸਤਿਗੁਰੁ ਅਪੁਨਾ ਤਾ ਇਹ ਮਤਿ ਬੁਧਿ ਪਾਈਐ।”
– ਗਉ ੫, ੧੫੩*, ੧:੨ (213)

ਦੈ ਹਉ ----- ਦੇਵਾਂ ਗਾ
“ਤੋ ਪਹਿ ਦੁਗਣੀ ਮਜੂਰੀ ਦੈਹਉ
ਮੋ ਕਉ ਬੇਢੀ ਦੇਹੁ ਬਤਾਈ ਹੋ।”
– ਸੋਰ ਨਾਮ, ੨, ੧:੨ (657)

ਦੈਣੀ ------ ਦੇਣ ਵਾਲਾ, ਦਾਤਾ
“ਅਗਿਆਨੁ ਅਧੇਰਾ ਸੰਤੀ ਕਾਟਿਆ ਜੀਅ ਦਾਨੁ ਗੁਰ ਦੈਣੀ।”
– ਦੇਵ ੫, ੯, ੧:੧ (530)

ਦੈਤ ------- (1) ਦੈਂਤ
“ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ ਦੂਜਾ ਭਾਉ ਨ ਜਾਣੈ।”
– ਸਿਰੀ ੩, ਅਸ ੨੨, ੪:੧ (67)

(2) ਦਿੰਦਾ ਹੈ
“ਡਾਨੁ ਦੈਤ ਨਿੰਦਕ ਕਉ ਜਾਮ।”
– ਭੈਰ ੫, ੩੪, ੧:੪ (1145)

ਦੈਤਹੁ ------ ਦੈਂਤਾਂ ਨੂੰ
“ਦਲਿ ਮਲਿ ਦੈਤਹੁ ਗੁਰਮੁਖਿ ਗਿਆਨੁ।”

– ਰਾਮ ਬੇਣੀ, ੧, ੯:੫ (974)

ਦੈਤਾ ------ ਦੈਂਤਾਂ ਨੇ
“ਦੈਤਾ ਮਾਰੇ ਧਾਇ ਹੁਕਮਿ ਸਬਾਇਆ।”
– ਮਲਾ ੧, ਵਾਰ ੩:੪ (1279)

ਹੋਰ ਰੂਪ:

ਦੈਤਿ –
“ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ।”
– ਭੈਰ ੩, ਅਸ ੧, ੬:੧ (154)

ਦੈਤੁ –
“ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ।”
– ਭੈਰ ੩, ੨੧, ੩:੨ (1133)
“ਭੂਲਾ ਦੈਤੁ ਨ ਸਮਝਈ ਤਿਨਿ ਪ੍ਰਭ ਕੀਏ ਕਾਮ।” (ਭਾਵ ਰਾਵਣ)
– ਸਲੋ ੧, ੨੬:੩ (1412)

ਦੈਤੈ –
“ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ।” (ਹਰਨਾਕਸ਼ ਦੈਂਤ ਦਾ)
– ਭੈਰ ੩, ੨੧, ੪:੨ (1133)

ਦੈਨ ------- ਦਿੰਦੇ ਹਨ
“ਮੁਖਿ ਅਪਿਆਉ ਬੈਠ ਕਉ ਦੈਨ।”
– ਗਉ ੫, ਸੁਖ ੪, ੧:੮ (267)

ਦੈਨਹਾਰ ---- ਦੇਣ ਵਾਲਾ, ਦਾਤਾ
“ਹਰਿ ਜਨ ਕੀ ਰੇਨ ਬਾਂਛੁ ਦੈਨਹਾਰ ਸੁਆਮੀ।”
– ਸਾਰ ੫, ੧੩੪, ੧:੨ (1250)

ਹੋਰ ਰੂਪ:

ਦੈਨਹਾਰੁ –
“ਦੈਨਹਾਰੁ ਸਦ ਜੀਵਨਹਾਰਾ।” (ਭਾਵ ਪ੍ਰਭੂ)
– ਗਉ ੫, ਬਾਅ ੩੪:੩ (257)

ਦੈਲਾ ------ ਦਿਤਾ ਹੈ
“ਛੀਪੇ ਕੇ ਘਰਿ ਜਨਮੁ ਦੈਲਾ ਗੁਰ ਉਪਦੇਸੁ ਭੈਲਾ।”
– ਆਸਾ ਨਾਮ, ੫, ੨:੧ (486)

ਦੋ -------- ਗਿਣਤੀ ਦੀ ਇਕ ਇਕਾਈ, ਇਕ ਤੋਂ ਬਾਅਦ ਦਾ ਅੰਕ
“ਜਿਸ ਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ।”
– ਆਸਾ ੫, ੧੨੩, ੧:੧ (401)

ਦੋਊ ------- ਦੋਵੇਂ
“ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕੁ ਡਾਰਿ ਗੁਰ ਪਾਗਿਓ।”
– ਗਉ ੫, ੧੬੦*, ੧:੧ (215)

ਦੋਇ ------ (1) ਦੂਜਾ ਭਾਵ, ਦ੍ਵੈਤ ਭਾਵ
"ਇਉ ਸਰਪਨਿ ਕੈ ਵਸਿ ਜੀਅੜਾ ਅੰਤਰਿ ਹਉਮੈ ਦੋਇ।"
– ਸਿਰੀ ੧, ਅਸ ੧੫, ੭:੨ (63)
"ਪਰਪੰਚਿ ਵਿਆਪਿ ਰਹਿਆ ਮਨੁ ਦੋਇ।" (ਦ੍ਵੈਤ ਭਾਵ ਵਿਚ)
– ਗਉ ੧, ੭, ੩:੩ (153)
(2) ਦੋ
"ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ।"
– ਆਸਾ ੫, ੧੨੩, ੨:੧ (402)
"ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ।" (ਸਤਰ ਤੇ ਦੋ ਭਾਵ ਬਹਿਤਰ)
– ਧਨਾ ਨਾਮ, ੨, ੧:੨ (693)
(3) ਦੋਵੇਂ
"ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ।"
– ਬਿਲਾ ਰਵਿ, ੨, ੧:੨ (858)

ਦੋਈ ------ ਦ੍ਵੈਤ ਭਾਵ
"ਗੁਰਮੁਖਿ ਅਹੰਕਾਰੁ ਜਲਾਏ ਦੋਈ।"
– ਗਉ ੩, ਅਸ ੨, ੩:੨ (230)

ਦੋਸ ------- (1) ਕਸੂਰ
"ਮੈ ਵਿਚਿ ਦੋਸ ਹਉ ਕਿਉ ਕਰਿ ਪਿਰੁ ਪਾਵਾ।"
– ਵਡ ੪, ੨, ੨:੧ (561)
(2) ਕਲੰਕ
"ਦਾਗ ਦੋਸ ਮੁਹਿ ਚਲਿਆ ਲਾਇ।"
– ਧਨਾ ੧, ੫, ੩:੩ (662)

ਦੋਸਤੀ ----- ਮਿਤਰਤਾ, ਪਿਆਰ, ਸਨੇਹ, ਲਗਨ
"ਖਾਧਾ ਹੋਇ ਸੁਆਹ ਭੀ ਖਾਣੇ ਸਿਉ ਦੋਸਤੀ।" (ਪਿਆਰ)
– ਮਾਝ ੧, ਵਾਰ ੧੭ਸ, ੧, ੧:੬ (146)
"ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।" (ਮਿੱਤਰਤਾ, ਲਗਨ)
– ਮਾਝ ੧, ਵਾਰ ੧੮ਸ, ੨, ੧:੫ (146)
"ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ।"
– ਮਲਾ ੧, ਵਾਰ ੨੩ਸ, ੧, ੧:੧ (1288)

ਦੋਸਾ ------ ਦੋਸ਼, ਕਲੰਕ, ਨੁਕਸ, ਊਜ
"ਨਾ ਹਉ ਭੁਲੀ ਨ ਹਉ ਚੁਕੀ ਨਾ ਮੈ ਨਾਹੀ ਦੋਸਾ।"
– ਰਾਮ ੫, ਵਾਰ ੬ਸ, ੫, ੧:੬ (959)

ਦੋਸਾਂ ------ ਕਸੂਰਵਾਰ, ਦੋਸ਼ੀ
"ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ।"
– ਸਲੋ ਫਰ, ੩੯:੨ (1379)

ਦੋਸੀ ------ ਦੋਸ਼ੀ, ਮਾੜੇ ਆਦਮੀ, ਕਲੰਕਤ

"ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ।"

– ਜਪੁ ੧, ੭:੫ (2)

ਦੋਸੁ ------- ਕਸੂਰ

"ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ।"

–ਮਾਝ ੫, ਬਾਰਾ ੯:੧ (135)

ਦੋਹਾਗਣਿ --- ਬੁਰੇ/ਖੋਟੇ ਆਚਾਰ ਵਾਲੀ, ਛੁਟੜ

"ਮਨਮੁਖ ਕਰਮ ਕਮਾਵਣੇ ਜਿਉ ਦੋਹਾਗਣਿ ਤਨਿ ਸੀਗਾਰੁ।"

– ਸਿਰੀ ੩, ੪੬, ੧:੧ (31)

"ਨਾਨਮ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ।" (ਛੁਟੜ)

– ਧਨਾ ੧, ਛੰਤ ੩, ੧:੬ (689)

ਹੋਰ ਰੂਪ:

ਦੋਹਾਗਣੀ –

"ਧ੍ਰਿਗ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।" (ਮੰਦੇ ਭਾਗਾਂ ਵਾਲੀ)

– ਸਿਰੀ ੧, ੧੩, ੧:੧ (18)

"ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ।" (ਛੁਟੜ ਨੂੰ)

– ਸਿਰੀ ੧, ਅਸ ੮, ੧:੩ (57)

ਦੋਹੀ ------ (1) ਡੌਡੀ, ਢੰਡੋਰਾ, ਹੋਕਾ, ਐਲਾਣ

"ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰ ਕਾਲੁ।"

– ਸਿਰੀ ੧, ਅਸ ੧੬, ੪:੨ (63)

"ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ।"

– ਰਾਮ ਬਸ, ੩:੪ (967)

(2) ਦੁਹਾਈ, ਸਹਾਇਤਾ ਲਈ ਪੁਕਾਰ

"ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ।"

– ਗਉ ੫, ੧੨੯*, ੧:੨ (207)

(3) ਠੱਗੀ, ਹੋਈ

"ਮਾਨ ਮੋਹੀ ਪੰਚ ਦੋਹੀ ਉਰਝਿ ਨਿਕਟਿ ਬਸਿਓ ਤਾ ਕੀ ਸਰਨਿ ਸਾਧੂਆ ਦੂਤ ਸੰਗੁ ਨਿਵਾਰਿ।"

– ਕਾਨ ੫, ੪੫, ੧*:੨ (1307)

(ਮਹਾਨਕੋਸ਼ ਇਸ ਦੇ ਅਰਥ 'ਧ੍ਰੋਹੀ' ਧ੍ਰੋਹ ਕਰਨ ਵਾਲਾ ਕਰਦੇ ਹਨ)

ਦੋਖ ------- (ਪਾਪ)

"ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭੁ ਪਾਰਬ੍ਰਹਮ ਬਖਸਿੰਦੁ।"

– ਸਿਰੀ ੫, ੮੨, ੪:੩ (46)

"ਸਿਮਰਤ ਨਾਮ ਦੋਖ ਸਭਿ ਲਾਥੇ।"

– ਮਾਝ ੫, ੪੫, ੨:੧ (107)

"ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ।"

– ਮਲਾ ੫, ੪, ੧:੧ (1267)

(2) ਅਵਗੁਣ, ਐਬ

“ਤਿਨ ਕੇ ਪਾਪ ਦੋਖ ਸਭਿ ਬਿਨਸੇ ਜੋ ਗੁਰਮਤਿ ਰਾਮ ਰਸੁ ਖਾਤੇ।” (ਅਵਗੁਣ, ਕਸੂਰ)
- ਗਉ ੪, ੫੪, ੨:੨ (169)

“ਇੰਦ੍ਰੀ ਜਿਤ ਪੰਚ ਦੋਖ ਤੇ ਰਹਤ।”
- ਗਉ ੫, ਸੁਖ ੯, ੧:੯ (274)

“ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।”
- ਆਸਾ ਰਵਿ, ੧, ੧:੧ (486)

“ਪਤਿਤ ਪੁਨੀਤ ਗੋਬਿੰਦਹ ਸਰਬ ਦੋਖ ਨਿਵਾਰਣਹ।”
- ਜੈਤ ੫, ਵਾਰ ੧੯ਸ, ੫, ੧:੧ (719)

(3) ਦ੍ਵੈਤ
“ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ।”
- ਸੂਹੀ ੫, ਛੰਤ ੧੧, ੩:੫ (784)

“ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ।”
- ਬਿਲਾ ੫, ੩੨, ੩:੧ (808)

ਦੋਖੰ ------- (1) ਦੁਖ (ਨਿਰਣੈ), ਡਰ (ਦਰਪਣ), (ਸੰਥਿਆ)
“ਰੋਗੁ ਨ ਬਿਆਪੈ ਨਾ ਜਮ ਦੋਖੰ।”
- ਗਉ ੧, ਅਸ ੭, ੧:੨ (223)

ਦੋਖਹ ------ ਅਵਗੁਣ, ਦੋਖ, ਦੋਸ਼
“ਸਾਧਸੰਗਿ ਗੁਣ ਗਾਇਆ ਸਭਿ ਦੋਖਹ ਖਾਤਾ।”
- ਗਉ ੫, ਵਾਰ ੬:੪ (319)

ਦੋਖਨ ------ ਅਵਗੁਣ, ਬੁਰਾਈਆਂ
“ਤੁਮ੍ਰੀ ਕ੍ਰਿਪਾ ਤੇ ਪਾਰਬ੍ਰਹਮ ਦੋਖਨ ਕੋ ਨਾਸੁ।”
- ਬਿਲਾ ੫, ੭੧, ੧:੨ (818)

ਦੋਖੜੈ ------ ਦੋਸ਼, ਬੁਰਾਈ, ਔਗੁਣ
“ਕੈ ਦੋਖੜੈ ਸੜਿਓਹਿ ਕਾਲੀ ਹੋਈਆ ਦੇਹੁਰੀ ਨਾਨਕ ਮੈ ਤਨਿ ਭੰਗੁ।”
- ਸਲੋ ੧, ੩੦:੨ (1412)

ਦੋਖਾ ------ ਨੁਕਸ, ਛਿਦਰ, ਐਬ
“ਕਾਮ ਕ੍ਰੋਧ ਕਰਿ ਅੰਧ ਮਾਇਆ ਕੇ ਬੰਧ ਅਨਿਕ ਦੋਖਾ ਤਨਿ ਛਾਦਿ ਪੂਰੇ।”
- ਧਨਾ ੫, ੫੩, ੧:੧ (683)

ਦੋਖਿ ------ ਦੋਖੀ ਬਣ ਕੇ, (ਨਿੰਦਾ, ਕਰਕੇ) ਦਵੈਸ਼ ਭਾਵ ਰੱਖਕੇ, ਵਿਰੋਧ ਕਰਕੇ
“ਸੰਤ ਕੈ ਦੋਖਿ ਨ ਤ੍ਰਿਸਟੈ ਕੋਇ।”
- ਗਉ ੫, ਸੁਖ ੧੩, ੭:੭ (280)

ਦੋਖੀ ------ (1) ਦਵੈਸ਼ ਭਾਵ ਰਖਣ ਵਾਲਾ, ਵਿਰੋਧੀ
“ਸੰਤ ਦੋਖੀ ਕਾ ਥਾਉ ਕੋ ਨਾਹਿ।”
- ਗਉ ੫, ਸੁਖ ੧੩, ੨:੯ (279)

(2) ਦੁਸ਼ਮਨ, ਵੈਰੀ

"ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ।"
- ਧਨਾ ੫, ੨੮, ੧*:੨ (678)

ਦੋਖੀਆ ---- ਵੈਰੀ
"ਓਇ ਬਿਖਾਦੀ ਦੋਖੀਆ ਤੇ ਗੁਰ ਤੇ ਹੂਟੇ।"
- ਆਸਾ ੫, ੧੧੯, ੧*:੧ (400)

ਦੋਖੁ ------- ਦੋਸ਼
"ਸੰਤ ਕੀ ਨਿੰਦਾ ਦੋਖ ਮਹਿ ਦੋਖੁ।"
- ਗਉ ੫, ਸੁਖ ੧੩, ੩:੯ (280)
"ਤਿਉ ਨਾਮੈ ਬਿਨੁ ਦੇਹੁਰੀ ਜਮੁ ਮਾਰੈ ਅੰਤਰਿ ਦੋਖੁ।" (ਬੁਰਾਈ)
- ਸੋਰ ੧, ੭, ੩:੨ (597)

ਦੋਖੇ ------- ਦੁਖ ਕਰਕੇ
"ਕਬੀਰ ਦੁਨੀਆ ਕੇ ਦੋਖੇ ਮੂਆ ਚਾਲਤ ਕੁਲ ਕੀ ਕਾਨਿ।"
- ਸਲੋ ਕਬ, ੧੬੬:੧ (1373)

ਦੋਖੈ ------- ਦੋਸ਼ ਕਰਕੇ
"ਸਤਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚ ਹੋਵੈ ਏਤੁ ਦੋਖੈ ਤਪਾ ਦਯਿ ਮਾਰਿਆ।"
- ਗਉ ੪, ਵਾਰ ੩੦ਸ, ੪, ੧:੬ (315)

ਦੋਜ ------- ਦੋਜ਼ਕ, ਨਰਕ
"ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ।"
- ਮਾਰੂ ੫, ਸੋਲਾ ੧੨, ੧੧:੩ (1084)

ਦੋਜਕ ------ (ਫਾ. ਦੋਜ਼ਖ) ਨਰਕ
"ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ।"
- ਗਉ ੫, ਵਾਰ ੧੯ਸ, ੫, ੨:੨ (322)

ਹੋਰ ਰੂਪ:

ਦੋਜਕਿ -
"ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ।" (ਨਰਕ ਵਿਚ)
- ਗਉ ੫, ਵਾਰ ੮ਸ, ੫, ੨:੨ (319)

ਦੋਜਕੁ -
"ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ।"
- ਸਿਰੀ ੧, ੨੭, ੧:੨ (24)

ਦੋਤਿ ------ ਰੋਜ਼ ਦਾ, ਦਿਨ ਦਾ, ਰੋਜਾਨਾ (ਸ਼ਬਦਾਰਥ, ਮਹਾਨਕੋਸ਼), ਉਠੀ ਹੋਈ (ਕੋਸ਼)
"ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ।"
- ਤੁਖਾ ੧, ਛੰਤ ੫, ੪:੫ (1112)

ਹੋਰ ਰੂਪ:

ਦੋਤੁ -

"ਨਾਮੁ ਭਣਹੁ ਸਚੁ ਦੋਤੁ ਸਵਾਰਿ।" (ਦਿਨ, ਭਾਵ ਅੰਮ੍ਰਿਤ ਵੇਲਾ)
– ਬਸੰ ੧, ਅਸ ੧, ੭:੨ (1187)
(ਗੁਰੂ ਗ੍ਰੰਥ ਕੋਸ਼ ਇਸ ਦੇ ਅਰਥ 'ਖੂਬਸੂਰਤੀ, ਸੁੰਦਰਤਾ' ਅਥਵਾ ਉਦੈ ਹੋਣਾ, ਸਵੇਰ ਵੇਲਾ ਕਰਦਾ ਹੈ।

ਦੋਨਉ ----- **ਦੋਵੇਂ**
"ਮੋ ਕਉ ਦੋਨਉ ਵਖਤ ਜਿਵਾਲੇ।"
– ਸੋਰ ਕਬ, ੧੧, ੨:੪ (656)

ਦੋਨੋ ------- **ਦੋਵੇ**
"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ।"
– ਗਉ ੯, ੧, ੧:੧ (219)

ਦੋਮ ------- **ਦੂਜਾ, ਦੂਜੇ ਦਰਜੇ ਦਾ**
"ਦੋਮ ਨ ਸੇਮ ਏਕ ਸੋ ਆਹੀ।"
– ਗਉ ਰਵਿ, ੨, ੨:੨ (345)

ਦੋਰਾਹਾ ----- **ਦੋ ਰਾਹ, ਦੋ ਚਿਤਾਪਣਾ**
"ਬਿਖਿਆ ਕਾਰਣਿ ਲਬੁ ਲੋਭੁ ਕਮਾਵਹਿ ਦੁਰਮਤਿ ਕਾ ਦੋਰਾਹਾ ਹੇ।"
– ਮਾਰੂ ੩, ਸੋਲਾ ੧੨, ੯:੩ (1055)

ਦੋਲ ------- **ਝੂਲਾ, ਪੰਘੂੜਾ**
"ਸੰਪਤ ਦੋਲ ਝੋਲ ਸੰਗਿ ਝੂਲਤ ਮਾਇਆ ਮਗਨ ਭ੍ਰਮਤ ਘੁਘਨਾ।" (ਮਾਇਆ, ਰੂਪ ਪੰਘੂੜੇ)
– ਸਮੁ ੫, ੪*:੨ (1387)

ਦੋਲਕ ----- **ਢੋਲ, ਢੋਲਕ**
"ਦੋਲਕ ਦੁਨੀਆ ਵਾਜਹਿ ਵਾਜ।"
– ਆਸਾ ੧, ੪, ੧:੨ (349)

ਦੋਲੀਚੇ ----- **(ਫਾ. ਕਾਲੀਹਚਾ) ਗਲੀਚੇ, ਕਾਲੀਨ**
"ਤਖਤੁ ਸਭਾ ਮੰਡਨ ਦੋਲੀਚੇ।"
– ਗਉ ੫, ੮੧, ੩:੧ (179)

ਦੋਵਰ ------ **ਦੁਹਰੀ, ਦੁਹਰਾ**
"ਦੋਵਰ ਕੋਟ ਅਰੁ ਤੇਵਰ ਖਾਈ।" (ਦੂਹਰੀ ਦੀਵਾਰ ਦਾ ਕਿਲਾ)
– ਭੈਰ ਕਬ, ੧੭, ੧*:੨ (1161)

ਦੋਵੈ ------- **ਦੋਨੋਂ**
"ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ।"
– ਮਾਝ ੩, ਅਸ ੨੩, ੫:੩ (123)

ਦੂਬੁ ------- **ਦੌਲਤ, ਧਨ**
"ਤਨੁ ਧਨੁ ਆਪਨ ਥਾਪਿਓ ਹਰਿ ਜਪੁ ਨ ਨਿਮਖ ਜਾਪਿਓ ਅਰਥੁ ਦ੍ਰਬੁ ਦੇਖੁ ਕਛੁ ਸੰਗਿ ਨਾਹੀ ਚਲਨਾ।"

– ਧਨਾ ੫, ੩੦, ੧:੨ (678)

“ਇਹੁ ਮੁੰਡੀਆ ਸਗਲੋ ਦ੍ਰਬੁ ਖੋਈ।”

– ਗੋਂਡ ਕਬ ੫, ੬, ੧*:੧ (871)

ਦ੍ਰਵਿਆ ----- ਪਸੀਜਿਆ, ਨਰਮ ਹੋਇਆ

“ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ।”

– ਕਾਨ ੪, ਅਸ ੧, ੩:੧ (1308)

ਦ੍ਰਵੈ ------- ਨਰਮ ਹੋਣਾ, ਪਸੀਜਣਾ

“ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ।”

– ਗਉ ੫, ਸੁਖ ੧੨, ੩:੫ (278)

“ਆਤਮਾ ਦ੍ਰਵੈ ਰਹੈ ਲਿਵ ਲਾਇ।” (ਪਿਘਲ ਜਾਂਦਾ ਹੈ)

– ਧਨਾ ੧, ੪, ੧:੨ (661)

ਦ੍ਰਿਸਟੰ ----- ਵੇਖਣਾ

“ਜਤ ਕਤਹ ਤਤਹ ਦ੍ਰਿਸਟੰ ਸ੍ਵਰਗ ਮਰਤ ਪਯਾਲ ਲੋਕਹ।”

– ਸਸ ੫, ੩੬:੧ (1357)

ਦ੍ਰਿਸਟਉ ---- ਦ੍ਰਿਸ਼ਟਮਾਨ ਪਦਾਰਥ, ਦਿਸਨ ਵਾਲੀਆਂ ਵਸਤੂਆਂ

“ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ।”

– ਸਾਰ ੫, ੧੩੫, ੧:੧ (1230)

ਦ੍ਰਿਸਟੰਗਨਾ -- ਨਜ਼ਰ ਵਿਚ

“ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ ਅਮਿਉ ਧਾਰਿ ਦ੍ਰਿਸਟੰਗਨਾ।”

– ਮਾਰੂ ੫, ਸੋਲਾ ੯, ੧੦:੩ (1080)

ਦ੍ਰਿਸਟੰਤ ---- ਨਜ਼ਰ ਆਉਂਦਾ ਹੈ, ਦਿਸਦਾ ਹੈ

“ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ।”

– ਜੈਤ ੫, ਵਾਰ ੨੦ਸ, ੫, ੧:੧ (716)

ਹੋਰ ਰੂਪ:

ਦ੍ਰਿਸਟੰਤਿ –

“ਕੀਰਤਨੰ ਸਾਧਸੰਗੇਣ ਨਾਨਕ ਨਹ ਦ੍ਰਿਸਟੰਤਿ ਜਮਦੂਤਨਹ।” (ਦਿਸੇਗਾ)

– ਸਸ ੫, ੩੪:੨ (1357)

ਦ੍ਰਿਸਟਾਇਓ -- ਦਿਖਾ ਦਿਤਾ

“ਸੰਤਸੰਗਿ ਰੰਗ ਤੁਮ ਕੀਏ ਅਪਨਾ ਆਪੁ ਦ੍ਰਿਸਟਾਇਓ।”

– ਸਾਰ ੫, ੬੬, ੧:੨ (1217)

ਦ੍ਰਿਸਟਾਇਆ – (1) ਦਿਸਿਆ, ਨਜਰੀ ਆਇਆ

“ਜੈਸਾ ਸਾ ਤੈਸਾ ਦ੍ਰਿਸਟਾਇਆ।”

– ਗਉ ੫, ਸੁਖ ੧੪, ੫:੫ (281)

(2) ਵਖਾਇਆ, ਦ੍ਰਿਸ਼ਟੀ ਗੋਚਰ ਕੀਤਾ

“ਗੁਰਿ ਦ੍ਰਿਸਟਾਇਆ ਸਭਨੀ ਠਾਂਈ।”

– ਮਾਰੂ ੫, ਸੋਲਾ ੪, ੬:੧ (1075)

ਦ੍ਰਿਸਟਾਏ --- (1) ਦਿਸੇ, ਨਜ਼ਰ ਆਵੇ
"ਜਤ ਜਤ ਜਾਈਐ ਤਤ ਦ੍ਰਿਸਟਾਏ।"
- ਬਿਲਾ ੫, ੬, ੧*:੨ (803)

(2) ਦਿਖਾ ਦਿਓ
"ਸਭਹੂ ਤਲੈ ਤਲੈ ਸਭ ਊਪਰਿ ਏਹ ਦ੍ਰਿਸਟਿ ਦ੍ਰਿਸਟਾਏ।"
- ਬਿਲਾ ੫, ੮੧, ੩:੧ (820)

ਦ੍ਰਿਸਟਾਹਿ --- ਦਿਸਦੇ ਹਨ
"ਅਨਿਕ ਰੰਗ ਨਾਨਾ ਦ੍ਰਿਸਟਾਹਿ।"
- ਗਉ ੫, ਸੁਖ ੨੩, ੧:੪ (293)

ਦ੍ਰਿਸਟਾਗਿਓ -- ਵੇਖਿਆ ਹੈ
"ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ।"
- ਗਉ ੫, ੧੬੦*, ੨:੧ (215)

ਦ੍ਰਿਸਟਾਨਾ --- ਦਿਸ ਆਉਣਾ, ਵਿਖਾਈ ਦੇਣਾ
"ਜੈਸਾ ਸਾ ਤੈਸਾ ਦ੍ਰਿਸਟਾਨਾ।"
- ਗਉ ੫, ਸੁਖ ੧੪, ੮:੬ (282)

ਦ੍ਰਿਸਟਾਨਾਂ --- ਦਰਸ਼ਨ, ਨਜ਼ਰ
"ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ ਦ੍ਰਿਸਟਾਨਾਂ।"
- ਸਾਰ ੫, ੪੬, ੨:੧ (1213)

ਦ੍ਰਿਸਟਾਨਿਓ -- ਦਿਸਦਾ ਹੈ
"ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ।"
- ਸਾਰ ੫, ੬੨, ੧:੧ (1216)

ਦ੍ਰਿਸਟਾਨੀ --- ਵਿਖਾ ਦਿੱਤਾ ਹੈ
"ਕਵਨ ਮੂਲ ਤੇ ਕਵਨ ਦ੍ਰਿਸਟਾਨੀ।"
- ਗਉ ੫, ਸੁਖ ੪, ੧:੨ (266)

ਦ੍ਰਿਸਟਾਰ --- ਦਿਖਾਈ ਦਿੰਦਾ ਹੈ
"ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ।"
- ਗਉ ੫, ਸੁਖ ੨੨ਸ:੧ (292)

ਹੋਰ ਰੂਪ:

ਦ੍ਰਿਸਟਾਰੰ –
"ਨਿਰਗੁਨ ਤੇ ਸਰਗੁਨ ਦ੍ਰਿਸਟਾਰੰ।"
- ਗਉ ੫, ਬਾਅ ੨:੪ (250)

ਦ੍ਰਿਸਟਾਰੀ --- ਦਿਸਦਾ/ਵਖਾਈ ਦਿੰਦਾ ਹੈ
"ਜੈਸੋ ਸਾ ਤੈਸੋ ਦ੍ਰਿਸਟਾਰੀ।"
- ਕਾਨ ੫, ੫, ੩:੨ (1299)

ਦ੍ਰਿਸਟਿ ----- (1) ਨਜ਼ਰ, ਦ੍ਰਿਸ਼ਟੀ

"ਦ੍ਰਿਸਟਿ ਧਾਰਿ ਮਨਿ ਤਨਿ ਵਸੈ ਦਇਆਲੁ ਪੁਰਖੁ ਮਿਹਰਵਾਨੁ।" ਦ੍ਰਿਸਟੀ ਕ੍ਰਿਪਾ (ਭਾਵ ਮਿਹਰ ਦੀ ਨਜ਼ਰ)

– ਸਿਰੀ ੫, ੮੮, ੩:੩ (49)

"ਦ੍ਰਿਸਟਿ ਆਵੈ ਸਭੁ ਏਕੰਕਾਰੁ।" (ਦਿਸ਼ੇ, ਨਜ਼ਰ ਆਵੇ)

– ਗਉ ੫, ੧੧੫, ੨:੨ (189)

"ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ।" (ਦ੍ਰਿਸ਼ਟੀ ਦੀ ਅਗ ਭਾਵ ਅੱਖਾਂ ਦੀ ਤ੍ਰਿਸ਼ਨਾ)

– ਆਸਾ ਕਬ, ੭, ੩:੧ (477)

"ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ।" (ਮਿਹਰ ਦੀ ਨਜ਼ਰ)

– ਬਿਹਾ ੫, ਛੰਤ ੮, ੩:੨ (547)

(2) ਵੇਖਦਾ ਹੈ

"ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿਓਹ ਚੰਦ ਚਕੋਰੀ।"

– ਗਉ ੫, ੧੩੪*, ੨:੨ (208)

"ਲੋਭਾਦਿ ਦ੍ਰਿਸਟਿ ਪਰਗ੍ਰਿਹੰ ਜਦਿਬਿਧਿ ਆਚਰਣੰ।" (ਵੇਖਣਾ)

– ਗੂਜ ਜੈਦੇ, ੧, ੩:੧ (526)

(3) ਦਿਸਦੀਆਂ ਵਸਤੂਆਂ, ਦ੍ਰਿਸ਼ਟਮਾਨ (ਪਦਾਰਥ)

"ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ।"

– ਗਉ ੫, ਸੁਖ ੧੪, ੬:੩ (281)

(4) ਵੇਖਣ ਵਾਲੀਆ

"ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ।"

– ਗੂਜ ੧, ਅਸ ੨, ੩:੨ (504)

(5) ਨਜ਼ਰ ਜੋਤ

"ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ।"

– ਭੈਰ ੧, ੩, ੧:੧ (1125)

(6) ਵਿਚਾਰ, ਖਿਆਲ

"ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ।" (ਦੰਭ ਦੇ ਖਿਆਲ ਨਾਲ)

– ਬਸੰ ੩, ੪, ੨:੩ (1169)

ਦ੍ਰਿਸਟਿਓ --- ਦਿਸੇ, ਨਜ਼ਰੀ ਆਏ

"ਕਵਨ ਰੂਪ ਦ੍ਰਿਸਟਿਓ ਬਿਨਸਾਇਓ।"

– ਸੂਹੀ ੫, ੧, ੧*:੧ (736)

ਦ੍ਰਿਸਟਿ ਭੂਲਿ – ਨਜ਼ਰ/ਅੱਖਾਂ ਨੂੰ ਭੁਲਾਣ ਵਾਲੀਆਂ

"ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ।"

– ਸਿਰੀ ੫, ੭੨, ੧:੧ (42)

ਦ੍ਰਿਸਟਿਮਾਨ -- ਦਿਸਦਾ, ਪ੍ਰਤੱਖ, ਜੋ ਦਿਸ ਰਿਹਾ ਹੈ

"ਦ੍ਰਿਸਟਿਮਾਨ ਅਖਰ ਹੈ ਜੇਤਾ।"

– ਗਉ ੫, ਬਾਅ ੫੪:੭ (261)

"ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।"

– ਬਿਲਾ ੫, ੩੧, ੨:੨ (808)

ਦ੍ਰਿਸ਼ਟੀ ----- ਨਜ਼ਰ, ਦਿਖ ਵਿਚ, ਨਜ਼ਰੀ
"ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ।"
– ਗਉ ੫, ਬਾਅ ੪੯ਸ:੨ (260)

ਦ੍ਰਿਸਟੀਜਾ --- ਨਜ਼ਰ, ਦ੍ਰਿਸ਼ਟੀ
"ਸਰਬ ਸੂਖ ਸਹਜ ਘਰਿ ਤੇਰੈ ਅਮਿਉ ਤੇਰੀ ਦ੍ਰਿਸਟੀਜਾ ਹੇ।"
– ਮਾਰੂ ੫, ਸੋਲਾ ੩, ੭:੩ (1074)

ਦ੍ਰਿਸਟੇਹ ---- ਦਿਸਦਾ ਹੈ
"ਅਨਿਕ ਛਿਦ੍ਰ ਮਨ ਮਹਿ ਢਕੇ ਨਿਰਮਲ ਦ੍ਰਿਸਟੇਹ।"
– ਬਿਲਾ ੫, ੪੭, ੧:੨ (812)

ਦ੍ਰਿਸਟੇਣ ---- ਦ੍ਰਿਸਟਮਾਨ, ਦਿਸਦਾ
"ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ।"
– ਗਾਥਾ ੫, ੩:੧ (1360)

ਦ੍ਰਿਸਟੇਤਾ --- (1) ਵੇਖਿਆ ਹੈ
"ਚਿੰਤ ਬਿਸਾਰੀ ਏਕ ਦ੍ਰਿਸਟੇਤਾ।"
– ਗਉ ੫, ਬਾਅ ੨੨:੭ (254)

"ਸਮਦਰਸੀ ਏਕ ਦ੍ਰਿਸਟੇਤਾ।"
– ਗਉ ੫, ਸੁਖ ੨੪, ੬:੮ (296)

ਦ੍ਰਿਸਟੋ ----- (1) ਪ੍ਰਤਖ, ਦ੍ਰਿਸ਼ਟਮਾਨ
"ਅਦ੍ਰਿਸਟੋ ਕਰਤਾ ਦ੍ਰਿਸਟੋ ਕਰਤਾ।"
– ਗੋਂਡ ੫, ੧, ੧:੨ (862)
(2) ਦਿਸਦਾ ਹੈ
"ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਓਹੁ ਭਿੰਨ ਦ੍ਰਿਸਟੋ।"
– ਸਾਰ ੫, ੩, ੪:੧ (1203)

ਦ੍ਰਿਸ੍ਟਿ ------ ਕ੍ਰਿਪਾ ਦ੍ਰਿਸ਼ਟੀ, ਮਿਹਰ ਦੀ ਨਜ਼ਰ
"ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸ੍ਟਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ।"
– ਸਵ ੪, ਨਲ ੧:੨ (1398)

ਦ੍ਰਿੜ ------ ਪਕੀ
"ਗਿਆਨੀ ਸੋਇ ਜਾ ਕੈ ਦ੍ਰਿੜ ਸੋਊ।"
– ਗਉ ੫, ਬਾਅ ੫:੩ (251)

ਦ੍ਰਿੜਈਆ --- ਪਕਿਆ ਕਰਨਾ
"ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ।"
– ਬਿਲਾ ੪, ਅਸ ੨, ੬:੧ (834)
"ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ।" (ਭਾਵ ਲਾਈ)
– ਬਿਲਾ ੪, ਅਸ ੪, ੧:੧ (835)

ਦ੍ਰਿੜਹੁ ----- ਪਕਿਆਂ ਕਰੋ
“ਬਾਣੀ ਬ੍ਰਹਮਾ ਵੇਦੁ ਧਰਮ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ।”
– ਸੂਹੀ ੪, ਛੰਤ ੨, ੧:੨ (773)

ਦ੍ਰਿੜੰਤ ----- ਪਕਿਆਂ ਕਰੋ
“ਦ੍ਰਿੜੰਤ ਨਾਮੰ ਤਜੰਤ ਲੋਭੰ।”
– ਸਸ ੫, ੧੦:੨ (1354)
“ਦ੍ਰਿੜੰਤ ਸੁਬਿਦਿਆ ਹਰਿ ਹਰਿ ਕ੍ਰਿਪਾਲਾ।” (ਭਾਵ ਪ੍ਰਾਪਤ ਕਰਦੇ ਹਨ)
– ਸਸ ੫, ੧੪:੨ (1355)

ਦ੍ਰਿੜੰਤਣ ---- ਪਕੀ ਤਰ੍ਹਾਂ ਧਾਰਨ ਕਰਨਾ
“ਸਰਬ ਦੋਖ ਪਰੰ ਤਿਆਗੀ ਸਰਬ ਧਰਮ ਦ੍ਰਿੜੰਤਣ।”
– ਗਾਥਾ ੫, ੨੨:੧ (1361)

ਦ੍ਰਿੜਤਾ ----- (1) ਪਕਿਆਈ, ਅਟਲਤਾ
“ਐਸੀ ਦ੍ਰਿੜਤਾ ਤਾ ਕੈ ਹੋਇ।” (ਅਨੰਨ ਸ਼ਰਧਾ, ਅਟਲ ਸ਼ਰਧਾ)
– ਗਉ ੫, ਅਸ ੩, ੧*:੧ (236)
“ਹੋਇ ਅਨੰਨਿ ਮਨਹਠ ਕੀ ਦ੍ਰਿੜਤਾ ਆਪਸ ਕਉ ਜਾਨਾਤ।”
– ਗੂਜ ੫, ੫, ੩:੧ (496)
(2) ਬੰਨ੍ਹ ਕੇ ਰਖਨਾ (ਭਾਵ)
“ਗੁਰ ਗਿਆਨ ਇੰਦ੍ਰੀ ਦ੍ਰਿੜਤਾ।”
– ਗੋਂਡ ਨਾਮ, ੧, ੩:੨ (873)

ਦ੍ਰਿੜਤਾਰੀ --- ਪਕੀ ਕਰਾਈ
“ਏਤ ਛਡਾਈ ਮੋਹਿ ਤੇ ਇਤਨੀ ਦਿੜ੍ਹਤਾਰੀ।”
– ਬਿਲਾ ੫, ੪੦, ੨:੧ (810)

ਦ੍ਰਿੜੰਤਿ ---- ਪਕਿਆਂ ਕਰਨਾ
“ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ।”
– ਸਸ ੫, ੪੯:੨ (1358)

ਦ੍ਰਿੜਾਂ ------ ਪਕਿਆਂ ਕਰਾਂ
“ਕਿਆ ਦ੍ਰਿੜਾਂ ਕਿਆ ਸੰਗ੍ਰਹਿ ਤਿਆਗੀ ਮੈ ਤਾ ਬੂਝ ਨ ਪਾਈ।”
– ਸਾਰ ੩, ਅਸ ੩, ੩:੧ (1234)

ਦ੍ਰਿੜਾਇ ---- ਪਕਿਆ ਕਰਾਵੇ, ਨਿਸਚਾ ਕਰਾਵੇ, ਚੰਗੀ ਤਰ੍ਹਾਂ ਸਮਝਾਵੇ
“ਕਿਰਪਾ ਕਰੇ ਗੁਰੁ ਪਾਈਐ ਹਰਿ ਨਾਮੋ ਦੇਇ ਦ੍ਰਿੜਾਇ।”
– ਸਿਰੀ ੩, ੫੨, ੧:੧ (33)
“ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮੁ ਦ੍ਰਿੜਾਇ।” (ਨਿਸਚਾ ਕਰਵਾ ਦੇਣ ਨਾਲ)
– ਸਿਰੀ ੪, ੬੬, ੪:੨ (40)
“ਮੇਰਾ ਠਾਕੁਰੁ ਸਚੁ ਦ੍ਰਿੜਾਏ।” (ਚੰਗੀ ਤਰ੍ਹਾਂ ਸਮਝਾਵੇ)
– ਮਾਝ ੩, ਅਸ ੬, ੩:੧ (112)

"ਨਾਮੁ ਦ੍ਰਿੜਾਇ ਮੂੰ ਹਾਂ।" (ਸਮਝਾਓ)
– ਆਸਾ ੫, ੧੬੧, ੨:੨ (410)

ਦ੍ਰਿੜਾਇਓ --- ਪਕੀ ਤਰ੍ਹਾਂ ਸਮਝਾਇਆ
"ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ।"
– ਗਉ ੫, ਅਸ ੧੩, ੭:੨ (241)

ਦ੍ਰਿੜਾਇਅਉ – ਪੂਰੀ ਤਰ੍ਹਾਂ/ਪਕੀ ਤਰ੍ਹਾਂ ਸਮਝਾਇਆ
"ਆਦਿ ਲੇ ਭਗਤ ਜਿਤੁ ਲਗਿ ਤਰੇ ਸੋ ਗੁਰਿ ਨਾਮੁ ਦ੍ਰਿੜਾਇਅਉ।"
– ਸਵ ੪, ਕਲ ੭:੫ (1397)

ਦ੍ਰਿੜਾਇਆ -- ਪਕੀ ਤਰ੍ਹਾਂ ਸਮਝਾਇਆ, ਪੂਰੀ ਤਰ੍ਹਾਂ ਨਿਸਚਾ ਕਰਵਾਇਆ
"ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ।"
– ਸਿਰੀ ੩, ੩੯, ੧:੩ (28)

"ਕਹੁ ਨਾਨਕੁ ਗੁਰਿ ਮੰਤ੍ਰੁ ਦ੍ਰਿੜਾਇਆ।" (ਭਾਵ ਮਤ ਦਿਤੀ)
– ਗਉ ੫, ੧੧੧, ੪:੧ (188)

ਦ੍ਰਿੜਾਈ ---- ਪਕੀ ਤਰ੍ਹਾਂ/ਚੰਗੀ ਤਰ੍ਹਾਂ, ਸਮਝਾਣਾ, ਨਿਸ਼ਚਾ ਕਰਾਉਣਾ
"ਕਿਰਪਾ ਕਰਿ ਕੈ ਨਾਮੁ ਦ੍ਰਿੜਾਈ।"
– ਗਉ ਕਬ, ੧੬, ੫:੧ (326)

"ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ।" (ਪਕੀ ਕੀਤੀ)
– ਧਨਾ ੩, ੪, ੨:੨ (664)

ਦ੍ਰਿੜਾਏ ---- ਪਕੀ ਤਰ੍ਹਾਂ ਸਮਝਾਉਣਾ
"ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ।"
– ਸਿਰੀ ੪, ੬੭, ੨:੨ (40)

"ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ।" (ਭਾਵ ਵਸ ਜਾਣ ਨਾਲ)
– ਆਸਾ ੫, ੧੫੩, ੨:੧ (408)

ਦ੍ਰਿੜਾਮੰ ----- ਪਕੀ ਤਰ੍ਹਾਂ ਸਮਝਾਉਣਾ
"ਕਮਰ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ।"
– ਸੋਰ ੧, ਅਸ ੧, ੫:੩ (635)

ਦ੍ਰਿੜਾਯਉ --- ਚੰਗੀ ਤਰ੍ਹਾਂ, ਸਮਝਾਇਆ/ਪਕਿਆ ਕਰਵਾਇਆ
"ਧਨਿ ਧਨਿ ਸਤਿਗੁਰ ਅਮਰਦਾਸ ਜਿਨਿ ਨਾਮੁ ਦ੍ਰਿੜਾਯਉ।"
– ਸਵ ੪, ਕਲ ੭:੨ (1397)

ਦ੍ਰਿੜਾਯਾ ---- ਪੱਕੀ ਤਰ੍ਹਾਂ ਸਮਝਾਇਆ
"ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜਾਯਾ।"
– ਧਨਾ ੫, ੮, ੧:੧ (672)

ਦ੍ਰਿੜਾਵਉ --- ਪਕੀ ਤਰ੍ਹਾਂ ਦਿਓ, ਪਕਿਆਂ ਕਰਾਓ
"ਸਖੀ ਸਹੇਰੀ ਸੰਗ ਕੀ ਸੁਮਤਿ ਦ੍ਰਿੜਾਵਉ।"
– ਆਸਾ ੫, ੧੧੭, ੩:੧ (400)

ਦ੍ਰਿੜਾਵਹਿ --- ਸਮਝਾ ਕੇ ਨਿਸਚਾ ਕਰਵਾਉਂਦੇ ਹਨ
"ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ ਹਰਿ ਨਾਮੇ ਜਗੁ ਨਿਸਤਾਰਿਆ।"
- ਗਉ ੪, ਵਾਰ ੨੦ਸ, ੪, ੨:੩ (311)

ਦ੍ਰਿੜਾਵਹੁ --- ਨਿਸਚੈ ਕਰਵਾਉ, ਪਕਾ ਕਰਵਾਉ
"ਹਰਿ ਹਰਿ ਸੰਤ ਮਿਲਹੁ ਮੇਰੇ ਭਾਈ ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ।"
- ਸੋਰ ੪, ਵਾਰ ੨੧:੧ (650)

ਦ੍ਰਿੜਾਵਣਿਆ - ਦ੍ਰਿੜ ਕਰਵਾਉਂਦਾ ਹੈ
"ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ।"
- ਮਾਝ ੩, ਅਸ ੬, ੪:੩ (112)

ਦ੍ਰਿੜਾਵੈ ----- ਸਮਝਾਉਣਾ, ਪਕਾ ਕਰਾਉਣਾ, ਨਿਸਚਾ ਕਰਾਉਣਾ
"ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ।"
- ਗਉ ੪, ੫੨, ੩:੧ (168)
"ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ।" (ਮਨ ਅੰਦਰ ਵਸਾਏ)
- ਗੂਜ ੪, ੬, ੧*:੧ (494)

ਦ੍ਰਿੜਿਓ ---- ਪਕੀ ਤਰ੍ਹਾਂ ਸਮਝਾਇਆ, ਪਕਾ ਕੀਤਾ
"ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ।"
- ਗਉ ੫, ੧੩੨*, ੧:੨ (208)
"ਤੈ ਤਉ ਦ੍ਰਿੜਿਓ ਨਾਮੁ ਅਪਾਰੁ।" (ਪੱਕੀ ਤਰ੍ਹਾਂ ਮਨ ਵਿਚ ਵਸਾਇਆ)
- ਸਵ ੨, ੩:੧ (1391)

ਦ੍ਰਿੜਿਆ ---- ਪਕੀ ਤਰ੍ਹਾਂ/ਸਪਸ਼ਟ ਰੂਪ ਵਿਚ ਸਮਝਿਆ
"ਸਤਿਗੁਰ ਤੇ ਦ੍ਰਿੜਿਆ ਇਕੁ ਏਕੈ।"
- ਗਉ ੫, ੮੭, ੪:੩ (181)

ਦ੍ਰਿੜੀ ------ ਪਕੀ ਤਰ੍ਹਾਂ ਸਮਝੀ/ਨਿਸਚੇ ਕੀਤੀ
"ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ।"
- ਗਉ ੫, ੧੨੭, ੪:੨ (206)

ਦ੍ਰਿੜੀਓ ---- ਪਕੀ ਤਰਾਂ ਧਾਰਨ ਕੀਤਾ
"ਈਹਾਂ ਊਹਾਂ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ।"
- ਨਟ ੫, ੨, ੧:੨ (978)

ਦ੍ਰਿੜੀਐ ---- ਪਕਿਆਂ ਕਰਨਾ
"ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ।"
- ਗਉ ੪, ੫੨, ੩:੨ (168)

ਦ੍ਰਿੜੀਜੈ ---- ਪਕੀ ਤਰ੍ਹਾਂ, ਸਮਝਾਉ
"ਮਨੁ ਤਨੁ ਅਰਪਿ ਧਰਉ ਸਭੁ ਆਗੈ ਰਸੁ ਗੁਰਮਤਿ ਗਿਆਨੁ ਦ੍ਰਿੜੀਜੈ।"
- ਕਲਿ ੪, ਅਸ ੪, ੧*:੨ (1325)

ਦ੍ਰਿੜੁ ------ (1) ਪਕਿਆਂ ਕਰ

"ਦ੍ਰਿੜੁ ਭਗਤਿ ਸਚੀ ਜੀਉ ਰਾਮ ਨਾਮੁ ਵਾਪਾਰਾ।"
– ਗਉ ੩, ਛੰਤ ੪, ੩:੨ (246)

(2) ਪਕੀ
"ਛਿਆਨੀ ਰਹਤ ਆਗਿਆ ਦ੍ਰਿੜੁ ਜਾਕੈ।"
– ਗਉ ੫, ਬਾਅ ੫:੫ (251)

"ਇਹ ਮਨੂਆਂ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ।"
– ਗਉ ੪, ਵਾਰ ੨੫ਸ, ੪, ੧:੧ (314)

ਦ੍ਰਿੜੈ ------ ਪਕਿਆਂ ਕਰੇ
"ਹਿਤ ਕਰਿ ਨਾਮ ਦ੍ਰਿੜੈ ਦਇਆਲਾ।" (ਭਾਵ ਸਿਮਰੈ)
– ਗਉ ੫, ਬਾਅ ੫੧:੫ (260)

"ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ।" (ਭਾਵ ਸਮਝੇ)
– ਗਉ ੫, ਸੁਖ ੭, ੪:੭ (271)

ਦ੍ਰਿੜ੍ਹ ------ ਪਕੀ ਤਰਾਂ
"ਸਤਿਗੁਰ ਨਾਮੁ ਏਕ ਲਿਵ ਮਨਿ ਜਪੈ ਦ੍ਰਿੜ੍ਹ ਤਿਨ੍ਹ ਜਨ ਦੁਖ ਪਾਪ ਕਹੁ ਕਤ ਹੋਵੈ ਜੀਉ।"
– ਸਵ ੪, ਨਲ ੧:੧ (1398)

ਦ੍ਰਿੜ੍ਹਾਇਓ --- ਪਕਿਆਂ ਕੀਤਾ
"ਦਰਸਨ ਭੇਟਤ ਹੋਤ ਪੁਨੀਤਾ ਹਰਿ ਹਰਿ ਮੰਤ੍ਰੁ ਦ੍ਰਿੜ੍ਹਾਇਓ।"
– ਕਾਨ ੫, ੭, ੧:੧ (1299)

ਦ੍ਰਿੜ੍ਹਾਏ ---- ਪਕੀ ਤਰਾਂ (ਸਮਝਾਉਣਾ)
"ਸਤਿਗੁਰ ਸੇਵਾ ਨਾਮੁ ਦ੍ਰਿੜ੍ਹਾਏ।"
– ਬਸੰ ੩, ੧੦, ੪:੨ (1175)

ਦ੍ਰਿੜ੍ਹਿਓ ---- ਪਕਾ ਕਰਕੇ ਧਾਰਨ ਕਰਨਾ
"ਦ੍ਰਿੜ੍ਹਿਓ ਗਿਆਨੁ ਮੰਤ੍ਰੁ ਹਰਿ ਨਾਮਾ ਪ੍ਰਭ ਜੀਉ ਮਇਆ ਕਰਾ।"
– ਜੈਤ ੫, ੬, ੧*:੨ (701)

ਦ੍ਰਿੜ੍ਹੀ ------ ਪਕਿਆਂ ਕਰਕੇ ਪਕੜੀ
"ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜ੍ਹੀ ਬਿਪਰੀਤਿ।"
– ਧਨਾ ੫, ੯, ੧:੨ (673)

ਦ੍ਰਿੜ੍ਹੀਆ ---- ਪਕੀ ਤਰਾਂ ਮਨ ਵਿਚ ਵਸਾਇਆ
"ਰਾਮ ਨ੍ਹਾਮ ਕਾਹੇ ਨ ਦ੍ਰਿੜ੍ਹੀਆ।"
– ਗਉ ਕਬ, ੩੫, ੧*:੨ (330)

ਦ੍ਰਿੜੁ ------ ਪਕੀ ਤਰਾਂ
"ਹਾਰਿ ਪਾਰਿਓ ਤੁਮ੍ਹਰੈ ਪ੍ਰਭ ਦੁਆਰੈ ਦ੍ਰਿੜੁ ਕਰਿ ਗਹੀ ਤੁਮ੍ਹਾਰੀ ਲੂਕ।"
– ਜੈਤ ੫, ੮, ੨:੧ (701)

ਦੂਸਟ ------ ਦੁਸ਼ਟ, ਬੁਰਾ ਚਾਹੁਣ ਵਾਲੇ ਵੈਰੀ
"ਭਈ ਮਿਤ੍ਰਾਈ ਮਿਟੀ ਬੁਰਾਈ ਦ੍ਰੁਸਟ ਦੂਤ ਹਰਿ ਕਾਢੇ ਛਾਣਿ।"

– ਬਿਲਾ ੫, ੧੧੨, ੨:੧ (826)

ਹੋਰ ਰੂਪ:

ਦ੍ਰੁਸਟਾਂ –
“ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ।”
– ਸਸ ੫, ੩੭:੧ (1357)

ਦ੍ਰੁਸਟਾਈ --- ਮੰਦੇ ਭਾਵ
“ਝਰਹਿ ਕਾਮ ਕ੍ਰੋਧ ਦ੍ਰੁਸਟਾਈ।”
– ਗਉ ੫, ਬਾਅ ੨੫:੭ (255)

ਦ੍ਰੁਗੰਧਤ ---- ਭੈੜੀ ਗੰਧ ਵਾਲੀ ਬਦਬੂ ਵਾਲੀ
“ਮਹਾ ਦ੍ਰੁਗੰਧਤ ਵਾਸੁ ਸਠ ਕਾ ਛਾਰੁ ਤਨ।”
– ਫੁਨ ੫, ੨੦:੨ (1363)

ਦ੍ਰੁਗੰਧਾ ----- ਦੁਰਗੰਧਤਾ, ਬਦਬੂ
“ਮਜਾ ਰੁਧਿਰ ਦ੍ਰੁੰਗਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ।”
– ਗਾਥਾ ੫, ੧:੨ (1360)

ਦ੍ਰੁਗਮ ----- ਜਿਥੇ ਜਾਣਾ ਔਖਾ ਹੋਵੇ
“ਅਗਮ ਦ੍ਰੁਗਮ ਗੜਿ ਰਚਿਓ ਬਾਸ।”
– ਭੈਰ ਕਬ, ਅਸ ੧, ੧:੧ (1162)

ਦ੍ਰੁਮ ------- ਬ੍ਰਿਛ, ਦਰਖਤ
“ਦ੍ਰੁਮ ਕੀ ਛਾਇਆ ਨਿਹਚਲ ਗ੍ਰਿਹੁ ਬਾਂਧਿਆ।”
– ਅਸ ੫, ੮੧, ੨:੧ (390)

ਦ੍ਰੁਲਭ ------ ਔਖੀ ਤਰਾਂ ਪ੍ਰਾਪਤ ਹੋਣ ਵਾਲਾ
“ਦ੍ਰੁਲਭ ਦੇਹ ਕਲਿਜੁਗ ਮਹਿ ਪਾਇਆ।”
– ਗਉ ੫, ਬਾਅ ੩੮:੨ (258)

ਦ੍ਰੋਹੰ ------- ਠੱਗੀ, ਛਲ
“ਕਿਲਵਿਖ ਗਏ ਮਨ ਨਿਰਮਲ ਹੋਈ ਹੈ ਗੁਰਿ ਕਾਢੇ ਮਾਇਆ ਦ੍ਰੋਹੰ।”
– ਸਾਰ ੫, ੩੭, ੨:੧ (1211)

ਦ੍ਰੋਪਤੀ ----- ਪੰਜਾਂ ਪਾਂਡਵਾਂ ਦੀ ਪਤਨੀ, ਪੰਚਾਲ ਦੇਸ ਦੇ ਰਾਜੇ ਦਰੁਪਦ ਦੀ ਬੇਟੀ ਕ੍ਰਿਸ਼ਨਾ ਜਿਸ ਨੂੰ ਪਿਤਾ ਦੇ ਨਾਂ ‘ਦ੍ਰੋਪਤੀ’ ਤੇ ਦੇਸ਼ ਦੇ ਨਾਂ ਤੇ ‘ਪੰਚਾਲੀ’ ਕਿਹਾ ਗਿਆ
“ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ।”
– ਨਟ ੪, ਅਸ ੫, ੧*:੨ (982)

ਦ੍ਰੋਪਦ ------ ‘ਦ੍ਰੋਪਤੀ’ ਦਾ ਪਿਤਾ ਪੰਚਾਲ ਦੇਸ਼ ਦਾ ਰਾਜਾ
“ਸਿਮਰਨ ਦ੍ਰੋਪਦ ਸੁਤ ਉਧਰੀ।”
– ਗੋਂਡ ਨਾਮ, ੧, ੩:੩ (874)

ਦ੍ਵਾਰਿ ------ ਦੁਆਰਾ, ਦਰਗਾਹ, ਬੂਹਾ

“ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ।”

– ਸਵ ੪, ਨਲ ੧੩:੪ (1400)

ਦ੍ਵਾਰਿਕਾ ---- ਗੁਜਰਾਤ ਵਿਚ ਸਮੁੰਦਰ ਦੇ ਕੰਢੇ ਵਸਿਆ ਇਕ ਸ਼ਹਿਰ, ਹਿੰਦੂ ਧਰਮ ਦੀਆਂ ਸਤ ਪਵਿੱਤਰ ਪੁਰੀਆਂ ਵਿਚੋਂ ਇਕ

“ਦ੍ਵਾਰਿਕਾ ਨਗਰੀ ਰਾਸਿ ਬੁਗੋਈ।”

– ਤਿਲੰ ਨਾਮ, ੩, ੧:੨ (727)

ਧ

ਧੰਉ ------ ਤੋਂ (ਮਹਾਨਕੋਸ਼), ਦੌੜਦਾ ਹੈ (ਕੋਸ਼) ਭਟਕਦਾ ਫਿਰਦਾ ਹੈ (ਨਿਰਣੈ, ਧਾਂਵਦਾ ਹੈ (ਦਰਪਣ)

“ਚਿਤ ਚੇਤਿ ਅਚੇਤ ਜਾਨਿ ਸਤਸੰਗਤਿ ਭਰਮ ਅੰਧੇਰ ਮੋਹਿਓ ਕਤ ਧੰਉ।”

– ਸਮੁ ੫, ੨*:੩ (1387)

ਧਉਲ ----- ਚਿਟ ਬਲਦ

“ਹੁਕਮੇ ਧਰਤੀ ਧਉਲ ਸਿਰਿ ਭਾਰੰ।”

– ਮਾਰੂ ੧, ਸੋਲਾ ੧੬, ੧੧:੧ (1037)

ਧਉਲਹਰ --- ਚਿੱਟੇ ਮਹਲ

“ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ।”

– ਸਿਰੀ ੧, ਅਸ ੧੫, ੧:੧ (62)

“ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ।” (ਭਾਵ ਅਮੀਰ ਘਰ)

– ਸਲੋ ਕਬ, ੧੫:੨ (1365)

ਧਉਲਹਰੀ --- ਉਚੇ ਸੁੰਦਰ ਮਹਲ

“ਗਚੁ ਜਿ ਲਗਾ ਗਿੜਵੜੀ ਸਖੀਏ ਧਉਲਹਰੀ।”

– ਸਲੋ ੧, ੧:੩ (1410)

ਧਉਲੀ ----- ਬੁਢਾਪੇ ਵਿਚ, ਵਾਲਾਂ ਦੇ ਚਿਟੇ ਹੋ ਜਾਣ ਸਮੇ, ਚਿਟੇ ਵਾਲਾਂ ਸਮੇਂ

“ਫਰੀਦਾ ਕਾਲੰ--ੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ।”

– ਸਲੋ ਫਰ, ੧੨:੧ (1378)

ਧਉਲੁ ----- ਚਿੱਟਾ ਬਲਦ

“ਘਰੁ ਮਹਿ ਧਰਤੀ ਧਉਲੁ ਪਾਤਾਲਾ।”

– ਮਾਝ ੩, ਅਸ ੨੮, ੨:੧ (126)

“ਆਪੇ ਧਰਤੀ ਧਉਲੁ ਅਕਾਸੰ।”

– ਮਾਰੂ ੧, ਸੋਲਾ ੨, ੧:੧ (1021)

ਧਉਲੇ ----- (1) ਚਿਟੇ ਸੁਫੈਦ

“ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ।”

– ਸਿਰੀ ਬੇਣੀ, ੧, ੪:੧ (93)

"ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ।"
- ਗੋਂਡ ਨਾਮ, ੭, ੨:੧ (875)

(2) ਚਿਟੇ ਕੇਸ
"ਨਾਵੈ ਧਉਲੇ ਉਭੇ ਸਾਹ।"
- ਮਾਝ ੧, ਵਾਰ ੧ਸ, ੧, ੨:੯ (137)
"ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੇ।"
- ਮਾਰੂ ੧, ਅਸ ੮, ੮:੧ (1014)

ਧਕ ------- ਧਕੇ
"ਗੁਰ ਤੁਠੈ ਹਰਿ ਪਾਇਆ ਚੁਕੇ ਧਕ ਧਕੇ।"
- ਆਸਾ ੪, ਛੰਤ ੧੬, ੪:੩ (449)

ਧਕਾ ------ ਹੁਜਕਾ, ਹਿਚਕੋਲਾ
"ਹੁਕਮੁ ਪਾਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ।"
- ਮਾਝ ੧, ਵਾਰ ੨੨ਸ, ੨, ੧:੩ (148)
"ਕਿਤੀ ਲਹਾ ਸਹੰਮ ਜਾ ਬਖਸੇ ਤਾ ਧਕਾ ਨਹੀ।" (ਦੁਖਾਂ ਦਾ ਧੱਕਾ)
- ਸੂਹੀ ੩, ਵਾਰ ੧੧ਸ ੧, ੨:੨ (789)

ਹੋਰ ਰੂਪ:

ਧਕੇ -
"ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ।"
- ਆਸਾ ੧, ੩, ੧:੨ (349)
"ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।" (ਪਰੇ ਹਟਾਏ ਜਾਣ ਲਈ ਧਕੇਲਿਆਂ ਜਾਣਾ)
- ਬਿਹਾ ੪, ਵਾਰ ੧੬ਸ, ੩, ੧:੩ (554)

ਧਜ ------- ਲੀਰ
"ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।" (ਲੀਰੋ ਲੀਰ)
- ਸਲੋ ਫਰ, ੧੦੩:੧ (1383)

ਧਜਾ ------ ਝੰਡੇ
"ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ।"
- ਸਲੋ ਕਬ, ੧੧੨:੧ (1370)

ਧਣਖੁ ------ ਕਮਾਣ
"ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ।"
- ਰਾਮ ਬਸ, ਵਾਰ ੬:੭ (968)

ਧਣੀ ------ (1) ਮਾਲਕ, ਸੁਆਮੀ ਭਾਵ ਪ੍ਰਭੂ
"ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ।"
- ਸਿਰੀ ੧, ੧੬, ੩:੩ (20)
"ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ।"(ਮਾਲਕ ਭਾਵ ਵਾਹਿਗੁਰੂ)

– ਗਉ ੪, ੪੫, ੧:੧ (165)
"ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ।" (ਮਾਲਕ ਭਾਵ ਪ੍ਰਭੂ)
– ਸਲੋ ਫਰ, ੧੨੯:੧ (1384)

(2) ਪਤੀ
"ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।" (ਪਤੀ ਉਸੇ ਲਈ ਖੁਸ਼ੀ ਦੇਣ ਵਾਲਾ ਹੈ)
– ਮਾਝ ੫, ਬਾਰਾ ੪:੯ (134)

(3) ਧਨ ਵਾਲਾ ਨੋਣਾ, ਧੰਨਵੰਤ
"ਹਸਤਿ ਰਥ ਅਸ੍ਵ ਪਵਨ ਤੇਜ ਧਣੀ ਭੂਮਨ ਚਤੁਰਾਂਗਾ।"
– ਜੈਤ ੫, ੧, ੩:੧ (700)
"ਵਖਰੁ ਹਿਕੁ ਅਪਾਰੁ ਨਾਨਕ ਖਟੇ ਸੋ ਧਣੀ।"
– ਰਾਮ ੫, ਵਾਰ ੧੯ਸ, ੫, ੧:੨ (965)

ਧਣੀਐ ----- ਮਾਲਕ, ਸੁਆਮੀ
"ਜਨ ਨਾਨਕ ਕਾ ਖਸਮੁ ਵਡਾ ਹੈ ਸਭਨਾ ਦਾ ਧਣੀਐ।"
– ਗਉ ੪, ਵਾਰ ੩੦:੫ (316)

ਧਤੂਰਾ ----- ਇਕ ਜ਼ਹਿਰੀਲਾ ਪੌਦਾ, ਨਸ਼ੀਲਾ ਪੌਦ
"ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ।"
– ਮਾਝ ੧, ਵਾਰ ੨੧ਸ, ੧, ੧:੧ (147)

ਧੰਧ ------- ਧੰਧਾ, ਵਿਹਾਰ, ਕੰਮ, ਪੈਸੇ/ਧਨ ਕਮਾਉਣ ਲਈ ਕੀਤਾ ਕੰਮ
"ਭ੍ਰਮ ਮਹਿ ਸੋਈ ਸਗਲ ਜਗਤ ਧੰਧ ਅੰਧ।"
– ਆਸਾ ੫, ੩੯, ੧:੧ (380)
"ਛੋਡਿ ਮਾਇਆ ਕੇ ਧੰਧ ਸੁਆਉ।"
– ਰਾਮ ੫, ੮, ੧*:੩ (885)

ਧੰਧਲੀ ----- ਧੰਧੇ
"ਵਿਣੁ ਨਾਮ ਹਰਿ ਕੇ ਕਛੁ ਨ ਸੁਝੈ ਅੰਧੁ ਬੂਡੌ ਧੰਧਲੀ।"
– ਸੂਹੀ ੧, ਛੰਤ ੫, ੬:੪ (767)

ਧੰਧੜਾ ----- ਧੰਧਾ, ਮਾਇਆ ਕਮਾਣ/ਇਕੱਠੀ ਕਰਨ ਦੇ ਕੰਮ, ਆਹਰ
"ਮੈ ਛਡਿਆ ਸਭੋ ਧੰਧੜਾ।"
– ਸਿਰੀ ੫, ਅਸ ੨੯, ੮:੧ (73)
"ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ।" (ਧੰਧਿਆਂ ਲਈ)
– ਵਡ ੧, ਅਸ ੪, ੪:੨ (581)

ਹੋਰ ਰੂਪ:

ਧੰਧੜੇ –
"ਧੰਧੜੇ ਕੁਲਾਹ ਚਿਤਿ ਨ ਆਵੈ ਹੇਕੜੋ।"
– ਗਉ ੫, ਵਾਰ ੨੦ਸ, ੫, ੧:੧ (323)

ਧੰਧੜੈ –
"ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ।" (ਧੰਧੇ, ਆਹਰ)

- ਸੋਰ ੪, ੧, ੩:੧ (604)

ਧਧਾ ------ ਗੁਰਮੁਖੀ ਵਰਣਮਾਲਾ ਦਾ 24ਵਾਂ ਚਿੰਨ੍ਹ, ‘ਧ’
“ਧਧਾ ਧੂਰਿ ਪੁਨੀਤ ਤੇਰੇ ਜਨੂਆ।”
- ਗਉ ੫, ਬਾਅ ੪:੧ (251)

ਧੰਧਾ ------ (1) ਕੰਮ, ਆਹਰ
“ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ।”
- ਸਿਰੀ ੧, ੧੪, ੩:੨ (19)
“ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ।”
- ਗੂਜ ੧, ਅਸ ੧, ੫:੨ (503)
(2) ਸੰਸਾਰ ਦੇ ਝਮੇਲੇ/ਦੌੜ ਭਜ, ਜੰਜਾਲ, ਕਜੀਆ
“ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ।” (ਦੌੜ ਭੱਜ ਕਰਦੇ)
- ਸਿਰੀ ੩, ੫੩, ੪:੩ (34)
“ਬ੍ਰਹਮ ਗਿਆਨੀ ਕੈ ਨਾਹੀ ਧੰਧਾ।” (ਜੰਜਾਲ)
- ਗਉ ੫, ਸੁਖ ੮, ੪:੫ (273)
(3) ਵਿਅਰਥ/ਨਿਰਾਰਥਕ ਕੰਮ
“ਧੰਧਾ ਪਿਟਿਹੁ ਭਾਈਹੋ ਤੁਮੁ ਕੂੜੁ ਕਮਾਵਹੁ।”
- ਆਸਾ ੧, ਅਸ ੧੩, ੪:੧ (418)

ਹੋਰ ਰੂਪ:

ਧੰਧਿ –
“ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ।” (ਵਿਅਰਥ ਕੰਮਾਂ ਵਿਚ)
- ਆਸਾ ੫, ੧੨੬, ੨:੨ (403)
(4) ਸਬੰਧ, ਵਿਹਾਰ
“ਪਰ ਨਾਰੀ ਸਿਉ ਘਾਲੈ ਧੰਧਾ।” (ਝਖ ਮਾਰਦਾ ਹੈ)
- ਭੈਰ ਨਾਮ, ੮, ੧:੨ (1165)

ਧੰਧਿਆ ---- ਝਮੇਲੇ/ਕਜੀਏ
“ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ।”
- ਸੂਹੀ ੫, ਅਸ ੫, ੩:੨ (761)

ਧੰਧੁ ------- (1) ਕਜੀਏ, ਸੰਸਾਰਿਕ ਝਮੇਲੇ, ਵਿਅਰਥ ਭਜ ਦੌੜ
“ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਣੁ।” (ਸੰਸਾਰਿਕ ਕਾਰ ਵਿਚ ਖੁਆਰ ਹੋਣਾ)
- ਸਿਰੀ ੧, ੧੯, ੪:੧ (21)
“ਮਮਤਾ ਮੋਹੁ ਸੁ ਬੰਧਨਾ ਪੁਤ੍ਰ ਕਲਤ੍ਰ ਸੁ ਧੰਧੁ।” (ਜੰਜਾਲ, ਝਮੇਲੇ)
- ਬਿਹਾ ੪, ਵਾਰ ੭ਸ, ੩, ੧:੨ (551)
“ਸਤਿਗੁਰ ਬਾਝਹੁ ਸਭੁ ਧੰਧੁ ਕਮਾਵੈ ਵੇਖਹੁ ਮਨਿ ਵੀਚਾਰੀ ਜੀਉ।” (ਚੋਟੀ ਬੱਧਾ ਕੰਮ ਕਰਨਾ)
- ਮਾਰੂ ੩, ਅਸ ੧, ੭:੩ (1016)
(2) ਕੰਮ ਕਾਜ

"ਬਿਖਿਆ ਕਾ ਸਭੁ ਧੰਧੁ ਪਸਾਰੁ।"
- ਭੈਰ ੫, ੩੩, ੧*:੧ (1145)

ਧੰਧੇ ------- (1) ਕੰਮ ਕਾਜ, ਆਹਰ
"ਸਿਰੇ ਸਿਰਿ ਧੰਧੇ ਲਾਇਆ।"
- ਸਿਰੀ ੧, ਅਸ ੨੮, ੨:੨ (71)
(2) ਵਿਅਰਥ ਕੰਮ, ਝਮੇਲੇ
"ਜਿਹ ਧੰਧੇ ਮਹਿ ਓਇ ਲਪਟਾਏ।"
- ਗਉ ੫, ੭੮, ੧:੩ (178)

ਧਧੈ ------- 'ਧਧੇ' ਅਖਰ ਦੁਆਰਾ
"ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ।"
- ਆਸਾ ੧, ਪਟੀ, ੨੨:੧ (433)

ਧੰਧੈ ------- (1) ਦੁਨੀਆਵੀ ਕਜੀਏ/ਵਿਅਰਥ ਕੰਮ/ ਝਮੇਲੇ
"ਗੁਰਿ ਰਾਖੇ ਸੇ ਉਭਰੇ ਹੋਰਿ ਮੁਠੀ ਧੰਧੈ ਠਗਿ।"
- ਸਿਰੀ ੧, ੧੪, ੨:੩ (19)
"ਅੰਦਰਿ ਸਹਸਾ ਦੁਖੁ ਹੈ ਆਪੈ ਸਿਰਿ ਧੰਧੈ ਮਾਰ।"
- ਗੂਜ ੩, ਵਾਰ ੧ਸ, ੩, ੨:੧ (508)
(2) ਕੰਮ ਕਾਜ
"ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।"
- ਸਿਰੀ ੫, ੭੪, ੩:੧ (43)
"ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ।" (ਆਹਰ)
- ਆਸਾ ੩, ਅਸ ੩੧, ੮:੧ (427)
(3) ਭਾਵ ਚੱਟੀ (ਬੱਧਾ), ਫਸਿਆ
"ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ।"

ਧਨ ------- (1) ਪਤਨੀ, ਇਸਤ੍ਰੀ
"ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ।"
- ਸਿਰੀ ੧, ੧੩, ੪:੩ (19)
"ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।"
- ਸੂਹੀ ੩, ਵਾਰ ੯ਸ, ੩, ੩:੧ (788)
(2) ਦੌਲਤ, ਪੈਸਾ ਮਾਇਆ
"ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ।"
- ਸਿਰੀ ੧, ਪਹ ੧, ੩:੧ (75)
"ਧਨ ਭੂਮਿ ਕਾ ਜੋ ਕਰੈ ਗੁਮਾਨੁ।"
- ਗਉ ੫, ਸੁਖ ੧੨, ੧:੭ (278)
(3) ਸਰੀਰ (ਰੂਪੀ ਇਸਤ੍ਰੀ)
"ਜਾ ਸਾਥੀ ਉਠੀ ਚਲਿਆ ਤਾ ਧਨ ਖਾਕੂ ਰਾਲਿ।"
- ਸਿਰੀ ੫, ੯੩, ੧:੨ (50)
"ਧਨ ਕਹੈ ਤੂ ਵਸੁ ਮੈ ਨਾਲੇ।"
- ਮਾਰੂ ੫, ਸੋਲ ੨, ੭:੧ (1073)

(4) ਸਲਾਹਣ ਯੌਗ
“ਧਨ ਧੰਨੁ ਗੁਰੂ ਨਾਨਕੁ ਸਮਦਰਸੀ ਜਿਨਿ ਨਿੰਦਾ ਉਸਤਤਿ ਤਰੀ ਤਰਾਂਤਿ।”
– ਮਲਾ ੪, ੫, ੪:੨ (1264)

(5) ਵਾਹ, ਚੰਗੀ
“ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ।”
– ਸਲੋ ਫਰ, ੩੧:੨ (1379)

ਧੰਨ ------- ਸਲਾਹਣਯੋਗ
“ਨਾਨਕ ਦਾਸ ਸੇਈ ਜਨ ਧੰਨ।”
– ਭੈਰ ੫, ੫੦, ੪:੪ (1151)

ਧਨੰ ------- ਧਨ, ਦੌਲਤ, ਮਾਇਆ
“ਨਚ ਦੁਰਲਭੰ ਧਨੰ ਰੂਪੰ ਨਚ ਦੁਰਲਭੰ ਸ੍ਵਰਗ ਰਾਜਨਹ।”
– ਸਸ ੫, ੩੫:੧ (1357)

ਧਨਹਿ ----- (1) ਧਨ/ਦੌਲਤ/ਮਾਇਆ ਦਾ
“ਕੋਈ ਕਹੈ ਮੈ ਧਨਹਿ ਪਸਾਰਾ।”
– ਰਾਮ ੫, ਅਸ ੧, ੪:੩ (913)
“ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ।” (ਧਨ ਲਈ)
– ਬਸੰ ਨਾਮ, ੧, ੨:੧ (1195)

(2) (ਸਰੀਰ ਰੂਪੀ) ਇਸਤ੍ਰੀ/ਪਤਨੀ
“ਪਿਰੁ ਧਨਹਿ ਸੀਗਾਰਿ ਰਖੈ ਸੰਗਾਨੈ।”
– ਮਾਰੂ ੫, ਸੋਲਾ ੨, ੨:੨ (1072)

ਧਨਹੀਣੁ ---- ਦੌਲਤ ਤੋਂ ਵਿਹੂਣਾ
“ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ।”
– ਬਿਹਾ ੪, ਵਾਰ ੧ਸ, ੩, ੨:੩ (548)

ਧਨਖੁ ------ ਧਨਸ਼, ਕਮਾਨ
“ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ।”
– ਗਉ ਕਬ, ੪੬, ੩:੧ (333)

ਧਨੰਜੈ ------ ਸ਼ਾਬਦਕ ਅਰਥ ਧਨ ਨੂੰ ਜਿਤਣ ਵਾਲਾ ਭਾਵ ਪ੍ਰਭੂ ਜਿਸ ਦੀ ਸੇਵਾ ਤੋਂ ਧਨ ਦੀ ਪ੍ਰਾਪਤੀ ਹੁੰਦੀ ਹੈ
“ਧਨੰਜੈ ਜਲਿ ਥਲਿ ਹੈ ਮਹੀਐ।”
– ਮਾਰੂ ੫, ਸੋਲਾ ੧੧, ੧੨:੨ (1083)

ਧਨਪਾਤੀ ---- ਧਨਵਾਨ, ਦੌਲਤਮੰਦ
“ਧਨਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ।”
– ਸਿਰੀ ੫, ੭੨, ੨:੨ (42)

ਧਨਵੰਤ ----- ਧਨਵਾਨ, ਦੌਲਤਮੰਦ, ਅਮੀਰ
“ਸੇ ਧਨਵੰਤ ਹਰਿ ਨਾਮੁ ਕਮਾਇ।”
– ਗਉ ੩, ੩੨, ੧:੩ (161)

“ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ।”
– ਬਸੰ ੫, ੧੩, ੨:੧ (1184)

ਧਨਵੰਤਹਿ --- ਅਮੀਰ, ਧਨਵਾਨ
“ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ।”
– ਸਸ ੫, ੨੦:੨ (1355)

ਧਨਵੰਤਾ ---- ਧਨਵਾਨ, ਦੌਲਤਮੰਦ, ਅਮੀਰ
“ਸੋ ਧਨਵੰਤਾ ਸੋ ਵਡ ਸਾਹਾ ਜੋ ਗੁਰ ਚਰਣੀ ਮਨੁ ਲਾਵਣਿਆ।”
– ਮਾਝ ੫, ਅਸ ੩੫, ੫:੩ (130)

ਹੋਰ ਰੂਪ:

ਧਨਵੰਤੀ –
“ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।” (ਧਨਵਾਨ, ਅਮੀਰ)
– ਸਲੋ ੩, ੫੧:੧ (1419)

ਧਨਵੰਤੁ –
“ਓਹੁ ਧਨਵੰਤੁ ਕੁਲਵੰਤੁ ਪਤਿਵੰਤੁ।” (ਅਮੀਰ, ਧਨਵਾਨ)
– ਗਉ ੫, ਸੁਖ ੨੩, ੮:੩ (294)

ਧਨਵੰਤੇ –
“ਸਤਿਗੁਰੁ ਸੇਵਨਿ ਸੇ ਧਨਵੰਤੇ ਐਥੈ ਓਥੈ ਨਾਮਿ ਸਮਾਵਣਿਆ।”
– ਮਾਝ ੩, ਅਸ ੫, ੩:੩ (112)

ਧਨਾ ------ (1) ਧਨ, ਦੌਲਤ
“ਲੋਭੀ ਅਨਦੁ ਕਰੈ ਪੇਖਿ ਧਨਾ।”
– ਗਉ ੫, ੧੬੨, ੩:੧ (198)

(2) ਧਣੀ, ਮਾਲਕ
“ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ।”
– ਮਾਰੂ ੫, ਸੋਲਾ ੮, ੫:੩ (1079)

ਧੰਨਾ ------ (1) ਸਲਾਹੁਣਯੋਗ, ਵਡਭਾਗੀ
“ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ।”
– ਆਸਾ ੪, ਛੰਤ ੧੫, ੧:੪ (449)

(2) ਇਕ ਭਗਤ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਸਾ ਰਾਗ (ਤਿੰਨ ਸ਼ਬਦ) ਤੇ ਧਨਾਸਰੀ ਰਾਗ (1 ਸ਼ਬਦ) ਦਰਜ ਹੈ। ਜੱਟ ਵੰਸ਼ ਵਿਚ ਇਸ ਦਾ ਜਨਮ 1473 ਈ. ਵਿਚ ਟਾਂਕ ਦੇ ਇਲਾਕੇ ਵਿਚ ਧੁਆਨ ਪਿੰਡ ਵਿਚ ਹੋਇਆ। ਗੁਰੂ ਦੀਖਸ਼ਾ ਰਾਮਾਨੰਦ ਜੀ ਤੋਂ ਲਈ।
“ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।”
– ਆਸਾ ਧੰਨਾ, ੨, ੪:੨ (488)

ਧਨਾਸਰੀ ---- ਦਿਨ ਦੇ ਤੀਜੇ ਪਹਿਰ ਗਾਈ ਜਾਣ ਵਾਲੀ ਕਾਫੀ ਠਾਟ ਦੀ ਸੰਪੂਰਨ ਰਾਗਣੀ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਸੋਰਠ ਰਾਗ ਉਪਰੰਤ 10ਵੇਂ ਥਾਂ ਤੇ ਹੈ
“ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ।”

– ਸਲੋ ੩, ੫੧:੧ (1419)
ਹੋਰ ਰੂਪ:
ਧੰਨਾਸਰੀ –
“ਧੰਨਾਸਰੀ ਏ ਪਾਚਉ ਗਾਈ।”
– ਰਾਗ ੧:੧੭ (1429)

ਧਨਾਢਿ ----- ਧਨਵਾਨ, ਅਮੀਰ, ਧਨੀ
“ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ।”
– ਸਿਰੀ ੫, ਅਸ ੨੬, ੭:੧ (70)

ਧਨਿ ------ (1) ਦੌਲਤ/ਮਾਇਆ ਨੇ
“ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।”
– ਸਿਰੀ ੧, ਅਸ ੧੩, ੧:੨ (61)
(2) ਧੰਨਤਾ ਯੋਗ, ਸਲਾਹਣਯੋਗ, ਸਤਿਕਾਰਯੋਗ, ਪ੍ਰਸੰਸ਼ਾ ਯੋਗ
“ਧਨਿ ਮਸਤਕ ਚਰਨ ਕਮਲ ਹੀ ਪਰਸ।”
– ਗਉ ੫, ੧੧੨*, ੨:੨ (201)
ਹੋਰ ਰੂਪ:
ਧੰਨਿ –
“ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ।”
– ਮਾਝ ੫, ੧੭, ੧:੩ (99)

ਧੰਨਿਓ ----- ਮੈਂ ਧੰਨ ਕਹਿੰਦਾ ਹਾਂ, ਸਲਾਹੁੰਦਾ/ਪ੍ਰਸੰਸ਼ਾ ਕਰਦਾ ਹੈ, ਸਦਕੇ ਜਾਂਦਾ ਹਾਂ
“ਧਨਿ ਧੰਨਿਓ ਰਾਮ ਬੇਨੁ ਬਾਜੈ।”
– ਮਾਲੀ ਨਾਮ, ੧, ੧*:੧ (988)

ਧਨੀ ------ (1) ਮਾਲਕ/ਸੁਆਮੀ ਪ੍ਰਭੂ
“ਸਰਬ ਬਿਆਪਿਤ ਪੂਰਨ ਧਨੀ।”
– ਗਉ ੫, ੯੦, ੨:੩ (182)
“ਤੁਮ ਧਨ ਧਨੀ ਉਦਾਰ ਤਿਆਗੀ ਸ੍ਰਵਨਨ੍ ਸੁਨੀਅਤੁ ਸੁਜਸੁ ਤੁਮ੍ਾਰ।” (ਧਨ ਦਾ ਮਾਲਕ)
– ਬਿਲਾ ਕਬ, ੭, ੧:੧ (856)
(2) ਮਾਲਕ, ਪਤੀ
“ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ।”
– ਗਉ ੧, ਛੰਤ ੧, ੨:੧ (242)
(3) ਧਨਵਾਨ, ਸ਼ਾਹੂਕਾਰ, ਧਨਾਢ
“ਜਾ ਕੈ ਗ੍ਰਿਹ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ।”
– ਆਸਾ ੫, ੭੮, ੧*:੨ (389)
“ਜਾ ਕਾ ਧਨੀ ਅਗਮ ਗੁਸਾਈ।” (ਸ਼ਾਹੂਕਾਰ, ਭਾਵ ਦਾਤਾ)
– ਆਸਾ ੫, ੭੯, ੨:੧ (390)

ਧੰਨੀ ------ ਧੰਨ, ਧੰਨਤਾ ਯੋਗ, ਵਡਿਆਈ ਯੋਗ

“ਨਾਨਕ ਜਨਨੀ ਧੰਨੀ ਮਾਇ।”
– ਮਾਲਾ ੧, ੮, ੪:੪ (1257)

ਧਨੀਆ ---- ਧਨਵੰਤੀ, ਮਾਇਆ ਨਾਲ ਪਿਆਰ ਕਰਨ ਵਾਲੀ
“ਮੇਰੀ ਬਹੁਰੀਆ ਕੋ ਧਨੀਆ ਨਾਉ।”
– ਆਸਾ ਕਬ, ੩੩, ੧:੧ (484)

ਧਨੀਤਾ ----- ਧਨਵਾਨ, ਅਮੀਰ
“ਸੂਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ।”
– ਬਿਲਾ ੫, ੩੭, ੩:੨ (810)

ਧਨੁ ------- (1) ਦੌਲਤ, ਮਾਇਆ
“ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ।”
– ਜਪੁ ੧, ੨੩:੩ (5)

(2) ਪ੍ਰਸੰਸਾ/ਸਲਾਹੁਣ/ਵਡਿਆਈ ਯੋਗ
“ਧਨੁ ਧੰਨੁ ਸਤੰਸਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ।”
– ਗੂਜ ੪, ਸੋਦ ੪, ੪:੨ (10)
“ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ।”
– ਸਿਰੀ ੩, ੪੯, ੧:੧ (32)

ਹੋਰ ਰੂਪ:

ਧੰਨੁ –
“ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਜਨ ਨਾਨਕ ਨਾਮੁ ਪਰਗਾਸਿ।”
– ਗੂਜ ੪, ਸੋਦ ੪, ੪:੨ (10)

(3) ਨਾਮ ਧਨ
“ਵਿਣੁ ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ।”
– ਗਉ ੪, ਵਾਰ ੧੫:੪ (309)

ਧਨੋੁ ------- ਦੌਲਤ, ਧਨ
“ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ।”
– ਆਸਾ ੫, ੧੧੧, ੨:੨ (398)

ਧਨੇ ------- ਧਨ, ਦੌਲਤ, ਨਾਮ ਧਨ
“ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ।”
– ਸਸ ੫, ੬੩:੪ (1359)
(ਮਹਾਨਕੋਸ਼ ਅਰਥ ‘ਧੰਨ’ ਹੈ ਕਰਦਾ ਹੈ)

ਧੰਨੈ ------- ਧੰਨੇ (ਭਗਤ) ਨੇ
“ਧੰਨੈ ਸੇਵਿਆ ਬਾਲ ਬੁਧਿ।”
– ਬਸੰ ੫, ਅਸ ੧, ੫:੧ (1192)

ਧਨੋ ------- (1) ਧਨ ਹੋ, ਪ੍ਰਸੰਸਾ ਯੋਗ ਹੈ

"ਸਤਸੰਗਤਿ ਸਤਿਗੁਰ ਧੰਨੁ ਧਨੋੁ ਧੰਨ ਧੰਨ ਧਨੋੁ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ।"

– ਕਾਨ ੪, ਵਾਰ ੧:੪ (1313)

ਹੋਰ ਰੂਪ:

ਧੰਨੋ –

"ਗੁਰਿ ਪਿਆਰੈ ਹਰਿ ਸੇਵਿਆ ਗੁਰ ਧੰਨੁ ਗੁਰੁ ਧੰਨੋ।" (ਧੰਨਤਾ ਯੋਗ)

– ਤਿਲੰ ੪, ਅਸ ੨, ੯:੧ (725)

(2) ਧਨ/ਦੌਲਤ ਸਮੇਤ

"ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ।"

– ਆਸਾ ੫, ੧੧੭, ੧*:੧ (400)

ਧਪਟ ------ ਝਟ-ਪਟ, ਤੁਰੰਤ, ਛੇਤੀ

"ਖੂਲੈ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ।"

– ਕੇਦਾ ੫, ੫, ੧:੨ (1120)

('ਮਹਾਨਕੋਸ਼' ਇਸ ਦੇ ਅਰਥ 'ਹੁਣਾ, ਹਵਾ ਬੰਦ ਹੋਣ ਤੋਂ ਹੋਇਆ 'ਹੁੰਮ' ਦੇ ਰਿਹਾ ਹੈ)

ਧੰਮੀ ------ ਧਾਮਾਂ/ਘਰਾਂ ਵਿਚ (ਨਿਰਣੇ), ਧੜਪਚ, ਰੌਲਾ (ਦਰਪਣ/ਗੁਰੂ ਗ੍ਰੰਥ ਕੋਸ਼)

"ਉਦੋਸੀਆ ਘਰੇ ਹੀ ਵੁਠੀ ਕੁੜਿਇੰ-ੀ ਰੰਨੀ ਧੰਮੀ।"

– ਸਲੋ ੧, ੨੯:੨ (1412)

ਧਰ ------- (1) ਟੇਕ, ਆਸਰਾ

"ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ।"

– ਸਿਰੀ ੫, ੮੨, ੩:੨ (46)

ਹੋਰ ਰੂਪ:

ਧਰੰ –

"ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ।" (ਆਸਰਾ)

– ਸਸ ੫, ੨੧:੧ (1355)

(2) ਧਰਤੀ

"ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ।"

– ਗਉ ੧, ੧੩, ੧:੩ (154)

"ਜਿਨਿ ਧਰ ਚਕ੍ਰ ਧਰੇ ਵੀਚਾਰੇ।" (ਪ੍ਰਿਥਵੀ)

– ਮਾਰੂ ੧, ਸੋਲਾ ੧੨, ੧:੨ (1032)

(3) ਮਿਟੀ

"ਸੋ ਤਨੁ ਧਰ ਸੰਗਿ ਰੁਲਿਆ।"

– ਗਉ ੫, ੧੩੯*, ੩:੨ (210)

(4) ਧੁਰਾ

"ਧਰ ਤੂਟੀ ਗਾਡੋ ਸਿਰ ਭਾਰਿ।"

– ਰਾਮ ੧, ੧੧, ੨:੩ (879)

(5) ਧਰਨਾ, ਟਿਕਾਉਣਾ

"ਙੁਨਿ ਮਨ ਬਚ ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੋ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ।"

– ਸਵ ੪, ਨਲ ੩:੩ (1399)

ਹੋਰ ਰੂਪ:

ਧਰੰ –
"ਕੰਚਨੁ ਤਨੁ ਹੋਇ ਪਰਸਿ ਪਾਰਸ ਕਉ ਜੋਤਿ ਸਰੂਪੀ ਧ੍ਯ੍ਨਾਨੁ ਧਰੰ।" (ਰੱਖ ਕੇ, ਧਰ ਕੇ, ਟਿਕਾ ਕੇ)

– ਸਵ ੪, ਗਯੰ ੪:੪ (1402)

ਧਰਉ ------ (1) ਧਰੇ, ਰਖੇ ਭਾਵ ਕਰੇ
"ਸਾਹਿਬੁ ਰੋਸੁ ਧਰਉ ਕਿ ਪਿਆਰੁ।"

– ਗਉ ਕਬ, ੬੯, ੧*:੨ (338)

(2) ਧਾਰਨ ਕਰਾਂ, ਗ੍ਰਹਿਣ ਕਰਾਂ
"ਪ੍ਰਿਅ ਪ੍ਰੇਮ ਸਹਜਿ ਮਨਿ ਅਨਦੁ ਧਰਉ ਰੀ।"

– ਅਸ ੫, ੭੬, ੧*:੧ (389)

(3) ਮੈਂ ਧਰਾਂ/ਰਖਾਂ
"ਮਨੁ ਬੁਧਿ ਅਰਪਿ ਧਰਉ ਗੁਰ ਆਗੈ ਗੁਰ ਪਰਸਾਦੀ ਮੈ ਅਕਥੁ ਕਥਈਆ।"

– ਬਿਲਾ ੪, ਅਸ ੩, ੩:੨ (834)

ਧਰਈ ----- ਧਰੀ, ਰਖੀ ਭਾਵ
"ਦੂਜੀ ਬਾਤ ਨ ਧਰਈ ਕਾਨਾ।" (ਭਾਵ ਸੁਣੀ)

ਹੋਰ ਰੂਪ:

ਧਰਈਐ –
"ਹਰਿ ਪਰਪੰਚੁ ਕੀਆ ਸਭੁ ਕਰਤੈ ਵਿਚਿ ਆਪੇ ਆਪਣੀ ਜੋਤਿ ਧਰਈਐ।" (ਧਰੀ ਹੈ)

– ਗੋਂਡ ੪, ੫, ੨:੧ (861)

ਧਰਹਾ ----- ਧਰਾਂ
"ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ।" (ਭਾਵ ਦੇਵਾਂ)

– ਸਾਰ ੫, ੪, ੪:੨ (1203)

ਧਰਹਿ ----- ਰਖੇ, ਧਰੇ
"ਅਠਸਠਿ ਤੀਰਥ ਜਹ ਸਾਧ ਪਗ ਧਰਹਿ।"

– ਰਾਮ ੫, ੨੫, ੩:੧ (890)

"ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ।" (ਕਰੇ)

– ਮਾਰੂ ੩, ਵਾਰ ੧੬ਸ, ੩, ੧:੧ (1091)

ਧਰਹੁ ------ (1) ਰਖੋ, ਧਰੋ, ਅਰਪਨ ਕਰੋ
"ਮਨੁ ਤਨੁ ਅਪਨਾ ਆਗੈ ਧਰਹੁ।"

– ਗਉ ੫, ੧੨੬, ੧:੨ (191)

(2) ਕਰੋ

“ਸਤ ਸੰਤੋਖ ਕਾ ਧਰਹੁ ਧਿਆਨੁ।”

– ਗਉ ਕਬ, ਥਿਤੀ ੧੫:੩ (344)

(3) ਟਿਕਾਓ

“ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ।”

– ਸਵ ੪, ੧੩:੪ (1400)

ਧਰਕਟ ----- ਧਿਰਨਾਰੀ/ਫਿਟਕਾਰੀ ਹੋਈ ਭਾਵ ਬਦਚਲਣ

“ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ।”

– ਸੋਰ ੪, ਵਾਰ ੨੩:੩ (651)

ਹੋਰ ਰੂਪ:

ਧਰਕਟੀ –

“ਮਾਇਆ ਮੋਹੁ ਧਰਕਟੀ ਨਾਰਿ।”

– ਬਿਲਾ ੧, ੩, ੨:੧ (796)

ਧਰਚਰੀ ---- ਧਰਤੀ ਉਪਰ ਵਿਚਰਨ ਵਾਲੇ ਬਿਹੰਗਮ ਲੋਕ, ਜੋ ਇਕ ਥਾਂ ਟਿੱਕ ਕੇ ਨਹੀਂ ਰਹਿੰਦਾ

“ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ।”

– ਕਾਨ ੫, ੫੦, ੧*:੨ (1308)

ਧਰਣ ------ ਧਰਤੀ

“ਤੁਧੁ ਥਾਪੇ ਚਾਰੇ ਜੁਗ ਤੂ ਕਰਤਾ ਸਗਲ ਧਰਣ।”

– ਮਾਰੂ ੫, ਵਾਰ ੨:੫ (1095)

ਧਰਣਾ ----- ਧਰਤੀ

“ਰਖਿ ਰਖਿ ਪੈਰ ਧਰੇ ਪਉ ਧਰਣਾ।”

– ਮਾਰੂ ੧, ਸੋਲਾ ੫, ੧੫:੧ (1023)

“ਕਲਾ ਉਪਾਇ ਧਰੀ ਜਿਨਿ ਧਰਣਾ।”

– ਮਾਰੂ ੫, ਸੋਲਾ ੧, ੧:੧ (1071)

ਧਰਣਿ ----- ਧਰਤੀ

“ਜਿਨਿ ਧਾਰੇ ਬਹੁ ਧਰਣਿ ਅਗਾਸ।”

– ਗਉ ੫, ੯੫, ੨:੧ (184)

“ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ।” (ਧਰਤੀ ਤੇ)

– ਰਾਮ ੫, ਵਾਰ ੧੨ਸ, ੫, ੨:੭ (963)

ਧਰਣੀਧਰ --- ਧਰਤੀ ਦਾ ਆਸਰਾ/ਟੇਕ ਭਾਵ ਕਰਤਾ/ਸਿਰਜਣਹਾਰ

“ਜਨਮ ਮਰਣ ਨਿਵਾਰਿ ਧਰਣੀਧਰ ਪਤਿ ਰਾਖੁ ਪਰਮਾਨੰਦ।”

– ਗੂਜ ੫, ਅਸ ੨, ੨:੨ (508)

“ਦੁਇ ਪਗ ਧਰਮੁ ਧਰੇ ਧਰਣੀਧਰ ਗੁਰਮੁਖਿ ਸਾਚੁ ਤਿਥਾਈ ਹੇ।” (ਧਰਤੀ ਨੂੰ ਧਾਰਨ ਵਾਲੇ)

– ਮਾਰੂ ੧, ਸੋਲਾ ੪, ੮:੩ (1024)

ਹੋਰ ਰੂਪ:

ਧਰਣੀਧਰਾ –
“ਹਉ ਨਾਮੁ ਹਰਿ ਦਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ।” (ਧਰਤੀ ਨੂੰ ਕਾਇਮ ਕਰਨ ਵਾਲੇ ਹਰੀ)
– ਧਂਨਾ ੧, ਛੰਤ ੧, ੧:੪ (687)

ਧਰਣੀਧਰੁ –
“ਹਮਾਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ।”
– ਗਉ ਕਬ, ੫੮, ੧*:੧ (336)

ਧਰਣੇ ------ ਰਖਿਆ/ਟਿਕਾਇਆ/ਧਰਿਆ ਹੈ
“ਪੇਖਿ ਦਰਸਨੁ ਨਾਨਕੁ ਜੀਵਿਆ ਮਨ ਅੰਦਰਿ ਧਰਣੇ।”
– ਗਉ ੫, ਵਾਰ ੯:੫ (320)

ਧਰਤ ------ (1) ਧਰਦਾ ਹੈ ਭਾਵ ਕਰਦਾ ਹੈ
“ਧਰਤ ਧੋਹ ਅਨਿਕ ਛਲ ਜਾਨੈ।”
– ਰਾਮ ੫, ੫੨, ੩:੧ (899)

“ਕੋਟਿ ਧਿਆਨੀ ਧਰਤ ਧਿਆਨੁ।” (ਧਰਦੇ ਹਨ)
– ਭੈਰ ੫, ਅਸ ੨, ੭:੨ (1156)

(2) ਧਰਤੀ
“ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ।”
– ਕਾਨ ੫, ੫੦, ੧*:੨ (1308)

ਧਰਤਾ ----- (1) ਰਖਦਾ
“ਜੀਅ ਸੰਗ ਪ੍ਰਭੁ ਅਪੁਨਾ ਧਰਤਾ।ਾ”
– ਆਸਾ ੫, ੫੪, ੨:੨ (384)

“ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ।” (ਧਰਦਾ ਹੈ)
– ਬਸੰ ੫, ੨੦, ੨:੨ (1186)

(2) ਧਾਰਨ ਵਾਲਾ
“ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ। ਸਭ ਮਹਿ ਰਹਿਆ ਸਮਾਇ।”
– ਆਸਾ ੫, ੫੪, ੨:੨ (406)

ਧਰਤਿ ----- ਧਰਤੀ
“ਸੁਣਿਐ ਧਰਤਿ ਧਵਲ ਆਕਾਸ।”
– ਜਪੁ ੧, ੮:੨ (2)

ਧਰਤੀ ----- ਜ਼ਮੀਨ, ਪ੍ਰਿਥਵੀ, ਭੂਮੀ
“ਧਰਤੀ ਹੋਰੁ ਪਰੈ ਹੋਰੁ ਹੋਰੁ।”
– ਜਪੁ ੧, ੧੬:੧੧ (3)

ਹੋਰ ਰੂਪ:

ਧਰਤਂ-ੀ –

"ਸਭੇ ਰੁਤੀ ਮਾਹ ਸਭਿ ਸਭਿ ਧਰਤੰ‍ੀ ਸਭਿ ਭਾਰ।"
– ਸਾਰ ੪, ਵਾਰ ੧੧ਸ, ੧, ੧:੨ (1241)

ਧਰਤੇ ------ (1) ਰਖਦੇ, ਕਰਦੇ, ਧਾਰਨ ਕਰਦੇ
"ਪਾਰਬ੍ਰਹਮ ਕਾ ਓਇ ਧਿਆਨੁ ਧਰਤੇ।"
– ਗਉ ੫, ੮੬, ੩:੪ (181)
(2) ਆਸਰਾ, ਟੇਕ
"ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ।"
– ਗਉ ੪, ਵਾਰ ੩੨:੬ (317)

ਧਰਤੇਵ -----ਧਰਤੀ
"ਸਾਗਰ ਇੰਦ੍ਰਾ ਅਰੁ ਧਰਤੇਵ।"
– ਭੈਰ ਕਬ, ੧੩, ੫:੨ (1160)

ਧਰਨ ------ ਧਾਰਨ ਵਾਲਾ ਭਾਵ ਪੈਦਾ ਕਰਨ/ਪਾਲਨ ਵਾਲਾ
"ਹਰਨ ਧਰਨ ਪੁਨ ਪੁਨਹ ਕਰਨ।"
– ਰਾਮ ੫, ੫੯, ੧:੧ (901)

ਧਰਨਾ ----- (1) ਧਰਤੀ, ਪ੍ਰਿਥਵੀ
"ਹਰਿ ਸਿਮਰਨਿ ਧਾਰੀ ਸਭ ਧਰਨਾ।"
– ਗਉ ੫, ਸੁਖ ੧, ੮:੫ (263)
(2) ਧਰਣਾ, ਰਖਨਾ, ਧਾਰਨ ਕਰਨਾ, ਟਿਕਾਉਣਾ
"ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ।"
– ਗਉ ਕਬ, ੧੮, ੨:੩ (327)
"ਤੁਮ੍ਰੀ ਆਸ ਭਰੋਸਾ ਤੁਮ੍ਰਾ ਤੁਮ੍ਰਾ ਨਾਮੁ ਰਿਦੈ ਲੈ ਧਰਨਾ।" (ਟਿਕਾਉਣਾ)
– ਕਾਨ ੫, ੯, ੧:੧ (1299)

ਧਰਨਿ ----- ਧਰਤੀ ਵਿਚ
"ਧਰਨਿ ਮਾਹਿ ਆਕਾਸ ਪਇਆਲ।"
– ਗਉ ੫, ਸੁਖ ੨੩, ੨:੩ (299)
"ਧਰਨਿ ਪੜੈ ਤਿਸੁ ਲਗੈ ਨ ਕਾਲਾ।" (ਧਰਤੀ ਤੇ ਪਏ ਨੂੰ ਭਾਵ ਨਮਰ ਨੂੰ)
– ਆਸਾ ੫, ੧੩, ੩:੨ (374)
(2) ਧਰਦੇ/ਕਰਦੇ ਹਨ
"ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ।"
– ਮਾਰੂ ੩, ਵਾਰ ੧੬ਸ, ੩, ੧:੩ (1096)

ਧਰਨੀ ----- ਧਰਤੀ, ਪ੍ਰਿਥਵੀ
"ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ।"
– ਗਉ ੫, ੧੬੪*, ੨:੧ (216)

ਧਰਨੀਧਰ --- ਧਰਤੀ ਦਾ ਆਸਰਾ ਭਾਵ ਪ੍ਰਭੂ
"ਪਾਰੁ ਨ ਪਾਵੈ ਕੋ ਧਰਨੀਧਰ ਮੰਤ।"
– ਭੈਰ ਕਬ, ਅਸ ੧, ੩:੪ (1162)

ਧਰਮ ------ (1) ਧਾਰਮਿਕ ਜਾਂ ਨੈਤਿਕ ਗੁਣ, ਭਲਾਈ, ਨੇਕੀ ਚੰਗੇ ਕਰਮ, ਪੁੰਨ ਕਰਮ

"ਮੰਨੈ ਧਰਮ ਸੇਤੀ ਸਨਬੰਧੁ।"

– ਜਪੁ ੧, ੧੪:੩ (3)

"ਸਾਧ ਰੇਣ ਮਜਨ ਸਭਿ ਧਰਮ।" (ਸ਼ੁਭ ਕਰਮ)

– ਗਉ ੫, ੯੧, ੩:੨ (183)

"ਸਭਿ ਅਰਥਾ ਸਭਿ ਧਰਮ ਮਿਲੇ ਮਨਿ ਚਿੰਦਿਆ ਸੋ ਫਲੁ ਪਾਇਆ ਰਾਮ।"

– ਆਸਾ ੪, ਛੰਤ ੯, ੬:੨ (443)

(2) ਧਰਮੀ

"ਜੋ ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ।"

– ਮਾਝ ੧, ਵਾਰ ੨ਸ, ੨, ੨:੪ (138)

(3) ਮਜ਼੍ਹਬ, ਦੀਨ

"ਸਾਧ ਕੈ ਸੰਗ ਦ੍ਰਿੜੈ ਸਭਿ ਧਰਮ।"

– ਗਉ ੫, ਸੁਖ ੭, ੪:੭ (271)

"ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ।"

– ਸੋਰ ੫, ੫੩, ੨:੧ (622)

"ਸਗਲ ਧਰਮ ਮਹਿ ਊਤਮ ਧਰਮ।"

– ਬਸੰ ੫, ੯, ੩:੧ (1182)

(4) ਨਿਯਮ, ਨਿਆਂ

"ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ।"

– ਗਉ ੪, ਵਾਰ ੭ਸ, ੪, ੧:੧ (302)

"ਸਾਚ ਧਰਮ ਕੀ ਕਰਿ ਦੀਨੀ ਵਾਰਿ।" (ਨਿਆਂ)

– ਆਸਾ ੫, ਅਸ ੧, ੨:੧ (430)

(5) ਕਰਮ (ਭਾਵ)

"ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।"

– ਗਉ ਰਵਿ, ਅਸ ੧, ੨:੧ (346)

ਹੋਰ ਰੂਪ:

ਧਰਮੰ –

"ਨਹ ਬਿਲੰਬ ਧਰਮੰ ਬਿਲੰਬ ਪਾਪੰ।" (ਧਰਮ ਦੇ ਕਰਮ)

– ਸਸ ੫, ੧੦:੧ (1354)

(6) ਧਰਮ ਰਾਜ

"ਗਾਵਨਿ੍ ਤੁਧਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮ ਦੁਆਰੇ।"

– ਆਸਾ ੧, ਸੋਦ ੧, ੧:੪ (347)

"ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ।" (ਧਰਮ ਰਾਜ ਦਾ)

– ਬਿਹਾ ੫, ਛੰਤ ੭, ੨:੨ (546)

ਹੋਰ ਰੂਪ:

ਧਰਮੰ –

"ਗਨੰਤ ਸ੍ਵਾਸਾ ਭੈਯਾਨ ਧਰਮੰ।"

– ਸਸ ੫, ੩:੪ (1354)

(7) ਵਰਨਾਸ਼੍ਰਮ ਦੇ ਨੀਯਤ ਕੀਤੇ ਫਰਜ਼, ਕਰਮ

“ਕਰਮ ਧਰਮ ਸਚੁ ਸਾਚਾ ਨਾਉ।”

- ਆਸਾ ੧, ੧੪, ੨:੧ (353)

“ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ।”

- ਰਾਮ ੯, ੨, ੨:੨ (902)

(8) ਅਕੀਦਾ, ਵਿਸ਼ਵਾਸ਼

“ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ।”

- ਗੂਜ ੫, ਅਸ ੨, ੫:੨ (508)

(9) ਸ਼ਾਸ਼ਤਰਾਂ ਅਨੁਸਾਰ ਜੀਵਨ ਵਿਚ ਪ੍ਰਾਪਤੀ ਦੇ ਮੰਨੇ ਗਏ ਚਾਰ ਪਦਾਰਥਾਂ ਵਿਚੋਂ ਇਕ; ਇਹ ਚਾਰ ਪਦਾਰਥ ਹਨ: ਧਰਮ, ਅਰਥ, ਕਾਮ ਤੇ ਮੋਖ ਇਥੇ ਧਰਮ ਤੋਂ ਭਾਵ ਹੈ ਆਪਣੇ ਨਿਯਮਾਂ ਵਿਚ ਪੱਕਾ ਹੋਣਾ

“ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ।”

- ਸੂਹੀ ੫, ਛੰਤ ੧੧, ੪:੪ (785)

“ਅਰਥ ਧਰਮ ਕਾਮ ਮੋਖ ਕਾ ਦਾਤਾ।”

- ਬਿਲਾ ੫, ੧੭, ੩:੧ (806)

(10) ਧਾਰਮਕ, ਧਰਮ ਵਲੋਂ ਨਿਰਧਾਰਤ ਕੀਤੇ ਹੋਏ

“ਬੰਧਨ ਕਰਮ ਧਰਮ ਹਉ ਕਰਤਾ।”

- ਭੈਰ ੫, ੪੧, ੨:੨ (1147)

ਧਰਮ ਸਾਲ -- ਧਰਮ ਕਮਾਉਣ ਦੀ ਥਾਂ

“ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ।”

- ਜਪੁ ੧, ੩੪:੩ (7)

ਧਰਮ ਸਾਲਾ -- ਧਰਮ ਕਮਾਉਣ/ਧਰਮੀਆਂ ਦੇ ਠਹਿਰਨ ਦਾ ਸਥਾਨ

“ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ।”

- ਗਉ ੫, ਛੰਤ ੨, ੧:੨ (248)

ਧਰਮਸਾਲੀਐ - ਧਰਮ ਸਥਾਨ ਉਤੇ ਠਹਿਰਨ ਵਾਲਾ

“ਮੋਹਿ ਨਿਰਗੁਣ ਦਿਚੈ ਥਾਉ ਸੰਤ ਧਰਮ ਸਾਲੀਐ।”

- ਗੂਜ ੫, ਵਾਰ ੩:੮ (518)

ਧਰਮ ਖੰਡ --- ਮਨੁੱਖੀ ਆਤਮ ਵਿਕਾਸ ਦੇ ਪੰਜ ਖੰਡ ਵਿਚੋਂ ਪਹਿਲਾ ਖੰਡ/ਅਵਸਥਾ

“ਧਰਮ ਖੰਡ ਕਾ ਏਹੋ ਧਰਮੁ।”

- ਜਪੁ ੧, ੩੫:੧ (7)

ਧਰਮ ਨਿਆਉ ਸਚਾ ਨਿਆਂ, ਧਰਮ ਦਾ ਨਿਆਂ

“ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ।”

- ਸਿਰੀ ੪, ਵਾਰ ੧੯:੩ (89)

ਧਰਮ ਨਿਆਏ ਸਚਾ ਨਿਆਂ, ਧਰਮ ਦਾ ਇਨਸਾਫ

“ਹਰਿ ਕਾ ਏਕੁ ਅਚੰ ਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ।”

- ਬਿਹਾ ੫, ਛੰਤ ੧, ੧:੧ (541)

ਧਰਮਰਾਓ --- ਧਰਮਰਾਜ
“ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮ ਰਾਓ।”
– ਸਿਰੀ ਤ੍ਰਿਲੋ, ੨, ੪:੧ (92)

ਧਰਮ ਰਾਇ -- ਧਰਮਰਾਜ, ਨਿਆਇਕਾਰੀ ਰਾਜਾ
“ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।”
– ਸਿਰੀ ੩, ੬੩, ੨:੧ (38)
“ਜਿਸੁ ਨਰ ਕੀ ਦੁਬਿਧਾ ਨ ਜਾਇ ਧਰਮ ਰਾਇ ਤਿਸੁ ਦੇਇ ਸਜਾਇ।” (ਨਿਆਂਕਾਰੀ ਰਾਜਾ)
– ਗੂਜ ੩, ੬, ੩:੨ (491)

ਧਰਮ ਰਾਇਆ ਧਰਮ ਰਾਜ
“ਛਲ ਬਪੁਰੀ ਇਹ ਕਉਲਾ ਡਰਪੈ ਅਤਿ ਡਰਪੈ ਧਰਮ ਰਾਇਆ।”
– ਮਾਰੂ ੫, ੧, ੩:੨ (999)

ਧਰਮ ਰਾਜਾ -- ਧਰਮ ਰਾਜ
“ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ।”
– ਆਸਾ ੫, ੧੪੦, ੨:੨ (406)

ਧਰਮਾ ----- (1) ਧਰਮ
“ਜੋ ਤੁਧੁ ਭਾਵੈ ਸੋ ਸਚੁ ਧਰਮਾ।” (ਜੀਵਨ ਮਰਯਾਦਾ)
– ਗਉ ੫, ੮੩, ੩:੨ (180)
“ਥਿਤਿ ਪਾਈ ਆਨਦੁ ਭਇਆ ਗੁਰਿ ਕੀਨੇ ਧਰਮਾ।” (ਨੇਮ ਨਿਭਾਇਆ ਹੈ)
– ਬਿਲਾ ੫, ੫੫, ੧:੨ (814)
(2) ਧਰਮਾ, ਨੇਮ ਨਿਭਾਉਣ ਵਾਲਾ
“ਇਹੁ ਮਨੁ ਕਰਮਾ ਇਹੁ ਮਨੁ ਧਰਮਾ।”
– ਆਸਾ ੧, ਅਸ ੮, ੩:੧ (415)
(3) ਕਰਮ
“ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ।”
– ਧਨਾ ੫, ੩੭, ੧:੨ (680)
“ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ।” (ਪੁੰਨ ਕਰਮ, ਪਰਉਪਕਾਰ)
– ਮਾਰੂ ੫, ੧੪, ੩:੨ (1002)

ਧਰਮਾਈ ---- ਮਾਇਆਧਾਰੀ
“ਰੰਗ ਪਰੰਗ ਕਤੀਫਿਆ ਪਹਿਰਹਿ ਧਰ ਮਾਈ।”
– ਸਾਰ ੪, ਵਾਰ ੨੪:੨ (1247)

ਧਰਮਾਤਾ ---- ਧਰਮ ਵਿਚ ਮਸਤ
“ਗਿਰਸਤੀ ਗਿਰਸਤਿ ਧਰਮਾਤਾ।”
– ਸਿਰੀ ੫, ਅਸ ੨੭, ੪:੨ (71)

ਧਰਮਾਪੁਰਿ -- ਧਰਮ ਦੀ ਪੁਰੀ ਭਾਵ ਸਤਿਸੰਗ
“ਧਧੈ ਧਰਮੁ ਧਰ ਧਰਮਾ ਪੁਰਿ ਗੁਣਕਾਰੀ ਮਨੁ ਧੀਰਾ।”

– ਰਾਮ ੧, ਓਅੰ ੩:੧ (930)

ਧਰਮਿ ----- (1) ਧਰਮ/ਕਰਮ ਨਾਲ/ਦੁਆਰਾ
“ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ।”
– ਗਉ ੫, ਸੁਖ ੯, ੫:੯ (274)
(2) ਸਚਾ
“ਵੈਰੁ ਕਰਨਿ ਨਿਰਵੈਰ ਨਾਲਿ ਧਰਮਿ ਨਿਆਇ ਪਚੰਦੇ।”
– ਗਉ ੩, ਵਾਰ ੩੧:੮ (317)
(3) ਧਰਮੀਆਂ ਵਿਚ
“ਓਇ ਧਰਮਿ ਰਲਾਏ ਨਾ ਰਲਨ੍ਹਿ ਓਨਾ ਅੰਦਰਿ ਕੂੜੁ ਸੁਆਉ।”
– ਗੂਜ ੩, ਵਾਰ ੮ਸ, ੩, ੨:੪ (511)
(4) ਧਰਮ ਦੇ
“ਦੁਆਪੁਰਿ ਧਰਮਿ ਦੁਇ ਪੈਰ ਰਖਾਏ।”
– ਰਾਮ ੩, ੧, ੩:੩ (880)

ਧਰਮੀ ----- ਧਰਮਵਾਲਾ, ਧਰਮ ਅਨੁਸਾਰ ਕਰਮ ਕਰਨ ਵਾਲਾ
“ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ।”
– ਸਿਰੀ ੪, ਵਾਰ ੧੬:੫ (89)

ਧਰਮੀਆ --- ਧਰਮ ਅਨੁਸਾਰ ਕਰਮ ਕਰਨ ਵਾਲੇ
“ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ।”
– ਸਿਰੀ ੪, ਵਾਰ ੧੬:੫ (89)

ਧਰਮੁ ------ (1) ਬਝਵਾਂ ਨਿਯਮ
“ਧੌਲੁ ਧਰਮੁ ਦਇਆ ਕਾ ਪੂਤੁ।”
– ਜਪੁ ੧, ੧੬:੭ (3)
“ਅਮੁਲੁ ਧਰਮੁ ਅਮੁਲੁ ਦੀਬਾਣੁ।” (ਕਾਨੂੰਨ, ਨਿਯਮ)
– ਜਪੁ ੧, ੨੬:੫ (5)
“ਧਰਮ ਖੰਡ ਕਾ ਏਹੋ ਧਰਮੁ।” (ਨੇਮ)
– ਜਪੁ ੧, ੩੫:੧ (7)
“ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ।” (ਪ੍ਰਤਿਗਿਆ, ਨੇਮ)
– ਗਉ ੫, ਸੁਖ ੬, ੨:੭ (270)
“ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।” (ਸੰਜਮ, ਨੇਮ)
– ਧਨਾ ੧, ੮, ੩:੧ (663)
(2) ਧਰਮ ਰਾਜ, ਵੇਖੋ ‘ਧਰਮ’ (6)
“ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।”
– ਜਪੁ ੧, ੨੭:੪ (6)
“ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ।”
– ਅਸ ੫, ਛੰਤ ੧੨, ੩:੨ (460)
(3) ਕਰਮ, ਵੇਖੋ ‘ਧਰਮ’ (5)
“ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ।”
– ਜਪੁ ੧, ੨੭:੫ (6)

(4) ਪੁੰਨ ਕਰਮ, ਭਲਾਈ, ਨੇਕੀ ਵੇਖੋ 'ਧਰਮ' (1)

"ਜਪੁ ਤਪੁ ਸੰਜਮੁ ਧਰਮੁ ਨ ਕਮਾਇਆ।

- ਆਸਾ ੫, ਸੋਪੁ ੪, ੨:੧ (12)

"ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।"

- ਆਸਾ ੧, ਵਾਰ ੭:੨ (467)

(5) ਮਜ਼ਬ, ਦੀਨ, ਵੇਖੋ 'ਧਰਮ' (3)

"ਅਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ।"

- ਸਿਰੀ ੩, ੪੫, ੧:੨ (31)

"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।"

- ਮਾਝ ੧, ਵਾਰ ੧੬ਸ, ੧, ੧:੧ (145)

(6) ਨਿਆਂ, ਵੇਖੋ 'ਧਰਮ' (4)

"ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।"

- ਸਿਰੀ ੩, ੬੩, ੨:੧ (38)

"ਸਦਾ ਧਰਮੁ ਜਾ ਕੈ ਦੀਬਾਣਿ।" (ਨਿਆਂ)

- ਮਾਲੀ ੫, ੫, ੩:੧ (987)

(7) ਫਰਜ਼, ਕਰਤਬ

"ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ।"

- ਗਉ ੩, ਅਸ ੩, ੧:੧ (230)

(8) ਧਰਮ ਵਾਲੀ (ਗੱਲ)

"ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।"

- ਆਸਾ ਫਰ, ੨, ੩:੧ (488)

(9) ਸ਼ਾਸ਼ਤਰਾਂ ਵਿਚ ਜੀਵਨ ਵਿਚ ਪ੍ਰਾਪਤੀ ਲਈ ਦਸੇ ਗਏ ਚਾਰ ਪਦਾਰਥਾਂ ਵਿਚੋਂ ਇਕ, ਵੇਖੋ 'ਧਰਮੁ' (9) (ਭਾਵ ਆਪਣੇ ਕੰਮਾਂ ਵਿਚ ਦ੍ਰਿੜ ਹੋਣਾ)

"ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ।"

- ਬਿਲਾ ੪, ਅਸ ੧, ੨:੨ (833)

(10) ਪੁੰਨ, ਫਲ

"ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ।"

- ਰਾਮ ੩, ਵਾਰ ੬ਸ, ੩, ੧:੨ (949)

ਧਰਮੇ ------ ਧਰਮ/ਪੁੰਨ ਕਰਮ

"ਕੂੜਹੁ ਕਰੇ ਵਿਣਾਸੁ ਧਰਮੇ ਤਗੀਐ।"

- ਗੂਜ ੫, ਵਾਰ ੨:੭ (518)

ਧਰਾ ------ (1) ਧਰਤੀ ਉਤੇ

"ਨ ਸਿਧ ਸਾਧਿਕਾ ਧਰਾ।"

- ਮਾਝ ੧, ਵਾਰ ੧੩ ਸ, ੧, ੨:੨ (143)

(2) ਰਖਿਆ, ਧਰਿਆ

"ਮਨ ਮਹਿ ਸਤਿਗੁਰ ਧਿਆਨੁ ਧਰਾ।"

- ਜੈਤ ੩, ੬, ੧*:੧ (701)

(3) ਧਾਰਨ ਕੀਤਾ, ਅਪਣਾਇਆ

"ਮਾਲ ਮਿਲਖ ਭੰਡਾਰ ਨਾਮੁ ਅਨੰਤ ਧਰਾ।"

– ਰਾਮ ੫, ਛੰਤ ੨, ੨:੨ (925)

(4) ਆਸਰਾ, ਟੇਕ
“ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸ ਸਿਫਤਿ ਧਰਾ।”
– ਮਾਰੂ ੫, ਸੋਲਾ ੧੨, ੬:੩ (1084)

ਧਰਾਇ ----- ਰਖਾਵੇ
“ਅਰਥ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ।”
– ਸਿਰੀ ੧, ਅਸ ੧੪, ੩:੧ (62)

ਹੋਰ ਰੂਪ:

ਧਰਾਇਓ –
“ਅਣਹੋਦਾ ਨਾਉ ਧਰਾਇਓ ਪਾਧਾ ਅਵਰਾ ਕਾ ਭਾਰੁ ਤੁਧ ਲਇਆ।”
(ਰਖਵਾਇਆ)
– ਅਸਾ ੩, ਪਟੀ ੩:੨ (434)

ਧਰਾਇਆ --- ਧਰਵਾਸ ਦਿਤਾ
“ਦੇਹਿ ਛਿਜੰਦੜੀ ਊਣ ਮਝੂਣਾ ਗੁਰਿ ਸਜਣਿ ਜੀਉ ਧਰਾਇਆ।”
– ਰਾਮ ੫, ਵਾਰ ੧੬ਸ, ੫, ੨:੧ (964)

ਧਰਾਇਣ --- ਧਾਰਣ ਕਰਨ ਵਾਲਾ
“ਦਾੜਾ ਅਗ੍ਰੇ ਪ੍ਰਿਥਮਿ ਧਰਾਇਣ।”
– ਮਾਰੂ ੫, ਸੋਲਾ ੧੧, ੩:੨ (1082)

ਧਰਾਇਣੁ --- ਆਸਰਾ, ਟੇਕ
“ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ।”
– ਭੈਰ ੪, ੧, ੪:੧ (1134)

ਧਰਾਈ ----- (1) ਰਖਾਵਾਂ, ਧਰਵਾਂਵਾਂ
“ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ।”
– ਸੂਹੀ ੪, ਅਸ ੧, ੨੮:੧ (758)

(2) ਰਖਾਈ
“ਅਬਿਚਲ ਨੀਵ ਧਰਾਈ ਸਤਿਗੁਰਿ ਕਬਹੂ ਡੋਲਤ ਨਾਹੀ।”
– ਸਾਰ ੫, ੧੧੫, ੨:੧ (1226)

ਹੋਰ ਰੂਪ:

ਧਰਾਈਐ –
“ਮੋਟਾ ਨਾਉ ਧਰਾਈਐ ਗਲਿ ਅਉਗਣ ਭਾਰਾ।” (ਰਖਾਈਐ)
– ਮਾਰੂ ੧, ਅਸ ੧, ੭:੨ (1009)

ਧਰਾਏ –
“ਜੇ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ।” (ਰਖਾਏ)
– ਆਸਾ ੧, ੩੯, ੩:੧ (360)
“ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ।”
– ਸੋਰ ੫, ਅਸ ੩, ੩:੧ (642)

ਧਰਿ ------ (1) ਧਰ ਕੇ, ਰੱਖ ਕੇ
“ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ।”
- ਸਿਰੀ ੫, ਅਸ ੨੯, ੯:੩ (73)
“ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।” (ਰੱਖ ਭਾਵ ਕਰਕੇ)
- ਸਿਰੀ ਕਬ, ੧, ੧:੨ (92)

(2) ਧਾਰਨ ਕਰਨ ਵਾਲਾ, ਧਾਰੀ
“ਕਾਹੂ ਹੋ ਡੇਡ ਧਰਿ ਹੋ।” (ਡੰਡਾ ਧਾਰੀ)
- ਗਉ ੫, ੧੫੫*, ੧:੨ (213)

(3) ਪਾਸੇ
“ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ।”
- ਅਸ ੫, ੫, ੩:੧ (371)

(4) ਧਰਤੀ
“ਬਾਝੁ ਕਲਾ ਧਰਿ ਗਗਨ ਧਰੀਆ।”
- ਬਸੰ ੧, ਅਸ ੩, ੨:੪ (1188)

(5) ਧਾਰ ਕੇ, ਗ੍ਰਹਿਣ ਕਰ
“ਹਣਵੰਤੁ ਜਾਗੈ ਧਰਿ ਲੰਕੂਰੁ।”
- ਬਸੰ ਕਬ, ੨, ੨:੨ (1193)

(6) ਧਾਰ ਕੇ, ਬਣਾ ਕੇ
“ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ।”
- ਸਲੋ ਕਬ, ੧੩੫:੨ (1371)

ਧਰਿਓ ----- (1) ਧਰਿਆ, ਰਖਿਆ
“ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ।”
- ਗਉ ੫, ੧੫੯*, ੨:੨ (214)
“ਲਹੁਰੀ ਸੰਗਿ ਭਈ ਅਬ ਮੇਰੈ ਜੇਠੀ ਅਉਰੁ ਧਰਿਓ।” (ਭਾਵ ਕਰ ਲਿਆ ਹੈ)
- ਆਸਾ ਕਬ, ੩੨, ੨:੨ (484)
“ਧ੍ਰਹ ਪੰਥੁ ਧਰਿਓ ਧਰਨੀਧਰ ਆਪਿ ਰਹੇ ਲਿਵ ਧਾਰਿ ਨ ਧਾਵਤ ਹੈ।” (ਭਾਵ ਕਾਇਮ ਕੀਤਾ)
- ਸਵ ੪, ਮਥੁ ੩:੨ (1404)

(2) ਧਾਰਿਆ, ਧਾਰਨ ਕੀਤਾ
“ਸੁਥਰ ਚਿਤ ਭਗਤ ਹਿਤ ਭੇਖੁ ਧਰਿਓ ਹਰਨਾਖਸੁ ਹਰਿਓ ਨਖ ਬਿਦਾਰਿ ਜੀਉ।”
- ਸਵ ੪, ਗਯੰ ੭:੨ (1402)

ਧਰਿਓਨੁ ---- ਧਰਿਆ (ਉਨ੍ਹਾਂ ਨੇ)
“ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ।”
- ਰਾਮ ਬਸ, ੧:੪ (966)

ਧਰਿਅਉ ---- ਰਖਿਆ, ਧਰਿਆ, ਟਿਕਾਇਆ
“ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ।”
- ਸਵ ੩, ੧੨:੧ (1394)

ਧਰਿਆ ---- (1) ਰਖਿਆ
"ਸੈਲ ਪਥਰ ਮਹਿ ਜੰਤ ਉਪਾਏ ਤਾ ਕੇ ਰਿਜਕੁ ਆਗੈ ਕਰਿ ਧਰਿਆ।"
– ਗੂਜ ੫, ਸੋਦ ੫, ੧:੨ (10)
"ਆਪਨੜਾ ਮਨੁ ਆਗੈ ਧਰਿਆ ਸਰਬਸੁ ਠਾਕੁਰਿ ਦੀਨੇ ਰਾਮ।" (ਭੇਟਾ ਕੀਤਾ)
– ਸੂਹੀ ੫, ਛੰਤ ੮, ੨:੨ (782)
(2) ਆਸਾਰਾ
"ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।"
– ਗੂਜ ੫, ਸੋਦ ੫, ੨:੧ (10)

ਧਰੀ ------ ਰਖੀ
"ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰਿ ਜੀਉ।"
– ਸਿਰੀ ੧, ਅਸ ੨੮, ੧੫:੩ (72)
"ਪਉਣ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।" (ਕਾਇਮ ਕੀਤੀ)
– ਆਸਾ ੧, ੭, ੧:੧ (350)
"ਸਖੀ ਸਾਜਨੀ ਕੇ ਹਉ ਚਰਨ ਸਰੇਵਉ ਹਰਿ ਗੁਰ ਕਿਰਪਾ ਤੇ ਨਦਰਿ ਧਰੀ।" (ਕੀਤੀ)
– ਆਸਾ ੧, ੨੨, ੨:੨ (356)
"ਜੁਗੁ ਜੁਗੁ ਜੀਵਉ ਮੇਰੀ ਅਬ ਕੀ ਧਰੀ।" (ਭਾਵ ਵਿਆਹੀ ਹੋਈ)
– ਆਸਾ ਕਬ, ੩੨, ੧*:੨ (483)

ਹੋਰ ਰੂਪ:

ਧਰੰ–ੀ –
"ਮਨ ਤਨੁ ਪ੍ਰਾਨ ਧਰੰ–ੀ ਤਿਸੁ ਆਗੈ ਨਾਨਕ ਆਪੁ ਗਵਾਈ।" (ਰਖਾਂ)
– ਮਲਾ ੩, ੭, ੪:੨ (1260)

ਧਰੀਆ ---- (1) ਧਾਰਿਆ ਹੈ
"ਨਿਰਗੁਨ ਹਰੀਆ ਸਰਗੁਨ ਧਰੀਆ।"
– ਸੂਹੀ ੫, ੪੪, ੧:੧ (746)
(2) ਧਰਿਆ/ਕਾਇਮ ਕੀਤਾ ਹੋਇਆ ਹੈ
"ਬਾਝੁ ਕਲਾ ਧਰਿ ਗਗਨੁ ਧਰੀਆ।"
– ਬਸੰ ੧, ਅਸ ੩, ੨:੪ (1188)

ਧਰੀਅੰ ----- ਰਖਿਆ
"ਹਸ੍ਤ ਕਮਲ ਮਾਥੇ ਪਰ ਧਰੀਅੰ।"
– ਸਵ ੪, ਗਯੰ ੧:੨ (1401)

ਧਰੀਆਂ ---- ਰਖੀਆਂ
"ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ।"
– ਸਲੋ ਫਰ, ੩੭:੧ (1379)

ਧਰੀਅਸੁ ---- ਧਰਿਆ, ਰਖਿਆ ਭਾਵ ਇਕੱਠਾ ਕੀਤਾ
"ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ।"

– ਸੂਹੀ ੧, ਕੁਚ ੧:੧੪ (762)

ਧਰੀਐ ----- **ਰਖੀਏ**

“ਜੀਉ ਪ੍ਰਾਨ ਧਨ ਆਗੈ ਧਰੀਐ।”

– ਆਸਾ ੫, ੮੪, ੧:੨ (391)

“ਦੂਜੈ ਪਾਥਰ ਧਰੀਐ ਪਾਉ।” (ਰਖਦੇ ਹਾਂ)

– ਗੂਜ ਨਾਮ, ੧, ੪:੨ (525)

ਧਰੀਜੈ ----- **ਰੱਖੀ/ਧਰੀ ਹੈ**

“ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ ਅਗਨਿ ਧਰੀਜੈ।”

– ਸੂਹੀ ੪, ੧੨, ੩:੧ (735)

“ਊਂਦਰ ਦੂੰਦਰ ਪਾਸਿ ਧਰੀਜੈ।” (ਰਖੋ)

– ਰਾਮ ੧, ਅਸ ੫, ੮:੧ (905)

ਧਰੁ ------- **ਰਖ, ਸਥਾਪਤ ਕਰ, ਧਾਰਨ ਕਰ**

“ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ।”

– ਗਉ ੯, ੯, ੧:੧ (220)

ਧਰੇ ------- **ਰਖੇ/ਕਰੇ, ਪਾਏ**

“ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।”

– ਜਪੁ ੧, ੪:੪ (2)

“ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ।” (ਭਾਵ ਕਢੇਗਾ)

– ਜਪੁ ੧, ੭:੫ (2)

“ਪਾਰਬ੍ਰਹਮ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ।” (ਟਿਕਾਏ)

– ਮਾਝ ੫, ਬਾਰਾ ੧੪:੬ (136)

“ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ।” (ਧਾਰਨ ਕਰਦਾ ਹੈ)

– ਬਿਹਾ ੯, ੨, ੨:੨ (537)

“ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ।” (ਧਾਰਨ ਕਰ, ਪਕੜ ਕੇ)

– ਮਾਲੀ ਨਾਮ, ੨, ੧:੧ (988)

“ਜਿਨਿ ਧਰ ਚਕ੍ਰ ਧਰੇ ਵੀਚਾਰੇ।” (ਟਿਕਾਇਆ ਹੈ)

– ਮਾਰੂ ੧, ਸੋਲਾ ੧੨, ੧:੨ (1032)

“ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਤੇ ਉਧਰ ਧਰੇ।” (ਉਦਾਰ ਕੇ ਰੱਖ ਦਿੱਤਾ)

– ਸਵ ੪, ਕਲ ੨:੩ (1396)

ਧਰੇਉ ------ **ਧਰਾਂ, ਲਾਵਾਂ**

“ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ।”

– ਸੂਹੀ ੧, ਕੁਚ ੧:੪ (762)

ਧਰੇਇ ----- **ਰਖੇ, ਅਰਪਨ ਕਰੇ**

“ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ।”

– ਸਿਰੀ ੩, ੪੭, ੧:੧ (31)

"ਆਪ ਉਲਾਮ੍ਹੇ ਚਿਤਿ ਧਰੇਇ।" (ਧਰਦਾ ਹੈ ਭਾਵ ਸੁਣਦਾ ਹੈ)

– ਆਸਾ ੧, ੩, ੨:੨ (349)

"ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ।" (ਰਖਦਾ ਹੈ)

– ਰਾਮ ੫, ਵਾਰ ੧੨ਸ, ੫, ੨:੫ (963)

"ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ।" (ਧਰਦਾ, ਭਾਵ ਧਿਆਨ ਨਹੀਂ ਕਰਦਾ)

– ਭੈਰ ਕਬ, ੮, ੧*:੨ (1159)

"ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ।"

– ਆਸਾ ੧, ੩੫, ੨:੨ (359)

ਧਰੇਹ ------ ਧਰਾਂ, ਰਖਾਂ

"ਸੇ ਗੁਣ ਮੁਝੈ ਨ ਆਵਨੀ ਕੈ ਜੀ ਦੋਸੁ ਧਰੇਹ।"

– ਤਿਲੰ ੧, ਅਸ ੧, ੪:੨ (725)

ਧਰੇਹੁ ------ ਰਖ ਲਵੋ

"ਕੂੜੁ ਠਗੀ ਗੁਝੀ ਨ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ।"

– ਗਉ ੪, ਵਾਰ ੨੦ਸ, ੩, ੧:੬ (311)

ਧਰੈ ------- (1) ਰਖਦਾ

"ਕਲਾ ਧਰੈ ਹਿਰੈ ਸੁਈ।" (ਭਾਵ ਪ੍ਰਦਾਨ ਕਰਦਾ)

– ਮਾਝ ੧, ਵਾਰ ੧੩ਸ, ੧, ੭:੩ (144)

"ਜਬ ਆਪਹਿ ਆਪਿ ਆਪਨੀ ਜੋਤਿ ਧਰੈ।" (ਰਖੇ)

– ਗਉ ੫, ਸੁਖ ੨੧, ੨:੭ (291)

"ਜਿਸ ਕਾ ਜੀਉ ਤਿਸੁ ਆਗੈ ਧਰੈ।" (ਅਰਪਨ ਕਰੇ)

– ਧਨਾ ੧, ੪, ੩:੨ (661)

"ਅਪਨੀ ਕੀਮਤਿ ਆਪੇ ਧਰੈ।" (ਰਖਦਾ ਭਾਵ ਪਾਉਂਦਾ ਹੈ)

– ਰਾਮ ੧, ੮, ੩:੨ (878)

(2) ਆਸਰੇ

"ਇਕ ਓਟ ਕੀਜੈ ਜੀਉ ਦੀਜੈ ਆਸ ਇਕ ਧਰਣੀ ਧਰੈ।"

– ਰਾਮ ੫, ਛੰਤ ੪, ੩:੩ (926)

(3) ਧਰਤੀ ਵਿਚ

"ਸੋ ਮਾਇਆ ਲੈ ਗਾਡੈ ਧਰੈ।" (ਧਰਤੀ ਵਿਚ ਦਬਦਾ ਹੈ)

– ਸਾਰ ਨਾਮ, ੧, ੩:੨ (1252)

ਧਰ੍ਉ ------ ਰਖਿਆ

"ਰਾਮਦਾਸੁ ਗੁਰੂ ਹਰਿ ਸਤਿ ਕੀਯਉ ਸਮਰਥ ਗੁਰੂ ਸਿਰਿ ਹਥੁ ਧਰ੍ਉ।"

– ਸਵ ੪, ਕਲ ੧੧:੫ (1400)

ਧਵਲ ------ ਚਿੱਟ ਬਲਦ, ਪੁਰਾਣਾਂ ਅਨੁਸਾਰ ਉਹ ਬੈਲ ਜਿਸ ਨੇ ਪ੍ਰਿਥਵੀ ਨੂੰ ਆਪਣੇ ਸਿੰਗਾਂ ਤੇ ਚੁੱਕਿਆ ਹੋਇਆ ਹੈ

"ਸੁਣਿਐ ਧਰਤਿ ਧਵਲ ਆਕਾਸ।"

– ਜਪੁ ੧, ੮:੨ (2)

ਧਵਲਹਰੁ --- ਧੌਲਰ, ਮੰਦਰ

"ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ।"
– ਮਾਝ ੧, ਵਾਰ ੧ਸ, ੧, ੩:੫ (138)

ਧਵਲੁ ------ ਸੁਫੈਦ, ਚਿਟਾ
"ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ।"
– ਸਵ ੩, ੭:੨ (1393)

ਧਵਲੈ ------ ਚਿੱਟੇ ਬਲਦ, ਉਤੇ, ਉਸ ਬਲਦ ਉਪਰ ਜਿਸ ਨੇ ਪ੍ਰਿਥਵੀ ਦਾ ਭਾਰ ਚੁੱਕਿਆ ਹੋਇਆ ਹੈ
"ਧਵਲੈ ਉਪਰਿ ਕੇਤਾ ਭਾਰਿ।"
– ਜਪੁ ੧, ੧੬:੧੦ (3)

ਧੜਾ ------ ਪੱਖ, ਸਾਕ, ਜੁਟ ਸਹਾਇਕ ਟੋਲਾ
"ਕਿਸਹੀ ਧੜਾ ਕੀ ਆਮਿਤ੍ਰ ਸੁਤ ਨਾਲਿ ਭਾਇ।"
– ਆਸਾ ੪, ੫੪, ੧:੧ (366)
"ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ।" (ਭਰਮ ਦਾ ਪੱਖ ਕਰਨ ਕਾਰਨ)
– ਰਾਮ ੫, ਛੰਤ ੧, ੧:੫ (924)

ਧੜੀ ------ ਪੱਟੀਆਂ
"ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ।"
– ਸਿਰੀ ੧, ਅਸ ੨, ੫:੧ (54)

ਧੜੀਐ ----- ਧੜੇ, ਜੁਟ
"ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ।"
– ਮਾਰੂ ੩, ਵਾਰੂ ੧੪ਸ, ੧, ੨:੧ (1091)

ਧੜੇ ------- ਜੁਟ, ਸਬੰਧ
"ਜਿਨ੍ ਸਿਉ ਧੜੇ ਕਰਹਿ ਸੇ ਜਾਹਿ।"
– ਆਸਾ ੪, ੫੪, ੨:੧ (366)

ਧਾਉ ------ ਜਾਣਾ, ਭਟਕਣਾ
"ਬਿਸ੍ਰਾਮ ਪਾਏ ਮਿਲਿ ਸਾਧਸੰਗਿ ਤਾ ਤੇ ਬਹੁੜਿ ਨ ਧਾਉ।"
– ਬਿਲਾ ੫, ੭੦, ੧:੨ (818)
"ਰੇ ਮਨ ਡੀਗਿ ਨ ਡੋਲੀਐ ਸੀਧੈ ਮਾਰਗਿ ਧਾਉ।" (ਚਲੋ, ਜਾਉ)
– ਸਲੋ ੧, ੭:੧ (1410)

ਧਾਇ ------ ਦੌੜ ਕੇ, ਧਾਅ ਕੇ
"ਜੇ ਸਉ ਅੰਮ੍ਰਿਤ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ।"
– ਸਿਰੀ ੩, ਅਸ ੧੯, ੪:੨ (65)
"ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ।" (ਭਟਕਦਾ)
– ਮਾਝ ੫, ਬਾਰਾ ੧੩:੮ (136)

ਧਾਇਓ ---- ਦੌੜ ਪਿਆ
"ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ ਧਾਇਓ।"

– ਆਸਾ ੫, ੧੫੬, ੧:੧ (409)
"ਭ੍ਰਮਤ ਭਾਰ ਅਗਨਤ ਆਇਓ ਬਹੁ ਪ੍ਰਦੇਸਹ ਧਾਇਓ।" (ਲੰਘਿਆਂ/ ਫਿਰਿਆ ਹਾਂ)
– ਆਸਾ ੫, ਛੰਤ ੮, ੩:੩ (458)

ਧਾਇਆ ---- (1) ਭਜਿਆ,ਭਟਕਿਆ ਫਿਰਿਆ
"ਸੋ ਬਹੁਰਿ ਨ ਕਤ ਹੀ ਧਾਇਆ।"
– ਗਉ ੫, ੧੪੬, ੩:੨ (211)
(2) ਚੜਿਆ ਆਉਂਦਾ
"ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।"
– ਆਸਾ ੧, ਅਸ ੧੨, ੪:੧ (417)
(3) ਦੌੜਨਹਾਰ, ਭਟਕਣਹਾਰ
"ਮਨੁ ਮਾਇਆ ਮਨੁ ਧਾਇਆ ਮਨੁ ਪੰਖੀ ਆਕਾਸਿ।"
– ਪ੍ਰਭਾ ੧, ੧੦, ੧:੧ (1330)

ਧਾਈ ------ (1) ਤ੍ਰਿਪਤ ਹੋਈ
"ਰਜੀ ਧਾਈ ਸਦਾ ਸੁਖੁ ਜਾ ਕਾ ਤੂੰ ਮੀਰਾ।"
– ਆਸਾ ੫, ੧੧੭, ੨:੨ (400)
(2) ਧਾਵਣਾ, ਦੌੜ ਭੱਜ, ਭਟਕਣਾ
"ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨ ਚਿੰਦਾ।"
– ਆਸਾ ੫, ਛੰਤ ੧, ੩:੪ (453)
"ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ।" (ਕੂਚ, ਚੜਾਈ)
– ਗੂਜ ੫, ੮, ੪:੨ (497)
(3) ਧਾਵਾ,ਹਲਾ
"ਗਿਆਨ ਖੜਗੁ ਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ।"
– ਮਾਰੂ ੫, ਸੋਲਾ ੧, ੯:੩ (1072)

ਧਾਈਐ ---- ਦੌੜਦੇ/ਭਟਕਦੇ ਫਿਰਨਾ
"ਸਚਿ ਨ ਧਰੇ ਪਿਆਰੁ ਧੰਧੈ ਧਾਈਐ।"
– ਮਾਝ ੧, ਵਾਰ ੨੦:੩ (147)
"ਭੀਤਿ ਊਪਰੇ ਕੇਤਕੁ ਧਾਈਐ ਅੰਤਿ ਓਰਕੋ ਆਹਾ।" (ਭਜੀਐ, ਦੌੜੀਐ)
– ਆਸਾ ੫, ੧੨੩, ੨:੨ (402)
"ਨਾ ਤੂ ਆਵਹਿ ਵਸਿ ਧਰਤੀ ਧਾਈਐ।" (ਧਾਉਣ/ਫਿਰਨ, ਚੱਕਰ ਲਾਉਣ ਨਾਲ)
– ਰਾਮ ੫, ਵਾਰ ੧੦:੪ (962)

ਧਾਏ ------ ਦੌੜੇ ਭੱਜੇ, ਭਟਕੇ
"ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ।"
– ਮਾਰੂ ੫, ੩, ੧:੧ (999)

ਧਾਹ ------- ਢਾਹ, ਰੋ ਕੇ ਉਚੀ ਸਾਰੀ ਹਾਹ ਮਾਰਨੀ
"ਗਏ ਸਿਗੀਤ ਪੁਕਾਰੀ ਧਾਹ।"
– ਮਾਝ ੧, ਵਾਰ ੧ਸ, ੧, ੨:੧੧ (138)

ਧਾ ਹੜੀ ---- ਉਚੀ ਉਚੀ ਆਵਾਜ਼ਾਂ ਕਢਣੀਆਂ, ਰੌਲਾ ਪਾਉਣਾ, ਧਾਹਾਂ ਮਾਰਨੀਆਂ

“ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ।”
– ਸਲੋ ਕਬ, ੧੨੬:੨ (1371)

ਧਾਹੀ ------ ਢਾਹਾਂ ਮਾਰਕੇ
“ਝੂਠਿ ਵਿਛੁੰਨੀ ਰੋਵੈ ਧਾਹੀ।”
– ਮਾਝ ੧, ਅਸ ੧, ੬:੨ (109)

ਧਾਕੁ ------ ਧੱਕਾ
“ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ।”
– ਬਿਲਾ ੫, ੧੦੪, ੧:੨ (825)

ਧਾਗਾ ------ ਤਾਗਾ, ਸੂਤਰ ਦੀ ਵਟੀ ਹੋਈ ਤਾਰ, ਸੂਤਰੀ, ਡੋਰੀ
“ਸੁਇਨੇ ਕੀ ਸੂਈ ਰੁਪੇ ਕਾ ਧਾਗਾ।”
– ਆਸਾ ਨਾਮ, ੩, ੪:੧ (485)

ਹੋਰ ਰੂਪ:

ਧਾਗੇ –
“ਨਾਇ ਵਿਸਰਿਐ ਧ੍ਰਿਗ ਜੀਵਣਾ ਤੂਟੇ ਕਚ ਧਾਗੇ।”
– ਗਉ ੪, ਵਾਰ ੧੬:੪ (322)

ਧਾਗੈ –
“ਸਭ ਪਰੋਈ ਇਕਤੁ ਧਾਗੈ।” (ਚੇਤਨ ਸਤਾ)
– ਮਾਝ ੫, ੪੯, ੨:੧ (108)

ਧਾਣਕ ----- ਭਿਆਨਕ ਜਿਹੇ ਰੂਪ ਵਿਚ ਧਣਖਧਾਰੀ ਜੀਵਨ ਬਤੀਤ ਕਰਨ ਵਾਲੀ ਇਕ ਕੌਮ
“ਧਾਣਕ ਰੂਪਿ ਰਹਾ ਕਰਤਾਰ।”
– ਸਿਰੀ ੧, ੨੯, ੧:੪ (24)

ਧਾਤੁ ------ (1) ਤਤ
“ਪੰਚ ਧਾਤੁ ਵਿਚਿ ਪਾਈਅਨੁ ਮੋਹੁ ਝੂਠੁ ਗੁਮਾਨੁ।”
– ਸੂਹੀ ੩, ਵਾਰ ੪:੨ (786)
“ਅਸਟਮੀ ਅਸਟ ਧਾਤੁ ਕੀ ਕਾਇਆ।”
– ਗਉ ਕਬ, ਥਿਤੀ ੯:੧ (343)
ਇਹ ਅੱਠ ਧਾਤਾਂ ਹਨ: ਖਲੜੀ, ਵਾਲ, ਲਹੂ, ਨਾੜਾਂ, ਹੱਡੀ, ਪੱਠੇ, ਚਰਬੀ ਤੇ ਵੀਰਜ
(2) ਪ੍ਰਭੂ ਜੋ ਸਭ ਨੂੰ ਧਾਰਨ ਕਰਦਾ ਹੈ। ਕਰਤਾ ਪੁਰਖ
“ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।”
– ਜਪੁ ੧, ੨੨:੩ (5)
(3) ਧਾਉਣਾ, ਦੌੜ
“ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ।”
– ਸਿਰੀ ੧, ੭, ੩:੨ (16)
(4) ਧਰਤੀ ਵਿਚੋਂ ਨਿਕਲਣ ਵਾਲਾ ਖਣਿਜ ਪਦਾਰਥ (ਨਿਰਣੈ,ਦਰਪਣ) ਭਾਵ ਜੀਵ ਆਤਮਾ (ਮਹਾਨਕੋਸ਼)
“ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ।”
– ਸਿਰੀ ੧, ੧੨, ੧:੧ (18)

"ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ।"
- ਸਿਰੀ ੧, ਅਸ ੧੩, ੪:੨ (61)

"ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ।"
- ਗੂਜ ੧, ਅਸ ੪, ੬: ੨ (505)

(5) ਗੁਣ (ਮਹਾਨਕੋਸ਼), ਬੀਜ, ਮੂਲ (ਨਿਰਣੈ), ਅਸਲਾ (ਦਰਪਣ)

"ਜੇਹੀ ਧਾਤੁ ਤੇਹਾ ਤਿਨ ਨਾਉ।"
- ਸਿਰੀ ੧, ੩੨, ੨:੨ (25)

(6) ਮਾਇਆ, ਧਾਉਣ ਵਾਲੀ, ਨਾਸ਼ਵੰਤ

"ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ।" (ਭਾਵ ਨਾਸ਼ਵੰਤ)
- ਸਿਰੀ ੩, ੫੧, ੨:੧ (33)

"ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ।" (ਚਲਾਇ ਮਾਨ)
- ਸਿਰੀ ੪, ਵਾਰ ੧ਸ, ੩, ੨:੧ (83)

"ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ ਧਾਤੁ।" (ਚਲਾਇ ਮਾਨ)
- ਮਾਝ ੧, ਵਾਰ ੧੫ਸ, ੧, ੨:੩ (145)

"ਸੁਇਨਾ ਰੁਪਾ ਸਭ ਧਾਤੁ ਹੈ ਮਾਟੀ ਰਲਿ ਜਾਈ।" (ਮਾਇਆ, ਨਾਸ਼ਵਾਨ)
- ਮਾਰੂ ੧, ਅਸ ੫, ੮:੧ (1012)

(7) ਭੱਜ ਕੇ ਦੂਰ ਜਾਣ/ਮਾਇਆ ਵਾਲਾ

"ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ।"
- ਸਿਰੀ ੪, ਵਾਰ ੧੨ਸ, ੩, ੨:੩ (87)

"ਨਾਨਕ ਧਾਤੁ ਲਿਵੈ ਜੋੜੁ ਨ ਆਵਈ ਜੇ ਲੋਚੈ ਸਭੁ ਕੋਇ।" (ਮਾਇਆਧਾਰੀ)
- ਗਉ ੪, ਵਾਰ ੩੧ਸ, ੪, ੨:੫ (316)

(8) ਰੁਚੀ, ਧਾਵਣਾ

"ਪੰਜਵੈ ਖਾਣ ਪੀਅਣ ਕੀ ਧਾਤੁ।"
- ਮਾਝ ੧, ਵਾਰ ੧ਸ, ੧, ੨:੫ (137)

(9) ਸੁਭਾਅ, ਪ੍ਰਕ੍ਰਿਤੀ

"ਕੁਤੇ ਚੰਦਨੁ ਲਾਈਐ ਭੀ ਸੋ ਕੁਤੀ ਧਾਤੁ।"
- ਮਾਝ ੧, ਵਾਰ ੧੨ਸ, ੧, ੧:੩ (143)

(10) ਵਿਸ਼ਿਆਂ ਨੂੰ ਗ੍ਰਹਿਣ ਕਰਨ ਵਾਲੀਆਂ ਇੰਦ੍ਰੀਆਂ (ਮਹਾਨਕੋਸ਼), ਇਧਰ ਉਧਰ ਧਾਉਣਾ (ਸ਼ਬਦਾਰਥ) ਦੌੜ ਭੱਜ ਅਸ਼ਾਂਤੀ (ਨਿਰਣੈ) ਭਟਕਣਾ (ਦਰਪਣ)

"ਮਨੁ ਮਾਰੇ ਧਾਤੁ ਮਰਿ ਜਾਇ।"
- ਗਉ ੩, ੨੫, ੧:੧ (159)

"ਡੂਬਿ ਮੁਏ ਬਿਨੁ ਪਾਣੀ ਗਤਿ ਨਹੀ ਜਾਣੀ ਹਉਮੈ ਧਾਤੁ ਸੰਸਾਰੇ।"
- ਗਉ ੩, ਛੰਤ ੪, ੨:੩ (246)

(11) ਦੌੜ ਭੱਜ, ਭਟਕਣਾ

"ਤ੍ਰੈ ਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ।"
- ਸੋਰ ੩, ੧੦, ੨:੧ (603)

(ਤਿੰਨਾਂ ਗੁਣਾਂ ਵਾਲੀ ਭਾਵ ਸੰਸਾਰਿਕ ਦੌੜ ਭੱਜ)

"ਮਨੁ ਮਰੈ ਧਾਤੁ ਮਰਿ ਜਾਇ।" (ਭੱਜ ਦੌੜ, ਤ੍ਰਿਸ਼ਨਾ)
- ਧਨਾ ੩, ੬, ੧:੧ (665)

ਧਾਤੁਰਬਾਜੀ -- ਛਲ ਕਪਟ ਅਥਵਾ ਨਾਸ ਹੋ ਜਾਣ ਵਾਲੀ ਖੇਡ
“ਧਾਤੁਰ ਬਾਜੀ ਪਲਚਿ ਰਹੇ ਨ ਉਰਵਾਰੁ ਨ ਪਾਰੁ।”
- ਸਿਰੀ ੩, ੪੦, ੩:੩ (29)

ਧਾਤੂ ------ (1) ਪੰਜ ਵਿਸ਼ੇ (ਸ਼ਬਦ, ਸਪਰਸ, ਰੂਪ ਰਸ, ਗੰਧ), ਕਾਮਾਦਿਕ, ਦੌੜਨ/ਭਟਕਣ ਪੈਦਾ ਕਰਨ ਵਾਲੇ ਵਿਸ਼ੇ
“ਹਰਿ ਆਪੇ ਪੰਚ ਤਤੁ ਬਿਸਥਾਰਾ ਵਿਚ ਧਾਤੂ ਪੰਚ ਆਪਿ ਪਾਵੈ।”
- ਬੈਰਾ ੪, ੩, ੨:੧ (720)
“ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੇ।” (ਕਾਮਾਦਿਕ)
- ਨਟ ੪, ੨, ੨:੨ (975)
(2) ਪੰਜ ਤਤ
“ਧਾਤੂ ਪੰਜਿ ਰਲਾਇ ਕੂੜਾ ਪਾਜਿਆ।”
-ਸਲੋ ੧, ੧੪:੨ (1411)

ਧਾਧੇ ------ ਰੁਝੇਵੇਂ ਦੇ ਕਲੇਸ਼/ਕਜੀਏ ਵਿਚ ਰੁਝੇ
“ਨਾ ਉਸੁ ਧੰਧਾ ਨਾ ਹਮ ਧਾਧੇ।”
- ਆਸਾ ੫, ੮੩, ੨:੨ (391)

ਧਾਨ ------ (1) ਧਨ, ਪਦਾਰਥ
“ਤੂਹੀ ਮਾਨ ਤੂੰਹੀ ਧਾਨ ਤੂਹੀ ਪਤਿ ਤੂਹੀ ਪ੍ਰਾਨ।
- ਗਉ ੫, ੧੫੬*, ੨:੧ (213)
(ਮਹਾਨਕੋਸ਼ ਇਥੇ ‘ਧਾਨ’ ਦੇ ਅਰਥ ‘ਆਸਰਾ’ ਆਧਾਰ ਕਰਦੇ ਹਨ)
(2) ਧਿਆਨ ਨਿਰਣੈ, ਕੋਸ਼); ਖੁਰਾਕ (ਦਰਪਣ); ਦਾਨ (ਸ਼ਬਦਾਰਥ)
“ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ ਇਹੁ ਤਨੁ ਸੀਤੋ ਤੁਮਰੈ ਧਾਨ।”
- ਸਾਰ ੫, ੬੪, ੧*:੨ (1217)

ਧਾਨੰ ------ ਆਸਰਾ, ਆਧਾਰ
“ਜਾਨੈ ਕਉਨੁ ਤੇਰੋ ਭੇਉ, ਅਲਖ ਅਪਾਰ ਦੇਉ ਅਕਲ ਕਲਾ ਹੈ ਪ੍ਰਭ ਸਰਬ ਕੋ ਧਾਨੰ।”
- ਸਮੁ ੫, ੪:੩ (1386)

ਧਾਨਾ ------ ਧਾਉਂਦਾ ਰਿਹਾ
“ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹਦਿਸ ਧਾਨਾ।”
- ਮਾਰੂ ੫, ੧੫, ੨:੧ (1003)

ਧਾਨਿ ------ (ਦਾਨ ਵਿਚ ਲਏ) ਅੰਨ ਦੇ
“ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ।”
- ਆਸਾ ੩, ਪਟੀ ੬:੨ (435)

ਧਾਨੁ ------ (ਦਾਨ ਵਿਚ ਦਿੱਤਾ) ਅੰਨ
“ਧਾਨੁ ਪ੍ਰਭ ਕਾ ਖਾਨਾ।”
- ਗਉ ੫, ੧੪੯, ੧*:੨ (212)

ਧਾਪੇ ------ ਰੱਜਦੇ, ਤ੍ਰਿਪਤ ਹੁੰਦੇ

"ਮੁੰਡੀਆ ਅਨਦਿਨੁ ਧਾਪੇ ਜਾਹਿ।"
– ਗੋਂਡ ਕਬ, ੬, ੨:੪ (871)

ਧਾਮ ------ ਘਰ, ਨਿਵਾਸ ਸਥਾਨ, ਟਿਕਾਣਾ
"ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ।"
– ਸਿਰੀ ੫, ਛੰਤ ੩, ੩:੧ (80)
"ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੌਂ ਬਾਸਨਾ ਤੇ ਬਾਹਰਿ ਮੈ ਦੇਖੀਅਤੁ ਧਾਮ ਸਿਉ।" (ਭਾਵ ਗ੍ਰਹਸਥ ਵਿਚ)
– ਸਵ ੫, ਮਥੁ ੩:੨ (1408)

ਹੋਰ ਰੂਪ:

ਧਾਮਾ –
"ਅਗਣਤ ਉਚ ਅਪਾਰ ਠਾਕੁਰ ਅਗਮ ਜਾ ਕੋ ਧਾਮਾ।"
– ਬਿਹਾ ੫, ਛੰਤ ੬, ੩:੫ (546)

ਧਾਯਉ ----- ਦੌੜਿਆ/ਭਜਿਆ ਫਿਰਿਆ
"ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ।"
– ਸਵ ੪, ਨਲ ੧੦:੩ (1400)

ਧਾਯੰਤੇ ----- ਧਾਵਾ ਕਰਨਾ
"ਬਿਚਰਤੇ ਨਿਰਭਯੰ ਸਤ੍ਰ ਸੈਨਾ ਧਾਯੰਤੇ ਗੁੋਪਾਲ ਕੀਰਤਨਹ।" (ਕੀਰਤਨ ਰੂਪ ਧਾਵਾ)
– ਸਸ ੫, ੨੯:੪ (1356)

ਧਾਰ ------ (1) ਜਲ ਆਦਿ ਦ੍ਰਵ ਪਦਾਰਥ ਦਾ ਵਹਾਉ, ਤਤੀਹਰੀ, ਧਰਾਲ ਧਾਰਾ
"ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ।"
– ਸਿਰੀ ਕਬ, ੩, ੨:੨ (92)

(2) ਧਾਰਨ ਕਰਕੇ
"ਗੁਰੁ ਗੋਵਿੰਦੁ ਸਲਾਹੀਐ ਭਾਈ ਮਨਿ ਤਨਿ ਹਿਰਦੈ ਧਾਰ।"
– ਸੋਰ ੫, ੨, ੧:੧ (608)
"ਕਾਹੂ ਪਵਨਧਾਰ ਜਾਤ ਬਿਹਾਏ।" (ਪਵਨ ਧਾਰਨ ਕਰਦਿਆਂ ਭਾਵ ਪ੍ਰਾਣਾਯਾਮ ਕਰਦਿਆਂ)
– ਰਾਮ ੫, ਅਸ ੩, ੪:੩ (914)

(3) ਉਚੀ ਪਹਾੜੀ ਚੋਟੀ, ਉਚੀ ਜਲ ਧਾਰਾ (ਨਿਰਣੈ); ਉਚਾ ਲੰਮਾ ਪਹਾੜੀ ਸਿਲਸਿਲਾ (ਦਰਪਣ)
"ਨਾ ਜਲੁ ਡੂੰਗਰੁ ਨ ਊਚੀ ਧਾਰ।"
– ਮਲਾ ੧, ਅਸ ੪, ੩:੩ (1275)

(4) ਧਾਰਨ ਕਰਕੇ ਭਾਵ ਵਰਗੀ
"ਕਬੀਰ ਮਾਇਆ ਡੋਲਨੀ ਪਵਨੁ ਵਹੈ ਹਿਵ ਧਾਰ।"
– ਸਲੋ ਕਬ, ੧੯:੧ (1365)

(5) ਲਹਿਰ, ਪਾਣੀ ਦੀ ਧਾਰਾ
"ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ।"

– ਸਲੋ ਕਬ, ੧੩੬:੨ (1371)

ਧਾਰੰ ------ ਧਾਰਨ ਕਰਨਾ
"ਸਤਿਗੁਰ ਚਰਣ ਕਵਲ ਰਿਦਿ ਧਾਰੰ।"
– ਸਵ ੫, ਕਲ ੧:੩ (1406)

ਧਾਰਉ ----- ਧਰਨ ਕਰਾਂ, ਮੰਨਾਂ
"ਇਹ ਮਤਿ ਗੁਰ ਪ੍ਰਸਾਦਿ ਮਨਿ ਧਾਰਉ।"
– ਮਾਝ ੫, ੩੩, ੩:੨ (104)

ਧਾਰਈ ----- ਧਾਰਨ ਕਰਦੇ/ਧਾਰਦੇ ਹਨ
"ਏਕਾ ਟੇਕ ਅਗੰਮ ਮਨਿ ਤਨਿ ਪ੍ਰਭੁ ਧਾਰਈ।"
– ਸਲੋ ੫, ੬:੩ (1425)

ਧਾਰਏ ----- ਧਾਰਦਾ ਹੈ, ਕਰਦਾ ਹੈ
"ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ।"
– ਤੁਖਾ ੧, ਛੰਤ ੬, ੩:੬ (1113)

ਧਾਰਹਿ ----- (1) ਧਰਨਾ, ਧਾਰਨ ਕਰਨਾ
"ਕਈ ਕੋਟਿ ਆਤਮ ਧਿਆਨੁ ਧਾਰਹਿ।"
– ਗਉ ੫, ਸੁਖ ੧੦, ੧:੭ (275)

(2) ਧਰੇ, ਟਿਕਾਵੇ
"ਪਗ ਧਾਰਹਿ ਸਾਸੁ ਲੇਖੈ ਲੈ ਤਉ ਉਧਰਹਿ ਹਰਿ ਗੁਣ ਗਾਇਲੇ।"
– ਗੋਂਡ ੫, ੨, ੧:੨ (862)

ਧਾਰਹੁ ----- (1) ਧਾਰਨ ਕਰੋ ਲਿਆਓ ਭਾਵ ਕਰੋ/ਕਰਾਓ
"ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ।"
– ਗਉ ੪, ੫੯, ੪:੨ (171)
"ਹਮ ਬਾਰਿਕ ਕਉ ਰਿਦ ਉਸਤਤਿ ਧਾਰਹੁ ਹਮ ਕਰਹ ਪ੍ਰਭੂ ਸਿਮਰਣੇ।" (ਲਿਆਓ, ਧਾਰਨ ਕਰਾਓ)
– ਨਟ ੪, ੬, ੩:੨ (977)

(2) ਧਾਰਨ ਕਰੋ ਭਾਵ ਲਿਆਓ
"ਪਤਿਤ ਪਾਵਨ ਪ੍ਰਭ ਬਿਰਦੁ ਤੁਮ੍ਾਰੋ ਹਮਰੇ ਦੋਖ ਰਿਦੈ ਮਤ ਧਾਰਹੁ।"
– ਬਿਲਾ ੫, ੧੨੩, ੧:੧ (829)

ਧਾਰਣ ----- (1) ਰਚਨਾ, ਬਣਾਵਟ
"ਧਾਰਣ ਧਾਰਿ ਰਹਿਓ ਬ੍ਰਹਮੰਡ।" (ਆਪ ਹੀ ਬ੍ਰਹਮਿੰਡ ਦੀ ਧਾਰਣਾ ਧਾਰ ਰਿਹਾ ਹੈ)
– ਗਉ ੫, ਸੁਖ ੧੪, ੬:੮ (282)

(2) ਸ੍ਰਿਸ਼ਟੀ
"ਧਰਿ ਧਾਰਣ ਦੇਖੈ ਜਾਣੈ ਆਪਿ।"
– ਬਸੰ ੧, ਅਸ ੨, ੪:੪ (1188)

ਧਾਰਣੰ ----- ਧਾਰਨ ਕਰਦਾ/ਗ੍ਰਹਿਣ ਕਰਦਾ ਹੈ
"ਜੇਨ ਕਲਾ ਸਸਿ ਸੂਰ ਨਖ੍ਤ੍ਰ ਜੋਤ੍ਿੰ ਸਾਸੰ ਸਰੀਰ ਧਾਰਣੰ।"

– ਸਸ ੫, ੫੩:੨ (1359)

ਧਾਰਣਹ ---- ਧਾਰਨ ਕਰਦੇ ਹਨ, ਲੈਂਦੇ ਹਨ
"ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ।"
– ਸਸ ੫, ੨੧:੧ (1355)
"ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ।" (ਧਾਰਨ ਲਈ)
– ਸਸ ੫, ੨੬:੧ (1356)

ਧਾਰਣਹਾਰ --- ਧਾਰਣ ਦੇ ਸਮਰਥ, ਧਾਰ ਸਕਣ ਵਾਲੇ ਨੇ
"ਦਇਆ ਧਾਰੀ ਤਿਨਿ ਧਾਰਣਹਾਰ।"
– ਰਾਮ ੫, ਅਸ ੪, ੭:੩ (915)

ਧਾਰਣਾ ----- ਆਸਰਿਤ, ਆਸਰਾ ਦਿਤੀ ਹੋਈ
"ਦੂਜੀ ਅਵਰ ਨ ਜਾਪਸਿ ਕਾਈ ਸਗਲ ਤੁਮਾਰੀ ਧਾਰਣਾ।"
– ਮਾਰੂ ੫, ਸੋਲਾ ੬, ੧:੩ (1076)
(ਮਹਾਨਕੋਸ਼ ਅਰਥ 'ਧਾਰਣ ਦੀ ਕ੍ਰਿਆ' ਕਰਦਾ ਹੈ)

ਧਾਰਣੀ ----- ਧਾਰਨਾ, ਟਿਕਾਉਣਾ
"ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ।"
– ਸਸ ੫, ੩੨:੧ (1356)

ਧਾਰਣੁ ----- ਆਸਰਾ, ਸਹਾਰਾ
"ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ।
–ਭੈਰ ੧, ੭, ੧:੧ (1127)

ਧਾਰਤ ----- ਧਾਰਨ ਕਰਦਿਆਂ
"ਗਹਿ ਭੁਜਾ ਲੇਵਹੁ ਨਾਮੁ ਦੇਵਹੁ ਦ੍ਰਿਸਟਿ ਧਾਰਤ ਮਿਟਤ ਪਾਪ।" (ਅੱਖਾਂ ਰੱਖਦਿਆਂ ਭਾਵ ਵੇਖਦਿਆਂ ਹੀ)
– ਆਸਾ ੫, ਛੰਤ ੧੪, ੩:੫ (462)
"ਬਹਤੀ ਜਾਤ ਕਦੇ ਦ੍ਰਿਸਟਿ ਨ ਧਾਰਤ।" (ਭਾਵ ਧਿਆਨ ਨਹੀਂ ਦਿੰਦਾ)
– ਸੂਹੀ ੫, ੩੩, ੧:੧ (743)
"ਰਾਮ ਰਤਨੁ ਰਿਦ ਤਿਲੁ ਨਹੀਂ ਧਾਰਤ।" (ਧਾਰਨ ਕਰਦਾ, ਭਾਵ ਵਸਾਉਂਦਾ ਟਿਕਾਉਂਦਾ ਹੈ)
– ਸੂਹੀ ੫, ੩੩, ੨:੨ (743)

ਧਾਰਦਾ ----- ਧਾਰਨ ਕਰਦਾ
"ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ।"
– ਗੂਜ ੫, ਵਾਰ ੪:੫ (519)

ਧਾਰਨ ----- (1) ਸ੍ਰਿਸ਼ਟੀ, ਰਚਨਾ
"ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਇਨਾ।"
– ਆਸਾ ੫, ੧੪੪, ੨:੧ (407)
(2) ਆਸਰਾ ਦੇਣ ਵਾਲੇ
"ਸਰਬ ਧਾਰਨ ਪ੍ਰਤਿਪਾਰਨ ਇਕ ਬਿਨਉ ਦੀਨਾ।"

– ਮਾਰੂ ੫, ੨੨, ੨:੧ (452)

ਧਾਰਨਾ ----- ਟਿਕਾਏ ਹਨ
“ਜੀਅ ਜੰਤ ਸਭ ਪੇਖੀਅਹਿ ਪ੍ਰਭ ਸਗਲ ਤੁਮਾਰੀ ਧਾਰਨਾ।”
– ਰਾਮ ੫, ਅਸ ੫, ੧:੧ (915)

ਧਾਰਾ ------ (1) ਧਾਰ, ਲਗਾਤਾਰ ਵਹਾਉ
“ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।”
– ਮਾਝ ੫, ੨੬, ੨:੧ (102)
(2) ਧਾਰਦਾ ਹੈ, ਦੇਂਦਾ ਹੈ
“ਅਹਿ ਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖ ਧਾਰਾ।”
– ਗਉ ੧, ਅਸ ੧੭, ੧:੨ (228)
“ਜਿਨਿ ਕੀਆ ਤਿਸੁ ਸਿਮਰਿ ਪਰਾਨੀ ਜੀਉ ਪ੍ਰਾਨ ਜਿਨਿ ਧਾਰਾ।” (ਦਿੱਤਾ ਹੈ)
– ਦੇਵ ੫, ੧੧, ੧:੧ (530)
(3) ਧਾਰਿਆ/ਟਿਕਾਇਆ ਹੈ
“ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ।”
– ਰਾਮ ਕਬ, ੨, ੧:੧ (969)

ਧਾਰਿ ------ (1) ਧਾਰ ਕੇ, ਕਰਕੇ
“ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ।”
– ਸਿਰੀ ੪, ੮੧, ੪:੧ (46)
“ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹਰਿ ਜਪੀਐ ਕਿਰਪਾ ਧਾਰਿ।” (ਕਰੇ ਤਾਂ)
– ਸਿਰੀ ੪, ਪਹ ੩, ੧:੬ (76)
“ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ ਧਾਰਿ।” (ਕਰਕੇ, ਭਾਵ ਵਰਤਾਕੇ)
– ਆਸਾ ੫, ੩੭, ੧*:੧ (379)
(2) ਰਖ ਕੇ, ਧਰ ਕੇ
“ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰਿ ਮਸਤਕਿ ਧਾਰਿ ਜੀਉ।”
– ਸਿਰੀ ੧, ਅਸ ੨੮, ੧੬:੩ (72)
“ਤੁਲਾ ਧਾਰਿ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ।” (ਤਕੜੀ ਵਿਚ ਰੱਖ ਕੇ)
– ਗਉ ੫, ੧੨੧*, ੧:੨ (204)
“ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ।” (ਧਰਦਾ ਹੈ, ਪਾਉਂਦਾ ਹੈ (ਹਿਰਦੇ ਵਿਚ) ਭਾਵ ਮਿਲਦਾ ਹੈ।
– ਰਾਮ ੧, ਓਅੰ ੫੨:੨ (937)
(3) ਟਿਕਾ ਕੇ, ਧਾਰ ਕੇ, ਸੰਭਾਲ ਕੇ
“ਕਾਰਣੁ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ।”
– ਮਾਝ ੧, ਵਾਰ ੨੩ਸ, ੨, ੨:੪ (148)
“ਓਹੁ ਕਿਉ ਮਨਹੁ ਵਿਸਾਰੀਐ ਹਰਿ ਰਖੀਐ ਹਿਰਦੈ ਧਾਰਿ।” (ਟਿਕਾਕੇ)
– ਗਉ ੩, ਅਸ ੯, ੩:੨ (233)
“ਭਰਿਪੁਰਿ ਧਾਰਿ ਰਹੇ ਮਨ ਮਾਹੀ।” (ਸੰਭਾਲ ਕੇ ਹੇ ਹਰੀ ਸਰਬ ਵਿਆਪੀ ਹੋ ਸਭ ਨੂੰ ਮਨ ਵਿਚ ਸੰਭਾਲ ਰਹੇ ਹੋ)

– ਆਸਾ ੧, ਅਸ ੯, ੬:੩ (416)

(4) ਧਾਰਨ ਕਰਕੇ, ਗ੍ਰਹਿਣ ਕਰਕੇ, ਵਰਤਾ ਕੇ

“ਕਲਾ ਧਾਰਿ ਜਿਨਿ ਸਗਲੀ ਮੋਹੀ।” (ਵਰਤਾ ਕੇ)

– ਗਉ ੫, ਸੁਖ ੧੮, ੮:੨ (287)

“ਮੇਰੀ ਮੇਰੀ ਧਾਰਿ ਬੰਧਨਿ ਬੰਧਿਆ।” (ਧਾਰਨ/ਗ੍ਰਹਿਣ ਕਰਕੇ)

– ਸੂਹੀ ੫, ੫, ੩:੧ (761)

“ਨਿਹਚਲੁ ਸਾਚੁ ਰਹਿਆ ਕਲ ਧਾਰਿ।” (ਵਰਤਾ ਕੇ)

– ਬਿਲਾ ੩, ਵਾ ੧, ੧੦:੫ (842)

(5) ਖਿਲਰ ਰਹੀ, ਪਸਰ ਰਹੀ

“ਭਰਿਪੁਰਿ ਧਾਰਿ ਰਹੀ ਸੋਭ ਜਾ ਕੀ।”

– ਆਸਾ ੫, ੨੪, ੧*:੨ (376)

(6) ਆਸਰਾ/ਸਹਾਰਾ ਦੇ ਰਿਹਾ

“ਭਰਿਪੁਰਿ ਧਾਰਿ ਰਹਿਆ ਸਭ ਠਉਰੇ।”

– ਆਸਾ ੧, ਅਸ ੧, ੧*:੨ (411)

(7) ਸਮਝ ਲਈਏ, ਮੰਨ ਲਈਏ

“ਕਾਇਆ ਕਾਗਦੁ ਜੇ ਥੀਐ ਪਿਆਰੇ ਮਨੁ ਮਸਵਾਣੀ ਧਾਰਿ।”

– ਸੋਰ ੧, ਅਸ ੩, ੮:੧ (636)

ਧਾਰਿਓ ----- (1) ਅਪਣਾਉਂਦਾ, ਹਿਰਦੇ ਵਿਚ ਟਿਕਾਉਂਦਾ

“ਉਨਮਤ ਮਾਨ ਹਿਰਿਓ ਮਨ ਮਾਹੀ ਗੁਰ ਕਾ ਸਬਦੁ ਨ ਧਾਰਿਓ ਰੇ।”

– ਗਉ ਕਬ, ੫੬, ੨:੨ (335)

(2) ਰਖਿਆ

“ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ।”

– ਧਨਾ ੫, ੪੫, ੧:੧ (681)

(3) ਬਣਾਇਆ, ਸਿਰਜਿਆ

“ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ।”

– ਮਾਰੂ ੫, ਸੋਲਾ ੩, ੪:੩ (1073)

“ਸੁਰਿ ਨਰ ਸਪਤ ਸਮੁਦ੍ਰ ਕਿਅ ਧਾਰਿਓ ਤ੍ਰਿਭਵਣ ਜਾਸੁ।” (ਟਿਕਾਇਆ)

– ਸਵ ੪, ਨਲ ੫:੩ (1399)

(4) ਆਸਰਾ ਦਿਤਾ

“ਗਰਭ ਕੁੰਟ ਮਹਿ ਜਿਨਹਿ ਧਾਰਿਓ ਨਹੀ ਬਿਖੈ ਬਨ ਮਹਿ ਹੋਰ।” (ਭਾਵ ਬਚਾਇਆ)

– ਕੇਦਾ ੫, ੧੦, ੨:੧ (1121)

ਧਾਰਿਆ ---- (1) ਟਿਕਾਇਆ ਹੋਇਆ ਹੈ, ਆਸਰਾ ਦਿੱਤਾ ਹੋਇਆ ਹੈ

“ਜਿਨਿ ਕਰਿ ਕਾਰਣੁ ਧਾਰਿਆ ਸੋਈ ਸਾਰ ਕਰੇਇ।”

– ਸਿਰੀ ੩, ੬੦, ੨:੧ (37)

“ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ।” (ਟਿਕਾਇਆ, ਸਥਾਪਿਤ ਕੀਤਾ)

– ਰਾਮ ਬਸ, ਵਾਰ ੭:੨ (968)

“ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ।” (ਟਿਕਾਈ)

– ਮਾਰੂ ੫, ਵਾਰ ੧:੬ (1094)

(2) ਗ੍ਰਹਿਣ ਕੀਤਾ, ਲਿਆ

“ਜਿਸੁ ਕਾਰਣਿ ਤਨੁ ਧਾਰਿਆ ਸੋ ਪ੍ਰਭੁ ਡਿਠਾ ਨਾਲਿ।” (ਜਨਮ ਲਿਆ)

– ਸਿਰੀ ੫, ੮੭, ੨:੧ (48)

“ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ।” (ਧਾਰਨ ਕਰ/ਫੜ ਕੇ)

– ਗਉ ੪, ਕਰ ੨, ੭:੨ (235)

“ਸਾਧ ਰੂਪ ਅਪਨਾ ਤਨੁ ਧਾਰਿਆ।” (ਧਾਰਨ ਕੀਤਾ, ਬਣਾਇਆ)

– ਮਾਰੂ ੫, ੧੯, ੪:੭ (1005)

(3) ਧਰਿਆ, ਰਖਿਆ

“ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ।”

– ਸਿਰੀ ੫, ੯੦, ੩:੨ (49)

(4) ਸਿਰਜੇ, ਬਣਾਏ

“ਅਨਦ ਬਿਨੋਦ ਭਰੇਪੁਰਿ ਧਾਰਿਆ।”

– ਆਸਾ ੫, ੨੪, ੧:੧ (376)

“ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ।” (ਬਣਾਇਆ)

– ਮਾਰੂ ੫, ਵਾਰ ੧:੧ (1094)

(5) ਕਰਾਇਆ

“ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ।”

– ਧਨਾ ੫, ੧੬, ੨:੧ (675)

ਧਾਰੀ ------ (1) ਧਾਰਨ ਕਰਨਾ, ਗ੍ਰਹਿਣ ਕਰਨਾ, ਵਰਤਾਉਣਾ

“ਮੋਨੀ ਮੋਨਿ ਧਾਰੀ।”

– ਸਿਰੀ ੫, ਅਸ ੨੭, ੩:੧ (71)

“ਆਪਿ ਦਇਆਲਿ ਦਇਆ ਪ੍ਰਭਿ ਧਾਰੀ।”

– ਮਾਝ ੪, ੫, ੪:੧ (95)

“ਰਚਿ ਰਚਨਾ ਅਪਨੀ ਕਲ ਧਾਰੀ।” (ਵਰਤਾਈ)

– ਗਉ ੫, ਸੁਖ ੧੮, ੮:੯ (288)

“ਗੁਰਿ ਪੂਰੈ ਅਪਨੀ ਕਲ ਧਾਰੀ ਸਭ ਘਟ ਉਪਜੀ ਦਇਆ।” (ਵਰਤਾਈ)

– ਸੋਰ ੫, ੩੯, ੧:੩ (618)

(2) ਕੀਤੀ

“ਪਾਰਬ੍ਰਹਮ ਪ੍ਰਭ ਕਿਰਪਾ ਧਾਰੀ।”

– ਗਉ ੫, ੧੭੨, ੧:੨ (200)

(3) ਸਿਰਜੀ, ਬਣਾ ਕੇ, ਟਿਕਾਈ

“ਚੇਤਿ ਮਨਾ ਪਾਰਬ੍ਰਹਮੁ ਪਰਮੇਸਰੁ ਸਰਬ ਕਲਾ ਜਿਨਿ ਧਾਰੀ।”

– ਗਉ ੫, ਛੰਤ ੩, ੩:੧ (249)

“ਹਰਿ ਸਿਮਰਨਿ ਧਾਰੀ ਸਭ ਧਰਨਾ।” (ਬਣਾਈ)

– ਗਉ ੫, ਸੁਖ ੧, ੮:੫ (263)

(4) ਜੋ ਟਿਕਾਈ ਹੋਈ ਹੈ ਭਾਵ ਰਚਨਾ

“ਆਪਿ ਸਤਿ ਸਤਿ ਸਭ ਧਾਰੀ।”

– ਗਉ ੫, ਸੁਖ ੧੭, ੧:੫ (285)

(5) ਗ੍ਰਹਿਣ ਕੀਤੀ, ਅਪਣਾਈ, ਅੰਗੀਕਾਰ ਕੀਤੀ

"ਗੁਣ ਵਿਹੂਣ ਮਾਇਆ ਮਲੁ ਧਾਰੀ।"

– ਆਸਾ ੪, ੫੭, ੩:੧ (367)

"ਨਾਮ ਤੇਰੇ ਕੀ ਆਸ ਮਨਿ ਧਾਰੀ।" (ਭਾਵ ਰੱਖੀ)

– ਆਸਾ ੫, ੬੯, ੨:੨ (388)

"ਅਬ ਓਟ ਧਾਰੀ ਪ੍ਰਭ ਮੁਰਾਰੀ ਸਰਬ ਸੁਖ ਹਰਿ ਨਾਇਓ।" (ਲਈ, ਧਾਰਨ ਕੀਤੀ)

– ਆਸਾ ੫, ਛੰਤ ੮, ੩:੪ (458)

"ਤਾ ਤੇ ਮੋਹਿ ਧਾਰੀ ਓਟ ਗੋਪਾਲ।" (ਲਈ)

– ਧਨਾ ੫, ੨੧, ੧*:੧ (676)

"ਮੇਰੀ ਤੇਰੀ ਮੁੰਦ੍ਰਾ ਧਾਰੀ।"

– ਰਾਮ ੫, ੧੩, ੨:੨ (886)

"ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ।" (ਵਸਾਈ)

– ਸਾਰ ੧, ੩, ੪:੨ (1198)

"ਨਾਮ ਧਾਰੀ ਸਰਨਿ ਤੇਰੀ।" (ਧਾਰਨ ਕਰਦਾ ਭਾਵ ਜਪਦਾ)

– ਕਲਿ ੫, ੭, ੧:੧ (1322)

(6) ਧਾਰਾ

"ਹਮਾਰੀ ਪਿਆਰੀ ਅੰਮ੍ਰਿਤ ਧਾਰੀ ਗੁਰਿ ਨਿਮਖ ਨ ਮਨ ਤੇ ਟਾਰੀ ਰੇ।"

– ਆਸਾ ੫, ੧੩੪, ੧*:੧ (404)

(7) ਧਰਦਾ/ਕਰਦਾ ਹਾਂ

"ਗੁਰ ਕੈ ਬਚਨਿ ਰਿਦੈ ਧਿਆਨੁ ਧਾਰੀ।"

– ਸੂਹੀ ੫, ੧੮, ੧:੧ (740)

(8) ਵਾਲੀ

"ਪੰਚ ਬੈਲ ਗਡੀਆ ਦੇਹ ਧਾਰੀ।"

– ਰਾਮ ੧, ੧੧, ੨:੧ (879)

(9) ਧਾਰਨ ਕਰਾਂ, ਰੱਖਾਂ

"ਚਰਨ ਕਮਲ ਹਿਰਦੈ ਨਿਤ ਧਾਰੀ।"

– ਮਾਰੂ ੫, ਸੋਲਾ ੧੪, ੧:੧ (1085)

ਧਾਰੀਅਨੁ --- (1) ਕੀਤੀ

"ਜਿਨ ਕਉ ਕਿਰਪਾ ਧਾਰੀਅਨੁ ਤਿਨਾ ਸਤਿਗੁਰੁ ਮਿਲਿਆ ਆਇ।"

– ਸਲੋ ੩, ੧੮:੧ (1414)

(2) ਸਿਰਜੀ, ਬਣਾਈ

"ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।"

– ਸਿਰੀ ੫, ੮੬, ੪:੨ (48)

ਧਾਰੀਆ ---- (1) ਸਿਰਜੀ/ਟਿਕਾਈ ਹੈ

"ਮਾਨਹਿ ਤ ਏਕੁ ਅਲੇਖੁ ਠਾਕੁਰੁ ਜਿਨਹਿ ਸਭ ਕਲ ਧਾਰੀਆ।"

– ਗਉ ੫, ਛੰਤ ੨, ੨:੩ (248)

(2) ਕੀਤੀ

"ਕਿਰਪਾ ਧਾਰੀਆ ਹਾਂ।"

– ਆਸਾ ੫, ੧੬੨, ੧:੫ (410)
(3) ਸਿਰਜੀ ਹੋਈ, ਬਣਾਈ ਹੋਈ ਭਾਵ ਸ੍ਰਿਸ਼ਟੀ
“ਤਿਸੁ ਸਿਉ ਲਾਇਨਿ੍ ਰੰਗੁ ਜਿਸ ਦੀ ਸਭ ਧਾਰੀਆ।”
– ਗੂਜ ੫, ਵਾਰ ੯:੫ (520)
(4) ਵਰਤਾਈ
“ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰ ਧਾਰੀਆ।”
– ਰਾਮ ੩, ਅਨੰ ੫:੨ (917)

ਧਾਰੀਐ ---- (1) ਟਿਕਾਈ ਹੋਈ ਹੈ
“ਆਪੇ ਹੀ ਕਰਣਾ ਕੀਓ ਕਲ ਆਪੇ ਹੀ ਤੈ ਧਾਰੀਐ।”
– ਆਸਾ ੧, ਵਾਰ ੨੦:੧ (474)
(2) ਥਾਪੀ ਹੋਈ ਭਾਵ ਸ੍ਰਿਸ਼ਟੀ
“ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ।”
– ਗੂਜ ੫, ਵਾਰ ੧:੩ (518)

ਧਾਰੀਕ ----- ਮਾਤਰ
“ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ।”
– ਆਸਾ ੫, ਛੰਤ ੮, ੪:੧ (458)

ਧਾਰੁ ------ (1) ਧਾਰਨ ਕਰ, ਵਸਾ, ਰਖ
“ਕਰਣੈਹਾਰੁ ਰਿਦੇ ਮਹਿ ਧਾਰੁ।”
– ਗਉ ੫, ੧੪੯, ੩:੨ (196)
(2) ਧਾਰ, ਧਾਰਾ
“ਨਿਜ ਘਰਿ ਧਾਰੁ ਚੁਐ ਅਤਿ ਨਿਰਮਲ ਜਿਨਿ ਪੀਆ ਤਿਨ ਹੀ ਸੁਖੁ ਲਹੀਆ।”
– ਬਿਲਾ ੪, ਅਸ ੩, ੬:੨ (835)
(3) ਧਾਰਨ ਕਰੋ, ਕਰੋ
“ਹਰਿ ਜੀਉ ਅਪਣੀ ਕਿਰਪਾ ਧਾਰੁ।”
– ਭੈਰ ੩, ੮, ੧*:੧ (1129)

ਧਾਰੇ ------ (1) ਟਿਕਾਏ
“ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ।”
– ਜਪੁ ੧, ੨੭:੧੪ (6)
(2) ਟਿਕਾਏ, ਵਸਾਏ, ਰਖੇ
“ਹਰਿ ਹਰਿ ਨਾਮੁ ਦਇਆ ਮਨਿ ਧਾਰੇ।”
– ਮਾਝ ੪, ੪, ੪:੨ (95)
“ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ। (ਟਿਕਾਏ ਭਾਵ ਬਿਆਨੇ/ਪ੍ਰਗਟਾਏ)
– ਗਉ ੫, ਬਾਅ ੫੪:੧ (261)
“ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ।” (ਥਾਪੇ ਹੋਏ)
– ਧਨਾ ੫, ੧੨, ੧:੨ (674)
(3) ਆਸਰੇ
“ਸੰਤ ਪਿਆਰੇ ਸਚੈ ਧਾਰੇ ਵਡਭਾਗੀ ਦਰਸਨੁ ਪਾਵਣਿਆ।”
– ਮਾਝ ੫, ਅਸ ੩੫, ੧*:੨ (130)

(4) ਕਰੇ

"ਨਾਨਕ ਕਉ ਪ੍ਰਭ ਕਿਰਪਾ ਧਾਰੇ।"

– ਗਉ ੫, ੧੧੧, ੪:੩ (202)

"ਬਿਨਵੰਤਿ ਨਾਨਕ ਸਰਣਿ ਤੇਰੀ ਰਾਖੁ ਕਿਰਪਾ ਧਾਰੇ।" (ਕਰਕੇ)

– ਆਸਾ ੫, ਛੰਤ ੨, ੩:੬ (453)

(5) ਗ੍ਰਹਿਣ ਕਰਦਾ, ਅੰਗੀਕਾਰ ਕਰਦਾ

"ਕੋਟਿ ਕਰਮ ਕਰੈ ਹਉ ਧਾਰੇ।"

– ਗਉ ੫, ਸੁਖ ੧੨, ੩:੧ (278)

(6) ਸਿਰਜਦਾ/ਰਚਦਾ ਹੈ

"ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ।"

– ਵਡ ੧, ਅਲਾ ੨, ੪:੩ (580)

(7) ਵਰਤਾਏ

"ਸਭਿ ਕੁਸਲ ਖੇਮ ਪ੍ਰਭਿ ਧਾਰੇ।"

– ਸੋਰ ੫, ੬੫, ੧*:੧ (625)

(8) ਭਾਵ ਰਖਦਾ ਹੈ

"ਹਉਮੈ ਮਾਰਿ ਮਿਲੇ ਪਗੁ ਧਾਰੇ।"

– ਧਨਾ ੧, ਅਸ ੧, ੫:੪ (686)

(9) ਭਾਵ ਚੁੱਕ ਲਿਆ

"ਗੁਰਮਤਿ ਕ੍ਰਿਸਨਿ ਗੋਵਰਧਨ ਧਾਰੇ।"

– ਮਾਰੂ ੧, ਸੋਲਾ ੨੦, ੧੦:੧ (1041)

ਧਾਰੈ ------ (1) ਉਧਾਰਦਾ ਹੈ (ਸ਼ਬਦਾਰਥ); ਆਸਰਾ ਦਿੰਦਾ ਹੈ (ਨਿਰਣੈ) ਧਰਵਾਸ ਦਿੰਦਾ ਹੈ, ਸਹਾਰਾ ਦਿੰਦਾ ਹੈ (ਦਰਪਣ) ਸੰਥਿਆ–ਦੋਵੇਂ ਅਰਥ ਦਿੰਦਾ ਹੈ – ਪਾਠ ਜਨਕ ਉਧਾਰੈ 'ਕਰਕੇ' ਜਨਕ ਨੂੰ ਉਧਾਰਦਾ ਹੈ। ਅਰਥ ਵੀ ਕਰਦਾ ਹੈ)

"ਹਰਿ ਕਾ ਨਾਮੁ ਜਨ ਕਉ ਧਾਰੈ।"

– ਗਉ ੫, ੧੧੮, ੩:੧ (189)

(2) ਕਰੇ

"ਜਾ ਕਉ ਅਪਨੀ ਕਿਰਪਾ ਧਾਰੈ।"

– ਗਉ ੫, ੧੨੧, ੧:੧ (190)

(3) ਧਾਰਨ ਕਰੇ, ਵਸਾਏ

"ਗੁਰ ਕਾ ਸਬਦੁ ਰਿਦ ਅੰਤਰਿ ਧਾਰੈ।"

– ਗਉ ੫, ਅਸ ੩, ੧:੧ (236)

(4) ਖਿਆਲ ਰਖਦਾ ਹੈ, ਲੋਚਦਾ ਹੈ, ਸੋਚਦਾ ਹੈ

"ਯਾ ਉਬਰਨ ਧਾਰੈ ਸਭੁ ਕੋਊ।"

– ਗਉ ੫, ਬਾਅ ੪੩:੫ (259)

(5) ਧਾਰਨ ਕਰਵਾਇਆ ਹੈ, ਬੰਨ੍ਹਿਆ ਹੈ

"ਸਗਲੀ ਸਮਗ੍ਰੀ ਅਪਨੈ ਸੂਤਿ ਧਾਰੈ।"

– ਗਉ ੫, ਸੁਖ ੧੦, ੩:੯ (276)

(6) ਸਮਝਦਾ ਹੈ

"ਜਬ ਧਾਰੈ ਕੋਊ ਬੈਰੀ ਮੀਤੁ।"

– ਗਉ ੫, ਸੁਖ ੧੨, ੪:੫ (278)

(7) ਧਾਰ ਦਾ
“ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ।”
– ਆਸਾ ੧, ੩੮, ੪:੨ (360)

(8) ਟਿਕਾਣਾ, ਸਥਿਰ ਕਰਨਾ
“ਸੁੰਨ ਸਬਦੁ ਅਪਰੰਪਰਿ ਧਾਰੈ।” (ਅਪੰਰਪਰ ਵਿਚ ਟਿਕਾਈ ਰਖਦਾ ਹੈ)
– ਰਾਮ ੧, ਸਿਗੋ ੫੪:੩ (944)

ਧਾਰ੍ਯਿਉ ---- ਸਿਰਜਿਆ
“ਜਿਸਹਿ ਧਾਰ੍ਯਿਉ ਧਰਤਿ ਅਰੁ ਵਿਉਮੁ ਅਰੁ ਪਵਣੁ ਤੇ ਨੀਰ ਸਰ ਅਵਰ ਅਨਲ ਅਨਾਦਿ ਕੀਅਉ।”
– ਸਵ ੪, ਨਲ ੫:੧ (1399)

ਧਾਵਉ ----- (1) ਚਲਣ
“ਚਰਨ ਠਾਕੁਰ ਕੈ ਮਾਰਗਿ ਧਾਵਉ।”
– ਗਉ ੫, ੧੨੦, ੧:੨ (190)

(2) ਜਾਵਾਂ
“ਨਾਮ ਰੰਗਿ ਇਹੁ ਮਨੁ ਤ੍ਰਿਪਤਾਨਾ ਬਹੁਰਿ ਨ ਕਤਹੂੰ ਧਾਵਉ ਰੇ।”
– ਆਸਾ ੫, ੧੩੧, ੧:੨ (404)
“ਧਾਵਉ ਦਸਾ ਅਨੇਕ ਪ੍ਰੇਮ ਪ੍ਰਭ ਕਾਰਣੇ।” (ਜਾਂਦਾ, ਦੌੜਦਾ)
– ਫੁਨ ੫, ੧੬:੧ (1363)

ਧਾਵਸਿ ----- ਦੌੜਦਾ ਹੈ, ਜਾਂਦਾ ਹੈ
“ਛੋਡਿ ਜਾਇ ਖਿਨ ਭੀਤਰਿ ਤਾ ਕਉ ਉਆ ਕਉ ਫਿਰਿ ਫਿਰਿ ਧਾਵਸਿ ਰੇ।”
– ਮਾਰੂ ੫, ੭, ੧*:੨ (1000)

ਧਾਵਸਿਤਾ --- ਦੌੜਦਾ ਹੈ
“ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ।”
– ਗਉ ੧, ੧੫, ੩:੨ (156)

ਧਾਵਹ ----- ਜਾਈਏ, ਭਟਕੀਏ
“ਭਗਤਿ ਠਗਉਰੀ ਪਾਇ ਮੋਹਹ ਅਨਤ ਕਤਹੂ ਨ ਧਾਵਹ।”
– ਬਿਲਾ ੫, ਛੰਤ ੨, ੨:੫ (846)

ਹੋਰ ਰੂਪ:

ਧਾਵਹਿ –
“ਦਹ ਦਿਸਿ ਧਾਵਹਿ ਕਰਮਿ ਲਿਖਿਆਸੁ।” (ਦੌੜਦੇ/ਭਟਕਦੇ ਫਿਰਨ)
– ਗਉ ੧, ੬, ੩:੪ (152)
“ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ।” (ਦੌੜੇ/ਭਟਕਦੇ ਫਿਰਦੇ)
– ਗਉ ੫, ਸੁਖ ੫, ੫:੫ (269)

ਧਾਵਹੀ –
“ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ।” (ਦੌੜਦੇ/ਭਟਕਦੇ ਫਿਰਦੇ ਹਨ)
– ਸਲੋ ੯, ੨੮:੧ (1427)

ਧਾਵਹੁ –
"ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ।" (ਦੌੜਦਾ ਹੈਂ)
– ਸੋਰ ੧, ੬, ੨:੧ (598)

ਧਾਵਣੀ ----- (1) ਭਜ ਦੌੜ, ਜੋਸ਼, ਉਤਸ਼ਾਹ
"ਬੰਨੁ ਬਦੀਆ ਕਰਿ ਧਾਵਣੀ ਤਾਂ ਕੋ ਆਖੈ ਧੰਨੁ।"
– ਸੋਰ ੧, ੨, ੪:੨ (596)
(2) ਦੌੜ ਭੱਜ ਕਰਨੀ, ਭਟਕਦੇ ਫਿਰਨਾ
"ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਬਿਕਾਰ।"
– ਪ੍ਰਭਾ ੧, ਅਸ ੩, ੨:੧ (1343)

ਧਾਵਣੀਆ --- ਭਟਕਦੀ/ਦੌੜੀ ਭਜੀ ਫਿਰਦੀ ਹਾਂ
"ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ।"
– ਵਡ ੧, ਅਲਾ ੩, ੭:੨ (581)

ਧਾਵਤ ----- (1) ਦੌੜਨ, ਦੌੜ ਭਜ ਕਰਨ
"ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ।"
– ਸਿਰੀ ੩, ੫੩, ੪:੩ (34)
"ਧਾਵਤ ਵਰਜੇ ਠਾਕਿ ਰਹਾਏ।" (ਭਟਕਣ/ਦੌੜਨ ਭਜਣ ਤੋਂ)
– ਗਉ ੩, ੨੬, ੩:੨ (159)
"ਧਾਵਤ ਮਨੂਆ ਆਵੈ ਠਾਇ।" (ਦੌੜਦਾ, ਚੰਚਲ)
– ਗਉ ੫, ਅਸ ੨, ੨:੨ (236)
(2) ਧਾਵਣਾ, ਭਟਕਣ, ਦੌੜ ਭਜ
"ਧਾਵਤ ਰਹੇ ਏਕੁ ਇਕੁ ਬੂਝਿਆ ਆਇ ਬਸੇ ਅਬ ਨਿਹਚਲੁ ਥਾਇ।"
– ਆਸਾ ੫, ੯, ੨:੧ (373)
(3) ਧਾਅ ਜਾਣ ਵਾਲਾ/ਨਾਸ ਹੋ ਜਾਣ ਵਾਲਾ ਪਦਾਰਥ
"ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ।"
– ਟੋਡੀ ੫, ੩, ੨:੨ (172)

ਧਾਵੰਤ ----- ਦੌੜਦਾ ਹੈ
"ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ।"
– ਸਸ ੫, ੪੮:੨ (1358)

ਧਾਵਤੁ ----- ਦੌੜਨ ਤੋਂ
"ਇਹੁ ਮਨੁ ਧਾਵਤੁ ਤਾ ਰਹੈ ਜਾ ਆਪੇ ਨਦਰਿ ਕਰੇਇ।"
– ਸਿਰੀ ੩, ੪੩, ੧:੩ (30)

ਧਾਵਤ ----- ਦੌੜ ਪੈਂਦੇ
"ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ।"
– ਸਲੋ ਕਬ, ੧੦:੨ (1365)

ਧਾਵਤੋ ----- ਦੌੜਦੇ, ਦੌੜੇ ਜਾਂਦੇ
"ਧਾਵਤੋ ਅਸਥਿਰੁ ਥੀਆ।"

– ਮਲਾ ੫, ੨੩, ੧*:੪ (1272)

ਧਾਵਦਾ ----- ਜਾਂਦਾ ਹੈ, ਭਜਾ ਫਿਰਦਾ ਹੈ

"ਜਹ ਜਹ ਮਨ ਤੂੰ ਧਾਵਦਾ ਤਹ ਤਹ ਹਰਿ ਤੇਰੈ ਨਾਲੇ।"

– ਆਸਾ ੩, ਛੰਤ ੭, ੩:੧ (440)

"ਮਨੂਆ ਦਹ ਦਿਸ ਧਾਵਦਾ ਓਹੁ ਕੈਸੇ ਹਰਿ ਗੁਣ ਗਾਵੈ।" (ਦੌੜਿਆ/ ਭਟਕਦਾ ਫਿਰਦਾ)

– ਵਡ ੩, ਅਸ ੨, ੧:੧ (565)

ਧਾਵਦੇ ----- ਭਜੇ/ਭਟਕਦੇ ਫਿਰਦੇ

"ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ।"

– ਆਸਾ ੧, ਵਾਰ ੯:੨ (468)

ਧਾਵਨ ----- (1) ਭਟਕਣ, ਦੌੜ ਭੱਜ

"ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।"

– ਬਸੰ ੯, ੩, ੧*:੨ (1186)

(2) ਦੌੜਨ

"ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ।"

– ਕਾਨ ੫, ੨੯, ੧:੨ (1303)

ਧਾਵਨੋ ----- ਭਟਕਦਾ

"ਪ੍ਰਭ ਦਰਸ ਲੁਬਧ ਦਾਸ ਨਾਨਕ ਬਹੁੜਿ ਜੋਨਿ ਨ ਧਾਵਨੋ।"

– ਕਲਿ ੫, ੧੦, ੨:੨ (1323)

ਧਾਵਰਤਾ ---- ਦੌੜ ਭੱਜ, ਭਟਕਣ

"ਅਨਿਕ ਕਾਜ ਅਨਿਕ ਧਾਵਰਤਾ ਉਰਝਿਓ ਆਨ ਜੰਜਾਰੀ।"

– ਸਾਰ ੫, ੫੯, ੧*:੨ (1216)

ਧਾਵਾ ------ ਦੌੜਦਾ, ਭਜਦਾ, ਭਟਕਦਾ

"ਖੋੜੇ ਛਾਡਿ ਨ ਦਹ ਦਿਸ ਧਾਵਾ।"

– ਗਉ ਕਬ, ਬਾਅ ੮:੨ (340)

"ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ।" (ਦੌੜਨਾ ਪਵੇ)

– ਬਿਲਾ ੫, ਛੰਤ ੩, ੧:੫ (847)

ਧਾਵੀਆ ---- ਦੌੜਨਾ, ਭਟਕਣਾ

"ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ।"

– ਰਾਮ ੫, ਵਾਰ ੧੫:੨ (964)

ਧਾਵੈ ------ (1) ਭਟਕਦਾ/ਭਜਾ/ਦੌੜਿਆ ਫਿਰੇ

"ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ।"

– ਸਿਰੀ ੫, ੯੧, ੨:੧ (50)

"ਲੈ ਤੁਰੇ ਸਉਦਾਗਰੀ ਸਉਦਾਗਰ ਧਾਵੈ।" (ਤੁਰ ਪੈਂਦਾ ਹੈ, ਜਾਂਦਾ ਹੈ)

– ਗਉ ੪, ੪੭, ੨:੧ (166)

"ਨਾਮੁ ਉਚਾਰੁ ਕਰੇ ਹਰਿ ਰਸਨਾ ਬਹੁੜਿ ਨ ਜੋਨੀ ਧਾਵੈ।" (ਆਉਂਦਾ)

- ਦੇਵ ੫, ੧੪, ੧:੨ (531)

"ਕੋਟਿ ਕੋਟਿ ਕੋਟਿ ਲਖ ਧਾਵੈ।" (ਭਜੇ ਦੌੜੇ ਭਾਵ ਯਤਨ ਕਰੇ)

- ਵਡ ੫, ੧, ੧:੩ (562)

"ਭੈਰਉ ਭੂਤ ਸੀਤਲਾ ਧਾਵੈ।" (ਦੌੜਦਾ/ਭੱਜਦਾ ਹੈ)

- ਗੋਂਡ ਨਾਮ, ੬, ੧:੧ (874)

(ਮਹਾਨ ਕੋਸ਼/ਨਿਰਣੈ ਇਸ ਦੇ ਅਰਥ 'ਧਿਆਉਂਦਾ ਹੈ' ਕਰਦਾ ਹੈ)

(2) ਦੌੜਨਾ ਭਾਵ ਧਾਵਾ ਕਰਨਾ

"ਪ੍ਰਭ ਕੀ ਕਲਾ ਬਿਨਾ ਕਹ ਧਾਵੈ।" (ਕਿਥੇ ਦੌੜ/ਧਾਵਾ ਕਰ ਸਕਦਾ ਹੈ)

- ਗਉ ੫, ਸੁਖ ੧੫, ੨:੬ (282)

(3) ਮਹੂਏ ਦੇ ਫੁਲ ਜਿਨਾਂ ਤੋਂ ਸ਼ਰਾਬ ਬਣਦੀ ਹੈ

"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।"

- ਆਸਾ ੧, ੩੮, ੧:੧ (360)

(4) ਧਿਆਵੇ

"ਜੀਅਨ ਸਭਨ ਦਾਤਾ ਅਗਮ ਗੵਾਨ ਬਿਖੵਾਤਾ ਅਹਿਨਿਸਿ ਧੵਾਨ ਧਾਵੈ ਪਲਕ ਨ ਸੋਵੈ ਜੀਉ।"

- ਸਵ ੪, ਨਲੵ ੧:੩ (1398)

ਧਿਆਈਐ -- ਸਿਮਰੀਏ

"ਜਿਸ ਦੈ ਵਸਿ ਸਭੁ ਕਿਛੁ ਸੋ ਸਭ ਦੂ ਵਡਾ ਸੋ ਮੇਰੇ ਮਨ ਸਦਾ ਧਿਆਈਐ।"

- ਗੋਂਡ ੪, ੫, ੪:੧ (861)

ਧਿਆਉ ---- (1) ਸਿਮਰਾਂ, ਚਿੰਤਨ ਕਰਾਂ

"ਨਿਮਖ ਨਿਮਖ ਹਰਿ ਹਰਿ ਹਰਿ ਧਿਆਉ।"

- ਗਉ ੫, ੮੪, ੨:੨ (180)

(2) ਸਿਮਰੋ, ਧਿਆਨ ਕਰੋ, ਚਿੰਤਨ ਕਰੋ

"ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ।"

- ਰਾਮ ੫, ੪੧, ੧*:੨ (895)

ਧਿਆਇ ---- ਸਿਮਰ, ਧਿਆਨ ਕਰ, ਚਿੰਤਨ ਕਰ

"ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ।"

- ਸਿਰੀ ੩, ੩੭, ੧*:੧ (27)

ਹੋਰ ਰੂਪ:

ਧਿਆਇਓ -

"ਗੁਰ ਕੈ ਬਚਨਿ ਧਿਆਇਓ ਮੋਹਿ ਨਾਉ।" (ਧਿਆਇਆ/ਸਿਮਰਿਆ/ ਧਿਆਨ ਕੀਤਾ/ਚਿੰਤਨ ਕੀਤਾ ਹੈ)

- ਗਉ ੫, ਅਸ ੮, ੧*:੧ (239)

"ਜਹ ਜਹ ਅਉਸਰੁ ਆਇ ਬਨਿਓ ਹੈ ਤਹਾ ਤਹਾ ਹਰਿ ਧਿਆਇਓ।" (ਯਾਦ ਕੀਤਾ)

- ਗੂਜ ੫, ੧੨, ੧:੨ (498)

ਧਿਆਇਆ -

"ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ।" (ਸਿਮਰਿਆ, ਧਿਆਨ ਵਿਚ ਲਿਆਂਦਾ)

– ਜਪ ੧, ੩੮ਸ:੫ (8)

ਧਿਆਇਆ -- ਮੈ ਸਿਮਰਾਂ ਗਾ/ਧਿਆਨ ਧਰਾਂਗਾ

"ਸਤਿਗੁਰ ਪੂਛਉ ਜਾਇ ਨਾਮੁ ਧਿਆਇਸਾ ਜੀਉ।"

– ਧਨਾ ੧, ਛੰਤ ੨, ੫:੨ (689)

ਹੋਰ ਰੂਪ:

ਧਿਆਇਸੀ –

"ਕਰਿ ਕਿਰਪਾ ਸਤਿਗੁਰੁ ਮੇਲਿਓਨੁ ਮੁਖਿ ਗੁਰਮੁਖਿ ਨਾਮੁ ਧਿਆਇਸੀ।" (ਧਿਆਵੇਗਾ, ਸਿਮਰੇਗਾ)

– ਗਉ ੪, ਵਾਰ ੧੮ਸ, ੪, ੧:੧ (310)

ਧਿਆਇਹੁ --- ਧਿਆਓ, ਸਿਮਰੋ

"ਘਰਿ ਬੈਠੇ ਗੁਰੁ ਧਿਆਇਹੁ।"

– ਸੋਰ ੫, ੫੨, ੧:੨ (621)

ਧਿਆਇਣਾ -- ਧਿਆਉਣਾ/ਸਿਮਰਨਾ ਚਾਹੀਦਾ ਹੈ

"ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ।"

– ਰਾਮ ੫, ਛੰਤ ੨, ੨:੪ (925)

ਧਿਆਇਥਈ – ਧਿਆ/ਸਿਮਰ/ਧਿਆਨ ਧਰ ਕੇ

"ਜਹ ਦਰਗਹਿ ਪ੍ਰਭੁ ਲੇਖਾ ਮਾਗੈ ਤਹ ਛੁਟੈ ਨਾਮੁ ਧਿਆਇਥਈ।"

– ਕਲਿ ੪, ੪, ੧:੨ (1320)

ਧਿਆਇਦਾ -- ਸਿਮਰਦਾ, ਧਿਆਨ ਧਰਦਾ

"ਇਕ ਸਾਹਾ ਤੁਧੁ ਧਿਆਇਦਾ।"

– ਸਿਰੀ ੫, ਅਸ ੨੯, ੬:੨ (73)

ਹੋਰ ਰੂਪ:

ਧਿਆਇਦਿਆ –

"ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ।" (ਧਿਆਉਣ ਨਾਲ)

– ਗੂਜ ੫, ਵਾਰ ੧੭ਸ, ੫, ੧:੨ (522)

ਧਿਆਇਦੀ –

"ਤੁਧਨੋ ਸਭ ਧਿਆਇਦੀ ਸਭ ਲਗੈ ਤੇਰੀ ਪਾਈ।" (ਸਿਮਰਦੀ ਧਿਆਰ ਧਰਦੀ)

– ਗਉ ੪, ਵਾਰ ੧:੨ (301)

ਧਿਆਇਦੇ –

"ਸੁਣਿ ਸੁਣਿ ਤੁਝੈ ਧਿਆਇਦੇ ਤੇਰੇ ਭਗਤ ਰਤੇ ਗੁਣਤਾਸੁ ਜੀਉ।"

– ਸਿਰੀ ੫, ਅਸ ੨੯, ੨੦:3 (74)

ਧਿਆਇਨਿ -- ਸਿਮਰਨ, ਧਿਆਨ ਧਾਰਨ

"ਸਚੁ ਧਿਆਇਨਿ ਸੇ ਸਚਿ ਰਾਤੇ ਸਚੇ ਸਚਿ ਸਮਾਵਣਿਆ।"

– ਮਾਝ ੩, ਅਸ ੧੮, ੧*:੨ (119)

ਹੋਰ ਰੂਪ:

ਧਿਆਇਨਿ੍ –
"ਨਾਮ ਧਿਆਇਨਿ੍ ਰੰਗ ਸਿਉ ਗੁਰਮੁਖਿ ਨਾਮਿ ਲਗੰਨਿ੍।"
– ਸੂਹੀ ੩, ਅਸ ੪, ੩:੧ (757)

ਧਿਆਇਲੇ --- ਸਿਮਰੀਏ, ਧਿਆਨ ਧਰੀਏ, ਯਾਦ ਕਰੀਏ
"ਅਨੂਪ ਪਦਾਰਥੁ ਨਾਮੁ ਸੁਨਹੁ ਸਗਲ ਧਿਆਇਲੇ ਮੀਤਾ।"
– ਗਉ ੫, ੧੩੩, ੧*:੧ (208)

ਧਿਆਈ ---- ਸਿਮਰੇ
"ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ।"
– ਸਿਰੀ ੧, ੨੬, ੨:੧ (23)
(ਮਹਾਨਕੋਸ਼ ਇਥੇ 'ਧਿਆਈ' ਦੇ ਅਰਥ 'ਧਿਆਨ ਵਿਚ ਮਗਨ' ਕਰਦਾ ਹੈ)
"ਸਾ ਮਤਿ ਦੀਜੈ ਜਿਤੁ ਤੁਧੁ ਧਿਆਇ।" (ਸਿਮਰਾਂ, ਯਾਦ ਕਰਾਂ)
– ਮਾਝ ੫, ੧੯, ੪:੨ (100)

ਹੋਰ ਰੂਪ:

ਧਿਆਇੰ-ੀ –
"ਮਨ ਤਨ ਅੰਤਰਿ ਤੁਝੈ ਧਿਆਇੰ-ੀ।" (ਧਿਆਵਾਂ, ਸਿਮਰਾਂ, ਯਾਂਦ ਕਰਾਂ)
– ਆਸਾ ੫, ੬੦, ੩:੧ (386)

ਧਿਆਈਐ –
"ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ।" (ਸਿਮਰੀਏ, ਯਾਦ ਕਰੀਏ)
– ਸਿਰੀ ੩, ੩੪, ੧:੪ (26)

ਧਿਆਈਜੈ --- ਧਿਆਉਣਾ ਚਾਹੀਦਾ ਹੈ
"ਕਾਰਜੁ ਸਵਰੈ ਮਨ ਪ੍ਰਭੁ ਧਿਆਈਜੈ।"
– ਰਾਮ ੫, ਅਸ ੧, ੬:੪ (913)

ਧਿਆਏ ---- ਸਿਮਰੇ, ਯਾਦ ਕਰੇ, ਧਿਆਨ/ਚਿੰਤਨ ਵਿਚ ਲਿਆਵੇ
"ਸਾਹੁਰੜੈ ਕੰਮ ਸਿਖੈ ਗੁਰਮੁਖਿ ਹਰਿ ਹਰਿ ਸਦਾ ਧਿਆਏ।"
– ਸਿਰੀ ੪, ਛੰਤ ੧, ੧:੩ (78)

ਹੋਰ ਰੂਪ:

ਧਿਆਂਏ –
"ਹਰਿ ਜਨ ਰਾਮ ਰਾਮ ਰਾਮ ਧਿਆਂਏ।"
– ਸਾਰ ੫, ੨੩, ੧*:੧ (1208)

ਧਿਆਹਾ ---- ਧਿਆਓ, ਸਿਮਰੋ
"ਹਰਿ ਹਰਿ ਨਾਮੁ ਦਇਆਲੁ ਧਿਆਹਾ।"
– ਜੈਤ ੪, ੮, ੨:੧ (698)
"ਜਿਉ ਤੁਧੁ ਭਾਵੈ ਤਿਉ ਤੁ ਰਾਖਹਿ ਗੁਰਮੁਖਿ ਨਾਮੁ ਧਿਆਹਾ ਹੇ।" (ਧਿਆਇਆ ਜਾਂਦਾ ਹੈ)

– ਮਾਰੂ ੩, ਸੋਲਾ ੧੦, ੧੫:੩ (1054)

ਧਿਆਹੀ ---- ਧਿਆਉਂਦੇ ਹਨ
"ਤੂ ਸਾਹਿਬੁ ਅਗਮੁ ਦਇਆਲੁ ਹੈ ਸਭਿ ਤੁਧੁ ਧਿਆਹੀ।"
– ਗਉ ੪, ਵਾਰ ੪:੪ (302)

ਧਿਆਤਿ ---- ਧਿਆਉਂਦਾ/ਯਾਦ ਕਰਦਾ/ਸਿਮਰਦਾ ਹੈ
"ਜੋ ਜੋ ਰਚਿਓ ਸੁ ਤਿਸਹਿ ਧਿਆਤਿ।"
– ਗਉ ੫, ਸੁਖ ੨੨, ੩:੬ (292)

ਧਿਆਨ ---- (1) ਸੁਰਤ, ਬਿਰਤੀ
"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।"
– ਜਪੁ ੧, ੨੮:੧ (6)
"ਨਾਮ ਕੇ ਧਾਰੇ ਸੁਨਨ ਗਿਆਨ ਧਿਆਨ।" (ਸੁਰਤ ਜੋੜਨੀ)
– ਗਉ ੫, ਸੁਖ ੧੬, ੫:੪ (284)

ਹੋਰ ਰੂਪ:

ਧਿਆਨੰ –
"ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ।"
– ਸੋਰ ੧, ਅਸ ੧, ੮:੧ (635)

(2) ਖਿਆਲ
"ਮਨ ਆਠ ਪਹਰ ਕਰਿ ਤਿਸ ਕਾ ਧਿਆਨ।"
– ਗਉ ੫, ਸੁਖ ੬, ੫:੨ (270)

ਧਿਆਨਾ ---- ਸੁਰਤ, ਬਿਰਤੀ, ਗਿਆਨ
"ਬਗ ਜਿਉ ਲਾਇ ਬਹੈ ਨਿਤ ਧਿਆਨਾ।"
– ਗਉ ੩, ਅਸ ੨, ੬:੨ (230)

ਹੋਰ ਰੂਪ:

ਧਿਆਨਾਂ –
"ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ।"
– ਬਿਹਾ ੪, ਵਾਰ ੧੯:੨ (556)

ਧਿਆਨਾਨਾਂ -- ਧਿਆਨ, ਸੁਰਤ, ਬਿਰਤੀ
"ਹਿਰਦੇ ਪ੍ਰਗਾਸੁ ਗਿਆਨ ਗੁਰ ਗੰਮਿਤ ਗਗਨ ਮੰਡਲ ਮਹਿ ਧਿਆਨਾਨਾਂ।"
– ਗਉ ਕਬ, ੭੪, ੧:੧ (339)

ਧਿਆਨਿ ---- ਧਿਆਨ ਵਿਚ, ਯਾਦ ਵਿਚ
"ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ।"
– ਸਿਰੀ ੧, ਪਹ ੧, ੧:੩ (74)
"ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ।" (ਧਿਆਨ ਦੁਆਰਾ)
– ਮਾਝ ੧, ਵਾਰ ੨੦ਸ, ੧, ੧:੨ (147)

ਧਿਆਨੀ ---- ਧਿਆਨ/ਸੁਰਤ ਲਾਉਣ ਵਾਲਾ, ਧਿਆਨ ਵਿਚ ਲਗਾ ਹੋਇਆ

"ਗਿਆਨੀ ਧਿਆਨੀ ਗੁਰ ਗੁਰਹਾਈ।"
– ਆਸਾ ੧, ਸੋਦ ੨, ੨:੩ (9)
"ਜੋ ਇਸ ਮਾਰੇ ਸੁ ਸਹਜ ਧਿਆਨੀ।" (ਅਸਲ ਧਿਆਨ ਵਾਲਾ)
– ਗਉ ੫, ਅਸ ੫, ੫:੪ (238)
"ਗਰਭ ਕੁੰਡਲ ਮਹਿ ਉਰਧ ਧਿਆਨੀ।" (ਧਿਆਨ ਵਿਚ ਬੈਠਾ)
– ਮਾਰੂ ੧, ਸੋਲਾ ੭, ੫:੧ (1027)

ਹੋਰ ਰੂਪ:

ਧਿਆਨੀਆ –
"ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ।"
– ਮਾਰੂ ੫, ਵਾਰ ੨੩:੨ (1102)

ਧਿਆਨੁ ---- (1) ਸੁਰਤ, ਬਿਰਤੀ
"ਸੁਣਿਐ ਲਾਗੈ ਸਹਜਿ ਧਿਆਨੁ।"
– ਜਪੁ ੧, ੧੦:੪ (3)

(3) ਚਿੰਤਨ
"ਗੁਰਮੁਖਿ ਗਿਆਨੁ ਧਿਆਨੁ ਮਨਿ ਮਾਨੁ।"
– ਆਸਾ ੧, ਅਸ ੬, ੧:੧ (414)

ਧਿਆਨੇ ---- ਧਿਆਨ/ਸੁਰਤ ਵਾਲਾ
"ਗੁਰ ਬਚਨੀ ਮਨੁ ਸਹਜ ਧਿਆਨੇ।"
– ਬਿਲਾ ੧, ੪, ੧:੧ (796)

ਧਿਆਨੋ ---- ਧਿਆਨ, ਸੁਰਤਿ, ਬਿਰਤੀ
"ਗੁਰੁ ਸੇਵੀਜੈ ਅੰਮ੍ਰਿਤੁ ਪੀਜੈ ਜਿਸੁ ਲਾਵਹਿ ਸਹਜਿ ਧਿਆਨੋ।"
– ਸੂਹੀ ੫, ਛੰਤ ੧, ੩:੫ (777)

ਧਿਆਯਉ --- ਧਿਆਇਆ, ਧਿਆਨ ਵਿਚ ਲਿਆਂਦਾ, ਚਿੰਤਨ ਕੀਤਾ, ਸਿਮਰਿਆ
"ਅਬਿਨਾਸੀ ਅਬਿਗਤੁ ਧਿਆਯਉ।"
– ਸਵ ੪, ਕਲ ੧:੬ (1396)

ਧਿਆਵਉ --- ਧਿਆਨ ਕਰੇ, ਚਿੰਤਨ ਕਰਾਂ, ਸਿਮਰਾਂ
"ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ।"
– ਮਾਝ ੫, ੨੪, ੧:੧ (101)

ਧਿਆਵਈ --- ਧਿਆਉਂਦਾ/ਚਿੰਤਨ/ਧਿਆਨ ਵਿਚ ਲਿਆਉਂਦਾ ਹੈ
"ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ।"
– ਸੋਰ ੪, ਵਾਰ ੧੦:੪ (646)

ਹੋਰ ਰੂਪ:

ਧਿਆਵਣੇ –
"ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਣੇ।" (ਧਿਆਉਂਦੇ ਹਨ)
– ਆਸਾ ੫, ਛੰਤ ੫, ੩:੪ (456)

ਧਿਆਵਹ --- ਧਿਆਉਂਦੇ/ਧਿਆਨ ਵਿਚ ਲਿਆਉਂਦੇ ਹਾਂ
“ਕਹਿ ਨਾਮਦੇਉ ਹਮ ਨਰਹਰਿ ਧਿਆਵਹ ਰਾਮੁ ਅਭੈ ਪਦ ਦਾਤਾ।”
– ਭੈਰ ਨਾਮ, ੯, ੫:੨ (1165)

ਹੋਰ ਰੂਪ:

ਧਿਆਵਹਿ –
“ਸਭਿ ਧਿਆਵਹਿ ਸਭਿ ਧਿਆਵਹਿ ਤੁਧੁ ਜੀ ਹਰਿ ਸਚੇ ਸਿਰਜਣਹਾਰਾ।”
(ਸਿਮਰਦੇ/ਧਿਆਉਂਦੇ ਹਨ)
– ਆਸਾ ੪, ਸੋਪੁ ੧, ੧:੨ (10)

ਧਿਆਵਹਿਗੇ –
“ਦਰਸਨੁ ਛੋਡਿ ਭਏ ਸਮਦਰਸੀ ਏਕੋ ਨਾਮੁ ਧਿਆਵਹਿਗੇ।”
– ਮਾਰੂ ਕਬ, ੪, ੨:੨ (1103)

ਧਿਆਵਹੀ –
“ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ।” (ਸਿਮਰਾਂ)
– ਮਾਰੂ ੫, ਵਾਰ ੩:੩ (1095)

ਧਿਆਵਹੁ –
“ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ।” (ਸਿਮਰੋ)
– ਆਸਾ ੪, ਸੋਪੁ ੧, ੧:੪ (10)

ਧਿਆਵਹੇ –
“ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ।” (ਸਿਮਰਦੇ ਹਨ)
– ਗਉ ੫, ਛੰਤ ੨, ੧:੪ (248)

ਧਿਆਵਣਾ --- ਧਿਆਨ/ਸੁਰਤ ਵਿਚ ਲਿਆਉਣਾ, ਸਿਮਰਨਾ
“ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ।”
– ਸੋਰ ੪, ਵਾਰ ੨੫:੨ (652)

ਹੋਰ ਰੂਪ:

ਧਿਆਵਣਿਆ –
“ਬਿਨੁ ਨਾਵੈ ਕੋ ਸੰਗਿ ਨ ਸਾਥੀ ਮੁਕਤੇ ਨਾਮੁ ਧਿਆਵਣਿਆ।”
– ਮਾਝ ੧, ਅਸ ੧, ੪:੩ (109)

ਧਿਆਵਤ --- ਸਿਮਰਦਿਆਂ, ਧਿਆਨ ਵਿਚ ਲਿਆਉਂਦਿਆਂ
“ਗੁਣ ਗਾਵਤ ਧਿਆਵਤ ਸੁਖ ਸਾਗਰ ਜੂਏ ਜਨਮੁ ਨ ਹਾਰੇ।”
– ਗਉ ੫, ੧੩੮*, ੩:੨ (210)

ਧਿਆਵਨ --- ਸਿਮਰਨ, ਧਿਆਨ ਵਿਚ ਲਿਆਉਣਾ
“ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ।”
– ਧਨਾ ੫, ੩੫, ੧*:੨ (680)

ਧਿਆਵਨਹਾਰ – ਧਿਆਉਣ ਵਾਲਾ, ਸਿਮਰਨ ਵਾਲਾ
“ਨਾਮੁ ਸਤਿ ਸਤਿ ਧਿਆਵਨਹਾਰ।”
– ਗਉ ੫, ਸੁਖ ੧੭, ੧:੪ (285)

ਧਿਆਵਨ ਜੋਗ ਸਿਮਰਨ ਜੋਗ, ਧਿਆਨ ਵਿਚ ਲਿਆਏ ਜਾਣ ਦੇ ਲਾਇਕ
"ਨਾਨਕ ਸਦਾ ਧਿਆਈਐ ਧਿਆਵਨ ਜੋਗ।"
- ਗਉ ੫, ਸੁਖ ੬, ੧:੧੦ (269)

ਹੋਰ ਰੂਪ:

ਧਿਆਵਨ ਜੋਗੁ -
"ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨਜੋਗੁ।"
- ਬਿਲਾ ੫, ੫੬, ੨:੧ (814)

ਧਿਆਵਨੁ --- ਸਿਮਰਨ ਕਰਨ, ਧਿਆਉਣ
"ਨਾਮੋ ਗਾਵਨੁ ਨਾਮੁ ਧਿਆਵਨੁ ਨਾਮੁ ਹਮਾਰੇ ਪ੍ਰਾਨ ਅਧਾਰੈ।"
- ਕਾਨ ੫, ੨੪, ੧*:੨ (1302)

ਹੋਰ ਰੂਪ:

ਧਿਆਵਨ੍ਹਿ -
"ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ।" (ਧਿਆਉਂਦੇ ਹਨ)
- ਆਸਾ ੧, ਵਾਰ ੬ਸ, ੧, ੧:੫ (465)

ਧਿਆਵਾ ---- ਸਿਮਰਾਂ
"ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ।"
- ਵਡ ੪, ੩, ੫:੧ (562)

ਧਿਆਵੀਐ -- ਧਿਆਈਐ, ਸਿਮਰੀਏ
"ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ਹਰਿ ਦੇਵੈ ਤਾ ਨਾਮੁ ਧਿਆਵੀਐ ਰੇ।"
- ਕੇਦਾ ੪, ੧, ੨:੧ (1118)

ਧਿਆਵੈ ---- ਸਿਮਰੇ, ਚਿਤ ਵਿਚ ਲਿਆਵੇ
"ਹਰਿ ਧਿਆਵੈ ਹਰਿ ਉਚਰੈ ਵਣਜਾਰਿਆ ਮਿਤ੍ਰਾ ਹਰਿ ਹਰਿ ਨਾਮੁ ਸਮਾਰਿ।"
- ਸਿਰੀ ੪, ਪਹ ੩, ੧:੨ (76)

ਧਿਕਾਰੁ ----- (ਸੰ.) ਤਿਰਸਕਾਰ, ਅਨਾਦਰ, ਬੁਰਾ ਭਲਾ ਕਹਿਣ, ਲਾਹਨਤ, ਫਿਟਕਾਰ
"ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ।"
- ਰਾਮ ੧, ੮, ੪:੧ (878)

ਧਿਗੁ ------ ਲਾਹਨਤ/ਫਿਟਕਾਰ ਹੈ
"ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ।"
- ਬਿਹਾ ੪, ਵਾਰ ੬, ੩, ੧:੨ (550)

ਧਿਙਾਣਾ ---- ਧਰਾ, ਬੇਇਨਸਾਫੀ, ਅਨਿਆਏ
"ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ।"
- ਰਾਮ ੧, ਅਸ ੧, ੧*:੨ (902)

ਹੋਰ ਰੂਪ:

ਧਿਙਾਣੈ -
"ਤਉ ਕੜੀਐ ਜੇ ਕਿਛੁ ਹੋਇ ਧਿਙਾਣੈ।"

– ਭੈਰ ੪, ੧੮, ੩:੨ (1140)

ਧਿਮਾਣੈ ----- ਧਿਆਨ ਵਿਚ, ਆਪਣੀ ਸੋਚ ਵਿਚ ਗਲਤਾਨ
"ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ।"
– ਮਾਰੂ ੧, ਅਸ ੩, ੫:੨ (1010)
(ਨੀਵਾਂ ਮੂੰਹ ਕਰਕੇ, ਉਦਾਸ ਸ਼ਕਲ ਵਿਚ (ਨਿਰਣੈ, ਦਰਪਣ)

ਧਿਰਾਂ ------ ਪੱਖ/ਤਰਫਦਾਰੀ ਕਰਨ ਵਾਲੇ, ਆਸਰਾ/ ਸਹਾਰਾ ਦੇਣ ਵਾਲੇ
"ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰ ਤੇ।"
– ਗਉ ੪, ਵਾਰ ੩੨:੬ (317)

ਧਿਰਿ ------ ਪਾਸੇ
"ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ।"
– ਸਿਰੀ ੪, ਵਾਰ ੪ਸ, ੧, ੧:੮ (84)
"ਪਾਵ ਸੁਹਾਵੇ ਜਾਂ ਤਉ ਧਿਰਿ ਜੁਲਦੇ ਸੀਸੁ ਸੁਹਾਵਾ ਚਰਣੀ।" (ਵਲ)
– ਰਾਮ ੫, ਵਾਰ ੧੫ਸ, ੫, ੨:੧ (964)

ਧੀ ------- ਲੜਕੀ, ਬੇਟੀ
"ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ।"
– ਗਉ ੪, ੪੭, ੧:੨ (166)

ਧੀਅ ------ ਲੜਕੀ, ਬੇਟੀ
"ਪੁਤੁ ਜਿਨੂਰਾ ਧੀਅ ਜਿਨੂੰਰੀ ਜੋਰੂ ਜਿੰਨਾ ਦਾ ਸਿਕਦਾਰੁ।"
– ਬਿਹਾ ੪, ਵਾਰ ੨੦ਸ, ੧, ੧:੨ (556)

ਹੋਰ ਰੂਪ:

ਧੀਆ –
"ਮਨਮੁਖੁ ਜਾਣੈ ਆਪਣੇ ਧੀਆ ਪੂਤ ਸੰਜੋਗੁ।"
– ਸਿਰੀ ੧, ਅਸ ੧੫, ੩:੧ (63)

ਧੀਜਈ ----- ਧੀਰਜ ਫੜਦੇ
"ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ।"
– ਮਲਾ ੧, ਵਾਰ ੧੭:੫ (1285)

ਹੋਰ ਰੂਪ:

ਧੀਜਏ –
"ਤੁਧੁ ਬਾਝੁ ਇਕੁ ਤਿਲੁ ਰਹਿ ਨ ਸਾਕਾ ਕਹਿਣ ਸੁਨਣਿ ਨ ਧੀਜਏ।"
– ਆਸਾ ੧, ਛੰਤ ੧, ੨:੫ (436)

ਧੀਜੀਐ ---- ਧੀਰਜ ਫੜੀਏ
"ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ ਕਵਨ ਬਿਧੀ ਨ ਧੀਜੀਐ।"
– ਬਿਹਾ ੫, ਛੰਤ ੨, ੨:੩ (543)

ਧੀਜੈ ------ ਕਰੇ, ਧਰੇ
"ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ।"

– ਰਾਮ ੧, ਅਸ ੫, ੪:੧ (905)
"ਹਰਿ ਦਰਸਨ ਕੈ ਜਨ ਮੁਕਤਿ ਨ ਮਾਂਗਹਿ, ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ।"
– ਕਲਿ ੪, ਅਸ ੨, ੧:੨ (1324)

ਧੀਠਾ ------ (1) ਠਹਿਰਿਆ ਹੋਇਆ, ਜੰਮਿਆ ਹੋਇਆ, ਕਾਇਮ ਹੋਇਆ
"ਨਾਨਕ ਨਾਮੁ ਧਿਆਇ ਧਿਆਇ ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ।"
– ਮਾਝ ੫, ੪੯, ੪:੩ (109)
(2) ਢੀਠ, ਨਿਰਲਜ
"ਇਸੁ ਗੜ ਮਹਿ ਹਰਿ ਰਾਮ ਰਾਇ ਹੈ ਕਿਛੁ ਸਾਦੁ ਨ ਪਾਵੈ ਧੀਠਾ।"
– ਗਉ ੪, ੬੧, ੧:੧ (171)

ਧੀਨ ------ ਅਧੀਨ, ਤਾਬਿਆਦਾਰ
"ਤਿਸ ਹੀ ਕੋ ਗ੍ਰਿਹੁ ਸੋਈ ਪ੍ਰਭੁ ਨਾਨਕ ਸੋ ਠਾਕੁਰੁ ਤਿਸ ਹੀ ਕੋ ਧੀਨ।"
– ਟੋਡੀ ੫, ੨੦, ੨:੨ (716)

ਧੀਰ ------ (1) ਧੀਰਜ, ਸ਼ਾਂਤੀ, ਟਿਕਾਉ
"ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ।"
– ਸਿਰੀ ਵ, ਅਸ ੨੫, ੧:੩ (69)
(ਮਹਾਨਕੋਸ਼ ਅਰਥ 'ਧੀਰਜਵਾਲਾ' ਕਰਦਾ ਹੈ)
(2) ਧੀਰਤ੍ਵ, ਧੀਰਜ ਦਾ ਭਾਵ
"ਨਾਨਕ ਭਗਤ ਆਨੰਦ ਮੈ ਪੇਖਿ ਪ੍ਰਭ ਕੀ ਧੀਰ।"
– ਬਿਲਾ ੫, ੭੨, ੨:੨ (819)
(3) ਧੀਰਜ ਵਾਨ
"ਸਾ ਮਤਿ ਨਿਰਮਲ ਕਹੀਅਤ ਧੀਰ।" (ਭਾਵ ਪਕੀ, ਦ੍ਰਿੜ)
– ਗਉ ੫, ੧੬੧, ੧:੧ (198)
"ਖਲ ਮੁਗਧ ਮੂੜ ਕਟਾਖੵ ਸ੍ਰੀਧਰ ਭਏ ਗੁਣ ਮਤਿ ਧੀਰ।"
– ਗੂਜ ੫, ਅਸ ੨, ੬:੨ (508)
"ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ।"
– ਸਾਰ ੫, ੪੫, ੨:੧ (1213)
(4) ਧੀਰਜ/ਹੌਂਸਲਾ ਦੇਣ ਵਾਲੀ
"ਮਿਲੁ ਮਿਲੁ ਸ ਖੀ ਗੁਣ ਕਹੁ ਮੇਰੇ ਪ੍ਰਭ ਕੇ ਲੇ ਸਤਿਗੁਰ ਕੀ ਮਤਿ ਧੀਰ।"
– ਗੋਂਡ ੫, ੬, ੩:੧ (862)
(5) ਠਹਿਰ/ਟਿਕ ਸਕਨਾ
"ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ।"
– ਰਾਮ ੧, ਓਅੰ ੪੪:੨ (936)
"ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ।"
– ਸਲੋ ਫਰੀਦ, ੧੯੬:੧ (1382)
(6) ਆਸਰਾ, ਹੌਂਸਲਾ
"ਜਾ ਕਉ ਭਈ ਤੁਮਾਰੀ ਧੀਰ।"
– ਨਟ ੫, ੩, ੧*:੧ (978)
"ਜੈਸੀ ਦਾਸੇ ਧੀਰ ਮੀਰ।"

– ਬਸੰ ੫, ੬, ੧:੩ (1181)

ਧੀਰਉ ----- ਧੀਰਜ ਆਉਣੀ, ਸ਼ਾਂਤੀ ਵਿਚ ਆਉਣਾ
"ਧੀਰਉ ਸੁਨਿ ਧੀਰਉ ਪ੍ਰਭ ਕਉ।"
– ਜੈਤ ੫, ੩, ੧*;੧ (700)

ਧੀਰਏ ----- ਧੀਰਜ ਫੜੇ
"ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ।"
– ਗਉ ੫, ਛੰਤ ੧, ੨:੩ (247)

ਧੀਰਹਿ ----- ਧੀਰਜ ਕਰਦੇ, ਧੀਰਜ ਵਿਚ ਆਉਂਦੇ ਭਾਵ ਚੁਪ ਕਰਦੇ
"ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ।"
– ਧਨਾ ੫, ਅਸ ੧, ੩:੧ (687)

ਧੀਰਕ ----- ਧੀਰਜ, ਹੌਂਸਲਾ ਬਨ੍ਹਾਣਾ
"ਭਾਵੈ ਧੀਰਕ ਭਾਵੈ ਧਕੇ ਏਕ ਵਡਾਈ ਦੇਇ।"
– ਆਸਾ ੧, ੩, ੧:੨ (349)
"ਜਾ ਕੀ ਧੀਰਕ ਇਸੁ ਮਨਹਿ ਸਧਾਰੇ।" (ਧੀਰਜ)
– ਸੂਹੀ ੫, ੧੩, ੩:੨ (739)

ਧੀਰਜ ----- ਸ਼ਾਂਤੀ, ਟਿਕਾਉ
"ਧੀਰਜ ਮਨਿ ਭਏ ਹਾਂ।"
– ਆਸਾ ੫, ੧੬੨, ੧*:੫ (410)

ਹੋਰ ਰੂਪ:

ਧੀਰਜੁ –
"ਜਤੁ ਪਾਹਾਰਾ ਧੀਰਜੁ ਸੁਨਿਆਰ।" (ਮਨ ਦੀ ਟਿਕਾਓ ਵਾਲੀ ਅਵਸਥਾ)
– ਜਪੁ ੧, ੩੮:੧ (8)
"ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ।" (ਸ਼ਾਂਤੀ, ਟਿਕਾਓ)
– ਗਉ ੫, ੧੨੫, ੩:੧ (206)

ਧੀਰਨਿ ----- ਧੀਰਜ/ਸਬਰ ਕਰਨ
"ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।"
– ਮਾਝ ੫, ਬਾਰਾ ੩:੧ (133)

ਧੀਰਾ ------ ਧੀਰਜਵਾਨ/ਧੀਰਜ ਵਾਲਾ ਹੋਇਆ
"ਤਿਸਹਿ ਅਰਾਧਿ ਮੇਰਾ ਮਨੁ ਧੀਰਾ।"
– ਮਾਝ ੫, ੧੧੨, ੧:੨ (202)
"ਲਾਲਿ ਰਤਾ ਮੇਰਾ ਮਨੁ ਧੀਰਾ।" (ਧੀਰਜਵਾਨ ਹੋਇਆ, ਟਿਕ ਗਿਆ)
– ਆਸਾ ੧, ੧੭, ੩:੪ (354)
(2) ਧੀਰਜ, ਦਿਲਾਸਹ
"ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ।"
– ਗਉ ੧, ਅਸ ੧੪, ੭:੩ (217)

(3) ਧੀਰਜਵਾਨ, ਧੀਰਜਵਾਲਾ
"ਨੀਚਿ ਨੀਚਿ ਮਨੁ ਕੀਆ ਧੀਰਾ।"
– ਗਉ ਕਬ, ਬਾਅ ੧੮:੨ (341)

(4) ਕਾਇਮ ਰਹਿਣ ਵਾਲਾ, ਸਥਿਰ ਰਹਿਣ ਵਾਲਾ
"ਗੁਰ ਪਰਸਾਦੀ ਪਾਈਐ ਨਿਹਚਲ ਧਨੁ ਧੀਰਾ।" (ਧੀਰਜ ਵਾਲਾ ਭਾਵ ਕਾਇਮ ਰਹਿਣ ਵਾਲਾ ਧਨ)
– ਗੂਜ ੩, ਵਾਰ ੭:੩ (511)

"ਧਰਮ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ।" (ਕਲਜੁਗ ਵਿਚ ਧਰਮ ਹੀ ਕਾਇਮ ਰਹਿੰਦਾ ਹੈ)
– ਮਾਰੂ ੫, ਵਾਰ ੧੧:੨ (1098)

ਧੀਰਿ ------ ਧੀਰਜ ਦੁਆਰਾ
"ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ।"
– ਆਸਾ ੩, ਅਸ ੩੬, ੬:੨ (429)

ਧੀਰਿਓ ----- ਟਿਕਿਆ ਹੈ
"ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ।"
– ਮਾਰੂ ੫, ੪, ੧:੧ (999)

ਧੀਰਿਆ ---- ਹੌਂਸਲੇ ਵਿਚ ਆਇਆ, ਟਿਕਾਓ ਵਿਚ ਆਇਆ
"ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ।"
– ਆਸਾ ਫਰ, ੨, ੪:੧ (488)

ਧੀਰੀਐ ---- ਧੀਰਜ ਫੜੀਏ, ਹੌਂਸਲੇ ਵਿਚ ਆਵੀਏ
"ਦੂਜੀ ਨਾਹੀ ਜਾਇ ਕਿਨਿ ਬਿਧਿ ਧੀਰੀਐ।"
– ਗਉ ੫, ਵਾਰ ੧੬ਸ, ੫, ੨:੨ (322)

ਧੀਰੀਜੈ ----- ਧੀਰਜ ਕਰਦੀਆਂ, ਸਾਂਤੀ/ਟਿਕਾਓ ਵਿਚ ਆਉਂਦੀਆਂ
"ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ।"
– ਜੈਤ ੫, ਛੰਤ ੧, ੧:੪ (703)

ਧੀਰੁ ------ (1) ਧੀਰਜਵਾਨ, ਧੀਰਜਵਾਲਾ
"ਜਾਤਿ ਜੁਲਾਹਾ ਮਤਿ ਕਾ ਧੀਰੁ।"
– ਗਉ ਕਬ, ੨੬, ੩:੧ (328)

(2) ਸਹਾਰਾ
"ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ।"
– ਸਵ ੫, ਕਲ ੭:੧ (1407)

ਧੀਰੇ ------ ਧੀਰਜ ਵਿਚ ਆਉਂਦਾ, ਟਿਕਦਾ, ਸ਼ਾਂਤ ਹੁੰਦਾ
"ਹਰਿ ਜਪਿ ਜਪੇ ਮਨੁ ਧੀਰੇ।"
– ਮਾਝ ੫, ਅਸ ੩੯, ੧*:੧ (132)

ਧੀਰੇਉ ----- ਧੀਰਜ ਪਕੜੇ, ਟਿਕਾਓ/ਸ਼ਾਂਤੀ ਵਿਚ ਆਵੇ
"ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ।"

– ਮਾਰੂ ੧, ਅਸ ੯, ੧:੨ (1014)

ਧੀਰੈ ------ ਧੀਰਜ ਫੜਦਾ
“ਮਾਈ ਕਹਾ ਕਰਉ ਇਹੁ ਮਨੁ ਨ ਧੀਰੈ।”
– ਆਸਾ ੫, ੧੧, ੧*:੧ (373)
“ਕਿਨ ਬਿਧਿ ਹੀਅਰੋ ਧੀਰੈ ਨਿਮਾਨੋ।” (ਧੀਰਜ ਪਕੜੇ, ਹੌਂਸਲਾ ਕਰੇ)
– ਸੂਹੀ ੫, ੫, ੧*:੧ (737)

ਧੀਰੋਦਿ ----- ਧੀਰਜ ਆਉਣਾ
“ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ।”
– ਮਾਰੂ ੫, ਵਾਰ ੧੯ਸ, ੫, ੩:੨ (1100)

ਧੁਹਿ ------ ਠੱਗ/ਧੋਖਾ ਦੇ ਗਈ, ਧ੍ਰੋਹ ਕਮਾ ਗਈ
“ਵੇਖਦਿਆਂ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ।”
– ਸਾਰ ੪, ਵਾਰ ੨੧:੪ (1245)

ਧੁਹੈ ------- ਧ੍ਰੋਹ ਕਰਦਾ, ਧੋਖਾ ਦੇਂਦਾ
“ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ।”
– ਸਲੋ ੩, ੪੦:੨ (1417)

ਧੁਕਣੁ ----- ਦੌੜਣਾ, ਛਾਲਾਂ ਮਾਰਨਾ
“ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ।”
– ਸਲੋ ਫਰ, ੫੬:੧ (1380)

ਧੁਖਾਂ ------ ਸੁਲਗਣਾ, ਹੌਲੀ ਹੌਲੀ ਬਲਣਾ
“ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ।”
– ਸਲੋ ਫਰ, ੮੭:੨ (1382)

ਧੁਖਿ ------ ਜਲਣ ਮਹਿਸੂਸ ਕਰ ਕੇ, ਭਾਵ ਥਕ ਕੇ
“ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ।”
– ਸਲੋ ਫਰ, ੨੧:੧ (1378)

ਧੁਖੀ ------ ਧੁਖਦੀ, ਬਲਦੀ
“ਸਾਂਤਿ ਪਾਵਹਿ ਹੋਵਹਿ ਮਨ ਸੀਤਲ ਅਗਨਿ ਨ ਅੰਤਰਿ ਧੁਖੀ।”
– ਸੋਰ ੫, ੩੦, ੨:੧ (617)

ਧੁਖੁ ------- ਧੁਖਣਾ, ਤਪਣਾ
“ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁਖੁ।”
– ਟੋਡੀ ੫, ੨੯, ੨:੨ (718)

ਧੁਜਾ ------ ਝੰਡਾ
“ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ।”
– ਸਵ ੩, ੭:੨ (1393)

ਧੁਣੈ ------- ਹਿਲਾਏ
“ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ।” (ਪਛਤਾਵੇ ਵਿਚ ਸਿਰ ਹਿਲਾਵੈ)

– ਤਿਲੰ ੧, ਅਸ ੧, ੨:੨ (725)

ਧੁੰਧਰਾਵਾ ---- ਉਜਾੜ ਦਿੱਤਾ, ਧੂੜ ਉਡਾ ਦਿੱਤੀ
"ਇਨ੍ਹ ਮੁੰਡੀਅਨ ਮੇਰਾ ਘਰੁ ਧੁੰਧਰਾਵਾ।"
– ਆਸਾ ਕਬ, ੩੩, ੧*:੧ (484)

ਧੁੰਧਲਾ ----- ਧੁੰਧ ਰੰਗਾ, ਦੁਧੀਆ ਕਾਸ਼ਨੀ
"ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ।
ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ।"
– ਮਾਰੂ ੩, ਵਾਰ ੮ਸ, ੧, ੧:੧ (1089)

ਧੁੰਧਿ ------ ਇਕ ਨੇਤ੍ਰ ਰੋਗ ਜਿਸ ਕਾਰਨ ਧੁੰਧਲਾ ਨਜ਼ਰ ਆਉਂਦਾ ਹੈ
"ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ।"
– ਭੈਰ ੧, ੪, ੧:੨ (1126)

ਧੁੰਧੂਕਾਰਾ --- (ਸੰ.) ਹਨੇਰਾ
"ਅਰਬਦ ਨਰਬਦ ਧੁੰਧੂਕਾਰਾ।"
– ਮਾਰੂ ੧, ਸੋਲਾ ੧੫, ੧:੧ (1035)

ਧੁੰਧੂਕਾਰਿ --- ਹਨੇਰੇ ਵਿਚ
"ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ।"
– ਮਾਰੂ ੧, ਸੋਲਾ ੭, ੧:੩ (1026)

ਧੁੰਧੂਕਾਰੇ ---- ਹਨੇਰੇ ਵਿਚ
"ਖੇਲੁ ਤਮਾਸਾ ਧੁੰਧੂਕਾਰੇ।"
– ਮਾਰੂ ੧, ਸੋਲਾ ੩, ੯:੨ (1023)

ਹੋਰ ਰੂਪ:

ਧੁੰਧੂਕਾਰੈ –
"ਕੇਤੜਿਆ ਜੁਗ ਧੁੰਧੂਕਾਰੈ।" (ਹਨੇਰੇ ਵਿਚ)
– ਮਾਰੂ ੧, ਸੋਲਾ ੪, ੨:੧ (1023)

ਧੁੰਧੂਕਾਰੋ –
"ਏਕੈ ਪਰਗਟੁ ਏਕੈ ਗੁਪਤਾ ਏਕੈ ਧੁੰਧੂਕਾਰੋ।" (ਧੁੰਧੂਕਾਰ ਅਵਸਥਾ ਵਿਚ)
– ਸਾਰ ੫, ੫੪, ੨:੧ (1215)

ਧੁਨਾ ------ ਧੁਨੀ, ਨਾਦ
"ਹਰਿ ਕੀਰਤਨ ਮਹਿ ਊਤਮ ਧੁਨਾ।"
– ਬਸੰ ੫, ੮, ੪:੩ (1182)

ਧੁਨਿ ------ (1) ਧੁਨੀ, ਨਾਦ, ਸੁਰ
"ਨਾਨਕ ਤੇ ਮੁਖ ਉਜਲੇ ਧੁਨਿ ਉਪਜੈ ਸਬਦੁ ਨੀਸਾਣੁ।"
– ਸਿਰੀ ੧, ੨੨, ੪:੩ (22)

"ਸਚੀ ਬਾਣੀ ਸਚੁ ਧੁਨਿ ਸਚੁ ਸਬਦੁ ਵੀਚਾਰਾ।"
– ਵਡ ੩, ਅਸ ੧, ੧:੧ (564)

(2) ਸ਼ਬਦ
"ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ।" (ਗਿਆਨ ਧਿਆਨ ਗੁਰੂ ਦੇ ਸਬਦ ਤੋਂ ਹੀ ਜਾਣੇ ਜਾਂਦੇ ਹਨ)
– ਸਿਰੀ ੧, ਅਸ ੧੦, ੨:੧ (59)

(3) ਲਗਨ, ਚਾਓ
"ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ।"
– ਸਿਰੀ ਬੇਣੀ, ੧, ੫:੧ (93)
"ਸਹਜ ਸਮਾਧਿ ਧੁਨਿ ਗਹਿਰ ਗੰਭੀਰਾ।" (ਸਹਿਜ ਸਮਾਧੀ ਦੀ ਲਗਨ ਵਾਲਾ)
– ਰਾਮ ੫, ੨੬, ੨:੨ (891)

(4) ਜੀਵਨ ਰੌ, ਵਹਾਓ ਰਉਂ
"ਜੇਤਾ ਸ਼ਬਦ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ।"
– ਆਸਾ ੧, ੫, ੧:੧ (350)

(5) ਆਵਾਜ਼
"ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ।" (ਆਵਾਜ ਪ੍ਰਗਟ ਹੁੰਦੀ ਹੈ)
– ਰਾਮ ੫, ੭, ੧:੨ (884)

(6) ਭਾਵ ਉਚਾਰਨਾ, ਧੁਨੀ ਦੇਣੀ
"ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ।"
– ਸਾਰ ੫, ਅਸ ੨, ੩:੧ (1235)

ਧੁਨਿਕਾਰ --- ਇਕਰਸ ਧੁਨੀ
"ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ।"
– ਮਲਾ ੧, ਵਾਰ ੨੭ਸ, ੭, ੧:੨ (1291)

ਧੁਨਿਤ ----- ਅਲਾਪਿਆ/ਵਜਾਇਆ ਹੋਇਆ
"ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ।"
– ਭੈਰ ੫, ੫੭, ੧:੨ (1153)

ਧੁਨੀ ------ (1) ਨਾਦ, ਸੰਗੀਤ
"ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ।"
– ਸਿਰੀ ੪, ੭੦, ੩:੩ (42)

(2) ਅਲਾਪੀ, ਗਾਈ
"ਸੋਰਠਿ ਗੋਂਡ ਮਲਾਰੀ ਧੁਨੀ।"
– ਰਾਗੁ ੧:੫੧ (1430)

ਧੁਨੀਐ ----- (1) ਵਜਾਈ ਦੇ (ਕੇਵਲ ਸ਼ਬਦਾਰਥ)
"ਅਨਹਦ ਚੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ।"
– ਸੂਹੀ ੫, ਛੰਤ ੯, ੪:੨ (783)
('ਨਿਰਣੈ' ਤੇ ਦਰਪਣ ਇਸ ਦੇ ਅਰਥ 'ਧੁਨੀ' ਹੀ ਕਰਦੇ ਹਨ)

(2) ਧੁਨੀ ਵਾਲਾ, ਸੁਰ ਵਾਲਾ
"ਸੋਹਿਲੜਾ ਪ੍ਰਭ ਸੋਹਿਲੜਾ ਅਨਹਦ ਧੁਨੀਐ ਸੋਹਿਲੜਾ।"
– ਰਾਮ ੫, ਛੰਤ ੧, ੪:੨ (924)

ਧੁਨੇ ------- ਉਚਾਰਣ ਕੀਤੇ
"ਨਹੀ ਤੁਲਿ ਗੋਬਿਦ ਨਾਮ ਧੁਨੇ।"
– ਸਾਰ ੫, ੧੩੧, ੧:੩ (1229)

ਧੁਨੈ ------- ਧੁਨੀ
"ਜਾਸੁ ਜਪਤ ਸੁਣਿ ਅਨਹਤ ਧੁਨੈ।"
– ਗਉ ੧, ਅਸ ੨, ੭:੨ (236)

ਧੁੰਮਸ ------ ਸ਼ੋਰ, ਰੌਲਾ
"ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।"
– ਗੂਜ ੫, ਵਾਰ ੧੦ਸ, ੫, ੧:੧ (520)

ਧੁਰ ------- (1) ਪ੍ਰਧਾਨ ਸਥਾਨ ਮੁਖ ਸਥਾਨ, ਕੇਂਦਰ ਭਾਵ ਵਾਹਿਗੁਰੂ ਦੇ ਦਰੋਂ ਘਰੋਂ
"ਧੁਰ ਤੇ ਕਿਰਪਾ ਕਰਹੁ ਆਪਿ ਤਉ ਹੋਇ ਮਨਹਿ ਪਰਗਾਸੁ।"
– ਗਉ ੫, ਬਾਅ ੩੫:੨ (257)
"ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ।" (ਪ੍ਰਭੂ ਦੇ ਦਰ ਤੋਂ)
– ਆਸਾ ੧, ਅਸ ੧੭, ੭:੧ (420)
"ਧੁਰ ਕੀ ਬਾਣੀ ਆਈ।" (ਹਰੀ ਦੀ ਦਰਗਾਹ ਤੋਂ)
– ਸੋਰ ੫, ੭੭, ੨:੧ (628)
(2) ਆਰੰਭ, ਆਦਿ
"ਅਹੰਬੁਧਿ ਕਉ ਬਿਨਸਨਾ ਇਹ ਧੁਰ ਕੀ ਢਾਲ।" (ਆਦਿ ਦੀ ਮਰਯਾਦਾ)
– ਬਿਲਾ ੫, ੨੯, ੧:੧ (807)

ਧੁਰਹ ------ ਧੁਰ ਤੋਂ
"ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ।"
– ਸਵ ੪, ਸਲ ੨:੨ (1406)

ਹੋਰ ਰੂਪ:

ਧੁਰਹੁ –
"ਧੁਰਹੁ ਵਿਛੁੰਨੀ ਕਿਉ ਮਿਲੈ ਗਰਬਿ ਮੁਠੀ ਬਿਲਲਾਇ।" (ਧੁਰ ਤੋਂ, ਦਰਗਾਹ ਤੋਂ)
– ਸਿਰੀ ੧, ਅਸ ੧੨, ੨:੩ (60)

ਧੁਰੰਧਰੁ ----- ਧੂੜੀ ਧਾਰਨ ਕਰਨ ਵਾਲਾ ਭਾਗ ਜੋਗੀ
"ਸੋਈ ਧੁਰੰਧਰੁ ਸੋਈ ਬਸੁੰਧਰੁ ਹਰਿ ਏਕ ਪ੍ਰੇਮ ਰਸ ਪਾਗੈ।"
– ਸਾਰ ੫, ੯੦, ੧*:੨ (1221)

ਧੁਰਾਹੁ ----- ਧੁਰ ਤੋਂ
"ਆਇਆ ਮਰਣੁ ਧੁਰਾਹੁ ਹਉਮੈ ਰੋਈਐ।"
– ਆਸਾ ੪, ੬੪, ੧:੧ (369)

ਹੋਰ ਰੂਪ:

ਧੁਰਾਹੂ –
"ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ।"
– ਸੋਰ ੧, ੧੧, ੧:੧ (598)

ਧੁਰਿ ------ ਧੁਰ ਤੋਂ, ਪ੍ਰਭੂ ਦਰਗਾਹ ਤੋਂ, ਧੁਰੋਂ
"ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ।"
- ਗੂਜ ੪, ਸੋਦ ੪, ੪:੧ (10)
"ਨਾਨਕ ਸਹ ਪ੍ਰੀਤਿ ਨ ਜਾਇਸੀ ਜੋ ਧੁਰਿ ਛੋਡੀ ਸਚੈ ਪਾਇ।" (ਮੁੱਢ ਤੋਂ)
- ਸਿਰੀ ੪, ਵਾਰ ੫ਸ, ੩, ੧:੪ (84)

ਧੁਰੁ ------- ਧੁਰ/ਮੁੱਢ ਤੋਂ
"ਸੁਰਿ ਨਰ ਸਾਧਿਕ ਸਿਧ ਸਿਖ ਸੇਵੰਤ ਧੁਰਹ ਧੁਰੁ।"
- ਸਵ ੪, ਸਲ ੨:੨ (1406)

ਧੁਰੇ ------- ਧੁਰ ਤੋਂ, ਆਦਿ ਤੋਂ
"ਸੋਈ ਵਰਤੈ ਜਗਿ ਜਿ ਕੀਆ ਤੁਧੁ ਧੁਰੇ।"
- ਗੂਜ ੫, ਵਾਰ ੧੧:੨ (521)
"ਜੋ ਗੁਰ ਮੇਲਿ ਉਧਾਰਿਆ ਪਿਆਰੇ ਤਿਨ ਧੁਰੇ ਪਇਆ ਸੰਜੋਗੁ।" (ਦਰਗਾਹੋ)
- ਸੋਰ ੫, ਅਸ ੨, ੩:੪ (641)

ਧੁਵੀਜੈ ---- ਧੁਆਓ, ਧੁਆਈਜੇ
"ਰਾਮਾ ਮੈ ਸਾਧੂ ਚਰਨ ਧੁਵੀਜੈ।"
- ਕਲਿ ੪, ਅਸ ੫, ੧*:੧ (1419)

ਧੂ -------- (1) ਧ੍ਰੂਹ ਭਗਤ
"ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।"
- ਜਪੁ ੧, ੩੫:੫ (7)
(2) ਘੁਪ, ਬਹੁਤ ਡੂੰਘਾ
"ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ।"
- ਰਾਮ ਬਸ, ੬:੮ (968)

ਧੂਉ ------- ਧੂੰਆ
"ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ।"
- ਸਿਰੀ ੧, ੧੪, ੧:੨ (19)

ਧੂਅ ------ ਧ੍ਰੂ ਭਗਤ
"ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ।"
- ਗੋਂਡ ਨਾਮ, ੩, ੨:੧ (874)

ਧੂੰਆ ------ ਬਲਦੀ ਅੱਗ ਦੀ ਲਾਟ ਤੋਂ ਉਪਰ ਵਾਰ ਜਾਂ ਧੁੱਖ ਰਹੀ ਅੱਗ ਵਿਚੋਂ ਉਠ ਰਹੇ ਅਣਬਲੀ ਗੈਸ ਜੋ ਕਾਲੇ ਨੀਲੇ ਤੇ ਸਲੇਟੀ ਰੰਗ ਦੇ ਹੁੰਦੇ ਹਨ
"ਬੁਝਿ ਗਈ ਅਗਨਿ ਨ ਨਿਕਸਿਓ ਧੂੰਆ।"
- ਆਸਾ ਕਬ, ੧੧, ੨:੧ (478)

ਧੂਈ ------ ਧੂਣੀ, ਅੱਗ ਧੁਖਾਣ ਦੀ ਥਾਂ
"ਦਇਆ ਫਾਹੁਰੀ ਕਾਇਆ ਕਰਿ ਧੂਈ।"
- ਆਸਾ ਕਬ, ੭, ੩:੧ (477)

ਧੂਏ ------- ਧੂੰਏ
"ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ।"
– ਮਾਝ ੧, ਵਾਰ ੧ਸ, ੧, ੩:੫ (138)

ਧੂਹ ------- ਖਿਚ ਕੇ
"ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ।"
– ਸਾਰ ੫, ੧੧੮, ੧:੨ (1227)

ਧੂਪ ------- (1) ਧੁਪ
"ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।"
– ਗਉ ਕਬ, ੪੮, ੧:੧ (333)
"ਧੂਪ ਛਾਵ ਜੇ ਸਮ ਕਰਿ ਜਾਣੈ।" (ਭਾਵ ਦੁਖ)
– ਰਾਮ ੧, ਓਅੰ ੨੪:੩ (932)
(2) ਚਮਕ, ਸ਼ੋਭਾ
"ਕੁਲ ਰੂਪ ਧੂਪ ਗਿਆਨਹੀਨੀ ਤੁਝ ਬਿਨਾ ਮੋਹਿ ਕਵਨ ਮਾਤ।"
– ਆਸਾ ੫, ਛੰਤ ੧੪, ੧:੫ (462)
(3) ਸੁਗੰਧ ਵਾਲਾ ਧੂੰਆ ਪੈਦਾ ਕਰਨ ਵਾਲੇ ਪਦਾਰਥ
"ਧੂਪ ਦੀਪ ਨਈ ਬੇਦਹਿ ਬਾਸਾ।"
– ਗੂਜ ਰਵਿ, ੧, ੩:੧ (525)

ਹੋਰ ਰੂਪ:

ਧੂਪੁ –
"ਧੂਪੁ ਮਲ ਆਨਲੋ ਪਵਣੁ ਚਵਰੋ ਕਰੇ ਸਗਲ ਬਨ ਰਾਇ ਫੂਲੰਤ ਜੋਤੀ।"
– ਧਨਾ ੧, ਸੋਹ ੩, ੧:੨ (13)
(4) ਸੁਗੰਧ ਵਾਲੇ ਪਦਾਰਥਾਂ ਦਾ ਧੂੰਆਂ
"ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਾਵਉ ਧੂਪ।"
– ਜੈਤ ੫, ੮, ੧:੨ (301)
"ਰੂਪ ਧੂਪ ਸੁਗੰਧਤਾ ਕਾਪਰ ਭੋਗਾਦਿ।"
– ਬਿਲਾ ੫, ੩੮, ੨:੧ (810)

ਹੋਰ ਰੂਪ:

ਧੂਪੁ –
"ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ।"
– ਮਾਰੂ ੧, ਅਸ ੩, ੭:੩ (1010)

ਧੂਪੈ ------- ਧੁਖਾ ਦੇਵੇ
"ਸੋ ਅਉਧੂਤੀ ਜੋ ਧੂਪੈ ਆਖ।"
– ਰਾਮ ੩, ਵਾਰ ੧੨ਸ, ੧, ੩:੧ (952)

ਧੂੰਮ ------- ਧੂਆਂ
"ਧੂੰਮ ਬਾਦਰ ਸਭਿ ਮਾਇਆ ਸਾਜ।"
– ਬਸੰ ੫, ਅਸ ੨, ੨:੨ (1192)

ਧੂਮ ------- ਧੂਆਂ
"ਉਡਿ ਜਾਇਗੋ ਧੂਮ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ।"
- ਸੋਰ ੫, ੪, ੧*:੨ (609)

ਧੂਮਾ ਧਾਮ --- ਧੂਮਧਾਮ, ਰੌਣਕ, ਚਹਿਲ ਪਹਿਲ
"ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ।"
- ਸਲੋ ਫਰ, ੧੪੨:੨ (1372)

ਧੂਰ ------- ਧੂੜ, ਗਰਦ
"ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ।"
- ਗਉ ੫, ਬਾਅ ੪ਸ, ੨ (251)

ਧੂਰਤੁ ------ ਧੂੜੀ ਧਾਰਨ ਕਰਨ ਵਾਲਾ ਭਾਵ ਜੋਗੀ
"ਧੂਰਤੁ ਸੋਈ ਜਿ ਧੁਰ ਕਉ ਲਾਗੈ।"
- ਸਾਰ ੫, ੯੦, ੧*:੧ (1221)

ਧੂਰਮ ------ ਧੂੜ ਰੂਪੀ ਧਰਤੀ, ਥਲ
"ਊਰਮ ਧੂਰਮ ਜੋਤਿ ਉਜਾਲਾ।"
- ਰਾਮ ੧, ਓਅੰ ੮:੧ (930)

ਧੂਰਾ ------ (1) (ਚਰਣ) ਧੂੜੀ, ਧੂੜ, ਗਰਦ, ਖਾਕ
"ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ।"
- ਮਾਝ ੫, ੧੮, ੧:੩ (99)

(2) ਮਿਟੀ
"ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ।"
- ਰਾਮ ੫, ੭, ੪:੨ (885)

ਧੂਰਾਇ ----- ਧੂੜੀ
"ਅਠਸਠਿ ਮਜਨੁ ਸੰਤ ਧੂਰਾਇ।"
- ਆਸਾ ੫, ੨੫, ੨:੨ (377)

ਧੂਰਾਵਾ ----- ਧੂੜ ਨਾਲ
"ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ।"
- ਸਾਰ ੫, ੩੯, ੧:੨ (1212)

ਧੂਰਿ ------ (1) ਧੂੜੀ
"ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ।"
- ਸਿਰੀ ੫, ੮੬, ੩:੧ (48)

ਹੋਰ ਰੂਪ:

ਧੂਰੀ -
"ਅਠਸਠਿ ਮਜਨੁ ਚਰਨਹ ਧੂਰੀ।"
- ਗਉ ੧, ਅਸ ੮, ੧*:੨ (224)

(2) ਮਿਟੀ

“ਬਹੁਤੁ ਸਿਆਣਪ ਲਾਗੈ ਧੂਰਿ।” (ਭਾਵ ਪਾਪਾਂ ਦੀ ਮੈਲ)
– ਆਸਾ ੧, ੧੩, ੧:੨ (352)
“ਇਕਿ ਰੰਗਿ ਰਾਤੇ ਇਕਿ ਮਰਿ ਧੂਰਿ।” (ਮਿਟੀ/ਖਾਕ)
– ਬਿਲਾ ੧, ਥਿਤੀ ੬:੫ (839)

ਧੂਰੇ ------- ਧੂੜੀ
“ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।”
– ਗਉ ੫, ਸੋਹ ੫, ੪:੨ (13)

ਧੂਲਿ ------ ਧੂੜ, ਰਜ
“ਧਧੈ ਧੂਲਿ ਪੜੈ ਮੁਖਿ ਮਸਤਕਿ ਕੰਚਨ ਭਏ ਮਨੂਰਾ।”
– ਰਾਮ ੧, ਓਅੰ ੩:੨ (930)

ਧੂੜ ------- (1) ਮਿੱਟੀ, ਗਰਦ
“ਨ ਭੀਜੈ ਕੇਤੇ ਹੋਵਹਿ ਧੂੜ।” (ਮਿਟੀ ਵਿਚ ਲਿਬੜਨ ਨਾਲ)
– ਸਾਰ ੪, ਵਾਰ ੧ਸ, ੧, ੨:੯ (1237)

ਧੂੜਾ ------ ਚਰਨਾਂ ਹੇਠਲੀ ਮਿਟੀ
“ਜਿਨ ਹਰਿ ਅਰਥਿ ਸਰੀਰੁ ਲਗਾਇਆ ਗੁਰ ਸਾਧੂ ਬਹੁ ਸਰਧਾ ਲਾਇ ਮੁਖਿ ਧੂੜਾ।”
– ਜੈਤ ੪, ੬, ੩:੧ (698)

ਧੂੜਿ ------ (1) ਰਜ, ਧੂੜੀ, ਚਰਨ ਧੂੜ
“ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ।”
– ਮਾਝ ੫, ੫੦, ੩:੩ (109)

ਹੋਰ ਰੂਪ:

ਧੂੜੀ –
“ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ।”
– ਮਾਝ ੫, ਬਾਰਾ ੧੨:੧ (135)

(2) ਗਰਦ, ਮਿੱਟੀ
“ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ।”
– ਆਸਾ ੧, ਅਸ ੧੧, ੧:੨ (417)
“ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ।”
– ਆਸਾ ੪, ਛੰਤ ੨੧, ੪:੨ (452)
“ਜਿਨ ਤੂ ਵਿਸਰਹਿ ਪਾਰਬ੍ਰਹਮ ਸੁਆਮੀ ਸੇ ਤਨ ਹੋਏ ਧੂੜਿ।”
– ਸੋਰ ੫, ਅਸ ੨, ੪:੨ (641)

ਧੇਣਵਾ ----- ਗਊਆ
“ਨਦੀਆ ਹੋਵਹਿ ਧਣੇਵਾ ਸੁੰਮ ਹੋਵਹਿ ਦੁਧੁ ਘੀਉ।”
– ਮਾਝ ੧, ਵਾਰ ੯ਸ ੧, ੧:੧ (141)

ਧੇਣੁ ------- ਗਊ ਭਾਵ ਕਾਮਧੇਣੁ ਗਊ
“ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ।”

– ਸਿਰੀ ੧, ੧੨, ੧*:੨ (18)

ਧੇਨ ------- ਗਊ ਭਾਵ ਕਾਮਧੇਨ ਗਊ
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।"
– ਧਨਾ ਤ੍ਰਿਲੋ ੧, ੪:੧ (695)

ਧੇਨੁ ------- ਗਊ
"ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।"
– ਮਾਝ ੫, ਬਾਰਾ ੧:੩ (133)
"ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਹੀ।"
– ਆਸਾ ੧, ੧੯, ੧:੧ (354)

ਧੈਰੁ ------- ਧਾਵਣਾ (ਸ਼ਬਦਾਰਥ); ਵਿਆਕੁਲਤਾ, ਘਬਰਾਹਟ, ਚੰਚਲਤਾ, ਦੌੜ ਭੱਜ (ਕੋਸ਼) ਜੋਤਣ ਲਾਇਕ (ਮਹਾਨਕੋਸ਼); ਭਟਕਣਾ (ਨਿਰਣੈ, ਦਰਪਣ)
"ਜਨਮਿ ਮਰਣਿ ਨਹੀ ਧੰਧਾ ਧੈਰੁ।"
– ਰਾਮ ੧, ਓਅੰ ੧੫:੨ (931)

ਧੋਇ ------ ਧੋ/ਸਾਫ/ਉਜਲੀ ਕਰ ਲਈਏ
"ਦੇ ਸਾਬੂਣੁ ਲਈਐ ਓਹੁ ਧੋਇ।"
– ਜਪੁ ੧, ੨੦:੪ (4)
"ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ।" (ਧੋ ਦੇਵੇ ਸਾਫ ਕਰ ਦੇਵੇ)
– ਸਿਰੀ ੧, ੧੨, ੩:੩ (18)
"ਹਰਿ ਹਰਿ ਸਦਾ ਧਿਆਈਐ ਮਲੁ ਹਉਮੈ ਕਢੈ ਧੋਇ।" (ਧੋ ਕੇ)
– ਸਿਰੀ ੩, ੩੮, ੧*:੨ (28)
"ਹਮਰੇ ਕਪਰੇ ਨਿੰਦਕੁ ਧੋਇ।" (ਧੋਂਦਾ ਹੈ)
– ਗਉ ਕਬ, ੭੧, ੧:੪ (339)

ਧੋਈ ------ (1) ਧੋ ਦਿਤੀ
"ਹਰਿ ਗੁਣ ਗਾਣਿ ਮਿਲੈ ਮਲੁ ਧੋਈ।"
– ਗਉ ੧, ੧੧, ੧*:੨ (225)
(2) ਧੋਂਦੀ ਹੈ
"ਸਗਲ ਸ੍ਰਿਸਟਿ ਉਆ ਕੇ ਚਰਨ ਮਲਿ ਧੋਈ।" (ਧੋਂਦੀ ਹੈ)
– ਆਸਾ ੫, ੬੩, ੨:੨ (386)
(3) ਧੋਤੀ ਹੋਈ
"ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖ।"
– ਸਲੋ ਕਬ, ੧੩੯:੧ (1371)

ਧੋਈਐ ----- (1) ਪਾਣੀ ਨਾਲ ਸਾਫ ਕਰੀਏ/ਧੋ ਦੇਈਏ
"ਸੰਤ ਪਗ ਧੋਈਐ ਹਾਂ।"
– ਆਸਾ ੧, ੧੬੧, ੧:੧ (410)
(2) ਸਾਫ/ਪਵਿੱਤਰ/ਉਜਲੇ ਕਰੀਏ
"ਕਬਹੂ ਮੈਲੁ ਭਰੇ ਅਭਿਮਾਨੀ ਕਬ ਸਾਧੂ ਸੰਗਿ ਧੋਈਐ।"
– ਦੇਵ ੫, ੨, ੧:੨ (528)

ਧੋਏ ------- (1) ਧੋ ਦਿਤੇ

"ਸਾਧ ਕੈ ਸੰਗਿ ਕਿਲਬਿਖ ਸਭ ਧੋਏ।" (ਭਾਵ ਖਤਮ ਕਰ ਦਿਤੇ)

– ਗਉ ੫, ੧੪੪, ੩:੨ (194)

(2) ਧੋਣ ਨਾਲ

"ਸਾਕਤ ਕਾਰੀ ਕਾਂਬਰੀ ਧੋਏ ਹੋਇ ਨ ਸੇਤੁ।"

– ਸਲੋ ਕਬ, ੧੦੦:੨ (1369)

ਧੋਹ ------- ਧ੍ਰੋਹ, ਧੋਖਾ, ਠਗੀ, ਛਲ, ਫਰੇਬ

"ਆਸ ਪਿਆਸ ਧੋਹ ਮੋਹ ਭਰਮ ਹੀ ਤੇ ਹੋਰੈ।"

– ਆਸਾ ੫, ੧੫੪, ੧*:੨ (408)

"ਤਿਆਗਿ ਮਾਇਆ ਧੋਹ।" (ਠਗੀ)

– ਮਲਾ ੫, ੨੭, ੨:੪ (1272)

ਹੋਰ ਰੂਪ:

ਧੋਹਿ –

"ਮਾਇਆ ਮੋਹਿ ਵਿਆਪਿਆ ਧੋਹਿ।" (ਧੋਖੇ ਵਿਚ)

– ਰਾਮ ੫, ੫੨, ੧:੨ (899)

ਧੋਹਿਆ –

"ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ।" (ਮਾਇਆ ਰੂਪੀ ਧ੍ਰੋਹ, ਛੱਲ)

– ਧਨਾ ੪, ਛੰਤ ੧, ੪:੫ (690)

ਧੋਹੀ ------ ਧ੍ਰੋਹ/ਛਲ/ਕਪਟ ਕਰਨ ਵਾਲੀ

"ਗੁਰਿ ਕਹਿਆ ਇਹ ਝੂਠੀ ਧੋਹੀ।"

– ਪ੍ਰਭਾ ੫, ਅਸ ੧, ੨:੨ (1347)

ਧੋਹੁ ------- ਧੋਖਾ, ਛਲ

"ਬਾਬਾ ਮਾਇਆ ਰਚਨਾ ਧੋਹ।"

– ਸਿਰੀ ੧, ੩, ੧*:੧ (15)

ਧੋਹੇ ------- ਠਗਦੀ

"ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ।"

– ਸਾਰ ੫, ੧੩੯, ੧*:੨ (1231)

ਧੋਹੈ ------- ਧੋ ਦਿੰਦਾ ਹੈ

"ਨਾਨਕ ਧਨੁ ਧੰਨੁ ਵਡੇ ਵਡਭਾਗੀ ਜਿਨ੍ ਗੁਰਮਤਿ ਨਾਮੁ ਰਿਦੈ ਮਲੁ ਧੋਹੈ।"

– ਗੂਜ ੪, ੨, ੪:੨ (493)

ਧੋਖ ------- ਧੁਖ ਧੁਖੀ, ਚਿੰਤਾ, ਫਿਕਰ

"ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ।"

– ਸਿਰੀ ੧, ਅਸ ੧੭, ੧:੧ (64)

ਧੋਖਾ ------ (1) ਛਲ, ਕਪਟ, ਠਗੀ

“ਅੰਦਰਿ ਧੋਖਾ ਨੀਦ ਨ ਸੋਵੈ।”

- ਸਿਰੀ ੪, ਵਾਰ ੮ਸ, ੩, ੧:੨ (85)

(2) ਭੁਲੇਖਾ, ਭਰਮ, ਅਗਿਆਨ

“ਹਰਿ ਧਨ ਮੇਰੀ ਚਿੰਤ ਵਿਸਾਰੀ ਹਰਿ ਧਨੁ ਲਾਹਿਆ ਧੋਖਾ।”

- ਗੂਜ ੫, ੩, ੩:੧ (496)

ਧੋਖੇ ------- ਧੁਖਾਏ (ਸੁੰਗਧਤ ਪਦਾਰਥਾਂ ਨੂੰ)

“ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ।” (ਭਾਵ ਦੇਵਾਂ ਦੀ ਪੂਜਾ ਕਰੇ)

- ਗਉ ਕਬ, ੬੭, ੧:੨ (338)

ਹੋਰ ਰੂਪ:

ਧੋਖੈ -

“ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ।” (ਧੁੱਖ ਧੁੱਖ ਕੇ)

- ਤੁਖਾ ੧, ਬਾਰਾ ੮:੩ (1108)

ਧੋਤਾ ------ ਸਾਫ ਹੋਇਆ, ਸ੍ਵਛ/ਨਿਰਮਲ/ਉਜਲ ਹੋਇਆ

“ਨਾਤਾ ਧੋਤਾ ਧਾਇ ਨ ਪਾਈ।”

- ਮਾਝ ੩, ੯, ੨:੨ (114)

“ਤਹ ਬਿਨ ਮੈਲੁ ਕਹਹੁ ਕਿਆ ਧੋਤਾ।” (ਧੋਂਦਾ ਸੀ)

- ਗਉ ੫, ਸੁਖ ੨੧, ੪:੨ (291)

ਧੋਤਿਆ ---- ਧੋਣ ਨਾਲ

“ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ।”

- ਸੂਹੀ ੧, ੩, ੧:੨ (729)

ਧੋਤੀ ------ (1) ਧੋਣ ਨਾਲ, ਪਾਣੀ ਨਾਲ ਸਾਫ ਕਰਨ ਤੇ

“ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।”

- ਸਿਰੀ ੩, ੬੪, ੧:੨ (39)

“ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।”

- ਸੋਰ ੮, ਵਾਰ ੨੨ਸ, ੩, ੧:੨ (651)

(2) ਲੱਕ ਦੁਆਲੇ ਬੰਨਣ ਵਾਲਾ ਕਪੜਾ, ਤੇੜ ਦੀ ਚਾਦਰ

“ਧੋਤੀ ਖੋਲਿ ਵਿਛਾਏ ਹੇਠਿ।”

- ਗਉ ੫, ੧੦੭*, ੧:੧ (201)

(3) ਯੋਗ ਦਾ ਇਕ ਕਰਮ ਜਿਸ ਦੁਆਰਾ ਸਰੀਰ ਦੇ ਅੰਦਰ ਦੀ ਸਫਾਈ ਕੀਤੀ ਜਾਂਦੀ ਹੈ। ਯੋਗ ਦੀ ਸ਼ੁਧੀ, ਇਹ ਚਾਰ ਪ੍ਰਕਾਰ ਦੀ ਮੰਨੀ ਜਾਂਦੀ ਹੈ “ਅੰਤ੍ਰ ਧੌਤਿ, ਦੰਤ ਧੌਤਿ, ਰ੍ਰਿਦਯ ਧੌਤਿ ਤੇ ਗੁਦਾ ਧੌਤਿ।”

“ਧੋਤੀ ਡੰਡਉਤ ਪਰਸਾਦਨ ਭੋਗਾ।”

- ਗਉ ੫, ਅਸ ੪, ੪:੩ (257)

“ਖਟੁ ਕਰਮਾ ਅਰੁ ਆਸਣੁ ਧੋਤੀ।”

- ਰਾਮ ੫, ੧੭, ੩:੧ (888)

(4) ਧੋਤੀ ਹੋਈ, ਉਜਲ, ਨਿਰਮਲ, ਸ੍ਵਛ

“ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ।”
– ਸੂਹੀ ੫, ਵਾਰ ੧੨ਸ, ੧, ੨:੩ (789)

ਧੋਤੀਆ ---- ਲਕ ਦੁਆਲੇ ਬੰਨ੍ਹਣ ਵਾਲਾ ਕਪੜਾ, ਚਾਦਰਾ
“ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।”
– ਆਸਾ ਕਬ, ੨, ੧:੧ (475)

ਧੋਤੇ ------- ਧੋਣ ਨਾਲ, ਸਾਫ ਕਰਨ ਨਾਲ
“ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ।”
– ਮਾਝ ੧, ਵਾਰ ੨੪ਸ, ੧, ੧:੨ (149)

ਹੋਰ ਰੂਪ:

ਧੋਤੈ –
“ਪਾਣੀ ਧੋਤੈ ਉਤਰਸੁ ਖੇਹ।” (ਧੋਣ ਨਾਲ)
– ਜਪੁ ੧, ੨੦:੨ (4)

ਧੋਪਈ ----- ਧੋਪਦਾ, ਸਾਫ ਹੁੰਦਾ
“ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ।”
– ਸਾਰ ੪, ਵਾਰ ੭ਸ, ੧, ੨:੫ (1240)

ਧੋਪੈ ------- ਧੋਪੀਂਦਾ ਹੈ
“ਓਹੁ ਧੋਪੈ ਨਾਵੈ ਕੈ ਰੰਗਿ।”
– ਜਪੁ ੧, ੨੦:੬ (4)

ਧੋਬੀ ------ ਕਪੜੇ ਧੋਣ ਵਾਲਾ
“ਧੋਬੀ ਧੋਵੈ ਬਿਰਹ ਬਿਰਾਤਾ।” (ਭਾਵ ਗੁਰੂ ਧੋਬੀ)
– ਬਸੰ ਨਾਮ, ੩, ੨:੧ (1196)

ਧੋਮੁ ------- ਇਕ ਰਿਸ਼ੀ ਜੋ ਪਾਂਡਵਾਂ ਦਾ ਪ੍ਰੋਹਤ ਸੀ
“ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤ ਭਾਇ ਰਸੁ ਜਾਣਿਓ।”
– ਸਵ ੧, ੩:੩ (1389)

ਧੋਰਾ ------ ਆਸਰਾ, ਸਹਾਰਾ
“ਮੋਹਿ ਅਨਾਥ ਨਿਰਗੁਨ ਗੁਣੁ ਨਾਹੀ ਮੈ ਆਹਿਓ ਤੁਮ੍ਹਰਾ ਧੋਰਾ।”
– ਗੂਜ ੫, ੧੬, ੧*:੨ (499)

ਧੋਰੁ ------- ਕਿਨਾਰੇ, ਕੰਢੇ
“ਅਧਿਕ ਗਰਤ ਸੰਸਾਰ ਸਾਗਰ ਕਰਿ ਦਇਆ ਚਾਰਹੁ ਧੋਰੁ।”
– ਕੇਦਾ ੫, ੧੦, ੧:੧ (1121)

ਧੋਵਉ ------ ਧੋਵਾਂ, ਸਾਫ ਕਰਾਂ
“ਮੈਲੇ ਕਪਰੇ ਕਹਾ ਲਉ ਧੋਵਉ।”
– ਮਲਾ ਰਵਿ, ੩, ੧:੧ (1293)

ਧੋਵਹ ------ ਧੋਂਦੇ ਹਾਂ
“ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ।”

– ਗਉ ੪, ੬੪, ੨:੨ (172)
“ਹਰਿ ਕਿਰਪਾ ਧਾਰਿ ਮੇਲਹੁ ਸਤਸੰਗਤਿ ਹਮ ਧੋਵਹ ਪਗ ਜਨ ਕੇ।” (ਧੋਵੀਏ)
– ਸੂਹੀ ੪, ੧, ੨:੨ (731)

ਹੋਰ ਰੂਪ:

ਧੋਵਹਿ –
“ਅਹਿਨਿਸ ਕਸਮਲ ਧੋਵਹਿ ਨਾਹਿ।” (ਧੋਂਦੇ ਹਨ)
– ਗਉ ਕਬ, ਵਾ ੫: ੪ (344)
“ਜੇ ਸਉ ਧੋਵਹਿ ਤਾ ਮੈਲੁ ਨ ਜਾਈ।” (ਧੋਵਣ, ਧੋਣ)
– ਮਾਰੂ ੩, ਸੋਲਾ ੨, ੧੦:੨ (1045)

ਧੋਵਹੀ –
“ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ।”
– ਮਲਾ ੧, ਵਾਰ ੧੫:੩ (1284)

ਧੋਵਹੁ –
“ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।” (ਧੋਂਦੇ ਹੋ)
– ਰਾਮ ੧, ਅਸ ੧, ੬:੨ (903)

ਧੋਵਣ ------ **ਧੋਣ ਲਈ**
“ਧੋਤੈ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ।”
– ਮਾਝ ੧, ਵਾਰ ੨੪ਸ, ੧, ੧:੨ (149)

ਧੋਵਣਾ ----- **ਧੋਵੀਦਾ ਹੈ**
“ਨਾਮ ਤੇਰੈ ਕੈ ਰੰਗਿ ਦੁਰਮਤਿ ਧੋਵਣਾ।”
– ਗੁਜ ੫, ਵਾਰ ੧੮:੩ (523)

ਧੋਵਣਿ ----- **ਧੋਣ ਲਈ**
“ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।”
– ਸੋਰ ੪, ਵਾਰ ੨੨ਸ, ੩, ੧:੨ (651)

ਧੋਵੰਦੋ ------ **ਧੋ ਕੇ**
“ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ।”
– ਮਾਰੂ ੫, ਵਾਰ ੧੫ਸ, ੫, ੩:੧ (1099)

ਧੋਵਨ ------ **ਧੋਣ ਲਈ**
“ਸਰਿ ਧੋਵਨ ਚਾਲੀ ਲਾਡੁਲੀ।”
– ਬਸੰ ਨਾਮ, ੩, ੧*:੨ (1196)

ਧੋਵਾ ------ **ਧੋਂਦਾ ਹਾਂ**
“ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ।”
– ਸਿਰੀ ੪, ੬੯, ੧:੩ (41)

ਹੋਰ ਰੂਪ:

ਧੋਵਾਂ –
“ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ।”

– ਮਾਝ ੧, ਵਾਰ ੬ਸ, ੧, ੨:੨ (140)

ਧੋਵਾਇਆ --- ਧੋਤਾ ਹੋਇਆ
"ਜਿਨ ਕੈ ਹਿਰਦੈ ਮੈਲੁ ਕਪਟੁ ਹੈ ਬਾਹਰੁ ਧੋਵਾਇਆ।"
– ਸਾਰ ੪, ਵਾਰ, ੧੫:੧ (1243)

ਧੋਵਾਹਾ ----- ਧੋਤੀ ਜਾਂਦੀ ਹੈ
"ਕਿਲਵਿਖ ਮੈਲੁ ਪਾਪ ਧੋਵਾਹਾ।"
– ਜੈਤ ੫, ੧੧, ੪:੨ (699)

ਧੋਵੈ ------- ਧੋਏ, ਸਾਫ/ਸ੍ਵਛ ਕਰੇ, ਧੋਂਦਾ ਹੈ
"ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਇ।"
– ਸਿਰੀ ੪, ਵਾਰ ੧੪ਸ, ੩, ੩:੪ (88)
"ਦਾਨਸਬੰਦੁ ਸੋਈ ਦਿਲਿ ਧੋਵੈ।" (ਭਾਵ ਪਵਿਤਰ ਕਰੇ)
– ਧਨਾ ੧, ੭, ੪:੧ (662)

ਧੌਲ ------- ਬਲਦ
"ਧੌਲੁ ਧਰਮੁ ਦਇਆ ਕਾ ਪੂਤੁ।"
– ਜਪੁ ੧, ੧੬:੭ (3)

ਧ੍ਯਾਇਯਉ --- ਸਿਮਰੋ, ਧਿਆਓ
"ਕਰਣ ਕਾਰਣ ਸਮਰਥੁ ਸਦਾ ਸੋਈ ਸਰਬ ਜੀਅ ਮਨਿ ਧ੍ਯਾਇਯਉ।"
– ਸਵ ੪, ਬਾਹ ੧:੬ (1405)

ਧ੍ਯਾਈਐ ---- ਸਿਮਰੀਏ, ਧਿਆਈਏ
"ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ।"
– ਸਵ ੪, ਨਲ ੧੫:੩ (1401)

ਧ੍ਰਕਟੀ ----- ਫਿਟਕਾਰਿਆ ਹੋਇਆ, ਧਿਰਕਾਰਿਆ ਹੋਇਆ, ਲਾਨ੍ਹਤੀ
"ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ ਤਿਸੁ ਨਾਮੁ ਪਰਿਓ ਹੈ ਧ੍ਰਕਟੀ।"
– ਦੇਵ ੪, ੬, ੧*:੨ (528)

ਧ੍ਰਪੀਐ ----- ਰਜਾਈਏ
"ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ।"
– ਗਉ ੫, ਸੁਖ ੧੭, ੬:੨ (286)

ਧ੍ਰਮ ------- ਧਰਮ ਦੀ
"ਜੋਗ ਅਭਿਆਸ ਕਰਮ ਧ੍ਰਮ ਕਿਰਿਆ।"
– ਗਉ ੫, ਸੁਖ ੩, ੧:੩ (265)

ਹੋਰ ਰੂਪ:

ਧ੍ਰੰਮ –
"ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ।"
– ਸਵ ੩, ੨੧:੨ (1396)

ਧ੍ਰਮਸਾਲ ---- ਧਰਮ ਕਮਾਉਣ ਦੇ ਸਥਾਨ
“ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ।”
– ਭੈਰ ੫, ਅਸ ੫, ੧:੨ (1156)

ਧ੍ਰਮਰਾਇ --- ਧਰਮਰਾਜ
“ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮਰਾਇ।”
– ਸਲੋ ੫, ੯:੨ (1425)

ਧ੍ਰਮਰਾਇਆ – ਧਰਮਰਾਜ
“ਕਰਹੋ ਧ੍ਰਮਰਾਇਆ।”
– ਸੂਹੀ ੫, ੪੬, ੨:੨ (746)

ਧ੍ਰਾਪ ------ ਤ੍ਰਿਪਤ/ਖੁਸ਼/ਪ੍ਰਸੰਨ ਹੁੰਦਾ ਹੈ
“ਕੋਟਿ ਜਨਮ ਕੀ ਤ੍ਰਿਸਨਾ ਨਿਵਰੀ ਰਾਮ ਰਸਾਇਣਿ ਆਤਮ ਧ੍ਰਾਪ।”
– ਬਿਲਾ ੫, ੮੫, ੧:੨ (821)

ਧ੍ਰਾਪਸਿ ----- ਤ੍ਰਿਪਤ ਹੁੰਦੀ, ਰਜਦੀ
“ਧ੍ਰਾਪਸਿ ਨਾ ਹੀ ਤ੍ਰਿਸਨਾ ਭੁਖ।”
– ਧਨਾ ੫, ੧੯, ੨:੨ (675)

ਧ੍ਰਾਪਿ ------ ਰਜ ਗਿਆ
“ਤਿਸਨ ਬੁਝੀ ਆਸ ਪੁੰਨੀ ਮਨ ਸੰਤੋਖਿ ਧ੍ਰਾਪਿ।”
– ਗੂਜ ੫, ਵਾਰ ੧੩:੭ (521)

ਧ੍ਰਾਪਿਓ ----- ਰਜਿਆ
“ਨਾਨਕ ਧ੍ਰਾਪਿਓ ਤਨਿ ਸੁਖੁ ਹੋਇ।”
– ਪ੍ਰਭਾ ੧, ੧੪, ੫:੪ (1331)

ਧ੍ਰਾਪਿਆ ---- ਰਜ ਗਿਆ, ਤ੍ਰਿਪਤ ਹੋ ਗਿਆ
“ਹਰਿ ਰਸੁ ਚਾਖਤ ਧ੍ਰਾਪਿਆ ਮਨਿ ਰਸੁ ਲੈ ਹਸਨਾ।”
– ਬਿਲਾ ੫, ੪੩, ੨:੧ (811)
“ਫਿਰਦਾ ਕਿਤੈ ਹਾਲਿ ਜਾ ਡਿਠਮੁ ਤਾ ਮਨੁ ਧ੍ਰਾਪਿਆ।” (ਰਜ ਗਿਆ ਭਾਵ ਰਾਜੀ/ਖੁਸ਼ ਹੋ ਗਿਆ)
– ਮਾਰੂ ੫, ਵਾਰ ੮ਸ, ੫, ੧:੨ (1097)

ਧ੍ਰਾਪੀਆ ---- ਤ੍ਰਿਪਤੀ, ਸੰਤੁਸ਼ਟਤਾ
“ਬਿਨੁ ਸੰਗਤਿ ਸਾਧ ਨ ਧ੍ਰਾਪੀਆ ਬਿਨੁ ਨਾਵੈ ਦੂਖ ਸੰਤਾਪੁ।”
– ਸਿਰੀ ੧, ੧੭, ੩:੨ (20)

ਧ੍ਰਾਪੀਐ ---- ਤ੍ਰਿਪਤ ਹੋ/ਰਜ ਜਾਂਦਾ ਹੈ
“ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ।”
– ਗੂਜ ੫, ਵਾਰ ੫:੬ (519)

ਧ੍ਰਾਪੇ ------ ਰੱਜ ਜਾਣ
“ਦਾਤ ਕਰਹੁ ਮੇਰੇ ਦਾਤਾਰਾ ਜੀਅ ਜੰਤ ਸਭਿ ਧ੍ਰਾਪੇ ਜੀਉ।”

– ਮਾਝ ੫, ੩੪, ੨:੩ (104)

ਹੋਰ ਰੂਪ:

ਧ੍ਰਾਪੈ –
“ਅਨਿਕ ਜਤਨ ਕਰਿ ਤ੍ਰਿਸਨ ਨਾ ਧ੍ਰਾਪੈ।” (ਤ੍ਰਿਪਤ ਹੋਏ, ਰਜੇ)
– ਗਉ ੫, ਸੁਖ ੩, ੪:੨ (266)

ਧ੍ਰਿਸਟਬੁਧੀ -- ਮਹਾਂਭਾਰਤ ਦੀ ਇਕ ਵਾਰਤਾ ਅਨੁਸਾਰ ਰਾਜਾ ਚੰਦਰਹਾਂਸ ਦਾ ਚਾਲਾਕ ਵਜ਼ੀਰ ਜਿਸ ਨੇ ਦੰਭ ਨਾਲ ਰਾਜੇ ਨੂੰ ਮਰਵਾਕੇ ਹਥਿਆਣਾ ਚਾਹਿਆ ਪਰ ਆਪਣਾ ਪੁੱਤਰ ਮਰਵਾ ਬੈਠਾ
“ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ।”
– ਨਟ ੪, ਅਸ ੪, ੬:੨ (982)

ਧ੍ਰਿਗ ------ ਫਿਟਕਾਰ, ਧ੍ਰਿਕਾਰ, ਗਿਲਾਨੀ ਤੇ ਅਨਾਦਰ ਬੋਧਿਕ ਸ਼ਬਦ
“ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗ ਸਨੇਹੰ ਭ੍ਰਾਤ ਬਾਂਧਵਹ।”
– ਸਸ ੫, ੨:੧ (1354)

ਧ੍ਰਿਗੰਤ ----- ਧ੍ਰਿਕਾਰ ਯੋਗ
“ਧ੍ਰਿਗੰਤ ਮਾਤ ਪਿਤਾ ਸਨੇਹੰ ਧ੍ਰਿਗੰ ਸਨੇਹੰ ਭ੍ਰਾਂਤ ਬਾਧਵਹ।”
– ਸਸ ੫, ੨:੧ (1354)

ਧ੍ਰਿਗੁ ------ ਧ੍ਰਿਕਾਰ/ਲਾਹਨਤ ਯੋਗ ਅਨਾਦਰ ਤੇ ਗਿਲਾਨੀ ਬੋਧਕ ਸ਼ਬਦ
“ਜੋ ਸਤਿਗੁਰ ਸਰਣਿ ਸੰਗਤਿ ਨਹੀ ਆਏ ਧ੍ਰਿਗੁ ਜੀਵੈ ਧ੍ਰਿਗੁ ਜੀਵਾਸਿ।”
– ਗੂਜ ੪, ਸੋਦ ੪, ੩:੨ (10)
“ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।”
– ਸਿਰੀ ੧, ੧੩, ੧:੧ (18)

ਧ੍ਰੁਕਿ ------ ਦੌੜ ਕੇ, ਸ਼ੀਘਰ, ਛੇਤੀ
“ਪਤਣਿ ਕੂਕੇ ਪਾਤਣੀ ਵੰਵਹੁ ਧ੍ਰੁਕਿ ਵਿਲਾੜਿ।”
– ਮਾਰੂ ੧, ਅਸ ੧੦, ੬:੧ (1015)

ਧ੍ਰੁਵ ------- ਸਥਿਰ, ਪਕਿਆਂ, ਅਚਲ
“ਗੁਰੂ ਸਮਰਥੁ ਗਹਿ ਕਰੀਆ ਧ੍ਰੁਵ ਬੁਧਿ ਸੁਮਤਿ ਸਮ੍ਹਾਰਨ ਕਉ।”
– ਸਵ ੪, ਮਥੁ ੨:੧ (1404)

ਧ੍ਰੂ -------- ਇਕ ਆਦਰਸ਼ਕ ਭਗਤ
“ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ।”
– ਗਉ ਕਬ, ੬੧, ੧:੨ (337)

ਹੋਰ ਰੂਪ:

ਧ੍ਰੂਅ –
“ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ।”
– ਬਿਲਾ ੯, ੧, ੧:੨ (830)

ਧ੍ਰੋਹ-------- ਧੋਖਾ, ਠਗੀ
“ਪਰਪਚ ਧ੍ਰੋਹ ਮੋਹ ਮਿਟਨਾਈ।”

– ਗਉ ੫, ਬਾਅ ੩੭:੫ (258)

ਧ੍ਰੋਹਨਿ ----- ਠਗਨੀ ਨੇ, ਧੋਖੇ ਬਾਜਾਂ ਨੇ
"ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ।"
– ਆਸਾ ੫, ੧, ੧*:੨ (370)

ਧ੍ਰੋਹੁ ------- ਧੋਖਾ, ਛਲ, ਕਪਟ
"ਨਾਨਕ ਨਾਮ ਵਿਹੂਣੀਆ ਸੁੰਦਰਿ ਮਾਇਆ ਧ੍ਰੋਹੁ।"
– ਜੈਤ ੫, ਵਾਰ ੮ਸ, ੫, ੨:੨ (707)

ਧ੍ਰੋਹੇ ------- ਠਗ ਲਏ, ਛਲ ਲਏ
"ਸਾਧਿਕ ਸਿਧ ਸੁਕਦੇਵ ਮਨੁੱਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ।"
– ਆਸਾ ੫, ੧, ੧*:੨ (370)

ਧੵਾਇ ------ ਧਿਆਇ, ਸਿਮਰਦੇ
"ਸੰਤ ਤ੍ਰਿਪਤਾਸੇ ਹਰਿ ਹਰਿ ਧੵਾਇ।"
– ਆਸਾ ੫, ੯੭, ੧*:੧ (395)

ਧੵਾਇਅਉ --- ਸਿਮਰਿਆ, ਧਿਆਇਆ
"ਮਸਤਕਿ ਨੀਸਾਣੁ ਸਚਉ ਕਰਮੁ ਕਲੵ ਜੋੜਿ ਕਰ ਧੵਾਇਅਉ।"
– ਸਵ ੩, ੯:੫ (1394)

ਹੋਰ ਰੂਪ:

ਧੵਾਇਅਓ –
"ਭਲਉ ਪ੍ਰਸਿਧੁ ਤੇਜੋ ਤਨੌ ਕਲੵ ਜੋੜਿ ਕਰ ਧੵਾਇਅਓ।"
– ਸਵ ੩, ੫:੫ (1393)

ਧੵਾਇਆ ---- ਸਿਮਰਿਆ
"ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧੵਾਇਆ।"
– ਵਡ ੪, ਛੰਤ ੨, ੨:੩ (573)

ਧੵਾਇਯਓ --- ਸਿਮਰਿਆ
"ਗੁਰਿ ਅਮਰਦਾਸਿ ਕਰਤਾਰੁ ਕੀਅਉ ਵਸਿ ਵਾਹੁ ਵਾਹੁ ਕਰਿ ਧੵਾਇਯਓ।"
– ਸਵ ੪, ਬਲ ੨:੩ (1405)

ਧੵਾਈਐ ---- ਸਿਮਰੀਏ
"ਤੀਖਣ ਬਾਣ ਚਲਾਇ ਨਾਮੁ ਪ੍ਰਭ ਧੵਾਈਐ।"
– ਫੁਨ ੫, ੧੬:3 (1363)

ਧੵਾਈ ਹੈ ---- ਧਿਆਓ, ਸਿਮਰੋ
"ਭਰਮ ਭੂਲੇ ਸੰਸਾਰ ਛੁਟਹੁ ਜੂਨੀ ਸੰਘਾਰ ਜਮ ਕੋ ਨ ਡੰਡ ਕਾਲ ਗੁਰਮਤਿ ਧੵਾਈ ਹੈ।"
– ਸਵ ੪, ਨਲ ੨:੪ (1398)

ਧੵਾਨ ------ ਧਿਆਨ, ਸੁਰਤ

“ਜੀਅਨ ਸਭਨ ਦਾਤਾ ਅਗਮ ਗੵਾਨ ਬਿਖੵਾਤਾ ਅਹਿਨਿਸਿ ਧੵਾਨ ਧਾਵੈ ਪਲਕਨ ਸੋਵੈ ਜੀਉ।”
– ਸਵ ੪, ਨਲ ੧:੩ (1398)

ਹੋਰ ਰੂਪ:

ਧੵਾਨੰ –
“ਮੰਤ੍ਰੰ ਰਾਮ ਰਾਮ ਨਾਮੰ ਧੵਾਨੰ ਸਰਬਤ੍ਰ ਪੂਰਨਹ।” (ਧਿਆਨ)
– ਸਸ ੫, ੪੦:੧ (1357)
“ਹਰਿ ਚਰਣ ਕਮਲ ਧੵਾਨੰ ਨਾਨਕ ਕੁਲ ਸਮੂਹ ਉਧਾਰਣਹ।” (ਸੁਰਤ)
– ਗਾਥਾ ੫, ੧੧:੨ (1360)

ਧੵਾਨੁ –
“ਕਵਨ ਜੋਗੁ ਕਉਨੁ ਗੵਾਨੁ ਧੵਾਨੁ ਕਵਨ ਬਿਧਿ ਉਸ੍ਤਤਿ ਕਰੀਐ।” (ਧਿਆਨੁ)
– ਸਮੁ ੫, ੮:੧ (1386)

ਧੵਾਵਣਹ ---- ਧਿਆਵਣ ਨਾਲ
“ਜੀਵਣੰ ਹਰਿ ਨਾਮ ਧੵਾਵਣਹ।”
– ਗਾਥਾ ੫, ੧੫:੨ (1361)

ਧੵਿਾਵੈ ------ ਸਿਮਰੈ
“ਕਹੁ ਨਾਨਕ ਨਿਸਚੌ ਧੵਿਾਵੈ।”
– ਸਸ ੧, ੧:੯ (1353)

ਨ

ਨ -------- ਨਸ਼ੇਧ ਬੌਧਕ
“ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।”
– ਜਪੁ ੧, ੧:੧ (1)

ਹੋਰ ਰੂਪ:

ਨੰ –
“ਨਾ ਇਹ ਮਾਰੀ ਨੰ ਮਰੈ ਨਾ ਇਹ ਹਟਿ ਵਿਕਾਇ।”
– ਬਿਲਾ ੪, ਵਾਰ ੧੦ਸ, ੩, ੨:੨ (853)

ਨਉ ------- (1) ਨੌ, ਗਿਣਤੀ ਦੀ ਇਕ ਇਕਾਈ
“ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ।”
– ਸਿਰੀ ੧, ੧੩, ੨:੩ (19)
“ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।”
– ਮਾਝ ੩, ਅਸ ੨, ੩:੩ (110)

(2) ਨੂੰ
“ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ।”
– ਸਿਰੀ ੩, ੩੬, ੨:੧ (27)

(3) ਨੌਂ ਖੰਡ ਭਾਵ ਸਾਰੀ ਸ੍ਰਿਸ਼ਟੀ

"ਨਉ ਨਾਇਕ ਕੀ ਭਗਤਿ ਪਛਾਨੈ।" (ਸਾਰੀ ਸ੍ਰਿਸ਼ਟੀ ਦੇ ਮਾਲਕ ਦੀ ਭਗਤੀ।"
- ਗੋਂਡ ਕਬ, ੧੦, ੩:੩ (873)

ਨਉ ਹੁਲਾ --- ਨਵਾਂ ਹੁਲਾਰਾ
"ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ।"
- ਸਿਰੀ ੧, ੨੪, ੧*:੧ (23)

ਨਉਕਾ ----- ਕਿਸ਼ਤੀ, ਬੇੜੀ
"ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ।"
- ਬਿਲਾ ਸਧ, ੧, ੩:੨ (858)

ਨਉਖੰਡ ---- ਨੌ ਭਾਗ
"ਨਉਖੰਡ ਪ੍ਰਿਥਮੀ ਫਿਰੈ ਚਿਰੁ ਜੀਵੈ।"
- ਗਉ ੫, ਸੁਖ ੩, ੨:੧ (265)

ਨਉਘਰ ---- ਨੌ ਗੋਲਕਾਂ- ਨੱਕ, ਕੰਨ ਮੂੰਹ, ਅੱਖਾਂ ਆਦਿ
"ਨਉ ਘਰ ਥਾਪੇ ਹੁਕਮਿ ਰਜਾਈ।"
- ਮਾਰੂ ੧, ਸੋਲਾ ੧੩, ੩:੨ (1033)

ਨਉਤਨ ---- ਨਵੀਂ
"ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ।"
- ਗਉ ੧, ਛੰਤ ੧, ੩:੫ (242)

ਹੋਰ ਰੂਪ:

ਨਉਤਨਾ -
"ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ।" (ਨਵਾਂ, ਸਾਦਾ, ਤਾਜ਼ਾ)
- ਸਿਰੀ ੧, ਅਸ ੬, ੩:੧ (56)

ਨਉਤਨੁ -
"ਤੂੰ ਸਤਿਗੁਰੁ ਹਉ ਨਉਤਨੁ ਚੇਲਾ।" (ਨਵਾਂ)
- ਗਉ ਕਬ, ੨, ੪:੧ (323)

ਨਉਤਨੋ -
"ਪਿਰੁ ਰੀਸਾਲੂ ਨਉਤਨੋ ਸਾਚਉ ਮਰੈ ਨ ਜਾਇ।" (ਨਵਾਂ, ਤਾਜ਼ਾ ਭਾਵ ਜੁਆਨ)
- ਸਿਰੀ ੧, ਅਸ ੨, ੪:੨ (54)

ਨਉਨਿਧਿ --- ਨੌ ਖਜ਼ਾਨੇ/ਸੁਖ ਦੇ ਸਾਮਾਨ, ਇਹ ਹਨ: ਪਦਮ (ਸੋਨਾ ਚਾਂਦੀ) ਮਹਾ ਪਦਮ (ਹੀਰੇ ਮੋਤੀ), ਸੰਖ (ਸੁੰਦਰ ਕਪੜੇ ਰਸਦਾਇਕ ਭੋਜਨ) ਮਕਰ (ਸ਼ਸ਼ਤਰ ਵਿਦਿਆ ਪ੍ਰਾਪਤੀ ਤੇ ਰਾਜ ਦਰਬਾਰ ਵਿਚ ਮਾਨ), ਕੱਛਪ (ਕਪੜੇ ਅਨਾਜ਼ ਦੀ ਸੌਦਾਗਰੀ), ਕੁੰਦ (ਸੋਨੇ ਦੀ ਸੌਦਾਗਰੀ), ਨੀਲ (ਮੋਤੀ ਮੂੰਗੇ ਦੀ ਸੌਦਾਗਰੀ) ਮੁਕੰਦ (ਕੋਮਲ ਕਲਾ ਦੀ ਪ੍ਰਾਪਤੀ) ਵਰਚ ਜਾਂ ਖਰਚ
"ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ।"
- ਸਿਰੀ ੫, ਛੰਤ ੨, ੫:੫ (80)

ਹੋਰ ਰੂਪ:

ਨਉਨਿਧੇ -

“ਨਵਨਿਧੇ ਨਉਨਿਧੇ ਮੇਰੇ ਘਰ ਮਹਿ ਆਈ ਰਾਮ।”
– ਆਸਾ ੫, ਛੰਤ ੧, ੩:੧ (452)

ਨਉਬਤਿ ---- (ਫਾ. ਨੌਬਤ) ਵੱਡਾ ਨਗਾਰਾ ਜੋ ਬਾਦਸ਼ਾਹਾਂ ਦੇ ਦਰਵਾਜ਼ੇ ਤੇ ਵਜਦਾ ਹੈ ਤੇ ਹਕੂਮਤ ਦਾ ਪ੍ਰਤੀਕ ਹੁੰਦਾ ਹੈ
“ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ।” (ਭਾਵ ਹਕੂਮਤ ਕਰ ਚਲੇ)
– ਕੇਂਦਾ ਕਬ, ੬, ੧*:੧ (1124)
“ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ।” (ਭਾਵ ਮੌਤ ਦਾ ਨਗਾਰਾ)
– ਸਲੋ ਫਰ, ੭੯:੨ (1382)

ਨਉਮੀ ----- ਨੌਵੀ
“ਨਉਮੀ ਨਵੇ ਛਿਦ੍ਰ ਅਪਵੀਤ।” (ਨੌਵੀਂ ਥਿਤ ਦੁਆਰਾ।”
– ਗਉ ੫, ਥਿਤੀ ੯:੧ (298)

ਨਉਪਰੀ ---- ਝਾਂਜਰ, ਪਾਜ਼ੇਬ
“ਉਪਜਤਾ ਬਿਕਾਰ ਦੁੰਦਰ ਨਉਪਰੀ ਝੁਨੰਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ।”
– ਸਾਰ ੫, ੧੩੯, ੧*:੨ (1231)

ਨਉਰੰਗੀ ---- ਨਵੇਂ ਰੰਗ ਵਾਲੀ, ਨਉਰੰਗੀ
“ਕ੍ਰੋਧੁ ਨਿਵਾਰਿ ਜਲੇ ਹਉ ਮਮਤਾ ਪ੍ਰੇਮੁ ਸਦਾ ਨਉਰੰਗੀ।”
– ਸਾਰ ੧, ਅਸ ੨, ੧:੧ (1232)

ਨਈ ------ ਨਦੀਆਂ
“ਫਰੀਦਾ ਰਬ ਖਜੂਰੀ ਪਕੀਆ ਮਾਖਿਅ ਨਈ ਵਹੰਨਿ।”
– ਸਲੋ ਫਰ, ੮੯:੧ (1382)

ਨਈਆ ---- ਨੀਯਮ ਬੰਨ੍ਹ ਵਾਲਾ, ਸੰਜਮ ਨਿਰਧਾਰਤ ਕਰਨ ਵਾਲਾ ਭਾਵ ਮਾਲਕ, ਪ੍ਰਭੂ
“ਨਈਆ ਤੇ ਬੈਰੇ ਕੰਨਾ।”
– ਧਨਾ ਨਾਮ, ੪, ੨:੨ (693)

ਨਈਬੇਦਹਿ -- ਮੂਰਤੀ ਤੇ ਚੜਾਇਆ ਅਥਵਾ ਭੇਟਾ ਕੀਤਾ ਗਿਆ ਭੋਜਨ
“ਧੂਪ ਦੀਪ ਨਈ ਬੇਦਹਿ ਬਾਸਾ।”
– ਗੂਜ ਰਵਿ, ੧, ੩:੧ (525)

ਨਈਬੇਦਾ --- ਮੂਰਤੀ ਨੂੰ ਭੇਟਾ ਕੀਤਾ ਗਿਆ ਭੋਜਨ
“ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ।”
– ਧਨਾ ਪੀਪੀ, ੧, ੧:੨ (695)

ਨਸਤਾ ----- ਭਜਦਾਂ
“ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ।”
– ਪ੍ਰਭਾ ੫, ਅਸ ੨, ੪:੨ (1348)

ਨਸਨਾ ----- ਭਜ ਜਾਣਾ
“ਸਾਧ ਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ।”

– ਬਿਲਾ ੫, ੪੩, ੧:੧ (811)

ਨਸਾ ------ ਭਜ ਗਿਆ ਭਾਵ ਮੁੱਕ ਗਿਆ
“ਸੰਤਸੰਗਿ ਹਉਮੈ ਦੁਖ ਨਸਾ।”
– ਭੈਰ ੫, ੩੭, ੩:੪ (1146)

ਨਸਿ ------ ਭੱਜ, ਦੌੜ
“ਜਮਕੰਕਰ ਨਸਿ ਗਏ ਵਿਚਾਰੇ।”
– ਆਸਾ ੫, ੭੭, ੧:੨ (389)
“ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ।”
– ਆਸਾ ੫, ਛੰਤ ੧੨, ੨:੧ (460)
(ਮਹਾਨਕੋਸ਼ ਇਥੇ ‘ਨਸਿ’ ਦਾ ਭਾਵ ਫੌਰਨ, ਛੇਤੀ ਕਰਦਾ ਹੈ)

ਹੋਰ ਰੂਪ:

ਨਸਿਆ –
“ਦੂਖੁ ਦਰਦੁ ਭਰਮੁ ਭਉ ਨਸਿਆ।”
– ਗਉ ੫, ੧੧੯, ੪:੧ (189)

ਨਸੀ ------ ਭੱਜ/ਦੌੜ ਗਈ, ਮੁਕ ਗਈ
“ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ।”
– ਮਾਝ ੧, ਬਾਰਾ ੧੪:੫ (136)

ਹੋਰ ਰੂਪ:

ਨਸੀਐ –
“ਮੇਰੇ ਮਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ।”
(ਭਜੀਐ)
– ਗਉ ੪, ੫੭, ੧:੧ (170)

ਨਸੇ ------- ਦੌੜ ਗਏ, ਮੁੱਕ ਗਏ
“ਜਨਮ ਜਨਮ ਕੇ ਕਿਲਵਿਖ ਨਸੇ।”
– ਗਉ ੫, ੧੫੫, ੧:੨ (197)

ਹੋਰ ਰੂਪ:

ਨਸੈ –
“ਦੂਖੁ ਦਰਦੁ ਤਿਹ ਨਾਨਕ ਨਸੈ।”
– ਗਉ ੫, ੭੯, ੪:੪ (179)

ਨਹ ------- (1) ਨਾ, ਨਹੀਂ, ਨਿਸ਼ੇਧ ਬੋਧਕ ਸ਼ਬਦ
“ਆਖਣਿ ਜੋਰੁ ਚੁਪੈ ਨਹ ਜੋਰੁ।” (ਨਹੀਂ)
– ਜਪੁ ੧, ੩੩:੧ (7)
“ਭਉਰੁ ਉਸਤਾਦੁ ਨਿਤ ਭਾਖਿਆ ਬੇਲ ਕਿਉ ਬੂਝੈ ਜਾ ਨਹ ਬੁਝਾਈ।” (ਨਾ)
– ਸਿਰੀ ੧, ੨੭, ੨:੨ (24)
“ਜੀਵਤਿਆ ਨਹ ਮਰੀਐ।”
– ਰਾਮ ੧, ੩, ੧*:੨ (877)

(ਮਹਾਨਕੋਸ਼ ਇਥੇ 'ਨਹ' ਦੇ ਅਰਥ 'ਕਿਵੇਂ' ਕਰਦਾ ਹੈ)

ਹੋਰ ਰੂਪ:

ਨਹਿ –
"ਜਿਹ ਨਰ ਰਾਮ ਭਗਤਿ ਨਹਿ ਸਾਧੀ।" (ਨਹੀਂ)
– ਗਉ ਕਬ, ੨੫, ੧*:੧ (328)
"ਆਨ ਉਪਾਵ ਸਗਰ ਕੀਏ ਨਹਿ ਦੂਖ ਸਾਕਹਿ ਲਾਹਿ।" (ਨਾ)
– ਮਲਾ ੫, ੨੪, ੨:੧ (1272)

ਨਹੀ –
"ਕੇਤਿਆ ਗਣਤ ਨਹੀ ਵੀਚਾਰੁ।" (ਨਿਸ਼ੇਧ ਬੋਧਕ)
– ਜਪੁ ੧, ੨੫:੪ (5)

(2) ਨਹੁੰ, ਨਉਂਧਰ
"ਚਾਕਰ ਨਹ ਦਾ ਪਾਇਨਿ੍ ਘਾਉ।" (ਨਹੂੰਆਂ ਨਾਲ)
– ਮਲਾ ੧, ਵਾਰ ੨੨ਸ, ੧, ੨:੭ (1288)

ਨਹੀਨ ----- ਨਹੀਂ
"ਮੋਹਿ ਐਸੇ ਬਨਜ ਸਿਉ ਨਹੀਨ ਕਾਜੁ।"
– ਬਸੰ ਕਬ, ੬, ੧*:੧ (1195)

ਨਹੁ ------- ਨਹੀਂ
"ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ।"
– ਸੋਰ ੫, ੬੧, ੧:੨ (624)

ਨਕ ------- ਸਰੀਰ ਦਾ ਇਕ ਅੰਗ, ਨਾਸਿਕਾ
"ਸੋਹਣੇ ਨਕ ਜਿਨ ਲੰਮੜੇ ਵਾਲਾ।"
– ਵਡਾ ੧, ਛੰਤ ੨, ੭:੨ (567)
"ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ।" (ਭਾਵ ਪੇਪਾਤ ਕੀਤੇ)
– ਭੈਰ ੪, ੬, ੩:੨ (1135)

ਨਕਟ ------ ਨਕ-ਕਟੀ
"ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ।"
– ਆਸਾ ਕਬ, ੪, ੧:੨ (476)

ਨਕਟੀ ----- ਨਕ-ਵੱਢੀ
"ਨਕਟੀ ਕੋ ਠਨਗਨੁ ਬਾਡਾ ਡੂੰ।" (ਭਾਵ ਮਾਇਆ)
– ਆਸਾ ਕਬ, ੪, ੧*:੧ (476)
"ਹਰਿ ਕੇ ਨਾਮ ਬਿਨਾ ਸੁੰਦਰਿ ਹੈ ਨਕਟੀ।" (ਨੱਕ ਵੱਢੀ ਭਾਵ ਗੁਣਹੀਣ)
– ਦੇਵ ੪, ੬, ੧*:੧ (528)

ਨਕਟੇ ------ ਨੱਕ-ਕਟੇ ਭਾਵ ਬੇਪਤੇ, ਬੇਇਜ਼ਤ
"ਨਾਮਹੀਣ ਫਿਰਹਿ ਸੇ ਨਕਟੇ ਤਿਨ ਘਸਿ ਘਸਿ ਨਕ ਵਢਾਇਆ।"
– ਰਾਮ ੪, ੫, ੩:੨ (882)

ਨਕਿ ------ ਨੱਕ ਵਿਚ

"ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ।" (ਭਾਵ ਕਾਬੂ ਕਰਨਾ ਸੰਜਮ ਵਿਚ ਲਿਆਉਣਾ)

– ਸੋਰ ੧, ੧, ੩:੨ (595)

ਹੋਰ ਰੂਪ:

ਨਕਂੀ –

"ਨਾਨਕ ਵਿਣੁ ਨਾਵੈ ਨਕਂੀ ਵਢਂੀ ਫਿਰਹਿ ਸੋਭਾ ਮੂਲਿ ਨ ਪਾਹਿ।"

– ਵਡ ੪, ਵਾਰ ੧੧ਸ, ੩, ੧:੬ (590)

ਨਕੁ ------- ਸਰੀਰ ਦਾ ਇਕ ਅੰਗ, ਨਾਸਿਕਾ

"ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ।" (ਭਾਵ ਪਤ ਨਹੀਂ)

– ਵਡ ੪, ਵਾਰ ੧੩ਸ ੩, ੧:੧ (591)

"ਲੰਮਾ ਨਕੁ ਕਾਲੇ ਤੇਰੇ ਨੈਣ।"

– ਮਲਾ ੧, ੯, ੧:੨ (1257)

"ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ।"

– ਮਲਾ ੧, ਵਾਰ ੨੫ਸ, ੧, ੨:੪ (1289)

ਨਖ ------- ਨਹੁੰ

"ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਰਿਓ।"

– ਬਿਲਾ ਕਬ, ੪, ੩:੨ (856)

"ਜਬ ਨਖ ਸਿਖ ਇਹੁ ਮਨੁ ਚੀਨਾ।" (ਨਹੁੰ ਤੋਂ ਸਿਰ ਤਕ ਭਾਵ ਪੂਰੀ ਤਰਾਂ)

– ਰਾਮ ਕਬ, ੧੦, ੧:੩ (971)

ਨਖਹ ------ ਨਹੁੰਆਂ ਨਾਲ

"ਹਰਨਾਖਸ ਜਿਨਿ ਨਖਹ ਬਿਦਾਰਿਓ ਸੁਰਿ ਨਰ ਕੀਏ ਸਨਾਥਾ।"

– ਭੈਰ ਨਾਮ, ੯, ੫:੧ (1165)

ਹੋਰ ਰੂਪ:

ਨਖਹਿ –

"ਨਿੰਦਾ ਦੁਸਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ।" (ਨਹੁੰਆਂ ਨਾਲ)

– ਸੋਰ ੩, ੫, ੨:੨ (601)

ਨਖਹੁ –

"ਹਰਣਾਖਸੁ ਲੇ ਨਖਹੁ ਬਿਧਾਸਾ।" (ਨਹੁੰਆਂ ਨਾਲ)

– ਗਉ ੧, ਅਸ ੯, ੬:੨ (224)

ਨਖਿਅਤ੍ਰ ---- (ਸੰ.) ਤਾਰਿਆਂ ਦੇ ਸਮੂਹ ਚੰਦਰਮਾ ਦੇ ਰਾਹ ਵਿਚ ਆਉਂਦੇ ਤਾਰਾ-ਸਮੂਹ ਜੋ 27 ਮੰਨੇ ਜਾਂਦੇ ਹਨ ਤਾਰੇ

"ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ।"

– ਆਸਾ ੫, ਛੰਤ ੫, ੩:੩ (456)

ਨਖਿਆਤਿ --- ਨਖਤ੍ਰ, ਤਾਰਾ-ਸਮੂਹ

"ਅਨਿਕ ਸੂਰ ਸਸੀਅਰ ਨਖਿਆਤਿ।"
– ਸਾਰ ੫, ਅਸ ੨, ੪:੩ (1236)

ਨਖੀ ------ ਨਹੁੰਆਂ ਨਾਲ
"ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ।"
– ਭੈਰ ੩, ੨੦, ੪:੪ (1133)

ਨਖ੍ਯਤ੍ਰ ------ ਤਾਰਾ-ਸਮੂਹ, ਤਾਰੇ
"ਕਈ ਕੋਟਿ ਸਸੀਅਰ ਸੂਰ ਨਖ੍ਯਤ੍ਰ।"
– ਗਉ ੫, ਸੁਖ ੧੦, ੩:੭ (276)

ਹੋਰ ਰੂਪ:

ਨਖ੍ਯਤ੍ਰਾ –
"ਡਰਪੈ ਧਰਤਿ ਅਕਾਸੁ ਨਖ੍ਯਤ੍ਰਾ ਸਿਰ ਊਪਰਿ ਅਮਰੁ ਕਰਾਰਾ।" (ਤਾਰੇ)
– ਮਾਰੂ ੫, ੧, ੧:੧ (998)

ਨਖ੍ਰਿਤ੍ਰ –
"ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਰਿਤ੍ਰ ਗਗਨੰ।"
– ਸਸ ੫, ੯:੧ (1354)

ਨਗ ------- (ਫਾ. ਨਗੀਨ) ਨਗੀਨਾ, ਮੋਤੀ ਕੀਮਤੀ ਪਥਰ/ਮੋਤੀ ਜੋ ਗਹਿਣਿਆਂ ਵਿਚ ਜੜਿਆ ਜਾਂਦਾ ਹੈ
"ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ।"
– ਸਵ ੪, ਨਲ ੧੫:੨ (1401)

ਨੰਗ ------- (1) ਕੰਗਾਲੀ, ਗਰੀਬੀ
"ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।"
– ਸਿਰੀ ੫, ਅਸ ੨੬, ੨:੧ (70)

(2) ਨੰਗੇ, ਬਸਤਰ ਰਹਿਤ ਭਾਵ ਗੁਰਬਤ ਵਿਚ
"ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ ਜੀਉ।" (ਬਿਲਕੁਲ ਨੰਗੇ)
– ਗਉ ੪, ੬੮, ੨:੨ (174)

(3) ਨਿਲੱਜ, ਬੇ-ਸ਼ਰਮ
"ਤਿਆਗਿ ਚਲਿਓ ਹੈ ਮੂੜ ਨੰਗ।"
– ਗਉ ੫, ੧੩੯*, ੨:੨ (210)

(4) ਨੰਗਾਪਨ
"ਸੈ ਨੰਗੇ ਨਹ ਨੰਗ ਭੁਖੇ ਲਖ ਨ ਭੁਖਿਆ।"
– ਮਾਰੂ ੫, ਵਾਰ ੧੯ਸ, ੫, ੧:੧ (1100)

ਨਗਜ ------ (ਫਾ. ਨਗਜ਼) ਸੁੰਦਰ, ਖੂਬਸੂਰਤ
"ਨਗਜ ਤੇਰੇ ਬੰਦੇ ਦੀਦਾਰੁ ਅਪਾਰੁ।"
– ਭੈਰ ੫, ੧੦, ੧:੧ (1139)

ਨਗਨ ------ **ਨੰਗੇ ਬਸਤਰ ਰਹਿਤ**
"ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ ਜੀਉ।"
– ਗਉ ੮, ੬੮, ੨:੨ (174)

ਨੰਗਨਾ ------ **ਨੰਗਾ, ਬੇਪਤ**
"ਅਰਚਾ ਬੰਦਨ ਹਰਿ ਸਮਤ ਨਿਵਾਸੀ ਬਾਹੁੜਿ ਜੋਨਿ ਨ ਨੰਗਨਾ।"
– ਮਾਰੂ ੫, ਸੋਲਾ ੯, ੫:੩ (1080)

ਨਗਨੁ ------ **ਨੰਗਾ**
"ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ।"
– ਭੈਰ ੧, ੮, ੪:੧ (1127)

ਨਗਰ ------ **ਸ਼ਹਿਰ, ਵਸਤੀ**
"ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ ਸੇਈ ਨਗਰ ਉਜਾੜੀ ਜੀਉ।"
– ਮਾਝ ੫, ੩੭, ੧:੩ (105)

ਹੋਰ ਰੂਪ:

ਨਗਰੰ –
"ਮ੍ਰਿਗ ਤ੍ਰਿਸਨਾ ਗੰਧਰਬ ਨਗਰੰ ਦ੍ਰੁਮ ਛਾਯਾ ਰਚਿ ਦੁਰਮਤਿਹ।" (ਨਗਰੀ, ਵਸਤੀ)
– ਸਸ ੫, ੩੦:੧ (1356)

ਨਗਰਿ –
"ਸੂਨੇ ਨਗਰਿ ਪਰੇ ਠਗਹਾਰੇ।" (ਸ਼ਹਿਰ/ਵਸਤੀ ਵਿੱਚ)
– ਗਉ ੫, ੮੯, ੨:੪ (182)

"ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਜੁ ਸਮਾਨਾ।" (ਭਾਵ ਦਸਮ ਦੁਆਰ ਵਿਚ)
– ਆਸਾ ਕਬ, ੭੮, ੧:੧ (480)

ਨਗਰੀ –
"ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ।" (ਭਾਵ ਆਤਮ ਮੰਡਲ)
– ਆਸਾ ੧, ੩੭, ੨:੧ (360)

"ਅਬਿਚਲ ਨਗਰੀ ਨਾਨਕ ਦੇਵ।" (ਵਸਤੀ)
– ਆਸਾ ੫, ਅਸ ੧, ੮:੨ (431)

"ਸਭ ਨਗਰੀ ਮਹਿ ਏਕੋ ਰਾਜਾ ਸਭੇ ਪਵਿਤ੍ਰੁ ਹਹਿ ਥਾਵਾ।" (ਭਾਵ ਸੰਸਾਰ)
– ਮਾਰੂ ੩, ੧, ੧:੨ (993)

"ਨਗਰੀ ਨਗਰੀ ਖਿਅਤ ਅਪਾਰ।" (ਭਾਵ ਥਾਂ ਥਾਂ)
– ਭੈਰ ਕਬ, ਅਸ ੨, ੫:੨ (1163)

ਨਗਰੁ –
"ਆਪਨ ਨਗਰੁ ਆਪ ਤੇ ਬਾਧਿਆ।"
– ਗਉ ਕਬ, ੩੦, ੧*:੧ (329)

(2) ਭਾਵ ਸਰੀਰ
"ਨਗਰੁ ਮਹਿ ਆਪਿ ਬਾਹਰਿ ਫੁਨਿ ਆਪਨ ਪ੍ਰਭ ਮੇਰੇ ਕੋ ਸਗਲ ਬਸੇਰਾ।"
– ਬਿਲਾ ੪, ੪, ੨:੧ (800)

"ਸੁ ਆਨੁ ਲੋਭੁ ਨਗਰ ਮਹਿ ਸਬਲਾ ਗੁਰੁ ਖਿਨ ਮਹਿ ਮਾਰਿ ਕਢਾਵੈਗੋ।"
– ਕਾਨ ੪, ਅਸ ੫, ੩:੧ (1311)

ਹੋਰ ਰੂਪ:

ਨਗਰੀ –
"ਅਨਦਿਨੁ ਨਗਰੀ ਹਰਿ ਗੁਣ ਗਾਇਆ।" (ਸਰੀਰ ਰੂਪੀ ਨਗਰੀ)
– ਗਉ ੪, ੪੩, ੨:੩ (165)
"ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ।" (ਸਰੀਰ)
– ਬਿਹਾ ੪, ਵਾਰ ੨੧ਸ, ੩, ੨:੨ (550)

ਨਗਰੀਆ –
"ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ।" (ਸਰੀਰ)
– ਬਸੰ ੪, ੩, ੨:੧ (1178)

ਨਗਰੁ –
"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।" (ਸਰੀਰ)
– ਗਉ ੪, ਸੋਲਾ ੪, ੧:੧ (13)
"ਤਸਕਰ ਸਬਦਿ ਨਿਵਾਰਿਆ ਨਗਰੁ ਵੁਠਾ ਸਾਬਾਸਿ।" (ਜੀਵਨ ਰੂਪੀ)
– ਪ੍ਰਭਾ ੧, ੧੦, ੧:੨ (1330)

ਨੰਗਾ ------ (1) ਕੰਗਾਲ, ਗਰੀਬ
"ਸਾਹਿਬੁ ਜਿਸ ਦਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ।"
– ਗਉ ੪, ਵਾਰ ੧੨ਸ, ੪, ੨:੧ (306)

ਹੋਰ ਰੂਪ:

ਨੰਗੀ –
"ਇਕਨਾ ਭੋਗ ਭੋਗਾਇਦਾ ਮੇਰੇ ਗੋਵਿੰਦਾ ਇਕਿ ਨਗਨ ਫਿਰਹਿ ਨੰਗ ਨੰਗੀ ਜੀਉ।" (ਬਿਲਕੁਲ ਕੰਗਾਲ)
– ਗਉ ੪, ੬੮, ੨:੨ (174)

(2) ਬੇਇਜ਼ਤ, ਨਿਰਲੱਜ

ਹੋਰ ਰੂਪ:

"ਨਾਮਹੀਣ ਗਏ ਮੂੜ ਨੰਗਾ।"
– ਆਸਾ ੪, ੫੮, ੩:੧ (367)

ਨੰਗੁ –
"ਰੰਗਿ ਰਤਾ ਨਚੈ ਨੰਗੁ।" (ਨਿਲਜ)
– ਮਾਝ ੧, ਵਾਰ ੧੦ਸ, ੧, ੧:੫ (142)

(3) ਵਸਤਰ ਹੀਣ
"ਨੰਗਾ ਦੋਜਕਿ ਚਾਲਿਆਤਾ ਦਿਸੈ ਖਰਾ ਡਰਾਵਣਾ।" (ਗੁਣ ਰੂਪੀ ਵਸਤਰ)
– ਆਸਾ ੧, ਵਾਰ ੧੪:੪ (471)

ਹੋਰ ਰੂਪ:

ਨੰਗਿ –
"ਨ ਭੀਜੈ ਤੀਰਥਿ ਭਵਿਐ ਨੰਗਿ।" (ਨੰਗੇ ਹੋ ਕੇ)

– ਸਾਰ ੪, ਵਾਰ ੧ਸ, ੧, ੨:੫ (1237)

ਨੰਗੇ –
“ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਾਰੀ ਸਰਧ ਗਈ।”
– ਵਡ ੪, ਵਾਰ ੧੭:੨ (593)

ਨਚ ------- ਨਾ ਨਹੀਂ (ਹਨ)
“ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ ਨਚ ਮਿਸਟੰ ਸੁਖ ਮਾਇਆ।”
– ਜੈਤ ੫, ਵਾਰ ੧੧ਸ, ੫, ੧:੧ (708)
“ਨਚ ਬਿਦਿਆ ਨਿਧਾਨ ਨਿਗਮੰ ਨਚ ਗੁਣਗੵ ਨਾਮ ਕੀਰਤਨਹ।”
– ਸਸ ੫, ੩੧:੧ (1356)

ਨਚਊ ----- ਨਚਾਂ ਗਾ
“ਹਉ ਬਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ।”
– ਸਿਰੀ ੫, ਅਸ ੨੯, ੨੧:੩ (74)

ਨਚਸੀ ----- ਨਚੇਗਾ/ਨਚਦਾ ਹੈ
“ਜਰੁ ਜਰਵਾਣਾ ਕੰਨਿ੍ ਚੜਿਆ ਨਚਸੀ।”
– ਮਲਾ ੧, ਵਾਰ ੨੬:੪ (1290)

ਨਚਹਿ ----- ਨਚਦੇ ਹਨ
“ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।”
– ਆਸਾ ੧, ਵਾਰ ੪ਸ, ੧, ੨:੩ (464)

ਨਚਣਾ ----- ਨਾਚ ਕਰਨਾ
“ਹੋਰੁ ਨਚਣਾ ਖੁਸੀਆ ਮਨ ਮਾਹ।”
– ਆਸਾ ੧, ੬, ੧*:੨ (350)

ਨਚਣੁ ------ ਨਾਚ ਕਰਨਾ
“ਨਚਣੁ ਕੁਦਣੁ ਮਨ ਕਾ ਚਾਉ।”
– ਆਸਾ ੧, ਵਾਰ ੫ਸ, ੧, ੨:੨੫ (465)

ਨਚਨਿ ----- ਨਚਦੇ ਹਨ, ਨਾਚ ਕਰਦੇ ਹਨ
“ਵਾਇਨਿ ਚੇਲੇ ਨਚਨਿ ਗੁਰ।”
– ਆਸਾ ੧, ਵਾਰ ੫ਸ, ੧, ੨:੧ (465)

ਨਚਾ ------ ਨਚਦਾ ਹੈ
“ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ।”
– ਮਾਰੂ ੫, ਵਾਰ ੨੨:੬ (1094)
“ਆਵੈ ਜਾਇ ਭਵਾਈਐ ਬਹੁ ਜੋਨੀ ਨਚਾ।”
– ਮਾਰੂ ੫, ਵਾਰ ੧੫:੨ (1097)

ਨਚਾਇਦਾ --- ਨਚਾਉਂਦਾ ਹੈ
“ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ।”
– ਮਾਰੂ ੩, ਵਾਰ ੨੨:੬ (1094)

ਨਚਾਈ ----- ਨਚਾਵਾਂ
“ਨਿਰਤਿ ਕਰੀ ਇਹੁ ਮਨੁ ਨਚਾਈ।”
– ਗੂਜ ੩, ਅਸ ੧, ੧:੧ (506)

ਹੋਰ ਰੂਪ:

ਨਚਾਈਐ –
“ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ।” (ਨਾਚ ਕਰਾਈਐ ਭਾਵ ਟਪਾਂਦੇ ਫਿਰੀਏ)
– ਸਿਰੀ ੧, ਪਹ ੧, ੨:੨ (75)

ਨਚਾਏ ----- ਨਚਾਂਦਾ, ਭਟਕਾਉਂਦਾ
“ਮਾਇਆ ਮੋਹੁ ਇਸੁ ਮਨਹਿ ਨਚਾਏ ਅੰਤਰਿ ਕਪਟੁ ਦੁਖੁ ਪਾਵਣਿਆ।”
– ਮਾਝ ੩, ਅਸ ੨੧, ੪:੩ (122)

ਨਚਾਵਹਿ ---- ਨਚਾਉਂਦਾ ਹੈ
“ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ।”
– ਰਾਮ ੫, ੭, ੪:੨ (884)

ਨਚਾਵੈ ----- ਨਚਾਉਂਦਾ ਹੈ
“ਜਿਉ ਪ੍ਰਭ ਭਾਵੈ ਤਿਵੈ ਨਚਾਵੈ।”
– ਗਉ ੫, ਸੁਖ ੧੧, ੭:੮ (278)

ਨਚਿ ------ ਨਚ ਕੇ, ਨ੍ਰਿਤ ਕਰਕੇ
“ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ।”
– ਗਉ ੫, ੨੪, ੩:੨ (159)

ਨਚਿਐ ----- ਨਚਨ ਨਾਲ, ਨ੍ਰਿਤ ਕਰਨ ਨਾਲ
“ਨਚਿਐ ਟਪਿਐ ਭਗਤਿ ਨ ਹੋਇ।”
–ਗਉ ੩, ੨੪, ੩:੩ (159)

ਨਚਿੰਦੁ ----- ਬੇ-ਫਿਕਰ/ਨਿਸਚਿੰਤ ਹੋ ਕੇ
“ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ।”
– ਸਲੋ ਫਰ, ੩੩:੧ (1379)

ਨਚੈ ------- ਨਚਦਾ ਹੈ ਭਾਵ ਵਿਚਰਦਾ ਹੈ
“ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ।”
– ਮਾਝ ੧, ਵਾਰ ੧੦ਸ, ੧, ੧:੫ (142)

ਨਜਰਿ ----- ਦ੍ਰਿਸ਼ਟ
“ਨਜਰਿ ਭਈ ਘਰੁ ਘਰ ਤੇ ਜਾਨਿਆ।” (ਭਾਵ ਮਿਹਰ ਦੀ ਦ੍ਰਿਸ਼ਟੀ)
– ਗਉ ੧, ੮, ੨:੩ (153)

ਨਜੀਕਿ ----- ਨਜ਼ਦੀਕ, ਨੇੜੇ
“ਗੁਰ ਕੈ ਸਬਦਿ ਨਜੀਕਿ ਪਛਾਣਹੁ।”
– ਮਾਰੂ ੩, ਸੋਲਾ ੨੪, ੧੫:੨ (1068)

ਨਟ ------- (1) ਨਾਟਕ ਖੇਡਣ ਵਾਲੇ, ਮਦਾਰੀ
“ਨਟ ਨਾਟਿਕ ਆਖਾਰੇ ਗਾਇਆ।”
– ਗਉ ੫, ੮੧, ੨:੩ (179)
“ਨਟ ਵਟ ਖੇਲੈ ਸਾਰਿਗਪਾਨਿ।” (ਮਦਾਰੀ)
– ਗਉ ਕਬ, ੩੩, ੨:੨ (329)

ਹੋਰ ਰੂਪ:

ਨਟਿ –
“ਮਾਇਆ ਮੋਹਿ ਨਟਿ ਬਾਜੀ ਪਾਈ।” (ਨਟ/ਬਾਜ਼ੀਗਰ ਨੇ)
– ਗਉ ੩, ਅਸ ੩, ੫:੧ (230)
(2) ਰਾਗ ਮੇਘ ਦੇ ਅੱਠ ਪੁੱਤਰਾਂ ਵਿਚੋਂ ਇਕ
“ਜਬਲੀਧਰ ਨਟ ਅਉ ਜਲਧਾਰਾ।”
– ਰਾਗ ੧:੫੬ (1430)

ਨਟੁ –
“ਮੰਦਲੁ ਨ ਬਾਜੈ ਨਟੁ ਪੈ ਸੂਤਾ।” (ਨਚਨ ਵਾਲਾ)
– ਆਸਾ ਕਬ, ੧੧, ੧:੨ (478)

ਨਟੂਆ –
“ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸਾ ਰੇ।” (ਸਵਾਗੀ, ਨਾਟਕ ਕਰਨ ਵਾਲਾ)
– ਆਸਾ ੫, ੧੩੦, ੧:੧ (403)

ਨਟੂਐ –
“ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ।”
– ਆਸਾ ੧, ਅਸ ੨੨, ੪:੧ (422)

ਨਠਯੋ ----- ਨਸ ਗਿਆ
“ਗਰਲ ਨਾਸੁ ਤਨਿ ਨਠਯੋ ਅਮਿਉ ਅੰਤਰ ਗਤਿ ਪੀਓ।”
– ਸਵ ੨, ੭:੨ (1392)

ਨਠੜੋ ------ ਭਜ ਗਿਆ, ਨਸ ਗਿਆ
“ਨਠੜੋ ਦੁਖ ਤਾਪੁ ਨਾਨਕ ਪ੍ਰਭ ਪੇਖੰਦਿਆ।”
– ਜੈਤ ੫, ਵਾਰ ੧੬ਸ, ੫, ੨:੨ (709)

ਨਠੇ ------- ਦੌੜ ਗਏ, ਨਸ ਗਏ
“ਨਠੇ ਤਾਪ ਦੁਖ ਰੋਗ ਪੂਰੇ ਗੁਰ ਪ੍ਰਤਾਪਿ।” (ਭਾਵ ਮੁਕ ਗਏ)
– ਗੂਜ ੫, ਵਾਰ ੧੩:੪ (521)

ਨੰਢੜਾ ----- ਬਾਲ, ਛੋਟੀ ਉਮਰ ਦਾ
“ਜੇ ਜਾਣਾ ਸਹੁ ਨੰਢੜਾ ਤਾ ਥੋੜਾ ਮਾਣੁ ਕਰੀ।” (ਭਾਵ ਬਾਲ ਸੁਭਾ ਵਾਲਾ)
– ਸਲੋ ਫਰ, ੪:੨ (1378)

ਨੰਢੀ ------ ਜਵਾਨੀ ਵਿਚ
“ਫਰੀਦਾ ਨੰਢੀ ਕੰਤੁ ਰਾਵਿਓ ਵਡੀ ਥੀ ਮੁਈਆਸੁ।”
– ਸਲੋ ਫਰ, ੫੪:੧ (1380)

ਨਤ ------- ਨਹੀ ਤਾਂ ਭਾਵੇਂ
"ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ।"
– ਮਲਾ ਰਵਿ, ੧, ੧:੨ (1293)

ਨਤਰ ------ (1) ਤਾਨੀ ਦੇ ਤਣੇ ਹੋਏ ਧਾਰੇ
"ਛੋਡੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ।"
– ਗਉ ਕਬ, ੫੪, ੪:੧ (335)

(2) ਨਹੀਂ ਤਾਂ
"ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ।"
– ਬਿਲਾ ਕਬ, ੧, ੧*:੨ (855)

ਨਥ ------- ਨਕੇਲ, ਨਕ ਵਿਚ ਪਾਈ ਰਸੀ
"ਨਕਿ ਨਥ ਖਸਮ ਹਥ ਕਿਰਤੁ ਧਕੇ ਦੇ।"
– ਸੋਰ ੫, ਵਾਰ ੨੮ਸ, ੨, ੨:੧ (653)

ਨਥਹਾਰੇ ---- ਨਕੇਲ ਨੂੰ ਹੱਥ ਵਿਚ ਰਖਨ ਵਾਲਾ, ਭਾਵ ਵਸ ਵਿਚ ਰਖਣ ਵਾਲਾ ਆਪਣੀ ਇਛਾ ਅਨੁਸਾਰ ਤੋਰਨ ਵਾਲਾ
"ਜਗੰਨਾਥ ਸਭਿ ਜੰਤ੍ਰ ਉਪਾਏ ਨਕਿ ਖੀਨੀ ਸਭ ਨਥਹਾਰੇ।"
– ਨਟ ੪, ਅਸ ੨, ੮:੧ (981)

ਨਥਾ ------ ਨਕੇਲਾਂ
"ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ।" (ਭਾਵ ਕਾਬੂ ਕਰੇ)
– ਸੋਰ ੧, ੧, ੩:੨ (595)

ਨਥਿ ------ ਨਕੇਲ ਪਾ ਕੇ
"ਏਵਡ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ।"
– ਮਾਝ ੧, ਵਾਰ ੧੯ਸ, ੧, ੧:੪ (147)

"ਜੀਅ ਉਪਾਇ ਜੁਗਤਿ ਹਥਿ ਕੀਨੀ ਕਾਲੀ ਨਥਿ ਕਿਆ ਵਡਾ ਭਇਆ।" (ਨਕੇਲ ਪਾ ਕੇ, ਭਾਵ ਕਾਬੂ ਕਰਕੇ)
– ਆਸਾ ੧, ੭, ੨:੧ (350)

ਹੋਰ ਰੂਪ:

ਨਥਿਆ –
"ਸਭੁ ਕੋ ਨਥੈ ਨਥਿਆ ਬਖਸੇ ਤੋੜੇ ਨਥ।" (ਨਕੇਲਿਆ, ਕਾਬੂ ਕੀਤਾ)
– ਮਲਾ ੧, ਵਾਰ ੨੪ਸ, ੧, ੧:੭ (1289)

ਨਥੰੀ------- ਨਥੀ ਹੋਈ ਹੈ, ਨਕੇਲੀ ਹੋਈ ਹੈ, ਕਾਬੂ ਵਿਚ ਹੈ, ਹੁਕਮ ਵਿਚ ਹੈ
"ਆਪਿ ਨਾਥੁ ਨਥੰ–ੀ ਸਭ ਜਾ ਕੀ ਬਖਸੇ ਮੁਕਤਿ ਕਰਾਇਦਾ।"
– ਮਾਰੂ ੧, ਸੋਲਾ ੧੬, ੧੪:੩ (1037)

ਨਥੀਅਨੁ ---- ਨਥੀ ਹੋਈ/ਕਾਬੂ ਕੀਤੀ ਹੋਈ ਹੈ, ਹੁਕਮ ਅੰਦਰ ਰਖੀ ਹੈ
"ਆਪਿ ਨਾਥੁ ਸਭ ਨਥੀਅਨੁ ਸਭ ਹੁਕਮਿ ਚਲਾਈ।"
– ਸਾਰ ੪, ਵਾਰ ੩੬:੪ (1251)

ਨਥੈ ------- ਨਥ ਨਾਲ, ਨਕੇਲ ਨਾਲ
"ਸਭ ਕੋ ਨਥੈ ਨਥਿਆ ਬਖਸੇ ਤੋੜੇ ਨਥ।"
– ਮਲਾ ੧, ਵਾਰ ੨੪ਸ, ੧, ੧:੭ (1289)

ਨੰਦ ------- ਗੋਕਲ ਦੇ ਗਵਾਲਿਆਂ ਦਾ ਮੁਖੀ, ਯਸ਼ੋਧਾ ਦਾ ਪਤੀ
"ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ।"
– ਗਉ ਕਬ, ੭੦, ੧*:੧ (338)

ਨੰਦਨ ------ ਪੁੱਤਰ
"ਸੰਗਿ ਅਲਾਪਹਿ ਆਠਉ ਨੰਦਨ।"
– ਰਾਗ ੧:੨ (1429)

ਨੰਦਨੀ ----- ਅਨੰਦ ਦੇਣ ਵਾਲੀ
"ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ।"
– ਸਸ ੫, ੩੨:੨ (1356)

ਨੰਦਨੁ ------ ਪੁੱਤਰ
"ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ।"
– ਗਉ ਕਬ, ੭੦, ੧*:੧ (338)

ਨਦਰਿ ----- (1) (ਅ. ਨਜ਼ਰ) ਦ੍ਰਿਸ਼ਟੀ/ਨਿਗਾਹ ਵਿਚ
"ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਡਾਣੁ।" (ਭਾਵ ਨਾ ਦਿਸੇ)
– ਜਪੁ ੧, ੩੦:੪ (7)

"ਜਿਨ ਕਉ ਨਦਰਿ ਕਰਮ ਤਿਨ ਕਾਰ।"
– ਜਪੁ ੧, ੩੮:੬ (8)

ਹੋਰ ਰੂਪ:

ਨੰਦਰਿ –
"ਦੂਰਿ ਨਾਹੀ ਦੇਖਹੁ ਕਰਿ ਨੰਦਰਿ।"
– ਮਾਰੂ ੧, ਸੋਲਾ ੬, ੧੨:੨ (1026)

(2) ਮਿਹਰ ਦੀ ਨਜ਼ਰ, ਕ੍ਰਿਪਾ ਦ੍ਰਿਸ਼ਟੀ
"ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ।"
– ਜਪੁ ੧, ੭:੪ (2)

"ਛਤੀਹ ਅੰਮ੍ਰਿਤ ਭਾਉ ਏਕ ਜਾ ਕਉ ਨਦਰਿ ਕਰੇਇ।"
– ਸਿਰੀ ੧, ੭, ੧:੩ (16)

ਨਦਰੀ ----- (1) ਮਿਹਰ ਸਦਕਾ, ਕ੍ਰਿਪਾ ਦ੍ਰਿਸ਼ਟੀ ਕਰਕੇ
"ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।"
– ਜਪੁ ੧, ੪:੬ (2)

"ਨਾਨਕ ਨਦਰੀ ਪਾਈਐ ਸਚੁ ਨਾਮੁ ਗੁਣਤਾਸ।"
– ਸਿਰੀ ੩, ੩੪, ੪:੪ (26)

(2) ਕ੍ਰਿਪਾ/ਮਿਹਰ ਦੀ ਨਜ਼ਰ ਤੋਂ
"ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ।" (ਮਿਹਰ ਤੋਂ ਵਾਂਝੇ)

– ਸਿਰੀ ੧, ੪, ੪:੩ (15)

(3) ਮਿਹਰ ਦੀ ਨਜ਼ਰ ਕਰਨ ਵਾਲਾ ਭਾਵ ਪ੍ਰਭੂ
"ਨਾਨਕ ਨਦਰੀ ਨਦਰਿ ਨਿਹਾਲ।"
– ਜਪੁ ੧, ੩੮:੭ (8)
"ਨਾਨਕ ਨਦਰੀ ਮਨਿ ਵਸੈ ਗੁਰਮੁਖਿ ਸਹਜਿ ਸਮਾਹਿ।" (ਪ੍ਰਭੂ)
– ਗੂਜ ੩, ਵਾਸ ੧ਸ, ੩, ੧:੪ (508)
"ਨਾਨਕ ਨਦਰੀ ਨਦਰਿ ਕਰੇ ਤਾ ਨਾਮ ਧਨੁ ਪਲੈ ਪਾਇ।"
– ਬਿਲਾ ੪, ਵਾਰ ੩ਸ, ੩, ੨:੫ (850)

(4) ਦ੍ਰਿਸ਼ਟੀ/ਨਿਗਾਹ/ਦਿਸਨ ਵਿਚ
"ਨਦਰੀ ਕਿਸੈ ਨ ਆਵਉ ਨਾ ਕਿਛੁ ਪੀਆ ਨ ਖਾਉ।"
– ਸਿਰੀ ੧, ੨, ੩:੨ (14)
"ਸਭ ਨਦਰੀ ਅੰਦਰਿ ਵੇਖਦਾ ਜੈ ਭਾਵੈ ਤੈ ਦੇਇ।"
– ਸਿਰੀ ੩, ੫੭, ੨:੩ (36)
"ਗੁਰ ਪਰਸਾਦੀ ਸਚੁ ਨਦਰੀ ਆਵੈ ਸਚੇ ਹੀ ਸੁਖੁ ਪਾਵਣਿਆ।" (ਦਿਸੇ)
– ਮਾਝ ੩, ਅਸ ੧੯, ੬:੩ (120)

ਨਦੀ ------ ਜਲ ਧਾਰਾ, ਦਰਿਆ
"ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ।"
– ਮਾਝ ੧, ਵਾਰ ੨੬ਸ, ੧, ੧:੨੪ (150)
"ਨਦੀ ਤਰੰਦੜੀ ਮੈਡਾ ਖੋਜੁ ਨ ਖੁੰਭੈ ਮੰਝਿ ਮੁਹਬਤਿ ਤੇਰੀ।"
– ਗੂਜ ੫, ਵਾਰ ੯ਸ, ੫, ੧:੧ (520)

ਹੋਰ ਰੂਪ:

ਨਦੀਆ –
"ਨਦੀਆ ਅਤੇ ਵਾਹ ਪਵਹਿ ਸਮੁੰਦਿ ਨ ਜਾਣੀਅਹਿ।"
– ਜਪੁ ੧, ੨੩:੨ (5)

ਨਦੀਚੇ ----- ਨਦੀਆਂ ਦਾ
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀਚੇ ਨਾਥੰ।"
– ਧਨਾ ਤ੍ਰਿਲੋ, ੧, ੪:੧ (695)

ਨੰਦੁ ------- (1) ਜਸ਼ੋਧਾ ਦਾ ਪਤੀ, ਇਕ ਗਵਾਲਾ
"ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ।"
– ਗਉ ਕਬ, ੭੦, ੧:੧ (338)

(2) ਪੁੱਤਰ
"ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ।"
– ਰਾਮ ਨਾਮ, ੪, ੪:੨ (973)

ਨਨ ------- ਨਹੀਂ, ਕਦੇ ਨਹੀਂ
"ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।"
– ਧਨਾ ੧, ਸੋਹ ੩, ੨:੧ (13)

ਨਨਕਾਰੁ ---- ਇਨਕਾਰ ਭਾਵ ਰੋਕ ਟੋਕ
“ਜਿਹ ਸਿਮਰਨਿ ਨਾਹੀ ਨਨਕਾਰੁ।”
– ਰਾਮ ਕਬ, ੯, ੨:੧ (971)

ਨਨਦ ------ ਨਨਾਣ, ਪਤੀ ਦੀ ਭੈਣ
“ਸਖੀ ਸਹੇਲੀ ਨਨਦ ਗਹੇਲੀ ਦੇਵਰ ਕੈ ਬਿਰਹਿ ਜਰਉ ਰੇ।”
– ਆਸਾ ਕਬ, ੨੫, ੧:੨ (482)

ਨਨਾ ------ ਨਹੀਂ
“ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ।”
– ਧਨਾ ੧, ੯, ੨:੧ (663)

ਨੰਨਾ ------ ‘ਨ’ ਗੁਰਮੁਖੀ ਲਿਪੀ ਦਾ 25ਵਾਂ ਅੱਖਰ
“ਨੰਨਾ ਨਰਕਿ ਪਰਹਿ ਤੇ ਨਾਹੀ।”
– ਗਉ ੫, ਬਾਅ ੩੬:੧ (257)

ਨੰਨਾਕਾਰੁ --- ਇਨਕਾਰ, ਰੁਕਾਵਟ, ਰੋਕ ਟੋਕ
“ਨੰਨਾਕਾਰੁ ਨ ਹੋਤਾ ਤਾ ਕਹੁ।”
– ਗਉ ੫, ਬਾਅ ੩੬:੫ (257)

ਨੰਨੈ ------- ‘ਨ’ ਅਖਰ ਦੁਆਰਾ
“ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮ੍ਹਾਲਿਆ।”
– ਆਸਾ ੧, ਪਟੀ ੨੩:੧ (433)

ਨਪਾਕ ----- (ਫਾ. ਨਾਪਾਕ) ਅਪਵਿੱਤਰ, ਪਲੀਤ
“ਨਾਨਕ ਦੁਨੀਆ ਸੰਗਿ ਗੁਦਾਰਿਆ ਸਾਕਤ ਮੂੜ ਨਪਾਕ।”
– ਗੂਜ ੫, ਵਾਰ ੧੯ਸ, ੫, ੧:੨ (523)

ਨਫਰੁ ------ (ਅ. ਨਫ਼ਰ) ਮਨੁੱਖ ਭਾਵ ਸੇਵਕ, ਨੌਕਰ
“ਸਾਹਿਬੁ ਜਿਸ ਕਾ ਨੰਗਾ ਭੁਖਾ ਹੋਵੈ ਤਿਸ ਦਾ ਨਫਰੁ ਕਿਥਹੁ ਰਜਿ ਖਾਏ।”
– ਗਉ ੪, ਵਾਰ ੧੨ਸ, ੪, ੨:੧ (306)

ਹੋਰ ਰੂਪ:

ਨਫਰੇ –
“ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।” (ਸੇਵਕ/ਨੌਕਰ ਦੇ)
– ਗਉ ੪, ਵਾਰ ੧੨ਸ, ੪, ੧:੪ (306)

ਨਮਸਕਰਾ --- ਪ੍ਰਣਾਮ/ਨਮਸਕਾਰ ਯੋਗ
“ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ ਗੁਰਦੇਵ ਨਾਨਕ ਹਰਿ ਨਮਸਕਰਾ।”
– ਗਉ ੫, ਬਾਅ ੧ਸ:੯ (250)

ਨਮਸਕਾਰ --- ਪ੍ਰਣਾਮ, ਬੰਦਨਾ
“ਨਾਨਕ ਗੁਰ ਪੂਰੇ ਨਮਸਕਾਰ।”
– ਗਉ ੫, ਸੁਖ ੨੪, ੧:੧੦ (295)

ਹੋਰ ਰੂਪ:

ਨਮਸਕਾਰੰ –
“ਓਅੰ ਸਾਧ ਸਤਿਗੁਰ ਨਮਸਕਾਰੰ।”
– ਗਉ ੫, ਬਾਅ ੧:੧ (250)

ਨਮਸਕਾਰਉ -- ਨਮਸਕਾਰ/ਪ੍ਰਣਾਮ/ਬੰਦਨਾ ਕਰਦਾ ਹਾਂ
“ਏਕ ਨਿਰੰਕਾਰ ਲੇ ਰਿਦੈ ਨਮਸਕਾਰਉ।”
– ਭੈਰ ੫, ੩, ੩:੨ (1136)

ਨਮਸਕਾਰਸਿ – ਨਮਸਕਾਰ ਕਰਦਾ ਹੈ
“ਸਫਲੁ ਓਹੁ ਮਾਥਾ ਸੰਤ ਨਮਸਕਾਰਸਿ।”
– ਗਉ ੫, ੧੨੯, ੩:੧ (191)

ਨਮਸਕਾਰਹੁ -- ਨਮਸਕਾਰ/ਬੰਦਨਾ ਕਰੋ
“ਹਰਿ ਕੇ ਦਾਸ ਕੇ ਚਰਣ ਨਮਸਕਾਰਹੁ।”
– ਗਉ ੫, ੧੨੬, ੨:੨ (191)

ਨਮਸਕਾਰਦਾ – ਨਮਸਕਾਰ ਕਰਦਾ ਹਾਂ
“ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ।”
– ਗੂਜ ੫, ਵਾਰ ੪:੮ (519)

ਨਮਸਕਾਰਾ -- (1) ਨਮਸਕਾਰਿਆ ਹੈ
“ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ।”
– ਗਉ ੫, ੧੩੨*, ੧:੧ (208)

(2) ਨਮਸਕਾਰ
“ਤਾ ਕਉ ਕੀਜੈ ਸਦ ਨਮਸਕਾਰਾ।”
– ਗਉ ੫, ਸੁਖ ੫, ੧:੬ (268)

ਨਮਸਕਾਰਿ -- ਨਮਸਕਾਰ ਕਰ
“ਗੁਰ ਕੇ ਚਰਨ ਕਮਲ ਨਮਸਕਾਰਿ।”
– ਗੋਂਡ ੫, ੧੩, ੧:੧ (866)

ਹੋਰ ਰੂਪ:

ਨਮਸਕਾਰਿਆ –
“ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ।” (ਨਮਸਕਾਰ ਕੀਤੀ ਹੈ)
– ਮਾਝ ੫, ੪੬, ੪:੨ (108)

ਨਮਸਕਾਰੀ -- (1) ਨਮਸਕਾਰ ਕਰਦੇ ਹਨ, ਮਥਾ ਟੇਕਦੇ ਹਨ
“ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸੁ ਜਨ ਕਉ ਸਭਿ ਨਮਸਕਾਰੀ।”
– ਵਡ ੪, ਵਾਰ ੯:੧ (589)

(2) ਮੈਂ ਨਮਸਕਾਰ ਕਰਦਾ ਹਾਂ
“ਤਿਸੁ ਗੁਰਸਿਖੁ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ।”
– ਵਡ ੪, ਵਾਰ ੧੮:੫ (593)

ਨਮਸਕਾਰੁ --- **ਬੰਦਨਾ, ਪ੍ਰਣਾਮ**

"ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ।"

– ਸਿਰੀ ੪, ਵਾਰ ੧੭:੨ (90)

ਹੋਰ ਰੂਪ:

ਨਮਸਕਾਰੇ –

"ਤੁਮ੍ਹਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ।" (ਨਮਸਕਾਰ ਕਰਦਾ ਹੈ)

– ਆਸਾ ੫, ੩੬, ੪:੨ (379)

"ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ।" (ਨਮਸਕਾਰ ਕਰਦਾ/ਸਿਰ ਨਿਵਾਉਂਦਾ ਹਾਂ)

– ਧਨਾ ੫, ੪੦, ੨:੨ (681)

ਨਮਸਕਾਰੈ –

"ਨਿਮਖ ਨਿਮਖ ਠਾਕੁਰ ਨਮਸਕਾਰੈ।" (ਨਮਸਕਾਰ ਕਰੇ)

– ਗਉ ੫, ਸੁਖ ੯ਸ:੩ (274)

"ਕੁੰਚਰੁ ਪੋਟ ਲੈ ਲੈ ਨਮਸਕਾਰੈ।" (ਨਮਸਕਾਰ ਕਰਦਾ ਹੈ)

– ਗੋਂਡ ਕਬ, ੪, ੩:੩ (871)

ਨਮਸਕਾਰੋ –

"ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ।" (ਨਮਸਕਾਰ ਕਰਦੇ ਹਨ)

– ਗੂਜ ੫, ੧੦, ੧:੧ (498)

"ਜਿਨਿ ਦੀਆ ਤਿਸ ਕੈ ਕੁਰਬਾਨੈ ਗੁਰ ਪੂਰੇ ਨਮਸਕਾਰੋ।" (ਨਮਸਕਾਰ ਕਰੋ)

– ਸਾਰ ੫, ੫੪, ੧*:੨ (1215)

ਨਮਸਤੇ ---- **(ਸੰ.) ਨਮਸਕਾਰ ਯੋਗ**

"ਹਰਏ ਨਮਸਤੇ ਹਰਏ ਨਮਹ।"

– ਗੋਂਡ ਨਾਮ, ੫, ੧*:੧ (874)

ਨਮਹ ------ **ਨਮਸਕਾਰ ਹੈ**

"ਆਦਿ ਗੁਰਏ ਨਮਹ।"

– ਗਉ ੫, ਸੁਖ ੧ਸ:੧ (262)

ਨਮੋ ------- **ਨਮਸਕਾਰ, ਬੰਦਨਾ**

"ਨਾਲਕ ਅਨਿਕ ਬਾਰ ਨਮੋ ਨਮਹ।"

– ਸਸ ੫, ੬੩:੫ (1360)

ਨਯਣ ----- **(ਸੰ.੍) ਅੱਖਾਂ, ਨੇਤਰ**

"ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ।"

– ਸਵ ੫, ਮਥੁ ੧:੬ (1408)

ਹੋਰ ਰੂਪ:

ਨਯਣਿ –

"ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ।"

– ਸਵ ੩, ੧੦:੪ (1394)

ਨਯਨ ------ ਅੱਖਾਂ

"ਜਿਹ ਸਤਿਗੁਰ ਸਿਮਰੰਤ ਨਯਨ ਕੇ ਤਿਮਰ ਮਿਟਹਿ ਖਿਨੁ।"

– ਸਵ ੪, ਬਲ ੫:੧ (1405)

ਨਰ ------- (1) ਪੁਰਸ਼, ਜਨ, ਪ੍ਰਾਣੀ

"ਰੇ ਨਰ ਗਰਭ ਕੁੰਡਲ ਜਬ ਆਛਤ ਉਰਧ ਧਿਆਨ ਲਿਵ ਲਾਗਾ।"

– ਸਿਰੀ ਬੇਣੀ, ੧, ੧:੧ (93)

"ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ।"

– ਗਉ ੪, ਵਾਰ ੧੨:੪ (306)

(2) ਮਰਦ

"ਅਨਦ ਕਰਹਿ ਨਰ ਨਾਰੀ।"

– ਸੋਰ ੫, ੭੭, ੧:੩ (628)

"ਨਰ ਸੈ ਨਾਰਿ ਹੋਇ ਅਉਤਰੈ।"

– ਗੋਂਡ ਨਾਮ, ੬, ੩:੨ (874)

(3) ਦੇਵਤਿਆਂ ਦੀ ਇਕ ਖਾਸ ਜਾਤ, ਦੈਵੀ ਸੰਪਦਾ ਗੁਣਾਂ ਵਾਲੇ ਮਨੁੱਖ (ਸ਼ਬਦਾਰਥ)

"ਆਖਹਿ ਸੁਰਿ ਨਰ ਮੁਨਿ ਜਨ ਸੇਵ।"

– ਜਪੁ ੧, ੨੬:੧੮ (6)

(4) ਪ੍ਰਭ, ਪਾਰਬ੍ਰਹਮ

"ਨਰ ਨਿਹਕੇਵਲ ਨਿਰਭਉ ਨਾਉ।"

– ਗਉ ੧, ਅਸ ੭, ੫:੧ (224)

(5) ਮਨੁੱਖ

"ਨਰ ਤੇ ਸੁਰ ਹੋਇ ਜਾਤ ਨਿਮਖ ਮੈ ਸਤਿਗੁਰ ਬੁਧਿ ਸਿਖਲਾਈ।"

– ਗੋਂਡ ਕਬ, ੩, ੧:੧ (874)

ਨਰਸਿੰਘ ---- ਵਿਸ਼ਨੂੰ ਦਾ ਇਕਅਵਤਾਰ ਜਿਸ ਦਾ ਅੱਧਾ ਸਰੀਰ ਮਨੁੱਖ ਦਾ ਤੇ ਅੱਧਾ ਸ਼ੇਰ ਦਾ ਮੰਨਿਆ ਜਾਦਾ ਹੈ, ਇਸ ਨੇ ਹਰਨਾਕਸ਼ ਤੋਂ ਉਸ ਦੇ ਪੁੱਤਰ ਪ੍ਰਹਿਲਾਦ ਦੀ ਰਖਿਆ ਕੀਤੀ ਸੀ

"ਭਗਤ ਹੇਤਿ ਮਾਰਿਓ ਹਰਨਾਖਸੁ ਨਰਸਿੰਘ ਰੂਪ ਹੋਇ ਦੇਹ ਧਰਿਓ।"

– ਮਾਰੂ ਨਾਮ, ੧, ੪:੧ (1105)

ਨਰਹ ------ ਮਨੁੱਖਾਂ ਦਾ

"ਅਸਪਤਿ ਗਜਪਤਿ ਨਰਹ ਨਰਿੰਦ।"

– ਤਿਲੰ ਨਾਮ, ੩, ੪:੧ (727)

"ਜਾਵੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ।" (ਮਨੁੱਖਾਂ ਤੋਂ)

– ਸੂਹੀ ੧, ਛੰਤ ੧, ੩:੪ (763)

ਨਰਹਰ ----- ਮਨੁੱਖਾਂ ਨੂੰ ਹਰਨ ਵਾਲਾ, ਨਰਸਿੰਘ ਅਰਥਾਤ ਹਰੀ, ਪ੍ਰਭੂ, ਵਾਹਿਗੁਰੂ

"ਨਰਹਰ ਨਾਮੁ ਨਰਹਰ ਨਿਹਕਾਮੁ।"

– ਗਉ ੧, ੬, ੧*:੨ (152)

ਹੋਰ ਰੂਪ:

ਨਰਹਰਹ –

"ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ।" (ਈਸ਼ਵਰ, ਪ੍ਰਭੂ)
– ਜੈਤ ੫, ਵਾਰ ੨੦ਸ, ੫, ੧:੧ (710)

ਨਰਹਰਾ –
"ਮੇਰੇ ਮਨ ਜਪਿ ਨਰਹਰ ਨਾਮੁ ਨਰਹਰਾ।" (ਪ੍ਰਭੂ)
–ਬਿਲਾ ੪, ੩, ੧*:੧ (799)

ਨਰਹਰਿ –
"ਗਰਭ ਛੋਡਿ ਮਿਤ੍ਰ ਮੰਡਲ ਆਇਆ ਤਉ ਨਰਹਰਿ ਮਨਹੁ ਬਿਸਾਰਿਆ।" (ਪ੍ਰਭੂ)
– ਸਿਰੀ ਬੇਣੀ, ੧, ੧:੪ (93)

ਨਰਹਰੀ –
"ਜਹ ਜਹ ਦੇਖਾ ਤਹ ਨਰਹਰੀ।"
– ਰਾਮ ੧, ੨, ੧:੨ (876)

ਨਰਹਰੀਐ –
"ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ।"
– ਮਾਝ ੪, ੩, ੨:੩ (95)

ਨਰਹਰੇ –
"ਖਿਨੁ ਖਿਨੁ ਨਰੁ ਨਾਰਾਇਨੁ ਗਾਵਹਿ ਮੁਖਿ ਬੋਲਹਿ ਨਰ ਨਰਹਰੇ।" (ਵਾਹਿਗੁਰੂ)
– ਨਟ ੪, ੧, ੨:੧ (975)

ਨਰਹਰੈ –
"ਬਿਨਵੰਤਿ ਨਾਨਕ ਤਰੈ ਸਾਗਰੁ ਧਿਆਇ ਸੁਆਮੀ ਨਰਹਰੈ।" (ਵਾਹਿਗੁਰੂ ਨੂੰ)
– ਰਾਮ ੫, ਛੰਤ ੩, ੧:੬ (925)

ਨਰਹੁ ------ ਪ੍ਰਾਣੀਓ, ਮਨੁੱਖੋ
"ਜਿਹ ਸਤਿਗੁਰ ਲਗਿ ਪ੍ਰਭੁ ਪਾਈਐ ਸੋ ਸਤਿਗੁਰੁ ਸਿਮਰਹੁ ਨਰਹੁ।"
– ਸਵ ੪, ਬਲ ੫:੬ (1405)

ਨਰਕ ------ ਦੋਜ਼ਕ, ਜਹਨੰਮ, ਪੁਰਾਣਾਂ ਅਨੁਸਾਰ ਉਹ ਦੇਸ਼ ਜਿਥੇ ਜੀਵ ਆਪਣੇ ਪਾਪਾਂ ਦਾ ਫਲ ਭੋਗਨ ਲਈ ਜਾਂਦਾ ਹੈ
"ਬਿਆਪਤ ਸੁਰਗ ਨਰਕ ਅਵਤਾਰ।"
– ਗਉ ੫, ੮੮, ੧:੨ (182)
"ਨਰਕ ਸੁਰਗ ਫਿਰਿ ਫਿਰਿ ਅਵਤਾਰ।" (ਭਾਵ ਨੀਵਾਂ ਜਨਮ)
– ਗਉ ੫, ਸੁਖ ੧੨, ੩:੪ (278)

ਨਰਕਹ ----- ਨਰਕਾਂ ਵਿਚ
"ਮ੍ਰਿਤੁ ਜਨਮ ਭ੍ਰੰਮਤਿ ਨਰਕਹ ਅਨਿਕ ਉਪਾਵੰ ਨ ਸਿਧ੍ਯਤੇ।"
– ਸਸ ੫, ੪੨:੫ (1357)

ਨਰਕਘੋਰ --- ਡੂੰਘੇ ਨਰਕ, ਭਿਆਨਕ ਡਰਾਉਣਾ ਨਰਕ
"ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ।"
– ਸੋਰ ੫, ੧੫, ੩:੨ (613)

ਨਰਕਪਾਤੀ -- ਨਰਕਾਂ ਦਾ ਪਾਤਰ, ਨਰਕਾਂ ਵਿਚ ਡਿਗਨ ਵਾਲਾ
"ਸੋ ਨਰਕਪਾਤੀ ਹੋਵਤ ਸੁਆਨੁ।"

– ਗਉ ੫, ਸੁਖ ੧੨, ੧:੨ (278)

ਨਰਕਾ ----- ਨਰਕ
“ਕਵਨ ਸੁ ਮੁਕਤੀ ਕਵਨ ਸੁ ਨਰਕਾ।”
– ਮਾਰੂ ੫, ਸੋਲਾ ੧੦, ੬:੧ (1081)

ਨਰਕਿ ----- ਨਰਕ ਵਿਚ
“ਨਰਕਿ ਨ ਸੇਈ ਪਾਈਐ।”
– ਮਾਝ ੫, ਅਸ ੩੮, ੨:੨ (132)

ਹੋਰ ਰੂਪ:

ਨਰਕੁ –
“ਨਰਕੁ ਸੁਰਗੁ ਦੁਇ ਭੰਚਨਾ ਹੋਇ ਬਹੁਰਿ ਬਹੁਰਿ ਅਵਤਾਰ।”
– ਗਉ ੫, ੧੫੮*, ੨:੨ (214)

ਨਰਕੇ –
“ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ।” (ਨਰਕ ਵਿਚ)
– ਸਿਰੀ ੫, ਅਸ ੨੬, ੫:੪ (70)

ਨਰਜਾ ----- ਤਕੜੀ, ਤਰਾਜੂ
“ਬਾਰੰਬਾਰ ਮਾਇਆ ਤੇ ਅਟਕੈਲੈ ਨਰਜਾ ਮਨੁ ਤੋਲੈ ਦੇਵ।”
– ਬਿਲਾ ਕਬ, ੧੨, ੧:੨ (857)

ਨਰਦੇਵ ----- ਮਨੁੱਖਾਂ ਵਿਚੋਂ ਦੇਵਤਾ ਰੂਪ, ਸਾਧੂ
“ਸੁਰ ਪਵਿਤ੍ਰ ਨਰਦੇਵ ਪਵਿਤ੍ਰਾ ਖਿਨੁ ਬੋਲਹੁ ਗੁਰਮੁਖਿ ਬਾਣੀ।”
– ਰਾਮ ੫, ੨, ੧*:੨ (883)

ਨਰਹਰਹ ---- ਨਰਾਂ ਵਿਚੋਂ ਸ੍ਰੇਸ਼ਟ ਨਰ ਅਰਥਾਤ ਪ੍ਰਭੂ ਵਾਹਿਗੁਰੂ
“ਨਰਹਰਹ ਨਮਸਕਾਰੰ।”
– ਰਾਮ ੫, ੫੯, ੧*:੧ (901)

ਹੋਰ ਰੂਪ:

ਨਰਹਰੇ –
“ਸਭਿ ਕਹਹੁ ਮੁਖਹੁ ਨਰ ਨਰਹਰੇ ਨਰ ਨਰਹਰੇ ਨਰ ਨਰਹਰੇ ਹਰਿ ਲਾਹਾ ਹਰਿ ਭਗਤਿ ਵਿਸੇਖਿਆ।”
– ਕਾਨ ੪, ਵਾਰ ੯:੫ (1316)

ਨਰਨਾਥਾ ---- ਨਰਾਂ ਦੇ ਨਾਥ, ਮਨੁੱਖਾਂ ਦੇ ਮਾਲਕ ਭਾਵ ਪ੍ਰਭੂ
“ਰਾਖਿ ਲੇਹੁ ਨਿਰਗੁਨ ਨਰਨਾਥਾ।”
– ਗਉ ੫, ਬਾਅ ੪੩:੮ (259)

ਨਰਪਤਿ ---- ਨਰਾਂ ਦਾ ਮਾਲਕ, ਰਾਜਾ, ਪ੍ਰਜਾਪਤੀ
“ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ।”
– ਗਉ ੪, ੪੧, ੩:੨ (166)
“ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।”

– ਸੋਰ ਰਵਿ, ੧, ੨:੧ (657)

ਨਰਬਦ ----- ਨ+ਅਰਬਦ, ਅਰਬਾਂ ਤੋਂ ਪਰੇ ਭਾਵ ਬੇਅੰਤ
"ਅਰਬਦ ਨਰਬਦ ਧੁੰਧੂਕਾਰਾ।"
– ਮਾਰੂ ੧, ਸੋਲਾ ੧੫, ੧:੧ (1035)

ਨਰਵਿਰਤਿ -- (ਸੰ.) ਤਿਆਗ, ਭੋਗਾਂ ਤੋਂ ਨਿਰਲੇਪਤਾ
"ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ।"
– ਰਾਮ ੧, ਸਿਗੋ ੩੧:੪ (941)

ਨਰਵੈ ------ ਨਰਾਂ ਵਿਚੋਂ ਉਤਮ ਨਰ (ਮਹਾਨਕੋਸ਼), ਹੇ ਨਾਰੀਓ (ਸ਼ਬਦਾਰਥ, ਨਿਰਣੈ, ਦਰਪਣ)
"ਕਹਤ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ।"
– ਪ੍ਰਭਾ ਕਬ, ੨, ੬:੧ (1349)

ਨਰਾ ------ (1) ਮਨੁੱਖ, ਆਦਮੀ
"ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋਹਹਿ ਕਪਟ ਨਰਾ।"
– ਸਿਰੀ ਤ੍ਰਿਲੋ, ੨, ੧:੨ (92)

(2) ਪ੍ਰਭੂ/ਹਰੀ ਦੀ
"ਸੋਈ ਸੇਖੁ ਮਸਾਇਕੁ ਹਾਜੀ ਸੋ ਬੰਦਾ ਜਿਸੁ ਨਜਰਿ ਨਰਾ।"
– ਮਾਰੂ ੫, ਸੋਲਾ ੧੨, ੧੪:੩ (1184)

ਨਰਾਇਣ --- ਸਭ ਨਰਾਂ ਵਿਚ ਨਿਵਾਸ – ਕਰਤਾ, ਅਰਥਾਤ ਪ੍ਰਭੂ
"ਮਿਲੇ ਨਰਾਇਣ ਆਪਣੇ ਮਾਨੋਰਥੋ ਪੂਰਾ ਰਾਮ ਰਾਜੇ।"
– ਆਸਾ ੫, ਛੰਤ ੩, ੪:੧ (454)

ਹੋਰ ਰੂਪ:

ਨਰਾਇਣਾ –
"ਨਾਮ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ।"
– ਰਾਮ ੫, ਛੰਤ ੨, ੨:੩ (925)

ਨਰਾਇਣਿ –
"ਨਾਮੁ ਨਿਰੰਜਨੁ ਨੀਰਿ ਨਰਾਇਣ।"
– ਗੋਂਡ ੫, ੧੯, ੧*:੧ (868)

ਨਰਾਇਣੁ –
"ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ।"
– ਗਉ ੫, ਛੰਤ ੩, ੧:੧ (248)

ਨਰਾਇਣੋ –
"ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ।"
– ਮਾਝ ੫, ਦਿਨ ੩:੫ (137)

ਨਰਾਇਨੁ --- ਪ੍ਰਭੂ
"ਨਾਮੇ ਦੇਖਿ ਨਰਾਇਨੁ ਹਸੈ।"
– ਭੋਰੇ ਨਾਮ, ੩, ੩:੨ (1164)

ਨਰਿ ------ ਮਨੁੱਖ, ਆਦਮੀ

“ਗਹਡਿਓ ਮੂੜ ਨਰਿ ਹਾਂ।”
- ਆਸਾ ੫, ੧੫੭, ੧:੩ (409)

“ਸਾਕਤ ਨਰਿ ਸਬਦ ਸਰਤਿ ਕਿਉ ਪਾਈਐ।”
- ਮਾਰੂ ੧, ਸੋਲਾ ੨੧, ੧੦:੨ (1042)

ਨਰਿੰਦ ----- ਰਾਜਾ, ‘ਨਰਾਂ ਦਾ ਇੰਦ’
“ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।”
- ਜਪੁ ੧, ੩੫:੯ (7)

ਨਰੁ ------- ਮਨੁੱਖ, ਜੀਵ
“ਸੋ ਨਰੁ ਜੰਮੈ ਨ ਮਰੈ ਨਾ ਆਵੈ ਨਾ ਜਾਇ।”
- ਸਿਰੀ ੧, ੧੪, ੪:੨ (19)

ਨਰੂ ------- ਮਨੁੱਖ
“ਨਰੂ ਮਰੈ ਨਰੁ ਕਾਮਿ ਨ ਆਵੈ।”
- ਗੋਂਡ ਕਬ, ੨, ੧:੧ (870)

ਨਲਨੀ ----- ਨਲਕੀ, ਫਿਰਕੀ, ਤੋਤੇ ਨੂੰ ਫੜਨਦਾਇਕ ਜੰਤ੍ਰ
“ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ।”
- ਗਉ ਕਬ, ੫੭, ੩:੧ (336)

ਹੋਰ ਰੂਪ:

ਨਲਿਨੀ –
“ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ।”
- ਆਸਾ ੫, ੧੪੯, ੨:੧ (407)

ਨਲੀ ------ ਨਲਕੀ
“ਛੋਛੀ ਨਲੀ ਤੰਤੁ ਨਹੀ ਨਿਕਸੈ ਨਤਰ ਰਹੀ ਉਰਝਾਈ।”
- ਗਉ ਕਬ, ੫੪, ੪:੧ (335)

ਨਲ੍ਹ ------- ਇਕ ਭਟ ਜਿਸ ਦੇ ਗੁਰੂ ਰਾਮਦਾਸ ਜੀ ਦੀ ਉਪਮਾ ਵਿਚ 16 ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਿਲਤ ਹਨ
“ਨਲ੍ਹ ਕਵਿ ਪਾਰਸ ਪਰਸ ਕਰ ਕੰਚਨਾ ਹੋਇ ਚੰਦਨਾ ਸੁਬਾਸੁ ਜਾਸੁ ਸਿਮਰਤ ਅਨ ਤਰ।”
- ਸਵ ੪, ਨਲ੍ਹ, ੩:੪ (1399)

ਨਵ ------- (1) ਨੌਂ, ਗਿਣਤੀ ਦੀ ਇਕ ਇਕਾਈ
“ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।”
- ਸਿਰੀ ੪, ਵਾਰ ੪:੧ (84)

(2) ਨੌਂ ਖੰਡ
“ਪੰਚ ਤੀਨਿ ਨਵ ਚਾਰਿ ਸਮਾਵੈ।”
- ਆਸਾ ੧, ਅਸ ੫, ੫:੧ (414)

(3) ਨੌਂ ਵਿਆਕਰਣ
“ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵਨ ਪਤੀਨੇ।”

– ਧਨਾ ੪, ੭, ੨:੧ (668)

“ਨਵ ਛਿਅ ਖਟ ਕਾ ਕਰੇ ਬੀਚਾਰੁ।”

– ਸਾਰ ੪, ਵਾਰ ੧ਸ, ੧, ੩:੧ (1237)

(4) ਨਵਾਂ/ਨਵੀਂ

“ਨਵ ਹਾਨਿ ਨਵ ਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ।” (ਨਵ-ਉਮਰ, ਨੌਜੁਵਾਨ, ਨਵੀ ਇਸਤ੍ਰੀ)

– ਬਿਲਾ ੧, ਛੰਤ ੨, ੨:੩ (844)

ਨਵਖੰਡ ----- (1) ਪ੍ਰਿਥਵੀ ਦੇ ਨੌਂ ਭਾਗ, ਭਾਵ ਸਾਰੀ ਪ੍ਰਿਥਵੀ

“ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ।”

– ਸਿਰੀ ੩, ੩੫, ੩:੧ (26)

“ਨਵਖੰਡ ਮਧੇ ਪੂਜੀਐ ਅਪਣੈ ਚਜਿ ਵੀਚਾਰਿ।”

– ਮਾਰੂ ੩, ਵਾਰ ੧੧ਸ, ੩, ੧:੨ (1090)

(2) ਸਰੀਰ ਦੇ ਨੌਂ ਜੋੜ

“ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋਅਧਿਕਾਈ।”

– ਗਉ ਕਬ, ੫੪, ੧:੨ (335)

ਨਵਖੰਡਣਹ -- ਨੌਂ ਭਾਗਾਂ ਵਾਲੀ

“ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵਖੰਡਣਹ।”

– ਜੈਤ ੫, ਵਾਰ ੯ਸ, ੫, ੧:੧ (707)

ਨਵਖੰਡਨ ---- ਨੌਂ ਭਾਗ, ਭਾਵ ਸਾਰੀ ਪ੍ਰਿਥਵੀ

“ਨਵਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ।”

– ਟੋਡੀ ੫, ੨, ੧:੨ (712)

ਨਵਖੰਡਾ ---- ਨੌ ਭਾਗਾਂ

“ਨਾਉ ਨਉਮੀਨਵੇ ਨਾਥ ਨਵਖੰਡਾ।”

– ਬਿਲਾ ੧, ਥਿਤੀ ੧੧:੧ (939)

ਨਵਗ੍ਰਹ ----- ਨੌਂ ਗ੍ਰਹਿ ਯਥਾ ਸੂਰਜ (ਸੁਨ), ਚੰਦ੍ਰ (ਮੋਨ), ਮੰਗਲ (ਮਓਰਸ), ਬੁਧ (mercury), ਵ੍ਰਿਤ ਸਪਤ੍ਰ (ਜੁਪਟਿਰ), ਸ਼ੁਕਰ (ਵਏਨੁਸ), ਸ਼ਨੇਛਰ (ਸਓਪਟੋਰਨ), ਰਾਹੁ (ਜ਼ਰਿਜ਼ਓ), ਤੇ ਕੇਤੂ (ਠਹਏ ਰਓਰਓਜੋਨਸ)

“ਨਵ ਗ੍ਰਹ ਕੋਟਿ ਠਾਢੇ ਦਰਬਾਰ।”

– ਭੈਰ ਕਬ, ਅਸ, ੨, ੨:੩ (1163)

ਨਵਘਰ ---- ਨੌਂ ਗੋਲਕਾਂ

“ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ।”

– ਤੁਖਾ ੧, ਬਾਰਾ ੨:੪ (1107)

ਨਵੰਤ ------ ਨੌਂ

“ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।”

– ਸਸ ੫, ੪:੨ (1354)

ਨਵਤਨ ----- (ਸੰ.) ਨਵੇਂ, ਨਵੀਨ

“ਕਈ ਕੋਟਿ ਨਵਤਨ ਨਾਮ ਧਿਆਵਹਿ।”
– ਗਉ ੫, ਸੁਖ ੧੦, ੧:੯ (275)
“ਅਹਿਨਿਸਿ ਨਵਤਨ ਨਿਰਮਲਾ ਮੈਲਾ ਕਬਹੂੰ ਨ ਹੋਇ।” (ਨਵਾਂ, ਭਾਵ ਸਜਰਾ)
– ਸੂਹੀ ੩, ਵਾਰ ੧੫ਸ, ੧, ੧:੪ (790)
“ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ।” (ਨਵਾਂ, ਨਿਰੋਆ)
– ਬਿਲਾ ੫, ਛੰਤ ੩, ੫:੪ (847)

ਹੋਰ ਰੂਪ:

ਨਵਤਨੁ –
“ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ।” (ਨਵਾਂ ਨਰੋਆ, ਤਾਜ਼ਾ)
– ਸਿਰੀ ੫, ੮੩, ੩:੩ (47)

ਨਵਤਨੋ –
“ਨਿਰਮਲੁ ਨਾਮੁ ਸਦ ਨਵਤਨੋ ਆਪਿ ਵਸੈ ਮਨਿ ਆਇ।”
– ਸਿਰੀ ੩, ੨੪, ੧*:੨ (69)

ਨਵਨਿਧਿ ---- ਨੌਂ ਨਿਧੀਆਂ, ਧਨ ਸੰਪਦਾ ਦੇ ਖਜ਼ਾਨੇ
“ਸਤਿਗੁਰ ਮਿਲਿਐ ਉਲਟੀ ਭਈ ਨਵ ਨਿਧਿ ਖਰਚਿਉ ਖਾਉ।”
– ਸਿਰੀ ੪, ਵਾਰ ੨੧ਸ, ੩, ੨:੧ (91)

ਹੋਰ ਰੂਪ:

ਨਵੰਨਿਧਿ –
“ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ ਹਰਿਨਾਮੁ ਨਵੰਨਿਧਿ ਪਾਈ।”
– ਵਡ ੪, ਛੰਤ ੧, ੨:੩ (572)

ਨਵਨਿਧੇ –
“ਨਵਨਿਧੇ ਨਵਨਿਧੇ ਮੇਰੇ ਘਰ ਮਹਿ ਆਈ ਰਾਮ।”
– ਆਸਾ ੫, ਛੰਤ ੧, ੩:੨ (456)

ਨਵਰੰਗ ----- ਨਵੇਂ ਰੰਗ ਵਾਲਾ, ਨੌਜੁਆਨ
“ਨਵਰੰਗ ਲਾਲੁ ਸੇਜ ਰਾਵਣ ਆਇਆ।”
– ਸੂਹੀ ੫, ੪, ੪:੩ (737)

ਨਵਰੰਗੜੀਆ – ਨਵੇਂ ਰੰਗ ਵਿਚ ਰੰਗਿਆ, ਨਵੀਂ ਖੇਡ ਖੇਡਣ ਵਾਲਾ
“ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵ ਰੰਗੜੀਆ।”
– ਵਡ ੪, ਘੋੜੀ ੧, ੧:੪ (575)

ਨਵਰੰਗੀਆ -- ਨਵੇਂ ਰੰਗ ਵਾਲਾ, ਨਵੀਂ ਖੇਡ ਖੇਡਣ ਵਾਲਾ
“ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ।”
– ਜੈਤ ੫, ਛੰਤ ੧, ੪:੩ (704)

ਨਵਲ ------ ਨੌਜੁਆਨ
“ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ।”
– ਬਿਲਾ ੫, ਛੰਤ ੩, ੫:੪ (847)

ਨਵਲਾਇਆ – ਨੁਹਾਇਆ, ਅਸ਼ਨਾਨ ਕਰਵਾਇਆ

“ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੂ।”
- ਸੂਹੀ ੪, ੩, ੩:੨ (732)

ਨਵਾ ------ (1) ਨਵ, ਨਵੀਨ, ਨਯਾ
“ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ।” (ਭਾਵ ਖੁਸ਼)
- ਧਨਾ ੧, ੧, ੧*:੧ (660)

(2) ਨੌਂਆਂ ਹੀ
“ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ।”
- ਜਪੁ ੧, ੭:੨ (2)

“ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ।”
- ਸਲੋ ੩, ੩:੨ (1413)

ਨਵਾ ------ ਨਿਰੋਆ (1) ਅਰੋਗ, ਸੁਅਸਤ
“ਸਭ ਰੋਗ ਮਿਟਾਵੇ ਨਵਾ ਨਿਰੋਆ।”
- ਸੂਹੀ ੫, ੩੯, ੨:੧ (744)

(2) ਨਵਾਂ/ਤਾਜ਼ਾ ਤੇ ਖੁਸ਼
“ਸਭ ਉਮਤਿ ਆਵਣ ਜਾਵਣੀ ਆਪੇ ਹੀ ਨਵਾ ਨਿਰੋਆ।”
- ਰਾਮ ਬਸ, ੮:੪ (968)

ਨਵਿਤ ----- ਨਮਿਤ-ਖਾਤਰ, ਲਈ
“ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ।”
- ਮਾਰੂ ੫, ੩, ੧:੧ (999)

ਨਵੇਂ ------ (1) ਨੌਂ ਹੀ
“ਨਉਮੀ ਨਵੇਂ ਛਿਦ੍ਰ ਅਪਵੀਤ।”
- ਗਉ ੫, ਥਿਤੀ ੯:੧ (298)

(2) ਨਵਾਂ, ਤਾਜ਼ਾ
“ਜਨੁ ਨਾਨਕੁ ਬੋਲੈ ਸਚੁ ਨਾਮੁ ਸਚੁ ਸਚਾ ਸਦਾ ਨਵੇ।”
- ਗਉ ੪, ਵਾਰ ੨੧:੫ (312)

“ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇਂ।” (ਹੋਰ ਨਵੇਂ)
- ਆਸਾ ੧, ਵਾਰ ੧੧ਸ, ੧, ੩:੩ (469)

ਨਵੇਲ ------ ਨਵੀਂ ਭਾਵ ਜਵਾਨ
“ਨਾਨਕ ਮੁੰਧ ਨਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ।”
- ਬਿਲਾ ੧, ਛੰਤ ੧, ੧:੬ (843)

ਨਵੇਲਓ ---- ਨਵਾਂ, ਸਜਰਾ
“ਸਾਚ ਕੀ ਮਤਿ ਸਦਾ ਨਉਤਨ ਸ਼ਬਦਿ ਨੇਹੁ ਨਵੇਲਓ।”
- ਗਉ ੧, ਛੰਤ ੧, ੩:੫ (242)

ਨਵੇਲੜੀਆ -- ਨਵੀਂ ਭਾਵ ਜਵਾਨ
“ਮੁੰਧ ਨਵੇਲੜੀਆ ਗੋਇਲਿ ਆਈ ਰਾਮ।”
- ਬਿਲਾ ੧, ਛੰਤ ੧, ੧:੧ (843)

ਨਵੇਲੜੀਏ --- ਨਵੀਂ ਜਵਾਨ ਰਹਿਣ ਵਾਲੀ ਇਸਤ੍ਰੀ
"ਸਚਿ ਨਵੇਲੜੀਏ ਜੋਬਨਿ ਬਾਲੀ ਰਾਮ।"
- ਬਿਲਾ ੧, ਛੰਤ ੧, ੨:੧ (843)

ਨਵੇਲਾ ----- ਤਾਜ਼ਾ ਨਵਾਂ
"ਓਹੁ ਨੇਹੁ ਨਵੇਲਾ।"
- ਆਸਾ ੫, ੧੫੦, ੧*:੧ (407)
"ਕਰਿ ਸਾਂਈ ਪਿਰਹੜੀ ਰੰਗੁ ਨਵੇਲਾ ਹੋਇ।" (ਤਾਜ਼ਾ/ਸਜਰਾ ਭਾਵ ਜਦੋਂ ਅਜੇ ਜੁਆਨੀ ਹੀ ਹੈ)
- ਸਲੋ ਫਰ, ੧੨:੨ (1378)

ਨਵੈ ------- (1) ਨੌਂ ਤਰ੍ਹਾਂ ਦੀ
"ਭਗਤਿ ਨਵੈ ਪਰਕਾਰਾ।"
- ਸਿਰੀ ੫, ਅਸ ੨੭, ੪:੧ (71)
(2) ਨਬੇ, ਨੌਂ ਦਹਾਕਿਆਂ ਦੀ ਗਿਣਤੀ ਦੀ ਇਕ ਇਕਾਈ
"ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ।"
- ਮਾਝ ੧, ਵਾਰ ੧ਸ, ੧, ੩:੪ (138)

ਵੈਨਿਧਿ ---- ਨੌਂ ਖਜ਼ਾਨੇ, ਧੰਨ ਸੰਪਦਾ
"ਨਾਮੁ ਨਵੈਨਿਧਿ ਪਾਇਆ ਭਰੇ ਅਖੁਟ ਭੰਡਾਰਾ।"
- ਆਸਾ ੩, ਅਸ ੩੬, ੩:੨ (429)

ਨਾ ------- (1) ਨਸ਼ੇਧਾਤਮਕ ਸ਼ਬਦ, ਨਹੀਂ
"ਮੰਨੈ ਮੁਹਿ ਚੋਟਾ ਨਾ ਖਾਇ।"
- ਜਪੁ ੧, ੧੩:੩ (3)
(2) ਨਾਹੀ
"ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ।"
- ਵਡ ੧, ੩, ੧:੭ (558)

ਹੋਰ ਰੂਪ:

ਨਾਂ -
"ਨਾਂ ਤਸਵੀਸ ਖਿਰਾਜੁ ਨ ਮਾਲੁ।"
- ਗਉ ਰਵਿ, ੨, ੧:੩ (345)

ਨਾਉ ------- (1) ਨਾਮ
"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ।"
- ਜਪੁ ੧, ੪:੫ (2)
"ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ।"
- ਮਾਝ ੩, ਅਸ ੨੨, ੩:੩ (122)
"ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ।" (ਭਾਵ ਨਾਮ ਦਾ ਸਿਮਰਨ)
- ਸੋਰ ੪, ਵਾਰ ੪ਸ, ੩, ੨:੬ (644)

ਹੋਰ ਰੂਪ:

ਨਾਂਉ –
“ਜਪਿ ਜਪਿ ਜੀਵਹਿ ਤੇਰਾ ਨਾਂਉ।”
– ਮਲਾ, ੫, ੨੦, ੨:੩ (1270)

(2) ਇਸ਼ਨਾਨ ਕਰਨਾ, ਨਹਾਉਣਾ
“ਅੰਤਰਗਤਿ ਤੀਰਥਿ ਮਲਿ ਨਾਉ।”
– ਜਪੁ ੧, ੨੧:੪ (4)

“ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ।” (ਨਹਾਉਣਾ ਹੈ)
– ਸਿਰੀ ੫, ੮੫, ੩:੧ (47)

(3) ਵਡਿਆਈ, ਸ਼ੋਭਾ, ਨਾਂ
“ਊਚੇ ਉਪਰਿ ਊਚਾ ਨਾਉ।”
– ਜਪੁ ੧, ੨੪:੧੨ (5)

“ਫਕੜ ਜਾਤੀ ਫਕੜੁ ਨਾਉ।”
– ਸਿਰੀ ੪, ਵਾਰ ੩ਸ, ੧, ੧:੧ (83)

(4) (ਨਾਂ) (ਨਉਮਣ)
“ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।”
– ਸਿਰੀ ੧, ੨੭, ੪:੧ (24)

“ਜੇਹੀ ਧਾਤੁ ਤੇਹਾ ਤਿਨ ਨਾਉ।”
– ਸਿਰੀ ੧, ੩੨, ੨:੨ (25)

“ਆਇਆ ਗਇਆ ਮੁਇਆ ਨਾਉ।” (ਨਾਂ ਵੀ ਨਹੀਂ ਰਹਿੰਦਾ)
– ਮਾਝ ੧, ਵਾਰ ੧ਸ, ੧, ੨:੧੩ (138)

(5) ਨਿਆਂ, ਨਿਆਉ ਦਾ ਸੰਖੇਪ, ਭਾਵ ਨਿਰਣਾ, ਫੈਸਲਾ
“ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋਖੀਵਦੈ।”
– ਰਾਮ ਬਸ, ਵਾਰ ੧:੧ (966)

(6) ਕਿਸ਼ਤੀ, ਬੇੜੀ
“ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ।”
– ਸਲੋ ਕਬ, ੩੯:੨ (1366)

ਨਾਊ ------ ਨਾਂ
“ਜਾ ਕਾ ਠਾਕੁਰੁ ਤੁਹੀ ਸਾਰਿੰਗਧਰ ਮੋਹਿ ਕਬੀਰਾ ਨਾਊ ਰੇ।”
– ਗਉ ਕਬ, ੬੬, ੨:੨ (338)

ਨਾਓ ------ ਨਾਮ
“ਹਉ ਗੁਰ ਵਿਟਹੁ ਸਦ ਵਾਰਿਆ ਜਿਨਿ ਦਿਤੜਾ ਨਾਓ।”
– ਤਿਲੰ ੪, ਅਸ ੨, ੧੬:੨ (726)

ਨਾਇ ------ (1) ਨਾਂ
“ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ।”
– ਜਪੁ ੧, ੪:੨ (2)

“ਸਾਚਾ ਸਾਹਿਬੁ ਸਾਚੈ ਨਾਇ।” (ਨਾਮ ਕਰਕੇ)
– ਆਸਾ ੧, ਸੋਦ ੩, ੧*:੨ (9)

(2) ਇਸਨਾਨ ਕਰ, ਨਹਾ ਕੇ

“ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।”
- ਜਪੁ ੧, ੬:੨ (2)
“ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ।” (ਨਹਾਵੇ)
- ਸਿਰੀ ੫, ੬੪, ੧:੨ (39)

(3) ਨਾਮ
“ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ।” (ਨਾਮ ਵਿਚ)
- ਧਨਾ ੧, ਸੋਹ ੩, ੪:੨ (13)

(4) ਨਹਾਉਣ ਕਰਕੇ, ਇਸ਼ਨਾਨ ਕਰਨ ਨਾਲ
“ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।”
- ਮਾਝ ੧, ਵਾਰ ੨੬ਸ, ੧, ੧:੧੬ (150)

ਨਾਂਇ ------ ਨਾਮ ਨਾਲ, ਨਾਮ ਦੁਆਰਾ
“ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ।”
- ਸਲੋ ਕਬ, ੧੯੬:੨ (1374)

ਨਾਇਓ ---- ਨਾਮ
“ਸਰਬ ਸੁਖ ਆਨੰਦ ਸਹਜ ਰਸ ਸੁਨਤ ਤੁਹਾਰੋ ਨਾਇਓ।”
- ਸਾਰ ੫, ੬੬, ੧*:੨ (1217)

ਨਾਇਆ ---- (1) ਨਾਮ
“ਸਚੇ ਮੇਰੇ ਸਾਹਿਬਾ ਸਚੇ ਸਚੁ ਨਾਇਆ।”
- ਗਉ ੪, ਵਾਰ ੨:੫ (301)

(2) ਨਹਾਉਣਾ
“ਗੁਰਮਤਿ ਸਤਸਰਿ ਹਰਿ ਜਲਿ ਨਾਇਆ।”
- ਆਸਾ ੩, ੪੪, ੪:੩ (262)

(3) ਨਹਾਉਣ ਨਾਲ
“ਨਿਰਮਲ ਭਏ ਸਰੀਰ ਜਨ ਧੂਰੀ ਨਾਇਆ।”
- ਜੈਤ ੫, ਵਾਰ ੧੯:੩ (710)

ਹੋਰ ਰੂਪ:

ਨਾਈਐ -
“ਹਰਿਹਾਂ ਨਾਨਕ ਕਸਮਲ ਜਾਹਿ ਨਾਈਐ ਰਾਮਦਾਸ ਸਰ।”
- ਫੁਨ ੫, ੧੦:੪ (1362)

ਨਾਇਕ ----- (1) ਸਵਾਮੀ, ਮਾਲਕ
“ਤਮ੍ਹ ਜੁ ਨਾਇਕ ਆਛਹੁ ਅੰਤਰਜਾਮੀ।”
- ਸਿਰੀ ਰਵਿ, ੧, ੨:੧ (93)

ਹੋਰ ਰੂਪ:

ਨਾਇਕਾ -
“ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ।” (ਮਾਲਕ)
- ਗਉ ਰਵਿ, ੧, ੧*:੧ (346)

ਨਾਇਕਿ –

“ਘਰ ਕੀ ਨਾਇਕਿ ਘਰ ਵਾਸੁ ਨ ਦੇਵੈ।” (ਮਾਲਕ, ਭਾਵ ਮਾਇਆ)

– ਆਸਾ ੫, ੪, ੧*:੧ (371)

“ਘਰੁ ਮੇਰਾ ਇਹ ਨਾਇਕਿ ਹਮਾਰੀ।” (ਮਾਲਕ ਭਾਵ ਪਤਨੀ)

– ਆਸਾ ੫, ੪, ੪*:੧ (371)

ਨਾਇਕੁ –

“ਐਸਾ ਨਾਇਕੁ ਰਾਮੁ ਹਮਾਰਾ।” (ਮਾਲਕ ਸ਼ਾਹ)

– ਗਉ ਕਬ, ੪੯, ੧*:੧ (333)

“ਜੋ ਸਮਰਥ ਸਰਬ ਗੁਣ ਨਾਇਕੁ ਤਿਸੁ ਕਉ ਕਬਹੁ ਨ ਗਾਵਸਿਰੇ।” (ਗੁਣਾਂ ਦਾ ਮਾਲਕ, ਸੁਆਮੀ)

– ਮਾਰੂ ੫, ੭, ੧:੧ (1000)

“ਨਾਇਕੁ ਏਕੁ ਬਨਜਾਰੇ ਪਾਚ।” (ਸ਼ਾਹ)

– ਬਸੰ ਕਬ, ੬, ੧:੧ (1194)

ਨਾਇਕੋ –

“ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡੁ ਸਵਾਰਿਆ।” (ਮਾਲਕ)

– ਸੂਹੀ ੧, ਛੰਤ ੫, ੩:੪ (366)

(2) (ਸੰ.) ਆਗੂ, ਮਾਰਗਦਰਸ਼ਨ, ਨੇਤਾ

“ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ।”

– ਧਨਾ ੫, ੧੨, ੧:੧ (674)

ਨਾਇਣੁ ----- ਨਾਵੀਐ

“ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ।”

– ਭੈਰ ੪, ੧, ੩:੧ (1134)

ਨਾਈ ------ (1) ਵਡਿਆਈ, ਸ਼ੋਭਾ, ਨੀਮਨਾ

“ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ।”

– ਜਪੁ ੧, ੨੧:੧੭ (5)

(2) ਨਾਵਾਂ ਵਾਲਾ

“ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰ।”

– ਸਿਰੀ ੧, ਅਸ ੧, ੧*:੨ (53)

“ਸਚਾ ਸਾਹਿਬੁ ਸਚੀ ਨਾਈ।” (ਨਾਮ ਕਰਕੇ)

– ਮਾਝ ੫, ੩੪, ੩:੧ (104)

“ਕੀਰਤਿ ਸੂਰਤਿ ਮੁਕਤਿ ਇਕ ਨਾਈ।” (ਨਾਮ ਵਿਚ)

– ਗਉ ੧, ਅਸ ੨, ੭:੧ (221)

“ਬਿਆਨ ਗਏ ਹਰਿ ਨਾਈ।” (ਨਾਮ ਨਾਲ)

– ਸੋਰ ੫, ੭੫, ੧:੪ (672)

ਹੋਰ ਰੂਪ:

ਨਾਂਈ –

“ਨਾਨਕ ਸਚਾ ਸਚੀ ਨਾਂਈ ਸਚੁ ਪਵੈ ਧੁਰਿ ਲੇਖੈ।” (ਨਾਮ ਕਰਕੇ)

– ਸਾਰੁ ੪, ਵਾਰ ੧੩ਸ, ੧, ੨:੪ (1242)

(3) ਵਾਲ ਮੁੰਨਨ/ਹਜਾਮਤ ਕਰਨ ਤੇ ਨਹੂੰ ਕਟਨ ਵਾਲਾ, ਇਕ ਨੀਵੀਂ ਸ਼੍ਰੇਣੀ ਦਾ ਵਿਅਕਤੀ
"ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।"
– ਆਸਾ ਧੰਨਾ, ੨, ੩:੧ (487)

(4) ਨਿਵਾਉਂਦੇ, ਝੁਕਾਉਂਦੇ
"ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ।"
– ਸੋਰ ਕਬ, ੧, ੧:੧ (654)

(5) ਇਸ਼ਨਾਨ ਵਿਚ
"ਜੂਰਿ ਨ ਅੰਨੀ ਜੂਠਿ ਨ ਨਾਈ।"
– ਸਾਰ ੪, ਵਾਰ ੭ਸ, ੧, ੧:੩ (1240)

ਨਾਈਐ ---- (1) ਇਸ਼ਨਾਨ ਕਰੀਏ
"ਹਰਿ ਧੂੜੀ ਨਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ।"
– ਆਸਾ ੫, ਛੰਤ, ੨, ੪:੩ (453)

(2) ਨਾਮ ਦੀ
"ਨਾਨਕ ਸਰਨਿ ਸਰਣਿ ਸੁਖ ਸਾਗਰ ਮੋਹਿ ਟੇਕ ਤੇਰੋ ਇਕ ਨਾਈਐ।"
– ਬਿਲਾ ੫, ੯੨, ੨:੨ (822)

ਨਾਏ ------ (1) ਨਾਮ ਵਿਚ
"ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ ਸਭਿ ਸੁਖ ਹਰਿ ਕੇ ਨਾਏ।"
– ਗਉ ੫, ੧੫੨*, ੪:੧ (213)

"ਬਾਪਾਰਿ ਗੋਵਿੰਦ ਨਾਏ।" (ਨਾਮ ਦੇ)
– ਆਸਾ ੫, ੧੫੩, ੧*:੧ (408)

(2) ਇਸ਼ਨਾਨ ਨਾਲ, ਨਹਾਉਣ ਨਾਲ
"ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ।"
– ਆਸਾ ੩, ੪੮, ੨:੩ (363)

"ਅਠਸਠਿ ਤੀਰਥ ਮਜਨੁ ਕੀਆ ਸਤ ਸੰਗਤਿ ਪਗ ਨਾਏ ਧੂਰਿ।" (ਨਹਾਵੇ)
– ਸਾਰ ੪, ੧, ੨:੨ (1198)

ਨਾਂਏ ------ ਨਿਵਾਉਂਦਾ ਹੈ
"ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏ।"
– ਪ੍ਰਭਾ ਕਬ, ੨, ੪:੧ (1349)

ਨਾਸ ------ (1) ਨਾਸ਼ਕ, ਦੂਰ ਕਰਨ ਵਾਲਾ
"ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ।"
– ਗਉ ੫, ਬਾਅ ੪੦ਸ:੧ (258)

(2) ਖਤਮ (ਹੋਏ, ਮੁਕੇ, ਨਸ਼ਟ (ਹੋਏ), ਦੂਰ ਹੋਏ
"ਕੋਟਿ ਅਘਾ ਗਏ ਨਾਸ ਹਰਿ ਇਕੁ ਧਿਆਇਆ।"
– ਜੈਤ ੫, ਵਾਰ ੧੮:੨ (710)

ਹੋਰ ਰੂਪ:

ਨਾਸੰ –

"ਸਰਣਿ ਸੰਤੰ ਕਿਲਬਿਖ ਨਾਸੰ।"
- ਸਸ ੫, ੧੦:੩ (1354)

ਨਾਸਏ ----- ਨਾਸ (ਨਸ਼ਟ) ਹੋ ਜਾਂਦੇ ਹਨ
"ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ।"
- ਧਨਾ ੫, ਛੰਤ ੧, ੧:੩ (691)

ਨਾਸਹਿ ----- ਨਸ਼ਟ ਹੋ ਗਏ, ਮੁਕ/ਦੂਰ ਹੋ ਗਏ
"ਕਲਿ ਕਲੇਸ ਮਿਟਹਿ ਭ੍ਰਮ ਨਾਸਹਿ ਮਨਿ ਚਿੰਦਿਆ ਫਲੁ ਪਾਈਐ।"
- ਗਉ ੫, ਛੰਤ ੪, ੨:੩ (249)

ਨਾਸਤਿ ----- (1) ਨਹੀਂ ਹੈ
"ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ।"
- ਗਉ ੧, ੧੫, ੧*:੨ (155)
(2) ਅਣਹੋਂਦ
"ਆਸਤਿ ਨਾਸਤਿ ਏਕੋ ਨਾਉ।"
- ਰਾਮ ੩, ਵਾਰ ੧੨ਸ, ੧, ੭:੩ (953)

ਨਾਸਨ ----- (1) ਨਾਸ਼ਕ, ਨਸ਼ਟ (ਖਤਮ, ਦੂਰ) ਕਰਨ ਵਾਲਾ
"ਤਾਪਾ ਬਿਨਾਸਨ ਦੂਖ ਨਾਸਨ ਮਿਲੁ ਪ੍ਰੇਮੁ ਮਨਿ ਤਨਿ ਅਤਿ ਘਨਾ।"
- ਆਸਾ ੫, ਛੰਤ ੧੪, ੩:੩ (462)
(2) ਨਸਨਾ, ਭਟਕਨ
"ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ।"
- ਧਨਾ ੫, ੨੮, ੨:੧ (678)

ਨਾਸਨਾ ----- ਨਸ ਜਾਂਦਾ ਹੈ, ਦੂਰ ਹੋ ਜਾਂਦਾ ਹੈ
"ਸਖੀ ਮੋਰੈ ਕੰਠਿ ਰਤੰਨੁ ਪੇਖਿ ਦੁਖੁ ਨਾਸਨਾ।"
- ਫੁਨ ੫, ੭:੨ (1362)

ਨਾਸਾ ------ (1) ਨਸ ਗਿਆ, ਭਜ ਗਿਆ, ਮੁੱਕ ਗਿਆ
"ਜੋ ਤੇਰੈ ਰੰਗਿ ਰਾਤੇ ਸੁਆਮੀ ਤਿਨ੍ ਕਾ ਜਨਮ ਮਰਣ ਦੁਖੁ ਨਾਸਾ।"
- ਸੂਹੀ ੫, ੫੭, ੨:੧ (750)
(2) ਨਾਸ (ਨਸ਼ਟ) ਹੋਣਾ, ਮਿਟਣਾ
"ਜੋ ਜਨ ਜਾਨਿ ਭਜਹਿ ਅਬਿਗਤ ਕਉ ਤਿਨ ਕਾ ਕਛੂ ਨ ਨਾਸਾ।"
- ਸੂਹੀ ਕਬ, ੪, ੪:੧ (793)

ਨਾਸਾਬੂਰੁ ---- ਬੇਸਬਰਾ
"ਨਾਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ।"
- ਬਸੰ ੧, ਅਸ ੮, ੩:੧ (1191)

ਨਾਸਿ ------ ਨਾਸ ਹੈ/ਨਸ਼ਟ ਹੈ/ਖਤਮ ਹੈ/ ਦੂਰ ਹੋ ਜਾਂਦਾ ਹੈ
"ਕਾਮ ਕ੍ਰੋਧ ਗੁਰ ਸਬਦਿ ਨਾਸਿ।"
- ਬਸੰ ੫, ੧੩, ੨:੨ (1184)

ਨਾਸਿਓ ----- ਨਾਸ ਹੋ ਗਿਆ, ਦੂਰ ਹੋ ਗਿਆ

"ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ।"

– ਕਾਨ ੫, ੨੧, ੧:੨ (1302)

ਨਾਸੀ ------ ਮੁਕ ਗਈ

"ਸਹਜੇ ਦੁਬਿਧਾ ਤਨ ਕੀ ਨਾਸੀ।"

– ਗਉ ੫, ਅਸ ੩, ੫:੨ (237)

ਨਾਸੁ ------ ਨਸ਼ਟ ਹੋਣਾ, ਮੁਕ ਜਾਣਾ

"ਸੁਣਿਐ ਦੂਖ ਪਾਪ ਕਾ ਨਾਸੁ।"

– ਜਪੁ ੧, ੮:੬ (2)

ਨਾਸੇ ------ ਨਸ਼ਟ ਹੋ ਗਏ, ਮੁਕ ਗਏ

"ਸਿਮਰਤ ਸੁਆਮੀ ਕਿਲਵਿਖ ਨਾਸੇ।"

– ਗਉ ੫, ੧੪੨, ੧:੧ (194)

ਹੋਰ ਰੂਪ:

ਨਾਸੈ –

"ਹਰਿ ਸਿਮਰਤ ਤ੍ਰਾਸ ਸਭ ਨਾਸੈ।" (ਮੁਕ ਗਏ)

– ਗਉ ੫, ੧੧੬, ੧:੨ (189)

"ਮਿਲਤ ਸਾਂਤਿ ਉਪਜੈ ਦੁਰਤੁ ਦੂਰੰਤਰਿ ਨਾਸੈ।" (ਨਸ/ਭਜ ਜਾਂਦੇ ਹਨ)

– ਸਵ ੪, ਕਲ ੬:੨ (1397)

ਨਾਸ੍ਤਿ ------ ਨਹੀਂ ਹੈ

"ਸੀਲ ਧਰਮ ਦਯਾ ਸੁਚ ਨਾਸ੍ਤਿ ਆਇਓ ਸਰਨਿ ਜੀਅ ਕੇ ਦਾਨੀ।"

– ਸਮੁ ੫, ੧*:੬ (1387)

ਨਾਹ ------ ਪਤੀ, ਨਾਥ, ਸੁਆਮੀ

"ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।"

– ਮਾਝ ੫, ਬਾਰਾ ੧:੫ (133)

(2) ਨਹੀਂ ਨਾ

"ਨਹ ਨੀਦ ਆਵੈ ਪ੍ਰੇਮ ਭਾਵੈ ਸੁਣਿ ਬੇਨੰਤੀ ਮੇਰੀਆ।"

– ਗਉ ੧, ਛੰਤ ੨, ੧:੩ (243)

ਨਾਹਾ ------ ਪਿਆਰੇ, ਸਵਾਮੀ, ਪਤੀ

"ਘਰਿ ਆਵਹੁ ਚਿਰੀ ਵਿਛੁੰਨਿਆ ਮਿਲੁ ਸਬਦਿ ਗੁਰੂ ਪ੍ਰਭ ਨਾਹਾ।"

– ਸੂਹੀ ੪, ਛੰਤ ੫, ੨:੨ (776)

ਨਾਹਿ ------ (1) ਨਹੀਂ

"ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ।"

– ਜਪੁ, ੧, ੧੯:੮ (4)

ਨਾਹਿਨ ----- ਨਹੀਂ, ਨਿਸ਼ੇਧਬੋਧਕ ਸ਼ਬਦ

"ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ।" (ਨਹੀਂ ਹੈ)

– ਗਉ ੫, ੧੧੮*, ੨:੧ (204)

ਨਾਹੀ ------ (1) ਨਹੀਂ
"ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।"
– ਜਪੁ ੧, ੫:੯ (2)
"ਜਹ ਭੀਤਰਿ ਘਟ ਭੀਤਰਿ ਬਸਿਆ ਬਾਹਰਿ ਕਾਹੇ ਨਾਹੀ।" (ਨਹੀਂ)
– ਰਾਮ ੧, ੨, ੨:੧ (876)
(ਮਹਾਨ ਕੋਸ਼ ਇਥੇ 'ਨਾਹੀ' ਦੇ ਅਰਥ 'ਨਹਾਉਂਦਾ' 'ਸ਼ਨਾਨ ਕਰਦਾ' ਕਰਦੇ ਹਨ)
(2) ਨਹੀਂ ਤਾਂ
"ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ।"
– ਸਿਰੀ ਬੇਣੀ, ੧, ੧*:੨ (93)
(3) ਇਨਕਾਰ, ਨਿਸ਼ੇਧਾਤਮਕ ਸੰਭਾਵਨਾ, ਨੂੰ ਨਾ ਨਾ ਕਰਨ ਵਾਲਾ (ਰੋਕਣ ਵਾਲਾ (ਨਿਰਣੈ)
"ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ।"
– ਗਉ, ਕਬ, ਬਾਅ ੧੧:੨ (340)
(ਮਹਾਨ ਕੋਸ਼ ਇਸ ਦੇ ਅਰਥ 'ਪ੍ਰਤਿਬਿੰਬ' ਕਰਦੇ ਹਨ)

ਨਾਹੁ ------ ਪਤੀ, ਸਵਾਮੀ, ਪਿਆਰਾ
"ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ।"
– ਬਿਲਾ ੫, ਛੰਤ ੩, ੫:੪ (847)

ਨਾਹੈ ------ ਪਤੀ/ਸਵਾਮੀ ਦੇ
"ਬਿਨੁ ਅਪਨੇ ਨਾਹੈ ਕੋਇ ਨ ਚਾਹੈ ਕਿਆ ਕਹੀਐ ਕਿਆ ਕੀਜੈ।"
– ਤੁਖਾ ੧, ਛੰਤ ੪, ੨:੩ (1111)

ਨਾਕ ------ ਨਕ, ਸਰੀਰ ਦਾ ਇਕ ਅੰਗ
"ਨਾਮ ਇਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ।"
– ਕਲਿ ੪, ਅਸ ੪, ੭:੧ (1325)

ਨਾਕਹਿ ----- ਨਕ ਤੋਂ
"ਪ੍ਰਣਵਤਿ ਨਾਮਦੇਉ ਨਾਕਹਿ ਬਿਨਾ।"
– ਭੈਰ ਨਾਮ, ੨, ੩:੧ (1163)

ਹੋਰ ਰੂਪ:

ਨਾਕਹੁ –
"ਨਾਕਹੁ ਕਾਟੀ ਕਾਨਹੁ ਕਾਟੀ ਕਾਟਿ ਕੂਟਿ ਕੈ ਡਾਰੀ।" (ਨਕ ਤੋਂ)
– ਆਸਾ ਕਬ, ੪, ੪:੧ (476)

ਨਾਕਨ ----- ਨਕ
"ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।"
– ਗੂਜ ਕਬ, ੧, ੧*:੨ (524)

ਨਾਕੁ ------ ਨਕ, ਸਰੀਰ ਦਾ ਇਕ ਅੰਗ
"ਜਿਨਿ ਕਨ ਕੀਤੇ ਅਖੀ ਨਾਕੁ।"
– ਧਨਾ ੧, ੫, ੨:੧ (662)

ਨਾਗ ------ (1) ਸੱਪ
"ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।"
– ਗਉ ੧, ੧੭, ੨:੨ (156)
(2) ਨੰਗਾ ਹੀ
"ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਘਰੁ ਕਾਲਿ ਗਰਸੂਆ।"
– ਗਉ ੫, ੧੨੭*, ੧:੨ (206)

ਨਾਂਗ ------ ਨੰਗਾ ਹੀ
"ਰਥ ਨ ਅਸ੍ਵ ਨ ਗਜ ਸਿੰਘਾਸਨ ਛਿਨ ਮਹਿ ਤਿਆਗਤ ਨਾਂਗ ਸਿਧਾਰਹੁ।"
– ਸਮੁ ੫, ੫*:੩ (1388)

ਨਾਗਹ ----- ਹਾਥੀ ਦੀ
"ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ।"
– ਸਸ ੫, ੨੯:੩ (1356)

ਨਾਗਨਿ ----- (1) ਸਪਨੀ, ਨਾਗ ਦੀ ਮਾਦਾ
"ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ।"
– ਗਉ ੧, ੧੯, ੪:੧ (157)

ਹੋਰ ਰੂਪ:

ਨਾਗਨੀ –
"ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।"
– ਗੂਜ ੫, ਵਾਰ ੫ਸ, ੩, ੨:੧ (510)
(2) ਭਾਵ ਮਾਇਆ
"ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ।"
– ਪ੍ਰਭਾ ੫, ਅਸ ੧, ੨:੧ (1347)

ਨਾਗਰ ----- (1) ਨਗਰ ਵਿਚ ਰਹਿਣ ਵਾਲਾ, ਸ਼ਹਿਰੀ ਭਾਵ ਉਤਮ, ਸਿਆਣਾ
"ਕਰਿ ਕਿਰਪਾ ਉਧਰੁ ਹਰਿ ਨਾਗਰ।" (ਉਤਮ/ਸਿਆਣੇ ਹਰਿ)
– ਸੂਹੀ ੩, ਅਸ ੨, ੧:੨ (760)
"ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।" (ਹੇ ਨਗਰ ਵਾਸੀਓ)
– ਮਲਾ ਰਵਿ, ੧, ੧*:੧ (1293)
(2) ਸੋਹਣੀ, ਉਤਮ, ਸੁੰਦਰ
"ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ।"
– ਸਲੋ ਫਰ, ੬੮:੧ (1381)

ਨਾਂਗੜਾ ----- ਨੰਗਾ
"ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ।"
– ਵਡ ੧, ਅਲਾ, ੫, ੩:੧ (582)

ਨਾਗਾ ------ (1) ਨੰਗਾ
"ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ।"
– ਸਿਰੀ ੧, ਪਹ ੧, ੧:੪ (74)

(2) ਨਾ ਹੋਣਾ, ਅਣਹੋਂਦ ਦਾ ਭਾਵ
"ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ।"
– ਸਿਰੀ ਬੇਣੀ, ੧, ੧:੨ (93)

ਨਾਗਾਂ ------ ਸੱਪਾਂ ਨੂੰ
"ਨਾਗਾਂ ਮਿਰਗਾ ਮਛੀਆ ਰਸੀਆ ਘਰਿ ਧਨੁ ਹੋਇ।"
– ਮਲਾ ੧, ਵਾਰ ੨ਸ, ੧, ੧:੨ (1279)

ਨਾਂਗਾ ------ ਨੰਗਾ
"ਨਾਂਗਾ ਆਇਆ ਨਾਂਗੋ ਜਾਸੀ ਜਿਉ ਹਸਤੀ ਖਾਕੁ ਛਾਨੈ।"
– ਆਸਾ ੫, ੩੮, ੩:੩ (380)

ਨਾਗਾਦਿ ---- ਨਾਗ ਆਦਿਕ, ਸ਼ੇਸ਼ਨਾਗ ਆਦਿਕ
"ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭੁਯੰਗਮ।"
– ਸਵ ੧, ੯:੧ (1390)

ਨਾਗੀ ------ (1) ਸਪਾਂ ਨੂੰ
"ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ।"
– ਮਝ ੧, ਵਾਰ ੨੨ਸ, ੨, ੧:੧ (148)

(2) ਨੰਗੀ
"ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ।"
– ਗਉ ੧, ੧੫, ੪:੨ (156)

ਨਾਗੇ ------ ਨੰਗੇ
"ਕਿਆ ਨਾਗੇ ਕਿਆ ਬਾਧੇ ਚਾਮ।"
– ਗਉ ਕਬ, ੪, ੧*:੧ (324)

ਹੋਰ ਰੂਪ:

ਨਾਂਗੇ –
"ਨਾਂਗੇ ਅਵਨੁ ਨਾਂਗੇ ਜਾਨਾ।"
– ਭੈਰ ਕਬ, ੨, ੧:੧ (1157)

ਨਾਗੋ ------ ਨੰਗਾ
"ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ।"
– ਗਉ ੫, ੧੨੭*, ੧:੨ (206)

ਹੋਰ ਰੂਪ:

ਨਾਂਗੋ –
"ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ।"
– ਵਡ ੧, ਅਲਾ ੫, ੩:੬ (582)

ਨਾਚ ------ ਨਚਣਾ, ਨ੍ਰਿਤ
"ਏ ਲੰਪਟ, ਨਾਚ ਅਧਰਮੰ।"
– ਪ੍ਰਭਾ ਬੇਣੀ, ੧, ੩:੪ (1351)

ਨਾਚਸਿ ------ ਨਚਦੇ ਹਨ
“ਪਗ ਨਾਚਸਿ ਚਿਤੁ ਅਕਰਮੰ।”
- ਪ੍ਰਭਾ ਬੇਣੀ ੧, ੩:੩ (1351)

ਨਾਚਹਿ ------ ਨਚੇ
“ਗੁਰ ਕੇ ਭਾਣੈ ਨਾਚਹਿ ਤਾ ਸੁਖਿ ਪਾਵਹਿ ਅੰਤੇ ਜਮ ਭਉ ਭਾਗੈ।”
- ਗੂਜ ੩, ੧, ੧*:੨ (506)
“ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ।” (ਨਚਦੇ ਹਨ)
- ਗੂਜ ੩, ਅਸ ੧, ੫:੨ (506)

ਨਾਚਹੁ ------ ਨਚੋ, ਨ੍ਰਿਤ ਕਰੋ
“ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਭਾਂਡੇ।”
- ਗਉ ਕਬ, ੬੮, ੧:੧ (338)

ਨਾਚੰਤੀ ------ ਨਚਦੀਆਂ ਹਨ
“ਨਾਚੰਤੀ ਗੋਪੀ ਜੰਨਾ।”
- ਧਨਾ ਨਾਮ, ੪, ੨:੧ (693)

ਨਾਚਨ ------ ਨਚਨ, ਨਾਚ
“ਇਸੁ ਨਾਚਨ ਕੇ ਮਨ ਰਖਵਾਲ।”
- ਗੋਂਡ ਕਬ, ੧੦, ੨:੪ (872)

ਨਾਚਨਾ ------ ਨਚਨ ਵਾਲੀ ਭਾਵ ਸ੍ਰਿਸ਼ਟੀ
“ਕ੍ਰਿਸਟਾ ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ।” (ਮਹਾਨ ਕੋਸ਼ ਅਰਥ ‘ਮਾਇਆ’ ਕਰਦੇ ਹਨ)
- ਧਨਾ ਨਾਮ, ੪, ੧:੩ (693)

ਨਾਚਨੁ ------ ਨਚਾਰ, ਨਚਨਾ ਵਾਲਾ
“ਨਾਚਨੁ ਸੋਇ ਜੁ ਮਨ ਸਿਉ ਨਾਚੈ।”
- ਗੋਂਡ ਕਬ, ੧੦, ੨:੧ (872)

ਨਾਚਨੋ ------ ਨਚਨ
“ਅਬ ਮੋਹਿ ਨਾਚਨੋ ਨ ਆਵੈ।” (‘ਨਚਨ’ ਨਹੀਂ ਹੁੰਦਾ)
- ਆਸਾ ਕਬ, ੨੮, ੧*:੧ (483)
“ਅਬ ਮੋਰੋ ਨਾਚਨੋ ਰਹੋ।” (ਭਾਵ ਭਟਕਣ ਮੁਕ ਗਈ)
- ਸਾਰ ੫, ੩, ੧*:੧ (1203)

ਨਾਚਿਓ ---- ਨਚਿਆ, ਨਚਦਾ ਫਿਰਿਆ
“ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ।”
- ਗਉ ਕਬ, ੫੭, ੨:੨ (336)

ਨਾਚੀ ------- ਨਚਨ ਲਗ ਪਈ
“ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ।”
- ਤੁਖਾ ੧, ਛੰਤ ੪, ੪:੫ (1112)

ਨਾਚੁ ------ ਨਚ, ਨ੍ਰਿਤ ਕਰ
"ਨਾਚੁ ਰੇ ਮਨ ਗੁਰ ਕੈ ਆਗੈ।"
– ਗੂਜ ੩, ਅਸ ੧, ੧*:੧ (506)

ਨਾਚੇ ------ (1) ਨਚੇ, ਭਾਵ ਮਸਤੀ ਵਿਚ ਆਏ
"ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ।"
– ਗੂਜ ੩, ਅਸ ੧, ੫:੧ (506)

ਹੋਰ ਰੂਪ:

ਨਾਚੈ –
"ਮਨੂਆ ਨਾਚੈ ਭਗਤਿ ਦ੍ਰਿੜਾਏ।" (ਨਾਚ ਕਰੇ)
– ਮਾਝ ੩, ਅਸ ੨੧, ੩:੧ (121)

(2) ਭਟਕਦੇ ਫਿਰੇ
"ਮਾਇਆ ਕੈ ਅਰਥਿ ਬਹੁਤੁ ਲੋਕ ਨਾਚੇ ਕੋ ਵਿਰਲਾ ਤਤੁ ਬੀਚਾਰੀ।"
– ਗੂਜ ੩, ਅਸ ੧, ੮:੧ (506)

ਹੋਰ ਰੂਪ:

ਨਾਚੈ –
"ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ।" (ਭਟਕੇ)
– ਮਾਝ ੩, ਅਸ ੨੧, ੬:੩ (122)

ਨਾਜਰੁ ----- (ਅ. ਨਾਜ਼ਰ) ਦੇਖਣ ਵਾਲਾ
"ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ।"
– ਮਾਰੂ ੫, ੬, ੨:੨ (1000)

ਨਾਜੁ ------ ਅਨਾਜ
"ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਡੌ ਜਾਤੁ।"
– ਸਾਰ ਕਬ, ੧, ੧*:੨ (1251)

ਨਾਟਸਾਲਾ --- ਨਾਟ ਘਰ
"ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ।"
– ਬਿਲਾ ੧, ਅਸ ੨, ੪:੨ (832)

ਨਾਟਾ ------ ਨਚਿਆ ਅਰਥਾਤ ਭਟਕਿਆ
"ਬਿਨੁ ਰਸ ਰਾਤੇ ਮਨੁ ਬਹੁ ਨਾਟਾ।"
– ਗਉ ੨, ਅਸ ੧੧, ੭:੩ (226)

ਨਾਟਿਕ ----- (1) ਨਾਟਕ, ਮੰਚ ਤੇ ਹਾਵ ਭਾਵ, ਲਬਾਸ ਤੇ ਬਾਣੀ ਦੁਆਰਾ ਸਾਕਾਰ ਕੀਤੀ ਗਈ ਘਟਨਾ, ਦ੍ਰਿਸ਼ ਕਾਵਿ
"ਨਟ ਨਾਟਿਕ ਆਖਾਰੇ ਗਾਇਆ।"
– ਗਉ ੫, ੮੧, ੨:੩ (179)

(2) ਨਾੜੀ, ਨਬਜ਼
"ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮਿ ਪੀਰ ਲਗਈਆ।"
– ਬਿਲਾ ੪, ਅਸ ੬, ੨:੨ (836)

ਨਾਟੇ ------ ਨਾਟਕ
"ਸੁਖੁ ਨਾਹੀ ਪੇਖੈ ਨਿਰਤਿ ਨਾਟੇ।"
– ਭੈਰ ੫, ੪੧, ੧:੨ (1147)

ਨਾਠਾ ------ (1) ਭਜ ਗਿਆ, ਦੂਰ ਹੋ ਗਿਆ
"ਸਹਜੁ ਭਇਆ ਭ੍ਰਮੁ ਖਿਨ ਮਹਿ ਨਾਠਾ ਮਿਲਿ ਜੋਤੀ ਜੋਤਿ ਸਮਾਈ।"
– ਗਉ ੫, ੧੨੨*, ੪*:੨ (205)

ਹੋਰ ਰੂਪ:

ਨਾਠਿਆ –
"ਮਿਲਿ ਸਾਧ ਸੰਗਤਿ ਪ੍ਰਭੂ ਸਿਮਰੇ ਨਾਠਿਆ ਦੁਖ ਕਾਲ।" (ਨੱਠ ਗਿਆ)
– ਕਲਿ ੫, ੮, ੧:੨ (1322)

(2) ਭਟਕਨਾ, ਨਠਣਾ
"ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ।"
– ਮਾਰੂ ੫, ੧੫, ੧:੩ (1003)

ਨਾਠੀ ------ (1) ਮੁਕ ਗਈ, ਨਠ ਗਈ
"ਲੋਚਨ ਸੂਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ।"
– ਸਿਰੀ ਬੇਣੀ, ੧, ੪:੨ (93)
"ਗਇਆ ਕਰੋਧੁ ਮਮਤਾ ਤਨਿ ਨਾਠੀ ਪਾਖੰਡੁ ਭਰਮੁ ਗਵਾਇਆ।"
– ਸੂਹੀ ੪, ਛੰਤ ੧, ੨:੪ (773)

(2) ਪ੍ਰਾਹੁਣਾ
"ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ।"
– ਸਲੋ ਫਰ, ੬੮:੨ (1381)

ਨਾਠੀਅੜੇ --- ਪ੍ਰਾਹੁਣੇ
"ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।"
– ਸਿਰੀ ੧, ੨੪, ੧:੧ (23)

ਨਾਠੀਆ ---- ਪ੍ਰਾਹੁਣਿਆ
"ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ।"
– ਮਾਰੂ ੧, ਅਸ ੧੦, ੩:੨ (1015)

ਨਾ ਠੂੰਗੜਾ --- ਗਡਾ, ਜਿਸ ਨਾਲ ਬੱਚਾ ਤੁਰਨਾ ਸਿਖਦਾ ਹੈ (ਮਹਾਨ ਕੋਸ਼); ਨਠ – ਠੂੰਗਾ ਨਸਣ ਲਈ ਧੱਕਾ, (ਦਰਪਣ, ਸ਼ਬਦਾਰਥ); ਨਠਣਾ (ਨਿਰਣੈ)
"ਨਾਰਾਇਣਿ ਲਇਆ ਨਾਠੂੰਗੜਾ ਪੈਰ ਕਿਥੈ ਰਖੈ।"
– ਗਉ ੪, ਵਾਰ ੨੮:੧ (315)

ਨਾਠੇ ------ ਦੌੜ ਗਏ, ਦੂਰ ਹੋਏ
"ਦੁਖ ਨਾਠੇ ਸੁਖ ਆਇ ਸਮਾਏ।"
– ਗਉ ੫, ੧੨੭, ੩:੧ (191)

ਨਾਤਰੁ ----- ਨਹੀਂ ਤਾਂ
"ਗੁਰ ਪਰਸਾਦਿ ਅਕਲਿ ਭਈ ਅਵਰੈ ਨਾਤਰੁ ਥਾ ਬੇਗਾਨਾ।"

– ਗਉ ਕਬ, ੪੭, ੧*:੨ (333)

ਨਾਤਾ ------ ਨਹਾਤਾ, ਇਸ਼ਨਾਨ ਕੀਤਾ
"ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ।"
– ਸਿਰੀ ੧, ਅਸ ੧੨, ੪:੨ (61)

ਨਾਤਿਆ ---- ਇਸ਼ਨਾਨ ਕਰਨ ਨਾਲ
"ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।"
– ਸੂਹੀ ੩, ਵਾਰ ੧੨ਸ, ੧, ੨:੨ (789)

ਨਾਤੀ ------ (1) ਪੋਤਰੇ
"ਇਕੁ ਲਖੁ ਪੂਤ ਸਵਾ ਲਖੁ ਨਾਤੀ।"
– ਆਸਾ ਕਬ, ੨੧, ੨:੧ (481)

(2) ਨਹਾਤੀ, ਇਸ਼ਨਾਨ ਕੀਤੀ
"ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ।"
– ਸਲੋ ਫਰ, ੩੩:੧ (1379)

ਨਾਤੇ ------ ਇਸ਼ਨਾਨ ਕੀਤਾ
"ਜਿਨ ਕਉ ਲਿਖਤੁ ਲਿਖੇ ਧੁਰਿ ਮਸਤਕਿ ਤੇ ਗੁਰ ਸੰਤੋਖ ਸਰਿ ਨਾਤੇ।"
– ਗਉ ੪, ੫੪, ੩:੧ (169)

ਹੋਰ ਰੂਪ:

ਨਾਤੈ –
"ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿ ਨਾਤੈ ਸਗਵੀ ਮਲੁ ਲਾਏ।" (ਨਹਾਉਣ ਨਾਲ, ਨਾਤਿਆਂ)
– ਮਾਝ ੧, ਵਾਰ ੫ਸ, ੪, ੨:੩ (140)

ਲ਼ਾਥ ------ (1) ਜੋਗੀਆਂ ਦੇ ਅੰਤ ਦੀ ਉਪਾਦੀ, ਵਡੇ ਜੋਗੀ
"ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।"
– ਜਪੁ ੧, ੩੫:੭ (7)

"ਭੈ ਵਿਚਿ ਸਿਧਿ ਬੁਧ ਸੁਰ ਨਾਥ।"
– ਆਸਾ ੧, ਵਾਰ ੪ਸ, ੧, ੧:੯ (464)

(2) ਸੁਆਮੀ, ਮਾਲਕ
"ਨਾਨਕ ਪ੍ਰਭ ਸਰਣਾਗਤੀ ਸਰਬ ਘਟਾ ਕੇ ਨਾਥ।"
– ਸਿਰੀ ੫, ੮੫, ੪:੩ (48)

ਹੋਰ ਰੂਪ:

ਨਾਥੰ –
"ਅੰਮ੍ਰਿਤ ਸਸੀਅ ਧੇਨ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ।"
– ਧਨਾ ਤ੍ਰਿਲੋ, ੧, ੪:੧ (695)

ਨਾਥਹ ----- ਮਾਲਕਾਂ ਦੇ
"ਅਵਿਗਤੋ ਹਰਿ ਨਾਥੁ ਨਾਥਹ ਤਿਸੈ ਭਾਵੈ ਸੋ ਥੀਐ।"
– ਬਿਲਾ ੧, ਛੰਤ ੨, ੧:੩ (843)

ਨਾਥਣਹਾਰਾ -- ਕਾਬੂ ਕਰਨ ਵਾਲਾ
"ਅਲਖੁ ਨ ਲਖੀਐ ਅਗਮੁ ਅਜੋਨੀ ਤੂੰ ਨਾਥਾਂ ਨਾਥਣਹਾਰਾ।"
– ਮਲਾ ੧, ੩, ੪:੨ (1255)

ਨਾਥਾ ------ ਨਾਥਾਂ ਦੇ
"ਆਨਦ ਮੂਲੁ ਨਾਥੁ ਸਿਰਿ ਨਾਥਾ ਸਤਿਗੁਰੁ ਮੇਲਿ ਮਿਲਾਈ।"
– ਗੂਜ ੧, ਅਸ ੪, ੫:੨ (505)

ਨਾਥੀ ------ ਨੱਥੀ/ਬੰਨ੍ਹੀ/ ਕਾਬੂ ਕੀਤੀ ਹੋਏ
"ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।"
– ਜਪੁ ੧, ੨੯:੨ (6)

ਨਾਥੁ ------ (1) ਮਾਲਕ, ਸੁਆਮੀ
"ਦੀਨਾ ਨਾਥੁ ਸਰਬ ਸੁਖਦਾਤਾ।"
– ਗਉ ੧, ੧੨, ੪:੩ (154)

"ਜਪਿ ਨਾਥੁ ਦਿਨੁ ਰੈਨਾਈ।" (ਭਾਵ ਹਰੀ)
– ਰਾਮ ੫, ੧੩, ੧*:੧ (886)

"ਜਿਸ ਨੋ ਹੋਆ ਨਾਥੁ ਕ੍ਰਿਪਾਲਾ।" (ਪ੍ਰਭੂ)
– ਰਾਮ ੫, ੧੩, ੪:੧ (886)

(2) ਜੋਗੀਆਂ ਦਾ ਗੁਰੂ/ਮਹੰਤ
"ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ।"
– ਮਾਰੂ ੧, ਸੋਲਾ ੧੫, ੫:੩ (1035)

ਨਾਥੇ ------ ਮਾਲਕ
"ਅਨਾਥ ਕੇ ਨਾਥੇ ਸ੍ਰਬ ਕੇ ਸਾਥੇ ਜਪਿ ਜੂਐ ਜਨਮੁ ਨ ਹਾਰੀਐ।"
– ਬਿਹੀ ੫, ਛੰਤ ੩, ੨:੫ (80)

ਨਾਦ ------ (1) ਵਾਜੇ, ਸੰਗੀਤ ਦੇ ਸਾਜ਼
"ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ।"
– ਜਪੁ ੧, ੨੭:੨ (6)

"ਤਹ ਹਰਿ ਜਸੁ ਗਾਵਹਿ ਨਾਦ ਕਵਿਤ।"
– ਧਨਾ ੫, ੨੩, ੩:੨ (676)

(2) ਸਿੰਗੀ, ਜੋਗੀਆਂ ਦਾ ਇਕ ਧੁਨੀ ਸਾਜ਼
"ਭਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।"
– ਜਪੁ ੧, ੨੯:੧ (6)

"ਇਕਨਾ ਨਾਦ ਨ ਬੇਦ ਗੀਅ ਰਸੁ ਰਸ ਕਸ ਨ ਜਾਣੰਤਿ।" (ਭਾਵ ਨ ਜੋਜੀ ਹਨ)
– ਸਾਰ ੪, ਵਾਰ ੨੨ਸ, ੧, ੨:੪ (1246)

ਹੋਰ ਰੂਪ:

ਨਾਦੰ –
"ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ।"
– ਆਸਾ ੧, ੩੭, ੨:੨ (360)

(3) ਸੰਗੀਤ ਰਾਗ

"ਤਿਥੇ ਨਾਦ ਬਿਨੋਦ ਕੋਡ ਅਨੰਦ।"

– ਜਪੁ ੧, ੩੬:੨ (7)

"ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।" ('ਨਾਮ ਕੀਰਤਨ' ਰੂਪੀ ਸੰਗੀਤ)

– ਸਿਰੀ ੧, ੭, ੧:੨ (16)

(4) ਸ਼ਬਦ ਦੀ ਧੁਨੀ

"ਜਾ ਕੀ ਦਿਸਟਿ ਨਾਦ ਲਿਵ ਲਾਗੈ।"

– ਸਿਰੀ ਕਬ, ੩, ੧*:੨ (92)

(5) ਸ਼ਬਦ ਰੂਪ

!"ਨਾਦ ਬਿੰਦ ਕੀ ਸੁਰਤਿ ਸਮਾਇ।"

– ਆਸਾ ੧, ੧੨, ੨:੩ (352)

"ਗੁਨ ਨਾਦ ਧੁਨਿ ਅਨੰਦ ਬੇਦ।" (ਭਾਵ ਸ਼ਬਦ)

– ਕਲਿ ੫, ੫, ੧*:੧ (1322)

ਹੋਰ ਰੂਪ:

ਨਾਦੰ –

"ਗੁਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।" (ਗੁਰੂ ਦਾ ਵਾਕ ਹੀ ਸ਼ਬਦੋ)

– ਜਪੁ ੧, ੫:੭ (2)

(6) ਆਵਜ਼ ਧੁਨੀ, ਘੰਟਾ ਹੇੜਾ

"ਨਿਸਿ ਕੁਰੰਕ ਜੈਸੇ ਨਾਦ ਸੁਣਿ ਸ੍ਰਵਣੀ ਹੀਉ ਡਿਵੈ ਮਨ ਐਸੀ ਪ੍ਰੀਤਿ ਕੀਜੈ।"

– ਆਸਾ ੫, ਛੰਤ ੪, ੪:੧ (455)

"ਨਾਦ ਭ੍ਰਮੇ ਜੈਸੇ ਮਿਰਗਾਏ।"

– ਗੋਂਡ ਨਾਮ, ੨, ੧:੧ (873)

"ਬਚਨ ਨਾਦੁ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ।" (ਧੁਨੀ, ਆਵਾਜ਼)

– ਸਾਰ ੫, ੩੧, ੧*:੨ (1210)

ਹੋਰ ਰੂਪ:

ਨਾਂਦ –

"ਬਾਣ ਬੇਧੰਚ ਕੁਰੰਕ ਨਾਦੰ ਘਲਿ ਬੰਧਨ ਕੁਸਮ ਬਾਸਨਹ।"

– ਜੈਤ ੫, ਵਾਰ ੧੨ਸ, ੫, ੧:੨ (708)

(7) ਸੰਖ

"ਤਿਨ ਘਰਿ ਬ੍ਰਹਮਣ ਪੂਰਹਿ ਨਾਦ।"

– ਆਸਾ ੧, ਵਾਰ ੧੬ਸ, ੧, ੨:੩ (471)

ਨਾਦਸਤ ---- ਸੁਖਮਨਾ ਨਾੜੀ

"ਚੰਦ ਸਤ ਭੇਦਿਆ ਨਾਦਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ।"

– ਮਾਰੂ ਜੈਦੇ, ੧, ੧:੧ (1106)

ਨਾਦਿ ------ (1) ਸ਼ਬਦ (ਰੂਪ) ਵਿਚ, ਭਾਵ ਵਾਹਿਗੁਰੂ ਵਿਚ

"ਨਾਦਿ ਸਮਾਇਲੋ ਰੇ ਸਤਿਗੁਰ ਭੇਟਿਲੇ ਦੇਵਾ।"

– ਸੋਰ ਨਾਮ, ੧, ੧*:੧ (656)

(2) ਸੰਗੀਤ ਵਿਚ

"ਰਾਗਿ ਨਾਦਿ ਮਨੁ ਦੂਜੈ ਭਾਇ।"
– ਪ੍ਰਭਾ ੧, ਅਸ ੧, ੪:੧ (1342)

ਨਾਦੀ ------ (1) ਨਾਦ (ਸੇਖ, ਸਿੰਗੀ ਆਦਿ) ਵਜਾਉਣ ਦੁਆਰਾ
"ਕੋਊ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ।"
– ਆਸਾ ੪, ਛੰਤ ੧੮, ੪:੧ (450)
(2) (ਸੰ.) ਸਿੰਗੀ ਵਜਾਉਣ ਵਾਲਾ (ਧੁਨੀ (ਸ਼ਬਦ) ਦਾ ਅਭਿਆਸੀ) ਭਾਵ ਜੋਗੀ
"ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।"
(ਮਹਾਨਕੋਸ਼ ਇਸ ਦੇ ਅਰਥ 'ਚੇਲਾ' ਕਰਦਾ ਹੈ)
– ਸੋਰ ਕਬ, ੩, ੨:੨ (654)
"ਨਾਦੀ ਬੇਦੀ ਪੜ੍ਹਹਿ ਪੁਰਾਣ।"
– ਬਸੰ ੩, ੪, ੨:੨ (1169)

ਨਾਦੁ ------ (1) (ਆਤਮ ਮੰਡਲ ਦਾ) ਸੰਗੀਤ, ਸ਼ਬਦ, ਧੁਨ
"ਅਨਦਿਨੁ ਹਰਿ ਸਾਲਾਹਹਿ ਸਾਚਾ ਨਿਰਮਲ ਨਾਦੁ ਵਜਾਵਣਿਆ।"
– ਮਾਝ ੩, ਅਸ ੧੧, ੬:੩ (116)
(2) ਸਿੰਗੀ ਤੋਂ ਧੁਨੀ/ਸੰਗੀਤ ਪੈਦਾ ਕਰਨਾ
"ਨਿਰਮਲ ਬਾਣੀ ਨਾਦੁ ਵਜਾਵੈ।"
– ਆਸਾ ੧, ਅਸ ੧, ੪:੪ (411)
(3) ਬੋਲਣ ਦੀ ਆਵਾਜ਼, ਧੁਨੀ
"ਗਗਨ ਨਗਰਿ ਇਕ ਬੂੰਦ ਨ ਬਰਖੈ ਨਾਦੁ ਕਹਾ ਸੁ ਸਮਾਨਾ।"
– ਆਸਾ ਕਬ, ੧੮, ੧:੧ (480)
(4) ਸੰਗੀਤ ਦਾ ਸਾਜ਼, ਧੁਨੀ ਸਾਜ਼
"ਆਪੇ ਸਿੰਙੀ ਨਾਦੁ ਹੈ ਪਿਆਰਾ ਧੁਨਿ ਆਪਿ ਵਜਾਏ ਆਪੈ।"
– ਸੋਰ ੪, ੩, ੩:੧ (605)
(5) ਆਵਾਜ਼, ਧੁਨੀ, ਘੰਟਾ ਹੇੜਾ
"ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ।"
– ਧਨਾ ਨਾਮ, ੩, ੧:੨ (693)
(6) ਗਾਇਨ/ਧੁਨੀ (ਕਰਕੇ)
"ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ।"
– ਬਿਲਾ ੪, ਵਾਰ ੧ਸ, ੪, ੧:੧ (849)

ਨਾਦੈ ------ ਸੰਗੀਤ/ਗਾਇਨ ਤੋਂ
"ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ।"
– ਸਲੋ ੩, ੨੪:੩ (1423)
"ਕੁਰੰਕ ਨਾਦੈ ਨੇਹੁ।" (ਰਾਗ/ਸੰਗੀਤ ਨਾਲ)
– ਬਿਲਾ ੫, ਅਸ ੨, ੬:੧ (838)

ਨਾਨਕ ----- ਗੁਰੂ ਨਾਨਕ (1469–1528), ਸਿੱਖਾਂ ਦੇ ਪਹਿਲੇ ਗੁਰੂ, ਗੁਰੂ ਬਾਣੀ ਵਿਚ ਵਰਤਿਆ ਗਿਆ ਸਿੱਖਾਂ ਦੇ ਗੁਰੂ ਸਾਹਿਬਾਨ ਦਾ ਕਾਵਿ–ਉਪਨਾਮ
"ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"

– ਜਪੁ ੧, ੧*:੨ (1)

ਨਾਨਕਹ ---- ਹੇ ਨਾਨਕ
“ਸਾਧਸੰਗ ਸ੍ਨੇਹ ਸਤ੍ਰਿੰ ਸੁਖਯੰ ਬਸੰਤਿ ਨਾਨਕਹ।”
– ਸਸ ੫, ੨:੫ (1354)

ਨਾਨਕਾ ----- ਹੇ ਨਾਨਕ
“ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।”
– ਸਿਰੀ ੧, ੧, ੪:੨ (14)

ਨਾਨਕਿ ----- ਨਾਨਕ ਵਿਚ (ਅੰਦਰ) ਨੇ
“ਜਨ ਨਾਨਕਿ ਬ੍ਰਹਮੁ ਪਛਾਣਿਆ ਹਰਿ ਕੀਰਤਿ ਕਰਮ ਕਮਾਉ।” (ਨਾਨਕ ਨੇ)
– ਸਿਰੀ ੪, ਵਣ ੧, ੨:੫ (82)
“ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ।” (ਨਾਨਕ ਅੰਦਰ)
– ਸਿਰੀ ੪, ਵਣ ੧, ੪:੫ (82)

ਨਾਨਕੁ ----- ਨਾਨਕ, ਵੇਖੋ ‘ਨਾਨਕ’
“ਨਾਨਕੁ ਨੀਚੁ ਕਹੈ ਵੀਚਾਰੁ।”
– ਜਪੁ ੧, ੧੮:੯ (4)

ਨਾਨਕੈ ----- ਨਾਨਕ ਨੂੰ
“ਅਉਗਣਿਆਰੇ ਕਉ ਗੁਣੁ ਨਾਨਕੈ ਸਚੁ ਮਿਲੈ ਵਡਾਈ।”
– ਆਸਾ ੧, ਅਸ ੨੦, ੮:੨ (421)

ਨਾਨਕੋ ----- ਨਾਨਕ, ਨਿਮਾਣਾ ਨਾਨਕ
“ਜਨ ਨਾਨਕੋ ਸਰਣਾਗਤੀ ਦੇਹੁ ਗੁਰਮਤੀ ਭਜੁ ਰਾਮ ਰਾਮ ਰਾਮ।”
– ਕਾਨ ੪, ੯, ੨:੨ (1297)

ਨਾਨਾ ------ (1) ਕਈ ਪ੍ਰਕਾਰ ਦੇ, ਕਈ ਕਿਸਮ ਦੇ, ਕਈ ਤਰ੍ਹਾਂ ਦੇ, ਵਭਿੰਨ
“ਨਾਨਾ ਰੂਪ ਸਦਾ ਹਹਿ ਤੇਰੇ ਤੁਝ ਹੀ ਮਾਹਿ ਸਮਾਹੀ।”
– ਗਉ ੩, ੩੫, ੨:੨ (162)
“ਨਾਨਾ ਕਰਤ ਨ ਛੂਟੀਐ ਵਿਣੁ ਗੁਣ ਜਮ ਪੁਰਿ ਜਾਹਿ।”
– ਰਾਮ ੧, ਓਅੰ ੩੭:੧ (934)
(ਮਹਾਨ ਕੋਸ਼ ਇਥੇ ‘ਨਾਨਾ’ ਦੇ ਅਰਥ ਨਹੀਂ ਨਹੀਂ ਕਰਦਾ ਹੈ)
(2) ਨੰਨਾ, ਨਿੱਕਾ, ਛੋਟਾ ਭਾਵ ਨਿਮਾਣਾ
“ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨਾ ਹੋਇ ਸੁ ਜਾਇ।”
– ਗੂਜ ੩, ਵਾਰ ੪ਸ, ੩, ੨:੧ (509)

ਨਾਨੀ ------ (1) ਮਾਂ ਦੀ ਮਾਂ
“ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ।”
– ਮਾਰੂ ੧, ਅਸ ੧੦, ੨:੧ (1015)
(2) ਛੋਟੀ, ਨਿੱਕੀ
“ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਂਈ।”
– ਮਲਾ ੧, ਅਸ ੨, ੪:੨ (1274)

ਨਾਨ੍ਹ ------ ਨੰਨੇ, ਨਿੱਕੇ ਜਿਹੇ
"ਕਿਆ ਹਮ ਕਿਰਮ ਨਾਨ੍ਹ ਨਿਕ ਕੀਰੇ ਤੁਮ੍ਹ ਵਡ ਪੁਰਖ ਵਡਾਗੀ।"
– ਧਨਾ ੪, ੨, ੩:੧ (667)

ਨਾਨ੍ਹਾ ------ ਛੋਟਾ
"ਹੁਕਮੇ ਨਾਨ੍ਹਾ ਵਡਾ ਥੀਵੈ।"
– ਰਾਮ ੫, ਵਾਰ ੧੧ਸ, ੫, ੨:੬ (962)

ਨਾਨ੍ਹੇ ------ ਨਿੱਕੇ, ਛੋਟੇ
"ਹਮ ਨਾਨ੍ਹੇ ਨੀਚ ਤੁਮ੍ਹ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ।"
– ਸਾਰ ੫, ਅਸ ੧, ੮:੧ (1235)

ਨਾਪਾਕ ----- (ਫਾ. ਨਾਪਾਕ) ਅਪਵਿਤਰ, ਮੈਲਾ
"ਸਿਰਜਣ ਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ।"
– ਸਿਰੀ ੫, ੭੧, ੨:੪ (42)

ਹੋਰ ਰੂਪ:

ਨਾਪਾਕੁ –
"ਸੁਲਹੀ ਕਾ ਹਾਥ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ।"
– ਬਿਲਾ ੫, ੧੦੪, ੧*:੨ (825)

ਨਾਪੈ ------ ਨਹਾਉਂਦਾ ਹੈ
"ਜਨਮ ਜਨਮ ਕੇ ਕਿਲਵਿਖ ਉਤਰਹਿ ਹਰਿ ਸੰਤ ਧੂੜੀ ਨਿਤ ਨਾਪੈ ਰਾਮ।"
– ਸੂਹੀ ੫, ਛੰਤ ੫, ੨:੨ (780)

ਨਾਭਿ ------ ਧੁੰਨੀ, ਨਾਫ
"ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ।" (ਭਾਵ ਹਿਰਦੇ ਰੂਪੀ ਕਮਲ)
– ਆਸਾ ਕਬ, ੨੪, ੨:੧ (482)
"ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ।"
– ਪ੍ਰਭਾ ੪, ਅਸ ੪, ੩:੨ (1336)

ਨਾਭਿਕਮਲ -- ਧੁੰਨੀ ਤੋਂ ਉਪਜਿਆ ਕਮਲ
"ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ।"
ਗੂਜ ੧, ੨, ੧:੧ (489)

ਨਾਮ ------ (1) (ਫਾ. ਨਾਮ); ਸੰ. =) ਨਾਉਂ, ਕਿਸੇ ਵਸਤੂ ਦਾ ਬੋਧ ਰਵਾਉਣ ਵਾਲਾ ਸ਼ਬਦ
"ਤਿਨ ਕੇ ਨਾਮ ਅਨੇਕ ਅਨੰਤ।"
– ਜਪੁ ੧, ੩੪:੫ (7)
"ਨਾਮ ਧਾਰੀਕ ਝੂਠੇ ਸਭਿ ਸਾਕ।" (ਨਾਂ-ਮਾਤਰ)
– ਗਉ ੫, ੧੧੨, ੧:੨ (188)
"ਹਰਿ ਹਰਿ ਨਾਮ ਰਸਨ ਆਰਾਧੇ।"
– ਗਉ ੫, ੧੧੧*, ੨:੩ (202)
"ਸੁਖਮਨੀ ਸਹਜ ਗੋਬਿੰਦ ਗੁਨ ਨਾਮ।" (ਗੋਵਿੰਦ ਦਾ ਸੁਭਾਵਕ ਗੁਣ ਤੇ ਨਾਮ ਹੈ)

– ਗਉ ੫, ਸੁਖ ੨੪, ੫:੩ (295)

ਹੋਰ ਰੂਪ:

ਨਾਮੰ –

“ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ।”

– ਸੋਰ ੧, ਅਸ ੧, ੫:੧ (634)

(2) ਪ੍ਰਭੂ ਬੋਧਕ ਸ਼ਬਦ, ਪ੍ਰਭੂ, ਕਰਤਾਰ

“ਸਾਚੇ ਨਾਮ ਕੀ ਲਾਗੈ ਭੂਖ।”

– ਆਸਾ ੧, ਸੋਦ ੩, ੧:੩ (9)

“ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।”

– ਆਸਾ ੫, ਸੋਪੁ ੪, ੧:੪ (12)

“ਦਰਸਨ ਨਾਮ ਕਉ ਮਨੁ ਆਛੈ।” (ਪ੍ਰਭੂ)

– ਦੇਵ ੫, ੨੮, ੧*:੧ (533)

(3) ਪ੍ਰਭੂ ਦਾ ਨਾਮ, ਹਰੀ ਨਾਮ

“ਨਿਹਫਲ ਮਾਨੁਖੁ ਜਪੈ ਨਹੀ ਨਾਮ।”

– ਗਉ ੫, ੧੨੪, ੩:੨ (190)

“ਸਤਿਗੁਰ ਤੇ ਪਾਇਆ ਨਾਮ ਨੀਸਾਨੁ।” (ਹਰੀ ਨਾਮ ਦਾ ਨੀਸਾਨ)

– ਗਉ ੫, ੧੩੮, ੨:੨ (193)

“ਕਬੀਰ ਨਿਰਗੁਣ ਨਾਮ ਨ ਰੋਸੁ।” (ਤਿੰਨਾਂ ਗੁਣਾਂ ਤੋਂ ਉਪਰ ਪ੍ਰਭੂ ਨਾਮ ਤੋਂ ਬੇਮੁਖਨਾ ਹੈ)

– ਗਉ ਕਬ, ੯, ੪:੧ (325)

ਹੋਰ ਰੂਪ:

ਨਾਮੰ –

“ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ।” (ਹਰਿ ਨਾਮ)

– ਜੈਤ ੫, ਵਾਰ ੧੪ਸ, ੫, ੧:੧ (709)

ਨੰਮੰ –

“ਥਾਨ ਬਿਹੂਨ ਬਿਸ੍ਰਾਮ ਨੰਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰਹ।”

– ਸਸ ੫, ੩੭:੩ (1357)

ਨਾਮਹ ----- ਨਾਂਉਂ/ਨਾਮ

“ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ।”

– ਸਸ ੫, ੩੦:੨ (1356)

ਹੋਰ ਰੂਪ:

ਨਾਮਹਿ –

“ਆਵਤ ਸੋ ਜਨੁ ਨਾਮਹਿ ਰਾਤਾ।” (ਨਾਮ ਵਿਚ)

– ਗਉ ੫, ਬਾਅ ੧੩:੫ (352)

“ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ।” (ਨਾਮ ਦੀ)

– ਗਉ ੫, ਬਾਅ ੪੧ਸ:੨ (258)

ਨਾਮਹੀਣ ---- ਨਾਮ ਤੋਂ ਵਿਹੂਣਾ, ਨਾਮ ਤੋਂ ਸਖਣਾ, ਨਾਮ ਬਿਨਾਂ

"ਨਾਮਹੀਣ ਗਏ ਮੂੜ ਨੰਗਾ।"
– ਆਸਾ ੪, ੫੮, ੩:੧ (367)

ਨਾਮਹੀਨ ---- ਨਾਮ ਤੋਂ ਵਿਹੂਣਾ ਰਿਹਾ, ਨਾਮ ਬਿਨਾਂ
"ਨਾਮਹੀਨ ਕਾਲਖ ਮੁਖਿ ਮਾਇਆ।"
– ਆਸਾ ੪, ੫੬, ੩:੧ (366)

ਨਾਮਹੁ ----- ਨਾਮ ਨੂੰ, ਨਾਮ ਤੋਂ
"ਨਾਮਹੁ ਭੁਲੈ ਜਮ ਕਾ ਦੁਖੁ ਸਹਨਾ।"
– ਗਉ ੧, ਅਸ ੧੪, ੩:੨ (227)

ਨਾਮਤਪੰ ---- ਨਾਮ ਦਾ ਤਪ
"ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮਤਪੰ।"
– ਗੂਜ ੧, ਅਸ ੫, ੪:੨ (505)

ਨਾਮਦੇਉ ---- ਮਹਾਂਰਾਸ਼ਟਰ ਦੇ ਇਕ ਉਘੇ ਛੀਂਬੇ ਭਗਤ (1270–1350) ਨਰਸੀ ਵਾਮਨੀ ਜਿਲਾ ਸਤਾਰਾ ਵਿਚ ਜਨਮੇ। ਆਪ ਦੀ ਬਾਣੀ (61 ਸ਼ਬਦ) ਵੱਖ ਵੱਖ 18 ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ)
"ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ।"
– ਆਸਾ ੪, ਛੰਤ ੨੦, ੪:੩ (451)
"ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ।"
– ਆਸਾ ਨਾਮ, ੧, ੪:੧ (485)

ਨਾਮਦੇਅ ---- ਭਗਤ ਨਾਮਦੇਵ ਜੀ
"ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।"
– ਸੂਹੀ ੪, ੮, ੩:੨ (733)

ਨਾਮਦੇਇ --- ਭਗਤ ਨਾਮ ਦੇਵ ਜੀ
"ਨਾਮਦੇਇ ਸਿਮਰਨੁ ਕਰਿ ਜਾਨਾਂ।"
– ਬਿਲਾ ਨਾਮ, ੧, ੨:੧ (858)

ਨਾਮਦੇਵ ---- ਮਹਾਂਰਾਸ਼ਟਰ ਦੇ ਇਕ ਭਗਤ
"ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ।"
– ਮਾਰੂ ਰਵਿ, ੧, ੨:੧ (1106)

ਨਾਮਧਨ ---- ਪ੍ਰਭੂ ਨਾਮ ਰੂਪੀ ਦੌਲਤ
"ਨਾਮਧਨ ਬਿਨੁ ਹੋਰ ਸਭ ਬਿਖੁ ਜਾਣੁ।"
– ਧਨਾ ੩, ੨, ੧:੩ (664)

ਹੋਰ ਰੂਪ:

ਨਾਮਧਨੁ –
"ਏਕੋ ਨਿਹਚਲ ਨਾਮਧਨੁ ਹੋਰੁ ਧਨੁ ਆਵੈ ਜਾਇ।"
– ਗੂਜ ੩, ਵਾਰ ੭ਸ, ੩, ੨:੧ (511)

ਨਾਮਨ ----- ਨਾਵਾਂ ਵਿਚ

“ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ।”
- ਗੂਜ ੫, ੧, ੬:੧ (507)

ਨਾਮਨਾ ----- ਵਡਿਆਈ
“ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ।”
- ਮਲਾ ਰਵਿ, ੨, ੧:੨ (1293)

ਨਾਮਰਸ ---- ਨਾਮ ਪ੍ਰਭੂ ਵਿਚ ਲਿਵਲੀਣ ਹੋਣ ਤੋਂ ਬਾਅਦ ਪ੍ਰਾਪਤ ਹੋਇਆ ਰਸ/ਅਨੰਦ
“ਸੁੰਨ ਸਮਾਧਿ ਨਾਮ ਰਸ ਮਾਤੇ।”
- ਗਉ ੫, ਸੁਖ ੨, ੭:੬ (265)

ਹੋਰ ਰੂਪ:

ਨਾਮਰਸਿ -
“ਪਗ ਧੂਰਿ ਬਾਂਛਉ ਸਦਾ ਜਾਚਉ ਨਾਮਰਸਿ ਬੈਰਾਗਨੀ।” (ਨਾਮ ਦੇ ਸੁਆਦ ਵਿਚ)
- ਬਿਹਾ ੫, ਛੰਤ ੪, ੧:੩ (544)

ਨਾਮਰਸੁ -
“ਅਮਰੁ ਹੋਵੈ ਜੋ ਨਾਮਰਸੁ ਪਾਵੈ।”
- ਮਾਝ ੫, ੨੨, ੨:੨ (101)

ਨਾਮਰੰਗੇ ---- ਨਾਮ ਦੇ ਪਿਆਰ ਦੁਆਰਾ
“ਮਿਲਿ ਸਾਧਸੰਗੇ ਨਾਮਰੰਗੇ ਮਨਿ ਲੋੜੀਦਾ ਪਾਇਆ।”
- ਆਸਾ ੫, ਛੰਤ ੯, ੪:੪ (459)

ਨਾਮਰਜਾਦੁ -- ਬੇ-ਮਰਯਾਦਾ ਭਾਵ ਨੰਗਾ ਹੀ
“ਨਾਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ।”
- ਵਡ ੧, ਅਲਾ ੫, ੩:੬ (582)

ਨਾਮਰਾਤੇ ---- ਨਾਮ ਵਿਚ ਰਤੇ (ਰੰਗੇ) ਹੋਏ
“ਨਾਮਰਾਤੇ ਜੀਅ ਦਾਤੇ ਨਿਤ ਦੇਹਿ ਚੜਹਿ ਸਵਾਇਆ।”
- ਬਿਹਾ ੫, ਛੰਤ ੩, ੨:੪ (543)

ਨਾਮਾ ------ (1) ਭਗਤ ਨਾਮਦੇਵ
“ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ।”
- ਸਿਰੀ ੩, ੨੨, ੩:੧ (67)

(2) ਨਾਮ, ਨਾਂ
“ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ।”
- ਮਾਝ ੫, ੨੨, ੩:੩ (101)
“ਕਿੰਤੇ ਨਾਮਾ ਅੰਤੁ ਨ ਜਾਣਿਆ ਤੁਮ ਸਰਿ ਨਾਹੀ ਅਵਰੁ ਹਰੇ।”
- ਰਾਮ ੧, ੩, ੩:੧ (877)

(3) ਪ੍ਰਭੂ ਦਾ ਨਾਮ
“ਜਾ ਕੈ ਹਿਰਦੈ ਦੀਓ ਗੁਰਿ ਨਾਮਾ।”
- ਗਉ ੫, ੧੦੩, ੪:੧ (186)

(4) ਵਡਿਆਈ, ਨਾਮਵਰੀ, ਸ਼ੋਭਾ

"ਕਵਨ ਥਾਨ ਧੀਰਿਓ ਹੈ ਨਾਮਾ ਕਵਨ ਬਸਤੁ ਅਹੰਕਾਰਾ।"
– ਮਾਰੂ ੫, ੪, ੧:੧ (999)

ਨਾਮਿ ------ (1) ਪ੍ਰਭੂ ਦੇ ਨਾਮ ਦੇ, ਪ੍ਰਭੂ ਦੇ ਨਾਮ ਦੁਆਰਾ, ਪ੍ਰਭੂ ਦੇ ਨਾਮ ਵਿਚ, ਪ੍ਰਭੂ ਦੇ ਨਾਮ ਦੀਆਂ

"ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ।"
– ਸਿਰੀ ੧, ੮, ੪:੩ (17)

"ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ।"
– ਸਿਰੀ ੧, ਅਸ ੧੬, ੮:੧ (64)

"ਜਿਸ ਨਉ ਆਪਿ ਦਇਆਲੁ ਹੋਇ ਸੋ ਗੁਰਮੁਖਿ ਨਾਮਿ ਸਮਾਇ।"
– ਸਿਰੀ ੩, ੩੬, ੨:੪ (27)

"ਨਾਨਕ ਨਾਮਿ ਵਡਾਈਆ ਕਰਮਿ ਪਰਾਪਤਿ ਹੋਇ।" (ਨਾਮ ਦੀਆਂ)
– ਸਿਰੀ ੩, ਅਸ ੨੦, ੮:੩ (66)

(2) ਨਾਂ/ਨਾਮ ਦੁਆਰਾ, ਨਾਂ ਨਾਲ, ਨਾਮ ਵਿਚ

"ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ।"
– ਸਿਰੀ ੧, ੨੨, ੨:੧ (22)

"ਗੁਰਮੁਖਿ ਜਪ ਤਪ ਸੰਜਮੀ ਹਰਿ ਕੈ ਨਾਮਿ ਪਿਆਰੁ।"
– ਸਿਰੀ ੩, ੪੦, ੪:੧ (29)

"ਨਾਮਿ ਰਤਾ ਸੋਈ ਨਿਰਬਾਣੁ।" (ਨਾਮ ਵਿਚ)
– ਆਸਾ ੫, ੫੭, ੩:੨ (385)

ਨਾਮੁ ------ ਪਵਿੱਤਰ ਸ਼ਬਦ (ਸ਼ਬਦਾਰਥ) ਪ੍ਰਭੂ ਦਾ ਨਾਮ

"ਐਸਾ ਨਾਮੁ ਨਿਰੰਜਨੁ ਹੋਇ।"
– ਜਪੁ ੧, ੧੨:੫ (3)

"ਨਾਨਕ ਨਾਮੁ ਨਾਮੁ ਜਪੁ ਜਪਿਆ ਅੰਤਰਿ ਬਾਹਰਿ ਰੰਗਿ।"
– ਗਉ ੫, ਬਾਅ ੩੬ਸ:੧ (257)

(ਮਹਾਨਕੋਸ਼ ਪਹਿਲੇ 'ਨਾਮੁ' ਦੇ ਅਰਥ 'ਪ੍ਰਸਿਧ' ਕਰਦੇ ਹਨ, ਦਰਪਣ – ਪ੍ਰਭੂ ਦਾ ਨਾਮ ਹੀ ਨਾਮ ਜਪਿਆ' ਅਰਥ ਕਰਦਾ ਹੈ)

ਹੋਰ ਰੂਪ:

ਨਾਮੋੁ –

'ਨਾਮੋੁ ਹੀ ਇਸ ਮਨ ਕਾ ਅਧਾਰੁ।' (ਪ੍ਰਭੂ ਦਾ ਨਾਮ)
– ਗੋਂਡ ੫, ੪, ੧:੨ (863)

(2) ਪ੍ਰਭੂ, ਹਰੀ

"ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ।"
– ਸਿਰੀ ੧, ੩, ੧*:੨ (15)

"ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ।"
– ਸਿਰੀ ੧, ੧੭, ੧*:੨ (20)

(3) ਨਾਂ

"ਦੂਖੁ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ।"
– ਸਿਰੀ ੫, ੭੬, ੩:੨ (44)

ਨਾਮੁਹਰਿ ---- ਹਰਿ-ਨਾਮ, ਪ੍ਰਭੂ ਦਾ ਨਾਮ

"ਜਿਤੁ ਘਰਿ ਨਾਮੁਹਰਿ ਸਦਾ ਧਿਆਈਐ ਸੋਹਿਲੜਾ ਜੁਗ ਚਾਰੇ।"

- ਆਸਾ ੩, ਛੰਤ ੬, ੪:੫ (440)

ਨਾਮੁ ਧਨ --- ਪ੍ਰਭੂ ਨਾਮ ਰੂਪੀ ਦੌਲਤ

"ਤੋਟਿ ਨ ਆਵੈ ਮੂਲਿ ਸੰਚਿਆ ਨਾਮੁਧਨ।"

- ਜੈਤ ੫, ਵਾਰ ੧੭:੩ (709)

ਨਾਮੁ ਭਗਤਿ -- ਨਾਂਮ ਦੀ ਭਗਤੀ

"ਥਿਰੁ ਨਾਮੁ ਭਗਤਿ ਦਿੜੰ ਮਤੀ ਗੁਰਵਾਕਿ ਸਬਦ ਰਤੰ।"

-ਗੂਜ ੧, ਅਸ ੫, ੩:੨ (505)

ਨਾਮੇ ------ (1) ਨਾਮ ਦੁਆਰਾ ਹੀ, ਨਾਮ ਕਰਕੇ, ਨਾਮ ਸਦਕੇ ਹੀ

"ਨਾਉ ਧਿਆਈਐ ਨਾਉ ਮੰਗੀਐ ਨਾਮੇ ਸਹਜਿ ਸਮਾਇ।"

- ਸਿਰੀ ੩, ੩੪, ੧:੪ (26)

ਹੋਰ ਰੂਪ:

ਨਾਮੈ -

"ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ।"

- ਸਿਰੀ ੩, ੫੪, ੧:੪ (34)

(2) ਨਾਮ ਵਿਚ

"ਅਨਦਿਨੁ ਨਾਮੇ ਰਤਿਆ ਸਚੇ ਸਚੀ ਸੋਇ।"

- ਸਿਰੀ ੩, ੫੫, ੧:੨ (35)

(3) ਭਗਤ ਨਾਮ ਦੇਵ ਦੇ

"ਜਪਹੀਨ ਤਪ ਹੀਨ ਕੁਲ ਹੀਨ ਕ੍ਰਮਹੀਨ ਨਾਮੇ ਕੇ ਸੁਆਮੀ ਤੇਊ ਤਰੇ।"

- ਗਉ ਨਾਮ, ੧, ੨:੨ (345)

ਨਾਮੈ ------ (1) ਨਾਮ ਦਵਾਰੇ, ਵੇਖੋ 'ਨਾਮੇ' (1)

"ਤਿਤੁ ਘਟਿ ਨਾਮੈ ਨਾਮਿ ਨਿਵਾਸੁ।" (ਨਾਮ ਦੁਆਰਾ ਨਾਮ ਵਿਚ ਨਿਵਾਜਿਆ)

- ਮਲਾ ੩, ਅਸ ੩, ੫:੪ (1277)

(2) ਨਾਮ ਤੋਂ

"ਨਾਮੁ ਮਿਲੈ ਮਨੁ ਤ੍ਰਿਪਤੀਐ ਬਿਨੁ ਨਾਮੈ ਧ੍ਰਿਗ ਜੀਵਾਸੁ।"

- ਸਿਰੀ ੪, ੬੬, ੧:੧ (40)

(3) ਨਾਮ ਦੀ

"ਨਾਮੈ ਸੁਰਤਿ ਸੁਨੀ ਮਨਿ ਭਾਈ।"

- ਆਸਾ ੪, ੫੮, ੨:੧ (367)

(4) ਨਾਮੀ, ਨਾਮ ਜਪਨ ਵਾਲਾ

"ਨਾਮੈ ਕੀ ਸਭ ਸੇਵਾ ਕਰੈ ਗੁਰਮੁਖਿ ਨਾਮੁ ਬੁਝਾਈ।"

- ਆਸਾ ੩, ਅਸ ੨੯, ੭:੧ (426)

(5) ਭਗਤ ਨਾਮਦੇਵ ਨੇ

"ਜਨ ਨਾਮੈ ਤਤੁ ਪਛਾਣਿਆ।"

- ਸੋਰ ਨਾਮ, ੩, ੩:੪ (657)

(6) ਨਾਮ ਵਿਚ
“ਹਰਿ ਰਾਮ ਨਾਮੈ ਰਹਉ ਲਾਗੋ ਜਨ ਨਾਨਕ ਨਾਮਿ ਸਮਾਇਓ।”
– ਮਾਲੀ ੪, ੩, ੪:੨ (985)

ਨਾਮੋ ------ (1) ਨਾਮ ਤੋਂ ਹੀ, ਕੇਵਲ ਨਾਮ ਤੋਂ ਹੀ
“ਓਨਾ ਅੰਦਰਿ ਨਾਮੁ ਨਿਧਾਨੁ ਹੈ ਨਾਮੋ ਪਰਗਟੁ ਹੋਇ।”
– ਸਿਰੀ ੧, ੮, ੩:੨ (17)

(2) ਨਾਮ ਹੀ, ਕੇਵਲ ਨਾਮ
“ਨਾਮੁ ਜਪੇ ਨਾਮੋ ਆਰਾਧੇ ਨਾਮੇ ਸੁਖਿ ਸਮਾਵੈ।”
– ਮਾਝ ੧, ਵਾਰ ੪ਸ, ੧, ੨:੬ (139)

(3) ਨਾਮ ਦੁਆਰਾ ਹੀ
“ਨਾਮੁ ਜਪੀ ਨਾਮੋ ਸੁਖ ਸਾਰੁ।”
– ਆਸਾ ੪, ੫੬, ੧:੨ (366)

ਨਾਰਦ ----- (1) ਇਕ ਰਿਖੀ ਜੋ ਚੁਕ ਚੁਕਾ ਕੇ ਲੜਾਈ ਝਗੜੇ ਕਰਨ ਦਾ ਪ੍ਰਤੀਕ ਹੈ
“ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ।”
– ਗਉ ੫, ਥਿਤੀ ੬:੩ (298)

(2) ਚੰਚਲਤਾ ਦਾ ਪ੍ਰਤੀਕ
“ਪਾਂਚ ਨਾਰਦ ਕੈ ਸੰਗਿ ਬਿਧਵਾਰਿ।” (ਨਾਰਦ ਵਾਂਗ ਚੰਚਲ ਪੰਜ ਇੰਦਰੀਆਂ)
– ਗੋਂਡ ਕਬ, ੮, ੫:੨ (872)

ਨਾਰਦ ਮੁਨਿ -- ਰਿਸ਼ੀ ਨਾਰਦ
“ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ।”
– ਗੂਜ ੪, ਅਸ ੧, ੨:੧ (507)

ਨਾਰਦਾਦਿ --- ਨਾਰਦ ਆਦਿ ਰਿਸ਼ੀ
“ਸਿਮਰਹਿ ਨਖੵਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ।”
– ਸਵ ੩, ੨:੨ (1393)

ਨਾਰਦਿ ----- ਨਾਰਦ ਨੇ
“ਨਾਰਦਿ ਕਹਿਆ ਸਿ ਪੂਜ ਕਰਾਂਹੀ।”
– ਬਿਹਾ ੪, ਵਾਰ ੨੦ਸ, ੧, ੨:੨ (556)

ਨਾਰਦੀ ----- (1) ਨਾਰਦ ਦੇ ਪ੍ਰਕਾਰ ਦੀ ਭਾਵ ਪ੍ਰੇਮ ਵਾਲੀ
“ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ।”
– ਸੋਰ ਕਬ, ੩, ੩:੧ (654)

(2) ਨਾਰਦ ਵਾਲਾ ਕੰਮ
“ਨਾਰਦੀ ਨਰਹਰ ਜਾਣਿ ਹਦੂਰੇ।”
– ਰਾਮ ੫, ੮, ੩:੧ (885)

ਨਾਰਦੁ ----- ਇਕ ਰਿਸ਼ੀ
“ਨਾਰਦੁ ਨਾਚੈ ਕਲਿ ਕਾ ਭਾਉ।” (ਭਾਵ ਨਾਰਦ ਵਰਗੀ ਚੰਚਲ, ਚਲਾਇਮਾਨ ਤੇ ਫਸਾਦੀ ਮਨ)

- ਆਸਾ ੧, ੪, ੧:੨ (349)

“ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ।” (ਚੰਚਲ ਮਨ)

- ਬਸੰ ੧, ਅਸ ੮, ੩:੧ (1191)

ਨਾਰਦੈ ----- ਰਿਸ਼ੀ ਨਾਰਦ ਨੂੰ

“ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।”

- ਸਿਰੀ ੧, ਅਸ ੧੦, ੧*:੨ (59)

ਨਾਰਾਇਣ --- (1) ਸਭ ਨਰਾਂ ਵਿਚ ਨਿਵਾਸ ਕਰਤਾ, ਪਾਰਬ੍ਰਹਮ, ਕਰਤਾਰ, ਵਿਆਪਕ ਹਰਿ

“ਨਰ ਨਾਰਾਇਣ ਅੰਤਰ ਜਾਮਿ।”

- ਗਉ ੧, ੮, ੩:੩ (153)

“ਚਿਤਿ ਚਿਤਵਹੁ ਨਾਰਾਇਣ ਏਕ।”

- ਗਉ ੫, ਸੁਖ ੨੪, ੨:੫ (295)

(2) ਕਨੌਜ ਦੇ ਇਕ ਬ੍ਰਾਹਮਣ ਅਜਾਮਲ ਦਾ ਛੋਟਾ ਪੁੱਤਰ ਜਿਸ ਨੂੰ ਬੁਲਾਉਂਦਿਆਂ ਉਸ ਦਾ ਉਧਾਰ ਹੋਇਆ

“ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ।”

- ਨਟ ੪, ਅਸ ੩, ੨:੧ (981)

ਨਾਰਾਇਣਹ -- ਵਿਆਪਕ, ਵਿਆਪਕ ਹਰਿ

“ਗੁਰ ਗੋਬਿੰਦ ਗੋਪਾਲ ਗੁਰ ਗੁਰ ਪੂਰਨ ਨਾਰਾਇਣਹ।”

- ਜੈਤ ੫, ਵਾਰ ੧੯ਸ, ੫, ੧:੧ (710)

“ਜਾਚੰਤਿ ਨਾਨਕ ਕ੍ਰਿਪਾਲ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ।”

- ਸਸ ੫, ੨੧:੬ (1356)

ਨਾਰਾਇਣਾ -- ਪ੍ਰਭੂ, ਹਰਿ

“ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ।”

- ਸਿਰੀ ਤ੍ਰਿਲੋ, ੨, ੫:੧ (92)

ਨਾਰਾਇਣਿ -- ਪ੍ਰਭੂ ਵਲੋਂ

“ਨਾਰਾਇਣਿ ਲਇਆ ਨਠੂੰਗੜਾ ਪੈਰ ਕਿਥੈ ਰਖੈ।”

- ਗਉ ੪, ਵਾਰ ੨੮:੧ (315)

ਨਾਰਾਇਣੁ --- (1) ਪ੍ਰਭੂ, ਸਰਬ ਵਿਆਪਕ ਹਰਿ

“ਥਿਰੁ ਨਾਰਾਇਣੁ ਕਰੇ ਸੁ ਹੋਇ।”

- ਗਉ ੧, ੭, ੩:੪ (153)

(2) ਦਵਾ ਸਾਜ਼, ਦੁਆਈਆਂ ਬਣਾਉਣ ਵਾਲਾ

“ਆਪੇ ਵੈਦੁ ਆਪਿ ਨਾਰਾਇਣੁ।”

- ਰਾਮ ੫, ਵਾਰ ੧੧ਸ ੫, ੧:੧ (962)

(‘ਸ਼ਬਦਾਰਥ ਤੇ ਦਰਪਣ’ ਇਥੇ ਵੀ ‘ਨਾਰਾਇਣੁ’ ਦੇ ਅਰਥ ਪਰਮਾਤਮਾ ਹੀ ਕਰਦੇ ਹਨ)

ਨਾਰਾਇਣੇ --- ਪ੍ਰਭੂ, ਹਰਿ

"ਪਾਰਬ੍ਰਹਮੁ ਪਰਮੇਸਰੁ ਸੁਆਮੀ ਦੂਖ ਨਿਵਾਰਣੁ ਨਾਰਾਇਣੇ।"
– ਕਲਿ ੪, ੭, ੧*:੧ (1321)

ਹੋਰ ਰੂਪ:

ਨਾਰਾਇਣੈ –
"ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ।" (ਪ੍ਰਭੂ ਦੇ)
– ਮਾਝ ੫, ਵਾਰ ੪:੪ (134)

ਨਾਰਾਇਣੋ –
"ਸਭਿ ਧਿਆਵਹੁ ਨਰ ਨਾਰਾਇਣੋ ਨਾਰਾਇਣੋ ਜਿਤੁ ਚੂਕਾ ਜਮ ਝਗੜੁ ਝਗੋਲੁ।" (ਪ੍ਰਭੂ ਨੂੰ)
– ਕਾਲ ੪, ਵਾਰ ੧੨:੫ (1317)

ਨਾਰਾਇਨ --- ਪ੍ਰਭੂ, ਹਰਿ
"ਨਾਰਾਇਨ ਮਿਲੇ ਨਾਨਕ ਏਕ।"
– ਗਉ ੫, ਸੁਖ ੧੭, ੨:੧੦ (285)

ਹੋਰ ਰੂਪ:

ਨਾਰਾਇਨਾ –
"ਜਹ ਖੇਲੈ ਸ੍ਰੀ ਨਾਰਾਇਨਾ।" (ਪ੍ਰਭੂ, ਹਰਿ)
– ਗਉ ਨਾਮ, ੧, ੩:੨ (988)

ਨਾਰਾਇਨੁ –
"ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ।"
– ਗਉ ਕਬ, ੫੮, ੨:੨ (336)

ਨਾਰਿ ------ (1) ਪਤਨੀ, ਇਸਤ੍ਰੀ
"ਹਰਿ ਜੀਉ ਇਉ ਪਿਰੁ ਰਾਵੈ ਨਾਰਿ।"
– ਸਿਰੀ ੧, ਅਸ ੨, ੧*:੧ (54)

"ਬੰਧਨ ਸੁਤ ਕੰਨਿਆ ਅਰੁ ਨਾਰਿ।"
– ਆਸਾ ੧, ਅਸ ੧੦, ੨:੨ (416)

(2) ਇਸਤ੍ਰੀ, ਜਨਾਨੀ, ਔਰਤ
"ਨਾਨਕ ਜਿਸੁ ਨਦਰਿ ਕਰੇ ਤਿਸੁ ਮੇਲਿ ਲਏ ਸਾਈ ਸੁਹਾਗਣਿ ਨਾਰਿ।"
– ਸਿਰੀ ੪, ਵਾਰ ੧੯ਸ, ੩, ੧:੩ (90)

"ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।"
– ਗਉ ੪, ਵਾਰ ੨੭:੨ (315)

"ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ।"
– ਰਾਮ ੧, ੯, ੩:੧ (879)

(ਮਹਾਨਕੋਸ਼ ਇਥੇ ਅਰਥ 'ਮਾਇਆ' ਕਰਦਾ ਹੈ)

(3) ਪਾਣੀ
"ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ।"
– ਗਉ ਕਬ, ੬੯, ੨:੧ (338)

(4) ਸੁਆਨੀ
"ਗ੍ਰਿਹ ਵਸਿ ਗੁਰਿ ਕੀਨਾ ਹਉ ਘਰ ਕੀ ਨਾਰਿ।"

- ਸੂਹੀ ੫, ੪, ੧:੧ (737)

(5) ਨਲਕੀ, ਨਾਲ

“ਤੁਰੀ ਨਾਰਿ ਕੀ ਛੋਡੀ ਬਾਤਾ।”

- ਗੋਂਡ ਕਬ, ੬, ੨:੧ (871)

(6) ਭਾਵ ਮਾਇਆ

“ਖਸਮੁ ਮਰੈ ਤਉ ਨਾਰਿ ਨ ਰੋਵੈ।”

- ਗੋਂਡ ਕਬ, ੭, ੧:੧ (871)

(7) ਭਾਵ ਦੇਹ, ਸਰੀਰ

“ਸੰਗੀ ਜੋਗੀ ਨਾਰਿ ਲਪਟਾਣੀ।” (ਦੇਹ ਜੀਵ ਆਤਮਾ (ਜੋਗੀ) ਨੂੰ ਸੰਗੀ ਬਣਾ ਉਸ ਨਾਲ ਲਿਪਟੀ ਹੈ)

- ਮਾਰੂ ੫, ਸੋਲਾ ੨, ੧:੧ (1072)

ਨਾਰੀ ------ (1) ਇਸਤ੍ਰੀ, ਔਰਤ

“ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ।”

- ਸਿਰੀ ੧, ਅਸ ੨, ੬:੧ (54)

“ਅਨਹਦ ਸਬਦ ਵਜਾਏ ਹਰਿ ਜੀਉ ਘਰਿ ਆਏ ਹਰਿ ਗੁਣ ਗਾਵਹੁ ਨਾਰੀ।” (ਹੇ ਇਸਤ੍ਰੀਓ ਭਾਵ ਹੇ ਸਖੀਓ)

- ਸੂਹੀ ੩, ਛੰਤ ੫, ੧:੩ (770)

(2) ਪਤਨੀ

“ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ।”

- ਸਿਰੀ ੧, ਅਸ ੧੫, ੩:੨ (63)

“ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ।”

- ਸਿਰੀ ੧, ਅਸ ੧੬, ੫:੧ (63)

(3) ਨਾੜੀ

“ਮਨ ਰੇ ਪਵਨ ਦ੍ਰਿੜ ਸੁਖਮਨ ਨਾਰੀ।”

- ਗਉ ਕਬ, ੧੮, ੧*:੨ (327)

(4) ਇਸਤ੍ਰੀ ਦਾ ਵਿਸ਼ੇ ਅੰਗ, ਯੋਨਿ

“ਤਗੁ ਨ ਇੰਦ੍ਰੀ ਤਗੁ ਨ ਨਾਰੀ।”

- ਆਸਾ ੧, ਵਾਰ ੧੫ਸ, ੧, ੪:੧ (471)

(5) ਇੰਦ੍ਰੀਆਂ

“ਦਸ ਨਾਰੀ ਅਉਧੂਤ ਦੇਨਿ ਚਮੋੜੀਐ।”

- ਗੂਜ ੫, ਵਾਰ ੧੫:੩ (522)

“ਮਿਲ ਨਾਰੀ ਸਤਸੰਗਿ ਮੰਗਲੁ ਗਾਵੀਆ।” (ਭਾਵ ਇੰਦ੍ਰੀਆਂ)

- ਰਾਮ ੫, ਵਾਰ ੧੫:੧ (964)

(6) ਭਾਵ ਪ੍ਰਕ੍ਰਿਤੀ

“ਨਾਰੀ ਪੁਰਖੁ ਪੁਰਖੁ ਸਭ ਨਾਰੀ ਸਭ ਏਕੋ ਪੁਰਖੁ ਮੁਰਾਰੇ।” (ਦੂਜੀ ਨਾਰੀ ਦਾ ਭਾਵ ਜੀਵ ਹੈ)

- ਨਟ ੪, ਅਸ ੫, ੫:੧ (983)

ਨਾਰੇ ------ ਇਸਤ੍ਰੀ

“ਮਾਤਾ ਪਿਤ ਭਾਈ ਸੁਤ ਚਤੁਰਾਈ ਸੰਗਿ ਨ ਸੰਪੈ ਨਾਰੇ।”

– ਆਸਾ ੧, ਛੰਤ ੨, ੨:੩ (437)

“ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ।” (ਹੇ ਨਾਰ/ਇਸਤ੍ਰੀ)

– ਵਡ ੩, ਛੰਤ ੧, ੧:੧ (567)

ਨਾਲ ------ ਸੰਗ, ਸਾਥ

“ਹਰਿ ਅੰਤਰਿ ਬਾਹਰਿ ਨਾਲ ਹੈ ਮੇਰੀ ਜਿੰਦੁੜੀਏ ਸਭ ਵੇਖੈ ਮਨਿ ਮੁਕਰਾਈਐ ਰਾਮ।”

– ਬਿਹਾ ੪, ਛੰਤ ੬, ੧:੨ (541)

ਨਾਲਹੁ ----- ਪਾਸੋਂ, ਕੋਲੋਂ ਤੋਂ

“ਨਾਨਕ ਮਨਮੁਖਾ ਨਾਲਹੁ ਤੁਟੀਆ ਭਲੀ ਜਿਨਾ ਮਾਇਆ ਮੋਹਿ ਪਿਆਰੁ।”

– ਬਿਹਾ ੪, ਵਾਰ ੨ਸ, ੩, ੧:੯ (549)

ਨਾਲਕਾ ----- ਨਾਲ ਦਾ, ਸੰਗ ਦਾ, ਸਾਥੀ, ਸੰਗੀ (ਕੋਸ਼); ਨਾਲ ਹੀ (ਸ਼ਬਦਾਰਥ), ਨਾਲ (ਦਰਪਣ) ਨਾਲ (ਨਿਰਣੈ)

“ਤਿਨ ਕੈ ਸੰਗਿ ਪਰਮਪਦੁ ਪਾਈ ਸਦਾ ਸੰਗੀ ਹਰਿ ਨਾਲਕਾ।”

– ਮਾਰੂ ੫, ਸੋਲਾ ੧੩, ੧੩:੩ (1085)

ਨਾਲਾ ------ (1) ਨਾਲ ਹੀ, ਸੰਗ ਹੀ

“ਅੰਮ੍ਰਿਤ ਨਾਮੁ ਸਦਾ ਸੁਖੁ ਨਾਲਾ।”

– ਗਉ ੧, ਅਸ ੪, ੬:੪ (222)

(2) ਨਾੜੂ

“ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ।”

– ਸਲੋ ਫਰ, ੭੬:੧ (1381)

ਨਾਲਿ ------ (1) ਸੰਗ, ਸਾਥ

“ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।”

– ਜਪੁ ੧, ੧:੬ (1)

“ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ।” (ਦੇ)

– ਸਿਰੀ ੫, ੯੦, ੪:੩ (50)

(2) ਕੰਵਲ ਦੀ ਨਲਕੀ

“ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ।”

– ਆਸਾ ੧, ੭, ੩:੧ (350)

(ਬ੍ਰਹਮਾ ਕਮਲ ਦੀ ਨਾਲੀ ਵਿਚ ਟੁੱਭੀ ਮਾਰ ਕੇ ਸ੍ਰਿਸ਼ਟੀ ਦਾ ਮੁੱਢ ਭਾਲਣ ਗਿਆ)

ਨਾਲਿਆ ---- ਪਾਣੀ ਦਾ ਛੋਟਾ ਪਰਵਾਹ

“ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ਜਾਇ ਪਵੈ ਵਿਚਿ ਸੁਰਸਰੀ ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ।”

– ਬਿਲਾ ੪, ਵਾਹ ੧੩:੩ (855)

ਨਾਲੀ ------ ਨਾਲ, ਸੰਗ

“ਤਿਉ ਸਤਿਗੁਰ ਸਿਖ ਪ੍ਰੀਤ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ।”

– ਗਉ ੪, ੫੧, ੨:੩ (168)

ਨਾਲੀਏਰ --- ਨਾਰੀਅਲ, ਖੋਪਾ
“ਨਾਲੀਏਰ ਫਲ ਸੇਬਰਿ ਪਾਕਾ ਮੂਰਖ ਮੁਗਧ ਗਵਾਰ।”
– ਰਾਮ ਕਬ, ੧੨, ੧:੨ (972)

ਨਾਲੇ ------ (1) ਸਾਥ, ਸੰਗ
“ਗਾਵਹਿ ਇੰਦ ਇੰਦਾਸਣਿ ਬੈਠੇ ਦੇਵਤਿਆਂ ਦਰਿ ਨਾਲੇ।”
– ਜਪੁ ੧, ੨੭:੭ (6)
“ਸਚੁ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ।” (ਨਾਲ)
– ਗਉ ੪, ਵਾਰ ੧੯:੩ (311)
(2) ਨਾਲ ਹੀ, ਸੰਗ ਹੀ
“ਸਭਨਾ ਪਿਰੁ ਵਸੈ ਸਦਾ ਨਾਲੇ।”
– ਮਾਝ ੩, ਅਸ ੫, ੫:੧ (112)

ਨਾਲੋ ------ ਤੋ ਪਾਸੋਂ
“ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ।”
– ਗਉ ੪, ਵਾਰ ੩੧ਸ, ੪, ੧:੫ (316)

ਨਾਂਵ ------ (ਫਾ. ਨਾਓ) ਬੇੜੀ, ਕਿਸ਼ਤੀ ਨੌਕਾ
“ਸਾਧ ਨਾਂਵ ਬੈਠਾਵਹੁ ਨਾਨਕ ਭਵਸਾਗਰੁ ਪਾਰਿ ਉਤਾਰਾ।”
– ਸਾਰ ੫, ੮੧, ੨:੨ (1220)

ਨਾਵ ------ (1) ਨਾਂ, ਨਾਮ
“ਜੀਅ ਜਾਤਿ ਰੰਗਾ ਕੇ ਨਾਵ।”
– ਜਪੁ ੧, ੧੬:੧੪ (3)
“ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ।”
– ਸਿਰੀ ੧, ੬, ੪:੨ (16)
(2) ਬੇੜੀ, ਨੌਕਾ
“ਪਾਵਕੁ ਸਾਗਰੁ ਗਹਰੋ ਚਰਿ ਸੰਤਨ ਨਾਵ ਤਰਾਇਓ।”
– ਗਉ ੫, ਅਸ ੧੪, ੩:੧ (241)

ਨਾਵਉ ----- (1) ਨਾਂ, ਨਾਮ
“ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ।”
– ਧਨਾ ਨਾਮ, ੨, ੧:੧ (693)
(2) ਅਕਾਲ ਪੁਰਖ/ਵਾਹਿਗੁਰੂ ਤੋਂ
“ਸਭ ਨਾਵਉ ਉਪਜੈ ਨਾਵਹੁ ਛੀਜੈ।”
– ਮਾਰੂ ੩, ਸੋਲਾ ੨੦, ੭:੧ (1064)

ਨਾਵਏ ----- ਨਾਮ ਤੋਂ
“ਹਉ ਬਲਿਹਾਰੀ ਸਦਾ ਹੋਵਾ ਏਕ ਤੇਰੇ ਨਾਵਏ।”
– ਵਡ ੧, ਛੰਤ ੨, ੪:੬ (567)

ਨਾਵਹਿ ----- ਨਹਾਉਂਦਾ ਹੈ
“ਸਤਿਗੁਰੁ ਪੁਰਖੁ ਅੰਮ੍ਰਿਤਸਰੁ ਵਡਭਾਗੀ ਨਾਵਹਿ ਆਇ।”

– ਸਿਰੀ ੪, ੬੬, ੪:੧ (40)

ਨਾਵਹੁ ----- (1) ਨਾਮ ਤੋਂ, ਪ੍ਰਭੂ/ਅਕਾਲਪੁਰਖ/ਹਰੀ ਤੋਂ
"ਨਾਵਹੁ ਭੁਲੀ ਜੇ ਫਿਰਾ ਫਿਰਿ ਫਿਰਿ ਆਵਉ ਜਾਉ।"
– ਸਿਰੀ ੧, ਅਸ ੬, ੭:੩ (57)
"ਨਾਨਕੁ ਏਕ ਕਹੈ ਬੇਨੰਤੀ ਨਾਵਹੁ ਗਤਿ ਪਤਿ ਪਾਈ।"
– ਰਾਮ ੩, ਅਸ ੨, ੨੭:੧ (910)
(2) ਨਹਾਉਂਦੇ ਹੋ
"ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਉ।"
– ਸੋਰ ੧, ੯, ੩:੧ (598)
"ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।"
– ਰਾਮ ੧, ਅਸ ੧, ੬:੨ (903)

ਨਾਵਣ ----- ਨਹਾਉਣ, ਇਸ਼ਨਾਨ ਕਰਨ
"ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ।"
– ਧਨਾ ੧, ਛੰਤ ੧, ੧:੧ (687)

ਹੋਰ ਰੂਪ:

ਨਾਵਣਿ –
"ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੁ ਕੁਲ ਖੇਤਿ ਨਾਵਣਿ ਗਇਆ।" (ਨਹਾਉਣ ਲਈ)
–ਤੁਖਾ ੫, ਛੰਤ ੪, ੧:੫ (1116)

ਨਾਵਣੁ –
"ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ।" (ਇਸ਼ਨਾਨ)
– ਸਿਰੀ ੪, ਵਾਰ ੨੦ਸ, ੧, ੧:੩ (91)
"ਨਾਨਕ ਸਾਹਿਬੁ ਮਨਿ ਵਸੈ ਸਚਾ ਨਾਵਣੁ ਹੋਇ।" (ਇਸ਼ਨਾਨ)
– ਮਾਝ ੧, ਵਾਰ ੧੭ਸ, ੧, ੧:੧੦ (146)

ਨਾਵਣੋ –
"ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ।"
– ਧਨਾ ੧, ਛੰਤ ੧, ੩:੧ (688)

ਨਾਵੰਤਾ ----- ਇਸ਼ਨਾਨ ਕਰਦਾ, ਨਹਾਉਂਦਾ
"ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ।"
– ਗਉ ੫, ੧੬੬*, ੩:੨ (216)

ਨਾਵਨ ----- ਇਸ਼ਨਾਨ
"ਨਾਵਨ ਕਉ ਤੀਰਥ ਘਨੇ ਮਨ ਬਉਰਾ ਰੇ ਪੂਜਨ ਕਉ ਬਹੁ ਦੇਵ।"
– ਗਉ ਕਬ, ੫੭, ੪:੧ (336)

ਨਾਵਨਿ –
"ਨਾਨਕ ਜੇ ਸਿਰਖੁਧੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ।" (ਨਹਾਉਂਦੇ)
– ਮਾਝ ੧, ਵਾਰ ੨੬ਸ, ੧, ੧:੨੫ (150)

ਨਾਵਰੂਪ ---- ਬੇੜੀ/ਕਿਸ਼ਤੀ ਦੇ ਸਮਾਨ/ਦੀ ਤਰ੍ਹਾਂ

“ਨਾਵ ਰੂਪ ਭਇਓ ਸਾਧਸੰਗੁ ਭਵਨਿਧਿ ਪਾਰਿ ਪਰਾ।”
– ਜੈਤ ੫, ੬, ੨:੧ (701)

ਨਾਵੜਾ ----- ਨਾਮ, ਨਾਂ
“ਵਡੜੈ ਝਾਲਿ ਝਲੁੰਬਲੈ ਨਾਵੜਾ ਲਈਐ ਕਿਸੁ।”
– ਸਲੋ ੩, ੬੨:੧ (1420)

ਨਾਵਾ ------ (1) ਨਹਾਵਾਂ, ਇਸ਼ਨਾਨ ਕਰਾਂ
“ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੈ ਕਿ ਨਾਇ ਕਰੀ।”
– ਜਪੁ ੧, ੬:੧ (2)
(2) ਨਾਵਾਂ ਵਿਚ
“ਥਾਵਾ ਨਾਵ ਨ ਜਾਣੀਅਹਿ ਨਾਵਾ ਕੇਵਡੁ ਨਾਉ।”
– ਸਿਰੀ ੧, ਅਸ ੧, ੫:੧ (53)
(3) ਨੌਵਾਂ, ਨਵਮ
“ਅਠੀ ਪਹਰੀ ਅਠ ਖੰਡ ਨਾਵਾ ਖੰਡੁ ਸਰੀਰੁ।”
– ਮਾਝ ੧, ਵਾਰ ੧੮ਸ, ੨, ੧:੧ (146)
(4) ਬੇੜੀਆਂ, ਕਿਸ਼ਤੀਆਂ
“ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ।”
– ਬਸੰ ੧, ੧੦, ੩:੧ (1171)

ਨਾਵਾਇਆ -- ਨਵਾਹਿਆਂ, ਇਸ਼ਨਾਨ ਕਰਵਾਇਆ
“ਮਨਮੁਖੁ ਅਭਿੰਨੁ ਨ ਭਿਜਈ ਪਥਰੁ ਨਾਵਾਇਆ।”
– ਸਾਰ ੪, ਵਾਰ ੧੬:੩ (1244)

ਨਾਵਾਈਐ --- ਨਹਾਈਐ, ਇਸ਼ਨਾਨ ਕਰੀਏ
“ਹਰਿ ਜਨ ਅੰਮ੍ਰਿਤੁ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ।”
– ਰਾਮ ੪, ੪, ੧:੨ (881)

ਨਾਵਾਏ ----- ਨਹਾਉਣ ਤੇ, ਇਸ਼ਨਾਨ ਕਰਨ ਤੇ
“ਨਿਰਭਉ ਨਿਰੰਕਾਰ ਨਹੀ ਚੀਨਿਆ ਜਿਉ ਹਸਤੀ ਨਾਵਾਏ।”
– ਗਉ ੫, ੧੫੨*, ੩:੨ (213)

ਨਾਵਾਰੇ ----- ਨਵਾਹੇ, ਇਸ਼ਨਾਨ ਕਰਾਏ
“ਰਾਮ ਹਰਿ ਅੰਮ੍ਰਿਤੁ ਸਰਿ ਨਾਵਾਰੇ।”
– ਨਟ ੪, ਅਸ ੩, ੧*:੧ (981)

ਨਾਵਾਲਿ ---- ਇਸ਼ਨਾਨ ਕਰਵਾ ਕੇ
“ਪੂਜ ਕਰੇ ਰਖੈ ਨਾਵਾਲਿ।”
– ਸਾਰ ੪, ਵਾਰ ੯ਸ, ੧, ੧:੨ (1240)
ਹੋਰ ਰੂਪ
ਨਾਵਾਲਿਆ –
“ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ।” (ਨਵਾਇਆ)
– ਵਡ ੧, ਅਲਾ ੩, ੬:੧ (580)

ਨਾਵਾਲੀਐ –

"ਜਲਿ ਹਸਤੀ ਮਲਿ ਨਾਵਾਲੀਐ ਸਿਰਿ ਭੀ ਫਿਰਿ ਪਾਵੈ ਛਾਰੁ।" (ਇਸ਼ਨਾਨ ਕਰਾਈਏ)

– ਕਾਨ ੪, ਵਾਰ ੪ਸ ੪, ੨:੫ (1314)

ਨਾਵੈ ------ (1) ਨਾਮ (ਪ੍ਰਭੂ) ਦੇ

"ਵਿਣੁ ਨਾਵੈ ਨਾਹੀ ਕੋ ਥਾਉ।"

– ਜਪੁ ੧, ੧੯:੧੧ (4)

"ਨਾਵੈ ਕੀ ਵਡਿਆਈ ਵਡੀ ਹੈ ਨਿਤ ਸਵਾਈ ਚੜੈ ਚੜਾਹੀ।" (ਨਾਮ ਦੀ)

– ਗਉ ੪, ਵਾਰ ੧੫ਸ, ੪, ੨:੧੩ (309)

"ਨਾਨਕ ਸਭ ਕਿਛੁ ਨਾਵੈ ਕੈ ਵਸਿ ਹੈ ਪੂਰੈ ਭਾਗਿ ਕੋ ਪਾਈ।"

– ਆਸਾ ੩, ਅਸ ੨੯, ੮:੨ (426)

ਹੋਰ ਰੂਪ:

ਨਾਵੈਂ –

"ਚੁਪੈ ਚੰਗਾ ਨਾਨਕਾ ਵਿਣੁ ਨਾਵੈ ਮੁਹਿ ਗੰਧੁ।"

– ਮਲਾ ੧, ਵਾਰ ੨੩ਸ ੧, ੧:੪ (1288)

(2) ਨੌਵੀਂ ਥਾਂ ਤੇ, ਨਵਮ, ਨੌਵੇਂ

"ਨਾਵੈ ਧਉਲੇ ਉਭੇ ਸਾਹ।"

– ਮਾਝ ੧, ਵਾਰ ੧ਸ, ੧, ੨:੯ (137)

(3) ਨਹਾਵੇ, ਇਸ਼ਨਾਨ ਕਰੇ

"ਨਿਤ ਤੀਰਥਿ ਨਾਵੈ ਨ ਜਾਇ ਅਹੰਕਾਰਾ।"

– ਗਉ ੩, ਅਸ ੩, ੩:੨ (230)

(4) ਨਾਂ/ਨਾਮ ਤੋਂ

"ਹਉ ਵਾਰੀ ਵੰਞਾ ਖੰਨੀਐ ਵੰਞਾ ਤਉ ਸਾਹਿਬ ਕੇ ਨਾਵੈ।"

– ਵਡ ੧, ੧, ੧*:੧ (557)

ਨਾੜੀ ------ ਰਗਾਂ

"ਲਉ ਨਾੜੀ ਸੂਆ ਹੈ ਅਸਤੀ।"

– ਰਾਮ ੫, ੧੩, ੧:੨ (886)

ਹੋਰ ਰੂਪ:

ਨਾੜੰ-ੀ –

"ਹਾਡ ਮਾਸ ਨਾੜੰ-ੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ।"

– ਸੋਰ ਰਵਿ, ੬, ੧:੨ (659)

ਨਿਉਲੀ ---- ਯੌਗ ਦੀ ਇਕ ਕਿਰਿਆ, ਦੋਵੇਂ ਮੋਢੇ ਨੀਵੇਂ ਕਰ, ਪੇਟ ਦਾ ਵਲ ਕੱਢ ਕੇ ਸਿੱਧਾ ਬੈਠਣਾ ਅਤੇ ਪ੍ਰਾਣਾਂ ਦੇ ਬਲ ਨਾਲ ਪੇਟ ਨੂੰ ਸੱਜੇ ਖੱਬੇ, ਹੇਠ ਉਪਰ ਇਸ ਤਰਾਂ ਚਲਾਉਣਾ ਜਿਵੇਂ ਮਟਕੇ ਵਿਚ ਮਧਾਣੀ ਨਾਲ ਦਹੀਂ ਫੇਰੀਦੀ ਹੈ, ਇਸ ਨਾਲ ਅੰਦਰੋਂ ਆਂਦਰਾਂ ਸਾਫ ਹੋ ਜਾਂਦੀਆਂ ਹਨ।

"ਨਿਉਲੀ ਕਰਮ ਕਰੈ ਬਹੁ ਆਸਨ।"

– ਗਉ ੫, ਸੁਖ ੩, ੨:੫ (265)

ਨਿਆਉ ---- ਨਿਆਂ, ਇਨਸਾਫ

"ਤੂੰ ਸਚਾ ਆਪ ਨਿਆਉ ਸਚੁ ਤਾ ਡਰੀਐ ਕੇਤੁ।"

– ਸਿਰੀ ੪, ਵਾਰ ੫:੪ (84)

ਨਿਆਇ ---- ਇਨਸਾਫ

"ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ।"

– ਮਾਝ ੧, ਵਾਰ ੨੨ਸ, ੨, ੧:੪ (148)

ਨਿਆਈ ---- (1) ਵਾਂਗੂੰ, ਤਰਾਂ

"ਬਿਲਪ ਕਰੇ ਚਾਤ੍ਰਿਕ ਕੀ ਨਿਆਈ।"

– ਮਾਝ ੫, ੮, ੧:੨ (96)

(2) ਨਿਆਂ/ਇਨਸਾਫ ਕਰਨ ਵਾਲਾ, ਨਿਆਂਕਾਰੀ

"ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ।"

– ਮਾਝ ੫, ੧੦, ੩:੩ (97)

"ਅਗੈ ਸਭੁ ਆਪੇ ਵਰਤਦਾ ਹਰਿ ਸਚਾ ਨਿਆਈ।"

– ਬਿਲਾ ੪, ਵਾਰ ੫:੨ (851)

ਨਿਆਏ ---- ਇਨਸਾਫ, ਨਿਆਂ

"ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ।"

– ਬਿਹਾ ੫, ਛੰਤ ੧, ੧:੧ (541)

ਹੋਰ ਰੂਪ:

ਨਿਆਂਏ –

"ਪ੍ਰਭ ਹਸਿ ਬੋਲੇ ਕੀਏ ਨਿਆਂਏ।"

– ਪ੍ਰਭਾ ੫, ਅਸ ੧, ੮:੧ (1347)

ਨਿਆਮਤਿ --- (ਅ. ਨੇਮਤ) ਬਖਸ਼ਿਸ਼, ਦਾਤ

"ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ।"

– ਤਿਲੰ ੫, ੧, ੩:੧ (723)

ਨਿਆਰਉ --- ਵਖ, ਅਲਗ

"ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ।"

– ਸੋਰ ੯, ੧੧, ੧:੨ (633)

ਨਿਆਰਾ ---- (1) ਵਖ, ਅਲਗ, ਬੇਲਾਗ

"ਨਾਨ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ।"

– ਬਿਹਾ ੯, ੨, ੨:੨ (537)

(2) ਰਹਿਤ

"ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ।"

– ਜੈਤ ੯, ੩, ੧:੨ (703)

ਨਿਆਰੀ ---- ਵਖਰੀ, ਨਵੀਂ

"ਭਗਤ ਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ।"

- ਗੂਜ ੪, ਅਸ ੧, ੪:੧ (507)

ਨਿਆਰੇ ---- ਵਖਰੇ
“ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ।“
- ਦੇਵ ੯, ੨, ੧:੧ (536)

ਨਿਆਰੋ ---- ਨਿਰਲੇਪ, ਸੁਤੰਤਰ
“ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਗ ਤੇ ਨਿਆਰੋ।”
- ਸੂਹੀ ੫, ਛੰਤ ੧੧, ੩:੫ (785)

ਨਿਆਵ ---- ਇਨਸਾਫ, ਨਿਆਂ
“ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ।”
- ਸਾਰ ੪, ਵਾਰ ੭ਸ, ੧, ੨:੪ (1240)

ਨਿਸੰਕ ----- (1) ਬਿਨਾਂ ਝਿਜਕ ਦੇ ਭਾਵ ਨਿਧੜਕ ਹੋ ਕੇ
“ਬਹੁਰਿ ਕਮਾਵਹਿ ਹੋਇ ਨਿਸੰਕ।”
- ਪ੍ਰਭ ੫, ਅਸ ੨, ੨:੩ (1348)

(2) ਬੇਫਿਕਰ
“ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ।”
- ਸਲੋ ਕਬ, ੧੬੯:੧ (1373)

ਨਿਸਖਣ ---- ਖਾਲੀ
“ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ।”
- ਸਲੋ ਫਰ, ੬੭:੧ (1382)

ਨਿਸੰਗ ----- (1) ਨਿਝੱਕ
“ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ।”
- ਸੋਰ ੪, ਵਾਰ ੧ਸ ੧, ੧:੩ (642)

(2) ਨਿਰਸੰਦੇਹ
“ਧ੍ਰੂ ਕਉ ਮਿਲਿਆ ਹਰਿ ਨਿਸੰਗ।”
- ਬਸੰ ੫, ਅਸ ੧, ੧:੪ (1192)

ਹੋਰ ਰੂਪ:

ਨਿਸੰਗਾ -
“ਭੇਟੀਅਲੇ ਰਾਇ ਨਿਸੰਗਾ।”
(ਨਿਰਸੰਦੇਹ)
- ਰਾਮ ਕਬ, ੧੦, ੨:੪ (972)

ਨਿਸੰਗਾ ----- (1) ‘ਨਿਰਸਦੇਹ’, ਵੇਖੋ ‘ਨਿਸੰਗ’
(2) ਬੇਫਿਕਰ ਹੋ ਕੇ
“ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ।”
- ਸਾਰ ੫, ੩੦, ੨:੧ (1210)

ਨਿਸੰਗੁ ----- (1) ਬਿਨਾਂ ਝਿਜਕ, ਬੇਫਿਕਰ, ਬੇਪਰਵਾਹ

"ਹੁਕਮੁ ਚਲਾਏ ਨਿਸੰਗੁ ਹੋਇ ਵਰਤੈ ਅਫਰਿਆ।"
- ਸਿਰੀ ੫, ੭੨, ੩:੧ (42)

"ਮਨ ਰੇ ਸਤਿਗੁਰੁ ਸੇਵਿ ਨਿਸੰਗੁ।" (ਬੇ ਡਰ/ਸ਼ੰਕਾ ਰਹਿਤ ਹੋ ਕੇ)
- ਸਿਰੀ ੩, ਅਸ ੨੫, ੧*:੧ (69)

(2) ਭਾਵ ਪ੍ਰਤੱਖ
"ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ।"
- ਗਉ ੫, ਅਸ ੩, ੪:੪ (236)

ਨਿਸੰਗੇ ----- ਨਿਧੜਕ ਹੋਕੇ, ਬਿਨਾਂ ਝਿਜਕ/ਭੈ ਦੇ
"ਮਿਲੁ ਸਾਧਸੰਗੇ ਭਜੁ ਨਿਸੰਗੇ ਕੁਲ ਸਮੂਹਾ ਤਾਰੀਐ।"
- ਆਸਾ ੫, ਛੰਤ ੧੩, ੨:੪ (461)

ਨਿਸੰਙੁ ----- ਨਿਰਸੰਦੇਹ
"ਗੁਰਿ ਤੁਠੈ ਹਰਿ ਉਪਦੇਸਿਆ ਹਰਿ ਭੇਟਿਆ ਰਾਉ ਨਿਸੰਙੁ।"
- ਸੂਹੀ ੪, ੩, ੧*:੨ (732)

ਨਿਸਚਉ ---- ਨਿਸਚੇ
"ਸਭਿ ਫੋਕਟ ਨਿਸਚਉ ਕਰਮੰ।"
- ਆਸਾ ੧, ਵਾਰ ੧੪ਸ, ੧, ੨:੮ (470)

ਨਿਸਚੈ ----- ਨਿਸਚੇ ਨਾਲ, ਭਾਵ ਨਿਸਚੇ ਹੀ ਅਰਥਾਤ ਸਤਿ ਜਾਣੋ
"ਸਭ ਫੋਕਟ ਨਿਸਚੈ ਕਰਮੰ।"
- ਸਸ ੧, ੧:੮ (1353)

ਨਿਸਚੌ ----- ਨਿਸਚੇ (ਭਰੋਸੇ) ਨਾਲ
"ਕਹੁ ਨਾਨਕ ਨਿਸਚੌ ਧ੍ਯਾਵੈ।"
- ਸਸ ੧, ੧:੯ (1353)

ਨਿਸਤਿਰ ---- (ਸੰ.) ਤਰਕੇ
"ਹਰਿ ਸਿਮਰਤ ਜਨ ਗਏ ਨਿਸਤਰਿ ਤਰੇ।"
- ਆਸਾ ਰਵਿ, ੫, ੧*:੨ (487)

ਨਿਸਤਰਿਆ -- ਤਰ ਕੇ ਪਾਰ ਹੋ ਗਿਆ, ਤਰ ਗਿਆ
"ਹਰਿ ਚਰਣ ਜਪਤ ਨਿਸਤਰਿਆ।"
- ਸੂਹੀ ੫, ਛੰਤ ੩, ੩:੨ (779)

ਨਿਸਤਰੀ ---- ਪਾਰ ਹੋ ਗਈ ਭਾਵ ਮੁਕਤ ਹੋ ਗਈ
"ਗਊਤਮ ਸਤੀ ਸਿਲਾ ਨਿਸਤਰੀ।"
- ਗੋਂਡ ਨਾਮ, ੫, ੩:੪ (874)

ਨਿਸਤਰੀਐ -- ਤਰੀਦਾ/ਮੁਕਤ ਹੋਈਦਾ ਹੈ
"ਸੰਤਹੁ ਰਾਮ ਨਾਮਿ ਨਿਸਤਰੀਐ।"
- ਸੋਰ ੫, ੫੩, ੧*:੧ (622)

ਨਿਸਤਰੇ ---- ਤਰ ਗਏ, ਸੰਸਾਰ ਭਵ ਸਾਗਰ ਤੋਂ ਪਾਰ ਹੋ ਗਏ

“ਚਿਤ ਲਾਗਾ ਸੇਈ ਜਨ ਨਿਸਤਰੇ ਤਉ ਪਰਸਾਦੀ ਸੁਖੁ ਪਾਇਆ।”
– ਆਸਾ ੧, ਪਟੀ ੧੫:੨ (433)

ਹੋਰ ਰੂਪ:

ਨਿਸਤਰੈ –
“ਹਰਿ ਕਾ ਨਾਮੁ ਜਪਤ ਨਿਸਤਰੈ।” (ਤਰਦਾ ਹੈ)
– ਗਉ ੫, ਸੁਖ ੨, ੨:੪ (264)

ਨਿਸਤਾਰ ---- ਛੁਟਕਾਰਾ, ਪਾਰ ਉਤਾਰਾ, ਉਧਾਰ
“ਸਾਧੂ ਸੰਗਮਿ ਹੈ ਨਿਸਤਾਰ।”
– ਗਉ ੫, ੧੭੧, ੨:੨ (200)
“ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ।” (ਪਾਰ ਉਤਾਰਾ)
– ਗਉ ਕਬ, ੬੯, ੧:੨ (338)

ਨਿਸਤਾਰਹਿ -- ਪਾਰ ਉਤਾਰਾ ਦਿਤੇ
“ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਹਾਥ ਦੇਇ ਨਿਸਤਾਰਹਿ।”
– ਸਾਰ ੫, ੩੪, ੧:੨ (1211)

ਨਿਸਤਾਰਹੁ -- ਪਾਰ ਉਤਾਰ ਕਰੋ
“ਮੋਹਿ ਨਿਸਤਾਰਹੁ ਨਿਰਗੁਨੀ।”
– ਬਸੰ ੫, ੨੧, ੧*:੨ (1186)

ਨਿਸਤਾਰਣ -- ਤਾਰਣ ਵਾਲਾ, ਪਾਰ ਉਤਾਰਾ ਕਰਨ ਵਾਲਾ
“ਜਿਸੁ ਭਾਵੈ ਤਿਸ ਹੀ ਨਿਸਤਾਰਣ।”
– ਮਾਰੂ ੫, ੧੯, ੪:੪ (1005)

ਹੋਰ ਰੂਪ:

ਨਿਸਤਾਰਣੁ –
“ਗੁਰ ਕੈ ਸਬਦਿ ਭਗਤਿ ਨਿਸਤਾਰਣੁ।”
–ਮਾਰੂ ੩, ਸੋਲਾ ੧੨, ੧੧:੨ (1056)

ਨਿਸਤਾਰਾ---- ਛੁਟਕਾਰਾ, ਉਧਾਰ, ਪਾਰ ਉਤਾਰਾ, ਮੁਕਤੀ
“ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ।”
– ਸਿਰੀ ੧, ਪਹ ੨, ੨:੬ (75)
“ਹਰਿ ਆਪਿ ਕਰੇ ਆਪੇ ਨਿਸਤਾਰਾ।” (ਮੁਕਤ)
– ਗਉ ੪, ੪੪, ੩:੩ (165)
“ਹਰਿ ਸਿਉ ਜੁਰੈ ਤ ਹੋਇ ਨਿਸਤਾਰਾ।” (ਮੁਕਤੀ)
– ਗਉ ੫, ਅਸ ੬, ੧:੪ (238)
“ਗੁਰ ਕੇ ਚਰਨ ਜੀਅ ਕਾ ਨਿਸਤਾਰਾ।”
– ਧਨਾ ੫, ੫੭, ੧*:੧ (684)
(ਮਹਾਨ ਕੋਸ਼ ਇਥੇ ਅਰਥ ‘ਜਹਾਜ਼’ ਕਰਦਾ ਹੈ)

ਨਿਸਤਾਰਿ --- ਤਾਰਦਾ ਹੈ, ਪਾਰ ਉਤਾਰਾ ਕਰਦਾ ਹੈ
“ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ।”

– ਸਿਰੀ ੧, ਅਸ ੨੮, ੧੨:੩ (72)

ਨਿਸਤਾਰਿਓ -- ਪਾਰ ਉਤਾਰਾ ਕਰ ਦਿੱਤਾ
"ਬਾਹ ਪਕਰਿ ਭਵਜਲ ਨਿਸਤਾਰਿਓ।"
– ਬਸੰ ੫, ੧੭, ੨:੨ (1185)

ਨਿਸਤਾਰਿਅਨੁ ਤਾਰਿਆ/ਪਾਰ ਉਤਾਰਾ ਕੀਤਾ ਹੈ
"ਹਰਿ ਭਗਤਾ ਨੋ ਦੇਇ ਪਿਆਰੁ ਕਰਿ ਅੰਗੁ ਨਿਸਤਾਰਿਅਨੁ।"
– ਸਿਰੀ ੪, ਵਾਰ ੧੯:੫ (91)

ਨਿਸਤਾਰਿਆ – ਤਾਰਿਆ, ਪਾਰ ਉਤਾਰਾ ਕੀਤਾ
"ਆਪ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ।"
– ਸਿਰੀ ੪, ਵਾਰ ੧੧ਸ, ੩, ੧:੩ (86)

ਨਿਸਤਾਰੀ---- ਉਧਾਰ/ਪਾਰ ਉਤਾਰਾ ਹੋਣਾ, ਤਰਨਾ
"ਨਾਨਕ ਦਾਤਿ ਦਇਆ ਕਰਿ ਦੇਵੈ ਰਾਮ ਨਾਮਿ ਨਿਸਤਾਰੀ।"
– ਆਸਾ ੪, ਛੰਤ ੯, ੧:੬ (443)
"ਹਰਿ ਹਰਿ ਨਾਮੁ ਧਿਆਈਐ ਹਰਿ ਹਰਿ ਨਿਸਤਾਰੀ।" (ਪਾਰ ਕਰਦਾ ਹੈ)
– ਗੂਜ ੩, ਵਾਰ ੩:੫ (509)
"ਸੰਤਹੁ ਗੁਰਮੁਖਿ ਨਾਮਿ ਨਿਸਤਾਰੀ।" (ਤਰੀਦਾ ਹੈ)
– ਰਾਮ ੩, ਅਸ ੪, ੧*:੧ (910)

ਨਿਸਤਾਰੀਐ -- ਉਧਾਰ/ਪਾਰ ਕਰੋ
"ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜਿ ਨਿਸਤਾਰੀਐ ਰਾਮ।"
– ਤੁਖਾ ੪, ਛੰਤ ੧, ੩:੨ (1114)

ਨਿਸਤਾਰੁ --- ਉਧਾਰ, ਛੁਟਕਾਰਾ, ਪਾਰ ਉਤਾਰਾ
"ਮਾਗਉ ਕਾਹਿ ਰੰਕ ਸਭ ਦੇਖਉ ਤੁਮ ਹੀ ਤੇ ਮੇਰੋ ਨਿਸਤਾਰੁ।"
– ਬਿਲਾ ਕਬ, ੭, ੧:੨ (856)

ਨਿਸਤਾਰੇ --- ਤਾਰਦਾ ਹੈ
"ਗੁਰਮੁਖਿ ਮਧੁਸੂਦਨ ਨਿਸਤਾਰੇ।"
– ਮਾਝ ੫, ੧੩, ੨:੧ (98)

ਹੋਰ ਰੂਪ:

ਨਿਸਤਾਰੈ –
"ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ।" (ਤਾਰਦਾ ਹੈ)
– ਗਉ ੫, ਸੁਖ ੭, ੫:੨ (271)

ਨਿਸਤ੍ਰੇ ----- ਤਰ ਗਏ, ਉ–ੱਧਰ ਗਏ, ਮੁਕਤ ਹੋ ਗਏ
"ਜਿਨਿ ਜਿਨਿ ਜਪੀ ਤੇਈ ਸਭਿ ਨਿਸਤ੍ਰੇ ਤਿਨ ਪਾਇਆ ਨਿਹਚਲ ਥਾਨਾਂ ਹੇ।"
– ਮਾਰੂ ੫, ਸੋਲਾ ੪, ੮:੩ (1075)

ਨਿਸ ਬਾਸੁਰ -- ਰਾਤ ਦਿਨ ਭਾਵ ਸਦਾ, ਹਮੇਸ਼ਾਂ
"ਪ੍ਰਾਤਹ ਕਾਲ ਲਾਗਉ ਜਨ ਚਰਨੀ ਨਿਸਬਾਸੁਰ ਦਰਸੁ ਪਾਵਉ।"

– ਦੇਵ ੫, ੨੬, ੧:੧ (533)

ਨਿਸਲੁ ----- ਬੇਫਿਕਰ, ਲਤਾਂ ਪਸਾਰ ਕੇ ਸੌਣਾ
“ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਲੁ ਹੋਇ ਰਹੀਐ।’
– ਵਡ ੪, ਵਾਰ ੨੧:੪ (594)

ਨਿਸਾਰਿਓ --- ਪਾਇਆ
“ਕਰ ਮਹਿ ਅੰਮ੍ਰਿਤੁ ਆਨਿ ਨਿਸਾਰਿਓ।”
– ਆਸਾ ੫, ੭੬, ੨:੧ (389)

ਨਿਸਿ ------ (ਸੰ.) ਰਾਤ
“ਨਿਸਿ ਅੰਧਿਆਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ।”
– ਸਿਰੀ ੧, ਅਸ ੨, ੭:੧ (54)

ਨਿਸਿ ਦਿਨਿ -- ਰਾਤ ਦਿਨ, ਹਮੇਸ਼ਾਂ, ਸਦਾ
“ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ।”
– ਤਿਲੰ ੯, ੧, ੧*:੧ (726)

ਹੋਰ ਰੂਪ:

ਨਿਸਿਦਿਨੁ –
“ਨਿਸਿਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ।”
– ਸਲੋ ੯, ੨੦:੨ (1427)

ਨਿਸੀ ------ ਰਾਤ
“ਸੂਹਾ ਰੰਗੁ ਸੁਪਨੈ ਨਿਸੀ ਬਿਨੁ ਤਾਗੇ ਗਲਿ ਹਾਰੁ।”
– ਸੂਹੀ ੩, ਵਾਰ ੪ਸ, ੧, ੨:੧ (786)

ਨਿਸੁਲ ----- ਬੇਫਿਕਰ, ਲੰਮੀਆਂ ਲਤਾਂ ਕਰਕੇ ਸੌਣਾ
“ਹਰਿ ਭਗਤਾ ਕਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ।”
– ਬਿਲਾ ੪, ਵਾਰ ੨:੩ (849)

ਨਿਸ੍ਚਲ ----- ਅਟੱਲ, ਅਚੁਲ
“ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ।”
– ਸਵ ੪, ਗਯੰ ੫:੧ (1402)

ਨਿਸ੍ਤਾਰਹੁ ---- ਤਾਰ ਲਓ, ਪਾਰ ਉਤਾਰਾ ਕਰ ਲਵੋ
“ਮਾਣਸ ਜਨਮੁ ਦੇਹ ਨਿਸ੍ਤਾਰਹੁ।”
– ਸਵ ੪, ਗਯੰ ੧:੮ (1401)

ਨਿਹਸੰਗਾ --- ਬੇਲਾਗ
“ਕਮਲਾ ਕੰਤ ਕਰਹਿ ਕੰਤੂਹਲ ਅਨਦ ਬਿਨੋਦੀ ਨਿਹਸੰਗਾ।”
– ਮਾਰੂ ੫, ਸੋਲਾ ੧੧, ੬:੩ (1082)

ਨਿਹਸਾਸਨਿ -- ਬਿਨਾਂ ਸ਼ਾਸ਼ਨ ਦੇ, ਭਾਵ ਬਿਨਾਂ ਭੈ ਦੇ, ਨਿਡਰ ਹੋ
“ਸਾਸਨਿ ਸਾਸਿ ਸਾਸਿ ਬਲੁ ਪਾਈ ਹੈ ਨਿਹਸਾਸਨਿ ਨਾਮ ਧਿਆਵੈਗੋ।”

– ਕਾਨ ੪, ਅਸ ੩, ੬:੧ (1310)

ਨਿਹਕੰਟਕ --- (ਸੰ. ਕੰਡਾ) ਬਿਨਾ ਕੰਡੇ ਭਾਵ ਬਿਨਾਂ ਦੁਖ, ਦੁਖ ਤੋਂ ਰਹਿਤ
"ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ।"
– ਮਾਰੂ ੩, ਵਾਰ ੨:੧ (1087)

ਹੋਰ ਰੂਪ:

ਨਿਹਕੰਟਕੁ –
"ਨਿਹਕੰਟਕੁ ਨਿਹਕੇਵਲੁ ਕਹੀਐ।"
– ਮਾਰੂ ੫, ਸੋਲਾ ੧੧, ੧੨:੧ (1083)

ਨਿਹਕਪਟ --- ਨਿਰਛਲ ਹੋ ਕੇ, ਬਿਨਾਂ ਕਪਟ ਦੇ
"ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ।"
– ਗੋਂਡ ੪, ੫, ੩:੨ (861)

ਨਿਹਕਰਮ --- (ਸੰ.) ਜੋ ਕਰਮਾਂ ਤੋਂ ਲਿਪਤ ਨ ਹੋਵੇ, ਨਿਸ਼ਕਾਮ, ਕੰਮਾਂ ਦੇਫਲ ਦੀ ਯਾਚਨਾ ਨਾ ਕਰਨ ਵਾਲਾ
"ਕਰਮ ਕਰਤ ਹੋਵੈ ਨਿਹਕਰਮ।"
– ਗਉ ੫, ਸੁਖ ੯, ੨:੩ (274)

ਨਿਹਕਰਮਾ -- ਕਰਮਾਂ ਦੇ ਬੰਧਨ ਤੋਂ ਮੁਕਤ
"ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ।"
– ਮਾਝ ੫, ਅਸ ੩੬, ੨:੩ (131)

ਨਿਹਕਰਮੀ -- ਨਿਰਲੇਪ, ਕਰਮਾਂ ਦੇ ਬੰਧਨ ਤੋਂ ਉਤੇ
"ਸੋ ਨਿਹਕਰਮੀ ਜੋ ਸਬਦੁ ਬੀਚਾਰੇ।"
– ਮਾਝ ੩, ਅਸ ੩੨, ੨:੧ (128)

ਨਿਹਕਲੰਕ --- ਕਲੰਕ/ਦਾਗ ਰਹਿਤ
"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ਹ ਕੁਅਰ ਨਿਹਕਲੰਕ ਬਜੀਡੰਕ ਚੜ੍ਹੂ ਦਲ ਰਵਿੰਦ ਜੀਉ।"
– ਸਵ ੪, ਗਯੰ ੯:੨ (1403)

ਨਿਹਕਾਮ ---- ਨਿਸ਼ਕਾਮ, ਬੇ-ਗਰਜ਼
"ਬਰਤੀ ਬਰਤ ਰਹੈ ਨਿਹਕਾਮ।"
– ਬਿਲਾ ੧, ਥਿਤੀ ੧੬:੩ (840)

ਹੋਰ ਰੂਪ:

ਨਿਹਕਾਮਾ –
"ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ।" (ਨਿਸ਼ਕਾਮ)
– ਕੇਦਾ ਕਬ, ੧, ੩:੧ (1123)

ਨਿਹਕਾਮੀ –
"ਸੇਵਾ ਕਰਤ ਹੋਇ ਨਿਹਕਾਮੀ।" (ਬੇਗਰਜ਼)
–ਗਉ ੫, ਸੁਖ ੧੮, ੨:੧ (286)

ਨਿਹਕਾਮੁ –
"ਨਰਹਰ ਨਾਮੁ ਨਰਹਰ ਨਿਹਕਾਮੁ।"
– ਗਉ ੧, ੬, ੧*:੨ (152)

ਨਿਹਕਿੰਚਨਾ -- ਕੁਝ ਭੀ ਨਹੀਂ, ਨਿਕੰਮਾ (ਸ਼ਬਦਾਰਥ, ਦਰਪਣ/ਕੋਸ਼ ਨਿਰਧਨਤਾ (ਮਹਾਨਕੋਸ਼, ਨਿਰਣੈ)
"ਏਕੋ ਦਾਨੁ ਸਰਬ ਸੁਖ ਗੁਣ ਨਿਧਿ ਆਨ ਮੰਗਨ ਨਿਹਕਿੰਚਨਾ।"
– ਮਾਰੂ ੫, ਸੋਲਾ ੯, ੧੪:੩ (1080)

ਨਿਹਕੇਵਲ --- (1) ਨਿਰਲੇਪ
"ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ।"
– ਗਉ ੩, ੩੩, ੪:੪ (162)
"ਦਰਸਨੁ ਦੇਖਿ ਲਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ।" (ਆਜ਼ਾਦ, ਨਿਰਲੇਪ)
– ਸੂਹੀ ੧, ਛੰਤ ੩, ੧:੪ (764)
(2) ਸ਼ੁਧ, ਨਿਰਮਲ, ਪਵਿਤਰ
"ਭ੍ਰਮੁ ਭਾਉ ਕਾਟਿ ਕੀਏ ਨਿਹਕੇਵਲ ਜਬ ਤੇ ਹਉਮੈ ਮਾਰੀ।"
– ਗਉ ੫, ੧੨੮*, ੩:੧ (207)
"ਤੀਨ ਭਵਨ ਨਿਹਕੇਵਲ ਗਿਆਨੁ।"
– ਆਸਾ ੧, ਅਸ ੬, ੨:੨ (414)
ਹੋਰ ਰੂਪ:
ਨਿਹਕੇਵਲੰ –
"ਅਸਥਾਨੁ ਹਰਿ ਨਿਹਕੇਵਲੰ ਸਤਿ ਮਤੀ ਨਾਮ ਤਪੰ।"
– ਗੂਜ ੧, ਅਸ ੫, ੪:੨ (505)
ਨਿਹਕੇਵਲਾ –
"ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ।" (ਪੂਰਨ ਤੌਰ ਤੇ ਪਵਿਤਰ)
– ਗੂਜ ਜੈਦੇ, ੧, ੪:੧ (526)
(3) ਸ਼ੁਧ/ਨਿਰਮਲ/ਪਵਿੱਤਰ ਪ੍ਰਭੂ/ਹਰੀ (ਭਾਵ)
"ਮਨ ਰਤਿ ਨਾਮਿ ਰਤੇ ਨਿਹਕੇਵਲ ਆਦਿ ਜੁਗਾਦਿ ਦਇਆਲਾ।"
– ਸਾਰ ੧, ਅਸ ੨, ੩:੨ (1233)

ਨਿਹਕੇਵਲੁ --- (1) ਮੁਕਤ, ਰਹਿਤ
"ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ।"
– ਆਸਾ ੧, ਵਾਰ ੯ਸ, ੧, ੨:੧੯ (468)
(2) ਦੂਜਿਆਂ ਦੀ ਸਹਾਇਤਾ ਤੋਂ ਬਿਨਾਂ, ਸੁਤੰਤਰ
"ਜਾਵੀ ਨਾਉ ਨਰਹ ਨਿਹਕੇਵਲੁ ਰਵਿ ਰਹਿਆ ਤਿਹੁ ਲੋਈ।"
– ਸੂਹੀ ੧, ਛੰਤ ੧, ੩:੪ (763)
(3) ਨਿਰਲੇਪ/ਪਵਿਤਰ ਹਰਿ (ਭਾਵ)
"ਸਚੁ ਨਿਹਕੇਵਲੁ ਕਰਮਿ ਅਰਾਧੈ।"
– ਬਿਲਾ ੧, ਥਿਤੀ ੧੦:੨ (839)

ਨਿਹੰਗਾ ----- ਨਿਧੜਕ, ਬੇਖੌਫ, ਬੇਪਰਵਾਹ
"ਨਿਰਭਉ ਹੋਇਓ ਭਇਆ ਨਿਹੰਗਾ।"

– ਆਸਾ ੫, ੯੬, ੨:੧ (392)

ਨਿਹਚਉ ---- (1) ਨਿਸ਼ਚੇ ਹੀ, ਜ਼ਰੂਰ ਹੀ, ਯਕੀਨਨ, ਬਿਨਾਂ ਸੰਸੇ, ਨਿਰਸੰਦੇਹ, ਆਵਸ਼ਯ
"ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ।"
– ਸਿਰੀ ਕਬ, ੧, ੨:੧ (92)
"ਸ੍ਰਿਸਟਾ ਕਰੈ ਸੁ ਨਿਹਚਉ ਹੋਇ।"
– ਰਾਮ ੧, ਓਅੰ ੫੦:੨ (937)

(2) ਨਿਸਚਾ, ਯਕੀਨ
"ਗੁਰੁ ਪੂਰੇ ਤੇ ਏਹ ਨਿਹਚਉ ਪਾਈਐ।"
– ਗਉ ੫, ਥਿਤੀ ੧੨:੭ (299)

ਨਿਹਚਲ ---- (ਸੰ.) ਅਡੋਲ, ਸਥਿਰ, ਅਹਿੱਲ, ਕਾਇਮ ਰਹਿਣ ਵਾਲਾ ਅਟੱਲ
"ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ।"
– ਸਿਰੀ ੫, ੯੦, ੩:੨ (49)
"ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।"
– ਸਿਰੀ ੪, ਵਾਰ ੧ਸ, ੩, ੧:੨ (83)
"ਸਉ ਦਾ ਮਿਲਿਆ ਨਿਹਚਲ ਚੀਤ।" (ਚਿਤ ਟਿਕਾਉ ਵਿਚ ਆ ਗਿਆ)
– ਆਸਾ ੫, ੬, ੨:੪ (372)

ਨਿਹਚਲਾਇਆ ਸਦਾ ਕਾਇਮ ਰਹਿਣ ਵਾਲਾ, ਸਥਿਰ
"ਨਾਨਕ ਭਏ ਅਚਿੰਤੁ ਹਰਿ ਧਨੁ ਨਿਹਚਲਾਇਆ।"
– ਗੂਜ ੩, ਵਾਰ ੨੦:੫ (517)

ਨਿਹਚਲਾਧਾ -- ਸਦਾ ਕਾਇਮ ਰਹਿਣ ਵਾਲਾ, ਸਥਿਰ
"ਚਾਰਿ ਬਿਨਾਸੀ ਖਟਹਿ ਬਿਨਾਸੀ ਇਕ ਸਾਧ ਬਚਨ ਨਿਹਚਲਾਧਾ।"
– ਸਾਰ ੫, ੬, ੨:੨ (1204)

ਨਿਹਚਲੁ ---- ਸਦਾ ਕਾਇਮ ਰਹਿਣ ਵਾਲਾ, ਸਥਿਰ, ਅਹਿੱਲ
"ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ।"
– ਆਸਾ ੪, ਸੋਪੁ ੧, ੫:੨ (11)

ਹੋਰ ਰੂਪ:

ਨਿਹਚਲੋ –
"ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ।"
– ਮਾਰੂ ੫, ਵਾਰ ੧੯:੪ (1101)

ਨਿਹਚੈ ----- ਬਿਨਾ ਸੰਸੇ, ਨਿਸਚੇ ਹੀ ਯਕੀਨਨ
"ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ।"
– ਪ੍ਰਭਾ ਕਬ, ੨, ੬:੨ (1349)

ਨਿਹਤੇ ----- ਪਛਾੜੇ, ਢਾਹੇ, ਪਟਕਾਏ
"ਨਿਹਤੇ ਪੰਜਿ ਜੁਆ ਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ।"
– ਸਿਰੀ ੫, ਅਸ ੨੯, ੧੯:੩ (74)

ਨਿਹਫਲ ---- (ਸੰ.) ਫਲਰਹਿਤ, ਵਿਅਰਥ

"ਨਿਹਫਲ ਮਾਨੁਖੁ ਜਪੈ ਨਹੀ ਨਾਮ।"

– ਗਉ ੫, ੧੨੪, ੩:੨ (190)

"ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ।" (ਫਜ਼ੂਲ, ਨਿਕੰਮੇ ਕੰਮ)

– ਤਿਲੰ ੪, ੨, ੧:੧ (723)

ਹੋਰ ਰੂਪ:

ਨਿਹਫਲੰ –

"ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।"

– ਮਾਝ ੧, ਵਾਰ ੨੩ਸ, ੨, ੨:੧ (148)

ਨਿਹਫਲਹ --- ਨਿਸਫਲ, ਬਿਨਾ ਕਿਸੇ ਪ੍ਰਾਪਤੀ ਦੇ, ਵਿਅਰਥ

"ਆਤਮ ਰਤੰ ਸੰਸਾਰ ਗਹੰ ਤੇ ਨਰ ਨਾਨਕ ਨਿਹਫਲਹ।"

– ਸਸ ੫, ੬੫:੪ (1360)

ਨਿਹਫਲੁ ---- ਵਿਅਰਥ, ਨਿਸਫਲ, ਬਿਨਾਂ ਕਿਸੇ ਪ੍ਰਾਪਤੀ ਦੇ

"ਡਾਲੀ ਲਾਗੈ ਨਿਹਫਲੁ ਜਾਇ।"

– ਆਸਾ ੧, ੪੪, ੨:੧ (362)

"ਨਿਹਫਲੁ ਤਿਨ ਕਾ ਜੀਵਿਆ ਜਿਖਸਮੁ ਨ ਜਾਣਹਿ ਆਪਣਾ ਅਵਰੀ ਕਉ ਚਿਤੁ ਲਾਇ।"

– ਗੂਜ ੩, ਵਾਰ ੨ਸ, ੩, ੧:੫ (509)

ਨਿਹਭਾਗੜੋ -- ਅਭਾਗਾ, ਭਾਗ ਰਹਿਤ

"ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ।"

– ਟੋਡੀ ੫, ੧੯, ੧:੨ (715)

ਨਿਹਲੀਆ --- ਨਿਹਾਰਿਆ, ਵੇਖਿਆ (ਮਹਾਨ ਕੋਸ਼, ਨਿਰਣੈ, ਦਰਪਣ, ਨਿਹਾਲ ਹੋਇਆ (ਸ਼ਬਦਾਰਥ)

"ਸਾਧ ਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ।"

– ਮਾਰੂ ੫, ੧੮, ੫:੩ (1004)

ਨਿਹਾਰ ----- ਵੇਖ ਲੈ

"ਊਂਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ।"

– ਗੂਜ ੧, ਅਸ ੨, ੫:੨ (504)

ਨਿਹਾਰਉ --- (1) ਵੇਖਦਾ ਹਾਂ

"ਏਕੋ ਏਕੀ ਨੈਨ ਨਿਹਾਰਉ।"

– ਆਸਾ ੫, ੬੪, ੧:੧ (386)

(2) ਨਿਹੜਾਵਉਂ, ਨੀਵਾਂ ਕਰਾਂ

"ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ।"

– ਸੂਹੀ ੫, ੪੨, ੧:੨ (745)

ਨਿਹਾਰਹਿ --- ਵੇਖਦੇ ਹਨ

"ਏਕੁ ਨਿਹਾਰਹਿ ਆਗਿਆ ਕਾਰ।"

– ਗਉ ੫, ੮੬, ੨:੨ (181)

ਨਿਹਾਰਹੁ ---- ਵੇਖੋਗੇ

"ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ।"

- ਸਪੁ ੫, ੫*:੪ (1388)

ਨਿਹਾਰਾ ---- ਵੇਖਿਆ

"ਗੁਰ ਪਰਸਾਦੀ ਨਦਰਿ ਨਿਹਾਰਾ।"

- ਮਾਝ ੫, ੩੯, ੩:੨ (106)

ਨਿਹਾਰਿ ---- ਵੇਖ ਕੇ

"ਗਰਤ ਘੋਰ ਅੰਧ ਤੇ ਕਾਢਹੁ ਪ੍ਰਭ ਨਾਨਕ ਨਦਰਿ ਨਿਹਾਰਿ।"

- ਕਾਨ ੫, ੧੯, ੨:੨ (1301)

ਹੋਰ ਰੂਪ:

ਨਿਹਾਰਿਆ -

"ਦਾਸਹ ਏਕੁ ਨਿਹਾਰਿਆ ਸਭੁ ਕਛੁ ਦੇਵਨਹਾਰ।" (ਵੇਖਿਆ)

- ਗਉ ੫, ਬਾਅ ੩੪ਸ:੧ (257)

ਨਿਹਾਰੀ ---- ਦਰਸਨੁ ਕੀਤੇ, ਵੇਖਿਆ, ਸਮਝਿਆ

"ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ।"

- ਸੋਰ ੧, ੮, ੧*:੨ (597)

"ਹਰਿ ਕਾ ਮਾਰਗੁ ਰਿਦੈ ਨਿਹਾਰੀ।" (ਵੇਖੇ, ਸਮਝੇ, ਵਿਚਾਰੇ)

- ਧਨਾ ੫, ੫੬, ੩:੨ (684)

ਹੋਰ ਰੂਪ:

ਨਿਹਾਰੀਐ -

"ਸਚੋ ਸਚਾ ਸਚੁ ਸਚੁ ਨਿਹਾਰੀਐ।" (ਦੇਖੀਏ, ਸਮਝੀਏ)

- ਗੂਜ ੫, ਵਾਰ ੧:੨ (518)

ਨਿਹਾਰੇ ----- ਵੇਖ ਰਹੀ ਹੈ

"ਖਿਸੈ ਜੋਬਨੁ ਬਧੈ ਜਰੂਆ ਦਿਨ ਨਿਹਾਰੇ ਸੰਗਿ ਮੀਚੁ।"

- ਆਸਾ ੫, ਛੰਤ ੮, ੨:੫ (458)

ਹੋਰ ਰੂਪ:

ਨਿਹਾਰੈ -

"ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ।" (ਵੇਖਦੀ ਹੈ)

- ਗਉ ਕਬ, ੬੫, ੧:੧ (337)

"ਭਗਤ ਜਨਾ ਕੇ ਸਾਸ ਨਿਹਾਰੈ।" (ਵੇਖਦਾ ਭਾਵ ਧਿਆਨ ਰਖਦਾ ਹੈ)

- ਭੈਰ ੫, ੪੬, ੩:੨ (1149)

ਨਿਹਾਲ ----- (1) ਮੁਰਾਦਮੰਦ, ਕਿਰਤਾਰਥ, ਮਨ-ਇਛਤ ਕਾਮਨਾਵਾਂ ਪੂਰੀਆਂ ਹੋਈਆਂ ਹੋਣਾ, ਸਭ ਤਰ੍ਹਾਂ ਪ੍ਰਸੰਨ ਤੇ ਸੰਤੁਸ਼ਟ

"ਨਾਨਕ ਨਦਰੀ ਨਦਰਿ ਨਿਹਾਲ।"

- ਜਪੁ ੧, ੩੮,:੭ (8)

(2) ਨਿਹਾਰ ਦੇਖ ਲਏਂਗਾ

“ਬਿਨੁ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ।”

– ਸਿਰੀ ੧, ੯, ੨:੩ (17)

(3) (ਨਿਹਾਲ) ਅਨੰਦਿਤ, ਮਹਾਂ ਸੁਖੀ

“ਪਾਰਬ੍ਰਹਮ ਜਪਿ ਸਦਾ ਨਿਹਾਲ।”

– ਸੋਰ ੫, ੩੯, ੧*:੨ (619)

ਨਿਹਾਲਸਾ --- ਵੇਖਦੀ ਰਹਾਂ

“ਸਜਣ ਮੁਖੁ ਅਨੂਪੁ ਅਠੇ ਪਹਰ ਨਿਹਾਲਸਾ।”

– ਮਾਰੂ ੫, ਵਾਰ ੧੭ਸ, ੫, ੨:੧ (1100)

ਨਿਹਾਲਣਾ --- ਨਿਹਾਲ ਕਰਨਾ, ਅਨੰਦਿਤ/ਸੰਤੁਸ਼ਟ/ ਸੁਖੀ ਕਰਨਾ

“ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ ਨਿਹਾਲਣਾ।”

– ਮਾਰੂ ੫, ਸੋਲਾ ੬, ੭:੩ (1077)

ਨਿਹਾਲਾ ---- (1) ਸੁਖੀ, ਅਨੰਦਿਤ, ਪ੍ਰਸੰਨ

“ਚਲਿਤ ਤੁਮਾਰੇ ਪ੍ਰਗਟ ਪਿਆਰੇ ਦੇਖਿ ਨਾਨਕ ਭਏ ਨਿਹਾਲਾ।”

– ਮਾਝ ੫, ੩੩, ੪:੩ (104)

(2) ਨਿਹਾਲ/ਅਨੰਦਿਤ ਕਰਨ ਵਾਲੇ

“ਤਉ ਸਰਣਾਗਤਿ ਨਦਰਿ ਨਿਹਾਲਾ।”

– ਗਉ ੧, ਅਸ ੧੭, ੧*:੨ (228)

(3) ਵੇਖਿਆ

“ਅਭਰਤ ਸਿੰਚਿ ਭਏ ਸੁਭਰ ਸਰ ਗੁਰਮਤਿ ਸਾਚੁ ਨਿਹਾਲਾ।”

– ਸਾਰ ੧, ਅਸ ੨, ੩:੧ (1233)

ਨਿਹਾਲਿ ---- (1) ਨਿਹਾਰ/ਦੇਖ ਕੇ

“ਤ੍ਰਿਭਵਣ ਖੋਜਿ ਢੰਢੋਲਿਆ ਗੁਰਮੁਖਿ ਖੋਜਿ ਨਿਹਾਲਿ।”

– ਸਿਰੀ ੧, ੧੭, ੪:੨ (20)

“ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ।”

– ਸਿਰੀ ੧, ਅਸ ੫, ੩:੨ (56)

“ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ।” (ਵੇਖ)

– ਗਉ ੪, ਕਰ ੨, ੧:੨ (234)

“ਸੋ ਸਚੁ ਤੇਰੈ ਨਾਲਿ ਹੈ ਗੁਰਮੁਖਿ ਨਦਰਿ ਨਿਹਾਲਿ।” (ਗੁਰਾਂ ਦੁਵਾਰੇ ਨਜ਼ਰ ਨਾਲ ਵੇਖ)

– ਸੂਹੀ ੩, ਅਸ ੩, ੧੧:੧ (755)

(2) ਅਨੰਦਿਤ/ਸੁਖੀ ਕਰ

“ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ।”

– ਸਿਰੀ ੫, ੮੭, ੨:੨ (48)

“ਜੋ ਭਾਵੈ ਸੋ ਭੁੰਚਿ ਤੂ ਗੁਰਮੁਖਿ ਨਦਰਿ ਨਿਹਾਲਿ।” (ਗੁਰੂ ਰਾਹੀਂ ਹਰਿ ਦੀ ਮਿਹਰ ਦੀ ਨਜ਼ਰ ਨਾਲ ਸੁਖੀ ਹੋ ਜਾਹ)

– ਵਡ ੩, ੩, ੨:੨ (569)

ਨਿਹਾਲਿਓਨੁ -- ਨਿਹਾਲ/ਅਨੰਦਿਤ/ਸੁਖੀ ਕੀਤਾ

“ਦਾਸ ਰਖੇ ਕੰਠਿ ਲਾਇ ਨਦਰਿ ਨਿਹਾਲਿਓਨੁ।”
- ਸੋਰ ੪, ਵਾਰ ੨੮:੪ (653)

ਨਿਹਾਲਿਆ -- (1) ਦ੍ਰਿਸ਼ਟੀਗੋਚਰ ਰਖਨਾ, ਨਜ਼ਰ ਸਾਹਮਣੇ ਰਖਨਾ
“ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ।”
- ਸਿਰੀ ੪, ੭੦, ੨:੨ (42)
(2) ਵੇਖਿਆ
“ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨੑੀ ਨੇਤ੍ਰੀ ਜਗਤੁ ਨਿਹਾਲਿਆ।”
- ਆਸਾ ੧, ਵਾਰ ੧੩:੨ (470)

ਨਿਹਾਲਿਹ --- ਤਕੀਏ, ਧਿਆਨ ਵਿਚ ਰਖੀਏ
“ਸਾਹਿਬੁ ਸਮਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ।”
- ਵਡ ੧, ਅਲਾ ੨, ੧:੩ (579)

ਨਿਹਾਲੀ ---- (1) ਵੇਖਾਂ
“ਨੈਨ ਨਿਹਾਲੀ ਤਿਸੁ ਪੁਰਖ ਦਇਆਲੈ।”
- ਮਾਝ ੫, ੨੭, ੨:੨ (102)
“ਮਨ ਤਨ ਅੰਤਰਿ ਤੁਧੁ ਨਦਰਿ ਨਿਹਾਲੀ।” (ਵੇਖਦਾ ਹਾਂ)
-ਮਾਝ ੫, ਅਸ ੩੭, ੬:੨ (132
(2) ਰਜਾਈ, ਤੁਲਾਈ
“ਲਾਲ ਨਿਹਾਲੀ ਫੂਲ ਗੁਲਾਲਾ।”
- ਗਉ ੧, ਅਸ ੧੦, ੨:੨ (225)
(3) ਨਿਹਾਲ/ਅਨੰਦਿਤ ਹੁੰਦੀ ਹਾਂ
“ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ।”
- ਰਾਮ ੫, ਵਾਰ ੧੭ਸ, ੫, ੧:੨ (964)

ਨਿਹਾਲੀਐ --- ਵੇਖਿਆ ਜਾਂਦਾ ਹੈ
“ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ।”
- ਸਿਰੀ ੧, ੧੫, ੨:੩ (19)
“ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ।” (ਵੇਖੋ)
- ਮਾਝ ੫, ੨੮, ੪:੩ (102)

ਨਿਹਾਲੁ ----- (1) ਸੁਖੀ, ਅਨੰਦਿਤ, ਖੁਸ਼
“ਅੰਦਰੁ ਲਗਾ ਰਾਮ ਨਾਮਿ ਅੰਮ੍ਰਿਤ ਨਦਰਿ ਨਿਹਾਲੁ।”
- ਸਿਰੀ ੫, ੮੬, ੧:੩ (98)
“ਹਰਿ ਤੁਧਹੁ ਬਾਹਰਿ ਕਿਛੁ ਨਹੀ ਗੁਰਸਬਦੀ ਵੇਖਿ ਨਿਹਾਲੁ।”
- ਸਿਰੀ ੪, ਵਾਰ ੭:੫ (85)
(2) ਦੇਖ ਲੈ
“ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ।”
- ਮਾਝ ੧, ਵਾਰ ੨੦ਸ, ੧, ੨:੨ (147)

ਨਿਹਾਲੇ ----- (1) ਵੇਖਦਾ ਹੈ
“ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ।”

– ਸਿਰੀ ੫, ਛੰਤ ੨, ੧:੫ (79)

(2) ਅਨੰਦਿਤਾ/ਸੁਖ ਕਰ ਦਿੰਦਾ ਹੈ
"ਸਚਾ ਸਾਹਿਬੁ ਸਚੀ ਨਾਈ ਵੇਖੈ ਨਦਰਿ ਨਿਹਾਲੇ।"
– ਵਡ ੫, ਅਲਾ ੩, ੧:੫ (584)

ਨਿਹੋਰ ----- ਅਹਿਸਾਨ, ਮੁਥਾਜੀ
"ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ।"
– ਕੇਦਾ ੫, ੧੦, ੨:੨ (1121)

ਨਿਹੋਰਾ ----- (1) ਬੇਨਤੀ, ਪ੍ਰਾਰਥਨਾ, ਮਿੰਨਤ
"ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ।"
– ਗਉ ੫, ੧੨੧*, ੧:੧ (204)
"ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ।"
– ਸਾਰ ੫, ੧੫, ੩:੧ (1207)
(2) ਮੁਥਾਜੀ, ਅਹਿਸਾਨ
"ਤਬ ਕਾਹੂ ਕਾ ਕਵਨੁ ਨਿਹੋਰਾ।"
– ਗਉ ਕਬ, ੨੨, ੧*:੨ (328)

ਹੋਰ ਰੂਪ:

ਨਿਹੋਰੋ –
"ਕਾਟਿ ਸਿਲਕ ਕੀਨੋ ਅਪੁਨੋ ਦਾਸਰੋ ਤਉ ਨਾਨਕ ਕਹਾ ਨਿਹੋਰੋ।"
– ਸੋਰ ੫, ੩੫, ੨:੨ (618)

ਨਿਕ ------ ਨਿੱਕਾ
"ਕਿਆ ਹਮ ਕਿਰਮ ਨਾਨ੍ ਨਿਕ ਕੀਰੇ ਤੁਮ੍ ਵਡ ਪੁਰਖ ਵਡਾਗੀ।"
– ਧਨਾ ੪, ੨, ੩:੧ (667)

ਨਿਕਸਤ ---- ਨਿਕਲਦਾ
"ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ।"
– ਸਲੋ ੯, ੩੭:੧ (1428)

ਨਿਕਸਾਈ --- (ਸੰ.) ਕਢਵਾਈ, ਕੱਢ ਦਿਤੀ
"ਜਉ ਗੁਰਦੇਵ ਸਿਹਜ ਨਿਕਸਾਈ।"
– ਭੈਰ ਨਾਮ, ੧੧, ੬:੪ (1167)

ਨਿਕਸਿ ----- ਨਿਕਲ, ਭਜਾ ਜਾਂਦਾ
"ਨਿਕਸਿ ਜਾਤਉ ਰਹੇ ਅਸਥਿਰੁ ਜਾਮਿ ਸਚੁ ਪਛਾਣਿਆ।" (ਨਿਕਲ ਜਾਣ ਵਾਲਾ ਟਿੱਕ ਨ ਰਹਿਣ ਵਾਲਾ ਮਨ)
– ਗਉ ੧, ਛੰਤ ੧, ੩:੪ (242)
"ਕਮਲ ਹੇਤਿ ਬਿਨਸਿਓ ਹੈ ਭਵਰਾ ਉਨਿ ਮਾਰਗੁ ਨਿਕਸਿ ਨ ਪਾਇਓ।" (ਨਿਕਲਣ ਦਾ)
– ਧਨਾ ੫, ੨, ੧:੨ (670)

ਨਿਕਸਿਓ --- (1) ਨਿਕਲਿਆ ਭਾਵ ਪੈਦਾ ਹੋਇਆ

"ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ।"
– ਸਿਰੀ ੧, ੧੪, ੧:੨ (19)
(2) ਬਾਹਰ ਨਿਕਲਣਾ
"ਬੂਡਤ ਘੋਰ ਅੰਧ ਕੂਪ ਮਹਿ ਨਿਕਸਿਓ ਮੇਰੇ ਭਾਈ ਰੇ।"
– ਆਸਾ ੫, ੨੬, ੧*:੨ (377)
"ਗਰਭ ਜੋਨਿ ਛੋਡਿ ਜਉ ਨਿਕਸਿਓ ਤਉ ਲਾਗੋ ਅਨਠਾਂਹੀ।"
– ਸਾਰ ੫, ੧੬, ੧:੨ (1207)
(3) ਨਿਕਲਿਆ ਭਾਵ ਛੁਟਕਾਰਾ ਪਾਇਆ, ਮੁਕਤ ਹੋਇਆ
"ਸਾਧਸੰਗਿ ਇਨ ਦੁਖ ਤੇ ਨਿਕਸਿਓ ਨਾਨਕ ਏਕ ਪਰੀਤ।"
– ਧਨਾ ੫, ੯, ੪:੨ (673)
(4) ਨਿਕਲਣਾ ਭਾਵ ਲੰਘਣਾ
"ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ।"
– ਸਲੋ ਕਬ, ੧੧੪:੧ (1370)

ਨਿਕਸਿਆ --- (1) ਬਾਹਰ ਨਿਕਲਣਾ
"ਨਿਕਸਿਆ ਫੂਕ ਤ ਹੋਇ ਗਇਓ ਸੁਆਹਾ।"
– ਆਸਾ ੫, ੮੬, ੨:੪ (392)
"ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ।"
– ਗੂਜ ੩, ਵਾਰ ੪ਸ, ਕਬ, ੧:੨ (509)
(2) ਨਿਕਲਣਾ ਭਾਵ ਵੱਖ ਹੋਣਾ
"ਅੰਭੈ ਸੇਤੀ ਅੰਭੁ ਰਲਿਆ ਬਹੁੜਿ ਨ ਨਿਕਸਿਆ ਜਾਇ।"
– ਰਾਮ ੩, ਵਾਰ ੧ਸ, ੩, ੧:੫ (947)

ਨਿਕਸੀ ----- (1) ਬਾਹਰ ਨਿਕਲਣਾ, ਵਖ ਹੋਣਾ
"ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ।"
– ਸਿਰੀ ੧, ੩੧, ੧:੨ (25)
(2) ਨਿਕਲ ਗਈ ਭਾਵ ਭਜ ਗਈ, ਮੁਕ ਗਈ
"ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ।"
– ਮਾਝ ੫, ੨੪, ੨:੩ (101)
(3) ਨਿਕਲੀ, ਭਾਵ ਰਹੀ
"ਧਰਮ ਰਾਇ ਜਸ ਲੇਖਾ ਮਾਗੈ ਬਾਕੀ ਨਿਕਸੀ ਭਾਰੀ।"
– ਮਾਰੂ ਕਬ, ੭, ੨:੧ (1104)

ਨਿਕਸੁ ----- ਨਿਕਲਣਾ
"ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ।"
– ਸਿਰੀ ੫, ੯੧, ੩:੨ (50)

ਨਿਕਸੇ ----- ਨਿਕਲ ਗਏ
'ਭਰਮ ਮੋਹ ਧ੍ਰੋਹ ਸਭਿ ਨਿਕਸੇ ਜਬ ਕਾ ਦਰਸਨੁ ਪਾਇਆ।"
– ਆਸਾ ੫, ੪, ੪:੧ (380)
"ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ।" (ਪਾਰ ਹੋ ਗਏ)
– ਰਾਮ ੧, ਓਅੰ ੩੧:੨ (933)

ਹੋਰ ਰੂਪ:

ਨਿਕਸੈ –
“ਬਿਸੀਅਰੁ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ।” (ਨਿਕਲੇਗੀ)
– ਗਉ ੪, ੬੧, ੩:੨ (171)
“ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬਰੇ ਧਰਮ ਕੀ ਆਸ ਕਰੈ।” (ਨਿਕਲਦੇ, ਉਚਾਰਨ ਕੀਤੇ ਜਾਂਦੇ)
– ਆਸਾ ਕਬ, ੧੫, ੩:੨ (479)
“ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ।”
(ਨਿਕਲਦਾ/ਵਖ ਹੁੰਦਾ)
– ਧਨਾ ਕਬ, ੩, ੧:੨ (692)
“ਏਹੁ ਮਨੁ ਮਾਇਆ ਮੋਹਿਆ ਅਉਧੁ ਨਿਕਸੈ ਸਬਦਿ ਵਿਚਾਰੀ।” (ਨਿਕਲਦਾ ਭਾਵ ਬਚਦਾ ਹੈ)
– ਰਾਮ ੧, ਅਸ ੯, ੨੪:੧ (908)

ਨਿਕਸੋ ----- ਨਿਕਲੇ ਭਾਵ ਲੰਘੇ
“ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ।”
– ਸਲੋ ਕਬ, ੫੮:੨ (1367)

ਨਿਕਚੁ ----- ਨਿਪਟ ਕਚਾ, ਬਿਲਕੁਲ ਕਚਾ
“ਜੋ ਮਰਿ ਜੰਮੇ ਸੁ ਕਚੁ ਨਿਕਚੁ।”
– ਆਸਾ ੧, ਵਾਰ ੨ਸ, ੧, ੧:੧੨ (463)

ਨਿਕਟ ----- (ਸੰ.) ਨੇੜੇ, ਨਜ਼ਦੀਕ, ਪਾਸ
“ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿ ਭਗਾਤ।”
– ਸਾਰ ੪, ੮, ੨:੧ (1200)

ਨਿਕਟਵਰਤੀ – ਕੋਲ/ਨੇੜੇ ਰਹਿਣ ਵਾਲਾ, ਭਾਵ ਮੁਸਾਹਿਬ
“ਜਾਂ ਚੈ ਘਰਿ ਨਿਕਟਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।”
– ਮਲਾ ਨਾਮ, ੧, ੫:੧ (1292)

ਨਿਕਟਾਇਓ -- ਨੇੜੇ, ਕੋਲ
“ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ।”
– ਸੋਰ ੫, ੬੧, ੩:੧ (624)

ਨਿਕਟਾਨੀ --- ਨੇੜੇ, ਪਾਸ, ਕੋਲ
“ਰੋਗ ਸੋਗ ਦੁਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ।”
– ਟੋਡੀ ੫, ੧, ੨:੧ (711)

ਨਿਕਟਿ ----- ਨੇੜੇ, ਕੋਲ, ਪਾਸ
“ਹਰਿ ਸੰਤਹੁ ਦੇਖਹੁ ਨਦਰਿ ਕਰਿ ਨਿਕਟਿ ਵਸੈ ਭਰਪੂਰਿ।”
– ਸਿਰੀ ੩, ੩੭, ੨:੧ (27)

ਨਿਕਟੀ ----- ਨੇੜੇ/ਪਾਸ/ਕੋਲ/ਅੰਗ ਸੰਗ ਰਹਿਣ ਵਾਲਾ
"ਸੇਵਕ ਕਉ ਨਿਕਟੀ ਹੋਇ ਦਿਖਾਵੈ।"
– ਆਸਾ ੫, ੧੨੯, ੧*:੧ (403)

ਨਿਕਟੇ ----- ਨੇੜੇ/ਕੋਲ ਹੀ
"ਹੈ ਨਿਕਟੇ ਘਰੁ ਭੇਦੁ ਨ ਪਾਇਆ।"
– ਭੈਰ ੫, ੧੬, ੧:੩ (1139)

ਨਿਕਥਾ ----- ਨਿਕਲਿਆ
"ਲੋਹੂ ਲਬੁ ਨਿਕਥਾ ਵੇਖੁ।"
– ਰਾਮ ੩, ਵਾਰ ੧੯ਸ, ੧, ੨:੬ (956)

ਨਿਕਲਹਿ --- (1) ਚਿਤ੍ਰਿਤ ਹੋਣਾ
"ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ।"
– ਸਿਰੀ ੧, ੬, ੨:੨ (16)

(2) ਬਾਹਰ ਆਉਣਾ
"ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ।"
– ਮਾਝ ੧, ਵਾਰ ੧੭ਸ, ੧, ੧:੪ (146)
"ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ।"
– ਸਾਰ ੪, ਵਾਰ ੫ਸ, ੨, ੨:੩ (1239)

ਨਿਕਲਾਵੈ --- ਬਾਹਰਿ ਕਢਾਵੈ
"ਤ੍ਰਾਹਿ ਤ੍ਰਾਹਿ ਸਰਨਿ ਜਨ ਆਏ ਗੁਰੁ ਹਾਥੀ ਦੇ ਨਿਕਲਾਵੈਗੋ।"
– ਕਾਨ ੪, ਅਸ ੫, ੪:੨ (1311)

ਨਿਕਲਿ ----- (1) ਬਾਹਰ ਆਉਣਾ
"ਵਿਚਹੁ ਗਰਬੈ ਨਿਕਲਿ ਆਇਆ।"
– ਮਾਰੂ ੫, ੩੧, ੩:੧ (1007)

(2) ਪ੍ਰਗਟ ਹੋਣਾ, ਸਾਹਮਣੇ ਆਉਣਾ
"ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ।"
– ਸਾਰ ੪, ਵਾਰ ੮ਸ, ੧, ੧:੩ (1240)

ਨਿਕਲੀ ----- ਬਾਹਰ ਆਉਣਾ
"ਲੋਭ ਵਿਕਾਰ ਨਾਵ ਡੁਬਦੀ ਨਿਕਲੀ ਜਾ ਸਤਿਗੁਰਿ ਨਾਮੁ ਦਿੜਾਏ।"
– ਆਸਾ ੪, ਛੰਤ ੯, ੨:੪ (443)

ਨਿਕਲੇ ----- ਛੁਟ ਗਏ
"ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ।"
– ਸਿਰੀ ੫, ੭੩, ੩:੩ (43)

ਨਿਕਲੈ ----- (1) ਬਪੁਰ ਆਵੇ
"ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ ਕਿਆ ਕੋਈ ਕਰੇ ਵੇਚਾਰਾ।"
– ਆਸਾ ੪, ਛੰਤ ੧੭, ੨:੩ (449)

(2) ਦੂਰ ਹੋਵੇ

“ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ।”
- ਗੂਜ ੩, ੩, ੩:੨ (490)

ਨਿਕਾਚੇ ----- ਨਿਰੋਲ ਕੱਚੇ
“ਜੋ ਮਰਿ ਜੰਮਹਿ ਕਾਚ ਨਿਕਾਚੇ।”
- ਮਾਰੂ ੩, ਸੋਲਾ ੧੨, ੬:੨ (1055)

ਨਿਕਾਣਿਆ -- ਬੇ ਮੁਥਾਜ
“ਸਾਧੂ ਸੰਗਿ ਉਧਾਰੁ ਭਏ ਨਿਕਾਣਿਆ।”
- ਮਲਾ ੧, ਵਾਰ ੨੭:੪ (1291)

ਨਿਕਾਣੀ ---- ਬੇਮੁਥਾਜ, ਬੇਪਰਵਾਹ
“ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ।”
- ਸੂਹੀ ੫, ਛੰਤ ੪, ੪:੪ (779)

ਨਿਕਾਣੇ ---- ਬੇਪਰਵਾਹ, ਬੇਮੁਥਾਜ
“ਕਹੁ ਨਾਨਕ ਜਿਨ ਸਤਿਗੁਰੁ ਭੇਟਿਆ ਸੇ ਸਭ ਤੇ ਭਏ ਨਿਕਾਣੇ।”
- ਸੂਹੀ ੫, ੫੧, ੪:੨ (748)

ਨਿਕਾਮੀ ---- ਨਿਕੰਮੀ
“ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ।”
- ਮਾਰੂ ੫, ਵਾਰ ੧੪:੨ (1099)

ਨਿਕਾਰਿ ---- ਨਿਕਾਲ, ਕੱਢ
“ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ।”
- ਦੇਵ ੯, ੨, ੧:੨ (536)

ਨਿਕਾਲਾ ---- ਬਾਹਰ ਕੱਢਣ ਦਾ ਭਾਵ, ਇਥੇ ਦੇਸ਼ ਨਿਕਾਲਾ
“ਰੋਵੈ ਰਾਮੁ ਨਿਕਾਲਾ ਭਇਆ।”
- ਰਾਮ ੩, ਵਾਰ ੧੪ਸ, ੧, ੧:੫ (953)

ਨਿਕਾਲਿਅਨੁ - ਬਾਹਰ ਕਢੇ
“ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ।”
- ਰਾਮ ਬਸ, ਵਾਰ ੪:੪ (967)

ਨਿਕੀ ------ ਛੋਟੀ, ਲਘੂ ਅਕਾਰ ਦੀ
“ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।”
- ਰਾਮ ੩, ਅਨੰ ੧੪:੪ (918)

ਨਿਕੁਟੀ ----- ਛੋਟੀ, ਨਿਕੀ
“ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ।”
- ਸਿਰੀ ਬੇਣੀ, ੧, ੫:੧ (93)

ਨਿਕੋਰ ----- ਨਿਰੋਲ
“ਸਪੈ ਦੁਧੁ ਪੀਆਈਐ ਅੰਦਰਿ ਵਿਸੁ ਨਿਕੋਰ।”
- ਸੂਹੀ ੩, ਅਸ ੩, ੧੬:੨ (755)

ਨਿਖੰਜਨੁ ---- ਨਾਸ ਕਰਨ ਵਾਲਾ

“ਭੈ ਭੈਜਨੁ ਅਤਿ ਪਾਪ ਨਿਖੰਜਨੁ ਮੇਰਾ ਪ੍ਰਭੁ ਅੰਤਿ ਸਖਾਈ।”

- ਰਾਮ ੩, ਅਸ ੩, ੨੦:੧ (910)

ਨਿਖੰਜਨੋ ---- ਨਾਸ/ਨਿਕੰਮਾ/ਨਿਰਅਸਰ ਕਰ ਦੇਣ ਵਾਲਾ

“ਅੰਤਿ ਚਲਦਿਆ ਹੋਇ ਬੇਲੀ ਜਮਦੂਤ ਕਾਲੁ ਨਿਖੰਜਨੋ।”

- ਰਾਮ ਸੁੰਦ, ਸਦ ੨:੪ (923)

ਨਿਖਿਅਉ --- ਅਬਿਨਾਸੀ, ਨਾਸ ਰਹਿਤ

“ਤਉ ਹੋਇ ਨਿਖਿਅਉ ਅਖੈ ਪਦੁ ਲਹੈ।”

- ਗਉ ਕਬ, ਬਾਅ ੮:੪ (340)

ਨਿਖੁਟਈ --- ਮੁਕੇ, ਘਟ ਹੋਏ

“ਅੰਤਰਿ ਨਵਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ।”

- ਸੂਹੀ ੩, ਅਸ ੩, ੩੨:੨ (756)

ਨਿਖੁਟਸੀ --- ਮੁਕਣਾ, ਖਤਮ ਹੋਣਾ

“ਕਰਤਾ ਕਰੇ ਸੁ ਹੋਗੁ ਕੂੜੁ ਨਿਖੁਟਸੀ।”

- ਮਲਾ ੧, ਵਾਰ ੨੬:੮ (1290)

ਨਿਖੁਟਤ ---- ਖਤਮ ਹੋਣਾ, ਮੁਕਣਾ

“ਪੀਵਿ ਰਹੇ ਜਲ ਨਿਖੁਟਤ ਨਾਹੀ।”

- ਗਉ ਕਬ, ੧, ੩:੨ (323)

“ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ।”

- ਸਾਰ ੫, ੮੦, ੨:੧ (1220)

ਨਿਖੁਟਿ ----- ਮੁਕਣਾ, ਖਤਮ ਹੋਣਾ

“ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ।”

- ਗਉ ੫, ਵਾਰ ੯ਸ, ੫, ੧:੩ (320)

ਨਿਖੁਟੀ ----- ਮੁਕ ਗਈ, ਖਤਮ ਹੋ ਗਈ

“ਤੂਟੇ ਤਾਗੇ ਨਿਖੁਟੀ ਪਾਨਿ।”

- ਗੋਂਡ ਕਬ, ੬, ੧:੧ (871)

ਨਿਖੁਟੀਅਸੁ -- ਖਤਮ ਹੋ ਗਈਆਂ, ਮੁਕ ਗਈਆਂ

“ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ।”

- ਗਉ ੪, ਵਾਰ ੩੨:੬ (317)

ਨਿਖੁਟੇ ----- ਖਤਮ ਹੋ ਭਾਵ ਨਾਸ ਹੋ ਜਾਂਦਾ ਹੈ, ਹਾਰ ਜਾਂਦਾ ਹੈ

“ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।”

- ਰਾਮ ੩, ਵਾਰ ੧੩ਸ, ੧, ੨:੬ (953)

ਹੋਰ ਰੂਪ:

ਨਿਖੁਟੈ -

“ਅਖੁਟੁ ਨਾਮ ਧਨੁ ਕਦੇ ਨਿਖੁਟੈ ਨਾਹੀ ਕਿਨੈ ਨ ਕੀਮਤਿ ਹੋਇ।” (ਮੁਕੇ)
– ਸੋਰ ੩, ੨, ੧:੨ (600)

ਨਿਖੁਟਸਿ --- ਮੁਕਦਾ, ਖਤਮ ਹੁੰਦਾ
“ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੁਟਸਿ ਨਾਹਿ।”
– ਆਸਾ ੧, ੩੨, ੪:੨ (358)

ਨਿਖੁਟਾ ----- ਮੁਕ ਗਿਆ, ਖਤਮ ਹੋ ਗਿਆ
“ਬਾਤੀ ਸੂਕੀ ਤੇਲੁ ਨਿਖੁਟਾ।”
– ਆਸਾ ਕਬ, ੧੧, ੧:੧ (478)

ਨਿਖੁਟਿ ----- ਮੁਕ
“ਦੂਖ ਅਨੇਰਾ ਭੈ ਬਿਨਾਸੇ ਪਾਪ ਗਏ ਨਿਖੁਟਿ।”
– ਗੂਜ ੫, ੨੯, ੧:੨ (502)

ਨਿਖੁਟੈ ----- ਮੁਕੇ, ਖਤਮ ਹੋਵੇ
“ਜਾ ਕਾ ਦਾਨੁ ਨਿਖੁਟੈ ਨਾਹੀ।”
– ਆਸਾ ੫, ੯੯, ੨:੧ (395)

ਨਿਖੇਧ ----- ਮਨਾਹੀ ਵਾਲੇ, ਅਯੋਗ
“ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ।”
– ਧਨਾ ਕਬ, ੫, ੪:੧ (692)

ਨਿਖੇਧਿਆ --- ਨਿਰਾਦਰਿਆ, ਨਿਕਾਰਿਆ, ਨਿੰਦਿਆ
“ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ।”
– ਕੇਦਾ ੫, ਛੰਤ ੧, ੩:੪ (1122)

ਨਿਗਹਾਰ ---- ਨਿਗਾਹ ਵਿਚ ਰਖਨ ਵਾਲੇ ਭਾਵ ਜਮਦੂਤ
“ਜਬ ਤੇ ਸਾਧੂ ਸੰਗੁ ਭਇਆ ਤਉ ਛੋਡਿ ਗਏ ਨਿਗਹਾਰ।”
– ਮਾਰੂ ੫, ੧੪, ੨:੧ (1002)

ਨਿਗਤਿਆ --- ਜਿਨ੍ਹਾਂ ਦੀ ਕੋਈ ਗਤੀ ਨਹੀਂ, ਦੁਰਗਤ ਵਾਲੇ
“ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ।”
– ਸਾਰ ੫, ੧, ੨:੧ (1202)

ਨਿਗਮ ----- ਵੇਦਾਂ ਦਾ ਮੰਤਰ ਭਾਗ ਭਾਵਾ ਵੇਦ
“ਗੁਣ ਗੂੜ ਗੁਪਤ ਅਪਾਰ ਕਰਤੇ ਨਿਗਮ ਅੰਤੁ ਨ ਪਾਵਹੇ।”
– ਆਸਾ ੫, ਛੰਤ ੧੦, ੩:੩ (459)

“ਜਾ ਕੇ ਨਿਗਮ ਦੂਧ ਕੇ ਠਾਟਾ।” (ਭਾਵ ਧਰਮ ਪੁਸਤਕਾਂ)
– ਸੋਰ ਕਬ, ੫, ੧:੧ (655)

ਹੋਰ ਰੂਪ:

ਨਿਗਮੰ –
“ਨਚ ਬਿਦਿਆ ਨਿਧਾਨ ਨਿਗਮੰ ਨਚ ਗੁਣਗ੍ਯ ਨਾਮ ਕੀਰਤਨਹ।”
– ਸਸ ੫, ੩੧:੧ (1356)

ਨਿਗਮੁ –
“ਪਹਿਲਾ ਆਗਮੁ ਨਿਗਮੁ ਨਾਨਕੁ ਆਖਿ ਸੁਣਾਏ ਪੂਰੇ ਗੁਰ ਕਾ ਬਚਨੁ ਉਪਰਿ ਆਇਆ।” (ਵੇਦ ਭਾਵ ਗਿਆਨ)
– ਗਉ ੪, ਵਾਰ ੮ਸ, ੪, ੨:੭ (304)

ਨਿਗੁਸਾਂਏ --- ਨਿਗੁਰੇ, ਨਿਖਸਮੇ
“ਕਬੀਰ ਨਿਗੁਸਾਂਏ ਬਹਿ ਗਏ ਥਾਂਘੀ ਨਾਹੀ ਕੋਇ।”
– ਸਲੋ ਕਬ, ੫੧:੧ (1367)

ਨਿਗੁਣੀਆ -- ਗੁਣ ਵਿਹੂਣੀ, ਗੁਣਾਂ ਰਹਿਤ
“ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰ ਅਗਮ ਅਪਾਰਾ।”
– ਗਉ ੩, ਛੰਤ ੩, ੪:੧ (245)

ਨਿਗੁਰਾ ----- ਜਿਸ ਦਾ ਕੋਈ ਗੁਰੂ ਨਹੀਂ, ਗੁਰੂਹੀਨ
“ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ।”
– ਮਾਝ ੩, ਅਸ ੧੪, ੨:੩ (117)

ਨਿਗੁਰਿਆ --- ਜਿੰਨਾਂ ਦਾ ਕੋਈ ਗੁਰੂ ਨਹੀਂ
“ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ।”
– ਮਾਰੂ ੧, ੧੦, ੩:੧ (992)

ਨਿਗੁਰੀ ----- ਗੁਰੂ ਰਹਿਤ
“ਵਡਾ ਦਾਤਾ ਗੁਰਮੁਖਿ ਜਾਤਾ ਨਿਗੁਰੀ ਅੰਧ ਫਿਰੈ ਲੋਕਾਈ।”
– ਰਾਮ ੩, ਅਸ ੪, ੧੨:੧ (912)

ਨਿਗੁਰੇ ----- ਗੁਰੂ ਰਹਿਤ
“ਨਿਗੁਰੇ ਕਉ ਗਤਿ ਕਾਈ ਨਾਹੀ।”
– ਆਸਾ ੩, ੪੦, ੩:੩ (361)

ਨਿਗ੍ਰਹ ----- ਮਨ ਇੰਦ੍ਰੀਆਂ ਨੂੰ ਰੋਕਨ ਦੀ ਕਿਰਿਆ
“ਪਾਂਚਉ ਇੰਦ੍ਰੀ ਨਿਗ੍ਰਹ ਕਰਈ।”
– ਗਉ ਕਬ, ਬਾਅ ੨੭:੩ (341)

ਹੋਰ ਰੂਪ:

ਨਿਗ੍ਰਹਿ –
“ਨਾਮ ਬਿਨਾ ਗਤਿ ਕੋਇ ਨ ਪਾਵੈ ਹਠਿ ਨਿਗ੍ਰਹਿ ਬੇਬਾਣੈ।”
– ਗਉ ੧, ਛੰਤ ੨, ੩:੫ (243)

ਨਿਗ੍ਰਹੁ –
“ਹਠੁ ਨਿਗ੍ਰਹੁ ਕਰਿ ਕਾਇਆ ਛੀਜੈ।”
– ਰਾਮ ੧, ਅਸ ੫, ੧:੧ (905)

ਨਿਘਰਤ ---- ਧਸਦੇ, ਗਡੇ ਜਾਂਦੇ, ਨਿਘਰਦੇ ਜਾਂਦੇ
“ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ।”
– ਆਸਾ ੨, ਛੰਤ ੧੨, ੪:੨ (447)

ਹੋਰ ਰੂਪ:

ਨਿਘਰਤੁ –
“ਪੰਕਜ ਮੋਹ ਨਿਘਰਤੁ ਹੈ ਪ੍ਰਾਨੀ ਗੁਰੁ ਨਿਘਰਤ ਕਾਢਿ ਕਢਾਵੈਗੋ।”
– ਕਾਨ ੪, ਅਸ ੫, ੪;੧ (1311)

ਨਿਘਰਿਆ --- ਬੇਘਰੇ
“ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ।”
– ਸਲੋ ਫਰ, ੬੩:੧ (1382)

ਨਿਚੰਦੁ ----- ਬੇਫਿਕਰ
“ਅਹਿਨਿਸਿ ਭਗਤਿ ਕਰੇ ਦਿਨੁ ਰਾਤੀ ਹਉਮੈ ਮਾਰਿ ਨਿਚੰਦੁ।”
– ਸਿਰੀ ੩, ੪੧, ੨:੨ (29)

ਨਿਚਿੰਦ ----- ਨਿਸਚਿੰਤ, ਬੇਫਿਕਰ
“ਹਰਿ ਬਿਨੁ ਕੋਈ ਮਾਰਿ ਜੀਵਾਲਿ ਨ ਸਕੈ ਮਨ ਹੋਇ ਨਿਚਿੰਦ ਨਿਸਚੁ ਹੋਇ ਰਹੀਐ।”
– ਵਡ ੪, ਵਾਰ ੨੧:੪ (594)

ਹੋਰ ਰੂਪ:

ਨਿਚਿੰਦਾ –
“ਲਬੁ ਲੋਭੁ ਤਜਿ ਹੋਹੁ ਨਿਚਿੰਦਾ।”
– ਮਾਰੂ ੧, ਸੋਲਾ ੨੧, ੧:੨ (1041)

ਨਿਚਿੰਦੁ –
“ਲਾਲਿ ਰਤੀ ਲਾਲੀ ਭਈ ਗੁਰਮੁਖਿ ਭਈ ਨਿਚਿੰਦੁ।” (ਬੇਫਿਕਰ)
– ਰਾਮ ੧, ਓਅੰ ੧੨:੪ (931)

ਨਿਚੀਜਿਆ -- ਨਿਕੰਮੇ, ਤੁਛ, ਅਦਨੇ
“ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ।”
– ਸੋਰ ੫, ੬੨, ੧*:੨ (624)

ਨਿਜ ------ (1) ਆਪਣੇ, ਜੋ ਪਰਾਇਆ ਨਹੀਂ
“ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।”
– ਗਉ ੫, ਸੋਹ ੫, ੩:੨ (13)

(2) ਖਾਸ, ਵਿਸ਼ੇਸ਼
“ਨਿਜ ਭਗਤੀ ਸੀਲਵੰਤੀ ਨਾਰਿ।” (ਖਾਸ ਭਗਤੀ ਜੋ ਪ੍ਰਭੂ ਤੋਂ ਬਿਨਾਂ ਕਿਸੇ ਹੋਰ ਦੀ ਨ ਹੋਵੇ)
– ਆਸਾ ੫, ੩, ੧:੧ (370)

“ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ।”
(ਖਾਸ ਭਗਤ)
– ਬਿਲਾ ੪, ਅਸ ੩, ੩:੧ (834)

ਨਿਜਸੁਖ ---- ਆਪਣੇ ਨਾਲ ਸਦਾ ਟਿੱਕੇ ਰਹਿਣ ਵਾਲਾ ਅਨੰਦ, ਭਾਵ ਆਤਮਕ ਅਨੰਦ
“ਤ੍ਰਿਸ਼ਨਾ ਸਕਲ ਬਿਨਾਸੀ ਮਨ ਤੇ ਨਿਜਸੁਖ ਮਾਹਿ ਸਮਾਇਆ।”

– ਬਸੰ ੯, ੩, ੨:੨ (1186)

ਨਿਜਘਰਿ --- (1) ਆਤਮ ਸਰੂਪ ਵਿਚ, ਆਪਣਾ ਅਸਲੀ ਟਿਕਾਣਾ
"ਨਿਜਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ।"
– ਸਿਰੀ ੧, ੧੨, ੩:੨ (18)
"ਸਤਿਗੁਰ ਸੇਵੇ ਸਦਾ ਮਨੁ ਨਿਹਚਲੁ ਨਿਜ ਘਰਿ ਵਾਸਾ ਪਾਵਣਿਆ।" (ਅਸਲੀ ਘਰ, ਵਾਹਿਗੁਰੂ ਦੀ ਹਜ਼ੂਰੀ)
– ਮਾਝ ੩, ਅਸ ੧੮, ੩:੩ (120)

ਹੋਰ ਰੂਪ:

ਨਿਜਘਰੁ –
"ਖੋਜਤ ਖੋਜਤ ਨਿਜਘਰੁ ਪਾਇਆ।" (ਪ੍ਰਭੂ ਦੀ ਹਜ਼ੂਰੀ)
– ਗਉ ੫, ੮੫, ੪:੧ (181)
"ਘਰ ਮਹਿ ਨਿਜਘਰੁ ਪਾਇਆ ਸਤਿਗੁਰ ਦੇਇ ਵਡਾਈ।" (ਪ੍ਰਭੂ ਦਾ ਮਹੱਲ/ ਦਰਬਾਰ)
– ਵਡ ੩, ਛੰਤ ੬, ੪:੫ (572)

(2) ਆਪਣਾ ਘਰ
"ਸਚੈ ਕੋਟਿ ਗਿਰਾਂਇ ਨਿਜਘਰਿ ਵਸਿਆ।"
– ਮਾਝ ੧, ਵਾਰ ੧੮:੩ (146)

ਨਿਜਥਾਇ --- ਆਪਣੇ ਅਸਲ ਟਿਕਾਣੇ
"ਅਠਾਰਹ ਸਿਧੀ ਪਿਛੈ ਲਗੀਆ ਫਿਰਨਿ ਨਿਜਘਰਿ ਵਸੈ ਨਿਜਥਾਇ।"
– ਸਿਰੀ ੪, ਵਾਰ ੨੧ਸ, ੩, ੨:੨ (91)

ਨਿਜਧਾਰੀ --- ਆਪਣੇ ਉਤੇ ਧਾਰਨ ਕੀਤਾ
"ਅੰਗਦਿ ਅਨੰਤ ਮੂਰਤਿ ਨਿਜਧਾਰੀ ਅਗਮ ਗ੍ਯਾਨਿ ਰਸਿ ਰਸ੍ਯਉ ਹੀਅਉ।"
– ਸਵ ੪, ਬਲ ੨:੨ (1405)

ਨਿਜਪਤਿ ---- ਜੋ ਆਪਣਾ ਮਾਲਕ ਆਪ ਹੈ, ਸੁਤੰਤਰ
"ਸੋ ਸੰਮ੍ਰਥੁ ਨਿਜਪਤਿ ਹੈ ਦਾਤਾ।"
– ਗਉ ਕਬ, ਅਸ ੩੮, ੪:੨ (330)

ਨਿਜਪਦ ---- ਆਤਮ ਪਦ, ਤੁਰੀਆ ਅਵਸਥਾ
"ਨਿਜਪਦ ਊਪਰਿ ਲਾਗੋ ਧਿਆਨੁ।" (ਆਪਣੇ ਸਰੂਪ ਦੀ ਲਖਤਾ ਉਤੇ ਧਿਆਨ ਜੋੜਿਆ ਹੈ)
– ਭੈਰ ਕਬ, ੧੦, ੧*:੧ (1159)

ਹੋਰ ਰੂਪ:

ਨਿਜਪਦੁ –
"ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜਪਦੁ ਪਾਈਐ।"
(ਸ੍ਵੈ ਸਰੂਪ)
– ਪ੍ਰਭਾ ੧, ੬, ੪:੨ (1329)

ਨਿਜਮਹਲੀ -- ਆਪਣੇ ਅਸਲੀ ਘਰ, ਹਰੀ ਦੀ ਹਜ਼ੂਰੀ ਵਿਚ

"ਗੁਰਮੁਖਿ ਜਾਇ ਮਿਲੈ ਨਿਜਮਹਲੀ ਅਨਹਦ ਸਬਦੁ ਬਜਾਵੈਗੋ।"
– ਕਾਨ ੪, ਅਸ ੪, ੫:੨ (1310)

ਨਿਜਮਤਿ ---- ਆਪਣੀ ਪਕੀ ਰਾਇ
"ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜਮਤਿ ਏਹ।"
– ਗੋਂਡ ਨਾਮ, ੩, ੨:੨ (874)

ਨਿਜੁ ------ (1) ਖਾਸ, ਵਿਸ਼ੇਸ਼
"ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ।"
– ਸਾਰ ੫, ੯੭, ੧:੧ (1223)
(2) ਆਪਣਾ ਆਪ, ਸ੍ਵੈ ਸਰੂਪ
"ਗੁਰ ਅਰਜਨ ਕਲੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ।"
– ਸਵ ੫, ਕਲ ੮:੬, (1408)
(ਨਿਜੁ ਜੋਗ ਭਾਵ ਅਸਲੀ ਮਿਲਾਪ)

ਨਿਝਰ ----- (ਸੰ.) ਇਕ ਰਸ/ਲਗਾਤਾਰ/ ਨਿਰੰਤਰ ਚਲਣ ਵਾਲਾ, ਝਰਨਾ (ਚਸ਼ਮਾ)
"ਨਿਝਰ ਧਾਰ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੋ ਰੇ।"
– ਰਾਮ ਕਬ, ੧, ੪:੧ (969)
ਹੋਰ ਰੂਪ
ਨਿਝਰੁ –
"ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ।"
-ਸੂਹੀ ੧, ੮, ੩:੨ (730)

ਨਿਡਰਿਆ --- ਨ ਡਰਨ ਵਾਲੇ, ਡਰ ਰਹਿਤ, ਡਰ ਤੋਂ ਖਾਲੀ/ਵਿਹੂਣੇ
"ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ।"
– ਸਿਰੀ ੧, ਅਸ ੩, ੩:੩ (54)

ਨਿਡਰੁ ----- ਬੇਖੌਫ, ਨਿਰਭਉ
"ਤਬ ਕਵਨ ਨਿਡਰੁ ਕਵਨ ਕਤ ਡਰੈ।"
– ਗਉ ੫, ਸੁਖ ੨੧, ੨:੮ (291)

ਨਿਡਰੇ ----- ਬੇ ਖੌਫ, ਨਿਰਭਉ
"ਨਿਡਰੇ ਕਉ ਕੈਸਾ ਡਰੁ ਕਵਨੁ।"
– ਗਉ ੧, ਅਸ ੨, ੫:੨ (221)

ਨਿਤ ------ ਸਦਾ, ਹਮੇਸ਼ਾਂ, ਹਰ ਰੋਜ਼
"ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ।"
– ਗਉ ੧, ਸੋਹ ੧, ੨:੧ (12)

ਨਿਤਹਿ ----- ਹਮੇਸ਼ਾਂ, ਸਦਾ, ਨਿਤ
"ਘਰੀ ਨ ਮੁਹਤੁ ਨ ਚਸਾ ਬਿਲੰਬਹੁ ਕਾਲ ਨਿਤਹਿ ਨਿਤ ਹੇਰੈ।"
– ਦੇਵ ੫, ੧੨, ੧:੨ (530)

ਨਿਤਪ੍ਰਤਹ --- ਹਰ ਰੋਜ਼, ਹਮੇਸ਼ਾਂ, ਸਦਾ

"ਰਮੰਤਿ ਗੁਣ ਗੋਬਿੰਦ ਨਿਤ ਪ੍ਰਤਹ।"
- ਸਸ ੫, ੪੨:੫ (1357)

ਨਿਤਪ੍ਰਤਿ --- ਹਮੇਸ਼ਾਂ, ਹਰ ਰੋਜ਼, ਸਦਾ
"ਅਸੰਖ ਅਵਗਣ ਖਤੇ ਫੇਰੇ ਨਿਤ ਪ੍ਰਤਿ ਸਦ ਭੂਲੀਐ।"
- ਜੈਤ ੫, ਛੰਤ ੨, ੧:੩ (704)

ਹੋਰ ਰੂਪ:

ਨਿਤਪਤੇ -
"ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤਪ੍ਰਤੇ।"
- ਸਸ ੫, ੬੧:੧ (1359)

ਨਿਤਬਾਲਾ --- ਸਦਾ, ਜੁਆਨ
"ਪੂਰਨ ਪੁਰਖੁ ਨਵਤਨੁ ਨਿਤ ਬਾਲਾ।"
- ਗਉ ੫, ਅਸ ੧੧, ੭:੧ (240)

ਨਿਤਾ ------ ਹਮੇਸ਼ਾ, ਨਿਤ
"ਗੋਬਿੰਦ ਬਸੈ ਨਿਤਾ ਨਿਤ ਚੀਤ।"
- ਗਉ ਕਬ, ਅਸ ੪੦, ੨:੪ (331)

ਨਿਤਾਣਾ ---- ਤਾਣ ਹੀਨ, ਕਮਜ਼ੋਰ, ਬਲਹੀਣ
"ਤਾਣ ਹੋਦੇ ਹੋਇ ਨਿਤਾਣਾ।"
- ਸਲੋ ਫਰ, ੧੨੮:੨ (1384)

ਨਿਤਾਣਿਆ -- ਤਾਣ ਰਹਿਤ ਪ੍ਰਾਣੀਆਂ/ਕੰਮਜ਼ੋਰਾਂ/ ਮਾੜਿਆਂ ਦਾ
"ਸਾਹਿਬ ਨਿਤਾਣਿਆ ਕਾ ਤਾਣੁ।"
- ਸਿਰੀ ੫, ਅਸ ੨੬, ੧*:੧ (70)

ਨਿਤਾਣੀ ---- ਤਾਣਹੀਣ, ਬਲਹੀਣ, ਕਮਜ਼ੋਰ
"ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ।"
- ਤੁਖਾ ੧, ਬਾਰਾ ੭:੫ (1108)

ਹੋਰ ਰੂਪ:

ਨਿਤਾਣੀਆ -
"ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ।"
- ਸਿਰੀ ੪, ਵਾਰ ੭ਸ, ੧, ੨:੫ (85)

ਨਿਤਾਣੁ ----- ਬਲਹੀਣਾਂ/ਨਿਤਾਣਿਆਂ ਦਾ
"ਸਤਿਗੁਰੁ ਮੇਰਾ ਤਾਣੁ ਨਿਤਾਣੁ।"
- ਭੈਰ ੫, ੨੪, ੩:੧ (1142)

ਨਿਤਾਣੇ ----- ਬਲਹੀਣ, ਕੰਮਜ਼ੋਰ
"ਜਿਨ੍ਹੀ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ।"
- ਬਿਲਾ ੪, ਵਾਰ ੧੨ਸ, ੩, ੨:੧ (854)

ਨਿਤਾਪ੍ਰਤਿ --- ਹਮੇਸ਼ਾ/ਸਦਾ/ਹਰ ਰੋਜ਼ ਦੀ

“ਵਰਤੁ ਨੇਮੁ ਨਿਤਾ ਪ੍ਰਤਿ ਪੂਜਾ।”
- ਬਿਲਾ ੩, ਵਾ ੧, ੭:੫ (841)

ਨਿਤਿ ------ ਹਮੇਸ਼ਾਂ, ਸਦਾ, ਹਰ ਰੋਜ਼
“ਨਿਤਿ ਅਹਿਨਿਸਿ ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ।”
- ਸਿਰੀ ੧, ੧੯, ੨:੩ (21)

ਨਿਥਾਵਿਆ -- ਜਿਨਾਂ ਦਾ ਕੋਈ ਥਾਂ/ਟਿਕਾਣਾ ਨਹੀਂ
“ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ।”
- ਸਾਰ ੫, ੧, ੨:੧ (1202)

ਨਿਥਾਵੇ ----- ਜਿਸ ਦਾ ਕੋਈ ਟਿਕਾਣਾ ਨਾ ਹੋਵੇ
“ਗੁਰ ਚਰਣ ਕਮਲ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ।”
- ਸਿਰੀ ੫, ੮੮, ੧:੨ (48)

ਨਿੰਦ ------ (1) ਨਿੰਦਾ ਭਰੀ
“ਸ੍ਰਵਣ ਸੋਹੇ ਸੁਣਿ ਨਿੰਦ ਵੀਚਾਰ।”
- ਗਉ ੫, ੮੯, ੧:੨ (182)

(2) ਨਿੰਦਾ, ਨਿੰਦਿਆ
“ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ।”
- ਗਉ ੫, ਥਿਤੀ ੯:੩ (298)

ਨਿੰਦਉ ----- ਨਿੰਦਿਆ ਕਰੋ, ਦੋਸ਼ ਕਢੋ
“ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ।”
- ਗਉ ਕਬ, ੭੧, ੧*:੧ (339)

ਨਿੰਦਸਿ ----- ਨਿੰਦਦੀ ਹੈ, ਦੋਸ਼ ਕਢਦੀ ਹੈ
“ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ।”
- ਧਨਾ ਤ੍ਰਿਲੋ, ੧, ੧*:੧ (695)

ਨਿੰਦਹਿ ----- ਨਿੰਦਦਾ ਹੈ, ਦੋਸ਼ ਕਢਦਾ ਹੈ
“ਤਿਹ ਨਿੰਦਹਿ ਜਿਹ ਗੰਗਾ ਆਨੀ।”
- ਗਉ ਕਬ, ੪੪, ੨:੨ (332)

ਹੋਰ ਰੂਪ:

ਨਿੰਦਹੁ -
“ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ।”
- ਸੂਹੀ ਕਬ, ੫, ੪:੧ (793)

ਨਿੰਦਕ ----- ਨਿੰਦਾ ਕਰਨ ਵਾਲਾ
“ਅਸੰਖ ਨਿੰਦਕ ਸਿਰਿ ਕਰਹਿ ਭਾਰੁ।”
- ਜਪੁ ੧, ੧੮:੮ (4)

ਹੋਰ ਰੂਪ:

ਨਿੰਦਕਾ -

"ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ।"
– ਗਉ ੪, ਵਾਰ ੧੩ਸ, ੪, ੧:੪ (307)

ਨਿੰਦਕਾਂ –
"ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ।"
– ਗਉ ੪, ਵਾਰ ੩੦ਸ, ੪, ੨:੫ (316)

ਨਿੰਦਕਿ –
"ਨਿੰਦਕਿ ਅਹਿਲਾ ਜਨਮੁ ਗਵਾਇਆ।" (ਨਿੰਦਕ ਨੇ)
–ਆਸਾ ੫, ੪੧, ੧*:੧ (380)

ਨਿੰਦਕੁ –
"ਨਿੰਦਕੁ ਮੁਆ ਉਪਜਿ ਵਡ ਤਾਪੁ।"
– ਗਉ ੫, ੧੬੭, ੨:੨ (199)

ਨਿਦਲਿਅਉ -- ਦਲਿਆ, ਕੁਚਲਿਆ
"ਪੰਚਾ ਹਰੁ ਨਿਦਲਿਅਉ ਸੁੰਨ ਸਹਿਜ ਨਿਜ ਘਰਿ ਸਹਾਰੁਉ।"
– ਸਵ ੫, ਕਲ ੯:੨ (1408)

ਨਿੰਦਾ ------ ਔਗੁਣ ਕਢਣ ਦੀ ਕਿਰਿਆ
"ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ।"
– ਸਿਰੀ ੧, ੪, ੧:੨ (15)

ਨਿਦਾਨ ----- ਅੰਤ ਨੂੰ, ਓੜਕ ਨੂੰ, ਆਖਰ ਨੂੰ
"ਰਾਖਨਹਾਰ ਰਖਿ ਲੇਇ ਨਿਦਾਨ।"
– ਗਉ ੫, ੯੨, ੨:੨ (183)

ਹੋਰ ਰੂਪ:

ਨਿਦਾਨਾ –
"ਮੋਹਨ ਜਮੁ ਨੇੜਿ ਨ ਆਵੈ ਤੁਧੁ ਜਪਹਿ ਨਿਦਾਨਾ।" (ਓੜਕ/ਅੰਤ ਨੂੰ)
– ਗਉ ੫, ਛੰਤ ੨, ੩:੨ (248)

ਨਿਦਾਨਿ ---- (1) ਅੰਤ ਨੂੰ, ਓੜਕ
"ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ।"
– ਸਿਰੀ ੫, ੭੮, ੨:੨ (45)

(2) (ਨਾਦਾਨ) ਮੂਰਖ, ਬੇਸਮਝ, ਨਾਦਾਨ
"ਕਹਿ ਰਵਿਦਾਸ ਨਿਦਾਨਿ ਦਿਵਾਨੇ।"
– ਸੂਹੀ ਰਵਿ, ੨, ੩:੩ (794)

ਨਿੰਦਿਆ ---- ਨਿੰਦਾ, ਦੋਸ਼ ਕਢਣ ਦੀ ਕਿਰਿਆ
"ਪਰਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ।"
– ਸੋਰ ੯, ੩, ੧*:੨ (632)

ਨਿੰਦੀਐ ---- ਦੀ ਨਿੰਦਾ ਕਰੀਏ, ਦੇ ਦੋਸ਼ ਕਢੀਏ
"ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ।"
– ਸਲੋ ਕਬ, ੧੬੦:੧ (1373)

ਨਿੰਦੁ ------ (1) ਨਿੰਦਾ, ਯੋਗ, ਨਿੰਦਨੀਆ, ਬੁਰਾ
"ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ ਫਿਰਿ ਫਿਰਿ ਖਾਤ।"
– ਗੂਜ ੫, ੫, ੩:੨ (496)
(2) ਨਿੰਦਨਾ
"ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ।"
– ਮਾਰੂ ੧, ਸੋਲਾ ੧੫, ੯:੧ (1035)

ਨਿੰਦੈ ------ ਨਿੰਦਿਆ ਕਰਨ, ਦੋਸ਼ ਕਢਣ
"ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ।"
– ਸੂਹੀ ੪, ਅਸ ੧, ੯:੧ (757)
"ਨਿੰਦਕੁ ਨਿੰਦੈ ਮੁਝੈ ਪਿਆਰਾ।" (ਨਿੰਦਦਾ ਹੈ)
– ਪ੍ਰਭਾ ੧, ੧੨, ੧*:੨ (1330)

ਨਿਦੋਸ਼ਾਂ ----- ਦੋਸ਼ ਰਹਿਤ, ਬੇਕਸੂਰ
"ਏਹੁ ਨਿਦੋਸ਼ਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ।"
– ਸਲੋ ਫਰ, ੩੯:੨ (1379)

ਨਿਦ੍ਰਾ ------ ਨੀਂਦ
"ਜਿਉ ਸੁਪਨੈ ਨਿਸਿ ਭੁਲੀਐ ਜਸ ਲਗਿ ਨਿਦ੍ਰਾ ਹੋਇ।"
– ਸਿਰੀ ੧, ਅਸ ੧੫, ੭:੧ (63)

ਨਿਧਨ ----- ਨਿਰਧਨ, ਗਰੀਬ
"ਤਿ ਨਰ ਦੁਖ ਨਹ ਭੁਖ ਤਿ ਨਰ ਨਿਧਨ ਨਹੁ ਕਹੀਅਹਿ।"
– ਸਵ ੩, ੧੧:੧ (1394)
(ਮਹਾਨਕੋਸ਼ ਅਰਥ "ਮਰਣ'' ਕਰਦੇ ਹਨ)

ਨਿਧਨਿਆ --- ਧਨ ਵਿਹੂਣਿਆਂ, ਗਰੀਬਾਂ
"ਨਿਧਨਿਆ ਧਨੁ ਨਿਗੁਰਿਆ ਗੁਰੁ ਨਿੰਮਾਣਿਆ ਤੂ ਮਾਣੁ।"
– ਮਾਰੂ ੧, ੧੦, ੩:੧ (992)

ਨਿਧਰਿਆ --- ਨਿਰਾਸਰੇ, ਨਿਆਸਰੇ
"ਮੈ ਨਿਧਰਿਆ ਧਰ ਏਕ ਤੂ ਮੇ ਤਾਣੁ ਸਤਾਣਾ।"
– ਆਸਾ ੧, ਅਸ ੨੦, ੧:੨ (421)

ਨਿਧਾਨ ----- ਖਜਾਨੇ, ਭੰਡਾਰ, ਨਿਧੀਆਂ ਦਾ ਘਰ, ਸੁਖਾਂ ਦਾ ਘਰ
"ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ।"
– ਗੂਜ ੫, ਸੋਦ ੫, ੪:੧ (10)
"ਦੁਖ ਭੰਜਨ ਨਿਧਾਨ ਅਮੋਲੇ।" (ਭੰਡਾਰ)
– ਮਾਝ ੫, ੧੬, ੨:੧ (99)
"ਜਿਸੁ ਮਨਿ ਬਸੈ ਸੁ ਹੋਤ ਨਿਧਾਨ।"
–ਗਉ ੫, ਸੁਖ ੨੪, ੫:੪ (295)
(ਮਹਾਨਕੋਸ਼ ਇਥੇ ਅਰਥ 'ਸਥਾਪਨ', ਸਥਿਤ ਦਾ ਭਾਵ ਦਿੰਦਾ ਹੈ)
ਹੋਰ ਰੂਪ:

ਨਿਧਾਨੰ –
“ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ।”
– ਆਸਾ ਕਬ, ੩੭, ੧:੨ (482)

ਨਿਧਾਨਾ –
“ਨਾਮ ਨਿਧਾਨਾ ਗੁਰਮੁਖਿ ਪਾਈਐ ਕਹੁ ਨਾਨਕ ਵਿਰਲੀ ਡੀਠਾ ਜੀਉ।”
– ਮਾਝ ੫, ੨੨, ੪:੩ (101)

ਨਿਧਾਨਾ ---- (1) ਖਜ਼ਾਨਾ, ਵੇਖੋ ‘ਨਿਧਾਨ’
“ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕ ਨਿਧਾਨਾ।” (ਖਜ਼ਾਨਾ ਭਾਵ ਹਰਿ)
– ਧਨਾ ੫, ੮, ੩:੧ (672)
“ਤਿਸਹਿ ਪਰਾਪਤਿ ਹੋਇ ਨਿਧਾਨਾ।” (ਭਾਵ ਹਰਿ)
– ਮਾਰੂ ੫, ਸੋਲਾ ੧੩, ੫:੧ (1085)

(2) ਆਤਮ ਅਨੰਦ, ਆਤਮ ਸੰਤੁਸ਼ਟੀ
“ਤਾ ਮੇਰੈ ਮਨਿ ਭਇਆ ਨਿਧਾਨਾ।”
– ਗਉ ੫, ੧੦੦, ੧:੨ (186)

(3) ਨਿਧੀਆਂ ਦਾ ਭੰਡਾਰ/ਘਰ
“ਸੁਨਿ ਸ੍ਰਵਨ ਬਾਨੀ ਪੁਰਖ ਗਿਆਨੀ ਮਨਿ ਨਿਧਾਨਾ ਪਾਵਹੇ।”
– ਆਸਾ ੫, ਛੰਤ ੮, ੪:੩ (458)

ਨਿਧਾਨੀ ---- ਨਿਧੀਆਂ/ਸੁੱਖਾਂ ਦਾ ਭੰਡਾਰ/ਖਜ਼ਾਨਾ
“ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ।”
– ਕੇਦਾ ੫, ੧, ੧*:੨ (1119)

ਨਿਧਾਨੁ ----- ਖਜ਼ਾਨਾ
“ਨਾਨਕ ਗਾਵੀਐ ਗੁਣੀ ਨਿਧਾਨੁ।”
– ਜਪੁ ੧, ੫:੪ (2)
“ਨਾਨਕ ਸਚ ਭਏ ਬਿਗਾਨਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ।” (ਭਾਵ ਨਾਮ ਦਾ ਖਜ਼ਾਨਾ)
– ਗਉ ੫, ੧੬੧*, ੪:੨ (215)
“ਏਹੁ ਨਿਧਾਨੁ ਜਪੈ ਵਡਭਾਗੀ ਜੀਉ।” (ਭਾਵ ਹਰਿ)
– ਗਉ ੫, ੧੬੮*, ੩:੧ (217)
“ਅੰਤਰਿ ਸਬਦੁ ਨਿਧਾਨੁ ਹੈ ਮਿਲਿ ਆਪੁ ਗਵਾਈਐ।” (ਨਿਧੀਆਂ/ ਸੁਖਾਂ ਦਾ ਘਰ)
– ਗਉ ੧, ੧੭, ੭:੨ (228)

ਹੋਰ ਰੂਪ:

ਨਿਧਾਨੋ –
“ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਇ।” (ਖਜ਼ਾਨਾ)
– ਭੈਰ ੩, ੧੧, ੩:੨ (1130)

ਨਿਧਾਰਾ ---- ਨਿਆਸਰਿਆ
“ਜੋ ਮੰਗੀਐ ਸੋਈ ਪਾਈਐ ਨਿਧਾਰਾ ਆਧਾਰੁ।”
– ਸਿਰੀ ੫, ੮੩, ੨:੪ (47)

ਨਿਧਿ ------ (1) ਨਿਧੀਆਂ
"ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ।"
- ਸਿਰੀ ੧, ੧੩, ੨:੩ (19)
"ਨਿਧਿ ਸਿਧਿ ਰਿਧਿ ਹਰਿ ਹਰਿ ਹਰਿ ਮੇਰੈ।" (ਨੌ ਨਿਧੀਆਂ)
- ਮਾਝ ੫, ੨੩, ੧:੧ (101)
(2) ਖਜ਼ਾਨਾ, ਭੰਡਾਰ
"ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧ ਸੰਗਤਿ ਨਿਧਿ ਮਾਨਿਆ।"
- ਸਿਰੀ ੫, ਛੰਤ ੩, ੩:੪ (81)
"ਸਾਧਸੰਗਿ ਪਾਈਐ ਨਿਧਿ ਨਾਮਾ।"
- ਗਉ ੫, ੧੧੬, ੨:੧ (189)

ਨਿਧਿ ਗੁਣ --- ਗੁਣਾਂ ਦਾ ਖਜ਼ਾਨਾ ਭਾਵ ਹਰਿ
"ਨਿਧਿ ਗੁਣ ਗਾਵਾ ਦੇਖਿ ਹਦੂਰਿ।"
- ਆਸਾ ੧, ਅਸ ੧, ੭:੪ (411)

ਨਿਧਿ ਜਲੁ --- ਸਮੁੰਦਰੀ ਪਾਣੀ
"ਅਗਨਿ ਮਹੈ ਜਲੁ ਲੋੜਿ ਲਹੁ ਵਿਣੁ ਗੁਰ ਨਿਧਿ ਜਲੁ ਨਾਹਿ।"
- ਸਲੋ ੧, ੯:੧ (1411)

ਨਿਧਿਨਾਮੁ --- ਨਾਮ ਰੂਪੀ ਖਜ਼ਾਨਾ
"ਨਿਧਿ ਨਾਮੁ ਨਾਨਕ ਮੋਰੈ।"
- ਆਸਾ ੫, ੧੫੪, ੨:੪ (408)

ਨਿਧੀ ------ ਨਿਧਿ, ਇਕ ਸ਼ਕਤੀ
"ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।"
- ਸੋਰ ੪, ਵਾਰ ੧੯ਸ, ੩, ੧:੨ (649)

ਨਿਧੇ ------ ਖਜ਼ਾਨਾ, ਭੰਡਾਰ
"ਪ੍ਰਾਨ ਮਨੁ ਧਨੁ ਸਰਬਸੋੁ ਹਰਿ ਗੁਨ ਨਿਧੇ ਸੁਖ ਮੋਰ।"
- ਕਾਨ ੫, ੪੮, ੧:੧ (1307)

ਨਿਧੋ ------ ਖਜ਼ਾਨਾ
"ਹਿਰਦੈ ਗਾਵਹੁ ਨਾਮ ਨਿਧੋ।"
- ਗਉ ੫, ਅਸ ੧੩, ੫:੨ (241)

ਨਿਨਾਉ ----- ਬਗੈਰ ਨਾਮ ਦੇ
"ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਵਾ ਪੁਤੁ ਨਿਨਾਉ।"
- ਸਿਰੀ ੪, ਵਣ ੧, ੨:੨ (82)
(ਮਹਾਨਕੋਸ਼ ਇਸ ਦੇ ਅਰਥ 'ਬਦਨਾਮ' ਕਰਦਾ ਹੈ)

ਨਿਨਾਮ ----- ਨਾਮ ਤੋਂ ਬਿਨਾਂ
"ਸਾਕਤ ਬੇਸੁਆ ਪੂਤ ਨਿਨਾਮ।"
- ਗਉ ੫, ਅਸ ੭, ੩:੨ (239)

ਨਿਪੰਗੁ ----- (ਸੰ.) ਚਿਕੜ ਰਹਿਤ, ਨਿਰਮਲ, ਸਾਫ
“ਊਂਨਵਿ ਊਂਨਵਿ ਆਇਆ ਵਰਸੈ ਨੀਰੁ ਨਿਪੰਗੁ।”
- ਮਲਾ ੧, ਵਾਰ ੫ਸ, ੩, ੨:੧ (1280)

ਨਿਪਜਹਿ ---- ਉਪਜੇ, ਪੈਦਾ ਹੋਏ
“ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾਂ।”
- ਮਲਾ ੧, ਵਾਰ ੨੫ਸ, ੧, ੨:੧੯ (1290)

ਨਿਪਜਾਏ --- ਪੈਦਾ ਕੀਤੇ, ਉਪਜਾਏ
“ਕਈ ਕੋਟਿ ਪਾਥਰ ਬਿਰਖ ਨਿਪਜਾਏ।”
- ਗਉ ੫, ਸੁਖ ੧੦, ੩:੪ (275)

ਨਿਪਜਿ ----- ਪੈਦਾ ਹੋ ਕੇ, ਉਪਜਕੇ
“ਉਪਜੈ ਨਿਪਜੈ ਨਿਪਜਿ ਸਮਾਈ।”
- ਗਉ ਕਬ, ੧੧, ੧:੧ (325)

ਨਿਪਜੇ ----- ਪੈਦਾ ਹੋਏ
“ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।”
- ਗਉ ੧, ੧੭, ੧:੨ (156)

ਨਿਪਜੈ ----- ਵਧਨਾ, ਪੁਸ਼ਟਤ ਹੋਣਾ
“ਉਪਜੈ ਨਿਪਜੈ ਨਿਪਜਿ ਸਮਾਈ।”
- ਗਉ ਕਬ, ੧੧, ੧:੧ (325)

ਨਿਪਟਿ ----- ਸਰਾਸਰਾ, ਬਿਲਕੁਟ
“ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ।”
- ਆਸਾ ੫, ੧੫੨, ੨:੨ (408)

ਨਿਪੰਨੇ ----- ਨਿਪਜੇ, ਪੈਦਾ ਹੋਏ
“ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ।”
- ਮਲਾ ੧, ਵਾਰ ੨੫ਸ, ੧, ੨:੮ (1289)

ਨਿਪੂਤੇ ----- ਔਂਤਰੇ, ਪੁਤਰ ਰਹਿਤ
“ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ।”
- ਬਿਲਾ ਕਬ, ੪, ੧*:੨ (856)

ਨਿਫਲ ----- (1) ਨਿਸਫਲ, ਫਲ ਰਹਿਤ
“ਸਗਲੀ ਫੂਲੀ ਨਿਫਲ ਨ ਕਾਈ।”
- ਆਸਾ ੫, ੫੬, ੩:੨ (385)

(2) ਬੇਅਰਥ, ਅਕਾਰਥ
“ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ।”
- ਸਾਰ ਪਰ, ੧, ੧:੨ (1253)

ਨਿਬਹਤ ---- ਨਿਭਣਾ, ਤਗਣਾ
“ਖਾਤ ਖਰਚਤ ਨਿਬਹਤ ਰਹੈ ਗੁਰ ਸਬਦੁ ਅਖੁਟ।”

– ਬਿਲਾ ੫, ੬੨, ੧*:੧ (816)

ਨਿਬਹਾਵੈ ---- ਨਿਭੇਗਾ
"ਕਰੁ ਗਹਿ ਲੇਹੁ ਓੜਿ ਨਿਬਹਾਵੈ।"
– ਗਉ ੫, ਸੁਖ ੪, ੬:੨ (267)

ਨਿਬਹਿਆ --- ਨਿਭਿਆ, ਪੁਗਿਆ
"ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ।"
– ਸਲੋ ਕਬ, ੨੧੫:੨ (1376)

ਨਿਬਹੀ ----- ਨਿਭੀ, ਪੂਰੀ ਚੜੀ ਭਾਵ ਸਫਲ ਹੋਈ
"ਨਾਨਕ ਨਿਬਹੀ ਖੇਪ ਹਮਾਰੀ।" (ਤੋੜ ਪਹੁੰਚੀ)
– ਗਉ ੫, ਸੁਖ ੨੪, ੪:੧੦ (295)
"ਐਥੇ ਓਥੈ ਨਿਬਹੀ ਨਾਲਿ।" (ਤੋੜ ਸਾਥ ਦਿੱਤਾ)
– ਰਾਮ ੧, ੭, ੨:੪ (878)

ਨਿਬਹੈ ----- ਤੋੜ ਚੜੇ/ਨਿਭੈ, ਸਾਥ ਦੇਵੇ
"ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।"
– ਸਿਰੀ ੧, ੨੩, ੧:੧ (22)

ਨਿਬਗ ----- ਬਹੁਤ ਸਫੈਦ/ਉਜਲ
"ਗਲੀ ਜਿਨ੍ਾ ਜਪ ਮਾਲੀਆ ਲੋਟੇ ਹਥਿ ਨਿਬਗ।"
– ਆਸ ਕਬ, ੨, ੧:੨ (475)

ਨਿਬਰਿਓ --- ਮੁਕਿਆ
"ਸੋ ਤਰਵਰੁ ਚੰਦਨੁ ਹੋਇ ਨਿਬਰਿਓ।"
– ਭੈਰ ਕਬ, ੫, ੨:੨ (1158)

ਨਿਬਰੀ ----- ਮੁਕੀ
"ਸੋ ਸਲਿਤਾ ਗੰਗਾ ਹੋਇ ਨਿਬਰੀ।"
– ਭੈਰ ਕਬ, ੫, ੧:੨ (1158)

ਨਿਬਲ ----- ਕੰਮਜ਼ੋਰ
"ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ।"
– ਸੋਰ ਰਵਿ, ੩, ੨:੨ (658)

ਨਿਬੜਿਆ --- ਮੁਕਿਆ
"ਨਾਨਕ ਜਿਨ੍ ਕਉ ਸਤਿਗੁਰੁ ਮਿਲਿਆ ਤਿਨ੍ ਕਾ ਲੇਖਾ ਨਿਬੜਿਆ।"
– ਆਸਾ ੩, ਪਟੀ ੧੮:੨ (435)
"ਹੁਕਮੁ ਹੋਆ ਹਾਸਲੁ ਤਦੇ ਹੋਇ ਨਿਬੜਿਆ ਹੰਢਹਿ ਜੀਅ ਕਮਾਂਦੇ।"
– ਸੋਰ ੪, ਵਾਰ ੨੮ਸ, ੪, ੧:੨ (653)

ਨਿਬੜੈ ----- ਮੁਕੇ, ਖਤਮ ਹੋਵੇ
"ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ।"
– ਸਿਰੀ ੧, ਅਸ ੩, ੭:੩ (55)

ਨਿਬਾਸਨ ---- ਵਾਸ਼ਨਾ ਰਹਿਤ, ਇਛਾ ਰਹਿਤ

"ਬਾਸਨ ਮੇਟਿ ਨਿਬਾਸਨ ਹੋਈਐ ਕਲਮਲ ਸਗਲੇ ਜਾਲਕਾ।"

– ਮਾਰੂ ੫, ਸੋਲਾ ੧੩, ੭:੩ (1085)

ਨਿਬਾਹਿ ---- ਸਿਰੇ ਚਾੜ੍ਹੇ, ਪੂਰਾ ਕਰੇ, ਤੋੜ ਚਾੜ੍ਹੇ

"ਹਰਿ ਇਕ ਤੈ ਕਾਰੈ ਲਾਇਓਨੁ ਜਿਉ ਭਾਵੈ ਤਿਂ–ਵੈ ਨਿਬਾਹਿ ਜੀਉ।"

– ਸਿਰੀ ੫, ਅਸ ੨੯, ੩:੩ (73)

"ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ।" (ਪੂਰਾ ਉਤਾਰੋ)

– ਗਉ ੫, ੧੩੫*, ੧*:੨ (209)

"ਆਪੁਨੀ ਭਗਤਿ ਨਿਬਾਹਿ।" (ਤੋੜ ਚਾੜ੍ਹੋ)

– ਆਸਾ ੫, ੧੪੬, ੧*:੧ (407)

ਨਿਬਾਹਿਓ --- ਪੂਰਾ ਕਰਿਓ, ਸਿਰੇ ਚਾੜਿਓ

"ਨੇਮੁ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾਧਾਰੀ।"

– ਆਸਾ ੫, ੧੧੫, ੩:੨ (399)

ਨਿਬਾਹੀ ---- (1) ਸਾਥ ਦਿਓ, ਤੋੜ ਚਾੜ੍ਹੋ

"ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ।"

– ਸੋਰ ੫, ੭, ੪:੨ (610)

"ਪਾਰਬ੍ਰਹਮ ਨਿਬਾਹੀ ਪੂਰੀ।" (ਤੋੜ ਚਾੜ੍ਹੀ)

– ਸੋਰ ੫, ੫੮, ੧:੧ (623)

(2) ਸਿਰੇ ਚਾੜ੍ਹੀ, ਪੂਰੀ ਕੀਤੀ

"ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ।"

– ਗਉ ੫, ਬਾਅ ੫੩:੫ (261)

ਨਿਬਾਹੈ ----- ਨਿਭਾਂਦਾ/ਸਾਥ ਦਿੰਦਾ ਹੈ

"ਆਦਿ ਮਧਿ ਜੋ ਅੰਤਿ ਨਿਬਾਹੈ।"

– ਗਉ ੫, ੧੧, ੧:੧ (240)

ਨਿਬਿਹੋ ----- ਸਾਥ ਨਿਭਿਆ, ਤੋੜ ਚੜ੍ਹਿਆ

"ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਭਿਹੋ ਸਾਥਿ।"

– ਸਲੋ ੯, ੫੫:੧ (1429)

(ਹੁਣ ਦੀਆਂ ਬੀੜਾਂ ਵਿਚ ਇਹ ਪਾਠ 'ਨਿਬਹਿਓ' ਕਰ ਕੇ ਦਿੱਤਾ ਹੋਇਆ ਹੈ)

ਨਿਬੇਰਓ ---- ਮੁਕਾ ਦਿਤਾ

"ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ।"

– ਬਿਲਾ ੧, ਛੰਤ ੨, ੪:੬ (844)

ਨਿਬੇਰਹਿ ---- ਮੁਕਾਉਂਦੇ ਹਨ

"ਪੰਚ ਤਤੁ ਮਿਲਿ ਦਾਨੁ ਨਿਬੇਰਹਿ ਟਾਂਡਾ ਉਤਰਿਓ ਪਾਰਾ।"

– ਗਉ ਕਬ, ੪੯, ੨:੨ (333)

ਨਿਬੇਰਹੁ ---- ਮੁਕਾਓ, ਖਤਮ ਕਰੋ

"ਝਗਰਾ ਏਕੁ ਨਿਬੇਰਹੁ ਰਾਮ।"

– ਗਉ ਕਬ, ੪੨, ੧*:੧ (331)

ਨਿਬੇਰਾ ----- (1) ਸਮਾਪਤੀ, ਖਾਤਮਾ, ਪਾਰ ਉਤਾਰਾ

"ਗੁਰ ਪਰਸਾਦੀ ਬੂਝਿ ਲੈ ਤਉ ਹੋਇ ਨਿਬੇਰਾ।"

– ਗਉ ੧, ਅਸ ੧੮, ੧:੧ (229)

"ਸਾਧ ਸੰਗਿ ਸਭੁ ਹੋਤ ਨਿਬੇਰਾ।" (ਝਗੜੇ ਮੁਕ ਜਾਂਦੇ ਹਨ)

– ਗਉ ੫, ਸੁਖ ੭, ੧:੬ (271)

"ਗੁਰ ਪਰਮੇਸਰੁ ਨਾਨਕ ਭੇਟਿਓ ਸਚੈ ਸਬਦਿ ਨਿਬੇਰਾ।" (ਪਾਰ ਉਤਾਰਾ)

– ਰਾਮ ੧, ੬, ੩:੨ (878)

(2) ਫੈਸਲਾ

"ਮਿਲਿ ਰਾਜਨ ਰਾਮ ਨਿਬੇਰਾ।"

– ਸੋਰ ੫, ੫੧, ੧:੪ (621)

"ਤਹ ਸਾਚ ਨਿਆਇ ਨਿਬੇਰਾ।"

– ਸੋਰ ੫, ੫੧, ੩:੧ (621)

"ਕੋਈ ਬੂਝਹੁ ਗਿਆਨੀ ਕਰਹੁ ਨਿਬੇਰਾ।"

– ਮਾਰ ੧, ਸੋਲਾ ੧੭, ੧੬:੨ (1038)

(3) ਹਿਸਾਬ ਭੁਗਤਾਨ ਦੀ ਕਿਰਿਆ

"ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।"

– ਸੋਰ ਕਬ, ੯, ੧*:੨ (656)

ਨਿਬੇਰਿ ----- ਖਤਮ ਕਰ/ਮੁਕਾ ਲਵੋ

"ਲੇਉ ਨਿਬੇਰਿ ਆਜੁ ਕੀ ਰਾਤੀ।"

– ਸੂਹੀ ਕਬ, ੩, ੨:੨ (792)

ਹੋਰ ਰੂਪ:

ਨਿਬੇਰੀ –

"ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ।"

– ਸਾਰ ੧, ੧, ੧*:੨ (1197)

ਨਿਬੇਰੈ –

"ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ।" (ਖਤਮ ਕਰੇ)

– ਗੂਜ ੧, ੨, ੩:੨ (489)

ਨਿਬੇਰੋ –

"ਅੰਤਰ ਕੀ ਗਤਿ ਤੁਮ ਹੀ ਜਾਨੀ ਤੁਝ ਹੀ ਪਾਹਿ ਨਿਬੇਰੋ।"

– ਸੋਰ ੫, ੩੫, ੧:੧ (618)

ਨਿਬੇੜਹਾਰੋ -- ਫੈਸਲੇ ਕਰਨਾ

"ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ।"

– ਵਡ ੧, ਅਲਾ ੩, ੨:੪ (580)

ਨਿਬੇੜਾ ----- (1) ਫੈਸਲਾ

"ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ।"

– ਵਡ ੩, ਛੰਤ ੬, ੧:੧ (571)

(2) ਭਾਵ ਤੱਤ, ਨਿਚੋੜ, ਸਾਰ
"ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁੱਖਾ ਨੋ ਏਕੁ ਨਿਧਾਨਾ।"
- ਬਿਲਾ ੩, ੪, ੨:੧ (797)
"ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ।"
- ਰਾਮ ੧, ਸਿਗੋ ੭੨:੧ (946)

ਨਿਬੇੜੀ ----- ਨਿਬੇੜਦੀ/ਨਜਿਠਦੀ ਹੈ
"ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ।"
- ਰਾਮ ੧, ਆਸ ੧, ੫:੧ (903)

ਨਿਬੇੜੁ ----- ਨਿਬੇੜਾ, ਫੈਸਲਾ
"ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ।"
- ਮਾਝ ੧, ਵਾਰ ੪:੭ (139)

ਨਿਬੇੜੇ ----- ਨਿਬੇੜਦਾ/ਮੁਕਾਉਂਦਾ ਹੈ
"ਸਚੁ ਆਪਿ ਨਿਬੇੜੇ ਰਾਜੁ ਰਾਜਿ।"
- ਬਸੰ ੧, ੭, ੧:੨ (1170)

ਨਿਭਰੰਤਾ ---- (ਸੰ.) ਭਰਮ ਰਹਿਤ
"ਚੀਤਿ ਆਵੈ ਤਾਂ ਸਦ ਨਿਭਰੰਤਾ।"
- ਭੈਰ ੫, ੨੧, ੩:੨ (1141)

ਨਿਭਰਾਂਤਿ --- ਬਿਨਾ-ਭਰਮ ਭਾਵ ਨਿਰਸੰਦੇਹ
"ਕਾਇਆਂ ਅਗਨਿ ਕਰੇ ਨਿਭਰਾਂਤਿ।"
- ਮਲਾ ੧, ੬, ੧:੨ (1256)

ਨਿਭਰਾਤੀ --- (1) ਭਰਮ ਰਹਿਤ ਭਾਵ ਸ਼ੰਕਾ ਰਹਿਤ
"ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੁਝੈ ਜਿਸੁ ਏਕ ਲਿਵਲਾਗੀ ਜੀਅਹੁ ਰਹੈ ਨਿਭਰਾਤੀ।"
- ਮਾਝ ੧, ੧੧, ੪:੧ (992)
(2) (ਸੰ.) ਚੁਪਚਾਪ ਸ਼ਾਂਤ
"ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ।"
- ਮਾਰੂ ੧, ਅਸ ੭, ੬:੪ (1013)

ਨਿਭਰਾਤੇ ---- ਨਿਰਸੰਦੇਹ
"ਸਹਨ ਸੀਲ ਪਵਨ ਅਰੁ ਪਾਣੀ ਬਸੁਧਾ ਖਿਮਾ ਨਿਭਰਾਤੇ।"
- ਮਾਰੂ ੫, ੪, ੨:੧ (999)

ਨਿਭਵਿਆਹ -- ਨਿਡਰਾਂ ਨੂੰ
"ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ ਨਿਭਵਿਆਹ।"
- ਸੂਹੀ ੩, ਵਾਰ ੮ਸ, ੨, ੧:੧ (788)

ਨਿਮਸੈ ----- ਨਿਵਾਸ ਰਖਦਾ, ਵਸਦਾ ਹੈ
"ਘਘਾ ਘਟਿ ਘਟਿ ਨਿਮਸੈ ਸੋਈ।"
- ਗਉ ਬਾਅ, ੧੦:੧ (340)

ਨਿਮਕਾ ----- ਨਿਮਕ ਮਾਤਰ, ਥੋੜਾ ਜਿਹਾ, ਅੱਖ ਝਮਕਣ ਦੇ ਸਮੇਂ ਜਿੰਨ੍ਹਾਂ
"ਨਾਨਕ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ।"
- ਤੁਖਾ ੫, ਛੰਤ ੧, ੪:੬ (1117)

ਨਿਮਖ ----- (1) ਥੋੜਾ ਜਿਹਾ
"ਨਿਮਖ ਏਕ ਹਰਿ ਨਾਮੁ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ।"
- ਸਿਰੀ ੫, ੭੬, ੨:੨ (44)
(2) ਅੱਖ ਦੇ ਝਮਕਣ ਜਿਨ੍ਹਾਂ ਸਮਾਂ, ਥੋੜਾ ਸਮਾਂ, ਛਿੰਨ ਭਰ
"ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ ਵਿਸਾਰੁ।"
- ਸਿਰੀ ੫, ੮੬, ੧*:੨ (48)

ਨਿਮਖਕ ---- ਰਤਾ ਭਰ
"ਮੁਸਨ ਨਿਮਖਕ ਪ੍ਰੇਮ ਪਰਿ ਵਾਰਿ ਵਾਰਿ ਦੇਂਉ ਸਰਬ।"
- ਚਉ ੫, ੫:੨ (1364)

ਨਿਮਖਫਾ ---- ਨਿਮਖ ਭਰ, ਛਿੰਨ ਭਰ, ਅੱਖ ਦੇ ਫੋਰ ਜਿੰਨੇ ਸਮੇਂ ਲਈ
"ਮੇਰੇ ਮਨ ਭਜੁ ਰਾਮਨਾਮ ਹਰਿ ਨਿਮਖਫਾ।"
- ਪ੍ਰਭਾ ੪, ੫, ੧*:੧ (1336)

ਨਿਮਖ ਨਿਮਖ - (1) ਹਰ ਪਲ, ਹਰ ਸਮੇਂ
"ਨਿਮਖ ਨਿਮਖ ਹਰਿ ਹਰਿ ਹਰਿ ਧਿਆਉ।"
- ਗਉ ੫, ੮੪, ੨:੨ (180)
(2) ਰਤਾ ਰਤਾ, ਛੋਟੇ ਛੋਟੇ
"ਨਿਮਖ ਨਿਮਖ ਕਰਿ ਸਰੀਰੁ ਕਟਾਵੈ।"
- ਗਉ ੫, ਸੁਖ ੩, ੨:੭ (265)

ਨਿਮਖਾ ----- ਅੱਖ ਦੇ ਫੋਨ ਜਿੰਨ੍ਹਾਂ ਸਮਾਂ, ਪਲ, ਛਿੰਨ
"ਸਿਮਰਹਿ ਘੜੀ ਮੂਰਤ ਪਲ ਨਿਮਖਾ।"
- ਮਾਰੂ ੫, ਸੋਲਾ ੮, ੭:੧ (1079)

ਨਿਮਖਾਤੀ --- ਛਿੰਨ ਭਰ ਲਈ
"ਹਰਿ ਹਰਿ ਕ੍ਰਿਪਾ ਕਰਹੁ ਪ੍ਰਭ ਅਪਨੀ ਮੁਖਿ ਦੇਵਹੁ ਹਰਿ ਨਿਮਖਾਤੀ।"
- ਧਨਾ ੪, ੫, ੧:੨ (668)

ਨਿਮਖੁ ----- ਥੋੜ੍ਹੇ ਸਮੇਂ ਲਈ
"ਤੁਝ ਬਿਨੁ ਨਿਮਖੁ ਨ ਜਾਈ ਰਹਣਾ।"
- ਗਉ ੫, ੮੭, ੧:੪ (181)

ਨਿਮਖੇ ----- ਘੜੀ ਘੜੀ, ਬਾਰ ਬਾਰ
" ਹਮਰੇ ਅਵਗਨ ਬਿਖਿਆ ਬਿਖੈ ਕੇ ਬਹੁ ਬਾਰ ਬਾਰ ਨਿਮਖੇ।"
- ਨਟ ੪, ੩, ੩:੧ (976)

ਨਿਮਘਾ ----- ਨਿਮਖ ਮਾਤਰ, ਥੋੜਾ ਜਿਹਾ ਹੀ
"ਤੁਮ ਸਮਰਥ ਪੁਰਖ ਵਡੇ ਪ੍ਰਭ ਸੁਆਮੀ ਮੋ ਕਉ ਕੀਜੈ ਦਾਨੁ ਹਰਿ ਨਿਮਘਾ।"
- ਸੂਹੀ ੪, ੨, ੪:੧ (731)

ਨਿਮਤ ----- ਨਿਮਿੱਤ, ਕਾਰਣ, ਵਜੋਂ

“ਨਿਮਤ ਨਾਮਦੇਉ ਦੂਧੁ ਪੀਆਇਆ।”

- ਆਸਾ ਰਵਿ, ੫, ੨:੧ (487)

ਨਿੰਮਰੀਭੂਤ -- ਨਿਰਮਾਨਤਾ ਵਾਲੇ ਸੁਭਾਉ, ਨਿਰ ਅਭਿਮਾਨ, ਝੁਕਿਆ ਹੋਇਆ

“ਸਤਸੰਗਤਿ ਸਹਜ ਸਾਰਿ ਜਾਗੀਲੇ ਗੁਰ ਬੀਚਾਰਿ ਨਿੰਮਰੀ ਭੂਤ ਸਦੀਵ ਪਰਮ ਪਿਆਰਿ।”

- ਸਵ ੨, ੨:੩ (1391)

ਨਿੰਮਲੁ ----- ਨਿਰਮਲ, ਉਜਲ

“ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ ਹੁਅ।”

- ਸਵ ੩, ੧੬:੫ (1395)

ਨਿਮਾਣਾ ---- ਅਭਿਮਾਨ ਰਹਿਤ

“ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ।”

- ਆਸਾ ੩, ਛੰਤ ੭, ੭:੧ (441)

ਨਿਮਾਣਿਆ -- ਜਿਸ ਦਾ ਕੋਈ ਮਾਣ ਨ ਕਰੇ

“ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰ ਕਰੇ ਸਾਬਾਸਿ।”

- ਸਿਰੀ ੪, ੬੮, ੨:੨ (41)

ਹੋਰ ਰੂਪ:

ਨਿੰਮਾਣਿਆ -

“ਨਿੰਮਾਣਿਆ ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ ਰਾਮ।”

- ਬਿਲਾ ੪, ਛੰਤ ੧, ੨:੧ (844)

ਨਿਮਾਣੀ ---- (1) ਅਭਿਮਾਨ ਰਹਿਤ

“ਹੋਇ ਨਿਮਾਣੀ ਢਹਿ ਪਵਾ ਪੂਰੇ ਸਤਿਗੁਰ ਪਾਸਿ।”

- ਸਿਰੀ ੪, ੬੮, ੨:੧ (41)

(2) ਜਿਸ ਦਾ ਕੋਈ ਮਾਨ ਨ ਕਰੇ

“ਸਰਬ ਕਲਾ ਪ੍ਰਭ ਪੂਰਣੋ ਮੁੰਞੁ ਨਿਮਾਣੀ ਥਾਉ।”

- ਮਾਝ ੫, ਦਿਨ ੪:੧ (137)

ਹੋਰ ਰੂਪ:

ਨਿਮਾਣੀਆ -

“ਖਸਮਹੁ ਘੁਥੀਆ ਫਿਰਹਿ ਨਿਮਾਣੀਆ।”

-ਸਿਰੀ ੧, ਅਸ ੨੮, ੭:੨ (72)

ਨਿਮਾਣੀਆ -

“ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।”

- ਸਲੋ ਫਰ, ੯੭:੨ (1383)

(3) ਵਿਚਾਰੀ

“ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ।”

-ਸਲੋ ਫਰ, ੧:੩ (1377)

“ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ।”
- ਸਲੋ ਫਰ, ੯੩:੧ (1382)

ਨਿਮਾਣੀਏ --- ਜਿਨਾ ਦਾ ਕੋਈ ਮਾਣ ਨ ਕੋਈ
“ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮ੍ਹਾਲਿ।”
- ਸੂਹੀ ੩, ਵਾਰ ੧ਸ, ੩, ੨:੧ (785)

ਨਿਮਾਣੇ ----- ਜਿਸ ਦਾ ਕੋਈ ਮਾਣ ਨ ਕਰੇ
“ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ।”
- ਆਸਾ ੫, ੧੦੩, ੧*:੧ (396)

ਨਿਮਾਨਣੀਆਹ ਮਾਨ ਰਹਿਤ, ਭਾਵ ਅਭਿਮਾਨ ਰਹਿਤ
“ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ।”
- ਸਿਰੀ ੪, ਵਾਰ ੭ਸ, ੧, ੨:੫ (85)

ਨਿਮਾਨੜੀਆ - ਜਿਸ ਦਾ ਕੋਈ ਮਾਨ ਨਾ ਕਰੇ
“ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ।”
- ਗਉ ੧, ਛੰਤ ੧, ੨:੧ (242)

ਨਿਮਾਨਾ ---- ਮਾਨ/ਅਭਿਮਾਨ ਰਹਿਤ
“ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ।”
- ਗਉ ੫, ਬਾਅ ੪੪ਸ:੨ (259)

ਨਿਮਾਨੀ ---- ਜਿਸ ਦਾ ਕੋਈ ਮਾਨ ਨਾ ਕਰੇ
“ਮੋਹਿ ਅਨਾਥ ਗਰੀਬ ਨਿਮਾਨੀ।”
-ਆਸਾ ੫, ੯੫, ੩:੩ (394)

ਨਿਮਾਨੁ ----- ਅਪਮਾਨ
“ਮਾਨ ਨਿਮਾਨੁ ਵਵਾਈਐ ਹਰਿ ਚਰਣੀ ਲਾਗੋ ਰਾਮ।”
-ਬਿਲਾ ੫, ਛੰਤ ੪, ੧:੨ (848)
(‘ਦਰਪਣ ਤੇ ਨਿਰਨੈ’ ਸੰਦ ਛੇਦ ‘ਮਾਨਨਿ ਮਾਨ ਕਰਕੇ’ ‘ਮਾਨਨਿ ਦੇ ਅਰਥ ‘ਹੇ ਮਾਨ ਵਾਲੀਏ’ ਕਰਦੇ ਹਨ)

ਨਿਮਾਨੇ ----- ਜਿਸ ਦਾ ਕੋਈ ਮਾਨ ਨਾ ਕਰੇ
“ਜਿਨਿ ਦੀਆ ਨਿਮਾਨੇ ਕਉ ਮਾਨ।”
- ਗਉ ੫, ੭੫, ੩:੨ (177)

ਨਿਮਾਨੋ ----- (1) ਵਿਚਾਰਾ, ਜਿਸ ਦਾ ਕੋਈ ਮਾਨ ਨਹੀਂ ਕਰਦਾ
“ਕਿਨ ਬਿਧਿ ਹੀਅਰੋ ਧੀਰੈ ਨਿਮਾਨੋ।”
- ਸੂਹੀ ੫, ੫, ੧*:੧ (737)
(2) ਨਿਰਮਾਨ, ਅਭਿਮਾਨ ਰਹਿਤ
“ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ।”
- ਗਉ ੫, ੧੨੬*, ੧:੧ (206)

ਨਿੰਮਿਆ ---- (ਸੰ.) ਬੀਜ ਦਾ ਸਫੁਟਿਤ ਹੋਣਾ ਭਾਵ ਗਰਭ ਵਿਚ ਟਿਕਣਾ

"ਹੁਕਮੈ ਅੰਦਰਿ ਨਿੰਮਿਆ ਪਿਆਰੇ ਹੁਕਮੈ ਉਦਰ ਮਝਾਰਿ।"
– ਸੋਚ ੧, ਅਸ ੩, ੪:੧ (636)

ਹੋਰ ਰੂਪ:

ਨਿੰਮੀਐ –
"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।"
– ਆਸਾ ੧, ਵਾਰ ੧੯ਸ, ੧, ੨:੧ (473)

ਨਿਮੁ ------ ਸੰਘਣੀ ਛਾਂ ਵਾਲਾ ਇਕ ਦਰਖਤ ਜਿਸ ਦਾ ਫਲ ਕੌੜਾ ਹੁੰਦਾ ਹੈ
"ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲ।"
– ਮਾਝ ੧, ਵਾਰ ੨੧ਸ, ੧, ੧:੧ (147)

ਹੋਰ ਰੂਪ:

ਨਿੰਮੁ –
"ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ।"
– ਨਟ ੪, ੩, ੨:੨ (976)

ਨਿਮੁਣੀਆਦੀ – ਜਿਸ ਦੀ ਬੁਨਿਆਦ ਨਾ ਹੋਵੇ, ਅਸਾਰ
"ਨਾਨਕ ਨਾਮ ਵਿਹੂਣੀਆ ਨਿਮੁਣੀਆਦੀ ਦੇਹ।"
– ਮਾਰੂ ੫, ਵਾਰ ੨੧ਸ, ੫, ੩:੨ (1101)

ਨਿੰਮੁਨੀਆਦਾ – ਬੁਨਿਆਦ ਤੋਂ ਬਿਨਾ
"ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ।"
– ਆਸਾ ੫, ੪੨, ੪:੧ (381)

ਨਿੰਮੇ ------ ਬੀਜ ਦਾ ਗਰਭ ਵਿਚ ਟਿਕਣਾ ਭਾਵ ਉਪਜੇ
"ਮਾਸਹੁ ਨਿੰਮੇ ਮਾਸਹੁ ਜੰਮੈ ਹਮ ਮਾਸੈ ਕੇ ਭਾਂਡੇ।"
–ਮਲਾ ੧, ਵਾਰ ੨੫ਸ, ੧, ੨:੧੦ (1290)

ਨਿਮ੍ਰਤਾਹ ---- ਨਿਮ੍ਰਿਤਾ ਦਾ
"ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ।"
– ਸਸ ੫, ੨੯:੧ (1356)

ਨਿਮ੍ਰਿਤ ----- ਨਿੰਮ੍ਰਿਤਾ
"ਨੀਚ ਨੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ।"
– ਚਉ ੫, ੯:੨ (1364)

ਨਿਰਸ ----- ਰਸ ਰਹਿਤ, ਬੇਰਸ
"ਰਾਰਾ ਰਸੁ ਨਿਰਸ ਕਰਿ ਜਾਨਿਆ।"
– ਗਉ ਕਬ, ਬਾਅ ੩੫:੧ (342)

ਨਿਰਹਾਰ ---- ਨਿਰ-ਆਹਾਰ (ਭੁੱਖੇ) ਰਹਿਣ ਵਾਲੇ, ਕੁਝ ਨਾ ਖਾਣ ਵਾਲਾ, ਅਹਾਰ ਦਾ ਤਿਆਗੀ
"ਨਿਰਹਾਰ ਵਰਤੀ ਆਪਰਸਾ।"
– ਸਿਰੀ ੫, ਅਸ ੨੭, ੬:੧ (71)

ਨਿਰੰਹਾਰੰ ---- ਭੋਜਨ ਨਾ ਖਾਣ ਵਾਲਾ

"ਨਹ ਗਿਰਹ ਨਿਰੰਹਾਰੰ।"

- ਰਾਮ ੫, ੫੯, ੧:੨ (901)

ਨਿਰਹਾਰੀ --- ਜੋ ਖਾਂਦਾ ਕੁਝ ਨਹੀ ਇਥੇ ਭਾਵ ਵਾਹਿਗੁਰੂ

"ਨਿਰਹਾਰੀ ਕੇਸਵ ਨਿਰਵੈਰਾ।"

- ਮਾਝ ੫, ੧੩, ੩:੧ (98)

ਨਿਰੰਕਾਰ --- (1) ਜਿਸ ਦਾ ਕੋਈ ਅਕਾਰ ਨਹੀਂ, ਭਾਵ ਵਾਹਿਗੁਰੂ

"ਤੂੰ ਸਦਾ ਸਲਾਮਤਿ ਨਿਰੰਕਾਰ।"

- ਜਪੁ ੧, ੧੬:੨੬ (3)

"ਉਸਤਤਿ ਮਨ ਮਹਿ ਕਰਿ ਨਿਰੰਕਾਰ।"

- ਗਉ ੫, ਸੁਖ ੧੪, ੨:੧ (281)

"ਤੋਟਿ ਨਾ ਆਵੈ ਜਪਿ ਨਿਰੰਕਾਰ।"

(ਹਰੀ)

- ਆਸਾ ੫, ੬੨, ੨:੨ (394)

ਹੋਰ ਰੂਪ:

ਨਿਰੰਕਾਰੰ –

"ਆਦਿ ਮਧਿ ਅੰਤਿ ਨਿਰੰਕਾਰੰ।" (ਅਕਾਰ ਰਹਿਤ ਪ੍ਰਭੁ/ਹਰਿ)

- ਗਉ ੫, ਬਾਅ ੧*:੨ (250)

ਨਿਰੰਕਾਰਾ –

"ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ।" (ਅਕਾਰ ਰਹਿਤ ਹਰਿ)

- ਗਉ ੪, ੪੧, ੩:੩ (164)

ਨਿਰੰਕਾਰਿ –

"ਨਿਰੰਕਾਰਿ ਜੋ ਰਹੈ ਸਮਾਇ।" (ਅਕਾਰ ਰਹਿਤ ਹਰਿ ਵਿਚ)

- ਰਾਮ ੩, ਵਾਰ ੧੨ਸ, ੧, ੭:੯ (953)

(2) ਅਕਾਰ ਰਹਿਤ

"ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।"

- ਗਉ ੫, ਬਾਅ ੨ਸ:੧ (250)

"ਨਿਰੰਕਾਰ ਮਹਿ ਆਕਾਰੁ ਸਮਾਵੈ।"

- ਆਸਾ ੧, ਅਸ ੭, ੪:੧ (414)

"ਆਪਿ ਨਿਰੰਕਾਰ ਆਕਾਰੁ ਹੈ ਆਪੇ ਆਪੇ ਕਰੈ ਸੁ ਥੀਆ।"

- ਬਿਹਾ ੪, ਵਾਰ ੭:੫ (551)

ਹੋਰ ਰੂਪ:

ਨਿਰੰਕਾਰਾ –

"ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ।" (ਅਕਾਰ ਰਹਿਤ)

- ਬੈਰਾ ੪, ੪, ੧:੧ (720)

"ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ।"

-ਮਾਰੂ ੫, ਸੋਲਾ ੫, ੧:੧ (1075)

ਨਿਰੰਕਾਰੀ –

"ਹਉ ਵਾਰੀ ਜੀਉ ਵਾਰੀ ਨਿਰੰਕਾਰੀ ਨਾਮੁ ਧਿਆਵਣਿਆ।" (ਅਕਾਰ ਰਹਿਤ ਨਾਮ)
– ਮਾਝ ੪, ਅਸ ੩੪, ੧*:੧ (129)
"ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ।"
– ਸੋਰ ੧, ੫, ੧:੧ (596)

ਨਿਰੰਕਾਰੀ --- (1) ਅਕਾਰ ਰਹਿਤ, ਵੇਖੋ ਨਿਰੰਕਾਰ (2)
(2) ਅਕਾਰ ਰਹਿਤ ਪ੍ਰਭੂ ਦੇ ਉਪਾਸ਼ਕ
"ਇਕਿ ਨਿਰੰਕਾਰੀ ਨਾਮ ਆਧਾਰਿ।"
– ਮਾਝ ੧, ਵਾਰ ੧੪ਸ, ੧, ੨:੫ (144)
"ਆਤਮੁ ਚੀਨ੍ਹਿ ਭਏ ਨਰਿੰਕਾਰੀ।"
– ਆਸਾ ੧, ਅਸ ੮, ੭:੫ (415)
(3) ਅਕਾਰ ਰਹਿਤ ਹਰਿ
"ਅਵਰੁ ਨ ਜਾਨਹਿ ਬਿਨੁ ਨਿਰੰਕਾਰੀ।"
– ਗਉ ੫, ੮੬, ੨:੪ (181)
"ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ।"
– ਸੋਰ ੧, ੮, ੪:੨ (589)
(4) ਨਿਰੰਕਾਰ ਦੀ, ਅਕਾਰ ਰਹਿਤ ਪ੍ਰਭੂ ਦੀ
"ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ।"
– ਤੁਖਾ ੧, ਬਾਰਾ ੧:੫ (1107)

ਨਿਰੰਕਾਰੁ --- (1) ਪ੍ਰਭੂ, ਹਰਿ
"ਸਚ ਖੰਡਿ ਵਸੈ ਨਿਰੰਕਾਰੁ।"
– ਜਪੁ ੧, ੩੭:੧੧ (8)

ਹੋਰ ਰੂਪ:

ਨਿਰੰਕਾਰੇ –
"ਭਾਵ ਖੰਡਨ ਦੁਖ ਭੰਜਨ ਸ੍ਵਾਮੀ ਭਗਤਿ ਵਛਲ ਨਿਰੰਕਾਰੇ।" (ਪ੍ਰਭੂ)
– ਧਨਾ ੫, ੧, ੧:੧ (670)
ਨਿਰੰਕਾਰੈ –
"ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮ ਨਿਰੰਕਾਰੈ।" (ਨਿਰੰਕਾਰ, ਪ੍ਰਭੂ)
– ਸਾਰ ੫, ੧੦, ੪:੨ (1205)
ਨਿਰੰਕਾਰੋ –
"ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ ਨਿਰੰਕਾਰੋ।"
– ਸਾਰ ੫, ੫੪, ੧:੨ (1215)
(2) ਅਕਾਰ ਰਹਿਤ
"ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ।"
– ਗਉ ੪, ਵਾਰ ੬ਸ, ੪, ੧:੧ (302)

ਨਿਰਖ ----- (ਸੰ. -) ਜਿਸ ਨੂੰ ਤਕਦਾ ਹੈ, ਭਾਵ ਪ੍ਰਭੂ
"ਤਬ ਲੇ ਨਿਰਖਹਿ ਨਿਰਖ ਮਿਲਾਵਾ।"
– ਗਉ ਕਬ, ਬਾਅ ੨੬:੪ (341)
(ਮਹਾਨਕੋਸ਼ ਇਸ ਨੂੰ ' 'ਤੋਂ ਵਿਉਤਪਤ ਮੰਨ ਅਰਥ 'ਤਕਣ ਯੋਗ' ਕਰਦਾ ਹੈ)

ਨਿਰਖਉ ---- ਵੇਖਦਾ ਹਾਂ

"ਚਿਤਿ ਚਿਤਵਉ ਹਰਿ ਰਸਨ ਅਰਾਧਉ ਨਿਰਖਉ ਤੁਮਰੀ ਓਰ।"

- ਗੂਜ ੫, ੨੦, ੧*:੨ (500)

ਨਿਰਖਹਿ ---- ਵੇਖਣ ਵਾਲੇ ਨੂੰ

"ਤਬ ਲੇ ਨਿਰਖਹਿ ਨਿਰਖ ਮਿਲਾਵਾ।"

- ਗਉ ਕਬ, ਬਾਅ ੨੬:੪ (341)

ਨਿਰਖਤ ---- (1) ਵੇਖ ਦਿਆਂ

"ਨੰਨਾ ਨਿਸਿ ਦਿਨੁ ਨਿਰਖਤ ਜਾਈ।"

- ਗਉ ਕਬ, ਬਾਅ ੨੬:੧ (341)

"ਹਉ ਨਿਰਖਤ ਫਿਰਉ ਸਭਿ ਦੇਸ ਦਿਸੰਤਰ ਮੈ ਪ੍ਰਭ ਦੇਖਨ ਕੋ ਬਹੁਤੁ ਮਨਿ ਚਈਆ।" (ਵੇਖਦੀ)

- ਬਿਲਾ ੪, ਅਸ ੫, ੨:੧ (836)

(2) ਭਾਵ ਪਰਖ ਕੇ

"ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ।"

- ਬਸੰ ੪, ਅਸ ੧, ੩:੧ (1191)

ਨਿਰਖਿ ----- (1) ਪਰਖਕੇ, ਗਹੁ/ਧਿਆਨ ਕਰਕੇ

"ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ।"

- ਸੋਰ ਕਬ, ੧, ੪:੧ (654)

(2) ਵੇਖ

"ਰਿਦੈ ਇਖਲਾਸੁ ਨਿਰਖਿ ਲੇ ਮੀਰਾ।"

- ਭੈਰ ਕਬ, ੭, ੪:੧ (1159)

ਨਿਰਖਿਉ --- ਵੇਖਿਆ

"ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਉ ਨ ਜਾਈ।"

- ਗੂਜ ਨਾਮ, ੨, ੨:੧ (525)

ਨਿਰਖੀ ----- ਵੇਖੀ

"ਨਿਰਖਤ ਨਿਰਖਤ ਰੈਨਿ ਸਭ ਨਿਰਖੀ ਮੁਖੁ ਕਾਢੈ ਅੰਮ੍ਰਿਤੁ ਪੀਜੈ।"

- ਕਲਿ ੪, ਅਸ ੫, ੫:੨ (1326)

ਨਿਰਗੰਧ ---- ਖੁਸ਼ਬੂ ਰਹਿਤ

"ਤਿਹ ਮਿਲਿ ਤੇਊ ਊਤਮ ਭਏ ਲੋਹ ਕਾਠ ਨਿਰਗੰਧ।"

- ਸਲੋ ਕਬ, ੭੭:੨ (1368)

ਨਿਰਗਮ ---- ਨਿਗਮ, ਵੇਦ ਦਾ ਮੰਤਰ ਭਾਗ

"ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ।"

- ਆਸਾ ਕਬ, ੫, ੨:੧ (476)

ਨਿਰਗੁਣ ---- (1) ਗੁਣ ਲਭਣ ਰਹਿਤ, ਤਿੰਨ ਗੁਣਾਂ ਤੋਂ ਉਪਰ

"ਨਿਰਗੁਣ ਨਾਮੁ ਨਿਧਾਨੁ ਹੈ ਸਹਜੇ ਸੋਝੀ ਹੋਇ।"

- ਸਿਰੀ ੩, ਅਸ ੨੩, ੭:੧ (68)

“ਬ੍ਰਹਮੰਡ ਖੰਡ ਪੂਰਨ ਬ੍ਰਹਮੁ ਗੁਣ ਨਿਰਗੁਣ ਸਮ ਜਾਨਿਓ।”
- ਸਵ ੧, ੯:੫ (1390)

(2) ਜਿਸ ਦੇ ਗੁਣ ਨ ਕਹੇ ਜਾ ਸਕਨ, ਅਕਥ
“ਨਿਰਗੁਣ ਕਥਾ ਕਥਾ ਹੈ ਹਰਿ ਕੀ।”
- ਗਉ ੪, ੪੦, ੧:੧ (164)

(3) ਗੁਣ ਵਿਹੂਣੇ
“ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ।”
- ਗਉ ੪, ੪੯, ੧*:੨ (167)
“ਮੋਹਿ ਨਿਰਗੁਣ ਕਉ ਪ੍ਰਭਿ ਕੀਨੀ ਦਇਆ।”
- ਗਉ ੫, ੯੧, ੪:੩ (183)

ਨਿਰਗੁਣਵੰਤੜੀਏ ਹੇ ਗੁਣ-ਹੀਣ ਇਸਤ੍ਰੀਏ
“ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ।”
- ਵਡ ੩, ਛੰਤ ੧, ੨:੧ (567)

ਨਿਰਗੁਣਿ --- ਗੁਣ ਵਿਹੂਣੇ
“ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ।”
- ਜਪੁ ੧, ੭:੬ (2)

ਨਿਰਗੁਣਿਆਰਿਆ ਗੁਣ-ਵਿਹੂਣੇ
“ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ।”
- ਸਿਰੀ ੧, ਅਸ ੧੫, ੫:੧ (63)

ਨਿਰਗੁਣਿਆਰੇ ਗੁਣ, ਵਿਹੂਣਾ
“ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ।”
-ਸਲੋ ੫, ੧ਸ:੨ (1429)

ਨਿਰਗੁਣੀ ---ਗੁਣ ਰਹਿਤ, ਗੁਣ ਵਿਹੂਣਾ
“ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ।”
- ਤੁਖਾ ੪, ਛੰਤ ੧, ੩:੪ (1114)

ਨਿਰਗੁਣੀਆਰੇ ਗੁਣਹੀਨ/ਗੁਣ ਵਿਹੂਨੇ ਨੂੰ
“ਓਹੁ ਨਿਰਗੁਣੀਆਰੇ ਪਾਲਦਾ ਭਾਈ ਦੇਇ ਨਿਥਾਵੈ ਥਾਉ।”
- ਸੋਚ ੫, ਅਸ ੧, ੭:੨ (640)

ਨਿਰਗੁਣੁ ---- (1) ਤਿੰਨ ਗੁਣਾਂ ਤੋਂ ਰਹਿਤ, ਗੁਣ ਲਛਣ ਵਿਹੂਣ, ਅਕਾਲ ਪੁਰਖ ਦਾ ਇਕ ਰੂਪ
“ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ।”
- ਮਾਝ ੫, ੧੨, ੧:੨ (98)
“ਤੂੰ ਨਿਰਗੁਣੁ ਸਰਗੁਣੁ ਸੁਖਦਾਤਾ।”
-ਮਾਝ ੫, ੨੮, ੩:੧ (102)

(2) ਗੁਣ ਵਿਹੂਣਾ, ਨਿਕੰਮਾ
“ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ।”
- ਗਉ ਰਵਿ, ੧, ੧:੧ (345)

ਨਿਰਗੁਣੇ ---- ਗੁਣ ਹੀਨ

"ਹਮ ਅਪਰਾਧੀ ਨਿਰਗੁਣੇ ਭਾਈ ਤੁਝ ਹੀ ਤੇ ਗੁਣੁ ਸੋਇ।"

- ਸੋਰ ੧, ਅਸ ੪, ੧:੨ (636)

ਨਿਰਗੁਨ ---- (1) ਗੁਣ ਵਿਹੂਨ

"ਮੋਹਿ ਨਿਰਗੁਨ ਮਤਿ ਥੋਰੀ ਆ ਤੂੰ ਸਦ ਹੀ ਦੀਨ ਦਇਆਲ।"

- ਗਉ ੫, ੧੧੬, ੨:੨ (203)

ਹੋਰ ਰੂਪ:

ਨਿਰਗੁਨਿ -

"ਨਿਰਗੁਨਿ ਕਰੂਪਿ ਕੁਲਹੀਣ ਨਾਨਕ ਹਉ ਅਨਦ ਰੂਪ ਸੁਆਮੀ ਭਰਤ।"

- ਦੇਵ ੫, ੩, ੨:੨ (529)

ਨਿਰਗੁਨੀ -

"ਮੋਹਿ ਨਿਸਤਾਰਹੁ ਨਿਰਗੁਨੀ।" (ਗੁਣ ਵਿਹੂਣੇ)

- ਬਸੰ ੫, ੨੧, ੧*:੨ (1186)

ਨਿਰਗੁਨੀਆਰ -

"ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ।" (ਗੁਣੇ ਵਿਹੂਨੇ)

- ਗਉ ੫, ਸੁਖ ੪ਸ:੧ (266)

ਨਿਰਗੁਨੀਆਰੇ -

"ਨਿਰਗੁਨੀਅਰੇ ਗੁਨੁ ਨਹੀ ਕੋਈ ਤੁਮ ਦਾਨੁ ਦੇਹੁ ਮਿਹਰਵਾਨਾ।"

- ਸੋਰ ੫, ੧੭, ੨:੨ (613)

(2) ਤ੍ਰੈ ਗੁਣ ਅਤੀਤ

"ਤੂੰ ਨਿਰਗੁਨ ਤੂੰ ਸਰਗੁਨੀ।"

- ਗਉ ੫, ੧੪੩*, ੨:੨ (211)

"ਤੇਰੀ ਨਿਰਗੁਨ ਕਥਾ ਕਾਇ ਸਿਉ ਕਹੀਐ ਐਸਾ ਕੋਇ ਬਿਬੇਕੀ।"

- ਗਉ ਕਬ, ੪੭, ੩:੧ (333)

ਹੋਰ ਰੂਪ:

ਨਿਰਗੁਨੀਐ -

"ਚੂਕੀ ਪਿਆਸਾ ਪੂਰਨ ਆਸਾ ਗੁਰਮੁਖਿ ਮਿਲੁ ਨਿਰਗੁਨੀਐ।"

- ਰਾਮ ੫, ਛੰਤ ੧, ੪:੫ (924)

ਨਿਰਗੁਨੁ ---- (1) ਗੁਣ ਵਿਹੂਣੇ

"ਮੋਹਿ ਨਿਰਗੁਨੁ ਸਭ ਗੁਨ ਤੇਰੇ।"

- ਗਉ ੫, ੧੨੫*, ੧*:੨ (205)

(2) ਤ੍ਰੈ-ਗੁਣ ਅਤੀਤ, ਗੁਣ-ਲਛਣ ਰਹਿਤ

"ਨਿਰਗੁਨੁ ਆਪਿ ਸਰਗੁਨੁ ਭੀ ਓਹੀ।"

- ਗਉ ੫, ਸੁਖ ੧੮, ੮:੧ (287)

"ਨਿਰਗੁਨੁ ਮਿਲਿਓ ਵਜੀ ਵਧਾਈ।" (ਤ੍ਰੈ ਗੁਨ ਅਤੀਤ ਪ੍ਰਭੂ)

- ਆਸਾ ੫, ੮੭, ੧*:੨ (392)

ਨਿਰੰਜਨ ---- ਮਾਇਆ ਤੋਂ ਨਿਰਲੇਪ, ਪਵਿਤਰ ਭਾਵ ਹਰਿ

“ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ।”
– ਸਿਰੀ ੧, ਅਸ ੭, ੩:੧ (57)
“ਨਾਮ ਨਿਰੰਜਨ ਏਕ ਲਿਵ ਲਾਗੀ ਜੀਉ।”
– ਗਉ ੫, ੧੬੮*, ੩:੨ (217)

ਨਿਰੰਜਨ ਰਾਇ ਮਾਇਆ ਤੋਂ ਨਿਰਲੇਪ ਰਾਜਾ ਭਾਵ ਵਾਹਿਗੁਰੂ
“ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰਜੰਨ ਰਾਇ ਜੀਉ।”
– ਰਾਮ ੫, ਛੰਤ ੪, ੪:੧ (927)

ਨਿਰੰਜਨਾ ---- (1) ਮਾਇਆ ਤੋਂ ਰਹਿਤ, ਪਵਿਤਰ
“ਘਰਿ ਘਰਿ ਨਾਮੁ ਨਿਰੰਜਨਾ ਸੋ ਠਾਕੁਰੁ ਮੇਰਾ।”
– ਗਉ ੧, ਅਸ ੧੮, ੧:੨ (229)
“ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ ਸਤਿ ਸਤਿ ਪੁਰਖ ਨਿਰੰਜਨਾ।”
– ਕਾਨ ੪, ਵਾਰ ੨:੨ (1313)

ਹੋਰ ਰੂਪ:

ਨਿਰੰਜਨਿ –
“ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ।” (ਮਾਇਆ ਰਹਿਤ)
– ਗਉ ਕਬ, ੪੬, ੧:੨ (332)
“ਮਨੁ ਤਨੁ ਨਾਮਿ ਨਿਰੰਜਨਿ ਰਾਤਉ ਚਰਨ ਕਮਲ ਲਿਵ ਲਾਇਆ।” (ਪਵਿਤਰ)
– ਮਲਾ ੫, ੧੧, ੨:੧ (1268)

ਨਿਰੰਜਨੁ –
“ਆਪੇ ਆਪਿ ਨਿਰੰਜਨੁ ਸੋਇ।” (ਮਾਇਆ ਤੋਂ ਰਹਿਤ)
– ਜਪੁ ੧, ੫:੨ (2)
“ਐਸਾ ਨਾਮ ਨਿਰੰਜਨੁ ਹੋਇ।” (ਪਵਿੱਤਰ)
– ਜਪੁ ੧, ੧੨:੫ (3)
“ਨਾਮੁ ਨਿਰੰਜਨੁ ਅਤਿ ਅਗਮ ਅਪਾਰਾ।”
– ਮਾਝ ੩, ਅਸ ੬, ੨:੨ (112)

ਨਿਰੰਜਨੋ –
“ਨਿਧਰਿਆ ਧਰ ਏਕੁ ਨਾਮੁ ਨਿਰੰਜਨੋ ਜੀਉ।” (ਪਵਿੱਤਰ)
– ਧਨਾ ੫, ਛੰਤ ੧, ੨:੧ (691)

(2) ਮਾਇਆ ਤੋਂ ਰਹਿਤ ਪ੍ਰਭੂ
“ਤੁਧੁ ਜੇਵਡੁ ਦਾਤਾ ਤੂ ਹੈ ਨਿਰੰਜਨਾ ਤੂ ਸਚੁ ਮੇਰੈ ਮਨਿ ਭਾਇਆ।”
– ਗਉ ੪, ਵਾਰ ੨:੪ (301)

ਹੋਰ ਰੂਪ:

ਨਿਰੰਜਨਿ –
“ਸਚੁ ਅੰਜਨੋ ਅੰਜਨੁ ਸਾਰਿ ਨਿਰੰਜਨਿ ਰਾਤਾ ਰਾਮ।” (ਮਾਇਆ ਤੋਂ ਰਹਿਤ ਹਰੀ)
– ਆਸਾ ੧, ਛੰਤ ੩, ੪:੧ (437)

ਨਿਰੰਜਨੀ –

"ਝੂਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ।" (ਮਾਇਆ ਤੋਂ ਰਹਿਤ ਹਰੀ ਦਾ)

– ਰਾਮ ਬਸ, ਵਾਰ ੨:੩ (966)

ਨਿਰੰਜਨੁ –

"ਊਂਧ ਕਵਲੁ ਜਿਸੁ ਹੋਇ ਪ੍ਰਗਾਸਾ ਤਿਨਿ ਸਰਬ ਨਿਰੰਜਨੁ ਡੀਠਾ ਜੀਉ।" (ਨਿਰਲੇਪ ਹਰੀ)

– ਮਾਝ ੫, ੪੯, ੨:੩ (108)

ਨਿਰੰਜਨੋ –

"ਅਚਰਜੁ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ।" (ਮਾਇਆ ਤੋਂ ਨਿਰਲੇਪ ਹਰੀ)

– ਸਿਰੀ ੫, ੮੩, ੧:੪ (46)

ਨਿਰਜਾਸਿ --- **ਨਿਰਣਾ**

"ਅੰਤਰਿ ਗੁਰਮੁਖਿ ਤੂ ਵਸਹਿ ਜਿਉ ਭਾਵੈ ਤਿਉ ਨਿਰਜਾਸਿ।"

– ਸਿਰੀ ੧, ੧੮, ੧:੩ (20)

"ਤੁਧੁ ਬਾਝਹੁ ਥਾਉ ਕੋ ਨਾਹੀ ਜਿਸੁ ਪਾਸਹੁ ਮੰਗੀਐ ਮਨਿ ਵੇਖਹੁ ਕੋ ਨਿਰਜਾਸਿ।" (ਨਿਰਣਾ ਕਰਕੇ)

– ਸਿਰੀ ੪, ਵਾਰ ੯:੪ (86)

ਨਿਰਜੀਉ --- **ਜੀਵ ਰਹਿਤ, ਬੇਜਾਨ, ਨਿਰਜਿੰਦ**

"ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ।"

– ਗਉ ਕਬ, ੪੫, ੩:੧ (332)

ਨਿਰਜੋਗ ---- **ਨਿਰਲੇਪ**

"ਜਿਤੁ ਭੇਟੇ ਪਾਰਬ੍ਰਹਮ ਨਿਰਜੋਗ।"

– ਗਉ ੫, ੧੨੯, ੧:੨ (191)

ਹੋਰ ਰੂਪ:

ਨਿਰਜੋਗਾ –

"ਵਡੈ ਭਾਗਿ ਪਾਏ ਹਰਿ ਨਿਰਜੋਗਾ।"

– ਆਸਾ ੪, ੫੭, ੨:੨ (367)

ਨਿਰਜੋਗੁ –

"ਆਪਿ ਅਤੀਤੁ ਅਲਿਪਤੁ ਹੈ ਨਿਰਜੋਗੁ ਹਰਿ ਜੋਗੀ।" (ਅਨਜੁੜਿਆ, ਨਿਰਲੇਪ)

– ਗੂਜ ੩, ਵਾਰ ੧੩:੩ (514)

ਨਿਰਣਉ ---- **ਨਵੀਨ ਜਲ (ਮਹਾਨਕੋਸ਼); ਵੇਖ ਕੇ (ਸ਼ਬਦਾਰਥ, ਦਰਪਣ); ਨਿਰਣਾ ਕਰਕੇ (ਨਿਰਣੈ)**

"ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ।"

– ਗੂਜ ੩, ਵਾਰ ੨੧ਸ, ੩, ੧:੧ (517)

ਨਿਰਤਕਾਰੀ -- **ਨਾਚ**

"ਬਿਨੁ ਬਾਜੇ ਕੈਸੋ ਨਿਰਤਕਾਰੀ।"

– ਭੈਰ ੫, ੧੯, ੧:੧ (1140)

ਨਿਰੰਤਰ ---- **ਇਕ ਰਸ, ਲਗਾਤਾਰ**

"ਗੁਰ ਕਾ ਸਬਦੁ ਨ ਚੀਨ੍ਹ ਹੀ ਤਤੁ ਸਾਰੁ ਨਿਰੰਤਰ।"
– ਆਸਾ ੧, ਅਸ ੧੪, ੩:੨ (419)

ਨਿਰੰਤਰਿ ---- (1) ਪੂਰੀ ਤਰ੍ਹਾਂ ਅੰਦਰ
"ਤੂੰ ਘਟ ਘਟ ਅੰਤਰਿ ਸਰਬ ਨਿਰੰਤਰਿ ਜੀ ਹਰਿ ਏਕੋ ਪੁਰਖੁ ਸਮਾਣਾ।"
– ਆਸਾ ੪, ਸੋਪੁ ੧, ੨:੧ (12)

(2) ਸਮਾਨ, ਇਕੋ ਜਿਹਾ
"ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ।"
– ਆਸਾ ੧, ੭, ੨:੨ (350)

(3) ਇਕ ਰਸ, ਲਗਾਤਾਰ
"ਸੋ ਛੂਟੈ ਮਹਾ ਜਾਲ ਤੇ ਜਿਸੁ ਗੁਰ ਸਬਦੁ ਨਿਰੰਤਰਿ।"
– ਆਸਾ ੫, ੧੦੪, ੨:੨ (397)

ਹੋਰ ਰੂਪ:

ਨਿਰੰਤਰੇ –
"ਆਪਿ ਕਰਤਾ ਕਰੇ ਸੋਈ ਪ੍ਰਭੁ ਆਪਿ ਅੰਤਿ ਨਿਰੰਤਰੇ।" (ਇਕ ਰਸ)
– ਸੂਹੀ ੧, ਛੰਤ ੫, ੮:੪ (767)

ਨਿਰਤਾਏ --- ਨਾਚ ਵਿਚ
"ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ।"
– ਭੈਰ ੫, ੧੫, ੨:੨ (1139)

ਨਿਰਤਿ ----- (1) ਨਾਚ
"ਸਚਾ ਤਾਲੁ ਪੂਰੇ ਮਾਇਆ ਮੋਹੁ ਚੁਕਾਏ ਸਬਦੇ ਨਿਰਤਿ ਕਰਾਵਣਿਆ।"
–ਮਾਝ ੩, ਅਸ ੨੧, ੩:੩ (121)
(2) ਨਿਰਣਾ ਭਾਵ ਵਿਚਾਰ (ਸ਼ਬਦਾਰਥ); ਅਸਤਿ (ਮਹਾਨਕੋਸ਼)/ਸੰਥਿਆ, ਮਿਥਿਆ (ਨਿਰਣੈ); ਪਿਆਰ (ਦਰਪਣ)
"ਸਤਿ ਨਿਰਤਿ ਬੂਝੈ ਜੇ ਕੋਇ।"
–ਗਉ ੫, ਸੁਖ ੧੬, ੭:੩ (284)
(3) ਨਿਰਣੇ ਨਾਲ
"ਕਿਰਤ ਕਮਾਵਨ ਸਰਬ ਫਲ ਰਵੀਐ ਹਰਿ ਨਿਰਤਿ।"
– ਬਿਲਾ ੫, ੬੦, ੩:੨ (816)
('ਪ੍ਰੀਤ ਨਾਲ' ਮਹਾਨਕੋਸ਼)
(4) ਨਿਰਣਾ ਭਾਵ ਕੀਮਤ
"ਨਿਰਤਿ ਨ ਪਾਈਆ ਗਣੀ ਸਹੰਸ।"
– ਰਾਮ ੧, ੭, ੪:੪ (878)
(ਮਾਰਗ, ਖੋਜ–ਮਹਾਨਕੋਸ਼)
(5) ਪਰਖ, ਨਿਰਣਾ
"ਨਿਰਤਿ ਨ ਪਾਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ।"
– ਜੈਤ ੫, ਛੰਤ ੨, ੨ਸ:੧ (704)
(ਨਿਰਣਾ ਕਰਨ ਦੀ ਕਿਰਿਆ – ਮਹਾਨਕੋਸ਼)

ਨਿਰਤਿਕਾਰ -- (ਸੰ.) ਨਾਚ ਕਰਨ ਵਾਲਾ
“ਮੇਘ ਸਮੈ ਮੋਰ ਨਿਰਤਿਕਾਰ।”
- ਬਸੰ ੫, ੨, ੨:੧ (1180)

ਨਿਰਤਿਕਾਰੀ - (1) ਨਾਚ ਕਰਨ ਵਾਲਾ, ਨਚਾਰ, (ਮਹਾਨਕੋਸ਼), ਨਾਚ (ਨਿਰਣੈ, ਦਰਪਣ)
“ਰਾਮ ਕੋ ਨਿਰਤਿਕਾਰੀ।”
- ਰਾਮ ੫, ੭, ੧*:੧ (884)
(2) ਨਾਚ ਕਰਨ ਦੀ ਕ੍ਰਿਯਾ (ਮਹਾਨਕੋਸ਼) ਨਾਚ (ਦਰਪਣ, ਨਿਰਣੈ)
“ਏਹੁ ਨਿਰਤਿਕਾਰੀ ਜਨਮਿ ਨ ਆਵੈ।”
- ਰਾਮ ੫, ੮, ੩:੪ (885)

ਨਿਰੰਤੀ ----- ਨਿਰੰਤਰਤਾ/ਅਭੇਦਤਾ ਦੀ
“ਜਾ ਕਉ ਭੀਤਰਿ ਮਹਲਿ ਬੁਲਾਵਹਿ ਪੂਛਉ ਬਾਤ ਨਿਰੰਤੀ।”
- ਮਾਰੂ ੧, ੧੧, ੧*:੨ (992)

ਨਿਰਤੇ ----- ਨਾਚ ਕਰਦੇ
“ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ”
- ਆਸਾ ਕਬ, ੧੮, ੧*:੩ (480)

ਨਿਰਤੵੰ ----- ਨਾਚ
“ਬਿਖਯੰਤ ਜੀਵੰ ਵਸੵੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ।”
- ਸਸ ੫, ੪੭:੨ (1358)

ਨਿਰਦਇਆ - ਦਇਆਹੀਨ, ਬੇਰਹਿਮ
“ਨਿਰਦਇਆ ਨਹੀ ਜੋਤਿ ਉਜਾਲਾ।”
- ਰਾਮ ੧, ਅਸ ੨, ੪:੩ (903)

ਨਿਰਦਲਿਆ - ਦਲ ਕੇ ਦੂਰ ਕੀਤਾ
“ਕਹੁ ਨਾਨਕ ਤਿਨਿ ਜਨਿ ਨਿਰਦਲਿਆ ਸਾਧਸੰਗਤਿ ਕੈ ਝਲੀ ਰੇ।”
- ਆਸਾ ੫, ੧੩੨, ੨:੨ (404)

ਨਿਰਦਾਵੈ ---- ਦਾਵੇ ਤੋਂ ਬਿਨਾਂ, ਭਾਵ ਮਮਤਾ ਰਹਿਤ
“ਕਬੀਰ ਦਾਵੈ ਦਾਝਨੁ ਹੋਤੁ ਹੈ ਨਿਰਦਾਵੈ ਰਹੈ ਨਿਸੰਕ।”
- ਸਲੋ ਕਬ, ੧੬੯:੧ (1373)

ਨਿਰਦੈ ----- ਨਿਰਦਈ, ਦਇਆ ਰਹਿਤ
“ਨਿਰਦੈ ਜੰਤੁ ਤਿਸੁ ਦਇਆ ਨ ਪਾਈ।”
- ਸੂਹੀ ੫, ੪੦, ੨:੨ (745)

ਨਿਰਦੋਖ ---- ਵਿਕਾਰ ਰਹਿਤ, ਦੋਸ਼ ਰਹਿਤ
“ਬ੍ਰਹਮ ਗਿਆਨੀ ਸਦਾ ਨਿਰਦੋਖ।”
- ਗਉ ੫, ਸੁਖ ੮, ੧:੩ (272)

ਨਿਰਧਨ ---- ਧਨਹੀਨ, ਕੰਗਾਲ, ਗਰੀਬ
“ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ।”

– ਮਾਝ ੧, ਵਾਰ ੭:੬ (141)

ਹੋਰ ਰੂਪ:

ਨਿਰਧਨੰ –
"ਅਧਰੰ ਧਰੰ ਧਾਰਣਹ ਨਿਰਧਨੰ ਧਨ ਨਾਮ ਨਰਹਰਹ।"
– ਸਸ ੫, ੨੧:੧ (1356)

ਨਿਰਧਨਾ ---- ਗਰੀਬਾਂ, ਧਨਹੀਨਾਂ
"ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ।"
– ਮਲਾ ੧, ਵਾਰ ੨ਸ, ੧, ੨:੨ (1279)

ਨਿਰਧਨੁ ---- ਧਨਹੀਨ, ਗਰੀਬ
"ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ।"
– ਮਾਝ ੫, ੨੧, ੨:੨ (100)

ਨਿਰਨਉ ---- ਨਿਰਣਾ, ਵਿਚਾਰ ਵਿਵੇਕ, ਇਨਸਾਫ
"ਦਾਦੀ ਦਾਦਿ ਨ ਪਹੁਚਨਹਾਰਾ ਚੂਪੀ ਨਿਰਨਉ ਪਾਇਆ ਰੇ।" (ਇਨਸਾਫ)
– ਆਸਾ ੫, ੪੪, ੩:੧ (381)
"ਆਨ ਸੁਆਦ ਸਭਿ ਫਿਕਿਆ ਕਰਿ ਨਿਰਨਉ ਡੀਠਾ।"
– ਜੈਤ ੫, ਵਾਰ ੧੧:੨ (708)

ਨਿਰਪ ----- ਰਾਜਾ
"ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧ ਨਿਰਪ ਧਾਵਹਿ ਲੜਿ ਦੁਖੁ ਪਾਇਆ।"
– ਆਸਾ ੪, ਛੰਤ ੧੧, ੨:੩ (445)

ਨਿਰਬਹੀਐ -- ਨਿਰਬਾਹ ਹੋਵੇ, ਗੁਜ਼ਾਰਾ ਹੋਵੇ, ਨਿਭਾ ਸਕੀਏ
"ਬਿਨੁ ਗੁਰ ਪੰਥੁ ਨ ਸੂਝਈ ਕਿਤੁ ਬਿਧਿ ਨਿਰਬਹੀਐ।"
– ਗਉ ੧, ਅਸ ੧੮, ੨:੨ (229)

ਨਿਰਬਾਹੁ ---- ਸਾਥ ਦੇਣਾ, ਨਿਭਾਉਣਾ, ਪਾਲਣਾ
"ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ।"
– ਸਲੋ ਕਬ, ੯੩:੧ (1369)

ਨਿਰਬਾਣ ---- (1) ਮੋਖ, ਮੁਕਤੀ
"ਵਡਭਾਗੀ ਗੁਰ ਕੇ ਸਿਖ ਪਿਆਰੇ ਹਰਿ ਨਿਰਬਾਣੀ ਨਿਰਬਾਣ ਪਦੁ ਪਾਇਆ।"
–ਗੂਜ ੪, ੫, ੨:੨ (494)
(2) ਨਿਰੋਲ
"ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।"
–ਸੂਹੀ ੫, ੫੦, ੧:੨ (747)

ਨਿਰਬਾਣ ਪਦ – ਤੁਰੀਆ ਪਦ, ਮਾਇਆ ਤੋਂ ਨਿਰਲੇਪ ਹੋ ਕੇ, ਪ੍ਰਭੂ ਮਿਲਾਪ ਦੀ ਅਵਸਥਾ, ਅਬਿਨਾਸ਼ੀ ਪਦ
"ਹਰਿ ਜਨ ਪ੍ਰੀਤਿ ਲਾਈ ਹਰਿ ਨਿਰਬਾਣਪਦ ਨਾਨਕ ਸਿਮਰਤ ਹਰਿ ਹਰਿ ਭਗਵਾਨ।"

– ਆਸਾ ੪, ੬੬, ੨:੨ (369)

ਹੋਰ ਰੂਪ:

ਨਿਰਬਾਣ ਪਦੁ –
"ਜਨ ਨਾਨਕ ਨਿਰਬਾਣ ਪਦੁ ਪਾਇਆ ਹਰਿ ਉਤਮੁ ਹਰਿ ਪਦੁ ਚੰਗਾ।" (ਦੁਖ ਰਹਿਤ ਅਵਸਥਾ)
–ਵਡ ੪, ਘੋੜੀ ੧, ੨:੬ (575)

ਨਿਰਬਾਣੀ --- (1) ਵਿਰਕਤ, ਉਦਾਸੀ, ਤਿਆਗੀ
"ਆਪਿ ਨਿਰਬਾਣੀ ਆਪੇ ਭੋਗਾ।"
– ਮਾਝ ੫, ੧੦, ੩:੨ (97)
"ਗੁਰੁ ਹਰਿ ਰੰਗਿ ਰਤੜਾ ਸਦਾ ਨਿਰਬਾਣੀ ਜੀਉ।" (ਭਾਵ ਨਿਰਲੇਪ)
– ਗਉ ੪, ੬੫, ੨:੨ (173)
(2) ਮੁਕਤੀ/ਅਬਿਨਾਸੀ ਪਦ ਤੁਰੀਆ ਅਵਸਥਾ, ਮੋਖ ਪਦ
"ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।"
– ਸਿਰੀ ੧, ੨੬, ੧:੨ (23)
(3) ਮੁਕਤੀ ਦੇਣ ਵਾਲਾ, ਤੁਰੀਆ ਪਦ ਦਾਤਾ
"ਮੂਰਖ ਸਿਉ ਨਹ ਲੂਝੁ ਪਰਾਣੀ ਹਰਿ ਜਪੀਐ ਪਦੁ ਨਿਰਬਾਣੀ ਹੇ।"
– ਮਾਰੂ ੪, ਸੋਲਾ ੨, ੫:੩ (1070)
"ਸਾਧ ਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ ਨਿਰਬਾਣੀ।"
– ਸਾਰ ੫, ੮੨, ੨:੨ (1220)

ਨਿਰਬਾਣੁ --- (1) ਨਿਰਲੇਪ, ਨਿਰਬੰਧਨ
"ਤੂੰ ਨਿਰਬਾਣੁ ਰਸੀਆ ਰੰਗਿ ਰਾਤਾ।"
–ਮਾਝ ੫, ੨੮, ੩:੨ (102)
"ਨਾਨਕ ਜਿਨਿ ਜਪਿਆ ਨਿਰਬਾਣੁ।" (ਨਿਰਲੇਪ ਹਰੀ)
– ਗਉ ੫, ੧੭੩, ੨:੨ (200)

ਹੋਰ ਰੂਪ:

ਨਿਰਬਾਣੇ –
"ਸਭ ਕੈ ਮਧੇ ਅਲਿਪਤ ਨਿਰਬਾਣੇ।" (ਨਿਰਲੇਪ)
– ਮਾਝ ੫, ੨੭, ੩:੨ (102)
(2) ਮੁਕਤ/ਤੁਰੀਆ ਪਦ, ਦੁਖ ਰਹਿਤ ਅਵਸਥਾ
"ਜੀਵਨ ਪਦੁ ਨਿਰਬਾਣੁ ਇਕੋ ਸਿਮਰੀਐ।"
– ਗਉ ੪, ਵਾਰ ੧੯ਸ, ੫, ੨:੧ (322)
"ਰੰਗਿ ਰਤੇ ਨਿਰਬਾਣੁ ਸਚਾ ਗਾਵਹੀ।" (ਮੁਕਤ)
– ਗਉ ੪, ਵਾਰ ੧੯ਸ, ੫, ੨:੭ (322)
"ਜਿਸ ਕੀ ਆਸਾ ਤਿਸ ਹੀ ਸਉਪਿ ਕੈ ਏਹੁ ਰਹਿਆ ਨਿਰਬਾਣੁ।" (ਦੁਖ ਮੁਕਤ ਅਵਸਥਾ ਵਿਚ)
– ਪ੍ਰਭਾ ੧, ੮, ੪:੧ (1329)
(3) ਨਿਰੋਲ
"ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।"

– ਰਾਮ ਸੁੰਦ, ਸਦ, ੫:੧ (923)
"ਨਾਮੁ ਨਿਰਬਾਣੁ ਨਿਧਾਨੁ ਹਰਿ ਉਰਿ ਧਰਹੁ ਗੁਰੂ ਗੁਰੁ ਗੁਰੁ ਕਰਹੁ ਗੁਰੂ ਹਰਿ ਪਾਈਐ।"
– ਸਵ ੪, ਨਲ ੧੫:੫ (1401)

ਨਿਰਬਾਣੇ --- ਵੇਖੋ 'ਨਿਰਬਾਣੁ' (1)
"ਸਤਿਗੁਰ ਸੇਵਾ ਮਹਾ ਨਿਰਬਾਣੇ।" (ਤਿਆਗ, ਨਿਰਲੇਪਤਾ)
– ਆਸਾ ੫, ੫੭, ੨:੨ (385)

ਨਿਰਬਾਨ ---- (1) ਨਿਰਲੇਪ
"ਜਹ ਨਿਰਜੰਨ ਨਿਰੰਕਾਰ ਨਿਰਬਾਨ।"
– ਗਉ ੫, ਸੁਖ ੨੧, ੪:੩ (291)
"ਪੂਰਨ ਪੂਰਿ ਰਹਿਓ ਨਿਰਬਾਨ।" (ਨਿਰਲੇਪ ਹਰੀ)
– ਭੈਰ ੫, ੪੩, ੪:੨ (1148)
(2) ਦੁਖ ਮੁਕਤ ਅਵਸਥਾ, ਤੁਰੀਆ ਅਵਸਥਾ
"ਜੀਵਤ ਮੁਕਤ ਸਦਾ ਨਿਰਬਾਨ।"
– ਭੈਰ ਰਵਿ, ੧, ੪:੨ (1167)

ਨਿਰਬਾਨਾ --- ਮੁਕਤ, ਤੁਰੀਆ
"ਉਸਤਤਿ ਨਿੰਦਾ ਦੋਊ ਤਿਆਗੇ ਖੋਜੈ ਪਦੁ ਨਿਰਬਾਨਾ।"
– ਗਉ ੯, ੧, ੨:੧ (219)

ਨਿਰਬਾਨੀ --- (1) ਨਿਰਲੇਪ
"ਅਨਦਿਨੁ ਜਾਪੈ ਪ੍ਰਭ ਨਿਰਬਾਨੀ।"
– ਗਉ ੫, ਬਾਅ ੪੯:੪ (260)
"ਕਬੀਰ ਦਾਸ ਤੇਰੀ ਆਰਤੀ ਕੀਨੀ ਨਿਰੰਕਾਰ ਨਿਰਬਾਨੀ।" (ਨਿਰਦੁਖ ਹਰੀ)
– ਪ੍ਰਭਾ ਕਬ, ੫, ੩:੨ (1350)
(2) ਮੁਕਤੀ/ਤੁਰੀਆ ਦਾ
"ਜਾ ਤੇ ਪਾਈਐ ਪਦੁ ਨਿਰਬਾਨੀ।"
– ਆਸਾ ੫, ੫੬, ੧*:੨ (385)

ਨਿਰਬਾਨੁ ---- (1) ਨਿਰਲੇਪ, ਮਾਇਆ ਤੋਂ ਬਚਿਆ ਹੋਇਆ
"ਗ੍ਰਿਹਸਤ ਮਹਿ ਸੋਈ ਨਿਰਬਾਨੁ।"
– ਗਉ ੫, ਸੁਖ ੧੪, ੪:੬ (281)
(2) ਦੁੱਖਾਂ ਤੋਂ ਉੱਚੀ ਅਸਵਥਾ, ਮੁਕਤ ਅਵਸਥਾ
"ਊਚ ਤੇ ਊਚ ਨਿਰਮਲ ਨਿਰਬਾਨੁ।"
– ਸਾਰ ੫, ਅਸ ੨, ੧੨:੨ (1236)

ਨਿਰਬਾਨੈ ---- ਤਿਆਗੀ/ਉਦਾਸੀ ਦਾ
"ਪਾਪ ਕਰੇ ਕਰਿ ਮੂਕਰਿ ਪਾਵੈ ਭੇਖ ਕਰੈ ਨਿਰਬਾਨੈ।"
– ਧਨਾ ੫, ੩੬, ੧:੨ (680)

ਨਿਰਬਿਖਈ -- ਵਿਸ਼ੇ ਰਹਿਤ

"ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ।"
– ਸਾਰ ਸੂਰ, ੧, ੧:੧ (1253)

ਨਿਰਬਿਘਨ -- ਵਿਘਨ ਰਹਿਤ, ਬਿਨਾਂ ਕਿਸੇ ਰੁਕਾਵਟ ਦੇ
"ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ।"
– ਭੈਰ ੫, ੪੯, ੧*:੧ (1150)

ਨਿਰਭਉ ---- (1) ਡਰ ਰਹਿਤ, ਬਿਨਾਂ ਕਿਸੇ ਭੈ ਦੇ, ਨਿਡਰ, ਬੇਖੌਫ
"ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ ਤਿਨ ਕਾ ਭਉ ਸਭੁ ਗਵਾਸੀ।"
– ਆਸਾ ੪, ਸੋਪੁ ੧, ੩:੩ (11)

(2) ਡਰ ਰਹਿਤ ਹਰੀ
"ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ।"
– ਗੂਜ ੩, ਵਾਰ ੧੯ਸ, ੩, ੧:੧੦ (516)

(3) ਡਰ ਰਹਿਤ ਜੀਵ, ਜੋ ਅਸਲ ਵਿਚ ਨਿਰਭੈਤਾ ਦਾ ਸਰੂਪ ਹੈ
"ਭੈ ਤੇ ਨਿਰਭਉ ਡਰਤਾ ਫਿਰੈ।"
– ਰਾਮ ੫, ੫੪, ੨:੩ (900)

ਨਿਰਭਇਆ -- ਨਿਰਭੈ ਹੋਇਆ
"ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ।"
– ਬਿਲਾ ੫, ੬੫, ੨:੨ (817)

ਨਿਰਭਏ ---- ਨਿਰਭੈ ਹੋ ਗਏ
"ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ।"
– ਗਉ ੫, ੧੫੯*, ੪:੨ (214)

ਨਿਰਭਯੰ ---- ਨਿਰਭੈ, ਬਿਨਾ ਡਰ
"ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗੁੋਪਾਲ ਕੀਰਤਨਹ।"
– ਸਸ ੫, ੨੯:੪ (1356)

ਨਿਰਭਯਹ --- ਨਿਰਭਉ
"ਦੁਖੰ ਭਯੰਤਿ ਸੁਖੰਭੈ ਭੀਤੰ ਤੇ ਨਿਰਭਯਹ।"
– ਸਸ ੫, ੩੭:੨ (1357)

ਨਿਰਭਵਹ --- ਨਿਰਭੈ
"ਅਸਥਿਤੰ ਸੋਗ ਹਰਖੰ ਭੈ ਖੀਣੰ ਤੇ ਨਿਰਭਵਹ।"
– ਸਸ ੫, ੪੪:੩ (1358)

ਨਿਰਭਾਰ ---- ਭਾਰ ਰਹਿਤ
"ਓਇ ਜੁ ਸੇਵਹਿ ਸਬਦੁ ਸਾਰੁ ਗਾਖੜੀ ਬਿਖਮ ਕਾਰ ਤੇ ਨਰ ਭਵ ਉਤਾਰਿ ਕੀਏ ਨਿਰਭਾਰ।"
– ਸਵ ੨, ੨:੨ (1391)

ਨਿਰਭੈ ----- (1) ਭੈ ਰਹਿਤ, ਬਿਨਾਂ ਡਰ/ਖੌਫ ਦੇ

“ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਇਆ।”
– ਗਉ ੯, ੮, ੩:੨ (200)

(2) ਭੈ ਰਹਿਤ ਹਰੀ
“ਜਾ ਕੈ ਗ੍ਰਿਹ ਸਭੁ ਕਿਛੁ ਹੈ ਪੂਰਨੁ ਸੋ ਭੇਟਿਆ ਨਿਰਭੈ ਧਨੀ।”
– ਆਸਾ ੫, ੭੮, ੧*:੨ (389)
“ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ।” (ਨਿਰਭਉ ਹਰੀ)
– ਸੋਰ ੧, ੬, ੩:੨ (596)

ਨਿਰਮਏ ---- ਉਤਪਤ ਹੋਏ, ਬਣੇ
“ਓਅੰਕਾਰਿ ਬੇਦ ਨਿਰਮਏ।”
– ਰਾਮ ੧, ਓਅੰ ੧:੫ (930)

ਨਿਰਮਯੌ ---- ਬਣਾਇਆ ਹੈ
“ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ।”
– ਸਵ ੩, ੧੫:੫ (1395)

ਨਿਰਮਰਿ ---- ਨਿਰਮਲਤਾ ਵਾਲਾ, ਸਾਫ, ਧੁੰਦਲੇਪਨ ਤੋਂ ਰਹਿਤ
“ਆਨ ਨਾਹੀ ਸਮਸਰਿ ਉਜੀਆਰੋ ਨਿਰਮਰਿ ਕੋਟਿ ਪਰਾਛਤ ਜਾਹਿ ਨਾਮ ਲੀਏ ਹਰਿ ਹਰਿ।”
– ਸਮੁ ੫, ੨:੩ (1385)

ਨਿਰਮਲ ---- (1) ਮੈਲ ਰਹਿਤ, ਉਜਲ, ਪਵਿੱਤਰ
“ਮਨਿ ਨਿਰਮਲ ਨਾਮੁ ਧਿਆਈਐ ਤਾ ਪਾਏ ਮੋਖ ਦੁਆਰੁ।”
– ਸਿਰੀ ੩, ੫੨, ੨:੩ (33)
“ਭਾਈਰੇ ਮੈਲੁ ਨਾਹੀ ਨਿਰਮਲ ਜਲਿ ਨਾਇ।”
– ਸਿਰੀ ੧, ਅਸ ੭, ੧*:੧ (57)
“ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿ ਓਰੀ।” (ਸਾਫ)
– ਆਸਾ ੫, ੫੧, ੩:੧ (384)

(2) ਸੁਅਸਤ, ਵਿਕਾਰ ਰਹਿਤ
“ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ।”
– ਸਿਰੀ ੧, ਅਸ ੭, ੧:੧ (57)

(3) ਪਵਿੱਤਰ ਹਰੀ ਮੈਲ ਰਹਿਤ/ਉਜਲ
“ਅਨਦਿਨ ਗੁਣ ਗਾਵਹਿ ਸਦ ਨਿਰਮਲ ਸਹਜੇ ਨਾਮਿ ਸਮਾਤੇ।”
– ਸਿਰੀ ੩, ਅਸ ੨੪, ੫:੨ (69)
“ਨਿਰਮਲ ਤੇ ਸਭ ਨਿਰਮਲ ਹੋਵੈ।”
– ਮਾਝ ੩, ਅਸ ੨੦, ੫:੧ (121)
(ਦੂਜੇ ‘ਨਿਰਮਲ’ ਦੇ ਅਰਥ ‘ਮੈਲ ਰਹਿਤ ਜੀਵ’ ਹੈ)

(4) ਉਜਲੀ, ਚੰਗੀ
“ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।”
– ਮਾਝ ੫, ਬਾਰਾ ੩:੭ (134)

(5) ਸ੍ਰੇਸ਼ਟ
“ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ।”

– ਮਾਝ ੫, ਦਿਨ ੩:੩ (137)

(6) ਭਾਵ ਚਾਣਨ

"ਰੈਣਿ ਅੰਧਾਰੀ ਨਿਰਮਲ ਜੋਤਿ।"

– ਬਿਲਾ ੧, ਅਸ ੧, ੬:੧ (831)

(7) ਭਾਵ ਸਾਫ

"ਜੈਸੇ ਤਾ ਪਤੇ ਨਿਰਮਲ ਘਾਮਾ।"

– ਗੋਂਡ ਨਾਮ, ੪, ੫:੧ (874)

ਨਿਰਮਲੰ ---- ਪਵਿੱਤਰ

"ਨਿਰਮਲੰ ਸਾਧ ਸੰਗਹ ਜਪੰਤਿ ਨਾਨਕ ਗੋਪਾਲ ਨਾਮੰ।"

– ਸਸ ੫, ੪੨:੪ (1357)

ਨਿਰਮਲਉ ---ਸ੍ਰੇਸ਼ਟ, ਚੰਗਾ, ਉਤਮ

"ਨਾਨਕ ਵਖਰ ਨਿਰਮਲਉ ਧੰਨੁ ਸਾਹੁ ਵਾਪਾਰੁ।"

– ਮਾਰੂ ੩, ਵਾਰ ੧੩ਸ, ੧, ੨:੨ (1090)

ਨਿਰਮਲਹ --- ਸ੍ਰੇਸ਼ਟ, ਉਤਮ, ਚੰਗੇ

"ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤਮਹਾ ਨਿਰਮਲਹ।"

– ਸਸ ੫, ੧੯:੨ (1355)

ਨਿਰਮਲਾ ---- ਮੈਲ ਰਹਿਤ, ਉਜਲ, ਪਵਿੱਤਰ

"ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ।"

– ਸਿਰੀ ੧, ੯, ੨:੨ (17)

"ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ।" (ਸ਼ੁਧ, ਉਜਲ, ਦੋਖ ਰਹਿਤ)

– ਸਿਰੀ ੫, ੭੭, ੩:੧ (44)

ਨਿਰਮਲਾਇ -- ਨਿਰਮਲਤਾ/ਸੑਛਤਾ ਵਾਲਾ

"ਸੁਭਾਵਤ ਜੈਸੇ ਬੈਸੰਤਰ ਅਲਿਪਤ ਸਦਾ ਨਿਰਮਲਾਇ।"

– ਮਾਰੂ ੫, ੧੧, ੪:੨ (1001)

ਨਿਰਮਲਿ --- ਸਾਫ, ਮੈਲ ਰਹਿਤ

"ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ।"

– ਸੂਹੀ ੪, ਛੰਤ ੩, ੨:੩ (774)

"ਪ੍ਰਭ ਮੇਰਾ ਸਦਾ ਨਿਰਮਲਾ ਮਨਿ ਨਿਰਮਲਿ ਪਾਇਆ ਜਾਇ।" (ਵਿਕਾਰ/ਈਰਖਾ ਦ੍ਵੈਤ ਰਹਿਤ, ਉਜਲ)

– ਸਿਰੀ ੩, ਅਸ ੧੮, ੭:੧ (65)

"ਮਨਿ ਨਿਰਮਲਿ ਵਸੈ ਸਚੁ ਸੋਇ।" (ਸਾਫ ਹੋਣ ਨਾਲ)

– ਗਉ ੩, ੨੧, ੩:੨ (158)

ਨਿਰਮਲੀ ---- (1) ਉਜਲੀ, ਚੰਗੀ ਸ੍ਰੇਸ਼ਟ

"ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ।"

– ਸਿਰੀ ੫, ੮੦, ੪:੨ (45)

“ਸਤਿਗੁਰ ਕੀ ਸੇਵਾ ਨਿਰਮਲੀ ਨਿਰਮਲ ਜਨੁ ਹੋਇ ਸੁ ਸੇਵਾ ਘਾਲੇ।”
- ਗਉ ੪, ਵਾਰ ੧੦ਸ, ੪, ੧:੧ (304)

(2) ਪਵਿੱਤਰ
“ਸਤਿ ਕਰਣੀ ਨਿਰਮਲ ਨਿਰਮਲੀ।”
- ਗਉ ੫, ਸੁਖ ੧੬, ੬:੭ (284)

ਨਿਰਮਲੀਆ -- ਪਵਿੱਤਰ
“ਅੰਮ੍ਰਿਤ ਨਾਮੁ ਸਦਾ ਨਿਰਮਲੀਆ।”
- ਮਾਝ ੫, ੨੨, ੧:੧ (100)
“ਕਾਟ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ।” (ਨਿਰਮਲ ਕੀਤਾ)
- ਸਾਰ ੫, ੨੭੧:੧ (1209)

ਨਿਰਮਲੁ ---- (1) ਪਵਿੱਤਰ
“ਨਿਰਮਲੁ ਮੈਲਾ ਨ ਥੀਐ ਸਬਦਿ ਰਤੇ ਪਤਿ ਹੋਇ।”
- ਸਿਰੀ ੧, ੧੫, ੩:੩ (19)
“ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ।”
- ਸਿਰੀ ੩, ੩੭, ੩:੨ (28)

(2) ਪਵਿਤਰ, ਹਰਿ
“ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ।”
- ਸਿਰੀ ੩, ਅਸ ੩੭, ੧*:੧ (27)
“ਗੁਰ ਤੇ ਨਿਰਮਲੁ ਜਾਣੀਐ ਨਿਰਮਲ ਦੇਹ ਸਰੀਰੁ।”
- ਸਿਰੀ ੧, ਅਸ ੭, ੧:੧ (57)

(3) ਵਿਕਾਰ ਰਹਿਤ
“ਸਾਚੇ ਮੈਲੁ ਨ ਲਗਈ ਮਨੁ ਨਿਰਮਲੁ ਹਰਿ ਧਿਆਇ।”
- ਸਿਰੀ ੩, ੪੦, ੨:੧ (29)

ਨਿਰਮਲੋੁ ---- ਪਵਿਤਰ
“ਗੁਰਮਤੀ ਨਾਮੁ ਨਿਰਮਲੋੁ ਨਿਰਮਲ ਨਾਮ ਧਿਆਇ।”
- ਸਲੋ ੪, ੨੫:੨ (1423)

ਨਿਰਮਲੇ ---- ਉਜਲ, ਵਿਕਾਰ ਰਹਿਤ, ਸਾਫ ਪਵਿਤਰ
“ਸਬਦਿ ਰਤੇ ਸੇ ਨਿਰਮਲੇ ਹਉ ਸਦ ਬਲਿਹਾਰੈ ਜਾਸੁ।”
- ਸਿਰੀ ੩, ੩੭, ੧:੩ (27)
“ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ।”
- ਸੋਰ ੪, ਵਾਰ ੬ਸ, ੩, ੨:੯ (645)

ਨਿਰਮਲੋ ---- ਪਵਿਤਰ
“ਰਾਮ ਨਾਮੁ ਧਨੁ ਨਿਰਮਲੋ ਗੁਰੁ ਦਾਤਿ ਕਰੇ ਪ੍ਰਭੁ ਸੋਇ।”
- ਸਿਰੀ ੧, ਅਸ ੧੫, ੧*:੨ (62)

ਨਿਰਮਲੌ ---- ਨਿਰਮਲ, ਖੋਟੌ ਤੋਂ ਰਹਿਤ
“ਜਗੁ ਖੌਂਟੇ ਸਚੁ ਨਿਰਮਲੌ ਗੁਰ ਸਬਦੀਂ ਵੀਚਾਰਿ।”
- ਪ੍ਰਭਾ ੧, ੧੩, ੪:੧ (1331)

ਨਿਰਮਾਇਲ -- ਮੈਲ ਰਹਿਤ, ਨਿਰਮਲ
"ਪੰਚ ਸਬਦ ਨਿਰਮਾਇਲ ਬਾਜੇ।" (ਸ਼ੁੱਧ, ਪਵਿੱਤਰ)
- ਰਾਮ ਬੇਣੀ, ੧, ੯:੩ (974)

ਨਿਰਮਾਇਲੁ -- (1) ਪਵਿਤਰ, ਨਿਰਮਲ, ਮਾਇਆ ਤੋਂ ਰਹਿਤ
"ਪਿਰੁ ਨਿਰਮਾਇਲੁ ਸਦਾ ਸੁਖਦਾਤਾ ਨਾਨਕ ਸਬਦਿ ਮਿਲਾਏ।"
- ਵਡ ੩, ਅਲਾ ੧, ੪:੫ (583)
"ਅਤਿ ਨਿਰਮਾਇਲੁ ਸੀਝਸਿ ਦੇਹਾ।"
- ਰਾਮ ੧, ਓਅੰ ੧੦:੬ (931)
"ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ।" (ਨਿਰਮਲ ਸਰੂਪ)
- ਰਾਮ ੧, ਸਿਗੋ ੨੪:੧ (940)
(2) ਦੇਵਤੇ ਨੂੰ ਭੇਟ/ਅਰਪਣ ਕੀਤੀ ਵਸਤੂ
"ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ।"
- ਰਾਮ ਨਾਮ, ੪, ੩:੨ (973)

ਨਿਰਮਾਲਕਾ -- ਨਿਰਮਲ, ਸ੍ਰੇਸ਼ਟ
"ਕਾਮ ਕ੍ਰੋਧੁ ਅਹੰਕਾਰੁ ਤਜਾਏ ਤਿਸੁ ਜਨ ਕਉ ਉਪਦੇਸੁ ਨਿਰਮਾਲਕਾ।"
- ਮਾਰੂ ੫, ਸੋਲਾ ੧੩, ੧੪:੩ (1085)

ਨਿਰਮਿਤ ---- ਨਿੰਮਿਆ ਭਾਵ ਰਖਿਆ
"ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ।"
- ਸਪੁ ੫, ੩*:੧ (1387)

ਨਿਰਮੋਹਤੇ --- ਨਿਰਮੋਹ ਹੋ ਜਾਈਦਾ ਹੈ
"ਅਨਿਤ੍ਰ ਰਚਨਾ ਨਿਰਮੋਹਤੇ।"
- ਸਸ ੫, ੨੩:੫ (1356)

ਨਿਰਮੋਲਕ --- ਜਿਸ ਦਾ ਮੁਲ ਨਹੀਂ ਪਾਇਆ ਜਾ ਸਕਦਾ, ਅਮੋਲਕ, ਵਡਮੁੱਲਾ
"ਕੀਰਤਨੁ ਨਿਰਮੋਲਕ ਹੀਰਾ।"
- ਰਾਮ ੫, ੩੫, ੨:੧ (893)

ਹੋਰ ਰੂਪ:-

ਨਿਰਮੋਲਕੁ -
"ਸਿਮਰਤ ਨਾਮੁ ਨਿਧਾਨ ਨਿਰਮੋਲਕੁ ਮਨੁ ਮਾਣਕੁ ਪਤੀਆਨਾਂ ਰੇ।" (ਅਮੋਲ ਖਜ਼ਾਨਾ)
- ਆਸਾ ੫, ੧੩੦, ੩:੨ (404)

ਨਿਰਮੋਲਕੋ -
"ਇਹੁ ਜੀਅਰਾ ਨਿਰਮੋਲਕੋ ਕਉਡੀ ਲਗਿ ਮੀਕਾ।"
- ਬਿਲਾ ਕਬ, ੩, ੩:੨ (856)

ਨਿਰਮੋਲਾ --- ਅਮੋਲਕ, ਵਡਮੁਲਾ
"ਜਿਨਿ ਦੀਆ ਤੁਧੁ ਨੀਰੁ ਨਿਰਮੋਲਾ"

– ਰਾਮ ੫, ਅਸ ੨, ੩:੨ (913)

ਹੋਰ ਰੂਪ:

ਨਿਰਮੋਲੁ –
“ਮਨੁ ਮਾਣਕੁ ਨਿਰਮੋਲੁ ਹੈ ਰਾਮ ਨਾਮਿ ਪਤਿ ਪਾਇ।” (ਵਡਮੁਲਾ)
– ਸਿਰੀ ੧, ੨੨, ੨:੧ (22)

ਨਿਰਲਜੇ ---- ਲਜਾ ਰਹਿਤ, ਬੇਹਯਾ, ਬੇਸ਼ਰਮ
“ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭੰਡ।”
– ਬਿਲਾ ੫, ੫੮, ੨:੨ (815)

ਨਿਰਲੇਪ ---- ਜੋ ਲਿਪਤ/ਖਚਿਤ ਨਾ ਹੋਵੇ
“ਬ੍ਰਹਮ ਗਿਆਨੀ ਸਦਾ ਨਿਰਲੇਪ।”
– ਗਉ ੫, ਸੁਖ ੮, ੧:੧ (272)

ਨਿਰਲੇਪਾ --- ਖਚਿਤ/ਲਿਪਤ ਨ ਹੋਣ ਵਾਲਾ, ਨਿਆਰਾ/ਅਲੱਗ ਰਹਿਣ ਵਾਲਾ
“ਤਾਹੂ ਸੰਗ ਤਾਹੂ ਨਿਰਲੇਪਾ।”
– ਗਉ ੫, ਬਾਅ ੪੨:੫ (259)

ਨਿਰਲੇਪੀ --- ਅਲਗ, ਬੇਲਾਗ, ਨਿਆਰਾ
“ਸੁਖ ਦੁਖ ਰਹਿਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ।”
– ਸੋਰ ੯, ੫, ੩:੧ (632)

ਨਿਰਵਰਈ -- ਦੂਰ ਕਰਦਾ ਹੈ, ਨਿਵਾਰਦਾ ਹੈ, ਹਟਾਂਦਾ ਹੈ
“ਪਾਪੁ ਪੁੰਨੁ ਦੋਊ ਨਿਰਵਰਈ।”
– ਗਉ ਕਬ, ਬਾਅ ੨੭:੪ (341)

ਨਿਰਵਾ ----- ਨੇੜੇ, ਸਮੀਪ, ਕੋਲ
“ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ।”
– ਟੋਡੀ ਨਾਮ, ੧, ੧:੧ (718)

ਨਿਰਵਾਰੀ --- ਦੂਰ ਕੀਤੀ, ਹਟਾਈ
“ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ।”
– ਸਲੋ ਕਬ, ੧੯੬:੨ (1375)

ਹੋਰ ਰੂਪ:

ਨਿਰਵਾਰੋ –
“ਙੰਙਾ ਨਿਗ੍ਰਹਿ ਸਨੇਹੁ ਕਰਿ ਨਿਰਵਾਰੋ ਸੰਦੇਹ।” (ਹਟਾਓ, ਦੂਰ ਕਰੋ)
– ਗਉ ਕਬ, ਬਾਅ ੧੧:੧ (340)

ਨਿਰਵਿਰਤਿ -- ਉਦਾਸੀਨਤਾ/ਦੁਨੀਆ ਵਲੋਂ ਉਪਰਾਮਤਾ ਦਾ ਭਾਵ
“ਪਰ ਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ।”
– ਮਲਾ ੧, ਵਾਰ ੫:੩ (1280)

ਨਿਰਵਿਰਤੀ -- ਉਦਾਸੀਨਤਾ ਵਾਲਾ ਭਾਵ ਤਿਅਗੀ, ਦੁਨੀਆਂ ਤੋਂ ਉਪਰਾਮ
“ਆਪਿ ਪਰਵਿਰਤਿ ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ।”

– ਬਿਹਾ ੪, ਵਾਰ ੮:੩ (551)

ਨਿਰਵੈਰ ---- ਵੈਰ ਰਹਿਤ, ਕਿਸੇ ਨਾਲ ਵੈਰ ਨ ਕਰਨ ਵਾਲਾ
"ਨਿਰਭਉ ਨਿਰਵੈਰ ਅਥਾਹ ਅਤੋਲੇ।"
– ਮਾਝ ੫, ੧੬, ੨:੨ (99)

ਨਿਰਵੈਰਣਹ -- ਨਿਰਵੈਰ/ਵੈਰ ਰਹਿਤ ਹੋਣਾ
"ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ।"
– ਸਸ ੫, ੪੦:੨ (1357)

ਨਿਰਵੈਰਾ ---- ਵੈਰ ਰਹਿਤ
"ਨਿਰਹਾਰੀ ਕੇਸਵ ਨਿਰਵੈਰਾ।"
– ਮਾਝ ੫, ੧੩, ੩:੧ (98)

ਨਿਰਵੈਰਿ ---- ਵੈਰ ਰਹਿਤ ਪ੍ਰਭੂ ਵਿਚ
"ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ।"
– ਸਵ ੩, ੭:੧ (1393)

ਨਿਰਵੈਰੁ ---- (1) ਵੈਰ ਰਹਿਤ
"ਤੂੰ ਨਿਰਵੈਰੁ ਸੰਤ ਤੇਰੇ ਨਿਰਮਲ।"
– ਮਾਝ ੫, ੪੯, ੪:੧ (108)

(2) ਵੈਰ ਰਹਿਤ ਪ੍ਰਭੂ
"ਨਿਰਾਹਾਰੀ ਨਿਰਵੈਰੁ ਸਮਾਇਆ।"
– ਮਾਰੂ ੫, ਸੋਲਾ ੧੧, ੯:੧ (1082)
"ਰਾਜੁ ਜੋਗੁ ਮਾਇਓ ਬਸਿਓ ਨਿਰਵੈਰੁ ਰਿਦੰਤਰਿ।"
– ਸਵ ੧, ੬:੧ (1390)

ਨਿਰਵੈਰੇ ---- ਨਿਰਵੈਰ, ਵੈਰ ਰਹਿਤ
"ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ।"
– ਗਉ ੫, ੧੬੬*, ੪:੩ (217)

ਹੋਰ ਰੂਪ:

ਨਿਰਵੈਰੈ –
"ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ।"
– ਗਉ ੪, ਵਾਰ ੧੩ਸ, ੪, ੨:੫ (307)

ਨਿਰਾਸ ----- (1) ਨਿਰਾਸਾ, ਟੁੱਟੇ ਦਿਲ ਵਾਲਾ
"ਪੂਰੈ ਥਾਨਿ ਸੁਹਾਵਣੈ ਪੂਰੈ ਆਸ ਨਿਰਾਸ।"
– ਸਿਰੀ ੧, ੯, ੪:੨ (17)

"ਨਿਰਾਸ ਆਸ ਕਰਣੰ ਸਗਲ ਅਰਥ ਆਲਯਹ।"
– ਸਸ ੫, ੪੩:੩ (1357)

ਹੋਰ ਰੂਪ:

ਨਿਰਾਸੰ –
“ਪਾਛੰ ਕਰੋਤਿ ਅਗ੍ਹਣੀਵਹ ਨਿਰਾਸੰ ਆਸ ਪੂਰਨਹ।” (ਨਿਰਾਸੀਆਂ ਨੂੰ)
– ਸਸ ੫, ੨੦:੧ (1355)

(2) ਆਸ ਰਹਿਤ, ਬੇਆਸ, ਨਾ ਉਮੀਦ
“ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ।”
– ਮਾਝ ੫, ਬਾਰਾ ੫:੫ (134)

(3) ਨਿਰਾਸਤਾ
“ਜਾ ਕੈ ਆਸ ਨਾਹੀ ਨਿਰਾਸ ਨਾਹੀ ਚਿਤਿ ਸੁਰਤਿ ਸਮਝਾਈ।”
– ਪ੍ਰਭਾ ੧, ੪, ੪:੧ (1328)

ਨਿਰਾਸਾ ---- (1) ਉਮੇਟ, ਬੇਆਸ, ਮਾਯੂਸ
“ਨਾਨਕ ਸਤਿਗੁਰੁ ਸੇਵਨਿ ਆਪਣਾ ਸੇ ਆਸਾ ਤੇ ਨਿਰਾਸਾ।”
– ਮਾਝ ੧, ਵਾਰ ੫:੮ (140)
“ਆਸ ਨਿਰਾਸਾ ਹਿਕੁ ਤੂ ਹਉ ਬਲਿ ਬਲਿ ਬਲਿ ਗਈਆਸ।” (ਆਸਾ ਤੋਂ ਰਹਿਤ)
– ਮਾਰੂ ੫, ਵਾਰ ੧੯ਸ, ੫, ੨:੨ (1100)

ਹੋਰ ਰੂਪ:

ਨਿਰਾਸੀ –
“ਭਈ ਨਿਰਾਸੀ ਉਠਿ ਚਲੀ ਚਿਤ ਬੰਧਿ ਨ ਧੀਰਾ।”
– ਗਉ ਕਬ, ੫੦, ੫:੧ (334)

(2) ਇਛਾ ਰਹਿਤ, ਕੋਈ ਆਸ ਨ ਰੱਖਣ ਵਾਲਾ
“ਹੁਕਮੈ ਬੂਝੈ ਨਿਰਾਸਾ ਹੋਈ।”
– ਆਸਾ ੩, ੨੫, ੧:੨ (423)
“ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ।”
– ਸੋਰ ੯, ੧੧, ੨:੧ (634)

ਹੋਰ ਰੂਪ:

ਨਿਰਾਸੀ –
“ਵਿਚਿ ਆਸਾ ਹੋਇ ਨਿਰਾਸੀ।”
– ਬਿਲਾ ੪, ੭, ੨:੩ (801)

(4) ਉਦਾਸੀਨ, ਬੇਲਾਗ
“ਹਰਖ ਸੋਗ ਤੇ ਰਹਹਿ ਨਿਰਾਸਾ।”
– ਬਸੰ ੧, ਅਸ ੪, ੬:੧ (1189)

ਹੋਰ ਰੂਪ:

ਨਿਰਾਸੀ –
“ਭਈ ਨਿਰਾਸੀ ਕਰਮ ਕੀ ਫਾਸੀ ਬਿਨੁ ਗੁਰ ਭਰਮਿ ਭੁਲਾਨੀ।”
– ਮਲਾ ੧, ੪, ੧:੨ (1255)

(5) ਜਿਸ ਨੂੰ ਕੋਈ ਉਮੀਦ ਨ ਰਹੇ
“ਸੰਤ ਕਾ ਦੋਖੀ ਉਠਿ ਚਲੈ ਨਿਰਾਸਾ।”
– ਗਉ ੫, ਸੁਖ ੧੩, ੭:੬ (280)

ਨਿਰਾਸੁ ----- (1) ਉਦਾਸੀਨ, ਇਛਾ-ਰਹਿਤ
“ਆਸਾ ਮਾਹਿ ਨਿਰਾਸੁ ਬੁਝਾਇਆ।”
– ਗਉ ੧, ੧੨, ੪:੨ (154)

(2) ਮਾਯੂਸ
“ਮਲੇਛੁ ਪਾਪੀ ਪਚਿਆ ਭਇਆ ਨਿਰਾਸੁ।”
– ਭੈਰ ੫, ੯, ੪:੨ (1138)

ਨਿਰਾਸੇ ----- ਨਾ ਉਮੀਦ, ਮਾਯੂਸ
“ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ।”
– ਆਸਾ ੧, ਵਾਰ ੧੪ਸ, ੧, ੧:੨ (470)

ਨਿਰਾਸੋ ----- ਨਿਰਾਸਾ, ਮਾਯੂਸ
“ਰਹਹਿ ਇਕਾਂਤ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।”
– ਰਾਮ ੧, ਸਿਗੋ ੫:੩ (938)

ਨਿਰਾਹਾਰ --- (1) ਜੋ ਕੁਝ ਖਾਂਦਾ ਨਹੀਂ
“ਨਿਰਾਹਾਰ ਨਿਰਵੈਰ ਸੁਖਦਾਈ।”
– ਗਉ ੫, ਸੁਖ ੧੮, ੫:੫ (287)

ਹੋਰ ਰੂਪ:

ਨਿਰਾਹਾਰੀ –
“ਨਿਰਾਹਾਰੀ ਨਿਰਵੈਰੁ ਸਮਾਇਆ।”
–ਮਾਰੂ ੫, ਸੋਲਾ ੧੧, ੯:੧ (1082)

(2) ਬਿਨਾ ਕੁਝ ਖਾਣ ਪੀਣ ਦੇ, ਬਿਨਾ ਆਹਾਰ
“ਕ੍ਰਿਆ ਕੁੰਟਿ ਨਿਰਾਹਾਰ।”
– ਸਾਰ ੫, ੧੩੧, ੨:੨ (1229)

ਨਿਰਾਹਾਰੀ --- (1) ਜੋ ਕੁਝ ਸੇਵਨ ਨਹੀਂ ਕਰਦਾ, ਵੇਖੋ ‘ਨਿਰਾਹਾਰ’ (1)
(2) ਅਹਾਰ ਨ ਕਰਨ ਵਾਲਾ ਭਾਵ ਪ੍ਰਭੂ
“ਮੇਵੇ ਮਨ ਅਨਦਿਨੋੁ ਧਿਆਇ ਨਿਰੰਕਾਰੁ ਨਿਰਾਹਾਰੀ।”
– ਸਾਰ ੪, ੧੧, ੧*:੫ (1201)

(3) ਬਿਨਾ ਕੁਝ ਖਾਣ ਦੇ, ਫਾਕੇ ਵਿਚ
“ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗਿ ਤਟ ਤੀਰਥ ਪਰਭਵਨ ਕਰਤ ਰਹਤ ਨਿਰਾਹਾਰੀ।”
– ਸਾਰ ੪, ੧੧, ੧:੧ (1201)

ਨਿਰਾਹਾਰੁ --- ਜਿਸ ਨੂੰ ਖਾਣ ਪੀਣ ਦੀ ਲੋੜ ਨ ਹੋਵੇ
“ਨਿਰਮਲੁ ਨਿਰਾਹਾਰੁ ਨਿਹਕੇਵਲੁ।”
– ਬਿਲਾ ੧, ਥਿਤੀ ੧੩:੫ (840)

ਨਿਰਾਪਰਾਧ -- ਬਿਨਾ ਕਸੂਰ ਦੇ
“ਨਿਰਾਪਰਾਧ ਚਿਤਵਉ ਬੁਰਿਆਈ।”
– ਆਸਾ ੫, ੮, ੧*:੨ (372)

ਨਿਰਾਫਲ ---- ਫਲ ਰਹਿਤ, ਨਿਸਫਲ, ਨਿਰਾਰਥ
“ਜਾਂ ਪਤਿ ਲੇਖੈ ਨ ਪਵੈ ਤਾਂ ਸਭਿ ਨਿਰਾਫਲ ਕਾਮ।”
- ਆਸਾ ੧, ੩੧, ੧:੩ (358)

ਨਿਰਾਰ ----- ਨਿਰਾਲਾ, ਅਲਗ, ਵਖਰਾ
“ਕਰਤ ਫਿਰੇ ਭੇ ਬਨ ਭੇਖ ਮੋਹਨ ਰਹਤ ਨਿਰਾਰ।”
- ਦੇਵ ੫, ੩੧, ੧*:੧ (534)

ਨਿਰਾਰਥ ---- ਨਿਸਫਲ, ਬੇਅਰਥ
“ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ।”
- ਗਉ ੫, ੮੦, ੨:੪ (179)

ਨਿਰਾਰਾ ---- ਨਿਰਾਲਾ, ਜੋ ਚਲਾਇਆ ਨ ਜਾ ਸਕੇ, ਵਖਰਾ, ਅੱਡ
“ਬੇਦ ਕਤੇਬ ਤੇ ਰਹਹਿ ਨਿਰਾਰਾ।”
- ਗਉ ਕਬ, ੩੧, ੩:੨ (329)

(2) ਨਿਰਲੇਪ
“ਦੁਹੂ ਭਾਤਿ ਤੇ ਆਪਿ ਨਿਰਾਰਾ।”
- ਗਉ ੫, ਬਾਅ ੨:੭ (250)

“ਰਾਮ ਭਗਤਿ ਜਨੁ ਰਹੈ ਨਿਰਾਰਾ।”
- ਆਸਾ ੧, ੧੭, ੨:੪ (354)

“ਸਭਿ ਰਸ ਲੈਤ ਬਸਤ ਨਿਰਾਰਾ।”
- ਸੂਹੀ ੫, ੪੫, ੧:੩ (746)

(3) ਨਿਰਲੇਪ ਹਰੀ
“ਸਭ ਮਹਿ ਵਰਤੈ ਆਪਿ ਨਿਰਾਰਾ।”
- ਮਾਰੂ ੫, ਸੋਲਾ ੫, ੧:੨ (1075)

ਨਿਰਾਰੀ ---- (1) ਨਿਰਾਲੀ, ਅਦਭੁਤ
“ਸਹਜ ਕੀ ਅਕਥ ਕਥਾ ਹੈ ਨਿਰਾਰੀ।”
- ਗਉ ਕਬ, ੩੬, ੧*:੧ (333)

(2) ਵਖ ਵਖ
“ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭਹੁ ਨਿਰਾਰੀ ਭਾਖੇ।”
- ਰਾਮ ੧, ੫, ੭, ੩:੩ (884)

(3) ਵਖਰੀ ਭਾਵ ਦੂਰ
“ਤ੍ਰੈ ਗੁਣ ਬਧਕ ਮੁਕਤਿ ਨਿਰਾਰੀ।”
- ਮਾਰੂ ੩, ਸੋਲਾ, ੬, ੧੩:੨ (1049)
“ਜਬ ਨਾਚੀ ਤਬ ਘੂਘਟੁ ਕੈਸਾ ਮਟੁਕੀ ਫੋੜਿ ਨਿਰਾਰੀ।” (ਵਖ/ਦੂਰ ਹੋਣਾ)
- ਤੁਖਾ ੧, ਛੰਤ ੪, ੪:੫ (1112)
“ਸਾਜਨ ਸੈਨ ਮੀਤ ਸੁਤ ਭਾਈ ਤਾਹੂ ਤੇ ਲੇ ਰਖੀ ਨਿਰਾਰੀ।” (ਵੱਖ, ਦੂਰ, ਲੁਕਾਕੇ)
- ਸਪ੍ਰ ੫, ੬*:੨ (1388)

ਨਿਰਾਰੇ ----- (1) ਨਿਰਾਲੇ
“ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ।”

-ਗਉ ੪, ਵਾਰ ੧੪:੩ (308)

(2) ਨਿਰਲੇਪ
"ਜਿਉ ਜਲ ਅੰਭ ਊਪਰਿ ਕਮਲ ਨਿਰਾਰੇ।"
- ਆਸਾ ੧, ੧੫, ੨:੪ (353)

(3) ਅੱਡ ਕਰ ਦਿੱਤੇ, ਦੂਰ ਕਰ ਦਿਤੇ
"ਕਰਿ ਕਿਰਪਾ ਅਪੁਨਾ ਦਾਸ ਕੀਨੋ ਬੰਧਨ ਤੋਰਿ ਨਿਰਾਰੇ।"
- ਦੇਵ ੫, ੧੮, ੨:੧ (531)

ਨਿਰਾਰੋ ----- ਨਿਰਾਲਾ, ਅਦਭੁਤ
"ਸਗਲ ਸ੍ਰਿਸਟਿ ਕੋ ਧਣੀ ਕਹੀਜੈ ਜਨ ਕੋਂ ਅੰਗੁ ਨਿਰਾਰੋ।"
(ਮਹਾਨਕੋਸ਼ ਅਰਥ 'ਖਾਸ' ਕਰਦਾ ਹੈ)
- ਗੂਜ ੫, ੧੦, ੧*:੨ (498)

ਨਿਰਾਲੰਬੁ --- ਬਿਨਾ ਸਹਾਰੇ
"ਨਿਰਾਲੰਬੁ ਨਿਰਹਾਰੁ ਨਿਹਕੇਵਲੁ ਨਿਰਭਉ ਤਾੜੀ ਲਾਵੈ।"
- ਪ੍ਰਭਾ ੧, ੧੭, ੩:੨ (1332)

ਨਿਰਾਲਮ ---- ਇਕ ਰਸ, ਇਕ ਟਕ
"ਪੰਚ ਤਤੁ ਲੈ ਹਿਰਦੈ ਰਾਖਹੁ ਰਹੈ ਨਿਰਾਲਮ ਤਾੜੀ।" (ਨਿਰਣੈ ਤੇ ਮਹਾਨਕੋਸ਼ ਇਸ ਦੇ ਅਰਥ 'ਨਿਰਲੇਪ' ਕਰਦਾ ਹੈ)
- ਰਾਮ ਕਬ, ੭, ੩:੧ (970)

ਨਿਰਾਲਮੁ --- (1) ਨਿਰਲੇਪ
"ਰਹੈ ਨਿਰਾਲਾਮੁ ਏਕਾ ਸਚੁ ਕਰਣੀ।"
- ਗਉ ੧, ਅਸ ੧੫, ੧:੬ (227)

(2) ਆਸਰੇ ਤੋਂ ਬਿਨਾਂ (ਕਿਸੇ ਸਾਜ਼ ਆਦਿਕ ਦੇ)
"ਪੰਚ ਸਬਦ ਝੁਣਕਾਰੁ ਨਿਰਾਲਮੁ ਪ੍ਰਭਿ ਆਪੇ ਵਾਇ ਸੁਣਾਇਆ।"
- ਮਾਰੂ ੧, ਸੋਲਾ ੧੯, ੮:੩ (1040)

ਨਿਰਾਲਮੋ --- ਨਿਰਲੇਪ, ਬੇਲਾਗ
"ਅਹਿਨਿਸਿ ਰਹੈ ਨਿਰਾਲਮੋ ਕਾਰ ਧੁਰ ਕੀ ਕਰਣੀ।"
- ਆਸਾ ੧, ਅਸ ੧੯, ੮:੧ (421)

ਨਿਰਾਲਾ ---- (1) ਵੱਖਰੀ ਤਰ੍ਹਾਂ ਦਾ, ਅਦਭੁਤ, ਵਿਲੱਖਣ
"ਅਨਹਤ ਬਾਣੀ ਥਾਨੁ ਨਿਰਾਲਾ।"
- ਗਉ ੫, ੧੦੪, ੨:੧ (186)

ਹੋਰ ਰੂਪ:

ਨਿਰਾਲੀ -
"ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ।"
- ਗਉ ੫, ਛੰਤ ੨, ੨:੧ (248)

(2) ਨਿਰਲੇਪ
"ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ।"

– ਮਾਰੂ ੧, ਸੋਲਾ ੧੧, ੫:੨ (1031)

ਨਿਰਾਲੀ ---- (1) ਅਦਭੁਤ ਭਾਵ ਸੁੰਦਰ, ਵੇਖੋ ‘ਨਿਰਾਲਾ’ (1)
(2) ਅਨੋਖੀ, ਵਿਲੱਖਣ
“ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ।”
– ਆਸਾ ੩, ਅਸ ੩੬, ੯:੧ (430)
“ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ।” (ਵਖਰੇ ਪ੍ਰਕਾਰ ਦੀ)
– ਸੂਹੀ ੫, ੫੩, ੨:੨ (748)

ਨਿਰਾਲੇ ----- (1) ਅਦਭੁੱਤ, ਵਿਲੱਖਣ
“ਸਾਲਾਹੀ ਸਚੁ ਸਾਲਾਹਣਾ ਸਚੁ ਸਚਾ ਪੁਰਖੁ ਨਿਰਾਲੇ।”
– ਗਉ ੪, ਵਾਰ ੧੯:੧ (311)
(2) ਨਿਰਲੇਪ, ਬੇਲਾਗ, ਅਲੱਗ
“ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ।”
– ਰਾਮ ੧, ਸਿਗੋ ੭:੧ (938)

ਨਿਰੀਕਾਰ --- ਅਕਾਰ ਰਹਿਤ
“ਰਾਮ ਨਾਮ ਪਰਮ ਧਾਮ ਸੁਧ ਬੁਧ ਨਿਰੀਕਾਰ ਸੁਮਾਰ ਸਰਬਰ ਕਉ ਕਾਹਿ ਜੀਉ।”
– ਸਵ ੪, ਗਯੰ ੭:੧ (1402)

ਨਿਰੂਪੀਐ --- ਨਿਰਣਾ ਕਰਕੇ/ਖੋਜ ਕੇ ਦਸੇ
“ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।”
– ਗਉ ਰਵਿ, ਅਸ ੧, ੨:੧ (346)

ਨਿਰੋਆ ---- ਅਰੋਗ
“ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ ਨਵਾ ਨਿਰੋਆ।”
– ਸੋਰ ੫, ੪੯, ੧*:੨ (620)

ਨਿਰੋਧਹੁ ---- ਰੋਕੋ, ਚਿਤ ਵ੍ਰਿਤਿ ਨੂੰ ਠਹਿਰਾਉ
“ਘਟ ਪਰਚਾ ਕੀ ਬਾਤ ਨਿਰੋਧਹੁ।”
– ਗਉ ਕਬ, ਬਾਅ ੩੯:੨ (342)

ਨਿਰੋਧਰ ---- ਉਹ ਮੰਤ੍ਰ ਜਿਸ ਦਾ ਅਸਰ ਜ਼ਾਇਲ/ਰੋਕਿਆ ਨ ਹੋ ਸਕੇ
“ਨਿਰਮਲ ਰੀਤਿ ਨਿਰੋਧਰ ਮੰਤ।”
– ਗਉ ੫, ਥਿਤੀ ੮:੪ (298)

ਹੋਰ ਰੂਪ:

ਨਿਰੋਧਰਾ –
“ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ।”
– ਗਉ ੫, ਬਾਅ ੧ਸ:੩ (250)

ਨਿਰੋਧਰੁ –
“ਏਕੁ ਸਬਦੁ ਰਾਮ ਨਾਮ ਨਿਰੋਧਰੁ ਗੁਰੁ ਦੇਵੈ ਪਤਿਮਤੀ।” (ਅਬਦਲ)
– ਰਾਮ ੧, ਓਅੰ ੧੧:੪ (931)

ਨਿਰੋਧੁ ----- ਮਨ ਦੀ ਰੋਕ, ਚਿਤ ਵ੍ਰਿਤਿ ਦਾ ਠਹਿਰਾਉ
"ਕਰਮਿ ਮਿਲੈ ਸਚੁ ਪਾਈਐ ਗੁਰਮੁਖ ਸਦਾ ਨਿਰੋਧੁ।"
- ਸਿਰੀ ੧, ੧੪, ੩:੩ (19)

ਨਿਲਜ ----- ਲਜ ਰਹਿਤ, ਬੇਸ਼ਰਮ
"ਰੇ ਜੀਅ ਨਿਲਜ ਲਾਜ ਤੁੋਹਿ ਨਾਹੀ।"
- ਗਉ ਕਬ, ਅਸ ੩੮, ੧*:੧ (330)

ਨਿਲਾਜ ----- ਨਿਰਲਜ, ਬੇਗੈਰਤ
"ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ।"
- ਜੈਜਾ ੯, ੪, ੧:੨ (1353)

ਹੋਰ ਰੂਪ:

ਨਿਲਾਜੁ -
"ਬਡੋ ਨਿਲਾਜੁ ਅਜਹੂ ਨਹੀ ਹਾਰਿਓ।"
- ਜੈਤ ਰਵਿ, ੧, ੫:੨ (710)

ਨਿਵਸਸਿ ---- ਨਿਉਂਦਾ ਹੈ, ਝੁਕਦਾ ਹੈ, ਪਰਿਣਾਮ ਕਰਦਾ ਹੈ
"ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ।'
- ਮਾਰੂ ੧, ੪, ੨:੨ (990)

ਨਿਵਹਿ ----- (1) ਝੁਕੇ, ਸਮਰਪਨ ਕੀਤਾ, ਈਨ ਮੰਨੀ
"ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ।"
- ਸਿਰੀ ੪, ੬੯, ੩:੩ (41)
"ਤਿਨ ਕਉ ਸਭਿ ਨਿਵਹਿ ਅਨਦਿਨੁ ਪੂਜ ਕਰਾਹੀ।" (ਈਨ ਮੰਨਦੇ ਹਨ)
- ਗਉ ੩, ਅਸ ੪, ੭:੨ (231)
(2) ਨਿਮਰਤਾ ਗ੍ਰਹਿਣ ਕਰੇ
"ਫਿਕਾ ਬੋਲਹਿ ਨਾ ਨਿਵਹਿ ਦੂਜਾ ਭਾਉ ਸੁਆਉ।" (ਨਿਮਰਤਾ ਨਹੀਂ ਗ੍ਰਹਿਣ ਕਰਦਾ)
- ਆਸਾ ੩, ਅਸ ੩੦, ੧:੨ (426)
"ਭਗਤ ਜਨਾ ਕਉ ਸਦਾ ਨਿਵਿ ਰਹੀਐ ਜਨ ਨਿਵਹਿ ਤਾ ਫਲ ਗੁਨ ਪਾਵੈਗੋ।"
- ਕਾਨ ੪, ਅਸ ੨, ੫:੧ (1309)

ਨਿਵੰਤਿ ----- ਨਿਵਣਾ, ਨਿਮ੍ਰਤਾ ਗ੍ਰਹਿਣ ਕਰਨੀ
"ਨਿਵੰਤਿ ਹੋਵੰਤਿ ਮਿਥਿਆ ਚਤਨੰ ਸੰਤ ਸ੍ਵਜਨਹ।"
- ਸਸ ੫, ੬੦:੨ (1359)

ਨਿਵੰਧੈ ----- ਨੀਵੇਂ, ਡੂੰਘੇ
"ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ।"
- ਸੂਹੀ ੩, ਵਾਰ ੧੭ਸ, ੧, ੧:੨ (789)

ਨਿਵੰਨਿ ----- ਝੁਕਦੇ ਹਨ, ਈਨ ਮੰਨਦੇ ਹਨ
"ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ।"
- ਮਾਝ ੫, ਬਾਰਾ ੪:੧ (134)

ਨਿਵਰਹਿ ---- ਦੂਰ ਹੋਏ, ਨਸ਼ਟ ਹੋਏ
“ਦੂਤ ਦੁਸ਼ਮਨ ਸਭਿ ਤੁਝ ਤੇ ਨਿਵਰਹਿ ਪ੍ਰਗਟ ਪ੍ਰਤਾਪੁ ਤੁਮਾਰਾ।”
– ਧਨਾ ੫, ੪੪, ੧:੧ (681)

ਨਿਵਰੀ ----- ਦੂਰ ਹੋ ਗਈ
“ਗੁਰਮੁਖਿ ਨਾਮੁ ਸਲਾਹੀਐ ਹਉਮੈ ਨਿਵਰੀ ਭਾਹਿ।”
– ਸਿਰੀ ੧, ੧੭, ੧*੨ (20)

ਹੋਰ ਰੂਪ:

ਨਿਵਰੇ –
“ਨਿਵਰੇ ਦੂਤ ਦੁਸਟ ਬੈਰਾਈ ਗੁਰ ਪੂਰੇ ਕਾ ਜਪਿਆ ਜਾਪੁ।” (ਦੂਰ ਹੋਏ)
– ਬਿਲਾ ੫, ੯੮, ੧:੧ (823)

ਨਿਵਰੈ –
“ਹਉਮੈ ਨਿਵਰੈ ਗੁਰ ਸਬਦੁ ਵੀਚਾਰੈ।” (ਦੂਰ ਹੁੰਦੀ ਹੈ)
– ਗਉ ੧, ਅਸ ੧੩, ੩:੧ (226)

ਨਿਵਰੈ ----- (1) ਦੂਰ ਹੋਏ ਵੇਖੋ ‘ਨਿਵਰੀ’
(2) ਨੇੜੇ, ਪਾਸ ਸਮੀਪ
“ਨਿਵਰੈ ਦੂਰਿ ਦੂਰਿ ਫੁਨਿ ਨਿਵਰੈ ਜਿਨਿ ਜੈਸਾ ਕਰਿ ਮਾਨਿਆ।”
– ਗਉ ਕਬ, ੪੭, ੨:੧ (333)

ਨਿਵਲ ----- ਨਿਉਲੀ ਕਰਮ, ਯੋਗ ਅਨੁਸਾਰ ਪੇਟ ਨੂੰ ਸਜਿਓਂ ਖੱਬੇ ਤੇ ਖੱਬਿਓਂ ਸੱਜੇ ਭੁਆਣ ਦੀ ਕਿਰਿਆ ਜਿਸ ਨਾਲ ਆਂਦਰਾਂ ਸਾਫ ਹੋ ਜਾਂਦੀਆਂ ਹਨ।
“ਕਿਨਹੀ ਨਿਵਲ ਭੁਇਅੰਗਮ ਸਾਧੇ।”
– ਰਾਮ ੫, ਅਸ ੧, ੧:੩ (912)

ਹੋਰ ਰੂਪ:

ਨਿਵਲਿ –
“ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।”
– ਸੋਰ ੫, ਅਸ ੩, ੧:੧ (641)

ਨਿਵਲੀ –
“ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ।”
– ਮਾਝ ੫, ੧੨, ੨:੩ (98)

ਨਿਵਲੁ ----- ਜੰਦਰਾ, ਤਾਲਾ
“ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।”
– ਸਾਰ ੪, ਵਾਰ ੧ਸ, ੨, ੧:੧ (1237)

ਨਿਵਾਇ ---- ਝੁਕਾਏ
“ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ।” (ਭਾਵ ਬੰਦਨਾ ਕਰੇ)
– ਰਾਮ ੫, ੯, ੨:੨ (885)

ਨਿਵਾਇਆ -- ਝੁਕਾਇਆ, ਈਨ ਮਨਾਈ
“ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੁ ਆਣਿ ਨਿਵਾਇਆ।”

– ਰਾਮ ਸੁੰਦ, ਸਦ ੬:੪ (924)

ਨਿਵਾਇਐ --- ਨਿਵਾਨ/ਝੁਕਾਨ ਨਾਲ
“ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ।”
– ਆਸਾ ੧, ਵਾਰ ੧੪ਸ, ੧, ੧:੮ (470)

ਨਿਵਾਈ ---- ਝੁਕਾਈ
“ਗੁਰ ਸਤਿਗੁਰ ਤਾਣੁ ਦੀਬਾਣੁ ਹਰਿ ਤਿਨਿ ਸਭ ਆਣਿ ਨਿਵਾਈ।”
– ਗਉ ੪, ਵਾਰ ੧੮ਸ, ੪, ੨:੪ (310)

ਨਿਵਾਏ ----- ਝੁਕਾਏ
“ਨਾਨਕ ਨਾਮੁ ਅਰਾਧਿ ਸਭਨਾ ਤੇ ਵਡਾ ਸਭਿ ਨਾਵੈ ਅਗੈ ਆਣਿ ਨਿਵਾਏ।”
– ਸਿਰੀ ੪, ਵਾਰ ੧੫:੫ (89)

ਨਿਵਾਸ ----- (ਸੰ.) ਵਾਸਾ, ਟਿਕਾਣਾ, ਵਿਸ਼ਰਾਮ ਸਥਾਨ
“ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ।”
– ਸਿਰੀ ੧, ੯, ੪:੨ (17)

ਨਿਵਾਸਨੁ ---- ਨਿਵਾਸਾ, ਵਾਸਾ, ਟਿਕਾਣਾ
“ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ।” (ਭਾਵ ਤਖਤ ਤੇ ਬੈਠਣਾ ਮਿਲਦਾ ਹੈ)
– ਭੈਰ ੫, ਅਸ ੧, ੫:੨ (1156)

ਨਿਵਾਸਾ ---- (1) ਵਾਸਾ, ਰਿਹਾਇਸ਼
“ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।”
– ਆਸਾ ੧, ਸੋਪੁ ੩, ੧:੧ (12)

(2) ਸਮਾਈ, ਰਸਾਈ
“ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ।”
– ਗਉ ਕਬ, ਅਸ ੩੬, ੧*:੨ (330)

ਨਿਵਾਸਿ ---- ਵਾਸਾ
“ਸੰਤ ਪ੍ਰਸਾਦਿ ਮੋ ਕਉ ਨਾਮ ਨਿਵਾਸਿ।”
– ਗਉ ੫, ੯, ੪:੪ (183)

ਨਿਵਾਸੀ ---- (1) ਵਸਨ ਵਾਲਾ, ਰਹਿਣ ਵਾਲਾ
“ਕਈ ਕੋਟਿ ਨਰਕ ਸੁਰਗ ਨਿਵਾਸੀ।”
– ਗਉ ੫, ਸੁਖ ੧੦, ੫:੨ (276)
“ਤਖਤ ਨਿਵਾਸੀ ਪੰਚ ਸਮਾਇ।” (ਭਾਵ ਬੈਠਣ ਵਾਲਾ)
–ਆਸਾ ੧, ਅਸ ੧, ੬:੨ (411)
“ਜੁਗਤਿ ਜਾਨਿ ਨਹੀ ਰਿਦੈ ਨਿਵਾਸੀ ਜਲਤ ਜਾਲ ਜਮ ਫੰਧ ਪਰੇ।” (ਭਾਵ ਵਸਾਈ/ਟਿਕਾਈ)
– ਆਸਾ ਧੰਨਾ ੧, ੨:੧ (487)

(2) ਧਾਰਨ ਵਾਲੇ (ਭਾਵ)
“ਕਿਸੁ ਕਾਰਣਿ ਇਹੁ ਭੇਖੁ ਨਿਵਾਸੀ।”
– ਰਾਮ ੧, ਸਿਗੋ ੧੭:੨ (939)

ਨਿਵਾਸੁ ----- (1) ਵਾਸਾ
"ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ।"
– ਸਿਰੀ ੧, ੪, ੨:੩ (15)
"ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ।" (ਟਿਕਾਣਾ)
– ਆਸਾ ੧, ਵਾਰ ੧੦ਸ, ੧, ੨:੧੦ (468)

ਨਿਵਾਸੇ ----- ਵਾਸਾ ਕਰੇ
"ਸੁਖ ਸਹਜ ਆਨੰਦ ਨਿਵਾਸੇ।"
– ਗਉ ੫, ੧੪੨, ੧:੨ (194)

ਹੋਰ ਰੂਪ:

ਨਿਵਾਸੈ –
"ਜਨਮੁ ਤ ਇਹੁ ਸਕਯਥੁ ਜਿਤੁ ਨਾਮੁ ਹਰਿ ਰਿਦੈ ਨਿਵਾਸੈ।"
– ਸਵ ੩, ੫:੩ (1393)

ਨਿਵਾਸੋ –
"ਮਨ ਪਿਆਰਿਆ ਜੀਉ ਮਿਤ੍ਰਾ ਕਰਿ ਸੰਤਾ ਸੰਗਿ ਨਿਵਾਸੋ।" (ਵਾਸਾ)
– ਸਿਰੀ ੫, ਛੰਤ ੨, ੪:੧ (79)

ਨਿਵਾਹੂ ----- ਨਿਭਣ ਵਾਲਾ
"ਸੋ ਨਿਵਾਹੂ ਗਡਿ ਜੋ ਚਲਾਊ ਨ ਥੀਐ।"
– ਮਾਰੂ ੫, ਵਾਰ ੧੪ਸ, ੫, ੧:੧ (1099)

ਨਿਵਾਜ ----- (ਨਮਾਜ਼) ਬੰਦਗੀ, ਮੁਸਲਮਾਨਾਂ ਵਿਚ ਬੰਦਗੀ ਦਾ ਇਕ ਢੰਗ, ਮੁਸਲਮਾਨਾਂ ਦੀ ਅਬਾਦਤ
"ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।"
– ਸਿਰੀ ੧, ੨੮, ੪:੧ (24)

ਹੋਰ ਰੂਪ:

ਨਿਵਾਜਾ –
"ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।" (ਨਮਾਜ਼ਾਂ)
– ਮਾਝ ੧, ਵਾਰ ੭ਸ, ੧, ੩:੧ (141)

ਨਿਵਾਜਾ ---- (1) ਨਮਾਜ਼, ਵੇਖੋ 'ਨਿਵਾਜ'
(2) ਨਿਵਾਜਣ ਵਾਲਾ, ਵਡਿਆਈ ਦੇਣ ਵਾਲਾ
"ਅਨਦਿਨੁ ਅਨਦੁ ਹੋਵੈ ਮਨਿ ਮੇਰੈ ਗੁਰਮੁਖਿ ਮਾਗਉ ਤੇਰਾ ਨਾਮੁ ਨਿਵਾਜਾ।"
– ਬਿਲਾ ੩, ੬, ੧*:੨ (798)

ਹੋਰ ਰੂਪ:

ਨਿਵਾਜਿ –
"ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ।"
(ਮਾਨ/ਵਡਿਆਈ ਦੇ ਕੇ)
– ਬਿਲਾ ਕਬ, ੬, ੧:੧ (856)
"ਮਾਟੀ ਮਹਿ ਜੋਤਿ ਰਖੀ ਨਿਵਾਜਿ।" (ਵਡਿਆਂ ਕੇ)
– ਗੋਂਡ ੫, ੩, ੧:੨ (862)

ਨਿਵਾਜਿਆ –
“ਆਪੇ ਖਸਮਿ ਨਿਵਾਜਿਆ।” (ਵਡਿਆਇਆ ਹੈ, ਮਾਣ ਦਿਤਾ ਹੈ)
– ਸਿਰੀ ੧, ਅਸ ੨੮, ੧੬:੧ (72)
“ਪੰਚ ਤਤ ਰਚਿ ਜੋਤਿ ਨਿਵਾਜਿਆ।” (ਉਚਾ ਕੀਤਾ, ਵਡਿਆਇਆ)
– ਪ੍ਰਭਾ ੫, ੧, ੧:੨ (1337)
ਨਿਵਾਜੀ –
“ਆਪੇ ਥਾਪਿ ਉਥਾਪਿ ਨਿਵਾਜੀ।” (ਵਡਿਆਈ, ਮਾਨ ਦਿੱਤਾ)
– ਮਾਰੂ ੩, ਸੋਲਾ ੧੬, ੧:੨ (1059)
ਨਿਵਾਜੁ –
“ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰੁ ਧਰੈ।” (ਵਡਿਆਏ)
– ਮਾਰੂ ਰਵਿ, ੧, ੧*:੨ (1106)
ਨਿਵਾਜੇ –
“ਜਿਸਹਿ ਨਿਵਾਜੇ ਸੋ ਜਨੁ ਸੂਰਾ।” (ਇਜ਼ਤ ਜਾਂ ਮਾਣ ਦੇਵੇ)
– ਗਉ ੫, ੧੪੩, ੧*:੨ (194)
ਨਿਵਾਜੈ –
“ਦੀਨ ਦਰਦ ਦੁਖ ਭੰਜਨ ਸੁਆਮੀ ਜਿਸੁ ਭਾਵੈ ਤਿਸਹਿ ਨਿਵਾਜੈ ਰੇ।”
(ਮਾਨ/ਵਡਿਆਈ ਬਖਸ਼ਦਾ ਹੈ)
– ਗਉ ੫, ੧੩੭*, ੨:੨ (209)

ਨਿਵਾਤ ----- (ਫਾ: ਨਬਾਤ) ਮਿਸਰੀ
“ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ।”
– ਸਲੋ ਫਰ, ੨੭:੧ (1379)

ਨਿਵਾਰ ----- (ਫਾ. ਨਵਾਰ) ਮੰਜੀ ਉਨਣ ਲਈ ਸੂਤ ਅਥਵਾ ਕਿਸੇ ਹੋਰ ਧਾਗੇ ਦੀ ਉਨੀ ਹੋਈ ਪਟੀ
“ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।”
– ਮਾਝ ੧, ਵਾਰ ੮:੭ (141)

(2) ਦੂਰ ਕਰਨ ਵਾਲਾ, ਹਟਾਉਣ ਵਾਲਾ
“ਦੁਖ ਦੀਨ ਦਰਦ ਨਿਵਾਰ।”
– ਬਿਲਾ ੫, ਅਸ ੧, ੭:੧ (837)

ਨਿਵਾਰੰ ----- ਦੂਰ ਕਰਨ ਵਾਲਾ, ਦੂਰ ਕਰਨ ਦੇ ਸਮਰਥ
“ਦਸਨ ਬਿਹੂਨ ਭਯੰਗੰ ਮੰਤ੍ਰੰ ਗਾਰੁੜੀ ਨਿਵਾਰੰ।”
– ਗਾਥਾ ੫, ੧੬:੧ (1361)

ਨਿਵਾਰਹਿ --- ਦੂਰ ਕਰੇ
“ਦਰਦ ਨਿਵਾਰਹਿ ਜਾ ਕੇ ਆਪੇ।”
– ਗਉ ੫, ਬਾਅ ੩੪:੭ (257)

ਹੋਰ ਰੂਪ:

ਨਿਵਾਰਹੁ –
“ਤਜਿ ਅਭਿਮਾਨੁ ਜਨਮ ਮਰਣੁ ਨਿਵਾਰਹੁ।” (ਦੂਰ ਕਰੋ)
– ਗਉ ੫, ੧੨੬, ੨:੧ (191)

ਨਿਵਾਰਣ ---- ਦੂਰ ਕਰਨ ਵਾਲਾ
"ਨਾਨਕ ਪ੍ਰਭੁ ਆਰਾਧੀਐ ਬਿਪਤਿ ਨਿਵਾਰਣ ਰਾਮ।"
– ਰਾਮ ੫, ਛੰਤ ੪, ੧ਸ:੨ (926)

ਹੋਰ ਰੂਪ:

ਨਿਵਾਰਣੰ –
"ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ।" (ਦੂਰ ਕਰ ਦਿੰਦੀ ਹੈ)
– ਗੂਜ ੧, ਅਸ ੫, ੮:੧ (506)

ਨਿਵਾਰਣਹ –
"ਪਤਿਤ ਪੁਨੀਤ ਗੋਬਿੰਦਹ ਸਰਬ ਦੋਖ ਨਿਵਾਰਣਹ।" (ਦੂਰ ਕਰਦਾ ਹੈ)
– ਜੈਤ ੫, ਵਾਰ ੧੯ਸ, ੫, ੧:੧ (709)

ਨਿਵਾਰਣਹਾਰਾ ਦੂਰ ਕਰਨ ਵਾਲਾ
"ਤੀਨੇ ਤਾਪ ਨਿਵਾਰਣਹਾਰਾ ਦੁਖ ਹੰਤਾ ਸੁਖ ਰਾਸਿ।"
– ਟੋਡੀ ੫, ੧੩, ੧:੧ (714)

ਹੋਰ ਰੂਪ:

ਨਿਵਾਰਣਹਾਰਿ –
"ਗੁਰ ਕੈ ਭਾਣੈ ਜੋ ਚਲੈ ਸਭ ਦੂਖ ਨਿਵਾਰਣਹਾਰਿ।"
– ਸਿਰੀ ੪, ਵਾਰ ੧੯ਸ, ੩, ੧:੩ (89)

ਨਿਵਾਰਣਹਾਰੁ –
"ਗੁਰ ਸਬਦੀ ਸਚੁ ਪਾਇਆ ਦੁਖ ਨਿਵਾਰਣਹਾਰੁ।"
– ਸਿਰੀ ੩, ੫੮, ੧:੨ (36)

ਨਿਵਾਰਣਹਾਰੋ –
"ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ ਸਭਿ ਦੂਖ ਨਿਵਾਰਣਹਾਰੋ ਰਾਮ।"
– ਬਿਹਾ ੪, ਛੰਤ ੪, ੧:੪ (540)

ਨਿਵਾਰਣਾ --- ਬਚਾ ਲੈਣਾ, ਛੁਟਕਾਰਾ ਦੁਆਉਣਾ
"ਆਲਾ ਤੇ ਨਿਵਾਰਣਾ ਜਮ ਕਾਰਣਾ।"
– ਧਨਾ ਨਾਮ, ੪, ੩:੬ (694)

ਨਿਵਾਰਣਿਆ – ਨਿਵਾਰਣ/ਦੂਰ ਕਰਨ ਵਾਲੇ
"ਹਉ ਵਾਰੀ ਜੀਉ ਵਾਰੀ ਆਪ ਨਿਵਾਰਣਿਆ।"
– ਮਾਝ ੩, ਅਸ ੧੫, ੧*:੧ (118)

ਨਿਵਾਰਣੁ --- ਦੂਰ ਕਰਨ ਵਾਲਾ
"ਨਰਕ ਨਿਵਾਰਣੁ ਨਰਹ ਨਰੁ ਸਾਚਉ ਸਾਚੈ ਨਾਇ।"
– ਰਾਮ ੧, ਓਅੰ ੪੬:੨ (936)

ਹੋਰ ਰੂਪ:

ਨਿਵਾਰਣੋ –
"ਦਇਆਲ ਦੁਖਹਰ ਸਰਣਿ ਦਾਤਾ ਸਗਲ ਦੋਖ ਨਿਵਾਰਣੋ।" (ਦੂਰ ਕਰਨ ਵਾਲਾ)

– ਰਾਮ ੫, ਛੰਤ ੩, ੩:੩ (926)

ਨਿਵਾਰਣੋ --- (1) ਦੂਰ ਕਰਨ ਵਾਲਾ, ਵੇਖੋ ‘ਨਿਵਾਰਣੁ’
(2) ਦੂਰ ਕਰਦਾ ਹੈ
“ਜਿਸੁ ਤੂ ਵੁਠਾ ਚਿਤਿ ਤਿਸੁ ਦਰਦੁ ਨਿਵਾਰਣੋ।”
– ਰਾਮ ੫, ਵਾਰ ੧੩:੧ (963)

ਨਿਵਾਰਨ ---- ਦੂਰ ਕਰਨ, ਹਟਾਉਣ
“ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘਪੁੰਜ ਤਰੰਗ ਨਿਵਾਰਨ ਕਉ।”
– ਸਵ ੪, ਮਥੁ ੨:੨ (1404)

ਨਿਵਾਰਨੁ ---- ਦੂਰ ਕਰਨ ਵਾਲਾ
“ਭਯ ਭੰਜਨੁ ਪਰ ਪੀਰ ਨਿਵਾਰਨੁ ਕਲ੍ਯ ਸਹਾਰੁ ਤੋਹਿ ਜਸੁ ਬਕਤਾ।” (ਦੂਰ ਕਰਨ ਵਾਲਾ)
– ਸਵ ੫, ਕਲ ੬:੩ (1407)

ਨਿਵਾਰਾ ---- (1) ਨਵਾਰ ਦੇ
“ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ।”
– ਆਸਾ ਕਬ, ੧੬, ੧:੧ (479)
(2) ਦੂਰ ਕਰਦਾ ਹੈ
“ਆਪੇ ਬਖਸਿ ਲਏ ਤਿਸੁ ਭਾਵੈ ਹਉਮੈ ਗਰਬੁ ਨਿਵਾਰਾ ਹੇ।”
– ਮਾਰੂ ੧, ਸੋਲਾ ੭, ੧੫:੩ (1027)

ਨਿਵਾਰਿ ---- (1) ਦੂਰ ਕਰਕੇ
“ਮਨੁ ਤਨੁ ਤੇਰਾ ਤੂ ਧਣੀ ਗਰਬੁ ਨਿਵਾਰਿ ਸਮੇਉ।”
– ਸਿਰੀ ੧, ੧੬, ੩:੩ (20)
(2) ਬਚਾ ਕੇ
“ਦ੍ਰੋਪਤੀ ਲਜਾ ਨਿਵਾਰਿ ਉਧਾਰਣ।”
– ਮਾਰੂ ੫, ਸੋਲਾ ੧੧, ੬:੨ (1082)
(3) ਦੂਰ ਕਰ
“ਪਰ ਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ।”
– ਆਸਾ ੫, ੩੭, ੩:੧ (379)

ਨਿਵਾਰਿਓ --- ਦੂਰ ਕੀਤਾ, ਛਡਿਆ
“ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ।”
– ਤਿਲੰ ੯, ੩, ੨:੨ (727)

ਨਿਵਾਰਿਆ -- ਦੂਰ ਕੀਤਾ, ਮੁਕਾ ਦਿੱਤਾ
“ਆਵਾਗਉਣੁ ਨਿਵਾਰਿਆ ਹੈ ਸਚਾ ਸੋਈ।”
– ਸੂਹੀ ੧, ੪, ੩:੨ (729)

ਨਿਵਾਰਿਹੁ --- ਦੂਰ ਕਰੋ
“ਮਨਸਾ ਮਾਰਿ ਨਿਵਾਰਿਹੁ ਆਸਾ।”

ਨਿਵਾਰੀ ---- (1) ਦੂਰ ਕੀਤੀ

"ਗੁਰਿ ਰਾਖੇ ਸੇ ਨਿਰਮਲੇ ਸਬਦਿ ਨਿਵਾਰੀ ਭਾਹਿ।"

– ਸਿਰੀ ੧, ਅਸ ੧੬, ੭:੩ (64)

(2) ਦੂਰ ਕਰਦਾ ਹਾਂ

"ਸਾਧ ਸੰਗਿ ਜਨਮ ਮਰਣ ਨਿਵਾਰੀ।"

– ਸੂਹੀ ੫, ੧੮, ੨:੧ (740)

(3) ਦੂਰ ਕਰਨ ਵਾਲਾ

"ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ।"

– ਧਨਾ ੪, ੧, ੧:੧ (666)

ਨਿਵਾਰੀਆ -- ਦੂਰ ਕੀਤਾ

"ਸਾਖਾ ਤੀਨਿ ਨਿਵਾਰੀਆ ਏਕ ਸਬਦਿ ਲਿਵ ਲਾਇ।"

– ਸਿਰੀ ੩, ਅਸ ੨੦, ੩:੨ (66)

ਹੋਰ ਰੂਪ:

ਨਿਵਾਰੀਐ –

"ਜਨਮ ਮਰਣੁ ਨਿਵਾਰੀਐ ਦੁਖੁ ਨ ਜਮਪੁਰਿ ਹੋਇ।" (ਦੂਰ ਕਰੀਏ)

– ਆਸਾ ੫, ੧੩੬, ੩:੧ (405)

ਨਿਵਾਰੁ ----- (1) ਦੂਰ ਕਰੋ

"ਮਾਤਾ ਨਰਸਿੰਘ ਕਾ ਰੂਪੁ ਨਿਵਾਰੁ।"

– ਭੈਰ ੩, ਅਸ ੧, ੧੧:੨ (1154)

(2) ਦੂਰ ਕਰਨ ਵਾਲਾ

"ਕਲਿਪ ਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ ਆਤਮਾ ਤ੍ਰਿਬਿਧਿ ਤੇਰੈ ਏਕ ਲਿਵਤਾਰ।"

– ਸਵ ੨, ੩:੪ (1391)

ਨਿਵਾਰੇ ----- (1) ਦੂਰ ਕੀਤੇ, ਮੇਟ ਦਿਤੇ

"ਜਨਮ ਮਰਣ ਰੋਗ ਸਭਿ ਨਿਵਾਰੇ।"

– ਮਾਝ ੫, ੪੨, ੪:੨ (106)

"ਕਿਲਵਿਖ ਕਾਟੈ ਕ੍ਰੋਧੁ ਨਿਵਾਰੇ।" (ਦੂਰ ਕਰੇ)

– ਮਾਝ ੩, ਅਸ ੧੩, ੪:੧ (117)

ਹੋਰ ਰੂਪ:

ਨਿਵਾਰੈ –

"ਸਾਧ ਸੰਗਤਿ ਜਨਮ ਮਰਣੁ ਨਿਵਾਰੈ ਨਾਨਕ ਜਨ ਕੀ ਧੂਰਾ।" (ਦੂਰ ਕਰਦੀ ਹੈ)

– ਗਉ ੫, ੧੬੨*, ੪:੨ (215)

"ਪੰਚ ਜਨਾ ਸਿਉ ਸੰਗੁ ਨਿਵਾਰੈ।" (ਦੂਰ ਕਰੇ, ਭਾਵ ਤੋੜੇ)

– ਗਉ ੫, ਅਸ ੩, ੧:੨ (236)

"ਨਰਕ ਨਿਵਾਰੈ ਦੁਖ ਹਰੈ ਤੂਟਹਿ ਅਨਿਕ ਕਲੇਸ।" (ਦੂਰ ਕਰੇ, ਬਚਾ ਲਵੇ)

– ਗਉ ੫, ਥਿਤੀ ੪:੩ (297)

(2) ਬਚਾਇਆ

"ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ।"
– ਨਟ ੪, ਅਸ ੫, ੧*:੨ (982)

ਨਿਵਾਰਉ --- ਦੂਰ ਕੀਤੀ
"ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਹਉ।"
– ਸਵ ੫, ਕਲ ੯:੧ (1408)

ਨਿਵਾਵਹਿ --- ਝੁਕਾਏ, ਨਿਵਾਏ
"ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ।" (ਨਿਵਾਉਂਦੇ ਹਨ)
– ਜੈਤ ੫, ਵਾਰ ੧੪:੨ (709)

ਨਿਵਾੜਾ ---- ਹਟਾਇਆ, ਦੂਰ ਕੀਤਾ
"ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ।"
– ਮਾਰੂ ੫, ਵਾਰ ੧੦:੨ (1097)

ਨਿਵਿ ------ ਨਿਉਂ ਕੇ, ਨਮਰ ਹੋ ਕੇ, ਝੁਕ ਕੇ
"ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ।"
– ਸਿਰੀ ੩, ੪੬, ੨:੨ (31)

ਨਿਵਿਆ ---- ਝੁਕਿਆ
"ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ।" (ਭਾਵ ਬੰਧਨਾ ਕੀਤੀ)
– ਗਉ ੪, ਵਾਰ ੧੫ਸ, ੪, ੩:੨ (309)

ਨਿਵੇ ------ ਨਿਵੰਦਾ ਹੈ
"ਤੇਰੈ ਨਾਮਿ ਨਿਵੇ ਰਹੇ ਲਿਵ ਲਾਇ।"
– ਤਿਲੰ ੧, ੨, ੩:੩ (721)

ਨਿਵੈ ------ ਝੁਕੇ
"ਸੋ ਸਿਰੁ ਸਾਂਈ ਨ ਨਿਵੈ ਸੋ ਸਿਰੁ ਦੀਜੈ ਡਾਰਿ।"
– ਸਿਰੀ ੪, ਵਾਰ ੧੫ਸ, ੨, ੧:੧ (89)

ਨੀ ------- ਸੰਬੋਧਕ ਸ਼ਬਦ
"ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ।"
– ਗਉ ੪, ਵਾਰ ੩੦:੩ (316)

ਨੀਅਤਿ ---- (ਅ. ਨੀਯਤ) ਇਰਾਦਾ, ਸੰਕਲਪ, ਮਨ ਦੀ ਸੋਚ, ਮਨਸ਼ਾ
"ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।"
– ਮਾਝ ੧, ਵਾਰ ੭ਸ, ੧, ੩:੩ (141)

ਨੀਸਾਣਿ ---- (1) ਝੰਡਾ
"ਸਚੈ ਸਬਦਿ ਨੀਸਾਣਿ ਠਾਕ ਨ ਪਾਈਐ।"
– ਮਾਝ ੧, ਵਾਰ ੧੯:੭ (146)

(2) ਨਿਸਾਨੀਆ

“ਸਗਲ ਭਗਤ ਜਾ ਚੈ ਨੀਸਾਣਿ।”
– ਮਲਾ ਨਾਮ, ੧, ੫:੫ (1292)

ਨੀਸਾਣਿਆ -- (1) ਨਿਸ਼ਾਨ
“ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ।”
– ਮਾਝ ੧, ਵਾਰ ੧੩:੩ (144)
(2) ਪ੍ਰਗਟ ਕੀਤਾ (ਕਰਕੇ)
“ਵਿਣੁ ਥੰਮ੍ਾ ਗਗਨੁ ਰਹਾਇ ਸਬਦੁ ਨੀਸਾਣਿਆ।” (ਭਾਵ ਹੁਕਮ ਦੁਆਰਾ)
– ਮਲਾ ੧, ਵਾਰ ੧:੩ (1279)
“ਲਥੇ ਸਭਿ ਵਿਕਾਰ ਸਬਦਿ ਨੀਸਾਣਿਆ।” (ਸ਼ਬਦ ਰੂਪ ਧੌਂਸਾ ਵਜਣ ਨਾਲ)
– ਮਲਾ ੧, ਵਾਰ ੨੭:੩ (1291)

ਨੀਸਾਣੀ ---- ਨਿਸ਼ਾਨ, ਪਰਮਾਣ, ਲਛਣ
“ਪ੍ਰਭ ਮਿਲਣੈ ਕੀ ਏਹ ਨੀਸਾਣੀ।”
– ਮਾਝ ੫, ੪੨, ੩:੧ (106)
“ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ।” (ਪਛਾਣ)
– ਗਉ ੫, ਵਾਰ ੧੧:੧ (320)

ਹੋਰ ਰੂਪ:

ਨੀਸਾਣੀਆ –
“ਦੋਹਾਗਣੀ ਕਿਆ ਨੀਸਾਣੀਆ।”
– ਸਿਰੀ ੧, ਅਸ ੨੮, ੭:੧ (72)

ਨੀਸਾਣੁ ----- (1) ਨਿਸ਼ਾਨ, ਪਛਾਣ ਚਿੰਨ
“ਗਾਵੈ ਕੋ ਦਾਤਿ ਜਾਣੈ ਨੀਸਾਣੁ।”
– ਜਪੁ ੧, ੩:੨ (1)
“ਅਮੁਲੁ ਧਰਮੁ ਅਮੁਲੁ ਨੀਸਾਣੁ।” (ਪ੍ਰਵਾਨਗੀ ਦਾ ਨਿਸ਼ਾਨ)
– ਜਪੁ ੧, ੨੬:੭ (5)
“ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ।” (ਪ੍ਰਵਾਨਗੀ ਦੀ ਸਹੀ)
– ਸਿਰੀ ੧, ੬, ੧*:੨ (16)
“ਗੁਰ ਕਾ ਸਬਦੁ ਸਚੁ ਨੀਸਾਣੁ।” (ਪਰਵਾਨਾ)
– ਆਸਾ ੧, ੨੧, ੩:੨ (355)
“ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ।“ (ਮੋਹਰ, ਸਹੀ)
– ਸੋਰ ੧, ਅਸ ੩, ੩:੧ (636)
(2) ਜੋ ਪ੍ਰਗਟ ਹੈ (ਸ਼ਬਦਾਰਥ, ਸੰਥਿਆ, ਪ੍ਰਮਾਣ ਪੱਤਰ, ਰਾਹਦਾਰੀ (ਦਰਪਣ); ਝੰਡਾ (ਨਿਰਣੈ)
“ਮੇਰੇ ਮਨ ਜਪਿ ਰਾਮ ਨਾਮੁ ਨੀਸਾਣੁ।”
– ਸੋਰ ੪, ੫, ੧*:੧ (606)
(3) ਨਿਸ਼ਾਨਾ, ਆਦਰਸ਼
“ਗੁਰ ਪਰਸਾਦੀ ਸੇਵੀਐ ਸਚੁ ਸਬਦਿ ਨੀਸਾਣੁ।”
– ਸੂਹੀ ੩, ਵਾਰ ੧੧:੩ (789)
(4) ਝੰਡਾ

"ਨਦਰਿ ਤਿਨ੍ਾ ਕਉ ਨਾਨਕਾ ਨਾਮੁ ਜਿਨ੍ਾ ਨੀਸਾਣੁ।"
– ਸਾਰ ੪, ਵਾਰ ੫ਸ, ੨, ੨:੪ (1239)

(5) ਧੌਂਸਾ
"ਪੰਚ ਸਬਦ ਧੁਨਿਕਾਰ ਧੁਨਿ ਤਰ ਬਾਜੈ ਸਬਦੁ ਨੀਸਾਣੁ।"
– ਮਲਾ ੧, ਵਾਰ ੨੭ਸ, ੧, ੧:੨ (1291)

ਨੀਸਾਣੇ ----- ਨਿਸ਼ਾਨੇ ਗਏ, ਜਿਨ੍ਹਾਂ ਉਤੇ ਨੀਸਾਣੁ ਲਗ ਗਿਆ
"ਤਿਨ ਕੈ ਸੰਗਿ ਮਲੁ ਉਤਰੈ ਮੇਰੀ ਜਿੰਦੁੜੀਏ ਰੰਗਿ ਰਾਤੇ ਨਦਰਿ ਨੀਸਾਣੇ ਰਾਮ।"
– ਬਿਹਾ ੪, ਛੰਤ ੬, ੨:੩ (541)

ਨੀਸਾਣੈ ----- (1) ਭਾਵ ਪ੍ਰਗਟ ਹੁੰਦਾ ਹੈ, ਨੀਸਾਣ ਪੈਂਦਾ ਹੈ
"ਗੁਰ ਕੈ ਸਬਦਿ ਨਾਮਿ ਨੀਸਾਣੈ।"
– ਮਾਝ ੧, ਅਸ ੧, ੩:੨ (109)

(2) ਪਰਵਾਣਾ
"ਸਚੁ ਨੀਸਾਣੈ ਠਾਕ ਨ ਪਾਇ।"
– ਆਸਾ ੧, ੨੧, ੩:੪ (355)

"ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ।" (ਪਰਵਾਣੇ)
– ਸੂਹੀ ੧, ੭, ੨:੨ (730)

"ਗੁਰ ਕੈ ਸਬਦਿ ਹਰਿ ਦਰਿ ਨੀਸਾਣੈ।" (ਪਰਵਾਨਾ ਵਡਿਆਈ ਦਾ)
– ਬਿਲਾ ੩, ਵਾ ੨, ੩:੪ (842)

(3) ਝੰਡੇ ਨਾਲ
"ਗੁਰ ਕੈ ਸਬਦਿ ਹਰਿ ਦਰਿ ਨੀਸਾਣੈ।" (ਝੰਡੇ ਸਮੇਤ ਪੁਜਦੇ ਹਨ, ਪਤਿ ਨਾਲ ਪੁਜਦੇ ਹਨ)
– ਬਸੰ ੩, ੯, ੩:੨ (1175)

ਨੀਸਾਣੋ ----- (1) ਪਰਵਾਣਾ
"ਰੰਗਿ ਰਤੇ ਤੇਰੈ ਤੁਧੁ ਭਾਵਹਿ ਸਚੁ ਨਾਮੁ ਨੀਸਾਣੋ ਜੀਉ।"
– ਮਾਝ ੫, ੪੪, ੩:੩ (107)

(2) ਨਿਸ਼ਾਨ
"ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ।"
– ਤੁਖਾ ੧, ਛੰਤ ੫, ੩:੧ (1112)

ਨੀਸਾਨੰ ----- ਨਿਸ਼ਾਨ ਪੈਂਦਾ ਹੈ (ਪ੍ਰਵਾਨਗੀ ਦਾ)
"ਜਪਿ ਮੁਕੰਦ ਮਸਤਕਿ ਨੀਸਾਨੰ।"
– ਗੋਂਡ ਰਵਿ, ੧, ੨:੨ (875)

ਨੀਸਾਨਾ ---- ਨਿਸਾਨ
"ਲਿਖਤੁ ਮਿਟੈ ਨਹੀ ਸਬਦੁ ਨੀਸਾਨਾ।"
– ਗਉ ੧, ਅਸ ੧, ੭:੩ (221)

ਨੀਸਾਨੀ ---- (1) ਲੱਛਣ, ਪਛਾਣ
"ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ।"
– ਸੂਹੀ ੫, ੩, ੧*:੧ (737)

(2) ਦ੍ਰਿਸ਼ਟਾਂਤ, ਉਦਾਹਰਣ
“ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ।”
– ਬਿਲਾ ੫, ੯੫, ੧*:੨ (823)

ਨੀਸਾਨੁ ----- (1) ਪਰਵਾਨਗੀ ਦੀ ਛਾਪ/ਚਿੰਨ
“ਕਰਮਿ ਪਵੈ ਨੀਸਾਨੁ ਨ ਚਲੈ ਚਲਾਇਆ।”
– ਮਾਝ ੧, ਵਾਰ ੨੬:੬ (150)

(2) ਪਰਵਾਨਾ
“ਸਾਚੁ ਸਬਦੁ ਜਾ ਕਾ ਨੀਸਾਨੁ।”
– ਆਸ ੫, ੫੯, ੩:੨ (386)

“ਜਨਮ ਸਰਣ ਕੀ ਕਟੀਐ ਫਾਸੀ ਸਾਚੀ ਦਰਗਹ ਕਾ ਨੀਸਾਨੁ।”
– ਬਿਲਾ ੫, ੯੯, ੧:੨ (824)

(3) ਪ੍ਰਗਟ ਹੁੰਦਾ ਹੈ
“ਗੁਰਮੁਖਿ ਸੁਰਤਿ ਸਬਦੁ ਨੀਸਾਨੁ।”
– ਆਸਾ ੧, ਅਸ ੬, ੧:੩ (414)

(4) ਲਿਖਤ ਰੂਪ
“ਆਪੇ ਸਬਦੁ ਆਪੇ ਨੀਸਾਨੁ।”
– ਬਿਲਾ ੧, ੩, ੧:੧ (795)

(5) ਢੋਲ, ਨਗਾਰਾ
“ਗੁਰਮੁਖਿ ਮਨੂਆ ਇਕਤੁ ਘਰਿ ਆਵੈ ਮਿਲਉ ਗੋੁਪਾਲ ਨੀਸਾਨੁ ਬਜਈਆ।”
– ਬਿਲਾ ੪, ਅਸ ੧, ੫:੨ (833)

“ਮਿਲਉ ਗੁਪਾਲ ਨੀਸਾਨੁ ਬਜਾਈ।” (ਢੋਲ ਵਜਾ ਕੇ ਭਾਵ ਗਜ ਵਜ ਕੇ, ਪ੍ਰਗਟ ਹੋਏ)
– ਭੈਰ ਨਾਮ, ੪, ੩:੨ (1164)

“ਗੁਰ ਰਾਮ ਦਾਸ ਕਲ੍ਹਚਰੈ ਤੈ ਸਬਦ ਨੀਸਾਨੁ ਬਜਾਇਅਉ।”
– ਸਵ ੪, ਕਲ ੯:੬ (1398)

ਨੀਸਾਨੈ ----- (1) ਲਕਸ਼ (ਜਿਸ ਨੂੰ ਵੇਖ ਕੇ ਹਲਾ ਕੀਤਾ ਜਾਵੇ) ਉਤੇ
“ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ।”
– ਮਾਰੂ ਕਬ, ੧੦, ੧:੧ (1105)

(2) ਨਿਸ਼ਾਨ, ਛਾਪ, ਮੋਹਨ
“ਗੁਰੁ ਅਕੰਸੁ ਸਚੁ ਸਬਦੁ ਨੀਸਾਨੈ”
– ਗਉ ੧, ਅਸ ੨, ੧:੨ (221)

ਨੀਸੀ ------ ਨਹੀਂ
“ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ।”
– ਜੈਤ ੫, ਛੰਤ ੧, ੩:੧ (703)

ਨੀਹਣੋ ----- ਚਿੱਲਾ, ਬੰਨਣ ਵਾਲੀ ਰਸੀ
“ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ।”
– ਸਲੋ ਫਰ, ੧੧੫:੧ (1384)

ਨੀਹਿ ------ (1) ਪਿਆਰ/ਸਨੇਹ ਮੁਹੱਬਤ ਨਾਲ
"ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਉ।"
– ਸਿਰੀ ੪, ਵਾਰ ੧੪ਸ, ੫, ੨:੧ (321)
(2) ਬੁਨਿਆਦ
"ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ।"
– ਸਲੋ ਫਰ, ੮:੨ (1378)

ਨੀਹੁ ------ ਪਿਆਰ, ਨੇਹੁ
"ਨੀਹੁ ਮਹਿੰਜਾ ਤਉ ਨਾਲਿ ਬਿਆ ਨੇਹ ਕੂੜਾਵੇ ਡੇਖੁ।"
– ਮਾਰੂ ੫, ਵਾਰ ੧ਸ, ੫, ੨:੧ (1094)

ਨੀਹੁਮ ----- ਪਿਆਰ, ਪ੍ਰੀਤ
" ਠਗਾ ਨੀਹੁਮ ਤ੍ਰੋੜਿ ਜਾਣੁ ਗੰਧ੍ਰਬਾ ਨਗਰੀ।"
– ਮਾਰੂ ੫, ਵਾਰ ੧੩ਸ, ੫, ੩:੧ (1098)

ਨੀਕਸਿ ----- ਨਿਕਲ
"ਹਉ ਬਲਿਹਾਰੀ ਤਿਨ ਕਉ ਪੈਸਿ ਜੁ ਨੀਕਸਿ ਜਾਹਿ।"
– ਸਲੋ ਕਬ, ੨੬:੧ (1365)

ਹੋਰ ਰੂਪ:

ਨੀਕਸੈ –
"ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ।" (ਨਿਕਲਦਾ ਹੈ)
– ਸਲੋ ਕਬ, ੨੦੦:੨ (1375)

ਨੀਕਰਿ ----- ਨਿਕਲ
"ਕਿਲਵਿਖ ਦੋਖ ਗਏ ਸਭ ਨੀਕਰਿ ਜਿਉ ਪਾਨੀ ਮੈਲੁ ਹਰੇ।"
– ਨਟ ੪, ੧, ੧:੨ (975)

ਨੀਕਲਿ ----- ਨਿਕਲ
"ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ।"
– ਰਾਮ ੪, ੨, ੧:੨ (881)

ਨੀਕਾ ------ (1) ਚੰਗੀ/ਪੂਰੀ (ਤਰ੍ਹਾਂ)
"ਸਸਾ ਸੋ ਨੀਕਾ ਕਰਿ ਸੋਧਹੁ।"
– ਗਉ ਕਬ, ੩੯:੧ (342)
(2) ਚੰਗਾ, ਭਲਾ, ਉਤਮ, ਸੋਹਣਾ
"ਮੇਰਾ ਠਾਕੁਰੋ ਠਾਕੁਰੁ ਨੀਕਾ ਅਗਮ ਅਥਾਹਾ ਰਾਮ।"
– ਆਸਾ ੪, ਛੰਤ ੮, ੩:੧ (442)
"ਸੰਤਹੁ ਰਾਮ ਦਾਸ ਸਰੋਵਰੁ ਨੀਕਾ।" (ਸੋਹਣਾ)
– ਸੋਰ ੫, ੫੭, ੧*:੧ (623)
"ਜੇ ਵਡਭਾਗੁ ਹੋਇ ਅਤਿ ਨੀਕਾ ਤਾਂ ਗੁਰ ਮਤਿ ਨਾਮੁ ਦ੍ਰਿੜੀਜੈ।" (ਉਤਮ)
– ਕਲਿ ੪, ਅਸ ੬, ੬:੧ (1326)
"ਪਨ੍ਹੀਆ ਛਾਦਨੁ ਨੀਕਾ।" (ਸੋਹਣਾ)

– ਧਨਾ ਧੰਨਾ, ੧, ੧:੩ (695)

ਹੋਰ ਰੂਪ:

ਨੀਕੀ –
"ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ।" (ਚੰਗੀ, ਉਤਮ)
– ਗਉ ੫, ਸੁਖ ੬, ੫:੭ (270)

ਨੀਕੇ –
"ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ।" (ਉਤਮ)
– ਦੇਵ ੫, ੩੧, ੧:੧(534)
"ਨੀਕੇ ਗੁਣ ਗਾਉ ਮਿਟਹੀ ਰੋਗ।" (ਨਿਰਮਲ, ਉਤਮ)
– ਟੋਡੀ ੫, ੮, ੧*:੧ (713)
"ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ।" (ਭਲੇ)
– ਰਾਮ ੪, ੨, ੩:੧ (881)
"ਨੀਕੇ ਸਾਚੇ ਕੇ ਵਾਪਾਰੀ।" (ਚੰਗੇ ਹਨ)
– ਮਾਰੂ ੧, ਸੋਲਾ ੧੨, ੯:੧ (1032)

ਨੀਕੋ –
"ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ।"
– ਸੋਰ ੫, ੧੭, ੧*:੨ (613)

(3) ਛੋਟਾ, ਨਿੱਕਾ
"ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ।"
– ਗੂਜ ੩, ਵਾਰ ੪ਸ, ੩, ੨:੧ (509)

ਹੋਰ ਰੂਪ:

ਨੀਕੀ –
"ਨੀਕੀ ਕੀਰੀ ਮਹਿ ਕਲ ਰਾਖੈ।"
– ਗਉ ੫, ਸੁਖ ੧੭, ੫:੧ (285)

(4) ਚੰਗਾ, ਭਾਵ ਪਿਆਰਾ
"ਮਾਈ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ।"
– ਸੋਰ ੧, ੩, ੧:੧ (596)

ਹੋਰ ਰੂਪ:

ਨੀਕੀ –
"ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ।"
– ਤਿਲੰ ਨਾਮ, ੩, ੧*:੩ (727)

(5) ਸਾਫ, ਸੁਥਰਾ
"ਪਵਨ ਸੁਤੁ ਸਭੁ ਨੀਕਾ ਕਰਿਆ ਸਤਿਗੁਰਿ ਸਬਦੁ ਵੀਚਾਰੇ।"
– ਨਟ ੪, ਅਸ ੫, ੭:੧ (983)

ਨੀਘਰਿਆ --- ਜਿਸ ਦਾ ਰਹਿਣ ਦਾ ਕੋਈ ਟਿਕਾਣਾ ਨਹੀਂ
"ਬਾਝੁ ਥੂਨੀਆ ਛਪਰਾ ਥਾਮ੍ਹਿਆ ਨੀਘਰਿਆ ਘਰੁ ਪਾਇਆ ਰੇ।"
– ਆਸਾ ੫, ੪੪, ੨:੧ (381)

ਨੀਘਰੀਆ --- ਬੇਘਰਾ ਕੀਤਾ
"ਮਾਇਆ ਮੋਹਣੀ ਨੀਘਰੀਆ ਜੀਉ ਕੂੜਿ ਮੁਠੀ ਕੂੜਿਆਰੇ।"
– ਗਉ ੧, ਛੰਤ ੨, ੩:੧ (243)

ਨੀਘਰੁ ----- ਬੇ ਘਰਾ
"ਇਹੁ ਨੀਘਰੁ ਘਰੁ ਕਹੀ ਨ ਪਾਏ।"
– ਪ੍ਰਭਾ ੫, ਅਸ ੧, ੬:੩ (1347)

ਨੀਚ ------ ਨੀਵਾਂ (ਜਾਤਿ ਵਿਚ) – ਗੁਣ ਅਥਵਾ ਕਰਮ ਵਿਚ ਨੀਵਾਂ, ਮੰਦਾ
"ਕਹੁ ਨਾਨਕ ਹਮ ਨੀਚ ਕਰੰਮਾ।"
– ਆਸਾ ੫, ਸੋਪੁ ੪, ੨:੩ (12)
"ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਂਇ।" (ਮਾੜੇ ਕੰਮਾਂ ਵਾਲਾ)
– ਸਿਰੀ ੧, ੪, ੧*:੨ (15)

ਹੋਰ ਰੂਪ:

ਨੀਚੰ –
"ਊਚੰ ਤ ਨੀਚੰ ਨਾਨਾ ਸੁ ਮੂਚੰ।"
– ਸਸ ੫, ੧੧:੨ (1355)

(2) ਨਿਮਾਨਾ, ਨਿਤਾਣਾ, ਨਾਚੀਜ਼, ਵਿਚਾਰੇ
"ਖਿਨ ਮਹਿ ਥਾਪਿ ਨਿਵਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ।"
– ਬਿਲਾ ੫, ੧੦੧, ੧:੧ (824)
"ਹਮ ਨਾਨ੍ਹੇ ਨੀਚ ਤੁਮ੍ਹੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ।" (ਨਿਮਾਣੇ ਜਿਹੇ)
– ਸਾਰ ੫, ਅਸ ੧, ੮:੧ (1235)

ਨੀਚਹ ----- ਨੀਵੇਂ ਵਿਚ/ਨੂੰ
"ਰਾਜਾ ਰੰਕੁ ਕਰੈ ਖਿਨ ਭੀਤਰਿ ਨੀਚਹ ਜੋਤਿ ਧਰੀ।"
– ਗੂਜ ੫, ੧੮, ੧:੨ (499)
"ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ।"
– ਮਾਰੂ ਰਵਿ, ੧, ੧:੨ (1106)

ਹੋਰ ਰੂਪ:

ਨੀਚਹੁ –
"ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ।" (ਨੀਵਿਆਂ ਤੋਂ)
– ਦੇਵ ੫, ੫, ੧*:੨ (529)

ਨੀਚਾ ------ (1) ਨੀਵਿਆ
"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।"
– ਸਿਰੀ ੧, ੩, ੪:੧ (15)

(2) ਨੀਵਾਂ
"ਆਪਸ ਕਉ ਜੋ ਜਾਣੈ ਨੀਚਾ।"
– ਗਉ ੫, ਸੁਖ ੩, ੬:੩ (266)

ਨੀਚਾਇ ---- ਨੀਚਾਂ/ਨੀਵਿਆਂ ਤੋਂ

“ਸੰਤ ਕੈ ਦੁਖਨਿ ਨੀਚੁ ਨੀਚਾਇ।”
- ਗਉ ੫, ਸੁਖ ੧੩, ੨:੮ (279)

ਨੀਚਾਣੁ ----- ਨੀਚਤਾਵਾਨ, ਅਤਿ ਨੀਵਾਂ
“ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ।”
- ਸੂਹੀ ੪, ੧੫, ੪:੧ (736)

ਨੀਚੀ ------ ਨੀਵਿਆਂ
“ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।”
- ਸਿਰੀ ੧, ੩, ੪:੧ (15)

ਨੀਚੁ ------ ਨੀਵਾਂ
“ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।”
- ਜਪੁ ੧, ੨:੩ (1)
“ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।” (ਭਾਵ ਨਮਰ ਰਹੀਐ)
- ਆਸਾ ੧, ਵਾਰ ੫:੩ (465)

ਨੀਚੇ ------ (1) ਨੀਵੇਂ
“ਸਗਲ ਸਮਗ੍ਰੀ ਮੋਹਿ ਵਿਆਪੀ ਕਬ ਊਚੇ ਕਬ ਨੀਚੇ।”
- ਸੋਚ ੫, ੯, ੧:੧ (611)
(2) ਝੁਕਾ ਲਏ, ਨੀਵੇਂ
“ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ।”
- ਸਲੋ ਕਬ, ੨੩੪:੧ (1377)

ਨੀਝਰ ----- ਇਕ ਰਸ, ਲਗਾਤਾਰ, ਅਖੰਡ
“ਊਨਵ ਬਰਸੈ ਨੀਝਰ ਧਾਰਾ।”
- ਰਾਮ ੧, ਓਅੰ ੮:੫ (930)

ਹੋਰ ਰੂਪ:

ਨੀਝਰੁ -
“ਅਜਰੁ ਜਰੈ ਨੀਝਰੁ ਝਰੈ ਅਮਰ ਅਨੰਦ ਸਰੂਪ।”
- ਪ੍ਰਭਾ ੧, ੧੩, ੫:੧ (1331)

ਨੀਠਿ ਨੀਠਿ -- ਮਸਾਂ, ਜਿਵੇਂ ਜਿਵੇਂ ਕਰਕੇ
“ਨੀਠਿ ਨੀਠਿ ਮਨੁ ਕੀਆ ਧੀਰਾ।”
- ਗਉ ਕਬ, ਬਾਅ ੧੯:੨ (341)

ਨੀਤ ------ ਹਮੇਸ਼ਾਂ, ਸਦੈਵ, ਨਿਤ, ਸਦਾ
“ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।”
- ਗਉ ੧, ੧੪, ੧:੨ (155)
“ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ।” (ਹਮੇਸ਼ਾਂ ਰਹਿਣ ਵਾਲੇ)
- ਆਸਾ ੧, ਅਸ ੧੩, ੨:੧ (418)
“ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ।” (ਰੋਜ਼)
- ਦੇਵ ੯, ੩, ੨:੧ (536)

ਨੀਤਾ ------ ਹਮੇਸ਼ਾਂ, ਸਦਾ, ਨਿਤ, ਹਰ ਰੋਜ਼

"ਨਾਨਕ ਹਰਿ ਭਜੁ ਨੀਤਾ ਨੀਤਿ।"

- ਗਉ ੧, ਅਸ ੨, ੮:੩ (222)

"ਜਾ ਕੈ ਹਰਿ ਹਰਿ ਕੀਰਤਨੁ ਨੀਤਾ।"

- ਆਸਾ ੫, ੫੮, ੧*:੨ (385)

ਨੀਤਿ ------ ਸਦਾ ਲਈ

"ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ।"

- ਸਿਰੀ ੧, ਅਸ ੮, ੪:੩ (58)

ਨੀਦ ------ (1) ਨੀਂਦ, ਨਿੰਦ੍ਰਾ

"ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ।"

- ਸਿਰੀ ੩, ੪੭, ੨:੨ (31)

"ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ।" (ਅਵਿਦਿਆ ਦੀ ਨੀਦ)

- ਰਾਮ ੧, ਸਿਗੋ ੮:੧ (939)

"ਗੁਰਮੁਖਿ ਜਾਗੈ ਨੀਦ ਨ ਸੋਵੈ।" (ਅਗਿਆਨਤਾ ਦੀ ਨੀਂਦ)

- ਰਾਮ ੧, ਸਿਗੋ ੫੪:੨ (944)

(2) ਗਫਲਤ

"ਜੇ ਘਰੁ ਬੂਝੈ ਆਪਣਾ ਤਾ ਨੀਦ ਨ ਹੋਈ।"

- ਆਸਾ ੧, ਅਸ ੧੩, ੫:੨ (418)

ਹੋਰ ਰੂਪ:

ਨੀਂਦ -

"ਨੀਂਦ ਵਿਆਪਿਆ ਕਾਮਿ ਸੰਤਾਪਿਆ ਮੁਖਹੁ ਹਰਿ ਹਰਿ ਕਹਾਵੈ।"

- ਰਾਮ ੫, ਵਾਰ ੭ਸ, ੫, ੧:੪ (960)

ਨੰ-ੀਦ -

"ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ ਨੰ-ੀਦ ਪਲਕ ਨਹੀ ਜਾਗਿਓ।"

- ਸਸ ੫, ੫, ੧:੧ (1203)

ਨੀਦੜੀ ----- ਨੀਂਦ, ਨਿਦ੍ਰਾ

"ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ।"

- ਸਲੋ ਫਰ, ੫੬:੧ (1380)

ਨੀਦੜੀਏ --- ਨੀਂਦੇ

"ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ।"

- ਬਿਹਾ ੫, ਛੰਤ ੪, ੧:੨ (544)

ਨੰੀਦ੍ਰਾਵਲੇ --- ਨੀਦ ਭਰੇ ਭਾਵ ਅਗਿਆਨਤਾ ਭਰੇ

"ਜਿੰਨ੍ਹਾ ਨੈਣ ਨੰ-ੀਦ੍ਰਾਵਲੇ ਤਿੰਨਾ ਮਿਲਣੁ ਕੁਆਉ।"

- ਸਲੋ ਫਰ, ੮੦: ੨ (1382)

ਨੀਧਨ ----- ਨਿਰਧਨ, ਜਿਸ ਕੋਲ ਧਨ ਨਹੀਂ, ਗਰੀਬ

“ਨੀਧਨ ਕੌ ਧਨੁ ਨਾਮੁ ਪਿਆਰੁ।”
– ਪ੍ਰਭਾ ੧, ੧੨, ੪:੩ (1331)

ਨੀਧਰਿਆ --- ਨਿਰ-ਆਧਾਰ, ਬੇ-ਆਸਰਾ, ਨਿਓਟ
“ਨੀਧਰਿਆ ਧਰ ਤੇਰੀਆ ਇਕ ਨਾਮ ਅਧਾਰਾ।”
– ਬਿਲਾ ੫, ੩੫, ੨:੨ (809)

ਨੀਧੇ ------ ਭੰਡਾਰ, ਖਜ਼ਾਨੇ
“ਜਨਮ ਜਨਮ ਕੀ ਹਉਮੈ ਮਨੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ।”
– ਬਸੰ ੪, ੫, ੩:੨ (1179)

ਨੰੀਬਾ ------ (ਫਾ. ਨੀਮ) ਨਿੰਮ
“ਨੰ-ੀਬੁ ਭਇਓ ਆਂਬੁ ਆਂਬੁ ਭਇਓ ਨੰ-ੀਬਾ ਕੇਲਾ ਪਾਕਾ ਝਾਰਿ।”
– ਰਾਮ ਕਬ, ੧੨, ੧:੧ (972)

ਨੰੀਬੁ ------ (ਫਾ. ਨੀਮ) ਨਿੰਮ
“ਪਲਕ ਦ੍ਰਿਸਟਿ ਦੇਖਿ ਭੂਲੋ ਆਕ ਨੀਮ ਕੋ ਤੂੰਮਰੁ।”
– ਆਸਾ ੫, ੧੨੭, ੨:੧ (403)

ਹੋਰ ਰੂਪ:

ਨੀਮੁ –
“ਅੰਮ੍ਰਿਤੁ ਲੈ ਲੈ ਨੀਮੁ ਸਿੰਚਾਈ।” (ਨਿੰਮ ਦਾ ਦਰਖਤ)
– ਆਸਾ ਕਬ, ੨੦, ੫:੧ (481)

ਨੀਮ੍ਹਿ ------ ਨਹੀਂ
“ਦਰੁ ਬੀਭਾ ਮੈ ਨੀਮ੍ਹਿ ਕੋ ਕੈ ਕਰੀ ਸਲਾਮੁ।”
– ਆਸਾ ੧, ੧੪, ੧*:੧ (418)

ਨੀਮ੍ਹੀ ------ ਨਹੀਂ
“ਚਾਰੇ ਕੁੰਡਾ ਢੂਢੀਆ ਕੋ ਨੀਮ੍ਹੀ ਮੈਡਾ।”
– ਆਸ ੧, ੧੪, ੧:੧ (418)

ਨੀਰ ------ (1) ਪਾਣੀ
“ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ।”
– ਸਿਰੀ ੧, ਅਸ ੧੧, ੨:੧ (60)
“ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ।” (ਭਾਵ ਤੀਰਥ ਇਸ਼ਨਾਨੀ)
– ਗਉ ੫, ੧੫੫*, ੩:੧ (213)

(2) ਨਿਕਟ, ਨੇੜੇ
“ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀਂ ਆਵੈ ਨੀਰ।”
– ਮਾਰੂ ੫, ਵਾਰ ੨੩ਸ, ੫, ੩:੨ (1102)

ਨੀਰਉ ----- ਨੇੜੇ, ਸਮੀਪ, ਕੋਲ
“ਜੀਅ ਪ੍ਰਾਨ ਮਨੁ ਤਨੁ ਸਭੁ ਅਰਪਉ ਨੀਰਉ ਪੇਖਿ ਪ੍ਰਭ ਕਉ ਨੀਰਉ।”
– ਜੈਤ ੫, ੩, ੧:੧ (700)

ਨੀਰਾ ------ (1) ਨੇੜੇ, ਨਿਕਟ
“ਦੂਰਿ ਬਤਾਵਤ ਪਾਇਆ ਨੀਰਾ।”
– ਗਉ ਕਬ, ਥਿਤੀ ੧੨:੪ (344)

(2) ਪਾਣੀ ਦੇ
“ਬਿਨੁ ਨਾਵੈ ਡੁਬਿ ਮੁਏ ਬਿਨੁ ਨੀਰਾ।”
– ਮਾਰੂ ੩, ਸੋਲਾ ੮, ੧੩:੨ (1052)

ਨੀਰਾਰੇ ----- ਪਾਣੀ
“ਰਵਿ ਸਸਿ ਪਵਣੁ ਪਾਵਕੁ ਨੀਰਾਰੇ।”
– ਗਉ ੫, ਅਸ ੪, ੩:੨ (237)

ਨੀਰਿ ------ ਪਾਣੀ
“ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਨ ਜਾਏ ਜੀਉ।” (ਪਾਣੀ ਨਾਲ)
– ਮਾਝ ੫, ੩੦, ੨:੩ (103)
“ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ।” (ਪਾਣੀ ਤੇ)
– ਗਉ ੫, ਬਾਅ ੫੨:੮ (261)
“ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਡੁਬਹਿ ਤੇਹਿ।” (ਪਾਣੀ ਵਿਚ/ਨਾਲ)
– ਸੋਰ ੧, ਅਸ ੪, ੬:੨ (637)

ਨੀਰੀਐ ---- ਸਿੰਚੀਐ
“ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ।”
– ਸਿਰੀ ੩, ਅਸ ੧੯, ੪:੨ (65)

ਨੀਰੁ ------ ਪਾਣੀ, ਜਲ
“ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ।”
– ਸਿਰੀ ੧, ੫, ੩:੧ (16)
“ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ।” (ਭਾਵ ਹੰਝੂ)
– ਮਾਝ ੧, ੧, ੩:੩ (94)

ਨੀਰੇ ------ ਪਰੋਸੇ, ਅਗੇ ਰਖੇ
“ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ।”
– ਵਡ ੫, ੯, ੧:੩ (564)

ਨੀਰੈ ------ (1) ਪਾਣੀ ਦੇ
“ਜਿਉ ਮਛੁਲੀ ਬਿਨੁ ਨੀਰੈ ਬਿਨਸੈ ਤਿਉ ਨਾਮੈ ਬਿਨੁ ਮਰਿ ਜਾਈ।”
– ਸੋਰ ੪, ੮, ੧:੨ (607)

(2) ਪਰੋਸਦੀ ਹੈ
“ਸਾਰਿ ਸਮ੍ਹਾਲਿ ਮਾਤਾ ਮੁਖਿ ਨੀਰੈ ਤਬ ਓਹੁ ਤ੍ਰਿਪਤਿ ਅਘਾਈ।”
– ਮਲਾ ੫, ੨, ੧:੨ (1266)

ਨੀਲ ------ (1) ਵੱਡੀ ਗਿਣਤੀ
“ਨੀਲ ਅਨੀਲ ਅਗਨਿ ਇਕ ਠਾਈ।”

–ਗਉ ੧, ਅਸ ੨, ੩:੨ (221)

(2) ਨੀਲੇ ਰੰਗ ਦਾ
"ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।"
– ਆਸਾ ੧, ਵਾਰ ੧੩ਸ, ੧, ੨:੮ (470)

ਨੀਲਾ ------ ਨੀਲੇ ਰੰਗ ਦਾ
"ਮਲੁ ਜੂਈ ਭਰਿਆ ਨੀਲਾ ਕਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।"
– ਗਉ ੪, ਵਾਰ ੧੨ਸ, ੪, ੧:੧ (306)

ਹੋਰ ਰੂਪ:

ਨੀਲੀ –
"ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।"
– ਸਿਰੀ ੧, ੭, ੨:੨ (16)

ਨੀਲੁ ------ ਵਡੀ ਗਿਣਤੀ ਭਾਵ ਬਹੁਤ ਵਡਾ
"ਨੀਲੁ ਅਨੀਲੁ ਅਗੰਮੁ ਸਰਜੀਤੁ ਸਬਾਇਆ।"
– ਮਲਾ ੧, ਵਾਰ ੯:੫ (1282)

ਨੀਵ ------ ਬੁਨਿਆਦ, ਨੀਂਹ
"ਦੇ ਦੇ ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ।"
– ਗਉ ੧, ੧੩, ੫:੧ (155)

ਨੀਵਦੈ ----- ਨੀਂਹ ਦੇ ਕੇ
"ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ।"
– ਰਾਮ ਬਸ, ਵਾਰ ੧:੩ (966)

ਨੀਵਾਂ ------ ਨੀਹਾਂ
"ਰਾਖਹੁ ਕੰਧ ਉਸਾਰਹੁ ਨੀਵਾਂ।"
– ਸੋਰ ਰਵਿ, ੬, ੨:੧ (659)

ਨੰੀਵਾਂ ------ ਝੁਕਾ
"ਆਪਨੜੇ ਗਿਰੀਵਾਨ ਮਹਿ ਸਿਰੁ ਨੰ–ੀਵਾਂ ਕਰਿ ਦੇਖੁ।"
– ਸਲੋ ਫਰ, ੬:੨ (1378)

ਨੀਵੀ ------ (1) ਨਿਮ੍ਰਤਾ ਵਿਚ, ਨੀਵੇਂ ਹੋਣ ਵਿਚ
"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।"
– ਆਸਾ ੧, ਵਾਰ ੧੪ਸ, ੧, ੧:੪ (470)

(2) ਨੀਵੇਂ, ਛੋਟੇ, ਨਿਮਾਣੇ, ਨਿਗੂਣੇ
"ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ।"
– ਸੂਹੀ ੩, ਛੰਤ ੭, ੨:੧ (772)

ਨੂਰ ------- (1) (ਅ. ਨੂਰ) ਚਮਕ, ਉਜਾਲਾ ਭਾਵ ਆਤਮ ਜੋਤ
"ਖਾਕ ਨੂਰ ਕਰਦੰ ਆਲਮ ਦੁਨੀਆਇ।"
– ਤਿਲੰ ੫, ੧, ੧:੧ (723)

"ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।"

– ਪ੍ਰਭਾ ਕਬ, ੩, ੧:੧ (1349)

(2) ਪਾਕ ਦਾਮਨ ਇਸਤ੍ਰੀਆਂ (ਮਹਾਨਕੋਸ਼), 'ਨਿਰਣੇ' ਤੇ 'ਦਰਪਣ' ਇਕੋ ਵੀ ਅਰਥ 'ਰੱਬੀ ਪ੍ਰਕਾਸ਼' ਹੀ ਕਰਦਾ ਹੈ)

"ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।"

– ਮਾਰੂ ੫, ਸੋਲਾ ੧੨, ੫:੩ (1084)

ਹੋਰ ਰੂਪ:

ਨੂਰੁ –

"ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ।" (ਉਜਾਲਾ ਭਾਵ ਗਿਆਨ)

– ਰਾਮ ਬਸ, ਵਾਰ ੨:੭ (967)

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਬ ਬੰਦੇ।" (ਜੋਤ, ਉਜਾਲਾ)

– ਪ੍ਰਭਾ ਕਬ, ੩, ੧:੧ (1349)

ਨੇ -------- ਸਕਰਮਕ ਭੂਤ ਕਾਲ ਦੀ ਕਿਰਿਆ ਦੇ ਕਰਤਾ ਦਾ ਚਿੰਨ੍ਹ

"ਜਿਉ ਸੰਪੈ ਤਿਉ ਬਿਪੰਤਿ ਹੈ ਬਿਧ ਨੇ ਰਚਿਆ ਸੋ ਹੋਇ।"

– ਗਉ ਕਬ, ੬੩, ੩:੨ (337)

ਨੇਸ ------- (ਫਾ. ਨੇਸਤ) ਨਹੀਂ

"ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।"

– ਤਿਲੰ ੧, ੧, ੨:੧ (721)

ਨੇਹ ------- ਸਨੇਹ, ਪਿਆਰ, ਮੁਰਬਤ

"ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ।"

– ਸਿਰੀ ੧, ੬, ੪:੩ (16)

ਹੋਰ ਰੂਪ:

ਨੇਂਹ –

"ਕ੍ਰਿਪਾ ਸਿੰਧੁ ਕਰੁਣਾ ਪ੍ਰਭ ਧਾਰਹੁ ਹਰਿ ਪ੍ਰੇਮ ਭਗਤਿ ਕੋ ਨੇਂਹ।" (ਭਾਵ ਚਾਅ)

– ਜੈਤ ੫, ੧੦, ੧*:੨ (702)

ਨੇਹਾ ------ ਪਿਆਰ, ਸਨੇਹ, ਮੁਹਬਤ

"ਕਹੁ ਨਾਨਕ ਛੰਤ ਅਨੰਤ ਠਾਕੁਰ ਕੇ ਹਰਿ ਸਿਉ ਕੀਜੈ ਨੇਹਾ ਮਨ ਐਸਾ ਨੇਹੁ ਕਰੇਹੁ।"

– ਆਸਾ ੫, ਛਤ ੪, ੨:੬ (455)

ਨੇਹਿ ------ ਪਿਆਰ/ਮੁਹਬਤ ਵਿਚ

"ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ।"

– ਸਿਰੀ ੧, ਅਸ ੫, ੧*:੨ (56)

ਨੇਹੀ ------ (1) ਦ੍ਰਿੜਤਾ, ਪਕਿਆਈ (ਸ਼ਬਦਾਰਥ), ਦੂਰ ਅੰਦੇਸ਼ੀ, ਪੇਸ਼ਬੀਨੀ (ਮਹਾਨਕੋਸ਼); ਵਿਕਾਰਾਂ ਨੂੰ ਵਸ ਵਿਚ ਕਰ ਲੈਣ ਦੀ ਸਮਰਥਾ, ਦ੍ਰਿੜਤਾ, ਧੀਰਜ (ਦਰਪਣ)

"ਣਾਣਾ ਰਣਿ ਰੂਤਉ ਨਰ ਨੇਹੀ ਕਰੈ।"

– ਗਉ ਕਬ, ਬਾਅ ੨੧:੧ (341)

(2) ਨੇਹਣੀ, ਉਹ ਸਿੱਧੀ ਖੜੀ ਡੰਡੀ ਜਿਸ ਨਾਲ ਮਧਾਣੀ ਦੀ ਲੱਚ ਰਸੀ ਨਾਲ ਬੰਨ੍ਹੀਦੀ ਹੈ।

“ਜਿਨਿ ਬਾਸਕੁ ਨੇਤ੍ਰੈ ਘਤਿਆ ਕਰਿ ਨੇਹੀ ਤਾਣੁ।”

–ਰਾਮ ਬਸ, ਵਾਰ ੬:੩ (967)

ਨੇਹੁ ------- ਪਿਆਰ, ਪ੍ਰੇਮ

“ਤਿਸੁ ਸਿਉ ਨੇਹੁ ਨ ਕੀਜਈ ਜੋ ਦੀਸੈ ਚਲਣਹਾਰੁ।”

– ਸਿਰੀ ੧, ੨੦, ੩:੨ (21)

ਨੇਕ ------- (ਫਾ. ਨੇਕ) ਭਲਾ, ਉਤਮ

“ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।”

– ਰਾਮ ਬਸ, ਵਾਰ ੩:੮ (967)

ਨੇਕੀ ------ (ਫਾ. ਨੇਕੀ) ਭਲਾਈ, ਚੰਗਿਆਈ

“ਮੁਇਆ ਗੰਢੁ ਨੇਕੀ ਸਤੁ ਹੋਇ।”

– ਮਾਝ ੧, ਵਾਰ ੧੨ਸ, ੧, ੨:੧੦ (143)

ਹੋਰ ਰੂਪ:

ਨੇਕੀਆ –

“ਕੁਦਰਿਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।”

– ਆਸਾ ੧, ਵਾਰ ੩ਸ, ੧, ੨:੬ (464)

ਨੇਖਾਸਿ ----- (ਅ. ਨੱਖਾਸ) ਪਸ਼ੂਆਂ ਤੇ ਗੁਲਾਮਾਂ ਦੀ ਮੰਡੀ

“ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ।”

– ਪ੍ਰਭਾ ੧, ਅਸ ੪, ੨:੨ (1344)

ਨੇਜਾ ------ (ਫਾ. ਨੇਜ਼ਾ) ਬਰਛਾ, ਇਕ ਹਥਿਆਰ

“ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ।”

– ਸਿਰੀ ੧, ੭, ੩:੩ (16)

ਹੋਰ ਰੂਪ:

ਨੇਜੇ –

“ਹੈਵਰ ਗੈਵਰ ਨੇਜੇ ਵਾਜੇ।” (ਬਰਛੇ)

– ਗਉ ੧, ਅਸ ੧੦, ੫:੧ (225)

ਨੇਜੈ ------- ਇਕ ਰਿਖੀ ਜੋ ਗੰਗਾ ਨਦੀ (ਨੈ) ਤੋਂ ਜਨਮਿਆ ਮੰਨਿਆ ਜਾਂਦਾ ਹੈ, ਭੀਸ਼ਮ ਪਿਤਾਮਾ

“ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦੁ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।”

– ਮਲਾ ਨਾਮ, ੧, ੫:੧ (1292)

ਨੇਤ ------- (1) ਹਮੇਸ਼ਾਂ, ਹਰ ਰੋਜ਼, ਨਿਤ

“ਗੁਰਸਿਉ ਨੇਤ ਧਿਆਨਿ ਹਾਂ।”

– ਆਸਾ ੫, ੧੫੮, ੧*:੨ (409)

“ਹਰਿ ਸਿਮਰਿ ਨਾਨਕ ਨੇਤ।”
- ਬਿਲਾ ੫, ਅਸ ੨, ੭:੬ (838)

(2) ਨੇਤ੍ਰ, ਅੱਖਾਂ
“ਧਨੁ ਓਹੁ ਮਸਤਕੁ ਧਨੁ ਤੇਰੇ ਨੇਤ।”
- ਗਉ ੫, ੧੭੩, ੧:੨ (200)
“ਭਰਮੁ ਭੁਲਾਵਾ ਮਿਟਿ ਗਇਆ ਪ੍ਰਭ ਪੇਖਤ ਨੇਤ।” (ਅਖਾਂ ਨਾਲ)
- ਬਿਲਾ ੫, ੩੯, ੩:੨ (810)

(3) ਇਹ ਨਹੀਂ
“ਨੇਤ ਨੇਤ ਕਥੰਤਿ ਬੇਦਾ।”
- ਸਸ ੫, ੫੭:੩ (1359)

ਨੇਤੈ ------- ਨੇਤ੍ਰਾਂ ਵਿਚ, ਅਖਾਂ ਵਿਚ
“ਦੁਖੁ ਨਾਹੀ ਸਭੁ ਸੁਖੁ ਹੀ ਹੈਰੇ ਏਕੈ ਏਕੀ ਨੇਤੈ।”
- ਕਾਨ ੫, ੨੨, ੧:੧ (1302)

ਨੇਤ੍ਰ ------- ਅਖਾਂ
“ਸਫਲੁ ਦਰਸਨੁ ਨੇਤ੍ਰ ਪੇਖਤ ਤਰਿਆ।”
- ਮਾਝ ੫, ੧੭, ੧:੧ (99)

ਨੇਤ੍ਰਉ ----- ਨੇਤ੍ਰਾ, ਮਧਾਣੀ ਨੂੰ ਲਪੇਟੀ ਰਸੀ
“ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ।”
- ਸੂਹੀ ੧, ੧, ੨:੧ (728)

ਨੇਤ੍ਰਹੁ ------ (1) ਅੱਖੀਓ
“ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ।”
- ਰਾਮ ੩, ਅਨੰ ੩੬:੧ (922)

(2) ਅਖਾਂ ਨਾਲ
“ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ।”
- ਗਉ ੫, ਸੁਖ ੨੦, ੬:੩ (290)

ਨੇਤ੍ਰਾ ------ (1) ਰਸੀ
“ਬੈਲ ਕਉ ਨੇਤ੍ਰਾ ਪਾਇ ਦੁਹਾਵੈ।”
- ਗਉ ੫, ੧੬੦, ੨:੧ (198)

(2) ਅੱਖਾਂ ਵਿਚ
“ਨਾਨਕ ਗਿਆਨ ਅੰਜਨੁ ਜਿਹ ਨੇਤ੍ਰਾ।”
- ਗਉ ੫, ਬਾਅ ੨੨:੮ (254)

ਨੇਤ੍ਰਿ ------ ਨੇਤ੍ਰਾ, ਮਧਾਣੀ ਦੀ ਰਸੀ
“ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।”
- ਰਾਮ ਬਸ, ਵਾਰ ੪:੩ (967)

ਨੇਤ੍ਰੀ ------ ਅਖਾਂ ਵਿਚ, ਅਖਾਂ ਨਾਲ
“ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ।”

– ਮਾਝ ੩, ਅਸ ੨੫, ੩:੧ (124)
“ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰਨਾਉ।” (ਅਖਾਂ ਨਾਲ)
– ਗੂਜ ੫, ਵਾਰ ੧੯, ੫, ੧:੨ (517)

ਨੇਤ੍ਰੇ ------- ਅਖਾਂ ਨਾਲ
“ਸਦਾ ਨਿਹਾਰਹਿ ਏਕੋ ਨੇਤ੍ਰੇ।”
– ਗਉ ੫, ਸੁਖ ੧੦, ੮:੪ (276)

ਨੇਤ੍ਰੈ ------- ਨੇਤ੍ਰੇ ਦੀ ਥਾਂ, ਮਧਾਣੀ ਦੀ ਰਸੀ ਦੀ ਜਗ੍ਹਾਂ
“ਜਿਨਿ ਬਾਸਕੁ ਨੇਤ੍ਰੈ ਘਤਿਆ ਕਹਿ ਨੇਹੀ ਤਾਣੁ।”
– ਰਾਮ ਬਸ, ਵਾਰ ੬:੩ (968)

ਨੇਧਾਨੁ ----- ਨਿਧਾਨ, ਖਜ਼ਾਨਾ
“ਤੂ ਸੁਖਦਾਤਾ ਬੇਅੰਤੁ ਹੈ ਗੁਣਦਾਤਾ ਨੇਧਾਨੁ।”
–ਮਲਾ ੧, ਵਾਰ ੧੩ਸ, ੩, ੨:੩ (1284)

ਨੇਬ ------- (ਫਾ. ਨਾਇਬ) ਸਹਾਇਕ ਅਹਿਲਕਾਰ, ਮੰਤ੍ਰੀ
“ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ।”
– ਮਾਝ ੧, ਵਾਰ ੧੦ਸ, ੧, ੨:੫ (142)
“ਨੇਬ ਖਵਾਸ ਭਲਾ ਦਰਵਾਜਾ।” (ਭਾਵ ਕਰਮ ਇੰਦ੍ਰੇ)
– ਮਾਰੂ ੧, ਸੋਲਾ ੧੯, ੧੫:੨ (1037)

ਹੋਰ ਰੂਪ:

ਨੇਬੁ –
“ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ।”
– ਆਸਾ ੧, ਵਾਰ ੧੧ਸ, ੧, ੨:੨ (468)

ਨੇਬੇਰਾ ----- ਫੈਸਲਾ, ਨਿਬੇੜਾ
“ਹਿੰਦੂ ਤੁਰਕ ਦੁਹਾਂ ਨੇਬੇਰਾ।” (ਭਾਵ ਦੁਹਾਂ ਤੋਂ ਪਲਾ ਛੁਡਾ ਲਿਆ ਹੈ)
– ਭੈਰ ੫, ੩, ੧*:੨ (1136)

ਨੇਬੇੜਾ ----- ਫੈਸਲਾ
“ਆਦਿ ਮਧਿ ਅੰਤਿ ਪ੍ਰਭੁ ਸੋਈ ਹਾਥਿ ਤਿਸੈ ਕੈ ਨੇਬੇੜਾ।”
– ਮਾਰੂ ੫, ਸੋਲਾ ੧੦, ੧੫:੩ (1082)

ਨੇਮ ------- (1) ਨਿਯਮ, ਧਾਰਮਕ ਰਹਿਤ
“ਕਰਮ ਧਰਮ ਨੇਮ ਬ੍ਰਤ ਪੂਜਾ।”
– ਗਉ ੫, ੧੬੫, ੨:੧ (199)
(2) ਦੀਵਾਰ, ਘੇਰਾ, ਅਹਾਤਾ, ਚਕਰ
“ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁਬੀਚ ਪਾਈ।”
– ਗਉ ਕਬ, ੭੩, ੧:੧ (339)

ਨੇਮਾ ------ ਨੀਯਮ, ਸੰਜਮ, ਧਾਰਮਕ ਰਹਿਤ
“ਜਾਪ ਤਾਪ ਦੇਵਉ ਸਭ ਨੇਮਾ।”
– ਆਸਾ ੫, ੮੪, ੩:੧ (391)

"ਹਰਿ ਹਰਿ ਜਾਪ ਤਾਪ ਬ੍ਰਤ ਨੇਮਾ।"
- ਟੋਡੀ ੫, ੧੭, ੨:੧ (715)

ਨੇਮੁ ------- ਨਿਯਮ, ਧਾਰਮਕ ਰਹਿਤ
"ਨੇਮੁ ਨਿਬਾਹਿਓ ਸਤਿਗੁਰੂ ਪ੍ਰਭਿ ਕਿਰਪਾ ਧਾਰੀ।"
- ਆਸਾ ੫, ੧੧੫, ੩:੨ (399)

"ਵਰਤੁ ਨੇਮੁ ਨਿਤਾ ਪ੍ਰਤਿ ਪੂਜਾ।"
- ਬਿਲਾ ੩, ਵਾਰ ੧, ੭:੫ (841)

ਨੇਰ ------- ਨੇੜੇ, ਕੋਲ, ਸਮੀਪ
"ਹੈ ਨਾਨਕ ਨੇਰ ਨੇਰੀ।"
- ਗਉ ੫, ੧੫੬*, ੩:੨ (214)

ਨੇਰਉ ------ ਨੇੜੇ, ਕੋਲ
"ਜਾ ਕਾਰਣਿ ਜਗੁ ਢੂਢਿਅਉ ਨੇਰਉ ਪਾਇਅਉ ਤਾਹਿ।"
-ਗਉ ਕਬ, ਬਾਅ ੧੬:੨ (341)

ਨੇਰਹੁ ------ ਨੇੜੇ ਤੋਂ
"ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ।"
- ਜੈਤ ੫, ਛੰਤ ੨, ੧:੫ (704)

ਨੇਰਾ ------ ਨਿਕਟ
"ਘਟ ਘਟ ਅੰਤਰਿ ਵਰਤੈ ਨੇਰਾ।"
- ਮਾਝ ੫, ੪੨, ੨:੨ (106)

ਨੇਰਿ ------ ਨੇੜੇ, ਨਿਕਟ
"ਸਾਧ ਸੰਗ ਕੈ ਨਾਹੀ ਨੇਰਿ।"
- ਗਉ ੫, ੮੨, ੩;੩ (180)

"ਕੋਟਿ ਬਿਘਨ ਨਹੀਂ ਆਵਹਿ ਨੇਰਿ।"
- ਰਾਮ ੫, ੧੮, ੧:੧ (888)

ਨੇਰਿਆ ---- ਨੇੜੇ, ਨਿਕਟ
"ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ।"
- ਜੈਤ ੫, ਛੰਤ ੨, ੧:੫ (704)

ਨੇਰੀ ------ਨੇੜੇ
"ਹੈ ਨਾਨਕ ਨੇਰ ਨੇਰੀ।"
- ਗਉ ੫, ੧੫੬*, ੩:੨ (214)

ਨੇਰੇ ------- ਨੇੜੇ
"ਪ੍ਰਭ ਸੇਵਾ ਜਮੁ ਲਗੈ ਨ ਨੇਰੇ।"
- ਗਉ ੫, ੧੫੮, ੨:੨ (197)

ਹੋਰ ਰੂਪ:

ਨੇਰੈ –

“ਦੂਰਿ ਨ ਨੇਰੈ ਸਭ ਕੈ ਸੰਗਾ।”
- ਗਉ ੫, ਅਸ ੧, ੮:੩ (236)

ਨੇਰੋ -
“ਪ੍ਰਭ ਜੀ ਤੂ ਮੇਰੋ ਠਾਕੁਰੁ ਨੇਰੋ।”
- ਸੋਰ ੫, ੩੫, ੧*:੧ (618)

ਨੇਵਰ ------ **ਝਾਂਜਰਾਂ, ਬਾਂਕਾਂ**
“ਪਗ ਨੇਵਰ ਛਨਕ ਛਨ ਹਰੀ।”
- ਗੋਂਡ ਕਬ, ੮, ੩:੨ (872)

ਨੇੜਾ ------ **ਨਿਕਟ, ਪਾਸ, ਕੋਲ, ਨੇੜੇ**
“ਨਾਨਕ ਨਾਮੁ ਸਮਾਲਿ ਤੂੰ ਸੋ ਦਿਨੁ ਨੇੜਾ ਆਇ ਓਇ।”
- ਸਿਰੀ ੫, ੯੨, ੪:੨ (50)

ਹੋਰ ਰੂਪ:

ਨੇੜਿ -
“ਜਮਕਾਲੁ ਤਿਸੁ ਨੇੜਿ ਨ ਆਵੈ ਜੋ ਹਰਿ ਹਰਿ ਨਾਮੁ ਧਿਆਵਣਿਆ।” (ਨੇੜੇ)
- ਮਾਝ ੩, ਅਸ ੪, ੬:੩ (111)

ਨੇੜੇ -
“ਜਮ ਜੰਦਾਰੁ ਨ ਆਵੈ ਨੇੜੇ।” (ਨਿਕਟ, ਪਾਸ)
- ਧਨਾ ੫, ੫੫, ੪:੨ (684)

ਨੇੜੈ -
“ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ।” (ਨਿਕਟ, ਸਮੀਪ)
- ਜਪੁ ੧, ੩੮ਸ:੪ (8)

ਨੈ -------- **(1) ਨਦੀ**
“ਗੋਪੀ ਨੈ ਗੋਆਲੀਆ।” (ਭਾਵ ਜਮਨਾ ਨਦੀ)
- ਸਿਰੀ ੧, ਅਸ ੨੮, ੨੨:੧ (73)
(ਮਹਾਨਕੋਸ਼ ਇਸ ਦੇ ਅਰਥ ‘ਬੰਸਰੀ’ ਕਰਦੇ ਹਨ)
“ਤਿਸੁ ਵਿਚਿ ਭੁਖ ਬਹੁਤੁ ਨੈ ਸਾਨੁ।” (ਨਦੀ ਵਾਂਗ)
- ਗਉ ੧, ੨, ੩:੨ (151)
(ਮਹਾਨਕੋਸ਼ ਇਥੇ ਵੀ ‘ਨੈਸਾਨੁ’ ਨੂੰ ਇਕ ਸ਼ਬਦ ਬਣਾ ਅਰਥ ‘ਸਮੁੰਦਰ’ ਕਰਦਾ ਹੈ)
“ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ।” (ਪੇਟ ਨਦੀ ਵਾਂਗ ਸਾਣੂ ਨਹੀਂ ਭਰਦਾ)
- ਭੈਰ, ੩, ੧੫, ੧:੨ (1131)
(ਮਹਾਨਕੋਸ਼ ਇਥੇ ਵੀ ‘ਨੈਸਾਣੁ’ ਨੂੰ ਸ਼ਬਦ ਬਣਾ ਅਰਥ ਸਮੁੰਦਰ ਕਰਦਾ ਹੈ)
(2) ਨੇ
“ਸਤਿਗੁਰੁ ਪ੍ਰਮਾਣ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ।”
- ਸਵ ੪, ਕਲ ੬:੫ (1397)

ਨੈਕ ------- **ਥੋੜਾ, ਰਤਾਂ ਜਿਨ੍ਹਾਂ**
“ਥਹ ਮਨੁ ਨੈਕ ਨ ਕਹਿਓ ਕਰੈ।”

– ਦੇਵ ੯, ੧, ੧:੧ (536)

ਹੋਰ ਰੂਪ:

ਨੈਕੁ –
“ਜਹਾ ਜਹਾ ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ।”
– ਗੋਂਡ ਨਾਮ, ੩, ੨:੧ (874)

ਨੈਣ ------- ਅਖਾਂ
“ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ।” (ਅਖਾਂ ਨਾਲ)
– ਮਾਝ ੫, ਦਿਨ ੧:੯ (136)

ਨੈਣ ਪੰਸਦੋ -- ਅਖਾਂ ਨੂੰ ਚੰਗਾ ਲਗਣ ਵਾਲਾ, ਸੁੰਦਰ
“ਨੈਣ-ਪਸੰਦੋ ਸੋਇ ਪੇਖਿ ਮੁਸਤਾਕ ਭਈ।”
– ਆਸਾ ੫, ੧੦੫, ੩:੧ (397)

ਨੈਣਾ ------ ਅਖਾਂ
“ਨਾ ਮੈ ਰੂਪੁ ਨ ਬੰਕੇ ਨੈਣਾ।”
– ਸੂਹੀ ੧, ਅਸ ੧, ੧*:੧ (750)

ਨੈਣੀ ------ (1) ਅਖਾਂ ਨਾਲ/ਵਿਚ/ਨੂੰ
“ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ।” (ਅਖਾਂ ਨਾਲ)
– ਮਾਝ ੩, ਅਸ ੧੬, ੨:੨ (118)
“ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ।” (ਅਖਾਂ ਵਿਚ)
– ਗਉ ੩, ਛੰਤ ੨, ੪:੨ (244)
“ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ।” (ਅਖਾਂ ਵਿਚ)
– ਤਿਲੰ ੧, ੪, ੧:੪ (722)
“ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ।” (ਅਖਾਂ ਨੂੰ)
– ਰਾਮ ੧, ੨, ੪:੧ (877)
(2) ਵੇਖਣ ਨੂੰ, ਜਾਹਰਾ/ਪ੍ਰਤਖ ਤੌਰ ਤੇ
“ਅੰਤਰਿ ਚਿੰਤਾ ਨੈਣੀ ਸੁਖੀ ਮੂਲਿ ਨ ਉਤਰੈ ਭੁਖ।”
– ਗਉ ੫, ਵਾਰ ੫ਸ, ੫, ੧:੧ (319)

ਨੈਣੂ ------- ਮਖਣ
“ਨਾਨਕ ਆਤਸੜੀ ਮੰਝਿ ਨੈਣੂ ਬਿਆ ਢਲਿ ਪਬਣਿ ਜਿਉ ਜੁੰਮਿਓ।”
– ਮਾਰੂ ੫, ਵਾਰ ੫ਸ, ੫, ੨:੨ (1095)

ਨੈਣੇ ------- ਅਖਾਂ ਦੁਆਰਾ/ਨਾਲ
“ਮਨੁ ਤਨੁ ਤਾਮਿ ਸਗਾਰਵਾ ਜਾਂ ਦੇਖਾ ਹਰਿ ਨੈਣੇ।”
– ਕਾਨ ੪, ਵਾਰ ੧੨ਸ, ੪, ੨:੧ (1317)

ਨੈਨ ------- ਅਖਾਂ
“ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।”
– ਧਨਾ ੧, ਸੋਹ ੩, ੨:੧ (13)
“ਨੈਨ ਨਿਹਾਲੀ ਤਿਸੁ ਪੁਰਖ ਦਇਆਲੈ।” (ਅਖਾਂ ਨਾਲ ਦੇਖਾਂ)

– ਮਾਝ ੫, ੨੭, ੨:੨ (102)

"ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ।" (ਨੈਣੀਂ)

– ਸਾਰ ੫, ੧੩੧, ੨:੭ (1229)

ਨੈਨਹ ------ ਅਖਾਂ ਵਿਚ

"ਸੇਜ ਇਕੇਲੀ ਨੀਦ ਨਹੁ ਨੈਨਹ ਪਿਰੁ ਪਰਦੇਸਿ ਸਿਧਾਇਓ।"

– ਸੋਰ ੫, ੬੧, ੧:੨ (624)

ਨੈਨਹੁ ------ (1) ਅਖਾਂ ਵਜੋਂ, ਅਖਾਂ ਕਰਕੇ

"ਨੈਨਹੁ ਨੀਦ ਪਰਦ੍ਰਿਸਟਿ ਵਿਕਾਰ।"

– ਗਉ ੫, ੮੯, ੧:੧ (182)

"ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ।"

– ਗਉ ਕਬ, ਅਸ ੪੧, ੨:੧ (331)

(2) ਅਖਾਂ ਦੁਆਰਾ

"ਨੈਨਹੁ ਪੇਖੁ ਠਾਕੁਰ ਕਾ ਰੰਗੁ।" (ਅਖਾਂ ਦੁਆਰਾ)

– ਗਉ ੫, ਸੁਖ ੧੪, ੨:੫ (281)

"ਮੇਰੇ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ।"

– ਟੋਡੀ ੪, ੧, ੧:੧ (711)

(3) ਅਖਾਂ ਤੋਂ

"ਬਿਨੁ ਨੈਨਹੁ ਜਗਤੁ ਨਿਹਾਰਿਆ।"

– ਸੋਰ ਕਬ, ੬, ੨:੨ (655)

(4) ਅਖਾਂ

"ਸੋਹਰਿ ਨੈਨਹੁ ਕੀ ਪੂਤਰੀ।"

– ਗੋਂਡ ਨਾਮ, ੫, ੨:੪ (874)

"ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ।"

– ਰਾਮ ੫, ੭, ੧:੧ (884)

ਨੈਨਾ ------ ਅਖਾਂ ਦੇ

"ਨਿਜ ਘਰਿ ਜਾਇ ਅੰਮ੍ਰਿਤ ਰਸੁ ਪੀਆ ਬਿਨੁ ਨੈਨਾ ਜਗਤੁ ਨਿਹਾਰੇ।"

– ਨਟ ੪, ਅਸ ੫, ੭:੨ (983)

"ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ।" (ਅਖਾਂ)

– ਸਲੋ ਫਰ, ੯੧:੨ (1382)

ਨੈਨਾਹ ----- ਅਖਾਂ ਦੀ

"ਅਜਹੁ ਜੀਉ ਨ ਛੋਡਈ ਰੰਕਾਈ ਨੈਨਾਹ।"

– ਸਲੋ ਕਬ, ੧੧੮:੨ (1370)

ਨੈਨਿ ------ ਅਖਾਂ ਨਾਲ

"ਨੈਨਿ ਦਰਸੁ ਪੇਖਉ ਨਿਸਿ ਭੋਰ।"

– ਮਾਲੀ ੫, ੪, ੧:੨ (887)

ਹੋਰ ਰੂਪ:

ਨੈਨੀ –

"ਨੈਨੀ ਪੇਖਤ ਸਾਧ ਦਇਆਲ।" (ਅਖਾਂ ਨਾਲ)
- ਗਉ ੫, ਥਿਤੀ ੧੦:੪ (298)
"ਨੈਨੀ ਨੀਦ ਸੁਪਨ ਬਰੜਾਇਓ।" (ਅਖਾਂ ਵਿਚ)
-ਗਉ ੫, ਥਿਤੀ ੧੩:੮ (299)

ਨੈਨੁ -------- (1) ਮਖਣ
"ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੁ ਕੈਸੇ ਰੀਸੈ।"
- ਸਾਰੁ ੫, ੧੧, ੩:੧ (1205)
(2) ਅਖਾਂ
"ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨਮਾਨਾ।"
- ਮਾਰੂ ਕਬ, ੭, ੧:੨ (1104)

ਨੈਵੇਦੁ ------- ਦੇਵਤੇ ਨੂੰ ਭੇਟਾ ਕੀਤਾ ਭੋਜਨ
"ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ।"
- ਆਸਾ ਨਾਮ, ੨, ੩:੧ (485)

ਨੋ --------- (1) ਨੂੰ
"ਜਿਸ ਨੋ ਬਖਸੇ ਸਿਫਤਿ ਸਾਲਾਹ।"
- ਜਪੁ ੧, ੨੫:੧੬ (5)
(2) ਤੋਂ
"ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ।"
- ਸਿਰੀ ੧, ਅਸ ੨੮, ੧*:੧ (71)
(3) ਲਈ, ਵਾਸਤੇ
"ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ।"
- ਗਉ ੪, ਵਾਰ ੯ਸ, ੪, ੧:੩ (304)
"ਮਨਮੁਖਾ ਨੋ ਹਰਿ ਦੂਰਿ ਹੈ ਮੇਰੀ ਜਿੰਦੜੀਏ ਸਭ ਵੇਖੈ ਮਨਿ ਮੁਕਰਾਈਐ ਰਾਮ।"
- ਬਿਹਾ ੪, ਛੰਤ ੬, ੧:੩ (541)
(4) ਉਪਰ, ਉਤੇ
"ਜਿਸ ਨੋ ਕਿਰਪਾਲੁ ਹੋਵੈ ਹਰਿ ਆਪੇ ਤਿਸ ਨੋ ਹੁਕਮੁ ਮਨਾਵੈ।"
- ਬਿਹਾ ੪, ਵਾਰ ੬:੫ (551)
(ਦੂਜੇ 'ਨੋ' ਦੇ ਅਰਥ 'ਨੂੰ' ਹਨ)
"ਨਾਨਕ ਹੁਕਮੁ ਕੋ ਗੁਰਮੁਖਿ ਬੁਝੈ ਜਿਸ ਨੋ ਕਿਰਪਾ ਕਰੇ ਰਜਾਇ।"
- ਬਿਹਾ ੪, ਵਾਰ ੨੧ਸ, ੩, ੧:੩ (556)

ਨ੍ਹਾਵਉ ------ ਇਸ਼ਨਾਨ ਕਰੋ
"ਬਿਨੁ ਜਲ ਸੰਗਮ ਮਨ ਮਹਿ ਨ੍ਹਾਵਉ।"
- ਗਉ ਕਬ, ੧੮, ੩:੨ (327)

ਨ੍ਰਿਪ ------- (ਸੰ.) ਰਾਜਾ
"ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ।"
- ਬਿਲਾ ਸਧ, ੧, ੧:੧ (858)

ਨ੍ਰਿਪਤਿ ------ ਰਾਜਾ

"ਭਲਉ ਭੂ ਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ।"
– ਸਵ ੩, ੨੧:੫ (1396)

ਨ੍ਹਾਉਗੋ ----- ਇਸ਼ਨਾਨ ਕਰਾਂਗਾ
"ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ।"
– ਰਾਮ ਨਾਮ, ੨, ੩:੨ (973)

ਨ੍ਹਾਈ ------ ਨਹਾਉਂਦੀ ਹੈ
"ਲਉਕੀ ਅਠਸਠਿ ਤੀਰਥ ਨ੍ਹਾਈ।"
– ਸੋਰ ਕਬ, ੮, ੨:੧ (656)

ਨ੍ਹਾਈਐ ---- ਇਸ਼ਨਾਨ ਕਰੀਏ
"ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ।"
– ਰਾਮ ਨਾਮ, ੪, ੨:੧ (973)

ਨ੍ਹਾਏ ------ ਇਸ਼ਨਾਨ ਕਰਦੇ ਹਨ
"ਜਿਨ ਕਉ ਤੁਮ੍ ਹਰਿ ਮੇਲਹੁ ਸੁਆਮੀ ਤੇ ਨ੍ਹਾਏ ਸੰਤੋਖ ਸਰਾ।"
– ਬਿਲਾ ੪, ੩, ੪:੧ (799)

ਨ੍ਹਾਤੇ ------ ਇਸ਼ਨਾਨ ਕੀਤਾ
"ਤੀਰਥਿ ਤੇਜੁ ਨਿਵਾਰਿ ਨ ਨ੍ਹਾਤੇ ਹਰਿ ਕਾ ਨਾਮ ਨ ਭਾਇਆ।"
– ਮਲਾ ੧, ੩, ੨:੧ (1255)

ਨ੍ਹਾਵੈ ------ ਇਸ਼ਨਾਨ ਕਰੇ
"ਉਤਰਿ ਅਵ ਘਟਿ ਸਰਵਰਿ ਨ੍ਹਾਵੈ।"
– ਆਹਾ ੧, ਅਸ, ੧, ੧:੧ (411)

ਪ

ਪਉ ------- (1) ਪੈ, ਪਵੋ
"ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰਾ।"
– ਸਿਰੀ ੫, ੯੫, ੨:੨ (51)
"ਨਾਨਕ ਸਤਿਗੁਰੁ ਸੇਵਿ ਚੜਿ ਬੋਹਿਥਿ ਭਉਜਲੁ ਪਾਰਿ ਪਉ।" (ਭਾਵ ਹੋ ਜਾ)
– ਗਉ ੫, ਵਾਰ ੨ਸ, ੫, ੧:੨ (318)
(2) ਪਲ, ਘਟੀ, ਖਿਨ
"ਸਸੁ ਵਿਰਾਇਨਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ।"
– ਰਾਮ ੫, ਵਾਰ ੧੩ਸ, ੫, ੨:੧ (963)
(3) ਉਪਰ
"ਰਖਿ ਰਖਿ ਪੈਰ ਧਰੇ ਪਉ ਧਰਣਾ।"
– ਮਾਰੂ ੧, ਸੋਲਾ ੩, ੧੫:੧ (1023)
(4) ਰਸਤੇ, ਪੰਧ, ਸਫਰ
"ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ।" (ਭਾਵ ਆਵਾਗਵਨ)
– ਸਵ ੩, ੧੪:੩ (1394)

(ਮਹਾਨਕੋਸ਼ ਇਸਦੇ ‘ਪ੍ਰਾਪਤੀ’ ਕਰਦੇ ਹਨ)

ਪਉਸਨਿ ---- ਪੈਣਗੀਆਂ

“ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ।”

- ਰਾਮ ੩, ਵਾਰ ੧੩ਸ, ੧, ੨:੩ (953)

ਪਉਸੀ ----- ਪਵੇਗੀ

“ਦਿਨ ਤੇ ਸਰਪਰ ਪਉਸੀ ਰਾਤਿ।”

- ਆਸਾ ੫, ੧੯, ੨:੧ (375)

ਪਉਢੀਅਲੇ -- ਪਾਉਂਦੀ ਹੈ

“ਕਹਤ ਨਾਮਦੇਉ ਸੁਨਹੁ ਬਾਲਕੁ ਪਾਲਕ ਪਉਢੀਅਲੇ।”

- ਰਾਮ ਨਾਮ, ੧, ੪:੧ (972)

ਪਉਣ ----- ਪਵਨ, ਹਵਾ

“ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ।”

- ਸਿਰੀ ੧, ੨੭, ੩:੧ (24)

ਪਉਣਵੇਗ --- ਹਵਾ ਤੁਲ, ਬਹੁਤ ਤੇਜ਼

“ਸੋਇਨ ਸਾਖਤਿ ਪਉਣਵੇਗ ਧ੍ਰਿਗੁ ਧ੍ਰਿਗੁ ਚਤੁਰਾਈ।”

- ਸਾਰ ੪, ਵਾਰ ੨੩:੩ (1244)

ਪਉਣੁ ----- ਹਵਾ, ਪਵਨ

“ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ।”

- ਜਪੁ ੧, ੨੭:੪ (6)

“ਨਾ ਮਨੁ ਚਲੈ ਨ ਪਉਣੁ ਉਡਾਵੈ।” (ਵਾਸ਼ਨਾ ਰੂਪ ਹਵਾ)

- ਮਾਰੂ ੧, ਸੋਲਾ ੧੯, ੮:੧ (1040)

“ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ।” (ਸੁਆਸ)

-ਮਾਰੂ ੩, ਵਾਰ ੨੫ਸ, ੧, ੨:੧ (1091)

“ਪਉਣੁ ਮਾਰਿ ਮਨਿ ਜਾਪੁ ਕਰੇ ਸਿਰੁ ਮੁੰਡੀਤਲੈ ਦੇਇ।” (ਭਾਵ ਹਵਾ ਨਾਲ/ਚੰਚਲਤਾ)

- ਸਾਰ ੪, ਵਾਰ ੧੦ਸ, ੧, ੧:੨ (1241)

ਹੋਰ ਰੂਪ:

ਪਉਣੈ -

“ਪਉਣੈ ਪਾਣੀ ਅਗਨੀ ਕਾ ਮੇਲੁ।” (ਹਵਾ ਦਾ)

- ਗਉ ੧, ੪, ੧:੧ (152)

“ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ।” (ਜੀਵ ਆਤਮਾ)

- ਗੂਜ ੩, ਵਾਰ ੭ਸ, ੩, ੧:੩ (511)

ਪਉਤ ------ ਪੈਂਦੇ

“ਸੰਤਹ ਚਰਨ ਮਾਰਾ ਮੇਰੋ ਪਉਤ।” (ਪੈਂਦਾ ਹੈ)

- ਰਾਮ ੫, ੨੧, ੧:੩ (889)

“ਪਾਪ ਬੰਧਨ ਨਿਤ ਪਉਤ ਜਾਹਿ।”

-ਬਸੰ ੫, ਅਸ ੨, ੪:੪ (1192)

ਪਉਦਾ ----- ਪੈਂਦਾ
"ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ ਟੁਲਿ ਟੁਲਿ ਪਉਦਾ ਜੀਉ।"
– ਮਾਝ ੪, ੫, ੧:੩ (95)

ਹੋਰ ਰੂਪ:

ਪਉਦੀ –
"ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨ ਫਰੈ ਪਉਲੀ ਪਉਦੀ ਫਾਵਾ ਹੋਇ ਕੇ ਉਠਿ ਘਰਿ ਆਇਆ।"
– ਗਉ ੪, ਵਾਰ ੧੨ਸ, ੪, ੧:੪ (306)
"ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ।" (ਪੈਂਦੀ ਜਾਂਦੀ ਭਾਵ ਇਕੱਠੀ ਹੋਈ ਜਾਂਦੀ ਹੈ)
– ਸੂਹੀ ੩, ਵਾਰ ੧੧ਸ, ੧, ੧:੨ (789)

ਪਉਦੀਈ --- ਪੈਂਦਿਆ
"ਥਾਉ ਨ ਹੋਵੀ ਪਉਦੀਈ ਹੁਣ ਸੁਣੀਐ ਕਿਆ ਰੂ ਆਇਆ।" (ਮਾਰ ਪੈਂਦਿਆਂ)
– ਆਸਾ ੧, ਵਾਰ ੩:੪ (464)

ਪਉਦੇ ----- ਪੈਂਦੇ ਹਨ
"ਲੈ ਲੈ ਮੁਕਰਿ ਪਉਦੇ ਕਾਚੇ।"
– ਮਾਰੂ ੧, ਸੋਲਾ ੫, ੩:੨ (1024)

ਪਉਨੁ ------ ਹਵਾ, ਪਵਨ
"ਮੈਲਾ ਪਉਨੁ ਪਾਵਕੁ ਅਰੁ ਨੀਰੁ।"
– ਭੈਰ ਕਬ, ੩, ੩:੨ (1158)

ਪਉਨੇ ------ ਤਿੰਨ ਚੁਥਾਈ, 3/4
"ਕਾਰਜੁ ਸਾਢੇ ਤੀਨਿ ਹਥ ਘਨੀਤ ਪਉਨੇ ਚਾਰਿ।"
– ਸਲੋ ਕਬ, ੨੧, ੮:੨ (1376)

ਪਉਨੈ ------ ਹਵਾ ਨਾਲ
"ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉਗੋ।"
– ਰਾਮ ਨਾਮ, ੨, ੨:੧ (973)

ਪਉਲੀ ----- ਜੁੱਤੀ
"ਤੜ ਸੁਣਿਆ ਸਭਤੁ ਜਗਤ ਵਿਚ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।"
– ਗਉ ੪, ਵਾਰ ੧੨ਸ, ੪, ੧:੪ (306)

ਪਉੜਿਓ ---- ਪੈਂਦਾ
"ਜਾ ਕੋ ਲਹਣੋ ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ।"
– ਟੋਡੀ ੫, ੧੯, ੨:੨ (715)

ਪਉੜੀ ----- (1) ਪੈਰ ਰਖਨ ਦੀ ਥਾਂ, ਸੀੜੀ, ਜ਼ੀਨਾ
"ਬਿਨ ਪਉੜੀ ਗੜਿ ਕਿਉ ਚੜਉ ਗੁਰ ਹਰਿ ਧਿਆਨ ਨਿਹਾਲ।"
– ਸਿਰੀ ੧, ੯, ੨:੩ (17)
ਹੋਰ ਰੂਪ:
ਪਉੜੀਆ –
"ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ।"
– ਤੁਖਾ ੧, ਛੰਤ ੬, ੫:੧ (1113)
(2) ਭਾਵ ਅਵਸਥਾ
"ਚਉਥੀ ਪਉੜੀ ਗੁਰਮੁਖਿ ਊਚੀ ਸੋਚ ਸਚੁ ਕਮਾਵਣਿਆ।"
– ਮਾਝ ੩, ਅਸ ੭, ੪:੩ (113)
ਹੋਰ ਰੂਪ:
ਪਉੜੇ –
"ਜਹ ਪਉੜੇ ਸ੍ਰੀ ਕਮਲਾ ਕੰਤ।" (ਅਵਸਥਾ, ਟਿਕਾਣੇ)
– ਭੈਰ ਕਬ, ਅਸ ੧, ੪:੪ (1162)
ਪਉੜ੍ਹੇ –
"ਜਿਹ ਪਉੜ੍ਹੇ ਪ੍ਰਭ ਬਾਲ ਗੋਬਿੰਦ।" (ਟਿਕਾਣੇ)
– ਭੈਰ ਕਬ, ਅਸ ੧, ੧:੪ (1162)
(3) ਭਾਵ ਉਪਦੇਸ਼
"ਕਹਤ ਨਾਨਕੁ ਗੁਰ ਸਚੇ ਕੀ ਪਉੜੀ ਰਹਸੀ ਅਲਖ ਨਿਵਾਸੀ।"
– ਮਾਰੂ ੧, ਅਸ ੧੧, ੭:੨ (1016)
(4) ਪਦਵੀ, ਮੰਜ਼ਿਲ
"ਇਸੁ ਪਉੜੀ ਤੇਜੋ ਨਰੁ ਚੁਕੈ ਸੁ ਆਇ ਜਾਇ ਦੁਖੁ ਪਾਇਦਾ।"
–ਮਾਰੂ ੫, ਸੋਲਾ ੫, ੨:੩ (1075)

ਪਊਰਾਤਨੁ --- ਪੁਰਾਣਾ, ਸਭ ਤੋਂ ਪਹਿਲਾ, ਆਦਿ
"ਦੂਸਰ ਆਨ ਨ ਅਵਰੁ ਪੁਰਖੁ ਪਊਰਾਤਨੁ ਸੁਣੀਐ।"
– ਸਮੁ ੫, ੬:੨ (1386)

ਪਇ ------ (1) ਰਹਿੰਦੇ ਹਨ
"ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ।"
– ਸਿਰੀ ੪, ਵਾਰ ੮ਸ, ੩, ੨:੪ (85)
(2) ਪੈ ਕੇ
"ਅਪਨੇ ਕੀਤੇ ਨੋ ਆਪਿ ਪ੍ਰਤਿਪਾਲੇ ਪਇ ਪੈਰੀ ਤਿਸਹਿ ਮਨਾਈ ਜੀਉ।"
– ਮਾਝ ੫, ੪੧, ੨:੩ (106)

ਪਇਓ ----- ਪਇਆ
"ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ।"
– ਦੇਵ ੫, ੨੮, ੨:੨ (534)

ਪਇਓਈ --- ਤੈਨੂੰ ਪਇਆ
"ਮੈ ਨਿਰਗੁਣਿਆਰੇ ਕੋ ਗੁਣ ਨਾਹੀ ਆਪੇ ਤਰਸੁ ਪਇਓਈ।"

– ਮੁਦਾ ੫, ੧ਸ:੨ (1429)

ਪਇਅੰਪੈ --- ਕਹਿੰਦਾ ਹੈ

"ਨਾਨਕ ਪਇਅੰਪੈ ਚਰਣ ਜੰਪੈ ਨਾਮੁ ਜਪਤ ਗੋਬਿੰਦ ਨਹ ਅਲਸਾਈਐ।"

– ਆਸਾ ੫, ਛੰਤ ੬, ੧:੬ (456)

ਪਇਆ ---- (1) ਪਿਆ

"ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ।"

– ਸਿਰੀ ੩, ੪੭, ੨:੧ (31)

"ਤੂੰ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨਿ ਕੀਤੀ ਸੋ ਪਾਰਿ ਪਇਆ।" (ਭਾਵ ਹੋ ਗਿਆ)

– ਆਸਾ ੧, ਵਾਰ ੧੨ਸ, ੧, ੨:੨ (469)

(2) ਪੈਕੇ, ਪਇਆ

"ਸਰਣਿ ਪਇਆ ਨਾਨਕ ਸੁੋਹੇਲਾ।"

– ਆਸਾ ੫, ੪੮, ੪:੨ (383)

ਹੋਰ ਰੂਪ:

ਪਇਆ –

"ਜਾ ਕੀ ਸਰਣਿ ਪਇਆ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ।"

– ਸੋਰ ੫, ੩੩, ੧*:੨ (617)

(3) ਭਾਵ ਚਲਦਾ

"ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ।"

– ਆਸਾ ੧, ਪਟੀ ੬:੨ (432)

(4) ਭਾਵ ਨਿਸਚਿਤ ਹੈ

"ਦੇਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ।"

– ਆਸਾ ੧, ਪਟੀ ੧੨:੨ (433)

"ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ।" (ਨਿਸਚਿਤ ਹੈ)

– ਰਾਮ ੫, ਵਾਰ ੧ਸ, ੫, ੧:੪ (957)

(5) ਭਇਆ, ਹੋਇਆ

"ਤਿਸ ਕਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ।"

– ਆਸਾ ੧, ਪਟੀ ੨੨:੨ (433)

(6) ਡਿਗਦੇ ਹੀ, ਪਿਆ ਹੀ

"ਜਾ ਕੀ ਸਰਣਿ ਪਇਆ ਗਤਿ ਪਾਈਐ।" (ਪਿਆ, ਡਿਗਿਆ)

– ਮਾਝ ੫, ੪੧, ੩:੧ (106)

"ਕਾਇਆ ਹੰਸ ਕਿਆ ਪ੍ਰੀਤਿ ਹੈ ਜਿ ਪਇਆ ਹੀ ਛਡਿ ਜਾਇ।"

– ਗੂਜ ੩, ਵਾਰ ੭ਸ, ੩, ੧:੧ (511)

(7) ਗਿਆ

"ਬੀਚੁ ਨ ਕੋਇ ਕਰੇ ਅਕ੍ਰਿਤ ਘਣੁ ਵਿਛੁੜਿ ਪਇਆ।"

– ਬਿਹਾ ੫, ਛੰਤ ੭, ੩:੧ (546)

"ਆਦਿ ਪੁਰਖੁ ਅਪਰੰਪਰ ਸੋ ਪ੍ਰਭੁ ਹਰਿ ਨਾਮੁ ਰਿਦੈ ਲੈ ਪਾਰਿ ਪਇਆ।" (ਹੋ ਗਿਆ)
– ਰਾਮ ੧, ਅਸ ੭, ੮:੨ (906)

ਪਇਆਣਾ --- ਕੂਚ, ਚਲਾਣਾ, ਰਵਾਨਗੀ
"ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ।"
– ਗੂਜ ੧, ੧, ੨:੨ (489)
"ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ।" (ਕੂਚ ਕਰਨਾ, ਮਰਨਾ)
– ਵਡ ੧, ਅਲ ੧, ੨:੧ (579)

ਹੋਰ ਰੂਪ:

ਪਇਆਣੇ –
"ਕਲਿ ਕਲੇਸ ਸਭ ਦੂਰਿ ਪਇਆਣੇ।" (ਕੂਚ ਕਰ/ਚਲੇ ਗਏ)
– ਮਾਝ ੫, ੩੮, ੧:੨ (105)

ਪਇਆਨਾ --- ਭਜ ਜਾਣਾ, ਕੂਚ ਕਰ ਜਾਣਾ
"ਜਹ ਅਨੰਦੁ ਦੁਖੁ ਦੂਰਿ ਪਇਆਨਾ।"
– ਪ੍ਰਭਾ ਕਬ, ੧, ੨:੧ (1349)

ਪਇਆਰੀ --- ਪਾਤਾਲ ਵਿਚ
"ਬਿਨੁ ਗੁਰ ਪੂਛੇ ਜਾਇ ਪਇਆਰੀ।"
– ਗਉ ੧, ਅਸ ੯, ੨:੩ (224)

ਪਇਆਲ --- ਪਾਤਾਲ ਲੋਕ, ਪ੍ਰਿਥਵੀ ਤੋਂ ਹੇਠਲਾ ਲੋਕ
"ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ।"
– ਗਉ ੫, ੧੨੯*, ੧:੧ (207)

ਹੋਰ ਰੂਪ:

ਪਇਆਲਾ –
"ਊਚਾ ਚੜੈ ਸੁ ਪਵੈ ਪਇਆਲਾ।" (ਪਾਤਾਲ ਵਿਚ ਡਿਗਦਾ ਹੈ) (ਭਾਵ ਅਹੰਕਾਰੀ ਡਿਗਦਾ ਹੈ)
– ਆਸਾ ੫, ੧੩, ੩:੧ (374)
(ਮਹਾਨਕੋਸ਼ ਇਸ ਦੇ ਅਰਥ 'ਥਲੇ' ਕਰਦਾ ਹੈ)
"ਨਾ ਤਦਿ ਸੁਰਗੁ ਮਛੁ ਪਇਆਲਾ।" (ਪਾਤਾਲ ਲੋਕ)
– ਮਾਰੂ ੧, ਸੋਲ ੧੫, ੩:੧ (1035)
ਪਇਆਲਿ –
"ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇਆਲਿ ਜੀਉ।" (ਪਾਤਾਲ ਵਿਚ)
– ਸਿਰੀ ੧, ਅਸ ੨੮, ੧:੨ (71)

ਪਇਆਲਿ --- (1) ਪਾਤਾਲ ਵਿਚ, ਵੇਖੋ 'ਪਇਆਲ'
"ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ।"
– ਮਾਰੂ ੩, ਵਾਰ ੧੫ਸ, ੧, ੧:੧ (1091)
(2) ਥਲੇ, ਹੇਠਾਂ

"ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ।"
– ਮਾਝ ੧, ਵਾਰ ੪ਸ, ੧, ੧:੧ (139)

ਪਇਆਲੀ --- ਪਾਤਾਲ ਵਲ
"ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ।"
– ਆਸਾ ੪, ਛੰਤ ੯, ੫:੨ (443)

ਹੋਰ ਰੂਪ:

ਪਇਆਲੇ –
"ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ।" (ਪਾਤਾਲ ਦੀਆਂ)
– ਜਪੁ ੧, ੨੭, ੧੧ (6)

ਪਇਐ ----- ਪੈਣ ਕਰਕੇ, ਪਈ ਹੋਈ
"ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ।" (ਭਾਵ ਕਰਮ- ਲੇਖ ਲਿਖੇ ਜਾਣ ਕਰਕੇ)
– ਸਿਰੀ ੧, ਅਸ ੧੦, ੭:੧ (59)
"ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ।" (ਪੈਣ ਕਰਕੇ)
– ਮਾਝ ੧, ਵਾਰ ੨੬ਸ, ੧, ੧:੨੨ (150)
"ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ।" (ਕੀਤੇ ਕਰਮਾਂ ਅਨੁਸਾਰ ਜੋ ਕਿਰਤ (ਸੁਭਾ) ਬਣ ਚੁਕਾ ਹੈ)
– ਸੂਹੀ ੩, ਅਸ ੩, ੧੯:੨ (756)
"ਵਿਣੁ ਭੈ ਪਇਐ ਭਗਤਿ ਨ ਹੋਇ।" (ਪੈਣ ਦੇ)
– ਬਿਲਾ ੧, ਅਸ ੧, ੧:੩ (831)

ਪਈ ------ (1) ਪੜੀ
"ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ।" (ਭਾਵ ਸਫਲ ਹੋਈ)
– ਸਿਰੀ ੩, ੩੭, ੫:੨ (28)
"ਗੁਰਮੁਖੀਆ ਸੋਹਾਗਣੀ ਤਿਨ ਦਇਆ ਪਈ ਮਨਿ ਆਇ।"
– ਸਿਰੀ ੪, ੬੯, ੨:੧ (41)

(2) ਭਈ, ਹੋਈ
"ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ।"
– ਸਿਰੀ ੧, ਅਸ, ੧੪, ੮:੨ (62)

ਪਈਓ ----- ਪਈਆਂ ਹਨ
"ਥਾਲੈ ਵਿਚਿ ਤੈ ਵਸਤੂ ਪਈਓ ਹਰਿ ਭੋਜ ਨੁ ਅੰਮ੍ਰਿਤੁਸਰੁ।"
– ਸੋਰ ੪, ਵਾਰ ੮ਸ, ੩, ੧:੧ (645)

ਪਈਆ ---- (1) ਹੋਈ, ਪਈ
"ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।"
– ਗੂਜ ੫, ਵਾਰ, ੧੦ਸ, ੫, ੧:੧ (520)
"ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮਪਦੁ ਪਈਆ।" (ਪਾਈ/ਪਾਈਦੀ ਹੈ)
– ਬਿਲਾ ੪, ਅਸ ੨੭:੨ (834)

(2) ਪਾਵਾਂ, ਧਰਾਂ
“ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ।”
– ਬਿਲਾ ੪, ਅਸ ੬, ੧*:੨ (836)

ਪਈਅਸਿ --- (1) ਪੈ ਗਈ, ਢਹਿ ਗਈ
“ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ।”
– ਸੂਹੀ ੧, ਕੁਚ ੨:੮ (762)

(2) ਪਈ ਹੋਈ ਹੈ
“ਅੰਤਰਿ ਅਗਿਆਨ ਦੁਖੁ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ।”
– ਸਿਰੀ ੪, ੬੭, ੩:੨ (40)

ਹੋਰ ਰੂਪ:

ਪਈਆਸੁ –
“ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸੁ।” (ਪਈ ਭਾਵ ਡਿਗੀ ਹੈ)
– ਸਿਰੀ ੪, ਵਾਰ ੧੫ਸ, ੫, ੨:੨ (89)

ਪਈਆਹੁ --- ਪਈ/ਢਠੀ ਦੀ
“ਸਾਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ।”
– ਮਾਝ ੫, ਬਾਰਾ ੧੧:੮ (135)

ਪਈਐ ----- (1) ਪਈ ਦਾ ਹੈ
“ਜਿਸੁ ਲੜਿ ਲਗਿਐ ਜੀਵੀਐ ਭਵਜਲੁ ਪਈਐ ਪਾਰਿ।”
– ਗਉ ੫, ੧੭੧*, ੩:੧ (218)

(2) ਪਾਈਦੇ ਹਨ
“ਨਿਹਕਪਟ ਸੇਵਾ ਕੀਜੈ ਹਰਿ ਕੇਰੀ ਤਾਂ ਮੇਰੇ ਮਨ ਸਰਬ ਸੁਖ ਪਈਐ।”
– ਗੋਂਡ ੪, ੫, ੩:੨ (861)

ਪਈਸੁ ----- ਪਈ ਹੈ, ਪੈਂਦੀ ਹੈ
“ਦੁਯੈ ਪਾਈ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ।”
– ਮਾਝ ੫, ਬਾਰਾ ੫:੩ (134)

ਪਈਹੈ ----- (1) ਪਾਇਆ
“ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ।”
– ਗੂਜ ਕਬ, ੧, ੨:੨ (524)

(2) ਪ੍ਰਾਪਤ ਹੋਣਾ
“ਰਤਨ ਜਨਮੁ ਖੋਇਓ ਪ੍ਰਭੁ ਬਿਸਰਿਓ ਇਹੁ ਅਉਸਰੁ ਕਤ ਪਈਹੈ।”
– ਗੂਜ ਕਬ, ੧, ੩:੨ (524)

(3) ਪਾਵੇਗਾ ਭਾਵ ਸਕਦਾ
“ਐਸੋ ਇਹੁ ਸੰਸਾਰ ਪੇਖਨਾ ਰਹਨੁ ਨ ਕੋਊ ਪਈਹੈ ਰੇ।”
– ਬਿਲਾ ਕਬ, ੧, ੧*:੧ (855)

ਪਏ ------- (1) ਪਇਆ
“ਸਰਣਿ ਪਏ ਪ੍ਰਭ ਆਪਣੇ ਗੁਰੁ ਹੋਆ ਕਿਰਪਾਲੁ।”

– ਸਿਰੀ ੫, ੮੬, ੧:੧ (48)

(2) ਭਏ, ਹੋਏ

“ਹਰਿ ਕਾ ਭਾਣਾ ਭਗਤੀ ਮੰਨਿਆ ਸੇਭਗਤ ਪਏ ਦਰਿ ਥਾਇ।” (ਕਬੂਲ/ ਸਫਲ ਹੋਏ)

– ਸਿਰੀ ੩, ਅਸ ੧੯, ੩:੨ (65)

(3) ਪੈ ਗਏ, (ਜਾ ਡਿਗੇ)

“ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ।”

– ਸਿਰੀ ੩, ਅਸ ੨੫, ੬:੧ (70)

“ਨਾਨਕ ਆਇ ਪਏ ਸਰਣਾਏ।”

– ਆਸਾ ੫, ੮੯, ੪:੪ (393)

(4) ਪਏ ਹੋਏ ਹਨ, ਪੈ ਗਏ

“ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ।”

– ਗਉ ੫, ੧੬੩*, ੨:੨ (216)

(5) ਡਿਗੇ ਹੋਏ

“ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ।”

– ਗਉ ੩, ਅਸ ੯, ੫:੨ (233)

(6) ਸਹਾਇਕ ਕਿਰਿਆ

“ਤਿਸੁ ਸਰਣਾਈ ਢਹਿ ਪਏ ਪਿਆਰੇ ਜਿ ਅੰਤਰਜਾਮੀ ਜਾਣੁ।”

– ਸੋਰ ੫, ਅਸ ੨, ੮:੨ (641)

“ਬਹੁਤੇ ਫੇਰ ਪਏ ਕਿਰਪਨ ਕਉ ਅਬ ਕਿਛੁ ਕਿਰਪਾ ਕੀਜੈ।”

– ਧਨਾ ੩, ੯, ੨:੧ (666)

(7) ਪੈ ਗਏ ਭਾਵ ਝਪੜੇ

“ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।”

– ਸਲੋ ਫਰ, ੯੯:੨ (1383)

ਪਸਚਮ ---- ਪਛਮ, ਸੂਰਜ ਅਸਤ ਹੋਣ (ਡੁਬਣ) ਦੀ ਦਸ਼ਾ, ਭਾਵ ਪਿਛਲਾ

“ਪਸਚਮ ਦੁਆਰੇ ਕੀ ਸਿਲਓੜ।” (ਭਾਵ ਜਿਥੇ ਹਨੇਰਾ/ਅਗਿਆਨਤਾ ਹੈ)

– ਭੈਰ ਕਬ, ੧੦, ੩:੧ (1159)

ਪਸਣ ------ ਵੇਖਣ ਨੂੰ

“ਮੂ ਤਨਿ ਪ੍ਰੇਮੁ ਅਥਾਹ ਪਸਣ ਕੂ ਸਚਾ ਧਣੀ।”

– ਮਾਰੂ ੫, ਵਾਰ ੧੫ਸ, ੫, ੩:੨ (1099)

ਪਸੰਦੋ ------ (1) ਵੇਖ ਕੇ

“ਮੂੰ ਜੁਲਾਊਂ ਤਥਿ ਨਾਨਕ ਪਿਰੀ ਪਸੰਦੋ ਹਰਿਓ ਥੀਓਸਿ।”

– ਮਾਰੂ ੫, ਵਾਰ ੨੦ਸ, ੫, ੨:੨ (1101)

(2) ਪਸੰਦ, ਚੰਗਾ ਲਗਨ ਵਾਲਾ

“ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ।” (ਅਖਾਂ ਨੂੰ ਚੰਗਾ ਲਗਨ ਵਾਲਾ ਭਾਵ ਸੁੰਦਰ)

– ਆਸਾ ੫, ੧੦੫, ੩:੧ (397)

ਪਸਰਈਆ -- ਫੈਲਿਆ ਹੋਇਆ

"ਏਕ ਦ੍ਰਿਸਟਿ ਸਭ ਸਮ ਕਰਿ ਜਾਣੈ ਨਦਰੀ ਆਵੈ ਸਭੁ ਬ੍ਰਹਮੁ ਪਸਰਈਆ।"
– ਬਿਲਾ ੪, ਅਸ, ੧, ੭:੨ (833)

ਪਸਰਹਿ ---- ਫੈਲੇ
"ਪਸਰਹਿ ਕਲਾ ਸਹਜ ਪਰਗਾਸ।"
– ਗਉ ਕਬ, ਥਿਤੀ ੧੬:੨ (344)

ਪਸਰਿ ----- ਫੈਲ
"ਨਿਰਮਲ ਜੋਤਿ ਪਸਰਿ ਰਹੀ ਜੋਤੀ ਜੋਤਿ ਮਿਲਾਈ।"
– ਆਸਾ ੩, ਅਸ ੨੬, ੫:੨ (424)

ਹੋਰ ਰੂਪ:

ਪਸਰਿਓ –
"ਪਸਰਿਓ ਆਪਿ ਹੋਇ ਅਨਤ ਤਰੰਗ।" (ਫੈਲਿਆ)
– ਗਉ ੫, ਸੁਖ ੯, ੮:੫ (275)
"ਤਬ ਹਮ ਇਤਨਕੁ ਪਸਰਿਓ ਤਾਨਾਂ।" (ਖਿਲਾਰਿਆ, ਫੈਲਾਇਆ)
– ਆਸਾ, ਕਬ, ੩੬, ੧:੨ (484)

ਪਸਰਿਆ –
"ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ।"
(ਖਿਲਰਿਆ, ਫੈਲਿਆ)
– ਸਿਰੀ ੪, ੭੦, ੧:੩ (41)

ਪਸਰੀ –
"ਬਿਖੁ ਬਿਖਿਆ ਪਸਰੀ ਅਤਿਘਨੀ।" (ਫੈਲੀ)
– ਗਉ ੫, ੧੪੦*, ੨:੧ (210)

ਪਸਰੀਆ –
"ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ ਮਾਇਆ ਮੋਹੁ ਵਧਾਇਆ।" (ਫੈਲੀ)
– ਸੋਰ ੫, ਅਸ ੨, ੧:੨ (640)

ਪਸਰੇ –
"ਪੇਖੁ ਨਾਨਕ ਪਸਰੇ ਪਾਰਬ੍ਰਹਮ।" (ਫੈਲੇ ਹੋਏ ਭਾਵ ਵਿਆਪਕ)
–ਗਉ ੫, ੧੫੦, ੪:੨ (196)

ਪਸਰੈ –
"ਜਹ ਪਸਰੈ ਪਾਸਾਰੁ ਸੰਤ ਪਰਤਾਪਿ।"
– ਗਉ ੫, ਸੁਖ ੨੧, ੮:੨ (292)

ਪਸਾਉ ----- (1) ਫੈਲਾਓ, ਪਸਾਰਾ
"ਕੀਤਾ ਪਸਾਉ ਏਕੋ ਕਵਾਉ।"
– ਜਪੁ ੧, ੧੬:੨੦ (3)

(2) ਪਰਚਾਰ
"ਢਾਢੀ ਕਰੇ ਪਸਾਉ ਸਬਦੁ ਵਜਾਇਆ।"
– ਮਾਝ ੧, ਵਾਰ ੨੭:੭ (150)

(2) ਭਾਵ, 'ਹਾਵ ਭਾਵ'
"ਸੋਹਣੀ ਮੁਖਿ ਮਣੀ ਸੋਚੈ ਕਰੇ ਰੰਗਿ ਪਸਾਉ।"

– ਸਿਰੀ ੧, ੧, ੨:੨ (14)

(3) ਮਿਹਰ, ਬਖਸਿਸ਼, ਦਇਆ, ਕ੍ਰਿਪਾਲਤਾ
“ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ।”
– ਸਿਰੀ ੪, ੬੭, ੨:੧ (40)

ਪਸਾਇ ----- ਕਿਰਪਾ ਨਾਲ
“ਧਨਿ ਸਤਿਗੁਰੁ ਸੇਵਿਓ ਜਿਸੁ ਪਸਾਇ ਗਤਿ ਅਗਮ ਜਾਣੀ।”
– ਸਵ ੩, ੮:੨ (1393)

ਪਸਾਰ ----- ਫੈਲਾ
“ਮੋਹ ਪਸਾਰ ਨਹੀ ਸੰਗਿ ਬੇਲੀ ਬਿਨੁ ਹਰਿ ਗੁਰ ਕਿਨਿ ਸੁਖੁ ਪਾਇਆ।”
– ਮਾਰੂ ੧, ਸੋਲਾ ੨੨, ੪:੩ (1043)

ਪਸਾਰਹੁ ---- ਫੈਲਾਂਦੇ, ਪਸਾਰਦੇ
“ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ।”
– ਗਉ ੫, ਬਾਅ ੩੩:੧ (257)

ਪਸਾਰਣਾ --- ਖਿਲਾਰਣਾ, ਫੈਲਾਣਾ
“ਆਪੇ ਗੁਪਤੁ ਆਪੇ ਹੈ ਪਰਗਟੁ ਅਪਣਾ ਆਪੁ ਪਸਾਰਣਾ।”
– ਮਾਰੂ ੫, ਸੋਲਾ ੬, ੪:੩ (1077)

ਪਸਾਰਤ ---- ਫੈਲਾਉਂਦਿਆਂ, ਖਿਲਾਰਦਿਆਂ
“ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬਲਗੁ ਮੇਰਾ ਮਨੁ ਰਾਮ ਸਮ੍ਹਾਰੈ।”
– ਆਸਾ ੪, ੬੨, ੩:੨ (368)

ਪਸਾਰਾ ----- ਫੈਲਾਓ, ਖਿਲਾਰਾ
“ਆਪਿ ਇਕੰਤੀ ਆਪਿ ਪਸਾਰਾ।”
– ਮਾਝ ੫, ੪੮, ੩:੨ (108)

ਪਸਾਰਿ ----- (1) ਖਿਲਾਰ/ਫੈਲਾ ਕੇ
“ਉਰਵਾਰਿ ਪਾਰਿ ਮੇਰਾਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ।”
– ਗਉ ੧, ੧੯, ੩:੨ (157)

“ਭਉ ਕਹਿ ਆਗੈ ਬਦਨੁ ਪਸਾਰਿ।” (ਮੂੰਹ ਲੰਮਾ ਕਰਕੇ)
– ਰਾਮ ਕਬ, ੪, ੧*:੨ (969)

ਹੋਰ ਰੂਪ:

ਪਸਾਰਿਓ –
“ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ।” (ਖਿਲਾਰਿਆ)
– ਧਨਾ ੫, ੩, ੨:੨ (671)

ਪਸਾਰਿਆ –
“ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ।” (ਖਿਲਾਰਿਆ)
– ਸਿਰੀ ੫, ੯੧, ੩:੧ (50)

“ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ।” (ਸਾਰੇ ਵਿਆਪਕ ਦਿਸਦਾ ਹੈ)

– ਮਾਝ ੫, ੧੦, ੪:੩ (97)

(2) ਖੋਲ ਕੇ

"ਦੇਖਹੁ ਪਸਾਰਿ ਨੈਨ ਸੁਨਹੁ ਸਾਧੂ ਕੇ ਬੈਨ ਪ੍ਰਾਨਪਤਿ ਚਿਤਿ ਰਾਖੁ ਸਗਲ ਹੈ ਮਰਨਾ।"

– ਧਨਾ ੫, ੩੦, ੧*:੨ (678)

(3) ਭਾਵ ਚੁਕਣਾ

"ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ।" (ਹੱਥ ਚੱਕ ਸਕੇ)

–ਬਿਲਾ ਕਬ, ੫, ੧:੨ (856)

ਪਸਾਰੀ ----- (1) ਪਾਸਾਰੇ/ਖਿਲਾਰੇ ਵਾਲੇ ਭਾਵ ਗ੍ਰਿਹਸਥੀ

"ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ।"

– ਗਉ ਕਬ, ੫੩, ੨:੨ (334)

(2) ਪਸਾਰਾ, ਖਿਲਾਰੇ

"ਏਹ ਸਭਿ ਧੜੇ ਮਾਇਆ ਮੋਹ ਪਸਾਰੀ।"

– ਆਸਾ ੪, ੫੪, ੩:੧ (366)

"ਸੰਗਿ ਨਾਹੀ ਰੇ ਸਗਲ ਪਸਾਰੀ।" (ਖਿਲਾਰਾ)

–ਰਾਮ ੫, ੧੮, ੩:੨ (888)

(3) ਖਿਲਾਰੀ

"ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ।" (ਖਿਲਾਰ ਕੇ, ਟੱਡ ਕੇ)

– ਗੂਜ ੪, ਅਸ ੧, ੩:੨ (507)

"ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।" (ਖਿਲਾਰੀ)

– ਬਿਹਾ ੯, ੨, ੨:੧ (537)

ਪਸਾਰੁ ----- ਖਿਲਾਰਾ, ਪਸਾਰਾ

"ਗੋਇਲਿ ਆਇਆ ਗੋਇਲੀ ਕਿਆ ਤਿਸੁ ਡੰਫੁ ਪਸਾਰੁ।"

– ਸਿਰੀ ੫, ੯੨, ੧:੧ (50)

ਪਸਾਰੇ ----- (1) ਖਿਲਾਰੇ, ਖਿਲਾਰਾ

"ਮਨ ਪਿਆਰਿਆ ਜੀ ਮਿਤ੍ਰਾ ਹਰਿ ਬਿਨੁ ਝੂਠੁ ਪਸਾਰੇ।"

– ਸਿਰੀ ੫, ਛੰਤ ੨, ੨:੧ (79)

(2) ਖੋਲ੍ਹ ਕੇ

"ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।"

– ਸੋਰ ੯, ੧, ੧:੨ (631)

"ਹਿਰਦੈ ਕਾਮ ਕਾਮਨੀ ਮਾਗਹਿ ਰਿਧਿ ਮਾਗਹਿ ਹਾਥੁ ਪਸਾਰੇ।" (ਹੱਥ ਟੱਡ ਕੇ)

– ਰਾਮ ੪, ੬, ੨:੨ (882)

"ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ।" (ਬਾਂਹ ਲੰਮੀ ਕਰਕੇ)

– ਮਾਰੂ ੫, ੨, ੪:੨ (999)

(3) ਭਾਵ ਪਾਇਆ ਹੈ

"ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ।" (ਲੈ ਕੇ ਵਿਚ ਪਾਇਆ ਹੈ)

– ਧਨਾ ਰਵਿ, ੩, ੨:੧ (694)

ਪਸਾਰੈ ----- (1) ਖੋਲੇ
“ਨੇਤ੍ਰ ਪਸਾਰੈ ਤਾ ਨਿਰਾਰਥ ਕਾਜਾ।”
– ਗਉ ੫, ੮੦, ੨:੪ (179)
(2) ਖਿਲਾਰੇ, ਲੰਮੇ ਕਰੇ
“ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ।”
– ਆਸਾ ੪, ੬੨, ੩:੧ (368)

ਪਸਾਰੋ ----- ਪਸਾਰਾ, ਖਿਲਾਰਾ
“ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ।”
– ਮੁੰਦਾ ੫, ੧:੫ (1429)

ਪਸਾਰੋਵਾ ---- ਪਸਾਰਾ
“ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ।”
– ਵਡ ੧, ਅਲਾ ੫, ੧:੧ (581)

ਪਸਿੰਦੇ ----- ਪਸੰਦ, ਅਨੁਕੂਲ
“ਖਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ।”
– ਸਿਰੀ ੧, ੨੭, ੩:੨ (24)

ਪਸੀ ------ ਵੇਖਾਂ
“ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ।”
– ਮਾਰੂ ੫, ਵਾਰ ੧ਸ, ੫, ੧:੨ (1094)

ਹੋਰ ਰੂਪ:

ਪਸੀਐ –
“ਇਕੋ ਸਿਰਜਣਹਾਰੁ ਨਾਨਕ ਬਿਆ ਨ ਪਸੀਐ।” (ਵੇਖੀਏ)
– ਗੂਜ ੫, ਵਾਰ ੧੩ਸ, ੫, ੧:੨ (521)

ਪਸੁ ------- ਪਸ਼ੂ, ਜਾਨਵਰ, ਡੰਗਰ
“ਕੁਦਮ ਕਰੇ ਪਸੁ ਪੰਖੀਆਂ ਦਿਸੈ ਨਾਹੀ ਕਾਲੁ।”
– ਸਿਰੀ ੫, ੭੩, ੨:੧ (43)

ਹੋਰ ਰੂਪ:

ਪਸੂ –
“ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।”
– ਗਉ ੧, ੧੭, ੨:੧ (156)
“ਮਨਮੁਖ ਤਤੁ ਨ ਜਾਣਨੀ ਪਸੂ ਮਾਹਿ ਸਮਾਨਾ।” (ਪਸ਼ੂ ਸੁਭਾਅ)
–ਮਾਰੂ ੧, ਅਸ ੧, ੩:੩ (1009)
– ਪਸੂਆ –
“ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ।”
– ਗਉ ੫, ੧੨੭*, ੧*:੨ (206)
“ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ।” (ਭਾਵ ਬੇਸਮਝ, ਅਗਿਆਨੀ)
– ਬਿਲਾ ੫, ੩੬, ੧:੧ (809)

ਪਸੂਆਰਾ --- ਪਸੂ+ਹਾਰੀ, ਜੀਵ ਮਾਰਨ ਵਾਲਾ, ਇਥੇ ਮਛੀਆਂ ਫੜਨ ਵਾਲਾ, ਮਾਹੀਗੀਰ
"ਜਿਉ ਮੀਨਾ ਹੇਰੈ ਪਸੂਆਰਾ।"
– ਗੋਂਡ, ਨਾਮ, ੨, ੨:੧ (873)

ਪਸੇ ------- ਵੇਖੇ
"ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰੁ।" (ਭਾਵ ਦਿਸੇ)
– ਸਿਰੀ ੫, ਛੰਤ ੩, ੧੩:੧ (80)

ਪਸ੍ਚਮਿ ----- ਸੂਰਜ ਅਸਤ ਹੋਣ ਵਾਲਾ ਦਿਸਾ
"ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈਜੈ ਕਾਰੁ ਜਪੰਥਿ ਨਰਾ।"
– ਸਵ ੩, ੧:੬ (1392)

ਪਹ ------- ਤੜਕਾ, ਅੰਮ੍ਰਿਤ ਵੇਲਾ, ਭੋਰ
"ਚਿੜੀ ਚੁਹਕੀ ਪਹ ਫੁਟੀ ਵਗਨਿ ਬਹੁਤੁ ਤਰੰਗ।"
– ਗਉ ੫, ਵਾਰ ੬ਸ, ੫, ੧:੧ (319)

ਪਹਨਾਮ ---- ਲੁਕੇ ਹੋਏ, ਜੋ ਕਿਸੇ ਗਿਣਤੀ ਵਿਚ ਨਾ ਹੋਣ, ਗੁਮਨਾਮ
"ਪ੍ਰਗਟ ਭਏ ਸੰਸਾਰ ਮਹਿ ਫਿਰਤੇ ਪਹਨਾਮ"
– ਬਿਲਾ ੫, ੭੬, ੨:੧ (819)

ਪਹਨਾਮੀ ---- ਲੁਕਾਉ, ਛੁਪਾ
"ਤਿਸੁ ਨਾਲਿ ਕਿਆ ਚਲੈ ਪਹਨਾਮੀ।"
– ਬਿਲਾ ੩, ੧, ੪:੩ (833)

ਪਹਰ ------ ਦਿਨ ਰਾਤ ਦਾ ਅਠਵਾਂ ਭਾਗ, ਤਿੰਨ ਘੰਟੇ ਦਾ ਸਮਾਂ, ਸਮੇਂ ਦੀ ਇਕ ਇਕਾਈ
"ਆਠ ਪਹਰ ਪ੍ਰਭੁ ਧਿਆਇ ਤੂੰ ਗੁਣ ਗੋਵਿੰਦ ਨਿਤ ਗਾਉ।"
– ਸਿਰੀ ੫, ੭੭, ੧*:੨ (44)

ਹੋਰ ਰੂਪ:

ਪਹਰਾ –
"ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।" (ਪਹਰ ਦਾ ਬਹੁ ਵਚਨ)
– ਆਸਾ ੧, ੨, ੨:੧ (12)

ਪਹਰਿ –
"ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ।" (ਪਹਰਾਂ ਵਿਚ)
– ਮਾਝ ੧, ਵਾਰ ੧੮ਸ, ੨, ੧:੪ (146)

ਪਹਰੀ –
"ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ।" (ਪਰਫਾਂ ਵਿਚ)
– ਮਾਝ ੧, ਵਾਰ ੧੮ਸ, ੨, ੧:੯ (146)
"ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ।" (ਹਰ ਪਹਰ ਬਾਅਦ)
– ਸਲੋ ਫਰ, ੪੦:੧ (1379)

ਪਹਰੁ –
"ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।" (ਸਮੇਂ ਦੀ ਇਕ ਇਕਾਈ)

– ਸਿਰੀ ੫, ੭੪, ੩:੧ (43)

ਪਹਰੂਆ ---- **ਪਹਰਾ ਦੇਣ ਵਾਲਾ, ਚੌਕੀਦਾਰ, ਪਹਿਰੇਦਾਰ**
"ਊਠਤ ਸੋਵਤ ਹਰਿ ਸੰਗਿ ਪਹਰੂਆ।"
– ਗਉ ੫, ੧੫੪, ੧*:੧ (196)
"ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ।" (ਭਾਵ ਇੰਦਰੇ)
– ਗਉ ਕਬ, ੭੩, ੨:੧ (339)
"ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ।" (ਪਹਿਰੇਦਾਰਾਂ ਦੇ ਦੇਖਿਆਂ)
– ਰਾਮ ਕਬ, ੧੨, ੧*:੨ (972)

ਪਹਰੇ ਪਹਰੇ -- **ਹਰ ਸਮੇਂ, ਹਰ ਪਹਿਰ, ਦਿਨ ਰਾਤ**
"ਬਿਨੁ ਹਰਿ ਭਗਤਿ ਕਰਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ।"
– ਗਉ ੫, ੧੬੨, ੨:੨ (215)
(ਕੋਸ਼ ਇਸ ਦੇ ਹੋਰ ਅਰਥ 'ਡੰਡੀ ਡੰਡੀ ਭਟਕਣਾ' ਪਾਹਰਾ ਪਾਹਰਾ ਕਰਦੇ ਫਿਰਨਾ, ਪੁਸ਼ਾਕਾਂ ਪਹਿਣ ਪਹਿਣ ਕੇ ਫਿਰਣਾ, 'ਦਰ ਦਰ ਭਟਕਣਾ ਕਰਦਾ' ਹੈ)

ਪਹਰੈ ------ **ਪਹਿਰ ਵਿਚ**
"ਪਹਿਲੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।" (ਭਾਵ ਆਯੂ ਦੇ ਪਹਿਲੇ ਹਿੱਸੇ ਵਿਚ)
– ਸਿਰੀ ੧, ਪਹ ੧, ੧:੧ (74)

ਪਹਾ ------ **ਪਿਆ**
"ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ।"
– ਸਾਰ ੫, ੪, ੨:੧ (1203)

ਪਹਾਰ ----- **(1) ਪਹਾੜ**
"ਇਹੁ ਜਗੁ ਧੂਏ ਕਾ ਪਹਾਰ।"
– ਬਸੰ ੯, ੪, ੧:੧ (1187)

ਪਹਾਰਾ ----- **ਸੰਸਾਰ ਵਿਚ, ਪਸਾਰੇ ਵਿਚ**
"ਪ੍ਰਗਟ ਪਹਾਰਾ ਜਾਪਦਾ ਸਭ ਲੋਕ ਸੁਣੰਦੇ।" (ਮਹਾਨਕੋਸ਼ ਅਰਥ 'ਪ੍ਰਭਾਵ' ਸਮਰਥਯ ਕਰਦੇ ਹਨ)
– ਗਉ ੪, ਵਾਰ ੧੨:੩ (306)

ਹੋਰ ਰੂਪ:

ਪਹਾਰੇ –
"ਪਹਿਰਿ ਸਿਰਪਾਉ ਸੇਵਕ ਜਨ ਮੇਲੇ ਨਾਨਕ ਪ੍ਰਗਟ ਪਹਾਰੇ।" (ਸੰਸਾਰ ਵਿਚ)
– ਸੋਰ ੫, ੯੩, ੨:੨ (631)

ਪਹਿ ------ **(1) ਪਾਸ, ਕੋਲ**
"ਦੁਖ ਤਿਸੈ ਪਹਿ ਆਖੀਅਹਿ ਸੁਖ ਜਿਸੈ ਹੀ ਪਾਸਿ।"
– ਸਿਰੀ ੧, ੫, ੩:੩ (16)
"ਗੁਰ ਪਹਿ ਮੁਕਤਿ ਦਾਨੁ ਦੇ ਭਾਣੈ।" (ਕੋਲ, ਪਾਸ)
– ਮਾਰੂ ੧, ਸੋਲਾ ੬, ੧੦:੧ (1026)

(2) ਤੋਂ, ਪਾਸੋਂ
“ਸਗਲ ਸੰਤਨ ਪਹਿ ਵਸਤੁ ਇਕ ਮਾਂਗਉ।”
- ਮਾਝ ੫, ੧੮, ੧:੧ (99)
“ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।” (ਪਾਸੋਂ, ਕੋਲੋਂ)
- ਸੋਰ ਕਬ, ੬, ੧*:੨ (656)
(3) ਨਾਲੋਂ
“ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ।”
- ਸੋਰ ਨਾਮ, ੨, ੧:੨ (657)

ਪਹਿਚਾਨਿ --- ਪਛਾਣ, ਵੇਖ
“ਅਰਧ ਉਰਧ ਬਿਚਿ ਸਮ ਪਹਿਚਾਨਿ।”
- ਗਉ ਕਬ, ਥਿਤੀ ੧੪:੨ (344)

ਪਹਿਚਾਨਾਂ --- ਪਛਾਣਦਾ, ਜਾਣਦਾ
“ਕਬੀਰ ਕਾ ਮਰਮੁ ਰਾਮ ਪਹਿਚਾਨਾਂ।”
- ਭੈਰ ਕਬ, ੬, ੪:੨ (1158)

ਹੋਰ ਰੂਪ:

ਪਹਿਚਾਨਿਆ -
“ਗਈ ਠਗਉਰੀ ਠਗੁ ਪਹਿਚਾਨਿਆ।” (ਪਛਾਣਿਆ, ਜਾਣ ਲਿਆ)
- ਗਉ ਕਬ, ਅਸ ੩੯, ੩:੨ (331)
ਪਹਿਚਾਨੀਐ -
“ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।” (ਭਾਵ ਸਮਝੀਐ)
- ਮਾਰੂ ਕਬ, ੧੦, ੨:੧ (1105)

ਪਹਿਤਿ ----- ਦਾਨ
“ਭਾਰੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ।”
- ਆਸਾ ਕਬ, ੧੪, ੪:੧ (479)

ਪਹਿਨਾਮੀਆ - ਲੁਕ ਕੇ ਕੀਤੇ ਕੰਮ, ਭਾਵੇ ਮੰਦੇ ਕੰਮ, ਪਾਪ
“ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲ।”
- ਆਸਾ ੧, ਵਾਰ ੧੫ਸ, ੧, ੨:੨ (471)

ਪਹਿਰਉ ---- ਪਾਵਾਂ, ਪਹਿਣਾਂ
“ਕਿਆ ਪਹਿਰਉ ਕਿਆ ਓਢਿ ਦਿਖਾਵਉ।”
- ਗਉ ੧, ਅਸ ੧੦, ੧*:੧ (225)

ਹੋਰ ਰੂਪ:

ਪਹਿਰਉਂਗੀ -
“ਫੂਲ ਮਾਲਾ ਗਲਿ ਪਹਿਰਉਂਗੀ ਹਾਰੋ।”
- ਆਸਾ ੧, ੩੪, ੨:੧ (359)

ਪਹਿਰਸਿ ---- ਪਹਿਣਦੀ ਹੈ
“ਕਾਪੜੁ ਪਹਿਰਸਿ ਅਧਿਕੁ ਸੀਗਾਰੁ।”

– ਬਸੰ ੧, ਅਸ ੧, ੬:੧ (1187)

ਪਹਿਰਹਿ ---- (1) ਪਹਿਣੇ ਜਾਂਦੇ ਹਨ
"ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ।"
– ਮਾਝ ੧, ਵਾਰ ੨੪ਸ, ੧, ੨:੨ (149)
"ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ।" (ਪਹਿਣਦਾ)
– ਆਸਾ ੫, ਬਿਰ ੩, ੨:੧ (432)
(2) ਪਾਵੇਂ
"ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁਨਾਰੀ।"
– ਬਸੰ ੧, ੧੦, ੨:੧ (1171)

ਹੋਰ ਰੂਪ:

ਪਹਿਰਹੁ –
"ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ ਖਿਮਕਾ।" (ਪਾਵਹੁ)
– ਸੋਰ ੪, ਵਾਰ ੨੧:੨ (650)

ਪਹਿਰਣੁ ---- ਜਾਮਾ, ਪੌਸ਼ਾਕ
"ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।"
– ਸਿਰੀ ੧, ੭, ੨:੧ (16)

ਪਹਿਰਤ ---- ਪਾਉਣ ਨਾਲ, ਪਹਿਨਣ ਨਾਲ
"ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ।"
– ਬਿਲਾ ੫, ੪੪, ੩:੨ (811)
"ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ।" (ਪਹਿਣਨਾ)
– ਕੇਦਾ ੫, ੭, ੧*:੨ (1120)

ਪਹਿਰਾ ----- ਪਾਵਾਂ, ਪਹਿਣਾਂ
"ਪੁਰਿ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ।"
– ਮਾਝ ੧, ਵਾਰ ੪ਸ, ੧, ੧:੩ (139)

ਪਹਿਰਾਇਆ – ਪੁਆਇਆ, ਸਿਰੋਪਾਉ, ਦਿਤਾ, ਵਡਿਆਇਆ, ਆਦਰ ਦਿਤਾ
"ਅਪੁਨੈ ਠਾਕੁਰਿ ਜੋ ਪਹਿਰਾਇਆ ਬਹੁਰਿ ਨ ਲੇਖਾ ਪੁਛਿ ਬੁਲਾਇਆ।" (ਭਾਵ ਸਿਰੋਪਾਉ ਦਿਤਾ, ਵਡਿਆਇਆ)
– ਮਾਝ ੫, ੨੫, ੪:੧ (102)
"ਨਾਨਕ ਤਿਸੁ ਪਤਿ ਰਾਖਸੀ ਜੋ ਪ੍ਰਭਿ ਪਹਿਰਾਇਆ।"
– ਬਿਲਾ ੫, ੪੬, ੪:੨ (812)

ਪਹਿਰਾਵਉ -- ਪੁਆਵਾਂ, ਪਹਿਨਾਵਾਂ
"ਦੇਇ ਮੁਹਾਰ ਲਗਾਮੁ ਪਹਿਰਾਵਉ।"
– ਗਉ ਕਬ, ੩੧, ੧:੧ (329)

ਪਹਿਰਾਵਾ --- ਪੌਸ਼ਾਕ, ਕਪੜੇ
"ਪਹਿਰਾਵਾ ਦੇਖੇ ਊਭਿ ਜਾਹਿ।" (ਭਾਵ ਸਰੀਰ)

– ਬਸੰ ਰਵਿ, ੧, ੧:੨ (1196)

ਪਹਿਰਿ ----- ਪਾ ਕੇ, ਪਹਿਣ ਕੇ
“ਪਾਟ ਪਟੰਬਰ ਪਹਿਰਿ ਹਢਾਵਉ।”
– ਗਉ ੧, ਅਸ ੧੦, ੧:੨ (225)
“ਪਾਰਬ੍ਰਹਮੁ ਜਪਿ ਪਹਿਰਿ ਸਨਾਹ।” (ਪਹਿਣ)
– ਸੂਹੀ ੫, ੨੫, ੨:੧ (742)

ਪਹਿਰਿਆ --- ਪਹਿਨਿਆ
“ਹਰਿ ਹਾਰੁ ਕੰਠਿ ਜਿਨੀ ਪਹਿਰਿਆ ਗੁਰ ਚਰਣੀ ਚਿਤੁ ਲਾਇ।”
– ਸਿਰੀ ੩, ੩੫, ੪:੧ (26)

ਪਹਿਰੀਜੈ ---- ਪਹਿਣੇ ਹਨ
“ਜਿਹ ਪ੍ਰਸਾਦਿ ਆਭੂਖਨ ਪਹਿਰੀਜੈ।”
– ਗਉ ੫, ਸੁਖ ੬, ੪:੧ (270)

ਪਹਿਰੇ ----- ਪਾਏ, ਪਹਿਣੇ
“ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ।”
– ਗਉ ਕਬ, ੬੭, ੧:੧ (338)

ਪਹਿਰੇਉ ---- ਪਾਵਾਂ, ਪਹਿਣਾਂ
“ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।”
– ਸਲੋ ਫਰ, ੧੦੩:੧ (1383)

ਪਹਿਰੇਇ --- ਪਾਂਦਾ/ਪਹਿਣਦਾ ਹੈ
“ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ।”
– ਸਲੋ ਫਰ, ੧੦੪:੧ (1383)

ਪਹਿਰੈ ----- (1) ਪਾਂਦਾ/ਪਹਿਣਦਾ ਹੈ
“ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ।”
– ਗਉ ੫, ੧੫੨*, ੩:੧ (213)
“ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ।” (ਪਹਿਣੇ, ਪਾਵੇ)
– ਸੂਹੀ ੩, ਵਾਰ ੪ਸ, ੩, ੧:੪ (786)
(2) ਪਹਿਰ ਵਿਚ, ਤਿੰਨ ਘੰਟੇ ਦੀ ਇਕ ਇਕਾਈ ਵਿਚ
“ਪਹਿਲੈ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ।”
– ਸਲੋ ਫਰ, ੧੧੨:੧ (1384)

ਪਹਿਲ ----- ਪਹਿਲਾਂ, ਅਵਲ
“ਪਹਿਲ ਪੁਰਸਾਬਿਰਾ।”
– ਧਨਾ ਨਾਮ, ੪, ੧*:੧ (693)
“ਪਹਿਲ ਬਸੰਤੈ ਆਗਮਨਿ ਤਿਸ ਕਾ ਕਰਹੁ ਬੀਚਾਰੁ।”
– ਸੂਹੀ ੩, ਵਾਰ ੧੯ਸ, ੨, ੨:੧ (791)

ਪਹਿਲਰੀਆ -- ਪਹਿਲਾਂ ਤੋਂ
“ਓਅੰ ਪ੍ਰਿਅ ਪ੍ਰੀਤਿ ਚੀਤਿ ਪਹਿਲਰੀਆ।” (ਭਾਵ ਧੁਰ ਤੋਂ ਹੀ)

– ਸਾਰ ੫, ੪੫, ੧*:੧ (1213)

ਪਹਿਲਵਾਨੜਾ – ਲਾਡਲਾ ਪਹਿਲਵਾਨ
"ਹਉ ਗੋਸਾਈ ਦਾ ਪਹਿਲਵਾਨੜਾ।"
– ਸਿਰੀ ੫, ਅਸ ੨੯, ੧੭:੧ (74)

ਪਹਿਲੜੀ ---- ਪਹਿਲੀ, ਅਰੰਭਲੀ
"ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ।"
– ਸੂਹੀ ੪, ਛੰਤ ੨, ੧:੧ (773)

ਪਹਿਲਾ ----- (1) ਪਹਿਲਾਂ, ਪਹਿਲੇ, ਅਰੰਭ ਤੋਂ
"ਪਹਿਲਾ ਧਰਤੀ ਸਾਧਿ ਕੈ ਸਚੁ ਨਾਮੁ ਦੇ ਦਾਣੁ।"
– ਸਿਰੀ ੧, ੧੩, ੨:੨ (19)

ਹੋਰ ਰੂਪ:

ਪਹਿਲਾਂ –
"ਕਾਮਣਿ ਤਉ ਸੀਗਾਰੁ ਕਰਿ ਜਾ ਪਹਿਲਾਂ ਕੰਤੁ ਮਨਾਇ।"
– ਸੂਹੀ ੩, ਵਾਰ ੯ਸ, ੩, ੧:੧ (788)

(2) ਮੁੱਢਲਾ, ਸ਼ੁਰੂ ਵਾਲਾ, ਪ੍ਰਥਮ
"ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।"
– ਸਿਰੀ ੫, ੭੪, ੩:੧ (43)

ਪਹਿਲੀ ----- (1) ਭਾਵ ਪਿਛਲੀ, ਪੂਰਬਲੀ
"ਪਹਿਲੀ ਕਰੂਪਿ ਕੁਜਾਤਿ ਕੁਲਖਨੀ ਸਾਹੁਰੈ ਪੇਈਐ ਬੁਰੀ।"
–ਆਸਾ ਕਬ, ੩੨, ੧:੧ (483)

(2) ਪ੍ਰਥਮ
"ਜਨੁ ਕਹੈ ਨਾਨਕੁ ਲਾਤ ਪਹਿਲੀ ਆਰੰਭ ਕਾਜੁ ਰਚਾਇਆ।"
– ਸੂਹ ੪, ਛੰਤ ੨, ੧:੬ (773)

ਪਹਿਲੇ ----- ਪਹਿਲਾਂ
"ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ।"
– ਆਸਾ ਨਾਮ, ੨, ੨:੨ (485)

ਪਹਿਲੈ ----- (1) ਪ੍ਰਥਮ
"ਪਹਿਲੈ ਪਹਰੈ ਰੈਣਿ ਕੇ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।"
– ਸਿਰੀ ੧, ਪਹ ੧, ੧:੧ (74)

(2) ਪਹਿਲਾਂ
"ਪਹਿਲੈ ਪਿਆਰਿ ਲਗਾ ਥਣ ਦੁਧਿ।"
– ਮਾਝ ੧, ਵਾਰ ੧ਸ, ੧, ੨:੧ (137)

ਪਹਿਲੋ ----- ਪਹਿਲੋ, ਪ੍ਰਥਮ ਸਥਾਨ ਤੇ
"ਪਹਿਲੋ ਦੇ ਤੈਂ ਰਿਜਕੁ ਸਮਾਹਾ।"
– ਮਾਝ ੫, ਅਸ ੩੫, ੬:੧ (130)

ਪਹੀ ------ (1) ਪੈਂਦੀ
“ਖਿਨ ਮਹਿ ਥਾਪਿ ਉਥਾਪਨਹਾਰੇ ਕੁਦਰਤਿ ਕੀਮ ਨ ਪਹੀ।”
– ਦੇਵ ੫, ੭, ੨:੨ (529)
(2) ਪਾਂਧੀ, ਰਾਹੀ, ਹੋਰ ਵੇਖੋ ‘ਪਹੀਆ’
“ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ।”
– ਮਾਰੂ ੫, ਵਾਰ ੩ਸ, ੫, ੨:੨ (1095)
(3) ਡਿੱਗੀ
“ਗੁਰ ਚਰਨ ਮਸਤਕੁ ਡਾਰਿ ਪਹੀ।”
– ਮਲਾ ੫, ੨੬, ੨:੩ (1272)

ਪਹੀਆ ---- ਰਾਹੀ, ਮੁਸਾਫਰ, ਪਾਂਧੀ, ਹੋਰ ਵੇਖੋ ‘ਪਹੀ’ (2)
“ਆਵਤ ਪਹੀਆ ਖੂਧੇ ਜਾਹਿ।”
– ਗੋਂਡ ਕਬ, ੮, ੧:੨ (872)

ਹੋਰ ਰੂਪ:-

ਪਹੀਆਹ –
“ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ।”
– ਮਾਰੂ ੧, ਅਸ ੧੦, ੨:੨ (1015)

ਪਹੁ ------- ਕੋਲੋਂ, ਪਾਸੋਂ ਤੋਂ
“ਮੇਰੇ ਮਾਨ ਸੋ ਪ੍ਰਭੁ ਸਦਾ ਨਾਲਿ ਹੈ ਸੁਆਮੀ ਕਹੁ ਕਿਥੈ ਹਰਿ ਪਹੁ ਨਸੀਐ।”
– ਗਉ ੪, ੫੭, ੧:੧ (170)

ਪਹੁਚਈ ---- ਪੁਜਦਾ, ਪਹੁੰਚਦਾ
“ਪੰਡਿਤੁ ਪੜਿ ਨ ਪਹੁਚਈ ਬਹੁ ਆਲ ਜੰਜਾਲਾ।”
– ਮਾਰੂ ੧, ਅਸ ੬, ੪:੧ (1012)

ਪਹੁਚਤ ----- ਪੁਜਨਾ, ਪਹੁਚਿਨਾ
“ਕਾਹੂ ਬੋਲ ਨ ਪਹੁਚਤ ਪ੍ਰਾਨੀ।”
– ਗਉ ੫, ਸੁਖ ੧੮, ੫:੩ (287)

ਪਹੁਚਨਹਾਰ -- ਪੁਜਣ ਵਾਲਾ, ਪਹੁੰਚਨ ਵਾਲਾ
“ਜਹ ਜਹ ਪੇਖਉ ਤਹ ਤਹ ਸੁਆਮੀ ਕੋਇ ਨ ਪਹੁਚਨਹਾਰ।”
– ਧਨਾ ੫, ੫੨, ੧:੧ (683)

ਹੋਰ ਰੂਪ:

ਪਹੁਚਨਹਾਰਾ –
“ਤਿਸੁ ਨਹੀ ਦੂਜਾ ਕੋ ਪਹੁਚਨਹਾਰਾ।” (ਪਹੁੰਚਨ ਵਾਲਾ)
– ਗਉ ੫, ੭੧*, ੧*:੨ (176)

ਪਹੁਚਨਹਾਰੁ –
“ਤਿਸੁ ਜਨ ਕਉ ਕੋਇ ਨ ਪਹੁਚਨਹਾਰੁ।” (ਪਹੁੰਚਨ ਵਾਲਾ)
– ਗਉ ੫, ਸੁਖ ੨੨, ੭:੮ (293)

ਪਹੁਚਾਇਦਾ -- ਪਹੁੰਚਾਂਦਾ, ਅਪੜਦਾਉਂਦਾ

“ਸਭਨਾ ਸਾਰ ਕਰੇ ਸੁਖਦਾਤਾ ਆਪੇ ਰਿਜਕੁ ਪਹੁਚਾਇਦਾ।”
– ਮਾਰੂ ੩, ਸੋਲਾ ੧੭, ੩:੩ (1060)

ਪਹੁਚਾਵਉ --- **ਪੁਜਦੇ ਕਰਾਂ ਭਾਵ ਭੇਜਾਂ**
“ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ।”
– ਆਸਾ ੫, ੫, ੧:੨ (371)

ਪਹੁਚਾਵਏ --- **ਪਹੁੰਚਾਉਂਦਾ ਹੈ**
“ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ।”
– ਰਾਮ ੩, ਅਨੰ ੨੮:੨ (920)

ਪਹੁਚਾਵਹੁ --- **ਪਹੁੰਚਾ ਦੇਵੋ**
“ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁਚਾਵਹੁ ਦਾਤੇ।”
– ਗਉ ੫, ੧੩੫*, ੧*:੨ (209)

ਪਹੁਚਾਵਣਿਆ **ਪਹੁੰਚਾ ਦਿੰਦਾ ਹੈ**
“ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨ ਮਜੂਰੀ ਭਾਰ ਪਹੁਚਾਵਣਿਆ।”
– ਮਾਝ ੩, ਅਸ ੧੫, ੪:੩ (118)

ਪਹੁਚਿ ----- **ਪੁਜਨਾ, ਅਪੜਨਾ**
“ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ।”
– ਆਸਾ ੫, ੪੧, ੧*:੨ (380)
“ਪਹੁਚਿ ਨ ਸਾਕਹਿ ਜਨ ਤੇਰੇ ਕਉ।” (ਪੁਜ ਸਕਨਾ ਭਾਵ ਮੇਚ ਆ ਸਕਨਾ) ਤੁਲਨਾ ਤੇ ਬਰਾਬਰ ਦਾ ਹੋ ਸਕਨਾ)
– ਆਸਾ ੫, ੭੭, ੨:੨ (389)
“ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ।” (ਪੁਜ ਸਕਨਾ, ਇਥੇ ਭਾਵ ਨੁਕਸਾਨ ਪਹੁੰਚਾ ਸਕਨਾ)
– ਗੂਜ ੫, ਵਾਰ ੭:੩ (519)
“ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ।” (ਭਾਵ ਸਾਰੇ ਕੰਮ ਮੁਕਾ ਕੇ)
– ਸਲੋ ੧, ੩੧:੧ (1412)

ਪਹੁਚੇ ------ **ਪਹੁੰਚ/ਪੁਜ ਗਏ**
“ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ।”
– ਕੇਦਾ ਕਬ, ੨, ੨:੨ (1123)

ਹੋਰ ਰੂਪ:

ਪਹੁਚੈ –
“ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ।” (ਪੁਜੇ)
– ਮਾਝ ੧, ਵਾਰ ੨੨ਸ, ੨, ੨:੬ (148)
“ਇਹੁ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁਚੈ ਆਏ।” (ਭਾਵ ਬੁਢਾਪਾ ਆ ਪਕੜੇਗਾ)
– ਵਡ ੩, ੪, ੧:੧ (584)
“ਜੋ ਪਹੁਚੈ ਸੋ ਚਲਣਹਾਰੁ।”

– ਸੂਹੀ ੩, ਵਾਰ ੧੩ਸ, ੧, ੧:੪ (789)

"ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ।" (ਬਰਾਬਰ ਹੋ ਸਕਨਾ)

– ਬਿਲਾ ੫, ੯੫, ੧:੨ (823)

ਪਹੁਤਾ ----- **ਪਹੁੰਚਿਆ, ਮਿਲਿਆ**

"ਗੁਰਮੁਖਿ ਚਿਤੁ ਨ ਲਾਇਓ ਅਤਿ ਦੁਖੁ ਪਹੁਤਾ ਆਇ।"

– ਸੋਰ ੪, ਵਾਰ ੧੨ਸ, ੩, ੨:੧ (647)

"ਮਹਲੁ ਨ ਪਾਵੈ ਕਹਤੋ ਪਹੁਤਾ।" (ਪੁਜਿਆ ਹੋਇਆਂ ਹਾਂ)

– ਸੂਹੀ ੫, ੭, ੧:੨ (738)

ਹੋਰ ਰੂਪ:

ਪਹੁਤਿਆ –

"ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ।" (ਪਹੁੰਚਿਆ)

– ਸਿਰੀ ੫, ੭੪, ੨:੨ (43)

ਪਹੂਚਹਿ ---- **ਪੁਜਦਾ ਹੈ, ਪਹੁੰਚਦਾ ਹੈ**

"ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ।"

– ਸਲੋ ਕਬ, ੧੩੪:੨ (1311)

ਹੋਰ ਰੂਪ:

ਪਹੂਚਾ –

"ਨਾਨਕ ਆਪਸ ਕਉ ਆਪਹਿ ਪਹੂਚਾ।" (ਪਹੁੰਚਦਾ, ਬਰਾਬਰੀ ਕਰਦਾ)

– ਗਉ ੫, ਸੁਖ ੨੧, ੬:੧੦ (291)

ਪਹੂਚਿਓ –

"ਕਾਲੁ ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ।" (ਪੁਜਾ)

– ਜੈਜਾ ੯, ੪, ੧*:੪ (1353)

ਪਹੂੰਚਿਓ –

"ਕਬੀਰਾ ਰਾਮੁ ਨ ਚੇਤਿਓ ਜਰਾ ਪਹੂੰਚਿਓ ਆਇ।" (ਪੁਜਾ)

– ਸਲੋ ਕਬ, ੧੩੨:੧ (1371)

ਪਹੂਚੀ ----- **ਪੁਜੀ, ਪਹੁੰਚੀ**

"ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ।"

– ਸਾਰ ੫, ੧੦੬, ੧*:੨ (1224)

ਹੋਰ ਰੂਪ:

ਪਹੂਚੀਐ –

"ਲੇਖਾ ਪੜਿ ਨ ਪਹੂਚੀਐ ਕਥਿ ਕਹਣੈ ਅੰਤੁ ਨ ਪਾਇ।"

– ਆਸਾ ੩, ਅਸ ੩੨, ੭:੧ (427)

ਪਹੂਚੁ –

"ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ।" ਪਹੁੰਚਣ ਵਾਲਾ ਭਾਵ (ਜਾਣ ਵਾਲਾ ਹੈ)

–ਸਿਰੀ ੧, ਅਸ ੧੭, ੪:੧ (64)

ਪਹੂਚੇ –
“ਸੁਧੁ ਨ ਹੋਈਐ ਕਾਹੂ ਜਤਨਾ ਓੜਕਿ ਕੋ ਨ ਪਹੂਚੈ।” (ਪਹੁੰਚਦਾ)
–ਸੋਰ ੫, ੯, ੧:੨ (611)
ਪਹੂਚੈ –
“ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ।” (ਪਹੁਚਾਉਂਦਾ)
– ਗਉ ੫, ਸੁਖ ੬, ੩:੭ (270)
“ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ।” (ਪ੍ਰਾਪਤ ਕਰਦਾ)
– ਗਉ ੫, ਸੁਖ ੧੩, ੫:੨ (280)
ਪਹੂੰਚੋ –
“ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂਚੋ ਆਇ।” (ਪੁਜਾ)
– ਸਲੋ ਕਬ, ੨੦੮:੨ (1375)

ਪੰਕ ------- (1) ਧੂੜ, ਚਰਨਧੂੜ
“ਤਿਨ ਕੀ ਪੰਕ ਹੋਵੈ ਜੇ ਨਾਨਕੁ ਤਉ ਮੂੜਾ ਕਿਛੁ ਪਾਈ ਰੇ।”
– ਗਉ ੧, ੧੬, ੪:੨ (156)
(2) ਪੰਕਜ, ਕਮਲ
“ਉਰਧ ਪੰਕ ਲੈ ਸੂਧਾ ਕਰੈ।”
– ਗਉ ਕਬ, ਵਾ ੪:੪ (344)
(3) ਖੰਭ, ਪਰ, ਪੰਖ
“ਪੰਕਜ ਫਾਥੇ ਪੰਕ ਮਹਾ ਮਦ ਗੁੰਫਿਆ।”
– ਫੁਨ ੫, ੧੫:੧ (1363)
(ਮਹਾਨ ਕੋਸ਼ ਇਸ ਦੇ ਅਰਥ “ਫੁਲ ਦਾ ਮਧੁ ਪੀਣ ਵਾਲਾ ਭੌਰ” ਕਰਦਾ ਹੈ।
(‘ਕੋਸ਼’ ਇਸ ਦੇ ਅਰਥ ‘ਕਮਲ’ ਕਰਦਾ ਹੈ)

ਪੰਕਜ ------ (1) ਚਿਕੜ
“ਭ੍ਰਮ ਕੀ ਕੂਈ ਤ੍ਰਿਸਨਾ ਰਸ ਪੰਕਜ ਅਤਿ ਤੀਖ੍ਣ ਮੋਹ ਕੀ ਫਾਸ।”
– ਗਉ ੫, ੧੨੦*, ੧:੧ (204)
ਹੋਰ ਰੂਪ:
ਪੰਕਜੁ –
“ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।” (ਮੋਹ ਦਾ ਚਿਕੜ)
– ਆਸਾ ੧, ਸੋਪੁ ੩, ੧:੨ (12)
(2) (ਪੰਕ) ਚਿਕੜ ਤੋਂ ਉਪਜਿਆ ਭਾਵ ਕਮਲ
“ਤਿਨ ਕੀ ਪਗ ਪੰਕਜ ਹਮ ਧੂਰਿ।” (ਚਰਨ ਕਮਲਾਂ ਦੀ ਧੂੜ)
– ਗਉ ਕਬ, ੨੬, ੨:੨ (328)
(3) ਕਮਲ ਭਾਵ ਅੱਖ
“ਪਲ ਪੰਕਜ ਮਹਿ ਕੋਟਿ ਉਧਾਰੇ।” (ਅਖ ਦੇ ਪਲਕਾਰੇ ਵਿਚ)
– ਧਨਾ ੧, ਅਸ ੨, ੭:੩ (686)

ਪਕੰਦੀ ----- ਪਕਦੀ
“ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ।”
– ਸਲੋ ਫਰ, ੧੧:੨ (1378)

ਪਕਨਿ ----- **ਦ੍ਰਿੜ ਹੋਣ, ਸਿਰੇ ਚੜਨ**
"ਮਤਾ ਕਰਉ ਸੋ ਪਕਨਿ ਨ ਦੇਈ।"
- ਅਸਾ ੫, ੪, ੧:੧ (371)

ਪਕਰਸਿ ---- **ਪਕੜੇਗਾ**
"ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ।"
- ਸਿਰੀ ੫, ਪਹ ੪, ੨:੫ (77)

ਪਕਰਾਇ --- **ਫੜਾਓ, ਪਕੜਾਓ**
"ਮੋਹ ਚੀਕੜਿ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭੂ ਪਕਰਾਇ ਜੀਉ।"
- ਆਸਾ ੪, ਛੰਤ ੧੨, ੪:੨ (447)

ਹੋਰ ਰੂਪ:

ਪਕਰਾਈ -
"ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨ ਲਾਗਾ।" (ਫੜਾਈ)
- ਆਸਾ ੪, ਛੰਤ ੧੨, ੪:੨ (447)

ਪਕਰਾਏ -
"ਗੁਰਿ ਪਕਰਾਏ ਹਰਿ ਕੇ ਚਰਨਾ।" (ਫੜਾਏ)
- ਰਾਮ ੫, ੨੬, ੨:੨ (887)

ਪਕਰਿ ----- **ਫੜ ਕੇ**
"ਬਾਹ ਪਕਰਿ ਲੀਨੋ ਕਰਿ ਅਪਨਾ।"
- ਗਉ ੫, ੯੬, ੨:੩ (184)

ਹੋਰ ਰੂਪ:

ਪਕਰਿਓ -
"ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ।"
- ਭੈਰ ਕਬ, ੧੭, ੫:੨ (1161)

ਪਕਰਿਆ -
"ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ।" (ਪਕੜਿਆ)
- ਮਾਲੀ ੪, ੧, ੨:੨ (984)

ਪਕਰੀ -
"ਨਾਨਕ ਓਟ ਪਕਰੀ ਪ੍ਰਭ ਸੁਆਮੀ।" (ਪਕੜੀ, ਫੜੀ)
- ਗਉ ੫, ੧੦੮*, ੪:੨ (201)

ਪਕਰੇ -
"ਜਨਮ ਦੋਖ ਪਰੇ ਮੇਰੇ ਪਾਛੈ ਅਬ ਪਕਰੇ ਨਿਹਚਲੁ ਸਾਧੂ ਪਾਇ।" (ਫੜੇ)
- ਆਸਾ ੫, ੯, ੩:੧ (373)
"ਮ੍ਰਿਗ ਪਕਰੇ ਬਿਨੁ ਘੋਰ ਹਥੀਆਰ।" (ਪਕੜੇ, ਕਾਬੂ ਕੀਤੇ)
- ਭੈਰ ੫, ੪, ੧*:੨ (1136)

ਪਕਰੈ -
"ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ।" (ਫੜਕੇ)

– ਆਸਾ ੪, ਛੰਤ, ੧੩, ੨:੧ (447)

“ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ।” (ਭਾਵ ਕੋਈ ਤੰਗ ਨਹੀਂ ਕਰੇਗਾ)

– ਸਲੋ ਕਬ, ੨੦੧:੨ (1375)

ਪਕੜਹਿ ---- ਫੜੇ, ਪਕੜੇ

“ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ।”

– ਗਉ ੫, ਵਾਰ ੧੯ਸ, ੫, ੨:੧ (322)

ਪਕੜਾਏ ---- ਫੜਾਏ

“ਗੁਰਿ ਪਕੜਾਏ ਪ੍ਰਭ ਕੇ ਪੈਰਾ।”

– ਮਾਰੂ ੫, ਸੋਲਾ ੧੩, ੧੫:੨ (1085)

ਪਕੜਿ ----- ਫੜਕੇ, ਪਕੜ ਕੇ

“ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ।”

– ਸਿਰੀ ੫, ੭੬, ੩:੩ (44)

ਹੋਰ ਰੂਪ:

ਪਕੜਿਆ –

“ਜਮਿ ਪਕੜਿਆ ਤਬ ਹੀ ਪਛੁਤਾਨਾ।” (ਫੜਿਆ)

– ਗਉ ੩, ਅਸ ੨, ੬:੩ (230)

ਪਕੜੀ –

“ਢਾਹਿ ਮੜੋਲੀ ਲੁਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ।” (ਫੜੀ, ਫੜ ਲਈ)

– ਗਉ ੧, ੧੪, ੩:੧ (155)

“ਨਾਨਕ ਪਕੜੀ ਟੇਕ ਏਕ ਪਰਮੇਸਰੁ ਰਖੈ ਨਿਦਾਨ।” (ਫੜੀ, ਲਈ)

– ਰਾਮ ੫, ਛੰਤ ੪, ੩ਸ:੨ (926)

ਪਕੜੀਐ –

“ਅਹਿ ਕਰੁ ਕਰੇ ਸੁ ਅਹਿਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ।” (ਫੜੀਏ)

– ਆਸਾ ੫, ੧੪੦, ੩:੨ (406)

ਪਕੜੇ –

“ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ।” (ਫੜੇ)

– ਗਉ ੫, ਵਾਰ ੮:੫ (320)

“ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ।” (ਫੜ ਕੇ)

– ਬਿਹਾ ੫, ਛੰਤ ੭, ੩:੩ (546)

ਪਕੜੈ –

“ਘਟੁ ਬਿਨਸੈ ਦੁਖੁ ਅਗ ਲੋ ਜਮੁ ਪਕੜੈ ਪਛੁਤਾਇ।” (ਫੜਨ ਤੇ)

– ਸਿਰੀ ੧, ਅਸ ੧੦, ੫:੨ (59)

ਪਕਾ ------ (1) ਪੂਰੀ ਤਰਾਂ ਰਸ ਦਾਇਕ ਹੋ ਜਾਣਾ, ਕਟਣ, ਤੋੜਨ ਅਥਵਾ ਆਪਣੇ ਆਪ ਝੜਨ ਲਈ ਤਿਆਰ

“ਜਾ ਪਕਾ ਤਾ ਕਟਿਆ ਰਹੀ ਸੁਪਲਰਿ ਵਾੜਿ।”

– ਮਾਝ ੧, ਵਾਰ ੧੧ਸ, ੧, ੧:੧ (142)

(2) ਮੁਸਤਕਿਲ, ਪਰਮਾਨੈਂਟ

"ਜਿਉ ਪਕਾ ਰੋਗੀ ਵਿਲਲਾਇ।"
– ਧਨਾ ੧, ੫, ੧:੪ (661)

(3) ਪਕਾਇਆ, ਅਗ ਨਾਲ ਰਿਣਨਾ
"ਨਾਨਕ ਪੀਠਾ ਪਕਾ ਸਾਜਿਆ ਧਰਿਆ ਆਣਿ ਮਉਜੂਦੁ।"
– ਮਾਰੂ ੫, ਵਾਰ ੬ਸ, ੫, ੨:੧ (1096)

ਪਕਾਇਆ --- (1) ਨਜਿਠਿਆ, ਭਾਵ ਕੀਤਾ
"ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ।"
– ਸੂਹੀ ੪, ਛੰਤ ੧, ੪:੪ (773)

(2) ਰਿੰਨ੍ਹਿਆ
"ਅਗਨਿ ਭੀ ਜੂਠੀ ਪਾਨੀ ਜੂਠਾ ਜੂਠੀ ਬੈਸਿ ਪਕਾਇਆ।"
– ਬਸੰ ਕਬ, ੭, ੩:੧ (1195)

(3) ਦ੍ਰਿੜ੍ਹ ਸੰਕਲਪ ਕਰਨਾ
"ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ।"
– ਸਾਰ ੪, ਵਾਰ ੩੩:੧ (1250)

ਪਕਾਈ ----- ਪੁਖਤਗੀ, ਪਕਾਪਣ, ਪਕਿਆਈ
"ਕਚ ਪਕਾਈ ਓਥੈ ਪਾਇ।"
– ਜਪੁ ੧, ੩੪:੧੧ (7)

ਪਕਾਈਆ --- ਅਗ ਉਤੇ ਸੇਕੀਆਂ ਭਾਵ ਬਣਾਈਆ
"ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ।"
– ਮਾਰੂ ੫, ਵਾਰ ੬ਸ, ੫, ੩:੧ (1096)

ਪਕਾਈਐ --- ਨਿਰਣਾ ਕਰੀਏ, ਨਜਿਠੀਏ, ਕਰੀਏ
"ਸੁਣਿ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ।"
– ਗਉ ੫, ਛੰਤ ੪, ੨:੧ (249)

ਪਕਾਏ ----- ਬਣਾਏ
"ਰਾਜਾ ਰਾਮ ਕਕਰੀਆ ਬਰੇ ਪਕਾਏ।"
– ਆਸਾ ਕਬ, ੬, ੧*:੧ (477)

ਪਕਾਵੈ ----- ਰਿੰਨੇ, ਬਣਾਏ
"ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ।"
– ਬਿਹਾ ੪, ਵਾਰ ੬:੨ (551)

ਪਕਿਆ ---- ਦ੍ਰਿੜ, ਕਚੇ ਦੇ ਉਲਟ, ਨਾਲ ਨਿਬਨ ਵਾਲਾ
"ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।"
– ਮਾਰੂ ੫, ਵਾਰ ੨੨ਸ, ੫, ੧:੧ (1102)

ਪਕੀ ------ (1) ਵਢਣ ਲਈ ਤਿਆਰ
"ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ।"
– ਸਿਰੀ ੫, ੭੪, ੨:੧ (43)

(2) ਪੁਗੀ ਹੋਈ

"ਦੇਖਹਿ ਕੀਤਾ ਆਪਣਾ ਧਰਿ ਕਚੀ ਪਕੀ ਸਾਰੀਐ।" (ਭਾਵ ਚੰਗੇ ਮੰਦੇ ਜੀਵ)
– ਆਸਾ ੧, ਵਾਰ ੨੦:੨ (474)

ਪਕੀਆਂ ---- ਖਾਣ ਲਈ ਤਿਆਰ, ਰਸਦਾਇਕ ਹੋਣਾ
"ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ।"
– ਸਲੋ ਫਰ, ੮੯:੧ (1382)

ਪਕੀਸਾਰੀ --- ਚੌਪੜ ਦੀ ਉਹ ਨਰਦ ਜੋ ਚੌਪੜ ਦੇ 42 ਘਰ ਲੰਘਾ ਕੇ ਪੁੰਗ ਜਾਵੇ
"ਆਪੇ ਧਰਿ ਦੇਖਹਿ ਕਚੀ ਪਕੀਸਾਰੀ।"
– ਮਾਝ ੩, ਅਸ ੭, ੭:੨ (113)

ਪੰਕੁ ------- ਖੰਭ, ਪਰ
"ਮੇਰੇ ਠਾਕੁਰ ਕੇ ਜਨ ਅਲਿਪਤ ਹੈ ਮੁਕਤੇ ਜਿਉ ਮੁਰਗਾਈ ਪੰਕੁ ਨ ਭੀਜੈ।"
– ਕਲਿ ੪, ਅਸ ੨, ੨:੨ (1324)

ਪਕੇ ------- ਪੁੱਖਤਾ, ਚੂਣੇ, ਸੀਂਮਟ ਆਦਿ ਨਾਲ ਚਿਣਿਆ
"ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ।"
– ਸਿਰੀ ੧, ਅਸ ੧੬, ੩:੧ (63)

ਪਕੈ ------- (1) ਪਕਦਾ ਹੈ, ਰਸਦਾਇਕ ਹੁੰਦਾ ਹੈ
"ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ।"
– ਮਾਝ ੧, ਵਾਰ ੨੦ਸ, ੧, ੧:੨ (147)
"ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ।"
– ਤੁਖਾ ੧, ਬਾਰਾ ੧੧:੫ (1109)
(2) ਪੁਗੇ
"ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ।"
– ਅਸਾ ੧, ੩੬, ੩:੨ (359)

ਪਖ ------- ਪਾਸੇ, ਪਹਿਲੂ
"ਦੁਖੀ ਦੁਹਾਗਨਿ ਦੁਇ ਪਖ ਹੀਨੀ।"
– ਸੂਹੀ ਰਵਿ, ੧, ੨:੧ (793)

ਪੰਖ ------- (1) ਖੰਭ, ਪਰ
"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।" (ਪਰ ਲਾਕੇ)
– ਮਾਝ ੧, ਵਾਰ ੧੬ਸ, ੧, ੧:੧ (145)
(2) ਭਾਵ ਪੰਛੀ
"ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।" (ਭਾਵ ਪੰਛੀ ਬਣੇ)
– ਗਉ ੧, ੧੭, ੨:੨ (156)
"ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ।" (ਭਾਵ ਜੀਵ ਰੂਪ ਪੰਛੀ)
– ਸਲੋ ਫਰ, ੭੯:੧ (1382)

ਪਖਈਆਂ --- ਧੋਂਦਾ ਹਾਂ
"ਕ੍ਰਿਪਾ ਕਰਹੁ ਮਧਸੂਦਨ ਮਾਧਉ ਮੈ ਖਿਨੁ ਖਿਨੁ ਸਾਧੂ ਚਰਣ ਪਖਈਆਂ।"
– ਬਿਲਾ ੪, ਅਸ ੪, ੧*:੨ (835)

ਪੰਖਣੂ ------ ਖੰਭਾ ਵਾਲਾ ਜੀਵ, ਪੰਛੀ
"ਖੇਲਿ ਗਏ ਸੇ ਪੰਖਣੂ ਜੋ ਚੁਗ ਦੇ ਸਰ ਤਲਿ।"
– ਸਿਰੀ ੧, ਅਸ ੧੧, ੮:੧ (60)
"ਨਾਰਿ ਨ ਪੁਰਖੁ ਨ ਪੰਖਣੂੰ ਸਾਚਉ ਚਤੁਰੁ ਸਰੂਪੁ।"
– ਮਾਰੂ, ੧, ਅਸ ੩, ੭:੨ (1010)

ਪਖਲਾਵਉ --- ਧੋਵਾਂ
"ਜਲ ਢੋਵਉ ਇਹ ਸੀਸ ਕਰਿ ਕਰ ਪਗ ਪਖ ਲਾਵਉ।"
– ਬਿਲਾ ੫, ਪ੧, ੧:੧ (813)

ਪਖਾ ------ (1) ਹਵਾ ਝੁਲਾਉਣ ਦਾ ਯੰਤਰ
"ਪੈਰਾ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।"
– ਸਿਰੀ ੫, ਅਸ ੨੯, ੧੦:੩ (73)
(2) ਪਖਾ ਝਲਣ ਦੀ ਸੇਵਾ
"ਪਾਨੀ ਪਖਾ ਕਰਉ ਤਜਿ ਅਭਿਮਾਨ।"
– ਆਸਾ ੫, ੮੪, ੧:੩ (391)
"ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ।"
– ਗੂਜ ੫, ਵਾਰ ੩:੬ (518)

ਪਖਾਣੀ ----- ਪਥਰਾਂ ਦੇ
"ਅਚਿੰਤ ਦਾਨੁ ਦੇਇ ਪ੍ਰਭੁ ਮੇਰਾ ਵਿਚਿ ਪਾਥਰ ਕੀਟ ਪਖਾਣੀ ਹੇ।"
– ਮਾਰੂ ੪, ਸੋਲਾ ੨, ੬:੩ (1070)

ਪਖਾਨ ----- ਪਥਰ
"ਜਹਾ ਜਾਈਐ ਤਹ ਜਲ ਪਖਾਨ।" (ਭਾਵ ਠਾਕਰ ਦੁਆਰੇ)
– ਬਸੰ ਰਾਮਾ, ੧, ੨:੧ (1195)

ਪਖਾਰਉ ---- ਧੋਵਾਂ
"ਚਰਨ ਪਖਾਰਉ ਕਰਿ ਸੇਵਾ ਜੇ ਠਾਕੁਰ ਭਾਵੈ।"
– ਬਿਲਾ ੫, ੩੫, ੪:੧ (809)

ਪਖਾਰਿ ----- ਧੋ ਕੇ
"ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ।"
– ਗਉ ੫, ੧੨੮*, ੪:੧ (207)

ਹੋਰ ਰੂਪ:

ਪਖਾਰੀਐ –
"ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ।" (ਧੋਈਏ)
– ਗਉ ਰਵਿ, ਅਸ ੧, ੪:੧ (346)
ਪਖਾਰੇ –
"ਇਕ ਬਿਨਉ ਬੇਨਤੀ ਕਰਉ ਗੁਰ ਆਗੈ ਮੈਂ ਸਾਧੂ ਚਰਨ ਪਖਾਰੇ।" (ਧੋਵਾਂ)
– ਨਟ ੪, ਅਸ ੧, ੨:੨ (980)
ਪਖਾਰੈ –

“ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ।” (ਧੋਵੇ)
– ਆਸਾ ੫, ੪੩, ੩:੧ (381)

“ਜਨ ਨਾਨਕੁ ਤਿਨ ਕੇ ਚਰਨ ਪਖਾਰੈ ਜੋ ਹਰਿ ਚਰਨੀ ਜਨੁ ਲਾਗਾ।” (ਧੋਂਦਾ ਹੈ)
–ਮਾਲੀ ੪, ੪, ੪:੨ (985)

ਪਖਾਲਦੇ ---- ਧੋਂਦੇ ਹਾਂ
“ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ।”
– ਤਿਲੰ ੪, ਅਸ ੨, ੧੨:੨ (726)

ਪਖਾਲਾ ----- ਧੋਵਾਂ
“ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ।”
– ਗਉ ੫, ਵਾਰ ੧ਸ, ੫, ੨:੨ (318)

ਹੋਰ ਰੂਪ:

ਪਖਾਲਿ –
“ਵਸਤ੍ਰ ਪਖਾਲਿ ਜੋ ਤੇਰੈ ਮਾਰਗਿ ਚਾਲੈ।” (ਧੋ ਕੇ)
– ਮਾਝ ੧, ਵਾਰ ੪ਸ, ੧, ੨:੧ (139)

ਪਖਾਲੀ –
“ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ।” (ਧੋਵਾਂ)
– ਮਾਝ ੫, ੨੭, ੨:੧ (102)

ਪਖਾਲੀਅਹਿ –
“ਤਿਸ ਕੇ ਚਰਨ ਪਖਾਲੀਅਹਿ ਨਾਨਕ ਹਉ ਬਲਿਹਾਰੈ ਜਾਉ।” (ਧੋਈਐ)
– ਬਿਹਾ ੪, ਵਾਰ ੬ਸ, ੧, ੧:੪ (550)

ਪਖਾਲੀਐ –
‘ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ।”
– ਸੋਰ ੧, ਅਸ ੪, ੬:੨ (637)

ਪਖਾਲੇ –
“ਸੋ ਪਾਖੰਡੀ ਜਿ ਕਾਇਆ ਪਖਾਲੇ।” (ਧੋਵੈ ਭਾਵ ਪਾਪ ਦੂਰ ਕਰੇ)
– ਰਾਮ ੩, ਵਾਰ ੧੨ਸ, ੧, ੫:੧ (952)

ਪਖਾਲੈ –
“ਜਨ ਨਾਨਕੁ ਤਿਸ ਕੇ ਚਰਨ ਪਖਾਲੈ ਜੋ ਹਰਿ ਜਨੁ ਨੀਚੁ ਜਾਤਿ ਸੇਵਕਾਣੁ।” (ਧੋਂਦਾ ਹੈ)
– ਗੋਂਡ ੪, ੪, ੪:੨ (861)

ਪਖਾਵਜ ---- ਤਬਲਾ, ਸੰਗੀਤ ਦਾ ਇਕ ਸਾਜ, ਜੋੜੀ
“ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ।”
–ਆਸਾ ੫, ੪੩, ੧*:੨ (381)

ਹੋਰ ਰੂਪ:

ਪਖਾਵਜੁ –
“ਵਾਜਾ ਮਤਿ ਪਖਾਵਜੁ ਭਾਉ।”
– ਆਸਾ ੧, ੬, ੧:੧ (350)

ਪਖਾਲੀਅਹਿ -- ਧੋਂਦਾ ਹੈ
"ਬਾਹਰਿ ਦੇਵ ਪਖਾਲੀਅਹਿ ਜੇ ਮਨੁ ਧੋਵੈ ਕੋਇ।"
– ਗੂਜ ੧, ੧, ੨:੧ (489)

ਪੰਖਿ ------ ਪੰਛੀ
"ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ।"
– ਗਉ ਕਬ, ੬੪, ੧:੨ (337)

ਪਖਿਆਰੀ --- ਪਟੀਆਂ ਸਵਾਰਨ ਵਾਲੀ, ਵੇਸਵਾ ਭਾਵ ਮਾਇਆ
"ਕਰਿ ਸੀਗਾਰੁ ਬਹੈ ਪਖਿਆਰੀ।"
–ਗੋਂਡ ਕਬ, ੭, ੨:੩ (871)

ਪੰਖੀ ------ ਪੰਛੀ
"ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।"
– ਸਿਰੀ ੧, ੨, ੩:੧ (14)

ਪੰਖੀਅਲੋ ---- ਪੰਛੀ
"ਜਿਉ ਆਕਾਸੈ ਪੰਖੀਅਲੋ ਖੋਜੁ ਨਿਰਖਿਓ ਨ ਜਾਈ।"
– ਗੂਜ ਨਾਮ, ੨, ੨:੧ (525)

ਪੰਖੀਆਂ ---- ਪੰਛੀਆਂ
"ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ ਜੰਗਲਿ ਜਿੰਨ੍ਾ ਵਾਸੁ।"
– ਸਲੋ ਫਰ, ੧੦੧:੧ (1383)

ਹੋਰ ਰੂਪ:

ਪੰਖੀਆਂ –
"ਚਲਿ ਚਲਿ ਗਈਆਂ ਪੰਖੀਆਂ ਜਿਨ੍ੀ ਵਸਾਏ ਤਲ।" (ਪੰਛੀ)
– ਸਲੋ ਫਰ, ੬੬:੧ (1381)

ਪਖੀਜੈ ----- ਧੋਵਾਂ
"ਨਾਨਕ ਕ੍ਰਿਪਾ ਕ੍ਰਿਪਾ ਕਰਿ ਧਾਰਹੁ ਮੈ ਸਾਧੂ ਚਰਨ ਪਖੀਜੈ।"
– ਕਲਿ ੪, ਅਸ ੪, ੮:੨ (1325)

ਪਖੁ ------- (1) ਸਾਥੀ, ਸਹਾਇਕ
"ਮੈ ਹਰਿ ਬਿਨੁ ਪਖੁ ਧੜਾ ਅਵਰੁ ਨ ਕੋਈਹਉ ਹਰਿ ਗੁਣ ਗਾਵਾ ਅਸਖੰ ਅਨੇਕ।"
– ਆਸਾ ੪, ੫੪, ੧*:੨ (366)
(2) ਚੰਦਰਮਾ ਦੇ ਹਿਸਾਬ ਨਾਲ 14 ਦਿਨਾਂ ਦਾ ਸਮਾਂ
"ਮਾਹੁ ਪਖੁ ਕਿਹੁ ਚਲੈ ਨਾਹੀ, ਘੜੀ ਮੁਹਤੁ ਕਿਛੁ ਹੰਢੈ।"
– ਰਾਮ ੩, ਵਾਰ ੧੯ਸ, ੧, ੧:੬ (955)
(3) ਤਰਫਦਾਰੀ, ਸਹਾਇਤਾ
"ਜਿਨ ਕਾ ਪਖੁ ਕਰਹਿ ਤੂ ਸੁਆਮੀ ਤਿਨ ਕੀ ਊਪਰਿ ਗਲ ਤੁਧੁ ਆਣੀ ਹੇ।"
– ਮਾਰੂ ੪, ਸੋਲਾ ੨, ੧੪:੩ (1071)

ਪਖੇ ------- ਪਖਾਲੇ, ਧੋਤੇ

"ਗੁਰ ਪਰਸਾਦੀ ਹਰਿ ਨਾਮੁ ਧਿਆਇਓ ਹਮ ਸਤਿਗੁਰ ਚਰਨ ਪਖੇ।"
– ਨਟ ੪, ੩, ੧*:੨ (976)

ਪੰਖੇਰੂ ------ ਪੰਛੀ
"ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ।"
– ਮਾਝ ੧, ਵਾਰ ੨੧ਸ, ੧, ੨:੧ (147)

ਪਗ ------- (1) ਪੈਰ, ਚਰਨ
"ਸਤਿਗੁਰ ਪਗ ਧੂਰਿ ਜਿਨਾ ਮੁਖਿ ਲਾਈ।"
– ਗਉ ੪, ੪੩, ੩:੧ (165)

(2) ਪਗੜੀ, ਦਸਤਾਰ
"ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ।"
– ਸਲੋ ਫਰ, ੨੬:੧ (1379)

ਪਗਹ ------ ਪੈਰਾਂ
"ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।"
– ਮਾਰੂ ੫, ੧੪, ੧:੨ (1002)

ਹੋਰ ਰੂਪ:

ਪਗਹੁ –
"ਦਾਰਾ ਸੁਖ ਭਇਓ ਦੀਨੁ ਪਗਹੁ ਪਰੀ ਬੇਰੀ।" (ਪੈਰਾਂ ਵਿਚ)
– ਜੈਜਾ ੯, ੩, ੧:੨ (1352)

ਪਗਰਉ ---- ਪਕੜਾ, ਧਾਰਨ ਕਰਾਂ, ਗ੍ਰਹਿਣ ਕਰਾਂ
"ਪੰਚਾ ਤੇ ਏਕੁ ਛੂਟਾ ਜਉ ਸਾਧ ਸੰਗਿ ਪਗਰਉ।"
– ਸਾਰ ੫, ੧੩੫, ੧*:੨ (1230)

ਪਗਰਾਲ ---- ਚਰਨ ਧੂੜ
"ਮੋ ਕੋ ਦੀਜੈ ਦਾਨੁ ਪ੍ਰਭ ਸੰਤਨ ਪਗਰਾਲ।"
– ਬਿਲਾ ੫, ੪੧, ੨:੨ (811)

ਪਗਰੀ ----- (1) ਪਗੜੀ, ਪਗ, ਦਸਤਾਰ
"ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ।"
– ਤਿਲਾ ਨਾਮ, ੩, ੧:੧ (727)

(2) ਪਗ (ਚਰਨਾਂ) ਦੀ
"ਸੰਧਿਕ ਤੋਹਿ ਸਾਧ ਨਹੀ ਕਹੀਅਉ ਸਰਨਿ ਪਰੇ ਤੁਮਰੀ ਪਗਰੀ।"
– ਬਿਲਾ ਕਬ, ੬, ੨:੧ (856)

(3) ਪਗੜੀ, ਧਾਰਨ ਕੀਤੀ
"ਸੀਲੁ ਧਰਮੁ ਜਪੁ ਭਗਤਿ ਨ ਕੀਨੀ ਹਮ ਅਭਿਮਾਨ ਟੇਢ ਪਗਰੀ।"
– ਬਿਲਾ ਕਬ, ੬, ੧*:੨ (856)

ਪਗਰੇਣੁ ---- ਚਰਨ ਧੂੜੀ
"ਜਨ ਪਗਰੇਣੁ ਵਡਭਾਗੀ ਪਾਵੈ।"
– ਗਉ ੪, ੪੦, ੩:੩ (164)

ਪਗਾ ------ **ਪੈਰਾਂ ਦੇ**
"ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ।"
– ਗਉ ੩, ੩੫, ੧:੨ (162)

ਪਗਿ ------ **ਪੈਰ ਦੇ**
"ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ।"
– ਸਿਰੀ ੩, ੩੭, ੪:੨ (28)
"ਜਨੁ ਨਾਨਕੁ ਤਿਸੁ ਪਗਿ ਲਾਵਨੋ।" (ਪੈਰੀਂ)
– ਬਿਲਾ ੪, ੭, ੨:੬ (801)
"ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ।" (ਚਰਨੀ)
– ਭੈਰ ੪, ੧, ੧*:੧ (1134)

ਹੋਰ ਰੂਪ:

ਪਗੀ –
"ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ।" (ਪੈਰੀਂ, ਚਰਨੀ)
– ਵਡ ੪, ਵਾਰ ੩:੪ (586)

ਪਗੀਂ –
"ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗ ਧਿਆਵੈਗੋ।" (ਚਰਨੀਂ)
– ਕਾਨ ੪, ਅਸ ੨, ੭:੧ (1309)

ਪਗੁ –
"ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ।" (ਪੈਰ)
– ਆਸਾ ੧, ਸੋਪੁ ੩, ੧:੨ (12)

ਪੰਗੁ ------- **ਪਿੰਗਲਾ**
"ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ।"
– ਬਸੰ ਰਾਮਾ, ੧, ੧*:੨ (1195)

ਪਗੇ ------- **ਪੈਰਾਂ ਦੀ**
"ਭਵਨ ਭਵਨ ਪਵਿਤ੍ਰ ਸਭਿ ਕੀਏ ਜਹ ਧੂਰਿ ਪਰੀ ਜਨ ਪਗੇ।"
– ਨਟ ੪, ੪, ੩:੨ (976)

ਪੰਙੁ ------- **ਚਿਕੜ**
"ਗੁਰਿ ਅੰਮ੍ਰਿਤ ਸਰਿ ਨਵਲਾਇਆ ਸਭਿ ਲਾਥੇ ਕਿਲਵਿਖ ਪੰਙੁ।"
– ਸੂਹੀ ੪, ੩, ੩:੨ (732)

ਪੰਚ ------- **(1) ਗੁਰਮੁਖ, ਸੰਤ, ਪਹੁੰਚੇ ਹੋਏ**
"ਪੰਚ ਪਰਵਾਣ ਪੰਚ ਪਰਧਾਨ।"
– ਜਪੁ ੧, ੧੬:੧ (3)
"ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ।" (ਸੰਤ ਜਨ)
– ਸੂਹੀ ੧, ਛੰਤ ੨, ੧:੩ (764)

(2) ਗਿਣਤੀ ਦੀ ਇਕ ਇਕਾਈ, ਇਕ ਜਮਾ ਚਾਰ
"ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ।"

– ਸਿਰੀ ੧, ੧੫, ੪:੨ (19)

(3) ਪੰਜ ਗੁਣਾਂ ਵਾਲੇ ਪਦਾਰਥ

“ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ।” (ਪੰਜ ਕਾਮਾਦਿਕ)

– ਸਿਰੀ ਬੇਣੀ, ੧, ੨:੨ (93)

“ਪੰਚ ਦੂਤ ਮੁਹਹਿ ਸੰਸਾਰਾ।” (ਪੰਜ ਕਾਮਾਦਿਕ)

– ਮਾਝ ੩, ਅਸ ੭, ੨:੧ (113)

“ਪੰਚ ਵਸਹਿ ਮਿਲਿ ਜੋਤਿ ਅਪਾਰ।” (ਪੰਜ ਤਤ, ਪਉਣ, ਪਾਣੀ, ਅਗਨੀ ਆਦਿ)

– ਗਉ ੧, ੫, ੪:੨ (152)

“ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ।” (ਪੰਜ ਗਿਆਨ ਇੰਦਰੇ)

– ਗਉ ੫, ੧੨੨*, ੨:੨ (205)

“ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ।” (ਪੰਜ ਤਾਰਾਂ)

– ਆਸਾ ੪, ੬੨, ੨:੧ (368)

“ਪੰਚ ਆਏ ਪੰਚ ਰੁਸਾਏ।” (ਪਹਿਲੇ ਪੰਜ ਗੁਣ, ਦੂਜੇ ਪੰਜ ਗੁਣ ਔਗੁਣ ਵਿਕਾਰ)

– ਆਸਾ ੫, ਅਸ ੧, ੧:੧ (430)

“ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁਮਾਰੇ।” (ਭਾਵ ਪੰਜ ਸੰਬੰਧੀ – ਮਾਂ, ਪਿਉ, ਇਸਤ੍ਰੀ, ਪੁੱਤਰ, ਭਰਾ)

– ਵਡ ੧, ਅਲਾ ੩, ੬:੨ (580)

(4) ਚੌਧਰੀ, ਮੁਖੀ

“ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ।”

– ਗਉ ੪, ਵਾਰ ੩੦ਸ, ੪, ੧:੩ (315)

ਪਚਸੀ ----- ਤਬਾਹ, ਹੋਵੇਗਾ, ਮਿਟੇਗਾ, ਨਾਸ ਹੋਏਗਾ

“ਜੋ ਗਰਬੈ ਸੋ ਪਚਸੀ ਪਿਆਰੇ ਜਪਿ ਨਾਨਕ ਭਗਤਿ ਸਮਾਹਾ।”

– ਸੋਰ ੪, ੬, ੪:੩ (607)

ਪਚਹਿ ----- ਗਲਦੇ ਸੜਦੇ, ਮਿਟ ਜਾਂਦੇ, ਸਮਾ ਜਾਂਦੇ, ਨਾਸ ਹੁੰਦੇ, ਗਰਕ ਹੁੰਦੇ ਹਨ

“ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ।”

– ਸਿਰੀ ੩, ੫੬, ੪:੨ (36)

“ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ।” (ਭਾਵ ਭਟਕਦੇ ਫਿਰਦੇ ਹਨ)

– ਆਸਾ ੧, ਛੰਤ ੫, ੪:੪ (439)

“ਨਾਮੁ ਬਿਸਾਰਿ ਪਚਹਿ ਅਭਿਮਾਨੁ।” (ਸੜਦੇ ਹਨ)

– ਰਾਮ ੧, ਅਸ ੬, ੩:੨ (905)

ਪੰਚਹੁ ------ (1) ਹੇ ਪੰਚੋ/ਮੁੱਖੀਓ

“ਜੋ ਗੁਰ ਗੋਪੇ ਆਪਣਾ ਸੁ ਭਲਾ ਨਾਹੀ ਪੰਚਹੁ ਓਨਿ ਲਾਹਾ ਮੂਲੁ ਸਭੁ ਗਵਾਇਆ।”

– ਗਉ ੪, ਵਾਰ ੮ਸ, ੪, ੨:੬ (304)

(2) ਪੰਜਾਂ (ਕਾਮਾਦਿਕਾਂ) ਨੇ ਹੀ

“ਸੁੰਦਰ ਸੁਘਰ ਸਰੂਪ ਸਿਆਨੇ ਪੰਚਹੁ ਹੀ ਮੋਹਿ ਛਲੀ ਰੇ।”

– ਆਸਾ ੫, ੧੩੨, ੧:੨ (404)

ਪੰਚਜਨਾ ---- (1) ਪੰਜਾਂ ਤੋਂ ਭਾਵ ਕਾਮਾਦਿਕਾਂ
“ਪੰਜ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।”
– ਸੋਰ ੫, ਅਸ ੩, ੧:੨ (641)
“ਪੰਜ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ।”
– ਸਾਰ ੪, ੫, ੪:੧ (1200)
(2) ਦੋਸਤ, ਮਿੱਤਰ, ਸਾਥੀ
“ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ।”
– ਰਾਮ ਨਾਮ, ੧, ੧:੨ (972)

ਪੰਚ ਤਤ ---- ਪੌਣੀ, ਪਾਣੀ, ਧਰਤੀ, ਅਗਨੀ ਤੇ ਆਕਾਸ਼ ਸ੍ਰਿਸ਼ਟੀ/ਸਰੀਰ ਇੰਨਾਂ ਪੰਜਾਂ ਤੰਤਾਂ ਦੇ ਮੰਨੇ ਜਾਂਦੇ ਹਨ।
“ਪੰਚ ਤਤ ਮਿਲਿ ਭਇਓ ਸੰਜੋਗਾ ਇਨ ਮਹਿ ਕਵਨ ਦੁਰਾਤੇ।”
– ਮਾਰੂ ੫, ੪, ੨:੨ (999)

ਹੋਰ ਰੂਪ:

ਪੰਚ ਤਤੁ –
“ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ।”
– ਆਸਾ ਕਬ, ੭, ੨:੨ (477)
“ਹਰਿ ਆਪੇ ਪੰਚ ਤਤੁ ਬਿਸਥਾਰਾ।” (ਪੰਚ ਤੱਤਾਂ ਦੇ ਸਰੀਰ)
– ਬੈਰਾ ੪, ੩, ੨:੧ (720)

ਪੰਚ ਦੂਤ ---- ਪੰਜ ਕਾਮਾਦਿਕ
“ਪੰਚ ਦੂਤ ਰਚਿ ਸੰਗਤਿ ਗੋਸਟਿ ਮਤਵਾਰੋ ਮਦ ਮਾਇਓ।”
– ਟੋਡੀ ੫, ੩, ੪:੨ (712)

ਪਚੰਦੇ ------ ਸੜਦੇ, ਦੁਖ ਭੋਗਦੇ, ਤਬਾਹ ਹੁੰਦੇ
“ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ।”
– ਗਉ ੪, ਵਾਰ ੧੨:੮ (306)

ਪੰਚ ਧਾਤੁ --- ਪੰਚ ਤੱਤ
“ਪੰਚ ਧਾਤੁ ਕਰਿ ਪੁਤਲਾ ਕੀਆ।”
– ਮਾਰੂ ੫, ੩੧, ੧:੨ (1007)

ਪੰਚਨ ------ ਪੰਜਾਂ ਨੇ ਭਾਵ ਕਾਮਾਦਿਕਾਂ ਨੇ
“ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ।”
– ਜੈਤ ਰਵਿ, ੧, ੨:੧ (710)

ਪਚੰਨਿ ----- ਖੁਆਰ ਹੁੰਦੇ, ਭਟਕਦੇ ਫਿਰਦੇ
“ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ।”
– ਗਉ ੩, ਅਸ ੯, ੫:੨ (233)

ਪੰਚਭੂ ------ ਭੂਤਾਂ ਦੇ ਸੂਖਮ ਤਤ ਤੋਂ ਬਣਿਆ ਅੰਤਹਕਰਣ, ਮਨ

“ਊਂਧਉ ਖਪਰੁ ਪੰਚਭੂ ਟੋਪੀ।”
– ਰਾਮ ੧, ਸਿਗੋ ੧੧:੧ (939)

“ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ।”
– ਗੂਜ ੩, ੮, ੨:੨ (491)

ਪੰਚਮ ------ ਪੰਜਵੀ
“ਪੰਚਮ ਹਰਖ ਦਿਸਾਖ ਸੁਨਾਵਹਿ।”
– ਰਾਮ ੧:੯ (1429)

ਪੰਚਮਿ ----- ਪੰਜਵੀਂ, ਥਿਤ ਦੁਆਰਾ
“ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚੁ।”
– ਗਉ ੫, ਥਿਤੀ ੫:੧ (297)

ਹੋਰ ਰੂਪ:

ਪੰਚਮੀ –
“ਪੰਚਮੀ ਪੰਚ ਦੂਤ ਬੇਤਾਲਾ।” (ਪੰਜਵੀਂ ਥਿਤ ਦੁਆਰਾ)
– ਬਿਲਾ ੧, ਥਿਤੀ ੬:੧ (839)

ਪਚਾ ------ ਸੜਿਆ, ਖਪ ਗਿਆ
“ਜਮ ਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ।”
– ਮਾਰੂ ੫, ਵਾਰ ੧੫:੭ (1099)

ਪੰਚਾ ------ (1) ਗੁਰਮੁਖ
“ਪੰਚਾ ਕਾ ਗੁਰੁ ਏਕੁ ਧਿਆਨੁ।”
– ਜਪੁ ੧, ੧੬:੪ (3)

(2) ਪੰਜੇ ਵਿਕਾਰ ਭਾਵ ਕਾਮਾਦਿਕ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ
“ਸੰਤ ਸੁਪ੍ਰਸੰਨ ਆਏ ਵਸਿ ਪੰਚਾ।”
– ਗਉ ੫, ੧੧੫, ੩:੧ (189)

(3) ਮੁਖੀ, ਚੌਧਰੀ, ਪੰਚਾਇਤ ਦੇ ਮੈਂਬਰਾਂ ਭਾਵ ਪੰਚਾਇਤ
“ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ।”
– ਗਉ ੪, ਵਾਰ ੩੦, ੪, ੧:੮ (315)

ਪਚਾਇ ----- ਖੁਆਰ ਹੋਣਾ, ਖਪਣਾ, ਨਾਸ ਹੋਣਾ
“ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ।”
– ਸਿਰੀ ੧, ੨੨, ੩:੨ (22)

“ਬਿਸਟਾ ਕਾ ਕੀੜਾ ਬਿਸਟਾ ਮਾਹਿ ਪਚਾਇ।”
– ਆਸਾ ੩, ੪੪, ੨:੪ (362)

ਹੋਰ ਰੂਪ:

ਪਚਾਇਆ –
“ਕੋਈ ਨਿੰਦਕੁ ਵਡਿਆਈ ਦੇਖਿ ਨ ਸਕੈ ਸੋ ਕਰਤੈ ਆਪਿ ਪਚਾਇਆ।”
(ਸਾੜਿਆ, ਗਾਲਿਆ)
– ਗਉ ੪, ਵਾਰ ੧੦ਸ, ੪, ੨:੭ (305)

"ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੋ ਸਾਚੈ ਮਾਰਿ ਪਚਾਇਆ।" (ਸਾੜਿਆ, ਤਬਾਹ ਕੀਤਾ)
– ਗਉ ੫, ਵਾਰ ੧੨ਸ, ੪, ੧:੮ (306)

ਪੰਚਾਇਣ --- (1) ਪੰਜ ਗੁਣ (ਸਤ, ਸੰਤੋਖ, ਦਇਆ, ਧਰਮ ਤੇ ਧੀਰਜ)
"ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣੁ ਰਤੁ।"
– ਮਾਰੂ ੧, ੧੦, ੧:੪ (994)

ਪੰਚਾਇਣਿ --- ਪੈਂਚਣ, ਪ੍ਰਧਾਨ, ਮੁਖ ਪੰਚ
"ਤਸਕਰ ਮਾਰਿ ਵਸੀ ਪੰਚਾਇਣਿ ਅਦਲੁ ਕਰੇ ਵੀਚਾਰੇ।"
– ਸੂਹੀ ੧, ਛੰਤ ੩, ੨:੫ (765)

ਪੰਚਾਇਣੁ --- ਪੰਜਵਾਂ
"ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਆਪੇ ਹੋਆ।"
– ਰਾਮ ਬਸ, ਵਾਰ ੮:੧ (968)

ਪਚਾਈ ----- ਨਾਸ਼ ਕੀਤਾ
"ਜੋ ਦਾਸ ਤੇਰੇ ਕੀ ਨਿੰਦਾ ਕਰੇ ਤਿਸੁ ਮਾਰਿ ਪਚਾਈ।"
– ਗੂਜ ੩, ਵਾਰ ੨੧:੪ (517)

ਹੋਰ ਰੂਪ:

ਪਚਾਏ –
"ਦੁਸਟ ਅਹੰਕਾਰੀ ਮਾਰਿ ਪਚਾਏ।" (ਸਾੜੇ, ਨਾਸ਼ ਕੀਤਾ)
– ਗੋਂਡ ੫, ਅਸ ੧, ੨:੨ (869)

ਪਚਾਸ ----- ਪੰਜਾਹ, ਗਿਣਤੀ ਦੀ ਇਕ ਇਕਾਈ
"ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ।"
– ਮਾਝ ੧, ਵਾਰ ੧੨ਸ, ੧, ੧:੫ (143)

ਹੋਰ ਰੂਪ:-

ਪਚਾਸਾ –
"ਅਭੂਲੁ ਨ ਭੂਲੈ ਲਿਖਿਓ ਨ ਚਲਾਵੈ ਮਤਾ ਨ ਕਰੈ ਪਚਾਸਾ।" (ਪੰਜਾਹ)
– ਸਾਰ ੫, ੩੮, ੧:੧ (1212)

ਪੰਚਾਸਾ –
"ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ।" (ਪੰਜਾਹ)
– ਪ੍ਰਭਾ ੧, ੩, ੨:੨ (1328)

ਪਚਾਸੀ ----- ਅਸੀ – 5, ਗਿਣਤੀ ਦੀ ਇਕ ਇਕਾਈ
"ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠਾ ਕਾ ਬੋਢੇਪਾ ਆਵੈ।"
– ਮਾਝ ੧, ਵਾਰ ੧ਸ, ੧, ੩:੨ (138)

ਪੰਚਾਹਰੁ ---- ਪੰਜਾਂ (ਇੰਦ੍ਰੀਆਂ) ਨੂੰ ਹਰਨ ਵਾਲੇ (ਵਿਸ਼ੇ)
"ਪੰਚਾਹਰੁ ਨਿਦਲਿਅਉ ਸੁੰਨ ਸਹਜਿ ਨਿਜਘਰਿ ਸਹਾਰ੍ਹਉ।"
– ਸਵ ੫, ਕਲ ੯:੨ (1408)

ਪਚਾਹਾ ----- ਪਚਾਇਆ, ਨਾਸ ਕੀਤਾ
“ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ।”
– ਸੋਰ ੪, ੬, ੨:੩ (606)

ਪਚਾਹਿ ----- ਖੁਆਰ ਹੁੰਦੇ ਹਨ
“ਜਮ ਦਰਿ ਬਧੇ ਮਾਰੀਅਹਿ ਫਿਰਿ ਵਿਸਟਾ ਮਾਹਿ ਪਚਾਹਿ।”
– ਸੋਰ ੪, ਵਾਰ ੧੫ਸ, ੩, ੧:੨ (648)

ਪਚਾਹੀ ----- ਸੜੇ, ਨਾਸ ਹੋਏ
“ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ।”
– ਰਾਮ ਕਬ, ੩, ੪:੨ (969)

ਪੰਚਾਕਾਰੀ --- ਪੰਜਾਂ ਦੀ ਕੌਂਸਲ ਬਣਾਨ ਵਾਲਾ
“ਆਪੇ ਰਾਜਨੁ ਪੰਚਾਕਾਰੀ।”
– ਮਾਰੂ ੧, ਸੋਲਾ ੨, ੧੦:੨ (1022)

ਪਚਾਨੁ ----- ਖੁਰਾਕ, ਪਚਨਸ਼ੀਲ
“ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ।”
– ਸਿਰੀ ੧, ੧੯, ੩:੧ (21)

ਪਚਾਨੇ ----- ਸੜ ਗਏ
“ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ।”
– ਗਉ ੪, ੫੬, ੩:੨ (170)

ਪਚਾਰਾ ----- ਪਤਿਆਉਣ ਦਾ ਕੰਮ, ਪਰਚਾਉਣਾ
“ਲੋਕ ਪਚਾਰਾ ਕਰੈ ਦਿਨੁ ਰਾਤਿ।”
– ਗਉ ੫, ਸੁਖ ੪, ੫:੨ (267)

ਪਚਾਰੀਐ --- ਪ੍ਰਸਿਧ ਹੁੰਦਾ, ਵਜਦਾ ਹੈ
“ਜੇਹਾ ਘਾਲੇ ਘਾਲਣਾ ਤੇਵੇ ਹੋ ਨਾਉ ਪਚਾਰੀਐ।”
– ਆਸਾ ੧, ਵਾਰ ੧੨:੨ (469)

ਪਚਾਰੈ ----- ਪਰਚਾਉਣ ਨਾਲ, ਤਸੱਲੀ ਕੀਤਿਆ
“ਲੋਕ ਪਚਾਰੈ ਗਤਿ ਨਹੀ ਹੋਇ।”
– ਰਾਮ ੫, ੨੪, ੨:੩ (890)

ਪੰਚਾਲੀ ----- ਪੰਚਾਲ ਦੇਸ ਦੀ (ਸ਼ਹਿਜ਼ਾਦੀ, ਦਰੋਪਦੀ)
“ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿਆਈ।”
– ਮਾਰੂ ੯, ੧, ੧:੧ (1008)

ਪਚਾਵਣਿਆ – ਸੜਦਾ/ਖਪਦਾ ਹੈ
“ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ।”
– ਮਾਝ ੩, ਅਸ ੪, ੪:੩ (111)
“ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਚ ਦੂਤ ਸਬਦਿ ਪਚਾਵਣਿਆ।” (ਨਾਸ ਕਰੇ)

– ਮਾਝ ੩, ਅਸ ੭, ੨:੩ (113)

ਪਚਾਵੈ ----- ਸੜਦਾ/ਖੁਆਰ ਹੁੰਦਾ ਹੈ

"ਈਹਾ ਸੁਖੁ ਨਹੀ ਦਰਗਹ ਢੋਈ ਜਮਪੁਰਿ ਜਾਇ ਪਚਾਵੈ।"

– ਆਸਾ ੫, ੪੧, ੧:੨ (380)

ਪਚਿ ------ (1) ਖਪ ਕੇ, ਸੜ ਕੇ, ਖੁਆਰ ਹੋ ਕੇ

"ਦੁਬਿਧਾ ਲਾਗੇ ਪਚਿ ਮਏ ਅੰਤਰਿ ਤ੍ਰਿਸਨਾ ਅਗਿ।"

– ਸਿਰੀ ੧, ੧੪, ੨:੨ (19)

"ਪਚਿ ਪਚਿ ਮੁਏ ਬਿਖੁ ਦੇਖਿ ਪਤੰਗਾ।" (ਸੜ ਮੋਏ)

– ਆਸਾ ੪, ੫੮, ੩:੨ (367)

"ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।" (ਖੁਆਰ ਹੋ ਕੇ)

– ਸਲੋ ਕਬ, ੨੩੭:੨ (1377)

ਹੋਰ ਰੂਪ:

ਪਚਿਆ –

"ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ।" (ਸੜਿਆ)

– ਬਿਲਾ ੫, ੧੦੪, ੧:੨ (825)

"ਮਲੇਛੁ ਪਾਪੀ ਪਚਿਆ ਭਇਆ ਨਿਰਾਸੁ।" (ਗਰਕ ਹੋਇਆ)

– ਭੈਰ ੫, ੯, ੪:੨ (1138)

(2) ਪੋਚ ਕੇ ਭਾਵ ਸਵਾਰ ਬਣਾ ਕੇ

"ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।"

– ਸੋਰ ੯, ੮, ੧:੧ (633)

ਪਚਿਹਾਰੀ --- ਖਪ ਖਪ ਕੇ ਹਾਰ ਗਏ

"ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ।"

– ਆਸਾ ਕਬ, ੮, ੪:੨ (477)

ਹੋਰ ਰੂਪ:

ਪਚਿਹਾਰੇ –

"ਜੋਗੀ ਜਤੀ ਤਪੀ ਪਚਿਹਾਰੇ ਅਰੁ ਬਹੁ ਲੋਗੁ ਸਿਆਨੇ।" (ਖਪ ਕੇ ਹਾਰ ਗਏ)

– ਬਿਹਾ ੯, ੨, ੧*:੨ (537)

ਪਚੀਐ ----- ਖੁਆਰ ਹੋਈਦਾ ਹੈ

"ਵਿਣੁ ਨਾਵੈ ਵੇਕਾਰਿ ਭਰਮੇ ਪਚੀਐ।"

– ਮਾਝ ੧, ਵਾਰ ੯:੪ (142)

"ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ।" (ਸੜੀਦਾ ਹੈ)

– ਪ੍ਰਭਾ ੧, ਅਸ ੪, ੭:੨ (1344)

ਪਚੀਸ ----- ਪੰਝੀ (ਗੁਣ, ਪ੍ਰਕ੍ਰਿਤੀਆਂ), ਪੰਜ ਤੱਤਾਂ ਦੇ ਗੁਣ

"ਪਾਂਚ ਪਚੀਸ ਮੋਹਾ ਮਦ ਮਤਸਰ ਆਡੀ ਪਰਬਲ ਮਾਇਆ।"

– ਭੈਰ ਕਬ, ੧੭, ੧:੧ (1161)

ਪਚੀਸਕ ---- ਪੰਝੀਆਂ ਦਾ ਭਾਵ ਸਾਰਿਆਂ ਤੱਤਾਂ, ਗੁਣਾਂ ਦਾ

"ਬਰਧ ਪਚੀਸਕ ਸੰਗੁ ਕਾਚ।"

– ਬਸੰ ਕਬ, ੬, ੧:੨ (1194)

ਪਚੀਜੈ ----- ਸੜ ਜਾਂਦੇ, ਖਪ ਜਾਂਦੇ ਹਨ

"ਮਾਇਆ ਮਾਇਆ ਕੇ ਜੋ ਅਧਿਕਾਈ ਵਿਚਿ ਮਾਇਆ ਪਚੈ ਪਚੀਜੈ।"

– ਕਲਿ ੪, ਅਸ ੬, ੭:੧ (1326)

ਪਚੇ ------- (1) ਸੜੇ, ਗਰਕ ਹੋਏ

"ਮੋਹਿ ਪਚੇ ਪਚਿ ਅੰਧਾ ਮੂਆ।"

– ਆਸਾ ੫, ੮੬, ੩:੪ (392)

"ਨਿੰਦਕ ਨਿੰਦਾ ਕਰਿ ਪਚੇ ਜਮਕਾਲਿ ਗ੍ਰਸੀਏ।"

– ਬਿਲਾ ੫, ੫੬, ੧*:੨ (815)

(2) ਖਪ ਗਏ

"ਡਰਿ ਡਰਿ ਪਚੇ ਮਨਮੁਖ ਵੇਚਾਰੇ।"

– ਧਨਾ ੫, ੨੪, ੧*:੨ (677)

ਪੰਚੇ ------- (1) ਗੁਰਮੁਖ

"ਪੰਚੇ ਪਾਵਹਿ ਦਰਗਹਿ ਮਾਨੁ।"

– ਜਪੁ ੧, ੧੬:੨ (3)

(2) ਪੰਜੇ (ਗਿਆਨ ਇੰਦਰੇ) ਹੀ

"ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ।"

– ਸਿਰੀ ੧, ੧੪, ੧:੩ (19)

"ਜੋ ਹਰਿ ਨਾਮੁ ਧਿਆਇਦੇ ਮੇਰੀ ਜਿੰਦੜੀਏ ਤਿਨਾ ਪੰਚੇ ਵਸਗਤਿ ਆਏ ਰਾਮ।" (ਪੰਜਾਂ ਕਾਮਾਦਿਕ)

– ਬਿਹਾ ੪, ਛੰਤ ੩, ੨:੧ (539)

"ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ।" (ਸਤ, ਸੰਤੋਖ, ਦਇਆ, ਧਰਮ ਧੀਰਜ ਦੇ ਸਤੋ ਗੁਣ)

– ਮਲਾ ੧, ਵਾਰ ੨੭ਸ, ੧, ੧:੯ (1291)

"ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦ ਵਜਿਆ।" (ਪੰਜ ਤਰ੍ਹਾਂ ਦੇ ਵਾਜੇ ਤਾਰ, ਚੰਮ, ਧਾਤ, ਘੜੇ ਤੇ ਫੂਕ ਵਾਲੇ ਜੰਤਰ)

– ਕਾਨ ੪, ਵਾਰ ੭:੧ (1315)

ਪਚੈ ------- (1) ਪਚਦੀ/ਹਜ਼ਮ ਹੁੰਦੀ ਹੈ

"ਕੂਕਰ ਕੂੜੁ ਕਮਾਈਐ ਗੁਰ ਨਿੰਦਾ ਪਚੈ ਪਚਾਨੁ।"

– ਸਿਰੀ ੧, ੧੯, ੩:੧ (21)

(2) ਖੁਆਰ ਹੁੰਦੇ ਹਨ

"ਜਿਸ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ।"

– ਸਿਰੀ ੧, ੨੨, ੩:੨ (22)

(3) ਖਪੇ, ਮਿਟੇ, ਨਾਸ ਹੋਏ

"ਉਪਜੈ ਪਚੈ ਹਰਿ ਬੂਝੈ ਨਾਹੀ।"

– ਮਾਝ ੩, ਅਸ ੩੦, ੬:੧ (127)

"ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ।" (ਸੜਦਾ, ਗਲਦਾ ਹੈ)

– ਭੈਰ ੫, ੫੩, ੧:੪ (1151)

ਪੰਚੈ ------- ਪੰਜੇ (ਕਾਮਾਦਿਕ) ਹੀ
"ਭਾਪਿ ਨੇ ਪੰਚੈ ਹੋਇ ਸਬੂਰੀ।"
– ਭੈਰ ਕਬ, ੪, ੨:੨ (1158)

ਪਛਮ ------ ਇਕ ਦਿਸ਼ਾ, ਪੂਰਬ ਦੇ ਉਲਟ ਦੀ ਦਿਸ਼ਾ
"ਜਿਧਰ ਸੂਰਜ ਅਸਤ ਹੁੰਦਾ ਹੈ, ਲਹਿੰਦੀ ਦਿਸ਼ਾ
"ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।"
– ਗੂਜ ੫, ੫, ੧:੧ (496)

ਹੋਰ ਰੂਪ:

ਪਛਮਿ –
"ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ।" (ਲਹਿੰਦੇ ਵਲ)
– ਆਸਾ ੪, ਛੰਤ ੮, ੨:੪ (442)

ਪਛਾ ------ ਪਿਛਲਾ/ਪਿਛਲੀ
"ਪਹਿਲੈ ਪਹਰੈ ਫੁਲੜਾ ਫੁਲ ਭੀ ਪਛਾ ਰਾਤਿ।"
– ਸਲੋ ਫਰ, ੧੧੨:੧ (1384)

ਪਛਾਣਈ --- ਪਛਾਣਦਾ, ਸਿਆਣਦਾ
"ਮਨਮੁਖਿ ਕੰਤੁ ਨ ਪਛਾਣਈ ਤਿਨ ਕਿਉ ਰੈਣਿ ਵਿਹਾਇ।"
– ਸਿਰੀ ੩, ੬੧, ੨:੧ (38)
"ਸੋ ਕਹੀਐ ਦੇਵਾਨਾ ਆਪੁ ਨ ਪਛਾਣਈ।" (ਪਛਾਣਦਾ ਭਾਵ ਸਮਝਦਾ)
– ਮਾਝ ੧, ਵਾਰ ੯:੨ (142)

ਪਛਾਣਏ ---- ਪਛਾਣਦਾ ਭਾਵ ਜਾਣਦਾ ਹੈ, ਦਾ ਗਿਆਤਾ ਹੈ
"ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈ ਲੋਕ ਨਾਥੁ ਪਛਾਣਏ।"
– ਬਿਲਾ ੧, ਛੰਤ ੨, ੪:੩ (844)

ਪਛਾਣਸਿ --- ਪਛਾਣਦਾ ਹੈ, ਭਾਵ ਸਮਝਦਾ ਹੈ
"ਅਵਰੁ ਨ ਜਾਣਸਿ ਸਬਦ ਪਛਾਣਸਿ ਅੰਤਰਿ ਜਾਣਿ ਪਛਾਤਾ।"
– ਭੈਰ ੧, ੬, ੧:੨ (1126)

ਪਛਾਣਸੀ --- ਪਛਾਣ ਲਏਗਾ
"ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਸੁ ਪਾਸਿ।"
– ਸਿਰੀ ੧, ੧੧, ੪:੨ (18)

ਪਛਾਣਹਿ ---- ਪਛਾਣੇ, ਸਿੰਞਾਣੇ, ਭਾਵ ਸਮਝੇ
"ਖਸਮੁ ਪਛਾਣਹਿ ਆਪਣਾ ਤਨੁ ਮਨੁ ਆਗੈ ਦੇਇ।"
– ਸਿਰੀ ੩, ੬੧, ੪:੨ (38)

ਹੋਰ ਰੂਪ:

ਪਛਾਣਹੀ –

"ਆਪਣਾ ਪਿਰੁ ਨ ਪਛਾਣਹੀ ਕਿਆ ਮੁਹੁ ਦੇਸਹਿ ਜਾਇ।" (ਜਾਣਨਾ)
– ਸਿਰੀ ੩, ੬੧, ੧:੨ (37)

ਪਛਾਣਹੁ –
"ਗੁਰ ਸਬਦੀ ਹਰਿ ਅੰਤਰਿ ਪਛਾਣਹੁ।" (ਜਾਣੋ, ਪਛਾਣੋ, ਸਮਝੋ)
– ਮਾਝ ੩, ਅਸ ੧੨, ੮:੨ (116)

ਪਛਾਣਹੁ –
"ਰੋਵਹੁ ਸਚੁ ਸਲਾਹਿ ਹੁਕਮੁ ਪਛਾਣਹੁ।" (ਸਮਝੋ, ਜਾਣੋ ਭਾਵ ਮੰਨੋ)
– ਆਸਾ ੧, ਅਸ ੧੬, ੩:੨ (419)

ਪਛਾਣਹੇ –
"ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ।" (ਸਮਝੇ, ਜਾਣੇ
– ਤੁਖਾ ੧, ਛੰਤ ੬, ੪:੩ (1113)

ਪਛਾਣਦਾ --- **ਜਾਣਦਾ**
"ਹਉ ਗੁਰ ਮਿਲਿ ਇਕੁ ਪਛਾਣਦਾ।"
– ਸਿਰੀ ੫, ਅਸ ੨੯, ੩:੧ (73)

ਪਛਾਣੰਦੋ ---- **ਸਮਝਦਾ, ਜਾਣਦਾ**
"ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ।"
– ਮਾਰੂ ੫, ਵਾਰ ੧੫ਸ, ੫, ੧:੧ (1099)

ਪਛਾਣਨਿ --- **ਜਾਣਨ, ਸਮਝਣ**
"ਮੂਲੁ ਪਛਾਣਨਿ ਤਿਨ ਨਿਜ ਘਰਿ ਵਾਸਾ ਸਹਜੇ ਹੀ ਸੁਖੁ ਹੋਈ।"
– ਪ੍ਰਭਾ ੩, ੫, ੨:੧ (1334)

ਹੋਰ ਰੂਪ:

ਪਛਾਣਨੀ –
"ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ।" (ਜਾਣਦੇ, ਸਮਝਦੇ)
– ਮਾਰੂ ੩, ਵਾਰ ੯:੨ (1089)

ਪਛਾਣਾ ----- **ਜਾਣਿਆ, ਲਖਿਆ**
"ਗੁਰੁ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ।"
– ਸਿਰੀ ੫, ੯੭, ੪:੨ (52)

"ਸਾਧ ਕੈ ਸੰਗਿ ਪਾਰਬ੍ਰਹਮ ਪਛਾਣਾ।" (ਪਛਾਣੀਦਾ ਹੈ)
– ਗਉ ੫, ੯੩, ੨:੪ (183)

ਪਛਾਣਿ ----- **ਜਾਣ ਕੇ, ਲਖ ਕੇ, ਸਮਝਕੇ**
"ਹੁਕਮੁ ਪਛਾਣਿ ਤਾ ਖਸਮੈ ਮਿਲਣਾ।"
– ਸਿਰੀ ਕਬ, ੧, ੩*:੨ (92)

"ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ।" (ਪਛਾਣ ਕੇ ਭਾਵ ਵਰਤ ਕੇ)
– ਸੋਰ ੫, ੪੪, ੧:੧ (619)

"ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ।" (ਸਿਞਾਣ, ਜਾਣ)
– ਰਾਮ ੩, ਵਾਰ ੧੬ਸ, ੨, ੨:੪ (954)

ਹੋਰ ਰੂਪ:

ਪਛਾਣਿਓ –
“ਸਚਾ ਸਬਦੁ ਨ ਪਛਾਣਿਓ ਸੁਪਨਾ ਗਇਆ ਵਿਹਾਇ।” (ਪਛਾਣਿਆ, ਜਾਣਿਆ)
– ਸਿਰੀ ੩, ੫੪, ੩:੨ (34)

ਪਛਾਣਿਆ –
“ਗੁਰਮਤਿ ਜਿਨੀ ਪਛਾਣਿਆ ਸੇ ਦੇਖਹਿ ਸਦਾ ਹਦੂਰਿ।” (ਜਾਣਿਆ, ਸਮਝਿਆ)
– ਸਿਰੀ ੩, ੩੭, ੨:੨ (27)

ਪਛਾਣੀ –
“ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ।” (ਜਾਣਿਆ, ਲਖਿਆ)
– ਸਿਰੀ ੩, ਅਸ ੨੪, ੬:੧ (69)

“ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ।” (ਪਛਾਣਦੇ, ਭਾਵ ਮੰਨਦੇ)
–ਵਡ ੧, ਛੰਤ ੨, ੩:੬ (566)

“ਅੰਮ੍ਰਿਤੁ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ।” (ਪਛਾਣੀਦੀ ਹੈ)
–ਭੈਰ ੧, ਅਸ ੧, ੧:੨ (1153)

ਪਛਾਣੀਐ –
“ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ।” (ਜਾਣੀਐ, ਲਖੀਐ)
– ਸਿਰੀ ੧, ੧੨, ੩:੩ (18)

ਪਛਾਣੁ ----- **ਜਾਣ, ਲਖ, ਸਮਝ**
“ਸਾਕਤ ਨਿਰਗੁਣਿਆਰਿਆ ਆਪਣਾ ਮੂਲੁ ਪਛਾਣੁ।”
– ਸਿਰੀ ੧, ਅਸ ੧੫, ੫:੧ (63)

“ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ।” (ਸਮਝ)
–ਸਿਰੀ ੪, ਪਹ ੨, ੪:੬ (76)

“ਗੁਰ ਕੈ ਸਬਦਿ ਅੰਤਰਿ ਬ੍ਰਹਮੁ ਪਛਾਣੁ।” (ਪਛਾਣੋ, ਬਲਖੋ)
–ਆਸਾ ੩, ੫੧, ੨:੪ (364)

“ਆਵਣ ਜਾਣਾ ਸਬਦੁ ਪਛਾਣੁ।” (ਸਮਝ)
– ਮਾਰੂ ੩, ਸੋਲਾ ੧੫, ੧੩:੨ (1059)

ਪਛਾਣੂ ----- **(1) ਜਾਣਨ ਵਾਲਾ, ਪਛਾਣਨ ਵਾਲਾ, ਗਿਆਤਾ ਵਾਕਫ**
“ਇਕ ਪਛਾਣੂ ਜੀਅ ਕਾ ਇਕੋ ਰਖਣਹਾਰੁ।”
– ਸਿਰੀ ੫, ੭੯, ੧:੧ (45)

“ਜਾਣੁ ਵਸੰਦੋ ਮੰਝਿ ਪਛਾਣੂ ਕੋ ਹੇਕੜੋ।” (ਬੁਝਣਹਾਰ, ਜਾਣਨਹਾਰ)
– ਮਾਰੂ ੫, ਵਾਰ ੧੫ਸ, ੫, ੨:੧ (1099)

(2) ਮਿਤਰ, ਦੋਸਤ
“ਹਿਕਸ ਕੂੰ ਤੂ ਆਹਿ ਪਛਾਣੂ ਭੀ ਹਿਕੁ ਕਰਿ।”
– ਮਾਰੂ ੫, ਵਾਰ ੧੯ਸ, ੫, ੩:੧ (1101)

ਪਛਾਣੇ ----- **(1) ਵਿਚਾਰੇ, ਦ੍ਰਿਸ਼ਟੀ ਗੋਚਰ ਕੀਤੇ**
“ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਗਵਣ ਨ ਪਛਾਣੇ।”

– ਜੈਤ ੫, ਛੰਤ ੧, ੩:੪ (704)

(2) ਜਾਣੇ, ਲਖੇ, ਪਛਾਣ ਕੀਤੀ
"ਹਰਿ ਭਗਤਿ ਕਰਹਿ ਵਿਚਹੁ ਆਪੁ ਗਵਾਵਹਿ ਜਿਨ ਗੁਣ ਅਵਗਣ ਪਛਾਣੇ ਰਾਮ।"
– ਸੂਹੀ ੩, ਛੰਤ ੨, ੨:੨ (768)

ਹੋਰ ਰੂਪ:

ਪਛਾਣੈ –
"ਆਪੁ ਪਛਾਣੈ ਬੂਝੈ ਸੋਇ।" (ਲਖੇ, ਜਾਣੇ)
– ਸਿਰੀ ੧, ੩੦, ੪:੨ (25)
"ਬੁਰਾ ਭਲਾ ਨ ਪਛਾਣੈ ਪ੍ਰਾਣੀ ਆਗੈ ਪੰਥੁ ਕਰਾਰਾ।" (ਸਮਝੇ)
– ਸਿਰੀ ੫, ਪਹ ੪, ੨:੩ (77)
"ਰਸੀਆ ਹੋਵੈ ਮੁਸਕ ਕਾ ਤਬ ਫੂਲੁ ਪਛਾਣੈ।" (ਸ਼ਿਨਾਖਤ ਕਰਦਾ ਹੈ)
– ਤਿਲੰ ੧, ਅਸ ੧, ੯:੨ (725)
"ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿ ਪਾਏ।" (ਭਾਵ ਲਭ ਲੈਣਾ)
– ਸੂਹੀ ੩, ਛੰਤ ੪, ੩:੬ (770)

ਪਛਾਣੋਵਾ --- ਪਛਾਣੋ, ਜਾਣੋ, ਸਮਝੋ
"ਸਚੜਾ ਦੂਰਿ ਨ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ।"
– ਵਡ ੧, ਅਲਾ ੪, ੧:੨ (581)

ਪਛਾਤਾ ----- ਪਛਾਣਿਆ, ਜਾਣਿਆ, ਸਮਝਿਆ
"ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸਬਦਿ ਪਛਾਤਾ।"
– ਸਿਰੀ ੨, ਅਸ ੨੨, ੮:੩ (68)

ਪਛਾਤੀ ----- ਪਹਿਚਾਣੀ, ਜਾਣੀ, ਲਖੀ
"ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ।"
– ਭੈਰ ੩, ਅਸ ੨, ੭:੨ (1155)

ਪਛਾਨ ----- ਪਹਿਚਾਣ, ਜਾਣ, ਲਖ
"ਨਾਨਕ ਗੁਰਮੁਖਿ ਬ੍ਰਹਮੁ ਪਛਾਨ।"
– ਗਉ ੫, ਥਿਤੀ ੧੪:੮ (299)

ਪਛਾਨਉ ---- ਵੇਖਦੇ ਹੋ, ਦ੍ਰਿਸ਼ਟਮਾਨ ਕਰਦੇ ਹੋ
"ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ।"
– ਧਨਾ ੯, ੩, ੧*:੨ (685)

ਪਛਾਨਈ ---- ਪਛਾਣਦਾ ਹੈ, ਸਮਝਦਾ ਹੈ
"ਬਿਨਵੰਤਿ ਨਾਨਕ ਕਰਹੁ ਕਿਰਪਾ ਸੋਇ ਤੁਝਹਿ ਪਛਾਨਈ।"
– ਰਾਮ ੫, ਛੰਤ ੨, ੩:੬ (925)

ਹੋਰ ਰੂਪ:

ਪਛਾਨਹਿ –
"ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ।" (ਪਹਿਚਾਣਦਾ/ਜਾਣਦਾ ਹੈ)
– ਬਿਲਾ ੫, ੯੪, ੧:੧ (823)

ਪਛਾਨਹੁ –
"ਕਹੁ ਨਾਨਕ ਹਰਿ ਬਿਰਦੁ ਪਛਾਨਹੁ ਭੂਲੇ ਸਦਾ ਪਰਾਨੀ।" (ਪਹਿਚਾਨੋ, ਸੰਮਾਲੋ ਭਾਵ ਵਰਤੋ)
– ਸੋਰ ੯, ੧੦, ੩:੨ (633)
"ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿ ਹੀਨ ਜੋ ਪ੍ਰਾਨੀ।" (ਜਾਣੋ, ਸਮਝੋ)
– ਬਿਲਾ ੯, ੩, ੨:੨ (831)

ਪਛਾਨਣਿਆ -- ਪਹਿਚਾਣ ਕਰ ਲਿਆ
"ਗੁਰ ਪਰਸਾਦਿ ਮਿਟਿਆ ਅੰਧਿਆਰਾ ਘਟਿ ਚਾਨਣੁ ਆਪੁ ਪਛਾਨਣਿਆ।"
– ਮਾਝ ੩, ਅਸ ੩੨, ੭:੩ (129)

ਪਛਾਨਾ ----- ਪਹਿਚਾਣਿਆ, ਜਾਣਿਆ, ਲਖਿਆ
"ਪੂਰੇ ਗੁਰ ਕੈ ਸਬਦਿ ਪਛਾਨਾ।"
– ਗਉ ੧, ੧੧, ੧*:੨ (154)
"ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ।" (ਪਹਿਚਾਣਿਆ ਭਾਵ ਦੇਖਿਆ ਹੈ)
– ਆਸਾ ਕਬ, ੧੭, ੫:੧ (480)
"ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ।" (ਪਹਿਚਾਨਿਆ ਭਾਵ ਯਾਦ ਰੱਖਿਆ)
– ਤਿਲੰ ੯, ੧, ੧:੨ (726)

ਹੋਰ ਰੂਪ:

ਪਛਾਨਾਂ –
"ਜੋਲਾ ਹੇ ਘਰੁ ਅਪਨਾ ਚੀਨ੍ਹਾਂ ਘਟ ਹੀ ਰਾਮ ਪਛਾਨਾਂ।" (ਜਾਣ ਲਿਆ)
– ਆਸਾ ਕਬ, ੩੬, ੩:੨ (484)

ਪਛਾਨਿ –
"ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ।" (ਪਹਿਚਾਣ/ਜਾਣ ਕੇ)
– ਆਸਾ ਕਬ, ੧੭, ੪:੧ (480)

ਪਛਾਨਿਓ –
"ਤੁਮ ਤੇ ਸੇਵ ਤੁਮ ਤੇ ਜਪ ਤਾਪਾ ਤੁਮ ਤੇ ਤਤੁ ਪਛਾਨਿਓ।" (ਸਮਝਿਆ, ਜਾਣਿਆ)
– ਸਾਰ ੫, ੬੨, ੨:੧ (1216)

ਪਛਾਨਿਆ –
"ਉਨਮਤ ਕਾਮਿ ਮਰਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ।" (ਜਾਣਿਆ, ਸ਼ਿਨਾਖਤ ਕੀਤੀ)
– ਸਿਰੀ ਬੇਣੀ, ੧, ੩:੨ (93)
"ਜਿਨਿ ਰਾਮੁ ਜਾਨਿਆ ਤਿਨਹਿ ਪਛਾਨਿਆ।" (ਸਮਝਿਆ)
– ਗਉ ਕਬ, ੧੮, ੧:੩ (327)

ਪਛਾਨੀ ----- (1) ਤਕੀ, ਪਕੜੀ
"ਹੰਉ ਹਉਰੋ ਤੂ ਠਾਕੁਰੁ ਗਉਰੋ ਨਾਨਕ ਸਰਨਿ ਪਛਾਨੀ।"

– ਆਸਾ ੫, ੧੩੫, ੩:੧ (404)

(2) ਸ਼ਨਾਖਤ ਕਰ ਲਏ
“ਹੰਸੁ ਹੁਇ ਹੀਰਾ ਲੇਇ ਪਛਾਨੀ।”
– ਆਸਾ ਕਬ, ੩੧, ੧*:੨ (483)

ਹੋਰ ਰੂਪ:

ਪਛਾਨੀਐ –
“ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ।” (ਪਛਾਣੇ, ਸ਼ਨਾਖਤ ਕਰੇ)
– ਫੁਨ ੫, ੧੨:੨ (1362)

(3) ਜਾਣੀ, ਸਮਝੀ
“ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ।”
– ਸੋਰ ੯, ੧੧, ੩:੧ (634)

ਪਛਾਨੁ ----- ਜਾਣ, ਸਮਝ, ਸ਼ਨਾਖਤ ਕਰ
“ਅੰਤਰਜਾਮੀ ਸਦਾ ਸੰਗਿ ਕਰਣੈਹਾਰੁ ਪਛਾਨੁ।”
– ਸਿਰੀ ੫, ੮੧, ੨:੨ (46)
“ਕਲਿ ਕੀਰਤਿ ਸਬਦੁ ਪਛਾਨੁ।” (ਸ਼ਬਦ ਨੂੰ ਸਮਝੋ/ਵਿਚਾਰੋ)
– ਆਸਾ ੩, ਅਸ ੨੫, ੨:੧ (424)
“ਗੁਰ ਪ੍ਰਸਾਦਿ ਘਟਿ ਘਟਿ ਪਛਾਨੁ।” (ਭਾਵ ਵੇਖ)
– ਬਸੰ ੫, ੧੧, ੨:੪ (1183)
“ਸੁਪਨੇ ਜਿਉ ਧਨੁ ਪਛਾਨੁ।” (ਸਮਝ, ਜਾਣ)
– ਜੈਜਾ ੯, ੧, ੧:੧ (1352)

ਪਛਾਨੂ ----- ਪਛਾਨਣ ਵਾਲਾ, ਵਾਕਫ, ਸੰਗੀ
“ਹਰਿ ਕਾ ਨਾਮੁ ਤਹ ਨਾਲਿ ਪਛਾਨੂ।”
– ਗਉ ੫, ਸੁਖ ੨, ੪:੬ (264)

ਪਛਾਨੇ ----- ਪਛਾਨੀਦਾ/ਜਾਣੀਦਾ ਹੈ
“ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ।”
– ਬਿਲਾ ੧, ੪, ੧:੪ (796)

ਹੋਰ ਰੂਪ:

ਪਛਾਨੈ –
“ਸਬਦਿ ਪਛਾਨੈ ਤੀਨੇ ਭਉਨ।” (ਪਛਾਨਦਾ ਹੈ)
– ਗਉ ੧, ਅਸ ੨, ੫:੩ (221)
“ਪ੍ਰਭ ਅਪਨੇ ਕਾ ਹੁਕਮੁ ਪਛਾਨੈ।” (ਸਮਝਦਾ ਹੈ)
– ਗਉ ੫, ਸੁਖ ੧੭, ੭:੬ (286)
“ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ।” (ਸਮਝੇ)
– ਆਸਾ ੫, ੩੮, ੩:੨ (380)
“ਹਰਿ ਕੇ ਚੋਜ ਵਿਡਾਨ ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ।” (ਪਛਾਨ, ਸ਼ਨਾਖਤ ਕਰ ਲੈਂਦਾ ਹੈ)
– ਕਲਿ ੪, ੫, ੩:੧ (1320)

ਪਛਾਨੋ ----- (1) ਸਮਝੋ
"ਸੋ ਸੁਆਮੀ ਤੁਮ ਨਿਕਟਿ ਪਛਾਨੋ ਰੂਪ ਰੇਖ ਤੇ ਨਿਆਰਾ।"
- ਜੈਤ ੯, ੩, ੧:੨ (703)

(2) ਸ਼ਨਾਖਤ ਕਰੋ
"ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ।"
- ਬਸੰ ੯, ੧, ੧*:੨ (1186)

ਪਛਾਵਿਆ --- ਪਰਛਾਵੇਂ ਹਨ
"ਜੇਤੇ ਮਾਇਆ ਰੰਗ ਤੇਤ ਪਛਾਵਿਆ।"
- ਆਸਾ ੫, ੧੧੧, ੩:੧ (398)

ਪਛਾੜਸੀ ---- ਪਛਾੜੇਗਾ ਭਾਵ ਦੂਰ ਕਰੇਗਾ
"ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੈ।"
- ਮਾਰੂ ੩, ਵਾਰ ੧੨:੨ (1090)

ਪਛਾੜਹਿ ---- ਪਟਾਕ ਕੇ ਸੁਟਣਾ
"ਆਪੁ ਪਛਾੜਹਿ ਧਰਤੀ ਨਾਲਿ।"
- ਆਸਾ ੧, ਵਾਰ ੫ਸ, ੧, ੨:੬ (465)

ਪਛਾੜਿ ----- ਪਟਕਾ ਕੇ ਸੁਟ ਭਾਵ ਡੇਗ, ਢਾਹ ਲੈ
"ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ।"
- ਗੂਜ ੫, ਵਾਰ ੧੩ਸ, ੫, ੨:੧ (521)

ਪਛਾੜਿਅਨੁ -- ਪਟਕਾ ਮਾਰੇ
"ਨਿੰਦਕ ਪਕੜਿ ਪਛਾੜਿਅਨੁ ਝੂਠੇ ਦਰਬਾਰੇ।"
- ਗਉ ੫, ਵਾਰ ੨੦ਸ, ੫, ੨:੩ (323)

ਹੋਰ ਰੂਪ:

ਪਛਾੜੀਐ -
"ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।" (ਧਕਿਆ ਜਾਂਣਾ)
- ਸਿਰੀ ੧, ਅਸ ੧੧, ੧:੨ (59)

ਪਛਾੜੇ -
"ਊਚਾ ਕੂਕੇ ਤਨਹਿ ਪਛਾੜੇ।" (ਪਟਕਦੇ ਹਨ)
- ਮਾਝ ੩, ਅਸ ੨੧, ੪:੧ (121)

ਪਛਾੜਿਉ -
"ਮੋਹੁ ਮਲਿ ਬਿਵਸਿ ਕੀਅਉ ਕਾਮੁ ਗਹਿ ਕੇਸ ਪਛਾੜ੍ਹਿਉ।"
- ਸਵ ੪, ਸਲ ੧:੧ (1406)

ਪਛਿਮ ----- ਸੂਰਜ ਅਸਤ ਹੋਣ ਦੀ ਦਿਸ਼ਾ, ਲਹਿੰਦਾ
"ਪਛਿਮ ਫੇਰਿ ਚੜਾਵੈ ਸੂਰੁ।"
- ਰਾਮ ਬੇਣੀ, ੧, ੭:੪ (974)

ਹੋਰ ਰੂਪ:

ਪਛਿਮਿ -

"ਦਖਨ ਦੇਸਿ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ।" (ਪਛਮ ਵਿਚ)
- ਪ੍ਰਭਾ ਕਬ, ੨, ੨:੧ (1349)

ਪਛੁਤਈਹੈ --- ਪਛਤਾਂਦਾ ਹੈ
"ਕਹਤ ਕਬੀਰ ਰਾਮ ਨਾਮ ਬਿਨੁ ਮੂੰਡ ਧੁਨੇ ਪਛੁਤਈਹੈ।"
- ਗੂਜ ਕਬ, ੧, ੪:੨ (524)

ਪਛੁਤਹਿ ---- ਪਿਛੋਂ
"ਵੇਖਦਿਆ ਹੀ ਮਾਇਆ ਧੁਹਿ ਗਈ ਪਛੁਤਹਿ ਪਛੁਤਾਇਆ।"
- ਸਾਰ ੪, ਵਾਰ ੨੧:੪ (1245)

ਪਛੁਤਾਇ --- ਪਛਤਾਉਂਦਾ ਹੈ
"ਜੇ ਕੋ ਕਹੈ ਪਿਛੈ ਪਛੁਤਾਇ।"
- ਜਪ ੧, ੧੨:੨ (3)

ਹੋਰ ਰੂਪ:

ਪਛੁਤਾਇਓ -
"ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ।" (ਪਛਤਾਉਂਦਾ ਹੈ)
- ਆਸਾ ੫, ੧੫੨, ੨:੨ (408)

ਪਛੁਤਾਇਆ -
"ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ।"
- ਸਿਰੀ ੫, ੭੪, ੧:੩ (43)

ਪਛੁਤਾਇਦਾ -- ਪਛਤਾਉਂਦਾ ਹੈ
"ਮਿਥਿਆ ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ।"
- ਮਾਰੂ ੧, ਸੋਲਾ ੧੬, ੧੫:੩ (1037)

ਪਛੁਤਾਈ --- ਪਛਤਾਉਂਦਾ ਹੈ
"ਹਰਿ ਸੁਖਦਾਤਾ ਮਨਿ ਨਹੀ ਵਸਿਆ ਅੰਤਿ ਗਇਆ ਪਛੁਤਾਈ।"
- ਸਿਰੀ ੩, ਅਸ ੧੮, ੪:੩ (65)

ਹੋਰ ਰੂਪ:

ਪਛੁਤਾਏ -
"ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ ਦੁਖੋ ਦੁਖੁ ਕਮਾਏ।" (ਪਛਤਾਉਂਦੇ ਹਨ)
- ਵਡ ੩, ਅਲਾ ੪, ੨:੩ (1259)

ਪਛੁਤਾਸੀ --- ਪਛੁਤਾਵੇਂਗਾ
"ਅੰਤਿ ਕਾਲਿ ਪਛੁਤਾਸੀ ਅੰਧੁਲੇ ਜਾ ਜਮਿ ਪਕੜਿ ਚਲਾਇਆ।"
- ਸਿਰੀ ੧, ਪਹ ੨, ੩:੩ (76)

ਪਛੁਤਾਹਿ ---- ਪਛਤਾਏਂਗਾ
"ਮੂੜੇ ਫਿਰਿ ਪਾਛੈ ਪਛੁਤਾਹਿ ਰੇ।"
- ਗਉ ੧, ਅਸ ੧੮, ੧*:੨ (156)

“ਨਾ ਤਿਸੁ ਏਹੁ ਨ ਓਹੁ ਹੈ ਅਵਗੁਣਿ ਫਿਰਿ ਪਛੁਤਾਹਿ ।” (ਪਛਤਾਉਂਦਾ ਹੈ)
– ਰਾਮ ੧, ਓਅੰ ੩੭:੨ (935)

ਹੋਰ ਰੂਪ:

ਪਛੁਤਾਹਿਗਾ –
“ਰਾਮੁ ਸਿਮਰੁ ਪਛੁਤਾਹਿਗਾ ਮਨ।”
– ਮਾਰੂ ਕਬ, ੧, ੧*:੧ (1106)

ਪਛੁਤਾਹੀ ---- ਪਛਤਾਉਂਦਾ ਹੈ
“ਅਵਗੁਣ ਛੋਡਿ ਗੁਣਾ ਕਉ ਧਾਵਹੁ ਕਰਿ ਅਵਗੁਣ ਪਛੁਤਾਹੀ ਜੀਉ।”
– ਸੋਰ ੧, ੬, ੨:੧ (598)

ਪਛੁਤਾਹੁ ---- ਪਛਤਾਉਣ ਨਾਲ
“ਫਿਰਿ ਪਛੁਤਾਹੁ ਨ ਪਾਵਹੁ ਪਾਰੁ।”
– ਭੈਰ ਕਬ, ੬, ੩:੪ (1159)

ਪਛੁਤਾਹੁਗੇ --- ਪਛਤਾਵਾ ਕਰੋਗੇ
“ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ।”
– ਸਲੋ ਕਬ, ੪੧:੨ (1366)

ਪਛੁਤਾਣਾ --- ਪਛਤਾਉਣ ਲਗਾ
“ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ।”
– ਸਿਰੀ ਬੇਣੀ, ੧, ੪:੪ (93)

ਹੋਰ ਰੂਪ:

ਪਛੁਤਾਣੀ –
“ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ।” (ਪਛਤਾਉਂਦਿਆਂ)
– ਮਾਝ ੫, ਬਾਰਹਾ ੫:੫ (134)
“ਅੰਧੁ ਨ ਜਾਣੈ ਫਿਰਿ ਪਛੁਤਾਣੀ।” (ਪਛਤਾਉਂਦਾ ਹੈ)
– ਆਸਾ ੧, ਵਾਰ ੬ਸ, ੧, ੨:੧੪ (467)

ਪਛੁਤਾਣੀਆ –
“ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ।” (ਪਛਤਾਉਂਦੇ ਹਨ)
– ਗਉ ੧, ਛੰਤ ੧, ੩:੩ (242)

ਪਛੁਤਾਣੀਤਾ -- ਪਛਤਾਉਂਦਾ ਹੈ
“ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ।”
– ਗਉ ੧, ੧੫, ੪:੨ (156)

ਪਛੁਤਾਣੇ ---- ਪਛਤਾਉਂਦਾ ਹੈ
“ਸਤਿਗੁਰ ਸੇਵਾ ਨ ਕਰਹਿ ਫਿਰਿ ਫਿਰਿ ਪਛੁਤਾਣੇ।”
– ਗਉ ੩, ੩੭, ੩:੨ (163)
“ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ।” (ਪਛਤਾਉਂਦੇ ਹਨ)
– ਬਿਹਾ ੪, ਛੰਤ ੬, ੩:੨ (548)

ਪਛੁਤਾਤਾ --- ਪਛਤਾਉਂਦਾ ਹੈ
"ਮਨਮੁਖ ਭਰਮਿ ਭੁਲੇ ਭੇਖਧਾਰੀ ਅੰਤ ਕਾਲਿ ਪਛੁਤਾਤਾ ਹੇ।"
- ਮਾਰੂ ੩, ਸੋਲਾ ੯, ੮:੩ (1052)

ਪਛੁਤਾਨਾ ---- ਪਛਤਾਉਂਦਾ ਹੈ
"ਜਮਿ ਪਕੜਿਆ ਤਬ ਹੀ ਪਛੁਤਾਨਾ।"
- ਗਉ ੩, ਅਸ ੨, ੬:੩ (230)

ਪਛੁਤਾਨਿਆ -- ਪਛਤਾਇਆ
"ਬੇਦ ਕੀ ਬਿਪਤਿ ਪੜੀ ਪਛੁਤਾਨਿਆ।"
- ਗਉ ੧, ਅਸ ੯, ੧:੨ (224)

ਪਛੁਤਾਨੀ ---- ਪਛਤਾਈ
"ਗਇਆ ਸੁ ਜੋਬਨ ਧਨ ਪਛੁਤਾਨੀ।"
- ਆਸਾ ੧, ੨੬, ੩:੨ (357)
"ਆਪ ਕਮਾਨੇ ਕਉ ਲੇ ਬਾਂਧੇ ਫਿਰਿ ਪਾਛੈ ਪਛੁਤਾਨੇ।" (ਪਛਤਾਉਂਦੇ ਹਨ)
- ਆਸਾ ੫, ੧੨੮, ੧:੨ (403)

ਪਛੁਤਾਨੇ ---- ਪਛਤਾਏ
"ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਨੇ।"
-ਬਿਹਾ ੫, ੯, ੩:੬ (548)

ਹੋਰ ਰੂਪ:

ਪਛੁਤਾਨੈ -
"ਤਾ ਤੇ ਜਨ ਕਉ ਅਨਦੁ ਭਇਆ ਹੈ ਰਿਦ ਸੁਧ ਮਿਲੇ ਖੋਟੇ ਪਛੁਤਾਨੈ।" (ਪਛਤਾਏ)
- ਕਲਿ ੪, ੫, ੩:੨ (1321)

ਪਛੁਤਾਪ ---- ਪਛਤਾਵਾ
"ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ।"
- ਸਾਰ ੪, ੭, ੧:੨ (1200)

ਪਛੁਤਾਪਿਆ - ਪਛਤਾਇਆ
"ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ।"
- ਬਿਹਾ ੫, ਛੰਤ ੭, ੩:੫ (546)

ਪਛੁਤਾਪੈ ---- ਪਸਚਾਤਾਪ ਕਰਵਾਉਂਦਾ ਹੈ
"ਕਾਹੂ ਉਦਿਆਨ ਭ੍ਰਮਤ ਪਛੁਤਾਪੈ।"
-ਗਉ ੫, ਬਾਅ ੧੭:੬ (253)

ਪਛੁਤਾਯਉ --- ਪਛਤਾਵਾ
"ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ।"
- ਸਵ ੫, ਮਥੁ ੬:੨ (1409)

ਪਛੁਤਾਵਏ --- ਪਛਤਾਉਂਦਾ ਹੈ
"ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ।"

– ਧਨਾ ੪, ਛੰਤ ੧, ੪:੪ (690)

ਪਛੁਤਾਵਹਿ -- ਪਛਤਾਉਂਦਾ ਹੈ
“ਘਾਲਿ ਘਾਲਿ ਅਨਿਕ ਪਛੁਤਾਵਹਿ।”
– ਗਉ ੫, ਬਾਅ ੨੦:੫ (254)

ਹੋਰ ਰੂਪ:

ਪਛੁਤਾਵਹਿਗਾ –
“ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ।”
– ਸਿਰੀ ਬੇਣੀ, ੧, ੧*:੧ (93)

ਪਛੁਤਾਵਹੇ --- ਪਛੁਤਾਉਂਦਾ ਹੈ
“ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ।”
– ਆਸਾ ੩, ਛੰਤ ੭, ੬:੩ (441)

ਪਛੁਤਾਵਣਾ -- ਪਛਤਾਵਾ ਹੋਣਾ
“ਆਇ ਗਇਆ ਪਛੁਤਾਵਣਾ ਜਿਉ ਸੁੰਞੈ ਘਰਿ ਕਾਉ।”
– ਸਿਰੀ ੧, ਅਸ ੮, ੩:੩ (58)

ਹੋਰ ਰੂਪ:

ਪਛੁਤਾਵਣਿਆ –
“ਮਨਮੁਖ ਜਨਮੁ ਗਇਆ ਹੈ ਬਿਰਥਾ ਅੰਤਿ ਗਣਿਆ ਪਛੁਤਾਵਣਿਆ।”
(ਪਛਤਾਉਂਦਾ ਹੈ)
– ਮਾਝ ੩, ਅਸ ੩੦, ੬:੩ (127)

ਪਛੁਤਾਵਾ ---- ਪਸਚਾਤਾਪ, ਅਫਸੋਸ
“ਨਾਨਕ ਨਾਲਿ ਨ ਚਲਈ ਫਿਰਿ ਪਛੁਤਾਵਾ ਹੋਇ।”
– ਸੂਹੀ ੩, ਵਾਰ ੭ਸ, ੨, ੨:੨ (787)

ਪਛੁਤਾਵੈ ---- ਪਛਤਾਉਂਦਾ ਹੈ
“ਓਹ ਬਿਨਸੈ ਉਹੁ ਮਨਿ ਪਛੁਤਾਵੈ।”
– ਗਉ ੫, ਸੁਖ ੫, ੩:੪ (268)

ਹੋਰ ਰੂਪ:

ਪਛੋੁਤਾਵੈ –
“ਦਾਤਿ ਕਰੈ ਨਹੀ ਪਛੋੁਤਾਵੈ।” (ਪਛਤਾਉਂਦਾ)
– ਪ੍ਰਭਾ ੫, ੧, ੩:੩ (1337)

ਪਛੁਤੋਹੀ ---- ਪਛਤਾਏਗਾ
“ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ ਪਛੁਤੋਹੀ।”
– ਸੋਰ ੫, ੪, ੩:੨ (609)

ਪਛੋਤਾਉ ---- ਪਛਤਾਵਾ
“ਨ ਹੋਵੀ ਪਛੋਤਾਉ ਤੁਧਨੋ ਜਪਤਿਆ।”
– ਗੂਜ ੫, ਵਾਰ ੭:੨ (519)

ਪਛੋਤਾਇ --- **ਪਛਤਾਵਾ**
"ਹਰਿ ਕੀਆ ਸਦਾ ਸਦਾ ਵਡਿਆਈਆ ਦੇਇ ਨ ਪਛੋਤਾਇ।"
– ਸੋਰ ੪, ਵਾਰ ੨੯ਸ ੩, ੧:੨ (653)

ਹੋਰ ਰੂਪ:

ਪਛੋਤਾਇਆ –
"ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ।" (ਪਛਤਾਇਆ)
– ਪ੍ਰਭਾ ੧, ਅਸ ੪, ੧:੨ (1344)

ਪਛੋਤਾਇਦਾ -- **ਪਛਤਾਉਂਦਾ**
"ਜਿਸੁ ਬਖਸੇ ਤਿਸੁ ਦੇ ਵਡਿਆਈ ਮੇਲਿ ਨ ਪਛੋਤਾਇਦਾ।"
– ਮਾਰੂ ੧, ਸੋਲਾ ੧੪, ੧੩:੩ (1035)

ਪਛੋਤਾਈਐ -- **ਪਛਤਾਈਏ**
"ਜੀਵਦਿਆ ਮਰੁ ਮਾਰਿ ਨ ਪਛੋਤਾਈਐ।"
– ਮਾਝ ੧, ਵਾਰ ੨੦:੧ (147)

ਪਛੋਤਾਹਿ ---- **ਪਛਤਾਉਂਦਾ ਹੈ**
"ਝੂਠੁ ਧੜੇ ਕਰਿ ਪਛੋਤਾਹਿ।"
– ਆਸਾ ੪, ੫੪, ੨:੨ (366)

ਪਛੋਤਾਣੀ --- **ਪਛਤਾਈ, ਪਛਤਾਵਾ ਕਰਨਾ ਪਿਆ**
"ਦੂਜੈ ਲਾਗੀ ਫਿਰਿ ਪਛੋਤਾਣੀ।"
– ਮਾਝ ੩, ਅਸ ੩੩, ੪:੨ (129)

ਹੋਰ ਰੂਪ:

ਪਛੋਤਾਣੇ –
"ਪਾਪ ਕਰੈ ਤਾ ਪਛੋਤਾਣੇ।" (ਪਛਤਾਏ)
– ਧਨਾ ੫, ੨੨, ੩:੪ (676)

ਪਛੋਤਾਵਏ --- **ਪਛਤਾਏ**
"ਮਿਲਿ ਸਾਧਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ।"
– ਤੁਖਾ ੧, ਛੰਤ ੬, ੪:੩ (1113)

ਪਛੋਤਾਵਹੀ -- **ਪਛਤਾਉਂਦਾ**
"ਸਾਹਿਬੁ ਰਿਦੈ ਵਸਾਇ ਨ ਪਛੋਤਾਵਹੀ।"
– ਆਸਾ ੧, ਅਸ ੧੬, ੮:੧ (420)

ਪਛੋਤਾਵਹੁ --- **ਪਛਤਾਵਾ ਕਰੋ, ਪਛਤਾਵੋ**
"ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ।"
– ਆਸਾ ੧, ਅਸ ੧੩, ੭:੧ (418)

ਪਛੋਤਾਵਣਾ -- **ਪਛਤਾਉਣਾ**
"ਕਰਿ ਅਉਗਣ ਪਛੋਤਾਵਣਾ।"
– ਆਸਾ ੧, ਵਾਰ ੧੪:੫ (471)

ਹੋਰ ਰੂਪ:

ਪਛੋਤਾਵਣਿਆ –
“ਹਉਮੈ ਕਰਿ ਕਰਿ ਜਾਇ ਘਣੇਰੀ ਕਰਿ ਅਵਗਣ ਪਛੋਤਾਵਣਿਆ।”
– ਮਾਝ ੧, ਅਸ ੧, ੨:੩ (109)

ਪਛੋਤਾਵਾ ---- ਪਛਤਾਵਾ
“ਪਛੋਤਾਵਾ ਨਾ ਮਿਲੈ ਜਬ ਚੂਕੈਗੀ ਸਾਰੀ।”
– ਤਿਲੰ ੧, ਅਸ ੧, ੩:੧ (725)

ਪਛੋਤਾਵੈ ---- ਪਛਤਾਉਂਦਾ
“ਆਪੇ ਦੇਇ ਨ ਪਛੋਤਾਵੈ।”
– ਮਾਝ ੩, ਅਸ ੬, ੫:੨ (112)

ਪਛੋਰਹਿ ---- ਪਟਕਾਏ, ਮਾਰੇ, ਪਛਾੜੇ
“ਹਾਥ ਪਛੋਰਹਿ ਸਿਰੁ ਧਰਨਿ ਲਗਾਹਿ।”
– ਭੈਰ ੫, ੫੪, ੨:੩ (1152)

ਪਛੋੜੀ ----- ਪਟਕਾਏ, ਮਾਰੇ
“ਭ੍ਰਮਿ ਭ੍ਰਮਿ ਰੋਵੈ ਹਾਥ ਪਛੋੜੀ।”
– ਆਸਾ ੫, ੪, ੩:੨ (375)

ਹੋਰ ਰੂਪ:

ਪਛੋੜੀਐ –
“ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ।” (ਪਟਕਾਈਏ ਭਾਵ ਕੁਟੀਏ)
– ਮਾਰੂ ੩, ਵਾਰ ੪ਸ, ੩, ੧:੩ (1088)

ਪਛੋੜੈ –
“ਸਿਰੁ ਹਾਥ ਪਛੋੜੈ ਅੰਧਾ ਮੂੜ।” (ਪਟਕਾ/ਪਟਕਾ ਕੇ ਮਾਰਨਾ)
– ਗਉ ੫, ੧੯੮, ੨:੨ (199)

ਪੰਜਵਾ ----- ਚੌਥੇ ਤੋਂ ਅਗਲਾ, ਪੰਜਵੀਂ ਥਾਂ ਤੇ, ਪੰਚਮ
“ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ।”
– ਆਸਾ ੧, ਵਾਰ ੧੯ਸ, ੧, ੧:੫ (473)

ਹੋਰ ਰੂਪ:

ਪੰਜਵੀਂ –
“ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ।”
– ਮਾਝ ੧, ਵਾਰ ੭ਸ, ੧, ੩:੩ (141)

ਪੰਜਵੈ –
“ਪੰਜਵੈ ਖਾਣ ਪੀਅਣ ਕੀ ਧਾਤੁ।”
– ਮਾਝ ੧, ਵਾਰ ੧ਸ, ੧, ੨:੫ (137)

ਪੰਜਾ ------ ਪੰਜਾਂ ਦੇ ਹੀ
“ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।”

– ਮਾਝ ੧, ਵਾਰ ੭ਸ, ੧, ੩:੧ (141)

ਪੰਜਿ ------ ਪੰਜ, ਗਿਣਤੀ ਦੀ ਇਕ ਇਕਾਈ, ਚਾਰ ਜਮਾ ਇਕ
“ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ।”
– ਸਿਰੀ ੫, ੨੯, ੪:੩ (73)
“ਤੀਸਿ ਇਕੁ ਅਰੁ ਪੰਜਿ ਸਿਧੁ ਪੈਤੀਸ ਨ ਖੀਣਉ।” (ਸੰਗੀਤ ਦੇ ਪੰਜ ਅੰਗ (ਗਾਇਣ, ਵਾਦਣ, ਲੈ, ਤਾਲ, ਨ੍ਰਿਤ)
–ਸਵ ੩, ੧੨:੪ (1394)

ਪੰਜੀਰੁ ----- ਘੀ ਵਿਚ ਆਟਾ ਭੁੰਨ ਕੇ ਜੀਰਾ ਮਿਲਾ ਕੇ ਬਣਾਇਆ ਇਕ ਖਾਦ ਪਦਾਰਥ
“ਕਰਿ ਪੰਜੀਰੁ ਖਵਾਇਓ ਚੋਰ।”
– ਭੈਰ ੫, ੧, ੨:੧ (1136)

ਪਜੂਤਾ ----- (1) ਪਕੜਿਆ ਹੋਇਆ ਭਾਵ ਸਹਾਰਾ ਪ੍ਰਾਪਤ
“ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ।”
– ਆਸਾ ੧, ੧੯, ੨:੨ (354)
(2) ਫੜਿਆ ਹੋਇਆ
“ਸਾਹੁ ਪਜੂਤਾ ਪ੍ਰਵਣਤਿ ਨਾਨਕ ਲੇਖਾ ਦੇਹਾ।”
– ਆਸਾ ੧, ੩੪, ੪:੨ (359)

ਪੰਜੇ ------- ਪੰਜ ਹੀ
“ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ।”
– ਮਾਝ ੧, ਵਾਰ ੭ਸ, ੧, ੩:੧ (141)

ਪੰਞੂ ------- ਪਏ ਹਾਂ
“ਸਤਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞੂ।”
– ਬਸੰ ੪, ੭, ੨:੧ (1179)

ਪਟ ------- (1) ਰੇਸ਼ਮ
“ਘਿਅ ਪਟ ਭਾਂਡਾ ਕਹੈ ਨ ਕੋਇ।”
– ਤਿਲੰ ੧, ੨, ੩:੧ (721)
(2) ਤਖਤੇ
“ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।”
– ਰਾਮ ੧, ੩, ੨:੧ (877)

ਪਟਕੈ ------ ਪਟਕਾ ਕੇ ਮਾਰੇ, ਪਟਕਾਏ
“ਜਉ ਜਮੁ ਘਾਟਿ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ।”
– ਮਾਰੂ ਕਬ, ੧, ੨:੧ (1106)

ਪਟਣ ------ (1) ਨਗਰ, ਸ਼ਹਿਰ
“ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ।”
– ਸਿਰੀ ੧, ਅਸ ੭, ੨:੩ (57)

ਹੋਰ ਰੂਪ:

ਪਟਣੁ –
“ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ।”
– ਰਾਮ ੧, ਸਿਗੋ ੮:੩ (939)

ਪਟੰਤਰਾ ---- (ਪਟ-ਅੰਤਰਾ) ਪਟੇ ਦਾ ਭੇਦ ਭਾਵ ਗੂੜ੍ਹ ਭੇਦ (ਸ਼ਬਦਾਰਥ, ਨਿਰਣੈ) ਸਮਾਨਤਾ, ਮੁਕਾਬਲਾ (ਮਹਾਨਕੋਸ਼); ਨਿਰਣਾ, ਫੈਸਲਾ (ਕੋਸ਼, ਨਿਬੇੜਾ, ਸੰਥਿਆ)
“ਨਾਨਕ ਏਹੁ ਪਟੰਤਰਾ ਤਿਤੁ ਦੀਬਾਣਿ ਗਇਆਹ।”
– ਸੂਹੀ ੩, ਵਾਰ ੮ਸ, ੨, ੧:੨ (788)

ਪਟੰਤਰਿ ---- ਬਰਾਬਰ, ਤੁਲ, ਸਮਾਨ
“ਤਾਸੁ ਪਟੰਤਰਿ ਨ ਪੁਜੈ ਹਰਿ ਜਨ ਕੀ ਪਨਿਹਾਰਿ।”
– ਸਲੋ ਕਬ, ੧੫੯:੨ (1373)

ਪਟੰਬਰ ----- ਪਟ+ਅੰਬਰ, ਰੇਸ਼ਮੀ ਵਸਤਰ
“ਪਾਟ ਪਟੰਬਰ ਪਹਿਰਿ ਹਢਾਵਉ।”
– ਗਉ ੧, ਅਸ ੧੦, ੧:੨ (225)

ਪਟੰਬੁ ------ ਪਾਖੰਡ
“ਕਰਿ ਪਟੰਬੁ ਗਲੀਂ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ।”
– ਗਉ ੧, ੧੫, ੩:੧ (155)

ਪਟਮੰਜਰੀ --- ਇਕ ਰਾਗਨੀ, ਦੀਪਕ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ
“ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ।”
– ਰਾਗ ੧:੩੫ (1430)

ਪਟਰਾਨੀ ---- ਵਡੀ ਰਾਣੀ
“ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ।” (ਭਾਵ ਪ੍ਰਹਿਲਾਦ ਦੀ ਮਾਂ)
– ਭੈਰ ਨਾਮ, ੯, ੨:੧ (1165)

ਪਟਲ ------ ਪੜਦੇ, ਧੋਖੇ
“ਸੰਪਤਿ ਬਿਪਤਿ ਪਟਲ ਮਾਇਆ ਧਨੁ।”
– ਆਸਾ ਰਵਿ, ੪, ੨:੧ (487)

ਹੋਰ ਰੂਪ:

ਪਟਲਿ –
“ਪਾਰਬ੍ਰਹਮੁ ਮਾਇਆ ਪਟਲਿ ਬਿ ਸਰਿਆ।” (ਪਰਦੇ ਨਾਲ, ਪਰਦੇ ਸਦਕਾ)
– ਬਿਲਾ ੫, ੧੬, ੩:੨ (805)

ਪਟਲੁ –
“ਜੀਵਨ ਪ੍ਰਾਨ ਹਰਿ ਧਨੁ ਸੁਖੁ ਤੁਮ ਹੀ ਹਉਮੈ ਪਟਲੁ ਕ੍ਰਿਪਾ ਕਰਿ ਜਾਰਹੁ।”
– ਬਿਲਾ ੫, ੧੨੩, ੧:੨ (829)

ਪਟਲੁ ------ (1) ਪਰਦਾ, ਵੇਖੋ ‘ਪਟਲ’
(2) ਓਟ, ਆਸਰਾ, ਭਾਵ ਆਸ ਕਰਨੀ
“ਗਹੁ ਪਾਰਬ੍ਰਹਮ ਸਰਨ ਹਿਰਦੈ ਕਮਲ ਚਰਨ ਅਵਰ ਆਸ ਕਛੁ ਪਟਲੁ ਨ ਕੀਜੈ।”

– ਧਨਾ ੫, ੨੯, ੩:੧ (678)

ਪਟਵਾਰੀ ---- ਪਿੰਡ ਦਾ ਪਤੀਵਾਰ ਹਿਸਾਬ ਰਖਨ ਵਾਲਾ ਕਰਮਚਾਰੀ
“ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ।”
– ਸੂਹੀ ਕਬ, ੫, ੧*:੧ (793)

ਪਟਿ ------ ਪਟ (ਰੇਸ਼ਮ) ਦੇ
“ਜਲਿ ਮਲਿ ਜਾਨੀ ਨਾਵਾਲਿਆ ਕਪੜਿ ਪਟਿ ਅੰਬਾਰੇ।”
– ਵਡ ੧, ਅਲਾ ੩, ੬:੧ (580)

ਪਟੀ ------ ਅਖਰ ਲਿਖਣ ਦੀ ਤਖਤੀ
“ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ।”
– ਰਾਮ ੧, ਓਅੰ ੫੪:੩ (938)

ਪਟੀਆ ---- (1) ਇਸਤ੍ਰੀ ਦੇ ਸ਼ਿੰਗਾਰ ਵਜੋਂ ਮਥੇ ਤੇ ਚਪਕਾਏ ਕੇਸ, ਜ਼ੁਲਫ
“ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।”
– ਆਸਾ ੧, ਅਸ ੧੧, ੧:੧ (417)
(2) ਤਖਤੀ
“ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ।”
– ਭੈਰ ੩, ੨੦, ੧:੧ (1133)

ਪਟੁ ------- ਰੇਸ਼ਮੀ ਵਸਤਰ
“ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ।”
– ਆਸਾ ੧, ੩੫, ੩:੧ (359)

ਪਟੈ ------- ਸਨਦ, ਅਧਿਕਾਰ ਪੱਤਰ
“ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।”
– ਸੋਰ ਕਬ, ੩, ੨:੨ (654)

ਪਟੋਲਾ ----- ਰੇਸ਼ਮੀ ਵਸਤਰ
“ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂਪਤਿ ਮੇਰੀ।”
–ਗੂਜ ੫, ਵਾਰ ੮ਸ, ੫, ੧:੧ (520)

ਪਠਾਇ ----- ਭੇਜ ਕੇ
“ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ।”
–ਸਲੋ ੩, ੫੧:੨ (1420)

ਹੋਰ ਰੂਪ:

ਪਠਾਇਓ –
“ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ।” (ਭੇਜਿਆ)
– ਸਾਰ ੫, ੨੮, ੨:੨ (1210)

ਪਠਾਇਆ –
“ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ।” (ਭੇਜਿਆ)
– ਸਿਰੀ ੫, ੪੧, ੧:੧ (106)

ਪਠਾਇੰਹੀ –
"ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈਂ।" (ਭੇਜਦੀ ਹੈ)
–ਮਲਾ ੧, ਅਸ ੧, ੫:੧ (1273)
ਪਠਾਏ –
"ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ।" (ਭੇਜੇ)
–ਰਾਮ ੧, ਅਸ ੭, ੧੦:੧ (907)
"ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ।" (ਭੇਜੇ, ਨੀਅਤ ਕੀਤੇ ਗਏ)
– ਰਾਮ ੩, ਅਨੰ ੩੭:੧ (922)

ਪਠਾਣਾ ----- **ਅਫਗਾਨ**
"ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ।"
– ਆਸਾ ੧, ਅਸ ੧੨, ੫:੧ (418)

ਪਠਾਣੀ ----- **ਪਠਾਣਾ ਵਾਲਾ**
"ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।"
– ਆਸਾ ੧, ਵਾਰ ੧੩ਸ, ੧, ੨:੧੦ (470)

ਪਠਾਵਹੁ ---- **ਭੇਜੋ, ਘਲੋ**
"ਪਾਛੈ ਤੇ ਜਮੁ ਕਿਉ ਨ ਪਠਾਵਹੁ।"
– ਗਉ ਕਬ, ੩੨, ੩:੨ (329)

ਪੰਡ ------- **ਗਠੜੀ**
"ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ।" (ਪਰਾਲੀ ਦੀ ਗਠੜੀ ਬੰਨਣੀ ਭਾਵ ਬੇਅਰਥ ਕਾਵਾਂ ਰੌਲੀ ਪਾਣੀ)
– ਸਿਰੀ ੧, ੩, ੨:੩ (15)

ਪੰਡਤ ------ **ਵਿਦਿਆ ਵਿਚ ਨਿਪੁੰਨ ਮਨੁੱਖ**
"ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾ ਮਨ ਕਾ ਮਾਠਾ।"
– ਮਾਰੂ ੫, ੧੫, ੧:੧ (1003)

ਪੰਡਤੀ ----- **ਪੰਡਤਾਂ (ਵਿਦਿਵਾਨਾਂ) ਨੇ**
"ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।"
– ਜਪ ੧, ੨੧:੧੧ (4)

ਪੰਡਾ ------ **ਗਠੜੀਆਂ**
"ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ।"
– ਸਾਰ ੪, ਵਾਰ ੮ਸ, ੧, ੧:੩ (1240)

ਪੰਡਿਤ ----- **ਵਿਦਿਆ ਵਿਚ ਨਿਪੁੰਨ, ਵਿਦਵਾਨ, ਗਿਆਨਵਾਨ**
"ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ।"
– ਜਪੁ ੧, ੨੭:੧੦ (6)
"ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ।"
– ਸਿਰੀ ੧, ਅਸ ੧੭, ੨:੨ (64)
"ਪੰਡਿਤ ਹਰਿ ਪੜ੍ਹ ਤਜਹੁ ਵਿਕਾਰਾ।"

– ਗਉ ੩, ਅਸ ੨, ੧*:੧ (229)

ਹੋਰ ਰੂਪ:

ਪੰਡਿਤਹ –
"ਭਾਗ ਉਦਿਮ ਲਬਧੁੰ ਮਾਇਆ ਨਾਨਕ ਸਾਧਸੰਗਿ ਖਲ ਪੰਡਿਤਹ।" (ਪੰਡਿਤ ਨੂੰ)
– ਸਸ ੫, ੩੧:੩ (1356)

ਪੰਡਿਤਾ –
"ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ।" (ਹੇ ਪੰਡਿਤ)
– ਬਸੰ ੧, ੧੧, ੧*:੧ (1171)

ਪੰਡਿਤਾਂ –
"ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ।" (ਪੰਡਿਤਾਂ ਨੂੰ)
– ਸਾਰ ੪, ਵਾਰ ੧੧ਸ, ੧, ੨:੨ (1241)

ਪੰਡਿਤੁ –
"ਪੰਡਿਤੁ ਪੜੈ ਬੰਧ ਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।" (ਗਿਆਨਵਾਨ) (ਵਿਦਿਆਵਾਨ)
– ਸਿਰੀ ੩, ੫੧, ੨:੨ (33)

"ਤਤੁ ਪਛਾਣੈ ਸੋ ਪੰਡਿਤੁ ਹੋਈ।"
– ਮਾਝ ੩, ਅਸ ੩੨, ੧:੨ (128)

ਪੰਡੀਅਨ ---- ਪੰਡਤਾਂ
"ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ।"
– ਮਲਾ ਨਾਮ, ੨, ੩:੨ (1293)

ਪਡੀਆ ---- ਪੰਡਤ
"ਪਡੀਆ ਕਵਨ ਕੁਮਤਿ ਤੁਮ ਲਾਗੇ।"
– ਮਾਰੂ ਕਬ, ੧, ੧*:੧ (1102)

ਪੰਡੀਆ ---- ਪੰਡਤ, ਪਾਂਡੇ
"ਅਚਰਜ ਏਕੁ ਸਨਹੁ ਕੇ ਪੰਡੀਆ ਅਬ ਕਿਛੁ ਕਹਨ ਨ ਜਾਈ।"
–ਸਿਰੀ ਕਬ, ੩, ੧:੧ (92)

ਪੰਡੈ ------- ਪੰਡ ਵਿਚ ਭਾਵ ਹਦ ਵਿਚ ਬੱਝਾ
"ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ।"
– ਬਸੰ ੧, ੧੧, ੨:੧ (1171)

ਪਢਿਅਉ --- ਪੜਿਆ
"ਤੈ ਪਢਿਅਉ ਇਕੁ ਮਨਿ ਧਰਿਅਉ ਇਕੁ ਕਰਿ ਇਕੁ ਪਛਾਣਿਓ।"
– ਸਵ ੩, ੧੨:੧ (1394)

ਪਢੇ ------- ਪੜੇ
"ਪਢੇ ਗੁਨੇ ਨਾਹੀ ਕਛੁ ਬਉਰੇ ਜਉ ਦਿਲਮਹਿ ਖਬਰਿ ਨ ਹੋਈ।"
– ਆਸਾ ਕਬ, ੨੯, ੨:੨ (483)

ਪਣ੍ਹੀਆ ---- ਜੋਤੀ, ਜੋੜੇ

"ਨਾਨਕ ਪਣ੍ਹੀਆ ਪਹਿਰੈ ਸੋਇ।"
– ਮਲਾ ੧, ੬, ੪:੪ (1256)

ਪਤ ------- (1) ਪਤੇ
"ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰਿ।"
– ਸਿਰੀ ੧, ੨੪, ੧:੨ (23)
"ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ।"
– ਬਸੰ ੧, ੧, ੨:੨ (1168)
(2) ਤੂੰਬੇ
"ਭਉ ਭਾਉ ਦੁਇ ਪਤ ਲਾਇ ਜੋਗੀ ਇਹੁ ਸਰੀਰੁ ਕਰਿ ਡੰਡੀ।"
– ਰਾਮ ੩, ਅਸ ੧, ੫:੧ (908)

ਪਤੰਗ ------ ਪਤੰਗਾ, ਭੰਬਟ, ਪਰਵਾਨਾ, ਭੌਰਾ
"ਕਬਹੂ ਕੀਟ ਹਸਤਿ ਪਤੰਗ ਹੋਇ ਜੀਆ।"
– ਗਉ ੫, ਸੁਖ ੧੧, ੭:੫ (277)
"ਲਪਟਿ ਰਹਿਓ ਰਸਿ ਲੋਭੀ ਪਤੰਗ।" (ਭੌਰਾ)
– ਗਉ ੫, ਸੁਖ ੧੫, ੪:੮ (283)

ਪਤੰਗਮ ---- ਪਤੰਗੇ
"ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ।"
– ਮਾਲੀ ਨਾਮ, ੩, ੧:੨ (988)

ਪਤੰਗਾ ----- ਭੰਬਟ, ਪਰਵਾਨ, ਭੌਰਾ
"ਕਈ ਜਨਮ ਭਏ ਕੀਟ ਪਤੰਗਾ।"
–ਗਉ ੫, ੧੨, ੧:੧ (176)

ਪਤੰਗੁ ------ (1) ਕੀੜਾ, ਲੇਹਾ (ਸ਼ਬਦਾਰਥ, ਕੋਸ਼)
"ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ।"
– ਸਿਰੀ ੫, ਅਸ ੨੫, ੧*:੨ (69)
(ਮਹਾਨਕੋਸ਼ ਤੇ ਨਿਰਣੈ ਇਸ ਦੇ ਅਰਥ 'ਕਿਸੇ ਅੰਗ ਨੂੰ ਅਤੇ ਦਰਪਣ' ਰਤਾ ਵੀ ਕਰਦੇ ਹਨ)
(2) ਪਤੰਗਾ, ਕੀੜਾ
"ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ।"
– ਗਉ ੧, ਅਸ ੧੧, ੩:੧ (225)
(3) ਰਤਾ ਵੀ, ਥੋੜੀ ਜਿਹੀ ਵੀ
"ਮਾਇਆ ਮੋਹ ਮੈਲੁ ਪਤੰਗੁ ਨ ਲਾਗੈ ਗੁਰਮਤੀ ਹਰਿ ਨਾਮਿ ਭੀਜੈ ਹੇ।"
– ਮਾਰੂ ੩, ਸੋਲਾ ੬, ੭:੩ (1049)
"ਓਨਾ ਮੈਲੁ ਪਤੰਗੁ ਨ ਲਗਈ ਜਿ ਚਲਨਿ ਸਤਿਗੁਰ ਭਾਇ।"
– ਸਲੋ ੩, ੪੫:੪ (1418)

ਪਤਣਿ ----- ਨਦੀ ਕਨਾਰੇ ਦਾ ਉਹ ਸਥਾਨ ਜਿਥੇ ਬੇੜੀ ਆ ਕੇ ਖਲੋਂਦੀ ਹੈ, ਦਰਿਆ ਤੋਂ ਪਾਰ ਹੋਣ ਦਾ ਸਥਾਨ
"ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ।"

– ਮਾਰੂ ੧, ਅਸ ੧੦, ੬:੧ (1015)

ਹੋਰ ਰੂਪ:

ਪਤਣੁ –
“ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ।”
– ਸੋਰ ੪, ੧, ੩:੩ (604)

ਪਤੰਤਿ ----- ਡਿਗਦਾ ਹੈ
“ਪਤੰਤਿ ਮੋਹ ਕੂਪ ਦੁਰਲਭੵ ਦੇਹੰ ਤਤ ਆਸ੍ਰਯੰ ਨਾਨਕ।”
– ਸਸ ੫, ੩:੫ (1354)

ਪਤਨ ------ ਡਿਗਦਾ ਹੈ
“ਜਿਉ ਦੀਪ ਪਤਨ ਪਤੰਗ।”
– ਬਿਲਾ ੫, ਅਸ ੨, ੮:੧ (838)

ਹੋਰ ਰੂਪ:

ਪਤਨੁ –
“ਜੋ ਨਿੰਦੈ ਤਿਸ ਕਾ ਪਤਨੁ ਹੋਇ।” (ਅਧੋਗਤ, ਜੁਵਾਲ)
– ਗੋਂਡ ੫, ੧੮, ੩:੨ (867)

ਪਤਰਿ ----- ਪਤਰ (ਭਾਂਡੇ) ਵਿਚ
“ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ।”
– ਆਸਾ ਕਬ, ੪, ੧:੧ (476)

ਪਤਰਿਆ --- ਪਤਿ ਰਹਿਤ ਹੋਇਆ, ਡਿਗਿਆ
“ਕਵਨੁ ਕਵਨੁ ਨਹੀਂ ਪਤਰਿਆ ਤੁਮ੍ਰੀ ਪਰਤੀਤਿ।”
– ਬਿਲਾ ੫, ੫੮, ੧:੧ (815)

ਪਤਰੀਐ ---- ਪਤਰਾਂ (ਪਤਿਆਂ) ਵਾਲੇ
“ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ।”
– ਮਾਝ ੧, ਵਾਰ ੧੧ਸ, ੧, ੨:੫ (143)

ਪਤਲਿ ----- (1) ਪਤਿਆਂ ਦੀ ਥਾਲੀ
“ਪਿਛੈ ਪਤਲਿ ਸਦਿਹੁ ਕਾਵ।”
– ਮਾਝ ੧, ਵਾਰ ੧ਸ, ੧, ੨:੧੪ (138)

(2) ਮਰੇ ਦੇ ਕਲਿਆਣ ਲਈ ਪੱਤਿਆਂ ਦੀ ਥਾਲੀ/ਡੂੰਨੇ ਵਿਚ ਬ੍ਰਾਹਮਣਾਂ ਆਦਿ ਨੂੰ ਭੋਜਨ ਕਰਵਾਉਣਾ
“ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ।”
– ਮਾਝ ੧, ਵਾਰ ੨੬ਸ, ੧, ੧:੫ (149)

ਪਤਲੀ ----- ਕੰਮਜ਼ੋਰ
“ਇਕ ਆਪ੍ਰੀਨੈ ਪਤਲੀ ਸਹ ਕੇਰੇ ਬੋਲਾ।”
– ਸੂਹੀ ਫਰ, ੨, ੨:੧ (794)

ਪਤਾਲ ----- ਪ੍ਰਿਥਵੀ ਦੇ ਹੇਠਲਾ ਲੋਕ

“ਪੰਡ ਪਤਾਲ ਦੀਪ ਸਭਿ ਲੋਆ।”
– ਮਾਰੂ ੫, ਸੋਲਾ ੫, ੭:੧ (1076)

ਹੋਰ ਰੂਪ:

ਪਤਾਲੰ –
“ਦਹੁ ਦਿਸਿ ਹੁਕਮੁ ਵਰਤੈ ਪ੍ਰਭ ਤੇਰਾ ਚਹੁ ਦਿਸਿ ਨਾਮ ਪਤਾਲੰ।” (ਪਤਾਲਾਂ ਵਿਚ ਵੀ)
– ਮਲਾ ੧, ਅਸ ੪, ੮:੧ (1275)

ਪਤਾਲਾ –
“ਡੋਲੁ ਬਧਾ ਕਸਿ ਜੇਵਰੀ ਆਕਾਸਿ ਪਤਾਲਾ।” (ਪਤਾਲ ਵਿਚ ਭਾਵ ਹੇਠਾਂ)
– ਗਉ ੧, ਅਸ ੧੭, ੬:੨ (228)
“ਆਪੇ ਤਖਤੁ ਰਚਾਇਓਨੁ ਆਕਾਸ ਪਤਾਲਾ।” (ਪਾਤਾਲ)
– ਸੂਹੀ ੩, ਵਾਰ ੧:੧ (785)

ਪਤਾਲੀ –
“ਖਾਣੀ, ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ।” (ਪਾਤਾਲਾਂ ਵਿਚ)
– ਮਾਰੂ ੧, ਅਸ ੭, ੯:੨ (1013)

ਪਤਿ ------ (1) ਮਾਨ, ਪ੍ਰਤਿਸ਼ਟਾ, ਇਜ਼ਤ, ਸ਼ੋਭਾ, ਸ਼ਾਨ
“ਮੰਨੈ ਪਤਿ ਸਿਉ ਪਰਗਟੁ ਜਾਇ।”
– ਜਪੁ ੧, ੧੪:੨ (3)
“ਰਾਮ ਕਲਾ ਨਿਬਹੈ ਪਤਿ ਸਾਰੀ।” ਇਜ਼ਤ ਭਾਵ ਸ਼ਾਨ
– ਰਾਮ ੧, ੧੧, ੨:੨ (879)
“ਪਤਿ ਨਾਮੁ ਪਾਵਹਿ ਅਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ।” (ਸ਼ੋਭਾ)
– ਤੁਖਾ ੧, ਛੰਤ ੬, ੪:੫ (1113)

(2) ਪਤੀ ਦੀਆਂ, ਪਤੀ ਨੂੰ ਮਿਲਣ ਲਈ ਭਾਵ ਪ੍ਰਭੂ ਨੂੰ ਮਿਲਣ ਲਈ
“ਏਹੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।”
– ਜਪੁ ੧, ੩੨:੩ (7)
(‘ਨਿਰਣੈ’ ਇਕੇ ‘ਪਤਿ’ ਦੇ ਅਰਥ ‘ਇਜ਼ਤ’ ਕਰਦਾ ਹੈ)
‘ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ।” (ਪਤੀ)
– ਕਲਿ ੫, ੪, ੨:੧ (1322)

(3) ਖਾਨਦਾਨ, ਕੁਲ (ਕੇਵਲ ਮਹਾਨਕੋਸ਼)
“ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ।”
– – ਸਿਰੀ ੧, ੨੩, ੩:੨ (23)
(‘ਨਿਰਣੇ’ ਤੇ ਹੋਰ ਟੀਕਾਕਾਰ ਇਥੇ ਵੀ ਅਰਥ ਇਜ਼ਤ ਹੀ ਕਰਦਾ ਹੈ)
“ਹਮਰੀ ਜਾਤਿ ਪਤਿ ਸਚੁ ਨਾਉ।” (ਕੁਲ)
– ਆਸਾ ੧, ੧੪, ੪:੧ (353)

(4) ਮਾਲਕ, ਸਵਾਮੀ
“ਬਿਨਉ ਸੁਨਹੁ ਤੁਮ ਪ੍ਰਾਨਪਤਿ ਪਿਆਰੇ ਕਿਰਪਾ ਨਿਧਿ ਦਇਆਲਾ।”
– ਗਉ ੫, ੧੩੦, ੩:੧ (207)
“ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ।” (ਪੁਰਖਾਂ ਦਾ ਪਤੀ, ਸ਼੍ਰੋਮਣੀ ਪੁਰਖ ਭਾਵ ਪ੍ਰਭੂ)

– ਗਉ ੫, ਸੁਖ ੨੧, ੪:੧ (291)

(5) ਰਸੂਖ ਪਾ ਕੇ (ਕੇਵਲ ਸ਼ਬਦਾਰਥ) ਬਾਕੀ ਸਾਰੇ ਟੀਕਾਕਾਰ ਅਰਥ ਇਜਤ ਹੀ ਕਰਦੇ ਹਨ

"ਮਨ ਕਰਹਲਾ ਮੇਰੇ ਸਾਜਨਾ ਹਰਿ ਖਰਚੁ ਲੀਆ ਪਤਿ ਪਾਇ।"

– ਗਉ ੪, ਕਰ ੧, ੯:੧ (234)

(ਗੁਰੂ ਨਾਲ ਰਸੂਖ ਪਾਕੇ ਹਰਿ ਨਾਮ ਦਾ ਖਰਚਾ ਲਿਆ)

(6) ਸਾਖ, ਇਤਬਾਰ

"ਨਾਇ ਮੰਨਿਐ ਪਤਿ ਉਪਜੈ ਸਾਲਾਹੀ ਸਚੁ ਸੂਤੁ।"

– ਆਸਾ ੧, ਵਾਰ ੧੫ਸ, ੧, ੩:੧ (471)

"ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ।" (ਇਤਬਾਰ)

– ਸਲੋ ੩, ੫੧:੬ (1419)

(7) ਪ੍ਰਤੀਤੀ, ਨਿਸਚੇ

"ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ।"

– ਰਾਮ ੧, ਅਸ ੧, ੬:੧ (903)

('ਦਰਪਣ' ਇਥੇ 'ਪਤਿ' ਦੇ ਅਰਥ 'ਪ੍ਰਭੂਗਤੀ ਕਰਦਾ ਹੈ)

ਪਤਿਸਟਿਆ – ਨਿਕਲਿਆ

"ਕਉੜਾ ਹੋਇ ਪਤਿਸਟਿਆ ਪਿਆਰੇ ਤਿਸ ਤੇ ਉਪਜਿਆ ਸੋਗੁ।"

– ਸੋਰ ੫, ਅਸ ੨, ੩:੨ (641)

ਪਤਿਸਾਹੀ --- ਪਾਤਸਾਹਿਤ, ਹਕੂਮਤ

"ਏਕੋ ਅਮਰੁ ਏਕਾ ਪਤਿਸਾਹੀ ਜੁਗੁ ਜੁਗੁ ਸਿਰਿ ਕਾਰ ਬਣਾਈ ਹੇ।"

– ਮਾਰੂ ੩, ਸੋਲਾ ੩, ੧:੩ (1046)

ਹੋਰ ਰੂਪ:

ਪਤਿਸਾਹੀਆ –

"ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ।"

– ਸਲੋ ੩, ੧੧:੪ (1413)

ਪਤਿਤ ----- ਡਿਗਿਆ ਹੋਇਆ (ਧਰਮ ਕਰਮ ਤੋਂ) ਪਾਪੀ

"ਪਤਿਤ ਪਾਵਨ ਨਾਮੁ ਕੈਸੇ ਹੁੰਤਾ।"

– ਸਿਰੀ ਰਵਿ, ੧, ੧*:੨ (93)

"ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ।"

– ਗਉ ੫, ੧੩੭*, ੨:੧ (209)

"ਅਜਾਮਲ ਗਜ ਗਨਿਕਾ ਪਤਿਤ ਕਰਮ ਕੀਨੇ।" (ਡਿੱਗੇ ਹੋਏ, ਭਾਵ ਨੀਚ)

– ਧਨਾ ਕਬ, ੫, ੨:੧ (692)

"ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿਆਇ।" (ਭਾਵ ਨੀਵੀਂ ਜਾਤ)

– ਸੂਹੀ ੪, ੮, ੨:੨ (733)

ਹੋਰ ਰੂਪ:

ਪਤਿਤਾ –
“ਪਤਿਤਾ ਪੁਨੀਤਾ ਹੋਹਿ ਤਿਨੑ ਸੰਗਿ ਜਿਨੑ ਬਿਧਾਤਾ ਪਾਇਆ।” (ਡਿਗਿਆ ਹੋਇਆ)
– ਬਿਹਾ ੫, ਛੰਤ ੩, ੨:੩ (543)

ਪਤਿਤੁ –
“ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ।” (ਡਿੱਗਿਆ ਹੋਇਆ)
– ਸੋਰ ੧, ੫, ੧:੧ (596)

ਪਤਿਵੰਤ ---- ਇਜ਼ਤ ਵਾਲੇ, ਇਜਤਦਾਰ
“ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ।”
– ਗਉ ੫, ਬਾਅ ੫੩:੫ (261)

ਹੋਰ ਰੂਪ:

ਪਤਿਵੰਤਾ –
“ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ।” (ਇਜਤ ਵਾਲਾ)
– ਮਾਝ ੫, ੪੯, ੧:੩ (108)

ਪਤਿਵੰਤੁ –
“ਓਹੁ ਧਨਵੰਤੁ ਕੁਲਵੰਤੁ ਪਤਿਵੰਤੁ।” (ਪਤਿ ਵਾਲਾ)
– ਗਉ ੫, ਸੁਖ ੨੩, ੮:੩ (294)

ਪਤਿਵੰਤੇ –
“ਪ੍ਰਭ ਕਉ ਸਿਮਰਹਿ ਸੇ ਪਤਿਵੰਤੇ।” (ਇਜ਼ਤ ਵਾਲੇ)
– ਗਉ ੫, ਸੁਖ ੧, ੫:੨ (263)

ਪਤੀ ------ (1) ਪਤ੍ਰੀ, ਜਨਮ ਕੁੰਡਲੀ
“ਪੰਡਿਤ ਪਾਧੇ ਆਣਿ ਪਤੀ ਬਹਿ ਵਾਚਾਈਆ ਬਲਿਰਾਮ ਜੀਉ।”
-ਸੂਹੀ ੪, ਛੰਤ ੧, ੪:੨ (773)

(2) ਸੁਆਮੀ, ਮਾਲਕ
“ਸੁੋ ਐਸਾ ਰਾਜਾ ਤ੍ਰਿਭਵਣ ਪਤੀ।”
– ਮਲਾ ਨਾਮ, ੧, ੩:੬ (1292)

ਪਤੀਅਈ ਹੈ – ਤਸੱਲੀ ਹੁੰਦੀ
“ਕਹਨ ਕਹਾਵਨ ਨਹ ਪਤੀਅਈ ਹੈ।”
– ਗਉ ਕਬ, ੪, ੪:੧ (325)

ਪਤੀਆ ---- (1) ਅਜ਼ਮਾਇਸ਼, ਪਰਤਾਵਾ
“ਤੀਨਿ ਬਾਰ ਪਤੀਆ ਭਰਿ ਲੀਨਾ।”
– ਗੋਂਡ ਕਬ, ੪, ੪:੧ (871)

(2) ਇਤਬਾਰ, ਸਾਖ
“ਤ ਨਾਮਦੇਵ ਕਾ ਪਤੀਆ ਜਾਇ।”
– ਭੈਰ ਨਾਮ, ੧੦, ੨੬:੨ (1166)

(3) ਤਸੱਲੀ, ਵਿਸ਼ਵਾਸ਼
“ਇਹੁ ਕਿਛੁ ਪਤੀਆ ਮੁਝੈ ਦਿਖਾਇ।”

ਭੈਰ ਨਾਮ, ੧੦, ੨੩:੨ (1166)

ਪਤੀ ਆਇ--- (1) ਤਸਲੀ ਕਰਕੇ, ਖੁਸ਼ ਹੋ ਕੇ ਰੀਝ ਕੇ
“ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ।”
-ਸਿਰੀ ੧, ੨੩, ੧*:੨ (22)

(2) ਪਤੀਜਦਾ, ਨਿਸ਼ਾ ਹੁੰਦੀ, ਤਸਲੀ ਹੁੰਦੀ
“ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀਆਇ।”
-ਸਿਰੀ ੧, ਅਸ ੧੧, ੬੨ (60)
“ਸਚੇ ਹੀ ਪਤੀਆਇ ਸਚਿ ਵਿਗਸਿਆ।” (ਸਰਚਿਆ, ਪਤੀਜਿਆ)
-ਮਾਝ ੧, ਵਾਰ ੧੮:੨ (146)
“ਕਬੀਰ ਦੇਖਿ ਕੈ ਕਿਹ ਕਹ ਕਹਉ ਕਹੇ ਨ ਕੋ ਪਤੀਆਇ।” (ਤਸੱਲੀ ਹੁੰਦੀ)
- ਸਲੋ ਕਬ, ੧੨੨:੧ (1371)

ਹੋਰ ਰੂਪ:

ਪਤੀਆਇਆ-
“ਸਿਕਦਾਰਹੁ ਨਹ ਪਤੀਆਇਆ।” (ਤਸੱਲੀ ਹੋਈ)
- ਸੋਰ ੫, ੫੧, ੧:੨ (621)

(3) ਰਾਜੀ/ ਖੁਸ਼ ਹੋ ਜਾਵੇ
“ਦੂਧੁ ਪੀਉ ਮੇਰੋ ਮਨੁ ਪਤੀਆਇ।”
-ਭੈਰ ਨਾਮ, ੩, ੧*:੨ (1163)

ਹੋਰ ਰੂਪ:

ਪਤੀਆਇਆ-
“ਪ੍ਰੇਮ ਭਗਤਿ ਪ੍ਰਭਿ ਮਨੁ ਪਤੀਆਇਆ।” (ਪ੍ਰਸੰਨ/ ਖੁਸ਼ ਹੁੰਦਾ ਹੈ)
-ਧਨਾ ੧, ਅਸ ੨, ੪:੪ (686)

(4) ਪਰਤਾਵਾ ਕਰਕੇ, ਪਰਖ ਕੇ, ਨਿਰਨਾ ਕਰਕੇ
“ਸਭੁ ਕੋਈ ਦੇਖੈ ਪਤੀਆਇ।”
-ਭੈਰ ਨਾਮ, ੧੦, ੧੮:੨ (1166)

ਪਤੀਆਇਦਾ-- ਖੁਸ਼ ਕਰਦਾ, ਰੀਝਾਂਦਾ
“ਜਿਸ ਨੋ ਤੂੰ ਪਤੀਆਇਦਾ ਸੋ ਸਣੁ ਤੁਝੈ ਅਨਿਤ।”
-ਸਿਰੀ ੫, ੭੧, ੩:੨ (42)

ਪਤੀਆਈਅਨੁ- ਤਸੱਲੀ ਕਰਵਾਉਣੀ
“ਆਪੇ ਹੀ ਉਪਦੇਸਦਾ ਗੁਰਮੁਖਿ ਪਤੀਆਈਅਨੁ।”
- ਰਾਮ ੩, ਵਾਰ ੨੧:੨ (956)

ਪਤੀਆਏ --- (1) ਪਰਚ ਜਾਏ
“ਦਉਥੇ ਪਦ ਕਉ ਜੇ ਮਨੁ ਪਤੀਆਏ।”
- ਧਨਾ ੧, ਅਸ ੧, ੭:੪ (686)

(2) ਤਸਲੀ ਕਰਦਾ ਹੈ
“ਪਾਤਿਸਾਹ ਸਾਹ ਉਮਰਾਉ ਪਤੀਆਏ।”
-ਗੋਂਡ ੫, ਅਸ ੧, ੨:੧ (869)

ਪਤੀਆਹੀ --- ਪਤੀਜਦਾ ਹੈ। ਸੰਤੁਸ਼ਟ ਹੋ ਜਾਂਦਾ ਹੈ, ਤਸੱਲੀ ਹੋ ਜਾਂਦੀ ਹੈ
"ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ।"
- ਗਉ ਕਬ, ੭੨, ੧:੨ (339)

ਪਤੀਆਗਾ --- ਤਸੱਲੀ ਹੋ ਗਈ
" ਗੁਰ ਪੂਛੇ ਮਨੁ ਪਤੀਆਗਾ।"
-ਸੋਰ ਨਾਮ, ੩, ੨:੪ (657)

ਪਤੀਆਨਾ --- (1) ਪਤੀਜਦਾ, ਰਝਦਾ, ਨਿਸ਼ਾ, ਤਸੱਲੀ ਹੋ ਜਾਣੀ
"ਅਨਿਕ ਰੂਪ ਦੇਖਿਨਹ ਪਤੀਆਨਾ।"
-ਗਉ ੫, ੮੦, ੧:੨ (179)

ਹੋਰ ਰੂਪ:

ਪਤੀਆਨੇ-
"ਮਨਿ ਸੰਤੋਖੁ ਆਤਮ ਪਤੀਆਨੇ।" (ਪਤੀਜਦਾ,/ ਨਿਸ਼ਾ ਹੋ ਜਾਂਦੀ ਹੈ)
-ਗਉ ੫, ਸੁਖ ੧੮, ੪:੬ (287)

(2) ਖੁਸ਼/ ਪ੍ਰਸਨ ਹੋਣਾ
"ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ।"
-ਗਉ ੫, ਬਾਅ ੫੦:੨ (260)

ਹੋਰ ਰੂਪ:

ਪਤੀਆਨੋ-
"ਇਹ ਬਿਧਿ ਨਹ ਪਤੀਆਨੋ ਠਾਕੁਰ ਜੋਗ ਜੁਗਤਿ ਕਰਿ ਜੈਨ।"
-ਧਨਾ ੫, ੧੩, ੨:੨ (674)

(3) ਪਰਚਨਾ
"ਸਿਮਰਤ ਨਾਮੁ ਨਿਧਾਨੁ ਨਿਰਮੋਲਕੁ ਮਨੁ ਮਾਣਕੁ ਪਤੀਆਨਾ ਰੇ।"
-ਆਸਾ ੫, ੧੩੦, ੩:੨ (404)

ਪਤੀਆਰ ---- ਪਤਿਆਉਣ (ਲਈ), ਤਸੱਲੀ ਕਰਵਾਉਣ ਲਈ
"ਅਵਰਿ ਕਰਮ ਲੋਕਹ ਪਤੀਆਰ।"
-ਭੈਰ ੫, ੨੫, ੪:੪ (1142)

ਪਤੀਆਰਾ --- (1) ਪਤੀਜਨ ਵਾਲਾ
"ਜਹ ਆਪਨ ਆਪੁ ਆਪਿ ਪਤੀਆਰਾ।"
-ਗਉ ੫, ਸੁਖ ੨੧, ੬:੭ (291)

(ਮਹਾਨਕੋਸ਼ ਅਰਥ ਪੜੀਵਾਲਾ ਕਰਦਾ ਹੈ)

(2) ਇਤਬਾਰ, ਵਿਸ਼ਵਾਸ਼, ਭਰੋਸਾ
"ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ।"
-ਗਉ ਕਬ, ੭੩, ੨:੧ (339)

(3) ਪਤੀਜਿਆ, ਸੰਤੁਸ਼ਟ ਹੋਇਆ, ਰਝਿਆ
"ਤਉ ਭੀ ਮੇਰਾ ਮਨੁ ਨ ਪਤੀਆਰਾ।"
-ਆਸਾ ੫, ੧੧, ੧:੨ (373)

ਪਤੀਆਰੁ ---- ਪਰਤਾਵਾ, ਪਰਖ, ਨਿਰਨਾ

"ਹਮ ਸਰਿ ਦੀਨੁ ਦਇਆਲੁ ਨ ਤੁਮਸਰਿ ਅਬ ਪਤੀਆਰੁ ਕਿਆ ਕੀਜੈ।"

-ਧਨਾ ਰਵਿ, ੧, ੧:੧ (694)

ਪਤੀਆਰੈ ---- ਖੁਸ਼ ਹੋਣ ਨਾਲ, ਪਤੀਜਨ ਨਾਲ

"ਲੋਕ ਪਤੀਆਰੈ ਕਛੂ ਨ ਪਾਈਐ।"

-ਸੂਹੀ ੫, ੨, ੨:੩ (736)

ਪਤੀਆਵਣਿਆ ਪਤੀਜਦਾ ਹੈ, ਤਸੱਲੀ ਹੁੰਦੀ ਹੈ

"ਦੀਨ ਦਇਆਲ ਮੇਰੇ ਸਾਹਿਬਾ, ਸਚੇ ਮਨੁ ਪਤੀਆਵਣਿਆ।"

-ਮਾਝ ੧, ਅਸ ੧, ੧:੩ (109)

ਪਤੀਆਵੈ ---- ਖੁਸ਼ ਕਰੇ, ਰੀਝਾਵੈ, ਤਸੱਲੀ ਕਰਵਾਏ

"ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ।"

-ਗਉ ੫, ੧੬੪*, ੨:੨ (216)

ਪਤੀਐ ----- ਪਤੀ ਜੇ, ਪਰਚੇ

"ਝੂਠਿ ਨ ਪਤੀਐ ਪਰਚੈ ਸਾਚੈ।"

-ਗੋਂਡ ਕਬ, ੧੦, ੨:੨ (872)

ਪਤੀਜਈ ---- ਰਾਜ਼ੀ ਹੋਣਾ

"ਸਚਾ ਅਲਖ ਅਭੇਉ ਹਠਿ ਨ ਪਤੀਜਈ।"

-ਮਨਾ ੧, ਵਾਰ ੧੭:੧ (1285)

ਪਤੀਜਾ ----- ਪ੍ਰਸੰਨ ਹੋਇਆ

"ਅੰਤਰਿ ਬਾਹਰਿ ਸਭੁ ਕਿਛੁ ਜਾਣੈ ਆਪੇ ਹੀ ਆਪਿ ਪਤੀਜਾ ਹੇ।"

-ਮਾਰੂ ੫, ਸੋਲਾ ੩, ੬:੩ (1074)

ਪਤੀਜਿਆ --- ਪਤਿਆਇਆ, ਨਿਸਚੇਵਾਨ ਹੋਇਆ

"ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ।"

-ਬਿਹਾ ੪, ਛੰਤ ੫, ੩:੩ (541)

ਪਤੀਜੈ ------ (1) ਪ੍ਰਸੰਨ ਹੁੰਦਾ ਹੈ

"ਸਚਾ ਸਚੋ ਸਚਿ ਪਤੀਜੈ।"

-ਮਾਝ ੩, ਅਸ ੯, ੭:੧ (114)

(2) ਰੀਝਦਾ, ਰਝਦਾ

" ਸਬਦੇ ਪਤੀਜੈ ਅੰਕੁ ਭੀਜੈ ਸੁ ਮਹਲੁ ਮਹਲਾ ਅੰਤਰੇ।"

- ਸੂਹੀ ੧, ਛੰਤ ੫, ੮:੩ (767)

(3) ਵਿਸ਼ਵਾਸ਼ ਕਰਨਾ, ਇਤਬਾਰ ਕਰਨਾ

" ਹਠਿ ਨ ਪਤੀਜੈ ਨਾ ਬਹੁ ਭੇਖੈ।"

-ਧਨਾ ੧, ਅਸ ੨, ੪:੨ (686)

ਪਤੀਣਾ ----- ਪਤੀਜਿਆ, ਪ੍ਰਤੀਤ ਹੋ ਜਾਵੇ, ਤਸੱਲੀ ਹੋ ਜਾਵੇ

"ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ।"
– ਸੂਹੀ ੧, ਛੰਤ ੫, ੮:੨ (767)

ਹੋਰ ਰੂਪ:

ਪਤੀਣੀ–
" ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ।" (ਪਤੀਜੀ)
– ਤੁਖਾ ੧, ਛੰਤ ੩, ੪:੫ (1111)

ਪਤੀਣੀਆਂ --- ਕੰਮਜ਼ੋਰ ਹੋ ਗਈਆਂ
"ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ।"
–ਸਲੋ ਫਰ, ੧੧੧:੧ (1378)

ਪਤੀਣੇ------- ਪ੍ਰਤੀਜ ਗਏ, ਭਰੋਸਾ ਬੱਝਾ
"ਨਾਨਕ ਹਉਮੈ ਮਾਰਿ ਪਤੀਣੇ ਵਿਰਲੇ ਦਾਸ ਉਦਾਸਾ।"
–ਆਸਾ ੧, ਛੰਤ ੩, ੪:੬ (437)
"ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ।" (ਤਸੱਲੀ ਹੋਣ ਨਾਲ)
–ਆਸਾ ਕਬ, ੩੭, ੧:੨ (484)

ਹੋਰ ਰੂਪ:

ਪਤੀਣੈ–
"ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ।"
– ਆਸਾ ੪, ੬੨, ੪:੧ (368)

ਪਤੀਣੋਹਿ ---- ਪਤੀਜਿਆ, ਭਰੋਸਾ ਹੋਇਆ
"ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ।"
– ਸਲੋ ਫਰ, ੭੩:੨ (1381)

ਪਤੀਨ------- ਪਤੀਜ ਗਏ, ਨਿਸ਼ਾ ਹੋ ਗਈ
"ਪੇਖਿਓ ਲਾਲਛੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ।"
–ਟੋਡੀ ੫, ੨੦, ੨:੧ (716)

ਹੋਰ ਰੂਪ:

ਪਤੀਨਾ–
"ਮਨ ਕਠੋਰ ਅਜਹੂ ਨ ਪਤੀਨਾ" (ਤਸਲੀ ਹੋਈ, ਪਤੀਜਿਆ)
– ਗੋਂਡ ਕਬ, ੪, ੪:੨ (871)

ਪਤੀਨਾ ----- (1) ਨਿਸ਼ਾ ਹੋਈ, ਵੇਖੋ 'ਪਤੀਨ'
(2) ਖੁਸ਼ ਹੋਇਆ
"ਆਪੇ ਆਪੁ ਉਪਾਇ ਪਤੀਨਾ।"
–ਮਾਰੂ ੧, ਸੋਲਾ ੧, ੩:੨ (1020)

ਪਤੀਨੀ ----- ਪਤੀਜੇ, ਨਿਸ਼ਾ ਹੋਈ
"ਜਿਸੁ ਬੁਝਾਏ ਸੋ ਬੁਝਸੀ ਸਚੈ ਸਬਦਿ ਪਤੀਨੀ।"
–ਰਾਮ ੩, ਵਾਰ ੭:੪ (949)

ਪਤੀਨੇ ------ (1) ਤਸੱਲੀ ਹੋ ਜਾਣਾ

“ਸਹਜ ਸੁਭਾਇ ਮਿਲੈ ਗੋਪਾਲਾ ਨਾਨਕ ਸਚਿ ਪਤੀਨੇ।”

-ਸੋਰ ੫, ੬੭, ੨:੨ (626)

(2) ਪ੍ਰਸੰਨ ਹੋਣਾ, ਰੀਝਣਾ

“ਨਵ ਛਿਅ ਖਟੁ ਬੋਲਹਿ ਮੁਖ ਆਗਰ ਮੇਰਾ ਹਰਿ ਪ੍ਰਭੁ ਇਵ ਨ ਪਤੀਨੇ।”

-ਧਨਾ ੪, ੭, ੨:੧ (668)

ਪਤੁ ------- (1) ਪਾੜ

“ ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।” (ਖਪਰ, ਚਿਪੀ)

-ਜਪੁ ੧, ੨੭:੧ (6)

(2) ਪਤੇ

“ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ।”

- ਆਸਾ ੧, ਛੰਤ ੨, ੨:੪ (436)

ਪਤੇ ------- (1) ਪਤੀ, ਸੁਆਮੀ, ਮਾਲਕ

“ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ।”

-ਆਸਾ ੫, ਛੰਤ ੧੪, ੧:੩ (462)

“ਮਨਿ ਪ੍ਰੀਤਿ ਲਾਗੈ ਵਡੈ ਭਾਗੈ ਕਬ ਮਿਲੀਐ ਪੂਰਨ ਪਤੇ।”(ਪਤੀ ਨੂੰ)

-ਬਿਲਾ ੫, ਛੰਤ ੧, ੧:੩ (845)

(2) ਹੇ ਪਤੀ, ਹੇ ਮਾਲਕ ਪ੍ਰਭੂ

“ਹਮ ਮੂਰਖ ਅਗਿਆਨ ਸਰਨਿ ਪ੍ਰਭ ਤੇਰੀ ਕਰਿ ਕਿਰਪਾ ਰਾਖਹੁ ਮੇਰੀ ਲਾਜ ਪਤੇ।”

-ਰਾਮ ੧, ੧, ੧*:੨ (876)

ਪਤ੍ਰ ------- (1) ਪਤੇ

“ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ।”

-ਗੂਜ ੧, ਅਸ ੧, ੩:੧ (503)

(2) ਖਪਰ

“ਮੁੰਦ੍ਰਾ ਮੋਨਿ ਦਇਆ ਕਰਿ ਝੋਲੀ ਪਤ੍ਰ ਕਾ ਕਰਹੁ ਬੀਚਾਰੁ ਰੇ।”

- ਰਾਮ ਕਬ, ੭, ੧:੧ (970)

(3) ਚਿਠੀ, ਲਿਖਤ, ਫੁਰਮਾਣ

“ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ।”

-ਸਮੁ ੫, ੫*:੨ (1388)

ਪਤ੍ਰਾਲੀ ----- ਸੰਘਣੇ ਪਤਿਆਂ ਵਾਲੀ

“ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।”

-ਰਾਮ ਬਸ, ਵਾਰ ੩:੮ (967)

ਪਤ੍ਰੀ ------ (1) ਚਿੱਠੀ

“ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ।”

-ਆਸਾ ੫, ੫, ੧:੧ (371)

(ਮਹਾਨਕੋਸ਼ ਇਸ ਦੇ ਅਰਥ ‘ਕਾਸਦ’ ਚਿੱਠੀ ਲੈ ਜਾਣ ਵਾਲਾ ਕਰਦਾ ਹੈ)

(2) ਤਿਥਪਤ੍ਰ, ਜੰਤਰੀ

“ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ।”
-ਮਾਰੂ ੩, ਵਾਰ ੨੨ਸ, ੩, ੨:੧ (1093)

ਪਤ੍ਰਾਇ ----- ਪਤੀਜਦਾ, ਵਿਸ਼ਵਾਸ਼ ਲਿਆਉਂਦਾ, ਨਿਸਚਾ ਕਰਦਾ
“ਅਜੌਂ ਨ ਪਤ੍ਰਾਇ ਨਿਗਮ ਭਏ ਸਾਖੀ।”
- ਜੈਤ ਰਵਿ, ੧, ੩:੨ (710)

ਪੰਥ ------- ਰਸਤਾ, ਰਾਹ
“ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ।”
-ਗਉ ੯, ੫, ੨:੨ (219)

ਪਥਰ ------ ਪਾਹਨ, ਪਾਖਾਣ, ਧਰਤੀ ਦਾ ਉਹ ਕਰੜਾ ਪਦਾਰਥ ਜਿਸ ਦੇ ਸਿਲ, ਵੱਟੇ, ਚਟਾਣ ਰੂਪ ਸਾਨੂੰ ਦਿਸਦੇ ਹਨ।
“ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।”
-ਗੂਜ ੫, ਸੋਦ ੫, ੧:੨ (10)
“ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।”(ਭਾਰਾ ਪਦਾਰਥ)
-ਗਉ ੧, ਅਸ ੧੭, ੫:੨ (156)
“ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ।” (ਕਰੜਾ, ਬਜਰ ਪਾਪ)
-ਗੂਜ ੩, ਵਾਰ ੩:੨ (509)

ਹੋਰ ਰੂਪ:

ਪਥਰੁ
“ਕਰਿ ਕਿਰਪਾ ਡੁਬਦਾ ਪਥਰੁ ਲੀਜੈ।”
-ਮਾਝ ੫, ੨੯, ੪:੨ (103)

ਪੰਥਾ ------- ਮਾਰਗ, ਰਸਤਾ
“ਹਮ ਅੰਧੁਲੇ ਗਿਆਨਹੀਨ ਅਗਿਆਨੀ ਕਿਉ ਚਾਲਹ ਮਾਰਗਿ ਪੰਥਾ।”
-ਜੈਤ ੪, ੧, ੪:੧ (696)
“ਪੰਥਾ ਪ੍ਰੇਮ ਨ ਜਾਣਈ ਭੂਲੀ ਫਿਰੈ ਗਵਾਰਿ।”(ਰਸਤਾ ਪ੍ਰੇਮ ਦਾ)
-ਸਲੋ ੫, ੧੮:੧ (1425)
(ਮਹਾਨਕੋਸ਼ ਅਰਥ ‘ਸਤੀ’ ਕਰਦਾ ਹੈ)

ਪੰਥਿ ------- ਰਸਤੇ ਉਪਰ
“ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ।”
-ਸਿਰੀ ਤ੍ਰਿਲੋ, ੨, ੩:੧ (92)

ਪਥਿਕ ------ ਰਾਹੀ- ਮੁਸਾਫਰ
“ਪਥਿਕ ਪਿਆਸ ਚਿਤ ਸਰੋਵਰ ਆਤਮ ਜਲੁ ਲੈਨ।”
-ਮਲਾ ੫, ੨੯, ੨:੧ (1273)

ਪੰਥੀ ------- ਰਾਹੀ ਮੁਸਾਫਰ
“ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ।”
-ਮਲਾ ੧, ਵਾਰ ੨ਸ, ੧, ੨:੨ (1279)
“ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ।”

-ਸਲੋ ਕਬ, ੧੪੭:੧ (1372)

ਪਥੁ ------- ਪ੍ਰਹੇਜ਼, ਸੰਜਮ
"ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ।"
-ਸਿਰੀ ੫, ੯੦, ੩:੩ (49)
(ਮਹਾਨਕੋਸ਼ ਇਸ ਦੇ ਅਰਥ ਰੋਗੀ ਲਈ ਗੁਣਕਾਰੀ ਪਦਾਰਥ ਕਰਦੇ ਹਨ)

ਪੰਥੁ ------- ਮਾਤਾ, ਮਾਰਗ, ਰਾਹ
"ਮੰਨੈ ਮਗੁ ਨ ਚਲੈ ਪੰਥੁ ।"
-ਜਪੁ ੧, ੧੪:੩ (3)
"ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ।"(ਭਾਵ ਜੋਗ ਪੰਥ)
-ਗਉ ੫, ੧੩੨*, ੩:੧ (208)

ਪਦ--------- (1) ਪੈਰ, ਚਰਨ
" ਸਹਜ ਪਦ ਬਿਮਲ ਨਨ ਏਕ ਪਦ ਗੰਧ ਬਿਨੁਸਹਸ ਤਵ ਗੰਧ ਇਵ ਚਲਤ ਮੋਹੀ।"
-ਧਨਾ ੧, ਸੋਲਾ ੩, ੨:੨ (113)
(2) ਦਰਜਾ, ਸਥਾਨ, ਅਵਸਥਾ
"ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ।"
-ਸਿਰੀ ੩, ਅਸ ੨੩, ੬:੩ (68)
"ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ।"
- ਸਿਰੀ ਬੇਣੀ, ੧, ੫:੨ (93)
(3) ਰੁਤਬਾ, ਪਚਵੀ, ਦਰਜਾ
"ਮਿਰਤਕ ਪਿੰਡਿ ਪਦ ਮਦ ਨ ਆਹਿਨਿਸਿ ਏਕੁ ਅਗਿਆਨੁ ਸੁ ਨਾਗਾ।"
-ਸਿਰੀ ਬੇਣੀ, ੧, ੧:੨ (93)

ਪਦੰ ------- ਸਥਾਨ, ਟਿਕਾਣਾ
"ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ।"
-ਗੂਜ ਜੈਦੇ, ੧, ੫:੧ (526)
(ਮਹਾਨਕੋਸ਼ ਇਸ ਦੇ ਅਰਥ ਦੇਣ ਵਾਲਾ ਕਰਦਾ ਹੈ)
(ਸੰਥਿਆ ਅਰਥ ਪਦਵੀਆਂ ਕਰਦਾ ਹੈ)

ਪਦਹਿ ------ ਪਦਵੀ, ਰੁਤਬਾ
"ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ।"
-ਕੇਦਾ ਰਵਿ, ੧, ੧*:੨ (1124)

ਪਦਮ ------ ਕਮਲ
"ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ ਤਾਸ ਸਮਤੁਲਿ ਨਹੀ ਆਨ ਕੋਊ।"
(ਇਥੇ ਭਾਵ 'ਚਰਨ ਕਮਲ')
-ਮਲਾ ਰਵਿ, ੨, ੧*:੨ (1293)

ਪਦਮਨਿ----- ਪਦਮ, ਕਮਲ
"ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ।"

-ਮਾਰੂ ੧, ੪, ੧:੧ (990)

ਪਦਮੁ ------ (1) ਕਮਲ
“ਮਸਤਕਿ ਪਦਮੁ ਦੁਆਲੈ ਮਣੀ।”
- ਰਾਮ ਬੇਣੀ, ੧, ੯:੧ (974)
(2) ਯੋਗ ਦਾ ਇਕ ਆਸਨ
“ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।”
- ਧਨਾ ੧, ੮, ੨:੨ (663)

ਪਦਰ ------ (ਫਾ. ਪਿਦਰ) ਪਿਤਾ
“ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।”
-ਤਿਲੰ ੧, ੧, ੨:੧ (721)

ਪਦਵੀ ------ ਰੁਤਬਾ
“ਜੀਵਨ ਪਦਵੀ ਹਰਿ ਕੇ ਦਾਸ।”
-ਗਉ ੫, ੧੭੦, ੧:੧ (200)

ਪਦਾਰਥ ----- ਵਸਤ, ਚੀਜ਼, ਕੀਮਤੀ ਵਸਤੂ, ਚੰਗੀ ਚੀਜ਼
“ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ।”
-ਸਿਰੀ ੫, ੮੪, ੨:੧ (47)

ਹੋਰ ਰੂਪ:

ਪਦਾਰਥਿ–
“ਘਰਿ ਹੋਦੈ ਰਤਨਿ ਪਦਾਰਥਿ ਭੁਖੇ ਭਾਗਹੀਣ ਹਰਿ ਦੂਰੇ।” (ਵਸਤ, ਅਮਲੋਕ ਚੀਜ਼)
-ਵਡ ੪, ਛੰਤ ੩, ੩:੪ (574)

ਪਦਾਰਥੁ–
“ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ।” (ਵਸਤੂ)
-ਸਿਰੀ ੧, ੧੨, ੧*:੨ (18)
“ਇਹੁ ਜਨਮੁ ਪਦਾਰਥੁ ਪਾਇ ਕੈ ਹਰਿ ਨਾਮੁ ਨ ਚੇਤੈ ਲਿਵ ਲਾਇ।” (ਅਮੋਲਕ ਵਸਤੂ)
-ਸਿਰੀ ੧, ੩੭, ੪:੧ (28)

ਪਦਾਰਥੋ–
“ਹਰਿ ਲਧਾ ਰਤਨੁ ਪਦਾਰਥੋ ਫਿਰਿ ਬਹੁੜਿ ਨ ਚਲਿਆ।”(ਪਦਾਰਥ, ਵਸਤੂ)
-ਆਸਾ ੪, ਛੰਤ ੧੮, ੧:੩ (450)

ਪਦਿ ------- ਪਦਵੀ ਤੋਂ/ ਰਾਹੀਂ
“ਸਤਗੁਰਿ ਮਿਲਿਐ ਤ੍ਰਿਕੁਟੀ ਛੂਟੈ ਚਉਥੈ ਪਦਿ ਮੁਕਤਿ ਦੁਆਰੁ।”
-ਸਿਰੀ ੩, ੫੧, ੨:੩ (33)

ਪੰਦਿ ------- (ਫਾ. ਪੰਦ) ਸਿਖਿਆ, ਨਸੀਅਤ
“ਮੈ ਪਤਿ ਕੀ ਪੰਦਿ ਨ ਕਰਣੀ ਕੀ ਕਾਰ।”
-ਸਿਰੀ ੧, ੨੯, ੧*:੧ (24)

“ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ।”
-ਸਿਰੀ ੪, ਵਾਰ ੨੦ਸ, ੧, ੧:੪ (91)

ਪੰਦੀ ------- ਸਿਖਿਆ ਵਾਲੇ
“ਦੁਇ ਪੰਦੀ ਦੁਇ ਰਾਹ ਚਲਾਏ।”(ਦੋ ਸਿਖਿਆ ਵਾਲੇ ਭਾਵ ਗੁਰਮੁੱਖ ਤੇ ਮਨਮੁਖ)
-ਮਾਰੂ ੧, ਸੋਲਾ ੧੨, ੨:੨ (1032)

ਪਦੁ ------- ਪਦਵੀ, ਸਥਾਨ
“ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।”
-ਸਿਰੀ ੧, ੨੬, ੧:੨ (23)

ਪੰਦ੍ਰਹ ------ ਪੰਦਰਾਂ
“ਪੰਦ੍ਰਹ ਥਿਤੰੀ ਸਾਤ ਵਾਰ।”
-ਗਉ ਕਬ, ਥਿਤੀ ੧ਸ:੧ (343)

ਪੰਧ-------- ਰਸਤਾ, ਮਾਰਗ, ਰਾਹ
“ਪਾਵ ਜੁਲਾਈ ਪੰਧ ਤਉ ਨੈਣੀ ਦਰਸੁ ਦਿਖਾਲਿ।”
-ਸੂਹੀ ੫, ਅਸ ੪, ੪:੧ (761)

ਪਧਤਿ ------ ਰਾਹ, ਨੇਮ
“ ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ।”
-ਸਵ ੪, ਮਥੁ ੫:੩ (1409)

ਪਧਰੋ ------ ਪੱਧਰ, ਹਮਵਾਰ, ਪਧਰੀ
“ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ।”
-ਗਉ ੫, ਵਾਰ ੧੪ਸ, ੫, ੨:੨ (321)

ਪੰਧਾ ------ ਪੈਂਡੇ, ਸਫਰ
“ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀ ਦੀ ਬਹੁਤੁ ਦਿਸਾਵਰ ਪੰਧਾ।”

ਪਧਾਊਆ---- ਰਾਹੀਆਂ, ਮੁਸਾਫਰਾਂ
“ਪੁਛਹੁ ਜਾਇ ਪਧਾਊਆ ਚਲੇ ਚਾਕਰ ਹੋਇ।”
-ਸਿਰੀ ੧, ਅਸ ੬, ੮:੧ (57)

ਪੰਧਾਣੂ------ ਪਾਂਧੀ, ਰਾਹੀ, ਮੁਸਾਫਰ
“ਸੁਖ ਘਟ ਓਗ਼ੜੂਇ ਇਸੁ ਪੰਧਾਣੂ ਘਰ ਘਣੇ।”
-ਮਾਝ ੫, ਵਾਰ ੧੩ਸ, ੫, ੩:੨ (1098)

ਪੰਧਿ ------- ਰਸਤੇ, ਮਾਰਗ, ਰਾਹ ਤੇ
“ਪੰਧਿ ਜੁਲੰਧੜੀ ਮੇਰਾ ਅੰਦਰੁ ਠੰਢਾ ਗੁਰ ਦਰਸਨੁ ਦੇਖਿ ਨਿਹਾਲੀ।”
-ਰਾਮ ੫, ਵਾਰ ੧੭ਸ, ੫, ੧:੨ (964)

ਪੰਧੀਆਂ ----- ਰਸਤੇ, ਮਾਰਗ, ਰਾਹ
“ਕਥੜੀਆ ਸੰਤਾਹ ਤੇ ਸੁਖਾਊ ਪੰਧੀਆ।”
-ਮਾਰੂ ੫, ਵਾਰ ੨੧ਸ, ੫, ੨:੧ (1101)

ਪੰਧੁ ------- ਰਸਤਾ, ਮਾਰਗ, ਰਾਹ
"ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜਣੁ ਆਵਏ।"
-ਸਲੋ ੪, ੫:੧ (1421)

ਪਨਹ ------ (ਫਾ. ਪਨਾਹ) ਓਟ, ਆਸਰਾ, ਟੇਕ
"ਤੇਰੀ ਪਨਹ ਖੁਦਾਇ ਤੂ ਬਖਸੰਦਗੀ।"
-ਆਸਾ ਫਰ, ੧, ੪:੧ (488)

ਪਨਹੀ ------ ਜੁਤੀ
"ਲੋਗੁ ਗਠਾਵੈ ਪਨਹੀ।"
-ਸੋਰ ਰਵਿ, ੭, ੧*:੨ (659)

ਪਨਹੀਓ----- ਜੁਤੀ
"ਕਬਹੂ ਪਾਇ ਪਨਹੀਓ ਨ ਪਾਵੈ।"
- ਭੈਰ ਨਾਮ, ੫, ੨:੨ (1164)

ਪਨਾਹਿ ----- ਓਟ, ਟੇਕ
"ਜਿਨਾ ਭਾਗ ਮਥਾਹੜੈ ਤਿਨ ਉਸਤਾਦ ਪਨਾਹਿ।"
-ਮਾਰੂ ੫, ਵਾਰ ੬ਸ, ੫, ੧:੨ (1096)

ਪਨਿਹਾਰਾ---- ਜਲ ਢੋਣ ਵਾਲਾ, ਸੇਵਕ ਮਹਿਰਾ
"ਹਰਿ ਕਾ ਸੰਤੁ ਪਰਾਨ ਧਨ ਤਿਸ ਕਾ ਪਨਿਹਾਰਾ।"
-ਸੂਹੀ ੫, ੪੨, ੧:੧ (745)

ਪਨਿਹਾਰਿ---- ਜਲ ਢੋਣ ਵਾਲੀ ਸੇਵਕਾ, ਭਾਵ ਨਿਮਾਣੀ ਸੇਵਕਾ
"ਦਾਸਨਿ ਦਾਸੀ ਕੀ ਪਨਿਹਾਰਿ।"
-ਆਸਾ ੫, ੮੪, ੨:੧ (391)

ਹੋਰ ਰੂਪ:

ਪਨਿਹਾਰੀ-
"ਕੂਅਟਾ ਏਕੁ ਪੰਚ ਪਨਿਹਾਰੀ।"(ਪਾਣੀ ਲਚਨ ਵਾਲੀਆਂ)
-ਗਉ ਕਬ, ੧੨, ੩:੧ (325)

"ਅਵਰ ਜੋਨਿ ਤੇਰੀ ਪਨਿਹਾਰੀ।"(ਭਾਵ ਸੇਵਕ)
- ਆਸਾ ੫, ੧੨, ੪:੧ (374)

"ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ ਹਮ ਦਾਸਨਿ ਦਾਸ ਕੀਜੈ ਪਨਿਹਾਰੀ।"(ਸੇਵਕ)
-ਭੈਰ ੪, ੬, ੧*:੨ (1135)

"ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ ।" (ਭਾਵ ਬੁੱਧੀ)
-ਪ੍ਰਭਾ ੧, ੧੫, ੨:੧ (1331)

ਪਨਿਹਾਰੇ-
"ਨਾਨਕ ਦਾਸਨਿ ਦਾਸੁ ਕਹਤੁ ਹਮ ਦਾਸਨ ਕੇ ਪਨਿਹਾਰੇ।" (ਭਾਵ ਸੇਵਕ)
-ਨਟ ੪, ਅਸ ੧, ੮:੨ (981)

ਪਨਿਹਾਰੋ-

"ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸ ਪਨਿਹਾਰੋ।"
-ਆਸਾ ੪, ਛੰਤ ੧੭, ੩:੪ (450)

ਪੰਨੈ ------- ਖਾਤੇ /ਲੇਖੇ ਵਿਚ
"ਚਿਰੀ ਵਿਛੁੰਨੇ ਮੇਲਿਅਨੁ ਸਤ ਗੁਰ ਪੰਨੈ ਪਾਇ।" (ਭਾਵ ਆਪਣੇ ਲੜ ਲਾ ਕੇ)
-ਸਿਰੀ ੩, ੪੯, ੩:੨ (32)
"ਨਾਨਕ ਤਿਨ ਕਾ ਆਖਿਆ ਆਪਿ ਸੁਣੇਜਿ ਲਇਅਨੁ ਪੰਨੈ ਪਾਇ।"
(ਆਪਣੀ ਵਹੀ ਤੇ ਚੜਾ ਲਏ)
-ਬਿਲਾ ੪, ਵਾਰ ੯ਸ, ੩, ੧:੩ (853)

ਪਨ੍ਹੀਆ ----- ਜੁਤੀ
"ਪਨ੍ਹੀਆ ਛਾਦਨੁ ਨੀਕਾ।"
-ਧਨਾ ਧੰਨਾ, ੧, ੧:੩ (695)

ਪਪਨਾ ------ ਪਾਪਾਂ ਤੋਂ
"ਪ੍ਰਭ ਦੀਨ ਦਇਆਲ ਭਗਤ ਭਵ ਤਾਰਨ ਹਮ ਪਾਪੀ ਰਾਖੁ ਪਪਨਾ।"
-ਬਿਲਾ ੪, ੧, ੪:੧ (799)

ਪਪਾ ------- 'ਪ' ਗੁਰਮੁਖੀ ਲਿਪੀ ਦਾ 26ਵਾਂ ਚਿੰਨੁ
"ਪਪਾ ਪਰਮਿਤਿ ਪਾਰੁ ਨ ਪਾਇਆ।"
- ਗਉ ੫, ਬਾਅ ੩੭:੧ (258)

ਪਪੀਲਕਹ---- (ਸੰ.) ਕੀੜੀ, ਚਿਊਂਟੀ
"ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ।"
-ਸਸ ੫, ੫੫:੧ (1359)

ਪਪੀਲਕਾ ---- ਕੀੜੀ
"ਹੇ ਪਪੀਲਕਾ ਗ੍ਰਸਟੇ ਗੋਬਿੰਦ ਸਿਮਰਣ ਤੁਯੰ ਧਨੇ।"
-ਸਸ ੫, ੬੩:੪ 1359)

ਪਪੈ ------- 'ਪ' ਅੱਖਰ ਦੁਆਰਾ
"ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ।"
- ਆਸਾ ੧, ਪਟੀ ੨੪:੧ (433)

ਪਪੋਰਹੁ ----- ਪਲੋਸਦੇ ਹੋ, ਲਾਡ ਨਾਲ ਪਾਲਦੇ ਹੋ
"ਰੇ ਨਰ ਕਾਹੇ ਪਪੋਰਹੁ ਦੇਹੀ।"
-ਸੋਰ ੫, ੪, ੧*:੧ (609)

ਪਪੋਲਿ------ ਪਾਲਣ ਪੋਸਨ ਕਰਕੇ, ਪਲੋਸ ਕੇ
"ਉਨ੍ਹ ਕੈ ਸੰਗਿ ਤੂ ਰਖੀ ਪਪੋਲਿ।"
-ਆਸਾ ੫, ੮੨, ੨:੩ (390)

ਹੋਰ ਰੂਪ:

ਪਪੋਲੀਐ-
"ਭਲਕੇ ਉਠਿ ਪਪੋਲੀਐ ਵਿਣਿ ਬੁਝੇ ਮੁਗਧ ਅਜਾਣਿ।"(ਪਾਲੀ ਪੋਸੀਦਾ ਹੈ)

-ਸਿਰੀ ੫, ੭੩, ੧:੧ (43)

ਪਬਣਿ------ ਪਾਣੀ ਵਿਚ ਉਗਦੀ ਚੌਪਤੀ, ਨੀਲੋਫਰ

"ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ।"

-ਸਿਰੀ ੧, ੨੪, ੧:੨ (23)

ਪਬਰ ------ ਹੇ ਕਮਲ (ਸ਼ਬਦਾਰਥ, ਗਿਰਾਰਥ)

"ਪਬਰ ਤੂੰ ਰਰੀਆਵਲਾ ਕਵਲਾ ਕੰਚਨ ਵੰਨਿ।"

-ਸਲੋ ੧, ੩੦:੧ (1412)

(ਨਿਰਣੈ ਕੋਸ਼ ਇਸ ਦੇ ਅਰਥ ਸਰੋਵਰ) ਛਪੜ, ਕਰਦਾ ਹੈ ਅਤੇ ਮਹਾਨਕੋਸ਼ ਅਤਿ ਸ੍ਰੇਸ਼ਟ, ਦਰਪਣ ਇਸ ਨੂੰ ਸੰਸਕ੍ਰਿਤ ਦੇ ਤੋਂ ਵਿਉਂਤਪਤ ਮੰਨ ਅਰਥ ਕਰਦਾ ਹੈ 'ਕੌਲ' ਫੁਲਾਂ ਦੀ 'ਖਾਣ' ਸਰੋਵਰ)

ਪਯਾਲ------ ਪਾਤਾਲ

"ਜਤ ਕਤਹ ਤਤਹ ਦ੍ਰਿਸ਼ਟੰ ਸ੍ਵਰਗ ਮਰਤ ਪਯਾਲ ਲੋਕਹ।"

-ਸਸ ੫, ੩੬:੧ (1357)

ਹੋਰ ਰੂਪ:

ਪਯਾਲਾ –

"ਜਿਨਿ ਆਕਾਸ ਕੁਲਹ ਸਿਰਿ ਕੀਨੀ ਕਉ ਸੈ ਸਪਤ ਪਯਾਲਾ।" (ਪਾਤਾਲ)

– ਭੈਰ ਨਾਮ, ੧, ੧:੧ (1167)

ਪਯਾਲਿ–

"ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਯਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ ।"(ਪਾਤਾਲ ਵਿਚ)

-ਸਵ ੪, ਗਯੰ ੧੩:੨ (1403)

ਪਰ-------- (1) ਪਰਾਈ, ਦੂਸਰੇ ਦੀ, ਹੋਰਨਾ ਦੀ

"ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ।"

-ਸਿਰੀ ੧, ੪, ੧:੨ (15)

"ਆਨ ਮਨਉ ਤਉ ਪਰ ਘਰ ਜਾਉ।"(ਦੂਸਰੇ)

-ਗਉ ੧, ੮, ੪:੧ (153)

"ਸੂਦੁ ਵੈਸੁ ਪਰ ਕਿਰਤਿ ਕਮਾਵੈ।"(ਹੋਰਨਾ ਦੀ)

-ਗਉ ੪, ੩੯, ੩:੨ (164)

(2) ਉਪਰ, ਉਤੇ

"ਕਹ ਪਿੰਗੁਲ ਪਰਬਤ ਪਰ ਭਵਨ।"

-ਗਉ ੫, ਸੁਖ ੪, ੬:੭ (267)

"ਤੇਰੋ ਜਨੁ ਹੋਇ ਸੋਇ ਕਤ ਡੋਲੈ ਤੀਨਿ ਭਵਨ ਪਰ ਛਾਜਾ।"

-ਬਿਲਾ ਕਬ, ੫, ੧:੧ (856)

(3) ਪ੍ਰਕਾਰ, ਉਪਰ (ਅਧਾਰ ਤੇ)

"ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ।"

-ਗਉ ਰਵਿ, ਅਸ ੧, ੪:੨ (346)

(ਨਿਰਣੇ ਇਸ ਦੇ ਅਰਥ 'ਚੰਗੀ ਤਰ੍ਹਾਂ' ਕਰਦੇ ਹਨ)

(4) ਖੰਭ
"ਆਵਤ ਜਾਤ ਨ ਦੀਸਹੀ ਨ ਪਰ ਪੰਖੀ ਤਾਹਿ।"
-ਬਿਹਾ ੪, ਵਾਰ ੬ਸ, ੩, ੨:੨ (550)

(5) ਤੇ (ਜਿਵੇ ਦੂਰੀ ਤੇ)
"ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ।"
- ਰਾਮ ਨਾਮ, ੧, ੩:੨ (972)

(6) ਚੰਗੀ ਤਰ੍ਹਾਂ, ਭਲੀ ਪ੍ਰਕਾਰ
"ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿਰਯ।"
-ਸਵ ੩, ੧੦:੧ (1394)

ਪਰੰ-------- ਪਰ੍ਹਾਂ
"ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ।"
-ਗੂਜ ਜੈਦੇ, ੧, ੧:੨ (526)

ਪਰਉ ------ (1) ਪਵਾਂ
"ਤਾ ਕੈ ਚਰਣਿ ਪਰਉ ਤਾ ਜੀਵਾ ਜਨ ਕੈ ਸੰਗਿ ਨਿਹਾਲਾ।"
-ਗਉ ੫, ੧੩੧*, ੩:੧ (207)

(2) ਪਵੇ, ਪਏ
"ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ।"
-ਧਨਾ ੫, ੩੮, ੧:੧ (680)

(3) ਪੜ੍ਹਾਂ
"ਬਿਦਿਆ ਨ ਪਰਉ ਬਾਦੁ ਨਹੀ ਜਾਨਉ।"
- ਬਿਲਾ ਕਬ, ੨, ੧:੧ (855)

ਪਰਉਗੀ----- ਪਵਾਂਗੀ
"ਕਾਮ ਕਰੀ ਸਭ ਤਿਆਗਿ ਕੈ ਹਉ ਸਰਨਿ ਪਰਉਗੀ।"
-ਸਾਰ ੫, ੧੩੬, ੨:੨ (1230)

ਪਰਉਪਕਾਰ -- ਦੂਜੇ ਦੇ ਭਲੇ/ਉਪਕਾਰ ਦਾ ਕੰਮ/ ਕ੍ਰਿਆ, ਪਰਾਇਆ ਭਲਾ
"ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।"
-ਗਉ ੫, ਸੁਖ ੮, ੪:੪ (273)

ਹੋਰ ਰੂਪ:

ਪਰਉਪਕਾਰਾ–
"ਮਿਥਿਆ ਤਨ ਨਹੀ ਪਰਉਪਕਾਰਾ।"(ਪਰਾਪਇਆ ਭਲਾ)
-ਗਉ ੫, ਸੁਖ ੫, ੫:੭ (269)

ਪਰਉਪਕਾਰਿਆ–
"ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ ।"(ਪਰਾਏ ਦੇ ਭਲੇ ਵਾਲਾ)
-ਗਉ ੪, ਵਾਰ ੨੦ਸ, ੪, ੨:੨ (311)

ਪਰਉਪਕਾਰੀ-- ਪਰਾਇਆ ਭਲਾ ਕਰਨ ਵਾਲਾ
"ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ।"

-ਗਉ ੫, ਸੁਖ ੧, ੬:੧ (263)

ਹੋਰ ਰੂਪ:

ਪਰਉਪਕਾਰੀਆ-
"ਉਪਦੇਸੁ ਕਹੇ ਗੁਰੁ ਸਤਿਗੁਰੁ ਪੂਰਾ ਗੁਰੁ ਸਤਿਗੁਰੁ ਪਰਉਪਕਾਰੀਆ ਜੀਉ।"
-ਮਾਝ ੪, ੭, ੪:੩ (96)

ਪਰਉਪਕਾਰੁ -- ਪਰਾਇਆ/ ਦੂਜੇ ਦਾ ਭਲਾ
"ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਢੇ।"
-ਗਉ ੪, ੫੯, ੨:੨ (171)

ਪਰਉਪਕਾਰੇ -- ਪਰਾਏ /ਦੂਜਿਆਂ ਦੇ ਭਲੇ ਲਈ
"ਹਰਿ ਜਨ ਊਤਮ ਊਤਮ ਬਾਣੀ ਮੁਖਿ ਬੋਲਹਿ ਪਰਉਪਕਾਰੇ।"
-ਗੂਜ ੪, ੩, ੧:੧ (493)

ਪਰਈ ------ ਪੈਦਾ
"ਦੂਣਿ ਨ ਪਰਈ ਫੰਕ ਬਿਚਾਰੈ।"
-ਗਉ ਕਬ, ਬਾਅ ੨੮:੩ (341)

ਪਰਈਆ ---- (1) ਪਿਆ ਹੈ
"ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰ ਨ ਪਾਵੈ ਪਰੈ ਪਰਈਆ।"
-ਬਿਲਾ ੪, ਅਸ ੨, ੫:੨ (834)

(2) ਪਰਾਏ / ਦੂਸਰੇ ਦੀ
" ਮਨ ਕੀ ਬਿਰਥਾ ਮਨ ਹੀ ਜਾਣੈ ਅਵਰੁ ਕਿ ਜਾਣੈ ਕੋ ਪੀਰ ਪਰਈਆ।"
-ਬਿਲਾ ੪, ਅਸ ੫, ੧:੨ (836)

ਪਰਸ ------ (1) ਛੂਹਨ ਨਾਲ, ਛੋਹ ਪ੍ਰਾਪਤ ਕਰਕੇ
"ਧਨਿ ਮਸਤਕ ਚਰਨ ਕਮਲ ਹੀ ਪਰਸ।"
-ਗਉ ੫, ੧੧੦*, ੨:੨ (201)

"ਪਰਸਨ ਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ।"(ਛੋਹ ਪ੍ਰਾਪਤ ਕਰਦੇ)
-ਨਟ ੪, ੩, ੧:੨ (981)

(2) (ਸੰ) ਛੋਹ, ਸਪਰਸ਼
" ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ।"
-ਗਉ ੫, ਬਾਅ ੧*ਸ:੪ (250)

(3) ਪਾਰਸ
"ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ।"
-ਗਉ ਰਵਿ, ਅਸ ੧, ੬:੧ (346)

ਪਰਸਉ ----- ਛੋਹਾਂ, ਸਪਰਸ਼ ਪ੍ਰਾਪਤ ਕਰਾਂ
"ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ।"(ਭਾਵ ਦਰਸ਼ਨ ਕਰਾਂ)
-ਦੇਵ ੫, ੧੬, ੨:੧ (531)

ਪਰਸਹਿ ----- ਪਰਸਦੇ ਭਾਵ ਪ੍ਰਾਪਤ ਕਰਦੇ ਹਨ
"ਪਰਸਹਿ ਸੰਤ ਪਿਆਰੁ ਜਿਹ ਕਰਤਾਰਹ ਸੰਜੋਗੁ।"

-ਸਵ ੩, ੭:੩ (1393)

ਪਰਸੰਗੁ ---- ਸਿਲਸਿਲਾ
“ਆਵਾ ਗਵਨੁ ਹੋਤੁ ਹੈ ਫੁਨਿ ਫੁਨਿ ਇਹੁ ਪਰਸੰਗੁ ਨ ਤੁਟੈ।”
-ਰਾਮ ਕਬ, ੮, ੨:੨ (971)

ਪਰਸਣਿ----- ਛੁਹਣ ਲਈ, ਸਪਰਸ਼ ਪ੍ਰਾਪਤੀ ਲਈ, ਸਪਰਸ਼ ਕਰਨ ਲਈ
“ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ।”
-ਆਸਾ ੫, ੧੨੯, ੨:੨ (403)

ਪਰਸਤ ----- (1) ਛੂੰਹਦਿਆਂ ਹੀ
“ਪਰਸਤ ਚਰਨ ਗਤਿ ਨਿਰਮਲ ਰੀਤਿ।”
- ਗਉ ੫, ਸੁਖ ੧੮, ੪:੨ (287)
(2) ਚਰਨ ਛੂੰਹਦਿਆਂ
“ਸਾਧੂ ਪਰਸਤ ਹੀ ਪ੍ਰਭ ਪਾਇਆ ਗੋਬਿਦ ਸਰਣਿ ਤੁਮਾਰੀ।”
-ਸੋਰ ੪, ੭, ੧:੨ (607)

ਪਰਸਨ ----- (1) ਸਪਰਸ਼, ਛੋਹ
“ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ।”
-ਆਸਾ ੫, ੧੩੪, ੧:੧ (404)
“ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ।”(ਭਾਵ ਕਰਨ ਲਈ)
-ਬਿਹਾ ੫, ਛੰਤ ੨, ੧:੪ (542)
“ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ।” (ਛੋਹਨ ਲਈ)
-ਕਾਨ ੫, ੨੯, ੧*:੧ (1303)
(2) ਪ੍ਰਸੰਨ ਹੋ ਕੇ, ਰੀਝ ਕੇ, ਖੁਸ਼ ਹੋ ਕੇ (ਮਹਾਨਕੋਸ਼)
“ਪਰਸਨ ਪਰਸ ਭਏ ਕੁਬਿਜਾ ਕਉ ਲੈ ਬੈਕੁੰਠਿ ਸਿਧਾਰੇ।”
-ਨਟ ੪, ਅਸ ੩, ੧:੨ (981)

ਪਰਸਨਹਾਰ--- ਸਪਰਸ਼ ਪ੍ਰਾਪਤ ਕਰਨ ਵਾਲਾ, ਛੂੰਹਣ ਵਾਲਾ
“ਚਰਨ ਸਤਿ ਸਤਿ ਪਰਸਨਹਾਰ।”
-ਗਉ ੫, ਸੁਖ ੧੭, ੧:੧ (285)

ਪਰਸਨਾ----- ਸਪਰਸ਼ ਕਰਨਾ, ਛੂਹਣਾ
“ਐਸੀ ਕਉਨ ਬਿਧੇ ਦਰਸਨ ਪਰਸਨਾ।”
-ਕਾਨ ੫, ੩੫, ੧*:੧ (1305)

ਪਰਸਨਿ----- ਪ੍ਰਸੰਨਤਾ ਨਾਲ, ਖੁਸ਼ ਹੋ ਕੇ
“ਪਰਸਨਿ ਪਰਸੁ ਭਏ ਸਾਧੂ ਜਨ ਜਨੁ ਹਰਿ ਭਗਵਾਨੁ ਦਿਖੀਜੈ।”
-ਕਲਿ ੪, ਅਸ ੨, ੫:੨ (1324)

ਪਰਸਨੁ ----- ਛੋਹ ਪ੍ਰਾਪਤ ਕਰਦੇ ਹਨ
“ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ।”
-ਮਾਰੂ ੧, ਸੋਲਾ ੧੧, ੧੫:੨ (1032)

ਪਰਸਰਾਮੁ---- ਪਰਸ (ਕੁਹਾੜੇ) ਵਾਲਾ ਰਾਮ ਜੋ ਰਿਸ਼ੀ ਜਾਮਦਗਨ ਤੇ ਕਾਮਲੀ ਰੇਣਕਾ ਦਾ ਪੁੱਤਰ ਸੀ ਤੇ ਵਿਸ਼ਨੂੰ ਦਾ ਅਵਤਾਰ ਮੰਨਿਆ ਜਾਂਦਾ ਸੀ, ਤਪੱਸਿਆ ਕਰਨ ਗਏ ਪਿਛੋਂ ਸਹਸ੍ਰਬਾਹੂ ਨੇ ਇਸ ਦੇ ਪਿਤਾ ਨੂੰ ਮਾਰ ਦਿਤਾ ਵਾਪਸ ਆਉਣ ਤੇ ਇਸ ਦੀ ਮਾਂ ਪਿੱਟ ਰਹੀ ਸੀ।
"ਪਰਸਰਾਮੁ ਰੋਵੈ ਘਰਿ ਆਇਆ।"
-ਰਾਮ ੩, ਵਾਰ ੧੪ਸ, ੧, ੧:੨ (953)

ਪਰਸਰਾਮੇਸੁਰ - ਪਰਸਰਾਮੁ
"ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ।"
-ਸਵ ੧, ੪:੨ (1389)

ਪਰਸਾਦ----- ਕ੍ਰਿਪਾ, ਬਖਸ਼ਿਸ਼, ਅਨੁਗ੍ਰਹਿ
"ਭ੍ਰਮ ਭੈ ਛੂਟੇ ਗੁਰ ਪਰਸਾਦ।"
-ਰਾਮ ੫, ਅਸ ੪, ੮:੩ (915)

ਹੋਰ ਰੂਪ:

ਪਰਸਾਦੰ-
"ਪਰਸਾਦੰ ਗੁਰ ਦਰਸਨਹ।"(ਕ੍ਰਿਪਾ ਦੁਆਰਾ)
-ਗਾਥਾ ੫, ੧੭:੩ (1361)

ਪਰਸਾਦਨ---- ਅੰਨ ਭੋਜਨ
"ਧੋਤੀ ਡੰਡਉਤਿ ਪਰਸਾਦਨ ਭੋਗਾ।"
-ਗਉ ੫, ਅਸ ੪, ੪:੩ (237)

ਪਰਸਾਦਾ ---- ਕ੍ਰਿਪਾ, ਬਖਸ਼ਿਸ਼, ਅਨੁਗ੍ਰਹਿ
"ਕਹਿ ਕਬੀਰ ਮੈ ਪੂਰਾ ਪਾਇਆ ਭਏ ਰਾਮ ਪਰਸਾਦਾ।"
-ਆਸਾ ਕਬ, ੨੮, ੩:੨ (483)

ਪਰਸਾਦਿ ---- ਕ੍ਰਿਪਾ/ ਅਨੁਗ੍ਰਹਿ /ਬਖਸ਼ਿਸ਼ ਸਦਕਾ
"ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ।"
-ਗੂਜ ੫, ਸੋਦ ੫, ੧*:੨ (10)

ਹੋਰ ਰੂਪ:

ਪਰਸਾਦੀ-
"ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ।"(ਕ੍ਰਿਪਾ ਦੁਆਰਾ)
-ਸਿਰੀ ੩, ੫੧, ੧*:੨ (33)

ਪਰਸਾਦੁ-
"ਗੁਰ ਪਰਸਾਦੁ ਕਰੇ ਨਾਮੁ ਦੇਵੈ ਨਾਮੇ ਨਾਮਿ ਸਮਾਵਣਿਆ।"(ਕ੍ਰਿਪਾ, ਬਖਸ਼ਿਸ਼)
-ਮਾਝ ੪, ਅਸ ੩੪, ੨:੧ (130)

ਪਰਸਾਦੇ-
"ਹਮ ਆਈ ਵਸਗਤਿ ਗੁਰ ਪਰਸਾਦੇ।" (ਕ੍ਰਿਪਾ ਨਾਲ)
-ਆਸਾ ੫, ੧, ੧*:੪ (370)

ਪਰਸਿ------ ਛੋਹ ਕੇ, ਸਪਰਸ਼ ਪ੍ਰਾਪਤ ਕਰਕੇ
"ਤਿਨ ਕਾ ਦਰਸੁ ਪਰਸਿ ਸੁਖੁ ਹੋਈ।"(ਭਾਵ ਦਰਸ਼ਨ ਕਰ)

-ਗਉ ੧, ਅਸ ੧੬, ੪:੨ (228)

"ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ।"

-ਬਿਲਾ ੪, ਅਸ ੩, ੧:੨ (834)

"ਪਾਰਸੁ ਜਬ ਭੇਟੈ ਗੁਰੁ ਪੂਰਾ ਤਾ ਪਾਰਸੁ ਪਰਸਿ ਦਿਖਾਇਣਾ।"

-ਮਾਰੂ ੫, ਸੋਲਾ ੭, ੭:੩ (1078)

"ਵਡੈ ਭਾਗਿ ਸਤਸੰਗਤਿ ਪਾਈ ਗੁਰੁ ਸਤਿਗੁਰੁ ਪਰਸਿ ਭਗਵਾਨ।" (ਭੇਟ ਕੇ, ਮਿਲ ਕੇ)

-ਪ੍ਰਭਾ ੪, ੧, ੩:੨ (1335)

ਹੋਰ ਰੂਪ:

ਪਰਸਿਓ–

"ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤਿਨ੍ ਸਭ ਕੁਲ ਕੀਓ ਉਧਾਰੁ।"(ਭੇਟੇ, ਮਿਲੇ)

-ਸਮੁ ੫, ੫:੬ (1386)

ਪਰਸਿਆ–

"ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ।" (ਛੋਹਿਆ ਭਾਵ ਦਰਸ੍ਨ ਕੀਤੇ)

-ਤੁਖਾ ੪, ਛੰਤ ੪, ੩:੪ (1116)

ਪਰਸਿਐ–

"ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ।"(ਛੂਹੀਏ)

-ਸਿਰੀ ੩, ੩੬, ੪:੩ (27)

ਪਰਸਿਧ----- ਮਸ਼ਹੂਰ, ਜਾਣਿਆ ਪਹਿਚਾਣਿਆ

"ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ।"

-ਮਲਾ ਰਵਿ, ੨, ੨:੨ (1293)

ਪਰਸੀ------ ਮੈਂ ਛੂਹਾਂ

"ਸਰਬ ਕਲਿਆਣਾ ਤਿਤੁ ਦਿਨਿ ਹਰਿ ਪਰਸੀ ਗੁਰ ਕੇ ਪਾਉ।"

-ਮਾਝ ੫, ਦਿਨ ੪:੯ (137)

ਪਰਸੀਐ ---- ਛੂਹੀਐ

"ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।"

-ਸਲੋ ਕਬ, ੧੩੧:੨ (1371)

ਪਰਸੁ ------ (1) ਛੋਹ

"ਰਾਮ ਗੁਰੁ ਪਾਰਸੁ ਪਰਸੁ ਕਰੀਜੈ।"

-ਕਲਿ ੪, ਅਸ ੨, ੧*:੧ (1324)

(2) ਪਾਰਸ

" ਨਾਮ ਪਰਸੁ ਜਿਨਿ ਪਾਇਓ ਸਤੁ ਪ੍ਰਗਟਿਓ ਰਵਿ ਲੋਇ।"

-ਸਵ ੨, ੮:੩ (1392)

ਪਰਸੂਤਿ----- ਔਲਾਦ, ਸੰਤਾਨ

"ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ।"

-ਮਾਰੂ ੩, ਸੋਲਾ ੨੨, ੨:੧ (1066)

ਪਰਸੇ ------ ਛੋਹੇ, ਛੋਹ ਦੇਵੇ

"ਹਰਿ ਨਾਮੁ ਵਡਾਣੀ ਸਤਿਗੁਰ ਤੇ ਪਾਈ ਸੁਖੁ ਸਤਿਗੁਰ ਦੇਵ ਮਨੁ ਪਰਸੇ।"

-ਵਡ ੪, ਛੰਤ ੧, ੨:੫ (572)

"ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ ਜੋ ਕ੍ਰਿਪਾ ਕਰੇ ਹਰਿ ਰਾਇ।" (ਭਾਵ ਦਰਸ਼ਨ ਕਰੇ)

-ਸੂਹੀ ੪, ੮, ੪:੨ (733)

"ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।"(ਭਾਵ ਮਿਲੇ)

- ਸੂਹੀ ੫, ਛੰਤ ੭, ੪:੧ (782)

"ਪਾਰਸ ਪਰਸੇ ਫਿਰਿ ਪਾਰਸੁ ਹੋਏ ਹਰਿ ਜੀਉ ਅਪਣੀ ਕਿਰਪਾ ਧਾਰੀ।" (ਛੂਹਿਆਂ)

-ਰਾਮ ੩, ਅਸ ੪, ੨:੧ (911)

ਹੋਰ ਰੂਪ:

ਪਰਸੈ–

"ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ।"(ਛੂਹੇ, ਭਾਵ ਨਿਕਟ ਆਵੇ)

-ਗਉ ੯, ੭, ੧:੨ (220)

"ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗ ਭੂਖ ਪਿਆਸੀ।"(ਭਾਵ ਵੇਖੇ)

-ਸਾਰ ੧, ੨, ੧:੧ (1197)

ਪਰਸਿ੍ਉ----- ਛੂਹਿਆਂ, ਦਰਸ਼ਨ ਕੀਤਿਆਂ

"ਸਕਯਥੁ ਜਨਮੁ ਕਲੁਚਰੇ ਗੁਰੁ ਪਰਸਿ੍ਉ ਅਮਰ ਪ੍ਰਗਾਸੁ।"

-ਸਵ ੩, ੮:੪ (1394)

ਪਰਹ ------ ਪੈਂਦੇ ਹਾਂ

"ਪਾਇ ਪਰਹ ਸਤਿਗੁਰੂ ਕੈ ਜਿਨਿ ਭਰਮੁ ਬਿਦਾਰਿਆ।"

-ਆਸਾ ੫, ੧੧੫, ੧*:੧ (399)

ਪਰਹਰਹੁ ---- ਛੱਡ ਦੇਉ, ਤਿਆਗ ਦੇਉ

"ਮੁੰਧੇ ਸੂਹਾ ਪਰਹਰਹੁ ਲਾਲੁ ਕਰਹੁ ਸੀਗਾਰੁ।"

-ਸੂਹੀ ੩, ਵਾਰ ਪਸ, ੩, ੨:੧ (787)

ਪਰਹਰਨਾ---- ਪਰਾਇਆ ਮਾਲ ਚੁਰਾਣਾ

"ਪਰਹਰਨਾ ਲੋਭੁ ਝੂਠ ਨਿੰਦਾ ਇਵ ਹੀ ਕਰਤ ਗੁਦਾਰੀ।"

-ਧਨਾ ੫, ੪੨, ੧:੧ (681)

ਪਰਹਰਾਇ --- ਦੂਰ ਕਰੇ

"ਬਿਖੁ ਹਉਮੈ ਮਮਤਾ ਪਰਹਰਾਇ।"

-ਬਸੰ ੧, ੫, ੩:੩ (1169)

ਪਰਹਰਿ----- ਹਟਾ ਕੇ, ਦੂਰ ਕਰਕੇ, ਤਿਆਗ ਕਰਕੇ

"ਦੁਖੁ ਪਰਹਰਿ ਸੁਖੁ ਘਰਿ ਲੈ ਜਾਇ।"

-ਜਪੁ ੧, ੫:੬ (2)

“ਨੀਦ ਭੁਖ ਸਭ ਪਰਹਰਿ ਤਿਆਗੀ ਸੁੰਨੇ ਸੁੰਨਿ ਸਮਾਵੈ।”(ਦੂਰ ਕਰਕੇ, ਪਰਾਂ ਹਟਾ ਕੇ)
-ਆਸਾ ੪, ਛੰਤ, ੮, ੩:੪ (442)

ਹੋਰ ਰੂਪ:

ਪਰਹਰਿਆ–
“ਦਰਸਨ ਪੇਖਤ ਸਭ ਦੁਖ ਪਰਹਰਿਆ ਜੀਉ।”(ਦੂਰ ਕੀਤਾ)
-ਗਉ ੫, ੧੬੭*, ੪:੨ (217)

ਪਰਹਰੀ–
“ਨਾਨਕ ਨਾਮੁ ਪਵਿਤੁ ਹਰਿ ਮੁਖਿ ਬੋਲੀ ਸਭਿ ਦੁਖ ਪਰਹਰੀ।” (ਮੈਂ ਦੂਰ ਕਰਾਂ)
-ਗਉ ੪, ਵਾਰ ੨ਸ, ੪, ੨:੨, (301)
“ਪਰ ਧਨ ਪਰ ਦਾਰਾ ਪਰਹਰੀ।” (ਤਿਆਗੀ, ਦੂਰ ਕੀਤੀ)
-ਭੈਰ ਨਾਮ, ੧, ੧:੧ (1163)

ਪਰਹਰੀਆ–
“ਕਾਮ ਕ੍ਰੋਧੁ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ।” (ਦੂਰ ਕੀਤੇ)
-ਸਾਰ ੫, ੧੧੨, ੧:੧ (1226)

ਪਰਹਰੀਐ–
“ ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ।” (ਦੂਰ ਕਰੀਏ)
-ਗਉ ੫, ਵਾਰ ੧੧:੪ (320)

ਪਰਹਰੇ–
“ਹਰਿ ਗੁਰ ਸਰਣਾਈ ਭਜਿ ਪਉ ਜਿੰਦੂ ਸਭ ਕਿਲਵਿਖ ਦੁਖ ਪਰਹਰੇ।”(ਦੂਰ ਕੀਤੇ)
- ਸਿਰੀ ੪, ਵਣ ੧, ੪*:੨ (82)

ਪਰਹਰੈ–
“ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ।”(ਦੂਰ ਕਰੇ)
-ਸਿਰੀ ੩, ਪ੩, ੧*:੨ (34)

ਪਰਹਾਰਿ ---- ਚੋਟ ਨਾਲ
“ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ।”
-ਸਾਰ ੫, ੧੧੨, ੧*:੨ (1225)
(ਮਹਾਨਕੋਸ਼ ਅਰਥ ਅੱਗ ਨਾਲ ਕਰਦਾ ਹੈ)

ਪਰਹਾਰੀ ---- (1) ਦੂਰ ਕਰਨ ਵਾਲਾ
“ਦੀਨ ਕਾ ਦਇਆਲੁ ਮਾਧੌ ਗਰਬ ਪਰਹਾਰੀ।”
-ਧਨਾ ਨਾਮ, ੫, ੨:੧ (694)

(2) ਦੂਰ ਕਰਕੇ
“ਗੁਰਮਤਿ ਜਾਗੇ ਦੁਰਮਤਿ ਪਰਹਾਰੀ।”
-ਰਾਮ ੧, ਅਸ ੩, ੪:੨ (904)

ਪਰਹਿ ------ ਪਵੇ
“ਨੰਨਾ ਨਰਕਿ ਪਰਹਿ ਤੇ ਨਾਹੀ।”
-ਗਉ ੫, ਬਾਅ ੩੬:੧ (257)
“ਨਾਨਕ ਜਾ ਤੇ ਪਰਹਿ ਪਰਾਗ।” (ਭਾਵ ਹੋ ਜਾਵੇ)

-ਗਉ ੫, ਬਾਅ ੪੧:੮ (259)

"ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ।"(ਪੈਂਦਾ, ਹੁੰਦਾਂ)

-ਗੂਜ ੧, ਅਸ ੨, ੧:੧ (503)

ਹੋਰ ਰੂਪ:

ਪਰਹੁ-

"ਸਾਧੂ ਸੰਗਿ ਕੀ ਸਰਨੀ ਪਰਹੁ।"(ਪਵੋ)

-ਗਉ ੫, ੧੨੬, ੧:੧ (191)

ਪਰਕਾਸਿਓ --- ਪ੍ਰਗਟ ਕੀਤਾ ਹੈ

"ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ।"

-ਸਵ ੫, ਕਲ ੧:੧੦ (1407)

ਪਰਕਾਸੵਾ ---- ਪ੍ਰਗਟ ਹੋਇਆ ਭਾਵ ਚਮਕਿਆ

"ਜਾਗੵਾ ਮਨੁ ਕਵਲੁ ਸਹਜਿ ਪਰਕਾਸੵਾ ਅਭੈ ਨਿਰੰਜਨੁ ਘਰਹਿ ਲਹਾ।"

-ਸਵ ੪, ਕਲ ੩:੨ (1397)

ਪਰਕਾਰ ----- ਢੰਗ, ਤਰੀਕਾ

"ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ।"

-ਗਉ ੫, ੧੨੩*, ੪:੧ (205)

ਹੋਰ ਰੂਪ:

ਪਰਕਾਰਾ-

"ਇਹ ਬਿਧਿ ਖੋਜੀ ਬਹੁ ਪਰਕਾਰਾ ਬਿਨੁ ਸੰਤਨ ਨਹੀਂ ਪਾਏ।"(ਢੰਗਾਂ/ ਤਰੀਕਿਆਂ ਨਾਲ)

-ਮਾਰੂ ੫, ੩, ੩:੧ (999)

ਪਰਕਾਰੀ-

"ਅੰਡਜ ਜੇਰਜ ਸੇਤਜ ਉਤਭੁਜ ਬਹੁ ਪਰਕਾਰੀ ਪਾਲਕਾ।"(ਢੰਗਾਂ/ ਤਰੀਕਿਆਂ ਨਾਲ)

-ਮਾਰੂ ੫, ਸੋਲਾ ੧੨, ੪:੩ (1084)

ਪਰਕਾਰੇ-

"ਜੇਨ ਕੇਨ ਪਰਕਾਰੇ ਹਰਿ ਹਰਿ ਜਸੁ ਸੁਨਹੁ ਸ੍ਰਵਨ।" (ਤਰੀਕੇ /ਢੰਗ ਨਾਲ)

-ਆਸਾ ੫, ਛੰਤ ੮, ੪:੨ (458)

(2) ਕਿਸਮ, ਭਾਂਤ

"ਹੁਕਮੇ ਅਨਿਕ ਰੰਗ ਪਰਕਾਰ।"

-ਗਉ ੫, ਸੁਖ ੧੧, ੧:੮ (277)

ਹੋਰ ਰੂਪ:

ਪਰਕਾਰਾ-

"ਭਗਤਿ ਨਵੈ ਪਰਕਾਰਾ।" (ਕਿਸਮ)

-ਸਿਰੀ ੫, ਅਸ ੨੨, ੪:੧ (71)

ਪਰਕਾਰਿ-

"ਤ੍ਰਿਸਨਾ ਚਲਤ ਬਹੁ ਪਰਕਾਰਿ।" (ਕਿਸਮ/ਭਾਂਤ ਦੀ)

-ਸਾਰ ੫, ੧੦੭, ੧*:੧ (1225)

ਪਰਕਾਰੀ-
"ਮਾਇਆ ਬਿਆਪਤ ਬਹੁ ਪਰਕਾਰੀ।"
-ਗਉ ੫, ੮੮, ੧*:੧ (182)

ਪਰਕਾਰੋਵਾ --- ਕਿਸਮਾਂ ਦਾ, ਭਾਂਤਾਂ ਦਾ
"ਨਾ ਜਲੁ ਲੇਫ ਤੁਲਾਈਆ ਨਾ ਭੋਜਨ ਪਰਕਾਰੋਵਾ।"
-ਵਡ ੧, ਅਲਾ ੪, ੩:੨ (581)

ਪਰਕਿਰਤਿ --- (ਸੰ.) ਮਾਇਆ ਦਾ ਮੋਹ
"ਪਰਕਿਰਤਿ ਛੋਡੈ ਤਤੁ ਪਛਾਣੈ।"
-ਭੈਰ ੩, ੨, ੪:੨ (1128)

ਪਰਕ੍ਰਿਤਿ ---- ਮਾਇਆ
"ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ।"
-ਗੂਜ ਜੈਦੇ, ੧, ੧:੨ (526)

ਪਰਖ ------ ਜਾਂਚ, ਚੰਗੀ ਤਰਾਂ ਵੇਖਣ ਦੀ ਕ੍ਰਿਆ, ਗੁਣ ਦੋਸ਼ ਦੀ ਪੜਤਾਲ
"ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ।"
-ਸਾਰ ੪, ਵਾਰ ੩੨ਸ, ੩, ੧:੪ (1249)

ਪਰਖਣ ----- ਜਾਂਚ ਕਰਨ
"ਨਾਨਕ ਅੰਧਾ ਹੋਇ ਕੈ ਰਤਨਾ ਪਰਖਣ ਜਾਇ।"
-ਰਾ ੩, ਵਾਰ ੧੫ਸ, ੨, ੧:੧ (954)

ਪਰਖਣਹਾਰਾ -- ਜਾਂਚ/ਪੜਤਾਲ ਕਰਨ ਵਾਲਾ
"ਖੋਟੁ ਨ ਕੀਚਈ ਪ੍ਰਭੁ ਪਰਖਣਹਾਰਾ।"
-ਆਸਾ ੫, ਛੰਤ ੧੩, ੩:੧ (461)

ਹੋਰ ਰੂਪ:

ਪਰਖਣਹਾਰੁ-
"ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ।"
-ਮਾਝ ੧, ਵਾਰ ੧੨:੨ (143)

ਪਰਖਣਹਾਰੈ-
"ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ।" (ਜਾਂਚ/ ਪਰਖ ਕਰਨ ਵਾਲੇ)
-ਭੈਰ ੧, ਅਸ ੧, ੨:੧ (1153)

ਪਰਖਾਇ ---- ਪਰਖ ਕਰਵਾ ਲਵੋ
"ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆਂ ਥਾਵਹੁ ਲਇਓ ਪਰਖਾਇ।"
-ਸਾਰ ੪, ਵਾਰ ੩੨ਸ, ੩, ੧:੫ (1249)

ਪਰਖਾਇਆ -- ਪਰਖ ਕਰਵਾਈ
"ਗੁਰ ਕੈ ਸਬਦਿ ਪਰਖਿ ਪਰਖਾਇਆ।"
-ਮਾਝ ੩, ਅਸ ੬, ੧:੨ (112)

ਪਰਖਾਵਤ --- ਪਰਖ ਆ ਜਾਵੇ
"ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ।"
-ਸਾਰ ੫, ੯, ੩:੨ (1205)

ਪਰਖਿ ------ ਪਰਖ ਕੇ, ਜਾਂਚ/ਪੜਤਾਲ ਕਰਕੇ
"ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ।"
-ਸਿਰੀ ੧, ਅਸ ੩, ੧:੨ (54)
"ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ।"
-ਮਾਝ ੩, ਅਸ ੧੬, ੬:੩ (119)

ਪਰਖਿਆ ---- ਪਰਖ ਕੀਤੀ, ਜਾਂਚ/ਪੜਤਾਲ ਕੀਤੀ
"ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ।"
-ਮਾਰੂ ੩, ਵਾਰ ੧੯ਸ, ੩, ੨:੧ (1093)

ਪਰਖੀਅਨਿ --- ਪਰਖੇ ਜਾਂਦੇ ਹਨ
"ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ।"
-ਵਡ ੩, ਛੰਤ ੪, ੩:੧ (570)

ਪਰਖੀਐ ---- ਪਰਖ ਕਰੀਏ, ਗੁਣ/ਦੋਸ਼ ਦੀ ਜਾਂਚ/ ਪੜਤਾਲ ਕਰੀਏ
"ਜਾਤੀ ਦੈ ਕਿਆ ਹਥਿ ਸਚੁ ਪਰਖੀਐ।"
-ਮਾਝ ੧, ਵਾਰ ੧੦:੧ (142)

ਪਰਖੇ ------ ਪਰਖ ਕਰੇ
"ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ।"
-ਸਿਰੀ ੧, ਅਸ ੬, ੩:੧ (56)

ਹੋਰ ਰੂਪ:

ਪਰਖੈ–
"ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ।" (ਪਰਖ ਕਰਦਾ ਹੈ)
-ਮਾਝ ੩, ਅਸ ੧੬, ੨:੨ (118)

ਪਰੰਗ ------ ਪ੍ਰਧਾਨ ਰੰਗਾਂ ਦਾ ਮੇਲ ਤੋਂ ਬਣਿਆ ਰੰਗ
"ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।" (ਰੰਗ ਪਰੰਗ ਤੋਂ ਭਾਵ ਹੈ ਰੰਗ ਬਰੰਗੀ)
-ਮਾਝ ੧, ਵਾਰ ੧:੨ (138)

ਪਰਗਟ ----- ਪ੍ਰਤੱਖ, ਜ਼ਾਹਿਰ
"ਪਰਗਟ ਪਾਹਾਰੈ ਜਾਪਦੇ ਸਭਿ ਲੋਕ ਸੁਣੰਦੇ।"
-ਗਉ ੪, ਵਾਰ ੩੧:੩ (316)

ਪਰਗਟਨਾ---- ਪ੍ਰਤੱਖ
"ਆਪ ਹੀ ਗੁਪਤ ਆਪਿ ਪਰਗਟਨਾ।"
-ਬਿਗਾ ੫, ੭, ੩:੨ (803)

ਪਰਗਟੜਾ---- ਪ੍ਰਗਟ/ ਪ੍ਰਤੱਖ ਹੋਇਆ

"ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ।"
-ਮਾਰੂ ੫, ਸੋਲਾ ੧੦, ੧੨:੩ (1082)

ਪਰਗਟਾ----- ਪ੍ਰਗਟ/ਪ੍ਰਤਖ ਹੋਇਆ
"ਗੁਰਮੁਖਾ ਨੋ ਪੰਥੁ ਪਰਗਟਾ ਦਰਿ ਠਾਕ ਨ ਕੋਈ ਪਾਇ।"
-ਸਿਰੀ ੧, ੧੦, ੩:੧ (42)

ਪਰਗਟਿ-----ਪ੍ਰਤਖ
"ਪਰਗਟਿ ਪਹਾਰੈ ਜਾਪਦਾ।"
-ਸਿਰੀ ੧, ਅਸ ੨੮, ੩:੧ (71)
"ਨਿੰਦਕ ਕਾ ਪਰਗਟਿ ਪਹਾਰਾ।" (ਖਿਲਾਰਾ ਪ੍ਰਤਖ ਹੋ ਜਾਂਦਾ ਹੈ)
-ਗੋਂਡ ਰਵਿ, ੨, ੪:੨ (875)

ਹੋਰ ਰੂਪ:

ਪਰਗਟਿਆ–
"ਸਚਾ ਸਾਹਿਬੁ ਆਪਿ ਗੁਰਮੁਖਿ ਪਰਗਟਿਆ।" (ਜ਼ਾਹਿਰ ਹੋਇਆ)
-ਰਾਮ ੫, ਵਾਰ ੧:੮ (957)

ਪਰਗਟਿਆਈ–
"ਅਗਿਆਨੁ ਅੰਧੇਰਾ ਕਟਿਆ ਜੋਤਿ ਪਰਗਟਿਆਈ।"(ਪ੍ਰਤੱਖ ਹੋਈ ਜ਼ਾਹਿਰ ਹੋਈ)
-ਬਿਲਾ ੪, ਛੰਤ ੨, ੨:੩ (845)

ਪਰਗਟੀ----- (1) ਉਜਲੀ ਹੋਈ
"ਰਾਮ ਰਮਤ ਮਤਿ ਪਰਗਟੀ ਆਈ।"
-ਗਉ ਕਬ, ੧੪, ੪:੧ (326)
(2) ਪਰਗਟ/ ਪ੍ਰਤਖ ਹੋਇਆ, ਜ਼ਾਹਿਰ ਹੋਇਆ
"ਕਰਿ ਕਿਰਪਾ ਹਰਿ ਪਰਗਟੀ ਆਇਆ।"
-ਅਸ ੪, ੧੮, ੧:੧ (375)

ਪਰਗਟੀਆਇਦਾਪ੍ਰਤਖ/ ਜ਼ਾਹਿਰ ਹੁੰਦਾ ਹੈ
"ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀਆਇਦਾ।"
-ਗਉ ੧, ਸੋਲਾ ੧੫, ੧੫:੩ (1036)

ਪਰਗਟੀਆਏ – ਪ੍ਰਗਟ/ ਜ਼ਾਹਿਰ ਕੀਤੇ
"ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ।"
-ਮਾਰੂ ੪, ਵਾਰ ੭:੪ (303)

ਪਰਗਟੀਐ --- ਪ੍ਰਗਟ/ ਪ੍ਰਤਖ ਹੁੰਦਾ ਹੈ
" ਆਪੇ ਹੋਵਹਿ ਗੁਪਤੁ ਆਪੈ ਪਰਗਟੀਐ।"
-ਰਾਮ ੫, ਵਾਰ ੨੨:੫ (966)

ਪਰਗਟੀਏਸਾ-- ਪ੍ਰਗਟਿਆ ਹੈ, ਪ੍ਰਤਖ ਹੋਇਆ ਹੈ
"ਗੁਰ ਸੇਵਾ ਤੇ ਜਾਣਿਆ ਸਚੁ ਪਰਗਟੀਏਸਾ ।"
-ਰਾਮ ੩, ਵਾਰ ੧੬:੪ (955)

ਪਰਗਟੁ ----- (1) ਪ੍ਰਤਖ/ਪ੍ਰਸਿਧਾ/ਉਘਾ ਹੋ ਕੇ

"ਮੰਨੈ ਪਤਿ ਸਿਉ ਪਰਗਟੁ ਜਾਇ।"

-ਜਪੁ ੧, ੧੪:੨ (3)

"ਗੁਰ ਕਾ ਬਚਨੁ ਪਰਗਟੁ ਸੰਸਾਰਿ।" (ਪ੍ਰਤੱਖ)

-ਗਉ ੫, ੭੪, ੪:੨ (177)

"ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ।"(ਪ੍ਰਸਿਧ ਜ਼ਾਹਿਰ)

-ਆਸਾ ਧੰਨਾ, ੨, ੨:੨ (487)

"ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ।"(ਪ੍ਰਤਖ ਕਰਦਾ ਭਾਵ ਬਿਆਨਦਾ ਹੈ)

-ਗੂਜ ੩, ਵਾਰ ੯:੪ (512)

"ਹਰਿ ਹਰਿ ਅੰਮ੍ਰਿਤ ਬਚਨ ਸੁਣਾਵਹੁ ਗੁਰ ਮਿਲਿਐ ਪਰਗਟੁ ਹੋਈ ਰਾਮ।"(ਪ੍ਰਤਖ ਹੁੰਦਾ ਭਾਵ ਮਿਲਦਾ ਹੈ)

-ਜੈਤ ੪, ੭, ੨:੩ (698)

ਹੋਰ ਰੂਪ:

ਪਰਗਟੈ–

"ਦਿਲ ਮਹਿ ਸਾਂਈ ਪਰਗਟੈ ਬੁਝੈ ਬਲੰਤੀ ਨਾਂਇ।"(ਜ਼ਾਹਿਰ, ਸਾਕਾਤਸਰ)

-ਸਲੋ ਕਬ, ੧੯੬:੨ (1374)

ਪਰਗਟੋ–

"ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਇ।"

-ਆਸਾ ੫, ਛੰਤ ੩, ੨:੪ (454)

(2) ਉਜਲੀ, ਸਾਫ

" ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ।"

-ਗਉ ੩, ੩੮, ੧:੨ (163)

(3) ਪਸਰਾ, ਸਵਛ

"ਗੁਰਿ ਪੂਰੈ ਪਰਗਟੁ ਮਾਰਗੁ ਦਿਖਾਇਆ।"

- ਆਸਾ ੫, ੨੬, ੩:੨ (377)

ਪਰਗੜੀਐ ---ਪ੍ਰਗਟ ਹੁੰਦਾ ਹੈ

"ਤੂੰ ਘਟਿ ਘਟਿ ਇਕੁ ਵਰਤਦਾ ਗੁਰਮੁਖਿ ਪਰਗੜੀਐ।"

-ਗਉ ੪, ਵਾਰ ੩:੩ (301)

ਪਰਗਾਸ----- (1) ਪ੍ਰਕਾਸ਼, ਚਾਣਨ

"ਜਨ ਨਾਨਕ ਛੂਟੈ ਗੁਰ ਪਰਗਾਸ।" (ਭਾਵ ਗਿਆਨ)

-ਗਉ ੩, ੩੪, ੪:੨ (162)

"ਜਾ ਕੀ ਜੋਤਿ ਜੀਅ ਪਰਗਾਸ।"(ਹਿਰਦੇ ਨੂੰ ਪ੍ਰਕਾਸਦੀ ਹੈ, ਚਾਨਣ ਕਰਦੀ ਹੈ)

-ਗਉ ੫, ੯੫, ੨:੨ (184)

"ਸ਼ਾਂਤਿ ਸਹਜ ਸੁਖ ਮਨਿ ਉਪਜਿਓ ਕੋਟਿ ਸੂਰ ਨਾਨਕ ਪਰਗਾਸ।"(ਚਾਣਨ)

-ਟੋਂਡੀ ੫, ੨੪, ੨:੨ (717)

(2) ਪ੍ਰਗਟ ਹੋਣਾ, ਪ੍ਰਕਾਸ਼ਮਾਨ ਹੋਣਾ

"ਜਨਿ ਨਾਨਕਿ ਨਾਮੁ ਧਿਆਇਆ ਗੁਰਮੁਖਿ ਪਰਗਾਸ।"

-ਗਉ ੪, ੪੭, ੪:੩ (166)

"ਸਰਬ ਸੁਖ ਨਾਨਕ ਪਰਗਾਸ।"(ਸਾਰੇ ਸੁਖ ਪ੍ਰਗਟ ਹੋਣ)

-ਗਉ ੫, ਸੁਖ ੨੦, ੮:੧੦ (290)

ਹੋਰ ਰੂਪ:

ਪਰਗਾਸੰ-

"ਆਪੇ ਸਾਚੇ ਗੁਣ ਪਰਗਾਸੰ।" (ਪ੍ਰਕਾਸ਼ਮਾਨ/ ਪ੍ਰਗਟ ਕਰਨਾ, ਉਜਾਗਰ ਕਰਨਾ)

-ਮਾਰੂ ੧, ਸੋਲਾ ੨, ੧:੨ (1021)

ਪਰਗਾਸਹੁ-

"ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ।"(ਪਰਕਾਸ਼ ਕਰੋ ਜਗਾਉ)

-ਸੋਰ ੪, ੯, ੧*:੨ (607)

ਪਰਗਾਸਾ ---- (1) ਚਾਨਣ ਕਰਦਾ ਹੈ

"ਜਿਉ ਅੰਧਿਆਰੈ ਦੀਪਕੁ ਪਰਗਾਸਾ।"

-ਮਾਝ ੫, ੨੧, ੩:੧ (100)

(2) ਖਿੜਿਆ

"ਹਉਮੈ ਮਾਰਿ ਕਮਲੁ ਪਰਗਾਸਾ।"

-ਗਉ ੩, ੩੩, ੩:੨ (161)

(3) ਪ੍ਰਤੱਖ ਹੋਇਆ, ਪ੍ਰਗਟ ਹੋਇਆ

"ਸਭੁ ਨਦਰੀ ਆਇਆ ਬ੍ਰਹਮੁ ਪਰਗਾਸਾ।"

-ਗਉ ੫, ੭੧*, ੪:੨ (176)

"ਪੰਚ ਤਤੁ ਸੁੰਨਹੁ ਪਰਗਾਸਾ।"(ਪ੍ਰਗਟ ਕੀਤਾ)

-ਮਾਝ ੧, ਸੋਲਾ ੧੭, ੧੪:੧ (1038)

(4) ਜਗਾਇਆ, ਪ੍ਰਕਾਸ਼ਮਾਨ ਕੀਤਾ

"ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ।"

-ਗਉ ੫, ੧੩੩*, ੧:੧ (208)

"ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ।"

-ਟੋਡੀ ੫, ੫, ੧*:੨ (712)

(5) ਗਿਆਨ/ ਚਾਣਨ

"ਗੁਰ ਕੈ ਬਾਨਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ।"

-ਗਉ ਕਬ, ੪੬, ੨:੧ (332)

"ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ।"(ਗਿਆਨ ਰੂਪ ਚਾਨਣ)

-ਦੇਵ ੫, ੧੬, ੧:੨ (531)

ਪਰਗਾਸਿ ---- (1) ਪ੍ਰਗਟਾਵੋ, ਰੋਸ਼ਨ ਕਰੋ

"ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ।"

-ਗੂਜ ੪, ਸੋਦ ੪, ੧:੨ (10)

(2) ਪ੍ਰਕਾਸ਼ ਦੁਆਰਾ

"ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ।"

-ਸਿਰੀ ੧, ੨੧, ੨:੧ (21)

ਪਰਗਾਸਿਓ --- (1) ਪ੍ਰਗਟ ਹੋਇਆ ਹੈ

“ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ।”
-ਗਉ ਕਬ, ੪੯, ੧:੧ (333)

(2) ਪ੍ਰਕਾਸ਼ਮਾਨ ਕੀਤਾ, ਦਿਤਾ
“ਕਾਟਿ ਸਕਤਿ ਸਿਵ ਸਹਜੁ ਪਰਗਾਸਿਓ ਏਕੈ ਏਕ ਸਮਾਨਾਨਾ।”
-ਗਉ ਕਬ, ੭੪, ੪:੧ (340)

ਪਰਗਾਸਿਆ -- (1) ਪ੍ਰਕਾਸ਼ਮਾਨ/ਉਜਾਗਰ/ ਪ੍ਰਗਟ ਕੀਤਾ
“ਨਾਨਕ ਗਿਆਨ ਰਤਨੁ ਪਰਗਾਸਿਆ ਹਰਿ ਮਨਿ ਵਸਿਆ ਨਿਰੰਕਾਰੀ ਜੀਉ।”
-ਸੋਰ ੧, ੮, ੪:੧ (598)
“ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ।”(ਭਾਵ ਦਿਖਾਇਆ)
-ਧਨਾ ੧, ੧, ੧*:੨ (663)

(2) ਖਿੜ ਗਿਆ
“ਅੰਤਰਿ ਕਮਲੁ ਪਰਗਾਸਿਆ ਗੁਰ ਗਿਆਨੀ ਜਾਗੇ ਰਾਮ।”
-ਬਿਲਾ ੪, ਛੰਤ ੨, ੧:੩ (845)

(3) ਪ੍ਰਜਵਲਿਤ ਕੀਤਾ, ਰੁਸ਼ਾਇਆ
“ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ।”
-ਰਾਮ ੧, ਅਸ ੮, ੭:੧ (907)

ਪਰਗਾਸੀ ---- (1) ਉਜਲੀ ਕੀਤੀ
“ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ।”
-ਗੂਜ ੫, ੨, ੪:੨ (495)

(2) ਪ੍ਰਗਟ ਕੀਤੀ
“ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ।”
-ਵਡ ੩, ੫, ੨:੧ (559)

ਹੋਰ ਰੂਪ:

ਪਰਗਾਸੀਆ-
“ਅੰਤਰਿ ਜੋਤਿ ਪਰਗਾਸੀਆ ਨਾਨਕ ਨਾਮਿ ਸਮਾਇ।”(ਪ੍ਰਕਾਸ਼ਮਾਨ ਕੀਤੀ)
-ਸਲੋ ੪, ੧:੨ (1421)

ਪਰਗਾਸੁ----- (1) ਚਾਣਨ ਭਾਵ ਗਿਆਨ
“ਸਚੁ ਸੰਜਮੁ ਕਰਣੀ ਸੋ ਕਰੇ ਗੁਰਮੁਖਿ ਹੋਇ ਪਰਗਾਸੁ।”
-ਸਿਰੀ ੩, ੩੫, ੧*:੨ (26)

(2) ਪ੍ਰਗਟ ਪ੍ਰਕਾਸ਼ਮਾਨ
“ਹਿਰਦੈ ਸੁਖੁ ਭਇਆ ਪਰਗਾਸੁ।”
-ਗਉ ੩, ਅਸ ੭, ੨:੧ (232)

(3) ਚਾਣਨ, ਰੋਸ਼ਨੀ
“ਜਿਉ ਅੰਧਕਾਰ ਦੀਪਕ ਪਰਗਾਸੁ।”
-ਗਉ ੫, ਸੁਖ ੧੫, ੩:੫ (282)

(4) ਖਿੜ ਜਾਂਦਾ ਹੈ
“ਮਿਟੈ ਅੰਧੇਰਾ ਅਗਿਆਨਤਾ ਭਾਈ ਕਮਲ ਹੋਵੈ ਪਰਗਾਸੁ।”

-ਸੋਰ ੫, ਅਸ ੧, ੩:੩ (640)

“ਰਸਨਾ ਹਰਿ ਰਸੁ ਨ ਚਖਿਓ ਕਮਲੁ ਨ ਹੋਇਓ ਪਰਗਾਸ।”

-ਰਾਮ ੩, ਵਾਰ ੭ਸ, ੩, ੨:੨ (949)

ਪਰਗਾਸੇ----- (1) ਰੌਸ਼ਣਾ ਦੇਣਾ

“ਅੰਧਕਾਰ ਦੀਪਕ ਪਰਗਾਸੇ।”

-ਗਉ ੫, ਸੁਖ ੧੮, ੬:੯ (287)

“ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ ਪਰਗਾਸੇ ਰਾਮ।”

-ਬਿਹਾ ੪, ਛੰਤ ੧, ੪:੧ (538)

ਹੋਰ ਰੂਪ:

ਪਰਗਾਸੈ-

“ਭਗਤ ਦਇਆ ਤੇ ਬੁਧਿ ਪਰਗਾਸੈ ਦੁਰਮਤਿ ਦੂਖ ਤਜਾਵਨਾ।”

-ਮਾਰੂ ੫, ਅਸ ੫, ੩:੧ (1018)

(2) ਖਿੜ ਜਾਣਾ

“ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ।”

-ਦੇਵ ੫, ੧, ੧*:੨ (528)

ਹੋਰ ਰੂਪ:

ਪਰਗਾਸੈ-

“ਹਰਿ ਹੁਣ ਜਪਤ ਕਮਲੁ ਪਰਗਾਸੈ।”

-ਗਉ ੫, ੧੧੬, ੧:੧ (189)

ਪਰਗਾਸੋ----- ਚਾਣਨ ਹੁੰਦਾ ਹੈ

“ਮਨ ਪਿਆਰਿਆ ਜੀਉ ਮਿਤ੍ਰਾ ਹਰਿ ਨਾਮੁ ਜਪਤ ਪਰਗਾਸੋ।”

-ਸਿਰੀ ੫, ਛੰਤ ੨, ੪:੨ (80)

ਪਰਗਾਝਾ ---- ਪ੍ਰਗਟ/ ਜ਼ਾਹਿਰ ਕੀਤਾ

“ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ।”

-ਜੈਤ ੪, ੫, ੨:੨ (697)

ਪਰਗਾਮੀ ---- (ਸੰ.) ਪਾਰ ਜਾਣ ਵਾਲਾ ਭਾਵ ਪਾਰ ਲੰਘਾਣ ਵਾਲਾ

“ਗੁਰ ਅਮਰਦਾਸਿ ਥਿਰੁ ਥਪਿਅਉ ਪਰਗਾਮੀ ਤਾਰਣ ਤਰਣ।”

-ਸਵ ੪, ਸਲ ੨:੫ (1406)

ਪਰਗ੍ਰਿਹ----- (ਸੰ.) ਪਰਾਇਆ ਘਰ ਭਾਵ ਸੁੰਦਰ ਨਾਰੀ

“ਸੁੰਦਰ ਨਾਰੀ ਅਨਿਕ ਪਰਕਾਰੀ ਪਰਗ੍ਰਿਹ ਬਿਕਾਰੀ।”

-ਗਉ ੫, ੧੫੪*, ੨:੧ (213)

ਹੋਰ ਰੂਪ:

ਪਰਗ੍ਰਿਹੰ-

“ਲੋਭਾਦਿ ਦ੍ਰਿਸਟਿ ਪਰਗ੍ਰਿਹੰ ਜਦਿ ਬਿਧਿ ਆਚਰਣੰ।” (ਪਰਾਏ ਘਰ ਭਾਵ ਪਰਾਈ ਇਸਤ੍ਰੀ)

-ਗੂਜ ਜੈਦੇ, ੧, ੩:੧ (526)

ਪਰਗ੍ਰਿਹਿ–
“ਰੇ ਨਰ ਕਾਇ ਪਰਗ੍ਰਿਹਿ ਜਾਇ।” (ਪਰਾਏ ਘਰ)
-ਮਾਰੂ ੫, ੧੧, ੧*:੧ (1001)

ਪਰਗ੍ਰਿਹੁ–
“ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹ ਪਰਗ੍ਰਿਹੁ।” (ਪਰਾਈ ਇਸਤ੍ਰੀ)
-ਅਸ ੫, ੧੨੭, ੨:੨ (403)

ਪਰਘਰ ----- ਪਰਾਏ ਘਰ
“ਪਰਘਰ ਜੋਹਹਿ ਘਰੁ ਨਹੀ ਭਾਲਹਿ।”
- ਮਾਰੂ ੧, ਸੋਲਾ ੨, ੩:੨ (1021)

ਹੋਰ ਰੂਪ:

ਪਰਘਰਿ–
“ਨਾਮੁ ਨਿਧਾਨੁ ਪਾਇਆ ਪਰਘਰਿ ਜਾਇ ਨ ਕੋਇ।”(ਪਰਾਏ ਘਰ, ਕਿਸੇ ਹੋਰ ਘਰ)
-ਗੂਜ ੩, ੯, ੨:੨ (492)

ਪਰਘਰੁ–
“ਪਰ ਘਰੁ ਜੋਹੈ ਹਾਣੇ ਹਾਣਿ।” (ਪਰਾਇਆ ਘਰ ਭਾਵ ਪਰਾਈ ਇਸਤ੍ਰੀ)
-ਰਾਮ ੧, ਸਿਗੋ ੨੬:੨ (941)

ਪਰਚਉ ----- (1) ਵਾਕਫੀ, ਸਾਂਝ
“ਐਸੋ ਪਰਚਉ ਪਾਇਓ।”
-ਗਉ ੫, ੧੨੩*, ੧*:੧ (205)

(2) ਪਿਆਰ
“ਪਰਮ ਜੋਤਿ ਸਿਉ ਪਰਚਉ ਲਾਵਾ।”
-ਗਉ ਕਬ, ਬਾਅ ੨੭:੨ (341)

(3) ਸਿਧੀ ਦਾ ਚਮਤਕਾਰ ਭਾਵ ਹੈਰਾਨ ਕਰਨ ਵਾਲੀ ਤਬਦੀਲੀ
“ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ।”(ਭਾਵ ਨਿਸ਼ਾ ਨਹੀਂ ਕੀਤੀ)
-ਸਵ ੩, ੨੦:੩ (1395)

(4) ਗਿਆਨ, ਉਪਦੇਸ
“ਪਰਚਉ ਪ੍ਰਮਾਣ ਗੁਰ ਪਾਇਅਉ ਤਿਨ ਸਕਯਥਉ ਜਨਮੁ ਜਗਿ।”
-ਸਵ ੪, ਕਲ ੧੧:੫ (1398)

ਪਰਚੰਡਿ----- (ਸੰ.) ਤੇਜ਼, ਪ੍ਰਤਾਪ
“ਕ੍ਰੋਧੁ ਖੰਡਿ ਪਰਚੰਡਿ ਲੋਭ ਅਪਮਾਨ ਸਿਉ ਝਾੜਉ।”
-ਸਵ ੪, ਸਲ ੧:੨ (1406)

ਪਰਚੰਡੁ ----- ਪਰਬਲ, ਬਲਵਾਨ, ਤੇਜ਼, ਤੀਬਰ
“ਗਿਆਨ ਖੰਡ ਮਹਿ ਗਿਆਨੁ ਪਰਚੰਡੁ।”
-ਜਪੁ ੧, ੩੬:੧ (7)

ਪਰਚਾ------ (1) ਪਛਾਣ, ਵਾਕਫੀ, ਮੇਲ

"ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ।"

-ਸਿਰੀ ੪, ਵਾਰ ੧੨ਸ, ੩, ੧:੨ (87)

(2) ਪਰਚ ਜਾਵੇ, ਤਸਲੀ ਹੋ ਜਾਵੇ, ਟਿਕ ਜਾਵੇ

"ਘਟ ਪਰਚਾ ਕੀ ਬਾਤ ਨਿਰੋਧਹੁ।"

-ਗਉ ਕਬ, ਬਾਅ ੩੯:੨ (342)

"ਜਬ ਸੁਪ੍ਰੰਸਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ।"(ਗੁਰੂ ਦੁਆਰਾ ਤਸੱਲੀ ਕਰਵਾਈ)

-ਸਾਰ ੪, ੪, ੫:੧ (1199)

(3) ਕਰਾਮਾਤ, ਚਮਤਕਾਰ

"ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ।"

-ਆਸਾ ੧, ਅਸ ੧੨, ੪:੩ (418)

(4) ਗਿਆਨ

"ਘਰ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ।"

-ਵਡ ੪, ਵਾਰ ੪ਸ, ੩, ੨:੬ (487)

ਪਰਚਾਇ ---- ਰੁਝਾ ਕੇ, ਲਾ ਕੇ

"ਇਸੁ ਪਰਚਾਇ ਪਰਚਿ ਰਹੁ ਏਸੁ।"

-ਗਉ ਕਬ, ੯, ੪:੨ (325)

ਪਰਚਾਇਣੁ --- ਗਿਆਨ ਕਰਾਉਣਾ

"ਭੇਦੁ ਬਭੀਖਣ ਗੁਰਮੁਖਿ ਪਰਚਾਇਣੁ।"

- ਰਾਮ ੧, ਸਿਗੋ ੪੦:੪ (942)

ਪਰਚਾਯਉ --- ਵਾਕਫੀ/ ਸਾਂਝ ਪਾ ਦਿਤੀ

"ਅਗਮ ਅਗੋਚਰ ਗਤਿ ਗਭੀਰੁ ਸਤਿਗੁਰਿ ਪਰਚਾਯਉ।"

-ਸਵ ੫, ਕਲ ੮:੨ (1408)

ਪਰਚਿ ------ ਪਤੀਜਿਆ/ ਰੁਝਿਆ

"ਇਸ ਪਰਚਾਇ ਪਰਚਿ ਰਹੁ ਏਸੁ।"

-ਗਉ ਕਬ, ੯, ੪:੨ (325)

ਪਰਚੂਨ ----- ਥੋੜੇ ਥੋੜੇ (ਸ਼ੁਭ ਕਰਮ)

"ਪੂਰਬਿ ਜਨਮਿ ਪਰਚੂਨ ਕਮਾਏ ਹਰਿ ਹਰਿ ਹਰਿ ਨਾਮਿ ਪਿਆਰੇ।"

- ਨਟ ੪, ਅਸ ੩, ੭:੧ (982)

ਪਰਚੇ ------ ਪਰਚਨ ਭਾਵ ਨਿਸ਼ਾ/ ਨਿਸਚਾ ਹੋਣ ਤੋਂ ਬਿਨਾਂ

"ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਇ।"

-ਗੂਜ ੩, ੭, ੩:੧ (491)

ਪਰਚੈ ------ (1) ਪਰਚ ਜਾਣ ਨਾਲ, ਸਾਂਝ ਪੈ ਜਾਣ ਨਾਲ

"ਘਟ ਪਰਚੈ ਜਉ ਉਪਜੈ ਭਾਉ।"

-ਗਉ ਕਬ, ਬਾਅ ੩੯:੩ (342)

"ਗੁਰ ਪਰਚੈ ਗੁਰ ਪਰਚੈ ਧਿਆਇਆ ਮੈ ਹਿਰਦੇ ਰਾਮੁ ਰਵਾਇਆ ਰਾਮ।"

(ਸਾਂਝ ਪੈ ਜਾਣ ਨਾਲ, ਮਿਲਾਪ ਨਾਲ)

– ਆਸਾ ੪, ਛੰਤ ੯, ੨:੨ (443)

(2) ਗਿਆਨ

"ਬਿਨੁ ਪਰਚੈ ਨਹੀ ਥਿਰਾ ਰਹਾਇ।"

-ਗਉ ਕਬ, ਥਿਤੀ ੭:੨ (343)

"ਪਰਚੈ ਰਾਮ ਰਵੈ ਜਉ ਕੋਈ।" (ਗਿਆਨ ਦੁਆਰਾ)

-ਭੈਰ ਰਵਿ ੧, ੧*:੧ (1167)

(3) ਤਸੱਲੀ/ ਨਿਸ਼ਾ ਹੋਣ ਤੇ

"ਸਤਿਗੁਰਿ ਪਰਚੈ ਹਰਿ ਨਾਮਿ ਸਮਾਨਾ।"

-ਬਿਲਾ ੩, ੩, ੧*:੧ (797)

"ਝੂਠਿ ਨ ਪਤੀਐ ਪਰਚੈ ਸਾਚੈ।" (ਪਤੀਜਦਾ ਹੈ, ਤ੍ਰਿਪਤ ਹੁੰਦਾ ਹੈ)

-ਗੋਂਡ ਕਬ, ੧੦, ੨:੨ (872)

(4) ਭਾਵ ਆਸਰੇ/ਓਟ ਨਾਲ ਭਰੋਸੈ

"ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ।"

-ਬਿਲਾ ੪, ਅਸ ੨, ੭:੨ (834)

"ਗੁਰ ਪਰਚੈ ਤਿਸੁ ਕਾਲੁ ਨ ਖਾਇ।"

– ਬਿਲਾ ੧, ਥਿਤੀ ੧੫:੪ (840)

(5) ਸਾਂਝ/ ਵਾਕਫੀ

"ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ।"

-ਬਿਲਾ ੪, ੭, ੧:੧ (835)

(6) ਪਸੰਨ ਹੁੰਦਾ ਹੈ

"ਪਰਚੈ ਰਾਮੁ ਰਵਿਆ ਘਟ ਅੰਤਰਿ ਅਸਥਿਰੁ ਰਾਮੁ ਰਵਿਆ ਰੰਗਿ ਪ੍ਰੀਤਿ।"

-ਕਾਨ ੪, ੫, ੨:੨ (1296)

"ਸਤਿਗੁਰ ਪਰਚੈ ਵਸਗਤਿ ਆਵੈ ਮੋਖ ਮੁਕਤਿ ਸੋ ਪਾਵੈਗੋ।"

-ਕਾਨ ੪, ਅਸ ੪, ੩:੨ (1310)

ਪਰਛੰਨਾ ------ (ਸੰ.) ਲੁਕਿਆ ਹੋਇਆ, ਗੁਪਤ

"ਇਕੋ ਆਪਿ ਫਿਰੈ ਪਰਛੰਨਾ।"

-ਮਾਝ ੩, ਅਸ ੪, ੧:੧ (111)

"ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜਿਹਾ।"

-ਸੋਰ ੧, ੪, ੨:੨ (596)

ਪਰਜ ------ ਪਰਜਾ, ਲੋਕਾਈ ਭਾਵ ਸ੍ਰਿਸ਼ਟੀ

"ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ।"
(ਮਹਾਨਕੋਸ਼ ਅਰਥ ਸੰਤਾਨ, ਔਲਾਦ ਕਰਦੇ ਹਨ)

-ਗਉ ਕਬ, ਅਸ ੪੧, ੧:੨ (331)

"ਦੂਜੈ ਭਾਇ ਸਭ ਪਰਜ ਵਿਗੋਈ।"

-ਧਨਾ ੩, ੪, ੧:੩ (664)

ਪਰਜੰਤ ------ ਅੰਤਮ ਸੀਮਾ, ਆਖਰੀ ਸੀਮਾ

"ਪਰਮਾਣੋ ਪਰਜੰਤ ਆਕਾਸਹੋ ਦੀਪ ਲੋਅ ਸਿਖੰਡਣਹ।"

-ਗਾਥਾ ੫, ੨:੧ (1360)

ਪਰਜਰਿ----- ਪਰਾਏ (ਪਦਾਰਥਾਂ ਦੇ ਮੋਹ ਨੂੰ) ਸਾੜ ਕੇ (ਸ਼ਬਦਾਰਥ) ਪਰ (ਸ਼ਤਰੂ) ਦੁਆਰਾ ਪ੍ਰਾਪਤ ਸੰਤਾਪ (ਮਹਾਨਕੋਸ਼)
“ਅਸਜਰਿ ਪਰਜਰਿ ਜਰਿ ਜਬ ਰਹੈ।”
-ਗਉ ਕਬ, ਬਾਅ ੧੪:੩ (340)

ਪਰਜਲੈ ----- ਪਰ੍ਹਾਂ, ਸਾੜ ਦੇਵੇ
“ਸਤਿਗੁਰੁ ਸੇਵਿ ਮੋਹੁ ਪਰਜਲੈ ਘਰ ਹੀ ਮਾਹਿ ਉਦਾਸਾ।”
-ਸਿਰੀ ੩, ੪੧, ੧*:੨ (29)

ਪਰਜਾ ------ (1) ਰਿਆਇਆ, ਜਿੰਨ੍ਹਾਂ ਤੇ ਰਾਜ ਕੀਤਾ ਜਾਵੇ
“ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ।”
-ਆਸਾ ੧, ਵਾਰ ੧੦ਸ, ੧, ੧:੧ (468)
“ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ।”
-ਬਿਲਾ ਕਬ, ੧, ੨:੨ (855)
(2) ਲੋਕਾਈ, ਲੋਕ
“ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ ਕਉ ਪਰਜਾ ਪੂਜਣ ਆਈ।”
-ਗੂਜ ੩, ਵਾਰ ੧੪ਸ, ੩, ੨:੪ (514)

ਪਰਜਾਰੀ ----ਬਾਲੀ, ਪ੍ਰਜਵਲਿਤ ਕੀਤੀ
“ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ।”
-ਰਾਮ ੧, ਅਸ ੯, ੫:੧ (907)

ਪਰਜਾਰੈ----- (1) ਸਾੜਦੀ ਹੈ
“ਦੁਰਮਤਿ ਅਗਨਿ ਜਗਤ ਪਰਜਾਰੈ।”
-ਗਉ ੧, ਅਸ ੧੧, ੨:੨ (225)
(2) ਬਲੇ, ਪ੍ਰਕਾਸ਼ੇ, ਪ੍ਰਜਵਲਿਤ ਕਰੇ
“ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ।”
-ਭੈਰ ਕਬ, ੧੧, ੨:੨ (1160)

ਪਰਜਾਲਣਾ --- ਚੰਗੀ ਤਰਾਂ ਸਾੜਨਾ
“ਗੁਰ ਉਪਦੇਸਿ ਤੁਟਹਿ ਸਭਿ ਬੰਧਨ ਇਹੁ ਭਰਮੁ ਮੋਹੁ ਪਰਜਾਲਣਾ।”
-ਮਾਰੂ ੫, ਸੋਲਾ ੬, ੧੨:੩ (1077)

ਪਰਜਾਲਿ ---- ਚੰਗੀ ਤਰਾਂ ਸਾੜ ਕੇ
“ਪੂਜਾ ਪ੍ਰੇਮ ਮਾਇਆ ਪਰਜਾਲਿ।”
-ਆਸਾ ੧, ੨੦, ੩:੧ (355)

ਹੋਰ ਰੂਪ:

ਪਰਜਾਲੀ-
“ਬ੍ਰਹਮ ਅਗਨਿ ਸਹਜੇ ਪਰਜਾਲੀ ਏਕਹਿ ਚੋਟ ਸਿਝਾਇਆ।”(ਚੰਗੀ ਤਰਾਂ ਸਾੜੀ)
-ਭੈਰ ਕਬ, ੧੭, ੪:੨ (1161)

ਪਰਜਾਲੀਐ-

“ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ।”(ਚੰਗੀ ਤਰ੍ਹਾਂ ਸਾੜੀਏ)
-ਗੂਜ ੩, ਵਾਰ ੧੩ਸ, ੩, ੧:੩ (513)

ਪਰਜਾਲੇ----- (1) ਪ੍ਰਕਾਸ਼ਮਾਨ/ਪ੍ਰਜਵਲਿਤ ਕਰੇ, ਬਾਲੇ
“ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ।”
-ਰਾਮ ੩, ਵਾਰ ੧੨ਸ, ੨, ੫:੨ (952)
(2) ਸਾੜੇ ਹਨ
“ਸੁਪਨੈ ਸੁਖੁ ਨ ਦੇਖਨੀ ਬਹੁ ਚਿੰਤਾ ਪਰਜਾਲੇ।”
-ਸਿਰੀ ੩, ੪੨, ੩:੩ (30)

ਪਰਣਾ------ (1) ਆਧਾਰ, ਆਸਰਾ, ਓਟ, ਟੇਕ
“ਅਗਮ ਅਗੋਚਰੁ ਸਾਹਿਬੋ ਜੀਆਂ ਕਾ ਪਰਣਾ।”
-ਗਉ ੫, ਵਾਰ ੨੦:੨ (323)
(2) ਪੈਣਾ
“ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ।”
-ਆਸਾ ੧, ਛੰਤ ੪, ੪:੪ (438)

ਪਰਣਾਇ ---- ਵਿਆਹ ਕੇ, ਸ਼ਾਦੀ ਕਰਕੇ
“ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।”
-ਸਲੋ ਫਰ, ੧:੫ (1377)

ਪਰਣੈ ------ ਭਾਰ, ਆਧਾਰ ਤੇ, ਆਸਰੇ
“ਅਖੰੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ।”
-ਸਾਰ ੪, ਵਾਰ ੧੧ਸ, ੧, ੨:੧ (1241)
“ਆਪੁ ਛਡੁ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ।”
-ਰਾਮ ੩, ਅਨੰ ੨੧:੪ (919)

ਪਰਤ ------ ਡਿਗਦੇ/ਪੈਂਦੇ ਨੂੰ
“ਭੁਜਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ।”
-ਗਉ ੫, ੧੧੫, ੧*:੨ (203)

ਪਰਤਖਿ-----ਜ਼ਾਹਿਰ, ਅਖਾਂ ਦੇ ਸਾਹਮਣੇ, ਸਾਖਿਆਤ ਪ੍ਰਗਟ ਤੌਰ ਤੇ
“ਪਰਤਖਿ ਪਿਰੁ ਘਰਿ ਨਾਲਿ ਪਿਆਰਾ ਵਿਛੁੜਿ ਚੋਟਾ ਖਾਇ।”
-ਗਉ ੪, ਕਰ ੧, ੩:੨ (234)
“ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ।”(ਭਾਵ ਜਿਊਂਦਿਆਂ ਹੀ)
-ਰਾਮ ਸੁੰਦ, ਸਦ ੪:੫ (923)
“ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।” (ਸਾਖਿਆਤ)
-ਨਟ ੪, ਅਸ ੪, ੫:੨ (982)

ਹੋਰ ਰੂਪ:

ਪਰਤਖੁ-
“ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜਨੁ ਪਰਤਖੁ ਹਰਿ।” (ਸਾਖਿਆਤ)

-ਸਵ ੫, ਮਧੁ ੭:੬ (1409)

ਪਰਤਛਿ----- ਪਰਤਖ, ਪ੍ਰਗਟ ਤੌਰ ਤੇ
"ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ।"
-ਸਵ ੫, ਮਥੁ ੫:੪ (1409)

ਪਰਤਨ ----- ਪਰਾਇਆ ਤਨ ਭਾਵ ਪਰਾਈ ਇਸਤ੍ਰੀ
"ਪਰਧਨ ਪਰਤਨ ਪਰ ਕੀ ਨਿੰਦਾ ਇਨ ਸਿਉ ਪ੍ਰੀਤਿ ਨ ਲਾਗੈ।"
-ਧਨਾ ੫, ੧੪, ੨:੧ (674)
"ਪਰਧਨ ਪਰਤਨ ਪਰ ਤੀ ਨਿੰਦਾ ਪਰ ਅਪਬਾਦੁ ਨ ਛੂਟੈ।"
-ਰਾਮ ਕਬ, ੮, ੨:੧ (971)
(ਮਹਾਨਕੋਸ਼ ਇਥੇ ਅਰਥ 'ਪਰਾਇਆ ਪੁਤਰ' ਕਰਦਾ ਹੈ)

ਪਰਤਾਪ----- (1) (ਸੰ.) ਇਕਬਾਲ, ਤੇਜ ਵਡਿਆਈ
"ਗੁਣ ਗੋਬਿੰਦ ਅਚਰਜ ਪਰਤਾਪ।"
-ਗਉ ੫, ੧੬੩, ੨:੨, (198)
(2) (ਸੰ.) ਪਰਤਾਪ/ਤੇਜ ਵਾਲਾ
"ਅਲਖ ਅਭੇਵ ਪੁਰਖ ਪਰਤਾਪ।"
-ਗਉ ੫, ਸੁਖ ੧੪, ੬:੯ (282)

ਪਰਤਾਪਏ---- ਅਤਿ ਦੁਖ ਦੇਂਦਾ ਹੈ
"ਫਿਰਿ ਹੋਇ ਤਾਤਾ ਖਰਾਮਾਤਾ ਨਾਮ ਬਿਨੁ ਪਰਤਾਪਏ।"
-ਆਸਾ ੧, ਛੰਤ ੫, ੧:੩ (438)

ਪਰਤਾਪਹਿਗਾ - ਬਹੁਤ ਤਪੇਂਗਾ, ਦੁਖੀ ਹੋਵੇਂਗਾ
"ਪ੍ਰਣਵਤਿ ਨਾਨਕੁ ਦਾਸਨਿ ਦਾਸਾ ਪਰਤਾਪਹਿਗਾ ਪ੍ਰਾਣੀ।"
-ਰਾਮ ੧, ੨, ੪:੨ (877)

ਪਰਤਾਪਦਾ --- ਲੋਚਦਾ, ਤੀਬਰ ਇਛਾਵਾਨ ਹੁੰਦਾ, ਤਾਂਘਦਾ, ਚਾਹੁੰਦਾ
"ਸਭੁ ਨਾਵੈ ਨੋ ਪਰਤਾਪਦਾ।"
-ਸਿਰੀ ੧, ਅਸ ੨੮, ੩:੨ (71)
"ਹਰਿ ਨਾਵੈ ਨੋ ਸਭੁ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ।"
-ਮਲਾ ੧, ਅਸ ੨, ੮:੧ (1277)

ਪਰਤਾਪਿ ---- ਤੇਜ- ਵਡਿਆਈ ਲਈ / ਸਦਕਾ
"ਜਹ ਪਸਰੈ ਪਾਸਾਰੁ ਸੰਤ ਪਰਤਾਪਿ।"
-ਗਉ ੫, ਸੁਖ ੨੧, ੮:੨ (292)
"ਪਾਪੀ ਮੂਆ ਗੁਰ ਪਰਤਾਪਿ।"(ਤੇਜ ਸਦਕਾ)
-ਭੈਰ ੫, ੯, ੧*:੨ (1137)

ਪਰਤਾਪੁ----- (1) ਬਹੁਤ ਤਪਨਾ, ਬਹੁਤ ਦੁੱਖ
"ਪਰਤਾਪੁ ਲਗਾ ਦੋਹਾਗਣੀ ਭਾਗ ਜਿਨਾ ਕੇ ਨਾਹਿ ਜੀਉ।"
-ਸਿਰੀ ੧, ਅਸ ੨੮, ੬:੩ (72)
"ਕਿਉ ਲਾਗੀ ਨਿਵਰੈ ਪਰਤਾਪੁ।"

– ਰਾਮ ੧, ਅਸ ੨, ੨:੨ (909)

ਹੋਰ ਰੂਪ:

ਪਰਤਾਪੈ –

"ਖਿਨ ਮਹਿ ਬਿਨਸਿ ਜਾਇ ਪਰਤਾਪੈ ਡੰਡ ਧਰਮ ਰਾਇ ਕਾ ਲਾਗਾ।" (ਦੁਖੀ ਹੁੰਦਾ ਹੈ)

-ਮਾਲੀ ੪, ੪, ੨:੨ (995)

"ਫਿਰਿ ਏਹ ਵੇਲਾ ਹਾਥਿ ਨ ਆਵੈ ਪਰਤਾਪੈ ਪਛੁਤਾਵੈਗੋ।"(ਦੁੱਖੀ ਹੁੰਦਾ ਹੋਇਆ)

-ਕਾਨ ੪, ਅਸ ੩, ੭:੨ (1310)

(2) ਵਡਿਆਈ, ਇਕਬਾਲ, ਤੇਜ, ਸੋਭਾ, ਸ਼ਾਨ, ਮਹਾਨਤਾ

"ਨਾਨਕੁ ਪੇਖਿ ਜੀਵੈ ਪਰਤਾਪੁ।"

-ਗਉ ੫, ੧੫੭, ੪:੨ (197)

ਹੋਰ ਰੂਪ:

ਪਰਤਾਪੈ –

"ਨਾਨਕ ਸੋ ਪ੍ਰਭੁ ਜੀਅ ਕਾ ਦਾਤਾ ਪੂਰਾ ਜਿਸੁ ਪਰਤਾਪੈ।" (ਤੇਜ, ਇਕਬਾਲ)

-ਸੂਹੀ ੫, ਛੰਤ ੫, ੨:੬ (780)

ਪਰੰਤਿਆਗੀ -- ਚੰਗੀ ਤਰਾਂ ਤਿਆਗ ਕਰਨ ਵਾਲਾ

"ਸਰਬ ਦੋਖ ਪਰੰਤਿਆਗੀ ਸਰਬ ਧਰਮ ਦ੍ਰਿੜੰਤਣ:।"

-ਗਾਥਾ ੫, ੨੨:੧ (1361)

ਪਰਤਿਪਾਲ --- ਪਾਲਣਹਾਰ

"ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ।"

-ਭੈਰ ੫, ੫੭, ੧*:੧ (1153)

ਪਰਤੀ ------ (1) ਪੈਂਦੀ ਹੈ

"ਪੂਰਨ ਹੋਤ ਨ ਕਤਹੁ ਬਾਤਹਿ ਅੰਤ ਪਰਤੀ ਹਾਰਿ।"

-ਸਾਰ ੫, ੧੦੭, ੧*:੨ (1225)

(2) ਪਰਾਈ ਇਸਤ੍ਰੀ

"ਪਰਧਨ ਪਰਤਨ ਪਰਤੀ ਨਿੰਦਾ ਪਰ ਅਪਬਾਦੁ ਨ ਛੂਟੈ।"

-ਰਾਮ ਕਬ, ੮, ੨:੧ (971)

ਪਰਤੀਤ ----- ਨਿਸਚਾ, ਭਰੋਸਾ

"ਅਪਨੀ ਪਰਤੀਤ ਆਪ ਹੀ ਖੋਵੈ।"

-ਗਉ ੫, ਸੁਖ ੫, ੨:੫ (268)

ਹੋਰ ਰੂਪ:

ਪਰਤੀਤਿ–

"ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ।"(ਨਿਸਚਾ, ਸਿਦਕ)

-ਜਪੁ ੧, ੨੮:੨ (6)

"ਕਹੁ ਨਾਨਕ ਮਨਿ ਭਈ ਪਰਤੀਤਿ।"(ਯਕੀਨ, ਨਿਸਚਾ, ਵਿਸ਼ਵਾਸ਼)

-ਗਉ ੫, ੧੪੨, ੪:੧ (194)

“ਨਾਨਕ ਕਉ ਉਪਜੀ ਪਰਤੀਤਿ।”(ਯਕੀਨ, ਸ਼ਰਧਾ)
-ਗੋਂਡ ੫, ੧੮, ੪:੩ (868)

ਪਰਤੀਤੀ–
“ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ।”
-ਸੂਹੀ ੪, ੧੧, ੩:੨ (734)

ਪਰਤੁ ------ ਪੈਂਦਾ
“ਕਾਚੀ ਗਾਗਰਿ ਨੀਰੁ ਪਰਤੁ ਹੈ ਇਹੈ ਤਨ ਕੀ ਇਹੈ ਬਡਾਈ।”
-ਸੋਰ ਕਬ, ੨, ੧:੨ (654)

ਪਰਤੇ ------ ਪੈਂਦੇ
“ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ।”
-ਗੁੜ ੫, ੧੬੨*, ੧*:੨ (215)
“ਪਿੰਗਲੁ ਪਰਬਤ ਪਰਤੇ ਪਾਰਿ।”(ਹੁੰਦੇ)
-ਰਾਮ ੫, ਅਸ ੪, ੪:੩ (914)

ਪਰਤੈ ------ ਹੋਰ ਤੋਂ, ਹੋਰ ਦੁਆਰਾ
“ਸਤਿਗੁਰ ਨੋ ਮਿਲੇ ਸੁ ਹਰਿ ਮਿਲੇ ਨਾਹੀ ਕਿਸੈ ਪਰਤੈ।”
-ਗਉ ੪, ਵਾਰ ੨੪:੫ (314)

ਪਰਤ੍ਰਿਅ ---- ਪਰਾਣੀ ਇਸਤ੍ਰੀ
“ਪਰਤ੍ਰਿਅ ਰਾਵਣਿ ਜਹਿ ਸੇਈ ਤਾ ਲਾਜੀਅਹਿ।”
-ਫੁਨ ੫, ੮:੧ (1362)

ਪਰਥਾਇ ---- (1) ਹਰ ਥਾਂ, ਹਰ ਰਸਮ ਰੀਤ ਸਮੇਂ
“ਜਜਿ ਕਾਜਿ ਪਰਥਾਇ ਸੁਹਾਈ।”
-ਆਸਾ ੫, ੩, ੧*:੨ (371)
(2) ਨਮਿਤ
“ਪਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ।”
-ਸੋਰ ੪, ਵਾਰ ੧੨ਸ, ੩, ੧:੧ (647)
(ਮਹਾਨਕੋਸ਼ ਅਰਥ ‘ਨਿਯਮ’ ਕਰਦਾ ਹੈ)
“ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ।” (ਪਸੰਗ ਵਿਚ)
-ਸੂਹੀ ੩, ਅਸ ੩, ੮:੧ (755)
(3) ਪ੍ਰਲੋਕ ਲਈ
“ਨਾਨਕ ਪ੍ਰੀਤਮ ਰਸਿ ਮਿਲੇ ਲਾਹਾ ਲੈ ਪਰਥਾਇ।”
-ਰਾਮ ੧, ਓਅੰ ੪੬:੬ (936)

ਪਰਥਾਈ ---- (1) ਸਦਕੇ, ਦੁਆਰਾ
“ਕਿਰਪਾ ਤੇ ਸੁਖੁ ਪਾਇਆ ਸਾਚੇ ਪਰਥਾਈ।”
-ਆਸਾ ੧, ਅਸ ੧੮, ੩:੨ (420)
(ਮਹਾਨਕੋਸ਼ ਇਸ ਦੇ ਅਰਥ ਜੋ ਸਭ ਸਥਾਨਾਂ ਤੋਂ ਪਰੇ ਹੈ ਉਸ ਵਿਚ ਤੁਰੀਆ ਪਦਵੀ ਵਿਚ ਕਰਦਾ ਹੈ)

(2) ਪਰਾਏ ਥਾਂ, ਭਾਵ ਪ੍ਰਭੂ ਤੋਂ ਬਿਨਾ ਕਿਤੋਂ ਹੋਰੋ
"ਨਾਨਕ ਆਸੜੀ ਨਿਬਾਹਿ ਮਾਨੁਖ ਪਰਥਾਈ ਲਜੀਵਦੋ।"
-ਮਾਰੂ ੫, ਵਾਰ ੧੯ਸ, ੫, ੩:੨ (1101)

ਪਰਥਾਏ----- (1) ਸਭਨਾਂ ਥਾਵਾਂ ਤੋਂ ਪਰੇ ਭਾਵ ਪ੍ਰਲੋਕ ਵਿਚ
"ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ ਪਰਥਾਏ ਰਾਮ।"
-ਵਡ ੩, ਛੰਤ ੨, ੨:੨ (568)
(2) ਨਮਿਤ, ਕਿਸੇ ਮਨੋਰਥ ਦੀ ਪੂਰਤੀ ਲਈ
"ਰਾਜੇ ਧਰਮੁ ਕਰਹਿ ਪਰਥਾਏ।"
-ਮਾਰੂ ੧, ਸੋਲਾ ੪, ੯:੧ (1024)

ਪਰੰਦਏ ----- ਪਰਿੰਦੇ, ਪੰਛੀ
"ਪਰੰਦਏ ਨ ਗਿਰਾਹ ਜਰ।"
-ਮਾਝ ੧, ਵਾਰ ੧੩ਸ, ੧, ੬:੧ (144)

ਪਰਦਰਬ ---- ਪਰਾਇਆ ਮਾਲ
"ਮਿਥਿਆ ਹਸਤ ਪਰਦਰਬ ਕਉ ਹਿਰਹਿ।"
-ਗਉ ੫, ਸੁਖ ੫, ੫:੨ (268)

ਹੋਰ ਰੂਪ:

ਪਰਦਰਬੁ-
"ਹਿਰਹਿ ਪਰਦਰਬੁ ਉਦਰ ਕੈ ਤਾਈ।"
-ਗਉ ੫, ਥਿਤੀ ੯:੫ (298)

ਪਰਦਾ------ (1) ਪੜਦਾ, ਓਹਲਾ
"ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ।"
-ਗਉ ੫, ੧੨੩*, ੩:੧ (205)
"ਅਪੁਨੇ ਜਨ ਕਾ ਪਰਦਾ ਢਾਕੈ।"(ਭਾਵ ਇਜ਼ਤ ਰਖੇ)
-ਗਉ ੫, ਸੁਖ ੧੭, ੪:੧ (285)
(2) ਲੁਕਾ
"ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ।"
-ਆਸਾ ੫, ੧੨੮, ੧*:੨ (403)

ਪਰਦਾਰਾ ---- ਪਰਾਈ ਇਸਤ੍ਰੀ
"ਪਰਧਨ ਪਰਦਾਰਾ ਪਰਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ।"
-ਆਸਾ ੫, ੩੭, ੩:੧ (379)

ਪਰਦੁਖ ----- ਪਰਾਇਆ/ ਦੂਜਿਆਂ ਦਾ ਦੁਖ
"ਭਯਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ।"
- ਸਵ ੫, ਕਲ ੫:੨ (1407)

ਪਰਦੂਖਨਾ---- ਦੂਜਿਆਂ ਦਾ ਬੁਰਾ ਚਿਤਵਨਾ
"ਨਿੰਦ ਚਿੰਦ ਪਰਦੂਖਨਾ ਏ ਖਿਨ ਮਹਿ ਜਾਰੀ।"
-ਬਿਲਾ ੫, ੪੦, ੩:੧ (810)

ਪਰਦੇ ------ਪੜਦੇ
"ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ।"
-ਆਸਾ ੫, ੫੭, ੧*:੨ (385)

ਪਰਦੇਸ ----- ਵਿਦੇਸ਼, ਦੂਜਾ/ ਪਰਾਇਆ ਦੇਸ
"ਕਈ ਕੋਟਿ ਪਰਦੇਸ ਭ੍ਰਮਾਹਿ।"
-ਗਉ ੫, ਸੁਖ ੧੦, ੨:੮ (275)

ਪਰਦੇਸਹਿ----ਪਰਦੇਸਾਂ ਵਿਚ
"ਦੇਸੁ ਛੋਡਿ ਪਰਦੇਸਹਿ ਧਾਇਆ।"
-ਪ੍ਰਭਾ ੫, ਅਸ ੨, ੪:੩ (1348)

ਪਰਦੇਸਨਿ---- ਦੂਸਰੇ ਦੇਸ ਦੀ ਵਸਨੀਕ
"ਰੂਪਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।"
-ਗਉ ੫, ੧੧੮*, ੧:੧ (204)

ਪਰਦੇਸਿ----- ਦੂਜੇ ਦੇਸ ਵਿਚ
"ਪਿਰੁ ਪਰਦੇਸਿ ਸਿਗਾਰੁ ਬਣਾਏ।"
-ਮਾਝ ੩, ਅਸ ੩੦, ੭:੧ (127)

ਪਰਦੇਸੀ----- ਦੂਜੇ ਦੇਸ ਦਾ ਵਸਨੀਕ
"ਪਿਰੁ ਪਰਦੇਸੀ ਜੇ ਥੀਐ ਧਨ ਵਾਂਫੀ ਝੂਰੇਇ।"
-ਸਿਰੀ ੧, ਅਸ ੫, ੨:੧ (56)
"ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ।"(ਭਾਵ ਮੁਸਾਫਰ)
-ਆਸਾ ੫, ਅਸ ੨, ੨:੧ (431)
"ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ।" (ਭਾਵ ਭਟਕਣ ਵਾਲੇ)
-ਆਸਾ ੪, ਛੰਤ ੨੧, ੧:੧ (451)
"ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ।"(ਭਾਵ ਬਿਗਾਨਾ, ਓਪਰਾ)
-ਸੂਹੀ ੧, ੯, ੪:੧ (731)

ਹੋਰ ਰੂਪ:

ਪਰਦੇਸੀਆ-
"ਕਰਹਲੇ ਮਨ ਪਰਦੇਸੀਆ ਕਿਉ ਮਿਲੀਐ ਹਰਿ ਮਾਇ।"(ਹੇ ਪਰਦੇਸੀ)
-ਗਉ ੪, ਕਰ੧, ੧:੧ (234)

ਪਰਦੇਸੁ ----- ਪਰਾਇਆ ਦੇਸ, ਦੂਜਾ ਦੇਸ, ਵਿਦੇਸ਼
"ਪਰਦੇਸੁ ਝਾਗਿ ਸਉਦੇ ਕਉ ਆਇਆ।"(ਭਾਵ ਹੋਰ ਜੂਨਾਂ ਵਿਚੋਂ ਹੁੰਦਾ ਹੋਇਆ)
-ਆਸਾ ੫, ੬, ੧:੧ (372)

ਪਰਦ੍ਰਿਸਟਿ --- ਪਰਾਏ ਧਨ- ਪਰਾਈ ਇਸਤ੍ਰੀ ਵਲ ਲੋਭ ਦ੍ਰਿਸ਼ਟੀ
"ਨੈਨਹੁ ਨੀਦ ਪਰਦ੍ਰਿਸਟਿ ਵਿਕਾਰ।"
-ਗਉ ੫, ੮੯, ੧:੧ (182)

ਪਰਦ੍ਰੋਹ ----- ਹੋਰਨਾਂ ਨਾਲ ਧੋਖਾ
"ਪਰਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ।"
-ਸਾਰ ੫, ੧੨੯, ੨:੧ (1229)

ਪਰਦ੍ਰੋਹੀ----- ਧੋਖਾ ਕਰਨ ਵਾਲਾ, ਧੋਖੇਬਾਜ਼
"ਹਮ ਪਾਪੀ ਬਲਵੰਚੀਆ ਮੇਰੀ ਜਿੰਦੁੜੀਏ ਪਰਦ੍ਰੋਹੀ ਠਗ ਮਾਇਆ ਰਾਮ।"
- ਬਿਹਾ ੪, ਛੰਤ ੩, ੩:੧ (539)

ਪਰਧਨ ----- ਪਰਾਇਆ ਧਨ
" ਪਰਧਨ ਪਰ ਦਾਰਾ ਪਰ ਨਿੰਦਾ ਇਨ ਸਿਉ ਪ੍ਰੀਤਿ ਨਿਵਾਰਿ।"
-ਆਸਾ ੫, ੩੭, ੩:੧ (379)

ਹੋਰ ਰੂਪ:

ਪਰਧਨੁ-
"ਬਹੁ ਪਰਪੰਚ ਕਰਿ ਪਰਧਨੁ ਲਿਆਵੈ।"
(ਪਰਾਇਆ ਧਨ)
-ਸੋਰ ਕਬ, ੯, ੧:੧ (656)

ਪਰਧਾਣੁ----- ਮੁਖੀ, ਸਿਰਮੌਰ, ਸ਼੍ਰੇਸ਼ਟ, ਉਤਮ
"ਆਪੇ ਵਡਾ ਆਪਿ ਹੈ ਪਿਆਰਾ ਆਪੇ ਹੀ ਪਰਧਾਣੁ।"
-ਸੋਰ ੪, ੫, ੪:੧ (606)

ਪਰਧਾਨ----- ਮੁਖੀ, ਸ਼੍ਰੇਸ਼ਟ, ਉਤਮ, ਵਡਿਆਈ ਵਾਲਾ
" ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ।"
-ਸਿਰੀ ੫, ੮੦, ੧:੧ (45)

ਹੋਰ ਰੂਪ:

ਪਰਧਾਨਾ-
"ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ।"(ਮੁਖੀਏ, ਸ਼੍ਰੇਸਟ)
-ਆਸਾ ੧, ਛੰਤ ੨, ੨:੪ (436)
"ਪੰਚ ਲੋਕ ਵਸਹਿ ਪਰਧਾਨਾ।"(ਪ੍ਰਧਾਨ ਹੋ ਕੇ)
-ਮਾਰੂ ੧, ਸੋਲਾ ੧੯, ੩:੨ (1039)
ਪਰਧਾਨਾਂ-
"ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ।"(ਮੁਖੀ, ਪ੍ਰਧਾਨ)
-ਬਿਹਾ ੪, ਵਾਰ ੧੯:੧ (556)
ਪਰਧਾਨਿ-
" ਤੂੰ ਸਤਵੰਤੀ ਤੂੰ ਪਰਧਾਨਿ।"(ਮੁਖੀ/ ਸ਼੍ਰੇਸ਼ਟ ਇਸਤ੍ਰੀ)
- ਆਸਾ ੫, ੫੨, ੩:੧ (384)
ਪਰਧਾਨੁ-
"ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ।"(ਮੁਖੀ, ਸ਼੍ਰੇਸ਼ਟ, ਸ਼੍ਰੋਮਣੀ)
-ਸਿਰੀ ੧, ੧੪, ੪:੩ (19)
"ਹਰਿ ਸਜਣੁ ਗੁਰੁ ਸੇਵਦੇ ਗੁਰ ਕਰਣੀ ਪਰਧਾਨ।" (ਮੁਖ/ਸ੍ਰੇਸ਼ਟ ਕਰਨੀ)
- ਸਿਰੀ ੧, ੧੯, ੪:੨ (21)

"ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ।"(ਮੁੱਖੀ, ਚੋਧਰੀ, ਵਡਿਆਈ ਵਾਲਾ)

-ਗਉ ੫, ਅਸ ੧੫, ੨:੧ (242)

"ਗੁਰਮੁਖਿ ਭਉ ਭੰਜਨੁ ਪਰਧਾਨੁ।" (ਪ੍ਰਧਾਨ ਵਾਹਿਗੁਰੂ)

-ਰਾਮ ੧, ਸਿਗੋ ੩੬:੪ (942)

ਪਰਧਾਨੇ-

"ਅਚਾਰਵੰਤਿ ਸਾਦੀ ਪਰਧਾਨੇ।" (ਪ੍ਰਧਾਨ, ਸ਼੍ਰੋਮਣੀ, ਮੁਖੀ)

-ਮਾਝ ੫, ੧੧, ੩:੧ (97)

ਪਰਧਾਨੋ-

"ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ।"

-ਆਸਾ ੧, ਛੰਤ ੩, ੧:੩ (437)

ਪਰਨ ------ ਪੈਣ

"ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ।"

- ਸਾਰ ੫, ੧੩, ੨:੨ (1206)

ਹੋਰ ਰੂਪ:

ਪਰਨਾ-

"ਲੈਤ ਦੇਤ ਉਨੁ ਮੂਕਰਿ ਪਰਨਾ।"(ਜਾਣਾ, ਪੈਣਾ)

-ਆਸਾ ੫, ੮, ੧:੨ (372)

"ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ।"(ਪੈਣਾ)

-ਦੇਵ ੫, ੧੬, ੧:੨ (531)

(2) ਆਸਰਾ, ਓਟ, ਟੇਕ

"ਠਾਕੁਰ ਜੀਉ ਤੁਹਾਰੋ ਪਰਨਾ।"

- ਕਾਨ ੫, ੯, ੧*:੧ (1299)

ਪਰਨਾਰੀ ---- ਪਰਾਈ ਇਸਤ੍ਰੀ

"ਇਸਤ੍ਰੀ ਤਜਿ ਕਰਿ ਕਾਮਿ ਵਿਆਖਿਆ ਚਿਤੁ ਲਾਇਆ ਪਰਨਾਰੀ।"

-ਮਾਰੂ ੧, ਅਸ ੭, ੬:੨ (1013)

ਪਰਨਿੰਦਕਾ --- ਪਰਾਈ ਨਿੰਦਾ ਕਰਨ ਵਾਲੇ

"ਓਇ ਆਪਿ ਡੁਬੇ ਪਰਨਿੰਦਕਾ ਸਗਲੇ ਕੁਲ ਡੋਬੇਨਿ।"

-ਰਾਮ ੩, ਵਾਰ ੧੦ਸ, ੩, ੨:੪ (951)

ਪਰਨਿੰਦਾ ---- ਪਰਾਈ ਨਿੰਦਾ

"ਮਿਥਿਆ ਸ੍ਰਵਨ ਪਰਨਿੰਦਾ ਸੁਨਹਿ।"

-ਗਉ ੫, ਸੁਖ ੫, ੫:੧ (268)

ਪਰਪਚ ----- ਅਡੰਬਰ, ਪਾਖੰਡ, ਠਗੀ, ਧੋਖਾ

"ਪਰਪਚ ਧ੍ਰੋਹ ਮੋਹ ਮਿਟਨਾਈ।"

-ਗਉ ੫, ਬਾਅ ੩੭:੫ (258)

ਪਰਪੰਚ ----- (1) ਪੰਜਾਂ ਤੱਤਾਂ ਦਾ ਵਿਸਤਾਰ, ਸ਼੍ਰਿਸ਼ਟੀ

"ਪਰਪੰਚ ਬਿਆਧਿ ਤਿਆਗੈ ਕਵਰੇ।"

-ਗਉ ੧, ਅਸ ੧੧, ੧:੨ (225)

"ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ।"

-ਬਿਲਾ ੩, ੪, ੧:੨ (797)

ਹੋਰ ਰੂਪ:

ਪਰਪੰਚਿ–

"ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ।" (ਸੰਸਾਰ ਵਿਚ)

-ਆਸਾ ੩, ਪਟੀ ੧੦:੧ (435)

ਪਰਪੰਚੁ–

"ਜਹ ਆਪਿ ਰਚਿਓ ਪਰਪੰਚੁ ਅਕਾਰੁ।"(ਸ਼੍ਰਿਸਟੀ)

-ਗਉ ੫, ਸੁਖ ੨੧, ੭:੧ (291)

(2) ਪਾਖੰਡ, ਛਲ ਧੋਖਾ

"ਪਤਿ ਰਾਖੀ ਗੁਰਿ ਪਾਰਬ੍ਰਹਮ ਤਜਿ ਪਰਪੰਚ ਮੋਹ ਬਿਕਾਰ।"

- ਗਉ ੫, ਬਾਅ ੩੭ਸ:੧ (258)

"ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ।"

-ਸੋਰ ੯, ੧੦, ੧:੨ (633)

ਹੋਰ ਰੂਪ:

ਪਰਪੰਚਿ–

"ਪਰਪੰਚਿ ਵਿਆਪਿ ਰਹਿਆ ਮਨੁ ਦੋਇ।"(ਛੱਲ ਵਿੱਚ)

- ਗਉ ੧, ੭, ੩:੩ (153)

ਪਰਪੰਚੁ–

"ਮਨੁ ਨ ਸੁਹੇਲਾ ਪਰਪੰਚੁ ਹੀਲਾ।" (ਧੋਖਾ, ਕਪਟ)

-ਗਉ ੫, ੮੧, ੩:੪ 179

"ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ।"(ਛੱਲ, ਕਪਟ)

-ਦੇਵ ੯, ੧, ੧:੨ (536)

(3) ਅਡੰਬਰ, ਲੀਲਾ, ਖੇਡ

"ਪਰਪੰਚ ਵੇਖਿ ਰਹਿਆ ਵਿਸਮਾਦੁ।"

-ਬਸੰ ੩, ੬, ੩:੩ (1174)

ਹੋਰ ਰੂਪ:

ਪਰਪੰਚੁ–

"ਝੂਠਾ ਪਰਪੰਚੁ ਜੋਰਿ ਚਲਾਇਆ।" (ਪਸਾਰਾ, ਖੇਡ)

-ਗਉ ਕਬ, ੬੦, ੨:੨ (337)

ਪਰੰਪਰ ----- ਪਰੇ ਤੋਂ ਪਰੇ

"ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੌ ਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ।"

-ਸਵ ੫, ਮਥੁ ੩:੩ (1408)

ਹੋਰ ਰੂਪ:

ਪਰੰਪਰੁ–
“ਏਕੋ ਏਕੁ ਸੁ ਅਪਰ ਪਰੰਪਰੁ ਪਰਖਿ ਖਜਾਨੈ ਪਾਇਦਾ। ”
–ਮਾਰੂ ੧, ਸੋਲਾ ੧੩, ੧੨:੩ (1034)

ਪਰਪੁਰਖਾ---- ਪਰਾਇਆ ਮਰਦ
“ਜੈਸੀ ਪਰਪੁਰਖਾ ਰਤ ਨਾਰੀ। ”
–ਭੈਰ ਨਾਮ, ੭, ੨:੧ (1164)

ਪਰਪੂਰਨ ---- ਸੰਪੂਰਨ, ਪੂਰੀ ਤਰਾਂ ਭਰਪੂਰ
“ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ। ”
–ਸਵ ੪, ਮਥੁ ੪:੧ (1404)

ਪਰਫੜੁ ----- ਅਨੰਦਿਤ ਹੋ ਕੇ ਖਿੜ/ ਪ੍ਰਸੰਨ ਹੋ ਕੇ
“ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ। ”
– ਬਸੰ ੧, ੧, ੧:੨ (1168)

ਹੋਰ ਰੂਪ:

ਪਰਫੜੈ–
“ਸਤਸੰਗੇ ਮਨੁ ਪਰਫੜੈ ਮਿਲਿ ਮੇਘ ਧਰ ਸੁਹਾਗ। ”(ਅਨੰਦਿਤ ਹੁੰਦਾ ਹੈ)
–ਮਲਾ ੫, ੨੭, ੧:੧ (1272)

ਪਰਫੁਲਿਤ---- ਖਿੜਦੇ/ਖਿੜੇ
“ਜਿਉ ਉਦਿਆਨ ਕੁਸਮ ਪਰਫੁਲਿਤ ਕਿਨਹਿਨ ਘ੍ਰਾਉ ਲਇਓ। ”
–ਗਉ ਕਬ, ੫੯, ੨:੧ (336)

ਪਰਫੁਲੈ ----- ਪ੍ਰਫੁਲਿਤ ਹੁੰਦਾ ਹੈ, ਖਿੜਦਾ ਹੈ, ਅਨੰਦਿਤ ਹੁੰਦਾ ਹੈ
“ਸਾਧ ਕੈ ਸੰਗਿ ਸਦਾ ਪਰਫੁਲੈ। ”
–ਗਉ ੫, ਸੁਖ ੭, ੨:੨ (271)

ਪਰਫੁੜੇ ----- ਪ੍ਰਫੁਲਿਤ ਹੋਏ ਅਰਥਾਤ ਵਧੇ
“ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ। ”
–ਮਾਰੂ ੧, ੧, ੨:੧ (989)

ਪਰਫੁੜੈ ----- ਖਿੜਦਾ ਹੈ, ਅਨੰਦਿਤ ਹੁੰਦਾ ਹੈ
“ਜਿਤੁ ਡਿਠੈ ਤਨੁ ਪਰਫੁੜੈ ਚੜੈ ਚਵਗਣਿ ਵੰਨੁ। ”
–ਸਲੋ ੧, ੩੦:੪ (1412)

ਪਰਫੂਲਤਾ---- ਖਿੜਿਆ/ ਪਰਫੁਲਤ ਰਹਿੰਦਾਹੈ
“ਪਰਫੂਲਤਾ ਰਹੇ। ”
–ਬਸੰ ੫, ੧੮, ੧:੪ (1185)

ਪਰਫੂਲਿਤ---- ਅਨੰਦਿਤ ਹੋ ਗਈ, ਖਿੜ ਗਈ
“ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ। ”
–ਸਾਰ ੪, ੧, ੧:੨ (1198)

ਪਰਬਤ ----- ਪਹਾੜ

"ਕਹ ਪਿੰਗੁਲ ਪਰਬਤ ਪਰਭਵਨ।"

-ਗਉ ੫, ਸੁਖ ੪, ੬:੭ (267)

ਹੋਰ ਰੂਪ:

ਪਰਬਤਿ–

"ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ।" (ਪਹਾੜ ਵਿਚ)

-ਮਾਝ ੧ ਵਾਰ ੪ਸ, ੧, ੧:੧ (139)

ਪਰਬਤੁ–

"ਊਚਉ ਪਰਬਤੁ ਗਾਖੜੋ ਨਾ ਪਉੜੀ ਤਿਤੁ ਤਾਸੁ।"

-ਸਿਰੀ ੧, ਅਸ ੧੬, ੧:੨ (63)

"ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ।"

-ਆਸਾ ਕਬ, ੬, ੪:੧ (477)

(ਮਹਾਨਕੋਸ਼ ਇਥੇ ਅਰਥ 'ਅੰਹਕਾਰ' ਦੇ ਕਰਦਾ ਹੈ)

ਪਰਬਲ ----- ਬਲਵਾਨ

"ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ।"

-ਭੈਰ ਕਬ, ੧੭, ੧:੧ (1161)

ਪਰਬਾਦ ----- ਝੂਠੀ ਬਦਨਾਮੀ, ਨਿੰਦਾ

"ਅਹੰਬੁਧਿ ਪਰਬਾਦ ਨੀਤ ਲੋਭ ਰਸਨਾ ਸਾਦਿ।"

-ਬਿਲਾ ੫, ੩੮, ੧:੧ (810)

ਪਰਬੀਨ ----- ਨਿਪੁਣ, ਪੂਰਾ ਜਾਣਨ ਵਾਲਾ, ਸਿਆਣਾ

"ਜਾਨਨਹਾਰ ਪ੍ਰਭੂ ਪਰਬੀਨ।"

-ਗਉ ੫, ਸੁਖ ੫, ੭:੩ (269)

ਹੋਰ ਰੂਪ:

ਪਰਬੀਨਾ–

"ਨਾਨਕ ਜਿਸ ਨੋ ਹਰਿ ਮਿਲਾਏ ਸੋ ਸਰਬ ਗੁਣ ਪਰਬੀਨਾ।"(ਪੂਰਨ)

-ਬਿਹਾ ੫, ਛੰਤ ੯, ੪:੬ (548)

ਪਰਬੋਧਹ ---- ਪ੍ਰਬੁੱਧ ਕਰੀਏ, ਸਮਝੀਐ

"ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ ਗੁਣ ਕਾਮਣ ਕਰਿ ਹਰਿ ਪ੍ਰਭੁ ਲਹੀਆ।"

-ਬਿਲਾ ੪, ਅਸ ੫, ੪:੧ (836)

ਹੋਰ ਰੂਪ:

ਪਰਬੋਧਹਿ–

"ਜਗੁ ਪਰਬੋਧਹਿ ਮੜੀ ਬਧਾਵਹਿ।" (ਸਮਝਾਉਂਦਾ, ਉਪਦੇਸ਼ ਦੇਦਾ)

-ਰਾਮ ੧, ਅਸ ੨, ੧:੧ (903)

ਪਰਬੋਧਹੁ–

"ਆਪਣਾ ਮਨੁ ਪਰਬੋਧਹੁ ਬੂਝਹੁ ਸੋਈ।"(ਜਗਾਓ, ਗਿਆਨ ਬਧ ਕਰੋ)

-ਗਉ ੩, ਅਸ ੨, ੪:੧ (230)

"ਮਨੁ ਪਰਬੋਧਹੁ ਹਰਿ ਕੈ ਨਾਇ।"(ਸਮਝਾਓ)

-ਗਉ ੫, ਸੁਖ ੧੯, ੩:੧ (288)

ਪਰਬੋਧਦਾ---- ਸਿਖਿਆ ਦੇਂਦਾ
"ਦੂਜੈ ਭਾਇ ਜਗਤੁ ਪਰਬੋਧਦਾ ਨਾ ਬੂਝੈ ਬੀਚਾਰੁ।"
-ਸਿਰੀ ੪, ਵਾਰ ੧੦ਸ, ੩, ੧:੩ (86)

ਪਰਬੋਧਾ----- ਗਿਆਨ ਹੋਇਆ, ਜਾਗਿਆ
"ਸਾਧ ਸੰਗਤਿ ਮਹਿ ਮਨੁ ਪਰਬੋਧਾ।"
-ਕਾਨ ੫, ੩, ੨:੨ (1298)

ਹੋਰ ਰੂਪ:

ਪਰਬੋਧਿਆ-
"ਗੁਰਿ ਤੁਠੈ ਮਨੁ ਪਰਬੋਧਿਆ ਹਰਿ ਪੀਆ ਰਸੁ ਗਟ ਕੇ।"(ਪ੍ਰਬੁੱਧ ਕੀਤਾ, ਗਿਆਨਵਾਨ ਕੀਤਾ, ਜਗਾਇਆ)
- ਸੂਹੀ ੪, ੧, ੧*:੨ (731)

ਪਰਬੋਧੈ-
"ਸੋ ਪੰਡਿਤੁ ਜੋ ਮਨੁ ਪਰਬੋਧੈ।" (ਸਮਝਾਵੈ, ਸਿਖਿਆ ਦੇਵੇ)
-ਗਉ ੫, ਸੁਖ ੯, ੪:੧ (274)

ਪਰਭਵਣੁ ---- ਭ੍ਰਮਣ ਕਰਨਾ, ਘੁੰਮਣਾ
"ਏਹੁ ਜੋਗੁ ਨ ਹੋਵੈ ਜੋਗੀ ਜਿ ਕੁਟੰਬੁ ਛੋਡਿ ਪਰਭਵਣੁ ਕਰਹਿ।"
-ਰਾਮ ੩, ਅਸ ੧, ੮:੧ (909)

ਪਰਭਵਨ ---- ਫਿਰਨਾ, ਘੁੰਮਣਾ
"ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ ਤਟ ਤੀਰਥ ਪਰਭਵਨ ਕਰਤ ਰਹਤ ਨਿਰਾਹਾਰੀ।"
-ਸਾਰ ੪, ੧੧, ੧:੧ (1201)

ਪਰਭਾਤਿ ---- ਉਸ ਸਮੇਂ ਜਦੋਂ ਪ੍ਰਭਾ (ਰੋਸ਼ਨੀ) ਉਗਦੀ ਹੈ, ਤੜਕੇ, ਸਵੇਰੇ, ਭੋਰ ਸਮੇਂ
"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ।"
-ਸਿਰੀ ੫, ੯੨, ੨:੧ (50)

ਪਰਭਾਤਿਹਿ--- ਸਵੇਰੇ ਸਮੇਂ
"ਇਕਿ ਪੜਹਿ ਸੁਣਹਿ ਗਾਵਹਿ ਪਰਭਾਤਿਹਿ ਕਰਹਿ ਇਸ੍ਨਾਨੁ।"
-ਸਵ ੪, ਗਯੰ ੪:੨ (1402)

ਪਰਭਾਤੀ ----ਸਵੇਰੇ, ਭੌਰ ਸਮੇਂ
"ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।"
-ਗਉ ੪, ਵਾਰ ੧੧ਸ, ੪, ੨:੨ (305)

ਹੋਰ ਰੂਪ:

ਪਰਭਾਤੇ-
"ਤੁਝ ਹੀ ਮਨ ਰਾਤੇ ਅਹਿਨਿਸਿ ਪਰਭਾਤੇ ਹਰਿ ਰਸਨਾ ਜਪਿ ਮਨ ਰੇ।"(ਸਵੇਰੇ)
-ਸੋਰ ੧, ੫, ੨:੨ (597)

ਪਰਮ ------ ਸਭ ਤੋਂ ਉਚੀ
"ਜਿਤੁ ਮਿਲਿਐ ਪਰਮ ਗਤਿ ਪਾਈਐ।"
-ਸਿਰੀ ੧, ਅਸ ੨੮, ੪:੨ (71)
"ਹਉ ਪਾਪੀ ਪਤਿਤੁ ਪਰਮ ਪਾਖੰਡੀ ਤੂ ਨਿਰਮਲੁ ਨਿਰੰਕਾਰੀ।"(ਮਹਾਂਪਾਖੰਡੀ)
-ਸੋਰ ੧, ੫, ੧:੧ (596)

ਹੋਰ ਰੂਪ:

ਪਰਮੰ-
"ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨ ਮਿਦੰ।"
- ਗੂਜ ਜੈਦੇ, ੧, ੨:੨ (526)

ਪਰਮਹੰਸ --- (1) ਪੂਰਨ ਮਨੁੱਖ ਭਾਵ ਬ੍ਰਹਮ ਗਿਆਨੀ
"ਨਾਮਿ ਰਤੇ ਪਰਮਹੰਸ ਬੈਰਾਗੀ ਨਿਜਘਰਿ ਤਾੜੀ ਲਾਈ ਹੇ।"
-ਮਾਰੂ ੩, ਸੋਲਾ ੩, ੩:੩ (1046)

ਹੋਰ ਰੂਪ:

ਪਰਮਹੰਸੁ-
"ਪਰਮਹੰਸੁ ਸਚੁ ਜੋਤਿ ਅਪਾਰ।" (ਭਾਵ ਗੁਰਮੁੱਖ)
-ਗਉ ੧, ਅਸ ੧੫, ੫:੨ (227)
(2) ਚਾਰ ਤਰ੍ਹਾਂ ਦੇ ਸੰਨਿਆਸੀਆਂ ਵਿਚੋਂ ਸਭ ਤੋਂ ਸ਼੍ਰੇਸ਼ਟ, ਇਹ ਵੰਡ ਹੈ।
ਕੁਟੀਚਕ, ਵਹੂਦਕ, ਹੰਸ ਅਤੇ ਪਰਮਹੰਸ
"ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਜੁਗਿ ਪਰਮਹੰਸੁ ਬੀਚਾਰੀ।"
-ਭੈਰ ੩, ੧੬, ੧:੧ (1131)

ਪਰਮਗਤਿ---- (1) ਉਤਮ ਗਤੀ, ਮੁਕਤੀ
"ਸੁਣਿ ਸੁਣਿ ਹੋਵੈ ਪਰਮਗਤਿ ਮੇਰੀ।"
-ਮਾਝ ੫, ੩੦, ੧:੨ (103)

ਹੋਰ ਰੂਪ:

ਪਰਮਗਤੇ -
"ਸਾਧ ਸੰਗਿ ਪਾਵਹੁ ਪਰਮਗਤੇ।"
-ਭੈਰ ੫, ੫, ੧*:੨ (1137)
(2) ਉਚੀ ਪਦਵੀ
"ਛਾਰੁ ਕੀ ਪੁਤਰੀ ਪਰਮਗਤਿ ਪਾਈ।"
-ਗਉ ੫, ਬਾਅ ੨੩:੭ (255)

ਹੋਰ ਰੂਪ:

ਪਰਮਗਤੇ-
"ਨਾਨਕ ਨਾਮੁ ਧਿਆਇ ਪੂਰਨ ਸਾਧ ਸੰਗਿ ਪਾਈ ਪਰਮਗਤੇ।"
-ਆਸਾ ਛੰਤ ੫, ੯, ੨:੬ (458)

ਪਰਮਤਤ ---- (1) ਆਤਮ ਗਿਆਨ, ਉਚਾ/ ਗੂੜ੍ਹ ਗਿਆਨ
"ਪੀਪਾ ਪ੍ਰਣਵੈ ਪਰਮਤਤੁ ਹੈ ਸਤਿਗੁਰੁ ਹੋਇ ਲਖਾਵੈ।"

- ਧਨਾ ਪੀਪਾ, ੧, ੨:੨ (695)

ਹੋਰ ਰੂਪ:

ਪਰਮਤੰਤ–
“ਬਾਬਾ ਜੁਗਤਾ ਜੀਉ ਜੁਗ ਜੋਗੀ ਪਰਮਤੰਤ ਮਹਿ ਜੋਗੰ।”
-ਆਸਾ ੧, ੩੭, ੧*:੧ (360)

(2) ਭਾਵ ਵਾਹਿਗੁਰੂ, ਪ੍ਰਭੂ
“ਅੰਤਰਿ ਰਤਨੁ ਪਦਾਰਥੁ ਮੇਰੈ ਪਰਮਤਤੁ ਵੀਚਾਰੋ।”
-ਸੂਹੀ ੧, ਛੰਤ ੨, ੩:੩ (764)

ਹੋਰ ਰੂਪ:

ਪਰਮਤੰਤੁ–
“ਆਪੇ ਤੰਤੁ ਪਰਮਤੰਤੁ ਸਭੁ ਆਪੇ ਆਪੇ ਠਾਕੁਰੁ ਦਾਸੁ ਭਇਆ।”(ਤੱਤਾਂ ਦਾ ਤੱਤ ਭਾਵ ਪਰਮਤੰਤ ਅਰਥਾਤ ਵਾਹਿਗੁਰੂ)
-ਬਿਹਾ ੪, ਵਾਰ ੧੩:੧ (553)

ਪਰਮਦਭੁਤੰ --- ਮਹਲ ਅਸਚਰਜ
“ਪਰਮਦਭੁਤੰ ਪਰਕ੍ਰਿਤਿ ਪਰੰ ਜਦਿ ਚਿੰਤਿ ਸਰਬ ਗਤੰ।”
-ਗੂਜ ਜੈਦੇ, ੧, ੧:੨ (526)

ਪਰਮਨਿਧਾਨ -- ਵਡਾ ਖਜ਼ਾਨਾ ਭਾਵ ਪ੍ਰਭੂ ਨਾਮ
“ਮਿਲਿ ਸੰਗਤਿ ਤਜਿ ਅਭਿਮਾਨ ਕਹੁ ਨਾਨਕ ਪਾਏ ਹੈ ਪਰਮ ਨਿਧਾਨ।”
- ਦੇਵ ੫, ੩੪, ੨:੩ (535)

ਹੋਰ ਰੂਪ:

ਪਰਮਨਿਧਾਨੁ–
“ਸੋ ਸਤਿਗੁਰੁ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮਨਿਧਾਨੁ।”(ਵਡਾ ਖਜਾਨਾ, ਨਿਧੀਆਂ ਦਾ ਘਰ, ਸੁਖਾਂ ਦਾ ਘਰ ਭਾਵ ਪ੍ਰਭੂ ਨਾਮ)

ਪਰਮਨੁ ----- (1) ਮਨ ਤੋਂ ਪਰੇ, ਜਿਸ ਨੂੰ ਮਨ ਨਹੀਂ ਜਾਣ ਸਕਦਾ
“ਜੋ ਜਨ ਪਰਮਿਤਿ ਪਰਮਨੁ ਜਾਨਾ।”
-ਗਉ ਕਬ, ੧੦, ੧:੧ (325)

(2) ਦੂਜੇ ਦਾ ਦਿਲ
“ਜਿਉ ਮਨੁ ਦੇਖਹਿ ਪਰਮਨੁ ਤੈਸਾ।”
-ਪ੍ਰਭਾ ੧, ਅਸ ੧, ੩:੧ (1342)

ਪਰਮਪਦ ---- ਉੱਚੀ ਪਦਵੀ, ਭਾਵ ਮੁਕਤੀ
“ਸੰਤ ਚਾਰਣ ਗੁਰ ਸੇਵਾ ਲਾਗੇ ਤਿਨੀ ਪਰਮਪਦ ਪਾਏ ਰਾਮ।”
-ਸੂਹੀ ੫, ਛੰਤ ੫, ੩:੨ (780)

ਹੋਰ ਰੂਪ:

ਪਰਮਪਦੁ–
“ਗੁਰ ਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ।”(ਉਚੀ ਪਦਵੀ ਭਾਵ ਮੁਕਤੀ)

–ਗੂਜ ੫, ਸੋਦ ੫, ੧*:੨ (10)

ਪਰਮਪੁਰਖ --- ਉਚਾ (ਸ਼੍ਰੇਸ਼ਟ) ਪੁਰਖ ਭਾਵ ਪ੍ਰਭੂ
"ਓਇ ਪਰਮ ਪੁਰਖ ਦੇਵਾਧਿ ਦੇਵ।"
–ਬਸੰ ਕਬ, ੪, ੫:੧ (1194)

ਪਰਮ ਬੈਸਨੋ -- ਸਭ ਤੋਂ ਸ਼੍ਰੇਸ਼ਟ ਵਿਸ਼ਨੂ ਭਗਤ
"ਪਰਮ ਬੈਸਨੋ ਪ੍ਰਭ ਪੇਖਿ ਹਜੂਰਿ।"
–ਭੈਰ ੫, ੪੦, ੧:੪ (1147)

ਪਰਮਲ ----- (1) ਸੁੰਗਧਦਾਰ ਵਸਤੂਆਂ ਨੂੰ ਮਿਲਾ (ਕੁੱਟ) ਕੇ ਬਣਾਈ ਸੁਗੰਧ
"ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।"
–ਸਿਰੀ ੧, ੪, ੨:੧ (15)

(2) ਚੰਦਨ–
"ਇਆ ਦੇਹੀ ਪਰਮਲ ਮਹ ਕੰਦਾ।"
– ਗਉ ਕਬ, ੧੨, ੨:੧ (325)
"ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ।"
–ਵਡ ੩, ਅਸ ੨, ੫:੨ (565)

(3) ਸੁਗੰਧਤ, ਰਸੀਲਾ
"ਫੁਨਿ ਗੁਰੂ ਪਰਮਲ ਸਰਸ ਕਰਤ ਕੰਚਨੁ ਪਰਸ ਮੈਲੁ ਦੁਰਮਤਿ ਹਿਰਤ ਸਬਦਿ ਗੁਰੁ ਧ੍ਯਾਈਐ।"
–ਸਵ ੪, ਨਲ ੧੫:੩ (1401)

ਪਰਮਲਾਦਿ --- ਪਰਮਲ ਚੰਦਨ ਆਦਿ ਸੁਗੰਧਤ ਵਸਤੂ
"ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ।"
–ਪ੍ਰਭਾ ਨਾਮ, ੨, ੨:੨ (1351)

ਪਰਮਲੀਓ --- ਸੁਗੰਧ ਵਾਗੂੰ
"ਮਲੈ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ।"
–ਗੂਜ ਨਾਮ, ੨, ੧:੧ (525)

ਪਰਮਲੁ ----- (1) ਸੁੰਗਧੀ
"ਨਾਉ ਨੀਰੁ ਚੰਗਿਆਈਆ ਸਤੁ ਪਰਮਲੁ ਤਨਿ ਵਾਸੁ।"
–ਸਿਰੀ ੧, ੫, ੩:੧ (16)

(2) ਪਰਾਈ ਮੈਲ
"ਕਾਈ ਆਸ ਨ ਪੁੰਨੀਆ ਨਿਤ ਪਰਮਲੁ ਹਿਰਤੇ।"
– ਗਉ ੪, ਵਾਰ ੩੨:੪ (317)

(3) ਚੰਦਨ–
"ਨਾਮ ਪਰਮਲੁ ਹਿਰਦੈ ਰਹਿਆ ਸਮਾਇ।"
–ਵਡ ੩, ੭, ੩:੨ (560)

(4) ਸੁਗੰਧਤ, ਸੁਗੰਧੀ ਵਾਲਾ
"ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ।"
–ਤਿਲੰ ੧, ੨, ੨:੨ (721)

ਪਰਮਾਣੋ----- ਪ੍ਰਮਾਣੂ
“ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ।”
-ਗਾਥਾ ੫, ੨:੧ (1360)

ਪਰਮਾਤਮੁ---- ਪਰਮਆਤਮਾ, ਪ੍ਰਭੂ ਪਾਰਬ੍ਰਹਮ
“ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।”
- ਆਸਾ ੧, ਅਸ ੨੦, ੬:੧ (421)

ਪਰਮਾਦੁ----- ਬਹੁਤੀ ਮਸਤੀ, ਕਮਲਾਪਨ ਭਾਵ ਭੁਲੇਖਾ
“ਸਾਧਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦੁ।”
-ਸਾਰ ੫, ੧੧੭, ੧:੨ (1226)

ਪਰਮਾਦਿ ---- ਸਭ ਤੋਂ ਪਹਿਲਾਂ, ਆਦਿ ਤੇ
“ਪਰਮਾਦਿ ਪੁਰਖਮਨੋ ਪਿਮੰ ਸਤਿ ਆਦਿ ਭਾਵ ਰਤੰ।”
-ਗੂਜ ਜੈਦੇ, ੧, ੧:੧ (526)

ਪਰਮਾਦੀ ---- ਮਸਤੀ ਵਾਲੇ
“ਬਿਸਮ ਬਿਨੋਦ ਰਹੇ ਪਰਮਾਦੀ ।”
-ਪ੍ਰਭ ੧, ਅਸ ੨, ੫:੧ (1342)

ਹੋਰ ਰੂਪ:

ਪਰਮਾਦੁ-
“ਝੂਰਿ ਮਰੈ ਦੇਖੈ ਪਰਮਾਦੁ।” (ਬਹੁਤੀ ਮਸਤੀ, ਪਾਗਲਪਣ)
-ਰਾਮ ੧, ਓਅੰ ੨੬:੨ (933)

ਪਰਮਾਨੰਦ---- (1) ਪਰਮ-ਆਨੰਦ ਸਰੂਪ, ਵਾਹਿਗੁਰੂ, ਪ੍ਰਭੂ
“ਰਸਿ ਗਾਏ ਗੁਨ ਪਰਮਾਨੰਦ।”
-ਗਉ ੫, ੧੧੦, ੧:੪ (201)

“ਸਾਧਸੰਗਿ ਭਜੁ ਪਰਮਾਨੰਦ।”
-ਗਉ ੫, ਸੁਖ ੨੪, ੨:੨ (295)

(2) ਮਹਾਨ ਅਨੰਦ, ਪੂਰਨ ਅਨੰਦ
“ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ।”
-ਗਉ ੫, ਸੁਖ ੮, ੫:੭ (273)

(3) ਜਿਲਾ ਸੋਲਾਪੁਰ ਦੇ ਪਿੰਡ ਬਾਰਸੀ ਦਾ ਵਸਨੀਕ ਇਕ ਭਗਤ ਜਿਸ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਰੰਗ ਰਾਗ ਵਿਚ ਦਰਜ਼ ਹੈ
“ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ।”
-ਸਾਰ ਪਰ, ੧, ੩:੨ (1253)

(4) ਪਰਸੁਖੀ, ਪੂਰਨ ਅਨੰਦ ਵਾਲੇ
“ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ।”
-ਸਵ ੪, ਗਯੰ ੧:੧੮ (1401)

ਪਰਮਾਨੰਦਾ --- ਪਰਮ ਅਨੰਦ ਸਰੂਪ, ਪ੍ਰਭੂ, ਵਾਹਿਗੁਰੂ
“ਜੋ ਨ ਸੁਨਹਿ ਜਸੁ ਪਰਮਾਨੰਦਾ।”

-ਗਉ ੫, ੧੧੧, ੩:੧ (188)

ਪਰਮਾਨੰਦੁ---- (1) ਮਹਾਨ ਸੁਖ, ਪੂਰਨ ਆਨੰਦ, ਉਚੇ ਤੋਂ ਊਚਾ ਅਨੰਦ
“ਗੁਰਮਤਿ ਪਾਏ ਪਰਮਾਨੰਦੁ।”
-ਗਉ ੧, ੧੨, ੩:੪ (154)
(2) ਮਹਾਂ ਅਨੰਦ ਸਰੂਪ ਪ੍ਰਭੂ
“ਮਨਿ ਤਨਿ ਰਵਿਆ ਪਰਮਾਨੰਦੁ।”
-ਗਉ ੫, ੧੬੪, ੩:੨ (199)
ਹੋਰ ਰੂਪ:
ਪਰਮਾਨੰਦੇ-
“ਸੈਨੁ ਭਣੈ ਭਜੁ ਪਰਮਾਨੰਦੇ।”(ਪਰਮ ਅਨੰਦ ਸਰੂਪ ਪ੍ਰਭੂ ਨੂੰ)

ਪਰਮਾਨਾਦੁ --- ਪਰਮ ਅਨੰਦ ਪ੍ਰਭੂ ਨੂੰ
“ਜਨ ਨਾਨਕ ਗੁਰਮੁਖਿ ਉਬਰੇ ਜਪਿ ਹਰਿ ਹਰਿ ਪਰਮਾਨਾਦੁ।”
-ਗਉ ੪, ਵਾਰ ੨ਸ, ੪, ੧:੪ (301)

ਪਰਮਾਰਥ----ਆਤਮ-ਵਿਦਿਆ, ਪਰਮਾਰਥ
“ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ।”
-ਸੋਰ ਰਵਿ, ੩, ੨:੨ (658)

ਪਰਮਾਰੰਥ---- ਪਰਮਾਰਥੀ, ਆਤਮ ਮਾਰਗ ਦੇ ਖੋਜੀ
“ਹਰਿ ਗੁਣ ਗਾਵਹਿ ਮਿਲਿ ਪਰਮਾਰੰਥ।”
-ਆਸਾ ੧, ਅਸ ੪, ੬:੪ (413)

ਪਰਮਾਰਥੁ---- (1) ਆਤਮ-ਗਿਆਨ
“ਗੁਰ ਕੈ ਸਬਦਿ ਸਮਾਈਐ ਪਰਮਾਰਥੁ ਜਾਣੈ।”
-ਆਸਾ ੧, ੧੫, ੨:੨ (419)
(2) ਪਰਮ ਅਰਥ, ਸਭ ਤੋਂ ਉਚਾ/ਸ਼੍ਰੇਸ਼ਟ ਧਨ
“ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ।”
-ਸੋਰ ੧, ਅਸ ੧, ੫:੧ (634)
“ਗੁਰ ਪ੍ਰਸਾਦਿ ਪਾਈਐ ਪਰਮਾਰਥੁ ਸਤ ਸੰਗਤਿ ਸੇਤੀ ਮਨੁ ਖਚਨਾ।”
-ਸਵ ੪, ਗਯੰ ੧੩:੪ (1403)
(3) ਮਹਾਂ ਤਤ
“ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ।”
-ਸੋਰ ਰਵਿ, ੪, ੨:੪ (658)

ਪਰਮਿਤਿ ---- (1) ਜਿਸ ਦਾ ਮਿਤਿ (ਅੰਦਾਜ਼ਾ) ਨਾ ਲਾਇਆ ਜਾ ਸਕੇ, ਮਿਣਤੀ ਤੋਂ ਪਰੇ
“ਪਪਾ ਪਰਮਿਤਿ ਪਾਰੁ ਨ ਪਾਇਆ।”
-ਗਉ ੫, ਬਾਅ ੩੭:੧ (258)
(2) ਯਥਾਰਥ ਗਿਆਨ, ਪ੍ਰਮਾਣ ਦੁਆਰਾ ਪ੍ਰਾਪਤ ਗਿਆਨ
“ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ।”
-ਗਉ ਕਬੁ, ੫੩, ੧:੧ (334)

ਪਰਮਿਤ੍ਰੀ ---- ਪਰਾਏ ਮਿਤ੍ਰਾਂ ਦੀ, ਜ਼ਾਹਿਰਾ ਮਿਤ੍ਰਾਂ ਦੀ, ਦਿਖਾਵੇ ਦੇ ਮਿਤ੍ਰਾਂ ਦੀ

“ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ।”

-ਗੋਂਡ ੪, ੧, ੩:੧ (859)

ਪਰਮੇਸਰ ---- ਪਰਮ ਈਸ਼ਵਰ, ਸਭ ਤੋਂ ਵੱਡਾ ਸੁਆਮੀ, ਪ੍ਰਭੂ

“ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।”

-ਮਾਝ ੫, ਬਾਰਾ ੯:੨ (135)

ਹੋਰ ਰੂਪ:

ਪਰਮੇਸਰਾ-

“ਜੀਅ ਜੰਤ ਸਭਿ ਤੁਝੁ ਧਿਆਵਹਿ ਪੁਰਖਪਤਿ ਪਰਮੇਸਰਾ।”(ਹੇ ਪੁਰਖਾਂ ਦੇ ਮਾਲਕ ਪਰਮੇਸਰਾ)

-ਰਾਮ ੫, ਛੰਤ ੨, ੩:੩ (925)

ਪਰਮੇਸਰਿ-

“ਮੀਹੁ ਪਾਇਆ ਪਰਮੇਸਰਿ ਪਾਇਆ।”(ਪਰਮੇਸਰ ਨੇ)

-ਮਾਝ ੫, ੩੯, ੧:੧ (105)

ਪਰਮੇਸਰੁ-

“ਅਬਿਨਾਸੀ ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ।”(ਪ੍ਰਭੂ)

-ਗਉ ੪, ਸੋਹ ੪, ੩:੨ (13)

ਪਰਮੇਸਰੈ-

“ਰੰਗਿ ਰਤੇ ਪਰਮੇਸਰੈ ਜਨ ਨਾਨਕ ਤਿਨ ਬਲਿ ਜਾਤ।” (ਪ੍ਰਭੂ ਦੇ)

-ਗਉ ੫, ੧੬੯, ੪:੨ (218)

ਪਰਮੇਸਰੋ-

“ਪਾਰਬ੍ਰਹਮੁ ਪਰਮੇਸਰੋ ਸਭ ਬਿਧਿ ਜਾਨਣਹਾਰ।”

-ਗਉ ੫, ਥਿਤੀ ੧੬:੫ (300)

ਪਰਮੇਸੁਰ-

“ਗਿਆਨ ਧਿਆਨ ਪੂਰਨ ਪਰਮੇਸੁਰ ਪ੍ਰਭੁ ਸਭਨਾ ਗਲਾ ਜੋਗਾ ਜੀਉ।”

-ਮਾਝ ੫, ੪੮, ੨:੩ (108)

ਪਰਮੇਸੁਰਹ-

“ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ।”(ਪਰਮੇਸ਼ਰ ਨੂੰ)

-ਜੈਤ ੫, ਵਾਰ ੧ਸ, ੫, ੧:੧ (705)

“ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸੁਰਹ।” (ਪਰਮੇਸ਼ਰ ਦੀ)

-ਸਸ ੫, ੫੯:੨ (1359)

ਪਰਮੇਸੁਰਾ-

“ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ।” (ਪ੍ਰਭੂ)

-ਗਉ ੫, ਬਾਅ ੧ਸ:੧ (250)

ਪਰਮੇਸੁਰਿ-

“ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ।”(ਪ੍ਰਭੂ ਨੇ)

- ਗਉ ੫, ਸੁਖ ੧੩, ੩:੪ (280)

ਪਰਮੇਸੁਰੁ–
“ਕੀਮਤਿ ਕਹਣੁ ਨ ਜਾਈਐ ਪਰਮੇਸੁਰੁ ਬੇਅੰਤੁ।”(ਪ੍ਰਭੂ)
–ਮਾਝ ੫, ਦਿਨ ੩:੪ (137)

ਪਰਮੇਸ੍ਵਰ–
“ਪਰਮੇਸ੍ਵਰ ਤਹ ਬਸਹਿ ਦਇਆਲ।”
–ਗਉ ੫, ਥਿਤੀ ੧੬:੬ (299)

ਪਰਮੇਸਰਹ–
“ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ।”
–ਸਸ ੫, ੫੨:੧ (1358)

ਪਰਲਉ ----- ਸੰਸਾਰ ਦਾ ਪ੍ਰਕ੍ਰਿਤੀ ਵਿਚ ਲੈਅ ਹੋਣ ਦਾ ਭਾਵ ਭਾਵ ਨਾਸ ਹੋਣਾ
“ਉਤਪਤਿ ਪਰਲਉ ਸਬਦੇ ਹੋਵੈ।”
–ਮਾਝ ੩, ੧੪, ੧:੧ (117)

ਪਰਲਪ ----- ਚੰਗੀ ਤਰ੍ਹਾਂ ਲਿਖਿਆ ਹੋਇਆ
“ਖਾਈ ਕੋਟੁ ਨ ਪਰਲਪ ਗਾਰਾ।”
– ਭੈਰ ਕਬ, ੧੬, ੩:੧ (1161)

ਪਰਲਾ ------ ਪੈਂਦਾ ਹੈ
“ਗੁਰ ਕਿਰਪਾ ਤੇ ਹਿਰਦੈ ਵਾਸੈ ਭਉ ਜਲੁ ਪਾਰਿ ਪਰਲਾ।”
–ਰਾਮ ੫, ੧੭, ੧*:੨ (891)

ਪਰਲੇ ------ ਨਾਸ
“ਵਿਚਿ ਦੇਹੀ ਦੋਖ ਅਸਾਧ ਪੰਚ ਧਾਤੂ ਹਰਿ ਕੀਏ ਖਿਨ ਪਰਲੇ।”
–ਨਟ ੪, ੨, ੨:੨ (975)

ਹੋਰ ਰੂਪ:

ਪਰਲੈ –
“ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੈ।” (ਨਾਸ ਕਰਨ)
–ਮਾਰੂ ੫, ਵਾਰ ੨੩:੩ (1102)

ਪਰਲੋਕ ----- ਦੂਜਾ ਲੋਕ ਅਥਵਾ ਉਹ ਲੋਕ ਜੋ ਸਰੀਰ ਤਿਆਗਨ ਤੋਂ ਬਾਅਦ ਮਿਲਣਾ ਹੈ
“ਇਹ ਲੋਕ ਸੁਖੀਏ ਪਰਲੋਕ ਸੁਹੇਲੇ।”
–ਗਉ ੫, ਸੁਖ ੨੨, ੪:੯ (293)

ਹੋਰ ਰੂਪ:

ਪਰਲੋਕਿ–
“ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ।”(ਪਰਲੋਕ ਵਿਚ)
–ਧਨਾ ੫, ੩੨, ੧:੨ (679)

ਪਰਲੋਭ ----- ਪਰਾਏ ਦਾ ਲਾਲਚ
“ਮਿਥਿਆ ਮਨ ਪਰਲੋਭ ਲੁਭਾਵਹਿ।”
–ਗਉ ੫, ਸੁਖ ੫, ੫:੬ (269)

ਹੋਰ ਰੂਪ:

ਪਰਲੋਭਾ–
“ਪਰਾਦਾਰਾ ਪਚ ਧਨੁ ਪਰਲੋਭਾ ਹਉਮੈ ਬਿਖੈ ਬਿਕਾਰ।”(ਪਰਾਏ ਦਾ ਲਾਲਚ)
–ਮਲਾ ੧, ੫, ੧:੨ (1255)

ਪਰਲੌ ------ ਪਰਲੋ, ਨਾਸ ਹੋਣ ਦੀ ਕਿਰਿਆ
“ਅਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖਤੁ ਘਰਿ ।”
–ਸਮੁ ੫, ੨:੨ (1385)

ਪਰਵਸਿ ---- ਦੂਜਿਆਂ ਦੇ ਕਾਬੂ
“ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰਵਸਿ ਭਇਓ ਬਿਚਾਰਾ।”
–ਧਨਾ ੫, ੨, ੨:੧ (671)

ਪਰਵਦਗਾਰ -- ਪਾਲਣ ਵਾਲਾ
“ਪਰਵਦਗਾਰ ਅਪਾਰ ਅਗਮ ਬੇਅੰਤ ਤੂ।”
–ਆਸਾ ਫਰ, ੧, ੩:੧ (488)

ਹੋਰ ਰੂਪ:

ਪਰਵਦਗਾਰਾ–
“ਨਾਨਕੁ ਸਾਇਰੁ ਏਵ ਕਹਤੁ ਹੈ ਸਚੇ ਪਰਵਦਗਾਰਾ।”(ਪਾਲਣਹਾਰ ਪ੍ਰਭੂ)
–ਧਨਾ ੧, ੨, ੨:੨ (660)

ਪਰਵਦਗਾਰੁ–
“ਪਰਵਦਗਾਰੁ ਸਾਲਾਹੀਐ ਜਿਸ ਦੇ ਚਲਤ ਅਨੇਕ।”(ਪਾਲਣਹਾਰ ਪ੍ਰਭੂ)
–ਸਿਰੀ ੫, ੮੯, ੪:੧ (49)

ਪਰਵਦਗਾਰੋ–
“ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ।”(ਪਾਲਣਹਾਰ ਪ੍ਰਭੂ)
–ਵਡ ੧, ਅਲਾ ੩, ੧:੧ (580)

ਪਰਵਦਿਗਾਰ–
“ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਦਿਗਾਰ ਦਾ।”(ਪਾਲਣਹਾਰ ਪ੍ਰਭੂ
– ਗੂਜ ੫, ਵਾਰ ੪:੧ (518)

ਪਰਵਦਿਗਾਰੁ–
“ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ।”
–ਸਿਰੀ ੧, ਅਸ ੧, ੧*:੨ (53)

ਪਰਵਰਿਆ --- ਵਡਾ/ ਸ਼੍ਰੇਸ਼ਟ ਹੋਇਆ
“ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ ।”
– ਸਿਰੀ ੪, ਵਾਰ ੧੧:੩ (87)
(ਮਹਾਨਕੋਸ਼ ਅਰਥ ‘ਘਿਰਿਆ ਹੋਇਆ’ ਕਰਦੇ ਹਨ)

ਪਰਵਰਿਯਉ -- ਪ੍ਰਵਿਰਤ ਕੀਤਾ, ਪ੍ਰਵੇਸ਼ ਕੀਤਾ
“ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ।”
–ਸਵ ੩, ੧੬:੧ (1395)

ਪਰਵਾਹ ---- (1) ਫਿਕਰ, ਚਿੰਤਾ, ਡਰ, ਮੁਥਾਜੀ ਥੁੜ

“ਤਉ ਪਰਵਾਹ ਕੇਹੀ ਕਿਆ ਕੀਜੈ।”
-ਆਸਾ ੧, ੯, ੧*:੧ (351)
“ਜਿਸ ਦਾ ਕੀਤਾ ਸਭੁ ਕਿਛੁ ਹੋਵੈ ਤਿਸ ਨੋ ਪਰਵਾਹ ਨਾਹੀ ਕਿਸੈ ਕੇਰੀ।”
-ਬਿਹਾ ੪, ਵਾਰ ੧੬:੧ (554)

ਹੋਰ ਰੂਪ:

ਪਰਵਾਹਾ-
“ਕਹੁ ਨਾਨਕ ਕਾਹੂ ਪਰਵਾਹਾ ਜਉ ਸੁਖ ਸਾਗਰੁ ਮੈਂ ਪਾਇਆ।”
-ਸਾਰ ੫, ੪੧, ੨:੨ (1212)

(2) ਵਹਾ, ਵਹਿਣ, ਵੇਗ
“ਰਿਧਿ ਸਿਧਿ ਨਵਨਿਧਿ ਜਾ ਕੈ ਅੰਮ੍ਰਿਤਾ ਪਰਵਾਹ।”
-ਮਾਰੂ ੫, ਅਸ ੨, ੫:੧ (1017)
“ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ।”
- ਸਵ ੪, ਕਲ ੮:੧ (1397)

ਪਰਵਾਣ----- (1) ਮਾਨੀਨਯ
“ਪੰਚ ਪਰਵਾਣ ਪੰਚ ਪਰਧਾਨੁ।”
-ਜਪੁ ੧, ੧੬:੧ (3)

(2) ਕਬੂਲ
“ਜੋ ਤਿਸੁ ਭਾਵੈ ਸੋ ਪਰਵਾਣ।”
-ਮਲਾ ੧, ੮, ੩:੪ (1257)

ਪਰਵਾਣਾ ---- (1) (ਫਾ-ਪਰਵਾਨਾ) ਚਿਠੀ ਭਾਵ ਹੁਕਮ, ਫੁਰਮਾਨ
“ਕਿਰਤੁ ਪਇਆ ਪਰਵਾਣਾ ਲਿਖਿਆ ਬਹੁੜਿ ਹੁਕਮੁ ਨ ਹੋਈ।”
-ਆਸਾ ੧, ੩੬, ੨:੧ (359)
“ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ।”(ਹੁਕਮਨਾਮਾ)
-ਧਨਾ ੧, ਛੰਤ ੨, ੧:੪ (688)

(2) ਤੋਲ, ਵੱਟਾ, ਪਰਮਾਣ
“ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ।”
-ਆਸਾ ੧, ਵਾਰ ੧੧ਸ, ੧, ੨:੧੦ (469)

(3) ਪਰਵਾਣ, ਕਬੂਲ
“ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ।”
-ਰਾਮ ੧, ਅਸ ੧, ੧*:੨ (902)
(ਮਹਾਨਕੋਸ਼ ਇਸ ਦੇ ਅਰਥ ‘ਗਿਆਤਾ’ ‘ਵਿਦਵਾਨ’ ਕਰਦਾ ਹੈ)

ਹੋਰ ਰੂਪ:

ਪਰਵਾਣਿ-
“ਆਤਮ ਰਾਮੁ ਲੇਹੁ ਪਰਵਾਣਿ।” (ਪਰਵਾਨ ਹੋ ਕੇ ਮਕਬੂਲ ਹੋ ਕੇ)
-ਗਉ ਕਬ, ਥਿਤੀ ੮:੨ (343)

ਪਰਵਾਣੁ----- (1) ਮਾਪ, ਪੈਮਾਨਾ, ਵੱਟਾ
“ਅਮੁਲੁ ਤੁਲੁ ਅਮੁਲੁ ਪਰਵਾਣੁ।”

-ਜਪੁ ੧, ੨੬:੬ (5)

“ਆਪੇ ਕੀਮਤਿ ਪਾਇਦਾ ਪਿਆਰਾ ਆਪੇ ਤੁਲੁ ਪਰਵਾਣੁ ।”(ਪੈਮਾਣਾ)

-ਸੋਰ ੪, ੫, ੪:੨ (606)

(2) ਪ੍ਰਵਾਣਿਤ, ਮਾਨੀਨਯ

“ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।”
(‘ਦਰਪਣ’ ਅਰਥ ‘ਪ੍ਰਤੱਖ’ ਕਰਦਾ ਹੈ)

- ਜਪੁ ੧, ੩੦:੧ (7)

“ਤਿਥੈ ਸੋਹਨਿ ਪੰਚ ਪਰਵਾਣੁ।”(ਮੰਨੀ ਹੋਈ/ ਪ੍ਰਮਾਣਿਤ ਗੱਲ ਹੈ)

-ਜਪੁ ੧, ੩੪:੯ (7)

“ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ।”(ਮੰਨੇ ਹੋਏ)

-ਆਸਾ ੧, ਵਾਰ ੮ਸ, ੧, ੨:੧ (467)

(3) ਕਬੂਲ, ਮਨਜੂਰ

“ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ।”(ਭਾਵ ਸਫਲ, ਸਕਾਰਥਾ)

-ਸਿਰੀ ੧, ੪, ੩:੧ (15)

“ਨਾਨਕ ਆਏ ਸੇ ਪਰਵਾਣੁ ਹਹਿ ਜਿਨ ਗੁਰਮਤੀ ਹਰਿ ਧਿਆਇ।”

-ਸਿਰੀ ੩, ੩੮, ੪:੩ (28)

“ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ।”

-ਮਾਝ ੧, ਵਾਰ ੨੨ਸ, ੨, ੨:੫ (148)

“ਹਰਿ ਅਬਿਨਾਸੀ ਸਦਾ ਥਿਰ ਨਿਹਚਲੁ ਤਿਸੁ ਮੇਰੇ ਮਨ ਭਜੁ ਪਰਵਾਣੁ।” (ਮਨਜੂਰ ਹੋ ਜਾ)

-ਗੋਂਡ ੪, ੪, ੧:੨ (861)

ਹੋਰ ਰੂਪ:

ਪਰਵਾਣੋ-

“ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।”(ਕਬੂਲ ਹੋਵੇ)

-ਵਡ ੧, ਅਸ ੨, ੩:੧ (580)

(3) ਪ੍ਰਮਾਣੀਕ

“ਤੂੰ ਦਾਤਾ ਨਾਮੁ ਪਰਵਾਣੁ।”

-ਬਿਲਾ ੧, ੩, ੧:੪ (796)

ਪਰਵਾਣੋ----- (1) ਕਬੂਲ, ਪਰਵਾਨ, ਵੇਖੋ ‘ਪਰਵਾਣੁ’ (3)

(2) ਪ੍ਰਵਾਨ ਕਰੋ

“ਜਿਨਿ ਜਗੁ ਥਾਪਿ ਵਤਾਇਆ ਜਾਲੋੁ ਸੋ ਸਾਹਿਬੁ ਪਰਵਾਣੋ।”

- ਵਡ ੧, ਅਲਾ ੪, ੧:੬ (581)

ਪਰਵਾਨ----- (1) ਕਬੂਲ, ਮਨਜੂਰ

“ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ।”

-ਗਉ ੫, ਸੁਖ ੧, ੫:੩ (263)

ਹੋਰ ਰੂਪ:

ਪਰਵਾਨਾ-

“ਜਿਤੁ ਸੇਵਿਐ ਦਰਗਹ ਪਤਿ ਪਰਵਾਨਾ।” (ਕਬੂਲ ਪੈਂਦੀ ਹੈ)

–ਗਉ ੩, ੨੭, ੧:੩ (159)

(2) ਸਫਲ–
"ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨੇ।"
–ਸਾਰ ੫, ੬੪, ੨:੧ (1217)

ਹੋਰ ਰੂਪ:

ਪਰਵਾਨਾ–
"ਧੰਨੁ ਸੁਵੇਲਾ ਜਿਤੁ ਹਰਿ ਗਾਵਤ ਸੁਨਣਾ ਆਏ ਤੇ ਪਰਵਾਨਾ ਜੀਉ।"
–ਮਾਝ ੫, ੨੯, ੧:੨ (103)

(3) ਪ੍ਰਮਾਣਿਕ
"ਹਰਿ ਹਰਿ ਦਰਸ ਸਮਾਨ ਆਤਮਾਵੰਤ ਗਿਆਨ ਜਾਣੀਆ ਅਕਲਗਤਿ ਗੁਰ ਪਰਵਾਨ।"
–ਸਵ ੨, ੪:੨ (1391)

ਪਰਵਾਨਾ ---- (1) ਕਬੂਲ ਪੈਣਾ, ਵੇਖੋ 'ਪਰਵਾਨਾ' (1)

ਹੋਰ ਰੂਪ:

ਪਰਵਾਨਾਂ–
"ਮਨ ਓਇ ਦਿਨਸ ਧੰਨਿ ਪਰਵਾਨਾ।" (ਕਬੂਲ)
–ਸਾਰ ੫, ੪੬, ੧*:੧ (1213)

ਪਰਵਾਨਿਆ–
"ਧੰਨੁ ਸਤੀ ਦਰਗਹ ਪਰਵਾਨਿਆ।" (ਕਬੂਲਿਆ ਗਿਆ ਹੈ)
–ਗਬੁ ੫, ੯੯, ੪:੨ (185)

(2)ਸਫਲ, ਵੇਖੋ 'ਪਰਵਾਨ' (2)
(3) ਚਿਠੀ, ਪੱਤਰ, ਲੇਖ, ਹੁਕਮਨਾਮਾ
"ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ।"
–ਸਾਰ ੧, ਅਸ ੩, ੩:੧ (636)

"ਲਿਖਿਆ ਕਿਰਤੁ ਧੁਰੇ ਪਰਵਾਨਾ।"
–ਰਾਮ ੧, ਓਅੰ ੨੪:੬ (932)

(4) ਪ੍ਰਮਾਣਿਤ, ਪੁਸ਼ਟਿਤ ਕੀਤਾ ਹੋਇਆ
"ਪਤਿ ਮਤਿ ਪੂਰੀ ਪੂਰਾ ਪਰਵਾਨਾ ਨਾ ਆਵੈ ਨ ਜਾਸੀ।"
–ਸੂਹੀ ੧, ਛੰਤ ੩, ੪:੫ (765)

('ਦਰਪਣ' ਇਸ ਦੇ ਅਰਥ 'ਹੁਕਮ' ਕਰਦਾ ਹੈ, ਸ਼ਬਦਾਰਥ, ਉਹ ਚਿੱਠੀ ਜਿਸ ਨਾਲ ਕਿਸੇ ਦੀ ਹਜੂਰੀ ਵਿਚ ਜਾਣ ਦੀ ਆਗਿਆ ਮਿਲੇ)

ਪਰਵਾਨੀ ---- ਪ੍ਰਤਿਬਿੰਬ, ਪਰਛਾਈ
"ਜੈਸੇ ਦਰਪਨ ਮਾਹਿ ਬਦਨ ਪਰਵਾਨੀ।"
–ਕਾਨ ਨਾਮ, ੧, ੧*:੨ (1318)

ਪਰਵਾਨੁ ----- (1) ਕਬੂਲ, ਮਨਜੂਰ
"ਐਥੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ।"
–ਸਿਰੀ ੧, ੧੯, ੪:੧ (21)

“ਤੂ ਮੇਰੀ ਗਤਿ ਪਤਿ ਤੂ ਪਰਵਾਨੁ।”(ਤੂੰ ਭਾਵ ਤੇਰਾ ਹੁਕਮ ਮੈਨੂੰ ਪ੍ਰਵਾਨ ਹੈ)
-ਆਸਾ ੫, ੭੪, ੩:੧ (389)

(ਸ਼ਬਦਾਰਥ ਇਸ ਦੇ ਅਰਥ ਪਰਵਾਨ ਕਰਨ ਵਾਲਾ ਕਰਦੇ ਹਨ)

ਹੋਰ ਰੂਪ:

ਪਰਵਾਨੋ-
“ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡਦਾਣਾ।”(ਕਬੂਲ ਹੈ)
-ਤੁਖਾ ੧, ਛੰਤ ੫, ੪:੩ (1112)

ਪਰਵਾਨੋੁ-
“ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੋੁ।”
-ਸਿਰੀ ੧, ੩੧, ੪:੩ (25)

(2) ਜੋ ਮੰਨੀ ਗਈ ਹੈ, ਪ੍ਰਸਿਧ, ਮੰਨਿਆ ਪ੍ਰਮੰਨਿਆ
“ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ।”
-ਮਾਝ ੫, ਬਾਰਾ ੧੨:੬ (136)

(3) ਸਫਲ, ਕਬੂਲ
“ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ।”
- ਆਸਾ ੧, ਵਾਰ ੨੨ਸ, ੨, ੧:੪ (474)

(4) ਮਾਪ, ਪੈਮਾਨਾ
“ਇਸ ਪਤੀਆ ਕਾ ਇਹੈ ਪਰਵਾਨੁ।”
-ਭੈਰ ਨਾਮ, ੧੦, ੨੪:੧ (1166)

(ਮਹਾਨਕੋਸ਼ ਇਸ ਦੇ ਅਰਥ ‘ਨਤੀਜਾ’ ਫਲ ਕਰਦਾ ਹੈ)

(5) ਪ੍ਰਮਾਣੀਕ
“ਤੈ ਤਾ ਹਦਰਥਿ ਪਾਇਓ ਮਾਨੁ ਸੇਵਿਆ ਗੁਰ ਪਰਵਾਨੁ ਸਾਧਿ ਅਜਗਰੁ ਜਿਨਿ ਕੀਆ ਉਨਮਾਨੁ।”
-ਸਵ ੨, ੪:੨ (1391)

ਪਰਵਾਰ ------ ਟਬਰ
“ਓਇ ਆਪਿ ਛੁਟੇ ਪਰਵਾਰ ਸਿਉ ਤਿਨ ਪਿਛੈ ਸਭੁ ਜਗਤੁ ਛੁਟੀਵੈ।”
-ਸਿਰੀ ੪, ੩:੫ (83)

“ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ।”(ਭਾਵ ਸਬੰਧੀ)
-ਸੋਰ ੫, ੩੮, ੧:੨ (618)

ਹੋਰ ਰੂਪ:

ਪਰਵਾਰਾ-
“ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ।” (ਪਰਵਾਰ, ਟਬਰ)
-ਵਡ ੪, ਵਾਰ ੧੫:੪ (592)

ਪਰਵਾਰਾ ---- (1) ਟੱਬਰ, ਕੁਟੰਬ, ਵੇਖੋ ‘ਪਰਵਾਰ’
(2) ਆਰ ਪਾਰ, ਹਦਬੰਨਾ, ਪਾਰਾਵਾਰ

"ਕੋਇ ਨ ਜਾਣੈ ਤੇਰਾ ਪਰਵਾਰਾ।"

-ਮਾਰੂ ੩, ਸੋਲਾ ੧੭, ੪:੨ (1060)

ਪਰਵਾਰਿ ---- ਪਰਵਾਰ/ਟਬਰ ਵਿਚ

"ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ।"(ਪਰਵਾਰ ਵਿਚ ਚੰਗਾ ਲੱਗਾ)

-ਰਾਮ ੩, ਅਨੰ ੨੯:੩ (921)

ਹੋਰ ਰੂਪ:

ਪਰਵਾਰਿਆ–

"ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ।"

-ਬਿਲਾ ੫, ੨੩, ੧:੨ (806)

ਪਰਵਾਰੀ–

"ਸੰਤ ਜਨਾ ਕੀ ਕਥਾ ਨ ਭਾਵੈ ਓਇ ਡੂਬੇ ਸਣੁ ਪਰਵਾਰੀ।"(ਪਰਵਾਰ)

-ਗੂਜ ੪, ਅਸ ੧, ੫:੨ (507)

ਪਰਵਾਰੁ–

"ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ।"(ਤੇਰੀ ਮਿਹਰ ਦੀ ਨਜ਼ਰ ਮੇਰਾ ਕੁਟੰਬ ਹੈ)

-ਸਿਰੀ ੧, ੭, ੪:੧ (16)

ਪਰਵਾਰੇ–

"ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ।"(ਟਬਰ, ਕੁਟੰਬ)

-ਗਉ ੫, ਛੰਤ ੨, ੪:੧ (248)

"ਤਾਪੁ ਛੋਡਿ ਗਇਆ ਪਰਵਾਰੇ।" (ਪਰਵਾਰ ਨੂੰ)

-ਸੋਰ ੫, ੫੬, ੧:੨ (622)

ਪਰਵਾਰੈ –

"ਮੰਨੈ ਪਰਵਾਰੈ ਸਾਧਾਰੁ।" (ਪਰਵਾਰ ਨੂੰ)

-ਜਪੁ ੧, ੧੫:੨ (3)

ਪਰਵਾਲਾ ---- ਮੂੰਗਾ, ਸੁਚਾ ਨਗ

"ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਨਾਲ।"

-ਮਾਝ ੧, ਵਾਰ ੨੦ਸ, ੧, ੨:੧ (147)

ਹੋਰ ਰੂਪ:

ਪਰਵਾਲੇ–

"ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ।"

-ਗਉ ੪, ਵਾਰ ੧੫:੩ (309)

ਪਰਵਿਦਗਾਰ -- ਪਾਲਣਹਾਰ ਭਾਵ ਪ੍ਰਭੂ

"ਜਿਨਿ ਇਹੁ ਜਮੂਆ ਸਿਰਜਿਆ ਸੁ ਜਪਿਆ ਪਰਵਿਦਗਾਰ।"

- ਸੋਲ ਫਰ, ੧੪੦:੨ (1371)

ਪਰਵਿਰਤਿ --- (1) (ਸੰ.) ਹੋਰਨਾਂ ਵਿਚ ਲਗਨ ਵਾਲਾ ਭਾਵ ਗ੍ਰਿਹਸਥੀ, ਸੰਸਾਰੀ

"ਆਪਿ ਪਰਵਿਰਤਿ ਆਪਿ ਨਿਰਵਿਰਤੀ ਆਪੇ ਅਕਥੁ ਕਥੀਜੈ।"

-ਬਿਹਾ ੪, ਵਾਰ ੮:੩ (551)
"ਕਿਨਹੀ ਕੀਆ ਪਰਵਿਰਤਿ ਪਸਾਰਾ।"(ਭਾਵ ਸੰਸਾਰਿਕ)
-ਰਾਮ ੫, ਅਸ ੧, ੧:੧ (912)
(2) ਗ੍ਰਹਿਣ ਕਰਨ ਯੋਗ, ਧਾਰਨ ਕਰਨ ਯੋਗ
"ਗੁਰਮੁਖਿ ਪਰਵਿਰਤਿ ਨਰ ਵਿਰਤਿ ਪਛਾਣੈ।"
-ਰਾਮ ੧, ਸਿਗੋ ੩੧ :੪ (941)
(3) ਦੂਜਿਆਂ ਦੀ ਰਸਮ ਰੀਤ
"ਪਰਵਿਰਤਿ ਨ ਪੜਹੁ ਰਹੀ ਸਮਝਾਇ।"
-ਭੈਰ ੩, ਅਸ ੧, ੩:੨ (1154)

ਪਰਵਿਰਤੀ --- (ਸੰ. =) ਵਾਪਸ ਆਉਣ ਦੀ ਕਿਰਿਆ, ਸੰਸਾਰ ਵਲ ਮੁੜਨਾ
"ਹਰਿ ਪਲਿੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ।" (ਗ੍ਰਹਿਸਥ ਧਰਮ ਦੇ ਫਰਜ਼)
-ਸੂਹੀ ੪, ਛੰਤ ੨, ੧:੧ (773)
(2) ਵਿਹਾਰਕ ਅਵਸਕਾ, ਗ੍ਰਹਿਣ ਕਰਨ ਦੀ ਅਵਸਥਾ
"ਪਰਵਿਰਤੀ ਨਰਵਿਰਤਿ ਪਛਾਣੈ।"
-ਮਾਰੂ ੧, ਸੋਲਾ ੭, ੧੪:੧ (1027)

ਪਰਵੇਸ ----- (1) ਵਸਨਾ, ਸਥਿਤ ਹੋਣਾ, ਨਿਵਾਸ ਹੋਣਾ
"ਰਾਮ ਨਾਮ ਹਿਰਦੈ ਪਰਵੇਸ।"
-ਗਉ ੫, ੯੭, ੩:੪ (185)
(2) ਪਹੁੰਚ, ਵਸਾਈ
"ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ।"
-ਸੋਰ ਰਵਿ, ੩, ੨:੨ (658)
(3) ਲੀਨਤਾ, ਸਮਾ ਜਾਣ
"ਜਿਸ ਤੇ ਉਪਜੇ ਤਿਸੁ ਮਹਿ ਪਰਵੇਸ।"
-ਰਾਮ ੫, ੪੯, ੪:੨ (898)

ਹੋਰ ਰੂਪ:

ਪਰਵੇਸਾ-
(1) ਪਰਾਇਆ ਵੇਸ, ਸ੍ਵਾਂਗ,
"ਅਨਿਕ ਜੋਨਿ ਭ੍ਰਮਿਓ ਭ੍ਰਮ ਭੀਤਰਿ ਸੁਖਹਿ ਨਾਹੀ ਪਰਵੇਸਾ ਰੇ।"
-ਆਸਾ ੫, ੧੩੦, ੧:੨ (404)
(2) ਪ੍ਰਵੇਸ਼ ਕੀਤਾ, ਆ ਵਸਿਆ/ ਟਿਕਿਆ
"ਗੁਰ ਕੇ ਚਰਨ ਰਿਦੈ ਪਰਵੇਸਾ।"
-ਦੇਵ ੫, ੧੮, ੧*:੧ (531)
(3) ਟਿਕਾਣਾ, ਨਿਵਾਸ
"ਏਹੁ ਸਦੇਸਾ ਪ੍ਰਭ ਜੀਉ ਕੈਸਾ ਕਹ ਮੋਹਨ ਪਰਵੇਸਾ।"
-ਸਾਰ ੫, ਛੰਤ ੧, ੩:੩ (1237)

ਪਰਵੇਸੁ ----- (1) ਦਖਲ, ਪਹੁੰਚ, ਰਸਾਈ
"ਤਿਹੁ ਗੁਣ ਕਾ ਨਾਹੀ ਪਰਵੇਸੁ।"

-ਗਉ ੫, ਸੁਖ ੨੧, ੬:੪ (291)
(2) ਨਿਵਾਸ
“ਗੁਰੁ ਪੂਰਾ ਜਿਸੁ ਭੇਟਿਆ ਤਾ ਕੈ ਸੁਖਿ ਪਰਵੇਸੁ।”
-ਬਿਲਾ ੫, ੫੪, ੧*:੧ (814)

ਪਰਵੇਲਿ----- ਪਰਾਈ ਇਸਤ੍ਰੀ
“ਕਿਆ ਗਾਲਾਇਓ ਭੂਛ ਪਰਵੇਲਿ ਨ ਜੋਹੇ ਕੰਤ ਤੂ।”
-ਮਾਰੂ ੫, ਵਾਰ ੪ਸ, ੫, ੩:੧ (1095)

ਪਰਾ ------- (1) ਪਰ੍ਹੇ
“ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ।”
-ਗਉ ੫, ੧ਸ:੪ (250)
(ਮਹਾਨਕੋਸ਼ ਇਸ ਦੇ ਅਰਥ ‘ਸ੍ਰੇਸ਼ਟ’ ਉਤਮ ਕਰਦਾ ਹੈ)
(2) ਪਿਛਲੇਰਾ
“ਪਰਾ ਪੂਰਬਲਾ ਅੰਕੁਰੁ ਜਾਗਿਆ।”
-ਸੋਰ ੫, ੭੨, ੨:੧ (627)
(3) ਪਿਆ, ਪੜਾ, ਹੋ ਗਿਆ
“ਨਾਵ ਰੂਪ ਭਇਓ ਸਾਧ ਸੰਗੁ ਭਵਨਿਧਿ ਪਾਰਿ ਪਰਾ।”
- ਜੈਤ ੫, ੬, ੨:੧ (701)
“ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੇ ਬਾਰ।”
-ਸਲੋ ਕਬ, ੬੧:੨ (1367)

ਪਰਾਇ ----- ਹੋ ਗਿਆ, ਹੋ ਪਿਆ
“ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ।”
-ਆਸਾ ੫, ਬਿਰ ੧, ੮:੧ (431)

ਪਰਾਇਓ ---- (1) ਪਰਾਇਆ, ਬਿਗਾਨਾ
“ਜੋ ਪਰਾਇਓ ਸੋਈ ਅਪਨਾ।”
-ਗਉ ੫, ੯੮, ੧:੧ (185)
(2) ਪਿਆ, ਹੋ ਗਿਆ
“ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ।”
-ਧਨਾ ੫, ੩, ੩:੨ (671)

ਪਰਾਇਆ --- (1) ਬਿਗਾਨਾ, ਪਰਾਇਆ
“ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ।”
-ਸਿਰੀ ੧, ਪਰ ੧, ੪:੪ (75)

ਹੋਰ ਰੂਪ:

ਪਰਾਇਐ-
“ਅਪਨਾ ਛੋਡਿ ਪਰਾਇਐ ਰਾਤਾ।”(ਬਿਗਾਨੇ)
-ਮਾਰੂ ੫, ੧੯, ੨:੫ (1004)
(2) ਹੋ ਗਿਆ, ਜਾ ਪਿਆ
“ਸਭਿ ਸੁਖ ਪਰਗਟਿਆ ਦੁਖ ਦੂਰਿ ਪਰਾਇਆ ਰਾਮ।”

-ਬਿਹਾ ੫, ਛੰਤ ੭, ੫:੨ (547)

ਪਰਾਇਣ ---- ਆਸਰਾ, ਆਧਾਰ

"ਪ੍ਰੇਮ ਪਰਾਇਣ ਪ੍ਰੀਤਮ ਰਾਉ।" (ਵਸ ਵਿਚ)

-ਗਉ ੫, ਅਸ ੪, ੫:੩ (222)

"ਦੀਨਾ ਨਾਥ ਭਗਤ ਪਰਾਇਣ।" (ਆਸਰਾ)

-ਸੂਹੀ ੫, ਅਸ ੨, ੧*:੨ (760)

"ਜੈਸੀ ਮੂੜ ਕੁਟੰਬ ਪਰਾਇਣ।"

-ਭੈਰ ਨਾਮ, ੭, ੧:੩ (1164)

(ਮਹਾਨਕੋਸ਼ ਅਰਥ ਤਤਪਰ ਲਗਾ ਹੋਇਆ ਪ੍ਰਵਿਰਤ ਕਰਦਾ ਹੈ)

ਪਰਾਇਣਾ---- ਪਈਦਾ ਹੈ

"ਸਤਿ ਪੁਰਖੁ ਸਤਿਗੁਰੁ ਪਰਮੇਸਰੁ ਜਿਸ ਭੇਟਤ ਪਾਰਿ ਪਰਾਇਣਾ।"

-ਮਾਰੂ ੫, ਸੋਲ ੭, ੫:੩ (1078)

ਪਰਾਇਣਿ---- ਆਸਰਾ

"ਸਾਕਤ ਕੀ ਓਹ ਪਿੰਡ ਪਰਾਇਣਿ।"

-ਗੋਂਡ ਕਬ, ੭, ੩:੩ (872)

"ਗੁਰ ਕੀ ਸੇਵਾ ਮੁਕਤਿ ਪਰਾਇਣਿ ਅਨਦਿਨੁ ਕੀਰਤਨੁ ਕੀਨਾ ਹੇ।" (ਆਸਰਾ ਭਾਵ ਵਸੀਲਾ)

-ਮਾਰੂ ੧, ਸੋਲਾ ੮, ੧੧:੩ (1028)

ਹੋਰ ਰੂਪ:

ਪਰਾਇਣੁ-

"ਨਾਨਕ ਗੁਰਮੁਖਿ ਮੁਕਤਿ ਪਰਾਇਣੁ ਹਰਿ ਪੂਰੈ ਭਾਗਿ ਮਿਲਾਇਆ।"

-ਮਾਰੂ ੧, ਸੋਲਾ ੨੧, ੧੦:੩ (1042)

ਪਰਾਈ ----- (1) ਬਿਗਾਨੀ, ਦੂਸਰੇ ਦੀ

"ਵਸਤੁ ਪਰਾਈ ਅਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ।"

-ਮਾਝ ੧, ਵਾਰ ੪ਸ, ੧, ੨:੪ (139)

"ਹੁਕਮੁ ਭਇਆ ਬਾਹਰੁ ਘਰੁ ਛੋਡਿਆ ਖਿਨ ਮਹਿ ਭਈ ਪਰਾਈ ।" (ਓਪਰੀ, ਬਿਗਾਨੀ ਜਿਸ ਨਾਲ ਕੋਈ ਸਬੰਧ ਨਾ ਹੋਵੇ)

-ਸੋਰ ੧, ੩, ੧:੩ (596)

ਹੋਰ ਰੂਪ:

ਪਰਾਈਆ-

"ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।"(ਦੂਜਿਆਂ ਦੀਆਂ ਬਿਗਾਨੀਆਂ)

-ਗਉ ੪, ਵਾਰ ੨੭:੨ (315)

ਪਰਾਏ-

"ਜਿਉ ਰਾਖਾ ਖੇਤ ਊਪਰਿ ਪਰਾਏ।" (ਬਿਗਾਨੇ)

-ਗਉ ੫, ੮੦, ੩:੧ (179)

(2) ਹੋ ਗਿਆ, ਪੈ ਗਿਆ

"ਗੁਰ ਪ੍ਰਸਾਦਿ ਭਉ ਪਾਰਿ ਪਰਾਈ।"

-ਆਸਾ ੫, ੩੩, ੨:੨ (378)

"ਮਿਲਿ ਸਾਧੂ ਹਰਿ ਜਸੁ ਗਾਵੈ ਨਾਨਕੁ ਭਉਜਲੁ ਪਾਰਿ ਪਰਾਈ।"

-ਗੂਜ ੫, ੧੭, ੨:੨ (499)

ਪਰਾਹੀ ----- ਪੈ ਗਈ, ਹੋ ਗਈ

"ਨਾਮੁ ਜਪਤ ਤਹ ਪਾਰਿ ਪਰਾਈ।"

-ਗਉ ੫, ਸੁਖ ੨, ੩:੨ (264)

ਪਰਾਹੁਣਾ ---- ਮਹਿਮਾਨ, ਅਤਿਥੀ

"ਭਲਕੇ ਉਠਿ ਪਰਾਹੁਣਾ ਮੇਰੈ ਘਰਿ ਆਵਉ।" (ਸੰਤ ਪਰਾਹੁਣਾ)

-ਗਉ ੫, ੧ਸ, ੫, ੨:੧ (318)

ਹੋਰ ਰੂਪ:

ਪਰਾਹੁਣੀ–

"ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗ"(ਮਹਿਮਾਨ ਇਸਤ੍ਰੀ)

-ਸਲੋ ਫਰ, ੭੯:੧ (1382)

ਪਰਾਹੁਣੇ –

"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ।" (ਮਹਿਮਾਨ)

– ਸਿਰੀ ੫, ੯੨, ੨:੧ (50)

ਪਰਾਕਉ ---- ਉਤਮ, ਪ੍ਰਾਕ੍ਰਮ

"ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ।"

– ਸਿਰੀ ੧, ਪਹ ੨, ੪:੩ (76)

ਪਰਾਕੁਇ --- ਪ੍ਰਾਕ੍ਰਮ, ਬਲ

"ਸਤਿਗੁਰ ਆਤਮ ਦੇਵ ਦੀ ਖੜਗਿ ਜੋਰਿ ਪਰਾਕੁਇ ਜੀਅ ਦੈ।"

– ਰਾਮ ਬਸ, ਵਾਰ ੧:੫ (966)

ਪਰਾਕ੍ਰਿਤਹ -- ਦੂਜੇ ਦੀ ਕ੍ਰਿਤ, ਦੂਜੇ ਦੀ ਸੇਵਾ/ਟਹਿਲ

"ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ।"

– ਆਸਾ ੧, ਵਾਰ ੧੨ਸ, ੨, ੩:੨ (469)

ਪਰਖਾ ----- ਪਰਖਿਆ, ਜਾਂਚ ਕੀਤੀ

"ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ।"

– ਜੈਤ ੪, ੨, ੧*:੨ (696)

ਹੋਰ ਰੂਪ:

ਪਰਾਖੈ –

"ਆਪੇ ਦਾਨਾ ਸਚੁ ਪਰਾਖੈ।" (ਪਰਖਦਾ ਹੈ)

– ਮਾਰੂ ੧, ਸੋਲਾ ੧੨, ੫:੨ (1032)

ਪਰਾਗ ----- ਪਰੰਗਤ, ਸੁਤੰਤਰ

"ਨਾਨਕ ਜਾ ਤੇ ਪਰਹਿ ਪਰਾਗ।"

– ਗਉ ੫, ਬਾਅ ੪੧:੮ (259)

ਪਰਾਗਛਤ --- ਪਾਪ

"ਏਕੁ ਅਰਾਧਿ ਪਰਾਛਤ ਗਏ।"

- ਗਉ ੫, ਸੁਖ ੧੯, ੮:੮ (289)

"ਸਗਲ ਪਰਾਛਤ ਲਾਥੇ।"

- ਸੋਰ ੫, ੫੨, ੩:੧ (621)

ਪਰਾਢੇ ----- ਪਰਲੇ ਪਾਸੇ/ਪਾਰ ਕਰਉ ਦਿਤੇ

"ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਹਿ ਪਰਾਢੇ।"

- ਗਉ ੪, ੫੯, ੨:੨ (171)

ਪਰਾਣ ---- ਸ੍ਵਾਸ, ਦਮ, ਜਾਨ

"ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ।"

- ਸਿਰੀ ੧, ੫, ੪:੧ (16)

ਹੋਰ ਰੂਪ:

ਪਰਾਣਾ –

"ਨਾਨਕੁ ਬਿਨਵੈ ਤਿਸੈ ਸਰੇਵਹੁ ਜਾ ਕੇ ਜੀਅ ਪਰਾਣਾ।" (ਸ੍ਵਾਸ, ਜਾਨ)

- ਧਨਾ ੧, ੨, ੧:੨ (660)

"ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪਰਾਣਾ।" (ਸ੍ਵਾਸਾਂ ਦਾ)

- ਸੂਹੀ ੫, ਛੰਤ ੧, ੨:੧ (777)

ਪਰਾਣੀ ----- (1) ਪ੍ਰਾਣਾਂ (ਸੁਆਸ ਲੈਣ) ਵਾਲਾ ਜੀਵ, ਭਾਵ ਮਨੁੱਖ, ਪ੍ਰਾਣਧਾਰੀ ਜੀਵ

"ਗੁਰਮੁਖਿ ਨਾਮੁ ਸਮਾਲਿ ਪਰਾਣੀ ਅੰਤੇ ਹੋਇ ਸਖਾਈ।"

- ਸਿਰੀ ੫, ਪਹ, ੪, ੪:੩ (77)

ਹੋਰ ਰੂਪ:

ਪਰਾਣੀਆ –

"ਰੰਗ ਰੂਪ ਰਸ ਬਾਦਿ ਕਿ ਕਰਹਿ ਪਰਾਣੀਆ।" (ਹੇ ਪ੍ਰਾਣੀ)

- ਗਉ ੫, ਵਾਰ ੧੬ਸ, ੫, ੨:੫ (322)

(2) ਸਮਝੀ, ਪਛਾਤੀ, ਜਾਣੀ

"ਪੂਰੇ ਗੁਰ ਕੀ ਸੁਮਤਿ ਪਰਾਣੀ।"

- ਗਉ ੫, ੯੬, ੯:੪ (184)

ਪਰਾਣੁ ----- ਸੁਆਸ

"ਜਿਸ ਕਾ ਜੀਉ ਪਰਾਣੁ ਹੈ ਅੰਤਰਿ ਜੋਤਿ ਅਪਾਰਾ।"

- ਮਾਝ ੧, ਵਾਰ ੬:੭ (140)

ਪਰਾਤਮਾ ---- (ਸੰ.) ਪਰਮਾਤਮਾ, ਪਾਰਬ੍ਰਹਮ

"ਆਤਮਾ ਪਰਮਾਤਮਾ ਏਕੋ ਕਰੈ।"

- ਧਨਾ, ੧, ੪, ੧:੩ (661)

ਪਰਾਤਮੁ ---- ਵਡੀ ਆਤਮਾ ਭਾਵ ਪ੍ਰਭੂ

"ਆਤਮੁ ਚੀਨਿ ਪਰਾਤਮੁ ਚੀਨਹੁ ਗੁਰ ਸੰਗਤਿ ਇਹੁ ਨਿਸਤਾਰਾ ਹੇ।"

- ਮਾਰੂ ੧, ਸੋਲਾ ੧੦, ੮:੩ (1030)

ਪਰਾਤਾ ----- (1) ਪਿਆ ਹੈ, ਪੈਦਾ ਹੈ
“ਨਾਨਕੁ ਗੁਰ ਚਰਣਿ ਪਰਾਤਾ।”
-ਸਿਰੀ ੫, ਅਸ ੨੭, ੮:੩ (71)
“ਨਾਨਕ ਉਨ ਜਨ ਚਰਨ ਪਰਾਤਾ।”
- ਗਉ ੫, ਸੁਖ ੫, ੭:੧੦ (269)
“ਤਿਨ ਕੀ ਪੰਕ ਪਾਈਐ ਵਡਭਾਗੀ ਜਨ ਨਾਨਕੁ ਚਰਨਿ ਪਰਾਤਾ।” (ਪਿਆਂ)
- ਮਾਲੀ ੪, ੨, ੪:੨ (984)
(2) ਅਤਿਅੰਤ ਪ੍ਰੀਤਵਾਨ ਹੋਇਆ
“ਕਰਿ ਬੀਚਾਰੁ ਆਚਾਰੁ ਪਰਾਤਾ।”
- ਆਸਾ ੧, ਅਸ ੭, ੧੦:੧ (415)
“ਗੁਰਿ ਪੂਰੈ ਦੀਆ ਉਪਦੇਸਾ ਤੁਮ ਹੀ ਸੰਗਿ ਪਰਾਤਾ।” (ਤੇਰੇ ਨਾਲ ਧਿਆਨ ਲੱਗ ਗਿਆ)
- ਸੋਰ ੫, ੨੦, ੧*:੨ (614)
(3) ਪਛਾਣਿਆ, ਪਛਾਣ ਲਿਆ
“ਬਾਧੇ ਮੁਕਤਿ ਨਾਹੀ ਜੁਗ ਚਾਰੇ ਜਮਕੰਕਰਿ ਕਾਲਿ ਪਰਾਤਾ ਹੇ।”
- ਮਾਰੂ ੧, ਸੋਲਾ ੧੧, ੯:੩ (1031)

ਪਰਾਤਿ ----- (1) ਹੋਰ ਪਰੇ, ਹੋਰ ਅਗੇ
“ਗੁਨ ਬੇਅੰਤ ਬੇਅੰਤ ਭਨੁ ਨਾਨਕ ਕਹਨੁ ਨ ਜਾਈ ਪਰੈ ਪਰਾਤਿ।
- ਦੇਵ ੫, ੩੫, ੨:੨ (535)
(2) ਪੁਆ ਕੇ, ਲਾ ਕੇ
“ਛਡਾਇ ਲੀਓ ਮਹਾਬਲੀ ਤੇ ਅਪਨੇ ਚਰਨ ਪਰਾਤਿ।”
- ਧਨਾ ੫, ੪੧, ੧:੧ (681)

ਪਰਾਤੀ ----- ਪਛਾਤੀ ਹੈ ਭਾਵ ਗ੍ਰਹਿਣ ਕੀਤੀ/ਲਈ ਹੈ
“ਹਰਿ ਗੁਰ ਪੂਰੇ ਕੀ ਓਟ ਪਰਾਤੀ।”
- ਮਾਰੂ ੧, ਸੋਲਾ ੧੦, ੧੭:੧ (1031)

ਪਰਾਤੇ ----- (1) ਹੋ ਜਾਂਦੇ ਹਨ, ਪੈ ਜਾਂਦੇ ਹਨ
“ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ।”
- ਗਉ ੫, ੧੩੫*, ੨:੨ (209)
“ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ।”
- ਦੇਵ ੫, ੮, ੨:੨ (530)
(2) ਪਛਾਤੇ ਹਨ
“ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ।”
- ਸੂਹੀ ੫, ੫੧, ੧:੨ (748)
(3) ਪ੍ਰੋਏ
“ਤਿਨ ਸਾਧੂ ਚਰਣ ਲੈ ਰਿਦੈ ਪਰਾਤੇ।”
- ਮਾਰੂ ੫, ਸੋਲਾ ੧੧, ੧੯:੨ (1083)

ਹੋਰ ਰੂਪ:

ਪਰਾਤੋ –

"ਨਾਨਕ ਗੁਰ ਸਬਦਿ ਪਰਾਤੋ।" (ਪ੍ਰੋਤੇ ਗਏ ਹਾਂ)
- ਗਉ ੫, ੧੫੭*, ੩:੨ (214)

ਪਰਾਧ ----- ਅਪਰਾਧ, ਗੁਨਾਹ, ਪਾਪ
"ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ।"
- ਦੇਵ ੫, ੬, ੧:੧ (529)

ਪਰਾਧੀ ----- ਅਪਰਾਧੀ, ਪਾਪੀ
"ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ।"
- ਸੋਰ ੫, ੧੩, ੪:੧ (612)

ਪਰਾਨ ----- (1) ਜਾਨ, ਸ੍ਵਾਸ
"ਅਗਨਿ ਮਾਹਿ ਹੋਮਤ ਪਰਾਨ।"
- ਗਉ ੫, ਸੁਖ ੩, ੨:੩ (265)
"ਅਲਹ ਰਾਮ ਕੇ ਪਿੰਡੁ ਪਰਾਨ।" (ਦੇਹ ਤੇ ਸਵਾਸ)
- ਭੈਰ ੫, ੩, ੪:੨ (1136)

ਹੋਰ ਰੂਪ:

ਪਰਾਨਾ –
"ਸੋ ਕਿਉ ਵਿਸਰੈ ਜਿਸ ਕੇ ਜੀਅ ਪਰਾਨਾ।" (ਸ੍ਵਾਸ ਜਾਨ)
- ਗਉ ੩, ੭੭, ੧:੧ (159)

(2) ਜੀਵਨ, ਜ਼ਿੰਦਗੀ
"ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ।"
- ਆਸਾ ੫, ਛੰਤ ੯, ੧:੨ (458)

(3) ਪਏ ਹਨ
"ਜਿਨਿ ਜਪਿਆ ਤੇ ਪਾਰਿ ਪਰਾਨ।"
- ਪ੍ਰਭਾ ੪, ੭, ੧*:੩ (1337)

ਹੋਰ ਰੂਪ:

ਪਰਾਨਾ –
"ਸੂਖੁ ਭਇਆ ਦੁਖੁ ਦੂਰਿ ਪਰਾਨਾ।" (ਜਾ ਪਿਆ, ਨਠ ਗਿਆ)
- ਮਾਝ ੫, ੨੩, ੨:੧ (103)

ਪਰਾਨਾ ----- (1) ਸ੍ਵਾਸ, ਵੇਖੋ 'ਪਰਾਨ' (1)
(2) ਜਾ ਪਿਆ, ਨੱਠ ਗਿਆ, ਵੇਖੋ ਪਰਾਨ (3)
"ਨਾਮੁ ਲੈਤ ਦੁਖੁ ਦੂਰਿ ਪਰਾਨਾ।"
- ਭੈਰ ੫, ੨੫, ੨:੧ (1142)

(3) ਪਾਰ ਕਰਨ ਵਾਲਾ
"ਹਰਿ ਧਨੁ ਤੁਲਹਾ, ਹਰਿ ਧਨੁ ਬੇੜੀ ਹਰਿ ਹਰਿ ਤਾਰਿ ਪਰਾਨਾ।"
- ਗੂਜ ੫, ੩, ੨:੨ (495)

(4) ਪਾਰ ਹੋ ਜਾਏਗਾ, ਭਾਵ ਮੁਕਤ ਹੋ ਜਾਵੇਂਗਾ
"ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ।"
- ਧਨਾ ੫, ੮, ੩:੨ (672)

(5) ਜਿੰਦ, ਪ੍ਰਾਣ

“ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ।”

– ਜੈਤ ੪, ੩, ੨:੧ (697)

ਪਰਾਨਥ ---- ਪੈਂਦਾ ਹੈ

“ਗੁਰੁ ਨਾਨਕੁ ਉਪਦੇਸੁ ਕਹਤੁ ਹੈ ਜੋ ਸੁਨੈ ਸੋ ਪਾਰਿ ਪਰਾਨਥ।”

– ਮਾਰੂ ੫, ੧੦, ੪:੨ (1001)

ਪਰਾਨਿ ----- ਹੋ ਗਿਆ, ਪੈ ਗਿਆ

“ਭੈ ਪਾਵਕ ਪਾਰਿ ਪਰਾਨਿ ਹਾਂ।”

–ਆਸਾ ੧, ੧੫੮, ੨:੨ (409)

“ਬਾਲਕ ਬਿਰਧਿ ਨ ਸੁਰਤਿ ਪਰਾਨਿ।” (ਹੁੰਦੀ)

– ਆਸਾ ੧, ਅਸ ੬, ੬:੧ (414)

ਪਰਾਨੀ ----- (1) ਪ੍ਰਾਣਵੰਤ, ਜੀਵ, ਮਨੁੱਖ

“ਅੰਤਰਿ ਲਹਰਿ ਲੋਭਾਨ ਪਰਾਨੀ ਸੋ ਪ੍ਰਭੁ ਚਿਤਿ ਨ ਆਵੈ।”

– ਸਿਰੀ ੫, ਪਹ ੪, ੩:੩ (77)

“ਸਿਮਰਹੁ ਹਰਿ ਹਰਿ ਨਾਮੁ ਪਰਾਨੀ।” (ਹੇ ਮਨੁੱਖ)

– ਗੋਂਡ ੫, ੨੨, ੧*:੧ (615)

(2) ਪਾਉਂਦਾ ਹੈ ਭਾਵ ਲੈਂਦਾ ਹੈ

“ਕਾਚੀ ਪਾਕੀ ਬਾਢਿ ਪਰਾਨੀ।”

– ਆਸਾ ੫, ੧੯, ੧:੨ (375)

ਪਰਾਨੁ ----- ਸੁਆਸ, ਜਿੰਦ

“ਤਿਸੁ ਬਿਨੁ ਮੇਰਾ ਕੋ ਨਹੀ ਜਿਸ ਕਾ ਜੀਉ ਪਰਾਨੁ।”

– ਸਿਰੀ ੧, ਅਸ ੧੦, ੮:੧ (59)

ਪਰਾਨੈ ----- ਸਮਝਦਾ ਹੈ, ਪਛਾਣਦਾ ਹੈ

“ਜੋ ਹੋਵਨੁ ਸੋ ਦੂਰਿ ਪਰਾਨੈ।”

– ਗਉ ੫, ਸੁਖ ੪, ੪:੪ (267)

ਪਰਾਪਤਿ ---- (1) ਮਿਲਣ ਦਾ ਭਾਵ

“ਭਈ ਪਰਾਪਤਿ ਮਾਨੁਖ ਦੇਹੁਰੀਆ।”

– ਆਸਾ ੫, ਸੋਪ, ੪, ੧:੧ (12)

“ਬਿਨੁ ਗੁਰ ਮਹਲੁ ਨ ਪਾਈਐ ਨਾਮੁ ਨ ਪਰਾਪਤਿ ਹੋਇ।” (ਮਿਲਣਾ)

– ਸਿਰੀ ੩, ੪੪, ੩:੧ (30)

“ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।” (ਹਾਸਲ)

–ਸੋਰ ੫, ਅਸ ੩, ੮:੨ (642)

“ਅਚਰਜੁ ਸੁਨਿਓ ਪਰਾਪਤਿ ਭੇਟੁਲੇ ਸੰਤ ਚਰਨ ਚਰਨ ਮਨੁ ਲਾਈਐ।” (ਹਾਸਲ ਹੁੰਦਾ ਹੈ)

– ਬਿਲਾ ੫, ੯੨, ੧:੨ (822)

(ਮਹਾਨ ਕੋਸ਼ ਇਸ ਦੇ ਅਰਥ ‘ਕਰਤਾਰ, ਵਾਹਿਗੁਰੂ; ਕਰਦਾ ਹੈ)

(2) ਪ੍ਰਤਖ

"ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ।"
– ਮਾਝ ੫, ਬਾਰਾ ੩:੮ (134)

ਪਰਾਪਤੀ ---- ਲਾਭ ਮਿਲਣ ਦਾ ਭਾਵ, ਹਾਸਲ
"ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ।"
– ਸਲੋ ਕਬ, ੨੩੧:੧ (1377)

ਪਰਾਪਤੇ ---- ਮਿਲ ਜਾਣਾ, ਹਾਸਲ ਹੋ ਜਾਣਾ
"ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਾਥਿ।"
– ਸਿਰੀ ੫, ੭੬, ੧:੧ (44)

ਪਰਾ ਪੂਰਬਣਹ ਮੁਢ ਕਦੀਮਾ, ਪੂਰਬ ਤੋਂ ਵੀ ਪਹਿਲਾਂ ਦਾ
"ਗਾਥਾ ਗਾਵੰਤਿ ਨਾਨਕ ਭਬੰ ਪਰਾ ਪੂਰਬਣਹ।" (ਭਾਵ ਪਰੰਪਰਾ ਤੋਂ)
– ਗਾਥਾ, ੧੮:੨ (1361)

ਪਰਾ ਪੂਰਬਲਾ – ਮੁਢ ਕਦੀਮ ਦਾ, ਬਹੁਤ ਪਹਿਲਾਂ ਦਾ
"ਪਰਾ ਪੂਰਬਲਾ ਲੀਖਿਆ ਮਿਲਿਆ ਅਬ ਆਇ।"
– ਬਿਲਾ ੫, ੪੯, ੨:੧ (813)

ਪਰਾ ਭਯੰ --- ਹਰਾਣਾ, ਮਾਤ ਪਾਉਣਾ
"ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ।"
– ਗੂਜ ਜੈਦੇ, ੧, ੨:੨ (526)

ਪਰਾਰਾ ----- ਪਰਾਲੀ ਦਾ
"ਕਾਹੂ ਗਰੀ ਗੋਦਰੀ ਨਾ ਹੀ ਕਾਹੂ ਖਾਨ ਪਰਾਰਾ।"
– ਆਸਾ ਕਬ, ੧੬, ੧:੨ (479)

ਪਰਾਰੇ ----- ਬਹੁਤ ਮਰੇ, ਦੂਰ
"ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ।"
– ਨਟ ੪, ੩, ੫:੨ (982)

ਪਰਾਲ ----- ਪਰਾਲੀ, ਭਾਵ ਵਿਅਰਥ ਕੰਮ, ਫਲ ਰਹਿਤ/ਅਸਾਰ ਕਿਰਿਆਵਾਂ
"ਛੋਡਿ ਜਾਹਿ ਸੇ ਕਰਹਿ ਪਰਾਲ।"
– ਧਨਾ ੫, ੨੨, ੧:੧ (676)

ਹੋਰ ਰੂਪ:

ਪਰਾਲਾ –
"ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ।" (ਪਰਾਲੀ ਦੀ, ਭਾਵ ਅਸਾਰ ਕਰਮਕਾਂਡ)
– ਗਉ ੩, ਅਸ ੪, ੨:੩ (231)

ਪਰਾਲਿ –
"ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ।" (ਪਰਾਲੀ ਦੀ ਵਿਅਰਥ ਵਸਤ ਦੀ (ਭਾਵ ਨਿਰੀ ਕਾਂਵਾਂ ਰੋਲੀ ਪੀਂਦੇ ਹਨ)
– ਸਿਰੀ ੧, ੩, ੨:੩ (15)
"ਪਉੜੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ।" (ਪਰਾਲੀ)

– ਸਿਰੀ ੩, ਵਾਰ ੧੧ਸ, ੧, ੧:੨ (789)

ਪਰਾਲੀ –

“ਗੁਰਸਿਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ।” (ਘਾਹ, ਫੂਸ, ਪੀਲੇ ਰੰਗਵਲੇ)

– ਰਾਮ ਬਸ, ਵਾਰ ੩:੧੦ (967)

ਪਰਾਲੁ –

“ਛਿਜੈ ਕਾਇਆ ਹੋਇ ਪਰਾਲੁ।” (ਪਰਾਲੀ ਵਾਂਗ ਨਿਕੰਮੀ)

– ਮਲਾ ੧, ਵਾਰ ੨੦ਸ, ੧, ੧:੨ (1287)

ਪਰਾਵਹੁ ---- ਪਰਾਪਤ ਕਰੋ, ਪਾਓ

“ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ।”

– ਆਸਾ ੧, ਅਸ ੧੩, ੭:੨ (418)

ਪਰਾਵੈ ----- ਰੋਕਦਾ ਹੈ

“ਬਾਹਰਿ ਜਾਤਉ ਉਲਟਿ ਪਰਾਵੈ।”

– ਆਸਾ ੧, ਅਸ ੫, ੫:੩ (414)

“ਗੁਰਮੁਖਿ ਮਨੂਆ ਉਲਟਿ ਪਰਾਵੈ।”

– ਮਾਰੂ ੩, ਸੋਲਾ ੧੫, ੨:੧ (1058)

ਪਰਿ ------ (1) ਉਤੇ, ਤੇ, ਉਪਰ

“ਖਿਸਰਿ ਗਇਓ ਭੂਮ ਪਰਿ ਡਾਰਿਓ।”

– ਆਸਾ ੫, ੭੬, ੨:੨ (389)

(2) ਪੈ, ਪਿਆ

“ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ।”

– ਸਾਰ ੫, ੪, ੪:੧ (1203)

(3) ਹੋਰ ਵੱਧ

“ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ।”

– ਸਮੁ ੫, ੨:੧ (1385)

ਪਰਿਓ ----- (1) ਪਿਆ, ਡਿਗਿਆ

“ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ।”

– ਗਉ ੫, ੧੨੭*, ੪:੧ (206)

“ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ।”

– ਬਿਲਾ ੫, ੯੬, ੨:੧ (823)

(2) ਪਿਆ, ਪੈ ਗਿਆ, ਹੋ ਗਿਆ

“ਹਰਿ ਜੀਉ ਨਾਮੁ ਪਰਿਓ ਰਾਮਦਾਸੁ।”

– ਸੋਰ ੫, ੧੩, ੧*:੩ (612)

(3) ਸਹਾਇਕ ਕਿਰਿਆ, ਪਿਆ

“ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।” (ਪਿਆ ਫਿਰਦਾ ਹੈ)

– ਸੋਰ ੯, ੧, ੧:੨ (631)

“ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ।”

– ਸੋਰ ਕਬ, ੩, ੪:੧ (654)

“ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ।” (ਪਿਆ ਹੈ)

– ਟੋਂਡ ੫, ੯, ੨:੨ (713)

“ਠਾਕੁਰ ਤੇ ਜਨੁ ਜਨ ਤੇ ਠਾਕੁਰੁ ਖੇਲੁ ਪਰਿਓ ਹੈ ਤੋ ਸਿਉ।”(ਬਣੀ, ਪਈ ਹੈ)

– ਸਾਰੰ ਨਾਮ, ੨, ੧*:੨ (1252)

ਪਰਿਅਉ ---- ਪਿਆ

“ਸਾਧਸੰਗਤਿ ਕੈ ਪਾਛੈ ਪਰਿਅਉ ਜਨ ਨਾਨਕ ਹਰਿ ਰਸੁ ਪਾਇਆ।”

– ਟੋਡੀ ੫, ੪, ੪:੨ (712)

ਪਰਿਆ ---- (1) ਪਿਆ ਹੋਇਆ ਹੈ

“ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।”

– ਗੂਜ ੫, ਸੋਦ ੫, ੧:੧ (10)

(2) ਡਿਗ ਪਿਆ ਭਾਵ ਮਰ ਗਿਆ, ਮੁਕ ਗਿਆ

“ਧਨਪਾਤੀ ਵਡ ਭੂਮੀਆ ਮੇਰੀ ਮੇਰੀ ਕਰਿ ਪਰਿਆ।”

– ਸਿਰੀ ੫, ੭੨, ੨:੨ (42)

(3) ਪਿਆ, ਸਹਾਇਕ ਕਿਰਿਆ

“ਉਠਿ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ।”

– ਸਿਰੀ ੫, ੭੪, ੧:੩ (43)

“ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ।”

– ਗਉ ਕਬ, ੫੭, ੨:੨ (336)

“ਗੁਰੁ ਨਾਨਕੁ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ।” (ਪਿਆ, ਆਇਆ)

– ਸੋਰ ੫, ੧੩, ੪:੨ (612)

“ਕਿਆ ਤੂ ਜੋਗੀ ਗਰਬਹਿ ਪਰਿਆ।”

– ਰਾਮ ੫, ੧੩, ੧:੪ (886)

(4) ਡਿਗਿਆ

“ਤਿਨ ਕੀ ਸਰਣਿ ਪਰਿਆ ਮਨੁ ਮੇਰਾ।”

– ਮਾਝ ੫, ੨੭, ੪:੧ (102)

“ਕਾਮ ਕ੍ਰੋਧਿ ਮੋਹ ਕੂਪਿ ਪਰਿਆ।” (ਡਿਗਿਆ)

– ਟੋਡੀ ੫, ੧੬, ੪:੧ (715)

(5) ਭਾਵ ਜੋਗਾ, ਸਮਰਥ

“ਤਹ ਇਹੁ ਕਹਾ ਕਮਾਵਨ ਪਰਿਆ ਜਬ ਇਹੁ ਕਛੂ ਨ ਹੋਤਾ।”

– ਗਉ ੫, ੧੬੩*, ੩:੧ (216)

ਪਰਿਹੈ ----- (1) ਪੈਂਦਾ ਹੈ, ਵਜਦਾ ਹੈ

“ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ।”

– ਗੂਜ ਕਬ, ੧, ੧:੨ (524)

(2) ਪਏ, ਡਿਗੇ

“ਸੋ ਭਜਿ ਪਰਿਹੈ ਗੁਰ ਕੀ ਸਰਨਾ।”

– ਭੈਰ ਨਾਮ, ੮, ੪:੨ (1165)

(3) ਪੈਂਦੀ ਹੈ, ਦਾਖਲ ਹੁੰਦੀ ਹੈ

“ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿਹੈ ਰੇਤੁ।”

– ਸਲੋ ਕਬ, ੯੮:੧ (1369)

ਪਰਿਵਾ ----- (ਸੰ.) ਏਕਮ ਥਿਤ
“ਪਰਿਵਾ ਪ੍ਰੀਤਮ ਕਰਹੁ ਬੀਚਾਰ।”
– ਗਉ ਕਬ, ਥਿਤੀ ੨:੧ (343)

ਪਰੀ ------ (1) ਸੁੰਦਰ ਇਸਤ੍ਰੀ ਭਾਵ ਰਾਗਨੀ
“ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।”
– ਜਪੁ ੧, ੨੭:੩ (6)

(2) ਪਈ
“ਭਨਤਿ ਨਾਨਕ ਮੇਰੀ ਪੂਰੀ ਪਰੀ।”
– ਗਉ ੫, ੧੨੩, ੪:੨ (190)

“ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ।” (ਭਾਵ ਸਫਲਤਾ ਮਿਲੀ)
– ਗਉ ੫, ਬਾਅ ੧੮:੮ (253)

“ਸਮਝਿ ਪਰੀ ਤਉ ਬਿਸਰਿਓ ਗਾਵਨੁ।” (ਸਮਝੀ)
–ਆਸਾ ਕਬ, ੧੧, ੩:੨ (478)

“ਭਵਨ ਭਵਨ ਪਵਿਤ੍ਰ ਸਭਿ ਕੀਏ ਜਹ ਧੂਰਿ ਪਰੀ ਜਨ ਪਗੇ।” (ਪਈ)
–ਨਟ ੪, ੪, ੩:੨ (976)

(3) ਗਈ
“ਕਾਨਿ ਕਢਨ ਤੇ ਛੂਟਿ ਪਰੀ।”
–ਆਸਾ ੫, ੫੩, ੨:੨ (384)

(4) ਡਿਗੀ
“ਤੁਮ੍ਹਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮ੍ਹਾਰੈ ਪਰੀ।”
– ਗੂਜ ੫, ੧੮, ੨:੧ (499)

(5) ਹੋ ਗਈ, ਪਈ
“ਸਾਂਝ ਪਰੀ ਦਹ ਦਿਸ ਅੰਧਿਆਰਾ।”
– ਸੂਹੀ ਰਵਿ, ੨, ੩:੨ (794)

(6) ਭਈ, ਹੋ ਗਈ
“ਐਸੀ ਹੋਇ ਪਰੀ।”
– ਸਾਰ ੫, ੧੩੭, ੧*:੧ (1230)

(7) ਪਈ ਭਾਵ ਤੁਰ ਪਈ
“ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ।”
– ਸਲੋ ਕਬ, ੧੬, ੫:੧ (1373)

ਪਰੀਆ ---- (1) ਪਈਆਂ
“ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ।”
– ਸਿਰੀ ੫, ੭੨, ੧:੨ (42)

ਹੋਰ ਰੂਪ:

ਪਰੀਐ –
“ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਪਰੀਐ।” (ਪਈ)
– ਸਮੁ ੫, ੮:੨ (1386)

(2) ਸੁੰਦਰ ਇਸਤਰੀਆਂ ਭਾਵ ਰਾਗਨੀਆਂ

"ਰਾਗ ਰਤਨ ਪਰੀਆ ਪਰਵਾਰ।"

– ਆਸਾ, ੧, ੯, ੪:੧ (351)

(3) ਡਿਗੀਆਂ

"ਗਰਬਿ ਗਰਬਿ ਊਆਹੂ ਮਹਿ ਪਰੀਆ।"

– ਆਸਾ ੫, ੮੬, ੧*:੨ (392)

"ਕਰੁਣ ਕ੍ਰਿਪਾਲ ਗੋੁਪਾਲ ਦੀਨ ਬੰਧੁ ਨਾਨਕ ਉਧਰੁ ਸਰਨਿ ਪਰੀਆ।"

– ਕਾਨ ੫, ੩੦, ੨:੨ (1303)

ਹੋਰ ਰੂਪ:

ਪਰੀਐ –

"ਸਾਧ ਸੰਗਤਿ ਕੀ ਸਰਨੀ ਪਰੀਐ ਚਰਣ ਰੇਨੁ ਮਨੁ ਬਾਛੈ।" (ਢਹਿ ਪਈਏ)

– ਦੇਵ ੫, ੨੮, ੧:੨ (533)

ਪਰੀਸਹਿ ---- ਪਰੋਸਦੇ ਹਨ

"ਸੰਗਤਿ ਕੁਲ ਤਾਰੇ ਸਾਚੁ ਪਰੀਸਹਿ।"

– ਮਾਰੂ ੧, ਸੋਲਾ, ੬, ੪:੨ (1025)

ਪਰੀਖ ----- ਪਰਖ

"ਤਨੁ ਮਨੁ ਸੀਤਲੁ ਸਾਚੁ ਪਰੀਖ।"

– ਗਉ ੧, ੫, ੩:੨ (152)

ਪਰੀਖਿਆ --- (1) ਪਰਖ ਲਿਆ, ਸਮਝ ਲਿਆ

"ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ।"

– ਗਉ ੫, ਸੁਖ ੨੨, ੬:੪ (293)

(2) ਪਰਖ/ਜਾਂਚ ਕਰਵਾਈ

"ਉਕਤਿ ਜੋਤਿ ਲੈ ਸੁਰਤਿ ਪਰੀਖਿਆ।" (ਪਰਖ ਦੀ ਸਮਝ)

– ਰਾਮ ੫, ਅਸ ੨, ੧:੩ (913)

ਪਰੀਖ੍ਯਤੁ ---- ਅਰਜਨ ਦਾ ਪੋਤਾ ਜਿਸਨੂੰ ਸੁਖ ਦੇਵ ਰਿਸ਼ੀ ਨੇ ਭਾਗਵਤ ਪੁਰਾਣ ਸੁਣਾਇਆ ਸੀ

"ਸੁਖਦੇਉ ਪਰੀਖ੍ਯਤੁ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ।"

– ਸਵ ੧, ੮:੫ (1390)

ਪਰੀਚੈ ----- ਜਾਣਕਾਰੀ, ਗਿਆਨ

"ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ ਪਰੀਚੈ ਜੀਉ।"

– ਸਵ ੪, ੬, ੪:੩ (96)

ਪਰੀਜੈ ----- ਪਈਏ, ਡਿਗੀਏ

"ਮਾਨੁ ਨ ਕੀਜੈ ਸਰਣਿ ਪਰੀਜੈ ਦਰਸਨੁ ਕਉ ਬਲਿਹਾਰੀ।"

– ਆਸਾ ੫, ਛੰਤ ੪, ੨:੪ (455)

ਪਰੀਠਾ ----- ਪਰੋਸਿਆ, ਪਰੋਸ ਧਰਿਆ

"ਜਿਨ ਗੁਰ ਬਚਨ ਸੁਖਾਨੇ ਹੀਅਰੈ ਤਿਨ ਆਗੈ ਆਣਿ ਪਰੀਠਾ।"

– ਗਉ ੪, ੬੧, ੨:੨ (171)

(ਮਹਾਨ ਕੋਸ਼ ਅਰਥ ਪਾਸ ਖੜਾ ਕੀਤਾ (ਪਰਤਖ) ਕਰਦਾ ਹੈ)

ਪਰੀਤਮ ---- ਪਿਆਰਾ
"ਮਿਲਉ ਪਰੀਤਮ ਸੁਆਮੀ ਅਪੁਨੇ ਸਗਲੇ ਦੂਖ ਹਰਉਰੇ।"
– ਆਸਾ ੫, ੫੦, ੧*:੧ (383)

ਪਰੀਤਾ ----- ਪਿਆਰ, ਪ੍ਰੀਤ, ਮੋਹ
"ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ।"
– ਪ੍ਰਭਾ ੧, ੯, ੪:੧ (1330)

ਪਰੀਤਿ ----- ਪਿਆਰ, ਪ੍ਰੀਤ
"ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ।"
– ਸਿਰੀ ੫, ੮੩, ੧*:੨ (47)

ਹੋਰ ਰੂਪ:

ਪਰੀਤੀ –
"ਗੰਢੁ ਪਰੀਤੀ ਮਿਠੇ ਬੋਲ।" (ਪਿਆਰ ਦੀ)
– ਮਾਝ ੧, ਵਾਰ ੧੨ਸ, ੧, ੨:੮ (143)

ਪਰੀਲਾ ----- ਅਕਥਨੀਯ, ਜੋ ਬਿਆਨ ਨ ਕੀਤੀ ਜਾ ਸਕੇ
"ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ।"
– ਗੂਜ ੫, ੧੩, ੨:੨ (498)

ਪਰੀਵਾਂ ----- ਪਵਾਂ, ਹੋਵਾਂ
"ਨਾਨਕ ਕੀ ਧਰ ਤੂੰਹੈ ਠਾਕੁਰ ਹਰਿ ਅੰਗਿ ਪਾਰਿ ਪਰੀਵਾਂ ਜੀਉ।"
– ਮਾਝ ੫, ੧੬, ੪:੩ (99)

ਪਰੁ ------- (1) ਪਉ, ਡਿਗ ਪੈ
"ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡ ਅਵਰੁ ਨ ਕੋਇ।"
– ਸਿਰੀ ੫, ੭੭, ੨:੧ (44)

(2) ਹੀ
"ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ।"
– ਸਿਰੀ ੧, ਅਸ ੧੭, ੧:੨ (64)

(3) ਪਰੰਤੂ, ਲੇਕਨ
"ਇਸਨਾਨੁ ਕਰੈ ਪਰੁ ਮੈਲੁ ਨ ਜਾਈ।"
– ਮਾਝ ੩, ਅਸ ੩੨, ੬:੨ (129)

(4) ਚੰਗੀ ਤਰ੍ਹਾਂ (ਸ਼ਬਦਾਰਥ) ਦਰਪਣ, ਅਵਸ਼ਯ, ਜ਼ਰੂਰ (ਮਹਾਨ ਕੋਸ਼)
"ਜੋ ਗੁਰੁ ਕਹੈ ਸੋਈ ਪਰੁ ਕੀਜੈ ਤਿਸਨਾ ਅਗਨਿ ਬੁਝਾਈਐ।"
– ਗਉ ੩, ਛੰਤ ੧, ੧:੪ (243)

ਪਰੁਹੋਗੁ ---- ਜ਼ਰੂਰ ਹੋਵੇਗਾ
"ਜੋ ਕਿਛੁ ਕਰੇ ਸੋਈ ਪਰੁ ਹੋਗੁ।"
– ਬਸੰ ੩, ੬, ੪:੨ (1174)

ਪਰੁਜਾਣੈ ---- ਚੰਗੀ ਤਰ੍ਹਾਂ ਜਾਣਦਾ ਹੈ
"ਜਾ ਕਾ ਕਾਰਜੁ ਸੋਈ ਪਰੁਜਾਣੈ ਜੇ ਗੁਰ ਕੈ ਸਬਦਿ ਸਮਾਹੀ।"
- ਗਉ ੩, ੩੫, ੩:੨ (162)

ਪਰੁਜਾਨੈ ---- ਚੰਗੀ ਤਰ੍ਹਾਂ ਜਾਣਦਾ ਹੈ
"ਉਆ ਕਾ ਮਰਮੁ ਓਹੀ ਪਰੁਜਾਨੈ ਓਹੁ ਤਉ ਸਦਾ ਅਬਿਨਾਸੀ।"
- ਗਉ ਕਬ, ੫੨, ੪:੨ (334)

ਪਰੁਲੀ ----- ਵਿਨਾਸ਼ਕ, ਪਰਲੋ ਕਰਤਾ
"ਧਰਮ ਰਾਇ ਪਰੁਲੀ ਪ੍ਰਤਿਹਾਰੁ।"
- ਮਲਾ ਨਾਮ, ੧, ੨:੪ (1292)

ਪਰੂਰਉ ---- ਇਲਾ ਦੇ ਗਰਭ ਤੋਂ ਪੈਦਾ ਹੋਇਆ ਬੁੱਧ ਦਾ ਪੁੱਤਰ ਤੇ ਚੰਦ੍ਰਮਾ ਦਾ ਪੋਤਾ ਜੋ ਪਹਿਲਾਂ ਚੰਦ੍ਰ ਵੰਸ/ਰਾਜਾ ਸੀ।
"ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ।"
- ਸਵ ੧, ੧੦:੫ (1390)

ਪਰੇ ------- (1) ਪਏ, ਡਿਗੇ
"ਸਰਣਿ ਪਰੇ ਕੀ ਰਾਖਹੁ ਸਰਮਾ।"
- ਆਸਾ ੫, ਸੋਪੁ ੪, ੨:੪ (12)
"ਕਹਤੁ ਕਬੀਰ ਸੁਨਹੁ ਰੇ ਪ੍ਰਾਨੀ ਪਰੇ ਕਾਲ ਗ੍ਰਸ ਕੂਆ।" (ਪਏ, ਵਿਚ ਡਿਗੇ)
- ਸੋਰ ਕਬ, ੨, ੪:੧ (654)
(2) ਗਏ
"ਇਤਨੇ ਜਨਮ ਭੂਲਿ ਪਰੇ ਸੇ ਜਾ ਪਾਇਆ ਤਾ ਭੂਲੇ ਨਾਹੀ।"
- ਗਉ ੩, ੩੫, ੩:੧ (162)
"ਹਾਰਿ ਪਰੇ ਅਬ ਪੂਰਾ ਦੀਜੈ।" (ਭਾਵ) ਰਹਿ ਗਏ)
- ਗਉ ਕਬ, ੧੩, ੪:੨ (326)
(3) ਪੈ ਗਏ
"ਅਗਲੇ ਮੁਏ ਸਿ ਪਾਛੈ ਪਰੇ।"
- ਗਉ ੫, ੭੮, ੧:੧ (178)
"ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ।" (ਵਿਚ ਪਏ ਭਾਵ ਲਗੇ)
-ਬਸੰ ੪, ੩, ੨:੩ (1178)
(4) ਰਹਿ ਗਏ
"ਜਨਮੁ ਦੋਖ ਪਰੇ ਮੇਰੇ ਪਾਛੇ ਅਬ ਪਕਰੇ ਨਿਹਚਲੁ ਸਾਧੂ ਪਾਇ।"
- ਆਸਾ ੫, ੯, ੩:੧ (373)

ਪਰੇਇ ----- ਡੇਗੇ, ਸੁੱਟੇ
"ਭਾਣੈ ਨਰਕਿ ਸੁਰਗਿ ਅਉਤਾਰੇ ਭਾਣੈ ਧਰਣਿ ਪਰੇਇ।"
- ਰਾਮ ੫, ਵਾਰ ੧੨ਸ, ੫, ੨:੭ (963)

ਪਰੇਸਾਨੀ ---- ਹੈਰਾਨੀ, ਘਬਰਾਹਟ
"ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ।"

– ਤਿਲੰ ਕਬ, ੧, ੧*:੧ (727)

ਪਰੇਕੈ ------ ਪਉ ਇਕ ਦੀ ਭਾਵ ਇਕ ਦੀ ਸਰਣੀ ਪਏ ਹੋਏ ਨੂੰ
"ਰਾਮ ਨਾਮ ਦੇ ਸਰਣਿ ਪਰੇਕੈ।"
– ਮਾਝ ੧, ਸੋਲਾ, ੯, ੧੬:੨ (1029)

ਪਰੇਟੇ ------ ਲਪੇਟਿਆ ਹੋਇਆ
"ਬਿਸਟਾ ਅਸਤ ਰਕਤੁ ਪਰੇਟੇ ਚਾਮ।"
– ਆਸਾ ੫, ੧੪, ੩:੧ (374)

ਪਰੇਤ ------ ਭੂਤ, ਜਿੰਨ, ਬਹੁਤ ਗਿਰੇ ਹੋਏ ਜੀਵ
"ਪਸੂ ਪਰੇਤ ਮੁਗਧ ਭਏ ਸ੍ਰੋਤੇ ਹਰਿ ਨਾਮਾ ਮੁਖਿ ਗਾਇਆ।"
– ਸੋਰ ੫, ੨੧, ੧:੨ (614)

ਹੋਰ ਰੂਪ:

ਪਰੇਤਹੁ –
"ਪਰੇਤਹੁ ਕੀਤੋਨੁ ਦੇਵਤਾ ਤਿਨਿ ਕਰਣੈਹਾਰੇ।" (ਭੂਤਾਂ ਤੋਂ)
– ਗਉ ੫, ਵਾਰ ੨੦ਸ, ੫, ੨:੧ (323)
ਪਰੇਤੁ –
"ਖਿਨ ਮਹਿ ਬਿਨਸਿਓ ਮਹਾ ਪਰੇਤੁ।" (ਵਡਾ ਭੂਤ, ਇਕੇ ਭਾਵ ਅਹੰਕਾਰ)
– ਭੈਰ ੫, ੪੬, ੨:੨ (1149)

ਪਰੇਰੇ ------ ਹੋਰ ਪਰੇ, ਦੂਰ ਪਰੇਰੇ
"ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ।"
– ਸਵ ੪, ਨਲ੍ ੯:੪ (1400)

ਹੋਰ ਰੂਪ:

ਪਰੇਰੈ –
"ਆਨਦਾ ਗੁਨ ਗਾਇ ਮੰਗਲ ਕਸਮਲਾ ਮਿਟਿ ਜਾਹਿ ਪਰੇਰੈ।" (ਦੂਰ)
– ਕਾਨ ੫, ੧੬, ੧:੧ (1301)

ਪਰੇਵੈ ------ ਪੈਦਾ ਹੈ
"ਜਤਨ ਕਰਉ ਉਰਝਾਇ ਪਰੇਵੈ।"
–ਆਸਾ ੫, ੪, ੧*:੨ (371)

ਪਰੈ ------- (1) ਅਗਾਂਹ, ਦੂਰ
"ਧਰਤੀ ਹੋਰੁ ਪਰੈ ਹੋਰੁ ਹੋਰੁ।"
– ਜਪੁ ੧, ੧੬:੧੧ (3)
"ਤਿਸ ਤੇ ਪਰੈ ਨਾਹੀ ਕਿਛੁ ਕੋਇ।"
– ਗਉ ੫, ਸੁਖ ੧੬, ੧:੩ (283)
(2) ਪਵੇ, ਡਿਗੇ
"ਉਨ ਕੀ ਸਰਣਿ ਪਰੈ ਸੋ ਤਰਿਆ ਸੰਤਸੰਗਿ ਪੂਰਨ ਆਸਾ।"
– ਗਉ ੫, ੧੩੧*, ੨:੨ (207)
"ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ।" (ਪਏ, ਡਿਗੇ)

– ਸਲੋ ਕਬ, ੨੧੬:੨ (1376)

(3) ਪੈਂਦਾ, ਹੁੰਦਾ

"ਇਸੁ ਮਾਰੀ ਬਿਨੁ ਥਾਇ ਨ ਪਰੈ।"

– ਗਉ, ੫, ਅਸ ੫, ੬:੧ (238)

"ਕਹੀਅਤ ਆਨ ਅਚਰੀਅਤ ਅਨ ਕਛੁ ਸਮਝ ਨ ਪਰੈ ਅਪਰ ਮਾਇਆ।" (ਪੈਂਦੀ ਭਾਵ ਆਉਂਦੀ)

– ਸੋਰ ਰਵਿ, ੩, ੩:੧ (658)

(4) ਪਿਆ, ਟਿਕਿਆ

"ਧਰਨਿ ਪਰੈ ਉਰਵਾਰਿ ਨ ਜਾਈ।"

– ਗਉ ਕਬ, ੧੬, ੧*:੨ (326)

"ਪਿੰਡੁ ਪਰੈ ਤਉ ਪ੍ਰੀਤਿ ਨ ਤੋਰਉ।" (ਭਾਵ ਨਸ਼ਟ ਹੋ ਜਾਵੇ)

– ਆਸਾ, ਕਬ, ੩੫, ੨:੨ (484)

(5) ਹੋ ਜਾਵੇ

"ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ।"

– ਦੇਵ ੯, ੩, ੨:੨ (536)

(6) ਲਗੇ

"ਜਿਉ ਬੇਸ੍ਵਾ ਕੇ ਪਰੈ ਅਖਾਰਾ।"

– ਭੈਰ ਨਾਮ, ੮, ੩:੧ (1165)

ਪਰੋ ------- ਪਰਸੋਂ (ਕੋਸ਼ ਮਹਾਨ ਕੋਸ਼), ਨਾਸ ਹੋ ਜਾਣ ਵਾਲਾ (ਦਰਪਣ), ਪੈਂਦਾ (ਨਿਰਣੈ)

"ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।"

– ਸਲੋ ੯, ੫੨:੧ (1428)

ਪਰੋਉ ----- ਪ੍ਰੋ ਲੈਂਦਾ ਹੈ

"ਏਕ ਨਾਮ ਲੇ ਮਨਹਿ ਪਰੋਉ।"

– ਗਉ ੫, ਬਾਅ ੧੪:੬ (253)

ਪਰੋਇ ----- ਪ੍ਰੋ ਲਏ

"ਸਗਲ ਵਿਕਾਰੀ ਹਾਰੁ ਪਰੋਇ।"

– ਗਉ ੧, ਅਸ ੪, ੩:੨ (222)

"ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।" (ਪ੍ਰੋ ਕੇ)

– ਗਉ ੫, ਬਾਅ ੫੫:੮ (262)

ਹੋਰ ਰੂਪ:

ਪਰੋਇਓ –

"ਪਵਨਿ ਪਰੋਇਓ ਸਗਲ ਅਕਾਰਾ ਪਾਵਕ ਕਾਸਟ ਸੰਗੇ।" (ਪ੍ਰੋਇਆ ਹੈ)

– ਸਾਰ ੫, ਅਸ ੧, ੩:੧ (1235)

ਪਰੋਇਆ –

"ਹਰਿ ਨਾਮੁ ਰਿਦੈ ਪਰੋਇਆ।" (ਪ੍ਰੋ ਲਿਆ)

– ਸੋਰ ੫, ੭੨, ੧:੧ (627)

ਪਰੋਈ –

"ਸਭ ਪਰੋਈ ਇਕਤੁ ਧਾਗੈ।" (ਪ੍ਰੋ ਲਈ ਹੈ)

– ਮਾਝ ੫, ੪੯, ੨:੧ (108)

"ਤਿਨ ਕੀ ਧੂਰਿ ਨਾਨਕ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ।" (ਪ੍ਰੋਇਆ ਹੈ ਭਾਵ ਵਸਾਇਆ ਹੈ)

– ਸੋਰ ੫, ੩੩, ੨:੨ (618)

ਪਰੋਈਐ –

"ਸੂਤ ਬਿਨਾ ਕੈਸੇ ਮਣੀ ਪਰੋਈਐ।"

– ਗੋਂਡ ਕਬ, ੯, ੨:੨ (872)

ਪਰੋਈਲੇ –

"ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ।" (ਪ੍ਰੋਏ)

– ਆਸਾ ਨਾਮ, ੨, ੨:੧ (485)

ਪਰੋਏ –

"ਏਕੈ ਸੂਤਿ ਪਰੋਏ ਮਣੀਏ।"

– ਰਾਮ ੫, ੧੨, ੩:੧ (886)

ਪਰੋਸਨਹਾਰੈ -- ਵਰਤਾਵਾ, ਭੋਜਨ ਅਗੇ ਰਖਨਵਾਲਾ

"ਪੇਖੇ ਬਿੰਜਨ ਪਰੋਸਨਹਾਰੈ।"

– ਕਾਨ ੫, ੫, ੨:੧ (1299)

ਪਰੋਸਨ ----- ਵਰਤਾਉਣ

"ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ।"

–ਬਸੰ ਕਬ, ੭, ੩:੨ (1195)

ਪਰੋਸੈ ------ (ਬਰਤਨ ਵਿਚ ਪਾ ਕੇ) ਅਗੇ ਰਖੇ, ਵਰਤਾਏ

"ਆਪਿ ਪਕਾਵੈ ਆਪਿ ਭਾਂਡੇ ਦੇਇ ਪਰੋਸੈ ਆਪੇ ਹੀ ਬਹਿ ਖਾਵੈ।"

– ਬਿਹਾ ੪, ਵਾਰ ੬:੨ (551)

ਪਰੋਹੀ ----- ਪਰੋਏ

"ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ।"

– ਸੋਰ ੫, ੪, ੩:੧ (609)

ਪਰੋਤ ------ ਸੀਤਾ ਹੋਇਆ

"ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ।"

– ਕੇਦਾ ੫, ੧੩, ੨:੨ (1121)

ਪਰੋਤਾ ----- ਪਰੋਇਆ ਭਾਵ ਧਾਰਨ ਕੀਤਾ

"ਸਦ ਬੈਰਾਗੀ ਤਤੁ ਪਰੋਤਾ।"

– ਰਾਮ ੧, ਅਸ ੩, ੬:੨ (904)

ਹੋਰ ਰੂਪ:

ਪਰੋਤੀਆ –

"ਨਾਨਕ ਪੇਖਿ ਜੀਉ ਇਕਤੁ ਸੂਤਿ ਪਰੋਤੀਆ।"

– ਮਾਰੂ ੫, ਵਾਰ ੨੧ਸ, ੫, ੩:੩ (1101)

ਪਰੋਵਹਿ ---- ਪ੍ਰੋਂਦਾ ਹੈ

"ਆਪੇ ਸਕਤਾ ਆਪ ਸੁਰਤਾ ਸਕਤੀ ਜਗਤੁ ਪਰੋਵਹਿ।"
– ਸਾਰ ੪, ਵਾਰ ੧੩ਸ, ੧, ੧:੨ (1242)

ਹੋਰ ਰੂਪ:

ਪਰੋਵਹੁ –
"ਕਰ ਹਰਿ ਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ।" (ਭਾਵ ਬਣਾਉ)
– ਬਸੰ ੧, ੯, ੨:੧ (1171)

ਪਰੋਵਣਾ ---- ਪ੍ਰੋਈ ਰਖਦੇ ਭਾਵ ਵਸਾਈ ਰਖਦੇ ਹਨ
"ਨਾਉ ਨਾਨਕ ਬਖਸੀਸ ਮਨ ਮਾਹਿ ਪਰੋਵਣਾ।"
– ਗੂਜ ੫, ਵਾਰ ੧੮:੮ (523)

ਪਰੋਵਨਹਾਰਾ – ਪ੍ਰੋਨ ਵਾਲਾ
"ਏਕਹਿ ਸੂਤਿ ਪਰੋਵਨਹਾਰਾ।"
– ਗਉ ੫, ਬਾਅ, ੨:੨ (250)

ਪਰੋਵੈ ------ ਪ੍ਰੋਂਦਾ ਹੈ
"ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ।"
– ਤੁਖਾ ੧, ਛੰਤ ੫, ੨:੬ (1112)

ਪਰ੍ਹਿਉ ----- ਪਿਆ, ਡਿਗਿਆ
"ਪ੍ਰਭ ਦਾਤਉ ਦਾਤਾਰ ਪਰ੍ਹਿਉ ਜਾਚਕੁ ਇਕੁ ਸਰਨਾ।"
– ਸਮੁ ੫, ੯:੧ (1387)

ਪਲ ------- (1) ਸਮੇਂ ਦੀ ਇਕ ਇਕਾਈ, ਪਲਕਾਰੇ/ ਅੱਖ ਦੇ ਝਪਕਣ ਜਿਨਾਂ ਸਮਾਂ
"ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ।"
– ਮਾਝ ੫, ੪੫, ੧:੩ (107)

"ਪਲ ਪੰਕਜ ਮਹਿ ਕੋਟਿ ਉਧਾਰੇ।"
– ਧਨਾ ੧, ਅਸ ੨, ੭:੩ (686)

ਪਲਕ ------ ਅੱਖ ਝਮਕਣ ਜਿਨ੍ਹਾਂ ਸਮਾਂ, ਪਲ ਭਰ
"ਪਲਕ ਦਿਸਟਿ ਤਾ ਕੀ ਲਾਗਹੁ ਪਾਈ।"
– ਆਸਾ ੫, ੭੯, ੩:੨ (390)

"ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ।"
– ਜੈਤ ੫, ਵਾਰ ੧੨ਸ, ੫, ੨:੧ (708)
(ਮਹਾਨਕੋਸ਼ ਇਥੇ ਇਸ ਦੇ ਅਰਥ 'ਅਖ ਦਾ ਪੜਦਾ, ਪਪੋਟਾ ਕਰਦਾ ਹੈ')

ਪਲਕਾ ----- (1) ਅੱਖ ਦੇ ਪੜਦੇ
"ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ।"
– ਆਸਾ ੫, ਛੰਤ ੧੪, ੨:੪ (462)

(2) ਪਲਕ (ਪਲ ਭਰ ਦੇ ਸਮੇਂ ਵਿਚ)
"ਹਰਿ ਹਰਿ ਨਾਮੁ ਬੋਲਹੁ ਦਿਨੁ ਰਾਤੀ ਸਭ ਕਿਲਬਿਖ ਕਾਟੈ ਇਕ ਪਲਕਾ।"
– ਸੋਰ ੫, ਵਾਰ ੨੧:੪ (650)

ਪਲਘ ----- ਪਲੰਘ, ਮੰਜਾ, ਖਾਟ

"ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲਘ ਨਿਵਾਰਾ।"

– ਆਸਾ ਕਬ, ੧੬, ੧:੧ (479)

ਹੋਰ ਰੂਪ:

ਪਲੰਘ –

"ਤੰਬੂ ਪਲੰਘ ਨਿਵਾਰ ਸਰਾਇਚੇ ਲਾਲਤੀ।"

– ਮਾਝ ੧, ਵਾਰ ੮:੭ (141)

ਪਲਘਿ –

ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।" (ਪਲੰਗਾਂ ਨਾਲ)

– ਸਿਰੀ ੧, ੧, ੨:੧ (14)

ਪਲੰਘੁ –

"ਲਬੈ ਮਾਲੈ ਘੁਲਿ ਮਿਲਿ ਮਿਚਲਿ ਉਂਘੈ ਸਉੜਿ ਪਲੰਘੁ।"

– ਮਲਾ ੧, ਵਾਰ ੨੩ਸ, ੧, ੧:੨ (1288)

ਪਲਚਾਈ --- ਉਲਝੀ

"ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ।"

– ਵਡ ੩, ਛੰਤ ੬, ੨:੨ (571)

ਪਲਚਿ ----- ਉਲਝੇ, ਫਸੇ

"ਧਾਤੁਰ ਬਾਜੀ ਪਲਚਿ ਰਹੇ ਨਾ ਉਰਵਾਰੁ ਨ ਪਾਰੁ।"

– ਸਿਰੀ ੩, ੪੦, ੩:੩ (29)

ਪਲਟਾਇ --- ਮੁੜ ਕੇ, ਪਰਤ ਕੇ

"ਲੈ ਕਮਲੀ ਚਲਿਓ ਪਲਟਾਇ।"

– ਭੈਰ ਨਾਮ, ੬, ੨:੧ (1164)

ਪਲਟਿ ----- ਬਦਲ ਕੇ, ਉਲਟ ਕੇ

"ਗੁਰ ਗੋਬਿੰਦ ਕੇ ਬਿਨੁ ਮਿਲੇ ਪਲਟਿ ਭਈ ਸਭ ਖੇਹ।"

– ਸਲੋ ਕਬ, ੧੭੯:੨ (1374)

ਪਲਟਿਆ --- ਬਦਲਿਆ, ਉਲਟਿਆ

"ਗੁਰਿ ਮਿਲਿਐ ਵੇਸੁ ਪਲਟਿਆ ਸਾ ਧਨ ਸਚੁ ਸੀਗਾਰੋ।"

– ਵਡ ੧, ਅਸ ੩, ੮:੧ (581)

"ਗੁਰਮੁਖਿ ਹੋਵੈ ਸੁ ਪਲਟਿਆ ਹਰਿ ਰਾਤੀ ਸਾਜਿ ਸੀਗਾਰਿ।" (ਪਰਤਿਆ ਮਾਇਆ ਤੋਂ)

– ਸੂਹੀ ੩, ਵਾਰ ੧ਸ, ੩, ੧:੫ (785)

ਹੋਰ ਰੂਪ:

ਪਲਟੀਐ –

"ਤਾੜੀ ਲਾਗੀ ਤ੍ਰਿਪਲੁ ਪਲਟੀਐ ਛੂਟੈ ਹੋਇ ਪਸਾਰੀ।" (ਪਰਤੀਏ)

– ਗਉ ਕਬ, ੫੩, ੨:੨ (334)

"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।" (ਪ੍ਰਵਰਤਤ ਕਰੀਏ, ਬਦਲੀਏ)
– ਰਾਮ ਬਸ ਵਾਰ ੨:੨ (966)

ਪਲਟੁ –
"ਨਾਨਕੁ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ।" (ਤਬਦੀਲ, ਬਦਲ)
– ਰਾਮ ਬਸ, ਵਾਰ ੩:੫ (967)

ਪਲਤ ------ ਪਰਲੋਕ
"ਖਾਵਹੁ ਖਰਚਹੁ ਤੋਟਿ ਨ ਆਵੈ ਹਲਤ ਪਲਤ ਕੈ ਸੰਗੈ।"
– ਗੂਜ ੫, ੩, ੪:੧ (496)

ਹੋਰ ਰੂਪ:

ਪਲਤਿ –
"ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ।" (ਪਰਲੋਕ ਵਿਚ)
– ਸਿਰੀ ੩, ੪੨, ੨:੨ (30)

ਪਲਤੁ –
ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ।"
– ਮਾਝ ੩, ਅਸ ੨੩, ੫:੩ (123)

ਪਲਤੇ ------ ਸਾੜ ਪੈਦਾ ਕਰਦਾ ਹੈ, ਸਾੜਦਾ ਹੈ
"ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ।"
– ਗਉ ੪, ਵਾਰ ੩੨:੨ (317)

ਪਲਫਾ ----- ਪੱਲਾ ਭਰ, ਪੱਲ ਵਿਚ
"ਕੋਟਿ ਕੋਟਿ ਕੇ ਦੋਖ ਸਭ ਜਨ ਕੇ ਹਰਿ ਦੂਰਿ ਕੀਏ ਇਕ ਪਲਫਾ।"
– ਪ੍ਰਭਾ ੪, ੫, ੩:੨ (1336)

ਪਲਰਿ ----- (1) ਪਰਾਲੀਵਤ ਭਾਵ ਫਜੂਲ ਸਮਝ ਕੇ
"ਰਤਨੁ ਪਦਾਰਥੁ ਪਲਰਿ ਤਿਆਗੈ।"
– ਮਾਝ ੩, ਅਸ ੮, ੪:੧ (113)
(ਮਹਾਨਕੋਸ਼ ਅਰਥ 'ਪੱਥਰ' ਕਰਦੇ ਹਨ)
(2) ਦਾਣੇ ਰਹਿਤ, ਫੂਸ
"ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ।"
– ਮਾਝ ੧, ਵਾਰ ੧੧ਸ, ੧, ੧:੧ (142)

ਹੋਰ ਰੂਪ:

ਪਲਰੀ –
"ਅਉਗਣ ਵਿਕਣਿ ਪਲਰੀ ਜਿਸੁ ਦੇਹਿ ਸੁ ਸਚੇ ਪਾਏ।" (ਪਰਾਲੀ/ਫੂਸ ਵਾਂਗ)
– ਗਉ ੪, ਵਾਰ ੭:੩ (303)

ਪਲਵ ------ ਪੱਤੇ
"ਕਰ ਪਲਵ ਸਾਖਾ ਬੀਚਾਰੇ।"
– ਰਾਮ ਬੇਣੀ, ੧, ੭:੧ (974)

ਪਲਵੈ ------ ਪਤਿਆਂ ਸਹਿਤ ਭਾਵ ਹਰੀ ਭਰੀ
"ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ।"
– ਸਲੋ ਫਰ, ੬੨:੨ (1381)

ਪਲਾ ------ ਦਾਮਨ
"ਜਾ ਕੋ ਰੇ ਕਰਮੁ ਭਲਾ ਤਿਨਿ ਓਟ ਗਹੀ ਸੰਤ ਪਲਾ ਤਿਨ ਨਾਹੀ ਰੇ ਜਮੁ ਸੰਤਾਵੈ ਸਾਧੂ ਕੀ ਸੰਗਨਾ।"
– ਧਨਾ ੫, ੩੦, ੨:੧ (678)
"ਉਸੁ ਸਾਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ।" (ਪਲੂ, ਭਾਵ ਕੋਈ ਤੰਗ ਨਹੀਂ ਕਰੇਗਾ)
– ਸਲੋ ਕਬ, ੨੦੦:੨ (1375)

ਪਲਾਇਣ --- ਭਜ ਗਏ, ਦੂਰ ਹੋ ਗਏ
"ਜੈ ਜੈ ਧਰਮੁ ਕਰੇ ਦੂਤ ਭਏ ਪਲਾਇਣ।"
– ਆਸਾ ੧, ਛੰਤ ੧੨, ੩:੨ (460)

ਪਲਾਇਨ --- ਦੂਰ ਹੋ ਜਾਂਦੇ ਹਨ
"ਸਾਧੂ ਕੈ ਸੰਗਿ ਪਾਪ ਪਲਾਇਨ।"
– ਗਉ ੫, ਸੁਖ ੭, ੫:੭ (271)

ਪਲਾਸ ----- ਢੱਕ ਦਾ ਬੂਟਾ, ਇਕ ਨਿਕੰਮਾ ਰੁੱਖ
"ਮਿਲਿ ਸਤਸੰਗਤਿ ਪਰਮ ਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ।"
– ਬਿਲਾ ੪, ਅਸ ੨, ੧:੨ (834)

ਹੋਰ ਰੂਪ:

ਪਲਾਸੁ –
"ਜਿਹ ਕੁਲ ਦਾਸੁ ਨ ਊਪਜੈ ਸੋ ਕੁਲ ਢਾਕੁ ਪਲਾਸੁ।"
– ਸਲੋ ਕਬ, ੧੧੧:੨ (1370)

ਪਲਾਹ ----- ਕੀਰਨੇ, ਵਿਰਲਾਪ, ਤਰਲੇ
"ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਲੁ ਨ ਪਾਵੈ।"
– ਤਿਲੰ ੧, ੪, ੨:੨ (722)

ਪਲਾਣੁ ----- ਕਾਠੀ
"ਘੋੜਾ ਕੀਤੋ ਸਹਜ ਦਾ ਜਤੁ ਕੀਓ ਪਲਾਣੁ।"
– ਰਾਮ ਬਸ, ਵਾਰ ੬:੬ (968)

ਪਲਾਣੇ ----- ਕਾਠੀਆਂ ਨਾਲ ਸਜੇ ਹੋਏ
"ਤੁਰੇ ਪਲਾਣੇ ਪਉਣ ਵੇਗ ਹਰਿ ਰੰਗੀ ਹਰਮ ਸਵਾਰਿਆ।"
– ਆਸਾ ੧, ਵਾਰ ੧੭:੧ (472)

ਪਲਾਤਾ ----- ਪਰਲੋਕ
"ਭਇਓ ਕ੍ਰਿਪਾਲ ਠਾਕੁਰੁ ਸੇਵਕ ਕਉ ਸਵਰੇ ਹਲਤ ਪਲਾਤਾ।"
– ਮਾਰੂ ੫, ੫, ੪:੧ (1000)

ਪਲਾਵ ----- ਕੀਰਨੇ, ਵਿਰਲਾਪ
"ਜਿਉ ਜਲਿ ਥੋੜੈ ਮਛੁਲੀ ਕਰਣ ਪਲਾਵ ਕਰੇਇ।"
– ਸਿਰੀ ੧, ਅਸ ੫, ੨:੨ (56)
"ਕਰਣ ਪਲਾਵ ਕਰੇ ਨਹੀ ਪਾਵੈ ਇਤ ਉਤ ਢੂਢਤ ਥਾਕਿ ਪਰੇ।" (ਭਾਵ ਤਰਲੇ ਮਿੰਨਤਾਂ)
– ਮਾਰੂ ੧, ਅਸ ੮, ੪:੧ (1014)

ਪਲਿਆ ---- ਪਰਵਰਸ਼ ਪ੍ਰਾਪਤ ਕੀਤਾ, ਵੱਡਾ ਹੋਇਆ
"ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ।" (ਭਾਵ ਪੀਲੇ/ ਚਿੱਟੇ ਹੋ ਗਏ)
– ਸਲੋ ਫਰ, ੫੫:੧ (1380)

ਪਲੀ ------ ਪਲਿਤ ਹੋਈ, ਵਡੀ ਹੋਈ
"ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪੀਆਂ।" (ਭਾਵ ਪੀਲੀ/ਚਿੱਟੀ ਹੋਈ)
– ਸਲੋ ਫਰ, ੫੫:੧ (1380)

ਪਲੀਆ ---- ਪੱਲੇ, ਲੜ
"ਗ੍ਰਿਹਿ ਮੜੀ ਮਸਾਣੀ ਬਨ ਮਹਿ ਬਸਤੇ ਊਠਿ ਤਿਨਾ ਕੈ ਲਾਗੀ ਪਲੀਆ।"
– ਮਾਰੂ ੫, ੧੮, ੪:੩ (1004)

ਪਲੀਆਂ ---- ਵਡੀਆਂ, ਹੋਈਆਂ
"ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ।"
– ਸਲੋ ਫਰ, ੫੫:੧ (1380)

ਪਲੀਤਹ ---- (ਫਾ. ਪਲੀਦ), ਨੀਚ, ਗੰਦੇ
"ਪਾਂਚ ਪਲੀਤਹ ਕਉ ਪਰਬੋਧੈ।" (ਪੰਜ ਇੰਦਰੇ)
– ਗੋਂਡ ਕਬ, ੧੦, ੩:੨ (873)

ਪਲੀਤਾ ----- (1) (ਫਾ. ਪਲੀਤਹ) ਅੱਗ ਲਾਉਣ ਲਈ ਬਣਾਇਆ ਗਿਆ, ਮਸਾਲੇ ਵਾਲਾ ਧਾਗਾ
"ਕਹੁ ਕਬੀਰ ਜਿਨਿ ਦੀਆ ਪਲੀਤਾ ਤਿਨਿ ਤੈਸੀ ਝਲ ਦੇਖੀ।"
– ਗਉ ਕਬ, ੪੭, ੩:੨ (333)
(2) ਤੋਪ ਨੂੰ ਅੱਗ ਦੇਣ ਦਾ ਤੋੜਾ
"ਪ੍ਰੇਮ ਪਲੀਤਾ ਸੁਰਤਿ ਹਵਾਈ ਗੋਲਾ ਗਿਆਨੁ ਚਲਾਇਆ।"
– ਭੈਰ ਕਬ, ੧੭, ੪:੧ (1161)

ਪਲੀਤੀ ----- (ਫਾ. ਪਲੀਦ), ਗੰਦਾ, ਅਪਵਿੱਤਰ
"ਮੂਤ ਪਲੀਤੀ ਕਪੜੁ ਹੋਇ।"
– ਜਪੁ ੧, ੨੦:੩ (4)

ਹੋਰ ਰੂਪ:

ਪਲੀਤੁ –
"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।" (ਗੰਦਾ, ਅਪਵਿੱਤਰ)
– ਮਾਝ ੧, ਵਾਰ ੬ਸ, ੧, ੧:੧ (140)

ਪਲੁ ------- ਸਮੇਂ ਦੀ ਇਕ ਇਕਾਈ, ਪਲਕ ਝਮਕਨ ਜਿਨਾ ਸਮਾਂ
"ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ।"
– ਸਿਰੀ ੧, ੨੦, ੧*:੨ (21)

ਪਲੂ ------- ਫੁਲ ਦੀ ਪੰਖੜੀ, ਪੱਤੇ
"ਪਲੂ ਅਨਤ ਮੂਲੁ ਬਿਚਕਾਰਿ।"
– ਰਾਮ ਬੇਣੀ, ੧, ੮:੨ (974)

ਪਲੇ ------- ਪਲ ਵਿਚ, ਅੱਖ ਝਮਕਾਣ ਦੇ ਸਮੇਂ ਵਿਚ
"ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ।"
– ਜੈਤ ੫, ੨, ੪:੬ (705)

(2) ਲੜ, ਦਾਮਨ
"ਨਾਨਕ ਦਾਸ ਧੂਰਿ ਜਨ ਬਾਂਛੈ ਉਧਰਹਿ ਲਾਗਿ ਪਲੇ।"
– ਸਾਰ ੫, ੧੨੦, ੨:੨ (1227)

ਪਲੇਟਿ ----- ਲਪੇਟ ਕੇ, ਗਲੇਫ ਕੇ
"ਕੂੜਿ ਠਗੀ ਗੁਝੀ ਨ ਰਹੈ ਕੂੜੁ ਮੁਲੰਮਾ ਪਲੇਟਿ ਧਰੇਹੁ।"
– ਗਉ ੪, ਵਾਰ ੨੦ਸ, ੩, ੧:੬ (311)

ਹੋਰ ਰੂਪ:

ਪਲੇਟਿਆ –
"ਗ੍ਰਿਸਤਿ ਕੁਟੰਬਿ ਪਲੇਟਿਆ ਕਦੇ ਹਰਖੁ ਕਦੇ ਸੋਗੁ।" (ਭਾਵ ਘਿਰਿਆ ਹੋਇਆ)
– ਸਿਰੀ ੫, ੨੬, ੩:੨ (70)

ਪਲੇਟੇ –
"ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ।" (ਲਪੇਟੇ ਹੋਏ)
– ਮਲਾ ੧, ਵਾਰ ੧੪:੬ (1284)

ਪਲੈ ------- (1) ਲੜ ਵਿਚ
"ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੈ ਰਹਿਆ ਸਮਾਇ।" (ਭਾਵ ਕੋਲ)
– ਸਿਰੀ ੧, ੪, ੪:੧ (15)

"ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ।"
– ਸਿਰੀ ੫, ਅਸ ੨੯, ੮:੩ (73)

(2) ਲੜ
"ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ।"
– ਰਾਮ ੫, ਵਾਰ ੧੪ਸ, ੫, ੧:੨ (963)

ਪਲੋ ------- ਪਲ ਭਰ ਵਿਚ
"ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ ਘਰੀ ਪਲੋ।"
– ਸਾਰ ੫, ੩, ੩:੧ (1203)

ਪਲੋਇ ----- ਪਲਾਇਣ ਕਰ/ਤੁਰ ਜਾਂਦੇ ਹਨ, ਲੋਪ ਹੋ ਜਾਂਦੇ ਹਨ
"ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ।"

– ਸਿਰੀ ੧, ਅਸ ੧੭, ੮:੧ (64)

ਪਲੋਸਉ ---- ਮਲਦਾ ਹਾਂ
“ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ।”
– ਰਾਮ ਕਬ, ੪, ੧:੨ (969)

ਪਲੋਸਿ ----- ਮਲ ਕੇ, ਹੱਥ ਫੇਰ ਕੇ
“ਮੂਡ ਪਲੋਸਿ ਕਮਰ ਬਧਿ ਪੋਥੀ।”
– ਗੋਂਡ ਕਬ, ੬, ੩:੩ (871)

ਪਲੋਵੈ ------ ਲੈ/ਲੀਨ ਹੋਵੇ
“ਤੀਨਿ ਤਿਲੋਕ ਸਮਾਧਿ ਪਲੋਵੈ।”
– ਰਾਮ ਬੇਣੀ, ੧, ੫:੨ (974)

ਪਲ੍ਰਰਨਿ ---- ਭੋਹ ਦੇ, ਪਰਾਲੀ ਦੇ (ਭਾਅ)
“ਅਗਵਣ ਵਿਕਣਿ ਪਲ੍ਰਰਨਿ ਗੁਣ ਕੀ ਸਾਝ ਕਰੰਨ੍ਹਿ।”
– ਸੂਹੀ ੩, ਅਸ ੩, ੨੫:੨ (756)

ਪਲ੍ਰਰਿ ----- (1) ਪਰਾਲੀ/ਭੋਹ ਦੇ (ਬਦਲੈ)
“ਹਰਿ ਸੁਖੁ ਪਲ੍ਰਰਿ ਤਿਆਗਿਆ ਨਾਮੁ ਵਿਸਾਰਿ ਦੁਖੁ ਪਾਏ।”
– ਬਿਲਾ ੪, ਵਾਰ ੫ਸ, ੩, ੧:੨ (850)
(2) ਦੂਰ ਕਰ ਕੇ
“ਦੁਖੁ ਪਲਰਿ ਹਰਿ ਨਾਮੁ ਵਸਾਏ।”
– ਮਲਾ ੩, ਅਸ ੩, ੧:੨ (1277)

ਪਵਈ ----- ਪੈਂਦੀ
“ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ।”
– ਸਿਰੀ ੧, ਅਸ ੧੧, ੩:੨ (60)
(ਮਹਾਨਕੋਸ਼ ਇਸ ਦੇ ਅਰਥ ਪ੍ਰੀਂਦਾ ਕਰਦਾ ਹੈ)
“ਬਿਨੁ ਹਰਿ ਭਗਤਿ ਨ ਪਵਈ ਥਾਇ।”
– ਆਸਾ ੧, ਅਸ ੧੦, ੬:੨ (416)

ਪਵਈਆ --- ਪੈਂਦਾ ਹੈ ਪ੍ਰਾਪਤ ਹੁੰਦਾ ਹੈ, ਪਾਉਂਦਾ ਹੈ
“ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ।”
– ਬਿਲਾ ੪, ਅਸ ੪, ੨:੨ (835)
“ਅਨੇਕ ਜਨਮ ਕੇ ਵਿਛੁੜੇ ਜਨ ਮੇਲੇ ਜਾ ਸਤਿਸਤਿ ਸਤਿਗੁਰ ਸਰਣਿ ਪਵਈਆ।”
– ਬਿਲਾ ੪, ਅਸ ੬, ੪:੨ (836)

ਪਵਸਿ ----- ਪੈਂਦੀ ਹੈ
“ਲੋਚਨ ਸੂਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ।”
– ਸਿਰੀ ਬੇਣੀ, ੧, ੪:੨ (93)

ਪਵਹਿ ----- ਪੈਂਦੇ ਹਨ
“ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ।”
– ਜਪੁ ੧, ੨੩:੧ (5)

ਹੋਰ ਰੂਪ:

ਪਵਹੀ –
“ਪਪੈ ਪਾਰਿ ਨ ਪਵਹੀ ਮੂੜੇ ਪਰਪੰਚਿ ਤੂੰ ਪਲਚਿ ਰਹਿਆ।” (ਪੈਂਦਾ)
– ਆਸ ੩, ਪਟੀ ੧੦:੧ (435)

ਪਵਹੁ –
“ਤਿਸੁ ਸਤਿਗੁਰ ਕੀ ਸਭ ਪਗੀ ਪਵਹੁ ਜਿਨਿ ਮੋਹ ਅੰਧੇਰੁ ਚੁਕਾਇਆ।” (ਡਿਗ ਪਵੋ)
– ਵਡ ੪, ਵਾਰ ੩:੪ (586)

ਪਵਗੇ ------ ਪਾਵਨ, ਪਵਿੱਤਰ
“ਤੁਮਰੀ ਸੰਗਤਿ ਹਰਿ ਕੋ ਕੋ ਨ ਉਧਰਿਓ ਪ੍ਰਭ ਕੀਏ ਪਤਿਤ ਪਵਗੇ।”
– ਨਟ ੪, ੪, ੨:੧ (976)

ਪਵਣ ------ ਹਵਾ
“ਪਵਣ ਪਾਣੀ ਅਗਨੀ ਪਾਤਾਲ।”
– ਜਪੁ ੧, ੩੪:੨ (7)

ਹੋਰ ਰੂਪ:

ਪਵਣਾ –
“ਸੇਜ ਸੁਖਾਲੀ ਸੀਤਲੁ ਪਵਣਾ ਸਹਜ ਕੇਲ ਰੰਗ ਕਰਣਾ ਜੀਉ।”
– ਮਾਝ ੫, ੧੯, ੩:੩ (100)

ਪਵਣਾ ----- (1) ਪੈਣਾ
“ਗਲਾਂ ਕਰੇ ਘਣੇਰੀਆ ਤਾ ਅੰਨ੍ਹੇ ਪਵਣਾ ਖਾਤੀ ਟੋਵੈ।”
– ਸਲੋ ੧, ੩੨:੨ (1412)

(2) ਹਵਾ, ਵੇਖੋ ਪਵਣ

ਹੋਰ ਰੂਪ:

ਪਵਣਿ –
“ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ।” (ਪਵਣ ਨਾਲ)
– ਰਾਮ ੧, ੪, ੨:੧ (877)

ਪਵਣੁ –
“ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।” (ਹਵਾ)
– ਜਪੁ ੧, ੩੮ਸ:੧ (8)
“ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ।” (ਭਾਵ ਸੁਆਸ)
– ਮਾਝ ੪, ੭, ੩:੧ (96)
“ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ।” (ਭਾਵ ਆਵਾਜ਼)
– ਆਸਾ ੧, ੧੯, ੨:੧ (354)

ਪਵਣੇ ------ ਪੈਂਦੇ ਹਨ
“ਨਾਨਕ ਜਨਿ ਪਾਇਆ ਮਤਿ ਗੁਰਮਤਿ ਜਪਿ ਹਰਿ ਹਰਿ ਪਾਰਿ ਪਵਣੇ।”
– ਭੈਰ ੪, ੭, ੪:੨ (1136)

ਪਵਣੈ ------ ਹਵਾ/ਸੁਆਸਾਂ ਦੇ

"ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ।"

– ਸਿਰੀ ੧, ਅਸ ੧੫, ੫:੩ (63)

ਪਵੰਦੜੇ ---- ਪੈਂਦੇ ਭਾਵ ਲਗਦੇ

"ਪਾਰਿ ਪਵੰਦੜੇ ਡਿਠੁ ਮੈ ਸਤਿਗੁਰ ਬੋਹਿਥਿ ਚਾੜਿ।"

– ਮਾਰੂ ੧, ਅਸ ੧੦, ੬:੨ (1015)

ਪਵੰਦੀ ----- ਪੈਂਦਿਆਂ

"ਕਿੜੀ ਪਵੰਦੀ ਮੁਹਾਇਓਨੁ ਭਾਈ ਬਿਖਿਆ ਨੋ ਲੋਭਾਇ।"

– ਸੋਰ ੩, ਅਸ ੩, ੭:੨ (639)

ਹੋਰ ਰੂਪ:

ਪਵੰਦੀਈ –

"ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ।"

– ਸਲੋ ਫਰ, ੧:੮ (1377)

ਪਵਦੇ ------ ਪੈਂਦੇ

"ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ।"

– ਸਲੋ ੫, ੧:੨ (1424)

ਪਵਨ ------ ਹਵਾ

"ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ।" (ਭਾਵ ਸੁਆਸਾਂ ਦਾ)

– ਸਿਰੀ ਕਬ, ੩, ੩:੧ (92)

"ਅਸੁ ਪਵਨ ਹਸਤਿ ਅਸਵਾਰੀ।" (ਹਵਾ ਵਾਂਗ)

– ਗਉ ੫, ੮੧, ੨:੧ (179)

"ਕਾਹੂ ਪਵਨ ਧਾਰ ਜਾਤਿ ਬਿਹਾਏ।" (ਪ੍ਰਾਣਾਯਾਮ ਕਰਦਿਆਂ)

– ਰਾਮ ੫, ਅਸ ੩, ੪:੩ (914)

ਹੋਰ ਰੂਪ:

ਪਵਨਾ –

"ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।"

– ਸਿਰੀ ੧, ੧੫, ੩:੧ (19)

"ਬੋਲੈ ਪਵਨਾ ਗਗਨੁ ਗਰਜੈ।" (ਪ੍ਰਾਣ)

– ਰਾਮ ੧, ਸਿਗੋ ੫੦:੫ (943)

ਪਵੰਨਾ ----- ਪਵਿੱਤਰ, ਪਾਵਨ

"ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ।"

– ਬਿਲਾ ੪, ੧, ੩:੧ (799)

ਪਵਨਿ ----- (1) ਪੈਂਦੇ ਹਨ

"ਢੰਢੋਲਤ ਢੂਢਤ ਹਉ ਫਿਰੀ ਢਹਿ ਢਹਿ ਪਵਨਿ ਕਰਾਰਿ।"

– ਰਾਮ ੧, ਓਅੰ ੩੧:੧ (933)

"ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ।" (ਪੈਣ)

– ਸਲੋ ਫਰ, ੭੯:੨ (1381)

ਹੋਰ ਰੂਪ:

ਪਵੰਨਿ –

“ਘਰਿ ਘਰਿ ਏਹੋ ਪਾਹੁੰਚਾ ਸਦੜੇ ਨਿਤ ਪਵੰਨਿ।” (ਪੈਂਦੇ ਹਨ)

– ਗਉ ੧, ਸੋਹ ੧, ੪:੧ (12)

“ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ।”

– ਸੂਹੀ ੩, ਅਸ ੩, ੬:੨ (755)

(2) ਹਵਾ ਨਾਲ

“ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ।”

– ਸਾਰ ੫, ੬੧, ੧*:੨ (1216)

ਹੋਰ ਰੂਪ:

ਪਵਨੁ –

“ਏਕੋ ਪਵਨੁ ਕਹਾ ਕਉਨੁ ਰੋਤਿ।”

– ਗਉ ੫, ੧੧੨, ੨:੨ (188)

“ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ।” (ਸੁਆਸਾਂ ਦੀ)

– ਗਉ ਕਬ, ੪੯, ੧:੧ (333)

“ਪਵਨੁ ਨ ਸਾਧਿਆ ਸਚੁ ਨ ਅਰਾਧਿਆ।” (ਸੁਆਸ)

– ਰਾਮ ੧, ਸਿਗੋ ੬੨:੪ (945)

ਪਵਨੈ –

“ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।” (ਪਵਨ ਤੋਂ)

– ਸਿਰੀ ੧, ੧੫, ੩:੧ (19)

“ਸੰਤਹੁ ਮਨ ਪਵਨੈ ਸੁਖੁ ਬਨਿਆ।” (ਪਵਨ ਵਰਗੇ ਮਨ ਨੂੰ)

– ਸੋਰ ਕਬ, ੧੦, ੧*:੧ (656)

ਪਵਲਿਰਯ --- ਛੇਤੀ ਪੈਂਦੇ ਹਨ ਭਾਵ ਤੇਜ਼ ਚਾਲ ਚਲਦੇ ਹਨ

“ਚਰਣ ਤਾ ਪਰ ਸਕਯਥ ਚਰਣ ਗੁਰ ਅਮਰ ਪਵਲਿਰਯ।”

– ਸਵ ੩, ੧੦:੧ (1394)

ਪਵੜੀਆ --- ਪਉੜੀਆਂ

“ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।”

– ਜਪੁ ੧, ੩੨:੩ (7)

ਪਵਾ ------ ਕਾਰਜ ਦੇ ਹੋਣ ਦੀ ਕਿਰਿਆ

“ਹਉ ਗੁਰ ਸਰਣਾਈ ਢਹਿ ਪਵਾ ਕਰਿ ਦਇਆ ਮੇਲੇ ਪ੍ਰਭੁ ਸੋਇ।” (ਡਿਗ ਪਵਾਂ)

– ਸਿਰੀ ੪, ੬੫, ੨:੩ (39)

“ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ।” (ਹੋਵਾਂ)

– ਮਾਰੂ ੩, ਵਾਰ ੧੪ਸ, ੧, ੩:੩ (1091)

ਹੋਰ ਰੂਪ:

ਪਵਾਂ –

“ਆਪ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ।”

– ਮਾਝ ੫, ਦਿਨ ੧:੨ (136)

ਪਵਾਇ ----- ਪੁਆ ਕੇ, ਆਯੋਜਿਤ ਕਰਕੇ
"ਆਪੇ ਛਿੰਝ ਪਵਾਇ ਮਲਾ ਖਾੜਾ ਰਚਿਆ।"
– ਮਲਾ ੧, ਵਾਰ ੪:੧ (1280)

ਹੋਰ ਰੂਪ:

ਪਵਾਇਆ –
"ਪਾਥਰ ਕਉ ਬਹੁ ਨੀਰੁ ਪਵਾਇਆ।" (ਪੁਆਇਆ)
– ਭੈਰ ੫, ੫, ੨:੧ (1137)

ਪਵਾਇਦਾ --- ਪੁਆਉਂਦਾ
"ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ।"
– ਗਉ ੪, ੬੮, ੪:੩ (174)

ਪਵਾਈ ----- ਕਰਾਉਂਦਾ
"ਹਰਿ ਦਸਹੁ ਸੰਤਹੁ ਜੀ ਹਰਿ ਖੋਜੁ ਪਵਾਈ ਜੀਉ।"
– ਗਉ ੪, ੭੦, ੩:੨ (175)
"ਸਾਚ ਧਰਮ ਕਾ ਬੇੜਾ ਬਾਂਧਿਆ ਭਵਜਲੁ ਪਾਰਿ ਪਵਾਈ।" (ਕਰਾ ਦਿਤੀ)
– ਰਾਮ ੫, ਅਸ ੬, ੧੬:੧ (916)

ਪਵਾਹੀ ----- ਪਹੇ/ਮਾਰਗ/ਰਸਤੇ ਦੀ
"ਫਰੀਦਾ ਥੀਉ ਪਵਾਹੀ ਦਭੁ।"
– ਸਲੋ ਫਰ, ੧੬:੧ (1378)

ਪਵਾਨ ----- ਪਵਨ, ਹਵਾ
"ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।"
– ਗਉ ੫, ਸੁਖ ੮, ੧:੬ (272)

ਪਵਾਰਿ ----- ਯਮਲੋਕ ਵਿਚ, ਪ੍ਰਲੋਕ ਵਿਚ
"ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ।" (ਭਾਵ ਘੂਕ ਸੌਂ ਗਿਆ)
–ਮਾਝ ੧, ਵਾਰ ੧੭ਸ, ੧, ੧:੭ (146)

ਪਵਾੜੇ ----- ਝਗੜੇ
"ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ।" (ਝਗੜੇ ਜੰਗ ਵਿਚ ਜਿਤ ਕੇ ਮੁਕਾ ਦਿਤੇ)
– ਆਸਾ ੫, ੩੮, ੨:੧ (380)

(ਮਹਾਨਕੋਸ਼ ਇਸ ਦੇ ਅਰਥ 'ਰਾਜੇ' ਕਰਦਾ ਹੈ)

ਪਵਿਤ ----- ਨਿਰਮਲ, ਪਵਿਤਰ, ਸ਼ੁਧ
"ਗੁਰ ਤੇ ਪਵਿਤ ਪਾਵਨ ਸੁਚਿ ਹੋਇ।"
– ਗਉ ੩, ੨੨, ੨:੩ (158)

ਹੋਰ ਰੂਪ:

ਪਵਿਤਾ –

"ਸਤਿਗੁਰੁ ਸੇਵਹਿ ਸੇ ਜਨ ਨਿਰਮਲ ਪਵਿਤਾ।" (ਪਵਿਤਰ)
– ਗਉ ੩, ਅਸ ੫, ੬:੧ (231)

ਪਵਿਤੁ –
"ਜਤੁ ਸਤੁ ਤਪੁ ਪਵਿਤੁ ਸਰੀਰਾ ਹਰਿ ਹਰਿ ਮੰਨਿ ਵਸਾਏ।" (ਪਵਿਤਰ, ਨਿਰਮਲ)
– ਸਿਰੀ ੩, ੪੫, ੩:੨ (31)

ਪਵਿਤ੍ਰ ----- ਨਿਰਮਲ ਸ਼ੁਧ
"ਕਹਤੇ ਪਵਿਤ੍ਰ ਸੁਣ ਤੇ ਸਭਿ ਧੰਨੁ ਲਿਖਤੰੀ ਕੁਲੁ ਤਾਰਿਆ ਜੀਉ।"
– ਸਿਰੀ ੫, ਛੰਤ ੩, ੫:੧ (81)

ਪਵਿਤ੍ਰਤਹ --- ਪਵਿਤ੍ਰਤਾ
"ਕੋਟਿ ਦਾਨ ਇਸਨਾਨੰ ਅਨਿਕ ਸੋਧਨ ਪਵਿਤ੍ਰਤਹ।"
– ਜੈਤ ੫, ਵਾਰ ੫ਸ, ੧:੧ (706)

ਪਵਿਤ੍ਰਾ ----- ਪਵਿਤਰ, ਨਿਰਮਲ
"ਜੀਅ ਜੰਤ ਸਭਿ ਭਏ ਪਵਿਤ੍ਰਾ ਸਤਿਗੁਰ ਕੀ ਸਚੁ ਸਾਖੀ।"
– ਸੋਰ ੫, ੫੩, ੩:੨ (622)

ਪਵਿਤ੍ਰੁ ----- ਨਿਰਮਲ, ਪਵਿਤਰ
"ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ।"
– ਆਸਾ ੧, ਵਾਰ ੧੮ਸ, ੧, ੩:੩ (472)

ਪਵੀਛੇ ----- ਪਵਿਤਰ ਹੋਏ, ਪਾਵਨ ਥੀਏ
"ਤੁਮ੍ਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ।"
– ਬਸੰ ੪, ੪, ੨:੧ (1178)

ਪਵੀਜੈ ----- ਪਵੋ, ਪੈਣਾ ਚਾਹੀਦਾ ਹੈ
"ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ।"
– ਕਲਿ ੪, ਅਸ ੬, ੫:੨ (1326)

ਪਵੀਤ ----- ਪਵਿਤਰ, ਸ਼ੁੱਧ, ਨਿਰਮਲ
"ਨਾਮੁ ਲੈਤ ਤੇ ਸਗਲ ਪਵੀਤ।"
– ਭੈਰ ੫, ੩੫, ੨:੩ (1145)

ਹੋਰ ਰੂਪ:

ਪਵੀਤਾ –
"ਕਹੁ ਰੇ ਪੰਡੀਆ ਕਉਨ ਪਵੀਤਾ।" (ਪਵਿਤਰ)
– ਗਉ, ਕਬ, ੪੧, ੧*:੧ (331)

ਪਵੀਧੇ ----- ਪਿਆ ਹਾਂ
"ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ।"
– ਬਸੰ ੪, ੫, ੪:੨ (1179)

ਪਵੇਨ ------ ਪਵਿਤਰ
"ਹਰਿ ਕੇ ਸੰਤ ਮਿਲੇ ਹਰਿ ਮਿਲਿਆ ਹਮ ਕੀਏ ਪਤਿਤ ਪਵੇਨ।"

– ਕਾਨ ੪, ੨, ੨:੨ (1295)

ਪਵੈ ------- ਪਏ, ਪੈਂਦਾ
“ਨਦਰੀ ਕਰਮਿ ਪਵੈ ਨੀਸਾਣੁ।”
– ਜਪੁ ੧, ੩੪:੧੦ (7)
“ਤੇਰੇ ਦਾਨੈ ਕੀਮਤਿ ਨਾ ਪਵੈ ਤਿਸੁ ਦਾਤੇ ਕਵਣੁ ਸੁਮਾਰੁ।” (ਪੈਂਦੀ)
– ਗਉ ੧, ਸੋਹ ੧, ੨:੨ (12)
“ਨਉ ਨਿਧਿ ਉਪਜੈ ਨਾਮੁ ਏਕੁ ਕਰਮਿ ਪਵੈ ਨੀਸਾਣੁ।” (ਪੈਂਦਾ ਹੈ)
– ਸਿਰੀ ੧, ੧੩, ੨:੩ (19)

ਪੜ ------- ਵਾਚ
“ਤੁਧੁ ਸਿਰਿ ਲਿਖਿਆ ਸੋ ਪੜ ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ।”
– ਆਸਾ ੩, ਪਟੀ ੫:੧ (434)

ਹੋਰ ਰੂਪ:

ਪੜਉ –
“ਨਾਮੇ ਸੁਚਿ ਨਾਮੋ ਪੜਉ ਨਾਮੇ ਚਜੁ ਆਚਾਰੁ।” (ਪੜਦਾ ਹਾਂ, ਵਾਚਦਾ ਹਾਂ)
– ਆਸਾ ੧, ੨੦, ੧*:੨ (355)

ਪੜਉ ------ (1) ਪੜਦਾ ਹਾਂ, ਵੇਖੋ ‘ਪੜ’
(2) ਪੈਂਦਾ
“ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ।”
– ਸੋਰ ੧, ਅਸ ੧, ੧:੧ (634)

ਪੜਈਆ --- ਪੜਿਆ ਹੈ
“ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ ਹਰਿ ਹਰਿ ਪਾਠ ਪੜਈਆ।”
– ਬਿਲਾ ੪, ਅਸ ੧, ੧*:੨ (833)

ਪੜਈਐ ---- ਪੜੀਏ, ਭਾਵ ਜਪੀਏ
“ਮੇਰੇ ਮਨ ਹਰਿ ਜਪਿ ਹਰਿ ਨਿਤ ਪੜਈਐ।”
– ਗੋਂਡ ੪, ੫, ੧*:੧ (861)

ਪੜਹਿ ----- (1) ਪਠਨ ਕੀਤਾ ਹੈ, ਪੜੇ ਹਨ
“ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ।”
– ਆਸਾ ੪, ਸਪੁ ੧, ੪:੪ (11)
“ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।” (ਪੜਦਾ ਹੈ)
– ਸਿਰੀ ੧, ੨੮, ੪:੧ (24)

ਹੋਰ ਰੂਪ:

ਪੜਹੁ –
“ਇਸੁ ਜੁਗ ਕਾ ਧਰਮੁ ਪੜਹੁ ਤੁਮ ਭਾਈ।” (ਪਠਨ ਕਰੋ, ਵਾਚੋ)
– ਗਉ ੩, ਅਸ ੩, ੧:੧ (230)

(2) ਪੈਂਦਾ ਹੈ

“ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ।”
– ਗਉ ੫, ਵਾਰ ੧੮ਸ, ੫, ੨:੨ (322)

ਹੋਰ ਰੂਪ:

ਪੜਹੁ –
“ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ।” (ਪਵੋ)
– ਆਸਾ ੧, ਪਟੀ ੧੪:੨ (433)

ਪੜਣ ------ ਪਠਨ
“ਆਪੇ ਚਾਟਸਾਲ ਆਪਿ ਹੈ ਪਾਧਾ ਆਪੇ ਚਾਟੜੇ ਪੜਣ ਕਉ ਆਣੇ।”
– ਬਿਹਾ ੪, ਵਾਰ ੧੧:੧ (552)

ਹੋਰ ਰੂਪ:

ਪੜਣਾ –
“ਹੋਰੁ ਕੂੜੁ ਪੜਣਾ ਕੂੜੁ ਬੋਲਣਾ ਮਾਇਆ ਨਾਲਿ ਪਿਆਰੁ।” (ਪਠਨ ਕਰਨਾ)
– ਸਿਰੀ ੪, ਵਾਰ ੬ਸ, ੩, ੨:੧ (84)

ਪੜਣਿ –
“ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ।” (ਪਠਨ ਕਰਨ)
– ਆਸਾ ੪, ਵਾਰ ੧੯, ੧, ੧:੩ (473)

ਪੜਤ ------ (1) ਪਠਨ ਕਰਨ ਨਾਲ
“ਦੂਜੈ ਭਾਇ ਜੇਤਾ ਪੜਹਿ ਪੜਤ ਗੁਣਤ ਸਦਾ ਦੁਖੁ ਹੋਈ।”
– ਗੂਜ ੩, ੯, ੧:੨ (492)

(2) ਪੈਂਦੇ ਹਨ
“ਜਿਤ ਮਿਰਗ ਪੜਤ ਹੈ ਚੋਰੀ।”
– ਸੋਰ ਕਬ, ੧੦, ੧:੨ (656)

ਪੜਤਉ ---- ਪੜਦਿਆਂ, ਪਠਨ ਕਰਦਿਆਂ
“ਕਹਤਉ ਪੜਤਉ ਸੁਣਤਉ ਏਕ।”
– ਧਨਾ ੧, ਅਸ ੧, ੭:੧ (686)

ਪੜੰਤਉ ---- ਪੈਂਦਿਆਂ
“ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ।”
– ਰਾਮ ੧, ਓਅੰ ੩੮:੫ (935)

ਪੜਤਾ ----- ਪਠਨ ਕਰਦਾ
“ਮੁਖਿ ਬੇਦ ਚਤੁਰ ਪੜਤਾ।”
– ਗੋਂਡ ਨਾਮ, ੧, ੨:੩ (873)

ਪੜਤਿਆ --- ਪੈਂਦੇ ਹਨ
“ਸਭ ਦੂ ਵਡੇ ਭਾਗ ਗੁਰਸਿਖਾ ਕੇ ਜੋ ਗੁਰ ਚਰਣੀ ਸਿਖ ਪੜਤਿਆ।”
– ਸੋਰ ੪, ਵਾਰ ੧੮:੫ (649)

ਪੜੰਤਿਆ --- ਪੜਦਿਆਂ/ਪੜਨ ਵਾਲਿਆਂ ਤੋਂ

"ਪੂਛਉ ਬੇਦ ਪੜੰਤਿਆ ਮੂਠੀ ਵਿਣੁ ਮਾਨੇ।"
– ਮਾਰੂ ੧, ਅਸ ੬, ੮:੨ (1012)

ਪੜਤੇ ------ ਪੈਂਦੇ, ਡਿਗਦੇ
"ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ।"
– ਗਉ ੪, ਵਾਰ ੩੨:੮ (317)

ਹੋਰ ਰੂਪ:

ਪੜੰਤੇ –
"ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ।" (ਪੈਂਦੇ)
– ਆਸਾ ੫, ੧੪੧, ੨:੧ (406)

ਪੜਦਾ ----- (ਫ਼ਾ. ਪਰਦਾ) ਪਰਦਾ
"ਅੰਤਰਿ ਅਗਿਆਨ ਦੁਖ ਭਰਮੁ ਹੈ ਵਿਚਿ ਪੜਦਾ ਦੂਰਿ ਪਈਆਸਿ।"
– ਸਿਰੀ ੪, ੬੭, ੩:੨ (40)
"ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ।"
(ਭਾਵ ਮੇਰੀ ਇਜ਼ਤ ਰਖ ਲਈ)
– ਮਾਝ ੫, ੨੪, ੪:੩ (101)
"ਗੁਰਿ ਖੋਲਿਆ ਪੜਦਾ ਦੇਖਿ ਭਈ ਨਿਹਾਲੁ।" (ਭਾਵ ਭੇਦ ਖੋਲਿਆ)
– ਬਿਲਾ ੫, ੧, ੪:੪ (801)
"ਜਿਸੁ ਕਰਮੁ ਖੁਲਿਆ ਤਿਸੁ ਲਹਿਆ ਪੜਦਾ ਜਿਨਿ ਗੁਰ ਪਹਿ ਮੰਨਿਆ ਸੁਭਾਇ।"
(ਭਰਮ ਦਾ ਪਰਦਾ)
– ਮਾਰੂ ੫, ੧੧, ੫:੧ (1002)

ਪੜਦੇ ------ (1) ਪਠਨ ਕਰਦੇ
"ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ।" (ਉਚਾਰਣ ਕਰਦੇ)
– ਸਿਰੀ ੧, ਅਸ ੧, ੩:੩ (53)

(2) ਪਰਦੇ
"ਅਨਿਕ ਪੜਦੇ ਮਹਿ ਕਮਾਵੈ ਵਿਕਾਰ।"
– ਗਉ ੫, ੧੪੦, ੩:੧ (194)

ਪੜਨ ------ ਪਠਨ ਕਰਨ
"ਆਇਓ ਸੁਨਨ ਪੜਨ ਕਉ ਬਾਣੀ।"
– ਸਾਰ ੫, ੭੯, ੧*:੧ (1219)

ਹੋਰ ਰੂਪ:

ਪੜਨਿ –
"ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ।"
– ਜਪੁ ੧, ੨੭:੧੦ (6)

ਪੜਨਸਾਲ --- ਪਾਠਸ਼ਾਲਾ, ਸਕੂਲ
"ਪ੍ਰਹਲਾਦ ਪਠਾਏ ਪੜਨਸਾਲ।"
– ਬਸੰ ਕਬ, ੪, ੧:੧ (1194)

ਪੜਾ ------ ਪਠਨ ਕਰਾਂ
"ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ।"
- ਮਾਰੂ ੩, ਵਾਰ ੧੧ਸ, ੩, ੧:੧ (1090)

ਪੜਾਇ ----- ਪੜ੍ਹਵਾ ਕੇ, ਚਿਰਵਾਕੇ
"ਕੰਨ ਪੜਾਇ ਕਿਆ ਖਾਜੈ ਭੁਗਤਿ।"
- ਰਾਮ ੩, ਵਾਰ ੧੨ਸ, ੧, ੭:੨ (953)

ਹੋਰ ਰੂਪ:

ਪੜਾਏ -
"ਮਖਟੂ ਹੋਇ ਕੈ ਕੰਨ ਪੜਾਏ।"
- ਸਾਰ ੪, ਵਾਰ ੨੨ਸ, ੧, ੧:੩ (1245)

ਪੜ੍ਹਾਵਸਿ --- ਪੜਾਉਂਦਾ/ਪਠਨ ਕਰਾਉਂਦਾ ਹੈ
"ਮੈ ਕਉ ਕਹਾ ਪੜ੍ਹਾਵਸਿ ਆਲ ਜਾਲ।"
-ਬਸੰ ਕਬ, ੪, ੧:੩ (1194)

ਪੜਾਵਹਿ ---- ਪੜ੍ਹਾਉਣ
"ਕਿਸੈ ਪੜਾਵਹਿ ਪੜਿ ਗੁਣਿ ਬੂਝੇ ਸਤਿਗੁਰ ਸਬਦਿ ਸੰਤੋਖਿ ਰਹੇ।"
- ਆਸਾ ੧, ੧੭, ੧:੨ (353)

ਪੜਾਵਣੇ ---- ਪੜ੍ਹਾਉਣ ਨਾਲ
"ਨਾ ਤੂ ਆਵਹਿ ਵਸਿ ਬੇਦ ਪੜਾਵਣੇ।"
- ਰਾਮ ੫, ਵਾਰ ੧੦:੨ (962)

ਪੜਾਵਤ ---- ਪੜ੍ਹਾਉਂਦਿਆਂ
"ਸੂਆ ਪੜਾਵਤ ਗਨਿਕਾ ਤਰੀ।"
- ਗੋਂਡ ਨਾਮ, ੫, ੨:੩ (874)

ਪੜਿ ------ (1) ਪੜ ਕੇ, ਪਠਨ ਕਰਕੇ
"ਸੁਣਿਐ ਪੜਿ ਪੜਿ ਪਾਵਹਿ ਮਾਨੁ।"
- ਜਪੁ ੧, ੧੦:੩ (3)

"ਸੂਤੁ ਜਨੇਊ ਪੜਿ ਗਲਿ ਪਾਵੈ।" (ਮੰਤਰ ਪੜ੍ਹਕੇ)
- ਰਾਮ ੩, ਵਾਰ ੧੧ਸ, ੧, ੨:੨ (951)

(2) ਪੈ ਕੇ
"ਪਾਸਿ ਨ ਦੇਈ ਕੋਈ ਬਹਣਿ ਜਗਤ ਮਹਿ ਗੂਹ ਪੜਿ ਸਗਵੀ ਮਲੁ ਲਾਇ ਮਨਮੁਖੁ ਆਇਆ।"
- ਗਉ ੪, ਵਾਰ ੧੨ਸ, ੪, ੧:੨ (306)

"ਰੀ ਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ।"
- ਆਸਾ ੩, ਪਟੀ ੧:੨ (434)

"ਹਰਿ ਆਪੇ ਮਾਰੈ ਹਰਿ ਆਪੇ ਛੋਡੈ ਮਨ ਹਰਿ ਸਰਣੀ ਪੜਿ ਰਹੀਐ।" (ਪੈ)
- ਵਡ ੪, ਵਾਰ ੨੧:੩ (594)

ਪੜਿਓ ----- ਪੜਿਆ, ਪਠਨ ਕੀਤਾ

"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।"
– ਸੋਰ ੫, ਅਸ ੩, ੧:੧ (641)

ਪੜਿਆ ---- (1) ਪੜਿਆ ਹੋਇਆ
"ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ।"
– ਆਸਾ ੫, ਸੋਪੁ ੩, ੨:੧ (12)
"ਪੜਿਆ ਅਣਪੜਿਆ ਪਰਮ ਗਤਿ ਪਾਵੈ।"
– ਗਉ ੫, ੧੫੯, ੧:੨ (197)

(2) ਪਿਆ
"ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ।"
– ਗਉ ੧, ੧੪, ੩:੨ (155)
"ਗਿਆਨ ਅੰਜਨ ਜਾਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ।"
– ਸੋਰ ੫, ੬, ੩:੧ (610)
"ਸੰਤਨ ਕੀ ਸਰਣਾਈ ਪੜਿਆ।"
– ਮਾਰੂ ੫, ਸੋਲਾ ੧੨, ੭:੧ (1078)

(3) ਉਚਾਰਣ ਕੀਤਾ
"ਮੈ ਮੂਰਖ ਹਰਿ ਹਰਿ ਜਪੁ ਪੜਿਆ।"
– ਗਉ ੪, ੩੯, ੧:੩ (163)

(4) ਵਾਪਰਿਆ
"ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ।"
– ਆਸਾ ੧, ੩੬, ੨:੨ (359)

(5) ਭਾਵ ਡਿਗ ਪਿਆ, ਢਹਿ ਢੇਰੀ ਹੋ ਗਿਆ
"ਸੂਰਜ ਚੜਿਆ ਪਿੰਡੁ ਪੜਿਆ ਤੇਲੁ ਤਾਵਣਿ ਤਾਤਓ।"
– ਆਸਾ ੧, ਛੰਤ ੫, ੨:੪ (439)

(6) ਭਾਵ ਸਿਖਿਆ
"ਮਨ ਐਸਾ ਲੇਖਾ ਤੂੰ ਕੀ ਪੜਿਆ।"
– ਆਸਾ ੩, ਪਟੀ ੧*:੧ (434)

(7) ਹੋਇਆ, ਪੈ ਗਿਆ
"ਭੈ ਕਉ ਭਉ ਪੜਿਆ ਸਿਮਰਤ ਹਰਿ ਨਾਮ।"
– ਭੈਰ ੫, ੫੨, ੧*:੧ (1151)

(8) ਪਠਨ ਨਾਲ, ਪੜਨ ਨਾਲ ਭਾਵ ਗਿਆਨਵਾਨ ਹੋਣ ਨਾਲ
"ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ।"
– ਭੈਰ ੧, ਅਸ ੧, ੮:੧ (1153)

ਹੋਰ ਰੂਪ:

ਪੜਿਐ –
"ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ।"
– ਸਿਰੀ ੩, ੬੪, ੧:੪ (59)

ਪੜਿਬੇ ਪੜਿਬੋ – ਪੜਨਾ ਭਾਵ ਵਿਦਵਤਾ/ਗਿਆਨ ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ।"

– ਸਲੋ ਕਬ, ੪੫:੧ (1366)

ਪੜੀ ------ ਪਈ

"ਬੇਦ ਕੀ ਬਿਪਤਿ ਪੜੀ ਪਛੁਤਾਨਿਆ।"

– ਗਉ ੧, ਅਸ ੯, ੧:੨ (224)

ਪੜੀਅਹਿ --- ਉਚਾਰਨ ਕਰੀਏ, ਪਠਨ ਕਰੀਏ, ਵਾਚੀਏ

"ਬੋਲਾ ਜੋ ਸਮਝਾਈਐ ਪੜੀਅਹਿ ਸਿੰਮ੍ਰਿਤ ਪਾਠ।"

– ਮਾਝ ੧, ਵਾਰ ੧੨ਸ, ੧, ੧:੪ (143)

"ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ।" (ਭਾਵ ਦਸੀਦੇ ਹਨ)

– ਬਸੰ ੧, ੧੧, ੧:੨ (1171)

ਪੜੀਆਹ --- ਪੈਂਦੀਆਂ ਹਨ

"ਤਿਨ ਦੁਖੁ ਨ ਕਬਹੁ ਉਤਰੈ ਸੇ ਜਮ ਕੈ ਵਸ ਪੜੀਆਹ।"

– ਮਾਝ ੫, ਬਾਰਾ ੧੦:੫ (135)

"ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ।" (ਪਈਆਂ ਢਠੀਆਂ ਹਨ)

– ਮਾਝ ੫, ਬਾਰਾ ੧੦:੮ (135)

ਪੜੀਐ ----- (1) ਪਠਨ ਕਰੀਏ

"ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ।"

– ਸਿਰੀ ੩, ਅਸ ੨੩, ੬:੨ (68)

(2) ਭਾਵ ਕਹੀਦਾ ਹੈ

"ਤੁਧੁ ਜੇਵਡੁ ਹੋਇ ਸੁ ਆਖੀਐ ਤੁਧੁ ਜੇਹਾ ਤੂਹੈ ਪੜੀਐ।"

– ਗਉ ੪, ਵਾਰ ੩:੨ (301)

(3) ਪੈਂਦੇ ਹਨ

"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।"

– ਗਉ ੪, ਵਾਰ ੯:੪ (304)

"ਥਿਰੁ ਸਾਧੂ ਸਰਣੀ ਪੜੀਐ ਚਰਣੀ ਅਬ ਟੂਟਸਿ ਮੋਹ ਜੁ ਕਿਤੀਐ।" (ਪਈਏ)

– ਆਸਾ ੫, ਛੰਤ ੪, ੩:੫ (455)

ਪੜੀਵਦੈ ---- ਪ੍ਰਾਪਤ ਕਰਨ ਲਈ

"ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ।"

– ਰਾਮ ਬਸ, ਵਾਰ ੧:੨ (966)

ਪੜ੍ਹੁ ------- ਪੜ੍ਹ

"ਪੰਡਿਤ ਹਰਿ ਪੜ੍ਹੁ ਤਜਹੁ ਵਿਕਾਰਾ।"

– ਗਉ ੩, ਅਸ ੨, ੧*:੧ (229)

ਹੋਰ ਰੂਪ:

ਪੜੇ –

"ਆਖਹਿ ਪੜੇ ਕਰਹਿ ਵਖਿਆਣ।" (ਪਠਨ ਕਰੇ)

– ਜਪੁ ੧, ੨੬:੧੨ (5)

ਪੜੇ ------- (1) ਪਠਨ ਕਰੇ, ਵੇਖੋ 'ਪੜ੍ਹ'

ਹੋਰ ਰੂਪ:

ਪੜੈ –

"ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।"

– ਸਿਰੀ ੩, ੫੧, ੨:੨ (33)

(2) ਪੜਿਆ, ਹੋਇਆ ਨੂੰ

"ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ।"

– ਸਿਰੀ ੧, ੩, ੧:੩ (15)

(3) ਪਏ, ਡਿਗੇ

"ਗਣਤੀ ਗਣੀ ਨ ਜਾਇ ਤੇਰੈ ਦਰਿ ਪੜੇ।"

– ਗੂਜ ੫, ਵਾਰ ੨:੨ (518)

ਪੜੈ ------- (1) ਪੜਦਾ ਹੈ, ਵੇਖੋ 'ਪੜੇ' (1)

(2) ਪਵੇ

"ਆਪਣੀ ਖੇਤੀ ਰਖਿ ਲੈ ਕੂੰਜ ਪੜੈ ਗੀ ਖੇਤਿ।"

– ਸਿਰੀ ੩, ੫੪, ੧*:੨ (34)

"ਤਿਸ ਕੈ ਪਾਲੈ ਕਛੂ ਨ ਪੜੈ।" (ਪੈਂਦਾ)

– ਗਉ ੫, ੮੦, ੩:੪ (179)

(3) ਡਿਗਣ ਨਾਲ, ਭਾਵ ਮੁਕਣ ਨਾਲ

"ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ।"

– ਸਿਰੀ ੧, ਅਸ ੧੬, ੪:੩ (63)

"ਉਡੈ ਨ ਹੰਸਾ ਪੜੈ ਨ ਕੰਧੁ।" (ਡਿਗੇ ਭਾਵ ਮੁਕੇ, ਨਾਸ ਹੋਵੇ)

– ਰਾਮ ੧, ਸਿਗੋ ੧੬:੨ (939)

"ਪਿੰਡੁ ਪੜੈ ਤਉ ਹਰਿ ਗੁਨ ਗਾਇ।" (ਸਰੀਰ, ਭਾਵੇ ਨਾਸ ਹੋ ਜਾਵੇ)

– ਭੈਰ ਨਾਮ, ੧੦, ੭:੨ (1165)

ਪੜੋਸਣਿ ---- ਗਵਾਂਢਣ, ਨਾਲ ਦੇ ਘਰ ਰਹਿਣ ਵਾਲੀ

"ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ।"

– ਸੋਰ ਨਾਮ, ੨, ੧:੧ (657)

ਪੜ੍ਹਹਿ ----- ਪੜਦਾ ਹੈ

"ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ।"

– ਭੈਰ ੩, ੨੧, ੩:੧ (1133)

ਹੋਰ ਰੂਪ:

ਪੜ੍ਹਹਿ –

"ਨਾਦੀ ਬੇਦੀ ਪੜ੍ਹਹਿ ਪੁਰਾਣ।" (ਪੜਦੇ ਹਨ)

– ਬਸੰ ੩, ੪, ੨:੨ (1169)

ਪੜ੍ਹਤ ------ ਪੜ੍ਹਦੇ

"ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ।"

– ਆਸਾ ਕਬ, ੮, ੧*:੨ (477)

ਪੜ੍ਹਾਇਆ --- ਸਿਖਿਆ ਦਿਤੀ, ਸਮਝਾਇਆ
"ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ।"
– ਪ੍ਰਭਾ ੧, ਅਸ ੪, ੪:੧ (1344)

ਪੜ੍ਹਾਵਸਿ --- ਪੜਾਉਂਦਾ ਹੈ
"ਮੋ ਕਉ ਕਹਾ ਪੜ੍ਹਾਵਸਿ ਆਲ ਜਾਲ।"
– ਬਸੰ ਕਬ, ੪, ੧:੩ (1194)

ਪੜ੍ਹਿ ------ ਪੜ੍ਹ ਕੇ
"ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ।"
– ਸਾਰ ੪, ਵਾਰ ੮ਸ, ੧, ੧:੨ (1240)

ਪੜੁ ------- ਪਠਨ ਕਰੇ
"ਜਪਿ ਮਨ ਰਾਮ ਨਾਮੁ ਪੜੁ ਸਾਰੁ।"
– ਸਾਵ ੪, ੬, ੧*:੧ (1200)

ਪੜ੍ਹੰਤਾ ----- ਪੜ੍ਹਦਾ
"ਸਾਸਤ੍ਰ ਬੇਦ ਪੁਰਾਣ ਪੜ੍ਹੰਤਾ।"
– ਸਵ ੪, ਵਾਰ ੧੩ਸ, ੧, ੧:੧ (1242)

ਪੜ੍ਹਨ ------ ਪਠਨ
"ਮੇਰੋ ਅਉਰ ਪੜਨ ਸਿਉ ਨਹੀ ਕਾਮੁ।"
– ਬਸੰ ਕਬ, ੪, ੧*:੨ (1194)

ਪੜ੍ਹਿ ------ ਪੜ ਕੇ
"ਪੰਡਿਤ ਜਨ ਮਾਤੇ ਪੜ੍ਹਿ ਪੁਰਾਨ।"
– ਬਸੰ ਕਬ, ੨, ੧:੧ (1193)

ਪੜ੍ਹਿਆ ---- ਪੜੇ ਹੋਏ
"ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ।" (ਇਨਾਂ ਦਾ ਨਾਂ ਪੜੇ ਹੋਏ ਹੈ)
– ਮਲਾ ੧, ਵਾਰ ੨੨ਸ, ੧, ੨:੧ (1288)

ਪਾ ------- (ਫਾ. ਪਾ) ਪੈਰ, 'ਪਦ' ਦਾ ਸੰਖੇਪ
"ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ।"
– ਆਸਾ ੧, ਵਾਰ ੬ਸ ੧, ੧:੧੪ (466)
"ਗੁਰ ਅਮਰਦਾਸ ਕੀਰਤੁ ਕਰੈ ਤ੍ਰਾਹਿ ਤ੍ਰਾਹਿ ਤੁਅ ਪਾ ਸਰਣ।"
– ਸਵ ੩, ੧੫:੬ (1395)

ਪਾਉ ------ (1) ਪੈਰ
"ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।"
– ਸਿਰੀ ੧, ੧, ੪:੧ (14)
"ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ।"
– ਗਉ ੫, ਵਾਰ ੧ਸ, ੫, ੨:੨ (318)
(2) ਪਵਾਂ, ਜਾਵਾਂ
"ਤੂ ਦੇਖਹਿ ਹਉ ਮੁਕਰਿ ਪਾਉ।"

- ਸਿਰੀ ੧, ੩੧, ੨:੩ (25)

"ਸਾਧ ਤੇਰੇ ਕੇ ਚਰਨੀ ਪਾਉ।"

- ਗਉ ੫, ਸੁਖ ੧੬, ੧:੯ (284)

"ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ।" (ਪੈ ਰਿਹਾ ਹਾਂ)

- ਸੂਹੀ ੫, ੪੩, ੧*:੧ (745)

(3) ਪਾਵਾਂ, ਪ੍ਰਾਪਤ ਕਰਾਂ

"ਸਿਮਰਿ ਸਿਮਰਿ ਸਦਾ ਸੁਖ ਪਾਉ।"

- ਗਉ ੫, ਸੁਖ ੧੯, ੩:੬ (288)

ਹੋਰ ਰੂਪ:

ਪਾਂਉ -

"ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ।" (ਪਾਵਾਂ, ਪ੍ਰਾਪਤ ਕਰਾਂ)

- ਸਾਰ ੫, ੧, ੧*:੨ (1202)

(4) ਤੋਲ ਦੀ ਇਕ ਇਕਾਈ, ਸੇਰ ਦਾ ਚਉਣਾ ਹਿੱਸਾ

"ਪਾਉ ਘੀਉ ਸੰਗਿ ਲੂਨਾ।"

- ਸੋਰ ਕਬ, ੧੧, ੨:੧ (656)

ਪਾਉ ------ ਪੈਰ

"ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ।"

- ਸਾਰ ੪, ੧੦, ੧:੩ (1201)

ਪਾਇ ------ (1) ਪੈਂਦੀ

"ਮੰਨੈ ਮਾਰਗਿ ਠਾਕ ਨ ਪਾਇ।"

- ਜਪੁ ੧, ੧੪:੧ (3)

(2) ਭਾਵ ਹੌਂਸਲਾ

"ਜੇ ਕੋ ਖਾਇਕੁ ਆਖਣਿ ਪਾਇ।"

- ਜਪੁ ੧, ੨੫:੧੨ (5)

(3) ਪਾਈ ਜਾਂਦੀ ਭਾਵ ਪਤਾ ਲਗਦੀ ਹੈ

"ਕਚ ਪਕਾਈ ਓਥੈ ਪਾਇ।"

- ਜਪੁ ੧, ੩੪:੧੧ (7)

(4) ਪਾ ਕੇ

"ਕੁਸਾ ਕੁਟੀਆ ਵਾਰ ਵਾਰ ਪੀਸਣਿ ਪੀਸਾ ਪਾਇ।"

- ਸਿਰੀ ੧, ੨, ੨:੧ (14)

"ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ।"

- ਸਿਰੀ ੩, ੫੫, ੨:੧ (35)

"ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ।" (ਪਾ ਕੇ, ਭਾਵ ਵਛਾ ਕੇ)

- ਰਾਮ ੧, ਓਅੰ ੪੬:੧ (936)

(5) ਪ੍ਰਾਪਤ ਕਰਦਾ ਹੈ, ਹਾਸਲ ਕਰਦਾ ਹੈ

"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ।"

- ਸਿਰੀ ੩, ੩੪, ੧:੩ (26)

"ਵਿਣ ਬੋਹਿਥ ਭੈ ਡੁਬੀਐ ਪਿਆਰੇ ਕੰਧੀ ਪਾਇ ਕਹਾਹਿ।" (ਕੰਢਾ ਕਿਵੇਂ ਪ੍ਰਾਪਤ ਕਰੇ, ਕੰਢੇ ਤੇ ਕਿਵੇਂ ਲਗੇ)

– ਸੋਰ ੧, ਅਸ ੩, ੧*:੨ (636)

(6) ਚਰਨ, ਪੈਰ

"ਸਤਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ।"

– ਸਿਰੀ ੩, ੫੪, ੪:੩ (35)

"ਵੇਖਿ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ।" (ਪੈਰਾਂ ਤੋਂ)

– ਮਾਝ ੧, ਵਾਰ ੧੧ਸ, ੧, ੨:੧ (143)

(7) ਭਾਵ ਸਕਨਾ

"ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਿਗੁਰ ਬੂਝ ਨ ਪਾਇ।"

– ਸਿਰੀ ੩, ੫੬, ੨:੩ (35)

"ਤਉ ਕੁਦਰਤਿ ਕੀਮਤਿ ਨਹੀ ਪਾਇ।"

– ਗਉ ੧, ੩, ੧*:੨ (152)

(8) ਪੈਦਾ ਕਰ/ਸਿਰਜ ਕੇ

"ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ।"

– ਮਾਝ ੧, ਵਾਰ ੨ਸ, ੧, ੧:੧ (138)

(9) ਪਾਇਆ, ਸ਼ਕਤੀ, ਕਦਰ (ਸ਼ਬਦਾਰਥ); ਬੁਨਿਆਦ, ਨੀਂਹ (ਮਹਾਨਕੋਸ਼/ਨਿਰਣੇ) ਇਜ਼ਤ ਪਾਇਆਂ (ਦਰਪਣ)

"ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ।"

– ਮਾਝ ੧, ਵਾਰ ੭ਸ, ੧, ੩:੫ (141)

(10) ਪਾਉਂਦਾ ਹੈ

"ਵਿਣੁ ਨਾਵੈ ਦੁਖੁ ਪਾਇ ਆਵਣਜਾਣਿਆ।"

– ਮਾਝ ੧, ਵਾਰ ੧੩:੭ (144)

(11) ਪਾ ਕੇ ਭਾਵ ਮਾਰ ਕੇ

"ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।"

– ਮਾਝ ੧, ਵਾਰ ੨੬ਸ, ੧, ੧:੮ (149)

(12) ਭਾਵ ਜਾਂਦਾ ਹੈ

"ਖਾਦਾ ਪੈਨਦਾ ਮੂਕਰਿ ਪਾਇ।"

– ਗਉ ੫, ੧੪੭, ੧:੧ (195)

(13) ਸੁਟਿਆ ਜਾਣਾ, ਪਾਣਾ

"ਸੰਤ ਕੈ ਦੂਖਨਿ ਨਰਕ ਮਹਿ ਪਾਇ।"

– ਗਉ ੫, ਸੁਖ ੧੩, ੧:੪ (279)

(14) ਪਾਓ

"ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ।"

– ਆਸਾ ੧, ਵਾਰ ੧੫ਸ, ੧, ੨:੪ (471)

(15) ਪਾਓ ਭਾਵ ਦਿਓ

"ਮੈ ਦਰਿ ਮਾਗਤੁ ਭੀਖਿਆ ਪਾਇ।"

– ਤਿਲੰ ੧, ੨, ੧*:੨ (721)

(16) ਕੋਲੋ, ਪਾਸੋਂ

"ਤੇਰਾ ਅੰਤੁ ਨ ਪਾਇਆ ਕਹਾ ਪਾਇ।" (ਕਿਸ ਕੋਲੋਂ)
- ਬਸੰ ੧, ੨, ੩:੨ (1168)

(17) ਪਾਇਆਂ, ਮੁਲ
"ਤੋਲਾ ਮਾਸਾ ਰਤਕ ਪਾਇ।"
- ਸਾਰ ੪, ਵਾਰ ੬ਸ, ੧, ੧:੭ (1239)

ਪਾਂਇ ------ ਬੁਨਿਆਦ, ਨੀਹ
"ਜੋਗ ਜੁਗਤਿ ਕੀ ਇਹੈ ਪਾਂਇ।"
- ਬਸੰ ੧, ਅਸ ੫, ੫:੨ (1189)

ਪਾਇਓ ---- (1) ਪ੍ਰਾਪਤ ਕੀਤਾ, ਹਾਸਲ ਕੀਤਾ
"ਵਖਤੁ ਨ ਪਾਇਓ ਕਾਦੀਆਂ ਜਿ ਲਿਖਨਿ ਲੇਖੁ ਕੁਰਾਣੁ।" (ਭਾਵ ਜਾਣਿਆ)
- ਜਪੁ ੧, ੨੧:੧੨ (4)
"ਬਿਨੁ ਗੁਰ ਕਿਨੈ ਨ ਪਾਇਓ ਬਿਰਥਾ ਜਨਮ ਗਵਾਇ।"
- ਸਿਰੀ ੩, ੫੨, ੧:੨ (33)

ਹੋਰ ਰੂਪ:

ਪਾਇਓਇ -
"ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ।" (ਤੂੰ ਪ੍ਰਾਪਤ ਕੀਤਾ)
- ਸਿਰੀ ੫, ੯੨, ੪:੧ (50)

(2) ਪਾਇਆ, ਪ੍ਰਦਾਨ ਕੀਤਾ, ਹੋਰ ਵੇਖੋ ਪਾਇਓਨੁ
"ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ।"
- ਸੋਰ ੫, ੨੧, ੧:੧ (614)

(3) ਪਾਇਆ ਭਾਵ ਸਕਿਆ
"ਕਮਲ ਹੇਤਿ ਬਿਨਸਿਓ ਹੈ ਭਵਰਾ ਉਨਿ ਮਾਰਗੁ ਨਿਕਸਿ ਨ ਪਾਇਓ।"
- ਧਨਾ ੫, ੨, ੧:੨ (670)

ਪਾਇਓਨੁ --- (1) ਪਾਇਆ ਹੈ, ਪ੍ਰਦਾਨ ਕੀਤਾ ਹੈ
"ਆਪਣਾ ਭਉ ਤਿਨ ਪਾਇਓਨੁ ਜਿਨ ਗੁਝ ਕਾ ਸਬਦੁ ਬੀਚਾਰਿ।"
-ਸਿਰੀ ੩, ੫੬, ੧:੧ (35)

(2) ਪਾਇਆ ਭਾਵ ਤੋਰਿਆ
"ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ।"
- ਸਿਰੀ ੫, ੮੮, ੪:੩ (49)

(3) ਪਾਇਆ ਹੈ ਭਾਵ ਖਿਲਾਰਿਆ ਹੈ, ਰਚਿਆ ਹੈ, ਉਪਾਇਆ ਹੈ
"ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ।"
- ਬਿਹਾ ੫, ਛੰਤ ੧, ੧:੨ (542)
"ਹਉਮੈ ਝਗੜਾ ਪਾਇਓਨੁ ਝਗੜੈ ਜਗੁ ਮੁਇਆ।" (ਪੈਦਾ ਕੀਤਾ ਹੈ)
- ਸੂਹੀ ੩, ਵਾਰ ੧੪:੨ (790)

(4) ਪ੍ਰਾਪਤ ਕੀਤਾ
"ਜੇਹਾ ਧੁਰਿ ਲਿਖਿ ਪਾਇਓਨੁ ਸੇ ਕਰਮ ਕਮਿਤਾ।"
- ਸੂਹੀ ੩, ਵਾਰ ੫:੫ (787)

ਪਾਇਅਉ --- ਪ੍ਰਾਪਤ ਕਰ ਲਿਆ

"ਗੁਰ ਪਰਸਾਦਿ ਭਇਓ ਮਨੁ ਨਿਰਮਲੁ ਸਰਬ ਸੁਖਾ ਸੁਖ ਪਾਇਅਉ।"

– ਗੂਜ ੫, ੬, ੧*:੨ (496)

ਪਾਇਅਨੁ --- ਪਾਇਆ ਹੈ

"ਜੰਤ ਉਪਾਇ ਵਿਚਿ ਪਾਇਅਨੁ ਕਰਤਾ ਅਲਗੁ ਅਪਾਰੁ।"

– ਰਾਮ ੧, ਓਅੰ ੪੯:੮ (937)

"ਇਕਿ ਆਪੇ ਉਝੜਿ ਪਾਇਅਨੁ ਇਕਿ ਭਗਤੀ ਲਾਇਅਨੁ।"

– ਰਾਮ ੩, ਵਾਰ ੨੧:੩ (956)

ਪਾਇਅੜਾ --- ਪ੍ਰਾਪਤ ਕੀਤਾ

"ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ।"

– ਗਉ ੪, ੬੬, ੩:੪ (173)

ਹੋਰ ਰੂਪ:

ਪਾਇਅੜੇ –

"ਜਿਨੀ ਹਰਿ ਹਰਿ ਨਾਮੁ ਧਿਆਇਆ ਤਿਨੀ ਪਾਇਅੜੇ ਸਰਬ ਸੁਖਾ।" (ਪ੍ਰਾਪਤ ਕਰ ਲਏ)

– ਵਡ ੪, ਵਾਰ ੬:੧ (588)

ਪਾਇਆ ---- (1) ਪ੍ਰਾਪਤ ਕੀਤਾ

"ਜਿਨਿ ਸੇਵਿਆ ਤਿਨਿ ਪਾਇਆ ਮਾਨੁ।"

– ਜਪੁ ੧, ੫:੩ (2)

"ਭਾਲਿ ਰਹੇ ਹਮ ਰਹਣੁ ਨ ਪਾਇਆ ਜੀਵਤਿਆ ਮਰਿ ਰਹੀਐ।" (ਸਕਿਆ, ਰਹਿਣਾ; ਪ੍ਰਾਪਤ ਨ ਹੋਇਆ)

– ਧਨਾ ੧, ੨, ੫:੨ (661)

"ਉਆ ਕਾ ਅੰਤੁ ਨ ਕਾਹੂ ਪਾਇਆ।" (ਪਾ ਸਕਿਆ, ਪ੍ਰਾਪਤ ਕਰ ਸਕਿਆ)

– ਗਉ ੫, ਬਾਅ, ੧੨:੪ (252)

"ਪਹੁੰਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ।" (ਪ੍ਰਾਪਤ ਹੋਇਆ, ਭਾਵ ਮਿਲਿਆ)

– ਆਸਾ ੫, ੪੧, ੧*:੨ (380)

(2) ਡਾਲਿਆ ਭਾਵ ਸਥਿਤ ਕੀਤਾ

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ।"

– ਸਿਰੀ ੪, ਪਾਹ ੩, ੧:੧ (76)

"ਸੰਤਨ ਮੋ ਕਉ ਹਰਿ ਮਾਰਗਿ ਪਾਇਆ।" (ਭਾਵ ਤੋਰਿਆ)

– ਮਾਝ ੫, ੨੧, ੪:੧ (100)

(3) ਦਿਤਾ

"ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ।"

– ਸਿਰੀ ੫, ਪਹ ੪, ੧:੩ (77)

(4) ਉਪਾਇਆ ਭਾਵ ਪੈਦਾ ਕੀਤਾ

"ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ।"

– ਮਾਝ ੧, ਵਾਰ ੩ਸ, ੨, ੨:੧ (139)

“ਮੂਰਖ ਗਣਤ ਗਣਾਇ ਝਗੜਾ ਪਾਇਆ।” (ਭਾਵ ਖੜਾ ਕੀਤਾ)
– ਮਾਝ ੧, ਵਾਰ ੪:੬ (139)

(5) ਭਾਵ ਵਸਾਇਆ, ਬਰਸਾਇਆ

“ਮੀਹੁ ਪਇਆ ਪਰਮੇਸਰਿ ਪਾਇਆ।”
– ਮਾਝ ੫, ੩੯, ੧:੧ (105)

(6) ਲਗਾਣਾ, ਪਾਉਣਾ

“ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ।”
– ਮਾਝ ੩, ਅਸ ੨੫, ੩:੧ (124)

“ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚ ਪਾਇਆ ਤੇਲ।” (ਪਾਉਣਾ)
– ਆਸਾ ੧, ੩੨, ੧:੧ (358)

(7) ਪੈਦਾ

“ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ।”
– ਗਉ ੫, ੧੬੪*, ੧:੧ (216)

“ਅਸਟ ਦਸੀ ਚਹੁ ਭੇਦੁ ਨ ਪਾਇਆ।” (ਲਭਿਆ, ਜਾਣਿਆ, ਪਾਲਿਆ)
– ਆਸਾ ੧, ੨੦, ੫:੩ (355)

“ਗੁਰਿ ਪੂਰੈ ਨਾਨਕ ਹਰਿ ਪਾਇਆ।” (ਪਾ ਲਿਆ)
– ਆਸਾ ੪, ੫੫, ੪:੨ (366)

(8) ਪਾ ਦਿਤਾ ਭਾਵ ਲਿਖ ਦਿਤਾ

“ਜੋ ਕਰਿ ਪਾਇਆ ਸੋਈ ਹੋਗੁ।” (ਹੱਥ ਵਿਚ ਲਿਖ ਦਿਤਾ)
– ਗਉ ੫, ਸੁਖ ੧੬, ੨:੨ (284)

“ਨਾਨਕ ਨਾਮੁ ਤਿਨਾ ਕਉ ਮਿਲਿਆ ਜਿਨ ਕਉ ਧੁਰਿ ਲਿਖਿ ਪਾਇਆ।” (ਦਿਤਾ)
– ਸੋਰ ੪, ਵਾਰ ੪ਸ, ੩, ੧:੪ (644)

(9) ਪਹਿਨਾਇਆ, ਗਲ ਪੁਆਇਆ

“ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।”
– ਗਉ ੪, ਵਾਰ ੧੨ਸ, ੪, ੧:੧ (306)

“ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ।”
– ਜੈਤ ੫, ਛੰਤ ੧, ੩:੫ (704)

(10) ਭਾਵ ਸੁਟਿਆ ਵਡਾਇਆ

“ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ।”
– ਆਸਾ ੧, ਛੰਤ ੫, ੩:੩ (439)

(11) ਡੇਗਿਆ, ਲਾਇਆ

“ਤਿਸ ਕਉ ਤਲਕੀ ਕਿਸੈ ਦੀ ਨਾਹੀ ਹਰਿ ਦੀਬਾਨਿ ਸਭਿ ਆਣਿ ਪੈਰੀ ਪਾਇਆ।”
– ਵਡ ੪, ਵਾਰ ੧੪:੨ (591)

(12) ਭਾਵ ਲਾਇਆ

“ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ।”
– ਸੋਰ ੫, ੪੪, ੧*:੨ (619)

(13) ਵੇਖਿਆ

“ਹਰਿ ਸੰਗਿ ਸਹਾਈ ਪਾਇਆ।”
– ਸੋਰ ੫, ੫੯, ੧:੨ (623)

(14) ਭੋ ਗਿਆ

"ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ।"
– ਸੋਰ ਰਵਿ, ੧, ੨:੨ (658)

(15) (ਭੋਜਨ) ਛਕਿਆ
"ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ।"
– ਮਾਰੂ ਕਬ, ੯, ੩:੧ (1105)

(16) ਰਸਤੀ
"ਗੁਰ ਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ।"
– ਆਸਾ ਕਬ, ੧, ੧:੧ (475)

(ਸ਼ਬਦਾਰਥ, ਦਰਪਣ, ਸੰਥਿਆ ਇਥੇ ਅਰਥ 'ਉਪਾਇਆ' ਪੈਦਾ ਕੀਤਾ ਕਰਦੇ ਹਨ ਤੇ ਨਿਰਣੈ 'ਰਖਿਆ')

(17) ਰਖਿਆ ਭਾਵ ਬੰਨਿਆ
"ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ।"
– ਬਸ ੧, ੧੧, ੨:੧ (1171)

ਪਾਇਆਥਾ -- ਪ੍ਰਾਪਤ ਕੀਤਾ ਹੈ
"ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆਥਾ।"
–ਮਾਰੂ ੫, ੧੨, ੧*:੧ (1002)

ਪਾਇਐ ---- (1) ਪ੍ਰਾਪਤ ਕਰੀਦਾ ਹੈ, ਮਿਲਦਾ ਹੈ
"ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ।"
– ਗੂਜ ੫, ਵਾਰ ੮:੬ (520)

(2) ਪ੍ਰਾਪਤ ਹੋਣ ਨਾਲ, ਪਾਣ ਨਾਲ, ਮਿਲਣ ਨਾਲ
"ਇਤੁ ਧਨਿ ਪਾਇਐ ਭੁਖ ਲਥੀ ਸੁਖੁ ਵਸਿਆ ਮਨਿ ਆਇ।"
– ਮਾਰੂ ੩, ਵਾਰ ੧੭ਸ, ੩, ੧:੩ (1092)

ਪਾਇਸਾ ---- ਪਾਉਂਦੇ ਹਨ, ਕਰਦੇ ਹਨ
"ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ।"
– ਸਿਰੀ ੪, ਵਾਰ ੨ਸ, ੧, ੨:੨ (83)

ਹੋਰ ਰੂਪ:

ਪਾਇਸੀ –
"ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ।"
(ਪਾਵੇਗਾ, ਪ੍ਰਾਪਤ ਕਰੇਗਾ)
– ਗਉ ੪, ਵਾਰ ੧੪ਸ, ੪, ੧:੯ (307)

ਪਾਇਹਿ –
"ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ।" (ਪਾਉਂਦਾ ਹੈ)
– ਸਿਰੀ ੫, ਅਸ ੨੯, ੧੪:੩ (74)
"ਹਰਿ ਸਰਣਾਈ ਭਜਿ ਪਉ ਪਾਇਹਿ ਮੋਖ ਦੁਆਰੁ।" (ਪਾਵੇਗਾ)
– ਆਸਾ ੩, ਅਸ ੩੫, ੩:੨ (429)

ਪਾਇਹੁ –
"ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ।" (ਪਾਇਆ ਨੇ)

– ਗਉ ੪, ਵਾਰ ੩੦ਸ, ੪, ੧:੧੧ (316)

ਪਾਇਕ ----- ਦਾਸ, ਸੇਵਕ
"ਧਰਤੀ ਸੇਵਕ ਪਾਇਕ ਚਰਨਾ।"
– ਮਾਝ ੫, ੩੫, ੩:੨ (130)

ਪਾਇਣਾ ---- ਮਿਲਦਾ ਹੈ
"ਅਨਾਥਾ ਨਾਥੁ ਦੀਨ ਦੁਖ ਭੰਜਨੁ ਸੋ ਗੁਰ ਪੂਰੇ ਤੇ ਪਾਇਣਾ।"
– ਮਾਰੂ ੫, ਸੋਲਾ ੭, ੩:੩ (1078)

ਪਾਇਤਾ ---- ਪਾ ਦਿਤਾ
"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ।"
– ਸਿਰੀ ੫, ਪਹ ੪, ੧:੧ (77)

ਪਾਇਦਾ ---- ਪਾਉਂਦਾ ਹੈ
"ਮਨਿ ਚਿੰਦੀ ਸੋ ਫਲੁ ਪਾਇਦਾ।" (ਪ੍ਰਾਪਤ ਕਰਦਾ ਹੈ)
– ਸਿਰੀ ੫, ਅਸ ੨੯, ੭:੨ (73)
"ਗੁਰਮੁਖਾ ਨੋ ਫਲੁ ਪਾਇਦਾ ਸਚਿ ਨਾਮਿ ਸਮਾਈ।" (ਭਾਵ ਮਿਲਦਾ ਹੈ)
– ਗਉ ੪, ਵਾਰ ੧:੪ (301)
"ਆਪਿ ਅਖਾੜਾ ਪਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ।" (ਪਿੜ ਬੰਨ੍ਹਦਾ)
– ਸੋਰ ੪, ੬, ੩:੧ (606)
"ਹਰਿ ਆਪੇ ਭਿਖਿਆ ਪਾਇਦਾ ਸਭ ਸਿਸਟਿ ਉਪਾਈ ਜੀਅ ਜੰਤ।" (ਭਾਵ ਦਿੰਦਾ ਹੈ)
– ਕਾਨ ੪, ਵਾਰ ੬ਸ, ੪, ੧:੫ (1315)

ਹੋਰ ਰੂਪ:

ਪਾਇਦੇ –
"ਹਲਤਿ ਪਲਤਿ ਸੁਖੁ ਪਾਇਦੇ ਜਪਿ ਜਪਿ ਰਿਦੈ ਮੁਰਾਰਿ।" (ਪਾਉਂਦੇ ਹਨ)
– ਸਿਰੀ ੩, ੪੨, ੨:੨ (30)

ਪਾਇਨਿ ---- (1) ਪਾਉਂਦੇ/ਪ੍ਰਾਪਤ ਕਰਦੇ ਹਨ
"ਦਰਿ ਸੇਵਨਿ ਸੰਤ ਜਨ ਖੜੇ ਪਾਇਨਿ ਗੁਣੀ ਨਿਧਾਨੁ।"
– ਸਿਰੀ ੩, ੪੯, ੧:੩ (32)
"ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ।" (ਪਾਉਣ)
– ਗਉ ੪, ਵਾਰ ੨੭ਸ, ੫, ੨:੧ (315)

ਹੋਰ ਰੂਪ:

ਪਾਇਨੀ –
"ਮਨਮੁਖ ਮਹਲੁ ਨ ਪਾਇਨੀ ਕੂੜਿ ਮੁਠੀ ਕੂੜਿਆਰ।" (ਪਾਉਂਦੇ)
– ਸਿਰੀ ੩, ੫੩, ੨:੪ (34)

ਪਾਇਨ੍ਹਿ –
"ਕਿਉ ਪਾਇਨ੍ਹਿ ਡੋਹਾਗਣੀ ਦੁਖੀ ਰੈਣਿ ਵਿਹਾਇ।" (ਪ੍ਰਾਪਤ ਕਰਨ, ਪਾਉਣ)
– ਆਸਾ ੩, ਅਸ ੩੩, ੨:੨ (428)

"ਚਾਕਰ ਨਹਦਾ ਪਾਇਨ੍ਹਿ ਘਾਉ।" (ਲਾਂਦੇ, ਕਰਦੇ)
-ਮਲਾ ੧, ਵਾਰ ੨੨ਸ, ੧, ੨:੭ (1288)

ਪਾਇਨ੍ਹੀ –
"ਦੋਹਾਗਣੀ ਮਹਲੁ ਨ ਪਾਇਨ੍ਹੀ ਨ ਜਾਣਨਿ ਪਿਰ ਕਾ ਸੁਆਉ।" (ਪਾਉਂਦੀਆਂ)
-ਆਸਾ ੩, ਅਸ ੩੦, ੧:੧ (426)

(2) ਪਾਂਦੇ, ਪਹਿਨਦੇ
"ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ।"
– ਆਸਾ ਕਬ, ੨, ੧:੧ (475)

ਪਾਇਬਾ ---- ਪਾਇਆ ਭਾਵ ਕੀਤਾ
"ਤਿਨ ਕੇ ਭਾਗ ਖੀਨ ਧੁਰਿ ਪਾਏ ਜਿਨ ਸਤਿਗੁਰ ਦਰਸੁ ਨ ਪਾਇਬਾ।"
– ਜੈਤ ੪, ੪, ੩:੧ (697)

ਹੋਰ ਰੂਪ:

ਪਾਇਬੋ –
"ਪਾਰੁ ਕੈ ਸੇ ਪਾਇਬੋ ਰੇ।" (ਪਾਵਾਂ, ਹੋਵਾਂਗੇ)
– ਗਉ ਰਵਿ, ਅਸ ੧, ੧*:੧ (346)

ਪਾਇਯਉ --- ਪ੍ਰਾਪਤ ਕੀਤਾ, ਪਾਇਆ
"ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ।"
– ਸਵ ੪, ਬਲ ੧:੭ (1405)

ਪਾਈ ------ (1) ਨਿਸਚਿਤ ਕੀਤੀ, ਅਨੁਮਾਨੀ
"ਸਭ ਕੀਮਤਿ ਮਿਲਿ ਕੀਮਤਿ ਪਾਈ।"
– ਆਸਾ ੧, ਸੋਦ ੨, ੨:੨ (9)

(2) ਪ੍ਰਾਪਤ ਕੀਤੀ, ਹਾਸਲ ਕੀਤੀ, ਮਿਲੀ
"ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ।"
– ਗੂਜ ੪, ਸੋਦ ੪, ੪:੧ (10)

"ਪੂਰੈ ਗੁਰਿ ਸਭ ਸੋਝੀ ਪਾਈ।"
– ਗਉ ੩, ਅਸ ੩, ੧:੨ (230)

"ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ।" (ਮਿਲੀ)
– ਸੂਹੀ ੪, ੧੦, ੫:੨ (734)

(3) ਭਾਵ ਜਾਣੀ, ਲਖੀ
"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ।"
– ਸਿਰੀ ੧, ੨੮, ੨:੨ (24)

(4) ਕੀਤੀ
"ਲੇਵੈ ਦੇਵੈ ਢਿਲ ਨ ਪਾਈ।" (ਭਾਵ ਕਰਦਾ)
– ਸਿਰੀ ੧, ੩੦, ੧*:੨ (25)

"ਸੀਤਲ ਸਾਂਤਿ ਸਹਜ ਸੁਖੁ ਪਾਇਆ ਠਾਢਿ ਪਾਈ ਪ੍ਰਭਿ ਆਪੇ ਜੀਉ।"
– ਮਾਝ ੫, ੩੪, ੧:੩ (104)

(5) ਧਰੀ, ਸਥਿਤ ਕੀਤੀ

“ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।”

– ਸਿਰੀ ੩, ੪੫, ੨:੧ (31)

“ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ।”

– ਮਾਰੂ ੫, ੪, ੩:੧ (999)

(6) ਪਾਵਾਂ, ਪ੍ਰਾਪਤ ਕਰਾਂ

“ਨਾਨਕ ਗੁਰੁ ਸਾਲਾਹੀ ਆਪਣਾ ਜਿਦੂ ਪਾਈ ਪ੍ਰਭੁ ਸੋਇ।”

– ਸਿਰੀ ੩, ੬੦, ੪:੪ (37)

“ਤਿਨ ਕੀ ਸੰਗਤਿ ਮਿਲਿ ਰਹਾ ਦਰਗਹ ਪਾਈ ਮਾਨ।”

– ਗਉ ੪, ਵਾਰ ੨੨ਸ, ੪, ੧:੪ (313)

ਹੋਰ ਰੂਪ:

ਪਾਈਂ –

“ਜੋ ਤੁਮ ਦੇਹੁ ਸੋਈ ਸੁਖੁ ਪਾਈਂ।” (ਪ੍ਰਾਪਤ ਕਰਦਾ ਹਾਂ)

– ਆਸਾ ੫, ੬੦, ੧:੨ (386)

(7) ਪੈਰੀਂ, ਚਰਨੀ

“ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ।”

– ਮਾਝ ੫, ੨੩, ੧:੩ (101)

ਹੋਰ ਰੂਪ:

ਪਾਈਂ –

“ਗਤਿ ਹੋਵੈ ਸੰਤਹ ਲਗਿ ਪਾਈਂ।” (ਚਰਨੀਂ)

– ਆਸਾ ੫, ੬੦, ੪:੨ (386)

(8) ਪਾਈ, ਰਖੀ

“ਗੁਰਮੁਖਿ ਸੇਵਾ ਹਰਿ ਘਾਲ ਥਾਇ ਪਾਈ।”

– ਗਉ ੩, ੩੨, ੧*:੨ (161)

“ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ।”

– ਮਾਰੂ ੩, ਸੋਲਾ ੧, ੧੫:੩ (1044)

(9) ਕਰ ਦਿਤੀ

“ਤਾਪ ਗਏ ਪਾਈ ਪ੍ਰਭਿ ਸਾਂਤਿ।”

– ਗਉ ੫, ੧੨੮, ੧:੧ (191)

(10) ਦਿਤੀ

“ਮਹਾ ਕਸਾਬਿ ਛੁਰੀ ਸਟਿ ਪਾਈ।”

– ਰਾਮ ੫, ੫੦, ੨:੨ (898)

(11) ਰਚੀ, ਖਿਲਾਰੀ

“ਮਾਇਆ ਮੋਹਿ ਨਟਿ ਬਾਜੀ ਪਾਈ।”

– ਗਉ ੩, ਅਸ ੩, ੫:੧ (230)

“ਬਾਜੀਗਰਿ ਜੈਸੇ ਬਾਜੀ ਪਾਈ।”

– ਸੂਹੀ ੫, ੧, ੧:੧ (736)

(12) ਡੇਗੀ, ਪਾ ਦਿਤੀ

“ਜਨ ਨਾਨਕ ਹਰਿ ਆਰਾਧਿਆ ਤਿਨਿ ਪੈਰੀ ਆਣਿ ਸਭ ਪਾਈ।”

– ਗਉ ੪, ਵਾਰ ੧੩ਸ, ੪, ੧:੬ (307)

“ਸੰਤਾ ਸੰਗਤਿ ਨਰਕਿ ਨ ਪਾਈ।” (ਸੁਟੀ ਜਾਂਦੀ)

– ਮਾਰੂ ੫, ਅਸ ੮, ੮:੨ (1020)

(13) ਪੈਂਦਾ ਹੈ

“ਸਤਿਗੁਰੁ ਮਿਲੈ ਤ ਹਉਮੈ ਤੂਟੈ ਤਾ ਕੋ ਲੇਖੈ ਪਾਈ।”

– ਆਸਾ ੧, ੧੬, ੨:੨ (353)

(14) ਪਟੀ, ਪੈਂਦੀ

“ਕਹਾ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ।”

– ਆਸਾ ੧, ੧੨, ੨:੨ (417)

“ਜਾ ਕੈ ਅੰਤਰਿ ਦਰਦੁ ਨ ਪਾਈ।” (ਪਈ, ਉਠੀ)

– ਸੂਹੀ ਰਵਿ, ੧, ੧*:੨ (793)

(15) ਜੁਲਾਹੇ ਦੀ ਪੈਰਾਂ ਦੀ ਖੜਾ, ਪਊਏ

“ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾਂ।”

– ਆਸਾ ਕਬ, ੩੬, ੩:੧ (484)

(16) ਪਨਘੜੀ ਦੀ ਪਿਆਲੀ ਜਿਸ ਦੇ ਥੱਲੇ ਛੇਕ ਹੁੰਦਾ ਹੈ ਜਿਸ ਰਾਹੀਂ ਪਾਣੀ ਪਿਆਲੀ ਵਿਚ ਭਰਦਾ ਰਹਿੰਦਾ ਹੈ ਤੇ ਜਦ ਪਿਆਲੀ ਭਰ ਜਾਂਦੀ ਹੈ ਤਾਂ ਡੁਬ ਜਾਂਦੀ ਹੈ

“ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ।”

– ਵਡ ੧, ਅਲਾ ੧, ੧:੨ (579)

(17) ਪਹਿਨਾਂ, ਪਾਵਾਂ

“ਸਤਿਗੁਰੁ ਪਰਚੈ ਮਨਿ ਮੁੰਦ੍ਰਾ ਪਾਈ ਗੁਰ ਕਾ ਸਬਦੁ ਤਨਿ ਭਸਮ ਦ੍ਰਿੜਈਆ।”

– ਬਿਲਾ ੪, ਅਸ ੪, ੧:੧ (835)

“ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ।” (ਪਹਿਣੀਆਂ ਹਨ)

– ਰਾਮ ੩, ਵਾਰ ੧੧ਸ ੧, ੨:੧੦ (952)

(18) ਭਾਵ ਕੀਤੀ ਹੋਈ

“ਸਤਿਗੁਰ ਕੀ ਬੇਨਤੀ ਪਾਈ ਹਰਿ ਪ੍ਰਭਿ ਸੁਣੀ ਅਰਦਾਸਿ ਜੀਉ।”

– ਰਾਮ ਸੰਦ, ਸਦ ੨:੫ (923)

(19) ਭਾਵ ਲਈ

“ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ।”

– ਨਟ ੫, ੨, ੨:੧ (978)

“ਐਸੀ ਜਾਨਿ ਪਾਈ।”

– ਮਾਰੂ ੫, ੨੦, ੧*:੧ (1005)

(20) ਕੀਤੀ (ਮੁਹਾਵਰੇ ਵਿਚ)

“ਭਾਉ ਲਾਗਾ ਗੋਬਿਦ ਸਿਉ ਘਾਲ ਪਾਈ ਥਾਇ।”

– ਮਾਰੂ ੫, ੧੩, ੩:੧ (1002)

(21) ਪਏ, ਗਏ

“ਦੇਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ।”

– ਮਾਰੂ ੧, ਅਸ ੬, ੫:੩ (1012)

(22) ਭਾਵ ਮਿਲਿਆ, ਸਕੀ

"ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ।"
– ਸਾਰ ੫, ੧੭, ੧*:੨ (1207)

(23) ਭਾਈ, ਚੰਗੀ ਲਗੀ
"ਪੈਨ੍ਣੁ ਖਾਣਾ ਚੀਤਿ ਨ ਪਾਈ।"
– ਪ੍ਰਭਾ ੧, ੧੪, ੧:੩ (1331)

ਪਾਈਂ ----- ਪਾਉਂਦਾ
"ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ।"
– ਸਲੋ ਫਰ, ੫:੧ (1378)

ਪਾਂਈ ------ (1) ਪੈਰੀਂ
"ਜੋ ਪਾਥਰ ਕੀ ਪਾਂਈ ਪਾਇ।"
– ਭੈਰ ਕਬ, ੧੨, ੧:੩ (1160)

(2) ਪ੍ਰਾਪਤ ਕਰਾਂ
"ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ।"
– ਸਾਰ ੫, ੧੮, ੧*:੨ (1207)

ਪਾਈਅਹਿ --- (1) ਪ੍ਰਾਪਤ ਕਰੀਦਾ/ਪਾਈਦਾ ਹੈ
"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।"
– ਜਪੁ ੧, ੨:੩ (1)

ਹੋਰ ਰੂਪ:

ਪਾਈਅਨਿ –
"ਸਤਿਗੁਰਿ ਤੁਠੈ ਪਾਈਅਨਿ ਅੰਦਰਿ ਰਤਨ ਭੰਡਾਰਾ।" (ਪ੍ਰਾਪਤ ਕਰੀਦਾ ਹੈ)
– ਮਾਝ ੧, ਵਾਰ ੭:੨ (141)
"ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ।" (ਪ੍ਰਾਪਤ ਕਰੀਦੇ ਹਨ)
– ਗੂਜ ੫, ਵਾਰ ੭:੧ (519)

(2) ਰਖੀਏ, ਸੁਟੀਏ, ਸਾਂਭੀਏ
"ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ।"
– ਮਾਝ ੧, ਵਾਰ ੧੨:੩ (143)

(3) ਪਈਦਾ
"ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ।"
– ਗਉ ੫, ਵਾਰ ੯:੨ (320)

(4) ਪਾਈਏ, ਪਹਿਨੀਏ
"ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ।"
– ਆਸਾ ੧, ਵਾਰ ੪ਸ ੧, ੨:੭ (464)

ਪਾਈਅਨੁ --- ਵਰਤਾਉਂਦਾ ਹੈ, ਪਾਉਂਦਾ ਹੈ
"ਵਾਹੁ ਵਾਹੁ ਸਿਰਜਣਹਾਰ ਪਾਈਅਨੁ ਠਾਢਿ ਆਪਿ।"
– ਗੂਜ ੫, ਵਾਰ ੧੩:੧ (521)

ਪਾਈਅਨ੍ਹਿ --- ਪਾਏ/ਧਕੇ ਜਾਂਦੇ
"ਮਨਮੁਖ ਜਮ ਮਗਿ ਪਾਈਅਨ੍ਹਿ ਜਿਨ੍ਹ ਦੂਜਾ ਭਾਉ ਪਿਆਰਾ।"

– ਗੂਜ ੩, ਵਾਰ ੧੨:੩ (513)

(2) ਪ੍ਰਾਪਤ ਕਰਦੇ ਹਨ

“ਵਿਰਲੇ ਕੇਈ ਪਾਈਅਨ੍ਹਿ ਜਿਨ੍ਹਾ ਪਿਆਰੇ ਨੇਹ।”

– ਰਾਮ ੫, ੨੧ਸ, ੫, ੨:੨ (966)

ਪਾਈਅਲੇ --- ਪ੍ਰਾਪਤ ਕੀਤੀ ਭਾਵ ਮਿਲੀ ਹੈ

“ਐਸੀ ਗੁਰਮਤਿ ਪਾਈਅਲੇ।”

– ਆਸਾ ੫, ੨੬, ੧*:੧ (377)

ਪਾਈਆ ---- (1) ਪਾਇਆ, ਭਾਵ ਜਾਣਿਆ

“ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।”

– ਜਪੁ ੧, ੨੧:੧੧ (4)

“ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ।”

– ਸਿਰੀ ੧, ੩, ੩:੨ (15)

(2) ਪਾਉਣੀ ਭਾਵ ਆਉਣੀ

“ਸਾਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।”

– ਜਪੁ ੧, ੨੩:੧ (5)

(3) ਪਾਈ ਭਾਵ ਪ੍ਰਾਪਤ ਕੀਤੀ

“ਤੁਧੁ ਵਿਣੁ ਸਿਧੀ ਕਿਨੈ ਨ ਪਾਈਆ।”

– ਆਸਾ ੧, ਸੋਦ ੨, ੩:੩ (9)

“ਮਨਿ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ।” (ਪ੍ਰਾਪਤ ਕਰੀਏ/ਪ੍ਰਾਪਤ ਹੋਏ)

– ਮਾਰੂ ੫, ਵਾਰ ੧੨:੧ (1098)

(4) ਪਾਈਆ, ਡਾਲੀਆਂ, ਪਹਿਣਾਈਆਂ

“ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ।”

– ਆਸਾ ੧, ਅਸ ੧੧, ੩:੩ (417)

(5) ਸੁੱਟੀ

“ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ।”

– ਰਾਮ ੩, ਅਨੰ ੧੦:੪ (918)

(6) ਰਖੀਆ, ਪਰੋਸੀਆਂ

“ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ।”

– ਮਾਰੂ ੫, ਵਾਰ ੬ਸ, ੫, ੩:੧ (1096)

ਪਾਈਐ ---- (1) ਪ੍ਰਾਪਤ ਕਰੀਦਾ ਹੈ

“ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ।”

– ਜਪੁ ੧, ੩੨:੫ (7)

“ਤਾ ਦਰਗਹ ਬੈਸਣੁ ਪਾਈਐ।” (ਭਾਵ ਮਿਲਦਾ ਹੈ)

– ਸਿਰੀ ੧, ੩੩, ੪:੨ (26)

“ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ।”

– ਰਾਮ ੧, ਸਿਗੋ ੪:੧ (938)

(2) ਪਾਉਣਾ ਭਾਵ ਰਖਣਾ

"ਭਉ ਵਟੀ ਇਤੁ ਤਨਿ ਪਾਈਐ।"

– ਸਿਰੀ ੧, ੩੩, ੨:੨ (25)

"ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ।" (ਕੜਾਹੇ ਵਿਚ ਉਲਟ/ ਪਾ ਦੇਈਏ)

– ਮਾਝ ੧, ਵਾਰ ੧੧ਸ, ੧, ੨:੩ (143)

(3) ਪਾਉਣਾ ਭਾਵ ਉਪਰ ਡੋਲਣਾ/ਸੁਟਣਾ

"ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ।"

– ਸਿਰੀ ੧, ਅਸ ੧੫, ੮:੧ (63)

(4) ਖਾਣ ਲਈ ਅਗੇ ਰਖੀਏ

"ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ।"

– ਮਾਝ ੧, ੧੨ਸ, ੧, ੧:੬ (143)

(5) ਰਖੀਏ ਭਾਵ ਲਗੀਏ

"ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ।"

– ਮਾਝ ੧, ਵਾਰ ੧੨ਸ, ੧, ੧:੭ (143)

(6) ਪੈਂਦੀ ਭਾਵ ਆਉਂ

"ਸਚੈ ਸਬਜਿ ਨੀਸਾਣਿ ਠਾਕ ਨ ਪਾਈਐ।"

– ਮਾਝ ੧, ਵਾਰ ੧੮:੭ (147)

(7) ਪਾਣੀ (ਪਣ ਘੜੀ ਦੀ ਪਿਆਲੀ) ਦੇ

"ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ।"

– ਮਾਝ ੧, ਵਾਰ ੨੦:੭ (147)

"ਕੋ ਰਹੈ ਨ ਭਰੀਐ ਪਾਈਐ।"

– ਆਸਾ ੧, ਵਾਰ ੫:੫ (465)

(8) ਉਲਟੀਏ

"ਵਡਭਾਗੀ ਸਤਿਗੁਰੁ ਮਿਲੈ ਮੁਖ ਅੰਮ੍ਰਿਤੁ ਪਾਈਐ।"

– ਗਉ ੩, ੩੭, ੨:੨ (103)

(9) ਸਕੀਦਾ

"ਹੋਨੁ ਨ ਪਾਈਐ ਰਾਮ ਕੇ ਦਾਸਾ।"

– ਗਉ ੫, ੮੨, ੧:੪ (180)

"ਜਾਣੁ ਨ ਪਾਈਐ ਪ੍ਰਭ ਦਰਬਾਰਾ।"

– ਸੂਹੀ ੫, ਅਸ ੧, ੪:੨ (759)

(10) ਪਾਈਏ, ਰਲਾਈਏ

"ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ।"

– ਆਸਾ ੧, ੩੮, ੧:੧ (360)

(11) ਰਖੀਏ

"ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋੜਿਆ ਜਾਪੈ।"

– ਆਸਾ ੧, ਵਾਰ ੧੧ਸ, ੧, ੨:੧੦ (469)

"ਜਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ।" (ਭਾਵ ਡਕੀਏ)

– ਮਾਰੂ ੧, ਅਸ ੨, ੪:੧ (1009)

(12) ਪਹਿਨੀਏ

"ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।"

– ਆਸਾ ੧, ਵਾਰ ੧੫ਸ ੧, ੨:੫ (471)

(13) ਪਾਏ ਜਾਂਦੇ

"ਬਹੁੜਿ ਨ ਜੋਨੀ ਪਾਈਐ।"

– ਸੋਰ ੫, ੫੯, ੩:੪ (624)

"ਜਿਸੁ ਆਪਿ ਬੁਲਾਏ ਆਪਿ ਸੁ ਹਰਿ ਮਾਰਗਿ ਪਾਈਐ।"

– ਸੋਰ ੪, ਵਾਰ ੪:੪ (644)

(14) ਪਈਏ

"ਸਰਬ ਸੁਖਾ ਕਾ ਦਾਤਾ ਸਤਿਗੁਰੁ ਤਾ ਕੀ ਸਰਨੀ ਪਾਈਐ।"

– ਸੋਰ ੫, ੮੯, ੧:੧ (630)

(15) ਪਾਂਦਾ

"ਤਿਨ੍ਾ ਠਾਕ ਨ ਪਾਈਐ ਪਿਆਰੇ ਅੰਮ੍ਰਿਤ ਰਸਨ ਹਰੇ।"

– ਸੋਰ ੧, ਅਸ ੩, ੧:੨ (636)

(16) ਪਾ ਸਕਨਾ, ਜਾਣ ਸਕਨਾ

"ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ।"

– ਸੂਹੀ ੫, ੫੩, ੩:੨ (748)

"ਅਗਮੁ ਅਗੋਚਰੁ ਮਿਤਿ ਨਹੀ ਪਾਈਐ ਸਗਲ ਘਟਾ ਆਧਾਰੁ।"

– ਸਾਰ ੫, ੮੬, ੨:੧ (1221)

ਪਾਏ ------ **(1) ਪ੍ਰਾਪਤ ਹੁੰਦੇ**

"ਤਾ ਕੇ ਅੰਤ ਨ ਪਾਏ ਜਾਹਿ।"

– ਜਪੁ ੧, ੨੪:੮ (5)

"ਤਾ ਮਨੁ ਖੀਵਾ ਜਾਣੀਐ ਜਾ ਮਹਲੀ ਪਾਏ ਥਾਉ।" (ਪ੍ਰਾਪਤ ਕਰੇ)

– ਸਿਰੀ ੧, ੫, ੨:੩ (16)

"ਬਿਨੁ ਸਬਦੈ ਕਿਉ ਪਾਏ ਪਾਰੁ।" (ਭਾਵ ਪਾਰ ਲਗੇ/ਪਹੁੰਚੇ)

– ਬਿਲਾ ੩, ੬੨, ੮:੪ (842)

"ਚਾਰਿ ਪਦਾਰਥ ਚਾਰੇ ਪਾਏ ਗੁਰਮਤਿ ਨਾਨਕ ਹਰਿ ਭਜਹੁ।" ('ਮਹਾਨਕੋਸ਼' ਇਸ ਦੇ ਅਰਥ 'ਧਰਮ ਦੇ ਚਰਨ' ਕਰਦਾ ਹੈ)

– ਬਿਲਾ ੪, ੪੪:੨ (800)

ਹੋਰ ਰੂਪ:

ਪਾਂਏ –

"ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ।" (ਮਿਲ ਜਾਂਦੇ/ਪ੍ਰਾਪਤ ਹੁੰਦੇ ਹਨ)

– ਸਾਰ ੫, ੨੩, ੧*:੨ (1208)

(2) ਪਾਉਂਦਾ, ਸਕਦਾ

"ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ।" (ਦੇ ਸਕਦਾ ਹੈ)

–ਸਿਰੀ ੫, ੯੧, ੩:੨ (50)

"ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ।" (ਦੇ ਸਕਦਾ ਹੈ)

– ਰਾਮ ੩, ਵਾਰ ੬ਸ, ੩, ੧:੪ (949)

(ਮਹਾਨਕੋਸ਼ ਇਸ ਦੇ ਅਰਥ ਛਕਦਾ/ਖਾਂਦਾ ਹੈ ਕਰਦਾ ਹੈ)

(3) ਪਾਵੇ

“ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਇ।”

– ਸਿਰੀ ੪, ਵਾਰ ੩ਸ, ੧, ੧:੪ (83)

“ਬਹੁ ਕਰਮ ਕਰੈ ਕਿਛੁ ਥਾਇ ਨ ਪਾਏ।” (ਪਾਉਂਦਾ)

– ਮਾਝ ੩, ਅਸ ੩੦, ੫:੨ (127)

“ਓਹੁ ਹਰਿ ਮਾਰਗਿ ਆਪਿ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ।” (ਪਾਂਦਾ ਹੈ)

– ਮਾਝ ੧, ਵਾਰ ੫ਸ, ੪, ੨:੨ (140)

“ਸਾ ਸੇਵਾ ਪ੍ਰਭ ਭਾਵਸੀ ਜੋ ਪ੍ਰਭ ਪਾਏ ਥਾਇ।” (ਭਾਵ ਕਬੂਲ ਕਰੇ)

– ਸੂਹੀ ੩, ਅਸ ੪, ੮:੧ (757)

(4) ਪਾਏ ਗਏ, ਰਖੇ ਗਏ

“ਤਿਨ ਕੇ ਕਰਮਹੀਨ ਧੁਰਿ ਪਾਏ ਦੇਖਿ ਦੀਪਕੁ ਮੋਹਿ ਪਚਾਨੇ।”

– ਗਉ ੪, ੫੬, ੩:੨ (170)

(5) ਚਰਨੀਂ, ਚਰਨ

“ਨਾਨਕ ਤਾ ਕੈ ਲਾਗਉ ਪਾਏ।”

– ਗਉ ੫, ਸੁਖ ੧, ੩:੧੦ (263)

“ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ ਤਿਨ ਕੇ ਧੋਵਾ ਸਦ ਪਾਏ।”

– ਵਡ ੫, ੯, ੪:੪ (564)

(6) ਡੇਗੇ, ਪਾ ਦਿਤੇ

“ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ ਆਪੇ ਆਣਿ ਤਿਨ ਕਉ ਪੈਰੀ ਪਾਏ।”

– ਗਉ ੪, ਵਾਰ ੧੪ਸ, ੪, ੨:੧ (308)

(7) ਪਾਉਂਦਾ ਹੈ, ਰਖਦਾ ਹੈ

“ਜੇਹਾ ਅੰਦਰਿ ਪਾਏ ਤੇਹਾ ਵਰਤੈ ਆਪੇ ਬਾਹਰਿ ਪਾਵਣਿਆ।”

– ਮਾਝ ੩, ਅਸ ੧੫, ੭:੩ (113)

“ਜਾਂ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ।” (ਪਾਉਂਦਾ ਹੈ, ਪੈਦਾ ਕਰਦਾ ਹੈ)

– ਗੂਜ ੩, ੫, ੨:੧ (490)

“ਆਪੇ ਮਾਲੀ ਆਪਿ ਸਭੁ ਸਿੰਚੈ ਆਪੇ ਹੀ ਮੁਹਿ ਪਾਏ।” (ਭਾਵ ਖਾਂਦਾ ਹੈ)

– ਬਿਹਾ ੪, ਵਾਰ ੧੫:੨ (554)

(8) ਮਿਲਿਆ, ਪ੍ਰਾਪਤ ਕੀਤਾ

“ਮੀਤਾ ਐਸੇ ਹਰਿ ਜੀਉ ਪਾਏ।”

– ਦੇਵ ੫, ੨੭, ੧*:੧ (533)

(9) ਭਾਵ ਲਾਉਣਾ

“ਧਰਮੁ ਦਲਾਲੁ ਪਾਏ ਨੀਸਾਣੁ।”

– ਸੂਹੀ ੩, ਵਾਰ ੧੩ਸ, ੧, ੧:੫ (789)

(10) ਪਾ ਕੇ

“ਬਿਨੁ ਥੰਮਾ ਰਾਖੇ ਸਚੁ ਕਲ ਪਾਏ।”

– ਮਾਰੂ ੧, ਸੋਲਾ ੧੭, ੬:੨ (1037)

ਪਾਸ ------ (1) ਕੋਲ, ਸਪੀਪ, ਨੇੜੇ

"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾਰਸਿ ਗਾਊਂ ਰੇ।"
– ਗਉ ਕਬ, ੬੬, ੧:੧ (338)
"ਹਮਰੇ ਅਵਗੁਨ ਸੰਗਿ ਗੁਰ ਮੇਟੇ ਜਨ ਨਾਨਕ ਮੇਲਿ ਲੀਏ ਪ੍ਰਭ ਪਾਸ।"
– ਕਾਨ ੪, ੩, ੪:੨ (1295)
(2) ਪਾਸੋਂ, ਤੋਂ, ਕੋਲੋਂ
"ਜਗਤ ਪਾਸ ਤੇ ਲੇਤੇ ਦਾਨੁ।"
– ਗੋਂਡ ੫, ੧੧, ੨:੧ (865)
(3) ਪਾਸੇ, ਤਰਫ
"ਕਿਆ ਤਕਹਿ ਬਿਆ ਪਾਸ ਕਰਿ ਹੀਅੜੇ ਹਿਕੁ ਅਧਾਰੁ।"
– ਮਾਰੂ ੩, ਵਾਰ ੧੧ਸ, ੫, ੩:੧ (1098)
(4) ਪਾਸਕੂ ਦੇ, ਵਾਧੂ ਦੇ
"ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ।"
– ਪ੍ਰਭਾ ਕਬ, ੨, ੩:੨ (1349)
(5) ਪਾਸਾ, ਬਗਲ
"ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ।"
– ਸਲੋ ਫਰ, ੨੧:੧ (1379)

ਪਾਸਹੁ ----- (1) ਕੋਲੋ
"ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ।"
– ਸਿਰੀ ੪, ਵਾਰ ੯:੨ (86)
(2) ਪਾਸਿਆਂ ਤੋਂ
"ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ।"
– ਸੂਹੀ ੧, ੩, ੨:੧ (729)

ਪਾਸਾ ------ (1) ਚੋਪੜ ਦੀ ਖੇਡ ਦੀ ਗੋਟ
"ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ।"
– ਸਿਰੀ ੧, ਅਸ ੨੯, ੨:੩ (71)
"ਸਭੁ ਸਫਲਿਓ ਜਨਮੁ ਤਿਨਾ ਦਾ ਗੁਰਮੁਖਿ ਜਿਨਾ ਮਨੁ ਜਿਣਿ ਪਾਸਾ ਢਾਲਿਆ।"
(ਭਾਵ ਖੇਡ ਖੇਡੀ)
– ਸਿਰੀ ੪, ਛੰਤ ੧, ੩:੪ (78)
(2) ਪਾਸ/ਨੇੜੇ
"ਹਰਿ ਮੇਲਹੁ ਸੰਤ ਜੀਉ ਗੋਵਿੰਦ ਪ੍ਰਭ ਪਾਸਾ ਜੀਉ।"
– ਮਾਝ ੪, ੬੯, ੪:੨ (175)
"ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ।"
(ਨੇੜੇ ਤੇੜੇ)
– ਮਲਾ ਰਵਿ, ੨, ੩:੧ (1293)
(3) ਕੋਲ, ਪਾਸ
"ਐਸੀ ਰਹਤ ਰਹਉ ਹਰਿ ਪਾਸਾ।"
– ਗਉ ਕਬ, ੧੮, ੪:੨ (327)
"ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ।"
–ਭੈਰ ੫, ੩੨, ੪:੨ (1145)

(4) ਤਰਫ, ਦਿਸਹ, ਓਰ
“ਛਛਾ ਇਹੈ ਛਤ੍ਰਪਤਿ ਪਾਸਾ।” (ਭਾਵ ਰਸਤਾ, ਮਾਰਗ)
– ਗਉ ਕਬ, ਬਾਅ ੧੩:੧ (340)
(5) ਚੋਪੜ ਭਾਵ ਸੰਸਾਰ
“ਆਪੇ ਪਾਸਾ ਆਪੇ ਸਾਰੀ।”
– ਮਾਰੂ ੧, ਸੋਲਾ ੧, ੫:੨ (1020)
(6) ਪਾਸੋਂ, ਕੋਲੋਂ
“ਜਿਸੁ ਵਖਰ ਕਉ ਤੁਮ ਆਏ ਹਹੁ ਸੋ ਪਾਇਓ ਸਤਿਗੁਰ ਪਾਸਾ ਹੇ।”
– ਮਾਰੂ ੫, ਸੋਲਾ ੨, ੬:੩ (1073)
(7) ਭਾਵ ਨਾਲ
“ਓਇ ਕਿਰਪਾ ਕਰਿ ਕੈ ਮੇਲਿਅਨੁ ਨਾਨਕ ਹਰਿ ਪਾਸਾ।”
– ਸਾਰ ੪, ਵਾਰ ੨੬:੫ (1247)

ਪਾਸਾਰ ----- (1) ਖਿਲਾਰ, ਵਿਸਤਾਰ
“ਕਈ ਬਾਰ ਪਸਰਿਓ ਪਾਸਾਰ।”
– ਗਉ ੫, ਸੁਖ ੧੦, ੭:੫ (276)
(2) ਪਸਾਰੀ
“ਸਚੁ ਵਖਰੁ ਜਿਨੀ ਲਦਿਆ ਸੇ ਸਚੜੇ ਪਾਸਾਰ।”
– ਸਲੋ ੫, ੧੭:੨ (1425)

ਪਾਸਾਰਾ ---- ਖਿਲਾਰਾ, ਵਿਸਤਾਰ, ਖਿਲਾਰ
“ਮਨਮੁਖ ਖੋਟੀ ਰਾਸਿ ਖੋਟਾ ਪਾਸਾਰਾ।” (ਲੈਣਾ/ਦੇਣ ਦਾ ਪਾਸਾਰ/ਵਪਾਰ)
– ਮਾਝ ੩, ਅਸ ੧੧, ੭:੧ (116)
“ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ।” (ਭਾਵ ਸ੍ਰਿਸ਼ਟੀ, ਬ੍ਰਹਮੰਡ)
– ਸੂਹੀ ੫, ੧, ੧:੩ (736)
“ਸਚੈ ਆਪਣਾ ਖੇਲੁ ਰਚਾਇਆ ਆਵਾ ਗਉਣੁ ਪਾਸਾਰਾ।”
– ਸੂਹੀ ੩, ਅਸ ੨, ੭:੨ (754)

ਪਾਸਾਰਿਆ -- ਪਸਾਰੇ, ਖਿਲਾਰ
“ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ।”
– ਆਸਾ ੧, ਵਾਰ ੨੭:੨ (472)

ਪਾਸਾਰੀ ---- (1) ਪਾਸਾਰ, ਖਿਲਾਰਾ
“ਝੂਠਾ ਡੰਫੁ ਝੂਠੁ ਪਾਸਾਰੀ।”
– ਗਉ ੫, ਸੁਖ ੧੯, ੫:੮ (288)
(2) ਸੌਦਾ ਖਿਲਾਰਨ ਵਾਲਾ, ਜੌਹਰੀ
“ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ।”
– ਕੇਦਾ ਕਬ, ੨, ੩:੧ (1123)

ਪਾਸਾਰੁ ----- ਖਿਲਾਰ, ਵਿਸਤਾਰ
“ਜੋ ਦੀਸੈ ਸੋ ਸਗਲ ਤੂੰਹੈ ਪਸਰਿਆ ਪਾਸਾਰੁ।”
– ਸਿਰੀ ੫, ੯੫, ੪:੧ (51)

“ਆਪੇ ਸੁਖਮੁ ਭਾਲੀਐ ਆਪੇ ਪਾਸਾਰੁ।” (ਪ੍ਰਤਖ ਖਿਲਾਰ)
– ਬਿਹਾ ੪, ਵਾਰ ੨੧:੨ (556)

ਪਾਸਾਰੇ ----- ਪਸਾਰਾ, ਖਿਲਾਰਾ
“ਏਕੋ ਏਕੁ ਆਪਿ ਇਕੁ ਏਕੈ ਏਕੈ ਹੈ ਸਗਲਾ ਪਾਸਾਰੇ।”
– ਆਸਾ ੫, ੩੬, ੩:੧ (379)

ਪਾਸਿ ------ (1) ਕੋਲ, ਅਗੇ
“ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ।”
– ਗੂਜ ੪, ਸੋਦ ੪, ੧:੧ (10)
“ਮਨੁ ਬੇਚੈ ਸਤਿਗੁਰ ਕੈ ਪਾਸਿ।”
– ਗਉ ੫, ਸੁਖ ੧੮, ੨:੫ (286)
(2) ਫਾਹੀ ਵਿਚ ਭਾਵ ਕੋਲ
“ਜਿਨ ਹਰਿ ਹਰਿ ਹਰਿਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ।”
– ਗੂਜ ੪, ਸੋਦ ੪, ੩:੧ (10)
(3) ਹਵਾਲੇ
“ਜੀਉ ਪਿੰਡੁ ਸਭੁ ਤੇਰੈ ਪਾਸਿ।”
– ਸਿਰੀ ੧, ੩੧, ੩:੪ (25)
(4) ਨੇੜੇ, ਨਿਕਟ ਆਲੇ ਦੁਆਲੇ
“ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ।”
– ਸਿਰੀ ੪, ੬੬, ੩:੩ (40)
“ਜਿਸੁ ਤੂੰ ਦੇਹਿ ਤਿਸੁ ਸਭੁ ਕਿਛੁ ਮਿਲੈ ਇਕਨਾ ਦੂਰਿ ਹੈ ਪਾਸਿ।”
– ਸਿਰੀ ੪, ਵਾਰ ੯:੩ (86)
(5) ਪਾਸ, ਕੋਲ
“ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ।”
– ਸਿਰੀ ੫, ੯੯, ੪:੧ (52)
“ਸਾਹਿ ਪਠਾਇਆ ਸਾਹੈ ਪਾਸਿ।”
– ਆਸਾ ੫, ੬, ੨:੧ (372)
(6) ਪਾਸੇ, ਵਖ
“ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ।”
– ਆਸਾ ੧, ਵਾਰ ੨੨ਸ, ੨, ੩:੩ (474)
“ਊਂਦਰ ਦੂੰਦਰ ਪਾਸਿ ਧਰੀਜੈ।” (ਇਕ ਪਾਸੇ)
– ਰਾਮ ੧, ਅਸ ੫, ੮:੧ (905)
(7) ਬਰਾਬਰ ਦਾ, ਤੁਲ
“ਜਿਸ ਨੋ ਤੂ ਦੇਹਿ ਤਿਸੁ ਸਭੁ ਕਿਛੁ ਮਿਲੈ ਕੋਈ ਹੋਰੁ ਸਰੀਕੁ ਨਾਹੀ ਤੁਧੁ ਪਾਸਿ।”
– ਬਿਹਾ ੪, ਵਾਰ ੨:੨ (549)
(8) ਤਰਫ, ਪਾਸੇ, ਪਾਸਾ
“ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ।”
– ਸਲੋ ਫਰ, ੬੭:੨ (1381)

ਪਾਸੀ ------ (1) ਪਾਵੇਗਾ

"ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਉ।"
- ਵਡ ੧, ਅਲਾ ੫, ੧:੩ (581)

(2) ਨਾਲ
"ਸੋ ਜਨੁ ਮਿਲਿਆ ਹਰਿ ਪਾਸੀ।"
- ਬਿਲਾ ੪, ੭, ੨:੪ (801)

(3) ਕੋਲ, ਪਾਸ
"ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਿਛੁ ਤੁਮ ਹੀ ਪਾਸੀ।"
- ਸਾਰ ੫, ੫੧, ੧:੨ (1214)

ਪਾਸੁ ------ (1) ਨਿਕਟਤਾ, ਸੰਗ
"ਗੁਰਮੁਖਿ ਹੋਇ ਸੁ ਅਲਿਪਤੋ ਵਰਤੈ ਓਸ ਦਾ ਪਾਸੁ ਛਡਿ ਗੁਰ ਪਾਸਿ ਬਹਿ ਜਾਇਆ।"
- ਗਉ ੪, ਵਾਰ ੮ਸ, ੪, ੨:੫ (304)
"ਤਾ ਅਨਦਿਨੁ ਸੇਵਾ ਕਰੇ ਸਤਿਗੁਰੂ ਕੀ ਕਬਹਿ ਨ ਛੋਡੈ ਪਾਸੁ।"
- ਰਾਮ ੩, ਵਾਰ ੭ਸ, ੩, ੨:੬ (949)
"ਤ੍ਰਿਸਨਾ ਪਾਸੁ ਨ ਛੋਡਈ ਬੈਰਾਗੀਅੜੇ।" (ਸੰਗਤ)
- ਮਾਰੂ ਕਬ, ੮, ੪:੧ (1104)

(2) ਪਾਸਾ, ਪੱਖ
"ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ।"
- ਸਲੋ ਫਰ, ੧੦੧:੨ (1383)
"ਜਿਨਿ ਸਬਦੁ ਕਮਾਇ ਪਰਮਪਦੁ ਪਾਇਓ ਸੇਵਾ ਕਰਤ ਨ ਛੋਡਿਓ ਪਾਸੁ।"
- ਸਵ ੪, ਕੀਰ ੧:੧ (1405)

ਪਾਸੇ ------ (1) ਕੋਲ, ਪਾਸ
"ਹਰਿ ਅੰਮ੍ਰਿਤ ਭਗਤਿ ਭੰਡਾਰ ਹੈ ਗੁਰ ਸਤਿਗੁਰ ਪਾਸੇ ਰਾਮ ਰਾਜੇ।"
- ਆਸਾ ੪, ਛੰਤ ੧੭, ੧:੧ (449)

(2) ਸਰੀਰ ਦੇ ਅੰਗ
"ਕੰਚਨ ਵੰਨੇ ਪਾਸੇ ਕਲਵਤਿ ਚੀਰਿਆ।"
- ਆਸਾ ਫਰ, ੨, ੪:੨ (488)

(3) ਨਿਕਟ, ਕੋਲ
"ਸੰਤ ਸਭਾ ਜਹ ਬੈਸਹਿ ਪ੍ਰਭ ਪਾਸੇ।"
- ਮਾਰੂ ੫, ਸੋਲਾ ੬, ੮:੧ (1077)

ਪਾਸੈ ------ ਪਾਸੇ (ਚੋਪੜ ਦੀ ਖੇਡ) ਵਿਚ
"ਹੁਕਮੀ ਬਾਧੇ ਪਾਸੈ ਖੇਲਹਿ ਚਉਪੜਿ ਏਕਾ ਸਾਰੀ।"
- ਮਾਰੂ ੧, ਸੋਲਾ ੧੧, ੪:੨ (1015)

ਪਾਹ ------ ਪੈ, ਪਉ
"ਹਰਿ ਦੇਹੁ ਪ੍ਰਭੂ ਮਤਿ ਊਤਮਾ ਗੁਰ ਸਤਿਗੁਰ ਕੈ ਪਗਿ ਪਾਹ।"
- ਕਾਨ ੪, ਵਾਰ ੫ਸ, ੪, ੧:੩ (1314)

ਪਾਹਣ ----- ਪਥਰ

"ਜਿਸੁ ਪਾਹਣ ਕਉ ਠਾਕੁਰੁ ਕਹਤਾ।"
– ਸੂਹੀ ੫, ੯, ੨:੧ (739)

ਹੋਰ ਰੂਪ:

ਪਾਹਣੁ –
"ਪਾਹਣੁ ਨੀਰਿ ਪਖਾਲੀਐ ਭਾਈ ਜਲ ਮਾਹਿ ਬੂਡਹਿ ਤੇਹਿ।" (ਭਾਵ ਪੱਥਰ ਦੀ ਮੂਰਤੀ)
– ਸੋਰ ੧, ਅਸ ੪, ੬:੨ (637)

ਪਾਹਨ ----- ਪਥਰ
"ਜਿਸੁ ਸਿਮਰਤ ਡੂਬਤ ਪਾਹਨ ਤਰੇ।"
– ਗਉ ੫, ੯੦, ੩:੪ (103)
"ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ।" (ਪਥਰ ਦੀ ਮੂਰਤੀ)
– ਆਸਾ ਕਬ, ੧੪, ੧:੨ (479)
"ਕ੍ਰਿਪਾ ਕ੍ਰਿਪਾ ਕਰਿ ਗੁਰੂ ਮਿਲਾਏ ਹਮ ਪਾਹਨ ਸਬਦਿ ਗੁਰ ਤਾਰੇ।" (ਜੜ੍ਹ ਬੁੱਧੀ ਵਾਲੇ, ਪੱਥਰ)
– ਨਟ ੪, ਅਸ ੨, ੧*:੨ (981)

ਪਾਹਰੂਆਰਾ -- ਪਹਿਰੇਦਾਰ, ਚੌਕੀਦਾਰ
"ਪਾਹਰੂਅਰਾ ਛਬਿ ਚੋਰੁ ਨ ਲਾਗੈ।"
– ਆਸਾ ੧, ੨੦, ੪:੨ (355)

ਪਾਹਾ ------ (1) ਅਸੀਂ ਪਾਈਏ, ਪਾਇਆ
"ਕਰਿ ਸੇਵਾ ਸੰਤਾ ਅੰਮ੍ਰਿਤੁ ਮੁਖਿ ਪਾਹਾ ਜੀਉ।"
– ਗਉ ੪, ੬੫, ੩:੩ (173)
"ਨਾਨਕ ਰਾਮ ਨਾਮਿ ਨਿਸਤਾਰਾ ਸਬਦਿ ਰਤੇ ਹਰਿ ਪਾਹਾ।"
– ਸੋਰ ੩, ੨, ੪:੩ (600)

(2) ਪਈਏ
"ਸਾਧ ਜਨਾ ਕੀ ਚਰਣੀ ਪਾਹਾ।"
– ਸੂਹੀ ੫, ੨੬, ੧*:੨ (742)

(3) ਪਾਸੋਂ, ਕੋਲੋਂ
"ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ।"
– ਬਿਲਾ ੫, ਛੰਤ ੧, ੨:੨ (845)

ਪਾਹਾਰਾ ---- (1) ਵੇਖੋ 'ਪਹਾਰਾ' ਜਿਥੇ ਸੁਨਿਆਰ ਬਹਿ ਕੇ ਕੰਮ ਕਰਦਾ ਹੈ
"ਜਤੁ ਪਾਹਰਾ ਧੀਰਜੁ ਸੁਨਿਆਰੁ।"
– ਜਪੁ ੧, ੩੮:੧ (8)

(2) ਪਸਾਰਾ, ਅਡੰਬਰ
"ਨਿੰਦਕ ਕਾ ਪਰਗਟਿ ਪਹਾਰਾ।"
– ਗੋਂਡ ਰਵਿ, ੨, ੪:੨ (875)

ਹੋਰ ਰੂਪ:

ਪਾਹਾਰੈ –

"ਪਰਗਟਿ ਪਾਹਾਰੈ ਜਾਪਦਾ।" (ਪਸਾਰੇ ਭਾਵ ਸੰਸਾਰ ਵਿਚ)
- ਸਿਰੀ ੧, ਅਸ ੨੮, ੩:੧ (71)

ਪਾਹਿ ------ (1) ਪੈਂਦੇ ਹਨ, ਜਾਂਦੇ ਹਨ
"ਦੇਦਾ ਦੇ ਲੈਦੇ ਥਕਿ ਪਾਹਿ।"
- ਜਪੁ ੧, ੩:੧੧ (2)

"ਕੇਤੇ ਲੈ ਲੈ ਮੁਕਰੁ ਪਾਹਿ।"
- ਜਪੁ ੧, ੨੫:੬ (5)

(2) ਪ੍ਰਾਪਤ ਕਰਦਾ ਹੈ
"ਜਿਵ ਫੁਰਮਾਏ ਤਿਵ ਤਿਵ ਪਾਹਿ।"
- ਜਪੁ ੧, ੧੯:੯ (4)

ਹੋਰ ਰੂਪ:

ਪਾਂਹਿ –
"ਸਚੀ ਗਾਸੀ ਸਚੁ ਧਨੁ ਉਤਮ ਪਦਵੀ ਪਾਂਹਿ।" (ਪ੍ਰਾਪਤ ਕਰਦੇ ਹਨ)
- ਸਲੋ ੩, ੫੩:੩ (1419)

(3) ਲਗਣਾ, ਤਤਪਰ ਹੋਣਾ
"ਕੇਤੇ ਆਖਹਿ ਆਖਣਿ ਪਾਹਿ।"
- ਜਪੁ ੧, ੨੬, ੧੯ (6)

(4) ਕੋਲ, ਨੇੜ, ਸਮੀਪ
"ਅੰਧੇ ਤੂੰ ਬੈਠਾ ਕੰਧੀ ਪਾਹਿ।"
- ਸਿਰੀ ੫, ੭੪, ੧*:੧ (43)

(5) ਪਾਣ ਨਾਲ, ਰਲਾਣ ਨਾਲ
"ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।"
- ਮਾਝ ੧, ਵਾਰ ੭ਸ, ੧, ੨:੪ (141)

(6) ਸੁੱਟੇ ਜਾਣੇ
"ਖਤਿਅਹੁ ਜੰਮੇ ਖਤੇ ਕਰਨਿ ਤ ਖਤਿਆ ਵਿਚਿ ਪਾਹਿ।"
- ਮਾਝ ੧, ਵਾਰ ੨੪ਸ, ੧, ੧:੧ (149)

(7) ਪਾਈ ਜਾਂਦੀ
"ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ।"
- ਗਉ ੩, ੨੮, ੧:੩ (160)

(8) ਅਗੇ, ਕੋਲ, ਸਨਮੁਖ
"ਕਹੁ ਬੇਨੰਤੀ ਅਪੁਨੇ ਸਤਿਗੁਰ ਪਾਹਿ।"
- ਗਉ ੫, ੯੦, ੧*:੧ (182)

(9) ਪਾਸ, ਕੋਲ
"ਖਖਾ ਖੂਨਾ ਕਛੁ ਨਹੀ ਤਿਸੁ ਸੰਮ੍ਰਥ ਕੈ ਪਾਹਿ।"
- ਗਉ ੫, ਬਾਅ ੧੮:੧ (253)
"ਅੰਤਰਿ ਕੀ ਗਤਿ ਤੁਮ ਹੀ ਜਾਨੀ ਤੁਝ ਹੀ ਪਾਹਿ ਨਿਬੇਰੋ।" (ਪਾਸ ਹੀ)
- ਸੋਰ ੫, ੩੫, ੧:੧ (618)

(10) ਆ ਪੈਣੇ
"ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ।"

– ਸਲੋ ੩, ੪:੩ (1413)

ਪਾਹਿਆ ---- ਪਾਹ ਲਗੀ, ਪਾਣ ਚੜੀ
“ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ।”
– ਤਿਲੰ ੧, ੩, ੧:੧ (721)

ਪਾਹੀ ------ (1) ਜੁਤੀਆਂ
“ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ।”
– ਮਾਝ ੧, ਵਾਰ ੨੪ਸ, ੧, ੧:੩ (149)
(2) ਪਾਏ, ਸੁਟੇ ਜਾਣਗੇ
“ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ।”
– ਮਾਝ ੧, ਵਾਰ ੨੬ਸ, ੧, ੧:੫ (149)
“ਕੋਈ ਜਾਇ ਮਿਲੈ ਤਿਨ ਨਿੰਦਕਾ ਮੁਹ ਫਿਕੇ ਥੁਕ ਫੁਕ ਮੁਹਿ ਪਾਹੀ।” (ਪਾਈਆਂ ਜਾਂਦੀਆਂ ਹਨ)
–ਗਉ ੪, ਵਾਰ ੧੫ਸ, ੪, ੨:੨ (308)
(3) ਪ੍ਰਾਪਤ ਕਰਨਾ
“ਸੁਖੋ ਸੁਖੁ ਪਾਹੀ।”
– ਆਸਾ ੫, ੧੪੩, ੩:੨ (407)
(4) ਪਾਂਦੇ, ਪਾਉਂਦੇ
“ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ।”
– ਗੁਜ ਤ੍ਰਿਲੋ, ੧, ੪:੨ (526)

ਪਾਹੀ ------ (1) ਪਾਸ, ਕੋਲ
“ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ ਸੋ ਅੰਮ੍ਰਿਤੁ ਗੁਰ ਪਾਹੀ ਜੀਉ।”
– ਸੋਰ ੧, ੬, ੧:੧ (598)
(2) ਪ੍ਰਾਪਤ ਹੁੰਦਾ ਹੈ
“ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ।”
– ਸੋਰ ੧, ੬, ੪:੧ (598)
“ਮੀਨੁ ਬਿਛੋਹਾ ਨ ਸਹੈ ਜਲ ਬਿਨੁ ਮਰਿ ਪਾਹੀ।” (ਪੈਂਦੀ ਹੈ)
– ਕੇਦਾ ੫, ਛੰਤ ੧, ੨:੨ (1122)

ਪਾਂਹੀ ------ (1) ਪਾਉਂਦੇ ਹਨ
“ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ।”
– ਸਾਰ ੫, ੧੬, ੨:੨ (1207)
(2) ਪੈਂਦਾ ਹੈ
“ਅਨਿਕ ਜਤਨ ਕਰਿ ਰਹਣੁ ਨ ਪਾਵੈ ਆਚੁ ਕਾਚੁ ਢਰਿ ਪਾਂਹੀ।”
– ਮਲਾ ੧, ਅਸ ੨, ੧:੨ (1274)

ਪਾਹੁ ------ (1) ਪਵੋ, ਪੈ ਜਾਉ
“ਸਭਿ ਸਿਆਣਪਾ ਛਡਿ ਕੈ ਗੁਰ ਕੀ ਚਰਣੀ ਪਾਹੁ।”
– ਸਿਰੀ ੫, ੭੭, ੧:੩ (44)
(2) ਲਾਗ

"ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ।"
– ਆਸਾ ੧, ਵਾਰ ੧੧ਸ, ੧, ੧:੫ (468)

(3) ਪਾ ਦਿਓ, ਪਾਓ
"ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।" (ਭਾਵ ਲਗ ਜਾਉ)
– ਸੋਰ ੪, ਵਾਰ ੨੨ਸ, ੩, ੧:੨ (651)
"ਭਗਤ ਜਨਾ ਕਉ ਸਨਮੁਖੁ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ।"
– ਬਿਲਾ ੪, ਵਾਰ ੭:੩ (852)

ਪਾਹੁਚਾ ----- ਵਿਆਹ ਦਾ ਸੱਦਾ
"ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ।"
– ਗਉ ੧, ੨੦, ੪:੧ (157)

ਹੋਰ ਰੂਪ:

ਪਾਹੁੰਚਾ –
"ਘਰਿ ਘਰਿ ਏਹੋ ਪਾਹੁੰਚਾ ਸਦੜੇ ਨਿਤ ਪਵੰਨਿ।"
– ਗਉ ੧, ਸੋਹ ੧, ੪:੧ (12)

ਪਾਹੁਣਾ ----- ਮਹਿਮਾਨ, ਪ੍ਰਾਹੁਣਾ
"ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉ ਜਾਇ।"
– ਸਿਰੀ ੩, ੫੪, ੩:੩ (34)

ਪਾਹੁਣਿਅਉ -- ਪ੍ਰਾਹੁਣਾ, ਮਹਿਮਾਨ
"ਮਹਲ ਭਗਤੀ ਘਰਿ ਸਚੈ ਸਜਣ ਪਾਹੁਣਿਅਉ।"
– ਗੂਜ ੩, ਵਾਰ ੨੧ਸ, ੩, ੧:੨ (517)

ਪਾਹੁਣਿਆ --- ਪ੍ਰਾਹੁਣੇ, ਮਹਿਮਾਨ
"ਹਰਿ ਪ੍ਰੀਤਿ ਕਰੀਜੈ ਮਾਨੁ ਨ ਕੀਜੈ ਇਕ ਰਾਤੀ ਕੇ ਹਭਿ ਪਾਹੁਣਿਆ।"
– ਆਸਾ ੫, ਛੰਤ ੪, ੩:੩ (455)

ਪਾਹੁਣੀ ----- ਪ੍ਰਾਹੁਣੀ, ਮਹਿਮਾਨ
"ਭਰਿ ਜੋਬਨਿ ਮੈ ਮਤ ਪੇਈਅੜੈ ਘਰਿ ਪਾਹੁਣੀ ਬਲਿ ਰਾਮ ਜੀਉ।"
– ਸੂਹੀ ੧, ਛੰਤ ੧, ੧:੧ (763)

ਪਾਹੁਨ ----- ਮਹਿਮਾਨ, ਪ੍ਰਾਹੁਣੇ
"ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ।"
– ਗਉ ੫, ੧੫੨*, ੧:੧ (212)

ਹੋਰ ਰੂਪ:

ਪਾਹੁਨੜੇ –
"ਪਾਹੁਨੜੇ ਪਾਹੁਨੜੇ ਮੇਰੇ ਸੰਤ ਪਿਆਰੇ ਰਾਮ।" (ਪ੍ਰਾਹੁਣੇ)
– ਆਸਾ ੫, ਛੰਤ ੪, ੩:੩ (452)
ਪ੍ਰਾਹੁਨੇ –
"ਚਾਰਿ ਦਿਵਸ ਕੇ ਪ੍ਰਾਹੁਨੇ ਬਡ ਬਡ ਰੂੰਧਹਿ ਠਾਉ।"
– ਸਲੋ ਕਬ, ੬੪:੨ (1367)

ਪਾਹੂ ------ (1) ਪ੍ਰਾਹੁਣੇ ਭਾਵ ਜਮਦੂਤ
"ਪਾਹੂ ਘਰਿ ਆਏ ਮੁਕਲਾਊ ਆਏ।"
– ਗਉ ਕਬ, ੫੦, ੧*:੨ (333)
(2) ਲਾਗ, ਮਾਇਆ ਦੀ ਅਗਿਆਨਤਾ ਦੀ ਪਾਹ
"ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ।"
– ਸਾਰ ੪, ਵਾਰ ੧ਸ, ੨, ੧:੧ (1237)

ਪਾਹੂਚਾ ----- ਪਹੁੰਚ, ਤਾਕਤ, ਪਾਇਆ
"ਉਪਮਾ ਸੁਨਹੁ ਰਾਜਨ ਕੀ ਸੰਤਹੁ ਕਹਤ ਜੇਤ ਪਾਹੂਚਾ।"
– ਸਾਰ ੫, ਅਸ ੧, ੨:੧ (1235)

ਪਾਹੇਹਿ ----- ਪਾਹ/ਲਾਗ ਦੇ ਕੇ
"ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ।"
– ਸੋਰ ੪, ਵਾਰ ੫ਸ, ੩, ੨:੨ (644)

ਪਾਹੈ ------ ਲਾਗ ਤੋਂ
"ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ।"
– ਆਸਾ ੧, ਵਾਰ ੧੧ਸ, ੧, ੧:੪ (468)

ਪਾਕ ------ (1) (ਫਾ. ਪਾਕ) ਪਵਿਤਰ
"ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰੁ।"
– ਸਿਰੀ ੧, ਅਸ ੧, ੧*:੨ (53)

ਹੋਰ ਰੂਪ:

ਪਾਕੰ –
"ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ।"
– ਤਿਲੰ ਕਬ, ੧, ੪:੧ (727)
(2) ਪਕਵਾਨ, ਪਕਿਆਂ ਹੋਇਆ ਅੰਨ ਰਸੋਈ
"ਮਾਲਾ ਤਿਲਕੁ ਸੋਚ ਪਾਕ ਹੋਤੀ।"
–ਗਉ ੫, ੪, ੪:੨ (237)
(3) (ਪੱਕੀ ਹੋਈ) ਰੋਟੀ/ਭੋਜਨ
"ਸੁਰ ਤੇ ਤੀਸਉ ਜੇਵਹਿ ਪਾਕ।"
– ਭੈਰ ਕਬ, ਅਸ ੨, ੨:੨ (1163)

ਪਾਕਸਾਰ ---- ਰਸੋਈ, ਭੋਜਨ ਬਣਾਨ ਦਾ ਸਥਾਨ
"ਅਪਰਸ ਕਰਤ ਪਾਕਸਾਰ।"
– ਸਾਰ ੫, ੧੩੧, ੨:੩ (1229)

ਪਾਕਸਾਲ --- ਰਸੋਈ, ਵੇਖੋ 'ਪਾਕਸਾਰ'
"ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ।"
– ਮਲਾ ੫, ੧, ੨:੨ (1266)

ਪਾਕਨਿ ----- ਪਕਨ, ਰਸੀਲੇ ਹੋਣ
"ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ।"

– ਸਲੋ ਕਬ, ੧੩੪:੧ (1371)

ਪਾਕੜਿਆ --- ਪਕੜਿਆ, ਕਾਬੂ ਕੀਤਾ
"ਛਛੈ ਛੀਜਹਿ ਅਹਿਨਿਸਿ ਮੂੜੇ ਕਿਉ ਛੂਟਹਿ ਜਮਿ ਪਾਕੜਿਆ।"
– ਆਸਾ ੩, ਪਟੀ ੨:੨ (434)

ਪਾਕੜੀ ----- ਪਕੜੀ/ਕਾਬੂ ਕੀਤੀ
"ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ।"
– ਸਿਰੀ ੧, ਅਸ ੪, ੧:੩ (55)

ਪਾਕਾ ------ ਪਕਿਆ
"ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ।"
– ਗੋਂਡ ਨਾਮ, ੭, ੨:੨ (875)
"ਨੰੀਬੁ ਭਇਓ ਆਂਬੁ ਆਂਬੁ ਭਇਓ ਨੰੀਬਾ ਕੇਲਾ ਪਾਕਾ ਝਾਰਿ।" (ਪਕਿਆ/ਰਸੀਲਾ ਹੋਇਆ)
– ਰਾਮ ਕਬ, ੧੨, ੧:੧ (972)

ਪਾਕੀ ------ (1) ਪਵਿਤਰ
"ਪਾਕੀ ਨਾਈ ਪਾਕ ਥਾਇ ਸਚਾ ਪਰਵਦਿਗਾਰ।"
– ਸਿਰੀ ੧, ਅਸ ੧, ੧*:੨ (53)

ਹੋਰ ਰੂਪ:

ਪਾਕੁ –
"ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।" (ਪਵਿਤਰ)
– ਆਸਾ ੧, ਵਾਰ ੩ਸ ੧, ੨:੮ (464)
(2) ਪਕੀ ਹੋਈ
"ਕਾਚੀ ਪਾਕੀ ਬਾਢਿ ਪਰਾਨੀ।"
– ਆਸਾ ੫, ੧੯, ੧:੨ (375)

ਪਾਕੁ ------ (1) ਪਵਿਤਰ, ਵੇਖੋ 'ਪਾਕੀ' (1)
(2) ਪਕਿਆ ਹੋਇਆ, ਪਕਵਾਨ, ਭੋਜਨ
"ਤਾ ਹੋਆ ਪਾਕੁ ਪਵਿਤੁ।"
– ਆਸਾ ੧, ਵਾਰ ੧੯ਸ, ੧, ੧:੬ (273)
"ਕਰਹਿ ਸੋਮ ਪਾਕੁ ਹਿਰਹਿ ਪਰਦਰਬਾ ਅੰਤਰਿ ਝੂਠ ਗੁਮਾਨ।"
– ਸਾਰ ੫, ੨, ੨:੧ (1203)
(3) ਨਿਰਲੇਪ
"ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ।"
– ਤਿਲੰ ੫, ੫, ੧*:੨ (724)
(4) ਪਵਿਤਰ ਪ੍ਰਭੂ
"ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ।"
– ਪ੍ਰਭ ਕਬ, ੪, ੪:੧ (1350)

ਪਾ ਕੇ ------ (1) ਪੱਕੇ, ਰਸੀਲੇ ਹੋਏ

"ਜਿਉ ਬਨ ਫਲ ਪਾ ਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।"
– ਸਲੋ ਕਬ, ੩੦:੨ (1366)

(2) ਪੱਕੇ/ਪੁੱਜੇ ਹੋਈ (ਗੁਰੂ)
"ਕਬੀਰ ਜਉ ਤੁਹਿ ਸਾਧ ਪਿਰੰਮ ਕੀ ਪਾ ਕੇ ਸੇਤੀ ਖੇਲੁ।"
– ਸਲੋ ਕਬ, ੨੪੦:੧ (1377)

ਪਾਖ ------ (1) ਪਖਾਂ (ਭਾਵ ਮਾਇਆ ਤੇ/ਰਾਮ ਵਾਲੇ)
"ਦੁਹੂ ਪਾਖ ਕਾ ਆਪਹਿ ਧਨੀ।"
– ਗਉ ੫, ਸੁਖ ੨੧, ੮:੩ (292)

(2) ਪਾਸੇ
"ਸਰਬ ਪਾਖ ਰਾਖੁ ਮੁਰਾਰੇ।"
– ਦੇਵ ੫, ੨੫, ੧:੧ (533)

ਪਾਂਖ ------ ਪੰਖ, ਪਰ, ਖੰਭ
"ਨਿਕਸੁ ਰੇ ਪੰਖੀ ਸਿਮਰਿ ਹਰਿ ਪਾਂਖ।"
– ਗਉ ੫, ੧੨੦*, ੧*:੧ (204)

ਪਾਖੰਡ ----- ਝੂਠਾ ਅਡੰਬਰ, ਦਿਖਾਵਾ, ਦੰਭ
"ਪੁਤ੍ਰ ਕਲਤਿ ਧਨਿ ਮਾਇਆ ਚਿਤੁ ਲਾਏ ਝੂਠੁ ਮੋਹੁ ਪਾਖੰਡ ਵਿਕਾਰੁ।"
– ਆਸਾ ੩, ੪੭, ੧*:੨ (363)

ਹੋਰ ਰੂਪ:

ਪਾਖੰਡਾ –
"ਛੋਡੀਲੇ ਪਾਖੰਡਾ।" (ਦਿਖਾਵਾ, ਦੰਭ)
– ਆਸਾ ੧, ਵਾਰ ੧੬ਸ, ੧, ੧:੪ (471)

ਪਾਖੰਡਿ –
"ਪਾਖੰਡਿ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰੁ।" (ਦੰਭ ਕਰਕੇ, ਪਾਖੰਡ ਦੁਆਰਾ)
– ਸਿਰੀ ੩, ੩੯, ੨:੨ (28)

ਪਾਖੰਡੀ ----- (1) ਝੂਠਾ ਦਿਖਾਵਾ ਕਰਨ ਵਾਲਾ, ਦਿਖਾਵੇ ਦਾ ਧਰਮੀ, ਦੰਭ ਕਰਨ ਵਾਲਾ
"ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ।"
– ਆਸਾ ੫, ੩੪, ੧*:੨ (359)

ਹੋਰ ਰੂਪ:

ਪਾਖੰਡੀਆ –
"ਹਉ ਪਾਪੀ ਪਾਖੰਡੀਆ ਭਾਈ ਮਨਿ ਤਨਿ ਨਾਮ ਵਿਸੇਖੁ।"
– ਸੋਰ ੧, ਅਸ ੪, ੧*:੨ (637)

(2) ਇਕ ਵਾਮ ਵਰਗੀ ਮਤ ਜਿਸ ਦੇ ਅਨੁਆਈ ਲੋਕਾਂ ਦੀਆਂ ਨਜ਼ਰਾਂ ਤੋਂ ਬਚਣ ਲਈ ਉਪਰੋਂ ਹੋਰ ਤੇ ਵਿਚੋਂ ਹੋਰ ਕਰਮ ਕਰਦੇ ਹਨ
"ਸੋ ਪਾਖੰਡੀ ਜਿ ਕਾਇਆ ਪਖਾਲੇ।"
– ਰਾਮ ੩, ਵਾਰ ੧੨ਸ, ੧, ੫:੧ (952)

ਪਾਖੰਡੁ ----- ਝੂਠਾ ਦਿਖਾਵਾ, ਦੰਭ
"ਮਨ ਕਰਹਲਾ ਮੇਰੇ ਪ੍ਰਾਨ ਤੂੰ ਮੈਲੁ ਪਾਖੰਡੁ ਭਰਮੁ ਗਵਾਇ।"
– ਗਉ ੪, ਕਰ ੧, ੬:੧ (234)

ਪਾਖਣ ----- ਪਥਰ
"ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ।"
– ਆਸਾ ੪, ਛੰਤ ੧੨, ੪:੧ (446)

ਹੋਰ ਰੂਪ:

ਪਾਖਣਿ –
"ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ।" (ਪਥਰ ਵਿਚ)
– ਆਸਾ ਧੰਨਾ, ੩, ੩:੧ (488)

ਪਾਖੰਤਣ ---- ਖੰਭਾਂ ਦਾ
"ਪਾਖੰਤਣ ਬਾਜ ਬਜਾਇਲਾ।"
– ਭੈਰ ਨਾਮ, ੧੦, ੧੫:੧ (1166)

ਪਾਖਰ ----- ਕਾਠੀ, ਘੋੜੇ ਦੇ ਸਰੀਰ ਨੂੰ ਜਖਮਾਂ ਤੋਂ ਬਚਾਉਣ ਲਈ ਲੋਹੇ ਦਾ ਝੂਲ
"ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।"
– ਆਸਾ ੧, ੭, ੩:੧ (16)

ਹੋਰ ਰੂਪ:

ਪਾਖਰੇ –
"ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ।"
– ਸਿਰੀ ੧, ਅਸ ੧੬, ੩:੨ (63)
"ਤਾ ਜੀ ਰਥ ਤੁਖਾਰ ਹਾਥੀ ਪਾਖਰੇ।"
– ਮਾਝ ੧, ਵਾਰ ੮:੫ (141)

ਪਾਖਾ ------ (1) ਪੱਖਾ, ਪੰਖਾ, ਹਵਾ ਚਲਾਉਣ ਦਾ ਜੰਤਰ
"ਤਿਸੁ ਗੁਰ ਕਉ ਝੁਲਾਵਉ ਪਾਖਾ।"
– ਗਉ ੫, ਅਸ, ੯, ੩:੧ (239)

(2) ਪੱਖ ਵਿਚ, ਤਰਫ
"ਹਰਿ ਅੰਗੀਕਾਰੁ ਕਰਹੁ ਪ੍ਰਭ ਸੁਆਮੀ ਹਮ ਪਰੇ ਭਾਗਿ ਤੁਮ ਪਾਖਾ।"
– ਜੈਤ ੪, ੨, ੩:੨ (696)

ਪਾਖਾਕ ----- ਚਰਨ ਧੂੜ, ਪੈਰ ਦੀ ਧੂੜ
"ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ।"
– ਤਿਲੰ ੧, ੧, ੪:੨ (721)

ਪਾਖਾਣ ----- ਪੱਥਰ
"ਕੀਟ ਹਸਤ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ।"
– ਸਾਰ ੫, ੧੩੮, ੧*:੨ (1231)

ਹੋਰ ਰੂਪ:

ਪਾਖਾਣੁ –
"ਜਿਉ ਪਾਖਾਣੁ ਨਾਵ ਚੜਿ ਤਰੈ।"
– ਗਉ ੫, ਸੁਖ ੧੫, ੩:੩ (282)

ਪਾਖਾਨ ----- ਪਥਰ
"ਪਾਖਾਨ ਕਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ।"
– ਆਸਾ ਕਬ, ੧੪, ੩:੧ (479)

ਪਾਖਿਆ ---- ਪੱਖ (ਸ਼ਰਨ) ਆ ਕੇ
"ਜਨ ਨਾਨਕ ਭਏ ਨਿਹਾਲੁ ਪ੍ਰਭ ਕੀ ਪਾਖਿਆ।"
– ਵਡ ੪, ਵਾਰ ੨੦:੫ (594)

ਪਾਖੀ ------ ਪੱਖ ਵਿਚ ਤਰਫ
"ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿੰਦ ਕੀ ਪਾਖੀ।"
– ਸਾਰ ੫, ੧੨੨, ੧:੨ (1227)

ਪਾਖੁ ------ ਪੱਖ ਭਾਵ ਸਹਾਇਤਾ, ਤਰਫ ਦਾਰੀ
"ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ।"
– ਟੋਡੀ ੫, ੧, ੧*:੨ (711)

ਪਾਗ ------ ਪਗੜੀ, ਦਸਤਾਰ
"ਜਿਹ ਸਿਰਿ ਰਚਿ ਰਚਿ ਬਾਧਤ ਪਾਗ।"
– ਗਉ ਕਬ, ੩੫, ੧:੧ (330)

ਪਾਗਉ ----- ਪਾ/ਸੁਟ ਦਿਆਂ
"ਲੋਕਨ ਕੀਆ ਵਡਿਆਈਆਂ ਬੈਸੰਤਰਿ ਪਾਗਉ।"
– ਬਿਲਾ ੫, ੩੨, ੧:੧ (808)

ਪਾਗਹਿ ----- ਸੁਟ ਰਿਹਾ ਹੈ
"ਗੋਬਿੰਦ ਤਿਆਗਿ ਆਨ ਲਾਗਹਿ ਅੰਮ੍ਰਿਤੋ ਡਾਰਿ ਭੂਮਿ ਪਾਗਹਿ।"
– ਕਾਨ ੫, ੩੧, ੧:੧ (1304)

ਪਾਗਾ ------ (1) ਲਪੇਟਿਆ ਗਿਆ ਭਾਵ ਮਗਨ ਹੋ ਗਿਆ
"ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ।"
– ਧਨਾ ੫, ੪੭, ੧:੨ (682)

(2) ਪਾਇਆ
"ਆਤਮੁ ਜਿਤਾ ਗੁਰਮਤੀ ਆਗੰਜਤ ਪਾਗਾ।"
– ਰਾਮ ੫, ਵਾਰ ੧੭:੪ (965)

ਪਾਗਿਓ ---- (1) ਪਗਾਂ (ਪੰਚਾਂ) ਤੇ
"ਮਾਨੁ ਅਭਿਮਾਨੁ ਦੋਊ ਸਮਾਨੇ ਮਸਤਕ ਡਾਰਿ ਗੁਰ ਪਾਗਿਓ।"
– ਗਉ ੫, ੧੬੦*, ੧:੧ (215)

(2) ਪਿਆ ਅਥਵਾ ਲਗਾ
"ਸਫਲੁ ਜਨਮੁ ਨਾਨਕ ਤਬ ਹੂਆ ਜਉ ਪ੍ਰਭ ਜਸ ਮਹਿ ਪਾਗਿਓ।"
– ਮਾਰੂ ੯, ੩, ੨:੨ (1008)

ਪਾਗੀ ------ ਪਗਾਂ (ਚਰਨਾਂ) ਦੀ
“ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ।”
– ਸਾਰ ੫, ੬੭, ੧:੨ (1217)

ਪਾਗੀਐ ---- ਲਪੇਟੀਐ, ਲਬੇੜੀਏ
“ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ।”
– ਬਿਲਾ ੫, ੨, ੨:੪ (846)

ਪਾਗੇ ------ (1) ਚਰਨਾਂ ਵਿਚ
“ਸੁਭ ਦਿਵਸ ਆਏ ਸਹਜਿ ਪਾਏ ਸਗਲ ਨਿਧਿ ਪ੍ਰਭ ਪਾਗੇ।”
– ਆਸਾ ੫, ਛੰਤ ੧੦, ੪:੫ (459)
(2) ਲਿਪਟਨ ਪੈਣ/ਮਗਨ ਹੋਣ ਦੇ
“ਖਿਨੁ ਰਹਨੁ ਨ ਪਾਵਉ ਬਿਨੁ ਪਗ ਪਾਗੇ।”
– ਸੂਹੀ ੫, ੫, ੩:੩ (737)
ਹੋਰ ਰੂਪ:
ਪਾਗੈ –
“ਸੋਈ ਧੁਰੰਧਰੁ ਸੋਈ ਬਸੁੰਧਰ ਹਰਿ ਏਕ ਪ੍ਰੇਮ ਰਸ ਪਾਗੈ।” (ਮਗਨ ਰਹਿੰਦਾ ਹੈ)
– ਸਾਰ ੫, ੯੦, ੧*:੨ (1221)

ਪਾਚ ------ ਪੰਜ
“ਨਾਇਕੁ ਏਕੁ ਬਨਜਾਰੇ ਪਾਚ।”
– ਬਸੰ ਕਬ, ੬, ੧:੧ (1194)
ਹੋਰ ਰੂਪ:
ਪਾਂਚ –
“ਕਿਨਹੂ ਲਾਖ ਪਾਂਚ ਕੀ ਜੋਰੀ।” (ਪੰਜਲਖ)
– ਗਉ ਕਬ, ੬੦, ੩:੧ (337)

ਪਾਚਉ ----- ਪੰਜੇ
“ਤਨੁ ਰੈਨੀ ਮਨੁ ਪੁਨਰਪਿ ਕਰਿ ਹਉ ਪਾਚਉ ਤਤ ਬਰਾਤੀ।”
– ਆਸਾ ਕਬ, ੨੪, ੧:੧ (482)
ਹੋਰ ਰੂਪ:
ਪਾਂਚਉ –
“ਪਾਂਚਉ ਇੰਦ੍ਰੀ ਨਿਗ੍ਰਹ ਕਰਈ।” (ਪੰਜੇ ਹੀ)
– ਗਉ ਕਬ, ਬਾਅ ੨੭:੩ (341)

ਪਾਚਹੁ ----- ਪੰਜਾਂ (ਕਾਮਾਦਿਕਾਂ) ਨੂੰ
“ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ।”
– ਆਸਾ ਕਬ, ੧੭, ੩:੨ (480)

ਪਾਚਨੁ ----- ਪਾਣ (ਤੰਦਾਂ ਨੂੰ ਜੋੜਨ ਲਈ ਲਾਏ ਜਾਣ ਵਾਲੀ ਮਾਇਆ)
“ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ।”

– ਗਉ ਕਬ, ੫੪, ੨:੧ (335)

ਪਾਚਾ ------ ਪਿਲਾ
“ਬਿਨਸਿ ਜਾਇ ਕੂਰਾ ਕਚੁ ਪਾਚਾ।” (ਕੱਚਾ ਪਿਲਾ)
– ਗਉ ੪, ੪੨, ੪:੨ (164)

ਪਾਚੇ ------ ਖੁਆਰ ਹੋਏ
“ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਿਸਟਾ ਮਰਿ ਮਰਿ ਪਾਚੇ।”
– ਗਉ ੪, ੫੫, ੨:੨ (169)

ਪਾਂਚੈ ------ ਪੰਚਮੀ ਥਿਤਿ
“ਪਾਂਚੈ ਪੰਚ ਤਤ ਬਿਸਥਾਰ।”
– ਗਉ ਕਬ, ਥਿਤੀ ੬:੧ (343)

ਪਾਛੰ ------ ਪਿਛੇ
“ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ।”
– ਸਸ ੫, ੨੦:੧ (1355)

ਪਾਛਾਰੁ ----- ਪੈਰਾਂ ਦੀ ਧੂੜ, ਚਰਨ ਧੂੜ
“ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾਛਾਰੁ।”
– ਆਸਾ ੧, ਵਾਰ ੬ਸ, ੧, ੧:੧੪ (466)

ਪਾਛੇ ------ ਪਿਛੋਂ
“ਭਾਈ ਮੀਤ ਬੰਧਪ ਸਖੇ ਪਾਛੇ ਤਿਨਹੂ ਕਉ ਸੰਪਾਨੀ।”
– ਗਉ ੫, ਅਸ ੧੫, ੫:੧ (242)

ਪਾਛੈ ------ (1) ਪਿਛੇ
“ਉਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।”
– ਗੂਜ ੫, ਸੋਦ ੫, ੩:੧ (10)

(2) ਪਿਛੋਂ, ਬਾਅਦ ਵਿਚ, ਮਗਰੋਂ
“ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।”
– ਸਿਰੀ ੪, ਵਾਰ ੩ਸ, ੨, ੨:੨ (83)
“ਆਗੈ ਪਾਛੈ ਹੁਕਮਿ ਸਮਾਇ।”
– ਗਉ ੧, ੨, ੨:੪ (151)

(3) ਸਦਕਾ
“ਜਿਸ ਨੋ ਤੁਮਹਿ ਦਿਖਾਇਓ ਦਰਸਨ ਸਾਧ ਸੰਗਤਿ ਕੈ ਪਾਛੈ।”
– ਗਉ ੫, ੧੩੦*, ੪:੧ (207)
“ਨਾਨਕ ਪਤਿਤ ਪਵਿਤ ਮਿਲਿ ਸੰਗਤਿ ਗੁਰ ਸਤਿਗੁਰ ਪਾਛੈ ਛੁਕਟੀ।”
– ਦੇਵ ੪, ੬, ੨:੨ (528)

(4) ਭਾਵ ਇਕ ਪਾਸੇ
“ਦਸ ਬਸਤੂ ਲੈ ਪਾਛੈ ਪਾਵੈ।”
– ਗਉ ੫, ਸੁਖ ੫, ੧:੧ (268)

(5) ਪਿਛਲੇ, ਪੂਰਬਲੇ

"ਪਾਛੈ ਭੋਗ ਜੁ ਭੋਗਵੇ ਤਿਨ ਕੋ ਗੁੜੁ ਲੈ ਖਾਹਿ।"
– ਸਲੋ ਕਬ, ੪੪:੨ (1366)

ਪਾਜ ------ (1) ਦਿਖਾਵਾ, ਫਰੇਬ
"ਬਿਨਸਿ ਜਾਇ ਝੂਠੇ ਸਭਿ ਪਾਜ।"
– ਗਉ ੫, ਅਸ ੧੦, ੪:੨ (240)

ਹੋਰ ਰੂਪ:

ਪਾਜਾ –
"ਅਬੇ ਤਬੇ ਕੂੜੇ ਹੇ ਪਾਜਾ।"
– ਗਉ ੧, ਅਸ ੧੦, ੭:੨ (225)

(2) ਭੇਤ, ਪੋਲ
"ਤਬ ਜਾਨਹੁਗੇ ਜਬ ਉਘਰੈਗੋ ਪਾਜ।"
– ਗਉ ਕਬ, ੩, ੩:੨ (324)

ਪਾਜਿਆ ---- (1) ਪਾਇਆ
"ਸੋਲਹ ਕੀਏ ਸੀਗਾਰ ਕਿ ਅੰਜਨ ਪਾਜਿਆ।"
– ਫੁਨ ੫, ੩:੨ (1361)

(2) ਦਿਖਾਵਾ, ਫਰੇਬ
"ਧਾਤੂ ਪੰਜਿ ਰਲਾਇ ਕੂੜਾ ਪਾਜਿਆ।"
– ਸਲੋ ੧, ੧੪:੨ (1411)

ਪਾਜੁ ------ ਦਿਖਾਵਾ
"ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ।"
– ਸਿਰੀ ੧, ਅਸ ੨, ੧:੩ (54)

"ਕੂੜੁ ਠਗੀ ਗੁਝੀ ਨ ਰਹੈ ਮੁਲੰਮਾ ਪਾਜੁ ਲਹਿ ਜਾਇ।" (ਉਤੋਂ ਉਤੋਂ ਦਾ, ਦਿਖਾਵੇ ਦਾ)
– ਗਉ ੪, ਵਾਰ ੭ਸ, ੪, ੨:੫ (303)

ਪਾਜੇ ------ (1) ਦਿਖਾਵੇ
"ਲਸਕਰ ਨੇਬ ਖਵਾਸੀ ਪਾਜੇ।"
– ਗਉ ੧, ਅਸ ੧੦, ੫:੨ (225)

(2) ਲਗੇ ਹੋਏ, ਰੁਝੇ ਹੋਏ, ਖਚਿਤ ਹੋਏ
"ਜੀਅ ਜੰਤ ਮਾਇਆ ਮੋਹਿ ਪਾਜੇ।"
– ਬਿਲਾ ੩, ਵਾ ੨, ੧:੨ (842)

ਪਾਟ ------ (1) ਪਟ, ਰੇਸ਼ਮ
"ਪਾਟ ਪਟੰਬਰ ਪਹਿਰਿ ਹਢਾਵਉ।"
– ਗਉ ੧, ਅਸ ੧੦, ੧:੨ (225)

(2) ਪੜਦਾ, ਕਨਾਤ
"ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ।"
– ਟੋਡੀ ੫, ੨੦, ੨:੧ (716)

ਪਾਟਕ ----- ਪਤਨ ਭਾਵ ਨਗਰ/ਸ਼ਹਿਰ
"ਵੈਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ।"
– ਕੇਦਾ ਕਬ, ੬, ੨:੧ (1124)

ਪਾਟੀ ------ (1) ਪਟੀ, ਤਖ਼ਤੀ
"ਲੈ ਪਾਟੀ ਪਾਧੇ ਕੈ ਆਇਆ।"
– ਭੈਰ ੩, ਅਸ ੧, ੨:੨ (1154)
(2) ਫਟ ਗਈ, ਫਾਟੀ
"ਜਿਨ੍ ਕੀ ਚੀਰੀ ਦਰਗਹ ਪਾਟੀ ਤਿਨ੍ਾ ਮਰਣਾ ਭਾਈ।"
– ਆਸਾ ੧, ਅਸ ੧੨, ੫:੩ (418)

ਪਾਟੁ ------ (1) ਪੇਟਾ
"ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ।"
– ਗਉ ਕਬ, ੫੪, ੧:੨ (335)
(2) ਪਟ, ਰੇਸ਼ਮ
"ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ।"
– ਸੋਰ ੪, ਵਾਰ ੧੧:੨ (646)
(3) ਪਟਨ, ਨਗਰ, ਸ਼ਹਿਰ
"ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ।"
– ਪ੍ਰਭਾ ਨਾਮ, ੧, ੨:੧ (1350)

ਪਾਟੇ ------ ਫਟ ਗਏ
"ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ।"
– ਆਸਾ ੧, ਅਸ ੧੨, ੬:੨ (418)

ਹੋਰ ਰੂਪ:

ਪਾਟੈ –
"ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ।"
– ਰਾਮ ੩, ਵਾਰ ੧੯ਸ, ੧, ੧:੫ (955)

ਪਾਠ ------ (1) ਪੜਨਾ, ਪਠਨ ਕਰਨ
"ਅਸੰਖ ਗਰੰਥ ਮੁਖਿ ਵੇਦ ਪਾਠ।"
– ਜਪੁ ੧, ੧੭:੩ (3)
"ਬੇਦ ਪਾਠ ਮਤਿ ਪਾਪਾ ਖਾਇ।" (ਪੜਨ ਨਾਲ)
– ਸੂਹੀ ੩, ਵਾਰ ੧੭ਸ, ੧, ੧:੨ (791)
(2) ਸਬਕ, ਸੰਥਾ, ਜੋ ਬਾਰ ਬਾਰ ਪੜਿਆ ਜਾਵੇ।
"ਹਰਿ ਮੁਖਿ ਪਾਠ ਪੜੈ ਬੀਚਾਰ।"
– ਆਸਾ ੧, ੨੦, ੩:੪ (355)

ਪਾਠੰਗਾ ----- ਪਾਠ ਅੰਗ, ਗੁਰਸ਼ਬਦ ਦਾ ਉਦੇਸ਼
"ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ ਪਾਠੰਗਾ।"
– ਸਾਰ ੫, ੩੦, ੨:੨ (1210)

ਪਾਠਾ ------ ਪਾਠ, ਜਿਸ ਨੂੰ ਬਾਰ ਬਾਰ ਪੜਿਆ ਜਾਵੇ, ਸੰਥਾ
"ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ।"
- ਗਉ ੧, ਅਸ ੧੧, ੭:੧ (226)

ਪਾਠਿ ------ ਪਾਠ ਕਰਨ ਨਾਲ
"ਬੁਧਿ ਪਾਠਿ ਨ ਪਾਈਐ ਬਹੁ ਚਤੁਰਾਈਐ ਭਾਇ ਮਿਲੈ ਮਨਿ ਭਾਣੇ।"
- ਆਸਾ ੧, ਛੰਤ ੧, ੪:੫ (436)

ਪਾਠੁ ------ ਸੰਥਾ, ਸਬਰ
"ਪਾਠੁ ਪੜੈ ਨ ਬੂਝਈ ਭੇਖੀ ਭਰਮਿ ਭੁਲਾਇ।"
- ਸਿਰੀ ੩, ਅਸ ੨੧, ੩:੨ (66)

ਪਾਂਡਵ ----- ਰਾਜਾ ਪਾਂਡੂ ਦੀ ਔਲਾਦ
"ਰੋਵਹਿ ਪਾਂਡਵ ਭਏ ਮਜੂਰ।"
- ਰਾਮ ੩, ਵਾਰ ੧੪ਸ ੧, ੧:੯ (954)

ਪਾਡੇ ------ ਪੰਡਿਤ, ਤੀਰਥ ਪੁਰੋਹਿਤ, ਪੁਜਾਰੀ
"ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ।" (ਹੇ ਪੰਡਿਤ)
-ਆਸਾ ੧, ਵਾਰ ੧੫ਸ, ੧, ੧:੨ (471)

ਹੋਰ ਰੂਪ:

ਪਾਂਡੇ –
"ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ।"
-ਰਾਮ ਕਬ, ੫, ੩:੨ (970)

ਪਾਣਾ ------ ਪਣਰੀ, ਜੁਤੀ
"ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।"
- ਆਸਾ ੧, ਵਾਰ ੨੦ਸ, ੧, ੧:੪ (473)

ਪਾਣਿ ------ ਪਾਣੀ ਦਾ
"ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ਹ ਕਲ।"
- ਸਲੋ ੧, ੩:੧ (1410)
('ਮਹਾਨਕੋਸ਼' ਇਸ ਦਾ ਅਰਥ 'ਆਪ' ਵੀ ਕਰਦੇ ਹਨ)

ਪਾਣੀ ------ ਜਲ
"ਪਾਣੀ ਧੋਤੈ ਉਤਰਸੁ ਖੇਹ।"
- ਜਪੁ ੧, ੨੦:੨ (4)

ਪਾਣੀਐ ---- ਪਾਣੀ ਵਿਚ, ਪਾਣੀ ਤੋਂ
"ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ।"
- ਗੂਜ ੫, ਵਾਰ ੧੧ਸ, ੫, ੨:੧ (521)
"ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ।"
- ਸੋਰ ੧, ੭, ੧:੧ (597)

ਪਾਣੀਹਾਰੀਆ – ਪਾਣੀ ਭਰਨ ਵਾਲੇ

“ਅਠਾਰਹ ਭਾਰ ਬਨਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾ ਪਾਣੀਹਾਰੀਆ।”
– ਮਲਾ ਨਾਮ, ੧, ੪:੨ (1292)

ਪਾਣੁ ------ ਪੈਣ ਦੀ ਆਦਤ, ਪੈਣਾ
“ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ।”
– ਸੂਹੀ ੩, ਵਾਰ ੧੪ਸ, ੧, ੧:੪ (790)

ਪਾਤ ------ (1) ਪਾਤਸ਼ਾਹ
“ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।”
– ਜਪੁ ੧, ੩੫:੯ (7)

(2) ਪੱਤੇ
“ਖਬਰ ਕਰਤੁ ਹੈ ਪਾਤ ਪਤ ਡਾਲੀ।”
– ਆਸਾ ੫, ੫੬, ੨:੨ (385)

(3) ਪੰਖ
“ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ।”
– ਸੋਰ ੫, ੬੧, ੩:੨ (624)

ਪਾਤਉ ----- ਪਾਤਰ, ਨਾਇਕ
“ਦਸ ਪਾਤਉ ਪੰਚ ਸੰਗੀਤਾ ਏਕੈ ਭੀਤਰਿ ਸਾਥੇ।” (ਭਾਵ ਇੰਦ੍ਰੀਆਂ)
– ਰਾਮ ੫, ੭, ੩:੨ (884)

ਪਾਤਣ ----- ਮਲਾਹ ਭਾਵ ਗੁਰੂ
“ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ।”
– ਸਲੋ ਫਰ, ੮੬:੨ (1382)

ਪਾਤਣੀ ----- ਮਲਾਹ
“ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ।”
– ਸੋਰ ੪, ੧, ੩:੩ (604)

ਪਾਤਰੋ ----- ਪੱਤਰ, ਚਿਠੀ
“ਏਕ ਕੇਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ।”
– ਸੋਰ ੫, ੬੧, ੧*:੨ (624)

ਪਾਤਾਲ ----- ਪ੍ਰਿਥਵੀ ਦੇ ਹੇਠਲਾ ਲੋਕ
“ਸੁਣਿਐ ਦੀਪ ਲੋਅ ਪਾਤਾਲ।”
– ਜਪੁ ੧, ੮:੩ (2)

ਹੋਰ ਰੂਪ:

ਪਾਤਾਲੰ –
“ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇ ਦੀਪ ਬੈਸ੍ਵਾਂਤਰਹ।”
– ਸਸ ੫, ੧੭:੧ (1355)

ਪਾਤਾਲਪੁਰੀ -- ਪਾਤਾਲ, ਧਰਤੀ ਹੇਠਲਾ ਲੋਕ
“ਪਾਤਾਲਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ।”

– ਸਵ ੧, ੬:੫ (1390)

ਪਾਤਾਲਾ ---- ਪ੍ਰਿਥਵੀ ਦੇ ਹੇਠਲੇ ਲੋਕ
“ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।”
– ਜਪੁ ੧, ੨੨:੧ (5)

ਹੋਰ ਰੂਪ:

ਪਾਤਾਲਿ –
“ਆਕਾਸੀ ਪਾਤਾਲਿ ਤੂੰ ਤ੍ਰਿਭਵਣਿ ਰਹਿਆ ਸਮਾਇ।” (ਪ੍ਰਿਥਵੀ ਹੇਠਲੇ ਲੋਕ ਵਿਚ)
– ਸਿਰੀ ੧, ਅਸ ੧੩, ੯:੧ (62)
“ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ।”
–ਗੋਂਡ ਕਬ, ੩, ੧:੧ (870)
ਪਾਤਾਲੀ –
“ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ।” (ਪਾਤਾਲਾਂ ਵਿਚ)
– ਆਸਾ ੫, ੪੪, ੧:੧ (381)
ਪਾਤਾਲੁ –
“ਤਦਹੁ ਆਕਾਸੁ ਨ ਪਾਤਾਲੁ ਹੈ ਨਾ ਤ੍ਰੈ ਲੋਈ।” (ਧਰਤੀ ਹੇਠਲਾ ਲੋਕ)
– ਗੂਜ ੩, ਵਾਰ ੧:੩ (509)

ਪਾਤਿ ------ ਪਤ, ਇਜ਼ਤ, ਮਾਨ ਪ੍ਰਤਿਸ਼ਟਾ
“ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ।”
– ਗਉ ੪, ੬੨, ੫:੨ (172)

ਪਾਂਤਿ ------ ਖਾਨਦਾਨੀ, ਖਾਨਦਾਨ
“ਦੁਤੀਆ ਤੇਰੀ ਮਨੀਐ ਪਾਂਤਿ।”
– ਆਸਾ ੫, ੧੨, ੧:੨ (374)

ਪਾਤਿਸਾਹ --- ਤਖਤ ਦਾ ਮਾਲਕ, ਰਾਜਾ ਸੁਲਤਾਨ
“ਸੁਣਿਐ ਸੇਖ ਪੀਰ ਪਾਤਿਸਾਹ।”
– ਜਪੁ ੧, ੧੧:੨ (3)

ਹੋਰ ਰੂਪ:

ਪਾਤਿਸਾਹਾ –
“ਸਿਰਿ ਸਾਹਾ ਪਾਤਿਸਾਹਾ।”
– ਸੋਰ ੫, ੫੨, ੨:੩ (621)
ਪਾਤਿਸਾਹਿ –
“ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ।” (ਬਾਦਸ਼ਾਹ ਨੇ)
– ਸਿਰੀ ੫, ੭੩, ੪:੩ (43)

ਪਾਤਿਸਾਹਿਬੁ - ਸੁਲਤਾਨ, ਪਾਤਸ਼ਾਹ
“ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।”
– ਜਪੁ ੧, ੨੭: ੨੨ (6)

ਪਾਤਿਸਾਹੀ --- (1) ਬਾਦਸ਼ਾਹਾਂ ਦਾ, ਸੁਲਤਾਨਾਂ ਦਾ

"ਨਾਨਕ ਪਾਤਿਸਾਹੀ ਪਾਤਿਸਾਹੁ।"

- ਜਪੁ ੧, ੨੫:੧੭ (5)

(2) ਬਾਦਸ਼ਾਹਿਤ, ਰਾਜ, ਬਾਦਸ਼ਾਹੀ

"ਸਚ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ।"

- ਸਿਰੀ ੫, ੮੬, ੪:੧ (48)

"ਕਾਇਮੁ ਦਾਇਮੁ ਸਦਾ ਪਾਤਿਸਾਹੀ।"

- ਗਉ ਰਵਿ, ੨, ੨:੧ (345)

ਹੋਰ ਰੂਪ:

ਪਾਤਿਸਾਹੀਆ–

"ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰ ਨਦਰਿ ਕਰੇਇ।" (ਰਾਜ ਭਾਵ ਰੁਤਬੇ, ਪਦਵੀਆਂ)

- ਸਿਰੀ ੫, ੭੬, ੨:੧ (44)

ਪਾਤਿਸਾਹ --- ਬਾਦਸ਼ਾਹ, ਸੁਲਤਾਨ

"ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ।"

- ਸਿਰੀ ੧, ੭, ੪:੩ (17)

ਪਾਤਿਕ ----- ਪਾਤ (ਡਿਗਣ) ਵਾਲਾ ਕਰਮ, ਪਾਪ, ਗੁਨਾਹ

"ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ।"

- ਗੂਜ ੫, ੩੦, ੧*:੨ (502)

ਪਾਤੀ ------ (1) ਪਤੇ ਪਤੀ

"ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ।"

-ਆਸਾ ਕਬ, ੧੪, ੧:੨ (479)

(2) ਪਤੇ ਵਿਚ

"ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ।"

- ਆਸਾ ਕਬ, ੧੪, ੧:੧ (479)

(ਪਹਿਲੇ 'ਪਾਤੀ' ਦੇ ਅਰਥ 'ਪਤੇ' ਹੈ)

(3) ਜਾਤ ਭਾਈਆਂ ਦੀ ਪੰਗਤੀ, ਕੁਲ ਗੋਤਰ

"ਕਹਾ ਕਰਉ ਜਾਤੀ ਕਹ ਕਰਉ ਪਾਤੀ।"

- ਆਸਾ ਨਾਮ, ੩, ੧*:੧ (485)

(4) ਪਤਿ, ਇਜ਼ਤ

"ਹਰਿ ਹਰਿ ਭਗਤਿ ਬਨੀ ਅਤਿ ਸੋਭਾ ਹਰਿ ਜਪਿਓ ਊਤਮ ਪਾਤੀ।"

- ਧਨਾ ੪, ੫, ੩:੨ (668)

(5) ਪਤਲ, ਪਤਿਆਂ ਦੀ ਥਾਲੀ

"ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ।"

-ਪ੍ਰਭਾ ੧, ੭, ੩:੧ (1329)

ਪਾਤ੍ਰ ------ (1) ਯੋਗ ਪੁਰਸ਼

"ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ।"

-ਰਾਗ ੧:੧੨ (1429)

(2) ਭਾਂਡਾ
“ਕਾਇਆ ਪਾਤ੍ਰੁ ਪ੍ਰਭੁ ਕਰਣੈਹਾਰਾ।”
-ਮਾਰੂ ੫, ਸੋਲਾ ੯, ੧੫:੧ (1081)

ਪਾਥ ------ (1) ਰਸਤਾ, ਮਾਰਗ
“ਸਾਧ ਸੰਗਤਿ ਗੁਣ ਉਚਾਰਣ ਹਰਿ ਨਾਮ ਅੰਮ੍ਰਿਤ ਪਾਥ।”
-ਮਾਰੂ ੫, ੩੦, ੨:੧ (1007)
(‘ਮਹਾਨਕੋਸ਼’ ਇਸ ਦੇ ਅਰਥ ‘ਜਲ’ ਦਿੰਦੇ ਹਨ)
(2) ਪਥਰ
“ਸੁਆਮੀ ਅਭੈ ਨਿਰੰਜਨ ਨਰਹਰਿ ਤੁਮ੍ ਰਾਖਿ ਲੇਹੁ ਹਮ ਪਾਪੀ ਪਾਥ।”
-ਕਾਨ ੪, ੬, ੧:੧ (1296)

ਪਾਂਥ ------ ਰਸਤੇ, ਸਫਰ, ਮੁਸਾਫਰੀ
“ਜਮ ਮਾਰਗ ਕੈ ਸੰਗੀ ਪਾਂਥ।”
-ਭੈਰ ੫, ੧, ੧:੨ (1137)

ਪਾਥਰ ----- (1) ਕੁਕਰਮਾਂ ਦੇ ਭਾਰ ਨਾਲ ਬੋਝਲ
“ਪਾਪੀ ਪਾਥਰ ਡੂਬਦੇ ਗੁਰਮਤਿ ਹਰਿ ਤਾਰੇ।”
-ਗਉ ੩, ੩੮, ੩:੨ (163)

“ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ।”
-ਗਉ ੫, ਸੁਖ ੯, ੫:੬ (274)

ਹੋਰ ਰੂਪ:

ਪਾਥਰੁ -
“ਪਾਥਰੁ ਡਬਦਾ ਕਾਢਿ ਲੀਆ ਸਾਚੀ ਵਡਿਆਈ।”
-ਵਡ ੩, ਅਸ ੨, ੪:੨ (565)
(2) ਪਥਰ
“ਗਲਿ ਪਾਥਰ ਕੈਸੇ ਤਰੈ ਅਥਾਹ।”
-ਗਉ ੫, ਸੁਖ ੪, ੫:੮ (267)

“ਕਈ ਕੋਟਿ ਪਾਥਰ ਬਿਰਖ ਨਿਪਜਾਏ।”
-ਗਉ ੫, ਸੁਖ ੧੦, ੩:੪ (275)

ਹੋਰ ਰੂਪ:

ਪਾਥਰੁ -
“ਪਾਥਰੁ ਲੇ ਪੂਜਹਿ ਮੁਗਧ ਗਵਾਰ।” (ਭਾਵ ਪੱਥਰ ਦੀ ਮੂਰਤੀ)
-ਬਿਹਾ ੪, ਵਾਰ ੨੦ਸ, ੧, ੨:੪ (556)

ਪਾਧਰ ----- (1) ਰਸਤਾ
“ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਰੀਡੁ।”
-ਮਾਰੂ ੩, ਵਾਰ ੧੪ਸ, ੧, ੧:੧ (1090)

ਹੋਰ ਰੂਪ:

ਪਾਧਰੁ-

“ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ।”
-ਗਉ ੫, ਵਾਰ ੧੪ਸ, ੫, ੨:੨ (321)
“ਸਤਿਗੁਰਿ ਦਇਆਲਿ ਹਰਿ ਨਾਮ ਦ੍ਰਿੜਾਇਆ ਹਰਿ ਪਾਧਰੁ ਹਰਿ ਪ੍ਰਭ ਕੇਰਾ।”
- ਟੋਡੀ ੪, ੧, ੨:੨ (711)
(‘ਮਹਾਨਕੋਸ਼’ ਇਥੇ ਅਰਥ ਰਾਹ ਦਸਨ ਵਾਲਾ ਕਰਦੇ ਹਨ)
(2) ਪੱਧਰਾ, ਸਿੱਧਾ
“ਜਿਤੁ ਮਿਲਿ ਹਰਿ ਪਾਧਰ ਬਾਟ।”
-ਕਾਲ ੪, ੧੦, ੧*:੨ (1297)
(‘ਮਹਾਨਕੋਸ਼’ ਇਥੇ ਅਰਥ ‘ਨਗਰ’ ਕਰਦਾ ਹੈ)

ਪਾਧਰੁ ----- ਪਿੰਡ, ਨਗਰ
“ਕਰ ਜੋੜਿ ਗੁਰ ਪਹਿ ਕਰਿ ਬਿਨੰਤੀ ਰਾਹੁ ਪਾਧਰੁ ਗੁਰੁ ਦਸੈ।”
-ਸੂਹੀ ੧, ਛੰਤ ੫, ੬:੬ (767)

ਪਾਧਾ ------ ਅਧਿਆਪਕ, ਉਪਦੇਸ਼ ਦੇਣ ਵਾਲਾ
“ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ।”
-ਗਉ ੪, ੫੧, ੧*:੨ (168)

ਪਾਧਾਣੂ ----- ਮੁਸਾਫਰ, ਪਾਂਧੀ, ਰਾਹੀ, ਪੰਧ ਤੇ ਜਾਣ ਵਾਲਾ
“ਪਾਧਾਣੂ ਸੰਸਾਰੁ ਗਾਰਬਿ ਅਟਿਆ।”
-ਜੈਤ ੫, ਛੰਤ ੩, ੧:੧ (705)

ਪਾਧੇ ------ ਅਧਿਆਪਕ, ਉਪਦੇਸ਼ ਦੇਣ ਵਾਲੇ
“ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ।”
-ਆਸਾ ੧, ਅਸ ੧੪, ੪:੧ (419)

ਪਾਨ ------ (1) ਪ੍ਰੀਣ ਵਾਲੀ ਵਸਤੂ
“ਅੰਮ੍ਰਿਤ ਰਸੁ ਖਾਵਹਿ ਖਾਨ ਪਾਨ।”
-ਗਉ ੫, ੧੪੫, ੩:੧ (195)
(2) ਪੀਓ, ਪੀਣ ਦੀ ਕਿਰਿਆ
“ਹਰਿ ਅੰਮ੍ਰਿਤ ਪਾਨ ਕਰਹੁ ਸਾਧਸੰਗਿ।”
-ਗਉ ੫, ਥਿਤੀ ੧੨:੩ (299)
“ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ।” (ਪੀ ਕੇ)
-ਆਸਾ ਰਵਿ, ੪, ੧*:੨ (486)

ਹੋਰ ਰੂਪ:

ਪਾਨੰ –
“ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ।” (ਪੀ ਕੇ)
-ਮਲਾ ਰਵਿ, ੧, ੧:੧ (1293)
ਪਾਂਨ –
“ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ।” (ਪੀਣਾ)
-ਸਾਰ ੫, ੨੦, ੧:੧ (1208)

(3) (ਫਾ....ਪਾਨ) ਤਾਂਬਲ, ਨਾਗਰ ਵੇਲ-ਦਾ ਪੱਤਾ ਜਿਸ ਵਿਚ ਕਥਾ, ਚੂਨਾ, ਸਪੁਾਰੀ, ਇਲਾਚੀ ਆਦਿ ਪਾ ਕੇ ਖਾਂਦੇ ਹਨ।
"ਕਹਾ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ।"
-ਆਸਾ ੧, ਅਸ ੧੨, ੨:੩ (417)

(4) ਜਲ
"ਮਿਥਿਆ ਕਾਪਰ ਸੁਗੰਧ ਚਤੁਰਾਈ ਮਿਥਿਆ ਭੋਜਨ ਪਾਨ।"
-ਸਾਰ ੫, ੫੪, ੧:੨ (1215)

ਪਾਨਹੀ ----- ਪਾਨ ਹੀ, ਜੁਤੀ
"ਤਾ ਕੇ ਪਗ ਕੀ ਪਾਨਹੀ ਮੇਰੇ ਤਨ ਕੋ ਚਾਮੁ।"
-ਸਲੋ ਕਬ, ੬੩:੨ (1367)

ਪਾਨਾ ------ ਤਾਬੂਲ, ਵੇਖੋ 'ਪਾਨ' (3)
"ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ।"
-ਸਿਰੀ ੧, ੧੩, ੪:੨ (19)

ਪਾਨਾਂ ------ ਪਿਆਇਆ
"ਸਤੁ ਸੰਤੋਖੁ ਦੀਆ ਗੁਰਿ ਪੂਰੈ ਨਾਮੁ ਅੰਮ੍ਰਿਤੁ ਪੀ ਪਾਨਾਂ ਹੇ।"
-ਮਾਰੂ ੫, ਸੋਲਾ ੪, ੭:੩ (1075)

ਪਾਨਿ ------ (1) ਕਪੜੇ ਨੂੰ ਉਣਨ ਲਗਿਆ ਲਾਈ ਜਾਂਦੀ ਮਾਇਆ
"ਤੂਟੇ ਤਾਗੇ ਨਿਖੁਟੀ ਪਾਨਿ।"
-ਗੋਂਡ ਕਬ, ੬, ੧:੧ (871)

(2) ਪੀਣਾ
"ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ।"
-ਸਲੋ ਕਬ, ੨੩੩:੧ (1377)

ਪਾਨੀ ------ ਪਾਣੀ, ਜਲ
"ਜਿਉ ਭਏ ਦਾਦੁਰ ਪਾਨੀ ਮਾਹੀ।"
-ਗਉ ਕਬ, ੫, ੧:੨ (324)
"ਪਾਨੀ ਮੈਲਾ ਮਾਟੀ ਗੋਰੀ।" (ਭਾਵ ਪਿਤਾ ਦਾ ਵੀਰਜ)
-ਗਉ ਕਬ, ੬੦, ੧:੧ (336)
"ਪਾਨੀ ਪਖਾ ਕਰਉ ਤਜਿ ਅਭਿਮਾਨੁ।" (ਪਾਣੀ ਪਿਆਉਣ/ਢੋਣ ਦੀ ਸੇਵਾ)
-ਆਸਾ ੫, ੮੪, ੧:੩ (391)
"ਇਕਤੁ ਪਤਰਿ ਭਰਿ ਉਰਕਟ ਕੁਰਕਟ ਇਕਤੁ ਪਤਰਿ ਭਰਿ ਪਾਨੀ।" (ਭਾਵ ਸ਼ਰਾਬ)
-ਆਸਾ ਕਬ, ੪, ੧:੧ (476)
"ਇਸੁ ਪਾਨੀ ਤੇ ਜਿਨਿ ਤੂ ਘਰਿਆ।" (ਭਾਵ ਰਕਤ ਬੂੰਦ)
-ਰਾਮ ੫, ਅਸ ੨, ੧:੧ (913)

ਪਾਨੀਓ ----- ਪਾਣੀ/ਜਲ ਵੀ
"ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ।"
-ਸੋਰ ਕਬ, ੯, ੨:੨ (656)

ਪਾਨੀਆ ---- ਪਾਣੀ/ਜਲ ਤੋਂ
"ਪਾਨੀਆ ਬਿਨੁ ਮੀਨੁ ਤਲਫੈ।"
-ਗੋਂਡ ਨਾਮ, ੪, ੧*:੧ (874)

ਪਾਨੀਹਾਰ --- ਪਾਣੀ ਭਰਨ ਵਾਲੇ, ਸੇਵਕ, ਦਾਸ, ਗੁਲਾਮ
"ਰਾਮ ਭਗਤ ਕੇ ਪਾਨੀਹਾਰ।"
-ਗੋਂਡ ੫, ੧੧, ੧*:੨ (865)

ਹੋਰ ਰੂਪ:

ਪਾਨੀਹਾਰੇ–
"ਦਾਸ ਦਾਸਨ ਕੇ ਪਾਨੀਹਾਰੇ।" (ਪਾਣੀ ਢੋਣ ਵਾਲੇ)
-ਗਉ ੫, ਬਾਅ ੨੩:੨ (254)

ਪਾਨ੍ਹੋ ------ ਪਾਣੀ
"ਤੁਮਰੋ ਦੂਧੁ ਬਿਦਰ ਕੋ ਪਾਨ੍ਹੋ ਅੰਮ੍ਰਿਤੁ ਕਰਿ ਮੈ ਮਾਨਿਆ।"
-ਮਾਰੂ ਕਬ, ੯, ੧:੨ (1105)

ਪਾਪ ------ ਦੁਸ਼ਕਰਮ, ਮਾੜਾ ਕਰਮ, ਕੁਕਰਮ
"ਸੁਣਿਐ ਦੂਖ ਪਾਪ ਕਾ ਨਾਸੁ।"
-ਜਪੁ ੧, ੮:੬ (2)

ਹੋਰ ਰੂਪ:

ਪਾਪੰ –
"ਨਹ ਬਿਲੰਬ ਧਰਮੰ ਬਿਲੰਬ ਪਾਪੰ।"
-ਸਸ ੫, ੧੦:੧ (1354)

ਪਾਪਖੰਡਨ --- ਪਾਪਾਂ ਨੂੰ ਨਸ਼ਟ ਕਰਨ ਵਾਲਾ
"ਹਮ ਪਾਪੀ ਤੁਮ ਪਾਪ ਖੰਡਨ ਨੀਕੋ ਠਾਕੁਰ ਦੇਸਾ।"
-ਸੋਰ ੫, ੧੭, ੧*:੨ (613)

ਪਾਪਗੇ ----- ਪਾਪੀਆਂ/ਦੁਸ਼ ਕਰਮੀਆਂ ਨੂੰ, ਪਾਪ ਗ੍ਰਹਤਾਂ ਨੂੰ
"ਤੁਮ ਸਰਣਾਗਤਿ ਪ੍ਰਤਿਪਾਲਕ ਸੁਆਮੀ ਹਮ ਰਾਖਹੁ ਵਡ ਪਾਪਗੇ।"
-ਨਟ ੪, ੪, ੧:੨ (976)

ਪਾਪੜਿਆ --- ਪਾਪਾਂ ਨੂੰ
"ਪਾਪੜਿਆ ਪਛਾੜਿ ਬਾਣੁ ਸਚਾਵਾ ਸੰਨ੍ਹਿ ਕੈ।"
-ਗੂਜ ੫, ਵਾਰ ੧੩ਸ, ੫, ੨:੧ (521)

ਪਾਪਾ ------ (1) ਕੁਕਰਮਾਂ, 'ਪਾਪ' ਦਾ ਬਹੁ ਵਚਨ
"ਭਰੀਐ ਮਤਿ ਪਾਪਾ ਕੈ ਸੰਗਿ।"
-ਜਪੁ ੧, ੨੦:੫ (4)

"ਸਾਧਸੰਗਿ ਪਾਪਾ ਮਲੁ ਖੋਵੈ।" (ਪਾਪਾਂ ਦੀ)
-ਗਉ ੫, ਸੁਖ ੯, ੩:੫ (274)

ਹੋਰ ਰੂਪ:

ਪਾਪਾਂ –
“ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ।” (ਪਾਪਾਂ ਦੀ/ਵਾਲੀ)
-ਸਿਰੀ ੪, ਵਾਰ ੨੦ਸ, ੧, ੧:੪ (91)

ਪਾਪਾਤਮਾ --- ਜੋ ਸਦਾ ਪਾਪਾਂ ਵੱਲ ਰੁਚਿਤ ਰਹੇ
“ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ।”
-ਸਸ ੫, ੪੯:੧ (1358)

ਪਾਪਿ ------ ਪਾਪ/ਕੁਕਰਮ/ਦੁਸ਼ਕਰਮ ਵਿਚ
“ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ।”
-ਮਾਝ ੩, ਅਸ ੪, ੪:੩ (111)
“ਧਰਮੁ ਕਮਾਵੈ ਤਿਸੁ ਧਰਮ ਨਾਉ ਹੋਵੈ ਪਾਪਿ ਕਮਾਵੈ ਪਾਪੀ ਜਾਣੀਐ।” (ਪਾਪ ਦੇ ਕਰਨ ਨਾਲ)
-ਮਾਝ ੧, ਵਾਰ ੨ਸ, ੨, ੨:੪ (138)
“ਬਿਨੁ ਹਰਿ ਸਿਮਰਣ ਪਾਪਿ ਸੰਤਾਪੀ।” (ਪਾਪ ਕਰਨ ਕਰਕੇ)
-ਆਸਾ ੧, ੨੪, ੨:੨ (356)
ਪਾਪਿਸਟ – ਵਡੇ ਪਾਪੀ, ਮਹਾਂ ਪਾਪੀ
“ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ।”
-ਸੋਰ ੪, ਵਾਰ ੨੩:੨ (651)
ਪਾਪੀ – ਕੁਕਰਮੀ, ਦੁਸ਼ਕਰਮ ਕਰਨ ਵਾਲੇ, ਪਾਪ ਕਰਨ ਵਾਲਾ
“ਸਚਾ ਸਾਹਿਬੁ ਸਚੁ ਨਿਆਉ ਪਾਪੀ ਨਰੁ ਹਾਰਦਾ।”
-ਸਿਰੀ ੪, ਵਾਰ ੧੯:੪ (90)

ਹੋਰ ਰੂਪ:

ਪਾਪੀਆ –
“ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ।” (ਪਾਪੀ ਦਾ ਬਹੁ-ਵਚਨ)
-ਸਿਰੀ ੪, ਵਾਰ ੧੯:੪ (90)

ਪਾਪੀਸਣਿ --- ਪਾਪੀਆਂ ਸਮੇਤ
“ਜਣੀ ਲਖਾਵਹੁ ਅਸੰਤ ਪਾਪੀਸਣਿ।”
-ਆਸਾ ਰਵਿ, ੨, ੩:੨ (486)

ਪਾਪੁ ------ ਕੁਕਰਮ, ਪਾਪ
“ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ।”
-ਮਾਝ ੩, ਅਸ ੨੮, ੪:੧ (126)

ਪਾਪੇ ------ ਪਾਪ ਵਿਚ ਹੀ
“ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ।”
-ਸਿਰੀ ੩, ੫੬, ੪:੨ (36)
“ਪਾਪਿ ਲਦੇ ਪਾਪੇ ਪਾਸਾਰਾ।” (ਪਾਪ ਦਾ ਹੀ)
-ਰਾਮ ੧, ਓਅੰ ੩੮:੨ (935)

ਪਾਪੈ ------ ਪਾਪ ਤੋਂ

"ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ।"

-ਸਿਰੀ ੪, ਵਾਰ ੧੭:੨ (90)

"ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ।" (ਪਾਪ ਦੀ)

-ਮਾਰੂ ੧, ਅਸ ੭, ੩:੪ (1013)

"ਜੋ ਨਰੁ ਉਸ ਦੀ ਸਰਣੀ ਪਰੈ ਤਿਸੁ ਕੰਬਹਿ ਪਾਪੈ।" (ਪਾਪ)

-ਮਾਰੂ ੫, ਵਾਰ ੮:੩ (1097)

ਪਾਪੋ ------ ਪਾਪ

"ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਇ।"

-ਸਿਰੀ ੩, ਪ੬, ੪:੨ (36)

ਪਾਯੰ ------ ਪਾਂਦਾ ਹੈ

"ਸੋਊ ਸਰਨਿ ਪਰੈ ਜਿਹ ਪਾਯੰ।"

-ਗਉ ੫, ਬਾਅ ੩:੩ (250)

ਪਾਯਉ ----- ਪਾਇਆ, ਪ੍ਰਾਪਤ ਕੀਤਾ

"ਕੁਲ ਸੰਬੂਹ ਸਮੁਧਰੇ ਪਾਯਉ ਨਾਮ ਨਿਵਾਸੁ।"

-ਸਵ ੩, ੮:੩ (1393)

ਪਾਯਾ ------ ਪ੍ਰਾਪਤ ਕੀਤਾ, ਪਾਇਆ

"ਇਨਿ ਸਤਗੁਰੁ ਸੇਵਿ ਸਬਦ ਰਸੁ ਪਾਯਾ ਨਾਮੁ ਨਿਰੰਜਨ ਉਰਿਧਰਿਆ।"

-ਸਵ ੪, ਕਲ ੧:੧੦ (1396)

ਪਾਯਾਲਿ ---- ਪਾਤਾਲ

"ਗੁਣ ਗਾਵਹਿ ਪਾਯਾਲਿ ਭਗਤ ਨਾਗਾਦਿ ਭਯੰਗਮ।"

-ਸਵ ੧, ੯:੧ (1390)

ਪਾਰ ------ (1) ਅੰਤ, ਹੱਦ

"ਸੁਖੁ ਪ੍ਰਭ ਸਿਮਰਨ ਕਾ ਅੰਤੁ ਨ ਪਾਰ।"

-ਗਉ ੫, ਸੁਖ ੧, ੭:੮ (263)

(2) ਦੂਜਾ ਕਿਨਾਰਾ, ਪਰਲਾ ਕਿਨਾਰਾ ਭਾਵ ਪਰਲੋਕ

"ਕਹਿ ਕਬੀਰ ਉਰਵਾਰ ਨ ਪਾਰ।"

-ਗਉ ਕਬ, ਥਿਤੀ ੧ਸ:੨ (343)

"ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਨ ਪਤਾਲੁ।" (ਲੋਕ ਪ੍ਰਲੋਕ)

-ਗਉ ਰਵਿ, ੧, ੩, ੧ (346)

ਹੋਰ ਰੂਪ:

ਪਾਰੰ –

"ਕਰਿ ਕਰਤਾ ਉਤਰਸਿ ਪਾਰੰ।" (ਪਰਲੇ ਕੰਢੇ)

-ਰਾਮ ਕਬ, ੧੦, ੪:੨ (972)

ਪਾਰਸ ----- ਮੰਨਿਆ ਜਾਂਦਾ ਉਹ ਪਥਰ ਜਿਸ ਦੀ ਛੋਹ ਨਾਲ ਲੋਹਾ ਸੋਨਾ ਬਣ ਜਾਂਦਾ ਹੈ।

"ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ।"

-ਗਉ ੫, ਬਾਅ ੧ਸ:੪ (250)

"ਮੈਲਾ ਉਜਲੁ ਤਾ ਥੀਐ ਪਾਰਸ ਸੰਗਿ ਭੀਜੈ।" (ਭਾਵ ਗੁਰੂ ਪਾਰਸ)

-ਮਾਰੂ ੧, ਅਸ ੬, ੭:੨ (1012)

ਪਾਰਸਹਿ ---- ਪਾਰਸ ਨਾਲ

"ਲੋਹਾ ਕੰਚਨੁ ਹਿਰਨ ਹੋਇ ਕੈਸੇ ਜਉ ਪਾਰਸਹਿ ਨ ਪਰਸੈ।"

-ਰਾਮ ਰਵਿ, ੧, ੧:੨ (973)

ਪਾਰਸਿ ----- ਪਾਰਸ ਦੇ/ਨੂੰ/ਨਾਲ

"ਪਾਰਸਿ ਪਰਸਿਐ ਪਾਰਸੁ ਹੋਇ ਜੋਤੀ ਜੋਤਿ ਸਮਾਇ।" (ਭਾਵ ਗੁਰੂ ਦੇ ਮਿਲਾਪ ਨਾਲ)

-ਸਿਰੀ ੩, ੩੬, ੪:੩ (27)

ਹੋਰ ਰੂਪ:

ਪਾਰਸੁ –

"ਨਿਜ ਘਰਿ ਪਾਰਸੁ ਤਜਹੁ ਗੁਨ ਆਨ।" (ਭਾਵ ਪ੍ਰਭੂ)

-ਗਉ ਕਬ, ੯, ੩:੨ (325)

"ਪਾਰਸੁ ਪਰਸਿ ਪਰਮ ਪਦੁ ਪਾਵੈ।" (ਗੁਰੂ ਰੂਪ ਪਾਰਸ)

-ਆਸਾ ੧, ਅਸ ੧, ੨:੪ (411)

ਪਾਰਸੈ ----- ਪਾਰਸ ਹੋਇਆ, ਭਾਵ ਗੁਣਵਾਣ ਹੋਇਆ

"ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ।"

-ਗੂਜ ੩, ੭, ੩:੧ (491)

ਪਾਰਖ ----- ਪਰਖ ਸਕਨ ਦੇ ਸਮਰਥ, ਸੂਝਵਾਣ

"ਕਬੀਰ ਰਾਮ ਰਤਨੁ ਮੁਖੁ ਕੋਥਰੀ ਪਾਰਖ ਆਗੈ ਖੋਲਿ।"

-ਸਲੋ ਕਬ, ੨੨੫:੧ (1376)

ਪਾਰਖੀਆ --- ਪਰਖਨ ਵਾਲਾ, ਭਾਵ ਸੂਝਵਾਣ

"ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ।"

-ਆਸਾ ੩, ਅਸ ੨੮, ੪:੧ (425)

ਪਾਰਖੁ ----- ਪਰਖ ਕਰਨ ਵਾਲਾ, ਪਾਰਖੂ

"ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ।"

-ਮਾਝ ੧, ਵਾਰ ੧੩:੮ (144)

ਹੋਰ ਰੂਪ:

ਪਾਰਖੂ –

"ਆਪੇ ਪਰਖੇ ਪਾਰਖੂ ਪਵੈ ਖਜਾਨੈ ਰਾਸਿ।"

-ਸਿਰੀ ੧, ਅਸ ੧੩, ੪:੩ (61)

ਪਾਰੰਗਤਿ --- ਪਾਰ ਪੁਜਾ ਭਾਵ ਮੁਕਤ

"ਨਾਨਕ ਸੋ ਪਾਰੰਗਤਿ ਹੋਇ।"

-ਰਾਮ ੧, ਅਸ ੭, ੪:੬ (878)

"ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ।" (ਪੂਰੀ ਪੈਣੀ, ਕਬੂਲ ਹੋਣਾ)

–ਰਾਮ ਬਸ, ੧:੨ (966)

ਪਾਰਗਰਾਮ -- (ਸੰ. =) ਪਾਰ ਜਾਣ ਵਾਲਾ

"ਸਾਧੂ ਸੰਗਤਿ ਪਾਰਗਰਾਮ।" (ਪਾਰ/ਮੁਕਤ ਹੋਈਦਾ ਹੈ)

–ਬਸੰ ੫, ੮, ੩:੪ (1182)

ਪਾਰਗਰਾਮਨੋ - ਪਾਰ ਕਰਨ ਵਾਲਾ

"ਸਾਗਰ ਲਹਰਿ ਸੰਸਾ ਸੰਸਾਰੁ ਗੁਰੁ ਬੋਹਿਥੁ ਪਾਰਗਰਾਮਨੋ।"

–ਗਉ ੫, ੧੪੦, ੧*:੧ (210)

ਪਾਰਗਰਾਮੀ -- (1) ਪਾਰ ਹੋਇਆ ਭਾਵ ਮੁਕਤ

"ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਾਮੀ।"

–ਗਉ ੫, ੧੬੪, ੪:੧ (216)

ਹੋਰ ਰੂਪ:

ਪਾਰਗਿਰਾਮੀ –

"ਜਿਨਿ ਸੇਵਿਆ ਸੇ ਪਾਰਗਿਰਾਮੀ ਕਾਰਜ ਸਗਲੇ ਥੀਏ ਜੀਉ।"

–ਮਾਝ ੫, ੩੫, ੩:੩ (104)

(2) ਮੁਕਤੀ ਦਾਤਾ, ਪਾਰ ਕਰਨ ਵਾਲਾ

"ਨਾਵ ਰੂਪ ਸਾਧਸੰਗ ਨਾਨਕ ਪਾਰਗਰਾਮੀ।"

–ਸਾਰ ੫, ੧੩੪, ੨:੩ (1230)

ਹੋਰ ਰੂਪ:

ਪਾਰਗਿਰਾਮ –

"ਪਾਹਣ ਨਾਵ ਨ ਪਾਰਗਿਰਾਮੀ।" (ਪਾਰ ਜਾਣ ਵਾਲੀ)

–ਸੂਹੀ ੫, ੯, ੩:੨ (739)

ਪਾਰਚ ----- ਕਪੜੇ

"ਮਿਥਿਆ ਮੋਹ ਬੰਧਹਿ ਨਿਤ ਪਾਰਚ।" (ਭਾਵ ਕਮਰ ਬੰਨਦਾ ਹੈ, ਦੁਨਿਆਵੀ ਕੰਮਾਂ ਲਈ ਤਤਪਰ ਹੁੰਦਾ ਹੈ)

–ਸੂਹੀ ੫, ੩੩, ੧:੨ (743)

ਪਾਰਜਾਤ ---- ਮਨੋਕਾਮਨਾ ਪੂਰੀਆਂ ਕਰਨ ਵਾਲਾ ਸਮੁੰਦਰ ਤੋਂ ਨਿਕਲਿਆ ਇੰਦਰ ਦੇਵਤੇ ਦੇ ਬਾਗ ਵਿਚ ਸਥਿਤ ਇਕ ਬ੍ਰਿਛ

"ਚਾਰ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ।"

–ਟੋਡੀ ੫, ੨੯, ੨:੧ (717)

ਹੋਰ ਰੂਪ:

ਪਾਰਜਾਤੁ –

"ਗੁਰੁ ਤੀਰਥ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ।"

–ਸਿਰੀ ੫, ੯੯, ੩:੧ (52)

ਪਾਰਣਾ ----- ਭਰੋਸਾ, ਆਸਰਾ

"ਇਕਿ ਭੂਖੇ ਇਕਿ ਤ੍ਰਿਪਤਿ ਅਘਾਏ ਸਭਸੈ ਤੇਰਾ ਪਾਰਣਾ।"

-ਮਾਰੂ ੫, ਸੋਲਾ ੬, ੩:੩ (1077)

ਪਾਰਥਉ ---- ਪ੍ਰਿਥਾ (ਕੁੰਤੀ) ਦਾ ਪੁਤਰ ਅਰਜਨ

"ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਾਹੀ।"

-ਸਵ ੫, ਕਲ ੯, ੧:੧ (1408)

ਪਾਰਦੋ ----- ਪਰਦਾ

"ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ।"

-ਸਾਰ ੫, ੨੪, ੧:੨ (1209)

ਪਾਰਬਤੀ ---- ਹਿਮਾਲੀਆ ਪਰਬਤ ਦੀ ਪੁਤਰੀ ਓਮਾ ਜੋ ਸ਼ਿਵਜੀ ਨਾਲ ਵਿਆਹੀ ਗਈ, ਸ਼ਿਵਜੀ ਦੀ ਪਤਨੀ

"ਗੁਰ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।"

-ਜਪੁ ੧, ੫:੮ (2)

ਪਾਰਬ੍ਰਹਮ --- ਬ੍ਰਹਮ ਜੋ ਸਰਬ ਅਵਸਥਾ ਤੋਂ ਪਰੇ ਹੈ, ਪ੍ਰਭੂ

"ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ।"

-ਸਿਰੀ ੫, ਅਸ ੨੬, ੫:੪ (70)

ਹੋਰ ਰੂਪ:

ਪਾਰਬ੍ਰਹਮੰ -

"ਸਿਰ ਮਸ੍ਤਕ ਰਖ੍ਯਾ ਪਾਰਬ੍ਰਹਮੰ ਹਸ੍ਤ ਕਾਯਾ ਰਖ੍ਯਾ ਪਰਮੇਸ੍ਵਰਹ।"

-ਸਸ ੫, ੫੨:੧ (1358)

ਪਾਰਬ੍ਰਹਮਣਹ - ਪਾਰਬ੍ਰਹਮ ਦਾ/ਵਲ

"ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ।"

-ਜੈਤ ੫, ਵਾਰ ੧੪ਸ, ੫, ੧:੨ (709)

ਪਾਰਬ੍ਰਹਮਾ --- ਪਾਰਬ੍ਰਹਮ ਤੋਂ

"ਭੇਦ ਨਹੀ ਹੈ ਪਾਰਬ੍ਰਹਮਾ।"

-ਗਉ ੫, ਅਸ ੧, ੪:੪ (235)

ਹੋਰ ਰੂਪ:

ਪਾਰਬ੍ਰਹਮਿ -

"ਪਾਰਬ੍ਰਹਮਿ ਪ੍ਰਭਿ ਮੇਘੁ ਪਠਾਇਆ।" (ਪਾਰਬ੍ਰਹਮ ਨੇ)

-ਮਾਝ ੫, ੪੧, ੧:੧ (106)

"ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ।"

-ਗਉ ੫, ੧੬੭, ੧:੨ (199)

ਪਾਰਬ੍ਰਹਮੁ -

"ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ।"

-ਆਸਾ ੪, ਸੋਪ ੧, ੨:੪ (11)

ਪਾਰਮਲੋ ---- ਮਲੀਨਤਾ ਤੋਂ ਪਰੇ, ਨਿਰਮਲ
“ਮਲੈ ਨ ਲਾਛੈ ਪਾਰਮਲੋ ਪਰਮਲੀਓ ਬੈਠੋ ਰੀ ਆਈ।”
-ਗੂਜ ਨਾਮ, ੨, ੧:੧ (525)

ਪਾਰਾ ------ (1) ਅੰਤ, ਪਾਰ, ਹਦ
“ਹਰਿ ਆਪੇ ਨਾਨਕ ਪਾਵੈ ਪਾਰਾ।”
-ਗਉ ੪, ੪੪, ੪:੩ (165)

(2) ਪਾਰਲਾ ਕੰਢਾ, ਪਾਰਲਾ ਪਾਸਾ
“ਗੁਰਮੁਖਿ ਭਉਜਲੁ ਉਤਰਹੁ ਪਾਰਾ।” (ਭਾਵ ਮੁਕਤ ਹੋਵੇ)
-ਗਉ ੩, ਅਸ ੨, ੧*:੨ (230)

ਪਾਰਾਵਰਿਆ - ਪਾਰਾਵਾਰ, ਅੰਤ (ਵਿਸਤਾਰ)
“ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਾਰਿਆ।”
-ਗੂਜ ੫, ਸੋਦ ੫, ੪:੨ (10)

ਪਾਰਾਵਾਰ --- ਉਰਲਾ ਤੇ ਪਰਲਾ ਕੰਡਾ, ਹਦ ਬੰਨਾ, ਵਿਸਤਾਰ ਦਾ ਅੰਤ, ਸੀਮਾ
“ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ।”
-ਗਉ ੫, ਸੁਖ ੧੦ਸ:੧ (275)

ਹੋਰ ਰੂਪ:

ਪਾਰਾਵਾਰਾ -
“ਨਾਨਕ ਅੰਤੁ ਨ ਪਾਰਾਵਾਰਾ।”
-ਗਉ ੫, ਬਾਅ ੨:੮ (250)

ਪਾਰਾਵਾਰਿਆ -
“ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਰਿਆ।”
-ਰਾਮ ਕਬ, ਵਾਰ ੭:੪ (968)

ਪਾਰਾਵਾਰੀ -
“ਕੀਮਤਿ ਕਉਣੁ ਕਰੇ ਤੇਰੀ ਕਰਤੇ ਪ੍ਰਭ ਅੰਤੁ ਨ ਪਾਰਾਵਾਰੀ।”
-ਰਾਮ ੫, ਅਸ ੮, ੭:੧ (916)

ਪਾਰਾਵਾਰੁ -
“ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ।”
-ਸਿਰੀ ੧, ੬, ੧:੩ (16)
“ਨਾਨਕ ਨਾਮੁ ਸਲਾਹਿ ਤੂੰ ਅੰਤੁ ਨ ਪਾਰਾਵਾਰੁ।”
-ਸਿਰੀ ੩, ੫੭, ੪:੩ (36)

ਪਾਰਾਵਾਰੇ -
“ਗਹਿਰ ਗੰਭੀਰ ਬਿਅੰਤ ਗੁਸਾਈ ਅੰਤੁ ਨਹੀ ਕਿਛੁ ਪਾਰਾਵਾਰੇ।”
-ਆਸਾ ੫, ੩੬, ੪:੧ (379)

ਪਾਰਿ ------ (1) ਪਰਲੇ ਪਾਸੇ
“ਬਾਹ ਪਕੜਿ ਗੁਰਿ ਕਾਢਿਆ ਸੋਈ ਉਤਰਿਆ ਪਾਰਿ।” (ਭਾਵ ਮੁਕਤ ਹੋ ਗਿਆ)
-ਸਿਰੀ ੫, ੭੬, ੩:੩ (44)

(2) ਭਾਵ ਪਰਲੋਕ

“ਉਰਵਾਰਿ ਪਾਰਿ ਸਭ ਏਕੋ ਦਾਨੀ।”
-ਗਉ ਕਬ, ੬੧, ੪:੨ (337)

(3) ਭਾਵ (ਵਸ) ਚਲੇ, ਹੋ ਸਕੇ
“ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।”
-ਬਿਹਾ ੪, ਵਾਰ ੧੬ਸ, ੩, ੧:੫ (554)
“ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ।”
-ਸੋਰ ੫, ਅਸ ੨, ੫:੧ (641)

(4) ਪਾ ਕੇ ਭਾਵ ਮਾਰ ਕੇ
“ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ।”
-ਸਾਰ ਪਰ, ੧, ੨:੧ (1253)

ਪਾਰਿਓ ----- ਪਾਇਆ, ਕੀਤਾ
“ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ।”
-ਜੈਤ ਰਵਿ, ੧, ੨:੨ (710)

ਪਾਰੀ ------ (1) ਪਰਲੇ ਕੰਢੇ, ਪਾਰ
“ਓਛੀ ਭਗਤਿ ਕੈਸੇ ਉਤਰਸਿ ਪਾਰੀ।”
-ਗਉ ਕਬ, ੧੫, ੪:੨ (326)

(2) ਪਾਲੀ ਭਾਵ ਇਕਠੀ ਕੀਤੀ
“ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ।”
-ਸਮੁ ੫, ੬*:੧ (1388)

ਪਾਰੀਆ ---- ਪਾਇਆ
“ਖੋਜਤ ਫਿਰੇ ਅਸੰਖ ਅੰਤੁ ਨ ਪਾਰੀਆ।”
-ਮਾਝ ੩, ਅਸ ੧੨, ੧:੧ (240)

ਪਾਰੁ ------ (1) ਪਰਲੇ ਕੰਢੇ, ਪਾਰ
“ਧਾਤੁਰ ਬਾਜੀ ਪਲਚਿ ਰਹੇ ਨ ਉਰਵਾਰੁ ਨ ਪਾਰੁ।” (ਭਾਵ ਪਰਲੋਕ)
-ਸਿਰੀ ੩, ੪੦, ੩:੩ (29)
“ਮਾਇਆ ਮੋਹੁ ਗੁਬਾਰੁ ਹੈ ਤਿਸ ਦਾ ਨ ਦਿਸੈ ਉਰਵਾਰੁ ਨ ਪਾਰੁ।” (ਪਾਰਲਾ ਕੰਢਾ)
-ਸਿਰੀ ੪, ਵਾਰ ੧੬ਸ, ੩, ੨:੧ (89)

(2) ਹਦ, ਹਦਬੰਨਾ, ਅੰਤ
“ਪਾਰਬ੍ਰਹਮ ਕਾ ਅੰਤੁ ਨ ਪਾਰੁ।”
-ਗਉ ੫, ਅਸ ੪, ੮:੧ (237)
“ਮਿਲਿ ਗੁਰ ਸੰਗਤਿ ਪਾਵਉ ਪਾਰੁ।” (ਅੰਤ, ਹਦਬੰਦਾ)
-ਆਸਾ ੧, ੧੫, ੩:੪ (353)
“ਪਾਰੁ ਨ ਪਾਵੈ ਕੋ ਧਰਨੀਧਰ ਮੰਤ।” (ਭਾਵ ਭੇਤ ਪਾ ਸਕਨਾਂ)
-ਭੈਰ ਕਬ, ੧, ੩:੪ (1162)

ਪਾਰੇ -
(1) ਪਾਰ, ਪਰਲੇ ਕੰਢੇ
“ਨਾਮਿ ਰਤੇ ਭਉਜਲ ਉਤਰਹਿ ਪਾਰੇ।” (ਭਾਵ ਮੁਕਤ ਹੋ)
-ਗਉ ੩, ੩੩, ੨:੪ (161)

“ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ।”

–ਬਿਲਾ ੩, ੧, ੩:੩ (797)

“ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ।” (ਪਰਲੇ ਕੰਢੇ/ਪਾਸੇ)

–ਤੁਖਾ ੧, ਛੰਤ ੪, ੩:੪ (1111)

(2) ਹਦਬੰਨਾ

“ਕੋਟਿ ਕੋਟਿ ਤੇਤੀਸ ਧਿਆਵਹਿ ਤਾ ਕਾ ਅੰਤੁ ਨ ਪਾਵਹਿ ਪਾਰੇ।”

–ਰਾਮ ੪, ੬, ੨:੧ (882)

ਪਾਰੈ ------ (1) ਪਾਰ ਕਰ, ਪਾਰਲੇ ਕੰਢੇ ਲਾ

“ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ ਜਿਉ ਜਾਨਹਿ ਤਿਉ ਪਾਰੈ।”

–ਸਾਰ ੫, ੫੨, ੧*:੨ (1214)

(2) ਪਾਰਾਵਾਰ, ਹਦਬੰਨਾ

“ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ।”

–ਕਾਨਾ ੫, ੨੦, ੧:੧ (1302)

ਪਾਰੋ ------ (1) ਪਰਲਾ ਕੰਢਾ

“ਹਮ ਮੂਰਖ ਕਿਛੂਅ ਨ ਜਾਣ ਹਾ ਕਿਵ ਪਾਵਹ ਪਾਰੋ।”

–ਆਸਾ ੪, ਛੰਤ ੧੭, ੩:੩ (450)

(2) ਪਾਰਾਵਾਰ, ਹਦ ਬੰਨਾ

“ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ ਜਾ ਕਾ ਅੰਤੁ ਨ ਪਾਰੋ।”

–ਗੂਜ ੫, ੪, ੧:੨ (496)

ਪਾਰੋਸੀ ----- ਗੁਆਂਢੀ

“ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ।”

–ਸਲੋ ਕਬ, ੧੬੭:੨ (1373)

ਪਾਲ ------ (1) ਪੱਲਾ

“ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ।”

–ਧਨਾ ੫, ੩੮, ੨:੨ (680)

(2) ਪਾਲਕ, ਪਾਲਣਹਾਰ

“ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ।”

–ਧਨਾ ੫, ੩੯, ੧*:੨ (680)

(3) ਦਾਮਨ, ਪੱਲੇ

“ਜਗਤ ਉਧਾਰਨ ਸਾਧ ਪ੍ਰਭ ਤਿਨ੍ ਲਾਗਹੁ ਪਾਲ।”

–ਬਿਲਾ ੫, ੪੧, ੨:੧ (811)

(4) ਬਾਦਬਾਨ

“ਉਧਰੇ ਭ੍ਰਮ ਮੋਹ ਸਾਗਰ।”
“ਲਗਿ ਸੰਤਨਾ ਪਰ ਪਾਲ।”

–ਕੇਦਾ ੫, ੨, ੨:੬ (1119)

ਪਾਲਹਿ ----- ਪਾਲਣਾ ਕਰਦਾ ਹੈ, ਪਾਲਦਾ ਹੈ

“ਅਹਿਨਿਸਿ ਪਾਲਹਿ ਰਾਖਿ ਲੇਹਿ ਆਤਮ ਸੁਖੁ ਸਾਰਾ।”

-ਗਉ ੧, ਅਸ ੧੭, ੧:੨ (228)

ਪਾਲਕਾ ----- ਪਾਲਦਾ ਹੈ
“ਅੰਡਜ ਜੇਰਜ ਸੇਤਜ ਉਤਭੁਜ ਬਹੁ ਪਰਕਾਰੀ ਪਾਲਕਾ।”
-ਮਾਰੂ ੫, ਸੋਲਾ ੧੩, ੪:੩ (1085)

ਪਾਲਣਾ ----- ਪਾਲਦਾ ਹੈ
“ਆਪਿ ਉਪਾਏ ਉਪਾਵਣਹਾਰਾ ਆਪਣਾ ਕੀਆ ਪਾਲਣਾ।”
-ਮਾਰੂ ੫, ਸੋਲਾ ੬, ੯:੩ (1077)

ਪਾਲਤੀ ----- ਪਾਲਦੀ ਹੈ
“ਜਿਉ ਜਨਨੀ ਗਰਭੁ ਪਾਲਤੀ ਸੁਤ ਕੀ ਕਰਿ ਆਸਾ।”
-ਗਉ ੪, ੪੬, ੧:੧ (165)

ਹੋਰ ਰੂਪ:

ਪਾਲਤੇ –
“ਸਰਣਾਗਤੀ ਪ੍ਰਭ ਪਾਲਤੇ ਹਰਿ ਭਗਤਿ ਵਛਲੁ ਨਾਇਆ।” (ਪਾਲਦੇ ਹਨ)
-ਮਾਲੀ ੪, ੧, ੨:੧ (984)

ਪਾਲਦਾ ----- ਪਾਲਣਾ ਕਰਦਾ ਹੈ
“ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ।”
-ਸਿਰੀ ੫, ੮੩, ੪:੪ (47)

ਪਾਲਨ ----- (1) ਪਾਲਣ ਹਾਰ
“ਦਰਬਾਰਨ ਮਹਿ ਤੇਰੋ ਦਰਬਾਰਾ ਸਰਨ ਪਾਲਨ ਟੀਕਾ।”
-ਗੂਜ ੫, ਅਸ ੧, ੫:੧ (507)

(2) ਪੰਘੂੜਾ, ਪਾਲਨਾ
“ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ।”
-ਰਾਮ ਨਾਮ, ੧, ੪:੧ (972)

(3) ਪਾਲਣਾ ਹੋਣੀ
“ਜੈਸੇ ਪਾਲਨ ਸਰਨਿ ਸੇਂਘ।”
-ਮਾਲੀ ੫, ੩, ੨:੪ (987)

ਪਾਲਨਹਾਰਾ -- ਪਾਲਣਾ ਕਰਨ ਵਾਲਾ
“ਸੇਵਕ ਕਉ ਪ੍ਰਭ ਪਾਲਨਹਾਰਾ।”
-ਗਉ ੫, ਸੁਖ ੧੭, ੩:੭ (285)

ਪਾਲਨਾ ----- ਪਾਲਣਾ (ਕੀਤੀ)
“ਤੂ ਦਾਤਾ ਸਭਨਾ ਜੀਆ ਕਾ ਆਪਨ ਕੀਆ ਪਾਲਨਾ।”
-ਰਾਮ ੫, ਅਸ ੫, ੭:੧ (915)

ਪਾਲਾ ------ (1) ਪਾਲਣਾ ਕੀਤੀ, ਪਾਲਿਆ
“ਮਾਤ ਗਰਭ ਮਹਿ ਤੁਮ ਹੀ ਪਾਲਾ।”
-ਮਾਝ ੫, ਅਸ ੩੭, ੫:੨ (132)

(2) ਸੀਤ, ਠੰਡ, ਸਰਦੀ
“ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ।”
–ਮਾਝ ੧, ਵਾਰ ੯ਸ, ੧, ੪:੧ (142)
“ਪਾਲਾ ਤਾਊ ਕਛੂ ਨ ਬਿਆਪੈ ਰਾਮ ਨਾਮ ਗੁਨ ਗਾਇ।” (ਭਾਵ ਡਰ, ਭਉ)
–ਆਸਾ ੫, ੩੧, ੧:੧ (378)

(3) ਪਾਲਿਆ, ਪਾਲਣਾ ਕੀਤੀ
“ਕਰਿ ਕਿਰਪਾ ਅਪੁਨੇ ਕਰਿ ਰਾਖੇ ਮਾਤ ਪਿਤਾ ਜਿਉ ਪਾਲਾ।”
–ਸੋਰ ੫, ੫੮, ੧*:੨ (623)

(4) ਪੱਲੇ
“ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ।”
–ਪ੍ਰਭਾ ੫, ਅਸ ੨, ੮:੨ (1348)

ਪਾਲਿ ------ **(1) ਕੰਧ, ਪਰਦਾ**
“ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।”
–ਜਪੁ ੧, ੧:੭ (1)

(2) ਬੰਨੁ, ਬੰਧ
“ਸੂਕੇ ਸਰਵਰਿ ਪਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ।”
–ਆਸਾ ਕਬ, ੧੫, ੨:੧ (479)

(3) ਪਾਲਣਾ ਕਰਕੇ
“ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ।”
–ਬਿਹਾ ੪, ਵਾਰ ੧੪ਸ, ੫, ੨:੨ (554)

(4) ਕੰਢਿਆ ਤੱਕ, ਵਟਾਂ ਤੱਕ
“ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨ ਸਕੈ ਕੋਈ ਨੀਰੁ।”
–ਸਲੋ ਕਬ, ੧੭੦:੧ (1373)
“ਨਾਨਕ ਗੁਰਮੁਖਿ ਉਬਰੇ ਗੁਰੁ ਸਰਵਰੁ ਸਚੀ ਪਾਲਿ।” (ਵੱਟ ਸਚ ਦੀ ਹੈ)
–ਸਲੋ ੧, ੮:੪ (1411)

ਪਾਲਿਓ ---- **(1) ਪਾਲੇ, ਨਿਭਾਏ, ਪੂਰੇ ਕੀਤੇ**
“ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਦੀਐ।”
–ਰਾਮ ਬਸ, ੨:੧੦ (967)

(2) ਪਾਲਣਾ ਕੀਤੀ, ਪਾਲੇ
“ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ।”
–ਸਲੋ ਕਬ, ੧੦੬:੧ (1370)

ਹੋਰ ਰੂਪ:

ਪਾਲਿਆ –
“ਆਪੇ ਰਚਨੁ ਰਚਾਇ ਆਪੇ ਹੀ ਪਾਲਿਆ।”
–ਗੂਜ ੫, ਵਾਰ ੧੯:੬ (523)

ਪਾਲੀ –
“ਅਨਿਕ ਜਤਨ ਕਰਿ ਕਾਇਆ ਪਾਲੀ।”
–ਗਉ ਕਬ, ੧੧, ੨:੧ (325)

ਪਾਲੀ ------ (1) ਪਾਲਣਾ ਕੀਤੀ, ਵੇਖੋ 'ਪਾਲਿਓ' (2)
(2) ਲੜ, ਪਲੇ
"ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ।"
–ਧਨਾ ੪, ੪, ੧:੨ (667)
(3) ਨਿਭਾਹੀ
"ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ।"
–ਸਾਰ ਪਰ ੧, ੩:੧ (1253)

ਪਾਲੀਅਹਿ --- ਪਾਲੀਦੇ ਹਨ, ਪਾਲਣਾ ਕਰੀਦੀ ਹੈ
"ਹਰ ਰੰਗੀ ਤੁਰੇ ਨਿਤ ਪਾਲੀਅਹਿ ਕਿਤੈ ਕਾਮਿ ਨ ਆਈ।"
–ਸੋਰ ੪, ਵਾਰ ੧੫:੩ (648)
ਹੋਰ ਰੂਪ:
ਪਾਲੀਐ –
"ਮੇਰਾ ਮੇਰਾ ਕਰਿ ਪਾਲੀਐ ਵਣਜਾਰਿਆ ਮਿਤ੍ਰਾ ਲੇ ਮਾਤ ਪਿਤਾ ਗਲਿ ਲਾਇ।"
(ਪਾਲਣਾ ਕਰੀਏ)
–ਸਿਰੀ ੪, ਪਹ ੩, ੨:੨ (76)
"ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ।" (ਪਾਲਦਾ ਹੈ)
–ਮਾਰੂ ੫, ਅਸ ੭, ੫:੩ (1019)

ਪਾਲੁ ------ ਪਲੰਘ, ਸੇਜਾ
"ਜਾ ਚੈ ਘਰਿ ਕੂਰਮਾ ਪਾਲੁ ਸਹਸ੍ਰ ਫਨੀ ਬਾਸਕੁ ਸੇਜ ਵਾਲੂਆ।"
–ਮਲਾ ਨਾਮ, ੧, ੪:੧ (1292)

ਪਾਲੇ ------ (1) ਨਿਭਾਏ
"ਐਸੀ ਜੁਗਤਿ ਜੋਗ ਕਉ ਪਾਲੇ।"
–ਰਾਮ ੧, ੫, ੧:੩ (877)
(2) ਪਾਲਦਾ ਹੈ, ਪਰਵਰਸ਼ ਕਰਦਾ ਹੈ
"ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ।"
–ਰਾਮ ੫, ੨:੪ (957)

ਪਾਲੈ ------ ਪਲੇ ਵਿਚ
"ਤਿਸ ਕੈ ਪਾਲੈ ਕਛੂ ਨ ਪੜੈ।"
–ਗਉ ੫, ੮੦, ੩:੪ (179)
"ਕਰਿ ਸੇਵਾ ਸਤਿਗੁਰ ਅਪੁਨੇ ਕੀ ਗੁਰ ਤੇ ਪਾਈਐ ਪਾਲੈ।" (ਪਲੇ ਵਿਚ)
–ਗਉ ੫, ੧੫੩*, ੩:੨ (213)

ਪਾਵ ------ ਪੈਰ, ਪਦ
"ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ।"
–ਮਾਝ ੪, ੬, ੨:੩ (96)

ਪਾਵਉ ----- (1) ਪ੍ਰਾਪਤ ਹੋਵੇ, ਪ੍ਰਾਪਤ ਕਰਾਂ, ਮਿਲੇ
"ਰਮਈਆ ਰੇਨੁ ਸਾਧ ਜਨ ਪਾਵਉ।"

-ਗਉ ੫, ੭੫, ੧*:੧ (177)

"ਸਾਧਸੰਗਿ ਤਾ ਬੈਠਣੁ ਪਾਵਉ।" (ਪਾਵਾਂਗਾ, ਮਿਲੇਗਾ)

-ਗਉ ੫, ੯੧, ੪:੨ (183)

"ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ।" (ਪ੍ਰਾਪਤ ਕਰੋ)

-ਗਉ ੯, ੫, ੨:੨ (219)

"ਪਾਛੈ ਬਹੁਰਿ ਨ ਆਵਨੁ ਪਾਵਉ।" (ਹੋਵੇ, ਪ੍ਰਾਪਤ ਕਰਾਂ)

-ਧਨਾ ਨਾਮ, ੨, ੧*:੧ (693)

ਹੋਰ ਰੂਪ:

ਪਾਵਓ –

"ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ।" (ਪ੍ਰਾਪਤ ਕਰਾਂ)

-ਤੁਖਾ ੧, ਛੰਤ ੬, ੫:੫ (1113)

(2) ਭਾਵ ਵੇਖਾਂ, ਨਿਕਲੇ

"ਓਹੁ ਸੁਖੁ ਤਿਲੁ ਸਮਾਨਿ ਨ ਪਾਵਉ।"

-ਆਸਾ ੫, ੧੧, ੧:੪ (373)

(3) ਗ੍ਰਹਿਣ ਕਰਾਵਾਂ, ਪਾਵਾਂ

"ਦੇਹ ਪਾਵਉ ਜੀਨ ਬੁਝਿ ਚੰਗਾ ਰਾਮ।" (ਦੇਹ ਰੂਪ ਘੋੜੀ ਨੂੰ ਜ਼ੀਨ ਇਹ ਪਾਵਾਂ)

-ਵਡ ੪, ਘੋੜੀ ੧, ੨:੧ (575)

ਪਾਵਈ ----- (1) ਪ੍ਰਾਪਤ ਕਰਨਾ

"ਹਰਿ ਕਾ ਮਹਲੁ ਨ ਪਾਵਈ ਮਰਿ ਵਿਸਟਾ ਮਾਹਿ ਸਮਾਇ।"

-ਸਿਰੀ ੩, ੩੫, ੧:੨ (26)

ਹੋਰ ਰੂਪ:

ਪਾਵਏ –

"ਤਨੁ ਮਨੁ ਪਿਰ ਆਗੈ ਸਬਦਿ ਸਭਾਗੈ ਘਰਿ ਅੰਮ੍ਰਿਤ ਫਲੁ ਪਾਵਏ।" (ਪ੍ਰਾਪਤ ਕਰਦਾ ਹੈ)

-ਆਸਾ ੧, ਛੰਤ ੧, ੪:੪ (436)

(2) ਪਾਈ ਜਾ ਸਕਦੀ

"ਤਿਚਰੁ ਥਾਹ ਨ ਪਾਵਈ ਜਿਚਰੁ ਸਾਹਿਬ ਸਿਉ ਮਨ ਭੰਗੈ।"

-ਮਾਰੂ ੫, ਵਾਰ ੧੧:੬ (1098)

ਪਾਵਏ ----- (1) ਪ੍ਰਾਪਤ ਕਰਦਾ ਹੈ, ਵੇਖੋ 'ਪਾਵਈ' (1)

(2) ਪਾਉਂਦਾ/ਡਾਲਦਾ ਹੈ

"ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ।"

-ਰਾਮ ਸੁੰਦ, ਸਦ ੫:੪ (923)

ਪਾਵਸ ----- ਵਰਖਾ ਰੁੱਤ

"ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ।"

-ਗਉ ਕਬ, ੪੮, ੧:੧ (333)

('ਮਹਾਨਕੋਸ਼', ਇਸ ਦੇ ਅਰਥ ਅਕਾਸ਼ ਤੇ ਪ੍ਰਿਥਵੀ ਕਰਦਾ ਹੈ)

ਪਾਵਸਿ ----- (1) ਪਾਵੇਗਾ, ਪ੍ਰਾਪਤ ਕਰੇਗਾ
"ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।"
-ਸਿਰੀ ੧, ੨੬, ੧:੨ (23)
(2) ਵਰਖਾ, ਝੜੀ
"ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ।"
-ਸਿਰੀ ਬੇਣੀ, ੧, ੪:੩ (93)

ਪਾਵਸਿਤਾ --- ਪਾਵੇਂ/ਲੱਭੇ ਗਾ
"ਜੋਗ ਜੁਗਤਿ ਇਵ ਪਾਵਸਿਤਾ।"
-ਗਉ ੧, ੧੫, ੧*:੧ (155)

ਪਾਵਸੀ ----- ਪਾਵੇਗਾ
"ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ।"
-ਮਾਝ ੧, ਵਾਰ ੧੧:੮ (143)

ਪਾਵਹ ----- ਪ੍ਰਾਪਤ ਕਰੀਏ, ਪਾਈਏ
"ਹਮ ਮੂਰਖ ਕਿਛੂਅ ਨ ਜਾਣਹਾ ਕਿਵ ਪਾਵਹ ਪਾਰੋ।"
-ਆਸਾ ੪, ੧੭, ੩:੩ (450)

ਹੋਰ ਰੂਪ:

ਪਾਵਹਿ –
"ਸੁਣਿਐ ਪੜਿ ਪੜਿ ਪਾਵਹਿ ਮਾਨੁ।" (ਪ੍ਰਾਪਤ ਕਰਦਾ/ਪਾਉਂਦਾ ਹੈ)
-ਜਪੁ ੧, ੧੦:੩ (3)

ਪਾਵਹੀ –
"ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ।" (ਯਾਦ ਨਹੀਂ ਕਰਦਾ, ਮਨ ਨਹੀਂ ਲਿਆਉਂਦਾ)
-ਸਿਰੀ ੫, ੭੧, ੨:੩ (42)
"ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ।" (ਪ੍ਰਾਪਤ ਕਰਦਾ)
-ਬਿਹਾ ੪, ਵਾਰ ੧੧ਸ, ੪, ੧:੨ (552)

ਪਾਵਹੁ ----- (1) ਪਾਓ
"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।" (ਭਾਵ ਤੇਲ ਚੋਵੋ)
-ਗਉ ੧, ਸੋਲਾ ੧, ੩:੧ (12)
(2) ਪਾਵੋ, ਪ੍ਰਾਪਤ ਕਰੋ
"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।"
-ਗਉ ੫, ਸੋਲਾ ੫, ੩:੨ (13)

ਹੋਰ ਰੂਪ:

ਪਾਵਹੇ –
"ਮਨਿ ਬਚਨਿ ਕਰਮਿ ਜਿ ਤੁਧੁ ਅਰਾਧਹਿ ਸੇ ਸਭੇ ਫਲ ਪਾਵਹੇ।" (ਪ੍ਰਾਪਤ ਕਰਦਾ ਹੈ)
-ਗਉ ੫, ਛੰਤ ੨, ੩:੪ (248)

ਪਾਵਕ ----- ਜੋ ਪਵਿਤਰ ਕਰੇ, ਅਗਨੀ

"ਨਾਨਕ ਜਿਉ ਪਾਵਕ ਕਾ ਸਹਜ ਸੁਭਾਉ।"

-ਗਉ ੫, ਸੁਖ ੮, ੧:੧੦ (272)

"ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ।" (ਤ੍ਰਿਸ਼ਨਾ ਰੂਪੀ ਅੱਗ)

-ਸਸ ੫, ੫੮:੪ (1359)

ਹੋਰ ਰੂਪ:

ਪਾਵਕੁ –

"ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।" (ਤ੍ਰਿਸ਼ਨਾ ਰੂਪੀ ਅੱਗ)

-ਆਸਾ ੧, ਸੋਪੁ ੩, ੧:੧ (12)

"ਰਵਿ ਸਸਿ ਪਵਣੁ ਪਾਵਕੁ ਨੀਰਾਰੇ।"

-ਗਉ ੫, ਅਸ ੪, ੩:੨ (237)

ਪਾਵਕੁ ----- (1) ਅਗਨ ਵੇਖੋ 'ਪਾਵਕ'

(2) ਭਾਵ ਜੋਤ

"ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ।"

-ਬਸੰ ੧, ਅਸ ੮, ੨:੧ (1190)

ਹੋਰ ਰੂਪ:

ਪਾਵਕੋ –

"ਨਾਨਕ ਰਾਮ ਨਾਮੁ ਜਪਿ ਪਾਵਕੋ ਤਿਨ ਕਿਲਬਿਖ ਦਾਹਨਹਾਰ।"

-ਗਉ ੫, ਛੰਤ ੩, ੧ਸ:੨ (248)

ਪਾਵਣ ----- ਪਾਉਣ ਲਈ

"ਹਰਿ ਚੇਤਿ ਰੇ ਮਨ ਮਹਲੁ ਪਾਵਣ ਸਭ ਦੂਖ ਭੰਜਨੁ ਰਾਇਆ।"

-ਗਉ ੪, ੧, ੩:੧ (984)

ਪਾਵਣਹਾਰਾ -- ਪਾਉਣ ਵਾਲਾ

"ਆਪੇ ਮਾਰਗਿ ਪਾਵਣਹਾਰਾ ਆਪੇ ਕਰਮ ਕਮਾਏ।"

-ਵਡ ੧, ਅਲਾ ੪, ੪:੫ (581)

ਹੋਰ ਰੂਪ:

ਪਾਵਣਹਾਰੈ –

"ਕੀਮਤਿ ਪਾਈ ਪਾਵਣਹਾਰੈ।"

-ਮਾਰੂ ੧, ਸੋਲਾ ੧੬, ੫:੧ (1036)

ਪਾਵਣਾ ----- (1) ਪ੍ਰਾਪਤ ਕਰਨਾ, ਪਾਉਣਾ

"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ।"

-ਸਿਰੀ ੩, ੩੪, ੧:੩ (26)

"ਮੰਦਾ ਕਿਸੈ ਨ ਆਖਿ ਝਗੜਾ ਪਾਵਣਾ।" (ਭਾਵ ਖੜਾ ਕਰਨਾ)

-ਵਡ ੧, ਛੰਤ ੧, ੩:੨ (566)

(2) ਪਾਇਆ ਜਾਣਾ, ਪੈਣਾ

“ਜੋ ਜੋ ਜਪੈ ਸੋਈ ਵਡਭਾਗੀ ਬਹੁੜਿ ਨ ਜੋਨੀ ਪਾਵਣਾ।”
-ਮਾਰੂ ੫, ਸੋਲਾ ੧੪, ੬:੩ (1086)
“ਅਕਿਰਤ ਘਣੈ ਕਉ ਰਖੈ ਨਾ ਕੋਈ ਨਰਕ ਘੋਰ ਮਹਿ ਪਾਵਣਾ।” (ਭਾਵ ਸੁਟਣਾ)
-ਮਾਰੂ ੫, ਸੋਲਾ ੧੪, ੭:੩ (1086)

ਪਾਵਣਿਆ --- (1) ਪਾਉਂਦਾ ਹੈ, ਪ੍ਰਾਪਤ ਕਰਦਾ ਹੈ
“ਅਨਦਿਨੁ ਸਦਾ ਰਹੈ ਰੰਗਿ ਰਾਤਾ ਦਰਿ ਸਚੈ ਸੋਝੀ ਪਾਵਣਿਆ।” (ਭਾਵ ਪੈਂਦੀ)
-ਮਾਝ ੩, ਅਸ ੨, ੪:੩ (110)
“ਅਨਦਿਨੁ ਸਦਾ ਫਿਰੈ ਬਿਲਲਾਈ ਬਿਨੁ ਪਿਰ ਨੀਦ ਨ ਪਾਵਣਿਆ।”
-ਮਾਝ ੩, ਅਸ ੩, ੪:੩ (110)
(2) ਪਾਉਣ ਵਾਲਾ, ਪ੍ਰਾਪਤ ਕਰਤਾ
“ਨਾਨਕ ਆਪੇ ਆਪਿ ਵਰਤੈ ਗੁਰਮੁਖਿ ਸੋਝੀ ਪਾਵਣਿਆ।”
-ਮਾਝ ੩, ਅਸ ੭, ੮:੩ (113)

ਪਾਵਣੇ ----- ਪ੍ਰਾਪਤ ਕਰੀਦੇ ਹਨ
“ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ।”
-ਸਿਰੀ ੫, ੯੯, ੪:੨ (52)

ਪਾਵਤ ----- (1) ਪ੍ਰਾਪਤ ਕਰਦਾ, ਪਾਉਂਦਾ
“ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ।”
-ਆਸਾ ੫, ੧੨੪, ੨:੨ (402)
“ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ।”
-ਆਸਾ ੯, ੧, ੧:੧ (411)

ਹੋਰ ਰੂਪ:

ਪਾਵਤੁ –
“ਪਾਵਤੁ ਰਲੀਆ ਜੋਬਨਿ ਬਲੀਆ।” (ਪ੍ਰਾਪਤ ਕਰਦਾ ਹੈ)
-ਆਸਾ ੫, ੫੫, ੧:੧ (385)
(2) ਪਾਏ, ਸਕਿਆ, ਲਏ
“ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ।” (ਸਿਖ ਪਾਇਆ/ਲਏ ਹਨ)
-ਸਾਰ ੫, ੯, ੩:੧ (1205)
“ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ।” (ਪਾਂਦਾ, ਸਕਦਾ)
-ਸਾਰ ੫, ੩੧, ੧:੨ (1210)

ਪਾਵਨ ----- (1) ਪਵਿੱਤਰ ਕਰਨ ਵਾਲਾ
“ਪਤਿਤ ਪਾਵਨ ਨਾਮੁ ਕੈਸੇ ਹੁੰਤਾ।”
-ਸਿਰੀ ਰਵਿ, ੧, ੧*:੨ (93)

ਹੋਰ ਰੂਪ:

ਪਾਂਵਨ –
“ਸਰਬ ਸੀਲ ਮਮੰ ਸੀਲੰ ਸਰਬ ਪਾਂਵਨ ਮਮ ਪਾਂਵਨਹ।” (ਪਵਿਤਰ ਕਰਨ ਵਾਲਾ)

-ਸਸ ੫, ੩੮:੧ (1357)

ਪਾਂਵਨਹ –

"ਸਰਬ ਸੀਲ ਮਮੰ ਸੀਲੰ ਸਰਬ ਪਾਂਵਨ ਮਮ ਪਾਂਵਨਹ।" (ਪਵਿਤਰ ਕਰਦਾ ਹੈ)

-ਸਸ ੫, ੩੮:੧ (1357)

(2) ਪਵਿੱਤਰ, ਸ਼ੁੱਧ

"ਗੁਰ ਤੇ ਪਵਿਤ ਪਾਵਨ ਸੁਚਿ ਹੋਇ।"

-ਗਉ ੩, ੨੨, ੨:੩ (158)

"ਇਕਿ ਧੁਰਿ ਪਵਿਤ ਪਾਵਨ ਹਹਿ ਤੁਧੁ ਨਾਮੇ ਲਾਏ।"

-ਆਸਾ ੩, ਅਸ ੩੨, ੪:੧ (427)

"ਪਾਵਨ ਪਤਿਤ ਪੁਨੀਤ ਕਤਹ ਨਹੀ ਸੇਵੀਐ।" (ਪਵਿਤਰ ਹਰੀ)

-ਫੁਨ ੫, ੧੯:੧ (1363)

(3) ਪਾ ਲੈਂਦਾ ਹੈ

"ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ।"

-ਧਨਾ ੫, ੩੫, ੧*:੨ (680)

(4) ਪਵਿਤਰ ਹੋ ਜਾਈਦਾ ਹੈ

"ਕੋਟਿ ਜਨਮ ਕੇ ਕਿਲਬਿਖ ਨਾਸਹਿ ਸਿਮਰਤ ਪਾਵਨ ਤਨ ਮਨ ਸੁਖ।"

-ਟੋਡੀ ੫, ੨੯, ੧:੧ (717)

(5) ਪਵਿਤਰ ਕੀਤੇ

"ਗੋਤਮ ਨਾਰਿ ਅਹਿਲਿਆ ਤਾਰੀ ਪਾਵਨ ਕੇਤਕ ਤਾਰੀਅਲੇ।"

-ਮਾਲੀ ਨਾਮ, ੨, ੨:੧ (988)

(ਮਹਾਨਕੋਸ਼ ਇਥੇ ਅਰਥ 'ਸ਼ਰਨਾਗਤ, ਸ਼ਰਨ ਆਇਆ' ਕਰਦੇ ਹਨ)

(6) ਪੈਰ

"ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ।"

-ਕਾਨ ੫, ੨੯, ੧:੨ (1303)

"ਧਾਵਨ ਪਾਵਨ ਕੂਰ ਕਮਾਵਨ ਇਹ ਬਿਧਿ ਕਰਤ ਅਉਧ ਤਨ ਜਾਰੀ।"

-ਸਮੁ ੫, ੬*:੩ (1388)

ਪਾਵਨਾ ----- (1) ਪਵਿਤਰ

"ਪਾਵਨਾ ਤੇ ਮਹਾ ਪਾਵਨ ਕੋਟਿ ਦਾਨ ਇਸਨਾਨ।"

-ਮਾਰੂ ੫, ਅਸ ੨, ੭:੨ (1017)

ਹੋਰ ਰੂਪ:

ਪਾਵਨੁ –

"ਪਵਿਤੁ ਪਾਵਨੁ ਪਰਮ ਬੀਚਾਰੀ।"

-ਗਉ ੪, ਵਾਰ ੩੩ਸ, ੩, ੧:੩ (317)

(2) ਪਾਉਣਾ, ਧਾਰਨ ਕਰਨਾ

"ਦਰਸਨੁ ਭੇਟਤ ਹੋਤ ਪੁਨੀਤਾ ਪੁਨਰਪਿ ਗਰਭ ਨ ਪਾਵਨਾ।"

-ਮਾਰੂ ੫, ਅਸ ੫, ੪:੧ (1018)

ਹੋਰ ਰੂਪ:

ਪਾਵਨਿ –

"ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰ।" (ਪਾਉਂਦੇ)
-ਧਨਾ ੫, ੫੨, ੧*:੨ (683)

ਪਾਵਨੁ ----- (1) ਪਵਿਤਰ ਵੇਖੋ 'ਪਾਵਨਾ' (1)
"ਹਰਿ ਨਾਮੁ ਹਿਰਦੈ ਪਵਿਤ੍ਰੁ ਪਾਵਨੁ ਇਹੁ ਸਰੀਰੁ ਤਉ ਸਰਣੀ।" (ਪਵਿਤਰ, ਸ਼ੁਧ)
-ਗੁਜ ੧, ਅਸ ੫, ੭:੨ (506)

(2) ਪੈਂਦੇ ਹਨ
"ਕੋ ਰੋਵੈ ਕੋ ਹਸਿ ਹਸਿ ਪਾਵਨੁ।"
-ਆਸਾ ੫, ੭੫, ੧*:੨ (389)

(3) ਪਵਿਤਰ ਕਰਨ ਵਾਲਾ
"ਪਤਿਤ ਪਾਵਨੁ ਤੇਰੋ ਨਾਮੁ ਪਾਰਬ੍ਰਹਮ ਮੈ ਏਹਾ ਓਟਾਇਆ।"
-ਆਸਾ ੫, ੧੨੫, ੧*:੨ (402)

ਪਾਵਨੇ ----- ਪਾਉਂਦੇ ਹਨ
"ਅਲਿਪਤ ਬੰਧਨ ਰਹਤ ਕਰਤਾ ਕੀਆ ਆਪਨਾ ਪਾਵਨੇ।"
-ਬਿਹਾ ੫, ਛੰਤ ੮, ੨:੪ (547)

ਪਾਵਨੋ ----- ਪਵਿਤਰ ਕਰਨ ਵਾਲਾ
"ਬੋਲਹੁ ਭਈਆ ਰਾਮ ਨਾਮੁ ਪਤਿਤ ਪਾਵਨੋ।"
-ਬਿਲਾ ੪, ੭, ੧*:੧ (801)

ਪਾਵੜੈ ----- ਰਕਾਬਾਂ
"ਸਹਜ ਕੈ ਪਾਵੜੈ ਪਗੁ ਧਰਿ ਲੀਜੈ।"
-ਗਉ ਕਬ, ੩੧, ੧*:੨ (329)

ਪਾਵਾ ------ (1) ਪ੍ਰਾਪਤ ਕਰਾਂ, ਪ੍ਰਾਪਤ ਕੀਤਾ, ਪਾਇਆ
"ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ।"
-ਸਿਰੀ ੫, ੭੫, ੩:੨ (44)

"ਸਰਬ ਨਿਧਾਨ ਨਾਮਿ ਹਰਿ ਹਰਿ ਕੈ ਜਿਸੁ ਕਰਮਿ ਲਿਖਿਆ ਤਿਨਿ ਪਾਵਾ।" (ਪਾਇਆ)
-ਸਾਰ ੫, ੩੯, ੨:੧ (1212)

(2) ਪਵਾਂ
"ਤਿਆਗੀ ਸਰਨਿ ਪਾਵਾ।"
-ਸਿਰੀ ੫, ਅਸ ੨੭, ੮:੨ (71)

(3) ਲਭ ਲਿਆ ਹੈ, ਪਾ ਲਿਆ ਹੈ
"ਜਿਹ ਗੜ੍ਹ ਗੜਿਓ ਸੁ ਗੜ ਮਹਿ ਪਾਵਾ।"
-ਗਉ ਕਬ, ਬਾਅ ੨੦:੪ (341)

(4) ਪੈਰਾਂ
"ਪੰਚ ਮਾਰਿ ਪਾਵਾ ਤਲਿ ਦੀਨੇ।"
-ਆਸਾ ਕਬ, ੩, ੨:੩ (476)

(5) ਸਕਾਂ
"ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ।"

-ਸੂਹੀ ੫, ੫੪, ੪:੨ (749)

ਪਾਵਾੜਾ ---- ਸੰਸਾਰ ਅਖਾੜਾ
"ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ।"
-ਮਾਰੂ ੫, ਵਾਰ ੧੦:੩ (1097)

ਪਾਵੀਐ ---- ਪਾਈਏ, ਪ੍ਰਾਪਤ ਕਰੀਏ
"ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਇ ਪਾਵੀਐ ਰੇ।"
-ਕੇਦਾ ੪, ੧, ੧:੨ (1118)
"ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ।"
-ਕੇਦਾ ੪, ੧, ੪:੧ (1118)

ਪਾਵੇ ------ ਪਾਏ/ਪ੍ਰਾਪਤ ਕੀਤੇ ਹਨ
"ਹਰਿ ਸੰਤਨ ਪਾਵੇ।"
-ਆਸਾ ੫, ੧੪੭, ੧*:੨ (407)

ਪਾਵੈ ------ (1) ਪ੍ਰਾਪਤ ਕਰਦਾ ਹੈ, ਪਾਉਂਦਾ ਹੈ
"ਜੇ ਕੋ ਪਾਵੈ ਤਿਲ ਕਾ ਮਾਨੁ।"
-ਜਪੁ ੧, ੨੧:੨ (4)
(2) ਭਾਵ ਸਕਨਾ, ਪਾ ਸਕਦਾ
"ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ।"
-ਸਿਰੀ ੫, ੭੧, ੪:੩ (42)
(3) ਪਾਏ
"ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ।"
-ਸਿਰੀ ੪, ਵਾਰ ੧੦:੧ (86)
"ਗਊ ਚਰਿ ਸਿੰਘ ਪਾਛੈ ਪਾਵੈ।" (ਪਾਉਂਦਾ ਹੈ)
-ਗਉ ੫, ੧੬੦, ੨:੨ (198)
(4) ਪੈਰੀਂ
"ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ।"
-ਆਸਾ ੫, ੧, ੨:੪ (370)

ਪਾੜ ------ ਨਾਲ ਦੀ, ਪਾਸ ਦੀ
"ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ।"
-ਸੋਰ ਨਾਮ, ੨, ੧:੧ (657)

ਪਾੜਤੀ ----- ਫਾੜਦੀ
"ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ।"
-ਸਲੋ ਫਰ, ੧੦੪:੧ (1383)

ਪਾੜਿ ------ ਫਾੜ ਕੇ
"ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ।"
-ਸਲੋ ਫਰ, ੧੦੩:੧ (1387)

ਪਾੜੀ ------ ਛੁਟੀ

“ਪਾਹਰ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ।”
-ਸਲੋ ਕਬ, ੧੩੭:੨ (1371)

ਪਾੜੇ ------ ਫਾੜੇ
“ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ।”
-ਰਾਮ ੩, ਵਾਰ ੧੯ਸ, ੧, ੧:੩ (955)

ਪਿਉ ------ ਪਿਤਾ
“ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ।”
-ਸੋਰ ੪, ਵਾਰ ੨੯ਸ, ੩, ੨:੨ (653)

ਪਿਊਸ ----- ਦੇਵਤਿਆਂ ਦੇ ਪੀਣ ਵਾਲਾ ਜਲ, ਅੰਮ੍ਰਿਤ
“ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ।”
-ਸਵ ੪, ਨਲ ੧੦:੨ (1400)

ਪਿਆਉ ---- ਸੇਵਨ ਕਰਾਓ, ਪਿਲਾਓ
“ਅਨਦਿਨੁ ਜਾਗੈ ਕਦੇ ਨ ਸੋਵੈ ਸਹਜੇ ਅੰਮ੍ਰਿਤੁ ਪਿਆਉ।”
-ਬਿਲਾ ੪, ਵਾਰ ੯ਸ, ੩, ੨:੨ (853)

ਪਿਆਈ ---- ਪਿਲਾਈ, ਪਿਆਉਂਦਾ ਹੈ
“ਘਟ ਅੰਤਰਿ ਅੰਮ੍ਰਿਤੁ ਰਖਿਓਨੁ ਗੁਰਮੁਖਿ ਕਿਸੈ ਪਿਆਈ।”
-ਰਾਮ ੩, ਵਾਰ ੫:੫ (951)

ਪਿਆਏ ---- ਪਿਆਉਂਦਾ ਹੈ
“ਹਰਿ ਰੰਗਿ ਰਹਹਿ ਸਦਾ ਰੰਗਿ ਰਾਤੇ ਰਸਨਾ ਹਰਿ ਰਸੁ ਪਿਆਏ।”
-ਗੂਜ ੩, ਵਾਰ ੧੧:੩ (513)

ਪਿਆਸ ---- ਤ੍ਰਿਖਾ, ਪੀਣ ਦੀ ਇਛਾ, ਲੋਚਾ
“ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।”
-ਗੂਜ ੫, ਸੋਦ ੪, ੨:੧ (10)
“ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ।”
-ਮਾਝ ੫, ਬਾਰਾ ੮:੨ (135)

ਪਿਆਸਾ ---- (1) ਤ੍ਰਿਖਾਵੰਤ, ਲੋਚਾਵਾਨ, ਲੋਚਕ
“ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ।”
-ਧਨਾ ੧, ਸੋਲਾ ੩, ੪:੧ (13)

ਹੋਰ ਰੂਪ:

ਪਿਆਸਿ –
“ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ।” (ਲੋਚਾ)
-ਸੂਹੀ ੧, ਕੁਚ ੨:੯ (762)
ਪਿਆਸਿਆ –
“ਹਰਿ ਦਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ।”
(ਤ੍ਰਿਖਾਵੰਤ, ਚਾਹਵਾਨ)

-ਕੇਦਾ ੫, ਛੰਤ ੧, ੨:੩ (1122)

(2) ਤ੍ਰਿਸ਼ਨਾ

“ਤਿਸ ਤੇ ਉਪਜੇ ਦੇਵ ਮੋਹਿ ਪਿਆਸਾ।”

-ਗਉ ੩, ਅਸ ੪, ੧:੨ (230)

“ਜਿਸ ਕਉ ਸਬਦੁ ਬਸਾਵੈ ਅੰਤਰਿ ਚੂਕੈ ਤਿਸਹਿ ਪਿਆਸਾ।”

-ਸੂਹੀ ਕਬ, ੪, ੩:੧ (793)

ਹੋਰ ਰੂਪ:

ਪਿਆਸਿ –

“ਇਕੋ ਸਤਿਗੁਰੁ ਜਾਗਤਾ ਹੋਰੁ ਜਗੁ ਸੂਤਾ ਮੋਹਿ ਪਿਆਸਿ।”(ਤ੍ਰਿਸ਼ਨਾ)

-ਵਡ ੪, ਵਾਰ ੧੭ਸ, ੩, ੨:੧ (592)

ਪਿਆਸੀ ---- ਤ੍ਰਿਖਾਵੰਤ, ਚਾਹਵਾਨ

“ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ।”

-ਗਉ ੫, ੧੨੧*, ੧*:੨ (204)

ਹੋਰ ਰੂਪ:

ਪਿਆਸੇ –

“ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ।”

-ਮਾਝ ੩, ਅਸ ੧੮, ੭:੩ (120)

ਪਿਆਸੋ –

“ਭੂਖ ਪਿਆਸੋ ਜੋ ਭਵੈ ਭਿਆ ਤਿਸੁ ਮਾਗਉ ਦੇਇ।”

-ਮਾਰੂ ੧, ਅਸ ੩, ੬:੧ (1010)

“ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ।” (ਮਾਇਆ ਦਾ ਭੁੱਖਾ ਤੇ ਚਾਹਵਾਨ)

-ਧਨਾ ੧, ਛੰਤ ੨, ੫:੧ (689)

ਪਿਆਰ ---- (1) ਪ੍ਰੇਮ, ਮੁਹਬਤ, ਸਨੇਹ

“ਸਚੈ ਆਸਣਿ ਸਚਿ ਰਹੈ ਸਚੈ ਪ੍ਰੇਮ ਪਿਆਰ।”

-ਸਿਰੀ ੧, ਅਸ ੬, ੪:੩ (56)

(2) ਪਿਆਰਾ

“ਸਖਾ ਸੈਨੁ ਪਿਆਰ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ।”

-ਤੁਖਾ ੧, ਛੰਤ ੬, ੨:੬ (1113)

ਪਿਆਰੜੇ --- ਹੇ ਪਿਆਰੇ

“ਜੇ ਕਰੁ ਗਹਹਿ ਪਿਆਰੜੇ ਤੁਧੁ ਨ ਛੋਡਾ ਮੂਲਿ।”

-ਗਉ ੫, ਵਾਰ ੧੮ਸ, ੫, ੨:੧ (322)

ਪਿਆਰਾ ---- ਪ੍ਰਿਯ, ਜਿਸ ਨਾਲ/ਨੂੰ ਪਿਆਰ ਕੀਤਾ ਜਾਏ

“ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ।”

-ਸਿਰੀ ੧, ੨੦, ੧:੧ (21)

ਪਿਆਰਿ ---- ਪਿਆਰ/ਪ੍ਰੇਮ ਦੁਆਰਾ/ਰਾਹੀ/ਸਦਕਾ

"ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ।"

-ਸਿਰੀ ੧, ੧੨, ੨:੨ (18)

"ਪਹਿਲੈ ਪਿਆਰਿ ਲਗਾ ਥਣ ਦੁਧਿ।" (ਪਿਆਰ ਨਾਲ)

-ਮਾਝ ੧, ਵਾਰ ੧ਸ, ੧, ੨:੧ (137)

ਪਿਆਰਿਆ -- (1) ਹੇ ਮੇਰੇ ਪਿਆਰੇ

"ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ।"

-ਸਿਰੀ ੧, ੧੭, ੧:੧ (20)

(2) ਪਿਆਰ ਕੀਤਾ ਹੈ

"ਸੋਹਨਿ ਸਚਿ ਦੁਆਰਿ ਨਾਮੁ ਪਿਆਰਿਆ।"

-ਸਿਰੀ ੪, ਵਾਰ ੧੧ਸ, ੩, ੧:੪ (86)

"ਨਾਨਕ ਗੁਰਮੁਖਿ ਰਸਨਾ ਹਰਿ ਜਪੈ ਹਰਿ ਕੈ ਨਾਇ ਪਿਆਰਿਆ।" (ਪਿਆਰ ਕਰਦੀ ਹੈ)

-ਬਿਹਾ ੪, ਵਾਰ ੫ਸ, ੩, ੨:੨ (550)

(3) ਪਿਆਰੇ ਨੂੰ

"ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ।"

-ਗਉ ੪, ਵਾਰ ੨੦ਸ, ੪, ੨:੧ (311)

(4) ਪਿਆਰਿਆਂ ਨੂੰ

"ਹਰਿ ਰੰਗਿ ਜਾਗੇ ਪਾਪ ਭਾਗੇ ਮਿਲੇ ਸੰਤ ਪਿਆਰਿਆ।"

-ਸੂਹੀ ੫, ਛੰਤ ੩, ੧:੩ (778)

"ਜਾਣਿਆ ਅਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ।" (ਪਿਆਰਿਆ ਉਪਰ)

-ਰਾਮ ੩, ਅਨੰ ੭:੨ (917)

(5) ਪਿਆਰੇ

"ਦਸਨਿ ਸੰਤ ਪਿਆਰਿਆ ਸੁਣਹੁ ਲਾਇ ਚਿਤਾ।"

-ਰਾਮ ੫, ਵਾਰ ੧੯:੭ (964)

"ਤਿਨਾ ਪਿਆਰਿਆ ਭਾਈਆ ਅਗੈ ਦਿਤਾ ਬੰਨ੍ਹਿ।" (ਪਿਆਰ ਕਰਨ ਵਾਲਿਆ)

-ਸਲੋ ਫਰ, ੧੦੦:੪ (1383)

ਪਿਆਰਿਹੋ --- ਹੇ ਪ੍ਰਿਯ ਜਨੋ, ਹੇ ਪਿਆਰੇ ਸਜਨੋ

"ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ।"

-ਗਉ ੫, ਵਾਰ ੯ਸ, ੫, ੨:੧ (320)

ਪਿਆਰੀ ---- (1) ਜਿਸ ਨੂੰ ਪਿਆਰ ਕੀਤਾ ਜਾਵੇ, ਪਿਆਰ ਯੋਗ ਲਗਨ ਵਾਲੀ, ਪਿਆਰ ਦੀ ਪਾਤਰ

"ਗੁਰਸਿਖਾਂ ਕੈ ਮਨਿ ਪਿਆਰੀ ਭਾਣੀ।"

-ਮਾਝ ੪, ੭, ੪:੨ (96)

"ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ।"

-ਆਸਾ ਕਬ, ੪, ੪:੨ (476)

(2) ਹੇ ਪਿਆਰੀ

"ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ।" (ਹੇ ਪਿਆਰੀ ਜੀਭ)

-ਗਉ ੫, ੧੪੪, ੧*:੨ (194)

(3) ਪਿਆਰ ਕਰਦੇ ਹਨ

“ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ ਮਨਮੁਖ ਸੋਇ ਰਹੇ ਅਭਾਗੇ।”
-ਵਡ ੩, ਛੰਤ ੩, ੪:੫ (569)
“ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ।”
-ਵਡ ੪, ਵਾਰ ੯:੪ (589)

ਪਿਆਰੀਆ -- ਪਿਆਰ ਦੀਆਂ ਪਾਤਰ, ਪਿਆਰੀਆਂ ਲਗਣ ਵਾਲੀਆਂ
“ਆਵਹੁ ਭੈਣ ਤੁਸੀ ਮਿਲਹੁ ਪਿਆਰੀਆ।”
-ਮਾਝ ੪, ੭, ੧:੧ (96)

ਪਿਆਰੁ ---- ਪ੍ਰੇਮ
“ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।”
-ਜਪੁ ੧, ੪:੪ (2)

ਪਿਆਰੇ ---- (1) ਸੰਬੋਧਨ, ਹੇ ਪ੍ਰਿਯ
“ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ।”
-ਸਿਰੀ ੫, ੯੭, ੧:੧ (51)
(2) ਜਿਸ ਨੂੰ ਪਿਆਰਾ ਕੀਤਾ ਜਾਵੇ, ਪ੍ਰਿਯ
“ਮਿਲੁ ਮੇਰੇ ਪਿਆਰੇ ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ।”
-ਸਿਰੀ ੫, ਛੰਤ ੩, ੧:੫ (80)
“ਘਰਿ ਘਰਿ ਕੰਤੁ ਮਹੇਲੀਆ ਰੂੜੈ ਹੇਤਿ ਪਿਆਰੇ।”
-ਵਡ ੧, ਅਲਾ ੩, ੭:੩ (581)

ਪਿਆਰੈ ---- (1) ਪਿਆਉਂਦਾ ਹੈ
“ਬਾਰ ਬਿਵਸਥਾ ਤੁਝਹਿ ਪਿਆਰੈ ਦੂਧ।”
-ਗਉ ੫, ਸੁਖ ੪, ੧:੫ (266)
(2) ਪ੍ਰੇਮ ਨੇ
“ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ।”
-ਆਸਾ ੩, ਅਸ ੩੬, ੬:੧ (429)
(3) ਪਿਆਰੇ ਨੇ
“ਆਪੇ ਧਰਤੀ ਸਾਜੀਅਨੁ ਪਿਆਰੈ ਪਿਛੈ ਟੰਕ ਚੜਾਇਆ।”
-ਸੋਰ ੪, ੪, ੧:੩ (605)

ਪਿਆਰੋ ---- (1) ਪ੍ਰਿਯ, ਪਿਆਰੇ ਨੂੰ
“ਹੈ ਕੋਈ ਰਾਮ ਪਿਆਰੋ ਗਾਵੈ।”
-ਗਉ ੫, ੧੧੭*, ੧*:੧ (203)
“ਪ੍ਰਾਨ ਪਿਆਰੋ ਮਨਹਿ ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ।”
-ਬਿਲਾ ੫, ੮੯, ੧*:੨ (822)
(2) ਪਿਆਰ ਕਰਕੇ
“ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।”
-ਵਡ ੧, ਅਲਾ ੧, ੪:੧ (579)

ਪਿਆਲ ---- ਪਿਆਲਾ
“ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ।”

–ਰਾਮ ਕਬ, ੧, ੩:੨ (969)

ਪਿਆਲਾ ---- ਕਟੋਰਾ, ਪਾਤਰ
“ਏਕ ਜੁ ਬਾਤ ਅਨੂਪ ਬਨੀ ਹੈ ਪਵਨ ਪਿਆਲਾ ਸਾਜਿਆ।”
–ਸਿਰੀ ਕਬ, ੩, ੩:੧ (92)

ਪਿਈਵੀ ---- ਬਰੀਕ, ਸੂਖਮ
“ਖੰਨਿਅਹੁ ਤਿਖੀ ਬਹੁਤੁ ਪਿਈਣੀ।”
–ਸੂਹੀ ਫਰ, ੧, ੪:੨ (794)

ਪਿਸਨ ----- ਚਿਚੜ
“ਅਪਨਾ ਆਪੁ ਤੂ ਕਬਹੂ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ।”
–ਮਾਰੂ ੧, ੪, ੩:੨ (990)

ਪਿਸਨੰ ----- ਚੁਗਲ
“ਦੁਰਬਚਨ ਭੇਦ ਭਰਮੰ ਸਾਕਤ ਪਿਸਨੰ ਤ ਸੁਰਜਨਹ।”
–ਸਸ ੫, ੪੪:੨ (1358)

ਪਿਸਰ ----- (ਫਾ. ਪਿਸਰ) ਪੁਤਰ, ਬੇਟਾ
“ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ।”
–ਤਿਲੰ ੧, ੧, ੨:੧ (721)

ਪਿਸਾਚ ----- ਦੇਵਤਿਆਂ ਦੀ ਇਕ ਨੀਵੀਂ ਸ਼੍ਰੇਣੀ
“ਕਈ ਕੋਟਿ ਜਖ੍ਯ ਕਿੰਨਰ ਪਿਸਾਚ।”
–ਗਉ ੫, ਸੁਖ ੧੦, ੪:੬ (276)

ਪਿਕਾਬਰ ---- (ਫਾ. ਪੈਗੰਬਰ) ਪੈਗਾਮ (ਸੁਨੇਹਾ) ਲੈ ਜਾਣ ਵਾਲਾ
“ਪੀਰ ਪਿਕਾਬਰ ਸੇਖ ਮਸਾਇਕ ਅਉਲੀਏ।”
–ਗੂਜ ੫, ਵਾਰ ੨:੫ (518)

ਪਿਖਹੁ ----- ਦੇਖੋ, ਵੇਖੋ
“ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ।”
–ਸਵ ੫, ਮਥੁ ੧:੬ (1408)

ਪਿਖਤ ----- ਵੇਖਿਆ
“ਜਿਹ ਪਿਖਤ ਅਤਿ ਹੋਇ ਰਹਸੁ ਮਨਿ ਸੋਈ ਸੰਤ ਸਹਾਰੁ ਗੁਰੂ ਰਾਮਦਾਸੁ।”
–ਸਵ ੪, ਕੀਰ ੨:੪ (1406)

ਪਿਖੰਤਿਹ ---- ਵੇਖਦਿਆਂ ਹੀ
“ਉਦਾਰਉ ਚਿਤ ਦਾਰਿਦ ਹਰਨ ਪਿਖੰਤਿਹ ਕਲਮਲ ਤ੍ਰਸਨ।”
–ਸਵ ੨, ੭:੫ (1392)

ਪਿਖੰਦੋ ----- ਵੇਖਦਿਆਂ
“ਡੁਖੇ ਕੋੜਿ ਨ ਡੁਖ ਨਾਨਕ ਪਿਰੀ ਪਿਖੰਦੋ ਸੁਭ ਦਿਸਟਿ।”
–ਮਾਰੂ ੫, ਵਾਰ ੧੯ਸ, ੫, ੧:੨ (1100)

ਪਿਖੰਨਿ੍ ----- ਵੇਖਦੀਆਂ ਹਨ
“ਅਖੀ ਪ੍ਰੇਮਿ ਕਸਾਈਆਂ ਹਰਿ ਹਰਿ ਨਾਮੁ ਪਿਖੰਨਿ੍।”
–ਕਾਨ ੪, ਵਾਰ ੧੩ਸ, ੪, ੨:੧ (1318)

ਪਿਖਾ ------ ਵੇਖਾਂ
“ਹਰਿ ਅਗਮੁ ਅਗੋਚਰੁ ਅਗਮੁ ਹਰਿ ਕਿਉ ਕਰਿ ਹਰਿ ਦਰਸਨੁ ਪਿਖਾ।”
–ਕਾਨ ੪, ਵਾਰ ੮:੧ (1316)

ਹੋਰ ਰੂਪ:

ਪਿਖਿ –
“ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ।” (ਵੇਖਕੇ)
–ਸਵ ੩, ੧੭:੧ (1395)

ਪਿਖਿਜੈ ----- ਵੇਖੀਐ
“ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ।”
–ਸਵ ੩, ੧੦:੪ (1394)

ਪਿਖੁ ------ ਵੇਖ
“ਸਗਲ ਗੁਣਾ ਗੁਣ ਊਤਮੋ ਭਰਤਾ ਦੂਰਿ ਨ ਪਿਖੁ ਰੀ।”
–ਆਸਾ ੫, ੧੧੮, ੧:੨ (400)

ਹੋਰ ਰੂਪ:

ਪਿਖੈ –
“ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ।” (ਵੇਖੇ)
–ਸਿਰੀ ੪, ਛੰਤ ੧, ੧:੧ (78)

ਪਿੰਗੰ ------ ਪਿੰਗਲਾ
“ਸਾਗਰੰ ਲੰਘੰਤਿ ਪਿੰਗੰ ਤਮ ਪਰਗਾਸ ਅੰਧਕਹ।”
–ਸਸ ੫, ੫੫:੨ (1359)

ਪਿੰਗਲਾ ---- ਹਠਯੋਗ ਅਨੁਸਾਰ ਤਿੰਨ ਪ੍ਰਧਾਨ ਨਾੜੀਆਂ ਵਿਚੋਂ ਇਕ ਜੋ ਸਰੀਰ ਦੇ ਸਜੇ ਪਾਸੇ ਹੈ, ਸੂਰਯ ਨਾੜੀ
“ਇੜਾ ਪਿੰਗਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ।”
–ਗਉ ਕਬ, ੫੨, ੧:੨ (334)

ਪਿੰਗੁਰੀਆ --- ਪਿੰਗਲਾ, ਜਿਸ ਦੇ ਪੈਰ ਨ ਹੋਣ, ਲੂਲਾ
“ਸ੍ਰਵਨਿ ਨ ਸੁਰਤਿ ਨੈਨ ਸੁੰਦਰ ਨਹੀ ਆਰਤ ਦੁਆਰਿ ਰਟਤ ਪਿੰਗੁਰੀਆ।”
–ਗਉ ੫, ੧੧੫*, ੧:੧ (203)

ਪਿੰਗੁਲ ----- ਪਿੰਗਲਾ, ਜਿਸ ਦੇ ਪੈਰ ਨ ਹੋਣ
“ਕਹਾ ਪਿੰਗੁਲ ਪਰਬਤ ਪਰ ਭਵਨ।”
–ਗਉ ੫, ਸੁਖ ੪, ੬:੭ (267)

ਹੋਰ ਰੂਪ:

ਪਿੰਗੁਲਾ –

"ਕਰਮ ਕਰਿ ਅਰੁਣ ਪਿੰਗੁਲਾ ਰੀ।"
-ਧਨਾ ਤ੍ਰਿਲੋ, ੧, ੨:੨ (695)

ਪਿੰਗੁਲਾ ---- (1) ਲੂਲਾ, ਵੇਖੋ 'ਪਿੰਗੁਲ'
(2) ਹਠ ਯੋਗ ਅਨੁਸਾਰ ਤਿੰਨ ਪ੍ਰਧਾਨ ਨਾੜੀਆਂ ਵਿਚੋਂ ਇਕ
"ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ।"
-ਰਾਮ ੧, ਸਿਗੋ ੬੦:੫ (944)
(3) ਇਕ ਵੇਸਵਾ
"ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।"
-ਕੇਦਾ ਰਵਿ, ੧, ੩:੧ (1124)

ਪਿੰਗੁਲੁ ----- ਪਿੰਗੁਲਾ, ਲੂਲਾ
"ਪਾਵਹੁ ਤੇ ਪਿੰਗੁਲੁ ਭਇਆ ਮਾਰਿਆ ਸਤਿਗੁਰ ਬਾਨ।"
-ਸਲੋ ਕਬ, ੧੯੩:੨ (1374)

ਪਿਚੁ ------ ਪਿਲਾ
"ਹੋਰ ਕਚੀ ਮਤੀ ਕੁਚੁ ਪਿਚੁ ਅੰਧਿਆ ਅੰਧੁ ਬੀਚਾਰੁ।" (ਕਚਾ ਪਿਲਾ)
-ਸਾਰ ੫, ਵਾਰ ੧੧ਸ, ੧, ੨:੬ (1242)
"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।"
-ਗਉ ੪, ਵਾਰ ੯:੪ (304)

ਪਿਛੰਉਡੀ --- ਪਿਛੇ ਪੈਣਾ, ਘਟਨਾ
"ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ।"
-ਮਲਾ ਨਾਮ, ੨, ੨:੨ (1292)

ਪਿਛਹੁ ----- ਪਿਛਲੇ ਪਾਸਿਉ
"ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।"
-ਗਉ ੧, ੧੭, ੩:੨ (156)
(2) ਪਿਛਲੀ, ਪਿਛਲਾ ਭਾਗ
"ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ।"
-ਮਾਰੂ ੧, ੧, ੧:੧ (989)

ਪਿਛਲ ----- ਪਿਛਲੀ
"ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।"
-ਸਲੋ ਫਰ, ੧੦੭:੧ (1383)

ਪਿਛਲੇ ----- ਪਹਿਲੇ, ਪਿਛੇ ਦੇ
"ਜੇ ਗੁਰ ਕੀ ਸਰਣੀ ਫਿਰਿ ਓਹੁ ਆਵੈ ਤਾ ਪਿਛਲੇ ਅਉਗਣ ਬਖਸਿ ਲਇਆ।"
-ਗਉ ੪, ਵਾਰ ੧੩ਸ, ੪, ੨:੮ (307)

ਪਿਛਵਾਰਲਾ -- ਪਿਛਲਾ ਪਾਸਾ
"ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ।"
-ਮਲਾ ਨਾਮ, ੨, ੩:੨ (1293)

ਪਿਛਾ ------ (1) ਬੀਤਿਆਂ ਸਮਾਂ, ਲੰਘ ਚੁੱਕਾ ਵਕਤ

"ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ।"

-ਸਲੋ ਫਰ, ੯:੨ (1378)

(2) ਪਿਛੇ, ਪਿਛਲੀ ਓਰ

"ਆਗਾਹ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।"

-ਮਾਰੂ ੫, ਵਾਰ ੭ਸ, ੫, ੧:੧ (1096)

ਪਿਛਾਹਾ ---- ਪਿਛੇ, ਪਿਛਲੇ ਪਾਸੇ

"ਕੂੜਿਆਰ ਪਿਛਾਹਾ ਸਟੀਅਨਿ ਕੂੜੁ ਹਿਰਦੈ ਕਪਟੁ ਮਹਾ ਦੁਖੁ ਪਾਵੈ।"

-ਗਉ ੪, ਵਾਰ ੬:੪ (302)

ਪਿਛੀ ------ ਪਿਛੇ, ਪਿਛਲੇ ਪਾਸੇ ਵੱਲ

"ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।"

-ਮਾਝ ੧, ਵਾਰ ੨੬ਸ, ੧, ੧:੯ (149)

ਪਿਛੈ ------ (1) ਪਿਛੋਂ, ਬਾਅਦ ਵਿਚ, ਜਾਣ ਤੋਂ ਬਾਅਦ

"ਅੰਤੇ ਸਤਿਗੁਰੁ ਬੋਲਿਆ ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ।"

-ਰਾਮ ਸੁੰਦ, ਸਦ ੫:੧ (923)

"ਜੇ ਕੇ ਕਹੈ ਪਿਛੈ ਪਛਤਾਇ।"

-ਜਪੁ ੧, ੧੨:੨ (3)

(2) ਪਿਛੇ, ਮਗਰ ਮਗਰ

"ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ।"

-ਸਿਰੀ ੩, ੩੫, ੪:੨ (26)

"ਪਿਛੈ ਲਗਿ ਚਲੀ ਮਾਇਆ।"

-ਸੋਰ ੫, ੬੪, ੨:੨ (625)

(3) ਸਦਕਾ, ਬਰਕਤ ਨਾਲ

"ਤਿਨਾ ਪਿਛੈ ਛੁਟੀਐ ਜਿਨ ਅੰਦਰਿ ਨਾਮੁ ਨਿਧਾਨੁ।"

-ਸਿਰੀ ੫, ੯੮, ੨:੨ (52)

(4) ਭਾਵ ਤਕੜੀ ਦੇ ਦੂਜੇ ਪਲੇ ਵਿਚ

"ਧਰਿ ਤਾਰਾਜੀ ਅੰਬਰੁ ਤੋਲੀ ਪਿਛੈ ਟੰਕੁ ਚੜਾਈ।"

-ਮਾਝ ੧, ਵਾਰ ੧੯ਸ, ੧, ੧:੩ (147)

"ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ।"

-ਆਸਾ ੧, ਵਾਰ ੧੧ਸ, ੧, ੨:੧੦ (469)

(5) ਲੰਘ ਚੁਕਿਆ ਸਮਾਂ

"ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੁੰਬ ਪਇਆ।"

-ਗਉ ੪, ਵਾਰ ੧੩ਸ, ੪, ੨:੬ (307)

"ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ।"

-ਤੁਖਾ ੧, ਬਾਰਾ ੧੧:੪ (1109)

(6) ਭਾਵ ਐਧਰ ਉਧਰ

"ਓਇ ਆਗੈ ਪਿਛੈ ਬਹਿ ਮੁਹੁ ਛੁਪਾਇਨਿ ਨ ਰਲਨੀ ਖੋਟੇਆਰੇ।"

-ਗਉ ੪, ਵਾਰ ੨੧ਸ, ੪, ੧:੪ (312)

(6) ਭਾਵ ਲੋਕ

"ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ।"
-ਸੋਰ ੪, ਵਾਰ ੧੭ਸ, ੩, ੨:੨ (649)

ਪਿਛੈਰੀ ----- ਪਿਛੋਂ ਮਗਰੋਂ
"ਪਹਿਲਾ ਪੂਤੁ ਪਿਛੈਰੀ ਮਾਈ।"
-ਆਸਾ ਕਬ, ੨੨, ੧:੧ (481)

ਪਿਛੋ ------ ਮਗਰੋਂ, ਬਾਅਦ ਵਿਚ
"ਪਿਛੋ ਦੇ ਤੈਂ ਜੰਤੁ ਉਪਾਹਾ।"
-ਮਾਝ ੫, ਅਸ ੩੫, ੬:੨ (130)

ਪਿਛੋਦੇ ----- ਪਿਛੋਂ
"ਅਗੋ ਦੇ ਸਤ ਭਾਉ ਨ ਦਿਚੈ ਪਿਛੋਦੇ ਆਖਿਆ ਕੰਮਿ ਨ ਆਵੈ।"
-ਗਉ ੪, ਵਾਰ ੧੧ਸ, ੪, ੧:੧ (305)

ਪਿੰਜਰ ----- ਸਰੀਰ ਰੂਪੀ ਪਿੰਜਰਾ
"ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ।"
-ਸਿਰੀ ੪, ਵਾਰ ੧੫ਸ, ੨, ੧:੨ (89)
"ਜਤੁ ਸਤੁ ਸੰਜਮੁ ਸੀਲੁ ਨ ਰਾਖਿਆ ਪ੍ਰੇਤ ਪਿੰਜਰ ਮਹਿ ਕਾਸਟੁ ਭਇਆ।" (ਭਾਵ ਸਰੀਰ)
-ਰਾਮ ੧, ਅਸ ੭, ੨:੧ (906)

ਹੋਰ ਰੂਪ:

ਪਿੰਜਰਾ -
"ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ।" (ਭਾਵ ਸੁਕਾ ਸਰੀਰ)
-ਸਲੋ ਫਰ, ੯੨:੧ (1382)

ਪਿੰਜਰਿ ----- ਪਿੰਜਰੇ ਵਿਚ
"ਪਿੰਜਰਿ ਪੰਖੀ ਬੰਧਿਆ ਕੋਇ।"
-ਬਿਲਾ ੧, ਥਿਤੀ ੭:੩ (839)

ਪਿੰਜਰੁ ----- (1) ਸਰੀਰ (ਰੂਪੀ ਪਿੰਜਰਾ)
"ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ।"
-ਸਿਰੀ ੪, ਵਾਰ ੧੫ਸ, ੨, ੧:੨ (89)

ਹੋਰ ਰੂਪ:

ਪਿੰਜਰੈ -
"ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ।" (ਸਰੀਰ)
-ਸਲੋ ਫਰ, ੯੨:੨ (1382)

(2) ਪਿੰਜਰਾ
"ਤੂੰ ਪਿੰਜਰੁ ਹਉ ਸੁਅਟਾ ਤੋਰ।"
-ਗਉ ਕਬ, ੨, ੨:੧ (323)

(3) ਢਾਂਚਾ
"ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ।"

-ਸੋਰ ਰਵਿ, ੬, ੧:੨ (659)
"ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆ ਖੂੰਡਹਿ ਕਾਗ।" (ਹੱਡੀਆਂ ਦਾ ਢਾਂਚਾ)
-ਸਲੋ ਫਰ, ੯੦:੧ (1382)

ਪਿਜੈ ------ ਪੀਂਦਾ/ਪਾਨ ਕਰਦਾ ਹੈ
"ਧਨੁ ਧਨੁ ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ।"
-ਗਉ ੪, ਵਾਰ ੨੦:੩ (312)

ਪਿੰਵਾਇਆ -- ਪਿੰਜਨ ਨਾਲ ਰੂੰ ਨੂੰ ਸਾਫ ਕਰਦਿਆਂ
"ਵੇਲਿ ਪਿੰਵਾਇਆ ਕਤਿ ਵੁਣਾਇਆ।"
-ਰਾਮ ੩, ਵਾਰ ੧੯ਸ, ੧, ੧:੧ (955)

ਪਿਟਨਿ ----- ਪਿਟਦੇ ਹਨ ਭਾਵ ਕਰਦੇ ਹਨ
"ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ।"
-ਰਾਮ ੫, ਵਾਰ ੫ਸ, ੫, ੨:੭ (959)

ਪਿਟੰਨਿ ----- ਪਿਟਦੀਆਂ ਹਨ
"ਗਲ੍ਹਾ ਪਿਟੰਨਿ ਸਿਰੁ ਖੋਹੇਨਿ।"
-ਸਲੋ ੧, ੬:੨ (1410)

ਪਿਟਾਈ ---- ਪਿਟਦੇ ਹਨ, ਮੁਸੀਬਤ ਸਮਝ ਕੇ, ਫਜੂਲ ਰੂਪ ਵਿਚ ਕਰਦੇ ਹਨ
"ਇਕਨਾ ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ ਧੰਧੁ ਪਿਟਾਈ।"
-ਸੂਹੀ ੪, ੧੩, ੨:੧ (735)

ਹੋਰ ਰੂਪ:

ਪਿਟਾਈਐ -
"ਐਥੇ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਣੁ।" (ਪਿਟੀਦਾ ਹੈ)
-ਸਿਰੀ ੧, ੧੯, ੪:੧ (21)

ਪਿਟਿਹੁ -
"ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ।" (ਵਿਅਰਥ ਔਖੇ ਹੋ ਕੇ ਕੰਮ ਕਰਨਾ)
-ਆਸਾ ੧, ਅਸ ੧੩, ੪:੧ (418)

ਪਿਟੇ ------ ਵਿਅਰਥ ਖੇਚਲ ਉਠਾਉਣਾ
"ਧੰਧੁ ਪਿਟੇ ਸੰਸਾਰੁ ਸਚੁ ਨ ਭਾਇਆ।"
-ਆਸਾ ੧, ਅਸ ੧੬, ੧:੨ (419)

ਪਿਠਿ ------ ਕੰਡ
"ਅਹੰਕਾਰੀ ਨਿੰਦਕਾ ਪਿਠਿ ਦੇਇ ਨਾਮ ਦੇਉ ਮੁਖਿ ਲਾਇਆ।"
-ਆਸਾ ੧, ਛੰਤ ੨੦, ੪:੩ (451)

ਪਿਡ ------ ਭਾਂਡਾ ਭਾਵ ਸਰੀਰ
"ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ।"
-ਰਾਮ ਬਸ, ਵਾਰ ੪:੫ (967)

ਪਿੰਡ ------ (1) ਗ੍ਰਾਮ, ਵਸਤੀ

"ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ।" (ਇਥੇ ਭਾਵ 'ਸਰੀਰ' ਰੂਪੀ ਗ੍ਰਾਮ ਦਾ)

-ਸਿਰੀ ੫, ਅਸ ੨੯, ੪:੩ (73)

(2) ਸਰੀਰ, ਦੇ

"ਜੀਅ ਪਿੰਡ ਦੇ ਪ੍ਰਾਨ ਅਧਾਰੇ।"

-ਆਸਾ ੫, ੯੯, ੧:੨ (395)

"ਸਾਕਤ ਕੀ ਓਹ ਪਿੰਡ ਪਰਾਇਣਿ।" (ਦੇਹ ਦਾ ਆਸਰਾ)

-ਗੋਂਡ ਕਬ, ੭, ੩:੩ (872)

ਪਿੰਡਾ ------ ਸਰੀਰ

"ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ।"

-ਆਸਾ ੧, ਵਾਰ ੧੭ਸ, ੧, ੨:੩ (472)

ਪਿੰਡਿ ------ (1) ਪਿੰਨਾ

"ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ।"

-ਸਿਰੀ ਬੇਣੀ, ੧, ੧:੨ (93)

(2) ਸਰੀਰ ਵੱਲੋਂ, ਸਰੀਰ ਕਰਕੇ, ਸਰੀਰ ਵਿਚ

"ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।"

-ਗਉ ਕਬ, ੧੮, ੧:੧ (327)

"ਸੋ ਬ੍ਰਹਮੰਡਿ ਪਿੰਡਿ ਸੋ ਜਾਨੁ।"

-ਭੈਰ ਕਬ, ਅਸ ੧, ੬:੧ (1162)

ਪਿੰਡੁ ------ (1) ਸਰੀਰ

"ਨਾਨਕ ਨਾਮਿ ਸੰਤੋਖੀਆ ਜੀਉ ਪਿੰਡੁ ਪ੍ਰਭ ਪਾਸਿ।"

-ਸਿਰੀ ੧, ੧੬, ੫:੩ (20)

ਹੋਰ ਰੂਪ:

ਪਿੰਡੇ –

"ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।"

-ਧਨਾ ਪੀਪਾ, ੧, ੨:੧ (695)

(2) ਚਾਵਲਾਂ ਦਾ ਪਿੰਨਾ

"ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ।"

-ਆਸਾ ੧, ੩੨, ੨:੧ (358)

"ਗਇਆ ਪਿੰਡੁ ਭਰਤਾ।"

-ਗੋਂਡ ਨਾਮ, ੧, ੨:੧ (873)

ਪਿਤ ------ (1) ਪਿਤਾ, ਬਾਪ

"ਪਿਤ ਸੁਤੋ ਸਗਲ ਕਾਲਤ੍ਰ ਮਾਤਾ ਤੇਰੇ ਹੋਹਿ ਨ ਅੰਤਿ ਸਖਾਇਆ।"

-ਸਿਰੀ ੧, ੨੬, ੧*:੨ (23)

"ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ।"

-ਆਸਾ ੫, ੪੫, ੧:੨ (382)

(2) ਸਰੀਰ ਦੀ ਗਰਮੀ ਦੀ ਬਿਮਾਰੀ

“ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ।”
–ਟੋਡੀ ੫, ੧੩, ੧*:੨ (714)

ਪਿਤਰ ----- (1) ਵਡੇ ਵਡੇਰੇ, ਬਜੁਰਗ, ਬਾਪ ਦਾਦਾ ਆਦਿ
“ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ।”
–ਗਉ ਕਬ, ੪੫, ੧:੧ (332)

ਹੋਰ ਰੂਪ:

ਪਿਤਰਾ –
“ਆਪਿ ਡੁਬੈ ਕਿਉ ਪਿਤਰਾ ਤਾਰੈ।”
–ਰਾਮ ੧, ਅਸ ੪, ੪:੨ (904)

(2) ਮੋਏ ਹੋਏ ਬਜ਼ੁਰਗ, ਪਿਤਾਮਾ
“ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ।”
–ਬਿਲਾ ਕਬ, ੪, ੪:੨ (856)

(3) ਪਿਤਾ
“ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਰਿਓ।”
–ਸਾਰ ੫, ੧੩੭, ੧:੧ (1230)

ਪਿਤਰੀ ----- (1) ਪਿਤਰਾਂ/ਵੱਡੇ ਵਡੇਰਿਆਂ ਨੂੰ
“ਆਪਿ ਤਰੈ ਪਿਤਰੀ ਨਿਸਤਾਰੇ।”
–ਗਉ ੧, ਅਸ ੭, ੩:੩ (223)

(2) ਮੁਏ ਹੋਏ ਬਜ਼ੁਰਗਾਂ/ਪਿਤਾਮਾਂ ਨੂੰ
“ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।”
–ਆਸਾ ੧, ਵਾਰ ੧੭ਸ, ੧, ੧:੧ (472)

ਪਿਤਾ ------ ਬਾਪ
“ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।”
–ਜਪੁ ੧, ੩੮ਸ:੧ (8)

ਪਿਤਾਈ ---- ਪਿਤਾ, ਬਾਪ
“ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ।”
–ਸਾਰ ੫, ੪੮, ੧:੨ (1214)

ਪਿਤਾਮਹ ---- (ਗੰਗਾ ਦੇ ਪੁੱਤਰ) ਭੀਸ਼ਮ ਪਿਤਾਮਹ, ਪ੍ਰਤਿਗਿਆ ਦੀ ਦ੍ਰਿੜ੍ਹਤਾ ਤੇ ਬ੍ਰਹਮਚਾਰਯ ਦਾ ਪ੍ਰਤੀਕ
“ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ।”
–ਸਵ ੩, ੪:੨ (1393)

ਪਿਤੁ ------ ਮਾਸ (ਮਹਾਨਕੋਸ਼), ਪਿਤਾ (ਦਰਪਣ), ਨਿਰਣੈ
“ਰਤੁ ਪਿਤੁ ਕੁਤਿਹੋ ਚਟਿ ਜਾਹੁ।”
–ਮਲਾ ੧, ਵਾਰ ੨੨ਸ, ੧, ੨:੮ (1288)

ਪਿੰਧੀ ------ ਖੂਹ ਦੀ ਟਿੰਡ
“ਪਿੰਧੀ ਉਭਕਲੇ ਸੰਸਾਰਾ।”

-ਧਨਾ ਨਾਮ, ੪, ੩:੧ (693)

ਪਿਨਣੇ ----- ਮੰਗਨ ਵਾਲੇ
"ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ।"
-ਸਲੋ ੫, ੪:੧ (1425)

ਪਿਯੂ ------ ਪਿਉ, ਪਿਤਾ
"ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ।"
-ਰਾਮ ਬਸ, ਵਾਰ ੬:੨ (968)

ਪਿਰ ------ (1) ਪਤੀ, ਭਰਤਾ
"ਜੇ ਲੋੜਹਿ ਵਹੁ ਕਾਮਣੀ ਨਹ ਮਿਲੀਐ ਪਿਰ ਕੂਰਿ।"
-ਸਿਰੀ ੧, ੯, ੧:੨ (17)
"ਮੁੰਧੇ ਪਿਰ ਬਿਨੁ ਕਿਆ ਸੀਗਾਰੁ।"
-ਸਿਰੀ ੧, ੧੩, ੧*:੧ (18)
(2) ਪ੍ਰਭੂ ਪਤੀ
"ਅੰਤਰਿ ਏਕ ਪਿਰ ਹਾਂ।"
-ਆਸਾ ੫, ੧੫੭, ੨:੩ (409)
(3) ਪ੍ਰਿਯ, ਪਿਆਰੇ
"ਸੀਗਾਰੁ ਕਰੇ ਪਿਰ ਖਸਮ ਨ ਭਾਵੈ।"
-ਮਾਰੂ ੩, ਸੋਲਾ ੪, ੭:੨ (1047)

ਪਿਰਹੜੀ ---- ਪ੍ਰੇਮ, ਪਿਆਰ, ਪ੍ਰੀਤੀ
"ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ।"
-ਜੈਤ ੫, ਵਾਰ ੧੪ਸ, ੫, ੨:੨ (709)

ਪਿਰਹਿ ----- ਪਤੀ ਨੂੰ
"ਨਾਨਕ ਕਾਮਣਿ ਪਿਰਹਿ ਪਿਆਰੀ ਵਿਚਹੁ ਆਪੁ ਗਵਾਏ।"
-ਗਉ ੩, ਛੰਤ ੩, ੧:੬ (245)
"ਮੀਠੀ ਪਿਰਹਿ ਕਹਾਨੀ।" (ਪਤੀ ਦੀਆਂ)
-ਬਿਲਾ ੫, ੧੨੮, ੨*:੫ (830)

ਪਿਰਹੁ ----- ਪਤੀ ਤੋਂ
"ਕਾਮਣਿ ਪਿਰਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ।"
-ਗਉ ੩, ਛੰਤ ੨, ੩:੧ (244)

ਪਿਰਘਾ ----- ਪੂਜਨ ਯੋਗ, ਪਿਆਰਾ
"ਮੇਰੇ ਮਨ ਭਜੁ ਰਾਮ ਨਾਮ ਅਤਿ ਪਿਰਘਾ।"
-ਸੂਹੀ ੪, ੨, ੧*:੧ (731)

ਪਿਰਥਮੀ ---- ਧਰਤੀ, ਸ੍ਰਿਸ਼ਟੀ
"ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ।"
-ਸਲੋ ਕਬ, ੧੩੭, ੨ (1371)
"ਛਤ੍ਰੁ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ।"

-ਸਵ ੫, ਹਰਿ ੨:੬ (1409)

ਪਿਰੰਨਿ ----- ਪਿਆਰੇ ਵੱਲ
"ਨਾਨਕ ਹਰਿ ਆਪੇ ਜਾਣਦਾ ਜਿਨਿ ਲਾਈ ਪ੍ਰੀਤਿ ਪਿਰੰਨਿ।"
-ਗਉ ੪, ਵਾਸ ੪ਸ, ੪, ੨:੨ (301)

ਪਿਰਮ ----- ਪ੍ਰੇਮ, ਪਿਆਰ
"ਇਹੁ ਪਿਰਮ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ।"
-ਰਾਮ ੩, ਵਾਰ ੨ਸ, ੩, ੨:੩ (947)

ਪਿਰੰਮ ----- (1) ਅਤਿ ਪਿਆਰਾ, ਜਿਸ ਨਾਲ ਪਿਆਰ ਕੀਤਾ ਜਾਵੇ
"ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਮੇਰੇ ਗੋਵਿੰਦਾ ਹਰਿ ਪੂੰਜੀ ਰਾਖੁ ਹਮਾਰੀ ਜੀਉ।"
-ਮਾਝ ੪, ੬੭, ੪:੨ (174)
(2) ਪ੍ਰੇਮ
"ਕਬੀਰ ਜਉ ਤੁਹਿ ਸਾਧ ਪਿਰੰਮ ਕੀ ਸੀਸੁ ਕਾਟਿ ਕਰਿ ਗੋਇ।"
-ਸਲੋ ਕਬ, ੨੩੯:੧ (1377)

ਪਿਰਮਲੁ ---- ਖੁਸ਼ਬੂ, ਸੁਗੰਧੀ
"ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨ ਵਿਹਾਰ।"
-ਆਸਾ ੩, ਅਸ ੩੦, ੬:੨ (426)

ਪਿਰਮੁ ----- (1) ਪ੍ਰੇਮ
"ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ।"
-ਸਿਰੀ ੩, ੬੧, ੩:੧ (38)
"ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ।"
-ਸਲੋ ਫਰ, ੧੩:੨ (1378)
(2) ਪ੍ਰਿਯ, ਪਿਆਰਾ
"ਨਿਜ ਘਰਿ ਸੂਤੜੀਏ ਪਿਰਮੁ ਜਗਾਏ ਰਾਮ।"
-ਬਿਲਾ ੧, ਛੰਤ ੨, ੨:੨ (844)
"ਸਚਾ ਸਉਦਾ ਖਰਚੁ ਸਚੁ ਅੰਤਰਿ ਪਿਰਮੁ ਪਿਆਰੁ।" (ਪ੍ਰਿਯ ਵਾਲਾ)
-ਸਲੋ ੩, ੨੬:੫ (1415)

ਪਿਰਾ ------ ਹੇ ਪਿਆਰੇ/ਪ੍ਰਿਯ
"ਗੁਰ ਕੀ ਸੇਵਾ ਕਰਿ ਪਿਰਾ ਜੀਉ ਹਰਿ ਨਾਮੁ ਧਿਆਏ।"
-ਗਉ ੩, ਛੰਤ ੫, ੧:੧ (246)
"ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ।" (ਹੇ ਪਿਆਰੇ/ਪਤੀ)
-ਤੁਖਾ ੧, ਬਾਰਾ ੧੧:੧ (1108)

ਪਿਰਾਹਨੁ ---- ਚੋਲਾ, ਲਿਬਾਸ
"ਹਿਵੈ ਕਾ ਘਰੁ ਮੰਦਰੁ ਅਗਨਿ ਪਿਰਾਹਨੁ।"
- ਰਾਮ ੧, ਸਿਗੋ ੪੫:੩ (943)

ਪਿਰਾਗੁ ----- ਪ੍ਰਯਾਗ, ਉਹ ਥਾਂ ਜਿਥੇ ਗੰਗਾ, ਜਮਨਾ ਤੇ ਸਰਸਵਤੀ ਤਿੰਨੇ ਨਦੀਆਂ ਮਿਲਦੀਆਂ ਹਨ।
"ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ।"

-ਰਾਮ ਬੇਣੀ, ੧, ੧:੨ (974)

ਹੋਰ ਰੂਪ:

ਪਿਰਾਗੇ –
“ਨਾਨਕ ਧੂੜਿ ਪੁਨੀਤ ਸਾਧ ਲਖ ਕੋਟਿ ਪਿਰਾਗੇ।”
-ਗਉ ੫, ਵਾਰ ੧੯:੫ (322)

ਪਿਰਾਣਿ ---- ਪਛਾਣ, ਸਮਝ
“ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ।”
-ਮਾਰੂ ੩, ਵਾਰ ੧੩ਸ, ੧, ੩:੧ (1090)
“ਥੈਂ ਭਾਵੈ ਦਰੁ ਲਹਸਿ ਪਿਰਾਣਿ।”
-ਮਲਾ ੧, ਅਸ ੪, ੨:੪ (1275)
(ਮਹਾਨਕੋਸ਼ ਇਸ ਦੇ ਅਰਥ ‘ਪ੍ਰਾਣੀ, ਜੀਵ’ ਕਰਦਾ ਹੈ)

ਪਿਰਾਣੁ ----- ਜਾਣਾ
“ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।”
-ਸਿਰੀ ੧, ਅਸ ੧੫, ੫:੨ (63)

ਪਿਰਾਨੀ ---- ਪੀੜ ਕਰਨ ਲੱਗੀ ਹੈ, ਦੁਖਣ ਲੱਗੀ ਹੈ
“ਕਾਗ ਉਡਾਵਤ ਭੁਜਾ ਪਿਰਾਨੀ।”
-ਸੂਹੀ ਕਬ, ੨, ੪:੧ (792)

ਪਿਰਿ ------ ਪਤੀ ਨੇ
“ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ।”
-ਸਿਰੀ ੧, ਅਸ ੬, ੬:੩ (57)

ਪਿਰਿ ਅੰਨਿ -- ਪਿਆਰੇ ਨਾਲ, ਪਿਰ ਨਾਲ
“ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ।”
-ਮਾਰੂ ੫, ਵਾਰ ੨੧ਸ, ੫, ੧:੧ (1101)

ਪਿਰੀ ------ (1) ਪਤੀ, ਪ੍ਰੀਤਮ
“ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ।”
-ਸਿਰੀ ੫, ਛੰਤ ੩, ੧੩:੧ (80)
(2) ਪਿਆਰੇ/ਪ੍ਰੀਤਮ ਦਾ
“ਓਹਾ ਪ੍ਰੇਮ ਪਿਰੀ।”
-ਆਸਾ ੫, ੧੪੩, ੧*:੧ (406)
“ਪਿਰੀ ਮਿਲਾਵਾ ਜਾ ਥੀਆ ਸਾਈ ਸੁਹਾਵੀ ਰੁਤਿ।” (ਭਾਵ ਪ੍ਰਭੂ)
-ਗੂਜ ੫, ਵਾਰ ੧੩ਸ, ੫, ੧:੧ (522)
ਪਿਰੀਅੰਨਿ – ਪਿਰ ਨਾਲ, ਪਿਆਰੇ ਨਾਲ
“ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ।”
-ਮਾਰੂ ੫, ਵਾਰ ੨੧ਸ, ੫, ੧:੧ (1101)

ਪਿਰੀਆ ---- ਪਤੀ, ਪ੍ਰਭੂ
“ਨਿਜ ਮੰਦਰਿ ਪਿਰੀਆ।”

-ਸੂਹੀ ੫, ੪੪, ੧:੩ (746)

ਪਿਰੀਏ ----- ਹੇ ਪ੍ਰਿਯ! ਹੇ ਪਿਆਰੇ
"ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ।"
-ਸੂਹੀ ੫, ਅਸ ੪, ੫:੧ (761)

ਪਿਰੁ ------ ਪਤੀ, ਪ੍ਰਿਯ
"ਨਾ ਬੇੜੀ ਨਾ ਤੁਲਹੜਾ ਨਾ ਪਾਈਐ ਪਿਰੁ ਦੂਰਿ।"
-ਸਿਰੀ ੧, ੯, ੧:੩ (17)
"ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ।" (ਪ੍ਰਭੂ ਪਤੀ)
-ਆਸਾ ੧, ੧੦, ੪:੧ (351)

ਪਿਰੇ ------ ਪਿਰ/ਪਤੀ ਨੇ
"ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ।"
-ਬਿਲਾ ੧, ਛੰਤ ੨, ੧:੨ (843)

ਪਿਲਾਇਆ -- ਪਿਆਰਿਆ
"ਬਿਨੁ ਸੂਵਣਾ ਖੀਰੁ ਪਿਲਾਇਆ।"
-ਬਸੰ ਕਬ, ੩, ੧:੩ (1194)

ਪਿਵੰਨ ----- ਪੀਵਣ
"ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ।"
-ਸਵ ੪, ਨਲ ੧੦:੨ (1400)

ਪਿਵੀਜੈ ----- ਪੀਵੀਏ
"ਜਬ ਲਗਿ ਸਾਸੁ ਹੋਇ ਅੰਤਰਿ ਸਾਧੂ ਧੂਰਿ ਪਿਵੀਜੈ।"
-ਕਲਿ ੪, ਅਸ ੬, ੧*:੨ (1326)

ਪਿੜ ------ (1) ਅਖਾੜਾ
"ਮਾਇਆ ਕਾਰਣਿ ਪਿੜ ਬੰਧਿ ਨਾਚੈ ਦੂਜੈ ਭਾਇ ਦੁਖੁ ਪਾਵਣਿਆ।"
-ਮਾਝ ੩, ਅਸ ੨੧, ੬:੩ (122)
(2) ਲੜਾਈ, ਝਗੜਾ
"ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ।" (ਝਗੜਾ ਵਿਡ ਲਿਆ)
-ਮਾਝ ੧, ਵਾਰ ੧੭ਸ, ੧, ੧:੮ (146)
(3) ਬਾਜ਼ੀ, ਖੇਡ
"ਬਹੁ ਚਿੰਤਾ ਪਿੜ ਚਾਲੈ ਹਾਰੀ।" (ਜੀਵਨ ਰੂਪੀ ਖੇਡ)
-ਗਉ ੧, ਅਸ ੩, ੪:੨ (222)
"ਨਾਮੁ ਧਿਆਏ ਤਾ ਸੁਖੁ ਪਾਏ ਬਿਨੁ ਨਾਵੈ ਪਿੜ ਕਾਚੀ।"
-ਵਡ ੧, ਅਲਾ ੪, ੧:੪ (581)

ਪਿੜਾਈ ---- ਪਟਾਰੀ
"ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ।"
-ਮਾਰੂ ੧, ਅਸ ੨, ੪:੧ (1009)

ਪਿੜੁ ------ (1) ਅਖਾੜਾ, ਮੈਦਾਨ

"ਜਿਸ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ।"
-ਸਿਰੀ ੧, ਅਸ ੧੧, ੮:੩ (60)

(2) ਰਣ ਦਾ ਮੈਦਾਨ
"ਕਾਹੂ ਬਿਹਾਵੈ ਸੋ ਪਿੜੁ ਮਾਲਤ।"
-ਰਾਤ ੫, ਅਸ ੩, ੫:੨ (914)

ਪੀ ------- ਪਾਨ ਕਰਕੇ
"ਪੀ ਅੰਮ੍ਰਿਤੁ ਸੰਤੋਖਿਆ ਦਰਗਹਿ ਪੈਧਾ ਜਾਇ।"
-ਸਿਰੀ ੧, ਅਸ ੧੪, ੭:੩ (62)

ਪੀਉ ------ (1) ਪੀ, ਪਾਨ ਕਰ
"ਅੰਮ੍ਰਿਤੁ ਰਸਨਾ ਪੀਉ ਪਿਆਰੀ।"
-ਗਉ ੫, ੮੪, ੧*:੧ (180)

(2) ਪਤੀ, ਮਾਲਕ
"ਦੇਖਿਆ ਤਿਹੂੰ ਲੋਕ ਕਾ ਪੀਉ।"
-ਗਉ ਕਬ, ਥਿਤੀ ੧੩:੩ (344)

"ਨਾ ਜਾਨਉ ਕਿਆ ਕਰਸੀ ਪੀਉ।"
-ਸੂਹੀ ਕਬ, ੨, ੧:੨ (792)

(3) ਪ੍ਰਿਯ ਪਿਆਰਾ
"ਲਾਖ ਭਗਤ ਅਰਾਧਹਿ ਜਪਤੇ ਪੀਉ ਪੀਉ।"
-ਆਸਾ ੫, ੧੦੬, ੧:੧ (397)

"ਪਾਛੇ ਕਿਸਹਿ ਪੁਕਾਰਹਿ ਪੀਉ ਪੀਉ।"
-ਬਸੰ ਰਵਿ, ੧, ੩:੪ (1196)

"ਦੀਨਾ ਨਾਥੁ ਪੀਉ ਬਨਵਾਰੀ।" (ਪਿਆਰਾ ਹਰੀ)
-ਪ੍ਰਭਾ ੧, ੧੪, ੩:੨ (1331)

(4) ਪਿਲਾ ਕੇ, ਪਾਨ ਕਰਾ ਕੇ
"ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ।"
-ਸਾਰ ੫, ੧੦੨, ੧*:੨ (1224)

ਪੀਊ ------ (1) ਪਿਤਾ ਦੀ
"ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।"
-ਮਾਝ ੧, ਵਾਰ ੨੬ਸ, ੧, ੧:੪ (149)

(2) ਪਿਤਾ, ਬਾਪ
"ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ।"
-ਗਉ ੫, ੧੦੦, ੧:੧ (186)

ਪੀਓ ------ (1) ਪਾਨ ਕਰੋ, ਪੀਵੋ
"ਅੰਮ੍ਰਿਤੁ ਨਾਮੁ ਪੀਓ ਮਨੁ ਤ੍ਰਿਪਤਿਆ ਅਨਭੈ ਠਹਰਾਇਓ।"
-ਗਉ ੫, ੧੩੬, ੨:੨ (209)

(2) ਪੀਤਾ ਹੈ
"ਅੰਮ੍ਰਿਤੁ ਨਾਮੁ ਤੁਮ੍ਾਰਾ ਠਾਕੁਰ ਏਹੁ ਮਹਾ ਰਸੁ ਜਨਹਿ ਪੀਓ।"
-ਆਸਾ ੫, ੪੭, ੧:੧ (382)

ਪੀਓਈਐ --- ਪਾਨ ਕਰੀਦਾ ਹੈ, ਪੀਤਾ ਜਾਂਦਾ ਹੈ
“ਗੁਰਮਤਿ ਮਨੂਆ ਅਸਥਿਰੁ ਰਾਖਹੁ ਇਨ ਬਿਧਿ ਅੰਮ੍ਰਿਤੁ ਪੀਓਈਐ।”
-ਗਉ ਕਬ, ੪੬, ੧*:੨ (332)

ਪੀਅ ------ ਪਿਆਰੇ, ਪ੍ਰੀਤਮ, ਪਤੀ
“ਧੰਨਿ ਸੁਹਾਗਨਿ ਜੋ ਪੀਅ ਭਾਵੈ।”
-ਆਸਾ ਕਬ, ੩੦, ੩:੧ (483)

ਪੀਅਉ ----- (1) ਪਾਨ ਕਰੋ, ਪੀਵੋ
“ਅਪਿਉ ਪੀਅਉ ਅਕਥੁ ਕਥਿ ਰਹੀਐ।”
-ਗਉ ੧, ਅਸ ੧੫, ੨:੧ (227)
(2) ਪੀਤਾ ਹੈ
“ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ।”
-ਜੈਤ ੫, ੧੧, ੧:੨ (702)

ਪੀਅਹਿ ---- (1) ਪੀਂਦੇ ਹਨ, ਪਾਨ ਕਰਦੇ ਹਨ
“ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।”
-ਮਾਝ ੧, ਵਾਰ ੨੬ਸ, ੧, ੧:੧ (149)
(2) ਪੀਵੇਂ
“ਪੀਅਹਿ ਤ ਪਾਣੀ ਆਣੀ ਮੀਰਾ ਖਾਹਿ ਤਾ ਪੀਸਣ ਜਾਉ।”
-ਮਾਰੂ ੧, ੬, ੩:੧ (991)

ਪੀਅਹੁ ----- ਪਾਨ ਕਰੋ, ਪੀਵੋ
“ਸਤਿਗੁਰੁ ਸੇਵਿ ਸਫਲ ਹਰਿ ਦਰਸਨੁ ਮਿਲਿ ਅੰਮ੍ਰਿਤੁ ਹਰਿ ਰਸੁ ਪੀਅਹੁ।”
-ਬਿਲਾ ੪, ੪, ੨:੨ (800)

ਪੀਅਣ ----- ਪੀਣ
“ਪੰਜਵੈ ਖਾਣ ਪੀਅਣ ਕੀ ਧਾਤੁ।”
-ਮਾਝ ੧, ਵਾਰ ੧ਸ, ੧, ੨:੫ (137)

ਪੀਅਣੁ ----- ਪੀਣਾ
“ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਅਉ।”
-ਸਿਰੀ ੫, ੨, ੧:੧ (14)

ਪੀਅੰਤ ----- ਪੀਣ
“ਖਾਤ ਪੀਅੰਤ ਮੂਏ ਨਹੀ ਜਾਨਿਆ।”
-ਰਾਮ ੧, ਓਅੰ ੧੯:੫ (932)

ਪੀਅਰੀ ----- ਪੀਲੀ
“ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ।”
-ਸਲੋ ਕਬ, ੫੬:੧ (1367)

ਪੀਅਲਾ ----- ਪੀਲੇ ਰੰਗ ਦਾ
“ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ।”
-ਮਾਝ ੧, ਵਾਰ ੪ਸ, ੧, ੧:੪ (139)

ਪੀਆ ------ (1) ਪੀਵਾਂ, ਪਾਨ ਕਰਾਂ
"ਨਦਰੀ ਕਿਸੈ ਨ ਆਵਊਨ ਕਿਛੁ ਪੀਆ ਨ ਖਾਉ।"
-ਸਿਰੀ ੧, ੨, ੩:੨ (15)
(2) ਪੀਤਾ, ਪਾਨ ਕੀਤਾ
"ਜਿਨਾ ਪਰਾਪਤਿ ਤਿਨ ਪੀਆ ਹਉਮੈ ਵਿਚਹੁ ਖੋਇ।"
-ਸਿਰੀ ੩, ੪੬, ੪:੨ (31)

ਪੀਆਉ ---- ਪੀਤਾ, ਪਾਨ ਕੀਤਾ
"ਮਨਿ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ।"
-ਆਸਾ ੪, ਛੰਤ ੧੩, ੧:੫ (447)

ਪੀਆਇ ---- ਪਿਆ ਕੇ, ਛਕਾ ਕੇ, ਪਿਲਾ ਕੇ
"ਦੂਧੁ ਪੀਆਇ ਭਗਤੁ ਘਰਿ ਗਇਆ।"
-ਭੈਰ ਨਾਮ, ੩, ੪:੧ (1164)

ਪੀਆਇਆ -- ਪਿਲਾਇਆ
"ਮਨੁ ਹਰਿ ਰੰਗਿ ਰਾਤਾ ਹਰਿ ਰਸੁ ਪੀਆਇਆ।"
-ਮਾਝ ੪, ੫, ੧:੨ (95)

ਪੀਆਈ ---- ਪਿਲਾਈ
"ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ।"
-ਸੋਰ ੧, ਅਸ ੧, ੩:੪ (634)
"ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ ਭਾਵੈ ਤਿਸਹਿ ਪੀਆਈ।"(ਪਿਆਉਂਦਾ ਹੈ)
-ਕੇਦਾ ਕਬ, ੩, ੨:੨ (1123)

ਹੋਰ ਰੂਪ:

ਪੀਆਈਐ–
"ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ।"
(ਪਿਲਾਈਏ)
-ਗਉ ੪, ੬੧, ੩:੨ (171)

ਪੀਆਏ ----- ਪਿਆਵੇ, ਪਿਆਉਂਦਾ ਹੈ
"ਅੰਮ੍ਰਿਤੁ ਪੀਵੈ ਜਿਸ ਨੋ ਆਪਿ ਪੀਆਏ।"
-ਮਾਝ ੩, ਅਸ ੧੭, ੭:੧ (119)

ਪੀਆਲਿਆ -- ਪਿਆਇਆ
"ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ।"
-ਸਿਰੀ ੫, ੯੦, ੩:੩ (49)

ਪੀਆਵਣ ਹਾਰਾ ਪਿਆਉਣ ਵਾਲਾ
"ਹਰਿ ਅੰਮ੍ਰਿਤੁ ਆਪਿ ਪੀਆਵਣ ਹਾਰਾ।"
-ਗਉ ੪, ੪੪, ੩:੨ (165)

ਹੋਰ ਰੂਪ:

ਪੀਆਵਣਹਾਰੁ–
“ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ।”
–ਸੋਰ ੪, ਵਾਰ ੧੦ਸ, ੩, ੨:੫ (646)

ਪੀਆਵਣਿਆ – ਪਿਆਉਣ ਵਾਲਾ
“ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ।”
–ਮਾਝ ੩, ਅਸ ੧੬, ੩:੪ (118)

ਪੀਆਵੈ ----- ਪਿਆਏ
“ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ।”
–ਗਉ ੫, ਸੋਲਾ ੫, ੨:੨ (13)

ਪੀਐ------- ਪੀਂਦਾ ਹੈ ਪੀਵੇ
“ਖੀਰੁ ਪੀਐ ਖੇਲਾਈਐ ਵਣਜਾਰਿਆ ਮਿਤ੍ਰਾ ਮਾਤ ਪਿਤਾ ਸੁਤ ਹੇਤੁ।”
–ਸਿਰੀ ੧, ਪਹ ੨, ੧:੨ (75)
“ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ।”
–ਪ੍ਰਭਾ ੧, ੭, ੪:੧ (1329)

ਪੀਏ ------- ਪੀਵੇ
“ਕਰਿ ਕਿਰਪਾ ਪ੍ਰਭ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ।”
–ਮਾਝ ੫, ੩੫, ੪:੩ (105)

ਹੋਰ ਰੂਪ:

ਪੀਏਉ –
“ਜੇ ਪੂਰਬਿ ਹੋਵੈ ਲਿਖਿਆ ਤਾ ਅੰਮ੍ਰਿਤੁ ਸਹਜਿ ਪੀਏਉ।”(ਪੀਵੀਦਾ ਹੈ, ਪੀਂਦਾ ਹੈ)
–ਸੂਹੀ ੪, ਅਸ ੨, ੩:੨ (758)

ਪੀਸਉ------ ਪੀਹਵਾਂ, ਪੀਹਾਂ (ਚੱਕੀ)
“ਪਾਣੀ ਪਖਾ ਪੀਸਉ ਸੇਵਕ ਕੈ ਠਾਕੁਰ ਹੀ ਕਾ ਆਹਰੁ ਜੀਉ।”
–ਮਾਝ ੫, ੨੫, ੧:੩ (101)

ਪੀਸਣ------ ਪੀਹਨ ਲਈ
“ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ।”
–ਮਾਝ ੧, ਵਾਰ ੧੧ਸ, ੧, ੧:੩ (142)

ਹੋਰ ਰੂਪ:

ਪੀਸਣਿ –
“ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।”(ਪੀਹਣ ਲਈ, ਪਾਸੇ ਜਾਣ ਲਈ)
–ਸਿਰੀ ੧, ੨, ੨:੧ (14)

ਪੀਸਣੁ –
“ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ।” (ਪੀਹਨ, ਪੀਸਣ ਯੋਗ ਅੰਨ)
–ਸੂਹੀ ੫, ੫੪, ੪:੧ (749)

ਪੀਸਣੁ ----- (1) ਪੀਹਨ, ਪੀਸਣ ਯੋਗ ਵਸਤ, ਵੇਖੋ ‘ਪੀਹਣ’
(2) ਪੀਹਣ ਦਾ ਵੱਟਾ
“ਸਿਲਾ ਸੰਤੋਖ ਪੀਸਣੁ ਹਥਿ ਦਾਨੁ।”
-ਮਲਾ ੧, ੮, ੧:੨ (1257)

ਪੀਸਤ ----- ਪੀਂਹਦੇ ਹੋਏ
“ਪੀਸਤ ਪੀਸਤੁ ਚਾਬਿਆ ਸੋਈ ਨਿਬਹਿਆ ਸਾਥ।”
-ਸਲੋ ਕਬ, ੨੧੫:੨ (1376)

ਪੀਸਨੁ ----- ਪੀਹਨ
“ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ।”
-ਸੂਹੀ ੫, ੪੧, ੨:੧ (745)

ਪੀਸਾ ------ ਪੀਹਾਂ
“ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।”
-ਸਿਰੀ ੧, ੨, ੨:੧ (14)

ਪੀਸਾਇ ---- ਪੀਸਾ, ਪਿਹਾ
“ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ।”
-ਰਾਮ ੩, ਵਾਰ ੨ਸ, ਕਬ, ੧:੧ (947)

ਹੋਰ ਰੂਪ:

ਪੀਸਾਈ-
“ਪ੍ਰਭਿ ਆਨਿ ਆਨਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ।”
-ਬਿਲਾ ੪, ਅਸ ੬, ੮:੧ (837)

ਪੀਸਾਵੈ ----- ਪਿਹਾਉਂਦਾ ਹੈ
“ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ।”
-ਬਿਹਾ ੪, ਵਾਰ ੬:੧ (550)

ਪੀਸਿ ------ ਪੀਹ ਕੇ
“ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ।”
-ਗੂਜ ੫, ਵਾਰ ੩:੬ (518)

ਹੋਰ ਰੂਪ:

ਪੀਸੁ-
“ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ।” (ਪੀਹਣ)
-ਬਿਲਾ ੫, ੪੪, ੧:੧ (811)

ਪੀਸੈ-
“ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ।”(ਪੀਹੇ)
-ਰਾਮ ੩, ਵਾਰ ੨ਸ, ੩, ੨:੨ (947)

ਪੀਕ ------- ਪੀਤਾ ਹੈ
“ਗਾਵਤ ਸੁਨਤ ਦੋਊ ਭਏ ਮੁਕਤੇ ਜਿਨਾ ਗੁਰਮੁਖਿ ਖਿਨੁ ਹਰਿ ਪੀਕ।”

–ਪ੍ਰਭਾ ੪, ੩, ੧:੨ (1336)

ਪੀਕੀ ------ ਪੀਤੀ

"ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ।"

–ਆਸਾ ੫, ੧੩੩, ੨:੧ (404)

(ਮਹਾਨਕੋਸ਼ ਨੇ 'ਪੀ+ਕੀ' ਕਰਕੇ ਅਰਥ 'ਪਤੀ ਦੀ' ਕੀਤਾ ਹੈ)

ਪੀਚਈ ----- ਪੀਣਾ ਚਾਹੀਦਾ

"ਝੂਠਾ ਮਦ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।"

–ਬਿਹਾ ੪, ਵਾਰ ੧੬ਸ, ੩, ੧:੫ (554)

ਹੋਰ ਰੂਪ:

ਪੀਚੈ–

"ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ।"

–ਮਾਝ ੪, ੬, ੨:੩ (96)

ਪੀਛੈ ------- ਪਿਛੇ

"ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ।"

–ਸਿਰੀ ੪, ੬੮, ੧:੨ (41)

ਪੀਜਈ ----- ਪੀਵੀਏ, ਪਾਨ ਕਰੀਏ

"ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ।"

–ਮਲਾ ੧, ਵਾਰ ੧੭:੭ (1285)

ਪੀਜਾ------- ਪੀਤਾ

"ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ।"

–ਮਾਰੂ ੫, ਸੋਲਾ ੩, ੧੩:੩ (1074)

ਪੀਜੀਐ -----ਪੀਵੀਏ, ਪਾਨ ਕਰੀਏ

"ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ।"

–ਸਲੋ ੫, ੫:੧ (1425)

ਪੀਜੈ ------- ਪੀਵਏ

"ਹਰਿ ਹਰਿ ਅੰਮ੍ਰਿਤ ਹਰਿ ਮਨਿ ਭਾਵੈ ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ।"

–ਮਾਝ ੪, ੪, ੨:੩ (96)

ਪੀਠਾ ------ ਪੀਸਿਆ, ਪੀਹ ਦਿਤਾ

"ਹਉ ਬਲਿਹਾਰੀ ਸੰਤਨ ਤੇਰੇ ਜਿਨਿ ਕਾਮੁ ਕ੍ਰੋਧੁ ਲੋਭੁ ਪੀਠਾ ਜੀਉ।"

–ਮਾਝ ੫, ੪੯, ੩:੪ (108)

ਪੀਠਿ ------ ਪਿੱਠ, ਕੰਡ

"ਆਗੇ ਬੈਠਾ ਪੀਠਿ ਫਿਰਾਇ।"

–ਭੈਰ ਕਬ, ੮, ੧:੨ (1159)

"ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ।" (ਪਿਠ ਉਤੇ)

–ਬਸੰ ਕਬ, ੧*, ੩:੨ (1196)

ਪੀਠੇ ------- ਪੀਠਿਆਂ, ਪੀਸਿਆ ਭਾਵ ਦੁਖ ਦਿਤਾ
“ਅਸਥਿਰ ਭਏ ਸਾਚ ਰੰਗਿ ਰਾਤੇ ਜਨਮ ਮਰਨ ਬਾਹੁਰਿ ਨਹੀ ਪੀਠੇ।”
-ਟੋਡੀ ੫, ੨੭, ੧:੨ (717)

ਪੀਡੀ------- ਪਕੀ, ਮਜ਼ਬੂਤ
“ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ।”
-ਸਲੋ ਫਰ, ੫:੧ (1378)

ਪੀਣਾ ------ ਪਾਨ ਕਰਨਾ
“ਨਾਨਕ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ।”
-ਸਿਰੀ ੧, ੨੮, ੪:੨ (24)

ਪੀਣੇ ------- ਪੀਣ ਵਾਲੇ
“ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ।”
-ਮਾਝ ੧, ਵਾਰ ੯ਸ, ੧, ੩:੨ (142)

ਪੀਤ ------- (1) ਪੀਂਦਿਆ
“ਖਾਤ ਪੀਤ ਖੇਲਤ ਹਸਤ ਬਿਸਥਾਰ।”
-ਗਉ ੫, ੧੧੧, ੨:੧ (188)
“ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ।”
-ਗਉ ੫, ੫੩ਸ:੧ (261)
(2) ਪੀਲਾ ਭਾਵ ਵਾਹਿਗੁਰੂ (ਨਾਵ)
“ਪੀਤ ਪੀਤੰਬਰ ਤ੍ਰਿਭਵਣ ਧਣੀ।”(ਭਾਵ ਅਕਾਲ ਪੁਰਖ)
-ਮਾਰੂ ੫, ਸੋਲਾ ੧੧, ੧੧:੧ (1082)
(3) ਪੀਲੇ (ਵਿਸ਼ੇਸ਼ਣ)
“ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ।”
-ਸਵ ੪, ਗਯੰ, ੮:੧ (1402)

ਪੀਤੰਬਰ----- ਪੀਲੇ ਰੰਗ ਦੇ ਵਸਤ੍ਰ
“ਜਹਾ ਬਸਹਿ ਪੀਤੰਬਰ ਪੀਰ।”(ਪੀਲੇ ਰੰਗ ਦੇ ਵਸਤਰ ਪਾਉਣ ਵਾਲਾ, ਭਾਵ ਕ੍ਰਿਸ਼ਨ)
-ਆਸਾ ਕਬ, ੧੩, ੧:੨ (478)
ਹੋਰ ਰੂਪ:
ਪੀਤੰਬਰੁ-
“ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ।”(ਭਾਵ ਵਾਹਿਗੁਰੂ)
-ਗੂਜ ਤ੍ਰਿਲੋ, ੨, ੫:੨ (526)

ਪੀਤਾ------- (1) ਪਾਨ ਕੀਤਾ
“ਹਰਿ ਜੀ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ।”
-ਮਾਝ ੩, ਅਸ ੧੦, ੧:੩ (114)

ਪੀਤਾਂਬਰ ---- ਪੀਲੇ ਵਸਤ੍ਰ ਪੀਲੇ ਵਸਤ੍ਰ ਪਾਣ ਵਾਲਾ ਭਾਵ ਕ੍ਰਿਸ਼ਨ ਭਾਵ ਅਕਾਲ ਪੁਰਖ

"ਪੀਤ ਪੀਤਾਂਬਰ ਤ੍ਰਿਭਵਣ ਧਣੀ ਥੰਭ ਮਾਹਿ ਹਰਿ ਭਾਖੈ।"
-ਭੈਰ ਨਾਮ, ੯, ੪:੨ (1165)

ਪੀਤਿਆ------ ਪੀਣ ਨਾਲ, ਪਾਨ ਕਰਨ ਨਾਲ
"ਅਘੜੋ ਘੜਾਵੈ ਸਬਦੁ ਪਾਵੈ ਅਪਿਉ ਹਰਿ ਰਸੁ ਪੀਤਿਆ।"
-ਵਡ ੪, ਘੋੜੀ ੧, ੩:੪ (575)

ਪੀਤੀ-------- ਪਾਨ ਕੀਤੀ
"ਜਿਨਿ ਪੀਤੀ ਤਿਸੁ ਮੋਖ ਦੁਆਰ।"
-ਮਲਾ ੧, ਅਸ ੪, ੫:੪ (1275)

ਹੋਰ ਰੂਪ:

ਪੀਤੈ-
"ਗੁਰ ਕਾ ਸਬਦੁ ਅੰਮ੍ਰਿਤੁ ਹੈ ਜਿਤੁ ਪੀਤੈ ਤਿਖ ਜਾਇ।" (ਪੀਣ ਨਾਲ)
-ਸਿਰੀ ੩, ੫੫, ੨:੩ (35)

ਪੀਨੇ ------- ਪੀਤੇ, ਪਾਨ ਕੀਤੇ
"ਅੰਮ੍ਰਿਤ ਨਾਮ ਮਹਾ ਰਸ ਪੀਨੇ।"
-ਗਉ ੫, ੧੦੮*, ੨:੨ (201)

ਪੀਪ ------- ਪਿਪਲ ਦਾ ਦਰਖਤ
"ਸੰਗਤਿ ਸੰਤ ਸੰਗਿ ਲਗਿ ਊਚੇ ਜਿਉ ਪੀਪ ਪਲਾਸ ਖਾਇ ਲੀਜੈ।"
-ਕਲਿ ੪, ਅਸ ੪, ੪:੧ (1325)

ਪੀਪਾ------- 1483 ਸੰਗਤ ਵਿਚ ਜਨਮੇ ਗਗਨੌਰ ਦਾ ਰਾਜਾ ਜੋ ਪਹਿਲਾ ਦੁਰਗਾ ਭਗਤ ਸੀ ਪਰ ਫਿਰ ਰਾਮਾਨੰਦ ਜੀ ਦੇ ਪ੍ਰਭਾਵ ਅਧੀਨ ਵੈਰਾਗ ਵਿਚ ਆ ਘਰ ਬਾਹਰ ਛੱਡ ਭਗਤ ਹੋਏ। ਇਨਾਂ ਦਾ ਇਕ ਸ਼ਬਦ ਧਨਾਸਰੀ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ।
"ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ।"
-ਧਨਾ ਪੀਪਾ, ੧, ੨:੨ (695)

ਪੀਰ ------- (ਫਾ. ਪੀਰ)(1) ਗੁਰੂ, ਧਾਰਮਿਕ ਆਗੂ
"ਸੁਣਿਐ ਸਿਧ ਪੀਰ ਸੁਰਿ ਨਾਥ।"
-ਜਪੁ ੧, ੮:੧ (2)

(2) ਪੀੜ, ਪੀੜਾ
"ਨਿਰਮਲੁ ਸਾਚੋ ਮਨਿ ਵਸੈ ਸੋ ਜਾਣੈ ਅਭ ਪੀਰ।"
-ਸਿਰੀ ੧, ਅਸ ੭, ੧:੨ (57)

(3) ਦੁੱਖ, ਬਿਪਤਾ
" ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ।"
-ਸਿਰੀ ੫, ਅਸ ੨੬, ੨:੧ (70)

(4) ਦਰਦ
"ਜਿਨਹਿ ਉਪਾਏ ਤਿਸ ਕਉ ਪੀਰ।"
-ਭੈਰ ੫, ੬, ੧:੨ (1137)

ਪੀਰਹੁ ------ ਪੀਰ ਤੋਂ, ਧਾਰਮਿਕ ਆਗੂ ਤੋਂ

“ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ।”
-ਰਾਮ ਬਸ, ਵਾਰ ੨:੧੦ (967)

ਪੀਰਤਨੁ------ ਪੀਲਾਪਨ
“ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ।”
-ਸਲੋ ਕਬ, ੫੭:੧ (1367)

ਪੀਰਾ-------- (1) ਪੀਰ, ਗੁਰੂ
“ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕ ਰਾਇਆ।”
-ਮਾਝ ੧, ਵਾਰ ੧੩ਸ, ੧, ੧:੧ (143)

ਹੋਰ ਰੂਪ:

ਪੀਰਾਂ-
“ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ।”
-ਸਲੋ ੪, ੧੬:੧ (1422)

(2) ਪੀੜ
“ਵਡੇ ਕਹਾਵਹਿ ਹਉਮੈ ਤਨਿ ਪੀਰਾ।”
-ਗਉ ੧, ਅਸ ੧੪, ੭:੨ (227)

ਪੀਰਿ-------- ਗੁਰੂ ਤੋਂ, ਗੁਰੂ ਵਲੋਂ
“ਜੋ ਨਰ ਪੀਰਿ ਨਿਵਾਜਿਆ ਤਿਨ੍ਹਾ ਅੰਚ ਨ ਲਾਗ।”
-ਰਾਮ ੫, ਵਾਰ ੨੧ਸ, ੫, ੧:੨ (966)

ਹੋਰ ਰੂਪ:

ਪੀਰੁ-
ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ। (ਗੁਰੂ)
-ਸਿਰੀ ੧, ੮, ੨:੧ (17)

ਪੀਰੈ-
“ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ।”(ਗੁਰੂ ਦੇ)
-ਸਿਰੀ ੩, ੬੩, ੧:੨ (38)

ਪੀਰੈ -------- (1) ਪੀਰ/ਗੁਰੂ ਦੇ, ਵੇਖੋ ‘ਪੀਰਿ’
(2)ਪੀੜ
“ਬਿਨਸੈ ਮੋਹੁ ਭਰਮੁ ਦੁਖੁ ਪੀਰੈ।”
-ਕਾਨ ੫, ੨੭, ੧*:੨ (1303)

ਪੀਲਕੁ------- ਮੁਹਾਵਤ, ਪੀਲ (ਹਾਥੀ) ਦਾ ਪ੍ਰੇਰਣਾ ਕਰਤਾ
“ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ।”
-ਗੂਜ ੩, ਵਾਰ ੨੦ਸ, ੩, ੨:੧ (516)

ਪੀਲਾਏ ------ ਪਿਆਵੇ
“ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮ ਕਾਲੁ।”
-ਬਿਹਾ ੪, ਵਾਰ ੧੨ਸ, ਮਰ, ੨:੨ (553)

ਪੀਲਾਵਉ ---- ਪਿਆਓ, ਪਾਨ ਕਰਵਾਉ।
"ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ।"
-ਬਿਲਾ ੫, ੫੧, ੨:੧ (813)

ਪੀਲਾਵਾ ----- ਪਿਆਉਣ ਵਾਲਾ ਵਰਤਾਉਣ ਵਾਲਾ
"ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ।"
-ਬਿਹਾ ੪, ਵਾਰ ੧੨ਸ, ਮਰੁ, ੧:੨ (553)

ਪੀਵਉ ------ ਪੀਓ, ਪਾਨ ਕਰੋ
"ਗੁਰ ਦੀਆ ਸਚੁ ਅੰਮ੍ਰਿਤੁ ਪੀਵਉ।"
-ਬਸੰ ੧, ਅਸ ੪, ੭:੧ (1189)

ਪੀਵਸਾ ----- ਪੀਵਾਂਗਾ
"ਮਤੜੀ ਕਾਂਢਕੁ ਆਹ ਪਾਣ ਧੋਵੰਦੋ ਪੀਵਸਾ।"
-ਮਾਰੂ ੫, ਵਾਰ ੧੫ਸ, ੫, ੩:੧ (1099)

ਹੋਰ ਰੂਪ:

ਪੀਵਸਿ-
"ਨਿਕਟਿ ਨੀਰੁ ਪਸੁ ਪੀਵਸਿ ਨ ਝਾਗਿ।" (ਪੀਂਦਾ)
-ਗਉ ਕਬ, ੨੪, ੨:੨ (328)

ਪੀਵਹ ------ ਪੀਂਦਾ ਹੈ
"ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ ਭਾਗਏ।"
-ਕਾਨ ੫, ਛੰਤ ੧, ੨:੩ (1312)

ਹੋਰ ਰੂਪ:

ਪੀਵਹਿ-
"ਅੰਮ੍ਰਿਤੁ ਪੀਵਹਿ ਸਦਾ ਸਦਾ ਸਚੈ ਨਾਮਿ ਪਿਆਰਿ।"(ਪੀਂਦੇ ਹਨ)
-ਸਿਰੀ ੩, ੩੮, ੧:੩ (28)

ਪੀਵਹੁ-
"ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ।"(ਪੀਓ)
-ਗਉ ੫, ੧੨੬, ੧*:੧ (191)

ਪੀਵਣਹਾਰਾ--- ਪੀਣ ਵਾਲਾ
"ਊਪਰਿ ਕੂਪੁ ਗਗਨ ਪਨਿਹਾਰੀ ਅੰਮ੍ਰਿਤੁ ਪੀਵਣਹਾਰਾ।"
-ਪ੍ਰਭਾ ੧, ੧੫, ੨:੧ (1332)

ਹੋਰ ਰੂਪ:

ਪੀਵਣਹਾਰੁ-
"ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ।"
-ਮਾਝ ੫, ਬਾਰਾ ੬:੪ (134)

ਪੀਵਣਾ ----- ਪੀਂਦੇ ਹਨ
"ਗੁਰਮੁਖਿ ਅੰਮ੍ਰਿਤੁ ਪੀਵਣਾ ਵਾਹੁ ਵਾਹੁ ਕਰਹਿ ਲਿਵ ਲਾਇ।"

-ਗੂਜ ੩, ਵਾਰ ੧੬ਸ, ੩, ੨:੩ (515)

ਪੀਵਤ ------ (1) ਪੀਂਦਿਆਂ ਹੀ
"ਪੀਵਤ ਹੂ ਪਰਵਾਣੁ ਭਇਆ ਪੂਰੈ ਸਬਦਿ ਸਮਾਇ।"
-ਸਿਰੀ ੩, ੫੦, ੨:੩ (33)
(2) ਪੀਂਦੇ ਹਨ
"ਰਾਮ ਰਸਾਇਣੁ ਪੀਵਤ ਬੀਰ।"
-ਗਉ ੫, ੧੬੧, ੧:੨ (198)

ਹੋਰ ਰੂਪ:

ਪੀਵਤੰ-
"ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪੵਤੇ।"
-ਸਸ ੫, ੨੬:੨ (1356)
ਪੀਵਤਿ-
"ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ।"(ਪੀਣ ਨਾਲ)
-ਗੂਜ ੫, ਵਾਰ ੧੪:੮ (522)
ਪੀਵਤੁ-
"ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ।"(ਪੀਂਦਾ)
-ਆਸਾ ੧, ੫, ੪:੧ (350)
ਪੀਵਤੇ-
"ਮਨਿ ਤਨੇ ਗਲਤਾਨ ਸਿਮਰਤ ਪ੍ਰਭ ਨਾਮ ਹਰਿ ਅੰਮ੍ਰਿਤੁ ਪੀਵਤੇ ਜੀਉ।" (ਪੀਂਦੇ ਹਨ)
-ਸਿਰੀ ੫, ਛੰਤ ੩, ੩:੨ (81)

ਪੀਵਦੈ ------ ਪੀਂਦੇ ਹਨ
"ਲਹਣੇ ਧਰਿਓਨੁ ਛਤੁ ਸਿਰਿ ਕਰਿ ਸਿਫਤੀ ਅੰਮ੍ਰਿਤੁ ਪੀਵਦੈ।"
-ਰਾਮ ਬਸ, ਵਾਰ ੧:੪ (966)

ਪੀਵਨ ------ (1) ਪੀਂਦਾ ਹੈ
"ਸਭਿ ਘਟ ਭੋਗੈ ਹਰਿ ਰਸੁ ਪੀਵਨ।"
-ਮਾਰੂ ੧, ਸੋਲਾ ੧੧, ੩:੨ (1031)
(2) ਪੀਣ ਦੀ, ਪਾਨ ਕਰਨ ਦੀ
"ਚਿਤਹਿ ਉਲਾਸ ਆਸ ਮਿਲਬੇ ਕੀ ਚਰਨ ਕਮਲ ਰਸ ਪੀਵਨ।"
-ਮਲਾ ੫, ੧੨, ੧*:੨ (1269)

ਪੀਵਨਹਾਰਾ --- ਪੀਣ ਵਾਲਾ
"ਸੁਖਮਨ ਨਾਰੀ ਸਹਜ ਸਮਾਨੀ ਪੀਵੈ ਪੀਵਨਹਾਰਾ।"
-ਰਾਮ ਕਬ, ੨, ੧:੨ (969)

ਹੋਰ ਰੂਪ:

ਪੀਵਨਹਾਰੁ-
"ਤਉ ਮਨੁ ਮਤਵਾਰੋ ਪੀਵਨਹਾਰੁ।"
-ਗਉ ਕਬ, ਵਾ ੨:੪ (344)

ਪੀਵਨਾ ----- ਪੀਣਾ, ਪਾਨ ਕਰਨਾ
“ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ।”
-ਮਾਰੂ ੫, ਅਸ ੬, ੧:੧ (1019)

ਹੋਰ ਰੂਪ:

ਪੀਵਨਿ-
“ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ।”(ਪੀਣ)
-ਸਾਰ ੫, ੯੧, ੧*:੨ (1222)

ਪੀਵਨੋ-
“ਪ੍ਰਭੁ ਪੁਰਖੁ ਜਗਜੀਵਨੋ ਸੰਤ ਰਸੁ ਪੀਵਨੋ ਜਪਿ ਭਰਮ ਮੋਹ ਦੁਖ ਡਾਰਾ।”
-ਆਸਾ ੫, ਛੰਤ ੩, ੩:੫ (454)

ਪੀਵਾ------- ਪਾਨ ਕਰਾਂ, ਛੱਕਾਂ
“ਸਗਲੇ ਦੂਖ ਪਾਣੀ ਕਰਿ ਪੀਵਾ ਧਰਤੀ ਹਾਕ ਚਲਾਈ।”
-ਮਾਝ ੧, ਵਾਰ ੧੯ਸ, ੧, ੧:੨ (147)

ਹੋਰ ਰੂਪ:

ਪੀਵਾਂ
“ਨਾਮੁ ਰਸਾਇਣੁ ਮਨੁ ਤ੍ਰਿਪਤਾਇਣ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ।”
-ਮਾਝ ੫, ੧੬, ੩:੩ (99)

ਪੀਵਿ------- ਪੀਣ ਨਾਲ, ਪਾਨ ਕਰਨ ਨਾਲ
“ਪੀਵਿ ਰਹੇ ਜਲ ਨਿਖੁਟਤ ਨਾਹੀ।”
-ਗਉ ਕਬ, ੧, ੩:੨ (323)

ਪੀਵਿਆ----- ਪੀਣ ਨਾਲ
“ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ।”
-ਮਾਝ ੧, ਵਾਰ ੨੨:੮ (148)

ਪੀਵੀਐ ---- ਪਾਨ ਕਰੀਏ
“ਹਰਿ ਅਮਿਉ ਰਸਾਇਣੁ ਪੀਵੀਐ।”
-ਮਾਝ ੫, ਅਸ, ੩੮, ੪:੧ (132)

ਪੀਵੇ ------- ਪਾਨ ਕਰੀਏ
“ਤਿਨ ਜਮਕਾਲੁ ਨ ਵਿਆਪਈ ਜਿਨ ਸਚੁ ਅੰਮ੍ਰਿਤੁ ਪੀਵੇ।”
-ਸਿਰੀ ੪, ਵਾਰ ੩:੪ (83)

ਹੋਰ ਰੂਪ:

ਪੀਵੈ-
“ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ।”
-ਸਿਰੀ ੩, ੫੮, ੨:੩ (36)

ਪੀੜ ------- (ਸੰ.) ਦੁੱਖ, ਪੀੜਾ
“ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ।”

-ਸਿਰੀ ੩, ੫੭, ੧:੧ (36)
(2) ਮਰੋੜ, ਖਮ, ਮੁਰਝਾ ਕੇ ਲਿਫ ਜਾਣ ਦਾ ਭਾਵ
“ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ।”
-ਆਸਾ ੧, ਛੰਤ ੪, ੪:੫ (438)

ਪੀੜਤੇ ------ ਪੀੜਦੇ, ਵੇਲਣੇ ਰਾਹੀਂ, ਨਿਚੋੜਦੇ
“ਕਬੀਰ ਘਾਣੀ ਪੀੜਤੇ ਸਤਿਗੁਰ ਲੀਏ ਛਡਾਇ।”
-ਸਲੋ ਕਬ, ੨੦੭:੧ (1375)

ਪੀੜਾ------- ਪੀੜ, ਦੁਖ
“ਚਿੰਤਾ ਰੋਗੁ ਗਈ ਹਉ ਪੀੜਾ ਆਪਿ ਕਰੇ ਪ੍ਰਤਿਪਾਲਾ ਜੀਉ।”
-ਮਾਝ ੫, ੧੫, ੨:੩ (99)

ਪੀੜਾਇਦਾ --- ਪੀੜਾਉਂਦਾ ਹੈ
ਵੇਲਣੇ ਰਾਹੀਂ ਨਿਚੋੜਿਆ ਜਾਂਦਾ ਹੈ
“ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ।”
-ਮਾਰੂ ੩, ਸੋਲਾ ੧੯, ੯:੩ (1063)

ਪੀੜਿ ------ ਪੀੜ ਕੇ, ਵੇਲਣੇ/ ਕੋਹਲੂ ਰਾਹੀਂ ਨਿਚੋੜਕੇ
“ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ।”
-ਆਸਾ ੧, ਵਾਰ ੨੦ਸ, ੧, ੨:੯ (473)

ਪੀੜੀ------- (1) ਵੰਸ਼, ਖਾਨਦਾਨ, ਦਾ ਸਿਲਸਿਲਾ
“ਹਰਿ ਜੁਗਹ ਜੁਗੋ ਜਗ ਜਗਹ ਜੁਗੋ ਸਦ ਪੀੜੀ ਗੁਰੂ ਚਲੰਦੀ।”
-ਸਿਰੀ ੪, ਛੰਤ ੧, ੫:੨ (79)
“ਵਧੀ ਵੇਲਿ ਬਹੁ ਪੀੜੀ ਚਾਲੀ।”
-ਆਸਾ ੫, ੧੦੧, ੩:੧ (396)
(2) ਪੀੜੀਦੇ ਹਨ, ਵੇਲਣੇ/ ਕੋਹਲੂ ਵਿਚ ਨਿਚੋੜੇ ਜਾਂਦੇ ਹਨ
“ਲੇਖਾ ਲੀਜੈ ਤਿਲ ਜਿਉ ਪੀੜੀ।”
-ਮਾਰੂ ੧, ਸੋਲਾ ੮, ੧੦:੨ (1028)

ਪੀੜੀਐ ----- (1) ਦੁਖੀ ਹੋਵੇ
“ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।”
-ਸਿਰੀ ੧, ੭, ੧*:੨ (16)
(2) ਪੀੜੇ/ਨਿਚੋੜੇ ਜਾਂਦੇ ਹਨ
“ਜਿਉ ਤਨੁ ਕੋਲੂ ਪੀੜੀਐ ਰਤੁ ਨ ਭੋਰੀ ਡੇਹਿ।”
-ਸੋਰ ੪, ਵਾਰ ੫ਸ, ੩, ੧:੧ (644)

ਪੀੜੇ ------- (1) ਪੀੜਦਾ/ਨਿਚੋੜਦਾ ਹੈ
“ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ।”
-ਬਿਹਾ ੫, ਛੰਤ ੭, ੨:੨ (546)
(2) ਜੁਤੇ ਹੋਏ ਭਾਗ ਤਿਆਰ
“ਖੇਮੇ ਛਤ੍ਰ ਸਰਾਇਚੇ ਦਿਸਨਿ ਰਥ ਪੀੜੇ।”

-ਮਾਰੂ ੧, ੧, ੧:੨ (989)

ਪੁਸਤਕ ---- ਕਿਤਾਬ, ਪੋਥੀ
"ਕਥਨੈ ਕਹਣਿ ਨ ਛੁਟੀਐ ਨ ਪੜਿ ਪੁਸਤਕ ਭਾਰ।"
-ਮਾਰੂ ੧, ਅਸ ੯, ੮:੧ (59)

ਹੋਰ ਰੂਪ:

ਪੁਸ੍ਤਕ-
"ਪੜ੍ਹਿ ਪੁਸ੍ਤਕ ਸੰਧਿਆ ਬਾਦੰ।"
-ਸਸ ੧, ੧:੧ (1353)

ਪੁਹਪ ------ ਫੁੱਲ
"ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।"
-ਧਨਾ ੯, ੧, ੧:੧ (684)

ਪੁਹਮਿ ------ ਧਰਤੀ ਦੇ
"ਗੁਰੂ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ।"
-ਸਵ ੩, ੧੪:੧ (1394)

ਪੁਕਰੋਰੈ ------ ਪੁਕਾਰ ਦਾ, ਸਹਾਇਤਾ ਕਰਦਾ ਬਹੁੜਦਾ
"ਪ੍ਰਭ ਜੀ ਕੋ ਨਾਮੁ ਅੰਤਿ ਪੁਕਰੋਰੈ।"
-ਕਾਨ ੫, ੩੪, ੧:੬ (1304)

(ਮਹਾਨਕੋਸ਼ ਅਰਥ 'ਉਪਕਾਰੀ ਸਿੱਧ ਹੋਣ' ਕਰਦਾ ਹੈ)

ਪੁਕਾਰ ------ (1) ਸਦ, ਚਾਂਗ, ਸਹਾਇਤਾ ਲਈ ਮਾਰੀ ਚੀਕ
"ਸਦਾ ਸ਼ਾਂਤਿ ਸੁਖੁ ਮਨਿ ਵਸੈ ਚੂਕੈ ਕੂਕ ਪੁਕਾਰ।"
-ਸਿਰੀ ੪, ਵਾਰ ੧੦ਸ, ੩, ੨:੨ (86)

(2) ਉਚੀ ਕੂਕ ਕੇ ਪੜਾਂ
"ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ।"
-ਮਾਝ ੧, ਵਾਰ ੪ਸ, ੧, ੧:੪ (139)

(3) ਫਰਿਆਦ, ਵਾਸਤਾ
"ਮਨ ਮੂਰਖ ਕਹ ਕਰਹਿ ਪੁਕਾਰ।"
-ਗਉ ੫, ਬਾਅ ੪੧:੪ (258)

"ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ।"
-ਗਉ ੪, ਵਾਰ ੧੬ਸ, ੪, ੧:੩ (309)

"ਆਪਿ ਕਰਾਏ ਕਰੇ ਆਪਿ ਹਉ ਕੈ ਸਿਉ ਕਰੀ ਪੁਕਾਰ।"
-ਆਸਾ ੧, ਵਾਰ ੨੩:੪ (475)

"ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ।"(ਭਾਵ ਹਾਲ ਦੱਸਾਂ)
-ਧਨਾ ੧, ੧, ੧:੧ (660)

(4) ਭਾਵ ਅਰਦਾਸ, ਬੇਨਤੀ
"ਢਾਢੀ ਕਹੇ ਪੁਕਾਰ ਪ੍ਰਭੂ ਸੁਣਾਇਸੀ।"
-ਗੂਜ ੩, ਵਾਰ ੫:੧ (510)

"ਸੁਣੀ ਪੁਕਾਰ ਸਮਰਥ ਸੁਆਮੀ ਬੰਧਨ ਕਾਟਿ ਸਵਾਰੇ।"(ਬੇਨਤੀ)॥

-ਸੋਰ ੫, ੯੩, ੨:੩ (631)

ਪਕਾਰਉ----- ਉਚਾਰਾਂ ਭਾਵ ਜਪਾਂ
“ਅਬ ਤਬ ਏਕੋ ਏਕੁ ਪੁਕਾਰਉ ਆਦਿ ਜੁਗਾਦਿ ਸਖਾਈ।”
-ਗੂਜ ੧, ਅਸ ੩, ੬:੨ (504)

ਪੁਕਾਰਹਿ ---- (1) ਕੂਕ ਕੂਕ ਕੇ ਆਖਦੇ ਹਨ
“ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ।”
-ਆਸਾ ੫, ੧੫੨, ੨:੧ (408)
(2) ਪੁਕਾਰ/ ਫਰਿਆਦ ਕਰਨਾ
“ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ।”
-ਗੂਜ ੫, ੩੦, ੫:੧ (502)

ਪੁਕਾਰਣਿ ---- ਬੁਲਾਣ ਲਈ, ਸਦਣ ਵਾਸਤੇ
“ਮੁਕਤਿ ਅਨੰਤ ਪੁਕਾਰਣਿ ਜਾਈ।”
-ਗਉ ਕਬ, ੨੨, ੧:੨ (328)

ਪੁਕਾਰਤੇ----- ਕੂਕ ਕੂਕ ਕੇ ਆਖਦੇ
“ਧਨੁ ਧਨੁ ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ।”
-ਗਉ ੫, ਬਾਅ ੪ਸ:੧ (250)

ਪੁਕਾਰਨਿ ---- ਕੂਕ ਕੂਕ ਕੇ ਕਹਿਣਾ
“ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ।”
-ਸੂਹੀ ੫, ਅਸ ੫, ੧:੧ (761)

ਪੁਕਾਰਾ ----- (1) ਉਚੀ ਉਚੀ ਪੜ੍ਹਿਆ/ ਉਚਾਰਨ ਕੀਤਾ
“ਪੰਡਿਤੁ ਵੇਦੁ ਪੁਕਾਰਾ।”
-ਸਿਰੀ ੫, ਅਸ ੨੭, ੪:੨ (71)
(2) ਫਰਿਆਦ
“ਜਮਕਾਲਿ ਗਰਠੇ ਕਰਹਿ ਪੁਕਾਰਾ।”
-ਮਾਝ ੩, ਅਸ ੨੬, ੭:੨ (125)
(3) ਕੂਕ ਪੁਕਾਰ ਕਰਨੀ
“ਕੰਠ ਗਹਨ ਤਬ ਕਰਨ ਪੁਕਾਰਾ।”
-ਸੂਹੀ ਕਬ, ੧, ੩:੧ (792)

ਪੁਕਾਰਿ ----- ਉਚੀ ਉਚੀ ਬੋਲ ਕੇ
“ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ।”
-ਗਉ ੫, ੧੫੮*, ੪:੧ (214)

ਪੁਕਾਰਿਆ --- (1) ਫਰਿਆਦ
“ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ।”
-ਮਾਝ ੫, ੧੦, ੩:੩ (97)
(2) ਫਰਿਆਦ ਕੀਤੀ
“ਊਪਰਿ ਭੁਜਾ ਕਰਿ ਮੈ ਗੁਰ ਪਹਿ ਪੁਕਾਰਿਆ ਤਿਨਿ ਹਉ ਲੀਆ ਉਬਾਰੀ।”

-ਸੂਹੀ ਕਬ, ੫, ੧*:੨ (793)

ਪੁਕਾਰੀ ----- (1) ਉਚੀ ਉਚੀ ਬੋਲ ਕੇ
“ਗਏ ਸਿਗੀਤ ਪੁਕਾਰੀ ਧਾਹ।”
-ਮਾਝ ੧, ਵਾਰ ੧ਸ, ੧, ੨:੧ (138)
ਹੋਰ ਰੂਪ:
ਪੁਕਾਰੀਆ–
“ਗੁਰ ਸੇਵਾ ਭਉ ਜਲੁ ਤਰੀਐ ਕਹਉ ਪੁਕਾਰੀਆ।” (ਪੁਕਾਰ ਕੇ)
-ਗਉ ੫, ਅਸ ੧੨, ੮:੨ (241)
ਪੁਕਾਰੇ–
“ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ।”
-ਸਿਰੀ ੧, ਅਸ ੭, ੬:੧ (57)
ਪੁਕਾਰੈ–
“ਵੇਦੁ ਪੁਕਾਰੈ ਤ੍ਰਿਬਿਧਿ ਮਾਇਆ।”
-ਮਾਝ ੩, ਅਸ ੩੧, ੭:੧ (128)
(2) ਫਰਿਆਦ ਕਰਦੀ
“ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ ਪੁਕਾਰੀ ਦਰਿ ਖਲੀ।”
-ਆਸਾ ੧, ਛੰਤ ੧, ੩:੪ (436)
ਹੋਰ ਰੂਪ:
ਪੁਕਾਰੇ–
“ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ।”
-ਗਉ ੩, ਛੰਤ ੩, ੩:੫ (245)
ਪੁਕਾਰੈ–
“ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ।”
-ਸਲੋ ਕਬ, ੮੫:੧ (1368)

ਪੁਕਾਰੈ------ (1) ਉਚੀ ਉਚੀ ਬੋਲ ਕੇ, ਵੇਖੋ ‘ਪੁਕਾਰੀ’ (1)
(2) ਆਖੇ, ਕਹੇ, ਸ਼ਿਕਾਇਤ ਕਰੇ
“ਅਬ ਜਨ ਊਪਰਿ ਕੋਨ ਪੁਕਾਰੈ।”
-ਸਾਰ ੫, ੬੮, ੧*:੧ (1217)
(3) ਚੀਕਾਂ ਮਾਰਨੀਆਂ, ਰੌਲਾ ਪਾਣਾ, ਚੀਕ ਚਿਹਾੜਾ ਪਾਉਣਾ
“ਕਬੀਰ ਮਾਰੇ ਬਹੁਤੁ ਪੁਕਾਰਿਆ ਪੀਰ ਪੁਕਾਰੈ ਅਉਰ।”
-ਸਲੋ ਕਬ, ੧੮੨:੧ (1374)

ਪੁਚਾਰੈ------ਪੁਚ ਪੁਚ ਕਰਨਾ,ਪਿਆਰਨਾ
“ਜਿਉ ਕਾ ਪੁਰਖੁ ਪੁਚਾਰੈ ਨਾਰੀ।”
-ਗਉ ੫, ੧੬੦, ੧:੨ (198)

ਪੁਛ ------- (1) ਖਬਰ, ਜਾਣਕਾਰੀ
“ਨਾਨਕ ਸਚੇ ਨਾਮ ਕੀ ਕੇਤੀ ਪੁਛਾ ਪੁਛ।”(ਭਾਵ ਬੇਅੰਤ ‘ਸਿਕ’ ਹੈ)
-ਮਾਝ ੧, ਵਾਰ ੨੩ਸ, ੧, ੧:੩ (148)

ਹੋਰ ਰੂਪ:

ਪੁਛਈ–
"ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ।"(ਪੁਛਦਾ, ਖਬਰ ਨਹੀਂ ਲੈਂਦਾ)
–ਸਲੋ ਫਰ, ੩੧:੨ (1379)

ਪੁਛਹਿ–
"ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ।"
(ਪੁਛਦੇ/ਜਾਣਕਾਰੀ ਲੈਂਦੇ ਹਨ)
–ਆਸਾ ੧, ਅਸ ੧੧, ੭:੧ (417)

ਪੁਛਹੁ–
"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।"(ਪੁਛੋ, ਜਾਣਕਾਰੀ ਲਵੋ)
–ਸਿਰੀ ੧, ੧੦, ੨:੧ (17)

"ਮਨ ਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ।"(ਭਾਵੇ ਵੇਦਾਂ ਵਿਚੋਂ ਵੇਖ ਲਵੋ)
–ਸਿਰੀ ੪, ਵਾਰ ੧੦:੪ (86)

(2) ਕਦਰ, ਆਦਰ
"ਦਰਿ ਦਰਵਾਣੀ ਨਾਹਿ ਮੂਲੇ ਪੁਛ ਤਿਸੁ।"
–ਸੂਹੀ ੧, ੫, ੩:੨ (729)

(3) ਪ੍ਰਸ਼ਨ ਭਾਵ ਰੋਕ, ਪੁਛਣਾ
"ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ।"
–ਸੂਹੀ ੧, ੭, ੨:੨ (730)

(4) ਪੁਛ ਪੜਤਾਲ ਭਾਵ ਹਿਸਾਬ
"ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ।"
–ਰਾਮ ੫, ਵਾਰ ੪:੨ (958)

ਹੋਰ ਰੂਪ:

ਪੁਛਈ–
"ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ।"
–ਮਾਰੂ ੫, ਵਾਰ ੭:੬ (1096)

ਪੁਛਣ ------ ਜਾਣਕਾਰੀ ਹਾਸਲ ਕਰਨ ਲਈ
"ਲੇਖੇ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ।"
–ਸਿਰੀ ੧, ੩, ੧:੧ (15)

ਹੋਰ ਰੂਪ:

ਪੁਛਣਿ–
"ਅੰਬੜਿ ਕੋਇ ਨ ਸਕਈ ਹਉ ਕਿਸ ਨੋ ਪੁਛਣਿ ਜਾਉ।"(ਪੁਛਣ ਲਈ)
–ਸਿਰੀ ੧, ਅਸ ੧, ੫:੩ (53)

ਪੁਛਾ ------- ਪੁਛ ਲਵਾਂ, ਪੁਛਾਂ
"ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ।"
–ਸਿਰੀ ੪, ੬੫, ੧:੩ (39)

ਪੁਛਿ–

“ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।”(ਪੁਛ ਕੇ)
-ਸਿਰੀ ੧, ੬, ੧:੨ (16)

ਪੁਛਿਆ–
“ਨਾਨਕ ਪੁਛਿਆ ਦੇਇ ਪੁਜਾਇ।” (ਪੁਛਣ ਤੇ ਪੁਛਿਆ)
-ਸਾਰ ੪, ਵਾਰ ੬ਸ, ੧, ੧:੮ (1239)
“ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ।” (ਦਰਿ ਆਫਤ ਕੀਤਾ)
- ਸਾਰ ੪, ਵਾਰ ੧੭ਸ, ੧, ੧:੧ (1244)

ਪੁਛੀ–
“ਨਾ ਧਨ ਪੁਛੀ ਨ ਮਤਾ ਪਕਾਇਆ।”(ਪੁਛਿਆ, ਵਿਸ਼ਵਾਸ਼ ਵਿਚ ਲਿਆ)
-ਮਾਰੂ ੫, ਸੋਲਾ ੨, ੧੦:੨ (1073)
“ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ।”(ਦਰਿਆਫਤ ਕੀਤੀ)
-ਸਾਰ ੪, ਵਾਰ ੧੭ਸ, ੧, ੧:੧ (1244)

ਪੁਛੀਆ–
“ਜਾ ਸਹਿ ਬਾਤ ਨ ਪੁਛੀਆ ਅੰਮਾਲੀ ਤਾ ਬਿਰਥਾ ਜੋਬਨੁ ਸਭੁ ਜਾਏ।”
-ਵਡ ੫, ੯, ੪:੨ (564)

ਪੁਛੀਐ–
“ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰ।”
-ਆਸਾ ੧, ਵਾਰ ੧੧ਸ, ੧, ੨:੨ (468)

ਪੁਛੁ–
“ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ੍ ਕਲ।”(ਦਰਿਆਫਤ ਕਰ)
-ਸਲੋ ੧, ੩:੧ (1410)

ਪੁਛੈ–
“ਜੇ ਤਿਸੁ ਨਦਰਿ ਨ ਆਵਈ ਤਾ ਵਾਤ ਨ ਪੁਛੈ ਕੇ।”(ਪੁਛਦਾ)
-ਜਪੁ ੧, ੭:੪ (2)

ਪੁੰਜ -------- **ਸਮੁਧਾਇ, ਢੇਰ, ਸਮੂਹ**
“ਫੁਨਿ ਧੂੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ।”
-ਸਵ ੪, ਮਥੁ ੨:੨ (1404)

ਪੁਜਈ ------- **ਪੁਜਣਾ, ਪਹੁੰਚਣਾ**
“ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ।”
-ਸਿਰੀ ੧, ਅਸ ੧੪, ੨:੩ (62)

ਪੁਜਹਿ ------- **ਪੁਜਣਾ ਭਾਵ ਬਰਾਬਰ ਤੁਲ ਹੋ ਸਕਨਾ**
“ਹਰਿ ਹਰਿ ਨਾਮ ਨ ਪੁਜਹਿ ਪੁਜਾਹਾ।”
-ਜੈਤ ੪, ੧੧, ੩:੨ (699)

ਪੁਜੰਤੀਆ ----- **ਪੂਰੀਆਂ ਹੁੰਦੀਆਂ**
“ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਇਛ ਪੁਜੰਤੀਆ।”
-ਆਸਾ ੫, ਛੰਤ ੧੪, ੪:੩ (462)

ਪੁਜਨਿ ------- **ਪੁਜ ਸਕਦੇ**

“ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ।”
-ਸੂਹੀ ੫, ਅਸ ੪, ੫:੧ (761)

ਪੁਜਾਇ ----- ਪੂਰਾ ਕਰ ਦੇਣਾ, ਪੂਰੀ ਕਰੇ
“ਨਾਨਕ ਪੁਛਿਆ ਦੇਇ ਪੁਜਾਇ।”(ਘਰ ਪੂਰਾ ਕਰ ਦੇਣਾ)
- ਸਾਰ ੪, ਵਾਰ ੧੬ਸ, ੧, ੧:੮ (1239)
“ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ।”(ਪੂਰੀ ਕਰੇ)
-ਰਾਮ ੫, ਰੁਤੀ ੫, ੨ਸ:੨ (928)

ਹੋਰ ਰੂਪ:

ਪੁਜਾਇਆ-
“ਸਖੀ ਮੰਗਲੋ ਗਾਇਆ ਇਛ ਪੁਜਾਇਆ ਬਹੁੜਿ ਮਾਇਆ ਹੋਹਿਆ।”(ਪੂਰੀ ਕੀਤੀ)
-ਸਿਰੀ ੫, ਛੰਤ ੩, ੪:੫ (81)

ਪੁਜਾਇਣ ---- ਪੂਰੀਆਂ ਕਰਨ ਵਾਲਾ
“ਬਿਨਵੰਤਿ ਨਾਨਕ ਸਿਮਰਿ ਸੁਆਮੀ ਸਗਲ ਆਸ ਪੁਜਾਇਣ।”
-ਆਸਾ ੫, ਛੰਤ ੧੨, ੩:੬ (461)
ਪੁਜਾਈ- ਪੂਰੀ ਕਰ ਦਿਤੀ
“ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ ਪੁਜਾਈ।”
-ਸੋਰ ੫, ੮, ੧:੧ (610)
“ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ।”
-ਜੈਤ ੫, ਵਾਰ ੧੫:੩ (709)

ਹੋਰ ਰੂਪ:

ਪੁਜਾਈਆ-
“ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ।”
-ਰਾਮ ੩, ਅਨੰ ੪:੩ (917)
ਪੁਜਾਏ-
“ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ।”(ਪੂਰੀ ਕਰੇ)
-ਮਾਝ ੫, ੩੦, ੪:੩ (103)

ਪੁਜਾਹਾ ----- ਪੁਜਦਾ
“ਹਰਿ ਹਰਿ ਨਾਮ ਨ ਪੁਜਹਿ ਪੁਜਾਹਾ।”
-ਜੈਤ ੪, ੧੧, ੩:੨ (699)

ਪੁਜਾਮੀ -----ਪੂਰੀ ਹੋਈ
“ਗੁਨ ਗਾਵਤ ਗੋਵਿੰਦ ਕੇ ਸਭ ਇਛ ਪੁਜਾਮੀ ਰਾਮ।”
-ਬਿਲਾ ੫, ੫, ੩:੩ (848)

ਪੁਜਾਰਿਆ --- ਪੁਜੀ, ਪੂਰੀ ਹੋਈ
“ਮਲ ਇਛੇ ਨਾਨਕ ਫਲ ਪਾਏ ਪੂਰਨ ਇਛ ਪੁਜਾਰਿਆ।”
-ਬਿਲਾ ੫, ੨੩, ੨:੨ (807)

ਪੁਜਾਵਹਿ ---- ਪੂਜ ਸਕਦੇ
"ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ।" (ਭਾਵ ਬਿਆਨ ਨਹੀਂ ਕਰ ਸਕਦੇ)
-ਸਿਰੀ ੧, ਅਸ ੧, ੨:੨ (53)

ਪੁਜਾਵਹੁ ----- ਪੂਰੀ ਕਰੋ
"ਜਨ ਨਾਨਕ ਕੀ ਹਰਿ ਆਸ ਪੁਜਾਵਹੁ ਹਰਿ ਦਰਸਨਿ ਸਾਂਤਿ ਸਰੀਰ।"
-ਗੋਂਡ ੪, ੬, ੪:੧ (862)

ਪੁਜਾਵਣਹਾਰਾ-- ਪੂਰੀ ਕਰਨ ਵਾਲਾ
"ਮਨ ਕੀ ਇਛ ਪੁਜਾਵਣਹਾਰਾ।"
-ਮਾਝ ੫, ੩੯, ੪:੧ (106)

ਹੋਰ ਰੂਪ:

ਪੁਜਾਵਣਹਾਰੁ-
"ਗੁਰ ਪਰਸਾਦਿ ਪਰਮਪਦੁ ਪਾਇਆ ਸਭ ਇਛ ਪੁਜਾਵਣਹਾਰੁ।"
-ਭੈਰ ੩, ੧੭, ੧*:੧ (1132)

ਪੁਜਾਵਿਆ -- ਪੂਰੀ ਕਰਦਾ ਹੈ
"ਸਤਿਗੁਰੁ ਸੇਵਨਿ ਸਦਾ ਸੁਖਦਾਤਾ ਸਭ ਇਛਾ ਆਪਿ ਪੁਜਾਵਣਿਆ।"
-ਮਾਝ ੩, ਅਸ ੪, ੫:੩ (111)

ਪੁਜਿ ------- ਪਹੁੰਚੇ
"ਪੁਜਿ ਦਿਵਸ ਆਏ ਲਿਖੇ ਪਾਏ ਦੁਖੁ ਧਰਮ ਦੂਤਹ ਡਿਠਿਆ।"(ਭਾਵ ਲਿਖੇ ਦਸ ਪੂਰੇ ਹੋ ਗਏ)
-ਜੈਤ ੫, ਛੰਤ ੩, ੧:੫ (705)

ਪੁਜੀ ------- ਪੂਰਨ ਹੋਈ
"ਅਨਦਿਨੁ ਅਨਦੁ ਭਇਆ ਵਡਭਾਗੀ ਸਭ ਆਸ ਪੁਜੀ ਜਨ ਕੇਰੀ।"
-ਗਉ ੫, ੫੮, ੩:੨ (170)

ਪੁਜੈ ------- (1) ਪੁਜ ਸਕਦਾ, ਤੁਲ ਹੋ ਸਕਦਾ
"ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ।"
-ਸਿਰੀ ੫, ੮੮, ੩:੨ (49)

(2) ਪੂਰੀ ਹੋਵੇ
"ਸੰਤ ਕੇ ਦੋਖੀ ਕੀ ਪੁਜੈ ਨ ਆਸਾ।"
-ਗਉ ੫, ਸੁਖ ੧੩, ੭:੫ (280)

ਪੁੰਡਰ ------ ਸੁਫੈਦ, ਚਿਟਾ
"ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।"
-ਆਸਾ ੧, ਪਟੀ ੫:੧ (432)

ਪੁੰਡਰਕ ----- ਚਿਟਾ ਕਮਲ
"ਪਹਿਲ ਪਰੀਏ ਪੁੰਡਰਕ ਵਨਾ।"

–ਧਨਾ ਨਾਮ, ੪, ੧:੧ (693)

ਪੁਣੇ ਦੇ ----- ਛਾਣਦੇ
“ਹਭੇ ਭਸੁ ਪੁਣੇਦੇ ਵਤਨੁ ਜਾ ਮੈ ਸਜਣੁ ਤੂਹੈ।”
– ਰਾਮ ੫, ਵਾਰ ੧੩ਸ, ੫, ੨:੨ (963)

ਪੁਤ ------- ਪੁੱਤਰ, ਬੇਟਾ
“ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ।”
–ਵਡ ੧, ਅਲਾ ੫, ੪:੪ (582)

ਪੁਤਹਹੁ ----- ਪੁਤਰੋ
“ਜਨ ਨਾਨਕ ਕੇ ਗੁਰਸਿਖ ਪੁਤਹਹੁ ਹਰਿ ਜਪਿਅਹੁ ਹਰਿ ਨਿਸਤਾਰਿਆ।”
–ਗਉ ੪, ਵਾਰ ੨੦ਸ, ੪, ੨:੧੦ (312)

ਪੁਤਰਾ ------ ਪੁਤਲਾ
“ਮਾਟੀ ਕਾ ਪੁਤਰਾ ਕੈਸੇ ਨਚਤ ਹੈ।”
–ਆਸਾ ਰਵਿ, ੬, ੧*:੧ (487)

ਪੁਤਰੀ ------ ਪੁਤਲੀ
“ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।”
–ਗਉ ੫, ੧੨੬*, ੩:੧ (206)
“ਪੁਤਰੀ ਤੇਰੀ ਬਿਧਿ ਕਰਿ ਥਾਟੀ।”(ਭਾਵ ਸਰੀਰ)
–ਆਸਾ ੫, ੧੪, ੧:੧ (374)

ਪੁਤਲਾ ------ (1) ਗੁਡੀ
“ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।”
–ਸਿਰੀ ੩, ੪੫, ੨:੧ (31)
(2) ਭਾਵ ਸਰੀਰ
“ਪੰਚ ਧਾਤੁ ਕਰਿ ਪੁਤਲਾ ਕੀਆ।”
–ਮਾਰੂ ੫, ੩੧, ੧:੨ (1007)

ਪੁਤਾ ------- ਪੁਤਰਾਂ ਨੂੰ
“ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ।”
–ਸਿਰੀ ੧, ਅਸ ੧੬, ੫:੧ (63)
“ਗੁਰਸਿਖਾ ਇਕੋ ਪਿਆਰੁ ਗੁਰਮਿਤਾ ਪੁਤਾ ਭਾਈਆ।”(ਪੁਤਰਾਂ ਵਾਲਾ)
–ਸੋਰ ੪, ਵਾਰ ੧੪:੪ (648)

ਹੋਰ ਰੂਪ:

ਪੁਤਿ–
“ਪੁਤਿ ਕੁਟੰਬਿ ਗ੍ਰਿਹਿ ਮੋਹਿਆ ਮਾਇ।”(ਪੁਤਰ ਰਾਹੀਂ)
–ਗਉ ੩, ੩੨, ੩:੩ (161)

ਪੁਤੀ–
“ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਆਨੁ।”(ਪੁਤਰਾਂ)

-ਬਿਲਾ ੪, ਵਾਰ ੧੦:੨ (853)

ਪੁਤੰੀ-
"ਪੁਤੰੀ ਗੰਢੁ ਪਵੈ ਸੰਸਾਰਿ।"(ਪੁਤਰਾਂ ਨਾਲ)
-ਮਾਝ ੧, ਵਾਰ ੧੨ਸ, ੧, ੨:੪ (143)

ਪੁਤੁ-
"ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ।"
-ਸਿਰੀ ੪, ੭੦, ੧*:੨ (41)

ਪੁਤ੍ਰ ------- ਪੁੱਤਰ, ਬੇਟਾ
"ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ।"
-ਸਿਰੀ ੫, ੭੧, ੧:੧ (42)

ਰੋਰ ਰੂਪ
ਪੁਤ੍ਰਹ-
"ਅਪਜੰਸ ਮਿਟੰਤ ਸਤ ਪੁਤ੍ਰਹ।"(ਪੁਤਰ ਦੇ)
-ਗਾਥਾ ੫, ੧੪:੧ (1361)

ਪੁਤ੍ਰਨ ------ ਪੁਤਰਾਂ ਦੇ
"ਮੇਘ ਰਾਗ ਪੁਤ੍ਰਨ ਕੇ ਨਾਮਾ।"
-ਰਾਮ ੧:੫੮ (1430)

ਪੁਤ੍ਰਵੰਤੀ----- ਪੁਤਰ ਵਾਲੀ
"ਪੁਤ੍ਰਵੰਤੀ ਸੀਲਵੰਤਿ ਸੋਹਾਗਣਿ।"
-ਮਾਝ ੫, ੧੧, ੨:੨ (97)

ਪੁਤ੍ਰਾਂ ------- ਪੁਤਰਾਂ ਨੇ
"ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ।"
-ਰਾਮ ਬਸ, ਵਾਰ ੪:੮ (1867)

ਹੋਰ ਰੂਪ:

ਪੁਤ੍ਰਿ-
"ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ।"
-ਸਿਰੀ ੫, ਪਹ ੪, ੩:੨ (7)

ਪੁਤ੍ਰੀ ------- (1) ਬੇਟੀ, ਲੜਕੀ, ਧੀ
"ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ।"(ਭਾਵ ਲਛਮੀ)
-ਗਉ ੩, ਅਸ ੨, ੮:੨ (230)

"ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ।"
-ਗਉ ਕਬ, ੩੦, ੧:੧ (329)

(2) ਪੁਤਰਾਂ ਨੇ
"ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ।"
-ਰਾਮ ਬਸ, ਵਾਰ ੨:੧੦ (967)

ਪੁਤ੍ਰੁ ------- ਪੁਤਰ, ਬੇਟਾ

“ਜਿਥੈ ਪੁਤ੍ਰੁ ਕਲਤ੍ਰੁ ਨ ਬੇਲੀ ਕੋਈ ਤਿਥੈ ਹਰਿ ਆਪਿ ਛਡਾਇਦਾ।”
-ਮਾਰੂ ੫, ਸੋਲਾ ੫, ੧੧:੩ (1076)

ਪੁਨ-------- (1) ਫਿਰ
“ਹਰਨ ਧਰਨ ਪੁਨ ਪੁਨਹ ਕਰਨ।”
-ਰਾਮ ੫, ੫੯, ੧:੧ (901)
(2) ਸ਼ੁਭ/ਪਵਿਤਰ ਕਰਮ, ਸ਼ੁਕਰਮ
“ਸੰਤ ਜਨਾ ਸਿਉ ਸੰਗੁ ਪਾਈਐ ਵਡੈ ਪੁਨ।”
-ਜੈਤ ੫, ਵਾਰ ੧੭:੪ (709)
ਹੋਰ ਰੂਪ:
ਪੁੰਨ–
“ਪੁੰਨ ਦਾਨ ਚੰਗਿਆਈਆਂ ਬਿਨੁ ਸਚੇ ਕਿਆ ਤਾਸੁ।”
-ਸਿਰੀ ੧, ਅਸ ੬, ੧:੨ (56)

ਪੁੰਨ ------- (1) ਸ਼ੁਭ ਕਰਮ, ਸੁਕਰਮ, ਵੇਖੋ ‘ਪੁਨ’ (2)
(2) ਸ਼ੁਭ, ਉਤਮ, ਸ਼੍ਰੇਸ਼ਟ
“ਗੁਰਮਤੀ ਹਰਿ ਰਸੁ ਚਾਖਿਆ ਸੇ ਪੁੰਨ ਪਰਾਣੀ।”
-ਗੂਜ ੩, ਵਾਰ ੧੭:੪ (515)
“ਜੋ ਗੁਰਸਿਖ ਗੁਰੁ ਸੇਵਦੇ ਸੇ ਪੁੰਨ ਪਰਾਣੀ।”
-ਤਿਲੰ ੪, ਅਸ ੨, ੧੦:੧ (726)
ਹੋਰ ਰੂਪ:
ਪੁਨੰ–
“ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ।”
-ਰਾਮ ੧, ਸਿਗੋ ੫੧:੨ (943)

ਪੁਨਹ ------ ਫਿਰ, ਬਾਰਬਾਰ, ਮੁੜ ਮੁੜ
“ਪਤਿਤ ਅਸੰਖ ਪੁਨੀਤ ਕਰਿ ਪੁਨਹ ਪੁਨਹ ਬਲਿਹਾਰ।”
-ਗਉ ੫, ਛੰਤ ੩, ੧ਸ:੧ (248)

ਪੁਨਹਚਰਣਾ -- ਪ੍ਰਾਸਚਿਤ ਕਰਮ, ਜਪ ਹੋਮ ਆਦਿ
“ਕਿਲਵਿਖ ਹਰਣਾ ਨਾਮ ਪੁਨਹਚਰਣਾ ਨਾਮੁ ਜਮ ਕੀ ਤ੍ਰਾਸ ਹਰਾ।”
-ਰਾਮ ੫, ਛੰਤ ੨, ੨:੫ (925)

ਪੁਨਹਚਰਨ --- ਪਿਛੋਂ ਕੀਤੇ ਕਰਮ, ਪ੍ਰਾਸਚਿਤ ਕਰਮ, ਕਿਸੇ ਕੰਮ ਦੀ ਸਫਲਤਾ ਅਥਵਾ ਕਿਸੇ ਸਿੱਧੀ ਲਈ ਕੀਤੇ ਕਰਮ
“ਅਨਿਕ ਪੁਨਹਚਰਨ ਕਰਤ ਨਹੀ ਤਰੈ।”
-ਗਉ ੫, ਸੁਖ ੨, ੧:੭ (264)
ਹੋਰ ਰੂਪ:
ਪੁਨਹਚਰਨਾ–
“ਨਾਮ ਤਤੁ ਕਲਿ ਮਹਿ ਪੁਨਹਚਰਨਾ।”
-ਗਉ ੫, ਸਲੋ ੨੦:੪ (254)

ਪੁਨਹਚਾਰ---- ਪ੍ਰਾਸਚਿਤ ਕਰਮ- ਜਪ,ਹੋਮ ਆਦਿ
"ਨਾਨਕ ਉਧਰੇ ਨਾਮ ਪੁਨਹਚਾਰ।"
-ਭੈਰ ੫, ੨੫, ੪:੩ (1142)

ਹੋਰ ਰੂਪ:

ਪੁਨਹਚਾਰੁ-
"ਅੰਤ੍ਰੁ ਤੰਤ੍ਰੁ ਅਉਖਧੁ ਪੁਨਹਚਾਰੁ।"
-ਗਉ ੫, ੯੬, ੩:੧ (184)

ਪੁਨਹਿ------ ਫੇਰ, ਮੁੜਕੇ, ਦੁਬਾਰਾ
"ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ।"
-ਗੂਜ ੧, ਅਸ ੧, ੮:੨ (503)

ਪੁੰਨਹੁ ------ ਸ਼ੁਭ ਕਰਮ
"ਜੇ ਲੋੜਹਿ ਚੰਗਾ ਆਪਣਾ ਕਰਿ ਪੁੰਨਹੁ ਨੀਚੁ ਸਦਾਈਐ।"
-ਆਸਾ ੧, ਵਾਰ ੫:੩ (465)

ਪੁੰਨਫਲ ----- ਸ਼ੁਭ ਕਰਮਾਂ ਦਾ ਫਲ
"ਦੁਲਭ ਜਨਮੁ ਪੁੰਨਫਲ ਪਾਇਓ ਬਿਰਥਾ ਜਾਤ ਅਬਿਬੇਕੈ।"
-ਸੋਰ ਰਵਿ, ੩, ੧:੧ (658)

ਪੁਨਰਪਿ----- ਫਿਰ ਮੁੜ ਕੇ, ਦੁਬਾਰਾ
"ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ।"
-ਗਉ ੩, ੩੫, ੪:੨ (162)

ਪੁੰਨੜੀਆ---- ਪੂਰਾ ਹੋਈ
"ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ।"
-ਆਸਾ ੫, ਛੰਤ ੧੧, ੧:੨ (459)

ਪੁੰਨਾ------- ਪੁੰਨ ਕਰਕੇ, ਸ਼ੁਭ ਕਰਮ ਵਜੋਂ
"ਲਖ ਨੇਕੀਆ ਚੰਗਿਆਈਆਂ ਲਖ ਪੁੰਨਾ ਪਰਵਾਣੁ।"
-ਆਸਾ ੧, ਵਾਰ ੮ਸ, ੧, ੨:੧ (467)

ਪੁਨਿ ------- ਫਿਰ
"ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ।"
-ਮਾਰੂ ੧, ੧੧, ੫:੧ (992)

ਪੁੰਨਿ------- ਉਤਮ ਕਰਮ ਸਦਕਾ
"ਮਾਣ ਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਬਿਰਥਾ ਜਾਈ।"
-ਗੂਜ ੪, ੪, ੩:੧ (493)
"ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ।"
-ਵਡ ੪, ਘੋੜੀ ੧, ੧:੨ (575)

ਪੁੰਨਿਆ----- (1) ਪੂਰਨ ਹੁੰਦੇ ਹਨ
"ਸਗਲ ਮਨੋਰਥ ਪੁੰਨਿਆ ਅਮਰਾ ਪਦ ਪਾਈ।"

-ਗਉ ੫, ਵਾਰ ੩:੪ (318)

(2) ਭੈਰਉ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ‘ਇਕ’
“ਪੁੰਨਿਆ ਕੀ ਗਾਵਹਿ ਬੰਗਲੀ।”
-ਰਾਗ ੧:੬ (1429)

ਪੁੰਨਿ ਪਦਾਰਥੁ - ਉਤਮ ਵਸਤੂ
“ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ।”
-ਸੋਰ ਭੀਖ, ੨, ੧:੧ (659)

ਪੁਨੀ ------- (1) ਪੂਰੀ ਹੋਣੀ, ਪੁਗੀ
“ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ।”
-ਮਾਝ ੫, ਬਾਰਾ ੧੩:੫ (136)
“ਮੁਹਲਤਿ ਪੁਨੀ ਪਾਈ ਭਰੀ ਜਾਨੀਅੜਾ ਘਤਿ ਚਲਾਇਆ।”(ਪੁੱਗੀ)
-ਵਡ ੧, ਅਲ ੧, ੧:੨ (578)

(2) ਪੁੰਨ/ਸ਼੍ਰੇਸ਼ਟ ਕਰਮ ਕਰਕੇ
“ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ।”
-ਭੈਰ ੫, ੫੭, ੨:੨ (1153)

ਪੰਨੀ ------- (1) ਪੁੰਨ (ਸ਼੍ਰੇਸ਼ਟ ਕਰਮ) ਕਰਨ ਵਾਲਾ
“ਪੁੰਨੀ ਪਾਪੀ ਆਖਣੁ ਨਾਹਿ।”
-ਜਪੁ ੧, ੨੦:੭ (4)

(2) ਪੁਗੀ, ਪੂਰਨ ਹੋਈ, ਵੇਖੋ ‘ਪੁੰਨੀ’ (1)
“ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ।”
-ਸਿਰੀ ੫, ੯੨, ੧:੨ (50)

ਹੋਰ ਰੂਪ:

ਪੁੰਨੀਆ-
“ਸਿਮਰਿ ਸੁਆਮੀ ਸੁਖਹਗਾਮੀ ਇਛ ਸਗਲੀ ਪੁੰਨੀਆ।”(ਪੂਰਨ ਹੋਈ)
-ਸਿਰੀ ੫, ਛੰਤ ੨, ੪:੩ (80)

ਪੁਨੀਐ-
“ਨਾਨਕ ਗੁਰੁ ਪਰਮੇਸਰੁ ਪਾਇਆ ਜਿਸੁ ਪ੍ਰਸਾਦਿ ਇਛ ਪੁਨੀਐ।”
-ਸੂਹੀ ੫, ਛੰਤ ੯, ੪:੬ (783)

ਪੁਨੀਤ ------ ਪਵਿਤਰ
“ਮਹਾ ਪੁਨੀਤ ਭਏ ਸੁਖ ਸੈਲ।”
-ਗਉ ੫, ੭੭, ੧:੨ (178)

ਹੋਰ ਰੂਪ:

ਪੁੰਨੀਤ-
“ਪੇਖਤ ਹੀ ਪੁੰਨੀਤ ਹੋਇ ਭੇਟਤ ਜਪੀਐ ਨਾਉ।”
-ਸਲੋ ਕਬ, ੧੩੦:੨ (1371)

ਪੁਨੀਤਾ-

"ਦਰਸਨਿ ਤੇਰੈ ਭਵਨ ਪੁਨੀਤਾ।" (ਪਵਿੱਤਰ)
-ਮਾਝ ੫, ੧੮, ੩:੧ (99)

ਪੁਨੀਤਿ–
"ਹਰਿ ਹਰਿ ਨਾਮੁ ਦੀਓ ਮੁਖਿ ਅਉਖਧੁ ਜਨ ਨਾਨਕ ਪਤਿਤ ਪੁਨੀਤਿ।"
-ਕਾਨ ੪, ੫, ੪:੨ (1296)

ਪੁਨੁ– ਸ਼ੁਭ/ਸ਼੍ਰੇਸ਼ਟ ਕਰਮ
"ਕਰਿ ਡੰਡਉਤ ਪੁਨੁ ਵਡਾ ਹੇ।"
-ਗਉ ੪, ਸੋਹ ੪, ੧*:੨ (13)

ਹੋਰ ਰੂਪ:

ਪੁੰਨੁ–
"ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ।"(ਸ਼ੁਭ ਕਰਮ, ਨੇਕੀ)
-ਸਿਰੀ ੩, ੪੪, ੧:੩ (30)

ਪੁੰਨੁ -------- (1) ਸ਼ੁਭ ਕਰਮ, ਨੇਕੀ, ਵੇਖੋ 'ਪੁਨੁ'
"ਇਹੁ ਪੁੰਨੁ ਪਦਾਰਥੁ ਤੇਰਾ।"(ਭਲਾਈ)
-ਸੋਰ ੫, ੬੪, ੪:੨ (625)

(2) ਵਡਿਆਈ
"ਹਮ ਪਾਪੀ ਸੰਗਿ ਗੁਰ ਉਬਰੇ ਪੁੰਨੁ ਸਤਿਗੁਰ ਕੇਰਾ।"
-ਗਉ ੪, ੫੦, ੨:੩ (167)

(3) ਉਪਕਾਰ–
"ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡ ਪੁੰਨੋ।"
-ਤਿਲੰ ੪, ਅਸ ੨, ੯:੨ (725)

ਪੁੰਨੇ -------- ਪੁਗੇ, ਪੂਰੇ ਹੋਏ
"ਕਾਂਇਆ ਹੰਸ ਥੀਆ ਵੇਛੋੜਾ ਜਾਂ ਦਿਨ ਪੁੰਨੇ ਮੇਰੀ ਮਾਏ।"
-ਵਡ ੧, ਅਲਾ ੧, ੧:੪ (579)

ਪੁਬ--------- ਪਹਿਲੇ, ਪਿਛਲੇ ਜਨਮ ਵਿਚ
"ਤੇ ਪੀਵਹਿ ਸੰਤ ਕਰਹਿ ਮਨਿ ਮਜਨੁ ਪੁਬ ਜਿਨਹੁ ਸੇਵਾ ਕਰੀਆ।"
-ਸਵ ੪, ਕਲ ੨:੨ (1496)

ਪੁਬਲੀ------- ਪੂਰਬਲੀ, ਪਹਿਲੀ
"ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ।"
-ਸਵ ੪, ਕਲ ੮:੧ (1397)

ਪੁਬਿ -------- ਪੂਰਬ ਦਿਸ਼ਾ ਵਿਚ
"ਉਤਰਿ ਦਖਿਣਹਿ ਪੁਬਿ ਅਰੁ ਪਸ੍ਚਮਿ ਜੈ ਜੈਕਾਰੁ ਜਪੰਥਿ ਨਰਾ।"
-ਸਵ ੩, ੧:੬ (1392)

ਪੁਰ--------- (1) ਪੂਰਨ, ਭਰਿਆ ਹੋਇਆ
"ਨਾਨਕ ਪੁਰ ਦਰ ਵੇਪਰਵਾਹ ਤਉ ਦਰਿ ਊਣਾ ਨਾਹਿ ਕੋ ਸਚਾ ਵੇਪਰਵਾਹੁ।"
-ਸੂਹੀ ੩, ਵਾਰ ੧੦ਸ, ੧, ੧:੬ (788)

(2) ਪੁੜ
"ਦੁਇ ਪੁਰ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ।"
-ਰਾਮ ਕਬ, ੨, ੨:੧ (969)

ਪੁਰਈ------ ਪੁਰੀਆਂ, ਨਗਰੀਆਂ, ਵਸਤੀਆਂ
"ਤੁਧੁ ਜੇਵਡੁ ਦਾਤਾਰੁ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ।"
-ਬਿਹਾ ੪, ਵਾਰ ੩:੫ (549)

ਪੁਰਸ ------ਪੁਰਸ਼, ਮਨੁੱਖ, ਆਦਮੀ, ਵਿਅਕਤੀ
"ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ।"
-ਰਾਮ ੧, ੪, ੩:੧ (877)

ਪੁਰਸਲਾਤ---- ਮੁਸਲਮਾਨੀ ਮਤਿ ਅਨੁਸਾਰ ਦੋਜ਼ਖ ਦੀ ਅੱਗ ਉਪਰ ਬਣਿਆ ਬਾਰੀਕ ਪੁਲ।
"ਪੁਰਸਲਾਤ ਕਾ ਪੰਥੁ ਦੁਹੇਲਾ।"
-ਸੂਹੀ ਰਵਿ, ੧, ੨:੩ (793)
"ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ।"
-ਸਲੋ ਫਰ, ੧:੭ (1377)

ਪੁਰਸਾਈ ----ਪੁਛ
"ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।"(ਮਹਾਨਕੋਸ਼ ਇਸ ਦੇ ਅਰਥ ਮਰਦਾਨਗੀ ਕਰਦਾ ਹੈ)
-ਆਸਾ ੧, ੩੯, ੨:੧ (360)

ਪੁਰਸਾਦਮਰਾ-- (ਪੁਰਸਾ+ਅਮਰਾ) ਪ੍ਰਮਾਤਮਾ ਤੋਂ ਮਾਇਆ ਹੋਈ
"ਅਥੋਨ ਪੁਰਸਾਦਮਰਾ।"
-ਧਨਾ ਨਾਮ, ੪, ੧*:੨ (693)

ਪੁਰਸਾਬਿਰਾ---ਪੁਰਸ਼+ਆਬਰਾ, ਹਰੀ ਪ੍ਰਗਟ ਸੀ
"ਪਹਿਲ ਪੁਰਸਾਬਿਰਾ।"
-ਧਨਾ ਨਾਮ, ੪, ੧*:੧ (693)

ਪੁਰਖ ------ (1) ਪੁਰਸ਼, ਹਸਤੀ, ਵਿਅਕਤੀ
"ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ।"
-ਸਿਰੀ ੧, ੨੨, ੪:੧ (22)
"ਤੁਮਦਾਤੇ ਤੁਮ ਪੁਰਖ ਬਿਧਾਤਾ।"(ਫਲ ਦਾਤਾ)
-ਮਾਝ ੫, ੧੮, ੨:੧ (99)
"ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰੀਆ।"
-ਗਉ ੪, ਵਾਰ ੨੦ਸ, ੪, ੨:੨ (311)
"ਗੁਰੁ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ।"(ਜੀਵ)
-ਸੂਹੀ ੩, ਅਸ ੪, ੨:੧ (757)
(2) ਮਰਦ ਪਤੀ
"ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ।"

-ਮਾਝ ੧, ਵਾਰ ੨੨:੧ (148)

"ਇਸਤਰੀ ਪੁਰਖ ਕਾਮਿ ਵਿਆਪੇ ਜੀਉ ਰਾਮ ਨਾਮ ਕੀ ਬਿਧਿ ਨਹੀ ਜਾਣੀ।"

-ਗਉ ੩, ਛੰਤ ੪, ੨:੧ (245)

"ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ।"

-ਆਸਾ ਕਬ, ੯, ੨:੧ (478)

(3)'ਪੂ' ਨਰਕ ਤੋਂ ਰਖਿਆ ਕਰਨ ਵਾਲੇ, ਪਰਮਾਤਮਾ, ਹਰੀ

"ਬੇਅੰਤ ਗੁਣ ਤੇਰੇ ਕਥੇ ਨ ਜਾਹੀ ਸਤਿਗੁਰ ਪੁਰਖ ਮੁਰਾਰੇ।"

-ਗਉ ੫, ਛੰਤ ੨, ੪:੫ (248)

"ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ।"

-ਗਉ ੫, ਸੁਖ ੧੬, ੨:੧੦ (284)

"ਸਤਗੁਰ ਜੇਵਡੁ ਅਵਰੁ ਨ ਕੋਈ ਮਿਲਿ ਸਤਿਗੁਰ ਪੁਰਖ ਧਿਆਈਐ।" (ਸਮਰਥ, ਹਸਤੀ, ਵਾਹਿਗੁਰੂ)

-ਰਾਮ ੪, ੪, ੨:੨ (881)

(4) ਮਰਦਉਪੁਣੇ ਵਾਲੇ, ਨਰ

"ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ।"

-ਵਡ ੪, ਵਾਰ ੧੫ਸ, ੩, ੨:੪ (592)

ਪੁਰਖਈਆ--- ਹਸਤੀ, ਵੇਖੋ 'ਪੁਰਖ' (1)

"ਗੁਰਮੁਖ ਅਗਮ ਅਗੋਚਰੁ ਧਿਆਇਆ ਹਉ ਬਲਿ ਬਲਿ ਸਤਿਗੁਰ ਸਤਿ ਪੁਰਖਈਆ।"

-ਬਿਲਾ ੪, ਅਸ ੩, ੧:੧ (834)

ਪੁਰਖਹ ----- ਪੁਰਖ ਦੀ

"ਹੋਵੰਤ ਆਗਿਆ ਭਗਵਾਨ ਪੁਰਖਹ ਨਾਨਕ ਕੀਟੀ ਸਾਸ ਅਕਰਖਤੇ।"

-ਸਸ ੫, ੭:੩ (1354)

ਪੁਰਖਨ ----- (1) ਪੁਰਖਾਂ, ਹਸਤੀਆਂ

"ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ।"

-ਸਾਰ ੫, ੨੦, ੨:੧ (1208)

(2) ਮਰਦ/ਆਦਮੀ/ ਪੁਰਸ਼ ਲਈ/ ਵਾਸਤੇ

"ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ।"

-ਸਾਰ ਕਬ, ੨, ੪:੧ (1252)

ਪੁਰਖ ਪਤੇ --- ਮਨੁੱਖਾਂ ਦੇ ਪਤੀ(ਮਾਲਕ)

"ਪੁਰਖ ਪਤੇ ਭਗਵਾਨ ਤਾ ਕੀ ਸਰਣਿ ਗਹੀ।"

-ਆਸਾ ੫, ਛੰਤ ੯, ੧:੧ (458)

ਪੁਰਖਾ------ (1) ਵਿਅਕਤੀਆਂ, ਜੀਵਾਂ

"ਸਿਧਾ ਪੁਰਖਾ ਕੀਆ ਵਡਿਆਈਆ।"

-ਆਸਾ ੧, ਸੋਦ ੨, ੩:੨ (9)

ਹੋਰ ਰੂਪ:

ਪੁਰਖਾਂ

"ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ।"

–ਗਉ ੪, ਵਾਰ ੩੦ਸ, ੪, ੧:੭ (315)

(2) ਪੁਰਖ

"ਜਿਹਵਾ ਕਿਆ ਗੁਣ ਆਖਿ ਵਖਾਣਹ ਤੁਮ ਵਡ ਅਗਮ ਵਡ ਪੁਰਖਾ।"

–ਜੈਤ ੪, ੨, ੪:੧ (697)

(3) ਆਦਮੀ, ਮਰਦ

"ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ।"

–ਰਾਮ ੧, ੯, ੩:੧ (879)

(4) ਹੇ ਪੁਰਖ, ਹੇ ਮਨੁੱਖ, ਹੇ ਭਲੇ ਪੁਰਸ਼

"ਇਨ ਬਿਧਿ ਮਨੁ ਸਮਝਾਈਐ ਪੁਰਖਾ ਬਾਹੁੜਿ ਚੋਟ ਨ ਖਾਈਐ।"

–ਰਾਮ ੧, ਸਿਗੋ ੯:੩ (939)

ਪੁਰਖਾਰਥੁ---- ਬਲ

"ਨਾਨਕ ਕੈ ਮਨਿ ਇਹੁ ਪੁਰਖਾਰਥੁ।"(ਭਾਵ ਆਸਰਾ, ਧਰਵਾਸ)

–ਭੈਰ ੫, ੫੧, ੪:੩ (1151)

ਪੁਰਖਿ------ (1) ਪੁਰਖ ਨੇ

"ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ।"

–ਸਿਰੀ ੫, ੭੧, ੪:੧ (42)

(2) ਹਰਿ/ ਪ੍ਰਭੂ ਨੇ

"ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ।"

–ਮਾਝ ੧, ਵਾਰ ੨੪:੨ (149)

(3) ਸ਼ਕਤੀਮਾਨ ਨੇ, ਸਮਰਥ ਨੇ

"ਸਤਿਗੁਰ ਪੁਰਖਿ ਜਿ ਮਾਰਿਆ ਭ੍ਰਮਿ ਭ੍ਰਮਿਆ ਘਰੁ ਛੋਡਿ ਗਇਆ।"

–ਸੋਰ ੪, ਵਾਰ ੨੭ਸ, ੪, ੨:੧ (653)

"ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ।"

–ਮਾਰੂ ੫, ਵਾਰ ੯:੮ (1097)

ਪੁਰਖੀ------ ਵਿਅਕਤੀਆਂ, ਮਨੁੱਖਾਂ, ਜੀਆਂ

"ਜਿਨੀ ਪੁਰਖੀ ਸਤਗੁਰੁ ਨ ਸੇਵਿਓ ਸੇ ਦੁਖੀਏ ਜੁਗ ਚਾਰਿ।"

–ਸਿਰੀ ੩, ੫੩, ੧:੧ (34)

ਪੁਰਖੁ ------ ਜੋ ਹਰ ਸਰੀਰ ਵਿਚ ਵਿਆਪਕ ਹੈ, ਪਰਮਾਤਮਾ

"ਸੋ ਪੁਰਖੁ ਨਿਰੰਜਨੁ ਹਰਿ ਪੁਰਖੁ ਨਿਰੰਜਨੁ ਹਰਿ ਅਗਮਾ ਅਗਮ ਅਪਾਰਾ।"

–ਆਸਾ ੪, ਸੋਪੁ ੧, ੧:੧ (10)

"ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ।"(ਹਰਿ, ਪ੍ਰਭੂ)

–ਗੂਜ ੫, ਵਾਰ ੧:੧ (518)

(2) ਸਮਰਥ

"ਜਿਸੁ ਸਤਿਗੁਰੁ ਪੁਰਖੁ ਨ ਭੇਟਿਓ ਸੁ ਭਉ ਜਲਿ ਪਚੈ ਪਚਾਇ।"

–ਸਿਰੀ ੧, ੨੨, ੩:੨ (22)

(3) ਮਹਾ ਪੁਰਖ, ਸ਼੍ਰੇਸ਼ਟ ਪੁਰਖ

"ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅੰਹਕਾਰਿ।"
-ਸਿਰੀ ੩, ੫੩, ੧:੨ (34)

(4) ਪਤੀ
"ਹਰਿ ਸੰਤ ਜਨਾ ਮਿਲਿ ਕਾਰਜੁ ਸੋਹਿਆ ਵਰੁ ਪਾਇਆ ਪੁਰਖੁ ਅਨੰਦੀ।"
-ਸਿਰੀ ੪, ਛੰਤ ੧, ੩:੫ (78)
"ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰ ਰਵਿ ਰਹਿਆ।"
-ਆਸਾ ੧, ੭, ੨:੨ (350)

(5) ਵਿਅਕਤੀ, ਜਨ, ਪੁਰਸ਼, ਮਨੁੱਖ
"ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁ ਜਾਨੁ।"
-ਮਾਝ ੫, ਬਾਰ ੧੨:੭ (136)
"ਸੋਈ ਪੁਰਖੁ ਜਪੈ ਭਗਵਾਨ।"
-ਗਉ ੫, ੯੭, ੪:੨ (185)
"ਜੀਵਨ ਪੁਰਖੁ ਮਿਲਿਆ ਹਰਿ ਰਾਇਆ।" (ਹਸਤੀ)
-ਗਉ ੫, ੧੧੭, ੪:੧ (189)

(6) ਮਰਦ, ਸੂਰਮਾ, ਬਹਾਦਰ
"ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ।"
-ਗਉ ੪, ਵਾਰ ੧੭:੨ (310)

(7) ਆਦਮੀ, ਇਸਤ੍ਰੀ ਦੇ ਉਲਟ ਮਰਦ
"ਕਉਨ ਕੋ ਪੁਰਖੁ ਕਉਨ ਕੀ ਨਾਰੀ।"
-ਗਉ ਕਬ, ਅਸ ੩੯, ੨:੧ (331)

(8) ਜੀਵਾਤਮਾ (ਮਹਾਨਕੋਸ਼)
"ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ।"
-ਸੋਰ ੪, ੭, ੪:੧ (607)

ਪੁਰਖੈ ------ (1) ਪੁਰਸ਼, ਵਿਅਕਤੀ, ਮਰਦ
"ਪਿਰੁ ਛੋਡਿਆ ਘਰਿ ਆਪਣਾ ਪਰ ਪੁਰਖੈ ਨਾਲਿ ਪਿਆਰੁ।"
-ਸਿਰੀ ੪, ਵਾਰ ੧੭ਸ, ੩, ੧:੨ (89)
"ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ।"(ਪੁਰਖ ਨੂੰ)
-ਸਾਰ ੪, ੫, ੨:੨ (1199)

(2) ਸੂਰਮਾ, ਮਰਦਊਪੁਣੇ ਵਾਲਾ
"ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ।"
-ਵਡ ੪, ਵਾਰ ੧੫ਸ, ੩, ੨:੪ (592)

(3) ਪ੍ਰਮਾਤਮਾ
"ਪੁਰਖੈ ਪੁਰਖੁ ਮਿਲਿਆ ਗੁਰੁ ਪਾਇਆ ਜਿਨ ਕਉ ਕਿਰਪਾ ਭਈ ਤੁਮਾਰੀ।"
-ਸੋਰ ੪, ੭, ੪:੧ (607)

(4) ਆਦਮੀ, ਮਰਦ, ਇਸਤ੍ਰੀ ਦੇ ਵਿਪ੍ਰੀਤ
"ਇਸਤਰੀ ਪੁਰਖੈ ਖਟਿਐ ਭਾਉ।"
-ਰਾਮ ੩, ੧੧ਸ, ੧, ੧:੩ (951)
"ਇਸਤਰੀ ਪੁਰਖੈ ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ।"
-ਸਾਰ ੪, ਵਾਰ ੩੨:੧ (1249)

(5) ਗੁਰੂ ਪੁਰਖ ਨੇ
“ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ।”
-ਮਲਾ ੩, ਅਸ ੧, ੪:੨ (1276)

ਪੁਰਖੋ ------ ਪੁਰਖ, ਸ਼ਕਤੀਮਾਲ
“ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ।”
-ਗਉ ੫, ਛੰਤ ੧, ੧:੩ (247)

ਪੁਰਖੋਤਮ ---- ਉਤਮ ਪੁਰਖ ਦਾ, ਹਰਿ/ ਵਾਹਿਗੁਰੂ ਦਾ
“ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ।”
-ਸਿਰੀ ਕਬ, ੩, ੪:੧ (92)

ਹੋਰ ਰੂਪ:

ਪੁਰਖੋਤਮੰ-
“ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ ।”(ਉਤਮ/ਸ਼੍ਰੇਸ਼ਟ ਪੁਰਖ ਭਾਵ ਪ੍ਰਭੂ)
-ਸਸ ੫, ੨੨:੧ (1356)

ਪੁਰਖੋਤਮੁ-
“ਹਰਿ ਹਰਿ ਨਾਮੁ ਭਜਿਓ ਪੁਰਖੋਤਮੁ ਸਭਿ ਬਿਨਸੇ ਦਾਲਦ ਦਲਘਾ।”
-ਸੂਹੀ ੪, ੨, ੧:੧ (731)

ਪੁਰਖੋਤਮੋ-
“ਪਰਮ ਜੋਤਿ ਪੁਰਖੋਤਮੋ ਜਾ ਕੈ ਰੇਖ ਨ ਰੂਪ।”(ਉਤਮੁ ਪੁਰਖ ਭਾਵ ਪ੍ਰਮਾਤਮਾ ਦੀ)
-ਬਿਲਾ ਕਬ, ੧੦, ੧:੨ (857)

ਪੁਰਜਾ ------ (ਫਾ. ਪੁਰਜ਼ਾ) ਟੁਕੜਾ, ਖੰਡ
“ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।”
-ਮਾਰੂ ਕਬ, ੧੦, ੨:੨ (1105)

ਪੁਰੰਦਰੀਏ --- ਪੁਰੀ ਅੰਦਰ ਭਾਵ ਸ਼ਹਿਰ (ਵਸਤੀ) ਅੰਦਰ
“ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ।”
(ਪਤੀ, ਪੁਤਰ, ਕੰਨਿਆ ਆਦਿ ਨਾਲ ਪੂਰੀ ਇਸਤ੍ਰੀ ਮਹਾਨਕੋਸ਼)
-ਰਾਮ ਨਾਮ, ੧, ੨:੧ (972)

ਪੁਰਬ ------ (1) ਪਿਛਲੀ, ਪਹਿਲੀ, ਪੂਰਬਲੀ
“ਤਿਸੁ ਮਿਲਿਆ ਜਿਸੁ ਪੁਰਬ ਕਮਾਈ।”
-ਮਾਝ ੫, ੪੮, ੨:੨ (108)

“ਤਿਨਿ ਹਰਿ ਧਨੁ ਪਾਇਆ ਜਿਸੁ ਪੁਰਬ ਲਿਖੇ ਕਾ ਲਹਣਾ।”(ਪਹਿਲਾਂ ਦੇ ਲਿਖੇ ਭਾਵ ਭਾਗਾਂ ਅਨੁਸਾਰ)
-ਆਸਾ ੫, ੧੮, ੪:੧ (375)

(2) ਸ਼ੁਭ ਅਵਸਰ(ਦਸ ਪੁਰਬ ਜਦੋਂ ਪਰੰਪਰਕ ਤੌਰ ਤੇ ਇਸਨਾਨ ਕਰਨਾ ਚੰਗਾ ਮੰਨਿਆ ਜਾਂਦਾ ਹੈ) ਉਹ ਹਨ: ਅੱਠੇ, ਚੌਂਦੇ, ਮਸਿਆ, ਸੰਗਰਾਂਦ, ਪੂਰਨਮਾਸ਼ੀ, ਉਤਰਾਇਣ, ਦਖਣਾਇਣ, ਵਯ ਤਿਪਾਤ, ਚੰਨ ਤੇ ਸੂਰਜ ਦੇ ਗ੍ਰਹਿਣ)
“ਗੁਰ ਗਿਆਨ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ।”

–ਧਨਾ ੧, ਛੰਤ ੧, ੧:੩ (687)

ਪੁਰਬਾਇਆ -- ਪੁਰਬ (ਸ਼ੁਭ ਅਵਸਰ) ਹੋ ਜਾਂਦੇ ਹਨ ਭਾਵ ਤੀਰਥਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ
"ਨਾਮੁ ਲੈਤ ਸਗਲ ਪੁਰਬਾਇਆ।"
–ਭੈਰ ੫, ੨੫, ੧:੩ (1142)

ਪੁਰਬਾਣਿਆ -- ਪੁਰਬਾਂ ਦਾ, ਸ਼ੁਭ ਅਵਸਰਾਂ ਦਾ
"ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ।"
–ਮਲਾ ੧, ਵਾਰ ੧:੬ (1279)

ਪਰਬਿ ------ ਪਹਿਲਾਂ
"ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ।"
–ਗਉ ੪, ਵਾਰ ੧੯ਸ, ੪, ੧:੭ (309)
"ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ।"(ਪਿਛਲੀ, ਪਹਿਲਾਂ ਦੀ)
–ਵਡ ੩, ਛੰਤ ੬, ੨:੩ (571)
"ਮਿਲਿ ਸੰਗਿ ਸੋਹੇ ਦੇਖਿ ਮੋਹੇ ਪੁਰਬਿ ਲਿਖਿਆ ਪਾਇਆ।"(ਪਹਿਲਾਂ ਦਾ ਭਾਵ ਧੁਰ ਦਾ)
–ਮਲਾ ੫, ਛੰਤ ੧, ੪:੫ (1278)

ਪੁਰਬੀ ------ (1) ਪੁਰਬਾਂ, ਖਾਸ ਤਿਉਹਾਰਾਂ ਅਥਵਾ ਸ਼ੁਭ ਅਵਸਰਾਂ ਤੇ
"ਪੁਰਬੀ ਨਾਵੈ ਵਰਨਾਂ ਕੀ ਦਾਤਿ।"
–ਬਸੰ ੧, ੩, ੨:੩ (1169)
(2) ਤਿਉਹਾਰਾਂ ਦੇ ਮੇਲੇ
"ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ।"
–ਮਾਝ ੧, ਵਾਰ ੨੬ਸ, ੧, ੧:੧੫ (150)

ਪੁਰਬੁ ------ (1) ਮਹਾਤਮ, ਵਡਿਆਈ
"ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ।"
–ਸੋਰ ੧, ੪, ੩:੨ (596)
"ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰੁ ਪੁਰਬੁ ਹੋਆ।"
–ਤੁਖਾ ੪, ਛੰਤ ੪, ੩:੧ (1116)
(2) ਸ਼ੁਭ ਅਵਸਰ, ਤਿਉਹਾਰ
"ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ।"
–ਤੁਖਾ ੪, ਛੰਤ ੪, ੧:੧ (1116)

ਪੁਰਬੇ ------ ਪਿਛਲਾ, ਪੂਰਬਲਾ
"ਪੁਰਬੇ ਕਮਾਏ ਸ੍ਰੀ ਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ।"
–ਸਿਰੀ ੫, ਛੰਤ ੨, ੪:੪ (80)

ਪੁਰਾਇਨਿ---- ਚੌਪਤੀ, ਜਲ ਉਪਰ ਫੈਲਣ ਵਾਲੀ ਇਕ ਸਬਜੀ
"ਜਲ ਪੁਰਾਇਨਿ ਰਸ ਕਮਲ ਪਰੀਖ।"
–ਗਉ ੧, ੫, ੩:੩ (152)

ਪੁਰਾਈ ----- ਪੂਰੀ ਕੀਤੀ, ਪੁਗਾਈ

“ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ।”

-ਵਡ ੪, ਵਾਰ ੫:੫ (588)

ਹੋਰ ਰੂਪ:

ਪੁਰਾਈਆ-
“ਹਉ ਸੁਤੀ ਹੋਇ ਅਚਿੰਤ ਮਨਿ ਆਸ ਪੁਰਾਈਆ।” (ਪੂਰੀ ਹੋਈ)
-ਫੁਨ ੫, ੪:੩ (1362)

ਪੁਰਾਈਐ-
“ਆਸਾ ਇਤੀ ਆਸ ਕਿ ਆਸ ਪੁਰਾਈਐ।”(ਪੂਰੀ ਕਰਨੀ ਚਾਹੀਦੀ ਹੈ ਪੂਰੀ ਕਰੋ)
-ਫੁਨ ੫, ੫:੧ (1362)

ਪੁਰਾਣ------ (1) ਹਿੰਦੂਆਂ ਦੇ ਧਾਰਮਿਕ ਗ੍ਰੰਥ, ਪ੍ਰਸਿੱਧ 18 ਹਨ
“ਆਖਿਹ ਵੇਦ ਪਾਠ ਪੁਰਾਣ।”
-ਜਪੁ ੧, ੨੬:੧੧ (5)

(2) ਪ੍ਰਾਚੀਨ ਪ੍ਰਸੰਗ ਤੇ ਇਤਿਹਾਸ
“ਪੋਥੀ ਪੁਰਾਣ ਕਮਾਈਐ।”
-ਸਿਰੀ ੧, ੩੩, ੨:੧ (25)

ਪੁਰਾਣਾ ----- (1) ਬੋਲਾ, ਕੰਮਜੋਰ
“ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ।”
-ਸਿਰੀ ੧, ੨੪, ੧*:੨ (23)

“ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।”
-ਆਸਾ ੧, ਵਾਰ ੧੫ਸ, ੧, ੨:੫ (471)

ਹੋਰ ਰੂਪ:

ਪੁਰਾਣੀ-
“ਏਹੁ ਜੋਬਨੁ ਸਾਸੁ ਹੈ ਦੇਹ ਪੁਰਾਣੀ।”(ਬੋਧੀ,ਕੰਮਜ਼ੋਰ)
-ਮਾਰੂ ੧, ਸੋਲ ੬, ੫:੨ (1025)

(2) ਹਿੰਦੂਆਂ ਦੇ ਧਾਰਮਿਕ ਗ੍ਰੰਥ
“ਸਪਤ ਦੀਪ ਸਪਤ ਸਾਗਰਾ ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ।”
-ਸਿਰੀ ੪, ਵਾਰ ੪:੧ (84)

ਹੋਰ ਰੂਪ:

ਪੁਰਾਣੀ-
“ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ।” (ਪੁਰਾਣਾਂ ਦੁਆਰਾ)
-ਸੂਹੀ ੫, ੧੦, ੧:੫ (783)

ਪੁਰਾਣੁ-
“ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।”
-ਜਪੁ ੧, ੨੧:੧੧ (40)

ਪੁਰਾਤਨ----- ਪੁਰਾਣੀ, ਪ੍ਰਾਚੀਨ

“ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ।”

-ਬਿਲਾ ੫, ੫੬, ੩:੧ (815)

ਹੋਰ ਰੂਪ:

ਪੁਰਾਤਨੁ-

“ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ।”(ਪੁਰਾਣੇ ਸਮੇਂ)

-ਸਾਰ ੫, ੭੫, ੨:੧ (1219)

ਪੁਰਾਨ ------ (1) ਹਿੰਦੂਆਂ ਦੇ ਧਾਰਮਕ ਗ੍ਰੰਥ, ਵੇਖੋ ‘ਪੁਰਾਣ’

“ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ।”

-ਗਉ ੯, ੬, ੧*:੨ (220)

ਹੋਰ ਰੂਪ:

ਪੁਰਾਨਾ-

“ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ।”

-ਗਉ ੫, ਬਾਅ ੫੪:੩ (261)

(2) ਪੁਰਾਣਾ, ਪਹਿਲਾਂ ਤੋਂ

“ਹਰਿ ਹਰਿ ਰਸੁ ਪਾਇਆ ਗੁਰਮਤਿ ਹਰਿ ਧਿਆਇਆ ਧੁਰਿ ਮਸਤਕਿ ਭਾਗ ਪੁਰਾਨ ਜੀਉ।”

-ਆਸਾ ੪, ਛੰਤ ੧੨, ੧:੨ (446)

ਪੁਰਾਨਾ ----- (1) ਹਿੰਦੂਆਂ ਦੇ ਧਾਰਮਿਕ ਗ੍ਰੰਥ, ਵੇਖੋ ‘ਪੁਰਾਨ’ (1)

ਹੋਰ ਰੂਪ:

ਪੁਰਾਨਾਂ -

“ਜਬ ਤੁਮ ਸੁਨਿ ਲੇ ਬੇਦ ਪੁਰਾਨਾਂ।”

-ਆਸਾ ਕਬ, ੩੬, ੧:੧ (484)

ਪੁਰਾਨੁ-

“ਤੈ ਨਰ ਕਿਆ ਪੁਰਾਨੁ ਸੁਨਿ ਕੀਨਾ।”

-ਸਾਰ ਪਰ, ੧, ੧*:੧ (1253)

(2) ਬੋਦਾ, ਕੰਮਜ਼ੋਰ

“ਕਾਮ ਚੋਲਨਾ ਭਇਆ ਹੈ ਪੁਰਾਨਾ ਗਇਆ ਭਰਮੁ ਸਭੁ ਛੂਟੀ।”

-ਆਸਾ ਕਬ, ੨੯, ੨:੨ (483)

(3) ਪੂਰਬਲਾ, ਪਹਿਲਾ, ਵੇਖੋ ‘ਪੁਰਾਨ’ (2)

“ਜਿਨ ਮਨਿ ਪ੍ਰੀਤਿ ਲਗੀ ਹਰਿ ਕੇਰੀ ਤਿਨ ਧੁਰਿ ਭਾਗ ਪੁਰਾਨਾ।”

-ਜੈਤ ੪, ੩, ੩:੧ (697)

ਪੁਰਾਬ ------ ਪੁਰ+ਆਬ, ਪਾਣੀ ਨਾਲ ਭਰਿਆ

“ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ।”

-ਮਲਾ ੧, ਵਾਰ ੨੭ਸ, ੧, ੨:੫ (1291)

ਪੁਰਿ -------ਪੁਰੀ

“ਸਾਚਾ ਵਾਸਾ ਪੁਰਿ ਗਗਨੰਦਰਿ।”

-ਮਾਰੂ ੧, ਸੋਲਾ ੧੩, ੧:੨ (1033)

ਪੁਰਿਵਨ----- ਚੌਪਤੀ, ਪਾਣੀ ਵਿਚ ਉਗਦੇ ਇਕ ਬੂਟੇ ਦੇ ਪਤੇ
“ਜਹ ਉਪਜੈ ਬਿਨਸੈ ਤਹੀ ਜੈਸੇ ਪੁਰਿਵਨ ਪਾਤ।”
-ਬਿਲਾ ਕਬ, ੧੦, ੨:੨ (857)

ਪੁਰੀ ------- (1) ਨਗਰੀ
“ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ।”
-ਗਉ ੫, ੧੫੮*, ੩:੧ (214)

ਹੋਰ ਰੂਪ:

ਪੁਰੀਆ-
“ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।”(ਦੇਸਾਂ ਨੂੰ ਆਪਣੇ ਵਸ ਕਰ ਲਵਾਂ)
-ਜਪੁ ੧, ੧:੩ (1)

“ਨਾਮ ਦੇ ਧਾਰੇ ਪੁਰੀਆ ਸਭ ਭਵਨ।”
-ਗਉ ੫, ਸੁਖ ੧੬, ੫:੭ (284)

(2) ਦੁਆਰਕਾ ਪੁਰੀ
“ਕਾਸੀ ਕਾਂਤੀ ਪੁਰੀ ਦੁਆਰਾ।”
-ਮਾਰੂ ੧, ਸੋਲਾ ੨, ੯:੨ (1022)

ਪੁਰੀਆ ----- (1) ਲੋਕ, ਵੇਖੋ ‘ਪੁਰੀ’ (1)
(2) ਪੂਰੀ, ਸੰਪੂਰਨ
“ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ।”
-ਗਉ ਕਬ, ੫੪, ੧:੧ (335)

(3) ਨਲੀਆਂ
“ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ।”
-ਗਉ ਕਬ, ੫੪, ੩:੨ (335)

(4 ਪੁੜੀ
“ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ।”
-ਸਲੋ ਕਬ, ੧੭੮:੧ (1374)

ਪੁਰੀਈ ----- ਪੁਰੀਆਂ ਵਿਚ
“ਖੰਡੀ ਬ੍ਰਹਮੰਡੀ ਪਾਤਾਲੀ ਪੁਰੀਈ ਤ੍ਰਿਭਵਣ ਤਾੜੀ ਲਾਈ ਹੇ।”
-ਮਾਰੂ ੧, ਸੋਲਾ ੩, ੧੦:੩ (1023)

ਪੁਰੀਏ------ਪੁਰੀ/(ਬ੍ਰਹਮੰਡ) ਵਿਚ
“ਪਹਿਲ ਪੁਰੀਏ ਪੁੰਡਰਕ ਵਨਾ।”
-ਧਨਾ ਨਾਮ, ੪, ੧:੧ (693)

ਪੁਰੁ ------- (1) ਭਰਿਆ ਹੋਇਆ, ਪੂਰਾ ਮੁਕੰਮਲ
“ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕਾ ਬੋਢੇਪਾ ਆਵੈ।”
-ਮਾਝ ੧, ਵਾਰ ੧ਸ, ੧, ੩:੨ (138)

"ਤੂੰ ਪੁਰੁ ਸਾਗਰੁ ਮਾਣਕ ਹੀਰੁ।"

–ਆਸਾ ੧, ਅਸ ੩, ੫:੧ (412)

(2) ਪੂਰਨ ਕਰਕੇ

"ਪੁਰਿ ਕਰਿ ਕਾਇਆ ਕਪੜੁ ਪਹਿਰਾ ਧੋਵਾ ਸਦਾ ਕਾਰਿ।"

–ਮਾਝ ੧, ਵਾਰ ੪ਸ, ੧, ੧:੩ (1319)

ਪੁਰੈਨ ------ ਚੌਪਤੀ

"ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ।"

–ਬਿਲਾ ਰਵਿ, ੨, ੩:੨ (858)

ਪੁੜ ------- ਚੱਕੀ ਦੇ ਹੇਠਲਾ ਤੇ ਉਪਰਲਾ ਪੱਥਰ

"ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ।"

–ਮਾਝ ੧, ਵਾਰ ੧੧ਸ, ੧, ੧:੩ (142)

"ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ।"(ਭਾਵ ਜ਼ਮੀਨ ਅਸਮਾਨ)

–ਵਡ ੧, ਅਲਾ ੩, ੧:੩ (580)

ਹੋਰ ਰੂਪ:

ਪੁੜੁ–

"ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ।"

–ਸੋਰ ੧, ੪, ੧:੧ (596)

ਪੂਅਰ ------ ਧੂਣੀ

"ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਿਰ ਪੂਅਰ ਤਾਪੈ।"

–ਮਾਰੂ ੧, ਅਸ ੭, ੩:੧ (1013)

ਹੋਰ ਰੂਪ:

ਪੂੰਅਰ–

"ਪੂੰਅਰ ਤਾਪ ਗੇਰੀ ਕੇ ਬਸਤ੍ਰਾ।"

–ਪ੍ਰਭਾ ੫, ਅਸ ੨, ੪:੧ (1348)

ਪੂਕਾਰ------ (1) ਪੁਕਾਰ, ਕੂਕ ਕੂਕ ਕੇ ਸ਼ਿਕਾਇਤ ਕਰਨੀ, ਦੁਖ ਭਰਿਆ ਚੀਕ ਚਹਾੜਾ, ਫਰਿਆਦ

"ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ।"

–ਸਿਰੀ ੩, ੩੬, ੫:੧ (27)

"ਜਮ ਦਰਿਬਾਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ।"

–ਸਿਰੀ ੩, ਅਸ ੨੫, ੫:੨ (69)

"ਤੂ ਆਪੇ ਸਭੁ ਕਿਛੁ ਜਾਣਾ ਕਿਸੁ ਆਗੈ ਕਰੀ ਪੂਕਾਰ।"

–ਮਲਾ ੩, ੩, ੩:੩ (1258)

(2) ਉਚੀ ਉਚੀ ਪੜ੍ਹ ਕੇ ਸੁਣਾਉਣਾ

"ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ।"

–ਸਿਰੀ ੩, ੪੩, ੩:੨ (30)

ਪੂਕਾਰੰਤਾ ---- ਪੁਕਾਰਦਾ, ਫਰਿਆਦ ਕਰਦਾ, ਚੀਕ ਚਹਾੜਾ ਪਾਂਦਾ ਰਹਿੰਦਾ

"ਪੂਕਾਰੰਤਾ ਅਜਾਣੰਤਾ।"

-ਸਾਰ ੪, ਵਾਰ ੧੩ਸ, ੧, ੧:੨ (1242)

ਪੂਕਾਰਦਾ ---- ਚੀਕਦਾ ਭਾਵ ਲੋਚਦਾ
“ਬਾਬੀਹਾ ਜਿਸ ਨੋ ਤੂ ਪੂਕਾਰਦਾ ਤਿਸ ਨੋ ਲੋਚੈ ਸਭੁ ਕੋਇ।”
-ਮਲਾ ੧, ਵਾਰ ੭ਸ, ੩, ੧:੧ (1281)

ਪੂਕਾਰਨ----- ਸ਼ਿਕਾਇਤ (ਫਰਿਆਦ) ਕਰਨ
“ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕੋ ਮਾਰੈ।”
-ਸਾਰ ੫, ੬੮, ੧*:੨ (1217)

ਪੂਕਾਰਾ ----- ਪੁਕਾਰ, ਦੁਖ ਭਰੀ ਸ਼ਿਕਾਇਤ,ਚੀਕ ਚਹਾੜਾ
“ਜਮਪੁਰਿ ਬਧੇ ਮਾਰੀਅਨਿ ਕੋ ਸੁਣੈ ਨ ਪੂਕਾਰਾ।”
-ਗੂਜ ੩, ਵਾਰ ੧੨:੪ (513)

ਪੂਕਾਰੇ------ ਉਚੀ ਉਚੀ ਕੂਕ ਕੇ ਕਹਿਣਾ
“ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ।”
-ਗਉ ੫, ਬਾਅ ੪੮:੨ (260)

ਪੂੰਗਰਾ------ ਪੁੱਤਰ, ਬੱਚਾ
“ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ।”
-ਪ੍ਰਭਾ ਕਬ, ੨, ੫:੨ (1349)

ਪੂੰਗੜਾ------ ਪੁੱਤਰ
“ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ।”
-ਭੈਰ ਨਾਮ, ੧੦, ੭:੧ (1165)

ਪੂਛ ------- (1) ਪੁਛ, ਪੁਛਣਾ, ਪੁਛਪਾਛ
“ਆਗੈ ਪੂਛ ਨ ਹੋਵਈ ਜਿਸੁ ਬੇਲੀ ਗੁਰੁ ਕਰਤਾਰੁ।”
-ਸਿਰੀ ੧, ਅਸ ੧੫, ੨:੨ (62)

(2) ਦੁੰਮ, ਪੂਛਲ
“ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।”
-ਦੇਵ ੯, ੧, ੨:੧ (536)

ਪੂਛਉ ------ ਮੈਂ ਪੁਛਾਂ, ਦਰਿਆਫਤ ਕਰਾਂ
“ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਗੁਰ ਪੂਛਉ ਜਾਇ।”
-ਸਿਰੀ ੩, ੫੪, ੧:੧ (34)
“ਸੁਣਿ ਸੁਆਮੀ ਅਰਦਾਸਿ ਹਮਾਰੀ ਪੂਛਉ ਸਾਚੁ ਬੀਚਾਰੋ।”(ਪੁਛਦਾ ਹਾਂ)
-ਰਾਮ ੧, ਸਿਗੋ ੬:੧ (938)

ਹੋਰ ਰੂਪ:

ਪੂਛਉਗੀ-
“ਜਿਨੀ ਸਖੀ ਸਹੁ ਰਾਵਿਆ ਤਿਨ ਪੂਛਉਗੀ ਜਾਏ।”
-ਤਿਲੰ ੧, ਅਸ ੧, ੫:੧ (725)

ਪੂਛਸਿ------ਪੁਛੇਗਾ

“ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ।”
-ਆਸਾ ਕਬ, ੨੬, ੧*:੨ (482)

ਪੂਛਹ ------ ਪੁਛਦੇ ਹਾਂ
“ਹਮ ਪੂਛਹ ਹਮ ਪੂਛਹ ਸਤਿਗੁਰ ਪਾਸਿ ਬੇਨੰਤੀ।”
-ਵਡ ੪, ਛੰਤ ੪, ੧:੨ (574)

ਹੋਰ ਰੂਪ:

ਪੂਛਹੁ-
“ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ।”(ਪੁਛ ਲਵੋ)
-ਸਿਰੀ ੩, ੬੪, ੧:੪ (39)
“ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ।”(ਪੁਛੋ)
-ਆਸਾ ੧, ੩, ੧*:੧ (349)

ਪੂੰਛਟ ------ ਪੂਛ, ਦੁੰਮ
“ਤੇਰੀ ਪੂੰਛਟ ਊਪਰਿ ਝਮਕ ਬਾਲ।”
-ਬਸੰ ਕਬ, ੧, ੧:੨ (1196)

ਪੂਛਤ ------ ਪੁਛਦਾ ਹੈ
“ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ।”
-ਗਉ ੫, ਸੁਖ ੨੧, ੩:੬ (291)
“ਗੁਰਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ।”(ਪੁਛਦਾ ਹਾਂ)
-ਆਸਾ ਕਬ, ੧, ੧:੧ (475)

ਹੋਰ ਰੂਪ:

ਪੂਛਤਾ-
“ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।”
-ਗਉ ੪, ੪੯, ੪:੨ (167)

ਪੂਛਾਂ ------- ਪੁਛਾਂ
“ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ।”
-ਵਡ ੪, ੩, ੫:੨ (562)

ਪੂਛਿ ------- (1) ਪੁਛ ਕੇ
“ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।”
-ਸਿਰੀ ੧, ੧, ੧*:੨ (14)
“ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੇ ਕਰੈ ਬੀਚਾਰਿ।”
-ਭੈਰ ੪, ੫, ੪:੧ (1135)
(2) ਪੂਛਲ, ਪੂਛ
“ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ।”
-ਮਾਰੂ ੧, ੪, ੪:੨ (990)

ਪੂਛਿਆ ----- ਪੁਛਿਆ
“ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ।”

-ਆਸਾ ੧, ਛੰਤ ੫, ੨:੨ (439)

ਪੂਛਿਲੇ------ ਪੁਛਣ ਲਗੀ
"ਪਾੜ ਪੜੋਸਣਿ ਪੂਛਿਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ।"
-ਸੋਰ ਨਾਮ, ੨, ੧:੧ (657)

ਪੂਛੀਐ ----- ਪੁਛੀਏ
"ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ।"
-ਪ੍ਰਭਾ ੧, ੧੦, ੪:੧ (1330)
"ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ।"(ਪੁਛੀ, ਪੂਛਦਾਂ)
-ਸਲੋ ਕਬ, ੬੫:੨ (1367)

ਪੂਛੇ ------- ਪੁਛਣ, ਦਰਿਆਫਤ ਕਰਨ
"ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ।"
-ਗਉ ਕਬ, ੫੧, ੪:੨ (334)
"ਕਿਸੈ ਨ ਪੂਛੇ ਬਖਸੇ ਆਪਿ।"(ਪੁਛਦਾ)
-ਆਸਾ ੧, ਅਸ ੩, ੪:੪ (412)
"ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ।"(ਪੁਛੇਗਾ)
-ਰਾਮ ੫, ਵਾਰ ੨੦ਸ, ੫, ੨:੨ (965)

ਹੋਰ ਰੂਪ:

ਪੂਛੈ-
"ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ।"(ਪੁਛਦਾ)
-ਆਸਾ ਕਬ, ੯, ੨:੨ (478)
"ਮਤ ਹਰਿ ਪੂਛੈ ਕਉਨੁ ਹੈ ਮੇਰੇ ਜਾਤਿ ਨ ਨਾਉ।"(ਪੁਛ ਲਏ)
-ਸਲੋ ਕਬ, ੬੦:੨ (1367)

ਪੂਜ ------- (1) ਪੂਜਾ
"ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ।"
-ਸਿਰੀ ੧, ੮, ੨:੧ (17)
"ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ।"
-ਗਉ ੫, ੧੩੨*, ੫:੨ (208)

(2) ਪੂਜਯ, ਪੂਜਨਯੋਗ, ਪੂਜਨੀਕ
"ਜਿਨੑ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ।"
-ਆਸਾ ੪, ਛੰਤ ੧੯, ੨:੪ (450)
"ਸਰਬ ਪੂਜ ਚਰਨ ਗੁਰ ਸੇਉ।"
-ਗੋਂਡ ੫, ੯, ੧:੪ (864)

(3) ਮਾਨਤਾ
"ਵਿਣੁ ਪਾਰਸੈ ਪੂਜ ਨ ਹੋਵਈ ਵਿਣੁ ਮਨ ਪਰਚੇ ਅਵਰਾ ਸਮਝਾਏ।"
-ਗੂਜ ੩, ੭, ੩:੧ (491)

(4) ਪੂਜਿਆ ਜਾਣਾ
"ਨਾਇ ਤੇਰੈ ਤਰਣਾ ਨਾਇ ਪਤਿ ਪੂਜ।"

–ਪ੍ਰਭਾ ੧, ੧, ੧:੧ (1327)

ਪੂਜਉ ------ ਪੂਜਾ ਕਰਾ, ਮਾਨਤਾ ਦੇਵਾਂ
"ਕਿਸੁ ਹਉ ਪੂਜਉ ਦੂਜਾ ਨਦਰਿ ਨ ਆਈ।"
–ਗੂਜ ਨਾਮ, ੧, ੩:੨ (525)

ਪੂਜਸਿ------ (1) ਪੁਜਦੇ
"ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।"
–ਗਉ ੫, ਸੁਖ ੩ਸ:੨ (265)
"ਏਕ ਨ ਪੂਜਸਿ ਨਾਮੈ ਹਰੀ।"(ਪੁਜਦੀ)
–ਭੈਰ ਨਾਮ, ੧, ੩:੨ (1163)
(2) ਪੂਜਦੇ ਹਨ
"ਸਿਲ ਪੂਜਸਿ ਬਗੁਲ ਸਮਾਧੰ।"
–ਆਸਾ ੧, ਵਾਰ ੧੪ਸ, ੧, ੨:੨ (470)

ਪੂਜਹ ------ ਪੂਜਦੇ ਹਾਂ
"ਹਰਿ ਨਾਮੁ ਹਮ ਸ੍ਰੇਵਹ ਹਰਿ ਨਾਮੁ ਹਮ ਪੂਜਹ ਹਰਿ ਨਾਮੇ ਹੀ ਮਨੁ ਰਾਤਾ।"
–ਵਡ ੪, ਵਾਰ ੧੬:੨ (592)

ਹੋਰ ਰੂਪ:

ਪੂਜਹਿ–
"ਕੋਟਿ ਜਨਾ ਜਾ ਕੈ ਪੂਜਹਿ ਪੈਰਾ।"(ਪੂਜਦੇ ਹਨ)
–ਮਾਝ ੫, ੧੩, ੩:੨ (98)
ਪੂਜਹੁ–
"ਕਾਰਜ ਸਭਿ ਸਵਾਰਿ ਲੈ ਨਿਤ ਪੂਜਹੁ ਗੁਰ ਕੇ ਪਾਵ ਜੀਉ।"(ਪੂਜਾ ਕਰੋ)
–ਮਾਝ ੫, ਅਸ ੩੮, ੫:੩ (132)
ਪੂਜਹੋ–
"ਪ੍ਰਭ ਪੂਜਹੋ ਨਾਮੁ ਅਰਾਧਿ।"(ਪੂਜਾ ਕਰੋ)
–ਕਾਨ ੫, ੩੩, ੧*:੧ (1304)

ਪੂਜਣ ------ ਪੂਜਾ ਕਰਨ ਲਈ
"ਵਾਹੁ ਵਾਹੁ ਕਰਹਿ ਸੇਈ ਜਨ ਸੋਹਣੇ ਤਿਨ੍ਹ ਕਉ ਪਰਜਾ ਪੂਜਣ ਆਈ।"
–ਗੂਜ ੩, ਵਾਰ ੧੪ਸ, ੩, ੨:੪ (514)

ਪੂਜਣਜੁਗਤੁ -- ਪੂਜਾ ਕੀਤੇ ਜਾਣ ਦਾ ਅਧਿਕਾਰੀ, ਪੂਜਨਯੋਗ
"ਸੋਈ ਬ੍ਰਹਮਣੁ ਪੂਜਣਜੁਗਤੁ।"
–ਸਲੋ ੧, ੧੬:੫ (1411)

ਪੂਜੰਤਾ------ ਪੂਜਣ ਵਾਲਾ
"ਤੂ ਆਪੇ ਠਾਕੁਰੁ ਸੇਵਕੋ ਆਪੇ ਪੂਜੰਤਾ।"
–ਮਾਰੂ ੫, ਵਾਰ ੪:੨ (1095)

ਪੂਜਦੇ ------ ਪੂਜਾ ਕਰਦੇ ਹਨ
"ਦੂਜੈ ਭਾਇ ਅਗਿਆਨੀ ਪੂਜਦੇ ਦਰਗਹ ਮਿਲੈ ਸਜਾਇ।"

-ਸਿਰੀ ੪, ਵਾਰ ੧੩ਸ, ੩, ੨:੨ (88)

ਪੂਜਨ ------ ਪੂਜਾ ਕਰਨ ਲਈ
"ਪੂਜਨ ਚਾਲੀ ਬ੍ਰਹਮ ਠਾਇ।"
-ਬਸੰ ਰਾਮਾ, ੧, ੧:੩ (1195)

ਪੂਜਨੀ ------ ਪੂਜਨ ਕਰਨਾ
"ਆਤਮਾ ਰਾਮੁ ਨ ਪੂਜਨੀ ਦੂਜੈ ਕਿਉ ਸੁਖੁ ਹੋਇ।"
-ਸਲੋ ੩, ੨੦:੨ (1414)

ਪੂਜਾ ------- (1) ਪੂਜਨ ਦੀ ਕ੍ਰਿਆ
"ਅਸੰਖ ਪੂਜਾ ਅਸੰਖ ਤਪ ਤਾਉ।"
-ਜਪੁ ੧, ੧੭:੨ (3)
"ਰੂਪ ਕਰੇ ਕਰਿ ਵੇਖੈ ਵਿਗਸੈ ਆਪੇ ਹੀ ਆਪਿ ਪੂਜਾ ਹੇ।"(ਪੂਜਾ ਕਰਦਾ ਹੈ)
-ਮਾਰੂ ੫, ਸੋਲਾ ੩, ੨:੩ (1073)
(2) ਭਾਵ ਸਤਿਕਾਰ, ਸਨਮਾਨ
"ਪੂਜਾ ਅਰਚਾ ਬੰਦਨ ਦੇਵਾ ਜੀਉ।"
-ਗਉ ੫, ੧੬੭*, ੩:੨ (217)
(3) ਪੁਜਿਆ ਹੈ
"ਆਪੇ ਆਪਿ ਨਿਰੰਜਨ ਪੂਜਾ।"
-ਮਾਰੂ ੫, ਸੋਲਾ ੧੦, ੧੧:੨ (1081)

ਪੂਜਾਚਾਰ ---- ਪੂਜਾ ਦਾ ਆਚਾਰ, ਪੂਜਨ ਆਦਿ ਕਰਮ
"ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ।"
-ਗਉ ਰਵਿ, ਅਸ ੧, ੧:੧(346)

ਪੂਜਾਰਿਆ --- ਪੂਜੇ, ਪੂਜਾ ਕੀਤਾ
"ਪ੍ਰਭ ਨਾਨਕ ਚਰਣ ਪੂਜਾਰਿਆ।"
-ਬਸੰ ੫, ੧੪, ੪:੨ (1184)

ਪੂਜਾਰੀ ----- ਪੂਜਾ ਕਰਨ ਵਾਲਾ
"ਏਕ ਨਾਮ ਕੋ ਥੀਓ ਪੂਜਾਰੀ ਮੋ ਕਉ ਅਚਰਜੁ ਗੁਰਹਿ ਦਿਖਾਇਓ।"
-ਗਉ ੫, ੧੩੬*, ੧:੨ (209)

ਪੂਜਾਰੇ ------ ਪੂਜੇ, ਪੂਜਨ ਕੀਤੇ
"ਈਹਾਂ ਊਹਾਂ ਚਰਣ ਪੂਜਾਰੇ।"
-ਪ੍ਰਭਾ ੫, ੧੦, ੩:੩ (1340)

ਪੂਜਾਵੈ ------ ਪੂਜਾ ਕਰਾਵੇ
"ਜੇ ਓਹੁ ਦੁਆਦਸ ਸਿਲਾ ਪੂਜਾਵੈ।"
-ਗੋਂਡ ਰਵਿ, ੨, ੧:੨ (875)

ਪੂਜਿ ------- (1) ਪੂਜਾ ਕਰ
"ਸੰਚਿ ਹਰਿ ਧਨੁ ਪੂਜਿ ਸਤਿਗੁਰੁ ਛੋਡਿ ਸਗਲ ਵਿਕਾਰ।"
-ਸਿਰੀ ੫, ੯੫, ੧:੧ (51)

(2) ਪੂਜ ਕੇ
“ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ।”
-ਸੋਰ ਕਬ, ੧, ੧:੧ (654)

ਪੂਜਿਆ ----- ਪੂਜਨ ਕੀਤਾ ਹੈ
“ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ।”
-ਆਸਾ ੪, ਛੰਤ ੧੯, ੨:੪ (450)

ਪੂਜੀ ------- (1) ਪੂਜਾ ਕੀਤੀ
“ਗਾਡਰ ਲੇ ਕਾਮਧੇਨੁ ਕਰਿ ਪੂਜੀ।”
-ਗਉ ੫, ੧੬੦, ੩:੧ (198)
(2) ਪੂੰਜੀ, ਰਾਸ, ਮੂੜੀ
“ਸਚੁ ਪੂਜੀ ਨਾਮੁ ਦ੍ਰਿੜਾਇ ਪ੍ਰਭ ਵਣਜਾਰੇ ਥਾਰੇ।”
-ਗਉ ੪, ਵਾਰ ੧੪:੨ (308)

ਪੂੰਜੀ ------- ਰਾਸ, ਮੂੜੀ, ਧਨ ਰਾਸ਼ੀ
“ਸਾਚੀ ਪੂੰਜੀ ਸਚੁ ਸੰਜਮੋ ਆਠ ਪਹਰ ਗੁਣ ਗਾਉ।”
-ਸਿਰੀ ੫, ੮੮, ੧:੩ (48)

ਪੂਜੀਅਹਿ ---- ਪੂਜਨ ਕਰੀਏ
“ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ।”
-ਬਿਹਾ ੪, ਛੰਤ ੪, ੩:੩ (540)

ਪੂਜੀਆ ----- ਪੂਜਿਆ ਜਾਵਾਂ
“ਨਵਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ।”
-ਮਾਰੂ ੩, ਵਾਰ ੧੧ਸ, ੩, ੧:੨ (1090)

ਪੂਜੀਐ ----- ਪੂਜਨ ਕਰੀਏ
“ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਹੋਇ।”
-ਸਿਰੀ ੧, ੮, ੩:੩ (17)

ਪੂਜੇ ------- ਪੂਜਨ ਕਰਦਾ ਹੈ, ਪੂਜਦਾ ਹੈ
“ਜੋ ਚਿਤੁ ਲਾਇ ਪੂਜੇ ਗੁਰ ਮੂਰਤਿ ਸੋ ਮਨ ਇਛੇ ਫਲ ਪਾਵੈ।”
-ਗਉ ੪, ਵਾਰ ੮ਸ, ੪, ੧:੪ (303)

ਪੂਜੇਹਾ ------ ਪੂਜੀਏ, ਪੂਜਾ ਕਰੀਏ
“ਕਰ ਜੋੜਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ।”
-ਬਿਹਾ ੫, ਛੰਤ ੧, ੩:੧ (542)

ਪੂਜੈ ------- (1) ਪੂਜਦਾ/ਪੂਜਨ ਕਰਦਾ ਹੈ
“ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ।”
-ਮਾਝ ੧, ਵਾਰ ੨੦ਸ, ੧, ੨:੪ (147)

"ਪੂਜੈ ਪ੍ਰਾਣ ਹੋਵੈ ਥਿਰੁ ਕੰਧੁ।"(ਸ੍ਵਾਸ ਸ੍ਵਾਸ ਜਪੇ)
-ਮਲਾ ੧, ਵਾਰ ੨੪ਸ, ੧, ੨:੨ (1289)

(2) ਪੂਰੀ ਹੋਵੇ, ਪੁਗੇ
"ਤਾ ਕੀ ਆਸ ਨ ਪੂਜੈ ਕਾਇ।"
-ਗਉ ੫, ੧੩੪, ੩:੨ (192)
"ਜਿਸ ਕੀ ਪੂਜੈ ਅਉਧ ਤਿਸੈ ਕਉਣੁ ਰਾਖਈ।"
-ਫੁਨ ੫, ੨੧:੧ (1363)

(3) ਪੁਜਦਾ, ਅਪੜਦਾ, ਤੁਲ ਹੋਣਾ
"ਰਾਮ ਨਾਮ ਸਰਿ ਅਵਰੁ ਨ ਪੂਜੈ।"
-ਰਾਮ ੧, ਅਸ ੫, ੧:੩ (905)
"ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ।"
-ਰਾਮ ਨਾਮ, ੪, ੧:੨ (973)

ਪੂਠੋ ------- ਪੁਠੇ ਕਰਕੇ, ਉਲਟੇ ਕਰਕੇ
"ਖੋਟੋ ਪੂਠੋ ਰਾਲੀਐ ਬਿਨੁ ਨਾਵੈ ਪਤਿ ਜਾਇ।"
-ਪ੍ਰਭਾ ੧, ੧੦, ੩:੨ (1330)

ਪੂਤ ------- (1) ਪੁੱਤਰ
"ਮਨਮੁਖ ਜਾਣੈ ਆਪਣੇ ਧੀਆ ਪੂਤ ਸੰਜੋਗੁ।"
-ਸਿਰੀ ੧, ਅਸ ੧੫, ੩:੧ (63)

(2) ਪਵਿੱਤਰ
"ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ।"
-ਆਸਾ ੧, ਵਾਰ ੧੫ਸ, ੧, ੨:੩ (471)

ਪੂਤਹਿ ------ ਪੁੱਤਰ ਨਾਲ
"ਜਿਉ ਮਾਤ ਪੂਤਹਿ ਹੇਤੁ।"
-ਬਿਲਾ ੫, ਅਸ ੨, ੭:੫ (838)

ਪੂਤਨਾ ------ ਕ੍ਰਿਸ਼ਨ ਜੀ ਨੂੰ ਮਾਰਨ ਲਈ ਕੰਸ ਵਲੋਂ ਭੇਜੀ ਗਈ ਦਾਈ ਜਿਸ ਨੇ ਥਨਾਂ ਨੂੰ ਵਿਹੁ ਲਾ ਕੇ ਕ੍ਰਿਸ਼ਨ ਨੂੰ ਦੁੱਧ ਪਿਆਣਾ ਚਾਹਿਆ ਸੀ।
"ਹਰਿ ਹਰਿ ਕਰਤ ਪੂਤਨਾ ਤਰੀ।"
-ਗੋਂਡ ਨਾਮ, ੫, ੩:੧ (874)

ਪੂਤਰੀ ------ ਪੁਤਲੀ, ਅੱਖ ਦੀ ਧੀਰੀ
"ਸੋ ਹਰਿ ਨੈਨਹੁ ਕੀ ਪੂਤਰੀ।"
-ਗੋਂਡ ਨਾਮ, ੫, ੨:੪ (874)

ਪੂਤਰੇ ------ ਪੁਤਲੇ
"ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ।"
-ਸਲੋ ਕਬ, ੬੪:੧ (1367)

ਪੂਤਾ ------- ਸੁਨ, ਪੁੱਤਰ
"ਮਾਈ ਖਾਟਿ ਆਇਓ ਘਰਿ ਪੂਤਾ।"

-ਗੂਜ ੫, ੩, ੧*:੧ (495)

"ਪੂਤਾ ਮਾਤਾ ਕੀ ਆਸੀਸ।"(ਹੇ ਪੁਤਰਾ)

-ਗੂਜ ੫, ੪, ੧*:੧ (496)

"ਆਈ ਪੂਤਾ ਇਹੁ ਜਗੁ ਸਾਰਾ।" (ਭਾਵ ਸੰਤਾਨ)

-ਬਿਲਾ ੧, ਥਿਤੀ ੧੧:੩ (839)

ਹੋਰ ਰੂਪ:

ਪੂਤਿ-

"ਪੂਤਿ ਪਿਤਾ ਇਕੁ ਜਾਇਆ।"(ਪੁੱਤਰ ਨੇ)

-ਸੋਰ ਕਬ, ੬, ੨:੩ (655)

ਪੂਤੀ-

"ਸੋਹਾਗਨਿ ਕਿਰਪਨ ਕੀ ਪੂਤੀ।" (ਪੁਤਰੀ)

-ਗੋਂਡ ਕਬ, ੮, ੨:੧ (872)

ਪੂਤੁ-

"ਧੌਲੁ ਧਰਮੁ ਦਇਆ ਕਾ ਪੂਤੁ।"

-ਜਪੁ ੧, ੧੬:੭ (3)

ਪੂਨਿਉ------ ਪੂਰਨਮਾਸੀ, ਪੁੰਨਿਆ

"ਪੂਨਿਉ ਪੂਰਾ ਚੰਦ ਅਕਾਸ।"

-ਗਉ ਕਬ, ਥਿਤੀ ੧੬:੧ (344)

ਪੂਰ-------- (1) ਐਨੇ ਯਾਤਰੀ ਜੋ ਇਕ ਵਾਰ ਬੇੜੀ ਉਤੇ ਬੈਠ ਕੇ ਪਾਰ ਲੰਘ ਸਕਣ, ਹੋਰ ਵੇਖੋ 'ਪੂਰਿ'

"ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ।"

-ਸਿਰੀ ੫, ੮੪, ੩:੩ (47)

"ਭੈ ਵਿਚਿ ਆਵਹਿ ਜਾਵਹਿ ਪੂਰ।"

-ਆਸਾ ੧, ਵਾਰ ੪ਸ, ੧, ੧:੧੨ (464)

(2) ਪੂਰਨ

"ਸੋਈ ਜਪੁ ਜੋ ਪ੍ਰਭ ਜੀਉ ਭਾਵੈ ਭਾਣੈ ਪੂਰ ਗਿਆਨਾ ਜੀਉ।"

-ਮਾਝ ੫, ੨੦, ੧:੩ (100)

"ਨਾਨਕ ਪੂਰ ਕਰੰਮ ਸਤਿਗੁਰ ਚਰਣੀ ਲਗਿਆ।"(ਪੂਰਨ ਭਾਵ ਵੱਡੇ ਭਾਗ ਹਨ)

-ਜੈਤ ੫, ਵਾਰ ੧੯ਸ, ੫, ੨:੨ (710)

(3) ਵਿਆਪਕ

"ਕੀਟ ਹਸਤਿ ਮਹਿ ਪੂਰ ਸਮਾਨੇ।"

-ਗਉ ੫, ਬਾਅ ੧੨:੫ (252)

(4) ਪੂਰਿਆਂ ਹੋਇਆ, ਭਰਿਆ ਹੋਇਆ ਭਰਪੂਰ

"ਭਨਿਤ ਨਾਨਕ ਤਾ ਕਾ ਪੂਰ ਖਜਾਨਾ।"

-ਆਸਾ ੫, ੫੭, ੪:੨ (385)

(5) ਪੂਰੇ ਹੋਣੇ ਭਾਵ ਪ੍ਰਾਪਤ ਹੋ ਜਾਵੇ

"ਸੰਤ ਪ੍ਰਸਾਦਿ ਮੇਰੇ ਪੂਰ ਮਨੋਰਥ ਕਰਿ ਕਿਰਪਾ ਭੇਟੇ ਗੁਣਤਾਸ।"

-ਟੋਡੀ ੫, ੨੪, ੨:੧ (716)

ਪੂਰਉ ------ (1) ਪੂਰੀਆਂ ਕਰ ਲਵਾਂ
“ਜੋ ਚਾਹਉ ਸੋਈ ਸੋਈ ਪਾਵਉ ਆਸਾ ਮਨਸਾ ਪੂਰਉ ਜਪਿ ਪ੍ਰਭ ਕਉ।”
-ਜੈਤ ੫, ੩, ੩:੧ (700)

(2) ਪੂਰਨ
“ਪੂਰਉ ਪੁਰਖੁ ਰਿਦੈ ਹਰਿ ਸਿਮਰਤ ਮੁਖੁ ਦੇਖਤ ਅਘ ਜਾਹਿ ਪਰੇਰੇ।”
-ਸਵ ੪, ਨਲ ੯:੪ (1400)

ਪੂਰਈਆ ---- ਪੂਰਦੇ ਹਨ, ਦੇਂਦੇ ਹਨ
“ਹਰਿ ਹਰਿ ਉਸਤਤਿ ਕਰੈ ਦਿਨੁ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ।”
-ਬਿਲਾ ੪, ਅਸ ੩, ੫:੨ (835)

ਪੂਰਹਿ ------ ਪੂਰਦੇ ਹਨ
“ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।”
-ਆਸਾ ੧, ਵਾਰ ੪ਸ, ੧, ੨:੩ (464)
“ਤਿਨ ਘਰਿ ਬ੍ਰਹਮਣ ਪੂਰਹਿ ਨਾਦ।”(ਸੰਖ ਪੂਰਦੇ ਭਾਵ ਵਜਾਂਦੇ ਹਨ)
-ਆਸਾ ੧, ਵਾਰ ੧੯ਸ, ੧, ੨:੩ (471)

ਪੂਰਹੁ ------ ਪੂਰੀ ਕਰੋ, ਪੁਜਾਵੋ
“ਜਨ ਨਾਨਕ ਕੀ ਸਰਧਾ ਪੂਰਹੁ ਠਾਕੁਰ ਭਗਤ ਤੇਰੇ ਨਮਸਕਾਰੇ।”
-ਧਨਾ ੫, ੪੦, ੨:੨ (681)

ਪੂਰਕ ------ (1) ਭਰਨ ਵਾਲਾ, ਪੂਰਨ ਕਰਤਾ
“ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ।”
-ਆਸਾ ੫, ਛੰਤ ੫, ੨:੩ (455)

ਹੋਰ ਰੂਪ:

ਪੂਰਕੁ –
“ਇਛਾ ਪੂਰਕੁ ਰਖੈ ਨਿਦਾਨ।”
-ਆਸਾ ੫, ੨੦, ੧:੨ (376)

(2) ਭਰਪੂਰ
“ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ।”
-ਆਸਾ ਨਾਮ, ੧, ੧:੧ (485)

(3) ਯੋਗਮਤ ਅਨੁਸਾਰ ਪ੍ਰਾਣਾਯਾਮ ਸਮੇਂ ਸੁਆਸਾਂ ਨੂੰ ਅੰਦਰ ਠਹਿਰਾਉਣਾ
“ਰੇਚਕ ਕੁੰਭਕ ਪੂਰਕ ਮਨ ਹਾਠੀ।”
-ਮਾਰੂ ੧, ਸੋਲਾ ੨੨, ੧੪:੨ (1043)

ਪੂਰਣਹ ----- ਭਰਪੂਰ
“ਬ੍ਰਹਮਣਹ ਸੰਗਿ ਉਧਰਣੰ ਬ੍ਰਹਮ ਕਰਮ ਜਿ ਪੂਰਣਹ।”
-ਸਸ ੫, ੬੫:੧ (1360)

ਪੂਰਣਹਾਰ --- ਪੂਰੀਆਂ ਕਰਨ ਵਾਲਾ
“ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰ।”
-ਰਾਮ ੫, ਵਾਰ ੬ਸ, ੫, ੨:੧ (959)

ਹੋਰ ਰੂਪ:

ਪੂਰਣਹਾਰਾ -
"ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ ਮਨਸਾ ਪੂਰਣਹਾਰਾ।"
-ਸੂਹੀ ੫, ੪੮, ੨:੧ (747)

ਪੂਰਣਹਾਰੁ -
"ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ।"
-ਸਿਰੀ ੫, ੯੯, ੩:੧ (52)

ਪੂਰਣੁ ------ ਪੂਰਣਤਾ
"ਆਪੇ ਭਾਂਡੇ ਸਾਜਿਅਸੁ ਆਪੇ ਪੂਰਣੁ ਦੇਇ।"
-ਆਸਾ ੧, ਵਾਰ ੨੪ਸ, ੧, ੧:੧ (475)

ਪੂਰਣੋ ------ ਪੂਰਨ
"ਸਰਬ ਕਲਾ ਪ੍ਰਭ ਪੂਰਣੋ ਮੰਞੁ ਨਿਮਾਣੀ ਥਾਉ।"
-ਮਾਝ ੫, ਦਿਨ ੪:੨ (137)

ਪੂਰਨ ------ (1) ਪੂਰੇ, ਸੰਪੂਰਨ, ਮੁਕੰਮਲ
"ਪਾਇਆ ਲਾਹਾ ਲਾਭੁ ਨਾਮੁ ਪੂਰਨ ਹੋਏ ਕਾਮ।"
-ਸਿਰੀ ੫, ੮੧, ੩:੨ (46)

"ਗੁਣ ਨਿਧਾਨੁ ਨਵਤਨੁ ਸਦਾ ਪੂਰਨ ਜਾ ਕੀ ਦਾਤਿ।"
-ਸਿਰੀ ੫, ੮੩, ੩:੩ (47)

"ਪਾਲਹਿ ਅਕਿਰਤਘਨਾ ਪੂਰਨ ਦ੍ਰਿਸ਼ਟਿ ਤੇਰੀ ਰਾਮ।"(ਮੁਕੰਮਲ ਭਾਵ ਵੈਰ ਵਿਰੋਧ ਮੇਰ ਤੇਰ ਤੋਂ)
-ਬਿਹਾ ੫, ਛੰਤ ੮, ੩:੨ (547)

"ਸਦ ਬਲਿਹਾਰਿ ਜਾਉ ਪ੍ਰਭ ਅਪੁਨੇ ਜਿਨਿ ਪੂਰਨ ਪੈਜ ਸਵਾਰੀ।"(ਪੂਰੀ ਤਰਾਂ)
-ਸੋਰ ੫, ੨੪, ੩ :੨ (615)

ਹੋਰ ਰੂਪ:

ਪੂਰਨੰ-
"ਖਟ ਲਖ੍ਹਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ।"(ਪੂਰਨ ਪੁਰਖ)
-ਸਸ ੫, ੪੦:੭ (1357)

(2) ਭਾਵ ਸਫਲ
"ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ।"
-ਬਸ ੫, ੯੯, ੧*:੨ (52)

"ਸੁਣੀ ਬੇਨੰਤੀ ਠਾਕੁਰਿ ਮੇਰੈ ਪੂਰਨ ਹੋਈ ਘਾਲੀ ਜੀਉ।"(ਸਫਲ ਹੋਈ)
-ਮਾਝ ੫, ੩੯, ੨:੩ (106)

(3) ਪੂਰੀ ਕਰ
"ਹਰਿ ਲੋਚਾ ਪੂਰਨ ਮੇਰੀਆ।"
-ਸਿਰੀ ੫, ਅਸ ੨੯, ੧੫:੨ (74)

"ਭਰਤਾ ਚਿਤਵਤ ਪੂਰਨ ਆਸਾ।" (ਪੂਰੀ ਹੁੰਦੀ ਹੈ)
-ਮਾਝ ੫, ੨੧, ੩:੨ (100)

ਹੋਰ ਰੂਪ:

ਪੂਰਨਹ–
"ਪਾਛੰ ਕਰੋਤਿ ਅਗ੍ਰਣੀਵਹ ਨਿਰਾਸੰ ਆਸ ਪੂਰਨਹ।"(ਪੂਰੀ ਕਰਨ ਵਾਲੇ)
–ਸਸ ੫, ੨੦:੧ (100)

(4) ਭਾਵ ਚੰਗੇ
"ਪੂਰਨ ਭਾਗ ਭਏ ਜਿਸੁ ਪ੍ਰਾਣੀ।"
–ਮਾਝ ੫, ੪੭, ੪:੧ (108)

"ਕਹੁ ਨਾਨਕ ਜਾ ਕੇ ਪੂਰਨ ਭਾਗ।"
–ਗਉ ੫, ੧੫੯, ੪:੧ (198)

ਹੋਰ ਰੂਪ:

ਪੂਰਨਹ–
"ਭਾਵੀ ਉਦੋਤ ਕਰਣੰ ਹਰਿ ਰਮਣੰ ਸੰਜੋਗ ਪੂਰਨਹ।"
–ਜੈਤ ੫, ਵਾਰ ੧੫ਸ, ੫, ੧:੧ (709)

(5) ਭਾਵ ਪੂਰਨ ਪ੍ਰਭੂ
"ਮਿਲਿ ਸਾਧੂ ਸਰਣਿ ਗਹੁ ਪੂਰਨ ਰਾਮ ਰਤਨੁ ਹੀਅਰੇ ਸੰਗਿ ਰਾਖੁ।"
–ਗਉ ੫, ੧੨੦*, ੧*:੨ (204)

(6) ਭਰਿਆ ਭਰਪੂਰ ਭਾਵ ਵਿਆਪਕ
"ਪੂਰਨ ਸਭਨੀ ਜਾਈ ਜੀਉ।"
–ਗਉ ੫, ੧੬੬*, ੧:੪ (216)

"ਜੀਅਨ ਕਾ ਦਾਤਾ ਪੂਰਨ ਸਭ ਠਾਇ।"
–ਧਨਾ ੫, ੨੪, ੨:੧ (677)

ਹੋਰ ਰੂਪ:

ਪੂਰਨੰ–
"ਸੁਭੰਤ ਤੁਯੰ ਅਚੁਤ ਗੁਣਗ੍ਯੰ ਪੂਰਨੰ ਬਹੁ ਲੋ ਕ੍ਰਿਪਾਲਾ।"
–ਸਸ ੫, ੫:੧ (1354)

(7) ਪੂਰੀ ਭਾਵ ਰਝ ਕੇ
"ਭੋਜਨ ਪੂਰਨ ਰਹੇ ਅਘਾਈ।"
–ਆਸਾ ੫, ੭੯, ੧:੨ (390)

(8) ਭਾਵ ਪੂਰੀ ਤਰਾਂ ਭਰਪੂਰ ਕਰਦਾ ਹੈ ਅਰਥਾਤ ਰਜਾਂਦਾ ਹੈ
"ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ।"
–ਆਸਾ ਧਨਾ, ੩, ੩:੨ (488)

"ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ।"(ਭਰਪੂਰ ਹਨ)
–ਸੋਰ ੫, ੭, ੩:੧ (610)

ਪੂਰਨੰ ------ (1) ਪੂਰਨ/ ਮੁਕੰਮਲ, ਵੇਖੋ 'ਪੂਰਨ'(1)
(2)ਵਿਆਪਕ, ਵੇਖੋ ਪੂਰਨ (6)

ਪੂਰਨਹ ----- (1) ਚੰਗੇ, ਵੇਖੋ 'ਪੂਰਨ' (4) ਪੂਰੀ ਕਰਨ ਵਾਲਾ, ਵੇਖੋ 'ਪੂਰਨ' (4)

ਪੂਰਨਹਾਰ---- ਪੂਰੀ ਕਰਨ ਵਾਲਾ

"ਸਗਲ ਮਨੋਰਥ ਪੂਰਨਹਾਰ।"
-ਭੈਰ ੫, ੫੫, ੨:੩ (1152)

ਹੋਰ ਰੂਪ:

ਪੂਰਨਹਾਰੀ-
"ਸਗਲ ਮਨੋਰਥ ਪੂਰਨਹਾਰੀ।"
-ਭੈਰ ੫, ੨੬, ੨:੪ (1142)

ਪੂਰਨਪਦੁ ---- ਪੂਰਨ ਪਦਵੀ, ਉਹ ਆਤਮਕ ਅਵਸਥਾ ਜਿਥੇ ਉਕਾਈ ਦੀ ਸੰਭਾਵਨਾ ਨਹੀਂ ਹੁੰਦੀ।
"ਹਰਿ ਸਿਮਰਤ ਪੂਰਨਪਦੁ ਪਾਇਆ।"
-ਗਉ ੫, ੧੩੮, ੩:੧ (193)

ਪੂਰਨ ਪੁਰਖ -- ਸਰਬ ਗੁਣ ਭਰਪੂਰ ਸਰਬ ਵਿਆਪਕ ਪ੍ਰਭੂ
"ਕਰਿ ਕਿਰਪਾ ਸਾਧੂ ਸੰਗਿ ਭੇਟੇ ਪੂਰਨ ਪੁਰਖ ਸੁਜਾਨ।"
-ਜੈਤ ੫, ੧੧, ੧*:੨ (702)

ਪੂਰਨਮਾ----- ਪੁੰਨਿਆ
"ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥ।"
-ਗਉ ੫, ਥਿਤੀ ੧੬:੧ (300)

ਪੂਰਨੁ ------ (1) ਪੂਰੀ, ਪ੍ਰਾਪਤ
"ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ।"
-ਮਾਝ ੫, ੩੨, ੨:੩ (104)

(2) ਸਰਬ ਗੁਣ ਭਰਪੂਰ (ਪ੍ਰਭੂ)
"ਪੂਰਿ ਰਹਿਓ ਪੂਰਨੁ ਸਭ ਠਾਇ।"
-ਗਉ ੫, ਸੁਖ ੧੬, ੪:੬ (284)

ਹੋਰ ਰੂਪ:

ਪੂਰਨੋ-
"ਹਰਿ ਰਤਨ ਪਦਾਰਥੋ ਪਰਗਟੋ ਪੂਰਨੋ ਛੋਡਿ ਨ ਕਤਹੂ ਜਾਏ।"
-ਆਸਾ ੫, ਛੰਤ ੩, ੨:੪ (454)

(3) ਮੁਕੰਮਲ, ਸੰਪੂਰਨ
"ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ।"
-ਗਉ ੫, ਥਿਤੀ ੧੬ਸ:੧ (300)

(4) ਵਿਆਪਕ, ਭਰਪੂਰ
"ਨਹ ਦੂਰਿ ਸਦਾ ਹਦੂਰਿ ਠਾਕੁਰੁ ਦਹਦਿਸ ਪੂਰਨੁ ਸਦ ਸਦਾ।"
-ਆਸਾ ੫, ਛੰਤ ੭, ੧:੪ (457)

ਹੋਰ ਰੂਪ:

ਪੂਰਨੋ-
"ਜਲਿ ਥਲਿ ਮਹੀਅਲਿ ਪੂਰਨੋ ਅਪਰੰਪਰ ਸੋਈ।"
-ਕਾਨ ੪, ਵਾਰ ੧੩:੧ (1318)

(5) ਸੰਪੂਰਨਤਾ/ ਪੂਰਨਤਾ ਦੀ ਪਦਵੀ

“ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।”
-ਧਨਾ ਰਵਿ, ੧, ੧:੨ (694)

ਪੂਰਨੋ ------ (1) ਸਰਬ ਗੁਣ ਭਰਪੂਰ ਪ੍ਰਭੂ, ਵੇਖੋ ‘ਪੂਰਨੁ’ (2)
(2) ਵਿਆਪਕ, ਵੇਖੋ ‘ਪੂਰਨੁ’ (4)

ਪੂਰਬ ------ (1) ਪਹਿਲਾਂ ਦਾ ਭਾਵ ਰਜ਼ਾ ਤੋਂ
“ਪੂਰਬ ਲਿਖਿਆ ਸੁ ਮੇਟਣਾ ਨ ਜਾਏ।”(ਭਾਵ ਪ੍ਰਭੂ ਦਾ)
-ਸਿਰੀ ੪, ਵਾਰ ੧੪ਸ, ੩, ੩:੮ (88)
(2) ਪਿਛਲਾ, ਪਹਿਲਾ
“ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।”
-ਗਉ ੫, ੧੧੯*, ੨:੧ (204)
“ਪੂਰਬ ਜਨਮ ਹਉ ਤਪ ਕਾ ਹੀਨਾ।”
-ਗਉ ਕਬ, ੧੫, ੧:੨ (326)
(3) ਇਕ ਦਿਸ਼ਾ, ਮਸ਼ਰਕ (ੲਓਸਟ)
“ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।”
-ਗੂਜ ੫, ੫, ੧:੧ (496)

ਪੂਰਬਲਾ----- ਪਹਿਲੇ, ਪਿਛਲੇ
“ਆਇ ਬਨਿਓ ਪੂਰਬਲਾ ਭਾਗੁ।”
-ਰਾਮ ੫, ੩੧, ੨:੧ (892)

ਹੋਰ ਰੂਪ:

ਪੂਰਬਲੀ-
“ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ।”(ਪਹਿਲੀ)
-ਸਲੋ ਕਬ, ੨੦੭:੨ (1375)
ਪੂਰਬਲੋ-
“ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾਚੇ ਮੋਹਿ ਜਾਪੀਅਲੇ ਰਾਮ ਚੇ ਨਾਮੰ।”
-ਧਨਾ ਤ੍ਰਿਲੋ, ੧, ੬:੧ (695)

ਪੂਰਬਿ ------ ਪਹਿਲੀ ਭਾਵ ਰਜ਼ਾ ਤੋਂ, ਧੁਰੋਂ, ਮੁੱਢ ਤੋਂ
“ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ।”
-ਗਉ ੪, ਸੋਹ ੪, ੧:੨ (13)
“ਪੂਰਬਿ ਲਿਖਿਆ ਕਮਾਵਣਾ ਕੋਇ ਨ ਮੇਟਣ ਹਾਰੁ।” (ਧੁਰੋਂ ਲਿਖਿਆ)
-ਸਿਰੀ ੩, ੩੬, ੩:੪ (27)

ਪੂਰਬੇਣ ----- ਪਿਛਲੇ, ਪਹਿਲੇ
“ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ।”
-ਸਸ ੫, ੨੪:੧ (1356)

ਪੂਰਾ ------- (1) ਪੂਰਨ, ਮੁਕੰਮਲ, ਕਾਮਲ
“ਗੁਰਮੁਖਿ ਪੂਰਾ ਜੇ ਕਰੇ ਪਾਈਐ ਸਾਚੁ ਅਤੋਲੁ।”

-ਸਿਰੀ ੧, ੯, ੧*:੨ (17)

"ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ।"(ਭਾਵ ਸਚਾ, ਅਸਲ)

-ਧਨਾ ੧, ਛੰਤ ੧, ੩:੧ (688)

(2) ਸਫਲ

"ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ।"

-ਮਾਝ ੫, ੧੮, ੨:੩ (99)

"ਪੂਰਾ ਮਾਰਗੁ ਪੂਰਾ ਇਸਨਾਨੁ।"

-ਗਉ ੫, ੧੧੫, ੨:੧ (188)

(3) ਪੂਰਨ/ ਕਾਮਲ ਪ੍ਰਭੂ

"ਸੇਈ ਪੂਰੇ ਸਾਹ ਜਿਨੀ ਪੂਰਾ ਪਾਇਆ।"

-ਮਾਝ ੧, ਵਾਰ ੧੭ਸ, ੨, ੨:੧ (146)

"ਗੁਰ ਬਿਨੁ ਪੂਰਾ ਕੋਇ ਨ ਪਾਵੈ।"

-ਆਸਾ ੧, ਅਸ ੬, ੫:੩ (414)

(4) ਚੰਗਾ

"ਕਹੁ ਨਾਨਕ ਜਾ ਕਾ ਪੂਰਾ ਕਰਮ।"

-ਗਉ ੫, ੧੧੫, ੪:੧ (189)

"ਹਰਿ ਹਰਿ ਹਰਿ ਅਉਖਧੁ ਜਗਿ ਪੂਰਾ ਜਪਿ ਹਰਿ ਹਰਿ ਹਉਮੈ ਮਾਰੀ।"(ਉਤਮ)

-ਧਨਾ ੪, ੧, ੩:੨ (667)

(5) ਪੂਰਨਤਾ, ਪੂਰਨ ਪਦਵੀ

"ਹਾਰਿ ਪਰੇ ਅਬ ਪੂਰਾ ਦੀਜੈ।"

-ਗਉ ਕਬ, ੧੩, ੪:੨ (326)

(6) ਪੂਰਾ ਹੋਇਆ, ਪ੍ਰਾਪਤ ਹੋਇਆ

"ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੋੁ ਪੂਰਾ।"

- ਆਸਾ ੫, ਛੰਤ ੩, ੪:੬ (454)

ਪੂਰਾਈ ----- ਪੂਰੀ ਕੀਤੀ

"ਗੁਰ ਮਨ ਕੀ ਆਸ ਪੂਰਾਈ।"

-ਗਉ ੫, ੧੬੬*, ੪:੪ (217)

ਪੂਰਾਨ ------ ਪੂਰਨ, ਵਿਆਪਕ

"ਕੀਟ ਹਸਤਿ ਸਗਲ ਪੂਰਾਨ।"

-ਗੋਂਡ ੫, ੫, ੨:੨ (863)

ਪੂਰਿ ------- (1) ਯਾਤਰੀ ਸਮੂਹ ਜੋ ਇਕ ਵਾਰ ਬੇੜੀ ਵਿਚ ਬੈਠ ਪਾਰ ਜਾ ਸਕਨ

"ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ।"

-ਸਿਰੀ ੧, ੧੬, ੧:੨ (20)

(2) ਭਰੀ, ਵਿਆਪਕ, ਭਰਪੂਰ

"ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ।"

-ਸਿਰੀ ੩, ੪੧, ੧*:੧ (29)

"ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ।"

-ਸਿਰੀ ੫, ਛੰਤ ੨, ੧:੫ (79)

“ਦੇਂਦੇ ਤੋਟਿ ਨਾਹੀ ਤਿਸੁ ਕਰਤੇ ਪੂਰਿ ਰਹਿਓ ਰਤਨਾਗਰ ਰੇ।”

-ਗਉ ੫, ੧੩੭*, ੪:੩ (209)

(3) ਪੂਰੀ ਕਰੋ, ਹੋਰ ਵੇਖੋ ਪੂਰਿਓ

“ਮੇਰੀ ਸਰਧਾ ਪੂਰਿ ਜਗਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ।”

-ਮਾਝ ੪, ੪, ੧:੩ (95)

(4) ਪੂਰੀ, ਸੰਪੂਰਨ, ਮੁਕੰਮਲ

“ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ।”

-ਆਸਾ ੫, ਛੰਤ ੭, ੨:੨ (457)

“ਅਭੈ ਪਦ ਪੂਰਿ ਤਾਪ ਤਹ ਨਾਸੇ ਕਹਿ ਕਬੀਰ ਬੀਚਾਰੀ।”(ਅਭੈ ਪਦਵੀ ਪੂਰਨ ਕਰਨ ਨਾਲ)

-ਕੇਦਾ ਕਬ, ੩, ੪:੧ (1123)

(5) ਭਰ ਕੇ ਲਿਆਂਦੇ

“ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹ ਭਿੰਨ ਦ੍ਰਿਸਟੋ।”

-ਸਾਰ ੫, ੩, ੪:੧ (1203)

ਪੂਰਿਓ------ ਪੂਰੇ ਹੋਏ

“ਮਨੋਰਥੁ ਕੋਇ ਨ ਪੂਰਿਓ ਚਾਲੇ ਉਠਿ ਨਿਰਾਸ।”

-ਸਲੋ ਕਬ, ੨੦੫:੨ (1375)

ਪੂਰਿਅੜੀ---- ਪੂਰੀ ਕੀਤੀ

“ਜਨ ਨਾਨਕ ਪੂਰਿਅੜੀ ਮਨਿ ਆਸਾ ਜੀਉ।”

-ਗਉ ੪, ੬੯, ੪:੪ (175)

ਪੂਰਿਆ ----- (1) ਵਿਆਪਕ ਹੈ, ਸਮਾ ਰਿਹਾ ਹੈ

“ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ।”

-ਸਿਰੀ ੫, ੮੭, ੨:੨ (48)

(2) ਭਰਿਆ ਹੋਣਾ,ਭਰਪੂਰ ਹੋਣਾ

“ਹਰਿ ਅੰਮ੍ਰਿਤਸਰੁ ਗੁਰਿ ਪੂਰਿਆ ਮਿਲਿ ਸੰਗਤੀ ਮਲੁ ਲਹਿ ਜਾਇ।”

-ਗਉ ੪, ਕਰ ੧, ੭:੨ (234)

(3) ਪੂਰਾ ਕੀਤਾ

“ਸਿਮਰਿ ਸਿਮਰਿ ਦਾਤਾਰੁ ਮਨੋਰਥ ਪੂਰਿਆ।”

-ਗੂਜ ੫, ਵਾਰ ੨੧:੧ (524)

(4) ਪੂਰਨ, ਕਾਮਲ

“ਸਭ ਇਛ ਪੁੰਨੀ ਆਸ ਪੂਰੀ ਮਿਲੇ ਸਤਿਗੁਰ ਪੂਰਿਆ।”

-ਰਾਮ ੩, ਛੰਤ ੩, ੪:੫ (926)

(5) ਰੋਕ ਲਏ (ਪ੍ਰਾਣ)

“ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ।”

-ਮਾਰੂ ਜੈਦ, ੧, ੧:੧ (1106)

ਪੂਰੀ ------- (1) ਪੂਰਨ, ਕਿਸੇ ਊਨ ਤੋਂ ਰਹਿਤ

“ਜਹ ਕਰਣੀ ਤਹ ਪੂਰੀ ਮਤਿ।”

-ਸਿਰੀ ੧, ੩੦, ੩:੩ (25)

“ਪੂਰੀ ਰਹੀ ਜਾ ਪੂਰੈ ਰਾਖੀ।”(ਪੂਰੀ ਤਰਾਂ, ਚੰਗੀ ਤਰਾਂ, ਪਰਨ ਰੂਪ ਵਿਚ)
-ਗਉ ੫, ੧੧੪, ੧*:੧ (188)
“ਸਾ ਮਤਿ ਪੂਰੀ ਜਿਤੁ ਹਰਿ ਗੁਣ ਗਾਵੈ।”(ਸ਼੍ਰੇਸ਼ਟ, ਉਤਮ, ਕਾਮਲ)
-ਗਉ ੫, ੧੧੬, ੧*:੧ (189)

(2) ਭਾਵ ਸਫਲ ਹੋ ਗਈ
“ ਭਨਤਿ ਨਾਨਕ ਮੇਰੀ ਪੂਰੀ ਪਰੀ।”
-ਗਉ ੫, ੧੨੩, ੪:੨ (190)
“ਗੁਰਿ ਪੂਰੈ ਕੀਤੀ ਪੂਰੀ।” (ਸਫਲਤਾ ਬਖਸ਼ੀ)
-ਸੋਰ ੫, ੬੦, ੧:੧ (624)

(3) ਪ੍ਰਾਪਤ ਹੋਈ, ਪੂਰੀ ਹੋਈ
“ਪੂਰੀ ਆਸਾ ਮਨੁ ਤ੍ਰਿਪਤਾਇਆ।”
-ਆਸਾ ੫, ੧੧, ੪:੪ (373)

(4) ਚੰਗੀ ਤਰਾਂ, ਪੂਰੀ ਤਰਾਂ
“ਗੁਰਿ ਪੂਰੈ ਪੂਰੀ ਸਭ ਰਾਖੀ ਹੋਏ ਸਰਬ ਦਇਆਲ।”
-ਸੋਰ ੫, ੫੦, ੧*:੨ (621)

(5) ਸਹੀ, ਠੀਕ
“ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ।”
-ਸੂਹੀ ਕਬ, ੫, ੨:੨ (793)

(6) ਤਸਲੀ/ਨਿਸ਼ਾ ਹੋ ਗਈ
“ਭਨਿਤ ਨਾਨਕ ਮੇਰੀ ਪੂਰੀ ਪਰੀ।”
-ਗਉ ੫, ੧੨੩, ੪:੨ (190)

(7) ਭਾਵ ਸਿਰੇ ਚੜੀ
“ਨਾਨਕ ਸਤਿਗੁਰਿ ਮਿਲਿਐ ਸਭ ਪੂਰੀ ਪਰੀ ਪਈ ਜਿਸ ਨੋ ਕਿਰਪਾ ਕਰੇ ਰਜਾਇ।”
-ਸੋਰ ੪, ਵਾਰ ੧੯ਸ, ੩, ੨:੫ (649)

ਪੂਰੀਅਤ ---- ਪੂਰੇ ਜਾਂਦੇ/ ਵਜਾਏ ਜਾਂਦੇ ਹਨ
“ਕੋਟਿ ਪੂਰੀਅਤ ਹੈ ਜਾ ਕੈ ਨਾਦ।”
-ਭੈਰ ੫, ਅਸ ੨, ੪:੧ (1156)

ਪੂਰੀਅਲੇ ---- ਵਿਆਪਕ ਹੈ
“ਜਾਂਚੈ ਘਰਿ ਦਿਗ ਦਿਸੈ ਸਰਾਇਚਾ ਬੈਕੁੰਠ ਭਵਨ ਚਿਤ੍ਰਸਾਲਾ ਸਪਤ ਲੋਕ ਸਾਮਾਨਿ ਪੂਰੀਅਲੇ।”
-ਮਲਾ ਨਾਮ, ੧, ੧:੧ (1292)

ਪੂਰੀਆ ----- ਪ੍ਰਾਪਤ ਹੋਈਆਂ, ਮਿਲੀਆਂ
“ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ।”
-ਸਿਰੀ ੩, ੫੪, ੨:੧ (34)

ਪੂਰੀਐ ----- ਪੂਰੀਆਂ ਕਰੋ, ਪ੍ਰਾਪਤ ਕਰਾਓ
“ਜੀਅ ਕੀ ਲੋਚਾ ਪੂਰੀਐ ਮਿਲੈ ਸੁਆਮੀ ਕੰਤੁ।”
-ਮਾਝ ੫, ਦਿਨ ੩:੬ (137)

ਪੂਰੀਏ------ ਪੂਰੀ ਹੋਵੇ।
“ਤਰਲਾ ਜੁਆਣੀ ਆਪਿ ਭਾਣੀ ਇਛ ਮਨ ਕੀ ਪੂਰੀਏ।”
-ਵਡ ੧, ਛੰਤ ੨, ੮:੩ (567)

ਪੂਰੀਨਾ ----- ਭਰੇ ਗਏ, ਪੂਰੇ ਗਏ
“ਨੀਚਾ ਤੇ ਊਚ ਊਨ ਪੂਰੀਨਾ।”
-ਬਿਲਾ ੫, ੧੨, ੩:੧ (804)

ਪੂਰੁ ------- (1) ਬੇੜੀ ਵਿਚ ਇਕ ਸਮੇਂ ਬੈਠ ਕੇ ਪਾਰ ਲਗਨ ਵਾਲਾ ਜਨ ਸਮੂਹ
“ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ।”
-ਸਿਰੀ ੧, ੧੫, ੧:੩ (19)
“ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ।”(ਜਨ ਸਮੂਹ)
-ਆਸਾ ੧, ਵਾਰ ੧੦ਸ, ੧, ੧:੮ (468)
(2) ਪੂਰੀ ਕਰੋ
“ਜੀਵਨ ਸੁਖੁ ਸਭੁ ਸਾਧਸੰਗਿ ਪ੍ਰਭ ਮਨਸਾ ਪੂਰੁ।”
-ਬਿਲਾ ੫, ੪੨, ੨:੨ (811)

ਪੂਰੇ ------- ਪੂਰੀ ਕਰੋ
“ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ।”
-ਗਉ ੫, ਸੋਹ ੫, ੪:੧ (13)
“ਚਰਨ ਸੇਵ ਸੰਤ ਸਾਧ ਕੇ ਸਗਲ ਮਨੋਰਥ ਪੂਰੇ।”(ਪੂਰੇ ਹੁੰਦੇ ਹਨ, ਸਫਲ ਹੁੰਦੇ ਹਨ)
-ਮਾਝ ੫, ਅਸ ੩੯, ੩:੧ (133)
“ਪ੍ਰਭ ਕੈ ਸਿਮਰਨਿ ਕਾਰਜ ਪੂਰੇ।”
-ਗਉ ੫, ਸੁਖ ੧, ੭:੧ (263)
(2) ਪੂਰਨ, ਕਾਮਲ, ਹੋਰ ਵੇਖੋ ਪੂਰੈ“ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ।”
-ਸਿਰੀ ੧, ੧੧, ੪:੨ (18)
(3) ਪੂਰਨ ਭਾਵ ਸ਼੍ਰੇਸ਼ਟ
“ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ।”
-ਸਿਰੀ ੫, ੮੦, ੧:੧ (45)
(4) ਭਾਵ ਪੂਰਾ ਪ੍ਰਭੂ
“ਦੀਦਾਰੁ ਪੂਰੇ ਪਾਇਸਾ।”
-ਸਿਰੀ ੪, ਵਾਰ ੨ਸ, ੧, ੨:੨ (83)
“ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ।”
-ਗਉ ੫, ਸੁਖ ੨੪ਸ:੨ (295)
(5) ਵਜਾਏ (ਤਾਲ ਪੂਰੇ-ਸੰਗੀਤ ਦੀ ਲੈ ਅਨੁਸਾਰ ਤਾਲੀ ਵਜਾਉਣੀ ਅਥਵਾ ਨਚਨਾ)
“ਬਹੁ ਤਾਲ ਪੂਰੇ ਵਾਜੇ ਵਜਾਏ।”
-ਮਾਝ ੩, ਅਸ ੨੧, ੬:੧ (122)
“ਪੂਰੇ ਤਾਲ ਜਾਣੈ ਸਾਲਾਹ।”
-ਆਸਾ ੧, ੬, ੧*:੧ (350)
“ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ।”

-ਸਾਰ ੫, ੬੯, ੨:੨ (1218)

(6) ਭਾਵ ਪੂਰਾ ਗੁਰੂ

“ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ।”

-ਰਾਮ ੩, ਅਸ ੫, ੧*:੨ (912)

(7) ਭਰੇ, ਭਰਪੂਰ ਕਰੇ

“ਨਉ ਸਰ ਸੁਭਰ ਦਸਵੈ ਪੂਰੇ।”

-ਰਾਮ ੧, ਸਿਗੋ ੫੩:੧ (943)

(8) ਭਾਵ ਮੁਕਨ ਤੇ

“ਅਨਿਕ ਜਤਨ ਕਰਿ ਇਹੁਤਨੁ ਰਾਖਹੁ ਰਹੈ ਅਵਸਥਾ ਪੂਰੇ।”(ਅਵਸਥਾ ਪੂਰੀ ਹੈ ਭਾਵ ਮੁਕਨ ਤੇ)

-ਕੇਦਾ ਕਬ, ੪, ੨:੨ (1124)

ਪੂਰੇਵ ------ ਪੂਰ ਕਰਦਾ ਹੈ

“ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ।”

-ਸਿਰੀ ੫, ੭੫, ੩:੩ (44)

ਪੂਰੈ ------- (1) ਕਾਮਲ/ ਪੂਰਨ

“ਮੇਰੇ ਠਾਕੁਰ ਪੂਰੈ ਤਖਤਿ ਅਡੋਲੁ।”

-ਸਿਰੀ ੧, ੯, ੧*:੧ (17)

“ਸਾਹਿਬੁ ਸੇਵਨਿ੍ ਆਪਣਾ ਪੂਰੈ ਸਬਦਿ ਵੀਚਾਰਿ।”(ਪੂਰਨ ਗੁਰਸਬਦ ਭਾਵ ਸਰਬ ਗੁਣੀ)

-ਗੂਜ ੩, ਵਾਰ ੧੦:੨ (512)

ਹੋਰ ਰੂਪ:

ਪੂਰੋ-

“ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ।”

-ਸਿਰੀ ੧, ੯, ੪:੧ (17)

(2) ਪੂਰਨ ਭਾਵ ਠੀਕ

“ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ।”

-ਸਿਰੀ ੧, ੨੧, ੧:੨ (22)

(3) ਚੰਗੈ

“ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ।”

-ਸਿਰੀ ੩, ੪੧, ੪:੧ (29)

“ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ।”

-ਸਿਰੀ ੩, ੪੬, ੩:੧ (31)

(4) ਭਾਵ ਪੂਰਮ ਪ੍ਰਭੂ/ ਗੁਰੂ

“ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ।”

-ਸਿਰੀ ੪, ਵਾਰ ੧੯ਸ, ੩, ੨:੩ (90)

(5) ਵਜਾਉਂਦਾ ਹੈ

“ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ।”

- ਆਸਾ ੧, ੩੭, ੨:੨ (360)

(6) ਨਚਦਾ ਹੈ
"ਇਸੁ ਮਨ ਆਗੇ ਪੂਰੈ ਤਾਲ।"
-ਗੋਂਡ ਕਬ, ੧੦, ੨:੩ (872)

(7) ਪੂਰੀ ਕਰੇ, ਪੁਗਾਵੇ
"ਸਭ ਆਸਾ ਮਨਸਾ ਪੂਰੈ ਧਾਰੀ।"
-ਮਾਰੂ ੪, ਸੋਲਾ ੨, ੮:੨ (1070)

ਪੂਰੋ ------- ਸੰਪੂਰਨ,ਕਾਮਲ, ਪ੍ਰਬੀਨ, ਵੇਖੋ ਪੂਰੇ (1)

ਪੂਲਾ ------- (ਸੰ.) ਘਾਹ ਦਾ ਬੰਨਿਆ ਗਠਾ, ਮੁਠਾ
"ਕੇਸ ਜਲੇ ਜੈਸੇ ਘਾਸ ਕਾ ਪੂਲਾ।"
-ਗੋਂਡ ਕਬ, ੨, ੨:੨ (870)

ਪੂਲੁ ------- ਪੰਡ, ਗੰਠ (ਕਰਮਾਂ ਦੀ)
"ਹਰਿ ਕੇ ਭਜਨ ਬਿਨੁ ਬਿਰਥਾ ਪੂਲੁ।"
-ਭੈਰ ੫, ੪੫, ੨:੪ (1149)
(ਮਹਾਨਕੋਸ਼ ਇਸ ਦੇ ਅਰਥ 'ਥੋਥਾ ਦਾਣਾ' ਕਰਦੇ ਹਨ)

ਪੇਉ ------- (1) ਪੀ, ਪਾਨ ਕਰ
"ਜਿਉ ਜਿਉ ਸਾਹਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ।"
-ਸਿਰੀ ੧, ੧੬, ੩:੨ (20)
"ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ।"(ਮੈਂ ਪੀਂਦਾ ਹਾਂ)
-ਰਾਮ ਕਬ, ੧, ੩:੨ (969)
(ਮਹਾਨਕੋਸ਼ ਇਸ ਦੇ ਅਰਥ ਪੀਣਯੋਗ ਕਰਦਾ ਹੈ)

ਪੇਈਅੜੈ ---- ਪਿਤਾ ਦੇ ਘਰ, ਪੇਕੇ ਘਰ ਭਾਵ ਇਹ ਲੋਕ
"ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿਵਸੁ।"
-ਸਿਰੀ ੫, ੯੩, ੩:੧ (50)
"ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ।"(ਭਾਵ ਇਸ ਲੋਕ ਵਿਚ)
-ਸਿਰੀ ੧, ਅਸ ੧੬, ੧:੧ (63)

ਪੇਈਆ ----- ਪਿਤਾ ਦਾ ਘਰ, ਪੇਕਾ ਘਰ, ਇਹ ਲੋਕ
"ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ।"
-ਸਿਰੀ ੧, ੨੪, ੩:੨ (23)

ਹੋਰ ਰੂਪ:

ਪੇਈਐ-
"ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ।"(ਪੇਕੇ ਘਰ/ ਇਸ ਲੋਕ ਵਿਚ)
-ਸਿਰੀ ੧, ੨੪, ੪:੧ (23)

ਪੇਸਿ ------- (ਫਾ.ਪੇਸ਼) ਸਨਮੁਖ, ਸਾਹਮਣੇ
"ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ।"
-ਤਿਲੰ ੧, ੧, ੧:੧ (721)

ਪੇਹਨੁ ------ (ਫਾ. ਪੀਰਾਹਨ) ਜਾਮਾ, ਵਸਤਰ, ਕਪੜੇ, ਪਹਿਰਨ, ਚੋਲਾ
“ਛਪਨ ਕੋਟਿ ਕਾ ਪੇਹਨੁ ਤੇਰਾ ਸੋਲਹ ਸਹਸ ਇਜਾਰਾ।”
-ਭੈਰ ਨਾਮ, ੧, ੨:੧ (1167)

ਪੇਕਾਂਬਰ----- (ਅ. ਪੈਗੰਬਰ) ਸੁਨੇਹਾ, ਲਿਆਉਣ ਵਾਲਾ
“ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ।”
-ਆਸਾ ੧, ੩੩, ੨:੨ (358)

ਪੇਖੰ ------- ਵੇਖਦੇ
“ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ।”
-ਮਾਰੂ ੫, ਵਾਰ ੧੩:੪ (1099)

ਪੇਖਉ ------ (1) ਵੇਖਦਾ ਹਾਂ
“ਜਹ ਪੇਖਉ ਤਹਾ ਤੁਮ ਬਸਨਾ।”
-ਗਉ ੫, ੮੭, ੨:੩ (181)
“ਪ੍ਰਭ ਜੀਉ ਪੇਖਉ ਦਰਸੁ ਤੁਮਾਰਾ।” (ਵੇਖਾਂ)
-ਦੇਵ ੫, ੨੦, ੧*:੧ (532)
(2) ਵੇਖਦਾ ਹੈ
“ਆਗਿਆ ਕਾਰੀ ਸਦਾ ਸੁਖੁ ਭੁੰਚੈ ਜਤ ਕਤ ਪੇਖਉ ਹਰਿ ਗੁਨੀ।”
-ਰਾਮ ੫, ੩, ੨:੨ (883)

ਪੇਖਹਿ------ (1) ਵੇਖਦਾ ਹੈ
“ਜਿਹ ਪ੍ਰਸਾਦਿ ਪੇਖਹਿ ਬਿਸਮਾਦ।”
-ਗਉ ੫, ਸੁਖ ੬, ੬:੨ (270)
(2) ਵੇਖਦੇ ਹਨ
“ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ।”
-ਆਸਾ ੫, ੧੦੬, ੨:੧ (397)
ਹੋਰ ਰੂਪ:
ਪੇਖਹੁ-
“ਆਠ ਪਹਰ ਪ੍ਰਭ ਪੇਖਹੁ ਨੇਰਾ।”(ਵੇਖੋ)
-ਗਉ ੫, ਸੁਖ ੨੨, ੫:੭ (293)

ਪੇਖਣਾ------ ਵੇਖਣਾ
“ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ।”
-ਗੂਜ ੫, ਵਾਰ ੧ਸ, ੫, ੧:੨ (517)
ਹੋਰ ਰੂਪ:
ਪੇਖਣੋ-
“ਜਿਉ ਜਲ ਮਾਝੇ ਮਾਛਲੋ ਮਾਰਗੁ ਪੇਖਣੋ ਨ ਜਾਈ।”(ਵੇਖਿਆ)
-ਗੂਜ ਨਾਮ, ੨, ੨:੨ (525)

ਪੇਖਤ ------ (1) ਵੇਖਣ ਨਾਲ, ਵੇਖ ਕੇ, ਵੇਖਦਿਆਂ ਹੀ, ਦਰਸ਼ਨ ਕਰਦਿਆਂ
“ਜਿਸੁ ਪੇਖਤ ਕਿਲਵਿਖ ਹਿਰਹਿ ਮਨਿ ਤਨਿ ਹੋਵੈ ਸਾਂਤਿ।”

-ਸਿਰੀ ੫, ੮੩, ੩:੧ (47)

"ਦਰਸਨ ਪੇਖਤ ਸਭ ਦੁਖ ਪਰਹਰਿਆ।"

-ਗਉ ੫, ੧੯੭*, ੪:੨ (217)

(2) ਵੇਖਣਾ

"ਸੋ ਜਨ ਦੁਤਰੁ ਪੇਖਤ ਨਾਹੀ।"(ਔਖਿਆਈ ਨਹੀਂ ਵੇਖਦਾ)

-ਰਾਮ ੫, ੫੩, ੧:੨ (899)

ਹੋਰ ਰੂਪ:

ਪੇਖੰਤ–

"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ।"(ਵੇਖਿਆ/ਤਾੜਿਆ)

-ਸਸ ੫, ੬:੧ (1354)

ਪੇਖਤਾ–

"ਤਿਆਗੀਐ ਗੁਮਾਨੁ ਮਾਨੁ ਪੇਖਤਾ ਦਇਆਲ ਲਾਲ ਹਾਂ ਹਾਂ ਮਨ ਚਰਨ ਰੇਨ।"

-ਕਾਨ ੫, ੩੮, ੧*:੧ (1305)

ਪੇਖਤੇ–

"ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ।"(ਵੇਖਣ ਨਾਲ, ਦਰਸ਼ਨ ਕਰਨ ਨਾਲ)

-ਆਸਾ ੫, ਬਿਰ ੨, ੫:੧ (432)

ਪੇਖੰਤੇ–

"ਕਤੰਚ ਚਪਲ ਮੋਹਨੀ ਰੂਪੰ ਪੇਖੰਤੇ ਤਿਆਗੰ ਕਰੋਤਿ।"

-ਸਸ ੫, ੧:੩ (1354)

(3) ਵੇਖਦਿਆ ਵੇਖਦਿਆ

"ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ।"

-ਮਾਰੂ ੫, ੮, ੧*:੨ (1001)

"ਪੇਖਤ ਮਾਇਆ ਰੰਗ ਬਿਹਾਇ।"

-ਭੈਰ ੫, ੨੮, ੨:੧ (1143)

ਪੇਖੰਦੜੋ ----- ਵੇਖਣ ਵਾਲਾ(ਮਹਾਨਕੋਸ਼), ਵੇਖਦਾ ਹੋਇਆ (ਨਿਰਣੈ), ਵੇਖਣ ਨੂੰ (ਦਰਪਣ)

"ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ।"

-ਜੈਤ ੫, ਵਾਰ ੧੦ਸ, ੫, ੨:੧ (708)

ਪੇਖੰਦਿਆ---- ਵੇਖਣ ਨਾਲ ਦਰਸ਼ਨ ਕਰਨ ਨਾਲ

"ਨਠੜੋ ਦੁਖ ਤਾਪੁ ਨਾਨਕ ਪ੍ਰਭੁ ਪੇਖੰਦਿਆ।"

-ਜੈਤ ੫, ਵਾਰ ੧੬ਸ, ੫, ੨:੨ (709)

ਹੋਰ ਰੂਪ:

ਪੇਖੰਦਿਆ–

"ਲਗੜੀਆਂ ਪਿਰੀਅੰਨਿ ਪੇਖੰਦੀਆ ਨ ਤਿਪੀਆ।"

-ਮਾਰੂ ੫, ਵਾਰ ੨੧ਸ, ੫, ੧:੧ (1101)

ਪੇਖੰਦੋ ------ ਵੇਖਦਾ ਰਹਿੰਦਾ ਹੈ,ਨਿਗਾਹ ਰਖਦਾ ਹੈ

"ਨਾਨਕ ਆਸੜੀ ਨਿਬਾਹਿ ਸਚਾ ਪੇਖੰਦੋ ਸਚੁ ਧਣੀ।"

-ਜੈਤ ੫, ਵਾਰ ੧੩ਸ, ੫, ੨:੨ (708)

ਪੇਖਨ ------ ਵੇਖਣ ਲਈ, ਦਰਸ਼ਨਾਂ ਲਈ
“ਹਰਿ ਪੇਖਨ ਕਉ ਸਿਮਰਤ ਮਨੁ ਮੇਰਾ।”
-ਗਉ ੫, ੧੨੧, ੧:੧ (204)

ਪੇਖਨਹਾਰ---- ਵੇਖਣ ਵਾਲੇ
“ਦਰਸਨੁ ਸਤਿ ਸਤਿ ਪੇਖਨਹਾਰ।”
-ਗਉ ੫, ਸੁਖ ੧੭, ੧:੩ (285)

ਹੋਰ ਰੂਪ:

ਪੇਖਨਹਾਰੁ-
“ਪੇਖੈ ਪੇਖਨਹਾਰੁ ਦਇਆਲਾ ਜੇਤਾ ਸਾਜੁ ਸੀਗਾਰੀ।”
-ਰਾਮ ੫, ੭, ੧*:੨ (884)

ਪੇਖਨਾ ------ ਖੇਡ, ਤਮਾਸ਼ਾ, ਦਿਖਾਵਾ
“ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈ ਹੈ ਰੇ।”
-ਬਿਲਾ ਕਬ, ੧, ੧*:੧ (855)
“ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ।”(ਦਿਖਾਵਾ, ਖੇਡ)
-ਸਲੋ ਕਬ, ੧੭੮:੨ (1374)
“ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।”
-ਸਲੋ ਕਬ, ੨੩:੧ (1427)

ਪੇਖਨੁ ------ ਵੇਖਣਾ
“ਜੇਤਾ ਪੇਖਨੁ ਤੇਤਾ ਧਿਆਨੁ।”
-ਗਉ ੫, ਅਸ ੩, ੨:੪ (236)

ਪੇਖਾ ------- (1) ਵੇਖਿਆ ਹੈ
“ਸੇ ਨੇਤ੍ਰ ਪਰਵਾਣੁ ਜਿਨੀ ਦਰਸਨੁ ਪੇਖਾ।”
-ਮਾਝ ੫, ੨੯, ੨:੧ (103)
“ਜੀਵਨੁ ਤਉ ਗਨੀਐ ਹਰਿ ਪੇਖਾ।” (ਵੇਖਿਆ ਹੋਵੇ)
-ਸਾਰ ੫, ੮੮, ੧*:੧ (1221)
(2) ਮੈਂ ਵੇਖਾਂ
“ਕਿਉ ਪੇਖਾ ਪ੍ਰੀਤਮੁ ਕਵਣ ਸੁਕਰਣੀ ਜੀਉ।”
-ਗਉ ੫, ੧੬੬*, ੨:੧ (216)

ਪੇਖਾਗਿਓ ---- ਵੇਖਾਂ
“ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ ਨਿਮਖ ਦਰਸੁ ਪੇਖਾਗਿਓ।”
-ਸਾਰ ੪, ੫, ੩:੨ (1204)

ਪੇਖਾਰਉ----- ਵਿਖਾਵਾ
“ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ।”
-ਦੇਵ ੫, ੩੫, ੧:੧ (535)

ਪੇਖਿ ------- ਵੇਖ ਕੇ

"ਬਿਆਪਤ ਧਨ ਨਿਰਧਨ ਪੇਖਿ ਸੋਭਾ।"

-ਗਉਪ, ੮੮, ੧:੩ (182)

ਹੋਰ ਰੂਪ:

ਪੇਖਿਓ–

"ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ।"(ਵੇਖਿਆ ਹੈ)

-ਗਉ ੫, ਅਸ ੮, ੪:੨ (239)

ਪੇਖਿਆ–

"ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ।"(ਵੇਖਿਆ ਹੈ)

-ਗਉ ੫, ੧੩੨*, ੩:੧ (208)

"ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ।"(ਵੇਖਿਆ ਭਾਵ ਸਮਝਿਆ ਹੈ)

-ਆਸਾ ੫, ੧੧੦, ੪:੧ (398)

ਪੇਖੀ–

"ਬਹੁ ਰੰਗ ਮਾਇਆ ਬਹੁ ਬਿਧਿ ਪੇਖੀ।"(ਵੇਖੀ)

-ਗਉ ੫, ੮੧, ੧:੧ (179)

ਪੇਖੀਅਲੇ ---- ਵੇਖਿਆ ਹੈ

"ਆਜੁ ਮੇਰੈ ਮਨਿ ਪ੍ਰਗਟੁ ਭਇਆ ਹੈ ਪੇਖੀਅਲੇ ਧਰਮ ਰਾਓ।"

-ਸਿਰੀ ਤ੍ਰਿਲੋ, ੨, ੪:੧ (92)

ਪੇਖੀਐ ----- ਦੇਖਦੇ ਹਾਂ

"ਸਭੁ ਜਗੁ ਚਲਤਉ ਪੇਖੀਐ ਨਿਹਚਲੁ ਹਰਿ ਕੋ ਨਾਉ।"

-ਆਸਾ ੫, ਅਸ ੨, ੪:੧ (431)

"ਪ੍ਰਭ ਪੇਖੀਐ ਬਿਸਮਾਦ।"

-ਬਿਲਾ ੫, ਅਸ ੧, ੪:੧ (837)

ਪੇਖੁ ------- ਵੇਖ

"ਨੇਤ੍ਰ ਸੰਤਨ ਕਾ ਦਰਸਨੁ ਪੇਖੁ।"

-ਗਉ ੫, ੧੨੦, ੨:੧ (190)

ਹੋਰ ਰੂਪ:

ਪੇਖੇ–

"ਸਰਬ ਨਿਧਾਨ ਪੇਖੇ ਮਨ ਮਾਹਿ।" (ਵੇਖੇ)

-ਗਉ ੫, ੭੭, ੨:੩ (178)

ਪੇਖੈ–

"ਪੇਖੈ ਬੋਲੈ ਸੁਣੈ ਸਭੁ ਆਪ।"(ਵੇਖਦਾ ਹੈ)

-ਗਉ ੫, ੯੨, ੩:੧ (183)

ਪੇਟਿ ------- ਢਿੱਡ ਵਿਚ, ਉਦਰ ਮਾਹਿ

"ਗਰਧਪ ਵਾਂਗੂ ਲਾਹੇ ਪੇਟਿ।"

-ਗਉ ੫, ੧੦੭*, ੧:੨ (201)

ਹੋਰ ਰੂਪ:

ਪੇਟੁ–
"ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ।"(ਢਿੱਡ)
-ਸੂਹੀ ੩, ਵਾਰ ੧੯ਸ, ੧, ੨:੩ (790)

ਪੇਡ ------- (1) ਬੂਟਾ, ਦਰਖਤ
"ਏਕੁ ਬਗੀਚਾ ਪੇਡ ਘਨ ਕਰਿਆ।"
-ਆਸਾ ੫, ੫੬, ੧:੧ (385)
(2) ਮੂਲ, ਮੁਢ, ਅਰੰਭ
"ਪਾਇਓ ਪੇਡ ਥਾਨਿ ਹਾਂ।"
-ਆਸਾ ੫, ੧੫੮, ੧:੪ (409)
"ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ।"
-ਸਲੋ ਕਬ, ੧੫੩:੧ (1372)

ਪੇਡਾ ------- ਦਰਖਤ/ ਬੂਟੇ ਦਾ ਧੜ, ਤਨਾ
"ਡਾਲਾ ਸਿਉ ਪੇਡਾ ਗਟਕਾਵਹਿ।"
-ਆਸਾ ਕਬ, ੩੪, ੩:੨ (476)

ਪੇਡਿ ------- (1) ਮੁੱਢ ਤੋਂ ਹੀ, ਸ਼ੁਰੂ ਤੋਂ ਹੀ
"ਪੇਡਿ ਲਗੀ ਹੈ ਜੀਅੜਾ ਚਾਲਣ ਹਾਰੋ।"
-ਆਸਾ ੧, ੩੪, ੩:੨ (359)
(2) ਦਰਖਤ ਤੋਂ
"ਤਿਸ ਕੈ ਪੇਡਿ ਲਗੇ ਫਲ ਫੂਲਾ।"
-ਆਸਾ ਕਬ, ੨੨, ੩:੨ (481)

ਹੋਰ ਰੂਪ:

ਪੇਡੁ–
"ਤੂੰ ਪੇਡੁ ਸਾਖ ਤੇਰੀ ਫੂਲੀ।"(ਦਰਖਤ, ਬੂਟਾ)
-ਮਾਝ ੫, ੨੮, ੧:੧ (102)

ਪੇਡੁ ------- (1) ਦਰਖਤ, ਦੇਖੋ 'ਪੇਡਿ'(2)
(2) ਤਨਾ, ਮੁੱਢ
"ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ।"(ਤਨਾ, ਮੁੱਢ)
-ਬਸੰ ੧, ੧, ੨:੧ (1168)

ਪੇਡੇ ------- ਦਰਖਤਾਂ/ਬੂਟਿਆਂ ਨਾਲ

ਪੇਰਣ ------ (ਫਾ. ਪੈਰਾਹਨ) ਚੋਲਾ,ਲਿਬਾਸ, ਲੰਮਾ ਕੁੜਤਾ
"ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ।"
- ਆਸਾ ੧, ਅਸ ੧੨, ੬:੨ (418)

ਪੇਰੁ ------- ਪੈਰ
"ਨਾਨਕ ਅਜੁ ਕਲਿ ਆਵਸੀ ਗਾਫਲ ਫਾਹੀ ਪੇਰੁ।"
-ਗੂਜ ੫, ਵਾਰ ੩ਸ, ੫, ੧:੨ (518)

ਪੇਲ ------- ਪ੍ਰੇਰ ਕੇ, ਧਕ ਕੇ
“ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲ।”
-ਆਸਾ ੪, ੬੧, ੪:੨ (368)
“ਅਚਿੰਤੁ ਜਾਲੁ ਕਾਲੁ ਚਕ੍ਰੁ ਪੇਲ।”(ਧਕਦਾ/ਚਲਾਂਦਾ ਹੈ)
-ਰਾਮ ੫, ੫੨, ੧:੪ (899)

ਪੇਲਿ ------- ਪੀੜ
“ਤਿਨ ਕਉ ਕਾਲੁ ਨ ਸਾਕੈ ਪੇਲਿ।”
-ਆਸਾ ੧, ੧੫, ੨:੨ (353)
“ਕਾਚੀ ਸਰਸਉ ਪੇਲਿ ਕੈ ਨਾ ਖਲਿ ਭਈ ਨ ਤੇਲੁ।”
-ਸਲੋ ਕਬ, ੨੪੦:੨ (1377)

ਪੇਲੈ ------- ਪ੍ਰੇਰੇ
“ਕਾਲੁ ਕੰਟਕੁ ਮਾਰੇ ਸਚੁ ਪੇਲੈ।”(ਸਦਾ ਆਪ ਪ੍ਰੇਰਦਾ ਹੈ)
-ਆਸਾ ੧, ਅਸ ੮, ੨:੪ (415)

ਪੇਵਕੜੈ ----- ਪੇਕੇ ਘਰ, ਮਾਪਿਆਂ ਦੇ ਘਰ, ਇਸ ਲੋਕ ਵਿਚ
“ਪੇਵਕੜੈ ਹਰਿ ਜਪਿ ਸੁਹੇਲੀ ਵਿਚਿ ਸਾਹੁਰੜੈ ਖਰੀ ਸੋਹੰਦੀ।”
-ਸਿਰੀ ੪, ਛੰਤ ੧, ੩:੨ (78)

ਪੇੜੈ ------- (1) ਪਿੰਨੇ (ਮਹਾਨਕੋਸ਼/ਨਿਰਣੈ) ਵਸ ਵਿਚ, ਪੇਟੇ (ਸ਼ਬਦਾਰਥ, ਦਰਪਣ)
“ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।”
-ਆਸਾ ੧, ਵਾਰ ੬ਸ, ੧, ੨:੧ (466)
(2) ਪਲੇ, ਭਾਂਡੇ ਵਿਚ
“ਜੇ ਫਿਰਿ ਮਿਠਾ ਪੇੜੈ ਪਾਇ।”
-ਸਾਰ ੪, ਵਾਰ ੧੫ਸ, ੧, ੨:੭ (1243)

ਪੈ--------- (1) ਪੈਕੇ, ਪਕੜ ਕੇ
“ਨਾਨਕ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ।”
-ਸਿਰੀ ੧, ੨੭, ੪:੨ (24)
“ਪੈ ਪਾਇ ਮਨਾਈ ਸੋਇ ਜੀਉ।” (ਡਿਗ ਕੇ)
-ਸਿਰੀ ੫, ਅਸ ੨੯, ੧*:੧ (73)
(2) ਪੈ ਕੇ ਭਾਵ ਭਾਰੂ ਹੋ ਕੇ
“ਪੈ ਕੋਇ ਨ ਕਿਸੈ ਰਵਾਣਦਾ।”
-ਸਿਰੀ ੫, ਅਸ ੨੯, ੧੩:੨ (74)
“ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।”(ਪੈ/ਭਾਰੂ ਹੋਕੇ)
-ਆਸਾ ੧, ੩੯, ੨:੧ (360)
(3) ਪੈ ਕੇ ਭਾਵ ਡਿਗ ਕੇ
“ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ।”
-ਸਿਰੀ ਤ੍ਰਿਲੋ, ੨, ੨:੧ (92)
“ਸਦਾ ਸਦਾ ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ।”
-ਰਾਮ ੫, ਵਾਰ ੮ਸ, ੫, ੧:੨ (961)

(4) ਰਾਹੀਂ, ਦੁਆਰਾ
"ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ।"
-ਆਸਾ ੧, ਵਾਰ ੧੯ਸ, ੧, ੨:੩ (472)

(5) ਪੈ ਕੇ ਭਾਵ ਲੇਟ ਕੇ
"ਇਕਿ ਨਿਹਾਲੀ ਪੈ ਸਵਨ੍ਹਿ ਇਕਿ ਉਪਰਿ ਰਹਨਿ ਖੜੇ।"
-ਆਸਾ ੧, ਵਾਰ ੨੪ਸ, ੧, ੧:੩ (475)

"ਮੰਦਲੁ ਨ ਬਾਜੈ ਨਟੁ ਪੈ ਸੂਤਾ।"
-ਆਸਾ ਕਬ, ੧੧, ੧:੨ (478)

(6) ਪਰ, ਪ੍ਰੰਤੂ
"ਸੇਜ ਏਕ ਪੈ ਮਿਲਨੁ ਦੁਹੇਰਾ।"
-ਆਸਾ ਕਬ, ੩੦, ੨:੨ (483)

"ਪਰਮ ਅਤੀਤੁ ਪਰਮੇਸੁਰ ਕੈ ਰੰਗਿ ਰੰਗੵੋ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ।"
-ਸਵ ੫, ਮਥੁ ੩:੨ (1408)

(7) ਪੈਰ
"ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ।"
-ਸੋਰ ਰਵਿ, ੧, ੪:੨ (658)

(8) ਗ੍ਰਸਤ ਹੋ
"ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ।"
-ਪ੍ਰਭਾ ੧, ਅਸ ੪, ੭:੨ (1344)

(9) ਤੋਂ ਕੋਲੋਂ
"ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ।"
-ਸਾਰ ਨਾਮ, ੩, ੧:੨ (1253)

ਪੈਓਹਰੀ------ ਥਣਾਂ ਵਾਲੀ
"ਉਤੰਗੀ ਪੈਓਹਰੀ ਗਹਿਰੀ ਗੰਭੀਰੀ।"
-ਸਲੋ ੧, ੧:੧ (1410)

ਪੈਆਰੁ ------ ਪਰਾਲੀ, ਧਾਨ ਦਾ ਫੂਸ
"ਕਬਹੂ ਭੂਮਿ ਪੈਆਰੁ ਨ ਪਾਵੈ।"
-ਭੈਰ ਨਾਮ, ੫, ੩:੨ (1164)

ਪੈਸਉ ------- ਪੈਂਦਾ
"ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ।"
-ਰਾਮ ਨਾਮ, ੨, ੩:੧ (973)

ਪੈਸਕਾਰਿਆ -- ਪਸਾਰਾ, ਆਗਮਨ ਅਡੰਬਰ
"ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ।"
-ਰਾਮ ਬਸ, ਵਾਰ ੭:੭ (968)
(ਮਹਾਨਕੋਸ਼ ਅਰਥ 'ਇਨਾਮ' ਪੁਰਸਕਾਰ ਕਰਦਾ ਹੈ)

ਪੈਸਾ -------- ਭਾਵ ਤਾਂਬਾ, ਪੈਸਾ ਇਕ ਸਿੱਕਾ ਜੋ ਤਾਂਬੇ ਦਾ ਬਣਿਆ ਹੁੰਦਾ ਹੈ

"ਸੁਰਗ ਨਰਕ ਅੰਮ੍ਰਿਤ ਬਿਖੁ ਦੇ ਸਭ ਤਿਉ ਕੰਚਨ ਅਰੁ ਪੈਸਾ।"
-ਗਉ ੯, ੭, ੨:੧ (220)

ਪੈਸਿ ------- ਪੈ ਕੇ, ਪ੍ਰਵੇਸ਼ ਕਰਕੇ
"ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ।"
-ਧਨਾ ਕਬ, ੩, ੧:੨ (692)

ਪੈਸੀਲੇ------ ਪ੍ਰਵੇਸ਼ ਹੋਇਆ ਹੈ
"ਪੈਸੀਲੇ ਗਗਨ ਮਝਾਰੰ।"
-ਰਾਮ ਕਬ, ੧੦, ੨:੨ (972)

ਪੈਸੈ ------- ਪਵੇ
"ਤਉ ਦੂਜੀ ਦ੍ਰਿਸਟਿ ਨ ਪੈਸੈ ਕਬੈ।"
-ਗਉ ਕਬ, ਵਾ ੬:੪ (344)
"ਏਹੁ ਸੰਸਾਰੁ ਤਿਸੈ ਕੀ ਕੋਠੀ ਜੋ ਪੈਸੈ ਸੋ ਗਰਬਿ ਜਰੈ।"(ਪੈਂਦਾ ਹੈ)
-ਮਾਰੂ ੧, ਅਸ ੧੧, ੬:੨ (1016)

ਪੈਕਾਨੈ------ (ਫਾ.ਪੈਕਾਨੀ) ਰਤਨ, ਮਾਣਿਕ (ਮਹਾਨਕੋਸ਼)
"ਜਾ ਕਉ ਰਾਖਿ ਲੇਇ ਮੇਰਾ ਸੁਆਮੀ ਤਾ ਕਉ ਸੁਮਤਿ ਦੇਇ ਪੈਕਾਨੈ।"
-ਰਤਨ ਰੂਪ ਸਿਖਿਆ ਭਾਵ ਅਮੋਲਕ ਸਿਖਿਆ
-ਕਲਿ ੪, ੫, ੨:੧ (1320)
(ਨਿਰਣੈ 'ਦਰਪਨ' ਸ਼ਬਦਾਰਥ 'ਪੈ+ਕਾਨੇ' ਕਰਕੇ ਅਰਥ ਕੰਨ ਵਿਚ ਅਥਵਾ ਬੜੇਧਿਆਨ ਨਾਲ ਕਰਦਾ ਹੈ)

ਪੈਕਾਬਰ----- ਸੁਨੇਹਾ ਲਿਆਉਣ ਵਾਲੇ, ਪੈਗੰਬਰ
"ਸਵਾ ਲਾਖ ਪੈਕਾਬਰ ਤਾ ਕੇ।"

ਹੋਰ ਰੂਪ:

ਪੈਕਾਂਬਰ -
"ਪੀਰ ਪੈਕਾਂਬਰ ਸੇਖ।"
-ਰਾਮ ੫, ੪੫, ੩:੨ (897)

ਪੈਕਾਮਰ----- ਪੈਗੰਬਰ, ਸੁਨੇਹਾ ਲਿਆਉਣ ਵਾਲੇ
"ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰੁ ਸਹੀਦ।"
-ਸਿਰੀ ੧, ਅਸ ੧, ੩:੧ (53)

ਪੈਕਾਮੁ------ (ਫਾ.ਪੈਕਾਨ) ਤੀਰ
"ਪਿਰਮ ਪੈਕਾਮੁ ਨ ਨਿਕਲੈ ਲਾਇਆ ਤਿਨਿ ਸੁਜਾਣਿ।"
-ਸਲੋ ੧, ੧੩:੪ (1411)

ਪੈਕਾਰੁ------ ਪੰਕਾਰ,ਨਿਆਰੀਆ ਜੋ ਪੁਰਾਣੇ ਸਮੇਂ ਟਕਸਾਲ ਦੀ ਸੁਆਹ ਵਿਚੋਂ ਚਾਂਦੀ ਸੋਨਾ ਨਿਖਾਰਦਾ ਸੀ
"ਨਿਰਮਲੁ ਸਾਚਿ ਰਤਾ ਪੈਕਾਰੁ।"
-ਆਸਾ ੧, ਅਸ ੫, ੨:੨ (413)

(ਮਹਾਨਕੋਸ਼ ਇਥੇ ਅਰਥ ‘ਇਰਾਦਾ’ ਖਿਆਲ, ਸੰਕਲਪ ਕਰਦੇ ਹਨ)

ਪੈਖਰ ------- (1) ਪੈਰ ਜਕੜਨ ਦਾ ਬੰਧਨ, ਢੰਗਾ

“ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ।”

-ਗਉ ੫, ੧੬੩*, ੨:੨ (216)

ਹੋਰ ਰੂਪ:

ਪੈਖਰੁ–

“ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ।”(ਰੱਸਾ ਜੋ ਪੈਰ ਨੂੰ ਪਾ ਕੇ ਖੋਤੇ ਨੂੰ ਕਿਲ੍ਹੇ ਨਾਲ ਬੰਨ੍ਹੀਦਾ ਹੈ)

-ਬਿਲਾ ੫, ੫੮, ੧*:੨ (815)

ਪੈਖੜੁ ------- ਢੰਗਾ, ਬੰਧਨ

“ਹਉਮੈ ਪੈਖੜੁ ਤੇਰੇ ਮਨੈ ਮਾਹਿ।”

-ਬਸੰ ੧, ਅਸ ੫, ੬:੧ (1189)

ਪੈਖਾਕ------- ਚਰਨ ਧੂੜ

“ਹੋਇ ਪੈਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ।”

-ਮਾਰੂ ੫, ਸੋਲਾ ੧੨, ੧:੩ (1083)

ਹੋਰ ਰੂਪ:

ਪੈਖਾਕਾ–

“ਮਕਾ ਮਿਹਰ ਰੋਜਾ ਪੈਖਾਕਾ।”

-ਮਾਰੂ ੫, ੧੨, ੫:੧ (1084)

ਪੈਜ ------- (1) ਇਜ਼ਤ, ਮਾਨ, ਲਾਜ

“ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ।”

-ਸਿਰੀ ੧, ਅਸ ੨੮, ੧੬:੨ (72)

“ਐਜੀ ਰਾਖਹੁ ਪੈਜ ਨਾਮ ਅਪੁਨੇ ਕੀ ਤੁਝ ਹੀ ਸਿਉ ਬਨਿ ਆਈ।”(ਲਾਜ)

-ਗੂਜ ੧, ਅਸ ੩, ੭:੧ (504)

(2) ਨਾਮਵਰੀ

“ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ।”

-ਆਸਾ ੧, ਵਾਰ ੨੦ਸ, ੧, ੨:੧ (473)

ਪੈਝੈ ------- (1) ਪਹਿਰੀਏ, ਪਾਈਏ

“ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ।”

-ਮਾਝ ੧, ਵਾਰ ੧੪:੪ (144)

(2) ਭਾਵ ਮਾਨ ਪ੍ਰਾਪਤ ਕਰੇ, ਇਜ਼ਤ ਪ੍ਰਾਪਤ ਕਰੇ

“ਮਿਤੁ ਪੈਝੈ ਮਿਤੁ ਬਿਗਸੈ ਜਿਸੁ ਮਿਤ ਕੀ ਪੈਜ ਭਾਵਏ।”

-ਰਾਮ ਸੁੰਦ, ੪:੩ (923)

(ਮਹਾਨਕੋਸ਼ ਅਰਥ ‘ਪਹਿਰਾਇਆ ਜਾਵੇ ਕਰਦਾ ਹੈ)

“ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚ ਮਿਲਾਇ ਸਮਾਇਦਾ।”(ਮਾਨ ਪਾਂਦਾ ਹੈ)

-ਮਾਰੂ ੧, ਸੋਲਾ ੧੬, ੧੩:੩ (1037)

(3) ਭਾਵ ਸਿਰੋਪਾ ਪਾਣ ਨਾਲ
“ਸਾਰ ਸਬਦਿ ਪੈਝੈ ਪਤਿ ਹੋਈ।”
-ਮਾਰੂ ੧, ਸੋਲਾ ੭, ੧੫:੨ (1027)

ਪੈਠੀ ------- ਪ੍ਰਵੇਸ਼ ਕਰ ਗਈ, ਸਮਾ ਗਈ
“ਮਾਰੁ ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ।”
-ਆਸਾ ਕਬ, ੧੯, ੧*:੧ (480)

ਪੈਡਾ ------- ਮਾਰਗ, ਪੰਧ
“ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ ਗਿਆਨ ਗੋਨਿ ਭਰਿ ਡਾਰੀ।”
-ਕੇਦਾ ਕਬ, ੨, ੪:੧ (1123)

ਪੈਡੇ ------- (1) ਦੂਰੀ, ਫਾਸਲਾ
“ਪੈਡੇ ਬਿਨੁ ਬਾਦ ਘਨੇਰੀ।”
-ਬਸੰ ਕਬ, ੩, ੩:੨ (1194)

ਪੈਡੈ ------- ਰਸਤੇ/ ਮਾਰਗ ਵਿਚ
“ਜਿਹ ਪੈਡੈ ਲੂਟੀ ਪਨਿਹਾਰੀ।”
-ਆਸਾ ੫, ੯੧, ੧:੧ (393)
“ਜਿਹ ਪੈਡੈ ਮਹਾ ਅੰਧ ਗੁਬਾਰਾ।”(ਸਫਰ ਵਿਚ)
-ਗਉ ੫, ਸੁਖ ੨, ੪:੩ (264)

ਪੈਤੀਸ ------ ਗਿਣਤੀ ਦੀ ਇਕ ਇਕਾਈ, ਪੈਂਤੀ
“ਤੀਸ ਇਕ ਅਰ ਪੰਜਿ ਸਿਧੁ ਪੈਤੀਸ ਨ ਖੀਣਉ।”
-ਸਵ ੩, ੧੨:੪ (1394)

ਪੈਦਾਇਸਿ---- ਉਤਪਤੀ, ਰਚਨਾ, ਕਿਰਤ
“ਅਸਮਾਨ ਜਿਮੀ ਦਰਖਤ ਆਬ ਪੈਦਾਇਸਿ ਖੁਦਾਇ।”
-ਤਿਲੰ ੫, ੧, ੧:੨ (723)

ਪੈਧਾ ------- (1) ਪਹਿਨਾਇਆ, ਪੁਆਇਆ
“ਨਾਨਕ ਦਰਿ ਪਰਧਾਨੁ ਸੋ ਦਰਗਹਿ ਪੈਧਾ ਜਾਇ।”(ਇਜ਼ਤ ਦਾ ਕਪੜਾ/ ਖਿਲਤ/ਸਿਰੋਪਾ)ਪਹਿਨਾਇਆ ਜਾਂਦਾ ਹੈ)
-ਸਿਰੀ ੧, ੧੪, ੪:੩ (19)

ਹੋਰ ਰੂਪ:

ਪੈਧੇ-
“ਤਿਨ ਐਥੈ ਓਥੈ ਮੁਖ ਉਜਲੇ ਹਰਿ ਦਰਗਹ ਪੈਧੇ ਜਾਹੀ।”
-ਸਿਰੀ ੪, ਵਾਰ ੧੪:੫ (89)

(2) ਪਾਉਂਦਾ, ਪਹਿਰਦਾ, ਪਹਿਣਦਾ
“ਹੁਕਮੀ ਪੈਧਾ ਜਾਇ ਦਰਗਹ ਭਾਣੀਐ।”(ਸਿਰੋਪਾ ਪਹਿਣਦਾ ਹੈ)
-ਆਸਾ ੧, ਅਸ ੧੬, ੫:੧ (420)

(3) ਪਾਇਆ, ਪਹਿਰਿਆ
“ਤਿਨ ਕਾ ਪਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ।”

–ਸੋਰ ੪, ਵਾਰ ੧੬:੧ (648)

ਹੋਰ ਰੂਪ:

ਪੈਧੀ–

"ਹਰਿ ਚੋਲੀ ਦੇਹ ਸਵਾਰੀ ਕਢਿ ਪੈਧੀ ਭਗਤਿ ਕਰਿ।" (ਪਾਈ, ਪਹਿਣੀ)

–ਸੋਰ ੪, ਵਾਰ ੧੧:੧ (646)

ਪੈਧੈ–

"ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।"(ਪਹਿਣਨ ਨਾਲ)

–ਸਿਰੀ ੧, ੭, ੨*:੨ (16)

ਪੈਨਣ ------ ਪਾਉਣ, ਪਹਿਰਣ

"ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ ਹੋਰ ਪੈਨਣ ਕੀ ਹਮਰੀ ਸਰਧ ਗਈ।"

–ਵਡ ੪, ਵਾਰ ੧੭:੨ (593)

ਹੋਰ ਰੂਪ:

"ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ।" (ਪਾਉਣਾ)

–ਸਿਰੀ ੫, ੭੫, ੪:੪ (44)

ਪੈਨਣੁ ------ (1) ਪਹਿਰਣ, ਪੋਸ਼ਾਕ, ਪਹਿਰਾਵਾ

"ਤਿਸੁ ਵਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ।"

–ਸਿਰੀ ੧, ੫, ੪:੨ (16)

"ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ।"

–ਸਿਰੀ ੧, ੭, ੨:੧ (16)

(2) ਪਾਉਣਾ, ਪਹਿਰਣਾ

"ਮਾਲੁ ਜੋਬਨੁ ਛੋਡਿ ਵੈਸੀ ਰਹਿਓ ਪੈਨਣੁ ਖਾਇਆ।"

–ਆਸਾ ੫, ਛੰਤ ੧੧, ੧:੫ (460)

"ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ।"

–ਸੋਰ ੪, ਵਾਰ ੨੦ਸ, ੩, ੨:੩ (650)

ਪੈਨਦਾ ------ ਪਾਉਂਦਾ

"ਖਾਦਾ ਪੈਨਦਾ ਮੂਕਰਿ ਪਾਇ।"

–ਗਉ ੫, ੧੪੭, ੧:੧ (195)

ਪੈਨੰਦਿਆਂ ---- ਪਾਉਂਦਿਆਂ, ਪਹਿਰਦਿਆਂ

"ਹਸੰਦਿਆਂ ਖੇਲੰਦਿਆਂ ਪੈਨੰਦਿਆ ਖਾਵੰਦਿਆਂ ਵਿਚੇ ਹੋਵੈ ਮੁਕਤਿ।"

–ਗੂਜ ੫, ਵਾਰ ੧੬ਸ, ੫, ੨:੨ (522)

ਪੈਨਦੇ ------ ਪਹਿਰਦੇ, ਪਾਉਂਦੇ

"ਜੇ ਬਿਨੁ ਸਤਿਗੁਰ ਸੇਵੇ ਖਾਦੇ ਪੈਨਦੇ ਸੇ ਮੁਏ ਮਰਿ ਜੰਮੇ ਕੋੜੇ।"

–ਗਉ ੪, ਵਾਰ ੧੧:੪ (306)

ਪੈਨਨਿ ------ ਪਾਣ

"ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ।"

-ਰਾਮ ੫, ਵਾਰ ੫ਸ, ੫, ੨:੩ (959)

ਪੈਨਾ ------- ਪਾਉਂਦਾ ਹਾਂ
"ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ।"
-ਮਾਝ ੫, ਦਿਨ ੪:੪ (137)

ਪੈਨਾਇਆ --- ਪੁਆਇਆ, ਪਹਿਰਾਇਆ ਭਾਵ ਖਿਲਤ ਦਿਤੀ, ਸਿਰੋਪਾ ਨਾਲ ਨਿਵਾਜਿਆ
"ਹਰਿ ਦਾਤੈ ਹਰਿ ਨਾਮੁ ਜਪਾਇਆ ਨਾਨਕੁ ਪੈਨਾਇਆ।"(ਭਾਵ ਖਿਲਤ ਪਹਿਨਾਈ, ਸਿਰੋਪਾ ਦਿਤਾ
-ਸਿਰੀ ੪, ਵਾਰ ੨੧:੫ (91)

ਹੋਰ ਰੂਪ:

ਪੈਨਾਈਓ–
"ਗੁਰਿ ਦੀਬਾਣਿ ਕਵਾਇ ਪੈਨਾਈਓ।"
-ਸਿਰੀ ੫, ਅਸ ੨੯, ੪:੨ (73)

ਪੈਨਾਈਅਹਿ–
"ਤੇ ਹਰਿ ਦਰਗਹਿ ਪੈਨਾਈਅਹ ਜਿਨ ਹਰਿ ਵੁਠਾ ਮਨ ਮਾਹਿ।"
-ਗਉ ੪, ਵਾਰ ੧੭ਸ, ੪, ੧:੫ (310)

ਪੈਨਾਈਅਨਿ–
"ਹਰਿ ਦਰਗਹ ਜਨ ਪੈਨਾਈਅਨਿ ਜਿਨ ਹਰਿ ਮਨਿ ਵਸਿਆ ਆਇ।"(ਭਾਵ ਸਨਮਾਨੇ ਗਏ/ ਵਡਿਆਏ ਗਏ)
-ਕਾਨ ੪, ਵਾਰ ੯ਸ, ੪, ੧:੪ (1316)

ਪੈਨਾਈਆ–
"ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ।"
-ਤਿਲੰ ੪, ਅਸ ੨, ੧੧:੨ (726)

ਪੈਨਾਈਐ–
"ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ।"
-ਸਿਰੀ ੧, ੧੮, ੩:੩ (21)

ਪੈਨਾਏ–
"ਓਨਾ ਹਲਤਿ ਪਲਤਿ ਮੁਖ ਉਜਲੇ ਓਇ ਹਰਿ ਦਰਗਹ ਸਚੀ ਪੈਨਾਏ।"
-ਗਉ ੪, ਵਾਰ ੭ਸ, ੪, ੧:੩ (302)

ਪੈਨਾਵਏ–
"ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ।"
-ਰਾਮ ਸੁੰਦ, ਸਦ ੪:੪ (923)

ਪੈਨੈ -------ਪਾਏ, ਪਹਿਰੇ
"ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ।"
-ਮਾਝ ੧, ਵਾਰ ੨ਸ, ੧, ੧:੩ (138)
"ਜਿਸ ਕਾ ਦੀਆ ਪੈਨੈ ਖਾਇ।"
-ਗਉ ੫, ੧੪੫, ੧:੧ (195)

ਪੈਨ੍ਹਉ ------ ਪਾਉਂਦਾ/ਪਹਿਰਦਾ ਹਾਂ

"ਤੁਮਰਾ ਦੀਆ ਪੈਨ੍ਹਉ ਖਣੀਂ।"
-ਆਸਾ ੫, ੬੦, ੨:੧ (386)

ਪੈਨ੍ਹਣਹਾਰੁ---- ਪਾਉਣ ਵਾਲਾ
"ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ।"
-ਆਸਾ ੧, ਵਾਰ ੧੦ਸ, ੧, ੧:੩ (468)

ਪੈਨ੍ਹਣਾ------ ਪਾਉਣਾ, ਪਹਿਰਨਾ, ਅੰਗੀਕਾਰ ਕਰਨਾ
"ਅੰਮ੍ਰਿਤੁ ਖਾਣਾ ਪੈਨ੍ਹਣਾ ਨਾਨਕ ਨਾਇ ਵਡਿਆਈ ਹੋਇ।"
-ਬਿਲਾ ੪, ਵਾਰ ੬ਸ, ੩, ੧:੪ (851)

ਪੈਨ੍ਹਣੁ ------ (1) ਪੋਸ਼ਾਕ, ਪਹਿਰਾਵਾ
"ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਹਣੁ ਭਗਤਿ ਬਡਾਈ।"
-ਸਾਰ ੩, ਅਸ ੧, ੨:੧ (1233)

(2) ਪਹਿਨਣੇ, ਪਾਉਂਣੇ
"ਪੈਨ੍ਹਣੁ ਖਾਣਾ ਚੀਤਿ ਨ ਪਾਈ।"
-ਪ੍ਰਭਾ ੧, ੧੪, ੧:੩ (1331)

ਪੈਨ੍ਹਾਇਆ --- ਵਡਿਆਇਆ ਗਿਆ, ਖਿਲਤ ਪੈਣਾਈ ਗਈ
"ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ।"
-ਬਿਹਾ ੪, ਛੰਤ ੪, ੪:੪ (540)

ਪੈਨ੍ਹੈ ------- ਪਾਉਂਦਾ, ਪਹਿਰਦਾ
"ਜਿਉ ਤੂ ਰਾਖਹਿ ਤਿਵ ਹੀ ਰਹਣਾ ਤੁਮਰਾ ਪੈਨ੍ਹੈ ਖਾਇ।"
-ਸਾਰ ੫, ੯੮, ੧:੨ (1223)

ਪੈਯਾ------- ਪਿਆ
"ਨਾਨਕ ਤਿਨ ਕੌ ਸਤਿਗੁਰੁ ਮਿਲਿਆ ਜਿਨਾ ਧੁਰੇ ਪੈਯਾ ਪਰਵਾਣਾ।"
-ਰਾਮ ੩, ਵਾਰ ੨੧ਸ, ੧, ੧:੬ (956)

ਪੈਰ-------- ਚਰਨ, ਪੈਰ
"ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।"
-ਸਿਰੀ ੧, ੭, ੨:੨ (16)

"ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।"
-ਸਿਰੀ ੫, ਅਸ ੨੯, ੧੦:੩ (73)

ਪੈਰਾ ------- ਚਰਨ, ਪੈਰ
"ਕੋਟਿ ਜਨਾ ਜਾ ਕੇ ਪੂਜਹਿ ਪੈਰਾ।"
-ਮਾਝ ੫, ੧੩, ੩:੨ (98)

"ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ।"(ਪੈਰਾਂ)
-ਮਾਝ ੧, ਵਾਰ ੩ਸ, ੨, ੧:੨ (139)

"ਭਰਮ ਮੋਹ ਕਛੁ ਸੂਝਸਿ ਨਾਹੀ ਇਹ ਪੈਖਰ ਪਏ ਪੈਰਾ।"(ਪੈਰਾਂ ਵਿਚ)
-ਗਉ ੫, ੧੬੩*, ੨:੨ (216)

ਪੈਰਿ ------- (1) ਕਦਮ ਥੋੜਾ ਜਿਹਾ ਫਾਸਲਾ
“ਇਕ ਪੈਰਿ ਚਲੈ ਮਾਇਆ ਮੋਹੁ ਵਧਾਏ।”
-ਰਾਮ ੩, ੧, ੪:੨ (880)
(2) ਪੈਰ ਵਿਚ, ਪੈਰੀਂ
“ਓਹੀਂ ਪੈਰਿ ਲੋਹਾਰੀ।”
-ਮਾਰੂ ੫, ੧੭, ੩:੪ (1004)
ਹੋਰ ਰੂਪ:
ਪੈਰੀ–
“ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ।” (ਪੈਰੀਂ)
-ਸਿਰੀ ੫, ੭੩, ੩:੩ (43)
“ਪੈਰੀ ਚਲੈ ਹਥੀ ਕਰਣਾ ਦਿਤਾ ਪੈਨੈ ਖਾਇ।”(ਪੈਰਾਂ ਨਾਲ)
-ਮਾਝ ੧, ਵਾਰ ੨ਸ, ੧, ੧:੩ (138)

ਪੈਰੁ ------- ਪੈਰ, ਚਰਨ, ਪਾਦ
“ਭਰੀਐ ਹਥੁ ਪੈਰੁ ਤਨੁ ਦੇਹ।”
-ਜਪੁ ੧, ੨੦:੧ (4)

ਪੈਰੇ ------- (1) ਚਰਨੀ, ਪੈਰਾਂ ਵਿਚ
“ਪਤਿਤ ਪਵਿਤ ਲਗਿ ਗੁਰ ਕੇ ਪੈਰੇ ਜੀਉ।”
-ਗਉ ੫, ੧੬੬*, ੪:੨ (217)
“ਜੋ ਕੀਜੈ ਸੋ ਬੰਧਨੁ ਪੈਰੇ।”
-ਮਾਰੂ ੫, ਸੋਲਾ ੫, ੫:੨ (1075)
(2) ਕਦਮ, ਥੋੜਾ ਜਿਹਾ ਫਾਸਲਾ
“ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ।”
-ਗੂਜ ੫, ੮, ੪:੨ (497)

ਪੈਰੈ ------- ਚਰਨੀ, ਪੈਰਾਂ ਉਪਰ
“ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ।”
-ਸਾਰ ੫, ੫੦, ੧:੨ (1214)

ਪੋਹਤ ------ ਪੋਹਣਾ, ਅਸਰ ਕਰਮਾ, ਮਹਿਸੂਸ ਹੋਣਾ, ਨਿਕਟ ਆਉਣਾ
“ਜਾਸੁ ਜਪਤ ਇਹ ਅਗਨਿ ਨ ਪੋਹਤ।”
-ਗਉ ੫, ਅਸ ੨, ੬:੧ (236)
ਹੋਰ ਰੂਪ:
ਪੋਹੰਤਿ–
“ਸੋਭਾ ਹੀਨ ਨਹ ਭਵੰਤਿ ਨਹ ਪੋਹੰਤਿ ਸੰਸਾਰ ਦੂਖਨਹ।”(ਅਸਰ ਕਰਦੇ)
-ਸਸ ੫, ੨੮:੨ (1356)

ਪੋਹਿ ------- (1) ਅਸਰ ਕਰੇ
“ਸੁਣਿਐ ਪੋਹਿ ਨ ਸਕੈ ਕਾਲੁ।”
-ਜਪੁ ੧, ੮:੪ (2)

“ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ।”

-ਮਾਝ ੫, ਬਾਰਾ ੧੧:੪ (135)

“ਆਪਣੈ ਘਰਿ ਤੂ ਸੁਖਿ ਵਸਹਿ ਪੋਹਿ ਨ ਸਕੈ ਜਮਕਾਲੁ ਜੀਉ।”(ਭਾਵ ਡਰਾ ਨਹੀਂ ਸਕਦੀ

-ਵਡ ੩, ਛੰਤ ੩, ੧:੨ (569)

ਹੋਰ ਰੂਪ:

ਪੋਹਿਆ-

“ਕਰੁ ਗਹਿ ਲੀਨੇ ਨਾਨਕ ਪ੍ਰਭ ਪਿਆਰੇ ਸੰਸਾਰੁ ਸਾਗਰੁ ਨਹੀ ਪੋਹਿਆ।”

-ਸਿਰੀ ੫, ਛੰਤ ੩, ੪:੬ (81)

ਪੋਹੇ-

“ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ।”(ਛੋਹ ਸਕਨਾ)

-ਗੂਜ ੫, ਵਾਰ ੧੪:੫ (522)

ਪੋਹੈ-

“ਮਾਇਆ ਅਗਨਿ ਨ ਪੋਹੈ ਤਿਨ ਕਉ ਰੰਗਿ ਰਤੇ ਗੁਣ ਗਾਵਣਿਆ।”(ਛੂਹਦੀ)

-ਮਾਝ ੫, ਅਸ ੩੭, ੫:੩ (132)

(2) ਬਿਕਰਮੀ ਸੰਮਤ ਦਾ 10ਵਾਂ ਮਹੀਨਾ, ਸਰਦੀ ਦਾ ਮਹੀਨਾ

“ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮੰਘਰ ਪੋਹਿ ਜੀਉ।”

-ਰਾਮ ੫, ਰੁਤੀ ੬:੧ (929)

ਪੋਖਹਿ ------ ਭਰਦੇ ਹਨ, ਤ੍ਰਿਪਤ ਕਰਦੇ ਹਨ

“ਅਨਾਥ ਰਵਾਨਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ।”

-ਸਾਰ ੫, ੧੦੫, ੧:੧ (1224)

ਪੋਖਣ ------ਭਾਵ ਖਾਣ ਪੀਣ, ਪਾਲਣਾ ਕਰਨ

“ਭਰਣ ਪੋਖਣ ਸੰਗਿ ਅਉਧ ਬਿਹਾਣੀ।”

-ਸੂਹੀ ੫, ੩੩, ੩:੧ (743)

“ਬਿਸ੍ੰਭਰ ਪੂਰਨ ਸੁਖਦਾਤਾ ਸਗਲ ਸਮਗ੍ਰੀ ਪੋਖਣ ਭਰਣ।” (ਪਾਲਣਹਾਰ, ਪਾਲਣਾ ਕਰਨ ਵਾਲਾ)

-ਬਿਲਾ ੫, ੧੧੬, ੧:੧ (827)

ਹੋਰ ਰੂਪ:

ਪੋਖਣੁ -

“ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ ਕਰਣਾ।”(ਪਾਲਣਾ ਕਰਦਾ)

-ਗਉ ੫, ਵਾਰ ੨੦:੩ (323)

ਪੋਖਰਿ ------ ਤਲਾ, ਛਪੜੀ

“ਪੋਖਰਿ ਪੋਖਰਿ ਢੂਢਤੇ ਭਲੋ ਨ ਕਹਿ ਹੈ ਕੋਇ।”

-ਸਲੋ ਕਬ, ੫੦:੨ (1367)

ਹੋਰ ਰੂਪ:

ਪੋਖਰੁ-

“ਪੋਖਰੁ ਨੀਰੁ ਵਿਰੋਲੀਐ ਮਾਖਨ ਨਹੀ ਰੀਸੈ।”(ਛਪੜਦਾ)

-ਗਉ ੧, ਅਸ ੧੮, ੭:੨ (229)

ਪੋਖਿ ------- (1) ‘ਪੋਹ’ ਦਾ ਮਹੀਨਾ, ਬਿਕਰਮੀ ਸੰਮਤ ਦਾ ਦਸਵਾਂ ਮਹੀਨਾ
“ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।”
-ਮਾਝ ੫, ਬਾਰਾ ੧੧:੧ (135)
(2) ਪਾਲ ਲੈ, ਭਰ ਲੈ
“ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ।”
-ਮਾਰੂ ੧, ੯, ੧:੧ (991)

ਪੋਖਿਓ------ ਭਰਿਆ, ਪਾਲਿਆ
“ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ।”
-ਸੋਰ ੯, ੧੦, ੧:੨ (633)

ਪੋਖੁ ------- ਪੋਹ ਦਾ ਮਹੀਨਾ
“ਪੋਖੁ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।”
-ਮਾਝ ੫, ਬਾਰਾ ੧੧:੯ (135)

ਪੋਖੈ ------- (1) ਪਲਦਾ ਹੈ
“ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ।”
-ਗਉ ੫, ਥਿਤੀ ੧੨:੬ (299)
(2) ਭਰੇ
“ਸਰ ਭਰਿ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ।”
-ਰਾਮ ੧, ਓਅੰ ੪੧:੩ (935)

ਪੋਚ ------- (1) ਤੁਛ, ਭੈੜੀ, ਕਮੀਨੀ
“ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ।”
-ਗਉ ਰਵਿ, ੧, ੧:੧ (345)
(2) ਦੰਭ, ਦਿਖਾਵਾ, ਪਾਪ
“ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ।”
-ਬਿਲਾ ੫, ੫੯, ੨:੨ (816)
(3) ਲੇਪ, ਲਗਾਓ, ਨੁਕਸ
“ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ।”
-ਪ੍ਰਭਾ ਕਬ, ੩, ੨:੨ (1350)

ਪੋਚਨਹਾਰੀ --- ਭੱਠੀ ਪੁੱਠ ਚੜ੍ਹੇ ਬਰਤਨ ਨੂੰ ਠੰਢੇ ਪਾਣੀ ਦਾ ਪੋਚਾ ਦੇਣ ਵਾਲੀ (ਲੀਰ ਜਾਂ ਕਪੜਾ)
“ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ।”
-ਰਾਮ ਕਬ, ੧, ੨:੨ (969)

ਪੋਚਾ ------- (1) ਭਾਫ ਨੂੰ ਠੰਢਾ ਰਖਨ ਲਈ ਬਰਤਨ ਨੂੰ ਠੰਢੇ ਪਾਣੀ ਦਾ ਦਿਤੇ ਜਾਣ ਵਾਲਾ ਪੋਚਾ
“ਓਹੀ ਭਾਠੀ ਓਹੀ ਪੋਚਾ ਉਹੀ ਪਿਆਰੋ ਉਹੀ ਰੂਚਾ।”
-ਗਉ ੫, ੧੫੭*, ੨:੧ (214)
(2) ਦੋਸ਼
“ਨਾ ਉਸੁ ਲੇਪ ਨ ਹਮ ਕਉ ਪੋਚਾ।”

-ਆਸਾ ੫, ੯੩, ੩:੨ (391)

ਪੋਚਾਰਿ ----- (1) ਪੁਚਕਾਰ ਕੇ, ਪਿਆਰ ਲਾਡ ਨਾਲ
“ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ।”
-ਗਉ ੪, ੫੧, ੧:੨ (168)
(2) ਪੋਚ ਕੇ, ਮਾਂਜ ਸੁਆਰ ਕੇ
“ਰਖਹਿ ਪੋਚਾਰਿ ਮਾਟੀ ਕਾ ਭਾਂਡਾ।”
-ਸੂਹੀ ੫, ੨੦, ੩:੧ (741)

ਪੋਟ ------- ਪੋਟਲੀ,ਗੰਡ
“ਪਾਪੁ ਪੁੰਨੁ ਬੀਜ ਕੀ ਪੋਟ।”
-ਗਉ ੧, ੫, ੨:੨ (152)

ਪੋਟਲੀ------ਗੰਡ, ਪੁੰਡ
“ਬੰਨ੍ਹਿ ਉਠਾਈ ਪੋਟਲੀ ਜਿਥੈ ਵੰਞਾ ਘਤਿ।”
-ਸਲੋ ਫਰ, ੨:੨ (1378)

ਪੋਤਦਾਰੀ ---- ਮੁਨੀਮੀ, ਖਜ਼ਾਨਚੀ ਪੁਨਾ
“ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ।”(ਸੰਭਾਲ, ਖਜ਼ਾਨਚੀਪੁਣਾ)
-ਬਸੰ ੫, ੮, ੧:੪ (1182)

ਪੋਤਾ ------- (ਫਾ. ਪੋਤਾਹ) ਖਜ਼ਾਨਾ
“ਪ੍ਰਾਪਤਿ ਪੋਤਾ ਕਰਮੁ ਪਸਾਉ।”
-ਰਾਮ ੧, ੮, ੨:੧ (878)
(2) ਪੋਤਰਾ, ਪੁੱਤਰ ਦਾ ਪੁੱਤਰ
“ਪਿਯੁ ਦਾਦੇ ਜੇਵਿਹਾ ਪੋਤਾ ਪਰਵਾਣੁ।”
-ਰਾਮ ਬਸ, ੬:੨ (968)

ਪੋਤੀ -------ਪੇਟਾ
“ਮਿਲਿ ਜੋਤਿ ਜੋਤੀ ਓਤਿ ਪੋਤੀ ਹਰਿ ਨਾਮੁ ਸਭਿ ਰਸ ਭੋਗੋ।”
-ਬਿਲਾ ੫, ਛੰਤ ੧, ੩:੫ (846)

ਪੋਤੁ ------- ਜਹਾਜ਼, ਨਉਕਾ
“ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ।”
-ਬਿਲਾ ੪, ਅਸ ੧, ੪:੧ (833)

ਪੋਤੇਦਾਰ----- ਖਜ਼ਾਨਚੀ
“ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ।”
-ਸਾਰ ੪, ਵਾਰ ਪਸ, ੨, ੨:੧ (1239)

ਪੋਤੈ ------- ਖਜਾਨੇ ਵਿਚ, ਪਲੇ
“ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ।”
-ਸਿਰੀ ੩, ੪੪, ੧:੩ (30)

ਪੋਤ੍ਰਾ------- ਪੁੱਤਰ ਦਾ ਪੁੱਤਰ

"ਪਿਯੁ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ।"
-ਰਾਮ ਬਸ, ਵਾਰ ੬:੨੦ (968)

ਪੋਥੀ ------- **ਗ੍ਰੰਥ, ਪੁਸਤਕ, ਧਾਰਮਕ ਗ੍ਰੰਥ**
"ਪੋਥੀ ਪੁਰਾਣੁ ਕਮਾਈਐ।"
-ਸਿਰੀ ੧, ੩੩, ੨:੧ (25)

ਪੋਥੀਆ ------ **ਧਾਰਮਕ ਗ੍ਰੰਥ**
"ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ।"
-ਸਿਰੀ ੧, ਅਸ ੫, ੬:੧ (56)

ਪ੍ਰਸੰਗ ------ **ਵਾਰਤਾ, ਕਥਾ**
"ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।"
-ਸੋਰ ਰਵਿ, ੧, ੩:੧ (658)

ਪ੍ਰਸੰਨ ------ **(1) (ਸੰ.) ਖੁਸ਼**
"ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ।"
-ਗਉ ੫, ਸੁਖ ੯, ੨:੧ (274)
(2) ਅਨੰਦ ਰੂਪ(ਪ੍ਰਭ)
"ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ।"
-ਗੂਜ ੫, ਅਸ ੨, ੪:੨ (508)

ਪ੍ਰਸੰਨਮਿਦੰ --- **ਅਨੰਦ ਰੂਪ**
"ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨਮਿਦੰ।"
-ਗੂਜ ਜੈਦੇ, ੧, ੨:੨ (526)

ਪ੍ਰਸੰਨੁ ------ **ਖੁਸ਼**
"ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।"
-ਸਵ ੪, ਨਲ ੪:੫ (1399)

ਪ੍ਰਸਾਦ ------ **ਦੇਵਤਾ/ ਪ੍ਰਭੂ ਨੂੰ ਅਰਪਤ ਹੋਇਆ ਖਾਣ ਯੋਗ ਪਦਾਰਥ**
"ਜੇ ਓਹੁ ਅਨਿਕ ਪ੍ਰਸਾਦ ਕਰਾਵੈ।"
-ਗੋਂਡ ਰਵਿ, ੨, ੩:੧ (875)

ਪ੍ਰਸਾਦੰ ------ **ਕ੍ਰਿਪਾ**
"ਜਾਚੰਤਿ ਨਾਨਕ ਕ੍ਰਿਪਾਲ ਪ੍ਰਸਾਦੰ ਨਹ ਬਿਸਰੰਤਿ ਨਹ ਬਿਸਰੰਤਿ ਨਾਰਾਇਣਹ।"
-ਸਸ ੫, ੨੧:੬ (1356)

ਪ੍ਰਸਾਦਹ ----- **ਕ੍ਰਿਪਾ ਸਦਕਾ**
"ਵਰਤੰਤਿ ਸੁਖ ਆਨੰਦ ਪ੍ਰਸਾਦਹ।"
-ਸਸ ੫, ੨੩:੩ (1356)

ਪ੍ਰਸਾਦਿ ----- **ਕ੍ਰਿਪਾ ਨਾਲ ਕ੍ਰਿਪਾ ਸਦਕਾ**
"ਜਿਸੁ ਪ੍ਰਸਾਦਿ ਮਾਇਆ ਸਿਲਕ ਕਾਟੀ।"

-ਗਉ ੫, ੭੫, ੪:੧ (177)

ਹੋਰ ਰੂਪ:

ਪ੍ਰਸਾਦੀ-
"ਬਿਨਵੰਤਿ ਨਾਨਕ ਗੁਰ ਪ੍ਰਸਾਦੀ ਸਦਾ ਹਰਿ ਰੰਗੁ ਮਾਣੀ।"(ਕ੍ਰਿਪਾ ਨਾਲ ਦੁਆਰਾ)
-ਆਸਾ ੫, ਛੰਤ ੨, ੧:੬ (453)

ਪ੍ਰਸਾਦੁ-
"ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ।"(ਕ੍ਰਿਪਾ, ਮਿਹਰ)
-ਗਉ ੫, ਸੁਖ ੬ਸ:੨ (269)

ਪ੍ਰਸਾਦੁ------ (1) ਕ੍ਰਿਪਾ, ਮਿਹਰ ਵੇਖੋ 'ਪ੍ਰਸਾਦਿ'
(2) ਪ੍ਰਸ਼ਾਦ (ਨਿਰਣੈ) ਖੈਰ, ਦਾਨ (ਦਰਪਣ)
"ਗੁਰਮੁਖਿ ਪਾਈਐ ਨਾਮ ਪ੍ਰਸਾਦੁ।"
-ਬਸੰ ੩, ੬, ੩:੪ (1174)

ਪ੍ਰਸਿਧੁ------ ਮਸ਼ਹੂਰ, ਨਾਮਵਰ
"ਭਲਉ ਪ੍ਰਸਿਧੁ ਤੇਜੋ ਤਨੌ ਕਲ੍ਹ ਜੋੜਿ ਕਰ ਧ੍ਹਾਇਅਓ।"
-ਸਵ ੩, ੫:੫ (1393)

ਪ੍ਰਸੀਨਾ ----- ਪ੍ਰਸੰਨ, ਖੁਸ਼
"ਕਹੁ ਨਾਨਕ ਪ੍ਰਭ ਭਏ ਪ੍ਰਸੀਨਾ।"
-ਬਿਲਾ ੫, ੧੨, ੪:੨ (804)

ਪ੍ਰਸੇਵ ------ ਚੋਈ, ਟਪਕੀ (ਮਹਾਨਕੋਸ਼)
ਪਸੀਨਾ
"ਨਖ ਪ੍ਰਸੇਵ ਜਾ ਚੈ ਸੁਰਸਰੀ।"
-ਮਲਾ ਨਾਮ, ੧, ੪:੩ (1292)

ਪ੍ਰਹਲਾਦ----- ਹਰਨਾਖਸ਼ ਦਾ ਪੁੱਤਰ, ਇਕ ਭਗਤ
"ਪ੍ਰਹਲਾਦ ਉਧਾਰੇ ਕਿਰਪਾ ਧਾਰੀ।"
-ਗਉ ੧, ਅਸ ੯, ੪:੩ (224)

ਹੋਰ ਰੂਪ:

ਪ੍ਰਹਲਾਦਿ-
"ਅੰਮਰੀਕਿ ਪ੍ਰਹਲਾਦਿ ਸਰਣਿ ਗੋਬਿੰਦ ਗਤਿ ਪਾਈ।"
-ਸਵ ੩, ੧੩:੪ (1394)

ਪ੍ਰਹਲਾਦੁ-
"ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ।"
-ਆਸਾ ੪, ਛੰਤ ੨੦, ੪:੨ (451)

ਪ੍ਰਹਾਰ- ਮਾਰਨ ਵਾਲਾ, ਕਰਨ ਵਾਲਾ
"ਬਧਿਕੁ ਉਧਾਰਿਓ ਖਮਿ ਪ੍ਰਹਾਰ।"
-ਬਸੰ ੫, ਅਸ ੧, ੩:੧ (1192)

ਪ੍ਰਹਾਰਣਹ---- ਮਾਰਨ ਨਾਲ, ਨਾਲ ਵਾਰ ਕਰਨ ਨਾਲ

"ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ।"
-ਗਾਥਾ ੫, ੬:੩ (1360)

ਪ੍ਰਹਾਰੇਣ------ ਮਾਰਨ ਲਗਾ
"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ।"
-ਸਸ ੫, ੬:੧ (1354)

ਪ੍ਰਹਿਲਾਦਾ---- ਪ੍ਰਹਲਾਦ
"ਜਿਉ ਗੁਰ ਉਪਦੇਸਿ ਤਰੇ ਪ੍ਰਹਿਲਾਦਾ ਗੁਰੁ ਸੇਵਕ ਪੈਜ ਰਖਾਵੈਗੋ।"
-ਕਾਨ ੪, ਅਸ ੬, ੧:੨ (1311)

ਹੋਰ ਰੂਪ:

ਪ੍ਰਹਿਲਾਦਿ–
"ਧ੍ਰੂ ਪ੍ਰਹਿਲਾਦਿ ਜਪਿਓ ਹਰਿ ਜੈਸੇ।"
-ਗਉ ਕਬ, ੬੧, ੧:੨ (337)

ਪ੍ਰਹਿਲਾਦਿਕ–
"ਗਾਵਹਿ ਇੰਦ੍ਰਾਦਿ ਭਗਤ ਪ੍ਰਹਿਲਾਦਿਕ ਆਤਮਰਸੁ ਜਿਨਿ ਜਾਣਿਓ।" (ਪ੍ਰਹਲਾਦ ਆਦਿਕ)
-ਸਵ ੧, ੨:੩ (1389)

ਪ੍ਰਹਿਲਾਦੁ–
"ਪ੍ਰਹਿਲਾਦੁ ਜਨੁ ਹਰਨਾਖਿ ਪਕਰਿਆ ਹਰਿ ਰਾਖਿ ਲੀਓ ਤਰਾਇਆ।"
-ਮਾਲੀ ੪, ੧, ੨:੨ (984)

ਪ੍ਰਹਿਲਾਦੈ–
"ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ।" (ਪ੍ਰਹਲਾਦ ਦੀ)
-ਮਾਰੂ ੫, ੨, ੩:੧ (999)

ਪ੍ਰਕਾਸੰ------ ਪ੍ਰਕਾਸ਼, ਚਾਣਨ
"ਅੰਧਕਾਰ ਸਿਮਰਤ ਪ੍ਰਕਾਸੰ ਗੁਣ ਰਮੰਤ ਅਘ ਖੰਡਨਹ।"
-ਸਸ ੫, ੧੯:੧ (1355)

ਪ੍ਰਕਾਸੈ------ ਪ੍ਰਗਟ ਕਰੇ, ਜ਼ਾਹਿਰ ਕਰੇ
"ਸੰਤੋਖ ਸਰੋਵਰਿ ਬਸੈ ਅਮਿਅ ਰਸੁ ਰਸਨ ਪ੍ਰਕਾਸੈ।"
-ਸਵ ੪, ਕਲ ੬:੧ (1397)

ਪ੍ਰਕਾਰ------ਤਰ੍ਹਾਂ, ਭਾਂਤ, ਕਿਸਮ
"ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ।"
-ਗਉ ੫, ਅਸ ੪, ੧:੩ (237)

ਹੋਰ ਰੂਪ:

ਪ੍ਰਕਾਰੰ–
"ਅਨਿਤੵ ਵਿਤੰ ਅਨਿਤੵ ਚਿਤੰ ਅਨਿਤੵ ਆਸਾ ਬਹੁ ਬਿਧਿ ਪ੍ਰਕਾਰੰ।"
-ਸਸ ੫, ੧੬:੧ (1355)

ਪ੍ਰਕਾਰਾ ----- (1) ਕਿਲ੍ਹਾ, ਕੋਟ (ਮਹਾਨਕੋਸ਼)

"ਤੁਮ ਹੀ ਦੀਏ ਅਨਿਕ ਪ੍ਰਕਾਰਾ ਤੁਮ ਹੀ ਦੀਏ ਮਾਨ।"
–ਸਾਰ ੫, ੬੪, ੧:੧ (1217)

(ਨਿਰਣੈ ਤੇ ਦਰਪਣ ਇਥੇ ਵੀ ਅਰਥ 'ਕਿਸਮਾਂ' ਕਰ ਰਿਹਾ ਹੈ)

(2) ਕਿਸਮ, ਭਾਂਤ
"ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ।"
–ਸਸ ੫, ੧੪:੧ (1355)

ਹੋਰ ਰੂਪ:

ਪ੍ਰਕਾਰਿ–
"ਕਿਤੈ ਪ੍ਰਕਾਰਿ ਨ ਤੂਟਉ ਪ੍ਰੀਤਿ।"(ਤਰ੍ਹਾਂ ਵੀ)
–ਧਨਾ ੫, ੫੮, ੧*:੧ (684)

ਪ੍ਰਕਾਰੀ–
"ਅਨਿਕ ਪ੍ਰਕਾਰੀ ਬਸਤ੍ਰ ਓਢਾਏ।"(ਤਰਾਂ ਦੇ)
–ਧਨਾ ੫, ੫੬, ੨:੧ (684)

"ਅਨਿਕ ਪ੍ਰਕਾਰੀ ਮੋਹਿਆ ਬਹੁ ਬਿਧਿ ਇਹੁ ਸੰਸਾਰੁ।"(ਕਈ ਤਰਾਂ ਨਾਲ)
–ਸਿਰੀ ੫, ੯੧, ੪:੧ (50)

ਪ੍ਰਕਾਰੇਣ----- ਪ੍ਰਕਾਰ ਦੇ, ਕਿਸਮ ਦੇ
"ਨਾਨਕ ਭੋਜਨ ਅਨਿਕ ਪ੍ਰਕਾਰੇਣ ਨਿੰਦਕ ਆਵਧ ਹੋਇ ਉਪਤਿਸਟਤੇ।"
–ਸਸ ੫, ੨੭:੨ (1356)

ਪ੍ਰਗਟ ------ ਪ੍ਰਤੱਖ, ਜਾਹਰਾ
"ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ।"
–ਸਿਰੀ ੧, ਅਸ ੨੮, ੧੭:੩ (72)

ਪ੍ਰਗਟਾਈ ---- (1) ਪ੍ਰਗਟ ਹੋਵੇ, ਪ੍ਰਤਖ ਹੋਵੇ
"ਨਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ।"(ਭਾਵ ਆਵੇ)
–ਮਾਝ ੫, ਬਾਰਾ ੧:੬ (133)

(2) ਪ੍ਰਸਿੱਧ ਹੋਣਾ
"ਮੋਹਿ ਕਿਰਪਨ ਕਉ ਕੋਇ ਨ ਜਾਨਤ ਸਗਲ ਭਵਨ ਪ੍ਰਗਟਈ।"
–ਆਸਾ ੫, ੧੨੪, ੨:੧ (402)

ਪ੍ਰਗਟਾਇਓ--- ਪ੍ਰਗਟ ਕੀਤਾ, ਪ੍ਰਤੱਖ ਕੀਤਾ, ਰੋਸ਼ਨ ਕੀਤਾ
"ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ।"
–ਗਉ ੫, ੧੩੬*, ੨:੧ (209)

ਹੋਰ ਰੂਪ:

ਪ੍ਰਗਟਾਇਆ–
"ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ।" (ਜ਼ਾਹਰ ਕੀਤਾ, ਪ੍ਰਤੱਖ ਕੀਤਾ)
–ਮਾਝ ੫, ੩੨, ੩:੩ (104)

"ਨਾਨਕ ਸੋ ਸੇਵਕੁ ਦਹ ਦਿਸਿ ਪ੍ਰਗਟਾਇਆ।"(ਪ੍ਰਸਿੱਧ ਕੀਤਾ ਰੋਸ਼ਨ ਕੀਤਾ)
–ਗਉ ੫, ਸੁਖ ੧੭, ੪:੧੦ (285)

“ਜਹ ਜਹ ਸੰਤ ਅਰਾਧਿਆ ਤਹ ਤਹ ਪ੍ਰਗਟਾਇਆ।”(ਪ੍ਰਤੱਖ ਹੋਇਆ)
-ਆਸਾ ੫, ਛੰਤ ੬, ੪:੨ (456)

ਪ੍ਰਗਟਾਏ–
“ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ।”(ਦਸੇ ਪ੍ਰਤਖ ਕਰੇ)
-ਮਾਝ ੫, ਅਸ ੩੬, ੩:੩ (131)

ਪ੍ਰਗਟਾਨੀ ---- ਪ੍ਰਗਟ/ ਪ੍ਰਤੱਖ ਹੋਈ
“ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ।”
-ਗਉ ੫, ਅਸ ੧੫, ੬:੨ (242)

ਪ੍ਰਗਟਾਵਣਿਆ – ਪ੍ਰਗਟ ਹੁੰਦਾ ਹੈ
“ਤੂ ਸਾਹਿਬ ਸਰਣਿ ਸੁਖਦਾਤਾ ਸਤਿ ਸੰਗਤਿ ਜਪਿ ਪ੍ਰਗਟਾਵਣਿਆ।”
-ਮਾਝ ੫, ਅਸ ੩੭, ੭:੩ (132)

ਪ੍ਰਗਟਾਵੈ----- ਪ੍ਰਤੱਖ ਕਰੇ ਭਾਵ ਪ੍ਰਸਿੱਧ ਕਰੇ
“ਤਿਸੁ ਤਤਕਾਲ ਦਹ ਦਿਸ ਪ੍ਰਗਟਾਵੈ।”
-ਗਉ ੫, ਸੁਖ ੧੧, ੪:੪ (277)

ਪ੍ਰਗਟਿ------ ਪ੍ਰਤੱਖ, ਪ੍ਰਕਾਸ਼ਮਾਨ
“ਆਦਿ ਜੁਗਾਦਿ ਪ੍ਰਗਟਿ ਪਰਤਾਪੁ।”
-ਗਉ ੫, ੧੬੭, ੨:੧ (199)
“ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸੁ ਚਰਣਹ ਲਿਵ ਰਹਿਅਉ।”
-ਸਵ ੩, ੧੫:੨ (1395)
“ਕਲਿ ਸਮੁਦ੍ਰ ਭਏ ਰੂਪ ਪ੍ਰਗਟਿ ਹਰਿ ਨਾਮ ਉਧਾਰਨੁ (ਪ੍ਰਕਾਸ਼ਮਾਨ ਹੋਏ)”
-ਸਵ ੫, ਮਥੁ ੭:੧ (1409)

ਹੋਰ ਰੂਪ:

ਪ੍ਰਗਟਿਓ –
“ਪ੍ਰਗਟਿਓ ਸੋ ਜਨੁ ਸਗਲੇ ਭਵਨ।”(ਪ੍ਰਤੱਖ ਹੋ ਗਿਆ/ ਪ੍ਰਸਿਧ ਹੋ ਗਿਆ)
-ਆਸਾ ੫, ੮੯, ੩:੧ (393)
“ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ।”(ਪ੍ਰਕਾਸ਼ ਹੋ ਗਿਆ)
-ਧਨਾ ੫, ੫, ੪:੧ (672)

ਪ੍ਰਗਟਿਆ–
“ਐਸੇ ਗਿਆਨ ਪ੍ਰਗਟਿਆ ਪੁਰਖੋਤਮ ਕਹੁ ਕਬੀਰ ਰੰਗਿ ਰਾਤਾ।”(ਪ੍ਰਗਟ/ ਪ੍ਰਤੱਖ, ਪ੍ਰਕਾਸ਼ਮਾਨ ਹੋਇਆ)
-ਸਿਰੀ ਕਬ, ੩, ੪:੧ (92)
“ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ।”(ਪ੍ਰਤੱਖ ਹੋਇਆ, ਪ੍ਰਗਟ ਹੋਇਆ)
-ਸੋਰ ੪, ਵਾਰ ੧੦ਸ, ੩, ੨:੫ (646)

ਪ੍ਰਗਟਿਤ----- ਪ੍ਰਗਟ ਹੁੰਦੀਆਂ ਹਨ ਭਾਵ ਉਠਦੀਆਂ ਹਨ
“ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰੁ।”

-ਸਵ ੪, ਮਥੁ ੪:੧ (1404)

ਪ੍ਰਗਟੀ------ ਪ੍ਰਗਟ ਹੋਈ, ਉਦੈ ਹੋਈ, ਪ੍ਰਕਾਸ਼ਮਾਨ ਹੋਈ
"ਗੁਰਮੁਖਿ ਬੁਧਿ ਪ੍ਰਗਟੀ ਪ੍ਰਭ ਜਾਸੁ।"
-ਗਉ ੩, ਅਸ ੭, ੭:੩ (232)
"ਮਸਤਕਿ ਮਣੀ ਪ੍ਰੀਤਿ ਬਹੁ ਪ੍ਰਗਟੀ ਹਰਿ ਨਾਮੈ ਹਰਿ ਸੋਹਾਇਆ।"(ਭਾਵ ਚਮਕੀ)
-ਆਸਾ ੪, ਛੰਤ ੧੨, ੧:੪ (446)

ਹੋਰ ਰੂਪ:

ਪ੍ਰਗਟੀਆ-
"ਨਿਰਭਉ ਨਿਰੰਕਾਰੁ ਅਲਖੁ ਹੈ ਗੁਰਮੁਖਿ ਪ੍ਰਗਟੀਆ ।" (ਪ੍ਰਤੱਖ ਹੋਇਆ)
-ਗੂਜ ੩, ਵਾਰ ੧੯:੪ (516)

ਪ੍ਰਗਟੀਨਾ ---- ਪ੍ਰਗਟ ਹੋ ਗਿਆ, ਪ੍ਰਸਿੱਧ ਹੋ ਗਿਆ ਭਾਵ ਫੈਲ ਗਿਆ
"ਜੈ ਜੈ ਕਾਰੁ ਜਗਤਿ ਪ੍ਰਗਟੀਨਾ।"
-ਬਿਲਾ ੫, ੧੨, ੨:੨ (804)

ਪ੍ਰਗਟੁ ------ (1) ਪ੍ਰਤੱਖ, ਪ੍ਰਕਾਸ਼ਮਾਨ
"ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ।"
-ਸਿਰੀ ੧, ਅਸ ੭, ੩:੨ (57)
"ਦੂਖ ਭੂਖ ਦਾਰਿਦ੍ਰ ਨਾਠੇ ਪ੍ਰਗਟੁ ਮਗੁ ਦਿਖਾਇਆ।"(ਪ੍ਰਤੱਖ, ਸਹੀ)
-ਆਸਾ ੫, ਛੰਤ ੯, ੪:੩ (459)
"ਗੁਝਾ ਕਮਾਣਾ ਪ੍ਰਗਟੁ ਹੋਆ ਈਤ ਉਤਹਿ ਖੁਆਰੀ।"(ਜ਼ਾਹਰ ਹੋਇਆ)
-ਆਸਾ ੫, ਛੰਤ ੧੧, ੩:੫ (460)
"ਭਰਪੁਰਿ ਧਾਰਿ ਰਹਿਆ ਨਿਹਕੇਵਲੁ ਗੁਪਤੁ ਪ੍ਰਗਟੁ ਸਭ ਠਾਈ ਹੇ।"(ਪ੍ਰਤੱਖ)
-ਮਾਰੂ ੧, ਸੋਲਾ ੨, ੧੨:੩ (1022)
(2) ਪ੍ਰਸਿੱਧ
"ਜਿਹ ਪ੍ਰਸਾਦਿ ਤੂੰ ਪ੍ਰਗਟੁ ਸੰਸਾਰਿ।"(ਪ੍ਰਸਿੱਧ)
-ਗਉ ੫, ਸੁਖ ੬, ੭:੧ (270)

ਪ੍ਰਗਟੇ ------ (1) ਪ੍ਰਤੱਖ ਹੋਏ, ਜ਼ਾਹਿਰ ਹੋਏ
"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ।"
-ਮਾਝ ੫, ਬਾਰਾ ੧੩:੧ (136)
"ਪ੍ਰਗਟੇ ਗੁਪਾਲ ਮਹਾਂਤ ਕੈ ਮਾਥੈ।"(ਪ੍ਰਤੱਖ ਹੁੰਦੇ/ ਝਲਕਦੇ ਹਨ)
-ਗਉ ੫, ਸੁਖ ੨੪, ੩:੯ (295)
"ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ।"(ਭਾਵ ਖੁਲ੍ਹੇ)
-ਸੋਰ ੫, ੧੧, ੧:੨ (611)

ਹੋਰ ਰੂਪ:

ਪ੍ਰਗਟੈ-
"ਸਾਧ ਕੈ ਸੰਗਿ ਪ੍ਰਗਟੈ ਸੁ ਗਿਆਨੁ।"(ਪ੍ਰਤੱਖ ਹੁੰਦਾ ਹੈ, ਜ਼ਾਹਿਰ ਹੁੰਦਾ ਹੈ, ਭਾਵ ਸਮਝ ਆਉਂਦਾ ਹੈ)
-ਗਉ ੫, ਸੁਖ ੭, ੧:੪ (271)

(2) ਪ੍ਰਸਿੱਧ/ ਉਘੇ ਹੋਏ
"ਜਨ ਨਾਨਕ ਹਰਿ ਹਰਿ ਹਰਿ ਜਪਿ ਪ੍ਰਗਟੇ ਮਤਿ ਗੁਰਮਤਿ ਨਾਮਿ ਸਮਾਨੇ।"
-ਗਉ ੪, ੫੬, ੪:੨ (170)

ਪ੍ਰਗਾਸ------ ਪ੍ਰਜਵਲਤ
"ਗਤਿ ਪਾਵਹਿ ਮਤਿ ਹੋਇ ਪ੍ਰਗਾਸ।"(ਭਾਵ ਉਜਲੀ)
-ਗਉ ੫, ਬਾਅ ੩੨:੪ (257)
"ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲ ਬਿਗਸਨਾ।"(ਭਾਵ ਚਮਕ ਉਠੀ)
-ਬਿਲਾ ੫, ੪੩, ੨:੨ (811)
(2) ਚਾਣਨ
"ਘਟਿ ਘਟਿ ਪੂਰਨ ਬ੍ਰਹਮ ਪ੍ਰਗਾਸ।"
-ਗਉ ੫, ਸੁਖ ੧੧, ੪:੮ (277)
"ਸੰਤ ਸੰਗਤਿ ਮਿਲਿ ਭਇਆ ਪ੍ਰਗਾਸ।"
-ਪ੍ਰਭਾ ੫, ੧੨, ੧:੧ (1341)

ਹੋਰ ਰੂਪ:

ਪ੍ਰਗਾਸਾ–
"ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ ਪ੍ਰਤਿਪਾਲਾ ਜੀਉ।"
-ਮਾਝ ੫, ੩੩, ੩:੩ (104)
(3) ਭਾਵ ਖਿੜਨਾ
"ਚਾਰਿ ਪਦਾਰਥ ਕਮਲ ਪ੍ਰਗਾਸ।"(ਹਿਰਦੇ ਰੂਪ ਕਮਲ ਖਿੜ ਜਾਂਦਾ ਹੈ)
-ਗਉ ੫, ਸੁਖ ੨੪, ੬:੫ (296)
(4) ਪ੍ਰਕਾਸ਼ਮਾਨ ਹੋਣ ਭਾਵ ਉਦੈ ਹੋਣ
"ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ।"
-ਗਉ ਰਵਿ, ਅਸ ੧, ੫:੧ (346)

ਪ੍ਰਗਾਸਾ ----- (1) ਚਾਣਨ, ਵੇਖੋ 'ਪ੍ਰਗਾਸ' (2)
(2) ਜਨਮ ਲਿਆ ਪ੍ਰਕਾਸ਼ਮਾਨ ਹੋਏ
"ਗੁਰ ਰਾਮਦਾਸ ਘਰਿ ਜੀਅਉ ਪ੍ਰਗਾਸਾ।"
-ਸਵ ੫, ਕਲ ੧:੫ (1406)

ਪ੍ਰਗਾਸਿ ----- ਭਾਵ ਖਿੜਕੇ
"ਕਮਲੁ ਪ੍ਰਗਾਸਿ ਸਦਾ ਰੰਗਿ ਰਾਤਾ ਅਨਹਦ ਸਬਦੁ ਵਜਾਇਆ।"
-ਸੋਰ ੩, ੭, ੩:੩ (602)

ਹੋਰ ਰੂਪ:

ਪ੍ਰਗਾਸਿਆ–
"ਅੰਤਰਿ ਕਮਲੁ ਪ੍ਰਗਾਸਿਆ ਅੰਮ੍ਰਿਤੁ ਭਰਿਆ ਅਘਾਇ।"(ਖਿੜਿਆ)
-ਸਿਰੀ ੧, ੨੦, ੪:੨ (22)

ਪ੍ਰਗਾਸਿਆ --- (1) ਖਿੜਿਆ, ਵੇਖੋ 'ਪ੍ਰਗਾਸਿ'
"ਹੋਰ ਰੂਪ:

ਪ੍ਰਗਾਸੀ–
“ਸਚੈ ਸਬਦਿ ਸਦਾ ਮਤਿ ਊਤਮ ਅੰਤਰਿ ਕਮਲੁ ਪ੍ਰਗਾਸੀ ਹੇ।”(ਖਿੜਾ ਦਿਤਾ)
–ਮਾਰੂ ੩, ਸੋਲਾ ੫, ੩:੩ (1048)

ਪ੍ਰਗਾਸੀਐ–
“ਗੁਰ ਮੁਖਿ ਕਮਲੁ ਪ੍ਰਗਾਸੀਐ ਭਾਈ ਰਿਦੈ ਹੋਵੈ ਪਰਗਾਸੁ।”
–ਸੋਰ ੫, ਅਸ ੧, ੫:੩ (640)

(2) ਪ੍ਰਗਟ ਹੈ, ਜ਼ਾਹਿਰ ਹੈ
“ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ।”
–ਗਉ ੩, ੩੫, ੧:੨ (162)

(3) ਦਸਿਆ, ਪ੍ਰਗਟਾਇਆ
“ਹਰਿ ਹਰਿ ਨਾਮੁ ਪਰਗਾਸਿਆ ਮੇਰੇ ਗੋਵਿੰਦਾ ਸਭ ਦਾਲਦ ਦੁਖ ਲਹਿ ਜਾਹੀ ਜੀਉ।”
–ਮਾਝ ੪, ੬੭, ੧:੩ (173)

(4) ਸਮਝ ਵਿਚ ਲਿਆਂਦਾ, ਸਮਝਾਇਆ
“ਸੋ ਮਰਨਾ ਗੁਰ ਸਬਦਿ ਪ੍ਰਗਾਸਿਆ।”
–ਗਉ ਕਬ, ੨੦, ੧:੨ (327)

(5) ਜਗਿਆ, ਰੋਸ਼ਨ ਹੋਇਆ, ਪ੍ਰਕਾਸ਼ਮਾਨ ਹੋਇਆ
“ਨਾਨਕ ਨਾਮੁ ਰਤਨੁ ਪਰਗਾਸਿਆ ਐਸੀ ਗੁਰਮਤਿ ਪਾਈ।”
–ਆਸਾ ੧, ਛੰਤ ੩, ੩:੬ (437)

ਹੋਰ ਰੂਪ:

ਪ੍ਰਗਾਸੀ–
“ਮਨਮੁਖ ਅੰਧੇ ਕਿਛੂ ਨ ਸੂਝੈ ਗੁਰਮਤਿ ਨਾਮੁ ਪ੍ਰਗਾਸੀ ਹੇ।”(ਪ੍ਰਕਾਸ਼ਮਾਨ ਕੀਤਾ)
–ਮਾਰੂ ੩, ਸੋਲਾ ੫, ੧੪:੩ (1040)
“ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ।”(ਜਗਾਈ)
–ਤੁਖਾ ੪, ਛੰਤ ੪, ੧:੩ (1116)

ਪ੍ਰਗਾਸੀਆ–
“ਅੰਤਰਿ ਜੋਤਿ ਪ੍ਰਗਾਸੀਆ ਏਕਸੁ ਸਿਉ ਲਿਵ ਲਾਇ।”(ਜਗਾਈ)
–ਸਿਰੀ ੫, ੮੧, ੧:੨ (46)

(6) ਬਣਿਆ, ਹੋਂਦ ਵਿਚ ਆਇਆ
“ਜਿਉ ਪ੍ਰਗਾਸਿਆ ਮਾਟੀ ਕੁੰਭੇਉ।”
–ਪ੍ਰਭਾ ਨਾਮ, ੩, ੨:੧ (1351)

ਪ੍ਰਗਾਸੁ------ (1) ਰੌਸ਼ਨ, ਪ੍ਰਕਾਸ਼ਮਾਨ, ਪ੍ਰਗਟ
“ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ ਸਦਾ ਸਦਾ ਥਿਰੁ ਹੋਇ।”
–ਸਿਰੀ ੩, ੩੭, ੩:੪ (28)

(2) ਚਾਨਣ, ਪ੍ਰਕਾਸ਼
“ਭਇਓ ਪ੍ਰਗਾਸੁ ਸਰਬ ਉਜੀਆਰਾ ਗੁਰ ਗਿਆਨੁ ਮਨਹਿ ਪ੍ਰਗਟਾਇਓ।”
–ਗਉ ੫, ੧੩੬, ੨:੧ (209)
“ਤਾ ਕੈ ਹਿਰਦੈ ਹੋਇ ਪ੍ਰਗਾਸੁ।” (ਗਿਆਨ ਦਾ ਚਾਨਣ)
–ਗੋਂਡ ੫, ੧੨, ੪:੨ (866)

(3) ਗਿਆਨ ਹੋ ਗਿਆ, ਸਮਝ ਆ ਗਈ
“ਗੁਰਮੁਖਿ ਪ੍ਰਗਾਸੁ ਭਇਆ ਸਾਤਿ ਆਈ ਦੁਰਮਤਿ ਬੁਧਿ ਨਿਵਾਰੀ।”
-ਸੋਰ ੪, ੭, ੩:੧ (607)

(4) ਖਿੜ ਗਿਆ
“ਕਮਲ ਪ੍ਰਗਾਸੁ ਭਇਆ ਗੁਰੁ ਪਾਇਆ ਹਰਿ ਜਪਿਓ ਭ੍ਰਮੁ ਭਉ ਭਾਗਾ।”
-ਮਾਲੀ ੪, ੪, ੧*:੨ (985)

ਪ੍ਰਗਾਸੇ------ ਪ੍ਰਜਵਲਿਤ ਹੋਏ, ਰੋਸ਼ਨ ਹੋ ਗਏ
“ਨਾਮੁ ਨਿਧਾਨੁ ਧਿਆਨ ਅੰਤਰਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ।”
-ਸਵ ੪, ਮਥੁ ੬:੧ (1404)

ਪ੍ਰਚੰਡ ------ ਬਹੁਤ ਤੇਜ਼
“ਕਰਿ ਪ੍ਰਗਾਸੁ ਪ੍ਰਚੰਡ ਪ੍ਰਗਟਿਓ ਅੰਧਕਾਰੁ ਬਿਨਾਸੁ।”
-ਮਾਰੂ ੫, ਅਸ ੩, ੫:੧ (1018)

ਹੋਰ ਰੂਪ:

ਪ੍ਰਚੰਡੁ-
“ਗਿਆਨੁ ਪ੍ਰਚੰਡੁ ਬਲਿਆ ਘਟਿ ਚਾਨਣੁ ਘਰ ਮੰਦਰ ਸੋਹਾਇਆ।”(ਤੇਜ਼)
-ਸੂਹੀ ੪, ਛੰਤ ੩, ੩:੪ (774)

ਪ੍ਰਜਾਰੈ------ ਸਾੜੇ, ਭਸਮ ਕਰੇ
“ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ।”
-ਗੂਜ ੫, ੨੧, ੧*:੨ (500)

ਪ੍ਰਣਵਤਿ----- ਬੇਨਤੀ ਕਰਦਾ ਹੈ, ਸਤਿਕਾਰ ਨਾਲ ਕਹਿਣਾ
“ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵਿਸਰਿਆ।”
-ਆਸਾ ੧, ਸੋਪੁ ੩, ੨:੨ (12)
(ਮਹਾਨਕੋਸ਼ ਇਸ ਦੇ ਅਰਥ ‘ਸ਼ਰਧਾਵਾਨ’ ਕਰਦਾ ਹੈ)

ਪ੍ਰਣਵੈ ------ ਨਿਮਰਤਾ ਸਹਿਤ ਕਹਿਣਾ, ਕਹਿਣਾ
“ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ।”
-ਸਿਰੀ ੧, ੨੫, ੪:੧ (23)

“ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ।”
-ਆਸਾ ਨਾਮ, ੨, ੪:੨ (485)
(ਮਹਾਨਕੋਸ਼ ਇਥੇ ਅਰਥ ‘ਨਮਸਕਾਰ ਕਰਦਾ ਹੈ’ ਕਰਦਾ ਹੈ)
“ਨਾਮਾ ਪ੍ਰਣਵੈ ਸੇਲ ਮਸੇਲ।”(ਕਹੇ)
-ਭੈਰ ਨਾਮ, ੧੦, ੧੯:੧ (1166)

ਪ੍ਰਤਖਿ------ ਪ੍ਰਗਟ ਤੌਰ ਤੇ, ਜ਼ਾਹਿਰਾ
“ਤੀਨਿ ਦੇਵ ਪ੍ਰਤੱਖਿ ਤੋਰਹਿ ਕਰਹਿ ਕਿਸ ਕੀ ਸੇਉ।”
-ਆਸਾ ਕਬ, ੧੪, ੨:੨ (479)

“ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ।”
-ਆਸਾ ਧਨਾ ੨, ੪:੨ (488)

ਪ੍ਰਤਗਿਆ---- ਦ੍ਰਿੜ ਨਿਸ਼ਚਾ
"ਰਾਮ ਸੰਗਿ ਨਾਮਦੇਵ ਜਨ ਕਉ ਪ੍ਰਤਗਿਆ ਆਈ।"
-ਟੋਡੀ ਨਾਮ, ੨, ੧:੧ (718)

ਪ੍ਰਤਿਨਿਤ ---- ਨਿਤਾ ਪ੍ਰਤੀ, ਹਮੇਸ਼ਾ, ਸਦਾ
"ਬਰਧਮਾਨ ਹੋਵਤ ਦਿਨ ਪ੍ਰਤਿਨਿਤ ਆਵਤ ਨਿਕਟਿ ਬਿਖੰਮ ਜਰੀ।"
-ਸਮੁ ੫, ੩*:੪ (1387)
('ਦਰਪਣ' 'ਦਿਨਪ੍ਰਤਿ' ਨਿਤ' ਸੰਦੀ ਛੇਦ ਕਰਕੇ ਅਰਥ 'ਹਰ ਰੋਜ਼' 'ਸਦਾ' ਕਰਦਾ ਹੈ)

ਪ੍ਰਤਪਾਨੀ ---- ਬਹੁਤ ਤਪਾਨਾ
"ਸਰਬ ਜੀਅ ਕੀਏ ਪ੍ਰਤਪਾਨੀ।"
-ਮਲਾ ੧, ਅਸ ੫, ੩:੧ (1275)

ਪ੍ਰਤਾਪ------ ਵਡਿਆਈ, ਇਕਬਾਲ, ਤੇਜ
"ਅਨਦੁ ਭਇਆ ਪੇਖਤ ਹੀ ਨਾਨਕ ਪ੍ਰਤਾਪ ਪੁਰਖ ਨਿਰਬਾਣੀ।"
-ਸੋਰ ੫, ੧੮, ੪:੨ (614)

ਪ੍ਰਤਾਪਿ ----- (1) ਮਿਹਰ ਸਦਕਾ, ਦਇਆ ਸਦਕਾ
"ਹਰਿ ਪ੍ਰਤਾਪਿ ਜਨ ਅਵਰ ਨ ਜਾਣੀ।"
-ਗਉ ੫, ਸੁਖ ੨, ੭:੪ (265)
"ਸੰਤ ਪ੍ਰਤਾਪਿ ਦੁਰਤੁ ਸਭੁ ਨਸੈ।"
-ਗਉ ੫, ਸੁਖ ੨, ੮:੬ (265)
(2) ਬਲ/ਤੇਜ/ ਜ਼ੋਰ ਨਾਲ
"ਸੰਤ ਪ੍ਰਤਾਪਿ ਸਾਧ ਕੈ ਸੰਗੇ ਹਰਿ ਹਰਿ ਨਾਮੁ ਧਿਆਵਉ ਰੇ।"
-ਆਸਾ ੫, ੬੪, ੧*:੨ (387)
"ਨਠੇ ਤਾਪ ਦੁਖ ਰੋਗ ਪੂਰੈ ਗੁਰ ਪ੍ਰਤਾਪਿ।"
-ਗੂਜ ੫, ਵਾਰ ੧੩:੪ (521)
ਹੋਰ ਰੂਪ:
ਪ੍ਰਤਾਪੁ-
"ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ।"(ਤੇਜ਼)
-ਸਿਰੀ ੧, ਅਸ ੨੮, ੧੭:੩ (72)
"ਭਗਤਿ ਸਿਰਪਾਉ ਦੀਓ ਜਨ ਅਪੁਨੇ ਪ੍ਰਤਾਪੁ ਨਾਨਕ ਪ੍ਰਭ ਜਾਤਾ।"(ਵਡਿਆਈ)
-ਸੋਰ ੫, ੯੪, ੨:੨ (631)

ਪ੍ਰਤਿ------- (1) ਹਠ
"ਦਿਨ ਪ੍ਰਤਿ ਕਰੈ ਕਰੈ ਪਛੁਤਾਪੈ ਸੋਗ ਲੋਭ ਮਹਿ ਸੁਕੈ।"
-ਧਨਾ ੫, ੬, ੩:੨ (672)
"ਨਿਤ ਪ੍ਰਤਿ ਨਾਵਣੁ ਰਾਮ ਸਰਿ ਕੀਜੈ।"(ਭਾਵ ਹਰ ਰੋਜ਼)
-ਗਉ ੫, ੧੬੪, ੧*:੧ (198)
(2) ੰਾਲ
"ਅਜਾਮਲ ਪ੍ਰੀਤਿ ਪੁਤ੍ਰ ਪਤਿ ਕੀਨੀ ਕਰਿ ਨਾਰਾਇਣ ਬੋਲਾਰੇ।"

-ਨਟ ੪, ਅਸ ੩, ੨:੧ (981)

ਪ੍ਰਤਿਹਾਰ ---- (1) ਦਰਬਾਨ
“ਧਰਮ ਕੋਟਿ ਜਾ ਕੈ ਪ੍ਰਤਿਹਾਰ।”
-ਭੈਰ ਕਬ, ਅਸ ੨, ੨:੪ (1163)

ਪ੍ਰਤਿਪਲਘਾ--- ਪ੍ਰਤਿਪਾਲਕ, ਪਾਲਣਾ ਕਰਨ ਵਾਲੇ
“ਹਰਿ ਰਾਖੁ ਰਾਖੁ ਜਨ ਕਿਰਮ ਤੁਮਾਰੇ ਸਰਣਾਗਤਿ ਪੁਰਖ ਪ੍ਰਤਿਪਲਘਾ।”
-ਸੂਹੀ ੪, ੨, ੩:੧ (731)

ਪ੍ਰਤਿਪਲੀਆ -- ਪਾਲਦਾ ਹੈ
“ਜੀਅ ਜੰਤ ਸਗਲੇ ਪ੍ਰਤਿਪਲੀਆ।”
-ਮਾਰੂ ੫, ੧੮, ੧*:੨ (1004)

ਪ੍ਰਤਿਪਾਰ ---- ਪਾਲਨਾ
“ਸੋ ਕਾਹੇ ਨ ਕਰੈ ਪ੍ਰਤਿਪਾਰ।”
-ਗਉ ਕਬ, ੨੨, ੨:੨ (328)

ਪ੍ਰਤਿਪਾਰਨ --- ਪਾਲਣਹਾਰਾ
“ਸਰਬ ਧਾਰਨ ਪ੍ਰਤਿਪਾਰਨ ਇਕ ਬਿਨਉ ਦੀਨਾ।”
-ਮਾਰੂ ੫, ੨੨, ੨:੧ (1005)

ਪ੍ਰਤਿਪਾਰਿਆ-- ਪਾਲਿਆ, ਪਾਲਣਾ ਕੀਤੀ
“ਹੋਏ ਕ੍ਰਿਪਾਲ ਮਾਤ ਪਿਤ ਨਿਆਈ ਬਾਰਿਕ ਜਿਉ ਪ੍ਰਤਿਪਾਰਿਆ।”
-ਆਸਾ ੫, ੪੫, ੧:੨ (382)

ਪ੍ਰਤਿਪਾਰੇ ---- (1) ਪਾਲੇ, ਪਾਲਣਾ ਕਰੇ
“ਜੀਅ ਜੰਤ ਸਗਲੇ ਪ੍ਰਤਿਪਾਰੇ।”
-ਮਾਝ ੫, ੩੦, ੩:੨ (103)

(2) ਪਾਲੇ ਹੋਏ
“ਹਮ ਬਾਰਿਕ ਪ੍ਰਤਿਪਾਰੇ ਤੁਮਰੇ ਤੂ ਬਡ ਪੁਰਖੁ ਪਿਤਾ ਮੇਰਾ ਮਾਇਆ।”
-ਕਲਿ ੪, ੧, ੧*:੨ (1319)

ਹੋਰ ਰੂਪ:

ਪ੍ਰਤਿਪਾਰੈ-
“ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ।”(ਪ੍ਰਤਿਪਾਲਣਾ ਕਰਦਾ ਹੈ)
-ਗਉ ੫, ੧੧੩*, ੧:੨ (202)

ਪ੍ਰਤਿਪਾਲ ---- (1) ਪਾਲਣਹਾਰ, ਪ੍ਰਤਿਪਾਲਕ
“ਪ੍ਰਤਿਪਾਲ ਮਹਾ ਦਇਆਲ ਦਾਨਾ ਦਇਆ ਧਾਰੇ ਸਭ ਕਿਸੈ।”
-ਗਉ ੫, ਛੰਤ ੩, ੪:੩ (249)
“ਥਾਨ ਥਨੰਤਰਿ ਰਵਿ ਰਹਿਆ ਸਰਬ ਜੀਆ ਪ੍ਰਤਿਪਾਲ ਜੀਉ।”
-ਸੂਹੀ ੫, ਅਸ ੩, ੫:੧ (760)

(2) ਪਾਲਣਾ ਕਰਦਾ ਹੈ, ਪਾਲਦਾ ਹੈ

"ਸਾਧੂ ਸੰਗਤਿ ਨਿਰਮਲਾ ਆਪਿ ਕਰੇ ਪ੍ਰਤਿਪਾਲ।"

-ਸਿਰੀ ੫, ੮੦, ੨:੨ (45)

"ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ।"(ਪਾਲਣਾ ਕਰ)

-ਬਿਲਾ ੫, ੧੨੧, ੧*:੧ (828)

ਹੋਰ ਰੂਪ:

ਪ੍ਰਤਿਪਾਲੰ-

"ਜੇਨ ਕਲਾ ਮਾਤ ਗਰਭ ਪ੍ਰਤਿਪਾਲੰ ਨਹ ਛੇਦੰਤ ਜਠਰ ਰੋਗਣਹ।"

-ਸਸ ੫, ੫੩:੩ (1359)

(3) ਪ੍ਰਤਿਪਾਲਣਾ, ਰਖਿਆ

"ਅਪਨੇ ਭਗਤ ਪਰਿ ਕੀ ਪ੍ਰਤਿਪਾਲ।"

-ਭੈਰ ਨਾਮ, ੧੦, ੧੬:੧ (1166)

ਪ੍ਰਤਿਪਾਲਹਿ--- ਪਾਲਣਾ ਕਰਦਾ ਹੈ

"ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ।"

-ਕੇਦਾ ੫, ੪, ੨:੧ (1120)

ਹੋਰ ਰੂਪ:

ਪ੍ਰਤਿਪਾਲਹੀ-

"ਤੂ ਸਰਬ ਜੀਆ ਪ੍ਰਤਿਪਾਲਹੀ।"(ਪਾਲਦਾਂ ਹੈ)

-ਸਿਰੀ ੧, ੧੮, ੧:੨ (20)

ਪ੍ਰਤਿਪਾਲਹੁ-

"ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ।"(ਪਾਲਣਾ ਕਰਦੇ ਹੋ)

-ਧਨਾ ੫, ੧੨, ੧:੨ (674)

ਪ੍ਰਤਿਪਾਲਕ --- ਪਾਲਣਹਾਰ, ਪਾਲਣਾ ਕਰਨ ਵਾਲਾ

"ਤੁਮ ਦਇਆਲ ਸਰਣਿ ਪ੍ਰਤਿਪਾਲਕ ਮੋ ਕਉ ਦੀਜੈ ਦਾਨੁਹਰਿ ਹਮ ਜਾਚੇ।"

-ਗਉ ੪, ੫, ੫, ੩:੧ (169)

ਪ੍ਰਤਿਪਾਲਕਹ -- ਪਾਲਣਹਾਰ, ਪਾਲਣ ਵਾਲਾ

"ਦਇਆਲ ਏਕ ਭਗਵਾਨ ਪੁਰਖਹ ਨਾਨਕ ਸਰਬ ਜੀਅ ਪ੍ਰਤਿਪਾਲਕਹ।"

-ਸਸ ੫, ੧੫:੩ (1355)

ਪ੍ਰਤਿਪਾਲਕੁ --- ਪਾਲਣਹਾਰ

"ਜਿਸ ਕਾ ਸਾ ਸੋਈ ਪ੍ਰਤਿਪਾਲਕੁ ਹਤਿ ਤਿਆਗੀ ਹਉਮੈ ਹੰਤਨਾ।"

-ਮਾਰੂ ੫, ਸੋਲਾ ੯, ੭:੩ (1080)

ਪ੍ਰਤਿਪਾਲਣ --- ਪਾਲਣ

"ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੰ੍ਹੀ ਤੇਰਾ ਕਰਾਇਆ।"

-ਧਨਾ ੫, ੭੧, ੧*:੨ (627)

(2) ਪਾਲਣਹਾਰ

"ਲੋਭ ਮੋਹ ਵਸਿ ਕਰਣ ਸਰਣ ਜਾਚਿਕ ਪ੍ਰਤਿਪਾਲਣ।"

-ਸਵ ੨, ੫:੩ (1391)

ਪ੍ਰਤਿਪਾਲਦਾ -- ਪਾਲਣਾ ਕਰਦਾ
“ਹਰਿ ਜੀਅ ਸਭੇ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ।”
-ਸਿਰੀ ੪, ਵਣ ੧, ੧:੨ (81)

ਪ੍ਰਤਿਪਾਲਾ---- (1) ਪਾਲਣਾ
“ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ।”
-ਮਾਝ ੪, ੨, ੩:੨ (94)

(2) ਪਾਲਣਹਾਰ, ਪਾਲਣਾ ਕਰਨ ਵਾਲੇ
“ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ ਪ੍ਰਤਿਪਾਲਾ ਜੀਉ।”
-ਮਾਝ ੫, ੩੩, ੩:੩ (104)
“ਜਿਥੈ ਰਖਹਿ ਬੈਕੁੰਠੁ ਤਿਥਾਈ ਤੂ ਸਭਨਾ ਕੇ ਪ੍ਰਤਿਪਾਲਾ ਜੀਉ।”
-ਮਾਝ ੫, ੪੦, ੩:੩ (106)

ਪ੍ਰਤਿਪਾਲਿ---- (1) ਪਾਲਣਹਾਰ, ਪਾਲਣਾ ਕਰਨ ਵਾਲਾ
“ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ।”
-ਸਿਰੀ ੩, ੪੩, ੪:੧ (30)

(2) ਪਾਲਣਾ ਕਰਦਾ ਹੈ
“ਸਾਸਿ ਸਾਸਿ ਸੰਤਹ ਪ੍ਰਤਿਪਾਲਿ।”
-ਗੋਂਡ ੫, ੧੮, ੨:੩ (867)

ਪ੍ਰਤਿਪਾਲਿਓਨੁ - ਪਾਲਿਆ ਹੈ
“ਆਪੇ ਜੰਤ ਉਪਾਇ ਆਪਿ ਪ੍ਰਤਿਪਾਲਿਓਨੁ।”
-ਸੋਰ ੪, ਵਾਰ ੨੮:੩ (653)

ਪ੍ਰਤਿਪਾਲਿਆ-- ਪਾਲਣਾ ਕੀਤੀ
“ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ।”
-ਮਾਰੂ ੫, ਸੋਲਾ ੧, ੩:੧ (1071)

ਪ੍ਰਤਿਪਾਲੀ---- ਪਾਲਣਹਾਰ, ਪਾਲਣਾ ਕਰਨ ਵਾਲਾ
“ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ।”
-ਭੈਰ ੪, ੩, ੪:੧ (1134)

ਪ੍ਰਤਿਪਾਲੇ ---- ਪਾਲਦਾ ਹੈ
“ਪ੍ਰਭ ਪ੍ਰਤਿਪਾਲੇ ਸੇਵਕ ਸੁਖਦਾਤਾ।”
-ਮਾਝ ੫, ੨੫, ੧:੨ (101)
“ਨਾਨਕ ਦਾਸ ਖਸਮਿ ਪ੍ਰਤਿਪਾਲੇ।”(ਪਾਲੇ)
-ਬਿਲਾ ੫, ੨, ੪:੩ (801)

ਹੋਰ ਰੂਪ:

ਪ੍ਰਤਿਪਾਲੈ-
“ਦਇਆ ਪੁਰਖ ਪੂਰਨ ਪ੍ਰਤਿਪਾਲੈ।”(ਪਾਲਣਹਾਰ)
-ਗਉ ੫, ਅਸ ੧੦, ੧*:੨ (240)

“ਪ੍ਰਤਿਪਾਲੈ ਨਾਨਕ ਹਮਹਿ ਆਪਹਿ ਮਾਈ ਬਾਪ।”(ਪਾਲਦਾ ਹੈ)
-ਗਉ ੫, ਬਾਅ ੩੨:੮ (257)

ਪ੍ਰਤਿਬਿੰਬੁ ---- ਪਰਛਾਵਾਂ, ਅਕਸ
“ਜਿਉ ਪ੍ਰਤੀਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ।”
-ਆਸਾ ਕਬ, ੧, ੪:੧ (475)

ਪ੍ਰਤੀਤਿ ----- (1) ਗਿਆਨ,ਸੋਝੀ, ਜਾਣਕਾਰੀ
“ਆਤਮੇ ਨੋ ਆਤਮੇ ਦੀ ਪ੍ਰਤੀਤਿ ਹੋਇ ਤਾ ਘਰ ਹੀ ਪਰਚਾ ਪਾਇ।”
-ਸਿਰੀ ੪, ਵਾਰ ੧੨ਸ, ੩, ੧:੨ (87)
(2) ਯਕੀਨ ਨਿਸਚਾ
“ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ।”
-ਗਉ ੫, ਸੁਖ ੪, ੭:੫ (267)
“ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ।”
-ਸਾਰ ੪, ੨, ੧:੧ (1198)

ਪ੍ਰਥਮ ------ (1) ਪਹਿਲਾਂ
“ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ।”
-ਤੁਖਾ ੪, ਛੰਤ ੪, ੩:੧ (1116)

ਹੋਰ ਰੂਪ:

ਪ੍ਰਥਮੇ–
“ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ।”
-ਗਉ ੧, ਅਸ ੧੪, ੧:੧ (227)
(2) ਪਹਿਲਾ
“ਪ੍ਰਥਮ ਰਾਜ ਭੈਰਉ ਵੈ ਕਰਹੀ।”
-ਰਾਗ ੧:੩ (1429)

ਹੋਰ ਰੂਪ:

ਪ੍ਰਥਮੇ–
“ਪ੍ਰਥਮੇ ਤੇਰੀ ਨੀਕੀ ਜਾਤਿ।”(ਪਹਿਲੀ ਗੱਲ)
-ਆਸਾ ੫, ੧੨, ੧:੧ (374)

ਪ੍ਰਦੇਸਹ ----- ਪ੍ਰਾਇਆ ਦੇਸਾਂ
“ਭ੍ਰਮਤ ਭਾਰ ਅਗਨਤ ਆਇਓ ਬਹੁ ਪ੍ਰਦੇਸਹ ਧਾਇਓ।”
-ਆਸਾ ੫, ਛੰਤ ੮, ੩:੩ (458)

ਪ੍ਰਦੇਸੁ ------ ਦੂਜਾ ਦੇਸ
“ਤਨਿ ਸੁਗੰਧ ਢੁਢੈ ਪ੍ਰਦੇਸੁ।”(ਭਾਵ ਦੂਜਾ ਸਥਾਨ)
-ਬਸੰ ਰਵਿ, ੧, ੨:੨ (1196)

ਪ੍ਰਧਾਨ ------ ਸ੍ਰੇਸ਼ਟ, ਉਤਮ, ਮੁਖੀ, ਸ੍ਰੋਮਣੀ
“ਪ੍ਰਭ ਕਉ ਸਿਮਰਹਿ ਸੇ ਪੁਰਖ ਪ੍ਰਧਾਨ।”
-ਗਉ ੫, ਸੁਖ ੧, ੫:੪ (263)

"ਤਿਹ ਬਡਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ।" (ਸ੍ਰੇਸ਼ਟ/ਚੰਗੇ ਭਾਗ)
-ਗਉ ਕਬ, ੭੪, ੩:੨ (339)

ਹੋਰ ਰੂਪ:

ਪ੍ਰਧਾਨੁ–
"ਸਗਲ ਪੁਰਖ ਮਹਿ ਪੁਰਖੁ ਪ੍ਰਧਾਨੁ।"(ਸ੍ਰੋਮਣੀ)
-ਗਉ ੫,ਸੁਖ ੩, ੬:੧ (266)
"ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ।"(ਸ੍ਰੇਸ਼ਟ)
-ਮਾਰੂ ੪, ੧, ੨:੧ (995)
"ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ।"(ਮੁੱਖੀ)
-ਭੈਰ ਕਬ, ੧੭, ੨:੨ (1161)

ਪ੍ਰਨਾਸਨ----- ਨਾਸ ਕਰਨ ਵਾਲਾ
"ਦ੍ਰਿਸਟਿ ਧਰਤ ਤਮਹਰਨ ਦਹਨ ਅਘ ਪਾਪ ਪ੍ਰਨਾਸਨ।"
-ਸਵ ੨, ੫:੧ (1391)

ਪ੍ਰਪੰਚੁ ------ ਝਮੇਲਾ, ਖਿਲਾਰਾ, ਅਡੰਬਰ
"ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹ।"
-ਬਿਲਾ ੫, ੪੭, ੨:੨ (812)

ਪ੍ਰਫੁਲਿਆ---- ਖਿੜ ਪਿਆ
"ਘਰਿ ਨਾਹੁ ਨਿਹਚਲੁ ਅਨਦ ਸਖੀਏ ਚਰਨ ਕਮਲ ਪ੍ਰਫੁਲਿਆ।"
-ਰਾਮ ੫, ਰੁਤੀ ੨:੩ (928)

ਪ੍ਰਬਲ ------ ਜ਼ੋਰਦਾਰ, ਬਲਵਾਨ
"ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ।"
-ਕੇਦਾ ੫, ੧, ੧*:੨ (1121)

ਪ੍ਰਬਲ ਚੰਡ --- ਮਾਲ ਕਉਸਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ
"ਪ੍ਰਬਲਚੰਡ ਕਉਸਕ ਉਭਾਰਾ।"
-ਰਾਗ ੧:੨੦ (1430)

ਪ੍ਰਬੀਣੰ------ ਨਿਪੁੰਨ
"ਨਚ ਦੁਰਲਭੰ ਬਿਦਿਆ ਪ੍ਰਬੀਣੰ ਨਦ ਦੁਰਲਭੰ ਚਤੁਰ ਚੰਚਲਹ।"
-ਸਸ ੫, ੩੫:੪ (1357)

ਪ੍ਰਬੀਨ ------ ਨਿਪੁੰਨ
"ਜਾਨ ਪ੍ਰਬੀਨ ਸੁਆਮੀ ਪ੍ਰਭ ਮੇਰੇ ਸਰਣਿ ਤੁਮਾਰੀ ਅਹੀ।"
-ਦੇਵ ੫, ੭, ੨:੧ (529)

ਪ੍ਰਬੀਨਾ ----- ਸਿਆਣਾ, ਨਿਪੁੰਨ
"ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ।"
-ਸਾਰ ੫, ੩੩, ੧:੨ (1211)

ਪ੍ਰਬੋਧੇ ------ ਗਿਆਨਵਾਨ/ ਸੋਝੀਵਾਨ ਹੁੰਦਾ, ਸਮਝਦਾ
"ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ।"
-ਰਾਮ ੫, ਅਸ ੧, ੮:੨ (913)

ਪ੍ਰਭ-------- ਪ੍ਰਭੂ, ਪ੍ਰਮਾਤਮਾ ਰੱਬ
"ਹਮ ਗਰੀਬ ਮਸਕੀਨ ਪ੍ਰਭ ਤੇ ਰੇ ਹਰਿ ਰਾਖੁ ਰਾਖੁ ਵਡਵਡਾ ਹੇ।"
-ਗਉ ੪, ਸੋਹ ੪, ੪:੧ (13)

ਹੋਰ ਰੂਪ:

ਪ੍ਰਭੰ–
"ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧਿੰ ਸਾਧਸੰਗਿ ਕ੍ਰਿਪਾ ਪ੍ਰਭੰ।"(ਪ੍ਰਭੂ ਦੀ)
-ਸਸ ੫, ੩੫:੫ (1357)

ਪ੍ਰਭਤਾ ------ ਵਡਿਤਣ, ਸਾਹਿਬੀ
"ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ।"
-ਧਨਾ ੯, ੨, ੧:੨ (685)

ਪ੍ਰਭਵਨੁ ----- ਗਮਨ, ਫਿਰਨਾ, ਦੋੜਨਾ
"ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ ਮਿਲਿ ਸੰਗਿ ਸਾਧ ਦਇਆ ਘਰੁ ਲਹੀਆ।"
-ਬਿਲਾ ੪, ਅਸ ੪, ੪:੨ (835)

ਪ੍ਰਭਾਤਾ ----- ਪ੍ਰਭਾਤ ਸਮੇਂ, ਸਵੇਰੇ
"ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ।"
-ਤੁਖਾ ੧, ਛੰਤ ੬, ੧:੫ (1112)

ਹੋਰ ਰੂਪ:

ਪ੍ਰਭਾਤੈ–
"ਨਾਉ ਪ੍ਰਭਾਤੈ ਸਬਦਿ ਧਿਆਈਐ ਛੋਡਹੁ ਦੁਨੀ ਪਰੀਤਾ।" (ਸਵੇਰ ਵੇਲੇ)
-ਪ੍ਰਭਾ ੧, ੯, ੪:੧ (1330)

ਪ੍ਰਭਿ ------- ਪ੍ਰਭੂ (ਨੇ, ਨੂੰ ਆਦਿ)
"ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ।"(ਪ੍ਰਭੂ ਨੇ)
-ਸਿਰੀ ੩, ੫੬, ੨:੧ (35)

"ਜਾ ਦੇਖਾ ਪ੍ਰਭੁ ਆਪਣਾ ਪ੍ਰਭਿ ਦੇਖਿਐ ਦੁਖੁ ਜਾਇ।"(ਪ੍ਰਭੂ ਨੂੰ)
-ਸਿਰੀ ੪, ੬੫, ੧:੨ (39)

ਹੋਰ ਰੂਪ:

ਪ੍ਰਭੁ–
"ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ।"(ਪ੍ਰਭੂ)
-ਸਿਰੀ ੧, ੯, ੨:੧ (17)

ਪ੍ਰਭੂ–
"ਆਪੇ ਪ੍ਰਭੂ ਦਇਆਲੁ ਹੈ ਆਪੇ ਦੇਇ ਬੁਝਾਇ।"
-ਸਿਰੀ ੩, ੬੦, ੧:੩ (37)

ਪ੍ਰਭੋ ------- ਮਾਲਕ
"ਜਪਿ ਮਨ ਗੋਵਿੰਦੁ ਹਰਿ ਗੋਵਿੰਦੁ ਗੁਣੀ ਨਿਧਾਨੁ ਸਭ ਸ੍ਰਿਸਟਿ ਕਾ ਪ੍ਰਭੋ ਮੇਰੇ ਮਨ ਹਰਿ ਬੋਲਿ ਹਰਿ ਪੁਰਖੁ ਅਬਿਨਾਸੀ।"
-ਸਾਰ ੪, ੧੨, ੧*:੧ (1202)

ਪ੍ਰਮਾਣ------ ਨਮੂਨੇ ਦੀ, ਪ੍ਰਮਾਣੀਕ
"ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ।"
-ਸਵ ੫, ਮਥੁ ੧:੬ (1408)

ਹੋਰ ਰੂਪ:

ਪ੍ਰਮਾਣਿ-
"ਜਗੁ ਜਿਤਉ ਸਤਿਗੁਰ ਪ੍ਰਮਾਣਿ ਮਨਿ ਏਕ ਧਿਆਯਉ।"
-ਸਵ ੪, ਕਲ ੭:੧ (1397)

ਪ੍ਰਮਾਣਿ ----- (1) ਪ੍ਰਮਾਣੀਕ, ਨਮੂਨੇ ਦਾ, ਵੇਖੋ 'ਪ੍ਰਮਾਣ'
(2) ਤੁਲ, ਸਮਾਨ, ਵਰਗਾ
"ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ।"
-ਸਵ ੫, ਕਲ ੮:੫ (1408)

ਪ੍ਰਮਾਣੁ------ (1) ਪ੍ਰਮਾਣੀਕ, ਮਕਬੂਲ
"ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ।"
-ਸਵ ੧, ੭:੫ (1309)

(2) ਸਮਾਨ, ਤੁਲ, ਬਰਾਬਰ ਦਾ
"ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੋ।"
-ਸਵ ੨, ੬:੫ (1392)

(3) ਵਾਂਗੂ
"ਗੁਰਿ ਰਾਮਦਾਸ ਅਰਜੁਨੁ ਵਰੵਉ ਪਾਰਸੁ ਪਰਸੁ ਪ੍ਰਮਾਣੁ।"
-ਸਵ ੫, ਕਲ ੪:੪ (1407)

ਪ੍ਰਵਣੇ ------ ਪ੍ਰਵਾਨ ਹੈ, ਕਬੂਲ ਹੈ
"ਮੇਰੇ ਮਨ ਕਲਿ ਕੀਰਤਿ ਹਰਿ ਪ੍ਰਵਣੇ।"
-ਨਟ ੪, ੬, ੧*:੧ (976)
(ਮਹਾਨਕੋਸ਼ ਇਸ ਦੇ ਅਰਥ 'ਆਸ਼ਕ' ਕਰਦਾ ਹੈ)

ਪ੍ਰਵਾਹ ------ ਧਾਰਾ, ਵਹਿਣ, ਝਰਣੇ, ਚਸ਼ਮੇ
"ਅੰਮ੍ਰਿਤ ਪ੍ਰਵਾਹ ਸਰਿ ਅਤੁਲ ਭੰਡਾਰ ਭਰਿ ਪਰੈ ਹੀ ਤੇ ਪਰੈ ਅਪਰ ਅਪਾਰ ਪਰਿ।"
-ਸਮੁ ੫, ੨:੧ (1385)
(ਮਹਾਨਕੋਸ਼ ਪ੍ਰਵਾਹਸਰਿ ਨੂੰ ਇਕੱਠਿਆਂ ਕਰ ਅਰਥ 'ਨਿਰੰਤਰ ਵਹਿਣ ਵਾਲੀ ਨਦੀ' ਕਰਦਾ ਹੈ

ਪ੍ਰਵਿਰਤਿ ---- ਰੁਝਿਆ ਹੋਇਆ, ਲੁਗਿਆ ਹੋਇਆ
"ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ।"(ਭਾਵ ਦੁਨੀਆ ਵਿਚ ਰੁਝੇ ਰਹਿਣ ਦਾ ਮਾਰਗ)

-ਸਸ ੫, ੧੨:੪ (1355)

ਪ੍ਰਵੇਸ ------ ਦਾਲਾ
"ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ।"(ਭਾਵ ਵਸ ਜਾਣਾ)
-ਗਉ ੫, ਸੁਖ ੧੬, ੭:੨ (284)
"ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ।"(ਪਸਰਿਆ ਹੋਇਆ ਭਾਵ ਉਸ ਦੀ ਉਪਮਾ ਖਿਲਰੀ ਹੋਈ ਹੈ)
-ਕੇਦਾ ਰਵਿ, ੧, ੨:੨ (1124)

ਹੋਰ ਰੂਪ:

ਪ੍ਰਵੇਸੰ-
"ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ।"(ਦਖਲ)
-ਸਿਰੀ ਬੇਣੀ, ੨, ੩:੧ (92)
"ਨਿਸਿ ਜਾਗਸਿ ਭਗਤਿ ਪ੍ਰਵੇਸੰ।"(ਭਗਤੀ ਵਿਚ ਦਖਲ ਹੋ ਭਾਵ ਲਗ)
-ਪ੍ਰਭਾ ਬੇਣੀ, ੧, ੩:੨ (1351)
ਪ੍ਰਵੇਸਾ-
"ਦੁਖ ਬਿਨਸੇ ਸੁਖ ਅਨਦ ਪ੍ਰਵੇਸਾ ਤ੍ਰਿਸਨ ਬੁਝੀ ਮਨ ਤਨ ਸਚੁ ਧ੍ਰਾਪੇ।"(ਦਾਖਲ ਹੋਇਆ)
ਪ੍ਰਵੇਸੁ-
"ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ।"(ਦਾਖਲ ਹੋਣ)
-ਆਸਾ ਧੰਨਾ, ੧, ੩:੧ (487)
ਪ੍ਰਵੇਸੈ-
"ਸਗਲ ਭਵਨ ਮਹਿ ਸਬਲ ਪ੍ਰਵੇਸੈ।"(ਦਾਖਲ ਹੁੰਦੀ ਹੈ, ਪ੍ਰਵੇਸ਼ ਕਰਦੀ ਹੈ)
-ਆਸਾ ੫, ੪, ੩:੨ (371)

ਪ੍ਰਾਗ ------- ਹਿੰਦੂਆਂ ਦਾ ਇਕ ਤੀਰਥ ਅਸਥਾਨ
"ਪ੍ਰਾਗ ਇਸਨਾਨੇ।"
-ਗੋਂਡ ਨਾਮ, ੧, ੧:੩ (873)

ਹੋਰ ਰੂਪ:

ਪ੍ਰਾਗਿ-
"ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ।"(ਪ੍ਰਾਗ ਤੀਰਥ ਤੇ)
-ਮਾਲੀ ੪, ੬, ੨:੧ (96)

ਪ੍ਰਾਛਤ ------ (1) ਪਾਪ ਦੂਰ ਕਰਨ ਲਈ ਕੀਤਾ ਕਰਮ, ਪ੍ਰਾਸਚਿਤ
"ਕਰਿ ਕੀਰਤਿ ਗੋਵਿੰਦ ਗੁਣੀਐ ਸਗਲ ਪ੍ਰਾਛਤ ਦੁਖ ਹਰੇ।"
-ਆਸਾ ੫, ਛੰਤ ੪, ੧:੫ (454)
(2) ਪਾਪ
"ਸੁਣਿ ਮਨਸੀਖ ਸਾਧੂ ਜਨ ਸਗਲੋ ਥਾਰੇ ਸਗਲੇ ਪ੍ਰਾਛਤ ਮਿਟਿਓ ਰੇ।"
-ਟੋਡ ੫, ੧੯, ੨:੧ (715)

ਪ੍ਰਾਣ ------- ਸਵਾਸ, ਜਿੰਦ ਜਾਨ, ਜੀਵਨ
"ਇਕਸ ਕਾ ਮਨਿ ਆਸਰਾ ਇਕੋ ਪ੍ਰਾਣ ਅਧਾਰੁ।"(ਭਾਵ ਜੀਵਨ)

-ਸਿਰੀ ੫, ੭੯, ੧:੨ (45)
"ਮੈਂ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ।"(ਜਿੰਦ ਜਾਨ)
-ਵਡ ੪, ਛੰਤ ੩, ੪:੪ (574)
"ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ।"(ਸਵਾਸ)
-ਸੂਹੀ ੧, ੧, ੩:੨ (728)
"ਸੰਤਨ ਕੇ ਪ੍ਰਾਣ ਅਧਾਰ।"(ਜੀਵਨ ਦਾ)
-ਰਾਮ ੫, ੩੮, ੩੨:੩ (895)

ਪ੍ਰਾਣ ਅਧਾਰੀ-- ਨਿਰਾਹਰੀ, ਪ੍ਰਾਣਾਯਮ ਕਰਨ ਵਾਲੇ ਜੋਗੀ
"ਤੇਤੀਸ ਕਰੋੜੀ ਦਾਸ ਤੁਮ੍ਾਰੇ ਰਿਧਿ ਸਿਧਿ ਪ੍ਰਾਣ ਅਧਾਰੀ।"
-ਆਸਾ ੩, ਅਸ ੨੩, ੨:੧ (423)

ਪ੍ਰਾਣਨਾਥ ---- ਜਿੰਦਜਾਨ ਦੇ ਮਾਲਕ
"ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨੰ ਜਗਦ ਗੁਰੋ।"
-ਸਸ ੫, ੫੦:੧ (1358)

ਪ੍ਰਾਣਪਤਿ ---- ਪ੍ਰਾਣਾਂ ਦੇ ਮਾਲਕ
"ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ ਤੂੰ ਭਗਤਨ ਕਾ ਪਿਆਰਾ।"
-ਸੂਹੀ ੫, ੪੮, ੨:੨ (747)

ਹੋਰ ਰੂਪ:

ਪ੍ਰਾਣਪਤੀ-
"ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ ਪ੍ਰਾਣਪਤੀ ਹਰਿ ਸਮਕਾ।"
-ਸਾਰ ੫, ੨੭, ੨:੨ (1209)

ਪ੍ਰਾਣਪ੍ਰੀਤਮ --- ਪ੍ਰਾਣਾਂ ਅਰਥਾਤ ਜਿੰਦ ਜਾਨ ਤੋਂ ਪਿਆਰਾ
"ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ।"
-ਸੂਹੀ ੫, ਛੰਤ ੨, ੩:੩ (778)

ਪ੍ਰਾਣਿ ------ ਸੁਆਸਾਂ ਵਿਚ, ਦਮ ਦਮ ਵਿਚ
"ਰਾਮ ਨਾਮੁ ਮੇਰੈ ਪ੍ਰਾਣਿ ਵਸਾਏ ਸਤਿਗੁਰ ਪਰਸਿ ਹਰਿ ਨਾਮਿ ਸਮਈਆ।"
-ਬਿਲਾ ੪, ਅਸ ੩, ੧:੨ (834)

ਪ੍ਰਾਣੀ ------ ਪ੍ਰਾਣਧਾਰੀ, ਜੀਵ ਭਾਵ ਮਨੁੱਖ
"ਪ੍ਰਾਣੀ ਤੂੰ ਆਇਆ ਲਾਹਾ ਲੈਣਿ।"(ਹੇ ਮਨੁੱਖ)
-ਸਿਰੀ ੫, ੭੩, ੧*:੧ (43)
"ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ।"(ਜੀਵ)
-ਸਿਰੀ ੧, ਪਹ ੧, ੧:੬ (74)
"ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ।"(ਭਾਵ ਬਚਾ)
-ਸਿਰੀ ੧, ਪਹ ੧, ੨:੩ (74)

ਪ੍ਰਾਣੀਆ ---- (1) ਜੀਵਾਂ, ਮਨੁੱਖਾਂ
"ਨਿਰਮਲ ਜੋਤਿ ਤਿਨ ਪ੍ਰਾਣੀਆ ਓਇ ਚਲੇ ਜਨਮੁ ਸਵਾਰਿ ਜੀਉ।"
-ਸਿਰੀ ੫, ਅਸ ੨੮, ੨੩:੩ (73)

(2) ਹੇ ਪ੍ਰਾਣੀ, ਹੇ ਮਨੁੱਖ
“ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ।”
-ਤਿਲੰ ੫, ੩, ੧:੧ (724)

ਪ੍ਰਾਣੀਹੋ ----- ਹੇ ਪਾਣੀਓ, ਹੇ ਜੀਵੋ, ਹੇ ਮਨੁੱਖ ਜਨੋ
“ਤਿਸੈ ਸਰੇਵਹੁ ਪ੍ਰਾਣੀਹੋ ਜਿਸ ਦੈ ਨਾਉ ਪਲੈ।”
-ਗਉ ੫, ਵਾਰ ੮:੧ (320)

ਪ੍ਰਾਤ ------- ਪ੍ਰਭਾਤ, ਸਵੇਰ
“ਸੰਧਿਆ ਪ੍ਰਾਤ ਇਸਾਨੁ ਕਰਾਹੀ।”
-ਗਉ ਕਬ, ੫, ੧:੧ (324)

ਪ੍ਰਾਤਹਕਾਲ --- ਸੂਰਜ ਚੜ੍ਹਨ ਤੋਂ ਪਹਿਲਾਂ ਦਾ ਵੇਲਾ,ਸਵੇਰ ਵੇਲੇ
“ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ।”
-ਦੇਵ ੫, ੨੬, ੧:੧ (533)

ਹੋਰ ਰੂਪ:

ਪ੍ਰਾਤਹਕਾਲਿ-
“ਪ੍ਰਾਤਹਕਾਲਿ ਹਰਿ ਨਾਮੁ ਉਚਾਰੀ।”
-ਸੂਹੀ ੫, ੩੦, ੧:੧ (743)

ਪ੍ਰਾਤਮਾ ----- ਜੀਵਾਤਮਾ
“ਪ੍ਰਾਤਮਾ ਪਾਰਬ੍ਰਹਮ ਕਾ ਰੂਪ।”
-ਗੋਂਡ ੫, ੨੧, ੧*:੨ (868)

ਪ੍ਰਾਨ ------- ਪ੍ਰਾਣਾਂ, ਸੁਆਸਾਂ, ਭਾਵ ਜੀਵਨ ਦਾ
“ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕਰਿਤਿ ਹਮਰੀ ਰਹਿਰਾਸਿ।”
-ਗੁਜ ੪, ਸੋਦ ੪, ੧*:੨ (10)
“ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ।”(ਜੀਅ ਜਾਨ)
-ਸਿਰੀ ੫, ਛੰਤ ੩, ੨:੩ (80)
“ਪ੍ਰਾਨ ਗਏ ਕਹੁ ਕਾਕੀ ਮਾਇਆ।”(ਸੁਆਸ ਮੁੱਕ ਗਏ)
-ਗਉ ਕਬ, ੮, ੨:੨ (325)
(2) ਪ੍ਰਾਨੀ, ਮਨੁੱਖ (ਮਹਾਨਕੋਸ਼)
“ਪ੍ਰਾਨ ਤਰਨ ਕਾ ਇਹੈ ਸੁਆਉ।”
-ਗਉ ੫, ਸੁਖ ੨੨, ੫:੬ (293)

ਹੋਰ ਰੂਪ:

ਪ੍ਰਾਨੰ-
“ਮਨੁ ਧਨੁ ਤੇਰੋ ਪ੍ਰਾਨੰ ਏਕੈ ਸੁਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ।”
-ਸਮੁ ੫, ੪:੨ (1386)

ਪ੍ਰਾਨ ਅਧਾਰ -- ਜੀਵਨ ਦਾ ਆਸਰਾ
“ਨਾਨਕ ਸਰਣਿ ਤੁਮ੍ਹਾਰੀ ਕਰਤੇ ਤੂੰ ਪ੍ਰਭ ਪ੍ਰਾਨ ਅਧਾਰ।”

-ਗੂਜ ੫, ੨੩, ੨:੧ (500)

ਹੋਰ ਰੂਪ:

ਪ੍ਰਾਨ ਅਧਾਰਾ-
"ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ।"
-ਬਿਹਾ ੫, ਛੰਤ ੨, ੧:੧ (542)

ਪ੍ਰਾਨ ਅਧਾਰੀ-
"ਸਾਜਨ ਮੀਤ ਸਖਾ ਹਰਿ ਬੰਧਪ ਜੀਅ ਧਾਨ ਪ੍ਰਭ ਪ੍ਰਾਨ ਅਧਾਰੀ।"(ਪ੍ਰਾਨਾਂ ਦਾ ਆਸਰਾ)
-ਸਮੁ ੫, ੯:*੫ (1389)

ਪ੍ਰਾਨ ਅਧਾਰੇ-
"ਤੂੰ ਪ੍ਰੀਤਮ ਤੂੰ ਪ੍ਰਾਨ ਅਧਾਰੇ।"
-ਸੂਹੀ ੫, ੧੫, ੧*:੧ (740)

ਪ੍ਰਾਨਸਖਾ ---- ਪ੍ਰਾਨਾਂ ਦੇ ਦੋਸਤ ਭਾਵ ਪ੍ਰਾਨ ਰਖਿਅਕ
"ਮੇਰੇ ਪ੍ਰਾਨਸਖਾ ਗੁਰ ਕੇ ਸਿਖ ਭਾਈ ਮੋ ਕਉ ਕਰਹੁ ਉਪਦੇਸੁ ਹਰਿ ਮਿਲੈ ਮਿਲਾਇਆ।"
- ਗੂਜ ੪, ੫, ੧*:੨ (493)

ਪ੍ਰਾਨਨਾਥ ---- ਪ੍ਰਾਨਾਂ ਦੇ ਮਾਲਕ/ ਸੁਆਮੀ
"ਪ੍ਰਾਨ ਨਾਥ ਅਨਾਥ ਦਾਤੇ ਦੀਨ ਗੋਬਿਦ ਸਰਨ।"
-ਕਾਨ ੫, ੪੦, ੨:੧ (1306)

ਪ੍ਰਾਨਪਤਿ ---- ਪ੍ਰਾਨਾਂ ਦੇ ਮਾਲਕ ਭਾਵ ਹਰਿ
"ਕਵਨ ਗੁਨ ਪ੍ਰਾਨ ਪਤਿ ਮਿਲਉ ਮੇਰੀ ਮਾਈ।"
-ਗਉ ੫, ੧੧੮*, ੧*:੧ (204)

ਹੋਰ ਰੂਪ:

ਪ੍ਰਾਨਪਤੀ-
"ਇਕ ਨਿਮਖ ਮਿਲਾਵਹੁ ਮੋਹਿ ਪ੍ਰਾਨਪਤੀ ਰੀ।"(ਪ੍ਰਭੂ)
-ਸੂਹੀ ੫, ੧੦, ੩:੨ (739)

ਪ੍ਰਾਨਪਤੇ-
"ਮੁਖਿ ਪਰੈ ਹਰੈ ਪਿਆਸ ਮੇਰੀ ਜੀਅ ਹੀਆ ਪ੍ਰਾਨਪਤੇ।"(ਪ੍ਰਭੂ)
-ਬਿਲਾ ੫, ਛੰਤ ੩, ੪:੩ (847)

ਪ੍ਰਾਨਪਿਆਰੇ -- ਪ੍ਰਾਨਾਂ ਤੋਂ ਪਿਆਰੇ, ਬਹੁਤ ਪਿਆਰ
"ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ਚਿਤਵੰਤਿ ਦਰਸਨੁ ਸਦ ਮਨਾ।"
-ਬਿਹਾ ੫, ਛੰਤ ੬, ੪:੪ (546)

ਪ੍ਰਾਨਮੁਖ----- ਜਲਾਦ(ਕੇਵਲ ਮਹਾਨਕੋਸ਼)
"ਦੇਖਿ ਬੈਸਨੋ ਪ੍ਰਾਨ ਮੁਖ ਭਾਗਾ।"
-ਪ੍ਰਭਾ ਬੇਣੀ, ੧, ੧:੪ (1351)

ਪ੍ਰਾਨਾ ------ ਜਿੰਦ ਜਾਨ, ਜੀਵਨ

“ਮਧੁ ਸੂਦਨ ਮੇਰੇ ਮਨ ਤਨ ਪ੍ਰਾਨਾ।”
-ਮਾਝ ੪, ੨, ੧:੧ (94)

ਪ੍ਰਾਨਾਨਾਂ ----- ਪ੍ਰਾਨ, ਜਿੰਦ ਜਾਨ
“ਸਿਵ ਸਨਕਾਦਿ ਜਾਸੁ ਗੁਨ ਗਾਵਹਿ ਤਾਸੁ ਬਸਹਿ ਮੋਰੇ ਪ੍ਰਾਨਾਨਾਂ।”
-ਗਉ ਕਬ, ੭੪, ੧*:੨ (339)

ਪ੍ਰਾਨਿ ------ ਪ੍ਰਾਨਾਂ ਵਿਚ
“ਹਰਿ ਨਾਮੋ ਹਰਿ ਨਾਮੁ ਦੇਵੈ ਮੇਰੈ ਪ੍ਰਾਨਿ ਵਸਾਏ ਰਾਮ।”
-ਆਸਾ ੪, ਛੰਤ ੮, ੧:੨ (442)
“ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ।” (ਭਾਵ ਸੁਆਸ ਸੁਆਸ)
-ਕਲਿ ੫, ੪, ੧*:੨ (1322)

ਪ੍ਰਾਨੀ ------ (1) ਪ੍ਰਾਣ ਧਾਰੀ ਭਾਵ ਜੀਵ ਅਥਵਾ ਮਨੁੱਖ
“ਪੂਰਬਿ ਕਰਮਿ ਲਿਖਿਆ ਧੁਰਿ ਪ੍ਰਾਨੀ।”
-ਗਉ ੫, ੧੬੯, ੧*:੨ (199)
“ਪ੍ਰਾਨੀ ਕਉਨੁ ਉਪਾਉ ਕਰੈ।” (ਮਨੁੱਖ)
-ਸੋਰ ੯, ੫, ੧*:੧ (632)
“ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ।”(ਪ੍ਰਾਨੀਆਂ ਦੇ)
-ਬਿਲਾ ੫, ੮੩, ੧*:੨ (820)
(2) ਹੇ ਜੀਵ, ਹੇ ਮਨੁੱਖ
“ਬਿਨੁ ਹਰਿ ਭਗਤਿ ਨਾਹੀ ਸੁਖੁ ਪ੍ਰਾਨੀ ਬਿਨੁ ਗੁਰ ਗਰਬੁ ਨ ਜਾਈ।”
-ਗੂਜ ੧, ਅਸ ੩, ੨:੨ (504)

ਪ੍ਰਾਨੀਅਹੁ ---- ਹੇ ਜੀਵ ਧਾਰੀਓ, ਹੇ ਪਾਨੀਓ
“ਗੁਰੁ ਗੁਰੁ ਗੁਰੁ ਗੁਰੁ ਗੁਰੁ ਜਪੁ ਪ੍ਰਾਨੀਅਹੁ।”
-ਸਵ ੪, ਨਲ ੧੩:੨ (1400)

ਪ੍ਰਾਨੇ ------- ਪ੍ਰਾਣ, ਜਿੰਦ
“ਜਿਸ ਤੇ ਤੁਮ ਹਰਿ ਜਾਨੇ ਸੁਆਮੀ ਸੋ ਸਤਿਗੁਰੁ ਮੇਲਿ ਮੇਰਾ ਪ੍ਰਾਨੇ।”
-ਗਉ ੪, ੫੬, ੧:੨ (169)

ਪ੍ਰਾਪਤੰ ------ ਪ੍ਰਾਪਤ ਹੁੰਦੇ ਹਨ
“ਪ੍ਰਾਪਤੰ ਧਰਮ ਲਖ੍ਿਣ।”
-ਸਸ ੫, ੧੦:੪ (1354)

ਹੋਰ ਰੂਪ:

ਪ੍ਰਾਪਤਿ-
“ਨਾਨਕ ਮਨੁ ਤਨੁ ਅਰਪਿ ਗੁਰ ਆਗੈ ਜਿਸੁ ਪ੍ਰਾਪਤਿ ਸੋ ਪਾਏ।”
(ਪ੍ਰਾਪਤ ਹੋਣਾ ਲਿਖਿਆ ਹੈ, ਭਾਵ ਭਾਗਾਂ ਵਿਚ ਹੋਵੇ)
-ਆਸਾ ੪, ਛੰਤ ੮, ੩:੬ (442)
“ਪ੍ਰਾਪਤਿ ਪੋਤਾ ਕਰਮੁ ਪਸਾਉ।”(ਪ੍ਰਾਪਤ ਹੁੰਦਾ ਹੈ)
-ਰਾਮ ੧, ੮, ੨:੧ (878)

ਪ੍ਰਿਉ------- (1) ਪਤੀ
"ਕਹੁ ਨਾਨਕ ਜਿਨਿ ਪ੍ਰਿਉ ਪਰਮੇਸੁਰ ਕਰਿ ਜਾਨਿਆ।"
-ਗਉ ੫, ੯੯, ੪:੧ (185)
"ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ।"
-ਆਸਾ ੫, ਛੰਤ ੩, ੧:੫ (454)
"ਸੇਜ ਏਕ ਪ੍ਰਿਉ ਸੰਗਿ ਦਰਸੁ ਨ ਪਾਈਐ ਰਾਮ।"(ਭਾਵ ਪਰਮੇਸਰ)
-ਬਿਹਾ ੫, ਛੰਤ ੨, ੩:੧ (543)
"ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ।"(ਪਿਆਰੇ ਪ੍ਰਭੂ ਨੂੰ ਆਰਾਧੇ)
-ਬਸੰ ੧, ਅਸ ੧, ੭:੩ (1187)
(2) ਪਿਆਰਾ, ਪ੍ਰਿਅ
"ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ।"(ਪਿਆਰਾ ਪਿਆਰਾ ਉਚਾਰਦੇ)
-ਗਉ ੫, ੧੩੪*, ੨:੨ (208)
"ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ ਪ੍ਰਿਉ ਪ੍ਰਿਉ ਬੂੰਦ ਮੁਖਿ ਪਈਆ।"(ਪੀਉ ਪੀਉ)
-ਬਿਲਾ ੪, ਅਸ ੬, ੧:੨ (836)

ਪ੍ਰਿਅ------- (1) ਪਿਆਰੇ
"ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।"
-ਮਾਝ ੫, ੮, ੩:੨ (96)
"ਨਾਨਕਾ ਭਗਤਿ ਪ੍ਰਿਅ ਹੋ।"
-ਗਉ ੫, ੧੫੫, ੩:੨ (213)
ਹੋਰ ਰੂਪ:
ਪ੍ਰਿਅੰ-
"ਭ੍ਰਿਤਿਆ ਪ੍ਰਿਅੰ ਬਸ੍ਰਾਮ ਚਰਣੰ।"(ਭਗਤਾਂ ਦੇ ਪਿਆਰੇ)
-ਸਸ ੫, ੫:੩ (1354)
(2) ਪਤੀ
"ਸੀਲ ਸੰਜਮਿ ਪ੍ਰਿਅ ਆਗਿਆ ਮਾਨੈ।"
-ਗਉ ੫, ੯੯, ੨:੨ (185)
"ਪ੍ਰਿਅ ਸਿਉ ਰਾਤੀ ਧਨ ਸੋਹਾਗਣਿ ਨਾਰਿ।"
-ਅਸ ੫, ੨, ੩:੪ (370)
"ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ।"(ਪਿਆਰੇ ਹਰੀ)
-ਆਸਾ ੫, ਛੰਤ ੧੪, ੧:੪ (462)

ਪ੍ਰਿਅਹਿ ----- ਪਿਆਰੇ ਦਾ
"ਨਾਨਕ ਆਏ ਸਫਲ ਤੇ ਜਾ ਕਉ ਪ੍ਰਿਅਹਿ ਸੁਹਾਗ।"
-ਗਉ ੫, ਬਾਅ ੧੯:੮ (254)

ਪ੍ਰਿਥਮੀ ----- ਪ੍ਰਿਥਵੀ, ਧਰਤੀ
"ਦਾੜਾ ਅਗ੍ਹੇ ਪ੍ਰਿਥਮਿ ਧਰਾਇਣ।"
-ਮਾਰੂ ੫, ਸੋਲਾ ੧੧, ੩:੨ (1082)

ਪ੍ਰਿਥਮਤੀ ---- ਪ੍ਰਿਥਵੀ,ਧਰਾ, ਧਰਤੀ
"ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ।"
-ਗਉ ੫, ੧੩੨*, ੧:੧ (208)
"ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤਿਪਤਿ ਅਘਾਇ।"
-ਗਉ ੫, ਵਾਰ ੧੯ਸ ੫, ੧:੨ (321)

ਪ੍ਰਿਥਮੀ ਪਤਿ -- ਪ੍ਰਿਥਵੀ ਦਾ ਮਾਲਕ
"ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ।"
-ਪ੍ਰਭਾ ੧, ਅਸ ੪, ੨:੧ (1344)

ਪ੍ਰਿਥਵੀ ----- (ਸੰ.) ਧਰਾ, ਧਰਤੀ
"ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ।"
-ਜੈਤ ੫, ਵਾਰ ੯ਸ, ੫, ੧:੧ (707)

ਪ੍ਰਿਮ ------- ਪ੍ਰੇਮ, ਪਿਆਰ
"ਐਸਾ ਸੀਗਾਰੁ ਮੇਰੇ ਪ੍ਰਭ ਭਾਵੈ ਹਰਿ ਲਾਗੈ ਪਿਆਰਾ ਪ੍ਰਿਮ ਕਾ।"
-ਸੋਰ ੪, ਵਾਰ ੨੧:੩ (650)

ਪ੍ਰੀਤਮ ------ (1) ਪਤੀ, ਪਿਆਰਾ
"ਸਦਾ ਅਨੰਦਿ ਰਹੈ ਦਿਨੁ ਰਾਤੀ ਮਿਲਿ ਪ੍ਰੀਤਮ ਸੁਖੁ ਪਾਏ।"
-ਸਿਰੀ ੩, ੪੫, ੩:੩ (31)
"ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ।"
-ਮਾਝ ੪, ੩, ੨:੨ (95)
(2) ਪਿਆਰੇ
"ਨਾਨਕ ਸਿਖ ਦੇਇ ਮਨ ਪ੍ਰੀਤਮ ਸਾਧਸੰਗਿ ਭ੍ਰਮੁ ਜਾਲੇ।"(ਪਿਆਰੇ ਮਨ)
-ਸਿਰੀ ੫, ਛੰਤ ੨, ੧:੬ (79)
"ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ।"
-ਗਉ ੩, ਛੰਤ ੧, ੪:੨ (244)
(3) ਭਾਵ ਪ੍ਰਭੂ
"ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।"
-ਮਾਝ ੫, ਬਾਰਾ ੩:੭ (134)

ਪ੍ਰੀਤਮਹੁ ----- ਪਿਆਰਿਓ
"ਸਾਜਨ ਮੇਰੇ ਪ੍ਰੀਤਮਹੁ ਤੁਮ ਸਹ ਕੀ ਭਗਤਿ ਕਰੇਹੋ।"
-ਆਸਾ ੩, ਛੰਤ ੭, ੧:੧ (440)

ਪ੍ਰੀਤਮਾ ----- ਪਿਆਰੇ, ਪਿਆਰਿਆ
"ਮੇਰੇ ਪ੍ਰੀਤਮਾ ਹਉ ਜੀਵਾ ਨਾਮੁ ਧਿਆਇ।"
-ਸਿਰੀ ੪, ੬੬, ੧*:੧ (40)
"ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ।"
-ਗਉ ੪, ਕਰ ੧, ੪:੧ (234)

ਪ੍ਰੀਤਮਿ ----- ਪਿਆਰੇ ਨੇ ਭਾਵ ਪ੍ਰਭੂ ਪਿਆਰੇ ਨੇ

"ਪ੍ਰੀਤਮਿ ਮੋਹਿ ਲਇਆ ਮਨੁ ਮੇਰਾ ਪਾਇਆ ਕਰਮ ਬਿਧਾਤਾ।"
-ਸੂਹੀ ੩, ਛੰਤ ੬, ੪:੪ (772)

ਪ੍ਰੀਤਮੁ ------ (1) ਪਿਆਰਾ
"ਸੋ ਪ੍ਰਭੁ ਪ੍ਰੀਤਮੁ ਮਨਿ ਵਸੈ ਜਿ ਸਭਸੈ ਦੇਇ ਅਧਾਰੁ।"
-ਸਿਰੀ ੩, ੬੨, ੨:੪ (138)

(2) ਪਤੀ, ਪਿਆਰਾ
"ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ।"
-ਸਿਰੀ ੪, ੬੫, ੧:੧ (39)

(3) ਚਾਹਵਾਨ, ਲੋਚਵਾਨ, ਪ੍ਰੇਮੀ
"ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।"(ਪ੍ਰੇਮੀ ਬਣ ਜਾਂਦਾ ਹੈ)
-ਆਸਾ ੧, ੩੮, ੩:੨ (360)

(4) ਭਾਵ ਪ੍ਰਭੂ
"ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ।"
-ਵਡ ੪, ੧, ੧*:੨ (561)

ਪ੍ਰੀਤਮੈ ------ (1) ਪ੍ਰੀਤਮ ਭਾਵ ਪਿਆਰੇ ਪ੍ਰਭੂ ਨਾਲ
"ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ।"
-ਰਾਮ ੫, ਰੁਤੀ ੪, ੧ਸ:੧ (928)

(2) ਪਿਆਰੇ ਨੂੰ
"ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ।"
-ਵਡ ੪, ਵਾਰ ੨:੨ (586)

ਪ੍ਰੀਤਿ ------ (1) ਪਿਆਰ, ਨੇਹੁ, ਪ੍ਰੇਮ
"ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ।"
-ਸਿਰੀ ੧, ੧੭, ੩:੧ (20)

"ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ।"
-ਸਿਰੀ ੫, ੮੩, ੧:੧ (46)

"ਪ੍ਰੇਮ ਪ੍ਰੀਤਿ ਸਦਾ ਧਿਆਈਐ ਭੈ ਭਾਇ ਭਗਤਿ ਦ੍ਰਿੜਾਵਣਿਆ।"(ਭਾਵ ਲਗਨ, ਪ੍ਰੇਮ ਦੀ ਲਗਨ ਨਾਲ)
-ਮਾਝ ੩, ਅਸ ੬, ੪:੩ (112)

ਹੋਰ ਰੂਪ:

ਪ੍ਰੀਤੀ-
"ਬਿਨੁ ਪ੍ਰੀਤੀ ਭਗਤਿ ਨ ਹੋਵਈ ਬਿਨੁ ਸਬਦੈ ਥਾਇ ਨ ਪਾਇ।"
-ਸਿਰੀ ੩, ਅਸ ੨੧, ੭:੧ (67)

(2) ਤ੍ਰਿਪਤੀ, ਸੰਤੁਸ਼ਟਤਾ, ਪ੍ਰਸੰਨਤਾ
"ਮੀਨੇ ਪ੍ਰੀਤਿ ਭਈ ਜਲਿ ਨਾਇ।"
-ਗਉ ੪, ੪੧, ੧:੨ (164)

"ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ।"
-ਗਉ ੪, ੪੧, ੨:੨ (164)

"ਭੁਖੇ ਪ੍ਰੀਤਿ ਹੋਵੈ ਅੰਨੁ ਖਾਇ।"

-ਗਉ ੪, ੪੨, ੧:੨ (164)

ਪ੍ਰੀਧੇ ------- ਪ੍ਰੇਸਿਆ, ਸਾਹਮਣੇ ਰਖਿਆ, ਪ੍ਰਤੱਖ ਕੀਤਾ
“ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ।”
-ਬਸੰ ੪, ੫, ੩:੧ (1179)

ਪ੍ਰੇਉ ------- ਪਿਆਰਾ,ਪ੍ਰਿਯ
“ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ।”
-ਬਸੰ ੧, ੬, ੨:੨ (1170)

ਪ੍ਰੇਤ ------- (1) (ਸੰ.) ਚੰਦਰੀ ਰੂਹ
ਭੂਤ, ਮੋਏ ਹੋਏ ਦੀ ਅਬਗਤ ਆਤਮਾ ਜੋ ਦੁਖਦਾਈ ਰੂਪ ਵਿਚ ਘੁੰਮਦੀ ਫਿਰੇ
“ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ।”
-ਗਉ ੫, ਸੁਖ ੯, ੫:੬ (274)
“ਪ੍ਰੇਤ ਪਿੰਜਰ ਮਹਿ ਦੂਖ ਘਨੇਰੇ।”(ਸਰੀਰ ਜੋ ਮਨ ਰੂਪੀ ਪ੍ਰੇਤ ਦੇ ਰਹਿਣ ਦਾ ਪਿੰਜਰਾ ਹੈ)
-ਮਾਰੂ ੧, ਸੋਲਾ ੯, ੬:੧ (1029)
(2) ਇਕ ਜੂਨ, ਪ੍ਰਥਮ ਜੁਨ ਜਿਸ ਵਿਚ ਆਤਮਾ ਲਿੰਗ ਸਰੀਰ ਵਿਚ ਰਹਿ ਕੇ ਅਤਿ ਦੁੱਖੀ ਹੁੰਦੀ ਹੈ।
“ਕਈ ਕੋਟ ਭੂਤ ਪ੍ਰੇਤ ਸੂਕਰ ਮ੍ਰਿਗਾਚ।”
-ਗਉ ੫, ਸੁਖ ੧੦, ੪:੮ (276)
(3) ਰਵਾਣਾ ਹੋਇਆ, ਮੋਇਆ ਹੋਇਆ
“ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤ ਪੁਕਾਰਿ।”
-ਦੇਵ ੯, ੨, ੧:੧ (536)

ਪ੍ਰੇਤਤਹ ----- ਪ੍ਰੇਤ (ਜਿੰਨ, ਭੂਤ)ਹਨ
“ਹਰਿ ਭਗਤਿ ਭਾਵ ਹੀਣੰ ਨਾਨਕ ਪ੍ਰਭ ਬਿਸਰਤ ਤੇ ਪ੍ਰੇਤਤਹ।”
-ਜੈਤ ੫, ਵਾਰ ੪ਸ, ੫, ੧:੨ (706)

ਪ੍ਰੇਤਾ ------- ਭੈੜੀਆਂ ਰੂਹਾਂ
“ਪਸੁ ਪੰਖੀ ਭੂਤ ਅਰੁ ਪ੍ਰੇਤਾ।”
-ਮਾਰੂ ੫, ੧੯, ੩:੧ (1005)

ਹੋਰ ਰੂਪ:

ਪ੍ਰੇਤੁ-
“ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੇ ਕਹਸਨਿ ਪ੍ਰੇਤੁ।”(ਭੂਤ ਜਿੰਨ)
-ਮਾਝ ੫, ਬਾਰਾ ੭:੩ (134)

ਪ੍ਰੇਮ ------- (ਸੰ.) ਪਿਆਰ, ਨਿਹੁੰ, ਸਨੇਹ
“ਪ੍ਰੇਮ ਪਦਾਰਥ ਪਾਈਐ ਗੁਰਮੁਖਿ ਤਤੁ ਵੀਚਾਰੁ।”
-ਸਿਰੀ ੧, ਅਸ ੧੨, ੫:੧ (61)
“ਅੰਦਰੁ ਖਾਲੀ ਪ੍ਰੇਮ ਬਿਨੁ ਢਹਿ ਢੇਰੀ ਤਨੁ ਛਾਰੁ।”
-ਸਿਰੀ ੧, ਅਸ ੧੫, ੧:੩ (62)

ਹੋਰ ਰੂਪ:

ਪ੍ਰੇਮਿ–
“ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ।”(ਪ੍ਰੇਮ ਵਿਚ)
–ਸਿਰੀ ੧, ਅਸ ੨, ੬:੨ (54)

ਪ੍ਰੇਮੁ–
“ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ।”
–ਸਿਰੀ ੧, ੨, ੧:੩ (54)

ਪ੍ਰੇਰਹੁ ------ ਚਲਾਵੋ, ਉਤਸ਼ਾਹਿਤ ਕਰੋ
“ਜਿਤੁ ਮਾਰਗਿ ਤੁਮ ਪ੍ਰੇਰਹੁ ਸੁਆਮੀ ਤਿਤੁ ਮਾਰਗਿ ਹਮ ਜਾਤੇ।”
–ਗਉ ੪, ੫੪, ੧:੨ (169)

ਪ੍ਰੇਰਿ ------- ਚਲਾਉਣਾ,ਧਕਣਾ
“ਤਿਨ ਹੀ ਮਾਹਿ ਅਟਿਕ ਜੋ ਉਰਝੇ ਇੰਦ੍ਰੀ ਪ੍ਰੇਰਿ ਲਇਓ।”(ਭਾਵ ਭਰਮਾ ਲਿਆ)
–ਗਉ ਕਬ, ੫੯, ੩:੨ (336)

ਹੋਰ ਰੂਪ:

ਪ੍ਰੇਰਿਓ–
“ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ।”(ਭਾਵ ਭਰਮਿਆ)
–ਗਉ ਕਬ, ੫੬, ੩:੧ (335)

ਪ੍ਰੇਰੇ–
“ਉਦਮ ਮਤਿ ਪ੍ਰਭ ਅੰਤਰਜਾਮੀ ਜਿਉ ਪ੍ਰੇਰੇ ਤਿਉ ਕਰਨਾ।”(ਚਲਾਉਂਦਾ, ਉਤਸ਼ਾਹਿਤ ਕਰਦਾ, ਪ੍ਰੇਰਨਾ ਦਿੰਦਾ ਹੈ)
–ਬਿਲਾ ੪, ੧, ੧:੧ (798)

ਫ

ਫਉਜ ------ (ਅ. ਫੋਜ਼) ਲਸ਼ਕਰ, ਸੈਨਾ
“ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ।”
–ਆਸਾ ੫, ੧੩੨, ੨:੧ (404)

ਫਸਲਿ------ (ਅ. ਫਸਲ) ਤਿਆਰ ਖੇਤੀ
“ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ।”
–ਮਲਾ ੧, ਵਾਰ ੧੯ਸ, ੧, ੧:੫ (1280)

ਫਹਰੰਤਿ ---- ਹਵਾ ਵਿਚ ਲਹਿਰਾਣਾ/ਝੂਲਣਾ
“ਫੁਨਿ ਧ੍ਰੰਮ ਧੁਜਾ ਫਹਰੰਤਿ ਸਦਾ ਅਘ ਪੁੰਜ ਤਰੰਗ ਨਿਵਾਰਨ ਕਉ।”
–ਸਵ ੪, ਮਥੁ ੨:੨ (1404)

ਫਹਰਾਇ ---- ਲਹਿਰਾਏ, ਝੂਲੇ
“ਊਚ ਭਵਨ ਕਨਕਾਮਨੀ ਸਿਖਰਿ ਧਜਾ ਫਹਰਾਇ।”
–ਸਲੋ ਕਬ, ੧੫੦:੨ (1372)

ਫਹਾਇਨਿ --- ਫਸਾਉਂਦੇ ਹਨ
"ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ।"
-ਮਲਾ ੧, ਵਾਰ ੨੨ਸ, ੧, ੨:੨ (1288)

ਫਹਾਈਐ ----- ਫਸਾਈਐ, ਪਕੜੀਏ
"ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ।"
-ਮਾਰੂ ੧, ਅਸ ੨, ੫:੧ (1009)

ਫਹਾਏ ------- ਫਸਦੇ ਹਨ
"ਏਕੈ ਜਾਲਿ ਫਹਾਏ ਪੰਖੀ।"
-ਗਉ ੫, ੮੨, ੪:੧ (180)

ਫਹੀ -------- (1) ਫਸ ਹੋਈ (ਜਿੰਦ) ਨੂੰ
"ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ।"(ਫਸਾਉਣ ਵਾਲੀ) ਮਹਾਨਕੋਸ਼
-ਰਾਮ ੩, ਵਾਰ ੧੩ਸ, ੧, ੨:੫ (953)
(2) ਫਸਾਉਂਦੀ
"ਸਿਮਰਿ ਸਿਮਰਿ ਜੀਵਤ ਹਰਿ ਨਾਨਕ ਜਮ ਕੀ ਤੀਰ ਨ ਫਹੀ।"
-ਸਾਰ ੫, ੧੦੯, ੨:੨ (1225)
(ਨਹੀਂ ਫਸਦਾ (ਸ਼ਬਦਾਰਥ), ਨਹੀ ਫਸੀਦਾ (ਦਰਪਣ)

ਫੰਕ -------- ਫਾੜੀ, ਫਾਂਕ
"ਤਾ ਫਲ ਫੰਕ ਲਖੈ ਜਉ ਕੋਈ।"
-ਗਉ ਕਬ, ਬਾਅ ੨੮:੨ (341)

ਫਕਰੁ ------- (ਅ. ਫਕਰ) ਫਕੀਰੀ
"ਕਰਿ ਫਕਰੁ ਦਾਇਮ ਲਾਇ ਚਸਮੇ ਜਹ ਤਹਾ ਮਉਜੂਦੁ।"
-ਤਿਲੰ ਕਬ, ੧, ੩:੨ (727)

ਫਕੜ ------- ਅਧਾਰ, ਫਲ ਰਹਿਤ ਭਾਵ ਫਜੂਲ, ਵਿਆਰਥ
"ਫਕੜ ਜਾਤੀ ਫਕੜੁ ਨਾਉ।"
-ਸਿਰੀ ੪, ਵਾਰ ੩ਸ, ੧, ੧:੧ (83)

ਫਕੜਿ ------- ਬਦਨਾਮੀ ਦਾ ਢੰਡੋਰਾ, ਮਖੌਲ, ਭੰਡੀ
"ਲੋਕਾ ਮਤ ਕੋ ਫਕੜਿ ਪਾਇ।"
-ਆਸਾ ੧, ੩੨, ੧*:੧ (358)
(ਮਹਾਨਕੋਸ਼ ਅਰਥ ਅਧਾਰ ਕਰਮ ਵਿਚ, ਫੋਕੜ ਵਿਚ ਕਰਦਾ ਹੈ)

ਫਕੜੀ ------- ਭੰਡੀ, ਤੋੜੀ
"ਓਸੁ ਪਿਛੈ ਵਜੈ ਫਕੜੀ ਮੁਹੁ ਕਾਲਾ ਆਗੈ ਭਇਆ।"
-ਸੋਰ ੪, ਵਾਰ ੨੭ਸ, ੪, ੨:੨ (653)

ਫਕੜੁ ------- (1) ਫਜੂਲ, ਅਧਾਰ, ਫੋਕਟ
"ਫਕੜ ਜਾਤੀ ਫਕੜੁ ਨਾਉ।"
-ਸਿਰੀ ੪, ਵਾਰ ੩ਸ, ੧, ੧:੧ (83)

"ਹੋਰੁ ਫਕੜੁ ਹਿੰਦੂ ਮੁਸਲਮਾਣੈ।"
-ਰਾਮ ੩, ਵਾਰ ੧੧ਸ, ੧, ੨:੧੬ (952)
(2) ਬਕਬਾਦ, ਗੰਦਾ ਮੰਦਾ ਬੋਲ
"ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ।"
-ਸਲੋ ੧, ੧੨:੧ (1411)
(ਮਹਾਨਕੋਸ਼ ਅਰਥ 'ਫਕੀਰ' ਕਰਦਾ ਹੈ)

ਫਕਾ ------- (ਅ. ਫਾਕਹ) ਨਿਰਾਹਾਰ ਰਹਿਣ ਦਾ ਭਾਵ (ਮਹਾਨਕੋਸ਼)
(ਚੁਟਕੀਕੁ, ਥੋੜਾ ਜਿਹਾ, (ਦਰਪਣ, ਨਿਰਣੈ, ਸ਼ਬਦਾਰਥ)
"ਇਕਿ ਖਾਵਹਿ ਬਖਸ ਤੋਟਿ ਨ ਆਵੈ ਇਕਨਾ ਫਕਾ ਪਾਇਆ ਜੀਉ।"
-ਗਉ ੪, ੬੬, ੪:੨ (173)

ਫਕੀਰ ------ (1) (ਅ. ਫਕੀਰ) ਸਾਧੂ, ਦਰਵੇਸ਼
"ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁ ਦਰਾ।"
-ਮਾਰੂ ੫, ਸੋਲਾ ੧੨, ੧:੩ (1083)
(2) ਨਿਰਧਨ, ਕੰਗਾਲ
"ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ।"
-ਮਲਾ ੧, ਵਾਰ ੨ਸ, ੧, ੧:੩ (1287)
"ਇਕਿ ਦੇ ਖਾਹਿ ਨਿਖੁਟੈ ਨਾਹੀ ਇਕ ਸਦਾ ਫਿਰਹਿ ਫਕੀਰ।"
-ਮਲਾ ੧, ਵਾਰ ੨੪ਸ, ੧, ੧:੫ (1289)

ਫਕੀਰਾ ----- ਸਾਧੂਆਂ/ ਦਰਵੇਸ਼ਾਂ/ ਫਕੀਰਾਂ ਵਾਲਾ
"ਕਾਜੀ ਸੇਖ ਭੇਖ ਫਕੀਰਾ।"
-ਗਉ ੧, ਅਸ ੧੪, ੭:੧ (227)

ਹੋਰ ਰੂਪ:

ਫਕੀਰਾਂ-
"ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ।"(ਫਕੀਰਾਂ ਵਰਗੀ/ ਦੀ)
-ਸਲੋ ਫਰ, ੧੧੧:੨ (1383)

ਫਕੀਰੁ ------ ਮੰਗਤਾ, ਸਾਧੂ ਦਰਵੇਸ਼
"ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ।"
-ਰਾਮ ੧, ਓਅੰ ੪੪:੧ (936)

ਫਕੀਰੈ ------ ਫਕੀਰ ਦੇ
"ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ।"
-ਮਾਰੂ ੧, ਅਸ ੬, ੧:੩ (1012)

ਫਗਣੁ ------ ਬਿਕਰਮੀ ਸੰਮਤ ਦਾ ਬਾਰਵਾਂ ਮਹੀਨਾ
"ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।"
-ਰਾਮ ੫, ਰੁਤੀ, ੭:੨ (929)

ਫਟਕ ------ ਕਰ ਦੀਆ
"ਮੁੰਦ੍ਰਾ ਫਟਕ ਬਨਾਈ ਕਾਨਿ।"

–ਰਾਮ ੧, ਅਸ ੨, ੬:੧ (903)

ਫਟਿਓ------ ਪਾਟਿਆ ਭਾਵ ਮੁਕਿਆ
"ਨਾ ਹਰਿ ਭਜਿਓ ਨ ਖਤੁ ਫਟਿਓ ਕਾਲੁ ਪਹੂੰਚੋ ਆਇ।"
–ਸਲੋ ਕਬ, ੨੦੮:੨ (1375)

ਫਤਿਹ ------ (ਅ.) ਫਤਹਿ) ਜਿਤ, ਵਿਜੈ
"ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ।"
–ਗਉ ੫, ਬਾਅ ੩੮ਸ:੧ (258)

ਫੰਦ ------- ਬੰਧਨ
"ਭਉ ਚੂਕਾ ਟੂਟੇ ਸਭਿ ਫੰਦ।"
–ਆਸਾ ੫, ੮੧, ੪:੨ (392)

ਫੰਦਾ ------ ਬੰਧਨ, ਜਾਲ
"ਤਬ ਸਗਲੇ ਇਸੁ ਮੇਲਹਿ ਫੰਦਾ।"
–ਗਉ ੫, ਅਸ ੧, ੨:੨ (235)

ਫਦੀਹਤਿ ---- (ਅ. ਫਜ਼ੀਰਤ) ਵਿਸ਼ਟਾ, ਗੰਦਗੀ
"ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।"
–ਮਾਝ ੧, ਵਾਰ ੨੬ਸ, ੧, ੧:੨ (149)

ਫੰਦੇ ------- ਜਾਲ, ਬੰਧਨ, ਫਾਹੇ
"ਮਨਮੁਖਿ ਭੂਲੀ ਬਹੁਤੀ ਰਾਹੀ ਫਾਥੀ ਮਾਇਆ ਫੰਦੇ।"
–ਸੂਹੀ ੫, ਛੰਤ ੪, ੩:੪ (779)

ਫੰਧ-------- (1) ਫਾਹੀ
"ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ।"
–ਸਲੋ ੯, ੨੬:੨ (1427)

ਹੋਰ ਰੂਪ:

ਫੰਧਾ–
"ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧਾ।"
–ਸੋਰ ੫, ੩੪, ੧*:੨ (618)

(2) ਜਾਲ, ਬੰਧਨ
"ਕਰਣੋ ਹੁਤੋ ਸੁਨਾ ਕੀਓ ਪਰਿਓ ਲੋਭ ਕੈ ਫੰਧ।"
–ਸਲੋ ੯, ੩੬:੧ (1428)

ਹੋਰ ਰੂਪ:

ਫੰਧਾ–
"ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ।"
–ਗਉ ਕਬ, ੫੧, ੧*:੨ (334)

ਫਧਿ ------- ਫਸ
"ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮ।"

-ਸਲੋ ੯, ੩੦:੧ (1427)

ਹੋਰ ਰੂਪ:

ਫਧਿਓ–
"ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ।"
-ਸਲੋ ੯, ੩੪:੨ (1428)

ਫੰਧੁ ------- ਬੰਦਨ, ਫੰਦਾ
"ਭ੍ਰਮ ਕਾ ਮੋਹਿਆ ਪਾਵੈ ਫੰਧੁ।"
-ਭੈਰ ਕਬ, ੧੨, ੨:੨ (1160)

ਹੋਰ ਰੂਪ:

ਫੰਧੇ–
"ਹਉਮੈ ਮਾਇਆ ਕੇ ਗਲਿ ਫੰਧੇ।"(ਬੰਧਨ, ਫਾਹੀਆਂ)
-ਮਾਰੂ ੧, ਸੋਲਾ ੨੦, ੮:੨ (1041)

ਫਨ-------- (ਅ. ਫਨ) ਛਲ,ਝੋਖ
"ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ।"
-ਸਾਰ ਕਬ, ੧, ੧*:੨ (1253)
(ਮਹਾਨਕੋਸ਼ ਇਸ ਦਾ ਅਰਥ 'ਵਿਭੂਤੀ' ਧਨ ਸੰਪਦਾ' ਕਰਦਾ ਹੈ)

ਫਨਖਾਨੇ----- ਫਨਾ ਹੋ ਜਾਣ ਵਾਲਾ ਘਰ, ਧੋਖੇ ਦਾ ਘਰ ਭਾਵ ਛੱਲ ਹੈ
"ਚੇਤਸਿ ਨਾਹੀ ਦੁਨੀਆ ਫਨਖਾਨੇ।"
-ਸੂਹੀ ਰਵਿ, ੨, ੩:੪ (794)

ਫਨਾਇ ----- ਨਾਸਵਾਨ, ਫਨਾ ਹੋ ਜਾਣ ਵਾਲਾ
"ਬੰਦੇ ਚਸਮ ਦੀਦੰ ਫਨਾਇ।"
-ਤਿਲੰ ੫, ੧, ੧*:੧ (723)

ਫਨਿੰਦ------ ਸੱਪਾਂ ਦਾ ਰਾਜਾ, ਸ਼ੇਸ਼ਨਾਗ
"ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਧਿ ਦੇਵ ਸਹਸ ਮੁਖ ਫਨਿੰਦ ਜੀਉ।"
-ਸਵ ੪, ਗਯੰ ੯:੩ (1403)

ਫਨੀ ------- (ਸੰ.) ਫਨਾਂ ਵਾਲਾ
"ਸਹਸ ਫਨੀ ਸੇਖ ਅੰਤੁ ਨ ਜਾਨੈ।"
-ਮਾਰੂ ੫, ਸੋਲਾ ੧੧, ੧੬:੨ (1083)

ਫੰਨੀ ------- ਫਨ (ਛਲ) ਵਾਲੀ
"ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ।"
-ਬਿਲਾ ਕਬ, ੯, ੧:੧ (857)

ਫਫਾ ------- ਗੁਰਮੁਖੀ ਲਿਪੀ ਦਾ 27ਵਾਂ ਅੱਖਰ 'ਫ'
"ਫਫਾ ਫਿਰਤ ਫਿਰਤ ਤੂ ਆਇਆ।"
-ਗਉ ੫, ਬਾਅ ੩੮:੧ (258)

ਫਫੈ ------- ‘ਫ’ ਦੁਆਰਾ
“ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ।”
-ਆਸਾ ੧, ਪਟੀ ੨੫:੧ (433)

ਫਲ ------- ਫਬਦੇ ਹਨ, ਸੋਹਣੇ ਲਗਦੇ ਹਨ
“ਜਿਨੀ ਸਚੁ ਅਰਾਧਿਆ ਨਾਨਕ ਮਨਿ ਤਨਿ ਫਬ।”
-ਸਲੋ ੫, ੧੪:੨ (1425)

ਫਬੀ ------- ਸ਼ੋਭਦੀ ਹੈ, ਮਾਣਕ ਆਈ
“ਗੁਰਿ ਪੂਰੈ ਦੀਓ ਹਰਿ ਨਾਮਾ ਜੀਅ ਕਉ ਏਹਾ ਵਸਤੁ ਫਬੀ।
-ਗੂਜ ੫, ੮, ੧*:੨ (497)

ਫਬੋ-------- ਫਬਦਾ/ ਚੰਗਾ ਲਗਦਾ ਹੈ, ਮਾਫਕ ਹੈ
“ਇਕੁ ਨਾਉ ਤੇਰਾ ਮੈ ਫਬੋ।”
-ਸੋਰ ਕਬ, ੧੧, ੪:੨ (656)

ਫਰਹੇ ------ ਫਾਟਕ, ਬੂਹੇ, ਖਿੜਨ
“ਫਰਹੇ ਮੁਹਕਮ ਗੁਰ ਗਿਆਨੁ ਬੀਚਾਰਿ।”
-ਆਸਾ ੫, ਅਸ ੧, ੨:੨ (430)

ਫਰਕਿ------ ਚੁਸਤੀ ਨਾਲ, ਤੁਰੰਤ, ਝਟਪਟ
“ਜਬ ਦੇਖਿਓ ਬੇੜਾ ਜਰਜਰਾ ਤਬ ਉਤਰਿ ਪਰਿਓ ਹਉ ਫਰਕਿ।”
-ਸਲੋ ਕਬ, ੬੭:੨ (1368)

ਫਰਕੁ ------ (1) ਵਿੱਥ, ਅੰਤਰ
“ਆਪੇ ਫਰਕੁ ਕੀਤੋਨੁ ਘਰ ਅੰਤਰਿ ਆਪੇ ਬਣਤ ਬਣਾਵਣਿਆ।”
-ਮਾਝ ੩, ਅਸ ੨੭, ੧:੩ (125)

(2) ਭੇਦ, ਵਖਰਤਾ
“ਸਭਨਾ ਨਦਰਿ ਏਕ ਹੈ ਆਪੇ ਫਰਕੁ ਕਰੇਇ।”
-ਵਡ ੩, ੨, ੪:੧ (559)

ਫਰਾਇ ----- ਪੜਵਾ ਕੇ, ਚਿਰਾ ਕੇ
“ਕਾਨ ਫਰਾਇ ਹਿਰਾਏ ਟੂਕਾ।”
-ਪ੍ਰਭਾ ੫, ਅਸ ੨, ੫:੧ (1348)

ਫਰੀਦ------ ਬਾਰਵੀਂ ਸਦੀ ਦਾ ਇਕ ਸੂਫੀ ਫਕੀਰ ਜਿਸ ਦੇ 4 ਸ਼ਬਦ ਤੇ 117 ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।
“ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆਂ ਮਨਹੁ ਮਚਿੰਦੜੀਆ।”
-ਆਸਾ ਫਰ, ੨, ੧*:੧ (488)

ਹੋਰ ਰੂਪ:

ਫਰੀਦਾ-
“ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ।”(ਹੇ ਫਰੀਦ)
-ਆਸਾ ਫਰ, ੨, ੮:੧ (488)

ਫਰੀਦੁ–
"ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ।"
–ਆਸਾ ਫਰ, ੨, ੧:੧ (488)

ਫਰੀਦੈ–
"ਸੇਖ ਫਰੀਦੈ ਖੈਰੁ ਦੀਜੈ ਬੰਦਗੀ।"(ਫਰੀਦ ਨੂੰ)
–ਆਸਾ ਫਰ, ੧, ੪:੨ (488)

ਫਰੁ ਫਰਿਆ -- ਫੜ ਫੜਾਇਆ ਭਾਵ ਉਡਾਰੀ ਲਾਈ
"ਸੋਰਹ ਮਧੇ ਪਵਨੁ ਝਕੋਰਿਆ ਆਕਾਸੇ ਫਰੁ ਫਰਿਆ।"
–ਰਾਮ ਕਬ, ੬, ੨:੨ (970)

ਫਰੂ ------- ਫੜਨ ਵਾਲਾ
"ਜਮਕਾਲੈ ਵਸਿ ਜਗੁ ਬਾਂਧਿਆ ਤਿਸ ਦਾ ਫਰੂ ਨ ਕੋਇ।"
('ਮਹਾਨਕੋਸ਼' ਅਰਥ 'ਦਸਤਗੀਰ' ਕਰਦਾ ਹੈ
–ਵਡ ੪, ਵਾਰ ੭ਸ, ੩, ੧:੩ (588)

ਫਰੇ ------- ਫੜਕੇ, ਪਕੜ ਕੇ
"ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੇ ਬਾਹ ਫਰੇ।"
–ਬਿਲਾ ੫, ੯੬, ੨:੨ (823)

ਫਰੇਸਤਾ------ ਫਰਿਸ਼ਤਾ
"ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ।"
–ਗਉ ੪, ਵਾਰ ੨੭:੫ (315)

ਫਰੋਸ਼ੀ–(ਫਾ. ਫਰੋਸ਼ਦੀਨ) ਵੇਚਨ ਦੀ ਕਿਰਿਆ
"ਓਹੁ ਗਲ ਫਰੋਸੀ ਕਰੇ ਬਹੁਤੇਰੀ ਓਸ ਦਾ ਬੋਲਿਆ ਕਿਸੈ ਨ ਭਾਇਆ।" (ਭਾਵ ਗਲਾਂ ਦਾ ਖਟਿਆ ਖਾਣਾ)
–ਗਉ ੪, ਵਾਰ ੮ਸ, ੪, ੨:੩ (303)

ਫਲ ------- (1) ਕਰਮ ਦਾ ਨਤੀਜਾ, ਲਾਹਾ, ਪ੍ਰਾਪਤੀ
"ਮਨ ਇਛੇ ਫਲ ਭੁੰਚਿ ਤੂੰ ਸਭੁ ਚੂਕੈ ਸੋਗੁ ਸੰਤਾਪ।"
–ਸਿਰੀ ੫, ੮੭, ੧*:੨ (48)

"ਸਿਮਰਤ ਨਾਮ ਮੁਕਤਿ ਫਲ ਪਾਹਿ।"
–ਗਉ ੫, ੧੫੨, ੩:੨ (196)

(2) ਮੇਵਾ, ਦਰਖਤ ਦੇ ਫਲ
"ਬਿਨੁ ਗੁਰ ਮਹਲੁ ਨ ਜਾਪਈ ਨਾ ਅੰਮ੍ਰਿਤ ਫਲ ਪਾਹਿ।"
–ਸਿਰੀ ੩, ਅਸ ੨੦, ੨:੩ (66)

"ਬਨਸਪਤਿ ਮਉਲੀ ਫਲ ਫੁਲ ਪੇਡੇ।"
–ਗਉ ੫, ੮੪, ੪:੧ (180)

"ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ।"
–ਆਸਾ ੧, ਵਰ ੧੪ਸ, ੧, ੧:੩ (470)

ਫਲਹਿ ------ ਫਲਦਾ ਫੁਲਦਾ ਹੈ
"ਜਿਹ ਪ੍ਰਸਾਦਿ ਸੰਪੂਰਨ ਫਲਹਿ।"

-ਗਉ ੫, ਸੁਖ ੬, ੬:੬ (270)

ਫਲਗੁਣਿ ---- ਬਿਕਰਮੀ ਸੰਮਤ ਦਾ 12ਵਾਂ, ਮਹੀਨਾ, ਫਗਣ
"ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ।"
-ਮਾਝ ੫, ਬਾਰਾ ੧੩:੧ (136)

ਫਲਗੁਨਿ----- 'ਫੱਗਣ' ਦਾ ਮਹੀਨਾ
"ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ।"
-ਤੁਖਾ ੧, ਬਾਰਾ ੧੬:੧ (1109)

ਫਲਘਾ------ ਫਲ
"ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ।"
-ਸੂਹੀ ੪, ੨, ੨:੨ (731)

ਫਲਣੇ ------ ਸੁਫਲ/ਫਲ ਵਾਲੇ ਹੋਣੇ, ਫਲ ਮਿਲਣੇ/ ਲੈਣੇ
"ਤੁਮ ਜਲਨਿਧਿ ਹਰਿ ਮਾਨ ਸਰੋਵਰ ਜੋ ਸੇਵੈ ਸਭ ਫਲਣੇ।"
-ਨਟ ੪, ੬, ੪:੧ (977)

ਫਲੰਤ ------ ਸੁਫਲ/ ਫਲ ਦੇਵੇ
"ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ।"
-ਸਲੋ ਕਬ, ੨੨੯:੧ (1376)

ਫਲਤੇ ------ ਫਲ ਮਿਲਦੇ ਹਨ
"ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ।"
-ਗਉ ੪, ਵਾਰ ੩੨:੧ (317)

ਫਲਨ ------ ਫਲ ਦੇਣ ਵਾਲਾ
"ਬਲਹਿ ਛਲਨ ਸਬਲ ਮਲਨ ਭਗਿ ਫਲਨ ਕਾਨ੍ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।"
-ਸਵ ੪, ਗਯੰ ੯:੨ (1403)

ਫਲਨਾ------ ਫਲ ਸਹਿਤ ਹੋਣਾ
"ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ ਰਿਖੀਕੇਸੁ ਹਰੇ ਜਿਤੁ ਪਾਵਹਿ ਸਭ ਫਲ ਫਲਨਾ।"
-ਕਾਨ ੪, ਵਾਰ ੨:੫ (1313)

ਫਲਨਿ------ ਫਲ ਦੇਣ ਲਗੇ
"ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ।"
-ਸਲੋ ਕਬ, ੧੩੪:੧ (1371)

ਫਲਾ ------- (1) ਲਾਭ ਪ੍ਰਾਪਾਤੀ
"ਹਰਿ ਸੰਗਿ ਰਾਤੇ ਸੁਫਲ ਫਲਾ।"(ਭਾਵ ਫਲ ਦਾ ਫੁਲਦਾ ਹੈ)
-ਗਉ ੫, ੧੦੯*, ੧:੪ (201)
"ਸਭਿ ਪਦਾਰਥ ਸਭਿ ਫਲਾ ਸਰਬ ਗੁਣਾ ਜਿਸੁ ਮਾਹਿ।"(ਪ੍ਰਾਪਤੀਆਂ)
-ਗਉ ੫, ੧੭੧*, ੨:੧ (218)

(2) ਫਲਾਂ ਵਾਲਾ
"ਸਰਬ ਫਲਾ ਪੁੰਨੁ ਪਾਇਆ।"
-ਸੋਰ ੫, ੬੪, ੪:੪ (615)

ਫਲਾਧਿਆ --- ਫਲ ਲਾਧਿਆ, ਫਲ ਪ੍ਰਾਪਤ ਕੀਤਾ, ਫਲ ਪਾਇਆ
"ਸਚੁ ਸਚੇ ਨੋ ਸਾਬਾਸਿ ਹੈ ਸਚੁ ਸਚਾ ਸੇਵਿ ਫਲਾਧਿਆ।"
-ਗਉ ੪, ਵਾਰ ੨੨:੫ (313)

ਫਲਾਂਨਦ ----- ਫਲ+ਅਨੰਦ, ਫਲਾਂ ਦਾ ਅਨੰਦ
"ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ।"
-ਸਾਰ ੫, ੭, ੨:੨ (1204)

ਫਲਿ ------- ਫਲ ਵਿਚ, ਪ੍ਰਾਪਤੀ ਨਾਲ
"ਹਰਿ ਰਸਿ ਫਲਿ ਰਾਤੇ ਨਾਨਕਾ ਕਰਮਿ ਸਚਾ ਨੀਸਾਣੁ।"
-ਬਿਹਾ ੪, ਵਾਰ ੬ਸ, ੩, ੨:੪ (550)

ਫਲਿਓ- ਫਲਿਆ, ਸੁ-ਫਲ ਹੋਇਆ
"ਸਹਜ ਤਰੋਵਰ ਫਲਿਓ ਗਿਆਨ ਅੰਮ੍ਰਿਤ ਫਲ ਲਾਗੇ।"
-ਸਵ ੪, ਕਲ ੯:੩ (1397)

ਫਲਿਆ ----- (1) ਫਲਾਂ ਵਾਲਾ ਹੋਇਆ, ਸੁ-ਫਲ ਹੋਇਆ
"ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ।"
-ਗਉ ੫, ਛੰਤ ੨, ੪:੧ (248)

(2) ਭਾਵ ਵਧਿਆ
"ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ।"
-ਸੂਹੀ ੫, ੭, ੩:੩ (781)

ਫਲੀਅਹਿ ---- ਫਲਦੇ ਹਨ ਭਾਵ ਵੱਧਦੇ ਹਨ
"ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।"
-ਆਸਾ ੧, ਵਾਰ ੧ਸ, ੧, ੩:੪ (463)

ਫਲੁ ------- (1) ਲਾਹਾ, ਪ੍ਰਾਪਤੀ, ਲਾਭ, ਪ੍ਰਤਿਫਲ
"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ।"
-ਸਿਰੀ ੩, ੩੪, ੧:੩ (26)

"ਜਿਸ ਕਾ ਸਾ ਤਿਸ ਤੇ ਫਲੁ ਪਾਇਆ।"
-ਮਾਝ ੫, ੩੮, ੪:੧ (105)

(2) ਮੇਵਾ, ਦਰਖਤ ਦਾ ਫਲ
"ਜੇ ਸਉ ਅੰਮ੍ਰਿਤੁ ਨੀਰੀਐ ਭੀ ਬਿਖੁ ਫਲੁ ਲਾਗੈ ਧਾਇ।"
-ਸਿਰੀ ੩, ਅਸ ੧੯, ੪:੨ (65)

"ਅੰਮ੍ਰਿਤ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ।"
-ਆਸਾ ੧, ਅਸ ੨੦, ੭:੧ (421)

ਫਲੇ ------- ਫਲ ਲਗੇ
"ਨਾਨਕ ਤੇਜਨ ਸੁਫਲ ਫਲੇ।"

-ਗਉ ੫, ੧੨੭, ੪:੨ (191)

ਫਲੋਹਾਰ------ ਫਲ+ਅਹਾਰ, ਕੇਵਲ ਫਲ ਖਾਣਾ
"ਫਲੋਹਾਰ ਕੀਏ ਫਲੁ ਜਾਇ।"
-ਬਿਲਾ ੧, ਥਿਤੀ ੧੪:੩ (840)

ਫੜਾਏ------- ਪਕੜਾਵੇ
"ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਇ।"
-ਰਾਮ ੫, ਵਾਰ ੨੧:੭ (966)

ਫੜਿ -------- ਪਕੜ ਕੇ
"ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ।"
-ਗੂਜ ੫, ਵਾਰ ੨੦:੨ (523)

ਫੜੀਅਗੁ ----- ਪਕੜਿਆ ਜਾਵੇਗਾ
"ਹੋਂਦਾ ਫੜੀਅਗੁ ਨਾਨਕ ਜਾਣੁ।"
-ਮਲਾ ੧, ਵਾਰ ੨੪ਸ, ੧, ੨:੭ (1289)

ਫੜੁ -------- ਪਖੰਡ, ਦੰਭ
"ਫੜੁ ਕਰਿ ਲੋਕਾ ਨੋ ਦਿਖਲਾਵਹਿ।"
-ਮਲਾ ੧, ਵਾਰ ੨੫ਸ, ੧, ੨:੫ (1289)

ਫੜੇ -------- ਫੜ ਕੇ
"ਅਜਰਾਈਲਿ ਫੜੇ ਫੜਿ ਕੁਠੇ।"
-ਮਾਰੂ ੫, ਅਸ ੮, ੨:੨ (1020)

ਫਾਸ -------- (1) ਫਾਹੀ, ਫੰਧਾ
"ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ।"
-ਸਿਰੀ ੫, ੭੭, ੩:੧ (44)

ਹੋਰ ਰੂਪ:

ਫਾਂਸ-
"ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖ੍ਣ ਕਠਿਨਹ।"
-ਸਸ ੫, ੫੮:੩ (1359)

(2) ਫਸਦਾ ਹੈ
"ਇਹੁ ਮਾਇਆ ਮੋਹ ਕੁਟੰਬੁ ਹੈ ਭਾਇ ਦੂਜੇ ਫਾਸ।"
-ਗਉ ੫, ੪੭, ੪:੧ (166)

ਫਾਸਏ------- ਫਾਹੀ, ਫੰਧਾ
"ਧੁਰਿ ਕਰਮੁ ਲਿਖਿਆ ਸਾਚੁ ਸਿਖਿਆ ਕਟੀ ਜਮ ਕੀ ਫਾਸਏ।"
-ਧਨਾ ੫, ਛੰਤ ੧, ੧:੪ (691)

ਫਾਸਸਿ ------ ਫਸਦਾ ਹੈ
"ਮੈਗਲ ਜਿਉ ਫਾਸਸਿ ਕਾਮਹਾਰ।"
-ਬਸੰ ੧, ਅਸ ੨, ੨:੩ (1188)

ਫਸਾਹਿ ------ ਫਸਦਾ ਹੈ
“ਕਿਆ ਲੈ ਆਇਆ ਲੇ ਜਾਇ ਕਿਆ ਫਾਸਹਿ ਜਮ ਜਾਲਾ।”
-ਗਉ ੧, ਅਸ ੧੭, ੬:੧ (228)

ਫਾਸਹਿਗਾ---- ਫਸੇਗਾ
“ਜਮ ਪੁਰਿ ਫਾਸਹਿਗਾ ਜਮ ਜਾਲੀ।”
-ਮਾਰੂ ੧, ੧੨, ੫:੨ (993)

ਫਾਸਨ ------ ਫਸਨ, ਕਾਬੂ ਆ ਜਾਣ
“ਫਾਸਨ ਕੀ ਬਿਧਿ ਸਭੁ ਕੋਊ ਜਾਨੈ ਛੂਟਨ ਕੀ ਇਕੁ ਕੋਈ।”
-ਗਉ ਕਬ, ੪੧, ੩:੧ (331)

ਫਾਸਾ ------ ਫਾਹੀ, ਫੰਧਾ
“ਸਿਮਰਿ ਸਿਮਰਿ ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ।”
-ਮਾਝ ੫, ੩੮, ੨:੩ (105)

ਫਾਂਸਿ ------ ਫਾਹੀ
“ਕਾਲ ਕੈ ਫਾਂਸਿ ਸਕਤ ਸਰੁ ਸਾਂਧਿਆ।”
-ਆਸਾ ੫, ੮੧, ੨:੨ (390)

ਫਾਸਿਆ ---- ਫਸਿਆ
“ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ।”
-ਸਿਰੀ ੫, ੯੧, ੩:੨ (50)

ਫਾਸੀ ------ ਫੰਧਾ
“ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ।”
-ਆਸਾ ੪, ਸੋਪੁ ੧, ੩:੨ (11)

ਫਾਸੇ ------- (1) ਫਸੀ, ਫਸਦਾ ਹੈ
“ਮੋਹ ਮਗਨ ਮੀਠ ਜੋਨਿ ਫਾਸੇ।”
-ਗਉ ੫, ਬਾਅ ੭:੨ (251)

ਹੋਰ ਰੂਪ:

ਫਾਸੈ-
“ਫਿਰਿ ਫਿਰਿ ਫਾਹੀ ਫਾਸੈ ਕਊਆ।”(ਫਸਦਾ ਹੈ)
-ਰਾਮ ੧, ਓਅੰ ੩੯:੧ (935)

(2) ਫਾਹੀਆ
“ਜਨਮ ਮਰਣੁ ਨ ਹੋਇ ਤਿਸ ਕਉ ਕਟੈ ਜਮ ਕੇ ਫਾਸੇ।”
-ਬਿਹਾ ੫, ਛੰਤ ੫, ੧:੪ (545)

ਫਾਹਾ------- ਫੰਧਾ, ਫਾਸੀ
“ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ।”
-ਸਿਰੀ ੪, ਵਾਰ ੯ਸ, ੩, ੧:੪ (85)

ਫਾਹਾਵਤ ---- ਫਸਾਉਂਦਾ,ਫਹਾਉਂਦਾ
"ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੇ।"
-ਬਿਲਾ ੫, ੮੮, ੪:੧ (822)

ਫਾਹੀ------- (1) ਫੰਧਾ, ਬੰਧਨ
"ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।"
-ਸਿਰੀ ੧, ੨੩, ੨:੩ (23)
(2) ਫਹਾਉਣ, ਫਸਾਉਣ
"ਫਾਹੀ ਸੁਰਤਿ ਮਲੂਕੀ ਵੇਸੁ।"
-ਸਿਰੀ ੧, ੨੯, ੩:੧ (24)

ਫਾਹੀਐ ----- ਫਹਾਈਦਾ ਹੈ
"ਦੁਰਮਤਿ ਫਾਥਾ ਫਾਹੀਐ ਫਿਰਿ ਫਿਰਿ ਪਛੋਤਾਇ।"
-ਮਾਰੂ ੧, ਅਸ ੨, ੫:੨ (1009)

ਫਾਹੀਵਾਲ---- ਫਾਹੀ ਪਾਉਣ ਵਾਲੇ
"ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ।"
-ਸਲੋ ਫਰ, ੧੨੫:੧ (1384)

ਫਾਹੁਰੀ -----ਫਹੁੜੀ,ਧੂਣੀ ਵਿਚੋਂ ਭਸਮ ਇਕੱਠੀ ਕਰਨ ਦਾ ਜੰਤਰ
"ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ।"
-ਆਸਾ ਕਬ, ੭, ੩:੧ (477)

ਫਾਹੇ ------- (1) ਫਾਹੀਆਂ, ਬੰਧਨ
"ਸਿਮਰਤ ਨਾਮੁ ਕਾਟੇ ਸਭਿ ਫਾਹੇ।"
-ਮਾਝ ੫, ੩੪, ੪:੨ (104)
(2) ਕਮੰਦ
"ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ।"
-ਗਉ ੪, ਵਾਰ ੨੭:੧ (315)
"ਲੈ ਫਾਹੇ ਉਠਿ ਧਾਵਤੇ ਸਿ ਜਾਨਿ ਮਾਰੇ ਭਗਵੰਤ।" (ਭਾਵ 'ਸੰਨ੍ਹ' ਮਾਰਨ ਦਾ ਸਾਮਾਨ)
-ਸਲੋ ਕਬ, ੧੦:੨ (1365)

ਫਾਕਿਓ ----- ਫਸਾਇਆ, ਗ੍ਰਸਿਆ
"ਡੀਹਰ ਨਿਆਈ ਮੋਹਿ ਫਾਕਿਓ ਰੇ।"
-ਟੋਂਡੀ ੫, ੧੯, ੧*:੩ (715)
"ਫਾਕਿਓ ਮੀਨ ਕਪਿਕ ਕੀ ਨਿਆਈ ਤੂ ਉਰਝਿ ਰਹਿਓ ਕੁਸੰਭਾਇਲੇ।" (ਫਸਿਆ ਹੈ)
-ਗੋਂਡ ੫, ੨, ੧:੧ (862)

ਫਾਂਕਿਓ ----- (1) ਫਾੜੀ ਫਾੜੀ ਕੀਤੀ
"ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ।"
-ਸੋਰ ਰਵਿ, ੨, ੨:੧ (658)

(2) ਫਸਾ ਲਿਆ
"ਕਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰਵਸਿ ਭਇਓ ਬਿਚਾਰਾ।"
-ਧਨਾ ੫, ੨, ੨:੧ (667)

ਫਾਕੀ ------ ਫਸੀ
"ਅਤਿ ਗਰਬੈ ਮੋਹਿ ਫਾਕੀ ਤੂੰ।"
-ਆਸਾ ੫, ੧੨, ੧*:੨ (374)

ਫਾਕੈ ------- ਕੁਕਰਮ ਕਰਨਾ
"ਦੇਇ ਕਿਵਾੜ ਅਨਿਕ ਪੜਦੇ ਮਹਿ ਪਰਦਾਰਾ ਸੰਗਿ ਫਾਕੈ।"
-ਸੋਰ ੫, ੨੬, ੩:੧ (616)

ਫਾਗ ------- ਫਗਣ ਮਹੀਨੇ ਦਾ ਉਤਸਵ, ਹੋਲੀ
"ਆਜੁ ਹਮਾਰੈ ਬਨੇ ਫਾਗ।"
-ਬਸੰ ੫, ੧, ੨:੧ (1180)

ਫਾਟ ------- ਜ਼ਖਮੀ
"ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ।"
-ਸਾਰ ੫, ੧੦੫, ੨:੨ (1224)

ਫਾਟਾ------- ਫਟਿਆ ਭਾਗ ਮਿੱਟ ਗਿਆ, ਮੁਕ ਗਿਆ
"ਜਪਿ ਗੋਵਿਦ ਭਰਮੁ ਭਉ ਫਾਟਾ।"
-ਮਾਰੂ ੫, ੧੯, ੧:੧੦ (1004)

ਹੋਰ ਰੂਪ:

ਫਾਟਿਓ-
"ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ।"(ਮੁੱਕ ਗਿਆ)
-ਸੋਰ ੫, ੧੯, ੩:੨ (614)

ਫਾਟੇ-
"ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ।"(ਫੱਟੇ ਹੋਏ)
-ਗੂਜ ਕਬ, ੧, ੧*:੨ (524)
"ਡੋਲਤ ਡੋਲਤ ਹੇ ਸਖੀ ਫਾਟੇ ਚੀਰ ਸੀਗਾਰ।"(ਫੱਟ ਗਏ ਭਾਵ ਬੇ-ਅਰਥ ਹੋ ਗਏ)
-ਰਾਮ ੧, ਓਅੰ ੩੦:੧ (933)

ਫਾਟੈ-
"ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮਕਾਗਰੁ।"(ਫਟ ਗਏ ਭਾਵ ਮੁੱਕ ਜਾਂਦਾ ਹੈ)
-ਕਾਨ ੪, ਵਾਰ ੧੪:੩ (1318)

ਫਾਥਾ------- ਫਸਿਆ ਹੋਇਆ
"ਓਤੈ ਸਾਥਿ ਮਨੁਖੁ ਹੈ ਫਾਥਾ ਮਾਇਆ ਜਾਲਿ।"
-ਸਿਰੀ ੫, ੭੩, ੨:੨ (43)

ਹੋਰ ਰੂਪ:

ਫਾਥਿਆ-

"ਮਨ ਕਰਹਲਾ ਵੀਚਾਰੀਆ ਮਨਮੁਖ ਫਾਥਿਆ ਮਹਾ ਜਾਲਿ।"(ਫਸਿਆ)

-ਗਉ ੪, ਕਰ ੨, ੨:੧ (234)

ਫਾਥੀ-

"ਗੁਰ ਸਬਦੁ ਨ ਮਾਨੈ ਫਾਹੀ ਫਾਥੀ ਸਾ ਧਨ ਮਹਲੁ ਨ ਪਾਏ।(ਫਸੀ)

-ਧਨਾ ੧, ਛੰਤ ੩, ੪:੫ (689)

ਫਾਥੇ-

"ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ।"(ਫਸੇ)

-ਸਿਰੀ ੧, ੨੩, ੨:੩ (23)

"ਹਰਿ ਤੇਰੀ ਸਭ ਕਰਹਿ ਉਸਤਤਿ ਜਿਨਿ ਫਾਥੇ ਕਾਢਿਆ।"(ਫਸੇ ਹੋਏ ਨੂੰ)

-ਸਿਰੀ ੪, ਵਾਰ ੧੭:੧ (90)

ਫਾਥੋਹੁ ------ ਫਸਿਆ ਹੈ

"ਫਾਥੋਹੁ ਮਿਰਗ ਜਿਵੈ ਪੇਖਿ ਰੈਣਿ ਚੰਦ੍ਰਾਇਣੁ।"

-ਆਸਾ ੫, ਛੰਤ ੧੧, ੨:੧ (460)

ਫਾਦਲੁ------ ਫਜ਼ੂਲ

"ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ।"

-ਮਾਝ ੧, ਵਾਰ ੧੯ਸ, ੨, ੧:੧੨ (146)

ਹੋਰ ਰੂਪ:

ਫਾਦਿਲੁ-

"ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ।"

-ਸਿਰੀ ੧, ਅਸ ੫, ੫:੨ (56)

ਫਾਧਿ------- ਫੰਧਾ, ਬੰਧਨ, ਫਾਹੀ

"ਮੋਹ ਕੈ ਫਾਧਿ ਕਲਸਰੁ ਸਾਂਧਿਆ।"

-ਗਉ ਕਬ, ੩੦, ੧*:੨ (329)

ਫਾਸਿਓ ----- ਫੰਧਾ, ਫਾਹਾ

"ਕਰਿ ਕਿਰਪਾ ਅਪੁਨਾ ਦਾਸੁ ਕੀਨੋ ਕਾਟੇ ਮਾਇਆ ਫਾਧਿਓ।"

-ਦੇਵ ੫, ੧੩, ੧:੧ (530)

ਫਾਂਧਿਓ ----- ਫਸਿਆ/ ਉਲਝਿਆ ਪਿਆ ਹੈ

"ਅਪਨੇ ਸੁਖ ਸਿਉ ਹੀ ਜਗੁ ਫਾਂਧਿਓ ਕੋ ਕਾਹੂ ਕੋ ਨਾਹੀ।"

-ਸੋਰ ੯, ੧੨, ੧*:੨ (634)

ਫਾਂਧੀ------- ਫਾਹੀ, ਬੰਧਨ

"ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ।"

-ਮਲਾ ੧, ਵਾਰ ੨੨ਸ, ੧, ੨:੨ (1288)

ਫਾਧੋ ------- ਫਾਹੀ ਬੰਧਨ

"ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ।"

-ਗਉ ੫, ਛੰਤ ੩, ੧:੨ (248)

ਫਾਨਾਇਆ --- ਨਾਸਵੰਤ
"ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖਦਾਇ ਦਰਾ।"
-ਮਾਰੂ ੫, ਸੋਲਾ ੧੨, ੮:੩ (1084)

ਫਾਨੀ------- (ਅ.ਫਾਨੀ) ਨਾਸ਼ਵਾਨ, ਨਾਸ਼ ਹੋਣ ਵਾਲਾ
"ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ।"
-ਤਿਲੰ ੧, ੧, ੧*:੧ (721)

ਫਾਰਿ------- ਫਾੜ ਕੇ ਭਾਵ ਭੰਨ ਕੇ
"ਚਿਰਗਟ ਫਾਰਿ ਚਟਾਰਾਲੈ ਗਇਓ ਤਰੀ ਤਾਗਰੀ ਛੂਟੀ।"
-ਆਸਾ ਕਬ, ੧੬, ੪:੨ (480)

ਹੋਰ ਰੂਪ:

ਫਾਰਿਆ–
"ਚਿਤ੍ਰ ਗੁਪਤ ਕਾ ਕਾਗਦੁ ਫਾਰਿਆ ਜਮਦੂਤਾ ਕਛੂ ਨ ਚਲੀ।"(ਫਾੜ ਦਿਤਾ)
-ਸਿਰੀ ੫, ਛੰਤ ੨, ੩:੫ (79)

ਫਾਰੇ–
"ਸਰਣਿ ਸੂਰ ਫਾਰੇ ਜਮ ਕਾਗਰ।"(ਫਾੜ ਦਿੱਤੇ ਹਨ)
-ਗਉ ੫, ੧੫੦, ੧*:੨ (196)
"ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ।"(ਚੀਰ ਸੁਟਿਆ)
-ਸਵ ੪, ਨਲ ੧੨:੨ (1400)

ਫਾਰੈ–
"ਮਾਇਆ ਫਾਸ ਬੰਧ ਨਹੀ ਫਾਰੈ ਅਰੁ ਮਨ ਸੁੰਨਿ ਨ ਲੂਕੇ।"(ਫਾੜਦਾ ਭਾਵ ਤੋੜਦਾ)
-ਆਸਾ ਕਬ, ੧, ੨:੧ (475)

ਫਾਵਾ------- ਬੇਪਤਾ/ ਅਪਮਾਣਿਤ ਹੋ ਕੇ (ਮਹਾਨਕੋਸ਼) ਪਾਗਲ, ਬਉਰਾ (ਨਿਰਣੈ, ਦਰਪਣ, ਸ਼ਬਦਾਰਥ)
"ਤੜ ਸੁਣਿਆ ਸਭਤੁ ਜਗਤ ਵਿਚਿ ਭਾਈ ਵੇਮੁਖੁ ਸਣੈ ਨਫਰੈ ਪਉਲੀ ਪਉਦੀ ਫਾਵਾ ਹੋਇ ਕੈ ਉਠਿ ਘਰਿ ਆਇਆ।"
-ਗਉ ੪, ਵਾਰ ੧੨ਸ, ੪, ੧:੪ (306)

ਫਾਵੀ------- ਫਾਵਾ ਦਾ ਇਸਤ੍ਰੀ ਲਿੰਗ, ਪਾਗਲ, ਬਾਉਰੀ
"ਭਰਮਿ ਭੁਲਾਈ ਸਭੁ ਜਗੁ ਫਿਰੀ ਫਾਵੀ ਹੋਈ ਭਾਲਿ।"(ਭਾਵ ਥਕ ਗਈ)
-ਰਾਮ ੩, ਵਾਰ ੩ਸ, ੩, ੧:੧ (947)
"ਫਿਰਦੀ ਫਿਰਦੀ ਨਾਨਕ ਜੀਉ ਹਉ ਫਾਵੀ ਥੀਈ ਬਹੁਤੁ ਦਿਸਾਵਰ ਪੰਧਾ।"(ਭਾਵ ਵਿਆਕੁਲ ਹੋ ਗਈ)
-ਰਾਮ ੫, ਵਾਰ ੧੪ਸ, ੫, ੨:੧ (963)

ਫਿਕਰੀਆ --- ਫਿਕੇ, ਬੇਸੁਆਦ
"ਹਰਿ ਰਸ ਬਿਨੁ ਸਭਿ ਸੁਆਦ ਫਿਕਰੀਆ।"
-ਆਸਾ ੫, ੫੫, ੩:੨ (385)

ਫਿਕਰੁ------ ਸੋਚ, ਚਿੰਤਾ, ਅਸ਼ਾਂਤੀ
"ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ।"
-ਤਿਲੰ ਕਬ, ੧, ੧:੧ (727)

ਫਿਕਾ ------ (1) ਬੇਸੁਆਦਾ ਜੋ ਮਿਠਾ ਭਾਵ ਪਿਆਰ ਭਰਿਆ ਨਾ ਹੋਵੇ
"ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।"(ਭਾਵ ਰੁਖਾ)
-ਸਿਰੀ ੧, ੪, ੩:੨ (15)
"ਫਿਕਾ ਬੋਲਹਿ ਨ ਨਿਵਹਿ ਦੂਜਾ ਭਾਉ ਸੁਆਉ।"(ਭਾਵ ਕੌੜਾ ਬੋਲਣਾ)
-ਆਸਾ ੩, ਅਸ ੩੦, ੧:੨ (426)
(2) ਬੇਰਸਾ, ਬੇਸੁਆਦ
"ਮਤਿ ਅਲੂਣੀ ਫਿਕਾ ਸਾਦੁ।"
-ਸਿਰੀ ੧, ੩੨, ੩:੨ (25)
(3) ਸ਼ੋਭਾਹੀਨ ਪਾਵ ਕਚਾ
"ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ।"
-ਸਿਰੀ ੫, ੭੮, ੨:੨ (45)
"ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ।"
-ਗਉ ੫, ੧੭੨*, ੧:੧ (218)
(4) ਬਦਜੁਬਾਨ, ਕੌੜਾ/ ਰੁੱਖਾ ਬੋਲਣ ਵਾਲਾ
"ਫਿਕਾ ਦਰਗਹ ਸਦੀਐ ਮੁਹਿ ਥੁਕਾ ਫਿਕੇ ਪਾਇ।"
-ਆਸਾ ੧, ਵਾਰ ੨੦ਸ, ੧, ੧:੩ (473)

ਫਿਕਾਨੇ ----- ਫਿਕੇ
"ਨਾਮ ਬਿਨਾ ਸਚਿ ਫੀਕ ਫਿਕਾਨੇ ਜਨਮਿ ਮਰੈ ਫਿਰਿ ਆਵੈਗੋ।"
-ਕਾਨ ੪, ਅਸ ੧, ੫:੨ (1308)

ਫਿਕਿਆ ---- ਬੇਰਸ, ਬੇਸੁਆਦ
"ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ।"
-ਗਉ ੫, ੧੭੨*, ੧:੧ (218)

ਫਿਕੀ ------ ਸ਼ੋਭਾਹੀਨ
"ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।"
-ਆਸਾ ੧, ਵਾਰ ੨੦ਸ, ੧, ੧:੨ (473)

ਫਿਕੇ------- (1) ਸ਼ੋਭਾਹੀਨ
"ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੇ।"
-ਗਉ ੪, ਵਾਰ ੮:੪ (308)
(2) ਬੇਰਸ, ਬੇਸੁਆਦ
"ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ।"
-ਆਸਾ ੧, ਵਾਰ ੧੪ਸ, ੧, ੧:੩ (470)
(3) ਬਦਜੁਬਾਨ, ਜੋ ਮਿਠਾ ਨ ਬੋਲੇ
"ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।"

-ਆਸਾ ੧, ਵਾਰ ੨੦ਸ, ੧, ੧:੩ (473)

ਫਿਕੈ ------ ਕੌੜਾ
“ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ।”
-ਆਸਾ ੧, ਵਾਰ ੨੦ਸ, ੧, ੧:੧ (473)

ਫਿਕੋ ------ ਬਦਜੁਬਾਨ, ਮਿਠਾ ਨਾ ਬੋਲਣ ਵਾਲਾ
“ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।”
-ਆਸਾ ੧, ਵਾਰ ੨੦ਸ, ੧, ੧:੨ (473)

ਫਿਟਕ------ ਫਿਟਕਾਰ
“ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ।”
-ਸਲੋ ੩, ੩:੨ (1413)
(ਮਹਾਨਕੋਸ਼ ਇਸ ਦੇ ਅਰਥ ‘ਖੋਟਾ’ ਕਰਮ ਕਰਨ ਦੀ ਵਾਦੀ ਆਖਦਾ ਹੈ)

ਫਿਟਕਾ ----- ਫਿਟਕਾਰਾਂ
“ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ।”
-ਸਲੋ ੩, ੪:੨ (1413)

ਫਿਟਕਾਰਿਆ-- ਲਾਹਨਤ ਪਾਣਾ, ਫਿਟਕਾਰ ਆਉਣੀ
“ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ।”
-ਗਉ ੪, ਵਾਰ ੩੦ਸ, ੪, ੧:੧੨ (316)

ਫਿਟਕਿਆ --- ਧ੍ਰਿਕਾਰੇ ਹੋਏ
“ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ।”
-ਸਿਰੀ ੩, ੫੩, ੧:੩ (34)

ਫਿਟਕੀਅਹਿ -- ਫਿਟਕਾਰੇ ਜਾਂਦੇ ਹਨ, ਲਾਹਨਤਾਂ ਪੈਂਦੀਆਂ ਹਨ
“ਕੂੜਿਆਰਾ ਕੇ ਮੁਹ ਫਿਟਕੀਅਹਿ ਸਚੁ ਭਗਤੁ ਵਡਿਆਈ।”
-ਬਿਲਾ ੪, ਵਾਰ ੫:੩ (851)

ਫਿਟਕੇ------ ਫਿਟਕਾਰੇ
“ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ।”
-ਗਉ ੪, ਵਾਰ ੧੪ਸ, ੪, ੧:੫ (307)
“ਨਿੰਦਕ ਕਉ ਫਿਟਕੇ ਸੰਸਾਰੁ।”(ਫਿਟ ਕਰਦਾ ਹੈ)
-ਭੈਰ ੫, ੫੪, ੧:੧ (1151)

ਫਿਟਾ ------ ਫਿਟਕਿਆ ਹੋਇਆ
“ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।”(ਭਾਵ ਆਵਾ ਹੀ ਊਤ ਹੈ)
-ਮਾਝ ੧, ਵਾਰ ੨੬ਸ, ੧, ੧:੧੧ (150)

ਫਿਟਿਆ ---- ਨਿੰਦਾ ਯੋਗ ਫਿਟਕਾਰਯੋਗ
“ਨਾਨਕ ਮਨ ਕੇ ਕੰਮ ਫਿਟਿਆ ਗਣਤ ਨ ਆਵਹੀ।”
-ਸੂਹੀ ੩, ਵਾਰ ੧੧ਸ, ੧, ੨:੧ (789)

ਫਿਟੁ ------- (1) ਧਿਰਕਾਰ ਹੈ

"ਬਿਨ ਨਾਵੈ ਧ੍ਰਿਗੁ ਵਾਸੁਫਿਟੁ ਸੁ ਜੀਵਿਆ।"
-ਮਾਝ ੧, ਵਾਰ ੨੨:੭ (148)

(2) ਧਿਰਕਾਰਯੋਗ
"ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ।"
-ਗਉ ੫, ੧੭੨*, ੧:੨ (218)

ਫਿਟੇ ------- ਧਿਰਕਾਰੇ ਗਏ, ਫਿਟਕਾਰੇ ਗਏ
"ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ।"
-ਗਉ ੪, ਵਾਰ ੧੪ਸ, ੪, ੧:੫ (307)

ਫਿਟੈ -------ਖਰਾਬ ਹੋ ਜਾਂਏ, ਧਿਰਕਾਰਯੋਗ ਹੋ ਜਾਏ
"ਇਹ ਅੰਨੁ ਅਸਾਡਾ ਫਿਟੈ।"
-ਆਸਾ ੧, ਵਾਰ ੧੬ਸ, ੧, ੨:੧੮ (472)

ਫਿਰਉ------ ਮੈਂ ਫਿਰਦੇ ਹਾਂ
"ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ।"
-ਗਉ ੫, ੧੧੯*, ੧:੨ (204)

ਫਿਰਹਿ ----- ਫਿਰਦੇ ਹਨ
"ਮਨਮੁਖ ਫਿਰਹਿ ਨ ਜਾਣਹਿ ਸਤਗੁਰੁ ਹਉਮੈ ਅੰਦਰਿ ਲਾਗਿ।"
-ਸਿਰੀ ੩, ੪੧, ੪:੨ (29)

ਹੋਰ ਰੂਪ:

ਫਿਰਹੁ-
"ਢਢਾ ਢੂਢਤ ਕਹਾ ਫਿਰਹੁ ਢੂਢਨੁ ਇਆ ਮਨ ਮਾਹਿ।"(ਫਿਰਦੇ ਹੋ)
-ਗਉ ੫, ਬਾਅ ੩੦:੧ (256)

ਫਿਰਣਸੀਹ --- ਫੇਰੂ ਦੇ ਸਿੰਘ, ਬਾਬਾ ਫੇਰੂ ਜੀ ਗੁਰੂ ਅੰਗਦ ਦੇਵ ਜੀ ਦੇ ਪਿਤਾ ਸਨ
"ਗੁਰੁ ਜਗਤ ਫਿਰਣਸੀਹ ਅੰਗਰਉ ਰਾਜੁ ਜੋਗੁ ਲਹਣਾ ਕਰੈ।"
-ਸਵ ੨, ੫:੬ (1391)

ਫਿਰਣਾ ----- ਵਿਚਰਨਾ, ਫੇਰਾ ਪਾਉਣਾ, ਫਿਰਦੇ ਰਹਿਣਾ
"ਜੋ ਭਾਗੈ ਤਿਸੁ ਜੋਨੀ ਫਿਰਣਾ।"
-ਮਾਰੂ ੫, ਅਸ ੭, ੭:੨ (1019)

"ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ।"
-ਮਾਰੂ ੫, ਵਾਰ ੨੨:੫ (1102)

ਫਿਰਤ------ (1) ਫਿਰਦੇ ਹਨ
"ਬਨੁ ਬਨੁ ਖੋਜਤ ਫਿਰਤ ਬੈਰਾਗੀ।"
-ਗਉ ੫, ੧੧੭*, ੧:੧ (203)

"ਫਫਾ ਫਿਰਤ ਫਿਰਤ ਤੂ ਆਇਆ।"(ਫਿਰਦਾ ਫਿਰਦਾ, ਭ੍ਰਮਨ ਕਰਦਾ, ਭਾਵ ਭਟਕਦਾ ਹੋਇਆ)
-ਗਉ ੫, ਬਾਅ ੩੮:੧ (258)

ਹੋਰ ਰੂਪ:

ਫਿਰੰਤ–
“ਫਿਰੰਤ ਜੋਨਿ ਅਨੇਕ ਜਠਰਾਗਨਿ ਨਹ ਸਿਮਰੰਤ ਮਲੀਣ ਬੁਧੰ।”
–ਸਸ ੫, ੧੬:੩ (1355)

(2) ਫਿਰਨ ਨਾਲ
“ਨਗਨ ਫਿਰਤ ਜੌ ਪਾਈਐ ਜੋਗੁ।”
–ਗਉ ਕਬ, ੪, ੧:੧ (324)

ਫਿਰਤਉ----- ਫਿਰਦਾ ਹੈ
“ਫਿਰਤਉ ਗਰਬ ਗੁਬਾਰਿ ਮਰਣੁ ਨਹ ਜਾਨਈ।”
–ਫੁਨ ੫, ੨੦:੩ (1363)

ਫਿਰਤਾ ----- ਫਿਰਦਾ
“ਬਿਆਪਾਰੀ ਬਸੁਧਾ ਜਿਉ ਫਿਰਤਾ।”
–ਗਉ ੫, ਬਾਅ ੨੪:੬ (255)
“ਤਬ ਲਗੁ ਗਰਭ ਜੋਨਿ ਮਹਿ ਫਿਰਤਾ।”(ਭਟਕਦਾ)
–ਗਉ ੫, ਸੁਖ ੧੨, ੪:੪ (278)

ਹੋਰ ਰੂਪ:

ਫਿਰਤੀ–
“ਬਨੁ ਬਨੁ ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ।”(ਫਿਰਦੀ ਹੈ)
–ਆਸਾ ੫, ਛੰਤ ੫, ੧ਸ:੧ (455)

ਫਿਰੰਤੀ–
“ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।”(ਫਿਰਦੀ ਹੈ)
–ਗਉ ੪, ੫੧, ੨:੧ (168)

ਫਿਰਤੁ–
“ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ।”(ਫਿਰਦਾ ਹੈ)
–ਆਸਾ ਰਵਿ, ੬, ੧*:੨ (487)

ਫਿਰਤੇ–
“ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।”(ਫਿਰਦੇ, ਭਟਕਦੇ)
–ਗਉ ੪, ੪੯, ੪:੨ (167)

ਫਿਰਤੋ–
“ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ ਪਹਰੇ ਪਹਰੇ।”
–ਗਉ ੫, ੧੬੨*, ੨:੨ (215)

ਫਿਰਤੌ–
“ਕਾਹੇ ਭਈਆ ਫਿਰਤੌ ਫੂਲਿਆ ਫੂਲਿਆ।”(ਫਿਰਦਾ ਹੈ)
–ਸੋਰ ਕਬ, ੨, ੧*:੧ (654)

ਫਿਰਥਈ ---- ਫਿਰਦਾ ਹੈ/ਫਿਰਦੇ ਹਨ
“ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਈ।”
–ਕਲਿ ੪, ੪, ੧*:੨ (1320)

ਫਿਰਦਾ ----- ਭ੍ਰਮਣ ਕਰਦਾ, ਭ੍ਰਮਦਾ

"ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ।"

-ਸੋਰ ੩, ੨, ੧*:੨ (600)

ਹੋਰ ਰੂਪ:

ਫਿਰਦਿਆ-

"ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੁਲੇ ਫਿਰਦਿਆ।"(ਭ੍ਰਮਣ ਕਰਦਿਆਂ)

-ਬਿਹਾ ੫, ਛੰਤ ੧, ੧:੪ (542)

ਫਿਰਦੀ-

"ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨ ਰਾਇ।"(ਭ੍ਰਮਣ ਕਰਦੀ)

-ਗਉ ੫, ਵਾਰ ੧੭ਸ, ੫, ੨:੧ (322)

ਫਿਰਦੇ-

"ਲਖ ਚਉਰਾਸੀਹ ਫਿਰਦੇ ਰਹੇ ਬਿਨੁ ਸਤਿਗੁਰ ਮੁਕਤਿ ਨ ਹੋਈ।"(ਭ੍ਰਮਦੇ)

-ਸਿਰੀ ੫, ਅਸ ੨੫, ੭:੧ (70)

"ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਬੇਪਰਵਾਹਾ।"(ਵਿਚਰਦੇ)

-ਸਲੋ ਫਰ, ੯੮:੩ (1383)

ਫਿਰੰਦੇ ------ ਫਿਰਦੇ/ ਭ੍ਰਮਦੇ ਰਹਿੰਦੇ

"ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ।"

-ਬਿਲਾ ੪, ੬, ੨:੧ (800)

ਹੋਰ ਰੂਪ:

ਫਿਰੰਦੇ-

"ਰਥਿ ਫਿਰੰਦੈ ਦੀਸਹਿ ਥਾਵ।"(ਫਿਰਦੇ)

-ਮਲਾ ੧, ੮, ੨:੨ (1257)

ਫਿਰਨ ------ ਫੇਰੇ, ਭਟਕਣਾ, ਟਕਰਾਂ

"ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ।"

-ਗਉ ੫, ਬਾਅ ੩੮ਸ:੨ (258)

ਫਿਰਨਿ ----- ਸਹਾਇਕ ਕਿਰਿਆ, ਫਿਰਦੀਆਂ ਹਨ

"ਅਠਾਹਰ ਸਿਧੀ ਪਿਛੈ ਲਗੀਆ ਫਿਰਨਿ ਨਿਜ ਘਰਿ ਵਸੈ ਨਿਜ ਥਾਇ।"

-ਸਿਰੀ ੪, ਵਾਰ ੨੧ਸ, ੩, ੨:੨ (91)

"ਭਰਮੇ ਭੂਲੇ ਫਿਰਨਿ ਦਿਨ ਰਾਤੀ ਮਰਿ ਜਨਮਹਿ ਜਨਮੁ ਗਵਾਵਣਿਆ।" (ਫਿਰਦੇ ਹਨ)

-ਮਾਝ ੩, ਅਸ ੧੧, ੭:੩ (116)

ਹੋਰ ਰੂਪ:

ਫਿਰੰਨਿ-

"ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ।"(ਫਿਰਦੀਆਂ ਭਾਵ ਭਟਕਦੀਆਂ ਹਨ)

-ਸੂਹੀ ੩, ਅਸ ੧, ੪:੨ (755)

ਫਿਰੰਨ੍ਹਿ–

“ਦਿਲਿ ਖੋਟੈ ਆਕੀ ਫਿਰਨ੍ਹਿ ਬੰਨ੍ਹ ਭਾਰੁ ਉਚਾਇਨ੍ਹਿ ਛਟੀਐ।”(ਫਿਰਦੇ ਹਨ)

–ਰਾਮ ਬਸ, ਵਾਰ ੨:੧੧ (967)

ਫਿਰਾ------- ਫਿਰਦਾ ਹਾਂ

“ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ।”

–ਬਿਲਾ ੫, ੬੧, ੧:੧ (816)

ਹੋਰ ਰੂਪ:

ਫਿਰਾਂ–

“ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰ।”(ਮੈਂ ਫਿਰ ਜਾਵਾਂ)

–ਸਾਰ ੪, ਵਾਰ ੧੧ਸ, ੧, ੨:੧ (1241)

ਫਿਰਾਉ ----- (1) ਮੈਂ ਫਿਰਦਾ ਹਾਂ

“ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ।”

–ਸਿਰੀ ੪, ੬੮, ੧:੨ (41)

(2) ਫਿਰਾਏ ਜਾਂਦੇ ਹਨ

“ਹੁਕਮੇ ਕਰਮ ਕਮਾਵਣੈ ਪਇਐ ਕਿਰਤਿ ਫਿਰਾਉ।”

–ਸਿਰੀ ੩, ਅਸ ੨੦, ੫:੧ (66)

(3) ਫੇਰੀ ਲਾਵੇ ਭਾਵ ਵਿਚਰੇ

“ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ।”

–ਸਲੋ ੫, ੫੧:੨ (1419)

ਫਿਰਾਇ----- (1) ਫਿਰਦਾ ਹੈ

“ਮਨ ਮੁਖ ਰਲਾਇਆ ਨਾ ਰਲੈ ਪਇਐ ਕਿਰਤਿ ਫਿਰਾਇ।”

–ਸਿਰੀ ੪, ਵਾਰ ੧੨ਸ, ੩, ੨:੨ (87)

“ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ।”(ਫਿਰਦੇ ਰਹਿੰਦੇ ਭਾਵ ਟਕਰਾਂ ਮਾਰਦੇ ਰਹਿੰਦੇ ਹਨ)

–ਸਲੋ ੩, ੫੧:੯ (1419)

(2) ਫੇਰ ਕੇ ਭਾਵ ਮੋੜ ਕੇ

“ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ।”

–ਮਾਰੂ ੫, ੧੧, ੩:੧ (1001)

“ਆਗੇ ਬੈਠਾ ਪੀਠਿ ਫਿਰਾਇ।”(ਪਿਠ ਮੋੜ ਕੇ)

–ਭੈਰ ਕਬ, ੮, ੧:੨ (1159)

ਫਿਰਾਹਰਿ---- ਫੇਰਾਂ ਵਿਚ, ਫਿਰਨ ਦਾ ਆਹਰ

“ਬਿਨੁ ਨਾਵੈ ਬਹੁ ਫੇਰੁ ਫਿਰਾਹਰਿ।”(ਭਾਵ ਭੰਬਲ ਭੂਸੇ ਖਾਣੇ)

–ਰਾਮ ੫, ਵਾਰ ੧੮ਸ, ੫, ੧:੩ (965)

ਫਿਰਾਹਿ----- ਫਿਰਦੇ ਹਨ ਭਾਵ ਗੇੜੇ ਕਢਦੇ ਹਨ

“ਅਸੰਖ ਕੂੜਿਆਰ ਕੂੜੇ ਫਿਰਾਹਿ।”

–ਜਪੁ ੧, ੧੮:੬ (4)

“ਸੰਗਿ ਤੁਹਾਰੈ ਪ੍ਰਭੁ ਬਸੈ ਬਨੁ ਬਨੁ ਕਹਾ ਫਿਰਾਹਿ।”(ਫਿਰਦਾ ਹੈ)

-ਗਉ ੫, ਬਾਅ ੩੦:੨ (256)

ਹੋਰ ਰੂਪ:

ਫਿਰਾਹੀ–
"ਅਨਦਿਨੁ ਦੂਜੈ ਭਾਇ ਫਿਰਾਹੀ।" (ਫਿਰਦਾ ਹੈ)
-ਮਾਝ ੩, ਅਸ ੩੦, ੬:੨ (127)
"ਜਿਨ ਗੁਰੁ ਗੋਪਿਆ ਆਪਣਾ ਸੇ ਲੈਦੇ ਢਾਹਾ ਫਿਰਾਹੀ।"(ਫਿਰਦੇ ਹਨ) ਸਹਾਇਕ ਕਿਰਿਆ)
-ਗਉ ੪, ਵਾਰ ੧੫ਸ, ੪, ੨:੪ (308)

ਫਿਰਾਤਾ ----- ਫਿਰਾਂਦੀ ਹੈ
"ਮਾਇਆ ਮਨਸਾ ਮੋਹਣੀ ਦਹ ਦਿਸ ਫਿਰਾਤਾ।"
-ਗੂਜ ੩, ਵਾਰ ੧੫:੨ (514)

ਫਿਰਾਮੀ ----- ਫਿਰਦੇ ਹਨ
"ਮਨੁ ਰਤਾ ਕੁਟੰਬ ਸਿਉ ਨਿਤ ਗਰਬਿ ਫਿਰਾਮੀ।"
-ਮਾਰੂ ੫, ਵਾਰ ੧੪:੩ (1099)

ਫਿਰਾਵਉ ---- ਫੇਰਾ, ਉਲਟਾਵੋ
"ਰੀ ਕਲਵਾਰਿ ਗਵਾਰਿ ਮੂਢ ਅਤਿ ਉਲਟੋ ਪਵਨੁ ਫਿਰਾਵਉ।"
-ਕੇਦਾ ਕਬ, ੩, ੧:੧ (1123)

ਫਿਰਿ ------ (1) ਫੇਰ, ਮੁੜ ਕੇ
"ਗਾਵੈ ਕੋ ਜੀਅ ਲੈ ਫਿਰਿ ਦੇਹ।"
-ਜਪੁ ੧, ੩:੬ (92)
"ਦੂਜੈ ਭਾਇ ਕੋ ਨ ਮਿਲੈ ਫਿਰਿ ਫਿਰਿ ਆਵੈ ਜਾਇ।"(ਮੁੜ ਮੁੜ ਕੇ)
-ਸਿਰੀ ੩, ੩੬, ੨:੨ (27)
"ਰਾਮ ਨਾਮ ਸਾਲਾਹਿ ਤੂ ਫਿਰਿ ਆਵਣ ਜਾਣੁ ਨ ਹੋਇ।"(ਮੁੜ ਕੇ, ਫੇਰ)
-ਸਿਰੀ ੩, ੫੭, ੧*:੨ (36)
"ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ।"(ਭਾਵ ਪਿਛੋਂ)
-ਸਿਰੀ ਬੇਣੀ, ੧, ੧*:੧ (93)

(2) ਫਿਰ ਕੇ, ਉਲਟ ਕੇ
"ਦੂੜ ਲਗੇ ਫਿਰਿ ਚਾਕਰੀ ਸਤਿਗੁਰ ਕੇ ਵੇਸਾਹੁ।"
-ਸਿਰੀ ੧, ੧੧, ੧:੨ (18)
"ਗੁਰੂ ਪਾਸਹੁ ਫਿਰਿ ਚੇਲਾ ਖਾਇ।"(ਉਲਟਾ)
-ਆਸਾ ੧, ੪, ੨:੧ (349)

(3) ਗਮਨ ਕਰਕੇ, ਭਰਮਨ ਕਰਕੇ ਭਾਵ ਭਟਕ ਭਟਕ ਕੇ
"ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ।"
-ਗਉ ੪, ਕਰ, ੨, ੧:੨ (234)
"ਨਿਮਖ ਮਾਹਿ ਚਾਰਿ ਕੁੰਟ ਫਿਰਿ ਆਵੈ।"
-ਗਉ ੫, ਸੁਖ ੧੧, ੩:੮ (277)

(4) ਘੁੰਮ ਗਈ ਭਾਵ ਵਾਪਰ ਗਈ, ਵਿਆਪਕ ਹੋ ਗਈ, ਫੈਲ ਗਈ

“ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।”
-ਆਸਾ ੧, ਅਸ ੧੧, ੫:੩ (417)

ਫਿਰਿਓ ----- ਫਿਰਿਆ, ਵਿਆਪਕ ਹੋਇਆ, ਪੈ ਗਿਆ
“ਨਾਗੋ ਆਇਆ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ।”
-ਗਉ ੫, ੧੨੭*, ੧:੨ (206)
“ਦਸ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ।”
-ਗਉ ੫, ਥਿਤੀ ੧੦ਸ:੧ (298)
“ਬਰਸ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ।”(ਘੁੰਮਿਆ)
-ਸਵ ੩, ੨੦:੩ (1395)

ਹੋਰ ਰੂਪ:

ਫਿਰਿਆ–
“ਸਗਲ ਤਿਆਗਿ ਬਨ ਮਧੇ ਫਿਰਿਆ।”(ਘੁੰਮਿਆ, ਗਮਨ ਕੀਤਾ)
-ਗਉ ੫, ਸੁਖ ੩, ੧:੪ (265)
ਫਿਰੀ–
“ਹਉ ਹਉ ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ।”
-ਸਿਰੀ ੩, ੪੭, ੩:੧ (32)

ਫਿਰੀ------- (1) ਗਮਨ ਕੀਤਾ,ਭਟਕੀ ਵੇਖੋ ‘ਫਿਰਿਓ’
(2) ਫੈਲੀ
“ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ।”
-ਰਾਮ ਬਸ, ਵਾਰ ੩:੪ (67)
(3) ਪਲਟੀ, ਬਦਲੀ, ਤਬਦੀਲ ਹੋਈ
“ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ।”
-ਸਲੋ ਫਰ, ੧੦੨:੧ (1383)

ਫਿਰੀਆ----- ਫਿਰਦਾ ਹੈ, ਭਟਕਦਾ ਹੈ
“ਕਿਰਤਨਿ ਜੁਰੀਆ ਬਹੁ ਬਿਧਿ ਫਿਰੀਆ ਪਰ ਕਉ ਹਿਰੀਆ।”
-ਸੂਹੀ ੫, ੪:੨ (746)

ਫਿਰੁ ------- ਫੇਰ, ਮੁੜ ਕੇ
“ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ।”
-ਤਿਲੰ ਕਬ, ੧, ੧*:੧ (727)

ਫਿਰੇ ------- (1) ਗਮਨ ਕਰਦੇ ਰਹੇ, ਭਟਕਦੇ ਰਹੇ, ਭਉਂਦੇ ਰਹੇ
“ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ।”(ਭਾਵ ਰਹੇ)
-ਸਿਰੀ ੩, ੬੩, ੧:੨ (38)
“ਨਾਮੇ ਕੇ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ।”(ਫਿਰਦਾ ਹੈ,ਵਿਆਪਕ ਹੈ)
-ਭੈਰ ਨਾਮ, ੧, ੪:੨ (1167)
(2) ਮੁੜੇ
“ਸਤਿਗੁਰ ਤੇ ਜੋ ਮੁਹ ਫਿਰੇ ਸੇ ਬਧੇ ਦੁਖ ਸਹਾਹਿ।”
-ਸੋਰ ੪, ਵਾਰ ੭ਸ, ੩, ੧:੧ (645)

ਫਿਰੈ ------- (1) ਫਿਰਦੀਆਂ ਹਨ

"ਤਿਨਾ ਪਿਛੈ ਰਿਧਿ ਸਿਧਿ ਫਿਰੈ ਓਨਾ ਤਿਲੁ ਨ ਤਮਾਇ।"

-ਸਿਰੀ ੩, ੩੫, ੪:੨ (26)

"ਬਿਨੁ ਸਤਿਗੁਰ ਮੁਕਤਿ ਨ ਪਾਈਐ ਮਨਮੁਖਿ ਫਿਰੈ ਦਿਵਾਨੁ।"(ਫਿਰਦਾ ਹੈ)

-ਸਿਰੀ ੩, ੬੩, ੩:੩ (39)

(2) ਟਲਦਾ

"ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ।"

-ਰਾਮ ਸੁੰਦ, ਸਦ, ੩:੬ (923)

"ਚੀਰੀ ਜਾ ਕੀ ਨ ਫਿਰੈ ਸਾਹਿਬੁ ਸੋ ਪਰਵਾਣੁ।"

-ਸਾਰ ੪, ਵਾਰ ਪਸ, ੨, ੧:੨ (1239)

(3) ਮੁੜਦਾ, ਤੁਰਦਾ

"ਰਥੁ ਫਿਰੈ ਛਾਇਆ ਧਨ ਤਾ ਕੈ ਟੀਡੁ ਲਵੈ ਮੰਝਿ ਬਾਰੇ।"

-ਤੁਖਾ ੧, ਬਾਰਾ ੮:੪ (1108)

(4) ਘੁੰਮਦਾ/ਦਿਸ਼ਾ ਬਦਲਦਾ ਹੈ

"ਭਗਤ ਜਨਾਂ ਕਉ ਦੇਹੁਰਾ ਫਿਰੈ।"

-ਭੈਰ ਨਾਮ, ੬, ੩:੨ (1164)

ਫਿਰੋ ------- ਫਿਰਦਾ ਹੈ

"ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ।"

-ਸਾਰ ੫, ੩, ੨:੧ (1203)

ਫਿਲਹਾਲ ---- (ਫ਼ੀ. ਅਲਹਾਲ (ਇਸੇ ਸਮੇਂ, ਵਰਤਮਾ ਨ ਕਾਲ ਵਿਚ/ ਦਾ

"ਦੁਨੀਆ ਚੀਜ ਫਿਲਹਾਲ ਸਗਲੇ ਸਚੁ ਸੁਖੁ ਤੇਰਾ ਨਾਉ।(ਹੁਣ ਦੇ ਸਮੇਂ ਭਾਵ ਥੋੜੇ ਸਮੇਂ ਲਈ)

-ਤਿਲੰ ੫, ੪, ੪:੧ (724)

ਹੋਰ ਰੂਪ:

ਫਿਲਹਾਲਾ–

"ਦਿਲ ਮਹਿ ਜਾਨਹੁ ਸਭ ਫਿਲਹਾਲਾ।"(ਥੁੜ ਚਿਰਾ)

-ਮਾਰੂ ੫, ਸੋਲਾ ੧੨, ੮:੧ (1084)

ਫੀਕ ------- (1) ਫਿੱਕੇ, ਰਸਹੀਣ, ਫੋਕਟ

"ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ।"

-ਗਉ ੪, ੫੬, ੨:੧ (170)

(2) ਅਸਾਰ, ਢੌਂਗ, ਨਿਹਰਥਕ

"ਜਿਨ ਹਰਿ ਹਿਰਦੈ ਨਾਮੁ ਨ ਵਸਿਓ ਤਿਨ ਸਭਿ ਕਾਰਜ ਫੀਕ।"

-ਪ੍ਰਭਾ ੪, ੩, ੩:੧ (1336)

ਫੀਕਾ ------ (1) ਰਸਹੀਨ

"ਬਿਨੁ ਗੁਣ ਕਾਮਿ ਨ ਆਵਈ ਮਾਇਆ ਫੀਕਾ ਸਾਦੁ।"

-ਸਿਰੀ ੧, ਅਸ ੧੩, ੬:੩ (61)

"ਹਰਿ ਰਸੁ ਨ ਚਾਖੈ ਫੀਕਾ ਆਲਾਇ।"(ਭਾਵ ਖਰਵਾ ਬੋਲਦੀ ਹੈ)

-ਗਉ ੩, ੨੩, ੨:੨ (158)

(2) ਸ਼ੋਭਾਹੀਨ
“ਮੁਨ ਤਨੁ ਫੀਕਾ ਦੂਜੈ ਭਾਇ।”
-ਗਉ ੩, ਅਸ ੩, ੨:੨ (230)

(3) ਅਧਾਰ, ਨਿਰਾਥਕ, ਬੇਰਸ
“ਮਨਮੁਖ ਪਥਰੁ ਸੈਲੁ ਹੈ ਧ੍ਰਿਗ ਜੀਵਣੁ ਫੀਕਾ।”
-ਆਸਾ ੧, ਅਸ ੧੫, ੭:੧ (49)

ਫੀਕਾਨੇ ----- ਫਿੱਕੇ, ਬੇਰਸ
“ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ।”
-ਗਉ ੪, ੫੬, ੨:੧ (170)

ਫੀਕਿਆ ---- ਫਿਕੇ, ਬੇਸੁਆਦ
“ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ।”
-ਜੈਤ ੫, ਵਾਰ ੧੧:੨ (708)

ਫੀਕੀ ------ (1) ਬੇਸੁਆਦ, ਬੇਰਸ
“ਨੀਕੀ ਜੀਅ ਕੀ ਹਰਿ ਕਥਾ ਊਤਮ ਆਨ ਸਗਲ ਰਸ ਫੀਕੀ ਰੇ।”
-ਆਸਾ ੫, ੧੩੩, ੧*:੧ (404)

(2) ਕੰਮਜ਼ੋਰ, ਸਤਾਹੀਣ
“ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ।”
-ਆਸਾ ਕਬ, ੧੭, ੪:੧ (480)

(3) ਸ਼ੋਭਾਹੀਣ
“ਸਾਚੀ ਸੁਰਤਿ ਸੁਹਾਵਣੀ ਮਨਮੁਖ ਮਤਿ ਫੀਕੀ।”
-ਮਾਰੂ ੫, ਅਸ ੪, ੪:੨ (1011)

ਫੀਕੇ ------- ਫਿਕੇ (ਭਾਵ ਕਚੇ) ਬੇਰਸ
“ਆਨ ਰੰਗ ਫੀਕੇ ਸਭ ਮਾਇਆ।”
-ਗਉ ੫, ੧੪੧, ੩:੨ (194)

“ਹਮ ਨਿਰਗੁਣੀ ਮਨੂਰ ਅਤਿ ਫੀਕੇ ਮਿਲਿ ਸਤਿਗੁਰ ਪਾਰਸੁ ਕੀਜੈ।”(ਭਾਵ ਰੁਖੇ ਜੀਵਨ ਵਾਲੇ)
-ਕਲਿ ੪, ਅਸ ੨, ੧*:੨ (1324)

ਫੀਟੈ ------- ਵਿਗੜਨਾ, ਖਰਾਬ ਹੋਣਾ
“ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ।”
-ਰਾਮ ੧, ਓਅੰ ੩੪:੨ (934)

ਫੀਰੁ ------- ਫੇਰਾ, ਗੇੜਾ
“ਜਨਮ ਮਰਣ ਕਾ ਦੁਖੁ ਗਇਆ ਫਿਰਿ ਪਵੈ ਨ ਫੀਰੁ।”
-ਸੂਹੀ ੩, ਵਾਰ ੧੦:੪ (789)

ਫੀਲੁ ------- (ਅ.ਫੀਲ) ਹਾਥੀ,ਹਸਤੀ
“ਫੀਲੁ ਰਬਾਬੀ ਬਲਦ ਪਖਾਵਜ ਕਊਆ ਤਾਲ ਬਜਾਵੈ।”

–ਆਸਾ ਕਬ, ੬, ੧:੧ (477)

ਫੁਸੀ ------- ਬੁਜ਼ਦਿਲ, ਕਾਇਰ
"ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ।"
–ਵਡ ੩, ਛੰਤ ੪, ੪:੩ (570)

ਫੁਟੰਨਿ ------ ਫੁਟ ਜਾਵਣ
"ਨਾਨਕ ਸੇਈ ਤੰਨ ਫੁਟੰਨਿ ਜਿਨਾ ਸਾਂਈ ਵਿਸਰੈ।"(ਭਾਵ ਵਿਕਾਰਾਂ ਨਾਲ ਗੰਦੇ ਹੋ ਜਾਂਦੇ ਹਨ)
–ਗਉ ੫, ਵਾਰ ੨੦ਸ, ੫, ੧:੨ (323)

ਫੁਟੀ ------- ਉਗਮੀ ਹੋਈ
"ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।"
–ਗਉ ੪, ਵਾਰ ੬ਸ, ੫, ੧:੧ (319)

ਫੁਨਿ ------- (1) ਫਿਰ, ਫੇਰ, ਮੁੜ
"ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ।"
–ਸਿਰੀ ੧, ੧੨, ੧:੧ (18)
"ਕਾਚਾ ਧਨੁ ਫੁਨਿ ਆਵੈ ਜਾਏ।"(ਮੁੜ ਮੁੜ ਕੇ)
–ਧਨਾ ੩, ੭, ੧*:੨ (665)
(2) ਅਤੇ ਹੋਰ
"ਸੁਇਨਾ ਰੁਪਾ ਫੁਨਿ ਨਹੀ ਦਾਮ।"
–ਗਉ ੫, ੧੦੬, ੩:੧ (187)
"ਫੁਨਿ ਮਨ ਬਚ, ਕ੍ਰਮ ਜਾਨੁ ਅਨਤ ਦੂਜਾ ਨ ਮਾਨੁ ਨਾਮੁ ਸੁ ਅਪਾਰੁ ਸਾਰੁ ਦੀਨੋ ਗੁਰਿ ਰਿਦ ਧਰ।"
–ਸਵ ੪, ਨਲ ੩:੩ (1399)
(3) ਭੀ
"ਜਲੁ ਨਹੀ ਪਵਨੁ ਪਾਵਕੁ ਫੁਨਿ ਨਾਹੀ ਸਤਿਗੁਰ ਤਹਾ ਸਮਾਹੀ।"
–ਗਉ ਕਬ, ੪੮, ੨:੨ (333)
"ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠਿ ਸਿਧਾਵੈ।"(ਉਪਰੰਤ)
–ਰਾਮ ੯, ੧, ੧:੨ (902)
"ਡਗਰੀ ਚਾਲ ਨੇਤ੍ਰ ਫੁਨਿ ਅੰਧਲੇ ਸਬਦ ਸੁਰਤਿ ਨਹੀ ਭਾਈ।"
–ਭੈਰ ੧, ੫, ੩:੧ (1126)

ਫੁਫੀ -------ਭੂਆ, ਪਿਤਾ ਦੀ ਭੈਣ
"ਫੁਫੀ ਨਾਨੀ ਮਾਸੀਆ ਦੇਰ ਜਠਾਨੜੀਆਹ।"
–ਮਾਰੂ ੧, ਅਸ ੧੦, ੨:੧ (1015)

ਫੁੰਮਣ ------ ਸੂਤ ਦੀ ਕੂਚੀ
"ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।"
–ਮਾਝ ੧, ਵਾਰ ੨੬ਸ, ੧, ੧:੯ (149)

ਫੁਰਮਾਇ ---- ਹੁਕਮ ਕਰੇ, ਫਰਮਾਨ ਕਰੇ

“ਕਾਜੀ ਮੁਲਾਂ ਬਿਨਤੀ ਫੁਰਮਾਇ।” (ਭਾਵ ਕਹੇ)
-ਭੈਰ ਨਾਮ, ੧੦, ੨੨:੧ (1166)

ਹੋਰ ਰੂਪ:

ਫੁਰਮਾਇਓ–
“ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।”(ਹੁਕਮ ਕੀਤਾ)
-ਸਵ ੧, ੭:੬ (1390)

ਫੁਰਮਾਇਅੜੈ –ਹੁਕਮ ਕਰਨ ਕਰਕੇ, ਫੁਰਮਾਨ ਕਰਕੇ
“ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚ ਜੀਉ ਆਇ ਪਇਆ।”
-ਮਾਰੂ ੫, ੩੧, ੧:੩ (1007)

ਫੁਰਮਾਇਆ -- ਹੁਕਮ ਕੀਤਾ, ਕਹਿਆ
“ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।”
-ਮਾਝ ੧, ਵਾਰ ੨੭:੨ (150)
“ਉਡਰਿ ਹੰਸੁ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ।”(ਕਹੇ/ਹੁਕਮ ਅਨੁਸਾਰ)
-ਤੁਖਾ ੧, ਛੰਤ ੪, ੧:੫ (1111)

ਫੁਰਮਾਇਸਿ -- (1) (ਫਾ. ਫੁਰਮਾਇਸ਼) ਹੁਕਮ
“ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ।”
-ਆਸਾ ੧, ੩੧, ੧:੨ (358)
(2) ਹਕੂਮਤ
“ਰਾਮ ਮਿਲਖ ਅਰੁ ਬਹੁਤੁ ਫੁਰਮਾਇਸਿ।”
-ਆਸਾ ੫, ੧੧, ੩:੩ (373)
“ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ।”
-ਆਸਾ ੧, ਵਾਰ ੧੭:੪ (472)

ਫੁਰਮਾਇਸੀ --ਹੁਕਮ
“ਬਹੁਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ।”
-ਸਿਰੀ ੫, ੭੧, ੧:੩ (42)

ਫੁਰਮਾਈ ---- ਕਹੀ ਭਾਵ ਨਿਸਚਿਤ ਕੀਤੀ, ਹੁਕਮ ਕੀਤੀ ਹੋਈ
“ਕਰਣੀ ਕਾਰ ਧੁਰਹੁ ਫੁਰਮਾਈ।”
-ਆਸਾ ੩, ੪੬, ੨:੧ (363)
“ਗਤਿ ਅਵਗਤਿ ਕੀ ਚਿੰਤ ਨਾਹੀ ਸਤਿਗੁਰੂ ਫੁਰਮਾਈ।”(ਦੱਸੀ, ਸਿਖਿਆ ਦਿਤੀ)
-ਪ੍ਰਭਾ ੧, ੪, ੩:੨ (1328)

ਫੁਰਮਾਈਐ--- ਹੁਕਮ ਕਰੋ, ਕਹੋ
“ਹਉ ਗੋਲਾ ਲਾਲਾ ਤੁਧੁ ਮੈ ਹੁਕਮੁ ਫੁਰਮਾਈਐ।”
-ਸੋਰ ੪, ਵਾਰ ੨:੪ (643)

ਫੁਰਮਾਏ----- ਕਹੇ, ਹੁਕਮ ਕਰੇ
“ਜਿਵ ਫੁਰਮਾਏ ਤਿਵ ਤਿਵ ਪਾਹਿ।”

-ਜਪੁ ੧, ੧੯:੯ (4)

ਫੁਰਮਾਣੁ----- (1) ਹਕਮ
"ਅਮੁਲੁ ਕਰਮੁ ਅਮੁਲੁ ਫੁਰਮਾਣੁ।"
-ਜਪੁ ੧, ੨੬:੮ (5)
(2) ਹੁਕਮ ਨਾਮਾ
"ਸਚਾ ਤੇਰਾ ਹੁਕਮੁ ਸਚਾ ਫੁਰਮਾਣੁ।"
-ਆਸਾ ੧, ਵਾਰ ੨ਸ, ੧, ੧:੫ (463)

ਫੁਰਮਾਣੈ----- ਹੁਕਮ ਵਿਚ, ਹੁਕਮ ਅਨੁਸਾਰ
"ਸਾਧਿਕ ਸਿਧ ਗੁਰੂ ਬਹੁ ਚੇਲੇ ਖੋਜਤ ਫਿਰਹਿ ਫੁਰਮਾਣੈ।"
-ਰਾਮ ੧, ਸਿਗੋ ੭੩:੩ (946)

ਫੁਰਮਾਨੀ ---- ਹੁਕਮ ਮੰਨਣਾ, ਆਗਿਆ ਕਰਤਾ
"ਫੁਰਮਾਨੀ ਹੈ ਕਾਰ ਖਸਮਿ ਪਠਾਇਆ।"
-ਮਾਝ ੧, ਵਾਰ ੧੦:੫ (142)

ਫੁਰਮਾਨੁ----- ਹੁਕਮ
"ਸਚੁ ਤੇਰਾ ਫੁਰਮਾਨੁ ਸਬਦੇ ਸੋਹਿਆ।"
-ਮਾਝ ੧, ਵਾਰ ੨੬:੪ (150)

ਫੁਰਮਾਵਹਿ --- ਹੁਕਮ ਕਰੇ
"ਜਿਉ ਫੁਰਮਾਵਹਿ ਤਿਉ ਚਲਾ ਸਚੁ ਲਾਲ ਪਿਆਰੇ।"
-ਮਾਰੂ ੧, ਅਸ ੪, ੧*:੨ (1010)

ਫੁਰਮਾਵੈ----- ਹੁਕਮ ਕਰਦਾ, ਕਹਿੰਦਾ, ਦਸਦਾ
"ਅਲਹ ਅਵਲਿ ਦੀਨ ਕੋ ਸਾਹਿਬੁ ਜੋਰੁ ਨਹੀ ਫੁਰਮਾਵੈ।"
-ਆਸਾ ਕਬ, ੧੭, ੧:੨ (480)

ਫੁਰਿਆ ----- ਅਨੁਭਵ ਹੋਇਆ, ਅਹੁੜਿਆ, ਮਾਲੂਮ ਹੋਇਆ
"ਸੋਈ ਨਾਮੁ ਅਛਲੁ ਭਗਤਹ ਭਵ ਤਾਰਣੁ ਅਮਰਦਾਸ ਗੁਰ ਕਉ ਫੁਰਿਆ।"
-ਸਵ ੩, ੧:੮ (1393)

ਫੁਰੀ ------- ਸੁਝੀ, ਖਿਆਲ ਆਇਆ
"ਰਿਧਿ ਸਿਧਿ ਜਾ ਕਉ ਫੁਰੀ ਤਬ ਕਾਹੂ ਸਿਉ ਕਿਆ ਕਾਜ ।"
-ਮਾਰੂ ਕਬ, ੩, ੧:੧ (1103)

ਫੁਲ ------- (1) ਕੁਸਮ, ਪੂਰੀ ਪਿੜੀ ਹੋਈ ਕਲੀ, ਪੁਸ਼ਪ
"ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ।"
-ਮਾਝ ੧, ਵਾਰ ੨੦ਸ, ੧, ੨:੧ (147)
(2) ਅਸਥੀਆਂ, ਮਿਰਤਕ ਦੀਆਂ ਸੜ ਕੇ ਸੁਫੈਦ ਹੋਇਆ ਹੱਡੀਆਂ
"ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ।"
-ਰਾਮ ਸੁੰਦ, ਸਦ ੫:੪ (923)

ਫੁਲਵਤ ----- ਫੁਲਦਾ ਹੈ, ਮਾਨ ਕਰਦਾ ਹੈ

“ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ ਅਇਆਨੇ।”
-ਕੇਦਾ ਕਬ, ੪, ੪:੧ (1124)

ਫੁਲੜਾ------ ਕੋਮਲ, ਫੁਲ
“ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।”
-ਸਿਰੀ ੧, ੨੪, ੧:੧ (23)

ਫੁਲਾ ------- ‘ਫੁਲ’ ਦਾ ਬਹੁ ਵਚਨ
“ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਦੀ ਬਾਗਾਤਿ।”
-ਸਿਰੀ ੫, ੯੨, ੨:੨ (50)
ਫੁਲੀ-ਫੁਲਾਂ ਵੱਲ
“ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ।”
-ਸੂਹੀ ੩, ਵਾਰ ੧੮ਸ, ੧, ੧:੨ (791)

ਫੁਲੀਅਹਿ---- ਪ੍ਰਫੁਲਤ ਹੋਈ
“ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ।”
-ਆਸਾ ੧, ਵਾਰ ੧ਸ, ੧, ੩:੪ (463)

ਫੁਲੀਠਾ ----- ਫੁਲਿਆ ਹੋਇਆ, ਛਾਲਾ, ਜ਼ਹਿਰ ਦੀ ਥੈਲੀ, ਫੋਲ
“ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ।”
-ਗਉ ੪, ੬੧, ੩:੨ (171)

ਫੁਲੁ ------- ਫੁਲ, ਪੁਸ਼ਪ
“ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ।”
-ਮਾਝ ੧, ਵਾਰ ੨੦ਸ, ੧, ੧:੧ (147)

ਫੁਲੇ ------- ਫੁਲ ਪਏ, ਪ੍ਰਫੁਲਿਤ ਹੋਏ, ਖਿੜੇ
“ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ।”
-ਤੁਖਾ ੧, ਬਾਰਾ ੧੧:੩ (1109)

ਹੋਰ ਰੂਪ:

ਫੁਲੈ-
“ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ।”(ਖਿੜਕ)
-ਸੂਹੀ ੧, ਕੁਚ ੨:੪ (762)

ਫੂਏਫਾਲ----- ਖਿੰਡੇ ਖੁਸੇ, ਖਿਲਰੇ ਪੁਲਰੇ
“ਕੂਚ ਬਿਚਾਰੈ ਫੂਏ ਫਾਲ।”
-ਗੋਂਡ ਕਬ, ੬, ੧:੩ (871)

ਫੂਕ ------- (1) ਸੁਆਸ, ਪ੍ਰਾਣ
“ਨਿਕਸਿਆ ਫੂਕ ਤ ਹੋਇ ਗਇਓ ਸੁਆਹਾ।”
-ਆਸਾ ੫, ੮੬, ੨:੪ (392)
(2) ਜੋਰ ਨਾਲ ਮੂੰਹ ਵਿਚੋਂ ਕਢੀ ਹਵਾ
“ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ।”

-ਸਲੋ ਕਬ, ੧੫੮:੨ (1372)

ਫੂਕਿ ------- (1) ਅਹੰਕਾਰ
“ਸਭੁ ਕੋ ਭਰਿਆ ਫੂਕਿ ਆਖਣਿ ਕਹਿਣ ਨ ਥੰਮ੍ਹੀਐ।”
-ਸਾਰ ੪, ਵਾਰ ੧੯ਸ, ੧, ੨:੩ (1244)
“ਅੰਧੀ ਫੂਕਿ ਮੁਈ ਦੇਵਾਨੀ।”(ਅੰਹਕਾਰ ਵਿਚ)
-ਮਲਾ ੧, ਵਾਰ ੧੯ਸ, ੧, ੨:੩ (1286)
(2) ਸਾੜ, ਸੁਆਹ ਕਰ ਦੇਵੇ
“ਕਬੀਰ ਐਸਾ ਕੋ ਨਹੀ ਇਹੁ ਤਨੁ ਦੇਵੈ ਫੂਕਿ।”
-ਸਲੋ ਕਬ, ੮੪:੧ (1368)

ਫੂਕੈ ------- ਫੂੰਕਾਰੇ ਮਾਰੇ
“ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ।”
-ਮਲਾ ੧, ਵਾਰ ੧੯ਸ, ੧, ੨:੨ (1286)

ਫੂਟ ਮਫੂਟ --- ਫੁਟ ਗਿਆ, ਟੁੱਟ ਗਿਆ, ਚੂਰ ਚੂਰ ਹੋ ਗਿਆ
“ਕਬੀਰ ਖਿੰਥਾ ਜਲਿ ਕੋਇਲਾ ਭਈ ਖਾਪਰੁ ਫੂਟ ਮਫੂਟ।”
-ਸਲੋ ਕਬ, ੪੮:੧ (1367)

ਫੂਟਾ ------- ਟੁੱਟ ਗਿਆ, ਫੁਟ ਗਿਆ
“ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ।”
-ਗਉ ਕਬ, ਅਸ ੪੩, ੧:੨ (331)

ਫੂਟਿ ------- ਫੁਟ ਕੇ
“ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ।”
-ਸਿਰੀ ੧, ੩੧, ੧:੨ (25)
“ਦਹ ਦਿਸ ਟਾਂਡੋ ਗਇਓ ਫੂਟਿ।”(ਭਾਵ ਟੁੱਟ, ਖਤਮ)
-ਬਸੰ ਕਬ, ੬, ੩:੨ (1195)
“ਕਬੀਰ ਗਾਗਰਿ ਜਲ ਭਰੀ ਆਜੁ ਕਾਲ੍ਹਿ ਜੈਹੈ ਫੂਟਿ।”(ਟੁੱਟ, ਭੱਜ)
-ਸਲੋ ਕਬ, ੭੩:੧ (1368)

ਹੋਰ ਰੂਪ:

ਫੂਟੀ-
“ਕਾਮੁ ਕ੍ਰੋਧੁ ਮਾਇਆ ਲੈ ਜਾਰੀ ਤ੍ਰਿਸਨਾ ਗਾਗਰਿ ਫੂਟੀ।”(ਟੁੱਟ ਗਈ)
-ਆਸਾ ਕਬ, ੨੮, ੨:੧ (483)
“ਫੂਟੀ ਆਖੈ ਕਛੂ ਨ ਸੂਝੈ ਬੂਡਿ ਮੂਏ ਬਿਨੁ ਪਾਨੀ।”(ਟੁੱਟੀ ਹੋਈ, ਅੱਖ ਭਾਵ ਅੰਨੀ ਅੱਖ)
-ਕੇਦਾ ਕਬ, ੪, ੧:੨ (1124)

ਫੂਟੇ-
“ਘਟ ਫੂਟੇ ਘਟਿ ਕਬਹਿ ਨ ਹੋਈ।”
-ਗਉ ਕਬ, ਬਾਅ ੧੦:੨ (340)
“ਪਾਂਚ ਨਾਰਦ ਕੇ ਮਿਟਵੇ ਫੂਟੈ।”(ਟੁੱਟ ਗਏ)
-ਗੋਂਡ ਕਬ, ੮, ੫:੩ (872)

ਫੂਟੈ-
"ਕਾਮ ਕ੍ਰੋਧ ਫੂਟੈ ਬਿਖੁ ਮਾਟੁ।"
-ਗਉ ੧, ੬, ੪:੨ (153)
"ਕਾਚੀ ਗਾਗਰਿ ਸਰਪਰ ਫੂਟੈ।"(ਟੁੱਟਦੀ ਹੈ)
-ਗਉ ੪, ਬਾਅ ੨੧:੬ (254)
"ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ।"(ਤਿੜਕੇ ਹੋਏ ਘੜੇ)
-ਤਿਲੰ ੯, ੧, ੧*:੨ (726)
ਫੂਟੋ-
"ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸ।"(ਟੁੱਟ ਗਿਆ)
-ਮਾਰੂ ੫, ੧੪, ੧:੧ (1002)

ਫੂਲ ------- ਫਲੁ, ਪੁਸ਼ਪ
"ਲਾਲ ਨਿਹਾਲੀ ਫੂਲ ਗੁਲਾਲਾ।
-ਗਉ ੧, ਅਸ ੧੦, ੨:੨ (225)
"ਫੂਲ ਮਾਲਾ ਗਲਿ ਪਹਿਰਉਗੀ ਹਾਰੋ।"
-ਆਸਾ ੧, ੩੪, ੨:੧ (359)

ਫੂਲਹ ------ ਫੁਲ ਤੋਂ
"ਫਫਾ ਬਿਨੁ ਫੂਲਹ ਫਲੁ ਹੋਈ।"
-ਗਉ ਕਬ, ਬਾਅ ੨੮:੧ (341)

ਫੂਲਹਿ------ (1) ਫੁਲਦੇ ਹਨ, ਮਾਨ ਕਰਦੇ ਹਨ
"ਜੋਰ ਜੁਲਮ ਫੂਲਹਿ ਘਣੋ ਕਾਚੀ ਦੇਹ ਬਿਕਾਰ।"
-ਗਉ ੫, ਬਾਅ ੨੪ਸ:੧ (255)
(2) ਖਿੜਦੇ ਹਨ
"ਕਹ ਫੂਲਹਿ ਆਨੰਦ ਬਿਖੈ ਸੋਗ ਕਬ ਹਸਨੋ ਕਬ ਰੋਈਐ।"
-ਦੇਵ ੫, ੨, ੧:੧ (528)
"ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ।"(ਖੁਸ਼/ਅਨੰਦਿਤ ਹੁੰਦੇ ਹਨ)
-ਬਸੰ ੩, ੧੭, ੧:੨ (1177)

ਫੂਲੰਤ ------ ਖਿੜ ਰਹੀ ਹੈ
"ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।"
-ਧਨਾ ੧, ਸੋਹ ੩, ੧:੧ (13)

ਫੂਲਾ------- ਫੁਲ
"ਤਿਸ ਕੈ ਪੇਡਿ ਲਗੇ ਫਲ ਫੂਲਾ।"
-ਆਸਾ ਕਬ, ੨੨, ੩:੨ (481)

ਫੂਲਿ------- (1) ਫੁਲ ਉਪਰ
"ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ।"
-ਆਸਾ ੧, ਛੰਤ ੫, ੨:੧ (439)
(2) ਫੁਲ ਫੁਲ ਕੇ ਭਾਵ ਮਨਮਤਾ ਹੋ ਕੇ
"ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ।"

-ਸੂਹੀ ੫, ੮, ੨:੧ (738)

(3) ਖਿੜ ਰਹੀ
“ਫੂਲਿ ਰਹੀ ਸਗਲੀ ਬਨਰਾਇ।”
-ਭੈਰ ਕਬ, ੧੪, ੨:੪ (1161)

ਫੂਲਿਆ ------ ਮਾਨਮਤਾ ਹੋਇਆ
“ਚੋ ਆ ਚੰਦਨ ਦੇਹ ਫੂਲਿਆ।”
-ਗਉ ੫, ੧੩੯*, ੩:੧ (210)

ਫੂਲੀ -------- (1) ਫੁੱਟੀ ਹੋਈ
“ਤੂੰ ਪੇਡੁ ਸਾਖ ਤੇਰੀ ਫੂਲੀ।”
- ਮਾਝ ੫, ੨੮, ੧:੧ (102)

(2) ਖਿੜੀ, ਪ੍ਰਫੁਲਿਤ ਹੋਈ
“ਸਗਲੀ ਫੂਲੀ ਨਿਫਲ ਨ ਕਾਈ।”
-ਆਸਾ ੫, ੫੬, ੩:੨ (385)

(3) ਮਾਨਮਤੀ ਹੋਈ, ਅੰਹਕਾਰੀ ਹੋਈ
“ਮਾਟੀ ਫੂਲੀ ਰੂਪੁ ਬਿਕਾਰੁ।”
-ਬਸੰ ੧, ਅਸ ੧, ੬:੨ (1187)

ਫੂਲੁ -------- ਫੁਲ, ਪੁਸ਼ਪ
“ਨਾਮ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ।”
-ਗਉ ਕਬ, ੬੯, ੨:੧ (338)
(ਮਹਾਨਕੋਸ਼ ‘ਫੂਲੁਜਈ’ ਨੂੰ ਇਕ ਸ਼ਬਦ ਬਣਾ ਅਰਥ ‘ਫੁੱਲਦੀ ਮਾਂ ਭਾਵ ਵੇਲ’ ਕਰਦਾ ਹੈ)

ਫੂਲੇ -------- ਖਿੜ ਪਿਆ
“ਊਚੈ ਥਲਿ ਫੂਲੇ ਕਮਲ ਅਨੂਪ।”
-ਰਾਮ ੫, ੫੦, ੩:੨ (898)
“ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।”(ਫੁਲ/ਖਿੜ ਪਵੇ)
-ਤੁਖਾ ੧, ਬਾਰਾ ੫:੨ (1108)

ਹੋਰ ਰੂਪ:

ਫੂਲੈ-
“ਤਬ ਲਗੁ ਬਨੁ ਫੂਲੈ ਹੀ ਨਾਹਿ।”
-ਭੈਰ ਕਬ, ੧੪, ੨:੨ (1161)

ਫੂੜਿ -------- ਮੰਦ/ ਖੋਟੇ ਬੋਲ ਬੋਲਣ ਵਾਲੀ, ਖਰਵੀ
“ਬੋਲੈ ਕਉੜਾ ਜਿਹਬਾ ਕੀ ਫੂੜਿ।”
-ਆਸਾ ੫, ੯੬, ੧:੨ (394)

ਫੇਟ -------- ਠੋਕਰ, ਧਕਾ, ਸਟ
“ਭਜੁ ਸਾਧਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ।”
-ਸਾਰ ੫, ੧੦੪, ੨:੨ (1224)

ਹੋਰ ਰੂਪ:

ਫੇਟੈ–
"ਜਮਕਾਲ ਕੀ ਫਿਰਿ ਆਵੈ ਨ ਫੇਟੈ।"(ਫੇਟ ਵਿਚ ਚੋਟ ਦੇ ਘੇਰੇ ਵਿਚ)
-ਬਸੰ ੩, ੧੬, ੩:੨ (1176)

"ਜਮ ਜੰਦਾਰੁ ਨ ਮਾਰੇ ਫੇਟੈ।"(ਸਟ, ਧਕਾ)
-ਮਾਰੂ ੧, ਸੋਲਾ ੧੬, ੬:੨ (1036)

ਫੇਨ ------- ਝਗ
"ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ।"
-ਆਸਾ ਨਾਮ, ੧, ੨:੧ (485)

ਹੋਰ ਰੂਪ:

ਫੇਨੁ–
"ਤੂੰ ਜਲਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ।"
-ਮਾਝ ੫, ੨੮, ੧:੨ (102)

ਫੇਰ ------- (1) ਗੇੜਾ, ਚਕਰ
"ਮਰਿ ਮਰਿ ਜੰਮਹਿ ਫੇਰ ਪਵਹਿ ਘਣੇਰੇ।"
-ਮਾਝ ੩, ਅਸ ੧੯, ੧:੨ (120)

"ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ।"
-ਗਉ ੫, ੧੫੭, ੩:੧ (214)

(2) ਬਹੁੜ, ਦੁਬਾਰਾ
"ਜੈਸੇ ਹਰ ਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।"
-ਪ੍ਰਭਾ ੧, ੮, ੨:੧ (1329)

ਫੇਰਉ ------ (1) ਮੋੜਾਂ
"ਰਾਮੁ ਛੋਡਿ ਚਿਤੁ ਅਨਤ ਨ ਫੇਰਉ।"
-ਗੋਂਡ ਨਾਮ, ੨, ੧*:੨ (873)

(2) ਭਾਵ ਝਲਾਂ
"ਪਖਾ ਫੇਰਉ ਪੀਸਉ ਸੰਤ ਆਗੈ ਚਰਣ ਧੋਇ ਸੁਖੁ ਪਾਇਣਾ।"
-ਮਾਰੂ ੫, ਸੋਲਾ ੭, ੧੩:੩ (1078)

ਫੇਰਹਿ ------ ਮੋੜੇ
"ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।"
-ਸਿਰੀ ੩, ੪੨, ੩:੧ (30)

ਫੇਰਤੇ ------ ਫੇਰਦੇ ਹਨ
"ਮਨਿ ਫੇਰਤੇ ਹਰਿ ਸੰਗਿ ਸੰਗੀਆ।"
-ਮਲਾ ੫, ੨੩, ੨:੪ (1272)

ਫੇਰਦਾ ----- ਝਲਦਾ
"ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।"
-ਸਿਰੀ ੫, ਅਸ ੨੯, ੧੦:੩ (73)

ਫੇਰਨਿ ------ ਹਲਾਉਣ, ਘੁਮਾਉਣ
"ਪੈਰ ਹਲਾਇਨਿ ਫੇਰਨਿ ਸਿਰ।"
-ਆਸਾ ੧, ਵਾਰ ੫ਸ, ੧, ੨:੨ (465)

ਫੇਰਾ ------- ਚਕਰ, ਗੇੜਾ
"ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।"
-ਗਉ ੫, ਸੋਹ ੫, ੩:੨ (13)
"ਗੁਰਮੁਖਿ ਮਿਲੈ ਤਾ ਚੂਕੈ ਫੇਰਾ।"
-ਮਾਝ ੩, ਅਸ ੨੨, ੩:੨ (122)
"ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ।"(ਭਾਵ ਸੰਸਾਰ ਵਿਚ ਜਨਮ)
-ਵਡ ੩, ਛੰਤ ੬, ੧:੨ (571)

ਫੇਰਾਈਐ ---- ਫਿਰਾਈ ਗਈ, ਕੀਤੀ ਗਈ, ਪ੍ਰਸਾਰੀ ਗਈ
"ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ।"
-ਰਾਮ ਬਸ, ਵਾਰ ੨:੧ (966)

ਫੇਰਾਵਤ ----- ਭੁਆਂਦੇ
"ਪੰਚ ਦੂਤ ਮੂਡ ਪਰਿ ਠਾਢੇ ਕੇਸ ਗਹੇ ਫੇਰਾਵਤ ਹੇ।"
-ਬਿਲਾ ੫, ੮੮, ੩:੧ (821)

ਫੇਰਿ ------- (1) ਫਿਰ
"ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।"
-ਜਪੁ ੧, ੪:੩ (2)

(2) ਗੇੜ, ਚਕਰ
"ਲਖ ਚਉਰਾਸੀਹ ਭ੍ਰਮਤਾ ਫੇਰਿ।"
-ਗਉ ੫, ੮੨, ੩:੪ (180)

(3) ਮੁੜਕੇ, ਦੁਬਾਰਾ
"ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ।"
-ਗਉ ੪, ਵਾਰ ੮ਸ, ੪, ੧:੬ (303)
"ਉਤ ਤਾਕੈ ਉਤ ਤੇ ਉਤ ਪੇਖੈ ਆਵੈ ਲੋਭੀ ਫੇਰਿ।"(ਮੁੜ ਮੁੜ ਕੇ)
-ਧਨਾ ੫, ੩੬, ੧*:੨ (680)

(4) ਮੋੜੋ, ਹਟਾਓ
"ਅਨ ਸਿਉ ਤੋਰਿ ਫੇਰਿ ਹਾਂ।"
-ਆਸਾ ੫, ੧੫੭, ੧*:੪ (409)

(5) ਮੋੜ
"ਹਉ ਵਾਰੀ ਮੁਖੁ ਫੇਰਿ ਪਿਆਰੇ।"(ਮੇਰੇ ਵਲ ਕਰ)
-ਆਸਾ ਕਬ, ੩੫, ੧*:੧ (484)

(6) ਵਾਪਸ ਭੇਜ, ਮੋੜ
"ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ।"
-ਧਨਾ ੧, ਛੰਤ ੨, ੧:੪ (688)

(7) ਭਾਵ ਮੇਟ ਸਕੀਏ, ਟਾਲ ਸਕੀਏ
"ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ।"

-ਰਾਮ ੧, ਓਅੰ ੫੨:੪ (937)

(8) ਫੇਰ ਕੇ, ਗੋੜਾ ਦੇ ਕੇ, ਘੁਮਾ ਕੇ

"ਪਛਿਮ ਫੇਰਿ ਚੜਾਵੈ ਸੂਰੁ।"

-ਰਾਮ ਬੇਣੀ ੧, ੭:੪ (974)

"ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ।"(ਘੁੰਮਾ ਦਿਤਾ)

-ਮਲਾ ਨਾਮ, ੨, ੩:੨ (1292)

(9) ਫੇਰ ਕੇ ਭਾਵ ਜਪ ਕੇ

"ਹਿਰਦੈ ਫੇਰਿ ਚਲੈ ਤੁਧੁ ਨਾਲੀ।"

-ਭੈਰ ੪, ੩, ੧:੨ (1134)

ਫੇਰਿਆ ------ ਚਕਰਾਂ/ਗੇੜਿਆਂ ਤੋਂ

"ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ।"

-ਜੈਤ ੫, ਛੰਤ ੨, ੧:੬ (704)

ਫੇਰਿਐ ------ ਫੇਰਨ/ਮੋੜਨ ਨਾਲ

"ਮੁਹਿ ਫੇਰਿਐ ਮੁਹੁ ਜੂਠਾ ਹੋਇ।"

-ਸਾਰ ੪, ਵਾਰ ੭ਸ, ੧, ੧:੮ (1240)

ਫੇਰੀ -------- (1) ਭੁਆਟਣੀ

"ਭਉ ਫੇਰੀ ਹੋਵੈ ਮਨ ਚੀਤਿ।"

-ਆਸਾ ੧, ੬, ੩:੧ (350)

"ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ।"(ਭਾਵ ਨਾਚ ਨਹੀਂ ਹੁੰਦਾ)

-ਗੋਂਡ ਕਬ, ੯, ੪:੧ (872)

"ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪ ਤੇਰੋ ਠਾਉ।" (ਭਾਵ ਪ੍ਰਦਖਨਾ ਕਰਾਂ)

-ਕੇਦਾ ੫, ੪, ੧:੨ (1110)

(2) ਝਲਾਂ

"ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ।"

-ਵਡ ੪, ੩, ੪:੨ (561)

(3) ਫੇਰਿਆ/ਘੁੰਮਾਇਆ ਹੈ

"ਤੂ ਘਰ ਘਰ ਰਮਈਐ ਫੇਰੀ।"

-ਸੋਰ ਕਬ, ੫, ੨:੨ (655)

(4) ਫੇਰਦਾ ਹਾਂ

"ਦਿਵਸ ਰੈਨਿ ਤੇਰੇ ਪਾਉ ਪਲੋਸਉ ਕੇਸ ਚਵਰ ਕਰਿ ਫੇਰੀ।"

-ਰਾਮ ਕਬ, ੪, ੧:੨ (969)

(5) ਗੇੜਾ ਚਕਰ (ਜਨਮ ਮਰਨ ਦਾ)

"ਬਿਨੁ ਸਬਦੈ ਚੂਕੈ ਨਹੀ ਫੇਰੀ।"

-ਮਾਰੂ ੩, ਸੋਲਾ ੮, ੧੫:੨ (1052)

(6) ਉਲਟਾ ਦਿਤੀ

"ਗਿਰਿ ਤਰ ਜਲੁ ਜੁਆਲਾ ਭੈ ਰਾਖਿਓ ਰਾਜਾ ਰਾਮਿ ਮਾਇਆ ਫੇਰੀ।"

-ਭੈਰ ਨਾਮ, ੯, ੩:੨ (1165)

"ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ।"(ਉਲਟਾਈ)

–ਜੈਜਾ ੯, ੩, ੧*:੩ (1352)

ਫੇਰੀਆ ----- (1) ਚੱਕਰ ਲਾਣ/ਗੋਲ ਗੋਲ ਘੁੰਮਣ ਦੀ ਕਿਰਿਆ
“ਮਲ ਲਥੇ ਲੈਦੇ ਫੇਰੀਆ।”
–ਸਿਰੀ ੫, ਅਸ ੨੯, ੧੮:੨ (74)
(2) ਫਿਰਦਿਆਂ, ਭਾਵ ਜਨਮ ਮਰਨ ਦੇ ਗੇੜ ਕੱਢਦਿਆਂ
“ਆਵਣੇ ਜਾਵਣੇ ਖਰੇ ਡਰਾਵਣੇ ਤੋਟਿ ਨ ਆਵੈ ਫੇਰੀਆ।”
–ਸੂਹੀ ੧, ਛੰਤ ੫, ੭:੪ (767)

ਫੇਰੀਐ ----- (1) ਟਾਲਿਆ, ਮੋੜਿਆ
“ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ।”
–ਰਾਮ ੫, ਵਾਰ ੧੬:੭ (965)
(2) ਫਿਰਵਾਈਐ, ਪ੍ਰਸਾਰਿਤ ਕਰੀਏ
“ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ।”
–ਸਿਰੀ ੧, ਅਸ ੧੬, ੪:੨ (63)

ਫੇਰੁ ------- (1) ਗੇੜ, ਫੇਰਾ
“ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੈ ਭਾਇ।”(ਜਨਮ ਮਰਨ ਦਾ)
–ਸਿਰੀ ੩, ੪੭, ੨:੧ (31)
“ਬਿਨੁ ਬੂਝੈ ਵਡਾ ਫੇਰੁ ਪਇਆ ਫਿਰਿ ਆਵੈ ਜਾਈ।”
–ਗੂਜ ੩, ਵਾਰ ੮:੧ (511)
(2) ਮੋੜ
“ਜੋ ਹਰਿ ਜਨ ਭਾਵੈ ਸੋ ਕਰੇ ਦਰਿ ਫੇਰੁ ਨ ਪਾਵੈ ਕੋਇ।”
–ਸਿਰੀ ੫, ੭੧, ੪:੩ (42)
(3) ਰੋਕ, ਠਾਕ
“ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ।”
–ਮਾਰੂ ੫, ਸੋਲਾ ੫, ੧੦:੩ (1076)

ਫੇਰੁਆਣਿ---- ਫੇਰੂ ਦਾ ਪੁਤ, ਗੁਰੂ ਅੰਗਦ ਦੇਵ
“ਫੇਰਿ ਵਸਾਇਆ ਫੇਰੁ ਆਣਿ ਸਤਿਗੁਰਿ ਖਾਡੂਰੁ।”
–ਰਾਮ ਬਸ, ੫:੧ (967)

ਫੇਰੇ ------- (1) ਭਟਕਨ
“ਇਹੁ ਮਨੁ ਭੂਲਾ ਜਾਂਦਾ ਫੇਰੇ।”(ਭਟਕਦਾ ਫਿਰਦਾ ਹੈ)
–ਮਾਝ ੩, ਅਸ ੧੬, ੫:੨ (118)
(2) ਗੇੜੇ, ਚਕਰ
“ਫਿਰਿ ਬਹੁੜਿ ਨ ਭਵਜਲ ਫੇਰੇ ਜੀਉ।”
–ਮਾਝ ੪, ੬੯, ੨:੪ (175)
(3) ਮੋੜੇ
“ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ।”
–ਗਉ ੩, ਅਸ ੯, ੧:੧ (233)
(4) ਬਦਲੀ (ਹਾਲਤ)

"ਜਿਨ ਕੇ ਜੀਅ ਤਿਨੈ ਹੀ ਫੇਰੇ ਆਪੇ ਭਇਆ ਸਹਾਈ।"
-ਧਨਾ ੫, ੨੮, ੪:੧ (678)

(5) ਭੁਲੇਖੇ
"ਅਸੰਖ ਅਵਗਣ ਖਤੇ ਫੇਰੇ ਨਿਤ ਪ੍ਰਤਿ ਸਦ ਭੂਲੀਐ।"
-ਜੈਤ ੫, ਛੰਤ ੨, ੧:੩ (704)

(6) ਵਿਆਹ ਲਈ ਪਵਿਤਰ ਸਥਾਨ ਦੁਆਲੇ ਕੀਤੀਆਂ ਪਰਕਰਮਾਂ
"ਗੁਣੀ ਗਿਆਨੀ ਬਹਿ ਮਤਾ ਪਕਾਇਆ ਫੇਰੇ ਤਤੁ ਦਿਵਾਏ।"
-ਸੂਹੀ ੪, ਛੰਤ ੧, ੪:੪ (773)

(7) ਮਾਲਾ ਦੇ ਮਣਕੇ ਅਗੇ ਕਰਕੇ ਨਾਮ ਜਪਣ ਦੀ ਕਿਰਿਆ
"ਫੇਰੇ ਤਸਬੀ ਕਰੇ ਖੁਦਾਇ।"
-ਰਾਮ ੩, ਵਾਰ ੧੧ਸ, ੧, ੧:੮ (951)

ਹੋਰ ਰੂਪ:

ਫੇਰੈ–
"ਮਾਲਾ ਫੇਰੈ ਮੰਗੈ ਬਿਭੂਤ।"
-ਰਾਮ ੫, ੧੭, ੩:੩ (888)

ਫੇਰੋ ------- ਬਦੀਆਂ, ਫੇੜ
"ਬਖਸਿ ਲੈਹੁ ਸਾਹਿਬ ਪ੍ਰਭ ਅਪਨੇ ਲਾਖ ਖਤੇ ਕਰਿ ਫੇਰੋ।"
-ਸੋਰ ੫, ੩੫, ੧:੨ (618)
"ਪੇਖਤ ਸੁਨਤ ਸਭਨ ਕੈ ਸੰਗੇ ਥੋਰੈ ਕਾਜ ਬੁਰੋ ਕਹ ਫੇਰੋ।"(ਬੁਰੇ ਕੰਮ)
-ਕਾਨ ੫, ੨੫, ੧*:੨ (1302)
(ਮਹਾਨਕੋਸ਼ ਇਸ ਦੇ ਅਰਥ 'ਫੇੜਨੇ' 'ਕਮਾਉਣੇ' ਕਰਦਾ ਹੈ)

ਫੇੜ ------- ਬਦੀ, ਬੁਰੇ ਕੰਮ
"ਤਨਿ ਫਿਟੈ ਫੇੜ ਕਰੇਨਿ।"
-ਆਸਾ ੧, ਵਾਰ ੧੬ਸ, ੧, ੨:੧੯ (472)
"ਜਨਮ ਮਰਨ ਦੁਖ ਫੇੜ ਕਰਮ ਸੁਖ ਜੀਅ ਜਨਮ ਤੇ ਛੂਟੈ।"
-ਆਸਾ ਕਬ, ੧, ੧*:੨ (475)

ਫੇੜਿਆ ----- ਮਾੜਾ ਕੀਤਾ, ਵਿਗਾੜਿਆ, ਗੰਵਾਇਆ
"ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ।"
-ਸਲੋ ਫਰ, ੧੨੦:੨ (1384)

ਫੇੜੇ ------- ਮਾੜੇ ਕਰਮ, ਬਰਾਈਆਂ
"ਪਰ ਧਨ ਦੋਖ ਕਿਛੁ ਪਾਪ ਨ ਫੇੜੇ।"(ਵਿਗਾੜ)
-ਧਨਾ ੫, ੫੫, ੪:੧ (684)
"ਫੇੜੇ ਕੇ ਦੁਖੁ ਸਹੈ ਜੀਉ।"
-ਬਸੰ ਰਵਿ, ੧, ੩:੩ (1196)

ਫੈਲ ------- ਦਿਖਾਵਾ, ਦਿਖਾਵੇ ਦੇ ਕੰਮ
"ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ।"
-ਸਲੋ ੧, ੧੨:੧ (1411)

(ਮਹਾਨਕੋਸ਼ ਇਸ ਦੇ ਅਰਥ ‘ਕਰਨੀ ਕਰਕੇ’ ਕਰਦਾ ਹੈ)

ਫੈਲੁ -------- ਫੈਲਾਓ, ਪਾਸਾਰਾ, ਦਿਖਾਵਾ, ਅਡੰਬਰ
“ਬਿਨਸਿ ਜਾਇ ਹਉਮੈ ਬਿਖੁ ਫੈਲੁ।”
–ਗਉ ੫, ਸੁਖ ੧੯, ੭:੨ (289)
“ਅੰਦਰਹੁ ਝੂਠੇ ਪੈਜ ਬਾਹਰਿ ਦੁਨੀਆ ਅੰਦਰਿ ਫੈਲੁ।”
–ਆਸਾ ੧, ਵਾਰ ੨੦ਸ, ੧, ੨:੧ (473)

ਫੋਕ -------- ਅਸਾਰ, ਫਜੂਲ, ਨਿਰਾਰਥਕ
“ਆਨ ਅਚਾਰ ਬਿਉਹਾਰ ਹੈ ਜੇਤੇ ਬਿਨੁ ਹਰਿ ਸਿਮਰਨ ਫੋਕ।”
–ਧਨਾ ੫, ੫੦, ੨:੧ (682)

ਫੋਕਟ ------- ਸਾਰ ਰਹਿਤ, ਥੋਥਾ, ਨਿਰਾਰਥਕ
“ਸਭਿ ਫੋਕਟ ਨਿਸਚਉ ਕਰਮੰ।”
–ਆਸਾ ੧, ਵਾਰ ੧੪ਸ, ੧, ੨:੮ (470)

ਫੋਕਟਈਆ--- ਥੋਥੇ
“ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟੀਆ।”
–ਬਿਲਾ ੪, ਅਸ ੫, ੭:੧ (836)

ਫੋਗੁ --------ਫੋਕ, ਰਸ ਹੀਨ ਛਿਲੜ
“ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ।”
–ਮਾਝ ੧, ਵਾਰ ੧੧ਸ, ੧, ੨:੪ (143)

ਫੋਰ -------- ਨਿਮਖ, ਅੱਖ ਦੇ ਝਮਕਨ ਦਾ ਸਮਾਂ
“ਨਾਮੁ ਜਪੈ ਨਾਨਕੁ ਦਾਸੁ ਤੁਮਰੋ ਉਧਰਸਿ ਆਖੀ ਫੋਰ।”
–ਗੂਜ ੫, ੨੦, ੨:੨ (500)

ਫੋਰਿ --------ਤੋੜ ਕੇ
“ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜਭਾਨੀ ਮਟੁਕੀ ਮਾਟ।”
–ਮਾਲੀ ੪, ੬, ੩:੨ (986)

ਫੋਰੀ -------- (1) ਟੁੱਟ ਗਈ, ਤੋੜੀ ਗਈ
“ਅੰਤ ਕੀ ਬਾਰ ਗਗਰੀਆ ਫੋਰੀ।”
–ਗਉ ਕਬ, ੬੦, ੩:੨ (337)
(2) ਟੁੱਟੀ ਹੋਈ, ਤਿੜਕੀ ਹੋਈ
“ਤੂਟਤ ਬਾਰ ਨ ਲਾਗੈ ਤਾ ਕਉ ਜਿਉ ਗਾਗਰਿ ਜਲ ਫੋਰੀ।”
–ਸਾਰ ੫, ੯੪, ੧:੨ (1222)

ਫੋਰੁ --------ਅੱਖ ਦੇ ਫਰਕਨ ਜਿਨਾਂ ਸਮਾਂ
“ਹਰਨ ਭਰਨ ਜਾ ਕਾ ਨੇਤ੍ਰ ਫੋਰੁ।”
–ਗਉ ੫, ਸੁਖ ੧੬, ੨:੩ (284)

ਫੋਲਿ -------- ਫਰੋਲ ਕੇ
“ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।”

-ਮਾਝ ੧, ਵਾਰ ੨੬ਸ, ੧, ੧:੨ (149)

ਫੋੜਿ ------- ਤੋੜ ਕੇ

"ਅੰਡਜ ਫੋੜਿ ਜੋੜਿ ਵਿਛੋੜਿ।"

-ਬਿਲਾ ੧, ਥਿਤੀ ੩:੨ (839)

ਹੋਰ ਰੂਪ:

ਫੋੜੀਐ–

"ਗੁਰੁਪੂਰਾ ਆਰਾਧਿ ਬਿਖਮ ਦਲੁ ਫੋੜੀਐ।"(ਤੋੜੀਐ)

-ਗੂਜ ੫, ਵਾਰ ੧੫:੭ (523)

ਬ

ਬਉਰਾ ------ ਝੱਲਾ, ਪਾਗਲ, ਸ਼ੁਦਾਈ, ਦੀਵਾਨਾ, ਕਮਲਾ

"ਜੋ ਹਲਾਹਲ ਸੋ ਪੀਵੈ ਬਉਰਾ।"

-ਗਉ ੫, ੮੨, ੩:੧ (180)

ਬਉਰਾਇਆ -- ਝੱਲਾ ਹੋਇਆ ਹੋਇਆ ਹੈ

"ਵਿਣੁ ਨਾਵੈ ਸਭੁ ਜਗੁ ਬਉਰਾਇਆ ਨਾਮੁ ਮਿਲੈ ਸੁਖ ਪਾਈਐ।"

-ਆਸਾ ੫, ੪੬, ੨:੨ (382)

ਬਉਰਾਣੀ ---- ਝੱਲੀ, ਸ਼ੁਦਾਈ

"ਬਿਨੁ ਨਾਵੈ ਸਭ ਫਿਰੈ ਬਉਰਾਣੀ।"

-ਆਸਾ ੩, ਅਸ ੨੫, ੫:੪ (424)

ਬਉਰਾਨੰ ----- ਝੱਲਾ, ਸ਼ੁਦਾਈ

"ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ।"

-ਸੋਰ ੧, ਅਸ ੧, ੮:੩ (635)

ਹੋਰ ਰੂਪ:

ਬਉਰਾਨਾ–

"ਹਉਮੈ ਵਿਚਿ ਸਭੁ ਜਗੁ ਬਉਰਾਨਾ।"(ਝੱਲਾ ਹੋਇਆ ਹੋਇਆ ਦੀਵਾਨਾ)

-ਗਉ ੩, ੨੬, ੧:੧ (159)

ਬਉਰਾਨਿਆ–

"ਬਹੁ ਬਿਧਿ ਕਰਮ ਕਰਹਿ ਭਾਇ ਦੂਜੈ ਬਿਨੁ ਸਬਦੇ ਬਉਰਾਨਿਆ।"(ਝੱਲੇ ਹੋਏ ਹੋਏ)

-ਸਾਰ ੩, ਅਸ ੩, ੧:੨ (1234)

ਬਉਰਾਨੇ–

"ਮਨਮੁਖ ਭਰਮਿ ਭੁਲੇ ਬਉਰਾਨੇ।" (ਝੱਲੇ)

-ਬਿਲਾ ੧, ੪, ੧:੩ (796)

ਬਉਰਾਨੋ–

"ਹਰਿ ਗੁਨ ਕਥਤ ਸੁਨਤ ਬਉਰਾਨੋ।"(ਸ਼ੁਦਾਂਈ)

-ਬਿਲਾ ਕਬ, ੨, ੧:੨ (856)

ਬਉਰੀ------- ਕਮਲੀ

"ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ।"

-ਆਸਾ ਕਬ, ੨੫, ੧*:੧ (482)

ਬਉਰੇ ------ ਸ਼ੁਦਾਈ, ਝੱਲੇ, ਦੀਵਾਨੇ, ਕਮਲੇ

"ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ।"

-ਆਸਾ ਕਬ, ੮, ੪:੧ (477)

"ਖਬਰਿ ਨ ਕਰਹਿ ਦੀਨ ਕੇ ਬਉਰੇ ਤਾ ਤੇ ਜਨਮ ਅਲੇਖੇ।"(ਭਾਵ ਕਟੜ, ਤੁਅਸਬੀ)

-ਆਸਾ ਕਬ, ੨੯, ੧*:੨ (483)

ਬਇਆਲਿ --- ਸੰਝ ਸਮੇਂ ਸੂਰਜ ਡੁਬਣ ਸਮੇਂ (ਮਹਾਨਕੋਸ਼), ਸਵੇਰੇ (ਦਰਪਣ, ਸ਼ਬਦਾਰਥ, ਸੰਥਿਆ,) ਹਿੰਸਕ ਜੰਤੂ ਵਾਂਗੂੰ (ਸੰਖਿਆ); ਰੋਜੀ ਲਈ (ਨਿਰਣੈ)

"ਭਲਕੇ ਭਉਕਹਿ ਸਦਾ ਬਇਆਲਿ।"

-ਸਿਰੀ ੧, ੨੯, ੧:੨ (24)

ਬਇਆਲੀਸ -- ਗਿਣਤੀ ਦੀ ਇਕ ਇਕਾਈ, ਚਾਲੀ ਜਮਾਂ ਦੋ, ਬਿਆਲੀ

"ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ।"

-ਆਸਾ ਨਾਮ, ੨, ੧:੨ (485)

ਬਈਅਰਿ ---- ਜ਼ੋਰੂ,ਵਿਆਹੁਤਾ ਇਸਤ੍ਰੀ, ਪਤਨੀ

"ਬਈਅਰਿ ਨਾਮਿ ਸੋੁਹਾਗਣੀ ਸਚੁ ਸਵਾਰਣਹਾਰੋ।"

-ਵਡ ੧, ਅਲਾ ੩, ੮:੩ (581)

"ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ।"

-ਸੋਰ ੧, ਅਸ ੪, ੮:੧ (637)

(ਬਾਂਗਰ ਦੀ ਇਸਤ੍ਰੀ ਭਾਵ ਅਸਭਯ ਪ੍ਰਾਣੀ)

ਬੰਸ ------- ਬਿਨਾ ਅੰਸ਼, ਬਾਂਝ ਇਸਤ੍ਰੀ

"ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ।"

-ਆਸਾ ਕਬ, ੬, ੩:੧ (477)

ਬਸਉ ------ ਵਸਾਂ, ਰਹਾਂ

"ਬਾਬਾ ਅਬ ਨ ਬਸਉ ਇਹ ਗਾਉ।"

-ਮਾਰੂ ਕਬ, ੭, ੧*:੧ (1104)

ਬਸਇ------ ਵਸਦਾ ਹੈ

"ਬਸਇ ਕੋਰਧੁ ਸਰੀਰਿ ਚੰਡਾਰਾ।"

-ਸੂਹੀ ੫, ਅਸ ੧, ੩:੧ (759)

ਬਸਸਿ ----- ਵਸਦਾ ਹੈ

"ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ।"

-ਮਾਰੂ ੧, ੪, ੧:੧ (990)

ਬਸਹਿ ------ ਵਸੇ, ਵਸਦਾ ਹੈ

“ਆਇ ਬਸਹਿ ਸਾਧੂ ਕੈ ਸੰਗੇ।”
-ਗਉ ੫, ਬਾਰਾ ੧੩:੩ (252)
“ਨਾਨਕ ਜਿਹ ਮਨਿ ਬਸਹਿ ਗੁਪਾਲਾ।”(ਵਸਦਾ ਹੈ)
-ਗਉ ੫, ਬਾਅ ੧੯:੮ (253)
“ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ।”(ਵਸਦਾ ਹੈ)
-ਸੂਹੀ ੫, ੩੨, ੨:੨ (743)

ਬਸਹੀਅਉ --- ਵਸਦਾ ਹੈ
“ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ।”
-ਜੈਤ ੫, ੨, ੨:੨ (700)

ਬਸਹੁ ------ ਵਸੋ
“ਸੁਖੁ ਪਾਵਹੁ ਸਹਜੇ ਬਸਹੁ ਦਰਸਨੁ ਦੇਖਿ ਨਿਹਾਲ।”
-ਗਉ ੫, ਬਾਅ ੩੦:੪ (256)

ਬਸਖੇ ------ ਵਸਦੇ ਹਨ
“ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ।”
-ਨਟ ੪, ੩, ੩:੧ (976)

ਬਸਤ ------ ਵਸਦਾ ਹੈ
“ਏਕ ਅਖਰੁ ਹਰਿ ਮਨਿ ਬਸਤ ਨਾਨਕ ਹੋਤ ਨਿਹਾਲ।”
-ਗਉ ੫, ਬਾਅ ੫੪ਸ:੨ (261)

ਬਸੰਤ ------ (1) ਵਸਦੀ, ਵਾਸਾ ਹੋਣਾ
“ਫੁਨਿ ਗਰਭਿ ਨਾਹੀ ਬਸੰਤ।”
-ਰਾਮ ੫, ੪੯, ੧:੪ (898)
“ਦ੍ਰਿਸਟ ਤੁਯੰ ਅਮੋਘ ਦਰਸਨੰ ਬਸੰਤ ਸਾਧ ਰਸਨਾ।”(ਵਸਦਾ ਹੈ)
-ਸਸ ੫, ੮:੪ (1354)

(2) ਵਸਨ ਵਾਲਾ
“ਧੰਨੁ ਸੁ ਥਾਨੁ ਬਸੰਤ ਧੰਨੁ ਜਹ ਜਪੀਐ ਨਾਮੁ।”
-ਬਿਲਾ ੫, ੫੯, ੩:੧ (816)

(3) ਇਕ ਰੁਤ, ਸੁਹਾਵਣੀ ਖੇੜੇ ਦੀ ਰੁਤ
“ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।”
-ਰਾਮ ੫, ਰੁਤੀ ੨:੧ (927)

(4) ਇਕ ਰਾਗ, ਰਾਗ ਹਿੰਡੋਲ ਦੇ ਸਤ ਪੁਤਰਾਂ ਵਿਚੋਂ ਇਕ ਬਾਕੀ ਛੇ ਹਨ:
ਸੁਰਮਾਨੰਦ, ਭਾਸਕਰ, ਚੰਦ੍ਰ ਬਿੰਬ, ਮੰਗਲਨ, ਸਰਸਬਾਨ, ਬਿਨੋਦਾ ਤੇ ਕਮੋਦਾ
“ਗਾਵਹਿ ਸਰਸ ਬਸੰਤ ਕਮੋਦਾ।”
-ਰਾਗ ੧:੩੨ (1430)

ਬਸਤਉ ---- ਵਸਦਾ ਸੀ
“ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ।”
-ਰਾਮ ੧, ਸਿਗੋ ੬੭:੨ (945)

ਬਸਤਨੀ ------ ਬੰਨ੍ਹੇਗਾ

"ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ।"

-ਤਿਲੰ ੫, ੧, ੩:੨ (723)

ਬਸਤਰ ------ ਕਪੜੇ, ਪੌਸ਼ਾਕ

"ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ।"

-ਆਸਾ ੫, ੧੨੩, ੨:੧ (402)

ਹੋਰ ਰੂਪ:

ਬਸਤਰੁ-

"ਨਾਮੈ ਖਿੰਥਾ ਨਾਮੈ ਬਸਤਰੁ।"

-ਰਾਮ ੫, ੧੩, ੪:੩ (886)

ਬਸਤਾ ------ (1) ਵਸਤਰ, ਕਪੜੇ

"ਬਿਆਪਤ ਹਸਤਿ ਘੋੜੇ ਅਰੁ ਬਸਤਾ।"

-ਗਉ ੫, ੮੮, ੨:੩ (182)

(2) ਵਸਦਾ, ਰਹਿੰਦਾ

"ਕਾਚ ਕੋਠਰੀ ਮਾਹਿ ਤੂੰ ਬਸਤਾ ਸੰਗਿ ਸਗਲ ਬਿਖੈ ਕੀ ਬਿਆਧੇ।"

-ਆਸਾ ੫, ੧੨੬, ੧*:੨ (402)

"ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਉ।"(ਸਥਿਤ)

-ਸਾਰ ੪, ੧੦, ੧:੧ (1201)

ਬਸੰਤਿ ------ (1) ਵਾਸਾ ਦਿੰਦਾ ਹੈ

"ਸਾਧ ਸੰਗ ਸ੍ਨੇਹ ਸਤ੍ਰਿੰ ਸੁਖਯੰ ਬਸੰਤਿ ਨਾਨਕਹ।"

-ਸਸ ੨:੫ (1354)

(2) ਵਸਦਾ ਹੈ

"ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹ ਨਿਰਮਲਹ।"

-ਸਸ ੫, ੧੯:੨ (1355)

ਬਸਤੀ ------ ਵਸਦੀ ਹੈ

"ਇਹ ਬਸਤੀ ਤਾ ਬਸਤ ਸਰੀਰਾ।"

-ਆਸਾ ਕਬ, ੧੯, ੫:੧ (480)

ਬਸੰਤੀ ------ ਇਕ ਰਾਗਣੀ ਰਾਗ ਹੰਡੋਲ ਦੀਆਂ ਪੰਜ ਰਾਗਣੀਆਂ ਵਿਚੋਂ ਇਕ, ਹੋਰ ਚਾਰ ਹਨ: ਤੇਲੰਗੀ, ਦੇਵਕਰੀ, ਸੰਦੂਰ ਤੇ ਸਹਸ ਅਹੀਰੀ

"ਬਸੰਤੀ ਸੰਦੂਰ ਸੁਹਾਈ।"

-ਰਾਗ ੧:੨੬ (1430)

ਬਸਤੁ ------ (1) ਵਸਦਾ ਹੈ

"ਇਸ ਹੀ ਮਧੇ ਬਸਤੁ ਅਪਾਰ।"

-ਗਉ ੫, ੮੫, ੧:੨ (181)

"ਏਕੁ ਸਬਦੁ ਮੇਰੈ ਪ੍ਰਾਨਿ ਬਸਤਿ ਹੈ ਬਾਹੁੜਿ ਜਨਮਿ ਨ ਆਵਾ।"

-ਬਿਲਾ ੧, ੨, ੧:੨ (795)

(2) ਵਸਤੁ, ਚੀਜ਼
"ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ।"
-ਗਉ ੫, ੧੨੨*, ੨:੨ (205)
"ਜਿਸ ਕੀ ਬਸਤੁ ਤਿਸੁ ਆਗੈ ਰਾਖੈ।"
-ਗਉ ੫, ਸੁਖ ੫, ੨:੭ (268)

ਬਸੰਤੁ ------ ਖੁਸ਼ੀ ਖੇੜੇ ਦੀ ਰੁਤਿ
"ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਆ ਰੁਤੇ।"
-ਆਸਾ ੪, ਛੰਤ ੨੧, ੪:੧ (452)

ਬਸਤੂ ------ ਚੀਜ਼ਾਂ, ਵਸਤਾਂ
"ਦਸ ਬਸਤੂ ਲੇ ਪਾਛੈ ਪਾਵੈ।"
-ਗਉ ੫, ਸੁਖ ੫, ੧:੧ (268)

ਬਸਤੇ ------ ਵਸਦੇ, ਰਹਿੰਦੇ
"ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ।"
-ਗਉ ੫, ੧੨੨*, ੨:੧ (205)

ਹੋਰ ਰੂਪ:

ਬਸੰਤੇ-
"ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।"(ਵਸਦੇ, ਰਹਿੰਦੇ)
-ਸਸ ੫, ੪੧:੧ (1357)

ਬਸੰਤੈ ------ ਬਸੰਤ ਰੁਤ ਦਾ
"ਪਹਿਲ ਬਸੰਤੈ ਆਗਮਨਿ ਤਿਸੁ ਕਾ ਕਰਹੁ ਬੀਚਾਰੁ।"
-ਸੂਹੀ ੩, ਵਾਰ ੧੯ਸ, ੨, ੨:੧ (791)

ਬਸਤੋ ------ ਵਸਦਾ ਹੈ
"ਪੁਰਖੁ ਪੂਰਨ ਸੁਖਹ ਦਾਤਾ ਸੰਗਿ ਬਸਤੋ ਨੀਤ।"
-ਮਾਰੂ ੫, ੨੬, ੧:੧ (1006)

ਹੋਰ ਰੂਪ:

ਬਸੰਤੋ-
"ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ।"
-ਗਾਥਾ ੫, ੫:੨ (1360)

ਬਸਤੌ-
"ਤਬ ਅਰੋਗ ਜਬ ਤੁਮ ਸੰਗਿ ਬਸਤੌ ਛੁਟਕਤ ਹੋਇ ਰਵਾਰੈ।"
-ਸਾਰ ੫, ੫੨, ੧:੨ (1214)

ਬਸੰਤੌ-
"ਗੁਣ ਗਾਵੈ ਬਲਿ ਰਾਉ ਸਪਤ ਪਾਤਾਲਿ ਬਸੰਤੌ।"(ਵਸਦਾ)
-ਸਵ ੧, ੧੦:੩ (1390)

ਬਸਤ੍ਰ ------ ਵਸਤਰ, ਕਪੜੇ, ਪਹਿਰਾਵਾ

"ਬਿਮਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ।"

-ਗਉ ਕਬ, ੬੭, ੧:੧ (338)

ਹੋਰ ਰੂਪ:

ਬਸਤ੍ਰਾ-

"ਮਿਥਿਆ ਰਥ ਹਸਤੀ ਅਸ੍ਵ ਬਸਤ੍ਰਾ।"

-ਗਉ ੫, ਸੁਖ ੫, ੪:੫ (268)

ਬਸਨ ------ (1) ਵਸਨ, ਰਹਿਣ

"ਖਿਨੁ ਗ੍ਰਿਹ ਮਹਿ ਬਸਨ ਨ ਦੇਵਹੀ ਜਿਨ ਸਿਉ ਸੋਈ ਹੇਤੁ।"

-ਜੈਤ ੫, ਵਾਰ ੪:੨ (706)

ਹੋਰ ਰੂਪ:

ਬਸਨੰ-

"ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ।"

-ਸਸ ੫, ੫੮:੧ (1359)

(2) ਵਸਤ੍ਰ, ਕਪੜੇ, ਪਹਿਰਾਵਾ

"ਪੀਤ ਬਸਨ ਕੁੰਦ ਦਸਨ ਪ੍ਰਿਅ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ।"

-ਸਵ ੪, ਗਯੰ ੮:੧ (1402)

ਬਸਨਾ ------ (1) ਵਸਦਾ ਹੈ

"ਜਹ ਪੇਖਉ ਤਹਾ ਤੁਮ ਬਸਨਾ।"

-ਗਉ ੫, ੮੭, ੨:੩ (181)

"ਮਹਾ ਉਦਿਆਨ ਪਾਵਕ ਸਾਗਰ ਭਏ ਹਰਖ ਸੋਗ ਮਹਿ ਬਸਨਾ।"(ਵਸਨਾ ਪੈਂਦਾ ਹੈ)

-ਆਸਾ ੫, ੫੦, ੨:੧ (383)

"ਦਹਦਿਸ ਧਾਵਨ ਮਿਟਿ ਗਏ ਨਿਰਮਲ ਥਾਨਿ ਬਸਨਾ।"(ਵਾਸਾ ਹੁੰਦਾ ਹੈ)

-ਬਿਲਾ ੫, ੪੩, ੩:੨ (811)

(2) ਵਾਸ਼ਨਾ ਲੈਣ ਵਾਲਾ ਅਰਥਾਤ ਨਕ

"ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ।"

-ਆਸਾ ੧, ੫, ੧:੨ (350)

(ਮਹਾਨਕੋਸ਼ ਇਸ ਦੇ ਅਰਥ 'ਰਸ' ਕਰਦਾ ਹੈ)

(3) ਨਾਫਾ (ਕਸਤੂਰੀ ਦਾ) (ਸ਼ਬਦਾਰਥ ਜਿਸ ਵਿਚ ਖੁਸ਼ਬੂ ਵਸਦੀ ਹੈ, ਨਾਭਾ ਕੋਸ਼), ਕਸਤੂਰੀ (ਦਰਪਣ) (ਨਿਰਣੈ)

"ਜਿਉ ਮ੍ਰਿਗ ਨਾਭਿ ਬਸੈ ਬਾਸੁ ਬਸਨਾ ਭ੍ਰਮਿ ਭ੍ਰਮਿਓ ਝਾਰ ਗਹੇ।"

-ਪ੍ਰਭਾ ੪, ੪, ੩:੨ (1336)

(ਮਹਾਨਕੋਸ਼ ਅਰਥ 'ਕੀਮਤੀ, ਵੱਡਮੁਲਾ, ਕਰਦਾ ਹੈ)

ਬਸਨਿ ------ ਵਸਨ, ਵਾਸਾ ਕਰਨ

"ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ।"

-ਆਸਾ ੫, ੪, ੧:੪ (371)

ਹੋਰ ਰੂਪ:

ਬਸਨੁ–
“ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।”
–ਗਉ ੫, ਸੋਹ ੫, ੧:੨ (13)

ਬਸਫਾ ------ ਵਸਿਆ, ਨਿਵਾਸ ਹੋ ਗਿਆ
“ਹਰਿ ਹਰਿ ਦਾਨੁ ਦੀਓ ਗੁਰਿ ਪੂਰੈ ਹਰਿ ਨਾਮਾ ਮਨਿ ਤਨਿ ਬਸਫਾ।”
–ਪ੍ਰਭਾ ੪, ੫, ੧*:੨ (1336)

ਬਸਰੀਆ ---- ਵਸ ਰਿਹਾ ਹਾਂ, ਨਿਵਾਸ ਹੈ
“ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ।”
–ਸਾਰ ੫, ੪੫, ੧:੨ (1213)
“ਭੁਇਅੰਗਨਿ ਬਸਰੀਆ।”(ਵਾਸਾ ਸੀ)
–ਬਿਹਾ ੫, ੧, ੧:੨ (537)

ਬਸਾ ------- (1) ਵਾਸਾ ਕਰਾਂ, ਵਸਾਂ
“ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ।”
–ਗਉ ੧, ੧੯, ੧:੧ (157)
(2) ਵਸੀ, ਰਹਿ ਗਈ
“ਖਾਨ ਪਾਨ ਆਨ ਨਹੀ ਖੁਧਿਆ ਤਾ ਕੈ ਚਿਤਿ ਨ ਬਸਾ।”
–ਧਨਾ ੫, ੭, ੧*:੨ (672)

ਬਸਾਇ ----- (1) ਵਸਾਉਂਦਾ
“ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ।”
–ਗਉ ੫, ਬਾਅ ੫੨:੪ (261)
“ਚਰਨਾਰਬਿੰਦ ਬਸਾਇ ਹਿਰਦੈ ਬਹੁਰਿ ਜਨਮ ਨ ਮਾਰ।”(ਵਾਸਾ ਲਵੇ)
–ਸਾਰ ੫, ੧੨੬, ੧:੨ (1228)

ਹੋਰ ਰੂਪ:

ਬਸਾਇਓ–
“ਨਾਮੁ ਸੰਗੀ ਸੋ ਮਨਿ ਨ ਬਸਾਇਓ।”(ਵਸਾਇਆ)
–ਟੋਡੀ ੫, ੧੬, ੨:੧ (715)
ਬਸਾਇਅਉ–
“ਹਰਿ ਨਾਮਿ ਲਾਗਿ ਜਗ ਉਧਰ੍ਉ ਸਤਿਗੁਰੁ ਰਿਦੈ ਬਸਾਇਅਉ।” (ਵਸਾਣ ਨਾਲ)
–ਸਵ ੫, ਕਲ ੯:੩ (1408)
ਬਸਾਇਆ–
“ਚਰਨ ਕਮਲ ਗੁਰ ਰਿਦੈ ਬਸਾਇਆ।”(ਵਸਾਇਆ)
–ਗਉ ੫, ੧੧੨*, ੧:੨ (202)
“ਬਿਨੁ ਠਾਹਰ ਨਗਰੁ ਬਸਾਇਆ।” (ਵਸਾ ਦਿਤਾ)
–ਸੋਰ ਕਬ, ੬, ੨:੪ (655)
ਬਸਾਈ–
“ਹਰਿ ਕੀ ਕਥਾ ਰਿਦ ਮਾਹਿ ਬਸਾਈ।”(ਵਸਾਈ, ਸਥਿਤ ਕੀਤੀ)
–ਗਉ ੫, ੧੪੬, ੨:੧ (195)

"ਇਆ ਮੰਦਰ ਮਹਿ ਕੌਨ ਬਸਾਈ।"(ਵਸਦਾ ਹੈ)

-ਗੋਂਡ ਕਬ, ੫, ੧*:੧ (871)

ਬਸਾਈਐ–

"ਨਾਮੁ ਪਦਾਰਥੁ ਮਨਹਿ ਬਸਾਈਐ।"(ਵਸਾਈਐ, ਸਥਿਤ ਕਰੀਐ)

-ਗਉ ਕਬ, ੭੧, ੧:੨ (339)

ਬਸਾਏ–

"ਕੁਸਲ ਖੇਮ ਪ੍ਰਭਿ ਆਪਿ ਬਸਾਏ।" (ਵਸਾਈ, ਵਰਤਾਈ, ਸਥਿਤ ਕੀਤੀ)

-ਗਉ ੫, ੧੫੮, ੧*:੨ (197)

(2) ਵਸ ਚਲਣਾ, ਜ਼ੋਰ ਚਲਣਾ, ਪੇਸ਼ ਜਾਣਾ

"ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ।"

-ਸੋਰ ੪, ਵਾਰ ੨੪ਸ, ੩, ੧:੨ (651)

"ਮੇਰੋ ਚਪਲ ਬੁਧਿ ਸਿਉ ਕਹਾ ਬਸਾਇ।"

-ਬਸੰ ਕਬ, ੫, ੧*:੨ (1194)

"ਐਸੇ ਘਰ ਹਮ ਬਹੁਤ ਬਸਾਏ।" (ਆਬਾਦ ਕੀਤੇ, ਭਾਵ ਕਈ ਜੂਨਾਂ ਭੁਗਤੀਆਂ)

-ਗਉ ਕਬ, ੧੩, ੧*:੧ (326)

"ਕਤਹੂ ਨ ਜਾਏ ਘਰਹਿ ਬਸਾਏ।"(ਟਿੱਕ ਗਿਆ, ਵਸ ਗਿਆ)

-ਕਾਨ ੫, ੪੬, ੧:੨ (1307)

ਹੋਰ ਰੂਪ:

ਬਸਾਈ–

"ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ।" (ਵਸ/ਜੋਰ ਚਲਣਾ)

-ਗਉ ੯, ੪, ੧:੨ (219)

ਬਸਾਹਿ ----- **ਵਸਾ, ਸਥਿਤ ਕਰ**

"ਨਾਮੁ ਪਦਾਰਥੁ ਹੋਇ ਸਕਾਰਥੁ ਹਿਰਦੈ ਚਰਨ ਬਸਾਹਿ।"

-ਆਸਾ ੫, ੧੪੬, ੧:੧ (407)

ਬਸਾਹਿਗਾ---- **ਵਸ ਚਲੇਗਾ, ਜ਼ੋਰ ਚਲੇਗਾ**

"ਜਉ ਜਮੁ ਆਇ ਕੇਸ ਗਹਿ ਪਟਕੈ ਤਾ ਦਿਨ ਕਿਛੁ ਨ ਬਸਾਹਿਗਾ।"

-ਮਾਰੂ ਕਬ, ੧, ੨:੧ (1106)

ਬਸਾਹੀ ----- **ਵਸਾਇਆ**

"ਭੈ ਭੰਜਨ ਪ੍ਰਭ ਮਨਿ ਨ ਬਸਾਹੀ।"

-ਗਉ ੫, ੧੫੬, ੧*:੧ (197)

"ਜਾ ਕੈ ਮਨਿ ਤਨਿ ਨਾਮੁ ਬਸਾਹੀ।" (ਵਸਿਆ ਹੈ)

-ਗਉ ੫, ਬਾਅ ੫੬:੨ (257)

ਬਸਾਨਾ ----- **ਵਸਦਾ ਹੈ**

"ਭੈ ਤੇ ਨਿਰਭਉ ਹੋਇ ਬਸਾਨਾ।"

-ਗਉ ੫, ਸੁਖ ੧੭, ੨:੫ (285)

ਹੋਰ ਰੂਪ:

ਬਸਾਨੀ–
“ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ।”(ਵਸ ਗਈ)
-ਕਾਨ ੪, ੪, ੩:੨ (1295)

ਬਸਾਯਉ ---- ਵਸਾਇਆ, ਵਾਸਾ ਕਰਵਾਇਆ
“ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ।”
-ਸਵ ੫, ਕਲ ੧:੧੦ (1407)

ਬਸਾਰੇ ------ ਵਸਦੇ ਹਨ, ਵਾਸਾ ਕਰਦੇ ਹਨ
“ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ।”
-ਧਨਾ ੫, ੪੦, ੨:੧ (681)

ਬਸਾਵਉ----- ਵਸਾਉਂਦਾ ਹਾਂ
“ਹਰਿ ਸੇਵਉ ਹਰਿ ਰਿਦੈ ਬਸਾਵਉ ਹਰਿ ਪਾਇਆ ਸਤ ਸੰਗਾ।”
-ਸਾਰ ੫, ੩੦, ੧:੧ (1210)

ਬਸਾਵਹੁ ----- ਵਸਾਓ, ਭਾਵ ਧਾਰਨ ਕਰੋ
“ਸੁਨਿ ਉਪਦੇਸੁ ਹਿਰਦੈ ਬਸਾਵਹੁ।”
-ਗਉ ੫, ਸੁਖ ੨੨, ੫:੯ (293)

ਬਸਾਵੈ ------ ਵਸਾ ਦੇਵੇ
“ਕਿਨਕਾ ਏਕੁ ਜਿਸੁ ਜੀਅ ਬਸਾਵੈ।”
-ਗਉ ੫, ਸੁਖ ੧, ੧:੭ (262)

ਬਸਿ ------- (1) ਕਾਬੂ ਵਿਚ, ਵਸ ਵਿਚ
“ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ।”
-ਗਉ ੯, ੨, ੧:੧ (219)

(2) ਨਿਵਾਸ ਕਰੇ, ਵਾਧਾ ਕਰੇ
“ਅੰਤਰਿ ਮਨ ਤਨ ਬਸਿ ਰਹੇ ਈਤ ਊਤ ਕੇ ਮੀਤ।”
-ਗਉ ੫, ਬਾਅ ੧੫ਸ:੧ (253)
“ਸੋਈ ਬਸਿ ਰਸਿ ਮਨ ਮਿਲੇ ਗੁਨ ਨਿਰਗੁਨ ਏਕ ਬਿਚਾਰ।”(ਵਸ ਕੇ)
-ਗਉ ਕਬ, ਅਸ ੧, ੭:੨ (346)
“ਮਨਿ ਤਨਿ ਬਸਿ ਰਹੇ ਮੇਰੇ ਪ੍ਰਾਨ।”
-ਜੈਤ ੫, ੧੧, ੧*:੧ (702)

ਹੋਰ ਰੂਪ:

ਬਸਿਓ–
“ਜਾ ਕੈ ਰਿਦੈ ਬਸਿਓ ਹਰਿ ਨਾਮ।”(ਵਸਾਇਆ ਹੈ)
-ਗਉ ੫, ੧੫੬, ੨:੧ (197)
“ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ।”(ਭਾਵ ਜਾ ਰਿਹਾ)
-ਸੋਰ ੫, ਅਸ ੩, ੩:੧ (642)
“ਤੋਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ।”(ਨਿਵਾਸ ਕੀਤਾ)
-ਰਾਮ ਕਬ, ੩, ੨:੧ (969)

ਬਸਿਆ–
“ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ
ਜੀਉ।”(ਵਸਿਆ)
–ਮਾਝ ੫, ੧੨, ੪:੩ (98)

ਬਸਿਸਟਿ ---- ਇਕ ਵੈਦਕ ਰਿਸ਼ੀ ਜੋ ਰਾਮਮੰਦਰ ਜੀ ਦਾ ਗੁਰੂ, ਵੇਦਾਂਤ ਦਾ ਪ੍ਰਚਾਰਕ ਸੀ।
“ਗੁਰ ਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ।”
–ਵਡ ੪, ਵਾਰ ੧੩:੩ (591)

ਬਸੀਅਲੇ ---- ਵਸਦੇ ਹਨ
“ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ।”
–ਗੂਜ ੧, ਅਸ ੧, ੧:੧ (503)

ਬਸੀਐ------ ਵਸੀਦਾ ਹੈ
“ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ।”
–ਬਿਲਾ ੫, ੬੧, ੧*:੨ (816)

ਬਸੀਸਿ ----- ਸਿਰ ਉਪਰ
“ਤਾਹਿ ਕਹਾ ਪਰਵਾਹ ਕਾਹੂ ਕੀ ਜਾ ਕੈ ਬਸੀਸਿ ਧਰਿਓ ਗੁਰਿ ਹਥੁ।”
–ਸਵ ੪, ਮਥੁ ੭:੪ (1405)

ਬਸੀਜੈ ------ ਵਸ ਜਾਂਦੀ ਹੈ
“ਸਭ ਨਾਰ ਮਹਿ ਪ੍ਰਾਨੀ ਊਤਮੁ ਹੋਵੈ ਰਾਮ ਨਾਮੈ ਬਾਸੁ ਬਸੀਜੈ।”
–ਕਲਿ ੪, ਅਸ ੪, ੪:੨ (1325)

ਬਸੀਠਾ ----- ਵਿਚੋਲਾ, ਦੂਤ, ਵਕੀਲ
“ਹਰਿ ਅਗਮ ਅਗੋਚਰੁ ਪਾਰਬ੍ਰਹਮੁ ਹੈ ਮਿਲਿ ਸਤਿਗੁਗ ਲਾਗਿ ਬਸੀਠਾ।”
–ਗਉ ੪, ੬੧, ੨:੧ (171)

ਬਸੀਠੀ ----- ਵਿਚੋਲਗੀ
“ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ ਹਮ ਹਰਿ ਕੀ ਗੁਰ ਕੀਈ ਹੈ
ਬਸੀਠੀ ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ।”
–ਨਟ ੪, ੭, ੧:੨ (977)

ਬਸੀਠੁ ------ ਵਿਚੋਲਾ
“ਆਪੇ ਮੋਤੀ ਊਜਲੋ ਆਪੇ ਭਗਤ ਬਸੀਠੁ।”
–ਸਿਰੀ ੧, ਅਸ ੩, ੨:੨ (54)

ਬਸੁ ------- (1) ਵਾਸਨਾ, ਵਾਸ
“ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ।”
–ਮਾਰੂ ੧, ੪, ੨:੧ (990)
(2) ਵਸ, ਜ਼ੋਰ
“ਹਉ ਨਾਹੀ ਨਾਹੀ ਕਿਛੁ ਮੇਰਾ ਨ ਹਮਰੋ ਬਸੁ ਚਾਰੀ।”
–ਸਾਰ ੫, ੫੯, ੨:੧ (1216)

ਬਸੁਅ ਰੋਮਾਵਲਿ ਧਰਤੀ ਦੀ ਰੋਮਾਵਲੀ ਭਾਵ ਬਨਸਪਤੀ

"ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ, ਗਨੰਤ ਨ ਆਵੈ।"

-ਸਵ ੩, ੨੨:੧ (1396)

(ਮਹਾਨਕੋਸ਼ ਅਰਥ 'ਗਾਂ' ਤੇ ਭੇਡ ਦੇ ਰੋਮ' ਕਰਦਾ ਹੈ)

ਬਸੁਧ ------ ਪ੍ਰਿਥਵੀ,ਧਰਤੀ

"ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ।"

-ਆਸਾ ੫, ਛੰਤ ੫, ੩:੩ (456)

ਬੰਸੁ ------- ਖਾਨਦਾਨ

"ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ।"

-ਸਲੋ ਕਬ, ੧੧੫:੧ (1370)

ਬਸੁੰਧਰੁ ----- ਧਨੀ, ਦੌਲਤਮੰਦ

"ਸੋਈ ਧੁਰੰਧਰੁ ਸੋਈ ਬਸੁੰਧਰੁ ਹਰਿ ਏਕ ਪ੍ਰੇਮ ਰਸ ਪਾਗੈ।"

-ਸਾਰ ੫, ੯੦, ੧*:੨ (1221)

(ਸ਼ਬਦਾਰਥ ਇਸ ਦੇ ਅਰਥ ਬਸਤ੍ਰ ਧਾਰਨ ਵਾਲਾ, ਕਾਪੜੀਆ ਕਰਦਾ ਹੈ)

ਬਸੁਧਾ ------ ਪ੍ਰਿਥਵੀ

"ਬਿਆਪਾਰੀ ਬਸੁਧਾ ਜਿਉ ਫਿਰਤਾ।"(ਧਰਤੀ ਉਪਰ ਭਾਵ ਦੇਸ ਬਦੇਸ)

-ਗਉ ੫, ਬਾਅ ੨੪:੬ (255)

"ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।"

-ਗਉ ੫, ਸੁਖ ੮, ੧:੮ (272)

ਬਸੇ ------- ਵਸੇ, ਸਥਿਤ ਹੋਏ

"ਹਰਿ ਕੇ ਚਰਣ ਰਿਦੇ ਮਹਿ ਬਸੇ।"

-ਗਉ ੫, ੧੫੫, ੧:੧ (197)

"ਕਹੁ ਕਬੀਰ ਲਿਵ ਲਾਗਿ ਰਹੀ ਹੈ ਜਹਾ ਬਸੇ ਦਿਨ ਰਾਤੀ ।"(ਵਸਦਾ ਹੈ)

-ਗਉ ਕਬ, ੫੨, ੪:੧ (334)

ਬਸੇਰਾ ------ (1) ਟਿਕਾਣਾ ਕਰਨਾ, ਆਵਸਨਾ, ਟਿਕਾਉ ਕਰਨਾ, ਵਾਸਾ ਕਰਨਾ

"ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਦੇ ਮਨਹਿ ਬਸੇਰਾ।"

-ਗਉ ੫, ਸੋਲਾ ੫, ੩:੧ (13)

ਹੋਰ ਰੂਪ:

ਬਸੇਰੋ-

"ਕਰਿ ਕਿਰਪਾ ਪ੍ਰਭ ਰਿਦੈ ਬਸੇਰੋ।"(ਵਾਸਾ ਕਰਨਾ)

-ਕਾਨ ੫, ੨੮, ੧:੧ (1303)

(2) ਵਾਸਾ,ਟਿਕਾਣਾ, ਡੇਰਾ

"ਜਿਸਹਿ ਸੀਗਾਰੇ ਨਾਨਕਾ ਤਿਸੁ ਸੁਖਹਿ ਬਸੇਰਾ।"

-ਆਸਾ ੫, ੧੧੭, ੪:੨ (400)

"ਘਰਿ ਘਰਿ ਮੰਗਲ ਗਾਵਹੁ ਨੀਕੇ ਘਟਿ ਘਟਿ ਤਿਸਹਿ ਬਸੇਰਾ।"

-ਜੈਤ ੫, ੪, ੧*:੨ (700)

ਹੋਰ ਰੂਪ:

ਬਸੇਰੋ–
"ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰੁ।"(ਵਾਸਾ, ਟਿਕਾਣਾ)
–ਗਉ ਕਬ, ੬੪, ੧:੨ (337)

ਬਸੈ -------- (1) ਵਸੇ, ਪਵੇ
"ਸਾਰਿੰਗ ਪ੍ਰੀਤਿ ਬਸੈ ਜਲ ਧਾਰਾ।"(ਮੀਂਹ ਵਸੇ)
–ਗਉ ੪, ੪੧, ੩:੧ (164)
(2) ਵਸਦਾ ਹੈ, ਬਸੇਰਾ ਕਰਦਾ ਹੈ
"ਕਾਲੁ ਕੰਟਕੁ ਲੋਭੁ ਮੋਹੁ ਨਾਸੈ ਜੀਅ ਜਾ ਕੈ ਪ੍ਰਭੁ ਬਸੈ।"
–ਗਉ ੫, ਛੰਤ ੩, ੪:੪ (249)
"ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ।"
–ਗਉ ੫, ਬਾਅ ੨੭:੪ (255)

ਹੋਰ ਰੂਪ:

ਬਸੈ–
"ਚਰਨ ਕਮਲ ਮੇਰੇ ਹੀਅਰੇ ਬਸੈ।"(ਵਸਨ, ਟਿਕਨ)
–ਬਸੰ ਨਾਮ, ੧, ੧*:੨ (1195)
ਬਸੋ–
"ਪੂਰਨ ਭੋਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ।"
–ਸਵ ੪, ਨਲ ੧੦:੩ (1400)
(3) ਬੈਠਾ ਹੈ, ਟਿਕਿਆ ਹੈ(ਭਾਵ)
"ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ।"
–ਸਲੋ ਫਰ, ੯੨:੧ (1382)

ਬਸੋਲੇ ------- ਰੰਬਾ, ਕਦੋਲਾ, ਜ਼ਮੀਨ ਖੋਦਨ ਦਾ ਸੰਦ
"ਕਾਮੁ ਕ੍ਰੋਧੁ ਦੋਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ।"
–ਬਸੰ ੧, ੯, ੩:੧ (1171)

ਬਸ੍ਰਿੰਤ------- ਵਸ ਹੋ ਜਾਂਦੀਆਂ ਹਨ
"ਬਸਿੰਤ ਰਿਖਿਅੰ ਤਿਆਗ ਮਾਨੰ।"
–ਸਸ ੫, ੧੩:੩ (1355)

ਬਹਸਨਿ------ ਬੈਠਣਗੀਆਂ
"ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।"
–ਸਲੋ ਫਰ, ੯੭:੨ (1383)

ਬਹਹਿ ------- ਬੈਠਦੇ ਹਨ
"ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ।"
–ਸਿਰੀ ੧, ਅਸ ੧੭, ੨:੨ (64)
"ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ।"(ਬੈਠਦੇ ਭਾਵ ਦਿੰਦੇ ਹਨ)

-ਆਸਾ ੧, ਵਾਰ ੧੧ਸ, ੧, ੨:੮ (469)

ਹੋਰ ਰੂਪ:

ਬਹਹੁ–
"ਕਾਮ ਕ੍ਰੋਧ ਸੰਗਿ ਕਬਹੁ ਨ ਬਹਹੁ।"(ਬੈਠੋ)
-ਗਉ ਕਬ, ੫:੨ (343)

ਬਹਕਾਰ ----- ਮਹਿਕਾਰ, ਖੁਸ਼ਬੂ
"ਧਰਮੁ ਫੁਲੁ ਫਲੁ ਗੁਰਿ ਗਿਆਨੁ ਦ੍ਰਿੜਾਇਆ ਬਹਕਾਰ ਬਾਸੁ ਜਗਿ ਦੀਜੈ।"
-ਕਲਿ ੪, ਅਸ ੪, ੫:੨ (1325)

ਬਹਕਾਰਿ ---- ਮਹਿਕ ਦੀ /ਫੈਲਦੀ ਹੈ
"ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ।"
-ਮਲਾ ੩, ੯, ੩:੧ (1261)

ਬਹਕਾਰੁ– ਮਹਿਕ ਖਿਲਾਰਨਾ
"ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ।"
-ਆਸਾ ੧, ਵਾਰ ੬ਸ, ੧, ੧:੪ (465)

ਬਹਣਿ ------ ਬੈਠਣ
"ਅਉਗੁਣਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ।"
-ਸਿਰੀ ੩, ੫੯, ੨:੧ (37)

ਬਹਤਰਿ ----- ਸਤਰ ਜਮਾ ਦੋ, ਗਿਣਤੀ ਦੀ ਇਕ ਇਕਾਈ
"ਸਾਠ ਸੂਤ ਨਵ ਖੰਡ ਬਹਤਰਿ ਪਾਟੁ ਲਗੋ ਅਧਿਕਾਈ।"
-ਗਉ ਕਬ, ੫੪, ੧:੨ (335)

ਬਹੰਤਿ ----- ਵਹਿ ਤੁਰੇ, ਵਗੇ
"ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਰ ਚਿੰਤਾ ਜਨਮੰਤ ਮਰਣਹ।"
-ਸਸ ੫, ੨੭:੨ (1355)

"ਨਾਮ ਬਿਹੂਣ ਬਿਖਮਤਾ ਨਾਨਕ ਬਹੰਤਿ ਜੋਨਿ ਬਾਸਰੋ ਰੈਣੀ।"(ਵਹਿੰਦਾ ਭਾਵ ਭਟਕਦਾ ਫਿਰਦਾ)
-ਗਾਥਾ ੫, ੮:੨ (1360)

ਬਹਤੀ ------ ਵਗਦੀ, ਵਹਿੰਦੀ
"ਬਹਤੀ ਮਨਸਾ ਰਾਖਹੁ ਬਾਂਧਿ।"
-ਗਉ ਕਬ, ਥਿਤੀ ੧੦:੨ (343)

ਬਹਦਿਆ ---- ਬੈਠਦਿਆਂ
"ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ।"
-ਗਉ ੪, ਵਾਰ ੧੧ਸ, ੪, ੨:੪ (305)

ਹੋਰ ਰੂਪ:

ਬਹੰਦਿਆ–
" ਉਠੰਦਿਆ ਬਹੰਦਿਆ ਸਵੰਦਿਆ ਸੁਖੁ ਸੋਇ।"

-ਗਉ ੫, ਵਾਰ ੧੩, ੫, ੧:੧ (321)

ਬਹਨਿ ------- ਬੈਠਦੇ ਹਨ

“ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ।”

-ਮਾਝ ੧, ਵਾਰ ੨੬ਸ, ੧, ੧:੮ (149)

ਬਹਰਾ ------ ਬੋਲਾ, ਜੋ ਕੰਨਾਂ ਤੋ ਨ ਸੁਣੇ

“ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।”

-ਸਲੋ ਕਬ, ੧੮੪:੧ (1374)

ਹੋਰ ਰੂਪ:

ਬਹਰੇ-

“ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ।”

-ਭੈਰ ੧, ੩, ੩:੧ (1126)

ਬਹਲ ------ (ਫਾ. ਬਹਿਲ) ਅਰਪਨ,ਭੇਟਾ

“ਪ੍ਰਾਨ ਮਨੁ ਧਨੁ ਸੰਤ ਬਹਲ।”

-ਮਾਲੀ ੫, ੪, ੧:੪ (987)

ਬਹਲੇ ------ ਬਹੁਤੇ

“ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ।”

-ਰਾਮ ੩, ਵਾਰ ੬ਸ, ੩, ੨:੨ (949)

ਬਹਾਇ ----- ਰੁੜਾ ਦਿਤੇ

“ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ।”

-ਸਲੋ ਕਬ, ੧੦੪:੨ (1370)

ਬਹਾਨਾ------ (ਫਾ.ਬਹਾਨਾ) ਹੀਲ ਹੁਜਤ, ਦਲੀਲ, ਪਜ

“ਸਾਹਿਬ ਤੇ ਸੇਵਕੁ ਸੇਵ ਸਾਹਿਬ ਤੇ ਕਿਆ ਕੋ ਕਹੈ ਬਹਾਨਾ।”

-ਬਿਲਾ ੩, ੩, ੧:੧ (797)

ਬਹਾਨੈ ------- ਬਹਾਨੇ ਨਾਲ

“ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ।”

-ਪ੍ਰਭਾ ੧, ਅਸ ੪, ੩:੧ (1344)

ਬਹਾਲਹਿ ---- ਬੈਠਾਏ

“ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ।”

-ਸੂਹੀ ੪, ਅਸ ੧, ੮:੧ (757)

“ਤੂ ਆਪੇ ਮੇਲਿ ਬਹਾਲਹਿ ਪਾਸਿ।”(ਬਠਾਉਂਦਾ ਹੈ)

-ਮਾਰੂ ੩, ਸੋਲਾ ੨੩, ੧੦:੨ (1067)

ਬਹਾਲਿਅਨੁ--- ਬੈਠਾਇਆ ਹੈ

“ਹਰਿ ਭਗਤਾ ਨੋ ਦੇਇ ਅਨੰਦੁ ਥਿਰੁ ਘਰੀ ਬਹਾਲਿਅਨੁ।”

-ਸਿਰੀ ੪, ਵਾਰ ੧੯:੩ (90)

ਬਹਾਲਿਆ --- ਬੈਠਾਇਆ

“ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ ਪਿਛੋ ਦੇ ਪਛੂ ਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ।”
-ਗਉ ੪, ਵਾਰ ੩੦ਸ, ੪, ੧:੨ (315)

ਬਹਾਲੀ ------ ਬੈਠਾਈ
“ਧਰਮ ਕਲਾ ਹਰਿ ਬੰਧਿ ਬਹਾਲੀ।” (ਭਾਵ ਪਕੀ ਕੀਤੀ)
-ਆਸਾ ੫, ੧੦੧, ੩:੨ (396)
“ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ।”(ਭਾਵ ਪਕੀ/ਪੁਸ਼ਟੀ ਕਰ ਦਿਤੀ)
-ਰਾਮ ਬਸ, ਵਾਰ ੩:੪ (967)

ਬਹਾਲੀਓਨੁ --- ਬੈਠਾਇਆ
“ਸਭੇ ਗਲਾ ਆਪਿ ਥਾਟਿ ਬਹਾਲੀਓਨੁ।”
-ਸੋਰ ੪, ਵਾਰ ੨੮:੧ (653)

ਬਹਾਲੀਐ ---- ਬੈਠਾਏ ਜਾਂਦੇ ਹਨ
“ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ।”
-ਗੂਜ ੩, ਵਾਰ ੧੬:੪ (515)

ਬਹਾਲੇ ------- ਬੈਠਾਵੇ
“ਜੇ ਰਾਜਿ ਬਹਾਲੇ ਤਾ ਹਰਿ ਗੁਲਾਮੁ ਘਾਸੀ ਕਉ ਹਰਿ ਨਾਮੁ ਕਢਾਈ।”
-ਗਉ ੪, ੪੬, ੪:੨ (166)

ਹੋਰ ਰੂਪ:

ਬਹਾਲੈ-
“ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ।”
-ਬਿਹਾ ੪, ਵਾਰ ੬:੪ (551)

ਬਹਾਵਨੇ ------ ਰੋੜ੍ਹ ਦਿੱਤੇ, ਵਹਾ ਕੇ ਲੈ ਗਿਆ
“ਗ੍ਰਿਹ ਬਾਲੂ ਨੀਰਿ ਬਹਾਵਨੇ।”
-ਗਉ ੫, ੧੪੨*, ੩:੨ (211)

ਬਹਿ -------- (1) ਬੈਠ ਕੇ
“ਮੰਨੇ ਕਾ ਬਹਿ ਕਰਨਿ ਵੀਚਾਰੁ।”
-ਜਪੁ ੧, ੧੨:੪ (3)

(2) ਵਹਿ, ਰੁੜ੍ਹ
“ਕਬੀਰ ਨਿਗੁਸਾਂਏ ਬਹਿ ਗਏ ਥਾਂਘੀ ਨਾਹੀ ਕੋਇ।”
-ਸਲੋ ਕਬ, ੫੧:੧ (1367)

(3) ਭਾਵ ਰਹਿ (ਗਏ), ਕੰਮ ਕਰਨੋ ਹੱਟ ਗਏ
“ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ।”
-ਸਲੋ ਫਰ, ੭੭:੧ (1381)

ਬਹਿਕ੍ਰਮ------ ਉਮਰ, ਅਵਸਥਾ
“ਜੌਬਨ ਬਹਿਕ੍ਰਮ ਕਨਿਕ ਕੁੰਡਲਹ।”

–ਸਸ ੫, ੧੧:੨ (1354)

ਬਹਿਠਾ ----- ਬੈਠਾ, ਧਮਕਿਆ
"ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।"
–ਸਲੋ ਫਰ, ੪੮:੧ (1380)

ਬਹਿਠਿਆ --- ਬੈਠਿਆਂ
"ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ।"
–ਸਲੋ ੫, ੨੨:੨ (1426)

ਬਹਿਠੀ ----- ਬੈਠੀ
"ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ।"
–ਗਉ ੫, ਵਾਰ ੧੭ਸ, ੫, ੨:੨ (322)

ਹੋਰ ਰੂਪ:

ਬਹਿਠੀਆ–
"ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ੍ ਖੜੀਆ।"
–ਆਸਾ ੧, ਅਸ ੧੧, ੩:੧ (417)

ਬਹਿਠੁ ------ ਬੈਠੇ
"ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ।"
–ਮਾਝ ੧, ਵਾਰ ੧੧ਸ, ੧, ੧:੩ (142)

ਬਹਿਠੇ ------ ਬੈਠੇ
"ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ।"
–ਸੂਹੀ ੧, ਕੁਚ ੧:੧੧ (762)

ਬਹਿਣ ------ ਭੈਣ ਭਾਵ ਦੇਹੀ
"ਬੀਰ ਚਲੇ ਘਰਿ ਆਪਣੈ ਬਹਿਣ ਬਿਰਹਿ ਜਲਿ ਜਾਇ।"
–ਰਾਮ ੧, ਓਅੰ ੪੦:੨ (935)

ਬਹਿਨ ------ ਭੈਣ
"ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ।"
–ਆਸਾ ਕਬ, ੪, ੨:੨ (476)

ਬਹੀ ------- ਵਹਿ ਗਈ, ਰੁੜ ਗਈ
"ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ।"
–ਸਾਰ ੫, ੧੦੯, ੧*:੨ (1225)

ਬਹੀਆ ----- ਬਾਹੀਆਂ, ਲਚਕੀਲੀਆਂ ਡਾਂਗਾਂ ਜਿਨ੍ਹਾਂ ਨਾਲ ਭਾਰ ਲਾਹਿਆ ਜਾਂਦਾ ਹੈ
"ਨਉ ਬਹੀਆਂ ਦਸ ਗੋਨਿ ਆਹਿ।"
–ਬਸੰ ਕਬ, ੬, ੧:੩ (1194)

ਬਹੀਐ------ ਬੈਠੀਏ
"ਸਤੀ ਪਹਿਰੀ ਸਤੁ ਭਲਾ ਬਹੀਐ ਪੜਿਆ ਪਾਸਿ।"
–ਮਾਝ ੧, ਵਾਰ ੧੮ਸ, ੨, ੧:੯ (146)

ਬਹੀਰ ------ **ਵਹੀਰ, ਜਾਂਦੇ ਲੋਕਾਂ ਦੀ ਭੀੜ**
"ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ।"
-ਸਲੋ ਕਬ, ੧੬੫:੧ (1373)

ਬਹੁ-------- **ਬਹੁਤ, ਅਨੇਕ**
"ਤੇਰੇ ਅਨੇਕ ਤੇਰੇ ਅਨੇਕ ਪੜਹਿ ਬਹੁ ਸਿਮ੍ਰਿਤਿ ਸਾਸਤ ਜੀ ਕਰਿ ਕਿਰਿਆ ਖਟੁ ਕਰਮ ਕਰੰਤਾ।"
-ਆਸਾ ੪, ਸੋਪੁ ੧, ੪:੪ (11)

ਬਹੁਤ ------**ਅਧਿਕ ਜ਼ਿਆਦਾ**
"ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ।"
-ਆਸਾ ੫, ੧੧, ੨:੧ (373)

ਹੋਰ ਰੂਪ:

ਬਹੁਤਾ-
"ਬਹੁਤਾ ਕਹੀਐ ਬਹੁਤਾ ਹੋਇ।"
-ਜਪੁ ੧, ੨੪:੧੦ (5)

ਬਹੁਤੀ-
"ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ।"
-ਸਿਰੀ ੩, ੫੧, ੪:੨ (33)

ਬਹੁਤੁ-
"ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।"
-ਜਪੁ ੧, ੩੬:੪ (7)

ਬਹੁਤੇਰਾ----- **ਵਧੇਰੇ, ਬਹੁਤਾ**
"ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ।"
-ਸਿਰੀ ੧, ੨੮, ੨:੨ (24)

ਹੋਰ ਰੂਪ:

ਬਹੁਤੇਰਿਆ-
"ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲ।"
-ਸੋਰ ੫, ਅਸ ੨, ੪:੩ (641)

ਬਹੁਤੇਰੀ-
"ਬਹੁਤੇਰੀ ਥਾਈ ਰਲਾਇ ਰਲਾਇ ਦਿਤਾ ਉਘੜਿਆ ਪੜਦਾ ਅਗੈ ਆਇ ਖਲੋਹਾ।" (ਬਹੁਤ ਸਾਰੀਆਂ)
-ਰਾਮ ੫, ਵਾਰ ੭ਸ, ੫, ੨:੮ (960)

ਬਹੁਤੇਰੇ-
"ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ।"
-ਮਾਝ ੫, ੨੨, ੪:੧ (101)

ਬਹੁਤੈ ------ **ਬਹੁਤ ਸਾਰੇ, ਅਧਿਕ**
"ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ।"

-ਗਉ ੪, ਵਾਰ ੩੦ਸ, ੪, ੧:੪ (315)

ਹੋਰ ਰੂਪ:

ਬਹੁਤੋ-

"ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ।"

-ਸਿਰੀ ੫, ੭੨, ੪:੧ (44)

ਬਹੁਬਿਧਿ ---- ਕਈ ਤਰ੍ਹਾਂ ਦੇ, ਕਈ ਪ੍ਰਕਾਰ ਦੇ

"ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ।"

-ਸਿਰੀ ੧, ੨੫, ੩:੧ (23)

ਹੋਰ ਰੂਪ:

ਬਹੁਬਿਧੀ-

"ਰੰਗ ਤਮਾਸੇ ਬਹੁ ਬਿਧੀ ਚਾਇ ਲਗਿ ਰਹਿਆ।"

-ਸਿਰੀ ੫, ਅਸ ੨੬, ੬:੩ (70)

ਬਹੁਰੰਗੀ----- (1) ਕਈ ਰੰਗਾਂ ਵਾਲਾ, ਬਹੁ ਪੱਖੀ, ਬਹੁ ਪਰਤੀ, ਕਈ ਤਰ੍ਹਾਂ ਦੇ, ਅਨੇਕਤਾ ਦਾ ਧਾਰਨੀ

"ਇਹ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ।"

-ਗਉ ੪, ੫੯, ੧:੧ (171)

"ਬਹੁ ਰੰਗੀ ਰਸ ਭੋਗਿਆ ਸਬਦਿ ਰਹੈ ਨਿਰਬਾਣੁ।" (ਕਈ ਤਰ੍ਹਾਂ ਦੇ)

-ਬਿਹਾ ੫, ਵਾਰ ੬ਸ, ੩, ੨:੩ (550)

"ਏਕੋ ਰੂਪ ਏਕੋ ਬਹੁ ਰੰਗੀ ਸਭੁ ਏਕਤੁ ਬਚਨਿ ਚਲਾਵੈਗੋ।"

-ਕਾਨ ੪, ਅਸ ੪, ੪:੨ (1310)

ਹੋਰ ਰੂਪ:

ਬਹੁ-ਰੰਗੇ-

"ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ।"(ਅਨੇਕ ਪ੍ਰਕਾਰ ਦੇ)

-ਸਿਰੀ ੫, ੭੧, ੨:੨ (42)

(2) ਬਹੁ ਰੰਗੀ ਜੀਵ, ਖੁਸ਼ੀਆਂ ਮਾਨਣ ਵਾਲੇ ਜੀਵ

"ਰਸਿ ਰਸਿ ਭੋਗ ਕਰਹਿ ਬਹੁਰੰਗੀ।"

-ਗਉ ੫, ੮੨, ੪:੨ (180)

ਬਹੁਰਿ ------ ਫਿਰ, ਦੁਬਾਰਾ, ਮੁੜ ਕੇ

"ਨਿਜਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।"

-ਗਉ ੫, ੫, ੩:੨ (13)

ਬਹੁਰੀਆ ----ਪਤਨੀ, ਵਹੁਟੀ, ਇਸਤ੍ਰੀ, ਬਹੂ

"ਹਰਿ ਮੇਰੋ ਪਿਰੁ ਹਉ ਹਰਿ ਕੀ ਬਹੁਰੀਆ।"

-ਆਸਾ ਕਬ, ੩੦, ੧*:੧ (483)

ਬਹੁਰੂਪਿ----- ਬਹੁਰੂਪੀਏ/ਅਨੇਕ ਰੂਪ ਧਾਰਨ ਵਾਲੇ(ਫਕੀਰ)

"ਇਕ ਸਬਦੀ ਬਹੁ ਰੂਪਿ ਅਵਧੂਤਾ।"

-ਸਿਰੀ ੫, ੨੭, ੫:੧ (71)

ਬਹੁੜਿ ------- ਫਿਰ
"ਸਚੀ ਨਦਰਿ ਨਿਹਾਲੀਐ ਬਹੁੜਿ ਨ ਪਾਵੈ ਤਾਉ।"
-ਸਿਰੀ ੧, ੧੫, ੨:੩ (19)
"ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ।"(ਮੁੜ ਮੁੜ)
-ਮਾਝ ੫, ੧੨, ੩:੩ (98)
"ਹੋਇ ਦਾਸ ਦਾਸੀ ਤਜਿ ਉਦਾਸੀ ਬਹੁੜਿ ਬਿਧੀ ਨ ਧਾਵਾ।"
-ਬਿਲਾ ੫, ਛੰਤ ੩, ੧:੫ (847)
(ਮਹਾਨਕੋਸ਼ ਇਥੇ ਅਰਥ 'ਅਨੇਕ' ਨਾਨਾ ਕਰਦਾ ਹੈ)

ਬਹੂ--------- ਵਹੁਟੀ, ਪਤਨੀ
"ਦਿਨ ਦਸ ਪਾਂਚ ਬਹੂ ਭਲੇ ਆਈ।"
-ਆਸਾ ਕਬ, ੩੪, ੨:੨ (484)

ਬਹੈ--------- (1) ਬੈਠੇ
"ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ।"
-ਸਿਰੀ ੧, ਅਸ ੧੭, ੨:੧ (64)
(2) ਵਗੇ
"ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧਵਾਨੀ।"
-ਸੋਰ ਭੀਖ, ੧, ੧:੧ (659)
"ਗੰਗ ਜਮੁਨ ਜਉ ਉਲਟੀ ਬਹੈ।"
-ਭੈਰ ਨਾਮ, ੧੦, ੧੩:੧ (1166)

ਬਹੋਰਾ ------- ਮੋੜ ਲਿਆਂਦਾ
"ਸੰਤ ਪ੍ਰਸਾਦਿ ਗਾਏ ਗੁਨ ਸਾਗਰ ਜਨਮ ਜਨਮ ਕੋ ਜਾਤ ਬਹੋਰਾ।"
-ਗਉ ੫, ੧੨੧*, ੨:੧ (208)
(ਮਹਾਨਕੋਸ਼ ਅਰਥ 'ਗੇੜ ਚੱਕਰ' ਕਰਦਾ ਹੈ)
ਹੋਰ ਰੂਪ:
ਬਹੋਰਿ–
"ਕਬੀਰ ਇਹ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ।" (ਮੋੜ)
-ਸਲੋ ਕਬ, ੨੭:੧ (1365)

ਬਹੋਰਿ ------- (1) ਮੋੜ, ਵੇਖੋ 'ਬਹੋਰਾ'
(2) ਫੇਰ, ਦੁਬਾਰਾ, ਮੁੜਕੇ
"ਕਾਇਆ ਹਾਂਡੀ ਕਾਠ ਕੀ ਨ ਓਹ ਚਰ੍ਹੈ ਬਹੋਰਿ।"
-ਸਲੋ ਕਬ, ੭੦:੨ (1368)

ਬਹੋਰੀ ------- ਮੋੜ ਲਿਆਂਦੀ
"ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਰੇ।"
-ਸੋਰ ਨਾਮ, ੨, ੪:੨ (657)

ਬਹੋਰੈ ------- ਮੁੜ ਕੇ, ਫੇਰ, ਦੁਬਾਰਾ

“ਅਮਰਾਪੁਰ ਬਾਸਾ ਕਰਹੁ ਹਰਿ ਗਇਆ ਬਹੋੜੈ ਬਿਤ।”
-ਸਲੋ ਕਬ, ੧੬੩:੨ (1373)

ਬਹੋੜਿ ------ ਮੋੜ, ਪਰਤਾ
“ਆਪਣੀ ਕ੍ਰਿਪਾ ਕਰੇ ਹਰਿ ਮੇਰਾ ਨਾਨਕ ਲਏ ਬਹੋੜਿ।”
-ਗਉ ੪, ਵਾਰ ੨੫ਸ, ੩, ੨:੪ (314)

ਬਹੋੜੁ ------ ਮੋੜ ਕੇ ਲਿਆਉਣ ਵਾਲਾ
“ਗਈ ਬਹੋੜੁ ਬੰਦੀ ਛੋੜੁ ਨਿਰੰਕਾਰ ਦੁਖਦਾਰੀ।”
-ਸੋਰ ੫, ੬੨, ੧:੧ (624)

ਬੰਕ ------- ਬਾਂਕੇ, ਸੁੰਦਰ ਛਬੀ ਵਾਲੇ
“ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ।”
-ਸਿਰੀ ੧, ਅਸ ੧੫, ੧:੧ (62)

ਬਕਉ ------ ਬੋਲਾਂ
“ਅਧਿਕ ਬਕਉ ਤੇਰੀ ਲਿਵ ਰਹੀਆ।”
-ਪ੍ਰਭਾ ੧, ੧੨, ੧:੨ (1330)

ਬਕਹਿ ------ ਕਹਿੰਦੇ ਹਨ, ਬੋਲਦੇ ਹਨ
“ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ।”
-ਗਉ ੫, ਥਿਤੀ ੯:੩ (298)

ਬਕਤ ------ ਬੋਲਦਿਆਂ,ਕਹਿੰਦਿਆਂ, ਆਖਦਿਆਂ
“ਜਿਹਵਾਂ ਬਕਤ ਪਾਈ ਗਤਿ ਮਤਿ।”(ਰਸਨਾ ਨਾਲ ਹਰਿ ਜਸ ਆਖਦਿਆਂ)
-ਰਾਮ ੫, ੨੮, ੪:੨ (891)

ਬਕਤਾ ------ ਵਕਤਾ, ਬੋਲਣ ਵਾਲਾ
“ਕਉਣੁ ਸੁ ਗਿਆਨੀ ਕਉਣੁ ਸੁ ਬਕਤਾ।”(ਜਸ ਕਰਨ ਵਾਲਾ)
-ਮਾਝ ੫, ਅਸ ੩੬, ੧:੨ (131)
“ਏਕ ਮਹਲਿ ਤੂੰ ਪੰਡਿਤੁ ਬਕਤਾ ਏਕ ਮਹਲਿ ਖਲੁ ਹੋਤਾ।”(ਭਾਵ ਵਖਿਆਣ ਕਰਨ ਵਾਲਾ)
-ਗਉ ੫, ੧੨੬*, ੨:੧ (206)

ਹੋਰ ਰੂਪ:

ਬਕਤੇ-
“ਜਗ ਮਹਿ ਬਕਤੇ ਦੂਧਾਧਾਰੀ।”(ਆਖੇ ਜਾਂਦੇ, ਅਖਵਾਉਂਦੇ)
-ਗੋਂਡ ਕਬ, ੧੧, ੩:੩ (873)

ਬਕਤੈ-
“ਬਕਤੈ ਬਕਿ ਸਬਦੁ ਸੁਨਾਇਆ।” (ਆਖਣ ਵਾਲੇ ਭਾਵ ਗੁਰੂ)
-ਰਾਮ ਕਬ, ੧੦, ੪:੧ (972)

ਬਕਤੋ-
“ਬਕਤੋ ਕਰਤਾ ਬੂਝਤ ਕਰਤਾ।”(ਬੋਲਣ ਵਾਲਾ)
-ਗੋਂਡ ੫, ੧, ੨:੧ (862)

ਬਕਨ ------ ਕਹਿਣ ਆਖਣ
“ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ ਰਹਤਾ।”
-ਗੂਜ ੫, ੧੧, ੧*:੨ (498)

ਹੋਰ ਰੂਪ:

ਬਕਨਾ–
“ਸਾਕਤ ਕਾ ਬਕਨਾ ਇਉ ਜਾਨਉ ਜੈਸੇ ਪਵਨੁ ਝੁਲਾਈ।”(ਬੋਲਣਾ)
-ਸੋਰ ੫, ੩, ੩:੨ (609)

ਬਕਨੇ–
“ਬਿਨੁ ਬਕਨੇ ਬਿਨੁ ਕਹਣ ਕਹਾਵਣ ਅੰਤਰਜਾਮੀ ਜਾਨੈ।”
-ਸਾਰ ੫, ੧੨੮, ੨:੧ (1228)

ਬਕਬਕੇ ----- ਬੇਸੁਆਦੇ
“ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ।”
-ਆਸਾ ੧, ਵਾਰ ੧੪ਸ, ੧, ੧:੩ (470)

ਬਕਬਾਇਆ -- ਬਕਬਾਦ,ਫਜੂਲ ਗੱਲਾਂ
“ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ ਬਕਬਾਇਆ।”
-ਮਾਰੂ ੫, ੧੫, ੪*:੨ (1003)

ਬਕਬਾਈ ---- ਬੇਅਰਥ ਬੋਲਣਾ, ਫਜੂਲ ਬੋਲਣਾ
“ਜਾ ਕੈ ਬਰਤੁ ਨਾਹੀ ਨੇਮੁ ਨਾਹੀ ਨਾਹੀ ਬਕਬਾਈ।”
-ਪ੍ਰਭਾ ੧, ੪, ੩:੧ (1328)

ਬਕਬਾਦੁ----- ਬਕਵਾਸ, ਫਜੂਲ/ਬੇ ਅਰਥ ਬੋਲਣਾ
“ਕਾਂਇ ਰੇ ਬਕਬਾਦੁ ਲਾਇਓ।”
-ਟੋਡੀ ਨਾਮ, ੧, ੧*:੧ (718)

ਬਕਰਾ------ ਇਕ ਚੌਟੰਗਾ ਨਰ ਪਸੂ ਜਿਸ ਦੀ ਬਲੀ ਦਿਤੀ ਜਾਂਦੀ ਹੈ ਮਾਸ ਖਾਧਾ ਜਾਂਦਾ ਹੈ
“ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ।”
-ਆਸਾ ੧, ਵਾਰ ੧੫ਸ, ੧, ੨:੪ (471)

ਬਕਰੀ------ ਇਕ ਚੌਟੰਗੀ ਮਦੀਨ ਪਸੂ, ਬਕਰੇ ਦਾ ਇਸਤ੍ਰੀ ਲਿੰਗ
“ਆਪੇ ਹੀ ਭਉ ਪਾਇਦਾ ਪਿਆਰਾ ਬੰਨਿ ਬਕਰੀ ਸੀਹੁ ਹਢਾਇਆ।”
-ਸੋਰ ੪, ੪, ੨:੩ (606)

ਬਕਰੀਦਿ ---- ਉਹ ਈਦ(ਤਿਉਹਾਰ) ਜਿਸ ਤੇ ਬਕਰੇ ਦੀ ਕੁਰਬਾਨੀ ਦੇ ਉਸ ਦੇ ਮਾਸ ਦਾ ਸੇਵਨ ਕੀਤਾ ਜਾਂਦਾ ਹੈ।
“ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।”
-ਮਲਾ ਰਵਿ, ੨, ੨:੧ (1293)

ਬੰਕਾ------- ਬਾਂਕਾ, ਸਜਧਜ ਵਾਲਾ, ਸੁੰਦਰ
“ਕਿਉ ਲੀਜੈ ਗਢੁ ਬੰਕਾ ਭਾਈ।”(ਭਾਵ ਪਕਾ)

-ਭੈਰ ਕਬ, ੧੭, ੧*:੧ (1161)

ਬਕਾਹਿ ----- ਬਕਦੇ ਅਰਥਾਤ ਬੋਲਦੇ ਹਨ
"ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ।"
-ਤਿਲੰ ਕਬ, ੧, ੨:੧ (727)

ਬਕਿ ------- ਬੋਲ ਕੇ, ਆਖ ਕੇ, ਉਚਾਰ ਕੇ
"ਬਕਤੈ ਬਕਿ ਸਬਦੁ ਸੁਨਾਇਆ।"
-ਰਾਮ ਕਬ, ੧੦, ੪:੧ (972)

ਬਕਿਬੋ ------ ਆਖਦਾ ਹੈ, ਕਹਿੰਦਾ ਹੈ
"ਕਾਜੀ ਬਕਿਬੋ ਹਸਤੀ ਤੋਰੁ।"
-ਗੋਂਡ ਕਬ, ੪, ੧*:੨ (870)

ਬਕੀਐ ----- ਆਖੀਏ, ਕਹੀਏ
"ਨਹ ਸੁਣੀਐ ਨਹ ਮੁਖ ਤੇ ਬਕੀਐ ਨਹ ਮੋਹੈ ਉਹ ਡੀਠੀ।"
-ਧਨਾ ੫, ੧੧, ੨:੧ (673)

ਬਕੀਤਾ ----- ਵਿਆਖਿਆਨ ਕਰਤਾ, ਵਕਤਾ, ਬੋਲਣ ਵਾਲਾ
"ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।"
-ਬਿਲਾ ੫, ੩੭, ੧:੧ (809)

ਬੰਕੁੜਾ ------ ਬਾਂਕਾ ਛਬੀ ਵਾਲਾ, ਸੁੰਦਰ
"ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ।"
-ਰਾਮ ੩, ਵਾਰ ੧੯ਸ, ੧, ੩:੧ (956)

ਬੰਕੇ ------- (1) ਸੁੰਦਰ, ਬਾਂਕੇ
"ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ।"
-ਆਸਾ ੧, ਅਸ ੧੨, ੧:੩ (417)

(2) ਸੁੰਦਰ/ਬਾਂਕੇ ਪਤੀ
"ਜਿਨ੍ ਕੇ ਬੰਕੇ ਘਰੀ ਨ ਅਇਆ ਤਿਨ੍ ਕਿਉ ਰੈਣਿ ਵਿਹਾਣੀ।"
-ਆਸਾ ੧, ਅਸ ੧੨, ੬:੩ (418)

(3) ਸੁੰਦਰ/ਬਾਂਕੇ ਘੋੜੇ
"ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ।"
-ਰਾਮ ੩, ਵਾਰ ੧੯ਸ, ੧, ੩:੧ (956)

ਬਕੈ ------- ਆਖੇ, ਕਹੇ, ਕਥਨ ਕਰੇ
"ਆਖਣਿ ਆਖੈ ਬਕੈ ਸਭੁ ਕੋਇ।"
-ਆਸਾ ੩, ੪੩, ੩:੧ (362)

"ਬਕੈ ਨ ਬੋਲੈ ਹਰਿ ਗੁਣ ਗਾਵੈ।" (ਵਾਧੂ/ਫਜ਼ੂਲ ਬੋਲੇ)
-ਆਸਾ ੧, ਅਸ ੧, ੧:੨ (411)

"ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ।"(ਬੋਲਦੇ ਭਾਵ ਪਾਠ ਕਰਦੇ ਹੋ)
-ਸੋਰ ੧, ਅਸ ੨, ੨:੧ (635)

ਬਖਸ ------ (ਫਾ. ਬਖ਼ਸ਼) ਦਾਤ, ਬਖਸ਼ਿਸ਼,ਮਿਹਰ
“ਸਭਨਾ ਕਾ ਦਾਤਾ ਏਕੁ ਹੈ ਆਪੇ ਬਖਸ ਕਰੇਇ।”
-ਸਿਰੀ ੩, ੪੨, ੪:੧ (30)

ਬਖਸਹਿ ----- (1) ਬਖਸ਼ਿਸ਼ ਕਰਕੇ
“ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ।”
-ਮਾਝ ੧, ਵਾਰ ੩:੪ (139)
(2) ਬਖਸ਼ਿਸ਼ ਕਰਦਾ ਹੈ, ਬਖਸ਼ੇ
“ਜਿਸੁ ਤੂੰ ਬਖਸਹਿ ਨਾਮੁ ਜਪਾਇ।”
-ਆਸਾ ੧, ਅਸ ੯, ੨:੩ (416)
ਬਖਸਣਹਾਰ- ਬਖਸ਼ਿਸ਼ ਕਰਨ ਵਾਲਾ
“ਗੁਰ ਸਰਣਾਈ ਭਜਿ ਪਏ ਬਖਸੇ ਬਖਸਣਹਾਰ।”
-ਆਸਾ ੩, ਅਸ ੩੭, ੩:੨ (430)
ਹੋਰ ਰੂਪ:
ਬਖਸਣਹਾਰਾ-
“ਆਪੇ ਮੇਲਿ ਮਿਲੀਐ ਜੀਉ ਆਪੇ ਬਖਸਣਹਾਰਾ।”(ਬਖਸ਼ਿਸ਼ ਕਰਨ ਵਾਲਾ)
-ਗਉ ੩, ਛੰਤ ੩, ੪:੨ (245)

ਬਖਸਣਹਾਰਾ -- (1) ਬਖਸ਼ਿਸ਼ ਕਰਨ ਵਾਲਾ, ਬਖਸ਼ਿੰਦ, ਵੇਖੋ ‘ਬਖਸਣਹਾਰ’
ਹੋਰ ਰੂਪ:
ਬਖਸਣਹਾਰੁ-
“ਗੁਰ ਪਰਸਾਦੀ ਦੇਵਣਹਾਰੁ।”
“ਨਾਨਕ ਬਖਸੇ ਬਖਸਣਹਾਰ।”(ਦਾਤ ਕਰਨ ਵਾਲਾ)
-ਆਸਾ ੩, ੪੮, ੪:੪;੫ (363)
“ਤੁਧੁ ਜੇਵਡੁ ਦਾਤਾ ਕੋ ਨਹੀ ਤੂ ਬਖਸਣਹਾਰੁ।”
-ਮਾਰੂ ੧, ਅਸ ੫, ੬:੨ (1011)
(2) ਮੁਆਫ ਕਰ ਦੇਣ ਵਾਲਾ
“ਅਵਗਣ ਬਖਸਣਹਾਰਾ ਕਾਮਣਿ ਕੰਤੁ ਪਿਆਰਾ ਘਟਿ ਘਟਿ ਰਹਿਆ ਸਮਾਈ।”
-ਗਉ ੩, ਛੰਤ ੩, ੪:੩ (245)
ਹੋਰ ਰੂਪ:
ਬਖਸਣਹਾਰੁ-
“ਆਪਿ ਛਡਾਏ ਛੁਟੀਐ ਆਪੇ ਬਖਸਣਹਾਰੁ।”
-ਸਿਰੀ ੧, ਅਸ ੧੫, ੨:੩ (62)
“ਹਉ ਪਾਪੀ ਤੂੰ ਬਖਸਣਹਾਰੁ।”
-ਆਸਾ ੧, ੨੪, ੧:੨ (356)
“ਗੁਨਹਾਂ ਬਖਸਣਹਾਰੁ ਸਬਦੁ ਕਮਾਵਹੀ।”
-ਆਸਾ ੧, ੧੬, ੮:੨ (420)
ਬਖਸਣਹਾਰੈ-
“ਜੋ ਕਿਛੁ ਕਰਣਾ ਸੋ ਕਰਿ ਰਹਿਆ ਬਖਸਣਹਾਰੈ ਬਖਸਿ ਲਇਆ।”

-ਰਾਮ ੧, ਅਸ ੭, ੧੦:੨ (907)

ਬਖਸੰਦ ----- (1) ਬਖਸ਼ਿਸ਼ ਕਰਨ ਵਾਲੇ
"ਕ੍ਰਿਪਾ ਨਿਧਾਨ ਦਇਆਲ ਬਖਸੰਦ।"
-ਗਉ ੫, ਸੁਖ ੧੬, ੧:੮ (284)
(2) ਮੁਆਫ ਕਰਨ ਵਾਲੇ ਨੇ, ਬਖਸਣ ਵਾਲੇ ਨੇ, ਬਖਸ਼ਣਹਾਰ ਨੇ
"ਕੰਠਿ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ।"
-ਧਨਾ ੫, ੪੫, ੧*:੨ (681)

ਬਖਸੰਦਗੀ---- ਬਖਸਣਹਾਰ-ਬਖਸ਼ਣ ਵਾਲਾ
"ਤੇਰੀ ਪਨਹ ਖੁਦਾਇ ਤੂ ਬਖਸੰਦਗੀ।"
-ਆਸਾ ਫਰ, ੧, ੪:੧ (488)

ਬਖਸੰਦਾ----- ਬਖਸ਼ਣ ਵਾਲਾ
"ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ।"
-ਮਾਰੂ ੫, ਵਾਰ ੭:੬ (1096)

ਬਖਸੰਦੁ ----- ਬਖਸ਼ਣਹਾਰ
"ਗੁਰੁ ਕਰਤਾ ਗੁਰੁ ਸਦ ਬਖਸੰਦੁ।"
-ਮਾਰੂ ੫, ਸੋਲਾ ੯, ੧੨:੨ (1080)

ਬਖਸਨਹਾਰ--- ਮੁਆਫ ਕਰਨ ਵਾਲਾ
"ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ।"
-ਗਉ ੫, ਬਾਅ ੫੨ਸ:੨ (261)

ਹੋਰ ਰੂਪ:

ਬਖਸਨਹਾਰਾ-
"ਅਸੰਖ ਖਤੇ ਖਿਨ ਬਖਸਨਹਾਰਾ।"
-ਗਉ ੫, ਬਾਅ ੪੯:੭ (260)

ਬਖਸਨਹਾਰੇ-
"ਹਮ ਅਪਰਾਧੀ ਸਦ ਭੂਲਤੇ ਤੁਮ੍ਹ ਬਖਸਨਹਾਰੇ।"
-ਬਿਲਾ ੫, ੩੪, ੧*:੨ (809)

ਬਖਸਾਇ ---- ਮੁਆਫ ਕਰਵਾਣਾ
"ਸਭੇ ਗੁਨਹ ਬਖਸਾਇ ਲਇਓਨੁ ਮੇਲੇ ਮੇਲਣਹਾਰਿ।"
-ਆਸਾ ੩, ਅਸ ੩੪, ੮:੧ (428)

ਹੋਰ ਰੂਪ:

ਬਖਸਾਇਆ-
"ਅਵਗਣ ਗੁਣੀ ਬਖਸਾਇਆ ਹਰਿ ਸਿਉ ਲਿਵ ਲਾਈ।"(ਮੁਆਫ ਕਰਾਇਆ)
-ਆਸਾ ੩, ੩੩, ੧*:੧ (428)

ਬਖਸਾਈਅਹਿ-
"ਪੂਰੈ ਗੁਰਿ ਬਖਸਾਈਅਹਿ ਸਭਿ ਗੁਨਹ ਫਕੀਰੈ।" (ਬਖਸਾਏ ਜਾਣਗੇ)
-ਮਾਰੂ ੧, ਅਸ ੬, ੧:੪ (1012)

ਬਖਸਾਵਣਿਆ – ਬਖਸ਼ੀਂਦੇ ਹਨ

“ਅਵਗਣਿ ਮੁਠੀ ਮਹਲੁ ਨ ਪਾਏ ਅਵਗਣ ਗੁਣਿ ਬਖਸਾਵਣਿਆ।”

–ਮਾਝ ੧, ਅਸ ੧, ੬:੩ (109)

ਬਖਸਾਤੇ ----- ਬਖਸ਼ ਦਿਤੇ

“ਹਮ ਅਪਰਾਧੀ ਤੁਮ੍ ਬਖਸਾਤੇ।”

–ਭੈਰ ੫, ੨੩, ੧:੨ (1141)

ਬਖਸਿ ------ (1) ਬਖਸ਼ ਕੇ, ਬਖਸ਼ਿਸ਼ ਨਾਲ

“ਆਪੇ ਜਗਜੀਵਨੁ ਸੁਖਦਾਤਾ ਆਪੇ ਬਖਸਿ ਮਿਲਾਏ।”

–ਸਿਰੀ ੩, ੪੮, ੨:੧ (32)

“ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ।”

–ਗਉ ੪, ਵਾਰ ੯ਸ, ੪, ੧:੨ (304)

(2) ਬਖਸ਼ੋ

“ਗੁਣਵੰਤਾ ਹਰਿ ਹਰਿ ਦਇਆਲੁ ਕਰਿ ਕਿਰਪਾ ਬਖਸਿ ਅਵਗਣ ਸਭਿ ਮੇਰੇ।”

–ਗਉ ੪, ੫੦, ੧*:੨ (167)

ਬਖਸਿਓਸੁ --- ਉਸ ਨੇ ਬਖਸ਼ ਦਿਤਾ

“ਜਿਥੈ ਕੋ ਵੇਖੇ ਤਿਥੈ ਮੇਰਾ ਸਤਿਗੁਰੂ ਹਰਿ ਬਖਸਿ ਓਸੁ ਸਭੁ ਜਹਾਨੁ।”

–ਬਿਲਾ ੪, ਵਾਰ ੧੦:੩ (853)

ਬਖਸਿਓਨੁ --- ਉਸ ਨੇ ਬਖਸਿਆ

“ਭਗਤਿ ਖਜਾਨਾ ਬਖਸਿਓਨੁ ਹਰਿ ਨਾਮੁ ਨਿਧਾਨੁ।”

–ਸੂਹੀ ੩, ਵਾਰ ੪:੫ (786)

ਬਖਸਿਅਨੁ --- ਉਨ੍ਹਾਂ ਨੇ ਬਖਸ਼ੇ

“ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ।”

–ਸੋਰ ੩, ਅਸ ੨, ੨:੧ (638)

ਬਖਸਿਆ ---- (1) ਬਖਸ਼ਿਸ਼ ਕੀਤੀ ਹੈ

“ਨਾਨਕ ਕਉ ਗੁਰਿ ਬਖਸਿਆ ਨਾਮੈ ਸੰਗਿ ਜੁਟੁ।”

–ਗਉ ੪, ਵਾਰ ੨੯:੫ (315)

“ਆਪਿ ਕ੍ਰਿਪਾਲਿ ਕ੍ਰਿਪਾ ਪ੍ਰਭਿ ਧਾਰੀ ਸਤਿਗੁਰਿ ਬਖਸਿਆ ਹਰਿ ਨਾਮੁ।”(ਦਾਤ ਦਿਤੀ)

–ਆਸਾ ੫, ੧੪੦, ੧:੨ (406)

(2) ਮੁਆਫ ਕੀਤਾ

“ਭੂਲ ਚੂਕ ਅਪਨਾ ਬਾਰਿਕੁ ਬਖਸਿਆ ਪਾਰਬ੍ਰਹਮ ਭਗਵਾਨਾ।”

–ਆਸਾ ੫, ੪੮, ੧:੨ (383)

“ਬਖਸਿਆ ਪਾਰਬ੍ਰਹਮ ਪਰਮੇਸਰਿ ਸਗਲੇ ਰੋਗ ਬਿਦਾਰੇ।”

–ਸੋਰ ੫, ੪੬, ੧:੧ (620)

ਬਖਸਿਹਿ ---- (1) ਬਖਸ਼ ਦੇਵੇ, ਮੁਆਫ ਕਰ ਦੇਵੇ

“ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ।”

-ਮਾਰੂ ੧, ੬, ੪:੧ (991)
(2) ਬਖਸ਼ਿਸ਼ ਕਰਕੇ, ਮਿਹਰ ਕਰਕੇ
"ਇਕਨ੍ਹਾ ਬਖਸਿਹਿ ਮੇਲਿ ਲੈਹਿ ਇਕਿ ਦਰਗਹ ਮਾਰਿ ਕਢੇ ਕੂੜਿਆਰ।"
-ਆਸਾ ੩, ੩੨, ੩:੨ (427)

ਬਖਸਿੰਦ----- ਬਖਸ਼ ਦਿਤੇ
"ਧੰਨੁ ਸਾਹ ਪੂਰੈ ਬਖਸਿੰਦ।"
-ਆਸਾ ੫, ੬, ੪:੨ (372)
"ਜੀਅ ਜੰਤ ਸਗਲੇ ਬਖਸਿੰਦ।"
-ਗੋਂਡ ੫, ੧੫, ੧:੪ 9866)

ਬਖਸਿੰਦਾ ---- ਬਖਸ਼ਿਸ਼ ਕਰਨ ਵਾਲਾ
"ਗੁਰੁ ਦਇਆਲੁ ਸਦਾ ਬਖਸਿੰਦਾ।"
-ਮਾਰੂ ੫, ਸੋਲਾ ੪, ੧:੨ (1074)

ਬਖਸਿੰਦੁ----- (1) ਮੁਆਫ ਕਰਨ ਵਾਲਾ
"ਨਾਨਕ ਸਗਲੇ ਦੋਖ ਉਤਾਰਿਅਨੁ ਪ੍ਰਭ ਪਾਰਬ੍ਰਹਮ ਬਖਸਿੰਦੁ।"
-ਸਿਰੀ ੫, ੮੨, ੪:੩ (46)
(2) ਬਖਸ਼ਿਸ਼ ਕਰਨ ਵਾਲਾ, ਦਾਤ ਬਖਸ਼ਨ ਵਾਲਾ
"ਸੰਤ ਅਰਾਧਨਿ ਸਦ ਸਦਾ ਸਭਨਾ ਕਾ ਬਖਸਿੰਦੁ।"
-ਮਾਝ ੫,ਦਿਨ ੩:੧ (137)

ਬਖਸੀ ------ ਮੁਆਫ ਕੀਤੀ
"ਬਖਸੀ ਹਿੰਦੂ ਮੈ ਤੇਰੀ ਗਾਇ।"(ਭਾਵ ਛੱਡੀ)
-ਭੈਰ ਨਾਮ, ੧੦, ੨੨:੨ (1166)

ਬਖਸੀਅਹਿ --- ਬਖਸੇ ਜਾਂਦੇ ਭਾਵ ਮੁਆਫ ਕੀਤੇ ਜਾਂਦੇ ਹਾਂ
"ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ।"
-ਮਾਝ ੧, ਵਾਰ ੨੪ਸ, ੧, ੧:੩ (149)

ਬਖਸੀਅਨੁ --- ਬਖਸ਼ੀ (ਦਾਤ ਵਜੋਂ ਦਿਤੀ) ਜਾਂਦੀ ਹੈ
"ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ ਬਖਸੀਅਨੁ ਨਿਤ ਚੜੈ ਸਵਾਈ।"
-ਗਉ ੪, ਵਾਰ ੩੦ਸ, ੪, ੨:੩ (316)

ਬਖਸੀਐ ---- ਬਖਸ਼ੀ(ਦਾਤ ਵਜੋਂ ਦਿਤੀ) ਜਾਂਦੀ ਹੈ
"ਸਿਫਤਿ ਜਿਨਾ ਕਉ ਬਖਸੀਐ ਸੇਈ ਪੋਤੇਦਾਰ।"
-ਸਾਰ ੪, ਵਾਰ ੫ਸ, ੨, ੨:੧ (1239)

ਬਖਸੀਸ----- ਦਾਤ, ਬਖਸ਼ਿਸ਼,ਮਿਹਰ
"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।"
-ਜਪੁ ੧, ੨:੪ (1)

ਬਖਸੀਸੀ ---- ਬਖਸ਼ਿਸ਼ ਕਰਨ ਵਾਲਾ, ਦਾਤਾਰ
"ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ।"
-ਆਸਾ ੧, ਵਾਰ ੭:੪ (467)

ਬਖਸੇ ------ (1) ਦਾਤ ਦੇਵੇ, ਮਿਹਰ ਕਰੇ
“ਜਿਸ ਨੋ ਬਖਸੇ ਸਿਫਤਿ ਸਾਲਾਹ।”
-ਜਪੁ ੧, ੨੫:੧੬ (5)

ਹੋਰ ਰੂਪ:

ਬਖਸੈ-
“ਸਿਫਤਿ ਖਜ਼ਾਨਾ ਬਖਸ਼ ਹੈ ਜਿਸੁ ਬਖਸੈ ਸੋ ਖਰਚੈ ਖਾਇ।”(ਬਖਸ਼ਦਾ/ਦਾਤ ਕਰਦਾ ਹੈ)
-ਬਿਹਾ ੪, ਵਾਰ ੧ਸ, ੩, ੨:੧ (548)

(2) ਮੁਆਫ ਕਰ ਦੇਵੇ
“ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ।”
-ਸੂਹੀ ੪, ਅਸ ੧, ੨੫:੧ (758)
“ਕਿਤੀ ਲਹਾ ਸਹੰਮ ਜਾ ਬਖਸੇ ਤ ਧਕਾ ਨਹੀ।”
-ਸੂਹੀ ੩, ਵਾਰ ੧੧ਸ, ੧, ੨:੨ (789)

ਬਖਾਣਿ ----- ਕਥਨ ਕਰਦੇ ਹਨ, ਕਹਿੰਦੇ ਹਨ
“ਤੇਰਸਿ ਤੇਰਹ ਅਗਮ ਬਖਾਣਿ।”
-ਗਉ ਕਬ, ਥਿਤੀ ੧੪:੧ (344)

ਹੋਰ ਰੂਪ:

ਬਖਾਣਿਅਉ-
“ਅਜੋਨੀ ਸੰਭਵਿਅਉ ਸੁਜਸੁ ਕਲੵ ਕਵੀਅਣਿ ਬਖਾਣਿਅਉ।”(ਬਿਆਨ ਕੀਤਾ)
-ਸਵ ੫, ਕਲ ੪:੨ (1407)

ਬਖਾਣੀ-
“ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ।”
-ਗਉ ੫, ਸੁਖ ੨੪, ੭:੪ (296)

ਬਖਾਣੈ-
“ਸਿਵ ਬਿਰੰਚਿ ਧਰਿ ਧੵਾਨੁ ਨਿਤਹਿ ਜਿਸੁ ਬੇਦੁ ਬਖਾਣੈ।”(ਬਿਆਨ ਕਰਦਾ ਹੈ)
-ਸਵ ੪, ਮਥੁ ੧:੨ (1404)

ਬਖਾਨ ------ ਬਿਆਨ ਕੀਤਾ, ਆਖਿਆ
“ਰਾਮ ਨਾਮੁ ਨਿਤ ਰਸਨ ਬਖਾਨ।”
-ਗਉ ੫, ੧੭੧, ੧:੧ (200)

ਹੋਰ ਰੂਪ:

ਬਖਾਨਉ-
“ਤਿਸ ਕੀ ਮਹਿਮਾ ਕਉਨ ਬਖਾਨਉ।”(ਬਿਆਨ ਕਰੇ)
-ਗਉ ੫, ਸੁਖ ੧੭, ੭:੭ (286)

ਬਖਾਨਨੋ-
“ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ।” (ਆਖੀਦਾ/ ਬਿਆਨੀਦਾ ਹੈ)
-ਗਉ ੫, ਬਾਅ ੨ਸ:੨ (250)

ਬਖਾਨਾਂ-

“ਬਾਤਨ ਹੀ ਬੈਕੁੰਠੁ ਬਖਾਨਾਂ।”(ਬਿਆਨ ਕਰਦੇ ਹਨ, ਆਖਦੇ ਹਨ)

-ਭੈਰ ਕਬ, ੧੬, ੧:੨ (1161)

ਬਖਾਨਿ-

“ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ।”(ਬਿਆਨ ਕੇ)

-ਜੈਜਾ ੯, ੪, ੨:੨ (1353)

“ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।”(ਆਖ)

-ਸਲੋ ੯, ੧੬:੨ (1427)

ਬਖਾਨਿਓ-

“ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ।”(ਆਖੀ ਗਈ)

-ਸਾਰ ੫, ੬੨, ੧:੨ (1216)

ਬਖਾਨਿਆ-

“ਨਹੀ ਦੋਖ ਬੀਚਾਰੇ ਪੂਰਨ ਸੁਖ ਸਾਰੇ ਪਾਵਨ ਬਿਰਦੁ ਬਖਾਨਿਆ।”(ਕਿਹਾ ਜਾਂਦਾ ਹੈ)

-ਕੇਦਾ ੫, ਛੰਤ ੧, ੪:੩ (1122)

ਬਖਾਨੀ-

“ਹਰਿ ਕੋ ਜਸੁ ਸੁਨਿ ਰਸਨ ਬਖਾਨੀ।”(ਬਿਆਨ ਕੀਤੀ)

-ਗਉ ੫, ਸੁਖ ੩, ੮:੮ (266)

“ਜਾ ਤਿਸੁ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ ਬਖਾਨੀ।”(ਉਚਾਰਦਾ ਹੈ)

-ਕੇਦਾ ਕਬ, ੪, ੩:੨ (1124)

ਬਖਾਨੀਐ-

“ਏਕੋ ਏਕੁ ਬਖਾਨੀਐ ਬਿਰਲਾ ਜਾਣੈ ਸ੍ਵਾਦੁ।”(ਬਿਆਨ ਕਰੀਏ)

-ਗਉ ੫, ਥਿਤੀ ੧੧ਸ:੧ (299)

ਬਖਾਨੁ-

“ਰਸਨਾ ਰਾਮ ਰਾਮ ਬਖਾਨੁ।”(ਉਚਾਰ, ਜਪੁ)

-ਕੇਦਾ ੫, ੧੧, ੧*:੧ (1121)

ਬਖਾਨੇ-

“ਸਿੰਮ੍ਰਿਤਿ ਸਾਸਤ ਬੇਦ ਬਖਾਨੇ।”(ਭਾਵ ਪੜ੍ਹ ਲਏ)

-ਗਉ ੫, ੧੧੧*, ੩:੧ (202)

ਬਖਾਨੈ-

“ਮੁਖਿ ਤਾ ਕੋ ਜਸੁ ਰਸਨ ਬਖਾਨੈ।”(ਬਿਆਨ ਕਰ, ਕਰ)

-ਗਉ ੫, ਸੁਖ ੬, ੨:੬ (270)

“ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀ ਕੋਈ।”(ਬਿਆਨ ਕਰਦਾ ਹੈ)

-ਆਸਾ ਕਬ, ੨੯, ੨:੧ (483)

“ਗੁਣ ਅਨਿਕ ਰਸਨਾ ਕਿਆ ਬਖਾਨੈ ਅਗਨਤ ਸਦਾ ਅਕਥ।”(ਬਿਆਨ ਕਰੇ)

-ਗੂਜ ੫, ੨੯, ੩:੨ (502)

ਬਖਾਨੋ-

“ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ।”(ਕਹੀਦਾ ਹੈ)

-ਧਨਾ ੯, ੩, ੧:੨ (685)

“ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ ਜਬ ਹੀ ਰਾਮ ਬਖਾਨੋ।”(ਆਖਿਆ ਉਚਾਰਿਆ)

-ਬਿਲਾ ੯, ੧, ੧:੧ (830)

ਬਖਿਆਣ ---- ਭਾਵ ਵਿਚਾਰ
"ਸੰਤ ਸਭਾ ਮਿਲਿ ਕਰਹੁ ਬਖਿਆਣੁ।"
-ਰਾਮ ੫, ੫੪, ੪:੧ (900)

ਬਖਿਆਨ ---- ਆਖਦੇ ਭਾਵ ਦਸਦੇ ਹਨ, ਕਥਨ
"ਬੇਦ ਬਖਿਆਨ ਕਰਤ ਸਾਧੂ ਜਨ ਭਾਗਹੀਨ ਸਮਝਤ ਨਹੀ ਖਲੁ।"
-ਟੋਡੀ ੫, ੨੬, ੨:੧ (717)
"ਅਨਿਕ ਜੁਗਤਿ ਹੋਵਤ ਬਖਿਆਨ।"
-ਸਾਰ ੫, ਅਸ ੨, ੬:੨ (1236)

ਬਖਿਆਨਹਿ -- ਕਥਨ ਕਰਦੇ ਹਨ
"ਜੇਤਾ ਸੁਨਹਿ ਤੇਤਾ ਬਖਿਆਨਹਿ।"
-ਗਉ ੫, ਸੁਖ ੭, ੮:੨ (272)

ਬਖੀਲ ------ (ਅ. ਬਖੀਲ) ਕੰਜੂਸ (ਕੋਸ਼) ਚੁਗਲ ਖੋਰ (ਦਰਪਣ) (ਨਿਰਣੈ) ਲਾਲਚੀ (ਮਹਾਨਕੋਸ਼)
"ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ।"
-ਤਿਲੰ ੧, ੧, ੪:੧ (721)

ਬਖੀਲੀ ----- ਈਰਖਾ (ਸ਼ਬਾਦਰਥ/ਮਹਾਨਕੋਸ਼) ਨਿੰਦਾ (ਦਰਪਣ), ਚੁਗਲੀ(ਨਿਰਣੈ)
"ਤਿਨ ਕੀ ਬਖੀਲੀ ਕੋਈ ਕਿਆ ਕਰੇ ਜਿਨ ਕਾ ਅੰਗੁ ਕਰੇ ਮੇਰਾ ਹਰਿ ਕਰਤਾਰਾ।"
-ਸੂਹੀ ੪, ੯, ੧:੨ (733)
"ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ।" (ਦੁਸ਼ਮਨੀ ਈਰਖਾ)
-ਰਾਮ ਸੁੰਦ ਸਦ, ੬:੪ (924)
"ਮਨਮੁਖੁ ਤਿਨ ਕੀ ਬਖੀਲੀ ਕਿ ਕਰੇ ਜਿ ਸਚੈ ਸਬਦਿ ਸਵਾਰੇ।" (ਚੁਗਲੀ)
-ਸਾਰ ੪, ਵਾਰ ੩੨ਸ, ੩, ੨:੫ (1249)

ਬਖੋਰਹੁ -----ਖਾਓ
"ਹਕੁ ਹਲਾਲੁ ਬਖੋਰਹੁ ਖਾਣਾ।"
-ਮਾਰੂ ੫, ਸੋਲਾ ੧੨, ੧੧:੧ (1084)

ਬਖੋਰਾਇ ---- ਤੂੰ ਖਾਂਦਾ ਹੈ
"ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ।"
-ਤਿਲੰ ੫, ੧, ੨:੧ (723)

ਬਖ੍ਯਾਣੀ ----- ਆਖੀ, ਕਹੀ, ਬਿਆਨੀ
"ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ।"
-ਗਉ ੫, ਸੁਖ ੧੨, ੮:੮ (279)

ਬਖ੍ਯਾਨ ------ ਕਥਨ, ਵਰਣਨ, ਵਖਿਆਨ
"ਅਨਿਕ ਪ੍ਰਕਾਰ ਕੀਓ ਬਖ੍ਯਾਨ।"
-ਗਉ ੫, ਸੁਖ ੨੧, ੭:੮ (292)

ਹੋਰ ਰੂਪ:

ਬਖ੍ਯਾਨੁ–
“ਕਬਹੂ ਹੋਇ ਪੰਡਿਤੁ ਕਰੇ ਬਖ੍ਯਾਨੁ।”
–ਗਉ ੫, ਸੁਖ ੧੧, ੭:੧ (277)

ਬਗ ------- (1) ਬਗਲਾ
“ਬਗ ਜਿਉ ਲਾਇ ਬਹੈ ਨਿਤ ਧਿਆਨਾ।”
–ਗਉ ੩, ਅਸ ੨, ੬:੨ (230)
(2) ਚਿੱਟੇ ਕੇਸ
“ਭਵਰ ਗਏ ਬਗ ਬੈਠੇ ਆਇ।”
–ਸੂਹੀ ਕਬ, ੨, ੧*:੨ (792)

ਬੰਗਾਲੀ ----- ‘ਭੈਰਉ’ ਦੀਆਂ ਪੰਜ ਰਾਗਨੀਆਂ ਵਿਚੋਂ ਇਕ, ਬਾਕੀ ਚਾਰ ਹਨ ਭੈਰਵੀ, ਬਿਲਾਵਲੀ ਪੁੰਨਿਆ ਤੇ ਅਸਲੇਖੀ
“ਪੁੰਨਿਆ ਕੀ ਗਾਵਹਿ ਬੰਗਲੀ।”
–ਰਾਗ ੧:੬ (1429)

ਬਗਾ ------- (1) ਚਿੱਟਾ
“ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ।”
–ਮਾਝ ੧, ਵਾਰ ੪ਸ, ੧, ੧:੪ (139)
(2) ਬਗਲਾ, ਬਗਲੇ
“ਹੰਸ ਸਿ ਹੰਸਾ ਬਗ ਸੇ ਬਗਾ ਘਟ ਘਟ ਕਰੇ ਬੀਚਾਰੁ।”
–ਆਸਾ ੧, ਛੰਤ ੪, ੧:੫ (438)
“ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ।”
–ਸੂਹੀ ੧, ੩, ੩:੧ (729)
(3) ਬਗਲੇ ਵਾਂਗ
“ਠਗ ਦਿਸਟਿ ਬਗਾ ਲਿਵ ਲਾਗਾ।”
–ਪ੍ਰਭਾ ਬੇਣੀ, ੧, ੧:੩ (1351)
ਹੋਰ ਰੂਪ:
ਬਗਾਂ –
“ਹੰਸਾਂ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ।”(ਬਗਲਿਆਂ ਨੂੰ)
–ਵਡ ੪, ਵਾਰ ੧ਸ, ੩, ੩:੧ (585)

ਬੰਗਾਲਮ----- ਭੈਰਉ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ ਬਾਕੀ ਸਤ ਹਨ ਪੰਚਮ, ਹਰਖ, ਦਿਸਾਖ ਮਧੁ ਮਾਧਵ ਲਲਤ, ਬਿਲਾਵਲ
“ਬੰਗਾਲਮ ਮਧੁ ਮਾਧਵ ਗਾਵਹਿ।”
–ਰਾਗ ੧:੧੦ (1429)

ਬਗੀਚਾ ----- ਬਾਗ
“ਏਕੁ ਬਗੀਚਾ ਪੇਡ ਘਨ ਕਰਿਆ।”
–ਆਸਾ ੫, ੫੬, ੧:੧ (385)

ਬਗੁ ------- ਬਗਲਾ

“ਮਨਮੁਖੁ ਸਦਾ ਬਗੁ ਮੈਲਾ ਹਉਮੈ ਮਲੁ ਲਾਈ।”
-ਮਾਝ ੩, ਅਸ ੩੨, ੬:੧ (128)

ਬਗੁਲ ------ ਬਗਲਿਆਂ ਵਾਂਗ
“ਸਿਲ ਪੂਜਸਿ ਬਗੁਲ ਸਮਾਧੰ।”
-ਆਸਾ ੧, ਵਾਰ ੧੪ਸ, ੧, ੨:੨ (470)

ਹੋਰ ਰੂਪ:

ਬਗੁਲਾ-
“ਕਿਆ ਹੰਸੁ ਕਿਆ ਬਗੁਲਾ ਜਾ ਕਉ ਨਦਰਿ ਕਰੇਇ।”
-ਸਿਰੀ ੪, ਵਾਰ ੨੦ਸ, ੧, ੨:੧ (91)

ਬਗੁਲਾਰੇ----- ਬਗਲੇ ਵਾਂਗ
“ਜਾ ਗੁਰੁ ਕਹੈ ਉਠਹੁ ਮੇਰੇ ਭਾਈ ਬਹਿ ਜਾਹਿ ਘੁਸਰਿ ਬਗੁਲਾਰੇ।”
-ਗਉ ੪, ਵਾਰ ੨੧ਸ, ੪, ੧:੨ (312)

ਬਗੁਲੇ ------ ਬਗਲੇ
“ਬਗੁਲੇ ਜਿਉ ਰਹਿਆ ਪੰਖ ਪਸਾਰਿ।”
-ਭੈਰ ੫, ੫੪, ੩:੩ (1152)

ਬਗੇ ------- (1) ਸੁਫੈਦ
“ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ।”
-ਸਿਰੀ ੧, ਅਸ ੧੫, ੧:੧ (62)

(2) ਬਗਲੇ
“ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨ੍ਹਿ।”
-ਸੂਹੀ ੧, ੩, ੩:੨ (729)

ਬਚ-------- ਬਚਨ
“ਮਨ ਬਚ ਕ੍ਰਮ ਗੋਵਿੰਦ ਅਧਾਰੁ।”
-ਗਉ ੫, ੧੫੫, ੩:੧ (197)

ਬੰਚ ------- ਠਗੀ, ਧੋਖਾ, ਵਲਛਲ
“ਅਨਿਕ ਬੰਚ ਬਲਛਲ ਕਰਹੁ ਮਾਇਆ ਏਕ ਉਪਾਵ।”
-ਗਉ ੫, ਬਾਅ ੩੩:੨ (257)

ਬੰਚਉ ------ ਬਚ ਸਕਦਾ ਹੈ
“ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ।”
-ਸਲੋ ਕਬ, ੫੩:੨ (1367)

ਬਚਉਨੀ----- ਬਚਨ ਕਥਨ
“ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ।”
-ਧਨਾ ਨਾਮ, ੪, ੨:੫ (693)

ਬਚਸਾ ------ ਬਾਣੀ ਕਰਕੇ, ਬਚਨ ਦੁਆਰਾ
“ਹਰਿ ਭਗਤ ਨਿਜ ਨਿਹ ਕੇਵਲਾ ਰਿਦ ਕਰਮਣਾ ਬਚਸਾ।”

-ਗੂਜ ਜੈਦੇ, ੧, ੪:੨ (526)

ਬਚਨ ------ (1) ਕਥਨ, ਬਾਣੀ, ਹੁਕਮ ਬੋਲ
"ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ।"
-ਸਿਰੀ ੫, ੯੯, ੧:੩ (52)
"ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ।" (ਗਲਾਂ)
-ਸਾਰ ੫, ੩, ੧:੧ (1203)
(2) ਉਪੇਦਸ
"ਜਾਇ ਪੁਛਹੁ ਸਿਮ੍ਰਿਤਿ ਸਾਸਤ ਬਿਆਸ ਸੁਕ ਨਾਰਦ ਬਚਨ ਸਭ ਸ੍ਰਿਸਟਿ ਕਰੇਨਿ।"
-ਰਾਮ ੩, ਵਾਰ ੧੦ਸ, ੩, ੧:੩ (951)

ਬਚਨ ਰਚਨਾ-- ਬਚਨਾ ਦੀ ਕ੍ਰਿਤੀ, ਪੁਸਤਕ
"ਅਵਰ ਸਭ ਤਿਆਗਿ ਬਚਨ ਰਚਨਾ।"(ਗਲਾਂ ਦੀ ਦੁਨੀਆਂ)
-ਸੋਰ ਰਵਿ, ੪, ੧*:੨ (658)

ਬਚਨਾ ------ ਬਚਨ, ਕਥਨ, ਬੋਲ
"ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹੵਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ।"
-ਸਵ ੪, ਗਯੰ ੩:੨ (1403)

ਬਚਨਾਕੀ ---- ਬਚਨ ਰਾਹੀਂ ਭਾਵ ਰਸਨਾ ਦੁਆਰਾ
"ਹਰਿ ਕੇ ਸੇਵਕ ਸੇ ਹਰਿ ਪਿਆਰੇ ਜਿਨ ਜਪਿਓ ਹਰਿ ਬਚਨਾਕੀ।"
-ਧਨਾ ੪, ੬, ੨:੧ (668)

ਬਚਨਾਤਿ ---- ਬਚਨਾਂ ਦੁਆਰਾ
"ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤਹੂ ਧਾਇਓ।"
-ਸਾਰ ੫, ੫੩, ੧:੧ (1214)

ਹੋਰ ਰੂਪ:

ਬਚਨਾਂਤਿ-
"ਠਾਕੁਰ ਭੇਟੇ ਗੁਰ ਬਚਨਾਂਤਿ।"
-ਕਾਨ ੫, ੨, ੨:੨ (1298)

ਬਚਨਾਰੇ ----- ਬਚਨਾਂ/ ਕਥਨਾਂ/ਬੋਲਾਂ ਨੂੰ
"ਸੁਨਿ ਗਾਵਉ ਗੁਰ ਬਚਨਾਰੇ।"
-ਦੇਵ ੫, ੨੫, ੩:੧ (533)

ਬਚਨਿ ------ ਬਚਨਾਂ ਰਾਹੀਂ/ਦੁਆਰਾ, ਉਪਦੇਸ਼ ਦੁਆਰਾ
"ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ।"(ਭਾਵ ਉਪਦੇਸ਼)
-ਗਉ ੪, ੫੫, ੧*:੨ (169)

ਹੋਰ ਰੂਪ:

ਬਚਨੀ-

"ਸੁਰਤਿ ਹੋਵੈ ਪਤਿ ਊਗਵੈ ਗੁਰ ਬਚਨੀ ਭਉ ਖਾਇ।"(ਬਚਨਾਂ ਦੁਆਰਾ)
-ਸਿਰੀ ੧, ੧੦, ੪:੨ (18)

"ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ।"(ਬਚਨਾਂ ਉਪਰ ਨਿਸਚਾ ਹੋ ਜਾਵੇ)
-ਧਨਾ ਰਵਿ, ੧, ੧:੨ (694)

ਬਚੰਨੀ-
"ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚੰਨੀ।"(ਬਚਨਾਂ ਦਆਰਾ)
-ਬਿਲਾ ਕਬ, ੯, ੧:੨ (857)

ਬਚਨੁ-
"ਜੇ ਹੋਵੀ ਪੂਰਬਿ ਲਿਖਿਆ ਤਾ ਗੁਰ ਕਾ ਬਚਨੁ ਕਮਾਹਿ।" (ਉਪਦੇਸ਼, ਸਿਖਿਆ)
-ਸਿਰੀ ੫, ੭੪, ੧*:੨ (43)

ਬਚਰਹਿ ------ ਬਚੇ
"ਜੈਸੇ ਬਚਰਹਿ ਕੂੰਜ ਮਨ ਮਾਇਆ ਮਮਤਾ ਰੇ।"
-ਸਲੋ ਕਬ, ੧੨੩:੨ (1371)

ਹੋਰ ਰੂਪ:

ਬਚਰੇ-
"ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।"
-ਗੂਜ ੫, ਸੋਦ ੫, ੩:੧ (10)

ਬੰਚਲਾ ------- ਠਗਿਆ ਗਿਆ, ਵੰਚਿਤ ਹੋ ਗਿਆ
"ਸੁੰਦਰ ਪੁਰਖ ਬਿਰਾਜਿਤ ਪੇਖਿ ਮਨੁ ਬੰਚਲਾ।"
-ਫੁਨ ੫, ੧੩:੨ (1362)

ਬਚਾ ------ ਬਚ ਗਿਆ
"ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ।"
-ਸਵ ੪, ਗਯੰ ੫:੧ (1403)

ਬਚਿ ------ ਧੋਖੇ ਦੇ ਕਾਰਣ
"ਕੂੜਿ ਕਪਟਿ ਬੰਚਿ ਨਿੰਮੁਨੀਆਦਾ ਬਿਨਸਿ ਗਇਆ ਤਤਕਾਲੇ।"
-ਆਸਾ ੫, ੩੨, ੩:੧ (381)

ਬਚਿਆ ------ ਬਚ ਗਿਆ
"ਮੁਚੁ ਮੁਚੁ ਗਰਭ ਗਏ ਕੀਨ ਬਚਿਆ।"
-ਗਉ ਕਬ, ੨੫, ੨:੧ (328)

ਬਚਿਤਿ ------ ਚਿਤ ਵਿਚ
"ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਬਿਹਾਵੈ।"
-ਧਨਾ ੫, ਅਸ ੧, ੨:੧ (687)

ਬਚਿਤ੍ਰ ------ ਅਜੀਬ, ਵਚਿਤ੍ਰ, ਅਸਚਰਜ
"ਚਿਤ੍ਰ ਬਚਿਤ੍ਰ ਇਹੈ ਅਵਝੇਰਾ।"

-ਗਉ ਕਬ, ਬਾਅ ੧੨:੩ (340)

ਹੋਰ ਰੂਪ:

ਬਚਿਤ੍ਰ–

“ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨ ਆਸ ਹੇ ਅਲ ਪੀਵਤ ਬਿਨਸਤ ਤਾਪ।”

-ਆਸਾ ੫, ਛੰਤ ੧੪, ੩:੨ (462)

“ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ।”(ਬਹੁਰੰਗੀ)

-ਬਿਲਾ ੫, ਛੰਤ ੩, ੨:੩ (847)

ਬਚੈ ------- ਬਚ ਰਹੇ

“ਜੇ ਜਾਨਤ ਆਪਨ ਆਪ ਬਚੈ।”

-ਗਉ ੫, ਸੁਖ ੧੧, ੩:੬ (277)

ਹੋਰ ਰੂਪ:

ਬੰਚੈ–

“ਨਰਕਿ ਪੜੰਤਉ ਕਿਉ ਰਹੈ ਕਿਉ ਬੰਚੈ ਜਮਕਾਲੁ।” (ਬਚੇ)

-ਰਾਮ ੧, ਓਅੰ ੩੮:੫ (935)

ਬੰਛਹਿ ------ ਚਾਹੁੰਦੇ ਹਨ, ਲੋਚਦੇ ਹਨ

“ਰਘੁਬੰਸਿ ਤਿਲਕੁ ਸੁੰਦਰੁ ਦਸ ਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ।”

-ਸਵ ੪, ਗਯੰ ੨:੫ (1401)

ਬੰਛਤ ------ ਇਛਤ

“ਸੇਵ ਸੁਆਮੀ ਸਤਿਗੁਰ ਦਾਤਾ ਮਨ ਬੰਛਤ ਫਲ ਆਈਐ।”

-ਗਉ ੫, ੧੫੩*, ੨:੨ (213)

ਬਛਰਾ ------ ਵੱਛਾ, ਗਊ ਦਾ ਜਾਇਆ

“ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ।”

-ਰਾਮ ਨਾਮ, ੧, ੩:੨ (972)

“ਖਿਮਾ ਧੀਰਜੁ ਕਰਿ ਗਊ ਲਵੇਰੀ ਸਹਜੇ ਬਛਰਾ ਖੀਰੁ ਪੀਐ।” (ਮਨ ਰੂਪੀ ਵੱਛਾ)

-ਪ੍ਰਭਾ ੧, ੭, ੪:੧ (1329)

ਬਛਰਾਕ ------ ਵੱਛਾ

“ਹਰਿ ਕੇ ਸੰਤ ਮਿਲੇ ਹਰਿ ਮਿਲਿਆ ਜੈਸੇ ਗਊ ਦੇਖਿ ਬਛਰਾਕ।”

-ਕਾਨ ੪, ੪, ੨:੨ (1295)

ਬਛਰੂ ------ ਛੋਟਾ ਵੱਛਾ

“ਆਪੇ ਬਛਰੂ ਗਊ ਖੀਰੁ।”

-ਬਸੰ ੪, ਅਸ ੭, ੩:੧ (1190)

ਹੋਰ ਰੂਪ:

ਬਛਰੈ–

"ਪਹਿਲੇ ਦੂਧ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ।"(ਵੱਛੇ ਨੇ)
-ਆਸਾ ਨਾਮ, ੨, ੩:੨ (485)

ਬਛਲ ------ ਪਿਆਰਾ
"ਦੀਨ ਦਇਆਲ ਕ੍ਰਿਪਾਲ ਦਮੋਦਰ ਭਗਤਿ ਬਛਲ ਭੈ ਹਾਰੀ।"
-ਰਾਮ ਕਬ, ੮, ੫:੧ (971)

ਹੋਰ ਰੂਪ:

ਬਛਲੁ-
"ਉਨ੍ ਕੇ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ।"
-ਸਾਰ ੫, ੩੧, ੨:੧ (1210)

ਬੰਛਵਹੁ ----- ਇੱਛਦੇ/ ਚਾਹੁੰਦੇ ਹੋ
"ਜਉ ਤ ਸਭ ਸੁਖ ਇਤ ਉਤ ਤੁਮ ਬੰਛਵਹੁ ਗੁਰੂ ਗੁਰੁ ਗੁਰੂ ਗੁਰੁ ਗੁਰੂ ਜਪੁ ਪ੍ਰਾਨੀਅਹੁ।"
-ਸਵ ੪, ਨਲ ੧੩:੫ (1400)

ਬੰਛਾਵਤ ----- ਇਛਾ ਕਰਨ ਲਗਾ
"ਕੋਊ ਨਰਕ ਕੋਊ ਸੁਰਗ ਬੰਛਾਵਤ।"
-ਗਉ ੫, ਸੁਖ ੨੧, ੭:੪ (292)

ਬਛੁਰਾ ------ ਵੱਛਾ, ਗਉ ਦਾ ਜਾਇਆ
"ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ।"
-ਕੇਦਾ ੪, ੧, ੪:੨ (1118)

ਬਜਈਆ ---- ਵਜਾ ਕੇ
"ਗੁਰਮੁਖਿ ਮਨੂਆ ਇਕਤੂ ਘਰਿ ਆਵੈ ਮਿਲਉ ਗੋੁਪਾਲ ਨੀਸਾਨੁ ਬਜਈਆ।"
-ਬਿਲਾ ੪, ਅਸ ੧, ੫:੨ (833)

ਬਜਹਿ ------ ਵਜਦਾ ਹੈ
"ਅਨਹਦ ਬਜਹਿ ਸਦਾ ਭਰਪੂਰ।"
-ਰਾਮ ਕਬ, ੯, ੧:੪ (971)

ਬਜਗਾਰੀ ---- (ਫਾ. ਬਜ਼ਾਕਾਰੀ) ਪਾਪ, ਬੁਰਾਈ
"ਦੇਉ ਜਬਾਬੁ ਹੋਇ ਬਜਗਾਰੀ।"
-ਭੈਰ ਕਬ, ੧੫, ੪:੨ (1161)

ਬਜੰਤਾ ------ ਵਜਦਾ
"ਤਹ ਅਨਹਦ ਸਬਦ ਬਜੰਤਾ।"
-ਸੋਰ ਨਾਮ, ੧, ੨:੨ (657)

ਬਜਰ ------ ਕਰੜੇ, ਸਖ਼ਤ
"ਗੁਰ ਸਾਖੀ ਮਿਟਿਆ ਅੰਧਿਆਰਾ ਬਜਰ ਕਪਾਟ ਖੁਲਾਵਣਿਆ।"
-ਮਾਝ ੩, ਅਸ ੨, ੬:੩ (110)
"ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ।"(ਬਿਜ)

-ਭੈਰ ੫, ੨੮, ੧:੪ (1143)

ਹੋਰ ਰੂਪ:

ਬਜਰੁ-
"ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ।"(ਕਰੜਾ, ਸਖਤ)
-ਬਸੰ ੧, ਅਸ ੧, ੧*:੧ (1187)

ਬਜਾਇ ----- ਵਜਾ ਕੇ
"ਚਾਰਿ ਦਿਨ ਅਪਨੀ ਨਉਬਤਿ ਚਲੇ ਬਜਾਇ।"
-ਕੇਦਾ ਕਬ, ੬, ੧*:੧ (1124)

ਬਜਾਇਅਉ--- ਵਜਾਇਆ
"ਸਤਿਗੁਰੁ ਪ੍ਰਮਾਣੁ ਬਿਧ ਨੈ ਸਿਰਿਉ ਜਗਿ ਜਸ ਤੂਰੁ ਬਜਾਇਅਉ।"
-ਸਵ ੪, ਕਲ ੬:੫ (1397)

ਬਜਾਇਲਾ---- ਵਜਾਉਂਦੇ ਹੋਏ
"ਪਾਖੰਤਣ ਬਾਜ ਬਜਾਇਲਾ।"
-ਭੈਰ ਨਾਮ, ੧੦, ੧੫:੧ (1166)

ਬਜਾਈ -----ਵਜਾਈ
"ਬਾਜੀਗਰ ਡੰਕ ਬਜਾਈ।"
-ਸੋਰ ਕਬ, ੪, ੨:੧ (655)

ਹੋਰ ਰੂਪ:

ਬਜਾਈਐ-
"ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ।"
-ਸਲੋ ਕਬ, ੧੫੮:੨ (1372)

ਬਜਾਏ ------ ਵਜਾਏ
"ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ।"
-ਆਸਾ ੫, ੧੫੩, ੧*:੨ (408)

ਬਜਾਰਹਿ ---- ਬਜ਼ਾਰ ਨੂੰ
"ਬਜਾਰੀ ਸੋ ਜੁ ਬਜਾਰਹਿ ਸੋਧੈ।"(ਸਰੀਰ ਰੂਪੀ ਬਜ਼ਾਰ ਨੂੰ)
-ਗੋਂਡ ਕਬ, ੧੦, ੩:੧ (873)

ਬਜ਼ਾਰੀ ----- ਕੰਜਰ, ਵਿਭਚਾਰੀ
"ਬਜਾਰੀ ਸੋ ਜੁ ਬਜਾਰਹਿ ਸੋਧੈ।"(ਮਹਾਨਕੋਸ਼ ਅਰਥ 'ਦਰੋਗਾ' ਬਜਾਰ ਨੂੰ ਸੋਸਨ ਵਾਲਾ ਕਰਦਾ ਹੈ
-ਗੋਂਡ ਕਬ ੧੦, ੩:੧ (873)

ਬਜਾਰੀਆ --- (ਚਉਰਾਸੀ ਵਿਚ)ਭ੍ਰਮਣ ਵਾਲਾ, ਭੌਦੂ
"ਆਵਾਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ।"
-ਮਲਾ ੧, ਵਾਰ ੨੫:੭ (1290)

ਬਜਾਵਉਗੋ --- ਵਜਾਵਾਂਗਾ

“ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ।”
-ਰਾਮ ਨਾਮ, ੨, ੧:੨ (972)

ਬਜਾਵਹਿ ---- ਵਜਾਵੇ, ਵਜਾਉਂਦਾ ਹੈ
“ਨਿਰਭਉ ਕੈ ਘਰਿ ਬਜਾਵਹਿ ਤੂਰ।”
-ਰਾਮ ਕਬ, ੯, ੧:੩ (971)

ਬਜਾਵਤੇ ----- ਵਜਾਉਂਦੇ ਹਾਂ
“ਕਬੀਰ ਜੋ ਹਮ ਜੰਤੁ ਬਜਾਵਤੇ ਟੂਟਿ ਗਈਂ ਸਭ ਤਾਰ।”
-ਸਲੋ ਕਬ, ੧੦੩:੨ (1369)

ਬਜਾਵਨਹਾਰ -- ਵਜਾਉਣ ਵਾਲਾ ਭਾਵ ਆਤਮਾ
“ਜੰਤੁ ਬਿਚਾਰਾ ਕਿਆ ਕਰੈ ਚਲੇ ਬਜਾਵਨਹਾਰ।”
-ਸਲੋ ਕਬ, ੧੦੩:੧ (1369)

ਹੋਰ ਰੂਪ:

ਬਜਾਵਨਹਾਰਾ–
“ਹਮ ਤੇਰੇ ਜੰਤ ਤੂ ਬਜਾਵਨਹਾਰਾ” (ਵਜਾਉਣ ਵਾਲਾ)
-ਭੈਰ ੫, ੩੧, ੨:੧ (1144)

ਬਜਾਵਨਹਾਰੋ–
“ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ।”
-ਆਸਾ ਕਬ, ੧੮, ੨:੧ (480)

ਬਜਾਵੈ ------ ਵਜਾਏ
“ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ।”
-ਆਸਾ ੪, ੬੨, ੧:੧ (368)

ਬਜਿਓ------ ਵਜਦਾ ਹੈ
“ਜਉ ਦਿਨੁ ਰੈਨਿ ਤਉ ਲਉ ਬਜਿਓ ਮੂਰਤ ਘਰੀ ਪਲੋ।”
-ਸਾਰ ੫, ੩, ੩:੧ (1203)

ਬਜਿਤ੍ਰ ------ ਵਾਜਾ, ਸਾਜ਼
“ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ।”
-ਰਾਮ ੫, ੮, ੨:੧ (885)

ਬਜੀ ------- ਵਜੀ
“ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ।”
-ਕਾਨ ੫, ਛੰਤ ੧, ੪:੪ (1312)

ਹੋਰ ਰੂਪ:

ਬਜੈ–
“ਟੂਟੀ ਤੰਤੁ ਨ ਬਜੈ ਰਬਾਬੁ।”(ਵਜਦਾ)
- ਆਸਾ ਕਬ, ੧੧, ੨:੧ (478)

ਬਟਕ ------ ਬੋਹੜ ਦਾ ਦਰਖਤ

"ਬਟਕ ਬੀਜ ਮਤਿ ਰਵਿ ਰਹਿਓ ਜਾ ਕੋ ਤੀਨਿ ਲੋਕ ਬਿਸਥਾਰ।"
-ਗਉ ਕਬ, ਬਾਅ ੩:੨ (340)

ਬਟਰੀਆ ---- ਵਾਟ (ਰਾਹ) ਤੇ ਤੁਰਨ ਵਾਲਾ, ਰਾਹੀ, ਮੁਸਾਫਰ
"ਸਗਲ ਬਟਰੀਆ।"
-ਬਿਹਾ ੫, ੧, ੩:੧ (537)

ਬਟਵਾਰਈ --- ਡਾਕੂ ਲੁਟੇਰੇ, ਵਾਟ ਮਾਰਨ ਵਾਲੇ
"ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ।"
-ਬਿਲਾ ੫, ੫੮, ੩:੨ (815)

ਬਟਵਾਰਾ ---- ਵਾਟਮਾਰ, ਲੁਟੇਰਾ, ਧਾੜਵੀ
"ਕਾਮ ਕ੍ਰੋਧੁ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ।"
-ਗਉ ਕਬ, ੪੯, ੨:੧ (333)

ਹੋਰ ਰੂਪ:

ਬਟਵਾਰੇ-
"ਮੁਸਨਹਾਰ ਪੰਚ ਬਟਵਾਰੇ।"(ਲੁਟੇਰੇ)
-ਗਉ ੫, ੮੯, ੨:੩ (182)

ਬਟਾਊ------ ਵਾਟ ਤੇ ਜਾਣ ਵਾਲਾ, ਰਾਹੀ
"ਬਟਾਊ ਸਿਉ ਜੋ ਲਾਵੈ ਨੇਹ।"
-ਗਉ ੫, ਸੁਖ ੫, ੩:੭ (268)

ਬਟੂਆ------ (1) ਛੋਟੀ ਥੈਲੀ, ਗੁਥਲੀ, ਫਕੀਰ ਦੀ ਸੁਆਹ ਰਖਨ ਦੀ ਥੈਲੀ
"ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ।"
-ਗਉ ਕਬ, ੫੩, ੨:੧ (334)

(2) ਭਾਵ ਸਰੀਰ
"ਬਟੂਆ ਏਕੁ ਬਹੁਤਰਿ ਆਧਾਰੀ ਏਕੋ ਜਿਸਹਿ ਦੁਆਰਾ।"
-ਆਸਾ ਕਬ, ੭, ੧:੧ (477)

ਬਡ-------- ਵਡਾ
"ਬ੍ਰਹਮ ਗਿਆਨੀ ਕਾ ਬਡ ਪਰਤਾਪ।" (ਭਾਵ ਬਹੁਤ)
-ਗਉ ੫, ਸੁਖ ੮, ੬:੬ (273)
"ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ।"(ਵਡੇ)
-ਗਉ ਕਬ, ੫੧, ੨:੨ (334)
"ਨਾਨਕ ਬਡ ਭਾਗਿਆ ਮੇਰੇ ਮਨਾ।"(ਉਤਮ)
-ਆਸਾ ੫, ੧੬੧, ੧*:੬ (410)
"ਹਮ ਪਾਥਰ ਲੋਹ ਲੋਹ ਬਡ ਪਾਥਰ ਗੁਰ ਸੰਗਤਿ ਨਾਵ ਤਰਾਵੈਗੋ।"(ਵਡੇ, ਮਹਾਨ, ਭਾਰੀ)
-ਕਾਨ ੪, ਅਸ ੩, ੪:੧ (1309)

ਬਡਨਾ ------ ਵਡਾ
"ਸਬਦੁ ਪਛਾਨਿ ਰਾਮ ਰਸੁ ਪਾਵਹੁ ਓਹੁ ਊਤਮੁ ਸੰਤੁ ਭਇਓ ਬਡ ਬਡਨਾ।"

-ਗੋਂਡ ੪, ੩, ੩:੧ (860)

ਬਡਪਨਾ ----- ਵਡਿਆਈ, ਐਸ਼ਵਰਜ
“ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ।”
-ਸੂਹੀ ੫, ੪੧, ੧:੨ (745)

ਬਡਪੁਰਖ ---- ਵਡਾ/ ਮਹਾਨ ਪੁਰਖ
“ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ।”
-ਬਿਹਾ ੫, ਛੰਤ ੪, ੨:੫ (544)

ਬਡਭਾਗ ----- ਵਡੇ(ਉਤਮ) ਭਾਗ
“ਤਿਹ ਬਡਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ।”
-ਗਉ ਕਬ, ੭੪, ੩:੨ (399)

ਹੋਰ ਰੂਪ:

ਬਡਭਾਗਿ–
“ਬਿਨਵੰਤਿ ਨਾਨਕ ਸਰਣਿ ਸੁਆਮੀ ਬਡਭਾਗਿ ਦਰਸਨੁ ਪਾਏ।”
-ਕਾਨ ੫, ਛੰਤ ੧, ੧:੬ (1312)

ਬਡਭਾਗੀ–
“ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ।”(ਵੱਡੇ ਉਤਮ ਭਾਗਾਂ ਵਾਲੇ)
-ਮਾਝ ੩, ਅਸ ੨੦, ੫:੩ (121)

ਬਡਭਾਗੰੀ–
“ਇਹੁ ਮਨੁ ਦੇਇ ਕੀਏ ਸੰਤ ਮੀਤਾ ਕ੍ਰਿਪਾਲ ਭਏ ਬਡਭਾਗੰੀ।” (ਵੱਡੇ ਭਾਗਾਂ ਨਾਲ/ਸਦਕਾ)
-ਮਲਾ ੫, ੫, ੨:੧ (1267)

ਬਡਭਾਗੀਅਹ–
“ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਅਹ।”(ਵਡੇ ਭਾਗਾਂ ਨਾਲ)
-ਸਸ ੫, ੫੭:੬ (1359)

ਬਡਭਾਗੀਆ–
“ਨਹ ਦੂਖ ਪਾਵੈ ਪ੍ਰਭ ਧਿਆਵੈ ਧੰਨਿ ਤੇ ਬਡਭਾਗੀਆ।”(ਵਡੇ ਭਾਗਾਂ ਵਾਲੇ)
-ਬਿਹਾ ੫, ਛੰਤ ੪, ੩:੩ (544)

ਬਡਭਾਗੀਹੋ–
“ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ।”(ਵੱਡੇ ਭਾਗਾਂ ਵਾਲਿਓ)
-ਗੂਜ ੫, ਵਾਰ ੧੪ਸ, ੫, ੨:੧ (521)

ਬਡਭਾਗੇ–
“ਗੁਰ ਪ੍ਰਸਾਦਿ ਪਾਈਅਹਿ ਧੰਨਿ ਤੇ ਜਨ ਬਡਭਾਗੇ।”(ਵਡੇ ਭਾਗਾਂ ਵਾਲੇ)
-ਸਵ ੪, ਕਲ ੯:੪ (1397)

ਬਡਭਾਗੈ–
“ਜਿਸ ਨੋ ਕ੍ਰਿਪਾ ਕਰਹਿ ਬਡਭਾਗੈ।”(ਵਡੇ ਭਾਗਾਂ ਕਰਕੇ)
-ਗਉ ੫, ਸੁਖ ੧੪, ੭:੮ (282)

ਬਡਭਾਗੋ–

"ਸੋ ਮਿਲੈ ਜੋ ਬਡਭਾਗੋ।"(ਵੱਡੇ ਭਾਗਾਂ ਵਾਲਾ ਹੈ)
-ਗਉ ਕਬ, ੬੬, ੧*:੨ (338)

ਬਡਾ -------- ਵਡਾ
"ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤੁ ਹੈ।"
-ਸਿਰੀ ਕਬ, ੧, ੧:੧ (91)
"ਵਾਹੁ ਵਾਹੁ ਕਾ ਬਡਾ ਤਮਾਸਾ।"(ਵਿਸ਼ਾਲ)
-ਸਵ ੪, ਗਯੰ ੧੨:੧ (1403)

ਬਡਾਈ ------ (1) ਮਹਿਮਾ, ਵਡਿਆਈ, ਸੋਭਾ
"ਆਪ ਜਾਨੈ ਸਾਧ ਬਡਾਈ।"
-ਗਉ ੫, ਸੁਖ ੭, ੩:੯ (271)
"ਕਾਚੀ ਗਾਗਰਿ ਨੀਰੁ ਪਰਤੁ ਹੈ ਇਆਤਨ ਕੀ ਇਹੈ ਬਡਾਈ।"(ਭਾਵ ਗੁਣ ਲਛਣ)
-ਸੋਰ ਕਬ, ੨, ੧:੨ (654)
(2) ਵਡਾਪਣ
"ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।"
-ਸਲੋ ਕਬ, ੧੨:੧ (1365)

ਬਡਾਨੰ ------- ਵਡਾ
"ਮਨ ਧਨੁ ਤੇਰੋ ਪ੍ਰਾਨੰ ਏਕੈ ਸੁਤਿ ਹੈ ਜਹਾਨੰ ਕਵਨ ਉਪਮਾ ਦੇਉ ਬਡੇ ਤੇ ਬਡਾਨੰ।"
-ਸਮੁ ੫, ੪:੩ (1386)

ਬਡਾਨੀ ------ ਵਡਾ, ਬਲੀ, ਡਾਢਾ ਅਤਿ ਪ੍ਰਬਲ
"ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ।"
-ਬਿਲਾ ਕਬ, ੧, ੨:੨ (855)

ਬਡਿਆਈ --- ਮਹਿਮਾ ਸ਼ੋਭਾ, ਵਡਿਆਈ
"ਅਨਿਕ ਰਾਜ ਭੋਗ ਬਡਿਆਈ।"
-ਗਉ ੫, ਸੁਖ ੨੦, ੮:੩ (290)

ਬਡੀ -------- ਵਡੀ
"ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ।"
-ਆਸਾ ਕਬ, ੩੨, ੨:੧ (483)

ਬਡੀਰੇ ------- ਵਡੇ ਕੀਤੇ, ਵਡਿਆਏ, ਨਿਵਾਜੇ ਹੋਏ
"ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ।"
-ਸਾਰ ੪, ੭, ੧*:੨ (1200)

ਬਡੇ--------- ਵਡੇ,ਉਤਮ
"ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ।"
-ਗਉ ੫, ਸੁਖ ੧੨ਸ:੨ (278)
"ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ।" (ਉਤਮ)
-ਗੂਜ ੧, ਅਸ ੨, ੭:੧ (504)

ਹੋਰ ਰੂਪ:

ਬਡੈ–
“ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ।”(ਵਡੇ)
–ਸੋਰ ਰਵਿ, ੪, ੩:੧ (658)

ਬਡੋ–
“ਗਰਬੁ ਬਡੋ ਮੂਲੁ ਇਤਨੋ।”(ਵਡਾ, ਬਹੁਤ)
–ਗਉ ੫, ੧੪੮*, ੧*:੧ (212)

ਬਡੌ–
“ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ।”(ਵਡਾ)
–ਸਮੁ ੫, ੧*:੩ (1387)

ਬਢਹਿ ------ ਵਧਦੇ ਹਨ
“ਬੋਲਤ ਬੋਲਤ ਬਢਹਿ ਬਿਕਾਰਾ।”
–ਗੋਂਡ ਕਬ, ੧, ੩:੧ (870)

ਬਢੰਤਉ ----- ਵੱਧਦਾ
“ਕਬੀਰ ਟਾਲੈ ਟੋਲੈ ਦਿਨੁ ਗਇਆ ਬਿਆਜੁ ਬਢੰਤਉ ਜਾਇ।”
–ਸਲੋ ਕਬ, ੨੦੮:੧ (1375)

ਬਢਨ ------ ਵਧਨ
“ਛਨਿ ਘਾਲੇ ਸਭ ਦਿਵਸ ਸਾਸ ਨਹ ਬਢਨ ਘਟਨ ਤਿਲੁ ਸਾਰ।”
–ਗਉ ੫, ਬਾਅ ੨੧ਸ:੧ (254)

ਬਢਾਇ ----- ਵੱਧਾ ਲੈਂਦੀ ਹੈ
ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ।
– ਸਮ ੫, ੧੧*:੩ (1389)

ਹੋਰ ਰੂਪ:

ਬਢਾਇਓ–
“ਜਨਮ ਮਰਨ ਮਨ ਮੋਹੁ ਬਢਾਇਓ।”(ਵਧਾਇਆ)
–ਗਉ ੫, ਬਾਅ ੨:੬ (250)

ਬਢਾਈ–
“ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ।”(ਵਧਾਈ)
–ਮਾਰੂ ੯, ੧, ੧:੨ (1008)

ਬਢਾਵਹਿ ---- ਕਟਾਵੇਂ
“ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ ਘਾਸੁ ਬਢਾਵਹਿ ਕੇਤਕ ਬੋਲਾ।”
–ਸਾਰ ੫, ੩੬, ੨:੧ (1211)

ਬਢਿਓ------ ਵੱਧਿਆ
“ਸੁਤ ਬਨਿਤਾ ਸਾਜਨ ਸੁਖ ਬੰਧਤ ਤਾ ਸਿਉ ਮੋਹੁ ਬਢਿਓ ਸੁਘਨਾ।”
–ਸਮੁ ੫, ੪*:੩ (1387)

ਬਢੀ ------- ਵਧੀ

"ਗੁਨ ਤੇ ਪ੍ਰੀਤਿ ਬਢੀ ਅਨ ਭਾਂਤੀ ਜਨਮ ਮਰਨ ਫਿਰਿ ਤਾਨਿਆ।"
-ਆਸਾ ਧੰਨਾ, ੧, ੧:੨ (487)

ਹੋਰ ਰੂਪ:

ਬਢੈ–
"ਨਾ ਓਹੁ ਬਢੈ ਨ ਘਟਤਾ ਜਾਇ।"
-ਗਉ ਨਾਮ, ਥਿਤੀ ੩:੩ (343)

ਬਣਈ------ ਬਣਦਾ, ਬਣ ਜਾਂਦਾ
"ਹੰਸਾ ਵਿਚਿ ਬੈਠਾ ਬਗੁ ਨ ਬਣਈ ਨਿਤ ਬੈਠਾ ਮਛੀ ਨੋ ਤਾਰ ਲਾਵੈ।"
-ਰਾਮ ੫, ਵਾਰ ੭ਸ, ੫, ੧:੬ (960)

ਬਣਸਪਤਿ---- ਬਨਾਸਪਤੀ, ਸਬਜ਼ੀ, ਬ੍ਰਿਛ ਬੂਟੇ ਆਦਿ
"ਆਪੇ ਭਾਰ ਅਠਾਰਹ ਬਣਸਪਤਿ ਆਪੇ ਹੀ ਫਲ ਲਾਏ।"
-ਬਿਹਾ ੪, ਵਾਰ ੧੫:੧ (554)

ਬਣਜੁ ------ ਲੈਣ ਦੇਣ, ਬਪਾਰ
"ਐਸਾ ਬਣਜੁ ਕਰਹੁ ਗ੍ਰਿਹ ਭੀਤਰਿ ਜਿਤੁ ਉਤਰੈ ਭੂਖ ਪਿਆਸਾ ਹੇ।"
-ਮਾਰੂ ੫, ਸੋਲਾ ੨, ੪:੩ (1072)

ਬਣਜੇ ------ ਲੈਣ ਦੇਣ, ਬਪਾਰ ਕਰੇ
"ਨਾਮ ਰਤਨੁ ਗੁਣਾ ਹਰਿ ਬਣਜੇ ਲਾਦਿ ਵਖਰੁ ਲੈ ਚਾਲਿਓ।"
-ਮਾਰੂ ੫, ੫, ੧:੨ (1000)

ਬਣਤ ------ (1) ਬਣਤਰ, ਬਣਾਵਟ, ਰਚਨਾ
"ਆਪੇ ਫਰਕੁ ਕੀਤੋਨੁ ਘਟ ਅੰਤਰਿ ਆਪੇ ਬਣਤ ਬਣਾਵਣਿਆ।"
-ਮਾਝ ੩, ਅਸ ੨੭, ੧:੩ (125)

"ਸਗਲੀ ਬਣਤ ਬਣਾਈ ਆਪੇ।"
-ਮਾਝ ੫, ਅਸ ੩੬, ੯:੧ (131)

(2) ਵਿਉਂਤ, ਬਾਣੂੰ, ਜੁਗਤ, ਪ੍ਰਬੰਧ, ਬਿਧ
"ਸਤਿਗੁਰ ਸੇਤੀ ਮਨੁ ਰਤਾ ਰਖਿਆ ਬਣਤ ਬਣਾਇ।"
-ਗਉ ੪, ਵਾਰ ੨੩ਸ, ੪, ੨:੨ (313)

"ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ।"
-ਵਡ ੪, ਵਾਰ ੫:੨ (588)

"ਜਿਉ ਜਲ ਮਹਿ ਕਮਲੁ ਅਲਿਪਤੁ ਹੈ ਐਸੀ ਬਣਤ ਬਣਾਇ।" (ਪ੍ਰਬੰਧ/ਵਿਉਂਤਰਚ ਬਾਨੂੰ ਬੰਨ)
-ਮਲਾ ੧, ੭:੬ (1281)

ਬਣਤਿਆ---- ਬਣ ਜਾਂਦੇ ਹਨ
"ਧਨੁ ਧਨੁ ਭਾਗ ਤਿਨਾ ਸਾਧ ਜਨਾ ਹਰਿ ਕੀਰਤਨ ਗਾਇ ਗੁਣੀ ਜਨ ਬਣਤਿਆ।"
-ਸੋਰ ੪, ਵਾਰ ੧੮:੩ (649)

ਬਣਤੀ------- ਬਣਦੀ ਹੈ
"ਏਨਾ ਨੋ ਭਉ ਅਗਲਾ ਪੂਰੀ ਬਣਤ ਬਣਤੀ।"

-ਰਾਮ ੩ ਵਾਰ ੩:੪ (948)

ਬਣਤੈ ------ ਪ੍ਰਬੰਧ ਵਿਚ

“ਸਭ ਕੀਤਾ ਤੇਰਾ ਵਰਤਦਾ ਸਭ ਤੇਰੀ ਬਣਤੈ।”

-ਗਉ ੪, ਵਾਰ ੨੪:੩ (314)

ਬਣਾ ------- ਬਣੀ, ਬਣਿਆ

“ਸੁਖਵੰਤੀ ਸਾ ਨਾਰਿ ਸੋਭਾ ਪੂਰਿ ਬਣਾ।”

-ਆਸਾ ੫, ਛੰਤ ੭, ੨:੨ (457)

“ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ।”

-ਆਸਾ ੫, ਛੰਤ ੭, ੨:੫ (457)

ਬਣਾਇ ----- ਬਣਾ ਕੇ, ਰਚ ਕੇ ਸਿਰਜ ਕੇ

“ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ।”

-ਸਿਰੀ ੫, ੯੧, ੩:੧ (50)

“ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ।”(ਭਾਵ ਧਰ ਕੇ ਸ਼ੁਭ ਇਮਾਨ ਕਰਕੇ)

-ਵਡ ੪, ਵਾਰ ੧੧, ੩, ੧:੨ (590)

“ਸਬਦਿ ਸਚੈ ਰੰਗੁ ਲਾਲੁ ਕਰਿ ਭੈ ਭਾਇ ਸੀਗਾਰੁ ਬਣਾਇ।”(ਬਣਾਂਦੀ ਭਾਵ ਕਰਦੀ ਹੈ)

-ਸੂਹੀ ੩, ਵਾਰ ੩ਸ, ੩, ੨:੪ (786)

ਬਣਾਇਆ --- ਸਿਰਜਿਆ, ਰਚਿਆ

“ਜਿਤੁ ਘਰਿ ਪਿਰਿ ਸੋਹਾਗੁ ਬਣਾਇਆ।”

-ਮਾਝ ੫, ੧੧, ੧:੧ (97)

“ਅੰਦਰਿ ਹੀਰਾ ਲਾਲੁ ਬਣਾਇਆ।” (ਭਾਵ ਰਖਿਆ)

-ਮਾਝ ੩, ਅਸ ੬, ੧:੧ (112)

ਹੋਰ ਰੂਪ:

ਬਣਾਈ–

“ਸਗਲੀ ਬਣਤ ਬਣਾਈ ਆਪੇ।” (ਸਿਰਜੀ, ਰਚੀ)

-ਮਾਝ ੫, ਅਸ ੩੬, ੯:੧ (131)

“ਨਾਨਕ ਨਾਮੁ ਪਦਾਰਥੁ ਦੀਜੈ ਹਿਰਦੈ ਕੰਠਿ ਬਣਾਈ।”(ਮਨ ਤੇ ਗਲ ਵਿਚ ਸਵਾਰ ਕੇ ਰੱਖਾਂ)

-ਗੂਜ ੧, ਅਸ ੩, ੮:੨ (504)

ਬਣਾਈਅਨੁ–

“ਆਪੇ ਸੇਵ ਬਣਾਈਅਨੁ ਗੁਰਮੁਖਿ ਆਪੇ ਅੰਮ੍ਰਿਤੁ ਪੀਆ।”(ਭਾਵ ਸਿਖਾਈ)

-ਬਿਹਾ ੪, ਵਾਰ ੭:੪ (551)

ਬਣਾਈਆ–

“ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ।” (ਬਣਾਇਆ, ਰਚਿਆ)

-ਗਉ ੪, ਵਾਰ ੨੩:੧ (313)

ਬਣਾਏ–
"ਭੈ ਭਾਇ ਸੀਗਾਰੁ ਬਣਾਏ।(ਬਣਾਵੇ)
-ਮਾਝ ੩, ਅਸ ੫, ੪:੧ (112)
"ਪਿਰੁ ਪਰਦੇਸਿ ਸਿਗਾਰੁ ਬਣਾਏ।"(ਕਰੇ)
-ਮਾਝ ੩, ਅਸ ੩੦, ੭:੧ (127)
"ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਐ।"(ਸਿਰਜੇ)
-ਪ੍ਰਭਾ ੩, ੬, ੧:੧ (1334)

ਬਣਾਵਹਿ ---- ਸਿਰਜੇ, ਬਣਾਏ
"ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ।"
-ਮਾਰੂ ੫, ਸੋਲਾ ੧੧, ੯:੩ (1082)

ਬਣਾਵਣਿਆ -- ਬਣਾਨਾ, ਭਾਵ ਕਰਨਾ
"ਸੇਜ ਸੁਹਾਵੀ ਸਦਾ ਪਿਰੁ ਰਾਵੇ ਸਚੁ ਸੀਗਾਰੁ ਬਣਾਵਣਿਆ।"
-ਮਾਝ ੩, ਅਸ ੩, ੫:੩ (110)

ਹੋਰ ਰੂਪ:

ਬਣਾਵਣੀ–
"ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ।"(ਬਣਾਨੀ ਸਿਰਜਨੀ)
-ਗਉ ੪, ਵਾਰ ੯ਸ, ੪, ੨:੮ (304)
ਬਣਾਵੈ–
"ਗੁਰ ਸਬਦੀ ਸੀਗਾਰੁ ਬਣਾਵੈ।"(ਬਣਾਏ ਭਾਵ ਕਰੇ)
-ਆਸਾ ੩, ੪੭, ੨:੨ (363)

ਬਣਿ ------- (1) ਬਣੀ, ਬਣਨ ਦੀ ਕਿਰਿਆ
"ਗੁਰਮੁਖਿ ਲੋਭੁ ਨਿਵਾਰੀਐ ਹਰਿ ਸਿਉ ਬਣਿ ਆਈ।"
-ਆਸਾ ੧, ਅਸ ੧੫, ੩:੨ (419)
"ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿਆਈ।"(ਭਾਵ ਰਾਸ ਹੋ ਗਏ)
-ਸੋਰ ੫, ੧੧, ੪:੧ (611)
"ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ।"(ਭਾਵ ਮੁਆਫਤ ਆਵੇ)
-ਰਾਮ ੫, ੪, ੨:੨ (883)
(2) ਵਨ, ਜੰਗਲ
"ਬਣਿ ਤ੍ਰਿਣਿ ਤ੍ਰਿਭਵਣਿ ਪੂਰਿ ਪੂਰਨ ਕੀਮਤਿ ਕਹਣੁ ਨ ਜਾਈ।"
-ਬਿਹਾ ੫, ਛੰਤ ੫, ੪:੫ (545)

ਬਣਿਆ ----- (1) ਹੋ ਗਿਆ, ਬਣ ਗਿਆ
"ਊਚ ਨੀਚ ਸਚੁ ਇਕ ਸਮਾਨਿ ਕੀਟ ਹਸਤੀ ਬਣਿਆ।"
-ਗਉ ੫, ਵਾਰ ੭:੪ (319)
"ਗੁਰ ਸਬਦੀ ਮੈਲੁ ਉਤਰੈ ਤਾ ਸਚੁ ਬਣਿਆ ਸੀਗਾਰੁ।"(ਹੋਇਆ)
-ਸੂਹੀ ੩, ਅਸ ੩, ੧੭:੨ (755)
(2) ਸਜਿਆ, ਸੋਭਨੀਕ ਹੋਇਆ, ਸੋਹਣਾ ਲਗ ਰਿਹਾ ਹੈ

“ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ।”
-ਰਾਮ ੩, ਅਨੰ ੩੪:੨ (922)

ਬਣੀ ------- ਹੋ ਗਈ, ਬਣ ਗਈ
“ਸਤਿਗੁਰ ਸੇਵਾ ਸਫਲ ਹੈ ਬਣੀ।”
-ਗਉ ੪, ੪੩, ੧:੧ (165)
“ਪੰਖ ਤੁਟੇ ਫਾਹੀ ਪੜੀ ਅਵਗੁਣਿ ਭੀੜ ਬਣੀ।”
-ਰਾਮ ੧, ਓਅੰ ੩੩:੪ (934)

ਹੋਰ ਰੂਪ:

ਬਣੀਐ-
“ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ।” (ਬਣੀਦਾ ਹੈ)
-ਗਉ ੪, ਵਾਰ ੯:੩ (304)

ਬਣੇ-
“ਸਭ ਸਿੰਗਾਰ ਬਣੇ ਤਿਸੁ ਗਿਆਨੇ।”(ਬਣ ਗਏ, ਹੋਏ)
-ਮਾਝ ੫, ੧੧, ੩:੨ (97)

ਬਣੇ ------- (1) ਬਣ ਗਏ, ਹੋਏ, ਵੇਖੋ ‘ਬਣੀ ’
(2) ਫਬੇ, ਸ਼ੋਭਨੀਕ ਹੋਏ, ਜਚੇ
“ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ।”
-ਭੈਰ ੪, ੭, ੩:੨ (1136)

ਬਣੈ ------- (1) ਬਣ ਜਾਵੇ, ਖੜੀ ਹੋ ਜਾਵੇ
“ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।”
-ਸਿਰੀ ੫, ਅਸ ੨੬, ੧:੧ (70)
(2) ਬਣਦੀ/ਜਚਦੀ ਹੈ
“ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ।”
-ਆਸਾ ੧, ਵਾਰ ੨੨ਸ, ੨, ੩:੪ (474)

ਬਤਊਆ ---- ਗਲਬਾਤ, ਵਾਰਤਾਲਾਪ
“ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ।”
-ਰਾਮ ਨਾਮ, ੧, ੧:੨ (972)

ਬਤਨ ------ ਮੁਖ, ਮੂੰਹ
“ਕਾਗ ਬਤਨ ਬਿਸਟਾ ਮਹਿ ਵਾਸ।”
-ਗਉ ੫, ਅਸ ੭, ੨:੨ (239)

ਬੰਤਰ ------ ਬਾਂਦਰ
“ਬੰਤਰ ਚੀਤੇ ਅਰੁ ਸਿੰਘਾਤਾ।”
-ਭੈਰ ਕਬ, ੧੩, ੪:੨ (1160)
“ਬੰਤਰ ਕੀ ਸੈਨਾ ਸੇਵੀਐ ਮਨਿ ਤਨਿ ਜੁਝੁ ਅਪਾਰੁ।”
-ਸਲੋ ੧, ੨੫:੨ (1412)

(ਮਹਾਨਕੋਸ਼ ਇਥੇ ਅਰਥ 'ਜੰਗਲ ਵਿਚ ਫਿਰਨ ਵਾਲੇ' ਕਰਦਾ ਹੈ)

ਬਤਾਉ------ ਦਸ

"ਕਾਢਿ ਖੜਗੁ ਕਾਲੁ ਭੈ ਕੋਪਿਓ ਮੋਹਿ ਬਤਾਉ ਜੁ ਤੁਹਿ ਰਾਖੈ।"

-ਭੈਰ ਨਾਮ, ੯, ੪:੧ (1165)

ਬਤਾਇ ----- ਦਸ

"ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਉ ਹੈ ਬਤਾਇ।"(ਭਾਵ ਖਬਰਦਾਰ ਕਰ ਦਿਤਾ ਹੈ)

-ਗੂਜ ੫, ੨੧, ੧*:੨ (500)

"ਜਾਤਿ ਜਨਮੁ ਨਹ ਪੁਛੀਐ ਸਚ ਘਰੁ ਲੇਹੁ ਬਤਾਇ।"(ਭਾਵ ਜਾਣਨਾ, ਸਿਖਣਾ ਚਾਹੀਦਾ ਹੈ)

-ਪ੍ਰਭਾ ੧, ੧੦, ੪:੧ (1330)

ਹੋਰ ਰੂਪ:

ਬਤਾਇਓ–

"ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ।"(ਦਸਿਆ, ਦਸ ਦਿਤਾ)

-ਗਉ ੫, ੧੨੩*, ੧*:੨ (205)

ਬਤਾਇਆ–

"ਗੁਰਿ ਸਤਿਗੁਰਿ ਦਾਤੈ ਪੰਥੁ ਬਤਾਇਆ ਹਰਿ ਮਿਲਿਆ ਆਇ ਪ੍ਰਭੁ ਮੇਰੀ।"(ਦਸਿਆ)

-ਗਉ ੪, ੫੮, ੩:੧ (170)

ਬਤਾਈ–

"ਕੋਈ ਐਸਾ ਸੰਤੁ ਸਹਜ ਸੁਖਦਾਤਾ ਮੋਹਿ ਮਾਰਗੁ ਦੇਇ ਬਤਾਈ।"(ਦਸੇ ਦਸ ਦੇਵੇ)

-ਗਉ ੫, ੧੨੨*, ੧*:੨ (204)

"ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ।"(ਦਸੀ ਭਾਵ ਸਮਝਾਈ)

-ਸੋਰ ੯, ੩, ੩:੨ (632)

ਬਣਾਏ–

"ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ।" (ਭਾਵ ਪੁੱਛ ਲਵਾਂਗੀ)

-ਤਿਲੰ ੧, ਅਸ ੧, ੫:੨ (725)

ਬਤਾਵਉ----- ਦਸਾਂ, ਪ੍ਰਗਟ ਕਰਾਂ

"ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ।"

-ਮਾਰੂ ੫, ੨, ੪:੧ (999)

ਹੋਰ ਰੂਪ:

ਬਤਾਵਹੁ–

"ਸੋ ਸੁਖੁ ਮੋ ਕਉ ਸੰਤ ਬਤਾਵਹੁ।"(ਦਸੋ)

-ਗਉ ੫, ੮੧, ੧*:੧ (179)

ਬਤਾਵਤ----- ਦਸਦਾ ਸੀ

"ਦੂਰਿ ਬਤਾਵਤ ਪਾਇਆ ਨੀਰਾ।"

-ਗਉ ਕਬ, ਥਿਤੀ ੧੨:੪ (344)

ਹੋਰ ਰੂਪ:

ਬਤਾਵੈ-

"ਗੁਰ ਗਮ ਗਿਆਨ ਬਤਾਵੈ ਭੇਦ।"(ਦਸਦਾ ਹੈ)

-ਗਉ ਕਬ, ਥਿਤੀ ੯:੩ (343)

"ਹਰਿ ਦਾ ਪੰਥੁ ਕੋਊ ਬਤਾਵੈ ਹਉ ਤਾ ਕੈ ਪਾਇ ਲਾਗੀ।"(ਦਸੇ)

-ਮਲਾ ੪, ੯, ੧*:੨ (1265)

ਬਤੀਸ ------ ਬੱਤੀ, ਦੋ ਉਪਰ ਤੀਹ, ਗਿਣਤੀ ਦੀ ਇਕ ਇਕਾਈ

"ਨ ਸੋਹੈ ਬਤੀਸ ਲਖਨਾ।"

-ਭੈਰ ਨਾਮ, ੨, ੩:੨ (1163)

"ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ।"

-ਗਉ ੪, ੫੧, ੩:੧ (168)

ਬਤੀਹ ------ ਬੱਤੀ, ਦੋ ਉਪਰ ਤੀਹ, ਗਿਣਤੀ ਦੀ ਇਕ ਇਕਾਈ

"ਬਤੀਹ ਸੁਲਖਣੀ ਸਚੁ ਸੰਤਤਿ ਪੂਤ।"

-ਆਸਾ ੫, ੩, ੩:੧ (371)

ਬਦ-------- ਭੈੜੇ

"ਦਸ ਅਉਰਾਤ ਰਖਹੁ ਬਦ ਰਾਹੀ।"

-ਮਾਰੂ ੫, ਸੋਲਾ ੧੨, ੪:੨ (1083)

"ਬਨਿਤਾ ਛੋਡਿ ਬਦ ਨਦਰਿ ਪਰ ਨਾਰੀ।"(ਭੈੜੀ, ਬੁਰੀ)

-ਪ੍ਰਭਾ ੫, ਅਸ ੨, ੫:੩ (1348)

ਬੰਦ ------- (1) ਬੰਦਨਾ ਪ੍ਰਣਾਮ, ਨਮਸਕਾਰ

"ਲਸਕਰ ਤਰਕਸ ਬੰਦ ਬੰਦ ਜੀਉ ਜੀਉ ਸਗਲੀ ਕੀਤ।"

-ਸਿਰੀ ੫, ਅਸ ੨੬, ੭:੩ (70)

"ਕਲਿ ਭਗਵਤ ਬੰਦ ਚਿਰਾਮੰ।"

-ਪ੍ਰਭਾ ਬੇਣੀ, ੧, ੧*:੧ (1351)

(2) ਬੰਨ੍ਹਣ ਵਾਲੇ

"ਲਸਕਰ ਤਰਕਸ ਬੰਦ ਬੰਦ ਜੀਉ ਜੀਉ ਸਗਲੀ ਕੀਤ।"

-ਸਿਰੀ ੫, ਅਸ ੨੬, ੭:੩ (70)

(3) ਬੰਧਨ, ਬੰਨ੍ਹਣ ਦੀ ਸ਼ਕਤੀ

"ਮਿਰਤਕ ਭਏ ਦਸੈ ਬੰਦ ਛੂਟੇ ਮਿਤ੍ਰ ਭਾਈ ਸਭ ਛੋਰੇ।"

-ਆਸਾ ਕਬ, ੧੮, ੫:੧ (480)

ਬਦਉ ------ ਆਖਦਾ ਕਹਿੰਦਾ

"ਹੋਰ ਕਥਨੀ ਬਦਉ ਨ ਸਗਲੀ ਛਾਰੁ।"

-ਰਾਮ ੧, ਅਸ ੪, ੨:੪ (904)

ਬੰਦਉ ------ (1) ਬੰਦਾ, ਸੇਵਕ

"ਬੰਦਉ ਹੋਇ ਬੰਦਗੀ ਗਹੈ।"

-ਗਉ ਕਬ, ਬਾਅ ੨੯:੩ (341)

(2) ਨਮਸਕਾਰ ਕਰਾਂ
"ਅੰਮ੍ਰਿਤ ਬਚਨ ਮਨ ਮਹਿ ਸਿੰਚਉ ਬੰਦਉ ਬਾਰ ਬਾਰ।"
-ਸੂਹੀ ੫, ੪੨, ੩:੨ (745)

ਬਦਉਗਾ------ ਮੰਨਦਾ, ਮਨਜ਼ੂਰ ਕਰਨਾ
"ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈਨ ਬਦਉਗਾ ਭਾਈ।"
-ਆਸਾ ਕਬ, ੮, ੨:੧ (477)

ਬੰਦਸਿ------- ਬਣਾਵਟ ਦਾ, ਸਕਲ ਦਾ ਭਾਵ ਵਰਗਾ ਜਿਹਾ
"ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ।"
-ਰਾਮ ੫, ਵਾਰ ੧੫ਸ, ੫, ੧:੧ (964)

ਬੰਦਹਿ------- ਬੰਦਨਾ ਕਰੇ
"ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਐ।"
-ਸਵ ੪, ਗਯੰ ੧:੧੮ (1401)

ਬਦਹੁ ------- ਬਿਦਨਾ, ਸੂਰਤ ਲਾਉਣੀ
"ਬਦਹੁ ਕੀ ਨ ਹੋਡ ਮਾਧਉ ਮੋ ਸਿਉ।"
-ਸਾਰ ਨਾਮ, ੨, ੧*:੧ (1252)

ਬੰਦਕ -------ਬੰਧਨਾ ਕਰਨ ਵਾਲਾ
"ਬੰਦਕ ਹੋਇ ਬੰਧ ਸੁਧਿ ਲਹੈ।"
-ਗਉ ਕਬ, ਬਾਅ ੨੯:੪ (342)

ਬੰਦਗੀ------- ਭਗਤੀ
"ਬੰਦੇ ਬੰਦਗੀ ਇਕਤੀਆਰ।"
-ਗਉ ਕਬ, ੬੯, ੧*:੧ (338)
"ਸੇਖ ਫਰੀਦੈ ਖੈਰੁ ਦੀਜੈ ਬੰਦਗੀ।"
-ਸਲੋ ਫਰ, ੧, ੪:੨ (488)
"ਆਖੀਂ ਸੇਖਾਂ ਬੰਦਗੀ ਚਲਣੁ ਅਜੁ ਕਿ ਕਲਿ।"(ਸੇਖਾਂ ਨੂੰ ਆਖੀਂ ਕਿ ਭਗਤੀ ਕਰੋ)
-ਸਲੋ ਫਰ, ੯੭:੩ (1383)
(ਮਹਾਨਕੋਸ਼ ਇਥੇ ਅਰਥ 'ਸਲਾਮ' ਕਰਦਾ ਹੈ)

ਬਦਤਿ------- ਕਹਿੰਦਾ ਹੈ
"ਐਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ।"
-ਸਿਰੀ ਤਿਲੋ, ੨, ੫:੨ (92)

ਬਦਦੁਆਇ---- ਬਦ ਅਸੀਸ, ਦੁਰ ਅਸੀਸ
"ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ।"
-ਸਿਰੀ ੫, ੭੧, ੩:੧ (42)

ਬਦਨ ------- ਮੂੰਹ, ਮੁਖ
"ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ।"
-ਮਥਾ ੧, ੪, ੧*:੧ (1255)

“ਜੈਸੇ ਦਰਪਨ ਮਾਹਿ ਬਦਨ ਪਰਵਾਨੀ।”
-ਕਾਨ ਨਾਮ, ੧, ੧:੨ (1318)

ਬੰਦਨ ------ ਬੰਧਨਾ, ਪ੍ਰਣਾਮ, ਨਮਸਕਾਰ
“ਪੂਜਾ ਅਰਚਾ ਬੰਦਨ ਦੇਵਾ ਜੀਉ।”
-ਗਉ ੫, ੧੬੭*, ੩:੨ (217)

ਹੋਰ ਰੂਪ:

ਬੰਦਨਾ–
“ਕਰਉ ਬੰਦਨਾ ਅਨਿਕਵਾਰ ਸਰਨਿ ਪਰਉ ਹਰਿ ਰਾਇ।”(ਨਮਸਕਾਰ)
-ਗਉ ੫, ਥਿਤੀ ੨ਸ:੧ (296)

ਬਦਨਾਉ----- ਬਦਨਾਮ, ਬੁਰੀ ਸੋਭਾ ਵਾਲੀ
“ਜਿਉ ਛੁਟੜਿ ਘਰਿ ਘਰਿ ਫਿਰੈ ਦੁਹਚਾਰਣਿ ਬਦਨਾਉ।”
-ਸੋਰ ੪, ਵਾਰ ੭ਸ, ੩, ੨:੨ (645)

ਬਦਨਾਵੀ ---- ਬਦਨਾਮੀ
“ਜੋ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ।”
-ਰਾਮ ੧, ਅਸ ੧, ੩:੨ (902)

ਬਦਨਿ ------ ਮੁਖ ਦੁਆਰਾ, ਮੂੰਹ ਰਾਹੀਂ
“ਅਮਿਉ ਰਸਨਾ ਬਦਨਿ ਬਰਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰੵਉ।”
-ਸਵ ੫, ਕਲ ੯:੧ (1408)

ਬਦਨੀ ------ ਮੂੰਹ ਦੁਆਰਾ, ਜੁਬਾਨੀ
“ਕਥਨੀ ਬਦਨੀ ਨ ਪਾਈਐ ਹਉਮੈ ਵਿਚਹੁ ਜਾਇ।”
-ਸਿਰੀ ੩, ੫੦, ੧:੨ (33)
(ਕਥਨੀ ਬਦਨੀ ਜੁਬਾਨੀ ਗੱਲਾਂ ਬਾਤਾਂ ਫੋਕਟ ਗੱਲਾਂ)

ਬਦਨੁ ------ ਮੂੰਹ ਭਾਵ ਚਿਹਰਾ
“ਹਥਹੁ ਛੁੜਕੀ ਤਨੁ ਸਿਆਹੁ ਹੋਇ ਬਦਨੁ ਜਾਇ ਕੁਮਲਾਇ।”
-ਗੂਜ ੩, ਵਾਰ ੫ਸ, ੩, ੧:੪ (510)

ਬਦਨੈ ------ ਮੂੰਹ ਤੋਂ
“ਬਦਨੈ ਬਿਨੁ ਖਿਰ ਖਿਰ ਹਾਸਤਾ।”
-ਬਸੰ ਕਬ, ੩, ੨:੨ (1194)

ਬਦਫੈਲੀ----- (1) ਕੁਕਰਮੀ, ਦੁਰ ਅਚਾਰੀ, ਬੁਰੇਅਮਲਾਂ ਵਾਲਾ, ਐਬੀ, ਮੰਦ ਕਰਮੀ
“ਪਿੰਡੁ ਪੜੈ ਜੀਉ ਖੇਲਸੀ ਬਦਫੈਲੀ ਕਿਆ ਹਾਲੁ।”
-ਸਿਰੀ ੧, ਅਸ ੧੬, ੪:੩ (63)

(2) ਬੁਰੇ ਕੰਮ, ਮੰਦੇ ਕੰਮ
“ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ।”
-ਮਾਝ ੫, ੩੭, ੨:੩ (105)

ਬਦਬਖਤ ---- ਅਭਾਗਾ, ਮੰਦ ਭਾਗਾ
"ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ।"
-ਤਿਲੰ ੧, ੧, ੪:੧ (721)

ਬਦਰਾ ------ (ਅੰ.ਬਦਰਾਹ) ਥੈਲਾ, ਤੋੜਾ
"ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ।"
-ਸੂਹੀ ੩, ਵਾਰ ੧੨ਸ, ੧, ੧:੧ (789)

ਬਦਲਹਾ ----- ਬਦਲੇ, ਇਵਜ਼ ਵਿਚ
"ਦੁਲਭ ਜਨਮੁ ਚਿਰੰਕਾਲ ਪਾਇਓ ਜਾਤਉ ਕਉਡੀ ਬਦਲਹਾ।"
-ਸਾਰ ੫, ੪, ੧:੧ (1203)

ਬਦਲਾਹੁ ----- ਬਦਲ ਜਾਂਦੀ ਹੈ, ਤਬਦੀਲ ਹੋ ਜਾਂਦੀ ਹੈ
"ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ।"
-ਸੋਰ ੪, ਵਾਰ ੨੨ਸ, ੩, ੧:੩ (651)

ਬਦਲਾਵਨਿ --- ਵੱਟੇ ਵਿਚ, ਬਦਲ ਵਿਚ
"ਆਨ ਦੇਵ ਬਦਲਾਵਨਿ ਦੈਹਉ।"
-ਗੋਂਡ ਨਾਮ, ੬, ੧*:੨ (874)

ਬਦਲੀ ------ ਤਬਦੀਲ ਹੋਈ, ਉਲਟੀ
"ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ।"
-ਗਉ ਕਬ, ੭੨, ੨:੨ (339)

ਬਦਲੇ ------ ਬਦਲ ਵਿਚ, ਵੱਟੇ ਵਿਚ, ਇਵਜ਼
"ਹੀਰੈ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ।"
-ਗਉ ੧, ੧੮, ੧:੨ (156)

ਹੋਰ ਰੂਪ:

ਬਦਲੈ-
"ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ।"
-ਸਿਰੀ ੧, ੨੨, ੩:੩ (22)

ਬੰਦਾ ------- (1) (ਫਾ. ਬੰਦਾਹ) ਦਾਸ, ਸੇਵਕ
"ਵਖਤੁ ਵੀਚਾਰੇ ਸੁ ਬੰਦਾ ਹੋਇ।"
-ਸਿਰੀ ੪, ਵਾਰ ੪ਸ, ੧, ੧:੨ (984)
"ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ।" (ਭਾਵ ਗੁਲਾਮ)
-ਆਸਾ ੫, ੧੦੩, ੧:੧ (396)

(2) ਮਨੁੱਖ
"ਨਾ ਜਮ ਕਾਣਿ ਨ ਛੰਦਾ ਬੰਦਾ।"(ਮਨੁੱਖ ਦੀ ਮੁਥਾਜੀ)
-ਮਾਰੂ ੧, ਸੋਲਾ ੪, ੧੪:੨ (1024)
"ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ।"
-ਸਲੋ ਫਰ, ੧੦੦:੨ (1383)

ਬੰਦਾਹ ------ ਜਨਾਂ, ਬੰਦਿਆਂ, ਮਨੁੱਖਾਂ
"ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ।"
-ਤਿਲੰ ੫, ੧, ੪:੨ (723)

ਬਦਿ ------- ਆਖ ਕੇ ਭਾਵ ਜੋਪ, ਉਚਾਰੋ
"ਬਦਿ ਅੰਮ੍ਰਿਤ ਤਤ ਮਾਇਅੰ।"
-ਗੂਜ ਜੈਦੇ, ੧, ੧*:੨ (526)

ਬੰਦਿ ------- ਬੰਧਨ, ਕੈਦ, ਬੰਦੀ
"ਬੰਦਿ ਖਲਾਸੀ ਭਾਣੈ ਹੋਇ।"
-ਜਪੁ ੧, ੨੫:੧੦ (5)

ਬੰਦਿਗੀ ----- ਭਗਤੀ
"ਕਰਿ ਬੰਦਿਗੀ ਛਾਡਿ ਮੈ ਮੇਰਾ।"
-ਸੂਹੀ ਰਵਿ, ੨, ੨:੩ (794)

ਬਦੀ ------- (ਫਾ. ਬਦੀ) ਬੁਰਾਈ
"ਜੇ ਬਦੀ ਕੇਰ ਤਾ ਤਸੂ ਨ ਛੀਜੈ।"(ਬੁਰਾਈ ਭਾਵ ਨਿੰਦਾ)
-ਧਨਾ ੧, ੬, ੧:੨ (662)
"ਸਬ ਰੋਜ ਗਸਤਮਦਰ ਹਵਾ ਕਰਦੇਮ ਬਦੀ ਖਿਆਲ।"
-ਤਿਲੰ ੧, ੧, ੩:੧ (721)

ਬੰਦੀ ------- (1) ਦਾਸੀ, ਸੇਵਕਾ
"ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ।"
-ਸਿਰੀ ੪, ਵਾਰ ੧੮ਸ, ੩, ੨:੨ (90)
(2) ਬੰਧਨ, ਕੈਦ
"ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇਸਾਹਿਬ ਬੰਦੀ ਮੋਚ।"
-ਮਾਝ ੫, ਬਾਰਾ ੯:੮ (135)
(3) ਬੰਦਸ, ਦਾਸ ਭਾਵ
"ਬੰਦੀ ਅੰਦਰਿ ਸਫਿਤਿ ਕਰਾਏ ਤਾ ਕਉ ਕਹੀਐ ਬੰਦਾ।"
-ਆਸਾ ੧, ੩੬, ੪:੨ (359)
(4) ਗੁਲਾਮੀ
"ਜਗੁ ਬੰਦੀ ਮੁਕਤੇ ਹਉ ਮਾਰੀ।"
-ਆਸਾ ੧, ਅਸ ੩, ੬:੧ (413)

ਬਦੀਆ ----- ਬੁਰਾਈਆਂ, ਪਾਪ
"ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।"
-ਆਸਾ ੧, ਵਾਰ ੩ਸ, ੧, ੨:੬ (464)

ਬੰਦੀਖਾਨਾ---- ਜੇਲ੍ਹ, ਕਾਰਾਗਾਰ, ਕੈਦਖਾਨਾ
"ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ।"
-ਬਸੰ ੧, ਅਸ ੮, ੩:੨ (1191)

ਬਦੁਖ ------ ਦੁਖ

"ਮਝ ਭਰਿ ਦੁਖ ਬਦੁਖ।"

-ਮਾਰੂ ੩, ਵਾਰ ੧੪ਸ, ੧, ੩:੩ (1091)

ਬੰਦੇ ------- (1) ਹੇ ਮਨੁੱਖ, ਹੇ ਜਨ

"ਇੜਾ ਪਿੰਗਲਾ ਸੁਖਮਨ ਬੰਦੇ ਏ ਅਵਗਨ ਕਤ ਜਾਹੀ।"

(2) ਸੇਵਕ, ਦਾਸ

"ਹਮ ਮਸਕੀਨ ਖੁਦਾਈ ਬੰਦੇ ਤੁਮਰਾ ਜਸੁ ਮਨਿ ਭਾਵੈ।"

-ਆਸਾ ਕਬ, ੧੭, ੧:੧ (480)

(ਦਰਪਣ ਤੇ ਨਿਰਣੈ ਇਸ ਦੇ ਅਰਥ 'ਬੰਦੇ' ਭਾਵ ਜੀਵ ਹੀ ਕਰਦਾ ਹੈ)

"ਨਗਜ ਤੇਰੇ ਬੰਦੇ ਦੀਦਾਰੁ ਅਪਾਰੁ।"(ਭਾਵ ਜਗਤ)

-ਭੈਰ ੫, ੧੦, ੧:੧ (1138)

(3) ਜੀਵ, ਮਨੁੱਖ, ਲੋਕ

"ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।"

-ਪ੍ਰਭਾ ਕਬ, ੩, ੧:੧ (1349)

ਬਦੈ ------- ਬਦਣਾ, ਗਿਣਤੀ ਵਿਚ ਲਿਆਉਣਾ

"ਕਿਸੈ ਨ ਬਦੈ ਆਪਿ ਅੰਹਕਾਰੀ।"

-ਗਉ ੫, ਸੁਖ ੧੨, ੨:੭ (278)

ਬੰਧ-------- (1) ਬੰਧਨ

"ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ।"

-ਗਉ ੫, ੧੫੯*, ੨:੧ (214)

"ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ।"(ਭਾਵ ਉਲਝਨਾ)

-ਟੋਡੀ ੫, ੨੩, ੧:੨ (716)

(2) ਰੋਕ, ਰੁਕਾਵਟ, ਵਿਘਨ

"ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ।"

-ਗਉ ੫, ਬਾਅ ੩੦ਸ:੧ (256)

(3) ਬੰਧਨਾ ਵਿਚ, ਬੱਝਾ ਹੋਇਆ

"ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ।"

-ਗਉ ੫, ਸੁਖ ੨੧, ੨:੨ (291)

"ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ।"
"ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ।"

-ਬਿਲਾ ੩, ੧, ੨:੨;੩ (796)

"ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ।"(ਬਝਾ ਭਾਵ ਖਿਚਿਆ ਹੋਇਆ)

-ਸਾਰ ਨਾਮ, ੩, ੧:੧ (1253)

(4) ਸਬੰਧੀ

"ਬੰਦਕ ਹੋਇ ਬੰਧ ਸੁਧਿ ਲਹੈ।"

-ਗਉ ਕਬ, ਬਾਅ ੨੯:੪ (342)

"ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ।"

-ਤਿਲੰ ੯, ੨, ੧:੧ (726)

(5) ਬੱਝਾ, ਗ੍ਰਸਿਆ
"ਰੋਗ ਬੰਧ ਰਹਨੁ ਰਤੀ ਨ ਪਾਵੈ।"
-ਭੈਰ ੫, ੨੦, ੩:੩ (1141)
"ਅੰਧ ਬਿਉਹਾਰ ਬੰਧ ਮਨ ਧਾਵੈ।"
-ਭੈਰ ੫, ੨੮, ੨:੩ (1143)

(6) ਬੰਨ੍ਹ
"ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ।"
-ਸਾਰ ੫, ੯, ੨:੧ (1205)

ਹੋਰ ਰੂਪ:

ਬੰਧਉ–
"ਹਉ ਬੰਧਉ ਹਉ ਸਾਧਉ ਬੈਰੁ।"(ਮੈਂ ਬੰਨ੍ਹ ਲਵਾਂਗਾ)
-ਗਉ ੫, ੭੮, ੩:੧ (178)

ਬਧਹਿ -----ਵਧੇ, ਜ਼ਿਆਦਾ ਹੋਏ
"ਤਿਲੁ ਨਹੀ ਬਧਹਿ ਘਟਹਿ ਨ ਘਟਾਏ।"
-ਮਾਰੂ ੫, ਸੋਲਾ ੧੪, ੧੩:੨ (1086)

ਬਦੈ – ਬਦਣਾ, ਗਿਣਤੀ ਵਿਚ ਲਿਆਉਣਾ
"ਕਿਸੈ ਨ ਬਦੈ ਆਪਿ ਅਹੰਕਾਰੀ।"
-ਗਉ ੫, ਸੁਖ ੧੨, ੨:੭ (278)

ਬੰਧ ------- (1) ਬੰਧਨ
"ਜੇਤੀ ਸਿਆਨਪ ਕਰਮ ਹਉ ਕੀਏ ਤੇਤੇ ਬੰਧ ਪਰੇ।"
-ਗਉ ੫, ੧੫੯*, ੨:੧ (214)
"ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ।" (ਭਾਵ ਉਲਝਨਾਂ)
-ਟੋਡੀ ੫, ੨੩, ੧:੨ (716)

(2) ਰੋਕ, ਰੁਕਾਵਟ, ਵਿਘਨ
"ਢਾਹਨ ਲਾਗੇ ਧਰਮ ਰਾਇ ਕਿਨਹਿ ਨ ਘਾਲਿਓ ਬੰਧ।"
-ਗਉ ੫, ਬਾਅ ੩੦ਸ:੧ (256)

(3) ਬੰਧਨਾ ਵਿਚ, ਬਝਾ ਹੋਇਆ
"ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ।"
-ਗਉ ੫, ਸੁਖ ੨੧, ੨:੨ (291)
"ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ।"
"ਗੁਰਮੁਖਿ ਹੋਵੈ ਸੋ ਮੁਕਤੁ ਕਹੀਐ ਮਨਮੁਖ ਬੰਧ ਵਿਚਾਰੇ।"
-ਬਿਲਾ ੩, ੧, ੨:੨;੩ (796)
"ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ।" (ਬਝਾ ਭਾਵ ਖਿਚਿਆ ਹੋਣਾ)
-ਸਾਰ ਨਾਮ, ੩, ੨:੧ (1253)

(4) ਸਬੰਧੀ
"ਬੰਦਕ ਹੋਇ ਬੰਧ ਸੁਧਿ ਲਹੈ।"
-ਗਉ ਕਬ, ਬਾਅ ੨੯:੪ (342)

“ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ।”
-ਤਿਲੰ ੯, ੨, ੧:੧ (726)

(5) ਬੱਝਾ, ਗ੍ਰਸਿਆ
“ਰੋਗ ਬੰਧ ਰਹਨੁ ਰਤੀ ਨ ਪਾਵੈ।”
-ਭੈਰ ੫, ੨੦, ੩:੩ (1141)
“ਅੰਧ ਬਿਉਹਾਰ ਬੰਧ ਮਨ ਧਾਵੈ।”
-ਭੈਰ ੫, ੨੮, ੨:੩ (1143)

(6) ਬੰਨ੍ਹ
“ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ।”
-ਸਾਰ ੫, ੯, ੧:੨ (1205)

ਹੋਰ ਰੂਪ:

ਬੰਧਉ –
“ਹਉ ਬੰਧਉ ਹਉ ਸਾਧਉ ਬੈਰੁ।” (ਮੈਂ ਬੰਨ੍ਹ ਲਵਾਂਗਾ)
-ਗਉ ੫, ੭੮, ੩:੨ (178)

ਬਧਹਿ ----- ਵੱਧੇ, ਜ਼ਿਆਦਾ ਹੋਏ
“ਤਿਲੁ ਨਹੀ ਬਧਹਿ ਘਟਹਿ ਨ ਘਟਾਏ।”
-ਮਾਰੂ ੫, ਸੋਲਾ ੧੪, ੧੩:੨ (1086)

ਬੰਧਹਿ ----- (1) ਬੰਧਨਾਂ ਵਿਚ
“ਬਹੁ ਬੰਧਹਿ ਪਰੀਆ।”
-ਬਿਹਾ ੫, ੧, ੩:੩ (537)

(2) ਬੰਨ੍ਹਦਾ ਰਹਿੰਦਾ ਹੈ
“ਮਿਥਿਆ ਮੋਹ ਬੰਧਹਿ ਨਿਤ ਪਾਰਚ।”
-ਸੂਹੀ ੫, ੩੩, ੧:੨ (743)

ਹੋਰ ਰੂਪ:

ਬੰਧਹੁ –
“ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ।” (ਬੰਨ੍ਹੋ)
-ਸਿਰੀ ੫, ੯੦, ੧:੨ (49)

ਬਧਕ ------ ਕੈਦੀ, ਬਧੇ ਜਕੜੇ ਹੋਏ
“ਤ੍ਰੈ ਗੁਣ ਬਧਕ ਮੁਕਤਿ ਨਿਰਾਰੀ।”
-ਮਾਰੂ ੩, ਸੋਲਾ ੬, ੧੩:੨ (1049)

ਬੰਧਕਾਰੀ ---- ਬੰਨ੍ਹਣ ਵਾਲੇ
“ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ।”
-ਸੋਰ ੧, ਅਸ ੨, ੧:੧ (635)

ਬਧਕਿ ----- ਸ਼ਿਕਾਰੀ ਨੇ
“ਜਿਉਂ ਜਲ ਤੰਤੁ ਪਸਾਰਿਓ ਬਧਕਿ ਗ੍ਰਸਿ ਮੀਨਾ ਵਸਗਤਿ ਖਰਿਆ।”
-ਕਾਨ ੪, ੧, ੨:੨ (1294)

ਬੰਧਚਿ ----- ਬੰਨ੍ਹਣ ਵਾਲਾ, ਬੰਧਨਾ ਵਿਚ ਫਸਾਉਣ ਵਾਲਾ
“ਬੰਧਚਿ ਬੰਧਨੁ ਪਾਇਆ।” (ਭਾਵ ਮਾਇਆ)
-ਰਾਮ ਕਬ, ੧੦, ੧:੧ (971)

ਬੰਧਨ ------ (1) ਫਾਹੀ, ਜੰਜਾਲ, ਪਕੜ
“ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।”
-ਸਿਰੀ ੧, ੫੧, ੨:੨ (33)
(2) ਬੰਨ੍ਹਣ ਦਾ
“ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ।”
-ਸੂਹੀ ਫਰ, ੨, ੧:੧ (794)
(3) ਜਿਸ ਨਾਲ ਬੇੜੀ ਆਦਿ ਬੰਨ੍ਹੀਏ
“ਬੰਧਨ ਕਾਟਿ ਤਰੈ ਹਰਿ ਨਾਇ।”
-ਗਉ ੫, ੧੪੭, ੪*:੨ (195)

ਬੰਧਨ ਛੋਰਿ -- ਬੰਧਨਾ ਨੂੰ ਖੋਲ੍ਹਣ/ਤੋੜਨ ਵਾਲਾ
“ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ ਪ੍ਰਭ ਨਾਨਕ ਬੰਧਨ ਛੋਰਿ।”
-ਜੈਤ ੫, ੯, ੨:੨ (701)

ਬੰਧਨ ਮੁਕਤੁ - ਬੰਧਨਾ ਤੋਂ ਮੁਕਤ ਕਰਨ ਵਾਲਾ
“ਬੰਧਨ-ਮੁਕਤੁ ਸੰਤਹੁ ਮੇਰੀ ਰਾਖੈ ਮਮਤਾ।”
-ਸਿਰੀ ੫, ੯੭, ੩:੨ (52)

ਬੰਧਨਾ ----- (1) ਬੰਧਨ, ਪਕੜ, ਫਾਹੀ
“ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ।”
-ਆਸਾ ੧, ਵਾਰ ੭ਸ, ੧, ੨:੨ (466)
“ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ।” (ਬੰਨ੍ਹਣ ਵਾਲਾ ਭਾਵ ਬੰਧਨ)
-ਬਿਹਾ ੪, ਵਾਰ ੧੧ਸ, ੪, ੧:੧ (552)

ਬੰਧਨਿ ----- (1) ਬੰਧਨ ਵਿਚ
“ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ।”
-ਸਿਰੀ ੩, ੨੪, ੪:੧ (69)
“ਬੰਧਨਿ ਬਿਨਸੈ ਮੋਹਵਿਕਾਰ।” (ਬੰਧਨ ਸਦਕਾ)
-ਆਸਾ ੧, ਅਸ ੧੦, ੧:੨ (416)
(2) ਰਸੀ, ਉਹ ਵਸਤ ਜਿਸ ਨਾਲ ਕਿਸੇ ਨੂੰ ਬੰਨ੍ਹਿਆ ਜਾਵੇ
“ਦਿਸਟਿ ਬਿਕਾਰੀ ਬੰਧਨਿ ਬਾਂਧੈ ਹਉ ਤਿਸ ਕੈ ਬਲਿ ਜਾਈ।”
-ਪ੍ਰਭਾ ੧, ੯, ੧:੧ (1329)

ਬੰਧਨੀ ----- ਬੰਧਨ ਪਾਣ ਵਾਲੀ
“ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ।”
2-ਸੋਰ ੧, ਅਸ ੨, ੧:੧ (635)

ਬੰਧਨੁ ------ (1) ਫਾਹੀ, ਬੰਧਨ, ਜਾਲ

“ਬੰਧਚਿ ਬੰਧਨੁ ਮਾਇਆ।”
-ਰਾਮ ਕਬ, ੧੦, ੧:੧ (971)
(2) ਜੋੜ, ਮੇਲ ਸੰਗਠਿਤ
“ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ।”
-ਮਾਰੂ ੧, ਸੋਲਾ ੧੬, ੧:੩ (1036)

ਬੰਧਪ ------ (1) ਰਿਸ਼ਤੇਦਾਰ, ਸੰਬੰਧੀ, ਸਾਕ
“ਤ੍ਰਿਸਨਾ ਮਾਇਆ ਮੋਹਣੀ ਸੁਤ ਬੰਧਪ ਘਰ ਨਾਰਿ।”
-ਸਿਰੀ ੧, ਅਸ ੧੩, ੧:੧ (61)
ਹੋਰ ਰੂਪ:
ਬੰਧਪਾ –
“ਮਾਤ ਪਿਤਾ ਸੁਤ ਬੰਧਪਾ ਕੂੜੇ ਸਭੇ ਸਾਕ।” (ਸੰਬੰਧੀ)
-ਸਿਰੀ ੫, ੮੪, ੨:੨ (47)
ਬੰਧਪੁ –
“ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।”
-ਮਾਝ ੫, ੩੧, ੧:੨ (103)
ਬੰਧਪੋ –
“ਮੇਰਾ ਮਾਤ ਪਿਤਾ ਸੁਤ ਬੰਧਪੋ ਮੈ ਹਰਿ ਬਿਨੁ ਅਵਰੁ ਨ ਮਾਇ।”
– ਮਾਰੂ ੪, ੩, ੧*:੨ (996)

ਬੰਧਰੋ ------ ਬੰਧੂ, ਮਿੱਤਰ, ਸਹਾਇਕ
“ਦੀਨ ਬੰਧਰੋ ਦਾਸ ਦਾਸਰੋ ਸੰਤਹ ਹਕੀ ਸਾਰਾਨ।”
-ਸਾਰ ੫, ੫੮, ੨:੧ (1215)

ਬੰਧਵ ------ ਸੰਬੰਧੀ, ਰਿਸ਼ਤੇਦਾਰ
“ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹ ਕੁਟੰਬ੍ਰਤੇ।”
-ਸਸ ੫, ੧:੨ (1353)

ਬਧਾ ------ (1) ਬੰਨ੍ਹਿਆ
“ਗੁਰਿ ਸਚੈ ਬਧਾ ਬੇਹੁ ਰਖਵਾਲੇ ਗੁਰਿ ਦਿਤੇ।” (ਭਾਵ ਵਸਾਇਆ)
-ਸੋਰ ੪, ਵਾਰ ੨੭:੧ (653)
“ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ।” (ਭਾਵ ਪਾਇਆ)
-ਸਿਰੀ ੫, ੭੬, ੪:੩ (44)
“ਨਉ ਨਿਧਿ ਨਾਮੁ ਨਿਧਾਨੁ ਹਰਿ ਮੈ ਪਲੈ ਬਧਾ ਛਿਕਿ ਜੀਉ।”
-ਸਿਰੀ ੫, ਅਸ ੨੯, ੪:੩ (73)
(2) ਬੰਨ੍ਹਿਆ ਹੋਇਆ, ਬਝਾ ਹੋਇਆ
“ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ।”
-ਸਿਰੀ ੧, ਅਸ ੧੩, ੭:੩ (61)
“ਸਾਧਾ ਸਰਣੀ ਜੋ ਪਵੈ ਸੁ ਛੁਟੈ ਬਧਾ।” (ਬਝਾ ਹੋਇਆ)
-ਗਉ ੫, ਵਾਰ ੧੦:੨ (320)

ਬੰਧਾ ------ ਬੰਧਨ

“ਬਾਧਿਓ ਆਪਨ ਹਉ ਹਉ ਬੰਧਾ।”

-ਗਉ ੫, ਬਾਅ ੩੯:੫ (258)

(2) ਬੰਨ੍ਹ ਲਿਆ

“ਬ੍ਰਹਮ ਗਿਆਨੀ ਲੇ ਧਾਵਤੁ ਬੰਧਾ।”

-ਗਉ ੫, ਸੁਖ ੮, ੪:੬ (273)

(3) ਰੋਕ

“ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ।”

-ਆਸਾ ੫, ੧੦੩, ੪:੧ (396)

(4) ਬੰਨ੍ਹਿਆ ਗਿਆ, ਬੰਧਨਾ ਵਿਚ ਪੈਂਦਾ ਹੈ

“ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ।”

-ਮਾਰੂ ੫, ਅਸ ੭, ੪:੧ (1019)

ਬੰਧਾਂ ------ ਬੰਨ੍ਹਾਂ ਭਾਵ ਧਾਰਨ ਕਰਾਂ

“ਨਦਰਿ ਕਰੇ ਤਾਂ ਬੰਧਾਂ ਧੀਰ।”

-ਮਲਾ ੧, ੯, ੩:੩ (1257)

ਬੰਧਾਇਓ --- ਬੰਨਵਾ ਦਿੱਤਾ, ਫਸਾ ਦਿੱਤਾ

“ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ।”

-ਜੈਤ ੯, ੧, ੧*:੨ (702)

ਬਧਾਇਆ --- ਵਧਾਇਆ

“ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ।”

-ਗੂਜ ਤ੍ਰਿਲੋ; ੧, ੨:੧ (526)

ਬੰਧਾਇਆ --- ਬੰਨਵਾਇਆ, ਫਸਾਇਆ

“ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ।”

-ਸੋਰ ੯, ੩, ੧:੨ (632)

ਬਧਾਈ ----- ਮੁਬਾਰਕ, ਸ਼ੁਭ ਕਾਮਨਾਵਾਂ

“ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ।”

-ਕਾਨ ੫, ਛੰਤ ੧, ੪:੪ (1312)

ਬਧਾਏ ----- ਬੰਨ੍ਹੀ ਬੈਠੇ

“ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ।”

-ਗਉ ੪, ੧੫੨*, ੧:੧ (212)

ਬੰਧਾਨ – (1) ਪਕਾ ਨਿਯਮ

“ਆਪੇ ਪਤਿ ਰਾਖੀ ਸੇਵਕ ਕੀ ਆਪਿ ਕੀਓ ਬੰਧਾਨ।” (ਭਾਵ ਸਥਿਰਤਾ ਕੀਤੀ)

-ਸਾਰ ੫, ੬੩, ੨:੧ (1216)

ਹੋਰ ਰੂਪ:

ਬੰਧਾਨਿ –

“ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ।” (ਜ਼ਬਤ ਵਿਚ)

-ਮਾਰੂ ੫, ਸੋਲਾ ੧੨, ੭:੩ (1084)

ਬੰਧਾਨੀ ----- (1) ਬਝਾ/ਬੰਨ੍ਹਿਆ ਹੋਇਆ
“ਅਹੰਬੁਧਿ ਸੁਚਿ ਕਰਮ ਕਰਿ ਇਹ ਬੰਧਨ ਬੰਧਾਨੀ।”
-ਗਉ ੫, ਅਸ ੧੫, ੭:੧ (242)
(2) ਉਸਾਰੀ (ਸ਼ਬਦਾਰਥ), ਮਰਯਾਦਾ (ਦਰਪਣ); ਬੰਨ੍ਹ ਦਿਤੀ, ਆਬਾਦ ਕਰ ਦਿਤੀ (ਨਿਰਣੈ)
“ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ।”
-ਧਨਾ ੫, ੫, ੪:੨ (672)
(ਮਹਾਨਕੋਸ਼ ਅਰਥ ‘ਬੰਧਨ ਵਾਲਾ’ ਕਰਦਾ ਹੈ)

ਬੰਧਾਨੁ ----- (1) ਰਿਸ਼ਤੇਦਾਰੀ, ਸਮਾਜ ਦਾ ਬੰਧੇਜ
“ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।”
-ਆਸਾ ੧, ਵਾਰ ੧੯ਸ, ੧, ੨:੩ (473)
(2) ਮਰਯਾਦਾ
“ਘਰ ਕਾ ਹੋਆ ਬੰਧਾਨੁ ਬਹੁੜਿ ਨ ਧਾਵੀਆ।” (ਭਾਵ ਇਸਥਿਰਤਾ)
-ਰਾਮ ੫, ਵਾਰ ੧੫:੨ (964)

ਬਧਾਵਹਿ ---- ਵਧਾਉਂਦਾ ਹੈ
“ਜਗੁ ਪਰਬੋਧਹਿ ਮੜੀ ਬਧਾਵਹਿ।”
-ਰਾਮ ੩, ਅਸ ੨, ੧:੧ (903)

ਬੰਧਾਵਤ ---- ਬੰਨ੍ਹਾ
“ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ।”
-ਆਸਾ ੫, ਛੰਤ ੧੪, ੩:੧ (462)

ਬਧਾਵਨੁ ---- ਬਧ ਕਰਨ ਲਈ, ਮਾਰਨ ਲਈ
“ਕਾਲੁ ਅਕਾਲੁ ਖਸਮ ਕਾ ਕੀਨ੍ਹਾ ਇਹੁ ਪਰਪੰਚੁ ਬਧਾਵਨੁ।”
-ਮਾਰੂ ਕਬ, ੬, ੨:੧ (1104)

ਬਧਾਵਾ ----- ਬੰਨ੍ਹਦਾ ਹੈ
“ਤਾਹਿ ਛਾਡਿ ਕਤ ਆਪੁ ਬਧਾਵਾ।”
-ਗਉ ਕਬ, ਬਾਅ ੧੩:੪ (340)

ਬੰਧਾਵੈ ----- ਬੰਨ੍ਹਵਾਉਂਦਾ ਹੈ
“ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ।”
-ਗਉ ੯, ੩, ੧:੧ (219)

ਬਧਿ ------ ਬੰਨ੍ਹ ਕੇ
“ਮੂਡ ਪਲੋਸਿ ਕਮਰ ਬਧਿ ਪੋਥੀ।”
-ਗੋਂਡ ਕਬ, ੬, ੩:੩ (871)

ਬੰਧਿ ------ (1) ਬੰਨ੍ਹ ਕੇ, ਜੋੜ ਕੇ
“ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ।”
-ਸਿਰੀ ੧, ੨੮, ੧:੨ (24)

“ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ।” (ਭਾਵ ਰਖਕੇ, ਲਾ ਕੇ)
-ਸਿਰੀ ੧, ਅਸ ੧੩, ੭:੨ (61)

(2) ਬੰਧਨ
“ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ।”
-ਬਿਲਾ ੫, ੯੬, ੨:੧ (823)

ਬੰਧਿਅਉ ---- ਬੰਨ੍ਹ ਦਿਤਾ
“ਭਵ ਸਾਗਰੁ ਬੰਧਿਅਉ ਸਿਖ ਤਾਰੇ ਸੁਪ੍ਰਸੰਨੈ।”
-ਸਵ ੪, ਸਲ ੧:੪ (1406)

ਬੰਧਿਆ ---- ਬੰਨ੍ਹਿਆ
“ਮੇਰੀ ਮੇਰੀ ਧਾਰਿ ਬੰਧਨਿ ਬੰਧਿਆ।”
-ਸੂਹੀ ੫, ਅਸ ੫, ੩:੧ (761)
“ਮੂਲ ਦੁਆਰੈ ਬੰਧਿਆ ਬੰਧੁ।” (ਭਾਵ ਜੋੜਿਆ, ਬਣਾਇਆ)
-ਭੈਰ ਕਬ, ੧੦, ੨:੧ (1159)

ਬਧਿਕ ----- (1) ਸ਼ਿਕਾਰੀ, ਫਾਂਧੀ
“ਸੀਚਾ ਨੇ ਜਿਉ ਪੰਖੀਆ ਜਾਲੀ ਬਧਿਕ ਹਾਥਿ।”
-ਸਿਰੀ ੧, ਅਸ ੪, ੩:੧ (55)
“ਸਾਕਤ ਬਧਿਕ ਮਾਇਆ ਧਾਰੀ ਤਿਨ ਜਮ ਜੋਹਨਿ ਲਾਗੇ।” (ਹਿੰਸਾ ਕਰਨ ਵਾਲਾ)
-ਗਉ ੪, ੬੨, ੪:੧ (172)
“ਕਾਲੁ ਅਹੇਰੀ ਫਿਰੈ ਬਧਿਕ ਜਿਉ ਕਹਹੁ ਕਵਨ ਬਿਧਿ ਕੀਜੈ।” (ਕਸਾਈ)
-ਧਨਾ ਕਬ, ੨, ੧:੨ (692)

ਹੋਰ ਰੂਪ:

ਬਧਿਕਿ –
“ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ।” (ਸ਼ਿਕਾਰੀ ਨੇ)
-ਆਸਾ ੧, ਛੰਤ ੫, ੩:੩ (439)

ਬਧਿਕੁ –
“ਬਧਿਕੁ ਉਧਾਰਿਓ ਖਮਿ ਪ੍ਰਹਾਰ।”
-ਬਸੰ ੫, ਅਸ ੧, ੩:੧ (1192)

(2) ਬਧੇ ਹੋਏ, ਕੈਦੀ
“ਅਵਗਣਿ ਮੁਠੀ ਜੇ ਫਿਰਹਿ ਬਧਿਕ ਥਾਇ ਨ ਪਾਹਿ ਜੀਉ।”
-ਸੂਹੀ ੧, ਅਸ ੨, ੨:੨ (751)
“ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ।”
-ਬਿਲਾ ੪, ੬, ੨:੧ (800)

ਹੋਰ ਰੂਪ:

ਬਧਿਕੁ –
“ਜੰਮਣੁ ਮਰਣਾ ਆਦਿ ਗਇਆ ਬਧਿਕੁ ਜੀਉ ਬਿਕਾਰੋ।” (ਬੰਨ੍ਹਿਆ ਗਿਆ)
-ਵਡ ੧, ਅਲਾ ੩, ੩:੨ (580)

ਬੰਧਿਪ ----- ਸੰਬੰਧੀ, ਰਿਸ਼ਤੇਦਾਰ

“ਗੁਰਦੇਵ ਸਖਾ ਅਗਿਆਨੁ ਭੰਜਨੁ ਗੁਰਦੇਵ ਬੰਧਿਪ ਸਹੋ ਦਰਾ।”

-ਗਉ ੫, ਬਾਅ ੧ਸ:੨ (250)

ਹੋਰ ਰੂਪ:

ਬੰਧਿਪੋ –

“ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ।”

-ਗਉ ੫, ਵਾਰ ੭:੪ (319)

ਬਧੀ ------ (1) ਬੰਨ੍ਹੀ

“ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ।”

-ਸਿਰੀ ੩, ੪੩, ੪:੨ (30)

“ਮੈ ਬਧੀ ਸਚੁ ਧਰਮਸਾਲ ਹੈ।” (ਕਾਇਮ ਕੀਤੀ, ਬਣਾਈ)

-ਸਿਰੀ ੫, ਅਸ ੨੯, ੧੦:੧ (73)

(2) ਬੰਨ੍ਹੇ ਹੋਈ

“ਰੂਪੁ ਨ ਜਾਣੈ ਸੋਹਣੀਐ ਹੁਕਮਿ ਬਧੀ ਸਿਰਿ ਕਾਰੋ।”

-ਵਡ ੧, ਅਲਾ ੩, ੪:੩ (580)

ਬੰਧੀ ------ (1) ਬਝੀ ਹੋਈ, ਬੰਨ੍ਹੀ ਹੋਈ

“ਤ੍ਰਿਹੁ ਗੁਣ ਬੰਧੀ ਦੇਹੁਰੀ ਜੋ ਆਇਆ ਜਗਿ ਸੋ ਖੇਲੁ।”

-ਸਿਰੀ ੧, ੧੮, ੪:੨ (21)

“ਆਸਾ ਬੰਧੀ ਮੂਰਖ ਦੇਹ।” (ਜਕੜੀ ਹੋਈ)

-ਗਉ ੫, ੭੮, ੨:੧ (178)

“ਕਬੀਰ ਥੂਨੀ ਪਾਈ ਥਿਤਿ ਭਈ ਸਤਿਗੁਰ ਬੰਧੀ ਧੀਰ।” (ਬੰਨ੍ਹੀ)

-ਸਲੋ ਕਬ, ੧੬੧:੧ (1373)

(2) ਸਬੰਧੀ, ਰਿਸ਼ਤੇਦਾਰ

“ਭਾਈ ਬੰਧੀ ਹੇਤੁ ਚੁਕਾਇਆ।”

-ਸਲੋ ੧, ੫:੩ (1410)

ਬਧੁ ------- (1) ਬਝਾ, ਬੰਨ੍ਹਿਆ

“ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ।”

-ਸਿਰੀ ੩, ਅਸ ੨੧, ੬:੨ (67)

(2) ਵਢਣਾ, ਕਟਣਾ, ਮਾਰਨਾ

“ਜਾ ਕੈ ਈਦਿ ਬਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।”

-ਮਲਾ ਰਵਿ, ੨, ੨:੧ (1293)

ਬੰਧੁ ------- (1) ਬੰਧਨ

“ਗੁਰਮੁਖਿ ਮੁਕਤੋ ਬੰਧੁ ਨ ਪਾਇ।”

-ਗਉ ੧, ੬, ੨:੩ (152)

“ਮਾਇਆ ਮੋਹ ਬੰਧੁ ਪ੍ਰਭਿ ਕੀਤਾ।”

-ਗਉ ੫, ਬਾਅ ੩੪:੬ (257)

(2) ਸਬੰਧੀ, ਰਿਸ਼ਤੇਦਾਰ

"ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ।"
-ਗਉ ੫, ੧੭੨*, ੩:੧ (218)

(3) ਰੋਕ, ਬੰਨ੍ਹ
"ਸਾਕਤ ਲੋਭੀ ਬੰਧੁ ਨ ਪਾਇਆ।"
-ਗਉ ੫, ਅਸ ੭, ੬:੨ (239)
"ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ।" (ਰੁਕਾਵਟ, ਰੋਕ)
-ਗਉ ੫, ਬਾਅ ੧੯:੩ (254)
"ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ।" (ਭਾਵ ਕਾਇਮ ਨਹੀਂ ਰਹਿੰਦੇ)
-ਰਾਮ ੫, ਵਾਰ ਪਸ, ੫, ੨:੨ (959)

(4) ਸੰਬਧ, ਮੇਲ, ਜੋੜ
"ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।"
-ਆਸਾ ੧, ੭, ੧:੧ (350)
"ਮੈਗਲਹਿ ਕਾਮੈ ਬੰਧੁ।" (ਸਨਬੰਧ)
-ਬਿਲਾ ੫, ਅਸ ੨, ੮:੩ (838)
"ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ।" (ਜੋੜ)
-ਰਾਮ ੫, ਵਾਰ ਪਸ, ੫, ੨:੬ (959)

(5) ਬੰਨ੍ਹਿਆ ਹੋਇਆ
"ਮਨ ਕਾ ਅੰਧੁਲਾ ਮਾਇਆ ਕਾ ਬੰਧੁ।"
-ਆਸਾ ੧, ੧੮, ੨:੩ (354)

(6) ਕੈਦ
"ਸਤਿਗੁਰਿ ਰਾਖੇ ਬੰਧੁ ਨ ਪਾਈ।"
-ਆਸਾ ੧, ਅਸ ੧੦, ੮:੨ (416)

(7) ਬਾਨ੍ਹਣੂ ਭਾਵ ਸਾਮਾਨ ਜਾਂ ਸਾਧਨ
"ਤੀਨੇ ਓਜਾੜੇ ਕਾ ਬੰਧੁ।"
-ਧਨਾ ੧, ੭, ੨:੪ (662)

(8) ਬੰਨ੍ਹ, ਬਣਾ
"ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ।"
-ਸੂਹੀ ੧, ੭, ੧:੧ (729)

(9) ਬੰਨ੍ਹ (ਦਿਉ) ਜਕੜ (ਦਿਉ)
"ਸੁੰਨ ਨਿਰੰਤਰਿ ਦੀਜੈ ਬੰਧੁ।"
-ਰਾਮ ੧, ਸਿਗੋ ੧੬:੧ (939)

(10) ਰਿਸ਼ਤਾ, ਸਬੰਧ
"ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ।"
-ਮਾਰੂ ੧, ਅਸ ੪, ੬:੨ (1011)

(11) ਮਿਤ੍ਰ, ਬੰਧੂ
"ਕਰੁਣ ਕ੍ਰਿਪਾਲ ਗੋਪਾਲ ਦੀਨ ਬੰਧੁ ਨਾਨਕ ਉਧਰੁ ਸਰਨਿ ਪਰੀਆ।"
-ਕਾਨ ੫, ੩੦, ੨:੨ (1303)

ਬਧੇ ------- **(1) ਬੰਨ੍ਹੇ (ਹੋਏ), ਬਝੇ (ਹੋਏ)**
"ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੂਕਾਰ।"

-ਸਿਰੀ ੩, ਅਸ ੨੫, ੫:੨ (69)

"ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ।" (ਭਾਵ ਕਾਬੂ ਕੀਤੇ)

-ਬਸੰ ੫, ਵਾਰ ੨:੧ (1193)

"ਇਕਨ੍ਹੀ ਲਦਿਆ ਇਕਿ ਲਦਿ ਚਲੇ ਇਕਨ੍ਹੀ ਬਧੇ ਭਾਰ।" (ਬੰਨ੍ਹੇ ਹਨ ਭਾਵ ਤਿਆਰ ਖੜੇ ਹਨ)

-ਸਾਰ ੪, ਵਾਰ ੧੭ਸ, ੧, ੧:੨ (1244)

(2) ਵਧੇ

"ਬਧੇ ਬਿਕਾਰ ਲਿਖੇ ਬਹੁ ਕਾਗਰ।"

-ਗਉ ੫, ੧੪੭, ੪:੧ (195)

(3) ਵੱਧਦਾ ਹੈ

"ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ।"

-ਭੈਰ ੫, ੨੦, ੨:੪ (1141)

ਬੰਧੇ ------- ਬਝੇ

"ਮਾਇਆ ਫਾਸ ਬੰਧ ਬਹੁ ਬੰਧੇ ਹਰਿ ਜਪਿਓ ਖੁਲ ਖੁਲਨੇ।"

-ਨਟ ੪, ੫, ੩:੧ (976)

"ਆਸਾ ਬੰਧੇ ਦਾਨੁ ਕਰਾਏ।" (ਬਝੇ ਹੋਏ)

-ਮਾਰੂ ੧, ਸੋਲਾ ੪, ੯:੨ (1024)

ਬਧੈ ------- (1) ਵਧੇ, ਬਹੁਤਾ ਹੋਵੇ

"ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ।"

-ਗਉ ਕਬ, ੨੩, ੧*:੧ (328)

(2) ਬੰਨ੍ਹਦਾ

"ਹਰਿ ਸਿਮਰਤ ਮੋਹੁ ਮਾਨੁ ਨ ਬਧੈ।"

-ਭੈਰ ੫, ੪੯, ੨:੩ (1150)

ਬੰਧੈ ------- (1) ਬੰਨ੍ਹਦਾ ਹੈ

"ਕੈ ਬੰਧੈ ਕੈ ਡਾਨਿ ਲੇਇ ਕੈ ਨਰਪਤਿ ਮਰਿ ਜਾਇਆ।"

-ਗਉ ੪, ੪੮, ੨:੨ (166)

"ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰਿ।" (ਬੰਨ੍ਹਦਾ ਭਾਵ ਕਰਦਾ)

-ਰਾਮ ੧, ਓਅੰ ੪੪:੨ (936)

(3) ਰੋਕ ਸਕਦਾ

"ਹਰਿ ਹਰਿ ਨਾਮ ਜਪੰਤਿਆ ਕੋਇ ਨ ਬੰਧੈ ਵਾਟ।"

-ਰਾਮ ੫, ਵਾਰ ੯ਸ, ੫, ੨:੨ (961)

"ਅਸੁਰ ਨਦੀ ਕਾ ਬੰਧੈ ਮੂਲੁ।" (ਬੰਦ ਕਰੇ)

-ਰਾਮ ਬੇਣੀ, ੧, ੭:੩ (974)

ਬਧੋਹੁ ------ ਬੱਧਾ ਹੈ ਭਾਵ ਵਸਾਇਆ ਹੈ

"ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ।"

-ਫੁਨ ੫, ੧੦:੨ (1362)

ਬਨ ------- (1) ਜੰਗਲ, ਉਦਿਆਨ

“ਬਨ ਮਹਿ ਭੁਲੀ ਜੇ ਫਿਰਾ ਬਿਨੁ ਗੁਰ ਬੂਝ ਨ ਪਾਉ।”
-ਸਿਰੀ ੧, ਅਸ ੬, ੭:੨ (57)
“ਭਾਤਿ ਭਾਤਿ ਬਨ ਬਨ ਅਵਗਾਹੇ।” (ਜੰਗਲ)
-ਮਾਝ ੫, ੧੨, ੧:੨ (98)
(ਦੂਜ ‘ਬਨ’ ਦਾ ਅਰਥ ‘ਪਾਣੀ’ ਇਥੇ ਭਾਵ ਤੀਰਥ ਹੈ)
“ਜਬ ਲਗੁ ਸਿੰਘੁ ਰਹੈ ਬਨ ਮਾਹਿ।” (ਭਾਵ ਸਰੀਰ)
-ਭੈਰ ਕਬ, ੧੪, ੨:੧ (1161)
(2) ਪਾਣੀ
“ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ।”
-ਮਾਰੂ ੧, ੪, ੩:੧ (990)
“ਬਿਖਿਆ ਬਨ ਤੇ ਜੀਉ ਉਧਾਰਹੁ।” (ਵਿਸ਼ਿਆਂ ਦੇ ਪਾਣੀ ਭਾਵ ਸੰਸਾਰ ਸਾਗਰ ਤੋਂ)
-ਮਾਰੂ ੫, ੧੯, ੧:੮ (1004)
(3) ਪੀਲੂ ਦਾ ਬ੍ਰਿਛ
“ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।”
-ਤੁਖਾ ੧, ਬਾਰਾ ੫:੨ (1108)

ਬਨਈਆ --- ਬਨਾਉਣ ਵਾਲਾ, ਸਿਰਜਨ ਵਾਲਾ
“ਹਰਿ ਗਤਿ ਮਿਤਿ ਕਰਤਾ ਆਪੇ ਜਾਣੈ ਸਭ ਬਿਧਿ ਹਰਿ ਹਰਿ ਆਪਿ ਬਨਈਆ।”
-ਬਿਲਾ ੪, ਅਸ ੨, ੩:੧ (834)

ਬਨਸਪਤਿ --- ਬ੍ਰਿਛ, ਬੂਟੇ, ਘਾਹ ਆਦਿ
“ਬਨਸਪਤਿ ਮਉਲੀ ਫਲ ਫੁਲ ਪੇਡੇ।”
-ਗਉ ੫, ੮੪, ੪:੧ (180)

ਬਨਹਰਪਾਤ -- ਜੰਗਲ ਦੇ ਹਰੇ ਪਤੇ
“ਹਰਿ ਚੰਦਉਰੀ ਬਨ ਹਰ ਪਾਤ ਰੇ ਇਹੈ ਤੁਹਾਰੋ ਬੀਤ।”
-ਧਨਾ ੫, ੯, ੧*:੨ (673)

ਬਨਹਿ ----- (1) ਬਨ (ਜੰਗਲ) ਦੇ
“ਗ੍ਰਿਹ ਬਨਹਿ ਤੀਰੈ ਬਰਤ ਪੂਜਾ ਬਾਟ ਘਾਟੈ ਜੋਹਨੀ।”
-ਬਿਲਾ ੫, ਛੰਤ ੩, ੨:੫ (847)
“ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ।” (ਬਨ ਵਿਚ)
-ਮਾਰੂ ਕਬ, ੨, ੧:੧ (1103)
(2) ਬਣ ਆਵੇ
“ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ।”
-ਰਾਮ ਕਬ, ੫, ੩:੧ (970)

ਬੰਨਹਿ ----- ਬੰਨ੍ਹਦੇ ਹਨ
“ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ।”
-ਸਿਰੀ ੧, ੩, ੨:੩ (15)

ਬਨਖੰਡ ----- ਜੰਗਲ
“ਬਨਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ।”

-ਸੋਰ ਕਬ, ੩, ੨:੧ (654)

ਹੋਰ ਰੂਪ:

ਬਨਖੰਡਿ –
“ਬਨਖੰਡਿ ਮਾਇਆ ਮੋਹਿ ਹੈਰਾਨਾ।” (ਜੰਗਲ ਵਿਚ)
-ਆਸਾ ੧, ਅਸ ੮, ੧:੨ (415)

ਬਨਛੇ ------ ਚਾਹੁੰਦੇ ਹਾਂ, ਬਾਂਛਦੇ ਹਾਂ
“ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ ਗੁਰ ਸਤਿਗੁਰ ਚਰਣ ਹਮ ਬਨਛੇ।”
-ਬਸੰ ੪, ੪, ੧:੨ (1178)

ਬਨਜ ------ ਵਿਉਪਾਰ
“ਮੋਹਿ ਐਸੇ ਬਨਜ ਸਿਉ ਨਹੀਨ ਕਾਜੁ।”
-ਬਸੰ ਕਬ, ੬, ੧*:੧ (1195)

ਬਨਜਹੁ ----- ਖਰੀਦਦਾ ਹਾਂ, ਵਣਜ ਕਰਦਾ ਹੈ
“ਹਰਿ ਧਨੁ ਬਨਜਹੁ ਹਰਿ ਧਨੁ ਸੰਚਹੁ ਜਿਸ ਲਾਗਤ ਹੈ ਨਹੀ ਚੋਰ।”
-ਮਲਾ ੪, ੮, ੧:੧ (1265)

ਬਨਜਨਹਾਰੇ -- ਖਰੀਦਨ ਵਾਲੇ, ਵਣਜ ਕਰਨ ਵਾਲੇ, ਵਣਜਾਰੇ
“ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ।” (ਭਾਵ ਜਿਸ ਨੂੰ ਪਹਿਚਾਨ ਹੈ)
-ਸਲੋ ਕਬ, ੧੫੪:੨ (1372)

ਬਨਜਨਿ ---- ਵਣਜ ਕਰਨ ਲਈ, ਖਰੀਦਨ ਲਈ
“ਰਤਨ ਜਵੇਹਰ ਬਨਜਨਿ ਆਇਓ ਕਾਲਰੁ ਲਾਦਿ ਚਲਾਇਓ।”
-ਮਾਰੂ ੫, ਅਸ ੧, ੨:੧ (1017)

ਬਨਜਾਰਨਿ --- ਵਣਜ ਕਰਨ ਵਾਲੀ
“ਮੈ ਬਨਜਾਰਨਿ ਰਾਮ ਕੀ।”
-ਗਉ ੧, ੧੯, ੧*:੧ (157)

ਬਨਜਾਰਾ ---- ਵਣਜ ਕਰਨ ਵਾਲਾ, ਵਿਉਪਾਰੀ
“ਸਗਲ ਸੰਸਾਰ ਕੀਓ ਬਨਜਾਰਾ।”
-ਗਉ ਕਬ, ੪੯, ੧*:੨ (333)

ਹੋਰ ਰੂਪ:

ਬਨਜਾਰੇ –
“ਨਾਇਕੁ ਏਕੁ ਬਨਜਾਰੇ ਪਾਚ।”
-ਬਸੰ ਕਬ, ੬, ੧:੧ (1194)

ਬਨਜਾਰੋ –
“ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇਰੇ।”
-ਗਉ ਰਵਿ, ੧, ੧*:੧ (345)

ਬਨਜਿ ----- ਵਣਜ ਦੀ, ਬਿਉਪਾਰ ਦੀ
“ਝੂਠੈ ਬਨਜਿ ਉਠਿ ਹੀ ਗਈ ਹਾਟਿਓ।”

-ਮਲਾ ਰਵਿ, ੩, ੨:੨ (1293)

ਬਨਜਿਆ --- ਵਣਜ ਕੀਤਾ, ਖਰੀਦਿਆ
"ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ।
-ਕੇਦਾ ਕਬ, ੨, ੧:੧ (1123)

ਬਨਜੁ ------ ਵਣਜ, ਸੌਦਾਗਰੀ, ਬਿਉਪਾਰ
"ਏਕੋ ਬਨਜੁ ਏ ਕੋ ਬਿਉਹਾਰੀ।"
-ਗਉ ੫, ੮੬, ੨:੩ (181)

ਬਨਤ ------ ਬਣਤਰ, ਰਚਨਾ
"ਜਿਨਿ ਤੇਰੀ ਮਨ ਬਨਤ ਬਨਾਈ।"
-ਗਉ ੫, ਸੁਖ ੬, ੪:੭ (270)
"ਨਾਨਾ ਬਿਧਿ ਕਰਿ ਬਨਤ ਬਨਾਈ।"
-ਗਉ ੫, ਸੁਖ ੧੬, ੪:੭ (284)

ਬਨਤੁ ------ ਬਣਦੀ
"ਜਿਥੈ ਅਉਘਟੁ ਆਇ ਬਨਤੁ ਹੈ ਪ੍ਰਾਣੀ।"
-ਮਾਰੂ ੫, ਸੋਲ ੫, ੧੧:੧ (1076)

ਬਨਮਾਲਾ ---- (1) ਜੰਗਲੀ ਫੁਲਾਂ ਭਾਵ ਬਨਸਪਤੀ ਦੀ ਮਾਲਾ ਅਥਵਾ ਹਾਰ ਪਾਉਣ ਵਾਲਾ, ਭਾਵ ਵਾਹਿਗੁਰੂ
"ਜਿਨੁ ਕੈ ਮਸਤਕਿ ਲੀਖਿਆ ਹਰਿ ਮਿਲਿਆ ਹਰਿ ਬਨਮਾਲਾ।"
-ਮਾਲੀ ੪, ੫, ੧:੨ (985)
(2) ਗਿਟਿਆਂ ਤਕ ਲੰਮੀ ਫੁਲਾਂ ਦੀ ਮਾਲਾ ਜੋ ਕ੍ਰਿਸ਼ਨ ਜੀ ਪਾਂਦੇ ਸਨ
"ਬਨਮਾਲਾ ਬਿਭੂਖਨ ਕਮਲ ਨੈਨ।"
-ਮਾਰੂ ੫, ਸੋਲਾ ੧੧, ੧੦:੧ (1082)

ਬਨਵਾਸਾ ---- ਜੰਗਲਾਂ ਦਾ ਨਿਵਾਸ
"ਪੂਜਿ ਸਿਲਾ ਤੀਰਥ ਬਨਵਾਸਾ।"
-ਧਨਾ ੧, ਅਸ ੨, ੬:੧ (686)

ਬਨਵਾਸੀ ---- ਜੰਗਲਾਂ ਵਿਚ ਰਹਿਣ ਵਾਲਾ
"ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ।"
-ਬਿਲਾ ੪, ਅਸ ੭, ੨:੧ (835)

ਹੋਰ ਰੂਪ:

ਬਨਵਾਸੀਆ –
"ਬਨ ਫਿਰਿ ਥਕੇ ਬਨਵਾਸੀਆ ਪਿਰੁ ਗੁਰਮਤਿ ਰਿਦੈ ਨਿਹਾਲਿ।"
-ਗਉ ੪, ਕਰ ੨, ੧:੨ (234)

ਬਨਵਾਰੀ ---- ਬਨਮਾਲਾ (ਜੰਗਲ ਦੇ ਫੁਲਾਂ ਭਾਵ ਬਨਸਪਤੀ ਦੀ ਮਾਲਾ ਪਹਿਰਨ ਵਾਲਾ, ਵਿਸ਼ਨੂੰ ਭਾਵ ਪ੍ਰਭੂ
"ਜਲਿ ਥਲਿ ਪੂਰਿ ਰਹਿਆ ਬਨਵਾਰੀ ਘਟਿ ਘਟਿ ਨਦਰਿ ਨਿਹਾਲੇ।"

-ਸਿਰੀ ੫, ਛੰਤ ੨, ੧:੫ (79)

ਹੋਰ ਰੂਪ:

ਬਨਵਾਰੀਆ –
“ਤੁਧੁ ਬਚਨਿ ਗੁਰ ਕੈ ਵਸਿ ਕੀਆ ਆਦਿ ਪੁਰਖੁ ਬਨਵਾਰੀਆ।” (ਪ੍ਰਭੂ)
-ਗਉ ੫, ਛੰਤ ੨, ੨:੪ (248)
“ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ।” (ਹੇ ਪ੍ਰਭੂ)
-ਰਾਮ ੩, ਅਨੰ ੬:੩ (917)

ਬਨਵਾਲੀ ---- ਜੰਗਲੀ ਫੁਲਾਂ/ਬਨਸਪਤੀ ਦੀ ਮਾਲਾ ਪਹਿਰਨ ਵਾਲਾ, ਵਿਸ਼ਨੂੰ ਭਾਵ ਹਰੀ
“ਜਨ ਨਾਨਕ ਸਤਿਗੁਰੁ ਮੇਲਿ ਹਰਿ ਹਰਿ ਮਿਲਿਆ ਬਨਵਾਲੀ।”
-ਆਸਾ ੪, ਛੰਤ ੧੬, ੨:੪ (449)
“ਹਰਿ ਹਰਿ ਜਪਨੁ ਜਪਿ ਲੋਚ ਲੋੁਚਾਨੀ ਹਰਿ ਕਿਰਪਾ ਕਰਿ ਬਨਵਾਲੀ।” (ਹੇ ਪ੍ਰਭੂ)
-ਧਨਾ ੪, ੪, ੪:੧ (668)

ਬਨਾ ------ (1) ਬਨਾਂ ਵਿਚ ਜੰਗਲਾਂ ਬੇਲਿਆਂ
“ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।”
-ਗਉ ਕਬ, ੬੬, ੧:੧ (338)
“ਡੂੰਗਰਿ ਜਲਾ ਥਲਾ ਭੂਮਿ ਬਨਾ ਫਲ ਕੰਦਰਾ।”
-ਮਾਰੂ ੫, ਵਾਰ ੨੧ਸ, ੫, ੩:੧ (1101)
(2) ਬਣੇ ਹੋਏ, ਸੰਵਾਰੇ ਹੋਏ
“ਬਿਨੁ ਕੰਤ ਪਿਆਰੇ ਨਾਹ ਸੂਖ ਸਾਰੇ ਹਾਰ ਕੰਙਣ ਧ੍ਰਿਗੁ ਬਨਾ।”
-ਰਾਮ ੫, ਰੁਤੀ ੫:੩ (928)
“ਗੁਰ ਪਰਸਾਦਿ ਬਸੰਤੁ ਬਨਾ।” (ਬਨਿਆ ਹੋਇਆ, ਫਬਿਆ ਹੋਇਆ)
-ਬਸੰ ੫, ੧੦, ੧*:੧ (1182)

ਬੰਨਾ ------ (1) ਬੰਨ੍ਹ ਲਵਾਂ
“ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।”
-ਜਪੁ ੧, ੧:੩ (1)
(2) ਆਸਰਾ
“ਪਰਮੇਸਰਿ ਦਿਤਾ ਬੰਨਾ।”
-ਸੋਰ ੫, ੭੭, ੧:੧ (628)
(3) ਕੰਢਾ
“ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰਿਆਵੈ ਢਾਹਾ।”
-ਸਲੋ ਫਰ, ੯੮:੧ (1383)

ਬਨਾਇਓ --- ਸਿਰਜਿਆ, ਬਣਾਇਆ
“ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਨਾਇਓ ਆਪਿ।”
-ਬਿਲਾ ੫, ੧੦੫, ੧:੧ (825)

ਹੋਰ ਰੂਪ:

ਬਨਾਇਆ –
“ਆਵਨ ਜਾਨੁ ਇਕੁ ਖੇਲੁ ਬਨਾਇਆ।” (ਸਿਰਜਿਆ, ਕੀਤਾ)

-ਗਉ ੫, ਸੁਖ ੨੩, ੬:੫ (294)

"ਕਰਿ ਆ ਭਰਣ ਸਵਾਰੀ ਸੇਜਾ ਕਾਮਨਿ ਥਾਟੁ ਬਨਾਇਆ।"

-ਟੋਡੀ ੫, ੪, ੨:੧ (712)

ਬਨਾਈ –

"ਸਾਧੋ ਰਚਨਾ ਰਾਮ ਬਨਾਈ।" (ਸਿਰਜੀ, ਬਣਾਈ)

-ਗਉ ੯, ੨, ੧*:੧ (219)

ਬਨਾਏ –

"ਅਪਨੇ ਚਰਿਤ ਪ੍ਰਭਿ ਆਪਿ ਬਨਾਏ।" (ਸਿਰਜੇ, ਬਣਾਏ)

-ਗਉ ੫, ਸੁਖ ੧੮, ੮:੩ (287)

ਬਨਾਸਪਤਿ -- ਰੁਖ ਬ੍ਰਿਖ ਘਾਹ ਵਾਲੇ ਬੂਟੇ, ਬਨਸਪਤਿ

"ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ।"

-ਬਸੰ ੧, ੧੧, ੨:੧ (1171)

ਹੋਰ ਰੂਪ:

ਬਨਾਸਪਤੀ –

"ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨੈਵ ਕਰੋੜੀ ਮੇਘ ਮਾਲਾ ਪਾਣੀ ਹਾਰੀਆ।"

-ਮਲਾ ਨਾਮ, ੧, ੪:੨ (1292)

ਬਨਾਯਉ ---- ਬਣਾਇਆ, ਸਥਾਪਤ ਕੀਤਾ

"ਗੋਬਿੰਦਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ।"

-ਸਵ ੪, ਨਲ ੧੦:੪ (1400)

ਬਨਾਰਸ ---- ਵਾਰਾਨਸੀ, ਵਰਣਾ ਤੇ ਅਸਿ ਨਦੀਆਂ ਵਿਚ ਵਸਿਆ ਸ਼ਹਿਰ, ਹਿੰਦੂਆਂ ਦਾ ਇਕ ਤੀਰਥ ਸਥਾਨ

"ਤਜੀਲੇ ਬਨਾਰਸਿ ਮਤਿ ਭਈ ਥੋਰੀ।"

-ਗਉ ਕਬ, ੧੫, ੧*:੨ (326)

ਹੋਰ ਰੂਪ:

ਬਨਾਰਸਿ –

"ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਗਾਉ।"

-ਆਸਾ ੧, ੩੨, ੩:੧ (358)

ਬੰਨਾਰਸੀ ---- ਬਨਾਰਸ ਦੇ

"ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ ਅਜਹੁ ਬੰਨਾਰਸੀ ਆਸ ਪਾਸਾ।"

-ਮਲਾ ਰਵਿ, ੨, ੩:੧ (1293)

ਬਨਾਵਉ ---- ਬਣਾਵਾਂ

"ਤਾਜ ਕੁਲਹ ਸਿਰਿ ਛਤ੍ਰ ਬਨਾਵਉ।" (ਭਾਵ ਸਜਾਵਾਂ)

-ਗਉ ੧, ਅਸ ੧੦, ੬:੨ (225)

ਬਨਾਵਹੁ ---- (1) ਘੜੋ, ਬਣਾਉ

"ਗੁਰ ਕੈ ਸਬਦਿ ਬਨਾਵਹੁ ਇਹੁ ਮਨੁ।"

-ਆਸਾ ੫, ੨੫, ੧:੧ (377)

(2) ਬਣਾਵੋ ਭਾਵ ਲਗਾਉ
"ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ ਖਿਮ ਕਾ।"
-ਸੋਰ ੪, ਵਾਰ ੨੧:੨ (650)

ਬਨਾਵੈ ----- ਬਣਾਉਂਦਾ ਹੈ
"ਆਪੇ ਠਾਕੁਰੁ ਆਪੇ ਸੇਵਕੁ ਆਪਿ ਬਨਾਵੈ ਭਾਤੀ।"
-ਧਨਾ ੪, ੫, ੪:੧ (668)

ਬਨਿ ------ (1) ਜੰਗਲ ਵਿਚ
"ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ।"
-ਗਉ ੧, ੧੯, ੧:੧ (157)

(2) ਬਣੀ, ਜੁੜੀ
"ਸੰਤ ਜਨਾ ਸਿਉ ਪ੍ਰੀਤਿ ਬਨਿ ਆਈ।"
-ਗਉ ੪, ੪੦, ੪:੧ (164)
"ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ।" (ਭਾਵ ਢੋ ਢੁਕ ਮਏ, ਬਿਧਾਂ ਬਣ ਆਈਆਂ)
-ਗਉ ੯, ੪, ੨:੨ (219)
"ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ ਸਿਉ ਬਨਿ ਆਈ।" (ਭਾਵ ਮੇਲ ਹੋ ਗਿਆ)
-ਸਾਰ ੫, ੪੪, ੨:੧ (1213)

(3) ਭਾਵ ਫਬਦੀ/ਢੁਕਦੀ ਹੈ
"ਸਾਧ ਕੀ ਸੋਭਾ ਸਾਧ ਬਨਿ ਆਈ।"
-ਗਉ ੫, ਸੁਖ ੭, ੮:੯ (272)
"ਕਾਜੀ ਬੋਲਿਆ ਬਨਿ ਨਹੀ ਆਵੈ।" (ਸ਼ੋਭਦਾ ਨਹੀਂ, ਯੋਗ ਨਹੀਂ)
-ਆਸਾ ਕਬ, ੧੭, ੧*:੧ (480)
"ਜਾ ਕਉ ਗੁਰਿ ਦੀਨੋ ਇਹੁ ਅੰਮ੍ਰਿਤੁ ਤਿਸ ਹੀ ਕਉ ਬਨਿ ਆਵੈ।" (ਸ਼ੋਭਦਾ/ ਅਥਵਾ ਪ੍ਰਾਪਤ ਹੁੰਦਾ ਹੈ)
-ਧਨਾ ੫, ੭, ੧:੨ (672)

ਬੰਨਿ ------ (1) ਬੰਨ੍ਹ ਕੇ
"ਗੁਣਾ ਗਵਾਈ ਗੰਠੜੀ ਅਵਗਣ ਚਲੀ ਬੰਨਿ।"
-ਸਿਰੀ ੧, ੨੪, ੪:੨ (23)

(2) ਬੰਨ੍ਹਣ, ਜਕੜਨ
"ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ।"
-ਮਾਝ ੫, ਬਾਰਾ ੪:੨ (134)

ਬਨਿਓ ----- ਬਣਿਆ ਹੈ
"ਕਾਜਰ ਕੋਠ ਮਹਿ ਭਈ ਨ ਕਾਰੀ ਨਿਰਮਲ ਬਰਨੁ ਬਨਿਓ ਰੀ।"
-ਆਸਾ ੫, ੫੧, ੩:੧ (384)

ਬਨਿਆ ---- (1) ਫਬਦਾ ਹੈ, ਸ਼ੋਭਨੀਕ ਹੁੰਦਾ ਹੈ
"ਧੀਰਜੁ ਜਸੁ ਸੋਭਾ ਤਿਹ ਬਨਿਆ।"

-ਗਉ ੫, ਬਾਅ ੩੫:੫ (257)
"ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।" (ਸਜਦਾ/ਫਬਦਾ ਹੈ)
-ਸੂਹੀ ੫, ਛੰਤ ੭, ੪:੧ (782)
(2) ਬਣਦਾ ਹੈ ਭਾਵ ਪ੍ਰਾਪਤ ਹੋ ਜਾਂਦਾ ਹੈ
"ਜੋਗੁ ਬਨਿਆ ਤੇਰਾ ਕੀਰਤਨੁ ਗਾਈ।"
-ਆਸਾ ੫, ੫੮, ੧:੨ (385)
(3) ਬਣਿਆ
"ਐਸਾ ਇਕੁ ਤੇਰਾ ਖੇਲੁ ਬਨਿਆ ਹੈ ਸਭ ਮਹਿ ਏਕੁ ਸਮਾਨਾ।"
-ਬਿਲਾ ੩, ੩, ੧:੨ (797)

ਬਨਿਤਾ ----- (ਸੰ.) ਪਤਨੀ, ਵਹੁਟੀ
"ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।"
-ਗੂਜ ੫, ਸੋਦ ੫, ੨:੧ (10)
(2) (ਸੰ.) ਇਸਤ੍ਰੀ, ਜਨਾਨੀ, ਮਹਿਲਾ
"ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ।"
-ਸਿਰੀ ੫, ੮੫, ੧:੨ (47)

ਬਨੀ ------ (1) ਬਣੀ, ਉਸਦੀ
"ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।"
-ਸਿਰੀ ੧, ੧੧, ੩:੧ (18)
"ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ।" (ਭਾਵ ਜੁੜੀ ਰਹਿੰਦੀ ਹੈ)
-ਆਸਾ ੧, ੩੮, ੧*:੨ (360)
(ਮਹਾਨ ਕੋਸ਼ ਇਸਦਾ ਅਰਥ 'ਨਸ਼ੇ ਦਾ ਸਰੂਰ' ਕਰਦਾ ਹੈ)
(2) ਫਬਦੀ ਹੈ
"ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ।"
-ਗਉ ੫, ਸੁਖ ੮, ੮:੯ (274)
(3) ਸਰੀ, ਹੋ ਸਕੀ
"ਹਰਿ ਹਰਿ ਭਗਤਿ ਬਨੀ ਮਤਿ ਗੁਰਮਤਿ ਧੁਰਿ ਮਸਤਕਿ ਪ੍ਰਭਿ ਲਿਖਿਆ।"
-ਕਲਿ ੪, ੨, ੧:੨ (1319)

ਬਨੀਜੈ ----- ਬਣਦੀ ਹੈ
'ਹਰਿ ਕੈ ਭਾਣੈ ਗੁਰੁ ਮਿਲੈ ਸੇਵਾ ਭਗਤਿ ਬਨੀਜੈ।"
-ਗੂਜ ੩, ਵਾਰ ੧੬:੧ (515)

ਬਨੁ ------- (1) ਪਾਣੀ
"ਅੰਮ੍ਰਿਤੁ ਹਰਿ ਪੀਵਤੇ ਸਦਾ ਥਿਰ ਥੀਵਤੇ ਬਿਖੈ ਬਨੁ ਫੀਕਾ ਜਾਨਿਆ।"
-ਸਿਰੀ ੫, ਛੰਤ ੩, ੩:੩ (81)
"ਪ੍ਰਭ ਗੁਨ ਗਾਇ ਬਿਖੈ ਬਨੁ ਤਰਿਆ ਕੁਲਹ ਸਮੂਹ ਉਧਾਰਿਓ।" (ਬਿਖ ਦਾ ਪਾਣੀ ਭਾਵ ਸਮੁੰਦਰ)
-ਦੇਵ ੫, ੩੦, ੧:੨ (534)

"ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ।" (ਜਲ/ਪਾਣੀ ਭਾਵ ਰਸ)

-ਬਿਲਾ ੫, ੫, ੧:੧ (802)

(2) ਜੰਗਲ

"ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ।"

-ਆਸਾ ੧, ੧੧, ੧:੧ (351)

"ਬਨੁ ਬਨੁ ਫਿਰਤ ਉਦਾਸ ਬੂੰਦ ਜਲ ਕਾਰਣੇ।" (ਮਹਾਨ ਕੋਸ਼ ਅਰਥ 'ਬਦਲ' ਕਰਦਾ ਹੈ)

-ਫੁਨ ੫, ੧੧:੩ (1362)

(3) ਬਾਗ

"ਮੇਰਾ ਘਰੁ ਬਨਿਆ ਬਨੁ ਤਾਲੁ ਬਨਿਆ ਪ੍ਰਭ ਪਰਸੇ ਹਰਿ ਰਾਇਆ ਰਾਮ।"

-ਸੂਹੀ ੫, ਛੰਤ ੭, ੪:੧ (782)

"ਸੋਹੇ ਬੰਕ ਦੁਆਰ ਸਗਲਾ ਬਨੁ ਹਰਾ।" (ਬਾਗ)

-ਬਿਲਾ ੫, ਛੰਤ ੩, ੫:੨ (847)

ਬੰਨੁ ------- ਬੰਨ੍ਹਣ ਦੀ ਕਿਰਿਆ, ਬੰਨ੍ਹਣ

"ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ।"

- ਸੋਰ ੧, ੨, ੩:੨ (595)

ਬਨੇ ------- (1) ਬਣੇ, ਬਣ ਜਾਵੇ ਭਾਵ ਹੋਏ

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।"

- ਧਨਾ ੧, ਸੋਹ ੩, ੧:੧ (13)

"ਸਰਬ ਸੁਖਾ ਬਨੇ ਤੇਰੈ ਓਲ੍ਹੈ।" (ਭਾਵ ਮਿਲ ਜਾਂਦੇ ਹਨ)

-ਆਸਾ ੫, ੫੭, ੧*:੧ (385)

ਹੋਰ ਰੂਪ:

ਬਨੈ -

"ਤਿਸੁ ਸਿਉ ਆਲਸੁ ਕਿਉ ਬਨੈ ਮਾਇ।"

- ਗਉ ੫, ੧੪੫, ੧:੨ (195)

(2) ਫਬ੍ਹੇ, ਸ਼ੋਭਨੀਕ ਹੋਏ, ਹੋਰ ਵੇਖੋ 'ਬਨੈ' (3)

"ਚਮਰ ਪੋਸ ਕਾ ਮੰਦਰ ਤੇਰਾ ਇਹ ਬਿਧਿ ਬਨੇ ਗੁਪਾਲਾ।"

- ਭੈਰ ਨਾਮ, ੧, ੧:੨ (1167)

"ਮਿਲੁ ਸਖੀ ਸਹੇਲੀ ਹਰਿ ਗੁਨ ਬਨੇ।" (ਫਬਦੇ ਹਨ)

-ਬਸੰ ੧, ੬, ੧*:੧ (1170)

ਬਨੈ ------- (1) ਬਣੇ, ਵੇਖੋ 'ਬਨੇ' (1)

"ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ।" (ਭਾਵ ਜੁੜੇ)

-ਸਲੋ ਕਬ, ੨੧੭:੨ (1376)

(2) ਜੰਗਲਾਂ ਵਿਚ

"ਮਨੁ ਘਨੈ ਭ੍ਰਮੈ ਬਨੈ।"

-ਸਾਰ ੫, ੨੪, ੧*:੧ (1272)

(3) ਫਬਿਆ ਹੈ, ਸ਼ੋਭਨੀਕ ਹੈ

"ਊਪਰਿ ਬਨੈ ਅਕਾਸੁ ਤਲੈ ਧਰ ਸੋਹਤੀ।"
-ਸਲੋ ਕਬ, ੯:੧ (1362)

ਬੰਨੈ ------- (1) ਬੰਨ੍ਹ ਭਾਵ ਰਖ ਸਕਦਾ ਹੈ
"ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ।"
-ਸਲੋ ਫਰ, ੯੬:੧ (1382)
(2) ਵਟ, ਹਦ ਬੰਨਾ
"ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਕਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚ ਕਾਲਾ ਕਰਾਇਆ ।"
-ਬਿਲਾ ੪, ਵਾਰ ੯:੪ (853)

ਬਨੋ ------- ਜੰਗਲਾ ਵਿਚ
"ਹਉ ਬਨੁ ਬਨੇ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮ।"
-ਆਸਾ ੧, ਛੰਤ ੨, ੪:੧ (437)

ਬੰਨ੍ਹ ------- ਬੰਨ੍ਹ ਕੇ
"ਦਿਲਿ ਖੋਟੈ ਆਕੀ ਫਿਰਨਿ੍ਹ ਬੰਨ੍ਹ ਭਾਰੁ ਉਚਾਇਨਿ੍ਹ ਛਟੀਐ।"
- ਰਾਮ ਬਸ, ਵਾਰ ੨:੧੧ (967)

ਬਨ੍ਹਾਇਆ --- ਬੰਨ੍ਹਾ/ਬੰਨਵਾ ਲਿਆ
"ਜਿਉ ਪੰਖੀ ਕਪੋਤਿ ਆਪੁ ਬਨ੍ਹਾਇਆ ਮੇਰੀ ਜਿੰਦੁੜੀਏ ਤਿਉ ਮਨਮੁਖ ਸਭਿ ਵਸਿ ਕਾਲੇ ਰਾਮ।"
-ਬਿਹਾ ੪, ਛੰਤ ੨, ੩:੨ (538)

ਬੰਨ੍ਹਿ ------ ਬੰਨ੍ਹ ਕੇ
"ਗੁਣ ਰਾਸਿ ਬੰਨ੍ਹਿ ਪਲੈ ਆਨੀ।"
-ਆਸਾ ੫, ੬, ੧:੩ (372)

ਬੰਨ੍ਹੈ ------- ਬੰਨ੍ਹਦਾ ਹੈ
"ਚੂਹਾ ਖਡ ਨਮਾਵਈ ਤਿਕਲਿ ਬੰਨ੍ਹੈ ਛਜ।"
-ਮਲਾ ੧, ਵਾਰ ੧੯ਸ, ੧, ੧:੨ (1286)

ਬਪੁਰਾ ----- ਵਿਚਾਰਾ, ਦੀਨ
"ਆਗਿਆਕਾਰੀ ਬਪੁਰਾ ਜੀਉ।"
-ਗਉ ੫, ਸੁਖ ੧੧, ੫:੩ (277)

ਹੋਰ ਰੂਪ:

ਬਪੁਰੀ –
"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ।" (ਵਿਚਾਰੀ)
-ਗਉ ੫, ੧੨੬*, ੩:੧ (206)
"ਜੋ ਰਾਤੇ ਮਾਤੇ ਸੰਗਿ ਬਪੁਰੀ ਮਾਇਆ ਮੋਹ ਸੰਤਾਪ।" (ਨਾਮੁਰਾਦ)
-ਕਾਨ ੫, ੪੪, ੧:੧ (1307)

ਬਪੁਰੇ –

“ਸਰਪਰ ਗਵਨੁ ਕਰਹਿਗੇ ਬਪੁਰੇ।” (ਵਿਚਾਰੇ)

-ਗਉ ੫, ਅਸ ੪, ੧:੪ (237)

“ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ।” (ਹੇ ਵਿਚਾਰੇ/ਦੀਨ)

-ਸਾਰ ੫, ੫੮, ੧*:੨ (1215)

ਬਪੁਰੈ –

“ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ।” (ਵਿਚਾਰੇ)

-ਮਾਰੂ ੪, ਵਾਰ ੨, ੨:੧ (995)

ਬਪੁਰੋ –

“ਮਿਟਹਿ ਅਘ ਤੇਰੇ ਜਨਮ ਜਨਮ ਕੇ ਕਵਨੁ ਬਪੁਰੋ ਜਾਮੁ।” (ਵਿਚਾਰਾ)

-ਮਾਰੂ ੫, ੨੪, ੧:੨ (1006)

ਬਪੁੜਾ – ਵਿਚਾਰਾ

“ਆਪੇ ਰੂਪ ਕਰੇ ਬਹੁ ਭਾਂਤੀ ਨਾਨਕੁ ਬਪੁੜਾ ਏਵਕ ਹੈ।”

-ਆਸਾ ੧, ੫, ੪:੨ (350)

“ਜੇ ਜਾਣਾ ਬਗੁ ਬਪੁੜਾ ਤ ਜਨਮਿ ਨ ਦੇਦੀ ਅੰਗੁ।” (ਕਮਬਖਤ)

-ਵਡ ੪, ਵਾਰ ੧ਸ, ੩, ੨:੨ (585)

ਹੋਰ ਰੂਪ:

ਬਪੁੜੀ –

“ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ।” (ਵਿਚਾਰੀ)

-ਆਸਾ ੧, ਵਾਰ ੬ਸ, ੧, ੨:੩ (466)

ਬਪੁੜੇ –

“ਹੁਕਮੁ ਨ ਜਾਣਹਿ ਬਪੁੜੇ ਭੂਲੇ ਫਿਰਹਿ ਗਵਾਰ।”

-ਸਿਰੀ ੩, ਅਸ ੨੦, ੬:੧ (66)

ਬਪੁੜੇਂ –

“ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ।” (ਵਿਚਾਰੇ ਨੂੰ)

-ਮਲਾ ੧, ਵਾਰ ੬ਸ, ੩, ੨:੧ (1280)

ਬਪੁੜੈ –

“ਤਨੁ ਭੁਸਮ ਢੇਰੀ ਜਮਹਿ ਹੇਰੀ ਕਾਲਿ ਬਪੁੜੈ ਜਿਤਿਆ।” (ਵਿਚਾਰੇ ਨੇ)

-ਆਸਾ ੫, ਛੰਤ ੧੧, ੧:੪ (459)

ਬਪੜੋ –

“ਜਨਮ ਮਰਨ ਕਉ ਇਹੁ ਜਗੁ ਬਪੜੋ ਇਨਿ ਦੂਜੈ ਭਗਤ ਵਿਸਾਰੀ ਜੀਉ।” (ਵਿਚਾਰਾ ਕਮਬਖਤ)

-ਸੋਰ ੧, ੮, ੩:੧ (598)

ਬਫਾਵੈ ----- ਫੁਲਦਾ ਹੈ, ਗਰਬ ਕਰਨਾ, ਸ਼ੇਖੀ ਮਾਰਨਾ, ਡੀਂਗਾ ਮਾਰਨਾ

“ਨਿਤ ਨਿਹਫਲ ਕਰਮ ਕਮਾਇ ਬਫਾਵੈ ਦੁਰਮਤੀਆ।”

-ਤਿਲੰ ੪, ੨, ੧:੧ (723)

“ਜੇ ਕੋ ਏਕ ਕਰੈ ਚੰਗਿਆਈ ਮਨਿ ਚਿਤਿ ਬਹੁਤੁ ਬਫਾਵੈ।”

-ਪ੍ਰਭਾ ੧, ੩, ੩:੧ (1328)

ਬੰਬ ------- ਆਵਾਜ਼, ਖਬਰ, ਸੋਘ

“ਧੰਧੇ ਹੀ ਮਹਿ ਮਰਿ ਗਇਓ ਬਾਹਰਿ ਭਈ ਨ ਬੰਬ।”
-ਸਲੋ ਕਬ, ੨੨੬:੨ (1376)

ਬਬਾ ------ ਗੁਰਮੁਖੀ ਲਿਪੀ ਦਾ ਅਠਾਈਵਾਂ ਅਖਰ, ‘ਬ’
“ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ।”
-ਗਉ ੫, ਬਾਅ ੩੯:੧ (258)

ਬਬਾੜੇ ----- ਬੋਲੇ, ਕਹੇ, ਬਕੇ
“ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ।”
-ਆਸਾ ੫, ੩੮, ੨:੨ (380)

ਬਬੀਹਾ ----- ਪਪੀਹਾ, ਚਾਤ੍ਰਿਕ, ਇਕ ਛੋਟਾ ਪੰਛੀ
“ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ।”
-ਤੁਖਾ ੧, ਬਾਰਾ ੧੦:੪ (1108)

ਬਬੈ ------- ‘ਬ’ ਅਖਰ ਦੁਆਰਾ
“ਬਬੈ ਬਾਜੀ ਖੇਲਣ ਲਾਗਾ ਚਉਪੜਿ ਕੀਤੇ ਚਾਰਿ ਜੁਗਾ।”
-ਆਸਾ ੧, ਪਟੀ ੨੬:੧ (433)

ਬਭੀਖਣ ---- ਰਾਵਣ ਦਾ ਛੋਟਾ ਭਰਾ
“ਭੇਦ ਬਭੀਖਣ ਗੁਰਮੁਖਿ ਪਰਚਾਇਣੁ।”
-ਰਾਮ ੧, ਸਿਗੋ ੪੦:੪ (942)

ਬੰਮੁ ------- ਬ੍ਰਹਮਾ
“ਕਾਲ ਕਲਮ ਹੁਕਮੁ ਹਾਥਿ ਕਹਹੁ ਕਉਨੁ ਮੇਟਿ ਸਕੈ ਈਸੁ ਬੰਮੁ ਗ੍ਯਾਨ ਧ੍ਯਾਨੁ ਧਰਤ ਹੀਐ ਚਾਹਿ ਜੀਉ।”
-ਸਵ ੪, ਗਯ ੬:੪ (1402)

ਬਯਣ ----- ਬਚਨ, ਵਚਨ
“ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ।”
-ਸਵ ੫, ਮਥੁ ੧:੫ (1408)

ਬਰ--------- ਵਰ, ਪਤੀ
“ਲਖਿਮੀ ਬਰ ਸਿਉ ਜਉ ਲਿਉ ਲਾਵੈ।”
-ਗਉ ਕਬ, ਬਾਅ ੪੩:੩ (342)

ਬਰਸ ------ (1) ਵਰ੍ਹੇ
“ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।”
-ਆਸਾ ੧, ਵਾਰ ੯ਸ, ੧, ੧:੩ (467)

(2) ਵਸਣਾ
“ਜੈਸੇ ਕਿਰਖਹਿ ਬਰਸ ਮੇਘ।”
-ਮਾਲੀ ੫, ੩, ੨:੩ (987)

(3) ਵਰਖਾ/ਮੀਂਹ
“ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ।”
-ਤੁਖਾ ੧, ਬਾਰਾ ੧੦:੨ (1108)

ਬਰਸਹਿ ---- ਵਸੇਂ, ਵਸਦਾ ਹੈ
“ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ।”
-ਗੂਜ ੩, ਵਾਰ ੨੧ਸ, ੩, ੧:੩ (517)

ਬਰਸਤ ----- ਵਸਦਾ ਹੈ
“ਚਾਤ੍ਰਿਕ ਚਿਤਵਤ ਬਰਸਤ ਮੇਂਹ।”
-ਜੈਤ ੫, ੧੦, ੧:੧ (702)

ਹੋਰ ਰੂਪ:

ਬਰਸਤੁ –
“ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੇ ਮਧੇ ਪਾਣੀ ਨਾਹੀ।”
-ਗਉ ੩, ੩੫, ੧:੧ (162)

ਬਰਸਨਹਾਰੁ -- ਵਸਨ ਵਾਲਾ
“ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ।”
-ਮਲਾ ੧, ਵਾਰ ੪ਸ, ੨, ੨:੧ (1280)

ਬਰਸਨਾ ---- ਵਸਨਾ
“ਬਰਸਨਾ ਤ ਬਰਸੁ ਘਨਾ ਬਹੁੜਿ ਬਰਸਹਿ ਕਾਹਿ।”
-ਗੂਜ ੩, ਵਾਰ ੨੧ਸ, ੩, ੧:੩ (517)

ਹੋਰ ਰੂਪ:

ਬਰਸਨਿ –
“ਬਰਸਨਿ ਮੇਘ ਅਪਾਰ ਨਾਨਕ ਸੰਗਮਿ ਪਿਰੀ ਸੁਹੰਦੀਆ।” (ਵਧਨ ਨਾਲ)
-ਮਾਰੂ ੫, ਵਾਰ ੨੨ਸ, ੫, ੨:੨ (1102)

ਬਰਸਿ ----- ਵਸ ਕੇ
“ਘਨਿਹਰ ਬਰਸਿ ਸਗਲ ਜਗੁ ਛਾਇਆ।”
-ਮਲਾ ੫, ੧੧, ੧*:੧ (1268)

ਬਰਸੀ ----- ਬਰਸਾਉਣ ਵਾਲੀ
“ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ।”
-ਗਉ ੫, ਸੁਖ ੮, ੩:੬ (272)

ਬਰਸੁ ------ (1) ਵਸੋ, ਵਸ
“ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ।”
-ਆਸਾ ੫, ਛੰਤ ੪, ੨:੨ (455)

(2) ਵਰਖਾ
“ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।”
-ਰਾਮ ੫, ਰੁਤੀ ੪:੧ (928)
“ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ।” (ਵਰਖਾ ਹੋਈ ਹੈ)
-ਤੁਖਾ ੧, ਬਾਰਾ ੪:੫ (1107)

(3) ਵਰ੍ਹਾ, ਸਾਲ
“ਬਰਸੁ ਏਕੁ ਹਉ ਫਿਰਓ ਕਿਨੈ ਨਹੁ ਪਰਚਉ ਲਾਯਉ।”

-ਸਵ ੩, ੨੦:੩ (1395)

ਬਰਸੈ ------ ਵਸੇ
“ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲ ਬਿਗਸਾਈ।”
-ਸੂਹੀ ੪, ਅਸ ੧, ੧੬:੧ (758)

ਬਰਕਸ ----- (ਫਾ: ਬਰ ਅਕਸ) ਵਿਪਰੀਤ, ਉਲਟ, ਵਿਰੁੱਧ
“ਦਿਨ ਕੀ ਬੈਠ ਖਸਮ ਕੀ ਬਰਕਸ ਇਹ ਬੇਲਾ ਕਤ ਆਈ।”
-ਗਉ ਕਬ, ੫੪, ੩:੧ (335)

ਬਰਕਤਿ ---- (1) (ਬਰਕਤ) ਅਧਿੱਕਤਾ, ਵ੍ਰਿਧੀ, ਵਾਧਾ
“ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ।”
-ਸਿਰੀ ੧, ਅਸ ੧, ੩:੩ (53)

(2) ਸਦਕੇ, ਬਦੌਲਤ, ਤੁਫੈਲਸੇ, ਕ੍ਰਿਪਾ ਸਦਕਾ
“ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ।”
-ਗਉ ੪, ਵਾਰ ੧੧:੨ (306)

ਹੋਰ ਰੂਪ:

ਬਰਕਤੀ –
“ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ।” (ਬਰਕਤ ਨਾਲ, ਸਦਕੇ)
-ਸੋਰ ੪, ਵਾਰ ੧੨ਸ, ੩, ੨:੩ (647)

ਬਰਖ ------ ਬਰਸ, ਵਰ੍ਹੇ
“ਅਨਿਕ ਬਰਖ ਕੀਏ ਜਪ ਤਾਪਾ।”
-ਮਾਝ ੫, ੧੨, ੩:੧ (98)

ਬਰਖਸਿ ---- ਵਰਸ਼ਾ ਵਿਚ, ਬਰਖਾ ਵਿਚ
“ਬਰਖਸਿ ਬਾਣੀ ਬੁਦਬੁਦਾ ਹੇਰਿ।”
-ਬਸੰ ੧, ਅਸ ੧, ੨:੨ (1187)

ਬਰਖਨ ----- ਵਰ੍ਹਿਆਂ ਦਾ
“ਗਯਉ ਦੁਖੁ ਦੂਰਿ ਬਰਖਨ ਕੋ ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਾਯਉ।”
-ਸਵ ੪, ਨਲ ੧੦:੫ (1400)

ਬਰਖਾ ----- ਬਾਰਸ਼
“ਬਾਦਲ ਬਿਨੁ ਬਰਖਾ ਹੋਈ।”
-ਸੋਰ ਨਾਮ, ੩, ੧:੩ (657)

ਬਰਖਿ ----- ਵਸ ਕੇ
“ਕਬੀਰ ਅੰਬਰ ਘਨਹਰੁ ਛਾਇਆ ਬਰਖਿ ਭਰੇ ਸਰ ਤਾਲ।”
-ਸਲੋ ਕਬ, ੧੨੪:੧ (1371)

ਬਰਖੁਰਦਾਰ -- ਨੇਕ ਨਸੀਬਵਾਲਾ, ਭਲਾ ਬਚਾ
“ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ।”

-ਮਾਰੂ ੫, ਸੋਲਾ ੧੨, ੧੦:੩ (1084)

ਬਰਖੈ ------ ਵਸਦਾ ਹੈ, ਵਰ੍ਹਦਾ ਹੈ
"ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ।"
-ਗਉ ੫, ਸੁਖ ੨, ੪:੧੦ (264)

ਬਰੰਗਨ ----- (ਸੰ.) ਇਸਤ੍ਰੀਆਂ ਭਾਵ ਰਾਗਨੀਆਂ
"ਰਾਗ ਏਕ ਸੰਗਿ ਪੰਚ ਬਰੰਗਨ।"
-ਰਾਗ ੧:੧ (1429)

ਬਰਜਤ ----- ਰੋਕਦਿਆਂ, ਵਰਜਣ ਦੇ ਬਾਵਜੂਦ
"ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ।"
-ਗੂਜ ੧, ਅਸ ੧, ੧:੧ (503)

ਬਰਜਿ ----- ਰੋਕ ਕੇ ਵਰਜ ਕੇ, ਮੰਨ੍ਹਾ ਕਰਕੇ
"ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ।"
-ਕੇਦਾ ਕਬ, ੩, ੩:੧ (1123)

ਹੋਰ ਰੂਪ:

ਬਰਜੈ –
"ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ।"
-ਸਲੋ ਕਬ, ੨੧੭:੧ (1376)

ਬਰਤ ------ ਵਰਤ, ਬਿਨਾ ਅਹਾਰ ਰਹਿਣ ਦਾ ਨਿਯਮ
"ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ।"
-ਗਉ ੫, ੧੬੪*, ੧:੨ (216)
"ਦਿਨਸੁ ਰੈਨਿ ਬਰਤ ਅਰੁ ਭੇਦਾ।" (ਵਰਤ ਭਾਵ ਬਝਵੇਂ ਨਿਯਮ)
-ਗਉ ੫, ਅਸ ੪, ੩:੩ (237)
(ਮਹਾਨਕੋਸ਼ ਅਰਥ 'ਬ੍ਰਹਮਾਂਡ' ਕਰਦਾ ਹੈ)

ਬਰਤਨ ----- ਵਰਤਨ, ਇਸਤਮਾਲ ਕਰਨ, ਵਰਤੋਂ
"ਬਰਤਨ ਕਉ ਸਭੁ ਕਿਛੁ ਭੋਜਨ ਭੋਗਾਇ।"
-ਗੋਂਡ ੫, ੩, ੧:੩ (862)

ਬਰਤਨਹਾਰ -- ਫਿਰ ਜਾਣ ਵਾਲਾ
"ਮੇਘ ਕੀ ਛਾਇਆ ਜੈਸੇ ਬਰਤਨਹਾਰ।"
-ਭੈਰ ੫, ੩੩, ੩:੩ (1145)

ਬਰਤਨਿ ---- ਨਿਤ ਦੀ ਵਰਤੋਂ ਵਿਚ ਆਉਣ ਵਾਲੀ ਵਸਤ
"ਭਗਤ ਜਨਾ ਕੀ ਬਰਤਨਿ ਨਾਮੁ।"
-ਗਉ ੫, ਸੁਖ ੨, ੫:੧ (264)
(ਮਹਾਨਕੋਸ਼ ਅਰਥ 'ਆਚਾਰ', 'ਕ੍ਰਿਯਾ', 'ਕਰਮਕਾਂਡ' ਕਰਦਾ ਹੈ)

ਬਰਤਾਇਆ -- ਵਰਤਾ ਦਿੱਤਾ
"ਜਨਕ ਰਾਜ ਬਰਤਾਇਆ ਸਤਜੁਗੁ ਆਲੀਣਾ।"

-ਸਵ ੫, ਕਲ ੩:੧ (1407)

ਬਰਤੀ ----- ਵਰਤ ਰਖਨ ਵਾਲਾ
"ਬਰਤੀ ਬਰਤ ਰਹੈ ਨਿਹਕਾਮ।"
-ਬਿਲਾ ੧, ਥਿਤੀ ੧੬:੩ (840)

ਬਰਤੁ ------ ਵਰਤ, ਉਪਹਾਸ
"ਇਨ ਬਿਧਿ ਬਰਤੁ ਸੰਪੂਰਨ ਭਇਆ।"
- ਗਉ ੫, ਥਿਤੀ ੧੧:੪ (299)

ਬਰਤੈ ------ (1) ਵਰਤਾ ਹੈ
"ਖਾਤ ਪੀਤ ਬਰਤੈ ਅਨਦ ਉਲਾਸਿ।"
-ਗਉ ੫, ਸੁਖ ੫, ੨:੨ (268)
(2) ਰਹੇ, ਨਿਵਾਸ ਰਖੇ
"ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ।"
-ਧਨਾ ਕਬ, ੨, ੨:੧ (692)

ਬਰਦ ------ ਬਲਦ
"ਬਰਦ ਚਢੇ ਡਉਰੂ ਢਮਕਾਵੈ।"
-ਗੋਂਡ ਨਾਮ, ੬, ੨:੨ (874)

ਬਰਦਾਤਾ ---- ਵਰ ਦੇਣ ਵਾਲਾ ਬਖਸ਼ਿੰਦ
"ਇਕ ਮਨਿ ਪੁਰਖੁ ਧਿਆਇ ਬਰਦਾਤਾ।"
-ਸਵ ੧, ੧:੧ (1389)

ਬਰਦਾਤਿ ---- ਵਰ ਦਿੰਦੇ ਹੋ
"ਅਮਿਉ ਰਸਨਾ ਬਦਨਿ ਬਰਦਾਤਿ ਅਲਖ ਅਪਾਰ ਗੁਰ ਸੂਰ ਸਬਦਿ ਹਉਮੈ ਨਿਵਾਰ੍ਉ।"
-ਸਵ ੫, ਕਲ ੯:੧ (1408)

ਬਰਦਾਯਉ --- ਵਰਤਾਇਆ
"ਹਰਿ ਨਾਮੁ ਰਸਨਿ ਗੁਰਮੁਖਿ ਬਰਦਾਯਉ ਉਲਟਿ ਗੰਗ ਪਸ੍ਚਮਿ ਧਰੀਆ।"
-ਸਵ ੩, ੧:੭ (1393)

ਬਰਧ ------ ਬਲਦ
"ਬਰਧ ਪਚੀਸਕ ਸੰਗੁ ਕਾਚ।"
-ਬਸੰ ਕਬ, ੬, ੧:੨ (1194)

ਬਰਧੰਤਿ ---- ਵੱਧਣਾ ਹੈ
"ਬਰਧੰਤਿ ਜਰੂਆ ਹਿਤ੍ਹੰਤ ਮਾਇਆ।"
-ਸਸ ੫, ੩:੨ (1354)

ਬਰਧਮਾਨ --- ਵਧਦਾ ਹੈ
"ਬਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ।"
-ਸਮੁ ੫, ੩*:੪ (1387)

ਬਰਨ ------- (1) ਵਰਨ, ਜਾਤ, ਵਰਣ ਚਾਰ ਹਨ - ਬ੍ਰਾਹਮਣ, ਖਤ੍ਰੀ, ਵੈਸ਼, ਸ਼ੂਦਰ

"ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ।"

–ਆਸਾ ੫, ੧੩੨, ੧:੧ (404)

"ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ।" (ਵਰਣ–ਆਸ਼੍ਰਮ ਹਨ: ਬ੍ਰਹਮਚਾਰਜ, ਗ੍ਰਿਹਸਥ, ਵਾਨਪ੍ਰਸਥ ਸੰਨਿਆਸ)

–ਬਿਲਾ ੫, ੬੧, ੨:੧ (816)

(2) ਰੰਗ

"ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ।"

–ਗੂਜ ੧, ਅਸ ੧, ੭:੧ (503)

(3) ਉਚੀ ਜਾਤ

"ਗਾਵਤ ਸੁਨਤ ਜਪਤ ਉਧਰੈ ਬਰਨ ਅਬਰਨਾ ਸਭਹੂੰ।"

–ਦੇਵ ੫, ੪, ੧*:੨ (529)

(4) ਵਰਣਨ, ਕਥਨ, ਹੋਰ ਵੇਖੋ 'ਬਰਨੰ'

"ਬੇਅੰਤ ਮਹਿਮਾ ਤਾ ਕੀ ਕੇਤਕ ਬਰਨ।"

–ਰਾਮ ੫, ੧੮, ੨:੩ (888)

(5) ਸਿਫਤ

"ਬਰਨ ਸਹਿਤ ਜੋ ਜਾਪੈ ਨਾਮੁ।"

–ਭੈਰ ਰਵਿ, ੧, ੧:੩ (1167)

(ਮਹਾਨ ਕੋਸ਼ ਅਰਥ 'ਵਰਣਨਯੋਗ' ਕਰਦੇ ਹਨ।)

(6) ਵਰੁਣ ਦੇਵਤਾ, ਸਮੁੰਦਰ ਦਾ ਦੇਵਤਾ

"ਅਨਿਕ ਬਰਨ ਅਨਿਕ ਕਨਿਕ ਸੁਮੇਰ।"

–ਸਾਰ ੫, ਅਸ ੨, ੭:੨ (1236)

(7) ਭਾਵ ਸੁਭਾ

"ਰਾਮ ਸਨੇਹੀ ਤਉ ਮਿਲੈ ਦੋ ਨਉ ਬਰਨ ਗਵਾਇ।" (ਉਤਮ/ਅਧਮ ਜਾਤੀ ਸੁਭਾ ਭਾਵਨਾ)

–ਸਲੋ ਕਬ, ੫੬:੨ (1367)

ਬਰਨੰ ------ ਬਿਆਨ/ਕਥਨ ਕੀਤਾ ਗਿਆ

"ਜਗਜੀਵਨੁ ਜਗੰਨਾਥੁ ਜਲ ਥਲ ਮਹਿ ਰਹਿਆ ਪੂਰਿ ਬਹੁ ਬਿਧਿ ਬਰਨੰ।"

–ਸਵ ੪, ਗਯੰ ੪:੫ (1402)

ਬਰਨਉ ---- ਬਿਆਨ/ਕਥਨ ਕਰਾਂ

"ਮਹਮਾ ਨਾਮ ਕਹਾ ਲਉ ਬਰਨਉ ਰਾਮ ਕਹਤ ਬੰਧਨ ਤਿਹ ਤੂਟਾ।"

–ਸੋਰ ੯, ੪, ੨:੨ (632)

ਬਰਨਥੇ ----- ਵਰਣਨ/ਕਥਨ/ਬਿਆਨ ਕੀਤੇ ਹਨ

"ਹਰਿ ਕੇ ਗੁਨ ਬਹੁਤ ਬਹੁਤ ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ।"

–ਕਲਿ ੪, ੩, ੪:੧ (1320)

ਬਰਨਾਂ ----- ਰੰਗ ਦਾ

"ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ।"

–ਤਿਲ ਨਾਮ, ੩, ੩:੨ (727)

ਬਰੰਨਾ ----- ਵਰਨ, ਜਾਤੀਆਂ
"ਚਾਰਿ ਆਸਰਮ ਚਾਰਿ ਬਰੰਨਾ ਮੁਕਤਿ ਭਏ ਸੇਵ ਤੋਊ।"
-ਦੇਵ ੫, ੩੩, ੧:੨ (535)

ਬਰਨਿ ----- ਬਿਆਨ/ਕਥਨ ਕਰਨਾ
"ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖ ਦਾਤੇ।"
-ਗਉ ੫, ੧੨੮*, ੨:੧ (207)

ਬਰਨੁ ------ (1) ਰੰਗ
"ਜਬ ਇਸ ਕਾ ਬਰਨੁ ਚਿਹਨੁ ਨ ਜਾਪਤ।"
-ਗਉ ੫, ਸੁਖ ੨੧, ੧:੫ (290)
(2) ਵਰਨ
"ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ।"
-ਗੁਜ ੫, ੧੦, ੧:੨ (498)

ਬਰਨੇ ------ ਬਿਆਨੇ, ਕਥਨ ਕੀਤੇ
"ਅਚਰਜ ਸਾਦ ਤਾ ਕੇ ਬਰਨੇ ਨ ਜਾਹੀ।"
-ਸੂਹੀ ੫, ੨੭, ੨:੨ (742)

ਬਰਨੇਹ ----- ਵਰਣਨ ਹੁੰਦਾ ਹੈ
"ਊਚੇ ਤੇ ਊਚਾ ਵਡਾ ਸਭ ਸੰਗਿ ਬਰਨੇਹ।"
-ਬਿਲਾ ੫, ੪੭, ੪:੧ (812)

ਬਰਨੈ ------ ਬਿਆਨ ਕਰੇ, ਵਰਣਨ ਕਰੇ
"ਸਾਧ ਕੀ ਮਹਮਾ ਬਰਨੈ ਕਉਨੁ ਪ੍ਰਾਨੀ।"
-ਗਉ ੫, ਸੁਖ ੭, ੧:੯ (271)

ਬਰਭੰਡੁ ----- (ਸੰ.) ਬ੍ਰਹਮਾ ਦਾ ਅੰਡਾ, ਬ੍ਰਹਮੰਡ, ਸ੍ਰਿਸਟੀ, ਭੂਗੋਲਕ ਤੇ ਖਗੋਲਕ ਰਗਤਾ
"ਜਹ ਬਰਭੰਡੁ ਪਿੰਡੁ ਤਹ ਨਾਹੀ ਰਚਨਹਾਰ ਤਹ ਨਾਹੀ।"
-ਗਉ ਕਬ, ੫੨, ੨:੧ (334)

ਬਰਮਾ ----- ਬ੍ਰਹਮਾ, ਹਿੰਦੂ ਦੀ ਦੇਵ-ਤ੍ਰਿਕੜੀ ਦਾ ਇਕ ਦੇਵਤਾ
"ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।"
-ਜਪੁ ੧, ੫:੮ (2)

ਬਰਮਾਉ ---- ਬ੍ਰਹਮਾ
"ਸੁਅਸਤਿ ਆਥਿ ਬਾਣੀ ਬਰਮਾਉ।"
-ਜਪੁ ੧, ੨੧:੭ (4)

ਬਰਮੇ ------ (1) ਬ੍ਰਹਮਾ ਨੇ
"ਆਖਹਿ ਬਰਮੇ ਆਖਹਿ ਇੰਦ।"
-ਜਪੁ ੧, ੨੬:੧੩ (5)
(2) ਬਹੁਤ ਸਾਰੇ ਬ੍ਰਹਮਾ
"ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।"
-ਜਪੁ ੧, ੩੫:੪ (7)

ਬਰਲਿਆ --- ਪਾਗਲ/ਸ਼ੁਦਾਈ ਹੋਇਆ, ਬੌਂਦਲਿਆ
"ਬਿਨੁ ਸਬਦੈ ਜਗਤੁ ਬਰਲਿਆ ਕਹਣਾ ਕਛੂ ਨ ਜਾਇ।"
-ਸਲੋ ੩, ੩੬:੧ (1417)

ਬਰਲੁ ------ (1) ਪਾਗਲਪੁਣਾ, ਝਲਪੁਣਾ, ਸ਼ੁਦਾ
"ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ।"
-ਬਿਹਾ ੪, ਵਾਰ ੧੬ਸ, ੩, ੧:੨ (554)

(2) ਅਸਪਸ਼ਟ ਬੋਲ, ਅਉਲ ਜਲੂਲ
"ਓਸੁ ਅਰਲੁ ਬਰਲੁ ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ।"
-ਸੋਰ ੪, ਵਾਰ ੨੭ਸ, ੪, ੨:੩ (653)

ਬਰੜਾਇ ---- ਸੁਤੇ ਪਏ ਅਚੇਤ ਅਵਸਥਾ ਵਿਚ ਬੁੜ ਬੁੜ ਕਰਨਾ ਅਥਵਾ ਬੋਲਣਾ
"ਕਬੀਰ ਸੁਪਨੈ ਹੂ ਬਰੜਾ ਇਕੈ ਜਿਤ ਮੁਖਿ ਨਿਕਸੈ ਰਾਮੁ।"
-ਸਲੋ ਕਬ, ੬੩:੧ (1367)

ਹੋਰ ਰੂਪ:

ਬਰੜਾਇਓ -
"ਨੈਨੀ ਨੀਦ ਸੁਪਨ ਬਰੜਾਇਓ।"
-ਗਉ ੫, ਥਿਤੀ ੧੮:੮ (299)

ਬਰਾ ------ ਚੰਗਾ, ਉਤਮ, ਸ੍ਰੇਸ਼ਟ
"ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ।"
-ਮਾਰੂ ੫, ਸੋਲਾ ੧੨, ੭:੩ (1084)

ਬਰਾਸਾਇਆ - ਵਰ ਸਹਿਤ ਹੋਇਆ, ਫਲ ਪਾਇਆ
"ਤਿਉ ਸਾਕਤ ਤੇ ਕੋਨ ਬਰਸਾਇਆ।"
-ਭੈਰ ੫, ੫, ੪:੨ (1137)

ਬਰਾਹ ----- ਸੂਰ ਦੇ ਸਰੀਰ ਵਾਲਾ ਦੇਵਤਾ, ਇਕ ਅਵਤਾਰ
"ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ।"
-ਮਲਾ ੫, ੧੩, ੧*:੨ (1269)

ਬਰਾਤ ----- ਜਾਗੀਰ
"ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖਟਕਾ ਬਰਾਤ।"
-ਸਾਰ ਕਬ, ੧, ੧:੧ (1251)

ਬਰਾਤੀ ----- ਜਾਂਞੀ
"ਤਨੁ ਰੈਨੀ ਮਨੁ ਪੁਰਰਪਿ ਕਰਿ ਹਉ ਪਾਚਉ ਤਤ ਬਰਾਤੀ।"
-ਆਸਾ ਕਬ, ੨੪, ੧:੧ (482)

ਬਰਾਬਰਿ ---- (1) ਤੁਲ, ਸਮਾਨ
"ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ।"
-ਗਉ ੧, ੧੭, ੬:੧ (156)

(2) ਬਰਾਬਰੀ ਤੁਲਣਾ, ਸਮਾਨਤਾ

"ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੰੀ ਇਹ ਹਉਮੈ ਕੀ ਢੀਠਾਈ।"
-ਮਲਾ ੫, ੬, ੧:੨ (1267)

ਬਰਾਬਰੀ ---- ਮੁਕਾਬਲਾ, ਸਾਹਮਣਾ
"ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ।"
-ਆਸਾ ੧, ਵਾਰ ੨੨:੩ (474)

ਬਰਾਬਰੇ ---- ਤੁਲ ਸਮਾਨ
"ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ।"
-ਜੈਤ ੫, ਵਾਰ ੯ਸ, ੫, ੨:੨ (707)

ਬਰਿ ------ ਵਰ ਨਾਲ
"ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ।"
-ਸਵ ੩, ੨੧:੫ (1396)

ਬਰੀ ------ ਵਿਆਹਿਆ ਹੈ
"ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ।"
-ਆਸਾ ਕਬ, ੪, ੨:੨ (476)
"ਭਲੀ ਸਰੀ ਮੁਈ ਮੇਰੀ ਪਹਿਲੀ ਬਰੀ।" (ਪਰਣਾਹੀ/ਵਿਆਹੀ ਹੋਈ)
-ਆਸਾ ਕਬ, ੩੨, ੧*:੧ (483)

ਬਰੀਆ ---- (1) ਅਵਸਰ, ਮੌਕਾ
"ਮਿਲੁ ਜਗਦੀਸ ਮਿਲਨ ਕੀ ਬਰੀਆ।"
-ਗਉ ੫, ੭੨, ੧*:੧ (176)
(2) ਵਾਰੀ, ਵੇਰੀ
"ਚਰਣ ਪਖਾਰਿ ਕਰਉ ਗੁਰ ਸੇਵਾ ਬਾਰਿ ਜਾਉ ਲਖ ਬਰੀਆ।"
-ਗਉ ੫, ੧੨੮*, ੪:੧ (207)
(3) ਸਮੇਂ, ਵੇਰ
"ਮੁਕਤਿ ਕੀ ਬਰੀਆ ਕਹਾ ਛਪਾਨੀ।"
-ਗੋਂਡ ਨਾਮ, ੬, ੪:੨ (874)
(4) ਬਰਸ, ਵਰ੍ਹੇ
"ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ।"
-ਸਾਰ ੫, ੨੪, ੨:੧ (1209)

ਬਰੇ ------- ਵੜੇ
"ਰਾਜਾ ਰਾਮ ਕਕਰੀਆ ਬਰੇ ਪਕਾਏ।"
-ਆਸਾ ਕਬ, ੬, ੧*:੧ (477)

ਬਰੇਡਾ ----- ਸ਼ਰਬਤ
"ਅਲਉਤੀ ਕਾ ਜੈਸੇ ਭਇਆ ਬਰੇਡਾ ਜਿਨਿ ਪੀਆ ਤਿਨਿ ਜਾਨਿਆ।"
-ਗਉ ਕਬ, ੪੭, ੨:੨ (333)

ਬਲ ------- (1) ਸ਼ਕਤੀ, ਸਮਰਥਾ
"ਲੋਚਨ ਸੂਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ।"

-ਸਿਰੀ ਬੇਣੀ, ੧, ੪:੨ (93)

(2) ਵਲ, ਧੋਖਾ, ਠੱਗੀ
"ਅਨਿਕ ਬੰਚ ਬਲ ਛਲ ਕਰਹੁ ਮਾਇਆ ਏਕ ਉਪਾਵ।"
-ਗਉ ੫, ਬਾਅ ੩੩:੨ (257)

ਬਲਉ ------ ਸੜੇ, ਬਲੇ
"ਹਉਮੈ ਮਮਤਾ ਜਲਿ ਬਲਉ ਲੋਭੁ ਜਲਉ ਅਭਿਮਾਨੁ।"
-ਸਿਰੀ ੧, ਅਸ ੧੦, ੮:੨ (59)

ਬਲਇਓ ---- ਬਲ
"ਸਾਇਰੁ ਸੋਖਿ ਭੁਜੰ ਬਲਇਓ।"
-ਆਸਾ ਕਬ, ੧੫, ੧*:੨ (479)

ਬਲਈਆ --- ਜਗਿਆ, ਬਲਿਆ, ਪ੍ਰਦੀਪਤ ਹੋਇਆ
"ਖਿਮਾ ਸੀਗਾਰ ਕਰੇ ਪ੍ਰਭ ਖੁਸੀਆ ਮਨਿ ਦੀਪਕ ਗੁਰ ਗਿਆਨੁ ਬਲਈਆ।"
-ਬਿਲਾ ੪, ਅਸ ੫, ੪:੧ (836)

ਬਲਹਰ ----- ਛਤੀਰ
"ਜੈਸੇ ਮੰਦਰ ਮਹਿ ਬਲਹਰ ਨਾ ਠਾਹਰੈ।"
-ਗੋਂਡ ਕਬ, ੯, ੧:੧ (872)

ਬਲਹਿ ----- ਜਗਦੇ ਹਨ
"ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ।"
-ਮਾਝ ੧, ਵਾਰ ੧੨ਸ, ੧, ੧:੫ (143)

ਬਲਹੀਣ ---- ਨਿਤਾਣਾ, ਸ਼ਕਤੀਹੀਣ
"ਅਨਾਥ ਨਾਥ ਗੋਬਿੰਦਹ ਬਲਹੀਣ ਬਲ ਕੇਸਵਹ।"
-ਸਸ ੫, ੨੧:੨ (1356)

ਹੋਰ ਰੂਪ:

ਬਲਹੀਨ –
"ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ।"
-ਬਿਹਾ ੫, ਛੰਤ ੩, ੧:੫ (543)

ਬਲੰਤੀ ----- ਮਚਦੀ, ਬਲਦੀ
"ਏਕਿ ਚਲੇ ਹਮ ਦੇਖੇ ਸੁਆਮੀ ਭਾਹਿ ਬਲੰਤੀ ਆਈ।"
-ਰਾਮ ੧, ੧, ੩:੨ (876)

ਬਲਤੋ ------ ਬਲਦੇ, ਮਚਦੇ
"ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ।"
-ਗਉ ੫, ਅਸ ੧੪, ੧:੧ (241)

ਬਲਦ ------ ਬੈਲ
"ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ।"
-ਬਿਲਾ ੪, ੬, ੨:੨ (800)

ਬਲੰਦੜੀ ---- ਬਲਦੀ
"ਭਾਹਿ ਬਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ।"
-ਜੈਤ ੫, ਵਾਰ ੧੮ਸ, ੫, ੨:੧ (709)

ਬਲੰਦਿਆਂ --- ਜਗਦਿਆਂ, ਬਲਦਿਆਂ
"ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।"
-ਸਲੋ ਫਰ, ੪੮:੧ (1380)

ਬਲਚੀ ------ ਮਚਦੀ
"ਬਲਦੀ ਜਲਿ ਨਿਵਰੈ ਕਿਰਪਾ ਤੇ ਆਪੇ ਜਲਨਿਧਿ ਪਾਇਦਾ।"
-ਮਾਰੂ ੧, ਸੋਲਾ ੧੩, ੪:੩ (1033)

ਹੋਰ ਰੂਪ:

ਬਲੰਦੀ–
"ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ।"(ਬਲਦੀ)
-ਸਿਰੀ ੧, ੧੪, ੧:੨ (19)

ਬਲਦੁ ------ ਬੈਲ
"ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ।"
-ਗਉ ੪, ਵਾਰ ੧੬ਸ, ੪, ੧:੫ (309)

ਬਲਨ ------ ਜੀਵਨ ਬਿਤਾਉਂਣ ਦਾ ਢੰਗ
"ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ।"
-ਭੈਰ ੫, ੩੩, ੧:੨ (1145)

ਬਲਨੰ ------ ਬਲ, ਸਮਰਥਾ
"ਮਿਥੁੰਤ ਦੇਹੰ ਖੀਣੰਤ ਬਲਨੰ।"
-ਸਸ ੫, ੩:੧ (1354)

ਬਲਨਾ ----- (1) ਸੜਨਾ
"ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਮ ਜੈਸੇ ਅਰਜਾਰੀ।"
-ਟੋਡੀ ੫, ੨, ੧:੧ (712)
"ਜਿਨਿ ਦੀਆ ਤੁਧੁ ਪਾਵਕੁ ਬਲਨਾ।"
-ਰਾਮ ੫, ੨, ੩:੩ (913)

(2) ਬਲ ਵਾਲਾ
"ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ।"
-ਸਸ ੫, ੪੫:੧ (1358)

ਬਲੰਨ੍ਹਿ ------ ਬਲਦੇ ਹਨ
"ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ।"
-ਸਲੋ ਫਰ, ੧੧੯:੧ (1384)

ਬਲਬੰਚ ----- ਠਗੀ, ਵਲਛਲ
"ਬਲਬੰਚ ਕਰੈ ਨ ਜਾਨੈ ਲਾਭੈ ਸੋ ਧੁਰਤੁ ਨਹੀ ਮੂੜ੍ਹਾ।"

-ਸਾਰ ੫, ੯੦, ੧:੧ (1221)

ਹੋਰ ਰੂਪ:

ਬਲਬੰਚਾ–
"ਕਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ।"
-ਬਿਹਾ ੫, ੧੧੭, ੨:੧ (827)

ਬਲਬੰਚੁ–
"ਕੁਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ।"
-ਗਉ ੫, ਥਿਤੀ ੫:੨ (297)

ਬਲਭਦ੍ਰ ----- ਸ੍ਰੀ ਕਿਸ਼ਨ ਜੀ ਦੇ ਵਡੇ ਭਰਾ
"ਕ੍ਰਿਸਨੁ ਬਲਭਦ੍ਰੁ ਗੁਰ ਪਗ ਲਗਿ ਧਿਆਵੈ।"
-ਗਉ ੪, ੪੩, ੪:੨ (165)

ਬਲਲੇ ------ ਬਲਿਹਾਰ
"ਹਰਿ ਕੇ ਸੰਤ ਮਿਲਿ ਰਾਮ ਰਸੁ ਪਾਇਆ ਹਮ ਜਨ ਕੈ ਬਲਿ ਬਲਲੇ।"
-ਨਟ ੪, ੨, ੧:੨ (975)

ਬਲਵੰਚੀਆ--- ਧੋਖੇਬਾਜ਼, ਵਲਛਲ ਕਰਨ ਵਾਲਾ
"ਹਮ ਪਾਪੀ ਬਲਵੰਚੀਆ ਮੇਰੀ ਜਿੰਦੜੀਏ ਗੁਰਿ ਪੂਰੈ ਗਤਿ ਮਿਤਿ ਪਾਇਆ ਰਾਮ।"
-ਬਿਹਾ ੪, ਛੰਤ ੩, ੩:੧ (539)

ਬਲਵੰਡ ----- ਗੁਰੂ ਘਰ ਦਾ ਕੀਰਤਨੀਆ ਜਿਸ ਦੇ 'ਸਤੇ' ਨਾਲ ਰਲ ਕੇ ਰਚੀ ਇਕ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਮਕਲੀ ਰਾਗ ਵਿਚ ਸੰਮਿਲਤ ਹੈ।
"ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ।"
-ਰਾਮ ਬਸ, ਵਾਰ ੩:੮ (967)

ਬਲਵੰਡਾ----- ਸ਼ਕਤੀਸ਼ਾਲੀ, ਬਲਵਾਨ
"ਘਟਿ ਘਟਿ ਨਾਥੁ ਮਹਾ ਬਲਵੰਡਾ।"
-ਬਿਲਾ ੧, ਥਿਤੀ ੧੧:੨ (839)

ਬਲਵੰਤ ----- ਬਲਕਾਰ, ਬਲਵਾਲਾ, ਤਾਕਤਵਰ
"ਬਲਵੰਤ ਬਲਾਤ ਕਾਰਣਹ।"
-ਸਸ ੫, ੬੩:੨ (1359)

ਬਲਵੰਤਕਾਰੀ -- ਬਲਵਾਨ, ਤਾਕਤਵਰ
"ਬਹੁ ਜਵਨ ਕਰਤਾ ਬਲਵੰਤਕਾਰੀ ਸੇਵੰਤ ਸੂਰ ਚਤੁਰ ਦਿਸਹ।"
-ਸਸ ੫, ੭:੧ (1354)

ਬਲਵੰਤਿ----- ਬਲਵਾਨ ਭਾਵ ਮਾਇਆ
"ਬਲਵੰਤਿ ਬਿਆਪਿ ਰਹੀ ਸਭ ਮਹੀ।"
-ਗੁਜ ੫, ੧੪, ੧*:੧ (498)

ਬਲਵੰਤੁ ----- ਤਾਕਤਵਰ, ਬਲਵਾਨ ਤਕੜਾ
"ਸਭ ਤੇ ਆਪ ਜਾਨੈ ਬਲਵੰਤੁ।"

-ਗਉ ੫, ਸੁਖ ੧੨, ੨:੫ (278)

ਬਲਾਇ ----- (1) ਬਲਾ, ਭਿਆਨਕ ਸ਼ੈ, ਭੈਤ
"ਓਇ ਸਤਿਗੁਰ ਆਗੈ ਨ ਨਿਵਹਿ ਓਨਾ ਅੰਤਰਿ ਕ੍ਰੋਧ ਬਲਾਇ।"
-ਸਿਰੀ ੪, ੬੯, ੩:੩ (41)
"ਜੋ ਉਪਜੈ ਜੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ।"(ਮੇਰੀ ਬਲਾ ਰੋਵੇ)
-ਗਉ ਕਬ, ੬੪, ੨:੨ (337)
(2) ਆਫਤ, ਬਿਪਤਾ, ਮੁਸੀਬਤ
"ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ।"
-ਗੂਜ ੫, ਵਾਰ ੫:੨ (519)

ਬਲਾਇਆ --- ਮਚਾਇਆ, ਪ੍ਰਜਵਲਿਤ ਕੀਤਾ
"ਗੁਰ ਗਿਆਨੁ ਪ੍ਰਚੰਡੁ ਬਲਾਇਆ ਅਗਿਆਨੁ ਅੰਧੇਰਾ ਜਾਇ।"
-ਸਿਰੀ ੩, ੪੦, ੨:੩ (29)
(2) ਬਲਾਈ, ਆਫਤਾਂ, ਬਿਪਤਾ, ਮੁਸੀਬਤਾਂ
"ਹਰਿ ਪ੍ਰਭਿ ਫੁਰਮਾਇਆ ਮਿਟੀ ਬਲਾਇਆ ਸਾਚੁ ਧਰਮੁ ਪੁੰਨੁ ਫਲਿਆ।"
-ਸੂਹੀ ੫, ਅਸ ੭, ੩:੩ (781)

ਬਲਾਈ ----- ਬਲਾਵਾਂ
"ਸੁਨਤ ਜਪਤ ਹਰਿ ਨਾਮ ਜਸੁ ਤਾ ਕੀ ਦੂਰਿ ਬਲਾਈ।"
-ਬਿਲਾ ੫, ੫੩, ੪:੧ (814)

ਬਲਾਏ ------ (1) ਬਲਾ, ਆਫਤ ਹੰਕਾਰ ਰੂਪ
"ਗੁਰ ਭੇਟਤ ਹਉ ਗਈ ਬਲਾਏ।"
-ਮਾਝ ੫, ੨੪, ੪:੨ (101)
(2) ਬਿਤਾਏ
"ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ।"
-ਧਨਾ ਨਾਮ, ੧, ੧:੨ (692)

ਬਲਾਤ ------ ਧਕਾ, ਵਧੀਕ
"ਬਲਵੰਤ ਬਲਾਤ ਕਾਰਣਹ।"
-ਸਸ ੫, ੬੩:੨ (1359)

ਬਲਿ ------- (1) ਬਲਿਹਾਰ, ਸਦਕੇ, ਕੁਰਬਾਨ, ਵਾਰਕੇ
"ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਾਰਿਆ।"
-ਗੂਜ ੫, ਸੋਦ ੫, ੪:੨ (10)
(2) ਸੜਨਾ
"ਹਰਿ ਬਿਨੁ ਜੀਉ ਜਲਿ ਬਲਿ ਜਾਉ।"
-ਸਿਰੀ ੧, ੧, ੧*:੧ (14)
"ਮਨਮੁਖਿ ਵਿਛੁੜੀ ਦੂਰਿ ਮਹਲੁ ਨ ਪਾਏ ਬਲਿ ਗਈ ਬਲਿ ਰਾਮ ਜੀਉ।"(ਸੜ ਗਈ)
-ਸੂਹੀ ੪, ਛੰਤ ੧, ੩:੧ (773)
"ਸ੍ਰੀ ਗੋਪਾਲੁ ਨ ਉਚਰਰਿ ਬਲਿ ਗਈਏ ਦੁਹਚਾਰਣਿ ਰਸਨਾ ਰਾਮ।"(ਸੜ ਜਾਣੀਏ)

-ਬਿਹਾ ੫, ਛੰਤ ੪, ੩:੧ (848)

(3) ਬਲ ਕਰਕੇ, ਸ਼ਕਤੀ ਕਰਕੇ, ਬਲ ਸਦਕਾ

“ਤਿਤੁ ਬਲਿ ਰੋਗੁ ਨ ਬਿਆਪੈ ਕੋਈ।”

-ਗਉ ੫, ੧੫੦, ੧:੨ (196)

(4) ਪ੍ਰਹਿਲਾਦ ਦਾ ਪੋਤਰਾ ਵਿਰੋਚਨ ਦਾ ਪੁਤਰ ਇਕ ਪ੍ਰਤਾਪੀ ਰਾਜਾ ਜਿਸਨੂੰ ਛਲਣ ਲਈ ਵਿਸ਼ਨੂੰ ਬਾਵਨ ਰੂਪ ਧਾਰ ਕੇ ਢਾਈ ਕਦਮ ਧਰਤੀ ਦਾਨ ਵਿਚ ਮੰਗੀ । ਦੋ ਕਦਮ ਵਿਚ ਅਕਾਸ਼ ਤੇ ਧਰਤੀ ਮਿਣ ਗਈ ਤੇ ਅੱਧੇ ਵਿਚ ‘ਬਲਿ’ ਰਾਜੇ ਦਾ ਸਰੀਰ

“ਬਲਿ ਰਾਜਾ ਮਾਇਆ ਅਹੰਕਾਰੀ।”

-ਗਉ ੧, ਅਸ ੯, ੨:੧ (224)

“ਨਾਮੈ ਕਹੈ ਭਗਤਿ ਬਸਿ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ।”

-ਮਾਰੂ ਨਾਮ, ੩, ੪:੨ (1105)

ਬਲਿਓ------ ਜਗਿਆ, ਪ੍ਰਜਵਲਿਤ ਹੋਇਆ

“ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ।”

-ਗਉ ੫, ਅਸ ੧੩, ੭:੨ (241)

ਹੋਰ ਰੂਪ:

ਬਲਿਆ –

“ਬਲਿਆ ਗੁਰ ਗਿਆਨ ਅੰਧੇਰਾ ਬਿਨਸਿਆ ਹਰਿ ਰਤਨੁ ਪਦਾਰਥੁ ਲਾਧਾ।।”
(ਜਗਿਆ)

-ਸਿਰੀ ੪, ਛੰਤ ੧, ੨:੩ (78)

ਬਲਿਹਰੀਐ -- ਬਲਿਹਾਰ ਜਾਈਐ

“ਰਤਨ ਜਨਮੁ ਸਫਲੁ ਗੁਰਿ ਕੀਆ ਦਰਸਨ ਕਉ ਬਲਿਹਰੀਐ।”

-ਗਉ ੫, ੧੫੩*, ੧*:੨ (213)

ਬਲਿਹਾਰ ---- ਕੁਰਬਾਨ, ਵਾਰਨੇ, ਸਦਕੇ

“ਪਾਰਬ੍ਰਹਮੁ ਸੁਖ ਸਾਗਰੋ ਨਾਨਕ ਸਦ ਬਲਿਹਾਰ।”

-ਸਿਰੀ ੫, ੮੧, ੪:੪ (46)

ਹੋਰ ਰੂਪ:

ਬਲਿਹਾਰੰ–

“ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣਹ।”

-ਜੈਤ ੫, ਵਾਰ ੧੪ਸ, ੫, ੧:੨ (709)

ਬਲਿਹਾਰਣਿਆ– ਕੁਰਬਾਣ ਹਾਂ, ਸਦਕੇ ਜਾਂਦਾ ਹਾਂ, ਨਿਛਾਵਰ ਹਾਂ

“ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ।”

-ਮਾਝ ੩, ਅਸ ੨, ੧*:੧ (110)

ਹੋਰ ਰੂਪ:

ਬਲਿਹਾਰਣੇ–

“ਹਰਿਹਾਂ ਤਿਉ ਹਰਿ ਜਨੁ ਮਾਂਗੈ ਨਾਮੁ ਨਾਨਕ ਬਲਿਹਾਰਣੇ।”

-ਫੁਨ ੫, ੧੧:੪ (1362)

ਬਲਿਹਾਰਣੈ–
“ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ।”(ਨਿਛਾਵਰ ਹਾਂ)
–ਸਿਰੀ ੩, ੩੪, ੩:੩ (261)

ਬਲਿਹਾਰਨੈ --- ਕੁਰਬਾਣ ਜਾਵਾਂ, ਵਾਰੇ ਜਾਵਾ
“ਬਾਰਨੈ ਬਲਿਹਾਰਨੈ ਲਖ ਬਰੀਆ।”
–ਗਉ ੫, ੧੪੩*, ੧*:੨ (211)

ਬਲਿਹਾਰਾ --- ਕੁਰਬਾਨ, ਬਲਿਹਾਰ
“ਸਦਾ ਸਦਾ ਜਾਈ ਬਲਿਹਾਰਾ।”
–ਮਾਝ ੫, ੩੯, ੪:੨ (106)

ਹੋਰ ਰੂਪ:

ਬਲਿਹਾਰਿ–
“ਸਦ ਬਲਿਹਾਰਿ ਜਾਈਐ ਕੁਰਬਾਨਾ।”(ਵਾਰਨੇ, ਸਦਕੇ, ਕੁਰਬਾਨ)
–ਮਾਝ ੫, ੩੬, ੩:੨ (105)

ਬਲਿਹਾਰਿਓ–
“ਨਾਨਕ ਓਟ ਗਹੀ ਜਗਦੀ ਸੁਰ ਪੁਨਹ ਪੁਨਹ ਬਲਿਹਾਰਿਓ।”(ਕੁਰਬਾਨ ਜਾਂਦਾ ਹਾਂ)
–ਦੇਵ ੫, ੩੦, ੨:੨ (554)

ਬਲਿਹਾਰਿਆ–
“ਚਰਨ ਰੇਨ ਬਾਂਛੈ ਨਿਤ ਨਾਨਕੁ ਪੁਨਹ ਪੁਨਹ ਬਲਿਹਾਰਿਆ।”(ਕੁਰਬਾਨ ਜਾਂਦਾ ਹੈ।
–ਧਨਾ ੫, ੧੬, ੨:੨ (675)

ਬਲਿਹਾਰੀ–
“ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿਹਰਿ ਸੇਤੀ ਚਿਤੁ ਲਾਏ।”
–ਸਿਰੀ ੩, ਅਸ ੨੨, ੭:੩ (68)

ਬਲਿਹਾਰੀਆ –
“ਕੀਏ ਮਿਤ੍ਰ ਅਨੇਕ ਇਕਸੁ ਬਲਿਹਾਰੀਆ।”(ਬਲਿਹਾਰ ਜਾਂਦਾ ਹਾਂ)
–ਗਉ ੫, ਅਸ ੧੨, ੪:੧ (241)

ਬਲਿਹਾਰੀਐ–
“ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ।”(ਸਦਕੇ ਹਾਂ)
–ਗੂਜ ੫, ਵਾਰ ੧:੮ (518)

ਬਲਿਹਾਰੁ–
“ਹਰਿ ਜਨ ਹਰਿ ਲਿਵ ਉਧਰੇ ਨਾਨਕ ਸਦ ਬਲਿਹਾਰੁ।”(ਕੁਰਬਾਨੇ)
–ਸਿਰੀ ੫, ੯੧, ੪:੩ (50)

ਬਲਿਹਾਰੇ–
“ਕਰਿ ਕਿਰਪਾ ਅਪੁਨੋ ਨਾਮੁ ਦੀਜੈ ਨਾਨਕ ਸਦ ਬਲਿਹਾਰੇ।”(ਕੁਰਬਾਨ ਹਾਂ)
–ਗਉ ੫, ੧੩੮*, ੪:੨ (210)

ਬਲਿਹਾਰੈ–
“ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ।” (ਕੁਰਬਾਣ ਸਦਕੇ)
–ਸਿਰੀ ੧, ੫, ੨:੨ (16)

ਬਲਿਹਿ ----- (ਰਾਜਾ) ਬਲ ਨੂੰ
"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ਹ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।"
-ਸਵ ੪, ਗਯੰ ੯:੨ (1403)

ਬਲਿਰਾਮ ---- ਹੇ ਰਾਮ ਤੇਰੇ ਤੋਂ ਕੁਰਬਾਨ ਜਾਂਦਾ ਹਾਂ
"ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿਰਾਮ ਜੀਉ।"
-ਸੂਹੀ ਮ: ੪, ਛੰਤ ੧, ੧:੧ (773)

ਬਲੀ ------- ਬਲਵਾਲਾ, ਬਲਵਾਨ, ਤਾਕਤਵਰ
"ਸੂਰਬੀਰ ਬਚਨ ਕੇ ਬਲੀ।"
-ਆਸਾ ੫, ੮੮, ੩:੩ (392)

ਬਲੀਆ ----- (1) ਬਲਿਆ, ਜਗਿਆ, ਪ੍ਰਜ੍ਵਲਿਤ ਹੋਇਆ
"ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ।"
-ਗਉ ੪, ੬੬, ੧:੨ (173)

(2) ਤਾਕਤਵਰ, ਬਲਵਾਨ
"ਪਾਵਤੁ ਰਲੀਆ ਜੋਬਨਿ ਬਲੀਆ।" (ਜੋਬਨ ਕਰਕੇ ਬਲੀ ਹੈ)
-ਆਸਾ ੫, ੫੫, ੧:੧ (385)

ਬਲੀਐ ----- ਸੜੀਏ
"ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ।"
-ਸਿਰੀ ੧, ਅਸ ੧੬, ੬:੨ (63)

ਬਲੁ ------- (1) ਸ਼ਕਤੀ,ਸਮਰਥਾ
"ਰਾਮ ਕੋ ਬਲੁ ਪੂਰਨ ਭਾਈ।"
- ਗਉ ੪, ੧੧੪*, ੧*:੧ (202)
"ਜਬ ਬੁਧਿ ਹੋਤੀ ਤਬ ਬਲੁ ਕੈਸਾ ਅਬ ਬੁਧਿ ਬਲੁ ਨ ਟਿਕਾਈ।" (ਪਹਿਲਾ ਬਲੁ ਆਤਮਕ ਸ਼ਕਤੀ ਦੂਜਾ ਬਲਿ ਮਾਇਕ ਸ਼ਕਤੀ)
-ਗਉ ਕਬ, ੭੨, ੨:੧ (339)

(2) ਭਾਵ ਆਸਰਾ, ਮਦਦ
"ਮਾਤ ਪਿਤਾ ਭਾਈ ਸੁਤ ਬੰਧਪ ਤਿਨ ਕਾ ਬਲੁ ਹੈ ਥੋਰਾ।"
-ਗੂਜ ੫, ੧੬, ੧:੧ (499)

ਬਲੂਆ ----- ਰੇਤ ਦਾ ਘਰ
" ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ ਅਇਆਨੇ।"
-ਕੇਦਾ ਕਬ, ੪, ੪:੧ (1124)

ਬਲੇ ------- ਬਲਿਹਾਰ
"ਕੁਰਬਾਣੀ ਵੰਞਾ ਵਾਰਣੈ ਬਲੇ ਬਲਿ ਕਿਤਾ।"
-ਰਾਮ ੫, ਵਾਰ ੧੯:੬ (965)

ਬਲੇਂਡਾ ----- ਉਹ ਲੰਬੀ ਬਲੀ ਅਥਵਾ ਛਤੀਰ ਜਿਸ ਤੇ ਛਪਰ ਟਿਕਿਆ ਹੁੰਦਾ ਹੈ ਭਾਵ ਆਸਰਾ
"ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਂਡਾ ਟੂਟਾ।"

-ਗਉ ਕਬ, ੪੩, ੧:੧ (331)

ਬਲੇਦ ------ ਬਲਦ
"ਭਉ ਭੁਇ ਪਵਿਤੁ ਪਾਣੀ ਸਤਿ ਸੰਤੋਖ ਬਲੇਦ।"
-ਰਾਮ ੩, ਵਾਰ ੧੭ਸ, ੧, ੨:੧ (955)

ਬਲੈ ------- ਜਗੇ
"ਦੀਵਾ ਬਲੈ ਨ ਸੋਝੀ ਪਾਇ।"
-ਆਸਾ ੩, ੫੧, ੧:੪ (364)

ਬਲੵ ------- ਇਕ ਭੱਟ ਜਿਸ ਦੇ 3 ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹਨ
"ਸੋਈ ਰਾਮਦਾਸੁ ਗੁਰ ਬਲੵ ਭਣਿ ਮਿਲਿ ਸੰਗਤਿ ਧੰਨਿ ਧੰਨਿ ਕਰਹੁ।"
-ਸਵ ੪, ਬਾਲ ੫:੫ (1405)

ਬਵਰਈ----- ਮੂਰਖ,ਝੂਲਾ
"ਅਹੰ ਅਹੰ ਅਹੈ ਅਵਾਰ ਮੂੜ ਮੂੜ ਮੂੜ ਬਵਰਈ।"
-ਕਾਨ ੫, ੫੦, ੧:੧ (1308)

ਬਵਰੇ ------ ਪਾਗਲ, ਝਲਾ, ਬਉਰਾ, ਮੂਰਖ
"ਧਰਮ ਰਾਇ ਜਬ ਪਕਰਸਿ ਬਵਰੇ ਤਬ ਕਿਆ ਜਬਾਬੁ ਕਰੇਇ।"
-ਸਿਰੀ ੫, ਪਹ ੪, ੨:੫ (77)
"ਛੋਡਿ ਕਪਟੁ ਨਿਤ ਹਰਿ ਭਜੁ ਬਵਰੇ।"
-ਬਿਲਾ ਕਬ, ੮, ੧*:੨ (857)

ਬਾਇ ------ (1) ਵਾਯੂ, ਪਵਨ, ਹਵਾ
"ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ।"
-ਗਉ ਕਬ, ੧੮, ੪:੧ (327)
"ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।"(ਭਾਵ ਸ੍ਵਾਸ)
-ਸਸ ੫, ੪:੨ (1356)
(2) ਵਜਦੀ ਹੈ
"ਤਉ ਅਨਹਦ ਬੇਣੁ ਸਹਜ ਮਹਿ ਬਾਇ।"
-ਗਉ ਕਬ, ਵਾ ੧:੪ (344)

ਬਾਇਆ ---- ਹਵਾ
"ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ ਲਗੈ ਨ ਤਾਤੀ ਬਾਇਆ।"
-ਸਾਰ ੫, ੪੧, ੧*:੨ (1212)

ਬਾਇਸ ----- ਕਾਂ
"ਸੁਆਨ ਸੂਕਰ ਬਾਇਸ ਜਿਵੈ ਭਟਕਤ ਚਲਿਓ ਊਠਿ।"
-ਮਾਰੂ ਕਬ, ੧, ੧*:੨ (1105)

ਬਾਈ------- ਮਾਈ
"ਆਵਨ ਕਿਨੈ ਨ ਪੇਖਿਓ ਕਵਨੈ ਜਾਣੈ ਰੀ ਬਾਈ।"
-ਗੂਜ ਨਾਮ, ੨, ੧:੨, (525)

ਬਾਸ ------- (1) ਵਸਨ ਦੀ ਥਾਂ, ਘਰ
"ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ।"(ਇਥੇ ਭਾਵ ਬਸਤੀ)
-ਗਉ ੫, ੧੬੦*, ੨:੧ (215)

(2) ਵਾਸਾ ਹੈ
"ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ।"
-ਗਉ ੫, ਬਾਅ ੪੫ਸ:੧ (259)

ਹੋਰ ਰੂਪ:

ਬਾਸੰ-
"ਭੈ ਅਟਵੀਅੰ ਮਹਾਨਗਰ ਬਾਸੰ ਧਰਮ ਲਖ੍ਹਣ ਪ੍ਰਭ ਮਇਆ।" (ਵਾਸਾ)
-ਸਸ ੫, ੪੪:੪ (1358)

ਬਾਸਉ-
"ਬਾਸਉ ਸੰਗਿ ਗੁਪਾਲ ਸਗਲ ਸੁਖ ਰਾਸਿ ਹਰਿ।" (ਮੈਂ ਵਸਾਂ)
-ਫੁਨ ੫, ੭:੩ (1362)

(3) ਵਾਸ਼ਨਾ, ਖੁਸ਼ਬੂ, ਗੰਧ
"ਭਸਮ ਬਾਸ ਬਹੁ ਰੰਗੁ ਘਣੋ ਸਭ ਮਿਥਿਆ ਬਲਬੰਚੁ।"
-ਗਉ ੫, ਥਿਤੀ ੫:੨ (297)

ਬਾਸਕ ------ ਨਾਗ ਰਾਜ ਪੁਰਾਣਾਂ ਅਨੁਸਾਰ ਜਿਸਦਾ ਨੇਤਾ ਬਣਾ ਕੇ ਦੇਵਤਿਆਂ ਨੇ ਸਮੁੰਦਰ ਨੂੰ ਰਿੜਕਿਆ ਸੀ।
"ਬਾਸਕ ਕੋਟਿ ਸੇਜ ਬਿਸਥਰਹਿ।"
-ਭੈਰ ਕਬ, ਅਸ ੨, ੩:੨ (1163)

ਹੋਰ ਰੂਪ:

ਬਾਸਕੁ-
"ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।"
-ਰਾਮ ਬਸ, ਵਾਰ ੪:੩ (967)

ਬਾਸਨ-
(1) ਸੁੰਗਧਤ
"ਚੰਦਨ ਬਾਸੁ ਭਏ ਮਨ ਬਾਸਨ ਤਿਆਗ ਘਟਿਓ ਅਭਿਮਾਨਾਨਾ।"
-ਗਉ ਕਬ ੭੪, ੨:੨ (339)

(2) ਸੁੰਗਧ, ਖੁਸ਼ਬੂ
"ਅਬ ਉਰਝਿਓ ਅਲਿ ਕਮਲੇਹ ਬਾਸਨ ਮਾਹਿ ਮਗਨ ਇਕੁ ਖਿਨੁ ਭੀਨਾਹਿ ਟਰੈ।"
-ਆਸਾ ੫, ਛੰਤ ੪, ੧:੨ (454)

ਹੋਰ ਰੂਪ:

ਬਾਸਨਾ-
"ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ।"(ਖੁਸ਼ਬੂ)
-ਮਾਝ ੩, ੯, ੩:੧ (1261)

(3) ਭਾਂਡੇ, ਬਰਤਨ
"ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।"

–ਆਸਾ ਕਬ, ੨, ੨:੧ (476)

“ਜਾਸਨ ਬਾਸਨ ਸਹਜ ਕੇਲ ਕਰੁਣਾ ਮੈ ਏਕ ਅਨੰਤ ਅਨੂਪੈ ਠਾਓ।” (ਭਾਵ ਜਸ ਦੇ ਪਾਤਰ)

–ਦੇਵ ੫, ੩੮, ੧:੧ (536)

(4) ਵਾਸ਼ਨਾ, ਇਛਾ

“ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ।”(ਮਨ ਦੀ ਵਾਸ਼ਨਾ)

–ਧਨਾ ੫, ੩, ੧*:੨ (671)

“ਬਾਸਨ ਮੇਟਿ ਨਿਬਾਸਨ ਹੋਈਐ ਕਲਮਲ ਸਗਲੇ ਜਾਲ ਕਾ।” (ਇੱਛਾ ਖਤਮ ਕਰਕੇ)

–ਮਾਰੂ ੫, ਸੋਲ ੧੩, ੭:੩ (1085)

ਹੋਰ ਰੂਪ:

ਬਾਸਨਾ–

“ਜਿਤੁ ਲਾਗੋ ਮਨੁ ਬਾਸਨਾ ਅੰਤਿ ਸਾਈ ਪ੍ਰਗਟਾਨੀ।”(ਵਾਸ਼ਨਾ)

–ਗਉ ੫, ਅਸ ੧੫, ੬:੧ (242)

“ਅੰਤਰਿ ਹਰਿ ਨਾਮੁ ਬਾਸਨਾ ਸਮਾਣੀ।”(ਇਛਾ)

–ਗਉ ੪, ਵਾਰ ੩੩ਸ, ੩, ੧:੫ (317)

“ਮਨ ਬਾਸਨਾ ਰਚਿ ਬਿਖੈ ਬਿਆਧਿ।”(ਖਾਹਿਸ਼ਾਂ)

–ਧਨਾ ੫, ੧੯, ੩:੧ (675)

(5) ਗੰਧ ਲੈਣ ਵਾਲਾ ਅੰਗ, ਨਕ

“ਹਸਤ ਕਮਾਵਨ ਬਾਸਨ ਰਸਨਾ।”

–ਰਾਮ ੫, ਅਸ ੨, ੫:੨ (913)

(6) ਘਰ, ਨਿਵਾਸ ਸਥਾਨ

“ਗੁਰ ਪ੍ਰਸਾਦਿ ਨਾਨਕ ਸੁਖ ਬਾਸਨ।” (ਸੁਖੀ ਘਰ)

–ਗਉ ੫, ੧੧0*, ੪:੪ (202)

(ਸੁਖ ਵਿਚ ਵਸਨ ਵਾਲੇ ਸ਼ਬਦਾਰਥ ਦਰਪਦ ਸੁਖ ਦੇ ਵਾਸੀ (ਨਿਰਣੈ)

ਹੋਰ ਰੂਪ:

ਬਾਸਨਹ–

“ਗੋਬਿੰਦ ਨਾਮ ਜਪੰਤਿ ਮਿਲਿ ਸਾਧ ਸੰਗਹ ਨਾਨਕ ਸੇ ਪ੍ਰਾਣੀ ਸੁਖ ਬਾਸਨਹ।” (ਵਸਣ ਵਾਲੇ)

–ਸਸ ੫, ੨੮:੩ (1356)

ਬਾਸਨਾ–

“ਮੇਰੈ ਹਾਥਿ ਪਦਮੁ ਆਗਨਿ ਸੁਖ ਬਾਸਨਾ।”(ਵਾਸਾ)

–ਫੁਨ ੫, ੭:੧ (1362)

ਬਸਨਾ ------- (1) ਸੁੰਗੰਧ, ਵੇਖੋ ‘ਬਾਸਨ’ (2)
(2) ਵਾਸ਼ਨਾ, ਇਛਾ, ਵੇਖੋ ‘ਬਾਸਨ’ (4)
(3) ਘਰ,ਨਿਵਾਸ ਸਥਾਨ, ਵੇਖੋ ‘ਬਾਸਨ’ (6)

ਬਾਸਨੁ ------- (1) ਬਰਤਨ

“ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ।”

-ਸਲੋ ਕਬ, ੧੩੧:੨ (1371)

(2) ਵਾਸਾ ਹੈ

“ਕੇਵਲ ਬ੍ਰਹਮ ਪੂਰਨ ਤਹ ਬਾਸਨੁ।”

-ਰਾਮ ੫, ੩੫, ੩:੨ (894)

ਬਾਸਬੈ ------ ਵਸਨ ਕਰਕੇ

“ਸਾਧ ਸੰਗਤਿ ਕੈ ਬਾਸਬੈ ਕਲਮਲ ਸਭਿ ਨਸਨਾ।”

-ਬਿਖਾ ੫, ੪੩, ੧:੧ (811)

ਬਾਸਰੀ ----- ਵਸਨ ਵਾਲਾ

“ਬਾਸ ਬਾਸਰੀ ਏਕੈ ਸੁਆਮੀ ਉਦਿਆਨ ਦ੍ਰਿਸਟਾਗਿਓ।”

-ਗਉ ੫, ੧੬0*, ੨:੧ (215)

ਬਾਸਰੋ ------ (1) ਨਿਵਾਸ ਸਥਾਨ, ਘਰ

“ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ।”

-ਸਿਰੀ ੧, ੨੬, ੩:੧ (23)

(2) ਦਿਨ

“ਹਰਿ ਮਨਿ ਬਸੇ ਨਿਸਿ ਬਾਸਰੋ।”

-ਕਲਿ ੫, ੭, ੪:੧ (1322)

ਬਾਸਾ------- (1) ਨਿਵਾਸ

“ਉਆ ਮਹਲੀ ਪਾਵਹਿ ਤੂ ਬਾਸਾ।”

-ਗਉ ੫, ਬਾਅ ੧0:੫ (252)

(2) ਖੁਸ਼ਬੂ

“ਧੂਪ ਦੀਪ ਨਈ ਬੇਦਹਿ ਬਾਸਾ।”

-ਗੂਜ ਰਵਿ, ੧, ੩:੧ (525)

(3) ਪੰਛੀ

“ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ।”

-ਸਾਰ ੫, ੬੧, ੧:੧ (1216)

ਬਾਸਾਨੀ ----- ਵਸਣ ਲਈ

“ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ।”

-ਸਾਰ ੫, ੩੧, ੧:੨ (1210)

ਬਾਸਿ------- ਵਸ

“ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ।”

-ਗੂਜ ੫, ੧੩, ੧*:੨ (498)

ਬਾਸਿਬੋ ----- ਵਸਦਾ ਹੈ

“ਮੇਰੈ ਮਨਿ ਬਾਸਿਬੋ ਗੁਰ ਗੋਬਿੰਦ।”

-ਸਾਰ ੫, ੭, ੧*:੧ (1204)

ਬਾਸੀ------- ਵਸੇਬਾ, ਵਾਸ

“ਮਰਨੁ ਭਇਆ ਮਗਹਰ ਕੀ ਬਾਸੀ।”
-ਗਉ ਕਬ, ੧੫, ੩:੨ (326)

ਬਾਸੁ ------- (1) ਵਾਸ, ਨਿਵਾਸ
“ਤਰਵਰ ਪੰਖੀ ਬਹੁ ਨਿਸਿ ਬਾਸੁ।”
-ਗਉ ੧, ੬, ੩:੧ (152)
(2) ਵਸ, ਨਿਵਾਸ ਕਰ
“ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ।”
-ਗਉ ੫, ੧੧੬*, ੧*:੧ (203)
(3) ਗੰਧ, ਵਾਸ਼ਨਾ
“ਮਿਥਿਆ ਬਾਸੁ ਲੇਤ ਬਿਕਾਰਾ।”
-ਗਉ ੫, ਸੁਖ ੫, ੫:੮ (269)

ਬਾਂਸੁ ------- ਘਾਹ ਦੀ ਜਾਤ ਦਾ ਇਕ ਪਤਲਾ ਲੰਮਾ ਬੂਟਾ ਜੋ ਪੋਰੀਆਂ ਵਾਲੇ ਲੰਮੇ ਤਨੇ ਵਾਲਾ ਬੂਟਾ ਜੋ ਵਿਚੋਂ ਪੋਲਾ ਹੁੰਦਾ ਹੈ।
“ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।”
-ਸਲੋ ਕਬ, ੧੨:੧ (1365)

ਬਾਸੁਦੇਉ ---- ਸਰਬ ਵਿਆਪਕ ਪ੍ਰਭੂ
“ਚੇਤਹੁ ਬਾਸੁਦੇਉ ਬਨਵਾਲੀ।”
-ਗੂਜ ੧, ਅਸ ੧, ੧*:੧ (503)

ਬਾਸੁਦੇਵ----- ਸਰਬ-ਵਿਆਪਕ ਪਰਮੇਸ਼ਰ
“ਬਾਸੁਦੇਵ ਬਸਤ ਸਭ ਠਾਇ।”
-ਰਾਮ ੫, ੪੫, ੪:੩ (897)

ਬਾਸੁ ਦੇਵਸਿ੍ -- ਸਰਬ ਵਿਆਪਕ ਪ੍ਰਭੂ ਭਾਵ ਪਰਮਾਤਮਾ
“ਆਤਮਾ ਬਾਸੁਦੇਵਿਸ੍ ਜੇ ਕੋ ਜਾਣੈ ਭੇਉ।”
-ਆਸਾ ੧, ਵਾਰ ੧੨ਸ, ੨, ੪:੨ (469)

ਬਾਸੁਦੇਵਾਹ --- ਸਰਬ ਵਿਆਪਕ ਪ੍ਰਭੂ
“ਘਟਿ ਘਟਿ ਬਸੰਤ ਬਾਸੁਦੇਵਹ।”
-ਸਸ ੫, ੨੧:੫ (1356)

ਬਾਸੁਰ ------ ਦਿਨ
“ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ।”
-ਗਉ ੫, ਬਾਅ ੨੫ਸ:੧ (255)

ਬਾਸੁਰੀ ----- ਬਾਂਸਰੀ
“ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ।”
-ਰਾਮ ੫, ੭, ੧:੨ (884)

ਬਾਸੇ ------- ਬਾਸ਼ਾ, ਇਕ ਸ਼ਿਕਾਰੀ ਪੰਛੀ
“ਵਸਿ ਆਣਿਹੁ ਵੇ ਜਨ ਇਸੁ ਮਨ ਕਉ ਮਨੁ ਬਾਸੇ ਜਿਉ ਨਿਤ ਭਉਦਿਆ।”
-ਸੂਹੀ ੪, ਛੰਤ ੬, ੨:੧ (776)

ਬਾਸੈ ------- ਵਸ ਜਾਂਦਾ ਹੈ
"ਗੁਰ ਮੁਖਿ ਜਾ ਕੈ ਮਨਿ ਤਨਿ ਬਾਸੈ।"
-ਧਨਾ ੫, ੨੪, ੨:੪ (677)

ਬਾਂਸੋ ------- ਬਾਂਸ ਦੇ
"ਨਿਕਟਿ ਬਸੰਤੋ ਬਾਂਸੋ ਨਾਨਕ ਅਹੰ ਬੁਧਿ ਨ ਬੋਹਤੇ।"
-ਗਾਥਾ ੫, ੫:੨ (1360)

ਬਾਸ੍ਵਦੇਵਸੁ---- ਸਰਬ ਵਿਆਪਕ ਪ੍ਰਭੂ ਵੇਖੋ ਬਾਸੁਦੇਵਸ੍ਯਿ
"ਆਤਮੰ ਸ੍ਰੀ ਬਾਸ੍ਵਦੇਵਸੁ ਜੋ ਕੋਈ ਜਾਨਸਿ ਭੇਵ।"
-ਸਸ ੧, ੪:੨ (1353)

ਬਾਹ ------- ਬਾਂਹ, ਬਾਜੂ
"ਕਹੁ ਨਾਨਕ ਬਾਹ ਲੁਡਾਈਐ।"
-ਸਿਰੀ ੧, ੩੩, ੪:੩ (26)
"ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ।"(ਭਾਵ ਸਹਾਇਕ ਹੋਵੋ।
-ਗੋਂਡ ਨਾਮ, ੩, ੧*:੨ (873)

ਹੋਰ ਰੂਪ:

ਬਾਂਹ-
"ਪ੍ਰਭਿ ਬਾਂਹ ਪਕਰਾਈ ਊਤਮ ਮਤਿ ਪਾਈ ਗੁਰ ਚਰਣੀ ਜਨੁ ਲਾਗਾ।"
-ਆਸਾ ੪, ਛੰਤ ੧੨, ੪:੩ (447)

ਬਾਹਉ ------ ਪਾਉਂਦਾ ਹਾਂ
"ਜਬ ਲਗੁ ਤਾਗਾ ਬਾਹਉ ਬੇਹੀ।"
-ਗੁਜ ਕਬ, ੨, ੨:੧ (524)

ਬਾਹਕ ------ ਵਾਹੁਣ ਵਾਲਾ ਭਾਵ
"ਖਾਤ ਪੀਤ ਅਨੇਕ ਬਿਜੰਨ ਜੈਸੇ ਭਾਰ ਬਾਹਕ ਖੋਤ।"(ਭਾਰ ਢੋਣ ਵਾਲਾ)
-ਕੇਦਾ ੫, ੧੩, ੧:੧ (1121)

ਬਾਹਜ ------ ਵਿਹੂਣੇ, ਵਿਹਵੇਂ, ਸਖਣੇ
"ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ।"
-ਗਉ ਕਬ, ੪੪, ੧*:੨ (332)

ਬਾਹਨ ------ (ਸੰ.) ਸਵਾਰੀ ਗਡੀ, ਰੱਥ ਆਦਿ
"ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ।"
-ਸਲੋ ਕਬ, ੧੧੨:੧ (1370)

ਹੋਰ ਰੂਪ:

ਬਾਹਨੁ-
"ਖਰ ਬਾਹਨੁ ਉਹੁ ਛਾਰੁ ਉਡਾਵੈ।"
-ਗੋਂਡ ਨਾਮ, ੬, ੧:੨ (874)

ਬਾਹਰ ------ ਬਾਹਰਲੇ

“ਬਾਹਰ ਭੇਖਿ ਨ ਪਾਈਐ ਪ੍ਰਭੁ ਅੰਤਰ ਜਾਮੀ।”
-ਮਾਰੂ ੫, ਵਾਰ ੧੪:੧ (1099)
“ਬਾਹਰ ਕਾ ਮਾਸੁ ਮੰਦਾ ਸੁਆਮੀ ਘਰ ਕਾ ਮਾਸੁ ਚੰਗੇਰਾ।”(ਬਾਹਰੋਂ ਲਿਆਂਦਾ)
-ਮਾਰੂ ੧, ਵਾਰ ੨੫ਸ, ੧, ੨:੧੨ (1290)

ਬਾਹਰਹੁ ------ (1) ਬਾਹਰਲੇ ਪਾਸਿਉਂ ਜ਼ਾਹਰਾ ਤੌਰ ਤੇ ਪ੍ਰਗਟ ਰੂਪ ਵਿਚ
“ਓਇ ਅੰਦਰਹੁ ਬਾਹਰਹੁ ਨਿਰਮਲੇ ਸਚੇ ਸਚਿ ਸਮਾਇ।”
-ਸਿਰੀ ੩, ੨੮, ੪:੨ (28)
“ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ।”
-ਆਸਾ ੪, ਛੰਤ ੧੯, ੧:੨ (450)
“ਜੀਅਹੁ ਮੈਲੇ ਬਾਹਰਹੁ ਨਿਰਮਲ।”(ਸਰੀਰਕ ਤੌਰ ਤੇ)
-ਰਾਮ ੩, ਅਨੰ ੧੯:੧ (919)

ਬਾਹਰਵਾਰਿ--- ਬਾਹਰਲੇ ਪਾਸੇ, ਬਾਹਰ
“ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰਵਾਰਿ।”
-ਮਾਝ ੧, ਵਾਰ ੧੩:੩ (143)

ਬਾਹਰਾ------ (1) ਵਖਰਾ, ਉਪਰ, ਅਡਰਾ
“ਸਚੁ ਸਰਾ ਗੁੜ ਬਾਹਰਾ ਜਿਸੁ ਵਿਚਿ ਸਚਾ ਨਾਉ।”
-ਸਿਰੀ ੧, ੫, ੨:੧ (16)
“ਤੂੰ ਵਰਨਾ ਚਿਹਨਾ ਬਾਹਰਾ।”
-ਸਿਰੀ ੫, ਅਸ ੨੯, ੨੦:੧ (74)
(2) ਓਪਰਾ, ਬੇਗਾਨਾ
“ਸਭੇ ਸਾਂਝੀਵਾਲ ਸਦਾਇਨਿ ਤੂ ਕਿਸੈ ਨ ਦਿਸਹਿ ਬਾਹਰਾ ਜੀਉ।”
-ਮਾਝ ੫, ੯, ੩:੩ (97)
(3) ਵਿਹੂਨਾ, ਬਿਨਾ
“ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ।”(ਭਾਵ ਕੋਰਾ)
-ਆਸਾ ੨, ਵਾਰ ੧੧ਸ, ੧, ੧:੪ (468)
“ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ।”(ਬਿਨਾ)
-ਵਡ ੧, ੨, ੪:੧ (557)
“ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ।”
-ਸੋਰ ੧, ੭, ੩:੧ (597)

ਬਾਹਰਿ ----- (1) ਵਖਰਾ, ਅਨਗ
“ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।”
-ਜਪੁ ੧, ੨:੫ (1)
(2) ਅੰਦਰ ਦੇ ਉਲਟ
“ਘਰਿ ਇਕੋ ਬਾਹਰਿ ਇਕੋ ਥਾਨ ਥਨੰਤਰਿ ਆਪਿ।”
-ਸਿਰੀ ੫, ੭੯, ੩:੧ (45)
(3) ਬਾਹਰੋਂ, ਸਰੀਰ ਤੋਂ
“ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ।”
-ਸਿਰੀ ੪, ਵਾਰ ੧੪ਸ, ੩, ੩:੪ (88)

“ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ।” (ਬਾਹਰਲਾ, ਬਾਹਰ ਵਾਲਾ)
-ਆਸਾ ੧, ੨੦, ੨:੧ (355)

ਬਾਹਰੀ------ ਵਿਹੂਣੀ, ਵਾਂਜੀ, ਬਿਨਾ ਬਗੈਰ
“ਸਾ ਧਨ ਨਾਵੈ ਬਾਹਰੀ ਅਵਗਣਵੰਤੀ ਰੋਇ।”
-ਸਿਰੀ ੩, ੬੦, ੩:੪ (37)
“ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ।”
-ਆਸਾ ੧, ਵਾਰ ੨੪:੪ (475)

ਬਾਹਰੁ ------ (1) ਅੰਦਰ ਦੇ ਉਲਟ
“ਅੰਤਰਿ ਵਸਤੁ ਮੂੜਾ ਬਾਹਰੁ ਭਾਲੇ।”
-ਮਾਝ ੩, ਅਸ ੧੪, ੭:੧ (117)
“ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ।”
-ਗਉ ਰਵਿ, ੧, ੪:੧ (347)
(2) ਬਾਹਰੋਂ
“ਅੰਤਰੁ ਮੈਲਾ ਬਾਹਰੁ ਨਿਤ ਧੋਵੈ।”
-ਭੈਰ ੫, ੫੩, ੩:੩ (1151)

ਬਾਹਰੇ ------ (1) ਵਿਹੂਣੇ, ਵਾਂਜੇ ਬਿਨਾਂ, ਬਗੈਰ
“ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ।”
-ਸਿਰੀ ੧, ੪, ੪:੩ (15)
“ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰ ਦੇ ਝੂਰਿ।”
-ਸਿਰੀ ੩, ੩੭, ੨:੪ (27)
(2) ਪਰ੍ਹਾਂ
“ਕੀਮ ਨ ਸਕਾ ਪਾਇ ਸੁਖ ਮਿਤੀ ਹੂ ਬਾਹਰੇ।”
-ਜੈਤ ੫, ਵਾਰ ੧੫ਸ, ੫, ੨:੧ (709)
(3) ਅੰਦਰ ਦੇ ਉਲਟ
“ਸੋ ਅੰਤਰਿ ਜੋ ਬਾਹਰੇ ਬਿਨਸੇ ਤਹ ਭਰਮਾ।”
-ਬਿਲਾ ੫, ੬੧, ੪:੧ (816)

ਬਾਹੜੀ ----- ਬਾਹਵਾਂ
“ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ।”
-ਸਿਰੀ ਤ੍ਰਿਲੋ, ੨, ੧*:੪ (92)

ਹੋਰ ਰੂਪ:

ਬਾਹੜੀਆਂ-
“ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ।”
-ਆਸਾ ਫਰ ੨, ੬:੨ (488)
ਬਾਹੜੀਆਹਾ-
“ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ।”
-ਵਡ ੧, ੩, ੧:੮ (558)

ਬਾਹਾ ------ ਬਾਹਵਾਂ

"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।"
-ਵਡ ੧, ੩, ੧:੫ (557)

(2) ਬਾਹਵਾਂ ਦੀ
"ਹਰਿ ਕਾ ਨਾਮੁ ਕੋਟਿ ਲਖ ਬਾਹਾ।"
-ਮਾਰੂ ੫, ਸੋਲਾ ੧, ੯:੧ (1072)

ਬਾਹਿਆ----- ਚਲਾਇਆ, ਮਾਰਿਆ
"ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ।" (ਸਬਦ ਰੂਪੀ ਬਾਨ ਚਲਾਇਆ)
-ਸਲੋ ਕਬ, ੧੫੭:੨ (1372)

ਬਾਹੀ------- (1) ਬਾਹਵਾਂ
"ਛੂਟਤ ਨਹੀ ਕੋਟਿ ਲਖ ਬਾਹੀ।"
-ਗਉ ੫, ਸੁਖ ੨, ੩:੧ (264)

(2) ਪਲੰਘ ਦੀ ਬਾਹੀ
"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।"
-ਵਡ ੧, ੩, ੧:੫ (557)

ਬਾਹੁਰਿ ----- ਫੇਰ
"ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ।"
-ਟੋਡੀ ੫, ੩੦, ੨:੧ (718)

ਬਾਹੁੜਿ ----- ਫੇਰ, ਮੁੜ ਕੇ
"ਗਿਆਨ ਮਹਾ ਰਸੁ ਭੋਗਵੈ ਬਾਹੁੜਿ ਭੂਖ ਨ ਹੋਇ।"
-ਸਿਰੀ ੧, ੧੮, ੫:੨ (21)

ਬਾਹੁੜਿਓ ---- ਮਿਥਿਆ
"ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਦੇ ਭਾਗ।"
-ਸਲੋ ਫਰ, ੯੦:੨ (1382)

ਹੋਰ ਰੂਪ:

ਬਾਹੁੜੈ–
"ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।"(ਮਿਲੇ ਭਾਵ ਵਾਪਸ ਆਵੈ)
-ਤੁਖਾ ੧, ਬਾਰਾ ੫:੨ (1108)

ਬਾਹੇ ------- ਬਾਹਵਾਂ
"ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ।"
-ਸਵ ੪, ਨਲ ੭:੨ (1399)

ਬਾਕੀ------- ਹਿਸਾਬ ਕਰਨ ਪਿਛੋਂ ਕਿਸੇ ਵਲ ਰਹੀ ਰਕਮ
"ਲੇਖਾ ਧਰਮ ਰਾਇ ਕੀ ਬਾਕੀ ਜਪਿ ਹਰਿ ਹਰਿ ਨਾਮੁ ਕਿਰਖੈ।"
-ਸਿਰੀ ੪, ਛੰਤ ੧, ੧:੫ (78)

ਬਾਂਕੀ------- ਸੁੰਦਰ, ਸਜੀਲੀ

"ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ।"
-ਵਡ ੪, ਘੋੜੀ ੧, ੧:੫ (575)

ਬਾਕੀਵਾਲਾ --- ਕੀਤੇ ਕਰਮਾਂ ਦੇ ਹਿਸਾਬ ਦੀ ਜੋ ਬਾਕੀ ਕਢਦਾ ਹੈ, ਧਰਮਰਾਜ
"ਬਾਕੀਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ।"
-ਸੂਹੀ ੧, ਅਸ ੨, ੫:੧ (751)

ਬਾਗ ------ (1) (ਫਾ. ਬਾਗ) ਬਗੀਚਾ
"ਬਾਗ ਸੁਹਾਵੇ ਸੋਹਣੇ ਚਲੈ ਹੁਕਮੁ ਅਫਾਰ।"
-ਸਿਰੀ ੫, ਅਸ ੨੬, ੬:੨ (70)

(3) ਚਿੱਟੇ, ਬੱਗਾ
"ਘਰ ਗਚ ਕੀਤੇ ਬਾਗੇ ਬਾਗ।"
-ਸਾਰ ੪, ਵਾਰ ੧੫ਸ, ੧, ੨:੨ (1243)

ਬਾਂਗ ------- ਅਜ਼ਾਨ, ਨਮਾਜ਼ ਲਈ ਪੁਕਾਰ
"ਕਹੁ ਰੇ ਮੁਲਾਂ ਬਾਂਗ ਨਿਵਾਜ।"
-ਭੈਰ ਕਬ, ੪, ੧*:੪ (693)

ਬਾਗਾ ------ ਚਿਟੇ ਕਪੜੇ
"ਪਹਿਰੈ ਬਾਗਾ ਕਰਿ ਇਸਨਾਨਾ ਚੋਆ ਚੰਦਨ ਲਾਏ।"
-ਗਉ ੫, ੧੫੨*, ੩:੧ (213)
"ਕਲਰ ਖੇਤੀ ਤਰਵਰ ਕੰਠੇ ਬਾਗਾ ਪਹਿਰਹਿ ਕਜਲੁ ਝਰੈ।"
-ਮਾਰੂ ੧, ਅਸ ੧੧, ੬:੧ (1016)

ਬਾਂਗਾ ------ ਬਾਂਗ, ਅਜ਼ਾਨ, ਨਮਾਜ਼ ਲਈ ਪੁਕਾਰ
"ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ।"
-ਸੂਹੀ ੩, ਵਾਰ ੧੪ਸ, ੧, ੨:੧ (790)

ਹੋਰ ਰੂਪ:

ਬਾਂਗਾਂ-
"ਖੁਦਾਇ ਏਕੁ ਬੁਝਿ ਦੇਵਹੁ ਬਾਂਗਾਂ ਬੁਰਗੂ ਬਰਖੁਰਦਾਰ ਖਰਾ।"
-ਮਾਰੂ ੫, ਸੋਲਾ ੧੨, ੧੦:੩ (1084)

ਬਾਗਾਤਿ ----- ਬਗੀਚੀ, ਬਾਗ
"ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ।"
-ਸਿਰੀ ੫, ੯੨, ੨:੨ (50)

ਬਾਗੀਚੇ ----- ਬਾਗ
"ਸਗਲ ਮੇਵੇ ਸੁੰਦਰ ਬਾਗੀਚੇ।"
-ਗਉ ੫, ੮੧, ੩:੨ (179)

ਬਾਗੁ ------- ਬਾਗ ਬਗੀਚਾ
"ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ।"
-ਬਿਲਾ ੪, ਵਾਰ ੧ਸ, ੪, ੧:੪ (849)

ਬਾਗੇ ------- ਸੁਫੈਦ, ਬੱਗੇ
"ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।"
-ਗਉ ੪, ੫੧, ੨:੧ (168)

ਬਾਘੁ ------- ਬਗਿਆੜ
"ਪਾਛੈ ਬਾਘੁ ਡਰਾਵਣੋ ਆਗੈ ਅਗਨਿ ਤਲਾਉ।"
-ਸਲੋ ੧, ੭:੨ (1410)

ਬਾਚਾ------- ਬਚਨ, ਬਾਣੀ
"ਸਾਤੈਂ ਸਤਿ ਕਰਿ ਬਾਚਾ ਜਾਣਿ।"
-ਗਉ ਕਬ, ਥਿਤੀ ੮:੧ (343)
"ਮਨਸਾ ਬਾਚਾ ਕਰਮਨਾ ਮੈ ਦੇਖੈ ਦੋ ਜਕ ਜਾਤ।" (ਬਚਨ ਕਰਕੇ/ਬਾਣੀ ਕਰਕੇ)
-ਮਾਰੂ ਕਬ, ੧, ੨:੨ (1105)

ਬਾਚੀਅਹਿ --- ਵਾਚੀਐ, ਪੜ੍ਹੇ ਜਾਂਦੇ ਹਨ
"ਨਿਤ ਪੁਰਾਣ ਬਾਚੀਅਹਿ ਬੇਦ ਬ੍ਰਹਮਾ ਮੁਖਿ ਗਾਵੈ।"
-ਸਵ ੫, ਹਰਿ ੧:੨ (1409)

ਬਾਂਚਿਆ ---- ਬਚਿਆ
"ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ।"
-ਆਸਾ ਕਬ, ੩੭, ੩:੧ (484)

ਬਾਚੁ ------- ਬਚ
"ਬਿਖੈ ਬਾਚੁ ਹਰਿ ਰਾਚੁ ਸਮਝੁ ਮਨ ਬਉਰਾ ਰੇ।"
-ਗਉ ਕਬ, ੫੭, ੧*:੧ (336)

ਹੋਰ ਰੂਪ:

ਬਾਚੇ-
"ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਸਿਆ ਗੁਰ ਸਤਿ ਗੁਰ ਕੈ ਬਚਨਿ ਹਰਿ ਹਮ ਬਾਚੇ।"(ਬਚੇ ਹਾਂ, ਬਚ ਗਏ)
-ਗਉ ੪, ੫੫, ੧*:੨ (169)
ਬਾਂਚੇ-
"ਸੇ ਜਨ ਬਾਂਚੇ ਜੋ ਪ੍ਰਭਿ ਰਾਖੇ।"(ਬਚ ਗਏ)
-ਆਸਾ ੧, ੧੩, ੩:੩ (352)

ਬਾਛ ------- ਵੱਛਾ, ਬਛਰਾ
"ਗਊ ਬਾਛ ਕਉ ਸੰਚੈ ਖੀਰੁ।"
-ਸਾਰ ਨਾਮ, ੧, ੨:੩ (1252)

ਬਾਛਉ------ ਲੋਚਦਾ ਹਾਂ, ਮੰਗਦਾ ਹਾਂ
"ਤਿਨ ਸੰਤਨ ਕੀ ਬਾਛਉ ਧੂਰਿ।"
-ਗਉ ੫, ਸੁਖ ੧੫, ੩:੯ (282)

ਹੋਰ ਰੂਪ:

ਬਾਂਛਉ–
"ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ।"
–ਬਿਹਾ ੫, ਛੰਤ ੪, ੧:੩ (544)

ਬਾਛਹਿ–
"ਧਨੁ ਨਹੀ ਬਾਛਹਿ ਸੁਰਗ ਨ ਆਛਹਿ।"(ਮੰਗਦਾ, ਲੋਚਨਾ)
–ਗਉ ੫, ਬਾਅ ੪:੩ (251)

ਬਾਂਛਹਿ–
"ਸੰਤ ਜਨਾਂ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਣਾ।"(ਲੋਚੇ, ਮੰਗੇ)
–ਮਾਝ ੫, ੫੦, ੩:੩ (109)

ਬਾਂਛਹੁ–
"ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ।"(ਮੰਗੋ)
–ਸਾਰੰ ਕਬ, ੧, ੨:੧ (1253)

ਬਾਛਤ ------ **ਚਾਹੁੰਦੇ/ਲੋਚਦੇ ਹਨ**
"ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ।"
–ਰਾਮ ੯, ੧, ੨:੨ (902)

ਹੋਰ ਰੂਪ:

ਬਾਂਛਤ–
"ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ।"
–ਸਿਰੀ ੫, ਛੰਤ ੩, ੨:੪ (80)

ਬਾਛਤੇ ------ **ਇਛੇ, ਮੰਗੇ, ਚਾਹੇ**
"ਫਲ ਪਾਵਹਿ ਮਨ ਬਾਛਤੇ ਤਪਤਿ ਤੁਹਾਰੀ ਜਾਇ।"
–ਗਉ ੫, ਬਾਅ ੩੨:੨ (257)

ਬਾਛਦੇ ------ **ਇਛੇ ਦੇ, ਮੰਗਦੇ, ਲੋਚਦੇ**
"ਤਿਨ ਕੀ ਧੂੜਿ ਹਮ ਬਾਛਦੇ ਕਰਮੀ ਪਲੈ ਪਾਇ।"
–ਰਾਮ ੫, ਵਾਰ ੪ਸ, ੫, ੧:੪ (958)

ਬਾਛਰ ------ **ਵਛੇ ਦਾ ਖੁਰ**
"ਸਾਗਰੁ ਤਰਿਓ ਬਾਛਰ ਖੋਜ।"
–ਰਾਮ ੫, ੫੧, ੩:੧ (899)

ਬਾਛਾ------- **ਵੱਛਾ**
"ਜੈਸੇ ਗਾਇ ਕਾ ਬਾਛਾ ਛੂਟਲਾ।"
–ਗੋਂਡ ਨਾਮ, ੪, ੨:੧ (847)

ਬਾਂਛਾਂਈ ----- **ਮੰਗਦਾ ਹਾਂ**
"ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ।"
–ਸਾਰ ੫, ੧੭, ੨:੧ (1207)

ਬਾਛਾਹਾ ----- **ਮੰਗੀਏ**
"ਕਰਿ ਬੇਨਤੀ ਜਨ ਧੂਰਿ ਬਾਛਾਹਾ।"

-ਸੂਹੀ ੫, ੨੦, ੨:੧ (742)

ਬਾਛੀਅਹਿ --- ਮੰਗਦੇ ਹਨ
"ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ।"
-ਸਿਰੀ ੫, ੯੯, ੪:੧ (52)

ਹੋਰ ਰੂਪ:

ਬਾਛੀਐ-
"ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ।"(ਇੱਛਾ ਕਰੀਏ)
-ਗਉ ਕਬ, ੬੩, ੧:੧ (337)

ਬਾਂਛ ------- ਮੰਗ, ਲੋਚ, ਚਾਹ
"ਹਰਿ ਜਨ ਕੀ ਰੇਨ ਬਾਂਛ ਦੈਨਹਾਰ ਸੁਆਮੀ।"
-ਸਾਰ ੫, ੧੩੪, ੧:੨ (1230)

ਬਾਛੈ ------- ਮੰਗਦਾ ਹੈ, ਚਾਹੁੰਦਾ ਹੈ
"ਕਰਿ ਕਿਰਪਾ ਧੂਰਿ ਦੇਹੁ ਸੰਤਨ ਕੀ ਸੁਖੁ ਨਾਨਕੁ ਇਹੁ ਬਾਛੈ।"
-ਗਉ ੫, ੧੩੦*, ੪:੨ (207)

ਹੋਰ ਰੂਪ:

ਬਾਂਛੈ-
"ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ।"
-ਮਾਝ ੫, ਬਾਰਾ ੧੦:੮ (135)

ਬਾਜ ------- (1) ਮਸ਼ਹੂਰੀ, ਪਹੁੰਚ
"ਬਾਜ ਹਮਾਰੀ ਥਾਨ ਥਨੰਤਰਿ।"
-ਭੈਰ ੫, ੨੨, ੩:੨ (1141)

(2) ਸਾਜ ਵਾਜਾ
"ਅਨਿਕ ਨਾਦ ਅਨਿਕ ਬਾਜ ਨਿਮਖ ਨਿਮ ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ।"
-ਭੈਰ ੫, ੫੭, ੨:੧ (1153)
(ਮਹਾਨਕੋਸ਼ ਅਰਥ ਵਾਦਨ ਦੇ ਭੇਦ ਵਜਾਉਣ ਦੇ ਪ੍ਰਕਾਰ ਕਰਦੇ ਹਨ)
(3) ਸ਼ਿਕਾਰੀ ਪੰਛੀ, ਬਾਜ਼
"ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।"
-ਸਲੋ ਫਰ, ੯੯:੨ (1383)

ਬਾਜਹਿ ----- ਵਜ ਰਹੇ ਹਨ
"ਬਾਜਹਿ ਬਾਜੇ ਧੁਨਿ ਆਕਾਰਾ।"
-ਮਾਰੂ ੩, ਸੋਲਾ ੧੮, ੪:੧ (1061)

ਬਾਜਣੋ ------ ਵਜਾ ਰਿਹਾ ਹੈ
"ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ।"
-ਮਾਰੂ ੩, ਵਾਰ ੧੪ਸ, ੧, ੨:੧ (1091)

ਬਾਜੰਤ ------ ਵਜਦੀ ਹੈ

"ਗੁਰ ਸਬਦਿ ਮੇਲਾ ਤਾਂ ਸੁਹੇਲਾ ਬਾਜੰਤ ਅਨਹਦ ਬੀਣਾ।"

-ਸੂਹੀ ੧, ਛੰਤ ੫, ੮:੫ (767)

ਬਾਜਾ------- (1) ਬਾਜਾਂ, ਇਕ ਪ੍ਰਕਾਰ ਦੇ ਸ਼ਿਕਾਰੀ ਪੰਛੀਆ

"ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ।"

-ਮਾਝ ੧, ਵਾਰ ੧੪ਸ, ੧, ੧:੧ (144)

ਹੋਰ ਰੂਪ:

ਬਾਜਾਂ–

"ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾ ਪੜ੍ਹਿਆ ਨਾਉ।"

-ਮਲਾ ੧, ਵਾਰ ੨੨ਸ, ੧, ੨:੧ (1288)

(2) ਵਾਜਾ, ਇਕ ਸਾਜ਼

"ਚੇਤਿ ਅਚੇਤੁ ਮੂੜ ਮਨ ਮੇਰੇ ਬਾਜੇ ਅਨਹਦ ਬਾਜਾ।"

-ਬਿਲਾ ਕਬ, ੫, ੨:੧ (856)

ਬਾਜਾਰ ----- (1) (ਫਾ. ਬਾਜ਼ਾਰ) ਵੇਚਣ ਤੇ ਖਰੀਦ ਕਰਨ ਦਾ ਸਥਾਨ ਬਹੁਤ ਸਾਰੀਆਂ ਦੁਕਾਨਾਂ ਦਾ ਸਮੂਹ

"ਹਟ ਪਟਣ ਬਾਜਾਰ ਹੁਕਮੀ ਢਹਸੀਓ।"

-ਮਾਝ ੧, ਵਾਰ ੮:੨ (141)

ਹੋਰ ਰੂਪ:

ਬਾਜਾਰਾ–

"ਤਟ ਤੀਰਥ ਹਮ ਨਵਖੰਡ ਦੇਖੇ ਹਟ ਪਟਣ ਬਾਜਾਰਾ।"

-ਗਉ ੧, ੧੭, ੪:੧ (156)

(2) ਸੌਦਾ, ਵਣਜ ਦੀ ਵਸਤ

"ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ।"

-ਆਸਾ ੧, ਵਾਰ ੪ਸ, ੧, ੨:੪ (464)

(ਪਹਿਲੇ 'ਬਾਜਾਰ' ਦਾ ਅਰਥ ਵੇਚਣ ਖਰੀਦ ਕਰਨ ਦਾ ਸਥਾਨ ਹੈ)

ਬਾਜਾਰੀ ----- (1) ਬਜ਼ਾਰ ਵਿਚ ਇਧਰ ਉਧਰ ਫਿਰਨ ਵਾਲਾ, ਭੌਂਦੂ, ਉਜਡ

"ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ।"

-ਆਸਾ ੧, ੩੬, ੩:੧ (359)

ਹੋਰ ਰੂਪ:

ਬਾਜਾਰੀਆ–

"ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ।"

-ਮਾਝ ੧, ਵਾਰ ੧੨:੭ (1283)

(2) ਬਾਜ਼ਾਰ ਲਾਣ ਵਾਲੇ, ਸੌਦਾਗਰ, ਸੌਦੇਬਾਜ਼

"ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ।"

-ਆਸਾ ੧, ਵਾਰ ੪ਸ, ੧, ੨:੪ (464)

ਬਾਜਾਰੁ -----ਵਖਾਵਾ, ਪ੍ਰਦਰਸ਼ਨ

"ਆਵਾ ਗਉਣੁ ਬਜਾਰੀਆ ਬਾਜਾਰੁ ਜਿਨੀ ਰਚਾਇਆ।"
-ਮਲਾ ੧, ਵਾਰ ੨੫:੭ (1290)

ਬਾਜਿਓ ----- ਵਜਿਆ ਹੈ
"ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ।"
-ਮਾਰੂ ਕਬ, ੧੦, ੧:੧ (1105)

ਬਾਜਿਆ----- ਵਜਿਆ
"ਪੰਚ ਸਬਦ ਦਰਗਹ ਬਾਜਿਆ ਹਰਿ ਮਿਲਿਓ ਮੰਗਲੁ ਗਾਇਓ।"
-ਮਾਲੀ ੪, ੩, ੨:੨ (985)

ਬਾਜਿੰਤ੍ਰ ----- ਵਾਜਾ, ਸਾਜ਼
"ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ।"
-ਮਲਾ ੧, ਵਾਰ ੨੭ਸ, ੧, ੧:੪ (1291)

ਬਾਜਿਤ੍ਰਾ ----- ਵਜਦੇ
"ਅਨਹਦ ਬਾਜਿਤ੍ਰਾ ਤਿਸੁ ਧੁਨਿ ਦਰਬਾਰਾ ਰਾਮ।"
-ਬਿਲਾ ੫, ਛੰਤ ੨, ੧:੨ (846)

ਬਾਜੀ------- (1) (ਫਾ. ਬਾਜ਼ੀ) ਖੇਡ
"ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।"
-ਸਿਰੀ ੧, ੧੧, ੩:੧ (18)
"ਰਾਮ ਨਾਮ ਬਿਨੁ ਬਾਜੀ ਹਾਰੀ।" (ਜੀਵਨ ਦੀ ਖੇਡ)
-ਸੋਰ ਰਵਿ, ੬, ੪:੨ (659)
(3) ਵਜੀ
"ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗੁਰੀ ਬਾਜੀ।"
-ਗਉ ਕਬ, ੫੩, ੩:੨ (335)

ਬਾਜੀਅਲੇ ---- ਵਜੇ
"ਬਾਜੀਅਲੇ ਅਨਹਦ ਬਾਜੇ।"
-ਸੋਰ ਕਬ, ੧੦, ੧:੪ (656)

ਬਾਜੀਗਰ ---- (1) (ਫਾ. ਬਾਜੀਗਰ) ਨਟ ਖੇਡ ਰਚਨ ਵਾਲੇ ਇਥੇ ਭਾਵ ਪ੍ਰਭੂ
"ਬਾਜੀਗਰ ਸਉ ਮੋਹਿ ਪ੍ਰੀਤਿ ਬਨਿ ਆਈ।"
-ਆਸਾ ਰਵਿ, ੬, ੩:੨ (487)
"ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ।"(ਭਾਵ ਜੀਵ)
-ਮਾਰੂ ੧, ਸੋਲਾ ੩, ੯:੩ (1023)

ਹੋਰ ਰੂਪ:

ਬਾਜੀਗਰਿ-
"ਬਾਜੀਗਰਿ ਜੈਸੇ ਬਾਜੀ ਪਾਈ।"(ਭਾਵ ਪ੍ਰਭੂ ਨੇ)
-ਸੂਹੀ ੫, ੧, ੧:੧ (736)
(2) ਖੇਡਾਂ ਕਰਨ ਵਾਲਾ, ਛਲੀਆ, ਕਪਟੀ
"ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ।"

-ਮਾਰੂ ਕਬ, ੧, ੩:੧ (1105)

ਬਾਜੀਗਰੀ---- ਬਾਜੀਗਰ ਦੀ ਖੇਡ, ਤਮਾਸ਼ਾ
“ਬਾਜੀਗਰੀ ਸੰਸਾਰੁ ਕਬੀਰਾ ਚੇਤਿ ਢਾਲਿ ਪਾਸਾ।”
-ਆਸਾ ਕਬ, ੨੩, ੩:੨ (481)

ਬਾਜੀਗਰੁ ---- ਨਟ, ਖੇਡ ਰਚਨ ਵਾਲਾ
“ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।”
-ਗਉ ੫, ੧੨੬, ੩:੨ (206)
“ਜਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅੰਹਕਾਰੋ।”(ਨਟ)
-ਵਡ ੧, ਅਲਾ ੪, ੪:੪ (581)

ਬਾਜੁ ------- ਵਜਣਾ
“ਬਜਾਵਨਹਾਰੋ ਊਠਿ ਸਿਧਾਰਿਓ ਤਬ ਫਿਰਿ ਬਾਜੁ ਨ ਭਇਓ।”
-ਸਾਰ ੫, ੩, ੩:੨ (1203)

ਬਾਜੇ ------- (1) ਵਜਦਾ ਹੈ
“ਤਿਤੁ ਘਟ ਅਨਹਤ ਬਾਜੇ ਤੂਰਾ।”
-ਗਉ ੧, ਅਸ ੧੬, ੨:੨ (228)

ਹੋਰ ਰੂਪ:

ਬਾਜੈ-
“ਰਾਜਾ ਰਾਮ ਅਨਹਦ ਕਿੰਗੁਰੀ ਬਾਜੈ।”(ਵਜਦੀ ਹੈ)
-ਸਿਰੀ ਕਬ, ੩, ੧*:੨ (92)

(2) ਵਾਜੇ, ਸਾਜ਼
“ਬਾਜੀਅਲੇ ਅਨਹਦ ਬਾਜੇ।”
-ਸੋਰ ਕਬ, ੧੦, ੧:੪ (656)
“ਜੈਸੇ ਬਾਜੇ ਬਿਨੁ ਨਹੀ ਲੀਜੈ ਫੇਰੀ।”
-ਗੋਂਡ ਕਬ, ੯, ੪:੧ (872)

ਬਾਝਹੁ ------ ਬਿਨਾ, ਰਹਿਤ
“ਕਰਣੀ ਬਾਝਹੁ ਘਟੇ ਘਟਿ।”
-ਸਿਰੀ ੧, ੩੦, ੩:੪ (25)
“ਮੇਰਾ ਮਨੁ ਤਨੁ ਬਹੁਤ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮਲੈਣੀ ਜੀਉ।”(ਵਿਹੂਣੀ)
-ਗਉ ੪, ੬੭, ੨:੨ (173)

ਬਾਝੜਿਆਹੁ -- ਬਿਨਾ, ਬਾਝਹੁ
“ਪਿਰ ਬਾਝੜਿਆਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ।”
-ਆਸਾ ੪, ਛੰਤ ੨੧, ੪:੨ (452)

ਬਾਂਝਾ------- ਜਿਸ ਇਸਤ੍ਰੀ ਦੇ ਸੰਤਾਨ ਨ ਹੋਵੇ
“ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ।”
-ਜੈਤ ੪, ੫, ੧:੧ (697)

ਬਾਝੁ ------- ਬਾਝਹੁ, ਬਿਨਾ
"ਨਿਡਰਿਆ ਡਰੁ ਜਾਣੀਐ ਬਾਝੁ ਗੁਰੂ ਗੁਬਾਰੁ।"
–ਸਿਰੀ ੧, ਅਸ ੩, ੩:੩ (54)

ਬਾਟ ------- (1) ਰਸਤਾ, ਰਾਹ
"ਤਉ ਆਨ ਬਾਟ ਕਾਹੇ ਨਹੀ ਆਇਆ।"
–ਗਉ ਕਬ, ੭, ੨:੨ (324)
"ਬਾਟ ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ।" (ਪੈਂਡੇ)
–ਟੋਡੀ ੫, ੨੧, ੧:੨ (716)
(2) ਮੁਸਾਫਰੀ, ਸਫਰ
"ਪੈਡੇ ਬਿਨੁ ਬਾਟ ਘਨੇਰੀ।"
–ਬਸੰ ਕਬ, ੩, ੩:੨ (1194)
(3) ਟੋਟੇ, ਵੰਡੀਆਂ
"ਏਕੁ ਕਬੀਰਾ ਨਾ ਮੁਸੈ ਜਿਨਿ ਕੀਨੀ ਬਾਰਹ ਬਾਟ।"
–ਸਲੋ ਕਬ, ੨੦:੨ (1365)

ਬਾਟਿ ------ (1) ਹਿੱਸੇ
"ਚੁਖ ਚੁਖ ਲੇ ਗਏ ਬਾਂਢੇ ਬਾਟਿ।"
–ਭੈਰ ੫, ੪, ੩:੨ (1136)
(2) ਪੈਂਡਾ
"ਬਾਟਿ ਘਟਿ ਗ੍ਰਿਹਿ ਬਨਿ ਬਨਿ ਜੋਹੈ।"
–ਆਸਾ ੫, ੮੭, ੨:੨ (392)

ਬਾਟੀ------- ਵਾਟਾਂ ਰਸਤਿਆਂ ਰਾਹਾਂ ਤੇ
"ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ।"
–ਰਾਮ ੧, ਸਿਗੋ ੭:੧ (938)

ਬਾਟੁਲੀ ----- ਰਸਤਾ, ਰਸ
"ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ ਭੀਰ ਬਾਟੁਲੀ।"
–ਸਾਰ ੫, ੬੧, ੨:੧ (1216)

ਬਾਡਾਡੂੰ ----- ਰਾਹ ਚਸਨ ਵਾਲਾ
"ਨਕਟੀ ਕੋ ਠਨਗਨੁ ਬਾਡਾਡੂੰ।"
–ਆਸਾ ਕਬ, ੪, ੧*:੧ (476)

ਬਾਢਿ ------ ਵੱਢ, ਵੱਢ ਕੇ
"ਕਾਚੀ ਪਾਕੀ ਬਾਢਿ ਪਰਾਨੀ।"
–ਆਸਾ ੫, ੧੯, ੧:੨ (375)
"ਹਉ ਕਾਟਉ ਕਾਟਿ ਬਾਢਿ ਸਿਰੁ ਰਾਖਉ ਜਿਤੁ ਨਾਨਕ ਸੰਤੁ ਚੜਿਆਵੈ।"
–ਰਾਮ ੪, ੩, ੪:੨ (881)

ਬਾਢੀ------- ਵੱਧ ਗਈ ਹੈ
"ਕਹਿ ਰਵਿਦਾਸ ਭਗਤਿ ਇਕ ਬਾਢੀ ਅਬ ਇਹ ਕਾ ਸਿਉ ਕਹੀਐ।"

-ਸੋਰ ਰਵਿ, ੨, ੪:੧ (658)

ਬਾਂਢੇ ------- ਵੱਢ ਕੇ, ਹਿੱਸੇ ਬਣਾ ਕੇ
"ਚੁਖ ਚੁਖ ਲੇ ਗਏ ਬਾਂਢੇ ਬਾਟਿ।"
-ਭੈਰ ੫, ੪, ੩:੨ (1136)

ਬਾਣ ------- ਤੀਰ
"ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ।"
-ਜੈਤ ੫, ਵਾਰ ੧੨ਸ, ੫, ੧:੨ (708)

ਬਾਣਿ ------ (1) ਬਾਣੀ, ਬੋਲੀ
"ਅਖਰੀ ਲਿਖਣੁ ਬੋਲਣੁ ਬਾਣਿ।"
-ਜਪੁ ੧, ੨੧:੭ (4)

(2) ਆਵਾਜ਼, ਸੁਰ
"ਹੰ ਭੀ ਵੰਞਾ ਡੂਮਣੀ ਰੋਵਾ ਝੀਣੀ ਬਾਣਿ।"
-ਸਿਰੀ ੧, ੨੪, ੨:੧ (23)

(3) ਬਾਣੀ, ਬੋਲ
"ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ।"
-ਸਿਰੀ ਬੇਣੀ, ੧, ੪:੪ (93)
"ਹਰਿ ਹਰਿ ਮੇਲਿ ਸਾਧ ਜਨ ਸੰਗਤਿ ਮੁਖਿ ਬੋਲੀ ਹਰਿ ਹਰਿ ਭਲੀ ਬਾਣਿ।"
-ਸੋਰ ੪, ਵਾਰ ੨੨:੧ (651)

(4) ਤੀਰ
"ਗੁਰ ਕੈ ਬਾਣਿ ਬਜਰ ਕਲ ਛੇਦੀ ਪ੍ਰਗਟਿਆ ਪਦੁ ਪਰਗਾਸਾ।"
-ਗਉ ਕਬ, ੪੬, ੨:੧ (332)

(5) ਸੁਭਾ
"ਕਿਆ ਤੂ ਸੋਚਹਿ ਮਾਣਸ ਬਾਣਿ।"
-ਭੈਰ ੫, ੧੭, ੩:੧ (1140)

ਬਾਣੀ ------ (1) ਵਾਕ, ਬਚਨ, ਕਥਨ, ਸ਼ਬਦ, ਬੋਲ
"ਸੁਅਸਤਿ ਆਥਿ ਬਾਣੀ ਬਰਮਾਉ।"
-ਜਪੁ ੧, ੨੧:੭ (4)

"ਕਰਮ ਖੰਡ ਕੀ ਬਾਣੀ ਜੋਰੁ।"(ਪ੍ਰਗਟਾ ਦਾ ਸਾਧਨ)
-ਜਪੁ ੧, ੩੭:੧ (8)

"ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ।"
-ਸਿਰੀ ੩, ੬੩, ੪:੩ (39)

"ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।"
-ਤਿਲੰ ੧, ੫, ੨:੬ (723)

(2) ਬੋਲੀਆਂ
"ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ।"
-ਜਪੁ ੧, ੩੫:੯ (7)

"ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।"(ਬੋਲੀ)
-ਵਡ ੧, ਛੰਤ ੨, ੮:੧ (567)

(3) ਆਵਾਜ਼

"ਆਖਣੁ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ।"

-ਸਿਰੀ ੧, ੨੭, ੩:੧ (24)

"ਬਾਣੀ ਵਜੈ ਸਬਦਿ ਵਜਾਏ ਗੁਰ ਮੁਖਿ ਭਗਤਿ ਥਾਇ ਪਾਵਣਿਆ।"(ਰਾਗ ਕੀ ਸੁਰ)

-ਮਾਝ ੩, ਅਸ ੨੧, ੫:੩ (122)

(4) ਰਚਨਾ, ਪਦ ਰਚਨਾ

"ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ।"

-ਮਾਝ ੫, ੨੯, ੧:੧ (103)

"ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ।"

-ਮਾਝ ੩, ਅਸ ੨, ੨:੩ (110)

"ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ।"(ਕਥਾ ਵਾਰਤਾ)

-ਮਾਝ ੧, ਵਾਰ ੨੬ਸ, ੧, ੧: ੧੫ (150)

"ਗੁਣ ਗਾਵਾ ਗੁਣ ਬੋਲੀ ਬਾਣੀ।"(ਬਾਣੀ ਦੁਆਰਾ)

-ਆਸਾ ੪, ੫੭, ੧:੧ (367)

(5) ਅਵਤ੍ਰਿਤ ਰਚਨਾ, ਪਵਿਤਰ ਰਬੀ ਰਚਨਾ

"ਜੁਗਿ ਜੁਗਿ ਬਾਣੀ ਸਬਦਿ ਪਛਾਣੀ ਨਾਉ ਮੀਠਾ ਮਨਹਿ ਪਿਆਰਾ।"

-ਸੋਰ ੩, ੭, ੨:੪ (602)

(6) ਬਾਣਾਂ/ਤੀਰਾਂ ਵਾਕਰ

"ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ।"

-ਆਸਾ ੪, ਛੰਤ ੧੫, ੨:੧ (449)

(ਕੇਵਲ ਮਹਾਨਕੋਸ਼ ਬਾਕੀ ਸਭਨੇ ਅਰਥ ਗੁਰਬਾਣੀ ਕੀਤੇ ਹਨ)

"ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾ ਗਸਿ ਬਾਣੀ।" (ਭਾਵ ਚਟਪਟੀ)
(ਦਰਪਣ ਅਰਥ 'ਸੁੰਦਰਤਾ ਦੀ ਖਿਚ' ਕਰਦਾ ਹੈ)

-ਰਾਮ ੧, ੨, ੪:੨ (877)

(7) ਰੰਗ ਵੰਨੀ (ਕੇਵਲ ਮਹਾਨਕੋਸ਼)

"ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੇ ਨ ਜਾਇ।"

-ਆਸਾ ੩, ਅਸ ੩੧, ੧*:੨ (427)

(ਬਾਕੀ ਸਭ ਨੇ ਅਰਥ ਗੁਰਬਾਣੀ ਕੀਤੇ ਹਨ)

(8) ਭਾਵ ਉਪਦੇਸ਼

"ਧਰ ਕੀ ਬਾਣੀ ਆਈ।"
"ਤਿਨਿ ਸਗਲੀ ਚਿੰਤ ਮਿਟਾਈ।"

-ਸੋਰ ੫, ੭੭, ੨:੧;੨ (628)

(9) ਗੁਰਬਾਣੀ, ਗੁਰਸ਼ਬਦ

"ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।"

-ਸੋਰ ੪, ਵਾਰ ੧0ਸ, ੩, ੨:੧ (646)

"ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ।" (ਗੁਰਬਾਣੀ)

-ਸੂਹੀ ੪, ਛੰਤ ੨, ੧:੨ (773)

(10) ਭਾਵ ਹੁਕਮ, ਅਦੇਸ਼, ਉਪਦੇਸ਼

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।"

-ਤਿਲੰ ੧, ੫, ੧:੧ (722)
"ਰਵਿ ਰਹਿਆ ਜੁਗ ਚਾਰਿ ਤ੍ਰਿਭਵਣ ਬਾਣੀ ਜਿਸ ਕੀ ਬਲਿਰਾਮ ਜੀਉ।"
-ਸੂਹੀ ੧, ਛੰਤ ੧, ੨:੨ (763)
"ਸੁਣਿ ਸੁਣਿ ਜੀਵੈ ਦਾਸੁ ਤਮ੍ ਬਾਣੀ ਜਨ ਆਖੀ।"
-ਬਿਲਾ ੫, ੫੨, ੧*:੧ (814)

(11) ਬਣੀ ਹੈ
"ਦਰਿ ਦਸਵੇਸੁ ਖਸੰਮ ਦੈ ਨਾਇ ਸਚੈ ਬਾਣੀ ਲਾਲੀ।"
-ਰਾਮ ਬਸ, ਵਾਰ ੩:੭ (967)

(12) ਬਣਾਵਟ, ਰਚਨਾ
"ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ।"
-ਮਾਰੂ ੫, ਸੋਲਾ ੩, ੫:੩ (1074)
"ਬਰਖਸਿ ਬਾਣੀ ਬੁਦਬੁਦਾ ਹੇਰਿ।"
-ਬਸੰ ੧, ਅਸ ੧, ੨:੨ (1187)
"ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ।"
-ਪ੍ਰਭਾ ੧, ੩, ੨:੧ (1328)

ਬਾਣੀਆ----- (1) ਗੁਰ, ਉਪੇਦਸ
"ਇਤੁ ਤਨਿ ਲਾਗੈ ਬਾਣੀਆ।"
-ਸਿਰੀ ੧, ੩੩, ੩:੧ (25)

(2) ਵਪਾਰੀ, ਵਣਜ ਕਰਨ ਵਾਲਾ
"ਨਾਨਕ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ।"
-ਵਡ ੧, ੧, ੪:੧ (557)

(3) ਸ਼ਬਦ, ਬਚਨ
"ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ।"
-ਵਡ ੧, ਅਲਾ ੩, ੬:੨ (580)

(4) ਭਾਵ ਧਰਮ ਰਾਜ
"ਦੋਜਨਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ।"
-ਮਾਰੂ ੫, ਅਸ ੮, ੨:੩ (1020)

(5) ਬੋਲੀਆਂ
"ਬਬੀਹਾ ਪ੍ਰਿਉ ਬੋਲੈ ਕੋਕਿਲ ਬਾਣੀਆ।"
-ਤੁਖਾ ੧, ਬਾਰਾ ੨:੧ (1107)

ਬਾਣੀਏ ----- ਦੁਕਾਨਦਾਰ
"ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁਗੋ।"
-ਟੋਡੀ ਨਾਮ, ੩, ੨:੧ (718)

ਬਾਣੁ ------- (1) ਤੀਰ
"ਸਰੁ ਸੰਧੇ ਆਗਾਸ ਕਉ ਕਿਉ ਪਹੁਚੈ ਬਾਣੁ।"
-ਮਾਝ ੧, ਵਾਰ ੨੨ਸ, ੨, ੨:੬ (148)

ਬਾਣੇ ------- (1) ਬਾਣੀਨਾਲ
"ਸੀਤਲ ਅਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ।"

-ਆਸਾ ੫, ਛੰਤ ੧, ੧:੫ (452)

(2) ਸੁਭਾਵ ਅਨੁਕਾਰ, ਰੀਤ/ਰਸਮ ਅਨੁਸਾਰ

“ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ।”

-ਮਲਾ ੧, ਵਾਰ ੨੫ਸ, ੧, ੨:੩ (1289)

(3) ਤੀਰ ਦੇ

“ਹਤੰ ਪੰਚ ਸਤ੍ਰੇਣ ਨਾਨਕ ਹਰਿ ਬਾਣੇ ਪ੍ਰਹਾਰਣਹ।”

-ਗਾਥਾ ੫, ੬:੨ (1360)

ਹੋਰ ਰੂਪ:

ਬਾਣੈ-

“ਤਿਨਿ ਬਿਨੁ ਬਾਣੈ ਧਨਖੁ ਚਢਾਈਐ ਇਹੁ ਜਗੁ ਬੇਧਿਆ ਭਾਈ।”

-ਗਉ ਕਬ, ੪੬, ੩:੧ (333)

ਬਾਤ ------- (1) ਗਲ

“ਕਿਆ ਥੋੜੜੀ ਬਾਤ ਗੁਮਾਨੁ।”

-ਸਿਰੀ ੫, ੯੨, ੧*:੨ (50)

“ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ।” (ਗਲ ਭਾਵ ਘਟਨਾ)

-ਗੂਜ ੫, ੫, ੧*:੨ (496)

“ਸਾਚਾ ਸਾਹਿਬੁ ਸਾਚੀ ਨਾਈ ਪਰਖੈ ਗੁਰ ਕੀ ਬਾਤ ਖਰੀ।” (ਭਾਵ ਉਪਦੇਸ)

-ਰਾਮ ੧, ਸਿਗੋ ੧੦:੪ (939)

“ਜਿਨਹੁ ਬਾਤ ਨਿਸ੍ਚਲ ਧ੍ਰੂਅ ਜਾਨੀ ਤੇਈ ਜੀਵ ਕਾਲ ਤੇ ਬਚਾ।” (ਭਾਵ ਬਚਨ ਉਪਦੇਸ)

-ਸਵ ੪, ਗਯੰ ੫:੧ (1402)

(2) ਵਾਤ, ਸਾਰ, ਖਬਰ

“ ਜਾ ਉਠੀ ਚਲਸੀ ਕੰਤੜਾ ਤਾ ਕੋਇਨ ਪੁਛੈ ਤੇਰੀ ਬਾਤ।”

-ਸਿਰੀ ੫, ੯੩, ੨:੨ (50)

(3) ਮਾਮਲਾ, ਗਲ

“ਤਿਨਿ ਸਗਲੀ ਬਾਤ ਸਵਾਰੀ।”

-ਸੋਰ ੫, ੫੬, ੨:੪ (623)

(4) ਬਾਦੀ ਬਲਗਮ

“ਕਾਢਿ ਕੁਠਾਰੁ ਪਿਤ ਬਾਤ ਹੰਤਾ ਅਉਖਧੁ ਹਰਿ ਕੋ ਨਾਉ।”(ਭਾਵ ਅੰਹਕਾਰ ਦਾ ਰੋਗ)

-ਟੋਡੀ ੫, ੧੩, ੧*:੨ (714)

(5) ਭਾਵ ਪ੍ਰਵਾਹ, ਮਹਤਵ

“ਕੋਟਿ ਜੋਧ ਉਆ ਕੀ ਬਾਤ ਨ ਪੁਛੀਐ ਤਾਂ ਦਰਗਹ ਭੀ ਮਾਨਿਓ।”(ਪ੍ਰਵਾਹ ਨਹੀਂ ਕਰਦਾ ਅਰਥਾਤ ਮਹੱਤਵ ਨਹੀਂ ਦਿੰਦਾ)

-ਸਾਰ ੫, ੬੨, ੧*:੨ (1216)

ਬਾਤਉ ------ ਗਲਾਂ ਨਾਲ

“ਙੰਙਾ ਙਿਆਨੁ ਨਹੀ ਮੁਖ ਬਾਤਉ।”

-ਗਉ ੫, ਬਾਅ ੫:੧ (251)

ਬਾਤਹਿ ------ **ਗਲ ਤੋਂ, ਪੱਖ ਤੋਂ, ਤਰ੍ਹਾਂ**
"ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ।"
-ਸਾਰ ੫, ੧੦੭, ੧*:੨ (1225)

ਬਾਤਨ ------- **ਗਲਾਂ ਨਾਲ, ਮੂੰਹ ਜੁਬਾਨੀ**
"ਬਾਤਨ ਹੀ ਬੈਕੁੰਠ ਸਮਾਨਾ।"
-ਗਉ ਕਬ, ੧੦, ੧:੨ (325)

ਬਾਤੜੀਆਹ -- **ਗਲਾਂ, ਹਾਲ**
"ਨਾਨਕ ਕੰਤੈ ਰਤੀਆ ਪੁਛਹਿ ਬਾਤੜੀਆਹ।"
-ਸੂਹੀ ੩, ਵਾਰ ੧੫ਸ, ੧, ੨:੨ (790)

ਬਾਤਾ-------- **ਗਲ, ਗਲਾਂ, ਬਚਨ**
"ਜਾਨਉ ਨਹੀ ਭਾਵੈ ਕਵਨ ਬਾਤਾ।" (ਭਾਵ ਚੀਜ਼)
-ਸਿਰੀ ੫, ੨੭, ੧*:੧ (71)

"ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ।" (ਗਲਾਂ, ਚੋਜ)
-ਆਸਾ ੧, ਵਾਰ, ੧੨ਸ, ੧, ੨:੩ (469)

"ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ।" (ਬਚਨ, ਬੋਲ, ਗਲ)
-ਆਸਾ ਕਬ, ੧੮, ੩:੨ (480)

(2) ਪਖ ਤੋਂ ਗਲ ਤੋਂ
"ਆਉ ਬੈਠੁ ਆਦਰੁ ਸਭ ਥਾਈ ਊਨ ਨ ਕਤਹੂੰ ਬਾਤਾ।"
-ਸੋਰ ੫, ੬੪, ੨:੧ (631)

ਬਾਤੀ------- **(1) ਬਤੀ ਦੀਵੇ ਦੀ, ਵੱਟੀ**
"ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਝੈ ਸਭੁ ਕੋਈ।"
-ਆਸਾ ਕਬ, ੬, ੧:੧ (477)

(2) ਗਲਾਂ ਨਾਲ
"ਇਨੀ ਬਾਤੀ ਸਹੁ ਪਾਈਐ ਨਾਹੀ ਭਈ ਕਾਮਣਿ ਇਆਣੀ।"
-ਤਿਲੰ ੧, ੪, ੨:੫ (722)

ਬਾਤੈ ------- **(1) ਗਲਾਂ, ਹਾਲ**
"ਤਉ ਤੀਨਿ ਲੋਕ ਕੀ ਬਾਤੈ ਕਹੈ।"
-ਗਉ ਕਬ, ਬਾਅ ੩੩:੪ (342)

"ਨਿੰਦਉ ਨਾਹੀ ਕਾਹੂ ਬਾਤੈ ਏਹੁ ਖਸਮ ਕਾ ਕੀਆ।"(ਗਲ/ਹਾਲਤ ਕਰਕੇ)
-ਸੋਰ ੫, ੬, ੩:੧ (611)

(2) ਗਲਾਂ ਨਾਲ, ਤਰ੍ਹਾਂ
"ਪਹੁਚਿ ਨ ਸਾਕੈ ਕਾਹੂ ਬਾਤੈ ਆਗੈ ਠਉਰ ਨ ਪਾਇਆ।"
-ਆਸਾ ੫, ੪੧, ੧*:੨ (380)

ਬਾਦ ------- **(1) ਝਗੜਾ, ਬਿਖੇੜਾ, ਵਿਵਾਦ**
"ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ।"
-ਆਸਾ ਕਬ, ੨੮, ੩:੧ (483)

“ਸੁਆਦ ਬਾਦ ਈਰਖ ਮਦ ਮਾਇਆ।”

-ਸੂਹੀ ੫, ੧੯, ੩:੧ (741)

ਹੋਰ ਰੂਪ:

ਬਾਦੰ-

“ਸਾਦ ਰਹੇ ਬਾਦੰ ਅਹੰਕਾਰਾ।”

-ਗਉ ੧, ਅਸ ੧, ੪:੧ (221)

(2) ਫਜ਼ੂਲ, ਵਿਅਰਥ

“ਗੁਰ ਰਸੁ ਗੀਤ ਬਾਦ ਨਹੀ ਭਾਵੈ ਸੁਣੀਐ ਗਹਿਰ ਗੰਭੀਰੁ ਗਵਾਇਆ।”

-ਰਾਮ ੧, ਓਅੰ ੪:੨ (930)

“ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ।”

-ਮਾਰੂ ੧, ਅਸ ੩, ੮:੧ (1010)

(3) ਉਚਾਰਣ ਅਲਾਪ

“ਰਮਣ ਕਉ ਰਾਮ ਕੇ ਗੁਣ ਬਾਦ।”

-ਸਾਰ ੫, ੧੦੩, ੧*:੧ (1224)

ਬਾਦਹਿ ----- ਫਜ਼ੂਲ, ਵਿਅਰਥ

“ਜਿਨ ਹਰਿ ਕਾ ਨਾਮੁ ਨ ਚੇਤਿਓ ਬਾਦਹਿ ਜਨਮੇਂ ਆਇ।”

-ਸਲੋ ਕਬ, ੬੪:੧ (1369)

ਬਾਦਰ ------ ਬਦਲ

“ਜੋ ਦੀਸੈ ਸੋ ਸਗਲ ਬਿਨਸੈ ਜਿਉ ਬਾਦਰ ਕੀ ਛਾਈ।”

-ਗਉ ੯, ੨, ੨:੧ (219)

ਬਾਦਰੈ ------ ਬਦਲੇ, ਇਵਜ਼ ਵਿਚ, ਵਟੇ

“ਜਾਤ ਅਕਾਰਥ ਜਨਮੁ ਪਦਾਰਥ ਕਾਚ ਬਾਦਰੈ ਜੀਤ।”

-ਧਨਾ ੫, ੯, ੩:੨ (673)

ਬਾਦਰੋ ------- ਬਦਾਲ

“ਉਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ।”(ਇਥੇ ਭਾਵ ਸਰੀਰ)

-ਸੋਰ ੫, ੪, ੧*:੨ (609)

ਬਾਦਲ ------ ਬਦਲ

“ਬਾਦਲ ਬਿਨੁ ਬਰਖਾ ਹੋਈ।”

-ਸੋਰ ਨਾਮ, ੩, ੧:੩ (657)

ਬਾਦਿ------- (1) ਵਿਵਾਦ,ਝਗੜਾ, ਬਹਿਸਾ

“ਕਲਪ ਤਿਆਗੀ ਬਾਦਿ ਹੈ ਸਚਾ ਵੇਪਰਵਾਹੁ।”

-ਸਿਰੀ ੧, ੧੧, ੧:੩ (18)

“ਕਾਹੂ ਬਿਹਾਵੈ ਬੇਦ ਅਰੁ ਬਾਦਿ।”(ਬਹਿਸਾਂ ਵਿਚ)

-ਰਾਮ ੫, ੩, ੨:੧ (914)

(2) ਵਿਅਰਥ, ਫਜ਼ੂਲ

“ਸਭਿਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ।”

-ਸਿਰੀ ੩, ੧੩, ੫:੧ (19)

"ਰਾਜ ਮਿਲਖ ਧਨ ਜੋਬਨਾ ਨਾਮੈ ਬਿਨੁ ਬਾਦਿ।"

-ਬਿਲਾ ੫, ੩੮, ੧*:੨ (810)

(3) ਝਗੜਿਆ ਵਿਚ

"ਮੋਹਿ ਬਾਦਿ ਅਹੰਕਾਰਿ ਸਰਪਰ ਰੁੰਨਿਆ।"

-ਸੂਹੀ ੫, ੫, ੨:੧ (761)

(4) ਭਾਵ ਬੁਰਾ ਭੈੜਾ

"ਮਨਮੁਖ ਕਾ ਇਹੁ ਬਾਦਿ ਆਚਾਰੁ।"

-ਮਲਾ ੩, ਅਸ ੩, ੨:੩ (1277)

ਬਾਦਿਸਾਹ---- (ਫਾ.) ਤਖਤ ਦਾ ਸੁਆਮੀ, ਮਹਾਰਾਜਾ

"ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ।"

-ਗਉ ੫, ੧੦੮*, ੨:੧ (201)

ਹੋਰ ਰੂਪ:

ਬਾਦਿਸਾਹਾ-

"ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ।" (ਬਾਦਹਸ਼ਾਹਾਂ)

- ਸੋਰ ੩, ੨, ੪:੧ (600)

ਬਾਦਿਸਾਹੀਆ - ਰਾਜ, ਹਕੂਮਤਾਂ

"ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ।"

-ਸਿਰੀ ੫, ੭੨, ੧:੨ (42)

ਬਾਦਿਸਾਹੁ----ਪਾਤਸ਼ਾਹ, ਰਾਜ ਦਾ ਸੁਆਮੀ

"ਬਾਦਿਸਾਹੁ ਚੜ੍ਹਿਓ ਅੰਹਕਾਰਿ।"

-ਭੈਰ ਨਾਮ, ੧੦, ੫:੧ (1165)

ਬਾਦੀ------- ਝਗੜੇ ਕਰਨ ਵਾਲਾ

"ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ।"

-ਮਾਲਾ ੧, ੩, ੩:੨ (1255)

ਬਾਦੁ ------- (1) ਝਗੜਾ, ਵਾਦ ਵਿਵਾਦ

"ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ।"

-ਸਿਰੀ ੫, ੯੧, ੧:੨ (50)

(2) ਬਹਿਸ

"ਬੰਧਨ ਬੇਦੁ ਬਾਦੁ ਅਹੰਕਾਰ।"

-ਆਸਾ ੧, ਅਸ ੧੦, ੭:੧ (416)

(3) ਝਗੜਾ ਲੂਪਣ

"ਛੋਡਿ ਆਪਤੁ ਬਾਦੁ ਅਹੰਕਾਰਾ ਮਾਨੁ ਸੋਈ ਜੋ ਹੋਗੁ।"

-ਟੋਡੀ ੫, ੮, ੧:੨ (713)

(4) ਫਜ਼ੂਲ, ਬੇ ਅਰਥ

"ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ।"

-ਤਿਲੰ ਕਬ, ੧, ੨:੧ (727)

ਬਾਧ ------- ਮਿਥਿਆ

"ਜਿਉ ਉਲਝਾਇਓ ਬਾਧ ਬੁਧਿ ਕਾ ਮਰਤਿਆ ਨਹੀ ਬਿਸਰਾਨੀ।"

-ਗਉ ੫, ਅਸ ੧੫, ੪:੧ (242)

ਬਾਧਉ ------ (1) ਬੱਝ ਗਿਆ

"ਜਮ ਦਰਿ ਬਾਧਉ ਮਰੈ ਬਿਕਾਰੁ।"

-ਰਾਮ ੧, ਅਸ ੪, ੬:੩ (904)

(2) ਬੰਨ੍ਹਦਾ

"ਗਾਂਠਿ ਨ ਬਾਧਉ ਬੇਚਿ ਨ ਖਾਉ।"

-ਭੈਰ ਕਬ, ੧, ੧*:੨ (1157)

ਬਾਂਧਉ ------ ਬੰਨ੍ਹਾਂ ਭਾਵ ਕਰਾਂ

"ਰੋਗੁ ਵਡੋ ਕਿਉ ਬਾਂਧਉ ਧੀਰਾ।"

-ਬਸੰ ੧, ਅਸ ੪, ੩:੧ (1189)

ਬਾਂਧਹਿ ----- ਬੰਨ੍ਹਦਾ ਹੈ

"ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ।"

-ਆਸਾ ੧, ਅਸ ੧੩, ੧:੨ (418)

ਬਾਧਹੁ ------ ਬੰਨ੍ਹੋ, ਬੰਨ੍ਹ ਲਵੋ

"ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ।"

-ਸਿਰੀ ੧, ੧੭, ੧*:੨ (64)

ਹੋਰ ਰੂਪ:

ਬਾਂਧਹੁ–

"ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ।" (ਬੰਨੋ)

-ਬਸੰ ੧, ੯, ੧:੨ (1171)

ਬਾਧਤ ------ ਬੰਨ੍ਹਦਾ ਹੈ

"ਜਿਹ ਸਿਰਿ ਰਚਿ ਰਚਿ ਬਾਧਤ ਪਾਗ।"

-ਗਉ ੫, ੩੫, ੧:੧ (330)

ਬਾਂਧਨਿ ----- ਫਾਹੇ, ਫੰਦੇ

"ਬਾਂਧਨਿ ਬਾਂਧਿਆ ਸਭੁ ਜਗੁ ਭਵੈ।"

-ਸੂਹੀ ੧, ੨, ੨:੨ (728)

ਬਾਧਵ ------ ਸੰਬੰਧੀ

"ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਤਜਯਾ।"

-ਸਸ ੫, ੪੮:੩ (1358)

ਹੋਰ ਰੂਪ:

ਬਾਂਧਵ–

"ਦੀਨ ਬਾਂਧਵ ਭਗਤਿ ਵਛਲ ਸਦਾ ਸਦਾ ਕ੍ਰਿਪਾਲ।" (ਬੰਧੁ, ਸਹਾਇਕ, ਸੰਬੰਧੀ)

-ਮਾਨ ੫, ੮, ੧*:੨ (988)

ਬਾਧਵਾ–
“ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ।”
(ਸੰਬੰਧੀ ਭਾਵ ਭਰਾ)
–ਧਨਾ ਤ੍ਰਿਲੋ, ੧, ੨:੧ (695)

ਬਾਧਾ------- (1) ਬੱਧਾ, ਬਝਿਆ ਹੋਇਆ, ਬੰਨ੍ਹਿਆ ਹੋਇਆ
“ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।”
–ਸਿਰੀ ੩, ੫੧, ੨:੨ (33)

ਹੋਰ ਰੂਪ:

ਬਾਂਧਾ–
“ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ।”
–ਬਸੰ ੩, ੧੬, ੨:੧ (1176)

(2) ਬੰਜ੍ਹਾਵਾ
“ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ।”
–ਮਾਝ ੧, ਵਾਰ ੧੯ਸ, ੧, ੧:੧ (147)

ਬਾਧਾਤਾ ------ ਬੰਨ੍ਹਿਆ ਹੋਇਆ
“ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮ ਪੁਰਿ ਬਾਧਾਤਾ।”
–ਗਉ ੧, ੧੪, ੪:੨ (155)

ਬਾਧਿ------- ਬੰਨ੍ਹ ਕੇ
“ਘੂੰਅਰ ਬਾਧਿ ਭਏ ਰਾਮਦਾਸਾ ਰੋਟੀ ਅਨ ਕੇ ਓਪਾਵਾ।”
–ਮਾਰੂ ੫, ੧੫, ੩:੧ (1003)

ਹੋਰ ਰੂਪ:

ਬਾਂਧਿ–
“ਬਹਤੀ ਮਨਸਾ ਰਾਖਹੁ ਬਾਂਧਿ।”(ਬੰਨ੍ਹ ਕੇ, ਭਾਵ ਕਾਬੂ ਵਿਚ)

ਬਧਿਓ------ ਬੰਨ੍ਹੀਦਾ ਹੈ, ਬੱਝਦਾ ਹੈ
“ਕਿਉ ਬਾਧਿਓ ਕਿਉ ਮੁਕਤੀ ਪਾਵੈ।”
–ਗਉ ੧, ੬, ੧:੩ (152)

“ਜਬ ਇਨਿ ਅਪੁਨੋ ਬਾਧਿਓ ਮੋਹਾ।” (ਬੰਨ੍ਹਿਆ)
–ਗਉ ੫, ਅਰ ੧, ੪:੧ (235)

ਹੋਰ ਰੂਪ:

ਬਾਂਧਿਓ–
“ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ।” (ਬੰਨ੍ਹ ਲਿਆ/ਬੱਧਾ ਹੈ)
–ਧਨਾ ੫, ੩੮, ੨:੨ (680)

ਬਾਧਿਆ ---- ਬੰਨ੍ਹਿਆ
“ਆਪਨ ਨਗਰੁ ਆਪ ਤੇ ਬਾਧਿਆ।”
–ਗਉ ਕਬ, ੩0, ੧*:੧ (329)

"ਬੰਧਨਿ ਜਾ ਕੈ ਸਭੁ ਜਗੁ ਬਾਧਿਆ ਅਵਰੀ ਕਾ ਨਹੀ ਹੁਕਮੁ ਪਇਆ।"(ਬੱਝਾ ਹੋਇਆ)

-ਆਸਾ ੧, ਪਟੀ ੬:੨ (432)

ਹੋਰ ਰੂਪ:

ਬਾਂਧਿਆ-

"ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ।"(ਬੱਝ ਗਿਆ)

-ਸਿਰੀ ਬੇਣੀ, ੧, ੨:੪ (93)

"ਸਾਚ ਧਰਮ ਕਾ ਬੇੜਾ ਬਾਂਧਿਆ ਭਵ ਜਲ ਪਾਰਿ ਪਵਾਈ।"(ਬੰਨ੍ਹਿਆ)

-ਰਾਮ ੫, ਅਸ ੬, ੧੬:੧ (916)

ਬਾਧਿਲਾ ------ **ਬੰਨ੍ਹ ਲਿਆ**

"ਨਾਮਾ ਸੁਲਤਾਨੇ ਬਾਧਿਲਾ।"

-ਭੈਰ ਨਾਮ, ੧੦, ੧*:੧ (1165)

ਬਾਧੀ-------- **ਬੱਝ/ਬੰਨ੍ਹੀ ਗਈ**

"ਅੰਧੀ ਨਾਮੁ ਨ ਚੇਤਈ ਸਭ ਬਾਧੀ ਜਮਕਾਲਿ।"

-ਸਿਰੀ ੩, ੪੭, ੩:੨ (32)

"ਬਿਨੁ ਨਾਵੈ ਬਾਧੀ ਸਭ ਕਾਲਿ।"(ਬੰਨ੍ਹ ਲਈ)

-ਗਉ ੧, ੫, ੧*:੨ (152)

"ਆਪਿ ਨਿਰਾਲਮੁ ਧੰਧੈ ਬਾਧੀ ਕਰਿ ਹੁਕਮੁ ਛਡਾਵਣਹਾਰੋ।"(ਬੰਨ੍ਹਿਆ ਹੈ)

-ਵਡ ੧, ਅਲਾ ੪, ੨:੫ (581)

"ਪੀਰ ਗਈ ਬਾਧੀ ਮਨਿ ਧੀਰਾ ਮੋਹਿਓ ਅਨਦ ਧੁਨੀ।"(ਬੱਝ ਗਈ)

-ਬਿਲਾ ੫, ੧੨੭, ੧:੧ (829)

"ਬਾਧੀ ਧੰਧਿ ਅੰਧ ਨਹੀ ਸੂਝੈ ਬਧਿਕ ਕਰਮ ਕਮਾਵੈ।"(ਬਝੀ ਹੋਈ)

-ਮਲਾ ੧, ਅਸ ੨, ੮:੧ (1274)

ਹੋਰ ਰੂਪ:

ਬਾਂਧੀ-

"ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।"(ਬੱਝੀ ਹੋਈ)

-ਗਉ ਕਬ, ੪੩, ੧*:੨ (331)

"ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ।"(ਬੰਨ੍ਹੀ ਭਾਵ ਬਣਾਈ)

-ਗਉ ਕਬ, ੭੩, ੧:੧ (339)

ਬਾਂਧੀਅਹਿ----- **ਬੰਨ੍ਹੀਏ ਅਰਥਾਤ ਬਣਾਈਏ**

"ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ।"

-ਆਸਾ ੧, ਅਸ ੧੩, ੨:੧ (418)

ਬਾਧੀਆ------ **ਬੰਨ੍ਹੀ ਹੋਈ, ਬਝੀ ਹੋਈ**

"ਕੋਮਲ ਬੰਧਨ ਬਾਧੀਆ ਨਾਨਕ ਕਰਮਹਿ ਲੇਖ।"

-ਰਾਮ ੫, ਰੁਤੀ ੩, ੧ਸ:੨ (928)

ਬਾਧੇ ------- (1) ਬੰਨ੍ਹੇ ਹਨ
"ਇਤ ਉਤ ਮਨਮੁਖ ਬਾਧੇ ਕਾਲ।"
-ਗਉ ੧, ੧੧, ੩:੨ (154)
"ਆਪ ਕਮਾਇਐ ਆਪੇ ਬਾਧੇ।" (ਬੱਝਦੇ ਹਾਂ)
-ਗਉ ੫, ੧੬੮, ੪:੧ (199)
"ਬਾਧੇ ਜਮ ਕੀ ਜੇਵਰੀ ਮੀਠੀ ਮਾਇਆ ਰੰਗ।"
-ਗਉ ੫ ਬਾਅ ੯:੫ (252)
"ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ।" (ਬਝ ਗਏ)
-ਸੋਰ ੫, ਅਸ ੩, ੧:੨ (641)
(2) ਬਝੇ ਹੋਏ
"ਜਮਪੁਰਿ ਬਾਧੇ ਮਾਰੀਅਹਿ ਬਿਰਥਾ ਜਨਮੁ ਗਵਾਈ।"
-ਆਸਾ ੩, ਅਸ ੨੯, ੬:੨ (426)

ਹੋਰ ਰੂਪ:

ਬਾਂਧੇ-
"ਮੇਲੀ ਅਪਨੇ ਉਨਿਲੇ ਬਾਂਧੇ।"(ਬੰਨ੍ਹੇ)
-ਆਸਾ ੫, ੮੭, ੩:੩ (392)
"ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ਬਾਂਧੇ ਆਪ ਬਚਨੀ।"(ਬੰਨ੍ਹ ਕੇ)
-ਬਿਲਾ ਕਬ, ੯, ੧:੨ (857)

ਬਾਧੈ ------- ਬੰਨ੍ਹ ਕੇ
"ਕਹੁ ਛਡੀਆ ਬਾਧੈ ਧਨ ਖੜੀ।"
-ਗਉ ਕਬ, ੫੦, ੧*:੧ (333)

ਹੋਰ ਰੂਪ:

ਬਾਂਧੈ-
"ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ।"(ਬੰਨ੍ਹੇ)
-ਸਾਰ ਨਾਮ, ੩, ੧:੧ (1252)

ਬਾਧੋ ------- ਬੰਨ੍ਹਿਆ ਹੈ
"ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ।"
-ਸਿਰੀ ੧, ਅਸ ੪, ੨:੧ (55)

ਬਾਂਧੋ ------ ਰੋਕਿਆ
"ਆਸਾ ਮਨਸਾ ਬਾਂਧੋ ਬਾਰੁ।"
-ਬਸੰ ੧, ਅਸ ੧, ੬:੩ (1187)

ਬਾਧੌ ------- ਬੰਨ੍ਹਿਆ ਹੈ
"ਦੂਖ ਸੂਖ ਬਾਧੌ ਸੰਸਾਰ।"
-ਬਸੰ ੫, ਅਸ ੨, ੪:੨ (1192)

ਬਾਨ ------- (1) ਬੰਧਨ (ਮਹਾਨਕੋਸ਼), ਘਾਟ, ਕਸਰ (ਸ਼ਬਦਅਰਥ), ਸੁਭਾਵ (ਭਾਵ ਮਾੜਾ ਸੁਭਾ) (ਕੋਸ਼)

“ਜਾ ਕੇ ਚਾਕਰ ਕਉ ਨਹੀ ਬਾਨ।”

-ਗਉ ੫, ਅਸ ੬, ੬:੨ (449)

(2) ਤੀਰ

“ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ।”

-ਆਸਾ ੫, ਛੰਤ ੧੪, ੨:੨ (462)

ਬਾਨਵੈ ------ ਗਿਣਤੀ ਦੀ ਇਕ ਇਕਾਈ, ਦੋ ਉਪਰ ਨਬੇ

“ਜਾਂ ਚੈ ਘਰਿ ਨਿਕਟ ਵਰਤੀ ਅਰਜਨੁ ਧ੍ਰੂ ਪ੍ਰਹਲਾਦੁ ਅੰਬਰੀਕੁ ਨਾਰਦ ਨੇਜੈ ਸਿਧ ਬੁਧ ਗਣ ਗੰਧਰਬ ਬਾਨਵੈ ਹੇਲਾ।”

-ਮਲਾ ਨਾਮ, ੧, ੫:੧ (1292)

ਬਾਨਾ------- (1) ਪੇਟਾ

“ਤਾਨਾ ਬਾਨਾ ਕਛੂਨ ਸੂਝੈ ਹਰਿ ਹਰਿ ਰਸਿ ਲਪਟਿਓ।”

-ਬਿਲਾ ਕਬ, ੪, ੧:੨ (856)

(2) ਬਨ ਵਿਚ ਜੰਗਲ ਵਿਚ

“ਆਪੇ ਗਊ ਚਰਾਵੈ ਬਾਨਾ।”

-ਮਾਰੂ ੫, ਸੋਲਾ ੧੧, ੧੫:੨ (1083)

ਬਾਨਾਂ------- ਬਣਾਵਟ ਬਣਾਈ ਹੈ

“ਮਾਥੇ ਤਿਲਕੁ ਹਥਿ ਮਾਲਾ ਬਾਨਾਂ।

-ਭੈਰ ਕਬ, ੬, ੧:੧ (1158)

ਬਾਨਾਰਸਿ---- ਵਾਰਾਨਸੀ, ਉੱਤਰ ਪ੍ਰਦੇਸ਼ ਵਿਚ ਹਿੰਦੂਆਂ ਦਾ ਇਕ ਤੀਰਥ ਸਥਾਨ

“ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ।”

-ਆਸਾ ਕਬ, ੨, ੧:੩ (476)

ਬਾਨਾਰਸੀ---- ਬਨਾਰਸ ਵਿਚ

“ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ।”

-ਰਾਮ ਨਾਮ, ੪, ੧:੧ (973)

“ਮੇਰੀ ਜਾਤਿ ਕੁਟਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ।”(ਬਨਾਰਸ ਦੇ ਵਿਚ)

-ਮਾਲਾ ਰਵਿ, ੧, ੩:੧ (1293)

ਬਾਨਿ-------ਆਦਤ, ਸੁਭਾ

“ਤੂੰ ਰਾਮ ਰਹਨ ਕੀ ਛੋਡੁ ਬਾਨਿ।”

-ਬਸੰ ਕਬ, ੪, ੨:੩ (1194)

ਬਾਨੀ------- (1) ਸ਼ਬਦ, ਬਾਣੀ, ਕਾਵਿ- ਬੋਲ, ਬੋਲ

“ਜਾਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ।” (ਸ਼ਬਦ, ਬੋਲ)

-ਗਉ ੫, ੧੩੨*, ੪:੧ (208)

“ਪ੍ਰਭ ਕੈ ਸਿਮਰਨਿ ਹਰਿ ਗੁਨ ਬਾਨੀ।” (ਬਾਣੀ)

-ਗਉ ੫, ਸੁਖ ੧, ੭:੩ (263)

“ਨਿਰਮਲ ਸ਼ੋਭਾ ਅੰਮ੍ਰਿਤ ਤਾਕੀ ਬਾਨੀ।” (ਬੋਲ, ਵਚਨ)
-ਗਉ ੫, ਸੁਖ ੨੪, ੮:੫ (296)

(2) ਬੋਲੀ, ਬਚਨ
“ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ।”
-ਆਸਾ ੫, ਛੰਤ ੧, ੨:੫ (457)
“ਕਥਾ ਪੁਰਾਤਨ ਇਉ ਸੁਣੀ ਭਗਤਨ ਕੀ ਬਾਨੀ।”(ਭਾਵ ਜ਼ੁਬਾਨੀ)
-ਬਿਲਾ ੫, ੫੬, ੩:੧ (815)

(3) ਰੰਗ
“ਕੁਮ੍ਹਾਰੈ ਏਕ ਜੁ ਮਾਟੀ ਗੂੰਧੀ ਬਹੁ ਬਿਧਿ ਬਾਨੀ ਲਾਈ।”
-ਆਸਾ ਕਬ, ੧੬, ੨:੧ (479)

(4) ਭਾਂਤ, ਕਿਸਮ,ਪ੍ਰਕਾਰ
“ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ।”
-ਸੋਰ ਰਵਿ, ੨, ੨:੧ (658)

(5) ਤੀਰਾਂ ਨਾਲ
“ਪਾਂਚ ਮਿਰਗ ਬੇਧੇ ਸਿਵ ਕੀ ਬਾਨੀ।”
-ਭੈਰ ੫, ੪, ੧:੨ (1136)

(6) ਆਦਤ, ਸੁਭਾਉ
“ਪਰ ਦਰਬੁ ਹਿਰਨ ਕੀ ਬਾਨੀ।”
-ਪ੍ਰਭਾ ਬੇਣੀ, ੧, ੨:੪ (1351)

ਬਾਨੁ ------- ਤੀਰ
“ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ।”
-ਸਲੋ ਕਬ, ੧੯੪:੧ (1374)

ਬਾਨੇ ------- ਬਾਣੀ
“ਹਰਿ ਪੀ ਅਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ।”
-ਸਿਰੀ ੫, ਛੰਤ ੨, ੫:੩ (80)

ਬਾਨੈ ------- ਬਨ ਵਿਚ
“ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।”
-ਪ੍ਰਭਾ ਨਾਮ, ੨, ੨:੧ (1351)

ਬਾਪ ------ ਪਿਤਾ
“ਕਾ ਕੀ ਮਾਈ ਕਾ ਕੋ ਬਾਪ।”
-ਗਉ ੫, ੧੧੨, ੧:੧ (188)

ਬਾਪਰੋ ------ ਬਪੁਰਾ, ਵਿਚਾਰਾ
“ਐਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ।”
-ਗੋਂਡ ਨਾਮ, ੪, ੧*:੨ (874)

ਬਾਪਾ------- ਪਿਤਾ
“ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ।”
-ਸਿਰੀ ੫, ੬੭, ੨:੨ (51)

ਬਾਪਾਰ ------ ਵਣਜ, ਵਿਉਪਾਰ

“ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ।”

–ਸਾਰ ੫, ੩੫, ੨:੧ (1211)

ਹੋਰ ਰੂਪ:

ਬਾਪਾਰਿ–

“ਬਾਪਾਰਿ ਗੋਵਿੰਦ ਨਾਏ।” (ਵਣਜ ਦੁਆਰਾ)

–ਆਸਾ ੫, ੧੫੩, ੧*:੧ (408)

ਬਾਪਾਰੀ ------ ਵਣਜ ਕਰਨ ਵਾਲਾ, ਵਿਉਪਾਰੀ

“ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ।”

–ਗਉ ੫, ੮੫, ੧:੪ (181)

ਬਾਪਿ-------- ਪਿਤਾ ਨੇ

“ਬਾਪਿ ਦਿਲਾਸਾ ਮੇਰੇ ਕੀਨ੍ਾ।”

–ਆਸਾ ਕਬ, ੩, ੧:੧ (476)

ਹੋਰ ਰੂਪ:

ਬਾਪੁ–

“ਤੂੰ ਸਾਝਾ ਸਾਹਿਬ ਬਾਪੁ ਹਮਾਰਾ।”

–ਮਾਝ ੫, ੯, ੨:੧ (97)

ਬਾਪੁਰਾ ------ ਵਿਚਾਰਾ, ਬਪੁਰਾ

“ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ।”

–ਸਲੋ ਕਬ, ੧੫੩:੧ (1372)

ਹੋਰ ਰੂਪ:

ਬਾਪੁਰੀ–

“ਦੇਹੀ ਕਿਸ ਕੀ ਬਾਪੁਰੀ ਪਵਿਤ੍ਰ ਹੋਇਗੋ ਗ੍ਰਾਮੁ।”

–ਸਲੋ ਕਬ, ੧੧੦:੨ (1370)

ਬਾਪੁਰੇ–

“ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ।”(ਵਿਚਾਰੇ, ਨਿਮਾਣੇ)

–ਆਸਾ ਰਵਿ, ੩, ੧:੧ (486)

“ਤੂਟਿ ਜਾਇਗੋ ਸੂਤੁ ਬਾਪੁਰੇ ਫਿਰਿ ਪਾਛੈ ਪਛੁਤੋਹੀ।”

–ਸੋਰ ੫, ੪, ੩:੨ (609)

ਬਾਪਰੋ–

“ਤੈਸੇ ਰਾਮ ਨਾਮਾ ਬਿਨੁ ਬਾਪਰੋ ਨਾਮਾ।” (ਵਿਚਾਰਾ, ਨਿਮਾਣਾ)

–ਗੋਂਡ ਨਾਮ, ੪, ੫:੨ (874)

ਬਾਪੈ -------- ਪਿਤਾ ਤੋਂ, ਪਿਤਾ ਦਾ

“ਬਲਿ ਤਿਸੁ ਬਾਪੈ ਜਿਨਿ ਹਉ ਜਾਇਆ।”

–ਆਸਾ ਕਬ, ੩, ੨:੧ (476)

“ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।”

-ਸੋਰ ਰਵਿ, ੨, ੩:੧ (658)

ਹੋਰ ਰੂਪ:

ਬਾਪੋ–
“ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ।”
-ਗਉ ਕਬ, ੭੦, ੨:੨ (339)

ਬਾਬਰਵਾਣੀ--- ਬਾਬਰ ਦੀ ਦੁਹਾਈ
“ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।”
-ਆਸਾ ੧, ਅਸ ੧੧, ੫:੩ (417)

ਬਾਬਾ------- (1) ਹੇ ਭਾਈ! ਹੇ ਬਾਬਾ!
“ਬਾਬਾ ਜੈ ਘਰਿ ਕਰਤੇ ਕੀਰਤਿ ਹੋਇ।”
-ਆਸਾ ੧, ਸੋਹ ੨, ੧*:੧ (12)
“ਬਾਬਾ ਬੋਲੀਐ ਪਤਿ ਹੋਇ।”
-ਸਿਰੀ ੧, ੪, ੧*:੧ (15)
“ਹਉ ਖਰੀ ਦੁਹੇਲੀ ਹੋਈ ਬਾਬਾ ਨਾਨਕ ਮੇਰੀ ਬਾਤ ਨ ਪੁਛੈ ਕੋਈ।”
-ਗਉ ੧, ੧੩, ੩*:੧ (155)
“ਬਾਬਾ ਹੋਰੁ ਖਾਣਾ ਖੁਸੀ ਖੁਆਰੁ।”
-ਸਿਰੀ ੧, ੭, ੧*:੧ (16)
(ਮਹਾਨਕੋਸ਼ ਇਥੇ ਅਰਥ ‘ਪਿਤਾ’ ਕਰਦੇ ਹਨ)
(2) ਪਿਤਾ, ਬਾਪ
“ਬਾਬਾ ਮੈ ਵਰੁ ਦੇਹਿ ਮੈ ਹਰਿ ਵਰੁ ਭਾਵੈ ਤਿਸ ਕੀ ਬਲਿ ਰਾਮ ਜੀਉ।”
-ਸੂਹੀ ੧, ਛੰਤ ੧, ੨:੧ (763)
“ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ।”(ਸਤਿਕਾਰ ਯੋਗ ਸਤਿਗੁਰੂ)
-ਰਾਮ ੩, ਅਨੰ ੮:੧ (917)
(3) ਸਨਮਾਨ ਬੋਧਿਕ ਸ਼ਬਦ
“ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ।”
-ਭੈਰ ਕਬ, ੧੫, ੨:੩ (1161)

ਬਾਬਾਣੀਆਂ --- ਬਾਬਿਆਂ (ਬਜ਼ੁਰਗਾਂ) ਦੀਆਂ ਗਲਾਂ/ ਵਾਰਤਾਵਾਂ
“ਬਾਬਾਣੀਆਂ ਕਹਾਣੀਆ ਪੁਤ ਸਪੁਤ ਕਰੇਨਿ।”
-ਰਾਮ ੩, ਵਾਰ ੧੦ਸ, ੩, ੧:੧ (951)

ਬਾਬੀਹਾ ----- ਇਕ ਜੀਵ, ਪਪੀਹਾ
“ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ।”
-ਤੁਖਾ ੧, ਬਾਰਾ ੨:੧ (1107)

ਹੋਰ ਰੂਪ:

ਬਾਬੀਹੇ–
“ਬਾਬੀਹੇ ਕੂਕ ਪੁਕਾਰ ਰਹਿ ਗਈ ਸੁਖੁ ਵਸਿਆ ਮਨਿ ਆਇ।” (ਪਪੀਹੇ ਦੀ)
- ਮਾਝ ੧, ਵਾਰ ੧੫ਸ, ੩, ੧:੩ (1284)

ਬਾਬੀਹੈ–

“ਬਾਬੀਹੈ ਹੁਕਮੁ ਪਛਾਣਿਆ ਗੁਰ ਕੈ ਸਹਜਿ ਸੁਭਾਇ।”(ਪਪਹੇ ਨੇ)
-ਮਲਾ ੧, ਵਾਰ ੧੫ਸ, ੩, ੧:੧ (1284)

ਬਾਬੁਲ------ ਪਿਤਾ, ਬਾਪ
“ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ।”
-ਰਾਮ ੧, ਓਅੰ ੪੦:੩ (935)

ਹੋਰ ਰੂਪ:

ਬਾਬੁਲਾ–
“ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।” (ਹੇ ਬਾਬੁਲ)
-ਸਿਰੀ ੪, ਛੰਤ ੧, ੨:੧ (78)
ਬਾਬੁਲਿ–
“ਬਾਬੁਲਿ ਦਿਤੜੀ ਦੂਰਿ ਨਾ ਆਵੈ ਘਰਿ ਪੇਈਐ ਬਲਿ ਰਾਮ ਜੀਉ।”(ਬਾਬੁਲ ਨੇ)
-ਸੂਹੀ ੧, ਛੰਤ ੧੨, ੪:੧ (764)
ਬਾਬਲੁ–
“ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁਹਾਰਾ।”(ਪਿਤਾ ਭਾਵ ਹਰਿ)
-ਸੂਹੀ ੫, ਛੰਤ ੨, ੧:੩ (777)

ਬਾਬੈ ------- ਸਤਿਕਾਰ ਯੋਗ ਬਜੁਰਗ ਨੇ
“ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ।”
-ਗਉ ੪, ਵਾਰ ੧੪ਸ, ੪, ੧:੫ (307)

ਬਾਬੋਲਾ ----- ਹੇ ਪਿਤਾ, ਹੇ ਬਾਬਲ
“ਵੀਆਹੁ ਹੋਆ ਮੇਰੇ ਬਾਬੋਲਾ ਗੁਰਮੁਖੇ ਹਰਿ ਪਾਇਆ।”
-ਸਿਰੀ ੪, ਛੰਤ ੧, ੨:੬ (78)

ਬਾਮਣ------ ਬ੍ਰਾਹਮਣ, ਪੰਡਿਤ
“ਮੂਰਖ ਬਾਮਣ ਪ੍ਰਭੂ ਸਮਾਲਿ।”
-ਆਸਾ ੫, ੮, ੪:੧ (372)

ਹੋਰ ਰੂਪ:

ਬਾਮਣਾ–
“ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ।” (ਬ੍ਰਾਹਮਣਾਂ, ਪੰਡਿਤਾਂ)
-ਤਿਲੰ ੧, ੫, ੧*:੪ (722)
ਬਾਮਣੁ–
“ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ।” (ਹੇ ਬ੍ਰਾਹਮਣ)
-ਸਲੋ ੫, ੪:੨ (1425)

ਬਾਮਨ ------ ਬ੍ਰਾਹਮਣ
“ਕਹੁ ਰੇ ਪੰਡਿਤ ਬਾਸਨ ਕਬ ਕੇ ਹੋਏ।”
-ਗਉ ਕਬ, ੭, ੧*:੧ (324)

ਹੋਰ ਰੂਪ:

ਬਾਮਨੁ–
“ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।”
–ਸਲੋ ਕਬ, ੨੩੭:੧ (1377)

ਬਾਮ੍ਹਣ ------ ਬ੍ਰਾਹਮਣ
“ਤਗੁ ਕਪਾਹਹੁ ਕਤੀਐ ਬਾਮ੍ਹਣ ਵਟੇ ਆਇ।”
–ਆਸਾ ੧, ਵਾਰ ੧੫ਸ, ੧, ੨:੩ (411)

ਬਾਮ੍ਹਨ ------ ਬ੍ਰਾਹਮਣ
“ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ।”
–ਰਾਮ ਕਬ, ੫, ੧*:੧ (970)

ਹੋਰ ਰੂਪ:

ਬਾਮ੍ਹਨੁ–
“ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ।”
–ਆਸਾ ਕਬ, ੨੬, ੩:੧ (482)

ਬਾਰ ------- (1) ਦਰਵਾਜਾ
“ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।”(ਭਾਵ ਘਰ ਘਾਟ)
–ਮਾਝ ੧, ਵਾਰ ੮:੬ (141)
“ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ।”
–ਸਲੋ ਕਬ, ੬੧:੨ (1367)
(2) ਮੁੜ, ਪੁਨਹਿ, ਫਿਰ
“ਹਮਰੇ ਅਵਗੁਣ ਬਹੁਤੁ ਬਹੁਤੁ ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ।”(ਦੁਬਾਰਾ ਦੁਬਾਰਾ)
–ਗਉ ੪, ੪੯, ੨:੧ (167)
“ਬਾਰੰ ਬਾਰ ਬਾਰ ਪ੍ਰਭੁ ਜਪੀਐ।”
–ਗਉ ੫, ਸੁਖ ੧੦, ੭:੫ (286)
(ਮਹਾਨਕੋਸ਼ ਇਥੇ ਅਰਥ ਮੂਲ ਕਾਰਣ ਕਰਦੇ ਹਨ
(3) ਵਾਰ, ਦਫਾਅ
“ਅਨਿਕ ਬਾਰ ਨਾਨਕ ਬਲਿਹਾਰਾ।”
–ਗਉ ੫, ੧੪੮, ੪:੧ (195)
“ਕਈ ਬਾਰ ਪਸਰਿਓ ਪਾਸਾਰ।”
–ਗਉ ੫, ਸੁਖ ੧੦, ੭:੫ (276)
(4) ਢਿਲ, ਢੇਰੀ
“ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈਰੇ।”
–ਗਉ ੫, ੧੩੭*, ੨:੧ (209)
(5) ਵੇਲੇ, ਸਮੇਂ
“ਮਨ ਕੈ ਕਾਮਿ ਨ ਆਵਈ ਅੰਤੇ ਅਉਸਰ ਬਾਰ।”
–ਗਉ ੫, ਬਾਅ ੩੩:੪ (257)
“ਅੰਤ ਕੀ ਬਾਰ ਨਹੀ ਕਛੁ ਤੇਰਾ।”
–ਗਉ ਕਬ, ੧੧, ੧*:੨ (325)

(6) ਬਾਲ, ਬਾਲਕ
“ਬਾਰ ਬਿਵਸਥਾ ਤੁਝਹਿ ਪਿਆਰੈ ਦੂਧ।”
-ਗਉ ੫, ਸੁਖ ੪, ੧:੫ (266)

(7) ਮੌਕਾ
“ਇਹੀ ਤੇਰਾ ਅਉਸਰੁ ਇਹ ਤੇਰੀ ਬਾਰ।”
-ਭੈਰ ਕਬ, ੯, ੫:੧ (1159)

ਬਾਰਸਿ -----ਬਾਰ੍ਹਵੀ
“ਬਾਰਸਿ ਬਾਰਹ ਉਗਵੈ ਸੂਰ।”
-ਗਉ ਕਬ, ਥਿਤੀ ੧੩:੧ (344)

ਬਾਰਹ ------ਬਾਰਾਂ, 12 ਗਿਣਤੀ ਦੀ ਇਕ ਇਕਾਈ
“ਬਾਰਸਿ ਬਾਰਹ ਉਗਵੈ ਸੂਰ।”
-ਗਉ ਕਬ, ਥਿਤੀ ੧੩:੧ (344)

ਬਾਰਹਾ------ ਬਾਰਾਂ
“ਬਾਰਹਾ ਕੰਚਨੁ ਸੁਧੁ ਕਰਾਇਆ।”
-ਮਾਰੂ ੫, ਸੋਲਾ ੩, ੧੬:੧ (1074)

ਹੋਰ ਰੂਪ:

ਬਾਰਹਿ–
“ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ।”(ਬਾਰਾਂ ਵੰਰੀਆਂ ਦਾ)
-ਸਾਰ ੫, ੩, ੨:੨ (1203)

ਬਾਰੰਤਰਿ ----ਬਾਰ ਤੇ ਆਉਣ ਵਾਲੀ, ਦਰ ਉਤੇ
“ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ।”
-ਸਵ ੫, ਕਲ ੯, ੩:੨ (1408)
(ਮਹਾਨਕੋਸ਼ ਅਰਥ ‘ਬਾਹਰਤੇ ਅੰਦਰ’ ਕਰਦਾ ਹੈ)

ਬਾਰਤਾ -----ਵਾਰਤਾ
“ਸੁਰਤਿ ਮਾਹਿ ਜੋ ਨਿਰਤੇ ਕਰਤੇ ਕਥਾ ਬਾਰਤਾ ਕਹਤੇ।”
-ਆਸਾ ਕਬ, ੧੮, ੧*:੨ (480)

ਬਾਰਨੈ ------ਕੁਰਬਾਣ, ਬਲਿਹਾਰ, ਸਦਕੇ
“ਬਾਰਨੈ ਬਲਿਹਾਰਨੈ ਲਖ ਬਰੀਆ।”
-ਗਉ ੫, ੧੪੩*, ੧*:੧ (211)

ਬਾਰੰਬਾਰ ----ਫਿਰ ਫਿਰ, ਮੁੜ ਮੁੜ
“ਸਿਮਰਿ ਸਿਮਰਿ ਨਾਮੁ ਬਾਰੰਬਾਰ।”
-ਗਉ ੫, ਸੁਖ ੨੪, ੨:੯ (295)

ਹੋਰ ਰੂਪ:

ਬਾਰੰਬਾਰਾ–
“ਕਿਆ ਸੋਚਹਿ ਬਾਰੰਬਾਰਾ।”

-ਸੋਰ ਕਬ, ੭, ੧*:੨ (655)

ਬਾਰਾ------- (1) ਵਾਰ, ਦਫਾ

"ਨਹੀ ਹੋਤ ਕਛੁ ਦੋਊ ਬਾਰਾ।"

-ਗਉ ੫, ਬਾਅ ੧੭:੩ (253)

(2) ਦੇਰੀ, ਸਮਾਂ

"ਤਉ ਭਵਜਲ ਤਰਤ ਲਾਵੈ ਬਾਰਾ।"

-ਗਉ ਕਬ, ਬਾਅ ੪੦:੪ (342)

(3) ਦਰਵਾਜਾ, ਵੇਖੋ 'ਬਾਰ' (1)

"ਕੂੜੁ ਕਮਾਵਹਿ ਆਦਮੀ ਬਾਂਧਹਿ ਘਰ ਬਾਰਾ।"

-ਆਸਾ ੧, ਅਸ ੧੩, ੧:੨ (418)

ਬਾਰਿ------- (1) ਕੁਰਬਾਨ, ਬਲਿਹਾਰ, ਸਦਕੇ, ਵਾਰਨੇ

"ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ।"

-ਮਾਝ ੫, ਬਾਰਾ ੧੧:੭ (135)

(2) ਵਾੜ

"ਮਨੁ ਮੰਦਰੁ ਤਨੁ ਸਾਜੀ ਬਾਰਿ।"

-ਗਉ ੫, ੮੫, ੧:੧ (180)

(3) ਮੁੜ ਮੁੜ ਕੇ

"ਬਾਰਿ ਬਾਰਿ ਜਾਉ ਸੰਤ ਸਦਕੇ।"

-ਗਉ ੫, ਬਾਅ ੨੭:੭ (255)

(4) ਦਰਵਾਜ਼ੇ ਤੇ

"ਛੂਟਨ ਕੋ ਸਹਸਾ ਪਰਿਆ ਮਨ ਬਉਰਾ ਰੇ ਨਾਚਿਓ ਘਰ ਘਰ ਬਾਰਿ।"

-ਗਉ ਕਬ, ੫੭, ੨:੨ (336)

(5) ਜੰਗਲ

"ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।"

-ਗੂਜ ੫, ਵਾਰ ੧੦, ੫, ੧:੧ (520)

(6) ਬਾਰ ਦਾ ਇਲਾਕਾ, ਪੰਜਾਬ ਦੇ ਇਕ ਇਲਾਕੇ ਦਾ ਨਾਂ

"ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।"

-ਤੁਖਾ ੧, ਬਾਰਾ ੫:੨ (1108)

ਬਾਰਿਕ ----- (1) ਬਾਲਕ, ਬਚੇ

"ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ।"

-ਸਿਰੀ ੫, ੯੭, ੧:੨ (51)

(2) ਬਚਪਣ, ਬਾਲ ਅਵਸਥਾ

"ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ।"

-ਗਉ ੫, ਬਾਅ ੧੯:੩ (254)

ਹੋਰ ਰੂਪ:

ਬਾਰਿਕੁ-

"ਜਿਉ ਬਾਰਿਕੁ ਪੀ ਖੀਰੁ ਅਘਾਵੈ।" (ਬੱਚਾ)

-ਮਾਝ ੫, ੨੧, ੨:੧ (100)

ਬਾਰਿਜੁ ----- (ਪਾਣੀ ਤੋਂ ਪੈਦਾ ਹੋਇਆ) ਕਮਲ
“ਬਾਰਿਜੁ ਕਰਿ ਦਾਹਿਣੈ ਸਿਧਿ ਸਨਮੁਖ ਮੁਖੁ ਜੋਵੈ।”
-ਸਵ ੩, ੯:੧ (1394)

ਬਾਰੀ ------ (1) ਵਾਰ, ਦਫਾਅ
“ਉਚਰਹੁ ਰਾਮ ਨਾਮੁ ਲਖ ਬਾਰੀ।”
-ਗਉ ੫, ੧੪੪, ੧*:੧ (194)
(2) ਵਾੜੀ
“ਨਾਉ ਮੇਰੀ ਖੇਤੀ ਨਾਉ ਮੇਰੀ ਬਾਰੀ।”
-ਭੈਰ ਕਬ, ੧, ੧:੧ (1157)
(3) ਵਾਰੀ ਆਈ
“ਪੁਨਿ ਅਸਲੇਖੀ ਕੀ ਭਈ ਬਾਰੀ।”
-ਰਾਗ ੧:੫ (1429)

ਬਾਰੁ ------- (1) ਦਰਵਾਜਾ, ਵੇਖੋ ਬਾਰ (1)
“ਪਿਰ ਕਾਮਹਲੁ ਨ ਪਾਵਈ ਨਾ ਦੀਸੈ ਘਰੁ ਬਾਰੁ।”
-ਸਿਰੀ ੩, ੪੬, ੧:੩ (31)
“ਬਿਨੁ ਗੁਰ ਸਬਦ ਨਹੀ ਘਰੁ ਬਾਰੁ।” (ਭਾਵ ਹਰੀ ਦੁਆਰਾ)
-ਰਾਮ ੧, ਅਸ ੬, ੮:੩ (906)
(2) ਘਰ ਦੀ ਸਮਗਰੀ
“ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ।”
-ਗਉ ੧, ੧੪, ੧:੧ (155)
(3) ਟਿਕਾਣਾ
“ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ।”
-ਰਾਮ ੫, ਵਾਰ, ੧੧:੪ (962)

ਬਾਰੁਨੀ -----ਸ਼ਰਾਬ
“ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ।”
-ਮਾਝ ਰਵਿ, ੧, ੧:੧ (1293)

ਬਾਰੂ -------ਰੇਤ
“ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।”
-ਸੋਰ ੯, ੮, ੧:੧ (633)

ਬਾਰੇ ------- (1) ਦਰਵਾਜ਼ੇ ਵਿਚ
“ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ।”
-ਵਡ ੧, ਛੰਤ ੩, ੫:੨ (580)
ਹੋਰ ਰੂਪ:
ਬਾਰੈ-
“ਤੇ ਭਵਹਿ ਨ ਬਾਰੈ ਬਾਰਾ।” (ਦਰਵਾਜਿਓ)
-ਮਾਰੂ ਕਬ, ੩, ੯*:੨ (1103)
(2) ਵਾਰ ਦੇਈਏ, ਕੁਰਬਾਨ ਕਰੀਏ

"ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ।"
–ਧਨਾ ੫, ੪੦, ੧:੨ (680)

"ਲਾਲ ਰੰਗੀ ਲੇ ਪ੍ਰੀਤਮ ਮਨਮੋਹਨ ਤੇਰੇ ਦਰਸਨ ਕਉ ਹਮ ਬਾਰੇ।"(ਕੁਰਬਾਨ/ਬਲਿਹਾਰ ਹਾਂ)
–ਸੂਹੀ ੫, ੬, ੧*:੧ (738)

ਹੋਰ ਰੂਪ:

ਬਾਰੈ–
"ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੈ।" (ਵਾਰਨੇ, ਬਲਿਹਾਰ)
–ਬਿਲਾ ੫, ੮੨, ੧*:੨ (820)

(3) ਬਾਲਕ
"ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈ ਹੈ ਰੇ।"
–ਬਿਲਾ ਕਬ, ੧, ੧:੧ (855)

(4) ਬਾਰ ਵਿਚ, ਜੰਗਲ ਵਿਚ
"ਰਬੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ।"
–ਤੁਖਾ ੧, ਬਾਰਾ ੮:੪ (1108)

ਬਾਰੈ ------- (1) ਦਰਵਾਜਿਓ, ਵੇਖੋ 'ਬਾਰੇ' (1)
(2) ਬਲਿਹਾਰ, ਵਾਰਨੇ, ਵੇਖੋ 'ਬਾਰੇ' (2)
(3) ਦੁਬਾਰਾ, ਮੁੜਕੇ
"ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ।"
–ਸਲੋ ਕਬ, ੩੦:੧ (1366)

ਹੋਰ ਰੂਪ:

ਬਾਰੋ–
"ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ।"
–ਗੂਜ ੩, ੯, ੪:੧ (492)

ਬਾਰੋ ------- (1) ਮੁੜਕੇ, ਦੁਬਾਰਾ, ਪੁੰਨੇਹ, ਵੇਖੋ ਬਾਰੈ (3)
(2) ਬਾਲਕ, ਬਚਾ
"ਜਲ ਬਿਹੂਨ ਮੀਨ ਕਤ ਜੀਵਨ ਦੂਧ ਬਿਨਾ ਰਹਨੁ ਕਤ ਬਾਰੋ।"
–ਬਿਲਾ ੫, ੧੨੩, ੨:੧ (829)

ਬਾਰੋਬਾਰਾ ----- ਮੁੜ ਮੁੜ ਕੇ
"ਬਿਨੁ ਗੁਰ ਪੂਰੇ ਜਨਮ ਮਰਣੁ ਨ ਰਹਈ ਫਿਰਿ ਆਵਤ ਬਾਰੋਬਾਰਾ।"
–ਸੋਰ ੫, ੯, ੧*:੨ (611)

ਬਾਲ ------- (1) ਬਾਲਕ, ਬੱਚਾ
"ਬਾਲ ਬਿਨੋਦ ਚਿੰਦ ਰਸ ਲਾਗਾ ਖਿਨੁ ਖਿਨੁ ਮੋਹਿ ਵਿਆਪੈ।"
–ਸਿਰੀ ਬੇਣੀ, ੧, ੨:੧ (93)

"ਨਾਨਕ ਤੁਮਰੇ ਬਾਲ ਗੁਪਾਲਾ।" (ਭਾਵ ਸੇਵਕ)
–ਗਉ ੫, ਬਾਅ ੪੮:੮ (260)

(2) ਬਚਪਣ/ਬਾਲਪਣ ਦਾ

"ਸਤਿਗੁਰੁ ਮਿਤ੍ਰੁ ਮੇਰਾ ਬਾਲ ਸਖਾਈ।"

-ਮਾਝ ੪, ੧, ੪:੧ (94)

(3) ਪੁੱਤਰ, ਮੁੰਡਾ

"ਬਾਲ ਕੰਨਿਆ ਕੌ ਬਾਪੁ ਪਿਆਰਾ ਭਾਈ ਕੌ ਅਤਿ ਭਾਈ।"

-ਸੋਰ ੧, ੩, ੧*:੨ (596)

(4) ਵਾਲਾ, ਕੇਸ

"ਬੰਕੇ ਬਾਲ ਪਾਗਸਿਰਿ ਡੇਰੀ।"

-ਸੋਰ ਰਵਿ, ੬, ੩:੧ (659)

"ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ।"(ਕੇਸਾਂ/ਵਾਲਾਂ ਨਾਲ)

-ਬਿਲਾ ੫, ੪੧, ੧:੧ (810)

(5) ਤੱਤੀ ਹਵਾ, ਸੇਕ

"ਕੰਠਿ ਲਾਇ ਰਾਖੈ ਅਪਨੇ ਕਉ ਤਿਸ ਨੋ ਲਗੈ ਨ ਤਾਤੀ ਬਾਲ।"

-ਬਿਲਾ ੫, ੧੦੨, ੧:੨ (824)

(6) ਬਲਿਹਾਰ, ਵਾਰਨੇ, ਸਦਕੇ

"ਤਿਸ ਕਉ ਹਉ ਬਲਿ ਬਲਿ ਬਾਲ।"

-ਨਟ ੪, ੯, ੧*:੨ (977)

(7) ਇਸਤ੍ਰੀ, ਬਾਲਾ ਭਾਵ ਮਾਇਆ ਦਾ

"ਪ੍ਰਭ ਕੀ ਸਰਣਿ ਗਹਤ ਸੁਖੁ ਪਾਈਐ ਕਿਛੁ ਭਉ ਨ ਵਿਆਪੈ ਬਾਲ ਕਾ।"

-ਮਾਰੂ ੫, ਸੋਲਾ ੧੩, ੧:੩ (1084)

ਬਾਲਹਾ ----- ਪਿਆਰਾ

"ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ।"

-ਧਨਾ ਨਾਮ, ੩, ੧:੧ (693)

ਬਾਲਕ------ (1) ਬਚਾ

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਾਲਕ ਬੁਧਿ ਅਚੇਤੁ।" (ਬਚਿਆਂ ਵਾਲੀ)

-ਸਿਰੀ ੧, ਪਹ ੨, ੧:੧ (75)

"ਪ੍ਰਭ ਬਾਲਕ ਰਾਖੇ ਆਪੇ।" (ਬਚੇ ਭਾਵ ਸ੍ਰੀ ਹਰਿਗੋਬਿੰਦ ਜੀ ਨੂੰ)

-ਸੋਰ ੫, ੭੫, ੧:੨ (627)

ਹੋਰ ਰੂਪ:

ਬਾਲਕੁ-

"ਬਾਲਕੁ ਬਿਰਧਿ ਨ ਜਾਣੀਐ ਨਿਹਚਲੁ ਤਿਸੁ ਦਰਵਾਰੁ।"

-ਸਿਰੀ ੫, ੮੩, ੨:੩ (47)

"ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ।" (ਭਾਵ ਮਨ)

-ਬਸੰ ੪, ਅਸ ੧, ੧*:੧ (1191)

(2) ਬਚਪਣ

"ਬਾਲਕ ਬਿਰਧਿ ਨ ਸੁਰਤਿ ਪਰਾਨਿ।"

-ਆਸਾ ੧, ਅਸ ੬, ੬:੧ (414)

ਬਾਲਗੋਪਾਲਾ -- ਪਿਆਰੇ ਬਚੇ

"ਮਾਤ ਪਿਤਾ ਸੁਆਮਿ ਸਜਣੁ ਸਭੁ ਜਗਤੁ ਬਾਲਗੋਪਾਲਾ।"
-ਵਡ ੫, ਛੰਤ ੩, ੨:੪ (578)

ਬਾਲਣ------ ਈਂਧਨ, ਸਾੜੀ ਜਾਣ ਵਾਲੀ ਲਕੜੀ
"ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ।"
-ਸਲੋ ਫਰ, ੭੨:੨ (1381)

ਹੋਰ ਰੂਪ:

ਬਾਲਣੁ –
"ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ।"
-ਸਲੋ ਫਰ, ੧੧੯:੨ (1384)

ਬਾਲਤਣਿ ---- ਬਾਲਪਨ, ਬਚਪਨ
"ਦਾਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।"
-ਮਾਝ ੧, ਵਾਰ ੧ਸ, ੧, ੩:੧ (138)

ਬਾਲਪਨ------ ਬਚਪਨ
"ਬਾਰਹ ਬਰਸ ਬਾਲਪਨ ਬੀਤੇ ਬੀਸ ਬਰਸ ਕਛੁ ਤਪੁ ਨ ਕੀਓ।"
-ਆਸਾ ਕਬ, ੧੫, ੧:੧ (479)

ਹੋਰ ਰੂਪ:

ਬਾਲਪਨੁ–
"ਤਰਨਾਪੋ ਬਿਖਿਅਨ ਸਿਉ ਖੋਇਓ ਬਾਲਪਨੁ ਅਗਿਆਨਾ।"
-ਰਾਮ ੯, ੩, ੧:੧ (902)

ਬਾਲਬੁਧਿ ---- (1) ਬਾਲਕਮਤ, ਨਾਦਾਨੀ, ਮਾਸੂਮੀਅਤ
"ਪਾਇਓ ਬਾਲਬੁਧਿ ਸੁਖੁ ਰੇ।"
-ਗਉ ੫, ੧੫੯*, ੧*:੧ (214)
(2) ਭੋਲਾ, ਮਾਸੂਮ, ਬਾਲ ਬੁੱਧੀ ਵਾਲੇ
"ਬਾਲਬੁਧਿ ਪੂਰਨ ਸੁਖਦਾਤਾ ਨਾਨਕ ਹਰਿ ਹਰਿ ਟੇਕ।"
-ਟੋਡੀ ੫, ੧੩, ੨:੨ (714)

ਬਾਲਮੀਕਹਿ--- ਬਾਲਮੀਕ (ਇਕ ਰਿਸ਼ੀ) ਵਲ
"ਕਾਹੇ ਨ ਬਾਲਮੀਕਹਿ ਦੇਖ।"
-ਕੇਦਾ ਰਵਿ, ੧, ੧*:੧ (1124)

ਬਾਲਮੀਕੁ ---- ਇਕ ਰਿਸ਼ੀ ਜਿਸ ਦੀ ਰਚਨਾ 'ਰਮਾਇਨ' ਬਹੁਤ ਪ੍ਰਸਿੱਧ ਹੈ ਪਹਿਲਾਂ ਇਕ ਡਾਕੂ ਅਥਵਾ ਧਾੜ ਵੀ ਰਾਹ ਮਾਰ ਸੀ।
"ਧੰਨਾ ਜਟੁ ਬਾਲਮੀਕੁ ਬਟਵਾਰਾ ਗੁਰਮੁਖਿ ਪਾਰਿ ਪਇਆ।"
-ਮਾਰੂ ੪, ੨, ੧*:੨ (995)

ਹੋਰ ਰੂਪ:

ਬਾਲਮੀਕੈ–
"ਬਾਲਮੀਕੈ ਹੋਆ ਸਾਧਸੰਗੁ।" (ਬਾਲਮੀਕ ਨੂੰ)

-ਬਸੰ ੫, ਅਸ ੧, ੧:੩ (1192)

ਬਾਲੜੀਏ ---- (1) ਕੰਨਿਆ/ਬਾਲੜੀ ਨੇ
"ਵਰੁ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ।"
-ਸੂਹੀ ੧, ਛੰਤ ੩, ੩:੧ (765)
(2) ਹੇ ਬਾਲੜੀ (ਇਆਣੀ) ਇਸਤ੍ਰੀਦੇ
"ਸਤਿ ਗੁਰੁ ਸੇਵਿ ਧਨ ਬਾਲੜੀਏ ਹਰਿ ਵਰੁ ਪਾਵਹਿ ਸੋਈ ਰਾਮ।"
-ਸੂਹੀ ੩, ਛੰਤ ੪, ੨:੧ (770)

ਬਾਲਾ ------ (1) ਜਵਾਨ, ਜਰ ਰਹਿਤ
"ਘਰ ਹੀ ਮਹਿ ਪ੍ਰੀਤਮੁ ਸਦਾ ਹੈ ਬਾਲਾ।"
-ਮਾਝ ੫, ਅਸ ੨੮, ੨:੨ (126)
"ਸਰਬ ਨਿਰੰਤਰਿ ਪ੍ਰੀਤਮੁ ਬਾਲਾ।"
-ਗਉ ੧, ਅਸ ੫, ੪:੨ (223)
(2) ਜਵਾਨ ਇਸਤ੍ਰੀ
"ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ।"(ਭਾਵ ਮਾਇਆ)
-ਗਉ ੫, ੧੨੭*, ੩:੨ (206)
(3) ਬਚਿਆਂ ਨੂੰ ਬਾਲਕਾਂ ਨੂੰ
"ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ।"
-ਸੋਰ ੫, ੧੭, ੩:੨ (613)
"ਨਾ ਇਹੁ ਬੂਢਾ ਨਾ ਇਹੁ ਬਾਲਾ।" (ਬਾਲਕ)
-ਗੋਂਡ ੫, ੨੧, ੧:੧ (868)
(4) ਵਾਲਾ
"ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ।"
-ਧਨਾ ੧, ਛੰਤ ੩, ੫:੪ (689)
(5) ਬਾਲ ਅਵਸਥਾ ਵਾਲਾ
"ਓਹੁ ਨ ਬਾਲਾ ਬੂਢਾ ਭਾਈ।"
-ਆਸਾ ੫, ੩੩, ੧*:੨ (378)
"ਥਰਹਰ ਕੰਪੈ ਬਾਲਾ ਜੀਉ।" (ਅੰਞਾਣਾ ਦਿਲ)
-ਸੂਹੀ ਕਬ, ੨, ੧:੧ (792)
(ਮਹਾਨ ਕੋਸ਼ ਇਸ ਦੇ ਅਰਥ 'ਜੁਆਨ ਇਸਤ੍ਰੀ' ਕਰਦਾ ਹੈ)
(6) ਬਾਲਕ ਵਿਦਿਆਰਥੀ ਭਾਵ ਜਗਿਆਸੂ
"ਕਹੰਤ ਬੇਦਾ ਗੁਣੰਤ ਗੁਨੀਆ ਸੁਣੰਤ ਬਾਲਾ ਬਹੁ ਬਿਧਿ ਪ੍ਰਕਾਰਾ।"
-ਸਸ ੫, ੧੪:੧ (1355)

ਬਾਲਿਆ ---- ਜਗਾਇਆਂ, ਪ੍ਰਜਵਲਤ ਕੀਤਾ
"ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ।"
-ਮਲਾ ੧, ਵਾਰ ੧੪:੪ (1284)

ਬਾਲਿਕ ----- ਬਚੇ
"ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ ਧਾਰਿ।"

-ਆਸਾ ੫, ੩੭, ੧*:੧ (379)

ਹੋਰ ਰੂਪ:

ਬਾਲਿਕੁ
“ਕਰੁ ਮਸਤਕਿ ਧਾਰਿ ਬਾਲਿਕੁ ਰਖਿ ਲੀਨੋ।”
-ਬਿਲਾ ੫, ੮੬, ੧:੧ (821)

ਬਾਲੀ ------ ਜੁਆਨ ਇਸਤ੍ਰੀ
“ਪੰਥੁ ਦਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ।”
(ਮਹਾਨ ਕੋਸ਼ ਇਥੇ ਅਰਥ ਵਾਲੀ ਕਰਦੇ ਹਨ)
-ਆਸਾ ੪, ਛੰਤ ੧੬, ੨:੧ (449)
“ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੈ।”
-ਤਿਲੰ ੧, ੪, ੨:੧ (722)
(2) ਬਾਲ ਅਵਸਥਾ ਵਾਲੀ
“ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ।”
-ਵਡ ੩, ਛੰਤ ੧, ੨:੪ (568)
“ਸਾ ਧਨ ਬਾਲੀ ਧੁਰਿ ਮੇਲੀ ਮੇਰੈ ਪ੍ਰਭਿ ਆਪਿ ਮਿਲਾਈ ਰਾਮ।”
-ਸੂਹੀ ੩, ਛੰਤ ੪, ੪:੧ (770)
(3) ਲੜਕੀ
“ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ।”
-ਸੂਹੀ ੧, ਛੰਤ ੧, ੩:੫ (763)

ਬਾਲੀਐ ----- ਜਗਾਈਏ, ਪ੍ਰਜਵਲਤ ਕਰੀਏ
“ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ।”
-ਸਿਰੀ ੩, ੬੪, ੨:੪ (39)

ਬਾਲੁ ------- ਬੱਚਾ
“ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ।”
-ਗੋਂਡ ਕਬ, ੯, ੩:੧ (873)

ਬਾਲੂ ------- ਰੇਤ
“ਗ੍ਰਿਹ ਬਾਲੂ ਨੀਰਿ ਬਹਾਵਨੇ।”
-ਗਉ ੫, ੧੪੨*, ੩:੨ (211)

ਬਾਲੇ ------- (1) ਬੱਚੇ ਨੂੰ
“ਨਿਰਧਨ ਕਉ ਧਨੁ ਅੰਧੁਲੇ ਕਉ ਟਿਕ ਮਾਤ ਦੂਧੁ ਜੈਸੇ ਬਾਲੇ।”
-ਧਨਾ ੫, ੩੨, ੨:੧ (679)
(2) ਜਗਾਵੇ
“ਐਸਾ ਦੀਵਾ ਬਾਲੇ ਕੋਇ।”
-ਰਾਮ ੧, ੭, ੪:੫ (878)
(3) ਬਾਲਕੇ, ਲੜਕੇ
“ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ।”
-ਰਾਮ ੧, ਸਿਗੋ ੨:੩ (938)

ਬਾਲੈ -------- ਲੜਕੇ ਨਾਲ
"ਮਾਇ ਨਿਰਾਸੀ ਰੋਇ ਵਿਛੁੰਨੀ ਬਾਲੀ ਬਾਲੈ ਹੇਤੇ।"
-ਸੂਹੀ ੧, ਛੰਤ ੧, ੩:੫ (763)

ਬਾਵਨ ------ (1) ਬਵੰਜਾ, ਗਿਣਤੀ ਦੀ ਇਕ ਇਕਾਈ
"ਬਾਵਨ ਅਛਰ ਲੋਕ ਤ੍ਰੈ ਸਭੁ ਕਛੁ ਇਨ ਹੀ ਮਾਹਿ।"
-ਗਉ ਕਬ, ਬਾਅ ੧:੧ (340)
(2) ਬਉਣਾ
"ਬਾਵਨ ਰੂਪੁ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ।"
-ਮਾਰੂ ੫, ੧੧, ੩:੩ (1082)
(3) ਚਿਟਾ ਚੰਦਨ ਜੋ ਸੁਗੰਧੀ ਵਾਲਾ ਹੁੰਦਾ ਹੈ
"ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।"
-ਪ੍ਰਭਾ ਨਾਮ, ੨, ੨:੧ (1351)
"ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ।" (ਚਿੱਟਾ)
-ਸਸ ੫, ੩੯:੧ (1357)

ਬਾਵਰ ------ ਬਾਉਲਾ, ਝੱਲਾ, ਕਮਲਾ
"ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ।"
-ਗਉ ੫, ੧੨੭*, ੧*:੨ (206)
"ਬਾਵਰ ਸੋਇ ਰਹੇ।" (ਝਲੇ ਲੋਕ)
-ਆਸਾ ੫, ੧੪੨, ੧*:੧ (406)

ਹੋਰ ਰੂਪ:

ਬਾਵਰਾ-
"ਕਬੀਰ ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ।"(ਝੱਲਾ)
-ਸਲੋ ਕਬ, ੧੯੩:੧ (1374)

ਬਾਵਰਿਆ-
"ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ।"(ਝਲਿਆ)
-ਆਸਾ ਕਬ, ੩੭, ੪:੨ (485)

ਬਾਵਰੀ-
"ਸਾਸੁ ਦਿਵਾਨੀ ਬਾਵਰੀ ਸਿਰ ਤੇ ਸੰਕ ਟਲੀ।"(ਝੱਲੀ)
-ਰਾਮ ੧, ਓਅੰ ੧੨:੨ (931)

ਬਾਵਰੁ-
"ਤਬ ਇਹੁ ਬਾਵਰੁ ਫਿਰਤ ਬਿਗਾਨਾ।" (ਝਲਾ, ਬਉਲਾ, ਬੇਸਮਝ)
-ਗਉ ੫, ਅਸ ੧, ੧:੨ (235)

ਬਾਵਰੇ-
"ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ।" (ਝੱਲੇ/ਕਮਲੇ, ਘਟ ਸਮਝ ਵਾਲਾ, ਬੇਸਮਝ)
-ਸਿਰੀ ੧, ਅਸ ੮, ੧:੧ (57)

ਬਾਵਰੋ-
"ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ।"(ਪਾਗਲ)

-ਦੇਵ ੯, ੧, ੧:੧ (536)

ਬਾਵਲ ------- ਝੱਲਾ, ਕਮਲਾ

"ਹਉ ਬਿਰਉ ਦਿਵਾਨੀ ਆਵਲ ਬਾਵਲ ਤਿਸੁ ਕਾਰਣਿ ਹਰਿ ਢੋਲੀਐ।"

-ਦੇਵ ੪, ੩, ੧:੧ (527)

ਹੋਰ ਰੂਪ:

ਬਾਵਲਾ–

"ਜਾ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ।" (ਝੱਲਾ ਜਿਹਾ)

-ਮਲਾ ਨਾਮ, ੧, ੨:੨ (1292)

ਬਾਵਲਿ–

"ਬਾਵਲਿ ਹੋਈ ਸੋ ਸਹੁ ਲੋਰਉ।" (ਝੱਲੀ)

-ਸੂਹੀ ਫਰ, ੧, ੧:੨ (794)

ਬਾਵਲੀ–

"ਤੂ ਕਾਂਇ ਗਰਬਹਿ ਬਾਵਲੀ।"(ਹੇ ਝਲੀ ਏ)

-ਬਸੰ ਰਵਿ, ੧, ੧*:੧ (1196)

ਬਾਵਲੇ–

"ਏ ਮਨ ਮੇਰੇ ਬਾਵਲੇ ਹਰਿ ਰਸੁ ਚਖਿ ਸਾਦੁ ਪਾਇ।" (ਬੇਸਮਝ ਬੌਰੇ)

-ਆਸਾ ੩, ਅਸ ੩੭, ੧*:੧ (430)

ਬਾਂਵਾਂਗਿ ----- ਖੱਬੇ ਪਾਸੇ

"ਰਿਧਿ ਬਸੈ ਬਾਂਵਾਂਗਿ ਜੁਤੀਨਿ ਲੋਕਾਂਤਰ ਮੋਹੈ।"

-ਸਵ ੩, ੯:੨ (1394)

ਬਾਵੇ -------- ਖੱਬੇ

"ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜੁ ਕਰਿ ਰਹੀਐ।"

-ਗਉ ਕਬ, ਪ੧, ੪:੧ (334)

ਬਾਵੈ -------- ਟੇਢਾ, ਉਲਟਾ

"ਬਾਵੈ ਮਾਰਗੁ ਟੇਢਾ ਚਰਨਾ।" (ਕੁਮਾਰਗ ਵਿਚ)

-ਗਉ ੫, ੯੮, ੩:੧ (185)

ਬਾੜੀ-------- ਵਾੜੀ, ਬਗੀਚਾ

"ਇਹ ਅੰਮ੍ਰਿਤ ਕੀ ਬਾੜੀ ਹੈ ਰੇ ਤਿਨਿ ਹਰਿ ਪੂਰੈ ਕਰੀਆ।"

-ਰਾਮ ਕਬ, ੬, ੧:੨ (970)

ਬਿਉਹਾਰ ---- (1) ਕੰਮ ਕਾਜ, ਕਰਮ

"ਆਚਾਰ ਬਿਉਹਾਰ ਬਿਆਪਤ ਇਹ ਜਾਤਿ।"

-ਗਉ ੫, ੮੮, ੪:੩ (182)

"ਹੁਕਮੇ ਊਚ ਨੀਚ ਬਿਉਹਾਰ।" (ਵਰਤਾਰਾ, ਵਤੀਰਾ)

-ਗਉ ੫, ਸੁਖ ੧੧, ੧:੭ (277)

"ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ।" (ਕੰਮ ਕਾਜ, ਧੰਧੇ)

-ਜੈਤ ੫, ਛੰਤ ੩, ੧:੪ (704)

(2) ਲੈਣ ਦੇਣ, ਬਿਹਾਰ
“ਕਰਿ ਮਨ ਮੇਰੇ ਸਤਿ ਬਿਉਹਾਰ।”
-ਗਉ ੫, ਸੁਖ ੧੪, ੨:੨ (28)

ਹੋਰ ਰੂਪ:

ਬਿਉਹਾਰਾ-
“ਲੋਚਾ ਸਮਸਰਿ ਇਹੁ ਬਿਉਹਾਰਾ।” (ਵਿਹਾਰ)
-ਗਉ ਕਬ, ੧੮, ੩:੩ (327)

ਬਿਉਹਾਰਿ-
“ਸਾਂਤਿ ਸੂਖ ਨ ਸਹਜ ਉਪਜੈ ਇਹੈ ਇਸੁ ਬਿਉਹਾਰਿ।”
-ਸਾਰ ੫, ੧੦੭, ੧:੧ (1225)

(3) ਧੰਧਾ, ਉਪਜੀਵਕਾ ਦਾ ਸਾਧਨ
“ਪੰਡਿਤ ਲੋਗਹ ਕਉ ਬਿਉਹਾਰ ।”
-ਗਉ ਕਬ, ਬਾਅ ੪੫:੫ (343)

ਬਿਉਹਾਰੀ---- (1) ਵਿਹਾਰ ਕਰਨ ਵਾਲਾ
“ਨਾਮ ਰਤਨ ਕੋ ਕੋ ਬਿਉਹਾਰੀ।”
-ਗਉ ੫, ੮੫, ੧*:੧ (181)
“ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ।”(ਸੌਦੇ ਬਾਜ਼)
-ਗੂਜ ੫, ੨, ੧*:੨ (495)
“ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ।”
-ਬਿਹਾ ੫, ਛੰਤ ੯, ੧:੨ (547)

(2) ਕਰਮ ਕਰਨ ਵਾਲਾ
“ਜਿਹ ਪ੍ਰਸਾਦਿ ਤੂੰ ਆਚਾਰ ਬਿਉਹਾਰੀ।”
-ਗਉ ੫, ਸੁਖ ੬, ੫:੩ (270)
“ਕਈ ਕੋਟਿ ਆਚਾਰ ਬਿਉਹਾਰੀ।” (ਭਾਵ ਕਰਮ ਕਾਂਡੀ)
-ਗਉ ੫, ਸੁਖ ੧੦, ੧:੨ (275)

ਬਿਉਹਾਰੁ ---- (1) ਵਿਹਾਰ, ਵਣਜ
“ਨਾਮੋ ਧਨੁ ਨਾਮੋ ਬਿਉਹਾਰੁ।”
-ਗਉ ੫, ੧੧੮, ੧:੨ (189)

ਹੋਰ ਰੂਪ:

ਬਿਉਹਾਰੋ-
“ਰਾਮ ਨਾਮ ਸਿਉ ਕਰਿ ਬਿਉਹਾਰੋ।”
-ਗਉ ੫, ਬਾਅ ੨੫:੨ (255)

(2) ਕਰਮ, ਕੰਮ
“ਜਿਉ ਨਲਨੀ ਸੂਅਟਾ ਗਹਿਓ ਮਨ ਬਉਰਾ ਰੇ ਮਾਇਆ ਇਹੁ ਬਿਉਹਾਰੁ।”
-ਗਉ ਕਬ, ੫੭, ੩:੧ (336)

(3) ਵਰਤਾਰਾ
“ਇਹ ਬਿਧਿ ਕੋ ਬਿਉਹਾਰ ਬਨਿਓ ਹੈ ਜਾ ਸਿਉ ਨੇਹੁ ਲਗਾਇਓ।”

-ਸੋਰ ੯, ੧੨, ੩:੧ (634)

(4) ਕੰਮ ਕਾਜ, ਕਾਰ ਵਿਹਾਰ

"ਜੀਵਤ ਲਉ ਬਿਉਹਾਰ ਹੈ ਜਗ ਕਉ ਤੁਮ ਜਾਨਉ।"

-ਤਿਲੰ ੯, ੨, ੨:੧ (727)

(5) ਲੈਣ ਦੇਣ

"ਕਲਿ ਕਲੇਸ ਨ ਕਛੁ ਬਿਆਪੈ ਸੰਤਸੰਗਿ ਬਿਉਹਾਰੁ।"

-ਕੇਦਾ ੫, ੧੨, ੧*:੨ (1121)

ਬਿਓਗ------ ਵਿਛੋੜਾ (ਦਾ ਦੁਖ)

"ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ।"

-ਮਾਝ ੫, ਬਾਰਾ ੯:੭ (135)

ਹੋਰ ਰੂਪ:

ਬਿਓਗੰ-

" ਰੋਗ ਸੋਗ ਬਿਓਗੰ ਨਾਨਕ ਸੁਖ ਨ ਸੁਪਨਹ।"

-ਗਾਥਾ ੫, ੨੪:੨ (1361)

ਬਿਓਗਨੀ ----ਵਿਯੋਗ, ਵਿਛੋੜੇ ਕਾਰਨ ਉਪਜਿਆ ਦੁੱਖ

"ਸਦਾ ਅਨੰਦੁ ਗੁਰੁ ਪੂਰਾ ਪਾਇਆ ਤਉ ਉਤਰੀ ਸਗਲ ਬਿਓਗਨੀ।"

-ਰਾਮ ੫, ੩, ੧:੨ (883)

ਬਿਓਗਿ -----ਵਿਛੋੜੇ ਵਿਚ

"ਹਰਿ ਕੇ ਬਿਓਗਿ ਕੈਸੇ ਜੀਅਉ ਮੇਰੀ ਮਾਈ।"

-ਗਉ ਕਬ, ੩੯, ੧*:੨ (331)

ਬਿਓਗੀ ----- (1) ਵਿਛੋੜੇ, ਵਿਯੋਗ ਨਾਲ/ਸਦਕਾ

"ਮਰਤ ਨ ਸੋਗ ਬਿਓਗੀ।"

-ਗਉ ਕਬ, ੫੩, ੧*:੨ (334)

(ਮਹਾਨਕੋਸ਼ ਇਸਦੇ ਅਰਥ ਵਿਛੋੜੇ ਨਾਲ ਕਰਦਾ ਹੈ)

(2) ਬਿਰਹੀ

"ਰਾਮ ਬਿਉਗੀ ਨਾ ਜੀਐ ਜੀਐ ਤ ਬਉਰਾ ਹੋਇ।"

-ਸਲੋ ਕਬ, ੭੬:੨ (1368)

ਬਿਓਗੁ------ ਵਿਚੋੜਾ

"ਹਰਿ ਨਾਮੁ ਜਪਤ ਕਛੁ ਨਹਿ ਬਿਓਗਿ।"(ਵਿਛੋੜੇ ਦਾ ਦੁਖ/ ਉਦਾਸੀ)

-ਗਉ ੫, ਸੁਖ ੨, ੬:੮ (265)

ਬਿਅੰਤ------ ਦਾ ਅੰਤ ਨਾ ਹੋਵੇ, ਬੇਬਹਾ, ਅਣਗਿਣਤ

"ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ।"

-ਆਸਾ ੪, ਸੋਪੁ ੧, ੪:੧ (11)

"ਗੁਣ ਬਿਅੰਤ ਕੀਮਤਿ ਨਹੀ ਪਾਇ।"

-ਗਉ ੫, ਸੁਖ ੧੮, ੪:੯ (287)

ਹੋਰ ਰੂਪ:

ਬਿਅੰਤੁ–
"ਤੂ ਬਿਅੰਤੁ ਅਵਿਗਤੁ ਅਗੋਚਰੁ ਇਹੁ ਸਭੁ ਤੇਰਾ ਆਕਾਰੁ।"
–ਆਸਾ ੫, ੩੭, ੧:੧ (379)

ਬਿਅੰਨ------ (1) ਹੋਰਾਂ, ਦੂਸਰਿਆ
"ਤੁਟੜੀਆ ਸਾ ਪ੍ਰੀਤਿ ਜੋ ਲਾਈ ਬਿਅੰਨ ਸਿਉ।"
–ਜੈਤ ੫, ਵਾਰ ੪ਸ, ੫, ੨:੧ (706)

ਹੋਰ ਰੂਪ:

ਬਿਅੰਨਿ–
"ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।"(ਹੋਰ ਹਨ)
–ਵਡ ੫, ਛੰਤ ੨, ੨ਸ:੨ (577)

ਬਿਅਫਤਮ --- (ਫਾ. ਬੇਯਫਤਮ) ਡਿਗਪਿਆ
"ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ।"
–ਤਿਲੰ ੧, ੧, ੨:੨ (721)

ਬਿਆ ------ ਹੋਰ ਦੂਜਾ
"ਬਿਆ ਦਰੁ ਨਾਹੀ ਕੈ ਦਰਿ ਜਾਉ।"
–ਸਿਰੀ ੩, ੩੧, ੩:੨ (25)

ਬਿਆਈ ---- ਸੂ ਪਈ
"ਜਲ ਕੀ ਮਛੁਲੀ ਤਰਵਰਿ ਬਿਆਈ।"
–ਆਸਾ ਕਬ, ੨੨, ੨:੧ (481)

ਬਿਆਸ ----- ਇਕੀ ਰਿਸ਼ੀ, ਵੇਦਾ ਦਾ ਵਿਆਖਿਆ ਕਾਰ
"ਨਾਰਦ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਬਿੰਦ।"
–ਗਉ ੫, ਥਿਤੀ ੬:੩ (298)
"ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ
(ਬਿਆਸ ਰਿਖੀ ਦੀਆਂ ਲਿਖਤਾਂ)
–ਮਲਾ ਰਵਿ, ੨, ੧:੨ (1293)

ਹੋਰ ਰੂਪ:

ਬਿਆਸਾ–
"ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ।"
–ਕਾਨ ੪, ਅਸ ੨, ੬:੧ (1309)

ਬਿਆਸਿ–
"ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ।"(ਬਿਆਸ ਨੂੰ)
–ਪ੍ਰਭ ੧, ਅਸ ੪, ੪:੧ (1344)

ਬਿਆਸੁ–
"ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ।"
–ਸਿਰੀ ੧, ਅਸ ੭, ੬:੧ (57)

ਬਿਆਹਿ----- ਵਿਆਹ ਕੇ

"ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ।"
-ਆਸਾ ਕਬ, ੨੪, ੩:੨ (482)

ਬਿਆਕਰਣ--- ਜਿਸ ਤੋਂ ਸ਼ਬਦਾਂ ਦੇ ਅਰਥ ਤੇ ਉਨ੍ਹਾਂ ਦਾ ਸ਼ੁਧ ਸਰੂਪ ਜਾਣਿਆ ਜਾਵੇ।
"ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲਕਰੈ।"
-ਭੈਰ ੧, ੮, ੨:੧ (1127)

ਬਿਆ ਕਰਨਾ-- ਵਿਆਕਰਣ, ਗਰਾਮਰ
"ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ।"
-ਆਸਾ ਕਬ, ੫, ੨:੧ (476)

ਬਿਆਜੁ ----- ਸੂਦ, ਵਿਆਜ
"ਜਿਹ ਘਟੈ ਮੂਲੁ ਨਿਤ ਬਢੈ ਬਿਆਜੁ।"
-ਬਸੰ ਕਬ, ੬, ੧*:੨ (1195)

ਬਿਆਧਿ----- (1) ਬਿਮਾਰੀ
"ਗਈ ਬਿਆਧਿ ਉਬਰੇ ਜਨ ਮੀਤ।"
-ਗਉ ੫, ੧੭੧, ੩:੨ (200)
"ਲਾਲਚ ਝੂਠ ਬਿਖੈ ਬਿਆਧਿ ਇਆ ਦੇਹੀ ਮਹਿ ਬਾਸ।"(ਰੋਗਾਂ ਦਾ)
-ਗਉ ੫, ਬਾਅ ੪੫ਸ:੧ (259)
"ਸਗਲ ਬਿਆਧਿ ਮਨ ਤੇ ਖੈ ਨਸੇ।"
-ਗਉ ੫, ਸੁਖ ੧੮, ੭:੬ (287)
(ਮਹਾਨਕੋਸ਼ ਅਰਥ ਸੰਤਾਪ ਦੁਖ ਕਰਦਾ ਹੈ)
"ਆਧਿ ਬਿਆਧਿ ਉਪਾਧਿ ਰਸ ਕਬਹੂ ਤੂਟੈ ਤਾਪ।" (ਸਰੀਰ ਦੇ ਰੋਗ, ਤਪ ਫੋੜਾ ਆਦਿ।
-ਗਵੂ ੫, ਥਿਤੀ ੩:੫ (297)
(2) ਸ਼ਿਕਾਰੀ
"ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ।।"
- ਗਉ ਨਾਮ, ੧, ੧:੧ (345)
(3) ਨੁਕਸ, ਘਾਟ
"ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ।"
-ਆਸਾ ਕਬ, ੧੬, ੨:੨ (479)
(ਮਹਾਨਕੋਸ਼ ਅਰਥ ਕਲੰਕ ਕਰਦਾ ਹੈ

ਬਿਆਧੀ----- ਰੋਗਾਂ ਦੀ
"ਮਹਾ ਬਜਰ ਬਿਖ ਬਿਆਧੀ ਸਿਰ ਉਠਾਈ ਪੋਟ।"
-ਸਾਰ ੫, ੧੦੪, ੧:੧ (1224)
"ਮੂਲੁ ਬਿਆਧੀ ਬਿਆਪਸਿ ਲੋਭਾ।" (ਦੁਖਾਂ ਦਾ)
-ਗਉ ੫, ੮੮, ੧:੪ (182)

ਬਿਆਪਈ --- ਲਗੇਗਾ
"ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ।"
-ਗਉ ੫, ਬਾਅ ੨੫ਸ:੨ (255)

ਬਿਆਪਸਿ --- ਲਗਦੀ ਹੈ, ਪ੍ਰਭਾਵਿਤ ਕਰਦੀ ਹੈ
"ਮੂਲੁ ਬਿਆਧੀ ਬਿਆਪਸਿ ਲੋਭਾ।"
-ਗਉ ੫, ੮੮, ੧:੪ (182)

ਬਿਆਪਹਿ --- ਲਗਦੀ
"ਧੰਧੇ ਕਹਾ ਬਿਆਪਹਿ ਤਾਹੂ।"
-ਗਉ ੫, ਬਾਅ ੪:੫ (251)

ਬਿਆਪਕ ---- ਫੈਲਿਆ ਹੋਇਆ, ਭਰਪੂਰ
"ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ।"
-ਆਸਾ ਨਾਮ, ੧, ੧:੧ (485)

ਬਿਆਪਣਹ --- ਲਗਦਾ, ਮੋਂਹਦਾ
"ਹਰਿ ਨਾਮ ਗੁਣ ਰਮਣੰ ਨਾਨਕ ਸੰਸਾਰ ਸਾਗਰ ਨਹ ਬਿਆਪਣਹ।"
-ਗਾਥਾ ੫, ੬:੨ (1360)

ਬਿਆਪਤ ---- (1) ਲਗਦੀ ਹੈ, ਪ੍ਰਭਾਵਤ ਕਰਦੀ ਹੈ, ਅਸਰ ਪਾਉਂਦੀ ਹੈ
"ਬਿਆਪਤ ਹਰਖ ਸੋਗ ਬਿਸਥਾਰ।"
-ਗਉ ੫, ੮੮, ੧:੧ (181)
"ਸੰਸੈ ਭਰਮੁ ਨਹੀ ਕਛੁ ਬਿਆਪਤ।" (ਲਗਦੇ ਭਾਵ ਪੈਂਦੇ)
-ਗਉ ੫, ਬਾਅ ੩:੫ (250)
"ਮਰੈ ਨ ਆਵੈ ਨ ਜਾਇ ਬਿਨਸੈ ਬਿਆਪਤ ਉਸਨ ਨ ਸੀਤ।" (ਲਗਣਾ, ਪੋਹਣਾ)
-ਮਾਰੂ ੫, ੨੬, ੧:੨ (1006)
(2) ਵਿਆਪਕ, ਵਿਦਮਾਨ, ਪਸਰਿਆ/ਫੈਲਿਆ ਹੋਇਆ
"ਚਾਰਿ ਕੁੰਟਿ ਚਉਦਹ ਭਵਨ ਸਗਲ ਬਿਆਪਤ ਰਾਮ।"
-ਗਉ ੫, ਥਿਤੀ ੧੪ਸ:੧ (299)
(3) ਹਾਵੀ ਹੋਣਾ, ਦਬਾਉਣਾ
"ਮਨਹਿ ਬਿਆਪਤ ਅਨਿਕ ਤਰੰਗਾ।"
-ਸੂਹੀ ੫, ਅਸ ੧, ੧:੨ (759)
"ਭ੍ਰੂਮਤ ਬਿਆਪਤ ਜਰੇ ਕਿਵਾਰਾ।"
-ਸੂਹੀ ੫, ਅਸ ੧, ੪:੧ (759)
(ਮਹਾਨਕੋਸ਼ ਅਰਥ ਬਦਕਿਸਮਤੀ ਅਭਾਗਤਾ ਕਰਦਾ ਹੈ)

ਹੋਰ ਰੂਪ:

ਬਿਆਪਤੰ-
"ਇਹੁ ਜਗੁ ਮੋਹ ਹੇਤ ਬਿਆਪਤੰ ਦੁਖੁ ਅਧਿਕ ਜਨਮ ਮਰਣੰ।"
-ਗੂਜ ੧, ੫, ੫:੧ (505)

ਬਿਆਪਤੇ-
"ਤ੍ਰੂਤ੍ਰੂ ਗਤੇ ਸੰਸਾਰਹ ਨਾਨਕ ਸੋਗ ਹਰਖੰ ਬਿਆਪਤੇ।"
-ਸਸ ੫, ੪੧:੨ (1357)

ਬਿਆਪਾਰੀ --- (ਸੰ.) ਵਪਾਰ ਕਰਨ ਵਾਲਾ
"ਬਿਆਪਾਰੀ ਬਸੁਧਾ ਜਿਉ ਫਿਰਤਾ।"

–ਗਉ ੫, ਬਾਅ ੨੪:੬ (255)

ਬਿਆਪਿ–
(1) ਵਿਹਾਰ, ਪਸਰ
“ਨਿਜ ਘਰਿ ਬਿਆਧਿ ਰਹਿਆ ਨਿਜਠਾਈ।”

ਬਿਆਪਾਰੀ -- (ਸੰ.) ਵਪਾਰ ਕਰਨ ਵਾਲਾ
“ਬਿਆਪਾਰੀ ਬਸੁਧਾ ਜਿਉ ਫਿਰਤਾ।”
–ਗਉ ੫, ਬਾਅ ੨੪:੬ (255)

ਬਿਆਪਿ ---- (1) ਵਿਚਰ, ਪਸਰ
“ਨਿਜ ਘਰਿ ਬਿਆਪਿ ਰਹਿਆ ਨਿਜਠਾਈ।”
–ਗਉ ੧, ਅਸ ੨, ੭:੩ (221)
(2) ਲਗੀ/ਪੰਬੜੀ ਹੋਈ
“ਬਲਵੰਤਿ ਬਿਆਪਿ ਰਹੀ ਸਭ ਮਹੀ।”
–ਗੂਜ ੫, ੧੪, ੧*:੧ (498)
“ਤਰਣ ਤਾਰਣ ਹਰਿ ਨਿਧਿ ਦੂਖੁ ਨ ਸਕੈ ਬਿਆਪਿ।” (ਲਗ ਸਕਦਾ)
–ਧਨਾ ੫, ੨੦, ੧:੨ (675)

ਬਿਆਪਿਓ --- (1) ਫਸਿਆ ਪਿਆ
“ਸਗਲ ਸੰਸਾਰੁ ਇਹੈ ਬਿਧਿ ਬਿਆਪਿਓ ਸੋ ਉਬਰਿਓ ਜਿਸੁ ਗੁਰੁ ਪੂਰਾ।”
–ਆਸਾ ੫, ੧੨੭, ੪:੧ (403)
“ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ।”
–ਸਾਰ ੫, ੧੦੭, ੨:੧ (1225)
(2) ਚੰਬੜਿਆ ਹੋਇਆ, ਲਗਾ ਹੋਇਆ
“ਕਾਮਿ ਕ੍ਰੋਧਿ ਲੋਭਿ ਬਿਆਪਿਓ ਜਨਮਹੀ ਕੀ ਖਾਨਿ।”
–ਕਾਨ ੫, ੩੧, ੨:੧ (1304)

ਬਿਆਪਿਆ -- (1) ਰੁਚਿਤ, ਖਚਿਤ, ਲਗਾ ਹੋਇਆ, ਰੁਝਾ ਹੋਇਆ
“ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ।”
–ਸਿਰੀ ੫, ੯੧, ੨:੩ (50)
“ਬਿਖਿਆ ਬਿਆਪਿਆ ਸਗਲ ਸੰਸਾਰੁ।”
–ਗਉ ਕਬ, ੨੪, ੧:੧ (328)
(2) ਫਸਿਆ ਹੋਇਆ
“ਮਾਇਆ ਮੋਹਿ ਬਿਆਪਿਆ ਧੋਹਿ।”
–ਰਾਮ ੫, ੫੨, ੧*:੧ (899)

ਬਿਆਪਿਕ --- ਵਿਦਮਾਨ, ਸਥਿਤ
“ਸਰਬ ਬਿਆਪਿਕ ਅੰਤਰ ਹਰੀ।”
–ਮਲਾ ਨਾਮ, ੧, ੫:੩ (1292)

ਬਿਆਪਿਤ --- (1) ਵਿਦਮਾਨ, ਸਥਿਤ, ਵਿਆਪਕ
“ਸਰਬ ਬਿਆਪਿਤ ਪੂਰਨ ਧਨੀ।”
–ਗਉ ੫, ੯੦, ੨:੩ (182)

(2) ਫਸਿਆ ਹੋਇਆ
"ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ।"
-ਸੋਰ ੫, ੬, ੨:੨ (610)

ਹੋਰ ਰੂਪ:

ਬਿਆਪਿਤੰ –
"ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ।"
-ਸਸ ੫, ੪੨:੨ (1357)

ਬਿਆਪੀ ---- (1) ਵਿਆਪਕ, ਵਿਦਮਾਨ
"ਸਰਬ ਬਿਆਪੀ ਰਾਮ ਸੰਗਿ ਰਚਨ।"
-ਗਉ ੫, ਸੁਖ ੨੩, ੪:੪ (294)

(2) ਚੰਬੜ ਜਾਏ, ਪਿਛੇ ਪੈ ਜਾਏ
"ਮਨ ਕਾ ਸੁਭਾਉ ਮਨਹਿ ਬਿਆਪਿ।"
-ਗਉ ਕਬ, ੨੮, ੧:੧ (329)

ਹੋਰ ਰੂਪ:

ਬਿਆਪੇ –
"ਐਸੇ ਦੋਖ ਮੂੜ ਅੰਧ ਬਿਆਪੇ।" (ਚੰਬੜੇ ਹਨ)
-ਗਉ ੫, ਸੁਖ ੪, ੨:੯ (267)

(3) ਫਸੀ ਹੋਈ
"ਮਾਨ ਮੋਹ ਮਦ ਸਗਲ ਬਿਆਪੀ ਕਰਿ ਕਿਰਪਾ ਆਪਿ ਨਿਵਾਰੇ।"
-ਸੂਹੀ ੫, ਛੰਤ ੮, ੩:੫ (782)

"ਸਗਲ ਸਮਗ੍ਰੀ ਡਰਹਿ ਬਿਆਪਿ ਬਿਨੁ ਡਰ ਕਰਣੈਹਾਰਾ।"
-ਮਾਰੂ ੫, ੧, ੪:੧ (999)

ਹੋਰ ਰੂਪ:

ਬਿਆਪੇ –
"ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ।" (ਫਸੇ ਹੋਏ)
-ਮਾਝ ੩, ਅਸ ੩੧, ੬:੩ (128)

(4) ਵਾਪਰੀ ਭਾਵ ਸਤਾ ਰਹੀ ਹੈ
"ਏਕਾ ਬੇਦਨ ਦੂਜੈ ਬਿਆਪੀ ਨਾਮੁ ਰਸਾਇਣੁ ਵੀਸਰਿਆ।"
-ਰਾਮ ੧, ਸਿਗੋ ੨੫:੪ (941)

ਬਿਆਪੇ ---- (1) ਫਸੇ ਹੋਏ, ਵੇਖੋ 'ਵਿਆਪੀ' (3)
(2) ਚੰਬੜੇ ਹਨ, ਵੇਖੋ 'ਵਿਆਪੀ' (2)

ਹੋਰ ਰੂਪ:

ਬਿਆਪੈ –
"ਬਾਲ ਬਿਨੋਦ ਚਿੰਤ ਰਸ ਲਾਗਾ ਖਿਨੁ ਖਿਨੁ ਮੋਹਿ ਬਿਆਪੈ।" (ਚੰਬੜਦਾ ਹੈ
-ਸਿਰੀ ਬੇਣੀ, ੧, ੨:੧ (93)

"ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ।" (ਚੰਬੜਦਾ)

-ਬਿਹਾ ੫, ਛੰਤ ੩, ੩:੩ (543)

(3) ਲਗੇ, ਆਏ

“ਛਿਜੈ ਨ ਜਾਇ ਕਿਛੁ ਭਉ ਨ ਬਿਆਪੇ ਹਰਿ ਧਨੁ ਨਿਰਮਲੁ ਗਾਠੇ।”

-ਆਸਾ ੫, ੪੫, ੩:੨ (382)

ਹੋਰ ਰੂਪ:

ਬਿਆਪੈ –

“ਦੁਖੁ ਕਲੇਸੁ ਨ ਭਉ ਬਿਆਪੈ ਗੁਰ ਮੰਤ੍ਰੁ ਹਿਰਦੈ ਹੋਇ।” (ਲਗਦਾ

-ਸਿਰੀ ੫, ੬੪, ੨:੧ (51)

“ਏਹ ਸੰਸਾ ਮੋ ਕਉ ਅਨਦਿਨੁ ਬਿਆਪੈ ਮੋ ਕਉ ਕੋ ਨ ਕਹੈ ਸਮਝਾਈ।” (ਲਗਦਾ ਹੈ)

-ਗਉ ਕਬ, ੫੨, ੧*:੨ (334)

ਹੋਰ ਰੂਪ:

ਬਿਆਪੈ –

“ਅੰਤਰਿ ਬਿਆਪੈ ਲੋਭੁ ਸੁਆਨੁ।” (ਵਿਆਪਕ ਹੈ, ਸਥਿਤ ਹੈ)

-ਗਉ ੫, ਸੁਖ ੪, ੫:੬ (267)

ਬਿਆਲ ---- ਸਵੇਰੇ

“ਜਾਹਿ ਸਵਾਰੈ ਸਾਝ ਬਿਆਲ।”

-ਗਉ ੧, ੧੧, ੩:੧ (154)

(ਮਹਾਨ ਕੋਸ਼ ਇਸ ਦੇ ਅਰਥ ‘ਦੁਸ਼ਟ ਜੀਵ’ ਕਰਦਾ ਹੈ ਤੇ ਗੁਰੂ ਗ੍ਰੰਥ ਕੋਸ਼ ਸਵੇਰ)

ਬਿਆਲੁ ----ਦਰਿੰਦਾ, ਫਾੜਨ ਵਾਲਾ, ਪਸ਼ੂ ਜਿਵੇਂ ਸ਼ੇਰ ਬਘਿਆੜ

“ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ।”
(ਦਰਪਨ ਤੇ ਮਹਾਨ ਕੋਸ਼ ਅਰਥ ਸਰਪ ਕਰਦਾ ਹੈ)

-ਸੋਰ ੯, ੧, ੧:੨ (631)

ਬਿਸੰਖ ----- ਬੇਅੰਤ, ਅਣਗਿਣਤ

“ਮੰਨੇ ਨਾਉ ਬਿਸੰਖ ਦਰਗਾਹ ਪਾਵਣਾ।”

-ਮਾਝ ੧, ਵਾਰ ੨੧:੬ (148)

ਬਿਸਟਾ ----- ਗੰਦਗੀ, ਮਲ, ਗੂੰਹ

“ਬਿਸਟਾ ਅੰਦਰਿ ਕੀਟ ਸੇ ਪਇ ਪਚਹਿ ਵਾਰੋ ਵਾਰ।”

-ਸਿਰੀ ੪, ਵਾਰ ੮ਸ, ੩, ੨:੪ (85)

ਬਿਸਟਾਲਾ --- ਗੰਦੀ ਖਟੀ, ਹਰਾਮ ਦੀ ਕਮਾਈ ਭਾਵ ਰਿਸ਼ਵਤ

“ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ।”

-ਸੂਹੀ ਕਬ, ੫, ੨:੨ (793)

ਬਿਸਥਰਹਿ -- ਵਿਛਦੇ ਹਨ

“ਬਾਸਕ ਕੋਟਿ ਸੇਜ ਬਿਸਥਰਹਿ।”

-ਭੈਰ ਕਬ, ਅਸ ੨, ੩:੨ (1163)

ਬਿਸਥਰਿਓ -- ਪਸਰਿਆ, ਖਿਲਰਿਆ
"ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ।"
-ਮਲਾ ਰਵਿ, ੨, ੧*:੨ (1293)

ਬਿਸਥਾਰ ---- (1) ਖਿਲਾਰਾ, ਵਿਸਤਾਰ
"ਬਿਨੁ ਹਰਿ ਨਾਮ ਨ ਸੁਖੁ ਹੋਇ ਕਰਿ ਡਿਠੇ ਬਿਸਥਾਰ।"
-ਸਿਰੀ ੫, ੮੬, ੨:੨ (48)
"ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ।" (ਖਿਲਾਰੇ)
-ਸਿਰੀ ੫, ਅਸ ੨੬, ੬:੧ (70)
"ਕਈ ਜੁਗਤਿ ਕੀਨੋ ਬਿਸਥਾਰ।" (ਫੈਲਾਓ)
-ਗਉ ੫, ਸੁਖ ੧੦, ੭:੪ (276)
"ਤਨੁ ਧਨੁ ਕਲਤੁ ਮਿਥਿਆ ਬਿਸਥਾਰ।" (ਅਡੰਬਰ)
-ਰਾਮ ੫, ੧੯, ੨:੧ (888)
"ਪ੍ਰਭ ਥੰਭ ਤ ਨਿਕਸੇ ਕੈ ਬਿਸਥਾਰ।" (ਫਲਾਓ ਭਾਵ ਰੂਪ, ਅਕਾਰ)
-ਬਸੰ ਕਬ, ੪, ੪:੩ (1194)
(2) ਬਹੁਤਾ
"ਖਾਤ ਪੀਤ ਖੇਲਤ ਹਸਤ ਬਿਸਥਾਰ।"
-ਗਉ ੫, ੧੧੧, ੨:੧ (188)
ਹੋਰ ਰੂਪ:
ਬਿਸਕਾਰੰ –
"ਭਿੰਨ ਭਿੰਨ ਤ੍ਰੈ ਗੁਣ ਬਿਸਥਾਰੰ।"
-ਗਉ ੫, ਬਾਅ ੨:੩ (150)

ਬਿਸਥਾਰਨੁ -- ਫੈਲਾਓ, ਵਿਸਥਾਰ, ਖਿਲਾਰ
"ਕੋਟਿ ਬਿਸਥਾਰਨੁ ਅਵਰੁ ਨ ਦੂਜਾ।"
-ਭੈਰ ੫, ਅਸ ੨, ੫:੪ (1156)

ਬਿਸਥਾਰਾ --- (1) ਖਿਲਾਰ, ਫੈਲਾਓ
"ਲਾਖ ਅਡੰਬਰ ਬਹੁਤੁ ਬਿਸਥਾਰਾ।"
-ਗਉ ੫, ਅਸ ੧੦, ੭:੧ (240)
(2) ਅਡੰਬਰ
"ਕਿਨਹੀ ਕੀਆ ਪੂਜਾ ਬਿਸਥਾਰਾ।"
-ਰਾਮ ੫, ਅਸ ੧, ੧:੨ (912)
"ਪੂਜਾ ਕਰਹਿ ਬਹੁਤੁ ਬਿਸਥਾਰਾ।" (ਲੰਮੀ ਚੌੜੀ, ਵਿਸਤਾਰ ਵਾਲੀ)
-ਪ੍ਰਭਾ ੫, ਅਸ ੨, ੧:੨ (1347)
(3) ਵਿਸਤਾਰ, ਵਿਸਥਾਰ
"ਬਰਨਿ ਨ ਸਾਕਉ ਗੁਣ ਬਿਸਥਾਰਾ।"
-ਭੈਰ ੫, ਅਸ ੨, ੧*:੨ (1156)

ਬਿਸਥਾਰਿ --- ਫੈਲਾ ਕੇ, ਪਸਾਰ ਕੇ
"ਹਰਿ ਜਨ ਸਰਣੀ ਊਤਮ ਹੈ ਹਰਿ ਕੀਰਤਿ ਜਗਿ ਬਿਸਥਾਰਿ।"

-ਮਲਾ ੩, ੯, ੩:੨ (1261)

ਹੋਰ ਰੂਪ:

ਬਿਸਥਾਰਿਆ –
“ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ।” (ਫੈਲਾਉ ਕੀਤਾ)
-ਮਾਰੂ ੫, ਵਾਰ ੧:੪ (1094)

ਬਿਸਥਾਰੀ –
“ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ।” (ਫੈਲਾਈ, ਖਿਲਾਰੀ)
-ਆਸਾ ੧, ੮, ੧:੧ (351)
“ਜਾਲੁ ਪਸਾਰਿ ਚੋਗ ਬਿਸਥਾਰੀ ਪੰਖੀ ਜਿਉ ਫਾਹਾਵਤ ਹੈ।”
-ਬਿਲਾ ੫, ੮੮, ੪:੧ (822)

ਬਿਸਥਾਰੁ –
“ਆਪਿ ਕੀਨੋ ਆਪਨ ਬਿਸਥਾਰੁ।” (ਖਿਲਾਰਾ, ਫੈਲਾਉ)
-ਗਉ ੫, ੧੨, ੭:੩ (279)
“ਆਪਹਿ ਏਕੁ ਆਪਿ ਬਿਸਥਾਰੁ।” (ਫੈਲਾਓ ਭਾਵ ਅਨੇਕ)
-ਗਉ ੫, ੨੨, ੧:੨ (292)
“ਰੂਪੇ ਕੀਆ ਕਾਰਾ ਬਹੁਤੁ ਬਿਸਥਾਰੁ।” (ਭਾਵ ਵਡੀਆ)
-ਬਸੰ ੧, ੩, ੧:੨ (1169)
“ਮਿਥਨੀ ਬਿਸਥਾਰੁ।” (ਪਾਸਾਰਾ)
-ਸਾਰ ੫, ੧੩੦, ੧:੨ (1229)

ਬਿਸਥਾਰੇ –
“ਸਗਲ ਭਵਨ ਧਾਰੇ ਏਕ ਥੇਂ ਕੀਏ ਬਿਸਥਾਰੇ ਪੂਰਿ ਰਹਿਓ ਸ੍ਰਬ ਮਹਿ ਹੈ ਨਿਰਾਰੇ।” (ਖਿਲਾਰੇ)
-ਸਮੁ ੫, ੩:੧ (1386)
“ਉਗਵੈ ਦਿਨਸੁ ਆਲੁ ਜਾਲੁ ਸਮ੍ਹਾਲੈ ਬਿਖੁ ਮਾਇਆ ਕੇ ਬਿਸਥਾਰੇ।” (ਖਿਲਾਰੇ, ਪਾ ਕੇ)
-ਨਟ ੪, ਅਸ ੨, ੫:੧ (981)

ਬਸਥੀਰਨ --- ਪਸਾਰੇ ਵਾਲੇ
“ਪੂਰਨ ਬਿਸਥੀਰਨ ਸੁਆਮੀ ਆਹਿ ਆਇਓ ਪਾਛੈ।”
-ਮਾਰੂ ੫, ੨੨, ੩:੧ (1005)
“ਗੁਨ ਰਾਮਨਾਮ ਬਿਸਥੀਰਨ ਕੀਏ ਹਰਿ ਸਗਲ ਭਵਨ ਜਸੁ ਦੀਜੈ।” (ਵੱਡੇ)
-ਕਲਿ ੪, ਅਸ ੩, ੪:੨ (1324)

ਹੋਰ ਰੂਪ:

ਬਿਸਥੀਰਨੁ –
“ਏਕੁ ਬਿਸਥੀਰਨ ਏਕ ਸੰਪੂਰਨੁ ਏਕੈ ਪ੍ਰਾਨ ਅਧਾਰਾ।” (ਫੈਲਾਓ, ਪਾਸਾਰਾ)
-ਬਿਲਾ ੫, ੮੭, ੩:੨ (821)

ਬਿਸਨ ----- (1) ਪ੍ਰਭੂ, ਪਾਰਬ੍ਰਹਮ
“ਬਿਸਨ ਕੀ ਮਾਇਆ ਤੇ ਹੋਇ ਭਿੰਨ।”
-ਗਉ ੫, ਸੁਖ ੯, ੨:੨ (274)

(2) ਹਿੰਦੂਆਂ ਦੇ ਤਿੰਨ ਦੇਵਤਿਆਂ ਵਿਚੋਂ ਜਗਤ ਦਾ ਪਾਲਨਹਾਰ ਦੇਵਤਾ, ਵਿਸ਼ਨੂੰ, ਹੋਰ ਵੇਖੋ 'ਬਿਸਨੁ'
"ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ।"
-ਗੂਜ ੫, ਵਾਰ ੨:੪ (518)
"ਸਿਮਰਹਿ ਬ੍ਰਹਮੇ ਬਿਸਨ ਮਹੇਸਾ।"
-ਮਾਰੂ ੫, ਸੋਲਾ ੮, ੩:੧ (1079)

ਬਿਸਨਪਦ --- ਇਕ ਛੰਦ ਭਾਵ ਗੀਤ
"ਕਹਾ ਬਿਸਨਪਦ ਗਾਵੈ ਗੁੰਗ।"
-ਗਉ ੫, ਸੁਖ ੪, ੬:੫ (267)

ਬਿਸਨੁ ----- (1) ਹਿੰਦੂਆਂ ਦੇ ਤਿੰਨ ਦੇਵਤਿਆਂ ਵਿਚੋਂ ਜਗਤ ਦਾ ਪਾਲਣਹਾਰ ਦੇਵਤਾ, ਵਿਸ਼ਨੂੰ
"ਬ੍ਰਹਮਾ ਬਿਸਨੁ ਮਹਾ ਦੇਉ ਮੋਹਿਆ।"
- ਆਸਾ ੫, ੯੬, ੨:੨ (394)
(2) (ਸੰ.) ਮਾੜੀ ਆਦਤ, ਭੂਸ
"ਜਿਉ ਜੂਆਰ ਬਿਸਨੁ ਨ ਜਾਇ।"
-ਬਿਲਾ ੫, ਅਸ ੨, ੮:੫ (858)

ਬਿਸੰਭਰੁ ---- (ਵਿਸ਼ਵ) ਜਗਤ ਨੂੰ ਪਾਲਣ ਵਾਲਾ ਭਾਵ ਪ੍ਰਭੂ
"ਬਿਸੰਭਰੁ ਦੇਵਨ ਕਉ ਏਕੈ ਸਰਬ ਕਰੈ ਪ੍ਰਤਿਪਾਲਾ।"
-ਗਉ ੫, ਛਵ ੩, ੪:੨ (249)

ਬਿਸਮ ----- ਅਸਚਰਜ, ਹੈਰਾਨ
"ਬਿਸਮਨ ਬਿਸਮ ਭਏ ਬਿਸਮਾਦ।"
-ਗਉ ੫, ਸੁਖ ੧੬, ੮:੫ (285)
"ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ।" (ਭਾਗ ਮਸਤ ਮਗਨ)
-ਦੇਵ ੪, ੧, ੧:੨ (527)
"ਨਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਆਗਾਜਾ ਰਾਮ।" (ਵਿਸਮਾਦ ਵਿਚ ਆ ਜਾਣਾ)
-ਸੂਹੀ ੧, ਛਵ ੩, ੪:੨ (765)

ਬਿਸਮਨ ---- ਹੈਰਾਨੀ/ਅਸਚਰਜ ਹੋਣ ਦਾ ਭਾਵ
"ਬਿਸਮਨ ਬਿਸਮ ਭਈ ਪੇਖਿ ਗੁਣ ਅਬਿਨਾਸੀ ਰਾਮ।"
-ਬਿਲਾ ੫, ਛੰਤ ੨, ੩:੧ (846)

ਹੋਰ ਰੂਪ:

ਬਿਸਮਨਿ –
"ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਮਤਿ ਗੁਰਿ ਪੁਰਖਿ ਮਿਲਾਈ।" (ਹੈਰਾਨੀ)
-ਸਾਰ ੫, ੧੫, ੪:੧ (1207)

ਬਿਸਮਾ ----- ਹੈਰਾਨ, ਮਸਤ, ਅਨੰਦਿਤ
"ਉਸਤਤਿ ਕਵਨ ਕਰੀਜੈ ਕਰਤੇ ਪੇਖਿ ਰਹੇ ਬਿਸਮਾ।"

–ਗੂਜ ੫, ਅਸ ੧, ੧*:੨ (507)

"ਤੂ ਅਚਰਜੁ ਕੁਦਰਤਿ ਤੇਰੀ ਬਿਸਮਾ।" (ਹੈਰਾਨ ਕਰਨ ਵਾਲੀ)

–ਵਡ ੫, ੮, ੧*:੨ (564)

ਬਿਸਮਾਦ ---- (1) ਅਸਚਰਜ ਕੌਤਕ ਜਾਂ ਦ੍ਰਿਸ਼

"ਜਿਹ ਪ੍ਰਸਾਦਿ ਪੇਖਹਿ ਬਿਸਮਾਦ।"

–ਗਉ ੫, ਸੁਖ ੬, ੬:੨ (270)

"ਕਹਨ ਨ ਜਾਈ ਅਚਰਜ ਬਿਸਮਾਦ।"

–ਗਉ ੫, ਸੁਖ ੨੩, ੧:੨ (293)

(2) ਅਸਚਰਜ, ਹੈਰਾਨ, ਮਸਤ

"ਬਿਸਮਨ ਬਿਸਮ ਭਏ ਬਿਸਮਾਦ।"

–ਗਉ ੫, ਸੁਖ ੧੬, ੮:੧ (285)

"ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ।" (ਅਨੰਦਿਤ)

–ਬਿਲਾ ੫, ੩੮, ੪:੫ (810)

ਹੋਰ ਰੂਪ:

ਬਿਸਮਾਦਾ –

"ਬਿਸਮਨ ਬਿਸਮ ਭਏ ਬਿਸਮਾਦਾ ਆਨ ਨ ਬੀਓ ਦੂਸਰ ਲਾਵਸ।"

–ਟੋਡੀ ੫, ੨੫, ੨:੧ (717)

ਬਿਸਮਾਦਿ –

"ਮਨੁ ਸੋਇਆ ਮਾਇਆ ਬਿਸਮਾਦਿ।" (ਮਸਤੀ ਵਿਚ)

–ਗਉ ੫, ੮੯, ੧:੪ (182)

"ਦੇਖਿ ਅਚਰਜੁ ਰਹੇ ਬਿਸਮਾਦਿ।" (ਹੈਰਾਨ)

–ਆਸਾ ੧, ਅਸ ੯, ੬:੧ (416)

ਬਿਸਮਾਦੀ –

"ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ।" (ਮਸਤ, ਅਨੰਦਿਤ)

–ਸੋਰ ੧, ੧੧, ੩:੨ (599)

"ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ।" (ਅਸਚਰਜ ਹੋਕੇ)

–ਮਾਰੂ ੧, ਸੋਲਾ ੧੫, ੬:੩ (1036)

"ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਲਤ।" (ਅਸਚਰਜ ਹਰੀ ਨੂੰ)

–ਸਾਰ ੫, ੯, ੧:੨ (1205)

ਬਿਸਮਾਦੁ –

"ਚਾਖਤ ਹੋਇ ਰਹਹਿ ਬਿਸਮਾਦੁ।" (ਮਸਤ, ਹੈਰਾਨ)

–ਗਉ ੫, ੮੪, ੧:੪ (180)

"ਗੁਣ ਗੋਬਿੰਦ ਨ ਜਾਣੀਐ ਨਾਨਕ ਸਭੁ ਬਿਸਮਾਦੁ।" (ਅਚਰਜ ਰੂਪ)

–ਗਉ ੫, ਥਿਤੀ ੧੧ਸ:੧ (299)

"ਜਿਉ ਗੂੰਗਾ ਮਨ ਮਹਿ ਬਿਸਮਾਦੁ।" (ਮਗਨ)

–ਬਿਲਾ ੫, ੧, ੫:੨ (800)

"ਸੋਵਤ ਹਰਿ ਜਪਿ ਜਾਗਿਆ ਪੇਖਿਆ ਬਿਸਮਾਦੁ।" (ਅਸਚਰਜਤਾ, ਅਚਰਜ ਰੂਪ ਪ੍ਰਭੂ)

-ਬਿਲਾ ੫, ੫੫, ੨:੧ (814)

"ਕਹਨੁ ਨ ਜਾਈ ਨਾਨਕ ਬਿਸਮਾਦੁ।" (ਅਚਰਜ ਰੂਪ ਪ੍ਰਭੁ)

-ਰਾਮ ੫, ੨੦, ੪:੪ (889)

"ਹੁਕਮੁ ਬਿਸਮਾਦੁ ਹੁਕਮਿ ਪਛਾਣੈ ਜੀਅ ਜੁਗਤਿ ਸਚੁ ਜਾਣੈ ਸੋਈ।" (ਅਕਥਨੀਯ)

-ਰਾਮ ੧, ਸਿਗੋ ੨੩:੫ (940)

"ਦੇਖਿ ਬਿਸਮਾਦੁ ਇਹੁ ਮਨੁ ਨਹੀ ਚੇਤੇ ਆਵਾ ਗਉਣੁ ਸੰਸਾਰਾ।" (ਅਸਚਰਜ ਰੂਪ ਸੰਸਾਰ)

-ਸਾਰ ੩, ਅਸ ੩, ੫:੧ (1234)

ਬਿਸਮਾਦੇ -

"ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ।" (ਅਸਚਰਜ)

-ਸੋਰ ੫, ੧੯, ੪:੨ (614)

ਬਿਸਮਿਲਿ --- (ਫ਼ਾ. ਬਿਸਮਿਲ) ਜ਼ਿਬਾਹ ਕੀਤਾ ਹੋਇਆ, ਮਰਿਆ ਹੋਇਆ

"ਬਿਸਮਿਲਿ ਕੀਆ ਨ ਜੀਵੈ ਕੋਇ।"

-ਭੈਰ ਨਾਮ, ੧੦, ੩:੨ (1165)

"ਪਕਉ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ।"

-ਪ੍ਰਭਾ ਕਬ, ੪, ੨:੧ (1350)ਬ

ਬਿਸਮੁ ----- (1) ਹੈਰਾਨਗੀ ਵਿਚ ਲੀਨ ਹੋਣਾ, ਮਸਤ

"ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ।"

-ਗਉ ੪, ੪੯, ੩:੧ (167)

ਹੋਰ ਰੂਪ:

ਬਿਸਮੈ -

ਬਿਸਮ ਬਿਸਮੈ ਬਿਸਮ ਭਈ।" (ਅਨੰਦਿਤ, ਮਸਤ)

- ਮਲਾ ੫, ੨੬, ੨:੧ (1272)

(2) ਅਸਚਰਜ

"ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ।"

-ਸੂਹੀ ੫, ਛੰਤ ੨, ੪:੩ (778)

ਹੋਰ ਰੂਪ:

ਬਿਸਮੇ -

"ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ।" (ਹੈਰ ਰਹਿ ਗਏ)

-ਦੇਵ ੫, ੩੫, ੧:੧ (535)

ਬਿਸਰਉ ---- ਭੁਲਾਂ, ਵਿਸਰੇ

"ਨਾਨਕ ਜਪੀਐ ਸਦਾ ਹਰਿ ਨਿਮਖ ਨ ਬਿਸਰਉ ਨਾਮੁ।"

-ਗਉ ੫, ਵਾਰ ੧੦ਸ, ੫, ੨:੨ (320)

ਬਿਸਰਸਿ ---- ਭੁਲ/ਵਿਸਰ ਜਾਏ

"ਮਤ ਬਿਸਰਸਿ ਰੇ ਮਨ ਰਾਮ ਬੋਲਿ।"

-ਬਸੰ ੧, ੭, ੧*:੧ (1170)

ਬਿਸਰਹਿ ---- ਵਿਸਰਦਾ/ਭੁਲਦਾ ਹੈ, ਵਿਸਰੇ, ਭੁਲੇ

"ਸਰਬ ਦੂਖ ਜਬ ਬਿਸਰਹਿ ਸੁਆਮੀ।"

-ਆਸਾ ੫, ੬੭, ੧:੧ (394)

ਹੋਰ ਰੂਪ:

ਬਿਸਰਹੁ -

"ਕਬਹੂ ਨ ਬਿਸਰਹੁ ਮਨ ਮੇਰੇ ਤੇ ਆਠ ਪਹਰ ਗੁਨ ਗਾਇਣ।" (ਭੁਲੋ, ਵਿਸਰੋ)

- ਨਟ ੫, ੭, ੧*:੨ (979)

ਬਿਸਰਜਿਤ -- ਵਿਦਾ ਕੀਤੇ, ਛੱਡੇ ਹੋਏ

"ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ।"

- ਗੂਜ ੧, ਅਸ ੪, ੧:੨ (505)

ਬਿਸਰਣੰ ---- ਵਿਸਾਰਣਾ, ਭੁਲਣਾ

"ਮਰਣੰ ਬਿਸਰਣੰ ਗੋਬਿੰਦਹ।"

- ਗਾਥਾ ੫, ੧੫:੧ (1361)

ਬਿਸਰਤ ---- ਭੁਲਣ/ਵਿਸਰਨ

"ਹਰਿ ਬਿਸਰਤ ਤੇਰੇ ਗੁਣ ਗਲਿਆ।"

- ਆਸਾ ੧, ਸੋਪੁ ੩, ੧*:੨ (12)

"ਸੋ ਪ੍ਰਭੁ ਮਨ ਤੇ ਬਿਸਰਤ ਨਾਹੀ।" (ਭੁਲਣਾ)

-ਗਉ ੫, ੭੫, ੨:੪ (177)

ਹੋਰ ਰੂਪ:

ਬਿਸਰੰਤ -

"ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ।" (ਭੁਲਾਣਾ)

-ਧਨਾ ੫, ੫੪, ੧:੧ (683)

ਬਿਸਰਤੇ -

"ਹਰਿ ਬਿਸਰਤੇ ਹੀ ਹਾਨਿ।"(ਭੁਲਣਤੇ)

-ਕਾਨ ੫, ੩੧, ੧*:੨ (1303)

ਬਿਸਰਾਉ --- ਵਿਸਾਰ ਦੇਣਾ, ਭੁਲਾ ਦੇਣਾ

"ਪਉਣ ਪਾਣੀ ਅਗਨੀ ਬਿਸਰਾਉ।"

- ਬਿਲਾ ੧, ਥਿਤੀ ੧੦:੩ (839)

ਹੋਰ ਰੂਪ:

ਬਿਸਰਾਇ-

"ਨਾਂਨਕ ਹਰਿ ਬਿਸਰਾਇ ਕੈ ਪਉਦੇ ਨਰਕਿ ਅੰਧ੍ਯਾਰ।"(ਭੁਲਾ/ਵਿਸਾਰ ਕੇ)

-ਸਲੋ ੫, ੧੯:੨ (1425)

ਬਿਸਰਾਇਓ -

"ਲਾਗਤ ਪਵਨ ਖਸਮੁ ਬਿਸਰਾਇਓ।" (ਭੁਲਾ/ਵਿਸਾਰ ਦਿਤਾ)

- ਗਉ ਕਬ, ੬੨, ੧:੨ (337)

ਬਿਸਰਾਇਆ –
“ਦੁਖ ਹਰਤਾ ਇਹ ਬਿਧਿ ਕੋ ਸੁਆਮੀ ਤੈ ਕਾਹੇ ਬਿਸਰਾਇਆ।” (ਭੁਲਾਇਆ ਵਿਸਾਰਿਆ)
–ਸੋਰ ੯, ੪, ੧:੨ (632)

ਬਿਸਰਾਈ –
“ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ।” (ਭੁਲਾਈ/ ਵਿਸਾਰੀ)
– ਸੋਰ ੯, ੨, ੧:੧ (219)

ਬਿਸਰਾਏ –
“ਕਿਤ ਹੀ ਕਾਮਿ ਨ ਧਉਲਹਾਰ ਜਿਤੁ ਹਰਿ ਬਿਸਰਾਏ।” (ਭੁਲਾ/ਵਿਸਾਰ ਦਿਤੇ)
–ਸੂਹੀ ੫, ੪੧, ੧*:੨ (745)

ਬਿਸਰਾਨਾ --- ਭੁਲਾ ਦੇਣਾ
“ਦੇਵਨਹਾਰੁ ਮਨਹਿ ਬਿਸਰਾਨਾ।”
–ਗਉ ੫, ਬਾਅ ੬:੬ (251)

ਹੋਰ ਰੂਪ:

ਬਿਸਰਾਨੀ –
“ਜਿਉ ਉਲਝਾਇਓ ਬਾਲ ਬੁਧਿ ਕਾ ਮਰਤਿਆ ਨਹੀ ਬਿਸਰਾਨੀ।” (ਭੁਲਾਈ, ਵਿਸਾਰੀ)
–ਗਉ ੫, ਆਸ ੧੫, ੪:੧ (242)

ਬਿਸਰਾਮ ---- ਆਰਾਮ, ਟਿੱਕਾ, ਸ਼ਾਂਤੀ
“ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।”
–ਮਾਝ ੫, ਬਾਰਾ ੧:੫ (133)

ਹੋਰ ਰੂਪ:

ਬਿਸਰਾਮਾ –
“ਸਾਧੋ ਰਾਮ ਸਰਨਿ ਬਿਸਰਾਮਾ।” (ਸਾਂਤੀ, ਟਿਕਾਉ, ਆਰਾਮ)
–ਗਉ ੯, ੭, ੧*:੧ (220)

(2) ਟਿਕਾਨਾ, ਵਾਸਾ, ਨਿਵਾਸ
“ਦੁਖ ਬਿਨਸੇ ਸੁਖ ਕੀਓ ਬਿਸਰਾਮ।”
–ਗਉ ਕਬ, ੧੭, ੧:੨ (326)
“ਚਰਨ ਕਮਲ ਹਿਰਦੈ ਗਹੁ ਨਾਨਕ ਸੁਖ ਸਮੂਹ ਬਿਸਰਾਮ।”
–ਜੈਤ ੫, ੧੩, ੨:੨ (702)

ਹੋਰ ਰੂਪ:

ਬਿਸਰਾਮਾ –
“ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ।” (ਨਿਵਾਸ/ਡੇਰਾ ਕਰ ਲਿਆ)
–ਸੋਰ ੫, ੨੧, ੨:੧ (614)

ਬਿਸਰਾਮੁ –
“ਮਨ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।” (ਟਿਕਾਨਾ)

-ਬਸੰ ੯, ੩, ੧*:੨ (1186)

ਬਿਸਰਾਵਉ -- **ਵਿਸਾਰਿਆ ਹੈ, ਭੁਲਾਇਆ ਹੈ**

"ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ।"

-ਗਉ ੯, ੫, ੧:੨ (219)

ਹੋਰ ਰੂਪ:

ਬਿਸਰਾਵੈ –

"ਭੁਗਤਿ ਮੁਕਤਿ ਕਾ ਕਾਰਨੁ ਸੁਆਮੀ ਮੂੜ ਤਾਹਿ ਬਿਸਰਾਵੈ।" (ਭੁਲਾਂਦਾ ਹੈ)

-ਗਉ ੯, ੩, ੨:੧ (219)

"ਸਾਈ ਮਤਿ ਸਾਈ ਬੁਧਿ ਸਿਆਨਪ ਜਿਤੁ ਨਿਮਖ ਨ ਪ੍ਰਭੁ ਬਿਸਰਾਵੈ।" (ਭੁਲਾਏ, ਵਿਸਾਰੇ)

-ਨਟ ੫, ੧, ੩:੧ (978)

ਬਿਸਰਿ ----- **ਭੁਲ, ਵਿਸਰ**

"ਮਾਇਆ ਮੋਹੁ ਤਬ ਬਿਸਰਿ ਗਇਆ ਜਾ ਤਜੀਅਲੇ ਸੰਸਾਰੰ।"

-ਸਿਰੀ ਤ੍ਰਿਲੋ, ੨, ੩:੨ (92)

ਹੋਰ ਰੂਪ:

ਬਿਸਰਿਓ –

"ਦੇਵਨਹਾਰਾ ਬਿਸਰਿਓ ਠਾਕੁਰੁ ਖਿਨ ਮਹਿ ਹੋਤ ਪਰਾਏ।" (ਵਿਸਰ/ਭੁਲ ਗਿਆ)

-ਗਉ ੫, ੧੫੨*, ੨:੨ (212)

"ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ।" (ਭੁਲਾਂ, ਵਿਸਰਿਆ)

-ਸੋਰ ਰਵਿ, ੨, ੨:੨ (658)

ਬਿਸਰਿਆ –

"ਕਿਸ ਹੀ ਚਿਤਿ ਨ ਪਾਵਹੀ ਬਿਸਰਿਆ ਸਭ ਸਾਕ।" (ਭੁਲ ਗਿਆ)

-ਸਿਰੀ ੫, ੭੧, ੨:੩ (42)

ਬਿਸਰਿਐ –

"ਹਰਿ ਬਿਸਰਿਐ ਦੁਖ ਰੋਗ ਘਨੇਰੇ।" (ਭੁਲਣ ਨਾਲ)

-ਗਉ ੫, ੧੫੮, ੨:੧ (197)

ਬਿਸਰੀ –

"ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ।" (ਭੁਲ ਗਈ)

-ਗਉ ੫, ੧੬੧*, ੩:੨ (215)

ਬਿਸਰੁ –

"ਆਠ ਪਹਰ ਗੋਵਿੰਦ ਗੁਣ ਗਾਈਐ ਬਿਸਰੁ ਨ ਕੋਈ ਸਾਸਾ ਜੀਉ।" (ਭੁਲ, ਵਿਸਰ)

- ਮਾਝ ੫, ੪੭, ੧:੩ (108)

"ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ।" (ਵਿਸਾਰਨਾ, ਭੁਲਾਣਾ)

-ਰਾਮ ਕਬ, ੫, ੧:੧ (970)

ਬਿਸਰੇ –

"ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ।" (ਭੁਲ ਗਏ)
- ਸਿਰੀ ਤ੍ਰਿਲੋ, ੨, ੨:੧ (92)

ਬਿਸਰੈ -
"ਦੂਖੁ ਰੋਗੁ ਸੋਗੁ ਬਿਸਰੈ ਜਬ ਨਾਮੁ।" (ਭੁਲ ਜਾਣ ਨਾਲ)
-ਗਉ ੫, ੧੦੧, ੨:੧ (186)
"ਜਾ ਕਉ ਬਿਸਰੈ ਰਾਮ ਨਾਮ ਤਾਹੂ ਕਉ ਪੀਰ।" (ਭੁਲ ਜਾਏ)
- ਗਉ ੫, ੧੪੭, ੧*:੧ (212)

ਬਿਸਰੋਹੀ ---- ਭੁਲ ਗਿਆ ਹੈ
"ਹੋਇ ਆਮਰੋ ਗ੍ਰਿਹ ਮਹਿ ਬੈਠਾ ਕਰਣ ਕਾਰਨ ਬਿਸਰੋਹੀ।"
-ਸੋਰ ੫, ੪, ੨:੨ (609)

ਬਿਸਲਿ ----- ਜ਼ਖਮ ਰਹਿਤ ਕਰਨ ਵਾਲੀ ਬੂਟੀ
"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।"
-ਧੰਨਾ ਤ੍ਰਿਲੋ, ੧, ੫:੧ (695)

ਬਿਸਲੋਧੁ ---- ਵਿਹੁਦਾ ਮਾਦਾ (ਸ਼ਬਦਾਰਥ), ਵਿਹੁ ਦਾ ਰੁੱਖ (ਦਰਪਣ)
"ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ।"
-ਆਸਾ ੪, ਛੰਤ ੧੧, ੨:੩ (445)

ਬਿਸਵੇ ----- ਧਰਤੀ ਦੀ ਮਿਣਤੀ ਦੀ ਇਕਾਈ, ਵੀਹ ਵਿਸਵੇ ਦਾ ਇਕ ਵਿੱਘਾ ਹੁੰਦਾ ਹੈ
"ਬੀਸ ਬਿਸਵੇ ਗੁਰ ਕਾ ਮਨੁ ਮਾਨੈ।" (ਭਾਵ ਪੂਰੀ ਤਰ੍ਹਾਂ)
-ਗਉ ੫, ਸੁਖ ੧੮, ੩:੧ (287)

ਬਿਸਾਸ ----- ਵਿਸ਼ਵਾਸ, ਭਰੋਸਾ, ਸ਼ਰਧਾ
"ਪੂਰੈ ਸਤਿ ਗੁਰਿ ਦੀਆ ਬਿਸਾਸ।"
-ਰਾਮ ੫, ੧੮, ੪:੩ (888)
"ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ।" (ਸ਼ਰਧਾ)
-ਸਾਰ ੫, ੮੮, ੧:੧ (1221)

ਹੋਰ ਰੂਪ:

ਬਿਸਾਸਾ -
"ਕਹਾ ਬਿਸਾਸਾ ਦੇਹ ਕਾ ਬਿਲਮ ਨ ਕਰਿਹੋ ਮੀਤ।" (ਇਤਬਾਰ, ਵਸਾਹ)
-ਗਉ ੫, ਬਾਅ ੧੯:੨ (254)

ਬਿਸਾਸੁ -
"ਨਾਨਕ ਤਿਨ ਮਹਿ ਏਹੁ ਬਿਸਾਸੁ।" (ਯਕੀਨ, ਭਰੋਸਾ)
-ਗਉ ੫, ਸੁਖ ੨੩, ੩:੧੦ (294)
"ਮਨਿ ਬਿਸਾਸੁ ਪਾਇਓ ਗਹਰਿ ਗਹੁ ਹਦਰਥਿ ਦੀਓ।" (ਸ਼ਰਧਾ, ਵਿਸ਼ਵਾਸ)
- ਸਵ ੨, ੭:੧ (1392)

ਬਿਸਾਹਨ ---- ਖਰੀਦਨ, ਵਿਹਾਜਨ
"ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ।"

– ਸਲੋ ਕਬ, ੫੨:੨ (1367)

ਬਿਸਾਹਾ ---- ਵਿਉਪਾਰ, ਵਣਜ
"ਹਰਿ ਹਰਿ ਪੂੰਜੀ ਨਾਮ ਬਿਸਾਹਾ।"
-ਗਉ ੫, ਬਾਅ ੩੫:੪ (257)

ਬਿਸਾਹਿਓ --- ਖਰੀਦਿਆ ਹੈ
"ਤ੍ਰਿਸਨਾ ਗੂਣਿ ਭਰੀ ਘਟ ਭੀਤਰਿ ਇਨ ਬਿਧਿ ਟਾਂਡਾ ਬਿਸਾਹਿਓ।"
-ਗਉ ਕਬ, ੪੯, ੧:੨ (333)

ਹੋਰ ਰੂਪ:

ਬਿਸਾਹੀ –
"ਹਰਿ ਪੂਜੀ ਚਾਹੀ ਨਾਮੁ ਬਿਸਾਹੀ ਗੁਣ ਗਾਵੈ ਗੁਣ ਭਾਵੈ।" (ਖਰੀਦਾਂ)
-ਆਸਾ ੪, ਛੰਤ ੮, ੩:੩ (442)

ਬਿਸਾਹੇ –
"ਪਾਪੁ ਪੁੰਨੁ ਦੁਇ ਬੈਲ ਬਿਸਾਹੇ ਪਵਨੁ ਪੂਜੀ ਪਰਗਾਸਿਓ।"
-ਗਉ ਕਬ, ੪੯, ੧:੧ (333)

ਬਿਸਾਰਹੁ ---- ਭੁਲਾ ਦਿਓ, ਭੁਲਾਉ
"ਅਵਰਿ ਉਪਾਵ ਸਭਿ ਮੀਤ ਬਿਸਾਰਹੁ।"
-ਗਉ ੫, ਸੁਖ ੧੯, ੧:੩ (288)

ਬਿਸਾਰਣਹਾਰੁ – ਮਾਰਨ ਵਾਲਾ, ਦੂਰ ਕਰਨ ਵਾਲਾ
"ਸਭਨਾ ਕਾ ਦਾਤਾ ਕਰਮ ਬਿਧਾਤਾ ਦੂਖ ਬਿਸਾਰਣਹਾਰੁ ਜੀਉ।"
-ਆਸਾ ੧, ਛੰਤ ੪, ੧:੨ (438)

ਬਿਸਾਰਣੁ --- ਮਾਰਨਾ, ਦੂਰ ਕਰਨਾ
"ਧ੍ਰੰਮ ਧੀਰੁ ਗੁਰਮਤਿ ਗਭੀਰੁ ਪਰ ਦੁਖ ਬਿਸਾਰਣੁ।
-ਸਵ ੫, ਕਲ ੭:੧ (1407)

ਬਿਸਾਰਨ ---- (1) ਦੂਰ ਕਰਨਾ
"ਪ੍ਰਭ ਕੇ ਸੇਵਕ ਦੂਖ ਬਿਸਾਰਨ।"
-ਗਉ ੫, ਸੁਖ ੧੪, ੭:੪ (282)

(2) ਭੁਲਾ ਦੇਣਾ
"ਮੋਹ ਮਗਨ ਪਤਿਤ ਸੰਗਿ ਪ੍ਰਾਨੀ ਐਸੇ ਮਨਹਿ ਬਿਸਾਰਨ।"
-ਬਿਲਾ ੫, ੮੩, ੧*:੨ (820)

ਬਿਸਾਰਨਹਾਰਾ ਮਾਰਨ ਵਾਲਾ, ਦੂਰ ਕਰਨ ਵਾਲਾ
"ਹਰਿ ਜਪਿਆ ਹਰਿ ਦੂਖ ਬਿਸਾਰਨਹਾਰਾ।"
-ਬਿਲਾ ੫, ੭, ੧:੨ (801)

ਬਿਸਾਰਨੋ ---- ਮਾਰਨ ਵਾਲਾ, ਦੂਰ ਕਰਨ ਵਾਲਾ
"ਨਿਤ ਗਾਈਐ ਹਰਿ ਦੂਖ ਬਿਸਾਰਨੋ।"
-ਬਿਲਾ ੫, ੭, ੧*:੫ (80)

ਬਿਸਾਰਾ ---- ਭੁਲਾਇਆ ਹੈ

"ਮਨ ਮੂਰਖ ਕਿਉ ਤਾਹਿ ਬਿਸਾਰਾ।"

-ਗਉ ੫, ਬਾਅ ੩੪:੪ (257)

ਬਿਸਾਰਿ ---- ਭੁਲਾ ਕੇ, ਵਿਸਾਰ ਕੇ, ਵਿਸਾਰ, ਭੁਲਾ

"ਨਾਮੁ ਬਿਸਾਰਿ ਲਗੈ ਅਨ ਸੁਆਇ।"

-ਗਉ ੫, ੧੩੪, ੩:੧ (192)

"ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ।" (ਭੁਲਾ)

-ਮਲਾ ਨਾਮ, ੨, ੧*:੧ (1292)

"ਬਿਖਿਆ ਬਿਖੁ ਜਿਉ ਬਿਸਾਰਿ ਪ੍ਰਭ ਕੌ ਜਸੁ ਹੀਏ ਧਾਰਿ।" (ਭਾਵ 'ਛੱਡ ਕੇ')

-ਜੈਜਾ ੯, ੨, ੨:੧ (1352)

ਹੋਰ ਰੂਪ:

ਬਿਸਾਰਿਓ –

"ਸਾਸ ਗ੍ਰਾਸ ਕੋ ਦਾਤੋ ਠਾਕੁਰੁ ਸੋ ਕਿਉ ਮਨਹੁ ਬਿਸਾਰਿਓ ਰੇ।" (ਭੁਲਾਇਆ)

-ਗਉ ਕਬ, ੫੬, ੧*:੧ (335)

ਬਿਸਾਰਿਆ –

"ਗਰਭ ਛੋਡਿ ਮ੍ਰਿਤ ਮੰਡਲ ਆਇਆ ਤਉ ਨਰ ਹਰਿ ਮਨਹੁ ਬਿਸਾਰਿਆ।" (ਭੁਲਾ ਦਿੱਤਾ)

-ਸਿਰੀ ਬੇਣੀ, ੧, ੧:੪ (93)

ਬਿਸਾਰਿਐ –

"ਨਾਮਿ ਬਿਸਾਰਿਐ ਸਭੁ ਕੂੜੋ ਕੂੜਿ।" (ਭੁਲਾਉਣ ਨਾਲ/ਸਦਕਾ)

-ਗਉ ੧, ਅਸ ੧੨, ੨:੩ (226)

ਬਿਸਾਰੀ –

"ਲਾਥੀ ਭੂਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ।" (ਭੁਲਾ ਦਿਤੀ)

-ਗਉ ੫, ੧੬੧*, ੧:੧ (215)

"ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ।" (ਭੁਲਾਵਈਂ)

-ਗਉ ੫, ਸੁਖ ੬, ੪:੪ (270)

"ਕਿਉਂ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ।" (ਭੁਲਾਵਾਂ)

-ਤੁਖਾ ੧, ਬਾਰਾ ੩:੩ (1107)

ਬਿਸਾਰੀਐ –

"ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ।" (ਭੁਲਾਈਏ)

-ਸਿਰੀ ੫, ਛੰਤ ੩, ੨:੨ (80)

ਬਿਸਾਰੇ –

"ਹਰਿ ਹਰਿ ਕਬਹੂ ਨ ਮਨਹੁ ਬਿਸਾਰੇ।" (ਭੁਲਾਏ)

-ਗਉ ੫, ੧੩੮*, ੧*:੧ (210)

ਬਿਸਾਰੈ –

"ਤਿਸਹਿ ਬਿਸਾਰੈ ਮੁਗਧੁ ਅਜਾਨੁ।" (ਭੁਲਾ ਦਿੰਦਾ ਹੈ)

-ਗਉ ੫, ਸੁਖ ੪, ੩:੮ (267)

ਬਿਸਿਮ੍ਰਿਤੇ --- (ਸੰ.) ਭੁਲਾ ਕੇ
“ਅਰੋਗੰ ਮਹਾ ਰੋਗੰ ਬਿਸਿਮ੍ਰਿਤੇ ਕਰੁਣਾ ਮਯਾਹ।”
-ਸਸ ੫, ੨੫:੨ (1356)

ਬਿਸੀਅਰ --- ਜ਼ਹਿਰ ਰਖਨ ਵਾਲਾ, ਸੱਪ
“ਬਿਸੀਅਰ ਕਉ ਬਹੁ ਦੂਧੁ ਪੀਆਈਐ ਬਿਖੁ ਨਿਕਸੈ ਫੋਲਿ ਫੁਲੀਠਾ।”
-ਗਉ ੪, ੬੧, ੩:੨ (171)

ਹੋਰ ਰੂਪ:

ਬਿਸੀਅਰੁ –
“ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ।”
-ਰਾਮ ੧, ਸਿਗੋ ੩੮:੫ (942)

ਬਿਸੀਆਰ --- ਬਹੁਤ
“ਇਕਨ੍ਹਾ ਗਲੀ ਜੰਜੀਰੀਆ ਇਕਿ ਤੁਰੀ ਚੜਹਿ ਬਿਸੀਆਰ।”
-ਆਸਾ ੧, ਵਾਰ ੨੩:੩ (475)

ਬਿਸੁ ------ ਵਿਸ਼, ਜਹਿਰ
“ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ।”
-ਜੈਤ ੪, ੪, ੧:੨ (697)

ਬਿਸੁਆਸ --- ਨਿਸਚਾ, ਭਰੋਸਾ
“ਸਿਮਰਤ ਸਾਸ ਗਿਰਾਸ ਪੂਰਨ ਬਿਸੁਆਸ ਕਿਉ ਮਨਹੁ ਬਿਸਾਰੀਐ ਜੀਉ।”
-ਸਿਰੀ ੫, ਛੰਤ ੩, ੨:੨ (80)

ਹੋਰ ਰੂਪ:

ਬਿਸੁਆਸੁ –
“ਜਤ ਕਤ ਦੇਖਉ ਤਤ ਤਤ ਤੁਮਹੀ ਮੋਹਿ ਇਹੁ ਬਿਸੁਆਸੁ।”
-ਗਉ ੫, ੧੨੩*, ੧:੧ (205)

ਬਿਸੁਆਸੋ –
“ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ।” (ਨਿਸ਼ਚਾ, ਵਿਸ਼ਵਾਸ)
-ਸਿਰੀ ੫, ਛੰਤ ੨, ੪:੫ (80)

ਬਿਸੁਏ ----- ਵਿਸਵੇ, ਜ਼ਮੀਨ ਦੀ ਮਿਣਤੀ ਦੀ ਇਕ ਇਕਾਈ, ਵੀਹ ਵਿਸਵੇ ਦਾ ਇਕ ਵਿਘਾ ਹੁੰਦਾ ਹੈ।
“ਬੀਸ ਬਿਸੁਏ ਜਾ ਮਨ ਠਹਰਾਨਾ।” (ਭਾਵ ਯਕੀਨਨ, ਪੂਰਨ ਤੌਰ ਤੇ)
-ਰਾਮ ੫, ੧੬, ੨:੩ (887)

ਬਿਸੁਕਾਰੇ --- ਵਿਸ਼ ਵਾਲੇ, ਜ਼ਹਿਰੀਲੇ
“ਸਾਕਤ ਕਉ ਅੰਮ੍ਰਿਤ ਬਹੁ ਸਿੰਚਹੁ ਸਭ ਡਾਲ ਫੂਲ ਬਿਸੁਕਾਰੇ।”
-ਨਟ ੪, ਅਸ ੬, ੫:੧ (983)

ਬਿਸੁੰਭਰ ---- ਸੰਸਾਰ ਨੂੰ ਭਰਨ ਵਾਲਾ, ਪ੍ਰਭੂ, ਵਿਸ਼ਵ ਦੀ ਪਾਲਣਾ ਕਰਨ ਵਾਲਾ

"ਸਿਮਰਉ ਜਾਸ ਬਿਸੁੰਭਰ ਏਕੈ।"
-ਗਉ ੫, ਸੁਖ ੧, ੧:੩ (262)

ਬਿਸੂ ------ ਵਿਹੁ ਜ਼ਹਿਰ
"ਅੰਧੇ ਖਾਵਹਿ ਬਿਸੂ ਕੇ ਗਟਾਕ।"
-ਸਾਰ ੫, ੧੦੫, ੧*:੧ (1224)

ਬਿਸੂਰ ----- ਝੋਰੇ
"ਧੰਧ ਬੰਧ ਬਿਨਸੇ ਮਾਇਆ ਕੇ ਸਾਧੂ ਸੰਗਤਿ ਮਿਟੇ ਬਿਸੂਰ।"
-ਟੋਡੀ ੫, ੨੩, ੨:੧ (716)

ਹੋਰ ਰੂਪ:

ਬਿਸੂਰੇ –
"ਆਵਣ ਜਾਣ ਰਹੇ ਥਿਤਿ ਪਾਈ ਜਨਮ ਮਰਣ ਕੇ ਮਿਟੇ ਬਿਸੂਰੇ।" (ਝੋਰੇ)
-ਬਿਲਾ ੫, ੧੦੮, ੧:੨ (825)

ਬਿਸੇਖ ----- (1) ਵਿਸ਼ੇਸ਼
"ਸਭ ਮਹਿ ਊਚ ਬਿਸੇਖ ਗਿਆਨੁ।"
-ਗਉ ੫, ਥਿਤੀ ੮:੬ (298)

ਹੋਰ ਰੂਪ:

ਬਿਸੇਖਾ –
"ਤਾ ਕੀ ਚਾਕਰੀ ਕਰਹੁ ਬਿਸੇਖਾ।" (ਵਿਸ਼ੇਸ਼ ਕਰਕੇ)
-ਗਉ ੫, ਅਸ ੬, ੬:੪ (238)

ਬਿਸੇਖੈ –
"ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ।" (ਵਿਸ਼ੇਸ਼ ਭਾਵ ਉਤਮ)
-ਆਸਾ ੫, ੧੧, ੨:੧ (373)

(2) ਵਿਸ਼ੇਸ਼ਤਾ, ਵਡਿਆਈ
"ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤ ਬਿਸੇਖ।"
-ਕੇਦਾ ਰਵਿ, ੧, ੧*:੨ (1124)

ਬਿਸੇਰੋ ----- ਵਿਸਾਰ/ਭੁਲਾ ਦਿੱਤਾ ਹੈ
"ਅਟਕਿਓ ਸੁਤ ਬਨਿਤਾ ਸੰਗ ਮਾਇਆ ਦੇਵਨਹਾਰੁ ਦਾਤਾਰੁ ਬਿਸੇਰੋ।"
-ਕਾਨ ੫, ੨੫, ੨:੧ (1303)

ਬਿਸ੍ਟਾ ------ ਗੰਦਗੀ, ਮਲ
"ਬਿਖ ਕਾ ਕੀੜਾ ਬਿਖੁ ਸਿਉ ਲਾਗਾ ਬਿਸ੍ਟਾ ਮਾਹਿ ਸਮਾਈ।"
-ਵਡ ੩, ਛੰਤ ੫, ੩:੪ (571)

ਬਿਸ੍ਤੁਰੀਯਾ --- ਵਿਸਤ੍ਰਿਤ ਹੋਈ, ਖਿਲਰੀ, ਫੈਲੀ
"ਕਵਿ ਜਨ ਕਲੵ ਸਬੁਧੀ ਕੀਰਤਿ ਜਨ ਅਮਰਦਾਸ ਬਿਸ੍ਤੁਰੀਯਾ।"
-ਸਵ ੩, ੧:੪ (1392)

ਬਿਸ੍ਤੀਰਨਹ -- ਫੈਲਾ ਦੇਣਾ, ਖਿਲਾਰ ਦੇਣਾ

“ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ।”
-ਸਸ ੫, ੪੯:੨ (1358)

ਬਿਸ੍ਰਾਮ ----- (1) ਬਿਸਰਾਮ, ਠਹਿਰਨ/ਆਰਾਮ ਕਰਨ ਦਾ ਥਾਂ, ਟਿਕਾਨਾ
“ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ।”
-ਸਿਰੀ ੫, ਛੰਤ ੩, ੩:੧ (80)
“ਮਿਟਿ ਗਏ ਗਵਨ ਪਾਏ ਬਿਸ੍ਰਾਮ।”
-ਗਉ ੫, ਸੁਖ ੧੧, ੮:੮ (278)

“ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ।” (ਨਿਵਾਸ ਦੇਣ ਵਾਲੇ)
-ਸਸ ੫, ੫:੩ (1354)

ਹੋਰ ਰੂਪ:

ਬਿਸਰਾਮੰ –
“ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ।” (ਵਾਸਾ ਦਿਵਾਉਣ ਵਾਲੇ।)
-ਸਸ ੫, ੪੬:੧ (1358)

(2) ਟਿੱਕਾ, ਸ਼ਾਂਤੀ, ਸਥਿਰਤਾ
“ਸੁਖ ਸਹਜ ਆਨੰਦ ਬਿਸ੍ਰਾਮ।”
-ਗਉ ੫, ੧੪੧*, ੩:੨ (210)
“ਭਗਤ ਜਨਾ ਕੈ ਮਨਿ ਬਿਸ੍ਰਾਮ।”
-ਗਉ ੫, ਸੁਖ ੨, ੧*:੨ (262)

(3) ਸੁਖ, ਟਿਕਾਓ
“ਹਰਿ ਬਿਸ੍ਰਾਮ ਨਿਧਿ ਪਾਇਆ।”
-ਗਉ ੫, ੧੪੬*, ੩:੧ (211)

(4) ਆਰਾਮ
“ਅਨਦ ਰੂਪ ਕੀਰਤਨੁ ਬਿਸ੍ਰਾਮ।”
-ਆਸਾ ੫, ੮੮, ੨:੨ (392)

(5) ਆ ਟਿਕਣਾ, ਆ ਵਸਨਾ
“ਕੋਟਿ ਜਾਪ ਤਾਪ ਬਿਸ੍ਰਾਮ।”
-ਰਾਮ ੫, ੨੬, ੧:੧ (890)

ਬਿਸ੍ਰਾਮਨਿਧਿ - ਸੁਖ ਦਾ ਖਜ਼ਾਨਾ
“ਸਾਸਿ ਸਾਸਿ ਮਨੁ ਨਾਮੁ ਸਮ੍ਹਾਰੈ ਇਹੁ ਬਿਸ੍ਰਾਮਨਿਧਿ ਪਾਈ।”
-ਧਨਾ ੫, ੧੦, ੧:੨ (673)

ਬ੍ਰਿਸਾਮਾ ---- ਟਿਕਾਓ
“ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ।”
-ਮਾਰੂ ੫, ੬, ੧:੨ (1000)

ਬਿਸ੍ਰਾਮੁ ----- (1) ਨਿਵਾਸ, ਟਿਕਾਣਾ
“ਸੰਤ ਜਨਾ ਕੈ ਮਨਿ ਬਿਸ੍ਰਾਮੁ।”
-ਗਉ ੫, ਸੁਖ ੨, ੫:੨ (264)

“ਦੇਹੀ ਮਹਿ ਇਸ ਕਾ ਬਿਸ੍ਰਾਮੁ।”
-ਗਉ ੫, ਸੁਖ ੨੩, ੧:੬ (293)

“ਦੁਖ ਬਿਨਸੇ ਸੁਖ ਕੀਓ ਬਿਸ੍ਰਾਮੁ।”
-ਮਾਲੀ ੫, ੫, ੧:੨ (987)

(2) ਟਿਕਾਓ, ਸ਼ਾਂਤੀ
“ਨਾਮ ਜਪਤ ਪਾਵਹਿ ਬਿਸ੍ਰਾਮੁ।”
-ਗਉ ੫, ਸੁਖ ੧੪, ੭:੯ (282)

(3) ਸਹਾਰਾ, ਆਸਰਾ, ਧਰਵਾਸ
“ਬੂਡਤ ਜਾਤ ਪਾਏ ਬਿਸ੍ਰਾਮੁ।”
-ਗਉ ੫, ਸੁਖ ੨੦, ੫:੮ (290)

“ਸੁਣਿ ਸੁਣਿ ਜੀਵਉ ਮਨਿ ਇਹੁ ਬਿਸ੍ਰਾਮੁ।” (ਧਰਵਾਸ)
-ਰਾਮ ੫, ੩੭, ੩:੧ (894)

ਬਿਸ੍ਵ ------- ਜਗਤ, ਸੰਸਾਰ
“ਬਿਸ੍ਵ ਕਾ ਦੀਪਕੁ ਸ੍ਵਾਮੀ ਤਾਚੇਰੇ ਸੁਆਰਥੀ ਪੰਖੀ ਰਾਇ ਗਰੁੜ ਤਾਚੇ ਬਾਧਵਾ।”
-ਧਨਾ ਤ੍ਰਿਲੋ, ੧, ੨:੧ (695)

ਬਿਸ੍ਵੰਭਰ ---- ਜਗਤ ਦਾ ਪਾਲਣਹਾਰ, ਵਾਹਿਗੁਰੂ
“ਬਿਸ੍ਵੰਭਰ ਜੀਅਨ ਕੋ ਦਾਤਾ ਭਗਤਿ ਭਰੇ ਭੰਡਾਰ।”
-ਗੂਜ ੫, ੨੩, ੧:੧ (500)

ਬਿਸ੍ਵਾਸ ----- ਸ਼ਰਧਾ, ਭਰੋਸਾ
“ਸਾਧ ਸੰਗਤਿ ਉਪਜੈ ਬਿਸ੍ਵਾਸ।” (ਸ਼ਰਧਾ)
-ਗਉ ਕਬ ਥਿਤੀ ੪:੩ (343)

ਹੋਰ ਰੂਪ:

ਬਿਸ੍ਵਾਸਾ –
“ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧ ਸੰਗਤਿ ਬਿਸ੍ਵਾਸਾ।”
-ਗਉ ੫, ੧੩੩*, ੧:੨ (208)

ਬਿਸ੍ਵਾਸੁ –
“ਬਹੁਰਿ ਉਸ ਕਾ ਬਿਸ੍ਵਾਸੁ ਨ ਹੋਵੈ।” (ਵਿਸ਼ਵਾਸ, ਯਕੀਨ, ਇਤਬਾਰ)
– ਗਉ ੫, ਸੁਖ, ੫, ੨:੬ (268)

“ਮਹਾ ਅਨੰਦ ਕਰਹੁ ਦਾਸ ਹਰਿ ਕੇ ਨਾਨਕ ਬਿਸ੍ਵਾਸੁ ਮਨਿ ਆਇਓ।” (ਯਕੀਨ)
– ਮਲਾ ੫, ੧੮, ੨:੨ (1270)

“ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭ ਧਾਰਿਆ।” (ਨਿਸਚਾ)
-ਧਨਾ ੫, ੧੬, ੨:੧ (675)

ਬਿਸ੍ਵਾਨ ----- ਵਿਸ਼ਵ, ਸੰਸਾਰ
“ਉਨਿ ਸਤਿਗੁਰੁ ਸੇਵਿ ਪਰਮਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ।”
-ਸਾਰ ੫, ੨, ੪:੨ (1203)

ਬਿਹਈ ਹੈ --- ਲੰਘਦੀ ਹੈ, ਬੀਤਦੀ ਹੈ
“ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈ ਹੈ।”

-ਗੂਜ ਕਬ, ੧, ੪:੧ (524)

ਬਿਹੰਗ ----- ਪੰਛੀ
"ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ।"
- ਸਾਰ ੧, ੨, ੨:੨ (1197)

ਬਿਹੰਗਮ ---- ਪੰਛੀ ਦੀ ਬ੍ਰਿਤੀ ਵਾਲਾ ਭਾਵ ਵਿਰਕਤ, ਤਿਆਗੀ (ਸਾਧ)
"ਰਹੈ ਬਿਹੰਗਮ ਕਤਹਿ ਨ ਜਾਈ।"
-ਗਉ ਕਬ, ਬਾਅ ੯:੩ (340)

ਬਿਹੰਧੁ ----- ਵਿਹਾਂਦੀ ਹੈ, ਉਮਰ ਗੁਜਰਦੀ ਹੈ
"ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ।"
-ਰਾਮ ੫, ਵਾਰ ੫ਸ, ੫, ੨:੮ (959)

ਬਿਹਾਇ ---- (1) ਗੁਜ਼ਰਦੀ ਹੈ, ਲੰਘਦੀ ਹੈ, ਬੀਤਦੀ ਹੈ
"ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ।"
-ਗਉ ੫, ਬਾਅ ੫੨:੬ (261)
"ਤਾਮਸਿ ਲਗਾ ਸਦਾ ਫਿਰੈ ਅਹਿ ਨਿਸਿ ਜਲਤੁ ਬਿਹਾਇ।"
-ਬਿਹਾ ੪, ਵਾਰ ੧੫ਸ, ੩, ੧:੩ (554)

ਹੋਰ ਰੂਪ:

ਬਿਹਾਈ -
"ਏਕ ਨਿਮਖਮਹਿ ਮੇਰਾ ਸਭੁ ਦੁਖੁ ਕਾਟਿਆ ਨਾਨਕ ਸੁਖਿ ਰੈਨਿ ਬਿਹਾਈ।"
-ਮਲਾ ੫, ੬, ੨:੨ (1267)

ਬਿਹਾਏ -
"ਕਾਹੂ ਪਵਨ ਧਾਰ ਜਾਤ ਬਿਹਾਏ।"
-ਰਾਮ ੫, ਅਸ ੩, ੪:੩ (914)

(2) ਰੋਹੜ ਦੇ
"ਕਬੀਰ ਸੰਸਾ ਦੂਰਿ ਕਰੁ ਕਾਗਦ ਦੇਹ ਬਿਹਾਇ।"
-ਸਲੋ ਕਬ, ੧੭੩:੧ (1373)

ਬਿਹਾਗ ----- ਸਵੇਰ
"ਸਾਝ ਬਿਹਾਗ ਤਕਹਿ ਆਗਾਸੁ।"
-ਗਉ ੧, ੬, ੩:੨ (152)

ਹੋਰ ਰੂਪ:

ਬਿਹਾਗੈ -
"ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ।" (ਸੂਰਜ, ਸੂਰਜ ਚੜ੍ਹ ਪਿਆ ਭਾਵ ਬਿਰਧ ਅਵਸਥਾ ਆ ਗਈ)
-ਤੁਖਾ ੧, ਛੰਤ ੨, ੪:੧ (1110)

ਬਿਹਾਝਹਿ --- ਖਰੀਦਦੇ ਹਨ
"ਬਿਖੁ ਬਿਹਾਝਹਿ ਬਿਖੁ ਮੋਹ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ।"
-ਮਾਝ ੩, ਅਸ ੧੮, ੭:੩ (120)

ਹੋਰ ਰੂਪ:

ਬਿਹਾਝਹੁ –
“ਜਾ ਕਉ ਆਇ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ।” (ਵਣਜ ਕਰੋ, ਖਰੀਦੋ)
–ਗਉ ੫, ਸੋਹ ੫, ੩:੧ (13)

ਬਿਹਾਝਨ –
“ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤ ਸਾਜਨ ਤਿਆਗਿ ਖਰੇ।” (ਖਰੀਦਨਾ)
–ਬਿਲਾ ੫, ੯੬, ੧:੧ (823)

ਬਿਹਾਝੀ –
“ਕਰਿ ਕਰਿ ਅਨਰਥ ਬਿਹਾਝੀ ਸੰਪੈ ਸੁਇਨਾ ਰੂਪਾ ਦਾਮਾ।” (ਖਰੀਦੀ ਭਾਵ ਇਕੱਤਰ ਕੀਤੀ)
–ਗੂਜ ੫, ੮, ੩:੧ (497)

ਬਿਹਾਝੇ –
“ਤਿਸੁ ਜਨ ਕੇ ਹਮ ਹਾਟਿ ਬਿਹਾਝੇ ਜਿਸੁ ਹਰਿ ਹਰਿ ਕ੍ਰਿਪਾ ਕਰੈ।” (ਵਿੱਕੇ ਸਾਡਾ ਵਣਜ ਹੋਇਆ)
–ਮਲਾ ੪, ੩, ੨:੧ (1263)

ਬਿਹਾਣੀ ---- ਲੰਘੀ, ਬੀਤੀ, ਗੁਜ਼ਰੀ
“ਭਰਣ ਪੋਖਣ ਸੰਗਿ ਅਉਧ ਬਿਹਾਣੀ।”
–ਸੂਹੀ ੫, ੩੩, ੩:੧ (743)

ਬਿਹਾਣੀਤਾ --- ਲੰਘ/ਗੁਜ਼ਰ/ਬੀਤ ਜਾਂਦੀ ਹੈ
“ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ।”
–ਗਉ ੧, ੧੫, ੪:੧ (156)

ਬਿਹਾਤ ----- ਬੀਤਦੀ/ਲੰਘਦੀ/ਗੁਜ਼ਰਦੀ ਜਾਂਦੀ ਹੈ
“ਦਿਨ ਖਾਤ ਜਾਤ ਬਿਹਾਤ ਪ੍ਰਭ ਬਿਨੁ ਮਿਲਹੁ ਪ੍ਰਭ ਕਰੁਣਾ ਪਤੇ।”
–ਆਸਾ ੫, ਛੰਤ ੧੪, ੧:੩ (462)

ਹੋਰ ਰੂਪ:

ਬਿਹਾਤੁ –
“ਨਾਨਕ ਜਨ ਕਹਿ ਪੁਕਾਰਿ ਅਉਸਰੁ ਬਿਹਾਤੁ ਹੈ।” (ਬੀਤ, ਲੰਘ)
–ਜੈਜਾ ੯, ੨, ੨:੨ (1352)

ਬਿਹਾਨਿ ---- ਲੰਘਦੀ/ਗੁਜ਼ਰਦੀ/ਬੀਤਦੀ ਹੈ
“ਲਾਲਚ ਝੂਠ ਬਿਕਾਰ ਮਹਾਮਦ ਇਹ ਬਿਧਿ ਅਉਧ ਬਿਹਾਨਿ।”
–ਕੇਦਾ ਕਬ, ੫, ੨:੧ (1124)

ਹੋਰ ਰੂਪ:

ਬਿਹਾਨੀ –
“ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ।” (ਲੰਘ ਗਈ)

-ਗਉ ੫, ਅਸ ੧੫, ੧*:੧ (242)

ਬਿਹਾਨੀਆ –
“ਹਉ ਹਉ ਕਰਤ ਬਿਹਾਨੀਆ ਸਾਕਤ ਮੁਗਧ ਅਜਾਨ।” (ਲੰਘ ਗਈ)
-ਗਉ ੫, ਬਾਅ ੪੭ਸ:੧ (260)

ਬਿਹਾਨੇ –
“ਇਆਹੂ ਜੁਗਤਿ ਬਿਹਾਨੇ ਕਈ ਜਨਮ।” (ਲੰਘ ਗਏ)
-ਗਉ ੫, ਸਖ ੪, ੭:੯ (268)

ਬਿਹਾਨੋ –
“ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ।”
-ਰਾਮ ੫, ੪੮, ੨:੧ (898)

ਬਿਹਾਰੀ ---- ਅਨੰਦ ਦੇਣ ਵਾਲਾ ਭਾਵ ਹਰੀ
“ਸੀਤਲਾ ਤੇ ਰਖਿਆ ਬਿਹਾਰੀ।”
-ਗਉ ੫, ੧੭੨, ੧:੧ (200)

ਬਿਹਾਲ – (ਫਾ. ਬਦਹਾਲ), ਬੁਰੇ ਹਾਲ ਵਾਲਾ ਭਾਵ ਵਿਆਕੁਲ, ਦੁਖੀ
“ਲਖ ਘਾਟੀ ਊਂਚੌ ਘਨੋ ਚੰਚਲ ਚੀਤ ਬਿਹਾਲ।”
-ਚਉ ੫, ੯:੧ (1364)

ਹੋਰ ਰੂਪ:

ਬਿਹਾਲਿਆ –
“ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ।” (ਦੁਖੀ, ਵਿਆਕੁਲ)
-ਫੁਨ ੫, ੧੪:੧ (1362)

ਬਿਹਾਵਏ ---- ਲੰਘੇ, ਗੁਜ਼ਰੇ, ਬੀਤੇ
“ਪੁਤ੍ਰ ਮਿਤ੍ਰ ਬਿਉਹਾਰ ਬਨਿਤਾ ਏਹ ਕਰਤ ਬਿਹਾਵਏ।”
-ਜੈਤ ੫, ਛੰਤ ੩, ੧:੪ (705)

ਬਿਹਾਵਤ ---- ਲੰਘੇ, ਗੁਜ਼ਰੇ, ਬੀਤੇ
“ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ।”
-ਬਿਲਾ ੫, ੧੨੫, ੧:੨ (829)

ਬਿਹਾਵਥ ---- ਗੁਜ਼ਰਦੀ/ਬੀਤਦੀ/ਲੰਘਦੀ ਹੈ
“ਧਰਣੀਧਰੁ ਤਿਆਗਿ ਨੀਚ ਕੁਲ ਸੇਵਹਿ ਹਉ ਹਉ ਕਰਤ ਬਿਹਾਵਥ।”
-ਮਾਰੂ ੫, ੧੦, ੨:੧ (1001)

ਬਿਹਾਵਾ ---- ਗੁਜ਼ਰਦੀ ਹੈ
“ਜਨ ਨਾਨਕ ਕਉ ਗੁਰ ਪੂਰਾ ਭੇਟਿਓ ਸੁਖਿ ਸਹਜੇ ਅਨਦ ਬਿਹਾਵਾ।”
-ਸਾਰ ੫, ੩੯, ੨:੨ (1212)

ਹੋਰ ਰੂਪ:

ਬਿਹਾਵੈ –
“ਪ੍ਰਭ ਕਉ ਸਿਮਰਹਿ ਤਿਨ ਸੁਖਿ ਬਿਹਾਵੈ।” (ਲੰਘਦੀ ਹੈ)
-ਗਉ ੫, ਸੁਖ ੧, ੬:੪ (263)

ਬਿਹੂਣ ----- ਬਿਨਾਂ

“ਨਾਮ ਬਿਹੂਣ ਮੁਕਤਿ ਕਿਉ ਹੋਇ।”

-ਸਾਰ ੪, ਵਾਰ ੧ਸ, ੧, ੩:੪ (1237)

ਬਿਹੂਣਾ ----- (ਅ ਬਦੂੰ) ਵਿਹੂਣਾ, ਰਹਿਤ, ਬਿਨਾਂ

“ਕਹੀ ਨ ਉਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ।”

-ਆਸਾ ਕਬ, ੧, ੩:੧ (475)

ਹੋਰ ਰੂਪ:

ਬਿਹੂਣੀ –

“ਨਾਮ ਬਿਹੂਣੀ ਦੁਖਿ ਜਲੈ ਸਬਾਈ।” (ਖਾਲੀ, ਵਿਹੂਣੀ)

-ਆਸਾ ੩, ੪੫, ੨:੩ (362)

ਬਿਹੂਣੇ –

“ਨਾਮ ਬਿਹੂਣੇ ਚਲਸਹਿ ਰੋਇ।”

-ਰਾਮ ੫, ੨੪, ੨:੪ (890)

ਬਿਹੂਣੈ –

“ਨਾਮ ਬਿਹੂਣੈ ਮਾਥੇ ਛਾਈ।”

-ਆਸਾ ੧, ਅਸ ੨, ੧:੪ (412)

ਬਿਹੂਨ ----- ਬਿਨਾ, ਰਹਿਤ, ਬਗੈਰ

“ਨਾਮ ਬਿਹੂਨ ਜੀਵਨ ਕਉਨ ਕਾਮ।”

-ਗਉ ੫, ੧੧੧, ੧*:੨ (188)

ਬਿਹੂਨੜਿਆ -- ਵਿਹੂਨੇ, ਰਹਿਤ, ਬਗੈਰ

“ਨਾਮ ਬਿਹੂਨੜਿਆ ਸੇ ਮਰਨਿ੍ ਵਿਸੂਰਿ ਵਿਸੂਰਿ।”

-ਆਸਾ ੫, ੧੦੬, ੨:੨ (397)

ਬਿਹੂਨਾ ----- ਰਹਿਤ, ਵਿਹੂਨਾ

“ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ।”

-ਸਿਰੀ ੫, ਛੰਤ ੩, ੧:੪ (80)

“ਮੋਹਿ ਨਿਰਗੁਨ ਸਭ ਗੁਣਹ ਬਿਹੂਨਾ।” (ਖਾਲੀ)

-ਬਿਲਾ ੫, ੧੪, ੧:੨ (805)

ਹੋਰ ਰੂਪ:

ਬਿਹੂਨੀ –

“ਗੁਰਮਤਿ ਸਾਰੁ ਹੋਰ ਨਾਮ ਬਿਹੂਨੀ।”

-ਰਾਮ ੧, ਓਅੰ ੨੦:੮ (932)

ਬਿਹੂਨੇ –

“ਨਾਮ ਬਿਹੂਨੇ ਨਾਨਕਾ ਹੋਤ ਜਾਤ ਸਭੁ ਧੂਰ।”

-ਗਉ ੫, ਬਾਅ ੪ਸ:੨ (250)

ਬਿਕਟ ----- (1) ਔਖਾ, ਕਠਿਨ, ਬੁਰੀ ਸ਼ਕਲ ਦਾ ਭਿਆਨਕ (ਮਹਾਨਕੋਸ਼)

“ਬਿਨੁ ਪ੍ਰਭ ਕੋਇ ਨ ਰਾਖਨਹਾਰੁ ਮਹਾ ਬਿਕਟ ਜਮ ਭਇਆ।”

-ਸਿਰੀ ੫, ੮੪, ੪:੨ (47)

“ਟਟਾ ਬਿਕਟ ਘਾਟ ਘਟ ਮਾਹੀ।” (ਬਿਖੜਾ)

-ਗਉ ਕਬ, ਬਾਅ ੧੭:੧ (341)

(2) ਬਿ+ਕਟ, ਨ ਕਟੀਆ ਹੋਈਆਂ ਭਾਵ ਲੰਮੀਆਂ

“ਜਟਾ ਬਿਕਟ ਬਿਕਰਾਲ ਸਰੂਪੀ ਰੂਪੁ ਨ ਰੇਖਿਆ ਕਾਈ ਹੇ।”

-ਮਾਰੂ ੧, ਸੋਲਾ ੨, ੫:੩ (1021)

ਬਿਕਰਾਲ --- ਭਿਆਨਕ, ਡਰਾਉਣਾ

“ਹਉ ਬਿਗੜੈ ਰੂਪਿ ਰਹਾ ਬਿਕਰਾਲ।”

-ਸਿਰੀ ੧, ੨੯, ੧*:੨ (24)

ਹੋਰ ਰੂਪ:

ਬਿਕਰਾਲਾ –

“ਮਨਮੁਖ ਕੁਚੀਲ ਕੁਛਿਤ ਬਿਕਰਾਲਾ।” (ਡਰਾਉਣਾ)

-ਗਉ ੧, ਅਸ ੪, ੬:੨ (222)

ਬਿਕਰਾਲੁ –

“ਕਾਮ ਕ੍ਰੋਧੁ ਬਿਕਰਾਲੁ ਦੂਤ ਸਭਿ ਹਾਰਿਆ।” (ਡਰਾਉਣੇ)

-ਬਿਲਾ ੪, ੧੧:੩ (854)

ਬਿਕਲ ----- (1) ਕਲ (ਆਵਾਜ਼) ਬਿਨਾਂ, ਨਾ ਸੁਣ ਸਕਨ ਵਾਲੇ

“ਸ੍ਰਵਨਨ ਬਿਕਲ ਭਏ ਸੰਗਿ ਤੇਰੇ ਇੰਦ੍ਰੀ ਕਾ ਬਲੁ ਥਾਕਾ।”

-ਆਸਾ ਕਬ, ੧੮, ੩:੧ (480)

(2) ਵਿਆਕੁਲ, ਬੁਧੂ, ਬੇ ਸੁਧ, ਮਸਤ

“ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ।”

-ਦੇਵ ੫, ੧੫, ੧*:੨ (531)

“ਜਿਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ।”

-ਬਿਲਾ ੪, ਅਸ ੫, ੧*:੨ (836)

“ਸੈਸਾਰ ਗਾਰ ਬਿਕਾਰ ਸਾਗਰ ਪਤਿਤ ਮੋਹ ਮਾਨ ਅੰਧ।”
“ਬਿਕਲ ਮਾਇਆ ਸੰਗਿ ਧੰਧ।” (ਘਬਰਾਇਆ ਹੋਇਆ)

-ਕਾਨ ੫, ੪੧, ੧:੧;੨ (1306)

ਹੋਰ ਰੂਪ:

ਬਿਕਲੁ –

“ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ।”

-ਸਿਰੀ ੧, ਪਹ ੧, ੩:੩ (75)

(3) ਕੰਮਜ਼ੋਰ

“ਜਬ ਲਗੁ ਬਿਕਲ ਭਈ ਨਹੀ ਬਾਨੀ।”

-ਭੈਰ ਕਬ, ੯, ੨:੩ (1159)

(4) ਅਪੂਰਣ ਭਾਵ ਮਿਥਿਆ (ਮਹਾਨਕੋਸ਼) ਕਠਿਨ (ਦਰਪਨ)

“ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ।”

-ਬਸੰ ਰਾਮਾ, ੧, ੩:੨ (1195)

ਬਿਕਾਇ ---- ਵਿਕਦੇ/ਵੇਚੇ ਜਾਂਦੇ ਹਨ

"ਰੋਵਹੁ ਸਾਕਤ ਬਾਪੁਰੇ ਜੁ ਹਾਟੈ ਹਾਟ ਬਿਕਾਇ।"

-ਸਲੋ ਕਬ, ੧੬:੨ (1365)

ਹੋਰ ਰੂਪ:

ਬਿਕਾਈ –

"ਅਉਗਣੁ ਜਾਵੈ ਤਪੁੰਨ ਕਰੇ ਕਿਉ ਨੇਖਾਸਿ ਬਿਕਾਈ।"

-ਪ੍ਰਭਾ ੧, ਅਸ ੪, ੨:੨ (1344)

ਬਿਕਾਨਉ --- ਵਿਕ ਗਿਆ ਹੈ

"ਮਨੁ ਮਾਇਆ ਕੈ ਹਾਥਿ ਬਿਕਾਨਉ।"

-ਜੈਤ ਰਵਿ, ੧, ੧*:੨ (710)

ਹੋਰ ਰੂਪ:

ਬਿਕਾਨਾ –

"ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥ ਬਿਕਾਨਾ।" (ਵਿਕ ਗਿਆ)

-ਸੋਰ ੯, ੧੦, ੨:੧ (633)

ਬਿਕਾਨੋ –

"ਰਤਨ ਗਾਹਕੁ ਗੁਰੁ ਸਾਧੁ ਦੇਖਿਓ ਤਬ ਰਤਨੁ ਬਿਕਾਨੋ ਲਾਖਾ।" (ਵਿਕਿਆ)

-ਜੈਤ ੪, ੨, ੧:੨ (696)

ਬਿਕਾਰ ----- (1) ਦੋਖ, ਐਬ, ਵਿਕਾਰ, ਬੁਰਾਈਆਂ, ਮੰਦੀਆਂ ਵਾਸ਼ਨਾਵਾਂ

"ਬਿਖੈ ਬਿਕਾਰ ਦੁਸਟ ਕਿਰਪਾ ਕਰੇ ਇਨ ਤਜਿ ਆਤਮੈ ਹੋਇ ਧਿਆਈ।"

-ਸਿਰੀ ੧, ੨੬, ੨:੧ (23)

"ਇਹ ਕਾਰਜਿ ਤੇਰੇ ਜਾਹਿ ਬਿਕਾਰ।"

-ਗਉ ੫, ੮੭, ੨:੧ (185)

"ਬਧੇ ਬਿਕਾਰ ਲਿਖੇ ਬਹੁ ਕਾਗਰ।"

-ਗਉ ੫, ੧੪੭, ੪:੧ (195)

(ਮਹਾਨਕੋਸ਼ ਅਰਥ 'ਦੁਖ' ਕਰਦਾ ਹੈ)

"ਪ੍ਰੀਤਿ ਨਹੀ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ।" (ਵਿਕਾਰ ਪਾਪ)

-ਗਉ ੫, ਬਾਅ ੯:੪ (252)

"ਅਜਹੁ ਬਿਕਾਰ ਨ ਛੋਡਈ ਪਾਪੀ ਮਨ ਮੰਦਾ।" (ਮੰਦੇ ਕਰਮ, ਮੰਦ ਵ੍ਰਿਤੀ)

-ਬਿਲਾ ਕਬ, ੩, ੧:੨ (855)

ਹੋਰ ਰੂਪ:

ਬਿਕਾਰੰ –

"ਅਨਿਤ੍ਰ ਹੇਤੰ ਅਹੰ ਬੰਧੰ ਭਰਮ ਮਾਇਆ ਮਲਨੰ ਬਿਕਾਰੰ।" (ਵਿਕਾਰਾਂ ਨਾਲ)

– ਸਸ ੫, ੧੬:੨ (1355)

ਬਿਕਾਰਹ –

"ਕਬੀਰ ਬਿਕਾਰਹ ਚਿਤਵਤੇ ਝੂਠੇ ਕਰਤੇ ਆਸ।" (ਵਿਕਾਰਾਂ ਨੂੰ)

-ਸਲੋ ਕਬ, ੨੦੫:੧ (1375)

ਬਿਕਾਰਾ –

"ਰਹਤ ਰਹਤ ਰਹਿ ਜਾਹਿ ਬਿਕਾਰਾ।" (ਐਬ, ਵਿਕਾਰ)
-ਗਉ ੫, ਬਾਅ ੪੪:੫ (259)
"ਮੇਰੀ ਮੇਰੀ ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ।" (ਵਿਕਾਰਾਂ ਦੀ)
-ਮਾਰੂ ੧, ਸੋਲਾ ੧੦, ੧੫:੩ (1031)
(2) ਕਾਮ ਕ੍ਰੋਧ ਲੋਭ ਮੋਹ ਆਦਿ ਵਿਕਾਰ
"ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ।"
-ਗਉ ੫, ਬਾਅ ੧੧ਸ:੧ (252)
"ਗੁਰ ਕਾ ਸਿਖੁ ਬਿਕਾਰ ਤੇ ਹਾਟੈ।"
-ਗਉ ੫, ਸੁਖ ੧੮, ੧:੬ (286)
(3) ਬੇਕਾਰ, ਨਿਕੰਮੀ, ਨਿਰਾਰਥਕ
"ਜੋਰ ਜੁਲਮ ਫੂਲਹਿ ਘਣੋ ਕਾਚੀ ਦੇਹ ਬੇਕਾਰ।"
-ਗਉ ੫, ਬਾਅ ੨੪ਸ:੧ (255)
"ਬਿਨੁ ਭੈ ਕਥਨੀ ਸਰਬ ਬਿਕਾਰ।" (ਫਜੂਲ, ਮਾੜਾ)
-ਭੈਰ ੫, ੧੯, ੫:੩ (1140)

ਬਿਕਾਰਾ ---- (1) ਵਿਕਾਰ, ਬੁਰਾਈਆਂ, ਵੇਖੋ ਬਿਕਾਰ (1)
(2) ਤਬਦੀਲੀ, ਪਰਿਵਰਤਨ
"ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ।"
-ਮਲਾ ੧, ਵਾਰ ੨੫ਸ, ੧, ੨:੨੫ (1290)

ਬਿਕਾਰਿ ---- ਵਿਕਾਰਾਂ ਨਾਲ
"ਲੋਭਿ ਮੋਹਿ ਬਿਕਾਰਿ ਬਾਧਿਓ ਅਨਿਕ ਦੋਖ ਕਮਾਵਨੇ।"
-ਬਿਹਾ ੫, ਛੰਤ ੮, ੨:੩ (547)

ਹੋਰ ਰੂਪ:

ਬਿਕਾਰਿਓ –
"ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ।" (ਵਿਕਾਰਾਂ ਦੇ)
-ਗਉ ਕਬ, ੫੬, ੩:੧ (335)
ਬਿਕਾਰੀ –
"ਸੁੰਦਰ ਨਾਰੀ ਅਨਿਕ ਪਰਕਾਰੀ ਪਰਗ੍ਰਿਹ ਬਿਕਾਰੀ।" (ਵਿਕਾਰ ਭਾਵ ਬਦਫੈਲੀ)
-ਗਉ ੫, ੧੫੪*, ੨:੧ (213)
"ਸੰਤ ਕਾ ਦੋਖੀ ਸਦਾ ਬਿਕਾਰੀ।" (ਐਬੀ)
-ਗਉ ੫, ਸੁਖ ੧੩, ੪:੬ (280)

ਬਿਕਾਰੀ ---- (1) ਐਬ, ਬਦਫੈਲੀ ਕਰਨ ਵਾਲਾ, ਐਬੀ, ਵੇਖੋ 'ਬਿਕਾਰਿ'
(2) ਬੇਕਾਰ, ਨਿਕੰਮੇ
"ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ।"
-ਸਾਰ ੧, ੩, ੩:੨ (1198)
(3) ਵਿਕਾਰਾਂ ਵਾਲੀ, ਐਬੀ
"ਦਿਸਟਿ ਬਿਕਾਰੀ ਦੁਰਮਤਿ ਭਾਗੀ ਐਸਾ ਬ੍ਰਹਮ ਗਿਆਨੁ।"
-ਪ੍ਰਭਾ ੨, ੭, ੨:੨ (1329)

ਬਿਕਾਰੁ ----- (1) ਬੇਕਾਰ, ਨਿਕੰਮਾ ਵਿਅਰਥ
“ਇਹ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ।”
-ਗਉ ੫, ਸੋਹ ੫, ੨:੧ (13)
“ਜਮ ਦਰਿ ਬਾਧਉ ਮਰੈ ਬਿਕਾਰੁ।”
-ਰਾਮ ੧, ਅਸ ੪, ੬:੩ (904)

ਹੋਰ ਰੂਪ:

ਬਿਕਾਰੋ –
“ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ।” (ਵਿਅਰਥ)
-ਵਡ ੧, ਅਲਾ ੧, ੪:੨ (579)

(2) ਬੁਰਾਈ, ਵਿਕਾਰ
“ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ।”
-ਆਸਾ ੫, ਛੰਤ ੧੦, ੧:੫ (459)

ਹੋਰ ਰੂਪ:

ਬਿਕਾਰੇ –
“ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ।” (ਬੁਰਾਈ, ਵਿਕਾਰ)
-ਸੂਹੀ ੫, ਛੰਤ ੪, ੪:੩ (779)
ਬਿਕਾਰੋ –
“ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ।” (ਵਿਕਾਰਾਂ ਵਿਚ)
-ਵਡ ੧, ਅਲਾ ੩, ੩:੨ (580)

ਬਿਕਾਲ ----- ਬਿ+ਕਾਲ ਅਰਥਾਤ ਜਨਮ
“ਕਾਲ ਬਿਕਾਲ ਸਬਦਿ ਭਏ ਨਾਸੁ।”
-ਬਿਲਾ ੧, ਅਸ ੨, ੭:੪ (832)

ਹੋਰ ਰੂਪ:

ਬਿਕਾਲੁ –
“ਕਾਲ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਇ।” (ਜਨਮ)
-ਸੂਹੀ ੧, ਛੰਤ ੨, ੪:੫ (764)
“ਕਾਲੁ ਬਿਕਾਲੁ ਕਹੇ ਕਹਿ ਬਪੁਰੇ ਜੀਵਤ ਮੂਆ ਮਨੁ ਮਾਰੀ।” (ਜੀਵਨ)
-ਰਾਮ ੧, ਅਸ ੯, ੧੧:੧ (908)

ਬਿਕ੍ਰਦਾ ----- ਵੇਚਦਾ
“ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ।”
-ਰਾਮ ੧, ਓਅੰ ੫੩:੩ (938)

ਬਿਖ ------ (1) ਮਾਇਆ
“ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ।”
-ਗਉ ੫, ਬਾਅ ੯ਸ:੧ (251)

(2) ਵਿਸ਼ੇ ਵਿਕਾਰ
“ਚਾਖਤ ਬੇਗਿ ਸਗਲ ਬਿਖ ਹਰੈ।”
-ਗਉ ਕਬ, ਵਾ ੨:੨ (344)

(3) ਵਿਹੁ, ਜ਼ਹਿਰ
“ਮਨਮੁਖਿ ਅੰਧਾ ਅੰਧੁ ਕਮਾਵੈ ਬਿਖੁ ਖਟੇ ਸੰਸਾਰੇ।”
-ਸੂਹੀ ੩, ਅਸ ੧, ੨:੩ (753)

ਬਿਖਿਅਨ --- ਵਿਸ਼ਿਆਂ, ਸ਼ਰਾਬ ਆਦਿ ਨਸ਼ੇ
“ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ।”
-ਗਉ ੯, ੭, ੧:੧ (220)

ਬਿਖਈ ----- (1) ਵਿਸ਼ੇ ਦੀ, ਵਿਸ਼ਿਆਂ ਦਾ ਸੇਵਨ ਕਰਨ ਵਾਲਾ, ਵਿਸ਼ੇ ਵਿਕਾਰਾਂ ਵਲ ਜਾਣ ਵਾਲਾ
“ਓਹੁ ਬਿਖਈ ਓਸੁ ਰਾਮ ਕੋ ਰੰਗੁ।”
-ਗਉ ੫, ੧੬੦, ੧*:੨ (198)
“ਜਨਮ ਜਨਮ ਕੇ ਬਿਖਈ ਤੁਮ ਤਾਰੇ ਸੁਮਤਿ ਸੰਗਿ ਤੁਮਾਰੈ ਪਾਈ।” (ਵਿਕਾਰੀ)
-ਸਾਰ ੫, ੬੫, ੧:੧ (1217)
(2) ਵਿਸ਼ੇ ਵਿਕਾਰਾਂ ਦੇ
“ਜਿਉ ਗ੍ਰਸਤ ਬਿਖਈ ਧੰਧੁ।”
-ਬਿਲਾ ੫, ਅਸ ੨, ੮:੪ (838)

ਬਿਖੰਡਨੋ ---- ਨਾਸ ਕਰਨ ਵਾਲੇ
“ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ।”
-ਬਿਲਾ ੫, ਛੰਤ ੩, ੧:੪ (847)

ਬਿਖੰਡਿਓ --- ਨਾਸ ਕੀਤੇ
“ਕਾਮ ਕ੍ਰੋਧ ਲੋਭ ਮੋਹ ਅਪਤੁ ਪੰਚ ਦੂਤ ਬਿਖੰਡਿਓ।”
-ਸਵ ੩, ੨੧:੪ (1396)

ਬਿਖਨਾ ----- ਵਿਸ਼ਿਆਂ ਦਾ
“ਬਿਖਨਾ ਘਿਰਿਆ।”
-ਸੂਹੀ ੫, ੪੪, ੨:੨ (746)

ਬਿਖਮ ----- (1) ਡਰਾਉਣਾ, ਭਿਆਨਕ
“ਬਿਖਮ ਘੋਰ ਪੰਥਿ ਚਾਲਣਾ ਪ੍ਰਾਣੀ ਰਵਿ ਸਸਿ ਤਹ ਨ ਪ੍ਰਵੇਸੰ।”
-ਸਿਰੀ ਤ੍ਰਿਲੋ, ੨, ੩:੧ (92)
(ਮਹਾਨਕੋਸ਼ ਅਰਥ ਉਚਾ ਨੀਵਾਂ, ਨਾ ਹਮਵਾਰ ਕਰਦਾ ਹੈ)

ਹੋਰ ਰੂਪ:

ਬਿਖੰਮ –
“ਧਰਧਮਾਨ ਹੋਵਤ ਦਿਨ ਪ੍ਰਤਿ ਨਿਤ ਆਵਤ ਨਿਕਟਿ ਬਿਖੰਮ ਜਰੀ।”
-ਸਮੁ ੫, ੩*:੪ (1387)
(2) ਕਠਿਨ, ਔਖਾ
“ਬਿਖਮ ਸਾਗਰੁ ਤੇਈ ਜਨ ਤਰੇ।” (ਔਖਿਆਂ ਤਰਿਆ ਜਾਣ ਵਾਲਾ)
-ਗਉ ੫, ੧੩੭, ੪:੧ (193)
“ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ।” (ਔਖੀ)
-ਗਉ ੧, ਛੰਤ ੨, ੧:੩ (243)

(3) ਡਾਢੀ

"ਦੁਤਰ ਅੰਧ ਬਿਖਮ ਇਹ ਮਾਇਆ।"

-ਆਸਾ ੫, ੨੬, ੩:੧ (377)

(4) ਔਖਾ, ਸਖਤ

"ਕੋਊ ਬਿਖਮ ਗਾਰ ਤੋਰੈ।" (ਮੁਸ਼ਕਲ ਨਾਲ ਤੋੜੇ ਜਾਣ ਵਾਲਾ)

-ਆਸਾ ੫, ੧੫੪, ੧*:੧ (408)

"ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ।"

-ਗੂਜ ੫, ਵਾਰ ੧੫:੭ (522)

(5) ਵਿਖ (ਜ਼ਹਿਰ) ਰੂਪੀ

"ਅਤਿ ਲੁਬਧ ਲੁਭਾਨਉ ਬਿਖਮ ਮਾਇ।" (ਬਿਖ ਰੂਪੀ ਮਾਇਆ)

-ਬਸੰ ੧, ਅਸ ੨, ੧:੨ (1187)

ਬਿਖਮਤਾ ---- ਦੁੱਖ

"ਨਾਮ ਬਿਹੂਣ ਬਿਖਮਤਾ ਨਾਨਕ ਬਹੰਤਿ ਜੋਨਿ ਬਾਸਰੋ ਰੈਣੀ।"

-ਗਾਥਾ ੫, ੮:੨ (1360)

ਬਿਖਮੁ ----- (1) ਔਖਾ

"ਤੇਰਾ ਬਿਖਮੁ ਭਾਵਨੁ।" (ਤੈਨੂੰ ਚੰਗਾ ਲਗਨਾ ਔਖਾ ਹੈ)

-ਸਿਰੀ ੫, ੯੭, ੧*:੨ (51)

"ਮਹਾ ਬਿਖਮੁ ਜਮਪੰਥੁ ਦੁਹੇਲਾ ਕਾਲੂਖਤ ਮੋਹ ਅੰਧਿਆਰਾ।"

-ਆਸਾ ੪, ਛੰਤ ੯, ੪:੫ (443)

(2) ਔਖਿਆਂ (ਤਰਿਆ ਜਾਣ ਵਾਲਾ) ਔਖਿਆਂ (ਤੋੜਿਆ ਜਾਣ ਵਾਲਾ) ਆਦਿ

"ਭਵਜਲ ਬਿਖਮੁ ਡਰਾਵਣੋ ਨਾ ਕੰਧੀ ਨਾਪਾਰੁ।"

-ਸਿਰੀ ੧, ਅਸ ੧੦, ੪:੧ (59)

"ਆਤਮ ਗੜੁ ਬਿਖਮੁ ਤਿਨਾ ਹੀ ਜੀਤਾ।"

-ਮਾਝ ੫, ੧੮, ੩:੨ (99)

"ਨਾਨਕ ਆਖਣੁ ਬਿਖਮੁ ਬੀਚਾਰੁ।" (ਔਖਿਆ, ਦਸਿਆ ਜਾਣ ਵਾਲਾ)

-ਗਉ ੧, ੨, ੪:੪ (151)

"ਨਾਨਕ ਬਿਖਮੁ ਸੁਹੇਲਾ ਤਰੀਐ ਜਾ ਆਵੈ ਗੁਰ ਸਰਣਾਈ।"

-ਆਸਾ ੪, ਛੰਤ ੮, ੨:੬ (442)

ਹੋਰ ਰੂਪ:

ਬਿਖਮੋ –

"ਬਿਖਮੋ ਬਿਖਮੁ ਅਖਾੜਾ ਮੈ ਗੁਰ ਮਿਲਿ ਜੀਤਾ ਰਾਮ।" (ਔਖਿਆ ਜਿਤਿਆ ਜਾਣ ਵਾਲਾ)

-ਆਸਾ ੫, ਛੰਤ ੧, ੪:੫ (453)

(3) ਡਾਢਾ

"ਆਗੈ ਜਮਦਲੁ ਬਿਖਮੁ ਘਨਾ।"

-ਗਉ ੧, ੧੪, ੧*:੨ (155)

"ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ।" (ਔਖਿਆ ਪ੍ਰਾਪਤ ਹੋਣ ਵਾਲਾ)

–ਧਨਾ ੫, ੧੩, ੧*:੨ (674)

"ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ।" (ਕਰੜਾ)

–ਬਸੰ ੫, ੨੦, ੪:੧ (1186)

ਬਿਖਯੰਤ ---- ਵਿਸ਼ਈ

"ਬਿਖਯੰਤ ਜੀਵੰ ਵਸੵੰ ਕਰੋਤਿ ਕਿਰਤੵੰ ਕਰੋਤਿ ਜਥਾ ਮਰਕਟਹ।"

–ਸਸ ੫, ੪੭:੨ (1358)

(ਮਹਾਨਕੋਸ਼ ਅਰਥ 'ਪ੍ਰਸਿੱਧ' ਕਰਦਾ ਹੈ)

ਬਿਖਯਾ ----- ਜ਼ਹਿਰ, ਬਿਖ

"ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ।"

–ਸਸ ੫, ੩੭:੧ (1357)

ਬਿਖਰਿ ----- ਖਿਲਰ/ਖਿੰਡ ਜਾਵਾ

"ਲ ਕਰੀ ਬਿਖਰਿ ਜਰੀ ਮੰਝ ਭਾਰਿ।"

–ਰਾਮ ੧, ੧੧, ੨:੪ (879)

ਹੋਰ ਰੂਪ:

ਬਿਖਰਿਓ –

"ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀਂ ਚੁਨਿਓ ਨ ਜਾਈ।"
(ਖਿੰਡੀ/ਖਿਲਰੀ ਹੈ)

–ਰਾਮ ਕਬ, ੧੨, ੨:੧ (972)

ਬਿਖਰੀ –

"ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ।" (ਖਿਲਰੀ)

–ਸਲੋ ਕਬ, ੨੩੮:੧ (1377)

ਬਿਖਲੀਆ --- ਜ਼ਹਿਰੀਲੀ

"ਮਾਇਆ ਛਲੀਆ ਬਿਕਾਰ ਬਿਖਲੀਆ।"

–ਆਸਾ ੫, ੫੫, ੪:੧ (385)

ਬਿਖਲੀਪਤਿ -- ਵਿਕਾਰਾਂ ਨਾਲ ਲਿਬੜਿਆ (ਮਹਾਨ ਕੋਸ਼); ਵਿਭਚਾਰਨ ਦਾ ਪਤੀ ਭਾਵ ਦੁਰਾਚਾਰੀ ਮਨੁੱਖ (ਦਰਪਣ, ਸ਼ਬਦਾਰਥ)

"ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ।"

–ਆਸਾ ੫, ੧੧੪, ੪:੧ (399)

ਬਿਖੜਾ ----- ਔਖਾ, ਦੁਰਗਮ, ਦੁਖਦਾਈ, ਕਠਿਨ

"ਬਿਖੜਾ ਥਾਨੁ ਨ ਦਿਸੈ ਕੋਈ।"

–ਮਾਝ ੫, ੪੩, ੨:੨ (107)

ਹੋਰ ਰੂਪ:

ਬਿਖੜੀ –

"ਜਾ ਕੀ ਮਹਾ ਬਿਖੜੀ ਕਾਰ।" (ਔਖੀ, ਕਠਿਨ)

–ਬਿਲਾ ੫, ਅਸ ੧, ੭:੨ (837)

ਬਿਖੜੇ –

"ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੁ ਤੇ ਨੇਰਿਆ।" (ਦੁਖਦਾਈ)
-ਜੈਤ ੫, ਛੰਤ ੨, ੧:੫ (704)
"ਤਹ ਬਿਖੜੇ ਥਾਨ ਅਨਿਕ ਖਿੜਕੀਆ।" (ਔਖੇ, ਗੁੰਝਲਦਾਰ)
-ਰਾਮ ੫, ੧੨, ੪:੨ (886)
"ਮੋਹ ਸੋਗ ਵਿਕਾਰ ਬਿਖੜੇ ਜਪਤ ਨਾਮ ਉਧਾਰਣੋ।" (ਔਖੇ ਕਰਨ ਵਾਲੇ)
-ਰਾਮ ੫, ਛੰਤ ੩, ੩:੪ (926)

ਬਿਖਾਈ ---- ਅਸਮਤਾ, ਦ੍ਵੈਤ
"ਆਨ ਆਪਨਾ ਕਰਨ ਬੀਚਾਰਾ ਤਉ ਲਉ ਬੀਚੁ ਬਿਖਾਈ।"
-ਸੋਰ ੫, ੩, ੧:੨ (609)

ਬਿਖਾਗਨਿ --- ਵਿਸ਼ਿਆ ਦੀ ਅਗ
"ਗੁਰਿ ਕਹਿਆ ਏਹ ਰਸਹਿ ਬਿਖਾਗਨਿ।"
-ਪ੍ਰਭਾ ੫, ਅਸ ੧, ੫:੨ (1347)

ਬਿਖਾਦ ----- ਕਲੇਸ਼, ਝਗੜੇ
"ਸਿਮਰਤ ਸਾਂਤਿ ਮਹਾ ਸੁਖੁ ਪਾਈਐ ਮਿਟਿ ਜਾਹਿ ਸਗਲ ਬਿਖਾਦ।"
-ਸਾਰ ੫, ੭੮, ੧:੧ (1219)

ਬਿਖਾਦੀ ---- ਝਗੜਾਲੂ, ਬਿਖਾਦ ਕਰਨ ਵਾਲੇ, ਫਸਾਦੀ
"ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।"
-ਗਉ ੫, ੧੨੫*, ੧:੧ (206)

ਹੋਰ ਰੂਪ:

ਬਿਖਾਦੀਆ –
"ਮਾਰੇ ਪੰਚ ਬਿਖਾਦੀਆ" (ਬਿਖਾਦ ਕਰਨ ਵਾਲੇ)
-ਗਉ ੫, ੧੪੧*, ੨:੧ (210)

ਬਿਖਾਦੁ ----- ਦੁਖ
"ਪਵਿਤ੍ਰ ਅਪਵਿਤ੍ਰਹ ਕਿਰਣ ਲਾਗੇ ਮਨਿ ਨ ਭਇਓ ਬਿਖਾਦੁ।"
-ਮਾਰੂ ੫, ਅਸ ੩, ੫:੨ (1018)

ਬਿਖਾਨੈ ----- ਕਹਿ/ਆਖ/ਦਸ ਸਕਦਾ ਹੈ
"ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ।"
-ਗਉ ੫, ਸੁਖ ੮, ੭:੭ (273)

ਬਿਖਾਰੀ ---- ਜ਼ਹਿਰ ਦੂਰ ਕਰਨ ਵਾਲੀ
"ਬਿਖਾਰੀ ਨਿਰਾਰੀ ਅਪਾਰੀ ਸਹਜਾਰੀ ਸਾਧਸੰਗਿ ਨਾਨਕ ਪੀਕੀ ਰੇ।"
-ਆਸਾ ੫, ੧੩੩, ੨:੧ (404)

ਬਿਖਾੜਾ ---- ਔਖਾ ਮੈਦਾਨੇ ਜੰਗ, ਬਿਖਮ ਅਖਾੜਾ
"ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ।"
-ਮਾਝ ੫, ੩੧, ੪:੩ (103)

ਬਿਖਿਅਨ --- ਵਿਸ਼ਿਆਂ, ਵਿਸ਼ੇ ਵਿਕਾਰਾਂ

"ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ।"
-ਗਉ ੯, ੭, ੧:੧ (220)

ਬਿਖਿਆ ---- (1) ਵਿਸ਼ੇ
"ਤ੍ਰੈਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ।" (ਭਾਵ ਮਾਇਆ)
-ਸਿਰੀ ੩, ੪੩, ੩:੧ (30)
"ਕਾਮੁ ਕਰੋਧੁ ਕਪਟੁ ਬਿਖਿਆ ਤਜਿ ਸਚੁ ਨਾਮੁ ਉਰਿਧਾਰੇ।" (ਵਿਸ਼ਈ ਪੁਣਾ)
-ਆਸਾ ੧, ਛੰਤ ੨, ੩:੪ (437)
(2) ਜ਼ਹਿਰ
"ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ।"
-ਸਿਰੀ ੩, ੪੫, ੧:੧ (31)
"ਪੰਡਿਤ ਅਵਰਾ ਨੋ ਨ ਸਿਖਾਲਿ ਬਿਖਿਆ।" (ਜ਼ਹਿਰੀਲੀ ਵਿਦਿਆ)
-ਆਸਾ ੩, ਪਟੀ ੫:੧ (435)
"ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣ।" (ਭਾਵ ਦੁੱਖ)
-ਰਾਮ ੧, ਓਅੰ ੪੮:੮ (937)
(3) ਪਾਪ
"ਪੰਡਿਤੁ ਪੜੈ ਬੰਧਨ ਮੋਹ ਬਾਧਾ ਨਾਹ ਬੂਝੈ ਬਿਖਿਆ ਪਿਆਰ।"
-ਸਿਰੀ ੩, ੫੧, ੨:੨ (33)
(4) ਵਿਕਾਰ, ਬੁਰਾਈ
"ਅਨਦਿਨੁ ਨਾਮੇ ਰਤਿਆ ਦੁਖੁ ਬਿਖਿਆ ਵਿਚਹੁ ਜਾਇ।"
-ਸਿਰੀ ੩, ੫੫, ੪:੩ (35)
(5) ਮਾਇਆ
"ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ।" (ਮਾਇਆ)
-ਮਾਝ ੩, ਅਸ ੩੧, ੧:੩ (128)
"ਕਾਹੂ ਕਾਜ ਨ ਆਵਤ ਬਿਖਿਆ।"
-ਗਉ ੫, ੧੬੬, ੧*:੨ (199)
"ਬਿਖੁ ਬਿਖਿਆ ਪਸਰੀ ਅਤਿ ਘਨੀ।"
-ਗਉ ੫, ੧੪੦*, ੨:੧ (210)

ਬਿਖਿਆਸ --- ਵਿਸ਼ਿਆਂ ਵਿਚ ਫਸੇ (ਦਰਪਣ ਸ਼ਬਦਾਰਥ) ਜਿਸ ਜਿਸ ਦੇ ਮੂੰਹ ਵਿਚ ਜ਼ਹਿਰ ਹੈ ਬਦਜ਼ੁਬਾਨ (ਮਹਾਨਕੋਸ਼)
"ਜੇਤੀ ਸ੍ਰਿਸਟਿ ਕਰੀ ਜਗਦੀਸਰਿ ਤੇ ਸਭਿ ਊਚ ਹਮ ਨੀਚ ਬਿਖਿਆਸ।"
-ਕਾਨ ੪, ੩, ੪:੧ (1295)

ਬਿਖਿਆਸਕਤ ਵਿਸ਼ਿਆਂ ਵਿਚ ਲਿਵਲੀਣ
"ਬਿਖਿਆਸਕਤ ਰਹਿਓ ਨਿਸਿ ਬਾਸੁਰ ਕੀਨੋ ਅਪਨੋ ਭਾਇਓ।"
-ਸਾਰ ੯, ੪, ੧*:੨ (1232)

ਬਿਖਿਆਤ --- ਪ੍ਰਗਟ, ਮਸ਼ਹੂਰ, ਪ੍ਰਸਿਧ
"ਨਾਗਰਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।"
-ਮਲਾ ਰਵਿ, ੧, ੧*:੧ (1293)

ਬਿਖਿਆਤਾ -- ਪ੍ਰਤਖ, ਹਾਜ਼ਰਾ ਹਜ਼ੂਰ
"ਸੰਤ ਸਹਾਰੁ ਸਦਾ ਬਿਖਿਆਤਾ।"
-ਸਵ ੧, ੧:੨ (1389)

ਬਿਖਿਆਦਿ -- ਵਿਸ਼ੇ ਆਦਿਕ ਵਿਚ
"ਲਪਟਿ ਕਪਟਿ ਗ੍ਰਿਹਿ ਬੇਧਿਆ ਮਿਥਿਆ ਬਿਖਿਆਦਿ।"
-ਬਿਲਾ ੫, ੩੮, ੧:੨ (810)

ਬਿਖੁ ------ (1) ਮਾਇਆ ਰੂਪ, ਵਿਹੁ ਰੂਪ ਮਾਇਆ
"ਗੁਰ ਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ।"
-ਸਿਰੀ ੩, ੫੧, ੧*:੨ (33)
"ਪੂਰਨ ਪੂਰਿ ਰਹਿਆ ਬਿਖੁ ਮਾਰਿ।" (ਵਿਹੁ ਰੂਪੀ ਮਾਇਆ)
-ਗਉ ੧, ਅਸ ੧, ੧:੨ (220)
"ਬਿਖੁ ਸੰਚੈ ਹਟਵਾਣੀਆ ਬਹਿ ਹਾਟਿ ਕਮਾਇ।" (ਮਹਾਨਕੋਸ਼ ਅਰਥ 'ਅਧਰਮ ਦੀ ਕਮਾਈ' ਕਰਦਾ ਹੈ)
-ਗਉ ੪, ੪੭, ੩:੧ (166)

(2) ਵਾਸ਼ਨਾ, ਮੰਦ ਭਾਵਨਾ
"ਬਿਖੁ ਕੀ ਕਾਰ ਕਮਾਵਣੀ ਬਿਖੁ ਹੀ ਮਾਹਿ ਸਮਾਹਿ।"
-ਸਿਰੀ ੩, ੫੭, ੩:੨ (36)
"ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ।" (ਵਿਸ਼ਿਆਂ ਦੇ)
-ਸਿਰੀ ੪, ੬੫, ੪:੩ (40)

(3) ਜ਼ਹਿਰ
"ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ।"
-ਸਿਰੀ ੪, ੭੦, ੧*:੨ (41)
"ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ।" (ਮਾਇਆ ਰੂਪੀ ਜ਼ਹਿਰ)
-ਮਾਝ ੩, ਅਸ ੩੦, ੪:੩ (127)

(4) ਮਾੜੇ, ਬੁਰੇ
"ਕਾਨੀ ਕਾਲੁ ਸੁਣੈ ਬਿਖੁ ਬੈਣੀ।"
-ਗਉ ੧, ਅਸ ੧੪, ੮:੨ (227)

ਬਿਖੂ ------ (1) ਜ਼ਹਿਰ, ਵਿਹੁ
"ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ।"
-ਬਿਲਾ ੫, ੪੪, ੨:੨ (811)

ਹੋਰ ਰੂਪ:

ਬਿਖੂਆ –
"ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤੁ ਹੈ ਭਾਈ ਰੇ।" (ਜ਼ਹਿਰ)
- ਆਸਾ ੫, ੫੬, ੧*:੩ (385)

(2) ਵਿਸ਼ਟਾ, ਗੰਦ
"ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ।"
-ਰਾਮ ੪, ੪, ੪:੧ (881)

ਬਿਖੈ ------ (1) ਵਿਸ਼ੇ

"ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤ ਮੈ ਹੋਇ ਧਿਆਈ।"

–ਸਿਰੀ ੧, ੨੬, ੨:੧ (23)

"ਮਨ ਬਿਖੈ ਹੀ ਮਹਿ ਲੁਝੀ ਹੇ।"

–ਗਉ ੫, ੧੫੪*, ੩:੨ (213)

"ਬਿਖੈ ਨਾਦ ਕਰਨ ਸੁਣਿ ਭੀਨਾ।" (ਵਿਸ਼ਿਆਂ ਵਾਲੇ ਗੀਨ)

–ਸੂਹੀ ੫, ੮, ੩:੧ (738)

(2) ਵਿਚ, ਅੰਦਰ

"ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ।"

–ਸਿਰੀ ਬੇਣੀ, ੧, ੪:੩ (93)

"ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤਚਿਤ ਦੁਖਾਹੀ।"

–ਆਸਾ ੫, ੧੫੨, ੧*:੧ (408)

(3) ਜ਼ਹਿਰ ਵਰਗੀ ਕੌੜੀ

"ਸਾਚੁ ਕਹੈ ਸੋ ਬਿਖੈ ਸਮਾਨੈ।"

–ਗਉ ੫, ੮੨, ੨:੨ (180)

(4) ਵਿਸ਼ੱਈ

"ਬਿਖੈ ਰਾਜ ਤੇ ਅੰਧੁਲਾ ਭਾਰੀ।"

–ਗਉ ੫, ੧੫੧, ੧:੧ (196)

"ਜੈਸੇ ਬਿਖੈ ਹੇਤ ਪਰ ਨਾਰੀ।"

–ਗੋਂਡ ਨਾਮ, ੪, ੪:੧ (874)

(5) ਮਾਇਆ

"ਬਿਖੈ ਠਗਉਰੀ ਜਿਨਿ ਜਿਨਿ ਖਾਈ।" (ਮਾਇਆ ਰੂਪੀ)

–ਗਉ ੫, ੧੬੬, ੨:੧ (199)

"ਬਿਖੈ ਕਉੜਤਣਿ ਸਗਲ ਮਾਹਿ ਜਗਤਿ ਰਹੀ ਲਪਟਾਇ।" (ਮਾਇਆ ਰੂਪੀ ਜ਼ਹਿਰ)

–ਗਉ ੫, ਵਾਰ ੧੧ਸ, ੫, ੨:੧ (320)

"ਆਦਿ ਜੁਗਾਦਿ ਭਗਤ ਜਨ ਸੇਵਕ ਤਾ ਕੀ ਬਿਖੈ ਅਧਾਰਾ।" (ਮਾਇਆ ਰੂਪੀ ਜ਼ਹਿਰ ਵਿਚ)

–ਦੇਵ ੫, ੨੦, ੨:੧ (532)

(6) ਜ਼ਹਿਰੀਲੀ

"ਮਨਿ ਬਾਸਨਾ ਰਚਿ ਬਿਖੈ ਬਿਆਧਿ।"

–ਧਨਾ ੫, ੧੯, ੩:੧ (675)

(7) ਵਿਕਾਰ, ਔਗੁਣ

"ਸੰਤ ਪ੍ਰਸਾਦਿ ਮੇਰੇ ਬਿਖੈ ਹੰਤ।"

–ਮਾਲੀ ੫, ੪, ੩:੪ (987)

ਬਿਖੋਟਿ ----- ਖੋਟ ਤੋਂ ਬਿਨਾਂ, ਭਰੋਸਾ, ਇਤਬਾਰ

"ਏਕ ਬਸਤੁ ਕਾਰਨਿ ਬਿਖੋਟਿ ਗਵਾਵੈ।"

–ਗਉ ੫, ਸੁਖ ੫, ੧:੨ (268)

ਬਿਖ੍ਯਾਤਾ ---- ਵਿਆਖਿਆ ਕਰਨ ਵਾਲਾ, ਕਥਨ ਕਰਨ ਵਾਲਾ

“ਜੀਅਨ ਸਭਨ ਦਾਤਾ ਅਗਮ ਗ੍ਹਾਨ ਬਿਖ੍ਹਾਤਾ ਅਹਿਨਿਸਿ ਧ੍ਹਾਨ ਧਾਵੈ ਪਲਕਨ ਸੋਵੈ ਜੀਉ।”

–ਸਵ ੪, ਨਲ ੧:੩ (1398)

ਬਿਖ੍ਹਾਦੰ ----- **ਬਿਪਤਾ, ਵਿਵਾਦ, ਝਗੜਾ**

“ਘੋਰ ਦੁਖੵੰ ਅਨਿਕ ਹਤੵੰ ਜਨਮ ਦਾ ਰਿਦੵੰ ਮਹਾ ਬਿਖ੍ਹਾਦੰ।”

–ਸਸ ੫, ੧੮:੧ (1355)

ਬਿਗਸਇਆ – **ਖਿੜ ਗਿਆ**

“ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ।”

–ਸੋਰ ੫, ੧੪, ੧:੨ (612)

ਬਿਗਸਹਿ --- **ਖਿੜਨਾ**

“ਕੁਟੰਬੁ ਦੇਖਿ ਬਿਗਸਹਿ ਕਮਲਾ ਜਿਉ ਪਰ ਘਰਿ ਜੋ ਹਹਿ ਕਪਟ ਨਰਾ।” (ਭਾਵ ਖੁਸ਼ ਹੋਣਾ)

–ਸਿਰੀ ਤ੍ਰਿਲੋ, ੨, ੧:੨ (92)

“ਚੰਦ ਦੇਖਿ ਬਿਗਸਹਿ ਕਉਲਾਰਾ।”

–ਬਸੰ ੫, ੨, ੨:੨ (1180)

ਬਿਗਸੰਦਾ --- **ਖਿੜਿਆ ਹੈ**

“ਸੇਜ ਸੁਹਾਵੀ ਇਹੁ ਮਨੁ ਬਿਗਸੰਦਾ ਜੀਉ।” (ਭਾਵ ਖੁਸ਼ ਹੋਇਆ ਹੈ)

–ਗਉ ੫, ੧੬੭*, ੨:੩ (217)

ਬਿਗਸਨਾ --- **ਖਿੜਨਾ**

“ਬੁਧਿ ਪ੍ਰਗਾਸ ਪ੍ਰਗਟ ਭਈ ਉਲਟਿ ਕਮਲੁ ਬਿਗਸਨਾ।”

–ਬਿਲਾ ੫, ੪੩, ੨:੨ (811)

ਬਿਗਸਾ ----- **ਖਿੜਿਆ**

“ਨਾਮੁ ਲਾਹਾ ਲੈ ਗੁਰਮਤਿ ਬਿਗਸਾ।”

–ਆਸਾ ੪, ੬੦, ੨:੨ (367)

“ਪਖਾ ਪਾਣੀ ਪੀਸਿ ਬਿਗਸਾ ਪੈਰਿ ਧੋਇ।” (ਖਿੜਦਾ/ਖੁਸ਼ ਹੁੰਦਾ ਹਾਂ)

–ਗੂਜ ੫, ਵਾਰ ੩:੬ (518)

ਹੋਰ ਰੂਪ:

ਬਿਗਸਾਉ –

“ਪੇਖਿ ਪੇਖਿ ਬਿਗਸਾਉ ਸਾਜਨ ਪ੍ਰਭੁ ਆਪਨਾ ਇਕਾਂਤ।” (ਖੁਸ਼ ਹੁੰਦਾ ਹਾਂ)

–ਕਾਨ ੫, ੧੫, ੧*:੧ (1301)

ਬਿਗਸਾਇਆ –

“ਸੰਤ ਪ੍ਰਸਾਦਿ ਕਮਲੁ ਬਿਗਸਾਇਆ।” (ਖਿੜਿਆ)

–ਰਾਮ ੫, ੨੮, ੨:੪ (891)

ਬਿਗਸਾਈ –

“ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ।” (ਖੁਸ਼ ਹੁੰਦਾ ਹੈ)

-ਸੂਹੀ ੪, ਅਸ ੧, ੧੬:੧ (758)

ਬਿਗਸਾਂਤ --- ਖਿੜ ਜਾਂਦਾ ਹੈ

"ਚਿਤਿ ਚਿਤਵਉ ਚਰਣਾਰਬਿੰਦ ਊਧ ਕਵਲ ਬਿਗਸਾਂਤ।"

-ਗਉ ੫, ਬਾਅ ੨੨ਸ:੧ (254)

ਹੋਰ ਰੂਪ:

ਬਿਗਸਾਂਤਉ –

"ਰਾਜਨ ਰਾਜਿ ਸਦਾ ਬਿਗਸਾਂਤਉ।" (ਖੁਸ਼ ਰਹਿੰਦਾ ਹੈ)

-ਆਸਾ ੧, ੧੨, ੩:੨ (352)

ਬਿਗਸਾਨਾ --- ਖੁਸ਼ ਹੋ ਰਿਹਾ/ਖਿੜ ਰਿਹਾ ਹਾਂ

"ਕਹੁ ਨਾਨਕ ਗੁਰਿ ਅਮਿਉ ਪੀ ਆਇਆ ਰਸਿਕ ਰਸਿਕ ਬਿਗਸਾਨਾ ਰੇ।"

-ਆਸਾ ੫, ੪੪, ੪:੨ (382)

"ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ।"

-ਭੈਰ ਨਾਮ, ੮, ੧:੩ (1165)

ਹੋਰ ਰੂਪ:

ਬਿਗਸਾਨੋ –

"ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਾਹੀ ਸੁਮਾਰ।"

-ਸੋਰ ੫, ੩੮, ੨:੨ (618)

ਬਿਗਸਾਰੇ --- ਖਿੜਦਾ ਹੈ

"ਤੁਮਹੀ ਪੇਖਿ ਪੇਖਿ ਮਨੁ ਬਿਗਸਾਰੇ।"

-ਸੂਹੀ ੫, ੭੫, ੧*:੨ (740)

ਬਿਗਸਾਵਦੋ -- ਖਿੜਾ

"ਪਾਵ ਮਿਲਾਵੇ ਕੋਲਿ ਕਵਲ ਜਿਵੈ ਬਿਗਸਾਵਦੋ।"

-ਮਾਰੂ ੫, ਵਾਰ ੧੩ਸ, ੫, ੧:੨ (1098)

ਬਿਗਸਾਵੈ --- ਖੁਸ਼ ਹੁੰਦੇ/ਖਿੜਦੇ ਹਨ

"ਭਗਤ ਜਨਾ ਕਉ ਸਦਾ ਅਨੰਦੁ ਜੈ ਹਰਿ ਕੀਰਤਨੁ ਗਾਇ ਬਿਗਸਾਵੈ।"

-ਆਸਾ ੫, ੧੦, ੨:੨ (373)

ਬਿਗਸਿ ----- ਖਿੜ ਕੇ, ਖੁਸ਼ ਹੋ ਕੇ

"ਲੋਭ ਲਹਰਿ ਕਉ ਬਿਗਸਿ ਫੂਲਿ ਬੈਠਾ।"

-ਸੂਹੀ ੫, ੮, ੨:੧ (738)

ਹੋਰ ਰੂਪ:

ਬਿਗਸਿਓ –

"ਬਿਗਸਿਓ ਪੇਖਿ ਰੰਗੁ ਕਸੁੰਭ ਕੋ ਪਰ ਗ੍ਰਿਹ ਜੋਹਨਿ ਜਾਇਓ।" (ਖੁਸ਼ ਹੁੰਦਾ)

-ਟੋਡੀ ੫, ੩, ੧:੨ (712)

ਬਿਗਸਿਆ –

"ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ।" (ਖਿੜਿਆ)

-ਰਾਮ ੩, ਵਾਰ ੮ਸ, ੩, ੨:੨ (950)
"ਅਨਦਿਨੁ ਅਨਦੁ ਭਇਆ ਮਨੁ ਬਿਗਸਿਆ ਓਦਮ ਭਏ ਮਿਲਨ ਕੀ ਆਸ।"
(ਖਿੜਿਆ, ਖੁਸ਼ ਹੋਇਆ)
-ਕਾਨ ੪, ੩, ੧:੨ (1295)

ਬਿਗਸੀ –
"ਸਤਿ ਗੁਰਿ ਮੇਲੀ ਤਾ ਪਿਰਿ ਰਾਵੀ ਬਿਗਸੀ ਅੰਮ੍ਰਿਤ ਬਾਣੀ।" (ਖਿੜੀ ਹੈ, ਖੁਸ਼ ਹੋਈ)
-ਗਉ ੧, ਛੰਤ ੨, ੨:੫ (243)

ਬਿਗਸੀਧ੍ਰਿ --- ਖਿੜਦੀ ਹੈ, ਖੁਸ਼ ਹੁੰਦੀ ਹੈ
"ਬਿਗਸੀਧ੍ਰਿ ਬੁਧਾ ਕੁਸਲ ਥਾਨੰ।"
-ਸਸ ੫, ੧੩:੨ (1355)

ਬਿਗਸੇ ----- ਖੁਸ਼ ਹੋਏ
"ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ।"
-ਬਿਲਾ ੫, ੨੩, ੧:੨ (806)

ਹੋਰ ਰੂਪ:

ਬਿਗਸੈ –
"ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲ ਬਿਗਸੈ ਮਧੁ ਆਸ੍ਰਮਾਈ।" (ਖਿੜਦਾ ਹੈ)
-ਸਿਰੀ ੧, ੨੬, ੨:੨ (23)
"ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ।" (ਖੁਸ਼ ਹੁੰਦਾ ਹੈ।)
-ਸਿਰੀ ੩, ੪੧, ੨:੧ (29)

ਬਿਗਸੋਰੋ ---- ਖਿੜ ਜਾਣਾ
"ਆਇਨ ਜਾਇ ਬਸੇ ਨਿਜ ਆਸਨਿ ਊਂਧ ਕਮਲ ਬਿਗਸੋਰੋ।"
2-ਕਾਨ ੫, ੪੩, ੨:੧ (1306)

ਬਿਗਤੀ ----- ਅਪਗਤਿ, ਭੈੜੀ ਹਾਲਤ, ਮੰਦੀ ਹਾਲਤ
"ਮਨਮੁਖ ਮਰਹਿ ਮਰਿ ਬਿਗਤੀ ਜਾਹਿ।"
-ਬਿਲਾ ੩, ਵਾ ੨, ੮:੧ (842)

ਬਿਗੰਧ ----- ਦੁਰਗੰਧ, ਬਦਬੂ
"ਮਾਖੀ ਚੰਦਨੁ ਪਰਹਰੈ ਜਹ ਬਿਗੰਧ ਤਹ ਜਾਇ।"
-ਸਲੋ ਕਬ, ੬੮:੨ (1368)

ਬਿਗਰਸਿ --- ਵਿਗੜਦਾ ਹੈ, ਖਰਾਬ ਹੁੰਦਾ ਹੈ
"ਅਵਰ ਉਪਾਵ ਸਗਲ ਮੈ ਦੇਖੇ ਜੋ ਚਿਤਵੀਐ ਤਿਤੁ ਬਿਗਰਸਿ ਕਾਜੁ।"
-ਭੈਰ ੫, ੧੪, ੧*:੨ (1138)

ਬਿਗਰਾਨਾ --- ਭਾਵ ਟੁੱਟਣਾ
"ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ।"
-ਆਸਾ ਕਬ, ੧, ੪:੧ (475)

ਬਿਗਰਿਓ --- (1) ਵਿਗੜਿਆ, ਖਰਾਬ ਹੋਣਾ
"ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮੁ ਮੁਰਾਰਿ।"
-ਸੋਰ ੯, ੮, ੨:੧ (633)

(2) ਭਾਵ ਬਦਲਣਾ, ਹੋਰ ਰੂਪ ਹੋਣਾ
"ਚੰਦਨ ਕੈ ਸੰਗਿ ਤਰਵਰੁ ਬਿਗਰਿਓ।"
-ਭੈਰ ਕਬ, ੫, ੨:੧ (1158)

(3) ਗਵਾਚਾ
"ਕਛੁ ਬਿਗਰਿਓ ਨਾਹਿਨ ਅਜਹੁ ਜਾਗ।"
-ਬਸੰ ੯, ੫, ੧*:੧ (1187)

ਬਿਗਰੀ ----- (1) ਖਰਾਬ ਹੋਈ, ਵਿਚਲਿਤ ਹੋਈ
"ਰਾਖਿ ਲੇਹੁ ਹਮ ਤੇ ਬਿਗਰੀ।"
-ਬਿਲਾ ਕਬ, ੬, ੧*:੧ (856)

ਹੋਰ ਰੂਪ:

ਬਿਗਰੇ –
"ਮੈ ਬਿਗਰੇ ਅਪਨੀ ਮਤਿ ਖੋਈ।" (ਵਿਗੜ ਕੇ)
-ਬਿਲਾ ਕਬ, ੨, ੩:੧ (855)

ਬਿਗਰੈ –
"ਮੈ ਬਿਗਰਿਓ ਬਿਗਰੈ ਮਤਿ ਅਉਰਾ।"
-ਬਿਲਾ ਕਬ, ੨, ੧*:੨ (855)

(2) ਹੋਰ ਰੂਪ ਹੋਣਾ
"ਗੰਗਾ ਕੈ ਸੰਗਿ ਸਲਿਤਾ ਬਿਗਰੀ।"
-ਭੈਰ ਕਬ, ੫, ੧:੧ (1158)

ਬਿਗੜ ----- ਕਰੂਪ, ਕੋਝੇ, ਵਿਗੜੇ/ਖਰਾਬ ਹੋਏ ਹੋਏ
"ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ।"
-ਗਉ ੫, ਸੁਖ ੧੩, ੭:੧ (280)

"ਬਿਗੜ ਰੂਪੁ ਮਨ ਮਹਿ ਅਭਿਮਾਨੁ।" (ਕੋਝੇ)
-ਆਸਾ ੫, ੧੨, ੧:੪ (374)

ਹੋਰ ਰੂਪ:

ਬਿਗੜੈ –
"ਹਉ ਬਿਗੜੈ ਰੂਪਿ ਰਹਾ ਬਿਕਰਾਲ।"
-ਸਿਰੀ ੧, ੨੯, ੧*:੨ (24)

ਬਿਗਾਸ ----- (1) ਚਮਤਕਾਰ, ਖਿੜਾਓ, ਫੈਲਾਅ
"ਸਸਿ ਬਿਗਾਸ ਸੰਪਟ ਨਹੀ ਆਵਾ।"
-ਗਉ ਕਬ, ਬਾਅ ੭:੨ (380)

(2) ਖਿੜਦਾ ਹੈ
"ਗੁਰ ਪ੍ਰਸਾਦਿ ਊਰਧ ਕਮਲ ਬਿਗਾਸ।"
-ਗੋਂਡ ੫, ੭, ੩:੧ (864)

ਬਿਗਾਸਨੁ --- ਖਿੜਿਆ ਰਹਿਣਾ
"ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ।"
-ਗਉ ੫, ਸੁਖ ੧, ੭:੬ (263)

ਬਿਗਾਸਾ ---- ਖਿੜਾਓ/ਪ੍ਰਕਾਸ਼ ਹੋਇਆ, ਖਿੜ ਗਏ
"ਕਹੁ ਨਾਨਕ ਸਚ ਭਏ ਬਿਗਾਸਾ ਗੁਰਿ ਨਿਧਾਨੁ ਰਿਦੈ ਲੈ ਰਾਖਿਆ।"
-ਗਉ ੫, ੧੬੧*, ੪:੨ (215)
"ਗੁਨ ਗਾਵਤ ਮਨਿ ਹੋਇ ਬਿਗਾਸਾ।" (ਖੁਸ਼)
-ਸਵ ੪, ਕਲ ੧:੩ (1396)

ਹੋਰ ਰੂਪ:

ਬਿਗਾਸਿ –
"ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ।" (ਖਿੜਕੇ)
-ਮਾਝ ੩, ਅਸ ੨੮, ੬:੩ (126)

ਬਿਗਸਿਆ –
"ਗੁਰ ਸਬਦੀ ਕਮਲੁ ਬਿਗਸਿਆ ਇਵ ਹਰਿ ਰਸੁ ਪੀਜੈ।" (ਖਿੜ ਪਿਆ)
-ਮਾਰੂ ੩, ਵਾਰ ੭:੪ (1089)

ਬਿਗਾਸੀ –
"ਜਿਉ ਜਲ ਅੰਤਰਿ ਕਮਲੁ ਬਿਗਾਸੀ ਆਪੇ ਬਿਗਸਿ ਧਿਆਇਦਾ।" (ਖਿੜਦਾ ਹੈ)
-ਮਾਰੂ ੧, ਆਸਾ ੧੬, ੬:੩ (1036)
"ਹਰਖਵੰਤ ਆਨੰਤ ਰੂਪ ਨਿਰਮਲ ਬਿਗਾਸੀ।" (ਖਿੜਾਓ ਵਾਲਾ)
-ਸਮੁ ੫, ੫:੨ (1386)

ਬਿਗਾਸੁ –
"ਪ੍ਰਭੁ ਦਇਆ ਤੇ ਕਮਲ ਬਿਗਾਸੁ।" (ਖਿੜਦਾ ਹੈ)
-ਗਉ ੫, ਸੁਖ ੬, ੮:੪ (271)
"ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ।" (ਖਿੜਾਉ)
-ਗਉ ੫, ਸੁਖ ੧੫, ੩:੬ (282)
"ਮਾਤਾ ਕੈ ਮਨਿ ਬਹੁਤੁ ਬਿਗਾਸੁ।" (ਖੁਸ਼ੀ)
-ਆਸਾ ੫, ੧੦੧, ੧:੪ (396)

ਬਿਗਾਸੇ –
"ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ।" (ਖਿੜੇ ਤੇ ਨਿਹਾਲ ਹੋਏ)
-ਬਿਹਾ ੪, ਛੰਤ ੧, ੪:੪ (538)
"ਕਰਤੈ ਆਪਿ ਵਸਾਇਆ ਸਰਬ ਸੁਖ ਪਾਇਆ ਪੁਤ ਭਾਈ ਸਿਖ ਬਿਗਾਸੇ।"
-ਸੂਹੀ ੫, ਛੰਤ ੯, ੧:੩ (783)

ਬਿਗਾਸੈ –
"ਸਦਾ ਬਿਗਾਸੈ ਪਰਮਲ ਰੂਪ।" (ਖਿੜਾਉ ਦਿੰਦਾ ਹੈ)
-ਆਸਾ ੧, ੧੨, ੧:੨ (352)

ਬਿਗਾਨਾ ---- (1) ਅਣਜਾਣੂ, ਬੇ ਸਮਝ
"ਕਰਣੈਹਾਰੁ ਨ ਬੁਝੈ ਬਿਗਾਨਾ।"

-ਗਉ ੫, ੭੮, ੩:੪ (178)
“ਕਰਨੈਹਾਰੁ ਨ ਬੂਝਈ ਆਪੁ ਗਨੈ ਬਿਗਾਨਾ।” (ਬੇਸਮਝ, ਮੂਰਖ, ਬੇ-ਗਿਆਨਾ)
-ਬਿਲਾ ੫, ੫੦, ੧:੨ (813)

ਹੋਰ ਰੂਪ:

ਬਿਗਾਨੀ -
“ਅਬ ਮਤਿ ਬਿਨਸੀ ਦੁਸਟ ਬਿਗਾਨੀ।” (ਬੇ ਸਮਝ)
-ਗਉ ੫, ੬੨, ੧*:੧ (183)

(2) ਓਪਰਾ, ਅਡਰਾ
“ਤਬ ਇਹੁ ਬਾਵਰੁ ਫਿਰਤ ਬਿਗਾਨਾ।”
-ਗਉ ੫, ਅਸ ੧, ੧:੨ (235)

(3) ਦ੍ਵੈਤ ਭਾਵ, ਬਿਗਾਨਾ ਪਨ
“ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ।”
-ਸਾਰ ੫, ੨੯, ੧*:੨ (1210)

ਬਿਗਾਨੀ ---- (1) ਬੇਸਮਝ, ਵੇਖੋ ਬਿਗਾਨਾ (1)
(2) ਪਰਾਈ, ਦੂਜੇ ਦੀ
“ਨਾਮ ਬਿਹੂਨ ਧ੍ਰਿਗੁ ਦੇਹ ਬਿਗਾਨੀ।”
-ਗਉ ੫, ੧੩੩, ੧*:੨ (192)

ਬਿਗਾਨੇ ----- ਬੇਸਮਝ, ਅਗਿਆਨੀ
“ਕਾਹੇ ਭ੍ਰਮਿ ਭ੍ਰਮਹਿ ਬਿਗਾਨੇ।”
-ਰਾਮ ੫, ੪੨, ੧*:੧ (896)

ਬਿਗਾਰਿ ---- ਵਿਗਾੜਕੇ, ਖਰਾਬ ਕਰਕੇ
“ਅਪਨਾ ਬਿਗਾਰਿ ਬਿਰਾਂਨਾ ਸਾਂਢੈ।”
-ਗੋਂਡ ਰਵਿ, ੨, ੩:੩ (875)

ਹੋਰ ਰੂਪ:

ਬਿਗਾਰਿਓ -
“ਸੀਲੁ ਬਿਗਾਰਿਓ ਤੇਰਾ ਕਾਮ।” (ਖਰਾਬ ਕੀਤਾ ਹੈ)
-ਆਸਾ ੫, ੧੨, ੪:੪ (374)

ਬਿਗਾਰੀ ---- (1) ਵਿਗਾਰੀ ਫੜਿਆ ਵਿਅਕਤੀ, ਜਬਰੀ ਮੁਸ਼ਕਤ ਲਈ ਫੜਿਆ ਵਿਅਕਤੀ
“ਜਿਉ ਬਿਗਾਰੀ ਕੈ ਸਿਰਿ ਦੀਜਹਿ ਦਾਮ।”
-ਗਉ ੫, ੮੦, ੨:੧ (179)

(2) ਬਿਨਾਂ ਇਵਜ਼ਾਨੇ ਤੋਂ ਕੀਤਾ ਕੰਮ
“ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ।”
-ਤਿਲੰ ਨਾਮ, ੩, ੧*:੩ (727)

ਬਿਗਾਰੇ ----- ਵਿਗਾੜਦਾ/ਖਰਾਬ ਕਰਦਾ ਹੈ
“ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ।”
-ਨਟ ੪, ਅਸ ੬, ੭:੧ (983)

ਬਿਗਿਆਨਿ -- ਅਣਜਾਣ, ਬੇਗਿਆਨ

"ਮੁਕਤਿ ਨਹੀ ਬਿਦਿਆ ਬਿਗਿਆਨਿ।"

-ਰਾਮ ੧, ਅਸ ੨, ੬:੨ (903)

ਬਿਗੂਚਾ ----- ਖੁਆਰ ਹੋਣਾ

"ਲੋਗੁ ਗੰਠਿ ਗੰਠਿ ਖਰਾ ਬਿਗੂਚਾ।"

-ਸੋਰ ਰਵਿ, ੭, ੨:੧ (659)

ਬਿਗੂਤਾ ----- ਖਰਾਬ ਹੋਣਾ, ਬਰਬਾਦ ਹੋਇਆ (ਮਹਾਨ ਕੋਸ਼)

"ਤਹਾ ਬਿਗੂਤਾ ਜਹ ਕੋਇ ਨ ਰਾਖੈ ਓਹੁ ਕਿਸੁ ਪਹਿ ਕਰੇ ਪੁਕਾਰਾ।"

-ਆਸਾ ੫, ੪੧, ੨:੨ (381)

ਹੋਰ ਰੂਪ:

ਬਿਗੂਤੀ -

"ਕਾਇਆ ਬਿਗੂਤੀ ਬਹੁ ਬਿਧਿ ਭਾਤੀ।" (ਖਰਾਬ ਹੋਈ)

-ਗਉ ਕਬ, ੩੨, ੨:੧ (329)

ਬਿਗੂਤੇ -

"ਸਗਲ ਬਿਗੂਤੇ ਭਾਵੈ ਦੋਇ।" (ਖਰਾਬ ਹੋਏ, ਖੁਆਰ ਹੋਏ)

-ਗਉ ੧, ਅਸ ੪, ੧:੩ (222)

"ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ।" (ਖੁਆਰ ਹੋਏ)

-ਸੋਰ ਕਬ, ੧, ੪:੧ (654)

ਬਿਗੂਤੋ -

"ਕੋ ਕੋ ਨ ਬਿਗੂਤੋ ਮੈ ਕੋ ਆਹਿ।" (ਖੁਆਰ ਹੋਇਆ ਭਾਵ ਨਾਸ ਹੋਇਆ)

-ਬਸੰ ਨਾਮ, ੫, ੧:੪ (1194)

ਬਿਗੋਈ ----- ਖੁਆਰ ਕਰਨਾ

"ਜਨਮੇ ਸੂਤਕੁ ਮੂਏ ਫੁਨਿ ਸੂਤਕੁ ਸੂਤਕ ਪਰਜ ਬਿਗੋਈ।"

-ਗਉ ਕਬ, ਅਸ ੪੧, ੧:੨ (331)

ਬਿਗ੍ਯਾਪ੍ਤਿ ---- ਬੇਨਤੀ ਕਰਦਾ ਹੈ

"ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਯਾਪ੍ਤਿ ਨਾਨਕ ਹਰਿ ਨਰਹਰਹ।"

-ਸਸ ੫, ੪੮:੫ (1358)

ਬਿਘਨ ------ ਰੁਕਾਵਟ, ਪ੍ਰਤਿਬੰਧ, ਵਿਘਨ, ਰੋਕ, ਅਟਕਾ

"ਕੋਟਿ ਬਿਘਨ ਹਿਰੇ ਖਿਨ ਮਾਹਿ।"

-ਗਉ ੫, ੧੪੯, ੧:੧ (195)

"ਅਨਿਕ ਬਿਘਨ ਤੇ ਸਾਧੂ ਰਾਖੈ।"(ਔਕੜਾਂ, ਮੁਸ਼ਕਲਾਂ)

-ਗਉ ੫, ਸੁਖ ੧੫, ੬:੭ (283)

ਹੋਰ ਰੂਪ:

ਬਿਘਨੰ-

"ਛਲੰ ਛਿੰਦ੍ਰ ਕੋਟਿ ਬਿਘਨੰ ਅਪਰਾਧੰ ਕਿਲ ਬਿਖਮਲੰ।"(ਪ੍ਰਤਿਬੰਧ)

-ਸਸ ੫, ੪੨:੧ (1357)

ਬਿਘਨੁ–
"ਪ੍ਰਭ ਸਿਮਰਤ ਕਛੁ ਬਿਘਨ ਨ ਲਾਗੈ।"(ਰੁਕਾਵਟ, ਔਕੜ)
-ਗਉ ੫, ਸੁਖ ੧, ੨:੫ (262)

ਬਿਘਿਆੜੀ--- ਭੇੜੀਏ ਦੀ ਮਾਦਾ, ਇਕ ਖੂੰਖਾਰ ਜੰਗਲੀ ਜਾਨਵਰ
"ਦਸ ਬਿਘਿਆੜੀ ਲਈ ਨਿਵਾਰਿ।"
-ਰਾਮ ੫, ੫੧, ੧:੨ (899)

ਬਿਚਕਾਰਿ---- ਵਿਚਕਾਰ, ਕੇਂਦਰ ਤੇ
" ਪਲੁ ਅਨਤ ਮੂਲੁ ਬਿਚਕਾਰਿ।"
-ਰਾਮ ਬੇਣੀ, ੧, ੮:੨ (974)

ਬਿਚਖਣ----- ਚਤੁਰ, ਸਿਆਣਾ
"ਸੇਈ ਬਿਚਖਣ ਜੰਤ ਜਿਨੀ ਹਰਿ ਧਿਆਇਆ।"
-ਸੋਰ ੪, ਵਾਰ ੨੬:੨ (652)

ਹੋਰ ਰੂਪ:

ਬਿਚਖਣਿ–
"ਰੂਪਵੰਤਿ ਸਾ ਸੁਘੜਿ ਬਿਚਖਣਿ ਜੋਧਨ ਕੰਤ ਪਿਆਰੀ ਜੀਉ।"(ਚਤੁਰ)
-ਮਾਝ ੫, ੧੧, ੨:੨ (97)

ਬਿਚਖਨ----- ਸਿਆਣਾ, ਚਤੁਰ
"ਧੰਨੁ ਗੁਰਦੇਵ ਅਤਿ ਰੂਪ ਬਿਚਖਨ।"
-ਗੋਂਡ ਕਬ, ੧੦, ੪:੪ (873)

ਹੋਰ ਰੂਪ:

ਬਿਚਖਨਿ–
"ਸੋਹਨੀ ਸਰੂਪਿ ਸੁਜਾਣਿ ਬਿਚਖਨਿ।" (ਸਿਆਣੀ, ਚਤੁਰ)
-ਆਸਾ ੫, ੧੨, ੧*:੧ (374)

ਬਿਚਰਹਿ ---- (1) ਫਿਰਦਾ ਹੈ
"ਕਿਸੁ ਭਰਵਾਸੈ ਬਿਚਰਹਿ ਭਵਨ।"
-ਰਾਮ ੫, ੪੮, ੧:੧ (898)
(2) ਵਿਚਾਰਦੇ ਹਨ
"ਉਦਮੁ ਕਰਿ ਲਾਗੇ ਬਹੁਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ।"
-ਸਮ ੫, ੧੧*:੧ (1389)

ਹੋਰ ਰੂਪ:

ਬਿਚਰਹੁ–
"ਹਮਰੇ ਕਰਮ ਨੇ ਬਿਚਰਹੁ ਠਾਕੁਰ ਤੁਮ੍ ਪੈਜ ਰਖਹੁ ਅਪਨੀਧੈ।"(ਵਿਚਾਰੋ)
-ਬਸੰ ੪, ੫, ੪:੧ (1179)

ਬਿਚਰਤ----- (1) ਵਿਚਾਰਦਾ ਹੈ
"ਖਟੁ ਸਾਸਤ ਬਿਚਰਤ ਮੁਖਿ ਗਿਆਨਾ।"

-ਮਾਝ ੫, ੧੨, ੨:੧ (98)

"ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ।"

-ਆਸਾ ਨਾਮ, ੧, ੨:੨ (485)

(2) ਵਿਚਾਰ ਦਾ ਭਾਵ ਫਿਰਦਾ

"ਜੋਬਨ ਰੂਪ ਮਾਇਆ ਮਦ ਮਾਤਾ ਬਿਚਰਤ ਬਿਕਲ ਬਡੌ ਅਭਿਮਾਨੀ।"

-ਸਮੁ ੫, ੧*:੩ (1387)

ਹੋਰ ਰੂਪ:

ਬਿਚਰਤੇ-

"ਬਿਚਰਤੇ ਨਿਰਭਯੰ ਸਤ੍ਰੂ ਸੈਨਾ ਧਾਯੰਤੇ ਗੋੁਪਾਲਾ ਕੀਰਤਨਹ।"(ਫਿਰਦੇ)

-ਸਸ ੫, ੨੯:੪ (1356)

ਬਿਚਰਦੇ ------ ਫਿਰਦੇ, ਭਟਕਦੇ

"ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ।"

-ਮਾਰੂ ੪, ਵਾਰ ੧੪:੬ (1099)

ਬਿਚਰਿ ------ ਵਿਚਾਰ

"ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ।"

-ਕਲਿ ੪, ਅਸ ੪, ੨:੧ (1325)

ਬਿਚਰੁ ------- ਫਿਰ, ਘੁੰਮ, ਵਿਚਰ

"ਬਿਚਰੁ ਸੰਸਾਰ ਪੂਰਨ ਸਭਿ ਕਾਮ।"

-ਗਉ ੫, ੧੫੩, ੧:੨ (196)

ਬਿਚਰੇ ------- ਵਿਚਾਰੇ

"ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ।"

-ਸਿਰੀ ੫, ਅਸ ੨੬, ੫:੧ (70)

ਬਿਚਰੈ ------- (1) ਫਿਰਦਾ/ਘੁੰਮਦਾ ਹੈ

"ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ।"

-ਸਿਰੀ ਬੇਣੀ, ੧, ੧*:੨ (93)

(2) ਵਿਚਾਰ ਕਰੇ, ਵਿਚਾਰੇ

"ਨਦਰਿ ਕਰੇ ਤਾ ਸਤਿਗੁਰ ਮੇਲੇ ਅਨਦਿਨੁ ਬਿਬੇਕ ਬੁਧਿ ਬਿਚਰੈ।"

-ਧਨਾ ੪, ਛੰਤ ੧, ੨:੫ (690)

"ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ।"

-ਰਾਮ ੧, ਓਅੰ ੫੪:੧ (938)

(3) ਭਾਵ ਉਚਾਰਨ ਕਰੇ

"ਹਰਿ ਜਨ ਕਉ ਹਰਿ ਭੁਖ ਲਗਾਨੀ ਜਨੁ ਤ੍ਰਿਪਤੈ ਜਾ ਹਰਿ ਗੁਨ ਬਿਚਰੈ।"

-ਮਲਾ ੪, ੩, ੩:੧ (1263)

ਬਿਚਾਰ ------ ਵਿਚਾਰ, ਵਿਵੇਕ, ਅਸਲੀਅਤ ਜਾਣਨ ਦੀ ਕ੍ਰਿਆ

"ਚਾਰ ਬਿਚਾਰ ਬਿਨਸਿਓ ਸਘ ਦੂਆ।"

-ਗਉ ੫, ਬਾਅ ੨੨ :੫ (254)

ਹੋਰ ਰੂਪ:

ਬਿਚਾਰੰ–
"ਤ੍ਰੈ ਪਾਲ ਤਿਹਾਲ ਬਿਚਾਰੰ।" (ਵਿਚਾਰਦੇ ਹਨ)
–ਆਸਾ ੧, ਵਾਰ ੧੪ਸ, ੧, ੨:੪ (470)

ਬਿਚਾਰਹੁ ---- ਵਿਚਾਰ ਕਰਦਾ, ਸੋਚਦਾ
"ਛਤ੍ਰ ਨ ਪਤ੍ਰ ਨ ਚਉਰ ਨ ਚਾਵਰ ਬਹਤੀ ਜਾਤ ਰਿਦੈ ਨ ਬਿਚਾਰਹੁ।"
–ਸਸ ੫, ੫*:੨ (1388)
"ਗੁਰਮੁਖਿ ਸੰਗਤਿ ਸਭੈ ਬਿਚਾਰਹੁ ਵਾਹੁ ਵਾਹੁ ਕਾ ਬਡਾ ਤਮਾਸਾ।"(ਵਿਚਾਰ ਕਰੋ, ਸੋਚੋ)
–ਸਵ ੪, ਗਯੰ ੧੨:੫ (1403)

ਬਿਾਰਨ ----- ਵਿਚਾਰਨ, ਵਿਚਾਰ ਕਰਨ, ਸੋਚਣ
"ਮਥੁਰਾ ਜਨ ਜਾਨਿ ਕਹੀ ਜੀਅ ਸਾਚੁ ਸੁ ਅਉਰ ਕਛੂ ਨ ਬਿਚਾਰਨ ਕਉ।"
–ਸਵ ੪, ਮਥੁ ੨:੩ (1404)

ਬਿਚਾਰਾ ----- (1) (ਫਾ. ਬੇਚਾਰਾ) ਵਿਚਾਰਾ, ਨਿਮਾਣਾ, ਦੀਨ
"ਜੈਸੇ ਮਹਲਿ ਰਾਖੈ ਤੈਸੈ ਰਹਨਾ ਕਿਆ ਇਹੁ ਕਰੈ ਬਿਚਾਰਾ।"
–ਗਉ ੫, ੧੨੬*, ੪:੨ (206)
"ਨਾਨਕੁ ਗਰੀਬੁ ਕਿਆ ਕਰੈ ਬਿਚਾਰਾ ਹਰਿ ਭਾਵੈ ਤਿਤੁ ਰਾਹਿ ਚਲੀ।"
–ਦੇਵ ੪, ੨, ੨:੨ (527)
(2) ਵਿਚਾਰ ਵਿਚ, ਧਿਆਨ ਵਿਚ
"ਜਸ ਅਦੇਖਿ ਤਸ ਰਾਖਿ ਬਿਚਾਰਾ।"
–ਗਉ ਕਬ, ਬਾਅ ੨੪:੨ (341)
(3) ਵਿਚਾਰ, ਗਲ
"ਮਨ ਰੇ ਸਾਚਾ ਗਹੋ ਬਿਚਾਰਾ।"
–ਜੈਤ ੯, ੩, ੧*:੧ (703)

ਬਿਚਾਰਿ ----- (1) ਵਿਚਾਰ ਕਰ
"ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ।"
–ਆਸਾ ਕਬ, ੮, ੧:੨ (477)
(2) ਵਿਚਾਰ ਕੇ, ਸਮਝ ਕੇ
"ਕਾਜੀ ਸਾਹਿਬੁ ਏਕੁ ਤੋਹੀ ਮਹਿ ਤੇਰਾ ਸੋਚਿ ਬਿਚਾਰਿ ਨ ਦੇਖੈ।"
–ਆਸਾ ਕਬ, ੨੯, ੧*:੧ (483)

ਬਿਚਾਰਿਓ---- ਵਿਚਾਰਿਆ, ਧਿਆਨ ਵਿਚ ਲਿਆਂਦਾ
"ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ।"
–ਬਸੰ ੫, ੧੭, ੨:੧ (1185)

ਬਿਚਾਰੀ ----- (1) ਵਿਚਾਰ ਕੇ
"ਇਨ ਮੈਂ ਕਛੁ ਤੇਰੋ ਰੇ ਨਾਹਿਨ ਦੇਖੋ ਸੋਚ ਬਿਚਾਰੀ।"
–ਗਉ ੯, ੮, ੧:੨ (220)
(2) ਸਮਝ ਲਵੋ, ਜਾਣ ਲਵੋ

"ਇਆ ਤਤ ਲੇਹੁ ਸਰੀਰ ਬਿਚਾਰੀ।"

-ਗਉ ਕਬ, ੩੯, ੨:੨ (331)

(3) ਵਿਚਾਰੀ, ਨਿਤਾਨੀ, ਨਿਮਾਣੀ

"ਕਿਆ ਚੇਰੀ ਹਾਥ ਬਿਚਾਰੀ।"

-ਸੋਰ ਕਬ, ੫, ੩:੨ (655)

ਬਿਚਾਰੁ ----- (1) ਵਿਚਾਰ, ਸੋਚ, ਧਿਆਨ

"ਕਰਿ ਬਿਚਾਰੁ ਬਿਕਾਰ ਪਰਹਰਿ ਤਰਨ ਤਾਰਨ ਸੋਇ।"

-ਆਸਾ ਕਬ, ੨੭, ੩:੧ (482)

"ਐਸਾ ਗਿਆਨੁ ਬਿਚਾਰੁ ਮਨਾ।" (ਧਿਆਨ ਕਰ)

- ਭੈਰ ਕਬ, ੧੪, ੧*:੧ (1161)

(2) ਗਿਆਨ

"ਇਹੁ ਬ੍ਰਹਮ ਬਿਚਾਰੁ ਸੁ ਜਾਨੈ।"

-ਸੋਰ ੫, ੫੭, ੪:੧ (623)

ਬਿਚਾਰੇ ----- (1) ਵਿਚਾਰੇ, ਨਿਮਾਣੇ, ਦੀਨ

"ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ।"

-ਗਉ ੫, ੧੬੫*, ੧:੧ (216)

(2) ਵਿਚਾਰੇ, ਸੋਚੇ, ਵਿਚਾਰ ਕਰੇ

"ਕੂਚ ਬਿਚਾਰੇ ਫੂਏ ਫਾਲ।"

-ਗੋਂਡ ਕਬ, ੬, ੧:੩ (871)

ਹੋਰ ਰੂਪ:

ਵਿਚਾਰੈ–

"ਕਹਿ ਕਬੀਰ ਰਾਮੁ ਰਿਦੈ ਬਿਚਾਰੈ ਸੂਤਕੁ ਤਿਨੈ ਨ ਹੋਈ।"(ਵਿਚਾਰ ਕਰੇ)

-ਗਉ ਕਬ, ੪੧, ੩:੨ (331)

"ਦੂਣਿ ਨ ਪਰਈ ਫੰਕ ਬਿਚਾਰੈ।" (ਵਿਚਾਰ ਸਦਕਾ)

-ਗਉ ਕਬ, ਬਾਅ ੨੮:੩ (341)

ਬਿਚਾਰੋ–

"ਮਨ ਰੇ ਪ੍ਰਭ ਕੀ ਸਰਨਿ ਬਿਚਾਰੋ।" (ਵਿਚਾਰ ਕਰੋ)

-ਸੋਰ ੫, ੪, ੧*:੨ (632)

ਬਿਚਿ ------ (1) ਵਿਚ

"ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ।" (ਭਾਵ ਵਾਲ)

-ਗਉ ੪, ੫੧, ੨:੨ (168)

"ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ।"(ਅੰਦਰ)

-ਗਉ ੫, ੧੫੮*, ੨:੧ (214)

(2) ਵਿਚਕਾਰ, ਦਰਮਿਆਨ

"ਈਂਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ।"

-ਬਿਲਾ ੫, ੧੧੭, ੧*:੨ (827)

ਬਿਚਿਤਿ------ ਚਿਤ ਵਿਚ, ਦਿਲ ਅੰਦਰ

“ਜਿਹ ਅੰਮ੍ਰਿਤ ਬਚਨ ਬਾਣੀ ਸਾਧੂ ਜਨ ਜਾਪਹਿ ਕਰਿ ਬਿਚਿਤਿ ਚਾਓ।”
-ਸਵ ੪, ਗਯੰ ੨:੧ (1401)

ਬਿਛਾਇ------ ਵਿਛਾ
“ਗੁਰ ਕਾ ਸਬਦੁ ਕਰਿ ਦੀਪਕੋ ਇਹ ਸਤ ਕੀ ਸੇਜ ਬਿਛਾਇ ਜੀ।”
-ਆਸਾ ੫, ੧੧੮, ੩:੧ (400)

ਬਿਛਾਵੈ ------ ਵਿਛਾਵੈ
“ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ।”
-ਆਸਾ ਕਬ, ੧੭, ੩:੨ (480)

ਬਿਛੁਰਤ------ ਵਖ ਹੋ ਕੇ, ਵਿਛੜ ਕੇ
“ਸਾਧ ਸੰਗਿ ਬਿਛੁਰਤ ਹਰਿ ਮੇਲਾ।”
-ਗਉ ੫, ਸੁਖ ੭, ੬:੬ (272)
“ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨਿ ਮਿਲਾਇਆ।” (ਵਿਛੜੇ ਹੋਏ ਨੂੰ)
-ਸੋਰ ੫, ੨੧, ੧:੧ (614)
“ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ।”(ਵਿਛੜਿਆਂ, ਵਿਛੜਨ ਨਾਲ)
-ਮਲਾ ੫, ੯, ੨:੧ (1268)

ਬਿਛੁਰਨ------ ਵਿਛੜਨ, ਵਖ ਹੋਣ
“ਬਿੰਦਹਿ ਬਿੰਦਿ ਨ ਬਿਛੁਰਨ ਪਾਵਾ।”
-ਗਉ ਕਬ, ਬਾਅ ੨੯:੨ (341)

ਬਿਛੁਰਾ ------ ਵਿਛੜਿਆ
“ਜਹ ਕਾ ਬਿਛੁਰਾ ਤਹ ਥਿਰੁ ਲਹੈ।”
-ਗਉ ਕਬ, ਬਾਅ ੪੪:੪ (342)

ਹੋਰ ਰੂਪ:

ਬਿਛੁਰੇ-
“ਜਨਮ ਜਨਮ ਕੇ ਬਿਛੁਰੇ ਮੇਲੇ।” (ਵਿਛੜੇ ਹੋਏ)
-ਗਉ ੫, ੧੨੮, ੧*:੨ (191)

ਬਿਛੁਰੈ-
“ਕਿਨਿ ਬਿਧਿ ਮਿਲੀਐ ਕਿਨਿ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ।”
-ਮਾਝ ੫, ਅਸ ੩੬, ੩:੩ (131)

ਬਿਛੁੜਿਆ --- ਵਿਛੜਿਆ ਨਿਖੜਿਆ, ਵਖ ਹੋਇਆ, ਦੂਰ ਹੋਇਆ
“ਜਨਮ ਜਨਮ ਕਾ ਬਿਛੁੜਿਆ ਹੋਵੈ ਤਿਨ੍ਹ ਹਰਿ ਸਿਉ ਆਣਿ ਮਿਲਾਵੈ।”
-ਸੂਹੀ ੫, ੫੧, ੨:੨ (748)

ਬਿਛੂਅ ------ ਅਠੂੰਹਾਂ, ਇਕ ਜੀਵ ਜਿਸ ਦੀ ਪੂਛ ਤੇ ਜ਼ਹਿਰੀਲਾ ਡੰਗ ਹੁੰਦਾ ਹੈ
“ਨਾਮੁ ਸੁਨਤ ਜਨੁ ਬਿਛੂਅ ਡਸਾਵਾ।”
-ਰਾਮ ੫, ੩੨, ੨:੪ (893)

ਹੋਰ ਰੂਪ:

ਬਿਛੂਆ–
"ਸਾਕਤ ਬਚਨ ਬਿਛੂਆ ਜਿਉ ਤ੍ਰਸੀਐ ਤਜਿ ਸਾਕਤ ਪਰੈ ਪਰਾਰੇ।"
–ਨਟ ੪, ਅਸ ੩, ੫:੨ (982)

ਬਿਛੋਹ ------ ਵਿਯੋਗ, ਜੁਦਾਈ, ਵਿਛੋੜੇ
"ਬਿਨਵੰਤਿ ਨਾਨਕ ਪ੍ਰਭਿ ਆਪਿ ਮੇਲੀ ਤਹਨ ਪ੍ਰੇਮ ਬਿਛੋਹ ਜੀਉ।"
–ਰਾਮ ੫, ਰੁਤੀ ੬:੬ (929)

ਹੋਰ ਰੂਪ:

ਬਿਛੋਹਾ–
"ਪ੍ਰੇਮ ਬਿਛੋਹਾ ਕਰਤ ਕਸਾਈ।" (ਵਿਛੋੜਾ)
–ਸੂਹੀ ੫, ੪੦, ੨:੧ (745)

ਬਿਛੋਹੁ–
"ਵੈਸਾਖਿ ਸੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।"(ਵਿਛੋੜਾ)
–ਮਾਝ ੫, ਬਾਹਾ ੩:੧ (133)

ਬਿਛੋਰਿਆ --- ਵਿਛੋੜਿਆ, ਦੂਰ ਕੀਤਾ
"ਕਬੀਰ ਰੈਨਾਇਰ ਬਿਛੋਰਿਆ ਰਹੁਰੇ ਸੰਖ ਮਝੂਰਿ।"
–ਸਲੋ ਕਬ, ੧੨੬:੧ (1371)

ਹੋਰ ਰੂਪ:

ਬਿਛੋਰੈ–
"ਆਪਿ ਬਿਛੋਰੈ ਆਪੇ ਮੇਲ।"(ਵਿਛੋੜੇ, ਦੂਰ ਕਰੇ)
–ਰਾਮ ੫, ੩੬, ੩:੨ (894)

ਬਿਜ ------- ਬੱਜਰ ਵਾਂਗ ਪੱਕੇ, ਮਜ਼ਬੂਤ
"ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।"
–ਗਉ ੧, ੧੭, ੩:੧ (156)
(ਮਹਾਨ ਕੋਸ਼ ਅਰਥ 'ਬਿਜਲੀ' ਕਰਦੇ ਹਨ ਬਿਜਲੀ ਨੂੰ ਛੂਹਨ ਵਾਲੇ ਭਾਵ ਉੱਚੇ)

ਬਿਜਉਰੀਆ -- ਬਿਜੌਰ ਦੇਸ਼ ਦੀਆਂ
"ਫਰੀਦਾ ਲੋੜੈ ਦਾਖ ਬਿਜੌਰੀਆਂ ਕਿਕਰਿ ਬੀਜੈ ਜਟੁ।"
–ਸਲੋ ਫਰ, ੨੩:੧ (1379)

ਬਿੰਜਨ ------ ਵਿਅੰਜਨ, ਖਾਦ ਪਰਦਾਰਥ, ਭੋਜਨ
"ਬਿੰਜਨ ਭੋਜਨ ਅਨਿਕ ਪਰਕਾਰ।"
–ਆਸਾ ੫, ੧੧, ੩:੧ (373)

"ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ।।"(ਤਰਕਾਰੀ, ਭਾਜੀ)
–ਸਾਰ ੫, ੨੮, ੧:੨ (1210)

ਹੋਰ ਰੂਪ:

ਬਿੰਜਨੰ–
"ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ।"
–ਸਸ ੫, ੩੫:੨ (1357)

ਬਿਜੁਲ------ ਬਿਜਲੀ, ਬਦਲਾਂ ਵਿਚ ਪਾਣੀ ਦੀ ਗਰਗੜ ਨਾਲ ਪੈਦਾ ਹੁੰਦੀ ਚਮਕਾਰ
"ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ।"
–ਆਸਾ ੧, ਛੰਤ ੫, ੧:੪ (439)

ਹੋਰ ਰੂਪ:

ਬਿਜੁਲਿ–
"ਸੂਰਜ ਕਿਰਣਿ ਨ ਬਿਜੁਲਿ ਗੈਣਾਰਾ।"
–ਮਾਰੂ ੨, ਸੋਲਾ ੧੩, ੮:੨ (1033)

ਬਿਜੁਲੀ–
"ਬਿਜੁਲੀ ਚਮਕੈ ਹੋਇ ਅਨੰਦੁ।"
–ਭੈਰ ਕਬ, ਅਸ ੧, ੧:੩ (1162)

ਬਿਜੁਲੀਆ–
"ਨਾਨਕ ਬਿਜੁਲੀਆ ਚਮਕੰਨਿ ਘੁਰਨਿ੍ ਘਟਾ ਅਤਿ ਕਾਲੀਆ।"
–ਮਾਰੂ ੫, ਵਾਰ ੨੨ਸ, ੫, ੨:੧ (1102)

ਬਿਜੁਲੀਆਂ–
"ਕਤਕਿ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ।"
–ਆਸਾ ਫਰ, ੨, ੬:੧ (488)

ਬਿਜੋਗ------ ਵਿਛੋੜਾ
"ਨਾਮ ਰਤੇ ਕੇਵਲ ਬੈਰਾਗੀ ਸੋਗ ਬਿਜੋਗ ਬਿਸਰਜਿਤ ਰੋਗ।"
–ਗੂਜ ੧, ਅਸ ੪, ੧:੨ (504)

ਬਿਟੰਗਾ ----- ਟੰਗਾਂ ਤੋਂ ਬਿਨਾਂ (ਭਾਵ) ਸਿਰ ਭਾਰ
"ਹਠਿ ਨਿਗ੍ਰਹਿ ਅਤਿ ਰਹਤ ਬਿਟੰਗਾ।"
–ਕਾਨ ੫, ੩੬, ੨:੧ (1305)
(ਮਹਾਨਕੋਸ਼ ਅਰਥ ਨਿਪੁਣ, ਪੂਰਾ ਜਾਨਕਾਰ ਕਰਦਾ ਹੈ)

ਬਿਟਵਹਿ ---- ਬੇਟੇ ਨੂੰ, ਪੁੱਤਰ ਨੂੰ, ਲੜਕੇ ਨੂੰ
"ਬਿਟਵਹਿ ਰਾਮ ਰਮਊਆ ਲਾਵਾ।"
–ਆਸਾ ਕਬ, ੩੩, ੧*:੨ (484)

ਬਿਟਾਰਿਓ---- ਜੂਠਾ ਕਰਨਾ, ਅਪਵਿਤਰ ਕਰਨਾ, ਵਿਗਾੜ ਦੇਣਾ
"ਪਹਿਨੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ।"
–ਆਸਾ ਨਾਮ, ੨, ੩:੨ (485)

ਬਿਠੁਲੇ------ ਬੀਠਲ, ਹਰੀ
"ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ।"
–ਦੇਵ ੫, ੩੮, ੧*:੧ (536)

ਬਿਡਾਣੀ ----- (1) ਬਿਗਾਨੀ, ਪਰਾਈ

"ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ।"

-ਗੂਜ ੫, ੧੯, ੨:੨ (500)

ਹੋਰ ਰੂਪ:

ਬਿਡਾਨੀ–

"ਬਿਸਰੀ ਤਿਆਸ ਬਿਡਾਨੀ।"(ਪਰਾਏ ਪਦਾਰਥਾਂ ਦੀ)

-ਕੇਦਾ ੫, ੧, ੧:੨ (1119)

(2) ਅਸਚਰਜ ਰੂਪ

"ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ।"

-ਪ੍ਰਭਾ ਨਾਮ, ੧, ੪:੨ (1351)

ਬਿਡਾਨੁ ----- ਫਰਕ

"ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ।"

-ਮਾਰੂ ਕਬ, ੨, ੩:੧ (1103)

ਬਿਡਾਰਨਹਰੀਆ ਦੂਰ ਕਰਨ ਵਾਲਾ

"ਸੁਖਦਾਈ ਦੂਖ ਬਿਡਾਰਨਹਰੀਆ।"

-ਮਾਝ ੫, ੨੨, ੧:੨ (100)

ਬਿਣਠੀ ----- ਬਿਨਸੀ, ਨਾਸ ਹੋਈ

"ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ ਡਾਰ।"

-ਰਾਮ ੧, ਓਅੰ ੩੦:੨ (933)

ਬਿਣਾਸੁ ----- ਨਾਸ ਹੋਣਾ

"ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ।"

-ਮਲਾ ੧, ਵਾਰ ੨੫ਸ, ੧, ੧:੮ (1289)

ਬਿਤ ------ ਵਿਤ, ਧਨ

"ਚਲ ਚਿਤ ਬਿਤ ਅਨਿਤ ਪ੍ਰਿਅ ਬਿਨੁ ਕਵਨਟ ਬਿਧੀ ਨ ਧੀਜੀਐ।"

-ਬਿਹਾ ੫, ਛੰਤ ੨, ੨:੩ (543)

ਬਿਤਰਹੁ ----- ਚੰਗੀ ਤਰ੍ਹਾਂ ਤਰੋ

"ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ।"

-ਸਵ ੫, ਮਥੁ ੨:੬ (1408)

ਬਿਤਾਲ ----- ਬੇਸੁਰਪੁਣੇ

"ਜਨਮ ਜਨਮ ਕੇ ਮਿਟੇ ਬਿਤਾਲ।"

-ਪ੍ਰਭਾ ੫, ਅਸ ੩, ੫:੪ (1349)

ਬਿਤਾਲਾ ----- ਬੇਤਾਲ, ਆਪਣੀ ਜੀਵਨ ਲੈਅ ਤੋਂ ਖੁੰਝੇ ਹੋਏ ਭਾਵ ਅਗਿਆਨੀ

"ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ।"

-ਗਉ ੫, ਅਸ ੪, ੨:੪ (237)

ਹੋਰ ਰੂਪ:

ਬਿਤਾਲੇ–
“ਜੋ ਮੋਹਿ ਮਾਇਆ ਚਿਤ ਲਾਇਦੇ ਮੇਰੇ ਜਿੰਦੁੜੀਏ ਸੇ ਮਨਮੁਖ ਮੂੜ ਬਿਤਾਲੇਰਾਮ।”
–ਬਿਹਾ ੪, ਛੰਤ ੨, ੩:੩ (539)

ਬਿਤੀ------- ਬੀਤ ਗਈ, ਲੰਘ ਗਈ
“ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ।”
–ਸਾਰ ੫, ੧੨੯, ੧:੧ (1229)

ਬਿਤੀਤ ----- ਗੁਜ਼ਰੀ
“ਤੁਮਰੇ ਦੋਖੀ ਹਰਿ ਆਪਿ ਨਿਵਾਰੇ ਅਪਦਾ ਭਈ ਬਿਤੀਤ।”
–ਧਨਾ ੫, ੨੮, ੧*:੨ (678)

ਹੋਰ ਰੂਪ:

ਬਿਤੀਤਿ–
“ਜੋਬਨੁ ਗਇਆ ਬਿਤੀਤ ਜਰੁ ਮਲਿ ਬੈਠੀਆ।”(ਗੁਜ਼ਰ, ਲੰਘ)
–ਜੈਤ ੫, ਛੰਤ ੩, ੩:੧ (705)

ਬਿਤੀਤੈ–
“ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ ਸੁ ਨਾਨਕੁ ਆਖਿ ਸੁਣਾਵੈ।”(ਭਾਵ ਵਾਪਰਦੀ ਹੈ)
–ਆਸਾ ੫, ੧੦, ੨:੧ (373)
“ਹਰਿ ਗੁਨ ਗਾਵਤ ਜਨਮੁ ਬਿਤੀਤੈ ।”(ਗੁਜ਼ਰੇ)
–ਆਸਾ ਕਬ, ੩੪, ੪:੨ (484)

ਬਿਤੁ ------- ਸਮਰਥਾ
“ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ।”
–ਧਨਾ ੫, ੩੪, ੧*:੨ (679)

(2) ਧਨ, ਮਾਇਆ
“ਹਰਿ ਧਨੁ ਰਾਸਿ ਨਿਰਾਸ ਇਹ ਬਿਤੁ।”
–ਰਾਮ ੫, ੩੧, ੧:੨ (892)

ਬਿਥਪਹਿ ---- ਸਿਰਜਨਾ, ਰਚਨਾ, ਬਣਾਉਣਾ
“ਤਿ ਨਰ ਦੁਲੀਚੈ ਬਹਹਿ ਤਿਨਰ ਉਥਪਿ ਬਿਥਪਹਿ।”
–ਸਵ ੩, ੧੧:੪ (1394)

ਬਿਥਾਰੁ ----- ਅਡੰਬਰ, ਖਿਲਾਰਾ, ਵਿਸਤਾਰ
“ਅਧਿਕ ਬਿਥਾਰੁ ਕਰਉ ਕਿਸੁ ਕਾਮਿ।”
–ਗਉ ੧, ੮, ੩:੨ (153)
“ਬਿਮਲ ਜਾਸੁ ਬਿਥਾਰੁ ਸਾਧਿਕ ਸਿਧ ਸੁਜਨ ਜੀਆ ਕੋ ਅਧਾਰੁ।”
–ਸਵ ੨, ੩:੨ (1391)

ਬਿਥਿ ------ ਵਿੱਥ
“ਧਾਵਤੁ ਧਾਇ ਧਾਵਹਿ ਪ੍ਰੀਤਿ ਮਾਇਆ ਲਖ ਕੋਸਨ ਕਉ ਬਿਥਿ ਦੀਜੈ।”
–ਕਲਿ ੪, ਅਸ ੧, ੭:੨ (1324)

ਬਿੰਦ ------- (1) ਰਤਾ ਭਰ, ਥੋੜੇ ਚਿਰ ਲਈ, ਪੁਨਭਰ
"ਕਰਨ ਨ ਸੁਨਹੀ ਹਰਿ ਜਸੁ ਬਿੰਦ।"
-ਗਉ ੫, ਥਿਤੀ ੯:੪ (298)
(2) ਬੂੰਦ, ਤੁਪਕਾ
"ਬਬਾ ਬਿੰਦਹਿ ਬਿੰਦ ਮਿਲਾਵਾ।"
-ਗਉ ਕਬ, ਬਾਅ ੨੯:੧ (341)
"ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ।"(ਬੂੰਦ ਭਾਵ ਵੀਰਜ)
-ਭੈਰ ੩, ੧, ੨:੨ (1128)
(2) ਜਾਣਨਾ
"ਨਾਦ ਬਿੰਦ ਕੀ ਸੁਰਤਿ ਸਮਾਇ।"
-ਆਸਾ ੧, ੧੨, ੨:੩ (352)
(ਸ਼ਬਦਾਰਥ ਇਸਦੇ ਅਰਥ ਪੈਦਾ ਕਰਨ ਵਾਲੇ ਦਾ ਰੂਪ ਕਰਦਾ ਹੈ)
(4) ਖਬਰ, ਜਾਣਕਾਰੀ (ਕੋਸ਼)
"ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ।"
-ਮਾਰੂ ੩, ਵਾਰ ੪ਸ, ੩, ੧:੧ (1088)
(ਇਸਦੇ ਅਰਥ 'ਬੂੰਦ ਮਾਤਰ' 'ਰਤਾ ਕੁ' ਵੀ ਕੀਤਾ ਜਾਂਦਾ ਹੈ)
(5) ਥੋੜਾ ਜਿਹਾ, ਰਤਾ ਵੀ
"ਨਾਨਕ ਚਸਿਆਹੁ ਚੁਖ ਬਿੰਦ ਉਪਰਿ ਆਖਣੁ ਦੋਸੁ।"
-ਸਾਰ ੪, ਵਾਰ ੧0ਸ, ੧, ੨:੪ (1241)
"ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ।"
-ਸਾਰ ੪, ਵਾਰ ੩੪ਸ, ੪, ੨:੧ (1250)

ਬਿੰਦਹਿ ----- (1) ਬੂੰਦ ਵਿਚ
"ਬਬਾ ਬਿੰਦਹਿ ਬਿੰਦ ਮਿਲਾਵਾ।"
-ਗਉ ਕਬ, ਬਾਅ ੨੯:੧ (341)
(2) ਜਾਣ, ਸਮਝੇ
"ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ।"
-ਬਿਲਾ ੪, ਵਾਰ ੩ਸ, ੩, ੧:੧ (849)

ਬਿੰਦਕ------ ਥੋੜੀ ਜਿਹੀ, ਰਤਾ ਕੁ
"ਮਨੁ ਤਨੁ ਹੋਇ ਨਿਹਾਲੁ ਬਿੰਦਕ ਨਦਰਿ ਝਾਕੁ।"
-ਰਾਮ ੫, ਵਾਰ ੫:੬ (959)

ਬਿੰਦਤੇ ----- ਜਾਣਦਾ, ਪਛਾਣਦਾ
"ਨਿਹਫਲੰ ਤਸਿ ਜਨਮਸਿ ਜਾਵਤੁ ਬ੍ਰਹਮ ਨ ਬਿੰਦਤੇ।"
-ਮਾਝ ੧, ਵਾਰ ੨੩ਸ, ੨, ੨:੧ (148)

ਬਿੰਦਰ------ ਇਕ ਗਰੀਬ ਕ੍ਰਿਸ਼ਨ ਭਗਤ ਜੋ ਸੁਦੇਸ਼ਣਾ ਨਾਮੀ ਦਾਸੀ ਦੇ ਪੇਟੋ ਵਿਅਸ ਦਾ ਪੁਤਰ ਸੀ, ਮਹਾਭਾਰਤ ਸਮੇਂ ਇਸ ਨੇ ਕੌਰਵਾਂ ਦਾ ਸਾਥ ਦਿੱਤਾ: ਉਸ ਦੇ ਸਦਗੁਣਾ ਸਦਕਾ ਕ੍ਰਿਸ਼ਨ ਜੀ ਦੁਰਯੋਧਨ ਦੇ ਰਾਜ ਘਰਾਣੇ ਨੂੰ ਛਡ ਕੇ ਉਸ ਦੇ ਘਰ ਠਹਿਰੇ ਸੀ
"ਪੂਛਹੁ ਬਿਦਰ ਦਾਸੀ ਸੁਤੈ ਕਿਸਨੁ ਉਤਰਿ ਘਰਿ ਜਿਸ ਜਾਇ।"
-ਸੂਹੀ ੪, ੮, ੧:੨ (733)

ਬਿਦਰਿਓ ---- ਚੀਰਿਆ, ਫਾੜਿਆ

“ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ ਹਰਨਾਖਸੁ ਨਖ ਬਿਦਾਰਿਓ।”

-ਬਿਲਾ ਕਬ, ੪, ੩:੨ (856)

ਬਿਦਰੁ ------ ਇਕ ਨਿਮਾਣਾ ਕ੍ਰਿਸ਼ਨ ਭਗਤ ਵੇਖੋ ‘ਬਿਦਰ’

“ਲੂ ਪ੍ਰਹਿਲਾਦ ਧ੍ਰੂ ਬਿਦਰੁ ਦਾਸੀ ਸੁਤੁ ਗੁਰਮੁਖਿ ਨਾਮਿ ਤਰੇ।”

-ਮਾਰੂ ੪, ੧, ੧*:੨ (995)

ਬਿਦਾਇ ----- ਵਿਦਾ ਹੋਣ ਵੇਲੇ (ਨਿਰਣੈ ਦਰਪਣ) ਤੂੰ ਜਾਣ, ਸਾਨੂੰ ਦਸ (ਕੋਸ਼)

“ਜਬ ਅਜਰਾਈਲੁ ਬਸਤਨੀ ਤਬ ਚਿਕਾਰੇ ਬਿਦਾਇ।”

-ਤਿਲੰ ੫, ੧, ੩:੨ (723)

ਬਿਦਾਰ ----- ਨਾਸ ਕਰਨ ਵਾਲਾ

“ਹਰਨਾਖਸੁ ਛੇਦਿਓ ਨਖ ਬਿਦਾਰ।”(ਨਹੁੰਆਂ ਨਾਲ ਪਾੜ ਕੇ ਨਾਸ ਕੀਤਾ)

-ਬਸੰ ਕਬ, ੪, ੪, ੪ (1194)

“ਪ੍ਰਾਨ ਅਧਾਰ ਦੁਖ ਬਿਦਾਰ ਦੈਨਹਾਰ ਬੁਧਿ ਬਿਬੇਕ।”(ਦੂਰ ਕਰਨ ਵਾਲਾ)

-ਪ੍ਰਭਾ ੫, ੧੫, ੧:੧ (1341)

ਹੋਰ ਰੂਪ:

ਬਿਦਾਰਉ-

“ਸੰਤ ਕਾ ਲੀਆ ਧਰਤਿ ਬਿਦਾਰਿਉ।”

-ਗੋਂਡ ੫, ੧੮, ੧:੧ (867)

ਬਿਦਾਰਣ ---- (1) ਦੂਰ ਕਰਨ ਵਾਲਾ

“ਪ੍ਰਭ ਦਇਆਲ ਦੁਖ ਦਰਦ ਬਿਦਾਰਣ।”

-ਮਾਰੂ ੫, ੧੯, ੪:੩ (1005)

(2) ਤੋੜਨਾ, ਦੂਰ ਕਰਨਾ

“ਬਿਦਾਰਣ ਕਦੇ ਨ ਚਿਤੋ।”

-ਗਾਥਾ ੫, ੧੩:੨ (1361)

ਹੋਰ ਰੂਪ:

ਬਿਦਾਰਣਹ-

“ਚਿਤ ਹਰਣੰ ਤ੍ਰੈਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ।”(ਨਾਸ ਕਰਨ ਵਾਲੇ)

-ਸਸ ੫, ੪੬:੨ (1358)

ਬਿਦਾਰਨ ---- (1) ਨਾਸ ਕਰਨ ਵਾਲਾ, ਦੂਰ ਕਰਨ ਵਾਲਾ

“ਦੁਖ ਬਿਦਾਰਨ ਸੁਖਦਾਤੇ ਸਤਿਗੁਰ ਜਾ ਕਉ ਭੇਟਤ ਹੋਇ ਸਗਲ ਸਿਧਿ।”

-ਕਾਨ ੫, ੧, ੧*:੨ (1298)

(2) ਦੂਰ ਕਰਨ, ਨਾਸ ਕਰਨ

“ਕੀਰਤ ਕਰਨ ਸਰਨ ਮਨਮੋਹਨ ਜੋਹਨ ਪਾਪ ਬਿਦਾਰਨ ਕਉ।”

-ਸਮੁ ੫, ੨:੧ (1387)

ਹੋਰ ਰੂਪ:

ਬਿਦਾਰਨਾ-

"ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ ਸਾਧੂ ਸੰਗਿ ਬਿਦਾਰਨਾ।"(ਦੂਰ ਕਰੀਦਾ ਹੈ)
-ਰਾਮ ੫, ਅਸ ੫, ੩:੧ (915)

ਬਿਦਾਰਾ ------ ਨਾਸ ਹੋਇਆ, ਮਾਰਿਆ ਗਿਆ
"ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ।"
-ਧਨਾ ੫, ੨, ੨:੨ (671)

ਬਿਦਾਰਿ ------ (1) ਮਾਰ ਦਿਤੀ, ਦੂਰ ਕੀਤੀ
"ਸਾਇਰ ਕੀ ਪੁਤ੍ਰੀ ਬਿਦਾਰਿ ਗਵਾਈ।"
-ਗਉ ੩, ਅਸ ੨, ੮:੨ (230)
"ਰਖ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ।"(ਦੂਰ ਕਰ)

ਹੋਰ ਰੂਪ:

ਬਿਦਾਰਿਓ-
"ਨਾਮੁ ਜਪਤ ਮਹਾ ਸੁਖੁ ਪਾਇਓ ਚਿੰਤਾ ਰੋਗੁ ਬਿਦਾਰਿਓ।"(ਦੂਰ ਕੀਤਾ)
-ਦੇਵ ੫, ੬, ੧:੨ (529)

(2) ਪਾੜ ਕੇ
"ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀਰੇ।"
-ਆਸਾ ੫, ੧੩੨, ੧*:੨ (404)

ਹੋਰ ਰੂਪ:

ਬਿਦਾਰਿਓ-
"ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ।"(ਪਾੜ ਦਿਤਾ ਜਾਏਂ ਹਨ)
-ਮਾਰੂ ੫, ੮, ੧*:੨ (1001)

ਬਿਦਾਰਿਅਨੁ -- (1) ਨਾਸ ਕਰ ਦਿੱਤੇ
"ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ।"
-ਗੂਜ ੫, ਵਾਰ ੧ਸ, ੫, ੨:੫ (517)
(2) ਦੂਰ ਕੀਤੇ
"ਜਮ ਕੰਕਰ ਮਾਰਿ ਬਿਦਾਰਿਅਨੁ ਹਰਿ ਦਰਗਹ ਲਏ ਛਡਾਇ।"
-ਸਲੋ ੪, ੨੭:੭ (1424)

ਬਿਦਾਰਿਆ --- (1) ਨਾਸ ਕੀਤਾ, ਦੂਰ ਕੀਤਾ
"ਦੂਖ ਦਰਦ ਰੋਗ ਸਗਲਾ ਬਿਦਾਰਿਆ।"
-ਗਉ ੫, ੧੪੮, ੨:੨ (195)
(2) ਪਾੜਿਆ
"ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ।"
-ਭੈਰ ੩, ੨੦, ੪:੪ (1133)

ਬਿਦਾਰੀ ------ ਦੂਰਹੋ ਗਏ, ਮੁਕ ਗਏ
"ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ।"
-ਸੋਰ ੫, ੨੮, ੫:੧ (617)

ਬਿਦਾਰੁ -----ਦੂਰ/ਨਾਸ ਕਰਨ ਵਾਲਾ

"ਕਲਿਪਤਰੁ ਰੋਗ ਬਿਦਾਰੁ ਸੰਸਾਰ ਤਾਪ ਨਿਵਾਰੁ ਆਤਮਾ ਤ੍ਰਿਬਿਧਿ ਤੇਰੈ ਏਕ ਲਿਵਤਾਰ।"

-ਸਵ ੨, ੩:੪ (1391)

ਬਿਦਾਰੂ -----ਨਾਸ /ਦੂਰ ਕਰ ਦਿਤਾ

"ਤਿਨਿ ਸਗਲਾ ਰੋਗੁ ਬਿਦਾਰੂ।"

-ਸੋਰ ੫, ੫੬, ੨:੨ (623)

ਹੋਰ ਰੂਪ:

ਬਿਦਾਰੂਓ-

"ਮਹਾ ਰੋਗੁ ਬਿਕਰਾਲ ਤਿਨੈ ਬਿਦਾਰੂਓ।" (ਦੂਰ/ਨਾਸ ਕਰ ਦਿਤਾ)

-ਗੂਜ ੫, ਵਾਰ ੧੬:੪ (522)

ਬਿਦਾਰੇ ----- (1) ਦੂਰ ਕਰਦਾ ਹੈ

"ਚਰਨ ਕਮਲ ਆਰਾਧਿਤ ਮਨ ਮਹਿ ਜਮ ਕੀ ਤ੍ਰਾਸ ਬਿਦਾਰੇ।"

-ਗਉ ੫, ੧੩੮*, ੨:੨ (210)

ਹੋਰ ਰੂਪ:

ਬਿਦਾਰੈ-

"ਨਿਰਭਉ ਕੀਏ ਸੇਵਕ ਦਾਸ ਅਪਨੇ ਸਗਲੇ ਦੂਖ ਬਿਦਾਰੈ।"(ਦੂਰ ਕੀਤੇ)

-ਸਾਰ ੫, ੭੨, ੧:੧ (1218)

(2) ਨਾਸ ਕੀਤੇ, ਮਾਰੇ

"ਰਕਤਬੀਜੁ ਕਾਲੁਨੇਮੁ ਬਿਦਾਰੇ।"

-ਗਉ ੧, ਅਸ ੯, ੭:੨ (224)

ਹੋਰ ਰੂਪ:

ਬਿਦਾਰੈ-

"ਕਾਲੁ ਕੰਟਕੁ ਜਮੁ ਤਿਸੁ ਨ ਬਿਦਾਰੈ।"(ਪਾੜੇ, ਮਾਰੇ)

-ਸੂਹੀ ੫, ੨੫, ੩:੨ (742)

ਬਿਦਾਰੋ-

"ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ।"(ਦੂਰ ਕਰਦਾ ਹੈ)

-ਗਉ ੫, ਛੰਤ ੩, ੩:੪ (249)

ਬਿੰਦਿ ------ਥੋੜਾ ਚਿਰ, ਪਲ ਭਰ

"ਬਿੰਦਹਿ ਬਿੰਦਿ ਨ ਬਿਛੁਰਨ ਪਾਵਾ।"

-ਗਉ ਕਬ, ਬਾਅ ੨੯:੨ (341)

ਬਿਦਿਆ------ਗਿਆਨ, ਇਲਮ, ਵਿਦਿਆ

"ਬਿਦਿਆ ਤਪੁ ਜੋਗੁ ਪ੍ਰਭ ਧਿਆਨੁ।"

-ਗਉ ੫, ਸੁਖ ੨੪, ੬:੩ (296)

ਬਿਦੀਰਨ ----ਨਾਸ ਕਰਨ ਵਾਲਾ

"ਪ੍ਰਭ ਮਾਨ ਪੂਰਨ ਦੁਖ ਬਿਦੀਰਨ ਸਗਲ ਦਿਛ ਪੁਜੰਤੀਆ।"

-ਆਸਾ ੫, ਛੰਤ ੧੪, ੪:੩ (462)

ਬਿਦੁ -------- ਬਿੰਦ, ਬੂੰਦ (ਵੀਰਜ ਦੀ)
"ਮਾ ਕੀ ਰਕਤੁ ਪਿਤਾ ਬਿਦੁ ਧਾਰਾ।"
-ਮਾਰੂ ੧, ਸੋਲਾ ੩, ੪:੧ (1022)

ਬਿੰਦੁ -------- (1) ਬੂੰਦ(ਵੀਰਜ ਦੀ)
"ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।"
-ਸਿਰੀ ੧, ਅਸ ੧੫, ੫:੨ (63)
"ਬਿੰਦੁ ਨ ਰਾਖਿਆ ਸਬਦੁ ਨ ਭਾਖਿਆ।"(ਭਾਵ ਜਤ)
-ਰਾਮ ੧, ਸਿਗੋ ੬੨:੩ (945)
(2) ਬੀਜ
"ਬ੍ਰਹਮ ਬਿੰਦੁ ਤੇ ਸਭ ਉਤਪਾਤੀ।"
-ਗਉ ਕਬ, ੭, ੧:੨ (324)
(3) ਰਤਾ ਕੁ, ਪਲਭਰ, ਥੋੜਾ ਜਿਹਾ
"ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ।"
-ਸੋਰ ੧, ਅਸ ੧, ੩:੧ (634)
(4)ਰੱਦ ਕਰਨਾ
"ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ।"
-ਮਾਰੂ ੧, ਸਲੋ ੧੫, ੯:੧ (1035)

ਬਿਦੁਅੰਸੀ ----- ਪ੍ਰਬੀਨ, ਚੰਗੀ ਤਰ੍ਹਾਂ ਜਾਣਨ ਵਾਲਾ
"ਬਿਦਿਆ ਮਹਿ ਬਿਦੁਅੰਸੀ ਰਚਿਆ ਨੈਨ ਦੇਖਿ ਸੁਖੁ ਪਾਵਹਿ।"
-ਸੋਰ ੫, ੧੬, ੩:੧ (613)

ਬਿੰਦੇ -------- ਜਾਣੇ, ਸਮਝੇ
"ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਕਹੀਐ ਕਿ ਅਨਦਿਨੁ ਹਰਿ ਲਿਵ ਲਾਏ।"
-ਗੂਜ ੩, ਵਾਰ ੧੦ਸ, ੩, ੧:੧ (512)

ਬਿਦੇਸਿ ------ ਵਿਦੇਸ, ਪਰਾਏ ਮੁਲਕ
"ਖੋਜਤ ਫਿਰਉ ਬਿਦੇਸਿ ਪੀਉ ਕਤ ਪਾਈਐ।"
-ਫੁਨ ੫, ੯:੩ (1362)

ਹੋਰ ਰੂਪ:

ਬਿਦੇਸੁ-
"ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।"
-ਗਉ ਰਵਿ, ੧, ੧:੧ (346)

ਬਿਦੇਹੀ ------ ਸਰੀਰ ਰਹਿਤ
"ਦੇਹੀ ਗੁਪਤ ਬਿਦੇਹੀ ਦੀ ਸੈ।"
-ਰਾਮ ੫, ੫੪, ੩:੧ (900)

ਬਿੰਦੈ -------- ਜਾਣੈ, ਸਮਝੈ
"ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਤੈ ਏਕ ਸਬਦਿ ਲਿਵ ਲਾਇ।"

–ਸੋਰ ੪, ਵਾਰ ੧੯ਸ, ੩, ੧:੧ (649)

ਬਿਦੁਮਾਨ ---- ਪ੍ਰਤਖ, ਆਮਣੇ ਸਾਹਮਣੇ
"ਬਿਦ੍ਰਮਾਨ ਗੁਰਿ ਆਪਿ ਥਪ੍ਉ ਥਿਰੁ ਸਾਚਉ ਤਖਤੁ ਗੁਰੂ ਰਾਮਦਾਸੈ।"
–ਸਵ ੪, ਮਥੁ ੬:੪ (1404)

ਬਿੰਦ੍ਰਾਬਨ ----ਮਥੁਰਾ ਨਿਕਟ ਜਮਨਾ ਨਦੀ ਦੇ ਕੰਢੇ ਦਾ ਇਕ ਬਨ (ਜੰਗਲ) ਜੋ ਕਿਦਾਰਾ ਰਿਸ਼ੀ ਦੀ ਪੂਤਰੀ 'ਵ੍ਰਿੰਦਾ' ਦਾ ਤਪੋਸਥਾਨ ਮੰਨਿਆ ਜਾਂਦਾ ਹੈ
"ਬਿੰਦ੍ਰਾਬਨ ਮਨਹਰਨ ਮਨੋਹਰ ਕ੍ਰਿਸ਼ਨ ਚਰਾਵਤ ਗਾਊ ਰੇ।"
–ਗਉ ਕਬ, ੬੬, ੨:੧ (338)

ਹੋਰ ਰੂਪ:

ਬ੍ਰਿੰਦਾਬਨ–
"ਧਨਿ ਧਨਿ ਬਨਖੰਡ ਬਿੰਦ੍ਰਾਬਨਾ।"
–ਮਾਲੀ ਨਾਮ, ੧, ੩:੧ (988)

ਬਿਧ ------- ਰਚਨਹਾਰ, ਪ੍ਰਭੂ, ਵਿਧਾਤਾ
"ਜਿਉ ਸੰਪੈ ਤਿਉ ਬਿਪਤਿ ਹੈ ਬਿਧ ਨੇਰਚਿਆ ਸੋ ਹੋਇ।"
–ਗਉ ਕਬ, ੬੩, ੩:੨ (337)

ਬਿਧਵਾ ----- ਵਿਧਵਾ, ਪਤੀ ਵਿਹੂਣ, ਰੰਡੀ
"ਜਿਉ ਤਨੁ ਬਿਧਵਾ ਪਰ ਕਉ ਦੇਈ।"
–ਗਉ ੧, ਅਸ ੧੧, ੬:੧ (226)

ਬਿਧਵਾਰਿ ---- ਮਿਲੀ ਹੋਈ, ਸਬੰਧ ਰਖਨ ਵਾਲੀ
"ਪਾਂਚ ਨਾਰਦ ਕੈ ਸੰਗਿ ਬਿਧਵਾਰਿ।"
–ਗੋਂਡ ਕਬ, ੮, ੫:੨ (872)

ਬਿਧਾਈਐ --- ਵਿੰਨ੍ਹੀਏ
"ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ।"
–ਕਲਿ ੫, ੨, ੨:੨ (1322)

ਬਿਧਾਸਾ ----- ਪਾੜਿਆ, ਚੀਰਿਆ
"ਹਰਣਾਖਸੁ ਲੇ ਨਖਹੁ ਬਿਧਾਸਾ।"
–ਗਉ ੧, ਅਸ ੯, ੬:੨ (224)

ਬਿਧਾਤਉ ---- ਵਿਧਾਤਾ, ਰਚਨਹਾਰ, ਕਰਤਾਰ
"ਆਸੰਭਉ ਉਦਵਿਆਉ ਪੁਰਖੁ ਪੂਰਨ ਬਿਧਾਤਉ।"
–ਸਵ ੫, ਕਲ, ੫:੪ (1407)

ਬਿਧਾਤਾ ----- ਫਲਦੇਣ ਵਾਲਾ, ਭਾਗ ਬਣਾਨ ਵਾਲਾ, ਅਰਥਾਤ ਪ੍ਰਭੂ
"ਆਪੇ ਗੁਰ ਦਾਤਾ ਕਰਮਿ ਬਿਧਾਤਾ।"
–ਮਾਝ ੩, ਅਸ ੨੯, ੨:੧ (126)
"ਨਾਨਕ ਤਿਸੁ ਕਿਰਪਾਲੁ ਬਿਧਾਤਾ।" (ਪ੍ਰਭੂ, ਰਚਨਹਾਰ)
–ਗਉ ੫, ੧੪੦, ੪:੨ (194)

“ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ।”(ਭਾਗ ਬਣਾਨ ਵਾਲਾ)
-ਗਉ ੫, ਸੁਖ ੮, ੮:੪ (273)

ਹੋਰ ਰੂਪ:

ਬਿਧਾਤੀ–
“ਸੇਵਹੁ ਸਤਿ ਨਿਰੰਜਨੋ ਹਰਿ ਪੁਰਖੁ ਬਿਧਾਤੀ।” (ਸਿਰਜਣਹਾਰ, ਹਰੀ)
-ਮਾਝ ੧, ਵਾਰ ੧:੬ (138)

ਬਿਧਾਤੇ–
“ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ।”(ਪ੍ਰਭੂ, ਸਿਰਜਨਹਾਰ)
-ਗਉ ੫, ਸੋਰ ੫, ੪:੧ (13)

ਬਿਧਾਤੈ–
“ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ।”(ਪ੍ਰਭੂ ਨੇ)
-ਆਸਾ ੫, ੧੨੬, ੩:੨ (403)

ਬਿਧਿ-------- (1) ਢੰਗ, ਤਰੀਕੇ, ਜੁਗਤ, ਤਰਕੀਬ, ਪ੍ਰਕਾਰ, ਵਿੱਧੀ
“ਜਾਇ ਪੁਛਾ ਤਿਨ ਸਜਣਾ ਪ੍ਰਭੁ ਕਿਤੁ ਬਿਧਿ ਮਿਲੈ ਮਿਲਾਇ।”
-ਸਿਰੀ ੪, ੬੫, ੧:੩ (39)
“ਹਉਮੈ ਕਰਮ ਕਿਛੁ ਬਿਧਿ ਨਹੀ ਜਾਣੈ।”(ਮਰਯਾਦਾ, ਢੰਗ)
-ਆਸਾ ੧, ੫੯, ੩:੧ (367)
“ਅਪੁਨੀ ਬਿਧਿ ਆਪਿ ਜਨਾਵਹੁ।” (ਜੁਗਤੀ)
-ਸੋਰ ੫, ੩੧, ੧*:੧ (617)

(2) ਹਾਲਤ
“ਤੂੰ ਦਾਨਾ ਠਾਕੁਰੁ ਸਭ ਬਿਧਿ ਜਾਨਹਿ।”
-ਮਾਝ ੫, ੨੫, ੩:੧ (101)
“ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰ ਸਾ ਬਿਧਿ ਤੁਮ ਹਰਿ ਜਾਣਹੁ ਆਪੇ।”
-ਗਉ ੪, ੪੯, ੪:੧ (167)

(3) ਪ੍ਰਕਾਰ, ਵੰਨਗੀ ਤਰ੍ਹਾਂ, ਜੁਗਤੀ
“ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ।”
-ਮਾਝ ੧, ਵਾਰ ੧:੨ (138)
“ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ।”
-ਗਉ ੯, ੭, ੩:੨ (220)

(4) ਬਣਤ
“ਜਿਨਿ ਕਿਛੁ ਕੀਆ ਸੋਈ ਜਾਨੈ ਜਿਨਿ ਇਹ ਸਭ ਬਿਧਿ ਸਾਜੀ।”
-ਗਉ ੫, ੧੨੬, ੫:੧ (206)

(5) ਢੋਹ, ਅਵਸਰ
“ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ।”
-ਗਉ ੯, ੪, ੨:੨ (219)

(6) ਸਿਆਣਪ, ਸੁਚੱਜ
“ਪੁਤਰੀ ਤੇਰੀ ਬਿਧਿ ਕਰਿ ਥਾਟੀ।”
-ਆਸਾ ੫, ੧੪, ੧:੧ (374)

(7) ਤਰ੍ਹਾਂ

“ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਦਾਗਾ।”
-ਆਸਾ ਧੰਨਾ, ੨, ੪:੧ (488)
“ਸਰਬ ਬਿਧਿ ਭ੍ਰਮਤੇ ਪੁਕਾਰਹਿ ਕਤਹਿ ਨਾਹੀ ਛੋਟਿ।”
-ਗੂਜ ੫, ੩੦, ੫:੩ (502)

(8) ਮਲ, ਤਥ
“ਚਰਨ ਸਰਨ ਨਾਨਕ ਦਾਸ ਹਰਿ ਹਰਿ ਸੰਤੀ ਇਹ ਬਿਧਿ ਜਾਤੀ।”
-ਧਨਾ ੪, ੨੫, ੨:੨ (677)

ਬਿਧੀ------- (1) ਤਰ੍ਹਾਂ
“ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮੁ ਗਵਾਇਆ।”
-ਸਿਰੀ ੧, ੨੭, ੧*:੨ (24)

(2) ਢੰਗ, ਵਿੱਧੀ, ਤਰੀਕੇ, ਜੁਗਤ, ਤਰੀਕੇ
“ਕਿਆ ਸੁਖ ਤੇਰੇ ਸੰਮਲਾ ਕਵਨ ਬਿਧੀ ਬੀਚਾਰ।”
-ਗਉ ੫, ੧੧੬, ੩:੧ (203)

ਹੋਰ ਰੂਪ:

ਬਿਧੀਆ–
“ਯਯਾ ਜਤਨ ਕਰਤ ਬਹੁ ਬਿਧੀਆ।” (ਢੰਗਾਂ ਨਾਲ)
-ਗਉ ੪, ਬਾਅ ੪੩:੧ (259)

ਬਿਧੀਐ–
“ਕਿਤੁ ਬਿਧੀਐ ਕਿਤੁ ਸੰਜਮਿ ਪਾਈਐ।”(ਸਾਧਨ ਦੁਆਰਾ)
-ਬਿਲਾ ੫, ੧੨, ੧*:੧ (822)

ਬਿਧੀਜੈ ------ ਵਿੰਨ੍ਹੀਦਾ ਹੈ
“ਨਿਰਮੋਲਕੁ ਅਤਿ ਹੀਰੋ ਨੀਕੋ ਹੀਰੈ ਹੀਰੁ ਬਿਧੀਜੈ।”
-ਕਲਿ ੪, ਅਸ ੪, ੩:੧ (1325)

ਬਿੰਧੁਸਿ -----ਮਾਰਕੇ
“ਕਾਲੁ ਬਿੰਧੁਸਿ ਮਨਸਾ ਮਨਿ ਮਾਰੀ ਗੁਰ ਪ੍ਰਸਾਦਿ ਪ੍ਰਭੁ ਪਾਇਆ।”
-ਪ੍ਰਭਾ ੧, ੧੫, ੩:੨ (1332)

ਬਿਧੇ ------- (1) ਵਾਂਗ, ਤਰ੍ਹਾਂ
“ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ।”
-ਗਉ ੫, ੧੪੮*, ੧:੨ (212)

(2) ਵਿੰਨ੍ਹੇ ਹੋਏ ਭਾਵ ਮਗਨ
“ਉਆ ਰਸ ਜੋ ਬਿਧੇ ਹਾਂ।”
-ਆਸਾ ੫, ੧੬੧, ੧*:੩ (410)
“ਦਾਵਨਿ ਬੰਧਿਓ ਨ ਜਾਤ ਬਿਧੇ ਮਨ ਦਰਸ ਮਗਿ।”(ਵਿੰਨ੍ਹਿਆ ਹੋਇਆ)
-ਸਸ ੫, ੧੦*:੨ (1389)

(3) ਢੰਗ ਨਾਲ, ਪ੍ਰਕਾਰ
“ਜਾਪ ਤਾਪ ਨੇਮ ਸੁਚਿ ਸੰਜਮ ਨਾਹੀ ਇਨ ਬਿਧੇ ਛੁਟਕਾਰ।”
-ਕਾਨ ੫, ੧੯, ੨:੧ (1301)

(4) ਢੰਗ, ਤਰੀਕਾ, ਜੁਗਤ
"ਐਸੀ ਕਉਨ ਬਿਧੇ ਦਰਸਨ ਪਰਸਨਾ।"
-ਕਾਨ, ੫, ੩੫, ੧*:੧ (1305)

ਬਿਧੂੰ -------- ਵਿੰਨ੍ਹਿਆ ਜਾਣਾ
"ਚਰਣਾਰ ਬਿੰਦ ਮਨ ਬਿੰਧੂੰ।"
-ਗਾਥਾ ੫, ੧੮:੧ (1361)

ਬਿਨਉ ------- ਬੇਨਤੀ, ਅਰਜ਼, ਅਰਜੋਈ
"ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰਪਾਸਿ।"
-ਗੂਜ ੪, ਸੋਦ ੪, ੧:੧ (10)

ਬਿਨਸ ------- ਨਾਸ ਹੁੰਦਿਆ
"ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ।"
-ਜੈਤ ੫, ਛੰਤ ੩, ੩:੬ (705)

ਹੋਰ ਰੂਪ:

ਬਿਨਸਸੀ–
"ਜਿਤੁ ਦਿਨਿ ਦੇਹਿ ਬਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।"(ਨਾਸ ਹੋਵੇਗੀ)
-ਮਾਝ ੫, ਬਾਰਾ ੭:੩ (134)

ਬਿਨਸਹਿ–
"ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ।"(ਨਾਸ ਹੋ ਜਾਂਦੇ ਹਨ, ਦੂਰ ਹੋ ਜਾਂਦੇ ਹਨ,ਮਿਟ ਜਾਂਦੇ ਹਨ)
-ਮਾਝ ੫, ਰਾਗ ੯:੯ (135)

ਬਿਨਸਹਿਗੇ–
"ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ।"
-ਗਉ ੫, ਅਸ ੪, ੩:੪ (237)

ਬਿਨਸਤ ------ (1)ਨਾਸ ਹੁੰਦਾ
"ਜਗੁ ਬਿਨਸਤ ਹਮ ਦੇਖਿਆ ਲੋਭੇ ਅਹੰਕਾਰਾ।"
-ਗਉ ੧, ਅਸ ੧੭, ੪:੧ (228)

ਹੋਰ ਰੂਪ:

ਬਿਨਸਤਉ–
"ਵੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ।"
-ਗਉ ੫, ਬਾਅ ੨੬:੩ (255)

(2) ਦੂਰ ਹੁੰਦਾ ਹੈ
"ਚਾਤ੍ਰਿਕ ਚਿਤ ਪਿਆਸ ਚਾਤ੍ਰਿਕ ਚਿਤ ਪਿਆਸ ਹੇ ਘਨ ਬੂੰਦ ਬਚਿਤ੍ਰਿ ਮਨਿ ਆਸ ਹੇ ਅਲਪੀਵਤ ਬਿਨਸਤ ਤਾਪ।"
-ਆਸਾ ੫, ਛੰਤ ੧੪, ੩:੨ (462)

"ਬਿਰਖ ਛਾਇਆ ਜੈਸੇ ਬਿਨਸਤ ਪਵਨ ਝੂਲਤ ਮੇਹ।"
-ਮਾਰੂ ੫, ੨੫, ੨:੧ (1006)

ਬਿਨਸਦਾ ---- ਨਾਸ ਹੁੰਦਾ ਹੈ
"ਹਉਮੈ ਵਿਚਿ ਜਗੁ ਬਿਨਸਦਾ ਮਰਿ ਜੰਮੈ ਆਵੈ ਜਾਇ।"
-ਸਿਰੀ ੩, ੫੨, ੩:੧ (33)

ਬਿਨਸਨਹਾਰਾ-- ਨਾਸ ਹੋਣ ਵਾਲਾ, ਬਿਨਸ ਜਾਣ ਵਾਲਾ
"ਦਦਾ ਦੇਖਿ ਜੁ ਬਿਨਸਨਹਾਰਾ।"
-ਗਉ ਕਬ, ਬਾਅ ੨੪:੧ (341)

ਬਿਨਸਨਾ ---- ਨਾਸ ਹੋਣਾ
"ਅਹੰਬੁਧਿ ਕਉ ਬਿਨਸਨਾ ਇਹ ਧੁਰਿਕੀ ਢਾਲ।"
-ਬਿਲਾ ੫, ੨੯, ੧:੧ (807)

ਬਿਨਾਸਾਇਓ -- ਨਾਸ ਹੋ ਭਾਵ ਲੋਪ ਹੋ ਗਏ
"ਕਵਨ ਰੂਪ ਦਿਸਟਿਓ ਬਿਨਸਾਇਓ।"
-ਸੂਹੀ ੫, ੧, ੧*:੧ (736)

ਬਿਨਸਾਇਆ-- ਦੂਰ ਕੀਤਾ
"ਭਰਮੁ ਮੋਹੁ ਸਗਲ ਬਿਨਸਾਇਆ।"
-ਆਸਾ ੫, ੭੧, ੪:੨ (388)

ਹੋਰ ਰੂਪ:

ਬਿਨਸਾਹੀ-
"ਉਆ ਕੀ ਝਾੜਿ ਮਿਟਤ ਬਿਨਸਾਹੀ।" (ਮਿਟ ਜਾਣਾ, ਨਾਸ ਹੋਣਾ)

ਬਿਨਸਾਨੋ ---- ਨਾਸ ਕੀਤਾ, ਮਿੱਟਾ ਦਿਤਾ, ਖਤਮ ਕਰ ਦਿੱਤਾ
"ਯਾਸਨ ਰੋਗਿ ਭਵਨ ਬਿਨਸਾਨੋ।"
-ਭੈਰ ੫, ੨0, ੨:੨ (1140)

ਬਿਨਸਿ ----- ਨਾਸ/ਖਤਮ ਹੋ ਜਾਏ
"ਕੂੜਾ ਰੰਗੁ ਕੁਸੰਭ ਕਾ ਬਿਨਸਿ ਜਾਇ ਦੁਖੁ ਹੋਇ।"
-ਸਿਰੀ ੩, ੩੭, ੩:੩ (28)

ਹੋਰ ਰੂਪ:

ਬਿਨਸਿਓ-
"ਜਾ ਕੈ ਬਿਨਸਿਓ ਮਨ ਤੇ ਭਰਮਾ।"(ਦੂਰ ਹੋਇਆ)
-ਗਉ ੫, ੧0੩, ੩:੧ (186)

ਬਿਨਸਿਆ-
"ਕਾਮੁ ਕ੍ਰੋਧੁ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ।"(ਖਤਮ ਹੋ ਗਿਆ)
-ਸਿਰੀ ੫, ੮੧, ੨:੪ (46)

ਬਿਨਸੀ-
"ਦੁਰਮਤਿ ਬਿਨਸੀ ਕੁਬੁਧਿ ਅਭਾਗੀ।"(ਦੂਰ ਹੋ ਗਈ)
-ਮਾਝ ੫, ੧੮, ੪:੨ (100)

ਬਿਨਸੀਐ-
"ਦ੍ਰਿਸਟਿ ਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।"(ਨਾਸ ਹੋ ਜਾਣੀ ਹੈ)

-ਬਿਲਾ ੫, ੩੧, ੨:੨ (808)

ਬਿਨਸੇ –
“ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ।”(ਖਤਮ/ ਦੂਰ ਹੋ ਗਏ)
-ਸਿਰੀ ੧, ੧੪, ੧:੩ (19)

ਬਿਨਸੈ–
“ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ।” (ਨਾਸ ਹੋਏ)
-ਸਿਰੀ ੧, ੧੬, ੨:੨ (201)

ਬਿਨਠੀ ----- **ਨੱਠ ਗਈ, ਦੂਰ ਹੋਈ, ਖਤਮ ਹੋਈ, ਨਾਸ ਹੋਈ**
“ਦੁਰਮਤਿ ਮੈਲੁ ਗਈ ਭ੍ਰਮੁ ਭਾਗਾ ਹਉਮੈ ਬਿਨਠੀ ਪੀਰਾ।”
-ਸੂਹੀ ੪, ਛੰਤ ੩, ੨:੪ (774)
“ਸਾਬਤੁ ਰਖਹਿ ਤ ਰਾਮ ਭਜੁ ਨਾਹਿ ਨ ਬਿਨਠੀ ਬਾਤ।”(ਨਾਸ ਹੋਣ ਵਾਲੀ)
-ਸਲੋ ਕਬ, ੨੨੨:੨ (1376)

ਬਿਨਤਿ ----- **ਬੇਨਤੀ, ਅਰਜੋਈ**
“ਬਿਨਤਿ ਕਰਉ ਅਰਦਾਸਿ ਸੁਨਹੁ ਜੇਠਾਕੁਹ ਭਾਵੇ।”
-ਸਮੁ ੫, ੯:੩ (1387)

ਹੋਰ ਰੂਪ:

ਬਿਨਤੀ–
“ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ।”(ਅਰਜੋਈ)
-ਮਾਝ ੫, ਬਾਹਾ ੮:੬ (135)

ਬਿਨੰਤੀ–
“ਕਰਉ ਬਿਨੰਤੀ ਮਾਨੁ ਤਿਆਗਉ।” (ਅਰਜੋਈ)
-ਮਾਝ ੫, ੧੮, ੧:੨ (99)

ਬਿਨੰਤੀਆ–
“ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ।”(ਬੇਨਤੀਆ)
-ਗੂਜ ੧, ਅਸ ੫, ੧:੨ (505)

ਬਿਨਵੰਤ ----- **ਬੇਨਤੀ ਕਰਦਾ ਹੈ**
“ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ ਸਦਾ ਫਿਰਤ ਦੁਹੇਲੀ।”
-ਬਿਹਾ ੫, ਛੰਤ ੭, ੧:੬ (546)

ਹੋਰ ਰੂਪ:

ਬਿਨਵਤਾ–
“ਗੁਰਚਰਣ ਲਾਗਿ ਹਮ ਬਿਨਵਤਾ ਪੂਛਤ ਕਹ ਜੀਉ ਪਾਇਆ।” (ਬੇਨਤੀ ਕਰਦਾ ਹਾਂ)
-ਆਸਾ ਕਬ, ੧, ੧:੧ (475)
“ਨਾਨਕ ਦਾਸਨਿ ਦਾਸੁ ਤੁਧੁ ਆਗੈ ਬਿਨਵਤਾ।”(ਬੇਨਤੀ ਕਰਦਾ ਹੈ)
-ਰਾਮ ੫, ਵਾਰ ੧੮:੮ (965)

ਬਿਨਵੰਤਾ –
“ਸੁਨਿ ਮੀਤਾ ਨਾਨਕੁ ਬਿਨਵੰਤਾ।” (ਬੇਨਤੀ ਕਰਦਾ ਹੈ)

-ਗਉ ੫, ਸੁਖ ੧ਸ:੩ (271)

ਬਿਨਵਤਿ-
"ਬਿਨਵਤਿ ਨਾਨਕ ਓਟ ਪ੍ਰਭ ਤੋਰੀ।" (ਬੇਨਤੀ ਕਰਦਾ ਹੈ)
-ਆਸਾ ੫, ੬੮, ੪:੨ (388)

ਬਿਨਵੰਤਿ-
"ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ।"
-ਗਉ ੫, ਛੰਤ ੧, ੨:੬ (247)
"ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ।"
-ਵਡ ੫, ਛੰਤ ੩, ੧:੬ (578)
(ਮਹਾਨਕੋਸ਼ ਅਰਥ "ਵਿਸ਼ੇਸ਼ ਕਰਕੇ ਨਮਸਕਾਰ ਕਰਦਾ ਹੈ)

ਬਿਨਵੈ ----- ਬੇਨਤੀ ਕਰਦਾ ਹੈ
"ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲ।"
-ਗੂਜ ੧, ਅਸ ੧, ੪:੧ (503)

ਬਿਨਾ------- ਬਗੈਰ, ਰਹਿਤ
"ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ।"
-ਗਉ ੩, ੩੦, ੪:੩ (161)

ਬਿਨਾਸ ----- ਵਿਨਾਸ, ਨਾਸ ਹੋਣਾ, ਮਿਟਣ, ਤਬਾਹ ਹੋਣਾ
"ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ।"
-ਗਉ ੫, ਬਾਅ ੭ਸ:੧ (251)
"ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ।"(ਤਬਾਹ ਹੁੰਦੇ/ਨਾਸ ਹੁੰਦੇ ਹਨ)
-ਆਸਾ ਰਵਿ, ੧, ੧:੨ (486)

ਬਿਨਾਸਹਿ---- ਦੂਰ ਹੋ ਜਾਂਦੇ ਹਨ
"ਗੁਰ ਅਮਰਦਾਸ ਪਰਸੀਐ ਪੁਹਮਿ ਪਾਤਿਕ ਬਿਨਾਸਹਿ।"
-ਸਵ ੩, ੧੪:੧ (1394)

ਬਿਨਾਸਣਿ---- ਦੂਰ ਹੁੰਦੇ/ਮਿਟਦੇ ਹਨ
"ਗੁਰਮਤੀ ਘਟਿ ਚਾਨਣਾ ਅਨੇਰੁ ਬਿਨਾਸਣਿ।"
-ਰਾਮ ੩, ਵਾਰ ੫:੨ (948)

ਬਿਨਾਸਤ ---- ਦੂਰ ਹੋ ਗਈਆਂ
"ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ।"
-ਆਸਾ ੧, ੨੨, ੪:੧ (356)

ਬਿਨਾਸਨ ---- (1) ਦੂਰ ਕਰਨ/ਮਿਟਾਉਣ ਵਾਲੇ
"ਅਗਿਆਨ ਬਿਨਾਸਨ ਤਮ ਹਰਣ ਊਚੇ ਅਗਮ ਅਮਾਉ।"
-ਮਾਝ ੫, ਦਿਨ ੪:੭ (137)
(2) ਵਿਨਾਸ
"ਤਹ ਜਨਮ ਮਰਨ ਕਹੁ ਕਹਾ ਬਿਨਾਸਨ।"
-ਗਉ ੫, ਸੁਖ ੨੧, ੩:੨ (291)

ਬਿਨਾਸਨੰ–
"ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ।"(ਨਾਸਵਾਨ ਹੈ)
–ਸਸ ੫, ੧੨:੪ (1355)
"ਸਾਸਿ ਸਾਸਿ ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ।"(ਨਾਸ ਹੋਣਾ)
–ਜੈਤ ੫, ਵਾਰ ੨ਸ, ੫, ੧:੨ (706)
ਬਿਨਾਸਨਹ–
"ਸਰਬ ਰਖ੍ਯਾ ਗੁਰ ਦਯਾਲਹ ਭੈ ਦੂਖ ਬਿਨਾਸਨਹ।"(ਨਾਸ ਹੁੰਦੇ ਹਨ)
–ਸਸ ੫, ੫੨:੩ (1359)
ਬਿਨਾਸਨੀ–
"ਦੂਖ ਬਿਨਾਸਨੀ ਹਾਂ।"(ਦੂਰ ਕਰਦਾ ਹੈ)
–ਆਸਾ ੫, ੧੫੯, ੧:੪ (410)

ਬਿਨਾਸਨੁ ---- ਦੂਰ ਕਰਨ ਵਾਲਾ, ਨਾਸ ਕਰਨ ਵਾਲਾ
"ਪਾਪ ਬਿਨਾਸਨੁ ਸੇਵਿਆ ਪਵਿਤ੍ਰ ਸੰਤਨ ਕੀ ਧੂਰੇ।"
–ਮਾਝ ੫, ਅਸ ੩੯, ੫:੧ (133)

ਬਿਨਾਸਾ ----- (1) ਨਾਸ
"ਜਨਮ ਮਰਨ ਨਹ ਹੋਇ ਬਿਨਾਸਾ।"
–ਗਉ ੫, ਬਾਅ ੧੦:੬ (252)
(2) ਨਾਸ ਹੋਣੀ
"ਕਾਚੀ ਮਟੁਕੀ ਬਿਨਸਿ ਬਿਨਾਸਾ।" (ਭਾਵ ਟੁੱਟ ਨਾ)
–ਆਸਾ ੫, ੧੩, ੨:੧ (374)
"ਸਾਚ ਧਣੀ ਜਗੁ ਆਇ ਬਿਨਾਸਾ।" (ਨਾਸ ਹੁੰਦਾ, ਮਰਦਾ)
–ਆਸਾ ੧, ਅਸ ੨, ੧*:੧ (412)
"ਭਾਉ ਦੂਜਾ ਬਿਨਸਿ ਬਿਨਾਸਾ।"(ਦੂਰ ਹੋਣਾ)
–ਬਿਲਾ ੪, ੭, ੨:੨ (801)

ਹੋਰ ਰੂਪ:

ਬਿਨਾਸਿ–
"ਮਨਮੁਖਿ ਅੰਧ ਨ ਚੇਤਨੀ ਜਨਮਿ ਮਰਿ ਹੋਹਿ ਬਿਨਾਸਿ।"(ਨਾਸ)
–ਵਡ ੪, ਵਾਰ ੧੭ਸ, ੩, ੨:੩ (593)
ਬਿਨਾਸਿਓ–
"ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ।" (ਨਾਸ ਹੋਏ, ਮਿਟ ਗਿਆ)
–ਗਉ ੪, ੬੨, ੩:੨ (172)

ਬਿਨਾਸੀ ----- (1) ਬਿਨਸ ਜਾਣ ਵਾਲਾ, ਨਾਸਵਾਨ
"ਜੋੜੀ ਜੁੜੈ ਨ ਤੋੜੀ ਤੂਟੈ ਜਬ ਲਗੁ ਹੋਇ ਬਿਨਾਸੀ।"(ਭਾਵ ਨਾਸਵਾਨ ਸਰੀਰ)
–ਗਉ ਕਬ, ੫੨, ੩:੧ (334)
(2) ਦੂਰ ਕੀਤੀ, ਮਿਟਾਈ
"ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ ਚਿੰਤਾ ਸਗਲ ਬਿਨਾਸੀ।"

-ਸੋਰ ੫, ੨੫, ੨:੧ (616)

"ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ।"(ਦੂਰ ਹੋਈ)

-ਸੋਰ ੯, ੭, ੩:੧ (633)

(3) ਨਾਸ ਹੋ ਗਈ, ਬਿਨਸੀ

"ਅਸਾਧ ਰੋਗੁ ਉਪਜਿਆ ਸੰਤ ਦੂਖਨਿ ਦੇਹਿ ਬਿਨਾਸੀ ਮਹਾ ਖਇਆ।"

-ਰਾਮ ੫, ੫੫, ੩:੨ (900)

ਬਿਨਾਸੁ ----- ਨਾਸ

"ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ।"

-ਸਿਰੀ ੧, ੧੮, ੩:੧ (21)

"ਤੁਮ੍ਰੀ ਦਇਆ ਤੇ ਹੋਇ ਦਰਦ ਬਿਨਾਸੁ।"(ਦੂਰ ਹੋ ਜਾਂਦੀ ਹੈ,ਮਿੱਟ ਜਾਂਦੀ ਹੈ)

-ਭੈਰ ੫, ੩੧, ੩:੩ (1144)

ਹੋਰ ਰੂਪ:

ਬਿਨਾਸੇ–

"ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ।"(ਦੂਰ ਹੋ, ਨਾਸ ਹੋਏ)

-ਮਾਝ ੫, ੨੪, ੨:੩ (101)

ਬਿਨਾਸੈ–

"ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।"(ਨਾਸ ਹੋਣ ਵਾਲੇ ਹਨ)

-ਸੋਰ ੯, ੨, ੨:੧ (219)

"ਕ੍ਰੋਧੁ ਬਿਨਾਸੈ ਸਗਲ ਵਿਕਾਰੀ।"(ਨਾਸ ਕਰਦਾ ਹੈ)

-ਗਉ ੧, ਅਸ ੧੧, ੪:੨ (225)

"ਤਿਸਹਿ ਅਰਾਧਿ ਮਨਾ ਬਿਨਾਸੈ ਸਗਲ ਰੋਗੁ।"(ਦੂਰ ਹੋ ਜਾਣ)

-ਆਸਾ ੫, ੧੧੨, ੨:੨ (398)

ਬਿਨਾਹਾ ----- ਨਾਸ ਕੀਤਾ

"ਜਿਨਹਿ ਉਪਾਹਾ ਤਿਨਹਿ ਬਿਨਾਹਾ।"

-ਆਸਾ ੫, ੮੬, ੪:੧ (392)

ਹੋਰ ਰੂਪ:

ਬਿਨਾਹਿ–

"ਕਈ ਜੰਤ ਬਿਨਾਹਿ ਉਪਾਰਾ।"(ਨਾਸ ਕਰਕੇ)

-ਸੂਹੀ ੫, ੧੬, ੩:੨ (740)

ਬਿਨਾਹੁ–

"ਸਾਕਤ ਸੰਗੁਨ ਕੀਜੀਐ ਜਾ ਤੇ ਹੋਇ ਬਿਨਾਹੁ।" (ਨਾਸ)

-ਸਲੋ ਕਬ, ੯੩:੨ (1369)

ਬਿਨਾਹੇ–

"ਆਪਿ ਬਿਨਾਹੇ ਆਪਿ ਕਰੇ ਰਾਸਿ।"(ਨਾਸ ਕਰਦਾ/ਮਾਰਦਾ ਹੈ)

-ਗਉ ੫, ੮0, ੪:੩ (179)

ਬਿਨਾਹੈ–

"ਖਿਨ ਮਹਿ ਸਾਜਿ ਸਵਾਰਿ ਬਿਨਾਹੈ ਭਗਤਿ ਵਛਲ ਗੁਣਤਾਸਾ।"

-ਸਾਰ ੫, ੩੮, ੧:੨ (1212)

ਬਿਨਾਧਾ ----- ਬਿਨਸਨਹਾਰ, ਬਿਨਾਸੀ, ਨਾਸ ਹੋਣ ਵਾਲਾ
"ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ।"
-ਸਾਰ ੫, ੬, ੨:੧ (1204)

ਬਿਨਾਵੈ ----- ਚੁਣਵਾਉਂਦਾ, ਚੁਗਵਾਉਂਦਾ
"ਕਬਹੂ ਕੂਰਨੁ ਚਨੇ ਬਿਨਾਵੈ।"
-ਭੈਰ ਨਾਮ, ੫, ੧:੩ (1164)

ਬਿੰਨਿ ------ ਜਾਣ ਕੇ
"ਇਕੁ ਬਿੰਨਿ ਦੂਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ।"
-ਸਵ ੩, ੧੪:੫ (1395)

ਬਿਨੁ ------- ਬਿਨਾ, ਬਗੈਰ, ਰਹਿਤ
"ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤਧੁ ਬਿਨੁ ਅਵਰੁ ਨ ਜਾਣਾ।"
-ਆਸਾ ੪, ਸੋਪੁ ੧, ੨:੩ (11)
"ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ।"
-ਗਉ ੩, ੩੫, ੧:੨ (162)
(ਮਹਾਨਕੋਸ਼ ਬਿਨਪਗ ਨੇ ਇਨ ਸ਼ਬਦ ਜਿਸ ਦੇ ਅਰਥ 'ਮਾਰੂ ਭੂਮੀ' ਕਰਦੇ ਹਨ)

ਬਿਨੋਦ ------ (1) ਤਮਾਸ਼ਾ, ਖੇਲ
"ਤਿਥੈ ਨਾਦ ਬਿਨੋਦ ਕੋਡ ਅਨੰਦੂ।"
-ਜਪੁ ੧, ੩੬:੨ (7)
"ਜੋਗ ਬਿਨੋਦ ਸ੍ਵਾਦ ਆਨੰਦਾ।"(ਭਾਵ ਚੋਜ)
-ਪ੍ਰਭਾ ੧, ੧੪, ੨:੧ (1331)
(2) ਖੁਸ਼ੀ, ਚਾਉ
"ਅਨਦ ਬਿਨੋਦ ਚੋਜ ਤਮਾਸੇ ਤੁਧੁ ਭਾਵੈ ਸੋ ਹੋਣਾ ਜੀਉ।"
-ਮਾਝ ੫, ੧੯, ੨:੩ (100)
"ਕਤੰਚ ਮਾਤਾ ਕਤੰਚ ਪਿਤਾ ਕਤੰਚ ਬਨਿਤਾ ਬਿਨੋਦ ਸੁਤਹ।"(ਭਾਵ ਭੋਗ ਅਨੰਦ)
-ਸਸ ੫, ੧:੧ (1353)

ਬਿਨੋਦਾ ----- ਰਾਗ ਹਿੰਡੋਲ ਦੇ ਅੱਠ ਪੁਤਰਾਂ ਵਿਚੋਂ ਦਿਨਾ ਬਾਕੀ ਸਤ ਹਨ: ਸੁਰਮਾਨੰਦ, ਭਾਸਕਰ, ਚੰਦ੍ਰੂ, ਬਿੰਬ, ਮੰਗਲਨ, ਸਰਸਬਾਨ, ਬਸੰਤ ਤੇ ਕਮੋਦਾ।
"ਸਰਸਬਾਨ ਅਉ ਆਹਿ ਬਿਨੋਦਾ।"
-ਰਾਮ ੧:੩੧ (1430)

ਬਿਨੋਦੀ ----- ਬਿਲਾਸ ਕਰਨ ਵਾਲਾ, ਰੰਗ ਰਲੀਆ ਮਾਣਨ ਵਾਲਾ, ਚੋਜ ਤਮਾਸ਼ੇ ਕਰਨ ਵਾਲਾ
"ਅਨਦ ਬਿਨੋਦੀ ਖਸਮੁ ਹਮਾਰਾ।"
-ਆਸਾ ੫, ੫੩, ੩:੨ (384)
"ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ।"
-ਮਾਰੂ ਕਬ, ੯, ੨:੨ (1105)

ਬਿਪ ------- ਬ੍ਰਾਹਮਣ

“ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰਾ।”
-ਬਿਲਾ ਕਬ, ੭, ੨:੧ (856)

ਬਿਪਤਿ ----- ਵਿਪਤਾ, ਮੁਸੀਬਤ, ਦੁਖ
“ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ।”
-ਗਉ ੫, ੧੫੮, ੧:੧ (197)

ਬਿਪਰੀਤ ---- ਉਲਟੀ ਬੁਧੀ
“ਬਿਪਰੀਤ ਬੁਧੁੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।”
-ਸਮ ੫, ੨੪:੨ (1356)

ਬਿਪਰੀਤਿ --- (1) ਉਲਟੀ ਰੀਤ
“ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ।”
-ਸਿਰੀ ੫, ਛੰਤ ੩, ੧:੨ (80)
“ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ।”(ਭਾਵ ਵਿਰੋਧਤਾ, ਭਾਵ ਰੋਸ)
-ਮਾਰੂ ੫, ਅਸ ੩, ੩:੨ (1018)
(2) ਉਲਟਾ
“ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਤ ਜਾਤ।”
-ਆਸਾ ੫, ਛੰਤ ੧੪, ੧:੧ (461)
(3) ਉਲਟਾਪਣ, ਪੁਠਾ ਚਲਣ ਦਾ ਸੁਭਾ
“ਬਿਨਸੈ ਦੁਖੁ ਬਿਪਰੀਤਿ।”
-ਨਟ ੫, ੧੦, ੧*:੩ (980)

ਬਿਪਲ------ ਬਹੁਤ, ਅਧਿਕ
“ਬਿਪਲ ਬਸਤ੍ਰ ਕੇਤੇ ਹੈ ਪਹਿਰੇ ਕਿਆ ਬਨ ਮਧੇ ਬਾਸਾ।”
-ਗਉ ਕਬ, ੬੭, ੧:੧ (338)

ਬਿਪਾਸ ----- ਬਿਆਸ ਦਰਿਆ
“ਗੋਬਿੰਦ ਵਾਲੁ ਗੋਬਿੰਦ ਪੁਰੀ ਸਮ ਜਲੵਨ ਤੀਰਿ ਬਿਪਾਸ ਬਨਾਯਉ।”
-ਸਵ ੪, ਨਲ ੧੦:੪ (1400)

ਬਿਪੁ ------- ਨਿਰਾਦਰੀ ਦਾ ਸ਼ਬਦ, ਉਲਟ ਪੁਲਟ ਸ਼ਬਦ
“ਜਿਸੁ ਜਨ ਊਪਰਿ ਤੇਰੀ ਕਿਰਪਾ ਤਿਸ ਕਉ ਬਿਪੁ ਨ ਕੋਊ ਭਾਖੈ।”
-ਆਸਾ ੫, ੪੯, ੨:੨ (383)

ਬਿਪ੍ਰ ------- ਬ੍ਰਾਹਮਣ
“ਬਿਪ੍ਰ ਸੁਦਾਮੇ ਦਾ ਲਦੁ ਭੰਜ।”
-ਬਸੰ ੫, ਅਸ ੨, ੨:੩ (1192)

ਹੋਰ ਰੂਪ:

ਬਿਪ੍ਰਾ-
“ਤਿਲਕ ਹੀਣੰ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ।”

-ਸਸ ੫, ੫੬:੨ (1359)

ਬਿੰਬ ------- (1)ਬੁਲਬੁਲਾ
"ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।"
-ਗਉ ੧, ਅਸ ੧੭, ੧:੨ (156)
"ਸਾਹਿਬ ਰੰਗਿ ਰਾਤਾ ਸਚ ਕੀ ਬਾਤਾ ਜਿਨਿ ਬਿੰਬ ਕਾ ਕੋਟ ਉਸਾਰਿਆ।" (ਵੀਰਜ ਦੇ ਬੁਲਬੁਲੇ ਤੋਂ ਸਰੀਰ ਬਣਾ ਦਿਤਾ)
-ਸੂਹੀ ੧, ਛੰਤ ੫, ੩:੩ (766)
(2) ਜਿਸ ਚੀਜ਼ ਦਾ ਪ੍ਰਛਾਵਾਂ/ਅਕਸ ਪੈਂਦਾ ਹੈ
"ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ।"
-ਆਸਾ ਕਬ, ੧, ੪:੧ (475)
(3) ਪਾਣੀ
"ਬਿੰਬ ਬਿਨਾ ਕੈਸੇ ਕਪਰੇ ਧੋਈ।"
-ਗੋਂਡ ਕਬ, ੬, ੩:੨ (872)
"ਅਗਨਿ ਬਿੰਬ ਪਵਣੈ ਕੀ ਬਾਣੀ ਤੀਨਿ ਨਾਮ ਕੇ ਦਾਸਾ।"
-ਪ੍ਰਭਾ ੧, ੩, ੨:੧ (1328)
(4) ਛਾਂ, ਸਾਇਆ
"ਤਿਨ੍ ਤਰਿਓ ਸਮੁਦ੍ਰ ਰੁਦ੍ਰ ਖਿਨ ਇਕ ਮਹਿ ਜਲਹਰ ਬਿੰਬ ਜੁਗਤਿ ਜਗੁ ਰਚਾ।"
-ਸਵ ੪, ਗਯੰ ੫:੨ (1402)

ਬਿਬਹਿ ------ ਦੂਸਰਾ, ਹੋਰ ਕੋਈ
"ਰੇਚਿਤ ਚੇਤਸਿ ਕੀਨ ਦਯਾਲ ਦਮੋਦਰ ਬਿਬਹਿ ਨ ਜਾਨਸਿ ਕੋਈ।"
-ਆਸਾ ਧੰਨਾ, ੩, ੧*:੧ (488)

ਬਿਬਰਜਤ ---- ਵਰਜਿਆ ਹੋਇਆ ਭਾਵ ਛਡਣ ਯੋਗ, ਤਿਆਗਣ ਯੋਗ
"ਜੋ ਬਿਬਰਜਤ ਤਿਸ ਸਿਉ ਨੇਹ।"
-ਗਉ ੫, ੯੮, ੧*:੨ (185)
ਹੋਰ ਰੂਪ:
ਬਿਬਰਜਿਤ-
"ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਿਤ ਪੰਥਾ।"(ਤਿਆਗਨਾ)
-ਗਉ ਕਬ, ੫੩, ੧:੨ (334)

ਬਿਬਲੁ ------ ਲਹਿਰਾ ਸਮੇਤ ਝਗ ਵਾਲਾ ਪਾਣੀ,ਹੜਾਂ ਦਾ ਪਾਣੀ
"ਬਿਬਲੁ ਝਾਗਿ ਸਹਜਿ ਪਰਗਾਸਿਆ।"
-ਪ੍ਰਭਾ ੧, ੧੩, ੧*:੨ (1331)
(ਮਹਾਨਕੋਸ਼ ਇਸ ਦੇ ਅਰਥ 'ਆਤਮਕ ਬਲ ਰਹਿਤ' ਕਰਦਾ ਹੈ)

ਬਿਬਾਕਾ ----- (ਫਾ. ਬੇਬਾਕ) ਹਿਸਾਬ ਮੁਕ ਗਿਆ, ਭਾਵ ਛੁਟਕਾਰਾ ਹੋ ਗਿਆ, ਬਾਕੀ ਬਿਨਾ
"ਹਉਮੈ ਰੋਗ ਮਿਟੇ ਕਿਰਪਾ ਤੇ ਜਮ ਤੇ ਭਏ ਬਿਬਾਕਾ।"
-ਧਨਾ ੫, ੪, ੩:੨ (671)

ਬਿਬਾਣੀ ----- ਬੀਆ ਬਾਣਾਂ ਵਿਚ, ਉਜਾੜਾਂ ਵਿਚ

“ਆਪੇ ਜੋਗੀ ਆਪੇ ਭੋਗੀ ਆਪੇ ਸੰਨਿਆਸੀ ਫਿਰੈ ਬਿਬਾਣੀ।”
-ਬਿਹਾ ੪, ਵਾਰ ੧੨:੩ (553)

ਬਿਬਾਦਾ ------ ਝਗੜਾ
“ਸਰਬ ਭੂਤ ਏਕੈ ਕਰਿ ਜਾਨਿਆ ਚੂਕੇ ਬਾਦ ਬਿਬਾਦਾ।”
-ਆਸਾ ਕਬ, ੨੮, ੩:੧ (483)

ਹੋਰ ਰੂਪ:

ਬਿਬਾਦੁ-
“ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ।”(ਬਹਿਸ ਮੁਬਾਸਾ)
-ਭੈਰ ੧, ਅਸ ੧, ੮:੧ (1153)
“ਝੂਠੀ ਮਨ ਕੀ ਮਤਿ ਹੈ ਕਰਣੀ ਬਾਦਿ ਬਿਬਾਦੁ।”(ਝਗੜੇ ਵਾਲੀ)
2-ਪ੍ਰਭਾ ੧, ਅਸ ੩, ੩:੧ (1343)
ਬਿਬਾਦੇ-
“ਭਾਈ ਮੀਤ ਕੁਟੰਬ ਦੇਖਿ ਬਿਬਾਦੇ।” (ਝਗੜਾ ਕਰਦੇ ਹਨ)
-ਆਸਾ ੫, ੧, ੧:੩ (370)

ਬਿਬਿਧਿ ------ ਵਿਭਿੰਨ ਪ੍ਰਕਾਰ ਦੇ, ਵੱਖ ਵਖ
“ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ।”
-ਗਉ ਰਵਿ, ਅਸ ੧, ੪:੧ (346)

ਬਿੰਬੁ ------- (1) ਬੁਲਬੁਲਾ
“ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ।”
-ਮਾਰੂ ੫, ਵਾਰ ੬:੮ (1096)
(2) ਪਾਣੀ
“ਜਲਾ ਬਿੰਬੁ ਅਸਰਾਲੁ ਤਿਨੈ ਵਰਤਾਇਆ।”
-ਮਲਾ ੧, ਵਾਰ ੯:੪ (1282)

ਬਿਬੇਕ ------ (1) ਵਿਚਾਰ, ਗਲ ਦਾ ਠੀਕ ਸਰੂਪ ਨਿਸਚਿਤ ਕਰਨ ਦੀ ਕਿਰਿਆ, ਨਿਰਣਾ ਕਰਨ ਦੀ ਕਿਰਿਆ, ਨਿਰਣਾ ਸ਼ਕਤੀ
“ਸੋ ਜਨੁ ਰਲਾਇਆ ਨ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ।”
-ਸਿਰੀ ੩, ੩੯, ੨:੩ (28)
(2) ਵਿਚਾਰ ਵਾਲੀ, ਨਿਰਣੇ ਵਾਲੀ
“ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ।”
-ਸਿਰੀ ੫, ੯੮, ੪:੨ (52)
“ਸਤਿ ਪੁਰਖ ਪੂਰਨ ਬਿਬੇਕ।” (ਵਿਚਾਰ ਵਾਲਾ)
-ਗਉ ੫, ਸੁਖ ੧੮, ੫:੨ (287)
“ਓਇ ਸਦਾ ਅਨੰਦਿ ਬਿਬੇਕ ਰਹਹਿ ਦੁਖਿ ਸੁਖਿ ਟੇਕ ਸਮਾਨਿ।”(ਵਿਚਾਰ ਵਾਲੇ)
-ਸਲੋ ੩, ੪੪:੩ (1418)
“ਮਨ ਚਿੰਦਿਆ ਫਲੁ ਪਾਇਲੀ ਅੰਤਰਿ ਬਿਬੇਕ ਬੀਚਾਰੁ।” (ਨਿਰਣੇ ਵਾਲੀ ਵੀਚਾਰ)
-ਸਲੋ ੪, ੧੬:੪ (1422)

(3) ਤਤ ਗਿਆਨ, ਸੁਧ ਵਿਚਾਰ
"ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ।"
-ਆਸਾ ੧, ੧੦, ੧*:੧ (351)
"ਗੁਰ ਕੀ ਮਹਿਕਾ ਕਿਆ ਕਹਾ ਗੁਰੁ ਬਿਬੇਕ ਸਤਸਰੁ।"
-ਆਸਾ ੫, ੧੦੪, ੩:੧ (397)
"ਕਬੀਰ ਰਾਮੈ ਰਾਮ ਕਹੁ ਕਹਿਬੇ ਮਾਹਿ ਬਿਬੇਕ।"(ਵਿਚਾਰ ਭਾਵ ਅੰਤਰ)
-ਸਲੋ ਕਬ, ੧੯੧:੧ (1374)

ਬਿਬੇਕਹੀਨ --- ਵਿਚਾਰ ਵਿਹੂਣ
"ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ।"
-ਧਨਾ ੫, ਅਸ ੧, ੫:੧ (687)

ਬਿਬੇਕਾ ----- (1) ਬਿਬੇਕ/ਨਿਰਣੇ/ ਵਿਚਾਰ ਵਾਲੀ
"ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ।"
-ਸੋਰ ੫, ਅਸ ੩, ੧*:੨ (641)
"ਕਾਟ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ।"(ਵਿਚਾਰ ਵਾਲੀ)
-ਸਾਰ ੫, ੨੭, ੧:੧ (1209)
(2) ਨਿਰਣਾ, ਵਿਚਾਰ
"ਅਚਿੰਤੋ ਉਪਜਿਓ ਸਗਲ ਬਿਬੇਕਾ।"
-ਭੈਰ ੫, ਅਸ ੩, ੭:੩ (1157)

ਬਿਬੇਕੀ ----- ਵਿਚਾਰਵਾਨ
"ਕਿਨਹਿ ਬਿਬੇਕੀ ਕਾਟੀ ਤੂੰ।"
-ਆਸਾ ਕਬ, ੪, ੧*:੨ (476)

ਹੋਰ ਰੂਪ:

ਬਿਬੇਕੀਆ-
"ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਇ।"(ਵਿਚਾਰਵਾਨ ਨੂੰ)
-ਰਾਮ ੩, ਅਨੰ ੨੨:੨ (920)

ਬਿਬੇਕੁ ------ (1) ਨਿਰਣੇ ਕਰਨ ਵਾਲੀ ਵਿਚਾਰ
"ਅੰਤਰਿ ਬਿਬੇਕੁ ਸਦਾ ਆਪੁ ਵੀਚਾਰੇ ਗੁਰ ਸਬਦੀ ਗੁਣ ਗਾਵਣਿਆ।"
-ਮਾਝ ੩, ਅਸ ੩੨, ੩:੩ (128)
(2) ਆਤਮਕ ਵਿਚਾਰ, ਤੱਤ ਵਿਚਾਰ
"ਬੂਝੈ ਬ੍ਰਹਮੁ ਅੰਤਰਿ ਬਿਬੇਕੁ।"
-ਆਸਾ ੧, ੨੦, ੪:੪ (355)
(3) ਨਿਰਣਾ ਕਰਨ ਵਾਲਾ, ਨਿਖੇੜਾ ਕਰਨ ਵਾਲਾ
"ਆਪਿ ਬਿਬੇਕੁ ਆਪਿ ਸਭੁ ਬੇਤਾ ਆਪੇ ਗੁਰਮੁਖਿ ਭੰਜਨੁ।"
-ਬਿਹਾ ੪, ਵਾਰ ੧੦:੪ (552)
(4) ਵਿਚਾਰ, ਨਿਰਣਾ
"ਕੋਈ ਬੂਝੈ ਬੁਝਣਹਾਰਾ ਅੰਤਰਿ ਬਿਬੇਕੁ ਕਰਿ।"
-ਸੋਰ ੪, ਵਾਰ ੧੧:੩ (646)

"ਸੁਖੈ ਏਹੁ ਬਿਬੇਕੁ ਹੈ ਅੰਤਰੁ ਨਿਰਮਲੁ ਹੋਇ।" (ਵਿਚਾਰ ਭਾਵ ਨਿਸ਼ਾਨੀ)
-ਰਾਮ ੩, ਵਾਰ ੧ਸ, ੩, ੩:੨ (947)

ਬਿਬੇਕੈ------ (1) ਵਿਚਾਰ ਕਰਕੇ
"ਆਪੇ ਬੁਧਿ ਬੀਚਾਰਿ ਬਿਬੇਕੈ।"
-ਗਉ ੫, ਅਸ ੧, ੮:੨ (236)
(2) ਵਿਚਾਰ ਵਾਲੀ, ਬਿਬੇਕ ਵਾਲੀ
"ਨਾਨਕ ਜਨ ਕੈ ਬਿਰਤਿ ਬਿਬੇਕੈ।"
-ਗਉ ੫, ਸੁਖ ੨, ੫:੧੦ (264)

ਬਿਬੇਕੋ------ ਗਿਆਨ, ਵੀਚਾਰ
"ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋ।"
-ਸੂਹੀ ਕਬ, ੫, ੪:੨ (792)

ਬਿਭਉ------ ਪ੍ਰਤਾਪ, ਐਸ਼ਵਰਜ
"ਆਪਨ ਬਿਭਉ ਆਪ ਹੀ ਜਰਨਾ।"
-ਬਿਲਾ ੫, ੭, ੧*:੨ (803)
(ਮਹਾਨਕੋਸ਼ ਇਥੇ ਅਰਥ 'ਨਿਰਭਉ' ਭੈ ਰਹਿਤ ਕਰਦਾ ਹੈ)

ਬਿਭੂਖਣ----- ਗਹਿਣੇ, ਜੇਵਰ, ਸ਼ੋਭਾ ਵਧਾਉਣ ਵਾਲੀ ਵਸਤ
"ਮੁਖਿ ਝੂਠ ਬਿਭੂਖਣ ਸਾਰੰ।"
-ਆਸਾ ੧, ਵਾਰ ੨੪ਸ, ੧, ੨:੩ (470)

ਬਿਭੂਖਨ----- ਗਹਿਣੇ
"ਬਸਤ੍ਰ ਬਿਭੂਖਨ ਸੁਖ ਬਹੁਤ ਬਿਸੇਖੈ।"
-ਆਸਾ ੫, ੧੧, ੨:੧ (373)

ਬਿਭੂਤ------ (1)ਭਸਮ, ਸੁਆਹ
"ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ।"
-ਗਉ ੪, ੩੯, ੨:੧ (164)

ਹੋਰ ਰੂਪ:

ਬਿਭੂਤੰ-
"ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ।(ਭਸਮ)
-ਆਸਾ ੧, ੩੭, ੩:੧ (360)
ਬਿਭੂਤਾ-
"ਜਾ ਤੁਧੁ ਭਾਵਹਿ ਤਾ ਕਰਹਿ ਬਿਭੂਤਾ ਸਿੰਙੀ ਨਾਦੁ ਵਜਾਵਹਿ।"(ਭਸਮ)
-ਮਾਝ ੧, ਵਾਰ ੧੫ਸ, ੧, ੧:੨ (145)
ਬਿਭੂਤਿ-
"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ।"(ਭਸਮ)
-ਜਪੁ ੧, ੨੮:੧ (6)
(2) ਦੌਲਤ, ਧਨ
"ਆਨ ਬਿਭੂਤ ਮਿਥਿਆ ਕਰਿ ਮਾਨਹੁ ਸਾਚਾ ਇਹੈ ਸੁਆਉ।"

–ਸਾਰ ੫, ੭੬, ੧:੨ (1219)

ਹੋਰ ਰੂਪ:

ਬਿਭੂਤਿ–
“ਕਰਹਿ ਬਿਭੂਤਿ ਲਗਾਵਹਿ ਭਸਮੈ।” (ਧਨ, ਦੌਲਤ)
–ਮਾਰੂ ੧, ਸੋਲਾ ੨੨, ੧੨:੧ (1043)

ਬਿਭੇਦੁ ------ ਅੰਤਰ, ਭਿੰਨਤਾ
“ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ।”
–ਸਵ ੫, ਮਥੁ ੫:੩ (1409)
(ਮਹਾਨਕੋਸ਼ ਅਰਥ ‘ਤਬਦੀਲੀ ਪਰਿਵਰਤਨ’ ਕਰਦਾ ਹੈ)

ਬਿਭੈ ------- ਧਨ, ਦੌਲਤ ਸੰਪਦਾ
“ਸੋਭਾ ਰਾਜ ਬਿਭੈ ਬਡਿਆਈ।”
–ਧਨਾ ਕਬ, ੪, ੨:੧ (692)

ਬਿਮਲ ------ (1) ਮੈਲ ਰਹਿਤ, ਨਿਰਮਲ
“ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ।”
–ਧਨਾ ੧, ਸੋਹ ੩, ੨:੨ (13)
“ਦੇਹਿ ਬਿਮਲ ਮਤਿ ਸਦਾ ਸਰੀਰਾ।”(ਪਵਿਤਰ ਬੁੱਧੀ)
–ਆਸਾ ਕਬ, ੧੨, ੪:੧ (478)
“ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ।” (ਨਿਰੋਲ ਅਗ ਦੀ ਨਦੀ)
–ਮਾਰੂ ੧, ਸੋਲਾ ੬, ੯:੧ (1026)
(ਮਹਾਨਕੋਸ਼ ਇਸ ਦੇ ਅਰਥ ‘ਮਲ ਸਹਿਤ’ ਮਲੀਨ ਕਰਦਾ ਹੈ)

ਬਿਮੁਖਨ ----- ਬੇਮੁਖ, ਮੁੰਨਕਰ
“ਛਾਡਿ ਮਨ ਹਰਿ ਬਿਮੁਖਨ ਕੋ ਸੰਗੁ।”
–ਸਾਰ ਸੂਰ, ੧* (1253)

ਬਿਮੁਚਤੇ ----- ਕਟੇ ਜਾਣੇ, ਨਾਸ ਹੋ ਜਾਣੇ
“ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ।”(ਛਡ ਦੇਣਾ)
–ਜੈਤ ੫, ਵਾਰ ਪਸ, ੫, ੧:੨ (706)

ਬਿਮੁੰਚਿਤ ---- ਖਲਾਸੀ ਮਿਲਦੀ ਹੈ। ਛੁਟਕਾਰਾ ਮਿਲਦਾ ਹੈ
“ਤਵ ਭੈ ਬਿਮੁੰਚਿਤ ਸਾਧ ਸੰਗਮ, ਓਟ ਨਾਨਕ ਨਾਹਾਇਣਹ।”
–ਸਸ ੫, ੪੬:੪ (1358)

ਬਿਮੋਹਨਹ ---- ਮੋਹਨ ਵਾਲੇ
“ਗਣ ਗੰਧਰਬ ਦੇਣ ਮਾਨੁਖੁੰ ਪਸੁ ਪੰਖੀ ਬਿਮੋਹਨਹ।”
–ਸਸ ੫, ੪੫:੨ (1358)

ਬਿਮੋਹਿਆ --- ਮੋਹ ਲਿਆ, ਵਸ ਵਿਚ ਕਰ ਲਿਆ
“ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ।”
–ਗਉ ਰਵਿ, ੧, ੧:੨ (346)

ਬਿਮੋਹਿਤ ----ਮੋਹੇ ਜਾਣਹ
"ਐਸਾ ਦੇਖਿ ਬਿਮੋਹਿਤ ਹੋਏ।"
-ਆਸਾ ੫, ੧, ੧*:੧ (370)

ਬਿਰਹ ------ (1) ਵਿਛੋੜਾ, ਜੁਦਾਈ
"ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ।"
-ਗਉ ੫, ਵਾਰ ੭ਸ, ੫, ੧:੨ (319)

ਹੋਰ ਰੂਪ:

ਬਿਰਹੰ-
"ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ।"(ਵਿਯੋਗ ਵਿਚ)
-ਜੈਤ ੫, ਵਾਰ ੭ਸ, ੫, ੧:੧ (707)
(2) ਵਿਯੋਗ
"ਧੋਬੀ ਧੋਵੈ ਬਿਰਹ ਬਿਰਾਤਾ।"
-ਬਸੰ ਨਾਮ, ੩, ੨:੧ (1196)

ਬਿਰਹੜਾ ----ਵਿਯੋਗ ਸਬੰਧੀ, ਵਿਛੋੜੇ ਵਾਲਾ
"ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ।"
-ਵਡ ੧, ਅਲਾ ੩, ੮:੪ (581)

ਬਿਰਹਾ -----ਵਿਛੋੜਾ
"ਹੋਰੁ ਬਿਰਹਾ ਸਭ ਧਾਤੁ ਹੈ ਜਬ ਲਗੁ ਸਾਹਿਬ ਪ੍ਰੀਤਿ ਨ ਹੋਇ।"(ਭਾਵ ਪਿਆਰ)
-ਸਿਰੀ ੪, ਵਾਰ ੧ਸ, ੩, ੨:੧ (83)
"ਨਾਨਕ ਜਿਸੁ ਪਿੰਜਰ ਮਹਿ ਬਿਰਹਾ ਨਹੀ ਸੋ ਪਿੰਜਰੁ ਲੈ ਜਾਰਿ।" (ਪਿਆਰ ਦੀ ਖਿਚ)
-ਸਿਰੀ ੪, ਵਾਰ ੧੫ਸ, ੨, ੧:੨ (89)

ਹੋਰ ਰੂਪ:

ਬਿਰਹਿ-
"ਸਖੀ ਸਹੇਲੀ ਨਨਦ ਗਹੇਲੀ ਦੇਵਰ ਕੇ ਬਿਰਹਿ ਜਰਉਰੇ।"(ਵਿਛੋੜੇ ਨਾਲ)
-ਆਸਾ ਕਬ, ੨੫, ੧:੨ (482)
ਬਿਰਹੀ-
"ਮੇਰਾ ਬਿਰਹੀ ਨਾਮੁ ਮਿਲੈ ਤਾ ਜੀਵਾ ਜੀਉ।"(ਵਿਛੁੜਿਆ ਹੋਇਆ)
-ਗਉ ੪, ੭੦, ੧:੧ (175)

ਬਿਰਹੀ ----- (1) ਵਿਛੜਿਆ ਹੋਇਆ, ਵੇਖੋ 'ਬਿਰਹਾ'
(2) ਪ੍ਰੇਮੀ, ਵਿਯੋਗੀ, ਪਿਆਰ ਵਾਲੇ "ਸਤਿਗੁਰੁ ਬਿਰਹੀ ਨਾਮ ਕਾ ਜੇ ਮਿਲੈ ਤਨੁ ਮਨੁ ਦੇਉ।"
-ਸੂਹੀ ੪, ਅਸ ੨, ੩:੧ (758)
"ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਰਿ ਨੇ ਆਈ।" (ਪਿਆਰੇ ਵਾਲੇ)
-ਸਲੋ ੫, ੧:੨ (1424)

ਬਿਰਹੁ ------ (1) ਵਿਛੋੜਾ, ਵਿਛੋੜੇ ਦਾ ਦਰਦ

“ਮੈ ਮਨਿ ਤਨਿ ਬਿਰਹੁ ਅਤਿ ਅਗਲਾ ਕਿਉ ਪ੍ਰੀਤਮੁ ਮਿਲੈ ਘਰਿ ਆਇ।”
-ਸਿਰੀ ੪, ੬੫, ੧:੧ (39)

ਹੋਰ ਰੂਪ:

ਬਿਰਹੇ-
“ਨਾਨਕ ਸਤੀਆ ਜਾਣੀ ਅਨਿ ਜਿ ਬਿਰਹੇ ਚੋਟ ਮਰੰਨਿ।” (ਵਿਛੋੜੇ ਦੀ)
-ਸੂਹੀ ੩, ਵਾਰ ੬ਸ, ੩, ੧:੨ (787)

ਬਿਰਹੈ-
“ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ।”(ਵਿਛੋੜੇ ਸਦਕਾ)
-ਸੂਹੀ ਫਰ, ੧, ੨:੨ (794)

(2) ਸਿਕ
“ਮੈ ਹਰਿ ਨਾਮੈ ਹਰਿ ਬਿਰਹੁ ਲਗਾਈ ਜੀਉ।”
-ਗਉ ੪, ੬੯, ੧:੧ (175)

(3) ਵਿਛੋੜੇ ਤੋਂ ਉਪਜਿਆ ਪ੍ਰੇਮ,ਪਿਆਰ
“ਹਰਿ ਜਾਣਹਿ ਸੇਈ ਬਿਰਹੁ ਹਉ ਤਿਨ ਵਿਟਹੁ ਸਦ ਮੁਘਿ ਘੋਲੀਆ।”
-ਗਉ ੪, ਵਾਰ ੧੯ਸ, ੪, ੧:੨ (311)
“ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ।”(ਪਿਆਰ)
-ਬਿਲਾ ੫, ਛੰਤ ੪, ੪:੧ (848)

(4) ਵਿਛੋੜੇ ਦੀ ਤਾਂਘ
“ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ।”
-ਸਾਰ ੪, ੫, ੩:੧ (1200)

ਹੋਰ ਰੂਪ:

ਬਿਰਹੈ-
“ਬਿਰਹੈ ਬੇਧੀ ਸਚਿ ਵਸੀ ਭਾਈ ਅਧਿਕ ਰਹੀ ਹਰਿ ਨਾਇ।” (ਪਿਆਰ ਦੀ)
-ਸੋਰ ੧, ਅਸ ੪, ੮:੨ (637)

ਬਿਰਕਤੁ------ ਤਿਆਗੀ, ਨਿਰਲੇਪ
“ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ।”(ਤਿਆਗੀ)
-ਆਸਾ ੪, ੬੭, ੧:੧ (369)
“ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ।” (ਨਿਰਲੇਖ)
-ਰਾਮ ੧, ਅਸ ੭, ੧੨:੧ (907)

ਬਿਰਕਾਤੇ ----ਛੱਡ ਦਿਤੇ, ਤਿਆਗ ਦਿਤੇ
“ਅਬ ਮੋਹਿ ਸਰਬ ਉਪਾਵ ਬਿਰਕਾਤੇ।”
-ਸਾਰ ੫, ੨੬, ੧*:੧ (1209)

ਬਿਰਖ ------ (ਸੰ.) ਦਰਖਤ
“ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ।”
-ਸਿਰੀ ੩, ਅਸ ੨੦, ੨:੧ (66)
“ਬਿਰਖ ਕੀ ਛਾਇਆ ਸਿਉ ਰੰਗੁ ਲਾਵੈ।”

–ਗਉ ੫, ਸੁਖ ੫, ੩:੩ (268)

ਹੋਰ ਰੂਪ:

ਬਿਰਖਾ–

“ਜਿਉ ਚੰਦਨ ਸੰਗਿ ਬਸੈ ਨਿੰਮੁ ਬਿਰਖਾ ਗੁਨ ਚੰਦਨ ਕੇ ਬਸਖੇ।”

–ਨਟ ੪, ੩, :੨ (976)

ਬਿਰਖਾ–

ਪੁਰਖਾ –

“ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ।” (ਦਰਖਤਾਂ)

–ਆਸਾ ੧, ਵਾਰ ੮ਸ, ੧, ੧:੧ (467)

ਬਿਰਖਿ–

“ਪੰਖੀ ਬਿਰਖਿ ਸੁਹਾਵੜਾ ਸਚੁ ਚੁਗੈ ਗੁਰ ਭਾਇ।” (ਦਰਖਤ, ਭਾਵ ਸਰੀਰ ਰੂਪੀ ਦਰਖਤ)

–ਰਾਮ ੩, ੨0, ੧:੧ (66)

ਬਿਰਖੀ–

“ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ ਦੁਖ ਸਹਹਿ।”(ਦਰਖਤ ਵਾਂਗ)

–ਸਿਰੀ ੩, ਵਾਰ ੧੨ਸ, ੧, ੧:੩ (952)

ਬਿਰਖੰੀ–

“ਰੁਖੀ ਬਿਰਖੰੀ ਊਡਉ ਭੂਖਾ ਪੀਵਾ ਨਾਮੁ ਸੁਭਾਈ।” (ਦਰਖਤਾਂ ਵਿਚੀਂ)

–ਮਲਾ ੧, ਅਸ ੩, ੪:੧ (1274)

ਬਿਰਖੁ–

“ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ।”

–ਸਿਰੀ ੧, ਅਸ ੧0, ੨:੨ (59)

ਬਿਰਖੈ–

“ਬਿਰਖੈ ਹੇਠਿ ਸਭਿ ਜੰਤ ਇਕਠੇ।”

–ਮਾਰੂ ੫, ਅਸ ੮, ੧:੧ (1019)

(2) (ਸੰ.) ਬੈਲ

“ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ।”

–ਕੇਦਾ ੫, ੧੩, ੧:੨ (1121)

ਬਿਰੰਗ------ ਬਦਰੰਗ

“ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ।”

–ਮਾਰੂ ੫, ੧੬, ੩:੧ (1003)

ਬਿਰੰਚ------ ਬ੍ਰਹਮਾ

“ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ।”

–ਸਾਰ ੫, ੭੫, ੧:੧ (1219)

ਹੋਰ ਰੂਪ:

ਬਿਰੰਚਿ–

“ਸਿਵ ਬਿਰੰਚਿ ਅਰੁ ਸਗਲ ਮੋਨਿ ਜਨ ਗਹਿ ਨ ਸਕਾਹਿ ਗਤਾ।”

–ਗੂਜ ੫, ੧੧, ੧:੨ (498)

ਬਿਰਤਿ ------ **ਬਿਰਤੀ, ਰੁਚੀ, ਸ਼ੌਕ**

"ਆਖੇੜ ਬਿਰਤਿ ਰਾਜਨ ਕੀ ਲੀਲਾ।"

-ਗਉ ੫, ੮੧, ੩:੩ (179)

"ਨਾਨਕ ਜਨ ਕੈ ਬਿਰਤਿ ਬਿਬੇਕੈ।"

-ਗਉ ੫, ਸੁਖ ੨, ੫:੧0 (264)

(ਮਹਾਨਕੋਸ਼ ਇਸ ਦੇ ਅਰਥ 'ਉਪਰਾਮਤਾ ਕਰਦਾ ਹੈ)

ਬਿਰੰਥ ------- **ਬਿਰਚਾ, ਨਿਰਾਰਥਕ**

"ਬਿਨੁ ਭੈ ਭਗਤੀ ਜਨਮੁ ਬਿਰੰਥ।"

-ਆਸਾ ੧, ਅਸ ੪, ੬:੩ (413)

ਬਿਰਥੜਾ ----- **ਖਾਲੀ, ਮਹਿਰੂਮ**

"ਪਹੀ ਨ ਵੰਞੈ ਬਿਰਥੜਾ ਜੋ ਘਰਿ ਆਵੈ ਚਲਿ।"

-ਮਾਰੂ ੫, ਵਾਰ ੩ਸ, ੫, ੨:੨ (1095)

ਬਿਰਥਾ ------ **(1) ਵਿਅਰਥ, ਫਜ਼ੂਲ ਹੀ, ਅਜਾਂਈਂ ਹੀ**

"ਬਿਨੁ ਸਬਦੈ ਪਿਰੁ ਨ ਪਾਈਐ ਬਿਰਥਾ ਜਨਮੁ ਗਵਾਇ।"

-ਸਿਰੀ ੩, ੪੭, ੨:੩ (31)

(2) ਖਾਲੀ (ਫਲ) ਵਿਹੂਣ, ਵੇਖੋ 'ਬਿਰਥੀ' (2)

"ਗੁਰ ਪੂਰੇ ਕੀ ਚਾਕਰੀ ਬਿਰਥਾ ਜਾਇ ਨ ਕੋਇ।"

-ਸਿਰੀ ੫, ੮੧, ੧*:੨ (46)

"ਸੰਗਿ ਸਹਾਈ ਹਰਿ ਨਾਮੁ ਧਿਆਈ ਬਿਰਥਾ ਕੋਇ ਨ ਜਾਏ।"(ਖਾਲੀ)

-ਸਿਰੀ ੫, ਛੰਤ ੨, ੧:੩ (79)

"ਜਿਸ ਤੇ ਬਿਰਥਾ ਕੋਇ ਨਾਹਿ।" (ਖਾਲੀ ਤੇ ਵਿਹੂਣਾ)

-ਮਾਲੀ ੫, ੫, ੨:੨ (987)

(3) ਪੀੜਾ, ਦੁਖ

"ਮਨ ਬਾਂਛਤ ਫਲ ਦੇਤ ਹੈ ਸੁਆਮੀ ਜੀਅ ਕੀ ਬਿਰਥਾ ਸਾਰੇ।"

-ਸਿਰੀ ੫, ਛੰਤ ੩, ੨:੪ (80)

"ਜੀਅ ਕੀ ਬਿਰਥਾ ਸੋ ਸੁਣੇ ਹਰਿ ਸੰਮ੍ਰਿਥ ਪੁਰਖੁ ਅਪਾਰੁ।"(ਦਰਦ)

-ਮਾਝ ੫, ਦਿਨ ੨:੧ (136)

(4) ਹਾਲਤ

"ਜਾਣਹਿ ਬਿਹਰਥਾ ਸਭਾ ਮਨ ਕੀ ਹੋਰੁ ਕਿਸੁ ਪਹਿ ਆਖਿ ਸੁਣਾਈਐ।"

-ਆਸਾ ੫, ੪੬, ੨:੧ (382)

"ਸੂਖ ਦੂਖ ਇਸ ਮਨ ਕੀ ਬਿਰਥਾ ਤੁਝ ਹੀ ਆਗੈ ਸਾਰੈ।"

-ਬਿਲਾ ੫, ੮੨, ੧:੨ (820)

(5) ਭਾਵ ਨਿਰਾਰਥਕ, ਵਿਹਲਾ

"ਬਿਰਥਾ ਕਾਹੂ ਛੋਡੈ ਨਾਹੀ।"

-ਆਸਾ ੫, ੯0, ੧:੩ (393)

"ਨਾਨਕ ਬਿਰਥਾ ਕੋਇ ਨ ਹੋਇ।" (ਨਿਕੰਮਾ)

-ਰਾਮ ੧, ੮, ੧*:੧ (878)

ਬਿਰਥਾਰੀ ----- **ਫਜ਼ੂਲ, ਨਿਰਾਰਥਨ**

"ਬਿਨੁ ਸਾਧੂ ਜੋ ਜੀਵਨਾ ਤੇਤੋ ਬਿਰਥਾਰੀ।"
-ਬਿਲਾ ੫, ੪੦, ੧:੧ (810)

ਹੋਰ ਰੂਪ:

ਬਿਰਥਾਰੇ-
"ਸੂਮੁ ਪਾਵੈ ਸਗਲੇ ਬਿਰਥਾਰੇ।"(ਫਜ਼ੂਲ)
-ਗਉ ੫, ਸੁਖ ੧੨, ੩:੨ (278)

ਬਿਰਥਿਆ --- ਵਿਅਰਥ
"ਪਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ।"
-ਸੂਹੀ ੫, ੪੧, ੩:੨ (745)

ਬਿਰਥੀ ----- (1)ਵਿਅਰਥ, ਅਜਾਈਂ
"ਜਾ ਕੀ ਟਹਲ ਨ ਬਿਰਥੀ ਜਾਇ।"
-ਗਉ ੫, ੯੪, ੩:੩ (184)

ਹੋਰ ਰੂਪ:

ਬਿਰਥੀਆ-
"ਅਵਰ ਸਿਆਣਪਾ ਬਿਰਥੀਆ ਪਿਆਰੇ ਰਾਖਨ ਕਉ ਤੁਮ ਟੇਕ।" (ਫਜ਼ੂਲ, ਬੇਅਰਥ)
-ਬਿਲਾ ੫, ੪, ੧*:੨ (802)

ਬਿਰਥੇ-
"ਹਰਿ ਬਿਨੁ ਅਵਰ ਕ੍ਰਿਅ ਬਿਰਥੇ।" (ਬੇਅਰਥ)
-ਗਉ ੫, ੧੬੪, ੧*:੨ (216)

(2) ਫਲ ਵਿਹੂਣੀ, ਖਾਲੀ ਵੇਖੋ 'ਬਿਰਥੀ' (2)
"ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ।"
-ਸੋਰ ੫, ੭੯, ੧*:੨ (628)

ਬਿਰਥੇ ------ (1) ਵਿਅਰਥ, ਫਜ਼ੂਲ, ਵੇਖੋ 'ਬਿਰਥੀ'(1)
(2) ਪੀੜਾ, ਦੁਖ
"ਤੁਮ ਬਡ ਦਾਤੇ ਜੀਅ ਜੀਅਨ ਕੇ ਤੁਮ ਜਨਹੁ ਹਮ ਬਿਰਥੇ।"
-ਕਲਿ ੪, ੩, ੨:੨ (1320)

ਬਿਰਦ ------ ਸੁਭਾ, ਨਿਤਕਰਮ, ਖਾਸਾ
"ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ।"
-ਸੋਰ ੯, ੯, ੩:੨ (633)

ਬਿਰਦਾਇਓ -- ਖਾਸਾ/ਸੁਭਾ/ਨਿਤਨਿਯਮ ਹੈ
"ਪ੍ਰਭ ਕੋ ਭਗਤਿ ਵਛਲੁ ਬਿਰਦਾਇਓ।"
-ਗੂਜ ੫, ੧੨, ੧*:੧ (498)

ਹੋਰ ਰੂਪ:

ਬਿਰਦਾਇਆ-

"ਸ੍ਰੀ ਰੰਗੋ ਦਇਆਲ ਮਨਹੋਰੁ ਭਗਤ ਵਛਲੁ ਬਿਰਦਾਇਆ।"
-ਗਉ ੫, ਛੰਤ ੩, ੨:੨ (248)

ਬਿਰਦੁ ------ ਨਿਤ ਦਾ ਕਰਮ, ਧਰਮ, ਸੁਭਾ
"ਪ੍ਰਭਿ ਅਪਣਾ ਬਿਰਦੁ ਸਮਾਰਿਆ।"
-ਸਿਰੀ ੧, ਅਸ ੨੮, ੧੮:੨ (72)
"ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ।"
-ਗਉ ੫, ਵਾਰ ੫:੪ (319)
"ਮਨਹੁ ਜਿ ਅੰਧੇ ਕੂਪ ਕਹਿਆ ਬਿਰਦੁ ਨ ਜਾਣਨੀ।"(ਭਾਵ ਲਾਜ ਨਹੀ ਪਾ ਲਦੇ)
-ਸਾਰ ੪, ਵਾਰ ੨੨ਸ, ੧, ੨:੧ (1245)

ਬਿਰਧਾਨਾ ---- ਬੁੱਢਾ ਹੋ ਗਿਆ
"ਬਾਲ ਬਿਵਸਥਾ ਤੇ ਬਿਰਧਾਨਾ।"
-ਆਸਾ ੫, ੭੫, ੨:੧ (389)

ਹੋਰ ਰੂਪ:

ਬਿਰਧਾਨੀ-
"ਸੋਗ ਹਰਖ ਮਹਿ ਦੇਹ ਬਿਰਧਾਨੀ।" (ਬੁੱਢੀ ਹੋ ਗਈ)
-ਰਾਮ ੫, ੧੯, ੩:੩ (888)

ਬਿਰਧਾਨੋ-
"ਕਰਤ ਕਰਤ ਇਵਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨ ਸੁਆ।"(ਬੁੱਢਾ ਹੋ ਗਿਆ)
-ਗਉ ੫, ੧੨੭*, ੩:੧ (206)

ਬਿਰਧਿ ----- ਬੁੱਢਾ
"ਬਾਲਕੁ ਬਿਰਧਿ ਨ ਜਾਣੀਐ ਨਿਹਚਲ ਤਿਸੁ ਦਰਵਾਹੁ।"
-ਸਿਰੀ ੫, ੮੩, ੨:੩ (47)
(2) (ਸੰ.੍) ਵਾਧਾ
"ਦੁਖੁ ਪਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ।"
-ਆਸਾ ੪, ਛੰਤ ੮, ੨:੫ (442)

ਹੋਰ ਰੂਪ:

ਬਿਰਧੀ-
"ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ।" (ਬੁੱਢਾਪੇ, ਬਿਰਧ ਅਵਸਥਾ)
-ਗਉ ੫, ਬਾਅ ੧੯:੩ (254)

ਬਿਰਮਾਈਐ -- ਭਰਮਾਈਏ, ਪ੍ਰਬੰਨ ਕਰੀਏ
"ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ।"
-ਬਿਲਾ ੫, ਛੰਤ ੪, ੨:੨ (848)

ਬਿਰਮਾਵਉ --- ਧੀਰਜ ਦਿਆਂ, ਪਰਚਾਵਾਂ, ਠਹਿਰਾਵਾਂ ਤੇ ਆਰਾਮ ਨਾਲ ਬੈਠਣਾ (ਮਹਾਨਕੋਸ਼)
"ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ।"
-ਬਿਲਾ ਸਧ, ੧, ੩:੧ (858)

ਬਿਰਲਉ------ ਕੋਈ ਵਿਰਲਹ
"ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।"
-ਰਾਮ ੨, ਓਅੰ ੪੦:੭ (935)

ਬਿਰਲਾ ------ ਵਿਰਲਾ, ਟਾਵਾਂ, ਕੋਈ ਕੋਈ
"ਹਰਿ ਰਸੁ ਪਾਵੈ ਬਿਰਲਾ ਕੋਇ।"
-ਗਉ ੫, ਸੁਖ ੨੦, ੨:੨ (289)

ਹੋਰ ਰੂਪ:

ਬਿਰਲੇ-
"ਬਿਰਲੇ ਕਾਹੂ ਏਕ ਲਿਵ ਲਾਗੀ।" (ਕਿਸੇ ਵਿਰਲੇ)
-ਗਉ ੫, ੧੧੭*, ੧:੨ (203)

ਬਿਰਲੈ-
"ਕੋਟਿ ਮਧੇ ਕਿਨੈ ਬਿਰਲੈ ਚੀਨਾ।"(ਕਿਸੇ ਵਿਰਲੇ ਨੇ)
-ਗਉ ੫, ਸੁਖ ੧੨, ੮:੪ (279)

ਬਿਰਲੋ-
"ਐਸੋ ਗਿਆਨੁ ਬਿਰਲੋ ਈ ਪਾਏ।" (ਕੋਈ ਵਿਹਲਾ)
-ਬਿਲਾ ੫, ੬, ੧*:੧ (803)

ਬਿਰਵਾ ------ ਬਿਰਖ, ਦਰਖਤ, ਬੂਟਾ, ਪੌਦਾ
"ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਰਸਿ ਗਾਊ ਰੇ।"
-ਗਉ ਕਬ, ਅਸ ੬੬, ੧:੧ (338)

ਬਿਰਾਹਮਣ ---- ਬ੍ਰਾਹਮਣ,ਚਾਰ ਵਰਣਾਂ ਵਿਚ ਪ੍ਰਥਮ ਵਰਣ
"ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।"
-ਆਸਾ ੧, ਵਾਰ ੧੬ਸ, ੧, ੧:੧ (471)

ਬਿਰਾਗਿਓ----- ਵੈਰਾਗ ਹੋਣਾ, ਵਿਯੋਗ ਵਿਚ ਉਦਾਸ ਹੋਣਾ ਅਥਵਾ ਵਿਯੋਗ ਨੂੰ ਤੀਬਰਤਾ ਨਾਲ ਅਨੁਭਵ ਕਰਨਾ।
"ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ।"
-ਸਾਰ ੫, ੫, ੧*:੧ (1203)

ਬਿਰਾਗੈ ------ ਵੈਰਾਗਵਾਨ
"ਮਨਿ ਬਿਰਾਗੈ ਗੀ।"(ਵੈਰਾਗ ਵਾਨ ਹੋਵੇਗੀ)
-ਸਾਰ ੫, ੧੩੬, ੧*:੧ (1230)

ਬਿਰਾਜਿਤ----- ਬੈਠੇ, ਵਸਦੇ, ਸਥਿਤ, ਸ਼ੋਭਨੀਕ ਹੁੰਦੇ
"ਸਭ ਊਚ ਬਿਰਾਜਿਤ ਜਨ ਸੁਨੇ।"
-ਗਉ ੫, ੧੪੪*, ੧:੨ (211)
"ਬਿਰਾਜਿਤ ਰਾਮ ਕੋ ਪਰਤਾਪ।"(ਭਾਵ ਪਸਰਿਆ ਹੋਇਆ, ਟਿਕਿਆ ਹੋਇਆ
-ਸਾਰ ੫, ੧੦੦, ੧*:੧ (1223)

ਬਿਰਾਜੁ ------ ਟਿਕ, ਸਥਿਤ ਹੋ
"ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ।"

-ਜੈਜਾ ੯, ੪, ੨:੨ (1353)

ਹੋਰ ਰੂਪ:

ਬਿਰਾਜੇ–
“ਗੋਵਿਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ।”(ਟਿੱਕੇ ਹੋਏ)
-ਵਡ ੫, ਛੰਤ ੩, ੪:੩ (578)

ਬਿਰਾਤਾ ---- ਰਤਾ/ਰੰਗਿਆ ਹੋਇਆ
“ਧੋਬੀ ਧੋਵੈ ਬਿਰਹ ਬਿਰਾਤਾ।”
-ਬਸੰ ਨਾਮ, ੩, ੨:੧ (1196)

ਬਿਰਾਥੇ ----- ਬਿਰਥੀ, ਬੇਅਰਥ
“ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ ਆਸ ਬਿਰਾਥੇ।”
-ਸਾਰ ੫, ੪੩, ੧:੨ (1213)

ਬਿਰਾਦਰ ---- (ਫਾ: ਬਿਰਾਦਰ) ਭਰਾ, ਭਾਈ
“ਖਿਲਖਾਨਾ ਬਿਰਾਦਰ ਹਮੂ ਜੰਜਾਲਾ।”
-ਮਾਰੂ ੫, ਸੋਲਾ ੧੨, ੮:੨ (1084)

ਹੋਰ ਰੂਪ:

ਬਿਰਾਦਰਾ–
“ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ।”
-ਤਿਲੰ ੫, ੧, ੩:੧ (723)

ਬਿਰਾਦਰਾਂ–
“ਜਨ ਪਿਸਰ ਬਿਰਾਦਰਾਂ ਕਸ ਨੇਸ ਦਸਤੰਗੀਰ।”
-ਤਿਲੰ ੧, ੧, ੨:੧ (721)

ਬਿਰਾਨਾ ----- (ਫਾ. ਬੇਗਾਨਾ) ਪਰਾਇਆ, ਦੂਸਰੇ ਦਾ
“ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ।”
-ਗੂਜ ੫, ੮, ੩:੨ (497)

ਹੋਰ ਰੂਪ:

ਬਿਰਾਂਨਾ–
“ਅਪਨਾ ਬਿਗਾਰਿ ਬਿਰਾਂਨਾ ਸਾਂਢੈ।” (ਬਿਗਾਨਾ, ਬਿਗਾਨੀ)
-ਗੋਂਡ ਰਵਿ, ੨, ੩:੩ (875)

ਬਿਰਾਨੀ–
“ਵਜਹੁ ਸਾਹਿਬ ਕਾ ਸੇਵ ਬਿਰਾਨੀ ਸਾਂਢੈ।”(ਬਿਗਾਨਾ, ਪਰਾਇਆ)
-ਆਸਾ ੫, ੨੨, ੨:੧ (376)

ਬਿਰਾਨੇ–
“ਹਰਿ ਬਿਨੁ ਬੈਲ ਬਿਰਾਨੇ ਹੁਈ ਹੈ।”(ਬਿਗਾਨੇ ਇਥੇ ਭਾਵ ਨਿਖ ਸਮੇਂ)
-ਗੂਜ ਕਬ, ੧, ੧*:੧ (524)

ਬਿਰਾਨੋ–
“ਬਾਟਿ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ।”(ਪਰਾਏ)

-ਸਾਰ ਪਰ, ੧, ੨:੧ (1253)

ਬਿਰੂਧਉ----- ਰੁਝਿਆ ਹੋਇਆ

“ਕਾਮਿ ਬਿਰੂਧਉ ਰਹੈ ਨ ਠਾਇ।”

-ਗਉ ੧, ਅਸ ੩, ੩:੨ (222)

ਹੋਰ ਰੂਪ:

ਬਿਰੂਧੀ-

“ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁਬਾਰਿਕ ਰਾਖੀਅਲੇ।”

-ਰਾਮ ਨਾਮ, ੧, ੪:੨ (972)

ਬਿਰੂਧੋ ------ ਰੁਕਿਆ, ਰੋਕਦੀ ਹੈ

“ਬਿਰਧ ਭਇਆ ਜੋਬਨੁ ਤਨੁ ਖਿਸਿਆ ਕਫੁ ਕੰਠੁ ਬਿਰੂਧੋ ਨੈਨਹੁ ਨੀਰੁ ਢਰੇ।”

-ਮਾਰੂ ੧, ਅਸ ੮, ੭:੧ (1014)

ਬਿਰੋਧ ------ ਵਿਰੋਧ, ਮੁਖਾਲਫਿਤ

“ਬੈਰ ਬਿਰੋਧ ਕਾਮ ਕ੍ਰੋਧ ਮੋਹ।”

-ਗਉ ੫, ਸੁਖ ੪, ੭:੭ (267)

“ਪਿਰੁ ਘਰੁ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ।” (ਭਾਵ ਖਿਚਾ ਖਿਚੀ)

-ਤੁਖਾ ੧, ਬਾਰਾ ੫:੩ (1108)

ਹੋਰ ਰੂਪ:

ਬਿਰੋਧਹਿ-

“ਬਿਨੁ ਬਾਦ ਬਿਰੋਧਹਿ ਕੋਈ ਨਾਹੀ।”(ਵਿਰੋਧ ਦੇ)

-ਮਾਰੂ ੧, ਸੋਲਾ ੫, ੯:੧ (1025)

ਬਿਰੋਧੀ-

“ਜਾ ਕੈ ਕੀਐ ਸ੍ਰਮੁ ਕਰੈ ਤੇ ਬੈਠ ਬਿਰੋਧੀ।”(ਵਿਰੋਧੀ ਮੁਖਾਲਫਿਤ ਕਰਨ ਵਾਲੇ)

-ਬਿਲਾ ੫, ੩੬, ੩:੧ (809)

ਬਿਰੋਲੈ------ ਰਿੜਕਦਾ ਹੈ

“ਦਧਿ ਕੈ ਭੋਲੈ ਬਿਰੋਲੈ ਨੀਰੁ।”

-ਗਉ ਕਬ, ੧੪, ੧*:੨ (326)

ਬਿਲ ------- ਖੁੱਡ, ਗੋਲਕ

“ਬਿਲ ਬਿਰਥੇ ਚਾਹੈ ਬਹੁ ਬਿਕਾਰ।”

-ਬਸੰ ੧, ਅਸ ੨, ੨:੨ (1188)

ਬਿਲਈਆ --- ਬਿੱਲੀ

“ਮਾਨਸ ਬਪੁਰਾ ਮੂਸਾ ਕੀਕੋ ਮੀਚੁ ਬਿਲਈਆ।”(ਖਈਹੈ ਰੇ)

-ਬਿਲਾ ਕਬ, ੧, ੧:੨ (855)

ਬਿਲਕ------ ਬਿੱਲੀ

“ਅਖੀ ਪ੍ਰੇਮ ਕਸਾਈਆ ਜਿਉ ਬਿਲਕ ਮਸਾਈ ਰਾਮ।”

-ਬਿਲਾ ੪, ੪, ੧:੧ (845)

ਬਿਲਖ------ ਵਿਆਕੁਲ,ਪ੍ਰੇਸ਼ਾਨ

"ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ।"

-ਮਲਾ ੧, ੪, ੧:੧ (1255)

ਬਿਲਛਤ----- ਬਿਲਾਸ ਕਰਦੇ, ਅਨੰਦ ਭੋਗਦੇ ਖੁਸ਼ੀ ਮਾਨਦੇ, ਮੌਜਾਂ ਕਰਦੇ

"ਖਾਤ ਖਰਚਤ ਬਿਲਛਤ ਰਹੇ ਟੂਟਿ ਨ ਜਾਹਿ ਭੰਡਾਰ।"

-ਗਉ ੫, ਬਾਅ ੧੮ਸ:੧ (253)

ਬਿਲਛਿ ----- ਭੋਗ ਕੇ, ਮਾਨ ਕੇ

"ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ।"

-ਸੋਰ ੫, ੩੮, ੧:੨ (618)

ਬਿਲਪ------ ਵਿਰਲਾਪ, ਵੈਣ

"ਬਿਲਪ ਕਰੇ ਚਾਤ੍ਰਿਕ ਕੀ ਨਿਆਈ।"

-ਮਾਝ ੫, ੮, ੧:੨ (96)

ਬਿਲਪਤੇ----- ਵਿਰਲਾਪ ਕਰਦੇ

"ਨਾਨਕ ਅਨਦਿਨੁ ਬਿਲਪਤੇ ਜਿਉ ਸੁੰਞੈ ਘਰਿ ਕਾਉ।"

-ਗੂਜ ੫, ਵਾਰ ੧੫ਸ, ੫, ੧:੨ (522)

ਬਿਲੰਬ------ ਦੇਰੀ, ਢਿਲ

"ਨਹ ਬਿਲੰਬ ਧਰਮੰ ਬਿਲੰਬ ਪਾਪੰ।"

-ਸਸ ੫, ੧੪:੧ (1354)

ਹੋਰ ਰੂਪ:

ਬਿਲੰਬਹੁ–

"ਘਰੀ ਨ ਮੁਹਤੁ ਨ ਚਸਾ ਬਿਲੰਬਹੁ ਕਾਲੁ ਨਿਤਹਿ ਨਿਤ ਹੇਰੈ।" (ਦੇਰੀ/ਢਿਲ ਕਰੋ)

-ਦੇਵ ੫, ੧੨, ੧:੨ (530)

ਬਿਲ ਬਿਲਾਪ-- ਵਿਰਲਾਪੇ, ਰੋਣੇ ਧੋਣੇ

"ਦਇਆ ਧਾਰੀ ਸਮਰਥਿ ਚੁਕੇ ਬਿਲਬਿਲਾਪ।"

-ਗੂਜ ੫, ਵਾਰ ੧੩:੩ (521)

ਬਿਲਮ------ ਢੇਰ, ਢਿਲ, ਵਿਲੰਬ

"ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ।"

-ਸਿਰੀ ੫, ੯੧, ੧:੩ (50)

"ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ।"

-ਸਿਰੀ ੫, ਪਹ ੪, ੫:੨ (78)

ਹੋਰ ਰੂਪ:

ਬਿਲਮਾਵੈ–

"ਮਤ ਕੋਈ ਮਨ ਮਿਲਤਾ ਬਿਲਮਾਵੈ।" (ਦੇਰੀ ਕਰੇ)

-ਗਉ ਕਬ, ਬਾਅ ੩੧:੩ (342)

ਬਿਲਮੁ–
“ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ।।”(ਦੇਰੀ, ਢਿੱਲ)
–ਆਸਾ ੪, ੬੨, ੩:੨ (368)

ਬਿਲਲ------ **ਵਿਆਕੁਲ, ਤਰਲੋ ਮੱਛੀ**
“ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ।”
–ਗੂਜ ੧, ਅਸ ੫, ੧:੨ (505)

ਬਿਲਲਾਇ---- **ਵਿਲਕੇ, ਤਲਮਲਾਏ, ਕੁਰਲਾਏ, ਵਿਆਕੁਲ ਹੋਏ**
“ਬਿਨੁ ਸਤਿਗੁਰ ਪਲੈ ਨ ਪਵੈ ਮਨਮੁਖ ਰਹੇ ਬਿਲਲਾਇ।”
–ਸਿਰੀ ੪, ੬੯, ੩:੨ (41)
“ਧੁਰਹੁ ਵਿਛੁੰਨੀ ਕਿਉ ਮਿਲੈ ਗੁਰਬਿ ਮੁਠੀ ਬਿਲਲਾਇ।”
–ਸਿਰੀ ੧, ਅਸ ੧੨, ੨:੩ (60)
“ਵਿਣੁ ਕਰਮੈ ਕਿਨੈ ਨ ਪਾਇਓ ਭਉ ਕਿ ਮੁਏ ਬਿਲਲਾਇ।”(ਕੁਰਲਾਉਣਾ)
–ਬਿਹਾ ੪, ਵਾਰ ੮ਸ, ੩, ੨:੨ (551)
“ਅਉਗਣਵੰਤੀ ਕਾਮਣੀ ਦੁਖੁ ਲਾਗੈ ਬਿਲਲਾਇ।”(ਵਿਰਲਾਪ, ਕਰਨਾ)
–ਵਡ ੩, ੪, ੩:੨ (559)

ਹੋਰ ਰੂਪ:

ਬਿਲਲਾਈ–
“ਬਿਨੁ ਸਤਿਗੁਰ ਸੇਵੇ ਕਿਨੈ ਨ ਪਾਇਆ ਮਨ ਮੁਖਿ ਭਉ ਕਿ ਮੁਏ ਬਿਲਲਾਈ।” (ਵਿਆਕੁਲ ਹੋਕੇ, ਵਿਰਲਾਪ ਕਰਨੇ)
–ਸੋਰ ੩, ਅਸ ੧, ੬:੧ (638)
“ਗੁਰ ਬਿਹੂਨ ਮਹਾ ਦੁਖੁ ਪਾਇਆ ਜਮ ਪਕਰੇ ਬਿਲਲਾਈ।” (ਭਾਵ ਰੋਂਦੇ ਹਨ)
–ਮਲਾ ੪, ੭, ੨:੪ (1265)

ਬਿਲਲਾਈਐ–
“ਮਨ ਮੂਰਖ ਕਾਹੇ ਬਿਲਲਾਈਐ।” (ਖਪੀਏ, ਵਿਆਕੁਲ ਹੋਈਏ)
–ਗਉ ੫, ਸੁਖ ੧੫, ੪:੧ (283)

ਬਿਲਲਾਹਿ---- **ਵਿਲਕਦੇ ਹਨ, ਤਰਲੇ ਲੈਂਦੇ ਹਨ**
“ਅੰਤ ਕਾਰਣਿ ਕੇਤੇ ਬਿਲਲਾਹਿ।”
–ਜਪੁ ੧, ੨੪:੭ (5)

ਹੋਰ ਰੂਪ:

ਬਿਲਲਾਹੀ–
“ਮੇਰਾ ਮੇਰਾ ਕਰਿ ਬਿਲਲਾਹੀ।” (ਵਿਆਕੁਲ ਹੁੰਦੇ ਹਨ)
–ਗਉ ੫, ੧੧੨, ੩:੧ (188)

ਬਿਲਲਾਟ ---- **ਵਿਰਲਾਪ, ਰੋਣ**
“ਬਿਲਲਾਟ ਕਰਹਿ ਬਹੁਤੇਰਿਆ ਪਿਆਰੇ ਉਤਰੈ ਨਾਹੀ ਸੂਲੁ।”
–ਸੋਰ ੫, ਅਸ ੨, ੪:੩ (641)

ਹੋਰ ਰੂਪ:

ਬਿਲਲਾਟਾ–
“ਕਰਣ ਪਲਾਹ ਮਿਟਹਿ ਬਿਬਲਾਟਾ।”
–ਮਾਰੂ ੫, ੧੯, ੧:੯ (1004)

ਬਿਲਲਾਨਿਆ–– ਵਿਰਲਾਪ ਕੀਤਾ, ਚੀਕ ਚਹਾੜਾ ਪਾਇਆ
“ਦੁਖਿ ਲਗੈ ਬਿਲਲਾਨਿਆ ਨਰਕਿ ਘੋਰਿ ਸੁਤੇ।”
–ਗੂਜ ੫, ਵਾਰ ੨੦:੪ (524)

ਬਿਲਲਾਤਉ ––– ਵਿਰਲਾਪ ਕਰਦਾ ਹੈ, ਰੋਂਦਾ ਹੈ
“ਕਰਣ ਪਲਾਵ ਕਰੈ ਬਿਲਲਾਤਉ ਬਿਨੁ ਗੁਰ ਨਾਮੁ ਨ ਜਾਪੈ।”
–ਮਲਾ ੧, ਅਸ ੪, ੪:੩ (1275)

ਬਿਲਲਾਤਾ–––– ਵਿਆਕੁਲ ਹੁੰਦਾ ਹੈ ਭਾਵ ਪੁਕਾਰ ਕਰਦਾ ਹੈ
“ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ।”
–ਵਡ ੫, ੯, ੨:੩ (564)

ਹੋਰ ਰੂਪ:

ਬਿਲਲਾਤੀ–
“ਹਉਮੈ ਰੋਗਿ ਜਾ ਕਾ ਮਨੁ ਬਿਆਪਿਤ ਓਹੁ ਜਨਮਿ ਮਰੈ ਬਿਲਲਾਤੀ।” (ਵਿਰਲਾਪ ਕਰਦੀ)
–ਸੋਰ ੫, ੬, ੨:੨ (610)

“ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ।” (ਵਿਲਕਨਾ, ਵਿਆਕੁਲ ਹੋਣਾ)
–ਮਲਾ ੧, ਅਸ ੩, ੫:੧ (1274)

ਬਿਲਲਾਂਤੀ–
“ਬਿਨੁ ਸਤਿ ਗੁਰ ਦੀਸੈ ਬਿਲਲਾਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ।”(ਰੋਂਦੀ, ਵਿਆਕੁਲ ਹੁੰਦੀ)
–ਬਸੰ ੫, ੧੩, ੧*:੨ (183)

ਬਿਲਲਾਤੇ–
“ਬਿਨੁ ਹਰਿ ਭਜਨ ਦੇਖਉ ਬਿਲਲਾਤੇ।” (ਰੋਂਦੇ, ਵਿਆਕੁਲ ਹੁੰਦੇ, ਵਿਰਲਾਪ ਕਰਦੇ)
–ਗਉ ੫, ੮੦, ੧*:੧ (179)

“ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ।” (ਵਿਲਕਦੇ ਰੋਂਦੇ)
–ਸੂਹੀ ੫, ੪੯, ੨:੨ (747)

ਬਿਲਲਾ ––––– ਵਿਆਕੁਲ, ਵਿਰਲਾਪ ਕਰਦੀ, ਰੋਂਦੀ, ਵਿਲਕਦੀ
“ਅਨਦਿਨੁ ਸਦਾ ਫਿਰੈ ਬਿਲਲਾ ਬਿਨੁ ਪਿਰ ਨੀਦ ਨ ਪਾਵਣਿਆ।”
–ਮਾਝ ੩, ਅਸ ੩, ੪:੩ (110)

ਹੋਰ ਰੂਪ:

ਬਿਲਲਾ ਦੀਆ–
“ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ।”(ਰੋਂਦੀਆਂ, ਵਿਲ੍ਕਦੀਆਂ)
–ਵਡ ੩, ੪, ੨:੧ (559)

ਬਿਲਲਾਦੇ–
“ਦੁਖੀਏ ਨਿਤਿ ਫਿਰਹਿ ਬਿਬਲਾਦੇ ਬਿਨੁ ਗੁਰ ਸਾਂਤਿ ਨ ਪਾਵਣਿਆ।”
–ਮਾਝ ੩, ਅਸ ੧੫, ੬:੩ (118)

ਬਿਲਲਾਪ ---- ਵਿਰਲਾਪ
“ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ।”
–ਗੂਜ ੧, ਅਸ ੫, ੧:੨ (505)

ਬਿਲਲਾਵੈ ---- ਵਿਰਲਾਪ ਕਰਦਾ ਹੈ, ਕੁਰਲਾਂਦਾ ਹੈ
“ਅਰੜਾਵੈ ਬਿਲਲਾਵੈ ਨਿੰਦਕ।”
–ਆਸਾ ੫, ੧0, ੧*:੧ (373)
“ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ।”
– ਸੋਰ ੪, ੮, ੨:੧ (607)

ਬਿਲਾ ------ ਖੁਡ, ਬਿਲ
“ਅੰਧ ਬਿਲਾ ਤੇ ਕਾਢਹੁ ਕਰਤੇ ਕਿਆ ਨਾਹੀ ਘਰਿ ਤੇਰੈ।”
–ਦੇਵ ੫, ੧੨, ੨:੧ (530)

ਬਿਲਾਇ------ ਨਾਸ ਹੋਣਾ, ਮੁੱਕ ਗਿਆ, ਦੂਰ ਹੋ ਗਿਆ
“ਸਦਾ ਸਦਾ ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ।”
–ਗਉ ੪, ਵਾਰ ੧੬ਸ, ੫, ੧:੩ (321)

ਬਿਲਾਇਣ---- ਦੂਰ ਹੋਣਾ
“ਰਸਨਾ ਸਿਮਰਤ ਪਾਪ ਬਿਲਾਇਣ।”
–ਗੋਂਡ ੫, ੧੯, ੧*:੨ (868)

ਬਿਲਾਈ------ ਬਿੱਲੀ
“ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ।”
–ਆਸਾ ੫, ੪੪, ੧*:੧ (381)
“ਸਿੰਘੁ ਬਿਲਾਈ ਹੋਇ ਗਇਓ ਤ੍ਰਿਣ ਮੇਰੁ ਦਿਖੀਤਾ।”
–ਬਿਲਾ ੫, ੩੭, ੩:੧ (810)

ਬਿਲਾਸ ----- ਖੁਸ਼ੀਆ ਦੇ ਕੌਤਕ, ਅਨੰਦ
“ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ।”
–ਮਾਝ ੧, ਵਾਰ ੧0ਸ, ੧, ੨:੪ (142)
“ਪੁਤ੍ਰ ਮਿਤ੍ਰ ਬਿਲਾਸ ਬਨਿਤਾ ਤੂਟਤੇ ਏ ਨੇਹ।”(ਖੁਸ਼ੀਆਂ, ਰੰਗ ਰਲੀਆ)
–ਮਾਰੂ ੫, ੨੫, ੧:੨ (1106)

ਹੋਰ ਰੂਪ:

ਬਿਲਾਸਹ–
“ਨਚ ਦੁਰਲਭੰ ਸੁਤ ਮਿਤ੍ਰ ਭ੍ਰਾਤ ਬਾਂਧਵ ਨਚ ਦੁਰਲਭੰ ਬਨਿਤਾ ਬਿਲਾਸਹ।”
(ਅਨੰਦ, ਖੁਸ਼ੀ)
–ਸਸ ੫, ੩੫:੩ (1351)

ਬਿਲਾਸਾ–

"ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ।"(ਅਨੰਦ, ਰੰਗ-ਰਲੀਆਂ)
-ਗਉ ੪, ੪੬, ੧:੨ (165)

ਬਿਲਾਸੁ-
"ਮਨਿ ਬਿਲਾਸੁ ਬਹੁ ਰੰਗੁ ਘਣਾ ਦ੍ਰਿਸਟਿ ਭੂਲਿ ਖੁਸੀਆ।" (ਅਨੰਦ ਖੁਸ਼ੀਆ)
-ਸਿਰੀ ੫, ੭੨, ੧:੧ (42)

ਬਿਲਾਸੁ ----- (1) ਅਨੰਦ, ਖੁਸ਼ੀਆਂ, ਵੇਖੋ 'ਬਿਲਾਸ'
"ਦੇਹ ਏਹੁ ਤ੍ਰਿਅ ਸਨੇਹੁ ਚਿਤ ਬਿਲਾਸੁ ਜਗਤ ਦੇਹੁ ਚਰਨ ਕਮਲ ਸਦਾ ਸੇਉ ਦ੍ਰਿੜਤਾ ਕਰੁ ਮਤਿ ਜੀਉ।।"(ਰੰਗ ਤਮਾਸ਼ੇ, ਦਿਲ ਪ੍ਰਚਾਵੇ)
-ਸਵ ੪, ਗਯੰ ੧੦:੪ (1403)

(2) ਬਿਲਾ
"ਸੂਆ ਪਿੰਜਰਿ ਨਹੀ ਖਾਇ ਬਿਲਾਸੁ।"
-ਮਾਲੀ ੫, ੩, ੩:੨ (987)

ਬਿਲਾਸੇ -----ਕੌਤਕ, ਰੰਗ ਰਲੀਆ
"ਸੇ ਦੁਖ ਆਗੈ ਜਿ ਭੋਗ ਬਿਲਾਸੇ।"
-ਮਲਾ ੧, ਅਸ ੫, ੮:੧ (1276)

ਬਿਲਾਤ -----ਮਿੱਟ ਗਏ, ਤੁਰ ਗਏ
"ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ।"
-ਸਾਰ ਕਬ, ੧, ੨:੨ (1251)

ਬਿਲਾਤੇ -----ਰੋਂਦੇ, ਕੁਰਲਾਉਂਦੇ
"ਅਜੈ ਸੁ ਚੋਭ ਕਉ ਬਿਲਲ ਬਿਲਾਤੇ ਨਰਕੇ ਘੋਰ ਪਚਾਹੀ।"
-ਰਾਮ ਕਬ, ੩, ੪:੨ (969)

ਬਿਲਾਨੀ-----ਬੀਤ ਗਈ, ਗੁਜ਼ਰ ਗਈ
"ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ।"
-ਧਨਾ ੫, ੫, ੩:੧ (672)

ਹੋਰ ਰੂਪ:

ਬਿਲਾਨੇ-
"ਭ੍ਰਮਤ ਫਿਰਤ ਬਹੁ ਜਨਮ ਬਿਲਾਨੇ ਤਨੁ ਮਨੁ ਧਨੁ ਨਹੀ ਧੀਰੇ।" (ਬੀਤ ਗਏ, ਗੁਜ਼ਰ ਗਏ)
-ਆਸਾ ਧੰਨਾ, ੧, ੧*:੧ (487)

ਬਿਲੰਬਾ-----ਢਿੱਲ, ਦੇਰੀ
"ਬੇਗਿ ਮਿਲਹੁ ਜਨ ਕਰਿ ਨ ਬਿਲੰਬਾ।"
-ਗਉ ਰਵਿ, ੧, ੩:੨ (345)

ਬਿਲਾਮੀ-----ਥੋੜਾ ਸਮਾਂ
"ਚਲਦਿਆ ਨਾਲਿ ਨ ਚਲਈ ਖਿਨ ਜਾਇ ਬਿਲਾਮੀ।"
-ਮਾਰੂ ੫, ਵਾਰ ੧੪:੫ (1099)

ਬਿਲਾਵਲ ---- ਇਕ ਸ਼ੁਧ ਜਾਤੀ ਦਾ ਰਾਗ, ਗਾਇਨ ਦਾ ਸਮਾਂ ਦਿਨ ਦੇ ਦੂਜੇ ਪਹਿਰ ਦਾ ਆਰੰਭ

"ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ।"

-ਰਾਗ ੧:੧੧ (1429)

ਹੋਰ ਰੂਪ:

ਬਿਲਾਵਲੀ-

"ਪ੍ਰਥਮ ਭੈਰਵੀ ਬਿਲਾਵਲੀ।"

-ਰਾਮ ੧:੫ (1429)

ਬਿਲਾਵਲੁ-

"ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ।"

-ਮਾਝ ੧, ਵਾਰ ੨੬ਸ, ੧, ੧:੧੯ (150)

ਬਿਲੀਧੇ ----- ਰੋਂਦੇ, ਕੁਰਲਾਉਂਦੇ

"ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ।"

-ਬਸੰ ੪, ੫, ੧:੨ (1178)

ਬਿਲੋਇਆ --- ਰਿੜਕਿਆ

"ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ।"

-ਸਲੋ ਕਬ, ੧੯:੨ (1365)

ਹੋਰ ਰੂਪ:

ਬਿਲੋਈ

"ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ।" (ਰਿੜਕੀ)

-ਈਸਾ ਕਬ, ੧੦, ੨:੧ (478)

ਬਿਲੋਈਐ-

"ਮੇਰੇ ਰਾਮ ਐਸਾ ਖੀਰੁ ਬਿਲੋਈਐ।" (ਰਿੜਕੀ ਦੇ)

-ਗਉ ਕਬ, ੪੬, ੧*:੧ (332)

"ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ।"(ਭਾਵ ਵਿਚਾਰੀਏ)

-ਵਡ ੪, ਵਾਰ ੪:੧ (587)

ਬਿਲੋਵਸਿ ---- ਰਿੜਕਦਾ

"ਝੂਠੇ ਕਹਾ ਬਿਲੋਵਸਿ ਪਾਨੀ।"

-ਸੋਰ ਕਬ, ੮, ੧:੨ (656)

ਬਿਲੋਵਹੁ ----- ਰਿੜਕੋ

"ਸਹਜਿ ਬਿਲਾਵਹੁ ਜੈਸੇ ਤਤੁ ਨ ਜਾਈ।"

-ਆਸਾ ਕਬ, ੧੦, ੧*:੨ (478)

"ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ।"(ਰਿੜਕਦੇ ਹੋ)

-ਗੂਜ ਤ੍ਰਿਲੋ, ੧, ੩:੧ (526)

ਬਿਲੋਵਨ ----- ਰਿੜਕਨ ਲਈ

"ਸਮੁੰਦੁ ਬਿਲੋਵਨ ਕਉ ਮਾਟਾ।"

-ਸੋਰ ਕਬ, ੫, ੧:੨ (655)

ਬਿਲੋਵਨਹਾਰ -- ਰਿੜਕਨ ਵਾਲਾ
"ਜਿਨਿ ਬਿਲੋਇਆ ਤਿਨਿ ਖਾਇਆ ਅਵਰ ਬਿਲੋਵਨਹਾਰ।"
-ਸਲੋ ਕਬ, ੧੯:੨ (1365)

ਹੋਰ ਰੂਪ:

ਬਿਲੋਵਨਹਾਰੀ-
"ਤਾਕੀ ਹੋਹੁ ਬਿਲੋਵਨਹਾਰੀ।" (ਰਿੜਕਨ ਵਾਲੀ)
-ਸੋਰ ਕਬ, ੫, ੧:੩ (655)

ਬਿਲੋਵਨਾ ---- ਰਿੜਕਨਾ ਭਾਵ ਅਭਿਆਸ
"ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ।"
-ਆਸਾ ਕਬ, ੧0, ੧*:੧ (478)

ਬਿਲੋਵੈ ------ ਰਿੜਕੇ
"ਸਚੁ ਮਨ ਕਾਰਣਿ ਤਤੁ ਬਿਲੋਵੈ।"
-ਆਸਾ ੧, ਅਸ ੧, ੩:੧ (411)

ਬਿਵਸਥਾ ---- (1) ਅਵਸਥਾ, ਉਮਰ
"ਬਾਰ ਬਿਵਸਥਾ ਤੁਝਹਿ ਪਿਆਰੈ ਦੂਧ।"
-ਗਉ ੫, ਸੁਖ ੪, ੧:੫ (266)

(2) ਅਵਸਥਾ, ਹਾਲਤ
"ਸ੍ਰਸਤਿ ਬਿਵਸਥਾ ਹਰਿ ਕੀ ਸੇਵਾ ਮਧੵੰਤ ਪ੍ਰਭ ਜਾਪਣ।"(ਅਵਸਥਾ, ਹਾਲਤ)
-ਧਨਾ ੫, ੪੯, ੨:੧ (682)

ਬਿਵਸਿ ----- ਕਾਬੂ/ਵਸ ਵਿਚ ਕਰਨਾ
"ਮੋਹੁ ਮਲਿ ਬਿਵਸਿ ਕੀ ਅਉ ਕਾਮੁ ਗਹਿ ਕੇਸ ਪਛਾੜ੍ਉ।"
-ਸਵ ੪, ਸਲ ੧:੧ (1406)

ਬਿਵਹਾਰ ---- ਕੰਮਕਾਜ, ਮੇਲ ਜੋਲ
"ਸਭ ਕਛੁ ਜੀਵਤ ਕੋ ਬਿਵਹਾਰ।"
-ਦੇਵ ੯, ੨, ੧*:੧ (536)

ਬਿਵਹਾਰੇ ---- ਕੰਮ, ਸ਼ੁਭਾ, ਤਰੀਕਾ
"ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ।"
-ਬਿਹਾ ੯, ੧, ੨:੧ (537)

ਬਿਵਰਜਿ ---- ਰੋਕ ਕੇ
"ਮਾਇਆ ਮੋਹ ਬਿਵਰਜਿ ਸਮਾਏ।"
-ਰਾਮ ੧, ਅਸ ੩, ੨:੧ (904)

ਬਿਵਰਜਿਤਹ -- ਰੋਕਦੇ ਹਨ
"ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ।"
-ਸਸ ੫, ੪0:੩ (1357)

ਬੀਉ -------- ਬੀਜ

“ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ।”

-ਆਸਾ ੧, ਵਾਰ ੧0ਸ, ੧, ੨:੬ (468)

ਬੀਓ -------- (1) ਦ੍ਵੈਤ ਭਾਵ

“ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ।”

-ਆਸਾ ੫, ੪੭, ੧:੨ (382)

(2) ਦੂਜਾ, ਕੋਈ ਹੋਰ, ਦੂਸਰਾ

“ਬਿਸਮਨ ਬਿਸਮ ਭਏ ਬਿਸਮਾਦਾ ਆਨ ਨ ਬੀਓ ਦੂਸਰ ਲਾਵਨ।”

-ਟੋਡੀ ੫, ੨੫, ੨:੧ (717)

“ਐਸੋ ਜਾਨਿ ਭਏ ਮਨਿ ਆਨਦ ਆਨ ਨ ਬੀਓ ਕਰਤਾ।”

-ਬਿਲਾ ੫, ੯੪, ੨:੧ (823)

ਬੀਅਉ ------ ਦੂਸਰਾ, ਵਖਰਾ

“ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਆਉ।”

-ਸਵ ੫, ਮਯੁ ੫:੩ (1409)

ਬੀਆ ------- ਦੂਜਾ

“ਏਕੋ ਵੇਖਾ ਅਵਰੁ ਨ ਬੀਆ।”

-ਮਾਝ ੩, ਅਸ ੮, ੩:੧ (113)

“ਹਰਖ ਅਨੰਤ ਸੋਗ ਨਹੀ ਬੀਆ।”(ਦੂਸਰਾ, ਹੋਰ)

-ਗਉ ੫, ੧0੪, ੪:੧ (186)

“ਜਉ ਮਾਗਹਿ ਤਉ ਮਾਗਹਿ ਬੀਆ।”

-ਗਉ ੫, ਬਾਅ ੪੧:੫ (258)

“ਭੈ ਬਿਨਸੇ ਭ੍ਰਮ ਮੋਹ ਰਾਏ ਕੋ ਦਿਸੈ ਨ ਬੀਆ।” (ਓਪਰਾ, ਬਿਗਾਨਾ)

-ਆਸਾ ੫, ੧੨੦, ੪:੧ (401)

ਬੀਆਨ ------ ਵਿਆਹੁਣ

“ਬੰਸ ਕੋ ਪੂਤੁ ਬੀਆਨ ਚਲਿਆ ਸੁਇਨੇ ਮੰਡਪ ਛਾਏ।”

-ਆਸਾ ਕਬ, ੬, ੩:੧ (477)

ਬੀਸ -------- ਵੀਹ, ਗਿਣਤੀ ਦੀ ਇਕ ਇਕਾਈ

“ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।”

-ਮਾਝ ੧, ਵਾਰ ੧ਸ, ੧, ੩:੧ (138)

“ਬਿਸ ਬਿਸਵੇ ਗੁਰ ਕਾ ਮਨੁ ਮਾਨੈ।”(ਬੀਸ ਬਿਸਵੇ ਮੁਹਾਵਰਾ ਹੈ, ਭਾਵ ਪੂਰੇ ਤੌਰ ਤੇ)

-ਗਉ ੫, ਸੁਖ ੧੮, ੩:੧ (287)

“ਗੁਰਮਤਿ ਮਿਲੀਐ ਬੀਸ ਇਕੀਸ।” (ਭਾਵ ਯਕੀਨਨ)

-ਰਾਮ ੧, ਓਅੰ ੨੫:੮ (933)

ਬੀਸਰਹਿ ----- ਭੁਲੇ, ਚੇਤਿਓ ਲਹਿ ਜਾਵੇ

“ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ।”

-ਆਸਾ ੫, ਬਿਰ ੧, ੨:੧ (431)

ਬੀਸਰਿ ------ ਭੁਲਣਾ
"ਲੋਭ ਮੋਹ ਸਭ ਬੀਸਰਿ ਜਾਹੁ।"
-ਗਉ ਕਬ, ਥਿਤੀ ੧੦:੩ (343)

ਹੋਰ ਰੂਪ:

ਬੀਸਰੈ-
"ਨਾਨਕ ਮਾਨਹੁ ਨ ਬੀਸਰੈ ਗੁਣ ਨਿਧਿ ਗੋਬਿਦ ਰਾਇ।"(ਭੁਲੇ)
-ਗਉ ੫, ਬਾਅ ੨੭ਸ:੨ (255)

ਬੀਖੁ ------- ਬ੍ਰਿਛ, ਦਰਖਤ, ਰੁਖ
"ਬਾਵਨ ਬੀਖੁ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।"
-ਪ੍ਰਭਾ ਨਾਮ, ੨, ੨:੧ (1351)

ਬੀਖੇ ------- ਵਿਖੇ ਵਿਚ
"ਬਾਵਨ ਬੀਖੁ ਬਾਨੈ ਬੀਖੇ ਬਾਸੁ ਤੇ ਸੁਖ ਲਾਗਿ ਲਾ।"
-ਪ੍ਰਭਾ ਨਾਮ, ੨, ੨:੧ (1351)

ਬੰਹੀਗੀ ------ ਵਿੰਗ ਟੇਢ ਵਲ
"ਅਨਿਕ ਬੰਗਿ ਦਾਸ ਕੇ ਪਰਹਰਿਆ।"
-ਸੂਹੀ ੫, ੨੮, ੧:੧ (742)

ਬੀਗਾ ------- ਵਿੰਗਾ
"ਸਾਧ ਕੈ ਸੰਗਿ ਨ ਬੀਗਾ ਪੈਰੁ।"(ਭਾਵ ਕੁਰਾਹੇ ਨਹੀਂ ਪੈਂਦਾ)
-ਗਉ ੫, ਸੁਖ ੭, ੩:੪ (271)

ਬੀਚ ------- (1) ਵਿਚਕਾਰ
"ਸੰਤ ਕਾ ਕੋਖੀ ਅਧ ਬੀਚ ਤੇ ਟੂਟੈ।"
-ਗਉ ੫, ਸੁਖ ੧੩, ੫:੧ (280)

(2) ਵਿਚਕਾਰਲੇ
"ਪੇਖਿਓ ਲਾਲਨੁ ਪਾਟ ਬੀਚ ਖੋਏ ਅਨਦ ਚਿਤਾ ਹਰਖੇ ਪਤੀਨ।"
-ਟੋਡੀ ੫, ੨੦, ੨:੧ (716)

ਬੀਚਹਿ ------ ਵਿਚੇ ਹੀ
"ਆਇ ਪਰੇ ਧਰਮ ਰਾਇ ਕੇ ਬੀਚਹਿ ਧੂਮਾ ਧਾਮ।"
-ਸਲੋ ਕਬ, ੧੪੨:੨ (1372)

ਬੀਚਾਰ ------ (1) ਵਿਚਾਰ, ਮਤ, ਖਿਆਲ
"ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ।"
-ਸਿਰੀ ੧, ਅਸ ੧੪, ੫:੧ (62)
"ਸਰਬੇ ਜਾਚਿਕ ਤੂੰ ਪ੍ਰਭ ਦਾਤਾ ਦਾਤਿ ਕਰੇ ਅਪੁਨੈ ਬੀਚਾਰ।" (ਵਿਚਾਰ ਅਨੁਸਾਰ)
-ਗੂਜ ੧, ਅਸ ੨, ੪:੨ (504)

(2) ਵਿਚਾਰ ਕਰ, ਚਿੰਤਨ ਕਰ
"ਪਾਰਬ੍ਰਹਮ ਗੁਣ ਅਗਮ ਬੀਚਾਰ।"
-ਗਉ ੫, ੧੭੧, ੨:੮ (200)

“ਸੁੰਨਿ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ।” (ਵਿਚਾਰ ਕਰ)

(3) ਵਿਚਾਰ, ਸੋਚ, ਚਿੰਤਨ

“ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ।”(ਭਾਵ ਕੋਈ ਉਜ਼ਰ/ ਇਤਰਾਜ਼ ਨਹੀਂ)

-ਗਉ ਕਬ, ੬੯, ੧:੧ (338)

(4) ਨਿਰਣਯ, ਲਛਣ (ਮਹਾਨਕੋਸ਼)

“ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਬੀਚਾਰ।”

-ਬਿਲਾ ੪, ਵਾਰ ੭ਸ, ੩, ੩:੭ (852)

(‘ਸੋਚਨ ਦਾ ਢੰਗ’ ਦਰਪਣ ਵੀ ਚਾਰ (ਨਿਰਣੈ)

(5) ਮਿਸਾਲ, ਉਦਾਹਰਣ ਭਾਵ ਵਾਂਗ ਤਰ੍ਹਾਂ (ਮਹਾਨਕੋਸ਼)

“ਤੂ ਤਾ ਜਨਿਕ ਰਾਜਾ ਅਉਤਾਰੁ ਸਬਦੁ ਸੰਸਾਰਿ ਸਾਰੁ ਰਹਹਿ ਜਗਤ੍ਰ ਜਲ ਪਦਮ ਬੀਚਾਰ।”

-ਸਵ ੨, ੩:੩ (1391)

ਬੀਚਾਰੰ ----- ਵੀਚਾਰਦੇ/ਸੋਚਦੇ/ਸਮਝਦੇ ਹਨ

“ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ।”

-ਮਲਾ ਰਵਿ, ੧, ੨:੧ (1293)

ਬੀਚਾਰਉ ---- ਵਿਚਾਰ ਕਰਾ, ਵਿਚਾਰਦਾ ਹਾਂ

“ਅਨਿਕ ਜੁਗਤਿ ਕਰਿ ਬਹੁਤੁ ਬੀਚਾਰਉ।”

-ਬਿਲਾ ੫, ੯, ੨:੧ (804)

ਹੋਰ ਰੂਪ:

ਬੀਚਾਰਈ-

“ਹਰਿ ਹਾਂ ਸੁਨਤੇ ਭਏ ਪੁਨੀਤ ਪਾਰਬ੍ਰਹਮ ਬੀਚਾਰਦੀ।” (ਵਿਚਾਰਦਾ ਹੈ)

-ਫੁਨ ੫, ੮:੪ (1362)

ਬੀਚਾਰਸੀ---- ਵਿਚਾਰੇਗਾ

“ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।”

-ਰਾਮ ੧, ਓਅੰ ੪੦:੭ (935)

ਬੀਚਾਰਹ ---- ਵਿਚਾਰ ਹੈ

“ਦ੍ਰੁਮ ਸਪੂਰ ਜਿਉ ਨਿਵੈ ਖਵੈ ਕਸੁ ਬਿਮਲ ਬੀਚਾਰਹ।”

-ਸਵ ੨, ੬:੨ (1392)

ਬੀਚਾਰਹਿ---- ਵਿਚਾਰ ਕਰੇ

“ਗੁਰ ਸਬਦੁ ਬੀਚਾਰਹਿ ਆਪੁ ਜਾਇ।”

-ਬਸੰ ੧, ਅਸ ੫, ੮:੧ (1190)

“ਕਈ ਕੋਟਿ ਕਬਿ ਕਾਬਿ ਬੀਚਾਰਹਿ।” (ਵਿਚਾਰਦੇ ਹਨ)

-ਗਉ ੫, ਸੁਖ ੧੦, ੧:੮ (275)

ਹੋਰ ਰੂਪ:

ਬੀਚਾਰਹੁ-

"ਉਰਿ ਲਾਗਹੁ ਸੁਆਮੀ ਪ੍ਰਭ ਮੇਰੇ ਪੂਰਬ ਪ੍ਰੀਤਿ ਗੋਬਿੰਦ ਬੀਚਾਰਹੁ।"
-ਬਿਲਾ ੫, ੧੨੩, ੧*:੨ (829)

ਬੀਚਾਰਦਾ---- ਵਿਚਾਰ ਕਰਦਾ ਹੈ
"ਹਰਿ ਜੇਵਡੁ ਨਾਹੀ ਕੋਈ ਜਾਣੁ ਹਰਿ ਧਰਮੁ ਬੀਚਾਰਦਾ।"
-ਸਿਰੀ ੪, ਵਾਰ ੧੮:੨ (90)

ਹੋਰ ਰੂਪ:

ਬੀਚਾਰਦੇ-
"ਸਿਮ੍ਰਿਤ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ।" (ਵਿਚਾਰ ਕਰਦੇ)
-ਰਾਮ ੩, ਅਨੰ ੨੭:੧ (920)

ਬੀਚਾਰਾ----- (1) ਵਿਚਾਰ
"ਮਨੁ ਪੀਵੈ ਸੁਨਿ ਸਬਦੁ ਬੀਚਾਰਾ।"
-ਮਾਝ ੫, ੨੬, ੨:੨ (102)

"ਕਰਮ ਹੋਵੈ ਸਤਿਗੁਰੁ ਮਿਲੈ ਬੂਝੈ ਬੀਚਾਰਾ।"
-ਆਸਾ ੧, ਅਸ ੧੩, ੬:੧ (418)

(2) ਵਿਚਾਰੀ ਹੈ
"ਕਹੁ ਨਾਨਕ ਇਹੁ ਤਤੁ ਬੀਚਾਰਾ।"
-ਗਉ ੫, ੧੧੩, ੩:੧ (188)

"ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ।"(ਵੀਚਾਰਿਆ ਹੈ)
-ਮਾਰੂ ੧, ਸੋਲਾ ੬, ੬:੩ (1029)

(3) ਵਿਚਾਰ ਕੇ
"ਸੋਧਤ ਸੋਧਤ ਸੋਧਿ ਬੀਚਾਰਾ।"
-ਗਉ ੫, ਬਾਅ ੪੮:੩ (260)

(4) ਵਿਚਾਰ ਦੁਆਰਾ, ਹੋਰ ਵੇਖੋ "ਬੀਚਾਰਿ"
"ਇਕਨਾ ਨੋ ਤੂ ਮੇਲਿ ਨੈਹਿ ਗੁਰ ਸਬਦਿ ਬੀਚਾਰਾ।"
-ਸੂਹੀ ੩, ਵਾਰ ੨:੩ (786)

(5) ਵਿਚਾਰ ਕਰਾਂ, ਵਿਚਾਰਾਂ
"ਹਮ ਨਾਨ੍ਹੇ ਨੀਚ ਤੁਮ੍ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ।"
-ਸਾਰ ੫, ਅਸ ੧, ੮:੧ (1235)

"ਸੇਵਾ ਸੁਰਤਿ ਰਹਸਿ ਗੁਣ ਗਾਵਾਂ ਗੁਰਮੁਖਿ ਗਿਆਨੁ ਬੀਚਾਰਾ।"

ਬੀਚਾਰਿ----- (1) ਵਿਚਾਰ ਦੁਆਰਾ, ਵਿਚਾਰ ਕੇ
"ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ।"
-ਸਿਰੀ ੧, ੧੨, ੨:੩ (18)

"ਗੁਰਮੁਖਾ ਕੇ ਮੁਖ ਉਜਲੇ ਗੁਰ ਸਬਦੀ ਬੀਚਾਰਿ।"(ਵਿਚਾਰ ਕਰਨ ਕਰਕੇ, ਵਿਚਾਰ ਸਦਕਾ)
-ਸਿਰੀ ੬, ੪੨, ੨:੧ (30)

"ਆਪੁ ਬੀਚਾਰਿ ਮਾਰਿ ਮਨੁ ਦੇਖਿਆ ਤੁਮ ਸਾ ਮੀਤੁ ਨ ਅਵਰੁ ਕੋਈ।"(ਵਿਚਾਰ ਕੇ ਭਾਵ ਸਮਝ ਕੇ)
-ਆਸਾ ੧, ੨੨, ੩:੧ (356)

“ਮਿਥਿਆ ਕਰਿ ਮਾਇਆ ਤਜੀ ਸੁਖ ਸਹਜ ਬੀਚਾਰਿ।”
-ਬਿਲਾ ਕਬ, ੧੦, ੩:੧ (857)

(2) ਵਿਚਾਰਿਆ ਹੈ
“ਆਪਣਾ ਭਉ ਤਿਨ ਪਾਇਓਨੁ ਜਿਨ ਗੁਰ ਕਾ ਸਬਦੁ ਬੀਚਾਰਿ।”
-ਸਿਰੀ ੩, ੫੬, ੧:੧ (35)

(3) ਵਿਚਾਰ (ਕਰ)
“ਧਰਮ ਰਾਇ ਕੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ।”
-ਸਿਰੀ ੩, ੬੩, ੨:੧ (38)

ਬੀਚਾਰਿਓ---- ਵਿਚਾਰਿਆ, ਵਿਚਾਰ ਕੀਤੀ
“ਤ੍ਰਿਸਨਾ ਤ੍ਰਿਖਾ ਭੂਖ ਭ੍ਰਮਿ ਲਾਗੀ ਹਿਰਦੈ ਨਾਹਿ ਬੀਚਾਰਿਓ ਰੇ।”
-ਗਉ ਕਬ, ੫੬, ੨:੧ (335)

ਬੀਚਾਰੀ ----- (1) ਵਿਚਾਰਦੇ ਹਨ
“ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ।”
-ਗਉ ੩, ੨੭, ੪:੧ (160)

(2) ਭਾਵ ਸਮਝਿਆ
“ਕਾਸੀ ਮਗਹਰ ਸਮ ਬੀਚਾਰੀ।”
-ਗਉ ਕਬ, ੧੫, ੪:੧ (326)

(3) ਵਿਚਾਰ ਕੇ
“ਕਿਰਤ ਕੀ ਬਾਂਧੀ ਸਭ ਫਿਰੈ ਦੇਖਹੁ ਬੀਚਾਰੀ।”
-ਗਉ ਕਬ, ੫੦, ੪:੧ (334)
“ਮੈ ਗੁਰੁ ਪੂਛਿਆ ਆਪਣਾ ਸਾਚਾ ਬੀਚਾਰੀ ਰਾਮ।”(ਵਿਚਾਰ ਦੁਆਰਾ)
-ਆਸਾ ੧, ਛੰਤ ੫, ੨:੨ (439)

(4) ਵਿਚਾਰ ਕਰਨ ਵਾਲਾ
“ਦਇਆ ਦਿਗੰਬਰੁ ਦੇਹ ਬੀਚਾਰੀ।”
-ਆਸਾ ੧, ੨੫, ੩:੧ (356)
“ਭਣਤਿ ਨਾਨਕੁ ਬੂਝੈ ਕੋ ਬੀਚਾਰੀ।”(ਵਿਚਾਰਵਾਨ)
-ਸੋਰ ੧, ੧੨, ੪:੧ (599)

(5) ਵਿਚਾਰ ਕਰਾਂ, ਸੋਚਾਂ
“ਕਉਨ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉ ਨ ਬੀਚਾਰੀ।”
-ਕੇਦਾ ੫, ੫, ੨:੧ (1120)

ਬੀਚਾਰੀਅਲੇ -- ਵਿਚਾਰ ਕੇ
“ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ।”
-ਰਾਮ ੧, ਸਿਗੋ ੨੩:੨ (940)

ਬੀਚਾਰੀਆ --- ਵਿਚਾਰਨ ਵਾਲਾ
“ਆਪਿ ਕਰਤਾ ਆਪਿ ਭੁਗਤਾ ਆਪਿ ਸਗਲ ਬੀਚਾਰੀਆ।”
-ਧਨਾ ੫, ਛੰਤ ੧, ੩:੫ (691)

ਬੀਚਾਰੀਐ --- (1) ਵਿਚਾਰ ਕਰੀਏ, ਸੋਚੀਏ, ਚਿੰਤਨ ਕਰੀਏ, ਵਿਚਾਰਿਆ

“ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ।”
-ਸਿਰੀ ੧, ੧੦, ੧*:੨ (17)

(2) ਵਿਚਾਰੋ, ਧਿਆਨ ਵਿਚ ਲਿਆਵੋ
“ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ।”
-ਬਿਹਾ ੫, ਛੰਤ ੬, ੨:੪ (545)

ਬੀਚਾਰੁ ----- (1) ਵਿਚਾਰ, ਖਿਆਲ
“ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।”
-ਸਿਰੀ ੧, ੬, ੧:੨ (16)

(2) ਚਿੰਤਨ, ਸੋਚ ਵਿਚਾਰ
“ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ।”
-ਸਿਰੀ ੧, ਅਸ ੫, ੭:੧ (56)

“ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ।”
-ਮਾਝ ੧, ਵਾਰ ੧੨:੧ (143)

(3) ਭਾਵ ਸਮਝ, ਸੂਝ
“ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ।”
-ਸਿਰੀ ਰਵਿ, ੧, ੩:੧ (93)

(4) ਭਾਵ ਗਿਆਨ
“ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ।”
-ਆਸਾ ੫, ੨, ੪:੧ (370)

(5) ਭਾਵ ਬਿਆਨ, ਕਥਨ
“ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ।”
-ਤਿਲੰ ਨਾਮ, ੨, ੩:੧ (727)

(6) ਸੋਚ, ਵਿਚਾਰ ਕਰ
“ਮਨ ਪ੍ਰਾਣੀ ਮੁਗਧ ਬੀਚਾਰੁ ਅਹਿ ਨਿਸਿ ਜਪੁ ਧਰਮ ਕਰਮ ਪੂਰੈ ਸਤਿ ਗੁਰੁ ਪਾਈ ਹੈ।”
-ਸਵ ੪, ਨਲ ੨:੫ (1398)

ਬੀਚਾਰੇ ----- ਵਿਚਾਰ ਕਰਨਾ
“ਗਾਵਨਿ ਤੁਧਨੋ ਚਿਤੁ ਗੁਪਤੁ ਲਿਖਿ ਜਾਣਨਿ ਲਿਖਿ ਲਿਖਿ ਧਰਮੁ ਬੀਚਾਰੇ।”
-ਆਸਾ ੧, ਸੋਦ ੧, ੧:੫ (8)

“ਆਪੁ ਬੀਚਾਰੇ ਸੁ ਗਿਆਨੀ ਹੋਈ।”(ਸਮਝੇ)
-ਗਉ ੧, ੪, ੧*:੨ (152)

“ਜੋ ਜਨ ਪਾਰਬ੍ਰਹਮਿ ਅਪਨੇ ਕੀਨੇ ਤਿਨ ਕਾ ਬਾਹੁਰਿ ਕਛੁ ਨ ਬੀਚਾਰੇ।”(ਵਿਚਾਰਦਾ,ਧਿਆਨ ਵਿਚ ਲਿਆਉਂਦਾ)
-ਟੋਡੀ ੫, ੩੦, ੨:੧ (718)

“ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ।”
-ਸੂਹੀ ੫, ਛੰਤ ੯, ੪:੩ (783)

“ਰਾਮ ਨਾਮਸਾਰ ਭੂਤ ਨਾਨਕ ਤਤੁ ਬੀਚਾਰੇ।”(ਸਮਝੇ, ਜਾਣੇ)
-ਸਾਰ ੫, ੧੩੩, ੨:੪ (1230)

ਹੋਰ ਰੂਪ:

ਬੀਚਾਰੈ–
"ਜੀਵਤੁ ਮਰੈ ਗੁਰਸਬਦੁ ਬੀਚਾਰੈ ਹਉਮੈ ਮੈਲੁ ਚੁਕਾਵਣਿਆ।"(ਵਿਚਾਰੇ/ਵਿਚਾਰ ਕਰੇ)
–ਮਾਝ ੩, ਅਸ ੩੨, ੬:੩ (129)

ਬੀਚਾਰੈ ----- (1) ਵਿਚਾਰੇ, ਵਿਚਾਰ ਕਰੇ, ਵੇਖੋ ' ਬੀਚਾਰੇ'
(2)ਵਿਚਾਰ/ਮਰਜ਼ੀ ਅਨੁਸਾਰ
"ਆਪਿ ਕਰੈ ਆਪਨ ਬੀਚਾਰੈ।"
–ਗਉ ੫, ਸੁਖ ੧੧, ੨:੬ (277)

ਬੀਚਾਰੋ ----- (1) ਵਿਚਾਰ
"ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ।"
–ਗਉ ੧, ਸੋਹ ੧, ੧:੧ (12)
(2) ਵਿਚਾਰੋ, ਧਿਆਨ/ਲੇਖੇ ਵਿਚ ਲਿਆਵੋ
"ਗੁਨੁ ਅਵਗਨੁ ਮੇਰੋ ਕਛੁ ਨ ਬੀਚਾਰੋ।"
–ਆਸਾ ੫, ੭, ੧:੧ (372)
(3) ਵਿਚਾਰਦਾ ਹੈ
"ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ।"
–ਵਡ ੧, ਅਲਾ ੨, ੪:੨ (580)

ਬੀਚਿ ------ (1) ਵਿਚ, ਵਿਚਕਾਰ
"ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚਿ ਅੰਮ੍ਰਿਤ ਹੈ ਭਾਈ ਰੇ।"
–ਆਸਾ ੫, ੫੬, ੧*:੨ (385)

ਹੋਰ ਰੂਪ:

ਬੀਚੁ–
"ਹਮ ਤੁਮ ਬੀਚੁ ਭਇਓ ਨਹੀ ਕੋਈ।"
–ਆਸਾ ਕਬ, ੩੮, ੩:੧ (484)
(2) ਵਿਚੇ ਹੀ, ਵਿਚੋਂ
"ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ।"
–ਸਲੋ ਕਬ, ੧੩੪:੨ (1371)
(3) ਅੰਦਰ
"ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚਿ ਪਾਈ।"
–ਗਉ ਕਬ, ੭੩, ੧:੧ (339)

ਬੀਚੁ ------- (1) ਵਿਚਕਾਰ, ਵੇਖੋ ਬੀਚਿ (1)
(2) ਵਿਚੋਲਾਪਣ
"ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ।"
–ਬਿਹਾ ੫, ਛੰਤ ੭, ੩:੧ (546)
(3) ਵਿਥ
"ਆਨ ਆਪਨਾ ਕਰਤ ਬੀਚਾਰਾ ਤਉ ਲਾਉ ਬੀਚੁ ਬਿਖਾਈ।"

-ਸੋਰ ੫, ੩, ੧:੨ (609)

ਬੀਚੇ ------- (1) ਵਿਚੇ ਹੀ
“ਦੇਸੁ ਕਮਾਵਨ ਧਨ ਜੋਰਨ ਕੀ ਮਨਸਾ ਬੀਚੇ ਨਿਕਸੇ ਸਾਸ।”
-ਗੂਜ ੫, ੫, ੨:੧ (496)

ਹੋਰ ਰੂਪ:

ਬੀਚੈ–
“ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ।”
-ਸਲੋ ਕਬ, ੯੬:੨ (1369)

(2) ਵਿਚ ਹੀ
“ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ।”
-ਸਾਰ ੫, ੧੨੩, ੧*:੧ (1267)

ਬੀਚੋ ------- ਵਿਚ ਵਿਚਕਾਰ
“ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ।”
-ਸੋਰ ੫, ੬੧, ੩:੧ (624)

ਬੀਛੁਰਾ ----- ਵਿਛੜ ਗਿਆ, ਜੁੱਦਾ ਹੋਇਆ
“ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ।”
-ਸਲੋ ਕਬ, ੧੨੯:੨ (1371)

ਹੋਰ ਰੂਪ:

ਬੀਛੁਰੇ–
“ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ।”
-ਆਸਾ ੫, ਬਿਰ ੨, ੩:੧ (431)

ਬੀਛੁਰੈ–
“ਕਬੀਰ ਚਕਈ ਜਉ ਨਿਸਿ ਬੀਛੁਰੈ ਆਇ ਮਿਲੈ ਪਰ ਭਾਤਿ।” (ਵਿਛੜਦੀ ਹੈ)
-ਸਲੋ ਕਬ, ੧੨੫:੧ (1371)

ਬੀਛੁੜੈ ------ ਵਿਛੜੇ ਜੁੱਦਾ ਹੋਏ
“ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ।”
-ਧਨਾ ੫, ੨੭, ੧*:੧ (677)

ਬੀਜ ------- (1) ਬੀ, ਤੁਖਮ
“ਪਾਪੁ ਪੁੰਨੁ ਬੀਜ ਕੀ ਪੋਟ।”
-ਗਉ ੧, ੫, ੨:੨ (152)

(2) ਭਾਵ ਮੂਲ, ਕੇਂਦਰੀ
“ਬੀਜ ਮੰਤ੍ਰੁ ਸਰਬ ਕੋ ਗਿਆਨ।”
-ਗਉ ੫, ਸੁਖ ੯, ੫:੧ (274)

ਬੀਜਉ ------ ਦੂਸਰਾ, ਦੂਜਾ
“ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ।”
-ਰਾਮ ੧, ਓਅੰ ੪੬:੧ (936)

ਬੀਜਸਿ ------ **ਬੀਜਦਾ ਹੈ**
“ਕਾਲਰਿ ਬੀਜਸਿ ਦੁਰਮਤਿ ਐਸੀ ਨਿਗੁਰੇ ਕੀ ਨੀਸਾਣੀ।”
-ਮਥਾ ੧, ਅਸ ੪, ੬:੩ (1275)

ਬੀਜਹਿ ------ **ਬੀਜਦਾ ਹੈ**
“ਜੈਸਾ ਬੀਜਹਿ ਤੈਸਾ ਖਾਸ।”
-ਗਉ ੫, ੭੧*, ੩:੩ (176)

ਹੋਰ ਰੂਪ:

ਬੀਜਹੁ-
“ਨਾਮੁ ਖੇਤੀ ਬੀਜਹੁ ਭਾਈ ਮੀਤ।”
-ਆਸਾ ੫, ਅਸ ੧, ੩:੧ (430)

ਬੀਜਣ ------- **ਬੋਣ, ਬੀਜ ਬੀਜਣਾ**
“ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ।”
-ਸਿਰੀ ੫, ਅਸ ੨੯, ੨:੩ (73)

ਹੋਰ ਰੂਪ:

ਬੀਜਣਾ-
“ਸਚੁ ਖੇਤੀ ਸਚੁ ਬੀਜਣਾ ਸਾਚਾ ਵਾਪਾਰਾ।”
-ਵਡ ੩, ਅਸ ੧, ੩:੧ (565)

ਬੀਜਦੇ ------ **ਬੋਂਦੇ**
“ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ।”
-ਸਲੋ ੩, ੧੯:੩ (1414)

ਬੀਜਨ ------- **ਬੀਜਦੇ ਹਨ**
“ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ।”
-ਟੋਡੀ ੫, ੨੫, ੧:੨ (717)

ਬੀਜਨਾ ------ **ਪੱਖਾ**
“ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ।”
-ਸੂਹੀ ੫, ੪੨, ੨:੧ (745)

ਹੋਰ ਰੂਪ:

ਬੀਜਨੁ-
“ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ।”
-ਬਿਲਾ ੫, ੫੧, ੧*:੨ (813)

ਬੀਜਾ ------- **ਹੋਰ, ਦੂਸਰਾ**
“ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ ਬੀਜਾ ਅਵਰੁ ਨ ਕੋਇ ਜੀਉ।”
- ਆਸਾ ੪, ਛੰਤ ੧੨, ੩:੨ (446)

ਬੀਜਾਇਦਾ -- **ਬਿਜਵਾਉਂਦਾ ਹੈ**
“ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨ ਬੀਜਾਇਦਾ।”

-ਮਾਰੂ ੧, ਸੋਲਾ ੧੭, ੪:੩ (1038)

ਬੀਜਿ------- **(1) ਬੋਕੇ, ਬੀਜ ਕੇ**
"ਆਪੇ ਬੀਜਿ ਆਪੇ ਹੀ ਖਾਹੁ।"
-ਜਪੁ ੧, ੨੦:੯ (4)
(2) ਬੀਜੋ-
"ਨਾਨਕ ਨਾਮੁ ਬੀਜਿ ਮਨ ਅੰਦਰਿ ਸਚੈ ਸਬਦਿ ਸੁਭਾਇ।"
-ਵਡ ੩, ਛੰਤ ੨, ੨:੬ (568)
"ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ।"
-ਮਾਰੂ ੩, ਸੋਲਾ ੫, ੧੧:੧ (1048)

ਬੀਜਿਓ ------ **ਬੀਜਿਆ**
"ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ।"
-ਆਸਾ ੪, ਛੰਤ ੧੮, ੨:੩ (450)

ਹੋਰ ਰੂਪ:

ਬੀਜਿਆ-
"ਗੁਰ ਸਿਖੀ ਅੰਮ੍ਰਿਤੁ ਬੀਜਿਆ ਤਿਨ ਅੰਮ੍ਰਿਤ ਫਲੁ ਹਰਿ ਪਾਏ।" (ਬੋਇਆ)
-ਗਉ ੪, ਵਾਰ ੭ਸ, ੪, ੧:੨ (302)
"ਫੇਰਿ ਓਹ ਵੇਲਾ ਓਸੁ ਹਥਿ ਨ ਆਵੈ ਓਹੁ ਆਪਣਾ ਬੀਜਿਆ ਆਪੇ ਖਾਵੈ।"(ਬੋਇਆ ਹੋਇਆ)
-ਗਉ ੪, ਵਾਰ ੮ਸ, ੪, ੧:੬ (306)

ਬੀਜੀ------- **ਦੂਜੀ, ਹੋਰ**
"ਅਵਰ ਨ ਸੁਝਸਿ ਬੀਜੀ ਕਾਰਾ।"
-ਮਾਰੂ ੪, ਸੋਲਾ ੧, ੧:੨ (1069)

ਬੀਜੀਐ ------ **ਬੋਈਏ, ਬੀਜੀਏ**
"ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ।"
-ਆਸਾ ੧, ਅਸ ੧੫, ੪:੧ (419)

ਬੀਜੁ ------- **ਬੀਜ**
"ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ।"
-ਸਿਰੀ ੧, ੨੬, ੧:੧ (23)

ਬੀਜੁਲ------- **ਬਿਜਲੀ**
"ਚਮਕਾਰ ਬੀਜੁਲ ਤਹੀ।"
-ਸੋਰ ਨਾਮ, ੧, ੩:੨ (657)

ਹੋਰ ਰੂਪ:

ਬੀਜੁਲਿ-
"ਦਹ ਦਿਸ ਚਮਕੈ ਬੀਜੁਲਿ ਮੁਖ ਕਉ ਜੋਹਤੀ ।"(ਬਿਜਲੀ)
-ਫੁਨ ੫, ੯:੨ (1362)

ਬੀਜੇ -------- ਬੋਏ, ਬੀਜਦਾ ਹੈ
“ਨਾਮੋ ਬੀਜੇ ਨਾਮੋ ਜੰਮੈ ਨਾਮੋ ਮੰਨਿ ਵਸਾਏ।”
-ਗਉ ੩, ਛੰਤ ੫, ੧:੫ (246)

ਹੋਰ ਰੂਪ:

ਬੀਜੈ–
“ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ।”(ਬੀਜਦਾ ਹੈ)
-ਸਿਰੀ ੪, ੬੫, ੩:੩ (40)
“ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ।”(ਬੀਜਿਆਂ)
-ਸਾਰ ੫, ੧੧, ੨:੧ (1205)

ਬੀਜੋ -------- ਦੂਜਾ, ਹੋਰ
“ਤਿਸੁ ਬਿਨੁ ਬੀਜੋ ਨਾਹੀ ਕੋਇ।”
-ਪ੍ਰਭਾ ੫, ਅਸ ੩, ੩:੨ (1348)

ਬੀਠਲ ------- ਪ੍ਰਭੂ (ਗਿਆਨ) ਠ (ਬਿਠਾ) ਲ (ਅੰਗੀਕਾਰ) ਜੋ ਗਿਆਨਹੀਨ ਮਹਾ ਮੂਰਖ ਨੂੰ ਅੰਗੀਕਾਰ ਕਰੇ (ਮਹਾਨਕੋਸ਼); (ਇੱਟ) ਬਿਠ ਇਟ ਤੇ ਬੈਠਣ ਵਾਲਾ ਵਿਸ਼ਨੂੰ (ਸ਼ਬਦਾਰਥ)
“ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ।”
-ਆਸਾ ਨਾਮ, ੨, ੨:੨ (485)

ਹੋਰ ਰੂਪ:

ਬੀਠੁਲਾ–
“ਤਾਰਿ ਲੈ ਬਾਪ ਬੀਠੁਲਾ।”(ਹੇ ਬੀਠਲਾ)
-ਬਸੰ ਨਾਮ, ੨, ੧*:੨ (1196)
ਬੀਠਲੁ–
“ਨਾਮੇ ਕੋ ਸੁਆਮੀ ਬੀਠਲੁ ਐਸਾ।”(ਪ੍ਰਮਾਤਮਾ)
-ਕਾਨ ਨਾਮ, ੧, ੨:੨ (1318)
ਬੀਠਲੋ–
“ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ।”
-ਗੂਜ ਨਾਮ, ੨, ੩:੨ (525)
“ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ।”
-ਸੋਰ ੫, ੬੧, ੪:੨ (624)

ਬੀਠਾ-------- ਬੈਠਾ, ਫੈਲਿਆ ਹੋਇਆ
“ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ।”
-ਸਾਰ ੫, ੪੨, ੧:੧ (1212)

ਬੀਠੁਲਾ ------ ਵਿਠੁਲ, ਪ੍ਰਭੂ, ਵੇਖੋ ‘ਬੀਠਲ’
“ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ।”
-ਸਿਰੀ ਤ੍ਰਿਲੋ, ੨, ੧*:੪ (92)

ਬੀਠੁਲਾਇ----- ਬੀਠਲ, ਪਰਮਾਤਮਾ ਵੇਖੋ ‘ਬੀਠਲ’
“ਮੇਰੋ ਬਾਪੁ ਮਾਧਉ ਤੂਧਨੁ ਕੇਸੌ ਸਾਂਵੀਲੀਓ ਬੀਠੁਲਾਇ।”

-ਮਾਲੀ ਨਾਮ, ੨, ੧*:੧ (988)

ਬੀਠੁਲੁ------ ਵਿਠੁਲ, ਪ੍ਰਭੂ ਵੇਖੋ 'ਬੀਠਲ'

"ਆਪ ਹੀ ਕਰਤਾ ਬੀਠੁਲੁ ਦੇਉ।"

-ਪ੍ਰਭਾ ਨਾਮ, ੩, ੨:੨ (1351)

ਹੋਰ ਰੂਪ:

ਬੀਠਲੇ-

"ਕਰਹੁ ਕ੍ਰਿਪਾ ਗੋਪਾਲ ਬੀਠੁਲੇ ਬਿਸਰਿ ਨ ਕਬ ਹੀ ਜਾਇ।"(ਪ੍ਰਭੂ)

-ਸਾਰ ੫, ੯੮, ੧*:੨ (1223)

ਬੀਠੁਲੈ-

"ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ।" (ਵਾਹਿਗੁਰੂ ਨੇ)

-ਗਉ ੫, ੧੨੩*, ੧*:੨ (205)

ਬੀਣਾ ------ (1) ਵੀਣਾ, ਇਕ ਤੰਤੀ ਸਾਜ਼

"ਬੀਣਾ ਸਬਦੁ ਵਜਾਵੈ ਜੋਗੀ ਦਰਸਨਿ ਰੂਪਿ ਅਪਾਰਾ।"

-ਆਸਾ ੧, ੮, ੪:੧ (351)

ਹੋਰ ਰੂਪ:

ਬੀਣਾਂ-

"ਬਾਜੰਤ ਨਾਨਕ ਸਬਦ ਬੀਣਾਂ।"

-ਸਸ ੫, ੧੩:੬ (1355)

(2) ਬਣਿਆ ਹੋਇਆ

"ਜਿਸੁ ਧੀਰਜੁ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ।"

-ਸਵ ੩, ੭:੨ (1393)

(3) ਦ੍ਰਿਸ਼ਟਾ, ਦੇਖਣ ਵਾਲਾ

"ਗੁਰ ਅਰਜੁਨੁ ਘਰਿ ਗੁਰ ਰਾਮਦਾਸ ਅਪਰੰਪਰੁ ਬੀਣਾ।"

-ਸਵ ੫, ਕਲ ੩:੪ (1407)

ਬੀਤ ------- (1) ਲੰਘ, ਗੁਜਰ

"ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ।"

-ਸੋਰ ੯, ੧, ੨:੨ (631)

(2) ਵਿਤ, ਹਾਲਾਤ

"ਹਰਿ ਚੰਦਉਰੀ ਬਨ ਹਰਪਾਤ ਰੇ ਇਹੈ ਤੁਹਾਰੋ ਬੀਤ।"

-ਧਨਾ ੫, ੯, ੧*:੨ (673)

ਬੀਤਤ ------ ਲੰਘ ਰਹੀ ਹੈ

"ਬੋਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨਾਂ।"

-ਸਸ ੫, ੪*:੪ (1387)

ਬੀਤਿ------- ਲੰਘ/ਗੁਜਰ ਗਈ

"ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤਨ ਡੰਨੁ ਮਿਰਤੁ ਮਰਿਓ ਹੈ।"

-ਸਮੁ ੫, ੮*:੪ (1388)

ਬੀਤਿਓ ------ ਲੰਘਦਾ, ਗੁਜ਼ਰਦਾ

“ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ।”

-ਤਿਥੰ ੯, ੩, ੧*:੨ (727)

ਬੀਤੀ------- (1) ਵਾਪਰਦੀ, ਢਹਿੰਦੀ

“ਜਿਸ ਬੀਤੀ ਜਾਣੈ ਪ੍ਰਭ ਸੋਇ।”

-ਆਸਾ ੧, ਅਸ ੪, ੨:੩ (413)

(2) ਲੰਘ ਗਈ, ਮੁਕ ਗਈ

“ਪ੍ਰੀਤਮ ਨਾਥੁ ਸਦਾ ਸਚੁ ਸੰਗੇ ਜਨਮ ਪਰਣ ਗਤਿ ਬੀਤੀ।”

-ਮਾਰੂ ੧, ੧੧, ੧:੨ (992)

“ਸਾਤ ਘੜੀ ਜਬ ਬੀਤੀ ਸੁਣੀ।”(ਲੰਘੀ)

-ਭੈਰ ਨਾਮ, ੧੦, ੧੪:੧ (1166)

ਬੀਤੀਅਨ ---- ਲੰਘ ਗਏ, ਬੀਤ ਗਏ

“ਅਨਿਕ ਜਨਮ ਬੀਤੀਅਨ ਭਰਮਾਈ।”

-ਸੂਹੀ ੫, ੪੦, ੩:੧ (745)

ਬੀਤੁ ------- ਵਿਤ, ਹੈਸੀਅਤ, ਕਦਰ

“ਤਿਸੁ ਸਿਉ ਨ ਲਾਈਐ ਹੀਤੁ ਜਾ ਕੋ ਕਿਛੁ ਨਾਹੀ ਬੀਤੁ ਅੰਤ ਕੀ ਬਾਰ ਓਹੁ ਸੰਗਿ ਨ ਚਾਲੈ।”

-ਧਨਾ ੫, ੨੯, ੨:੧ (678)

ਬੀਤੇ ------- ਲੰਘੇ ਹੋਏ

“ਰਾਗ ਸੁਣਾਇ ਕਹਾਵਹਿ ਬੀਤੇ।”(ਭਾਵ ਪਹੁੰਚੇ ਹੋਏ)

- ਆਸਾ ੧, ਅਸ ੭, ੧:੨ (414)

“ਜਨਮ ਮਰਣ ਅਨੇਕ ਬੀਤੇ ਪ੍ਰਿਅ ਸੰਗ ਬਿਨੁ ਕਛੁ ਨਹ ਗਤੇ।”(ਲੰਘੇ, ਬਤੀਤ ਹੋਏ)

-ਆਸਾ ੫, ਛੰਤ ੧੪, ੧:੪ (462)

ਬੀਥਰੇ ------ ਖਿਲਰੇ

“ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ।”

-ਸਲੋ ਕਬ, ੧੧੪:੧ (1370)

ਬੀਥੀ------- ਗਲੀ, ਸੜਕ

“ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ।”

-ਆਸਾ ੫, ੧੧, ੧*:੨ (393)

ਬੀਧਾ------- ਵਿੱਧਾ, ਵਿੰਨ੍ਹਿਆ

“ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝੋਲੇ ਰਾਮ।”

-ਬਿਹਾ ੪, ਛੰਤ ੧, ੧:੨ (538)

“ਬੀਧਾ ਪੰਚ ਬਟਵਾਰਈ ਉਪਜਿਓ ਮਹਾ ਖੇਦੁ।”(ਭਾਵ ਰਲਿਆ ਮਿਲਿਆ)

-ਬਿਲਾ ੫, ੫੮, ੩:੨ (8150

ਹੋਰ ਰੂਪ:

ਬੀਧਿ-

"ਨਵਲ ਨਵਤਨ ਚਤੁਰ ਸੁੰਦਰ ਮਨੁ ਨਾਨਕ ਤਿਸੁ ਸੰਗਿ ਬੀਧਿ।"(ਵਿੰਨਿਆ ਗਿਆ ਹੈ)

-ਮਾਰੂ ੫, ੨੬, ੨:੨ (1006)

ਬੀਧੇ-

"ਚਰਨ ਕਮਲ ਪ੍ਰੇਮ ਭਗਤੀ ਬੀਧੇ ।"(ਵਿੰਨ੍ਹੇ ਹੋਏ)

-ਗਉ ੫, ੧੬੩, ੧*:੨ (198)

ਬੀਧੋ-

"ਅੰਚਲਾ ਗਹਾਇਓ ਜਹਿ ਅਪੁਨੇ ਕਉ ਮਨ ਬੀਧੋ ਪ੍ਰੇਮ ਕੀ ਖੋਰੀ।"

-ਨਟ ੫, ੬, ੧:੧ (979)

ਬੀਨ ------- **ਬਿਨਾ, ਬਿਗੈਰ**

"ਸਭਿ ਦੂਖ ਸਖਾਈ ਗੁਣਹ ਬੀਨ।"

-ਬਸੰ ੧, ਅਸ ੨, ੩:੪ (1188)

ਬੀਨਾ------- **(1) ਦੇਖਣ ਵਾਲਾ, ਦ੍ਰਿਸ਼ਟਾ**

"ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।"

-ਸਿਰੀ ੧, ੩੧, ੧:੧ (25)

"ਆਪੇ ਦਾਨਾ ਆਪੇ ਬੀਨਾ ਪੂਰੈ ਭਾਗਿ ਸਮਾਏ।"

-ਰਾਮ ੧, ਸਿਗੋ ੫੮:੬ (944)

ਹੋਰ ਰੂਪ:

ਬੀਨਾਂ-

"ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ।"(ਦ੍ਰਿਸ਼ਟਾ)

-ਤਿਲੰ ਨਾਮ, ੨, ੩:੧ (727)

(2) ਵੇਖਿਆ

"ਤ੍ਰਿਸਨਾ ਰਾਚਿ ਤਤੁ ਨਹੀ ਬੀਨਾ।"

-ਗਉ ੧, ਅਸ ੧੧, ੩:੩ (225)

(3) ਸਿਆਣਾ, ਸਮਝਵਾਲਾ

"ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ।"

-ਆਸਾ ੧, ੩੬, ੪:੧ (359)

"ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ।"

-ਬਸੰ ੧, ੧੦, ੩:੨ (1171)

(4) ਵੀਣਾ

"ਨਿਤ ਬਾਜੇ ਅਨਹਤ ਬੀਨਾ।"

-ਸੋਰ ੫, ੫੫, ੧*:੨ (622)

ਬੀਨਾਈਐ --- **(1) ਸਿਆਣੇ (ਹਰੀ)**

"ਲਈਅਨਿ ਖਰੇ ਪਰਖਿ ਦਰਿ ਬੀਨਾਈਐ।"

-ਮਾਝ ੧, ਵਾਰ ੧੭:੭ (146)

(2) ਬੀਨਾਈ ਨਜ਼ਰ

"ਤੂ ਦੇਖਹਿ ਥਾਪਿ ਉਥਾਪਿ ਦਰਿ ਬੀਨਾਈਐ।"

-ਸੂਹੀ ੧, ਅਸ ੪, ੩:੨ (752)

ਬੀਨਿਆ------ ਦੇਖਣ ਵਾਲਾ ਭਾਵ ਚਤੁਰ ਸਿਆਣਾ
"ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ।"
-ਬਿਹਾ ੪, ਵਾਰ ੧੯:੧ (556)

ਬੀਨੁ -------- ਬਿਨਾ, ਵਿਹੂਣੇ
"ਦਰਿ ਭ੍ਰਸਟ ਸਰਾਪੀ ਨਾਮ ਬੀਨੁ।"
-ਬਸੰ ੧, ਅਸ ੨, ੩:੨ (1188)

ਬੀਨੈ -------- ਦੇਖਦਾ
"ਪਾਖੰਡਿ ਰਾਚਿ ਤਤੁ ਨਹੀ ਬੀਨੈ।"
-ਬਿਲਾ ੧, ਥਿਤੀ ੧੩:੪ (840)

ਬੀਬੀ-------- (1)ਪਤਨੀ
"ਕੂੜ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।"
-ਆਸਾ ੧, ਵਾਰ ੧੦ਸ, ੧, ੧:੫ (468)
ਫਾ- (ਬੀਬੀ = ਕੁਲੀਨ ਨਾਰੀ) ਇਸਤ੍ਰੀਆਂ ਲਈ
(2) ਸਤਿਕਾਰ ਬੋਧਿਕ ਸ਼ਬਦ
"ਪਾਸਿ ਬੈਠੀ ਬੀਬੀ ਕਵਲਾ ਦਾਸੀ।"
-ਆਸਾ ਕਬ, ੧੩, ੨:੨ (478)

ਬੀਭਾ-------- ਦੂਜਾ, ਦੂਸਰਾ
"ਨਾਨਕ ਸਚਾ ਏਕੁ ਦਰੁ ਬੀਭਾ ਪਰਹਰਿ ਆਹਿ।"
-ਸਲੋ ੩, ੭:੨ (1413)

ਬੀਰ -------- (1) ਹੇ ਵੀਰ, ਹੇ ਭਰਾ! ਹੇ ਭਾਈ!
"ਰਾਮ ਰਸਾਇਣੁ ਪੀਵਤ ਬੀਰ।"
-ਗਉ ੫, ੧੬੧, ੧*:੧ (196)

ਹੋਰ ਰੂਪ:

ਬੀਰਾ-
"ਜਬ ਲੇਖਾ ਦੇਵਹਿ ਬੀਰਾ ਤਉ ਪੜਿਆ।" (ਹੇ ਵੀਰ)
-ਆਸਾ ੧, ਪਟੀ ੧*:੨ (432)
(2) ਬਹਾਦਰ
"ਭੁਜਬਲ ਬੀਰ ਬ੍ਰਹਮ ਸੁਖ ਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆਂ।"(ਪ੍ਰਮਾਤਮਾ ਨੂੰ ਭੁਜ ਬਲ ਬੀਰ ਕਿਹਾ ਹੈ)
-ਗਉ ੫, ੧੧੫*, ੧*:੧ (203)
"ਜਿਨ ਜਾਨਿਆ ਸੇਈ ਤਰੇ ਸੇ ਸੂਰੇ ਸੇ ਬੀਰ।"
-ਰਾਮ ੫, ਰੁਤੀ ੮, ੨ਸ:੧ (929)

ਹੋਰ ਰੂਪ:

ਬੀਰਾ -
"ਬੀਰਾ ਅਪਨ ਬੁਰਾ ਮਿਟਾਵੈ।" (ਬਹਾਦਰ)
-ਗਉ ੫, ਬਾਅ ੩੯:੩ (258)

(3) ਭਰਾ, ਵੀਰ
"ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ।"
(ਮਹਾਨ ਕੋਸ਼ ਅਰਥ ਮਿਤਰ ਕਰਦਾ ਹੈ)
-ਗੋਂਡ ੪, ੬, ੨:੧ (862)

ਹੋਰ ਰੂਪ:

ਬੀਰਾ-
"ਮੇਰਾ ਪਿਤਾ ਮਾਤਾ ਹਰਿ ਨਾਮੁ ਹੈ ਹਰਿ ਬੰਧ ਪੁ ਬੀਰਾ।"(ਭਰਾ)
-ਗਉ ੩, ੩੭, ੪:੩ (163)

ਬੀਰੇ -------- ਪਾਨ ਦੇ ਬੀੜੇ
"ਟੇਢੀ ਪਾਗ ਟੇਖੇ ਚਲੇ ਲਾਗੇ ਬੀਰੇ ਖਾਨ।"
-ਕੇਦਾ ਕਬ, ੫, ੧:੧ (1124)

ਬੀੜੀਆ------ ਪਾਨ ਦੇ ਬੀੜੇ
"ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ।"
-ਤਿਲੰ ੪, ਅਸ ੨, ੧੩:੧ (726)

ਬੁਹੀਆ ------ ਸੁਗੰਧਤ ਹੋਇਆ
"ਮਿਲਿ ਸਤਸੰਗਤਿ ਪਰਮਪਦੁ ਪਾਇਆ ਮੈ ਹਿਰਡ ਪਲਾਸ ਸੰਗਿ ਹਰਿ ਬੁਹੀਆ।"
-ਬਿਲਾ ੪, ਅਸ ੨, ੧:੨ (834)

ਬੁਕਿ -------- ਗਜ ਕੇ
"ਅੰਧਾ ਕਿਸ ਨੋ ਬੁਕਿ ਸੁਣਾਵੈ।"
-ਮਾਝ ੧, ਵਾਰ ੧੯ਸ, ੧, ੨:੯ (1286)

ਬੁਕੁ -------- ਦੂਹਾ ਹੱਥਾਂ ਨੂੰ ਇਕੱਠਾ ਕਰਨ ਨਾਲ ਬਣਿਆ ਟੋਇਆ ਜਿਸ ਵਿਚ ਭਰ ਕੇ ਕੋਈ ਵਸਤ ਲਈ ਦਿਤੀ ਜਾਂਦੀ ਹੈ
"ਫਰੀਦਾ ਜੇ ਜਾਣਾ ਤਿਲ ਥੋੜੜੇ ਸਮਲਿ ਬੁਕੁ ਭਰੀ।"
-ਸਲੋ ਫਰ, ੪:੧ (1378)

ਬੁਗੋ -------- (ਫਾ. ਬਿਗੋ) ਆਖ, ਕਹੁ, ਕਥਨ ਕਰ
"ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ।"
-ਤਿਲੰ ੫, ੧, ੪:੨ (723)

ਹੋਰ ਰੂਪ:

ਬੁਗੋਇ-
"ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ।"(ਆਖ, ਕਹੋ)
-ਸਿਰੀ ੧, ਅਸ ੧੭, ੮:੨ (64)

ਬੁਗੋਈ-
"ਦੁਾਰਿਕਾ ਨਗਰੀ ਰਾਸਿ ਬੁਗੋਈ।" (ਆਖੀਂ, ਦਸੀਂ)
-ਤਿਲੰ ਨਾਮ, ੩, ੧:੨ (727)

ਬੁਗੋਯਦ-
"ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ।"

-ਤਿਲੰ ੧, ੧, ੪:੨ (721)

ਬੁਜੇ -------ਕਿਸੇ ਮੋਰੀ ਆਦਿ ਨੂੰ ਬੰਦ ਕਰਨ ਲਈ ਵਰਤੇ ਜਾਣ ਵਾਲਾ ਕਪੜਾ ਲਕੜ ਦਾ ਗੁਲਾ, ਡਾਟ ਜਾਂ ਕਾਕ
“ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ।”
-ਸਲੋ ਫਰ, ੮੮:੨ (1382)

ਬੁਝਈ------ (1) ਬੁੱਝ ਗਈ
“ਹਉਮੈ ਤ੍ਰਿਸਨਾ ਸਭ ਅਗਨਿ ਬੁਝਈ।”
-ਗਉ ੩, ਅਸ ੮, ੭:੨ (233)
“ਭੇਖੀ ਅਗਨਿ ਨ ਬੁਝਈ ਚਿੰਤਾ ਹੈ ਮਨ ਮਾਹਿ।”
-ਵਡ ੪, ਵਾਰ ੬ਸ, ੩, ੨:੧ (588)
(2) ਸਮਝਦਾ, ਜਾਣਦਾ
“ਹਰਿ ਕਾ ਨਾਮੁ ਨ ਬੁਝਈ ਅੰਤਿ ਗਇਆ ਪਛੁਤਾਇ।”
-ਗੂਜ ੩, ੮, ੩:੨ (491)
(3) ਤ੍ਰਿਪਤ ਹੋਣਾ
“ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ।”
-ਸੋਰ ੪, ਵਾਰ ੧੭ਸ, ੩, ੨:੩ (649)

ਬੁਝਈਆ ----ਬੁਝਾਈ ਹੈ
“ਗੁਰਮਤਿ ਨਾਮੁ ਅੰਮ੍ਰਿਤ ਜਲੁ ਪਾਇਆ ਅਗਨਿ ਬਝੀ ਗੁਰ ਸਬਦਿ ਬੁਝਈਆ।”
-ਬਿਲਾ ੪, ਅਸ ੬, ੪:੩ (834)

ਬੁਝਸੀ ------ਸਮਝੇਗਾ, ਜਾਣੇਗਾ
“ਨਾਨਕ ਜਿਸੁ ਬੁਝਾਏ ਸੁ ਬੁਝਸੀ ਹਰਿ ਪਾਇਆ ਗੁਰਮੁਖਿ ਘਾਲਿ।”
-ਸੋਰ ੪, ਵਾਰ ੮ਸ, ੩, ੧:੬ (645)

ਬੁਝਹਿ ------ (1) ਜਾਣ ਕੇ, ਸਮਝ ਕੇ
“ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ।”
-ਸਿਰੀ ੧, ੧੭, ੨:੧ (20)
“ਭ੍ਰਮ ਕੇ ਮੋਹੇ ਨਹ ਬੁਝਹਿ ਸੋ ਪ੍ਰਭੁ ਸਦਹੂ ਸੰਗ।”(ਜਾਣ ਦੇ, ਸਮਝਦੇ)
-ਗਉ ੫, ਬਾਅ ੯:੬ (252)
(2) ਬੁਝ ਜਾਣ,ਮਿਟ ਜਾਣ ਭਾਵ ਭੁਲ ਜਾਣ
“ਮਹਾ ਕਲੋਲ ਬੁਝਹਿ ਮਾਇਆ ਕੇ ਕਰਿ ਕਿਰਪਾ ਮੇਰੇ ਦੀਨ ਦਇਆਲ।”
-ਧਨਾ ੫, ੫੧, ੧:੧ (683)

ਬੁਝਹੀ ------ਸਮਝਦਾ
“ਸੁਣਿ ਸਾਸਤ੍ਰ ਤੂੰ ਨ ਬੁਝਹੀ ਤਾ ਫਿਰਹਿ ਬਾਰੋ ਬਾਰ।”
-ਗੂਜ ੩, ੯, ੪:੧ (492)

ਬੁਝਹੀਅਉ ---ਸਮਝਾਓ, ਦਸੋ
“ਬਰਨੁ ਦੀਸੈ ਚਿਹਨੁ ਨ ਲਖੀਐ ਸੁਹਾਗਨਿ ਸਾਤਿ ਬੁਝਹੀ ਅਉ।”
-ਜੈਤ ੫, ੨, ੧:੨ (700)

ਬੁਝਹੁ ------ ਸਮਝੋ, ਜਾਣੋ
"ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ।"
-ਸੋਰ ੪, ਵਾਰ ੧੯ਸ, ੩, ੧:੩ (649)

ਬੁਝਣਾ ------ ਗਿਆਨ ਹੋਣਾ, ਬੋਧ ਹੋਣਾ, ਸਮਝਣਾ
"ਬੁਝਣਾ ਅਬੁਝਣਾ ਤੁਧੁ ਕੀਆ ਇਹ ਤੇਰੀ ਸਿਰਿ ਕਾਰ।"(ਭਾਵ ਗਿਆਨ ਅਗਿਆਨ)
-ਆਸਾ ੩, ਅਸ ੩੨, ੩:੧ (427)

ਬੁਝਣੁ ------ ਸਮਝਣਾ/ਜਾਣਣਾ, ਸਮਝ ਆਉਂਦੀ ਹੈ, ਬੋਧ ਹੁੰਦਾ ਹੈ
"ਨਾਨਕ ਬੁਝਣੁ ਪੂਰੈ ਭਾਗਿ।"
-ਆਸਾ ੧, ਵਾਰ ੩ਸ, ੧, ੧:੧੬ (464)

ਬੁਝਤ ------ ਮਿੱਟਦੀ, ਤ੍ਰਿਪਤ ਹੁੰਦੀ
"ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ।"
-ਸਾਰ ੫, ੧੨੯, ੧*:੨ (1229)

ਬੁਝੰਤਿ ------ ਜਾਣਦਾ ਹੈ, ਬੁੱਝਦਾ ਹੈ
"ਬਸੰਤਿ ਸਾਧ ਰਿਦਯੰ ਅਚੁਤ ਬੁਝੰਤਿ ਨਾਨਕ ਬਡਭਾਗੀਆ।"
-ਸਸ ੫, ੫੭:੬ (1359)

ਬੁਝੰਤੀਆ ---- ਤ੍ਰਿਪਤ ਹੋ ਗਈ, ਮਿਟ ਗਈ
"ਜਨ ਨਾਨਕ ਗੁਰ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ।"
-ਜੈਤ ਮ: ੫, ਛੰਤ ੧, ੧:੬ (703)

ਬੁਝੰਤੇ ------ ਬੁਝਣਾ, ਜਾਣਨਾ
"ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ।"
-ਸਸ ੫, ੨੯:੩ (1356)

ਬੁਝਨਹਾਰ ---- ਸਮਝਣ ਵਾਲਾ, ਜਾਣਨ ਵਾਲਾ, ਭਾਵ ਗਿਆਨ ਵਾਲਾ
"ਬੁਝਨਹਾਰ ਕਉ ਸਤਿ ਸਭ ਹੋਇ।"
-ਗਉ ੫, ਸੁਖ ੧੭, ੧:੯ (285)

ਬੁਝਨਿ ------ ਸਮਝਦੇ
"ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ।"
-ਆਸਾ ੧, ਵਾਰ ੧੭:੩ (472)

ਹੋਰ ਰੂਪ:

ਬੁਝਨੀ-
"ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸ।"(ਸਮਝਦੇ)
-ਸਲੋ ੩, ੨੧:੨ (1415)

ਬੁਝਨ੍ਹਿ-
"ਇਕਿ ਮੂਲੁ ਨ ਬੁਝਨ੍ਹਿ ਆਪਣਾ ਅਣ ਹੋਦਾ ਆਪੁ ਗਣਾਇਦੇ।"
-ਆਸਾ ੧, ਵਾਰ ੯:੩ (468)

ਬੁਝਾ ------- **ਸਮਝਾਂ ਜਾਣਾਂ**
"ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ।"
-ਮਾਝ ੧, ਵਾਰ ੬ਸ, ੧, ੨:੩ (140)

ਬੁਝਾਇ ----- **(1) ਸਮਝਾਉਂਦਾ ਹੈ**
"ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ।"
-ਸਿਰੀ ੩, ੩੪, ੧:੨ (26)

ਹੋਰ ਰੂਪ:

ਬੁਝਾਇਓ–
"ਮੋ ਕਉ ਸਤਿਗੁਰ ਸਬਦਿ ਬੁਝਾਇਓ।" (ਸਮਝਾਇਆ)
-ਗਉ ੫, ੧੩੨, ੧*:੨ (208)
ਬੁਝਾਇਓਨ–
"ਇਕਨਾ ਸਚੁ ਬੁਝਾਇਓਨ ਤਿਨਾ ਅਤੁਟ ਭੰਡਾਰ ਦੇਵਾਇਆ।"(ਸਮਝਾਇਆ)
-ਸਿਰੀ ੪, ਵਾਰ ੫:੪ (85)
ਬੁਝਾਇਆ–
"ਦੀਖਿਆ ਆਖਿ ਬੁਝਾਇਆ ਸਿਫਤੀ ਸਚਿ ਸਮੇਉ।"(ਸਮਝਾਇਆ)
-ਮਾਝ ੧, ਵਾਰ ੨੭ਸ, ੨, ੧:੧ (150)
ਬੁਝਾਇਸੀ –
"ਸੋ ਬੂਝੈ ਜਿਸੁ ਆਪਿ ਬੁਝਾਇਸੀ ਜਿਸੁ ਸਤਿਗੁਰੁ ਪੁਰਖੁ ਪ੍ਰਭੁ ਸਉਲਾ।"
ਬੁਝਾਇਹਿ –
"ਜਿਸੁ ਬੁਝਾਇਹਿ ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ।"
-ਸੂਹੀ ੩, ਵਾਰ ੮:੫ (788)

(2) ਬੁਲਾਵੇ, ਖਤਮ ਕਰੇ, ਤ੍ਰਿਪਤ ਕਰੇ
"ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ।"
-ਵਡ ੪, ਵਾਰ ੬ਸ, ੩, ੨:੪ (588)
"ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।" (ਗੁਲ ਕਰ ਗਿਆ)
-ਸਲੋ ਫਰ, ੪੮:੨ (1380)

ਹੋਰ ਰੂਪ:

ਬੁਝਾਇਆ–
"ਰਾਮ ਉਦਕਿ ਤਨੁ ਜਲਤ ਬੁਝਾਇਆ।" (ਸ਼ਾਂਤ ਕੀਤਾ)
-ਗਉ ਕਬ, ੧, ੧*:੨ (323)
"ਪਾਣੀ ਮਰੈ ਨ ਬੁਝਾਇਆ ਜਾਇ।"
"ਐਸਾ ਦੀਵਾ ਨੀਰਿ ਤਰਾਇ।"(ਗੁਲ ਹੋਵੇ, ਬੁੱਝ ਸਕੇ)
-ਰਾਮ ੧, ੭, ੩:੪;੫ (878)
ਬੁਝਾਇਹਿ–
"ਜਿਸੁ ਬੁਝਾਇਹਿ ਅਗਨਿ ਆਪਿ ਸੋ ਨਾਮ ਧਿਆਏ।"(ਬੁਝਾ ਦਿੰਦਾ ਮਿਟਾ ਦਿੰਦਾ)
-ਰਾਮ ੫, ਵਾਰ ੨੧:੨ (966)
ਬੁਝਾਇਹੁ–

"ਦੂਜਾ ਤਿਸੁ ਨ ਬੁਝਾਇਹੁ ਪਾਰਬ੍ਰਹਮ ਨਾਮੁ ਦੇਹੁ ਆਧਾਰੁ।(ਸਮਝਾਓ ਇਥੇ ਭਾਵ ਆਸਰਾ/ਟੇਕ ਦਿਓ)

-ਰਾਮ ੫, ਵਾਰ ੧0ਸ, ੫, ੧:੧ (962)

ਬੁਝਾਇਦਾ–

"ਸਰਬ ਕਲਾ ਲੇ ਆਪੇ ਰਹਿਆ ਗੁਰ ਮੁਖਿ ਕਿਸੈ ਬੁਝਾਇਦਾ।"

-ਮਾਰੂ ੧, ਸੋਲਾ ੧੬, ੫:੩ (1036)

ਬੁਝਾਈ ----- (1) ਸੁਮਝਾਓ ਦਿਓ

"ਗੁਰਾ ਇਕ ਦੇਹਿ ਬੁਝਾਈ।"

-ਜਪੁ ੧, ੫:੧੦ (2)

"ਤੇਰੇ ਗੁਣ ਗਾਵਾ ਦੇਹਿ ਬੁਝਾਈ।" (ਸਮਝਾ ਦੇਓ, ਐਸੀ ਮਤ ਦਿਓ)

-ਬਿਲਾ ੧, ੧, ੧*:੧ (995)

(2) ਸਮਝਾਵਾ

"ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ।"

-ਮਾਝ ੧, ਵਾਰ ੬ਸ, ੨, ੨:੩ (140)

"ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ।"

-ਸਲੋ ਕਬ, ੨੩੮:੨ (1377)

(4) ਮਿਟਾ ਦਿੱਤੀ,ਸ਼ਾਂਤ ਕਰ ਦਿਤੀ

"ਸਿਮਰਿ ਸਿਮਰਿ ਸਭ ਤਪਤਿ ਬੁਝਾਈ।"

-ਗਉ ੫, ੧੨੬, ੧*:੨ (191)

ਬੁਝਈਐ ---- (1) ਸ਼ਾਂਤ ਕਰੀਏ, ਤ੍ਰਿਪਤ ਕਰੀਏ, ਖਤਮ ਕਰੀਏ

"ਤਨ ਮਹਿ ਤ੍ਰਿਸਨਾ ਅਗਿ ਸਬਦਿ ਬੁਝਾਈਐ।"

-ਮਾਝ ੧, ਵਾਰ ੧੯:੮ (147)

(2) ਸਮਝਾਈ, ਦਸੀ

"ਨਾਨਕ ਸਹਜਿ ਮਿਲੇ ਜਗ ਜੀਵਨ ਸਤਿਗੁਰ ਬੂਝ ਬੁਝਾਈਐ।"

-ਆਸਾ ੧, ਛੰਤ ੨, ੨:੬ (436)

ਬੁਝਾਏ ------ (1) ਸਮਝਾਏ, ਦਸੇ, ਬੋਧ ਕਰਾਏ, ਸੋਝੀ ਦੇਵੇ

"ਆਪਿ ਬੁਝਾਏ ਸੋਈ ਬੂਝੈ।"

-ਮਾਝ ੧, ਵਾਰ ੨੭ਸ, ੧, ੨:੧ (150)

"ਜਿਸਹਿ ਬੁਝਾਏ ਤਿਸੁ ਨਾਮੁ ਲੈਨਾ।" (ਸੋਝੀ ਦੇਵੇ)

-ਸੂਹੀ ੫, ੮, ੪*:੨(738)

(2) ਸ਼ਾਂਤ ਕਰੇ, ਤ੍ਰਿਪਤ ਕਰੇ, ਮੁਕਾਏ

"ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ।"

-ਗਉ ੩, ੨੨, ੨:੧ (158)

(3) ਦੂਰ ਰੇ, ਮਿਟਾਏ

"ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ।"

-ਵਡ ੫, ਛੰਤ ੧, ੩:੫ (577)

ਬੁਝਾਹਾ ----- ਸ਼ਾਂਤ ਕਰੇ, ਮਿਟਾਏ ਤ੍ਰਿਪਤ ਕਰੇ

"ਗੁਰਮੁਖਿ ਸਹਜੇ ਅੰਮ੍ਰਿਤੁ ਪੀਵੈ ਤ੍ਰਿਸਨਾ ਅਗਨਿ ਬੁਝਾਹਾ ਹੇ।"

-ਮਾਰੂ ੩, ਸੋਲਾ ੧੩, ੫:੩ (1056)

ਬੁਝਾਹੀ ----- ਸਮਝਾਇਆ ਹੈ, ਬੋਧ ਕਰਵਾਇਆ ਹੈ
“ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਹੀ।”
-ਗਉ ੪, ਵਾਰ ੪:੨ (301)

ਬੁਝਾਨੀ ----- (1) ਮਿਟਾਈ, ਤ੍ਰਿਪਤ ਕੀਤੀ
“ਰਾਮ ਉਦਕਿ ਮੇਰੀ ਤਿਖਾ ਬੁਝਾਨੀ।”
-ਗਉ ਕਬ, ੧, ੪:੨ (323)
(2) ਸ਼ਾਂਤ ਕਰਨੀ, ਗੁਲ ਕਰਨੀ
“ਦਿਨੀ ਅਰੁ ਸੂਰੁ ਅਗਨਿ ਬੁਝਾਨੀ ਸਿਵ ਚਰਿਓ ਚੰਦੁ ਚੰਦਾਕੀ।”
-ਧਨਾ ੪, ੬, ੩:੨ (668)

ਬੁਝਾਰਤ ------ ਪਹੇਲੀ, ਸਮਝੌਤੀ
“ਦੇਇ ਬੁਝਾਰਤ ਸਾਰਤਾ ਸੇ ਅਖੀ ਡਿਠੜਿਆ।”
-ਗਉ ੫, ੧੬੯*, ੩:੧ (218)

ਹੋਰ ਰੂਪ:

ਬੁਝਾਰਤਿ-
“ਕਹਾ ਬੁਝਾਰਤਿ ਬੂਝੈ ਡੋਰਾ।”(ਇਸ਼ਾਰੇ ਮਾਤਰ ਕੀਤੀ ਗਲ)
-ਗਉ ੫, ਸੁਖ ੪, ੬:੩ (267)

ਬੁਝਾਰੀ ----- ਬੁਝਾਈ, ਤ੍ਰਿਪਤ ਕੀਤੀ
“ਨਾਮ ਦ੍ਰਿੜੁ ਗੁਰਿ ਮਨ ਮਹਿ ਦੀਆ ਮੋਰੀ ਤਿਸਾ ਬੁਝਾਰੀ।”
-ਆਸਾ ੫, ੧੨੨, ੨:੨ (401)

ਬੁਝਾਵਉ------ ਖਤਮ ਕਰੋ, ਮੇਟੋ
“ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ।”
-ਬਿਲਾ ੫, ੫੧, ੨:੨ (813)

ਬੁਝਾਵਹਿ ---- ਸਮਝਾ ਦਿੰਦਾ ਹੈ
“ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿਰੋਵੈ।”
-ਸੂਹੀ ੪, ੧੫, ੩:੨ (736)

ਹੋਰ ਰੂਪ:

ਬੁਝਾਵਹੁ-
“ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ।” (ਸਮਝਾਉਂਦੇ ਹੋ)
-ਮਾਰੂ ਕਬ, ੧, ੩:੧ (1103)

ਬੁਝਾਵਹੇ-
“ਸਾਚੋ ਪਛਾਣਾ ਤਾਮਿ ਤੇਰਾ ਜਾਮਿ ਆਪਿ ਬੁਝਾਵਹੇ।” (ਸਮਝਾ ਦੇਵੇ)
-ਵਡ ੧, ਛੰਤ ੨, ੬:੪ (567)

ਬੁਝਾਵਣਿਆ -- (1) ਸਮਝਾਂਦਾ ਹੈ, ਲਖਾਉਂਦਾ ਹੈ, ਬੋਧ ਕਰਾਉਂਦਾ ਹੈ
“ਸਦਾ ਸਦਾ ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ।”

-ਮਾਝ ੩, ਅਸ ੪, ੭:੩ (11)

(2) ਤ੍ਰਿਪਤ ਕਰਨੀ,ਸ਼ਾਂਤੀ ਕਰਨੀ, ਮੇਟਨੀ

“ਅੰਮ੍ਰਿਤੁ ਪੀ ਸਦਾ ਤ੍ਰਿਪਤਾਸੇ ਕਰਿ ਕਿਰਪਾ ਤ੍ਰਿਸਨਾ ਬੁਝਾਵਣਿਆ।”

-ਮਾਝ ੩, ਅਸ ੧੭, ੧:੩ (119)

ਬੁਝਾਵਤ ------ ਲਖਾਉਂਦਾ, ਅਨੁਭਵ ਕਰਾਉਂਦਾ

“ਕਿਸੈ ਦੂਰਿ ਜਨਾਵਤ ਕਿਸੈ ਬੁਝਾਵਤ ਨੇਰਾ।”

-ਗਉ ੫, ਸੁਖ ੫, ੮:੪ (269)

ਬੁਝਾਵੈ ------ (1) ਤ੍ਰਿਪਤ ਕਰੇ, ਸ਼ਾਂਤ ਕਰੇ ਮੁਕਾਵੇ

“ਅਨਿਕ ਮਾਇਆ ਰੰਗ ਤਿਖ ਨ ਬੁਝਾਵੈ।”

-ਗਵੂ ੫, ਸੁਖ ੨, ੨:੫ (264)

“ਗੁਰ ਹਿਵ ਸੀਤਲੁ ਅਗਨਿ ਬੁਝਾਵੈ।” (ਗੁਲ ਕਰੇ, ਖਤਮ ਕਰੇ)

-ਆਸਾ ੧, ਅਸ ੧, ੪:੧ (411)

(2) ਸਮਝਾਵੇ, ਲਖਾਵੇ, ਦਸੇ, ਬੋਧ ਕਰਾਵੇ

“ਆਪਿ ਨ ਬੂਝੈ ਲੋਕ ਬੁਝਾਵੈ।”

-ਬਿਲਾ ੩, ਅਸ ੧, ੩:੧! (832)

ਬੁਝਿ ------- (1) ਸਮਝ ਕੇ, ਲਖ ਕੇ, ਜਾਣ ਕੇ

“ਹਉ ਵਾਰੀ ਜੀਉ ਵਾਰੀ ਪੜਿ ਬੁਝਿ ਮੰਨਿ ਵਸਾਵਣਿਆ।”

-ਮਾਝ ੩, ਅਸ ੩੦, ੧*:੧ (127)

“ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ।” (ਭਾਵ ਮੰਨਕੇ)

-ਗੂਜ ੫, ਵਾਰ ੨੦ਸ, ੫, ੨:੪ (523)

ਹੋਰ ਰੂਪ:

ਬੁਝਿਆ–

“ਗੁਰ ਪਰਸਾਦੀ ਜਿਨਿ ਬੁਝਿਆ ਤਿਨਿ ਪਾਇਆ ਮੋਖ ਦੁਆਰ।” (ਲਖਿਆ, ਜਾਣਿਆ)

-ਸਿਰੀ ੪, ਵਾਰ ੧੯ਸ, ੩, ੨:੪ (90)

ਬੁਝਿਐ–

“ਪੜਿਐ ਨਾਹੀ ਭੇਦੁ ਬੁਝਿਐ ਪਾਵਣਾ।” (ਲਖਣ ਨਾਲ, ਸਮਝਣ ਨਾਲ)

-ਮਾਝ ੧, ਵਾਰ ੨੧:੩ (148)

(2) ਤ੍ਰਿਪਤ ਹੋ ਗਈ, ਸ਼ਾਂਤ ਹੋ (ਗਈ), ਮਿਟ (ਗਈ)

“ਬੁਝਿ ਗਈ ਤ੍ਰਿਸਨਾ ਹਰਿ ਜਸਹਿ ਅਘਾਨੇ।”

-ਆਸਾ ੫, ੯੨, ੧:੩ (393)

ਹੋਰ ਰੂਪ:

ਬੁਝਿਆ–

“ਮਾਇਆ ਤਪਤਿ ਬੁਝਿਆ ਅੰਗਿਆਰੁ।”(ਗੁਲ ਹੋਇਆ, ਸ਼ਾਂਤ ਹੋਇਆ)

-ਗਉ ਕਬ, ੪੦, ੩:੧ (331)

ਬੁਝੀ–

“ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ।” (ਤ੍ਰਿਪਤ/ਸ਼ਾਂਤ ਹੋਈ)

-ਸਿਰੀ ੧, ੧੮, ੧*:੨ (20)

ਬੁਝੀਆ ------ ਲਖਿਆ, ਜਾਣਿਆ, ਸਮਝਿਆ

"ਭਉ ਨਹੀ ਲਾਗੈ ਜਾਂ ਐਸੇ ਬੁਝੀਆ।"

-ਭੈਰ ੫, ੨, ੧:੨ (1136)

ਹੋਰ ਰੂਪ:

ਬੁਝੀਐ-

"ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖ ਦੁਆਰੁ।" (ਲਖੀਏ, ਜਾਣੀਏ)

-ਸਿਰੀ ੩, ੩੬, ੫:੪ (27)

ਬੁਝੁ -------- ਲਖ, ਦਸ, ਸਮਝ

"ਬੁਝੁ ਰੇ ਗਿਆਨੀ ਏਹੁ ਬੀਚਾਰੁ।"

-ਗਉ ੧, ੪, ੧:੪ (152)

"ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ।" (ਸਮਝ, ਲਖ)

-ਮਾਰੂ ੧, ਅਸ ੬, ੧*:੧ (1012)

ਹੋਰ ਰੂਪ:

ਬੁਝੇ-

"ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ।"(ਸਮਝੇ)

-ਸਿਰੀ ੫, ੭੩, ੧:੧ (43)

ਬੁਝੈ-

"ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ।" (ਸਮਝੇ)

-ਜਪੁ ੧, ੨:੬ (1)

"ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।" (ਜਾਣਦਾ/ਸਮਝਦਾ ਹੋਵੇ)

-ਮਾਝ ੧, ਵਾਰ ੨੨ਸ, ੨, ੨:੨ (148)

ਬੁਝੈ -------- (1) ਸਮਝੇ, ਸਮਝਦਾ ਹੈ ਵੇਖੋ "ਬੁਝੁ"

(2) ਤ੍ਰਿਪਤ ਹੋਵੇ ਸ਼ਾਤ ਹੋਵੇ, ਮਿਟੇ

"ਛੋਡਿ ਚਲੈ ਤ੍ਰਿਸਨਾ ਨਹੀ ਬੁਝੈ।"

-ਗਉ ੫, ੧੧੩, ੨:੧ (188)

"ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂਅਣੀ।"

-ਮਾਰੂ ੫, ਵਾਰ ੧੬ਸ, ੫, ੩:੧ (1099)

(3) ਬੁੱਝ ਜਾਏ, ਸ਼ਾਂਤ ਹੋਏ ਭਾਵ ਠੰਢੀ ਹੋਵੇ

"ਕੋਟਿ ਸ਼ਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ।"

-ਕੇਦਾ ੫, ੧੫, ੧*:੨ (1122)

ਬੁਟੁ -------- ਬੋਟ

"ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ।"

-ਗਉ ੪, ਵਾਰ ੨੯:੪ (315)

ਬੁਡਈਆ ----- ਡੁਬ ਗਏ

"ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ।"

-ਬਿਲਾ ੪, ਅਸ ੨, ੬:੨ (834)

ਬੁਡਭੁਜ ------ ਡੁੱਡੀਆ ਬਾਹਾਂ ਵਾਲਾਂ ਸੂਰ (ਮਹਾਨਕੋਸ਼ ਸ਼ਬਦਾਰਥੀ, ਦਰਪਣ, ਸੰਖਿਆ); ਨਿਰਣੇ
"ਬੁਡਭੁਜ ਰੂਪ ਜੀਵੇ ਜਗ ਮਝਿਆ।" (ਡੁੱਡੇ ਵਾਂਗ ਭਾਵ ਕੋਹੜੀਆਂ ਵਾਂਗ)
-ਗਉ ਕਬ, ੨੫, ੨:੨ (328)

ਬੁਡਾਹੀ ------ ਡੁਬਦੇ ਹੋ
"ਸਰ ਅਪਸਰ ਕੀ ਸਾਰ ਨ ਜਾਣਹਿ ਫਿਰਿ ਫਿਰਿ ਕੀਚ ਬੁਡਾਹੀ ਜੀਉ।"
-ਸੋਰ ੧, ੯, ੨:੨ (598)

ਬੁਡਾਵੈ ------- ਡੁਬੇਗਾ
"ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ।"
-ਆਸਾ ੧, ਅਸ ੧੭, ੪:੨ (420)

ਬੁਡਿ -------- ਡੁਬ
"ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਉ।"
-ਬਿਲਾ ੫, ੫, ੧:੨ (803)

ਹੋਰ ਰੂਪ:

ਬੁਡੇ-
"ਅਉਧ ਬਿਹਾਵਤ ਅਧਿਕ ਮੁਹਾਵਤ ਪਾਪ ਕਮਾਵਤ ਬੁਡੇ ਐਸੇ।" (ਡੁਬਿਆ ਹੈ)
-ਬਿਲਾ ੫, ੧੨੫, ੧:੨ (829)

ਬੁਢਾ -------- ਬਿਰਧ, ਵੱਡੀ ਉਮਰ ਦਾ
"ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ।"
-ਸਲੋ ਫਰ, ੪੧:੧ (1380)

ਹੋਰ ਰੂਪ:

ਬੁਢੇ-
"ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ।"
-ਸਲੋ ੩, ੪੪:੧ (1418)

ਬੁਤ--------- (ਫਾ: ਬੁਤ) ਮੂਰਤੀ
"ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ।"
-ਸੋਰ ਕਬ, ੧, ੧:੨ (654)

ਬੁਤਕਾਰੀਆ -- ਬੁਤੀਆ ਸਾਰਨ ਵਾਲਾ, ਬਿਨਾਂ ਮਜ਼ਦੂਰੀ ਦੇ ਨਿਕੇ ਮੋਟੇ ਕੰਮ ਕਰਨ ਵਾਲਾ
"ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ।"
-ਆਸਾ ਧੰਨਾ, ੨, ੩:੧ (48)

ਬੁਤੈ -------- ਬਹਾਨੇ
"ਕਿਸ ਹੀ ਬੁਤੈ ਜਬਾਬੁ ਨ ਹੋਈ।"
-ਮਾਰ ੫, ਸੋਲਾ ੧੦, ੧੬:੨ (1082)

ਬੂੰਦ -------- ਤੁਪਕਾ, ਕਤਰਾ, ਬੂੰਦ
"ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ।"

–ਸੋਰ ਰਵਿ, ੬, ੧:੧ (659)

ਬੁਦਬੁਦਾ ---- ਬੁਲਬੁਲਾ
"ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ।"
–ਮਾਝ ੫, ੨੮, ੧:੨ (102)

ਬੁਧ ------- ਮਹਾਤਮਾ ਬੁੱਧ; ਬੁੱਧੀਮਾਨ, ਗਿਆਨਵਾਨ
"ਆਖਹਿ ਕੇਤੇ ਕੀਤੇ ਬੁਧ।"
–ਜਪੁ ੧, ੨੬:੧੬ (6)
"ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।"
–ਜਪੁ ੧, ੩੫:੭ (7)

ਬੁਧਵਾਰਿ ---- ਬੁਧ ਗ੍ਰਹਿ ਦੇ ਨਾਂ ਉਪਰ ਹਫਤੇ ਦਾ ਇਕ ਦਿਨ
"ਬੁਧਵਾਰਿ ਬੁਧਿ ਕਰੈ ਪ੍ਰਗਾਸ।"
–ਗਉ ਕਬ, ਵਾ, ੪:੧ (344)

ਬੁਧਾ ------ ਬੁੱਧੀ, ਸਮਝ, ਅਕਲ
"ਬਿਗਸੀਧ੍ਰਿ ਬੁਧਾ ਕੁਸਲ ਥਾਨੰ।"
–ਸਸ ੫, ੧੩:੨ (1355)

ਬੁਧਿ ------ (1) ਬੁੱਧੀ, ਅਕਲ, ਸਮਝ
"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।"
–ਜਪੁ ੧, ੩੬:੭ (8)
(2) ਬੁਧ ਦੀ, ਅਕਲ ਦੀ
"ਬੁਧਿ ਗਰੀਬੀ ਖਰਚੁ ਲੈਹੁ ਹਉਮੈ ਬਿਖੁ ਜਾਰਹੁ।"
–ਆਸਾ ੫, ੧੧੪, ੨:੧ (399)

ਬੁਧੀ ------ ਅਕਲ, ਸਮਝ, ਸੂਝ
"ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ।"
–ਸਿਰੀ ੧, ਅਸ ੧੪, ੫:੧ (62)

ਹੋਰ ਰੂਪ:

ਬੁਧੀਂ –
"ਪੜੀਐ ਨਾਮੁ ਸਾਲਾਹ ਹੋਰਿ ਬੁਧੀਂ ਮਿਥਿਆ।"
–ਮਲਾ ੧, ਵਾਰ ੨੪:੧ (1289)

ਬੁਧੰ ------- ਬੁੱਧੀ
"ਮਿਰਤ ਮੋਹੰ ਅਲਪ ਬੁਧੰ ਰਚੰਤਿ ਬਨਿਤਾ ਬਿਨੋਦ ਸਾਹੰ।"
–ਸਸ ੫, ੧੧:੧ (1354)

ਬੁਨਤ ------ ਬੁਨਤੀ ਭਾਵ ਵਿਉਂਤ, ਬ੍ਰਿਤੀ
"ਸੁੰਨ ਸਹਜ ਮਹਿ ਬੁਨਤ ਹਮਾਰੀ।"
–ਭੈਰ ਕਬ, ੭, ੧:੨ (1158)

ਬੁਨਨਾ ----- ਉਨਣਾ

“ਸੀਧਾ ਛੋਡਿ ਅਪੂਨਾ ਬੁਨਨਾ।” (ਭਾਵ ਉਲਟੇ ਰਾਹ ਚਲਣਾ)
–ਗਉ ੫, ੯੮, ੩:੨ (185)

ਬੁਨਾਵਨ ---- ਉਨਾਵਣ, ਉਨਾਨ ਲਈ
“ਗਦੀ ਬੁਨਾਵਨ ਮਾਹੋ।”
–ਗਉ ਕਬ, ੫੪, ੧*:੧ (335)

ਬੁਨਿ ------ ਓਨ ਕੇ
“ਬੁਨਿ ਬੁਨਿ ਆਪ ਆਪੁ ਪਹਿ ਰਾਵਉ।”
–ਭੈਰ ਕਬ, ੭, ੨:੧ (1159)

ਬੁਰ ------- ਬੁਰਾ
“ਟੂਟਿ ਪਰੀਤਿ ਗਈ ਬੁਰ ਬੋਲਿ।”
–ਰਾਮ ੧, ਓਅੰ ੨੮:੩ (933)

ਬੁਰਕੇ ------ ਛਿੜਕਣਾ
“ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮ ਰਾਜੇ।”
–ਆਸਾ ੪, ਛਵ ੧੬, ੪:੧ (449)

ਬੁਰਗੂ ------ ਤੂਤੀ, ਨਾਦ
“ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ।”
–ਸੂਹੀ ੩, ਵਾਰ ੧੪ਸ, ੧, ੨:੧ (790)

ਬੁਰਾ ------ (1) ਮੰਦਾ, ਭੈੜਾ, ਜੋ ਚੰਗਾ ਨਹੀਂ, ਮਾੜਾ
“ਬੁਰਾ ਭਲਾ ਨ ਪਛਾਣਈ ਵਣਜਾਰਿਆ ਮਿਤ੍ਰਾ ਮਨੁ ਮਤਾ ਅਹੰਮੇਇ।”
–ਸਿਰੀ ੫, ਪਹ ੪, ੨:੨ (77)
“ਮਨ ਅਪੁਨੇ ਤੇ ਬੁਰਾ ਮਿਟਾਨਾ।” (ਬੁਰਾ ਮੰਗਣਾ)
–ਗਉ ੫, ਸੁਖ ੩, ੬:੭ (266)
“ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ।” (ਭਾਵ ਚੰਗੇ ਮਾੜੇ ਨੂੰ, ਦੁਖ ਸੁਖ ਨੂੰ, ਵੈਰੀ ਮਿੱਤਰ ਨੂੰ)
–ਆਸਾ ੧, ਪਟੀ ੮:੨ (432)

(2) ਬੁਰਾਈ, ਭੈੜ
“ਤਾਹੂ ਬੁਰਾ ਨਿਕਟਿ ਨਹੀ ਆਵੈ।”
–ਗਉ ੫, ਬਾਅ ੩੯:੪ (258)
“ਪਰ ਕੇ ਬੁਰਾ ਨ ਰਾਖਹੁ ਚੀਤ।”
–ਆਸਾ ੫, ੬੨, ੩:੧ (386)

ਬੁਰਾਈ ----- ਭੈੜ, ਮੰਦੀ ਗਲ, ਬਦੀ, ਭੈੜਾ ਕੰਮ
“ਭਈ ਮਿਤ੍ਰਾਈ ਮਿਟੀ ਬੁਰਾਈ !ਦ੍ਰੁਸਟ ਦੂਤ ਹਰਿ ਕਾਢੇ ਛਾਣਿ।”
–ਬਿਲਾ ੫, ੧੧੨, ੨:੨ (826)
“ਨਿਕਟਿ ਕਰਿ ਜਾਵਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ।”
–ਰਾਮ ੫, ੨, ੩:੨ (883)

ਬੁਰਿਆਈ --- ਬੁਰਾਈ, ਬਦੀ, ਮਾੜਾ ਕੰਮ, ਭੈੜ

“ਨਿਰਾਪਰਾਧ ਚਿਤਵਹਿ ਬੁਰਿਆਈ।”
-ਆਸਾ ੫, ੮, ੧*:੨ (372)

ਹੋਰ ਰੂਪ:

ਬੁਰਿਆਈਆ –
“ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।” (ਭੈੜੇ ਕੰਮ, ਭੈੜ)
-ਜਪੁ ੧, ੩੮ਸ:੧ (8)

ਬੁਰਿਆਈਆਂ –
“ਕਾਮ ਕ੍ਰੋਧ ਬੁਰਿਆਈਆਂ ਸੰਗਿ ਸਾਧੂ ਤੁਟੁ।”
-ਗਉ ੪, ਵਾਰ ੨੯:੩ (315)

ਬੁਰਿਆਰਾ --- ਬੁਰੇ ਤੋਂ ਬੁਰਾ, ਅਤਿ ਭੈੜ
“ਆਸਾ ਮਨਸਾ ਕੂੜੁ ਕਮਾਵਹਿ ਰੋਗੁ ਬੁਰਾ ਬੁਰਿਆਰਾ ਹੇ।”
-ਮਾਰੂ ੧, ਸੋਲਾ ੯, ੭:੩ (1029)

ਹੋਰ ਰੂਪ:

ਬੁਰਿਆਰਿ –
“ਦੁਰਮਤਿ ਝੂਠੀ ਬੁਰੀ ਬੁਰਿਆਰਿ।” (ਅਤਿ ਬੁਰੀ, ਭੈੜੀ ਤੋਂ ਭੈੜੀ)
-ਮਾਰੂ ੩, ਸੋਲਾ ੪, ੫:੧ (1047)

ਬੁਰਿਆਰੀ –
“ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ।” (ਅਤਿ ਮਾੜੀ)
-ਮਾਝ ੧, ੧੩, ੨:੩ (155)
“ਜਿਨਾ ਗੁਰੁ ਗੋਪਿਆ ਆਪਣਾ ਤੇ ਨਰ ਬੁਰਿਆਰੀ।” (ਭੈੜ, ਅਤਿ ਬੁਰੇ)
-ਸੋਰ ੪, ਵਾਰ ੨੩:੧ (651)

ਬੁਰਿਆਰੁ –
“ਹੀਣੌਂ ਨੀਚੁ ਬੁਰੌਂ ਬੁਰਿਆਰੁ।” (ਬੁਰੇ ਤੋਂ ਬੁਰਾ)
-ਪ੍ਰਭਾ ੧, ੧੨, ੪:੨ (1331)

ਬੁਰਿਆਰੇ –
“ਪਿਰ ਦੋਸੁ ਨਾਹੀ ਸੁਖਹਦਾਤੇ ਹਉ ਵਿਛੁੜੀ ਬੁਰਿਆਰੇ।” (ਬੁਰੀ, ਦੋਸ਼ ਵਾਲੀ)
-ਗਉ ੫, ਛਵ ੧, ੨:੫ (247)

ਬੁਰੀ ------ ਭੈੜੀ, ਮੰਦੀ
“ਕਲਹਿ ਬੁਰੀ ਸੰਸਾਰਿ ਵਾਦੇ ਖਪੀਐ।”
-ਮਾਝ ੧, ਵਾਰ ੯:੩ (142)

ਬੁਰੀਆਹ --- ਭੈੜੀਆਂ, ਬੁਰੀਆਂ
“ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ।”
-ਸਿਰੀ ੧, ਵਾਰ ੭ਸ, ੧, ੨:੧ (85)

ਬੁਰੇ ------- ਭੈੜੇ, ਮਾੜੇ
“ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ।”
-ਗਉ ੩, ਅਸ ੯, ੧:੧ (233)

ਹੋਰ ਰੂਪ:

ਬੁਰੋ –
“ਭਲੋ ਭਲੋ ਸਭੁ ਕੋ ਕਹੈ ਬੁਰੋ ਨ ਮਾਨੈ ਕੋਇ।” (ਭੈੜਾ)
–ਸਲੋ ਕਬ, ੯:੨ (1364)

ਬੁਰੌ –
“ਹੀਣੋ ਨੀਚੁ ਬੁਰੌ ਬੁਰਿਆਰੁ।”
–ਪ੍ਰਭਾ ੧, ੧੨, ੪:੨ (1331)

ਬੁਲਗ ------ (ਅ. (ਬੁਲਗ) (1) ਗਲ, ਬਾਤ
“ਸਤਸੰਗਤਿ ਸਤਿਗੁਰ ਧੰਨੁ ਧਨੁੋ ਧਨੇ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ।”
–ਕਾਨ ੪, ਵਾਰ ੧:੪ (1313)

(2) ਬੋਲ, ਕਥਨ, ਵਾਜ
“ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ।”
–ਧਨਾ ੪, ੨, ੨:੨ (667)

ਬੁਲਨਾ ----- ਬੋਲਣਾ
“ਆਪ ਹੀ ਮਸਟਿ ਆਪ ਹੀ ਬੁਲਨਾ।”
–ਬਿਲਾ ੫, ੭, ੨:੧ (803)

ਬੁਲਾਇ ----- (1) ਅਖਵਾਏ, ਉਚਾਰਣ ਕਰਵਾਏ
“ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ ਬੋਲਿ ਬੁਲਾਇ।”
–ਆਸਾ ੪, ੬੩, ੩:੧ (368)

ਹੋਰ ਰੂਪ:

ਬੁਲਾਇਆ –
“ਬੁਲਾਇਆ ਬੋਲੈ ਗੁਰ ਕੈ ਭਾਣਿ।” (ਬੁਲਵਾਇਆ, ਅਖਵਾਇਆ, ਉਚਾਰਣ ਕਰਵਾਇਆ)
–ਆਸਾ ੫, ੧੦੧, ੪:੨ (396)

(2) ਸਦਕੇ/ਵਾਜ ਮਾਰਦੇ ਹਨ
“ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।”
–ਸੂਹੀ ੫, ੮, ੩:੧ (733)
“ਜਾ ਆਏ ਤਾ ਤਿਨਹਿ ਪਠਾਏ ਚਾਲੇ ਤਿਨੈ ਬੁਲਾਇ ਲਇਆ।”
–ਰਾਮ ੧, ਅਸ ੭, ੧੦:੧ (907)

ਹੋਰ ਰੂਪ:

ਬੁਲਾਇਆ –
“ਬਹੁਰਿ ਨ ਲੇਖਾ ਪੁਛਿ ਬੁਲਾਇਆ।” (ਸਦਿਆ)
–ਮਾਝ ੫, ੨੫, ੪:੨ (102)

ਬੁਲਾਇਦਾ --- ਸੱਦਦਾ, ਬੁਲਾਉਂਦਾ
“ਹਰਿ ਆਪਿ ਵਰਤੈ ਆਪਿ ਹਰਿ ਆਪਿ ਬੁਲਾਇਦਾ।”
–ਸੋਰ ੪, ਵਾਰ ੫:੨ (644)

ਬੁਲਾਇੜੀਏ -- **ਸਦੀਏ ਗਈਏ**
“ਮਹਲਿ ਬੁਲਾਇੜੀਏ ਭਗਤਿ ਸਨੇਹੀ ਰਾਮ।”
-ਬਿਲਾ ੧, ਛੰਤ ੨, ੪:੧ (844)

ਬੁਲਾਈ ----- **(1) ਸਦੀ, ਸਦ ਭੇਜੀ**
“ਦਰਿ ਘਰਿ ਸੋਭਾ ਮਹਲਿ ਬੁਲਾਈ।”
-ਸਿਰੀ ੪, ਵਾਰ ੮ਸ, ੩, ੧:੪ (85)

ਹੋਰ ਰੂਪ:

ਬੁਲਾਈਆ -
“ਸਭੇ ਆਸਾ ਪੂਰੀਆ ਗੁਰ ਮਹਲਿ ਬੁਲਾਈਆ।” (ਸਦੀ)
-ਮਾਰੂ ੫, ਵਾਰ ੧੨:੭ (1098)

(2) ਬੁਲਵਾਏਂ, ਉਚਾਰਣ ਕਰਵਾਏਂ
“ਕੋਟਿ ਸੂਖ ਆਨੰਦ ਰਾਜ ਪਾਏ ਮੁਖ ਤੇ ਨਿਮਖ ਬੁਲਾਈ।”
-ਧਨਾ ੫, ੧੦, ੩:੨ (673)

(3) ਆਖਾਂ, ਕਹਾਂ
“ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ।”
-ਸੂਹੀ ੪, ਅਸ ੧, ੧੭:੧ (758)

ਬੋੁਲਾਈਆ --- **ਬੁਲਾਵੇ**
“ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ।”
-ਮਾਰੂ ੫, ਵਾਰ ੧੨:੨ (1098)

ਬੁਲਾਈਐ --- **ਸਦੀਏ**
“ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ।”
-ਸਿਰੀ ੧, ਅਸ ੬, ੬:੨ (57)

ਬੁਲਾਏ ----- **(1) ਬੁਲਵਾਏ, ਬੋਲਣ ਦੀ ਪ੍ਰੇਰਨਾ ਦੇਵੇ**
“ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ।”
-ਸਿਰੀ ੩, ੬੩, ੪:੨ (39)

(2) ਸਦ ਭੇਜੇ
“ਸਚੀ ਦਰਗਹ ਮਹਲਿ ਬੁਲਾਏ।”
-ਮਾਝ ੧, ਅਸ ੧, ੧:੨ (109)

ਬੁਲਾਗੀ ----- **ਬੋਲਦੇ ਹਾਂ**
“ਜੈਸੀ ਮਤਿ ਦੇਵਹੁ ਹਰਿ ਸੁਆਮੀ ਹਮ ਤੈਸੇ ਬੁਲਗ ਬੁਲਾਗੀ।”
-ਧਨਾ ੪, ੨, ੨:੨ (667)

ਬੋੁਲਾਨ ----- **ਬੋਲਦੇ ਹਾਂ**
“ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ।”
-ਸਾਰ ੫, ੨, ੫:੧ (1203)

ਬੁਲਾਵਉ ---- **ਬੁਲਾਵਾਂ**
“ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ।” (ਭਾਵ ਹੁਕਮ ਦੇਵਾਂ)

-ਗਉ ੧, ਅਸ ੧੦, ੬:੧ (225)
"ਨੀਚਹੁ ਨੀਚੁ ਨੀਚੁ ਅਤਿ ਨਾਨ੍ਹਾ ਹੋਇ ਗਰੀਬੁ ਬੁਲਾਵਉ।" (ਬੇਨਤੀ ਕਰਾਂ)
-ਦੇਵ ੫, ੫, ੧*:੨ (529)

ਬੁਲਾਵਹਿ ---- ਬੁਲਾਉਂਦਾ ਹੈ
"ਬੁਰਾ ਭਲਾ ਤੁਧੁ ਸਭੁ ਕਿਛੁ ਸੁਝੈ ਤੁਧੁ ਭਾਵੈ ਤਿਵੈ ਬੁਲਾਵਹਿ।"
-ਸੂਹੀ ੪, ੧੩, ੧*:੨ (735)

ਹੋਰ ਰੂਪ:

ਬੁਲਾਵਹੁ –
"ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ।" (ਬੁਲਾਉਂਦੇ ਹੋ)
-ਗਉ ੫, ਸੁਖ ੨੧, ੮:੧੦ (292)
"ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ।" (ਬੁਲਾ ਲਵੋ)
-ਸੋਰ ੫, ੩੧, ੧:੨ (617)

ਬੁਲਾਵਣਿਆ – ਸਦਿਆ ਜਾਂਦਾ ਹੈ
"ਅਨਦਿਨੁ ਰੰਗਿ ਰਤਾ ਗੁਣ ਗਾਵੈ ਅੰਦਰਿ ਮਹਲਿ ਬੁਲਾਵਣਿਆ।"
-ਮਾਝ ੩, ਅਸ ੧੦, ੭:੩ (115)

ਬੁਲਾਵਣੀ --- ਬੋਲਦੀ ਭਾਵ ਜਪਦੀ
"ਜਿਸੁ ਹੋਵੈ ਆਪਿ ਦਇਆਲੁ ਸਾ ਸਤਿਗੁਰੂ ਗੁਰੂ ਬੁਲਾਵਣੀ।"
-ਸੋਰ ੪, ਵਾਰ ੧੩:੫ (647)

ਬੁਲਾਵਾ ----- ਸਦਾਂ, ਬੁਲਾਵਾਂ
"ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ।"
-ਸੂਹੀ ੧, ੯, ੧:੧ (730)

ਬੁਲਾਵੈ ----- (1) ਸਦੇ, ਬੁਲਾ ਲਵੇ
"ਕਵਨ ਸੁ ਬਿਧਿ ਜਿਤੁ ਭੀਤਰਿ ਬੁਲਾਵੈ।"
-ਗਉ ੫, ੮੫, ੩:੨ (181)
"ਜਾ ਪ੍ਰਭ ਭਾਵੈ ਤਾ ਮਹਲਿ ਬੁਲਾਵੈ।" (ਬੁਲਾਉਂਦਾ/ਸੱਦਦਾ ਹੈ)
-ਬਿਲਾ ੧, ਥਿਤੀ ੮:੩ (839)
(2) ਬੁਲਵਾਉਂਦਾ ਹੈ, ਉਚਾਰ ਕਰਵਾਉਂਦਾ ਹੈ
"ਹਰਿ ਆਪੇ ਬੋਲੈ ਆਪਿ ਬੁਲਾਵੈ ਹਰਿ ਆਪੇ ਜਲਿ ਥਲਿ ਰਵਿ ਰਹੀਐ।"
-ਵਡ ੪, ਵਾਰ ੨੧:੨ (594)

ਬੁਲੈਨੀ------ ਬੁਲਵਾਉਂਦਾ ਹੈ
"ਜਨ ਨਾਨਕ ਕੇ ਪ੍ਰਭ ਕਰਤੇ ਸੁਆਮੀ ਜਿਉ ਭਾਵੈ ਤਿਵੈ ਬੁਲੈਨੀ।"
-ਬਿਲਾ ੪, ੫, ੪:੨ (800)

ਬੁਲੋਗੀਆ --- ਬੋਲੀਦਾ ਹੈ
"ਸਤਸੰਗਤਿ ਸਤਿਗੁਰ ਧੰਨੁ ਧਨੁੋ ਧੰਨ ਧੰਨ ਧਨੋ ਜਿਤੁ ਮਿਲਿ ਹਰਿ ਬੁਲਗ ਬੁਲੋਗੀਆ।"
-ਕਾਨ ੪, ਵਾਰ ੧:੪ (1313)

ਬੂਆੜ ------ ਇਕ ਪ੍ਰਕਾਰ ਦਾ ਨਿਕੰਮਾ ਘਾਹ ਜੋ ਤਿਲਾਂ ਦੇ ਖੇਤਾਂ ਵਿਚ ਹੁੰਦਾ ਹੈ

"ਛੁਟੇ ਤਿਲ ਬੂਆੜ ਕਿਉ ਸੁੰਞੇ ਅੰਦਰਿ ਖੇਤ।" (ਭਾਵ ਨਿਕੰਮੇ)

-ਆਸਾ ੧, ਵਾਰ ੧ਸ, ੧, ੩:੨ (463)

ਹੋਰ ਰੂਪ:

ਬੂਆੜੁ –

"ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ।"

-ਗਉ ੫, ਸੁਖ ੧੩, ੬:੬ (280)

ਬੂਝ -------- ਸਮਝ, ਸੋਝੀ

"ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ।"

-ਸਿਰੀ ੩, ੩੭, ੫:੧ (28)

"ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ੍ ਬੂਝ ਨ ਜਾਈ ਪਾਇ।"

-ਗੂਜ ੩, ਵਾਰ ੮ਸ, ੩, ੧:੨ (511)

"ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ।" (ਭਾਵ ਪਤਾ ਨਹੀਂ ਲਗਦਾ)

-ਸਾਰ ੫, ੯, ੨:੧ (1205)

ਹੋਰ ਰੂਪ:

ਬੂਝਉ –

"ਜੀਉ ਪੀਉ ਬੂਝਉ ਨਹੀ ਘਟ ਮਹਿ ਜੀਉ ਕਿ ਪੀਉ।" (ਜਾਣਦੀ)

-ਸਲੋ ਕਬ, ੨੩੬:੨ (1377)

ਬੂਝਈ –

"ਪਾਠੁ ਪੜੈ ਨ ਬੂਝਈ ਭੇਖੀ ਭਰਮਿ ਭੁਲਾਇ।" (ਸਮਝਦਾ)

-ਸਿਰੀ ੩, ਅਸ ੨੧, ੩:੨ (66)

ਬੂਝਏ –

"ਅਕਥ ਕਹਾਣੀ ਪਦੁ ਨਿਰਬਾਣੀ ਕੋ ਵਿਰਲਾ ਗੁਰਮੁਖਿ ਬੂਝਏ।" (ਸਮਝਦਾ ਹੈ)

-ਬਿਲਾ ੧, ਛੰਤ ੨, ੩:੩ (844)

ਬੂਝਸਿ –

"ਸਤਿਗੁਰ ਮਿਲੈ ਤ ਸੂਝਸਿ ਬੂਝਸਿ ਸਚ ਮਨਿ ਗਿਆਨੁ ਸਮਾਵੈ।" (ਸਮਝਦਾ ਹੈ)

-ਮਲਾ ੧, ਅਸ ੨, ੮:੨ (1274)

ਬੂਝਹਿ –

"ਆਪਣਾ ਪਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ।" (ਸਮਝਦਾ)

-ਸਿਰੀ ੩, ੪੫, ੧:੨ (31)

"ਏਕ ਵਸਤੁ ਬੂਝਹਿ ਤਾ ਹੋਵਹਿ ਪਾਕ।" (ਸਮਝੇ)

-ਆਸਾ ੫, ੧੪, ੪:੧ (374)

ਬੂਝਹੁ –

"ਜਿਨੀ ਸਤਿਗੁਰੁ ਸੇਵਿਆ ਤਿਨੀ ਨਾਉ ਪਾਇਆ ਬੂਝਹੁ ਕਰਿ ਬੀਚਾਰੁ।" (ਸਮਝੋ, ਜਾਣੋ)

-ਸਿਰੀ ੪, ਵਾਰ ੧੦ਸ, ੩, ੨:੧ (86)

"ਤੂੰ ਬਾਮ੍ਹਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ।" (ਸਮਝਕੇ ਦਸੋ)

-ਆਸਾ ਕਬ, ੨੬, ੩:੧ (482)

ਬੂਝਣਉ ---- ਸਮਝਦਾ ਹੈ
“ਬਿਰਲੋ ਗਿਆਨੀ ਬੂਝਣਉ ਸਤਿ ਗੁਰੁ ਸਾਚਿ ਮਿਲੇਇ।”
-ਰਾਮ ੧, ਓਅੰ ੪੦:੫ (935)

ਬੂਝਣਹਾਰ --- ਸਮਝਨ ਵਾਲੇ
“ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ।”
-ਮਲਾ ੧, ਵਾਰ ੮ਸ, ੩, ੨:੧ (1281)

ਹੋਰ ਰੂਪ:

ਬੂਝਣਹਾਰਾ -
“ਕੋਈ ਬੂਝੈ ਬੂਝਣਹਾਰਾ ਅੰਤਰਿ ਬਿਬੇਕੁ ਕਰਿ।” (ਸਮਝਣ ਵਾਲਾ)
-ਸੋਰ ੪, ਵਾਰ ੧੧:੩ (646)

ਬੂਝਣਹਾਰੁ -
“ਰਤਨੁ ਗੁਰੂ ਕਾ ਸਬਦੁ ਹੈ ਬੂਝੈ ਬੂਝਣਹਾਰੁ।”
-ਵਡ ੪, ਵਾਰ ੯ਸ, ੩, ੧:੩ (589)

ਬੂਝਣਾ ----- ਅੜਉਣੀ, ਬੁਝਾਰਤ
“ਬੂਝਹੁ ਗਿਆਨੀ ਬੂਝਣਾ ਇਹ ਅਕਥ ਕਥਾ ਮਨ ਮਾਹਿ।”
-ਮਾਰੂ ੩, ਵਾਰ ੧੯ਸ, ੧, ੧:੨ (1093)

ਬੂਝਣੁ ------ ਸਮਝ, ਸੋਝੀ
“ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।”
-ਸਿਰੀ ੧, ੭, ੩:੧ (16)
“ਇਹੁ ਬਾਬੀਂਹਾ ਪਸੂ ਹੈ ਇਸ ਨੋ ਬੂਝਣੁ ਨਾਹਿ।”
-ਮਲਾ ੧, ਵਾਰ ੧੧ਸ, ੩, ੧:੨ (1283)

ਬੂਝਤ ------ (1) ਬੁਝਦੀਆਂ, ਮੁਕਦੀਆਂ, ਤ੍ਰਿਪਤ ਹੁੰਦੀਆ
“ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ।”
-ਗਉ ੫, ੧੬੨*, ੨:੧ (215)
“ਬੁਝਤ ਦੀਪਕ ਮਿਲਤ ਤਿਲਤ।” (ਬੁਝਦੇ, ਬੁਝ ਰਹੇ)
-ਮਾਲੀ ੫, ੩, ੧:੨ (987)

(2) ਸਮਝਣ ਵਾਲਾ
“ਬਕਤੋ ਕਰਤਾ ਬੂਝਤ ਕਰਤਾ।”
-ਗੋਂਡ ੫, ੧, ੨:੧ (862)

ਬੂਝਤਾ ----- ਜਾਣਦਾ, ਸਮਝਦਾ
“ਜਬ ਲਗੁ ਹੁਕਮੁ ਨ ਬੂਝਤਾ ਤਬਹੀ ਲਉ ਦੁਖੀਆ।”
-ਆਸਾ ੫, ੧੧੯, ੩:੧ (400)

ਬੂਝਨ ------ ਸਮਝਨ
“ਮਾਤ ਪਿਤਾ ਭਾਈ ਅਰੁ ਬੰਧਪ ਬੂਝਨ ਕੀ ਸਭ ਸੂਝ ਪਰੀ।”
-ਸਮੁ ੫, ੩*:੩ (1387)

ਬੂਝਨਹਾਰਾ --- ਸਮਝਨ ਵਾਲਾ

"ਜੋਤਿ ਲਾਦਿ ਜਗਦੀਸ ਜਗਾਇਆ ਬੂਝੈ ਬੂਝਨਹਾਰਾ।"

-ਪ੍ਰਭਾ ਕਬ, ੫, ੨:੨ (1350)

ਹੋਰ ਰੂਪ:

ਬੂਝਨਹਾਰੁ –

"ਬੂਝੈ ਬੂਝਨਹਾਰੁ ਬਿਬੇਕ।" (ਸਮਝਨ ਵਾਲਾ)

-ਗਉ ੫, ਸੁਖ ੧੭, ੨:੯ (285)

ਬੂਝਨਹਾਰੈ–

"ਕਿਨੈ ਬੂਝਨਹਾਰੈ ਖਾਏ।" (ਸਮਝਨ ਵਾਲੇ ਭਾਵ ਗਿਆਨਵਾਨ)

-ਆਸਾ ਕਬ, ੬, ੧*:੨ (477)

ਬੂਝਨਹਾਰੋ –

"ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ ਭਤਾ।" (ਜਾਣਨ/ ਸਮਝਨ/ ਬੂਝਨਵਾਲਾ)

-ਗੂਜ ੫, ੧੧, ੧:੧ (498)

ਬੂਝਨਾ ----- ਅੜਉਣੀ, ਬੁਝਾਰਤ, ਭਾਵ ਗਿਆਨ

"ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ।"

-ਸਲੋ ਕਬ, ੧੯੧:੨ (1374)

ਬੂਝਨਿ ----- ਬੂਝਦੇ/ਸਮਝਦੇ/ਜਾਣਦੇ ਹਨ

"ਅੰਮ੍ਰਿਤੁ ਸਦਾ ਵਰਸਦਾ ਬੂਝਨਿ ਬੂਝਣਹਾਰ।"

-ਮਲਾ ੧, ਵਾਰ ੮ਸ, ੩, ੨:੧ (1281)

ਬੂਝਨੁ ------ ਸਮਝ, ਸੋਧਿ

"ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ।"

-ਚਉ ੫, ੨:੨ (1364)

ਬੂਝਲ ------ ਸਮਝਣ ਵਾਲਾ

"ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ।"

-ਪ੍ਰਭਾ ਨਾਮ, ੧, ੧:੧ (1350)

ਬੂਝਾ ------ ਜਾਣ ਲਿਆ, ਸਮਝ ਲਿਆ, ਬੁੱਝ ਲਿਆ

"ਹਮਹੁ ਜੁ ਬੂਝਾ ਬੂਝਨਾ ਪੂਰੀ ਪਰੀ ਬਲਾਇ।"

-ਸਲੋ ਕਬ, ੧੯੧:੨ (1374)

ਬੂਝਿ ------ (1) ਸਮਝ ਕੇ, ਜਾਣ ਕੇ

"ਅਗਿਆਨਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ।"

-ਮਾਝ ੩, ਅਸ ੩੧, ੨:੩ (128)

"ਜਾਨਿ ਬੂਝਿ ਅਪਨਾ ਕੀਓ ਨਾਨਕ ਭਗਤਨ ਕਾ ਅੰਕੁਰੁ ਰਾਖਿਓ।" (ਭਾਵ ਦੇਖ ਪਰਖ ਕੇ)

-ਧਨਾ ੫, ੨੬, ੨:੨ (677)

(2) ਤ੍ਰਿਪਤ ਹੋ ਗਈ, ਸ਼ਾਂਤ ਹੋ ਗਈ, ਮੁਕ ਗਈ

"ਤਿਖ ਬੂਝਿ ਗਈ ਮਿਲਿ ਸਾਧ ਜਨਾ।"

-ਕਾਨ ੫, ੩੭, ੧*:੧ (1305)

ਬੂਝਿਓ ----- ਸਮਝਿਆ

“ਨਾਨਾ ਝੂਠਿ ਲਾਇ ਮਨੁ ਤੋਖਿਓ ਨਹ ਬੂਝਿਓ ਅਪਨਾਇਓ।”
-ਟੋਡੀ ੫, ੩, ੩:੨ (712)

ਹੋਰ ਰੂਪ:

ਬੂਝਿਆ –
“ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ।” (ਸਮਝਿਆ)
-ਸਿਰੀ ੧, ੧੫, ੧*:੨ (19)

ਬੂਝੀ ------ (1) ਬੁਝ ਗਈ, ਖਤਮ ਹੋ ਗਈ

“ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ।”
-ਆਸਾ ੫, ੪੪, ੧:੨ (381)

“ਲਾਖ ਕੋਟਿ ਬਿਖਿਆ ਕੇ ਬਿੰਜਨ ਤਾ ਮਹਿ ਤ੍ਰਿਸਨ ਨ ਬੂਝੀ।” (ਸ਼ਾਂਤ ਹੋਈ, ਤ੍ਰਿਪਤ ਹੋਈ)
-ਗੂਜ ੫, ੭, ੩:੧ (497)

ਹੋਰ ਰੂਪ:

ਬੂਝੈ –
“ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ।” (ਸ਼ਾਂਤ ਹੋਏ)
-ਗਉ ੫, ੮੧, ੧*:੨ (179)

(2) ਸਮਝੀ

“ਨਿੰਦ ਚਿੰਦ ਕਉ ਬਹੁਤੁ ਉਮਾਹਿਓ ਬੂਝੀ ਉਲਟਾਇਆ।”
-ਆਸਾ ੫, ੧੨੫, ੨:੨ (402)

ਹੋਰ ਰੂਪ:

ਬੂਝੀਐ –
“ਗੁਰ ਕਿਰਪਾ ਤੇ ਬੂਝੀਐ ਸਭੁ ਬ੍ਰਹਮ ਸਮਾਇਆ।” (ਸਮਝੀਏ)
-ਗਉ ੧, ਅਸ ੧੮, ੯:੨ (229)

“ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ।” (ਸਮਝਦੇ)
-ਗਉ ੫, ਬਾਅ ੧੯:੪ (254)

ਬੂਝੁ –
“ਹਾ ਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ।” (ਸਮਝ)
-ਆਸਾ ੩, ਪਟੀ ੧੬:੧ (435)

ਬੂਝੇ –
“ਬਿਨੁ ਬੂਝੇ ਕੈਸੇ ਪਾਵਹਿ ਪਾਰੁ।” (ਸਮਝੇ)
-ਸਿਰੀ ੪, ਵਾਰ ੪ਸ, ੧, ੧:੬ (84)

ਬੂਝੈ –
“ਘਟਿ ਘਟਿ ਜੋਤਿ ਨਿਰੰਤਰੀ ਬੂਝੈ ਗੁਰਮਤਿ ਸਾਰੁ।” (ਸਮਝੇ)
-ਸਿਰੀ ੧, ੧੬, ੪:੩ (20)

“ਪੰਡਿਤੁ ਪੜੈ ਬੰਧਨ ਮੋਹ ਬਾਧਾ ਨਹ ਬੂਝੈ ਬਿਖਿਆ ਪਿਆਰਿ।” (ਸਮਝਦਾ)

-ਸਿਰੀ ੩, ੫੧, ੨:੨ (33)

"ਆਪੈ ਆਪੁ ਮਿਲਾਏ ਬੂਝੈ ਤਾ ਨਿਰਮਲੁ ਹੋਵੈ ਕੋਇ।" (ਜਾਣਦਾ ਹੈ)

-ਸਿਰੀ ੩, ਅਸ ੮੮, ੧:੨ (64)

ਬੂਟ ------- ਬੂਟੇ, ਬਿਰਖ, ਪੌਦੇ

"ਦਾਵਾ ਅਗਨਿ ਰਹੇ ਹਰਿ ਬੂਟ।"

-ਰਾਮ ੫, ਅਸ ੪, ੧:੧ (914)

"ਮਿਲਿ ਪਾਣੀ ਜਿਉ ਹਰੇ ਬੂਟ।"

-ਬਸੰ ੫, ੬, ੧:੧ (1181)

ਹੋਰ ਰੂਪ:

ਬੂਟੁ –

"ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਰੀ।"

-ਆਸਾ ੫, ੫੧, ੨:੧ (384)

ਬੂਡਈ ----- ਡੁਬਦਾ

"ਕੀਚੜਿ ਹਾਥੁ ਨ ਬੂਡਈ ਏਕਾ ਨਦਰਿ ਨਿਹਾਲਿ।"

-ਸਲੋ ੧, ੮:੩ (1411)

ਬੂਡਸਿ ----- ਡੁਬਦੇ ਹਾਂ

"ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ।"

-ਆਸਾ ੧, ਪਟੀ ੧੯:੨ (433)

ਬੂਡਹਿ ----- ਡੁਬਦੇ ਹਨ

"ਪਚਿ ਪਚਿ ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ।"

-ਮਾਰੂ ੧, ਸੋਲਾ ੫, ੧੫:੩ (1025)

ਬੂਡਹੁਗੇ ---- ਡੁਬੋਗੇ

"ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ।"

-ਮਾਰੂ ਕਬ, ੧, ੧*:੨ (1103)

ਬੂਡਤ ------ ਡੁਬਦੇ

"ਬੂਡਤ ਜਾਤ ਪੂਰੈ ਗੁਰਿ ਕਾਢੇ।"

-ਗਉ ੫, ੧੨੫, ੩:੧ (191)

ਹੋਰ ਰੂਪ:

ਬੂਡੰਤ –

"ਬੂਡੰਤ ਤਰੀਅੰ ਊਣੰਤ ਭਰੀਅੰ।" (ਡੁਬਦਾ ਹੋਇਆ)

-ਸਸ ੫, ੬੪:੨ (1360)

ਬੂਡਤੇ –

"ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ।" (ਡੁਬ ਜਾਂਦੇ ਹਨ)

-ਧਨਾ ਕਬ, ੫, ੧*:੨ (692)

ਬੂਡੜੈ ------ ਡੁਬੇ ਹੋਏ ਨੂੰ

"ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ।"
-ਵਡ ੧, ਮਾਲਾ ੩, ੩:੩ (580)

ਬੂਡਾ ------ ਡੁਬਾ
"ਬਿਨੁ ਸਤਿਗੁਰ ਭੇਟੇ ਚੰਚਲੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ।"
ਹੋਰ ਰੂਪ:

ਬੂਡਿ –
"ਨਿਡਰੁ ਬੂਡਿ ਮਰੈ ਪਤਿ ਖੋਇ।" (ਡੁਬ ਕੇ)
-ਬਿਲਾ ੧, ਥਿਤੀ ੧੭:੪ (840)

ਬੂਡਿਆ –
"ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।" (ਡੁਬਿਆ)
- ਸਲੋ ਕਬ, ੧੨:੧ (1365)

ਬੂਡੀ –
"ਰਾਮ ਨਾਮਿ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ।" (ਡੁਬੀ)
-ਸਿਰੀ ੧, ਪਹ ੨, ੧:੫ (75)

ਬੂਡੀ ------ (1) ਡੁਬੀ, ਵੇਖੋ "ਬੂਡਿ"
(2) ਹਵਾ ਵਿਚ ਉਡਣ ਵਾਲੀ ਗੁੱਡੀ, ਪਤੰਗ
"ਦਹ ਦਿਸ ਬੂਡੀ ਪਵਨੁ ਝਲਾਵੈ ਡੋਰਿਰਹੀਂ ਲਿਵ ਲਾਈ।"
-ਗਉ ਕਬ, ੪੬, ੩:੨ (333)

(3) ਹੇ ਡੁਬੀ ਹੋਈਏ
"ਬੂਡੀ ਘਰੁ ਘਾਲਿਓ ਗੁਰ ਕੈ ਭਾਇ ਚਲੋ।"
-ਧਨਾ ੧, ਛੰਤ ੩, ੨:੧ (689)

ਬੂਡੀਐ ----- ਡੁਬੀਦਾ ਹੈ
"ਮਨ ਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ।"
-ਸਿਰੀ ੧, ੧੬, ੧:੩ (20)

ਬੂਡੇ ------- ਡੁਬ ਗਏ
"ਬੂਡੇ ਭਾਰੇ ਭੈ ਬਿਨਾ ਪਿਆਰੇ ਤਾਰੇ ਨਦਰਿ ਕਰੇ।"
-ਸੋਰ ੧, ਅਸ ੩, ੧:੩ (636)

ਹੋਰ ਰੂਪ:

ਬੂਡੈ –
"ਭਰਿ ਜੋਬਨਿ ਬੂਡੈ ਅਭਿਮਾਨਿ।" (ਡੁਬਦਾ ਹੈ)
-ਆਸਾ ੧, ਅਸ ੬, ੬:੨ (414)

ਬੂਡੋ –
"ਬਿਨੁ ਗੁਰ ਬੂਡੋ ਠਉਰ ਨ ਪਾਵੈ ਜਬ ਲਗ ਦੂਜੀ ਰਾਣੀ।" (ਡੁਬਦਾ ਹੈ)
-ਪ੍ਰਭਾ ੧, ੧੧, ੩:੨ (1330)

ਬੂਡੌ –
"ਵਿਣੁ ਨਾਮ ਹਰਿ ਕੇ ਕਛੁ ਨ ਸੂਝੈ ਅੰਧ ਬੂਡੌ ਧੰਧਲੀ।"
-ਸੂਹੀ ੧, ਛੰਤ ੫, ੬:੪ (767)

ਬੂਢਾ ------ ਬੁਢਾ, ਵਡੇਰੀ ਉਮਰ ਦਾ
“ਓਹੁ ਨ ਬਾਲਾ ਬੂਢਾ ਭਾਈ।”
-ਆਸਾ ੫, ੩੩, ੧*:੨ (378)

ਹੋਰ ਰੂਪ:

ਬੂਢੇ –
“ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ।” (ਬੁਢੌਂ ਨੂੰ)
-ਬਿਲਾ ਕਬ, ੧, ੧:੧ (855)

ਬੂਦ ------- ਸੀ
“ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ।”
-ਤਿਲੰ ਕਬ, ੧, ੩:੧ (727)

ਬੂੰਦ ------- ਤੁਪਕਾ, ਕਤਰਾ
“ਸਰ ਭਰਿ ਥਲ ਹਰੀ ਆਵਲੇ ਇਕ ਬੂੰਦ ਨ ਪਵਈ ਕੇਹ।”
-ਸਿਰੀ ੧, ਅਸ ੧੧, ੩:੨ (60)
“ਹਰਿ ਹਰਿ ਬੂੰਦ ਭਏ ਹਰਿ ਸੁਆਮੀ ਹਮ ਚਾਤ੍ਰਿਕ ਬਿਲਲ ਬਿਲਲਾਤੀ।” (ਸ੍ਵਾਤੀ ਬੂੰਦ)
-ਧਨਾ ੪, ੫, ੧:੧ (668)

ਹੋਰ ਰੂਪ:

ਬੂੰਦਹਿ –
“ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕ ਮਉਲਾ।” (ਬੂੰਦ ਨਾਲ)
-ਗੂਜ ੫, ੪, ੪:੨ (496)

ਬੂੰਦਾਰ ----- ਲਗਾਤਾਰ ਬੂੰਦਾਂ
“ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ।”
-ਬਿਲਾ ੫, ੩੧, ੧:੨ (808)

ਬੂੰਦੇਰੇ ------ ਬੂੰਦ ਲਈ
“ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ।”
-ਤੁਖਾ ੫, ਛੰਤ ੧, ੨:੫ (1117)

ਬੂਰੁ ------- ਪਾਣੀ ਉਪਰ ਹਰੇ ਰੰਗ ਦੀ ਪੈਦਾ ਹੋਈ ਇਕ ਸਬਜੀ
“ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ।”
-ਰਾਮ ਬਸ, ਵਾਰ ੫:੩ (967)

ਬੇ -------- (1) ਹੋਰ
“ਅਬ ਬੇ ਗਲ ਕਹਨੁ ਨ ਜਾਈ।”
-ਸੋਰ ਕਬ, ੪, ੧:੪ (655)

(2) ਸੰਬੋਧਨ, ਹੇ
“ਸੁਲਤਾਨੁ ਪੂਛੈ ਸੁਨੁ ਬੇ ਨਾਮਾ।”
-ਭੈਰ ਨਾਮ, ੧੦, ੧:੧ (1165)

ਬੇਅੰਤ ----- ਅੰਤ ਰਹਿਤ, ਅਨੰਤ
"ਅਮੋਘ ਦਰਸਨ ਬੇਅੰਤ ਅਪਾਰਾ।"
-ਮਾਝ ੫, ੧੩, ੪:੧ (98)

ਹੋਰ ਰੂਪ:

ਬੇਅੰਤਾ –
"ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬੇਅੰਤ ਬੇਅੰਤਾ।" (ਅਣਰਹਿਤ)
-ਆਸਾ ੪, ਸੋਪੁ ੧, ੪:੧ (11)

ਬੇਅੰਤਿ –
"ਗੁਰਿ ਕ੍ਰਿਪਾਲਿ ਬੇਅੰਤਿ ਅਵਗੁਣ ਸਭਿ ਹਤੇ।" (ਅੰਤ ਰਹਿਤ)
-ਸੋਰ ੪, ਵਾਰ ੨੭:੩ (653)

ਬੇਅੰਤੁ –
"ਤੂੰ ਬੇਅੰਤੁ ਅਤਿ ਮੂਚੋ ਮੂਚਾ।" (ਅੰਤ ਰਹਿਤ)
-ਮਾਝ ੫, ਅਸ ੩੫, ੮:੨ (130)

ਬੇਐਬ ----- (ਫਾ. ਬੇਐਬ) ਐਬ (ਨੁਕਸ) ਰਹਿਤ, ਵਿਕਾਰ ਰਹਿਤ
"ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ।"
-ਤਿਲੰ ੧, ੧, ੧:੨ (721)

ਬੇਈ ------ ਦੁਬਾਰਾ, ਦੂਜੀ ਵਾਰ
"ਜਾਣੁ ਮਿਠਾਈ ਇਖ ਬੇਈ ਪੀੜੇ ਨਾ ਹੁਦੇ।"
-ਮਾਰੂ ੫, ਵਾਰ ੧੩ਸ, ੫, ੨:੨ (1098)

ਬੇਸਟੰ ------ ਘੇਰਿਆ/ਢਕਿਆ ਹੋਇਆ ਹੈ
"ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ।"
-ਸਸ ੫, ੫੩:੧ (1359)

ਬੇਸਵਾ ----- ਕੰਜਰੀ, ਵੇਸਵਾ
"ਬੇਸਵਾ ਜੋਨਿ ਵਲਿ ਵਲਿ ਅਉਤਰੈ।"
-ਗੁਜ ਤ੍ਰਿਲੋ, ੨, ੨:੨ (526)

ਬੇਸਾਰੀਐ --- ਵਿਸਾਰੀਏ, ਭੁਲੀਏ
"ਕਿਉ ਮਨਹੁ ਬੇਸਾਰੀਐ ਨਿਮਖ ਨਹੀ ਟਾਰੀਐ ਗੁਣਵੰਤ ਪ੍ਰਾਨ ਹਮਾਰੇ।"
-ਸਿਰੀ ੫, ਛੰਤ ੩, ੨:੩ (80)

ਬੇਸੁਆ ----- ਵੇਸਵਾ
"ਸਾਕਤ ਬੇਸੁਆ ਪੂਤ ਨਿਨਾਮ।"
-ਗਉ ੫, ਅਸ ੭, ੩:੨ (239)

ਬੇਸੁਮਾਰ ---- (ਫਾ. ਬੇਸ਼ੁਮਾਰ) ਅਣਗਿਣਤ, ਬਹੁਤ ਗਿਣਤੀ ਤੋਂ ਪਰ੍ਹਾ, ਬੇਅੰਤ, ਅਨੰਤ
"ਬੇਸੁਮਾਰ ਅਥਾਹ ਅਗਨਤ ਅਤੋਲੈ।"
-ਗਉ ੫, ਸੁਖ ੨੧, ੮:੯ (292)

"ਖੁਦ ਖੁਦਾਇ ਵਡ ਬੇਸੁਮਾਰ।" (ਬੇਅੰਤ)
-ਰਾਮ ੫, ੪੫, ੧:੪ (896)

ਹੋਰ ਰੂਪ:

ਬੇਸੁਮਾਰੁ –
“ਨਿਹਚਲ ਆਸਨੁ ਬੇਸੁਮਾਰੁ।” (ਅਨੰਤ)
–ਰਾਮ ੫, ੨੦, ੨:੪ (889)

ਬੇਸੁਰਤ ---- ਸੁਧ ਰਹਿਤ, ਭਾਵ ਬੇਸਮਝ
“ਜਿਨਿ ਕੀਤਾ ਬੇਸੁਰਤ ਤੇ ਸੁਰਤਾ।”
–ਗਉ ੫, ੭੫, ੨:੨ (177)

ਬੇਸ੍ਵਾ ------ ਵੇਸਵਾ, ਕੰਜਰੀ
“ਜਿਉ ਬੇਸ੍ਵਾ ਕੇ ਪਰੈ ਅਖਾਰਾ।”
–ਭੈਰ ਨਾਮ, ੮, ੩:੧ (1165)

ਬੇਹਾਲ ----- ਮੰਦੇ ਹਾਲ
“ਜਬ ਜਮੁ ਆਇ ਸੰਘਾਰੈ ਮੂੜੇ ਤਬ ਤਨੁ ਬਿਨਸਿ ਜਾਇ ਬੇਹਾਲ।”
–ਬਿਲਾ ੫, ੧੬, ੧*:੨ (805)

ਬੇਹੀ ------ ਥੋਥੀ ਨਲੀ
“ਜਬ ਲਗੁ ਤਾਗਾ ਬਾਹਉ ਬੇਹੀ।”
–ਗੂਜ ਕਬ, ੨, ੨:੧ (524)

ਬੇਕਾਮ -----ਨਿਕੰਮਾ, ਬਿਨਾ ਕੰਮ ਤੋਂ
“ਕਾਮੀ ਕ੍ਰੋਧੀ ਚਾਤੁਰੀ ਬਾਜੀਗਰ ਬੇਕਾਮ।”
–ਮਾਰੂ ਕਬ, ੧, ੩:੧ (1105)

ਬੇਕਾਰ ----- (1) ਖਰਾਬੀਆਂ, ਵਿਕਾਰ
“ਤਪਿ ਤਪਿ ਖਪੈ ਬਹੁਤੁ ਬੇਕਾਰ।”
–ਧਨਾ ੧, ੫, ੧:੨ (661)

ਹੋਰ ਰੂਪ:

ਬੇਕਾਰਾ –
“ਗੁਰ ਬਿਨੁ ਉਰਝਿ ਮਰਹਿ ਬੇਕਾਰਾ।” (ਵਿਕਾਰਾਂ ਵਿਚ)
–ਮਾਰੂ ੧, ਸੋਲਾ ੬, ੧੧:੧ (1026)

ਬੇਕਾਰੁ –
“ਕਰਿ ਅਨੁ ਗ੍ਰਹੁ ਆਪਿ ਰਾਖਿਓ ਨਹ ਉਪਜਤਉ ਬੇਕਾਰੁ।” (ਵਿਕਾਰ)
–ਕੇਦਾ ੫, ੧੨, ੧:੨ (1211)

(2) ਨਿਕੰਮੇ
“ਨਿੰਦਕ ਟਿਕਨੁ ਨ ਪਾਵਨਿ ਮੂਲੇ ਊਡਿ ਗਏ ਬੇਕਾਰੁ।”
–ਧਨਾ ੫, ੫੨, ੧*:੨ (683)

ਬੇਖਬਰ ----- ਨ ਜਾਣਨ ਵਾਲੇ, ਬੇਸਮਝ
“ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ।”
–ਤਿਲੰ ਕਬ, ੧, ੨:੧ (727)

ਬੇਗਮਪੁਰਾ --- ਉਹ ਸਥਾਨ ਜਿਥੇ ਕੋਈ ਗਮ ਨ ਹੋਵੇ
“ਬੇਗਮਪੁਰਾ ਸਹਰ ਕੋ ਨਾਉ।”
-ਗਉ ਰਵਿ, ੨, ੧:੧ (345)

ਬੇਗਲ ------ (1) ਹੋਰ ਗਲ, ਦੂਜੀ ਗਲ
“ਅਬ ਬੇਗਲ ਕਹਨੁ ਨ ਜਾਈ।”
-ਸੋਰ ਕਬ, ੪, ੧:੪ (655)
(2) ਛੇਤੀ
“ਜਬ ਲਗੁ ਸਾਸੁ ਸਾਸੁ ਮਨ ਅੰਤਰਿ ਤਤੁ ਬੇਗਲ ਸਰਨਿ ਪਰੀਜੈ।”
-ਕਲਿ ੪, ਅਸ ੪, ੮:੧ (1325)

ਬੇਗਾਨਾ ----- (1) ਬੇਸਮਝ, ਅਣਜਾਣ, ਅਗਿਆਨੀ, ਬੇਗਿਆਨ
“ਲੂਣਹਰਾਮੀ ਗੁਨਹਗਾਰ ਬੇਗਾਨਾ ਅਲਪਮਤਿ।”
-ਗਉ ੫, ਬਾਅ ੫੨:੧ (261)
(2) ਓਪਰਾ, ਨਾਵਾਕਫ
“ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ।”
-ਬਿਲਾ ੧, ੧, ੪:੧ (795)

ਬੇਗਾਰੀ ----- ਵੇਗਾਰੀ, ਬੇਗਾਰ ਕਰਨ ਵਾਲਾ, ਜਬਰਦਸਤੀ ਫੜ ਕੇ ਲਿਆਂਦਾ ਬਿਨਾਂ ਪੈਸਿਆਂ ਤੋਂ ਕੰਮ ਕਰਨ ਵਾਲਾ
“ਖੇਦੁ ਭਇਓ ਬੇਗਾਰੀ ਨਿਆਈ ਘਰ ਕੈ ਕਾਮਿ ਨ ਆਇਆ।”
-ਟੋਡੀ ੫, ੪, ੩:੨ (712)

ਬੇਗਾਲੀ ----- ਤੁਰਤ, ਛੇਤੀ
“ਹਰਿ ਕੇ ਸੰਤ ਸੁਣਹੁ ਜਨ ਭਾਈ ਗੁਰੁ ਸੇਵਿਹੁ ਬੇਗਿ ਬੇਗਾਲੀ।”
-ਧਨਾ ੪, ੪, ੨:੧ (667)

ਬੇਗਿ ------ ਛੇਤੀ, ਜਲਦੀ
“ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ।”
-ਗਉ ਕਬ, ੬੫, ੧*:੨ (338)

ਬੇਗੁਲੇ ----- ਤੇਜ਼ ਵੇਗ ਵਿਚ
“ਊਡਹਿ ਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ।”
-ਰਾਮ ੧, ਓਅੰ ੩੩:੩ (934)

ਬੇਚਈ ----- ਵੇਚ ਦੇਵੇ
“ਕੋ ਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ।”
-ਸਲੋ ਕਬ, ੪੩:੧ (1366)

ਬੇਚਹੁ ------ ਵੇਚਦੇ ਹੋ
“ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ।”
-ਮਾਰੂ ਕਬ, ੧, ੩:੨ (1103)

ਬੇਚਾਇਓ --- ਵੇਚਿਆ ਹੈ

"ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ।"
-ਸਾਰ ੫, ੧੩੭, ੧:੧ (1230)

ਬੇਚਾਰਾ ----- (ਫਾ: ਬੇਚਾਰਾ) ਵਿਚਾਰਾ, ਦੀਨ, ਚਾਰਾ ਰਹਿਤ
"ਆਖਣ ਵਾਲਾ ਕਿਆ ਬੇਚਾਰਾ।"
-ਆਸਾ ੧, ੧, ੪:੧ (349)

ਹੋਰ ਰੂਪ:

ਬੇਚਾਰੇ –
"ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਣੀ ਏਕ ਰੋਮਾਈ।" (ਦੀਨ)
-ਬਿਲਾ ੫, ੯੧, ੧:੧ (822)

ਬੇਚਿ ------ ਵੇਚ ਕੇ
"ਗਾਂਠਿ ਨ ਬਾਧਉ ਬੇਚਿ ਨ ਖਾਉ।"
-ਭੈਰ ਕਬ, ੧, ੧*:੨ (1157)

ਹੋਰ ਰੂਪ:

ਬੇਚਿਓ –
"ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ।" (ਵੇਚਿਆ ਹੈ)
-ਗਉ ੪, ੬੨, ੫:੨ (172)

ਬੇਚਿਆ –
"ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੈ।" (ਵੇਚਿਆ ਹੈ)
-ਗਉ ੪, ੬੨, ੧:੧ (171)

ਬੇਚੈ –
"ਮਨੁ ਬੇਚੈ ਸਤਿਗੁਰ ਕੈ ਪਾਸਿ।" (ਵੇਚੇ)
-ਗਉ ੫, ਸੁਖ ੧੮, ੨:੫ (286)

ਬੇਟੜੀ ----- ਲੜਕੀ
"ਬਾਬੁਲ ਕੈ ਘਰਿ ਬੇਟੜੀ ਬਾਲੀ ਬਾਲੈ ਨੇਹਿ।"
-ਰਾਮ ੧, ਓਅੰ ੪੦:੩ (940)

ਬੇਟਾ ------ ਲੜਕਾ, ਪੁੱਤਰ
"ਮਾਇ ਬਾਪ ਕੋ ਬੇਟਾ ਨੀਕਾ ਸਸੁਰੈ ਚਤੁਰੁ ਜਵਾਈ।"
-ਸੋਰ ੧, ੩, ੧:੧ (596)

ਹੋਰ ਰੂਪ:

ਬੇਟੇ –
"ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ।"
-ਸਾਰ ੪, ਵਾਰ ੩ਸ, ੧, ੨:੩ (1238)

ਬੇਢਿਓ ----- ਵਲੇਟਿਆ
"ਮਲਿਆ ਗੁਰੁ ਭਯੰਗਮ ਬੇਢਿਓ ਤ ਸੀਤਲਤਾ ਨ ਤਜੰਤ।"

–ਸਲੋ ਕਬ ੧੭੪:੨ (1373)

ਬੇਢੀ ------ ਤਰਖਾਣ

“ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ।”

–ਸੋਰ ਨਾਮ, ੨, ੧:੨ (657)

ਬੇਢੇ ------- ਵਲੇਟੇ/ਲਬੇੜੇ ਹੋਏ

“ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ।”

–ਕੇਦਾ ਕਬ, ੪, ੧*:੨ (1124)

ਬੇਣਿ ------ ਬੇਣੀ ਭਗਤ ਜਿਨ੍ਹਾਂ ਦਾ ਇਕ ਇਕ ਸ਼ਬਦ ਸਿਰੀ, ਰਾਮਕਲੀ ਤੇ ਪ੍ਰਭਾਤੀ ਰਾਗਾਂ ਵਿਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ

“ਭਗਤੁ ਬੇਣਿ ਗੁਣ ਰਵੈ ਸਹਜਿ ਆਤਮ ਰੰਗੁ ਮਾਣੈ।”

–ਸਵ ੧, ੮:੩ (1390)

ਬੇਣੀ ------ (1) ਬੇਣੀ ਭਗਤ, ਵੇਖੋ ਬੇਣਿ

“ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ।”

–ਸਿਰੀ ਬੇਣੀ, ੧, ੫:੪ (99)

“ਬੇਣੀ ਕਉ ਗੁਰਿ ਕੀਓ ਪ੍ਰਗਾਸੁ।”

–ਬਸੰ ੫, ਅਸ ੧, ੫:੩ (1192)

(2) ਤ੍ਰਿਬੇਣੀ (ਗੰਗਾ, ਜਮਨਾ ਤੇ ਸਰਸਵਤੀ) ਦਾ ਸੰਗਮ

“ਗੰਗਾ ਸਾਗਰੁ ਬੇਣੀ ਸੰਗਮੁ ਅਠਸਠਿ ਅੰਕਿ ਸਮਾਈ ਹੇ।”

–ਮਾਰੂ ੧, ਸੋਲਾ ੨, ੯:੩ (1022)

ਬੇਣੁ ------- ਬਾਂਸ ਦੀ ਬੰਸਰੀ

“ਤਉ ਅਨਹਦ ਬੇਣੁ ਸਹਜ ਮਹਿ ਬਾਇ।”

–ਗਉ ਕਬ, ਵਾ ੧:੪ (344)

“ਪਰਪੰਚ ਬੇਣੁ ਤਹੀ ਮਨੁ ਰਾਖਿਆ ਬ੍ਰਹਮ ਅਗਨਿ ਪਰਜਾਰੀ।”

–ਰਾਮ ੧, ਅਸ ੯, ੫:੧ (907)

ਬੇਤਾ ------ ਜਾਣਨ ਵਾਲਾ

“ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ।”

–ਗਉ ੫, ਸੁਖ ੮, ੬:੧ (273)

ਬੇਤਾਲ ----- ਜਿਸ ਵਿਚ ਕੋਈ ਤਾਲ (ਲੈਅ, ਨਿਯਮ, ਸੰਜਮ) ਨ ਹੋਵੇ, ਭੂਤ ਨਾ, ਬੇਸੁਰਾ

“ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ।”

–ਆਸਾ ੧, ਵਾਰ ੧੧ਸ, ੧, ੧:੧ (468)

“ਹਰਿ ਕੇ ਨਾਮ ਹੀਨ ਬੇਤਾਲ।”

–ਸਾਰ ੫, ੯੨, ੧*:੧ (1222)

ਹੋਰ ਰੂਪ:

ਬੇਤਾਲਾ –

“ਪੰਚਮੀ ਪੰਚ ਭੂਤ ਬੇਤਾਲਾ।”

–ਬਿਲਾ ੧, ਥਿਤੀ ੬:੧ (839)

"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।"

–ਮਾਰੂ ੧, ੭, ੧:੨ (991)

ਬੇਤਾਲਿਆ –

"ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ।" (ਭੂਤਨਾ ਹੋ ਕੇ, ਬੇਸੁਰਾ ਬਣ ਕੇ)

–ਮਾਝ ੧, ਵਾਰ ੨੪:੮ (149)

ਬੇਤਾਲੇ –

"ਮਨਮੁਖ ਅੰਧੇ ਫਿਰਹਿ ਬੇਤਾਲੇ।" (ਭੂਤਨਿਆਂ ਵਾਂਗ)

–ਮਾਝ ੩, ਅਸ ੧੪, ੭:੨ (117)

ਬੇਤੀ ------ ਜਾਣਨਵਾਲੀ, ਗਿਆਤਾ

"ਨਹ ਚਤੁਰਿ ਸੁਘਰਿ ਸੁਜਾਤ ਬੇਤੀ ਮੋਹਿ ਨਿਰਗੁਨਿ ਗੁਨੁ ਨਹੀ।"

–ਬਿਲਾ ਮ: ੫, ਛੰਤ ੩, ੩:੩ (847)

ਹੋਰ ਰੂਪ:

ਬੇਤੇ –

"ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ।" (ਗਿਆਤਾ)

–ਸਿਰੀ ੩, ਅਸ ੨੨, ੩:੨ (67)

ਬੇਦ ------- (1) ਗਿਆਨ ਭਰੇ ਗ੍ਰੰਥ, ਹਿੰਦੂਆਂ ਦੇ ਧਾਰਮਕ ਗ੍ਰੰਥ

"ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ।"

–ਸਿਰੀ ੫, ਅਸ ੨੬, ੫:੧ (70)

(2) ਗਿਆਨ

"ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ।"

–ਸਿਰੀ ੧, ਅਸ ੧੪, ੫:੨ (62)

"ਪੜਿ ਪੜਿ ਪੰਡਿਤ ਬੇਦ ਵਖਾਣਹਿ।"

–ਸਿਰੀ ੪, ਵਾਰ ੴਸ, ੩, ੧:੧ (85)

ਬੇਦਉਚਾਰ --- ਵੇਦਾਂ ਦਾ ਉਚਾਰਨ ਕਰਨ ਵਾਲਿਆਂ

"ਪਤਿਤ ਉਧਾਰਣਾ ਜੀਅ ਜੰਤ ਤਾਰਣਾ ਬੇਦਉਚਾਰ ਨਹੀ ਅੰਤੁ ਪਾਇਓ।"

–ਧਨਾ ੫, ੫੩, ੨:੧ (683)

ਬੇਦਸ ------ ਦੋ ਤੇ ਦਸ ਭਾਵ ਬਾਰ੍ਹਾਂ

"ਬੇਦਸ ਮਾਹ ਰੁਤੀ ਥਿਤੀ ਵਾਰ ਭਲੇ।"

–ਤੁਖਾ ੧, ਬਾਰਾ ੧੭:੧ (1109)

ਬੇਦਹ ------ ਵੇਦ

"ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾਕਉ ਜਪਾਤਿ।"

ਹੋਰ ਰੂਪ:

ਬੇਦਹਿ –

"ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ ਤਿਨਿ ਬੇਦਹਿ ਤਤ ਪਛਾਣਿਆ।" (ਵੇਦਾਂ ਦਾ)

–ਸਾਰ ੫, ੧੧, ੧*:੨ (1205)

ਬੇਦਹੁ –
“ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ।” (ਵੇਦਾਂ)
–ਸਲੋ ਕਬ, ੨੩੭:੨ (1377)

ਬੇਦਨ ------ ਪੀੜਾ, ਵੇਦਨਾ, ਦੁਖ, ਤਕਲੀਫ
“ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ।”
–ਮਾਝ ੪, ੩, ੩:੧ (95)
“ਸੋ ਰੋਵੈ ਜਿਸੁ ਬੇਦਨ ਹੋਇ।”
–ਆਸਾ ੧, ਅਸ ੪, ੨:੨ (413)

ਬੇਦਨਾਈ --- ਪੀੜਾ, ਵੇਦਨਾ
“ਕੈਸੇ ਕਹਉ ਮੋਹਿ ਜੀਅ ਬੇਦਨਾਈ।”
–ਸਾਰ ੫, ੧੫, ੧*:੧(1206)

ਬੇਦਨਿ ----- ਪੀੜ, ਦੁੱਖ
“ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ।”
–ਧਨਾ ੪, ੧੩, ੧*:੨ (670)

ਬੇਦਬਿਆਸੈ -- ਵੇਦਾਂ ਵਾਲਾ ਵਿਆਸ ਰਿਸ਼ੀ, ਵੇਦਾਂ ਦਾ ਰਚਿਤਾ ਵਿਆਸ ਰਿਸ਼ੀ
“ਪੂਛਹੁ ਬ੍ਰਹਮੇ ਨਾਰਦੈ ਬੇਦਬਿਆਸੈ ਕੋਇ।”
–ਸਿਰੀ ੧, ਅਸ ੧੦, ੧*:੨ (59)

ਬੇਦਾ ------ (1) ਵੇਦਾਂ ਦਾ, ਵੇਦਾਂ ਨੂੰ
“ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ।”
–ਸਿਰੀ ੧, ਅਸ ੫, ੭:੧ (56)
“ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ।”
–ਮਾਝ ੧, ਵਾਰ ੪ਸ, ੧, ੧:੪ (139)

ਹੋਰ ਰੂਪ:

ਬੇਦਾਂ
“ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ।”
–ਮਲਾ ੩, ਅਸ ੨, ੭:੧ (1277)

(2) ਗਿਆਨ
“ਬੇਦਾ ਗੰਢੁ ਬੋਲੇ ਸਚੁ ਕੋਇ।”
–ਮਾਝ ੧, ਵਾਰ ੧੨ਸ, ੧, ੨:੯ (143)

ਬੇਦਾਰ ----- (ਫਾ. ਬੇਦਾਰ) ਜਾਗਦੀ, ਸੁਚੇਤ, ਖਬਰਦਾਰ
“ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉ ਰੇ ਭਾਈ।”
–ਰਾਮ ਕਬ, ੨, ੧*:੧ (972)

ਬੇਦਿ ------ ਵੇਦ ਨੇ
“ਪਤਿਤ ਪਾਵਨ ਪ੍ਰਭ ਬਿਰਦੁ ਬੇਦਿ ਲੇਖਿਆ।”
–ਬਿਲਾ ੫, ੧੪, ੩:੧ (805)
“ਨਭੀਜੈ ਰਾਗੀ ਨਾਦੀ ਬੇਦਿ।” (ਭਾਵ ਵੇਦ ਪੜ੍ਹਨ ਨਾਲ)

–ਸਾਰ ੪, ਵਾਰ ੧ਸ, ੧, ੨:੧ (1091)

ਹੋਰ ਰੂਪ:

ਬੇਦੀ –
"ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ।" (ਵੇਦਾਂ ਨਾਲ)
–ਆਸਾ ੪, ਛੰਤ ੧੮, ੪:੧ (450)

ਬੇਦੀ ------ (1) ਵੇਦਾਂ ਨਾਲ, ਵੇਖੋ 'ਬੇਦਿ'
(2) ਵਿਆਹ ਦੀ ਵੇਦੀ
"ਨਾਭਿ ਕਮਲ ਮਹਿ ਬੇਦੀ ਰਚਿ ਲੇ ਬ੍ਰਹਮ ਗਿਆਨ ਉਚਾਰਾ।"
–ਆਸਾ ਕਬ, ੨੪, ੨:੧ (482)
(3) ਧਰਮ ਪੁਸਤਕ ਦੇ ਦਸੇ ਕਰਮ ਕਾਂਡਾਂ ਅਨੁਸਾਰ ਜੀਵਨ ਬਤੀਤ ਕਰਨ ਵਾਲਾ, ਕਰਮ-ਕਾਂਡੀ, ਵੇਦ ਅਭਿਮਾਨੀ
"ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।"
–ਸੋਰ ਕਬ, ੩, ੨:੨ (654)

ਹੋਰ ਰੂਪ:

ਬੇਦੰੀ –
"ਕਥਾ ਕਹਾਣੀ ਬੇਦੰੀ ਆਣੀ ਪਾਪੁ ਪੁੰਨੁ ਬੀਚਾਰੁ।" (ਵੇਦਾਂ ਨੇ)
–ਸਾਰ ੪, ੧੬ਸ, ੨, ੧:੨ (1243)

ਬੇਦੁ ------- (1) ਵੇਦ
"ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ।"
–ਸਿਰੀ ੧, ਅਸ ੭, ੬:੧ (57)
(2) ਗਿਆਨ
"ਬੇਦੁ ਬਾਦੁ ਨ ਪਾਖੰਡੁ ਅਉਧੂ ਜਤੁ ਸਤੁ ਸਬਦਿ ਬੀਚਾਰੀ।" (ਭਾਵ ਵਿਦਵਤਾ)
–ਰਾਮ ੧, ਅਸ ੯, ੧੯:੧ (908)
"ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ।" (ਗਿਆਨ)
–ਮਾਰੂ ੧, ਅਸ ੧੧, ੫:੨ (1015)

ਬੇਦੇਸਵਾ ---- ਬਿਨਾ ਦੇਸ ਦੇ, ਲਾਮਕਾਨ
"ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸੇਵਾ।"
–ਭੈਰ ਨਾਮ, ੧, ੪:੨ (1167)

ਬੇਧੰਚ ------ ਵਿੰਨ੍ਹਿਆ ਜਾਣਾ
"ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ।"
–ਜੈਤ ੫, ਵਾਰ ੧੨ਸ, ੫, ੧:੨ (708)

ਬੇਧਤ ------ ਵਿੰਨ੍ਹ
"ਕੋਟਿ ਆਵਧ ਤਿਸੁ ਬੇਧਤ ਨਾਹਿ।"
–ਸੂਹੀ ੫, ੨੪, ੨:੨ (742)

ਬੇਧਿ ------ ਵਿੰਨ੍ਹ

"ਰਾਮ ਮੇਰਾ ਮਨੁ ਤਨੁ ਬੇਧਿ ਲੀਓ ਹਰਿ ਸਾਚੇ।"
-ਗਉ ੪, ੫੫, ੧*:੧ (169)

ਹੋਰ ਰੂਪ:

ਬੇਧਿਉ –
"ਪ੍ਰੇਮ ਪਿਰੰਮ ਨ ਬੇਧਿਉ ਉਰਝਿਓ ਮਿਥ ਬਿਉਹਾਰ।" (ਵਿੰਨ੍ਹਿਆ ਗਿਆ)
-ਚਉ ੫, ੬:੨ (1364)

ਬੇਧਿਓ –
"ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ।" (ਵਿਨ੍ਹਿਆ ਹੋਇਆ)
-ਗਉ ਕਬ, ਬਾਅ ੪:੨ (340)

ਬੇਧਿਆ –
"ਗੁਰ ਸਬਦੀ ਮਨੁ ਬੇਧਿਆ ਪ੍ਰਭੁ ਮਿਲਿਆ ਆਪਿ ਹਦੂਰਿ।" (ਵਿੰਨ੍ਹਿਆ ਗਿਆ)
-ਸਿਰੀ ੩, ੨੯, ੨:੪ (37)
"ਹਰਿ ਚਰਨ ਕਮਲ ਮਨੁ ਬੇਧਿਆ ਕਿਛੁਆਨ ਨ ਮੀਠਾ ਰਾਮ ਰਾਜੇ।" (ਭਾਵ ਮੋਹਿਤ ਹੋਇਆ, ਜੁੜਿਆ)
-ਆਸਾ ੫, ਛੰਤ ੩, ੧:੧ (453)

ਬੇਧੀ –
"ਕਾਮਣਿ ਹਰਿ ਰਸਿ ਬੇਧੀ ਜੀਉ ਹਰਿ ਕੈ ਸਹਜਿ ਸੁਭਾਏ।" (ਵਿੰਨ੍ਹੀ, ਪ੍ਰੋਈ ਹੋਈ)
-ਗਉ ੩, ਛੰਤ ੩, ੧:੧ (245)
"ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ।" (ਭਾਵ ਸੰਜੋਗ ਕੀਤਾ)
-ਆਸਾ ਕਬ, ੬, ੩:੨ (477)

ਬੇਧੀਅਲੇ ---- ਵਿੰਨੇ, ਵਿੰਨਿਆ ਹੈ
"ਬੇਧੀਅਲੇ ਚਕ੍ਰ ਭੁਅੰਗਾ।"
-ਰਾਮ ਕਬ, ੧੦, ੨:੩ (972)

ਬੇਧੇ ------- (1) ਜੁੜਿਆ, ਵਿਧਾ ਗਿਆ
"ਹਰਿ ਨਾਨਕ ਬੇਧੇ ਚਰਨ ਕਮਲ ਕਿਛੁ ਆਨ ਨ ਮੀਠਾ।"
-ਆਸਾ ੫, ਛੰਤ ੩, ੧:੬ (459)

(2) ਵਿੰਨ੍ਹੇ ਹਨ
"ਬ੍ਰਹਮਾ ਬਿਸਨੁ ਮਹੇਸਰ ਬੇਧੇ।"
-ਗੋਂਡ ਕਬ, ੮, ੪:੩ (872)

ਬੇਨ ------- ਬੀਨ
"ਅਨਿਕ ਪਾਰਜਾਤ ਅਨਿਕ ਮੁਖਿ ਬੇਨ।"
-ਸਾਰ ੫, ਅਸ ੨, ੫:੨ (1236)

ਬੇਨਜਰ ----- ਇਲਾਜ (ਸ਼ਬਦਾਰਥ); ਗਿਆਨਹੀਨ (ਮਹਾਨ ਕੋਸ਼)
"ਬਦਬਖਤ ਹਮਚੁ ਬਖੀਲ ਗਾਫਿਲ ਬੇਨਜਰ ਬੇਬਾਕ।"
-ਤਿਲੰ ੧, ੧, ੪:੧ (721)

ਬੇਨਤਿ ----- ਬੇਨਤੀ, ਵਿਸ਼ੇ, ਅਰਜ਼
"ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ।"

-ਸਵ ੪, ਨਲ ੭:੫ (1399)

ਬੇਨਤੀ –

(1) ਨਮਰ ਹੋ ਕੇ ਕਹਿਣਾ, ਆਜਿਜ਼ੀ ਨਾਲ ਕਹੀ ਹੋਈ ਗੱਲ

“ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ।”

-ਸਿਰੀ ੧, ੨੫, ੪:੧ (23)

ਹੋਰ ਰੂਪ:

ਬੇਨੰਤੀ –

“ਨਾਨਕ ਦਾਸੁ ਕਹੈ ਬੇਨੰਤੀ ਹਉ ਲਾਗਾ ਤਿਨ ਕੈ ਪਾਏ।”

-ਸੋਰ ੩, ੫, ੪:੩ (601)

“ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ।”

-ਧਨ ੧, ਛੰਤ ੧, ੪:੬ (688)

ਬੇਨੰਤੀਆ –

“ਨਾਨਕ ਕੀ ਬੇਨੰਤੀਆ ਮੈ ਤੇਰਾ ਜੋਰੁ।” (ਨਮਰ ਕਥਨ)

-ਬਿਲਾ ੫, ੭੩, ੨:੨ (818)

(2) ਅਰਦਾਸ, ਆਜਿਜ਼ੀ ਨਾਲ ਕੀਤੀ ਯਾਚਨਾ, ਅਰਜ਼

“ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ।”

-ਗਉ ੫, ੧੧੯, ੧*:੨ (204)

ਹੋਰ ਰੂਪ:

ਬੇਨੰਤੀ –

“ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ।”

-ਗਉ ੫, ਸੋਹ ੫, ੧:੧ (13)

ਬੇਨੰਤੀਆ –

“ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ।” (ਅਰਦਾਸ, ਬੇਨਤੀ)

-ਮਾਝ ੫, ਬਾਰਾ ੧:੯ (133)

“ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ।”

-ਜੈਤ ੫, ਛੰਤ ੧, ੧:੧ (703)

ਬੇਨਾਧਾ ------ ਨਾਸ ਹੋਣਾ

“ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ।”

-ਸਾਰ ੫, ੬, ੧:੧ (1204)

ਬੇਨਿਵਾਜਾ --- ਨਮਾਜ਼ ਨ ਕਰਨ ਵਾਲਾ

“ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ।”

-ਸਲੋ ਫਰ, ੭੦:੧ (1381)

ਬੇਨੁ -------- ਬੀਨ

“ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ।”

-ਰਾਮ ਨਾਮ, ੨, ੧:੨ (972)

ਬੇਪਰਵਾਹ --- (ਫਾ. ਬੇਪਰਵਾ) ਬੇਫਿਕਰ, ਪਰਵਾ (ਇਛਾ) ਰਹਿਤ

“ਦੂਸਨ ਨਾਹੀ ਅਵਰ ਕੋ ਨਾਨਕ ਬੇਪਰਵਾਹ।”

-ਗਉ ੫, ਬਾਅ ੧੨ਸ:੨ (252)

"ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ।" (ਭਾਵ ਪ੍ਰਭੂ)

-ਸਲੋ ਫਰ, ੩੨:੨ (1379)

ਹੋਰ ਰੂਪ:

ਬੇਪਰਵਾਹਾ –

"ਨਾਨਕ ਜਨੁ ਨਾਮੁ ਸਲਾਹੇ ਬਿਗਸੈ ਸੋ ਨਾਮੁ ਬੇਪਰਵਾਹਾ ਹੇ।"

-ਮਾਰੂ ੩, ਸੋਲਾ ੧੧, ੧੬:੩ (1055)

ਬੇਪਰਵਾਹੁ –

"ਬੇਪਰਵਾਹੁ ਰਹਤ ਹੈ ਸੁਆਮੀ ਇਕ ਨਾਮ ਕੈ ਆਧਾਰਾ।" (ਅਨਗਰਜ਼, ਮਸਤ)

-ਰਾਮ ੫, ੫, ੨:੨ (884)

ਬੇਪਰਵਾਹੇ –

"ਪਾਰਬ੍ਰਹਮ ਗੁਰ ਬੇਪਰਵਾਹੇ।"

-ਗੋਂਡ ੫, ੧, ੪:੨ (869)

ਬੇਪੀਰਿ ----- ਨਿਗੁਰਾ, ਜਿਸਦਾ ਕੋਈ ਪੀਰ (ਗੁਰੂ) ਨ ਹੋਵੇ

"ਸੁਨਿ ਅੰਧਲੀ ਲੋਈ ਬੇਪੀਰਿ।"

-ਗੋਂਡ ਕਬ, ੬, ੪:੩ (871)

ਬੇਬ ------- ਬੇਬੇ, ਭੈਣ

"ਤੀਜੈ ਭਯਾ ਭਾਭੀ ਬੇਬ।"

-ਮਾਝ ੧, ਵਾਰ ੧ਸ, ੧, ੨:੩ (137)

ਬੇਬਰਜਤ --- ਵਿਵਰਜਿਤ, ਮਨ੍ਹਾ ਕੀਤੀ ਹੋਈ

"ਬੇਬਰਜਤ ਬੇਦ ਸੰਤਨਾ ਉਆਹੂ ਸਿਉ ਰੇ ਹਿਤਨੋ।"

-ਗਉ ੫, ੧੪੮, ੧:੧ (212)

ਬੇਬਾ ------ ਬੇਬ, ਭੈਣ

"ਸੰਗਿ ਨ ਕੋਈ ਭਈਆ ਬੇਬਾ।"

-ਮਾਰੂ ੫, ਅਸ ੮, ੩:੧ (1020)

ਬੇਬਾਕ ----- ਹਿਸਾਬ ਤੋਂ ਮੁਕਤ ਭਾਵ ਨਿਡਰ

"ਬਦਬਖਤ ਹਮਚੁ ਬਖੀਲ ਗਾਫਿਲ ਬੇ ਨਜਰ ਬੇਬਾਕ।"

-ਤਿਲੰ ੧, ੧, ੪:੧ (721)

ਬੇਬਾਣ ----- ਬੀਆਬਾਨ ਜੰਗਲ

"ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ।"

-ਆਸਾ ੧, ਵਾਰ ੮ਸ, ੧, ੨:੨ (467)

ਹੋਰ ਰੂਪ:

ਬੇਬਾਨਿ –

"ਸੋ ਪ੍ਰਭੁ ਚਿਤਿ ਨ ਆਇਓ ਛੁਟੈਗੀ ਬੇਬਾਨਿ।" (ਜੰਗਲ ਵਿਚ)

-ਸਿਰੀ ੫, ੭੩, ੧:੨ (43)

ਬੇਬਾਣੀ –

“ਰਹੈ ਬੇਬਾਣੀ ਮੜੀ ਮਸਾਣੀ।” (ਜੰਗਲਾਂ ਵਿਚ)
-ਆਸਾ ੧, ਵਾਰ ੯ਸ, ੧, ੨:੧੩ (467)

ਬੇਬਾਣੁ ----- ਮੁਰਦਾ ਚੁਕਣ ਵਾਲਾ ਤਖਤਾ, ਅਰਥੀ
“ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ ਬੇਬਾਣੁ ਹਰਿ ਰੰਗੁ ਗੁਰ ਭਾਵਏ।”
-ਰਾਮ ਸੁੰਦ, ਸਦ ੫:੩ (923)

ਬੇਬਾਣੈ ----- ਜੰਗਲਾਂ ਵਿਚ (ਰਹਿਣਾ)
“ਨਾਮ ਬਿਨਾਂ ਗਤਿ ਕੋਇ ਨ ਪਾਵੈ ਹਤਿ ਨਿ ਗ੍ਰਹਿ ਬੇਬਾਣੈ।”
-ਗਉ ੧, ਛੰਤ ੨, ੩:੫ (243)

ਬੇਹੁਤਾਜ ---- ਜਿਸ ਨੂੰ ਕਿਸੇ ਦੀ ਮੁਹਤਾਜੀ ਨਾ ਹੋਵੇ
“ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ।”
-ਸਿਰੀ ੫, ੯੭, ੨:੨ (51)

ਹੋਰ ਰੂਪ:

ਬੇਮੁਹਤਾਜੁ –
“ਬੇਮੁਹਤਾਜੁ ਪੂਰਾ ਪਾਤਿਸਾਹੁ।” (ਜਿਸ ਨੂੰ ਕਿਸੇ ਦੀ ਮੁਕਤੀ ਨਹੀਂ)
-ਗਉ ੫, ੯੫, ੪:੧ (184)

ਬੇਮੁਹਤਾਜੇ –
“ਪ੍ਰਭ ਕਉ ਸਿਮਰਹਿ ਸਿ ਬੇਮੁਹਤਾਜੇ।”
-ਗਉ ੫, ਸੁਖ ੧, ੫:੫ (263)

ਬੇਮੁਖ ------ ਮੁਨਕਰ, ਮੂੰਹ ਦੂਜੇ ਪਾਸੇ ਫੇਰਨ ਵਾਲਾ
“ਜੋ ਬੇਮੁਖ ਗੋਬਿੰਦ ਤੇ ਪਿਆਰੇ ਤਿਨ ਕੁਲਿ ਲਾਗੈ ਗਾਲਿ।”
-ਸੋਰ ੫, ਅਸ ੨, ੬:੨ (641)

ਬੇਮੁਖਾਈ --- ਬੇਮੁਖਤਾ, ਮੂੰਹ ਮੋੜਿਆ ਹੋਣਾ
“ਜਿਹ ਪ੍ਰਭੁ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ।”
-ਸੋਰ ੫, ੧੫, ੩:੨ (613)

ਬੇਮੁਖੁ ------ ਵੇਮੁਖ, ਜਿਸ ਨੂੰ ਦੂਜੇ ਪਾਸੇ ਮੂੰਹ ਮੋੜਿਆ ਹੋਵੇ
“ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਚੀਨਾ।”
-ਗਉ ੫, ੧੪੭, ੧*:੧ (195)

ਬੇਰ ------- ਵਾਰੀ, ਵੇਰ
“ਕਹਿ ਕਬੀਰ ਅੰਤ ਕੀ ਬੇਰ ਆਇ ਲਗੋ ਕਾਲੁ ਨਿਦਾਨਿ।”
-ਕੇਦਾ ਕਬ, ੫, ੨:੨ (1124)

ਬੇਰਾ ------ (1) ਵੇਲਾ, ਵਕਤ, ਸਮਾਂ
“ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ।”
-ਗਉ ੫, ਬਾਅ ੧੯:੪ (254)

(2) ਵੇਰਾਂ, ਵਾਰੀ
“ਬਲਿਹਾਰੈ ਨਾਨਕ ਲਖ ਬੇਰਾ ਮੇਰੇ ਠਾਕੁਰ ਅਗਮ ਅਗਾਧਿਓ।”

-ਦੇਵ ੫, ੧੩, ੨:੨ (530)

ਬੇਰਾਵੈ ----- ਪਰਚਾਉਂਦੀ ਹੈ
"ਮੁਖਿ ਬੇਰਾਵੈ ਅੰਤਿ ਠਗਾਵੈ।"
-ਰਾਮ ੫, ੨੯, ੩:੧ (892)

ਬੇਰਿ ------ ਬੇਰੀ, ਇਕ ਫਲਦਾਰ ਦਰਖਤ
"ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ।"
-ਸਲੋ ਕਬ, ੮੮:੧ (1369)

ਬੇਰੀ ------ ਬੇੜੀ, ਬੰਧਨ
"ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ।"
-ਬਿਹਾ ੫, ਛੰਤ ੬, ੨:੩ (545)

ਬੇਰੀਆ ---- ਵਾਰੀ
"ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ।"
-ਮਾਝ ੫, ਬਾਰਾ ੧੧:੭ (135)

ਬੇਰੇ ------- ਵੇਲੇ, ਸਮੇਂ
"ਹਰਿ ਨਾਨਕ ਬਿਸਰੁ ਨ ਕਾਹੂ ਬੇਰੇ।"
-ਬਿਲਾ ੫, ੧੯, ੨:੨ (806)

ਹੋਰ ਰੂਪ:

ਬੇਰੈ –
"ਪ੍ਰਭ ਕ੍ਰਿਪਾ ਤੇ ਸੰਤ ਪਾਏ ਵਾਰਿ ਵਾਰਿ ਨਾਨਕ ਉਹ ਬੇਰੈ।" (ਵੇਲੇ)
-ਕਾਨ ੫, ੧੬, ੪:੨ (1301)

ਬੇੜ੍ਹੇ ------- ਵਲਿਆ ਹੋਇਆ
"ਮੈਲਾਗਰ ਬੇੜ੍ਹੇ ਹੈ ਭੁਇ ਅੰਗਾ।"
-ਗੂਜ ਰਵਿ, ੧, ੨:੧ (525)

ਬੇਲ ------- ਵੇਲ
"ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ।"
-ਆਸਾ ੪, ੬੧, ੨:੨ (368)

ਬੇਲਾ ------ ਵੇਲਾ, ਸਮਾਂ
"ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ।"
-ਗਉ ੫, ਸੋਹ ੫, ੧:੧ (13)

ਬੇਲਿ ------ ਵੇਲ
"ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ।"
-ਆਸਾ ੧, ੮, ੧:੧ (351)

ਬੇਲੀ ------ (1) ਮਿਤਰ, ਦੋਸਤ
"ਪੁਤੁ ਕਲਤੁ ਮੋਹੁ ਬਿਖੁ ਹੈ ਅੰਤਿ ਬੇਲੀ ਕੋਇ ਨ ਹੋਇ।"
-ਸਿਰੀ ੪, ੭੦, ੧*:੨ (41)

ਹੋਰ ਰੂਪ:

ਬੇਲੀਆ –
"ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ।" (ਮਿਤਰ)
– ਤੁਖਾ ੧, ਛੰਤ ੨, ੪:੪ (1110)

ਬੇਣਜੀਰ ---- ਜਿਸ ਨੂੰ ਵਜ਼ੀਰ ਭਾਵ ਸਲਾਹਕਾਰ ਦੀ ਲੋੜ ਨਹੀਂ
"ਬੇਵਜੀਰ ਬਡੇ ਧੀਰ ਧਰਮ ਅੰਗ ਅਲਖ ਅਗਮ ਖੇਲੁ ਕੀਆ ਆਪਣੈ ਉਛਾਹਿ ਜੀਉ।"
–ਸਵ ੪, ਗਯੰ ੮:੨ (1402)

ਬੇੜਾ ------ ਬੇੜੀ, ਨਉਕਾ, ਵਡੀ ਬੇੜੀ
"ਨਾਨਕ ਨਾਉ ਬੇੜਾ ਨਾਉ ਤੁਲਹੜਾ ਭਾਈ ਜਿਤੁ ਲਗਿ ਪਾਰਿ ਜਨ ਪਾਇ।"
–ਸੋਰ ੩, ੯, ੪:੨ (603)
"ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ।" (ਜੀਵਨ ਬੇੜਾ ਭਾਵ ਸਰੀਰ)
–ਸਲੋ ਕਬ, ੩੫:੧ (1366)

ਬੇੜੀ ------ (1) ਨਾਉਕਾ
"ਨਾ ਬੇੜੀ ਨ ਤੁਲਹੜਾ ਨਾ ਪਾਈਐ ਪਿਰੁ ਦੂਰਿ।"
–ਸਿਰੀ ੧, ੯, ੧:੩ (17)
(2) ਬੰਧਨ, ਫਾਹੀ, ਜੰਜੀਰ
"ਸਰਨਿ ਤੇਰੀ ਕਟਿ ਮਹਾ ਬੇੜੀ ਇਕੁ ਨਾਮੁ ਦੇਹਿ ਅਧਾਰਾ।"
–ਬਿਹਾ ੫, ਛੰਤ ੭, ੪:੫ (546)
(3) ਵ੍ਹੇੜੀ, ਲਿਬੜੀ ਹੋਈ
"ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ।"
–ਸਲੋ ਫਰ, ੩੩:੨ (1379)

ਬੇੜੁ ------- ਬੇੜਾ
"ਸਤਿਗੁਰੁ ਬੋਹਿਥੁ ਬੇੜੁ ਸਚਾ ਰਖਸੀ।"
–ਮਲਾ ੧, ਵਾਰ ੨੬:੫ (1290)

ਬੇੜੁਲਾ ----- ਬੇੜਾ
"ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ।"
–ਸੂਹੀ ੨, ੪, ੧:੧ (729)

ਬੇੜੇ ------- ਬੇੜੀ ਵਿਚ, ਨਉਕਾ ਵਿਚ
"ਸਭੁ ਪਰਵਾਰੁ ਚੜਾਇਆ ਬੇੜੇ।"
–ਗਉ ਕਬ, ੬੧, ੧*:੨ (337)

ਹੋਰ ਰੂਪ:

ਬੇੜੈ –
"ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ।" (ਬੇੜੀ ਵਿਚ)
–ਸੋਰ ੩, ਅਸ ੨, ੨:੨ (638)

ਬੇੜ੍ਹਿਓ ----- ਵੇੜ੍ਹਿਆਂ ਹੋਇਆ, ਘਿਰਿਆ ਹੋਇਆ

“ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ।”
-ਸਲੋ ਕਬ, ੧੧:੨ (1365)

ਬੈ -------- (1) (ਅ. ਬੈ) ਖਰੀਦਨਾ
“ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ।”
-ਆਸਾ ੫, ੩੮, ੧:੨ (379)
(2) ਮੁਲ/ਕੀਮਤ ਲੈ ਕੇ ਦੇਣਾ
“ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ।”
-ਸੂਹੀ ੧, ੭, ੪:੧ (730)

ਬੈਆਲੰ ----- ਜਿਸ ਦਾ ਘਰ ਨਾਲ ਰਹਿਤ ਹੈ ਅਰਥਾਤ ਥਿਰ ਹੈ
“ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ ਕਰਮਿ ਮਿਲੈ ਬੈਆਲੰ।”
-ਮਲਾ ੧, ਅਸ ੪, ੮:੨ (1275)

ਬੈਸ ------- ਵੈਸ਼, ਖੇਤੀ ਤੇ ਵਪਾਰ ਕਰਨ ਵਾਲਾ ਵਿਅਕਤੀ
“ਬ੍ਰਹਮਨ ਬੈਸ ਸੂਦ ਅਰੁ ਖੵਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।”
-ਬਿਲਾ ਰਵਿ, ੨, ੧:੧ (858)

ਬੈਸਉ ----- ਬੈਠਦਾ ਹਾਂ
“ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ।”
-ਆਸਾ ੧, ੩੭, ੨:੧ (360)

ਬੈਸਈ ----- ਬੈਠਦੀ
“ਸਾ ਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ।”
-ਸਿਰੀ ੧, ਅਸ ੨, ੪:੧ (54)

ਬੈਸਹ ------ ਬੈਠਣਾ
“ਜਹ ਬੈਸਾਵਹਿ ਬੈਸਹ ਭਾਈ ਜਾ ਭੇਜਹਿ ਤਹ ਜਾਉ।”
-ਸਲੋ ੩, ੫੧:੩ (1419)

ਹੋਰ ਰੂਪ:

ਬੈਸਹਿ –
“ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ।” (ਬੈਠਦਾ ਹੈ)
-ਆਸਾ ੫, ੧੨੩, ੪:੧ (402)

ਬੈਸਹੁ –
“ਸੁਖਿ ਬੈਸਹੁ ਸੰਤ ਸਾਜਨ ਪਰਵਾਰੁ।” (ਬੈਠੋ)
-ਗਉ ੫, ੯੬, ੪:੧ (185)

ਬੈਸਕ ------ ਬਹਿਣੀ, ਸੰਗਤ, ਬੈਠਕ, ਸੁਹਬਤ
“ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ।”
-ਗੂਜ ੫, ਵਾਰ ੧੦ਸ, ੫, ੨:੧ (520)

ਬੈਸਣ ------ ਬੈਠਣ ਲਈ
“ਦਰਗਹ ਬੈਸਣ ਨਾਹੀ ਥਾਉ।”

-ਆਸਾ ੧, ੧੮, ੨:੨ (354)

ਬੈਸਣਹਾਰੁ --- ਬੈਠਣ ਵਾਲੇ
“ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ।”
-ਆਸਾ ੧, ਵਾਰ ੧੦ਸ, ੧, ੧:੨ (468)

ਬੈਸਣਾ ----- ਬੈਠਣਾ
“ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ।”
-ਸਿਰੀ ੧, ਅਸ, ੧੭, ੧:੧ (64)

ਹੋਰ ਰੂਪ:

ਬੈਸਣਿ –
“ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ।” (ਬੈਠਣ)
-ਆਸਾ ੧, ਛੰਤ ੨, ੧:੫ (436)

ਬੈਸਣੁ –
“ਤਾ ਦਰਗਹ ਬੈਸਣੁ ਪਾਈਐ।” (ਬੈਠਣਾ)
-ਸਿਰੀ ੧, ੩੩, ੪:੨ (26)

ਬੈਸਤ ------ ਬੈਠੇ
“ਜਿਉ ਸੁਪਨੈ ਹੋਇ ਬੈਸਤ ਰਾਜਾ।”
-ਗਉ ੫, ੮੦, ੨:੩ (179)
“ਚਾਲਤ ਬੈਸਤ ਸੋਵਤ ਹਰਿ ਜਸੁ ਮਨਿ ਤਨਿ ਚਰਨ ਖਟਾਨੀ।” (ਬੈਠਦਿਆਂ)
-ਆਸਾ ੫, ੧੩੫, ੨:੧ (404)

ਬੈਸੰਤਰ ---- ਅਗਨੀ, ਅੱਗ
“ਕਈ ਕੋਟਿ ਪਵਣ ਪਾਣੀ ਬੈਸੰਤਰ।”
-ਗਉ ੫, ਸੁਖ ੧੦, ੩:੫ (275)

ਹੋਰ ਰੂਪ:

ਬੈਸੰਤਰੰ –
“ਜੇਨ ਕਲਾ ਧਾਰਿਓ ਆਕਾਸੰ ਬੈਸੰਤਰੰ ਕਾਸਟ ਬੇਸਟੰ।” (ਅਗਨੀ)
-ਸਸ ੫, ੫੩:੧ (1359)

ਬੈਸੰਤਰਿ –
“ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ।” (ਅਗਨੀ ਵਿਚ)
-ਸਿਰੀ ੧, ਅਸ ੧੪, ੨:੧ (62)

ਬੈਸੰਤਰੁ –
“ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ।” (ਅਗਨੀ)
-ਮਾਝ ੩, ਅਸ ੧੪, ੨:੨ (117)

ਬੈਸੰਤਰੋ –
“ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ।” (ਅੱਗ)
-ਬਿਹਾ ੪, ਛੰਤ ੪, ੪:੨ (540)

ਬੈਸਤੇ ------ ਬੈਠਣ ਨਾਲ
“ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ।”
-ਰਾਮ ੫, ਵਾਰ ੨੦ਸ, ੫, ੨:੨ (965)

ਬੈਸਨਉ ---- ਵਿਸ਼ਣੂ ਦਾ ਉਪਾਸ਼ਕ
“ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ।”
-ਸਲੋ ਕਬ, ੫੨:੧ (1367)

ਬੈਸਨਿ ----- ਬੈਠਣ
“ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ।”
-ਗਉ ੫, ਵਾਰ ੫:੧ (319)

ਹੋਰ ਰੂਪ:

ਬੈਸਨੁ –
“ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ।” (ਬੈਠਣਾ, ਭਾਵ ਵਾਸਾ, ਵਸੋਂ)
-ਸਾਰ ੫, ੩੧, ੧:੨ (1210)

ਬੈਸਨੋ ------ ਵਿਸ਼ਨੂੰ ਦਾ ਉਪਾਸ਼ਕ
“ਸੋ ਬੈਸਨੋ ਹੈ ਅਪਰ ਅਪਾਰੁ।”
-ਗਉ ੫, ੧੬੫, ੪:੧ (199)

ਹੋਰ ਰੂਪ:

ਬੈਸਨੌ –
“ਜਿਹ ਕੁਲ ਸਾਧੁ ਬੈਸਨੌ ਹੋਇ।”
-ਬਿਲਾ ਰਵਿ, ੨, ੧*:੧ (858)

ਬੈਸਾ ------ (1) ਬੈਠਾ
“ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।”
-ਸਿਰੀ ੧, ੧, ੩:੨ (14)

ਹੋਰ ਰੂਪ:

ਬੈਸਾਇ –
“ਇਕਿ ਬੈਸਾਇ ਰਖੇ ਗ੍ਰਿਹ ਅੰਤਰਿ।”
-ਮਾਰੂ ੫, ਸੋਲਾ ੧੦, ੫:੧ (1081)

(2) ਝਾੜ ਟਾਹਣੀਆਂ
“ਤਲੈ ਰੇ ਬੈਸਾ ਊਪਰਿ ਸੂਲਾ।”
-ਆਸਾ ਕਬ, ੨੨, ੩:੧ (481)

ਬੈਸਾਲਹਿ --- ਬੈਠਾਵੇ
“ਜਹ ਬੈਸਾਲਹਿ ਤਹ ਬੈਸਾ ਸੁਆਮੀ ਜਹ ਭੇਜਹਿ ਤਹ ਜਾਵਾ।”
-ਮਾਰੂ ੩, ੧, ੧:੧ (993)

ਬੈਸਾਵਹਿ ---- ਬੈਠਾਵੇ

"ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ।"
-ਸਲੋ ੩, ੫੧:੩ (1419)

ਬੈਸਿ ------ ਬੈਠ ਕੇ
"ਸਚ ਘਰਿ ਬੈਸਿ ਰਹੇ ਗੁਣ ਗਾਏ ਨਾਨਕ ਬਿਨਸੇ ਕੂਹਾ ਜੀਉ।"
-ਮਾਝ ੫, ੧੮, ੪:੧ (100)

ਹੋਰ ਰੂਪ:

ਬੈਸਿਓ -
"ਚਰਣ ਤਲੈ ਉਗਾਹਿ ਬੈਸਿਓ ਸ੍ਰਮੁ ਨ ਰਹਿਓ ਸਰੀਰਿ।" (ਬੈਠ ਜਾਂਦਾ ਹੈ)
-ਮਾਰੂ ੫, ਅਸ ੩, ੨:੧ (1017)
"ਅਜੁ ਮੈ ਬੈਸਿਓ ਹਰਿ ਹਾਟ।" (ਬੈਠਾ ਹਾਂ)
-ਮਲਾ ੫, ੧੪, ੧*:੧ (1269)

ਬੈਸੀਐ -
"ਤਿੰਨਾ ਪਾਸਿ ਨ ਬੈਸੀਐ ਓਨਾ ਘਰੁ ਨ ਗਿਰਾਉ।" (ਬੈਠੀਐ)
-ਸਿਰੀ ੩, ਅਸ ੨੦, ੪:੨ (66)

ਬੈਸੁ ------- (1) ਵੈਸ਼, ਕਿਰਸਾਨੀ ਅਥਵਾ ਵਪਾਰ ਕਰਨ ਵਾਲਾ ਮਨੁੱਖ
"ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ।"
-ਗਉ ੫, ਥਿਤੀ ੧੭:੭ (300)

(2) ਬੈਠ
"ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ।"
-ਰਾਮ ੩, ਅਸ ੧, ੩:੧ (908)

ਹੋਰ ਰੂਪ:

ਬੈਸੇ -
"ਹਰਿ ਧਨੁ ਚਲਤੇ ਹਰਿਧਨੁ ਬੈਸੇ ਹਰਿਧਨੁ ਜਾਗਤ ਸੂਤਾ।" (ਬੈਠਿਆ)
-ਗੂਜ ੫, ੩, ੧*:੨ (495)

ਬੈਸੈ -
"ਜਹ ਬੈਸਉ ਤਹ ਨਾਲੇ ਬੈਸੈ।" (ਬੈਠੇ)
-ਆਸਾ ੫, ੪, ੩:੧ (371)

ਬੈਸ੍ਨਵਹ ----- ਵਿਸ਼ਨੂੰ ਦਾ ਉਪਾਸ਼ਕ ਸਾਧ
"ਆਵਧ ਹੀਣੰ ਜਥਾ ਸੂਰਾ ਨਾਨਕ ਧਰਮ ਹੀਣੰ ਤਥਾ ਬੈਸ੍ਨਵਹ।"
-ਸਸ ੫, ੫੬:੨ (1359)

ਬੈਸ੍ਵਾਂਤਰਹ --- ਅਗਨੀ ਵਿਚ
"ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ਯ ਬੈਸਾਂਤਰਹ।"
-ਸਸ ੫, ੧੭:੧ (1355)

ਬੈਹਣਾ ----- (1) ਸਿੰਘਾਸਨ, ਤਖਤ
"ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ।"
-ਰਾਮ ਬਸ, ਵਾਰ ੬:੧ (967)

(2) ਸਥਾਨ
“ਸਚੇ ਸਚਾ ਬੈਹਣਾ ਨਦਰੀ ਨਦਰਿ ਪਿਆਰਿ।”
-ਮਾਰੂ ੧, ਅਸ ੯, ੬:੨ (1015)

ਬੈਹਣੇ ------ (1) ਬੈਠਣ ਉਠਣ, ਸੰਗਤ
“ਸੇਈ ਸੁੰਦਰ ਸੋਹਣੇ।”
“ਸਾਧਸੰਗਿ ਜਿਨ ਬੈਹਣੇ।”
-ਮਾਝ ੫, ਅਸ ੩੮, ੩:੧;੨ (132)
(2) ਬੈਠਣ ਦਾ ਸਥਾਨ, ਭਾਵ ਤਖਤ
“ਕਿਤੀ ਬੈਹਨ੍ਹਿ ਬੈਹਣੇ ਮੁਚੁ ਵਜਾਇਨਿ ਵਜ।”
-ਗੂਜ ੫, ਵਾਰ ੨ਸ, ੫, ੨:੧ (518)

ਬੈਹਨ੍ਹਿ ----- ਬੈਠਦੇ ਹਨ
“ਕਿਤੀ ਬੈਹਨ੍ਹਿ ਬੈਹਣੇ ਮੁਚੁ ਵਜਾਇਨਿ ਵਜ।”
-ਗੂਜ ੫, ਵਾਰ ੨ਸ, ੫, ੨:੧ (518)

ਬੈਕੁੰਠ ----- ਸਵਰਗ, ਵਿਸ਼ਨੂੰ ਜੀ ਦਾ ਨਿਵਾਸ ਸਥਾਨ
“ਜਾਸੁ ਜਪਤ ਕਈ ਬੈਕੁੰਠ ਵਾਸੁ।”
-ਗਉ ੫, ਅਸ ੨, ੫:੩ (236)

ਹੋਰ ਰੂਪ:

ਬੈਕੁੰਠਹ –
“ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ।”
-ਸਾਰ ੫, ੨੩, ੧*:੨ (1208)

ਬੈਕੁੰਠਹਿ –
“ਅਜੈਮਲ ਕੀਓ ਬੈਕੁੰਠਹਿ ਥਾਨ।” (ਬੈਕੁੰਠ ਵਿਚ)
-ਗੋਂਡ ਨਾਮ, ੫, ੨:੨ (874)

ਬੈਕੁੰਠਿ –
“ਨਿੰਦਾ ਹੋਇ ਤ ਬੈਕੁੰਠਿ ਜਾਈਐ।”
-ਗਉ ਕਬ, ੭੧, ੧:੧ (339)

ਬੈਕੁੰਠੁ –
“ਜਿਥੈ ਰਖਹਿ ਬੈਕੁੰਠੁ ਤਿਥਾਈ ਤੂੰ ਸਭਨਾ ਕੇ ਪ੍ਰਤਿਪਾਲਾ ਜੀਉ।”
-ਮਾਝ ੫, ੪੦, ੩:੩ (106)

ਬੈਕੁੰਠੈ –
“ਸਾਧਸੰਗਤਿ ਬੈਕੁੰਠੈ ਆਹਿ।”
-ਗਉ ਕਬ, ੧੦, ੪:੨ (325)
“ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ।”
-ਆਸਾ ੧, ੩੮, ੧:੧ (360)

ਬੈਖਰੀਦੁ ---- ਮੁਲ ਖਰੀਦਿਆ
“ਮੈ ਬੰਦਾ ਬੈਖਰੀਦੁ ਸਚੁ ਸਾਹਿਬ ਮੇਰਾ।”
-ਆਸਾ ੫, ੧੦੩, ੧:੧ (396)

ਬੈਠ ------- ਬੈਠੇ
"ਮੁਖਿ ਅਧਿਆਉ ਬੈਠ ਕਉ ਦੈਨ।"
-ਗਉ ੫, ਸੁਖ ੪, ੧:੮ (267)

ਬੈਠਕਾ ----- ਬੈਠਣ ਦਾ ਥਾਂ ਭਾਵ ਨਿਵਾਸ ਸਥਾਨ
"ਸਚੁਥਾਨੁ ਸਚੁ ਬੈਠਕਾ ਸਚੁ ਸੁਆਉ ਬਣਾਇਆ।"
-ਮਾਰੂ ੫, ੧੪, ੪:੧ (1002)

ਬੈਠਣੁ ------ ਬਹਿਣ
"ਸਾਧਸੰਗਿ ਤਾ ਬੈਠਣੁ ਪਾਵਉ।"
-ਗਉ ੫, ੯੧, ੪:੨ (183)

ਬੈਠਤ ------ (1) ਬੈਠਦਿਆਂ
"ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ।"
-ਮਾਝ ੫, ੨੪, ੧:੧ (101)
(2) ਬੈਠਿਆਂ ਬੈਠਿਆਂ
"ਕਈ ਕੋਟਿ ਬੈਠਤ ਹੀ ਖਾਹਿ।"
-ਗਉ ੫, ਸੁਖ ੧੦, ੫:੫ (276)
(3) ਬੈਠਦੇ ਹਨ
"ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ।"
-ਸੋਰ ੯, ੧੨, ੧:੧ (634)

ਬੈਠਨੁ ------ ਭਾਵ ਸੰਗਤ
"ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ।"
-ਬਿਲਾ ੫, ੧੨੦, ੧:੧ (828)

ਹੋਰ ਰੂਪ:

ਬੈਠਨੋ –
"ਸੰਗਿ ਬੈਠਨੋ ਕਹੀ ਨ ਪਾਵਤ ਹੁਣਿ ਸਗਲ ਚਰਣ ਸੇਵਈ।" (ਬੈਠਣ ਲਈ)
-ਆਸਾ ੫, ੧੨੪, ੨:੨ (402)

ਬੈਠੜੀਆਹ -- ਬੈਠੀਆਂ ਹਨ
"ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।"
-ਮਾਝ ੫, ਬਾਰਾ ੧੦:੧ (135)

ਬੈਠਾ ------ ਬਹਿਣਾ
"ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।" (ਭਾਵ ਪਕੀ ਤਰ੍ਹਾਂ ਸਥਿਰ ਹੋਣਾ)
-ਸਿਰੀ ੧, ੧, ੪:੧ (14)
"ਦੁਰਮਤਿ ਕਾ ਦੁਖੁ ਕਟਿਆ ਭਾਗੁ ਬੈਠਾ ਮਸਤਕਿ ਆਇ ਜੀਉ।" (ਬਹਿ ਗਿਆ)
-ਸਿਰੀ ੧, ਅਸ ੨੮, ੧੧:੩ (72)
(2) ਸਥਿਤ
"ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ।"
-ਆਸਾ ੧, ੮, ੩:੨ (351)

ਬੈਠਾਯਉ ---- **ਬੈਠਾਇਆ, ਸਥਿਤ ਕੀਤਾ**
"ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ।"
–ਸਵ ੫, ਹਰਿ ੨:੨ (1409)

ਬੈਠਾਲੀ ----- **ਬੈਠਾਇਆ ਹੈ**
"ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ।"
–ਆਸਾ ੫, ੧, ੧:੨ (370)

ਬੈਠਾਵਹੁ ---- **ਸਥਿਤ ਕਰੋ, ਬਹਾਲੋ**
"ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ।"
–ਭੈਰ ੫, ੩੬, ੨:੩ (1146)

ਬੈਠਿ ------ **ਬੈਠ ਕੇ, ਬਹਿ ਕੇ**
"ਜੂਠੀ ਕਰਛੀ ਪਰੋਸਨ ਲਾਗਾ ਜੂਠੇ ਹੀ ਬੈਠਿ ਖਾਇਆ।"
–ਬਸੰ ਕਬ, ੭, ੩:੨ (1195)

ਹੋਰ ਰੂਪ:

ਬੈਠਿਆ –
"ਬਿਨੁ ਭਾਗਾ ਸਤਿਗੁਰੁ ਨ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ।" (ਬੈਠੇ ਹੋਇਆ)
–ਸਿਰੀ ੫, ੬੭, ੩:੧ (40)

ਬੈਠੀ –
"ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ।" (ਬੈਠੀ ਹੈ) (ਸਥਿਤ ਹੈ)
–ਗਉ ੧, ੧੪, ੨:੧ (155)

ਬੈਠੀਆ –
"ਜੋਬਨੁ ਗਇਆ ਬਿਤੀਤਿ ਜਰੁ ਮਲਿ ਬੈਠੀਆ।" (ਬੈਠਾ ਹੈ)
–ਜੈਤ ੫, ਛੰਤ ੩, ੩:੧ (705)

ਬੈਠੀਆਂ –
"ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆਂ ਨਾਲਿ।"
–ਸਿਰੀ ੪, ਵਾਰ ੨੦ਸ, ੧, ੧:੨ (91)

ਬੈਠੁ –
"ਆਉ ਬੈਠੁ ਆਦਰੁ ਸੁਭ ਦੇਊ।" (ਬੈਠੋ, 'ਆਉ ਬੈਠੁ ਭਾਵ ਹੈ 'ਜੀ – ਆਇਆ')
–ਗਉ ੫, ਬਾਅ ੧੦:੪ (252)

ਬੈਠੇ –
"ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ।" (ਬਹਿ ਗਏ, ਸਥਿਤ ਹੋਏ)
–ਗਉ ੪, ਵਾਰ ੨੬:੫ (314)

"ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ।" (ਬੈਠਿਆਂ)
–ਆਸਾ ੫, ੬੨, ੨:੨ (386)

ਬੈਠੋ –

"ਮਲੈ ਨ ਲਾਛੈ ਪਾਰ ਮਲੋ ਪਰ ਮਲੀਓ ਬੈਠੋ ਰੀ ਆਈ।" (ਬੈਠਿਆ ਭਾਵ ਆ ਵਸਿਆ)

-ਗੂਜ ਨਾਮ, ੨, ੧:੧ (525)

"ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ।" (ਬੈਠਾ ਹੈ)

-ਬਸੰ ੯, ੩, ੧*:੨ (1187)

ਬੈਣ ------- **ਬਚਨ, ਬੋਲ, ਸੁਹਣੀਆਂ ਗਲਾਂ**

"ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ।"

-ਬਿਹਾ ੪, ਛੰਤ ੧, ੨:੧ (538)

ਹੋਰ ਰੂਪ:

ਬੈਣਾ –

"ਨਾ ਕੁਲ ਢੰਗੁ ਨ ਮੀਠੇ ਬੈਣਾ।" (ਬੋਲ)

-ਸੂਹੀ ੧, ਅਸ ੧, ੧*:੨ (750)

ਬੈਣੀ –

"ਕਾਨੀਂ ਕਾਲੁ ਸੁਣੈ ਬਿਖੁ ਬੈਣੀ।" (ਬੋਲ, ਬਚਨ)

-ਗਉ ੧, ਅਸ ੧੪, ੮:੨ (227)

"ਆਪਿ ਪਤੀਜੈ ਗੁਰ ਕੀ ਬੈਣੀ।" (ਬਚਨਾਂ ਦੁਆਰਾ)

-ਮਾਰੂ ੧, ਸੋਲਾ ੧, ੭:੨ (1020)

ਬੈਦ ------- **ਵੈਦ, ਹਕੀਮ**

"ਰਾਮ ਰਾਇ ਹੋਹਿ ਬੈਦ ਬਨਵਾਰੀ।"

-ਸੋਰ ਭੀਖ, ੧, ੧*:੧ (659)

ਬੈਦਕ ------ **ਹਕੀਮ**

"ਬੈਦਕ ਨਾਟਿਕ ਦੇਖਿ ਭੁਲਾਨੇ ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ।"

-ਬਿਲਾ ੪, ਅਸ ੬, ੨:੨ (836)

ਬੈਦੁ ------- **ਹਕੀਮ, ਵੈਦ**

"ਮੇਰਾ ਬੈਦੁ ਗੁਰੂ ਗੋਵਿੰਦਾ।"

-ਸੋਰ ੫, ੩੪, ੧*:੧ (618)

ਹੋਰ ਰੂਪ:

ਬੈਦੂੰ –

"ਬੈਦੂੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ।"

-ਸਸ ੫, ੪੯:੫ (1358)

ਬੈਨ ------- **(1) ਬਚਨ**

"ਸਾਧ ਕੈ ਸੰਗਿ ਮਨੋਹਰ ਬੈਨ।"

-ਗਉ ੫, ਸੁਖ ੭, ੨:੬ (271)

(2) ਬੀਨ

"ਸੁੰਦਰ ਕੁੰਡਲ ਮੁਕਟ ਬੈਨ।"

-ਮਾਰੂ ੫, ਸੋਲਾ ੧੧, ੧੦:੨ (1082)

"ਬੈਨ ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ।" (ਬਚਨਾਂ ਦੁਆਰਾ)

-ਸਲੋ ਕਬ, ੧੧੯:੨ (1370)

ਬੈਨਹੁ ------ ਬਚਨਾਂ ਵਿਚ

"ਨੈਨਹੁ ਸੂਤਕੁ ਬੈਨਹੁ ਸੂਤਕੁ ਸੂਤਕੁ ਸ੍ਰਵਨੀ ਹੋਈ।"

-ਗਉ ਕਬ, ਅਸ ੪੧, ੨:੧ (331)

ਬੈਨਾ ------ ਬਚਨ

"ਏਕੋ ਰਵਿ ਰਹਿਆ ਘਟ ਅੰਤਰਿ ਮੁਖਿ ਬੋਲਹੁ ਗੁਰ ਅੰਮ੍ਰਿਤ ਬੈਨਾ।"

-ਆਸਾ ੪, ੫੫, ੧*:੨ (366)

ਹੋਰ ਰੂਪ:

ਬੈਨੀ –

"ਜੋ ਇਛਹੁ ਸੋਈ ਫਲੁ ਪਾਵਹੁ ਹਰਿ ਬੋਲਹੁ ਗੁਰਮਤਿ ਬੈਨੀ।" (ਬਚਨਾਂ ਦੁਆਰਾ)

-ਬਿਲਾ ੪, ੫, ੧*:੨ (800)

ਬੈਰ ------- (1) ਵੈਰ, ਦੁਸ਼ਮਨੀ

"ਬੈਰ ਬਿਰੋਧ ਕਾਮ ਕ੍ਰੋਧ ਮੋਹ।"

-ਗਉ ੫, ਸੁਖ ੪, ੭:੭ (267)

(2) ਵੈਰੀ, ਵੈਰ ਕਰਨ ਵਾਲੇ

"ਜਾ ਕੈ ਕੀਐ ਸ੍ਰਮੁ ਕਰੈ ਤੇ ਬੈਰ ਬਿਰੋਧੀ।"

-ਬਿਲਾ ੫, ੩੬, ੩:੧ (809)

ਬੈਰਨਿ ----- ਵੈਰੀ

"ਕਹੁ ਕਬੀਰ ਸੰਤਨ ਕੀ ਬੈਰਨਿ ਤੀਨਿ ਲੋਕ ਕੀ ਪਿਆਰੀ।"

-ਆਸਾ ਕਬ, ੪, ੪:੨ (476)

ਬੈਰਾਇ ----- ਵੈਰੀ, ਓਪਰੇ

"ਬੀਰਾ ਬੀਰਾ ਕਰਿ ਰਹੀ ਬੀਰ ਭਏ ਬੈਰਾਇ।"

-ਰਾਮ ੧, ਓਅੰ ੪੦:੧ (935)

ਬੈਰਾਈ ----- (1) ਵੈਰ

"ਤਾ ਤੇ ਇਸੁ ਸੰਗਿ ਨਹੀ ਬੈਰਾਈ।"

-ਗਉ ੫, ਅਸ ੧, ੨:੪ (235)

(2) ਓਪਰੇ

"ਇਨ ਲੋਗਨ ਸਿਉ ਹਮ ਭਏ ਬੈਰਾਈ।"

-ਪ੍ਰਭਾ ੫, ਅਸ ੧, ੭:੧ (1347)

(3) ਵੈਰੀ

"ਆਪੇ ਮਿਹਰ ਦਇਆਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ।"

-ਮਾਰੂ ੧, ਸੋਲਾ ੨, ੧੧:੩ (1022)

ਹੋਰ ਰੂਪ:

ਬੈਰਾਈਆ –

"ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ।"

-ਸਲੋ ੫, ੩:੨ (1425)

ਬੈਰਾਈਐ –

"ਸਹਜ ਸੰਤੋਖ ਕਾ ਆਸਣੁ ਜਾਣੈ ਕਿਉ ਛੇਚੇ ਬੈਰਾਈਐ।"

-ਰਾਮ ੧, ਸਿਗੋ ੨੧:੪ (940)

ਬੈਰਾਗ ----- (1) ਉਪਰਾਮਤਾ, ਉਦਾਸੀਨਤਾ

"ਬਿਨੁ ਬੈਰਾਗ ਨ ਛੂਟਸਿ ਮਾਇਆ।"

-ਗਉ ਕਬ, ੩੪, ੧:੨ (329)

ਬੈਰਾਗਨ ---- ਵੈਰਾਗ ਵਾਲੀ, ਉਦਾਸੀਨਤਾ/ ਉਪਰਾਮਤਾ ਗ੍ਰਸਤ

"ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ।"

-ਗਉ ੫, ੧੧੮*, ੩:੧ (204)

ਹੋਰ ਰੂਪ:

ਬੈਰਾਗਨਿ –

"ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ।" (ਵੈਰਾਗ ਨੂੰ ਪ੍ਰਾਪਤ ਹੋਈ)

-ਗਉ ੫, ੧੩੨*, ੨:੨ (708)

"ਲਾਇ ਬਿਰਹੁ ਭਗਵੰਤ ਸੰਗੇ ਹੋਇ ਮਿਲੁ ਬੈਰਾਗਨਿ ਰਾਮ।" (ਤਿਆਗਨ ਉਪਰਾਮ)

-ਬਿਲਾ ੫, ਛੰਤ ੪, ੪:੧ (848)

ਬੈਰਾਗਨੀ –

"ਪਗ ਧੂਰਿ ਬਾਂਛਉ ਸਦਾ ਜਾਚਉ ਨਾਮ ਰਸਿ ਬੈਰਾਗਨੀ।" (ਵੈਰਾਗਨ)

-ਬਿਹਾ ੫, ਛੰਤ ੪, ੧:੩ (544)

ਬੈਰਾਗਰੁ ---- ਬੈਰਾਗੀ, ਵੈਰਾਗ ਨੂੰ ਪ੍ਰਾਪਤ, ਇਛਾ ਰਹਿਤ

"ਜਨਮ ਪਦਾਰਥੁ ਜੀਤੀਐ ਜਪਿ ਹਰਿ ਬੈਰਾਗਰੁ।"

-ਕਾਨ ੪, ਵਾਰ ੧੪:੪ (1318)

('ਮਹਾਨਕੋਸ਼' ਅਰਥ ਰਤਨਾ ਦੀ ਖਾਨ ਕੀਤਾ ਹੈ)

ਹੋਰ ਰੂਪ:

ਬੈਰਾਗਰੋ –

"ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣਚੇਰੀ ਰਾਮ।" (ਇਛਾ ਰਹਿਤ, ਵੈਰਾਗਵਾਨ)

-ਸੂਹੀ ੫, ਛੰਵ ੪, ੧:੧ (779)

ਬੈਰਾਗਾ ----- ਪ੍ਰੇਮ ਵਾਲਾ

"ਭਉ ਬੈਰਾਗਾ ਸਹਜਿ ਸਮਾਤਾ।"

-ਮਾਰੂ ੧, ਸੋਲਾ ੧੯, ੯:੧ (1040)

ਬੈਰਾਗਿ ----- (1) ਵੈਰਾਗ (ਪ੍ਰੇਮ) ਵਾਲਾ ਵੈਰਾਗੀ

"ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ।"

-ਸਿਰੀ ੩, ੪੧, ੪:੧ (29)

"ਸਹਜੇ ਹੀ ਭਗਤਿ ਊਪਜੈ ਸਹਜਿ ਪਿਆਰਿ ਬੈਰਾਗਿ।"

-ਸਿਰੀ ੩, ਅਸ ੨੩, ੨:੨ (68)

(2) ਉਪਰਾਮਤਾ, ਤਿਆਗ, ਬੇਲਾਗਤਾ

"ਗੁਰ ਕੈ ਸਬਦਿ ਸਚੈ ਬੈਰਾਗਿ।"

-ਆਸਾ ੩, ੪੦, ੧:੨ (360)

ਬੈਰਾਗਿਆ --- ਵਿਛੋੜੇ ਵਿਚ ਵਿਆਕੁਲ ਹੋਇਆ, ਓਦਰ ਗਿਆ

"ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਮੇਰੇ ਗੋਵਿੰਦਾ ਹਰਿ ਬਾਝਹੁ ਧਨ ਕੁਮ ਲੈਣੀ ਜੀਉ।"

-ਮਾਝ ੪, ੬੭, ੨:੨ (173)

ਬੈਰਾਗੀ ----- (1) ਜਿਸ ਦਾ ਜਗਤ ਦੇ ਪਦਾਰਥਾਂ ਨਾਲ ਪਿਆਰ ਨਹੀਂ, ਵੈਰਾਗੀ, ਵੈਸ਼ਨਵ ਸਾਧੂ

"ਮਨੁ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ।" (ਭਾਵ ਉਪਰਾਮਤਾ ਵਿਚ ਆਇਆ ਉਦਾਸੀਨ)

-ਸਿਰੀ ੧, ੧੯, ੫:੧ (21)

"ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ।"

-ਸਿਰੀ ੩, ੪੧, ੩:੧ (29)

"ਤੇ ਬੈਰਾਗੀ ਕਹਾ ਸਮਾਏ।" (ਅਲਿਪਤ, ਨਿਰਲੇਪ)

-ਆਸਾ ੫, ੮੨, ੧*:੧ (390)

"ਬੈਰਾਗੀ ਰਾਮਹਿ ਗਾਵਉਗੋ।" (ਨਿਰਲੇਪ ਹਰੀ ਦੇ ਗੁਣ ਗਾਵਾਂਗਾ)

-ਰਾਮ ਨਾਮ, ੨, ੧*:੧ (972)

(2) ਪਿਆਰ ਵਾਲੇ

"ਨਾਨਕ ਨਾਮਿ ਰਤੇ ਬੈਰਾਗੀ ਨਿਜ ਘਰਿ ਤਾੜੀ ਲਾਵਣਿਆ।"

-ਮਾਝ ੩, ਅਸ ੪, ੮:੩ (111)

(3) ਭਾਵ ਪ੍ਰਭੂ

"ਸਾਚੈ ਮਹਲਿ ਰਹੈ ਬੈਰਾਗੀ ਆਵਣ ਜਾਣੁ ਰਹਾਇਆ।"

-ਤੁਖਾ ੧, ਬਾਰਾ ੭:੪ (1108)

ਬੈਰਾਗੜੀਅੜੇ - ਹੇ ਅੰਞਾਣ ਵੈਰਾਗੀ

"ਅਨਭਉ ਕਿਨੈ ਨ ਦੇਖਿਆ ਬੈਰਾਗੜੀਅੜੇ।"

-ਮਾਰੂ ਕਬ, ੮, ੧:੧ (1104)

ਬੈਰਾਗੀਆ --- ਵੈਰਾਗਵਾਨ ਹੋਇਆ, ਮਿਲਾਪ ਲਈ ਉਤੇਜਿਤ

"ਮੇਰੇ ਮਨ ਬੈਰਾਗੀਆ ਤੂੰ ਬੈਰਾਗੁ ਕਰਿ ਕਿਸੁ ਦਿਖਾਵਹਿ।"

-ਆਸਾ ੩, ਛਵ ੭, ੨:੧ (440)

ਹੋਰ ਰੂਪ:

ਬੈਰਾਗੀਐ -

"ਜੇ ਮਨੁ ਹਰਿ ਸਿਉ ਬੈਰਾਗੀਐ ਭਾਈ ਦਰਿ ਘਰਿ ਸਾਚੁ ਅਭੂਲੁ।" (ਭਾਵ ਪ੍ਰੇਮ ਲਾਵੇ, ਮਿਲਾਪ ਨਾਲ ਇਛਤ ਹੋਵੇ)

-ਸੋਰ ੧, ਅਸ ੪, ੩:੨ (637)

ਬੈਰਾਗੁ ----- ਉਪਰਾਮਤਾ ਉਦਾਸੀਨਤਾ

"ਮਨਮੁਖੁ ਮੋਹਿ ਬਿਆਪਿਆ ਬੈਰਾਗੁ ਉਦਾਸੀ ਨ ਹੋਇ।"

-ਸਿਰੀ ੩, ੪੧, ੧:੧ (29)

"ਸਹਜਿ ਬੈਰਾਗੁ ਸਹਜੇ ਹੀ ਹਸਨਾ।" (ਭਾਵ ਰੌਣਾ)

-ਗਉ ੫, ਅਸ ੩, ੩:੩ (236)

"ਮੇਰੈ ਮਨਿ ਬੈਰਾਗੁ ਭਇਆ ਬੈਰਾਗੀ ਮਿਲਿ ਗੁਰ ਦਰਸਨਿ ਸੁਖ ਪਾਏ।" (ਸੰਸਾਰਕ ਪਦਾਰਥਾਂ ਤੋਂ ਉਚਾਹਟ)

-ਵਡ ੪, ੧, ੩:੪ (572)

(2) ਲਗਨ, ਪਿਆਰ

"ਮੈ ਮਨਿ ਤਨਿ ਪ੍ਰੇਮੁ ਮਹਾ ਬੈਰਾਗੁ।"

-ਆਸਾ ੪, ੫੫, ੨:੧ (366)

"ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ।"

-ਸੋਰ ੧, ਅਸ ੧, ੪:੧ (634)

ਹੋਰ ਰੂਪ:

ਬੈਰਾਗੈ –

"ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ।" (ਲਗਨ/ਮਿਲਨ ਇਛਾ ਤੋਂ)

-ਗੂਜ ੩, ੫, ੨:੨ (490)

"ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ।" (ਮਿਲਾਪ ਲਈ ਉਤੇਜਿਤ)

-ਸਾਰ ੧, ੨, ੨:੧ (1197)

ਬੈਰਾਗੋ ----- ਬੈਰਾਗੀ/ਉਦਾਸੀਨ ਹੋਏ ਹਨ

"ਗੁਰਮਤੀ ਮਨੁ ਨਿਜ ਘਰਿ ਵਸਿਆ ਸਚੈ ਸਬਦਿ ਬੈਰਾਗੋ ਰਾਮ।"

-ਵਡ ੩, ਛੰਤ ੨, ੩:੨ (568)

ਬੈਰਾਧਰ ---- ਮੇਘ ਰਾਗ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ – ਗਜਧਰ, ਕੇਦਾਰਾ, ਜਬਲੀਧਰ, ਨਟ, ਜਲਧਾਰਾ, ਸੰਕਰ ਤੇ ਸਿਆਮਾ।

"ਬੈਰਾਧਰ ਗਜਧਰ ਕੇਦਾਰਾ।"

-ਰਾਗ ੧:੫੫ (1430)

ਬੈਰਾਨਾ ----- ਵੈਰ ਭਾਵ, ਦੁਸ਼ਮਨੀ

"ਛੋਡਿ ਜਾਹਿ ਤਿਨ ਹੀ ਸਿਉ ਸੰਗੀ ਸਾਜਨ ਸਿਉ ਬੈਰਾਨਾ।"

-ਆਸਾ ੫, ੧੨੭, ੩:੨ (403)

ਬੈਰਾਰੀ ----- ਸਿਰੀ ਰਾਗ ਦੀਆਂ ਪੰਜ ਰਾਗਨੀਆਂ ਵਿਚੋਂ ਇਕ, ਬਾਕੀ ਚਾਰ ਹਨ - ਕਰਨਾਟੀ, ਗਵਰੀ, ਅਸਾਵਰੀ, ਸਿਧਵੀ।

"ਬੈਰਾਰੀ ਕਰਨਾਟੀ ਧਰੀ।"

-ਰਾਗ ੧:੪੩ (1430)

ਬੈਰੀ ------ ਵੈਰੀ, ਦੁਸ਼ਮਨ

"ਜਬ ਧਾਰੈ ਕੋਊ ਬੈਰੀ ਮੀਤੁ।"

-ਗਉ ੫, ਸੁਖ ੧੨, ੪:੫ (278)

ਬੈਰੁ ------- ਵੈਰ, ਦੁਸ਼ਮਨੀ

"ਹਉ ਬੰਧਉ ਹਉ ਸਾਧਉ ਬੈਰੁ।"

-ਗਉ ੫, ੭੮, ੩:੧ (178)

ਬੈਰੇ ------- **ਹੋਰ**
"ਨਈਆ ਤੇ ਬੈਰੇ ਕੰਨਾ।" (ਮਾਲਕ ਬਿਨਾ ਹੋਰ ਕੋਈ ਨਹੀਂ।)
-ਧਨਾ ਨਾਮ, ੪, ੨:੨ (693)

ਬੈਲ ------- **ਬਲਦ**
"ਬੈਲ ਕਉ ਨੇਤ੍ਰਾ ਪਾਇ ਦੁਹਾਵੈ।"
-ਗਉ ੫, ੧੬੦, ੨:੧ (198)

ਬੋਅਹੁ ----- **ਬੀਜੋ**
"ਕਰਮਿ ਭੂਮਿ ਮਹਿ ਬੋਅਹੁ ਨਾਮੁ।"
-ਗਉ ੫, ੭੩, ੧:੧ (176)

ਬੋਇ ------ **ਬੀਜੇ**
"ਕਰਮ ਭੂਮਿ ਹਰਿ ਨਾਮੁ ਬੋਇ ਅਉਧਰੁ ਦੁਲ ਭਾਇਆ।"
-ਬਿਲਾ ੫, ੪੬, ੨:੨ (812)

ਹੋਰ ਰੂਪ:

ਬੇਇਓ –
"ਬੇਇਓ ਬੀਜੁ ਅਹੰ ਮਮ ਅੰਕੁਰੁ ਬੀਤਤ ਅਉਧ ਕਰਤ ਅਘਨੇ।" (ਬੀਜਿਆ)
-ਸਮੁ ੫, ੪*:੪ (1387)

ਬੋਇਆ –
"ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ।" (ਬੀਜਿਆ)
-ਗਉ ੪, ਵਾਰ ੧੬ਸ, ੪, ੧:੭ (309)

ਬੋਈ –
"ਜਿਮੀ ਨਾਹੀ ਮੈ ਕਿਸੀ ਕੀ ਬੋਈ ਐਸਾ ਦੇਨੁ ਦੁਖਾਲਾ।" (ਬੀਜੀ)
-ਸੂਹੀ ਕਬ, ੫, ੧:੨ (793)

ਬੋਈਐ –
"ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ।" (ਬੀਜੀ ਦੀ)
-ਗੋਂਡ ਕਬ, ੯, ੨:੧ (872)

ਬੋਹਤੇ ------ **ਸੁਗੰਧਤ**
"ਨਿਕੜ ਬਸੰਤੋ ਬਾਂਸੋ ਨਾਨਕ ਅਹੰ ਬੁਧਿਨ ਬੋਹਤੇ।"
-ਗਾਥਾ ੫, ੫:੨ (1360)

ਬੋਹਲ ------ **ਅਨਾਜ ਦਾ ਢੇਰ**
"ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ।" (ਭਾਵ ਬਹੁਤ ਸਾਰਾ)
-ਸਿਰੀ ੫, ਅਸ ੨੯, ੨:੩ (73)

ਹੋਰ ਰੂਪ:

ਬੋਹਲੁ –

"ਗੁਰ ਸਤਿਗੁਰੁ ਬੋਹਲੁ ਹਰਿ ਨਾਮ ਕਾ ਵਡਭਾਗੀ ਸਿਖ ਗੁਣ ਸਾਂਝ ਕਰਾਵਹਿ।" (ਢੇਰ ਭਾਵ ਭੰਡਾਰ)

-ਵਡ ੪, ਵਾਰ ੧੧:੪ (590)

ਬੋਹਿਥ ----- **ਜਹਾਜ਼**

"ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ।"

-ਮਾਝ ੫, ਬਾਰਾ ੭:੮ (134)

ਹੋਰ ਰੂਪ:

ਬੋਹਿਥਉ –

"ਬੋਹਿਥਉ ਬਿਧਾਤੈ ਨਿਰਮਯੌ ਸਭ ਸੰਗਤਿ ਕੁਲ ਉਧਰਣ।"

-ਸਵ ੩, ੧੫:੫ (1395)

ਬੋਹਿਥੜਾ ---- **ਜਹਾਜ਼**

"ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ।"

-ਆਸਾ ੫, ੧੧੦, ੧*:੧ (398)

ਬੋਹਿਥਾ ----- **ਜਹਾਜ਼**

"ਆਪੇ ਸਾਗਰੁ ਬੋਹਿਥਾ ਆਪੇ ਪਾਰੁ ਅਪਾਰੁ।"

-ਸਿਰੀ ੧, ਅਸ ੩, ੩:੧ (54)

ਹੋਰ ਰੂਪ:

ਬੋਹਿਥਿ –

"ਬੋਹਿਥਿ ਚੜਉ ਜਾ ਆਵੈ ਵਾਰੁ।" (ਜਹਾਜ਼ ਵਿਚ)

-ਗਉ ੧, ੭, ੪:੧ (153)

ਬੋਹਿਥੁ –

"ਸਤਿਗੁਰੁ ਬੋਹਿਥੁ ਹਰਿ ਨਾਵ ਹੈ ਕਿਤੁ ਬਿਧਿ ਚੜਿਆ ਜਾਇ।" (ਜਹਾਜ਼)

-ਸਿਰੀ ੪, ੬੭, ੪:੧ (40)

ਬੋਹਿਥੈ –

"ਭਉਜਲੁ ਬਿਖਮੁ ਅਸਗਾਹੁ ਗੁਰਿ ਬੋਹਿਥੈ ਤਾਰਿਅਮੁ।" (ਜਹਾਜ਼ ਦੁਆਰਾ)

-ਜੈਤ ੫, ਵਾਰ ੧੯ਸ, ੫, ੨:੧ (710)

ਬੋਹਿਯ ----- **ਭਿਜ ਗਏ, ਤਰੋ ਤਰ ਹੋ ਗਏ, ਸੁਗੰਧਤ ਹੋ ਗਏ**

"ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਯ ਅਗਾਜਿ।"

-ਸਵ ੨, ੧:੩ (1391)

(ਮਹਾਨਕੋਸ਼ ਇਸਦੇ ਅਰਥ 'ਸਮੁਦਾਯ' ਕਰਦਾ ਹੈ)

ਬੋਹੈ ------- **ਸੁਗੰਧਤ ਕਰਦਾ ਹੈ**

"ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ।"

-ਸਵ ੨, ੮:੨ (1392)

ਬੋਢੇਪਾ ----- **ਬੁਢਾਪਾ**

"ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ ਸਠੀ ਕਾ ਬੋਢੇਪਾ ਆਵੈ।"

-ਮਾਝ ੧, ਵਾਰ ੧ਸ, ੧, ੩:੨ (138)

ਬੋਧ ------- ਗਿਆਨ, ਗਿਆਤ
"ਊਚਾ ਅਗਮ ਅਗਾਧਿ ਬੋਧ ਕਿਛੁ ਅੰਤੁ ਨ ਪਾਰਾਵਾਰੁ।"
-ਮਾਝ ੫, ਦਿਨ ੨:੪ (137)

ਹੋਰ ਰੂਪ:

ਬੋਧਿ –
"ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ।" (ਗਿਆਤ, ਗਿਆਨ)
-ਗਉ ੫, ੮੬, ੪:੨ (181)

ਬੋਧੀਆ ---- ਬੁੱਧ (ਅਹੰਸਾ) ਧਰਮ ਗ੍ਰਹਿਣ ਕਰਨ ਵਾਲੀਆ (ਮਹਾਨਕੋਸ਼ ਨਿਰਣੈ), ਸਲਾਹਕਾਰ (ਦਰਪਣ/; ਮੂਰਖ (ਸ਼ਬਦਾਰਥ, ਕੋਸ਼)
"ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ।"
-ਸਾਰ ੪, ਵਾਰ ੧੪ਸ, ੧, ੨:੧ (1242)

ਬੋਰਿ ------ ਡੋਬ
"ਨੀਰੁ ਨ ਸਾਕਸਿ ਬੋਰਿ ਚਲਹਿ ਹਰਿ ਪੰਥਿ ਪਗਿ।"
-ਸਮੁ ੫, ੧੦*:੪ (1389)

ਹੋਰ ਰੂਪ:

ਬੋਰਿਓ –
"ਕਹਾ ਭਇਆ ਨਰ ਦੇਵਾ ਧੋਖੇ ਕਿਆ ਜਲਿ ਬੋਰਿਓ ਗਿਆਤਾ।" (ਜਾਣ ਬੁੱਝ ਕੇ)
-ਗਉ ਕਬ, ੬੭, ੧:੨ (338)

ਬੋਰੀ –
"ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ।"
-ਸਲੋ ਕਬ, ੧੩੭:੨ (1371)

ਬੋਲ ------- ਗਲ, ਕਥਨ, ਬਚਨ
"ਅਸੀ ਬੋਲ ਵਿ ਗਾੜ ਵਿਗਾੜਹ ਬੋਲ।"
-ਸਿਰੀ ੧, ੩੦, ੩:੧ (25)

"ਕਾਹੂ ਬੋਲ ਨ ਪਹੁਚਤ ਪ੍ਰਾਨੀ।" (ਕਥਨੀ)
-ਗਉ ੫, ਸੁਖ ੧੮, ੫:੩ (287)

"ਜਹ ਬੋਲ ਤਹ ਅਛਰ ਆਵਾ।" (ਭਾਵ ਭਾਸ਼ਾ ਬੋਲੀ)
-ਗਉ ਕਬ, ਬਾਅ ੨:੧ (340)

ਬੋਲਉ ----- ਬੋਲਦਾ ਹਾਂ, ਬਚਨ ਕਰਦਾ ਹਾਂ
"ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਆ ਚਿਰੀਆ।"
-ਸਾਰ ੫, ੨੪, ੧*:੨ (1209)

ਬੋਲਈ ----- ਬੋਲਦੇ/ਕਥਨ ਕਰਦੇ/ਭਾਵ ਗਾਉਂਦੇ ਹਾਂ
"ਸਦ ਸਦਾ ਸਿੰਿਮ੍ਰਤਬ੍ਰ ਸੁਆਮੀ ਸਾਸਿ ਸਾਸਿ ਗੁਣ ਬੋਲਈ।"
-ਧਨਾ ੫, ਛੰਤ ੧, ੪:੫ (691)

ਬੋਲਹ ------ ਬੋਲੇ, ਕੋਈ ਬਚਨ ਉਚਾਰੇ, ਆਖੇ, ਕਹੇ

"ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ।"

–ਗਉ ੪, ੪੯, ੩:੧ (167)

ਹੋਰ ਰੂਪ:

ਬੋਲਹਿ –

"ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ।" (ਬੋਲੇ, ਬੋਲਦਾ ਹੈ)

–ਸਿਰੀ ੩, ੪੬, ੨:੨ (31)

ਬੋਲਹੁ –

"ਗੁਰਸਿਖ ਹਰਿ ਬੋਲਹੁ ਮੇਰੇ ਭਾਈ।" (ਉਚਾਰੋ)

–ਗਉ ੪, ੪੩, ੧*:੧ (165)

ਬੋਲਕ ------ ਗੋਲਕ

"ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ।"

–ਤੁਖਾ ੪, ਛੰਤ ੪, ੫:੩ (1116)

ਹੋਰ ਰੂਪ:

ਬੋਲਕਾ –

"ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ।"

–ਤੁਖਾ ੪, ਛੰਤ ੪, ੫:੫ (1117)

ਬੋਲਣ ------ ਕਹਿਣ

"ਕਿਸ ਹੀ ਜੋਰੁ ਅੰਕਾਰ ਬੋਲਣ ਕਾ।"

–ਮਾਰੂ ੪, ਸੋਲਾ ੨, ੧੩:੧ (1071)

ਬੋਲਣਹਾਰੁ --- ਬੋਲਣ ਵਾਲਾ, ਕਹਿਣ ਵਾਲਾ, ਕਥਤਾ

"ਸੂਹਟੁ ਪਿੰਜਰਿ ਪ੍ਰੇਮ ਕੈ ਬੋਲੈ ਬੋਲਣਹਾਰੁ।"

–ਮਾਰੂ ੧, ਅਸ ੨, ੮:੧ (1010)

ਬੋਲਣਾ ----- ਕਹਿਣਾ, ਕਥਨ ਕਰਨਾ, ਉਚਾਰਣ ਕਰਨਾ

"ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ।"

–ਸਿਰੀ ੧, ੩, ੧:੧ (15)

ਹੋਰ ਰੂਪ:

ਬੋਲਣਿ –

"ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ।" (ਬੋਲਣਾ/ਕਥਨ ਕਰਨਾ)

–ਮਾਝ ੧, ਵਾਰ ੨੪ਸ, ੧, ੨:੩ (149)

ਬੋਲਣੀ –

"ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।" (ਕਥਨ ਕਰਨਾ)

–ਸਿਰੀ ੧, ੧੦, ੨:੨ (17)

ਬੋਲਣੁ –

“ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।” (ਬੋਲ)
-ਜਪੁ ੧, ੪:੪ (2)
“ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈ ਪਾਸਿ।” (ਬੋਲਣਾ)
-ਮਾਝ ੧, ਵਾਰ ੧੯ਸ, ੨, ੧:੧੨ (146)

ਬੋਲਤ ------ ਬੋਲਣ ਨਾਲ
“ਹਰਿ ਬੋਲਤ ਸਭ ਪਾਪ ਲਹਿ ਜਾਈ।”
-ਗਉ ੪, ੪੩, ੧*:੨ (165)
“ਬਿਨੁ ਬੋਲਤ ਆਪਿ ਪਛਾਨੈ।” (ਬੋਲਿਆਂ ਕਹਿਆਂ)
-ਸੋਰ ੫, ੫੧, ੩:੪ (621)
“ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ।” (ਬੋਲਦੇ ਹਨ)
-ਬਿਲਾ ੫, ੮੧, ੧*:੨ (820)
“ਤੇਰੇ ਕਹਨੇ ਕੀ ਗਤਿ ਕਿਆ ਕਹਉ ਮੈ ਬੋਲਤ ਹੀ ਬਡ ਲਾਜ।” (ਬੋਲਦਿਆਂ, ਆਖਦਿਆਂ, ਕਹਿੰਦਿਆਂ)
-ਮਾਰੂ ਕਬ, ੩, ੧:੨ (1103)

ਹੋਰ ਰੂਪ:

ਬੋਲਤਾ –
“ਤਿਉ ਹਰਿ ਜਨੁ ਹਰਿ ਹਰਿ ਬੋਲਤਾ ਹਰਿ ਬੋਲਿ ਸੁਖੁ ਪਾਵੈ।” (ਬੋਲਦਾ ਹੈ)
-ਗਉ ੪, ੪੭, ੨:੩ (166)
ਬੋਲੰਤਾ –
“ਧਨ ਜਾਗੈ ਜੇ ਪਿਰੁ ਬੋਲੰਤਾ।” (ਬੋਲਦਾ ਹੋਵੇ)
-ਸੂਹੀ ੫, ੫, ੨:੪ (737)

ਬੋਲਤੁ ------ ਬੋਲਣ ਵਾਲਾ ਭਾਵ ਆਤਮਾ
“ਤਾਗਾ ਤੂਟਾ ਗਗਨੁ ਬਿਨਸਿ ਗਇਆ ਤੇਰਾ ਬੋਲਤੁ ਕਹਾ ਸਮਾਈ।”
-ਗਉ ਕਬ, ੫੨, ੧*:੧ (334)

ਬੋਲਤੇ ------ ਬੋਲਦੇ, ਕਥਨ ਕਰਦੇ
“ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ।”
-ਆਸਾ ਕਬ, ੧੮, ੧*:੧ (480)

ਹੋਰ ਰੂਪ:

ਬੋਲਦੀ –
“ਗੁਰ ਰਸਨਾ ਅੰਮ੍ਰਿਤੁ ਬੋਲਦੀ ਹਰਿ ਨਾਮਿ ਸੁਹਾਵੀ।” (ਉਚਾਰਣ ਕਰਦੀ)
-ਤਿਲੰ ੪, ਅਸ ੨, ੧੮:੧ (726)
ਬੋਲਦੇ –
“ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।” (ਉਚਾਰਣ ਕਰਦੇ)
-ਗਉ ੪, ਵਾਰ ੯:੪ (304)

ਬੋਲਨ ------ ਉਚਾਰਨ ਕਰਨ
“ਸਗਲ ਬੋਲਨ ਕੇ ਮਾਹਿ ਬੀਚਾਰ।”

-ਗੋਂਡ ਕਬ, ੧੦, ੧*:੨ (872)

ਬੋਲਨਹਾਰੁ --- ਬੋਲਨ ਵਾਲਾ, ਭਾਵ ਮਨੁੱਖ
"ਬੋਲਨਹਾਰੁ ਪਰਮ ਗੁਰੁ ਏਹੀ।"
-ਭੈਰ ਕਬ, ੪, ੧:੨ (1158)

ਬੋਲਨਾ ----- (1) ਉਚਾਰਨ ਕਰਨਾ, ਉਚਾਰਨਾ
"ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ।"
-ਗਉ ੫, ਬਾਅ ਪ੧ਸ:੧ (260)
(2) ਕਥਨ, ਬੋਲ
"ਬਾਬਾ ਬੋਲਨਾ ਕਿਆ ਕਹੀਐ।"
-ਗੋਂਡ ਕਬ, ੧, ੧*:੧ (870)

ਬੋਲਨਿ ----- ਬੋਲਦੇ ਹਨ, ਕਥਨ ਕਰਦੇ ਹਨ
"ਜਿਨ ਅੰਦਰਿ ਪ੍ਰੀਤਿ ਪਿਰੰਮਕੀ ਜਿਉ ਬੋਲਨਿ ਤਿਵੈ ਸੋਹੰਨਿ।"
-ਗਉ ੪, ਵਾਰ ੪ਸ, ੪, ੨:੧ (301)

ਹੋਰ ਰੂਪ:

ਬੋਲਨੀ –
"ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ।" (ਬੋਲਦੇ)
-ਸਿਰੀ ੪, ੬੯, ੧:੩ (41)

ਬੋਲਵਿਗਾੜ -- ਮੰਦਾ ਬੋਲਣ ਵਾਲੇ, ਬਕਬਾਦੀ
"ਅਸੀ ਬੋਲਵਿਗਾੜ ਵਿਗਾੜਹ ਬੋਲ।"
-ਸਿਰੀ ੧, ੩੦, ੩:੧ (25)

ਬੋਲਾ ------ (1) ਡੋਰਾ, ਜੋ ਉਚਾ ਸੁਣੇ
"ਅੰਨਾ ਬੋਲਾ ਕਿਛੁ ਨਦਰਿ ਨ ਆਵੈ ਮਨਮੁਖ ਪਾਪਿ ਪਚਾਵਣਿਆ।"
-ਮਾਝ ੩, ਅਸ ੪, ੪:੩ (111)
(2) ਬੋਲ, ਕਥਨ, ਬਚਨ
"ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ।"
-ਤਿਲੰ ੧, ੫, ੨:੪ (723)
"ਗੁਰ ਬਚਨੀ ਫਲੁ ਪਾਇਆ ਸਹ ਕੇ ਅੰਮ੍ਰਿਤ ਬੋਲਾ।"
-ਸੂਹੀ ੧, ੪, ੪:੨ (729)
(3) ਬੋਲਾਂ, ਕਥਨ ਕਰਾਂ, ਸੁਣਾਵਾਂ
"ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ।"
-ਬਿਲਾ ੫, ੩੩, ੩:੨ (808)

ਬੋਲਾਇ ----- (1) ਬੋਲਦਾ ਹੈ, ਉਚਾਰਦਾ ਹੈ
"ਅੰਤਰਿ ਕਪਟੁ ਮਨਮੁਖ ਅਗਿਆਨੀ ਰਸਨਾ ਝੂਠੁ ਬੋਲਾਇ।"
-ਗੂਜ ੩, ਵਾਰ ੧੦ਸ, ੩, ੨:੧ (512)
(2) ਬੋਲਾਉਂਦਾ ਹੈ
"ਰਾਮ ਜਨ ਗੁਰਮਤਿ ਰਾਮੁ ਬੋਲਾਇ।" (ਭਾਵ ਜਪਾਉਂਦਾ ਹੈ)

-ਰਾਮ ੪, ੨, ੧*:੧ (881)

ਬੋਲਾਇਆ --- ਬੁਲਵਾਇਆ ਹੋਇਆ
"ਬੋਲਾਇਆ ਬੋਲੀ ਖਸਮ ਦਾ।"
-ਸਿਰੀ ੫, ਅਸ ੨੯, ੧੪:੨ (74)

ਬੋਲਾਇਦਾ --- ਬੁਲਵਾਉਂਦਾ ਹੈ
"ਤਾ ਕੀ ਕੀਮਤਿ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ।"
-ਮਾਰੂ ੧, ਸੋਲਾ ੧੭, ੯:੩ (1038)

ਬੋਲਾਏ ----- ਬੋਲਵਾਏ, ਕਥਨ ਕਰਵਾਏ
"ਜਿਉ ਬੋਲਾਏ ਤਿਉ ਬੋਲੀਐ ਜਾ ਆਪਿ ਬੁਲਾਏ ਸੋਇ।
-ਸਿਰੀ ੩, ੬੩, ੪:੨ (39)

ਬੋਲਾਤਾ ----- (1) ਬੁਲਾਉਂਦਾ ਹੈ
"ਵਡੀ ਵਡਿਆਈ ਵਡੇ ਕੀ ਗੁਰਮੁਖਿ ਬੋਲਾਤਾ।" (ਭਾਵ ਕਰਵਾਉਂਦਾ ਹੈ)
-ਗੂਜ ੩, ਵਾਰ ੬:੫ (510)
(2) ਬੋਲਦੀ ਹੈ, ਉਚਾਰਨ ਕਰਦੀ ਹੈ
"ਰਸਨਾ ਹਰਿ ਰਸੁ ਨ ਚਖਿਓ ਫੀਕਾ ਬੋਲਾਤਾ।"
-ਗੂਜ ੩, ਵਾਰ ੧੫:੫ (514)

ਬੋਲਾਰੇ ----- ਉਚਾਰਿਆ, ਕਥਨ ਕੀਤਾ
"ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ।"
-ਨਟ ੪, ਅਸ ੩, ੨:੧ (981)

ਬੋਲਾਵਹਿ ---- ਬੁਲਾਉਂਦਾ ਹੈ
"ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ।"
-ਗੂਜ ੫, ਅਸ ੧, ੮:੧ (507)

ਹੋਰ ਰੂਪ:

ਬੋਲਾਵੈ –
"ਬੰਧਨ ਤੋੜਿ ਬੋਲਾਵੈ ਰਾਮੁ।" (ਬੁਲਵਾਉਂਦਾ ਭਾਵ ਜਗਾਉਂਦਾ ਹੈ)
-ਗਉ ੫, ੯੩, ੧:੧ (183)

ਬੋਲਿ ------ (1) ਬੋਲ ਕੇ, ਉਚਾਰ ਕੇ
"ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।"
-ਸਿਰੀ ੧, ੪, ੩:੨ (15)

(2) ਬਚਨ
"ਆਪੇ ਹਰਿ ਅਪਰੰਪਰੁ ਕਰਤਾ ਹਰਿ ਆਪੇ ਬੋਲਿ ਬੁਲਾਇ।"
- ਆਸਾ ੪, ੬੩, ੩:੧ (368)
"ਛੁਟੈ ਤਾ ਕੈ ਬੋਲਿ ਸਾਹਿਬ ਨਦਰਿ ਜਿਸੁ।" (ਬਚਨ ਅੰਦਰ)
-ਸੂਹੀ ੧, ੫, ੩:੩ (729)
(3) ਬੋਲੋ, ਕਹੋ, ਉਚਾਰੋ
"ਏ ਗੋਵਿੰਦ ਗੁਪਾਲ ਦਇਆਲ ਸੰਮ੍ਰਿਥ ਬੋਲਿ ਸਾਧੂ ਹਰਿ ਜੈ ਜਦੇ।"

-ਆਸਾ ੫, ਛੰਤ ੯, ੨:੫ (458)

“ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ।”

-ਬਿਹਾ ੫, ਛੰਤ ੯, ੧:੧ (547)

(4) ਬੋਲਣਾ, ਬਚਨ ਕਰਨਾ

“ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ।”

-ਸੂਹੀ ੫, ੫੭, ੧:੨ (749)

“ਹਾਥੁ ਪਸਾਰਿ ਸਕੈ ਕੋ ਜਨ ਕਉ ਬੋਲਿ ਸਕੈ ਨ ਅੰਦਾਜਾ।” (ਭਾਵ ਕਹਿ/ਆਖ ਸਕੇ)

-ਬਿਲਾ ਕਬ, ੫, ੧:੨ (856)

ਹੋਰ ਰੂਪ:

ਬੋਲਿਓ –

“ਰੈਨਿ ਬਬੀਹਾ ਬੋਲਿਓ ਮੇਰੀ ਮਾਈ।” (ਬੋਲਿਆ ਹੈ)

-ਮਲਾ ੧, ਅਸ ੩, ੧*:੧ (1274)

ਬੋਲਿਆ –

“ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ।” (ਕਹਿਆ ਆਖਿਆ, ਉਚਾਰਿਆ)

-ਸਿਰੀ ੧, ੪, ੩:੧ (15)

“ਕਾਜੀ ਬੋਲਿਆ ਬਨਿ ਨਹੀ ਆਵੈ।” (ਬੋਲਣਾ, ਕਹਿਣਾ)

-ਆਸਾ ਕਬ, ੧੭, ੧*:੧ (480)

“ਨਉ ਨਿਧਿ ਪਾਈ ਰਾਜੁ ਜੀਵਾ ਬੋਲਿਆ।” (ਆਖਣ ਨਾਲ)

-ਗੂਜ ੫, ਵਾਰ ੩:੨ (518)

ਬੋਲਿਐ –

“ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।” (ਬੋਲਣ/ਉਚਾਰਨ ਨਾਲ)

-ਆਸਾ ੧, ਵਾਰ ੨੦ਸ, ੧, ੧:੧ (473)

ਬੋਲੀ ------ (1) ਬੋਲਦਾ/ਆਖਦਾ ਹਾਂ

“ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ।”

-ਸਿਰੀ ੪, ੬੭, ੧:੧ (40)

(2) ਬਾਣੀ

“ਹਰਿ ਦਇਆਲਿ ਦਇਆ ਪ੍ਰਭਿ ਕੀਨੀ ਮੇਰੈ ਮਨਿ ਤਨਿ ਮੁਖਿ ਹਰਿ ਬੋਲੀ।” (ਹਰੀ ਦੀ ਸਿਫਤ ਸਾਲਾਹ ਦੀ ਬਾਣੀ)

-ਗਉ ੪, ੫੩, ੧:੧ (168)

(ਨਿਰਣੈ ਅਰਥ ਆਖੀ, ਉਚਾਰਨ ਕੀਤੀ ਕਰਤਾ ਹੈ)

“ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ।” (ਬਚਨ ਬਾਣੀ)

-ਭੈਰ ੩, ੮, ੧*੨ (1127)

(3) ਬੋਲੀ, ਕੰਨਾਂ ਤੋਂ ਨਾ ਸੁਣ ਸਕਣ ਵਾਲੀ

“ਦੂਜੀ ਦੁਰਮਤਿ ਅੰਨੀ ਬੋਲੀ।”

-ਮਾਰੂ ੧, ਸੋਲਾ ੩, ੧:੧ (1022)

(4) ਭਾਸ਼ਾ

“ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।”

-ਬਸੰ ੧, ਅਸ ੮, ੬:੨ (1197)

ਬੋਲੀਐ ----- ਆਖੀਐ, ਉਚਾਰਨ ਕਰੀਏ

"ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।"

-ਜਪੁ ੧, ੪:੪ (2)

ਬੋਲੁ ------- (1) ਬਚਨ, ਗਲ

"ਪਾਖੰਡ ਭਗਤਿ ਨ ਹੋਵਈ ਦੁਬਿਧਾ ਬੋਲੁ ਖੁਆਰ।"

-ਸਿਰੀ ੩, ੩੯, ੨:੨ (28)

"ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ।" (ਇਕ ਗਲ ਵੀ ਨਹੀਂ ਸਹਿੰਦਾ)

-ਆਸਾ ੫, ੧੨੪, ੩:੨ (402)

"ਨਾਉ ਕਰਤਾ ਕਾਦਰੁ ਕਰੇ ਕਿਉ ਬੋਲੁ ਹੋਵੈ ਜੋ ਖੀਵਦੈ।" (ਉਜਰ)

-ਰਾਮ ਬਸ, ਵਾਰ ੧:੧ (966)

"ਜਾ ਕਾਰਣਿ ਇਹ ਦੁਲਭ ਦੇਹ।"
"ਸੋ ਬੋਲੁ ਮੇਰੇ ਪ੍ਰਭੂ ਦੇਹਿ।" (ਸ਼ਬਦ)

-ਬਸੰ ੫, ੪, ੩:੧;੨ (1181)

"ਵਡਭਾਗੀ ਸੰਗਤਿ ਮਿਲੈ ਗੁਰ ਸਤਿਗੁਰ ਪੂਰਾ ਬੋਲੁ।" (ਉਪਦੇਸ਼)

-ਕਾਨ ੪, ਵਾਰ ੧੨:੪ (1317)

ਬੋਲੇ ------- (1) ਉਚਾਰਨ ਕਰੇ

"ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾ ਨਹ ਬੁਝਾਈ।"

-ਸਿਰੀ ੧, ੨੭, ੨:੨ (24)

"ਗੁਰ ਪੁਰਖੁ ਮਨਾਵੈ ਆਪਣਾ ਗੁਰਮਤੀ ਹਰਿ ਹਰਿ ਬੋਲੇ।" (ਭਾਵ ਜਪੇ)

-ਸੋਰ ੪, ਵਾਰ ੧ਸ, ੪, ੨:੨ (642)

(2) ਬਹਿਰੇ, ਨਾ ਸੁਣ ਸਕਣ ਵਾਲੇ

"ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ।"

-ਸੋਰ ੩, ੪, ੩:੧ (601)

ਬੋਲੇਟਿਆ --- ਬੋਲੀਏ

"ਸਭੋ ਜਪੀਐ ਜਾਪੁ ਜਿ ਮੁਖਹੁ ਬੋਲੇਟਿਆ।"

-ਗੂਜ ੫, ਵਾਰ ੧੦:੬ (520)

ਬੋਲੇਨਿ ----- ਬੋਲਦੇ ਹਨ

"ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ।"

-ਰਾਮ ੩, ਵਾਰ ੧੦ਸ, ੩, ੨:੨ (951)

ਬੋਲੈ ------- ਬੋਲਦਾ/ਉਚਾਰਨ ਕਰਦਾ ਹੈ

"ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ।"

-ਮਾਝ ੪, ੭, ੪:੧ (96)

ਬੋਲੌ ------- ਡੋਰਾ

"ਅੰਧੌ ਬੋਲੌ ਮੁਗਧੁ ਗਵਾਰੁ।"

-ਪ੍ਰਭਾ ੧, ੧੨, ੪:੧ (1331)

ਬੋਵਸਿ ------ ਬੀਜਦਾ ਹੈ
"ਬੀਜੁ ਬੋਵਸਿ ਭੋਗ ਭੋਗਹਿ ਕੀਆ ਅਪਣਾ ਪਾਵਏ।"
-ਜੈਤ ੫, ਛੰਤ ੩, ੨:੪ (705)

ਬੋਵਹੁ ------- ਬੀਜੋ
"ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ।"
-ਆਸਾ ੪, ੬੧, ੩:੧ (368)

ਬੋਵੈ -------- ਬੀਜਦਾ ਹੈ
"ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ।"
-ਸਿਰੀ ੫, ੫੦, ੪, ੫:੫ (78)

ਬੋੜਨ੍ਹਿ ------ ਡੋਬਦੇ ਹਨ
"ਚਿੰਜੂ ਬੋੜਿਨ੍ਹ ਨਾ ਪੀਵਹਿ ਉਡਣ ਸੰਦੀ ਡੰਝ।"
-ਸਲੋ ਫਰ, ੬੪:੨ (1381)

ਬੋੜੀ ------- ਡੋਬਦਾ ਹੈ
"ਰੇ ਨਰ ਨਾਵ ਚਉੜਿ ਕਤ ਬੋੜੀ।"
-ਗਉ ਕਬ, ੨੪, ੧*:੧ (328)

ਬ੍ਰਹਮ ------- (1) ਕਰਤਾਰ, ਜਗਤ ਦਾ ਸੁਆਮੀ, ਪ੍ਰਭੂ
"ਨਾਨਕ ਹਉਮੈ ਮਾਰਿ ਬ੍ਰਹਮ ਮਿਲਾਇਆ।"
-ਗਉ ੩, ਅਸ ੪, ੮:੩ (231)
"ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ।"
-ਧਨਾ ੫, ੫੩, ੨:੨ (683)
(2) ਬ੍ਰਹਮਾ, ਇਕ ਦੇਵਤਾ
"ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ।"
-ਗਉ ਕਬ, ੩੬, ੨:੧ (330)
"ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ।"
-ਦੇਵ ੫, ੨੯, ੧:੨ (534)
(3) ਆਤਮਕ, ਰਬੀ
"ਪਾਂਡੇ ਐਸਾ ਬ੍ਰਹਮ ਬੀਚਾਰੁ।"
-ਆਸਾ ੧, ੨੦, ੧*:੧ (355)
('ਮਹਾਨ ਕੋਸ਼' ਇਸ ਦੇ ਅਰਥ 'ਵੇਦਾਂ ਦਾ ਵਿਚਾਰ ਕਰਦਾ ਹੈ)
"ਇਹ ਬ੍ਰਹਮ ਬਿਚਾਰੁ ਸੁ ਜਾਨੈ।"
-ਸੋਰ ੫, ੫੭, ੪:੧ (623)
(4) ਵੇਦ ਗਿਆਤਾ ਬ੍ਰਹਮ ਰਿਸ਼ੀ
"ਸੁਰਿ ਨਰ ਦੇਵ ਬ੍ਰਹਮ ਬ੍ਰਹਮਾਇਕ।"
-ਦੇਵ ੫, ੩੫, ੨:੨ (535)
(5) ਬ੍ਰਾਹਮਣ
"ਇੰਦ੍ਰੀ ਕੀ ਜੁਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ।" (ਬ੍ਰਾਹਕਣ ਹੋਣ ਦੇ ਅਹੰਕਾਰ ਵਿਚ ਸੜੇ ਹੋਏ)

-ਬਸੰ ਕਬ, ੭, ੨:੨ (1195)

(6) ਠਾਕੁਰ
"ਪੂਜਨ ਚਾਲੀ ਬ੍ਰਹਮ ਠਾਇ।" (ਠਾਕੁਰ ਦੁਆਰੇ)
-ਬਸੰ ਰਾਮਾ ੧, ੧:੩ (1195)

ਬ੍ਰਹਮੰ ------ ਬ੍ਰਹਮ ਦੇ ਭਾਵ ਸ਼ੁਭ
"ਜੋ ਜਾਨਸਿ ਬ੍ਰਹਮੰ ਕਰਮੰ।"
-ਸਸ ੧, ੧:੭ (1353)

ਬ੍ਰਹਮੰਸ ----- ਬ੍ਰਹਮਾ ਦੀ ਅੰਸ਼
"ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ।"
-ਭੈਰ ੫, ਅਸ ੨, ੬:੨ (1156)

ਬ੍ਰਹਮ ਗਿਆਨੀ (1) ਬ੍ਰਹਮ ਦਾ ਗਿਆਤਾ
"ਇਹ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ।"
-ਗਉ ੫, ਸੋਹ ੫, ੨:੧ (13)
"ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹ ਤਉ ਚਲਤੁ ਭਇਆ।"
(ਅਧਿਆਤਮ ਗਿਆਨ ਵਾਲੇ)
-ਰਾਮ ੫, ੧੦, ੧*:੨ (1885)

ਬ੍ਰਹਮ ਗਿਆਨੁ ਪ੍ਰਭੂ ਦਾ ਗਿਆਨ ਅਧਿਆਤਮਕ ਗਿਆਨ
"ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ।"
-ਭੈਰ ਕਬ, ੧੦, ੧*:੨ (1159)

ਬ੍ਰਹਮਚਜੁ --- ਕਾਮਾਦਿਕਾਂ ਨੂੰ ਰੋਕ ਕੇ ਵਿਦਿਆ ਦਾ ਅਭਿਆਸ ਕਰਨਾ
"ਬ੍ਰਹਮ ਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ।"
-ਮਾਰੂ ੫, ੧੫, ੨:੨ (1003)

ਬ੍ਰਹਮ ਚਾਰਿ -- ਇੰਦ੍ਰੀਆਂ ਨੂੰ ਰੋਕ ਕੇ ਵਿਦਿਆ ਦਾ ਅਭਿਆਸ ਕਰਨ ਵਾਲਾ
"ਬ੍ਰਹਮ ਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ।"
-ਮਾਰੂ ੫, ੧੫, ੨:੨ (1003)

ਬ੍ਰਹਮਚਾਰੀ -- ਇੰਦ੍ਰੀਆਂ ਨੂੰ ਰੋਕ ਵਿਦਿਆ ਅਭਿਆਸ ਕਰਨ ਵਾਲਾ, ਸਾਧੂਆਂ ਦਾ ਇਕ ਫਿਰਕਾ
"ਸਨਿਆਸੀ ਬ੍ਰਹਮਚਾਰੀ।"
-ਸਿਰੀ ੫, ਅਸ ੨੭, ੩:੨ (71)
"ਪਰ ਤ੍ਰਿਅ ਤਿਆਗੁ ਕਰੀ ਬ੍ਰਹਮਚਾਰੀ।"
-ਗਉ ੪, ੩੯, ੨:੨ (164)

ਬ੍ਰਹਮਜੋਤੀ --- ਪ੍ਰਭੂ ਜੋਤ
"ਮਿਲਿ ਬ੍ਰਹਮਜੋਤੀ ਓਤਿ ਪੋਤੀ ਉਦਕੁ ਉਦਕਿ ਸਮਾਇਆ।"
-ਬਿਹਾ ੫, ਛੰਤ ੫, ੪:੩ (545)

ਬ੍ਰਹਮਟਿਆ -- ਬ੍ਰਹਮ ਦਾ ਵਿਚਰਨ ਦਾ ਥਾਂ ਬ੍ਰਹਮੰਡ, ਦੁਨੀਆਂ; (ਮਹਾਨਕੋਸ਼ ਨਿਰਣੈ)
"ਕੁਦਰਤਿ ਕੀਮ ਨ ਪਾਇ ਅਲਖ ਬ੍ਰਹਮਟਿਆ।"
-ਰਾਮ ੫, ਵਾਰ ੧:੪ (957)

ਬ੍ਰਹਮੰਡ ----- ਦੁਨੀਆਂ, ਰਚਨਾ, ਸ੍ਰਿਸਟੀ, ਸੰਸਾਰ
"ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ।"
-ਗਉ ੫, ੧੨੩*, ੩:੧ (205)

ਹੋਰ ਰੂਪ:

ਬ੍ਰਹਮੰਡਾ –
"ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ।" (ਸ੍ਰਿਸ਼ਟੀ)
-ਆਸਾ ੧, ਸੋਦ ੧, ੧:੧੪ (9)
ਬ੍ਰਹਮੰਡਾਇ –
"ਮੈਲੇ ਬ੍ਰਹਮੰਡਾਇ ਕੈ ਈਸ।" (ਸ੍ਰਿਸ਼ਟੀਆਂ)
-ਭੈਰ ਕਬ, ੩, ੨:੧ (1158)
ਬ੍ਰਹਮੰਡਿ –
"ਜੋ ਬੰਹਮੰਡਿ ਖੰਡਿ ਸੋ ਜਾਣਹੁ।" (ਸ੍ਰਿਸ਼ਟੀ ਵਿਚ)
-ਮਾਰੂ ੧, ਸੋਲਾ ੨੦, ੧੪:੧ (1041)
ਬ੍ਰਹਮੰਡੀ –
"ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ।" (ਬ੍ਰਹਮੰਡਾਂ ਵਿਚ)
-ਸਾਰ ੫, ੧੦੬, ੨:੧ (1224)
ਬ੍ਰਹਮੰਡੁ –
"ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ।" (ਸੰਸਾਰ)
-ਸਿਰੀ ੫, ੯੦, ੪:੩ (50)
ਬ੍ਰਹਮੰਡੇ –
"ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।" (ਬ੍ਰਹਮੰਡ/ਸ੍ਰਿਸ਼ਟੀ ਵਿਚ)
-ਧਨਾ ਪੀਪਾ, ੧, ੨:੧ (695)

ਬ੍ਰਹਮਣ ----- ਚਹੁੰ ਵਰਣਾਂ ਵਿਚੋਂ ਸਭ ਤੋਂ ਉਚੀ ਵਰਣ ਦਾ ਮਨੁੱਖ
"ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ।"
-ਮਾਝ ੧, ਵਾਰ ੨੬ਸ, ੧, ੧:੬ (149)

ਹੋਰ ਰੂਪ:

ਬ੍ਰਹਮਣਹ –
"ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਹਮਣਹ।" (ਬ੍ਰਾਹਮਣਾਂ ਦਾ)
-ਆਸਾ ੧, ਵਾਰ ੧੨ਸ, ੨, ੩:੧ (469)

ਬ੍ਰਹਮਣੀ ---- ਬ੍ਰਾਹਮਣ ਦੀ ਇਸਤ੍ਰੀ
"ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ।"
-ਆਸਾ ੫, ੪੪, ੧:੧ (381)

ਬ੍ਰਹਮਣੁ ---- ਉਤਮ ਵਰਣ ਦਾ ਮਨੁੱਖ
"ਬ੍ਰਹਮਣ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ।"
-ਮਾਰੂ ੧, ੧੧, ੨:੧ (992)

ਬ੍ਰਹਮਤੁ ----- ਬ੍ਰਹਮਣਪੁਣਾ
"ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ ਏਕ ਸਬਦਿ ਲਿਵ ਲਾਇ।"

-ਸੋਰ ੪, ਵਾਰ ੧੯ਸ, ੩, ੧:੧ (649)

ਬ੍ਰਹਮਨ ----- ਚਹੁ ਵਰਣਾਂ ਵਿਚ ਉਚੀ ਵਰਣ ਦਾ ਮਨੁੱਖ
"ਬ੍ਰਹਮਨ ਬੈਸ ਸੂਦ ਅਰੁ ਖ੍ਰਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ।"
-ਬਿਲਾ ਰਵਿ, ੨, ੧:੧ (858)

ਹੋਰ ਰੂਪ:

ਬ੍ਰਹਮਨੁ –
"ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ।"
-ਰਾਮ ਰੁ, ੫, ੧:੧ (970)

ਬ੍ਰਹਮਪੁਰੀ --- ਉਹ ਲੋਕ ਜਿਥੇ ਬ੍ਰਹਮਾ ਦਾ ਵਾਸਾ ਹੈ
"ਬ੍ਰਹਮਪੁਰੀ ਨਿਹਚਲੁ ਨਹੀ ਰਹਣਾ।"
-ਗਉ ੫, ਅਸ ੪, ੨:੨ (237)

ਬ੍ਰਹਮਲੋਕ --- ਬ੍ਰਹਮਾ ਦਾ ਲੋਕ/ਮੰਡਲ
"ਬ੍ਰਹਮਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ।"
-ਗੂਜ ੫, ੨੧, ੧:੧ (500)

ਬ੍ਰਹਮਾ ----- (1) ਪੁਰਾਣਾਂ ਅਨੁਸਾਰ ਜਗਤ ਦੀ ਰਚਨਾ ਕਰਨ ਵਾਲਾ ਦੇਵਤਾ
"ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ।"
-ਆਸਾ ੧, ਸੋਦ ੧, ੧:੬ (8)

(2) ਬ੍ਰਾਹਮਣ
"ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ।"
-ਗਉ ੫, ਬਾਅ ੩੯:੧ (258)

"ਕਾਇਆ ਬ੍ਰਹਮਾ ਮਨੁ ਹੈ ਧੋਤੀ।"
-ਆਸਾ ੧, ੨੦, ੧:੧ (355)

ਬ੍ਰਹਮਾਈ ---- ਕੇਵਲ ਬ੍ਰਹਮ ਹੀ, ਬ੍ਰਹਮੇਵ
"ਅੰਗ ਅੰਗ ਸੁਖਦਾਈ ਪੂਰਨ ਬ੍ਰਹਮਾਈ ਥਾਨ ਥਨੰਤਰ ਦੇਸਾ।"
-ਸਾਰ ੪, ਛੰਤ ੧, ੩:੪ (1237)

ਬ੍ਰਹਮਾਦਿ ---- ਬ੍ਰਹਮਾ ਆਦਿਕ
"ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਇਕ ਬ੍ਰਹਮਾਦਿ ਤਰੇ।"
-ਭੈਰ ੧, ੨, ੧:੧ (1125)

ਬ੍ਰਹਮਾਦਿਕ -- ਬ੍ਰਹਮਾ ਆਦਿਕ ਦੇਵਤੇ
"ਬ੍ਰਹਮਾਦਿਕ ਸਨਕਾਦਿਕ ਚਾਹੈ।"
-ਗਉ ੫, ੧੧੭*, ੨:੧ (203)

ਬ੍ਰਹਮਿ ----- ਬ੍ਰਹਮ (ਪ੍ਰਭੂ) ਵਿਚ
"ਗੁਰ ਪਰਸਾਦਿ ਬ੍ਰਹਮਿ ਸਮਾਉ।"
-ਆਸਾ ੧, ੨੦, ੧:੩ (355)

"ਪਰਤਛਿ ਰਿਦੈ ਗੁਰ ਅਰਜਨੁ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ।" (ਪੂਰਨ ਪ੍ਰਭੂ ਨੇ)
-ਸਵ ੫, ਮਥੁ ੫:੪ (1409)

ਹੋਰ ਰੂਪ:

ਬ੍ਰਹਮੁ –
"ਗੁਰਮੁਖਿ ਬਾਣੀ ਬ੍ਰਹਮੁ ਹੈ ਸਬਦਿ ਮਿਲਾਵਾ ਹੋਇ।" (ਪ੍ਰਭੂ)
-ਸਿਰੀ ੩, ੬੩, ੪:੩ (39)
(ਮਹਾਨ ਕੋਸ਼ ਇਸ ਦੇ ਅਰਥ 'ਵੇਦ' ਕਰਦਾ ਹੈ)
"ਅੰਤਰਿ ਬ੍ਰਹਮੁ ਨ ਚੀਨਈ ਮਨ ਮੂਰਖੁ ਗਵਾਰੁ।"
-ਸਿਰੀ ੪, ਵਾਰ ੧੦ਸ, ੩, ੨:੨ (86)
('ਮਹਾਨਕੋਸ਼' ਅਰਥ 'ਆਤਮਾ' ਕਰਦਾ ਹੈ)

ਬ੍ਰਹਮੁ ------ (1) ਪ੍ਰਭੂ, ਵੇਖੋ 'ਬ੍ਰਹਮਿ'
(2) ਸਵਾਸ
"ਤਲ ਕਾ ਬ੍ਰਹਮੁ ਲੇ ਗਗਨਿ ਚਰਾਵੈ।" (ਹੇਠਲੇ ਸੁਆਸਾਂ ਨੂੰ)
-ਆਸਾ ਕਬ, ੭, ੧*:੨ (477)
(3) ਬ੍ਰਹਮਾ, ਇਕ ਦੇਵਤਾ
"ਬ੍ਰਹਮੁ ਪਾਤੀ ਬਿਸਨੁ ਡਾਰੀ ਫੂਲ ਸੰਕਰਦੇਉ।"
-ਆਸਾ ਕਬ, ੧੪, ੨:੧ (479)
(4) ਭਾਵ ਜੀਵ
"ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿਰਾਮ ਜੀਉ।"
-ਸੂਹੀ ੫, ਛੰਤ ੨, ੪:੨ (778)

ਬ੍ਰਹਮੁ ਬਿੰਦ -- ਵੀਰਜ
"ਬ੍ਰਹਮੁ-ਬਿੰਦ ਤੇ ਸਭ ਓਪਤਿ ਹੋਈ।"
-ਭੈਰ ੩, ੧, ੨:੨ (1128)

ਬ੍ਰਹਮੇ ------ ਦੇਵਤੇ ਬ੍ਰਹਮਾ ਨੂੰ/ਨੇ
"ਪੁਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ।"
-ਸਿਰੀ ੧, ਅਸ ੧੦, ੧*:੨ (59)
"ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ।" (ਬ੍ਰਹਮਾ ਨੇ)
-ਆਸਾ ਕਬ, ੧੦, ੧:੨ (478)

ਬ੍ਰਹਮੇਟਿਆ -- ਬ੍ਰਹਮੰਡ ਵਿਚ, ਸ੍ਰਿਸ਼ਟੀ ਵਿਚ
"ਨਦਰੀ ਆਇਆ ਇਕੁ ਸਗਲ ਬ੍ਰਹਮੇਟਿਆ।"
-ਗੂਜ ੫, ਵਾਰ ੧੦:੪ (520)

ਬ੍ਰਹਮੇਵਾ ---- ਬ੍ਰਹਮਾ ਵਰਗੇ
"ਭਰਮੇ ਸਿਧ ਸਾਧਿਕ ਬ੍ਰਹਮੇਵਾ।"
-ਗਉ ੫, ਬਾਅ ੪੦:੪ (258)

ਬ੍ਰਹਮੈ ------ ਬ੍ਰਹਮਾ ਨੇ

“ਬ੍ਰਹਮੈ ਗਰਬੁ ਕੀਆ ਨਹੀ ਜਾਨਿਆ।”
-ਗਉ ੧, ਅਸ ੯, ੧:੧ (224)

ਬ੍ਰਹਮੋ ------ ਬ੍ਰਹਮ ਤੋਂ, ਪ੍ਰਭੂ ਤੋਂ
“ਬ੍ਰਹਮੋ ਪਸਾਰਾ ਬ੍ਰਹਮੁ ਪਸਰਿਆ ਸਭੁ ਬ੍ਰਹਮੁ ਦ੍ਰਿਸਟੀ ਆਇਆ।”
-ਸੂਹੀ ੫, ਛੰਤ ੮, ੪:੪ (782)

ਬ੍ਰਤ ------- ਵਰਤ, ਅੰਨ ਨਾ ਖਾਣਾ, ਇਕ ਪੁਨਯ- ਕਰਮ, ਕਿਸੇ ਨਿਯਮ ਦੀ ਪਾਲਣਾ ਲਈ ਦ੍ਰਿੜ-ਸੰਕਲਪ ਹੋਣਾ
“ਕਰਮ ਧਰਮ ਨੇ ਬ੍ਰਤ ਪੂਜਾ।”
-ਗਉ ੫, ੧੬੫, ੨:੧ (199)

ਬ੍ਰਤਕਾਰੀ ---- ਵਰਤ ਰਖਨ ਦੀ ਕਿਰਿਆ
“ਅਨਦਿਨੁ ਨਾਮੁ ਦਾਨੁ ਬ੍ਰਤਕਾਰੀ।”
-ਪ੍ਰਭਾ ੧, ੧੪, ੩:੩ (1331)

ਬ੍ਰਤਿ ------ (ਸੰ.) ਪ੍ਰਣ, ਭਾਵ ਜੀਵਨ ਜੁਗਤ ਦਾ ਪ੍ਰਣ, ਵਰਤ
“ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ।”
-ਗਉ ਕਬ, ਵਾ, ੬:੧ (344)

ਹੋਰ ਰੂਪ:

ਬ੍ਰਤੁ -
“ਖਿਮਾ ਗਹੀ ਬ੍ਰਤੁ ਸੀਲ ਸੰਤੋਖੰ।” (ਨੇਮ)
-ਗਉ ੧, ਅਸ ੭, ੧:੧ (223)

ਬ੍ਰਾਹਮਣ ---- (1) ਵਰਣ ਵੰਡ ਅਨੁਸਾਰ ਸਭ ਤੋਂ ਉਚੇ ਵਰਣ ਦਾ ਮਨੁੱਖ
“ਤੁਮ ਕਤ ਬ੍ਰਾਹਮਣ ਹਮ ਕਤ ਸੂਦ।”
-ਗਉ ਕਬ, ੭, ੩:੧ (324)

ਬ੍ਰਾਹਮਣਹ --- ਬ੍ਰਾਹਮਣ ਦਾ
“ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ।”
-ਸਸ ੧, ੩:੧ (1353)

ਬ੍ਰਾਹਮਣਾ ---- ਬ੍ਰਾਹਮਣ
“ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ ਜੇ ਚਲਹਿ ਸਤਿਗੁਰ ਭਾਇ।”
-ਬਿਲਾ ੪, ਵਾਰ ੩ਸ, ੩, ੧:੧ (849)

ਬ੍ਰਾਹਮਣੁ ---- (1) ਵੇਦਾਂ ਦਾ ਗਿਆਤਾ
“ਸੋ ਬ੍ਰਾਹਮਣੁ ਬ੍ਰਹਮੁ ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ।”
-ਸਿਰੀ ੩, ਅਸ ੨੨, ੮:੧ (68)

(2) ਸਭ ਤੋਂ ਉਚੇ ਵਰਣ ਦਾ ਮਨੁੱਖ
“ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ।”
-ਗਉ ੫, ਥਿਤੀ ੧੭:੭ (300)

ਬ੍ਰਿਹਸਪਤਿ -- ਵੀਰਵਾਰ

"ਬ੍ਰਿਹਸਪਤਿ ਬਿਖਿਆ ਦੇਇ ਬਹਾਇ।"
-ਗਉ ਕਬ, ਵਾ ੫:੨ (344)

ਬ੍ਰਿਖ ------ (ਸੰ.) ਬਲਦ
"ਕਈ ਜਨਮ ਹੈਵਰ ਬ੍ਰਿਖ ਜੋਇਓ।"
-ਗਉ ੫, ੭੨, ੧:੪ (176)

ਬ੍ਰਿਥਾ ------ (1) ਵਿਅਰਥ, ਫਜ਼ੂਲ, ਨਿਰਾਰਥਕ, ਨਿਹਫਲ
"ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।"
-ਆਸਾ ੫, ਸੋਪੁ ੪, ੧*:੨ (12)
(2) (ਸੰ.) ਪੀੜਾ, ਦੁਖ
"ਤਾ ਤੇ ਬ੍ਰਿਥਾ ਨ ਬਿਆਪੈ ਕਾਈ।"
-ਗਉ ੫, ੧੧੪*, ੧*:੨ (202)
(3) ਖਾਲੀ
"ਨਾਨਕੁ ਦਾਸੁ ਤਾ ਕੀ ਸਰਣਾਈ ਜਾ ਤੇ ਬ੍ਰਿਥਾ ਨ ਕੋਈ ਰੇ।"
-ਗਉ ੫, ੧੩੭, ੪:੨ (209)
(4) ਦੁਖ ਦਾ ਹਾਲ
"ਜੈ ਜੈ ਪਹਿ ਕਹਉ ਬ੍ਰਿਥਾ ਹਉ ਅਪੁਨੀ ਤੇਊ ਤੇਊ ਗਹੇ ਰਹੇ ਅਟਕਾਇ।"
- ਕਾਨ ੫, ੨੩, ੧:੧ (1302)

ਬ੍ਰਿਥਾਨਦ ---- ਬੇਅਰਥ, ਬ੍ਰਿਥੀ
"ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ।"
-ਸਾਰ ੫, ੭, ੩:੧ (1204)

ਬ੍ਰਿਥਾਰੀ ---- ਬੇਅਰਥ, ਫਜ਼ੂਲ, ਬ੍ਰਿਥੀ
"ਸਾਕਤ ਕੀ ਆਵਰਦਾ ਜਾਇ ਬ੍ਰਿਥਾਰੀ।"
-ਧਨਾ ੫, ੪੨, ੧*:੧ (681)

ਬ੍ਰਿਥੀ ------ ਬੇਅਰਥ
"ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ।"
-ਗਉ ੫, ਸੁਖ ੧੪, ੧:੧ (281)
ਹੋਰ ਰੂਪ:
ਬ੍ਰਿਥੇ -
"ਜਲਤੋ ਜਲਤੋ ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ।" (ਫਜ਼ੂਲ, ਨਿਹਫਲ)
-ਗਉ ੫, ੧੧੨*, ੩:੧ (215)

ਬ੍ਯਾਸੁ ------ ਰਿਸ਼ੀ ਵਾਸੁਦੇਵ
"ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਆ।"
-ਸਵ ੧, ੯:੩ (1390)

ਬ੍ਯਾਕਰਣ ---- ਵਿਆਕਰਣ, ਭਾਸ਼ਾ ਦੇ ਨਿਯਮ
"ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ ਬੀਚਾਰਿਅ।"
-ਸਵ ੧, ੯:੩ (1390)

ਬ੍ਯਾਧਿ ------ ਰੋਗਿ
"ਬ੍ਯਾਧਿ ਉਪਾੜਣ ਸੰਤੰ।"
-ਗਾਥਾ ੫, ੧੬:੨ (1361)

ਬ੍ਯਾਪਤਿ ----- ਵਿਆਪਕ
"ਬ੍ਯਾਪਤਿ ਦੇਖੀਐ ਜਗਤਿ ਜਾਨੈ ਕਉਨੁ ਤੇਰੀ ਗਤਿ ਸਰਬ ਕੀ ਰਖ੍ਯਾ ਕਰੈ ਆਪੇ ਹਰਿ ਪਤਿ।"
-ਸਮੁ ੫, ੧:੩ (1385)

ਬ੍ਯਾਪਾਰੁ ----- ਵਿਪਾਰ, ਵਣਜ
"ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯਾਪਾਰੁ।"
-ਗਉ ਰਵਿ, ੧, ੨:੧ (346)

ਬ੍ਯਾਪਿਤੰ ----- ਵਿਆਪਣਾ
"ਬਚਿਤ੍ਰ ਮੰਦਰਿ ਸੋਭੰਤਿ ਬਸਤ੍ਰਾ ਇਤ੍ਯੰਤ ਮਾਇਆ ਬ੍ਯਾਪਿਤੰ।"
-ਸਸ ੫, ੧੧:੩ (1355)

ਭ

ਭਉ ------- (1) ਡਰ, ਭੈ, ਤੌਖਲਾ
"ਭਉ ਖਲਾ ਅਗਨਿ ਤਪ ਤਾਉ।"
-ਜਪੁ ੧, ੩੮:੩ (8)
"ਹਰਿ ਤਿਸੁ ਬਿਨੁ ਕੋਈ ਨਾਹਿ ਡਰੁ ਭ੍ਰਮੁ ਭਉ ਦੂਰਿ ਕਰਿ।"
-ਸਿਰੀ ੪, ੧:੩ (83)
(ਮਹਾਨਕੋਸ਼ ਇਥੇ ਅਰਥ 'ਭਵ' ਭਾਵ 'ਆਵਾਗਵਨ' ਕਰਦਾ ਹੈ)
"ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ।"
-ਗਉ ੫, ਅਸ ੧੪, ੫:੧ (241)
('ਮਹਾਨਕੋਸ਼' ਇਥੇ ਵਿਚ ਅਰਜ ਭਵ (ਜਨਮ) ਕਰਦੇ ਹਨ ਭਾਵ 'ਆਵਾਗਵਨ' ਕਰਦਾ ਹੈ)
(2) ਭਵਜਲ, ਸੰਸਾਰ ਸਾਗਰ
"ਹਰਿ ਜਿਸ ਨੋ ਹੋਇ ਦਇਆਲੁ ਸੋ ਹਰਿ ਜਪਿ ਭਉ ਬਿਖਮੁ ਤਰਿ।"
-ਸਿਰੀ ੪, ੧:੫ (83)
"ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਵੈ।" (ਸਾਗਰ)
-ਗਉ ੪, ੫੯, ੨:੨ (171)
"ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ।" (ਸੰਸਾਰ, ਭਵਸਾਗਰ)
-ਸੂਹੀ ੫, ੫੮, ੨:੧ (750)
(3) ਭਵ-ਸਿੰਧ, ਭਵ-ਸਾਗਰ, ਹਸਤੀ ਦਾ ਸਮੁੰਦਰ
"ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤਸੰਗਤਿ ਸੰਗਿ ਸਿੰਧੁ ਭਉ ਤਰੀ।"
-ਭੈਰ ੪, ੨, ੧*:੨ (1134)

(4) ਫਿਰਨਾ ਭਟਕਨਾ, ਭੌਂਨਾ
"ਭਉਕਿ ਮਰਹਿ ਭਉ ਭਉ ਭਉਹਾਰਾ।"
-ਮਾਰੂ ੧, ਸੋਲਾ ੯, ੧੫:੨ (1029)

ਹੋਰ ਰੂਪ:

ਭੰਉ –
"ਹੋਛਉ ਕਾਜੁ ਅਲਪ ਸੁਖ ਬੰਧਨ ਕੋਟਿ ਜਨੰਮ ਕਹਾ ਦੁਖ ਭੰਉ ।" (ਭੌਨਾ ਹੋਇਆ)
-ਸਮੁ ੫, ੨*:੫ (1387)

ਭਉਸਾਗਰ --- ਭਵ ਸਾਗਰ, ਸੰਸਾਰ ਦਾ ਸਮੁੰਦਰ
"ਤੇਰੀ ਟੇਕ ਤਰੀਐ ਭਉਸਾਗਰ।"
-ਭਉ ੫, ੩੯, ੨:੩ (1147)

ਭਉਹਾਰਾ ---- ਭੈ ਵਾਲਾ, ਭੈ-ਭੀਤ ਹੋਇਆ
"ਭਉਕਿ ਮਰਹਿ ਭਉ ਭਉ ਭਉਹਾਰਾ।"
-ਮਾਰੂ ੧, ਸੋਲਾ ੯, ੧੫:੨ (1029)

ਭਉਕਹਿ ---- ਭਉਂਕਦਾ ਹੈ
"ਭਉਕਹਿ ਆਗੈ ਬਦਨੁ ਪਸਾਰਿ।"
-ਰਾਮ ਕਬ, ੪, ੧*:੨ (969)

ਭਉਕਣਾ ---- (1) ਅਬਾ ਤਬਾ ਬੋਲਣਾ, ਫਜ਼ੂਲ ਬੋਲਣਾ
"ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ।"
-ਸਾਰ ੪, ਵਾਰ ੧੪ਸ, ੧, ੧:੨ (1242)

(2) ਭੌਂਕਾ, ਫਜ਼ੂਲ ਬੋਲਣ ਵਾਲਾ
"ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ।"
-ਸਲੋ ਫਰ, ੮੮:੧ (1382)

(ਮਹਾਨਕੋਸ਼ ਅਰਥ 'ਲਾਲਚੀ' ਕਰਦਾ ਹੈ)

ਭਉਕਤ ---- ਭੌਂਕਦਾ, ਅਬਾ ਤਬਾ ਬੋਲਣਾ
"ਅੰਤਰਿ ਤਿਸਾ ਭੁਖ ਅਤਿ ਬਹੁਤੀ ਭਉਕਤ ਫਿਰੈ ਦਰਬਾਰੁ।"
-ਭੈਰ ੩, ੧੮, ੨:੨ (1132)

ਭਉਕਦੇ ---- (1) ਕੂਕਦੇ, ਲੋਚਦੇ, ਤਰਸਦੇ
"ਇਕਿ ਨਿਰਧਨ ਸਦਾ ਭਉਕਦੇ ਇਕਨਾ ਭਰੇ ਤੁਜਾਰਾ।"
-ਮਾਝ ੧, ਵਾਰ ੭:੬ (141)

(2) ਅਬਾ ਤਬਾ ਬੋਲਦੇ
"ਕੂੜੁ ਬੋਲਿ ਬੋਲਿ ਨਿਤ ਭਉਕਦੇ ਬਿਖੁ ਖਾਧੇ ਦੂਜੈ ਭਾਇ।"
-ਸਲੋ ੩, ੨੩:੪ (1415)

ਭਉਕਨਾ ---- ਬਊ ਬਊ ਕਰਨਾ
"ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ।"
-ਸਲੋ ਫਰ, ੨੦੯:੧ (1375)

ਭਉਕਾ ----- ਭਉਂਕਦਾ ਹਾਂ
"ਏਤੇ ਕੂਕਰ ਹਉ ਬੇਗਾਨਾ ਭਉਕਾ ਇਸੁ ਤਨ ਤਾਈ।"
-ਬਿਲਾ ੧, ੧, ੪:੧ (795)

ਭਉਕਿ ----- ਫਜ਼ੂਲ ਬੋਲ ਕੇ, ਅਬਾ ਤਬਾ ਬੋਲ ਕੇ ਭਾਵ ਲੋਚਕੇ ਪ੍ਰਾਪਤੀ ਲਈ ਵਿਲਕ ਕੇ
"ਵਿਣੁ ਗੁਰ ਕਿਨੈ ਨ ਲਧਿਆ ਅੰਧੇ ਭਉਕਿ ਮੁਏ ਕੂੜਿਆਰਾ।"
-ਮਾਝ ੧, ਵਾਰ ੭:੩ (141)

ਭਉਕੀਆ --- ਉਭਰ ਪਈਆਂ, ਭੜਕ ਪਈਆਂ
"ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉਕੀਆ।"
-ਮਾਝ ੧, ਵਾਰ ੧੭ਸ, ੧, ੧:੫ (146)

ਭਉ ਕੈ ----- ਭਉਂਕਦਾ ਹੈ
"ਅੰਤਰਿ ਲੋਭੁ ਭਉਕੈ ਜਿਸੁ ਕੁਤਾ।"
-ਮਾਰੂ ੩, ਸੋਲਾ ੩, ੮:੨ (1046)

ਹੋਰ ਰੂਪ:

ਭੰਉਕੈ -
"ਭੰਉਕੈ ਕੋਪੁ ਖੁਆਰੁ ਹੋਇ ਫਕੜੁ ਪਿਟੇ ਅੰਧੁ।"
-ਮਲਾ ੧, ਵਾਰ ੨੩ਸ, ੧, ੧:੩ (1288)

ਭਉਜਲ ---- ਭਵਜਲ, ਸੰਸਾਰ ਸਮੁੰਦਰ
"ਬਿਖੁ ਭਉਜਲ ਡੁਬਦੇ ਕਢਿ ਲੈ ਜਨ ਨਾਨਕ ਕੀ ਅਰਦਾਸਿ।"
-ਸਿਰੀ ੪, ੬੫, ੪:੩ (40)

ਹੋਰ ਰੂਪ:

ਭਉਜਲਿ -
"ਜਿਸੁ ਸਤਿਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ।" (ਸੰਸਾਰ ਸਾਗਰ ਵਿਚ)
-ਸਿਰੀ ੧, ੨੨, ੩:੨ (22)

ਭਉਜਲੁ -
"ਜਮਜੰਦਾਰੁ ਨ ਲਗਦੀ ਇਉ ਭਓਜਲੁ ਤਰੈ ਤਰਾਸਿ।" (ਸੰਸਾਰ ਸਮੁੰਦਰ)
-ਸਿਰੀ ੨, ੨੧, ੨:੩ (22)

ਭਉਣ ------ (1) ਭਵਨ ਭਾਵ ਸ੍ਰਿਸ਼ਟੀ
"ਤੁਧੁ ਸਿਰਜਿਆ ਸਭੁ ਸੰਸਾਰੁ ਤੂ ਨਾਇਕੁ ਸਗਲ ਭਉਣ।"
-ਮਾਰੂ ੫, ਵਾਰ ੨:੨ (1094)

(2) ਭਵਨ ਭਾਵ ਘਰ
"ਸੁਖ ਸਹਜ ਆਨੰਦ ਗ੍ਰਿਹ ਭਉਣ।"
-ਭੈਰ ੫, ੭, ੧*:੨ (1137)

ਭਉਦਾ ----- ਭੌਂਦਾ, ਘੁੰਮਦਾ, ਭ੍ਰਮਣ ਕਰਦਾ
"ਬਹੁ ਜੋਨੀ ਭਉਦਾ ਫਿਰੈ ਜਿਉ ਸੁੰਞੈਂ ਘਰਿ ਕਾਉ।"
-ਸਿਰੀ ੩, ੪੩, ੨:੨ (30)

ਹੋਰ ਰੂਪ:

ਭਉਦਿਆ –
"ਨਾਨਕ ਭਉਦਿਆ ਗਣਤ ਨ ਅੰਤ।" (ਭ੍ਰਮਣ ਕਰਦਿਆਂ, ਘੁੰਮਦਿਆਂ)
-ਆਸਾ ੧, ਵਾਰ ੫ਸ, ੧, ੨:੨੦ (465)

ਭਉਦੀ –
"ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ।" (ਘੁੰਮਦੀ ਇਥੇ ਭਾਵ ਉਡਦੀ)
-ਮਾਰੂ ੫, ਵਾਰ ੯ਸ, ੫, ੨:੧ (1097)

ਭਉਦੀਆ –
"ਪੰਖੀ ਭਉਦੀਆ ਲੈਨਿ ਨ ਸਾਹ।" (ਭ੍ਰਮਣ ਕਰਦਿਆਂ)
-ਆਸਾ ੧, ਵਾਰ ੫ਸ, ੧, ੨:੧੮ (465)

ਭਉਦੇ –
"ਭਉਦੇ ਫਿਰਹਿ ਬਹੁ ਮੋਹ ਪਿਆਸਾ।"
-ਮਾਰੂ ੩, ਸੋਲਾ ੨੪, ੧੧:੨ (1068)

ਭਉਨ ------ ਲੋਕ, ਭਵਨ
"ਸਬਦਿ ਪਛਾਨੈ ਤੀਨੇ ਭਉਨ।"
-ਗਉ ੧, ਅਸ ੨, ੫:੩ (221)

ਭਉਨਿਧਿ --- ਭਵ ਸਾਗਰ, ਸੰਸਾਰ ਸਮੁੰਦਰ
"ਜਿਹ ਬਿਧਿ ਮਨ ਕੋ ਸੰਸਾ ਚੂਕੈ ਭਉਨਿਧਿ ਪਾਰਿ ਪਰਉ।"
-ਧਨਾ ੯, ੪, ੧*:੨ (685)

ਭਉਨੇ ------ ਭਵਨ, ਲੋਕ
"ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।"
-ਸਾਰ ੫, ੧੩੯, ੧:੧ (1231)

ਭਉ ਭੰਜਨਾ -- ਡਰ ਭੰਨਣ ਵਾਲਾ, ਭੈ ਦੂਰ ਕਰਨ ਵਾਲਾ
"ਅਗਾਧਿ ਬੋਧ ਸਮਰਥ ਸੁਆਮੀ ਸਰਬ ਕਾ ਭਉ ਭੰਜਨਾ।"
-ਆਸਾ ੫, ਛੰਤ ੬, ੨:੫ (456)

ਹੋਰ ਰੂਪ:

ਭਉ ਭੰਜਨੁ –
"ਨਾਨਕ ਨਾਮੁ ਮਿਲੈ ਭਉ ਭੰਜਨੁ ਗੁਰ ਸਬਦੀ ਸੁਖੁ ਪਾਵਣਿਆ।" (ਡਰ ਦੂਰ ਕਰਨ ਵਾਲਾ ਭਾਵ ਪ੍ਰਭੂ)
-ਮਾਝ ੫, ਅਸ ੩੪, ੮:੩ (130)

ਭਉਰਾਨਦ --- ਰਾਗ ਮਾਲਕ ਉਸ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ – ਮਾਰੂ, ਮਸਤ ਅੰਗ, ਮੇਵਾਰਾ, ਪ੍ਰਬਲ, ਚੰਡ, ਕਉਸਕ, ਉਭਾਰਾ ਤੇ ਖਉਖਟ।"
"ਖਉ ਖਟ ਅਉ ਭਉਰਾਨਦ ਗਾਏ।"
– ਰਾਗ ੧:੨੧ (1430)

ਭਉਰੁ ------ ਭੌਰਾ

"ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾਨਹ ਬੁਝਾਈ।"

– ਸਿਰੀ ੧, ੨੭, ੨:੨ (24)

"ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।"

– ਆਸਾ ੧, ਵਾਰ ੩:੧ (464)

ਭਇ ------ ਭੈ, ਡਰ

"ਸਤਿਗੁਰ ਕੈ ਭਇ ਭ੍ਰਮੁ ਭਉ ਜਾਇ।"

– ਗਉ ੩, ੨੧, ੧*:੧ (157)

ਭਇਓ ----- ਹੋਇਆ, ਭਇਆ

"ਸਾਧਸੰਗਿ ਭਇਓ ਜਨਮੁ ਪਰਾਪਤਿ।"

– ਗਉ ੫, ੭੨, ੩:੧ (176)

ਹੋਰ ਰੂਪ:

ਭਇਆ –

"ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿ ਨਰ ਭਇਆ।" (ਹੋਏ)

– ਸਵ ੪, ਨਲ ੬:੬ (1399)

ਭਇਅੰ –

"ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ।" (ਹੁੰਦਾ)

– ਗੂਜ ਜੈਦੇ, ੧, ੧*:੩ (526)

ਭਇਅਉ –

"ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਵਣਹਿ ਸੁਣਿਓ।" (ਹੋਇਆ)

– ਸਵ ੪, ਨਲ ੬:੧ (1399)

ਭਇਅੰਤ –

"ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ।" (ਹੁੰਦੀ ਹੈ)

– ਕਾਨ ੫, ੧੫, ੩:੧ (1301)

ਭਇਆ –

"ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ।" (ਹੋਇਆ, ਹੋ ਗਿਆ)

– ਆਸਾ ੧, ਸੋਪੁ ੩, ੨:੧ (12)

ਭਇਆ ---- (1) ਹੋਇਆ, ਹੋ ਗਿਆ, ਵੇਖੋ 'ਭਇਓ'

(2) ਭਿਆਨਕ

"ਪੂਰਬ ਕਮਾਣੇ ਛੋਡਹਿ ਨਾਹੀ ਜਮਦੂਤਿ ਗ੍ਰਾਸਿਓ ਮਹਾ ਭਇਆ।"

– ਰਾਮ ੫, ੫੫, ੨:੨ (900)

ਭਇਆਨ --- (1) ਭਿਆਨਕ, ਭਿਅੰਕਰ, ਡਰਾਉਣਾ

"ਜਹ ਮਹਾ ਭਇਆਨ ਦੂਤ ਜਮ ਦਲੈ।"

– ਗਉ ੫, ਸੁਖ ੨, ੧:੩ (264)

(2) ਭੈ ਦੇਣ ਵਾਲੇ, ਭੈ ਭੀਤ ਕਰਨ ਵਾਲੇ

"ਸਗਲ ਭਇਆਨ ਕਾ ਭਉ ਨਸੈ।"

– ਭੈਰ ੫, ੩੬, ੩:੩ (1146)

ਭਇਆਨਕ -- (1) ਭੈ ਮਾਨ
“ਜੋਇ ਦੂਤ ਮੋਹਿ ਬਹੁਤੁ ਸੰਤਾਵਤ ਤੇ ਭਇਆਨਕ ਭਇਆ।”
- ਸੋਰ ੫, ੧੪, ੨:੧ (612)

(2) ਡਰਾਉਣਾ, ਭੈ ਦੇਣ ਵਾਲਾ
“ਭੈ ਭਇਆਨਕ ਜਮਦੂਤ ਦੁਤਰ ਹੈ ਮਾਇਆ।”
- ਮਾਰੂ ੫, ਸੋਲਾ ੧੧, ੧੭:੨ (1083)

ਭਇਆਨਿ --- ਭੈ, ਡਰ
“ਲਹਿਓ ਜਮ ਭਇਆਨਿ ਹਾਂ।”
- ਆਸਾ ੫, ੧੫੮, ੧:੩ (409)

ਭਇਕਾਰੁ --- ਭਉ ਵਿਚ ਟਿਕੇ ਰਹਿਣ ਵਾਲਾ ਕੰਮ, ਡਰ-ਅਦਬ ਵਿਚ ਰਹਿ ਕੇ ਵਿਚਰਨਾ
“ਭਾਇ ਮਿਲੈ ਭਾਵੈ ਭਇਕਾਰੁ।”
- ਆਸਾ ੧, ਅਸ ੫, ੮:੩ (413)

ਭਈ ------ ਹੋਈ, ਵੇਖੋ ‘ਭਈਆ’ (2)
“ਭਈ ਪਰਾਪਤਿ ਮਾਨੁਖ ਦੇਹੁਰੀਆ।”
- ਆਸਾ ੫, ਸੋਪੁ ੪, ੧:੧ (12)

ਭਈਆ ---- (1) ਸੰਬੋਧਕ, ਹੇ ਭਾਈ ! ਹੇਭਰਾ !
“ਕਾਹੇ ਭਈਆ ਫਿਰਤੌ ਫੂਲਿਆ ਫੂਲਿਆ।”
- ਸੋਰ ਕਬ, ੨, ੧*:੧ (654)

(2) ਹੋਈ, ਵੇਖੋ ‘ਭਈ’
“ਗੁਰ ਚਰਣੀ ਇਕ ਸਰਧਾ ਉਪਜੀ ਮੈ ਹਰਿ ਗੁਣ ਕਹਤੇ ਤ੍ਰਿਪਤਿ ਨ ਭਈਆ।”
- ਬਿਲਾ ੪, ਅਸ ੨, ੪:੨ (834)
“ਦਾਸਨਿ ਦਾਸ ਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ।”
- ਬਿਲਾ ੪, ਅਸ ੩, ੩:੧ (834)
(‘ਮਹਾਨ ਕੋਸ਼’ ਅਰਜ਼ ‘ਭ੍ਰਾਤ’ ਕਰਦਾ ਹੈ)

(3) ਭਾਇਆ, ਪਸੰਦ ਆਇਆ
“ਹਰਿ ਹਰਿ ਸਰਧਾ ਸੇਜ ਵਿਛਾਈ ਪ੍ਰਭੁ ਛੋਡਿ ਨ ਸਕੈ ਬਹੁਤੁ ਮਨਿ ਭਈਆ।”
- ਬਿਲਾ ੪, ੫, ੬:੨ (836)

(4) ਭਰਾ
“ਸੰਗਿ ਨ ਕੋਈ ਭਈਆ ਬੇਬਾ।”
- ਮਾਝ ੫, ਅਸ ੮, ੩:੧ (1020)

ਭਈਲੇ ----- ਹੋਇਆ ਹੈ
“ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ।”
- ਆਸਾ ੧, ਸੋਪੁ ੩, ੧:੧ (12)

ਭਏ ------- ਹੋਏ
“ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ।”
- ਸਿਰੀ ੧, ੧੫, ੧:੨ (19)

ਹੋਰ ਰੂਪ:

ਭਏਂ –
“ਮਨ ਮਾਹਿ ਭਏਂ ਅਨੰਦ।” (ਹੋਵੇਂ)
– ਰਾਮ ੫, ੩੮, ੨:੪ (894)

ਭਸ ------- ਸੁਆਹ, ਖਾਕ, ਭੁਸਮ
“ਦੇ ਦੇ ਨੀਵ ਦਿਵਾਲ ਉਸਾਰੀ ਭਸ ਮੰਦਰ ਕੀ ਢੇਰੀ।”
– ਗਉ ੧, ੧੩, ੫:੧ (155)

ਭਸਨਾ ----- (ਸ) ਭਸਮ, ਸੁਆਹ
“ਰਾਖਨਹਾਰੈ ਰਾਖਿਆ ਭਏ ਭ੍ਰਮ ਭਸਨਾ।”
– ਬਿਲਾ ੫, ੪੩, ੪:੧ (811)

ਭਸਮ ------ ਸੁਆਹ, ਰਾਖ, ਧੂੜ
“ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।”
– ਸਿਰੀ ੧, ੨, ੨:੨ (14)
“ਵੇਸ ਕਰੈ ਬਹੁ ਭਸਮ ਲਗਾਵੈ।” (ਧੂੜ, ਰਜ)
– ਗਉ ੧, ਅਸ ੧੨, ੧:੨ (236)
“ਭਸਮ ਕਰੈ ਲਸਕਰ ਕੋਟਿ ਲਾਖੈ।” (ਭਾਵ ਮੁਕਾ ਦੇਵੇ, ਮੇਟ ਦੇਵੇ)
– ਗਉ ੫, ਸੁਖ ੧੭, ੫:੨ (285)

ਹੋਰ ਰੂਪ:

ਭਸਮੰ –
“ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ।”
– ਸਸ ੫, ੧੮:੩ (1355)

ਭਸਮਤੀ ---- ਚੂਲਾ, ਧੂਣੀ, ਭੱਠੀ
“ਅੰਡ ਟੂਕ ਜਾ ਚੈ ਭਸਮਤੀ।”
– ਮਲਾ ਨਾਮ, ੧, ੩:੫ (1292)

ਭਸਮੰਤੁ ---- (ਸੜ ਕੇ ਹੋਈ) ਭਸਮ (ਸੁਆਹ/ਰਾਖ)
“ਖਿਨ ਮਹਿ ਹੋਇ ਜਾਇ ਭਸਮੰਤੁ।”
– ਗਉ ੫, ਸੁਖ ੧੨, ੨:੬ (278)

ਭਸਮੜਿ ---- ਖੇਹਦੀ ਢੇਰੀ
“ਆਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।”
– ਆਸਾ ੧, ਵਾਰ ੩:੧ (464)

ਭਸਮਾ ----- ਭਸਮ ਹੋਣਾ, ਖੇਹ/ਮਿਟੀ ਹੋਣਾ
“ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ ਬਿਸਟਾ ਕ੍ਰਿਮ ਭਸਮਾ ਰਾਮ।”
– ਬਿਲਾ ੫, ਛੰਤ ੪, ੩:੪ (848)

ਭਸਮਾਧਾਰੀ -- ਭਸਮ ਦਾ ਧਾਰਨੀ ਭਾਵ ਸੁਆਹ ਦੀ ਢੇਰੀ
“ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗੁ ਭਸਮਾਧਾਰੀ।”
– ਗਉ ਕਬ, ੫੩, ੨:੧ (334)

ਭਸਮਾਭੂਤ --- ਸੁਆਹ ਹੋਇਆ ਹੋਇਆ
"ਭਸਮਾਭੂਤ ਹੋਆ ਖਿਨ ਭੀਤਰਿ ਅਪਨਾ ਕੀਆ ਪਾਇਆ।"
– ਟੋਡੀ ੫, ੧੧, ੨:੧ (714)

ਭਸਮੇਹੀ ---- ਸਾੜਕੇ ਸੁਆਹ ਕਰਨਾ
"ਤੀਨਿ ਸੰਙਿਆ ਕਰਿ ਦੇਹੀ ਕੀਨੀ ਜਲ ਕੂਕਰ ਭਸਮੇਹੀ।"
– ਸੋਰ ੫, ੪, ੨:੧ (609)

ਭਸਮੈ ------ ਭਸਮ/ਖਾਕ/ਸੁਆਹ ਦੀ
"ਓਹਿ ਬਿਨਸੈ ਓਇ ਭਸਮੈ ਢੇਰੀ।"
– ਗਉ ੫, ੮੦, ੧:੪ (179)
"ਉਡਰਿ ਹੰਸ ਚਲਿਆ ਫੁਰਮਾਇਆ ਭਸਮੈ ਭਸਮ ਸਮਾਣੀ।" (ਭਸਮ ਵਿਚ)
– ਤੁਖਾ ੧, ਛੰਤ ੪, ੧:੫ (1111)

ਭਸੁ ------- ਸੁਆਹ
"ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।"
– ਮਾਝ ੧, ਵਾਰ ੨੬ਸ, ੧, ੧:੧੩ (150)

ਹੋਰ ਰੂਪ:

ਭਸੂ –
"ਨਾਨਕ ਦੁਨੀਆ ਭਸੁ ਰੰਗੁ ਭਸੂ ਹੂ ਭਸੁ ਖੇਹ।" (ਸੁਆਹ)
– ਸਾਰ ੪, ਵਾਰ ੮ਸ, ੧, ੨:੧ (1240)

ਭਸੋ –
"ਭਸੋ ਭਸੁ ਕਮਾਵਣੀ ਭੀਭਸੁ ਭਰੀਐ ਦੇਹ।"
– ਸਾਰੁ ੪, ਵਾਸ ੮ਸ, ੧, ੨:੨ (1240)

ਭਖ ------- ਖਾਣਾ ਭਾਵ ਸਹਾਰਨਾ
"ਅਸੰਖ ਸੂਰ ਮੁਹ ਭਖ ਸਾਰ।"
– ਜਪੁ ੧, ੧੭:੭ (4)

ਭਖਸਿ ----- ਖਾਂਦਾ ਹੈ
"ਭਖਸਿ ਸਿਬਾਲੁ ਬਸਸਿ ਨਿਰਮਲ ਜਲੁ ਅੰਮ੍ਰਿਤ ਨ ਲਖਸਿ ਰੇ।"
– ਮਾਰੂ ੧, ੪, ੧*:੨ (990)

ਭਖਸੀ ----- ਭਖੇਗੀ, ਬਲੇਗੀ, ਮਚੇਗੀ
"ਅਗਨਿ ਭਖੈ ਭੜਹਾੜੁ ਅਨਦਿਨੁ ਭਖਸੀ।"
– ਮਲਾ ੧, ਵਾਰ ੨੬:੬ (1290)

ਭਖਹਿ ----- ਖਾਂਦਾ ਹੈ
"ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੁ ਜਿਨ ਕੇਰਾ।"
– ਮਲਾ ੧, ਵਾਰ ੨੫ਸ, ੧, ੨:੧੪ (1290)

ਭਖਲਾਇਆ -- (1) ਬਕਬਾਦ ਬੋਲਣਾ, ਬਰੜਾਉਣਾ
"ਕਾਹੇ ਕਉ ਮੂਰਖ ਭਖਲਾਇਆ।"

– ਗਉ ੫, ੧੧੨, ੧*:੧ (188)

ਹੋਰ ਰੂਪ:

ਭਖਲਾਏ –
“ਰਤਨ ਉਪਾਇ ਧਰੇ ਖੀਰੁ ਮਥਿਆ ਹੋਰ ਭਖਲਾਏ ਜਿ ਅਸੀ ਕੀਆ।” (ਫਜੂਲ ਬੋਲੇ)

– ਆਸਾ ੧, ੭, ੪:੧ (350)

(2) ਸੁਪਨੇ ਵਿਚ ਅਬਾ ਤਬਾ ਬੋਲਣਾ
“ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ।”

– ਜੈਤ ੫, ਵਾਰ ੮:੨ (707)

ਹੋਰ ਰੂਪ:

ਭਖਲਾਈ –
“ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ।” (ਬੁਰੜਾਉਂਦਾ ਹੈ)

– ਮਾਰੂ ੧, ਸੋਲਾ ੩, ੯:੩ (1023)

ਭਖਲਾਏ –
“ਸੁਪਨੁ ਭਇਆ ਭਖਲਾਏ ਅੰਧ।”

– ਰਾਮ ੫, ੧੦, ੨:੪ (885)

ਭਖਿ ------ ਖਾਂਦੇ
“ਅਸੰਖ ਮਲੇਛ ਮਲੁ ਭਖਿ ਖਾਹਿ।” (ਭਾਵ ਹੈ ਹਾਬੜਿਆਂ ਵਾਂਗ ਖਾਣਾ)

– ਜਪੁ ੧, ੧੮:੭ (4)

ਭਖੁ ------- ਖਾਦ ਪਦਾਰਥ, ਖਾਣ ਵਾਲੀ ਵਸਤ
“ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ।”

– ਸਿਰੀ ੫, ੯੧, ੨:੨ (50)

“ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਿਨ ਭੇਡਾਰੇ।” (ਖਾਜਾ, ਖੁਰਾਕ)

– ਗਉ ੪, ਵਾਰ ੨੧ਸ, ੪, ੧:੫ (312)

ਭਖੇ ------- ਖਾਂਦੇ ਜਾਂਦੇ ਭਾਵ ਮੁਕ ਜਾਂਦੇ ਹਨ
“ਕਾਮੁ ਕ੍ਰੋਧੁ ਲੋਭੁ ਮੋਹੁ ਸੰਗਿ ਸਾਧਾ ਭਖੇ।”

– ਗਉ ੫, ਵਾਰ ੨:੩ (318)

“ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ।” (ਖਾਏ, ‘ਭਖੇ ਵਾਉ’ ਮੁਹਾਵਰੇ ਰੂਪ ਵਿਚ ਅਰਥ ਹਨ ਕੰਸੋਆ ਲੈਂਦਾ ਹੈ)

– ਮਾਰੂ ੫, ਵਾਰ ੪ਸ, ੫, ੨:੧ (1095)

ਭਖੈ ------- (1) ਭਖਦੀ/ਬਲਦੀ/ਤੇਜ਼ ਹੁੰਦੀ ਹੈ
“ਭੈ ਤਨਿ ਅਗਨਿ ਭਖੈ ਭੈ ਨਾਲਿ।”

– ਗਉ ੧, ੧, ੨:੧ (151)

(2) ਸਾੜਦਾ ਹੈ
“ਨਿੰਦਾ ਕਰਦਾ ਪਚਿ ਮੁਆ ਵਿਚਿ ਦੇਹੀ ਭਖੈ।”

– ਗਉ ੪, ਵਾਰ ੨੮:੩ (315)

ਭਗ ------- ਯੋਨੀ

"ਅਵਰ ਮਰਨ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ।"

– ਸਿਰੀ ਬੇਣੀ, ੧, ੩:੪ (93)

ਭੰਗ ------- ਟੁੱਟ ਜਾਣਾ

"ਜਤਨ ਕਰੈ ਤਉ ਭੀ ਸੁਰ ਭੰਗ।"

– ਗਉ ੫, ਸੁਖ ੪, ੬:੬ (267)

ਭਗਉਤੀ ---- (1) ਭਗਵਾਨ ਦਾ ਉਪਾਸ਼ਕ, ਵੈਸ਼ਨਵ ਭਗਤ, ਵਿਸ਼ਨੂੰ ਦਾ ਉਪਾਸ਼ਕ

"ਭਗਉਤੀ ਰਹਤ ਜੁਗਤਾ।"

– ਸਿਰੀ ੫, ਅਸ ੨੭, ੨:੧ (71)

(2) ਭਗਤੀ ਕਰਨ ਵਾਲਾ

"ਕੋਈ ਕਹ ਤਉ ਅਨੰਨਿ ਭਗਉਤੀ।"

– ਰਾਮ ੫, ਅਸ ੧, ੨:੩ (912)

ਭਗਹ ------ ਭਜਦੀ ਹੈ

"ਬਡ ਪੁਰਖ ਪੂਰਨ ਗੁਣ ਸੰਪੂਰਨ ਭ੍ਰਮ ਭੀਤਿ ਹਰਿ ਹਰਿ ਮਿਲਿ ਭਗਹ।"

–ਬਿਹਾ ੫, ਛੰਤ ੪, ੨:੫ (544)

ਭਗਤ ------ (1) ਉਪਾਸ਼ਕ, ਭਗਤੀ ਕਰਨ ਵਾਲਾ

"ਅਸੰਖ ਭਗਤ ਗੁਣ ਗਿਆਨ ਵੀਚਾਰ।"

–ਜਪੁ ੧, ੧੭:੫ (4)

"ਜਿਨ੍ਹ ਮਨਿ ਵੁਠਾ ਆਪਿ ਪੂਰੇ ਭਗਤ ਸੇ।"

– ਆਸਾ ੫, ੧੦੮, ੨:੨ (397)

(2) ਭਗਤਾਂ ਨੂੰ

"ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ।"

–ਗਉ ੩, ਛੰਤ ੪, ੪:੨ (246)

"ਜਾ ਆਪੇ ਹੋਇ ਦਇਆਲੁ ਤਾਂ ਭਗਤ ਸੰਗੁ ਪਾਈਐ।" (ਭਗਤਾਂ ਦੀ)

–ਗੂਜ ੫, ਵਾਰ ੯:੮ (520)

ਹੋਰ ਰੂਪ:

ਭਗਤਹ –

"ਸੁੰਦਰ ਸੁਆਮੀ ਧਾਮ ਭਗਤਹ ਬਿਸ੍ਰਾਮ ਆਸਾ ਲਗਿ ਜੀਵਤੇ ਜੀਉ।" (ਭਗਤਾਂ ਦੇ)

–ਸਿਰੀ ੫, ਛੰਤ ੩, ੩:੧ (80)

"ਧਿਆਇ ਧਿਆਇ ਭਗਤਹ ਸੁਖੁ ਪਾਇਆ।" (ਭਗਤਾਂ ਨੇ)

–ਗਉ ੫, ਸੁਖ ੧੬, ੨:੯ (284)

"ਨਾਮ ਧਾਰੀਕ ਉਧਾਰੇ ਭਗਤਹ ਸੰਸਾ ਕਉਨ।" (ਭਗਤਾਂ ਨੂੰ)

–ਆਸਾ ੫, ਛੰਤ ੮, ੪:੧ (458)

ਭਗਤਹੁ –

"ਸਾਲਾਹਿਹੁ ਭਗਤਹੁ ਕਰ ਜੋੜਿ ਹਰਿ ਭਗਤ ਜਨ ਤਾਰਦਾ।" (ਹੇ ਭਗਤ ਜਨੋ)

–ਸਿਰੀ ੪, ਵਾਰ ੧੮:੫ (90)

"ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ।" (ਭਗਤਾਂ ਤੋਂ)

-ਸਲੋ ਕਬ, ੨੪੧:੨ (1377)

ਭਗਤਜਨਾ --- ਭਗਤਾਂ

“ਭਗਤਜਨਾ ਕੀ ਊਤਮ ਬਾਣੀ ਗਾਵਹਿ ਅਕਥ ਕਥਾ ਨਿਤ ਨਿਆਰੀ।”

-ਗੂਜ ੪, ਅਸ ੧, ੪:੧ (507)

ਹੋਰ ਰੂਪ:

ਭਗਤਜਨਾਂ –

“ਭਗਤਜਨਾਂ ਲੇ ਉਧਰਿਆ ਪਾਰਿ।” (ਭਗਤਾਂ)

-ਭੈਰ ਨਾਮ, ੧੦, ੨੭:੨ (1166)

ਭਗਤਨ ----- ਭਗਤਾਂ

“ਕਰਿ ਕਿਰਪਾ ਭਗਤਨ ਸੰਗਿ ਰਾਤੇ।”

-ਮਾਝ ੫, ੧੯, ੧:੨ (100)

ਭਗਤਵਛਲ -- ਭਗਤਾਂ ਨਾਲ ਪਿਆਰ ਕਰਨ ਵਾਲਾ

“ਭਗਤਵਛਲੁ ਤੇਰਾ ਬਿਰਦੁ ਰਖਾਇਆ ਜੀਉ।”

-ਗਉ ੫, ੧੬੬*, ੧:੩ (216)

ਭਗਤਾ ----- (1) ਭਗਤ ਜਨਾਂ/ਭਗਤੀ ਕਰਨ ਵਾਲਿਆਂ ਦੇ

“ਨਾਨਕ ਭਗਤਾ ਸਦਾ ਵਿਗਾਸੁ।”

-ਜਪੁ ੧, ੮:੫ (2)

“ਹਰਿ ਭਗਤਾ ਦੇਇ ਵਡਿਆਈ ਗਰੀਬ ਅਨਾਥਿਆ।” (ਭਗਤਾਂ ਨੂੰ)

-ਸਿਰੀ ੪, ਵਾਰ ੧੭:੫ (90)

ਹੋਰ ਰੂਪ:

ਭਗਤਾਂ –

“ਚਰਨ ਕਮਲ ਭਗਤਾਂ ਮਨਿ ਵੁਠੇ।” (ਭਗਤਜਨਾਂ ਦੇ)

-ਮਾਝ ੫, ੫੦, ੩:੧ (109)

(2) ਭਗਤ (ਹੈ)

“ਜਿਸੁ ਮੇਲੇ ਸੋ ਭਗਤਾ।”

-ਸਿਰੀ ੫, ਅਸ ੨੭, ੨:੩ (71)

“ਆਪੇ ਭਗਤਾ ਆਪਿ ਸੁਆਮੀ ਆਪਨ ਸੰਗਿ ਰਤਾ।”

-ਗੂਜ ੫, ੧੧, ੨:੧ (498)

(3) ਭਗਤ ਜਨਾਂ, ਭਗਤੀ ਕਰਨ ਵਾਲਿਆਂ

“ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।”

-ਮਾਝ ੧, ਵਾਰ ੧੬:੧ (145)

ਹੋਰ ਰੂਪ:

ਭਗਤਾਂ

“ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ।”(ਭਗਤ ਜਨਾਂ)

-ਭੈਰ ੩, ੨੧, ੫:੧ (1133)

“ਭਗਤਾਂ ਕਾ ਭੋਜਨੁ ਹਰਿ ਨਾਮ ਨਿਰੰਜਨੁ ਪੈਨ੍ਣੁ ਭਗਤਿ ਬਡਾਈ।” (ਭਗਤ ਜਨਾਂ)

-ਸਾਰ ੩, ਅਸ ੧, ੨:੧ (1233)

ਭਗਤਾਹ ---- ਭਗਤਾਂ, ਭਗਤ ਜਨਾਂ
"ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ।"
-ਰਾਮ ੩, ਅਨੰ ੧੪:੨ (918)

ਭਗਤਾਨਾ ---- ਭਗਤਾਂ ਦੀ
"ਨਾਨਕ ਦੀਨ ਸਰਣਿ ਕਿਰਪਾ ਨਿਧਿ ਰਾਖੁ ਲਾਜ ਭਗਤਾਨਾ।"
-ਸੂਹੀ ੫, ਛੰਤ ੧, ੧:੬ (777)

ਭਗਤਿ ----- ਭਗਤੀ
"ਵਿਣੁ ਗੁਣ ਕੀਤੇ ਭਗਤਿ ਨ ਹੋਇ।"
-ਜਪੁ ੧, ੨੧:੬ (4)
"ਗੁਰ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਇ।"
-ਸਿਰੀ ੩, ਅਸ ੨੧, ੧*:੨ (66)

ਭਗਤਿਹੀਣੁ -- ਭਗਤੀ ਵਿਹੂਣਾ, ਭਗਤੀ ਤੋਂ ਖਾਲੀ
"ਭਾਈ ਰੇ ਭਗਤਿਹੀਣੁ ਕਾਹੇ ਜਗਿ ਆਇਆ।"
-ਸਿਰੀ ੩, ੪੮, ੧*:੧ (32)

ਹੋਰ ਰੂਪ:

ਭਗਤਿਹੀਨ -
"ਤੈਸੇ ਹੀ ਤੁਮ ਤਾਹਿ ਪਛਾਨਹੁ ਭਗਤਿਹੀਨ ਜੋ ਪ੍ਰਾਨੀ।"
-ਬਿਲਾ ੯, ੩, ੨:੨ (831)

ਭਗਤਿ ਵਛਲ - ਭਗਤੀ ਨੂੰ ਪਿਆਰ ਕਰਨ ਵਾਲਾ
"ਭਉ ਖੰਡਨੁ ਦੁਖ ਭੰਜਨੋ ਭਗਤਿ ਵਛਲ ਹਰਿ ਨਾਇਓ।"
-ਗਉ ੫, ਅਸ ੧੪, ੫:੧ (241)

ਹੋਰ ਰੂਪ:

ਭਗਤਿਵਛਲੁ -
"ਸ੍ਰੀਰੰਗੋ ਦਇਆਲ ਮਨੋਹਰੁ ਭਗਤਿਵਛਲੁ ਬਿਰਦਾਇਆ।" (ਭਗਤੀ ਨੂੰ ਪਿਆਰ ਕਰਨ ਵਾਲਾ)
-ਗਉ ੫, ਛੰਤ ੩, ੨:੨ (248)

ਭਗਤੀ ----- (1) ਉਪਾਸਨਾ, ਸ਼ਰਧਾ
"ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ।"
-ਸਿਰੀ ੩, ੩੭, ੩:੨ (27)
"ਭਗਤੀ ਨਾਮ ਵਿਹੂਣਿਆ ਆਵਹਿ ਵੰਞਹਿ ਪੂਰ।" (ਭਾਵ ਪ੍ਰੇਮ ਤੇ ਨਾਮ ਤੋਂ ਖਾਲੀ)
-ਸਿਰੀ ੫, ੮੪, ੩:੩ (47)

(2) ਭਗਤਾਂ ਨੇ
"ਹਰਿ ਕਾ ਭਾਣਾ ਭਗਤੀ ਮੰਨਿਆ ਸੇ ਭਗਤ ਪਏ ਦਰਿ ਥਾਇ।"
-ਸਿਰੀ ੩, ਅਸ ੧੯, ੩:੨ (65)
"ਜੁਗੁ ਜੁਗੁ ਭਗਤੀ ਆਖਿ ਵਖਾਣੀ।"

-ਗਉ ੩, ੩੩, ੪:੨ (161)

ਹੋਰ ਰੂਪ:

ਭਗਤੰੀ –
"ਕਰਿ ਕਿਰਪਾ ਭਗਤੰੀ ਪ੍ਰਗਟਾਇਆ।" (ਭਗਤਾਂ ਵਿਚ, ਭਗਤਾਂ ਦੁਆਰਾ)
-ਮਾਝ ੫, ੪੮, ੧:੨ (108)

(3) ਭਗਤਾਂ ਤੋਂ
"ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ।"
-ਸੋਰ ੩, ਅਸ ੧, ੪:੧ (638)

(4) ਭਗਤੀ ਕਰਕੇ, ਭਗਤੀ ਸਦਾ
"ਗੁਰ ਸੇਵਕ ਕਉ ਬਿਘਨੁ ਨ ਭਗਤੀ ਹਰਿ ਪੂਰ ਦ੍ਰਿੜਾਇਆ ਗਿਆਨਾਂ ਹੇ।"
-ਮਾਰੂ ੫, ਸੋਲਾ ੪, ੫:੩ (1075)

(5) ਭਗਤੀ/ਸਰਧਾ/ਪਿਆਰ ਕਰਨ ਵਾਲੀ
"ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ।"
-ਸਲੋ ੩, ੧੨:੧ (1413)

ਭਗਤੀਜਾ ---- ਭਗਤ ਹੋਈਦਾ ਹੈ (ਸ਼ਬਦਾਰਥ, ਦਰਪਣ); ਭਗਤ (ਨਿਰਣੈ); ਸ੍ਰੇਸ਼ਟ ਭਗਤੀ (ਕੋਸ਼); ਭਗਤਾਂ ਦਾ ਪੂਜਯ ਕਰਤਾਰ (ਮਹਾਨਕੋਸ਼)
"ਭਾਰੋ ਤੋਲੁ ਬੇਅੰਤ ਸੁਆਮੀ ਹੁਕਮੁ ਮੰਨਿ ਭਗਤੀਜਾ ਹੇ।"
-ਮਾਰੂ ੫, ਸੋਲਾ ੩, ੧੦:੩ (1074)

ਭਗਤੁ ------ ਭਗਤੀ ਕਰਨ ਵਾਲਾ, ਸ਼ਰਧਾਵਾਨ, ਉਪਾਸ਼ਕ
"ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।"
-ਸਿਰੀ ੫, ੯੬, ੧:੨ (51)

ਹੋਰ ਰੂਪ:

ਭਗਤੇ –
"ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਈ ਜਨ ਲਗੇ ਭਗਤੇ।" (ਭਗਤੀ ਵਿਚ)
-ਸਮੁ ੫, ੮:੫ (1386)

ਭਗਤ੍ੰ –
"ਭਗਤ੍ੰ ਭਗਤਿ ਦਾਨੰ ਰਾਮ ਨਾਮ ਗੁਣ ਕੀਰਤਨਹ।" (ਭਗਤਾਂ ਨੂੰ)
-ਸਸ ੫, ੨੦:੩ (1355)

ਭੰਗਨ ------ ਨਾਸ ਹੋਣਾ, ਨਸ਼ਟ ਹੋਣਾ
"ਫਿਰਤ ਫਿਰਤ ਮਾਨੁਖੁ ਭਇਆ ਖਿਨ ਭੰਗਨ ਦੇਹਾਦਿ।"
-ਬਿਲਾ ੫, ੩੮, ੩:੧ (810)

ਹੋਰ ਰੂਪ:

ਭੰਗਨਹ –
"ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ।" (ਤੁਟਨਾ)
-ਸਸ ੫, ੨੮:੧ (1356)

ਭਗਨੰਤ ----- ਭੰਨ ਦੇਵੇ

“ਮਸਕੰ ਭਗਨੰਤ ਸੈਲੰ ਕਰਦਮੰ ਤਰਤੰ ਪਪੀਲਕਹ।”
-ਸਸ ੫, ੫੫:੧ (1359)

ਭੰਗਨਾ ----- ਨਾਸ
“ਸਖਾ ਸਹਾਈ ਪੂਰਨ ਪਰਮੇਸੁਰ ਮਿਲੁ ਕਦੇ ਨ ਹੋਵੀ ਭੰਗਨਾ।”
-ਮਾਰੂ ੫, ਸੋਲਾ ੯, ੬:੩ (1080)

ਭਗਵਉ ---- ਗੇਰੂ ਰੰਗਾ
“ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ।”
-ਸੋਰ ੯, ੧੦, ੧*:੨ (633)

ਭਗਵਤ ----- ਹਰੀ/ਪ੍ਰਭੂ/ਕਰਤਾਰ ਵਾਲੇ ਭਾਵ ਭਗਤ
“ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ।”
-ਭੈਰ ਕਬ, ੧੭, ੬:੧ (1162)

ਭਗਵੰਤ ----- (1) ਪ੍ਰਭੂ, ਪਰਤਾਪ ਵਾਲਾ ਹਰੀ
“ਬਿਨੁ ਭਗਵੰਤ ਨਾਹੀ ਅਨ ਕੋਇ।”
-ਗਉ ੫, ੧੩੦, ੧*:੧ (192)
“ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ।”
-ਗਉ ੫, ਬਾਅ ੧੬ਸ:੨ (253)

ਹੋਰ ਰੂਪ:

ਭਗਵੰਤਾ –
“ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।” (ਹੇ ਪ੍ਰਭੂ)
-ਮਾਝ ੫, ੮, ੩:੨ (96)
“ਚਰਨ ਕਮਲ ਅਰਾਧਿ ਭਗਵੰਤਾ।” (ਭਗਵੰਤ (ਪ੍ਰਭੂ) ਦੇ)
-ਗਉ ੫, ੧੧੯, ੨:੧ (189)
“ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ।” (ਪ੍ਰਭੂ)
-ਮਾਰੂ ੫, ੧੫, ੪:੨ (1003)

ਭਗਵੰਤੁ –
“ਸਾਧ ਸੰਗਿ ਜਪਿਓ ਭਗਵੰਤ।” (ਪ੍ਰਭੂ)
-ਗਉ ੫, ੯੨, ੧:੧ (183)

(2) ਭਾਗਵੰਤ ਭਾਵ ਦੌਲਤਮੰਦ, ਭਾਗਾਂ ਵਾਲੇ
“ਸੇਈ ਸਾਹ ਭਗਵੰਤ ਸੇ ਸਚੁ ਸੰਪੈ ਹਰਿ ਰਾਸਿ।”
-ਗਉ ੫, ਬਾਅ ੩ਸ:੧ (250)
“ਜਿਹ ਜਾਨਿਓ ਪ੍ਰਭੁ ਆਪੁਨਾ ਨਾਨਕ ਤੇ ਭਗਵੰਤ।” (ਭਾਗਾਂ ਵਾਲੇ)
-ਗਉ ੫, ਬਾਅ ੪੨ਸ:੨ (259)

ਹੋਰ ਰੂਪ:

ਭਗਵੰਤਾ –
“ਜਾ ਕਉ ਦਇਆ ਤੁਮਾਰੀ ਹੋਈ ਸੇ ਸਾਹ ਭਲੇ ਭਗਵੰਤਾ।” (ਭਾਗਾਂ ਵਾਲੇ)
-ਆਸਾ ੫, ੪੦, ੩:੨ (380)
“ਨਾਮਿਰਤੇ ਜਨ ਭਏ ਭਗਵੰਤਾ।” (ਵਡਭਾਗੀ)

–ਆਸਾ ੫, ੮੦, ੧*:੨ (390)

ਭਗਵੰਤੀ –
“ਧਨੁ ਭਗਵੰਤੀ ਨਾਨਕਾ ਜਿਨਾ ਗੁਰਮੁਖਿ ਲਧਾ ਹਰਿ ਭਾਲਿ।”
–ਸਲੋ ੩, ੪੮:੪ (1418)

ਭਵਗੰਤੁ –
“ਜਿਸੁ ਮਨਿ ਵਸੈ ਨਰਾਇਣੋ ਸੋ ਕਹੀਐ ਭਗਵੰਤੁ ।”
–ਮਾਝ ੫, ਦਿਨ ੩:੫ (137)

ਭਗਵੰਤੁ ---- (1) ਪ੍ਰਭੂ, ਵੇਖੋ ‘ਭਗਵੰਤ’ (1)
(2) ਭਾਗਵੰਤ, ਸੁਭਾਗਾ, ਵੇਖੋ ‘ਭਗਵੰਤ’ (2)
(3) ਵਡੇ ਪ੍ਰਤਾਪ ਵਾਲਾ
“ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ।”
–ਗੋਂਡ ੫, ੬, ੧:੨ (864)

ਭਗਵੰਤੈ ---- ਭਗਵੰਤ ਭਾਵ ਪ੍ਰਤਾਪ ਵਾਲੇ ਪ੍ਰਭੂ ਨੂੰ
“ਸੋ ਭਗਉਤੀ ਜੁੋ ਭਗਵੰਤੈ ਜਾਣੈ।”
–ਸਿਰੀ ੪, ਵਾਰ ੧੪ਸ, ੩, ੨:੧ (88)

ਭਗਵਾ ----- ਭੂਰੇ ਰੰਗ ਦਾ, ਸਤੋ ਗੁਣ ਦਾ ਪ੍ਰਤੀਕ
“ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ।”
–ਮਾਝ ੧, ਵਾਰ ੫:੨ (140)

ਭਗਵਾਨ ---- ਪਾਰਬ੍ਰਹਮ, ਕਰਤਾਰ, ਪ੍ਰਭੂ
“ਜਾ ਕੈ ਰਿਦੈ ਵਸਹਿ ਭਗਵਾਨ।”
–ਗਉ ੫, ੧੪੯, ੨:੨ (195)

ਹੋਰ ਰੂਪ:

ਭਗਵਾਨਏ –
“ਹੇ ਅਚੁਤ ਸਰਣਿ ਸੰਤ ਨਾਨਕ ਭੋ ਭਗਵਾਨਏ ਨਮਹ।” (ਹੇ ਭਗਵਾਨ)
–ਸਸ ੫, ੧੧:੪ (1355)

ਭਗਵਾਨਹ –
“ਸਰਣਿ ਸੂਰ ਭਗਵਾਨਹ ਜਪੰਤਿ ਨਾਨਕ ਹਰਿ ਹਰਿ ਹਰੇ।” (ਪ੍ਰਤਾਪ ਵਾਲਾ ਹਰੀ)
–ਜੈਤ ੫, ਵਾਰ ੧੬ਸ, ੫, ੧:੨ (709)

ਭਗਵਾਨਾ –
“ਬਿਨਵੰਤਿ ਨਾਨਕ ਰਾਜੁ ਨਿਹਚਲੁ ਪੂਰਨ ਪੁਰਖ ਭਗਵਾਨਾ।” (ਪਰਤਾਪ ਵਾਲਾ ਹਰੀ)
–ਗਉ ੫, ਛੰਤ ੨, ੩:੬ (248)
“ਜਿਉ ਆਪਿ ਚਲਾਏ ਤਿਵੈ ਕੋਈ ਚਾਲੈ ਜਿਉ ਹਰਿ ਭਾਵੈ ਭਗਵਾਨਾ।” (ਪ੍ਰਤਾਪ ਵਾਲੇ ਹਰੀ ਨੂੰ)

ਭਗਵਾਨੁ –
“ਸੋਈ ਪੁਰਖੁ ਜਪੈ ਭਗਵਾਨੁ।” (ਪ੍ਰਭੂ)
–ਗਉ ੫, ੯੭, ੪:੨ (185)

ਭਗਵਾਨੈ -
“ਜਾ ਕਉ ਦ੍ਰਿਸਟਿ ਪੂਰਨ ਭਗਵਾਨੈ।” (ਭਗਵਾਨ ਦੀ)
-ਗਉ ੫, ਬਾਅ ੨੯:੬ (256)
“ਜਿਸ ਦਇਆਲੁ ਹੋਇ ਭਗਵਾਨੈ।” (ਪ੍ਰਭੂ)
-ਸੋਰ ੫, ੫੭, ੪:੨ (623)
ਭਗਵਾਨੋ -
“ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ।”
-ਬਸੰ ੯, ੧, ੨:੨ (1186)

ਭਗਵੀ ----- ਭੂਰੇ ਰੰਗ ਦੇ
“ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ।”
-ਸਲੋ ੩, ੬੪:੧ (1420)
ਹੋਰ ਰੂਪ:
ਭਗਵੇ -
“ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ।”
-ਆਸਾ ੧, ੩੩, ੧:੨ (358)
ਭਗਵੈ -
“ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ।”
-ਬਸੰ ੩, ੧੨, ੨:੧ (1176)

ਭਗਾ ------ ਭਜ ਗਿਆ, ਦੂਰ ਹੋ ਗਿਆ
“ਜਗਿ ਜਨਮ ਮਰਣੁ ਭਗਾ ਇਹ ਆਈ ਹੀਐ ਪਰਤੀਤਿ।”
-ਸਵ ੪, ਗਯੰ ੩:੨ (1402)

ਭੰਗਾਂ ------ (1) ਭੁਲ, ਕਸੂਰ
“ਨਾਨਕ ਗੁਰਿ ਖੋਏ ਭ੍ਰਮ ਭੰਗਾ।”
-ਆਸਾ ੫, ੮੩, ੪:੩ (391)
(2) ਘਾਟਾ, ਤੋਟਾ
“ਹਉ ਰੋਗੁ ਬਿਆਪੈ ਚੁਕੈ ਨ ਭੰਗਾ।”
-ਕਾਨ ੫, ੩੬, ੨:੨ (1305)

ਭਗਾਤੀ ----- ਭਗਤਾਂ ਦੀ
“ਨਾਨਕੁ ਜਨੁ ਤੁਮਰੀ ਸਰਣਾਈ ਹਰਿ ਰਾਖਹੁ ਲਾਜ ਭਗਾਤੀ।”
-ਧਨਾ ੪, ੫, ੪:੨ (668)

ਭੰਗਾਰ ----- ਛੇਤੀ ਭੁਰ ਜਾਣ ਵਾਲੀ ਲਾਖ
“ਬਾਹਰਿ ਕੰਚਨੁ ਬਾਰਹਾ ਭੀਤਰਿ ਭਰੀ ਭੰਗਾਰ।”
-ਸਲੋ ਕਬ, ੧੪੫:੨ (1372)

ਭਗਿ ------ ਭਜ, ਦੌੜ
“ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ।”
-ਰਾਮ ਕਬ, ੪, ੩:੧ (970)

ਭੰਗੁ ------- ਵਿਘਨ, ਟੋਟ
"ਹਰਿ ਨਾਮੁ ਜਪਤ ਕਬ ਪਰੈ ਨ ਭੰਗੁ।"
-ਗਉ ੫, ਸੁਖ ੨, ੬:੪ (264)
"ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ।" (ਵਿਘਨ ਭਾਵ ਦੁਖ)
-ਸੂਹੀ ੧, ਅਸ ੩, ੬:੨ (752)
"ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ।" (ਭਾਵ ਮੂੰਹ ਮੋੜਦਾ ਨਹੀਂ)
-ਰਾਮ ੫, ਵਾਰ ਪਸ, ੫, ੧:੩ (958)
"ਕਹੁ ਨਾਨਕ ਤਿਸੁ ਜਨ ਨਹੀ ਭੰਗੁ।" (ਤੋਟਾ)
-ਭੈਰ ੫, ੫੩, ੪:੪ (1151)

ਭੰਗੁਨਾ ----- ਭੰਗਰ, ਮਾਤਰ
"ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ।"
-ਆਸਾ ੫, ੧੫੨, ੧*:੨ (408)

ਭਗੇ ------- ਭਜੇ, ਚਲੇ ਗਏ, ਨਸ ਗਏ
"ਜਨਮਹਿ ਮਰਿ ਭਗੇ ਹਾਂ।"
-ਆਸਾ ੫, ੧੬੩, ੨:੨ (411)

ਹੋਰ ਰੂਪ:

ਭਗੈ –
"ਚਾਰੇ ਜੁਗ ਮੈ ਸੋਧਿਆ ਵਿਣੁ ਸੰਗਤਿ ਅਹੰਕਾਰੁ ਨ ਭਗੈ।" (ਭਜਣਾ)
– ਮਾਰੂ ੫, ਵਾਰ ੧੧:੪ (1098)

ਭੰਗੈ ------- ਟੁਟਿਆ ਭਾਵ ਵੇਮੁਖ ਹੋਇਆ
"ਤਿਚਰੁ ਥਾਹ ਨ ਪਾਵਈ ਜਿਚਰੁ ਸਾਹਿਬ ਸਿਉ ਮਨ ਭੰਗੈ।"
-ਮਾਰੂ ੫, ਵਾਰ ੧੧:੬ (1098)

ਭਗ੍ਹਿ ------ ਭਗਤੀ, ਉਪਾਸ਼ਨਾ
"ਬਲਿਹਿ ਛਲਨ ਸਬਲ ਮਲਨ ਭਗ੍ਹਿ ਫਲਨ ਕਾਨ੍ਹ ਕੁਅਰ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।"
-ਸਵ ੪, ਗਯੰ ੯:੨ (1403)

ਭੰਙੁ ------- ਭੰਗ
"ਗੁਰਿ ਤੁਠੈ ਹਰਿ ਰੰਗੁ ਚਾੜਿਆ ਫਿਰਿ ਬਹੁੜਿ ਨ ਹੋਵੀ ਭੰਙੁ ।" (ਭਾਵ ਲਹਿੰਦਾ)
-ਸੂਹੀ ੪, ੩, ੧:੨ (731)

ਭੰਜ ------- ਟੁੱਟਦੇ ਹਨ, ਦੂਰ ਹੁੰਦੇ ਹਨ
"ਚੀਤਿ ਆਵੈ ਤਾਂ ਸਭਿ ਦੁਖ ਭੰਜ।"
-ਭੈਰ ੫, ੨੧, ੧:੨ (1141)

ਭਜਉ ------ ਸਿਮਰੋ
"ਆਪੁ ਨਿਵਾਰਿ ਹਰਿ ਹਰਿ ਭਜਉ ਨਾਨਕ ਪ੍ਰਭ ਭਰਪੂਰਿ।"
-ਰਾਮ ੫, ਰੁਤੀ ੧, ੧ਸ:੨ (927)

ਹੋਰ ਰੂਪ:

ਭਜਹ –
“ਮਿਲਿ ਸਾਧੂ ਨਿਤ ਭਜਹ ਨਾਰਾਇਣ।” (ਅਸੀਂ ਭਜੀਏ, ਸਿਮਰੀਏ)
–ਕਾਨ ੫, ਛੰਤ ੧, ੨:੧ (1312)

ਭਜਹਾ –
“ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ।” (ਸੇਵਦੇ/ ਭਜਦੇ ਹਾਂ)
–ਸਾਰ ੫, ੪, ੩:੧ (1203)

ਭਜਹਿ –
“ਸਾਧਸੰਗਿ ਮਿਲਿ ਭਜਹਿ ਗੋੁਪਾਲਾ।” (ਸਿਮਰੇ)
–ਗਉ ੫, ੧੨੪, ੪:੨ (190)

ਭਜਹੁ –
“ਮਨ ਰੇ ਸਦਾ ਭਜਹੁ ਹਰਿ ਸਰਣਾਈ।” (ਸਿਮਰੋ)
–ਸਿਰੀ ੩, ੪੫, ੧*:੧ (31)

ਭਜਣੰ –
“ਲ ਬਧੰ ਸਾਧਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ।” (ਸੇਵਨ, ਸਿਮਰਣ।”
–ਗਾਥਾ ੫, ੪:੨ (1360)

ਭਜਤ ------ (1) ਸੇਵਨ ਕਰਦਾ
“ਬੇਸੁਆ ਭਜਤ ਕਿਛੁ ਨਹ ਸਰਮਾਵੈ।” (ਭਾਵ ਭੋਗਦਾ)
–ਭੈਰ ੫, ੨੮, ੧:੨ (1143)
(2) ਭਜ/ਨਸ/ਦੌੜ ਜਾਂਦਾ ਹੈ
“ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ।”
–ਸਵ ੪, ਮਥੁ ੬:੨ (1404)

ਭਜੰਤ ------ ਸਿਮਰਦਾ, ਜਪਦਾ
“ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ।”
–ਸਸ ੫, ੬੩:੩ (1359)

ਭਜੰਤੀ ----- ਉਚਾਰਨੀ
“ਹਰਿ ਕੀਰਤਿ ਕਲਜੁਗ ਵਿਚਿ ਊਤਮ ਮਤਿ ਗੁਰਮਤਿ ਕਥਾ ਭਜੰਤੀ।”
–ਨਟ ੪, ੮, ੧:੧ (977)

ਹੋਰ ਰੂਪ:

ਭਜੰਤੇ –
“ਜੋ ਨ ਭਜੰਤੇ ਨਾਰਾਇਣਾ।”
–ਭੈਰ ਨਾਮ, ੨, ੧*:੧ (1163)

ਭਜਥਈ ---- ਭਜਦਾ ਹੈ, ਸਿਮਰਨ ਕਰਦਾ ਹੈ
“ਜਨ ਕੈ ਰਿਦ ਅੰਤਰਿ ਪ੍ਰਭੁ ਸੁਆਮੀ ਜਨ ਹਰਿ ਹਰਿ ਨਾਮੁ ਭਜਥਈ।”
–ਕਲਿ ੪, ੪, ੩:੧ (1320)

ਭਜਨ ------ ਸਿਮਰਨ
"ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ।"
-ਗਉ ੯, ੫, ੨:੧ (219)

ਹੋਰ ਰੂਪ:

ਭਜੰਨ –
"ਚਰਣਾਰਬਿੰਦ ਭਜਨੰ ਰਿਦਯੰ ਨਾਮ ਧਾਰਣਹ।" (ਸਿਮਰਨਾ, ਭਜਨਾ)
-ਸਸ ੫, ੩੪:੧ (1357)

ਭੰਜਨ ------ (1) ਦੂਰ ਕਰਨ ਵਾਲਾ, ਤੋੜਨ ਵਾਲਾ, ਨਾਸ ਕਰਨ ਵਾਲਾ
"ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ।"
-ਸਿਰੀ ੪, ਵਾਰ ੨੦:੪ (91)

(2) ਨਾਸ ਕਰਨ, ਤੋੜਨ
"ਭੰਜਨ ਘੜ੍ਹਣ ਸਮਥੁ ਤਰਣ ਤਾਰਣ ਪ੍ਰਭੁ ਸੋਈ।"
-ਸਵ ੪, ਮਥ ੧:੪ (1404)

ਭੰਜਨਹਾਰ --- ਤੋੜਨਵਾਲਾ, ਨਾਸ ਕਰਨ ਵਾਲਾ
"ਦੁਖੁ ਭੰਨਾ ਭੈ ਭੰਜਨਹਾਰ।"
-ਮਲਾ ੫, ੨੧, ੨:੧ (1271)

ਹੋਰ ਰੂਪ:

ਭੰਜਨਹਾਰਾ –
"ਸੁਖਦਾਤਾ ਦੁਖ ਭੰਜਨਹਾਰਾ।"
-ਮਾਝ ੫, ੪੧, ੨:੧ (106)

ਭਜਨਾ ----- ਸਿਮਰਨਾ
"ਗੋਬਿਦੁ ਭਜਨਾ ਰੰਗਿ।"
-ਬਿਲਾ ੫, ਅਸ ੨, ੯:੪ (838)

ਭੰਜਨਾ ----- (1) ਦੂਰ ਕਰਨਾ
"ਦੀਨ ਦਰਦ ਦੁਖ ਭੰਜਨਾ ਸੇਵਕ ਕੈ ਸਤ ਭਾਇ।"
-ਸਿਰੀ ੫, ੮੩, ੧:੩ (46)

(2) ਤੋੜ/ਭੰਨ/ਨਾਸ ਕਰ ਦੇਣ ਵਾਲਾ
"ਗਿਆਨ ਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ।"
-ਸਿਰੀ ੧, ਅਸ ੭, ੩:੧ (57)

ਭੰਜਨਾਸਨੰ --- ਸਿਮਰਨ ਵਿਚ ਇਸਥਿਤੀ, ਭਜਨ ਕਰਕੇ ਪ੍ਰਾਪਤ ਹੋਇਆ
"ਗੋਬਿੰਦ ਭਜਨ ਸਾਧ ਸੰਗੇਣ ਅਸਥਿਰੰ ਨਾਨਕ ਭਗਵੰਤ ਭਜਨਾਸਨੰ।"
-ਸਸ ੫, ੧੨:੫ (1355)

ਭਜਨਿ ----- ਭਜਨ ਨਾਲ
"ਹਰਿ ਕੈ ਭਜਨਿ ਕਉਨ ਕਉਨ ਨ ਤਾਰੇ।"
-ਮਲਾ ੫, ੧੩, ੧*:੧ (1269)

ਭੰਜਨਿ ----- ਦੂਰ ਕਰਨ ਵਾਲਾ, ਨਾਸ ਕਰਨਾ
"ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ।"
-ਮਾਝ ੫, ੩੯, ੪:੩ (106)

ਭਜਨੁ ------ ਉਪਾਸ਼ਨਾ, ਸਿਮਰਨ, ਬੰਦਗੀ
"ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ।"
-ਗਉ ੯, ੩, ੨:੨ (219)

ਭੰਜਨੁ ------ ਤੋੜਨ ਵਾਲਾ, ਨਾਸ ਕਰਨ ਵਾਲਾ
"ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ।"
-ਗਉ ੫, ੧੭੦*, ੧*:੧ (219)

ਹੋਰ ਰੂਪ:

ਭੰਜਨੋ –
"ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ।" (ਦੂਰ ਕਰਨ ਵਾਲਾ)
-ਸਿਰੀ ੫, ੭੭, ੩:੨ (44)

ਭਜਿ ------ (1) ਦੌੜ ਕੇ, ਭਜਕੇ
"ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਸਤਿਗੁਰ ਸਰਣਾ।"
-ਸਿਰੀ ੫, ਅਸ ੨੫, ੬:੧ (70)
"ਲਾਗੂ ਹੋਏ ਦੁਸਮਨਾ ਸਾਕਭਿ ਭਜਿ ਖਲੇ।" (ਭਾਵ ਛਡ ਗਏ)
-ਸਿਰੀ ੫, ੨੬, ੧:੨ (70)

(2) ਸਿਮਰ, ਜਪ
"ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ।"
-ਸੋਰ ੯, ੧, ੨:੨ (631)

ਭੰਜਿ ------ ਦੂਰ ਕਰ ਕੇ, ਭੰਨ ਕੇ, ਤੋੜ ਕੇ
"ਸਭਿ ਦਾਲਦ ਭੰਜਿ ਦੁਖ ਦਾਲ।"
-ਨਟ ੪, ੭, ੬*:੩ (977)

ਭਜਿਓ ----- ਜਪਿਆ
"ਤਜਿ ਸਭਿ ਭਰਮ ਭਜਿਓ ਪਾਰਬ੍ਰਹਮੁ।"
-ਗਉ ੫, ੧੪੯, ੪:੧ (196)

ਹੋਰ ਰੂਪ:

ਭਜਿਆ –
"ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ।" (ਜਪਿਆ, ਸਿਮਰਿਆ)
-ਗਉ ੫, ਥਿਤੀ ੧੭:੬ (300)

ਭਜੀਐ –
"ਮਿਲਿ ਭਜੀਐ ਸਾਧਸੰਗਿ ਮੇਰੇ ਮੀਤ।" (ਜਪੀਏ)
-ਗਉ ੫, ਥਿਤੀ ੧*:੨ (296)

ਭੰਜੀਐ ----- ਨਾਸ ਕਰੋ, ਦੂਰ ਕਰੋ
"ਹੋਹੁ ਕ੍ਰਿਪਾਲ ਦਇਆਲ ਨਾਨਕ ਭਉ ਭੰਜੀਐ।"

-ਜੈਤ ੫, ਵਾਰ ੧੦:੫ (708)

ਭਜੁ ------- (1) ਸਿਮਰ, ਜਪ
"ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।"
-ਆਸਾ ੫, ਸੋਪੁ ੪, ੧:੪ (12)

ਹੋਰ ਰੂਪ:

ਭਜੇ –
"ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨਹੀ ਕੀਤਿ।" (ਸਿਮਰੇ)
-ਸਿਰੀ ੫, ੮੭, ੩:੨ (48)

(2) ਦੌੜ, ਨਸ
"ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ।" (ਭਾਵ ਪਕੜ ਪਉ)
-ਸਿਰੀ ੩, ੫੧, ੧*:੧ (33)

ਭਜੈ ------- (1) ਟੁੱਟਦੀ ਹੈ
"ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ।"
-ਸਿਰੀ ੧, ਪਹ ੨, ੪:੫ (76)
"ਜਾ ਭਜੈ ਤਾ ਠੀਕਰੁ ਹੋਵੈ ਘਾੜਤ ਘੜੀ ਨ ਜਾਇ।" (ਟੁੱਟੇ)
-ਮਾਝ ੧, ਵਾਰ ੨ਸ, ੧, ੧:੫ (138)

(2) ਸਿਮਰੇ, ਜਪੇ
"ਸਾਧਸੰਗਿ ਨਾਨਕੁ ਭਜੈ ਬਿਖੁਤਰਿਆ ਸੰਸਾਰੁ।"
-ਗਉ ੫, ੧੧੬*, ੫:੨ (203)

(3) ਭਜ ਜਾਵੇ, ਨਸ ਜਾਵੇ, ਦੌੜ ਜਾਵੇ
"ਸਾਹਿਬੁ ਸੰਕਟਵੈ ਸੇਵਕੁ ਭਜੈ।"
-ਬਸੰ ਨਾਮ, ੧, ੧:੧ (1195)

ਭਜੋ ------- ਸਿਮਰੋ, ਜਪੋ
"ਤਜਿ ਹਉਮੈ ਗੁਰ ਗਿਆਨ ਭਜੋ।"
-ਗਉ ੫, ਅਸ ੧੩, ੧:੧ (241)

ਭੰਞੁ ------- ਭੰਨਣ ਵਾਲਾ, ਦੂਰ ਕਰਨ/ਨਾਸ ਕਰਨ ਵਾਲਾ
"ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮੁ ਦੀਨ ਦਇਆਲ ਦੁਖ ਭੰਞੁ।"
-ਬਸੰ ੪, ੭, ੨:੨ (1179)

ਭਟ ------- ਜਸੁ ਗਾਇਕ ਕਵੀ
"ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ।"
-ਸਵ ੪, ਬਲ ੪:੩ (1405)

ਭਟਕਤੁ ---- ਭਟਕਦਾ ਹੋਇਆ
"ਸੁਆਨ ਸੂਕਰ ਬਾਇਸ ਜਿਵੈ ਭਟਕਤੁ ਚਾਲਿਓ ਊਠਿ।"
-ਮਾਰੂ ਕਬ, ੧, ੧:੨ (1105)

ਭਟਕਾ ----- ਭਟਕਣਾ
"ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ।"

-ਸਲੋ ਕਬ, ੧੩੫:੨ (1371)
(‘ਮਹਾਨਕੋਸ਼’ ਅਰਥ ‘ਚਿਤ ਦੀ ਘਬਰਾਹਟ, ਵਿਆਕੁਲਤਾ’ ਕਰਦਾ ਹੈ)

ਭਟਕਿ ----- ਭਟਕ ਕੇ ਭਾਵ ਚਕਰ ਖਾ ਕੇ, ਵਿਆਕੁਲ ਹੋ ਕੇ, ਘਬਰਾ ਕੇ
“ਦੇਖਤ ਦਰਸੁ ਭਟਕਿ ਭ੍ਰਮੁ ਭਜਤ ਦੁਖ ਪਰਹਰਿ ਸੁਖ ਸਹਜ ਬਿਗਾਸੇ।”
-ਸਵ ੪, ਮਥੁ ੬:੨ (1404)

ਭਟਿਆਣੀ -- ਭਟੀ ਜਾਤ ਦੇ ਰਾਜਪੂਤ ਦੀ ਇਸਤ੍ਰੀ
“ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ।”
-ਆਸਾ ੧, ਅਸ ੧੨, ੬:੧ (418)

ਭਟੁ ------- ਯਸ਼ਗਾਇਕ ਕਵੀ
“ਸੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿਕ ਹੈ।”
-ਸਵ ੪, ਨਲ ੭:੫ (1399)

ਭਠ ------- ਭੱਠੀ
“ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ।”
-ਸਲੋ ਕਬ, ੧੯੫:੧ (1375)

ਹੋਰ ਰੂਪ:

ਭਠਿ –
“ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ।” (ਭਠੀ ਵਰਗੀ)
-ਸਲੋ ਕਬ, ੧੫:੧ (1365)
“ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ।” (ਭੱਠੀ ਵਿਚ ਪਵੇ)
-ਮਾਝ ੫, ਬਾਰਾ ੧:੬ (133)

ਭੰਡਹੁ ------ ਇਸਤ੍ਰੀ ਤੋਂ
“ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।”
-ਆਸਾ ੧, ਵਾਰ ੧੯ਸ, ੧, ੨:੨ (473)

ਭੰਡਾਰ ----- ਜ਼ਖੀਰਾ, ਖਜ਼ਾਨਾ
“ਅਮੁਲ ਵਾਪਾਰੀਏ ਅਮੁਲ ਭੰਡਾਰ।”
-ਜਪੁ ੧, ੨੬:੨ (5)

ਭੰਡਾਰਣਿ --- ਭੰਡਾਰੇ ਦੀ ਸੰਭਾਲ ਕਰਨ ਵਾਲੀ, ਭੰਡਾਰਾ ਵੰਡਣ ਵਾਲੀ
“ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।”
-ਜਪੁ ੧, ੨੯:੧ (6)

ਭੰਡਾਰਾ ----- ਜ਼ਖੀਰਾ, ਖਜ਼ਾਨਾ
“ਸਿਫਤੀ ਭਰੇ ਤੇਰੇ ਭੰਡਾਰਾ।”
-ਆਸਾ ੧, ਸੋਦ ੨, ੪:੨ (9)

ਭੰਡਾਰਿ ----- ਖਜ਼ਾਨਾ, ਜਖੀਰਾ
“ਨਾਮੁ ਤੇਰਾ ਜਨ ਕੈ ਭੰਡਾਰਿ।”
-ਪ੍ਰਭਾ ੫, ੨, ੧:੧ (1338)

ਭੰਡਾਰਿਆ --- ਭੰਡਾਰ, ਜ਼ਖੀਰਾ

"ਨਿਖੁਟਿ ਨ ਜਾਈ ਮੂਲਿ ਅਤੁਲ ਭੰਡਾਰਿਆ।"

-ਗਉ ੫, ਵਾਰ ੯ਸ, ੫, ੧:੩ (320)

ਭੰਡਾਰੀ ----- (1) ਭੰਡਾਰ ਰਖਣ ਵਾਲਾ

"ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।"

-ਜਪੁ ੧, ੩੦:੨ (7)

(2) ਭੰਡਾਰ, ਖਜ਼ਾਨਾ

"ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ।"

-ਧਨਾ ੧, ਛੰਤ ੧, ੪:੫ (688)

"ਆਪੇ ਆਪਿ ਕਰਾਏ ਕਰਤਾ ਆਪੇ ਬਖਸਿ ਭੰਡਾਰੀ।" (ਖਜ਼ਾਨੇ)

-ਰਾਮ ੩, ਅਸ ੪, ੮:੧ (911)

"ਸਾਚੀ ਬਸਤੁ ਕੇ ਭਾਰ ਚਲਾਏ ਪਹੁਚੇ ਜਾਇ ਭੰਡਾਰੀ।" (ਖਜ਼ਾਨੇ ਵਿਚ)

-ਕੇਦਾ ਕਬ, ੨, ੨:੨ (1123)

"ਜਹ ਭੰਡਾਰੀ ਹੂ ਗੁਣ ਨਿਕਲਹਿ ਤੇ ਕੀਅਹਿ ਪਰਵਾਣੁ।" (ਭੰਡਾਰਿਆਂ ਭਾਵ ਹਿਰਦਿਆਂ ਵਿਚੋਂ)

-ਸਾਰ ੪, ਵਾਰ ੫ਸ, ੨, ੨:੩ (1239)

ਭੰਡਾਰੀਆ --- ਖਜ਼ਾਨੇ

"ਸਭ ਗੁਣ ਕਿਸ ਹੀ ਨਾਹਿ ਹਰਿ ਪੂਰ ਭੰਡਾਰੀਆ।"

-ਗਉ ੫, ਅਸ ੧੨, ੪:੨ (241)

ਭੰਡਾਰੁ ----- ਖਜ਼ਾਨਾ

"ਗੁਰਿ ਪੂਰੈ ਹਰਿ ਨਾਮੁ ਦ੍ਰਿੜਾਇਆ ਹਰਿ ਭਗਤਾ ਅਤੁਟੁ ਭੰਡਾਰੁ।"

-ਸਿਰੀ ੩, ੩੯, ੧:੩ (28)

ਹੋਰ ਰੂਪ:

ਭੰਡਾਰੇ -

"ਹਰਿ ਹਰਿ ਅੰਮ੍ਰਿਤੁ ਹਰਿ ਰਸੁ ਪਾਵਹਿ ਗੁਰਮਤਿ ਭਗਤਿ ਭੰਡਾਰੇ।" (ਭੰਡਾਰ, ਖਜਾਨਾ)

-ਗੂਜ ੪, ੩, ੨:੨ (493)

ਭੰਡਾਰੈ -

"ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ।"

-ਸਿਰੀ ੧, ਅਸ ੧੦, ੨:੩ (59)

ਭੰਡਿ ------ ਇਸਤ੍ਰੀ

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।"

-ਆਸਾ ੧, ਵਾਰ ੧੯ਸ, ੧, ੨:੧ (473)

ਹੋਰ ਰੂਪ:

ਭੰਡੁ -

"ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।"

-ਆਸਾ ੧, ਵਾਰ ੧੯ਸ, ੧, ੨:੩ (473)

ਭੰਡੈ –
"ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।"
–ਆਸਾ ੧, ਵਾਰ ੧੯ਸ, ੧, ੨:੫ (473)

ਭਣੰ ------- **ਕਹੇ ਜਾਂਦੇ ਹਨ**
"ਅੰਬਰੀਕੁ ਜਯਦੇਵ ਤ੍ਰਿਲੋਚਨੁ ਨਾਮਾ ਅਵਰੁ ਕਬੀਰੁ ਭਣੰ।"
–ਸਵ ੪, ਬਲ ੩:੨ (1405)

ਹੋਰ ਰੂਪ:

ਭਣਹੁ –
"ਨਾਮੁ ਭਣਹੁ ਸਚੁ ਦੋਤੁ ਸਵਾਰਿ।" (ਜਪੋ, ਉਚਾਰੋ)
–ਬਸੰ ੧, ਅਸ ੧, ੭:੨ (1187)

ਭਣਤਿ –
"ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ।" (ਕਹਿੰਦਾ ਹੈ)
–ਵਡ ੩, ੧, ੪:੧ (557)

ਭਣੰਤਿ –
"ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ।" (ਕਹਿੰਦਾ ਹੈ)
–ਗਾਥਾ ੫, ੩:੨ (1360)

ਭਣਾ –
"ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ।" (ਉਚਾਰਾਂ, ਕਹਾਂ, ਆਖਾਂ)
–ਮਾਝ ੫, ਬਾਰਾ ੨:੨ (133)

ਭਣਿ –
"ਸਭੁ ਕਿਛੁ ਆਪੇ ਆਪਿ ਹੈ ਗੁਰਮੁਖਿ ਸਦਾ ਹਰਿ ਭਣਿ।" (ਜਪੋ)
–ਰਾਮ ੩, ਵਾਰ ੫:੪ (949)

ਭਣਿਅਉ –
"ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ।" (ਉਚਾਰਿਆ)
–ਸਵ ੪, ਨਲ ੬:੨ (1399)

ਭਣਿਆ –
"ਤਿਸੁ ਬਲਿਹਾਰੀ ਜਿਨਿ ਰਸਨਾ ਭਣਿਆ।" (ਆਖਿਆ, ਜਪਿਆ)
–ਮਾਝ ੫, ੨੭, ੧:੨ (102)

ਭਣਿਜੈ ----- **ਉਚਾਰਣ ਕਰੇ, ਜਪੇ, ਭਜੇ**
"ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ।"
–ਸਵ ੩, ੧੦:੩ (1394)

ਹੋਰ ਰੂਪ:

ਭਣਿਜੋ –
"ਜੀਹ ਭਣਿਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ।" (ਆਖਦਾ ਹੈ, ਉਚਾਰਣ ਕਰਦਾ ਹੈ)
–ਸਸ ੫, ੩੨:੨ (1356)

ਭਣੀ ------ ਉਚਾਰਦਾ ਹਾਂ, ਜਪਦਾ ਹਾਂ, ਆਖਦਾ ਹਾਂ

"ਜਗੰਨਾਥੁ ਗੋਪਾਲੁ ਮੁਖਿ ਭਣੀ।"

-ਮਾਰੂ ੫, ਸੋਲਾ ੧੧, ੧੧:੨ (1082)

ਹੋਰ ਰੂਪ:

ਭਣੀਐ –

"ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ।" (ਆਖੇ ਜਾਂਦੇ ਹਨ)

-ਗਉ ੪, ਵਾਰ ੩੦:੪ (316)

"ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ।" (ਉਚਾਰੀਏ)

-ਮਾਰੂ ੫, ਸੋਲਾ ੪, ੪:੨ (1075)

ਭਣੁ –

"ਮਨਿ ਬਚਨਿ ਰਿਦੈ ਧਿਆਇ ਹਰਿ ਹੋਇ ਸੰਤੁਸਟੁ ਇਵ ਭਣੁ ਹਰਿ ਨਾਮੁ ਮੁਰਾਰੀ।" (ਜਪ, ਆਖ)

-ਧਨਾ ੪, ੬, ੧:੨ (669)

ਭਣੈ –

"ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ।" (ਕਹਿੰਦਾ ਹੈ)

-ਆਸਾ ਰਵਿ, ੨, ੪:੧ (486)

ਭਤਾ ------ ਭਾਂਤ, ਢੰਗ, ਜੁਗਤ ਨਾਲ

"ਹੈ ਨਾਹੀ ਕੋਊ ਬੂਝਨਹਾਰੋ ਜਾਨੈ ਕਵਨੁ ਭਤਾ।"

-ਗੂਜ ੫, ੧੧, ੧:੧ (498)

ਭਤਾਰ ----- (ਸੰ. ,,) (1) ਪਤੀ

"ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ।"

-ਸਿਰੀ ੧, ਅਸ ੧੬, ੫:੧ (63)

ਹੋਰ ਰੂਪ:

ਭਤਾਰਾ –

"ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ।" (ਪਤੀ)

-ਆਸਾ ਕਬ, ੨੪, ੧*:੨ (482)

ਭਤਾਰਿ –

"ਨਾਨਕ ਬਿਨੁ ਨਾਵੈ ਕੁਰੂਪਿ ਕੁਸੋਹਣੀ ਪਰਹਰਿ ਛੋਡੀ ਭਤਾਰਿ।" (ਪਤੀ ਨੇ)

-ਸਿਰੀ ੪, ਵਾਰ ੧੭ਸ, ੩, ੧:੪ (89)

ਭਤਾਰੀ –

"ਥਿਰੁ ਸੋਹਾਗਨਿ ਸੰਗਿ ਭਤਾਰੀ।" (ਪਤੀ)

-ਆਸਾ ੫, ੭, ੪:੪ (372)

ਭਤਾਰੁ –

"ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ।" (ਮਾਲਕ, ਸੁਆਮੀ–ਸੇਜ ਦੇ ਮਾਲਕ/ਸੁਆਮੀ ਪ੍ਰਭੂ ਨੂੰ)

-ਸਿਰੀ ੧, ੨੦, ੩:੩ (21)

"ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ।" (ਪਤੀ)

-ਸਿਰੀ ੩, ੪੬, ੨:੨ (31)

“ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ।”
-ਜੈਤ ੫, ਛੰਤ ੧, ੩:੬ (704)

ਭਤਾਰੇ –
“ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਅੜੀ ਨਾਮਿ ਭਤਾਰੇ।” (ਪਤੀ ਦੇ)
-ਵਡ ੧, ਅਲਾ ੩, ੭:੪ (581)

ਭਤਾਰੋ –
“ਪੰਚ ਸਖੀ ਹਮ ਏਕੁ ਭਤਾਰੋ।” (ਪਤੀ, ਸੁਆਮੀ, ਇਥੇ ਭਾਵ ਜੀਵ)
-ਆਸਾ ੫, ੩੪, ੩:੧ (359)

“ਮਨਮੁਖ ਦੇਹੀ ਭਰਮੁ ਭਤਾਰੋ।” (ਪਤੀ)
(ਮਹਾਨਕੋਸ਼ ਅਰਥ ‘ਰਾਜਾ’ ਕਰਦਾ ਹੈ)
-ਮਾਰੂ ੩, ਸੋਲਾ ੧੪, ੧੩:੧ (1058)

ਭਤਿ ------ ਭਾਂਤ, ਇਸ ਤਰ੍ਹਾਂ, ਢੰਗ, ਤਰੀਕਾ
“ਘਟਿ ਘਟਿ ਰਮਈਆ ਮਨਿ ਵਸੈ ਕਿਉ ਪਾਈਐ ਕਿਤੁ ਭਤਿ।”
-ਸਿਰੀ ੪, ਵਣ ੧, ੫:੧ (82)
“ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।” (ਵਾਂਗ)
-ਸਲੋ ਫਰ, ੨:੧ (1377)

ਭਤਿਆ ---- (1) ਭੋਜਨ
“ਓਨਾ ਇਕੋ ਨਾਮੁ ਅਧਾਰੁ ਇਕਾ ਉਨ ਭਤਿਆ।”
- ਰਾਮ ੫, ਵਾਰ ੪:੪ (958)

(2) ਪ੍ਰਕਾਰ ਦਾ, ਭਾਂਤ ਦਾ
“ਆਪੇ ਹੋਇਓ ਇਕੁ ਆਪੇ ਬਹੁ ਭਤਿਆ।”
-ਗਉ ੫, ਵਾਰ ੨੨:੨ (966)

ਭਤੀਜੰੀ ---- ਭਰਾ ਦੀ ਲੜਕੀ
“ਅਗੈ ਸੰਗਤੀ ਕੁੜਮੀ ਵੇਮੁਖੁ ਰਲਣਾ ਨ ਮਿਲੈ ਤਾ ਵਹੁਟੀ ਭਤੀਜੰੀ ਫਿਰਿ ਆਣਿ ਘਰਿ ਪਾਇਆ।”
-ਗਉ ੪, ਵਾਰ ੧੨ਸ, ੪, ੧:੫ (306)

ਭਤੀਰੀ ----- ਧੀਰੀ, ਪੁਤਲੀ
“ਪਾਵ ਮਲੋਵਉ ਸੰਗਿ ਨੈਨ ਭਤੀਰੀ।”
-ਸੂਹੀ ੫, ੧੦, ੨:੧ (739)

(ਮਹਾਨਕੋਸ਼ ਅਰਥ ‘ਭਾਤਾ ਦੇ’ ਕਰਦਾ ਹੈ)

ਭਦੁ ------- ਭਦਨ, ਸਿਰ ਮੁਨਾਉਣਾ
“ਹਥੀ ਸਿਰ ਖੋਹਾਇ ਨ ਭਦੁ ਕਰਾਇਆ।”
-ਮਲਾ ੧, ਵਾਰ ੧੬:੩ (1285)

ਭੰਨਣ ------ ਤੋੜਨ
“ਗੁਰ ਨਾਨਕ ਹਰਿ ਨਾਮੁ ਦ੍ਰਿੜਾਇਆ ਭੰਨਣ ਘੜਣ ਸਮਰਥੁ।”
-ਗਉ ੪, ਵਾਰ ੩੨ਸ, ੫, ੧:੧ (317)

ਭਨਤਿ ------ ਕਹਿੰਦਾ ਹੈ
“ਭਨਤਿ ਨਾਨਕ ਮੇਰੀ ਪੂਰੀ ਪਰੀ।”
-ਗਉ ੫, ੧੨੩, ੪:੨ (190)

ਭਨਾ ------ ਆਖਾਂ, ਵਰਣਨ ਕਰਾਂ, ਉਚਾਰਾਂ
“ਸੁੰਦਰ ਚਤੁਰੁ ਸੁਜਾਨ ਸੁਆਮੀ ਕਵਨ ਰਸਨਾ ਗੁਣ ਭਨਾ।”
-ਆਸਾ ੫, ਛੰਤ ੧੪, ੩:੪ (462)

ਭੰਨਾ ------ ਤੁਟਿਆ, ਭਜਿਆ, ਟੁੱਟ ਗਿਆ
“ਦੁਖ ਰੋਗ ਕਾ ਡੇਰਾ ਭੰਨਾ।”
-ਸੋਰ ੫, ੭੭, ੧:੨ (628)
“ਦੁਖੁ ਭੰਨਾ ਭੈ ਭੰਜਨਹਾਰ।” (ਭਾਵ ਦੂਰ ਕੀਤਾ)
-ਮਲਾ ੫, ੨੧, ੨:੧ (1271)

ਭਨਿ ------ (1) ਕਹਿੰਦਾ ਹੈ, ਆਖਦਾ ਹੈ
“ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ।”
-ਬਿਲਾ ਰਵਿ, ੨, ੩:੨ (858)
“ਭਨਿ ਦਾਸ ਸੁ ਆਸ ਜਗਤ੍ਰ ਗੁਰੂ ਕੀ ਪਾਰਸੁ ਭੇਟਿ ਪਰਸੁ ਕਰ੍ਉ।” (ਆਖ)
-ਸਵ ੪, ਨਲ ੧੧:੪ (1400)
(2) ਤੋੜਕੇ
“ਭਨਿ ਭਨਿ ਘੜੀਐ ਘੜਿ ਘੜਿ ਭਜੈ।”
-ਰਾਮ ੧, ਓਅੰ ੪੧:੧ (935)

ਹੋਰ ਰੂਪ:

ਭੰਨਿ –
“ਹੁਕਮੀ ਭਾਂਡੇ ਸਾਜਿਆ ਤੂੰ ਆਪੇ ਭੰਨਿ ਸਵਾਰਿ ਜੀਉ।” (ਤੋੜਕੇ)
-ਸਿਰੀ ੧, ਅਸ ੨੮, ੨੨:੩ (73)

ਭਨੀ ------ ਉਚਾਰਦੀ, ਆਖਦੀ
“ਸਾਧੂ ਰਸਨ ਭਨੀ ਹਾਂ।”
-ਆਸਾ ੫, ੧੫੯, ੧:੩ (409)

ਭੰਨੀ ------ (1) ਭੰਨ ਦਿੱਤੀ, ਤੋੜ ਦਿੱਤੀ
“ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਤਿਨਿ ਹਉਮੈ ਦੁਬਿਧਾ ਭੰਨੀ।”
-ਵਡ ੪, ਵਾਰ ੧੨:੨ (590)
(2) ਨਸ ਗਈ, ਭਜ ਗਈ
“ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ।”
-ਸਾਰ ੪, ਵਾਰ ੧੪ਸ, ੧, ੨:੨ (1243)

ਭਨੀਐ ------ ਜਪਦੀ/ਉਚਾਰਦੀ ਹੈ
“ਜਾਸੁ ਰਸਤ ਹਰਿ ਹਰਿ ਜਸੁ ਭਨੀਐ।”
-ਗਉ ੫, ਬਾਅ ੧੩:੨ (252)

ਭਨੁ ------- ਆਖ, ਕਹਿ

"ਗੁਨ ਬੇਅੰਤ ਬੇਅੰਤ ਭਨੁ ਨਾਨਕ ਕਹਨੁ ਨ ਜਾਈ ਪਰੈ ਪਰਾਤਿ।"
-ਦੇਵ ੫, ੩੫, ੨:੫ (535)
"ਅੰਤਰਜਾਮੀ ਅਗਮੁ ਰਸਨਾ ਏਕੁ ਭਨੁ।" (ਜਪ)
-ਰਾਮ ੩, ਵਾਰ ੨੦:੪ (956)

ਭੰਨੁ ------- ਤੋੜ
"ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।"
-ਵਡ ੧, ੩, ੧:੫ (557)

ਭਨੇ ------- ਆਖਦੇ ਹਨ, ਉਚਾਰਦੇ ਹਨ
"ਬੇਦ ਪੁਰਾਣ ਸਿਮ੍ਰਿਤਿ ਭਨੇ।"
-ਗਉ ੫, ੧੪੪*, ੧:੧ (211)
"ਮਨ ਬਾਂਛਤ ਫਲ ਪਾਇਆ ਹਰਿ ਨਾਨਕ ਨਾਮ ਭਨੇ।" (ਉਚਾਰਣ ਤੇ)
-ਰਾਮ ੫, ਰੁਤੀ ੭, ੨ਸ:੨ (929)
"ਚਾਰਿ ਬੇਦ ਜਿਹਵ ਭਨੇ।" (ਉਚਾਰਣ ਕੀਤੇ, ਰਟੇ)
-ਸਾਰ ੫, ੧੩੧, ੧:੧ (1229)

ਭੰਨੇ ------- ਭਜ ਗਏ, ਨਠ ਗਏ
"ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ।"
-ਗਉ ੪, ਵਾਰ ੨੫:੨ (314)

ਭੰਨੈ ------- ਤੋੜੇ
"ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।"
-ਗਉ ੧, ੧੭, ੩:੧ (156)
"ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।" (ਭਾਵ ਗਵਾਉਂਦਾ)
-ਸੂਹੀ ੫, ਛੰਤ ੧੧, ੧:੪ (784)

ਭੰਬ੍ਰ ------- ਸ੍ਰੇਸ਼ਟ ਲੋਕ, ਉਤਮ ਪੁਰਸ਼
"ਗਾਥਾ ਗਾਵੰਤਿ ਨਾਨਕ ਭੰਬ੍ਰ ਪਰਾ ਪੂਰਬਣਹ।"
-ਗਾਥਾ ੫, ੧੮:੨ (1361)

ਭੰਭਲਭੂਸੇ --- ਧੋਖਾ ਖਾਣਾ, ਭੁਲੇਖੇ ਵਿਚ ਪੈਣਾ, ਡਕੋ ਡੋਲੇ
"ਜੋਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ ਭੰਭਲਭੂਸੇ ਖਾਹੀ।"
-ਗਉ ੪, ਵਾਰ ੧੫ਸ, ੪, ੨:੩ (308)

ਭਭਾ ------ ਗੁਰਮੁਖੀ ਲਿਪੀ ਦਾ 24ਵਾਂ ਅਖਰ, 'ਭ'
"ਭਭਾ ਭਰਮੁ ਮਿਟਾਵਹੁ ਅਪਨਾ।"
-ਗਉ ੫, ਬਾਅ ੪੦:੧ (258)

ਭਭਾਖਿਆ --- ਭੁਖ, ਖਾਣ ਦੀ ਇਛਾ
"ਤਿਪਤਿ ਰਹੇ ਆਘਾਇ ਮਿਟੀ ਭਭਾਖਿਆ।"
-ਵਡ ੪, ਵਾਰ ੨੦:੩ (594)

ਭਭੀਖਣ ---- ਰਾਵਣ ਦਾ ਛੋਟਾ ਭਰਾ ਜੋ ਸ਼ਿਵ ਜੀ ਦੇ ਆਖੇ ਲਗ ਰਾਮ ਦੀ ਸ਼ਰਣੀ ਆਇਆ, ਰਾਮ ਚੰਦ ਜੀ ਨੇ ਰਾਵਣ ਤੋਂ ਲੰਕਾ ਜਿਤ ਕੇ ਭਭੀਖਣ ਨੂੰ ਸੌਂਪ ਦਿੱਤੀ

"ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ।"

-ਸੋਰ ਨਾਮ, ੨, ੪:੨ (657)

ਹੋਰ ਰੂਪ:

ਭਭੀਖਨ –

"ਅੰਬਰੀਨ ਕਉ ਦੀਓ ਅਭੈ ਪਦੁ ਰਾਜੁ ਭਭੀਖਨ ਅਧਿਕ ਕਰਿਓ।"

-ਮਾਰੂ ਨਾਮ, ੧, ੩:੧ (1105)

ਭਭੈ ------- 'ਭ' ਅਖਰ ਦੁਆਰਾ

"ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਦੀ ਜਿਨ੍ਹ ਕਉ ਭਉ ਪਇਆ।"

-ਆਸਾ ੧, ਪਟੀ ੨੭:੧ (434)

ਭਯ ------- ਡਰ

"ਭਯ ਭੰਜਨੁ ਪਰ ਪੀਰ ਨਿਵਾਰਨੁ ਕਲੵਸਹਾਰੁ ਤੋਹਿ ਜਸੁ ਬਕਤਾ।"

-ਸਵ ੫, ਕਲ ੬:੩ (1407)

ਭਯੰ ------- ਹੋ ਜਾਂਦੇ ਹਨ

"ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ।"

-ਸਸ ੫, ੨੦:੨ (1355)

ਭਯਉ ----- ਹੋ ਗਿਆ, ਹੋਇਆ

"ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ ਭਯਉ।"

-ਸਮੁ ੫, ੫:੫ (1386)

ਭਯੰਤਿ ----- ਹੋ ਜਾਂਦਾ ਹੈ

"ਬਿਖਯਾ ਭਯੰਤਿ ਅੰਮ੍ਰਿਤੰ ਦ੍ਰੁਸਟਾਂ ਸਖਾ ਸ੍ਵਜਨਹ।"

-ਸਸ ੫, ੩੭:੧ (1357)

ਭਯਭੰਜਨੁ --- ਡਰ ਦੂਰ ਕਰਨ ਵਾਲਾ

"ਭਯਭੰਜਨੁ ਪਰ ਦੁਖ ਨਿਵਾਰੁ ਅਪਾਰੁ ਅਨੰਭਉ।"

-ਸਵ ੫, ਕਲ ੫:੨ (1407)

ਭਯਾ ------ (1) ਭਰਾ

"ਤੀਜੈ ਭਯਾ ਭਾਭੀ ਬੇਬ।"

-ਮਾਝ ੧, ਵਾਰ ੧ਸ, ੧, ੨:੩ (137)

(2) ਹੋਇਆ

"ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ।"

-ਸਵ ੪, ਕਲ ੩:੧ (1396)

ਭਯਾਨ ----- ਭੈਦਾਇਕ, ਡਰਾਉਣਾ

"ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ।"

-ਸਸ ੫, ੪੯:੪ (1358)

ਭਯੁੋ ------- ਹੋਇਆ
"ਜਿਹ ਠਾਕੁਰੁ ਸੁਪ੍ਰਸੰਨੁ ਭਯੁੋ ਸਤਸੰਗਤਿ ਤਿਹ ਪਿਆਰੁ।"
-ਸਮੁ ੫, ੬:੫ (1386)

ਹੋਰ ਰੂਪ:

ਭਯੋ –
"ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖ੍ਹ ਜਨ ਕੀ ਅਉ ਪ੍ਰਗਾਸ।" (ਹੋਇਆ)
-ਸਵ ੪, ਨਲ ੪:੨ (1399)

ਭਯੌ –
"ਹਰਿ ਪਰਸਿਓ ਕਲੁ ਸਮੁਲਵੈ ਜਨ ਦਰਸਨੁ ਲਹਣੇ ਭਯੌ।"
-ਸਵ ੨, ੬:੬ (1392)

ਭਰ ------- (1) ਭਰਨਾ, ਲਿਬੜਨਾ
"ਮਨ ਮੇਰੇ ਹਉਮੈ ਮੈਲੁ ਭਰ ਨਾਲਿ।"
-ਸਿਰੀ ੬, ਪ੬, ੧*:੧ (35)
('ਮਹਾਨਕੋਸ਼' 'ਭਰਨਾਲਿ' ਨੂੰ ਇਕ ਸ਼ਬਦ ਬਣਾਕੇ ਅਰਥ ਕਰਦੇ ਹਨ 'ਬੇਹੋਸ਼')
(2) ਭਾਰ, ਬੋਝ
"ਪਥਰ ਕੀ ਬੇੜੀ ਜੇ ਚੜੈ ਭਰ ਨਾਲਿ ਬੁਡਾਵੈ।"
-ਆਸਾ ੧, ਅਸ ੧੭, ੪:੨ (420)
(3) ਭਰਿਆ ਹੋਇਆ
"ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।"
-ਤੁਖਾ ੧, ਬਾਰਾ ੧੦:੫ (1108)

ਹੋਰ ਰੂਪ:

ਭਰਉ –
"ਗੁਰਮਤਿ ਸੁਨਿ ਕਛੁ ਗਿਆਨੁ ਨ ਉਪਜਿਓ ਪਸੁ ਜਿਉ ਉਦਰੁ ਭਰਉ।" (ਭਰਾ)
-ਧਨਾ ੯, ੪, ੨:੧ (685)
"ਦੀਨੁ ਛੋਡਿ ਦੁਨੀਆ ਕਉ ਭਰਉ।" (ਭਾਵ ਸੰਸਾਰੀ ਧੰਨ ਇਕੱਠਾ ਕਰਦਾ ਹਾਂ)
-ਤੁਖਾ ਨਾਮ, ੧੦, ੧੧:੨ (1166)

ਭਰਹਿ –
"ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ।" (ਭਰਦਾ ਹੈ)
-ਆਸਾ ੫, ਛੰਤ ੧੩, ੨:੧ (461)
"ਕੋਟਿ ਕੁ ਮੇਰ ਭਰਹਿ ਭੰਡਾਰ।" (ਭਰਪੂਰ ਕਰਦੇ/ਭਰਦੇ ਹਨ)
-ਭੈਰ ਕਬ, ਅਸ ੨, ੪:੧ (1163)

ਭਰਹੁ –
"ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ।" (ਪੂਰਹੁ)
-ਬਸੰ ੧, ੯, ੨:੨ (1171)

ਭਰਜਾਈਆ -- ਭਰਾਵਾਂ ਦੀਆਂ ਪਤਨੀਆਂ
"ਨਾ ਭੈਣਾ ਭਰਜਾਈਆ ਨਾ ਸੇ ਸਸੁੜੀਆਹ।"
-ਮਾਰੂ ੧, ਅਸ ੧੦, ੧:੧ (1015)

ਭਰਣ ------ (1) ਪਾਲਣ/ਪੋਸਣ
"ਹਸਤ ਦੇਇ ਪ੍ਰਤਿਪਾਲਦਾ ਭਰਣ ਪੋਖਣੁ ਕਰਨਾ।" (ਭਾਵ ਪਾਲਣ ਤੇ ਰਖਯਾ ਕਰਨ ਵਾਲਾ)
-ਗਉ ੫, ਵਾਰ ੨੦:੩ (323)
"ਭਰਣ ਪੋਖਣ ਸੰਗਿ ਅਉਧ ਬਿਹਾਣੀ।"
-ਸੂਹੀ ੫, ੩੩, ੩:੧ (743)
"ਹੋਯੋ ਹੈ ਹੋਵੰਤੋ ਹਰਣ ਭਰਣ ਸੰਪੂਰਣ:।" (ਪਾਲਣ ਯੋਗ)
-ਗਾਥਾ ੫, ੨੩:੧ (1361)

ਹੋਰ ਰੂਪ:

ਭਰਣੰ –
"ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ।"
-ਸਵ ੪, ਗਯੰ ੧:੧੭ (1401)

(2) ਪੂਰਨ
"ਅੰਦਰਿ ਕਪਟੁ ਉਦਰੁ ਭਰਣ ਕੇਤਾਈ ਪਾਠ ਪੜਹਿ ਗਾਵਾਰੀ।"
-ਸਾਰ ੪, ਵਾਰ ੨੪ਸ, ੩, ੧:੪ (1246)

ਭਰਤ ------ ਭਰਤਾ, ਪਤੀ
"ਭਰਤ ਬਿਹੂਨ ਕਹਾ ਸੋਹਾਗੁ।"
-ਗਉ ੫, ੧੩੪, ੨:੨ (192)

ਭਰਤਾ ----- (1) ਪਤੀ
"ਭਰਤਾ ਚਿਤਵਤ ਪੂਰਨ ਆਸਾ।"
-ਮਾਝ ੫, ੨੧, ੩:੨ (100)

(2) ਭਰਦਾ ਹੈ
"ਗਇਆ ਪਿੰਡੁ ਭਰਤਾ।"
-ਗੋਂਡ ਨਾਮ, ੧, ੨:੧ (873)

ਭਰਤਾਰੁ ---- ਪਤੀ
"ਨਾਨਕ ਗੁਰਮੁਖਿ ਸਦਾ ਸੁਹਾਗਣੀ ਜਿਸੁ ਅਵਿਨਾਸੀ ਪੁਰਖੁ ਭਰਤਾਰੁ।"
-ਸੂਹੀ ੩, ਵਾਰ ੪ਸ, ੩, ੧:੭ (786)

ਹੋਰ ਰੂਪ:

ਭਰਤਾਰੇ –
"ਇਸਤ੍ਰੀ ਰੂਪ ਚੇਰੀ ਕੀ ਨਿਆਈ ਸੋਭ ਨਹੀ ਬਿਨੁ ਭਰਤਾਰੇ।"(ਭਰਤਾ, ਪਤੀ)
– ਮਲਾ ੫, ੭, ੧:੨ (1268)

ਭਰਤੇ ------ (1) ਪਤੀ ਦਾ
"ਸੰਗੁ ਨ ਪਾਇਓ ਅਪੁਨੇ ਭਰਤੇ ਪੇਖਿ ਪੇਖਿ ਦੁਖੁ ਪਾਇਆ।"
-ਟੋਡੀ ੫, ੪, ੨:੨ (712)

(2) ਭਰਦੇ ਹਨ ਭਾਵ ਪੈਂਦੇ ਹਨ
"ਰਾਜ ਤੇ ਕੀਟ ਕੀਟ ਤੇ ਸੁਰਪਤਿ ਕਰਿ ਦੋਖ ਜਠਰ ਕਉ ਭਰਤੇ।"
-ਮਲਾ ੫, ੪, ੧:੧ (1267)

ਭਰਥਰਿ ---- ਗੋਰਖ ਦਾ ਚੇਲਾ, ਇਕ ਜੋਗੀ ਜੋ ਗੁਰੂ ਨਾਨਕ ਦੇਵ ਜੀ ਨੂੰ ਮਿਲਿਆ

“ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ।”

-ਆਸਾ ੧, ੩੭, ੪:੨ (360)

ਭਰਨ ------ (1) ਭਰਪੂਰ ਕਰਨ

“ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ।” (ਖਾਲੀ ਕਰਨ ਤੇ ਭਰਨ ਦੇ ਸਮਰਥ ਹੈ)

-ਗਉ ੫, ੧੪੮*, ੨:੧ (212)

“ਐਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ ਭਰਨ ਕੈ ਤਾਈ।”

-ਗੂਜ ੧, ਅਸ ੩, ੨:੧ (504)

(2) ਪਾਲਣਾ ਕਰਨਾ

“ਹਰਨ ਭਰਨ ਜਾ ਕਾ ਨੇਤ੍ਰ ਫੋਰੁ।”

-ਗਉ ੫, ਸੁਖ ੧੬, ੨:੩ (284)

ਭਰਨਾਲਿ ---- ਭਾਰ ਨਾਲ

“ਅਖਲੀ ਊਂਡੀ ਜਲੁ ਭਰਨਾਲਿ।”

- ਮਲਾ ੧, ਅਸ ੪, ੧:੧ (1275)

ਭਰਪੁਰਿ ---- ਭਰਪੂਰ, ਵਿਆਪਕ

“ਨਾਨਕ ਸਾਹਿਬੁ ਭਰਪੁਰਿ ਲੀਣਾ।”

-ਵਡ ੫, ੨, ੪:੨ (562)

ਭਰਪੂਰ ----- ਵਿਆਪਕ, ਪਰਿਪੂਰਨ

“ਤਿਨ ਮਹਿ ਰਾਮੁ ਰਹਿਆ ਭਰਪੂਰ।”

-ਜਪੁ ੧, ੩੭:੪ (8)

“ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ।” (ਭਰਿਆ ਹੋਇਆ, ਪਰਿਪੂਰਨ)

-ਗਉ ੫, ਸੁਖ ੧੫ਸ:੧ (282)

“ਓਇ ਅੰਮ੍ਰਿਤ ਭਰੇ ਭਰਪੂਰ ਹਹਿ ਓਨਾ ਤਿਲ ਨ ਤਮਾਇ।” (ਪੂਰੀ ਤਰ੍ਹਾਂ ਭਰੇ ਹੋਏ)

-ਸੂਹੀ ੩, ਅਸ ੩, ੮:੨ (755)

“ਜਤ ਕਤ ਤੁਮੑ ਭਰਪੂਰ ਹਹੁ ਮੇਰੇ ਦੀਨ ਦਇਆਲੀ।” (ਵਿਆਪਕ)

-ਬਿਲਾ ੫, ੪੨, ੩:੨ (811)

ਹੋਰ ਰੂਪ:

ਭਰਪੂਰਏ –

“ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ।” (ਭਰਿਆ ਹੋਇਆ ਭਾਵ ਸਰਬ ਗੁਣਾਂ ਵਾਲਾ)

-ਗਉ ੫, ਛੰਤ ੧, ੨:੪ (247)

ਭਰਪੂਰਾ –

“ਮਨਸਾ ਕਾ ਦਾਤਾ ਸਭ ਸੁਖ ਨਿਧਾਨੁ ਅੰਮ੍ਰਿਤਸਰਿ ਸਦ ਹੀ ਭਰਪੂਰਾ।” (ਭਰਿਆ ਹੋਇਆ)

-ਆਸਾ ੫, ੧੭, ੧*:੨ (375)

"ਸਭ ਮਹਿ ਏਕੁ ਰਹਿਆ ਭਰਪੂਰਾ।" (ਵਿਆਪਕ)

-ਭੈਰ ੫, ੨੬, ੪:੧ (1143)

ਭਰਪੂਰਿ –

"ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ।" (ਵਿਆਪਕ)

-ਸਿਰੀ ੧, ੧੬, ੨:੨ (20)

"ਮੈ ਅਵਗਣ ਭਰਪੂਰਿ ਸਰੀਰੇ।" (ਭਰੇ ਹੋਏ)

-ਵਡ ੪, ੧, ੨:੧ (561)

ਭਰਪੂਰੀ –

"ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿੰਦਾ ਹਰਿ ਆਪਿ ਰਹਿਆ ਭਰਪੂਰੀ ਜੀਉ।" (ਵਿਆਪਕ)

-ਗਉ ੪, ੬੮, ੩:੩ (174)

ਭਰਪੂਰੁ –

"ਵਾਹੁ ਵਾਹੁ ਜਲਿ ਥਲਿ ਭਰਪੂਰੁ ਹੈ ਗੁਰਮੁਖਿ ਪਾਇਆ ਜਾਇ।" (ਵਿਆਪਕ)

-ਗੂਜ ੩, ਵਾਰ ੧੭ਸ, ੩, ੨:੪ (515)

"ਹੀਰਾ ਰਤਨ ਜਵੇਹਰ ਮਾਣਕ ਬਹੁ ਸਾਗਰ ਭਰਪੂਰੁ ਕੀਆ।" (ਭਰਿਆ ਹੈ)

-ਰਾਮ ੪, ੧, ੨:੧ (880)

"ਸਰਬ ਕਲਾ ਭਰਪੂਰੁ ਦਿਸੈ ਜਤਕਤਾ।" (ਭਰਿਆ ਹੋਇਆ)

-ਰਾਮ ੫, ਵਾਰ ੧੮:੭ (965)

ਭਰਪੂਰੇ –

"ਹਰਿ ਅੰਤਰਿ ਬਾਹਰਿ ਰਹਿਆ ਭਰਪੂਰੇ।" (ਵਿਆਪਕ)

-ਮਾਝ ੫, ੩੮, ੨:੨ (105)

"ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ।" (ਪੂਰੀ ਤਰ੍ਹਾਂ)

-ਵਡ ੩, ਛੰਤ ੧, ੨:੨ (568)

"ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ।" (ਭਾਵ ਡੁਬੀ ਰਹਿੰਦੀ ਹੈ)

- ਵਡਾ ੩, ਛੰਤ ੧, ੨:੫ (568)

"ਗੁਰੁ ਸਾਗਰੁ ਰਤਨੀ ਭਰਪੂਰੇ ।" (ਭਰਿਆ ਹੋਇਆ)

-ਧਨਾ ੧, ਅਸ ੧, ੧:੧ (685)

ਭਰਭਾ ----- **ਭਰੇ ਹੋਏ**

"ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਰਭਾ।"

-ਪ੍ਰਭਾ ੪, ੬, ੩:੨ (1337)

('ਮਹਾਨਕੋਸ਼' ਅਰਥ ਭਾਰ ਢੋਣ ਵਾਲਾ ਭਾਰਵਾਹ ਕਰਦਾ ਹੈ)

ਭਰਮ ------ **(1) ਭੁਲੇਖਾ, ਗਲਤ ਫਹਿਮੀ, ਵਹਿਮ**

"ਆਪਣਿਆ ਸੰਤਾ ਕੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ।"

-ਮਾਝ ੫, ੪੩, ੩:੩ (107)

ਹੋਰ ਰੂਪ:

ਭਰਮੰ –

"ਦੁਰਬਚਨ ਭੇਦ ਭਰਮੰ ਸਾਕਤ ਪਿਸਨੰ ਤ ਸੁਰ ਜਨਹ।"

-ਸਸ ੫, ੪੪:੨ (1358)

('ਮਹਾਨਕੋਸ਼' ਇਸ ਨੂੰ 'ਮਰਮ' ਦੀ ਥਾਂ ਵਰਤਿਆ ਮੰਨਦੇ ਹਨ)

ਭਰੰਮ –

"ਢਾਠੀ ਭੀਤਿ ਭਰੰਮ ਕੀ ਭੇਟਤ ਗੁਰੁ ਸੂਰਾ ਰਾਮ ਰਾਜੇ।"

-ਆਸਾ ੫, ਛੰਤ ੩, ੪:੨ (454)

"ਭਰਮ ਮੋਹ ਬਿਕਾਰ ਨਾਠੇ ਪ੍ਰਭੁ ਨੇਰਹੂ ਤੇ ਨੇਰਾ।" (ਮਹਾਨ ਕੋਸ਼ ਅਰਥ 'ਮਿਥਿਆ ਗਿਆ' ਕਰਦਾ ਹੈ)

-ਸੂਹੀ ੫, ਛਤ ੬, ੧:੫ (780)

(2) ਭ੍ਰਮਣ, ਭਟਕਨ

"ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ।"

-ਗਉ ੫, ੯੧, ੩:੧ (183)

(3) ਅਗਿਆਨ, ਮਿਥਿਆ ਗਿਆਨ

"ਰਖੁ ਧਰਮ ਭਰਮ ਬਿਦਾਰਿ ਮਨ ਤੇ ਉਧਰੁ ਹਰਿ ਨਿਰੰਕਾਰ।" (ਭਾਵ ਅਗਿਆਨ)

-ਗੂਜ ੫, ਅਸ ੨, ੫:੨ (508)

"ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ।"

-ਗੂਜ ੫, ਵਾਰ ੧੬:੧ (522)

ਭਰਮਈਆ -- ਭਟਕਦੇ ਫਿਰਨਣ ਵਾਲਾ

"ਸੇਜ ਏਕ ਏਕੋ ਪ੍ਰਭੁ ਠਾਕੁਰੁ ਮਹਲੁ ਨ ਪਾਵੈ ਮਨਮੁਖ ਭਰਮਈਆ।"

-ਬਿਲਾ ੪, ਅਸ ੬, ੫:੧ (837)

ਹੋਰ ਰੂਪ:

ਭਰਮਈਹੈ –

"ਦੁਖ ਸੁਖ ਕਰਤ ਮਹਾ ਭ੍ਰਮਿ ਬੂਡੋ ਅਨਿਕ ਜੋਨਿ ਭਰਮਈਹੈ।" (ਭ੍ਰਮਨ ਕੀਤਾ ਹੈ, ਫਿਰੇ/ਭਟਕੇ ਹਾਂ)

-ਗੂਜ ਕਬ, ੧, ੩:੧ (524)

ਭਰਮਸਹਿ --- ਭਟਕਦੇ ਹਨ, ਭਰਮਨ ਕਰਦੇ ਹਨ

"ਨਾਮ ਵਿਹੂਣੇ ਭਰਮਸਹਿ ਆਵਹਿ ਜਾਵਹਿ ਨੀਤ।"

-ਮਾਰੂ ੩, ਵਾਰ ੧ਸ, ੪, ੨:੧ (1087)

ਭਰਮਸਿ ---- ਭਉਂਦਾ ਹੈ, ਭਰਮਾਦਾ ਹੈ

"ਤੀਰਥਿ ਭਰਮਸਿ ਬਿਆਧਿ ਨ ਜਾਵੈ।"

-ਰਾਮ ੧, ਅਸ ੬, ੪:੩ (906)

ਹੋਰ ਰੂਪ:

ਭਰਮਹਿ –

"ਕੋਟਿ ਜਨਮ ਭਰਮਹਿ ਬਹੁ ਜੂਨਾ।" (ਭਟਕਦੇ, ਭਉਂਦੇ)

-ਗਉ ੫, ੧੪੭, ੧*:੨ (195)

ਭਰਮਹੁ –

“ਕਹਤ ਨਾਮਦੇਉ ਬਾਹਰਿ ਕਿਆ ਭਰਮਹੁ ਇਹ ਸੰਜਮ ਹਰਿ ਪਾਈਐ।” (ਭਟਕਦੇ ਹੋ)
-ਧਨਾ ਨਾਮ, ੨, ੪:੨ (693)

ਭਰਮਹੁ ----- (1) ਭਟਕਦੇ ਹੋ, ਵੇਖੋ ‘ਭਰਮਸਿ’
(2) ਭੁਲੋ, ਭੁਲੇਖੇ ਵਿਚ ਪਵੋ
“ਜਾਤ ਨ ਜਾਤਿ ਦੇਖਿ ਮਤ ਭਰਮਹੁ ਸੁਕਿ ਜਨਕ ਪਗੀਂ ਲਗਿ ਧਿਆਵੈਗੋ।”
-ਕਾਨ ੪, ਅਸ ੨, ੭:੧ (1309)

ਭਰਮੰਗਨਾ --- ਭਰਮ
“ਆਦਿ ਮਧਿ ਅੰਤਿ ਪ੍ਰਭੁ ਰਵਿਆ ਤ੍ਰਿਸਨਾ ਬੁਝੀ ਭਰਮੰਗਨਾ।”
-ਮਾਰੂ ੫, ਸੋਲਾ ੯, ੧੧:੩ (1080)

ਭਰਮਣਹ --- ਭਟਕਦੇ ਹਨ
“ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ।”
-ਜੈਤ ੫, ਵਾਰ ੯ਸ, ੫, ੧:੭ (707)

ਭਰਮਤ ----- ਭਟਕਦਿਆ, ਭਉਂਦਿਆ
“ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ।”
-ਸੋਰ ੫, ੨੬, ੨:੨ (616)

ਹੋਰ ਰੂਪ:

ਭਰਮਤੁ –
“ਅਨਿਕ ਬੰਧਨ ਮਾਇਆ ਭਰਮਤੁ ਭਰਮਾਇਆ ਗੁਣਨਿਧਿ ਨਹੀ ਗਾਇਆ।” (ਭਟਕਦਾ/ਫਿਰਦਾ ਹਨ)
-ਗਉ ੫, ੧੫੪*, ੩:੧ (213)

ਭਰਮਤੇ –
“ਬਿਨੁ ਬੂਝੇ ਸਭੁ ਵਾਦਿ ਜੋਨੀ ਭਰਮਤੇ।” (ਭਟਕਦੇ/ਫਿਰਦੇ ਹਨ)
-ਸੂਹੀ ੫, ਅਸ ੫, ੫:੨ (762)

ਭਰਮਦਾ ---- ਫਿਰਦਾ ਫਿਰਦਾ, ਭਟਕਦਾ ਭਟਕਦਾ
“ਇਹੁ ਮਨੂਆ ਖਿਨੁ ਊਭ ਪਇਆਲੀ ਭਰਮਦਾ ਇਕਤੁ ਘਰਿ ਆਣੈ ਰਾਮ।”
-ਆਸਾ ੪, ਛੰਤ ੯, ੫:੨ (443)

ਹੋਰ ਰੂਪ:

ਭਰਮਦੇ –
“ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ।” (ਭਟਕਦੇ, ਭਉਂਦੇ ਫਿਰਦੇ)
-ਸਿਰੀ ੩, ੩੬, ੩:੩ (27)

ਭਰਮਨ ਭਰਮੁ – ਵਡੀ ਭਟਕਣਾ
“ਜੋ ਜੋ ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ।”
-ਕਾਨ ੪, ਅਸ ੨, ੬:੨ (1309)

ਭਰਮਪਟ ---- ਅਗਿਆਨ ਦੇ ਪਰਦੇ

“ਭਨਤਿ ਨਾਨਕ ਭਰਮਪਟ ਖੂਲ੍ਹੇ ਗੁਰ ਪਰਸਾਦੀ ਜਾਨਿਆ।”
-ਧਨਾ ੩, ੯, ੩:੧ (666)

ਭਰਮਾ ----- (1) ਭਰਮ, ਵਹਿਮ
“ਜਾ ਕੈ ਬਿਨਸਿਓ ਮਨ ਤੇ ਭਰਮਾ।”
-ਗਉ ੫, ੧੦੩, ੩:੧ (186)

ਹੋਰ ਰੂਪ:

ਭਰਮਾਂ -
“ਬੈਰ ਬਿਰੋਧ ਛੇਦੇ ਭੈ ਭਰਮਾਂ।”
-ਪ੍ਰਭਾ ੫, ਅਸ ੩, ੩:੩ (1348)

(2) ਅਗਿਆਨ
“ਅਪਿਉ ਪੀਓ ਗਤੁ ਥੀਓ ਭਰਮਾ ਕਹੁ ਨਾਨਕ ਅਜਰੁ ਜਰਾ।”
-ਜੈਤ ੫, ੬, ੨:੨ (701)

ਭਰਮਾਇ ---- ਭਟਕਦਾ ਫਿਰਦਾ ਹੈ
“ਮਨਮੁਖੁ ਪ੍ਰਾਣੀ ਮੁਗਧੁ ਹੈ ਨਾਮਹੀਣ ਭਰਮਾਇ।”
-ਗਉ ੪, ਵਾਰ ੨੩ਸ, ੪, ੧:੧ (313)

ਭਰਮਾਇਓ -- (1) ਭਟਕਣਾ ਵਿਚ ਪਾ ਦੇਣਾ, ਭਟਕਾ ਦਿਤਾ
“ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ।”
-ਆਸਾ ੫, ੧੫੬, ੨:੧ (409)

(2) ਭਰਮਾ ਲੈਣਾ
“ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ।”
-ਬਿਹਾ ੯, ੨, ੩:੧ (537)
(‘ਦਰਪਨ’ ਇਥੇ ਵੀ ਅਰਥ ‘ਭਟਕਣਾ ਵਿਚ ਪਾਇਆ’ ਹੀ ਕਰਦਾ ਹੈ)

ਭਰਮਾਇਅਨੁ - ਭਟਕਣ ਵਿਚ ਲਾ ਦਿੱਤਾ
“ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ।”
-ਗੂਜ ੩, ਵਾਰ ੧੩ਸ, ੩, ੨:੨ (513)

ਹੋਰ ਰੂਪ:

ਭਰਮਾਇਆ -
“ਨਿਤ ਦਿਨਸੁ ਰਾਤਿ ਲਾਲਚੁ ਕਰੇ ਭਰਮੈ ਭਰਮਾਇਆ।” (ਭਟਕਨਾ ਵਿਚ ਪਿਆ)
-ਗਉ ੪, ੪੮, ੧:੧ (166)
“ਜਿਸੁ ਹੋਆ ਆਪਿ ਕ੍ਰਿਪਾਲੁ ਸੁਨਹ ਭਰਮਾਇਆ।” (ਭਟਕਾਏ ਜਾਣਾ)
-ਗੂਜ ੫, ਵਾਰ ੨੦ਸ, ੫, ੨:੫ (523)
“ਮਤ ਭੂਲਹੁ ਮਾਨੁਖ ਜਨ ਮਾਇਆ ਭਰਮਾਇਆ।” (ਭਰਮਾਏ)
-ਬਿਲਾ ੫, ੪੬, ੪:੧ (812)

ਭਰਮਾਇਦਾ -- ਭਟਕਦਾ ਫਿਰਦਾ ਹੈ
“ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ।”
-ਮਾਰੂ ੧, ਸੋਲਾ ੧੪, ੭:੩ (1034)

ਭਰਮਾਈ ---- (1) ਭਟਕਦਾ ਰਿਹਾ

"ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ।"
-ਸੋਰ ੩, ੧੧, ੧:੧ (603)

ਹੋਰ ਰੂਪ:

ਭਰਮਾਈਆ –
"ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ।" (ਭਟਕਦਾ)
-ਮਾਰੂ ੫, ਵਾਰ ੬:੪ (1096)

ਭਰਮਾਈਐ –
"ਬਿਨੁ ਸਬਦੈ ਭਰਮਾਈਐ ਦੁਬਿਧਾ ਡੋਬੇ ਪੂਰੁ।" (ਭਟਕਦੇ ਫਿਰੀਦਾ ਹੈ)
-ਸਿਰੀ ੧, ੧੫, ੧:੩ (19)
"ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ।" (ਭ੍ਰਮਦੇ ਫਿਰੀਏ)
-ਸਿਰੀ ੩, ੩੫, ੧:੧ (26)

ਭਰਮਾਏ –
"ਤਿਹੁ ਗੁਣ ਮਹਿ ਜਾ ਕਉ ਭਰਮਾਏ।" (ਭਟਕਾਇਆ)
-ਗਉ ੫, ਸੁਖ ੧੬, ੩:੭ (284)
"ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ।" (ਭਟਕਦੇ ਹਨ)
-ਆਸਾ ੧, ਅਸ ੧੯, ੬:੧ (421)

(2) ਭਰਮ, ਅਗਿਆਨ, ਭੁਲੇਖਾ

"ਤੁਮ੍ਰੀ ਕ੍ਰਿਪਾ ਤੇ ਮੋਹੁ ਮਾਨੁ ਛੂਟੈ ਬਿਨਸਿ ਜਾਇ ਭਰਮਾਈ।"
-ਧਨਾ ੫, ੧੦, ੨:੧ (673)
"ਅਨਿਕ ਜਨਮ ਬੀਤੀਅਨ ਭਰਮਾਈ।" (ਭਰਮ, ਭੁਲੇਖੇ ਵਿਚ)
-ਸੂਹੀ ੫, ੪੦, ੩:੧ (745)

ਹੋਰ ਰੂਪ:

ਭਰਮਾਏ –
"ਮਾਇਆ ਕਰਿ ਮੂਲੁ ਜੰਤ੍ਰ ਭਰਮਾਏ।" (ਭਰਮ ਗਏ ਹਨ)
-ਗਉ ੩, ਅਸ ੬, ੪:੧ (232)

ਭਰਮਾਣੇ ---- ਭਟਕਦੇ ਫਿਰਦੇ ਹਨ

"ਮੇਰੇ ਕਰਤੇ ਏਵੈ ਭਾਵ ਦਾ ਮਨਮੁਖ ਭਰਮਾਣੇ।"
-ਗਉ ੩, ੩੭, ੩:੪ (163)

ਭਰਮਾਤਾ ---- ਫਿਰ ਨਿਕਲਿਆ, ਘੁੰਮ ਗਿਆ

"ਗਵਨੁ ਕੀਆ ਧਰਤੀ ਭਰਮਾਤਾ।"
-ਮਾਝ ੫, ੧੨, ੩:੨ (98)
"ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ।" (ਭਟਕਦਾ ਹੈ)
-ਸੋਰ ੫, ੬, ੩:੨ (610)

ਹੋਰ ਰੂਪ:

ਭਰਮਾਤਿ –
"ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ।" (ਫਿਰਨ ਨਾਲ)

-ਗੁਜ ੧, ਅਸ ੫, ੪:੧ (505)

ਭਰਮਾਵਹਿ --- ਭਰਮਾਉਦੀ ਹੈ, ਲੁਭਾਉਂਦੀ ਹੈ
"ਦੂਜੈ ਭਾਇ ਮਾਇਆ ਮਨੁ ਭਰਮਾਵਹਿ।"
-ਮਾਝ ੩, ਅਸ ੧੩, ੨:੨ (116)

ਭਰਮਾਵਹੁ --- ਭੁਲੇਖੇ ਵਿਚ ਪਾਉਂਦੇ ਹੋ
"ਏਕ ਅਨੇਕ ਹੋਇ ਰਹਿਓ ਸਗਲ ਮਹਿ ਅਬ ਕੈਸੇ ਭਰਮਾਵਹੁ।"
-ਮਾਰੂ ਕਬ, ੫, ੧:੨ (1104)

ਭਰਮਾਵੈ ---- (1) ਭਰਮਾਉਂਦੀ ਹੈ
"ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ।"
-ਆਸਾ ੫, ੪, ੧:੪ (371)

(2) ਭਟਕਦਾ ਫਿਰਦਾ ਹੈ
"ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ।"
-ਸਾਰ ੫, ੧੦੬, ੧:੨ (1224)

ਭਰਮਿ ----- (1) ਭਰਮ ਵਿਚ, ਭੁਲੇਖੇ ਵਿਚ, ਅਗਿਆਨਤਾ ਵਿਚ
"ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ।"
-ਸਿਰੀ ੩, ੫੦, ੨:੧ (33)
"ਪੇਈਅੜੈ ਧਨ ਭਰਮਿ ਭੁਲਾਣੀ।" (ਭਰਮ ਵਿਚ)
-ਮਾਝ ੩, ਅਸ ੩੩, ੪:੧ (129)
"ਭਰਮਿ ਭਰਮਿ ਮਾਨੁਖ ਡਹਕਾਏ।" (ਭਰਮਾ ਭਰਮਾ ਕੇ, ਭੁਲਕੇ)
-ਗਉ ੫, ਬਾਅ ੪੦:੫ (258)

(2) ਭਟਕਣਾ ਵਿਚ
"ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ।"
-ਮਾਝ ੩, ਅਸ ੧੬, ੬:੩ (119)
"ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ।"
-ਰਾਮ ੩, ਅਨੰ ੨੨:੩ (920)

(3) ਭਰਮ ਸਦਕਾ
"ਮਾਇਆ ਮੋਹਿ ਭਰਮਿ ਨ ਪਾਏ।"
-ਮਾਰੂ ੩, ਸੋਲਾ ੨੨, ੭:੧ (1066)

ਭਰਮਿਓਹੁ --- ਭਰਮਾਇਆ ਹੈ, ਭੁਲੇਖੇ ਵਿਚ ਪਾਇਆ ਹੈ, ਅਗਿਆਨਤਾ ਵਸ ਕੀਤਾ ਹੈ
"ਕਕੈ ਕਾਮਿ ਕ੍ਰੋਧਿ ਭਰਮਿਓਹੁ ਮੂੜੇ ਮਮਤਾ ਲਾਗੇ ਤੁਧੁ ਹਰਿ ਵਿਸਰਿਆ।"
-ਆਸਾ ੩, ਪਟੀ ੮:੧ (435)

ਭਰਮਿਆ --- ਭਟਕਿਆ, ਭਉਂਦਾ ਫਿਰਿਆ
"ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ।"
-ਗੁਜ ੩, ਵਾਰ ੧੩ਸ, ੩, ੨:੧ (513)

ਹੋਰ ਰੂਪ:

ਭਰੰਮਿਆ -

"ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।"
-ਆਸਾ ੧, ਵਾਰ ੪:੨ (465)

ਭਰਮਿਤਾ ---- ਭਰਮ ਭੁਲੇਖੇ ਵਿਚ ਪਿਆ
"ਸਿਰ ਉਪਰਿ ਜਮਕਾਲੁ ਨ ਸੁਝਈ ਦੂਜੈ ਭਰਮਿਤਾ।"
-ਸੂਹੀ ੩, ਵਾਰ ੫:੩ (787)

ਭਰਮੀਅਲੇ --- ਫਿਰਦੀ/ਭਟਕਦੀ ਭਾਵ ਉਡਦੀ ਹੈ
"ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ।"
-ਰਾਮ ਨਾਮ, ੧, ੧:੧ (972)

ਭਰਮੀਆ --- ਭਵਾਇਆ ਹੋਇਆ
"ਅਨਿਕ ਜੋਨਿ ਭਰਮੈ ਭਰਮੀਆ।"
-ਗਉ ੫, ਸੁਖ ੧੧, ੭:੬ (277)

ਭਰਮੀਜਾ ---- ਭਰਮਾਂ ਵਿਚ
"ਕਾਹੂ ਰੋਗ ਸੋਗ ਭਰਮੀਜਾ।"
-ਰਾਮ ੫, ਅਸ ੩, ੪:੨ (914)
"ਨਾ ਕੋ ਆਵੈ ਨਾ ਕੋ ਜਾਵੈ ਗੁਰਿ ਦੂਰਿ ਕੀਆ ਭਰਮੀਜਾ ਹੇ।" (ਭਰਮ)
-ਮਾਰੂ ੫, ਸੋਲਾ ੩, ੧੪:੩ (1074)
(ਮਹਾਨ ਕੋਸ਼ ਅਰਥ 'ਮਿਥਿਆ ਗਿਆਨ' ਕਰਦਾ ਹੈ)

ਭਰਮੀਜੈ ---- ਭ੍ਰਮਨ ਨਾਲ, ਭਉਣ ਨਾਲ, ਫਿਰਨ ਨਾਲ
"ਅੰਤਰਿ ਮੈਲੁ ਤੀਰਥ ਭਰਮੀਜੈ।"
-ਰਾਮ ੧, ਅਸ ੫, ੫:੧ (905)

ਭਰਮੀਤਾ ---- ਭਟਕਦਾ ਰਹਿੰਦਾ ਹੈ, ਭਰਮ ਵਿਚ ਪੈ ਜਾਂਦਾ ਹੈ
"ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ।"
-ਗੂਜ ੩, ਵਾਰ ੪:੨ (510)

ਭਰਮੁ ------ (1) ਵਹਿਮ, ਭਰਮ, ਭੁਲੇਖਾ, ਅਗਿਆਨ
"ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ।"
-ਸਿਰੀ ੧, ੨੩, ੪:੨ (23)
"ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।" (ਸੰਸਾ)
-ਮਾਝ ੧, ਵਾਰ ੮ਸ, ੧, ੧:੩ (141)
"ਭਭਾ ਭਰਮੁ ਮਿਟਾਵਹੁ ਅਪਨਾ।" (ਸ਼ੰਕਾ, ਸੰਸਾ)
-ਗਉ ੫, ਬਾਅ ੪੦:੧ (258)
"ਸਤਿਗੁਰ ਹਮਰਾ ਭਰਮੁ ਗਵਾਇਆ।" (ਅਗਿਆਨ)
-ਆਸਾ ੩, ਅਸ ੨੪, ੧:੧ (423)
"ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ।" (ਅਗਿਆਨ ਦਾ)
-ਜੈਤ ੫, ੪, ੧:੨ (700)
(2) ਭਟਕਣਾ
"ਭਰਮਾਤਿ ਭਰਮੁ ਨ ਚੂਕਈ ਜਗੁ ਜਨਮਿ ਬਿਆਧਿ ਖਪੰ।"
-ਗੂਜ ੧, ਅਸ ੫, ੪:੧ (505)

ਭਰਮੇ ------ (1) ਭਰਮ ਵਿਚ, ਅਗਿਆਨ ਵਿਚ
“ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲ ਹਾਨੁ।”
-ਸਿਰੀ ੧, ੧੯, ੩:੨ (21)
“ਭਰਮੇ ਭੂਲੀ ਰੇ ਜੈ ਚੰਦਾ।” (ਅਗਿਆਨਤਾ)
-ਗੂਜ ਤ੍ਰਿਲੋ ੧, ੧*:੧ (525)
(2) ਭਟਕੇ, ਫਿਰੇ, ਭਰਮਨ ਕੀਤਾ, ਭਵੇ
“ਖਾਤ ਪੀਤ ਖੇਲਤ ਹਸਤ ਭਰਮੇ ਜਨਮ ਅਨੇਕ।”
-ਗਉ ੫, ਬਾਅ ੫੩ਸ:੧ (261)
“ਭਰਮੇ ਸੁਰਿ ਨਰ ਦੇਵੀ ਦੇਵਾ।” (ਭਰਮ ਵਿਚ ਹਨ)
-ਗਉ ੫, ਬਾਅ ੪੦:੩ (258)
“ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ।” (ਭਉਂਦੇ ਫਿਰੇ)
-ਤੁਖਾ ੪, ਛੰਤ ੧, ੩:੫ (1114)

ਭਰਮੇਹੁ ----- ਭਟਕਦੇ
“ਸਤਿ ਤੇ ਜਨ ਜਿਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ।”
-ਸਾਰ ੫, ੧੧੪, ੨:੨ (1226)

ਭਰਮੇਣ ----- ਭਰਮਾਇਆ ਹੈ
“ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ।”
-ਗਾਥਾ ੫, ੪:੧ (1360)

ਭਰਮੇਤੁ ----- ਭਰਮਦੇ/ਫਿਰਦੇ/ਭਟਕਦੇ ਹਨ
“ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ।”
-ਜੈਤ ੫, ਵਾਰ ੪:੫ (706)

ਭਰਮੈ ------ (1) ਭਰਮਨ ਨਾਲ, ਫਿਰਨ ਨਾਲ
“ਭਰਮੈ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ।”
-ਸਿਰੀ ੧, ੨੨, ੧:੧ (22)
“ਕਿਉ ਬਾਜੀਗਰੁ ਭਰਮੈ ਭੂਲੈ ਝੂਠਿ ਮੁਠੀ ਅਹੰਕਾਰੋ।” (ਭਟਕਦਾ ਹੈ)
-ਵਡ ੧, ਅਲ ੪, ੪:੪ (581)
(2) ਭਰਮਾਂ ਵਿਚ, ਅਗਿਆਨਤਾ ਵਿਚ
“ਆਤਮੁ ਨ ਚੀਨ੍ਹੈ ਭਰਮੈ ਵਿਚਿ ਸੂਤਾ।”
-ਆਸਾ ੩, ੪੫, ੧:੪ (362)

ਹੋਰ ਰੂਪ:

ਭਰਮੋ –
“ਭਰਮੋ ਭੁਲਾਵਾ ਤੁਝਹਿ ਕੀਆ ਜਾਮਿ ਏਹੁ ਚੁਕਾਵਹੇ।”
-ਵਡ ੧, ਛੰਤ ੨, ੫:੪ (567)

ਭਰਵਾਸਾ ---- ਵਿਸ਼ਵਾਸ, ਭਰੋਸਾ, ਆਸਰਾ
“ਆਦਿ ਜੁਗਾਦਿ ਜਾ ਕਾ ਭਰਵਾਸਾ।”
-ਗਉ ੫, ੧੦੮, ੩:੨ (187)

ਹੋਰ ਰੂਪ:

ਭਰਵਾਸੇ –
“ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ।”
–ਸਲੋ ਕਬ, ੧੩੬:੨ (371)

ਭਰਵਾਸੈ –
“ਕਿਸੁ ਭਰਵਾਸੈ ਬਿਚਰਹਿ ਭਵਨ।” (ਆਸਰੇ)
–ਰਾਮ ੫, ੪੮, ੧:੧ (898)

ਭਰਾ ------ (1) ਭਰਿਆ/ਲਿਬੜਿਆ ਹੋਇਆ
“ਹਮਰਾ ਚਿਤੁ ਲੁਭਤ ਮੋਹਿ ਬਿਖਿਆ ਬਹੁ ਦੁਰਮਤਿ ਮੈਲੁ ਭਰਾ।”
–ਬਿਲਾ ੪, ੩, ੧:੧ (799)
(2) ਭਰਿਆ ਹੋਇਆ, ਭਰਪੂਰ
“ਕਬੀਰ ਪਾਲਿ ਸਮੁਹਾ ਸਰਵਰੁ ਭਰਾ ਪੀ ਨਸਕੈ ਕੋਈ ਨੀਰੁ।”
–ਸਲੋ ਕਬ, ੧੭੦:੧ (1373)

ਭਰਾਉ ----- ਭਰਾ, ਭਾਈ
“ਨਾ ਤਿਸੁ ਭੈਣ ਨ ਭਰਾਉ ਕਮਾਇਆ।”
–ਮਾਰੂ ੧, ਸੋਲਾ, ੧੮, ੨:੨ (1038)

ਭਰਾਈਲੇ --- ਭਰ ਕੇ
“ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ।”
–ਰਾਮ ਨਾਮ, ੧, ੨:੧ (972)

ਭਰਾਹੂ ----- ਭਰ ਦਿੰਦਾ ਹੈ
“ਜੋ ਖਿਨਾ ਮਹਿ ਊਨੇ ਸੁਭਰ ਭਰਾਹੂ।”
–ਗਉ ੫, ਬਾਅ ੪੯:੨ (260)

ਭਰਾਤਿ ----- ਭਰਮ, ਭੁਲੇਖਾ, ਭਰਾਂਤੀ
“ਲਹੈ ਭਰਾਤਿ ਹੋਵੈ ਜਿਸੁ ਦਾਤਿ।”
–ਮਾਝ ੧, ਵਾਰ ੨੭ਸ, ੧, ੨:੭ (150)

ਹੋਰ ਰੂਪ:

ਭਰਾਂਤਿ –
“ਇਕ ਮਨਿ ਏਕੁ ਧਿਆਈਐ ਮਨ ਕੀ ਲਾਹਿ ਭਰਾਂਤਿ।” (ਭੁਲੇਖਾ, ਭਰਮ)
–ਸਿਰੀ ੫, ੮੩, ੩:੨ (47)

ਭਰਾਤੀ –
“ਸਾਧਸੰਗਿ ਕਛੁ ਭਉ ਨ ਭਰਾਤੀ।” (ਭਰਮ, ਭੁਲੇਖਾ)
–ਗਉ ੫, ੧੪੨, ੨:੧ (194)

ਭਰਾਂਦਿ ----- ਭਰਾਂਤੀ, ਭਰਮ
“ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ।”
–ਸਲੋ ਫਰ, ੬੦:੧ (1381)

ਭਰਾਨਿ ----- ਭਰਮ, ਭੁਲੇਖੇ
“ਟੂਟੇ ਅਨ ਭਰਾਨਿ ਹਾਂ।”

-ਆਸਾ ੫, ੧੫੮, ੧:੧ (409)

ਭਰਾਯਉ ---- ਭਰ ਦਿਤੇ, ਭਰਪੂਰ ਕਰ ਦਿਤੇ
“ਧੰਨਿ ਧੰਨਿ ਗੁਰੁ ਧੰਨਿ ਅਭਰ ਸਰ ਸੁਭਰ ਭਰਾਯਉ।”
-ਸਵ ੫, ਕਲ ੮:੪ (1408)

ਭਰਾਵ ----- ਭਰਾ, ਭਾਈ
“ਦੇ ਗੁਨਾ ਸਤਿ ਭੈਣ ਭਰਾਵ ਹੈ ਪਾਰੰਗਤਿ ਦਾਨੁ ਪੜੀਵਦੈ।”
-ਰਾਮ ਬਸ, ਵਾਰ ੧:੨ (966)

ਭਰਾਵੈ ----- ਭਰਾਉਂਦਾ ਹੈ
“ਆਪੇ ਜਲੁ ਆਪੇ ਦੇ ਛਿੰਗਾ ਆਪੇ ਚੁਲੀ ਭਰਾਵੈ।”
-ਬਿਹਾ ੪, ਵਾਰ ੬:੩ (551)

ਭਰਿ ------ (1) ਪੂਰਨ ਰੂਪ ਵਿਚ, ਭਾਵ ਰੱਝ ਕੇ
“ਪਹਿਲਾ ਪਹਰੁ ਧੰਧੈ ਗਇਆ ਦੂਜੈ ਭਰਿ ਸੋਇਆ।”
-ਸਿਰੀ ੫, ੭੪, ੩:੧ (43)
“ਮੇਰਾ ਸਹੁ ਜਾਗੈ ਹਉ ਨਿਸਿ ਭਰਿ ਸੋਵਾ।” (ਭਾਵ ਸਾਰੀ/ਪੂਰਨ ਰਾਤ)
-ਆਸਾ ੧, ੨੬, ੧:੨ (356)
(2) ਭਰ ਕੇ, ਪੂਰਨ ਕਰਕੇ
“ਸਰ ਭਰਿ ਥਲ ਹਰੀ ਆਵਲੇ ਇਕ ਬੂੰਦ ਨ ਪਵਈ ਕੇਹ।”
-ਸਿਰੀ ੧, ਅਸ ੧੧, ੩:੨ (60)
“ਹਰਿ ਧਨ ਕੇ ਭਰਿ ਲੇਹੁ ਭੰਡਾਰ।” (ਭਰਨਾ, ਪੂਰਨ ਕਰਨਾ)
-ਗਉ ੫, ਸੁਖ ੨੪, ੧:੯ (295)
(3) ਪੂਰਨ, ਭਰਪੂਰ, ਪੂਰੀ
“ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ।”
-ਸਿਰੀ ੧, ਪਹ ੨, ੨:੧ (75)
“ਭਰਿ ਜੋਬਨਿ ਬੂਡੈ ਅਭਿਮਾਨਿ।”
-ਆਸਾ ੧, ਅਸ ੬, ੬:੨ (414)
(4) ਭਰਨਾ, ਗੰਦਾ ਹੋਣਾ, ਆਲੂਦਾ ਹੋਣਾ, ਲਿਬੜਨਾ
“ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ।”
-ਮਾਝ ੧, ਵਾਰ ੬ਸ, ੧, ੨:੨ (140)
“ਅੰਧਾ ਭਰਿਆ ਭਰਿ ਭਰਿ ਧੋਵੈ ਅੰਤਰ ਕੀ ਮਲੁ ਕਦੇ ਨ ਲਹੈ।”
-ਪ੍ਰਭਾ ੧, ੩, ੧:੩ (1343)
(5) ਪੂਰੀ ਤਰ੍ਹਾਂ
“ਤੀਨਿ ਬਾਰ ਪਤੀਆ ਭਰਿ ਲੀਨਾ।”
-ਗੋਂਡ ਕਬ, ੪, ੪:੧ (871)
(6) ਬਰਾਬਰ
“ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦੁ ਦੇਇ ਕਲਾਲੀ ਰੇ।” (ਭਾਵੇਂ ਬੂੰਦ ਭਰ ਸਮੇਂ ਲਈ)
(ਮਹਾਨਕੋਸ਼ ਅਰਥ ‘ਵਾਸਤੇ, ਲਈ’ ਕਰਦਾ ਹੈ)
-ਰਾਮ ਕਬ, ੧, ੧*:੨ (969)

"ਨਾਮੇ ਸਰ ਭਰਿ ਸੋਨਾ ਲੇਹੁ।"
-ਭੈਰ ਨਾਮ, ੧੦, ੧੦:੨ (1166)

ਭਰਿਓ ----- ਭਰਿਆ ਹੋਇਆ
"ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ।"
-ਗਉ ਰਵਿ, ੧, ੧:੧ (346)

ਹੋਰ ਰੂਪ:

ਭਰਿਆ –
"ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ।" (ਭਰਿਆ ਹੋਇਆ)
-ਗਉ ੪, ਸੋਹ ੪, ੧:੧ (13)

ਭਰਿਆ ---- (1) ਭਰਿਆ ਹੋਇਆ, ਭਰਪੂਰ ਵੇਖੋ 'ਭਰਿਓ'
"ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।"
-ਗਉ ੧, ੧੭, ੫:੧ (156)

(2) ਲਿਬੜਿਆ, ਗੰਦਾ ਹੋਇਆ
"ਕੀਤਾ ਕਰਣਾ ਕਹਿਆ ਕਥਨਾ ਭਰਿਆ ਭਰਿ ਭਰਿ ਧੋਵਾਂ।"
-ਮਾਝ ੧, ਵਾਰ ੬ਸ, ੧, ੨:੨ (140)
"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।"
-ਗਉ ੪, ਵਾਰ ੧੨ਸ, ੪, ੧:੧ (306)

(3) ਪੂਰਤੀ ਕਰਨੀ, ਦੇਣਾ, ਭਰਨਾ
"ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ।"
-ਆਸਾ ੫, ੧੫੨, ੩:੧ (408)

ਭਰਿਸਟ ---- ਅਪਵਿਤਰ, ਗੰਦਾ, ਮੈਲਾ
"ਸਾਕਤ ਥਾਨ ਭਰਿਸਟ ਫਿਰਾਹੀ।"
-ਗਉ ੫, ਅਸ ੭, ੫:੨ (239)

ਹੋਰ ਰੂਪ:

ਭਰਿਸਟੁ –
"ਤਤੈ ਤਾਮਸਿ ਜਲਿਓਹੁ ਮੂੜੇ ਥਥੈ ਥਾਨ ਭਰਿਸਟੁ ਹੋਆ।"
-ਆਸਾ ੩, ਪਟੀ ੯:੧ (435)

ਭਰਿਪੁਰਿ ---- (1) ਭਰਪੂਰ ਹੋ ਕੇ, ਪੂਰੀ ਤਰ੍ਹਾਂ, ਸਰਬ ਵਿਆਪੀ ਹੋ
"ਭਰਿਪੁਰਿ ਧਾਰਿ ਰਹੀ ਸੋਭ ਜਾ ਕੀ।"
-ਆਸਾ ੫, ੨੪, ੧*:੨ (376)
"ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ।" (ਪਸਰਿਆ ਹੈ, ਵਿਆਪਕ ਹੈ)
-ਸੋਰ ੧, ੪, ੧*:੨ (596)

(2) ਭਰਪੂਰ ਵਾਹਿਗੁਰੂ, ਸਰਬਵਿਆਪੀ ਵਾਹਿਗੁਰੂ
"ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ।"
-ਰਾਮ ੧, ੮, ੩:੧ (907)

ਭਰਿਪੁਰੇ ---- ਭਰਪੂਰ, ਵਿਆਪਕ
“ਹਰਿ ਭਰਿਪੁਰੇ ਰਹਿਆ।”
–ਬਿਲਾ ੪, ੭, ੧*:੩ (801)

ਭਰੀ ------ (1) ਲਿਬੜੀ, ਲਗੀ
“ਨਿਰਮਲੁ ਸਾਚਾ ਏਕੁ ਤੂ ਹੋਰੁ ਮੈਲੁ ਭਰੀ ਸਭ ਜਾਇ।”
–ਸਿਰੀ ੧, ਅਸ ੭, ੧*:੨ (57)
(2) ਭਰਪੂਰ, ਭਰੀ ਹੋਈ
“ਤ੍ਰਿਸਨਾ ਗੁਨਿ ਭਰੀ ਘਟ ਭੀਤਰਿ ਇਨ ਬਿਧਿ ਟਾਂਡ ਬਿਸਾਹਿਓ।”
–ਗਉ ਕਬ, ੪੯, ੧:੨ (333)
“ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ।”
–ਆਸਾ ੫, ਛੰਤ ੧੦, ੩:੨ (459)
“ਹਮਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ।” (ਪੂਰੀ ਤਰ੍ਹਾਂ, ਲਧੀ ਹੋਈ)
–ਰਾਮ ੧, ੬, ੧:੧ (878)

ਹੋਰ ਰੂਪ:

ਭਰੀਅੰ –
“ਬੂਡੰ ਤ ਤਰੀਅੰ ਊਣੰ ਤ ਭਰੀਅੰ।” (ਭਰ ਜਾਂਦੀ ਹੈ)
–ਸਸ ੫, ੬੪:੨ (1360)
ਭਰੀਆਹਿ –
“ਪੜਿ ਪੜਿ ਗਡੀ ਲਦੀ ਅਹਿ ਪੜਿ ਪੜਿ ਭਰੀਅਹਿ ਸਾਥ।” (ਭਰੇ ਜਾਂਦੇ ਹਨ)
–ਆਸਾ ੧, ਵਾਰ ੯ਸ, ੧, ੧:੧ (467)
ਭਰੀਅਤ –
“ਜੈਸੇ ਹਰ ਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।” (ਭਰੀ ਜਾਂਦੀ ਹੈ)
–ਪ੍ਰਭਾ ੩, ੮, ੨:੧ (1329)
(3) ਭਾਵ ਚੁਕਦਾ, ਜੀਵਨ ਗੁਜ਼ਾਰਦਾ
“ਫਰੀਦਾ ਜੇ ਜਾਣਾ ਤਿਲ ਥੋੜੜੇ ਮਲਿ ਬੁਕੁ ਭਰੀ।”
–ਸਲੋ ਫਰ, ੪:੧ (1378)
(4) ਪੰਡ, ਭਰੀ, ਦਥੀ
“ਕਰੁ ਗਹਿ ਲੇਹੁ ਕ੍ਰਿਪਾਲ ਕ੍ਰਿਪਾ ਨਿਧਿ ਨਾਨਕ ਕਾਟਿ ਭਰੰਮ ਭਰੀ।”
–ਸਮੁ ੫, ੩*:੬ (1387)

ਭਰੀ ਅਨਿ --- ਲਬੇੜ ਲੈਂਦੇ, ਭਰ ਲੈਂਦੇ
“ਭੇਡਾ ਵਾਗੀ ਸਿਰੁ ਖੋਹਾ ਇਨਿ ਭਰੀ ਅਨਿ ਹਥ ਸੁਆਹੀ।”
–ਮਾਝ ੧, ਵਾਰ ੨੬ਸ, ੧, ੧:੩ (149)

ਭਰੀਆ ---- (1) ਭਰੀ ਹੋਈ, ਲਿਬੜੀ ਹੋਈ
“ਏਕਨ ਭਰੀਆ ਗੁਣ ਕਰਿ ਧੋਵਾ।”
–ਆਸਾ ੧, ੨੬, ੧:੧ (356)
(2) ਭਰਪੂਰ, ਭਰੀਆਂ ਹੋਈਆਂ

“ਤਰਵਰੁ ਏਕੁ ਅਨੰਤ ਡਾਰ ਸਾਖਾ ਪੁਹਪ ਪਤ੍ਰ ਰਸ ਭਰੀਆ।” (ਭਾਵ ਲਦੀਆਂ ਹੋਈਆਂ)
-ਰਾਮ ਕਬ, ੬, ੧:੧ (970)
“ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ।” (ਭਾਵ ਭੋਗਦੀ ਹਾਂ)
-ਸਾਰ ੫, ੨੪, ੧:੧ (1209)

ਭਰੀਆਸਿ --- ਭਰੇ ਜਾ ਕੇ
“ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ।”
-ਸੂਹੀ ੧, ਕੁਚ ੨:੫ (762)

ਭਰੀਐ ----- (1) ਲਬੇੜ ਲਈਏ ਗੰਦੇ ਕਰ ਲਈਏ
“ਭਰੀਐ ਹਥੁ ਪੈਰੁ ਤਨੁ ਦੇਹ।”
-ਜਪੁ ੧, ੨੦:੧ (4)
“ਹਉ ਵਿਚਿ ਭਰੀਐ ਹਉ ਵਿਚਿ ਧੋਵੈ।”
-ਆਸ ੧, ਵਾਰ ੭ਸ, ੧, ੧:੯ (466)
(2) ਭਰੀ ਜਾਣੀ, ਭਰਪੂਰ ਹੋ ਜਾਣੀ
“ਜੇ ਬਹੁਤੇਰਾ ਪੜਿਆ ਹੋਵਹਿ ਕੋ ਰਹੈ ਨ ਭਰੀਐ ਪਾਈ।”
-ਸਿਰੀ ੧, ੨੮, ੨:੨ (24)
“ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ।” (ਭਰ ਦੇਈਏ)
-ਵਡ ੧, ੩, ੧:੧੧ (558)

ਭਰੀਜੈ ----- (1) ਭਰੀ ਜਾਂਦੀ/ਲਿਬੜ ਜਾਂਦੀ ਹੈ
“ਹੰਉਮੈ ਮਾਇਆ ਮੈਲੁ ਹੈ ਮਾਇਆ ਮੈਲੁ ਭਰੀਜੈ ਰਾਮ।”
-ਵਡ ੩, ਛੰਤ ੫, ੨:੧ (570)
(2) ਭਰਦੀ ਹੈ
“ਗੁਰਮੁਖਿ ਜੋਤਿ ਭਲੀ ਸਿਵ ਨੀਕੀ ਆਨਿ ਪਾਨੀ ਸਕਤਿ ਭਰੀਜੈ।”
-ਕਲਿ ੪, ਅਸ ੩, ੩:੧ (1324)

ਭਰੀੜੁ ----- ਭਰਿਸ਼ਟ, ਆਲੂ ਦਾ
“ਅਤਿ ਡਾਹਪਣਿ ਦੁਖੁ ਘਣੈ ਤੀਨੇ ਥਾਵ ਭਰੀੜੁ।”
-ਮਾਰੂ ੩, ਵਾਰ ੧੪ਸ, ੧, ੧:੨ (1091)
(‘ਮਹਾਨਕੋਸ਼’ ਅਰਥ ‘ਹੈਰਾਨੀ, ਪਰੇਸ਼ਾਨੀ’ ਕਰਦਾ ਹੈ)

ਭਰੀਲੇ ----- ਭਰਕੇ
“ਪੰਥੁ ਨਿਹਾਰੈ ਕਾਮਨੀ ਲੋਚਨ ਭਰੀਲੇ ਉਸਾਸਾ।”
-ਗਉ ਕਬ, ੬੫, ੧:੧ (338)

ਭਰੁ ------- ਭਾਰ, ਬੋਹਜ
“ਗੁਰ ਪੂਰਾ ਪਾਯਉ ਬਡਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ।”
-ਸਵ ੫, ਕਲ ੬:੨ (1407)

ਭਰੇ ------- (1) ਭਰਪੂਰ, ਭਰੇ ਹੋਏ

“ਸਿਫਤੀ ਭਰੇ ਤੇਰੇ ਭੰਡਾਰਾ।”
-ਆਸਾ ੧, ਸੋਦ ੨, ੪:੨ (9)

(2) ਆਲੋਦਾ, ਲਿਬੜੇ
“ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ।”
-ਸਿਰੀ ੩, ੪੦, ੩:੧ (29)

(3) ਭਾਵ ਕਰੇ, ਭਰੇ, ਦੇਵੇ
“ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।”
-ਮਾਝ ੧, ਵਾਰ ੭ਸ, ੧, ੨:੨ (141)
“ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।” (ਭਾਹ ਭਰਦੀ ਹੈ, ਭਾਵ ਵਫਾਦਾਰੀ ਕਰਦੀ ਹੈ)
- ਆਸਾ ੧, ਵਾਰ ੧੧ਸ, ੧, ੨:੩ (469)
“ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ।” (ਦੇਵਾ)
-ਸੂਹੀ ੩, ਵਾਰ ੭ਸ, ੨, ੩:੧ (787)

(4) ਭਰਕੇ ਭਾਵ ਗੂੜ੍ਹੀ, ਪਕੀ
“ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ।”
-ਬਿਹਾ ੫, ਛੰਤ ੯, ੨:੧ (548)

(5) ਚੁਕੇ, ਪੁਟੇ
“ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ।”
-ਸਾਰ ੪, ਵਾਰ ੨੩ਸ, ੪, ੨:੪ (1246)

ਭਰੇਦੀ ----- ਭਰਦੀ
“ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ।”
-ਤੁਖਾ ੧, ਛੰਤ ੪, ੩:੨ (1111)

ਭਰੇਨਿ ----- ਭਰਦੇ ਹਨ
“ਮਨਿ ਜੂਠੇ ਚੁਲੀ ਭਰੇਨਿ।”
-ਆਸਾ ੧, ਵਾਰ ੧੯ਸ, ੧, ੨:੨੦ (472)

ਭਰੇਪੁਰਿ ---- ਭਰਪੂਰ
“ਅਨਦ ਬਿਨੋਦ ਭਰੇਪੁਰਿ ਧਾਰਿਆ।”
-ਆਸਾ ੫, ੨੪, ੧:੧ (376)

ਭਰੈ ------- ਭਰਦਾ ਹੈ
“ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ।”
-ਦੇਵ ੯, ੧, ੧:੨ (536)

ਭਰੋਸਉ ---- ਭਰੋਸਾ, ਯਕੀਨ, ਵਿਸ਼ਵਾਸ
“ਅਬ ਭਉ ਭਾਨਿ ਭਰੋਸਉ ਆਵਾ।”
-ਗਉ ਕਬ, ਬਾਅ ੩੦:੨ (342)

ਭਰੋਸਾ ----- ਯਕੀਨ, ਵਿਸ਼ਵਾਸ, ਭਰਵਾਸਾ ਭਾਵ ਓਟ, ਆਸਰਾ
“ਰਾਮ ਜਨਾ ਕਉ ਰਾਮ ਭਰੋਸਾ।”
-ਗਉ ੫, ੧੪੨, ੧*:੧ (194)

"ਆਸ ਭਰੋਸਾ ਖਸਮ ਕਾ ਨਾਨਕ ਕੇ ਜੀਅਰੇ।"
-ਆਸਾ ੫, ੯, ੪:੨ (398)

ਹੋਰ ਰੂਪ:

ਭਰੋਸੇ –
"ਦੀਨ ਦਇਆਲ ਭਰੋਸੇ ਤੇਰੇ।" (ਭਰਵਾਸੇ)
-ਗਉ ਕਬ, ੬੧, ੧*:੧ (337)

ਭਰੋਸੈ –
"ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ।" (ਭਰਵਾਸੇ ਨਾਲ)
-ਸਿਰੀ ੫, ੯੭, ੧:੧ (51)

ਭਲ -------- (1) ਭਲਾ, ਚੰਗਾ
"ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ।"
-ਗਉ ੫, ੧੩੭*, ੧:੨ (209)
"ਜੋ ਕਿਛੁ ਕਰੈ ਸੋਈ ਭਲ ਮਾਨਉ ਤਾ ਮਨੁ ਸਹਜਿ ਸਮਾਣਾ।"(ਭਲਾ, ਮਿਠਾ)
-ਸੂਹੀ ੫, ਛੰਤ ੮, ੧:੪ (782)
(2) ਭਲੀ/ਚੰਗੀ
"ਜਿਨ੍ ਕੈ ਹੀ ਅਰੈ ਬਸਿਓ ਮੇਰਾ ਸਤਿਗੁਰੁ ਤੇ ਸੰਤ ਭਲੇ ਭਲ ਭਾਂਤਿ।" (ਚੰਗੀ ਤਰ੍ਹਾਂ)
-ਮਲਾ ੪, ੫, ੧:੧ (1264)

ਭਲਉ ------- ਭੱਲਿਆਂ ਦੀ ਕੁਲ ਵਿਚ
"ਭਲਉ ਪ੍ਰਸਿਧੁ ਤੇਜੋ ਤਨੌ ਕਲ੍ ਜੋੜਿ ਕਰ ਧ੍ਯਾਇਅਓ।"
(ਮਹਾਨਕੋਸ਼ ਅਰਥ 'ਭਲਾ, ਉਤਮ' ਕਰਦਾ ਹੈ)
- ਸਵ ੩, ੫:੫ (1393)

ਭਲਕੇ ------- (1) ਸਵੇਰੇ, ਅੰਮ੍ਰਿਤ ਵੇਲੇ
"ਭਲਕੇ ਭਉਕਹਿ ਸਦਾ ਬਇਆਲਿ।"
-ਸਿਰੀ ੧, ੨੯, ੧:੨ (24)
"ਰਾਤਿ ਕਾਰਣਿ ਧਨੁ ਸੰਚੀਐ ਭਲਕੇ ਚਲਣੁ ਹੋਇ।"
-ਸੂਹੀ ੩, ਵਾਰ ੭ਸ, ੨, ੨:੧ (787)
(2) ਨਿਤ, ਹਰ ਰੋਜ
"ਭਲਕੇ ਉਠਿ ਪਪੋਲੀਐ ਵਿਣੁ ਬੁਝੇ ਮੁਗਧ ਅਜਾਣਿ।"
-ਸਿਰੀ ੫, ੭੩, ੧:੧ (43)
"ਭਲਕੇ ਉਠਿ ਬਹੁ ਕਰਮ ਕਮਾਵਹਿ ਦੂਜੈ ਭਾਇ ਪਿਆਰੁ।"
-ਸਿਰੀ ੪, ਵਾਰ ੧੬ਸ, ੩, ੨:੩ (89)

ਭਲਾ ------- ਚੰਗਾ, ਉਤਮ
"ਰਸੁ ਅੰਮ੍ਰਿਤੁ ਨਾਮੁ ਰਸੁ ਅਤਿ ਭਲਾ ਕਿਤੁ ਬਿਧਿ ਮਿਲੈ ਰਸੁ ਖਾਇ।"
-ਸਿਰੀ ੪, ੬੯, ੧:੧ (41)
"ਜਾ ਤਿਸੁ ਭਾਣਾ ਤਾ ਜੰਮਿਆ ਪਰਿਵਾਰਿ ਭਲਾ ਭਾਇਆ।"(ਚੰਗਾ ਲਗਾ ਭਾਵ ਖੁਸ਼ੀ ਹੋਈ)

–ਰਾਮ ੩, ਅਨੰ ੨੯:੩ (921)

ਭਲਾਈ ----- ਨੇਕੀ, ਚੰਗਾ ਕਰਮ
“ਜੋ ਭਲਾਈ ਸੋ ਬੁਰਾ ਜਾਨੈ।”
–ਗਉ ੫, ੮੨, ੨:੧ (180)

ਭਲੀ ------ ਚੰਗੀ, ਸ਼ੁਭ, ਉਤਮ, ਸ੍ਰੇਸ਼ਟ
“ਜੋ ਤੁਧੁ ਭਾਵੈ ਸਾਈ ਭਲੀ ਕਾਰ।”
–ਜਪੁ ੧, ੧੬, ੨੪ (3)

ਹੋਰ ਰੂਪ:

ਭਲੀਅ –
“ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ।”
–ਆਸਾ ੪, ਛੰਤ ੨੧, ੪:੧ (452)

ਭਲੀਆ –
“ਸਭ ਕਿਛੁ ਦੀਆ ਭਲੀਆ ਜਾਈ।” (ਚੰਗੀਆਂ)
–ਮਾਝ ੫, ੧੯, ੨:੨ (100)

ਭਲੇ –
“ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ।” (ਚੰਗੇ)
–ਆਸਾ ੪, ਸੋਪੁ ੧, ੪:੫ (11)

ਭਲੇ ------- (1) ਚੰਗੇ, ਵੇਖੋ ‘ਭਲੀ’
(2) ‘ਭੱਲੇ’ ਖਾਨਦਾਨ ਦੇ
“ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ।”
–ਸਵ ੩, ੨੨:੪ (1396)

ਭਲੇਰਿਆ --- ਬੁਰੇ, ਮੰਦੇ, ਭੈੜੇ
“ਕਰਤਬ ਕਰਨਿ ਭਲੇਰਿਆ ਮਦਿ ਆਇਆ ਸੁਤੇ।”
–ਗਉ ੫, ਵਾਰ ੧੨:੨ (321)
(ਮਹਾਨਕੋਸ਼ ‘ਭਲਿਆਈ ਵਾਲੇ, ਭਲੇ’ ਅਰਥ ਕਰਦਾ ਹੈ)

ਭਲੇਰੀ ----- ਚੰਗੀ
“ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ।”
–ਗਉ ੫, ਵਾਰ ੩ਸ, ੫, ੧:੨ (318)

ਭਲੇਰੇ ------ ਮੰਦੇ, ਫਿਟਕੇ ਹੋਏ
“ਜਿਨਾ ਸਤਿਗੁਰ ਕਾ ਆਖਿਆ ਸੁਖਾਵੈ ਨਾਹੀ ਤਿਨਾ ਮੁਹ ਭਲੇਰੇ ਫਿਰਹਿ ਦਯਿ ਗਾਲੇ।”
–ਗਉ ੪, ਵਾਰ ੧੦ਸ, ੪, ੧:੪ (305)

ਭਲੈ ------- ਭਲੇ, ਉਤਮ, ਚੰਗੇ
“ਰਤਨ ਬੀਚਾਰੁ ਮਨਿ ਵਸਿਆ ਗੁਰ ਕੈ ਸਬਦਿ ਭਲੈ।”
–ਰਾਮ ੩, ਵਾਰ ੧੯:੪ (956)

ਭਲੋ ------- (1) ਚੰਗੀ, ਭਲੀ
"ਗੁਰਮਤਿ ਸਾਚਾ ਮਨਿ ਵਸੈ ਨਾਮੁ ਭਲੋ ਪਤਿ ਸਾਖੁ।"
-ਸਿਰੀ ੧, ਅਸ ੧੩, ੮:੨ (62)

(2) ਨੇਕੀ
"ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ।"
-ਸੋਰ ੫, ੧੭, ੩:੧ (613)

"ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ।"
-ਧਨਾ ੯, ੪, ੧:੧ (685)

(3) ਨੇਕ, ਚੰਗਾ
"ਸਦ ਜੀਵਨੁ ਭਲੋ ਕਹਾਂਹੀ।"
-ਸੋਰ ਕਬ, ੬, ੧:੩ (655)

"ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ।" (ਭਲਾ ਪੁਰਸ਼, ਨੇਕ ਪੁਰਸ਼)
-ਬਿਲਾ ੫, ੯੫, ੧:੧ (823)

ਹੋਰ ਰੂਪ:

ਭਲੌ -
"ਧੰਨਿ ਧੰਨਿ ਗੁਰੁ ਧੰਨਿ ਜਨਮੁ ਸਕਯਥੁ ਭਲੌ ਜਗਿ।"
-ਸਵ ੧, ੬:੪ (1390)

ਭਲ੍ਯ ------- ਇਕ ਭਟ ਜਿਸ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਅਮਰਦਾਸ ਜੀ ਦਾ ਇਕ ਸਵੈਯਾ ਹੈ
"ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ।"
-ਸਵ ੩, ੨੨:੩ (1396)

ਭਲ੍ਯੁ ------- ਭਲਾ, ਚੰਗਾ
"ਅਜੋਨੀ ਓ ਭਲ੍ਯੁ ਅਮਲੁ ਸਤਿਗੁਰ ਸੰਗਿ ਨਿਵਾਸੁ।"
-ਸਵ ੪, ਕਲ ੧੦:੩ (1398)

ਭਵ ------- (1) ਸੰਸਾਰ ਭਾਵ ਆਵਾ ਗਵਨ, ਚੌਰਾਸੀ ਦਾ ਗੇੜ
"ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ।"
-ਧਨਾ ੧, ਸੋਹ ੩, ੧*:੨ (13)

"ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ।"
-ਬਿਲਾ ੫, ੩੪, ੪:੧ (809)

(2) ਸੰਸਾਰ, ਦੁਨੀਆਂ
"ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ।"
-ਧਨਾ ੧, ਸੋਹ ੪, ੩:੧ (13)

"ਨਾਨਕ ਕਹਤ ਗਾਇ ਕਰੁਨਾ ਮੈ ਭਵ ਸਾਗਰ ਕੈ ਪਾਰਿ ਉਤਰੁ ਰੇ।" (ਸੰਸਾਰ ਰੂਪੀ ਸਾਗਰ)
-ਗਉ ੯, ੯, ੨:੨ (220)

(3) ਹਸਤੀ
"ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ।"

-ਗਉ ੫, ਵਾਰ ੧੧:੩ (320)

"ਸਾਗਰ ਸੰਸਾਰ ਭਵ ਉਤਾਰ ਨਾਮੁ ਸਿਮਰਤ ਬਹੁ ਤਰੇ।"

-ਆਸਾ ੫, ਛੰਤ ੬, ੩:੪ (456)

(4) ਵਰਤਮਾਨ ਹੁਣ ਵਾਲਾ ਸਮਾਂ

"ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨਮਿਦੰ।"

-ਗੂਜ ਜੈਦੇ, ੧, ੨:੨ (526)

(5) ਸੰਸਾਰ ਸਾਗਰ

"ਗੁਰੁ ਬੋਹਿਥੁ ਤਾਰੇ ਭਵ ਪਾਰਿ।"

-ਗੋਂਡ ੫, ੯, ੩:੧ (864)

"ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ।"

-ਮਾਰੂ ੧, ਸੋਲਾ ੨੦, ੯:੩ (1041)

ਭਵਸਾਗਰ --- ਸੰਸਾਰ ਸਮੁੰਦਰ

"ਭਵਸਾਗਰ ਸਖ ਸਾਗਰ ਮਾਹੀ।"

-ਗਉ ਕਬ, ੧, ੩:੧ (323)

ਹੋਰ ਰੂਪ:

ਭਵਸਾਗਰੁ -

"ਰਮਈਆ ਜਪਹੁ ਪ੍ਰਾਣੀ ਅਨਤ ਜੀਵਨ ਬਾਣੀ ਇਨ ਬਿਧਿ ਭਵਸਾਗਰੁ ਤਰਣਾ।"

-ਸਿਰੀ ਕਬ, ੧, ੨:੨ (92)

ਭਵਸਿੰਧ ---- ਸੰਸਾਰ ਸਮੁੰਦਰ

"ਚਰਣ ਸਰਣ ਦਇਆਲ ਕੇਸਵ ਤਾਰਿ ਜਗ ਭਵਸਿੰਧ।"

-ਗੂਜ ੫, ਅਸ ੨, ੧*:੨ (508)

ਭਵਹਿ ----- (1) ਫਿਰਦਾ/ਭੌਂਦਾ ਹੈ

"ਮੰਨੈ ਨਾਨਕ ਭਵਹਿ ਨ ਭਿਖ।"

-ਜਪੁ ੧, ੧੫:੪ (3)

(2) ਭਵ ਤੋਂ, ਭਵਸਾਗਰ ਤੋਂ

"ਜੋ ਜੋ ਸਰਣਿ ਪਰਿਓ ਕਰੁਣਾ ਨਿਧਿ ਤੇਤੇ ਭਵਹਿ ਤਰਾਏ।"

-ਸਾਰ ੫, ੮, ੧*:੨ (1204)

ਭਵਖੰਡਨ ---- ਜਨਮ ਮਰਨ ਨਿਵਾਰਨ ਵਾਲਾ, ਸੰਸਾਰ ਦੇ ਬੰਧਨ ਤੋੜਨ ਵਾਲਾ

"ਭਵਖੰਡਨ ਦੁਖਭੰਜਨ ਸ੍ਵਾਮੀ ਭਗਤਿ ਵਛਲ ਨਿਰੰਕਾਰੇ।"

-ਧਨਾ ੫, ੧, ੧:੧ (670)

ਹੋਰ ਰੂਪ:

ਭਵਖੰਡਨਾ -

"ਕੈਸਾ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ।" (ਜਨਮ ਮਰਨ ਨਿਵਾਰਨ ਵਾਲਾ)

-ਧਨਾ ੧, ੯, ੧*:੧ (663)

ਭਵਖੰਡਨੁ -

"ਨਿਰਭਉ ਨਿਰੰਕਾਰ ਭਵਖੰਡਨੁ ਸਭਿ ਸੁਖ ਨਵਨਿਧਿ ਦੇਸੀ।"

-ਸੋਰ ੫, ੧, ੧:੩ (608)

ਭਵ ਖੰਡਨੋ –
“ਭੈ ਦੂਰਿ ਕਰਤਾ ਪਾਪ ਹਰਤਾ ਦੁਸਹ ਦੁਖ ਭਵ ਖੰਡਨੋ।” (ਸੰਸਾਰ ਤੋਂ ਛੁਟਕਾਰਾ ਦੁਆਉਣ ਵਾਲਾ)
–ਰਾਮ ੫, ਛੰਤ ੨, ੧:੪ (925)

ਭਵਜਲ ----- ਸੰਸਾਰ ਸਮੁੰਦਰ
“ਸਰੰਜਾਮਿ ਲਾਗੁ ਭਵਜਲ ਤਰਨ ਕੈ।”
–ਆਸਾ ੫, ੪, ੨:੧ (12)

ਹੋਰ ਰੂਪ:

ਭਵਜਲਿ –
“ਭਵਜਲਿ ਡੂਬੇ ਦੂਜੈ ਭਾਇ।” (ਸੰਸਾਰ ਸਮੁੰਦਰ ਵਿਚ)
–ਗਉ ੩, ਅਸ ੪, ੩:੩ (231)
ਭਵਜਲੁ –
“ਗੁਰਪਰਸਾਦੀ ਛੁਟੀਐ ਬਿਖੁ ਭਵਜਲੁ ਸਬਦਿ ਗੁਰ ਤਰਣਾ।” (ਸੰਸਾਰ ਸਾਗਰ)
–ਸਿਰੀ ੩, ੫੧, ੧*:੨ (33)

ਭਵਣ ------ (1) ਮੰਡਲ
“ਮੰਨੈ ਸਗਲ ਭਵਣ ਕੀ ਸੁਧਿ।”
–ਜਪੁ ੧, ੧੩:੨ (3)
“ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ।” (ਸ੍ਰਿਸ਼ਟੀ)
–ਸੋਰ ੧, ੪, ੧:੨ (596)
“ਜਿਨਿ ਕੀਨੇ ਵਸਿ ਅਪੁਨੈ ਤ੍ਰੈਗੁਣ ਭਵਣ ਚਤੁਰ ਸੰਸਾਰਾ।”
–ਧਨਾ ੫, ੧੧, ੧:੧ (673)
(ਮਹਾਨ ਕੋਸ਼ ਇਥੇ ਅਰਥ ‘ਦਿਸ਼ਾ’ ਕਰਦਾ ਹੈ)
“ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ।” (ਸੰਸਾਰ)
–ਧਨਾ ਨਾਮ, ੩, ੫:੨ (693)
(2) ਭ੍ਰਮਣ, ਭਉਣਾ
“ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ।”
–ਗੂਜ ੫, ੩੦, ੩:੨ (502)

ਭਵੰਤਾ ----- ਫਿਰਦਾ ਹੈ
“ਭਵਰੁ ਭਵੰਤਾ ਫੁਲੀ ਡਾਲੀ ਕਿਉ ਜੀਵਾ ਮਰੁ ਮਾਏ।”
–ਤੁਖਾ ੧, ਬਾਰਾ ੫:੫ (1108)

ਭਵਤਾਰਣ --- ਭਵਜਲ ਤੋਂ ਤਾਰਣ ਵਾਲਾ, ਸੰਸਾਰ ਤੋਂ ਤਾਰਣ ਵਾਲਾ
“ਨਾਨਕ ਦੀਨ ਭਗਤ ਭਵ ਤਾਰਣ ਤੇਰੇ ਕਿਆ ਗੁਣ ਆਖਿ ਵਖਾਣਾ।”
–ਸੂਹੀ ੫, ਛੰਤ ੧, ੨:੬ (777)

ਹੋਰ ਰੂਪ:

ਭਵਤਾਰਣੁ –
“ਜਗਤ ਉਧਾਰਣੁ ਨਵ ਨਿਧਾਨੁ ਭਗਤਹ ਭਵਤਾਰਣੁ।”
–ਸਵ ੪, ਕਲ ੯:੧ (1397)

ਭਵਤਾਰਨ --- ਸੰਸਾਰ-ਭਵਜਲ ਤੋਂ ਪਾਰ ਲੰਘਾਣ ਵਾਲਾ

"ਪ੍ਰਭਦੀਨ ਦਇਆਲ ਭਗਤ ਭਵਤਾਰਨ ਹਮ ਪਾਪੀ ਰਾਖੁ ਪਪਨਾ।"

-ਬਿਲਾ ੪, ੧, ੪:੧ (799)

ਭਵੰਤਿ ----- ਹੁੰਦਾ

"ਤਿਰਸਕਾਰ ਨਹ ਭਵੰਤਿ ਨਹ ਭਵੰਤਿ ਮਾਨ ਭੰਗਨਹ।"

-ਸਸ ੫, ੨੮:੧ (1356)

ਭਵੰਤਿਆ --- ਭਉਣ ਵਾਲੇ

"ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ।"

-ਆਸਾ ੧, ਛੰਤ ੫, ੨:੧ (439)

ਭਵੰਤੇ ------ ਫਿਰਦੇ, ਭਉਂਦੇ, ਭਟਕਦੇ

"ਜਨਮ ਭਵੰਤੇ ਨਰਕਿ ਪੜੰਤੇ ਤਿਨ੍ ਕੇ ਕੁਲ ਉਧਾਰੇ।"

-ਆਸਾ ੫, ੧੪੧, ੨:੧ (406)

ਭਵੰਦੇ ------ ਫਿਰਦੇ, ਭਉਂਦੇ, ਭਟਕਦੇ

"ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ।"

-ਗਉ ੪, ਵਾਰ ੧੨:੯ (306)

ਭਵਨ ------ (1) ਮੰਡਲ, ਵਰਨ ਦੇ ਲੋਕ

"ਤੀਨਿ ਭਵਨ ਮਹਿ ਏਕੋ ਜੋਗੀ ਕਹਹੁ ਕਵਨੁ ਹੈ ਰਾਜਾ।"

-ਸਿਰੀ ਕਬ, ੩, ੩:੨ (92)

"ਟੋਹੇ ਟਾਹੇ ਬਹੁ ਭਵਨ ਬਿਨੁ ਨਾਵੈ ਸੁਖੁ ਨਾਹਿ।" (ਭਾਵ ਥਾਵਾਂ)

-ਗਉ ੫, ਬਾਅ ੨੭:੫ (255)

(ਭਾਵ ਸਰੀਰ)

"ਨਾਮ ਕੇ ਧਾਰੇ ਪੁਰੀਆ ਸਭ ਭਵਨ।" (ਲੋਕ ਮੰਡਲ)

-ਗਉ ੫, ਸੁਖ ੧੬, ੫:੭ (284)

"ਕਿਸੁ ਭਰਵਾਸੈ ਬਿਚਰਹਿ ਭਵਨ।" (ਭਾਵ ਸੰਸਾਰ)

-ਰਾਮ ੫, ੪੮, ੧:੧ (896)

(2) ਘਰ

"ਦਰਸਨਿ ਤੇਰੈ ਭਵਨ ਪੁਨੀਤਾ।" (ਭਾਵ ਸਰੀਰ)

-ਮਾਝ ੫, ੧੮, ੩:੧ (99)

"ਤੁਝਹਿ ਚਰਨ ਅਰਬਿੰਦ ਭਵਨ ਮਨੁ।"

-ਆਸਾ ਰਵਿ, ੪, ੧*:੧ (486)

(ਮਹਾਨਕੋਸ਼ ਇਸ ਦੇ ਅਰਥ 'ਭੌਰਾ' ਕਰਦਾ ਹੈ)

ਹੋਰ ਰੂਪ:

ਭਵਨੰ –

"ਅਤ੍ਰੰਤ ਆਸਾ ਆਥਿਤ੍ਰ ਭਵਨੰ।" (ਘਰ ਵਿਚ)

-ਸਸ ੫, ੩:੩ (1354)

(3) ਫਿਰਨਾ, ਭ੍ਰਮਣ ਕਰਨਾ

"ਕਹਾ ਪਿੰਗਲੁ ਪਰਬਤ ਪਰ ਭਵਨ।"

- ਗਉ ੫, ਸੁਖ ੪, ੬:੭ (267)

(4) ਥਾਂ
“ਸੁਖ ਸਹਜ ਆਨੰਦ ਭਵਨ।”
-ਰਾਮ ੫, ੨੦, ੧*:੧ (888)
“ਭਵਨ ਭਵਨ ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ।” (ਹਰ ਥਾਂ)
-ਕਲਿ ੪, ਅਸ ੬, ੧:੨ (1326)

ਭਵਨਾ ----- (1) ਘਰ
“ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ।”
-ਧਨਾ ੫, ੪੦, ੨:੧ (681)
(2) ਫਿਰਨਾ, ਭਟਕਨਾ
“ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ।”
-ਰਾਮ ੧, ਸਿਗੋ ੬੪:੨ (945)

ਭਵਨਿ ----- (1) ਘਰ ਵਿਚ
“ਚਿੰਤ ਭਵਨਿ ਮਨੁ ਪਰਿਓ ਹਮਾਰਾ।”
-ਆਸਾ ਕਬ, ੧੨, ੩:੧ (478)
(2) ਫਿਰਨ ਭਾਵ ਤੀਰਥ ਯਾਤਰਾ
“ਕਹਨਿ ਭਵਨਿ ਨਾਹੀ ਪਾਇਓ ਪਾਇਓ ਅਨਿਕ ਉਕਤਿ ਚਤੁਰਾਈ।”
-ਕਾਨ ੫, ੪੭, ੧:੧ (1307)

ਭਵਨਿਧਿ ---- ਸੰਸਾਰ ਸਾਗਰ
“ਅੰਗੀਕਾਰੁ ਕੀਓ ਪ੍ਰਭ ਅਪੁਨੇ ਭਵਨਿਧਿ ਪਾਰਿ ਉਤਾਰੇ।”
-ਸੋਰ ੫, ੯੪, ੧:੨ (631)

ਭਵਨਿਧਿਤਰਣ ਸੰਸਾਰ ਸਾਗਰ ਦੀ ਬੇੜੀ
“ਸਗਲ ਭਗਤ ਜਾਚਹਿ ਸੁਖਸਾਗਰ ਭਵਨਿਧਿਤਰਣ ਹਰਿ ਚਿੰਤਾ ਮਣੇ।”
-ਕਲਿ ੪, ੭, ੧*:੨ (1321)

ਭਵਨੀ ----- ਭਉਂਦੇ ਰਹਿਣਾ
“ਭੇਖੁ ਭਵਨੀ ਹਠੁ ਨ ਜਾਨਾ ਨਾਨਕਾ ਸਚੁ ਗਹਿ ਰਹੇ।”
-ਬਿਲਾ ੧, ਛੰਤ ੨, ੧:੬ (843)

ਭਵਨੁ ------ (1) ਭਾਵਨੀ, ਸ਼ਰਧਾ
“ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ।”
-ਆਸਾ ੧, ੩੮, ੧:੨ (360)
(‘ਮਹਾਨਕੋਸ਼’ ਇਸ ਦਾ ਅਰਥ ‘ਧਿਆਨ, ਖਿਆਲ’ ਕਰਦੇ ਹਨ)
(2) ਘਰ
“ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ।”
-ਬਿਲਾ ੫, ਛੰਤ ੧, ੪:੧ (846)
(3) ਭਉਣਾ, ਫਿਰਨਾ
“ਕਿਨਹੀ ਭਵਨੁ ਸਭ ਧਰਤੀ ਕਰਿਆ।”
-ਰਾਮ ੫, ਅਸ ੧, ੩:੩ (912)

ਭਵਭੰਜਨ ---- ਸੰਸਾਰ ਦੇ ਬੰਧਨ ਤੋੜਨ ਵਾਲੇ
"ਅਨਹਦ ਚੋਜ ਭਗਤ ਭਵਭੰਜਨ ਅਨਹਦ ਵਾਜੇ ਧੁਨੀਐ ਰਾਮ।"
-ਸੂਹੀ ੫, ਛੰਤ ੯, ੪:੨ (783)

ਹੋਰ ਰੂਪ:

ਭਵਭੰਜਨੁ –
"ਜਨਮ ਮਰਣ ਭਵਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ।"
-ਸੋਰ ੧, ੧੧, ੪:੨ (599)

ਭਵਰ ------ (1) ਭੌਰੇ ਭਾਵ ਕਾਲੇ ਕੇਸ ਭਾਵ ਜਵਾਨੀ
"ਭਵਰ ਗਏ ਬਗ ਬੈਠੇ ਆਇ।"
-ਸੂਹੀ ਫਰ, ੨, ੧*:੨ (792)

(2) ਭੌਰੇ
"ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।"
-ਤੁਖਾ ੧, ਬਾਰਾ ੫:੧ (1108)

ਹੋਰ ਰੂਪ:

ਭਵਰਹ –
"ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ।" (ਭੌਰੇ ਨੇ)
-ਆਸਾ ਨਾਮ, ੨, ੨:੨ (485)

ਭਵਰਲਾ ---- ਭੌਰਾ
"ਜਿਉ ਧਰਣੀ ਕਉ ਇੰਦ੍ਰ ਬਾਲਹਾ ਕੁਸਮ ਬਾਸੁ ਜੈਸੇ ਭਵਰਲਾ।"
-ਧਨਾ ਨਾਮ, ੩, ੨:੧ (693)

ਭਵਰਾ ----- ਭੌਰਾ
"ਭਵਰਾ ਫੂਲਿ ਭਵੰਤਿਆ ਦੁਖੁ ਅਤਿ ਭਾਰੀ ਰਾਮ।"
-ਆਸਾ ੧, ਛੰਤ ੫, ੨:੧ (439)

"ਆਪੇ ਭਵਰਾ ਫੂਲ ਬੇਲਿ।"
-ਬਸੰ ੧, ਅਸ ੭, ੧:੧ (1190)

(ਮਹਾਨਕੋਸ਼ ਅਰਥ 'ਜਗਿਆਸੂ' ਕਰਦਾ ਹੈ)

ਹੋਰ ਰੂਪ:

ਭਵਰਿ –
"ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।" (ਭੌਰ ਨੇ)
-ਗੂਜ ਰਵਿ, ੧, ੧:੨ (525)

ਭਵਰੁ –
"ਬੀਚਾਰੁ ਸਤਿਗੁਰੁ ਮੁਝੈ ਪੁਛਿਆ ਭਵਰੁ ਬੇਲੀ ਰਾਤਓ।" (ਜੀਵ ਰੂਪੀ, ਭੌਰਾ)
-ਆਸਾ ੧, ਛੰਤ ੫, ੨:੩ (439)

ਭਵਰੁ ------ (1) ਭੌਰਾ, ਵੇਖੋ 'ਭਵਰਾ'
"ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ।" (ਭੌਰਾ)
-ਤੁਖਾ ੧, ਬਾਰਾ ੫:੫ (1108)

(2) ਜੀਵ-ਆਤਮਾ
"ਏਕੋ ਭਵਰੁ ਭਵੈ ਤਿਹੁ ਲੋਇ।"
-ਰਾਮ ੧, ਓਅੰ ੭:੩ (930)

ਭਵਾ ------ ਮੈਂ ਫਿਰਾਂ
"ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ।"
-ਸਿਰੀ ੧, ੨, ੩:੧ (14)

ਭਵਾਇਆ --- ਫੇਰਿਆ, ਭੁਆਇਆ
"ਇਕਨਾ ਮਨਮੁਖਿ ਸਬਦੁ ਨ ਭਾਵੈ ਬੰਧਨਿ ਬੰਧਿ ਭਵਾਇਆ।"
-ਸਿਰੀ ੩, ਅਸ ੨੪, ੪:੧ (69)
"ਖਿਨੁ ਪੂਰਬਿ ਖਿਨੁ ਪਛਮਿ ਛਾਏ ਜਿਉ ਚਕੁ ਕੁਮ੍ਹਿਆਰਿ ਭਵਾਇਆ।" (ਗੁੰਮਾਇਆ)
-ਆਸਾ ੪, ਛੰਤ ੮, ੨:੪ (442)

ਹੋਰ ਰੂਪ:

ਭਵਾਇਹਿ -
"ਤੂੰ ਆਪੇ ਮਨਮੁਖਿ ਜਨਮਿ ਭਵਾਇਹਿ।" (ਫੇਰਦਾ ਹੈਂ)
-ਮਾਝ ੫, ੯, ੪:੨ (97)

ਭਵਾਈ -
"ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ।" (ਫੇਰਦੀ ਹੈ)
-ਸੂਹੀ ੫, ੪੦, ੪:੪ (745)

ਭਵਾਈਅਹਿ -
"ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ।" (ਫੇਰੀਦਾ ਹੈ)
-ਜਪੁ ੧, ੨:੪ (1)

ਭਵਾਈਅਨਿ
"ਜੋਨੀ ਸਭਿ ਭਵਾਈਅਨਿ ਬਿਸਟਾ ਮਾਹਿ ਸਮਾਇ।" (ਫੇਰਿਆ/ ਘੁੰਮਾਇਆ ਹੈ)
- ਮਾਰੂ ੩, ੨, ੨:੨ (994)

ਭਵਾਈਅਨੁ -
"ਬੰਧਨਿ ਬੰਧਿ ਭਵਾਈਅਨੁ ਕਰਣਾ ਕਛੂ ਨ ਜਾਇ।" (ਫੇਰੇ ਗਏ)
-ਸਲੋ ੩, ੧੭:੪ (1414)

ਭਵਾਈਆ -
"ਇਕਿ ਤੁਝ ਹੀ ਕੀਏ ਰਾਜੇ ਇਕਨਾ ਭਿਖ ਭਵਾਈਆ।" (ਫੇਰਿਆ)
-ਵਡ ੧, ਛੰਤ ੨, ੧:੪ (566)

ਭਵਾਈਐ -
"ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ।" (ਫੇਰੀਏ)
-ਸਿਰੀ ੧, ਅਸ ੧੦, ੭:੧ (59)

ਭਵਾਏ -
"ਬੰਧਨ ਬੰਧਿ ਭਵਾਏ ਸੋਇ।" (ਫੇਰੇ)
-ਆਸਾ ੧, ਵਾਰ ਪਸ, ੧, ੨:੨੧ (465)

ਭਵਾਹਿ -

"ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ।" (ਫੇਰੇ ਗਏ)
-ਆਸਾ ੫, ਛੰਤ ੭, ੬:੨ (441)

ਭਵਾਤਿ –
"ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ।" (ਭਵਾਏ/ ਫੇਰੇ ਜਾਂਦੇ ਹਨ ਫਿਰਦਾ ਹੈ)
-ਸਿਰੀ ੫, ਪਹ ੪, ੫:੬ (78)

ਭਵਾਨੀ ----- ਦੁਰਗਾ, ਸ਼ਿਵਜੀ ਦੀ ਪਤਨੀ
"ਤੂ ਕਹੀਅਤ ਹੀ ਆਦਿ ਭਵਾਨੀ।"
-ਗੋਂਡ ਨਾਮ, ੬, ੪:੧ (874)

ਭਵਾਰੀ ----- ਭੁਆਟਨੀ, ਗੇੜ
"ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ।"
-ਆਸਾ ੫, ੧੨੬, ੩:੨ (403)

ਭਵਾਰੇ ----- ਫੇਰੇ, ਚਕਰ, ਭ੍ਰਮਣ
"ਕੋਟਿ ਜਨਮ ਕੇ ਰਹੇ ਭਵਾਰੇ।"
-ਆਸਾ ੫, ੬੫, ੧:੧ (387)

ਭਵਾਲੀ ----- ਭੁਆਟਨੀ, ਭੁਲੇਵਾਂ
"ਆਪਿ ਭਵਾਲੀ ਦਿਦੀਅਨੁ ਅੰਤਰਿ ਲੋਭੁ ਵਿਕਾਰਾ।"
-ਆਸਾ ੩, ਅਸ ੨੭, ੫:੨ (425)

ਭਵਾਵਹਿ ---- ਫੇਰਦਾ ਹੈ, ਭੁਆਟਨੀ ਦਿੰਦਾ ਹੈ
"ਏਕਿ ਨਚਾਵਹਿ ਏਕਿ ਭਵਾਵਹਿ ਇਕਿ ਆਇ ਜਾਇ ਹੋਇ ਧੂਰਾ।"
-ਰਾਮ ੫, ੭, ੪:੨ (884)

ਹੋਰ ਰੂਪ:

ਭਵਾਵੈ –
"ਹਉਮੈ ਬੰਧਨ ਬੰਧਿ ਭਵਾਵੈ।" (ਫੇਰਦਾ ਹੈ)
-ਗਉ ੧, ਅਸ ੧੩, ੮:੧ (227)

ਭਵਿ ------ ਫਿਰ ਕੇ, ਭੌਂ ਕੇ
"ਚਾਰੇ ਕੁੰਡਾ ਭਵਿ ਥਕੇ ਮਨਮੁਖ ਬੂਝ ਨ ਪਾਇ।"
-ਸਿਰੀ ੩, ੫੯, ੩:੩ (37)

ਭਵਿਓਮਿ੍ --- ਮੈਂ ਫਿਰਿਆ ਹਾਂ
"ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮਿ੍।"
-ਸਲੋ ਫਰ, ੨੦:੧ (1378)

ਭਵਿਆ ---- ਫਿਰਿਆ, ਭਉਂਦਾ ਰਿਹਾ ਹੈ
"ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ।"
-ਆਸਾ ੧, ਪਟੀ ੧੧:੧ (433)

ਹੋਰ ਰੂਪ:

ਭਵਿਐ –
“ਜੋਗੁਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ।” (ਫਿਰਨ/ਭਉਣ ਨਾਲ)
–ਸੂਹੀ ੧, ੮, ੨:੨ (730)

ਭਵਿਖ ----- ਆਉਣ ਵਾਲਾ ਸਮਾਂ
“ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ।”
–ਸਾਰ ੧, ੧, ੪:੧ (1197)

ਭਵੀ ------ ਭਵੀਂ ਹੋਈ, ਫਿਰੀ ਹੋਈ
“ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ।”
–ਸਿਰੀ ੩, ੩੬, ੩:੨ (27)
“ਨਾਨਕ ਵਿਣੁ ਸਤਿਗੁਰ ਮਤਿ ਭਵੀ ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ।” (ਫਿਰੀ ਹੋਈ)
–ਮਾਰੂ ੩, ਵਾਰ ੧੭ਸ, ੩, ੧:੯ (1092)

ਹੋਰ ਰੂਪ:

ਭਵੀਐ –
“ਕਿਆ ਭਵੀਐ ਕਿਆ ਢੂਢੀਐ ਗੁਰ ਸਬਦਿ ਦਿਖਾਇਆ।” (ਫਿਰੀਏ)
–ਆਸਾ ੧, ਅਸ ੧੬, ੧*:੧ (419)

ਭਵੇ –
“ਤਟ ਤੀਰਥ ਭਵੇ ਸਭ ਧਰਨਾ।” (ਫਿਰੇ)
–ਆਸਾ ੫, ੯੬, ੩:੨ (394)

ਭਵੇ ------- (1) ਫਿਰੇ, ਵੇਖੋ ‘ਭਵੀ’
“ਲਖ ਚਉਰਾਸੀ ਜੋਨਿ ਨ ਭਵੇ।” (ਫਿਰਦਾ)
–ਪ੍ਰਭਾ ੫, ੧੦, ੩:੨ (1340)

ਹੋਰ ਰੂਪ:

ਭਵੈ –
“ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ।” (ਫਿਰੇ, ਭਟਕਦਾ ਫਿਰੇ)
–ਸਿਰੀ ੧, ੨੨, ੧:੧ (22)

(2) ਭਾਵੇਂ
“ਜਾਣਾ ਲਖ ਭਵੇ ਪਿਰੀ ਡਿਖੰਦੋ ਤਾ ਜੀਵਨਾ।”
–ਮਾਰੂ ੫, ਵਾਰ ੮ਸ, ੫, ੨:੨ (1097)

ਭਵੈ ------- (1) ਫਿਰੇ, ਭੌਂਏ, ਵੇਖੋ ‘ਭਵੇ’ (1)
“ਸੰਤ ਕੇ ਦੂਖਨ ਤੇ ਮੁਖੁ ਭਵੈ।” (ਫਿਰ ਜਾਂਦਾ ਭਾਵ ਵਿੰਗਾ ਹੋ ਜਾਂਦਾ ਹੈ)
–ਗਉ ੫, ਸੁਖ ੧੩, ੨:੧ (279)

(2) ਪ੍ਰਵੇਸ਼ ਕਰਦਾ ਹੈ, ਸਥਿਤ ਹੈ, ਵਿਆਪਕ ਹੈ
“ਸਹਜਿ ਭਵੈ ਪ੍ਰਭੁ ਸਭਨੀ ਥਾਈ।”
– ਗਉ ੩, ੨੯, ੨:੧ (160)

ਭੜ ------- ਅਗ ਦੀ ਲਾਟਾਂ ਤੋਂ ਉਪਜਦੀ ਆਵਾਜ਼

“ਭੜ ਭੜ ਅਗਨਿ ਸਾਗਰੁ ਦੇ ਲਹਰੀ ਪੜਿ ਦਝਹਿ ਮਨਮੁਖ ਤਾਈ ਹੇ।”
-ਮਾਰੂ ੧, ਸੋਲਾ ੬, ੯:੩ (1026)

ਭੜਵਾਉ ---- ਭੜ ਭੜ ਕਰਕੇ ਬੋਲਣ ਵਾਲੀ ਹਵਾ, ਸਵਾਸ
“ਅਗਨਿ ਪਾਣੀ ਬੋਲੈ ਭੜਵਾਉ।”
-ਗਉ ੧, ੭, ੨:੧ (153)

ਭੜਹਾਰੇ ---- ਭੜ ਭੜ ਕਰ ਕੇ
“ਜਿਥੈ ਅਗਨਿ ਭਖੈ ਭੜਹਾਰੇ।”
-ਮਾਰੂ ੫, ੩੧, ੨:੧ (1007)

ਭੜਹਾੜੁ ---- ਭਾਂਬੜ, ਭੜ ਭੜ ਦੀ ਆਵਾਜ਼ ਪੈਦਾ ਕਰਨ ਵਾਲਾ
“ਅਗਨਿ ਭਖੈ ਭੜਹਾੜੁ ਅਨਦਿਨੁ ਭਖਸੀ।”
-ਮਲਾ ੧, ਵਾਰ ੨੬:੬ (1290)

ਭੜਕਾਰੇ ---- ਭੜਭਣ ਕਰਕੇ
“ਅੰਤਰਿ ਅਗਨਿ ਜਲੈ ਭੜਕਾਰੇ।”
-ਮਾਰੂ ੧, ਸੋਲਾ ੩, ੨:੧ (1022)

ਭੜਥੂ ------ ਰੌਲਾ, ਸ਼ੋਰ ਸ਼ਰਾਬਾ
“ਲਥੇ ਭੜਥੂ ਪਾਇ ਗੁਰਮੁਖਿ ਮਚਿਆ।”
-ਮਲਾ ੧, ਵਾਰ ੪:੨ (1280)

ਭੜਾਸਾ ----- ਹਵਾੜ
“ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।”
-ਮਾਝ ੧, ਵਾਰ ੨੬ਸ, ੧, ੧:੨ (149)

ਭਾ -------- (1) ਭਾਗ, ਹਿਸੇ
“ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।”
-ਸੂਹੀ ੩, ਵਾਰ ੧੨ਸ, ੧, ੨:੨ (789)
(2) ਹੋਇਆ, ਭਇਆ (ਕੇਵਲ ਮਹਾਨਕੋਸ਼)
“ਜਿਉ ਜਾਨਹੁ ਤਿਉ ਰਾਖਹੁ ਸੁਆਮੀ ਜਨ ਨਾਨਕੁ ਦਾਸੁ ਤੁਮਨ ਭਾ।”
-ਪ੍ਰਭਾ ੪, ੬, ੪:੨ (1337)
(ਦਰਪਣ, ਸ਼ਬਦਾਰਥ, ਨਿਰਣੈ ‘ਤੁਮਨਭਾ’ ਨੂੰ ਇਕ ਸ਼ਬਦ ਲੈ ਅਰਥ ‘ਤੇਰਾ’ ਕਰਦੇ ਹਨ)

ਭਾਉ ------ (1) ਪ੍ਰੇਮ
“ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ।”
-ਜਪੁ ੧, ੪:੧ (2)

“ਅਸੰਖ ਜਪ ਅਸੰਖ ਭਾਉ।”
-ਜਪੁ ੧, ੧੭:੧ (3)

ਹੋਰ ਰੂਪ:

ਭਾਓ –

"ਵਿਚਹੁ ਆਪੁ ਗਵਾਏ ਹਰਿ ਗੁਣ ਗਾਏ ਅਨਦਿਨੁ ਲਾਗਾ ਭਾਓ।"
-ਗਉ ੩, ਛੰਤ ੧, ੨:੩ (243)

(2) ਸ਼ਰਧਾ, ਵਿਸ਼ਵਾਸ

"ਗਾਵੀਐ ਸੁਣੀਐ ਮਨਿ ਰਖੀਐ ਭਾਉ।"
-ਜਪੁ ੧, ੫:੫ (2)

"ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।"
-ਸਿਰੀ ੧, ੧, ੩:੨ (14)

"ਘਟ ਪਰਚੈ ਜਉ ਉਪਜੈ ਭਾਉ।"
-ਗਉ ਕਬ, ਬਾਅ ੩੯:੩ (342)

(3) ਭਾਵ, ਖਿਆਲ

"ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੁਰਾਈ।"
-ਸੋਰ ੫, ੩, ੧:੧ (609)

"ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ।" (ਵਾਕ ਦਾ ਸਿਧਾਂਤ, ਮਤਲਬ ਕਢਾਂ)
-ਸਿਰੀ ੧, ੨, ੪:੧ (15)

"ਮਨ ਰੇ ਦੂਜਾ ਭਾਉ ਚੁਕਾਇ।" (ਦਵੈਤ)
-ਸਿਰੀ ੩, ੫੨, ੧*:੧ (33)

"ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ।" (ਭਾਵ ਖਿਆਲ)
-ਸੋਰ ੪, ੭, ੨:੧ (607)

(4) ਭਾਵਨਾ, ਰੁਚੀ

"ਫੁਲੁ ਭਾਉ ਫਲੁ ਲਿਖਿਆ ਪਾਇ।"
-ਸਿਰੀ ੧, ੩੨, ੨:੩ (25)

('ਨਿਰਣੈ' ਇਥੇ ਵੀ ਅਰਥ 'ਪ੍ਰੇਮ' ਹੀ ਕਰਦਾ ਹੈ)

(5) ਦਸ਼ਾ, ਹਾਲਤ

"ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ।"
-ਮਾਝ ੧, ਵਾਰ ੬ਸ, ੧, ੩:੨ (142)

(6) ਸੁਭਾ, ਰੀਤ, ਵਤੀਰਾ

"ਨਾਰਦੁ ਨਾਚੈ ਕਲਿ ਕਾ ਭਾਉ।"
-ਆਸਾ ੧, ੪, ੧:੩ (349)

(7) ਨੀਅਤ, ਬਿਰਤੀ

"ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ।"
-ਸੋਰ ੩, ੬, ੪:੨ (602)

(8) ਭਾਗ, ਹਿੱਸਾ

"ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।"
-ਸੂਹੀ ੩, ਵਾਰ ੧੨ਸ, ੧, ੨:੨ (789)

"ਫਰੀਦਾ ਰਾਤਿ ਕਥੂਰੀ ਵੰਡੀਆ ਸੁਤੀਆ ਮਿਲੈ ਨ ਭਾਉ।"
-ਸਲੋ ਫਰ, ੮੦:੧ (1382)

(9) ਭਾਅ

“ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ।”
-ਤੁਖਾ ੧, ਛੰਤ ੬, ੪:੩ (1113)

(10) ਪ੍ਰਭਾਵ, ਪ੍ਰਤਾਪ
“ਦੇਖਹੁ ਲੋਗਾ ਕਲਿ ਕੋ ਭਾਉ।”
-ਬਸੰ ਕਬ, ੩, ੧*:੧ (1194)

(11) ਹਾਵ ਭਾਵ
“ਉਪਜਤਾ ਬਿਕਾਰ ਦੁੰਦਰ ਨਉਪਰੀ ਝੁੰਨਤਕਾਰ ਸੁੰਦਰ ਅਨਿਗ ਭਾਉ ਕਰਤ ਫਿਰਤ ਬਿਨੁ ਗੋਪਾਲ ਧੋਹੇ।”
-ਸਾਰ ੫, ੧੩੯, ੧*:੨ (1231)

ਭਾਇ ------ (1) ਪਿਆਰ ਨਾਲ
“ਅਮੁਲ ਭਾਇ ਅਮੁਲਾ ਸਮਾਹਿ।”
-ਜਪੁ ੧, ੨੬:੪ (5)
“ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ।”
-ਸਿਰੀ ੩, ੩੪, ੧:੧ (26)
“ਏਕ ਭਾਇ ਦੇਖਉ ਸਭ ਨਾਰੀ।” (ਪਿਆਰ ਨਾਲ)
-ਗਉ ਕਬ, ੨੧, ੨:੧ (327)
(ਮਹਾਨਕੋਸ਼ ਅਰਥ ‘ਸਨਮਾਨ’ ਆਦਰ ਕਰਦਾ ਹੈ)
“ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ।” (ਪ੍ਰੇਮਾ ਭਗਤੀ)
-ਆਸਾ ੫, ੧੩੯, ੪:੪ (406)
“ਮੇਰੀ ਸਖੀ ਹਸੇਲੀ ਸੁਨਹੁ ਭਾਇ।” (ਪ੍ਰੇਮ ਨਾਲ)
- ਬਸੰ ੧, ੬, ੧:੧ (1170)
(ਮਹਾਨ ਕੋਸ਼ ਇਸ ਦੇ ਅਰਥ ਸਿਧਾਂਤ, ਤੱਤ ਕਰਦਾ ਹੈ)

(2) ਰਸ, ਹਾਲਤ, ਦਸ਼ਾ
“ਸਚੁ ਮਿਲੈ ਸੰਤੋਖੀਆ ਹਰਿ ਜਪਿ ਏਕੈ ਭਾਇ”
-ਸਿਰੀ ੧, ੧੨, ੧:੩ (18)

(3) ਵਿਚਾਰ, ਖਿਆਲ, ਭਾਵ, ਪਾਸੇ
“ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ।”
-ਸਿਰੀ ੧, ੧੪, ੧:੩ (19)
“ਸੇਵਕ ਭਾਇ ਵਣਜਾਰਿਆ ਮਿਤ੍ਰਾ ਗੁਰੁ ਹਰਿ ਹਰਿ ਨਾਮੁ ਪਰਗਾਸਿ।” (ਭਾਵ ਨਾਲ)
-ਸਿਰੀ ੪, ਵਣ, ੧, ੬:੨ (82)
“ਭ੍ਰਮ ਕੈ ਭਾਇ ਭਵੈ ਭੇਖਧਾਰੀ।” (ਖਿਆਲ ਵਿਚ)
-ਬਿਲਾ ਕਬ, ੮, ੧:੨ (856)

(4) ਭਾਵ ਅਰਥਾਤ ਭਾਣੇ ਅਨੁਸਾਰ, ਮਰਜ਼ੀ ਅਨੁਸਾਰ
“ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ।”
- ਸਿਰੀ ੩, ੩੮, ੩:੨ (28)
“ਆਪੁ ਛੋਡਿ ਚਰਵੀ ਲਗਾ ਚਲਾ ਤਿਨ ਕੈ ਭਾਇ।”
-ਸਿਰੀ ੩, ੪੪, ੨:੨ (30)

(5) ਢੰਗ/ਤਰੀਕੇ ਨਾਲ, ਰੂਪ ਵਿਚ
“ਨਾਨਕ ਕ੍ਰਿਪਾ ਕਰੇ ਜਗਜੀਵਨੁ ਸਹਜ ਭਾਇ ਲਿਵ ਲਾਏ।”

–ਆਸਾ ੧, ੧੬, ੪:੨ (353)

“ਫਿਰਤੀ ਮਾਲਾ ਬਹੁਤ ਬਿਧਿ ਭਾਇ।” (ਢੰਗ ਨਾਲ)

– ਰਾਮ ੫, ੧੨, ੩:੩ (886)

“ਰਾਜਾ ਰਾਮੁ ਮਉਲਿਆ ਅਨਤ ਭਾਇ।” (ਕਈ ਰੂਪਾਂ/ਰੰਗਾਂ ਵਿਚ)

–ਬਸੰ ਕਬ, ੧, ੧*:੧ (1193)

(6) ਭਾਗ, ਹਿੱਸਾ

“ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ।”

–ਗੂਜ ੩, ਵਾਰ ੪ਸ, ਕਬ, ੧:੧ (509)

(7) ਸੁਭਾ

“ਨਾਨਕ ਸਹਜਿ ਭਾਇ ਗੁਣ ਗਾਇ।” (ਸੁਤੇ-ਸਿਧ, ਆਪ-ਮੁਹਾਰੇ)

–ਧਨਾ ੧, ੨, ੮:੪ (686)

“ਸਹਜ ਭਾਇ ਸਚੀ ਲਿਵ ਲਾਗੀ।” (ਸੁਤੇ ਸਿਧ ਹੀ)

–ਮਾਰੂ ੩, ਸੋਲਾ ੧੯, ੬:੨ (1063)

(8) ਭਾਉਣੀ, ਨੀਅਤ

“ਸੇ ਜਨ ਸਾਚੇ ਸਾਚੈ ਭਾਇ।”

–ਬਸੰ ੩, ੭, ੩:੨ (1174)

(9) ਰੰਗ, ਵਰਣ, ਭਾਹ

“ਕਬੀਰ ਹਰਦੀ ਪੀਅਰੀ ਚੂੰਨਾਂ ਊਜਲ ਭਾਇ।”

–ਸਲੋ ਕਬ, ੫੬:੧ (1367)

(10) ਅਗ

“ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਇ।”

–ਸਲੋ ਫਰ, ੩:੧ (1378)

ਭਾਂਏ ------ ਭਾ/ਦੀ, ਲਈ, ਵਾਸਤੇ, ਭਾਣੇ

“ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਏ।”

–ਸਲੋ ਕਬ, ੧੪:੨ (1365)

ਭਾਇਓ ----- ਭਾਇਆ, ਚੰਗਾ ਲਗਾ

“ਪਤਿਤ ਪਾਵਨੁ ਨਾਮੁ ਨਰਹਰਿ ਮੰਦਭਾਗੀਆਂ ਨਹੀ ਭਾਇਓ।”

–ਮਾਲੀ ੪, ੩, ੩:੧ (985)

ਹੋਰ ਰੂਪ:

ਭਇਆ –

“ਹਰਿ ਹਰਿ ਨਾਮੁ ਮੈ ਹਰਿ ਮਨਿ ਭਾਇਆ।” (ਚੰਗਾ ਲਗਾ)

–ਮਾਝ ੪, ੧, ੧:੧ (94)

ਭਾਇਆ ---- (1) ਚੰਗਾ ਲਗਾ, ਵੇਖੋ ‘ਭਾਇਓ’

“ਅਬ ਨਾਨਕ ਸਰਣਾਗਤਿ ਆਏ ਹਰਿ ਰਾਖਹੁ ਲਾਜ ਹਰਿ ਭਾਇਆ।” (ਚੰਗਾ ਲਗਾ)

–ਗਉ ੪, ੬੩, ੪:੨ (172)

(2) ਭਾਵ/ਖਿਆਲ ਵਿਚ

“ਮਨਮੁਖ ਨ ਬੂਝਹਿ ਦੂਜੈ ਭਾਇਆ।”

-ਮਾਝ ੩, ਅਸ ੩੧, ੭:੨ (128)

(3) ਭਇਆ, ਹੋ ਗਿਆ

"ਸਹਜੇ ਆਸਣੁ ਅਸਥਿਰੁ ਭਾਇਆ।"

-ਗਉ ੫, ਅਸ ੩, ੭:੧ (237)

ਭਾਇਰ ------ ਭਾਈ, ਭਰਾ

"ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ।"

-ਮਾਰੂ ੧, ਅਸ ੧੦, ੩:੧ (1015)

ਹੋਰ ਰੂਪ:

ਭਾਇਰਹੁ –

"ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ।" (ਹੇ ਭਰਾਵੋ)

-ਗਉ ੪, ਵਾਰ ੬:੨ (319)

ਭਾਇਰਾ –

"ਸਤਿਗੁਰ ਨੋ ਮਿਲੇ ਸਿ ਭਾਇਰਾ ਸਚੈ ਸਬਦਿ ਲਗੰਨਿ।" (ਭਰਾ ਹਨ)

-ਸੂਹੀ ੩, ਅਸ ੩, ੨੪:੧ (756)

ਭਾਈ ------- (1) ਭਰ ਤ੍ਰਾਤਾ

"ਭਾਈ ਰੇ ਸੰਤ ਜਨਾ ਕੀ ਰੇਣੁ।" (ਭਰਾਵੋ)

-ਸਿਰੀ ੧, ੧੨, ੧*:੧ (18)

ਭਾਂਈ –

"ਏਕ ਘੜੀ ਕਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ।"

-ਆਸਾ ੧, ਅਸ ੧੨, ੧*:੨ (417)

(2) ਚੰਗੀ ਲਗੀ, ਭਾਅ ਗਈ

"ਸੋ ਗਿਆਨੁ ਧਿਆਨੁ ਜੋ ਤੁਧੁ ਭਾਈ।"

-ਮਾਝ ੫, ੨੦, ੧:੨ (100)

"ਹਰਿ ਕੇ ਨਾਮ ਕੀ ਕਥਾ ਮਨਿ ਭਾਈ।"

-ਗਉ ੫, ਸੁਖ ੨੦, ੮:੪ (290)

(3) ਹੇ ਭਰਾ, ਹੇ ਭਾਈ

"ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ।"

-ਗਉ ੫, ੧੨੨, ੨:੧ (205)

ਭਾਈਅੜੇ --- ਹੇ ਭਰਾ

"ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ।"

-ਸੂਹੀ ੫, ਕੁਚ ੩:੭ (763)

ਭਾਈਆ ----- (1) ਭਰਾਵਾਂ ਨੇ ਭਾਵ ਪਿਆਰਿਆਂ ਨੇ

"ਸੰਤ ਜਨਾ ਮਿਲਿ ਭਾਈਆ ਕਟਿਆੜਾ ਜਮਕਾਲੁ।"

-ਸਿਰੀ ੫, ੯੮, ੧:੧ (52)

ਹੋਰ ਰੂਪ:

ਭਾਈਆਂ –

"ਤਿਨਾ ਪਿਆਰੇ ਭਾਈਆਂ ਅਗੈ ਦਿਤਾ ਬੰਨ੍ਹਿ।" (ਭਰਾਵਾਂ ਨੇ)

-ਸਲੋ ਫਰ, ੧੦੦:੪ (1383)

(2) ਭਾਈ ਹੈ, ਚੰਗੀ ਲਗੀ ਹੈ

“ਜਿਨਾ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ।”

-ਆਸਾ ੪, ਛੰਤ ੧੬, ੪:੨ (449)

“ਸਿਵ ਅਗੈ ਸਕਤੀ ਹਾਰਿਆ ਏਵੈ ਹਰਿ ਭਾਈਆ।” (ਚੰਗਾ ਲਗਾ)

-ਮਾਰੂ ੫, ਵਾਰ ੬:੬ (1096)

ਭਾਈਐ ---- ਚੰਗੇ ਲਗੀਏ

“ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ।”

-ਆਸਾ ੧, ਅਸ ੧੯, ੨:੧ (421)

ਭਾਈਹੋ ----- ਭਰਾਵੋ

“ਤੁਸੀ ਭੋਗਿਹੁ ਭੁੰਚਹੁ ਭਾਈਹੋ।”

-ਸਿਰੀ ੫, ਅਸ ੨੯, ੪:੧ (73)

ਭਾਏ ------ (1) ਭਾਣਾ, ਮਰਜ਼ੀ, ਇਛਾ, ਰਜ਼ਾ

“ਮਨ ਤਨ ਅਰਪੀ ਆਪੁ ਗਵਾਈ ਚਲਾ ਸਤਿਗੁਰ ਭਾਏ।”

-ਸਿਰੀ ੩, ਅਸ ੨੨, ੭:੨ (68)

(2) ਚੰਗਾ ਲਗੇ, ਸੁਖਾਵਾਂ ਲਗੇ

“ਭਾਇ ਭਗਤਿ ਤੇਰੈ ਮਨਿ ਭਾਏ।”

- ਮਾਝ ੩, ਅਸ ੪, ੫:੨ (111)

(3) ਭਾਵ, ਖਿਆਲ

“ਅੰਤਰਿ ਮੈਲੁ ਲਾਗੀ ਬਹੁ ਦੂਜੇ ਭਾਏ।”

-ਮਾਝ ੩, ਅਸ ੧੨, ੩:੨ (116)

(4) ਪਿਆਰ/ਭਾਉ ਦੁਆਰਾ

“ਜੀਵਨੁ ਪਾਇਆ ਗੁਰਮੁਖਿ ਭਾਏ ਰਾਮ।”

-ਆਸਾ ੪, ਛੰਤ ੮, ੧:੧ (442)

ਭਾਸਕਰ ---- ਰਾਗ ਹਿੰਡੋਲ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ ਸੁਰਮਾਨੰਦ, ਚੰਦ੍ਰ ਬਿੰਬ, ਮੰਗਲਨ, ਸਰਸਬਾਨ, ਬਿਨੋਦਾ, ਬਸੰਤ, ਕਮੋਦਾ।

“ਸੁਰਮਾਨੰਦ ਭਾਸਕਰ ਆਏ।”

-ਰਾਗ ੧:੨੯ (1430)

ਭਾਹੜੀ ----- ਅੱਗ

“ਦੁਰਜਨ ਤੂ ਜਲੁ ਭਾਹੜੀ ਵਿਛੋੜੇ ਮਰਿ ਜਾਹਿ।”

-ਮਾਰੂ ੫, ਵਾਰ ੨ਸ, ੫, ੨:੧ (1094)

ਭਾਹਿ ------ (1) ਅਗ

“ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ।”

-ਸਿਰੀ ੧, ੧੪, ੧:੨ (19)

“ਭਾਹਿ ਨ ਜਾਲੈ ਜਲਿ ਨਹੀ ਡੂਬੈ ਸੰਗੁ ਛੋਡਿ ਕਰਿ ਕਤਹੁ ਨ ਜਾਈ।” (ਅਗ ਵਿਚ)

-ਆਸਾ ੫, ੧੮, ੧*:੨ (375)

"ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ।" (ਤ੍ਰਿਸ਼ਨਾ ਦੀ ਅਗ)

-ਟੋਡੀ ੫, ੧੯, ੧:੨ (715)

(2) ਭੌਂ, ਭੂਸ਼ਾਂ

"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।"

-ਆਸਾ ੧, ਵਾਰ ੧੧ਸ, ੧, ੨:੩ (469)

ਭਾਹੀ ------ ਅਗ ਵਿਚ

"ਮਨਮੁਖੁ ਦਾਝੈ ਪੜਿ ਪੜਿ ਭਾਹੀ।"

-ਮਾਰੂ ੧, ਸੋਲਾ ੯, ੧੦:੨ (1029)

ਭਾਖਉ ----- ਉਚਾਰਾਂ, ਬੋਲਾਂ

"ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ।"

-ਧਨਾ ਰਵਿ, ੨, ੧:੨ (694)

ਭਾਖਈ ----- ਦਸ ਸਕਦਾ ਹੈ

"ਬੈਦਕ ਅਨਿਕ ਉਪਾਵ ਕਹਾਂ ਲਉ ਭਾਖਈ।"

-ਫੁਨ ੫, ੨੧:੨ (1363)

ਭਾਖਹ ----- ਉਚਾਰਦੇ ਹਨ, ਆਖਦੇ ਹਨ

"ਉਤਰਿ ਦਖਿਣਿ ਪੁਬਿ ਦੇਸਿ ਪਸ੍ਚਮਿ ਜਸੁ ਭਾਖਹ।"

-ਸਵ ੩, ੫:੨ (1393)

ਹੋਰ ਰੂਪ:

ਭਾਖਹਿ –

"ਇਕਿ ਆਖਿ ਆਖਹਿ ਸਬਦੁ ਭਾਖਹਿ ਅਰਧ ਉਰਧ ਦਿਨੁ ਰਾਤਿ।" (ਉਚਾਰੇ ਆਖੇ)

-ਸਾਰ ੪, ਵਾਰ ੬ਸ, ੧, ੨:੨ (1239)

ਭਾਖਤ ----- ਉਚਾਰਦਿਆਂ

"ਸਬਦੁ ਭਾਖਤ ਸਸਿ ਜੋਤਿ ਅਪਾਰਾ।"

-ਰਾਮ ੧, ਸਿਗੋ ੪੯:੧ (943)

ਹੋਰ ਰੂਪ:

ਭਾਖੰਤੁ –

"ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ।" (ਆਖਦਿਆਂ)

-ਸਵ ੨, ੯:੧ (1392)

ਭਾਖਿ ------ (1) ਬੋਲ

"ਕਹੁ ਕਬੀਰ ਅਖਰ ਦੁਇ ਭਾਖਿ।"

-ਗਉ ਕਬ, ੩੩, ੩:੧ (329)

ਹੋਰ ਰੂਪ:

ਭਾਖਿਓ –
“ਕਹੁ ਨਾਨਕ ਨਿਜ ਮਤੁ ਸਾਧਨ ਕਉ ਭਾਖਿਓ ਤੋਹਿ ਪੁਕਾਰਿ।” (ਕਹਿ ਦਿੱਤਾ ਹੈ)
–ਸੋਰ ੯, ੮, ੨:੨ (633)

(2) ਖਾ, ਮੁਕਾ
“ਭਾਖਿ ਲੇ ਪੰਚੈ ਹੋਇ ਸਬੂਰੀ।”
–ਭੈਰ ਕਬ, ੪, ੨:੨ (1158)

ਭਾਖਿਆ ---- (1) ਕਥਨ ਕਰਨ ਲਗਿਆਂ, ਆਖਦਿਆਂ
“ਸਾਚਾ ਸਾਹਿਬ ਸਾਚੁ ਨਾਇ ਭਾਖਿਆ ਭਾਉ ਅਪਾਰੁ।”
–ਜਪੁ ੧, ੪:੧ (2)

(2) ਬਾਣੀ, ਉਪਦੇਸ਼
“ਭਉਰੁ ਉਸਤਾਦੁ ਨਿਤ ਭਾਖਿਆ ਬੋਲੇ ਕਿਉ ਬੂਝੈ ਜਾਨਹ ਬੁਝਾਈ।”
–ਸਿਰੀ ੧, ੨੭, ੨:੨ (24)

(3) ਬੋਲੀ, ਭਾਸ਼ਾ
“ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।”
–ਧਨਾ ੧, ੮, ੩:੧ (663)

(4) ਆਖਿਆ, ਉਚਾਰਿਆ, ਕਥਨ ਕੀਤਾ
“ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ ਹਰਿ ਨਾਮੁ ਰਸਨਾ ਭਾਖਿਆ।”
–ਰਾਮ ੫, ਛੰਤ ੩, ੨:੪ (925)

(5) ਖਾਧਾ, ਸੇਵਨ ਕੀਤਾ
“ਸਾਚੈ ਬੈਸਣੁ ਉਠਣਾ ਸਚੁ ਭੋਜਨੁ ਭਾਖਿਆ।”
–ਮਾਰੂ ੧, ਅਸ ੪, ੫:੧ (1011)

ਭਾਖਿਤ ----- ਉਚਾਰੇ/ਬੋਲੇ/ਕਥਨ ਕੀਤੇ ਹੋਏ
“ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ।”
–ਮਾਝ ੧, ਵਾਰ ੨੦ਸ, ੧, ੨:੨ (147)

ਭਾਖੀ ------ ਆਖੀ, ਕਹੀ
“ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ।”
–ਧਨਾ ੧, ਛੰਤ ੧, ੪:੩ (688)
“ਬਿਨੁ ਗੁਰ ਪੂਰੇ ਕਿਨੈ ਨ ਭਾਖੀ।” (ਵਰਣਨ ਕੀਤੀ)
– ਮਾਰੂ ੧, ਸੋਲਾ ੪, ੧੩:੨ (1024)

ਭਾਖੀਲੇ ----- ਆਖਦਾ ਹੈ, ਕਥਨ ਕਰਦਾ ਹੈ
“ਜਾਂ ਕੈ ਘਰਿ ਈਸਰੁ ਬਾਵਲਾ ਜਗਤ ਗੁਰੂ ਤਤ ਸਾਰਖਾ ਗਿਆਨੁ ਭਾਖੀਲੇ।”
–ਮਲਾ ਨਾਮ, ੧, ੨:੨ (1292)

ਭਾਖੁ ------ ਆਖ, ਕਹੋ, ਉਚਾਰ
“ਹਉਮੈ ਰੋਗੁ ਗਵਾਈਐ ਸਬਦਿ ਸਚੈ ਸਚੁ ਭਾਖੁ।”
–ਸਿਰੀ ੧, ਅਸ ੧੩, ੮:੩ (62)

ਭਾਖੇ ------ (1) ਦਸਿਆ
“ਸੰਸਾਰ ਸਾਗਰ ਮਹਿ ਜਲਨਿ ਨ ਦੀਨੇ ਕਿਨੈ ਨ ਦੁਤਰੁ ਭਾਖੇ।”

-ਧਨਾ ੫, ੨੬, ੧:੨ (677)

(2) ਬੋਲੀ, ਪ੍ਰੇਰਨਾ, ਕਾਮਨਾ
“ਭਿੰਨ ਭਿੰਨ ਹੋਇ ਭਾਵ ਦਿਖਾਵਹਿ ਸਭ ਨਿਰਾਰੀ ਭਾਖੇ।”
-ਰਾਮ ੫, ੭, ੩:੩ (884)

ਭਾਖੈ ------ ਉਚਾਰਣ ਕਰਦਾ ਹੈ, ਆਖਦਾ ਹੈ, ਕਹਿੰਦਾ ਹੈ
“ਪ੍ਰਭ ਭਾਵੈ ਤਾ ਹਰਿ ਗੁਣ ਭਾਖੈ।”
-ਗਉ ੫, ਸੁਖ ੧੧, ੨:੪ (277)

ਭਾਗ ------ (1) ਹਿਸੇ ਵਿਚ
“ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।”
-ਜਪੁ ੧, ੨੯:੩ (7)

(2) ਕਿਸਮਤ, ਲੇਖ
“ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।”
-ਗੂਜ ੪, ਸੋਦ ੪, ੨:੧ (10)

(3) ਧਨ ਪਦਾਰਥ (ਦਰਪਣ)
“ਰਾਜ ਨ ਭਾਗ ਨ ਹੁਕਮ ਨ ਸਾਦਨ।”
- ਆਸਾ ੫, ੧੪੩, ੨:੧ (406)
(ਨਿਰਣੈ ਪਾਠ ਹੀ ‘ਰਾਜਨ ਭਾਗਨ ਹੁਕਮਨ ਸਾਦਨ’ ਕਰਦਾ ਹੈ)

ਭਾਂਗ ------ ਭੰਗ, ਇਕ ਨਸ਼ਾ
“ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਂਹਿ।”
-ਸਲੋ ਕਬ, ੨੩੩:੧ (1377)

ਭਾਗਉ –
(1) ਮੈਂ ਭਜਦਾ ਹਾਂ
“ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ।”
-ਗਉ ੯, ੧, ੧*:੨ (219)

(2) ਭਾਗ ਹਨ, ਕਿਸਮਤ ਹੈ, ਲੇਖ ਹਨ
“ਸਰਣਿ ਸੁਹਾਗਨਿ ਆਇਆ ਜਿਸੁ ਮਸਤਕਿ ਭਾਗਉ।”
-ਬਿਲਾ ੫, ੩੨, ੪:੧ (808)

ਭਾਗਉਤੁ ---- ਭਗਵਤ (ਹਰੀ)/ਪ੍ਰਭੂ ਸਬੰਧੀ
“ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ।”
-ਮਲਾ ਰਵਿ, ੧, ੨:੨ (1293)

ਭਾਗਏ ----- ਭਜ ਜਾਂਦਾ ਹੈ, ਦੌੜ ਜਾਂਦਾ ਹੈ
“ਗੁਣ ਗਾਇ ਜੀਵਹ ਹਰਿ ਅਮਿਉ ਪੀਵਹ ਜਨਮ ਮਰਣਾ ਭਾਗਏ।”
-ਕਾਨ ੫, ਛੰਤ ੧, ੨:੩ (1312)

ਭਾਗਹਿ ----- ਭਜਦੇ, ਨਸਦੇ
“ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ।”
-ਆਸਾ ੫, ੧੩੨, ੨:੧ (404)

ਭਾਗਹੀਣ ---- ਕਿਸਮਤ ਵਿਹੂਣੇ, ਭਾਗ ਵਿਹੂਣੇ, ਬਦਕਿਸਮਤ, ਅਭਾਗੇ
"ਜਿਨ ਹਰਿ ਹਰਿ ਹਰਿ ਰਸੁ ਨਾਮੁ ਨ ਪਾਇਆ ਤੇ ਭਾਗਹੀਣ ਜਮ ਪਾਸਿ।"
-ਗੂਜ ੪, ਸੋਦ ੪, ੩:੧ (10)

ਹੋਰ ਰੂਪ:

ਭਾਗਹੀਨ –
"ਭਾਗਹੀਨ ਭ੍ਰਮਿ ਚੋਟਾ ਖਾਵਹਿ।" (ਭਾਗਾਂ ਤੋਂ ਬਿਨਾਂ)
-ਮਾਝ ੪, ੪, ੩:੨ (95)

ਭਾਗਠ ----- ਚੰਗੇ ਭਾਗਾਂ ਵਾਲੇ
"ਹਮ ਧਨਵੰਤ ਭਾਗਠ ਸਚ ਨਾਇ।"
-ਗਉ ੫, ੧੦੦, ੧*:੧ (185)

ਭਾਗਠੜੇ ---- ਵਡੇ ਭਾਗਾਂ ਵਾਲੇ, ਖੁਸ਼ ਨਸੀਬ
"ਭਾਗਠੜੇ ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ।"
-ਸੂਹੀ ੫, ੫੪, ੧:੧ (748)

ਭਾਗਠਿ ----- ਭਾਗਾਂ ਵਾਲਿਆਂ ਭਾਵ ਸ਼ਾਹੂਕਾਰਾਂ ਦੇ
"ਭਾਗਠਿ ਗ੍ਰਿਹਿ ਪੜੈ ਨਿਤ ਪੋਥੀ।"
-ਰਾਮ ੫, ੧੭, ੩:੨ (888)

ਹੋਰ ਰੂਪ:

ਭਾਗਠੁ –
"ਆਪਣ ਲੀਆ ਜੇ ਮਿਲੈ ਤਾਂ ਸਭੁ ਕੋ ਭਾਗਠੁ ਹੋਇ।" (ਧੰਨਵਾਨ, ਸ਼ਾਹੂਕਾਰ)
-ਗਉ ੧, ੧੮, ੩:੧ (157)
"ਸੋ ਢਾਢੀ ਭਾਗਠੁ ਜਿਸੁ ਸਚਾ ਦੁਆਰ ਬਾਰੁ।" (ਭਾਗਾਂ ਵਾਲਾ)
-ਰਾਮ ੫, ਵਾਰ ੧੧:੪ (962)

ਭਾਗਣਹ ---- ਭਾਗਾਂ ਨਾਲ
"ਭਾਵਨੀ ਸਾਧ ਸੰਗੇਣ ਲਭੰਤੰ ਬਡ ਭਾਗਣਹ।"
-ਗਾਥਾ ੫, ੯:੧ (1360)

ਭਾਗਣਿ ----- ਭਾਗਾਂ ਵਾਲੀ
"ਸਾਈ ਸੁੋਹਾਗਣਿ ਸਾਈ ਭਾਗਣਿ ਜੈ ਪਿਰਿ ਕਿਰਪਾ ਧਾਰੀ।"
-ਰਾਮ ੫, ਵਾਰ ੬ਸ, ੫, ੧:੮ (959)

ਭਾਗਨਾ ----- (ਚੰਗੇ) ਭਾਗ/(ਚੰਗੇ) ਲੇਖ ਹਨ (ਚੰਗੀ) ਕਿਸਮਤ ਹੈ
"ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ।"
-ਮਾਰੂ ੫, ਅਸ ੪, ੭:੧ (1018)

ਭਾਗਮਣੀ --- ਖੁਸ਼ ਨਸੀਬੀ/ਚੰਗੇ ਭਾਗ ਜਿਸ ਦਾ ਗਹਿਣਾ ਹਨ
"ਭਾਗਮਣੀ ਸੋਹਾਗਣਿ ਮੇਰੇ ਪਿਆਰੇ ਨਾਨਕ ਹਰਿ ਉਰਿਧਾਰੇ।"
- ਆਸਾ ੪, ਛੰਤ ੨੧, ੨:੪ (252)

ਭਾਗਵਤੁ ---- ਹਰੀ ਦੇ ਗੁਣ, ਬਿਆਸ ਰਿਸ਼ੀ ਲਿਖਤ ਇਕ ਪੁਰਾਣ ਜਿਸ ਵਿਚ ਪ੍ਰਭੂ ਦੀ ਸਿਫਤ ਹੈ

“ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਅਛੋਪ ਛੀਪਾ।”
-ਮਲਾ ਰਵਿ, ੨, ੧:੧ (1293)

ਭਾਗਵੰਤੁ ---- ਚੰਗੇ ਭਾਗਾਂ ਵਾਲਾ, ਖੁਸ਼ ਕਿਸਮਤ
“ਆਸ ਪਿਆਸ ਰਮਣ ਹਰਿ ਕੀਰਤਨ ਏਹੁ ਪਦਾਰਥੁ ਭਾਗਵੰਤੁ ਲਹੈ।”
-ਧਨਾ ੫, ੫੪, ੧:੨ (683)

ਭਾਗਾ ------ (1) ਚੰਗੀ ਕਿਸਮਤ, ਚੰਗੇ ਲੇਖ, ਖੁਸ਼ਨਸੀਬੀ
“ਬਿਨੁ ਭਾਗਾ ਸਤਿਗੁਰੁ ਨਾ ਮਿਲੈ ਘਰਿ ਬੈਠਿਆ ਨਿਕਟਿ ਨਿਤ ਪਾਸਿ।”
-ਸਿਰੀ ੪, ੬੭, ੩:੧ (40)
“ਪੂਰਨ ਜਾ ਕੇ ਭਾਗਾ।” (ਭਾਗ, ਕਿਸਮਤ, ਲੇਖ)
-ਸੋਰ ੫, ੭੨, ੧:੪ (627)

ਹੋਰ ਰੂਪ:

ਭਾਗਾਂ –
“ਹਰਿ ਨਾਵੈ ਨੋ ਸਭ ਕੋ ਪਰਤਾਪਦਾ ਵਿਣੁ ਭਾਗਾਂ ਪਾਇਆ ਨ ਜਾਇ।” (ਚੰਗੀ ਕਿਸਮਤ)
-ਮਲਾ ੩, ਅਸ ੨, ੮:੧ (1277)

(2) ਭਜ ਗਿਆ, ਨਸ ਗਿਆ
“ਦੂਖੁ ਦਰਦੁ ਭ੍ਰਮੁ ਤਾ ਕਾ ਭਾਗਾ।” (ਭਾਵ ਦੂਰ ਹੋਇਆ)
-ਗਉ ੫, ੧੪੩, ੧:੨ (194)
“ਤਾ ਜਮ ਕਾ ਮਾਰਗੁ ਭਾਗਾ।” (ਭਾਵ ਛੁੱਟ ਗਿਆ)
-ਸੋਰ ੧, ੧੨, ੩:੨ (599)

ਭਾਗਿ ------ (1) ਭਾਗਾਂ ਨਾਲ, ਕਿਸਮਤ ਨਾਲ
“ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ।”
-ਸਿਰੀ ੩, ੪੧, ੨:੩ (29)

ਹੋਰ ਰੂਪ:

ਭਾਗਿਆ –
“ਨਾਨਕ ਬਡ ਭਾਗਿਆ ਮੇਰੇ ਮਨਾ।” (ਭਾਗਾਂ ਵਾਲਾ, ਚੰਗੀ ਕਿਸਮਤ ਵਾਲਾ)
-ਆਸਾ ੫, ੧੬੧, ੧*:੬ (410)

ਭਾਗੀ –
“ਹਰਿ ਪਾਈਐ ਭਾਗੀ ਸੁਣਿ ਬੈਰਾਗੀ ਚਰਣ ਪ੍ਰਭੂ ਗਹਿ ਰਹੀਐ।” (ਭਾਗਾਂ ਨਾਲ)
-ਸੂਹੀ ੫, ਛੰਤ ੧, ੨:੪ (777)

(2) ਭਜ, ਨਸ, ਦੌੜ
“ਜਮ ਡੰਡਾ ਗਲਿ ਸੰਗਲੁ ਪੜਿਆ ਭਾਗਿ ਗਏ ਸੇ ਪੰਚ ਜਨਾ।”
-ਗਉ ੧, ੧੪, ੩:੨ (155)

ਹੋਰ ਰੂਪ:

ਭਾਗਿਓ –
“ਕਹਾ ਹੋਤ ਅਬ ਕੈ ਪਛੁਤਾਏ ਛੂਟਤ ਨਾਹਿਨ ਭਾਗਿਓ।” (ਭਜਨ ਨਾਲ, ਭਜ ਕੇ)
-ਮਾਰੂ ੯, ੩, ੧:੨ (1008)

ਭਾਗਿਆ –
"ਭਰਮੁ ਗਇਆ ਭਉ ਭਾਗਿਆ ਹਰਿ ਚਰਣੀ ਚਿਤੁ ਲਾਇ।" (ਨਸ ਗਿਆ ਭਾਵ ਦੂਰ ਹੋਇਆ)

-ਸਿਰੀ ੩, ਅਸ ੨੨, ੨:੧ (67)

ਭਾਗੀ –
"ਦੂਖੁ ਦਰਦੁ ਭ੍ਰਮੁ ਤਾ ਕਾ ਭਾਗੀ।" (ਨਸ ਗਿਆ ਭਾਵ ਮਿਟ ਗਿਆ)

-ਗਉ ੫, ੧੦੨, ੧*:੨ (186)

(3) ਹਿੱਸੇ, ਭਾਗ
"ਆਗੈ ਦਯੁ ਪਾਛੈ ਨਾਰਾਇਣ।"
"ਮਧਿ ਭਾਗਿ ਹਰਿ ਪ੍ਰੇਮ ਰਸਾਇਣ।"

-ਭੈਰ ੫, ੭, ੧:੧;੨ (1137)

ਹੋਰ ਰੂਪ:

ਭਾਗੀ –
"ਕੇਵਲ ਰਾਮ ਭਗਤਿ ਨਿਜ ਭਾਗੀ।" (ਹਿਸੇ ਆਈ)

-ਗਉ ਕਬ, ੧੯, ੩:੨ (327)

ਭਾਗੀਆਂ ---- ਭਾਗਾਂ ਵਾਲੇ
"ਪਤਿਤਪਾਵਨੁ ਨਾਮੁ ਨਰਹਰਿ ਮੰਦ ਭਾਗੀਆਂ ਨਹੀ ਭਾਇਓ।"

-ਮਾਲੀ ੪, ੩, ੩:੧ (985)

ਭਾਗੀਐ ---- ਭਜ ਜਾਏ ਭਾਵ ਦੂਰ ਹੋਏ
"ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ।"

-ਮਾਰੂ ੧, ਅਸ ੩, ੧:੨ (1010)

ਭਾਗੀਠਾ ---- ਉਤਮ ਭਾਗ, ਚੰਗੇ ਲੇਖ
"ਤਿਸਹਿ ਪਰਾਪਤਿ ਹਰਿ ਹਰਿ ਨਾਮਾ ਜਿਸੁ ਮਸਤਕਿ ਭਾਗੀਠਾ ਜੀਉ।"

-ਮਾਝ ੫, ੨੨, ੩:੩ (101)

ਭਾਗੀਰਥਿ --- ਭਗੀਰਥ ਨੇ, ਇਕ ਸੂਰਜਵੰਸ਼ੀ ਰਾਜਾ ਜਿਸਨੇ ਘੋਰ ਤਪਸਿਆ ਉਪਰੰਤ ਗੰਗਾ ਨੂੰ ਪ੍ਰਿਥਵੀ ਤੇ ਲਿਆਂਦਾ।
"ਜਾਹਰਨਵੀ ਤਪੈ ਭਾਗੀਰਥਿ ਆਣੀ ਕੇਦਾਰੁ ਥਾਪਿਓ ਮਹਸਾਈ।"

-ਮਲਾ ੪, ੨, ੨:੧ (1263)

ਭਾਗੁ ------ (1) ਚੰਗੇ ਲੇਖ, ਚੰਗੀ ਕਿਸਮਤ
"ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ।"

-ਸਿਰੀ ੫, ੭੮, ੩:੩ (45)

(2) ਨਸ ਜਾਣਾ ਭਾਵ ਦੂਰ ਹੋਣਾ
"ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ।"

-ਸਿਰੀ ੧, ਅਸ ੮, ੧:੨ (57)

(3) ਹਿੱਸਾ
"ਹਰਿ ਭਗਤਿ ਸੁਹਾਵੀ ਕਰਮਿ ਭਾਗੁ।" (ਸੋਹਣੀ ਭਗਤੀ ਦਾ ਹਿੱਸਾ ਬਖਸ਼ਿਸ਼ ਦੁਆਰਾ ਮਿਲਦਾ ਹੈ)

-ਬਸੰ ੧, ੭, ੩:੪ (1170)

ਭਾਗੇ ------ ਨਸ ਜਾਏ ਭਾਵ ਦੂਰ ਹੋਏ
"ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮ ਭਉ ਗੁਰ ਬਚਨੀ ਭਾਗੇ।"
-ਗਉ ੪, ੬੨, ੨:੨ (172)

ਭਾਗੈ –
(1) ਭਾਗ ਦਾ, ਕਿਸਮਤ ਦੇ
"ਪੂਰੈ ਭਾਗਿ ਸਤਗੁਰੁ ਮਿਲੈ ਜਾ ਭਾਗੈ ਕਾ ਉਦਉ ਹੋਇ।"
-ਸਿਰੀ ੩, ੪੬, ੩:੧ (31)

(2) ਨਸ ਜਾਏ, ਦੂਰ ਹੋਏ
"ਸਤਿਗੁਰੁ ਮਿਲੈ ਤ ਦੁਬਿਧਾ ਭਾਗੈ।"
-ਗਉ ੧, ੯, ੨:੧ (153)

ਭਾਗੋ ------ (1) ਚੰਗੇ ਲੇਖ
"ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ।"
-ਵਡ ੩, ਛੰਤ ੧, ੪:੫ (568)

(2) ਭਜਾਂ, ਨਸ ਕੇ ਜਾਵਾਂ
"ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ।"
-ਮਾਰੂ ੧, ਅਸ ੩, ੧:੧ (1010)

ਭਾਜ ------ ਭਜ ਜਾਵੇ ਭਾਵ ਦੂਰ ਹੋ ਜਾਵੇਗਾ
"ਸਹਾਜ ਸਮਾਨੋ ਤ ਭਰਮ ਭਾਜ।"
-ਬਸੰ ਕਬ, ੬, ੩:੪ (1195)

ਭਾਜਹੁ ----- ਭਜੋ, ਸਿਮਰੋ, ਜਪੋ
"ਉਡਿ ਜਾਇਗੋ ਧੂਮੁ ਬਾਦਰੋ ਇਕੁ ਭਾਜਹੁ ਰਾਮੁ ਸਨੇਹੀ।"
-ਸੋਰ ੫, ੪, ੧*:੨ (609)

ਭਾਜਨ ----- (1) ਭਜਨਾ, ਨਸਨਾ
"ਪ੍ਰਗਟ ਕੀਨੇ ਪ੍ਰਭ ਕਰਨੇਹਾਰੇ ਨਾਸਨ ਭਾਜਨ ਥਾਕੇ।"
-ਧਨਾ ੫, ੨੮, ੨:੧ (678)

(2) ਭਾਂਡੇ, ਬਰਤਨ
"ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ।"
-ਮਾਲੀ ਨਾਮ, ੩, ੧:੧ (988)

ਭਾਜਿ ------ ਭਜ ਕੇ, ਨਸ ਕੇ
"ਜੂਐ ਜਨਮੁ ਨ ਹਾਰਹੁ ਅਪਣਾ ਭਾਜਿ ਪੜਹੁ ਤੁਮ ਹਰਿ ਸਰਣਾ।"
-ਆਸਾ ੧, ਪਟੀ ੧੪:੨ (433)

ਭਾਜੀਐ ---- ਨਸ ਜਾਣਾ, ਭਜ ਜਾਣਾ
"ਨਾਹੀ ਦੇਖਿ ਨ ਭਾਜੀਐ ਪਰਮ ਸਿਆਨਪ ਏਹ।"
-ਗਉ ਕਬ, ਬਾਅ ੧੧:੨ (340)

ਭਾਜੁ ------ ਭਜ, ਜਪ, ਸਿਮਰ

“ਰੇ ਮਨ ਮੇਰੇ ਤੂ ਗੋਵਿਦ ਭਾਜੁ।”
-ਭੈਰ ੫, ੧੪, ੧*:੧ (1138)

ਭਾਜੈ ------ ਨਸੇਂ, ਛੱਡ ਕੇ ਜਾਏਂ
“ਰਣਿ ਰੂਤਉ ਭਾਜੈ ਨਹੀ ਸੂਰਉ ਥਾਰਉ ਨਾਉ।”
-ਗਉ ਕਬ, ਬਾਅ ੩੪:੨ (342)
“ਅਨਹਦ ਵਾਜੈ ਭ੍ਰਮੁ ਭਉ ਭਾਜੈ।”
(ਨਸੇ)
-ਮਾਰੂ ੧, ਸੋਲਾ ੧੩, ੧੦:੧ (1034)

ਭਾਟ ------ ਭੱਟ, ਜੱਸ ਗਾਇਣ ਕਰਨ ਵਾਲਾ
“ਅਬ ਰਾਖਹੁ ਦਾਸ ਭਾਟ ਕੀ ਲਾਜ।”
-ਸਵ ੪, ਨਲ ੧੨:੧ (1400)

ਭਾਠੀ ------ ਭੱਠੀ
“ਭਾਠੀ ਗਗਨੁ ਸਿੰਙਿਆ ਅਰੁ ਚੁੰਙਿਆ ਕਨਕ ਕਲਸ ਇਕੁ ਪਾਇਆ।”
-ਸਿਰੀ ਕਬ, ੩, ੨:੧ (92)
“ਉਹੀ ਭਾਠੀ ਉਹੀ ਪੋਚਾ ਉਹੀ ਪਿਆਰੇ ਉਹੀ ਰੂਚਾ।”
-ਗਉ ੫, ੧੫੭*, ੨:੧ (214)

ਭਾਂਡ ------ ਭੰਡ, ਭੈੜੇ ਪੁਰਸ਼, ਨਿਰਲਜ ਗਲ ਕਹਿਣ ਵਾਲਾ
“ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ।”
-ਬਿਲਾ ੫, ੫੮, ੨:੨ (815)
(ਗੁਰੂ ਗ੍ਰੰਥ ਕੋਸ਼ ‘ਮਸਖਰਾ’ ਕਰਦਾ ਹੈ)

ਭਾਂਡਸਾਲ ---- ਸੌਦੇ ਵਾਲੇ ਭਾਂਡੇ ਰੱਖਣ ਦੀ ਥਾਂ, ਗੁਦਾਮ
“ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ।”
-ਸੋਰ ੧, ੨, ੨:੨ (595)

ਭਾਡਾ ------ ਭਾਂਡਾ ਭਾਵ ‘ਹਿਰਦਾ’
“ਨਾਮਿ ਸਮਾਵੈ ਜੋ ਭਾਡਾ ਹੋਇ।”
-ਗਉ ੩, ੨੩, ੪:੧ (158)

ਹੋਰ ਰੂਪ:

ਭਾਂਡਾ –
“ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ।” (ਬਰਤਨ)
-ਜਪੁ ੧, ੩੮:੪ (8)

ਭਾਂਡਾ ------ (1) ਬਰਤਨ, ਵੇਖੋ ‘ਭਾਡਾ’
“ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ।” (ਭਾਵ ਸਰੀਰ)
-ਸੂਹੀ ੧, ੬, ੧:੧ (729)
“ਰਖਹਿ ਪੋਚਾਰਿ ਮਾਟੀ ਕਾ ਭਾਂਡਾ।” (ਭਾਵ ਸਰੀਰ)
-ਸੂਹੀ ੫, ੨੦, ੩:੧ (741)
“ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ।” (ਦਵਾਤ)

-ਮਲਾ ੧, ਵਾਰ ੨੮ਸ, ੧, ੧:੧ (1291)

(2) ਭੰਡੀ ਹੋਈ/ਨਿੰਦੀ ਹੋਈ ਚੀਜ਼
“ਘਿਅ ਪਟ ਭਾਂਡਾ ਕਹੈ ਨ ਕੋਇ।”
-ਤਿਲੰ ੧, ੨, ੩:੧ (721)

ਭਾਡੈ ------ ਬਰਤਨ ਵਿਚ, ਭਾਂਡੇ ਵਿਚ
“ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ।”
-ਸੋਰ ੧, ੬, ੫:੧ (597)

ਹੋਰ ਰੂਪ:

ਭਾਂਡੈ -
“ਊਂਧੈ ਭਾਂਡੈ ਟਿਕੈ ਨ ਕੋਇ।”
-ਗਉ ੩, ੨੩, ੪:੨ (158)
“ਲਾਲੁ ਜਵੇਹਰ ਨਾਮੁ ਪ੍ਰਗਾਸਿਆ ਭਾਂਡੈ ਭਾਉ ਪਵੈ ਤਿਤੁ ਅਈਆ।” (ਭਾਵ ਮਨ)
-ਬਿਲਾ ੪, ਅਸ ੩, ੨:੨ (834)

ਭਾਣਾ ------ (1) ਚੰਗਾ ਲਗਾ, ਭਾਅ ਗਿਆ
“ਜੋ ਤਿਸੁ ਭਾਣਾ ਸੋ ਥੀਐ ਅਵਰੁ ਨ ਕਰਣਾ ਜਾਇ।”
-ਸਿਰੀ ੧, ੧੧, ੩:੩ (18)
“ਨਾਮੁ ਤੇਰਾ ਹੈ ਸਾਚਾ ਸਦਾ ਮੈ ਮਨਿ ਭਾਣਾ।”
-ਵਡ ੧, ਛੰਤ ੨, ੨:੧ (566)

(2) ਹੁਕਮ
“ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ।”
-ਸਿਰੀ ੩, ੫੪, ੧:੨ (34)
“ਵਰਤੈ ਸਭ ਕਿਛੁ ਤੇਰਾ ਭਾਣਾ।”
-ਮਾਝ ੫, ੧੪, ੩:੨ (98)

(3) ਮਰਜ਼ੀ
“ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ।”
-ਜੈਤ ੫, ਛੰਤ ੧, ੩:੧ (703)

ਭਾਣਿ ------ ਭਾਣੇ/ਹੁਕਮ/ਮਰਜ਼ੀ ਅਨੁਸਾਰ
“ਬੋਲਾਇਆ ਬੋਲੈ ਗੁਰ ਕੈ ਭਾਣਿ।”
-ਆਸਾ ੫, ੧੦੧, ੪:੨ (396)

ਭਾਣਿਆ ---- ਚੰਗਾ ਲਗਾ
“ਬਧੇ ਕਰਨਿ ਸਲਾਮ ਖਸਮ ਨ ਭਾਣਿਆ।”
-ਮਾਝ ੧, ਵਾਰ ੧੧:੬ (143)

ਹੋਰ ਰੂਪ:

ਭਾਣੀ -
“ਹਰਿ ਹਰਿ ਕਥਾ ਮੇਰੈ ਮਨਿ ਭਾਣੀ।” (ਚੰਗੀ ਲਗੀ)
-ਮਾਝ ੪, ੪, ੨:੨ (95)

ਭਾਣੀਆ -

"ਨਾਨਕ ਜੋ ਪ੍ਰਭ ਭਾਣੀਆ ਮਰਉ ਵਿਚਾਰੀ ਸੁਲਿ।" (ਚੰਗਾ ਲਗਾ)
-ਗੂਜ ੫, ਵਾਰ ੬ਸ, ੫, ੨:੨ (519)

ਭਾਣੀਆ ---- (1) ਚੰਗਾ ਲਗਾ, ਵੇਖੋ ਭਾਣਿਆ
(2) ਮਰਜ਼ੀ ਅਨੁਸਾਰ
"ਸਿਦਕੁ ਸਬੂਰੀ ਸੰਤੁ ਨ ਮਿਲਿਓ ਵਤੈ ਆਪਣ ਭਾਣੀਆ।" (ਮਰਜ਼ੀ ਅਨੁਸਾਰ)
-ਮਾਰੂ ੫, ਅਸ ੮, ੬:੩ (1020)

ਭਾਣੀਐ ---- ਚੰਗਾ ਲਗੇ
"ਹੁਕਮੀ ਪੈਧਾ ਜਾਇ ਦਰਗਹ ਭਾਣੀਐ।"
-ਆਸਾ ੧, ਅਸ ੧੬, ੫:੧ (420)

ਭਾਣੁ ------ ਸੂਰਜ
"ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ।"
-ਰਾਮ ਬਸ, ਵਾਰ ੬:੮ (968)

ਭਾਣੇ ------ (1) ਚੰਗਾ ਲਗਣ ਦੇ, ਹੁਕਮ ਦੇ
"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।"
-ਜਪੁ ੧, ੬:੧ (2)

ਹੋਰ ਰੂਪ:

ਭਾਣੈ -
"ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ।"
-ਮਾਝ ੩, ਅਸ ੧੬, ੭:੩ (119)
(2) ਹੁਕਮ, ਰਜ਼ਾ
"ਗੁਰ ਕੇ ਭਾਣੇ ਵਿਚ ਅੰਮ੍ਰਿਤੁ ਹੈ ਸਹਜੇ ਪਾਵੈ ਕੋਇ।"
-ਸਿਰੀ ੩, ੪੬, ੪:੧ (31)

ਹੋਰ ਰੂਪ:

ਭਾਣੈ -
"ਬੰਦਿ ਖਲਾਸੀ ਭਾਣੈ ਹੋਇ।" (ਹੁਕਮ ਅਨੁਸਾਰ)
-ਜਪੁ ੧, ੨੫:੧੦ (5)

ਭਾਣੈ ------ (1) ਹੁਕਮ ਅਨੁਸਾਰ, ਵੇਖੋ ਭਾਣੇ (2)
(2) ਚੰਗਾ ਲਗਣਾ, ਵੇਖੋ 'ਭਾਣੇ' (1)
(3) ਵਾਸਤੇ, ਲਈ
"ਸੁਖੀ ਏ ਕਉ ਪੇਖੈ ਸਭ ਸੁਖੀਆ ਰੋਗੀ ਕੈ ਭਾਣੈ ਸਭ ਰੋਗੀ।"
-ਸੋਰ ੫, ੬, ੧:੧ (610)
(4) ਮਰਜ਼ੀ, ਇਛਾ
"ਸਤਿਗੁਰਿ ਭਾਣੈ ਆਪਣੈ ਬਹਿ ਪਰਵਾਰੁ ਸਦਾਇਆ।"
-ਰਾਮ ਸੁੰਦ, ਸਦ ੪:੧ (923)
"ਭਾਣੈ ਚਲੈ ਆਪਣੈ ਬਹੁਤੀ ਲਹੈ ਸਜਾਇ।"
-ਰਾਮ ੩, ਵਾਰ ੭ਸ, ੩, ੧;੨ (949)

ਭਾਤਉ ----- ਭਾਂਤ ਭਾਂਤ ਦੀਆਂ, ਵਭਿੰਨ
"ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ।"
-ਗਉ ੫, ਬਾਅ ੫:੨ (251)

ਭਾਂਤਨ ----- ਵਭਿੰਨ, ਭਾਂਤ ਭਾਂਤ ਦੇ
"ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ।"
-ਕਾਨ ੫, ੩੯, ੨:੧ (1306)

ਭਾਤਿ ------ ਪ੍ਰਕਾਰ, ਢੰਗ, ਤਰੀਕੇ
"ਭਾਤਿ ਭਾਤਿ ਬਨ ਬਨ ਅਵਗਾਹੇ।"
-ਮਾਝ ੫, ੧੨, ੧:੨ (98)
"ਨਿਤ ਸਉਦਾ ਸੂਦੁ ਕੀਚੈ ਬਹੁ ਭਾਤਿ ਕਰਿ ਮਾਇਆ ਕੈ ਤਾਈ।"
-ਗਉ ੪, ੪੮, ੩:੧ (166)

ਹੋਰ ਰੂਪ:

ਭਾਂਤਿ –
"ਸੇਵਾ ਕਰਉ ਦਾਸ ਦਾਸਨ ਕੀ ਅਨਿਕ ਭਾਂਤਿ ਤਿਸੁ ਕਰਉ ਨਿਹੋਰਾ।" (ਪ੍ਰਕਾਰ)
-ਗਉ ੫, ੧੨੧*, ੧:੧ (204)
"ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਅਪਨੀ ਭਾਂਤਿ।" (ਤਰੀਕੇ, ਢੰਗ)
-ਸਾਰ ੫, ੮, ੧:੨ (1200)

ਭਾਂਤਿ ------ (1) ਪ੍ਰਕਾਰ, ਤਰੀਕੇ, ਢੰਗ, ਵੇਖੋ 'ਭਾਤਿ'
(2) ਵਾਂਗ
"ਪੂਛਉ ਪੂਛਉ ਦੀਨ ਭਾਂਤਿ ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ।"
-ਸਾਰ ੫, ੫, ੨:੧ (1204)
(3) ਭਾਉਂਦਾ, ਚੰਗਾ ਲਗਦਾ
"ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ।"
-ਕਾਨ ੫, ੧੫, ੧:੧ (1301)
(4) ਵਖ ਵਖ ਤਰ੍ਹਾਂ ਦੀ ਰਚਨਾ
"ਆਪੇ ਭਾਂਤਿ ਬਣਾਏ ਬਹੁ ਰੰਗੀ ਸਿਸਟਿ ਉਪਾਇ ਪ੍ਰਭਿ ਖੇਲੁ ਕੀਆ।"
-ਪ੍ਰਭਾ ੩, ੬, ੧:੧ (1334)

ਭਾਤੀ ------ ਪ੍ਰਕਾਰ, ਢੰਗ, ਤਰੀਕੇ
"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।"
-ਜਪੁ ੧, ੨੭:੧੯ (6)

ਹੋਰ ਰੂਪ:

ਭਾਂਤੀ –
"ਆਪੇ ਰੂਪ ਕਰੇ ਬਹੁ ਭਾਂਤੀ ਨਾਨਕੁ ਬਪੁੜਾ ਏਵ ਕਹੈ।"
-ਆਸਾ ੧, ੫, ੪:੨ (350)

ਭਾਤੀਈ ------ ਭਤੀਜਿਆਂ

"ਪੁਤੀ ਭਾਤੀਈ ਜਾਵਾਈ ਸਕੀ ਅਗਹੁ ਪਿਛਹੁ ਟੋਲਿ ਡਿਠਾ ਲਾਹਿਓਨੁ ਸਭਨਾ ਕਾ ਅਭਿਮਾਨੁ।"

–ਬਿਲਾ ੪, ਵਾਰ ੧੦:੨ (853)

ਭਾਤੀਜੇ ----- ਭਰਾ ਦਾ ਪੁਤਰ

"ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ।"

–ਵਡ ੧, ਅਲਾ ੫, ੪:੪ (582)

ਭਾਤੁ ------- ਭਤ, ਰਿਝੇ ਹੋਏ ਚਉਲ

"ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ।"

–ਆਸਾ ਕਬ, ੧੪, ੪:੧ (479)

ਭਾਤੇ ------- (1) ਭਾਂਤ, ਪ੍ਰਕਾਰ, ਰੀਤ

"ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੇ ਭਾਤੇ।"

–ਗਉ ੫, ੧੩੫*, ੨:੧ (209)

"ਤੂ ਅਥਾਹੁ ਅਪਾਰੁ ਅਤਿ ਊਚਾ ਅਵਰੁ ਨ ਤੇਰੀ ਭਾਤੇ।"(ਭਾਂਤ ਦਾ, ਵਰਗਾ)

–ਸੂਹੀ ੩, ੪੮, ੩:੧ (747)

(2) ਚੰਗੇ ਲਗੇ, ਭਾਏ

"ਗੁਰ ਪੂਰੈ ਉਪਦੇਸਿਆ ਜੀਵਨ ਗਤਿ ਭਾਤੇ ਰਾਮ ਰਾਜੇ।"

–ਆਸਾ ੫, ਛੰਤ ੩, ੨:੨ (454)

ਭਾਂਤੇ ------- ਵਰਗਾ, ਭਾਂਤ ਦਾ

"ਦੇਖੇ ਨਾਨਾ ਰੂਪ ਬਹੁ ਰੰਗਾ ਅਨ ਨਾਹੀ ਤੁਮ ਭਾਂਤੇ।"

–ਸਾਰ ੫, ੨੬, ੧:੧ (1209)

ਭਾਦਉ------ ਬਿਕਰਮੀ ਸੰਮਤ ਦਾ ਛੇਵਾਂ ਮਹੀਨਾ, ਵਰਗਾ ਰੁਤਾ ਦਾ ਦੂਜਾ ਮਹੀਨਾ

"ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।"

–ਤੁਖਾ ੧, ਬਾਰਾ ੧੦:੧ (1108)

ਭਾਦਵੇ ------ 'ਭਾਦਉ' ਦਾ ਮਹੀਨਾ

"ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ।"

–ਰਾਮ ੫, ਰੁਤੀ ੪:੧ (928)

ਭਾਦੁਇ ----- ਭਾਦੋਂ ਦੇ ਮਹੀਨੇ

"ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ।"

–ਮਾਝ ੫, ਬਾਰਾ ੭:੧ (134)

ਭਾਨ ------- ਸੂਰਜ, ਪ੍ਰਕਾਸ਼

"ਨਿਸਿ ਬਾਸੁਰ ਏਕ ਸਮਾਨ ਧਿਆਨ ਸੁਨਾਮ ਸੁਨੇ ਸੁਤੁ ਭਾਨ ਡਰ੍ਯਉ।"

–ਸਵ ੪, ਨਲ ੧੧:੩ (1400)

ਭਾਨ ਜੀ----- ਭੈਣ ਦੀ ਲੜਕੀ

"ਸਗਲਿਆ ਕੀ ਹਉ ਬਹਿਨ ਭਾਨਜੀ ਜਿਨਹਿ ਬਰੀ ਤਿਸੁ ਚੇਰੀ।"

–ਆਸਾ ਕਬ, ੪, ੨:੨ (476)

ਭਾਨਾ------- ਭਾਇਆ, ਚੰਗਾ ਲਗਾ
"ਮਨਿ ਨਾਮੁ ਜਪਾਨਾ ਹਰਿ ਹਰਿ ਮਨਿ ਭਾਨਾ ਹਰਿ ਭਗਤ ਜਨਾ ਮਨਿ ਚਾਉ ਜੀਉ।"
-ਆਸਾ ੪, ੧੩, ੧:੧ (447)

ਭਾਨਿ------- ਭੰਨ ਕੇ, ਤੋੜ ਕੇ
"ਅਬ ਭਉ ਭਾਨਿ ਭਰੋਸਉ ਆਵਾ।"
-ਗਉ ਕਬ, ਬਾਅ ੩੦:੨ (342)

ਭਾਨੀ------- (1) ਭਾਇਆ, ਚੰਗਾ ਲਗਾ
"ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ।"
-ਗਉ ੫, ੧੩੨*, ੪:੨ (208)

(2) ਭਾਉਂਦੇ ਚੰਗੇ ਲਗਦੇ
"ਹਸਤਿ ਘੋੜੇ ਜੋੜੇ ਮਨਿ ਭਾਨੀ।"
-ਆਸਾ ੫, ੮੬, ੩:੨ (392)

(3) ਭਜ ਗਈ
"ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ।"
- ਮਾਲੀ ੪, ੬, ੩:੨ (986)

ਭਾਨੁ ------- ਸੂਰਜ
"ਕਹਿ ਕਬੀਰ ਮਨਿ ਭਇਆ ਪ੍ਰਗਾਸਾ ਓਦੈ ਭਾਨੁ ਜਬ ਚੀਨਾ।"
-ਗਉ ਕਬ, ਅਸ ੪੩, ੨:੨ (332)

ਭਾਨੇ ------- (1) ਭਾਏ, ਚੰਗੇ ਲਗੇ
"ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ।"
-ਮਾਝ ੫, ੨੦, ੪:੨ (100)

ਹੋਰ ਰੂਪ:

ਭਾਨੈ-
"ਤੂ ਦਾਤਾ ਮਾਗਨ ਕਉ ਸਗਲੀ ਦਾਨੁ ਦੇਹਿ ਪ੍ਰਭ ਭਾਨੈ।" (ਭਾਵੇ, ਹੁਕਮ ਅਨੁਸਾਰ)
-ਸੋਰ ੫, ੧੮, ੨:੨ (613)

(2) ਭੰਨੇ, ਤੋੜੇ
"ਨਾਰਾਇਣ ਦੰਤ ਭਾਨੇ ਡਾਇਣ।"
-ਗੋਂਡ ੫, ੧੯, ੨:੪ (868)

ਹੋਰ ਰੂਪ:

ਭਾਨੈ-
"ਸੋ ਕਿਉ ਬਿਸਰੈ ਜਿ ਘਾਲ ਨ ਭਾਨੈ।" (ਭੰਨ੍ਹਦਾ ਭਾਵ ਨਿਹਫਲ ਨਹੀਂ ਕਰਦਾ)
-ਗਉ ੫, ਸੁਖ ੨੦, ੪:੧ (289)

ਭਾਭੀ------- ਭਰਾ ਦੀ ਪਤਨੀ
"ਤੀਜੈ ਭਯਾ ਭਾਭੀ ਬੇਬ।"
-ਮਾਝ ੧, ਵਾਰ ੧ਸ, ੧, ੨:੩ (137)

ਭਾਂਭੀਰੀ ------ ਤਿੱਤਲੀ

"ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ।"
-ਸੋਰ ੫, ੬੧, ੩:੨ (624)

ਭਾਯਉ------ ਭਾਇਆ, ਚੰਗਾ ਲਗਾ
"ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ।"
-ਸਵ ੫, ਹਰਿ ੨:੧ (1409)

ਭਾਰ ------- (1) ਪਦਾਰਥ, ਪਦਾਰਥਾਂ ਦਾ ਸਮੂਹ
"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।"
-ਜਪੁ ੧, ੧:੩ (1)

(2) ਢੇਰ
"ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ।"
-ਸਿਰੀ ੧, ਅਸ ੯, ੮:੧ (59)
"ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ।"
-ਧਨਾ ੫, ੪੨, ੧*:੨ (681)

(3) ਵਜ਼ਨ ਦੀ ਇਕ ਇਕਾਈ, ਵੀਹ ਧੜੀਆਂ ਅੰਨ ਪੰਜ ਮਨ ਕਚੇ ਪੁਰਾਣਾਂ ਅਨੁਸਾਰ ਜੇ ਹਰ ਨਿਯਮ ਦੇ ਇਕ ਇਕ ਪਤੇ ਨੂੰ ਇਕਠਾ ਕੀਤਾ ਜਾਵੇ ਤਾਂ ਉਸ ਦੇ ਵਜ਼ਨ ਨੂੰ ਭਾਰ ਕਿਹਾ ਜਾਂਦਾ ਹੈ
"ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ।"(ਭਾਵ ਸਾਰੀ ਬਨਸਪਤੀ)
-ਮਾਝ ੧, ਵਾਰ ੯ਸ, ੧, ੨:੧ (142)

(4) ਬੋਝ, ਵਜ਼ਨ, ਪੰਡ
"ਇਕਨੀ ਬਧੇ ਭਾਰ ਇਕਨਾ ਤਾਖਤੀ।"
-ਮਾਝ ੧, ਵਾਰ ੧੦:੮ (142)
"ਮੈ ਗੁਣ ਗਲਾ ਕੇ ਸਿਰਿ ਭਾਰ।" (ਪੰਡਾਂ)
-ਆਸਾ ੧, ੯, ੧:੧ (351)

(5) ਭਾਰਾ, ਬੋਝਲ
"ਜਗਨ ਕਰੈ ਬਹੁ ਭਾਰ ਅਫਾਰੀ।"
-ਗਉ ੧, ਅਸ ੯, ੨:੨ (224)
(ਅਠ ਹਜ਼ਾਰ ਤੋਲੇ ਪ੍ਰਮਾਣ ਭਾਰ-ਮਹਾਨਕੋਸ਼)

(6) ਜੁਮੇਂ, ਨਿਰਭਰ, ਆਧਾਰ
"ਤੀਨਿ ਲੋਕ ਜਾ ਕੈ ਹਹਿ ਭਾਰ।"
-ਗਉ ਕਬ, ੨੨, ੨:੧ (328)

(7) ਮੁਸੀਬਤ, ਅਪਦਾ, ਦੁਖ
"ਜਿਹ ਸਿਮਰਨਿ ਨਹੀ ਤੁਝੁ ਭਾਰ।"
-ਰਾਮ ਕਬ, ੯, ੮:੧ (971)

(8) ਭਾੜ, ਭੱਠ
"ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ।"(ਭਠ ਵਾਂਗ)
-ਤੁਖਾ ੧, ਬਾਰਾ ੭:੨ (1108)

(9) ਪਰਵ, ਕਾਂਡ
"ਨਿਸਿ ਦਿਨ ਉਚਰੈ ਭਾਰ ਅਠਾਰ।" (ਅਠਾਰ੍ਹਾਂ ਪਰਵਾਂ ਵਾਲਾ ਮਹਾਂ ਭਾਰਤ)
-ਸਾਰ ੪, ਵਾਰ ੧ਸ, ੧, ੩:੨ (1237)

(10) ਸਮੁਦਾਯ,ਇਕਠ
“ਸਭੇ ਰੁਤੀ ਮਾਹਿ ਸਭਿ ਸਭਿ ਧਰਤੰੀ ਸਭਿ ਭਾਰ।”
-ਸਾਰ ੪, ਵਾਰ ੧੧ਸ, ੧, ੧:੨ (1241)
“ਪਾਤਾਲ ਪੁਰੀਆ ਏਕ ਭਾਰ ਹੋਵਹਿ ਲਾਖ ਕਰੋੜਿ।”
-ਪ੍ਰਭਾ ੧, ੨, ੨:੧ (1328)

ਭਾਰੰ -------- ਬੋਝ, ਭਾਰ, ਵਜਨ
“ਹੁਕਮੇ ਧਰਤੀ ਧਉਲ ਸਿਰਿ ਭਾਰੰ।”
-ਮਾਰੂ ੧, ਸੋਲਾ ੧੬, ੧੧:੧ (1037)

ਭਾਰਹਿ ------ ਭਾਰ/ਬੋਝ ਦਾ
“ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ।”
-ਸਲੋ ਕਬ, ੮੯:੨ (1369)

ਭਾਰਜਾ ------ ਇਸਤ੍ਰੀ, ਰਾਗਨੀ
“ਸਰਸ ਅਹੀਰੀ ਲੈ ਭਾਰਜਾ।”
-ਰਾਗ ੧:੨੭ (1430)

ਭਾਰਾ-------- (1) ਵਡਾ, ਦੀਰਅ, ਬਹੁਤ
“ਕੂੜੁ ਕਮਾਵਨਿ ਦੁਖੁ ਲਾਗੈ ਭਾਰਾ।”
-ਮਾਝ ੩, ਅਸ ੧੧, ੭:੨ (116)
“ਤਾਜੀ ਤੁਰ ਕੀ ਸੁਇਨਾ ਰੁਪਾ ਕਪੜ ਕੇਰੇ ਭਾਰਾ।”(ਬਹੁਤ)
-ਗਉ ੧, ੧੩, ੪:੧ (155)
(2) ਸ੍ਰੇਸ਼ਟ, ਵਡਾ
“ਸਾਹੁ ਹਮਾਰਾ ਠਾਕੁਰੁ ਭਾਰਾ ਹਮ ਤਿਸ ਕੇ ਵਣਜਾਰੇ।”
-ਗਉ ੧, ੧੩, ੬:੧ (155)
(3) ਨਾ ਸਹਾਰੇ ਜਾਣ ਵਾਲਾ, ਕਮਾਉਣ ਵਿਚ ਔਖਾ
“ਹੁਕਮੁ ਤੇਰਾ ਖਰਾ ਭਾਰਾ ਗੁਰਮੁਖਿ ਕਿਸੈ ਬੁਝਾਏ।”
-ਆਸਾ ੩, ਛੰਤ ੭, ੯:੫ (441)
(4) ਭਾਰ, ਬੋਝ
“ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ।”
-ਸੋਰ ੫, ੨੬, ੨:੨ (616)
(5) ਭਾਰੀ, ਬੋਝਲ
“ਨਾਮ ਬਿਨਾ ਨਾਹੀ ਕੋ ਬੇਲੀ ਬਿਖ ਲਾਦੀ ਸਿਰਿ ਭਾਰਾ।”
-ਧਨਾ ੧, ਛੰਤ ੨, ੩:੪ (688)
“ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ।”(ਭਾਰੀ ਤੋਲ ਵਾਲੀ)
-ਸੂਹੀ ੫, ਛੰਤ ੪, ੪:੫ (779)
(6) ਪਰਨੇ
“ਭਵਜਲੁ ਪਾਰਿ ਨ ਪਾਵਹਿ ਕਬਹੀ ਡੂਬਿ ਮੁਏਬਿਨੁ ਗੁਰ ਸਿਰਿ ਭਾਰਾ।”
-ਭੈਰ ੩, ਅਸ ੨, ੬:੨ (1155)

ਭਾਰਿ-------- (1) ਪਰਨੇ

"ਕੈ ਵਿਚਿ ਧਰਤੀ ਕੈ ਆਕਾਸੀ ਉਰਧਿ ਰਹਾ ਸਿਰਿ ਭਾਰਿ।"
-ਮਾਝ ੧, ਵਾਰ ੪ਸ, ੧, ੧:੨ (139)

(2) ਬੋਝ/ ਵਜ਼ਨ ਨਾਲ
"ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰਿ ਬੁਡਈਆ।"
-ਬਿਲਾ ੪, ਅਸ ੨, ੬:੨ (834)

(4) ਬੋਝ, ਵਜ਼ਨ
"ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ।"
-ਰਾਮ ੫, ਵਾਰ ੨0ਸ, ੫, ੧:੨ (965)

ਭਾਰਿਆ------ ਭਾਲਿਆ, ਢੂੰਡਿਆ, ਲਭਿਆ
"ਪ੍ਰਭ ਪਾਏ ਹਮ ਅਵਰੁ ਨ ਭਾਰਿਆ।"
-ਗਉ ੧, ਅਸ ੧੫, ੭:੩ (228)

ਭਾਰੀ ------ (1) ਸ੍ਰੇਸ਼ਟ, ਵਡਾ
"ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ।"
-ਮਾਝ ੫, ੩੩, ੧:੨ (104)

"ਬਿਖੈ ਰਾਜ ਤੇ ਅੰਧੁਲਾ ਭਾਰੀ।"
-ਗਉ ੫, ੧੫੧, ੧:੧ (196)

(2) ਬੋਝਲ ਭਾਵ ਦੁਖਦਾਈ
"ਤਿਨ ਕਉ ਜਨਮੁ ਮਰਣੁ ਅਤਿ ਭਾਰੀ ਵਿਚਿ ਵਸਟਾ ਮਰਿ ਮਰਿ ਪਾਚੇ।"
- ਗਉ ੪, ੫੫, ੨:੨ (169)

"ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ।"(ਅਗਾ ਮੁਸ਼ਕਲ/ਦੁਖਦਾਈ ਬਣਾ ਰਿਹਾ ਹੈ)
-ਗਉ ਕਬ, ੪੫, ੩:੧ (332)

(3) ਵਡੀ
"ਤਬ ਇਸ ਕਉ ਹੈ ਮੁਸਕਲੁ ਭਾਰੀ।"
-ਗਉ ੫, ਅਸ ੧, ੩:੨ (235)

"ਮਹਾ ਬਿਖਮ ਸਾਗਰੁ ਅਤਿ ਭਾਰੀ ਉਧਰਹੁ ਸਾਧੂ ਸੰਗਿ ਰਵਾਲਾ।"(ਵਡਾ ਬਿਖਨ)
-ਬਿਲਾ ੫, ੨੨, ੧*:੨ (806)

(4) ਵਜ਼ਨਦਾਰ, ਬੋਝਲ
"ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲਕੀ ਲਗੈ ਨ ਭਾਰੀ।"
-ਗਉ ਕਬ, ੪੮, ੧*:੨ (333)

(5) ਬਹੁਤ
"ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ।"
-ਆਸਾ ੧, ਅਸ ੧੫, ੫:੧ (419)

"ਪ੍ਰੇਮ ਠਗਉਰੀ ਜਿਨ ਕਉ ਪਾਈ ਤਿਨ ਰਸੁ ਪੀਅਉ ਭਾਰੀ।"(ਬਹੁਤ, ਸ੍ਰੇਸ਼ਟ)
-ਜੈਤ ੫, ੧੧, ੧:੧ (702)

(6) ਪਰਨੇ
"ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ।"
-ਸੋਰ ੧, ਅਸ ੨, ੨:੩ (635)

(7) ਭਾਰ, ਸਮਦਯ

"ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ।"
-ਸੋਰ ਕਬ, ੧, ੩:੧ (654)

(8) ਭਾਵ ਭਾਰੀ/ ਵਡੀ ਸਜ਼ਾ
"ਅਬ ਕੈ ਕਹਿਐ ਨਾਮੁਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ।"
-ਮਾਰੂ ੧, ਅਸ ੧੨, ੪:੩ (993)

(9) ਭਾਵ ਭਾਰੀ/ ਵਡੀ ਮੁਸ਼ਕਲ/ ਔਕੜ
"ਦਿਉਸ ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ ਭਾਰੀ।"
-ਸਾਰ ੫, ੫੯, ੧:੧ (1216)

ਭਾਰੁ ------- (1) ਬੋਝ, ਵਜ਼ਨ
"ਧਵਲੈ ਉਪਰਿ ਕੇਤਾ ਭਾਰੁ।"
-ਜਪੁ ੧, ੧੬:੧੦ (3)
"ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ।"(ਪਾਪਾਂ ਦਾ ਬੋਝੁ)
-ਸਿਰੀ ੧, ੨੩, ੪:੨ (23)

(2) ਗੰਢ, ਢੇਰ
"ਸੁਣਿ ਸੁਣਿ ਗੰਢਣੁ ਗੰਢੀਐ ਲਿਖਿ ਪੜਿ ਬੁਝਹਿ ਭਾਰੁ।"
-ਸਿਰੀ ੧, ੧੭, ੨:੧ (20)

(3) ਭਾਰੀ, ਵਡਾ
"ਤਬ ਨਰੁ ਸੁਤਾ ਜਾਗਿਆ ਸਿਰਿ ਡੰਡਿ ਲਗਾ ਬਹੁ ਭਾਰੁ।"
-ਸਲੋ ੩, ੪੨:੩ (1417)

ਭਾਰੇ ------- (1)ਬੋਝਲ
"ਹਿਕਨੀ ਲਦਿਆ ਹਿਕਿ ਲਦਿ ਗਏ ਹਿਨਿ ਭਾਰੇ ਭਰ ਨਾਲਿ।"
-ਮਾਝ ੧, ਅਸ ੧੦, ੭:੧ (1015)

(2) ਭਾਲ ਲਿਆ, ਢੂੰਢ ਲਿਆ
"ਗ੍ਰਾਮ ਗ੍ਰਾਮ ਨਗਰ ਸਭ ਫਿਰਿਆ ਰਿਦ ਅੰਤਰਿ ਹਰਿ ਜਨ ਭਾਰੇ।"
-ਨਟ ੪, ਅਸ ੫, ੬:੧ (983)

(3) ਭਾਵ ਪਾਪਾਂ ਦਾ ਭਾਰ ਨਾਲ ਬੋਝਲ
"ਭਾਰੇ ਢਹਤੇ ਢਹਿ ਪਏ ਹਉਲੇ ਨਿਕਸੇ ਪਾਰਿ।"
-ਰਾਮ ੧, ਓਅੰ ੩੧:੨ (933)

(4) ਬੋਝੇ, ਪੰਡਾਂ
"ਜਨਮ ਮਰਨ ਚੂਕੇ ਸਭਿ ਭਾਰੇ।"
-ਆਸਾ ੫, ੩੬, ੧*:੧ (379)

ਭਾਰੇਣ ------- ਫਰੋ ਵਿਚ
"ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ।"
-ਆਸਾ ੫, ੨:੨ (1360)

ਭਾਰੈ ------- ਪਰਨੇ
"ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ।"
-ਸਾਰ ੫, ੧੦, ੩:੨ (1205)

ਭਾਰੋ ------- (1) ਬੋਝ, ਵਜ਼ਨ, ਭਾਰ
"ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ।"
-ਗਉ ੧, ੧੩, ੧:੨ (154)
"ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ।"(ਪਾਪਾ ਦਾ ਭਾਰ)
-ਵਡ ੧, ਅਲਾ ੪, ੩:੫ (581)
(2) ਵਡਾ, ਸ੍ਰੇਸ਼ਟ
"ਤੂ ਭਾਰੋ ਠਾਕੁਰੁ ਮੇਰਾ।"
-ਸੋਰ ੫, ੫੪, ੨:੪ (622)

ਭਾਰੋਸਉ----- ਵਿਸ਼ਵਾਸ, ਭਰੋਸਾ, ਭਰਵਾਸਾ
"ਕਹੁ ਨਾਨਕ ਏਕੈ ਭਾਰੋਸਉ ਬੰਧਨ ਕਾਟਨਹਾਰੁ ਗੁਰੁ ਮੇਰੋ।"
-ਕਾਨ ੫, ੨੬, ੨:੨ (1303)

ਭਾਰੋਸਾ ----- ਵਿਸ਼ਵਾਸ਼ਾ, ਭਰਵਾਸਾ
"ਕਾਰਜੁ ਸਗਲ ਅਰੰਭਿਓ ਘਰ ਕਾ ਠਾਕੁਰ ਕਾ ਭਾਰੋਸਾ।"
-ਮਲਾ ੫, ੩, ੧:੨ (1266)

ਹੋਰ ਰੂਪ:

ਭਾਰੋਸੈ-
"ਕਹੁ ਨਾਨਕ ਠਾਕੁਰ ਭਾਰੋਸੈ ਕਹੂ ਨ ਮਾਨਿਓ ਮਨਿ ਛੀਨਾ।"(ਭਰੋਸੇ ਤੇ)
-ਬਿਲਾ ੫, ੯੭, ੨:੨ (823)

ਭਾਲ ------- (1) ਢੂੰਡ
"ਮਿਟਿ ਗਈ ਭਾਲ ਮਨੁ ਸਹਜਿ ਸਮਾਨਾ।"
-ਆਸਾ ੫, ੭੪, ੪:੧ (389)
(2) ਭਲਾ
"ਜੋ ਹਰਿ ਜਨੁ ਹੈ ਭਲ ਭਾਲ।"
-ਨਟ ੪, ੯, ੧*:੩ (977)

ਭਾਲਹਿ ----- ਭਾਲਦੇ ਹਨ
"ਤਿਸੁ ਵਿਚਿ ਨਉ ਨਿਧਿ ਨਾਮੁ ਏਕੁ ਭਾਲਹਿ ਗੁਣੀ ਗਹੀਰੁ।"
-ਮਾਝ ੧, ਵਾਰ ੧੮ਸ, ੨, ੧:੨ (146)

ਭਾਲਕਾ ----- ਲਭੀਦੇ ਹਨ, ਭਾਲੀ ਦੇ ਹਨ
"ਤੇਰੈ ਰੰਗਿ ਰਤੇ ਤੁਧੁ ਜੇਹੇ ਵਿਰਲੇ ਕੇਈ ਭਾਲਕਾ।"
-ਮਾਰੂ ੫, ਸੋਲਾ ੧੩, ੧੨:੩ (1085)

ਭਾਲਣ------ ਲਭਣ ਲਈ, ਢੂੰਢਣ ਲਈ
"ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ।"
-ਆਸਾ ੧, ੭, ੩:੧ (350)

ਹੋਰ ਰੂਪ:

ਭਾਲਣਾ-
"ਬਿਨਸੈ ਬੈਰ ਨਾਹੀ ਕੋ ਬੈਰੀ ਸਭੁ ਏਕੋ ਹੈ ਭਾਲਣਾ।"(ਢੂੰਢਣਾ, ਇਥੇ ਭਾਵ ਵੇਖਣਾ)

-ਮਾਰੂ ੫, ਸੋਲਾ ੬, ੧੩:੩ (1077)

ਭਾਲਣਿ–
"ਸਰੀਰਹੁ ਭਾਲਣਿ ਕੋ ਬਾਹਰਿ ਜਾਏ।"(ਲਭਣ ਲਈ)
-ਮਾਝ ੩, ਅਸ ੨੫, ੪:੧ (124)

ਭਾਲਣੋ–
"ਜਿਸੁ ਆਇਆ ਹਥਿ ਨਿਧਾਨੁ ਸੁ ਰਹਿਆ ਭਾਲਣੋ।"(ਢੂੰਢਣ ਤੋਂ ਭਾਵ ਭਟਕਣ ਤੋਂ)
-ਰਾਮ ੫, ਵਾਰ ੧੩:੫ (963)

ਭਾਲਦਾ ------ ਢੂੰਡਦਾ, ਲਭਦਾ, ਲੋੜਦਾ ਸੀ
"ਪਾਇਆ ਨਾਮੁ ਨਿਧਾਨੁ ਜਿਸ ਨੋ ਭਾਲਦਾ।"
-ਗੂਜ ੫, ਵਾਰ ੨੧:੩ (524)

ਭਾਲਨੀ ------ ਭਾਲਦੇ, ਲਭਦੇ
"ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ।"
-ਮਾਰੂ ੩, ਵਾਰ ੧੯:੨ (1093)

ਭਾਲਾ-------- ਲਭਦਾ ਹੈ, ਭਾਲਦਾ ਹੈ
"ਬਿਨੁ ਜਗਦੀਸ ਕਹਾ ਸੁਖੁ ਭਾਲਾ।"
-ਗਉ ੧, ਅਸ ੧0, ੨:੩ (225)

ਭਾਲਾਇ------ ਭਾਲ ਕਰ, ਢੂੰਢ, ਲਭ
"ਮਨ ਕਰਹਲਾ ਮੇਰੇ ਪ੍ਰੀਤਮਾ ਹਰਿ ਰਿਦੈ ਭਾਲਿ ਭਾਲਾਇ।"
-ਗਉ ੪, ਕਰ ੧, ੪:੧ (234)

ਹੋਰ ਰੂਪ:

ਭਾਲਾਈ–
"ਹਉ ਮਨ ਤਨੁ ਖੋਜੀ ਭਾਲਿ ਭਾਲਾਈ।"(ਭਾਲ ਕਰਵਾਈ, ਢੂੰਡਵਾਇਆ)
-ਮਾਝ ੪, ੨, ੨:੧ (94)

ਭਾਲਿ ------- ਢੂੰਡ ਕੇ, ਢੂੰਡ, ਲਭ
"ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।"
-ਜਪੁ ੧, ੨੨:੨ (5)

"ਵਿਣੁ ਨਾਵੈ ਹੋਰਿ ਕਰਮ ਨ ਭਾਲਿ।"(ਲਭ)
-ਆਸਾ ੧, ੨0, ੨:੪ (355)

ਹੋਰ ਰੂਪ:

ਭਾਲਿਆ–
"ਤੁਧੁ ਜੇਵਡੁ ਅਵਰੁ ਨ ਭਾਲਿਆ ਤੂੰ ਦੀਪ ਲੋਅ ਪਇ ਆਲਿਆ।"(ਲਭਿਆ, ਪਾਇਆ)
-ਸਿਰੀ ੫, ਅਸ ੨੯, ੧੬:੧ (74)

ਭਾਲੀ–
"ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ।"(ਲਭਾ, ਖੋਜਾਂ)

–ਬਿਲਾ ੧, ੪, ੨:੨ (796)
“ਵਿਚਿ ਕਾਇਆ ਨਗਰ ਲਧਾ ਹਰਿ ਭਾਲੀ।”(ਭਾਲ ਕੇ)
–ਭੈਰ ੪, ੩, ੩:੨ (1134)
“ਨਾਨਕ ਹਉ ਪਿਰੁ ਭਾਲੀ ਆਪਣਾ ਸਤਿਗੁਰ ਨਾਲਿ ਦਿਖਾਲਿਆ।”
(ਲਭਦਾ ਹਾਂ)
–ਸਲੋ ੪, ੪:੫ (1421)

ਭਾਲੀਅਹਿ–
“ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ।”(ਲਭ ਲਈਏ)
–ਸਿਰੀ ੫, ੭੩, ੨:੩ (43)

ਭਾਲੀਆ–
“ਚਾਰੇ ਕੁੰਡਾ ਭਾਲੀਆ ਸਹਬਿਨੁ ਅਵਰੁ ਨ ਜਾਇ।”(ਢੂੰਢੀਆਂ)
–ਸਿਰੀ ੫, ੮੯, ੨:੩ (49)

ਭਾਲੀਐ–
“ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ ਤੁਧੁ ਬਿਨੁ ਅਵਰੁ ਨ ਭਾਲੀਐ ਜੀਉ।”(ਦਿਸਦਾ)
–ਮਾਝ ੫, ੨੮, ੧:੩ (102)
“ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।”
–ਆਸਾ ੧, ਵਾਰ ੧੯ਸ, ੧, ੨:੩ (473)

ਭਾਲੇ–
“ਅੰਤਰਿ ਵਸਤੁ ਮੂੜਾ ਬਾਹਰੁ ਭਾਲੇ।”(ਲਭਦਾ ਹੈ)
–ਮਾਝ ੩, ਅਸ ੧੪, ੭:੧ (117)

ਭਾਲੈ–
“ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ।” (ਢੂੰਢੇ)
–ਆਸਾ ੪, ੬੨, ੧:੧ (368)

ਭਾਵ ------- (1) ਪਿਆਰ, ਪ੍ਰੇਮ
“ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ।”
–ਮਾਝ ੧, ਵਾਰ ੩ਸ, ੨, ੨:੩ (139)
“ਸਾਧਸੰਗਤਿ ਬਿਨਾ ਭਾਉ ਨਹੀ ਊਪਜੈ ਭਾਵ ਬਿਨੁ ਭਗਤਿ ਨਹੀ ਹੋਇ ਤੇਰੀ।”
–ਧਨਾ ਰਵਿ, ੨, ੨:੧ (694)

(2) ਚੰਗੇ ਖਿਆਲ
“ਕਹੀ ਨ ਊਪਜੈ ਉਪਜੀ ਜਾਣੈ ਭਾਵ ਅਭਾਵ ਬਿਹੂਣਾ।”
–ਆਸਾ ਕਬ, ੧, ੩:੧ (475)

(3) ਭਵਿਖ ਕਾਲ, ਆਉਣ ਵਾਲਾ ਸਮਾਂ
“ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨ ਮਿਦੰ।”
–ਗੂਜ ਜੈਦੇ, ੧, ੨:੨ (526)

(4) ਹਾਵ ਭਾਵ, ਨਖਰੇ
“ਮੋਹਨੀ ਮਹਾ ਬਚਿਤ੍ਰਿ ਚੰਚਲਿ ਅਨਿਕ ਭਾਵ ਦਿਖਾਵਏ।”
–ਬਿਲਾ ੫, ਛੰਤ ੩, ੨:੩ (847)

ਭਾਵਉ ------ ਚੰਗਾ ਲਗਾ, ਭਾਅ ਜਾਵਾਂ
“ਪਾਉ ਪਖਾਲਾ ਤਿਸ ਕੇ ਮਨਿ ਤਨਿ ਨਿਤ ਭਾਵਉ।”

-ਗਉ ੫, ਵਾਰ ੧ਸ, ੫, ੨:੨ (318)

ਭਾਵਈ ----- ਚੰਗੀ ਲਗੇ

"ਜੇ ਧਨ ਕੰਤਿ ਨ ਭਾਵਈ ਤ ਸਭਿ ਅਡੰਬਰ ਕੂੜੁ।"

-ਸਿਰੀ ੧, ੧੩, ੪:੩ (19)

ਹੋਰ ਰੂਪ:

ਭਾਵਏ-

"ਦੁਤੀਆ ਭਾਉ ਬਿਪਰੀਤਿ ਅਨੀਤਿ ਦਾਸਾ ਨਹ ਭਾਵਏ ਜੀਉ।"(ਚੰਗੀ ਲਗੇ)

-ਸਿਰੀ ੫, ਛੰਤ ੩, ੧:੨ (80)

ਭਾਵਸੀ ----- ਚੰਗਾ ਲਗੇਗਾ

"ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ।"

-ਸਿਰੀ ੧, ੭, ੪:੨ (17)

ਭਾਵਹ ------ ਚੰਗਾ ਲਗੇ

"ਕਰਿ ਪ੍ਰੇਮੁ ਰਾਵਹ ਤਿਸੈ ਭਾਵਹ ਇਕ ਨਿਮਖ ਪਲਕ ਨ ਤਿਆਗੀਐ।"

-ਬਿਲਾ ੫, ਛੰਤ ੨, ੨:੩ (846)

ਹੋਰ ਰੂਪ:

ਭਾਵਹਿ-

"ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ ਜੋ ਭਾਵਹਿ ਮੇਰੇ ਹਰਿ ਭਗਵੰਤਾ।" (ਚੰਗਾ ਲਗੇ)

-ਆਸਾ ੪, ਸੋਪੁ ੧, ੪:੫ (11)

ਭਾਵਹੀ-

"ਨਾਨਕ ਸਰਣਿ ਦੁਆਰਿ ਜੇ ਤੁਧੁ ਭਾਵਹੀ।"(ਚੰਗਾ ਲਗੇ)

-ਗਉ ੫, ਵਾਰ ੧੬ਸ, ੫, ੨:੮ (322)

ਭਾਵਹੁ-

"ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ।"(ਚੰਗੇ ਲਗੋ)

- ਵਡ ੧, ਅਲਾ ੨, ੨:੫ (579)

ਭਾਵਹੇ-

"ਮੁਰਿਨਰ ਸੁਘੜ ਸੁਜਾਣ ਗਾਵਹਿ ਜੋ ਤੇਰੈ ਮਨਿ ਭਾਵਹੇ।"(ਚੰਗਾ ਲਗੇ)

-ਵਡ ੧, ਛੰਤ ੨, ੨:੪ (566)

ਭਾਵਣਾ ----- ਚੰਗਾ ਲਗੇ

"ਬਾਲ ਸਹਾਈ ਸੋਈ ਤੇਰਾ ਜੋ ਤੇਰੈ ਮਨਿ ਭਾਵਣਾ।"

-ਮਾਰੂ ੫, ਸੋਲਾ ੧੪, ੧੨:੩ (1086)

ਹੋਰ ਰੂਪ:

ਭਾਵਣਿਆ-

"ਗੁਰ ਕੈ ਸਬਦਿ ਸਦਾ ਹਰਿ ਧਿਆਏ ਏਹਾ ਭਗਤਿ ਹਰਿ ਭਾਵਣਿਆ।"(ਚੰਗੇ ਲਗਦੇ ਹਨ)

-ਮਾਝ ੩, ਅਸ ੨੧, ੭:੪ (122)

ਭਾਵਣੀ–
“ਜੋ ਮਨਿ ਤਨਿ ਮੁਖਿ ਹਰਿ ਬੋਲੈ ਸਾ ਹਰਿ ਭਾਵਣੀ।”(ਚੰਗੀ ਲਗਦੀ ਹੈ)
–ਸੋਰ ੪, ਵਾਰ ੧੩:੨ (647)

ਭਾਵਤ ------ ਚੰਗਾ ਲਗੇ
“ਸਹਸ ਸਿਆਣਪ ਉਪਾਵ ਥਾਕੇ ਜਹ ਭਾਵਤ ਤਹ ਜਾਹੀ।”(ਭਾਵ ਹੁਕਮ ਹੋਵੇ)
–ਬਿਹਾ ੫, ਛੰਤ ੯, ੨:੪ (548)
“ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ ਜੋ ਭਾਵਤ ਹਰਿ ਰਾਮ ਮੁਰਾਰੀ।”(ਚੰਗੇ ਲਗਦੇ ਹਨ)
–ਸਾਰ ੪, ੧੧, ੨:੧ (1201)

ਹੋਰ ਰੂਪ:

ਭਾਵਤਾ–
“ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ।”(ਚੰਗਾ ਲਗਦਾ ਹੈ)
–ਆਸਾ ਕਬ, ੧੩, ੧*:੨ (478)
ਭਾਵਤੀ–
“ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।”(ਚੰਗੀ ਲਗਦੀ ਹੈ)
–ਰਾਮ ੫, ਰੁਤੀ ੭:੧ (929)
ਭਾਵਤੁ–
“ਕਬੀਰ ਐਸੀ ਹੋਇ ਪਰੀ ਮਨ ਕੋ ਭਾਵਤੁ ਕੀਨੁ।”(ਚੰਗਾ ਲਗੇ, ਭਾਵ ਮਨਮਰਜ਼ੀ)
–ਸਲੋ ਕਬ, ੭੧:੧ (1368)
ਭਾਵਤੋ –
“ਸੈਈ ਮਿਲਿਓ ਜੋ ਭਾਵਤੋ ਜਨ ਨਾਨਕ ਠਾਕੁਰ ਰਹਿਓ ਸਮਾਇ।”(ਚੰਗਾ ਲਗਦਾ ਸੀ)
–ਕਾਨ ੫, ੩੭, ੨:੪ (1305)

ਭਾਵਦਾ ----- ਚੰਗਾ ਲਗਦਾ, ਭਾਉਂਦਾ
“ਮੇਰੇ ਕਰਤੇ ਏਵੈ ਭਾਵਦਾ ਮਨਮੁਖ ਭਰਮਾਣੇ।”
–ਗਉ ੩, ੩੭, ੩:੪ (163)

ਹੋਰ ਰੂਪ:

ਭਾਵੰਦਾ–
“ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ।”(ਚੰਗਾ ਲਗਦਾ ਭਾਉਂਦਾ ਹੈ)
–ਮਾਝ ੫, ਅਸ ੩੯, ੭:੩ (132)
ਭਾਵਦੀ–
“ਗੁਰਸਿਖਾ ਕੈ ਮਨਿ ਭਾਵਦੀ ਗੁਰ ਸਤਿਗੁਰ ਕੀ ਵਡਿਆਈ।”(ਚੰਗੀ ਲਗਦੀ)
–ਗਉ ੪, ਵਾਰ ੧੯ਸ, ੪, ੨:੧ (310)
ਭਾਵੰਦੁ –
“ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ।” (ਚੰਗਾ ਲਗਦਾ)
– ਗਉ ੪, ਵਾਰ ੧੪:੪ (321)

ਭਾਵਦੇ–
“ਸੇ ਭਗਤ ਹਰਿ ਭਾਵਦੇ ਜੋ ਗੁਰਮੁਖਿ ਭਾਇ ਚਲੰਨਿ।”(ਚੰਗੇ ਲਗਦੇ ਹਨ)
–ਗਉ ੩, ਅਸ ੯, ੨:੧ (233)

ਭਾਵਨ ------ (1) ਭਾਉਂਦਾ ਹੈ, ਚੰਗਾ ਲਗਦਾ ਹੈ
“ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾ ਕੈ ਪਾਉ।”
–ਦੇਵ ੫, ੩੮, ੧*:੨ (536)
(2) ਭਾਵਨਾ, ਸ਼ਰਧਾ, ਪਿਆਰ
“ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।”
–ਸੋਰ ਰਵਿ, ੨, ੩:੧ (658)
(3) ਧਿਆਨ, ਚਿੰਤਨ
“ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ।”
–ਸੂਹੀ ੧, ੧, ੩:੧ (728)
(4) ਭਾਉਂਦਾ, ਮਰਜੀ
“ਨਾਨਕ ਠਾਕੁਰੁ ਸਰਬ ਸਮਾਣਾ ਆਪਨ ਭਾਵਨ ਕਰੀਆ।”
–ਸੂਹੀ ੫, ਛੰਤ ੪, ੨:੬ (779)

ਭਾਵਨਾ------ਚੰਗੇ ਲਗੇ
“ਨਉ ਨਿਧਿ ਰਿਧਿ ਸਿਧਿ ਪਾਈ ਜੋ ਤੁਮਰੈ ਮਨਿ ਭਾਵਨਾ।”
–ਮਾਰੂ ੫, ਅਸ ੫, ੫:੧ (1018)

ਭਾਵਨਿ -----ਚੰਗੇ ਲਗਦੇ ਹਨ, ਭਾਉਂਦੇ ਹਨ
“ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ।”
–ਜਪੁ ੧, ੨੭:੧੫ (6)

ਹੋਰ ਰੂਪ:

ਭਾਵੰਨਿ–
“ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ।”(ਚੰਗੇ ਲਗਨ)
–ਮਾਝ ੫, ਬਾਰਾ ੪:੪ (134)

ਭਾਵਨੀ–
“ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ।”(ਭਾਉਂਣਾ, ਚੰਗਾ ਲਗਣਾ)
–ਸਿਰੀ ੧, ਅਸ ੧, ੬:੧ (53)

ਭਾਵਨੀ------ (1) ਚੰਗਾ ਲਗਣਾ, ਭਾਉਣਾ, ਵੇਖੋ ‘ਭਾਵਨਿ’
(2) ਭਾਵਨਾ, ਸ਼ਰਧਾ, ਪਿਆਰ
“ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ।”
–ਗਉ ੪, ਵਾਰ ੧ਸ, ੪, ੧:੨ (300)
“ਹਰਿ ਜਸੁ ਲਿਖਹਿ ਲਾਇ ਭਾਵਨੀ ਸੇਹਸਤ ਪਵਿਤਾ।”
–ਗਉ ੫, ਵਾਰ ੧੯:੨ (322)
(3) ਸੰਸਕਾਰ
“ਕਰਮ ਭਾਵਨੀ ਸੰਗ ਲੀਨ।”
–ਬਸੰ ਕਬ, ੬, ੨:੨ (1195)

(4) ਨੀਅਤ
"ਸਾਧ ਸੰਗਿ ਰਾਮਈਆ ਰਸੁ ਪਾਇਓ ਨਾਨਕ ਜਾ ਕੈ ਭਾਵਨੀ ਨੀਕੀ।"
-ਮਲਾ ੫, ੨੫, ੨:੨ (1272)

(5) ਭਾਵੀ
"ਪਰਾ ਪੂਰਬਲੀ ਭਾਵਨੀ ਪਰਗਟੁ ਹੋਈ ਆਇ।"
-ਸਲੋ ਕਬ, ੨੦੭:੨ (1375)

ਭਾਵਨੀਆ---- ਸ਼ਰਧਾ, ਮੁਰਾਦ, ਭਾਵਨਾ
"ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ।"
-ਕਲਿ ੫, ੨, ੧:੧ (1321)

ਭਾਵਨੁ ------ (1) ਭਾਣਾ, ਹੁਕਮ, ਰਜ਼ਾ
"ਤੇਰਾ ਬਿਖਮੁ ਭਾਵਨੁ।"
-ਸਿਰੀ ੫, ੯੭, ੧*:੨ (51)

(2) ਸੰਕਲਪ, ਖਿਆਲ, ਵਿਚਾਰ
"ਭਾਵਨੁ ਤਿਆਗਿਓ ਰੀ ਤਿਆਗਿਓ।"
-ਗਉ ੫, ੧੬0*, ੧*:੧ (214)

(3) ਭਾਉਂਦੀ, ਮਰਜ਼ੀ
"ਕਾਹੇ ਕੀਜਤੁ ਹੈ ਮਨਿ ਭਾਵਨੁ।"(ਮਨਮਤ)
-ਮਾਰੂ ਕਬ, ੬, ੧*:੧ (1104)

ਭਾਵਨਿ੍ ----- ਚੰਗੇ ਲਗਨ
"ਸੇਈ ਤੁਧਨੋ ਗਾਵਨਿ੍ ਜੋ ਤੁਧੁ ਭਾਵਨਿ੍ ਰਤੇ ਤੇਰੇ ਭਗਤ ਰਸਾਲੇ।"
- ਆਸਾ ੧, ਸੋਦ ੧, ੧:੧੫ (347)

ਭਾਵਰਤੰ ----- ਗੁਣਾਂ/ ਪ੍ਰੇਮ ਨਾਲ ਰਤਾ ਹੋਇਆ, ਗੁਣਾਂ ਵਾਲਾ, ਪ੍ਰੇਮ ਵਾਲਾ
"ਪਰਮਾਦਿ ਪੁਰਖ ਮਨੋ ਪਿਮੰ ਸਤਿ ਆਦਿ ਭਾਵਰਤੰ।"
-ਗੂਜ ਜੈਦੇ, ੧, ੧:੧ (526)

ਭਾਵਰਿ ----- ਫੇਰੇ
"ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗ ਰਾਤੀ।"
-ਆਸਾ ਕਬ, ੨੪, ੧:੨ (482)

ਭਾਵਾ------- (1) ਚੰਗਾ ਲਗੇ, ਭਾਵੇ, ਪਸੰਦ ਹੋਵੇ
"ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।"
-ਜਪੁ ੧, ੬:੧ (2)

"ਆਗੈ ਸਹ ਭਾਵਾ ਕਿਨ ਭਾਵਾ।"(ਚੰਗਾ ਲਗਾਂ)
-ਆਸਾ ੧, ੨੬, ੨:੨ (357)

ਹੋਰ ਰੂਪ:

ਭਾਵਾਂ–
"ਕੀਮਤ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ।"(ਚੰਗੀ ਲਗਾਂ)
-ਤੁਖਾ ੧, ਬਾਰਾ ੬:੪ (1108)

(2) ਭਾਇਆ ਹੋਇਆ, ਪਸੰਦ ਹੋਇਆ
“ਕਾਮੁ ਕਰੀਜੇ ਠਾਕੁਰ ਭਾਵਾ।”(ਚੰਗਾ ਲਗਦਾ, ਭਾਉਂਦਾ)
-ਗਉ ੫, ੧੪੮*, ੨:੧ (212)

ਭਾਵਸਿ ----- ਭਾਉਂਦੀ/ਚੰਗੀ ਲਗਦੀ ਹੈ
“ਅਨਿਕ ਪੂਜਾ ਮੈ ਬਹੁ ਬਿਧਿ ਖੋਜੀ ਸਾ ਪੂਜਾ ਜਿ ਹਰਿ ਭਾਵਾਸਿ।”
-ਕਾਨ ੫, ੩੩, ੧:੧ (1304)

ਭਾਵੀ------- (1) ਚੰਗਾ ਲਗੇ
“ਜਿਉ ਭਾਵੀ ਤਿਉ ਨਾਮੁ ਜਪਾਇ।”
-ਗਉ ੧, ੧੦, ੩:੨ (154)

(2) ਭਾਣਾ, ਰਜ਼ਾ
“ਉਦੌਤੁ ਭਇਓ ਪੂਰਨ ਭਾਵੀ ਕੋ ਭੇਟੇ ਸੰਤ ਸਹਾਈ।”
-ਮਲਾ ੫, ੧੦, ੧:੨ (1268)

ਭਾਵੰੀ ------ ਭਾਵ ਨਾਲ, ਖਿਆਲ ਨਾਲ
“ਦੂਜੇ ਭਾਵੰੀ ਨਾਨਕਾ ਵਹਣਿ ਲੁੜੰਦੜੀ ਜਾਇ।”
-ਸਲੋ ੫, ੧੬:੨ (1425)

ਭਾਵੀਆ----- ਚੰਗਾ ਲਗਾ
“ਮਿਲੀਆ ਆਇ ਸੰਜੋਗਿ ਜਾਂ ਤਿਸੁ ਭਾਵੀਆ।”
-ਰਾਮ ੫, ਵਾਰ ੧੫:੮ (964)

ਭਾਵੀਸ ----- ਭਾਉਂਦਾ/ ਚੰਗਾ ਲਗਦਾ ਹੈ
“ਹਰਿ ਤੁਮ ਵਡ ਵਡੇ ਵਡੇ ਵਡ ਊਚੇ ਸੋ ਕਰਹਿ ਜਿ ਤੁਧੁ ਭਾਵੀਸ।”
-ਕਾਨ ੫, ੮, ੨:੧ (1298)

ਭਾਵੀਜਾ ----- ਭਾਅ ਗਿਆ, ਚੰਗਾ ਲਗਾ
“ਚਤੁਰੁ ਸਰੂਪੁ ਸਿਆਣਾ ਸੋਈ ਜੋ ਮਨਿ ਤੇਰੈ ਭਾਵੀਜਾ ਹੇ।”
-ਮਾਰੂ ੫, ਸੋਲਾ ੩, ੧੧:੩ (1074)

ਭਾਵੇ ------- ਚੰਗਾ ਲਗਦਾ
“ਏਕਹਿ ਆਸਾ ਦਰਸ ਪਿਆਸਾ ਆਨ ਨ ਭਾਵੇ।”
-ਆਸਾ ੫, ੧੪੭, ੨:੧ (407)

ਭਾਵੈ ------- (1) ਪਸੰਦ ਆਵੇ, ਚੰਗਾ ਲਗੇ
“ਜੋ ਤੁਧੁ ਭਾਵੈ ਸਾਈ ਭਲੀ ਕਾਰ।”
-ਜਪੁ ੧, ੧੬:੨੪ (3)

“ਜੋ ਤਿਸੁ ਭਾਵੈ ਸੁ ਆਰਤੀ ਹੋਇ।”
-ਧਨਾ ੧, ਸੋਹ ੩, ੩:੪ (13)

(2) ਚਾਹੇ, ਇਛੇ, ਮਰਜ਼ੀ ਹੋਵੇ
“ਜੇਵਡੁ ਭਾਵੈ ਤੇਵਡੁ ਹੋਇ।”
-ਜਪੁ ੧, ੨੬:੨੩ (6)

(3) ਭਾਵੇਂ, ਬੇਸ਼ਕ

"ਅੰਦਰਿ ਕਮਾਣਾ ਸਰਪਰ ਉਘੜੈ ਭਾਵੈ ਕੋਈ ਬਹਿ ਧਰਤੀ ਵਿਚ ਕਮਾਈ।"
-ਗਉ ੪, ਵਾਰ ੩੦ਸ, ੪, ੨:੭ (316)

ਭਾੜਾ-------- ਮਜੂਰੀ
"ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ।"
-ਗੂਜ ੫, ੮, ੩:੨ (497)

ਭਾੜਿ-------- ਭਾੜਾ, ਮਜੂਰੀ, ਇਥੇ ਭਾਵ ਦਖਣਾ
"ਲੈ ਭਾੜਿ ਕਰੇ ਵੀਆਹੁ।"
-ਆਸਾ ੧, ਵਾਰ ੧੫ਸ, ੧, ੪:੭ (471)

ਭਾੜੀ-------- ਮਜਦੂਰ
"ਭਾੜੀ ਕਉ ਓਹੁ ਭਾੜਾ ਮਿਲਿਆ ਹੋਰੁ ਸਗਲ ਭਇਓ ਬਿਰਾਨਾ।"
-ਗੂਜ ੫, ੮, ੩:੨ (497)

ਭਿ --------- ਵੀ, ਭੀ
"ਏਹਿ ਭਿ ਦਾਤਿ ਤੇਰੀ ਦਾਤਾਰ।"
-ਜਪੁ ੧, ੨੫:੯ (5)

ਭਿਸਤ ------- ਬਹਿਸ਼ਤ, ਸਵਰਗ
"ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ।"
-ਆਸਾ ਕਬ, ੮, ੧:੨ (477)

ਹੋਰ ਰੂਪ:

ਭਿਸਤਿ-
"ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਾਮਾਇ।"(ਬਹਿਸ਼ਤ ਵਿਚ)
-ਮਾਝ ੧, ਵਾਰ ੭ਸ, ੧, ੨:੩ (141)
"ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ।"(ਸਵਰਗ)
-ਪ੍ਰਭਾ ਕਬ, ੪, ੪:੨ (1350)

ਭਿਸਤੀ-
"ਪੀਰੁ ਪਛਾਣੈ ਭਿਸਤੀ ਸੋਈ ਅਜਰਾਈਲੁ ਨ ਦੋਜ ਠਰਾ।"(ਸਵਰਗ ਦਾ ਨਵਾਸੀ ਅਥਵਾ ਹਕਦਾਰ)
-ਮਾਰੂ ੫, ਸੋਲਾ ੧੨, ੧੧:੩ (1084)

ਭਿਸਤੁ-
"ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ।"(ਸਵਰਗ)
-ਸਿਰੀ ੧, ੨੭, ੧:੨ (24)

ਭਿਖ -------- (ਸੰ.) ਭਿਖਿਆ, ਮੰਗਣਾ, ਯਾਚਨਾ
"ਮੰਨੈ ਨਾਨਕ ਭਵਹਿ ਨ ਭਿਖ।"
-ਜਪੁ ੧, ੧੫:੪ (3)

"ਦਰਿ ਮੰਗਨਿ ਭਿਖ ਨ ਪਾਇਦਾ।"
-ਆਸਾ ੧, ਵਾਰ ੧੯:੫ (472)

ਭਿਖਾ------- ਇਕ ਭੱਟ ਜਿਸ ਦੇ ਗੁਰੂ ਅਮਰਦਾਸ ਜੀ ਬਾਰੇ ਦੋ ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।
"ਗੁਰੁ ਮਿਲ੍ਹਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ।"
-ਸਵ ੩, ੧੯:੬ (1395)

ਭਿਖਾਰੀ ----- ਮੰਗਤਾ
"ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ।"
-ਸੋਰ ਰਵਿ, ੧, ੨:੧ (657)

ਹੋਰ ਰੂਪ:

ਭਿਖਾਰੀਆ-
"ਹਰਿ ਦਾਤਾ ਸਭੁ ਜਗਤੁ ਭਿਖਾਰੀਆ ਮੰਗਤ ਜਨ ਜੰਤਾ।"
-ਸੋਰ ੪, ਵਾਰ ੨੦:੩ (650)

ਭਿਖਿਆ----- (1) ਭੀਖ, ਮੰਗੀ ਹੋਈ ਵਸਤ ਅੰਨ, ਖੈਰ
"ਏਕ ਸਬਦ ਇਕ ਭਿਖਿਆ ਮਾਗੈ।"
-ਗਉ ੧, ੬, ੪:੧ (223)
(2) ਹੇ ਭਿਖੇ ਭਟ ਵੇਖੋ ਭਿਖਾ
"ਗੁਰੁ ਦਯਿ ਮਿਲਾਯਉ ਭਿਖਿਆ ਜਿਵ ਤੂ ਰਖਹਿ ਤਿਵ ਰਹਉ।"
-ਸਵ ੩, ੨੦:੬ (1396)

ਭਿਖ੍ਹਾ------- ਭਿਖਿਆ/ਖੈਰ ਮੰਗਣਾ
"ਇਆ ਸੁਖ ਤੇ ਭਿਖ੍ਹਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ।"
-ਸਲੋ ਕਬ, ੧੧੨:੨ (1370)

ਭਿਗਾ ------ ਭਿਜਦਾ, ਰੀਝਦਾ
"ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ ਨ ਕਿਤ ਹੀ ਹੈ ਭਿਗਾ।"
-ਮਾਰੂ ੫, ਸੋਲਾ ੧੧, ੧੩:੩ (1083)

ਭਿਜਉ------ ਪਈ ਭਿਜੇ/ ਗਿਲੀ ਹੋਵੇ
"ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।"
-ਸਲੋ ਫਰ, ੨੫:੧ (1379)

ਭਿਜਈ ----- ਭਿਜਦਾ, ਪਤੀਜਦਾ, ਲਗਦਾ
"ਤਿਸ ਕਾ ਅੰਦਰੁ ਚਿਤੁ ਨ ਭਿਜਈ ਮੁਖਿ ਫੀਕਾ ਆਲਾਉ।"
-ਗੂਜ ੩, ਵਾਰ ੮ਸ, ੩, ੨:੩ (511)

ਭਿਜੈ ------- ਭਿਜਦਾ ਹੈ
"ਸਚੁ ਸਚੇ ਕੀ ਸਿਫਤਿ ਸਲਾਹ ਹੈ ਸੋ ਕਰੇ ਜਿਸੁ ਅੰਦਰੁ ਭਿਜੈ।"
-ਗਉ ੪, ਵਾਰ ੨੦:੧ (312)

ਭਿਟਿਓ ----- ਛੋਤ ਨਾਲ ਭ੍ਰਿਸ਼ਟ ਹੋਣਾ ਅਪਵਿਤਰ ਹੋਣਾ
"ਸੁਚੇ ਅਗੈ ਰਖਿ ਓਨੁ ਕੋਇ ਨ ਭਿਟਿਓ ਜਾਇ।"
-ਆਸਾ ੧, ਵਾਰ ੧੯ਸ, ੧, ੧:੨ (473)

ਭਿਟੀਐ ------ ਢੁਕੀਐ, ਸਪਰਸ਼ ਕਰੀਏ, ਨੇੜੇ ਆਈਏ, ਛੁਹੀਏ

"ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ।"

-ਸਿਰੀ ੪, ੬੬, ੩:੩ (40)

ਭਿਟੈ -------- (1) ਛੋਹਣਾ, ਢੁਕਣਾ, ਫਟਕਣਾ

"ਜਿਨਾ ਸਤਿਗੁਰ ਭੇਟਿਆ ਤਿਨ ਨੇੜਿ ਨ ਭਿਟੈ ਮਾਇ।"

-ਗਉ ੩, ਅਸ ੯, ੬:੨ (233)

(2) ਅਪਵਿਤਰ ਹੋਵੇ

"ਮਤੁ ਭਿਟੈ ਵੇ ਮਤਿ ਭਿਟੈ।"

-ਆਸਾ ੧, ਵਾਰ ੧੬ਸ, ੧, ੨:੧੭ (472)

ਭਿੰਤਰਿ ------ ਵਿਚ, ਅੰਤਰ

"ਤਿਨ ਕੌ ਅਵਤਾਰੁ ਭਯਉ ਕਲਿ ਭਿੰਤਰਿ ਜਸੁ ਜਗਤ੍ਰ ਪਰਿ ਛਾਇਯਉ।"

-ਸਵ ੪, ਬਲ ੩:੩ (1405)

ਭਿਤਾ-------- ਭੇਤ

"ਓਹੁ ਪਿਆਰਾ ਜੀਅ ਕਾ ਜੋ ਖੋਲੈ ਭਿਤਾ।"(ਭਾਵ ਪਰਦਾ)

-ਰਾਮ ੫, ਵਾਰ ੧੯:੪ (965)

ਭਿਤਿ-------- (1) ਭਾਂਤ/ਪ੍ਰਕਾਰ ਦਾ

"ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ।"

-ਸੂਹੀ ੩, ਵਾਰ ੨:੧ (786)

(2) ਚੋਗਾ

"ਪਉਦੀ ਭਿਤਿ ਦੇਖਿ ਕੈ ਸਭਿ ਆਇ ਪਏ ਸਤਿਗੁਰ ਕੀ ਪੈਰੀ ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ।"

-ਬਿਲਾ ੪, ਵਾਰ ੧੦:੬ (853)

ਭਿਨ -------- ਵਖ

"ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ।"

-ਸੂਹੀ ੫, ੪੪, ੧:੧ (746)

ਹੋਰ ਰੂਪ:

ਭਿੰਨ-

"ਭਿੰਨ ਭਿੰਨ ਵੇਖੈ ਹਰਿ ਪ੍ਰਭੁ ਰੰਗਾ।"(ਵੱਖ ਵੱਖ)

-ਗਉ ੩, ੨੯, ੧:੩ (160)

"ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ।"(ਵਖਰਾ)

-ਗਉ ੫, ਬਾਅ ੭ਸ:੧ (251)

"ਸਾਧ ਕੈ ਸੰਗਿ ਮਾਇਆ ਤੇ ਭਿੰਨ।"(ਨਿਰਲੇਪ)

-ਗਉ ੫, ਸੁਖ ੭, ੨:੯ (271)

"ਆਵੈ ਲਹਰਿ ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ।"(ਵਖ ਵਖ ਭਾਵ ਟੁਕੜੇ ਟੁਕੜੇ ਹੋਕੇ)

-ਬਿਲਾ ੪, ਅਸ ੩, ੭:੨ (835)

ਭਿੰਨੜੀ ------ ਭਿਜੀ ਹੋਈ ਭਾਵ ਸੁਹਾਵਨੀ, ਸੁਖਦਾਈ
"ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ।"
-ਬਿਲਾ ੧, ਛੰਤ ੨, ੨:੧ (844)

ਭਿੰਨਾ-------- ਭਿਜਾ, ਪਤੀਜਿਆ
"ਗੁਰਮੁਖਿ ਵੇਖਾ ਤਾ ਇਹੁ ਮਨੁ ਭਿੰਨਾ।"
-ਮਾਝ ੩, ਅਸ ੪, ੧:੨ (111)

ਭਿਨਿ-------- ਅਡ, ਵਖ
"ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ।"
-ਮਾਝ ੪, ੭, ੩:੨ (96)

ਭਿੰਨਿਅੜੇ ---- ਭਿਜੇ ਹੋਏ
" ਰਸ ਭਿੰਨਿਅੜੇ ਅਪੁਨੇ ਰਾਮ ਸੰਗੇ ਸੇ ਲੋਇਣ ਨੀਕੇ ਰਾਮ।"
-ਬਿਲਾ ੫, ਛੰਤ ੫, ੪:੧ (848)

ਭਿੰਨੀ-------- ਭਿਜੀ
"ਗੁਰ ਅੰਮ੍ਰਿਤ ਭਿੰਨੀ ਦੇਹੁਰੀ ਅੰਮ੍ਰਿਤੁ ਬੁਰਕੇ ਰਾਮਰਾਜੇ।"
-ਆਸਾ ੪, ਛੰਤ ੧੬, ੪:੧ (449)
"ਭਿੰਨੀ ਰੈਨੜੀਐ ਚਾਮਕਨਿ ਤਾਰੇ।"(ਭਿਜੀ ਭਾਵ ਸੁਹਾਵਨੀ)
-ਆਸਾ ੫, ਛੰਤ ੧0, ੧:੧ (459)

ਹੋਰ ਰੂਪ:

ਭਿਨੀ-
"ਹਰਿ ਰੰਗਿ ਚਲੂਲੇ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ।"(ਭਿਜੀ)
-ਗਉ ੪, ਵਾਰ ੧੯ਸ, ੪, ੧:੫ (311)
ਭਿੰਨੀਆ-
"ਕਰ ਜੋੜਿ ਸਾਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ।"(ਭਿਜੀ ਹੋਈ)
-ਗਉ ੧, ਛੰਤ ੧, ੪:੫ (242)

ਭਿੰਨੁ -------- ਵਖ, ਅਡ
"ਅਲਿ ਕਮਲ ਭਿੰਨੁ ਨ ਭੇਤੁ।"
-ਬਿਲਾ ੫, ਅਸ ੨, ੬:੪ (838)

ਭਿੰਨੇ -------- ਭਿਜਿਆ ਹੈ
"ਦਿਹ ਚਾਲ ਨਿਰਾਲੀ ਗੁਰਮੁਖੀ ਗੁਰ ਦੀਖਿਆ ਸੁਣਿ ਮਨੁ ਭਿੰਨੇ।"
-ਗਉ ੪, ਵਾਰ ੨੫:੫ (314)

ਭਿਰੰਗੁ ------- ਭੌਰਾ
"ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗੁ।"
-ਮਾਰੂ ੩, ਵਾਰ ੮ਸ, ੩, ੨:੨ (1089)

ਭਿਲਾ ------ ਪਿੰਨਾ, ਭਾਵ ਪੋਟਲੀ
"ਭੁਜਾ ਬਾਂਧਿ ਭਿਲਾ ਕਰਿ ਡਾਰਿਓ।"

– ਗੋਡ ਕਬ, ੪, ੧:੧ (870)

ਭਿੜਿ ------ (1) ਲੜ ਕੇ
"ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ।"
–ਵਡ ੪, ਵਾਰ ੧੧ਸ, ੩, ੧:੫ (590)
(2) ਲੜਾਈ/ ਜੰਗ ਵਿਚ
"ਨ ਭੀਜੈ ਭੇੜਿ ਮਰਹਿ ਭਿੜਿ ਸੂਰ।"
–ਸਾਰ ੪, ਵਾਰ ੧ਸ, ੧, ੨:੮ (1237)

ਭਿੜੀਆ----- ਲੜਨ ਲਗ ਪਿਆ
"ਜਿਉ ਰਾਜੇ ਰਾਜੁ ਕਮਾਵਦੇ ਦੁਖ ਸੁਖ ਭਿੜੀਆ।"
–ਗੂਜ ੩, ਵਾਰ ੧੯:੨ (516)

ਭਿੜੈ ------- ਘੋਲ ਕਰਦਾ ਹੈ, ਲੜਦਾ ਹੈ
"ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ।"
–ਮਲਾ ੧, ਵਾਰ ੪:੪ (1280)

ਭੀ -------- (1) ਵੀ
"ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।"
–ਜਪੁ ੧, ੧*:੨ (1)
"ਹੈ ਭੀ ਹੋਸੀ ਜਾਇ ਨ ਜਾਸੀ ਸਚਾ ਸਿਰਜਣਹਾਰੋ।"
–ਸਿਰੀ ੧, ੨੮, ੩:੨ (24)
"ਭੀ ਸੋ ਫੋਗੁ ਸਮਾਲੀਐ ਦਿਚੈ ਅਗਿ ਜਾਲਾਇ।"
– ਮਾਝ ੧, ਵਾਰ ੧੧ਸ, ੧, ੨:੪ (143)
(2) ਫਿਰ ਵੀ, ਤਾਂ ਵੀ
"ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡੁ ਆਖਾ ਨਾਉ।"
– ਸਿਰੀ ੧, ੨, ੧:੩ (14)
"ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।"
– ਸਿਰੀ ੧, ਅਸ ੧੧, ੧:੨ (59)
(3) ਤਾਂ
"ਨਾਨਕ ਜਿਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ।"
– ਸਿਰੀ ੧, ੧੮, ੫:੩ (21)
(4) ਤਾਂ ਤੇ, ਇਸ ਲਈ
"ਭੀ ਕਰਤਾ ਰਹੁ ਡਰਣਾ।"
– ਸਿਰੀ ੧, ੨੮, ੧*:੨ (24)
(5) ਫਿਰ, ਮੁੜ
"ਖਾਧਾ ਹੋਇ ਸੁਆਹ, ਭੀ ਖਾਣੇ ਸਿਉ ਦੋਸਤੀ।"
… … … … …
"ਭੀ ਉਠਿ ਰਚਿ ਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ।"
–ਮਾਝ ੧, ਵਾਰ ੧੭, ੧, ੧:੬;੮ (146)
"ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।"
–ਆਸਾ ੧, ਵਾਰ ੧੫ਸ, ੧, ੨:੫ (471)

“ਭੀ ਸਾਲਾਹਿ ਹੁ ਸਾਚਾ ਸੋਇ।”(ਭਾਵ ਨਿਤ)

-ਸੋਰ ੧, ੧, ੧*:੧ (595)

(6) ਭੂਤਕਾਲ ਬੋਧਕ, ਭਦਿਆ

“ਹੇ ਅਪਰੰਪਰ ਹਰਿ ਹਰੇ ਹੈ ਭੀ ਹੋਵਨਹਾਰ।”

-ਗਉ ੫, ਬਾਅ ੫੫:੫ (261)

(7) ਭਇਆ, ਹੋਇਆ

“ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ।”

-ਸਲੋ ਫਰ, ੧੧੨:੧ (1384)

(8) ਅਤੇ

“ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ।”

-ਆਸਾ ੧, ਵਾਰ ੧੫ਸ, ੧, ੨:੫ (471)

(9) ਜੇ

“ਸਤਿਗੁਰ ਕੈ ਭਾਣੈ ਭੀ ਚਲਹਿ ਤਾ ਦਰਗਹ ਪਾਵਹਿ ਮਾਣ।”

-ਸੋਰ ੪, ਵਾਰ ੧੧ਸ, ੩, ੧:੫ (646)

(ਸ਼ਬਦਾਰਥ ਅਰਥ ਹਰ ਹਾਲਤ ਵਿਚ ਵੀ ਕਰਦਾ ਹੈ)

ਭੀਹਾਲਾ ------ ਭੈਅੰਕੁਰ, ਡਰਾਵਣਾ

“ਦੀਸਿ ਆਵਤ ਹੈ ਬਹੁਤੁ ਭੀਹਾਲਾ।”

-ਆਸਾ ੫, ੫੪, ੩:੧ (384)

ਹੋਰ ਰੂਪ:

ਭੀਹਾਲੇ–

“ਦੁੰਦਰ ਦੂਤ ਭੂਤ ਭੀਹਾਲੇ।”(ਡਰਾਉਣੇ)

-ਮਾਰੂ ੧, ਸੋਲਾ ੧੧, ੮:੧ (1031)

ਭੀਹਾਵਲਾ ----- ਡਰਾਉਣਾ

“ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ।”

-ਸੂਹੀ ੧, ਕੁਚ ੨:੭ (762)

ਭੀਹਾਵਲਿ ----- ਭੈ ਭੀਤ, ਡਰੀ ਸਹਿਮੀ ਹੋਈ

“ਵਿਣੁ ਨਾਵੈ ਬਾਜਾਰੀਆ ਭੀਹਾਵਲਿ ਹੋਈ।”

- ਮਲਾ ੧, ਵਾਰ ੧੨:੭ (1283)

ਭੀਹਾਵਲੈ ----- ਡਰਾਉਣੇ

“ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ।”

-ਗੂਜ ੫, ਵਾਰ ੧੭ਸ, ੫, ੨:੧ (519)

ਭੀਖ -------- ਭਿਖਿਆ

“ਭੀਖਕ ਪ੍ਰੀਤਿ ਭੀਖ ਪ੍ਰਭ ਪਾਇ।”

-ਗਉ ੪, ੪੨, ੧:੧ (164)

ਭੀਖਕ ------- ਭਿਖਿਆ ਮੰਗਨ ਵਾਲਾ, ਭਿਖਾਰੀ ਮੰਗਤਾ

“ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ।”

-ਧਨਾ ੩, ੯, ੧:੧ (666)

ਹੋਰ ਰੂਪ:

ਭੀਖਕੁ–
“ਕੋਈ ਭੀਖਕੁ ਭੀਖਿਆ ਖਾਇ।”(ਮੰਗਤਾ)
-ਆਸਾ ੧, ੧੮, ੧:੧ (354)

ਭੀਖਨ ------ ਕਕੋਰੀ (ਲਖਨਊ ਦੇ ਨੇੜੇ) ਦਾ ਵਸਨੀਕ ਸੂਫੀ ਫਕੀਰ ਜਿਸ ਦੇ ਦੋ ਸ਼ਬਦ ਸੋਰਠ ਰਾਗ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ
“ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ।”
-ਸੋਰ ਭੀਖ, ੨, ੨:੨ (659)

ਹੋਰ ਰੂਪ:

ਭੀਖਨੁ–
“ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ।”
- ਸੋਰ ਭੀਖ, ੨, ੩:੨ (659)

ਭੀਖਿਆ----- ਭਿਖਿਆ, ਭੀਖ
“ਕੋਈ ਭੀਖਕੁ ਭੀਖਿਆ ਖਾਇ।”
-ਆਸਾ ੧, ੧੮, ੧:੧ (354)

ਭੀਗੈ ------- ਭਿਜੀਆਂ, ਗਿੱਲੀਆਂ ਹੋਈਆ
“ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ।”
-ਗਉ ਕਬ, ੫੪, ੩:੨ (335)

ਭੀਜਈ ----- ਭਿਜਦਾ
“ਮਨਮੁਖੁ ਸਚਿ ਨ ਭੀਜਈ ਕੂੜੁ ਕੂੜਿ ਗਡਾਵੈ।”(ਭਾਵ ਰਚਦਾ, ਖੁਭਦਾ)
-ਆਸਾ ੧, ਅਸ ੧੫, ੪:੧ (419)

ਹੋਰ ਰੂਪ:

ਭੀਜਏ–
“ਨਾਨਕ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ।”(ਭਿਜ ਜਾਂਦਾ ਹੈ)
-ਆਸਾ ੧, ਛੰਤ ੧, ੨:੬ (436)

ਭੀਜਾ------- (1) ਭਿਜਦਾ ਭਾਵ ਪ੍ਰਸੰਨ ਹੁੰਦਾ ਹੈ, ਰੀਝਦਾ ਹੈ
“ਆਪੇ ਖੇਲ ਖਿਲਾਵੈ ਦਿਨੁ ਰਾਤੀ ਆਪੇ ਸੁਣਿ ਸੁਣਿ ਭੀਜਾ ਹੇ।”
-ਮਾਰੂ ੫, ਸੋਲਾ ੩, ੩:੩ (1073)

(2) ਭਿਜਾ ਭਾਵ ਰਸ ਵਾਲਾ ਹੋਇਆ
“ਹਰਿ ਰਸੁ ਚਾਖਿਆ ਤਉ ਮਨੁ ਭੀਜਾ ਪ੍ਰਣਵਤਿ ਨਾਨਕੁ ਅਵਰੁ ਨ ਦੂਜਾ।”
-ਪ੍ਰਭਾ ੧, ਅਸ ੫, ੮:੩ (1345)

ਭੀਜੈ ------- (1) ਭਿਜਣਾ ਭਾਵ ਦ੍ਰਵਤ ਹੋਣਾ, ਪਸੀ ਜਣਾ
“ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨੁ ਜਾਨੁ।”
-ਸਿਰੀ ੧, ੧੯, ੧:੨ (21)

(2) ਭਿਜਨਾ ਭਾਵ ਤ੍ਰਿਪਤ ਹੋ ਜਾਣਾ, ਰਜ ਜਾਣਾ, ਰਸਿਕ ਹੋ ਜਾਣਾ
“ਮੇਰੀ ਸਰਧਾ ਪੂਰਿ ਜਗ ਜੀਵਨ ਦਾਤੇ ਮਿਲਿ ਹਰਿ ਦਰਸਨਿ ਮਨੁ ਭੀਜੈ ਜੀਉ।”
-ਮਾਝ ੪, ੪, ੧:੩ (95)

(3) ਪ੍ਰਸੰਨ ਹੋਣਾ, ਹੀਝਣਾ
“ਕਵਨ ਸੁ ਜੁਗਤਿ ਜਿਤੁ ਕਰਿ ਭੀਜੈ।”
- ਗਉ ੫, ੮੫, ੨:੨ (181)

(4) ਭਿਜਣਾ ਭਾਵ ਰੰਗਿਆ ਜਾਣਾ
“ਗੁਰ ਪ੍ਰਸਾਦਿ ਮੇਰਾ ਮਨੁ ਭੀਜੈ ਏਹਾ ਸੇਵ ਬਨੀ ਜੀਉ।”
-ਗੂਜ ੩, ੪, ੧*:੨ (491)

(5) ਭਿਜਣਾ ਭਾਵ ਪ੍ਰਚ ਜਾਣਾ
“ਵਾਦੁ ਪੜੈ ਰਾਗੀ ਜਗੁ ਭੀਜੈ।”(ਰਾਗ ਦੁਆਰਾ ਮਨ ਨੂੰ ਪ੍ਰਚਾਉਂਦਾ ਹੈ)
-ਰਾਮ ੧, ਅਸ ੫, ੨:੧ (905)

(6) ਭਿਜੇ ਭਾਵ ਛੋਹੇ
“ਮੈਲਾ ਊਜਲੁ ਤਾ ਥੀਐ ਪਾਰਸ ਸੰਗਿ ਭੀਜੈ।”
-ਮਾਰੂ ੧, ਅਸ ੬, ੭:੨ (1012)

ਭੀਤ ------- (1) ਡਰਿਆ ਹੋਇਆ
“ਸਗਲ ਅਸਥਾਨ ਭੈ ਭੀਤ ਚੀਨ।”
-ਗਉ ੫, ੧੪੪*, ੨:੧ (211)

(2) ਦਰਵਾਜਾ, ਕਿਵਾੜ
“ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।”
-ਸਸ ੫, ੪:੨ (1354)

ਭੀਤਰ ------ ਅੰਦਰ
“ਇਹ ਭੀਤਰ ਤੇ ਇਨ ਕਉ ਡਾਰਹੁ ਆਪਨ ਨਿਕਟਿ ਬੁਲਾਵਹੁ।”
-ਸੋਰ ੫, ੩੧, ੧:੨ (617)

ਹੋਰ ਰੂਪ:

ਭੀਤਰਿ-
“ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ।”
-ਸਿਰੀ ੫, ੯੧, ੩:੧ (50)

ਭੀਤਰਿ ----- (1) ਅੰਦਰ, ਵੇਖੋ ‘ਭੀਤਰ’
“ਏਕ ਕੀ ਕਰਿ ਆਸ ਭੀਤਰਿ।”(ਅੰਦਰ ਭਾਵ ਦਿਲ ਵਿਚ)
-ਰਾਮ ੫, ੪੦, ੨:੧ (895)

(2) ਵਿਖੇ, ਵਿਚ
“ਨਾ ਮਰ ਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ।”
-ਸਿਰੀ ੧, ਪਹ ੧, ੧:੪ (74)
“ਕਵਨ ਕਾਜ ਸਿਰਜੇ ਜਗ ਭੀਤਰਿ ਜਨਮਿ ਕਵਨ ਫਲੁ ਪਾਇਆ।”
-ਰਾਮ ਕਬ, ੮, ੧:੧ (970)

(3) ਵਿਚਕਾਰ,ਵਿਚ
“ਮਾਤ ਪਿਤਾ ਭਾਈ ਸੁਤ ਬਨਿਤਾ ਤਿਨ ਭੀਤਰਿ ਪ੍ਰਭੂ ਸੰਜੋਇਆ।”

–ਸਿਰੀ ੫, ਪਹ ੪, ੧:੪ (77)

ਭੀਤਰੇ ------ **ਅੰਦਰੇ ਹੀ**

“ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ।”

–ਬਿਲਾ ੫, ੩੩, ੧*:੨ (808)

ਭੀਤਾ------- **ਦੀਵਾਰ, ਕੰਧ**

“ਗੁਰ ਮਿਲਿ ਜੀਤਾ ਹਰਿ ਹਰਿ ਕੀਤਾ ਤੂਟੀ ਭੀਤਾ ਭਰਮ ਗੜਾ।”

–ਆਸਾ ੫, ਛੰਤ ੧, ੪:੩ (453)

ਹੋਰ ਰੂਪ:

ਭੀਤਿ–

“ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ।”(ਕੰਧ)

–ਸਿਰੀ ੧, ਅਸ ੮, ੪:੧ (58)

ਭੀਤਿ–

“ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ।”

–ਮਲਾ ੪, ੧, ੪:੧ (1263)

ਭੀਨ ------- **ਭਿਜਦਾ, ਰੀਝਦਾ, ਪਸੀਜਦਾ**

“ਬਾਹਰਿ ਭੇਖ ਨ ਕਾਹੂ ਭੀਨ।”

–ਗਉ ੫, ਸੁਖ ੫, ੭:੪ (269)

ਹੋਰ ਰੂਪ:

ਭੀਨਾ–

“ਤ੍ਰਿਖਾਵੰਤ ਜਲੁ ਪੀਵਤ ਠੰਢਾ ਤਿਉਹਰਿ ਸੰਗਿ ਇਹੁ ਮਨੁ ਭੀਨਾ ਜੀਉ।”(ਭਿਜ ਗਿਆ)

–ਮਾਝ ੫, ੨੧, ੨:੩ (100)

“ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ।”(ਭਾਵ ਪ੍ਰਸੰਨ ਹੋ ਗਿਆ, ਸੰਤੁਸ਼ਟ ਹੋ ਗਿਆ)

–ਤੁਖਾ ੫, ਛੰਤ ੧, ੧:੨ (1117)

ਭੀਨਾਂ–

“ਆਂਧੀ ਪਾਛੇ ਜੋ ਜਲੁ ਬਰਖੈ ਤਿਹਿ ਤੇਰਾ ਜਨੁ ਭੀਨਾਂ।”(ਭਿਜ ਗਿਆ, ਰਸ ਵਾਲਾ ਹੋ ਗਿਆ)

–ਗਉ ਕਬ, ਅਸ ੪੩, ੨:੧ (332)

ਭੀਨੀ–

“ਗੁਰਮੁਖਿ ਰੰਗੁ ਭਇਆ ਅਤਿ ਗੂੜਾਹਰਿ ਰੰਗਿ ਭੀਨੀ ਮੇਰੀ ਚੋਲੀ।”

–ਗਉ ੪, ੫੩, ੧:੨ (168)

ਭੀਨੇ–

“ਹਰਿ ਸਿਮਰਨਿ ਮੇਰਾ ਮਨੁ ਤਨੁ ਭੀਨੇ।”(ਭਿਜ ਗਿਆ, ਰਜ ਗਿਆ)

–ਆਸਾ ਕਬ, ੩, ੨:੪ (476)

ਭੀਨੈ–

“ਹਉਮੈ ਗਰਬੁ ਜਾਇ ਮਨ ਭੀਨੈ।”(ਭਿਜਿਆਂ)

-ਰਾਮ ੧, ਅਸ ੬, ੮:੧ (906)

ਭੀਰ ------- (1) ਮੁਸ਼ਕਲ
"ਕਹਤ ਕਬੀਰ ਭੀਰ ਜਨ ਰਾਖਹੁ ਹਰਿ ਸੇਵਾ ਕਰਉ ਤੁਮ੍ਹਾਰੀ।"
-ਰਾਮ ਕਬ, ੮, ੫:੨ (971)

(2) ਇਕੱਠ
"ਸਾਧ ਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ।"
-ਸਾਰ ੫, ੨੪, ੨:੨ (1209)

ਹੋਰ ਰੂਪ:

ਭੀਰਿ-
"ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ।"(ਭੀੜ ਸਾਧ ਸੰਗਤ ਦੀ)
-ਭੈਰ ਕਬ, ੧੭, ੬:੧ (1162)

(3) ਭੀੜਾ, ਤੰਗ
"ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ ਭੀਰ ਬਾਟੁਲੀ।"
-ਸਾਰ ੫, ੬੧, ੨:੧ (1216)

ਭੀੜ ------- (1) ਅਪਦਾ, ਭੀੜਾ, ਮੁਸੀਬਤ, ਦੁਖ, ਔਖ
"ਪ੍ਰਭੁ ਚਿਤਿ ਆਵੈ ਤਾ ਕੈਸੀ ਭੀੜ।"
-ਬਿਲਾ ੫, ੩, ੨:੧ (802)

(2) ਇਕੱਠ, ਹਜੂਮ
"ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ।"
-ਮਾਰੂ ੧, ਅਸ ੧੦, ੩:੨ (1015)

ਭੀੜਹੁ ------ ਤੰਗੀ ਤੋਂ
"ਭੀੜਹੁ ਮੋਕਲਾਈ ਕੀਤੀਅਨੁ ਸਭ ਰਖੇ ਕੁਟੰਬੈ ਨਾਲਿ।"
-ਰਾਮ ੫, ਵਾਰ ੩ਸ, ੫, ੧:੧ (957)

ਭੀੜੀ------- ਤੰਗ
"ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ।"
-ਰਾਮ ੩, ਵਾਰ ੧੩ਸ, ੧, ੨:੫ (953)

ਹੋਰ ਰੂਪ:

ਭੀੜੀਆ-
"ਜਿਥੈ ਅਵਘਟ ਗਲੀਆ ਭੀੜੀਆ ਤਿਥੈ ਹਰਿ ਹਰਿ ਮੁਕਤਿ ਕਰਾਇ।"(ਤੰਗ)
-ਮਾਰੂ ੪, ੩, ੧:੩ (996)

ਭੀੜੈ-
"ਹੁਕਮ ਕੀਏ ਮਨਿ ਭਾਵ ਦੇ ਰਾਹਿ ਭੀੜੈ ਅਗੈ ਜਾਵਣਾ।"
-ਆਸਾ ੧, ਵਾਰ ੧੪:੩ (471)

ਭੁਅੰਗ ------ ਸਰਪ, ਸਰਪਨੀ
"ਤੇ ਊਝੜਿ ਭਰਮਿ ਮੁਏ ਗਾਵਾਰੀ ਮਾਇਆ ਭੁਅੰਗ ਬਿਖੁ ਚਾਖਾ।"

–ਜੈਤ ੪, ੨, ੨:੨ (696)

ਭੁਅੰਗਮ------ ਜੋਗੀਆਂ ਦੀ ਮਿਥੀ ਹੋਈ ਇਕ ਨਾੜੀ ਜੋ ਰੀੜ ਦੀ ਹੱਡੀ ਦੇ ਨਾਲ ਨਾਲ ਦਿਮਾਗ ਵਿਚ ਜਾਂਦੀ ਹੈ, ਕੁੰਡਲਨੀ ਨਾੜੀ।
"ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।"
–ਸੋਰ ੫, ਅਲ ੩, ੧:੧ (641)

ਭੁਅੰਗਾ ------ ਕੁੰਡਲਨੀ ਨਾੜੀ ਦੇ
"ਬੇਧੀਅਲੇ ਚਕ੍ਰ ਭੁਅੰਗਾ।"
–ਰਾਮ ਕਬ, ੧0, ੨:੩ (972)

ਭੁਇ -------- ਧਰਤੀ, ਜ਼ਮੀਨ
"ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ।"
–ਆਸਾ ੧, ੧੯, ੩:੧ (354)

ਭੁਇਅੰਗ ---- ਸੱਪ
"ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ।"
–ਸੋਰ ਰਵਿ, ੧, ੩:੧ (658)

ਭੁਇਅੰਗਨਿ--- ਸੱਪ
"ਭੁਇਅੰਗਨਿ ਬਸਰੀਆ।"
–ਬਿਹਾ ੫, ੧, ੧:੨ (537)

ਭੁਇਅੰਗਮ --- (1) ਕੁੰਡਲਨੀ ਨਾੜੀ ਜੋ ਸੱਪ ਦੀ ਸ਼ਕਲ ਦੀ ਹੁੰਦੀ ਹੈ
"ਕਿਨਹੀ ਨਿਵਲ ਭੁਇਅੰਗਮ ਸਾਧੇ।"
–ਰਾਮ ੫, ਅਸ ੧, ੧:੩ (912)
(2) ਸੱਪ
"ਮਾਇਆ ਬਿਖੁ ਭੁਇਅੰਗਮ ਨਾਲੇ।"
–ਮਾਰੂ ੧, ਸੋਲ ੯, ੧੩:੧ (1029)

ਭੁਇਅੰਗਮੁ --- ਪੇਚੀਦਾ, ਵਲਦਾਰ
"ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ।"
–ਸਲੋ ੩, ੨੨:੧ (1415)

ਭੁਇਅੰਗਾ---- (1) ਸਪ
"ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮ ਕੰਕਰ ਭੁਇਅੰਗਾ।"
–ਆਸਾ ੪, ੫੯, ੧*:੨ (367)
(2) ਸਾਗਰ ਜੋ ਬਾਹਾਂ ਦਾ ਬਲ ਨਾਲ ਨਾ ਤਰਿਆ ਜਾ ਸਕੇ
"ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ।"
–ਵਡ ੪, ਘੋੜੀ ੧, ੨:੨ (575)

ਭੁਸਰੀਆ ---- ਰੋਟ, ਮੰਨ
"ਨਾਨਕ ਭੁਸਰੀਆ ਪਕਾਈਆ ਪਾਈਆ ਥਾਲੈ ਮਾਹਿ।"
–ਮਾਰੂ ੫, ਵਾਰ ੬ਸ, ੫, ੩:੧ (1096)

ਭੁਸੁ -------ਭੁਸਾ
"ਫਾਟੇ ਨਾ ਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈ ਹੈ।"
-ਗੂਜ ਕਬ, ੧, ੧*:੨ (524)

ਭੁਖ-------- (1) ਖਾਣ ਦੀ ਇੱਛਾ
"ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।"
-ਜਪੁ ੧, ੧:੩ (1)
(2) ਇਛਾ, ਤਾਂਘ, ਤ੍ਰਿਸਨਾ
"ਅਗਿਆਨ ਮਤੀ ਅੰਧੇਰੁ ਹੈ ਬਿਨੁ ਪਿਰ ਦੇਖੇ ਭੁਖ ਨ ਜਾਇ।"(ਮਿਲਣਦੀ)
-ਸਿਰੀ ੩, ੬੧, ੩:੨ (38)
"ਤੇਰਿਆ ਭਗਤਾ ਭੁਖ ਸਦ ਤੇਰੀਆ।"
-ਸਿਰੀ ੫, ਅਸ ੨੯, ੧੫:੮ (74)
"ਮੇਰਾ ਹਰਿ ਪ੍ਰਭੁ ਦਸਹੁ ਮੈ ਭੁਖ ਲਗਾਈ।"(ਇਛਾ, ਤਾਂਘ)
-ਮਾਝ ੪, ੪, ੧:੨ (95)
"ਸਤਿ ਗੁਰਿ ਨਾਮੁ ਬੁਝਾਇਆ ਵਿਣੁ ਨਾਵੈ ਭੁਖ ਨ ਜਾਈ।"(ਤ੍ਰਿਸ਼ਨਾ)
-ਆਸਾ ੩, ਅਸ ੨੫, ੧*:੧ (423)

ਭੁਖਨਾ ------ਭੁੱਖਾ ਹੀ
"ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤਿ ਭੁਗਤਿ ਭੁਖ ਭੁਖਨਾ।"
-ਸਮੁ ੫, ੪*:੫ (1388)

ਭੁਖੜੀ ------ਭੁਖ, ਇਛਾ
"ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ।"
-ਸੂਹੀ ੫, ਕੁਚ ੩:੧੨ (763)

ਭੁਖਾ ------- (1) ਖਾਣ ਦਾ ਇਛਕ
"ਮਨ ਭੁਖਾ ਭੁਖਾ ਮਨ ਕਰਹਿ ਮਤ ਤੂ ਕਰਹਿ ਪੁਕਾਰ।"
-ਸਿਰੀ ੩, ੩੬, ੫:੧ (27)
"ਤਿਸਨਾ ਅੰਦਰਿ ਅਗਨਿ ਹੈ ਨਹ ਤਿਪਤੈ ਭੁਖਾ ਤਿਹਾਇਆ।"
-ਮਾਝ ੧, ਵਾਰ ੨:੩ (138)
(2) ਇਛਾਵਾ
"ਸਚੁ ਗੁਰਮੁਖਿ ਜਿਨੀ ਸਲਾਹਿਆ ਤਿਨਾ ਭੁਖਾ ਸਭਿ ਗਵਾਈਆ।"
-ਮਾਝ ੧, ਵਾਰ ੨੩:੫ (313)
(3) ਭੁਖ, ਖਾਣ ਦੀ ਇਛਾ
"ਸਭੁ ਜਨਮੁ ਤਿਨਾ ਕਾ ਸਫਲੁ ਹੈ ਜਿਨ ਹਰਿ ਕੇ ਨਾਮ ਕੀ ਮਨ ਲਾਗੀ ਭੁਖਾ।"
-ਵਡ ੪, ਵਾਰ ੬:੨ (588)
"ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ।"(ਭੁਖ ਨਾਲ)
-ਸਾਰ ੪, ਵਾਰ ੩੨ਸ, ੩, ੧:੭ (1249)

ਭੁਖਾਨਿ -----ਭੁਖ
"ਲਾਥੀ ਤਿਸ ਭੁਖਾਨਿ ਹਾਂ।"
-ਆਸਾ ੫, ੧੫੮, ੨:੫ (409)

ਹੋਰ ਰੂਪ:

ਭੁਖਾਨੀ–
"ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਸੇ ਸਭ ਲਾਥੀ ਭੂਖ ਭੁਖਾਨੀ।"
-ਧਨਾ ੪, ੩, ੩:੨ (667)

ਭੁਖਾਨੇ ------ ਭੁਖੇ
"ਸਾਕਤ ਨਰ ਸਭਿ ਭੂਖ ਭੁਖਾਨੇ ਦਰਿ ਠਾਢੇ ਜਮ ਜੰਦਾਰੇ।"
-ਨਟ ੪, ਅਸ ੨, ੬:੨ (981)

ਭੁਖਿਆ ------ (1) ਤ੍ਰਿਸ਼ਨਾ ਦੇ ਅਧੀਨ ਰਹਿਣ ਨਾਲ, ਭੁਖਿਆਂ ਰਹਿਣ ਨਾਲ
"ਭੁਖਿਆ ਭੂਖ ਨ ਉਤਰੀ ਜੇ ਬੰਨਾ ਪੁਰੀਆ ਭਾਰ।"
-ਜਪੁ ੧, ੧:੩ (1)

(2) ਖਾਣ ਦੇ ਇੱਛਕ
"ਭੁਖਿਆ ਗੰਢ ਪਵੈ ਜਾ ਖਾਇ।"
-ਮਾਝ ੧, ਵਾਰ ੧੨ਸ, ੧, ੨:੬ (143)

(3) ਭੁਖ ਨਾ, ਭੁਖ ਸਦਕਾ
"ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਇ ਗਵਾਰ।"
-ਸੋਰ ੪, ਵਾਰ ੧੩ਸ, ੩, ੧:੪ (647)

ਭੁਖੀ ------- ਭੁਖ
"ਚਾਰਿ ਪਦਾਰਥ ਨਵ ਨਿਧਿ ਪਾਵਹਿ ਬਹੁਰਿ ਨ ਤ੍ਰਿਸਨਾ ਭੁਖੀ।"
-ਸੋਰ ੫, ੩੦, ੧:੨ (617)

ਭੁਖੇ ------- ਖਾਣ ਦੇ ਇਛਕ
"ਸੈ ਨੰਗੇ ਨਹ ਨੰਗ ਭੁਖੇ ਲਖ ਨ ਭੁਖਿਆ।"
-ਮਾਰੂ ੫, ਵਾਰ ੧੯ਸ, ੫, ੧:੧ (1100)

ਹੋਰ ਰੂਪ:

ਭੁਖੈ–
"ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ।"
-ਮਲਾ ੧, ਵਾਰ ੨੩ਸ, ੧, ੧:੧ (1288)

ਭੁਗਤਾ ------ (1) ਖਾਣ ਵਾਲਾ, ਭੋਗਨ ਵਾਲਾ, ਸੇਵਨ ਵਾਲਾ
"ਤੂੰ ਆਪੇ ਦਾਤਾ ਆਪੇ ਭੁਗਤਾ ਜੀ ਹਉ ਤੁਧੁ ਬਿਨੁ ਅਵਰੁ ਨ ਜਾਣਾ।"
-ਆਸਾ ੪, ਸੋਪੁ ੧, ੨:੩ (11)

"ਆਪੇ ਕਰਤਾ ਆਪੇ ਭੁਗਤਾ।"
-ਮਾਝ ੩, ਅਸ ੨੭, ੪:੧ (125)

(2) ਭੋਜਨ, ਖਾਣਾ
"ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ।"
-ਗਉ ੫, ੧੩੨*, ੩:੨ (208)

ਹੋਰ ਰੂਪ:

ਭੁਗਤਿ–

"ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।"(ਭੋਜਨ)
-ਜਪੁ ੧, ੨੯:੧ (16)
"ਮੁਗਤਿ ਭੁਗਤਿ ਜੁਗਤਿ ਹਰਿ ਨਾਉ।"(ਅਨੰਦ ਮਾਨਣਾ, ਭੋਗਣਾ)
-ਗਉ ੫, ੧੬੯, ੪:੧ (200)

ਭੁਗਵੈ ------ ਭੋਗਦਾ ਹੈ
"ਕੋਟਿ ਅਨੰਦ ਰਾਜ ਸੁਖੁ ਭੁਗਵੈ ਹਰਿ ਸਿਮਰਤ ਬਿਨ ਸੈ ਸਭ ਦੁਖੁ।"
-ਟੋਡੀ ੫, ੨੯, ੧*:੨ (717)
ਹੋਰ ਰੂਪ:
ਭੋੁਗਵੈ-
"ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ।"(ਭੋਗੇ)
-ਸੋਰ ਰਵਿ, ੧, ੪:੧ (658)

ਭੁੰਚਹ ------ ਖਾਵੋ
"ਆਵਹੁ ਮੀਤ ਇਕਤ੍ਰ ਹੋਇ ਰਸ ਕਸ ਸਭਿ ਭੁੰਚਹ।"(ਭੋਗਦੇ ਹਾਂ)
-ਆਸਾ ੫, ੧੧੪, ੧:੧ (399)
ਹੋਰ ਰੂਪ:
ਭੁੰਚਹਿ-
"ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ।"
-ਆਸਾ ੫, ਅਸ ੨, ੩:੨ (431)
ਭੁੰਚਹੁ-
"ਤੁਸੀ ਭੋਗਿਹੁ ਭੁੰਚਹੁ ਭਾਈ ਹੋ।"(ਖਾਵੋ)
-ਸਿਰੀ ੫, ਅਰ ੨੯, ੪:੧ (73)
"ਸੁਖੁ ਭੁੰਚਹੁ ਮੇਰੇ ਭਾਈ।"(ਮਾਨੋ, ਭੋਗੋ)
-ਸੋਰ ੫, ੯੨, ੨:੪ (631)

ਭੁੰਚਣ ------ ਮਾਣਨ, ਭੋਗਣ, ਆਨੰਦ ਲੈਣ
"ਸਿਖ ਸੇਵਕ ਸਭਿ ਭੁੰਚਣ ਲਗੇ ਹੰਉ ਸਤਿਗੁਰ ਕੈ ਕੁਰਬਾਨਾ।"
-ਵਡ ੫, ਛੰਤ ੧, ੩:੪ (577)

ਭੁੰਚਤ ------ ਭੋਗਦਿਆਂ, ਮਾਣਦਿਆ
"ਖਾਨ ਪਾਨ ਸੋਧੇ ਸੁਖ ਭੁੰਚਤ ਸੰਕਟ ਕਾਟਿ ਬਿਪਤਿ ਹਰੀ।"
-ਸਮੁ ੫, ੩*:੨ (1387)
ਹੋਰ ਰੂਪ:
ਭੁੰਚੰਤੇ-
"ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ।"(ਭੋਗਦੇ ਹਨ)
-ਸਸ ੫, ੨੪:੧ (1356)

ਭੁੰਚਨਾ------ ਭੋਗਣਾ, ਮਾਨਣਾ
"ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ।"
-ਗਉ ੫, ੧੫੮*, ੨:੨ (214)

ਭੁੰਚਾ ------- (1) ਖਾਧਾ, ਛਕਿਆ

"ਜਿਸਹਿ ਪਰਾਪਤਿ ਤਿਸੁ ਲੈ ਭੁੰਚਾ।"

-ਗਉ ੫, ੧੦੪, ੧*:੨ (186)

(2) ਭੋਗਦਾ, ਮਾਣਦਾ

"ਸਾਧਸੰਗਿ ਅੰਮ੍ਰਿਤ ਰਸੁ ਭੁੰਚਾ।"

-ਗਉ ੫, ਸੁਖ ੭, ੨:੪ (271)

ਭੁੰਚਾਇ ------ ਖੁਆ ਕੇ, ਛਕਾ ਕੇ

"ਭੋਗ ਭੁੰਚਾਇ ਭੁਲਾਇਅਨੁ ਪਿਆਰੇ ਉਤਰੈ ਨਹੀ ਵਿਜੋਗੁ।"

-ਸੋਰ ੫, ਅਸ ੨, ੩:੩ (641)

ਹੋਰ ਰੂਪ:

ਭੁੰਚਾਏ–

"ਕਾਪੜ ਭੋਗ ਰਸ ਅਨਿਕ ਭੁੰਚਾਏ।"(ਖੁਆਂਦਾ ਹੈ)

-ਪ੍ਰਭਾ ੫, ੧, ੨:੧ (1337)

ਭੁੰਚਾਵਉ------ ਖੁਆਵਾਂ

"ਹਰਿ ਅਨਿਕ ਬਿੰਜਨ ਤੁਝੁ ਭੋਗ ਭੁੰਚਾਵਉ।"

-ਸੂਹੀ ੫, ੨੭, ੧*:੨ (742)

ਹੋਰ ਰੂਪ:

ਭੁੰਚਾਵੈ–

"ਭਗਤ ਕੀ ਨਿੰਦਾ ਨਰਕੁ ਭੁੰਚਾਵੈ।" (ਭੁਗਾਉਂਦੀ ਹੈ)

-ਭੈਰ ੫, ੩੪, ੨:੨ (1145)

ਭੁੰਚਿ ------- ਖਾ, ਸੇਵਨ ਕਰ, ਭੋਗ

"ਮਨ ਇਛੇ ਫਲ ਭੁੰਚਿ ਤੂ ਸਭੁ ਚੂਕੈ ਸੋਗੁ ਸੰਤਾਪੁ।"

-ਸਿਰੀ ੫, ੯੭, ੧*:੨ (48)

"ਨਿਹ ਕੰਟਕ ਰਾਜੁ ਭੁੰਚਿ ਤੂ ਗੁਰ ਮੁਖਿ ਸਚੁ ਕਮਾਈ।"(ਭੋਗ)

-ਮਾਰੂ ੩, ਵਾਰ ੨:੧ (1087)

ਹੋਰ ਰੂਪ:

ਭੁੰਚੀਐ–

"ਅੰਮ੍ਰਿਤ ਨਾਮੁ ਸਦ ਭੁੰਚੀਐ ਗੁਰਮੁਖਿ ਕਾਰ ਕਮਾਇ।"

-ਸਿਰੀ ੪, ਵਾਰ ੧੨ਸ, ੩, ੨:੭ (87)

ਭੁੰਚੁ–

"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖੁ ਭੁੰਚੁ।"(ਮਾਨ, ਭੋਗ)

-ਗੂਜ ੫, ਵਾਰ ੧੭ਸ, ੫, ੧:੧ (522)

"ਅੰਮ੍ਰਿਤ ਨਾਮੁ ਭੁੰਚੁ ਮਨ ਮਾਹੀ।"(ਖਾ)

-ਸੂਹੀ ੫, ੨੭, ੨:੧ (742)

ਭੁੰਚੈ–

"ਆਗਿਆਕਾਰੀ ਸਦਾ ਸੁਖੁ ਭੁੰਚੈ ਜਤ ਕਤ ਪੇਖਉ ਹਰਿ ਗੁਨੀ।"(ਭੋਗਦਾ ਮਾਨਦਾ ਹੈ)

-ਰਾਮ ੫, ੩, ੨:੨ (833)

ਭੁਜ-------- ਬਾਂਹ, ਭੁਜਾ

"ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿ ਭੁਜ ਭਇਓ ਅਪਾਰਲਾ।" (ਲੰਮੀਆਂ ਬਾਹਾ ਵਾਲਾ)

-ਮਲਾ ਨਾਮ, ੨, ੩:੧ (1292)

ਹੋਰ ਰੂਪ:

ਭੁਜੰ-

"ਸਾਇਰੁ ਸੋਖਿ ਭੁਜੰ ਬਲਇਓ।" (ਬਾਹਾਂ)

-ਆਸਾ ਕਬ, ੧੫, ੧*:੨ (479)

ਭੁਜਬਲ ----- ਜਿਸ ਦੀਆਂ ਬਾਹਾਂ ਵਿਚ ਬਲ ਹੈ

"ਭੁਜਬਲ ਬੀਰ ਬ੍ਰਹਮ ਸੁਖਸਾਗਰ ਗਰਤ ਪਰਤ ਗਹਿ ਲੇਹੁ ਅੰਗੁਰੀਆ।"

- ਗਉ ੫, ੧੧੫, ੧*:੧ (203)

ਭੁਜਾ ------ ਬਾਹਾਂ

"ਗੁਰਿ ਕਾਢਿਓ ਭੁਜਾ ਪਸਾਰਿ ਮੋਹ ਕੂਪਾਰੀਆ।"

-ਗਉ ੫, ਅਸ ੧੨, ੬:੧ (241)

ਭੁੰਞੁ ------- ਭੁੰਚ, ਛਕ, ਖਾ

"ਸਤ ਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ ਭੁੰਞੁ।"

-ਬਸੰ ੪, ੭, ੧*:੨ (1179)

ਭੁਯੰਗ ------ ਸੱਪ

"ਆਜੁ ਕਾਲ੍ਹਿ ਤਜਿ ਜਾਹੁਗੇ ਜਿਉ ਕਾਂਚੁਰੀ ਭੁਯੰਗ।"

-ਸਲੋ ਕਬ, ੪੦:੨ (1366)

ਹੋਰ ਰੂਪ:

ਭਯੰਗੰ-

"ਦਸਨ ਬਿਹੂਨ ਭਯੰਗੰ ਮੰਤ੍ਰੰ ਗਾਰੁੜੀ ਨਿਵਾਰੰ।"(ਸਪ)

-ਗਾਥਾ ੫, ੧੬:੧ (1361)

ਭੁਯੰਗਮ ----- ਸੱਪ

"ਮਲਿ ਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ।"

-ਸਲੋ ਕਬ, ੧੭੪:੨ (1373)

ਹੋਰ ਰੂਪ:

ਭੁਯੰਗਮੁ-

"ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ।"

-ਸਲੋ ਕਬ, ੭੬:੧ (1368)

ਭੁਰਿ ------- ਭਰਕੇ

"ਪਤ੍ਰ ਭੁਰਿ ਜੇਣ ਝੜੀਯੰ ਨਹ ਜੜੀਅੰ ਪੇਡ ਸੰਪਤਾ।"

-ਗਾਥਾ ੫, ੮:੧ (1360)

ਭੁਲਉ ------- ਭੁਲਦਾ
“ਸਚਿ ਸਿਰਜਿਉ ਸੰਸਾਰੁ ਆਪਿ ਆਭੁਲੁ ਨ ਭੁਲਉ।”
-ਸਮੁ ੫, ੭:੩ (1386)

ਭੁਲਈ------- ਭੁਲਦਾ
“ਆਪਿ ਸੁਜਾਣੁ ਨ ਭੁਲਈ ਸਚਾ ਵਡ ਕਿਰਸਾਣੁ।”
-ਸਿਰੀ ੧, ੧੩, ੨:੧ (19)

ਹੋਰ ਰੂਪ:

ਭੁਲਏ-
“ਕੀਮਤਿ ਸੋ ਪਾਵੈ ਆਪਿ ਜਾਣਾਵੈ ਆਪਿ ਅਭੁਲੁ ਨ ਭੁਲਏ।” (ਭੁਲਦਾ)
-ਸੂਹੀ ੧, ਛੰਤ ੫, ੯:੩ (767)

ਭੁਲਣ ------- ਵਿਸਰਨ ਯਾਦੋਂ ਉੱਤਰ ਜਾਣ
“ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ।”
-ਸਿਰੀ ੧, ਅਸ ੧੨, ੮:੧ (61)

ਹੋਰ ਰੂਪ:

ਭੁਲਣੇ-
“ਮ੍ਰਿਗ ਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ।”(ਭੁਲਦੇ)
-ਸਲੋ ੫, ੧੪:੧ (1425)

ਭੁਲਦਾ------- ਭਾਵ ਭੁਲੇਖਾ ਖਾਂਦਾ
“ਬਿਨੁ ਸਬਦੈ ਜਗੁ ਭੁਲਦਾ ਫਿਰਦਾ ਦਰਗਹ ਮਿਲੈ ਸਜਾਇ।”
-ਸੋਰ ੩, ੨, ੧*:੨ (600)

ਭੁਲੰਨ੍ਹਿ------- ਭੁਲਦੇ ਹਨ, ਭੁਲੇਖਾ ਖਾ ਜਾਂਦੇ ਹਨ
“ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ।”
-ਸੂਹੀ ੧, ੩, ੪:੧ (729)

ਹੋਰ ਰੂਪ:

ਭੁਲਨ੍ਹੀ-
“ਓਇ ਭੁਲਾਏ ਕਿਸੈ ਦੇ ਨ ਭੁਲਨ੍ਹੀ ਸਚੁ ਜਾਣਨਿ ਸੋਈ।”(ਭੁਲਦੇ)
-ਆਸਾ ੩, ਅਸ ੨੭, ੭:੨ (425)

ਭੁਲਾ -------- ਭੁਲਿਆ ਹੋਇਆ
“ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ।”
-ਸਿਰੀ ੧, ਅਸ ੨੮, ੧੪:੨ (72)

ਭੁਲਾਇ ------ (1) ਭੁਲ ਗਏ, ਭੁਲੇਖੇ ਵਿਚ ਪੈ ਗਏ
“ਜਿਨੀ ਚਾਖਿਆ ਤਿਨੀ ਸਾਦੁ ਪਾਇਆ ਬਿਨੁ ਚਾਖੇ ਭਰਮਿ ਭੁਲਾਇ।”
-ਸਿਰੀ ੩, ੫੦, ੨:੧ (33)

ਹੋਰ ਰੂਪ:

ਭੁਲਾਇਓ-

"ਮਾਇਆ ਮਗਨ ਸੁਆਦਿ ਲੋਭਿ ਮੋਹਿਓ ਤਿਨਿ ਪ੍ਰਭਿ ਆਪਿ ਭੁਲਾਇਓ।"
(ਭੁਲਾਇਆ, ਭੁਲੇਖੇ ਵਿਚ ਪਾਇਆ)

–ਟੋਂਡੀ ੫, ੩, ੧*:੨ (712)

ਭੁਲਾਇਅਨੁ–
"ਇਕਿ ਆਪੇ ਭਰਮਿ ਭੁਲਾਇਅਨੁ ਤਿਨ ਨਿਹਫਲ ਕਾਮੁ।"

–ਮਾਰੂ ੩, ਵਾਰ ੧੩:੨ (1090)

ਭੁਲਾਇਆ –
"ਇਹ ਜਗਤੁ ਭਰਮਿ ਭੁਲਾਇਆ।" (ਭੁਲੇਖੇ ਵਿਚ ਪਾਇਆ)

– ਸਿਰੀ ੧, ਅਸ ੨੮, ੬:੧ (72)

ਭੁੋਲਾਇਆ –
"ਮਮਤਾ ਲਾਇ ਭਰਮਿ ਭੁੋਲਾਇਆ।" (ਭੁਲੇਖੇ ਵਿਚ ਪਾਇਆ)

– ਭੈਰ ੩, ੫, ੨:੨ (1129)

(2) ਭੁਲਾਉਂਦੀ ਹੈ
"ਬਾਬਾ ਮਾਇਆ ਭਰਮਿ ਭੁਲਾਇ।"

–ਸਿਰੀ ੧, ਅਸ ੧੨, ੧*:੧ (60)

"ਆਪਿ ਭੁਲਾਇ ਆਪੇ ਮਤਿ ਦੇਵੈ।"(ਭੁਲਾਉਂਦਾ ਹੈ)

–ਗਉ ੧, ਅਸ ੯, ੩:੩ (224)

ਹੋਰ ਰੂਪ:

ਭੁਲਾਇਅਨੁ–
"ਮਨਮੁਖ ਮੂਲਹੁ ਭੁਲਾਇਅਨੁ ਵਿਚਿ ਲਬੁ ਲੋਭੁ ਅਹੰਕਾਰ।"(ਭੁਲਾ/ਵਿਸਾਰ ਦੇਣਾ)

–ਬਿਹਾ ੪, ਵਾਰ ੨ਸ, ੩, ੧:੫ (549)

ਭੁਲਾਇਆ–
"ਸਿਰਜਣ ਹਾਰਿ ਭੁਲਾਇਆ ਵਿਣੁ ਨਾਵੈ ਨਾਪਾਕ।"(ਵਿਸਾਰਿਆ, ਭੁਲਾ ਦਿਤਾ)

–ਸਿਰੀ ੫, ੭੧, ੨:੪ (42)

ਭੁਲਾਇਦਾ---- ਭੁਲੇਖੇ ਵਿਚ ਪਾਉਂਦਾ
"ਹਰਿ ਆਪੇ ਭਰਮਿ ਭੁਲਾਇਦਾ ਹਰਿ ਆਪੇ ਹੀ ਮਤਿ ਦੇਇ।"

–ਸਿਰੀ ੪, ਵਣ ੧, ੪:੨ (82)

ਭੁਲਾਈ ----- ਭੁਲੇਖੇ ਵਿਚ ਪੈਣਾ
"ਬਾਝੁ ਗੁਰੂ ਸਭ ਭਰਮਿ ਭੁਲਾਈ ਬਿਨੁ ਨਾਵੈ ਬਹੁਤਾ ਦੁਖੁ ਪਾਈ।"

–ਗਉ ੩, ੨੨, ੩:੧ (158)

ਹੋਰ ਰੂਪ:

ਭੁਲਾਈਅਨੁ–
"ਭਰਮ ਉਪਾਇ ਭੁਲਾਈਅਨੁ ਆਪੇ ਤੇਰਾ ਕਰਮੁ ਹੋਆ ਤਿਨ੍ ਗੁਰੂ ਮਿਲਿਆ।"(ਭੁਲਾਈ ਹੈ ਭਰਮ ਵਿਚ ਪਾਈ ਹੈ)

–ਆਸਾ ੧, ਪਟੀ ੧੦:੨ (433)

ਭੁਲਾਈਆ–

“ਦੋਹਾਗਣੀ ਭਰਮਿ ਭੁਲਾਈਆ ਕੂੜੁ ਬੋਲਿ ਬਿਖੁ ਖਾਹਿ।”(ਭੁਲੇਖੇ ਵਿਚ ਪਾਏ ਜਾਂਦੇ ਕੁਰਾਹੇ ਪਾਏ ਜਾਂਦੇ)

-ਆਸਾ ੩, ਅਸ ੩੩, ੪:੧ (428)

ਭੁਲਾਈਐ–

“ਮਨਮੁਖਿ ਭੁਲੈ ਭੁਲਾਈਐ ਭੁਲੀ ਠਉਰ ਨ ਕਾਇ।”(ਭੁਲਾਈ ਜਾਂਦੀ ਭੁਲੇਖੇ ਵਿਚ ਪਾਈ ਜਾਂਦੀ ਹੈ)

-ਸਿਰੀ ੧, ਅਸ ੧੨, ੧:੨ (60)

ਭੁਲਾਏ------ (1) ਭੁਲੇਖੇ ਵਿਚ ਪਾਏ ਧੋਖੇ ਵਿਚ ਲਿਆਂਦੇ

“ਮਾਇਆ ਮੋਹਿ ਮੇਰੈ ਪ੍ਰਭਿ ਕੀਨਾ ਆਪੇ ਭਰਮਿ ਭੁਲਾਏ।”

-ਸਿਰੀ ੩, ਅਸ ੨੨, ੧:੧ (67)

ਹੋਰ ਰੂਪ:

ਭੋੁਲਾਏ–

“ਕਿਆ ਕਰੇ ਏਹ ਬਪੁੜੀ ਜਾਂ ਭੋੁਲਾਏ ਸੋਇ।”(ਧੋਖੇ ਵਿਚ ਲਿਆਦੇ)

-ਰਾਮ ੩, ਵਾਰ ੨੦ਸ, ੩, ੨:੨ (956)

(2) ਚੇਤੇ ਤੋਂ ਹਟਾ ਦੇਵੇ, ਭੁਲਾ ਦੇਵੇ

“ਤਿਨ ਤੂ ਵਿਸਰਹਿ ਜਿ ਤੁਧੁ ਆਪਿ ਭੁਲਾਏ।”

-ਗਉ ੩, ੨੭, ੨:੧ (160)

ਭੁਲਾਹਿ ----- (1) ਭੁਲੀ, ਧੋਖੇ ਵਿਚ ਆਵੀ

“ਸਚਾ ਸਾਹਿਬੁ ਏਕੁ ਹੈ ਮਤੁ ਮਨ ਭਰਮਿ ਭੁਲਾਹਿ।”

-ਆਸਾ ੩, ਅਸ ੩੩, ੫:੧ (428)

(2) ਭੁਲੇ, ਭੁਲੇਖੇ ਵਿਚ ਪਵੇ

“ਗੁਰ ਪਰਸਾਦੀ ਹਰਿ ਪਾਈਐ ਮਤੁ ਕੋ ਭਰਮਿ ਭੁਲਾਹਿ।”

-ਰਾਮ ੧, ਓਅੰ ੪੭:੪ (936)

ਹੋਰ ਰੂਪ:

ਭੁਲਾਹੀ–

“ਬਾਹਰ ਟੋਲੈ ਸੋ ਭਰਮਿ ਭੁਲਾਹੀ।”(ਭੁਲਦਾ ਹੈ)

-ਮਾਝ ੫, ੨੬, ੧:੨ (102)

ਭੁਲਾਣਾ ----- (1) ਭੁਲਾਇਆ ਹੋਇਆ

“ਭਰਮਿ ਭੁਲਾਣਾ ਅੰਧੁਲਾ ਫਿਰਿ ਫਿਰਿ ਆਵੈ ਜਾਇ।”

-ਸਿਰੀ ੩, ੫੬, ੩:੩ (35)

ਹੋਰ ਰੂਪ:

ਭੁਲਾਣੀ–

“ਦੂਜੈ ਲਾਗੀ ਭਰਮਿ ਭੁਲਾਣੀ।”(ਭੁਲੀ ਹੋਈ)

-ਮਾਝ ੩, ਅਸ ੨, ੫:੨ (110)

ਭੁਲਾਣੇ–

“ਭਰਮਿ ਭੁਲਾਣੇ ਸਿ ਮਨਮੁਖ ਕਹੀਅਹਿ ਨਾ ਉਰਵਾਰਿ ਨ ਪਾਰੇ।”(ਭੁਲਾਏ ਗਏ)

-ਬਿਲਾ ੩, ੧, ੩:੩ (797)

(2) ਭੁਲ ਗਿਆ, ਧੋਖੇ ਵਿਚ ਆ ਗਿਆ
"ਲੋਭੁ ਮੋਹੁ ਤੁਝੁ ਕੀਆ ਮੀਠਾ ਏਤੁ ਭਰਮਿ ਭੁਲਾਣਾ।"
-ਵਡ ੧, ਛੰਤ ੨, ੧:੫ (566)

ਹੋਰ ਰੂਪ:

ਭੁਲਾਣਿਆ-
"ਮਨਮੁਖ ਸਦਾ ਕੂੜਿਆਰ ਭਰਮਿ ਭੁਲਾਣਿਆ।"(ਭੁਲਾਇਆ ਗਿਆ, ਭੁਲਾਇਆ ਹੋਇਆ)
-ਮਾਝ ੧, ਵਾਰ ੧੩:੫ (144)

ਭੁਲਾਣੀਆ-
"ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ।"(ਭੁਲਾਈ ਗਈ)
-ਮਾਝ ੫, ਬਾਰਾ ੭:੧ (134)

ਭੁਲਾਨਥ----- ਭੁਲਿਆ ਹੋਇਆ
"ਪਰਕੀ ਕਉ ਅਪਨੀ ਕਰਿ ਪਕਰੀ ਐਸੇ ਭੂਲ ਭੁਲਾਨਥ।"
-ਮਾਰੂ ੫, ੧0, ੩:੨ (1001)

ਭੁਲਾਨਾ ----- (1) ਭੁਲਿਆ ਹੈ
"ਦੂਜੈ ਭਾਇ ਭਰਮਿ ਭੁਲਾਨਾ।"
-ਗਉ ੩, ੨੬, ੧:੨ (159)

ਹੋਰ ਰੂਪ:

ਭੁਲਾਨੀ-
"ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾ ਇਨ ਮਾਤਾ।"(ਭੁਲੀ ਹੋਈ ਹੇ)
-ਸਿਰੀ ਕਬ, ੩, ੪:੨ (92)

ਭੁਲਾਨੇ-
"ਹਰਿ ਬਿਨੁ ਭਰਮਿ ਭੁਲਾਨੇ ਅੰਧਾ।"(ਭੁਲਿਆ ਹੈ)
-ਗਉ ਕਬ, ੫੧, ੧*:੧ (334)

(2) ਭੁਲਾਇਆ ਹੋਇਆ
"ਨਹ ਭੂਲੋ ਨਹ ਭਰਮਿ ਭੁਲਾਨਾ।"
-ਗਉ ੧, ਅਸ ੧, ੮:੨ (221)

ਹੋਰ ਰੂਪ:

ਭੁਲਾਨਿਆ-
"ਕਿਉ ਸੁਖੁ ਪਾਵੈ ਭਰਮਿ ਭੁਲਾਨਿਆ।"(ਭੁਲਾਇਆ ਹੋਇਆ)
-ਗਉ ੧, ਅਸ, ੯, ੧0:੨ (225)

ਭੁਲਾਨੇ -
"ਭਰਮਿ ਭੁਲਾਨੇ ਜਾਣਹਿ ਦੋਇ।" (ਭੁਲੇ ਹੋਏ, ਭੁਲਾਏ ਹੋਏ)
-ਰਾਮ ੩, ੧, ੩:੨ (880)

(3) ਭੁਲਿਆ ਹੈ, ਧੋਖੇ ਵਿਚ ਆਇਆ ਹੈ
"ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ।"
-ਸੂਹੀ ੫, ਛੰਤ ੧, ੧:੧ (777)

ਭੁਲਾਵਣਹਾਰੈ -- ਭੁਲਾਣ ਵਾਲੇ ਨੇ

“ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ।”

-ਭੈਰ ੫, ੨੮, ੧*:੨ (1143)

ਭੁਲਾਵਣਾ ---- ਭੁਲਾਣਾ, ਧੋਖੇ ਵਿਚ ਪਾਣਾ

“ਹਉਮੈ ਆਵੈ ਜਾਇ ਭਰਮਿ ਭੁਲਾਵਣਾ।”

-ਸੂਹੀ ੧, ੪, ੧*:੨ (752)

ਹੋਰ ਰੂਪ:

ਭੁਲਾਵਣਿਆ–

“ਜਿਥੈ ਵਥੁ ਹੋਵੈ ਤਿਥਹੁ ਕੋਇ ਨ ਪਾਵੈ ਮਨਮੁਖ ਭਰਮਿ ਭੁਲਾਵਣਿਆ।”(ਧੋਖੇ ਵਿਚ ਪਾਉਣਾ)

-ਮਾਝ ੩, ਅਸ ੧੪, ੭:੩ (117)

ਭੁਲਾਵਾ ----- ਭੁਲੇਖਾ, ਧੋਖਾ

“ਭਰਮੁ ਭੁਲਾਵਾ ਵਿਚਹੁ ਜਾਇ।”

-ਸਿਰੀ ਕਬ, ੧, ੩:੨ (92)

“ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ।”

-ਮਾਝ ੫, ੪੩, ੩:੩ (107)

ਭੁਲਾਵੈ ------ (1) ਧੋਖੇ,ਭੁਲੇਖੇ

“ਦੂਜੈ ਲਗੀ ਭਰਮਿ ਭੁਲਾਵੈ।”

-ਆਸਾ ੩, ੪੭, ੧:੩ (363)

(2) ਭੁਲਾਉਂਦਾ, ਚੁਕਾਉਂਦਾ, ਗਲਤੀ ਵਿਚ ਲਿਆਉਂਦਾ

“ਆਪਿ ਭੁਲਾਵੈ ਆਪਿ ਮਾਰਗਿ ਪਾਏ।”

-ਆਸਾ ੩, ਅਸ ੨੫, ੪:੩ (424)

ਭੁਲਿ ------- (1) ਭੁਲ ਕੇ, ਗਲਤੀ ਕਰਕੇ, ਉਕ ਕੇ

“ਜੇ ਬਾਹਰਹੁ ਭੁਲਿ ਚੁਕਿ ਬੋਲਦੇ ਭੀ ਖਰੇ ਹਰਿ ਭਾਣੇ।”

-ਆਸਾ ੪, ਛੰਤ ੧੯, ੧:੨ (450)

“ਬਹੁ ਰੰਗ ਦੇਖਿ ਭੁਲਾਇਆ ਭੁਲਿ ਭੁਲਿ ਆਵੈ ਜਾਇ ਜੀਉ।”

-ਸੂਹੀ ੧, ਅਸ ੨, ੬:੨ (751)

(2) ਵਿਸਰਨਾ

“ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ।”

-ਮਾਰੂ ੩, ਵਾਰ ੧੧ਸ, ੩, ੧:੩ (1090)

ਭੁਲਿਆ ----- (1) ਭੁਲਨ ਤੇ, ਉਕਨ ਤੇ, ਗਲਤੀ ਕਰਨੇ ਤੇ ਖੁੰਝਣ ਤੇ

“ਸਭਨਾ ਕਾ ਦਾਤਾ ਏਕੁ ਹੈ ਭੁਲਿਆ ਲਏ ਸਮਝਾਇ।”

-ਸਿਰੀ ੩, ੫੮, ੪:੧ (36)

“ਏ ਮਨ ਮੂਲਹੁ ਭੁਲਿਆ ਜਾਸਹਿ ਪਤਿ ਗਵਾਇ।”(ਭੁਲਣ ਤੇ)

-ਸੂਹੀ ੩, ਅਸ ੩, ੨੯:੧ (756)

(2) ਭੁਲੇ ਹੋਇਆ, ਉਕੇ ਹੋਇਆ ਨੂੰ

“ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ।”

-ਸਿਰੀ ੩, ਅਸ ੨੩, ੭:੩ (68)

ਹੋਰ ਰੂਪ:

ਭੁਲਿਆਂ–
"ਭੁਲਿਆਂ ਆਪਿ ਸਮਝਾਇਸੀ ਜਾ ਕਉ ਨਦਰਿ ਕਰੇ।"(ਭੁਲਿਆਂ ਹੋਇਆ ਹੋਵੇ)
-ਸਲੋ ੩, ੬੭:੧ (1421)

ਭੁਲੀ ------- (1) ਉਕੀ ਹੋਈ, ਭੁਲੇਖੇ ਵਿਚ ਪਈ, ਧੋਖੇ ਵਿਚ ਆਈ
"ਭਰਮਿ ਭੁਲੀ ਡੋਹਾਗਣੀ ਨਾ ਪਿਰ ਅੰਕਿ ਸਮਾਇ।"
-ਸਿਰੀ ੧, ਅਸ ੧੨, ੧*:੨ (60)
"ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ।"
-ਸਿਰੀ ੪, ਵਾਰ ੧੫ਸ, ੫, ੨:੧ (89)
"ਜੇ ਭੁਲੀ ਜੇ ਚੁਕੀ ਸਾਇੰ ਭੀ ਤਹਿੰਜੀ ਕਾਢੀਆ।"
-ਸੂਹੀ ੫, ਅਸ ੪, ੧:੧ (761)
(2) ਵਿਸਾਰਿਆ, ਭੁਲਾਇਆ
"ਕਾਮਣਿ ਪਿਹਹੁ ਭੁਲੀ ਜੀਉ ਮਾਇਆ ਮੋਹਿ ਪਿਆਰੇ।"
-ਗਉ ੩, ਛੰਤ ੨, ੩:੧ (244)

ਭੁਲੀਅਸੁ ---- ਭੁਲੀ, ਉਕ ਗਈ, ਧੋਖੇ ਵਿਚ ਰਹਿ ਗਈ
"ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ।"
-ਸੂਹੀ ੧, ਕੁਚ, ੧:੧੦ (762)

ਭੁਲੀਆ ----- ਭੁਲੀ ਰਹੀ, ਭਲੇਖੇ ਵਿਚ ਰਹੀ, ਉਕ ਗਈ
"ਵਿਣੁ ਨਾਵੈ ਭ੍ਰਮਿ ਭੁਲੀਆ ਠਗਿ ਮੁਠੀ ਕੂੜਿਆਰਿ ਜੀਉ।"
-ਸੂਹੀ ੧, ਅਸ ੨, ੧:੨ (751)

ਹੋਰ ਰੂਪ:

ਭੁਲੀਐ–
"ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ।"(ਭੁਲੀਦਾ/ਉਕੀਦਾ ਹੈ)
-ਸਿਰੀ ੧, ਅਸ ੧੨, ੪:੧ (61)

ਭੁਲੀਐ ----- (1) ਉਕੀਦਾ ਹੈ, ਭੁਲੇਖੇ ਵਿਚ ਪੈ ਜਾਂਈ ਦਾ ਹੈ, ਵੇਖੋ 'ਭੁਲੀਆ'
(2) ਵਿਸਾਰ ਦੇਈਏ, ਭੁਲ ਜਾਈਏ
"ਸੁਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ।"
-ਰਾਮ ੫, ਵਾਰ ੧੪:੧ (964)

ਭੁਲੁ ------- ਉਕ, ਭੁਲੇਖੇ ਵਿਚ ਪਉ
"ਮਨਮੁਖ ਨਾਮ ਵਿਹੂਣਿਆ ਰੰਗੁ ਕਸੁੰਭਾ ਦੇਖਿ ਨ ਭੁਲੁ।"
-ਸਿਰੀ ੪, ਵਾਰ ੮ਸ, ੩, ੨:੧ (85)
"ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ।"(ਭੁਲਦਾ, ਭੁਲੇਖੇ ਵਿਚ ਪੈਂਦਾ ਹੈ)
-ਜੈਤ ੫, ਵਾਰ ੧੦ਸ, ੫, ੨:੧ (708)

ਭੁਲੇ ------- (1) ਖੁੰਝ/ ਉਕੇ ਹੋਏ, ਭੁਲੇਖੇ ਵਿਚ ਪਏ
"ਮੂਲਹੁ ਭੁਲੇ ਗੁਰਸਬਦੁ ਨ ਪਛਾਣਹਿ।"

-ਮਾਝ ੩, ਅਸ ੩੧, ੬:੨ (128)

ਹੋਰ ਰੂਪ:

ਭੂਲੈ–
"ਆਪਿ ਅਭੁਲੁ ਨ ਭੁਲੈ ਕਬਹੀ ਸਭੁ ਸਚੁ ਤਪਾਵਸੁ ਸਚੁਥਿਆ।"(ਭੁਲੇਖਾ ਖਾਂਦਾ)
-ਬਿਹਾ ੪, ਵਾਰ ੧੩:੪ (553)
"ਜੇ ਹੋਇ ਭੂਲਾ ਜਾਇ ਕਹੀਐ ਆਪਿ ਕਰਤਾ ਕਿਉ ਭੂਲੈ।"(ਪੁੰਝਦਾ ਹੈ)
-ਸੂਹੀ ੧, ਛੰਤ ੪, ੪:੩ (766)

ਭੂਲੋ –
"ਕੂੜੀ ਡੇਖਿ ਭੂਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ।" (ਭੁਲ ਗਿਆ, ਭੁਲੇਖੇ ਵਿਚ ਪੈ ਗਿਆ)
- ਸੂਹੀ ੫, ਛੰਤ ੧, ੧:੩ (777)

(2) ਭੁਲੇ ਹਨ, ਵਿਸਾਰਿਆ ਹੈ
"ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ।"
-ਗਉ ੫, ਵਾਰ ੨੭ਸ, ੫, ੨:੧ (315)

ਹੋਰ ਰੂਪ:

ਭੁਲੈ–
"ਮਨਮੁਖਿ ਭੁਲੈ ਭੁਲਾਈਐ ਭੂਲੀ ਠਉਰ ਨ ਕਾਇ।"(ਭੁਲ ਜਾਂਦਾ ਹੈ)
-ਸਿਰੀ ੧, ਅਸ ੧੨, ੧:੧ (60)

ਭੂ--------- (1) ਪ੍ਰਿਥਵੀ, ਧਰਤੀ
"ਕਈ ਕੋਟਿ ਦੇਸ ਭੂ ਮੰਡਲ।"
-ਗਉ ੫, ਸੁਖ ੧੦, ੩:੬ (275)
"ਸਗਲੋ ਭੂ ਮੰਡਲ ਖੰਡਲ ਪ੍ਰਭ ਤੁਮ ਹੀ ਆਛੈ।"
-ਮਾਰੂ ੫, ੨੨, ੩:੨ (1006)

(2) ਭੂਤ (ਤਤ) ਦਾ ਸੰਖੇਪ
"ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ।"
-ਗਉ ੫, ਥਿਤੀ ੧੨:੬ (299)

ਹੋਰ ਰੂਪ:

ਭੂਅ–
"ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ।"(ਧਰਤੀ)
-ਗਉ ੫, ੧੨੯, ੧:੧ (207)

ਭੂਸੀ -------- ਭੂਸੜੀ ਰੋਟੀ
"ਕਬੀਰ ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ।"
-ਸਲੋ ਕਬ, ੯੯:੧ (1369)

ਭੂਹਾਲੁ ------- ਭੂ–ਪਾਲ, ਰਾਜਾ
"ਭਲਉ ਭੂਹਾਲੁ ਤੇਜੋ ਤਨਾ ਨ੍ਰਿਪਤਿ ਨਾਥੁ ਨਾਨਕ ਬਰਿ।"
-ਸਵ ੩, ੨੧:੫ (1396)

ਭੂਖ-------- (1)ਭੁਖ
“ਕੇਤਿਆ ਦੂਖ ਭੂਖ ਸਦਮਾਰ।”
-ਜਪੁ ੧, ੨੫:੮ (5)
“ਸਾਚੇ ਨਾਮ ਕੀ ਲਾਗੈ ਭੂਖ।” (ਅਭਿਲਾਸ਼ਾ, ਚਾਹ)
-ਆਸਾ ੧, ਸੋਦ ੩, ੧:੩ (9)
“ਗਿਆਨ ਮਹਾ ਰਸੁ ਭੋਗਵੈ ਬਾਹੁੜਿ ਭੂਖ ਨ ਹੋਇ।”(ਤ੍ਰਿਸ਼ਨਾ, ਲਾਲਸਾ)
-ਸਿਰੀ ੧, ੧੮, ੫:੨ (21)
“ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ।” (ਖਾਹਿਸ਼, ਇਛਾ ਚਾਹ)
- ਗੂਜ ੧, ਅਸ ੨, ੧:੨ (503)
“ਬਿਨੁ ਖਾਏ ਬੂਝੈ ਨਹੀ ਭੂਖ।”
-ਭੈਰ ੫, ੪੫, ੩:੧ (1149)
(2) ਭੁਖਾ
“ਭੂਖ ਪਿਆਸੋ ਆਥਿ ਕਿਉ ਦਰਿ ਜਾਇਸਾ ਜੀਉ।”
-ਧਨਾ ੧, ਛੰਤ ੨, ੫:੧ (689)

ਭੂਖਨ ------ (1) ਗਹਿਣੇ
“ਕਨਿਕ ਭੂਖਨ ਕੀਨੇ ਬਹੁ ਰੰਗਾ।”
-ਸੂਹੀ ੫, ੧, ੨:੨ (736)
(2) ਭੁਖ
“ਸਾਕਤ ਨਰ ਪ੍ਰਾਨੀ ਸਦ ਭੂਖੇ ਨਿਤ ਭੂਖਨ ਭੂਖ ਕਰੀਜੈ।”
-ਕਲਿ ੪, ਅਸ ੧, ੭:੧ (1323)

ਭੂਖਾ ------- (1) ਭੁਖਾ
“ਸੰਤ ਕਾ ਦੋਖੀ ਭੁਖਾ ਨਹੀ ਰਾਜੈ।”
-ਗਉ ੫, ਸੁਖ ੧੩, ੬:੩ (280)

ਹੋਰ ਰੂਪ:

ਭੂਖੀ–
“ਸਦਾ ਭੂਖੀ ਪਿਰੁ ਜਾਨੈ ਦੂਰਿ।” (ਭਾਵ ਅਤ੍ਰਿਪਤ)
-ਆਸਾ ੫, ੯੬, ੧:੩ (394)

ਭੂਖੇ–
“ਭੂਖੇ ਪ੍ਰੀਤਿ ਹੋਵੈ ਅੰਨੁ ਖਾਇ।”(ਭੁਖੇ)
-ਗਉ ੪, ੪, ੧:੨ (164)
“ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ।”(ਅਤ੍ਰਿਪਤ)
-ਵਡ ੪, ਛੰਤ ੩, ੩:੪ (574)
(2) ਭੁਖ
“ਤੂੰ ਮੇਰੋ ਪਿਆਰੋ ਤਾ ਕੈਸੀ ਭੂਖਾ।”
-ਆਸਾ ੫, ੨੦, ੧*:੧ (375)

ਹੋਰ ਰੂਪ:

ਭੂਖੈ–

“ਤਿਤੁ ਭੂਖੈ ਖਾਇ ਚਲੀ ਅਹਿ ਦੂਖ।”(ਭੁਖ ਸਦਕਾ)
-ਆਸਾ ੧, ੨, ੧:੪ (349)

ਭੂਖੌਂ-

ਭੂਚਰ ------- ਪ੍ਰਾਣਾਂ ਯਾਮ ਦੀ ਇਕ ਮੁਦ੍ਰਾ ਜਿਸ ਵਿਚ ਨਜ਼ਰ ਭਵਾਂ ਦੇ ਵਿਚਕਾਰ ਟਿੱਕਾਨ ਦਾ ਅਭਿਆਸ ਕੀਤਾ ਜਾਂਦਾ ਹੈ
“ਖੇਚਰ ਭੂਚਰ ਤੁਲਸੀ ਮਾਲਾ ਗੁਰ ਪਰਸਾਦੀ ਪਾਇਆ।”
-ਰਾਮ ਨਾਮ, ੩, ੩:੧ (973)

ਭੂੰਚਾ -------- ਭੋਗੇ, ਖਾਧੇ, ਪੀਤੇ
“ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂੰਚਾ।”
-ਦੇਵ ੫, ੩੨, ੨:੨ (534)

ਭੂਛ--------- ਜੰਗਲੀ, ਮੂਰਖ, ਗਵਾਰ
“ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਕੂ।”
-ਮਾਰੂ ੫, ਵਾਰ ੪ਸ, ੫, ੩:੧ (1095)

ਭੂੰਜਾ -------- ਭੁਜਿਆ
“ਕਾਮ ਕ੍ਰੋਧ ਅਗਨੀ ਮਹਿ ਭੂੰਜਾ।”
-ਪ੍ਰਭਾ ੧, ਅਸ ੫, ੮:੨ (1345)

ਭੂਡੜੈ ------- ਮਲੀਨ ਮਤਿ ਵਾਲੇ ਨੇ ਭੈੜੇ ਆਦਮੀ ਨੇ
“ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ।”
-ਵਡ ੧, ਅਲਾ ੩, ੩:੩ (580)

ਭੂੰਡੀ -------- (1) ਮਲੀਨ ਮਤ ਵਾਲੀ
“ਭੂੰਡੀ ਕਾਮਣਿ ਕਾਮਣਿ ਆਰਿ।”
-ਬਿਲਾ ੧, ੩, ੨:੨ (796)

(2) ਭਦੀ, ਕੋਝੀ, ਟੇਢੀ
“ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ।”
-ਭੈਰ ੧, ੪, ੧:੧ (1126)

ਭੂਤ--------- (1) ਤਤ (ਕਾਮ ਕ੍ਰੋਧ ਲੋਭ ਮੋਹ ਅੰਹਕਾਰ)
“ਪੰਚ ਭੂਤ ਸਚਿ ਭੈ ਰਾਤੇ ਜੋਤਿ ਸਚੀ ਮਨ ਮਾਹਿ।”
-ਸਿਰੀ ੧, ੧੫, ੪:੨ (20)

(2) ਪ੍ਰੇਤ, ਆਤਮਾ, ਭੂਤਨਾ
“ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ।”
-ਗਉ ੫, ਸੁਖ ੧੦, ੪:੮ (276)

“ਪ੍ਰੇਤ ਭੂਤ ਸਭਿ ਦੂਜੈ ਲਾਇ।”
-ਬਿਲਾ ੩, ਵਾ ੧, ੬:੨ (841)

(3) ਰੂਪ, ਜੇਹਾ, ਸਮਾਨ, ਵਾਂਗ
“ਸਾਰ ਭੂਤ ਸਤਿ ਹਰਿ ਕੋ ਨਾਉ।”
-ਗਉ ੫, ਸੁਖ ੧੯, ੬:੯ (289)

"ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ।"
-ਸਾਰ ੫, ੨, ੧*:੨ (1202)

(4) ਹਸਤੀ ਭਾਵ ਜੀਵ, ਜੋ ਹੋਂਦ ਵਿਚ ਆਇਆ ਹੈ ਅਰਥਾਤ ਸ੍ਰਿਸ਼ਟੀ
"ਸਰਬ ਭੂਤ ਆਪਿ ਵਰਤਾਰਾ।"
-ਗਉ ੫, ਸੁਖ, ੨੩, ੬:੧ (294)
"ਸਰਬ ਭੂਤ ਏਕੈ ਕਰਿ ਜਾਨਿਆ ਚੂਕੈ ਬਾਦ ਬਿਬਾਦਾ।"
-ਆਸਾ ਕਬ, ੨੮, ੩:੧ (483)

(5) ਲੰਘ ਚੁਕਾ ਸਮਾਂ
"ਭਵ ਭੂਤ ਭਾਵ ਸਮਬ੍ਰਿਅੰ ਪਰਮੰ ਪ੍ਰਸੰਨ ਮਿਦੰ।"
-ਗੂਜ ਜੈਦੇ, ੧, ੨:੨ (526)

(6) ਪ੍ਰਿਥਵੀ ਆਦਿ ਤਤ
"ਪੰਚਮੀ ਪੰਚ ਭੂਤ ਬੇਤਾਲਾ।"
-ਬਿਲਾ ੧, ਥਿਤੀ ੬:੧ (839)
"ਪੰਚ ਭੂਤ ਸਬਲ ਹੈ ਦੇਹੀ ਗੁਰੁ ਸਤਿਗੁਰੁ ਪਾਪ ਨਿਵਾਰੇ।"
-ਨਟ ੪, ਅਸ ੬, ੨:੨ (983)

ਭੂਤਨਾ ------ ਪ੍ਰੇਤ, ਭੂਤ
"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ।"
-ਮਾਰੂ ੧, ੭, ੧:੧ (991)

ਭੂਤਾ ------- ਹਸਤੀਆਂ, ਜੀਵ
"ਸਿਮਰਹਿ ਪਸੁ ਪੰਖੀ ਸਭਿ ਭੂਤਾ।"
-ਮਾਰੂ ੫, ਸੋਲਾ ੮, ੪:੧ (1079)

ਭੂਤੁ ------- (1) ਮਿਰਤ ਦੇਹ, ਸ਼ਵ, ਮੁਰਦਾ
"ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ।"
-ਸੋਰ ਕਬ, ੨, ੨:੨ (654)

(2) ਪ੍ਰੇਤ, ਭੂਤ
"ਉਹ ਤਉ ਭੂਤੁ ਭੂਤੁ ਕਰਿ ਭਾਗੀ।"
-ਸੂਹੀ ਰਵਿ, ੩, ੩:੨ (794)

ਭੂਪਤਿ ------ ਭੂ+ਪਤਿ, ਪ੍ਰਿਥਵੀ ਦਾ ਸੁਆਮੀ, ਰਾਜਾ
"ਭਇਆ ਭੇਦ ਭੂਪਤਿ ਪਹਿਚਾਨਿਆ।" (ਹਰਿ ਰਾਜਾ)
-ਗਉ ਕਬ, ਬਾਅ ੩੦:੪ (342)
"ਭੂਪਤਿ ਹੋਇ ਕੈ ਰਾਜੁ ਕਮਾਇਆ।"
-ਆਸਾ ੫, ੮੬, ੧:੧ (391)

ਹੋਰ ਰੂਪ:

ਭੂਪਤੀ-
"ਪੰਡਿਤ ਰਾਜੇ ਭੂਪਤੀ ਆਵਹਿ ਕਉਨੇ ਕਾਮ।"
-ਸਲੋ ਕਬ, ੨੪:੨ (1365)

ਭੂੰਭਰ ------ ਭੁਬਲ, ਗਰਮ ਸੁਆਹ

"ਤਿਨ ਪਗ ਸੰਤ ਨ ਸੇਵੇ ਕਬਹੂ ਤੇ ਮਨਮੁਖ ਭੂੰਭਰ ਭਾਭਾ।"
-ਪ੍ਰਭਾ ੪, ੬, ੩:੨ (1337)

ਭੂਮ--------- ਧਰਤੀ
"ਖਿਸਰਿ ਗਇਓ ਭੂਮ ਪਰਿ ਡਾਰਿਓ।"
-ਆਸਾ ੫, ੭੬, ੨:੨ (389)

ਭੂਮੰਡਲ ------ ਬ੍ਰਹਮੰਡ, ਪ੍ਰਿਥਵੀ ਦਾ ਜਗਤ (ਸੰਸਾਰ)
"ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ।"
-ਧਨਾ ੫, ੨੧, ੨:੧ (676)

ਭੂਮਨ ------- ਜ਼ਮੀਨ ਵਾਲੇ, ਧਰਤੀ ਦੇ ਮਾਲਕ, ਜ਼ਿੰਮੀਦਾਰ
"ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ।"
-ਗੂਜ ੫, ਅਸ ੧, ੧:੧ (507)

ਭੂਮਵੰਤੁ ------ ਜ਼ਮੀਨ ਵਾਲਾ
"ਦਰਬਵੰਤੁ ਦਰਬੁ ਦੇਖਿ ਗਰਬੈ ਭੂਮਵੰਤੁ ਅਭਿਮਾਨੀ।"
-ਧਨਾ ੫, ੩੪, ੧:੧ (679)

ਭੂਮਾ -------- ਵਡਾ, ਮੁਖੀ
"ਰਾਜਨ ਮਹਿ ਤੂ ਰਾਜਾ ਕਹੀ ਅਹਿ ਭੂਮਨ ਮਹਿ ਭੂਮਾ।"
-ਗੂਜ ੫, ਅਸ ੧, ੧:੧ (507)

ਭੂਮਿ -------- (1) ਧਰਤੀ, ਜ਼ਮੀਨ, ਭੂਮੀ
"ਭੂਮਿ ਦਾਨੁ ਗਊਆ ਘਾਣੀ ਭੀ ਅੰਤਰਿ ਗਰਬੁ ਗੁਮਾਨੁ।"
-ਸਿਰੀ ੧, ਅਸ ੧੪, ੪:੨ (62)
"ਕਰਮ ਭੂਮਿ ਮਹਿ ਬੋਅਹੁ ਨਾਮੁ।"(ਭਾਵ ਸਰੀਰ)
-ਗਉ ੫, ੭੩, ੧:੧ (176)

ਹੋਰ ਰੂਪ:

ਭੂਮੀ-
"ਕੇਤਿਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।"
-ਜਪੁ ੧, ੩੫:੫ (7)

(2) ਧਰਤੀ ਦਾ ਮਾਲਕ, ਜ਼ਮੀਨ ਵਾਲਾ
"ਬਿਆਪਤ ਭੂਮਿ ਰੰਕ ਅਰੁ ਰੰਗਾ।"
-ਗਉ ੫, ੮੮, ੩:੧ (182)

ਭੂਮੀਆ ------ ਧਰਤੀ ਦਾ ਮਾਲਕ
"ਭੂਮੀਆ ਭੂਮਿ ਊਪਰਿ ਨਿਤ ਲੁਝੈ।"
-ਗਉ ੫, ੧੧੩, ੨:੧ (188)

ਭੂਰ--------- (1) ਭੂਤ ਕਾਲ, ਪਿਛਲਾ ਸਮਾਂ
"ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ।"
-ਸਾਰ ੧, ੧, ੪:੧ (1197)

(2) ਭੂਰੀ, ਕਰੜ ਬਰੜੀ
"ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ।"
-ਸਲੋ ਫਰ, ੯:੧ (1378)

ਭੂਲ -------ਭੁਲ, ਉਕਾਈ
"ਹਮ ਭੂਲ ਚੂਕ ਗੁਰ ਕਿਰਪਾ ਧਾਰਹੁ ਜਨ ਨਾਨਕ ਕੁਤਰੇ ਕਾਢੇ।"
-ਗਉ ੪, ਪ੯, ੪:੨ (171)

ਭੂਲਉ ------ (1) ਭੁਲੋ, ਧੋਖੇ ਵਿਚ ਆਵੋ
"ਮੇਰੇ ਭਰਮਿ ਭੂਲਉ ਮਤਿ ਕੋਈ।"
-ਬਿਲਾ ਕਬ, ੨, ੩:੨ (855)

(2) ਭੁਲਿਆ ਹੋਇਆ
"ਮਨੁ ਭੂਲਉ ਸਮਝਸਿ ਸਾਚਿ ਨਾਇ।"
-ਬਸੰ ੧, ਅਸ ੨, ੧:੧ (1187)

ਭੂਲਹ ------ਭੁਲੇ ਹੋਏ, ਭੁਲਾਂ ਕਰਦੇ
"ਤੁਝ ਬਿਨੁ ਦੂਜਾ ਅਵਰੁ ਨ ਕੋਈ ਭੂਲਹ ਚੂਕਹ ਪ੍ਰਭ ਤੇਰੇ।"
-ਰਾਮ ੫, ੩੭, ੧*:੨ (894)
"ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ।"(ਭੁਲਣਹਾਰ)
-ਸਾਰ ੫, ੪੫, ੧:੧ (1213)

ਹੋਰ ਰੂਪ:

ਭੂਲਹਿ-
"ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ।"(ਭੁਲਦੇ ਹਨ)
-ਸਿਰੀ ੫, ੯੭, ੧:੨ (51)
"ਮਤ ਭੂਲਹਿ ਰੇ ਮਨ ਚੇਤਿ ਹਰੀ।"(ਭੁਲ, ਉਕ)
-ਬਸੰ ੧, ੧੨, ੧*:੧ (1171)

ਭੂਲਹੁ-
"ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ।"(ਭੁਲੋ, ਓਕੋ, ਧੋਖੇ ਵਿਚ ਆਵੋ)
-ਧਨਾ ਕਬ, ੩, ੨:੧ (692)

ਭੂਲਤੇ ------ਭੁਲਦੇ, ਉਕਾਈ ਕਰਦੇ
"ਹਮ ਅਪਰਾਧੀ ਸਦ ਭੂਲਤੇ ਤੁਮ੍ਹ ਬਖਸਨਹਾਰੇ।"
-ਬਿਲਾ ੫, ੩੪, ੧*:੨ (809)

ਭੂਲਨ ------ ਭੁਲਣਾ
"ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ।"
-ਬਿਲਾ ੫, ੧੧੮, ੨:੧ (828)

ਭੂਲਨਹਾਰ---- ਭੁਲ ਕਰਨ ਵਾਲਾ
"ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ ।"
-ਗਉ ੫, ਬਾਅ ੫੨ਸ:੧ (261)

ਹੋਰ ਰੂਪ:

ਭੁਲਨਹਾਰਾ–
"ਕਰਨੈਹਾਰੁ ਨ ਭੂਲਨਹਾਰਾ।"(ਭੁਲਨ ਵਾਲਾ)
–ਗਉ ੫, ਬਾਅ ੧੭:੪ (253)

ਭੂਲਨਹਾਰ–
"ਸਦਾ ਸਦਾ ਇਹੁ ਭੂਲਨਹਾਰੁ।"
–ਗਉ ੫, ਸੁਖ ੪, ੩:੯ (267)

ਭੂਲਨਹਾਰੇ–
"ਸਾਸਿ ਸਾਸਿ ਹਮ ਭੂਲਨਹਾਰੇ।"
–ਗਉ ੫, ਬਾਅ ੪੮:੫ (260)

ਭੂਲੜਾ------ ਭੁਲਿਆ ਹੋਇਆ
"ਆਖਣ ਤਾ ਕਉ ਜਾਈਐ ਜੇ ਭੂਲੜਾ ਹੋਈ।"
–ਸੂਹੀ ੧, ਛੰਤ ੪, ੪:੨ (766)

ਭੂਲਾ ------- (1) ਮੈਂ ਭੁਲੇਖਾ ਖਾ ਜਾਵਾਂ
"ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।"
–ਸਿਰੀ ੧, ੧, ੧:੩ (14)

(2) ਭੁਲਿਆ ਹੋਇਆ
"ਭਰਮੇ ਭੂਲਾ ਦੁਖੁ ਘਣੋ ਜਮੁ ਮਾਰਿ ਕਰੈ ਖੁਲਹਾਨੁ।"
–ਸਿਰੀ ੧, ੧੯, ੩:੨ (21)

"ਮੂਲਹੁ ਭੂਲਾ ਆਵੈ ਜਾਇ।"(ਖੁੰਝਿਆ ਹੋਇਆ)
–ਭੈਰ ਨਾਮ, ੮, ੨:੩ (1165)

ਭੂਲਾਏ------- ਭੁਲੇਖੇ ਵਿਚ ਪਾਏ, ਉਕਾਏ
"ਤਪੁ ਕਰਤੇ ਤਪਸੀ ਭੂਲਾਏ।"
–ਆਸਾ ੫, ੧, ੩:੧ (370)

ਭੂਲਿ ------- (1) ਭੁਲ ਕੇ
"ਅੰਧਾ ਭੂਲਿ ਪਇਆ ਜਮ ਜਾਲੇ।"
–ਮਾਝ ੧, ਵਾਰ ੪ਸ, ੧, ੨:੩ (139)

"ਐਸੇ ਕਾਹੇ ਭੂਲਿ ਪਰੇ ।"(ਭੁਲ ਵਿਚ ਪੈਂਦਾ ਹੈ, ਉਕਦਾ ਹੈ)
–ਬਿਲਾ ੫, ੯੬, ੧*:੧ (823)

"ਤਉ ਕੜੀਐ ਜੇ ਭੂਲਿ ਰੰਞਾਣੈ।"(ਭੁਲੇਖੇ ਨਾਲ)
–ਭੈਰ ੫, ੧੮, ੩:੨ (1140)

(2) ਭੁਲਣਾ
"ਭਜਹੁ ਗੋੁਬਿੰਦ ਭੂਲਿ ਮਤ ਜਾਹੁ।"
–ਭੈਰ ਕਬ, ੯, ੧*:੧ (1159)

ਭੂਲਿਓ------ (1) ਭੁਲਿਆ ਹੋਇਆ, ਭੁਲੇਖੇ ਵਿਚ ਪਿਆ ਹੋਇਆ
"ਕੋਈ ਮਾਈ ਭੂਲਿਓ ਮਨੁ ਸਮਝਾਵੈ।"
–ਗਉ ੯, ੬, ੧*:੧ (220)

(2) ਭੁਲਿਆ ਹੈ
"ਕਹਾ ਭੂਲਿਓ ਰੇ ਝੂਠੇ ਲੋਭ ਲਾਗ।"
-ਬਸੰ ੯, ੫, ੧*:੧ (1187)

ਹੋਰ ਰੂਪ:

ਭੂਲਿਆ-
"ਜਬ ਦਸ ਮਾਸ ਉਰਧ ਮੁਖ ਰਹਤਾ ਸੋ ਦਿਨੁ ਕੈਸੇ ਭੂਲਿਆ।"(ਭੁਲਿਆ ਹੈਂ)
-ਸਰੋ ਕਬ, ੨, ੧*:੨ (654)

ਭੂਲੀ ------- ਭੁਲੀ ਹੋਈ, ਭਟਕ ਕੇ
"ਭੂਲੀ ਭੂਲੀ ਥਲਿ ਚੜਾ ਥਲਿ ਚੜਿ ਡੂਗਰਿ ਜਾਉ।"
-ਸਿਰੀ ੧, ਅਸ ੬, ੭:੧ (57)
"ਭੂਲੀ ਮਾਲਨੀ ਹੈ ਏਉ।"(ਧੋਖੇ ਵਿਚ ਆਈ, ਭੁਲੀ)
-ਆਸਾ ਕਬ, ੨੪, ੧*:੧ (479)

ਹੋਰ ਰੂਪ:

ਭੂਲੀਐ-
"ਅਸੰਖ ਅਵਗਣ ਖਤੇ ਫੇਰੇ ਨਿਤ ਪ੍ਰਤਿ ਸਦ ਭੂਲੀਐ।"
-ਜੈਤ ੫, ਛੰਤ ੨, ੧:੩ (704)

ਭੂਲੁ ------- ਭੁਲ, ਧੋਖੇ ਵਿਚ ਆ
"ਸੂਰਤਿ ਦੇਖਿ ਨ ਭੂਲੁ ਗਵਾਰਾ।"
-ਮਾਰੂ ੫, ਸੋਲਾ ੭, ੧:੧ (1077)

ਭੂਲੇ ------- (1) ਭੁਲੇ ਹੋਏ
"ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ।"
-ਸਿਰੀ ੧, ਅਸ ੮, ੧:੧ (57)
"ਭੂਲੇ ਮਾਰਗ ਜਿਨਹਿ ਬਤਾਇਆ।"(ਭੁਲੇ ਹੋਏ ਨੂੰ)
-ਬਿਲਾ ੫, ੮, ੧:੧ (803)

(2) ਭੁਲਦਾ ਹੈ, ਭੁਲ ਕਰਦਾ ਹੈ
"ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ।"
-ਸੋਰ ੯, ੧੦, ੩:੨ (633)

ਹੋਰ ਰੂਪ:

ਭੂਲੈ-
"ਉਨਮਤ ਕਾਮਿ ਮਹਾ ਬਿਖੁ ਭੂਲੈ ਪਾਪੁ ਪੁੰਨੁ ਨ ਪਛਾਨਿਆ।"(ਭੁਲ ਗਏ)
-ਸਿਰੀ ਬੇਣੀ, ੧, ੩:੨ (93)
"ਆਪਹੁ ਕੋਈ ਮਿਲੈ ਨ ਭੂਲੈ।"(ਭੁਲਦਾ ਹੈ)
-ਆਸਾ ੫, ੮੫, ੪:੧ (391)

ਭੂਲੋ-
"ਬਿਨੁ ਨਾਵੈ ਧਨੁ ਬਾਦਿ ਹੈ ਭੂਲੋ ਮਾਰਗਿ ਆਥਿ।"(ਭੁਲਿਆ ਹੈ)
-ਸਿਰੀ ੧, ਅਸ ੧੦, ੬:੨ (59)

ਭੂਲੌ-

"ਤੂ ਅਭੁਲੁ ਨ ਭੂਲੌ ਕਦੇ ਨਾਹਿ।" (ਭੁਲਦਾ)

-ਬਸੰ ੧, ਅਸ ੨, ੮:੧ (1188)

(3) ਭੁਲਾਏ ਹੋਏ

"ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ।"

-ਮਾਰੂ ੧, ਅਸ ੧੧, ੫:੨ (1016)

ਹੋਰ ਰੂਪ:

ਭੂਲੋ–

"ਮਾਇਆ ਮੋਹ ਭੂਲੋ ਅਵਰੈ ਹੀਤ।" (ਭੁਲਾਇਆ ਹੋਇਆ)

-ਧਨਾ ੫, ੯, ੧*:੧ (673)

ਭੇਉ -------ਭੇਦ

"ਕਹੁ ਕਬੀਰ ਜੋ ਜਾਨੈ ਭੇਉ।"

-ਗਉ ਕਬ, ੨੮, ੩:੧ (329)

ਭੇਸ -------ਲਿਬਾਸ, ਰੂਪ

"ਕਬੀਰ ਆਈ ਮੁਝਹਿ ਪਹਿ ਅਨਿਕ ਕਰੇ ਕਰਿ ਭੇਸ।"

-ਸਲੋ ਕਬ, ੮:੧ (1364)

ਹੋਰ ਰੂਪ:

ਭੇਸਵਾ–

"ਕਰਿ ਅਬਦਾਲੀ ਭੇਸਵਾ।"(ਰੂਪ)

-ਭੈਰ ਨਾਮ, ੧, ੧*:੨ (1167)

ਭੇਸੁ–

"ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ।"(ਲਿਬਾਸ)

-ਸੋਰ ੯, ੧0, ੧*:੨ (633)

ਭੇਖ-------- (1) ਭੇਸ, ਰੂਪ

"ਬਹੁ ਭੇਖ ਕਰਿ ਭਰਮਾਈਐ ਮਨਿ ਹਿਰਦੈ ਕਪਟੁ ਕਮਾਇ।"

-ਸਿਰੀ ੩, ੩੫, ੧:੧ (26)

"ਨਟੂਆ ਭੇਖ ਦਿਖਾਵੈ ਬਹੁ ਬਿਧਿ ਜੈਸਾ ਹੈ ਓਹੁ ਤੈਸੇ ਰੇ।"(ਰੂਪ)

-ਆਸਾ ੫, ੧੩0, ੧:੧ (403)

"ਭੇਖਧਾਰੀ ਭੇਖ ਕਰਿ ਥਕੇ ਅਠਿ ਸਠਿ ਤੀਰਥ ਨਾਇ।"(ਧਾਰਮਨ ਮਰਯਾਦਾ)

-ਸੋਰ ੪, ਵਾਰ ੬ਸ, ੩, ੨:੫ (644)

ਹੋਰ ਰੂਪ:

ਭੇਖੰ–

"ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ।"(ਭੇਖ ਦੁਆਰਾ)

-ਮਾਰੂ ੫, ਵਾਰ ੧੩:੨ (1099)

(2) ਭੇਖੀ, ਵਖ ਵਖ ਰੂਪ ਧਾਰਨ ਵਾਲਾ, ਭੇਖਧਾਰੀ

"ਕਾਜੀ ਸੇਖ ਭੇਖ ਫਕੀਰਾ।"

-ਗਉ ੧, ਅਸ ੧੪, ੭:੧ (227)

(3) ਭਿਖਾਰੀ

“ ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣ ਹਾਰੋ।”
-ਸੂਹੀ ੧, ਛੰਤ ੨, ੩:੪ (764)
“ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ।”(ਭੇਖ ਕਰਨ ਵਾਲੇ)
-ਸਾਰ ੪, ਵਾਰ ੩੩ਸ, ੩, ੨:੩ (1250)

ਭੇਖਧਾਰੀ ---- ਭੇਖ ਧਾਰਨ ਵਾਲਾ, ਵੇਸ ਕਰਨ ਵਾਲਾ
“ਬਹੁਤੇ ਭੇਖ ਕਰੈ ਭੇਖਧਾਰੀ।”
-ਗਉ ੩, ਅਸ ੩, ੬:੧ (230)

ਭੇਖਵਾਨੀ ---- ਭੇਖਧਾਰੀ, ਭੇਖ ਕਰਨ ਵਾਲਾ
“ਉਪਾਇ ਕਿਤੈ ਨ ਲਭਨੀ ਕਰਿ ਭੇਖ ਥਕੇ ਭੇਖਵਾਨੀ।”
-ਗੂਜ ੩, ਵਾਰ ੧੪:੩ (514)

ਭੇਖਾ ------- (1) ਭੇਖਧਾਰੀ, ਭੇਖਾਂ ਵਾਲੇ
“ਅਠਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ।”
-ਮਾਰੂ ੧, ਅਸ ੧, ੧:੨ (1009)
(2) ਭੇਖ
“ਜਾ ਕੈ ਰਾਸਿ ਸਰਬ ਸੁਖ ਸੁਆਮੀ ਆਨ ਨ ਮਾਨਤ ਭੇਖਾ।”
-ਸਾਰ ੫, ੮੮, ੨:੧ (1221)

ਭੇਖਾਰੀ ----- ਮੰਗਤਾ
“ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ।”
-ਆਸਾ ੪, ਸੋਪੁ ੧, ੨:੨ (11)

ਭੇਖਿ ------- ਭੇਖ, ਵਿਸ਼ੇਸ਼ ਪਹਿਰਾਵਾ ਪਾ ਕੇ ਰੂਪ ਧਾਰਨ ਕਰਨਾ
“ਖਟੁ ਦਰਸਨ ਕੈ ਭੇਖਿ ਕਿਸੈ ਸਚਿ ਸਮਾਵਣਾ।”
-ਮਾਝ ੧, ਵਾਰ ੨੧:੪ (148)

ਹੋਰ ਰੂਪ:

ਭੇਖੀ-
“ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨ।”(ਭੇਖ ਕਰਨ ਨਾਲ)
-ਸਿਰੀ ੧, ਅਸ ੧੨, ੪:੧ (61)

ਭੇਖੁ-
“ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ।”(ਭੇਸ)
-ਗਉ ੫, ੧੨੬*, ੩:੨ (206)
“ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ।”(ਭਾਵ ਪਾਖੰਡ)
-ਸੋਰ ੧, ਅਸ ੨, ੭:੩ (636)
“ਜੇਹੀ ਤੂੰ ਨਦਰਿ ਕਰਹਿ ਤੇਹਾ ਕੋ ਹੋਵੈ ਬਿਨੁ ਨਦਰੀ ਨਾਹੀ ਕੋ ਭੇਖੁ।”(ਰੂਪ)
-ਸੂਹੀ ੪, ੧੩, ੩:੨ (735)

ਭੇਖੈ-
“ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ।”(ਭੇਖ ਤੋਂ)
-ਵਡ ੪, ਵਾਰ ੪ਸ, ੩, ੧:੫ (587)

ਭੇਜਹਿ ------ ਭੇਜੇ, ਘਲੇ, ਰਵਾਨਾ ਕਰੇ

"ਹੁਕਮੇ ਦਰਸਨੁ ਦੇਖਣਾ ਜਹ ਭੇਜਹਿ ਤਹ ਜਾਉ।"

-ਸਿਰੀ ੩, ਅਸ ੨੦, ੫:੨ (66)

ਭੇਜਿ ------- ਘਲਣਾ

"ਸਤਿਗੁਰ ਸਾਚੈ ਦੀਆ ਭੇਜਿ।"

-ਆਸਾ ੫, ੧੦੧, ੧:੧ (396)

ਹੋਰ ਰੂਪ:

ਭੇਜਿਆ-

"ਧੁਰਹੁ ਖਸਮਿ ਭੇਜਿਆ ਸਚੈ ਹੁਕਮਿ ਪਠਾਇ।"(ਘਲਿਆ)

-ਸਲੋ ੩, ੫੭:੧ (1420)

ਭੇਜੀ-

"ਧੁਰ ਕੀ ਭੇਜੀ ਆਈ ਆਮਰਿ।"(ਭੇਜੀ ਹੋਈ)

-ਆਸਾ ੫, ੪, ੨:੧ (371)

ਭੇਜੇ-

"ਜਿਨਿ ਤੁਮ ਭੇਜੇ ਤਿਨਹਿ ਬੁਲਾਏ ਸੁਖ ਸਹਜ ਸੇਤੀ ਘਰਿ ਆਉ।"(ਘਲੇ)

-ਧਨਾ ੫, ੨੮, ੧:੧ (678)

ਭੇਜੈ-

"ਜਿਨਸਿ ਥਾਪਿ ਜੀਆਂ ਕਉ ਭੇਜੈ ਜਿਨਸਿ ਥਾਪਿ ਲੈ ਜਾਵੈ।"(ਘਲੇ)

- ਸਾਰ ੪, ਵਾਰ ੨ਸ, ੧, ੨:੧ (1238)

ਭੇਟ-------- ਅਰਪਨ, ਭੇਟਾ, ਨਜ਼ਰ

"ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ।"

-ਬਿਲਾ ੫, ੪੧, ੧:੨ (810)

ਭੇਟੰ ------- ਮਿਲਾਪ ਹੋਣਾ

"ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ।"

-ਜੈਤ ੫, ਵਾਰ ੧੫ਸ, ੫, ੧:੨ (709)

ਭੈਟਸੀ ------ ਮਿਲੇ ਹਨ

"ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ।"

-ਆਸਾ ੫, ੧੦੩, ੨:੨ (396)

ਭੇਟਹਿ ------ ਮਿਲਦੇ ਹਨ

"ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ।"

-ਭੈਰ ੫, ੫੨, ੨:੨ (1151)

ਭੇਟਣ ------ ਮਿਲਣ

"ਸਨ ਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ।"

-ਰਾਮ ੧, ੬, ੧:੨ (878)

ਭੇਟਤ ------ ਮਿਲਣ ਕਰਕੇ

"ਸਤਿ ਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ।"

-ਸਿਰੀ ੫, ਛੰਤ ੩, ੫:੫ (81)

"ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ।"(ਹੋਣ ਨਾਲ)

-ਟੋਡੀ ੫, ੨੯, ੧:੨ (717)

"ਭੇਟਤ ਸੰਗਿ ਇਹੁ ਭਉਜਲੁ ਤਾਰੇ।"(ਸੰਗ ਦੇ ਭੇਟਣ ਨਾਲ ਭਾਵ ਸੰਗ ਕਰਨ ਨਾਲ)

-ਸੂਹੀ ੫, ੧੩, ੧:੨ (739)

ਹੋਰ ਰੂਪ:

ਭੇਟੰਤਿ–

"ਲਬਧਿਅੰ ਸਾਧ ਸੰਗੇਣ ਨਾਨਕ ਵਡਭਾਗੀ ਭੇਟੰਤਿ ਦਰਸਨਹ।"(ਦਰਸ਼ਨ ਮਿਲਿਆ ਭਾਵ ਕਰਦਿਆਂ)

-ਗਾਥਾ ੫, ੨੧:੨ (1361)

ਭੇਟਤੇ–

"ਖੁਲ੍ਹੜੇ ਕਪਾਟ ਨਾਨਕ ਸਤਿਗੁਰ ਭੇਟਤੇ।"(ਮਿਲਦਿਆਂ ਹੀ)

-ਸਿਰੀ ੫, ਛੰਤ ੩, ੨੩:੨ (80)

ਭੇਟਨ ------ ਮਿਲਦੇ ਭਾਵ ਨਿਕਟ ਆਉਂਦੇ

"ਸਾਧ ਸੰਗਿ ਜਮਦੂਤ ਨ ਭੇਟਨ।"

-ਸੂਹੀ ੫, ਅਸ ੨, ੨:੨ (760)

ਹੋਰ ਰੂਪ:

ਭੇਟਨਾ–

"ਮਾਨੁ ਮੋਹੁ ਤਿਆਗਿ ਛੋਡਿਓ ਤਉ ਨਾਨਕ ਹਰਿ ਜੀਉ ਭੇਟਨਾ।"(ਮਿਲਦਾ ਹੈ)

-ਕਾਨ ੫, ੩੫, ੨:੫ (1305)

ਭੇਟਲ ------ ਮਿਲਿਆ ਹੈ

"ਨਾਮੇ ਸ੍ਰੀ ਰੰਗੁ ਭੇਟਲ ਸੋਈ।"

-ਭੈਰ ਨਾਮ, ੪, ੪:੨ (1164)

ਭੇਟਾਇ ----- ਮੇਲ ਕਰਾਉਂਦਾ ਹੈ

"ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ।"

-ਰਾਮ ੪, ੨, ੨:੧ (881)

ਭੇਟਿ ------- ਮਿਲਕੇ

"ਗੁਰਮੁਖਿ ਗਿਆਨ ਭੇਟਿ ਗੁਣ ਗਾਹੀ।"(ਭਾਵ ਪ੍ਰਾਪਤ ਕਰਕੇ)

-ਗਉ ੧, ਅਸ ੧੩, ੭:੨ (227)

"ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾ ਨਾਂ।"(ਮਿਲਕੇ)

-ਗਉ ਕਬ, ੭੪, ੪:੨ (340)

"ਜਨਮ ਜਨਮ ਕੇ ਮਹਾ ਪਰਾਛਤ ਦਰਸਨੁ ਭੇਟਿ ਮਿਟਾਇਓ।"(ਕਰਕੇ)

-ਕਾਨ ੫, ੨੬, ੧:੧ (1303)

ਹੋਰ ਰੂਪ:

ਭੇਟਿਓ–

"ਜਿਸੁ ਸਤਗੁਰੁ ਪੁਰਖੁ ਨ ਭੇਟਿਓ ਸੁ ਭਉਜਲਿ ਪਚੈ ਪਚਾਇ।"(ਮਿਲਿਆ ਭਾਵ ਸੰਗਤ ਕੀਤੀ)

-ਸਿਰੀ ੧, ੨੨, ੩:੨ (22)

"ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।"(ਮਿਲ ਪਿਆ)

-ਗਉ ੫, ੧੧੯*, ੨:੧ (204)

"ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ।"(ਦਰਸ਼ਨ ਕੀਤੇ, ਮਿਲਿਆ)

-ਸੋਰ ੫, ੫, ੧:੧ (609)

ਭੇਟਿਆ–

"ਜਿਨ ਕਉ ਪੂਰਬਿ ਲਿਖਿਆ ਸਤਗੁਰੁ ਭੇਟਿਆ ਤਿਨ ਆਇ।"(ਮਿਲਿਆ)

-ਸਿਰੀ ੩, ੫੬, ੨:੪ (35)

ਭੇਟਿਐ–

"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।"(ਮਿਲਣ ਨਾਲ)

-ਗੂਜ ੫, ਵਾਰ ੧੬ਸ, ੫, ੨:੧ (522)

"ਪਾਰਸਿ ਭੇਟਿਐ ਕੰਚਨੁ ਭਇਆ ਕੀਮਤਿ ਕਹੀ ਨਾ ਜਾਇ।"(ਮਿਲਣ/ਛੋਹਨ ਨਾਲ)

- ਪ੍ਰਭਾ ੩, ਅਸ ੧, ੧੦:੨ (1346)

ਭੇਟਿਲੇ------ ਮਿਲਿਆ

"ਨਾਦਿ ਸਮਾਇਲੋ ਰੇ ਸਤਿਗੁਰ ਭੇਟਿਲੇ ਦੇਵਾ।"

-ਸੋਰ ਨਾਮ, ੧, ੧*:੧ (657)

ਭੇਟੀਅਲੇ ---- ਮਿਲ ਜਾਈਦਾ ਹੈ

"ਭੇਟੀਅਲੇ ਰਾਇ ਨਿਸੰਗਾ।"

-ਰਾਮ ਕਬ, ੧੦, ੨:੪ (972)

ਭੇਟੀਐ ----- ਮਿਲੀ

"ਗੁਰ ਪੂਰਾ ਸਤਿਗੁਰੁ ਭੇਟੀਐ ਹਰਿ ਆਇ ਵਸੇ ਮਨਿ ਚਿਤਿ।"

-ਸਿਰੀ ੪, ਵਣ ੧, ੫:੨ (82)

"ਜਿਨ ਕੌ ਸਾਧੁ ਭੇਟੀਐ ਸੋ ਦਰਗਹ ਹੋਇ ਖਲਾਸੁ।"(ਮਿਲੇ)

-ਮਾਝ ੫, ਬਾਰਾ ੫:੬ (134)

"ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ।"(ਛੁਹਾਈ ਏ)

-ਗਉ ੪, ਵਾਰ ੭ਸ, ੪, ੨:੭ (303)

ਭੇਟੁਲਾ------ ਭੇਟ ਲਿਆ, ਮਿਲ ਲਿਆ ਭਾਵ ਦਰਸ਼ਨ ਕੀਤੇ

"ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ।"

-ਆਸਾ ਨਾਮ, ੫, ੨:੨ (486)

ਹੋਰ ਰੂਪ:

ਭੇਟੁਲੇ–

"ਅਚਰਜੁ ਸੁਨਿਓ ਪਰਾਪਤਿ ਭੇਟੁਲੇ ਸੰਤ ਚਰਨ ਮਨੁ ਲਾਈਐ।"

-ਬਿਲਾ ੫, ੯੨, ੧:੨ (822)

ਭੇਟੇ ------- (1) ਮਿਲਣ ਦੇ

"ਲਖ ਚਉਰਾਸੀਹ ਤਰਸਦੇ ਫਿਰੇ ਬਿਨੁ ਗੁਰ ਭੇਟੇ ਪੀਰੈ।"
-ਸਿਰੀ ੩, ੬੩, ੧:੨ (38)

(2) ਛੂਹੇ
"ਤਿਸੁ ਭੇਟੇ ਸਾਧੂ ਕੇ ਚਰਨ।"
-ਗਉ ੫, ੧੧੫, ੪:੨ (189)

(3) ਮਿਲੇ
"ਜਿਤੁ ਭੇਟੇ ਪਾਰਬ੍ਰਹਮ ਨਿਰਜੋਗ।"
-ਗਉ ੫, ੧੨੯, ੧:੨ (191)

ਹੋਰ ਰੂਪ:

ਭੇਟੈ–
"ਪੂਰੈ ਭਾਗਿ ਸਤ ਸੰਗਤਿ ਲਹੈ ਸਤਿਗੁਰੁ ਭੇਟੈ ਜਿਸੁ ਆਇ।"(ਮਿਲੇ)
-ਸਿਰੀ ੩, ੫੫, ੪:੨ (35)

ਭੇਟੈ ------- (1) ਮਿਲੈ, ਵੇਖੋ ਭੇਟੇ (3)
"ਸੁਖੁ ਮਾਨੇ ਭੇਟੈ ਗੁਰ ਪੀਰੁ।"(ਮਿਲੇ)
-ਆਸਾ ੧, ਅਸ ੩, ੫:੩ (413)

(2) ਮਿਲਾਵੇ
"ਕਿਰਪਾ ਕਰੇ ਤਾ ਸਤਿਗੁਰੁ ਭੇਟੈ ਨਦਰੀ ਮੇਲਿ ਮਿਲਾਵਣਿਆ।"
-ਮਾਝ ੩, ੩੦, ੨:੩ (127)

(3) ਮਿਲਦਾ ਹੈ
"ਐਸਾ ਜੋਗੀ ਵਡਭਾਗੀ ਭੇਟੈ ਮਾਇਆ ਨੇ ਬੰਧਨ ਕਾਟੈ।"
-ਗਉ ੫, ੧੩੨, ੫:੧ (208)

(4) ਭੇਟਾ ਲੈ ਕੇ
"ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾ ਪਤਿ ਲੇਖੈ ਪਾਈ।"
-ਵਡ ੧, ਅਲਾ ੨, ੨:੪ (579)

(5) ਮਿਲਿਆਂ, ਮਿਲਣ ਤੇ
"ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ।"
-ਬਿਲਾ ੫, ੯੬, ੨:੨ (823)

ਭੇਡ--------- ਇਕ ਚੌਪਾਇਆ/ਜਾਨਵਰ
"ਮੁਕਤੀ ਭੇਡ ਨ ਗਈਆ ਕਾਈ।"
-ਗਉ ਕਬ, ੪, ੨:੨ (324)

ਹੋਰ ਰੂਪ:

ਭੇਡਾ–
"ਭੇਡਾ ਵਾਗੀ ਸਿਰੁ ਖੋਹਾਇਨਿ ਭਰੀ ਅਨਿ ਹਥ ਸੁਆਹੀ।"(ਭੇਡਾਂ)
-ਮਾਝ ੧, ਵਾਰ ੨੬ਸ, ੧, ੧:੩ (149)

ਭੇਡਾਰੇ ------- ਭੇਡਾਂ ਵਾਂਗ
"ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ।"
-ਗਉ ੪, ਵਾਰ ੨੧ਸ, ੪, ੧:੫ (312)

ਭੇਤ-------- ਰਾਜ਼, ਗੁਪਤ ਗਲ
"ਮਾਰਗ ਪਾਏ ਉਦਿਆਨ ਮਹਿ ਗੁਰਿ ਦਸੇ ਭੇਤ।"

ਹੋਰ ਰੂਪ:

ਭੇਤਿ-
"ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ।"(ਰਾਜ਼ ਨਾਲ)
-ਮਲਾ ੧, ਅਸ ੪, ੧*:੨ (1275)

ਭੇਤੁ-
"ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ
ਭੇਤੁ।"(ਰਾਜ਼, ਗੁਪਤਗਲ)
-ਸਿਰੀ ੧, ਪਹ ੧, ੪:੨ (75)

ਭੇਤੁ ------- (1) ਰਾਜ਼ ਵੇਖੋ 'ਭੇਤ'
(2) ਅੰਤਰ, ਫਰਕ
"ਅਲਿ ਕਮਲ ਭਿੰਨੁ ਨ ਭੇਤੁ।"
-ਬਿਲਾ ੫, ਅਸ ੨, ੬:੪ (838)

ਭੇਦ-------- (1) ਰਾਜ਼, ਭੇਤ
"ਸੁਣਿਐ ਜੋਗ ਜੁਗਤਿ ਤਨਿ ਭੇਦ।"
-ਜਪੁ ੧, ੯:੩ (2)

(2) ਫਰਕ, ਵਿਤਕਰਾ, ਵਖੇਵੇ
"ਗੁਰ ਕੈ ਬਚਨਿ ਕਟੇ ਭ੍ਰਮ ਭੇਦ।"
-ਗਉ ੫, ੭੪, ੨:੨ (177)

ਹੋਰ ਰੂਪ:

ਭੇਦੰ-
"ਮਨ ਛੋਡਿ ਛੋਡਿ ਸਗਲ ਭੇਦੰ।" (ਵੇਖੇ ਵੇ, ਭੇਦ ਭਾਵ, ਫਰਕ)
-ਗੋਂਡ ਨਾਮ, ੧, ੪:੨ (873)

(3) ਦੁਬਿਧਾ
"ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ।"
"ਉਲਟਿ ਭੇਦ ਮਨੁ ਬੇਧਿਓ ਪਾਇਓ ਅਭੰਗ ਅਛੇਦ।"
(ਪਹਿਲੀ ਤੁਲ ਵਿਚ ਪਹਿਲੇ ਭੇਦ ਦੇ ਅਰਕ ਵਿਖੇਵੇ ਹੈ, ਦੂਜੇ ਦੇ ਰਾਜ਼)
-ਗਉ ਕਬ, ਬਾਅ ੪:੧;੨ (340)

(4) ਵਿਭਿੰਨ/ਵਿਚਾਰ
"ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦੁ।"
-ਆਸਾ ੧, ੧੫, ੪:੧ (353)

(5) ਭਿੰਨਤਾ,(ਜੀਵਾਂ ਦੀਆਂ ਅਨੇਕ ਕਿਸਮਾਂ)
"ਵਿਸਮਾਦੁ ਜੀਅ ਵਿਸਮਾਦੁ ਭੇਦ।"
-ਆਸਾ ੧, ਵਾਰ ੩ਸ, ੧, ੧:੨ (463)

ਭੇਦਹਿ ------ ਭੇਤ ਵਿਚ, ਰਾਜ਼ ਵਿਚ
"ਭਭਾ ਭੇਦਹਿ ਭੇਦ ਮਿਲਾਵਾ।"

-ਗਉ ਕਬ, ਬਾਅ ੩੦:੧ (342)

ਭੇਦਾ ------- **ਫਰਕ, ਵਖੇਵੇ**

"ਜਬ ਇਨਿ ਕਿਛੁ ਕਰਿ ਮਾਨੇ ਭੇਦਾ।"

-ਗਉ ੫, ਅਸ ੧, ੫:੧ (235)

ਭੇਦਿ ------- **(1) ਵਿੰਨ੍ਹਿਆ ਜਾ ਕੇ**

"ਸੁਖ ਦੁਖ ਸਮ ਕਰਿ ਜਾਣੀ ਅਹਿ ਸਬਦਿ ਭੇਦਿ ਸੁਖੁ ਹੋਇ।"

-ਸਿਰੀ ੧, ਅਸ ੭, ੫:੩ (57)

(2) ਭੇਤ ਜਾਣ ਕੇ

"ਤੁਮ ਸਾਚੇ ਹਮ ਤੁਮ ਹੀ ਰਾਚੇ ਸਬਦਿ ਭੇਦਿ ਫੁਨਿ ਸਾਚੇ।"

-ਸੋਰ ੧, ੫, ੩:੧ (597)

ਭੇਦਿਓ------ **(1) ਭੇਤ ਸਮਝਣਾ**

"ਗੁਰਮੁਖਿ ਹਿਰਦੈ ਸਬਦੁ ਨ ਭੇਦਿਓ ਹਰਿ ਨਾਮਿ ਨ ਲਾਗਾ ਭਾਉ।"

-ਸੋਰ ੩, ਅਸ ੧, ੩:੨ (637)

ਹੋਰ ਰੂਪ:

ਭੇਦਿਆ–

"ਗੁਰ ਕੈ ਸਬਦਿ ਭੇਦਿਆ ਇਨ ਬਿਧਿ ਵਸਿਆ ਮਨਿ ਆਇ।"(ਭੇਤ ਸਮਝਿਆ)

-ਬਿਹਾ ੪, ਵਾਰ ੧੮ਸ, ੩, ੧:੪ (555)

(2) ਵਿੰਨ੍ਹਿਆ ਗਿਆ

"ਇਹੁ ਮਨੁ ਸਬਦਿ ਨ ਭੇਦਿਓ ਕਿਉ ਹੋਵੈ ਘਰਵਾਸੁ।"

-ਸਲੋ ੩, ੩੧:੩ (1416)

ਹੋਰ ਰੂਪ:

ਭੇਦਿਆ–

"ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ।"(ਵਿੰਨ੍ਹਿਆ)

-ਮਾਰੂ ਜੈਦੇ, ੧, ੧:੧ (1106)

ਭੇਦੀ ------- **ਫਰਕ ਕਰਕੇ, ਅੰਤਰ ਕਰਕੇ**

"ਜੂਠਿ ਨ ਚੰਦ ਸੂਰਜ ਕੀ ਭੇਦੀ।"

-ਸਾਰ ੪, ਵਾਰ ੭ਸ, ੧, ੧:੨ (1240)

"ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ।"(ਭੇਦਾਂ ਵਿਚ ਭਿੰਨਤਾ ਵਿਚ)

-ਪ੍ਰਭਾ ਨਾਮ, ੧, ੨:੨ (1350)

ਭੇਦੀਐ ----- **ਵਿੰਨ੍ਹੇ ਜਾਣਾ**

"ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰ ਦੁਆਰ।"

-ਸਿਰੀ ੧, ੧੩, ੫:੨ (19)

"ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ।"(ਭਾਵ ਲੀਨ ਹੋਈਏ)

-ਮਾਰੂ ੩, ਵਾਰ ੧੧:੩ (1090)

ਭੇਦੁ ------- **(1) ਭੇਤ, ਰਾਜ਼, ਗੁਝੀਗਲ**

"ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ।"

-ਮਾਝ ੫, ੧੦, ੪:੨ (97)

(2) ਅੰਤਰ, ਵਿੱਥ, ਫਰਕ

“ਪੰਚ ਜਨਾ ਮਿਲਿ ਮੰਗਲੁ ਗਾਇਆ ਹਰਿ ਨਾਨਕ ਭੇਦੁ ਨ ਭਾਈ।”

-ਗਉ ੫, ੧੨੨*, ੪:੨ (205)

(3) ਫਰਕ, ਵਖਰਤਾ

“ਭੇਦੁ ਨ ਜਾਣਹੁ ਮਾਣਸ ਦੇਹਾ।”

-ਮਾਰੂ ੫, ਸੋਲਾ ੫, ੮:੨ (1076)

ਭੇਦੇ ------- ਵਿੰਨ੍ਹੇ ਗਏ

“ਉਲਟਤ ਪਵਨ ਚਕ੍ਰ ਖਟੁ ਭੇਦੇ ਸੁਰਤਿ ਸੁੰਨ ਅਨਰਾਗੀ।”

-ਗਉ ਕਬ, ੪੭, ੧:੧ (333)

ਭੇਦੈ ------- ਵਿੰਨ੍ਹਦਾ, ਚੀਰਦਾ

“ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ।”

-ਬਿਲਾ ੯, ੩, ੨:੧ (831)

ਭੇਨ--------- ਭਿਜਦਾ ਹੈ

“ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ।”

-ਆਸਾ ੪, ੬੧, ੧:੨ (368)

ਭੇਰੀ ------- ਵਡਾ ਨਗਾਰਾ

“ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ।”

-ਆਸਾ ੧, ਅਸ ੧੨, ੧:੧ (417)

“ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ।”

-ਸਲੋ ਫਰ, ੪੫:੧ (1380)

ਹੋਰ ਰੂਪ:

ਭੇਰੀਆ

“ਵਾਤ ਵਜਨਿ ਟੰਮਕ ਭੇਰੀਆ।”

-ਸਿਰੀ ੫, ਅਸ ੨੯, ੧੮:੧ (74)

ਭੇਲਾ ------- ਮਿਲੇ ਹੋਏ, ਲੀਨ

“ਤੁਰੇ ਉਸਟ ਮਾਇਆ ਮਹਿ ਭੇਲਾ।”

-ਭੈਰ ਕਬ ੧੩, ੨:੩ (1160)

ਭੇਵ--------- (1) ਭੇਦ, ਭੇਤ

“ਹਰਿ ਨਿਗਮ ਲਹਹਿ ਨ ਭੇਵ।”

-ਬਿਲਾ ੫, ਅਸ ੧, ੬:੩ (837)

“ਤਪਸੀ ਮਾਤੇ ਤਪ ਕੈ ਭੇਵ।”(ਭੇਤ ਵਿਚ)

-ਬਸੰ ਕਬ, ੨, ੧:੪ (1193)

(2) ਹੋਏ, ਭਏ

“ਭਗਤਿ ਹੇਤਿ ਨਰਸਿੰਘ ਭੇਵ।”

-ਬਸੰ ਕਬ, ੪, ੫:੨ (1194)

ਭੇਵਾ -------ਅੰਦਰ ਦੀ ਦਸ਼ਾ, ਅੰਤਹ ਕਰਣ
“ਹਠਿ ਨਿਗ੍ਰਹਿ ਨ ਤ੍ਰਿਪਤਾ ਵਹਿ ਭੇਵਾ।”
-ਰਾਮ ੧, ਅਸ ੬, ੬:੨ (906)

ਭੇੜਿ -------ਭੇੜ (ਲੜਾਈ) ਵਿਚ
“ਨ ਭੀਜੈ ਭੇੜਿ ਮਰਹਿ ਭਿੜਿ ਸੂਰ।”
-ਸਾਰ ੪, ਵਾਸ ੧ਸ, ੧, ੨:੮ (1237)

ਭੇੜੀ -------ਛੁਹਾਵਾਂ
“ਜੇ ਜਾਣਾ ਬਗੁ ਬਪੁੜਾ ਜਨਮਿ ਨ ਭੇੜੀ ਅੰਗੁ।”
-ਸਲੋ ਫਰ, ੧੨੩:੨ (1384)

ਭੈ--------- (1) ਡਰ
“ਭੈ ਤੇਰੇ ਡਰੁ ਅਗਲਾ ਖਪਿ ਖਪਿ ਛਿਜੈ ਦੇਹ।”(ਭਾਵ ਰੁਹਬ)
-ਸਿਰੀ ੧, ੬, ੪:੧ (16)

(2) ਭਵ ਸਾਗਰ
“ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ।”
-ਸਿਰੀ ੧, ਅਸ ੧੦, ੪:੩ (59)
“ਸਿਮਰਤ ਨਾਮੁ ਭੈ ਪਾਰਿ ਉਤਰੀਆ।”
-ਗਉ ੫, ੧੨੦, ੧*:੨ (190)

(3) ਭਿਆਨਕ, ਡਰਾਉਣਾ
“ਜਿਉ ਬੋਹਿਥੁ ਭੈ ਸਾਗਰ ਮਾਹਿ।”
-ਗਉ ੫, ੭੯, ੨:੧ (179)

(4) ਭਵ, ਸੰਸਾਰ, ਹਸਤੀ
“ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ।”
-ਆਸਾ ਕਬ, ੯, ੪:੧ (478)
“ਪ੍ਰਭਿ ਕ੍ਰਿਪਾ ਧਾਰੀ ਹਰਿ ਮੁਰਾਰੀ ਭੈ ਸਿੰਧੁ ਸਾਗਰ ਤਾਰਣੋ।”(ਹਸਤੀ ਦਾ ਸਮੁੰਦਰ)
-ਬਿਹਾ ੫, ਛੰਤ ੪, ੪:੪ (544)

ਭੈਆਨ------ਭਿਆਨਕ, ਡਰਾਉਣਾ
“ਹਰਿ ਨਾਮੁ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ।”
-ਗਉ ੫, ੧੫੮*, ੧*:੧ (214)

ਭੈਇਲਾ ------ਭਇਆ ਹੋਇਆ
“ਸਰਬੇ ਆਦਿ ਪਰਮਲਾਦਿ ਕਾਸਟ ਚੰਦਨੁ ਭੈਇਲਾ।”
-ਪ੍ਰਭਾ ਨਾਮ, ੨, ੨:੨ (1351)

ਭੈਸ -------ਮੱਝ, ਦੁੱਧ ਦੇਣ ਵਾਲਾ ਇਕ ਪਸ਼ੂ
“ਗਊ ਭੈਸ ਮਾਗਉ ਲਾਵੇਰੀ।”
-ਧਨਾ ਧੰਨਾ, ੧, ੨:੧ (695)

ਭੈਸਰ ------ਭੈਂਸਾ, ਢਗਾ, ਝੋਟਾ
“ਬਾਣੀਏ ਕੇ ਘਰ ਹੀਂਗੁ ਆਛੈ ਭੈਸਰ ਮਾਥੈ ਸੀਂਗੁ ਗੋ।”

-ਟੋਂਡੀ ਨਾਮ ੩, ੨:੧ (718)

ਭੈਸਾ -------- ਝੋਟਾ, ਢਗਾ

“ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ।”

-ਆਸਾ ਕਬ, ੬, ੧:੨ (477)

ਭੈਸਾਗਰੁ------ ਸੰਸਾਰ ਸਮੁੰਦਰ, ਭਵਸਾਗਰ

“ਸਾਧ ਸੰਗਿ ਤਰੈ ਭੈ ਸਾਗਰੁ।”

-ਸੂਹੀ ੫, ੩੪, ੧:੧ (744)

ਭੈਹਰਨ ------ ਭੈ (ਡਰ) ਦੂਰ ਕਰਨ ਵਾਲਾ

“ਪਤਿਤ ਉਧਾਰਨ ਭੈਹਰਨ ਸੁਖ ਸਾਗਰ ਨਿਰੰਕਾਰ।”

-ਗਉ ੫, ਥਿਤੀ ੧:੬ (296)

ਭੈਹਾਰੀਆ ---- ਭੈ ਭੀਤ ਹੋਣਾ

“ਸੁਣਿ ਸੁਣਿ ਪੰਥੁ ਡਰਾਉ ਬਹੁਤੁ ਭੈਹਾਰੀਆ।”

-ਗਉ ੫, ਅਸ ੧੨, ੨:੧ (240)

ਭੈਜਲੁ ------- ਡਰ ਦਾ ਸਮੁੰਦਰ ਭਾਵ ਇਹ ਸੰਸਾਰ

“ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ।”

-ਮਲਾ ੧, ਵਾਰ ੨੨:੫ (1288)

ਭੈਣ -------- ਮਾਂ ਪਿਉ ਜਾਈ, ਬੇਬੇ

“ਭੈਣ ਭਾਈ ਸਭ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ।”

-ਸਿਰੀ ੫, ਅਸ ੨੯, ੧:੩ (73)

ਹੋਰ ਰੂਪ:

ਭੈਣਾ-

“ਨਾ ਭੈਣਾ ਭਰਜਾਈਆ ਨਾਸੇ ਸਸੁੜੀ ਆਹ।”(ਭੈਣ ਦਾ ਬਹੁ ਵਚਨ)

-ਮਾਰੂ ੧, ਅਸ ੧੦, ੧:੧ (1015)

ਭੈਣੁ -------- ਭਵਨ ਸੰਸਾਰ

“ਜਿਸ ਨੋ ਤੂ ਰਖਵਾਲਾ ਜਿਤਾ ਤਿਨੈ ਭੈਣੁ।”

-ਰਾਮ ੫, ਵਾਰ ੮:੨ (961)

(ਮਹਾਨਕੋਸ਼ ਨੇ ਇਸ ਨੂੰ ‘ਭ੍ਰਮਣ’ ਤੋਂ ਉਤਪਤ ਮਨ ਅਰਥ ਚਉਰਾਸੀ ਦਾ ਗੇੜਾ ਕੀਤਾ ਹੈ।

ਭੈਣੇ -------- ਹੇ ਭੈਣੋ, ਹੇ ਸਖੀਹੋ

“ਆਪਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਅਹ।”

-ਸਿਰੀ ੧, ੧੦, ੧:੧ (17)

ਹੋਰ ਰੂਪ:

ਭੈਣੋ-

“ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।”(ਹੇ ਭੈਣੋ)

-ਮਾਰੂ ੫, ੩੨, ੧:੧ (1008)

ਭੈਨਾ -------- ਹੇ ਭੈਣੋ
"ਗੁਰਮੁਖਿ ਨਾਮੁ ਸੁਨਹੁ ਮੇਰੀ ਭੈਨਾ।"
-ਆਸਾ ੪, ੫੫, ੧*:੧ (366)

ਭੈਭੰਜਨ ------ ਡਰ ਨੂੰ ਭੰਨਣ ਵਾਲਾ
"ਭੈ ਭੰਜਨ ਅਘ ਦੂਖ ਨਾਸ ਮਨਹਿ ਅਰਾਧਿ ਹਰੇ।"
-ਗਉ ੫, ਬਾਅ ੪੦ਸ:੧ (258)

ਹੋਰ ਰੂਪ:

ਭੈ ਭੰਜਨੁ-
"ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ।"
-ਸਿਰੀ ੫, ੯੦, ੩:੪ (50)

ਭੈਭੀਤ ------- ਬਹੁਤ ਡਰਿਆ ਹੋਇਆ
"ਰਿਦ ਬਸੰਤਿ ਭੈ ਭੀਤ ਦੂਤਹ ਕਰਮ ਕਰਤ ਮਹਾ ਨਿਰਮਲਹ।"
-ਸਸ ੫, ੧੯:੨ (1355)

ਹੋਰ ਰੂਪ:

ਭੈ ਭੀਤੰ-
"ਦੁਖੰ ਭਯੰਤਿ ਸੁਖ੍ਯੰ ਭੈ ਭੀਤੰ ਨਿਰਭਯਹ।"
-ਸਸ ੫, ੩੭:੨ (1357)

ਭੈਯਾਨ------- ਭਿਆਨਕ, ਡਰਾਉਣਾ
"ਗਨੰਤ ਸ੍ਵਾਸਾ ਭੈਯਾਨ ਧਰਮੰ।"
-ਸਸ ੫, ੩:੪ (1354)

ਭੈਰਉ ------- (1) ਸਿਵਜੀ ਦਾ ਇਕ ਰੂਪ ਜੋ ਕੁਤੇ ਦੀ ਸਵਾਰੀ ਕਰਦਾ ਹੈ
"ਭੈਰਉ ਭੂਤ ਸੀਤਲਾ ਧਾਵੈ।"
-ਗੋਂਡ ਨਾਮ, ੬, ੧:੧ (874)

(2) ਇਕ ਪੂਰਨ ਰਾਗ
"ਪ੍ਰਥਮ ਰਾਗ ਭੈਰਉ ਵੈ ਕਰਹੀ।"
-ਰਾਮ ੧:੩ (1429)

ਹੋਰ ਰੂਪ:

ਭੈਰਵ-
"ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ।"(ਰਾਗ ਭੈਰਉ)
-ਰਾਗ ੧:੧੨ (1429)

ਭੈਰਵੀ ------- ਇਕ ਰਾਗਨੀ, ਭੈਰਉ ਰਾਗ ਦੀਆਂ ਪੰਜ ਨਾਰੀਆਂ ਵਿਚੋਂ ਇਕ ਬਾਕੀ ਚਾਰ ਹਨ: ਬਿਲਾਵਲੀ, ਪੁੰਨਿਆ, ਬੰਗਲੀ ਤੇ ਅਸਲੇਕੀ
"ਪ੍ਰਥਮ ਭੈਰਵੀ ਬਿਲਾਵਲੀ।"
-ਰਾਮ ੧:੫ (1429)

ਭੈਲਾ -------- ਭਇਲਾ, ਮੌਜੂਦ ਸੀ, ਵਸਦਾਸੀ

"ਜਤ੍ਰ ਜਾਉ ਤਤ ਬੀਠਲੁ ਭੈਲਾ।"

-ਆਸਾ ਨਾਮ, ੨, ੧*:੧ (485)

ਭੋ---------- (1) ਹੇ

"ਹੇ ਅਚੁਤ ਸਰਣਿ ਸੰਤ ਨਾਨਕ ਭੋ ਭਗਵਾਨ ਏ ਨਮਹ।"

-ਸਸ ੫, ੧੧:੪ (1355)

(2) ਭਈਆਂ, ਹੋ ਗਈਆ

"ਪੂਰਨ ਭੋ ਮਨ ਠਉਰ ਬਸੋ ਰਸ ਬਾਸਨ ਸਿਉ ਜੁ ਦਹੰ ਦਿਸਿ ਧਾਯਉ।"

-ਸਵ ੪, ਨਲ ੧੦:੩ (1400)

ਭੋਗ -------- (1) ਇਸਤ੍ਰੀ ਮਰਦ ਦਾ ਸੰਗਮ, ਮੈਥੁਨ

"ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ।"

-ਸਿਰੀ ੩, ੩੫, ੩:੧ (26)

(2) ਇੰਦਰੀਆਂ ਦੁਆਰਾ ਮਾਨਿਆ ਗਿਆ ਰਸ, ਅਨੰਦ ਖੁਸ਼ੀਆਂ, ਸੰਸਾਰਕ ਖੁਸ਼ੀਆ

"ਅਨਿਕ ਅਨਿਕ ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ।"

-ਸਿਰੀ ਤ੍ਰਿਲੋ, ੨, ੨:੧ (92)

"ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ।"

-ਮਾਝ ੫, ਬਾਰਾ ੯:੪ (135)

"ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ।"(ਸੰਸਾਰਕ ਖੁਸ਼ੀਆਂ)

-ਗਉ ੪, ੧੫੫*, ੨:੧ (213)

"ਹਰਿ ਕਾ ਨਾਮੁ ਜਨ ਕਉ ਭੋਗ ਜੋਗ।"(ਸੰਸਾਰਕ ਅਨੰਦ)

- ਗਉ ੫, ਸੁਖ ੨, ੬:੭ (265)

ਹੋਰ ਰੂਪ:

ਭੋਗੰ-

"ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ।"

-ਸਸ ੫, ੧੨:੧ (1355)

(3) ਰਸ ਮਾਨਣ ਦਾ ਸਾਮਾਨ ਭਾਵ ਸਾਧਨ

"ਜੀਉ ਮਨੁ ਤਨੁ ਪ੍ਰਾਨ ਪ੍ਰਭ ਕੇ ਦੀਏ ਸਭਿ ਰਸ ਭੋਗ।"

-ਆਸਾ ੫, ੧੩੭, ੧:੧ (405)

"ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ।"

-ਆਸਾ ਕਬ, ੫, ੩:੧ (476)

ਹੋਰ ਰੂਪ:

ਭੋਗੰ-

"ਅੰਮ੍ਰਿਤ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ।"

-ਆਸਾ ੧, ੩੭, ੧*:੨ (360)

(4) ਇਸ਼ਟ ਦੇਵ ਨੂੰ ਅਰਪਿਆ ਪ੍ਰਸਾਦ

"ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ।"

-ਟੋਡੀ ੫, ੮, ੧:੧ (713)

(5) ਭੋਗਦਿਆਂ, ਮਾਨਿਆ

"ਪੇਖੈ ਖੁਸੀ ਭੋਗ ਨਹੀ ਹਾਰਾ।"

-ਸੂਹੀ ੫, ੪੫, ੧:੨ (746)

ਭੋਗਉ ------ ਭੋਗਦਾ ਹਾਂ, ਮਾਨਦਾ ਹਾਂ
“ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ।”
-ਸਾਰ ੫, ੩੦, ੨:੧ (1210)

ਭੋਗਈ------ ਭੋਗਦਾ/ਮਾਨਦਾ ਹੈ
“ਓਨਾ ਪਿਛੈ ਜਗੁ ਭੁੰਚੈ ਭੋਗਈ।”
-ਰਾਮ ੫, ਵਾਰ ੪:੫ (958)

ਭੋਗਹਿ ------ ਭੋਗਦਾ ਹੈ, ਮਾਨਦਾ ਹੈ
“ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ।”
-ਸਿਰੀ ੫, ੭੧, ੧:੨ (42)
“ਦੁਖੁ ਖਾਵਹਿ ਦੁਖੁ ਸੰਚਹਿ ਭੋਗਹਿ ਦੁਖ ਕੀ ਬਿਰਧਿ ਵਧਾਈ।” (ਸਹਿੰਦਾ/ਬਰਦਾਸ਼ਤ ਕਰਦਾ ਹੈ)
- ਆਸ ੪, ਛੰਤ ੮, ੨:੫ (442)

ਭੋਗਹੁ ------ (1) ਭੋਗਾਂ ਤੋਂ, ਰਸ ਮਾਨਣ/ ਸੰਸਾਰਕ ਖੁਸ਼ੀਆਂ ਤੋਂ
“ਭੋਗਹੁ ਰੋਗ ਸੁ ਅੰਤਿ ਵਿਗੋਵੈ।”
-ਮਾਰੂ ੧, ਸੋਲਾ ੧੪, ੭:੨ (1034)
(2) ਮਾਨੋ
“ਭੋਗਹੁ ਭੁੰਚਹੁ ਭਾਈ ਹੋ ਪਲੈ ਨਾਮੁ ਅਗਥਾ।”
-ਮਾਰੂ ੫, ੨੦:੬ (1101)

ਭੋਗਣ ------ ਭੋਗਣੇ, ਮਾਨਣੇ
“ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ।”
-ਸਿਰੀ ੧, ੧੩, ੫:੧ (19)

ਹੋਰ ਰੂਪ:

ਭੋਗਣਹ–
“ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ।”(ਮਾਨਣੇ, ਝਲਣੇ)
-ਸਸ ੫, ੪੯:੩ (1358)

ਭੋਗਣਹਾਰਾ --- ਭੋਗਣਵਾਲਾ, ਮਾਣਨਵਾਲਾ
“ਸਭ ਘਟ ਆਪੇ ਭੋਗਣਹਾਰਾ।”
-ਮਾਝ ੩, ਅਸ ੭, ੧:੧ (113)

ਹੋਰ ਰੂਪ:

ਭੋਗਣਹਾਰਿਆ–
“ਦਾਤਾ ਕਰਤਾ ਆਪਿ ਆਪਿ ਭੋਗਣਹਾਰਿਆ।”(ਮਾਣਨ ਵਾਲਾ)
-ਸੋਰ ੪, ਵਾਰ ੧:੩ (642)

ਭੋਗਣਹਾਰੁ–
“ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ।”(ਭੋਗਣ ਵਾਲਾ)
-ਸਿਰੀ ੧, ੨੦, ੩:੧ (21)

ਭੋਗਣਾ------**ਮਾਣਨਾ, ਝਲਣਾ**
"ਦੁਖੁ ਖਾਣਾ ਦੁਖੁ ਭੋਗਣਾ ਗਰਬੈ ਗਰਬਾਈ।"
-ਸਾਰ ੪, ਵਾਰ ੨੪:੪ (1247)

ਹੋਰ ਰੂਪ:

ਭੋਗਣੇ-
"ਸਭਿ ਸੁਖ ਹਰਿ ਰਸ ਭੋਗਣੇ ਸੰਤ ਸਭਾ ਮਿਲਿ ਗਿਆਨੁ।"(ਮਾਨਣੇ)
-ਸਿਰੀ ੧, ੧੯, ੨:੨ (21)

ਭੋਗੰਤ ------**ਮਾਨਦੀ**
"ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।"(ਭਾਵ ਖਾਂਦੀ)
-ਸਸ ੫, ੪੧:੧ (1357)

ਹੋਰ ਰੂਪ:

ਭੋਗਤੇ-
"ਬਿਪਰੀਤ ਬੁਧੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।"(ਭੋਗਦੇ)
-ਸਸ ੫, ੨੪:੨ (1356)

ਭੋਗਦਾ------**ਮਾਨਦਾ**
"ਹਰਿ ਆਪੇ ਸਭ ਘਟ ਭੋਗਦਾ ਮੇਰੇ ਗੋਵਿੰਦਾ ਆਪੇ ਰਸੀਆ ਭੋਗੀ ਜੀਉ।"(ਮਾਨਦਾ)
-ਗਉ ੪, ੬੮, ੧:੩ (174)

ਭੋਗਨ ------ **(1) ਭੋਗਣ ਵਾਲਾ, ਸੁਆਦ ਮਾਨਣ ਵਾਲਾ**
"ਆਪਹਿ ਰਸ ਭੋਗਨ ਨਿਰਜੋਗ।"
-ਗਉ ੫, ਸੁਖ ੨੧, ੮:੬ (409)
"ਸੂਰਨ ਮਹਿ ਸੂਰਾ ਤੂੰ ਕਹੀ ਅਹਿ ਭੋਗਨ ਮਹਿ ਭੋਗੀ।"
-ਗੂਜ ੫, ਅਸ ੧, ੩:੧ (507)
(2) ਭੋਗਾਂ
"ਖਿਨਹੂ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ।"
-ਆਸਾ ੫, ੧੫੬, ੧:੨ (409)

ਭੋਗਨਹਾਰੇ----**ਭੋਗਨ ਵਾਲਾ, ਮਾਣਨ ਵਾਲਾ**
"ਭੋਗਨਹਾਰੇ ਭੋਗਿਆ ਇਸੁ ਮੂਰਤਿ ਕੇ ਮੁਖ ਛਾਰੁ।"(ਭਾਵ ਖਾਣ ਵਾਲੇ)
- ਆਸਾ ਰਬ, ੧੪, ੪:੨ (479)

ਭੋਗਨਾ------**ਮਾਣਨਾ, ਅੰਨਦਤ ਹੋਣਾ**
"ਭੋਗਨਾ ਮਨ ਮਧੇ ਹਰਿ ਰਸੁ ਸੰਤ ਸੰਗਤਿ ਮਹਿ ਲੀਵਨਾ।"
-ਮਾਰੂ ੫, ਅਸ ੬, ੪:੧ (1019)

ਭੋਗਨੀ------**ਭੋਗਦੇ ਹਾਂ, ਅਨੰਦ ਮਾਨਦੇ ਹਾਂ**
"ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ ਤਹ ਹਰਿ ਹਰਿ ਰਸ ਭੋਗਨੀ।"
-ਰਾਮ ੫, ੩, ੧*:੨ (883)

ਭੋਗਵੇ ------ ਭੋਗੇ ਹਨ, ਮਾਨੇ ਹਨ

“ਪਾਛੈ ਭੋਗ ਜੋ ਭੋਗਵੇ ਤਿਨ ਕੋ ਗੁੜੁ ਲੈ ਖਾਹਿ।”

-ਸਲੋ ਕਬ, ੪੪:੨ (1366)

ਹੋਰ ਰੂਪ:

ਭੋਗਵੈ–

“ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ।”(ਭੋਗੇ ਭਾਵ ਖਾਏ)

-ਸਿਰੀ ੧, ੧੮, ੫:੨ (21)

“ਆਪੇ ਸਭਿ ਘਟ ਭੋਗਵੈ ਸੁਆਮੀ ਆਪੇ ਹੀ ਸਭੁ ਅੰਜਨੁ।”(ਭੋਗਦਾ ਹੈ)

– ਬਿਹਾ ੪, ਵਾਰ ੧੦:੩ (552)

ਭੋਗਾ ------- (1) ਭੋਗੀ, ਭੋਗਣ ਵਾਲਾ

“ਆਪਿ ਨਿਰਬਾਣੀ ਆਪੇ ਭੋਗਾ।”

-ਮਾਝ ੫, ੧੦, ੩:੨ (97)

(2) ਭੋਗ ਕੀਤੇ, ਅਨੰਦ ਮਾਨਿਆ

“ਨਾਮਿ ਰੰਗ ਨਾਮਿ ਚੋਜ ਤਮਾਸੇ ਨਾਉ ਨਾਨਕ ਕੀਨੇ ਭੋਗਾ ਜੀਉ।”

-ਮਾਝ ੫, ੧੭, ੪:੩ (99)

(3) ਖੁਸ਼ੀ/ਅਨੰਦ ਦੇ ਸਾਧਨ, ਭੋਗ ਦੀਆਂ ਵਸਤੂਆਂ

“ਧੋਤੀ ਡੰਡਉਤਿ ਪਰਸਾਦਨ ਭੋਗਾ।”

-ਗਉ ੫, ਅਸ ੪, ੪:੩ (237)

(4) ਮਾਣਨਾ, ਭੋਗਣਾ

“ਏਹੋ ਰੰਗੁ ਏਹੋ ਰਸ ਭੋਗਾ ਹਰਿ ਚਰਣੀ ਮਨੁ ਲਾਗਾ ਰਾਮ।”

-ਸੂਹੀ ੫, ਛੰਤ ੬, ੪:੨ (781)

ਭੋਗਾਇ ----- ਭੋਗਣ ਭਾਵ ਵਰਤਨ ਲਈ

“ਬਰਤਨ ਕਉ ਸਭੁ ਕਿਛੁ ਭੋਜਨ ਭੋਗਾਇ।”

-ਗੋਂਡ ੫, ੩, ੧:੩ (862)

ਭੋਗਾਇਦਾ---- ਭੋਗਾਂਦਾ ਹੈ

“ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ।”

-ਰਾਮ ੫, ਵਾਰ ੧੨ਸ, ੫, ੨:੬ (963)

ਭੋਗਾਈਐ---- ਭੋਗਾਏ ਜਾਂਦੇ ਹਨ

“ਚਉਰਾ ਸੀਹ ਨਰਕ ਸਾਕਤੁ ਭੋਗਾਈਐ।”

-ਮਾਰੂ ੧, ਸੋਲਾ ੮, ੯:੧ (1028)

ਭੋਗਾਣੀ ----- ਭੋਗਣ ਲਈ, ਮਾਣਨ ਲਈ

“ਅੰਨੁ ਖਾਣਾ ਕਪੜੁ ਪੈਨਣੁ ਦੀਆ ਰਸ ਅਨਿ ਭੋਗਾਣੀ।”

-ਗਉ ੪, ੫੦, ੩:੨ (167)

ਭੋਗਾਦਿ ----- ਭੋਗ (ਰਸ ਮਾਣਨ ਦੇ ਸਾਧਨ ਵਸਤਾਂ) ਆਦਿ

“ਰੂਪ ਧੂਪ ਸੋਗੰਧਤਾ ਕਾਪਰ ਭੋਗਾਦਿ।”

-ਬਿਲਾ ੫, ੩੮, ੨:੧ (810)

ਭੋਗਾਵੈ ------ ਭੋਗਾਦਾ ਹੈ
"ਆਪੇ ਦੁਖ ਸੁਖ ਭੋਗਿ ਭੋਗਾਵੈ ਗੁਰ ਮੁਖਿ ਸੋ ਅਨਰਾਗਾ।"
-ਸੋਰ ੧, ੧੦, ੨:੨ (598)

ਭੋਗਿ ------- (1) ਸੁਖ/ਅਨੰਦ/ਰਸ ਵਿਚ
"ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ।"
-ਸਿਰੀ ੫, ੭੧, ੨:੧ (42)
(2) ਮਾਨ ਕੇ, ਭੋਗ ਕੇ
"ਅਪੀਨੈ੍ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ।"
-ਆਸਾ ੧, ਵਾਰ ੩:੧ (464)

ਭੋਗਿਆ ----- ਮਾਨਿਆ
"ਭੋਗਨਹਾਰੇ ਭੋਗਿਆ ਇਸ ਮੂਰਤਿ ਕੇ ਮੁਖ ਛਾਰੁ।"(ਖਾਨਿਆ ਸੇਵਨ ਕੀਤਾ)
-ਆਸਾ ਕਬ, ੧੪, ੪:੨ (497)

ਭੋਗਿਹੁ ------ ਮਾਨਣਾ
"ਤੁਸੀ ਭੋਗਿਹੁ ਭੁੰਚਹੁ ਭਾਈ ਹੋ।"
-ਸਿਰੀ ੫, ਅਸ ੨੯, ੪:੧ (73)

ਭੋਗੀ ------- (1) ਭੋਗਣਹਾਰ, ਸੰਸਾਰਕ ਰਸਾ ਵਿਚ ਰੁਚਿਤ, ਮਾਣਨਹਾਰ
"ਤੂੰ ਭੋਗੀ ਅੰਦਰਿ ਭੋਗੀਆ।"
-ਸਿਰੀ ੧, ਅਸ ੨੮, ੧:੨ (71)
"ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ।"
-ਆਸਾ ੧, ਅਸ ੧੪, ੩:੧ (419)
(2) ਭੋਗ/ਮਾਨ ਸਕਦਾ ਹੈ
"ਜਾਂ ਜਤੁ ਜੋਗੀ ਤਾਂ ਕਾਇਆ ਭੋਗੀ।"
-ਆਸਾ ੧, ੨੫, ੨:੨ (356)

ਭੋਗੀਆ ----- ਭੋਗੀਦਾ ਹੈ, ਹੰਢਾ ਬੰਦਾ ਹੈ
"ਭਾਣੈ ਦੁਖੁ ਸੁਖੁ ਭੋਗੀਐ ਭਾਣੈ ਕਰਮ ਕਰੇਇ।"
-ਰਾਮ ੫, ਵਾਰ ੧੨ਸ, ੫, ੨:੪ (963)

ਭੋਗੀਸਰ----- ਭੋਗਨਹਾਰ, ਮਾਣਨਵਾਲੇ, ਭੋਗੀ
"ਲਾਖ ਭੋਗੀਸਰ ਭੋਗਹਿ ਭੋਗਾ।"
-ਵਡ ੫, ੧, ੨:੪ (562)

ਭੋਗੁ ------- (1) ਖਾਦ ਪਦਾਰਥ, ਅਨੰਦ ਮਾਣਨ ਦੇ ਸਾਧਨ
"ਦੇਦਾ ਰਹੈ ਨ ਚੂਕੇ ਭੋਗੁ।"
-ਆਸਾ ੧, ਸੋਦ ੩, ੩:੨ (9)
"ਜਿਉ ਮਹਾ ਖੁਧਿਆਰਥ ਭੋਗੁ।" (ਭੋਜਨ)
-ਬਿਲਾ ੫, ਅਸ ੨, ੭:੪ (838)
(2) ਭੋਗਦੇ/ ਮਾਣਦੇ ਹਨ
"ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ।"

-ਸਿਰੀ ੧, ੧੫, ੩:੩ (63)

"ਰਾਮਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ।"(ਖਾ ਜਾਏ, ਛਕ ਜਾਏ)

-ਬਸੰ ੧, ੧੧, ੩:੧ (1171)

(3) ਭੋਗ, ਮੈਥਨ

"ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ।"

-ਆਸਾ ੧, ੩੫, ੪:੨ (359)

(4) ਇਸ਼ਟ ਦੇਵ ਨੂੰ ਪ੍ਰਸਾਦ ਅਰਪਨ ਕਰਨਾ

"ਸਦ ਹੀ ਭੋਗੁ ਲਗਾਇ ਸੁਗਿਆਨੀ।"

-ਆਸਾ ੫, ੯੦, ੧:੨ (393)

(5) ਖਾਓ ਭਾਵ ਪਰਵਾਨ ਕਰੋ

"ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗ ਹਰਿ ਰਾਏ।"

-ਮਲਾ ੫, ੧, ੨:੨ (1266)

ਭੋਗੇ -------ਮਾਨਦਾ ਹੈ, ਅਨੰਦ ਲੈਂਦਾ ਹੈ

"ਕਾਇਆ ਕਾਮਨਿ ਜੇ ਕਰੀ ਭੋਗੇ ਭੋਗਣਹਾਰੁ।"

-ਸਿਰੀ ੧, ੨੦, ੩:੧ (21)

"ਨਾਨਕ ਪਾਇਆ ਸਚੁ ਨਾਮੁ ਸਦ ਹੀ ਭੋਗੇ ਭੋਗ।"(ਅਨੰਦ ਮਾਨੇ)

-ਰਾਮ ੫, ਵਾਰ ਪਸ, ੫, ੧:੧੧ (959)

ਹੋਰ ਰੂਪ:

ਭੋਗੈ–

"ਮਿਰਤੁ ਨ ਆਵੀ ਚਿਤਿ ਤਿਸੁ ਅਹਿ ਨਿਸਿ ਭੋਗੈ ਭੋਗੁ।"(ਮਾਨਦਾ ਹੈ)

-ਸਿਰੀ ੫, ਅਸ ੨੬, ੮:੨ (71)

ਭੋਗੋ–

"ਕਾਇਆ ਸੇਜ ਗੁਰ ਸਬਦਿ ਸੁਖਾਲੀ ਗਿਆਨ ਤਤਿ ਕਰਿ ਭੋਗੋ।"(ਸੰਜੋਗ ਦਾ ਅਨੰਦ ਲਵੋ)

-ਸੂਹੀ ੪, ਛੰਤ ੧, ੧:੪ (773)

ਭੋਜਨ ------ਖਾਣਯੋਗ ਪਦਾਰਥ, ਖਾਣਾ

"ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ।"

-ਮਾਝ ੧, ਵਾਰ ੫:੩ (140)

ਹੋਰ ਰੂਪ:

ਭੋਜਨੰ–

"ਨਚ ਦੁਰਲਭੰ ਭੋਜਨੰ ਬਿੰਜਨੰ ਨਚ ਦੁਰਲਭੰ ਸ੍ਵਛ ਅੰਬਰਹ।"

-ਸਸ ੫, ੩੫:੨ (1357)

ਭੋਜਨਿ–

"ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ ਅਖੀ ਅਨ ਕਉ ਸੰਤੋਖੁ ਪ੍ਰਭ ਦਰਸਨ।"(ਖਾਣਾ ਨਾਲ)

-ਕਾਨ ੫, ੨੯, ੧*:੨ (1303)

ਭੋਜਨੁ–

"ਹਰਿ ਪੈਨਣੁ ਨਾਮੁ ਭੋਜਨੁ ਥੀਆ।"(ਖਾਣਾ)

-ਮਾਝ ੫, ੧੭, ੪:੨ (99)

ਭੋਂਡੀ------- ਭਦੀ, ਭੈੜੀ

“ਕਹਿਓ ਨ ਬੁਝੈ ਅੰਧੁ ਨ ਸੁਝੈ ਭੋਂਡੀ ਕਾਰ ਕਮਾਈ।”

-ਪ੍ਰਭਾ ੧, ੧੧, ੨:੧ (1330)

ਭੋਰ ------- (1) ਪ੍ਰਭਾਤ, ਸਵੇਰ, ਦਿਨ

“ਕਰਿ ਕਿਰਪਾ ਅਪਨਾ ਦਰਸੁ ਦੀਜੈ ਜਸੁ ਗਾਵਉ ਨਿਸਿ ਅਰੁ ਭੋਰ।”(ਰਾਤ ਦਿਨ)

-ਗੂਜ ੫, ੨੦, ੧:੧ (510)

(2) ਥੋੜਾ, ਰਤੀਕੁ, ਭੋਰੀਕੁ, ਛੋਟੇ ਤੋਂ ਛੋਟਾ

“ਭੋਰ ਭਰਮ ਕਾਟੇ ਪ੍ਰਭ ਸਿਮਰਤ ਗਿਆਨ ਅੰਜਨ ਮਿਲਿ ਸੋਵਤ ਜਾਗੀ।”

-ਕਾਨ ੫, ੧੮, ੧:੨ (1301)

(ਮਹਾਨਕੋਸ਼ ਇਸਦੇ ਅਰਥ ਭੁਲੇਖਾ ਦੇਂਦਾ ਹੈ)

ਭੋਰਾ ------- (1) ਦਿਨ, ਸਵੇਰ, ਭੋਰ

“ਨਿਸਿ ਕਹੀਐ ਤਉ ਸਮਝੈ ਭੋਰਾ।”

-ਗਉ ੫, ਸੁਖ ੪, ੬:੪ (267)

(2) ਭੋਲਾ, ਮੂਰਖ

“ਨਿਪਟ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ।”

-ਆਸਾ ੫, ੧੫੨, ੨:੨ (408)

“ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ।”

-ਧਨਾ ਕਬ, ੩, ੧*:੧ (692)

(3) ਰਤੀ ਭਰ ਵੀ, ਥੋੜਾ ਜਿਹਾ ਵੀ

“ਅਨਿਕ ਰੰਗ ਮਾਇਆ ਕੇ ਪੇਖੇ ਕਿਛੁ ਸਾਥਿ ਨ ਚਾਲੈ ਭੋਰਾ।”

-ਗੂਜ ੫, ੧੬, ੧:੨ (499)

ਭੋਰਾਹਾ ----- ਭਰ ਜਾਂਦੇ ਹਨ

“ਜੈਸੇ ਬਸਤਰ ਦੇਹ ਓਢਾਨੇ ਦਿਨ ਦੋਇ ਚਾਰਿ ਭੋਰਾਹਾ।”

-ਆਸਾ ੫, ੧੨੩, ੨:੧ (402)

ਭੋਰੀ ------- ਥੋੜਾ ਜਿਹਾ, ਰਤਾ ਕੁ

“ਨਾਨਕ ਦਾਸੁ ਸਦਾ ਗੁਣ ਗਾਵੈ ਇਕ ਭੋਰੀ ਨਦਰਿ ਨਿਹਾਲੀਐ ਜੀਉ।”

-ਮਾਝ ੫, ੨੮, ੪:੨ (102)

ਭੋਰੁ ------- (1) ਸਵੇਰ, ਪ੍ਰਭਾਤ

“ਤੀਜੇ ਝਾਖ ਝਖਾਇਆ ਚਉਥੈ ਭੋਰੁ ਭਇਆ।”(ਭਾਵ ਉਮਰ ਲੰਘ ਗਏ, ਬੁਢਾਪਾ ਆ ਗਿਆ)

-ਸਿਰੀ ੫, ੭੪, ੩:੨ (43)

“ਅਨਿਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ।”(ਪ੍ਰਕਾਸ ਹੋਇਆ,ਗਿਆਨ ਹੋ ਗਿਆ)

-ਤੁਖਾ ੧, ਛੰਤ ੩, ੨:੨ (1111)

ਭੋਰੇ ਭੋਰੇ ---- ਭੋਲੇ ਤੇ ਭੁਲੇ

“ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ।”
-ਮਾਰੂ ੫, ਵਾਰ ੫ਸ, ੫, ੩:੧ (1095)

ਭੋਰੈ ------- ਭੋਰੇ ਹੋਵੇ, ਦਿਨ ਚੜ੍ਹੇ
“ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ।”
-ਗਉ ੫, ੧੫0*, ੧:੨ (212)

ਭੋਲਤਨਿ----- ਭੋਲੇਪਨ ਤੋਂ ਦਰਪਣ ਸ਼ਬਦਾਰਥ ਭੁਲਾਉਣ ਤੋਂ (ਮਹਾਨਕੋਸ਼, ਨਿਰਣੈ)
“ਭੋਲਤਨਿ ਭੈ ਮਨਿ ਵਸੈ ਹੇ ਕੈ ਪਾਧਰ ਹੀੜੁ।”
-ਮਾਰੂ ੩, ਵਾਰ ੧੪ਸ, ੧, ੧:੧ (1090)

ਭੋਲੜੈ ------ ਭੁਲੇਖੇ ਵਿਚ
“ਕਸਤੂਰੀ ਕੈ ਭੋਲੜੈ ਗੰਦੇ ਡੁੰਮਿ ਪਈਆਸ।”
-ਸਿਰੀ ੪, ਵਾਰ ੧੫ਸ, ੫, ੨:੨ (89)

ਭੋਲਾ ------- (1) ਭੁਲਿਆ ਹੋਇਆ, ਬੁੱਧੀ ਹੀਣ, ਭ੍ਰਮ ਵਿਚ ਭਸਿਆ
“ਜੇ ਬਹੁਤਾ ਸਮਝਾਈਐ ਭੋਲਾ ਭੀ ਸੋ ਅੰਧੋ ਅੰਧਾ।”
-ਆਸਾ ੧, ੩੧, ੧*:੨ (358)

(2) ਭੁਲੇਖਾ, ਭ੍ਰਮ
“ਆਵਣ ਜਾਣ ਰਹੇ ਚੂਕਾ ਭੋਲਾ ਰਾਮ।”
-ਤੁਖਾ ੧, ਛੰਤ ੩, ੪:੧ (1111)

ਭੋਲਾਇਆ --- ਭਰਮਾ/ਭੁੱਲਾ ਦਿੱਤਾ ਹੈ
“ਆਦਿ ਪੁਰਖਿ ਨਿੰਦਕੁ ਭੋਲਾਇਆ।”
-ਭੈਰ ੫, ੩੪, ੪:੨ (1145)

ਭੋਲਾਣੀ ----- ਭਰਮਾ/ਭੁੱਲਾ ਦਿੱਤੀ
“ਮਨਮੁਖਿ ਮੋਹਿ ਭਰਮਿ ਭੋਲਾਣੀ।”
-ਆਸਾ ੩, ਅਸ ੨੫, ੫:੩ (424)

ਭੋਲਾਵੜੈ----- ਭ੍ਰਮ, ਭੁਲੇਖੇ
“ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ।”
-ਤੁਖਾ ੧, ਛੰਤ ੪, ੧:੧ (1111)

ਭੋਲਾਵਾ ----- (1) ਫਿਕਰ, ਚਿੰਤਾ, ਅੰਦੇਸ਼ਾ, ਡਰ
“ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ।”
-ਸਲੋ ਫਰ, ੨੬:੧ (1379)

(2) ਭੁਲੇਖਾ
“ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ।”
-ਮਾਝ ੫, ੩੨, ੩:੩ (104)

ਭੋਲਿਆ ----- ਭੁਲਿਆ ਹੋਇਆ
“ਭੋਲਿਆ ਹਉਮੈ ਸੁਰਤਿ ਵਿਸਾਰਿ।”
-ਬਸੰ ੧, ੧, ੧*:੧ (1168)

ਭੋਲੀ ------- ਨਿਰਛਲ, ਸਾਦੀ
"ਮੁੰਧ ਇਆਣੀ ਭੋਲੀ ਨਿਗੁਣੀਆ ਜੀਉ ਪਿਰੁ ਅਗਮ ਅਪਾਰਾ।"
-ਗਉ ੩, ਛੰਤ ੩, ੪:੧ (245)

ਭੋਲੇ ------- (1) ਹੇ ਨਿਰਛਲ/ਨਿਸ਼ਕਪਟ
"ਵੈਦ ਨ ਭੋਲੇ ਦਾਰੂ ਲਾਇ।"
-ਮਲਾ ੧, ੭, ੧:੪ (1256)

(2) ਮਾਸੂਮ, ਨਿਸ਼ਕਪਟ
"ਪ੍ਰਭੁ ਮਿਲਿਓ ਸੁਖੁ ਬਾਲੇ ਭੋਲੇ।"
-ਕਾਨ ੫, ੪੬, ੧*:੩ (1307)

ਭੋਲੇ ਭਾਇ --- ਨਿਸ਼ੂਕਟਤਾ ਨਾਲ, ਭੋਲੇ ਭਾਵ ਨਾਲ
"ਭੋਲੇ ਭਾਇ ਮਿਲੇ ਰਘੁਰਾਇਆ।"
-ਗਉ ਕਬ, ੬, ੪:੨ (324)

ਭੋਲੈ ------- ਭੁਲੇਖੇ/ਭਰਮ ਵਿਚ
"ਦਧਿ ਕੈ ਭੋਲੈ ਬਿਰੋਲੈ ਨੀਰੁ।"
-ਗਉ ਕਬ, ੧੪, ੧*:੨ (326)

ਭ੍ਰਸਟ ------ ਪਤਿਤ, ਡਿੱਗੇ ਹੋਏ
"ਦਰਿ ਭ੍ਰਸਟ ਸਰਾਪੀ ਨਾਮ ਬੀਨੁ।"
-ਬਸੰ ੧, ਅਸ ੨, ੩:੨ (1188)

ਭ੍ਰਸਟਣਹ ---- ਪਤਿਤ, ਪਲੀਤ, ਫਿਟਕਾਰਿਆ ਹੋਇਆ
"ਗੁਰ ਮੰਤ੍ਰ ਹੀਣਸੁ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ।"
-ਸਸ ੫, ੩੩:੧ (1356)

ਭ੍ਰਸਟੀ ------ ਪਤਿਤੁ, ਡਿਗਿਆ ਹੋਇਆ, ਫਿਟਕਾਰਿਆ ਹੋਇਆ
"ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ।"
-ਦੇਵ ੪, ੬, ੧:੨ (528)

ਭ੍ਰਸਟੁ ------ ਪਲੀਤ, ਗੰਦਾ
"ਸੰਤ ਕੇ ਦੂਖਨਿ ਥਾਨ ਭ੍ਰਸਟੁ ਹੋਇ।"
-ਗਉ ੫, ਸੁਖ ੧੩, ੧:੮ (279)

ਭ੍ਰਮ-------- (1) ਭਰਮ, ਭੁਲੇਖਾ, ਸੰਕਾ, ਸਹਸਾ
"ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ।"
-ਮਾਝ ੫, ੨੬, ੪:੩ (102)

"ਗੁਰ ਕੈ ਬਚਨਿ ਕਟੇ ਭ੍ਰਮ ਭੇਦ।"
-ਗਵੂ ੫, ੭੪, ੨:੨ (177)

ਹੋਰ ਰੂਪ:

ਭ੍ਰੰਮ-
"ਚਲ ਚਿਤ ਵਿਤ ਭ੍ਰਮਾ ਭ੍ਰੰਮ ਜਗੁ ਮੋਹ ਮਗਨ ਹਿਤੰ।" (ਭੁਲੇਖੇ ਵਿਚ)

-ਗੂਜ ੧, ਅਸ ੫, ੩:੧ (505)

(2) ਭਟਕਣ

"ਸਗਲ ਜਨਮ ਭਰਮ ਹੀ ਭਰਮ ਖੋਇ ਓ ਨਹ ਅਸਥਿਰੁ ਮਤਿ ਪਾਈ।"

-ਸੋਰ ੯, ੬, ੧:੧ (632)

(3) ਭਰਮੀ, ਭਰਮ/ਭੁਲੇਖੇ ਵਿਚ ਫਸੇ

"ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ।"

-ਸੋਰ ਕਬ, ੩, ੪:੧ (654)

ਭ੍ਰਮਹਿ ------ ਫਿਰਦੇ ਹਨ, ਭਟਕਦੇ ਹਨ

"ਕਈ ਕੋਟਿ ਬਨ ਭ੍ਰਮਹਿ ਉਦਾਸੀ।"

-ਗਉ ੫, ਸੁਖ ੧੦, ੧:੪ (275)

"ਕਾਹੇ ਭ੍ਰਮਿ ਭ੍ਰਮਹਿ ਬਿਗਾਨੇ।"(ਭਟਕਦੇ ਹਨ)

-ਰਾਮ ੫, ੪੨, ੧*:੧ (896)

ਭ੍ਰਮਣ ------ ਫਿਰੇ, ਭਟਕੇ

"ਜਨਮ ਮਰਣ ਬਹੁ ਜੋਨਿ ਭ੍ਰਮਣ ਕੀਨੇ ਕਰਮ ਅਨੇਕ।"

-ਗਉ ੫, ਥਿਤੀ ੫:੫ (297)

ਭ੍ਰਮਣੰ ------ ਭ੍ਰਮ ਰਿਹਾ/ਭਟਕ ਰਿਹਾ ਹੈ

"ਹੀਤ ਮੋਹ ਭੈ ਭਰਮ ਭ੍ਰਮਣੰ ਅਹੰ ਫਾਂਸ ਤੀਖ੍ਣ ਕਠਿਨਹ।"

-ਸਸ ੫, ੫੮:੩ (1359)

ਭ੍ਰਮਣੀ------ ਭਟਕਣ

"ਮਨ ਤੇ ਮਨੁ ਮਾਨਿਆ ਚੂਕੀ ਅਹੰ ਭ੍ਰਮਣੀ।"

-ਗਉ ੧, ਅਸ ੧੫, ੬:੩ (227)

ਭ੍ਰਮਤ ------ ਭਟਕਕੇ, ਫਿਰਕੇ

"ਕਾਹੂ ਉਦਿਆਨ ਭ੍ਰਮਤ ਪਛੁਤਾਪੈ।"

-ਗਉ ੫, ਬਾਅ ੧੭:੬ (253)

"ਤੈਸੇ ਭ੍ਰਮਤ ਅਨੇਕ ਜੋਨਿ ਮਹਿ ਫਿਰਿ ਫਿਰਿ ਕਾਲ ਹਇਓ।"(ਭਟਕਕੇ)

-ਗਉ ਕਬ, ੫੯, ੨:੨ (336)

"ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨ ਮਾਨਾਨਾ।" (ਭਟਕਣਾ)

-ਗਉ ਕਬ, ੭੪, ੪:੨ (340)

ਹੋਰ ਰੂਪ:

ਭ੍ਰਮੰਤ–

"ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ।"(ਫਿਰਦਾ)

-ਸਾਰ ੫, ੧੨੯, ੧:੨ (1229)

ਭ੍ਰਮਤੋ–

"ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ।"(ਫਿਰਦਿਆਂ ਫਿਰਓਿ)

-ਗਉ ੫, ੧੫੦, ੨:੧ (212)

ਭ੍ਰਮਤੌ–

"ਅਨਿਕ ਜਨਮ ਭ੍ਰਮਤੌ ਹੀ ਆਇਓ ਮਾਨਸ ਜਨਮੁ ਦੁਲਭਾਹੀ।" (ਫਿਰਦਿਆ)

-ਸਾਰ ੫, ੧੬, ੧:੧ (1207)

(2) ਭੌਂਦੇ ਫਿਰਨਾ

"ਭ੍ਰਮਤ ਫਿਰਤ ਤੇਲਕ ਕੇ ਕਪਿ ਜਿਉ ਗਤਿ ਬਿਨੁ ਰੈਨਿ ਬਿਹਈ ਹੈ।"

-ਗੂਜ ਕਬ, ੧, ੪:੧ (524)

ਹੋਰ ਰੂਪ:

ਭ੍ਰਮਤਾ-

"ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ।"

-ਗਉ ੫, ੧੬੪*, ੨:੧ (216)

(3) ਭਟਕਣਾ

"ਕਾਹੇ ਭ੍ਰਮਤ ਹਉ ਤੁਮ ਭ੍ਰਮਹੁ ਨ ਭਾਈ ਰਵਿਆ ਰੇ ਰਵਿਆ ਸ੍ਰਬ ਥਾਨ।"

-ਦੇਵ ੫, ੩੪, ੧:੧ (535)

ਹੋਰ ਰੂਪ:

ਭ੍ਰਮੰਤ-

"ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੇ।"(ਭਟਕਦਾ)

-ਮਲਾ ੫, ਛੰਤ ੧, ੨:੫ (1278)

ਭ੍ਰਮਤਉ-

"ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ।"(ਭਟਕਦਾ, ਫਿਰਦਾ)

-ਗਉ ੫, ਥਿਤੀ ੩:੨ (297)

ਭ੍ਰਮਤਾ-

"ਲਖ ਚਉਰਾਸੀਹ ਭ੍ਰਮਤਾ ਫੇਰਿ।"(ਫਟਕਦਾ)

-ਗਉ ੫, ੮੨, ੩:੪ (180)

ਭ੍ਰਮੰਤਾ-

"ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ।"(ਭਟਕਦਾ)

-ਮਾਰੂ ੫, ਅਸ ੭, ੧:੨ (1019)

ਭ੍ਰਮੰਤਿ-

"ਮ੍ਰਿਤੂ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰਨ ਸਿਧ੍ਯਤੇ।"(ਭਟਕਨਾ)

-ਸਸ ੫, ੪੨:੩ (1357)

ਭ੍ਰਮਤਿਆ-

"ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾ ਇਓਇ।"(ਭਟਕਦਿਆਂ)

-ਸਿਰੀ ੫, ੯੨, ੪:੨ (150)

ਭ੍ਰਮਤੁ-

"ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇ ਵਹੁ ਜਨੁ ਅਪਨਾ।" (ਭਟਕਦਾ)

-ਬਿਲਾ ੪, ੧, ੨:੧ (799)

ਭ੍ਰਮਤੇ-

"ਥਾਕੇ ਪੰਚ ਦੂਤ ਸਭ ਤਸਕਰ ਆਪ ਆਪਣੈ ਭ੍ਰਮਤੇ।"(ਫਿਰਦੇ, ਭਟਕਦੇ)

-ਆਸਾ ਕਬ, ੧੮, ੪:੧ (480)

"ਕਰਿ ਅਨੁਗ੍ਰਹੁ ਪਤਿਤ ਪਾਵਨ ਬਹੁ ਜੋਨਿ ਭ੍ਰਮਤੇ ਹਾਰੀ।"

-ਬਿਹਾ ੫, ਛੰਤ ੮, ੨:੫ (547)

ਭ੍ਰਮਦਾ ------ ਫਿਰਦਾ ਹੈ

"ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ।"

–ਸੋਰ ੪, ਵਾਰ, ੪ਸ, ੩, ੨:੨ (644)

ਹੋਰ ਰੂਪ:

ਭ੍ਰਮਦੇ–

"ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨ ਟਿਕੰਨਿ।"(ਫਿਰਦੇ ਫਿਰਦੇ ਭਾਵ ਭਟਕਦੇ)

–ਗਉ ੩, ਅਸ ੯, ੫:੧ (233)

ਭ੍ਰਮਨ ------ ਗਮਨ ਕਰਨਾ, ਭਾਉਂਦੇ ਫਿਰਨਾ, ਫਿਰਨਾ

"ਜਾਪ ਤਾਪ ਭ੍ਰਮਨ ਬਸੁਧਾ ਕਰਿ ਉਰਧ ਤਾਪ ਲੈ ਗੈਨ।"

–ਧਨਾ ੫, ੧੩, ੨:੧ (674)

ਹੋਰ ਰੂਪ:

ਭ੍ਰਮਨਾ–

"ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ।"(ਫਿਰਨ ਵਾਲਾ, ਗਮਨ ਕਰਨ ਵਾਲੇ)

–ਆਸਾ ਕਬ, ੫, ੧:੧ (476)

"ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ।"(ਫਟਕਨਾ)

–ਭੈਰ ੧, ੮, ੧*:੨ (1127)

ਭ੍ਰਮਨਿ ------ ਭਟਕਣਾ, ਦੌੜਨਾ

"ਐਜੀ ਸਦਾ ਦਇਆਲੁ ਦਇਆ ਕਰਿ ਰਵਿਆ ਗੁਰਮਤਿ ਭ੍ਰਮਨਿ ਚੁਕਾਈ।"

–ਗੂਜ ੧, ਅਸ ੪, ੬:੧ (505)

ਹੋਰ ਰੂਪ:

ਭ੍ਰਮਨੁ–

"ਡੰਡਕ ਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ।"(ਗਮਨ ਫਿਰਨਾ)

–ਭੈਰ ੧, ੮, ੩:੧ (1127)

ਭ੍ਰਮਭੰਜਨ ---- ਵਹਿਮ ਦੂਰ ਕਰਨ ਵਾਲਾ

"ਭ੍ਰਮਭੰਜਨ ਹਰਿ ਰਾਇਆ।"

–ਮਲਾ ੫, ਛੰਤ ੧, ੪:੨ (1278)

ਭ੍ਰਮਭੀਤਿ ---- (1) ਭ੍ਰਮ ਦੀ ਕੰਧ

"ਭ੍ਰਮਭੀਤਿ ਖੋਈਐ ਸਹਿਜ ਸੋਈਐ ਪ੍ਰਭ ਪਲਕ ਪੇਖਤ ਨਵਨਿਧੇ।"

–ਬਿਹਾ ੫, ਛੰਤ ੨, ੩:੪ (543)

(2) ਭ੍ਰਮ ਦੇ ਕਿਵਾੜ

"ਖੁਲੇ ਭ੍ਰਮ ਭੀਤਿ ਮਿਲੇ ਗੋਪਾਲਾ ਹੀਰੈ ਬੇਧੇ ਹੀਰ।"

–ਨਟ ੫, ੩, ੨:੧ (979)

ਭ੍ਰਮਾਇਓ ---- ਭੌਂਦਾ/ਘੁੰਮਦਾ ਰਹਿੰਦਾ ਹੈ

“ਧਾਵਤ ਕਉ ਧਾਵਹਿ ਬਹੁ ਭਾਤੀ ਜਿਉ ਤੇਲੀ ਬਲਦੁ ਭ੍ਰਮਾਇਓ।”
-ਟੋਂਡੀ ੫, ੩, ੨:੨ (712)

ਭ੍ਰਮਾਇਆ --- ਫਿਰਿਆ, ਭਟਕਿਆ
“ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ।”
-ਬਿਹਾ ੫, ਛੰਤ ੭, ੨:੩ (546)

ਹੋਰ ਰੂਪ:

ਭ੍ਰਮਾਈਐ-
“ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ।”(ਫਟਕਾਈਦਾ ਹੈ)
-ਗਉ ੫, ਸੁਖ ੧੩, ੫:੩ (280)

ਭ੍ਰਮਾਏ-
“ਬਿਨਵੰਤਿ ਨਾਨਕ ਭਰਮਹਿ ਭ੍ਰਮਾਏ ਖਿਨੁ ਏਕੁ ਟਿਕਣੁ ਨ ਪਾਵਹੀ।”(ਭਟਕਦੇ ਹਨ)
-ਜੈਤ ੫, ਛੰਤ ੩, ੨:੬ (705)

ਭ੍ਰਮਾਹਿ ----- ਫਿਰਦੇ/ਭਟਕਦੇ ਹਨ
“ਕਈ ਕੋਟਿ ਪਰਦੇਸ ਭ੍ਰਮਾਹਿ।”
-ਗਉ ੫, ਸੁਖ ੧੦, ੨:੮ (275)

ਭ੍ਰਮਾਦ ------ ਭੌਂਦਾ, ਫਿਰਦਾ, ਭਟਕਦਾ
“ਏਕੁ ਅਧਾਰੁ ਨਾਨਕ ਜਨ ਕੀਆ ਬਹੁਰਿ ਨ ਜੋਨਿ ਭ੍ਰਮਾਦ।”
-ਸਾਰ ੫, ੧੧੭, ੨:੨ (1227)

ਹੋਰ ਰੂਪ:

ਭ੍ਰਮਾਦਿ-
“ਇਹ ਅਉਸਰ ਤੇ ਚੂਕਿਆ ਬਹੁ ਜੋਨਿ ਭ੍ਰਮਾਦਿ।”(ਭਟਕਦਾ ਹੈ)
-ਬਿਲਾ ੫, ੩੮, ੩:੨ (810)

ਭ੍ਰਮਾਮ ------ ਭ੍ਰਮਨਾ, ਭਟਕਣਾ, ਫਿਰਨਾ
“ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ।”
-ਭੈਰ ੫, ੮, ੧*:੨ (1137)

ਭ੍ਰਮਾਰੀ ----- ਭਰਮ ਦੀ
“ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ।”
-ਸੋਰ ੫, ੨੮, ੩:੧ (616)

ਭ੍ਰਮਾਵਣਹ---- ਭਟਕਾਉਣ ਵਾਲੇ
“ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ।”
-ਸਸ ੫, ੪੬:੧ (1358)

ਭ੍ਰਮਾਵੈ ------ ਭਟਕਦਾ ਹੈ
“ਜਨਮਿ ਮਰੈ ਬਹੁ ਜੋਨਿ ਭ੍ਰਮਾਵੈ।”
-ਗਉ ੫, ਸੁਖ ੧੨, ੧:੬ (278)

ਭ੍ਰਮਿ ------- (1) ਭਟਕ ਕੇ, ਫਿਰ ਫਿਰ ਕੇ

“ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ।”

-ਸਿਰੀ ੩, ੩੬, ੩:੩ (27)

“ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰਸਾਰੀ।” (ਫਿਰਕੇ ਆਏ, ਟਕਰਾਂ ਮਾਰ ਆਏ)

-ਗੂਜ ੫, ੨, ੩:੧ (495)

(2) ਭੁਲੇਖੇ ਕਰਕੇ, ਧੋਖੇ ਕਰਕੇ

“ਜਿਨਿ ਭ੍ਰਮਿ ਭੁਲਾ ਮਾਰਗਿ ਪਾਇਆ।”

-ਸਿਰੀ ੧, ਅਸ ੨੮, ੧੪:੨ (72)

ਭ੍ਰਮਿਓ------ ਭਟਕਿਆ,ਫਿਰਿਆ

“ਚਾਰਿ ਕੁੰਟ ਦਹਦਿਸਿ ਭ੍ਰਮਿਓ ਤਿਸੁ ਬਿਨੁ ਅਵਰੁ ਨ ਕੋਇ।”

-ਗਉ ੫, ਥਿਤੀ ੧:੪ (296)

ਹੋਰ ਰੂਪ:

ਭ੍ਰਮਿਆ–

“ਅਨਿਕ ਜਨਮ ਬਹੁ ਜੋਨੀ ਭ੍ਰਮਿਆ ਬਹੁਰਿ ਬਹੁਰਿ ਦੁਖੁ ਪਾਇਆ।”(ਫਿਰਿਆ, ਭਟਕਿਆ)

-ਗਉ ੫, ੧੩0*, ੧:੧ (207)

ਭ੍ਰਮਿੰਨਾ ----- ਭਟਕਦਾ ਫਿਰੇ

“ਜਾਤਿ ਨ ਪਤਿ ਨ ਆਦਰੋ ਉਤਿਆਨ ਭ੍ਰਮਿੰਨਾ।”

-ਜੈਤ ੫, ਵਾਰ ੭:੨ (707)

ਭ੍ਰਮੀਆ ----- ਭਰਮਵਾਲੀ, ਧੋਖੇ ਤੇ ਆਧਾਰਿਤ

“ਭ੍ਰਮੀਆ ਚਾ।”

-ਧਨਾ ਨਾਮ, ੪, ੨:੪ (693)

ਹੋਰ ਰੂਪ:

ਭ੍ਰਮੀਐ–

“ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ।”(ਭੁਲੇਖੇ ਵਿਚ ਪਈਏ)

-ਗਉ ੫, ੭੧*, ੧:੧ (176)

ਭ੍ਰਮੀਨ ------ ਭਟਕਦਾ ਹੈ, ਭਰਮਦਾ ਹੈ

“ਮਹਾ ਮਾਦ ਬਿਕਾਰ ਬਾਧਾ ਅਨਿਕ ਜੋਨਿ ਭ੍ਰਮੀਨ।”

-ਸਾਰ ੫, ੧0੮, ੨:੧ (1225)

ਭ੍ਰਮੁ ------- (1) ਭੁਲੇਖਾ, ਵਹਿਮ

“ਅੰਤਰਹੁ ਦੁਖੁ ਭ੍ਰਮੁ ਕਟੀਐ ਸੁਖੁ ਪਰਾਪਤਿ ਹੋਇ।”

-ਸਿਰੀ ੩, ੪੬, ੩:੨ (31)

“ਸਚੈ ਸਬਦਿ ਸਦਾ ਮਨੁ ਰਾਤਾ ਭ੍ਰਮੁ ਗਇਆ ਸਰੀਰਹੁ ਦੂਰਿ।”

-ਸਿਰੀ ੩, ੫੪, ੨:੩ (34)

(2) ਸੰਸਾ, ਸ਼ਕ

“ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ।”

-ਗਉ ੫, ੭੧*, ੧:੧ (176)

(3) ਭ੍ਰਮਣ, ਭੌਣਾ, ਭਟਕਣਾ

“ਹਰਿ ਪ੍ਰੀਤਿ ਲਗਾਈ ਹਰਿ ਨਾਮੁ ਸਖਾਈ ਭ੍ਰਮੁ ਚੂਕਾ ਆਵਣੁ ਜਾਣੁ ਜੀਉ।”

-ਆਸਾ ੪, ਛੰਤ ੧੦, ੩:੨ (445)

ਭ੍ਰਮੇ ------- (1) ਫਿਰੇ, ਘੁੰਮੇ

“ਚਾਰਿ ਕੁੰਟ ਦਹਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।”

-ਮਾਝ ੪, ਬਾਰਾ ੧:੨ (133)

(2) ਭਟਕਦੇ

“ਸੰਤ ਸੰਗ ਜਿਹ ਰਿਦ ਬਸਿਓ ਨਾਨਕ ਤੇ ਨ ਭ੍ਰਮੇ।”

-ਗਉ ੫, ਬਾਅ ੪੦ਸ:੨ (258)

ਹੋਰ ਰੂਪ:

ਭ੍ਰਮੈ–

“ਮਨੁ ਘਨੈ ਭ੍ਰਮੈ ਬਨੈ।”(ਭ੍ਰਮਦਾ/ਫਿਰਦਾ ਹੈ)

-ਮਲਾ ੫, ੨੪, ੧*:੧ (1272)

“ਉਝੜ ਪੰਥਿ ਭ੍ਰਮੈ ਗਾਵਾਰੀ ਖਿਨੁ ਖਿਨੁ ਥਕੇ ਖਾਇਆ।”

-ਸੂਹੀ ੪, ਛੰਤ ੧, ੩:੪ (773)

ਭ੍ਰਾਤ ------- ਭਰਾ, ਭਾਈ

“ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ।”

-ਗਉ ੫, ਸੁਖ ੪, ੨:੨ (267)

ਹੋਰ ਰੂਪ:

ਭ੍ਰਾਤਹ–

“ਨਹ ਚਿੰਤਾ ਮਾਤ ਪਿਤਾ ਭ੍ਰਾਤਹ ਨਹ ਚਿੰਤਾ ਕਛੁ ਲੋਕ ਕਹ।”(ਭਰਾ ਦੀ)

-ਸਸ ੫, ੧੫:੧ (1355)

ਭ੍ਰਾਤਾ–

“ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।”(ਭਰਾ)

-ਮਾਝ ੫, ੩੧, ੧:੨ (103)

ਭ੍ਰਾਤਿ ------ ਭਟਕਣਾ

“ਸਬਦੁ ਵੀਚਾਰਿ ਮਿਲਣੁ ਨਹੀ ਭ੍ਰਾਤਿ ।”

-ਆਸਾ ੧, ਅਸ ੪, ੭:੪ (413)

“ਅਜਰ ਗਹੁ ਜਾਰਿ ਲੈ ਅਮਰ ਗਹੁ ਮਾਰਿ ਲੈ ਭ੍ਰਾਤਿ ਤਜਿ ਛੋਡਿ ਤਉ ਅਪਿਉ ਪੀਜੈ।”(ਭਰਮ)

-ਮਾਰੂ ੧, ਅਸ ੯, ੨:੧ (991)

ਭ੍ਰਾਂਤਿ ------ ਭੁਲੇਖਾ,ਭਰਮ

“ਨਾਮੁ ਜਪਤ ਗੋਵਿੰਦ ਕਾ ਬਿਨਸੈ ਭ੍ਰਮ ਭ੍ਰਾਂਤਿ।”

-ਬਿਲਾ ੫, ੫੪, ੧:੨ (814)

“ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ ਸੀਤਲੁ ਸੁਖ ਦਾਤਉ।”(ਭਰਮ)

-ਸਵ ੫, ਕਲ ੫:੩ (1407)

ਭ੍ਰਾਤੇ -------- ਭੇਦ, ਭਰਮ
"ਨਾਨਕ ਆਪੁ ਗਵਾਇ ਮਿਲਣ ਨਹੀ ਭ੍ਰਾਤੇ।"
-ਰਾਮ ੧, ਸਿਗੋ ੫੪:੬ (944)

ਭ੍ਰਿੰਗ -------- ਭੌਂਗ
"ਭ੍ਰਿੰਗ ਪਤੰਗੁ ਕੁੰਚਰੁ ਅਰੁ ਮੀਨਾ।"
- ਗਉ ੧, ਅਸ ੧੧, ੩:੧ (225)

ਭ੍ਰਿਤਿਆ ---- ਭਗਤ, ਸੇਵਕ, ਦਾਸ
"ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ।"
-ਸਸ ੫, ੫:੩ (1354)

ਮ

ਮਉਜ ------ (ਮੌਜ), ਲਹਿਰ, ਤਰੰਗ
"ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।"(ਮਸਤੀ)
- ਸਲੋ ਕਬ, ੧੨੦:੨ (1370)

ਮਉਜੂਦੁ ----- (ਅ. ਮੌਜੂਦ), ਹਾਜ਼ਰ, ਪ੍ਰਤਖ
" ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ।"
-ਸਿਰੀ ੪, ਵਾਰ ੪ਸ, ੧, ੧:੮ (84)

ਮਉਤ ------ ਮੌਤ
"ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ।"
-ਸਲੋ ਫਰ, ੧00:੩ (1383)

ਹੋਰ ਰੂਪ:

ਮਉਤੈ-
"ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ।"(ਮੌਤ ਦਾ)
- ਸਲੋ ਫਰ ੯੮:੧ (1383)

ਮਉਦੀਫਾ ---- (ਫਜ਼ੀਫਾ) ਨਿਤਕਰਮ, ਨਿਤਨੇਮ, ਇਕ ਪਾਠ ਜੋ ਮੁਸਲਮਾਨ ਜਾਰੀ ਰਖਦੇ ਹਨ।
" ਸਗਲੀ ਜਾਨਿ ਕਰਹੁ ਮਉਦੀਫਾ।"
-ਮਾਰੂ ੫, ਸੋਲਾ ੧੨, ੧0:੧ (1084)

ਮਉਲਾ------ (1) ਮਾਲਕ (ਸ਼ਬਦਾਰਥ) ਪ੍ਰਫੁਲਿਤ ਕਰਨ ਵਾਲਾ (ਮਹਾਨਕੋਸ਼)
" ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ।"
-ਸਿਰੀ ੧, ੨੮, ੧:੧ (24)

(2) ਮਿਲਿਆ ਹੋਇਆ
"ਬਾਹਰਿ ਸੂਤੁ ਸਗਲ ਸਿਉ ਮਉਲਾ।"(ਭਾਵ ਸਭ ਨਾਲ ਪਿਆਰ ਬਣਿਆ ਹੋਇਆ ਹੈ ਸੂਤ ਮਿਲਿਆ ਹੋਇਆ ਹੈ)
- ਆਸਾ ੫, ੫੪, ੧*:੧ (384)

(3) ਪ੍ਰਫੁਲਿਤ, ਖੁਸ਼, ਅਨੰਦਿਤ

“ਨਾਨਕ ਦਾਸੁ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕੁ ਮਉਲਾ।”
– ਗੂਜ ੫, ੪੪:੨ (496)
“ਸੋਇ ਸੁੰਣਦੜੀ ਮੇਰਾ ਤਨੁ ਮਨੁ ਮਉਲਾ ਨਾਮ ਜਪੰਦੜੀ ਲਾਲੀ।”
-ਰਾਮ ੫, ਵਾਰ ੧੭ਸ, ੫, ੧:੧ (964)
(4) ਆਜ਼ਾਦ ਕਰਨ ਵਾਲਾ, ਮੁਕਤੀ ਦਾਤਾ, ਕਰਤਾਰ
“ਮਿਹਰਵਾਨ ਮਉਲਾ ਤੂਹੀ ਏਕ।”
-ਰਾਮ ੫, ੪੫, ੩:੧ (897)
“ਮਉਲਾ ਖੇਲ ਕਰੇ ਸਭਿ ਆਪੇ।”
-ਮਾਰੂ ੫, ਅਸ ੮, ੭:੧ (1020)

ਮਉਲਾਣਾ ---- ਮੁਲਾਂ
“ਦੇਹ ਮਸੀਤਿ ਮਨੁ ਮਉਲਾਣਾ ਕਲਮ ਖੁਦਾਈ ਪਾਕੁ ਖਰਾ।”
-ਮਾਰੂ ੫, ਸੋਲਾ ੧੨, ੨:੩ (1083)

ਹੋਰ ਰੂਪ:

ਮਉਲਾਨਾ-
“ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ।”
-ਭੈਰ ਕਬ, ੧, ੩:੧ (1167)

ਮਉਲਿ------ ਖਿੜ, ਖੁਸ਼ ਹੋ
“ਪ੍ਰੀਤਿ ਪਾਰਬ੍ਰਹਮ ਮਉਲਿ ਮਨਾ।”
-ਬਸੰ ੫, ੩, ੨:੧ (1180)

ਹੋਰ ਰੂਪ:

ਮਉਲਿਓ-
“ਮਉਲਿਓ ਮਨੁ ਤਨੁ ਹੋਇਓ ਹਰਿਆ ਏਕ ਬੂੰਦ ਜਿਨਿ ਪਾਈ।”(ਖਿੜਿਆ)
– ਧਨਾ ੫, ੭, ੨:੧ (672)
ਮਉਲਿਆ-
“ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ।”(ਪ੍ਰਫੁਲਿਤ ਹੋਇਆ)
-ਸਿਰੀ ੧, ੨੮, ੧:੧ (24)
ਮਉਲਿਐ-
“ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ।” (ਪ੍ਰਫੁਲਿਤ ਹੋਣ ਨਾਲ)
-ਸੂਹੀ ੩, ਵਾਰ ੧੯ਸ, ੧, ੧:੨ (791)
ਮਉਲਿਹੁ-
“ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ।”(ਪ੍ਰਫੁਲਿਤ ਕਰਨਾ)
-ਸੂਹੀ ੩, ਵਾਰ ੧੯ਸ, ੧, ੧:੨ (791)
ਮਉਲੀ-
“ਸਿੰਮ੍ਰਿਤਿ ਮਉਲੀ ਸਿਉ ਕਤੇਬ।” (ਪ੍ਰਫੁਲਿਤ ਹੋਈਆ)
-ਬਸੰ ਕਬ, ੧, ੨:੨ (1193)
ਮਉਲੀਏ-

"ਓਤਿ ਪੋਤਿ ਨਿਰੰਕਾਰੁ ਘਟਿ ਘਟਿ ਮਉਲੀਏ।"(ਪ੍ਰਫੁਲਿਤ ਹੋ ਰਿਹਾ ਹੈ)
-ਗੂਜ ੫, ਵਾਰ ੨:੬ (518)

ਮਉਲੇ-
"ਦੁਤੀਆ ਮਉਲੇ ਜੋਗ ਧਿਆਨ।" (ਪ੍ਰਫੁਲਿਤ ਹੋਇਆ, ਪ੍ਰਕਾਸ਼ਮਾਨ ਹੋਇਆ)
-ਬਸੰ ਕਬ, ੧, ੨:੧ (1193)

ਮਉਲੈ-
"ਚਰਣਹ ਸਰਨੀ ਦਾਸਹ ਦਾਸੀ ਮਨਿ ਮਉਲੈ ਤਨੁ ਹਰੀਆ।"(ਪ੍ਰਫੁਲਿਤ ਹੋਣ ਨਾਲ)
-ਸੂਹੀ ੫, ਛੰਤ ੪, ੨:੫ (779)

ਮਉਲੈ ------ (1) ਪ੍ਰਫੁਲਿਤ ਹੋਣ ਨਾਲ ਵੇਖ 'ਮਉਲਿ'
(2) ਪ੍ਰਭੂ ਨੇ, ਮਉਲਾ ਨੇ
" ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੈ।"
- ਮਾਰੂ ੫, ਵਾਰ ੨੩:੭ (1102)

ਮਉਲੋ ------ ਪ੍ਰਫੁਲਿਤ ਕਰਨ ਵਾਲਾ
" ਜੋਤਿ ਸਰੂਪੀ ਸਭੁ ਜਗੁ ਮਉਲੋ।"
-ਮਾਰੂ ੫, ਸੋਲਾ ੧੧, ੧੪:੨ (1083)

ਮਇਓਦਧਿ --- ਬਹੁਤ ਪਾਣੀ ਧਾਰਨ ਵਾਲਾ, ਸਮੁੰਦਰ
"ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ।"
-ਸੋਰ ਰਵਿ, ੧, ੧:੨ (657)

ਮਇਆ ----- (1) ਕ੍ਰਿਪਾ, ਮਿਹਰ, ਬਖਸ਼ਿਸ਼
"ਨਾਨਕ ਕਉ ਪ੍ਰਭ ਮਇਆ ਕਰਿ ਸਚੁ ਦੇਵਹੁ ਅਪੁਣਾ ਨਾਉ।"
-ਸਿਰੀ ੫, ੭੭, ੪:੩ (44)
(2) ਦਇਆ ਕਰਨ ਵਾਲੇ, ਮਿਹਰਵਾਨ
"ਤੁਮਰੀ ਕ੍ਰਿਪਾ ਤੇ ਹੋਇ ਪ੍ਰਗਾਸਾ ਸਰਬ ਮਇਆ ਪ੍ਰਤਿਪਾਲਾ ਜੀਉ।"
-ਮਾਝ ੫, ੩੩, ੩:੩ (104)
"ਸਿਵ ਸਿਵ ਕਰਤ ਸਗਲ ਕਰ ਜੋਰਹਿ ਸਰਬ ਮਇਆ ਠਾਕੁਰ ਤੇਰੀ ਦੋਹੀ।"
-ਗਉ ੫, ੧੨੯*, ੧:੨ (207)
(3) ਮਾਇਆ
"ਅੰਤਿ ਕਾਲਿ ਕਿਛੁ ਸਾਥਿ ਨ ਚਾਲੈ ਜੋ ਦੀਸੈ ਸਭੁ ਤਿਸਹਿ ਮਇਆ।"
-ਰਾਮ ੧, ਅਸ ੭, ੮:੧ (906)
(4) ਮਿਲਿਆ ਹੋਇਆ
"ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ।"(ਭਾਵ ਇਕ ਮਿਕ ਹੋਇਆ)
-ਰਾਮ ੧, ਸਿਗੋ ੨੫:੧ (940)

ਮਇਆਸਾ --- ਮਾਇਆ ਵਾਲੀ/ ਮਾਇਆ ਦੀ ਆਸਾ
"ਚੂਕੀ ਅਲੇ ਮੋਹ ਮਇਆਸਾ।"
-ਰਾਮ ਕਬ, ੧੦, ੩:੧ (972)

ਮਈ ------ ਮਿਲ ਜਾਣਾ

"ਗੋਬਿੰਦ ਗੋਬਿੰਦ ਗੋਬਿੰਦ ਮਈ।"
-ਬਿਲਾ ੫, ੯0, ੧*:੧ (822)

ਮਈਏ------ ਮੈਨੂੰ
"ਕੇਸਵਾ ਬਚਉਨੀ ਅਈਏ ਮਈਏ ਏਕ ਆਨ ਜੀਉ।"
-ਧਨਾ ਨਾਮ, ੪, ੨:੫ (693)

ਮਏ ------- ਮਿਲੇ, ਹੋ ਗਏ
"ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ।"
-ਆਸਾ ਧਨਾ, ੧, ੩:੧ (487)

ਮਸਹੂਰ ----- (ਅ: ਮਸ਼ਹੂਰ) ਪ੍ਰਸਿੱਧ
"ਆਬਾਦਾਨੁ ਸਦਾ ਮਸਹੂਰ।"
-ਗਉ ਰਵਿ, ੨, ੨:੩ (345)

ਮਸਕੰ ------ ਮੱਛਰ
"ਮਸਕੰ ਭਗਨੰਤ ਸੈਲੰ ਕਰਦਮੰ ਤਰੰਤ ਪਪੀਲਕਹ।"
-ਸਸ ੫, ੫੫:੧ (1359)

ਮਸਕਤਿ----- (1) (ਅ: ਮੁਸ਼ਕਤ) ਮਹਿਨਤ, ਘਾਲਣਾ
"ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।"
-ਜਪੁ ੧, ੩੮ਸ:੫ (8)

(2) ਮੁਸ਼ਕਤ/ਮਿਹਨਤ ਨਾਲ
"ਮੁਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ।"
-ਸੂਹੀ ੩, ਵਾਰ ੧0ਸ, ੧, ੧:੫ (788)

ਮਸਕਤੇ ----- ਸੇਵਾ, ਘਾਲਣਾ
"ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ।"
-ਸਿਰੀ ੫, ੭੫, ੩:੧ (44)

ਮਸਕਰ -----ਚਾਂਦਨੀ, ਚੰਨ ਦੀ ਕਿਰਣ
"ਮੂਸਨ ਮਸਕਰ ਪ੍ਰੇਮ ਕੀ ਰਹੀ ਜੁ ਅੰਬਰੁ ਛਾਇ।"
-ਚਉ ੫, ੪:੧ (1364)

ਮਸਕਲ ----- (ਅ. ਮਸਕਲ) ਜੰਗ ਉਤਾਰਨ ਦਾ ਔਜ਼ਾਰ (ਸੰਦ)
"ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।"
-ਮਾਝ ੧, ਵਾਰ ੮ਸ, ੧, ੧:੨ (141)

ਹੋਰ ਰੂਪ:

ਮਸਕਲੈ-
"ਦਰੁ ਸੇਵੇ ਉਮਤਿ ਖੜੀ ਮਸਕਲੈ ਹੋਇ ਜੰਗਾਲੀ।"(ਜੰਗਾਲ ਲਾਹੁਣ ਵਾਲੇ ਔਜ਼ਾਰ ਨਾਲ)
-ਰਾਮ ਬਸ, ਵਾਰ ੩:੬ (967)

ਮਸਕੀਨ----- (ਅ. ਮਸਕੀਨ) ਹਲੀਮ, ਨਿਮਾਣਾ, ਆਜਿਜ਼, ਗਰੀਬ ਜਿਹਾ

“ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।”
-ਗਉ ੪, ਸੋਹ ੪, ੪:੧ (13)

“ਹਮ ਮਸਕੀਨ ਖੁਦਾਈ ਬੰਦੇ ਤੁਮਰਾ ਜਸੁ ਮਨਿ ਭਾਵੈ।”
-ਆਸਾ ਕਬ, ੧੭, ੧:੧ (480)

ਮਸਕੀਨੀ ---- ਗਰੀਬੀ, ਨਿਮਰਤਾ, ਆਜਜ਼ੀ
“ਸਹਜ ਸੁਹੇਲਾ ਅਤਿ ਮਸਕੀਨੀ।”
-ਗਉ ੫, ਅਸ ੧, ੧*:੧ (235)

ਮਸਕੀਨੀਆ -- ਗਰੀਬੀ ਸੁਭਾ ਵਾਲਾ, ਨਮਰ, ਨਿਮ੍ਰਤਾ ਵਾਲਾ
“ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ।”
-ਗਉ ੫, ਸੁਖ ੧੨ਸ:੧ (278)

ਮਸਟਿ ------ ਚੁੱਪ, ਖ਼ਾਮੋਸ਼
“ਆਪ ਹੀ ਮਸਟਿ ਆਪਹੀ ਬੁਲਨਾ।”
-ਬਿਲਾ ੫, ੭, ੨:੧ (803)

“ਮਸਟਿ ਕਰਉ ਮੂਰਖੁ ਜਗਿ ਕਹੀਆ।”(ਚੁੱਪ ਕਰਾਂ)
-ਪ੍ਰਭ ੧, ੧੨, ੧:੧ (1330)

ਮਸਤ ------ (1) (ਫਾ. ਮਸਤ) ਮਤਵਾਲਾ, ਬੇਪਰਵਾਹ
“ਜਿਨ੍ਹ ਪੀਆ ਸੇ ਮਸਤ ਭਏ ਹੈ ਤੂਟੇ ਬੰਧਨ ਫਾਹੇ।”
-ਆਸਾ ੧, ੮, ੨:੧ (351)

(2) ਅੰਹਕਾਰੀ, ਗਰੀਬ (ਨਿਮਾਣੇ) ਦੇ ਉਲਟ
“ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ।”
-ਮਾਰੂ ੫, ਵਾਰ ੧੭:੩ (1100)

(3) ਮਸਤਕ, ਮਥਾ
“ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ।”
-ਸਾਰ ੫, ੩੯, ੧:੨ (1212)

ਮਸਤਅੰਗ ---- ਰਾਗ ਮਾਲ ਕਉਸ ਦੇ ਅੱਠ ਪੁੱਤਰਾਂ ਵਿਚੋਂ ਇਕ ਬਾਕੀ ਹਨ- ਮਾਰੂ, ਮੇਵਾਰਾ, ਪ੍ਰਬਲ ਚੰਡ, ਕਉਸਕ ਉਭਾਰਾ, ਖਉਖਟ ਤੇ ਭਉਰਾਨਦ।
“ਮਾਰੂ ਮਸਤਅੰਗ ਮੇਵਾਰਾ।”
-ਰਾਮ ੧:੧੯ (1430)

ਮਸਤਕ ----- (ਸੰ.) ਮਥਾ, ਸਿਰ
“ਧਨਿ ਮਸਤਕ ਚਰਨ ਕਮਲ ਹੀ ਪਰਸ।”
-ਗਉ ੫, ੧੧0*, ੨:੨ (201)

ਹੋਰ ਰੂਪ:

ਮਸਤਕਿ-
“ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ।” (ਮਥੇ ਤੇ ਭਾਵ ਭਾਗਾਂ ਵਿਚ)
-ਗੁਜ ੪, ਸੋਦ ੪, ੪:੨ (10)

ਮਸਤਕੁ–
"ਧਨੁ ਓਹੁ ਮਸਤਕੁ ਧਨੁ ਤੇਰੇ ਨੇਤ॥"
–ਗਉ ੫, ੧੭੩, ੧:੧ (200)

ਮਸਤਕੇ –
"ਪ੍ਰਭਿ ਮਸਤਕੇ ਧੁਰਿ ਲੀਖਿਆ ਗੁਰਮਤੀ ਹਰਿ ਲਿਵ ਲਾਇਓ।"
–ਮਾਲੀ ੪, ੩, ੨:੧ (985)

ਮਸਤਾ ------ ਮਸਤ, ਮਤਵਾਲਾ, ਵੇਖੋ ਮਸਤ (1)
"ਬਿਆਪਤ ਰੂਪ ਜੋਬਨ ਮਦ ਮਸਤਾ।"
–ਗਉ ੫, ੮੮, ੨:੪ (182)

ਮਸਤਾਨਾ ---- (ਫਾ. ਮਸਤਾਨਾ) ਮਤਵਾਲਾ, ਪ੍ਰੇਮ ਵਿਚ ਮੱਤਾ
"ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ।"
–ਮਲਾ ੧, ਵਾਰ ੨੭ਸ, ੧, ੨:੭ (1291)

ਮਸਤੁ ------ ਮਤਵਾਲਾ
"ਜਿਉ ਮੈਗਲੁ ਮਸਤੁ ਦੀਜੈ ਤਲਿ ਕੁੰਡੇ ਗੁਰ ਅੰਕਸੁ ਸਬਦੁ ਦ੍ਰਿੜਾਵੈਗੋ।"
–ਕਾਨ ੪, ਅਸ ੫, ੧*:੨ (1310)

ਮਸਲਤਿ----- (1) (ਅੰ. ਮਸਲਤ) ਸਲਾਹ, ਮਸ਼ਵਰਾ ਦੇਣ ਵਾਲਾ, ਸਲਾਹਕਾਰ ਮੰਤ੍ਰੀ
"ਤੂੰਹੈ ਮਸਲਤਿ ਤੂੰਹੈ ਨਾਲਿ।"
–ਗਉ ੫, ੧੭੪, ੧:੧ (200)

ਹੋਰ ਰੂਪ:

ਮਸਲਤੀ–
"ਹਰਿ ਇਕੋ ਮੇਰਾ ਮਸਲਤੀ ਭੰਨਣ ਘੜਨ ਸਮਰਥੁ।"
–ਰਾਮ ੫, ਵਾਰ ੫ਸ, ੫, ੧:੫ (958)

(2) ਸਲਾਹ, ਮਸ਼ਵਰਾ, ਰਾਇ
"ਜੋ ਕਿਛੁ ਕਰਣਾ ਸੁ ਆਪੇ ਕਰਣਾ ਮਸਲਤਿ ਕਾਹੂ ਦੀਨੀ।"
–ਸਾਰ ੫, ਅਰ ੧, ੫:੧ (1235)

ਮਸਵਾਣੀ ---- ਦਵਾਤ
"ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ।"
–ਮਾਝ ੩, ਅਸ ੨੩, ੭:੩ (123)

ਹੋਰ ਰੂਪ:

ਮਸਵਾਣੀਐ–
"ਕਲਮ ਜਲਉ ਸਣੁ ਮਸਵਾਣੀਐ ਕਾਗਦੁ ਭੀ ਜਲਿ ਜਾਉ।"(ਕਲਮ ਦੇ)
–ਸਿਰੀ ੪, ਵਾਰ ੬ਸ, ੩, ੧:੧ (84)

ਮਸਾਇਕ ---- ਸ਼ੇਖ ਦਾ ਬਹੁ ਵਚਨ
"ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ।"
–ਸਿਰੀ ੧, ਅਸ ੧, ੩:੨ (53)

ਹੋਰ ਰੂਪ:

ਮਸਾਇਕਾ–

"ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ।"(ਮਸਾਇਕ ਦਾ ਬਹੁ ਵਚਨ)

–ਮਾਝ ੧, ਵਾਰ ੧੩ਸ, ੧, ੧:੧ (143)

ਮਸਾਇਕੁ–

"ਨਾ ਕੋ ਸੇਖੁ ਮਸਾਇਕੁ ਹਾਜੀ।"(ਸੇਖ ਦਾ ਬਹੁ ਵਚਨ)

–ਮਾਰੂ ੧, ਸੋਲਾ ੧੫, ੧੧:੨ (1036)

ਮਸਾਜਨੀ ---- ਦਵਾਤ

"ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।"

–ਸਿਰੀ ੪, ਵਾਰ ੫ਸ, ੩, ੧:੧ (84)

ਮਸਾਣ------ ਉਹ ਸਥਾਨ ਜਿਥੇ ਲੋਥਾਂ ਰਖੀਆਂ ਸਾੜੀਆਂ ਜਾਂਦੀਆਂ ਹਨ, ਮਰਘਟ

"ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ।"

–ਗੂਜਾ ਤ੍ਰਿਲੋ, ੧, ੨:੨ (526)

ਹੋਰ ਰੂਪ:

ਮਸਾਣਿ–

"ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ।"

–ਸੋਰ ੧, ਅਸ ੧, ੧:੧ (634)

ਮਸਾਣੀ–

"ਇਕਨ੍ਹਾ ਪੇਰਣ ਸਿਰ ਖੁਰ ਪਾਟੇ ਇਕਨ੍ਹਾ ਵਾਸੁ ਮਸਾਣੀ।"(ਮਸਾਣਾਂ ਵਿਚ)

– ਆਸਾ ੧, ਅਸ ੧੨, ੬:੨ (418)

ਮਸਾਨ------ ਲੋਕ ਚਿਤਾ (ਤਾਲਿਬ) ਸ਼ਮਸ਼ਾਨ (ਕੋਸ਼); ਮਸਾਨਾਂ ਤੇ ਪਹੁੰਚੇ ਵੀਰੋ (ਨਿਰਣੈ); ਮਸਾਨਾਂ ਦੀ (ਪਿਆਰੀ) ਅਗ (ਦਰਪਣ)

"ਕਬੀਰ ਸਤੀ ਪੁਕਾਰੈ ਚਿਹ ਚੜੀ ਸੁਨੁ ਹੋ ਬੀਰ ਮਸਾਨ।"

–ਸਲੋ ਕਬ, ੮, ੫:੧ (1368)

ਹੋਰ ਰੂਪ:

ਮਸਾਨਿ–

"ਤਬ ਕੁਲੁ ਕਿਸ ਕਾ ਲਾਜਸੀ ਜਬਲੇ ਧਰਹਿ ਮਸਾਨਿ।"(ਮਸਾਨਾ ਵਿਚ)

–ਸਲੋ ਕਬ, ੧੬੬:੨ (1373)

ਮਸਾਨੁ–

"ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ।"

–ਸਲੋ ਫਰ, ੩੬:੨ (1379)

ਮਸਾਰੇ------ ਦਾਹੜੀ

"ਆਪਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ ਬਰਨੁ ਚਿਹ ਨੁ ਨਹੀ ਮੁਖ ਨ ਮਸਾਰੇ।"

–ਸਵ ੫, ੩:੩ (1386)

ਮਸੀਤਿ ----- ਮੁਸਲਮਾਨਾਂ ਦਾ ਬੰਦਗੀ ਦਾ ਸਥਾਨ

"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲ ਕੁਰਾਣੁ।"

-ਮਾਝ ੧, ਵਾਰ ੭ਸ, ੧, ੧:੧ (140)

ਮਸੁ ------- (1) ਸਿਆਹੀ, ਲਿਖਨ ਦਾ ਸਾਧਨ, ਹੋਰ ਵੇਖੋ ‘ਮੰਸੁ’, ‘ਮਸੂ’

“ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।”

-ਸਿਰੀ ੧, ੬, ੧:੧ (16)

“ਕਬੀਰ ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ।”

-ਸਲੋ ਕਬ, ੮੧:੧ (1368)

(2) ਸਿਆਹੀ, ਕਾਲਖ

“ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।”

-ਸੂਹੀ ੧, ੩, ੧:੧ (729)

ਮੰਸੁ ------- ਸਿਆਹੀ

“ਜਸ ਕਾਗਦ ਪਰ ਮਿਟੈ ਨ ਮੰਸੁ।”

-ਗੋਂਡ ਕਬ, ੫, ੪:੪ (871)

ਮਸੂ -------ਸਿਆਹੀ

“ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।”

-ਸਿਰੀ ੧, ੨, ੪:੨ (15)

ਮਸੂਰਤਿ----- (ਅ.) ਸਲਾਹ, ਮਸ਼ਵਰਾ

“ਮਤਾ ਮਸੂਰਤਿ ਅਵਰ ਸਿਆਨਪ ਜਨ ਕਉ ਕਛੂ ਨ ਆਇਓ।”

-ਗੂਜ ੫, ੧੨, ੧:੧ (498)

ਮਸੇਲ ------ ਮੇਲ ਕੇ, ਭਾਵ ਪਾਇਓ

“ਨਾਮਾ ਪ੍ਰਣਵੈ ਸੇਲ ਮਸੇਲ।”(ਨਿਆਣਾ ਪਾਇਓ)

-ਭੈਰ ਨਾਮ, ੧੦, ੧੯:੧ (1166)

ਮਸੋਲਾ------ ਮਸਲਾ, ਨਿਰਣਾ ਕਰਨੇ ਦਸੀ ਗੱਲ (ਸਚ)

“ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ।”

-ਤਿਲੰ ੧, ੫, ੨:੧ (722)

ਮਸੁਕ ------ਮੱਥਾ

“ਸਿਰ ਮਸੁਕ ਰਖ੍ਯਾ ਪਾਰਬ੍ਰਹਮੰ ਹਸੁ ਕਾਯਾ ਰਖ੍ਯਾ ਪਰਮੇਸ੍ਵਰਹ।”

-ਸਸ ੫, ੫੨:੧ (1358)

ਮਹ-------- (1) ਵਿਚ, ਅੰਦਰ

“ਜੋਤਿ ਕੀ ਵਟੀ ਘਟ ਮਹਿ ਜੋਇ।”

-ਗਉ ਕਬ, ਵਾ ੭:੨ (344)

(2) ਮਹੀਨਾ

“ਵਰਤ ਨ ਰਹਉ ਨ ਮਹ ਰਮਦਾਨਾ।”

-ਭੈਰ ੫, ੩, ੧:੧ (1136)

ਮਹਸਾਈ ---- ਮਹਾਦੇਵ, ਸ਼ਿਵਾ ਜੀ

“ਜਾਹਰ ਨਵੀ ਤਪੈ ਭਾਗੀ ਰਥਿ ਆਣੀ ਕੇਦਾਰੁ ਥਾਪਿਓ ਮਹਸਾਈ।”

-ਮਲਾ ੪, ੨, ੨:੧ (1263)

ਮਹਕੰਦਾ------ ਸੁਗੰਧਤ ਕਰਦਾ ਹੈ

“ਇਆ ਦੇਹੀ ਪਰਮਲ ਮਹਕੰਦਾ।”

-ਗਉ ਕਬ, ੧੨, ੨:੧ (325)

ਮਹਗੀ------- ਵਧੇਰੇ ਮੁਲ ਦੀ, ਵਡਮੁੱਲੀ

“ਮੈ ਤਉ ਮੋਲਿ ਮਹਗੀ ਲਈ ਜੀਅ ਸਟੈ।”

-ਗਉ ਰਵਿ, ੨, ੧*:੨ (694)

ਹੋਰ ਰੂਪ:

ਮਹਗੇ-

“ਕੋਈ ਆਇ ਮਿਲੈ ਗੋ ਗਾਹਕੀ ਲੇ ਗੋ ਮਹਗੇ ਮੋਲਿ।”

-ਸਲੋ ਕਬ, ੨੨੫:੨ (1376)

ਮਹਘਾ------- ਵਡਮੁਲਾ

“ਮੈ ਮਨੁ ਤਨੁ ਅਰਪਿ ਧਰਿਓ ਗੁਰ ਆਗੈ ਸਿਰੁ ਵੇਚਿ ਲੀਓ ਮੁਲਿ ਮਹਘਾ।”

-ਸੂਹੀ ੪, ੨; ੧*:੨ (731)

ਹੋਰ ਰੂਪ:

ਮਹਘੋ-

“ਮਹਘੋ ਮੋਹਿ ਭਾਰਿ ਅਫਾਰੁ।”

-ਆਸਾ ੧, ਅਸ ੩, ੮:੧ (413)

ਮਹਜਰੁ ------ ਉਹ ਲਿਖਤ ਜਿਸ ਉਪਰ ਬਹੁਤਿਆਂ ਦਾ ਦਸਤ ਖਤ ਹੋਣ

“ਮਹਜਰੁ ਝੂਠਾ ਕੀਤੋਨੁ ਆਪਿ।”

-ਗਉ ੫, ੧੬੮, ੧:੧ (199)

ਮਹਜਿਦਿ ----- ਮਸਜਿਦ, ਮਸੀਤ

“ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ।”

-ਭੈਰ ਨਾਮ, ੧, ੩:੧ (1167)

ਮਹਤ ------- ਮਹੱਤਾ, ਵਡਿਆਈ, ਹੋਰ ਵੇਖੋ ‘ਮਹਤਾ’ ‘ਮਹਤਿ’

“ਨਾਇ ਤੇਰੈ ਮਾਣੁ ਮਹਤ ਪਰਵਾਣੁ।”

-ਪ੍ਰਭਾ ੧, ੧, ੨:੩ (1327)

ਮਹਤਉ ------ ਚੌਧਰੀ, ਵਿਸਵੇਦਾਰ, ਮਾਲਕ, ਮੁਖੀਆ

“ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ।”

-ਮਾਰੂ ਕਬ, ੭, ੧:੧ (1104)

ਮਹਤਰੀਆ---- ਜੋ ਸਭ ਤੋਂ ਵੱਧ ਸਨਮਾਨ ਦੇ ਯੋਗ ਹੈ, ਮਾਤਾ, ਹੋਰ ਵੇਖੋ ‘ਮਹਤਾਰੀ’

“ਦੀਨਾ ਨਾਥ ਅਨਾਥ ਕਰੁਣਾ ਮੈ ਸਾਜਨ ਮੀਤ ਪਿਤਾ ਮਹਤਰੀਆ।”

-ਗਉ ੫, ੧੧੫*, ੨:੧ (203)

ਮਹਤਾ------- ਵਡਿਆਈ, ਵੇਖੋ ਮਹਤਿ

“ਮਾਣੁ ਮਹਤਾ ਤੇਜੁ ਅਪਣਾ ਆਪਿ ਜਰਿ।”

-ਰਾਮ ੫, ਵਾਰ ੧੮:੬ (965)

ਮਹਤਾਰੀ ----ਮਾਂ, ਵੇਖੋ 'ਮਹਤਰੀਆ'
"ਕਿਆ ਬਸੁ ਜਉ ਬਿਖੁ ਦੇ ਮਹਤਾਰੀ।"
-ਗਉ ਕਬ, ੨੨, ੩:੨ (328)

ਮਹਤਿ ------ਵਡਿਆਈ
"ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਨਿ ਮਹਤਿ ਪ੍ਰਭ ਤੇਰੈ।"
-ਸਾਹ ੫, ੫0, ੧*:੨ (1214)

ਹੋਰ ਰੂਪ:

ਮਹਤੁ–
"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।"(ਵਡੀ, ਵਿਸਤਾਰ ਵਾਲੀ)
-ਜਪੁ ੧, ੩੮:੧ (8)
"ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ।" (ਵਡਿਆਈ, ਮਹਤ੍ਵ)
-ਸਿਰੀ ੧, ਅਸ ੩, ੧:੩ (54)

ਮਹਦੂਦੁ ----- (ਅ: ਮਹਿਦੂਦ) ਪੱਟਾ, ਹਦਬੰਦੀ ਦੀ ਲਿਖਤ
"ਮੈ ਮਹਦੂਦੁ ਲਿਖਾਇਆ ਖਸਮੈ ਕੈਦਰਿ ਜਾਇ।"
-ਮਲਾ ੧, ਵਾਰ ੧੯ਸ, ੧, ੧:੬ (1286)

ਮਹਮਾ ------ (ਸੰ.) ਵਡਿਆਈ, ਬਜੂਰਗੀ
"ਉਆ ਕੀ ਮਹਿਮਾ ਕਥਨੁ ਨ ਜਾਈ।"
-ਆਸਾ ੫, ੮੮, ੧*:੨ (392)

ਮਹਰ ------ਮੱਹਤਰ ਦਾ ਸੰਖੇਪ, ਸਰਦਾਰ, ਮੁਖੀਆ, ਚੌਧਰੀ
"ਮਹਰ ਮਲੁਕ ਕਹਾਈਐ ਰਾਜਾ ਰਾਉ ਕਿ ਖਾਨੁ।"
-ਸਿਰੀ ੧, ਅਸ ੧੬, ੬:੧ (63)

ਮਹਰਮ ----- ਵਾਕਫ਼, ਜਾਣੂ
"ਮਹਰਮ ਮਹਲ ਨ ਕੋ ਅਟਕਾਵੈ।"
-ਗਉ ਰਵਿ, ੨, ੩:੨ (345)

ਮਹਰਾਜ ---- ਮਹਾਰਾਜ ਭਾਵ ਹਰੀ
"ਹੀਓ ਮਹਰਾਜ ਰੀ ਮਾਇਓ।"
-ਟੋਂਡੀ ੫, ੧੯, ੧*:੨ (715)

ਮਹਰੇਰੁ ----- ਢਾਹ, ਰੇੜ੍ਹ
"ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ।"
-ਮਾਰੂ ੫, ਵਾਰ ੫ਸ, ੫, ੧:੧ (1095)

ਮਹਲ ------ (1) ਘਰ, ਨਿਵਾਸ ਸਥਾਨ, ਵਡਾ (ਆਲੀਸ਼ਾਨ, ਘਰ)
"ਅੰਦਰਿ ਮਹਲ ਰਤਨੀ ਭਰੇ ਭੰਡਾਰਾ।" (ਭਾਵ ਸਰੀਰ)
-ਮਾਝ ੩, ਅਸ ੨੮, ੭:੧ (126)
"ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।"
-ਗਉ ੫, ਛੰਤ ੨, ੧:੧ (248)

“ਮਹਰਮ ਮਹਲ ਨ ਕੋ ਅਟਕਾਵੈ (ਬਾਦਸ਼ਾਹ ਦਾ, ਨਿਵਾਸ ਸਥਾਨ)”

-ਗਉ ਰਵਿ, ੨, ੩:੨ (345)

ਹੋਰ ਰੂਪ:

ਮਹਲਹੁ-
“ਦਰਸਨੁ ਪਾਵਹੁ ਸਹਜਿ ਮਹਲਹੁ।”

-ਮਾਰੂ ੧, ਸੋਲਾ ੮, ੧੩:੨ (1028)

(2) ਪਦਵੀ, ਅਧਿਕਾਰ
“ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ।”

-ਗਉ ੫, ਬਾਅ ੨੭:੩ (255)

(3) ਇਸਤ੍ਰੀ
“ਮਹਲ ਭਗਤੀ ਘਰਿ ਸਰੈ ਸਜਣ ਪਾਹੁਣਿਅਉ।”

-ਗੂਜ ੩, ਵਾਰ ੨੧ਸ, ੩, ੧:੨ (517)

“ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰਬਾਰੇ।”

-ਵਡ ੧, ਅਲਾ ੩, ੫:੩ (580)

ਮਹਲਤਿ----- (1) ਵਡਿਆਈ
“ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ।”

-ਆਸਾ ੧, ਵਾਰ ੧੭:੪ (472)

(2) ਮਹਲ ਦਾ ਬਹੁ ਵਚਨ (ਨਿਰਣੈ ਸਬਦਾਰਥ) ਹਵੇਲੀ ਭਾਵ ਸ੍ਰਿਸ਼ਟੀ (ਦਰਪਣ)
“ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ।”

-ਬਸੰ ੧, ਅਸ ੮, ੧:੧ (1190)

ਮਹਲਾ(1) ਮਹਲ ਆਲੀਸ਼ਾਨ ਘਰ, ਨਿਵਾਸ ਸਥਾਨ
“ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ।”

-ਸਿਰੀ ੧, ਅਸ ੧੬, ੩:੧ (63)

(2) ਭਾਵ ਹਿਰਦੇ ਵਿਚ
“ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ।”

-ਮਾਰੂ ੩, ਸੋਲਾ ੧੪, ੧੪:੩ (1058)

ਮਹਲਿ------ (1) ਮਹਲ ਵਿਚ, ਨਿਵਾਸ ਟਿਕਾਣੇ ਤੇ
“ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ।”

-ਸਿਰੀ ੧, ੧੬, ੨:੩ (20)

(2) ਹਾਲਤ ਵਿਚ, ਥਾਂ ਤੇ
“ਏਕ ਮਹਲਿ ਤੂੰ ਹੋਹਿ ਅਫਾਰੋ ਏਕ ਮਹਲਿ ਨਿਮਾਨੋ।”

-ਗਉ ੫, ੧੨੬*, ੧:੧ (206)

(3) ਹਰੀ ਦੇ ਟਿਕਾਨੇ ਤੇ (ਭਾਵ) ਪ੍ਰਭੂ ਦਰਗਾਹ ਵਿਚ, ਪ੍ਰਭੂ ਦੀ ਹਜ਼ੂਰੀ ਵਿਚ
“ਸਾਧੂ ਕੈ ਸੰਗਿ ਮਹਲਿ ਪਹੂਚੈ।”

-ਗਉ ੫, ਸੁਖ ੭, ੪:੬ (271)

“ਸਬਦੇ ਹਉਮੈ ਮਾਰੀਐ ਸਚੈ ਮਹਲਿ ਸੁਖੁ ਪਾਇ।”

-ਆਸਾ ੩, ਅਸ ੩੫, ੪:੨ (429)

ਹੋਰ ਰੂਪ:

ਮਹਲੀ–
“ਤਾ ਮਨੁਖੀਵਾ ਜਾਣੀਐ ਜਾ ਮਹਲੀ ਪਾਏ ਥਾਉ।”(ਹਜ਼ੂਰੀ ਵਿਚ)
–ਸਿਰੀ ੧, ੫, ੨:੩ (16)

ਮਹਲੀ ------ (1) ਹਜ਼ੂਰੀ ਵਿਚ, ਮਹਿਲਾਂ ਵਿਚ, ਵੇਖੋ ‘ਮਹਲਿ’ (3)
(2) ਇਸਤ੍ਰੀ (ਜੀਵ) ਮਹਿਲ ਵਿਚ ਰਹਿਣ ਵਾਲੀ
“ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ।”
–ਸਿਰੀ ੧, ਅਸ ੬, ੬:੨ (57)
“ਕਹਤੋ ਮਹਲੀ ਨਿਕਟਿ ਨ ਆਵੈ।”(ਮਹਿਲਾਂ ਵਿਚ ਰਹਿਣ ਵਾਲਾ ਭਾਵ ਨਿਕਟੀ)
– ਸੂਹੀ ੫, ੭, ੨:੨ (738)
“ਨਾਨਕ ਮਹਲੀ ਮਹਲੁ ਪਛਾਣੈ ਗੁਰਮਤੀ ਹਰਿਪਾਏ।”(ਘਰਵਾਲੀ ਹੋ ਪਤੀ ਨੂੰ ਪਛਾਣੇ।)
–ਸੂਹੀ ੩, ਛੰਤ ੪, ੩:੬ (770)
(3) ਮਹਿਲ ਦਾ ਮਾਲਕ, ਮਹਿਲ ਵਿਚ ਰਹਿਣ ਵਾਲਾ
“ਗੁਰਮੁਖਿ ਮਹਲੀ ਮਹਲੁ ਪਛਾਨੁ।”
–ਆਸਾ ੧, ਅਸ ੬, ੧:੨ (414)
“ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ।”
–ਮਾਰੂ ੧, ਸੋਲਾ ੧੮, ੧੨:੩ (1039)
(4) ਮਹਿਲ ਦੁਆਰਾ, ਘਰ ਦੁਆਰਾ/ਰਾਹੀਂ
“ਗੁਰ ਮਹਲੀ ਘਰਿ ਆਪਣੈ ਸੋ ਭਰਪੁਰਿ ਲੀਣਾ।”
–ਸੂਹੀ ੨, ਛੰਤ ੫, ੮:੧ (767)

ਮਹਲੁ ------ (1) ਨਿਵਾਸ ਸਥਾਨ, ਪ੍ਰਭੂ ਹਜ਼ੂਰੀ
“ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ।”
–ਗਉ ੫, ਸੋਹ ੫, ੩:੨ (13)
“ਸਚੁ ਮਹਲੁ ਘਰੁ ਪਾਇਆ ਗੁਰ ਕਾ ਸਬਦੁ ਪਛਾਨੁ।”
–ਸਿਰੀ ੫, ੮੧, ੩:੪ (46)
(2) ਨਿਜ ਸਥਾਨ, ਨਿਰਬਾਨ ਪਦ, ਟਿਕਾਣਾ
“ਘਰ ਹੀ ਵਿਚ ਮਹਲੁ ਪਾਇਆ ਗੁਰ ਸਬਦੀ ਵੀਚਾਰਿ।”
–ਸਿਰੀ ੩, ੪੨, ੨:੩ (30)
(ਭਾਵ ਗ੍ਰਹਿਸਤ ਵਿਚ ਹੀ ਪ੍ਰਭੂਦਰ ਪ੍ਰਾਪਤ ਕਰ ਲਿਆ)
“ਤਾ ਨਾਨਕ ਜੋਗੀ ਮਹਲੁ ਘਰੁ ਪਾਇਆ।”(ਅਸਲਾ)
–ਰਾਮ ੫, ੧੨, ੪:੪ (886)
(3) ਥਾਂ
“ਮਹਲੁ ਕੁਮਹਲੁ ਨ ਜਾਣਨੀ ਮੂਰਖ ਅਪਣੈ ਸੁਆਇ।”(ਥਾ ਕੁਥਾਂ)
–ਸੋਰ ੪, ਵਾਰ ੧੮ਸ, ੩, ੨:੧ (649)
(3) ਪਦਵੀ
“ਜਿਨਿ ਕੀਆ ਸੋਈ ਪ੍ਰਭੁ ਜਾਣੈ ਹਰਿ ਕਾ ਮਹਲੁ ਅਪਾਰਾ।”
–ਰਾਮ ੫, ੧, ੪:੧ (883)

"ਗੁਰ ਪ੍ਰਸਾਦਿ ਕੋ ਇਹੁ ਮਹਲੁ ਪਾਵੈ।"(ਪਦਵੀ)
-ਰਾਮ ੫, ੨੦, ੩:੨ (889)

ਮਹਲੇ ------- **ਹਜ਼ੂਰੀ ਵਿਚ**
"ਸਬਦਿ ਭੇਦਿ ਕੋਈ ਮਹਲੁ ਪਾਏ ਮਹਲੇਮਹਲਿ ਬੁਲਾਵਣਿਆ।"
-ਮਾਝ ੩, ਅਸ ੧੪, ੩:੩ (117)

ਮਹਲੈ ------- **ਮਹਿਲ (ਸਰੀਰ ਰੂਪ) ਵਿਚ**
"ਮਹਲੈ ਅੰਦਰਿ ਮਹਲੁ ਕੋ ਪਾਏ।"
-ਮਾਰੂ ੩, ਸੋਲਾ ੨੦, ੮:੧ (1064)

ਮਹਲੋ ------- **ਮਹਿਲ ਅੰਦਰ, ਘਰ ਵਿਚ**
"ਸਾਚਾ ਨਾਮੁ ਧਿਆਇ ਪਾਵਹਿ ਸੁਖ ਮਹਲੋ।"
-ਧਨਾ ੧, ਛੰਤ ੩, ੨:੨ (689)

ਮਹਾ -------- **ਬਹੁਤ ਵਡਾ**
"ਬਿਨੁ ਪ੍ਰਭ ਕੋਇ ਰਖਨਹਾਰੁ ਮਹਾ ਬਿਕਟ ਜਮ ਭਇਆ।"
-ਸਿਰੀ ੫, ੮੪, ੪:੨ (47)
"ਮਹਾ ਪੁਨੀਤ ਭਏ ਸੁਖ ਸੈਲੁ।"(ਅਤੀ)
-ਗਉ ੫, ੭੭, ੧:੨ (178)

ਹੋਰ ਰੂਪ:

ਮਹਾਂ-
"ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ।"(ਬਹੁਤ, ਘੋਰ)
-ਸਾਰ ੫, ੧੨੯, ੨:੨ (1229)
"ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ।"
-ਸਲੋ ੪, ੧੬:੧ (1422)

ਮਹਾਸਿਧਿ ----- **ਵਡੀਆ ਸਿੱਧੀਆ**
"ਚਾਰ ਪਦਾਰਥ ਅਸਟ ਮਹਾਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖੁ।"
-ਟੋਡੀ ੫, ੨੯, ੨:੧ (717)

ਮਹਾਜਨਾ ---- **ਸਾਹੂਕਾਰ ਮੁਖੀ**
"ਮਿਲਿ ਆਏ ਨਗਰ ਮਹਾਜਨਾ ਗੁਰ ਸਤਿਗੁਰ ਓਟ ਗਹੀ।"
-ਤੁਖਾ ੪, ਛੰਤ ੪, ੬:੧ (1117)

ਹੋਰ ਰੂਪ:

ਮਹਾਜਨੁ-
"ਆਪਿ ਮਹਾਜਨੁ ਆਪੇ ਪੰਚਾ ਆਪਿ ਸੇਵਕ ਕੈ ਕਾਮ।"
-ਸਾਰ ੫, ੬੩, ੧:੧ (1216)

ਮਹਾਂਤ ------- **ਮਹਾਤਮਾ, ਕਰਨੀ ਵਿਚ ਵਡਾ**
"ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ।"
-ਗਉ ੫, ਸੁਖ ੨੪, ੩:੯ (295)

"ਰਾਜ ਜੋਬਨ ਬਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਤ ਕਹੈ।"
-ਧਨਾ ੫, ੫੪, ੧:੧ (683)

ਮਹਾਦੇਉ----- ਸ਼ਿਵ
"ਬ੍ਰਹਮਾ ਬਿਸਨੁ ਮਹਾਦੇਉ ਮੋਹਿਆ।"
-ਆਸਾ ੫, ੯੬, ੨:੨ (394)

ਹੋਰ ਰੂਪ:

ਮਹਾਦੇਵ–
"ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ।"
-ਸੂਹੀ ੫, ੪੯, ੩:੧ (1147)

ਮਹਾਪੁਰਖ---- (ਸੰ.) ਨੇਕ ਪੁਰਸ਼, ਉਚੇ ਆਚਰਨ ਵਾਲਾ ਵਿਅਕਤੀ, ਮਹਾਨ ਪੁਰਸ਼
"ਸਤਿਗੁਰੁ ਸੇਵਹਿ ਸੇ ਮਹਾਪੁਰਖ ਸੰਸਾਰੇ।"
-ਗਉ ੩, ੩੩, ੨:੧ (161)

ਹੋਰ ਰੂਪ:

ਮਹਾਪੁਰਖਾ–
"ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ।"
-ਸੂਹੀ ੩, ਅਸ ੩, ੮:੧ (755)

ਮਹਾਬਲ----- ਮਹਾਂਬਲੀ, ਅਤਿ ਤਾਕਤਵਰ
"ਗਾਵਹਿ ਜੋਧ ਮਹਾਬਲ ਸੂਰਾ।"
-ਜਪੁ ੧, ੨੭:੧੩ (6)

ਹੋਰ ਰੂਪ:

ਮਹਾਬਲੀ–
"ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ।"
-ਬਸੰ ੫, ਵਾਰ ੨:੧ (1193)

ਮਹਾਭਾਗੇ ---- ਵਡੇ ਭਾਗਾਂ ਵਾਲੇ, ਸੁਭਾਗੇ
"ਗੁਰਚਰਨ ਲਾਗੇ ਮਹਾਭਾਗੇ ਸਦਾ ਅਨਦਿਨੁ ਜਾਗਿਆ।"
-ਧਨਾ ੫, ਛੰਤ ੧, ੪:੪ (691)

ਮਹਾਮੋਹਨ---- ਵਡੀ ਮੋਹ ਲੈਣ ਵਾਲੀ ਭਾਵ ਮਾਇਆ
"ਬਿਲ ਲਾਛਿਰੁਹ ਕੇਤੇ ਮਹਾਮੋਹਨ ਬਿਨੁ ਨਾਮ ਹਰਿ ਕੇ ਸੁਖੁ ਨਹੀ।"
-ਬਿਹਾ ੫, ਛੰਤ ੯, ੨:੩ (548)

ਮਹਾਰਸ----- ਉਚਾ /ਮਹਾਨ ਰਸ, ਉਤਸਰਸ
"ਅੰਮ੍ਰਿਤ ਨਾਮ ਮਹਾਰਸ ਪੀਨੇ।"
-ਗਉ ੫, ੧੦੮*, ੨:੨ (201)

ਹੋਰ ਰੂਪ:

ਮਹਾਰਸੁ–
"ਗਿਆਨ ਮਹਾਰਸੁ ਭੋਗਵੈ ਬਾਹੁੜਿ ਭੂਖ ਨ ਹੋਇ।"

-ਸਿਰੀ ੧, ੧੮, ੫:੨ (21)

ਮਹਾਵਤ ----- ਹਾਥੀ ਹੱਕਣ ਵਾਲਾ

"ਰੇ ਮਹਾਵਤ ਤੁਝੁ ਡਾਰਉ ਕਾਟਿ।"

-ਗੋਂਡ ਕਬ, ੪, ੨:੧ (871)

ਮਹਿ ------- (1) ਅੰਦਰ

"ਗਿਆਨ ਖੰਡ ਮਹਿ ਗਿਆਨੁ ਪਰਚੰਡ।"

-ਜਪੁ ੧, ੩੬:੧ (7)

"ਸਭ ਮਹਿ ਜੋਤਿ ਜੋਤਿ ਹੈ ਸੋਇ।"

-ਧਨਾ ੧, ਸੋਹ ੩, ੩:੧ (13)

(2) ਵਿਚ

"ਇਹ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ।"

-ਗਉ ੫, ਸੋਹ, ੫, ੨:੧ (13)

"ਜਗੁ ਸੁਪਨਾ ਬਾਜੀ ਬਨੀ ਖਿਨ ਮਹਿ ਖੇਲੁ ਖੇਲਾਇ।"

-ਸਿਰੀ ੧, ੧੧, ੩:੧ (18)

"ਜਿਉ ਕੂਕਰ ਜੂਠ ਨ ਮਹਿ ਪਾਇ।"

-ਗਉ ੫, ਅਸ ੧੦, ੧:੨ (240)

(ਮਹਾਨਕੋਸ਼ ਇਥੇ ਅਰਥ ਮੂੰਹ ਦੇ ਕਰਦਾ ਹੈ)

ਮਹਿਖਾਸਾ---- ਝੋਟੇ ਦੀ ਸ਼ਕਲ ਦਾ ਇਕ ਦੈਂਤ

"ਸਹ ਸਬਾਹੁ ਮਧੁ ਕੀਟ ਮਹਿਖਾਸਾ।"

-ਗਉ ੧, ਅਸ ੯, ੬:੧ (224)

ਮਹਿਜਾ ----- ਮੇਰਾ

"ਪਿਰੀ ਏ ਤੂ ਜਾਣੁ ਮਹਿਜਾ ਸਾਉ ਜੋਈ ਸਾਈਂ ਮੁਹੁਖੜਾ।"

-ਮਾਰੂ ੫, ਵਾਰ ੪ਸ, ੫, ੨:੨ (1095)

ਹੋਰ ਰੂਪ:

ਮਹਿੰਜਾ–

"ਨੀਹੁ ਮਹਿੰਜਾ ਤਊ ਨਾਲਿ ਬਿਆ ਨੇਹ ਕੂੜਾਵੇ ਡੇਖੁ।"(ਮੇਰਾ)

-ਮਾਰੂ ੫, ਵਾਰ ੧ਸ, ੫, ੨:੧ (1094)

ਮਹਿਜੀ–

"ਜਿਨਾ ਕੀ ਮੈ ਆਸੜੀ ਤਿਨਾ ਮਹਿਜੀ ਆਸ।"(ਮੇਰੀ)

-ਮਾਰੂ ੫, ਵਾਰ ੬ਸ, ੫, ੧:੨ (1097)

ਮਹਿੰਜੇ–

"ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ।"(ਮੇਰੇ)

-ਮਾਰੂ ੫, ਵਾਰ ੧ਸ, ੫, ੧:੨ (1094)

ਮਹਿਜੈ–

"ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ।" (ਮੇਰੇ)

-ਮਾਰੂ ੫, ਵਾਰ ੪ਸ, ੫, ੧:੧ (1095)

ਮਹਿੰਡਾ -----ਮੇਰਾ

“ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ।”
-ਆਸਾ ੧, ਵਾਰ ੧੦:੧ (468)

ਮਹਿਦੀ ----- ਇਕ ਬੂਟੇ ਦੇ ਹਰੇ ਪਤੇ ਜਿਨ੍ਹਾਂ ਨੂੰ ਸੁਕਾ ਪੀਸ ਘੋਲ ਕੇ ਹਥਾਂ ਤੇ ਲਾਣ ਨਾਲ ਲਾਲ ਰੰਗ ਚੜ੍ਹਦਾ ਹੈ, ਮਹਿੰਦੀ
“ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ ਪੀਸਾਇ ਪੀਸਾਇ।”
-ਰਾਮ ੩, ਵਾਰ ੨ਸ, ਕਬ, ੧:੧ (947)

ਹੋਰ ਰੂਪ:

ਮਹਿੰਦੀ-
“ਪ੍ਰਭਿ ਆਣਿ ਆਣਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ।”
-ਬਿਲਾ ੪, ਅਸ ੬, ੮:੧ (837)

ਮਹਿਮਾ ----- ਵਡਿਆਈ, ਉਸਤਿਤ, ਸੋਭਾ
“ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ।”
-ਸਿਰੀ ੫, ੯੯, ੩:੪ (52)

ਹੋਰ ਰੂਪ:

ਮਹਿੰਮਾ-
“ਅਗਮ ਅਗੰਮਾ ਕਵਨ ਮਹਿੰਮਾ ਮਨੁ ਜੀਵੈ ਸੁਨਿ ਸੋਉ।”(ਵਡਿਆਈ,ਸ਼ੋਭਾ)
-ਦੇਵ ੫, ੩੩, ੧:੧ (535)

ਮਹੀ ------- (1) ਵਿਚ, ਅੰਦਰ
“ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ।”
-ਆਸਾ ਨਾਮ, ੨, ੪:੨ (485)
“ਬਲਵੰਤਿ ਬਿਆਪਿ ਰਹੀ ਸਭ ਮਹੀ।”
-ਗੂਜ ੫, ੧੪, ੧*:੧ (499)
(2) ਧਰਤੀ
“ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ।”
-ਸੋਰ ੯, ੨, ੧:੨ (631)

ਮਹੀਅਉ ---- ਵਿਚ, ਅੰਦਰ
“ਕੋ ਕਹਤੋ ਸਪ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ।”
-ਜੈਤ ੫, ੨, ੧:੧ (700)

ਮਹੀਅਲ ---- ਖਲਾ, ਜ਼ਮੀਨ ਅਸਮਾਨ ਦੀ ਵਿਚਕਾਰਲੀ ਥਾਂ, ਅਖਰੀ ਅਰਥ ‘ਵਿਚਕਾਰ’ ਹਨ
“ਜਲ ਥਲ ਮਹੀਅਲ ਸਭਿ ਤ੍ਰਿਪਤਾਣੇ ਸਾਧੂ ਚਰਨ ਪਖਾਲੀ ਜੀਉ।”
-ਮਾਝ ੫, ੩੯, ੩:੩ (106)

ਹੋਰ ਰੂਪ:

ਮਹੀਅਲਿ-
“ਜਲਿ ਥਲਿ ਮਹੀਅਲਿ ਪੂਰਿਆ ਪ੍ਰਭੁ ਆਪਣੀ ਨਦਰਿ ਨਿਹਾਲਿ।”
-ਸਿਰੀ ੫, ੮੭, ੨:੨ (48)

ਮਹੀਆ ------ ਵਿਚ, ਅੰਦਰ
“ਸਾਰੋ ਦਿਨੁ ਡੋਲਤ ਬਨ ਮਹੀਆ ਅਜਹੁ ਨ ਪੇਟ ਅਘਈ ਹੈ।”
-ਗੂਜ ਕਬ, ੧, ੨:੧ (524)

ਮਹੀਐ------- ਵਿਚਕਾਰ, ਭਾਵ ਖਲਾ
“ਧਨੰਜੈ ਜਲਿ ਥਲਿ ਹੈ ਮਹੀਐ।”
-ਮਾਰੂ ੫, ਸੋਲਾ ੧੧, ੧੨:੨ (1083)

ਮਹੀਪਤਿ ---- ਧਰਤੀ ਦਾ ਸੁਆਮੀ /ਮਾਲਕ
“ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ।”
-ਬਸੰ ੧, ਅਸ ੮, ੭:੧ (1191)

ਹੋਰ ਰੂਪ:

ਮਹੀਪਤੇ-
“ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ।”(ਰਾਜੇ)
-ਸਸ ੫, ੨੪:੧ (1356)

ਮਹੁਰਾ ------- ਜ਼ਹਿਰ, ਵਿਸ਼
“ਮਹੁਰਾ ਹੋਵੈ ਹਥਿ ਮਰੀਐ ਚਖੀਐ।”
-ਮਾਝ ੧, ਵਾਰ ੧੦:੨ (142)

ਮਹੂਆ------- ਇਕ ਦਰਖਤ ਜਿਸ ਦੇ ਫੁਲਾਂ ਤੋਂ ਸ਼ਰਾਬ ਨਿਕਲਦੀ ਹੈ
“ਗੁੜੁ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ।”
-ਰਾਮ ਕਬ, ੨, ੧:੧ (969)

ਮਹੂਰਤ ------ ਦੋ ਘੜੀਆਂ ਦਾ ਸਮਾਂ, ਸਮੇਂ ਦੀ ਇਕ ਇਕਾਈ
“ਸਿਮਰਿ ਸਮਰਥ ਪਲ ਮਹੂਰਤ ਪ੍ਰਭ ਧਿਆਨੁ ਸਹਜ ਸਮਾਧਿ।”
-ਗੂਜ ੫, ਅਸ ੨, ੪:੧ (508)

ਹੋਰ ਰੂਪ:

ਮਹੂਰਤਹ-
“ਗੋਪਾਲ ਦਰਸ ਭੇਟੰ ਸਫਲ ਨਾਨਕ ਸੋ ਮਹੂਰਤਹ।”(ਦੋ ਘੜੀਆਂ)
-ਜੈਤ ੫, ਵਾਰ ੧੫ਸ, ੫, ੧:੨ (709)

ਮਹੇਸ ------ ਸ਼ਿਵਜੀ
“ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ।”
-ਜਪੁ ੧, ੩੫:੩ (7)

ਹੋਰ ਰੂਪ:

ਮਹੇਸਾ-
“ਆਪੇ ਸਿਵ ਸੰਕਰ ਮਹੇਸਾ ਆਪੇ ਗੁਰਮੁਖਿ ਅਕਥ ਕਹਾਣੀ।”।(ਸ਼ਿਵ ਜੀ)
-ਬਿਹਾ ੪, ਵਾਰ ੧੨:੨ (553)
ਮਹੇਸਿ-
“ਬ੍ਰਹਮੈ ਇੰਦ੍ਰ ਮਹੇਸਿ ਨ ਜਾਣੀ।” (ਸ਼ਿਵਜੀ ਨੇ)

-ਮਾਰੂ ੧, ਸੋਲਾ ੧੧, ੧੪:੨ (1032)

ਮਹੇਸੁ-
“ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ।”
-ਗੂਜ ੩, ਵਾਰ ੨:੪ (509)

ਮਹੇਸੁਰ ------ ਮਹਾ ਈਸ਼ਰ ਅਰਥਾਤ ਸ਼ਿਵਜੀ
“ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।”
-ਗਉ ੫, ਸੁਖ ੮, ੬:੯ (273)

ਹੋਰ ਰੂਪ:

ਮਹੇਸੁਰੁ-
“ਈਸ ਮਹੇਸੁਰੁ ਸੇਵ ਤਿਨ੍ਹੀ ਅੰਤੁ ਨ ਪਾਇਆ।”(ਸ਼ਿਵਜੀ)
-ਮਲਾ ੧, ਵਾਰ ੩:੫ (1279)

ਮਹੇਲੜੀ----- ਇਸਤ੍ਰੀ
“ਸੇਜੈ ਕੰਤ ਮਹੇਲੜੀ ਸੂਤੀ ਬੂਝ ਨ ਪਾਇ।”
-ਸਿਰੀ ੧, ਅਸ ੨, ੮:੧ (54)

ਮਹੇਲੀਆ ---- ਇਸਤ੍ਰੀਆਂ
“ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ।”
-ਸਿਰੀ ੧, ਅਸ ੨, ੧:੧ (54)

ਹੋਰ ਰੂਪ:

ਮਹੇਲੀ ਹੇ-
“ਜਮ ਦੁਆਰਿ ਨ ਹੋਹੁ ਖੜੀਆ ਸਿਖ ਸੁਣਹੁ ਮਹੇਲੀ ਹੇ।”(ਹੇ ਇਸਤ੍ਰੀਓ)
-ਵਡ ੧, ਛੰਤ ੨, ੭:੫ (567)

ਮਹੋਇ------ ਨਹੀਂ ਹੁੰਦਾ
“ਏਕਾ ਜੋਤਿ ਏਕਾ ਮਿਲੀ ਕਿੰਬਾ ਹੋਇ ਮਹੋਇ।”
-ਗਉ ਕਬ, ੫੫, ੧:੧ (335)

ਮਕਸੂਦੁ ----- (ਅ. ਮਕਸੂਦ) ਮਕਸਦ, ਸੰਕਲਪ, ਪ੍ਰਯੋਜਨ, ਮਨੋਰਥ
“ਨਾਉ ਤੇਰਾ ਗਹਣਾ ਮਤਿ ਮਕਸੂਦੁ।”
-ਪ੍ਰਭਾ ੧, ੧, ੧:੨ (1327)

ਮਕਰ ------ ਇਕ ਰਾਸ਼ੀ ਇਥੇ ਭਾਵ ਸੂਰਜ ਦੇ ਮਕਰ ਰਾਸ਼ੀ ਵਿਚ ਪ੍ਰਵੇਸ਼ ਸਮੇਂ ਅਰਥਾਤ ਮਘਰ ਦੇ ਮਹੀਨੇ ਵਿਚ
“ਮਕਰ ਪ੍ਰਾਗਿ ਦਾਨੁ ਬਹੁ ਕੀਆ ਸਰੀਰੁ ਦੀਓ ਅਧ ਕਾਟਿ।”
-ਮਾਲੀ ੪, ੬, ੨:੧ (986)

ਮਕਰੰਦ ----- (1) ਫੁਲਾਂ ਦਾ ਸ਼ਹਿਦ ਅਥਵਾ ਰਸ
“ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨ ਦਿਨੋ ਮੋਹਿ ਆਹੀ ਪਿਆਸਾ।”
-ਧਨਾ ੧, ੩, ੪:੧ (13)

(2) ਜਲ, ਪਾਣੀ

"ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।"
-ਰਾਮ ੫, ਰੁਤੀ ੪:੨ (928)

(3) ਸੁਗੰਧਤ ਕਰਨ ਵਾਲੇ
"ਕਾਮ ਕ੍ਰੋਧ ਹਰਨ ਮਦ ਮੋਹ ਦਹਨ ਮੁਰਾਰਿ ਮਨ ਮਕਰੰਦ।"
-ਗੂਜ ੫, ਅਸ ੨, ੨:੧ (508)
(ਮਹਾਨਕੋਸ਼ ਅਰਥ ਭੌਰਾ ਕਰਦਾ ਹੈ ਅਤੇ ਸ਼ਬਦਾਰਥ ਸ਼ਹਿਦ ਕੋਸ਼ ਅਰਥ ਸੀਤਲ ਕਰਦਾ ਹੈ)

ਮਕਾ ------- (ਅ. ਮੱਕਹ) ਅਰਬ ਦਾ ਪ੍ਰਸਿੱਧ ਨਗਰ ਜਿਥੇ ਹਜ਼ਰਤ ਮੁਹੰਮਦ ਦਾ ਜਨਮ ਹੋਇਆ ਤੇ ਜਿਥੋ ਦੀ ਯਾਤਰਾ ਮੁਸਲਮਾਨਾਂ ਲਈ ਪਵਿਤਰ ਤੇ ਆਵਸ਼ਕ ਸਮਝੀ ਜਾਂਦੀ ਹੈ।
"ਮਕਾ ਮਿਹਰ ਰੋਜਾ ਪੈ ਖਾਕਾ।"
-ਮਾਰੂ ੫, ਸੋਲਾ ੧੨, ੫:੧ (1083)

ਮਖਸੂਦ -----ਪ੍ਰਯੋਜਨ, ਮਨੋਰਥ ਮਕਸਦ, ਵੇਖੋ 'ਮਕਸੂਦੁ'
"ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦ।"
-ਸਿਰੀ ੪, ਵਾਰ ੪ਸ, ੧, ੧:੭ (84)

ਮਖਟੂ ------ਜੋ ਨਹੀ ਖਟਦਾ, ਨਕਾਰਾ
"ਮਖਟੂ ਹੋਇ ਕੈ ਕੰਨ ਪੜਾਏ।"
-ਸਾਰ ੪, ਵਾਰ ੨੨ਸ, ੧, ੧:੩ (1245)

ਮਖਤੂਲ -----ਸਾਫ਼ ਕੀਤਾ ਤੇ ਵਟਿਆ ਹੋਇਆ ਰੇਸ਼ਮ
"ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ।"
-ਆਸਾ ਰਵਿ, ੩, ੨:੧ (486)

ਮਖੀ -------ਇਕ ਜੀਵ ਜੋ ਗੰਦ ਤੇ ਪਲਦਾ ਤੇ ਛੂਤ ਦੀਆਂ ਬਿਮਾਰੀਆਂ ਫੈਲਾਂਦਾ ਹੈ ਹੁੋਸਏ ਬਏਏ
"ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ।"
-ਵਡ ੧, ਅਲਾ ੫, ੩:੫ (582)

ਹੋਰ ਰੂਪ:

ਮੰਖੀ–
"ਮੰਖੀ ਮਿਠੈ ਮਰਣਾ।"(ਮਖੀਨੇ)
-ਮਲਾ ੧, ਵਾਰ ੧੯ਸ, ੧, ੨:੧੫ (1286)

ਮਖੀਰਾ -----ਸ਼ਹਿਦ, ਮਖੀਆਂ ਦੁਆਰਾ ਇਕਠਾ ਕੀਤਾ ਹੋਇਆ
"ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।"
-ਆਸਾ ਰਵਿ, ੩, ੨:੨ (486)

ਮਖੁ -------ਮਖੀ
"ਮਿਠੈ ਮਖੁ ਮੁਆ ਕਿਉ ਲਏ ਉਡਾਰੀ।"
-ਆਸਾ ੫, ਛੰਤ ੧੧, ੩:੧ (460)

ਮਗ ------- (1) ਰਸਤਾ
"ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ।"

–ਗਉ ੯, ੬, ੧*:੨ (220)

“ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ।” (ਰਾਹ ਤਕ ਤਕ ਕੇ ਭਾਵ ਡਾਕੇ ਮਾਰਨੇ)

(2) ਮਗਨ ਹੋਣਾ, ਡੁਬਣਾ, ਮਸਤ ਹੋਣਾ

“ਦੇਖਿ ਰੂਪੁ ਅਤਿ ਅਨੂਪੁ ਮੋਹ ਮਹਾ ਮਗ ਭਈ ਕਿੰਕਨੀ ਸਬਦ ਝਨਤਕਾਰ ਖੇਲੁ ਪਾਹਿ ਜੀਉ।”

–ਸਵ ੪, ਗਯੰ ੬:੩ (1402)

ਮੰਗ ------- ਯਾਚਨਾ ਕਰ

“ਸੰਤ ਜਨਾ ਕੀ ਧੂਰਿ ਮਨ ਮੰਗ।”

–ਗਉ ੫, ਸੁਖ ੨੪, ੧:੬ (295)

(2) ਯਾਚਨਾ

“ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ।”

–ਕਾਨ ੪, ਵਾਰ ੨:੩ (1313)

ਮਗਉ ------ ਮਾਂਗਉ, ਮੰਗਦਾ ਹਾਂ

“ਅਨਾਜੁ ਮਗਉ ਸਤ ਸੀਕਾ।”

–ਧਨਾ ਧੰਨਾ, ੧, ੧:੪ (695)

ਮੰਗਸੀ------ ਮੰਗੇ ਹਨ

“ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ ਬਹੁ ਦੇਇ ਸਜਾਈ।”

–ਸਿਰੀ ੪, ਵਾਰ ੩੦ਸ, ੪, ੨:੫ (316)

ਮੰਗਹ ------ ਮੰਗਦਾ ਹੈ

“ਮਨਿ ਪ੍ਰਿਅ ਪ੍ਰੇਮੁ ਘਣਾ ਹਰਿ ਕੀ ਭਗਤਿ ਮੰਗਹ।”

–ਬਿਹਾ ੫, ਛੰਤ ੪, ੨:੨ (544)

ਮਗਹਰ ----- ਉਤਰ ਪ੍ਰਦੇਸ਼ ਦਾ ਇਕ ਸਥਾਨ, ਹਿੰਦੂਆਂ ਦੇ ਵਿਸ਼ਵਾਸ ਅਨੁਸਾਰ ਇਥੇ ਦੇਹ ਤਿਆਗਨ ਨਾਲ ਜੀਵ ਖੋਤੇ ਦੇ ਜੂਨ ਪੈਂਦਾ ਹੈ

“ਮਰਨ ਭਇਆ ਮਗਹਰ ਕੀ ਬਾਸੀ।”

–ਗਉ ਕਬ, ੧੫, ੩:੨ (326)

“ਤੇਰੇ ਭਰੋਸੇ ਮਗਹਰ ਬਸਿਓ ਮੇਰੇ ਤਨ ਕੀ ਤਪਤਿ ਬੁਝਾਈ।”

–ਰਾਮ ਕਬ, ੩, ੨:੧ (969)

ਹੋਰ ਰੂਪ:

ਮਗਹਰਿ–

“ਮਰਤੀ ਬਾਰ ਮਗਹਰਿ ਉਠਿ ਆਇਆ।”

–ਗਉ ਕਬ, ੧੫, ੨:੨ (326)

ਮਗਹਰੁ–

“ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ।”

–ਧਨਾ ਕਬ, ੩, ੨:੨ (692)

ਮੰਗਹਿ------ ਮੰਗਦੇ ਹਨ, ਯਾਚਨਾ ਕਰਦੇ ਹਨ

"ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ।"
-ਜਪੁ ੧, ੪:੨ (2)

"ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ।"(ਭਾਵ ਚਾਹੁੰਦਾ)
-ਮਾਰੂ ੫, ਵਾਰ ੭:੫ (1096)

ਹੋਰ ਰੂਪ:

ਮੰਗਹੁ-
"ਸਾਧ ਸੰਗਤਿ ਕੀ ਮੰਗਹੁ ਰਵਾਲਾ।"(ਮੰਗੋ,ਯਾਚਨਾ ਕਰੋ)
-ਮਾਰੂ ੫, ਸੋਲਾ ੧੩, ੭:੨ (1085)

ਮੰਗਣ ------ ਯਾਚਨਾ ਕਰਨ
"ਤੂੰ ਭੰਨਣ ਘੜਣ ਸਮਰਥੁ ਦਾਤਾਰੁ ਹਹਿ ਤੁਧੁ ਅਗੈ ਮੰਗਣ ਨੋ ਹੱਥ ਜੋੜਿ ਖਲੀ ਸਭ ਹੋਈ।"
-ਬਿਹਾ ੪, ਵਾਰ ੩:੪ (549)

ਮੰਗਣਵਾਲੇ --- ਯਾਚਕ
"ਮੰਗਣਵਾਲੇ ਕੇਤੜੇ ਦਾਤਾ ਏਕੋ ਸੋਇ।"
-ਸਿਰੀ ੧, ੧੧, ੨:੨ (18)

ਮੰਗਣਾ------ ਯਾਚਨਾ ਕਰਨੀ
"ਮੰਗਣਾ ਤ ਸਚੁ ਇਕੁ ਜਿਸੁ ਤੁਸਿ ਦੇਵੈ ਆਪਿ।"
-ਗਉ ੫, ਵਾਰ ੧੫ਸ, ੫, ੨:੧ (321)

ਹੋਰ ਰੂਪ:

ਮੰਗਣਿ-
"ਜੋਰੁ ਨ ਮੰਗਣਿ ਦੇਣਿ ਨ ਜੋਰੁ।"(ਮੰਗਣ ਲਈ)
-ਜਪੁ ੧, ੩੩:੨ (17)

ਮੰਗਣੁ-
"ਝੂਠਾ ਮੰਗਣ ਜੇ ਕੋਈ ਮਾਗੈ।"(ਯਾਚਨਾ)
-ਮਾਝ ੫, ੫੦, ੧:੧ (109)

ਮੰਗਣੁ ------ (1) ਯਾਚਨਾ, ਵੇਖੋ 'ਮੰਗਣਾ'
(2) ਮੰਗਣੀ, ਕੁੜਮਾਈ
"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।"
-ਆਸਾ ੧, ਵਾਰ ੧੯ਸ, ੧, ੨:੧ (473)

ਮੰਗਤ ------ (1) ਮੰਗਤਾ, ਯਾਚਕਾ
"ਜਜੈ ਜਾਨੁ ਮੰਗਤ ਜਨੁ ਜਾਚੈ ਲਖ ਚਉ ਰਾਸੀਹ ਭੀਖ ਭਵਿਆ।"
-ਆਸਾ ੧, ਪਟੀ ੧੧:੧ (433)

ਹੋਰ ਰੂਪ:

ਮੰਗਤਾ-
"ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ।"(ਯਾਚਕ)
-ਪ੍ਰਭਾ ੧, ੧੦, ੨:੨ (1330)

ਮੰਗਤੁ–
"ਦਰਿ ਮੰਗਤੁ ਜਾਚੈ ਦਾਨੁ ਹਰਿ ਦੀਜੈ ਕ੍ਰਿਪਾ ਕਰਿ।"(ਮੰਗਤਾ)
–ਸੂਹੀ ੩, ਵਾਰ ੧੫:੧ (790)
ਮੰਗਤੇ–
"ਇਕਿ ਉਪਾਏ ਮੰਗਤੇ ਇਕਨਾ ਵਡੇ ਦਰਾਵਾਰ।(ਜਾਚਕ)
–ਸਿਰੀ ੧, ੬, ੩:੨ (16)

ਮੰਗਦਾ------ ਯਾਚਨਾ ਕਰਦਾ
"ਜੇ ਘਰਿ ਘਰਿ ਹੰਢੈ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ।"
–ਬਿਹਾ ੪, ਵਾਰ ੬ਸ, ੩, ੧:੨ (550)
ਹੋਰ ਰੂਪ:
ਮੰਗਦੇ–
"ਸਭਿ ਤੁਧੈ ਪਾਸਹੁ ਮੰਗਦੇ ਨਿਤ ਕਰਿ ਅਰਦਾਸਿ।"(ਯਾਚਨਾ ਕਰਦੇ)
–ਸਿਰੀ ੪, ਵਾਰ ੯:੨ (86)

ਮਗਨ ------ (1) ਮਸਤ
"ਮਾਇਆ ਮਗਨ ਨ ਕਛੂਐ ਮੋਹੈ।"
–ਗਉ ੫, ੯੭, ੨:੪ (185)
"ਮਗਨ ਭਇਆ ਤੇ ਸੋ ਸਚੁ ਪਾਵੈ।"(ਲਿਵ ਲੀਣ)
–ਗਉ ਕਬ, ਬਾਅ ੩੧:੪ (342)
(2) ਮਗਨਤਾ, ਮਸਤੀ
"ਮੋਹ ਮਗਨ ਕੂਪ ਅੰਧ ਤੇ ਨਾਨਕ ਗੁਰ ਕਾਢ।"
–ਬਿਲਾ ੫, ੬0, ੪:੨ (816)

ਮੰਗਨ ------ ਮੰਗਨਾ, ਯਾਚਨਾ ਕਰਨੀ
"ਏਕੋ ਦਾਨੁ ਸਰਬ ਸੁਖ ਗੁਣ ਨਿਧਿ ਆਨ ਮੰਗਨ ਨਿਹ ਕਿੰਚਨਾ।"
–ਮਾਰੂ ੫, ਸੋਲਾ ੯, ੧੪:੩ (1080)

ਮਗਨਹਾਰੁ---- ਮੰਗਨ ਵਾਲਾ, ਪੁਛਣ ਵਾਲਾ
"ਠਾਕੁਰੁ ਲੇਖਾ ਮਗਨਹਾਰੁ।"
–ਬਸੰ ਰਵਿ, ੧, ੩:੨ (1196)

ਮੰਗਨਹਾਰੁ---- ਮੰਗਤਾ
"ਕਬ ਹੀ ਰਾਜਾ ਕਬ ਮੰਗਨਹਾਰੁ।"
–ਬਸੰ ੫, ਅਸ ੨, ੪:੨ (1192)

ਮੰਗਨਾ------ ਯਾਚਨਾ ਕਰਨੀ
"ਅਪਨਾ ਭਲਾ ਸਭ ਕਾਹੂ ਮੰਗਨਾ।"
–ਗਉ ੫, ੭੮, ੪:੪ (178)

ਮਗਨਾਰੇ----- ਮਗਨਤਾ, ਮਸਤੀ
"ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ।"
–ਮਾਰੂ ੫, ੨, ੪:੧ (999)

ਮੰਗਨਿ------ਮੰਗਨ ਤੇ, ਯਾਚਨਾ ਕਰਨ ਤੇ
"ਦਰਿ ਮੰਗਨਿ ਭਿਖ ਨ ਪਾਇਦਾ।"
-ਆਸਾ ੧, ਵਾਰ ੧੬:੫ (472)

ਮਗਨੁ ------ (1) ਮਸਤੀ
"ਮਾਇਆ ਮਗਨੁ ਨਰਕਿ ਲੈ ਜਾਈ।"
-ਗਉ ੫, ੧੫੧, ੧*: ੨ (196)
(2) ਮਸਤ
"ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ।"
-ਗਉ ੯, ੩, ੧*:੨ (219)

ਮਗਨੇਰੈ ----- ਮਗਨ ਹੈ
"ਕਾਹੇ ਰੇ ਮਨ ਮੋਹਿ ਮਗਨੇਰੈ।"
-ਕਾਨ ੫, ੩੪, ੧*:੪ (1304)

ਮਗਨੈ ------ ਉਡਾਂਦੀ
"ਅਗਨਿ ਨ ਦਹੈ ਪਵਨੁ ਨਹੀ ਮਗਨੈ ਤਸਕਰੁ ਨੇਰਿ ਨ ਆਵੈ।"
-ਗਉ ਕਬ, ੫੮, ੧:੧ (336)

ਮਗਰ ------ਪਿਛਲੇ ਪਾਸੇ
"ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ।"
-ਧਨਾ ੧, ੮, ੨:੨ (663)

ਮੰਗਲ ------ (1) ਖੁਸ਼ੀ ਦੇ ਗੀਤ
"ਸ੍ਰੀਧਰ ਪਾਏ ਮੰਗਲ ਗਾਏ ਇਛ ਪੁੰਨੀ ਸਤਿਗੁਰ ਤੁਠੇ।"
-ਸਿਰੀ ੫, ਛੰਤ ੨, ੫:੪ (80)
" ਸਹਜ ਧੁਨਿ ਗਾਵੈ ਮੰਗਲ ਮਨੂਆ ਅਬ ਤਾ ਕਉ ਫੁਨਿ ਕਾਲੁ ਨ ਖਾਇ।"
-ਆਸਾ ੫, ੬, ੩:੨ (373)
(3) ਖੁਸ਼ੀ
"ਅਨਦ ਮੰਗਲ ਕਲਿ ਆਣ ਨਿਧਾਨਾ।"
-ਮਾਝ ੫, ੩੨, ੪:੧ (104)
"ਅਨਦ ਰੂਪ ਮੰਗਲ ਸਦ ਜਾ ਕੈ।"(ਖੁਸ਼ੀਆ)
-ਗਉ ੫, ਸੁਖ ੧੬, ੨:੫ (284)
"ਮੰਗਲ ਸਾਜੁ ਭਇਆ ਪ੍ਰਭੁ ਅਪਨਾ ਗਾਇਆ ਰਾਮ।"(ਖੁਸ਼ੀ ਦਾ ਵਾਜਾ)
-ਬਿਲਾ ੫, ਛੰਤ ੧, ੧:੧ (845)
(ਮਹਾਨਕੋਸ਼ ਅਰਥ 'ਅਉਸਰ' ਕਰਦਾ ਹੈ)
(3) ਅਨੰਦ
"ਦੇਖਿਓ ਅਚਰਜੁ ਮਹਾ ਮੰਗਲ ਰੂਪ ਕਿਛੁ ਆਨ ਨਹੀ ਦਿਸਟਾਵੈ।"
-ਨਟ ੫, ੧, ੪:੧ (978)

ਮੰਗਲਚਾਰ ---ਖੁਸ਼ੀ ਦਾ ਅਵਸਰ
"ਆਜੁ ਹਮਾਰੈ ਮੰਗਲਚਾਰ।"
-ਬਸੰ ੫, ੧, ੧:੨ (1180)

ਹੋਰ ਰੂਪ:

ਮੰਗਲਚਾਰਾ–
“ਗਾਉ ਗਾਉ ਰੀ ਦੁਲਹਨੀ ਮੰਗਲਚਾਰਾ।”(ਖੁਸ਼ੀ ਦੇ ਗੀਤ)
–ਆਸਾ ਕਬ, ੨੪, ੧*:੧ (482)

ਮੰਗਲਨ -----ਰਾਗ ਹੰਡੋਲ ਦੇ ਅੱਠ ਪੁੱਤਰਾਂ ਵਿੱਚੋਂ ਇਕ ਬਾਕੀ ਸਤ ਹਨ: ਸੁਰਮਾ ਨੰਦ, ਭਾਸਕਰ, ਚੰਦ੍ਰਬਿੰਬ, ਸਰਸਬਾਨ, ਬਿਨੋਦਾ, ਬਸੰਤ ਤੇ ਕਮੋਦਾ।
“ਚੰਦ੍ਰ ਬਿੰਬ ਮੰਗਲਨ ਸੁਹਾਏ।”
–ਰਾਮ ੧:੩੦ (1430)

ਮੰਗਲਵਾਰੇ ---ਹਫਤੇ ਦੇ ਸਤ ਦਿਨਾਂ ਵਿੱਚ ਇਕ ਦਿਨ ਦਾ ਨਾਂ
“ਮੰਗਲਵਾਰੇ ਲੇ ਮਾਹੀਤਿ।”
–ਗਉ ਕਬ, ਵਾ ੩:੧ (344)

ਮੰਗਲਾ------ ਖੁਸ਼ੀ ਦਾ ਗੀਤ
“ਮੰਗਲਾ ਹਰਿ ਮੰਗਲਾ ਮੇਰੇ ਪ੍ਰਭ ਕੈ ਸੁਣੀਐ ਮੰਗਲਾ।”
–ਰਾਮ ੫, ਛੰਤ ੧, ੪:੧ (924)

ਮੰਗਲਿ------ਮੰਗਲਵਾਰ
“ਮੰਗਲਿ ਮਾਇਆ ਮੋਹੁ ਉਪਾਇਆ।”
–ਬਿਲਾ ੩, ਵਾ, ੩:੧ (841)

ਮੰਗਲੁ ----- (1) ਖੁਸ਼ੀ ਦਾ ਗੀਤ
“ਤਿਤੁ ਘਰਿ ਸਖੀਏ ਮੰਗਲੁ ਗਾਇਆ।”
–ਮਾਝ ੫, ੧੧, ੧:੨ (97)

(2) ਅਨੰਦ ਹੋਇਆ
“ਜਨ ਨਾਨਕ ਹਰਿਵਰੁ ਪਾਦਿਆ ਮੰਗਲੁ ਮਿਲਿ ਸੰਤ ਜਨਾ ਵਾਧਾਈ।”
–ਵਡ ੪, ਘੋੜੀ ੧, ੪:੬ (575)

(3) ਖੁਸ਼ੀ
“ਮੰਗਲੁ ਤਿਸ ਕੈ ਜਿਸੁ ਏਕੁ ਕਾਮੁ।”
–ਬਸੰ ੫, ੩, ੧:੩ (1180)

ਮਗਾ -------ਮਾਰਗ, ਰਸਤੇ
“ਗਹਿ ਭੁਜਾ ਲੀਨੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ।”
–ਬਿਹਾ ੫, ਛੰਤ ੪, ੧:੫ (544)

ਮੰਗਾ -------ਯਾਚਨਾ ਕਰਦਾ ਹਾਂ, ਮੰਗਦਾ ਹਾਂ
“ਬਾਰਿਕ ਵਾਂਗੀ ਹਉ ਸਭ ਕਿਛ ਮੰਗਾ।”
– ਮਾਝ ੫, ੧੫, ੩:੧ (99)

“ਤਿਨ ਮੰਗਾ ਜਿ ਤੁਝੈ ਧਿਆਇਦੇ।” (ਭਾਵ ਚਾਹੁੰਦਾ ਹਾਂ)
–ਆਸਾ ੧, ਵਾਰ ੯:੫ (468)

ਹੋਰ ਰੂਪ:

ਮੰਗਾਂ–

“ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ।”
-ਮਾਰੂ ੫, ਵਾਰ ੨੧:੫ (1101)

ਮੰਗਾਇ–
“ਅਹੰਕਾਰੀਆ ਨੋ ਦੁਖ ਭੁਖ ਹੈ ਹਥੁ ਤਡਹਿ ਘਰਿ ਘਰਿ ਮੰਗਾਇ।”
-ਗਉ ੪, ਵਾਰ ੭ਸ, ੪, ੨:੪ (303)

ਮੰਗਾਇਆ --- ਮੰਗਾਉਣੀ, ਯਾਚਨਾ ਕਰਵਾਉਣੀ
“ਇਕਿ ਰਾਜੇ ਤਖਤਿ ਬਹਹਿ ਨਿਤ ਸੁਖੀਏ ਇਕਨਾ ਭਿਖ ਮੰਗਾਇਆ ਜੀਉ।”
-ਗਉ ੪, ੬੬, ੪:੩ (173)

ਮੰਗਾਸੀ ----- ਮੰਗਨਵਾਲਾ, ਯਾਚਕ
“ਨਾ ਇਹੁ ਰਾਜ ਨ ਭੀਖ ਮੰਗਾਸੀ।”
-ਗੋਂਡ ਕਬ, ੫, ੨:੨ (871)

ਮੰਗਾਹੀ ----- ਮੰਗਦੇ ਹਨ
“ਕਰਮ ਧਰਮ ਕਰਿ ਮੁਕਤਿ ਮੰਗਾਹੀ।”
-ਮਾਰੂ ੧, ਸੋਲਾ ੪, ੧੦:੧ (1024)

ਮੰਗਾਵਹਿ ---- ਮੰਗਾਵੇ
“ਜੋ ਭੀਖ ਮੰਗਾਵਹਿ ਤ ਕਿਆ ਘਟਿ ਜਾਈ।”
-ਗੂਜ ਨਾਮ, ੧, ੧:੨ (525)

ਹੋਰ ਰੂਪ:

ਮੰਗਾਵੈ–
“ਕਬਹੂ ਘਰ ਘਰ ਟੂਕ ਮੰਗਾਵੈ।”(ਮੰਗਵਾਉਂਦਾ ਹੈ)
-ਭੈਰ ਨਾਮ, ੫, ੧:੨ (1164)

ਮਗਿ ------- ਮਾਰਗ, ਰਸਤਾ
“ਜਮ ਮਗਿ ਬਾਧਾ ਖਾਹਿ ਚੋਟਾ ਸਬਦ ਬਿਨੁ ਬੇਤਾਲਿਆ।”
-ਆਸਾ ੧, ਛੰਤ ੫, ੨:੫ (439)

ਮੰਗਿ ------- ਯਾਚਨਾ ਕਰਕੇ
“ਸਤਗੁਰੂ ਕਿਆ ਫਿਟਕਿਆ ਮੰਗਿ ਥਕੇ ਸੰਸਾਰਿ।”
-ਸਿਰੀ ੩, ੫੩, ੧:੩ (34)

ਹੋਰ ਰੂਪ:

ਮੰਗਿਓ–
“ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ।”(ਯਾਚਨਾ ਕਰਨਾ)
-ਸਾਰ ੪, ਵਾਰ ੩ਸ, ੨, ੧:੫ (1238)

ਮੰਗਿਐ–
“ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ।” (ਮੰਗਨ ਤੇ)
-ਰਾਮ ੩, ਵਾਰ ੯ਸ, ੩, ੨:੪ (950)

ਮੰਗੀ–

"ਆਪੇ ਜਗਤੁ ਉਪਾਇਦਾ ਮੇਰੇ ਗੋਵਿੰਦਾ ਹਰਿ ਦਾਨੁ ਦੇਵੈ ਸਭ ਮੰਗੀ ਜੀਉ।"(ਮੰਗਦੇ ਹਨ)

-ਗਉ ੪, ੬੮, ੨:੩ (174)

ਮੰਗੀਅਹਿ–

"ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ।"(ਯਾਚਨਾ ਕਰੀਏ)

-ਮਾਝ ੧, ਵਾਰ ੨੪ਸ, ੧, ੨:੧ (149)

ਮੰਗੀਐ–

"ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ।(ਮੰਗਿਆ ਜਾਂਏ, ਪੁਛਿਆ ਜਾਵੇ)

-ਸਿਰੀ ੧, ੬, ੧*:੨ (16)

"ਵਿਚ ਹਉਮੈ ਲੇਖਾ ਮੰਗੀਐ ਫਿਰਿ ਆਵੈ ਜਾਇਆ।"(ਮੰਗਿਆ ਜਾਂਦਾ ਹੈ)

-ਸੋਰ ੪, ਵਾਰ ੩:੩ (643)

ਮੰਗੀਏ------ ਮੰਗਨ ਵਾਲੇ, ਪੁਛਣ ਵਾਲੇ

"ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ।"

-ਨਟ ੪, ਅਸ ੨, ੭:੨ (981)

ਮਗੁ ------- ਮਾਰਗ, ਰਸਤਾ, ਰਾਹ

"ਮੰਨੈ ਮਗੁ ਨਾ ਚਲੈ ਪੰਥੁ।"

-ਜਪੁ ੧, ੧੪:੩ (3)

ਮੰਗੇ ------- ਮੰਗ ਲੈਣਾ, ਯਾਚਨਾ ਕਰ ਲੈਣੀ

"ਆਪਿ ਨ ਦੇਹੁ ਲੇਵਉ ਮੰਗੇ।"

-ਸੋਰ ਕਬ, ੧੧, ੧*:੨ (656)

"ਸੇ ਪ੍ਰਭੁ ਸਦਹੀ ਸੇਵੀਐ ਪਾਈਅਹਿ ਫਲ ਮੰਗੇ ਰਾਮ।"(ਯਾਚਨਾ ਕੀਤੇ, ਮੰਗੇ ਹੋਏ)

-ਬਿਲਾ ੫, ੫, ੧:੩ (848)

ਹੋਰ ਰੂਪ:

ਮੰਗੇਸੀਆ–

"ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ।"(ਮੰਗੇਗਾ)

-ਰਾਮ ੩, ਵਾਰ ੧੩ਸ, ੧, ੨:੨ (953)

ਮੰਗੈ–

"ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ।" (ਮੰਗਦਾ ਹੈ)

-ਸਿਰੀ ੫, ੭੫, ੩:੧ (43)

ਮੰਗੋ–

"ਜਪਿ ਜਿਹਵਾ ਹਰਿ ਏਕ ਮੰਗੋ।"

-ਗਉ ੫, ਅਸ ੧੩, ੧*:੨ (241)

ਮਗੋਲ ------ ਮੁਗਲ

"ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ।"

-ਤਿਲੰ ਨਾਮ, ੩, ੨:੨ (727)

ਮੰਘਰ ------ ਬਿਕਰਮੀ ਸੰਮਤ ਦੇ ਇਕ ਮਹੀਨੇ ਦਾ ਨਾਂ

"ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ।"

-ਤੁਖਾ ੧, ਬਾਰਾ ੧੩:੧ (1109)

ਹੋਰ ਰੂਪ:

ਮੰਘਿਰਿ–
“ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।”
-ਮਾਝ ੧, ਬਾਰਾ ੧੦:੧ (135)

ਮਚਾ ------- ਚਮਕਦੇ ਹਨ, ਮਚਦੇ ਹਨ, ਪਰਗਟ ਹੁੰਦੇ ਹਨ
“ਕੁੰਡਲਨੀ ਸੁਰਝੀ ਸਤ ਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ।”
-ਸਵ ੪, ਗਯੰ ੫:੩ (1402)

ਮਚਾਂਗਵਾ ---- ਚੰਗਾ ਨਹੀਂ
“ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।”
-ਸਲੋ ਫਰ, ੧੩੦:੧ (1384)

ਮਚਿਆ ----- ਪ੍ਰਸ਼ਨ ਹੋਏ
“ਲਥੇ ਭੜਥੂ ਪਾਇ ਗੁਰਮੁਖਿ ਮਚਿਆ।”
-ਮਲਾ ੧, ਵਾਰ ੪:੨ (1280)

ਮਚਿੰਦੜੀਆ -- ਮਚਾਈਆਂ ਹੋਈਆਂ, ਉਕਸਾਈਆਂ ਹੋਈਆਂ
“ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।”
-ਆਸ ਫਰ, ੨, ੧*:੧ (488)

ਮਚੈ ------- ਮਚਦਾ ਹੈ, ਖੁਸ਼ ਹੁੰਦਾ ਹੈ
“ਸਾਚੁ ਛੋਡਿ ਝੂਠ ਸੰਗਿ ਮਚੈ।”
-ਗਉ ੫, ਸੁਖ ੪, ੪:੨ (267)

ਮਛ-------- (1) ਵਿਸ਼ਨੂੰ ਦੇ ਚੌਵੀ ਅਵਤਾਰਾਂ ਵਿਚੋਂ ਪਹਿਲਾ ਅਵਤਾਰ
“ਜਰਮ ਕਰਮ ਮਛ ਕਛ ਹੁਅ ਬਰਾਹ ਜਮੁਨਾ ਕੈ ਕੂਲਿ ਖੇਲੁ ਖੇਲਿਓ ਜਿਨਿ ਗਿੰਦ ਜੀਉ।”
-ਸਵ ੪, ਗਯੰ ੯:੪ (1403)

(2) ਮਾਤਲੋਕ
“ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ।”
-ਜਪੁ ੧, ੨੭:੧੧ (6)

ਮਛਰ ------ ਇਕ ਜ਼ਹਿਰੀਲਾ ਉਡਣ ਵਾਲਾ ਕੀਟ ਜਿਸ ਦੀ ਮਦੀਨ ਦੇ ਮਨੁੱਖਾਂ ਅਥਵਾ ਪਸ਼ੂਆਂ ਨੂੰ ਡੰਗਣ ਨਾਲ ਬਿਮਾਰੀ ਫੈਲਦੀ ਹੈ।
“ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ।”
-ਤੁਖਾ ੧, ਬਾਰਾ ੧੦:੫ (1108)

ਮਛਿ ------- ਵਿਸ਼ਨੂੰ ਦਾ ਇਕ ਅਵਤਾਰ, ਵੇਖੋ ਮਛ
“ਤੇਰਾ ਅੰਤੁ ਨ ਪਾਇਆ ਸੁਰਗਿ ਮਛਿ ਪਇ ਆਲਿ ਜੀਉ।”
-ਸਿਰੀ ੧, ਅਸ ੨੯, ੧:੨ (71)

ਮਛੀ ------- ਜਲ ਦਾ ਇਕ ਜੀਵ ਜੋ ਜਲ ਤੋਂ ਬਾਹਰ ਆ ਮਰ ਜਾਂਦਾ ਹੈ

"ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।"
-ਬਿਰੀ ੧, ਅਸ ੪, ੧*:੨ (55)

ਹੋਰ ਰੂਪ:

ਮਛੀਆਂ-
"ਨਾਗਾ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ।"(ਮੱਛੀ ਦਾ ਬਹੁ ਵਚਨ)
-ਮਲਾ ੧, ਵਾਰ ੨ਸ, ੧, ੧:੨ (1279)

ਮਛੁ ------- (1) ਮਾਤ ਲੋਕ, ਵੇਖੋ 'ਮਛ' (2)
"ਗਾਵਨਿ ਤੁਧਨੋ ਮੋਹਣੀਆ ਮਨੁ ਮੋਹਨਿ ਸੁਰਗੁ ਮਛੁ ਪਇਆਲੇ।"
-ਆਸਾ ੧, ਸੋਦ ੧, ੧:੧ (9)

"ਆਪੇ ਸੁਰਗ ਮਛੁ ਪਇਆਲਾ।"
-ਮਾਰੂ ੧, ਸੋਲਾ ੨, ੫:੧ (1021)

(2) ਵਿਸ਼ਨੂੰ ਦਾ ਇਕ ਅਵਤਾਰ
"ਆਪੇ ਮਛੁ ਕਛੁ ਕਰਣੀ ਕਰੁ ਤੇਰਾ ਰੂਪੁ ਨ ਲਖਣਾ ਜਾਈ ਹੇ।"
-ਮਾਰੂ ੧, ਸੋਲਾ ੧, ੬:੩ (1020)

ਮਛੁਲੀ------ ਮਛੀ
"ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ।"
-ਸਿਰੀ ੧, ੨੫, ੨:੧ (23)

ਮਜਨ ------ ਟੁੱਬੀ ਭਾਵ ਇਸ਼ਨਾਨ, ਤੀਰਥਾਂ ਤੇ ਕੀਤਾ ਇਸ਼ਨਾਨ
"ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸ਼ਨਾਨੁ।"(ਇਸ਼ਨਾਨਾਂ ਦਾ ਇਸ਼ਨਾਨ)
-ਸਿਰੀ ੫, ੮੮, ੩:੧ (49)

"ਵਰਤ ਨੇਮ ਮਜਨ ਤਿਸੁ ਪੂਜਾ।"
-ਆਸਾ ੫, ੮੯, ੨:੧ (393)

ਹੋਰ ਰੂਪ:

ਮਜਨਾ-
"ਅਠਸਠਿ ਤੀਰਥ ਮਜਨਾ ਸਭਿ ਪੁੰਨ ਤਿਨਿ ਕਿਤਾ।"(ਇਸ਼ਨਾਨ)
-ਗਉ ੫, ਵਾਰ ੧੯:੩ (322)

ਮਜਨਾਇਆ-
"ਨਾਮੁ ਲੈਤ ਅਠਸਠਿ ਮਜਨਾਇਆ।"(ਇਸ਼ਨਾਨ ਕੀਤਾ)
-ਭੈਰ ੫, ੨੫, ੧:੪ (1142)

ਮਜਨਾਗਾ-
"ਸਾਧੂ ਸੰਗਤਿ ਨਿਰਮਲਾ ਅਠਸਠਿ ਮਜਨਾਗਾ।"
-ਰਾਮ ੫, ਵਾਰ ੧੭:੬ (965)

ਮਜਨਿ-
"ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ।"(ਇਸ਼ਨਾਨ ਨਾਲ)
-ਆਸਾ ਕਬ, ੩੭, ੨:੧ (484)

ਮਜਨੁ-

“ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ।”(ਇਸ਼ਨਾਨ)
-ਸਿਰੀ ੫, ਛੰਤ ੩, ੩੩:੧ (80)
“ਜਤੁ ਸਤੁ ਤੀਰਥੁ ਮਜਨੁ ਨਾਮਿ।”(ਪੁਰਬੀ ਇਸ਼ਨਾਨ)
-ਗਉ ੧, ੮, ੩:੧ (153)

ਮਜਨੋ-
“ਕਰਿ ਮਜਨੋ ਸਪਤਸਰੇ ਮਨ ਨਿਰਮਲ ਮੇਰੇ ਰਾਮ।”
-ਆਸਾ ੧, ਛੰਤ ੨, ੩:੨ (437)

ਮਜਮੀ ------ **(ਅ. ਮਜਲਸ) ਇਕੱਠ, ਸਮੂੰਹ**
“ ਪੰਚ ਮਜਮੀ ਜੋ ਪੰਚਨ ਰਾਖੈ।”
-ਭੈਰ ੫, ੫੩, ੧:੧ (1151)

ਮਜਲਸ ----- **ਸਭਾ, ਮਹਿਫਲ**
“ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ।”
-ਬਿਹਾ ੪, ਵਾਰ ੧੨ਸ, ਮਰ, ੧:੩ (553)

ਹੋਰ ਰੂਪ:

ਮਜਲਸਿ-
“ਮਜਲਸਿ ਦੂਰਿ ਮਹਲੁ ਕੋ ਪਾਵੈ।”(ਭਾਵ ਦਰਬਾਰ)
-ਭੈਰ ਕਬ, ੧੫, ੧*:੨ (1161)

ਮਜਾ ------- **ਮਿੱਝ**
“ਮਜਾ ਰੁਧਿਰ ਦੁਗੰਧਾ ਨਾਨਕ ਅਥਿ ਗਰਬੇਣ ਅਗ੍ਯਾ ਨਣੋ।”
-ਗਾਥਾ ੫, ੧:੨ (1360)

ਮੰਜਾਈ ----- **ਮਾਜਿਆ ਗਿਆ**
“ਸਾਧ ਧੂਰਿ ਕਰਿ ਸੁਧ ਮੰਜਾਈ।”
-ਗਉ ੫, ੧੬੯, ੧:੨ (200)

ਮਜਾਨੁ ------ **ਇਸ਼ਨਾਨ**
“ਸੁਨਿ ਮਨ ਹਰਿ ਕੀਰਤਿ ਅਠਸਠਿ ਮਜਾਨੁ।”
-ਪ੍ਰਭਾ ੪, ੭, ੧:੨ (1337)

ਮੰਜਾਰ ------ **ਬਿੱਲਾ**
“ਮਿਰਤੁ ਮੰਜਾਰ ਪਸਾਰਿ ਮੁਖੁ ਨਿਰਖਤ ਭੁੰਚਤ ਭੁਗਤਿ ਭੂਖ ਭੁਖਨਾ।”
-ਸਮੁ ੫, ੪*:੫ (1388)

ਹੋਰ ਰੂਪ:

ਮੰਜਾਰਾ-
“ਸੂਕਰ ਸੁਆਨ ਗਰਧਭ ਮੰਜਾਰਾ।”
-ਬਿਲਾ ੧, ਅਸ ੨, ੫:੧ (832)

ਮੰਜਾਰੁ-
“ਜਮੁ ਮੰਜਾਰੁ ਕਹਾ ਕਰੈ ਮੋਰ।”
-ਗਉ ਕਬ, ੨, ੨:੨ (323)

ਮਜੀਠ------ ਇਕ ਵੇਲ ਜਿਸ ਦੀ ਡੰਡੀ ਵਿਚਪਕਾ ਲਾਲ ਰੰਗ ਹੁੰਦਾ ਹੈ ਭਾਵ ਪੱਕਾ ਰੰਗ

"ਆਪੇ ਹੀਰਾ ਨਿਰਮਲਾ ਆਪੇ ਰੰਗੁ ਮਜੀਠ।"

-ਸਿਰੀ ੧, ਅਸ ੩, ੨:੧ (54)

ਹੋਰ ਰੂਪ:

ਮੰਜੀਠੜਾ-

"ਤੇਰਾ ਏਕੋ ਨਾਮੁ ਮੰਜੀਠੜਾ ਰਤਾ ਮੇਰਾ ਚੋਲਾ ਸਦਰੰਗ ਢੋਲਾ।"(ਮਜੀਠੀ (ਪਕੇ) ਰੰਗ ਦਾ)

-ਸੂਹੀ ੧, ੪, ੧*:੧ (729)

ਮਜੀਠਾ-

"ਪ੍ਰਿਉ ਸਹਜ ਸੁਭਾਈ ਛੋਡਿ ਨ ਜਾਈ ਮਨਿ ਲਾਗਾ ਰੰਗੁ ਮਜੀਠਾ।"(ਪਕਾ)

-ਆਸਾ ੫, ਛੰਤ ੩, ੧:੫ (454)

ਮਜੀਠੈ-

"ਅਨਦਿਨੁ ਸਦਾ ਰਵੈ ਕਿ ਦਿਨੁਰਾਤੀ ਮਜੀਠੈ ਰੰਗੁ ਬਣਾਵਣਿਆ।" (ਪਕਾ, ਮਜੀਠਾ ਦਾ)

-ਮਾਝ ੩, ਅਸ ੫, ੪:੩ (112)

ਮਜੀਠੈ-

"ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ।"

-ਮਲਾ ੧, ਵਾਰ ੧ਸ, ੩, ੧:੩ (1279)

ਮਜੂਰ ------ ਮਜ਼ਦੂਰ, ਮਿਹਨਤਾਨਾ ਲੈ ਕੇ ਕੰਮ ਕਰਨ ਵਾਲਾ

"ਰੋਵਹਿ ਪਾਂਡਵ ਭਏ ਮਜੂਰ।"

-ਰਾਮ ੩, ਵਾਰ ੧੪ਸ, ੧, ੧:੯ (954)

ਹੋਰ ਰੂਪ:

ਮਜੂਰੀ-

"ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ।" (ਮਹਿਨਤਾਨਾ)

-ਮਾਝ ੩, ਅਸ ੧੫, ੪:੩ (118)

ਮਜੂਰੀਆ-

"ਮਸਕਤਿ ਲਹਹੁ ਮਜੂਰੀਆ ਮੰਗਿ ਮੰਗਿ ਖਸਮ ਦਰਾਹੁ।"(ਮਹਿਨਤਾਨੇ)

-ਸੂਹੀ ੩, ਵਾਰ ੧੦ਸ, ੧, ੧:੫ (788)

ਮਜੂਰੁ-

"ਹੋਇ ਮਜੂਰੁ ਗਇਆ ਠਗਾਇ ਠਗਿ।"(ਭਾਵ ਵਿਗਾਰੀ)

-ਰਾਮ ੧, ਓਅੰ ੧੩:੬ (931)

ਮਝ-------- ਵਿਚ, ਅੰਦਰ

"ਮਝ ਭਰਿ ਦੁਖ ਬਦੁਖ।"(ਸੰਸਾਰ ਵਿਚ)

-ਮਾਰੂ ੩, ਵਾਰ ੧੪ਸ, ੧, ੩:੩ (1091)

ਮੰਝ ------- (1) ਵਿਚਲੇ

"ਲਕਰੀ ਬਿਖਰਿ ਜਰੀ ਮੰਝ ਭਾਰਿ।"(ਭਾਵ ਆਪਣੇ ਭਾਰ)

-ਰਾਮ ੧, ੧੧, ੨:੪ (879)

(2) ਵਿਚ
"ਬਨਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ।"
-ਤੁਖਾ ੧, ਬਾਹਾ ੫:੨ (1108)
"ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ।"(ਭਾਵ ਹਿਰਦੇ ਵਿਚ)
-ਸਲੋ ਫਰ, ੧੧੫:੧ (1384)

ਮਝਰੀਆ ---- ਵਿਚ
"ਕਾਚ ਗਗਰੀਆ ਅੰਭ ਮਝਰੀਆ।"
-ਆਸਾ ੫, ੮੬, ੧*:੧ (392)

ਮੰਝਾ ------- ਵਿਚ
"ਨਾਨਕ ਲਧਾ ਮਨ ਤਨ ਮੰਝਾ।"
-ਆਸਾ ੫, ੧੧, ੪:੬ (373)

ਮਝਾਹਿ ----- ਵਿਚ
"ਡਿਠਾ ਹਭ ਮਝਾਹਿ ਖਾਲੀ ਕੋਇ ਨ ਜਾਣੀਐ।"
-ਮਾਰੂ ੫, ਵਾਰ ੯, ੫, ੩:੧ (1097)

ਹੋਰ ਰੂਪ:

ਮੰਝਾਹਿ-
"ਸੀਤੜਾ ਮੰਨ ਮੰਝਾਹਿ ਪਲਕ ਨ ਥੀਵੈ ਬਾਹਰਾ।"
-ਜੈਤ ੫, ਵਾਰ ੧੩ਸ, ੫, ੨:੧ (708)

ਮਝਾਹੂ ------ (1) ਅੰਦਰੋਂ, ਵਿਚੋਂ
"ਲਗੜਾ ਸੋ ਨੇਹੁ ਮੰਨ ਮਝਾਹੂ ਰਤਿਆ।"
-ਜੈਤ ੫, ਵਾਰ ੧੧ਸ, ੫, ੨:੧ (708)
(2) ਵਿਚ
"ਹਠ ਮਝਾਹੂ ਮਾ ਪਿਰੀ ਪਸੇਕਿਉ ਦੀਦਾਰ।"
-ਸਿਰੀ ੫, ਛੰਤ ੩, ੧੩:੧ (80)

ਮਝਾਰ ------ ਵਿਚ
"ਓਪਤਿ ਪਰਲਉ ਨਿਮਖ ਮਝਾਰ।"
-ਗੋਂਡ ੫, ੩, ੨:੨ (862)

ਹੋਰ ਰੂਪ:

ਮਝਾਰੰ-
"ਪੈਸੀਲੇ ਗਗਨ ਮਝਾਰੰ।"(ਵਿਚ)
-ਰਾਮ ਕਬ, ੧੦, ੨:੨ (972)

ਮਝਾਬਾ-
"ਸਾਸਿ ਸਾਸਿ ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ।"(ਵਿਚ)
-ਮਾਰੂ ੧, ਸੋਲਾ ੭, ੫:੩ (1027)

ਮੰਝਾਰਾ-

"ਅਗਨਿ ਕੁੰਟ ਮਹਿ ਉਰਧ ਲਿਵ ਲਾਗਾ ਹਰਿ ਰਾਖੈ ਉਦਰ ਮੰਝਾਰਾ।" (ਵਿਚ)
-ਬੈਰਾ ੪, ੫, ੧:੧ (720)

ਮਝਾਰਿ-
"ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ।"(ਵਿਚ)
-ਗਉ ੪, ੫੧, ੧:੧ (168)

ਮੰਝਾਰਿ-
"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹਰਿ ਪਾਇਆ ਉਦਰ ਮੰਝਾਰਿ।"(ਵਿਚ)
-ਸਿਰੀ ੪, ਪਹ ੩, ੧:੧ (76)

ਮਝਾਰੀ-
"ਸਤਿਗੁਰ ਬੰਧਨ ਤੋੜਿ ਨਿਰਾਰੇ ਬਹੁੜਿ ਨ ਗਰਭ ਮਝਾਰੀ ਜੀਉ।"(ਵਿਚ)
-ਸੋਰ ੧, ੮, ੪:੧ (598)

ਮਝਾਰੇ-
"ਨਾਮ ਰਤਨੁ ਸੁਨਿ ਜਪਿ ਜਪਿ ਜੀਵਾ ਹਰਿ ਨਾਨਕ ਕੰਠ ਮਝਾਰੇ।"(ਵਿਚ)
-ਟੋਡੀ ੫, ੩0, ੨:੨ (718)

ਮਝਿ ------- ਵਿਚ
"ਮਨ ਮੁਖਿ ਭਰਮੈ ਮਝਿ ਗੁਬਾਰ।"
-ਬਸੰ ੧, ਅਸ ੬, ੧:੨ (1190)

ਹੋਰ ਰੂਪ:

ਮੰਝਿ-
"ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੋੁ।"(ਵਿਚ)
-ਸਿਰੀ ੧, ੩੧, ੪:੧ (25)
"ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ।"(ਅੰਦਰ ਵਿਚ)
-ਮਾਝ ੧, ਵਾਰ ੨੨:੩ (148)

ਮੰਝਿ ------- (1) ਵਿਚ, ਅੰਦਰ, ਵੇਖੋ 'ਮਝਿ'
(2) ਮੈਨੂੰ
"ਨਦੀ ਤਰੰਦੜੀ ਮੈਡਾ ਖੋਜੁਨ ਖੁੰਭੈ ਮੰਝਿ ਮੁਹਬਤਿ ਤੇਰੀ।"
-ਗੂਜ ੫, ਵਾਰ ੯ਸ, ੫, ੧:੧ (520)
"ਇਤੀ ਮੰਝਿ ਨ ਸਮਾਵਈ ਜੇ ਗਲਿ ਪਹਿਰਾ ਹਾਰੁ।"(ਮੈਥੋਂ, ਮੈਨੂੰ)
-ਮਾਰੂ ੫, ਵਾਰ ੩ਸ, ੫, ੩:੨ (1095)

ਮਝਿਆ ----- ਵਿਚ, ਅੰਦਰ
"ਬੁਡਭੁਜ ਰੂਪ ਜੀਵੇ ਜਗ ਮਝਿਆ।"
-ਗਉ ਕਬ, ੨੫, ੨:੨ (328)

ਮਝੂਰਿ ------ ਵਿਚੇ ਹੀ
"ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ।"
-ਸਲੋ ਕਬ, ੧੨੬:੧ (1371)

ਮੰਝੇ ------- ਵਿਚ ਵੀ, ਅੰਦਰ ਵੀ

"ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ।"
-ਆਸਾ ੫, ਛੰਤ ੫, ੪:੩ (456)

ਮੰਞਹੁ ------ ਮੈਥੋਂ, ਮੇਰੇ ਤੋਂ
"ਮੰਞਹੁ ਦੂਰਿ ਨ ਜਾਹਿ ਪਿਰਾ ਜੀਉ ਘਰਿ ਬੈਠਿਆ ਹਰਿ ਪਾਏ।"
-ਗਉ ੩, ਛੰਤ ੫, ੧:੨ (246)

ਮੰਞੁ ------- ਮੈਂ
"ਸਰਬ ਕਲਾ ਪ੍ਰਭ ਪੂਰਣੋ ਮੰਞੁ ਨਿਮਾਣੀ ਥਾਉ।"
- ਮਾਝ ੫, ਦਿਨ ੪:੧ (137)

ਮਟਕਿ------ ਨਖਰੇ/ਮੌਜ ਨਾਲ
"ਮਟਕਿ ਮਟਕਿ ਚਲੁ ਸਖੀ ਸਹੇਲੀ ਮੇਰੇ ਠਾਕੁਰੁ ਕੇ ਗੁਨ ਸਾਰੇ।"
-ਨਟ ੪, ਅਸ ੫, ੪:੧ (983)

ਮਟਾਕ------ ਸਟ ਮਾਰਨ ਤੋਂ ਉਪਜਨ ਵਾਲੀਆਂ ਆਵਾਜ਼ ਭਾਵ ਸਟ, ਚੋਟ
"ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਉਪਰਿ ਮਟਾਕ।"
-ਸਾਰ ੫, ੧੦੫, ੨:੧ (1224)

ਮਟਿਆ ----- ਮਠ, ਸਥਾਨ
"ਕੋਇ ਨ ਜਾਣੈ ਕੀਮ ਕੇਵਡੁ ਮਟਿਆ।"
-ਰਾਮ ੫, ਵਾਰ ੧:੭ (957)

ਮਟੀਆ ----- ਮਿਟੀ ਅੰਦਰ, ਜ਼ਮੀਨ ਵਿਚ
"ਇਤਨਕੁ ਖਟੀਆ ਗਠੀਆ ਮਟੀਆ ਸੰਗਿ ਨ ਕਛੁ ਲੈ ਜਾਇ।"
-ਕੇਦਾ ਕਬ, ੬, ੧*:੨ (1124)

ਮਟੁ ------- ਮੱਠ, ਨਿਵਾਜ ਸਥਾਨ
"ਚਹੁ ਮਹਿ ਏਕੈ ਮਟੁ ਹੈ ਕੀਆ।"
-ਰਾਮ ੫, ੧੨, ੪:੧ (886)

ਮਟੁਕੀ------ ਛੋਟੀ ਗਾਗਰ (ਭਾਵ ਸਰੀਰ)
"ਕਾਚੀ ਮਟੁਕੀ ਬਿਨਸਿ ਬਿਨਾਸਾ।"
-ਆਸਾ ੫, ੧੩, ੩:੧ (374)
"ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ।"(ਚਾਟੀ)
-ਆਸਾ ਕਬ, ੧੦, ੨:੧ (478)

ਮੰਡਨ ------ ਸਜਾਵਟ
"ਤਖਤੁ ਸਭਾ ਮੰਡਨ ਦੋਲੀਚੇ।"
-ਗਉ ੫, ੮੧, ੩:੧ (179)

ਮੰਡਪ ------ (1) ਮਾੜੀਆਂ, ਵਡੇ ਆਲੀਸਾਨ ਮਕਾਨ
"ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ।"
-ਆਸਾ ੧, ਅਸ ੧੨, ੨:੧ (417)
"ਨੀਵ ਖੁਦਾਈ ਊਪਰਿ ਮੰਡਪ ਛਾਏ।"(ਮਹਲ)

-ਧਨਾ ਨਾਮ, ੧, ੧:੧ (692)

ਹੋਰ ਰੂਪ:

ਮੰਡਪਿ–
"ਭੂਮਿ ਦਾਨ ਸੋਭਾ ਮੰਡਪਿ ਪਾਵੈ।" (ਮਹਲ)
-ਗੋਂਡ ਰਵਿ, ੨, ੩:੨ (875)

(2) ਸ਼ਾਮਿਆਨੇ
"ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ।"
-ਆਸਾ ਕਬ, ੬, ੩:੧ (477)
(ਮਹਾਨਕੋਸ਼ ਅਰਥ 'ਵੇਦੀ' ਕਰਦਾ ਹੈ)

(3) ਵਡੇ ਕਮਰੇ, ਹਾਲ
"ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ।"
-ਸੂਹੀ ੩, ਵਾਰ ੮:੩ (788)

ਮੰਡਲ ------ (1) ਦੇਸ਼ (ਸ਼ਬਦਾਰਥ) ਚਕਰ, ਬ੍ਰਹਮੰਡ ਦਾ ਇਕ ਚੱਕਰ ਜਿਸ ਵਿਚ ਇਕ ਸੂਰਜ ਇਕ ਚੰਦਰਮਾ ਤੇ ਧਰਤੀ ਆਦਿਕ ਗਿਣੇ ਜਾਂਦੇ ਹਨ (ਦਰਪਨ)
"ਗਾਵਹਿ ਖੰਡ ਮੰਡਲ ਵਡਭੰਡਾ ਕਰਿ ਕਰਿ ਰਖੇ ਧਾਰੇ।"
-ਜਪੁ ੧, ੨੭:੧੪ (6)
"ਮਰਣੁ ਲਿਖਾਇ ਮੰਡਲ ਮਹਿ ਆਇ।"(ਭਾਵ ਮਾਤ ਲੋਕ, ਸੰਸਾਰ)
-ਧਨਾ ੧, ਅਸ ੧, ੬:੨ (686)
"ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰਬਾਰ।"(ਭਾਵ ਥਾਂ)
-ਬਿਲਾ ੫, ੩੧, ੧:੨ (808)

ਹੋਰ ਰੂਪ:

ਮੰਡਲਾਂ–
"ਦੀਪਾ ਲੋਆਂ ਮੰਡਲਾਂ ਖੰਡਾਂ ਵਰ ਭੰਡਾਂਹ।"
-ਆਸਾ ੧, ਵਾਰ ੮ਸ, ੧, ੧:੨ (467)

ਮੰਡਲਿ–
"ਅਵਗਤਿ ਬਾਨਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ।"(ਦੇਸ ਵਿਚ)
-ਸਿਰੀ ਬੇਣੀ, ੧, ੪:੪ (93)

(2) ਤਾਰਿਆਂ ਦਾ ਦੇਸ
"ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।"
-ਜਪੁ ੧, ੩੫:੬ (7)
(ਉਹ ਇਲਾਕਾ ਜਿਸ ਵਿਚ ਬਾਰਾ ਰਾਜੇ ਜੁੱਦੇ ਜੁੱਦੇ ਰਾਜ ਕਰਦੇ ਹੋਣ ਮਹਾਨਕੋਸ਼ ਦਰਪਣ ਮੰਡਲ ਦੇਸ ਦੇ ਅਰਥ 'ਭਵਨ ਚਕਰ' ਕੀਤਾ ਹੈ)

(3) ਸਮੂਹ
"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।"
-ਧਨਾ ੧, ਸੋਹ ੩, ੧:੧ (13)

ਹੋਰ ਰੂਪ:

ਮੰਡਲਵੈ–

“ਗਾਵੈ ਗੁਣ ਧੋਮੁ ਅਟਲ ਮੰਡਲਵੈ ਭਗਤਿ ਭਾਇ ਰਸੁ ਬੀਤਿਣਿਉ।”(ਧ੍ਰੂ ਤਾਰੇ ਦਾ ਸਮੂਹ)

–ਸਵ ੧, ੩:੩ (1389)

ਮੰਡਲੋ–

“ਨ ਸੂਰ ਸਸਿ ਮੰਡਲੋ।”

–ਮਾਝ ੧, ਵਾਰ ੧੫ਸ, ੧, ੪:੧ (144)

(4) ਟਿੱਕਿਆ ਹੋਇਆ, ਜੜਿਆ ਹੋਇਆ

“ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ।”

–ਗਉ ੪, ਸੋਹ ੪, ੧:੨ (13)

(5) ਸਭਾ, ਦਾਇਰਾ, ਸੰਗ, ਹੋਰ ਦੇਖੋ ਮੰਡਲੁ (2)

“ਸੰਤ ਮੰਡਲ ਮਹਿ ਜਨਮ ਮਰਣੁ ਰਹੈ। ਸੰਤ ਮੰਡਲ ਮਹਿ ਜਮ ਕਿਛੁ ਨ ਕਹੈ।”

–ਭੈਰ ੫, ੩੭, ੨:੧; ੨ (1146)

ਹੋਰ ਰੂਪ:

ਮੰਡਲੀ–

“ਸਰਬ ਸੁਖਾ ਤੇਰੀ ਮੰਡਲੀ ਤੇਰਾ ਮਨੁ ਤਨੁ ਆਰੋਗ।”(ਸਭਾ, ਸੰਗਤ ਵਿਚ)

–ਬਿਲਾ ੫, ੨੮, ੧:੧ (807)

ਮੰਡਲੀਕ–

“ਸਰਬ ਸਾਸਤ੍ਰ ਬਹੁ ਰੂਪੀਆ ਅਨ ਗਰੂਆ ਆਖਾੜਾ ਮੰਡਲੀਕ ਬੋਲ ਬੋਲਹਿ ਕਾਛੇ।”

–ਮਲਾ ਨਾਮ, ੧, ੩:੨ (1292)

ਮੰਡਲੁ ------ (1) ਮੰਡਪ, ਮੰਡੂਆ

“ਰਾਸਿ ਮੰਡਲੁ ਕੀਨੋ ਆਖਾਰਾ।”

–ਸੂਹੀ ੫, ੪੫, ੧*:੧ (746)

(2) ਸੰਗ, ਸਭਾ, ਦੇਖੋ ‘ਮੰਡਲ’ (5)

“ਸੰਤ ਮੰਡਲੁ ਤਹਾ ਕਾ ਨਾਉ।”

–ਭੈਰ ੫, ੩੭, ੧*:੧ (1146)

ਮੰਡਾ ------- (1) ਸਜਿਆ, ਸ਼ੋਭਾ ਸਹਿਤ ਹੋਇਆ

“ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ।”

–ਗਉ ੪, ਸੋਹ ੪, ੧:੨ (13)

(2) ਭੋਗਿਆ ਹੈ

“ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ।”

–ਗਉ ੪, ਸੋਹ ੪, ੪:੨ (13)

(3) ਬਣਾਏ ਹਨ

“ਖੰਡਲ ਮੰਡਲ ਮੰਡਲ ਮੰਡਾ।”

–ਭੈਰ ਕਬ, ਅਸ ੧, ੩:੧ (1162)

ਮੰਡਿਤ ------ ਪੂਜਦਾ ਹੈ

“ਕੋ ਖਟੁ ਕਰਮ ਸਹਿਤ ਸਿਉ ਮੰਡਿਤ।”

–ਰਾਮ ੫, ਅਸ ੧, ੭:੨ (913)

"ਬਿਨੁ ਅਮਰੈ ਕੈਸੇ ਰਾਜ ਮੰਡਿਤ।"

-ਭੈਰ ੫, ੧੯, ੩:੨ (1140)

ਮੰਡੁ ------- ਧਾਰਨ ਕਰ, ਭਰ

"ਨਾਮੁ ਨਿਧਾਨੁ ਸਤਿ ਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ।"

-ਸਿਰੀ ੫, ੯੦, ੪:੪ (50)

ਮੰਡੇ ------- ਰੋਟੀ

"ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ।"

-ਬਿਹਾ ੪, ਵਾਰ ੧੨ਸ, ਮਰ, ੧:੫ (553)

ਮਣ ------- (1) ਬੋਹਲ

"ਹਲੁ ਬੀਚਾਰੁ ਵਿਕਾਰ ਮਣ ਹੁਕਮੀ ਖਟੇ ਖਾਇ।"

-ਰਾਮ ੩, ਵਾਰ ੧੭ਸ, ੧, ੧:੩ (955)

(2) ਤੋਲ ਦੀ ਇਕ ਇਕਾਈ, 40 ਸੇਰ

"ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸਾਹਾ ਸਿਰਿ ਸਾਹ।"

-ਮਲਾ ੧, ਵਾਰ ੨੧ਸ, ੧, ੪:੧ (1287)

ਮਣਕੜਾ------ ਮਣਕਾ

"ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ।"

-ਸਿਰੀ ੧, ੨੫, ੨:੨ (23)

ਮਣਾ ------ ਮਣਾਂ ਮੂੰਹੀ, ਬਹੁਤ

"ਜਿਨੀ ਰਾਵਿਆ ਸੋ ਪ੍ਰਭੁ ਤਿੰਨਾ ਭਾਗੁ ਮਣਾ।"

-ਮਾਝ ੫, ਬਾਰਾ ੨:੭ (133)

ਮਣਿ ------- ਮਣਕੇ

"ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ-ਪੋਤਿ ਪ੍ਰਭ ਸੋਈ।"

-ਆਸਾ ਨਾਮ, ੧, ੧*:੩ (485)

"ਉਦਧਿ ਗੁਰੁ ਗਹਿਰ ਗੰਭੀਰ ਬੇਅੰਤੁ ਹਰਿ ਨਾਮ ਨਗ ਹੀਰ ਮਣਿ ਮਿਲਤ ਲਿਵ ਲਾਈਐ।"(ਮਣੀਆਂ)

-ਸਵ ੪, ਨਲ ੧੫:੨ (1401)

ਮਣਿਆ ------ ਮਾਣਿਆ ਹੈ

"ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ।"

-ਗਉ ੫, ਵਾਰ ੭:੩ (319)

ਮਣੀ ------- (1) ਹੀਰਾ, ਰਤਨ

"ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।"

-ਸਿਰੀ ੧, ੧, ੨:੨ (14)

"ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ।"(ਭਾਗਾਂ ਦੀ ਮਣੀ)

-ਵਡਾ ੩, ਛੰਤ ੨, ੩:੧ (568)

ਹੋਰ ਰੂਪ:

ਮਣੀਆ–

“ਸਚੁ ਸਹਜੁ ਅਨਦੁ ਸਤਿਗੁਰੂ ਪਾਸਿ ਸਚੀ ਗੁਰ ਮਣੀਆ।”

–ਬਿਲਾ ੪, ਵਾਰ ੧੨:੪ (854)

(2) ਅਹੰਕਾਰ, ਮਾਨ

“ਮਣੀ ਮਿਟਾਇ ਜੀਵਤ ਮਰੈ ਗੁਰ ਪੂਰੇ ਉਪਦੇਸ।”

–ਗਉ ੫, ਬਾਅ ੩੧:੩ (256)

“ਖਸਮੁ ਪਛਾਨਿ ਤਰਸ ਕਰਿ ਜੀਅ ਮਹਿ ਮਾਰਿ ਮਣੀ ਕਰਿ ਫੀਕੀ।”(ਮਾਨ, ਅੰਹਕਾਰ, ਹਉਮੈ)

–ਆਸਾ ਕਬ, ੧੭, ੪:੧ (480)

“ਆਵਣੁ ਜਾਣੁ ਨ ਚੁਕਈ ਭਾਈ ਝੂਠੀ ਦੁਨੀ ਮਣੀ।”

–ਸੋਰ ੫, ੨, ੨:੩ (608)

(ਮਹਾਨ ਕੋਸ਼ ਅਰਥ ਮਨੌਤ, ਮਮਤਾ, ਕਰਦਾ ਹੈ)

(3) ਮਣਕਾ

“ਸੂਤ ਬਿਨਾ ਕੈਸੇ ਮਣੀ ਪਰੋਈਐ।” (ਭਾਵ ਮਾਲਾ)

–ਗੋਂਡ ਕਬ, ੯, ੨:੨ (872)

ਹੋਰ ਰੂਪ:

ਮਣੀਆ–

“ਆਪੇ ਸੂਤੁ ਆਪੇ ਬਹੁ ਮਣੀਆ ਕਰਿ ਸਕਤੀ ਜਗਤੁ ਪਰੋਈ।”(ਮੋਤੀ)

–ਸੋਰ ੪, ੨, ੧:੨ (605)

ਮਣੀਏ–

“ਤੂੰ ਸੂਤੁ ਮਣੀਏ ਭੀ ਤੂੰ ਹੈ।”(ਮੋਤੀ)

–ਮਾਝ ੫, ੨੮, ੨:੧ (102)

“ਅਨਿਕ ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ।”(ਮਣਕੇ ਭਾਵ ਸਰੀਰ)

–ਸੋਰ ੫, ੪, ੩:੧ (609)

(4) ਭਰੀ ਹੋਈ

“ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ।”

–ਬਸੰ ਨਾਮ, ੩, ੧:੧ (1196)

(5) ਮਾਨ– ਵਡਿਆਈ

“ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ।”

–ਮਲਾ ੧, ਵਾਰ ੧੧:੩ (1283)

ਮਣੁ -------ਤੋਲ ਦੀ ਇਕ ਇਕਾਈ, ਵੇਖੋ ‘ਮਣ’ (2)

“ਸਉ ਮਣੁ ਹਸਤੀ ਘਿਉ ਗੁੜੁ ਖਾਵੈ ਪੰਜਿ ਸੈ ਦਾਣਾ ਖਾਇ।”

–ਮਲਾ ੧, ਵਾਰ ੧੯ਸ, ੧, ੨:੧ (1286)

ਮਤ-------- (1) ਨਿਸ਼ੇਧਾਤਮਕ ਸ਼ਬਦ ਨਾ

“ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ।”

–ਸਿਰੀ ੩, ੩੬, ੫:੧ (27)

(2) ਮਸਤ

“ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਣੇ।”

-ਗਉ ੧, ਛੰਤ ੧, ੧:੫ (242)

“ਦੇਹ ਨ ਗੇਹ ਨ ਨੇਹ ਨ ਨੀਤਾ ਮਾਇਆ ਮਤ ਕਹਾ ਲਉ ਗਾਰਹੁ।”(ਮਤਾ)

-ਸਸ ੫, ੫*:੧ (1388)

(3) ਮਤੇ ਕਿਤੇ ਕਦਾਚਿਤ

“ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ।”

-ਆਸਾ ੪, ਛੰਤ ੧੩, ੨:੧ (447)

“ਮਤ ਤੁਮ ਜਾਣਹੁ ਓਇ ਜੀਵਦੇ ਓਇ ਆਪਿ ਮਾਰੇ ਕਰਤਾਰਿ।”

-ਵਡ ੪, ਵਾਰ ੯ਸ, ੩, ੨:੨ (589)

(4) ਸਿੱਧਾਂਤ

“ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ।”

-ਸੋਰ ਕਬ, ੩, ੧:੧ (654)

(5) ਕੁਝ ਪਤਾ ਨਹੀਂ

“ਸਤਗੁਰੁ ਸੇਵਿ ਖਰਚੁ ਹਰਿ ਬਾਧਹੁ ਮਤ ਜਾਣਹੁ ਆਜੁ ਕਿ ਕਾਲ੍ਹੀ।”

-ਧਨਾ ੪, ੪, ੨:੨ (667)

(6) ਸ਼ਾਇਦ

“ਅਖੀ ਕਾਢਿ ਧਰਤੀ ਚਰਣਾ ਤਲਿ ਸਭ ਧਰਤੀ ਫਿਰ ਮਤ ਪਾਈ।”(ਮਤੇ)

-ਸੂਹ ੪, ਅਸ ੧, ੭:੧ (757)

ਮਤੰ -------ਮਸਤ, ਵੇਖੋ ‘ਮਤ’ (2)

“ਗਰਬੰਤਿ ਨਾਰੀ ਮਦੋਨ ਮਤੰ।”

-ਸਸ ੫, ੬੩:੧ (1359)

ਮੰਤ ------- (1) ਮੰਤਰ, ਉਪਦੇਸ਼

“ਮਤਿ ਪੂਰੀ ਪਰਧਾਨ ਤੇ ਗੁਰ ਪੂਰੇ ਮਨ ਮੰਤ।”(ਭਾਵ ਉਪਦੇਸ਼)

- ਗਉ ੫, ਸੁਖ ੮, ੬:੪ (273)

“ਨਿਰਮਲ ਰੀਤਿ ਨਿਰੋਧਰ ਮੰਤੁ।” (ਮੰਤਰ)

-ਗਉ ੫, ਬਾਅ ੪੨ਸ:੧ (259)

“ਬ੍ਰਹਮ ਗਿਆਨੀ ਕਾ ਨਿਰਮਲ ਮੰਤ।”(ਉਪਦੇਸ਼)

-ਗਉ ੫, ਥਿਤੀ ੮:੪ (298)

“ਮਨ ਤਨ ਅੰਤਰਿ ਹਰਿ ਹਰਿ ਮੰਤ।” (ਮੰਤਰ ਨਾਮ)

-ਬਿਲਾ ੫, ੩, ੪:੩ (802)

(2) ਮੰਤਵ, ਉਦੇਸ਼

“ਪਾਰੁ ਨ ਪਾਵੈ ਕੋ ਧਰਨੀਧਰ ਮੰਤ।”

-ਭੈਰ ਕਬ, ਅਸ ੧, ੩:੪ (1162)

ਮਤਸਰ ------ਈਰਖਾ

“ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ।”

-ਆਸਾ ੫, ੩੬, ੧:੧ (379)

ਮੰਤਨ ------ਉਪਦੇਸ਼

“ਕਿਲਵਿਖ ਸਭਿ ਦੋਖ ਬਿਨਾਸਨੁ ਹਰਿ ਨਾਮੁ ਜਪੀਐ ਗੁਰ ਮੰਤਨ ਕੇ।”

-ਰਾਮ ੫, ਛੰਤ ੩, ੧:੨ (925)

ਮੰਤਰ ------ ਮਤਾ

“ਦੁਸਟ ਸਭਾ ਮਿਲਿ ਮੰਤਰਿ ਉਪਾਇਆ ਕਰਸਹ ਅਉਧ ਘਨੇਰੀ।”

-ਭੈਰ ਨਾਮ, ੯, ੩:੧ (1165)

ਮਤਵੰਤਾ----- ਮਤਵਾਲਾ, ਮਦਮਸਤ

“ਪੀਓ ਮਦਰੋ ਧਨ ਮਤਵੰਤਾ।”

-ਸੂਹੀ ੫, ੫, ੨:੩ (737)

ਮਤਵਾਰ----- ਮਤਵਾਲਾ, ਮਦਮਤ

“ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ।”

-ਕੇਦਾ ਕਬ, ੩, ੧:੨ (1123)

ਹੋਰ ਰੂਪ:

ਮਤਵਾਰਾ-

“ਉਆ ਕਉ ਕਹੀਐ ਸਹਜ ਮਤਵਾਰਾ।”(ਮਤਵਾਲਾ)

-ਗਉ ਕਬ, ੨੭, ੧*:੧ (328)

ਮਤਵਾਰੀ-

“ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ।”(ਮਸਤ)

-ਆਸਾ ਕਬ, ੨੫, ੨:੧ (482)

ਮਤਵਾਰੇ-

“ਲੰਪਟ ਚੋਰ ਦੂਤ ਮਤਵਾਰੇ ਤਿਨ ਸੰਗਿ ਸਦਾ ਬਸੇਰਾ।”(ਮਤਵਾਲੇ ਭਾਵ ਸ਼ਰਾਬੀ)

-ਰਾਮ ਕਬ, ੮, ੩:੨ (971)

ਮਤਵਾਰੋ-

“ਮਤਵਾਰੋ ਮਾਇਆ ਸੋਇਆ।”(ਮਤ ਵਾਲਾ)

-ਗਉ ੫, ੧੪੦*, ੩:੧ (210)

ਮਤਵਾਲਾ ---- ਮਸਤ

“ਕਲਿ ਕਲਵਾਲੀ ਮਾਇਆ ਮਦੁ ਮੀਠਾ ਮਨੁ ਮਤਵਾਲਾ ਪੀਵਤੁ ਰਹੈ।”(ਭਾਵ ਮਦਮਸਤ)

-ਆਸਾ ੧, ੫, ੪:੧ (350)

ਹੋਰ ਰੂਪ:

ਮਤਵਾਲੇ-

“ਓਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੈ ਮਦਿ ਮਤਵਾਲੇ।”

-ਗਉ ੪, ਵਾਰ ੧੯:੫ (311)

ਮਤੜੀ ------ ਮਤ

“ਤਿਆਗੈ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ।”

-ਸੂਹੀ ੫, ਕੁਚ ੩:੮ (763)

ਮਤੜੀ ਕਾਂਢਕੁ - ਮਤ ਦੇਣ ਵਾਲਾ, ਉਪਦੇਸ਼ਕ

“ਮਤੜੀ ਕਾਂਢਕੁ ਆਹ ਪਾਵ ਧੋਵੰਦੋ ਪੀਵਸਾ।”

-ਮਾਰੂ ੫, ਵਾਰ ੧੫ਸ, ੫, ੩:੧ (1099)

ਮਤਾ ------- (1) ਮਸਤ ਹੋਇਆ
“ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ।”
-ਸਿਰੀ ੧, ਪਹ ੧, ੩:੪ (75)
(2) ਸਲਾਹ, ਫੈਸ਼ਲਾ
“ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ।”
-ਆਸਾ ੫, ੫, ੧:੧ (371)
(3) ਇਰਾਦਾ
“ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ।”
-ਗੂਜ ੫, ੫, ੧:੧ (496)

ਮੰਤਾ ------- ਮੰਤਰ
“ਸਿਮਰਿ ਮਨਾ ਪੂਰੇ ਗੁਰ ਮੰਤਾ।”(ਭਾਵ ਸਿਖਿਆ, ਉਪਦੇਸ਼)
-ਗਉ ੫, ੯੪, ੨:੪ (184)
“ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ।”
-ਧਨਾ ੫, ੪੧, ੧:੨ (681)
(2) ਉਪਦੇਸ਼
“ਹਰਿ ਸਿਉ ਸੋ ਰਚੈ ਜਿਸੁ ਸਾਧ ਕਾ ਮੰਤਾ।”
-ਗਉ ੫, ੧੦੯, ੨:੨ (201)
(3) ਮੰਤਰ (ਜਾਦੂ ਵਾਲਾ)
“ਅਵਰੁ ਨ ਅਉਖਧੁ ਤੰਤ ਨ ਮੰਤਾ।”
-ਆਸਾ ੧, ਅਸ ੯, ੪:੧ (416)

ਮਤਾਗਲ------ ਹਾਥੀ
“ਮਨ ਕੀ ਮਤਿ ਮਤਾਗਲ ਮਤਾ।”
-ਆਸਾ ੧, ੯, ੨:੧ (351)

ਮਤਾਤ ------ ਫੈਸਲੇ,ਨਿਰਣੇ
“ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ।”
-ਗੂਜ ੫, ੫, ੧:੨ (496)

ਮਤਾਂਤ ------ (1) ਸਿਖਿਆ
“ਪ੍ਰਗਟ ਭਏ ਆਪਹਿ ਗੋੁਬਿੰਦ ਨਾਨਕ ਸੰਤ ਮਤਾਂਤ।”
-ਗਉ ੫, ਬਾਅ ੨੨ਸ:੨ (254)
(2) ਸਾਰੇ ਮਤਾਂ ਦਾ ਨਿਚੋੜ, ਮਤਾਂ ਦਾ ਅੰਤ, ਮਤਾਂ ਦਾ ਸਿੱਟਾ
“ਸਗਲ ਮਤਾਂਤ ਕੇਵਲ ਹਰਿ ਨਾਮ।”
-ਗਉ ੫, ਸੁਖ ੨੪, ੭:੫ (296)

ਮਤਾਂਤੁ ------ ਸਲਾਹ, ਪਕੀਰਾਏ
“ਸੁਣ ਸਖੀਏ ਇਹ ਭਲੀ ਬਿਨੰਤੀ ਏਹੁ ਮਤਾਂਤੁ ਪਕਾਈਐ।”
-ਗਉ ੫, ਛੰਤ ੪, ੨:੧ (249)

ਮੰਤਾਨੀ ------ ਮੰਤਰ

"ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ।"
-ਧਨਾ ੫, ੫, ੨:੧ (671)

ਮਤਿ -------- (1) ਸਮਝ, ਬੁੱਧੀ, ਸਿਆਣਪ, ਅਕਲ

"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇਇਕ ਗੁਰ ਕੀ ਸਿਖ ਸੁਣੀ।"
-ਜਪੁ ੧, ੬:੩ (2)

"ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।"
-ਜਪੁ ੧, ੩੬:੭ (8)

(ਮਹਾਨਕੋਸ਼ ਇਥੇ 'ਮਤਿ' ਦੇ ਅਰਥ 'ਅਹੰਕਾਰ' ਕਰਦਾ ਹੈ)
"ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ।"
-ਸਾਰ ੫, ੧੨੯, ੩:੨ (1229)

(ਮਹਾਨ ਕੋਸ਼ ਇਥੇ ਅਰਥ ਮਤਵਾਲਾ ਕਰਦਾ ਹੈ)

(2) ਮਰਜ਼ੀ, ਸਮਝ

"ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ।"
-ਸਿਰੀ ੫, ੭੧, ੩:੩ (42)

"ਗੁਰ ਕੀ ਮਤਿ ਜੀਇ ਆਈ ਕਾਰਿ।" (ਭਾਵ ਸਿਖਿਆ)
-ਗਉ ੧, ਅਸ ੧, ੧:੪ (220)

(3) ਮਸਤ

"ਦੂਜੇ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋਬਨਿ ਮੈ ਮਤਿ।"
-ਸਿਰੀ ੧, ਪਹ ੨, ੨:੧ (75)

(4) ਬੁੱਧੀ ਨੂੰ, ਮਤ ਨੂੰ

"ਉਛਲਿਆ ਕਾਮੁ ਕਾਲ ਮਤਿ ਲਾਗੀ ਤਉ ਆਨਿ ਸਕਤਿ ਗਲਿ ਬਾਂਧਿਆ।"
-ਸਿਰੀ ਬੇਣੀ, ੧, ੨:੪ (93)

(5) ਧਰਮ ਦਾ ਰਸਤਾ

"ਕਵਨ ਸੁ ਮਤਿ ਜਿਤੁ ਤਰੈ ਇਹ ਮਾਇ।"
-ਗਉ ੫, ੮੨, ੧*:੨ (180)

(6) ਨਿਸ਼ੇਧਾਤਮਕ ਸ਼ਬਦ, ਨਾਹ

"ਹਮਰੈ ਖੋਜਿ ਪਰਹੁ ਮਤਿ ਕੋਈ।"
-ਗਉ ਕਬ, ੩, ੧*:੨ (324)

"ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸਹੀ ਹੇਇ।"
-ਰਾਮ ੩, ਵਾਰ ੧੮ਸ, ੨, ੧:੧ (955)

(7) ਸਿਖਿਆ

"ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ।"
-ਰਾਮ ੧, ਓਅੰ, ੫੪:੧ (938)

(8) ਮਦ, ਸ਼ਰਾਬ

"ਪੀਵਹੁ ਸੰਤ ਸਦਾ ਮਤਿ ਦੁਰਲਭ ਸਹਜੇ ਪਿਆਸ ਬੁਝਾਈ।"
-ਕੇਦਾ ਕਬ, ੩, ੧*:੨ (1123)

(9) ਮਤੇ

"ਮਤਿ ਕੋਊ ਮਾਰੈ ਈਂਟ ਢੇਮ।"

–ਬਸੰ ਕਬ, ੧, ੪:੨ (1196)

"ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ।"

–ਸਲੋ ਕਬ, ੯0:੨ (1369)

(10) ਗਿਆਨ

"ਨਾਉ ਤੇਰਾ ਗਹਣਾ ਮਤਿ ਮਕਸੂਦੁ।"

–ਪ੍ਰਭਾ ੧, ੧, ੧:੨ (1327)

ਮਤਿਹਾਰੀ---- ਹਾਰੀ ਹੋਈ ਮੱਤ ਵਾਲੀਆ ਭਾਵ ਮੂਰਖ

"ਟੂਟੀ ਲਾਜੁ ਭਰੈ ਮਤਿਹਾਰੀ।"

–ਗਉ ਕਬ, ੧੨, ੩:੨ (325)

ਮਤਿਹੀਣ ---- ਬੇਸਮਝ

"ਹਮ ਮਤਿਹੀਣ ਮੂਰਖ ਮੁਗਧ ਅੰਧੇ ਸਤਿਗੁਰਿ ਮਾਰਗਿ ਪਾਏ।"

–ਗਉ ੩, ਛੰਤ ੪, ੩:੫ (246)

ਹੋਰ ਰੂਪ:

ਮਤਿਹੀਣੁ–

"ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ।"(ਬੇਸਮਝ)

–ਮਾਝ ੧, ਵਾਰ ੧ਸ, ੧, ੩:੩ (138)

ਮਤਿਹੀਨ ---- ਬੇ ਸਮਝ

"ਬਾਬਾ ਮੈ ਕੁਚੀਲੁ ਕਾਚਉ ਮਤਿਹੀਨ।"

–ਮਾਰੂ ੧, ਅਸ ੩, ੧*:੧ (1010)

ਹੋਰ ਰੂਪ:

ਮਤਿਹੀਨਾ–

"ਅੰਧ ਗੁੰਗ ਪਿੰਗੁਲ ਮਤਿਹੀਨਾ ਪ੍ਰਭ ਰਾਖਹੁ ਰਾਖਨਹਾਰਾ।"

–ਦੇਵ ੫, ੧੧, ੨:੧ (530)

ਮਤਿਹੀਨੁ–

"ਅਪਰਾਧੀ ਮਤਿਹੀਨੁ ਨਿਰਗੁਨੁ ਅਨਾਥੁ ਨੀਚੁ।(ਅਕਲ ਤੋਂ ਖਾਲੀ ਮੂਰਖ)

–ਆਸਾ ੫, ਛੰਤ ੮, ੨:੧ (458)

ਮਤੀ ------- (1) ਮਸਤੇ ਹੋਏ

"ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।"

–ਸਿਰੀ ੧, ੫, ੧:੨ (15)

"ਲਾਜ ਨ ਆਵੈ ਅਗਿਆਨ ਮਤੀ ਦੁਰਜਨ ਬਿਰਮਾਈਐ ਰਾਮ।"

–ਬਿਲਾ ੫, ਛੰਤ ੪, ੨:੪ (848)

(2) ਬੁੱਧੀ, ਮਤ, ਸਮਝ

"ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ।"

–ਸਿਰੀ ੧, ੮, ੧:੩ (17)

(3) ਸਲਾਹ, ਮਤ, ਸਿਖਿਆ

"ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ।"

–ਸਿਰੀ ੧, ਅਸ ੫, ੬:੨ (56)

“ਧਿਰੁ ਨਾਮੁ ਭਗਤਿ ਦਿੜੰ ਮਤੀ ਗੁਰ ਵਾਕਿ ਸਬਦ ਰਤੰ।”(ਸਿਖਿਆ)
- ਗੂਜ ੧, ਅਸ ੫, ੩:੨ (505)
“ਸਖੀ ਬਤਾਵਹੁ ਮੁਝਹਿ ਮਤੀ ਰੀ।” (ਸਲਾਹ)
-ਸੂਹੀ ੫, ੧੦, ੧*:੨ (739)

ਹੋਰ ਰੂਪ:

ਮੰਤੀ–
“ਰਾਜਾ ਜਨਮੇਜਾ ਦੇ ਮੰਤੀ ਬਰਜਿ ਬਿਆਸਿ ਪੜਾਇਆ।”(ਮਤਾਂ, ਸਿਖਿਆਵਾਂ)
-ਪ੍ਰਭਾ ੧, ਅਸ ੪, ੪:੧ (1344)

ਮਤੁ ------- (1) ਮਤੇ, ਮਤਾਂ
“ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।”
-ਸਿਰੀ ੧, ੨੭, ੪:੧ (24)
(2) ਮਸਤ
“ਮਾਇਆ ਮੁਈ ਨ ਮਨੁ ਮੁਆ ਸਰੁ ਲਹਰੀ ਮੈ ਮਤੁ।”
-ਮਾਰੂ ੧, ੧੦, ੧:੧ (992)

ਮੰਤੁ ------- (1) ਮਨਤਵ, ਮਨੋਰਥ, ਉਦੇਸ਼
“ਅੰਤੁ ਨ ਜਾਪੈ ਕਿਆ ਮਨਿ ਮੰਤੁ।”
-ਜਪੁ ੧, ੨੪:੪ (5)
(2) ਮੰਤਰ, ਜਾਪ
“ਗੁਰ ਸਬਦੀ ਆਰਾਧੀਐ ਜਪੀਐ ਨਿਰਮਲ ਮੰਤੁ।”
-ਮਾਝ ੪, ਦਿਨ ੩:੩ (137)
(3) ਉਪਦੇਸ਼
“ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।”
-ਗਉ ੫, ੧੨੫, ੩:੨ (206)
“ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ।”(ਸਲਾਹ, ਸਿਖਿਆ ਉਪਦੇਸੁ)
-ਬਿਲਾ ੫, ੯੦, ੨:੧ (822)

ਮਤੇ ------- (1) ਮਤ, ਸਿਖਿਆ, ਉਪਦੇਸ਼
“ਸਹਜੇ ਸਮਾਈਐ ਗੋਵਿੰਦੁ ਪਾਈਐ ਦੇਹੁ ਸਖੀਏ ਮੋਹਿ ਮਤੇ।”
-ਬਿਲਾ ੫, ਛੰਤ ੧, ੧:੪ (845)

ਹੋਰ ਰੂਪ:

ਮਤੈ–
“ਘਲੇ ਆਣੇ ਆਪਿ ਜਿਸੁ ਨਾਹੀ ਦੂਜਾ ਮਤੈ ਕੋਇ।”(ਸਲਾਹ ਦੇਣਾ)
-ਸੂਹੀ ੧, ੫, ੪:੧ (729)
(2) ਮਸਤ/ ਮਗਨ ਹੋਇਆ
“ਅੰਤਰਿ ਪਿਆਰੁ ਭਗਤੀ ਰਾਤਾ ਸਹਜਿ ਮਤੇ ਬਣਿ ਆਈ ਹੇ।”
-ਮਾਰੂ ੩, ਸੋਲਾ ੧, ੬:੩ (1044)

ਮੰਤੈ -------ਮੰਤਰ, ਉਪਦੇਸ਼

"ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ।"

–ਗਉ ੫, ਛੰਤ ੪, ੧:੨ (249)

ਮੰਤ੍ਰ ------- (ਸੰ.) (1) ਵਿਸ਼ੇਸ਼ ਸਿੱਧੀ ਪ੍ਰਾਪਤ ਕਰਨ ਲਹੀ ਜਪੇ ਜਾਣ ਵਾਲਾ ਸ਼ਬਦ ਅਥਵਾ ਵਾਕੰਸ਼

"ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ।"

–ਗਉ ੧, ੧੬, ੧:੧ (156)

"ਅਉਖਧ ਮੰਤ੍ਰ ਤੰਤ ਸਭਿ ਛਾਰਿ।"

–ਗਉ ੫, ੧੪੯, ੩:੧ (196)

ਹੋਰ ਰੂਪ:

ਮੰਤ੍ਰੰ –

"ਦਸਨ ਬਿਹੂਨ ਭੁਯੰਗੰ ਮੰਤ੍ਰੰ ਗਾਰੁੜੀ ਨਿਵਾਰੰ।"

–ਗਾਥਾ ੫, ੧੬:੧ (1361)

(2) ਉਪਦੇਸ਼, ਸਿਖਿਆ

"ਕਹੁ ਨਾਨਕ ਗੁਰ ਮੰਤ੍ਰ ਚਿਤਾਰਿ।"

–ਗਉ ੫, ੧੦੧, ੪:੧ (186)

"ਪੂਰਾ ਗੁਰੁ ਅਖ੍ਹਓ ਜਾ ਕਾ ਮੰਤ੍ਰ।"(ਉਪਦੇਸ਼, ਗਿਆਨ)

–ਗਉ ੫, ਸੁਖ ੧੮, ੪:੭ (287)

ਹੋਰ ਰੂਪ:

ਮੰਤ੍ਰੰ–

"ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ।"

–ਸਸ ੫, ੪੦:੧ (1357)

ਮੰਤ੍ਰਣਹ ----- ਮੰਤ੍ਰ, ਸਿਖਿਆ, ਉਪਦੇਸ਼

"ਸਿਮਰਤਬ੍ਯ ਰਿਦੈ ਗੁਰ ਮੰਤ੍ਰਣਹ।"

–ਗਾਥਾ ੫, ੧੪:੨ (1361)

ਮੰਤ੍ਰੜਾ------ ਮੰਤ੍ਰ, ਸਿਖਿਆ, ਉਪਦੇਸ਼

"ਗੁਰ ਮੰਤ੍ਰੜਾ ਚਿਤਾਰਿ ਨਾਨਕ ਦੁਖੁ ਨ ਥੀਵਈ।"

–ਗੂਜ ੫, ਵਾਰ ੧੩ਸ, ੫, ੨:੨ (521)

ਮੰਤ੍ਰਿ ------- (1) ਉਪਦੇਸ਼ ਨਾਲ

"ਜਾ ਕੈ ਮੰਤ੍ਰਿ ਹਰਿ ਹਰਿ ਮਨਿ ਵਸੈ।"

–ਗੋਂਡ ੫, ੬, ੨:੧ (863)

"ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ।"

–ਭੈਰ ਕਬ, ਅਸ ੧, ੮:੨ (1162)

(2) ਵਿਸ਼ੇਸ਼ ਸਿੱਧੀ ਦੀ ਪ੍ਰਾਪਤੀ ਲਈ ਜਪੇ ਜਾਣ ਵਾਲਾ ਸ਼ਬਦ ਅਥਵਾ ਵਾਕੰਸ਼

"ਵੇਮਾਰਗਿ ਮੂਸੈ ਮੰਤ੍ਰਿ ਮਸਾਣਿ।"

–ਰਾਮ ੧, ਸਿਗੋ ੨੬:੪ (941)

"ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ।" (ਮੰਤਰ ਨਾਲ)

–ਸਾਰ ੪, ਵਾਰ ੧੬:੨ (1244)

(3) ਸਲਾਹ ਮਸ਼ਵਰੇ ਵਿਚ

“ਆਪੁਨੋ ਭਾਵਨੁ ਕਰਿ ਮੰਤ੍ਰਿ ਨ ਦੂਸਰੋ ਧਰਿ ਓਪਤਿ ਪਰਲੌ ਏਕੈ ਨਿਮਖ ਤੁ ਘਰਿ।”
-ਸਮੁ ੫, ੨:੨ (1385)

ਮੰਤ੍ਰੀ ------- (1) ਮਾਂਦ੍ਰੀ, ਸਿਆਣਾ, ਮੰਤਰਾਂ ਦੇ ਜਾਣਨ ਵਾਲਾ
“ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ।”
-ਮਾਝ ੧, ਵਾਰ ੨੨ਸ, ੨, ੧:੧ (148)
(2) ਵਜ਼ੀਰ, ਸਲਾਹਕਾਰ
“ਤੂਹੈ ਮੰਤ੍ਰੀ ਸੁਨਹਿ ਪ੍ਰਭ ਤੂਹੈ ਸਭੁ ਕਿਛੁ ਕਰਣੈਹਾਰਾ।”
-ਸੋਰ ੫, ੬੩, ੨:੧ (625)

ਮੰਤ੍ਰੁ ------- (1) ਸਿਖਿਆ, ਉਪਦੇਸ਼
“ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ।”
-ਮਾਝ ੪, ੩, ੩:੩ (95)
“ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ।” (ਮਤ,ਸਿਖਿਆ)
-ਗਉ ੫, ੧੧੧, ੪:੧ (188)
“ਤੁਰਕ ਮੰਤ੍ਰੁ ਕਨਿ ਰਿਦੈ ਸਮਾਹਿ।”(ਭਾਵ ਕਲਮਾ)
-ਰਾਮ ੩, ਵਾਰ ੧੧ਸ, ੧, ੧:੧੧ (951)
(2) ਵਿਸ਼ੇਸ਼ ਸਿਧੀ ਪ੍ਰਾਪਤ ਕਰਨ ਲਈ ਜਪੇ ਜਾਣ ਵਾਲਾ ਵਾਕੰਸ ਅਥਵਾ ਸ਼ਬਦ
“ਮੰਤ੍ਰ ਤੰਤ੍ਰ ਅਉਖਧੁ ਪੁਨਹਚਾਰ।”
-ਗਉ ੫, ੬੬, ੨:੧ (184)
“ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ।”
-ਗਉ ੫, ੧੨੨, ੨:੧ (190)
(3) ਉਦੇਸ਼, ਗੁਝਾ ਭਾਣਾ
“ਹਰਨ ਭਰਨ ਜਾ ਕਾ ਨੇਤ੍ਰ ਫੋਰੁ।”
“ਤਿਸ ਕਾ ਮੰਤ੍ਰੁ ਨ ਜਾਨੈ ਹੋਰੁ।”
-ਗਉ ੫ ਸੁਖ ੧੬, ੨:੩; ੪ (284)
(4) ਸਲਾਹ
“ਦੁਸਟ ਸਭਾ ਮਹਿ ਮੰਤ੍ਰੁ ਪਕਾਇਆ।”
-ਭੈਰ ੩, ੨੦, ੩:੩ (1133)

ਮਥੰ ------- ਵਿਚਾਰਨ ਨਾਲ, ਵਿਚਾਰਿਆ
“ਗਾਥਾ ਗੂੰਫ ਗੋਪਾਲ ਕਥੰ ਮਥੰ ਮਾਨ ਮਰਦਨਹ।”
-ਗਾਥਾ ੫, ੬:੧ (1360)

ਮੰਥ ------- ਰਿੜਕਨਾ
“ਮਹਾ ਬੀਚਾਰ ਪੰਚ ਦੂਤਹ ਮੰਥ।”(ਭਾਵ ਮਾਰ ਦਿੰਦਾ ਹੈ)
-ਗੋਂਡ ੫, ੧੭, ੧:੪ (867)

ਮਥਈ ------ ਮੱਥੇ ਉਪਰ
“ਸੋ ਹਰਿ ਹਰਿ ਨਾਮੁ ਧਿਆਵੈ ਹਰਿ ਜਨੁ ਜਿਸੁ ਬਡਭਾਗ ਮਥਈ।”
-ਕਲਿ ੪, ੪, ੧:੧ (1320)

ਮਥਨਿ ------ ਰਿੜਕਨ

"ਨਾਨਕ ਜਿਉ ਮਥਨਿ ਮਧਾਣੀਆ ਤਿਉ ਮਥੇ ਧ੍ਰਮਰਾਇ।"

-ਸਲੋ ੫, ੯:੨ (1425)

ਮਥੰਨਿ------ ਮਥੇ ਤੇ

"ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।"

-ਮਾਝ ੫, ਬਾਰਾ ੪:੯ (134)

ਮਥੰਨੁ ------ ਮਾਰਿਆ

"ਕੇਸੀ ਕੰਸ ਮਥੰਨੁ ਜਿਨਿ ਕੀਆ।"

-ਗੋਂਡ ਨਾਮ, ੫, ੪:੧ (874)

ਮਥਾ -------ਮੱਥਾ, ਮਸਤਕ

"ਹਰਿ ਦਰਗਹ ਨਾਨਕ ਊਜਲ ਮਥਾ।"

-ਗਉ ੫, ਸੁਖ ੧੪, ੨:੧੦ (281)

"ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ।"(ਭਾਵ ਸਿਰ)

-ਜੈਤ ੫, ਵਾਰ ੧੪:੨ (709)

ਮਥਾਇ -----ਮੱਥੇ ਤੇ

"ਜੋ ਬੈਠੇ ਸੇ ਫਾਥਿਆ ਉਬਰੇ ਭਾਗ ਮਥਾਇ।"

-ਮਾਰੂ ੫, ਵਾਰ ੯ਸ, ੫, ੨:੨ (1097)

ਮਥਾਇਣਾ---- ਮੱਥੇ ਤੇ

"ਜਿਸ ਨੋ ਲਾਇ ਲਏ ਸੋ ਸੇਵਕੁ ਜਿਸੁ ਵਡਭਾਗ ਮਥਾਇਣਾ।"

-ਮਾਰੂ ੫, ਸੋਲਾ ੭, ੯:੩ (1078)

ਮਥਾਹੜੈ------ ਮੱਥੇ ਤੇ

"ਜਿਨਾ ਭਾਗ ਮਥਾਹੜੈ ਤਿਨ ਉਸਤਾਦ ਪਨਾਹਿ।"

-ਮਾਰੂ ੫, ਵਾਰ ੬ਸ, ੫, ੧:੨ (1096)

ਮਥਾਹਾ -----ਰਿੜਕਦਾ ਹੈ

"ਆਪੇ ਸਤਿਗੁਰੁ ਸਮੁੰਦੁ ਮਥਾਹਾ।"

-ਜੈਤ ੪, ੧੦, ੨:੨ (699)

ਮਥਾਹਿ -----ਮੱਥੇ ਉਪਰ

"ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੇ।"

-ਸਿਰੀ ੫, ਛੰਤ ੩, ੫੩:੨ (81)

ਮਥਾਣੇ------ਮੱਥੇ ਤੇ

"ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ।"

-ਜੈਤ ੫, ਛੰਤ ੧, ੩:੩ (704)

ਹੋਰ ਰੂਪ:

ਮਥਾਣੈ-

"ਜਿਸੁ ਹੋਵੈ ਭਾਗੁ ਮਥਾਣੈ।"

-ਮਾਰੂ ੫, ੧੭, ੩:੬ (1004)

ਮਥਾਨਾ-ਮੱਥੇ ਤੇ
"ਚਾਖਿ ਅਘਾਣੇ ਸਾਰਿਗ ਪਾਣੇ ਜਿਨ ਕੈ ਭਾਗ ਮਥਾਨਾ।"
-ਰਾਮ ੫, ਛੰਤ ੧, ੩:੪ (924)

ਮਥਾਨਾਨਾ----ਮੱਥੇ ਤੇ
"ਤਿਹ ਬਡ ਭਾਗ ਬਸਿਓ ਮਨਿ ਜਾ ਕੈ ਕਰਮ ਪ੍ਰਧਾਨ ਮਥਾਨਾਨਾ।"
-ਗਉ ਕਬ, ੭੪, ੩:੨ (339)

ਮਥਾਨਿ -----ਮਥੇ ਤੇ
"ਲਾਨੋ ਜਿਸੁ ਮਥਾਨਿ ਹਾਂ।"
-ਆਸਾ ੫, ੧੫੮, ੨:੧ (409)

ਮਥਾਮ------ਮੱਥੇ ਦੇ
"ਬਡ ਹੋ ਹੋ ਭਾਗ ਮਥਾਮ।"
-ਕਾਨ ੪, ੯, ੧*:੪ (1297)

ਹੋਰ ਰੂਪ:

ਮਥਾਮਾ-
"ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ।"
-ਸਾਰ ੫, ੧੧, ੪:੨ (1206)

ਮਥਾਰੀਐ----ਮਥੇ ਉਪਰ
"ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗੁ ਮਥਾਰੀਐ।"
-ਗੂਜ ੫, ਵਾਰ ੧:੭ (518)

ਮਥਿ ------- (1) ਮਥੇ ਉਤੇ
"ਗੁਰ ਤੇ ਮਹਲੁ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ।"
-ਸਿਰੀ ੫, ੭੬, ੧:੩ (44)

(2) ਰਿੜਕ ਕੇ
"ਗੁਰ ਸਬਦੀ ਮਥਿ ਅੰਮ੍ਰਿਤੁ ਪੀਉ।"
-ਗਉ ੧, ਅਸ ੧੨, ੭:੨ (226)
"ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ।"(ਭਾਵ ਨਿਰਨਾ ਕਰਕੇ)
-ਕਲਿ ੪, ਅਸ ੧, ੧:੧ (1323)

ਹੋਰ ਰੂਪ:

ਮਥਿਆ-
"ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ।" (ਰਿੜਕਿਆ)
-ਆਸਾ ੧, ੭, ੪:੧ (350)

(3) ਵੱਟ ਕੇ
"ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ।" (ਭਾਵ ਵਿਚਾਰਨੇ)

–ਆਸਾ ਕਬ, ੭, ੨:੧ (477)

ਮਥਿਆ ----- (1) ਰਿੜਕਿਆ, ਵੇਖੋ ‘ਮਥਿ’ (2)

ਹੋਰ ਰੂਪ:

ਮਥੀਐ–

“ਜਲੁ ਮਥੀਆ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ।”

–ਸੋਰ ੧, ਅਸ ੨, ੫:੨ (635)

(2) ਤੋੜਿਆ, ਖਤਮ ਕੀਤਾ

“ਦੁਰਜੋਧਨ ਕਾ ਮਥਿਆ ਮਾਨੁ।”

–ਭੈਰ ਕਬ, ਅਸ ੨, ੭:੪ (1163)

ਮਥੁਰਾ ------ (1) ਹਿੰਦੂਆਂ ਦੇ ਸਤ ਪਵਿਤਰ ਸਥਾਨਾਂ ਵਿਚੋਂ ਇਕ ਜਮਨਾ ਕਿਨਾਰੇ ਵਸਿਆ ਇਕ ਸ਼ਹਿਰ ਜਿਥੇ ਕ੍ਰਿਸ਼ਨ ਜੀ ਦਾ ਜਨਮ ਹੋਇਆ ਸੀ

“ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ।”

–ਮਾਰੂ ੫, ਵਾਰ ੧੮:੧ (1100)

(2) ਇਕ ਭੱਟ ਜਿਸ ਦੇ ਸਵਯੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹਨ।

“ਮਥੁਰਾ ਭਨਿ ਭਾਗ ਭਲੇ ਉਨ੍ ਕੇ ਮਨ ਇਛਤ ਹੀ ਫਲ ਪਾਵਨ ਹੈ।”

–ਸਵ ੪, ਮਥੁ ੩:੩ (1404)

ਮਥੇ ------- (1) ਮਸਤਕ

“ਸਤਗੁਰ ਤੇ ਜੋ ਮੁਹ ਫੇਰਹਿ ਮਥੇ ਤਿਨ ਕਾਲੇ।”

–ਸਿਰੀ ੩, ੪੨, ੩:੧ (30)

ਹੋਰ ਰੂਪ:

ਮਥੈ–

“ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ।”(ਮਥੇ ਉਪਰ ਭਾਵ ਭਾਗਾਂ ਵਿਚ)

–ਮਾਝ ੫, ਬਾਰ ੫:੪ (134)

“ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ।”(ਭਾਗ ਧੁਰੋ ਹੀ ਮਥੇ ਤੇ ਹੀ)

–ਮਾਰੂ ੫, ਵਾਰ ੭ਸ, ੫, ੩:੧ (1096)

(2) ਰਿੜਕਦਾ ਹੈ

“ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ।”

–ਸਲੋ ੫, ੯:੨ (1425)

ਹੋਰ ਰੂਪ:

ਮਥੈ–

“ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ।”

–ਮਾਰੂ ੧, ਅਸ ੧, ੩:੧ (1009)

ਮਥੋਰ ------ ਮਥੇ ਤੇ

“ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ।”

–ਗਉ ੫, ਬਾਅ ੬ਸ:੨ (251)

ਹੋਰ ਰੂਪ:

ਮਥੋਰਾ–
“ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ।” (ਮਥੇ ਤੇ)
–ਸਾਰ ੪, ੯, ੧:੧ (1201)

ਮਥੋਰੀ–
“ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ।” (ਮਥੇ ਤੇ)
–ਗਉ ੫, ੧੩੪*, ੧:੨ (208)

ਮਦ ------- (1) ਮਾਨ, ਅਹੰਕਾਰ
“ਮਿਰਤਨ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ।”
–ਸਿਰੀ ਬੇਣੀ, ੧, ੧:੨ (93)
“ਕਾਮ ਕ੍ਰੋਧ ਮਦ ਲੋਭ ਮੋਹ ਦੁਸਟ ਬਾਸਨਾ ਨਿਵਾਰਿ।”
–ਗੂਜ ੫, ਵਾਰ ੧੯ਸ, ੫, ੧:੧ (523)
(2) ਨਸ਼ਾ
“ਅਹੰਬੁਧਿ ਮਾਇਆ ਮਦ ਮਾਤੇ।”(ਨਸ਼ੇ)
–ਗਉ ੫, ਬਾਅ ੧੧:੨ (252)
“ਕਮਲਾ ਭ੍ਰਮ ਭੀਤਿ ਕਮਲਾ ਭ੍ਰਮ ਭੀਤਿ ਹੇ ਤੀਖਣ ਮਦ ਬਿਪਰੀਤਿ ਹੇ ਅਵਧ ਅਕਾਰਥ ਜਾਤ।”
–ਆਸਾ ੫, ਛੰਤ ੧੪, ੧:੧ (461)

ਮਦੰ -------ਮਸਤੀ
“ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ।”
–ਸਸ ੫, ੪੨:੨ (1357)

ਮੰਦ ------- (1) ਘਟ, ਥੋੜੇ
“ਪਤਿਤ ਪਾਵਨੁ ਨਾਮੁ ਨਰ ਹਰਿ ਮੰਦ ਭਾਗੀਆਂ ਨਹੀਂ ਭਾਇਓ।”(ਭਾਵ ਭੈੜੇ)
–ਮਾਲੀ ੪, ੩, ੩:੧ (985)
(2) ਭੈੜਾ, ਚੰਦਰਾ
“ਚਰਨ ਕਮਲ ਰਿਦੈ ਧਾਰਿ।”
“ਉਤਰਿਆ ਦੁਖੁ ਮੰਦ।”
–ਕਾਨ ੫, ੩੨, ੧:੧; ੨ (1304)

ਮਦਕ ------ ਨਾਲ, ਨਲਕੀ
“ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖ ਮਨ ਪੋਚਨਹਾਰੀ ਰੇ।”
–ਰਾਮ ਕਬ, ੧, ੨:੨ (969)

ਮਦਨ ------ (1) ਕਾਮ
“ਕਹੈ ਕਬੀਰ ਮਦਨ ਕੇ ਮਾਤੇ ਹਿਰਦੈ ਦੇਖੁ ਬੀਚਾਰੀ।”
–ਗਉ ਕਬ, ੫੮, ੪:੧ (336)
“ਇਸੁ ਤਨ ਮਨ ਮਧੇ ਮਦਨ ਚੋਰ।” (ਕਾਮਦੇਵ ਵਰਗੇ)
–ਬਸੰ ਕਬ, ੫, ੧:੧ (1194)
(2) ਅਨੰਦ, ਮਗਨਤਾ ਦੇਣ ਵਾਲਾ, ਮਸਤ ਕਰਨ ਵਾਲਾ

"ਉਨਮਦ ਚਢਾ ਮਦਨ ਰਸ ਚਾਖਿਆ ਤ੍ਰਿਭਵਨ ਭਇਆ ਉਜਿਆਰਾ।"

-ਰਾਮ ਕਬ, ੨, ੧*:੨ (969)

(3) ਆ ਕਰਸ਼ਕ, ਮੋਹ ਲੈਣ ਵਾਲੀ

"ਮਦਨ ਮੂਰਤਿ ਭੈ ਤਾਰਿ ਗੋਬਿੰਦੇ।"

-ਧਨਾ ਸੈਣ, ੧, ੪:੧ (695)

ਮੰਦਭਾਗੀ ---- (1) ਭੈੜੇ ਭਾਗਾਂ ਸਦਕਾ

"ਮੰਦਭਾਗੀ ਤੇਰੋ ਦਰਸਨੁ ਨਾਹਿ।"

-ਗਉ ਕਬ, ੨, ੩:੨ (323)

(2) ਭੈੜੇ ਭਾਗਾਂ ਵਾਲੇ

"ਓਇ ਫਿਰਿ ਜੋਨਿ ਭਵਾਈਅਹਿ ਮੰਦਭਾਗੀ ਮੂੜ ਅਕਰਮਾ।"

-ਬਿਲਾ ੪, ੨, ੩:੨ (799)

ਮਦਮਾਵਤ---- ਮਤਵਾਲਾ, ਮਸਤ

"ਸਿਮਰਨੁ ਨਹੀ ਆਵਤ ਫਿਰਤ ਮਦਮਾਵਤ ਬਿਖਿਆ ਰਾਤਾ ਸੁਆਨ ਜੈਸੇ।"

-ਬਿਲਾ ੫, ੧੨੫, ੧:੧ (829)

ਮੰਦਰ ------ (1) ਨਿਵਾਸ ਸਥਾਨ, ਘਰ, ਰਾਜ ਭਵਨ ਜਿਸ ਵਿਚ ਅਨੰਦ ਕੀਤਾ ਜਾਂਦਾ ਹੈ, ਮਹਲ

"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।"

-ਸਿਰੀ ੧, ੧, ੧:੧ (14)

"ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।"

-ਸਿਰੀ ੧, ੪, ੨:੨ (15)

"ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ।"(ਮਹਲ)

-ਗਉ ੫, ੧੫੨*; ੧:੨ (272)

"ਜਿਉ ਮੰਦਰ ਕਉ ਥਾਮੈ ਥੰਮਨੁ।"(ਮਕਾਨ)

-ਗਉ ੫, ਸੁਖ ੧੫, ੩:੧ (282)

ਹੋਰ ਰੂਪ:

ਮੰਦਰਿ-

"ਮੰਦਰਿ ਘਰਿ ਆਨੰਦੁ ਹਰਿ ਹਰਿ ਜਸੁ ਮਨਿ ਭਾਵੈ।"(ਮਹਲ)

-ਗਉ ੪, ੪੬, ੨:੧ (166)

"ਮੰਦਰਿ ਮੇਰੈ ਸਬਦਿ ਉਜਾਰਾ।"(ਭਾਵ ਹਿਰਦੇ ਵਿਚ)

-ਆਸਾ ੫, ੫੩, ੩:੧ (384)

"ਮੰਦਰਿ ਚਰਿ ਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ।"(ਭਾਵ ਕੋਠੇ ਉਪਰ/ ਛਤ ਤੇ ਚੜ੍ਹ ਕੇ)

-ਸੋਰ ੫, ੬੧, ੨:੨ (624)

"ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ।" (ਸਰੀਰ ਰੂਪੀ ਮੰਦਰ)

-ਬਿਲਾ ੫, ੮੭, ੧*:੨ (821)

(2) ਭਾਵ ਸਰੀਰ

"ਆਗਿ ਲਗਾਇ ਮੰਦਰ ਮੈ ਸੋਵਹਿ।"

-ਗਉ ਕਬ, ੪੪, ੫:੨ (332)

(3) ਦੇਵ ਸਥਾਨ ਉਹ ਸਥਾਨ ਜਿਥੇ ਦੇਵਤੇ ਦੀ ਮੂਰਤੀ ਸਥਾਪਤ ਕਰਕੇ ਪੂਜਾ ਕੀਤੀ ਜਾਵੇ
"ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।"
-ਆਸਾ ੧, ਅਸ ੧੨, ੪:੨ (418)

ਮੰਦਰੀਆ ---- ਪਖਾਵਜ, ਢੋਲਕ
"ਮੇਰਾ ਮਨੁ ਮੰਦਰੀਆ ਨ ਬਜਾਵੈ।"
-ਆਸਾ ਕਬ, ੨੮, ੧*:੨ (483)

ਮੰਦਰੁ ------ (1) ਨਿਵਾਸ ਸਥਾਨ, ਘਰ
"ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ।"
-ਸਿਰੀ ੧, ਅਸ ੨, ੫:੨ (54)
"ਕਬੀਰ ਐਸਾ ਕੋ ਨਹੀ ਮੰਦਰੁ ਦੇਇ ਜਰਾਇ।"(ਭਾਵ ਸਰੀਰ ਦੀ ਅਪਣਤ)
-ਸਲੋ ਕਬ, ੮੩:੧ (1368)
(2) ਪੂਜਾ ਸਥਾਨ
"ਸੋ ਸਚੁ ਮੰਦਰੁ ਜਿਤੁ ਸਚੁ ਧਿਆਈਐ।"
-ਮਾਝ ੫, ੪੪, ੧:੧ (107)
(3) ਮ੍ਰਿਦੰਗ, ਮੰਦਲ, ਢੋਲ
"ਬਜਾਵਨਹਾਰੋ ਕਹਾ ਗਇਓ ਜਿਨਿ ਇਹੁ ਮੰਦਰੁ ਕੀਨ੍ਹਾ।"
-ਆਸਾ ਕਬ, ੧੮, ੨:੧ (480)

ਮਦਰੋ ------ ਸ਼ਰਾਬ, ਨਸ਼ਾ
"ਪੀਓ ਮਦਰੋ ਧਨ ਮਤਵੰਤਾ।"
-ਸੂਹੀ ੫, ੫, ੨:੩ (737)

ਮੰਦਲੁ ------ ਮ੍ਰਿਦੰਗ, ਇਕ ਪ੍ਰਕਾਰ ਦਾ ਢੋਲ
"ਮੰਦਲੁ ਨ ਬਾਜੈ ਨਟੁ ਪੈ ਸੂਤਾ।"
-ਆਸਾ ਕਬ, ੧੧, ੧:੨ (478)

ਮੰਦਾ ------- (1) ਬੁਰਾ, ਭੈੜਾ
"ਜਬ ਕਿਸ ਕਉ ਇਹੁ ਜਾਨਸਿ ਮੰਦਾ।"
-ਗਉ ੫, ਅਸ ੧, ੨:੧ (235)
"ਸਾਧ ਕੈ ਸੰਗਿ ਨਾਹੀ ਕੋ ਮੰਦਾ।"(ਭਾਵ ਨੀਚ)
-ਗਉ ੫, ਸੁਖ ੭, ੩:੫ (271)
(2) ਨੀਚ, ਬੁਰਾ
"ਮੰਦਾ ਕਿਸੈ ਨ ਆਖਿ ਝਗੜਾ ਪਾਵਣਾ।"
-ਵਡ ੧, ਛੰਤ ੧, ੩:੨ (566)
(3) ਬੁਰਾਈ, ਭੈੜਾ ਪਨ
"ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ।"
-ਗਉ ੫, ਵਾਰ ੫:੨ (319)
"ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ।"
-ਰਾਮ ੩, ਵਾਰ ੧੨ਸ, ੧, ੭:੧ (953)

ਮਦਿ -------- (1) ਨਸ਼ੇ ਵਿਚ

“ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ।”

–ਸਿਰੀ ੫, ੯੧, ੨:੩ (50)

(2) ਸ਼ਰਾਬ

“ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ।”

–ਬਿਹਾ ੪, ਵਾਰ ੧੨ਸ, ਮਰ, ੨:੩ (553)

ਮੰਦਰਿ ------- ਘਰ,ਨਿਵਾਸ ਸਥਾਨ

“ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਰਿ ਛਾਵਾ ਤੇਰੇ।”

–ਬਿਲਾ ੧, ੨, ੩:੧ (795)

ਮਦਿਰੰ ------- ਨਸ਼ਾ

“ਬਿਖਮ ਸਥਾਨ ਮਨ ਮੋਹ ਮਦਿਰੰ ਮਹਾਂ ਅਸਾਧ ਪੰਚ ਤਸ ਕਰਹ।”

–ਸਸ ੫, ੫੮:੨ (1359)

ਮੰਦਿਰੁ ------- ਮੰਦਰ, ਘਰ

“ਬਿਨੁ ਹੀ ਥਾਭਹ ਮੰਦਿਰੁ ਥੰਭੈ।”

–ਗਉ ਕਬ, ਬਾਅ ੨੩:੪ (341)

ਮੰਦੀ -------- ਮਾੜੀ, ਭੈੜੀ

“ਆਗੈ ਪਾਛੈ ਮੰਦੀ ਸੋਇ।”

–ਗਉ ੫, ੧੯੭, ੩:੨ (199)

“ਨਾਨਕ ਨਾਇ ਵਿਸਾਰੀਐ ਸਭ ਮੰਦੀ ਰੁਤੇ।”

–ਗਉ ੫, ਵਾਰ ੧੨:੫ (321)

ਮਦੀਰੇ ------- ਪੈਰਾਂ ਦੇ ਘੁੰਗਰੂ, ਝਾਂਜਰਾ

“ਤਾਲ ਮਦੀਰੇ ਘਟ ਕੇ ਘਾਟ।”

–ਆਸਾ ੧, ੪, ੧:੧ (349)

ਮਦੁ -------- (1)ਸ਼ਰਾਬ

“ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ।”

–ਗਉ ੪, ਵਾਰ ੨੭:੩ (315)

(2) ਨਸ਼ਾ

“ਮਾਇਆ ਕੋ ਮਦੁ ਕਹਾ ਕਰਤੁ ਹੈ ਸੰਗਿ ਨ ਕਾਹੂ ਜਾਈ।”

–ਰਾਮ ੯, ੩, ੩:੧ (902)

ਮੰਦੁ -------- (1) ਭੈੜਾ ਮਨੁੱਖ

“ਸੁਣਿਐ ਮੁਖਿ ਸਾਲਾਹਣ ਮੰਦੁ।”

–ਜਪੁ ੧, ੯:੨ (2)

(2) ਭੈੜੀ ਸਲਾਹ, ਵਿਕਾਰ ਦੀ ਚਿਤਾਵਨੀ

“ਇਸਤ੍ਰੀ ਪੁਰਖੈ ਅਤਿ ਨੇਹੁ ਬਹਿ ਮੰਦੁ ਪਕਾਇਆ।”

–ਸਾਰ ੪, ਵਾਰ ੩੩:੧ (1250)

ਮੰਦੇ -------- ਭੈੜੇ

"ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ।"

-ਗਉ ੪, ਵਾਰ ੧੨:੬ (306)

ਮੰਦੇਰੇ ------ਮੰਦਾ, ਭੈੜਾ

"ਓਇ ਮਨਮੁਖ ਮੂੜ ਅਗਿਆਨੀ ਕਹੀ ਅਹਿ ਤਿਨ ਮਸਤਕਿ ਭਾਗੁ ਮੰਦੇਰਾ।"

-ਟੋਂਡੀ ੪, ੧, ੩:੨ (711)

ਮੰਦੈ ------- (1) ਭੈੜੀ ਥਾਂ, ਭੈੜੇ ਪਾਸੇ

"ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।"

-ਆਸਾ ੧, ਵਾਰ ੭:੨ (467)

(2) ਭੈੜੇ ਨੂੰ

"ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ।"

-ਆਸਾ ੧, ਵਾਰ ੨੧ਸ, ੨, ੧:੩ (474)

(3) ਭੈੜੇ ਕੰਮ ਵਿਚ

"ਚੰਗੈ ਮੰਦੈ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ।"

-ਰਾਮ ੩, ਵਾਰ ੮ਸ, ੩, ੨:੧੦ (950)

ਮਦੋਨ ------ ਕਾਮ ਕਰਕੇ

"ਗਰਬੰਤਿ ਨਾਰੀ ਮਦੋਨ ਮਤੰ।"

-ਸਸ ੫, ੬੩:੧ (1359)

ਮਧਸੂਦਨ ----ਮਧੁ ਦੈਂਤ ਨੂੰ ਮਾਰਨ ਵਾਲਾ, ਵਿਸ਼ਨੂੰ ਭਾਵ ਪ੍ਰਭੂ

"ਕ੍ਰਿਪਾ ਕਰਹੁ ਮਧਸੂਦਨ ਮਾਧਉ ਮੈ ਖਿਨੁ ਖਿਨੁ ਸਾਧੂ ਚਰਣ ਪਖਈਆ।"

-ਬਿਲਾ ੪, ੭, ੧*:੨ (835)

ਮੰਧਾਹੀ -----ਵਿਚੋਂ

"ਤਤ ਸਮਦਰਸੀ ਸੰਤਹੁ ਕੋਈ ਕੋਟਿ ਮੰਧਾਹੀ।"

-ਸਿਰੀ ੫, ੯੬, ੨:੨ (51)

ਮਧਾਣੁ------ਮਧਾਣਾ

"ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ।"

-ਰਾਮ ਬਸ, ਵਾਰ ੬:੪ (968)

ਮਧਿ ------- (1) ਵਿਚ, ਅੰਦਰ

"ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ।"

-ਸਿਰੀ ੫, ੯੭, ੨:੨ (51)

"ਸਭ ਕੈ ਮਧਿ ਅਲਿਪਤੋ ਰਹੈ।"

-ਗਉ ੫, ਸੁਖ ੨੩, ੬:੭ (294)

(2) ਵਿਚਕਾਰ, ਅੱਧ ਵਿਚ, ਵਿਚ ਕਾਰਲੇ ਸਮੇਂ

"ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰੁ ਨ ਕੋਇ ਦਿਖਾਲੀਐ ਜੀਉ।"

-ਮਾਝ ੫, ੨੮, ੨:੩ (102)

"ਆਦਿ ਮਧਿ ਪ੍ਰਭੁ ਅੰਤਿ ਸੁਆਮੀ ਅਪਨਾ ਥਾਟੁ ਬਤਾਇਓ ਆਪਿ।"

-ਬਿਲਾ ੫, ੧੦੫, ੧:੧ (825)

(3) ਵਿਚੋਂ
“ਕੋਟਿ ਮਧਿ ਏਹੁ ਕੀਰਤਨੁ ਗਾਵੈ।”
-ਰਾਮ ੫, ੮, ੪:੨ (885)

(4) ਵਿਚਕਾਰ ਅੱਧ ਵਿਚ
“ਮਧਿ ਭਾਗਿ ਹਰਿ ਪ੍ਰੇਮ ਰਸਾਇਣ।”
-ਭੈਰ ੫, ੭, ੧:੨ (1137)
“ਸੁਖ ਲਹਹਿ ਤਿ ਨਰ ਸੰਸਾਰ ਮਹਿ ਅਭੈ ਪਟੁ ਰਿਪ ਮਧਿ ਤਿਹ।”(ਵਿਚਕਾਰ ਚਹੁੰਆਂ ਪਾਸਿਉ ਘਿਰੇ ਹੋਏ)
-ਸਵ ੩, ੧੧:੫ (1394)

ਮਧਿਮ ------ (1) ਵਿਚਕਾਰਲੇ ਮੇਲ ਦੇ
“ਐਜੀ ਨਾ ਹਮ ਉਤਮ ਨੀਚ ਨ ਮਧਿਮ ਹਰਿ ਸਰਣਾ ਗਤਿ ਹਰਿ ਕੇ ਲੋਗ।”
-ਗੂਜ ੧, ਅਸ ੪, ੧:੧ (504)

(2) ਮੰਦੀ, ਭੈੜੀ ਨੀਚ, ਨੀਵੀਂ, ਮੰਦ
“ਅੰਤਰਿ ਅਗਿਆਨੁ ਭਈ ਮਤਿ ਮਧਿਮ ਸਤਿਗੁਰ ਕੀ ਪਰਤੀਤਿ ਨਾਹੀ।”
-ਸੋਰ ੪, ਵਾਰ ੨੬ਸ, ੪, ੧:੧ (652)
“ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ।”(ਨੀਵੇਂ)
-ਮਾਲੀ ੪, ੩, ੧:੧ (985)

ਮਧੁ ------- (1) ਸ਼ਹਿਦ
“ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ।”
-ਸਿਰੀ ੧, ੨੬, ੨:੨ (23)

(2) ਇਕ ਦੈਂਤ ਜਿਸਨੂੰ ਵਿਸ਼ਨੂੰ ਨੇ ਮਾਰਿਆ ਸੀ
“ਮਧੁ ਸੂਦਨ ਮੇਰੇ ਮਨ ਤਨ ਪ੍ਰਾਨਾ।”
-ਮਾਝ ੪, ੨, ੧:੧ (94)

(3) ਮਿਠੀ, ਮਧੁਰ
“ਕਰਨਹੁ ਮਧੁ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ।”
-ਰਾਮ ੫, ੭, ੧:੨ (884)

(4) ਭੈਰਉ ਰਾਗ ਦੇ ਅਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ- ਪੰਚਮ, ਹਰਖ ਦਿਸਾਖ, ਬੰਗਾਲਮ, ਮਾਧਵ, ਲਲਤ ਤੇ ਬਿਲਾਵਲ
“ਬੰਗਾਲਮ ਮਧੁ ਮਾਧਵ ਗਾਵਹਿ।”
-ਰਾਗ ੧: ੧੦ (1429)

ਮੰਧੁ -------ਭੈੜੇ ਕੰਮ ਭਾਵ ਭੋਗ
“ਇਸਤ੍ਰੀ ਪੁਰਖੈ ਜਾ ਨਿਸਿ ਮੇਲਾ ਓਥੈ ਮੰਧੁ ਕਮਾਹੀ।”
-ਮਲਾ ੧, ਵਾਰ ੨੫ਸ, ੧, ੨:੯ (1290)

ਮਧੁਸੂਦਨ ----ਮਧੁ ਦੈਂਤ ਨੂੰ ਮਾਰਨ ਵਾਲਾ ਭਾਵ ਪ੍ਰਮਾਤਮਾ
“ਮਧੁਸੂਦਨ ਹਰਿ ਮਾਧੋ ਪ੍ਰਾਨਾ।”
-ਜੈਤ ੪, ੭, ੩:੧ (698)
“ਹਰਿ ਹਰਿ ਕ੍ਰਿਪਾ ਧਾਰਿ ਮਧੁਸੂਦਨ ਮਿਲਿ ਸਤਸੰਗਿ ਓਮਾਹਾ ਰਾਮ।”
-ਜੈਤ ੪, ੧੧, ੧:੩ (699)

ਹੋਰ ਰੂਪ:

ਮਧੁਸੂਦਨੁ–
"ਗੁਰਮੁਖਿ ਮਧੁਸੂਦਨੁ ਨਿਸਤਾਰੇ।"

–ਮਾਝ ੫, ੧੩, ੨:੧ (98)

"ਮਧੁਸੂਦਨੁ ਜਪੀਐ ਉਰਧਾਰਿ।"

–ਭੈਰ ੪, ੫, ੧*:੧ (1135)

ਮਧੁਸੂਦਨੋ–
"ਜਪਿ ਮਨ ਮਾਧੋ ਮਧੁਸੂਦਨੋ ਹਰਿ ਸ੍ਰੀ ਰੰਗੋ ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ।"

–ਸਾਰ ੪, ੧੦, ੧*:੧ (1201)

ਮਧੁਕਰੁ ------ ਭੌਰਾ

"ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ਰਸਨ ਅੰਮ੍ਰਿਤ ਰਾਮ ਨਾਮ ਭਾਖਉ।"

–ਧਨਾ ਰਵਿ, ੨, ੧:੨ (694)

ਮਧੁਕੀਟ------ਮਧੁ ਤੇ ਕੈਟਭ ਦੋ ਦੈਂਤ ਭਰਾ

"ਸਹਸ ਬਾਹੁ ਮਧੁਕੀਟ ਮਹਿ ਖਾਸਾ।"

–ਗਉ ੧, ਅਸ ੯, ੬:੧ (224)

ਮਧੁਪ ------- ਭੌਰਾ, ਸ਼ਹਿਦ ਪੀਣ ਵਾਲਾ

"ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।"

–ਆਸਾ ਰਵਿ, ੩, ੨:੨ (486)

ਮਧੁਰ ------- ਮਿਠੀ, ਸੰਗੀਤਮਈ

"ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾ ਕਾ ਬਣਾ।"

–ਆਸਾ ੫, ਛੰਤ ੭, ੨:੫ (457)

ਮਧੁਰਾੜੀ ----- ਮਿਠੀ

"ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।"

–ਵਡ ੧, ਛੰਤ ੨, ੮:੧ (567)

ਮਧੁਰੀ -------ਛੋਟੇ ਕਦ ਵਾਲੀ

"ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ।"

–ਦੇਵ ੪, ੨, ੧:੨ (527)

ਮਧੂਕਰੀ------ਘਰ ਘਰ ਤੋਂ ਮੰਗੀ ਹੋਈ ਰੋਟੀ ਭਿਖਿਆ

"ਤਾ ਤੇ ਭਲੀ ਮਧੂਕਰੀ ਸੰਤਸੰਗਿ ਗੁਨ ਗਾਇ।"

–ਸਲੋ ਕਬ, ੧੫੦:੨ (1372)

ਮਧੂਕੜਉ ----- ਭੌਰਾ (ਫਕੀਰ ਰੂਪੀ)

"ਅਲਗਉ ਜੋਇ ਮਧੂਕੜਉ ਸਾਰੰਗ ਪਾਣਿ ਸਬਾਇ।"

–ਮਾਰੂ ੩, ਵਾਰ ੧੨ਸ, ੧, ੨:੧ (1090)

ਮਧੇ -------- (1) ਵਿਚ

"ਸਭ ਕੈ ਮਧੇ ਅਲਿਪਤ ਨਿਰਬਾਣੇ।"

-ਮਾਝ ੫, ੨੭, ੩:੨ (102)

ਹੋਰ ਰੂਪ:

ਮੰਧੇ–
"ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ।" (ਵਿਚ)

-ਸਿਰੀ ੫, ੯੬, ੧:੧ (51)

ਮਧੁ–
"ਸੁੰਦਰ ਮੰਦਰ ਸੈਣਹ ਜੇਣ ਮਧੁ ਹਰਿ ਕੀਰਤਨਹ।"(ਵਿਚ)

-ਗਾਥਾ ੫, ੧੨:੧ (1360)

(2)ਵਿਚੋਂ
"ਕੋਟਿ ਮਧੇ ਕਿਨੈ ਗੁਰਮੁਖਿ ਲਹਿਓ।"

-ਗਉ ੫, ਅਸ ੧੩, ੩:੨ (241)

ਮਧੁੰਤ ------ (ਮਧ+ਅੰਤ) ਵਿਚਕਾਰਲੀ ਉਮਰ ਤੇ ਅੰਤਲੀ ਉਮਰ
"ਸ੍ਰਸਤਿ ਬਿਵਸਥਾ ਹਰਿ ਕੀ ਸੇਵਾ ਮਧੁੰਤ ਪ੍ਰਭ ਜਾਪਣ।"

-ਧਨਾ ੫, ੪੯, ੨:੧ (682)

ਮਨ--------- (1) ਹਿਰਦਾ, ਦਿਲ
"ਜਿਨ ਕੇ ਰਾਮੁ ਵਸੈ ਮਨ ਮਾਹਿ।"

-ਜਪੁ ੧, ੩੭:੮ (8)

"ਸਗਲ ਰੂਪ ਵਰਨ ਮਨ ਮਾਹੀ।"

-ਗਉ ੧, ਅਸ ੫, ੯:੧ (223)

('ਮਹਾਨਕੋਸ਼' ਵਿਚ ਇਥੇ ਅਰਥ 'ਮਨੁੱਖ' ਕੀਤਾ ਗਿਆ ਹੈ।)
"ਮਨ ਮੇਰੇ ਗੁਰ ਕੀ ਮੰਨਿ ਲੈ ਹਜਾਇ।"

-ਸਿਰੀ ੩, ੬੦, ੧*:੧ (37)

(ਇਥੇ ਮਹਾਨ ਕੋਸ਼ ਅਰਥ ਅੰਤਹ ਕਰਣ ਕਰਦਾ ਹੈ)
"ਸੁਣਿ ਮਨ ਮੰਨਿ ਵਸਾਇ ਤੂੰ ਆਪੇ ਆਇ ਮਿਲੈ ਮੇਰੇ ਭਾਈ।"

-ਆਸਾ ੩, ੨੭, ੧:੧ (425)

(ਮਹਾਨਕੋਸ਼ ਇਥੇ ਅਰਥ 'ਮਨੁੱਖ' ਕਰਦਾ ਹੈ)
"ਤੁਮ੍ਹਰੀ ਟੇਕ ਪੂਰੇ ਮੇਰੇ ਸਤਿਗੁਰ ਮਨ ਸਰਨਿ ਤੁਮ੍ਹਾਰੈ ਪਰੀ।"

-ਗੂਜ ੫, ੧੮, ੨:੧ (499)

(ਮਹਾਨ ਕੋਸ਼ ਅਰਥ "ਮੈਂ" ਕਰਦਾ ਹੈ।)
"ਮਨ ਮਹਿ ਮਨੂਆ ਚਿਤ ਮਾਹਿ ਚੀਤਾ।"

-ਬਸੰ ੧, ਅਸ ੪, ੫:੩ (1189)

(ਮਹਾਨਕੋਸ਼ ਇਥੇ ਮਨ ਨੂੰ 'ਮੰਨਨ' ਦਾ ਸੰਖੇਪ ਰੂਪ ਮੰਨਦਾ ਹੈ ਅਤੇ ਅਰਥ ਕਰਦਾ ਹੈ" ਮੰਨਨ ਵਿਚ ਮਨ ਤੇ ਚਿੰਤਨ ਵਿਚ ਚਿਤਾ।")

ਹੋਰ ਰੂਪ:

ਮੰਨ –
"ਲਗੜਾ ਸੋ ਨੇਰੁ ਮੰਨ ਮਝਾਹੂ ਰਤਿਆ।" (ਮਨ ਨੂੰ)

-ਜੈਤ ੫, ਵਾਰ ੧੧ਸ, ੫, ੨:੧ (708)

(2) ਨਾ, ਮਨ
“ਮਨ ਅਸਵਾਰ ਜੈਸੇ ਤੁਰੀ ਸੀਗਾਰੀ।”(ਭਾਵ ਅਨਾੜੀ ਅਸਵਾਰ)
-ਗਉ ੫, ੧੬0, ੧:੧ (198)
(ਖਿਆਲੀ ਅਸਵਾਰ, ਸ਼ਬਦਾਰਥ)
(3) ਹੇ ਮਨ
“ਮਨ ਹਰਿ ਕੀਰਤਿ ਕਰਿ ਸਦਹੂੰ।”
-ਦੇਵ ੫, ੪, ੧*:੧ (529)

ਹੋਰ ਰੂਪ:

ਮੰਨ-
“ਸੁਣਿ ਮੂਰਖ ਮੰਨ ਅਜਾਣਾ।”(ਹੇ ਅੰਵਾਣ ਮਨ)
-ਗਉ ੧, ੧੩, ੬:੧ (155)
(4) ਜੀਵਾਤਮਾ
“ਇਸੁ ਮਨੁ ਕਉ ਨਹੀ ਆਵਨ ਜਾਨਾ।”
-ਗਉ ਕਬ, ਅਸ ੩੬, ੬:੧ (330)
“ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ।”
-ਆਸਾ ੩, ਛੰਤ ੭, ੫:੧ (441)
(5) ਤੋਲ ਦੀ ਪੁਰਾਣੇ ਸਮੇਂ ਦੀ ਇਕ ਇਕਾਈ, ਮਣ, 40 ਸੇਰ
“ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਂਡੌ ਟੇਢੌ ਜਾਤੁ।”
-ਸਾਰ ਕਬ, ੧, ੧*:੨ (1251)
(6) ਮੈਂ
“ਕਾਲੂਬਿ ਅਕਲ ਮਨ ਗੋਰ ਨ ਮਾਨੀ।”
“ਮਨ ਕਮੀਨ ਕਮਤਰੀਨ ਤੂ ਦਰੀਆਉ ਖੁਦਾਇਆ।”
-ਮਲਾ ੧, ਵਾਰ ੧੭ਸ, ੧, ੨:੨; ੩ (1291)

ਮਨੰ ------- (1) ਮੰਨ ਜਾਣਾ
“ਗੁਰਮਤਿ ਨਿਹਚਲ ਮਨਿ ਮਨੁ ਮਨੰ ਸਹਜ ਬੀਚਾਰੰ।”
-ਗੂਜ ੧, ਅਸ ੫, ੬:੧ (505)
(2) ਮਨ ਵਿਚ
“ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ।”
-ਗੂਜ ੧, ਅਸ ੫, ੮:੧ (506)

ਮਨਉ ------ ਮੰਨ ਦਾ ਹੋਵਾਂ, ਸਵੀ ਕਾਰਦਾ ਹੋਵਾ
“ਆਨ ਮਨਉ ਤਉ ਪਰ ਘਰ ਜਾਉ।”
-ਗਉ ੧, ੮, ੪:੧ (153)

ਮਨਈ------ ਮੰਨ ਲੈਂਦੇ ਹਨ
“ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ।”
-ਬਿਲਾ ਕਬ, ੧, ੨:੧ (855)

ਹੋਰ ਰੂਪ:

ਮੰਨਈ-

"ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ।"(ਮੰਨਦੇ)
-ਗੂਜ ੩, ਵਾਰ ੬ਸ, ੩, ੧:੨ (510)

ਮਨਸਾ ------ (1) ਇਛਾ, ਕਾਮਨਾ,ਇਰਾਦਾ
"ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ।"
-ਸਿਰੀ ੫, ੭੫, ੩:੪ (44)
"ਮਨਸਾ ਧਾਰਿ ਜੋ ਘਰ ਤੇ ਆਵੈ।"
-ਮਾਝ ੫, ੩੨, ੨:੧ (103)
"ਸਬਦੁ ਸੂਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ।"(ਖਾਹਿਸ਼ਾਂ)
-ਮਾਝ ੩, ਅਸ ੭, ੧*:੨ (113)
"ਜਮਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ।" (ਲਾਲਸਾ, ਵਾਸਨਾ)
-ਮਾਝ ੧, ਵਾਰ ੫:੫ (140)
(2) ਭਾਵਨੀ, ਮਨ ਦਾ ਭਾਵ
"ਜੇਹੀ ਮਨਸਾ ਕਰਿ ਲਾਗੈ ਤੇਰਾ ਫਲੁ ਪਾਂਏ।"
-ਮਾਝ ੩, ਅਸ ੧੨, ੨:੨ (116)
"ਜੈਸੀ ਆਸਾ ਤੈਸੀ ਮਨਸਾ ਪੂਰਿ ਰਹਿਆ ਭਰਪੂਰੇ।"
-ਸੂਹੀ ੧, ਛੰਤ ੧, ੨:੪ (763)
(ਮਹਾਨਕੋਸ਼ ਇਥੇ ਅਰਥ ਸੰਗਤ ਕਰਦਾ ਹੈ)
"ਫੂਟੈ ਖਪਰੁ ਦੁਬਿਧਾ ਮਨਸਾ।"(ਭਾਵ ਵਾਸ਼ਨਾ)
-ਬਿਲਾ ੧, ਥਿਤੀ ੨੦:੪ (840)
(2) ਸਮਝ, ਬੁੱਧੀ
"ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ।"
-ਆਸਾ ਨਾਮ, ੧, ੩:੨ (485)
"ਮਨ ਕਾ ਕਹਿਆ ਮਨਸਾ ਕਰੈ।"
-ਬਿਲਾ ੧, ਅਸ ੨, ੧:੧ (832)
(ਮਹਾਨਕੋਸ਼ ਇਥੇ ਅਰਥ ਮਨਖ ਕਰਦਾ ਹੈ)
(4) ਮਨ ਦੀ ਚਾਹ
"ਮਨਸਾ ਕਰਿ ਸਿਮਰੰਤ ਤੁਝੈਨਰ ਕਾਮੁ ਕ੍ਰੋਧੁ ਮਿਟਿਅਉ ਜੁ ਤਿਣੰ।"
-ਸਵ ੪, ਬਲ ੪:੧ (1405)

ਮਨਹਠ ----- ਮਨ ਦਾ ਹਠ, ਮਨ ਦਾ ਸਿਰੜ, ਮਨ ਦੀ ਜ਼ਿਦ, ਆਪ ਹੁਦਰੀ
"ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰੁ।"
-ਸਿਰੀ ੧, ਅਸ ੧੪, ੫:੧ (62)

ਹੋਰ ਰੂਪ:

ਮਨਹਠਿ-
"ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ।"(ਮਨ ਹਠ ਬੁੱਧ ਨਾਲ)
-ਸਿਰੀ ੧, ੧੬, ੧:੩ (20)
"ਮਨਹਠਿ ਕਿਨੈ ਨ ਪਾਇਆ ਕਰਿ ਉਪਾਵ ਥਕੇ ਸਭੁ ਕੋਇ।"(ਮਨ ਦੀ ਜ਼ਿਦ ਨਾਲ)
-ਸਿਰੀ ੪, ੬੫, ੩:੧ (39)

ਮਨਹਿ ------ (1) ਮਨ ਵਿਚ, ਹਿਰਦੇ ਵਿਚ

“ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ।”
-ਗਉ ੫, ਸੋਹ ੫, ੩:੧ (13)
“ਮਨਹਿ ਕਮਾਵੈ ਮੁਖਿ ਹਰਿ ਹਰਿ ਬੋਲੈ।”(ਮਨ ਨਾਲ, ਦਿਲ ਲਾ ਕੇ)
-ਗਉ ੫, ੧੧੭, ੨:੧ (189)

(2) (ਅ. ਮਨਹ) ਵਰਜੇ, ਦੂਰ ਕਰੇ, ਰੋਕੇ
“ਆਪੇ ਦੁਰਮਤਿ ਮਨਹਿ ਕਰੇਇ।”
-ਆਸਾ ੧, ੩, ੩:੨ (349)
“ਭਾਣੈ ਭੋਗ ਭੋਗਾਇਦਾ ਭਾਣੈ ਮਨਹਿ ਕਰੇਇ।”
-ਰਾਮ ੫, ਵਾਰ ੧੨ਸ, ੫, ੨:੬ (963)

(3) ਮਨ ਦੁਆਰਾ, ਮਨ ਰਾਹੀ
“ਨਾਮੁ ਪ੍ਰਭੂ ਕਾ ਮਨਹਿ ਅਰਾਧਾ।”
-ਆਸਾ ੫, ੬੯, ੩:੨ (388)
“ਮਨਹਿ ਅਰਾਧਿ ਸੋਇਹਾ।”
-ਆਸਾ ੫, ੧੬੨, ੨:੪ (410)

(4) ਮਨ ਨੂੰ ਹੀ
“ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ।”
-ਵਡ ੧, ਛੰਤ ੧, ੩:੫ (566)
“ਅਨਿਕ ਬਾਰ ਕਰਉ ਤਿਹ ਬੰਦਨ ਮਨਹਿ ਚਰ੍ਹਾਵਉ ਧੂਪ।” (ਮਨ ਨੂੰਹ/ਧੂਪ ਬਣਾ ਚੜ੍ਹਾ ਦੇਣਾ)
-ਜੈਤ ੫, ੮, ੧:੨ (701)

(5) ਮਨਦਾ
“ਪ੍ਰਾਨ ਪਿਆਰੋ ਮਨਹਿ ਅਧਾਰੋ ਚੀਤਿ ਚਿਤਵਉ ਜੈਸੇ ਪਾਨ ਤੰਬੋਲੀ।”
-ਬਿਲਾ ੫, ੮੯, ੧:੨ (822)

ਮੰਨਹਿ ------ ਮੰਨੇ, ਪਰਵਾਨ ਕਰੇ
“ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ।”
-ਵਡ ੩, ੯, ੧*:੨ (560)

ਮਨਹੁ ------ ਮਨ ਅੰਦਰੋਂ, ਦਿਲੋਂ, ਮਨ ਤੇ
“ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।”
-ਜਪੁ ੧, ੨੩:੪ (5)
“ਸਖੀ ਕਹਨਿ ਅਰਦਾਸਿ ਮਨਹੁ ਪਿਆਰੀਆ।”
-ਮਾਝ ੧, ਵਾਰ ੨੨:੬ (148)

ਮਨਹੁਚਿੰਦਿਆ - ਮਨ ਇਛਤ
“ਹਰਿ ਕੀ ਸੇਵਾ ਤੇ ਮਨਹੁਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ।”
-ਗੂਜ ੩, ੪, ੧*:੨ (490)

ਮਨਕਾਮਨਾ --- ਮਨ ਦੀ ਇਛਾ
“ਮਨਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ।”
-ਸੋਰ ੫, ਅਸ ੩੩:੧ (642)

ਮਨ ਚਿੰਦਿਅੜਾ ਮਨ ਇਛਤ, ਮਨ ਮੰਗਿਆ

“ਮਨਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ।”
-ਬਿਹਾ ੪, ਛੰਤ ੧, ੧:੪ (538)

ਹੋਰ ਰੂਪ:

ਮਨਚਿੰਦਿਆ–
“ਮਨਚਿੰਦਿਆ ਫਲੁ ਪਾਇਆ।”(ਮਨ ਭਾਉਂਦਾ, ਮਨ ਵਿਚ ਚਿਤਵਿਆ)
-ਸੋਰ ੫, ੬੯, ੧:੩ (626)

ਮਨਚਿੰਦੇ–
“ਮਨਚਿੰਦੇ ਸਗਲੇ ਫਲ ਪਾਵਹੁ ਜੀਅ ਕੈ ਸੰਗਿ ਸਹਾਈ।”(ਮਨ ਭਾਉਂਦੇ)
-ਸੋਰ ੫, ੫੯, ੧*:੨ (623)

ਮੰਨਣਾ------ਮੰਨਣ ਯੋਗ

“ਜਿਨਿ ਕੀਤੀ ਸੋ ਮੰਨਣਾ ਕੋ ਸਾਲੁ ਜਿਵਾਹੇ ਸਾਲੀ।”
-ਰਾਮ ਬਸ, ਵਾਰ ੩:੧ (967)

ਮੰਨਣੁ ------ਮੰਨਣਾ, ਵਿਸ਼ਵਾਸ਼ ਲਿਆਉਣਾ

“ਤੁਧਨੋ ਨਿਵਣੁ ਮੰਨਣੁ ਤੇਰਾ ਨਾਉ।”
-ਰਾਮ ੧, ੮, ੧:੧ (878)

ਹੋਰ ਰੂਪ:

ਮੰਨਨਿ–
“ਅਠੇ ਪਹਰ ਇਕਤੈ ਲਿਵੈ ਮੰਨਨਿ ਹੁਕਮੁ ਅਪਾਰੁ।”(ਮੰਨਦੇ ਹਨ)
-ਰਾਮ ੫, ਵਾਰ ੬ਸ, ੫, ੨:੬ (959)
(ਸ਼ਬਦਾਰਥ ਦੀਆਂ ਕਈ ਛਾਪਾਂ ਵਿਚ ਇਹ ਸ਼ਬਦ ਮੰਨੇਨਿ ਹੈ)

ਮਨਬਾਂਛਤ----ਮਨ ਚਾਹਤ

“ਮਨ ਬਾਛਤ ਫਲ ਪਾਏ ਸਗਲੇ ਕੁਦਰਤਿ ਕੀਮ ਅਪਾਰਗਿ।”
-ਸੂਹੀ ੫, ਛੰਤ ੬, ੩:੫ (781)

ਮਨਮਕਰੰਦ ---ਮਨ ਦਾ ਸ਼ਹਿਦ, ਭਾਵ ਮਨ ਲਈ ਐਸੀ ਖਿਚ ਵਾਲਾ ਜਿਵੇਂ ਮਖੀ ਲਈ ਸ਼ਹਿਦ ਦੀ ਹੁੰਦੀ ਹੈ।

“ਕਾਮ ਕ੍ਰੋਧ ਹਰਨ ਮਦਮੋਹ ਦਹਨ ਮੁਰਾਰਿ ਮਨਮਕਰੰਦ।”
-ਗੁਜ ੫, ਅਸ ੨, ੨:੧ (508)
(ਦਰਪਣ ‘ਮਨ ਨੂੰ ਸੁਗੰਧੀ’ ਦੇਣ ਵਾਲੇ ਅਰਥ ਕਰਦਾ ਹੈ)

ਮਨਮਤਿ-----ਮਨ ਦੀ ਇਛਾ

“ਮਨਮਤਿ ਹਉਲੀ ਬੋਲੇ ਬੋਲੁ।”
-ਗਉ ੧, ੧, ੧:੨ (151)

ਮਨ ਮੰਦਰ --- ਭਾਵ ਸਰੀਰ

“ਇਸੁ ਮਨ ਮੰਦਰ ਮਹਿ ਮਨੂਆ ਧਾਵੈ।”
-ਮਾਰੂ ੩, ਸੋਲਾ ੧੬, ੭:੧ (1060)

ਮਨ ਮੁਖ----- (1) ਮਨ ਦੀ ਇਛਾ ਅਨੁਸਾਰ ਚਲਣ ਵਾਲੇ, ਮਨਮਤੀ, ਆਪਹੁਦਰੇ

“ਮਨਮੁਖ ਗੁਣ ਤੈ ਬਾਹਰੇ ਬਿਨੁ ਨਾਵੈ ਮਰ ਦੇਝੂਰਿ।”

-ਸਿਰੀ ੩, ੩੭, ੨:੪ (27)

ਹੋਰ ਰੂਪ:

ਮਨਮੁਖਾ-

“ਬਿਨੁ ਸਬਦੈ ਜਗੁ ਦੁਖੀਆ ਫਿਰੈ ਮਨਮੁਖਾ ਨੋ ਗਈ ਖਾਇ।”(ਮਨਮੁਖ ਦਾ ਬਹੁਵਚਨ)

-ਸਿਰੀ ੩, ਅਸ ੨੧, ੪:੨ (67)

ਮਨਮੁਖਿ-

“ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ।”(ਆਪ ਹੁਦਰੇ /ਮਨ ਦੀ ਇਛਾ ਅਨੁਸਾਰ ਤੁਰਨ ਵਾਲਾ

-ਸਿਰੀ ੩, ੩੭, ੫:੧ (28)

(2) ਗੁਰ ਮੁਖ ਤੋਂ ਉਲਟ ਵੇਮੁਖ

“ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ।”

-ਸਿਰੀ ੫, ਅਸ ੨੯, ੧੯:੩ (74)

ਹੋਰ ਰੂਪ:

ਮਨਮੁਖਿ-

“ਗੁਰਮੁਖਿ ਲਾਧਾ ਮਨਮੁਖਿ ਗਵਾਇਆ।” (ਗੁਰੂ ਤੋਂ ਬੇਮੁਖ)

-ਆਸਾ ੪, ਸੋਪੁ ੨, ੧:੩ (11)

ਮਨਮੁਖੀ-

“ਮਨਮੁਖੀ ਮਨਹਠਿ ਹਾਰਿਆ ਕੂੜੁ ਕੁਸਤੁ ਕਮਾਇ।”(ਮਨਮੁਖਾਂ ਨੇ)

-ਸਿਰੀ ੪, ਵਾਰ ੧੨ਸ, ੩, ੨:੯ (87)

“ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ।”

-ਗਉ ੧, ਛੰਤ ੧, ੩:੩ (242)

“ਮਨਮੁਖੀ ਦੁਹਾਗਣਿ ਨਰਹਿ ਭੇਉ।”(ਮਨ ਮੁਖਤਾ ਵਾਲੀ)

-ਬਸੰ ੧, ੬, ੨:੧ (1170)

ਮਨਮੁਖੀਆ-

“ਮਨਮੁਖੀਆ ਸਿਰਿ ਮਾਰ ਵਾਦਿ ਖਪਾਈਐ।”(ਆਪਣੀ ਮਤ ਅਨੁਸਾਰ ਚਲਣ ਵਾਲਿਆਂ ਦੇ)

-ਆਸਾ ੧, ਅਸ ੧੬, ੭:੧ (420)

ਮਨਮੁਖ-

“ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ।” (ਬੇਮੁਖ)

-ਸਿਰੀ ੪, ੭੦, ੧:੩ (41)

ਮਨਮੁਖੋ-

“ਨਾਨਕ ਸਤਿਗੁਰ ਬਾਝੁ ਮੂਠਾ ਮਨਮੁਖੋ ਅਹੰਕਾਰੀ।”

-ਆਸਾ ੫, ਛੰਤ ੧੧, ੩:੬ (460)

ਮਨਮੋਹਨ ---- (1) ਮਨ ਨੂੰ ਚੰਗਾ ਲਗਨ ਵਾਲਾ, ਮਨ ਨੂੰ ਜਿਤ ਲੈਣ ਵਾਲਾ

“ਅਤਿ ਸੁੰਦਰ ਮਨਮੋਹਨ ਪਿਆਰੇ ਸਭਹੂ ਮਧਿ ਨਿਰਾਰੇ।”

-ਦੇਵ ੫, ੨੯, ੧*:੨ (534)

ਹੋਰ ਰੂਪ:

ਮਨਮੋਹਨਾ–
ਅਤਿ ਪ੍ਰੀਤਮ ਮਨਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ।
-ਬਿਹਾ ੫, ਛੰਤ ੨, ੧:੧ (542)

(2) ਮਨਮੋਹ ਲੈਣ ਵਾਲਾ ਪ੍ਰਭੂ
“ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ।”
-ਸਾਰ ੪, ੮, ੧*;੧ (1200)

ਮਨਰੰਜਨ ----ਮਨ ਨੂੰ ਖੁਸ਼ ਕਰਨ ਵਾਲੀ
“ਮੁਕਤਿ ਮਾਲ ਕਨਿਕ ਲਾਲ ਹੀਰਾ ਮਨ ਰੰਜਨ ਕੀ ਮਾਇਆ।”
-ਜੈਤ ੫, ੧, ੨:੧ (700)

ਮਨਾ ------ (1) ਹੇ ਮਨ
“ਮਨ ਏਕੁ ਨ ਚੇਤਸਿ ਮੂੜ ਮਨਾ।”
-ਆਸਾ ੧, ਸੋਪੁ ੩, ੧*:੧ (12)

ਹੋਰ ਰੂਪ:

ਮਨਾਂ–
“ਪਾਰਬ੍ਰਹਮ ਕਉ ਸਿਮਰਹੁ ਮਨਾਂ।”(ਹੇ ਮਨ)
- ਕਾਨ ੫, ੨੮, ੨:੧ (1303)

(2) ਮਨ ਅੰਦਰ, ਮਨ ਵਿਚ
“ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ।”
-ਮਾਝ ੫, ਬਾਰਾ ੨:੮ (133)
“ਜਪਸਿ ਨਿਰੰਜਨੁ ਰਚਸਿ ਮਨਾ।”(ਮਨ ਨਾਲ, ਮਨ ਲਾ ਕੇ)
-ਗਉ ੧, ੧੫, ੩*:੧ (156)

ਮਨਾਇ ----- (1) ਰਜ਼ਾਮੰਦ ਕਰਨਾ, ਖੁਸ਼ ਕਰਨਾ, ਪ੍ਰਸੰਨ ਕਰਨਾ
“ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ।”
-ਗਉ ੫, ਛੰਤ ੪, ੧:੨ (249)

(2) ਮਨਾਉਂਦਾ ਮਹਿਸੂਸ ਕਰਦਾ ਹੈ
“ਮਨ ਹਠਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ।”
-ਵਡ ੪, ਵਾਰ ੪ਸ, ੩, ੧:੪ (587)

ਹੋਰ ਰੂਪ:

ਮਨਾਇਓ–
“ਚਰਨ ਕਮਲ ਸਿਉ ਭਾਉ ਨ ਕੀਨੋ ਨਹ ਸਤ ਪੁਰਖੁ ਮਨਾਇਓ।”
-ਟੋਡੀ ੫, ੩, ੨:੧ (712)

ਮਨਾਇਓਨੁ --- ਪਰਵਾਨ ਕਰਵਾਉਣਾ, ਮਨਜ਼ੂਰ ਕਰਵਾਉਣਾ
“ਜਿਨਾ ਹੁਕਮੁ ਮਨਾਇਓਨੁ ਤੇ ਪੂਰਾ ਸੰਸਾਰਿ।”

-ਗੂਜ ੩, ਵਾਰ ੧੦:੧ (512)

ਹੋਰ ਰੂਪ:

ਮਨਾਇਆ-
"ਹੁਕਮੁ ਜਿਨਾ ਨੋ ਮਨਾਇਆ।" (ਪਰਵਾਨ ਕਰਵਾਇਆ)
-ਸਿਰੀ ੩, ਅਸ ੨੮, ੬:੧ (72)

ਮਨਾਇਆ --- (1) ਪਰਵਾਨ ਕਰਵਾਇਆ, ਵੇਖੋ 'ਮਨਾਦਿਓ'

ਹੋਰ ਰੂਪ:

ਮਨਾਇਸੀ-
"ਸੋ ਸੇਵਕੁ ਸੇਵਾ ਕਰੇ ਜਿਸ ਨੋ ਹੁਕਮੁ ਮਨਾਇਸੀ।"(ਪਰਵਾਨ ਕਰਵਾਏਗਾ)
-ਆਸਾ ੧, ਵਾਰ ੧੫:੨ (471)

ਮਨਾਇਹਿ-
"ਤੇਰਾ ਭਾਣਾ ਤੂਹੈ ਮਨਾਇਹਿ ਜਿਸਨੋ ਹੋਹਿ ਦਇਆਲਾ।"
-ਸੂਹੀ ੫, ੪੮, ੧:੧ (747)

(2) ਰਾਜੀ ਕੀਤਾ, ਖੁਸ਼ ਕੀਤਾ, ਰਜ਼ਾਮੰਦ ਕੀਤਾ
"ਕਰਿ ਸੇਵਾ ਸਤ ਪੁਰਖੁ ਮਨਾਇਆ।"
-ਆਸਾ ੫, ੩, ੨:੩ (371)

ਮਨਾਇਦਾ---- (1) ਸੋਚਦਾ, ਚਿਤਵਦਾ
"ਸਤਿਗੁਰੁ ਸਭਨਾ ਦਾ ਭਲਾ ਮਨਾਇਦਾ ਤਿਸ ਦਾ ਬੁਰਾ ਕਿਉ ਹੋਇ।"
-ਗਉ ੫, ਵਾਰ ੫ਸ, ੪, ੨:੪ (302)

(2) ਪਰਵਾਨ ਕਰਵਾਉਂਣਾ
"ਭਾਣੈ ਨੋ ਲੋਚੈ ਬਹੁਤੇਰੀ ਆਪਣਾ ਭਾਣਾ ਆਪਿ ਮਨਾਇਦਾ।"
-ਮਾਰੂ ੩, ਸੋਲਾ ੨੦, ੨:੩ (1063)

ਮਨਾਈ ----- (1) ਮਨਾ ਲਵਾਂ, ਰਾਜ਼ੀ ਕਰ ਲਵਾ
" ਪੈ ਪਾਇ ਮਨਾਈ ਸੋਇ ਜੀਉ।"
-ਸਿਰੀ ੫, ਅਸ ੨੯, ੧*:੧ (73)

(2) ਮਨਾਂ ਦੀ ਹਾਂ, ਸੁਖਦੀ ਹਾਂ
"ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ।"
-ਗਉ ੫, ਛੰਤ ੪, ੩:੧ (249)

(3) ਸਮਝਾਂ, ਮੰਨ ਲਵਾਂ, ਪਰਵਾਨ ਕਰੇ
"ਜੇ ਭੁਖ ਦੇਹਿ ਤ ਇਤਹੀ ਰਾਜਾ ਦੁਖ ਵਿਚ ਸੂਖ ਮਨਾਈ।"
-ਸੂਹੀ ੪, ਅਸ ੧, ੩:੧ (757)

"ਨਿਆਉ ਤਿਸੈ ਕਾ ਹੈ ਸਦ ਸਾਚਾ ਵਿਰਲੇ ਹੁਕਮੁ ਮਨਾਈ।" (ਪਰਵਾਨ ਕਰਵਾਉਣਾ)
-ਰਾਮ ੩, ਅਸ ੫, ੧੭:੧ (912)

ਹੋਰ ਰੂਪ:

ਮਨਾਈਐ-

“ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ।” (ਪਰਵਾਨ ਕਰੀਏ, ਸਮਝੀਏ)

-ਸੋਰ ੫, ੧੨, ੩:੧ (612)

ਮਨਾਏ-

“ਨਾਨਕ ਹਰਿ ਜੀਉ ਤਾ ਕਉ ਦੇਵੈ ਜਾ ਕਉ ਹੁਕਮੁ ਮਨਾਏ।” (ਪਰਵਾਨ ਕਰਵਾਏ)

-ਗਉ ੫, ੧੩੩*, ੩:੨ (208)

ਮਨਾਏ------ (1) ਪਰਵਾਨ ਕਰਵਾਏ, ਵੇਖੋ ‘ਮਨਾਈ’ (3)

(2) ਖੁਸ਼ ਕਰੇ, ਪ੍ਰਸਨ ਕਰੇ

“ਸਾਧ ਸੰਤ ਮਨਾਏ ਪ੍ਰਿਅ ਪਾਏ ਗੁਨ ਗਾਏ ਪੰਚ ਨਾਦ ਤੂਰ ਬਜਾਏ।”

-ਆਸਾ ੫, ੧੫੩, ੧*:੨ (408)

“ਪੈਰੀ ਪੈ ਪੈ ਬਹੁਤ ਮਨਾਏ।”(ਰਾਜੀ ਕਰੇ)

-ਸਾਰ ੪, ਵਾਰ ੯ਸ, ੧, ੧:੪ (1240)

ਮਨਾਰਿ -----ਮਨਾ ਕੇ, ਖੁਸ਼ ਕਰਕੇ

“ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗ ਕੀਆ।”

-ਮਲਾ ੫, ੨੩, ੧*:੧ (1271)

ਮਨਾਵਉ------ਖੁਸ਼ ਕਰਾ, ਪ੍ਰਸੰਨ ਕਰਾਂ

“ਸਤਿਗੁਰੁ ਪੂਜਉ ਸਦਾ ਸਦਾ ਮਨਾਵਉ।”

-ਭੈਰ ਕਬ, ੬, ੩:੧ (1158)

ਹੋਰ ਰੂਪ:

ਮਨਾਵਉਗੀ-

“ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ।”(ਖੁਸ਼ ਕਰਾਂਗਾ)

-ਸਾਰ ੫, ੧੩੬, ੨:੨ (1230)

ਮਨਾਵਹਿ ----ਮੰਨੇ, ਪਰਵਾਨ ਕਰੇ

“ਸਰਬ ਸਿਧਿ ਹਰਿ ਗਾਈਐ ਸਭਿ ਭਲਾ ਮਨਾਵਹਿ।”

-ਬਿਲਾ ੫, ੭੨, ੧:੧ (818)

ਮਨਾਵਹੁ-----ਖੁਸ਼ ਕਰੋ, ਪ੍ਰਸੰਨ ਕਰੋ

“ਸਤਿਗੁਰੁ ਅਪਨਾ ਸਦ ਸਦਾ ਮਨਾਵਹੁ।”

-ਆਸਾ ੫, ੬੨, ੧*:੨ (386)

ਮਨਾਵਣਿਆ --ਮੰਨਾਵਦਾ, ਨਿਸਚਾ ਕਰਵਾਉਂਦਾ

“ਬੈਸਿ ਸੁਥਾਨਿ ਹਰਿ ਗੁਣ ਗਾਵਹਿ ਆਪੇ ਕਰਿ ਸਤਿ ਮਨਾਵਣਿਆ।”

-ਮਾਝ ੩, ਅਸ ੯, ੭:੩ (114)

ਮਨਾਵੈ ------ (1) ਮੰਨਾਵੇ, ਪ੍ਰਵਾਨ ਕਰਵਾਏ

“ਜਾ ਤਿਸੁ ਭਾਵੈ ਤਾ ਹੁਕਮੁ ਮਨਾਵੈ।”

-ਗਉ ਕਬ, ੬੧, ੨:੧ (337)

(2) ਪ੍ਰਸੰਨ ਕਰਨ, ਰਾਜ਼ੀ ਕਰਨ, ਖੁਸ਼ ਕਰਨ

“ਰੋਜਾ ਧਰੈ ਮਨਾਵੈ ਅਲਹੁ ਸੁਆਦਤਿ ਜੀਅ ਸੰਘਾਰੈ।”

-ਆਸਾ ਕਬ, ੨੯, ੧:੧ (483)

ਮਨਿ ------- (1) ਮਨ ਵਿਚ, ਮਨ ਅੰਦਰ

“ਗਾਵੀਐ ਸੁਣੀਐ ਮਨਿ ਰਖੀਐ ਭਾਉ।”

-ਜਪੁ ੧, ੫:੫ (2)

“ਮਨਿ ਹਿਰਦੈ ਕ੍ਰੋਧੁ ਮਹਾ ਬਿਸਲੋਧੁ ਨਿਰਪ ਧਾਵਹਿ ਲੜਿ ਦੁਖੁ ਪਾਇਆ।”

-ਆਸਾ ੪, ਛੰਤ ੧੧, ੨:੩ (445)

(ਮਹਾਨਕੋਸ਼ ਇਥੇ ਅਰਥ ‘ਮਨੁਖ ਦੇ’ ਕਰਦਾ ਹੈ।)

“ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ।”(ਮਨ ਵਿਚ ਭਾਵ ਚੇਤੇ,ਯਾਦ)

-ਗਉ ੯, ੩, ੧*:੧ (219)

ਹੋਰ ਰੂਪ:

ਮੰਨਿ-

“ਜਤੁ ਸਤੁ ਤਪੁ ਪਵਿਤ੍ਰੁ ਸਰੀਰਾ ਹਰਿ ਹਰਿ ਮੰਨਿ ਵਸਾਏ।”(ਮਨ ਵਿਚ)

-ਸਿਰੀ ੩, ੪੫, ੩:੨ (31)

(2) ਮਨ ਨੂੰ ਮਨਦੇ

“ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ।”

-ਜਪੁ ੧, ੨੮:੩ 96)

(3) ਮਨ ਕਰਕੇ ਮਨੋ

“ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ।”

-ਸਿਰੀ ੩, ੩੪, ੧:੧ (26)

“ਜਿਨੀ ਇਕ ਮਨਿ ਨਾਮੁ ਧਿਆਇਆ ਗੁਰਮਤੀ ਵੀਚਾਰਿ।”

-ਸਿਰੀ ੩, ੩੮, ੧:੧ (28)

(4) ਮਨਦਾ, ਮਨ ਅੰਦਰੋ, ਮਨ ਵਿਚੋਂ

“ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ।”

-ਸਿਰੀ ੩, ੩੪, ੨:੨ (26)

(5) ਮਨ ਦੇ

“ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ।”

-ਸਿਰੀ ੩, ੬੪, ੨:੧ (39)

(6) ਮਨ ਨੂੰ

“ਮਨਿ ਭਾਵੰਦਾ ਕੰਤੁ ਹਰਿ ਤੇਰਾ ਥਿਰੁ ਹੋਆ ਸੋਹਾਗੁ ਜੀਉ।”

-ਮਾਝ ੫, ਅਸ ੩੮, ੭:੩ (132)

(7) ਮੰਨ ਲਏ, ਪਰਵਾਨ ਕਰ ਲਏ

“ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ।”

-ਗਉ ੪, ਵਾਰ 20:੪ (312)

ਹੋਰ ਰੂਪ:

ਮੰਨਿ-

“ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ।”

-ਸਿਰੀ ੩, ੫੪, ੧:੨ (34)

(8) ਮੰਨ ਕੇ, ਪਰਵਾਨ ਕਰਕੇ

"ਸਾਧ ਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ।"

-ਗਉ ੫, ਵਾਰ ੧:੪ (318)

ਹੋਰ ਰੂਪ:

ਮੰਨਿ-

"ਜੇ ਕੋ ਮੰਨਿ ਜਾਣੈ ਮਨਿ ਕੋਇ।"(ਪਰਵਾਨ ਕਰਕੇ, ਮੰਨ ਕੇ)

-ਜਪੁ ੧, ੧੨:੬ (3)

"ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ।"

- ਗੂਜ ੩, ਵਾਰ ਬੰਸ, ੩, ੧:੪ (510)

ਮੰਨਿਓ-

"ਸਤਗੁਰੁ ਪੁਰਖੁ ਨ ਮੰਨਿਓ ਸਬਦਿ ਨ ਲਗੋ ਪਿਆਰੁ।"(ਮੰਨਿਆ, ਵਿਸ਼ਵਾਸ ਲਿਆਂਦਾ)

-ਸਿਰੀ ੩, ੫੩, ੫:੧ (34)

ਮੰਨਿਅਉ-

"ਗੁਰ ਅਮਰਦਾਸ ਜਾਲਪੁ ਭਣੈ ਤੂ ਇਕੁ ਲੋੜਹਿ ਇਕੁ ਮੰਨਿਅਉ।"(ਮੰਨਦਾ)

-ਸਵ ੩, ੧੨:੬ (1394)

(9) ਮਨ ਰਾਹੀਂ/ਦੁਆਰਾ

"ਇਹ ਮਨਿ ਲੀਣ ਭਏ ਸੁਖਦੇਉ।"

-ਗਉ ਕਬ, ਅਸ ੩੬, ੮:੨ (330)

(9) ਮਨ ਕੇ

"ਮਨਿ ਅੰਧੈ ਜਨਮੁ ਗਵਾਇਆ।"

-ਆਸਾ ੧, ਵਾਰ ੩:੫ (464)

ਮੰਨਿਅੜੀ ---- ਮੰਨ ਲਈ

"ਜਿਨਿ ਸੁਣਿ ਮੰਨਿਅੜੀ ਅਕਥ ਕਹਾਣੀ ਰਾਮ।"

-ਬਿਲਾ ੧, ਛੰਤ ੨, ੩:੨ (844)

ਮੰਨਿਆ ----- (1) ਪਰਵਾਨ ਕੀਤਾ,ਵਿਸ਼ਵਾਸ਼ ਲਿਆਂਦਾ ਕਬੂਲ, ਕੀਤਾ

"ਸੁਣਿਆ ਮੰਨਿਆ ਮਨਿ ਕੀਤਾ ਭਾਉ।"

-ਜਪੁ ੧, ੨੧:੩ (4)

"ਨਾਨਕ ਦਰਗਹ ਮੰਨਿਆ ਗੁਰ ਪੂਰੇ ਸਾਬਾਸਿ।"(ਭਾਵ ਸਤਿਕਾਰਿਆ ਗਿਆ)

-ਸੂਹੀ ੪, ਅਸ ੨, ੧੪:੨ (759)

"ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡਭਾਗ ਲਹੰਨਿ।" (ਸ਼ਰਧਾ, ਲਿਆਂਦੀ)

-ਕਾਨ ੪, ਵਾਰ ੮ਸ, ੪, ੧:੨ (1316)

(2) ਪਤੀਜੇ, ਰਾਜ਼ੀ ਹੋਏ

ਜਾ ਸਤਿਗੁਰ ਕਾ ਮਨੁ ਮੰਨਿਆ ਤਾ ਪਾਪ ਕਸੰਮਲ ਭੰਨੇ।

-ਗਉ ੪, ਵਾਰ ੨੫:੨ (314)

(3) ਜੋ ਮੰਨ ਗਿਆ ਹੈ

"ਨਾਨਕ ਮੰਨਿਆ ਮੰਨੀਐ ਬੁਝੀਐ ਗੁਰ ਪਰਸਾਦਿ।"

-ਰਾਮ ੩, ਵਾਰ ੧੪ਸ, ੪, ੨:੨ (954)

ਮੰਨਿਆਂ ----- ਸ਼ਰਧਾ ਲਿਆਂਦੀ, ਵਿਸ਼ਵਾਸ਼ ਲਿਆਂਦਾ, ਵੇਖੋ 'ਮੰਨਿਆਂ' (1)

“ਜਿਨੀ ਸਤਿਗੁਰ ਮੰਨਿਆਂ ਹਉ ਤਿਨ ਕੇ ਲਾਗਉ ਪਾਇ।”
-ਸਲੋ ੪, ੬:੫ (1422)

ਮੰਨਿਐ ----- (1) ਮੰਨਣ ਨਾਲ
“ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ।”
-ਸਿਰੀ ੧, ੭, ੧:੨ (16)
“ਏਕਸੁ ਸਿਉ ਮਨੁ ਰਹਿਆ ਸਮਾਏ ਮਨਿ ਮੰਨਿਐ ਮਨਹਿ ਮਿਲਾਵਣਿਆ।”
(ਪਸੀਜਨ ਨਾਲ)
-ਮਾਝ ੩, ਅਸ ੨੨, ੭:੩ (122)

ਹੋਰ ਰੂਪ:

ਮੰਨਿਹੁ-
“ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ।” (ਮੰਨੋ ਪਰਵਾਨ ਕਰੋ)
-ਰਾਮ ੩, ਅਨੰ ੯:੪ (918)

ਮਨਿਚਿੰਦਿਆ-- ਮਨ ਚਾਹਿਆ, ਮਨ ਚਿਤਵਿਆ, ਮਨ ਇਛਤ
“ਮਨਿਚਿੰਦਿਆ ਫਲੁ ਪਾਇਆ ਰਾਮ ਨਾਮੁ ਧਿਆਇਆ ਰਾਮ ਨਾਮ ਗੁਣ ਗਾਏ।”
-ਆਸਾ ੪, ਛੰਤ ੯, ੬:੨ (443)

ਹੋਰ ਰੂਪ:

ਮਨਿਚਿੰਦੀ-
“ਧਰਮ ਅਰਥ ਕਾਮ ਸਭਿ ਪੂਰਨ ਮਨਿਚਿੰਦੀ ਇਛ ਪੁਜਾਏ।” (ਮਨਚਾਹੀ)
-ਸੂਹੀ ੫, ਛੰਤ ੧੧, ੪:੪ (785)
ਮਨਿਚਿੰਦੇ-
“ਮਨਿਚਿੰਦੇ ਸੇਈ ਫਲ ਪਾਵਹਿ।”(ਮਨ ਚਾਹੇ)
-ਮਾਝ ੫, ੩੫, ੨:੨ (104)

ਮਨਿਮੁਖਿ ---- ਮਨ ਦੀ ਮਤਿ ਮਗਰ ਲਗਨ ਵਾਲੇ ਨੇ, ਆਪ ਹੁਦਰੇ ਨੇ
“ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖਿ ਸਤਿ ਕਹੇ।”
-ਆਸਾ ੫, ੧੪੨, ੨:੧ (406)

ਮਨੀ -------ਪਰਵਾਨ ਕੀਤੀ, ਵਿਸ਼ਵਾਸ਼ ਲੈ ਆਂਦਾ
“ਜਿਨਿ ਜਨਿ ਸੁਣੀ ਮਨੀ ਹੈ ਜਿਨਿ ਜਨਿ ਤਿਸੁ ਜਨ ਕੈਹਉ ਕੁਰਬਾਨੰਤੀ।”
-ਨਟ ੪, ੮, ੧:੨ (977)

ਮੰਨੀ-------ਮੇਰੇ
“ਹਾਜਰਾ ਹਜੂਰਿ ਦਰਿ ਪੇਸਿ ਤੂੰ ਮੰਨੀ।”
-ਤਿਲੰ ਨਾਮ, ੨, ੧:੨ (727)

ਮੰਨੀ ------- ਪਰਵਾਨ ਕੀਤੀ, ਵਿਸ਼ਵਾਸ਼ ਲਿਆਦਾ
“ਜਿਨਾ ਗੁਰਸਿਖਾ ਕਉ ਹਰਿ ਸੰਤੁਸ਼ਟੁ ਹੈ ਤਿਨੀ ਸਤਿਗੁਰ ਕੀ ਗਲ ਮੰਨੀ।”
-ਵਡ ੪, ਵਾਰ ੧੨:੪ (591)

ਮੰਨੀਅਹਿ ----ਪਰਵਾਨ ਹੁੰਦੇ ਭਾਵ ਸਤਿਕਾਰੇ ਜਾਂਦੇ ਹਨ

"ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ।"

-ਸਿਰੀ ੫, ੧੦੦, ੧:੩ (53)

ਹੋਰ ਰੂਪ:

ਮੰਨੀਅਨਿ-

"ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ।" (ਆਦਰ ਪ੍ਰਾਪਤ ਕਰਦੇ ਹਨ)

-ਮਾਝ ੧, ਵਾਰ ੧੨:੭ (143)

ਮਨੀਆ -----ਮੰਨੀ ਜਾਂਦੀ /ਭਾਵ ਆਖੀ (ਗਿਣੀ) ਜਾਂਦੀ ਹਾਂ

"ਜੀਅ ਪ੍ਰਾਨ ਮੇਰਾ ਧਨੋ ਸਾਹਿਬ ਕੀ ਮਨੀਆ।"

-ਆਸਾ ੫, ੧੧੭, ੧*:੧ (400)

ਮੰਨੀਆ -----ਪਰਵਾਨ ਹੋਈਆ, ਮਨਜ਼ੂਰ ਹੋਈਆ

"ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ।"

-ਵਡ ੧, ੩, ੧:੧੨ (558)

ਮਨੀਆਰੁ ----ਚੂੜੀਆਂ ਵੇਚਨ ਅਥਵਾ ਚੜ੍ਹਾਉਣ ਵਾਲੇ

"ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ।"

-ਵਡ ੧, ੩, ੧:੭ (558)

ਮੰਨੀਐ ----- (1) ਵਿਸ਼ਵਾਸ ਲਿਆਈਏ

"ਨਾਉ ਪੂਜੀਐ ਨਾਉ ਮੰਨੀਐ ਅਖੰਡੁ ਸਦਾ ਸਚੁ ਸੋਇ।"

-ਸਿਰੀ ੧, ੮, ੩:੩ (17)

(2) ਆਦਰ ਪਾਉਣਾ, ਸਤਿਕਾਰਿਆ ਜਾਣਾ

"ਬਿਨੁ ਨਾਵੈ ਕੋਇ ਨ ਮੰਨੀਐ ਮਨਮੁਖਿ ਪਤਿ ਗਵਾਈ।"

-ਆਸਾ ੩, ਅਸ ੨੯, ੬:੧ (426)

(3) ਜਾਣਿਆ ਜਾਂਦਾ ਹੈ, ਵਜਦਾ ਹੈ

"ਨਾਮਹੁ ਹੀ ਨਾਮੁ ਮੰਨੀਐ ਨਾਮੇ ਵਡਿਆਈ।"

-ਆਸਾ ੩, ਅਸ ੨੯, ੭:੩ (426)

ਮਨੀਐ------ਮੰਨੀਦੀ ਹੈ

"ਦੁਤੀਆ ਤੇਰੀ ਮਨੀਐ ਪਾਂਤਿ।"

-ਆਸਾ ੫, ੧੨, ੧:੨ (374)

ਮਨੁ ------- (1) ਮਨ, ਹਿਰਦਾ, ਦਿਲ

"ਗਾਵਨਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਾਇਆਲੇ।"

-ਜਪੁ ੧, ੨੭, ੧੧ (16)

"ਮਨੁ ਰਾਜਾ ਮਨੁ ਮਨ ਤੇ ਮਾਨਿਆ।"

-ਭੈਰ ੧, ੨, ੩:੧ (1125)

(ਮਹਾਨਕੋਸ਼ ਇਥੇ ਅਰਥ 'ਦਾਨਾ' ਵਿਚ ਪ੍ਰਵਾਨ ਵਿਵੇਕੀ ਕਰ ਰਿਹਾ ਹੈ)

(2) ਆਤਮਾ

"ਤਿਨ ਭੀ ਤਨ ਮਹਿ ਮਨੁ ਨਹੀ ਪੇਖਾ।"

-ਗਉ ਕਬ, ਅਸ ੩੬, ੩:੨ (330)

"ਤਨ ਛੂਟੇ ਮਨੁ ਕਹਾ ਸਮਾਈ।"

-ਗਉ ਕਬ, ਅਸ ੩੬, ੪:੨ (330)

(3) ਜੀਵ (ਭਾਵ)

"ਜੇਤੇ ਸਾਸ ਗ੍ਰਾਸ ਮਨੁ ਲੇਤਾ ਤੇਤੇ ਹੀ ਗੁਨ ਗਾਈਐ।"

-ਗਉ ੫, ੧੫੩*, ੧:੧ (213)

(ਮਹਾਨਕੋਸ਼ ਅਰਥ "ਸਰੀਰ" ਕਰਦਾ ਹੈ)

"ਮਨੁ ਪਰਦੇਸੀ ਆਇਆ ਮਿਲਿਓ ਸਾਧ ਕੈ ਸੰਗਿ।"

-ਆਸਾ ੫, ਅਸ ੨, ੨:੧ (431)

(4) ਭਾਵ ਸੁਭਾ, ਆਚਰਣ

"ਕਾਇਆ ਕਾਗਦੁ ਮਨੁ ਪਰਵਾਣਾ।"

-ਧਨਾ ੧, ੭, ੧:੧ (662)

(5) ਮਾਨੋ

"ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ।"

-ਬਸੰ ਰਾਮਾ, ੧, ੧*:੨ (1195)

(6) ਮਨੁੱਖਾ ਦੇਹ

"ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ।"

-ਵਡ ੩, ੯, ੧:੨ (560)

ਮੰਨੁ -------ਮਨ, ਹਿਰਦਾ, ਦਿਲ

"ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ।"

-ਗਉ ੫, ਵਾਰ ੧੪ਸ, ੫, ੨:੧ (321)

ਮਨੁਖ ------ਆਦਮੀ, ਮਨੁਸ਼

"ਦੁਖੁ ਸੁਖੁ ਦੁਇ ਦਰਿ ਕਪੜੇ ਪਹਿ ਰਹਿ ਜਾਇ ਮਨੁਖ।"

-ਮਾਝ ੧, ਵਾਰ ੨੪ਸ, ੧, ੨:੨ (149)

ਹੋਰ ਰੂਪ:

ਮਨੁਖਾ–

"ਸਾਧਿਕ ਸਿਧ ਸੁਰਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ।"(ਮਨੁੱਖ)

-ਆਸਾ ੫, ੧, ੧*:੨ (370)

"ਚਹੁ ਜਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ।"(ਮਨੁਖਾਂ)

-ਬਿਲਾ ੩, ੪, ੨:੧ (797)

ਮਨੁਖਾਇ ----ਮਨੁੱਖਾਂ ਨੂੰ

"ਗੁਪਤੁ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ ਮਨੁਖਾਇ।"

-ਮਾਰੂ ੫, ੧੧, ੧:੧ (1001)

ਮਨੁਖੁ ------ਮਾਨਸ, ਆਦਮੀ ਵਾਲਾ

"ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ।"

-ਮਾਰੂ ਕਬ, ੧, ੧*:੨ (1105)

ਹੋਰ ਰੂਪ:

ਮਨੁਖੁ –

"ਸਿਧ ਮਨੁਖੵ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ।" (ਮਨੁੱਖ)
-ਸਸ ੫, ੭*:੩ (1188)

ਮਨੁਖੵ-
"ਪ੍ਰਥਮੇ ਨਾਨਕ ਚੰਦੁ ਜਗਤ ਭਯੋ ਆਨੰਦੁ ਤਾਰਨਿ ਮਨੁਖੵ ਜਨ ਕੀਅਉ ਪ੍ਰਗਾਸ।"(ਮਨੁੱਖ)
-ਸਵ ੪, ਨਲ ੪:੨ (1399)

ਮਨੂਆ------ (1) ਮਨ
"ਇਹੁ ਮਨੂਆ ਅਤਿ ਸਬਲ ਹੈ ਛਡੇ ਨ ਕਿਤੈ ਉਪਾਇ।"
-ਸਿਰੀ ੩, ੫੧, ੪:੧ (33)
"ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨ ਪਾਏ ਜੀਉ।"
-ਮਾਝ ੫, ੩0, ੧:੨ (103)
"ਮਨੂਆ ਅਸਥਿਰੁ ਸਬਦੇ ਰਾਤਾ ਏਹਾ ਕਰਣੀ ਸਾਰੀ।"
-ਰਾਮ ੧, ਅਸ ੯, ੧੮:੧ (908)
(ਮਹਾਨਕੋਸ਼, ਇਸ ਦੇ ਅਰਥ 'ਅੰਤਹ ਕਰਣ ਕਰਦਾ ਹੈ)
(2) ਮੋਹ, ਮਮਤਾ
"ਮਨਮਹਿ ਮਨੂਆ ਜੇ ਮਰੈ ਤਾ ਪਿਰੁ ਰਾਵੈ ਨਾਰਿ।"
-ਸਿਰੀ ੧, ਅਸ ੯, ੪:੧ (58)
(ਸ਼ਬਦਾਰਥ ਅਰਥ ਮਨ ਹੀ ਕਰਦਾ ਹੈ)
(3) ਮੰਨ ਲਈ, ਸਮਝ ਲਈ
"ਜੋ ਪਰਾਈ ਸੁ ਅਪਨੀ ਮਨੂਆ।"
-ਟੋਡੀ ੫, ੧੬, ੧:੨ (715)
(4) ਆਦਮੀ
"ਮਨੂਆ ਅੰਧੁ ਨ ਚੇਤਈ ਪੜੈ ਅਚਿੰਤਾ ਜਾਲੁ।"
-ਰਾਮ ੩, ਵਾਰ ੧੮ਸ, ੧, ੨:੨ (955)

ਮਨੂਰ ------ ਗਲਿਆ ਸੜਿਆ ਲੋਹਾ, ਲੋਹੇ ਦੀ ਮੈਲ
"ਪਾਪ ਬਿਕਾਰ ਮਨੂਰ ਸਭਿ ਲਦੇ ਬਹੁ ਭਾਰੀ।"
-ਸਾਰ ੪, ਵਾਰ ੨੭:੩ (1247)

ਮਨੂਰਹੁ ----- ਨਿਕੰਮੇ ਲੋਹੇ ਤੋਂ
"ਸਤਿਗੁਰ ਕੀਜੇ ਸਰਣੀ ਆਵੈ ਫਿਰਿ ਮਨੂਰਹੁ ਕੰਚਨੁ ਹੋਹਾ।"
-ਰਾਮ ੫, ਵਾਰ ੭ਸ, ੫, ੨:੯ (960)

ਮਨੂਰਾ------ ਨਿਕੰਮਾ ਲੋਹਾ
"ਧੰਧੈ ਧਾਵਤ ਮਨ ਭਇਆ ਮਨੂਰਾ।"
-ਮਾਰੂ ੩, ਸੋਲਾ ੪, ੪:੧ (1047)

ਹੋਰ ਰੂਪ:

ਮਨੂਰੁ-
"ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ।" (ਨਿਕੰਮਾ ਲੋਹਾ)
-ਮਾਰੂ ੧, ੩, ੪:੧ (990)

ਮਨੂਰੈ–
"ਮਨੂਰੈ ਤੇ ਕੰਚਨ ਭਏ ਭਾਈ ਜੋਤੀ ਜੋਤਿ ਮਿਲਾਇ।"(ਗਲੇ ਸੜੇ ਲੋਹੇ ਤੋਂ)
–ਸੋਰ ੩, ਅਸ ੨, ੩:੧ (638)

ਮਨੇ ------- (1) ਮਨਨ ਕਰੇ
"ਜਾ ਲਾਹਾ ਦੇਇ ਤਾ ਸੁਖੁ ਮਨੇ ਤੋਟੈ ਮਰਿ ਜਾਈ।"(ਮਹਿਸੂਸ ਕਰਦਾ ਹੈ)
–ਗਉ ੪, ੪੮, ੩:੨ (166)
"ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ।"(ਮਨ ਜਾਂਦਾ ਹੈ)
–ਬਸੰ ੧, ੬, ੧*:੨ (1170)
(2) ਮਨ ਨੂੰ
"ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਮੀ ਸਚ ਮਨੇ।"
–ਧਨਾ ੧, ਛੰਤ ੧, ੨:੬ (688)
(3) ਮੰਨ ਕੇ
"ਮੇਰੇ ਮਨ ਜਪਿ ਹਰਿ ਹਰਿ ਨਾਮੁ ਮਨੇ।"
–ਨਟ ੪, ੫, ੧*:੧ (976)

ਮੰਨੇ ------- (1) ਮਨਨ ਕਰਨ ਵਾਲਾ
"ਮੰਨੇ ਕੀ ਗਤਿ ਕਹੀ ਨ ਜਾਇ।"
–ਜਪੁ ੧, ੧੨:੧ (3)
(2) ਮਨਨ ਕਰੇ ਪਰਵਾਨ ਕਰੇ, ਵਿਸ਼ਵਾਸ ਲਿਆਵੇ
"ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ।"
–ਸਿਰੀ ੪, ੬੯, ੨:੨ (41)
"ਜਿਸ ਨੋ ਮੰਨੇ ਆਪਿ ਸੋਈ ਮਾਨੀਐ।"(ਮਾਨਤਾ ਦੇਣ, ਪ੍ਰਵਾਨ ਕਰੇ)
–ਆਸਾ ੫, ੧੦੮, ੩:੧ (398)
"ਸਭੁ ਕੋ ਤਿਸੁ ਮੰਨੇ ਹਾਂ।"(ਭਾਵ ਆਦਰ ਕਰਦਾ ਹੈ)
–ਆਸਾ ੫, ੧੬੦, ੨:੪ (410)
"ਜਿ ਸਤਿਗੁਰ ਨੋ ਮਿਲਿ ਮੰਨੇ ਸੁਹਲਤਿ ਪਲਤਿ ਸਿਝੈ ਜਿ ਵੇਮੁਖੁ ਹੋਵੈ ਸੁ ਫਿਰੈ ਭਰਿਸਟ ਥਾਨੁ।" (ਸ਼ਰਧਾ ਲਿਆਵੇ)
–ਬਿਲਾ ੪, ਵਾਰ ੧੦:੪ (853)
(3) ਪਤੀਜੇ, ਖੁਸ਼ ਹੋਵੇ
"ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ।"
–ਗਉ ੪, ਵਾਰ ੨੫:੧ (314)
"ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ।"(ਖੁਸ਼ ਹੋਵੇ, ਪਤੀਜੇ)
–ਆਸਾ ੪, ਛੰਤ ੧੬, ੩:੩ (449)

ਮਨੇਸਹਿ------ਮੰਨਦੇ ਹਨ
"ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ।"
–ਬਿਹਾ ੪, ਛੰਤ ੪, ੩:੪ (540)

ਮਨੈ ------- (1) ਮਨ ਵਿਚ, ਮਨ ਅੰਦਰ
"ਜਪੁ ਤਪੁ ਸੰਜਮੁ ਮਨੈ ਮਾਹਿ ਬਿਨੁ ਨਾਵੈ ਧ੍ਰਿਗੁ ਜੀਵਾਸੁ।"

-ਸਿਰੀ ੪, ਵਾਰ ੯ਸ, ੩, ੨:੬ (86)

(2) ਮਨ ਦੇ

“ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ ਜਨਮੁ ਗਵਾਇ।”

-ਸਿਰੀ ੪, ਵਾਰ ੧੨ਸ, ੩, ੨:੮ (87)

ਮੰਨੈ ------- (1) ਮੰਨਣ ਨਾਲ

“ਮੰਨੈ ਸੁਰਤਿ ਹੋਵੈ ਮਨਿ ਬੁਧਿ।”

-ਜਪੁ ੧, ੧੩:੧ (3)

(2) ਪਰਵਾਨ ਕਰੇ, ਵਿਸ਼ਵਾਸ ਲਿਆਵੇ

“ਪੂਰੇ ਗੁਰ ਕੇ ਹੁਕਮੁ ਨ ਮੰਨੈ ਓਹੁ ਮਨਮੁਖੁ ਅਗਿਆਨੁ ਮੁਠਾ ਬਿਖੁ ਮਾਇਆ।”

-ਗਉ ੪, ਵਾਰ ੮ਸ, ੪, ੨:੧ (303)

ਮਨੋ -------ਮਨ

“ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਿਦਿਨੋੁ ਮੋਹਿ ਆਹੀ ਪਿਆਸਾ।”

-ਧਨਾ ੧, ਸੋਹ ੩, ੪:੧ (13)

“ਚਲੇ ਚਲਣਹਾਰ ਵਿਚਾਰਾ ਲੇਇ ਮਨੋ।”(ਮਨ ਵਿਚ)

-ਆਸਾ ਫਰ, ੨, ੭:੧ (488)

ਮਨੋਹਰ ----- ਦਿਲਕਸ਼, ਮਨ ਨੂੰ ਖਿਚਪਾਣ ਵਾਲਾ

“ਸਾਧ ਕੈ ਸੰਗਿ ਮਨੋਹਰ ਬੈਨ।”

-ਗਉ ੫, ਸੁਖ ੭, ੨:੬ (271)

ਹੋਰ ਰੂਪ:

ਮਨੋਹਰੁ -

“ਸ੍ਰੀ ਰੰਗੋ ਦਇਆਲ ਮਨੋਹਰੁ ਭਗਤਿ ਵਛਲੁ ਬਿਰਦਾਇਆ।”(ਭਾਵ ਸੁੰਦਰ, ਮਨ ਮੋਹ ਲੈਣ ਵਾਲਾ)

-ਗਉ ੫, ਛੰਤ, ੩, ੨:੨ (248)

ਮਨੋਪਿਮੰ----- ਜਿਸ ਦੀ ਉਪਮਾ ਨਾ ਕੀਤੀ ਜਾ ਸਕੇ

“ਪਰਮਾਦਿ ਪੁਰਖ ਮਨੋਪਿਮੰ ਸਤਿ ਆਦਿ ਭਾਵ ਰਤੰ।”

-ਗੂਜ ਦੇਵ, ੧, ੧:੧ (526)

ਮਨੋਰਥ ----- ਇਛਾ, ਸੰਕਲਪ, ਭਾਵਨਾਵਾਂ ਆਸ਼ੇ

“ਸਗਲ ਮਨੋਰਥ ਪੂਰਨ ਹੋਏ ਕਦੇ ਨ ਹੋਇ ਦੁਖਾਲਾ ਜੀਉ।”

-ਮਾਝ ੫, ੪੦, ੪:੩ (106)

“ਪਾਏ ਮਨੋਰਥ ਸਭਿ ਜੋਨੀ ਨਹ ਭਵੈ।”

-ਗੂਜ ੫, ਵਾਰ ੨੦ਸ, ੫, ੧:੪ (523)

“ਰਚੰਤਿ ਮੂੜ ਅਗਿਆਨ ਅੰਧਹ ਨਾਨਕ ਸੁਪਨ ਮਨੋਰਥ ਮਾਇਆ।” (ਮਨ + ਅਰਥ = ਮਨ ਦੀਆਂ ਚਾਹੀਆਂ ਵਸਤਾਂ)

-ਜੈਤ ੫, ਵਾਰ ੮ਸ, ੫, ੧:੨ (707)

ਹੋਰ ਰੂਪ:

ਮਨੋਰਥੁ-

“ਆਸ ਮਨੋਰਥੁ ਪੂਰਨੁ ਹੋਵੈ ਭੇਟਤ ਗੁਰ ਦਰਸਾਇਆ ਜੀਉ।”(ਆਸ਼ਾ, ਉਦੇਸ਼)
-ਮਾਝ ੫, ੩੨, ੨:੩ (104)

ਮਪਿ -------ਮਾਪ ਕੇ, ਮਿਣ ਕੇ
“ਮਪਿ ਮਪਿ ਕਾਟਉ ਜਮ ਕੀ ਫਾਸੀ।”
-ਆਸਾ ਨਾਮ, ੩, ੧:੨ (485)

ਮਫੀਟਸਿ ----ਅਮਿਟ ਹੈ
“ਕਰਮ ਕਰਿ ਖਾਰੁ ਮਫੀਟਸਿ ਰੀ।”
-ਧਨਾ ਤ੍ਰਿਲੋ, ੧, ੪:੩ (695)

ਮਫੁਟੈ ------ਨਹੀਂ ਫੁਟਦੀ
“ਸੰਜਮੁ ਸਤੁ ਸੰਤੋਖੁ ਸੀਲ ਸੰਨਾਹੁ ਮਫੁਟੈ।”
-ਸਵ ੪, ਕਲ ੬:੪ (1397)

ਮਮ-------- (1) ਮੈਨੂੰ
“ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ।”
-ਗੁਜ ੧, ਅਸ ੧, ੮:੨ (503)

ਹੋਰ ਰੂਪ:

ਮਮੰ-
“ਸਰਬ ਸੀਲ ਮਮੰ ਸੀਲੰ ਸਰਬ ਪਾਵਨ ਮਮ ਪਾਵਨਹ।”
-ਸਸ ੫, ੩੮:੧ (1357)

(2) ਮੇਰੇ
“ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।”
-ਤਿਲੰ ੧, ੧, ੧*:੨ (721)

(3) ਮਮਤਾ, ਮੋਹ
“ਅਨਿਤ ਬਿਉਹਾਰ ਅਚਾਰ ਬਿਧਿ ਹੀ ਨਤ ਮਮ ਮਦ ਮਾਤ ਕੋਪ ਜਰੀਆ।”
-ਕਾਨ ੫, ੩੦, ੨:੧ (1303)

ਮਮਤਾ ------ (1) ਮੋਹ, ਖੁਦੀ, ਖੁਦਗਰਜੀ
“ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ।”
-ਸਿਰੀ ੧, ੧੨੪, ੧*:੨ (19)

“ਹਉਮੈ ਮਮਤਾ ਗੁਰ ਸਬਦਿ ਵਿਸਾਰੀ।”
-ਗਉ ੧, ਅਸ ੧੦, ੮:੧ (225)

“ਮਨਮੁਖ ਅਹੰਕਾਰੁ ਸਲਾਹਦੇ ਹਉਮੈ ਮਮਤਾ ਵਾਦੁ।”
-ਗਉ ੪, ਵਾਰ ੨ਸ, ੪, ੧:੨ (301)

(2) ਮੇਰਾ ਪਣ, ਅਪਣਤ
“ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ।”
-ਸਿਰੀ ੫, ੯੭, ੩:੨ (52)

“ਹਉਮੈ ਮਮਤਾ ਮਾਇਆ ਸੰਗਿ ਨ ਜਾਈ ਰਾਮ।”(ਮੈ ਮੇਰੀ)
-ਆਸਾ ੧, ਛੰਤ ੩, ੨:੨ (437)

“ਮਮਤਾ ਕੀ ਮਨੁ ਉਤਰੈ ਲਿਹੁ ਮਨੁ ਹਛਾ ਹੋਇ।”(ਭਾਵ ਹਉਮੈ)

-ਵਡ ੩, ੧, ੪:੨ (558)

"ਹਿੰਸਾ ਮਮਤਾ ਮੋਹੁ ਚੁਕਾਵੈ।" (ਆਪਣਾਪਣ ਭਾਵ ਮਲਕੀਅਤ ਦੀ ਚਾਹ)

-ਬਿਲਾ ੧, ਥਿਤੀ ੧੩:੨ (840)

ਮਮਾ -------- ਗੁਰਮੁਖੀ ਲਿੱਪੀ ਦਾ 30ਵਾਂ ਅਖਰ'ਮ'

"ਮਮਾ ਮਾਗਨਹਾਰ ਇਆਨਾ।"

-ਗਉ ੫, ਬਾਅ ੪੧:੧ (258)

ਹੋਰ ਰੂਪ:

ਮੰਮਾ–

"ਕਾਇਆ ਭੀਤਰਿ ਅਵਰੋ ਪੜਿਆ ਮੰਮਾ ਆਖਰੁ ਵੀਸਰਿਆ।"(ਭਾਵ ਮਰਨਾ)

-ਆਸਾ ੧, ਪਟੀ ੨੮:੨ (434)

ਮੰਮਾ -------- (1) ਗੁਰਮੁਖੀ ਲਿਪੀ ਦਾ ਇਕ ਅਖਰ 'ਮ' ਵੇਖੋ ਮਮਾ

(2) ਥਨ

"ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ।"

-ਮਲਾ ੧, ਵਾਰ ੨੫ਸ, ੧, ੧:੩ (1289)

ਮੰਮੈ -------- 'ਮਮੇ' ਅਖਰ ਤੋਂ (ਉਪਦੇਸ਼ ਹੈ)

"ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ।"

-ਆਸਾ ੧, ਪਟੀ ੨੮:੧ (434)

"ਮੰਮੈ ਮਤਿ ਹਿਰਿ ਲਈ ਤੇਰੀ ਮੂੜੇ ਹਉਮੈ ਵਡਾ ਰੋਗੁ ਪਇਆ।"(ਭਾਵ ਮੋਹ/ ਮਮਤਾ ਨੇ)

-ਆਸਾ ੩, ੭:੧ (435)

ਮਯ -------- ਵਿਆਪੀ

"ਮਥੁਰਾ ਕੋ ਪ੍ਰਭੁ ਸ੍ਰਬ ਮਯ ਅਰਜੁਨ ਗੁਰੁ ਭਗਤਿ ਕੈ ਹੇਤਿ ਪਾਇ ਰਹਿਓ ਮਿਲਿ ਰਾਮ ਸਿਉ।"

-ਸਵ ੪, ਮਥੁ ੩:੪ (1408)

ਮਯਹ ------- ਸ਼ਬਦਾਂ ਦੇ ਅੰਤ ਤੇ ਆਉਂਦੇ ਦਾ ਅਰਥ ਹਨ ਸਰੂਪ

"ਸਰਬਗ੍ਯ ਪੂਰਨ ਪੁਰਖ ਭਗਵਾਨਹ ਭਗਤਿ ਵਛਲ ਕਰੁਣਾ ਮਯਹ।"

-ਸਸ ੫, ੨੧:੪ (1356)

ਮਯਮੰਤੁ ------ 'ਮਯ' (ਸ਼ਰਾਬ) ਦਾ ਮਤਾ (ਮਸਤ)

"ਕਬੀਰ ਕਾਇਆ ਕਜਲੀ ਬਨੁ ਭਇਆ ਮਨੁ ਕੁੰਚਰੁ ਮਯਮੰਤੁ।"

-ਸਲੋਗ ਕਬ, ੨੨੪:੧ (1376)

ਮਯਾ -------- ਕ੍ਰਿਪਾ

"ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ।"

-ਸਸ ੫, ੫੦:੩ (1358)

ਮਰਉ ------- ਮਰਦਾ, ਮਰਾਂ

"ਮੈ ਨ ਮਰਉ ਮਰਿਬੋ ਸੰਸਾਰਾ।"

-ਗਉ ਕਬ, ੧੨, ੧*:੧ (325)

"ਅਬ ਕੈਸੇ ਮਰਉ ਮਰਨਿ ਮਨੁ ਮਾਨਿਆ।"

-ਗਉ ਕਬ, ੨੦, ੧*:੧ (327)

ਮਰਈ ------ **ਮਰਦਾ**

"ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ।"

-ਆਸਾ ੫, ੪੨, ੧*:੨ (381)

ਮਰਸਨ ----- **ਮਰਨਗੇ**

"ਕਰੁ ਗਹਿ ਲੀਏ ਨਾਨਕ ਜਨ ਅਪਨੇ ਅੰਧ ਘੋਰ ਸਾਗਰ ਨਹੀ ਮਰਸਨ।"

-ਕਾਨ ੫, ੨੯, ੨:੨ (1303)

ਹੋਰ ਰੂਪ:

ਮਰਸਨਿ–

"ਵਿਣੁ ਸਚੇ ਦੂਜਾ ਸੇਵਦੇ ਹੁਇ ਮਰਸਨਿ ਬੁਟੁ।"(ਮਰਨਗੇ)

-ਗਉ ੪, ਵਾਰ ੨੯:੪ (315)

ਮਰਸੀ ------ **ਮਰੇਗਾ**

"ਮਰਸੀ ਹੋਇ ਵਿਛਾਣਾ ਮਨਿ ਤਨਿ ਭੰਗੁ ਹੈ।"

-ਸੂਹੀ ੧, ਅਸ ੩, ੬:੨ (752)

ਮਰਹਗੇ ----- **ਮਰਾਂਗੇ**

"ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ।"

-ਬਿਹਾ ੪, ਵਾਰ ੧੭ਸ, ੩, ੨:੧ (555)

ਮਰਹਟ ----- **ਸ਼ਮਸ਼ਾਨ ਭੂਮੀ, ਮਰਘਾਟ**

"ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸੁ ਇਕੇਲਾ ਜਾਇ।"

-ਕੇਦਾ ਕਬ, ੬, ੧:੨ (1124)

ਮਰਹਿ ------ **ਮਰਦੇ ਹਨ**

"ਨਾ ਓਹਿ ਮਰਹਿ ਨ ਠਾਗੇ ਜਾਹਿ।"

-ਜਪੁ ੧, ੩੭:੭ (੪)

ਹੋਰ ਰੂਪ:

ਮਰਹੁ–

"ਲਾਜ ਨ ਮਰਹੁ ਕਹਹੁ ਘਰੁ ਮੇਰਾ।"(ਮਰ ਜਾਵਾਂ)

-ਗਉ ਕਬ, ੧੧, ੧*:੧ (325)

"ਝੜੈ ਝੁਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੁ ਦੇ ਰਹਿਆ।"(ਮਰਦਾ ਹੈ)

-ਆਸਾ ੧, ਪਟੀ ੧੨:੧ (433)

"ਜੀਵਤ ਮਰਹੁ ਭਵਜਲੁ ਜਗੁ ਤਰਣਾ।"(ਮਰੋ)

-ਮਾਰੂ ੧, ਸੋਲਾ ੨੦, ੧:੨ (1040)

ਮਰਹੁਗੇ–

"ਗਿਆਨੁ ਧਿਆਨੁ ਗੁਣ ਸੰਜਮੁ ਨਾਹੀ ਜਨਮਿ ਮਰਹੁਗੇ ਝੂਠੇ।"

-ਸਿਰੀ ੧, ਪਹ ੨, ੨:੪ (75)

ਮਰਕਟ ----- ਬਾਂਦਰ

“ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰਿ।”

–ਗਉ ਕਬ, ੫੭, ੨:੧ (336)

ਹੋਰ ਰੂਪ:

ਮਰਕਟ–

“ਬਿਖਯੰਤ ਜੀਵੰ ਵਸੁੰ ਕਰੋਤਿ ਨਿਰਤੵੰ ਕਰੋਤਿ ਜਥਾ ਮਰਕਟਹ।”(ਬਾਂਦਰ)

–ਸਸ ੪, ੪੭:੨ (1358)

ਮਰਕਾ ------ ਅਮਰਕ, ਸ਼ੁਕਰ ਦਾ ਪੁੱਤਰ ਜੋ ਪ੍ਰਹਿਲਾਦ ਨੂੰ ਪੜ੍ਹਾਨ ਲਈ ਨੀਯਤ ਕੀਤੇ ਗਏ ਸਨ

“ਸੰਡਾ ਮਰਕਾ ਸਭਿ ਜਾਇ ਪੁਕਾਰੇ।”

–ਭੈਰ ੩, ੨੦, ੩:੧ (1133)

ਹੋਰ ਰੂਪ:

ਮਰਕੈ–

“ਸੰਡੈ ਮਰਕੈ ਕਹਿਓ ਜਾਇ।”(ਅਮਰਕ ਨੇ)

–ਬਸੰ ਕਬ, ੪, ੨:੧ (1194)

ਮਰਗ ------ (ਫਾ. ਮਰਗ) ਮੌਤ

“ਫਰੀਦਾ ਮੰਡਪ ਮਾਲੁ ਨਲਾਇ ਮਰਗ ਸਤਾਣੀ ਚਿਤਿ ਧਰਿ।”

–ਸਲੋ ਫਰ, ੫੮:੧ (1381)

ਮਰਘਟ ----- ਮਸਾਣਾ, ਸ਼ਮਸ਼ਾਨਘਾਟ

“ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ।”

–ਸੋਰ ਕਬ, ੨, ੩:੨ (654)

ਮਰਜਤ ----- ਮਲਦੀ ਹੈ, ਨਾਸ਼ ਕਰਦੀ ਹੈ

“ਕੁਹਕਤ ਕਪਟ ਖਪਟ ਖਲ ਗਰਜਤ ਮਰਜਤ ਮੀਚੁ ਅਨਿਕ ਬਰੀਆ।”

–ਕਾਨ ੫, ੩੦, ੧*:੧ (1303)

ਮਰਜਾਦ ----- (1) ਸੀਮਾ, ਹਦ, ਹਦ ਬੰਨਾ

“ਸਭ ਤੇ ਊਚ ਊਚ ਤੇ ਊਚੋ ਅੰਤੁ ਨਹੀ ਮਰਜਾਦ।”

–ਸਾਰ ੫, ੭੮, ੨:੧ (1219)

ਮਰਜਾਦੁ ----- ਮਰਯਾਦਾ, ਸਮਾਜ ਦਾ ਥਾਪਿਆ ਹੋਇਆ ਨਿਯਮ ਵੇਖੋ ‘ਨਾ ਮਰਜਾਦੁ’

“ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ।”

–ਸਿਰੀ ੧, ਪਹ ੧, ੧:੪ (74)

ਮਰਜੀਵੜੇ ---- ਮਰ ਕੇ ਜੀਵਨ ਵਾਲੇ, ਸੰਸਾਰ ਵਲੋਂ ਮਰ ਪ੍ਰਭੂ ਵਲ ਜੀਵੇ ਹਨ।

“ਭਗਤਿ ਕਰਹਿ ਮਰਜੀਵੜੇ ਗੁਰਮੁਖਿ ਸਦਾ ਹੋਇ।”

–ਵਡ ੪, ਵਾਰ ੮ਸ, ੩, ੧:੧ (589)

ਹੋਰ ਰੂਪ:

ਮਰਜੀਵਾ–

“ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ।”(ਮਰ ਕੇ ਜਿਊਣ ਵਾਲਾ)

-ਰਾਮ ੩, ਵਾਰ ੪ਸ, ਕਬ, ੧:੨ (948)

ਮਰਣ ------ਮੌਤ, ਸਰੀਰ ਤੋਂ ਪ੍ਰਾਂਣਾ ਦਾ ਵਿਯੋਗ
“ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ ਖੰਡਾ ਹੇ।”
-ਗਉ ੪, ਸੋਹ ੪, ੩:੧ (13)

ਹੋਰ ਰੂਪ:

ਮਰਣੰ-
“ਇਹੁ ਜਗੁ ਮੋਹ ਹੇਤ ਬਿਆਪਤੰ ਦੁਖੁ ਅਧਿਕ ਜਨਮ ਮਰਣੰ।”
-ਗੂਜ ੧, ਅਸ ੫, ੫:੧ (505)

ਮਰਣਹ-
“ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ।”(ਮੌਤ ਦਾ)
-ਸਸ ੫, ੧੭:੨ (1355)

ਮਰਣਹਾਰੁ----ਵਿਨਾਸਕਾਰੀ, ਬਣਸਣਹਾਰ, ਮਰਣ ਵਾਲਾ
“ਮਰਣਹਾਰੁ ਇਹੁ ਜੀਅਰਾ ਨਾਹੀ।”
-ਗਉ ੫, ੧੧੨, ੩:੨ (188)

ਮਰਣਹੁ -----ਮੌਤ ਤੋਂ, ਮਰਣ ਤੋਂ
“ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ।”
-ਸਲੋ ਫਰ, ੯੩:੨ (1382)

ਮਰਣਾ------ਸ੍ਵਾਸ ਮੁਕਤ ਹੋਣਾ, ਨਿਰਜਿੰਦ ਹੋਣਾ
“ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ।”
-ਸਿਰੀ ੧, ੩, ੨:੧ (15)

ਹੋਰ ਰੂਪ:

ਮਰਣਿ-
“ਜੋਰੁ ਨ ਜੀਵਣਿ ਮਰਣਿ ਨਹ ਜੋਰੁ।”(ਮਰਨ ਵਿਚ)
-ਜਪੁ ੧, ੩੩:੩ (7)
“ਜਨਮੁ ਜੀਤਿ ਮਰਣਿ ਮਨੁ ਮਾਨਿਆ।”(ਮਰਨ ਨਾਲ)
-ਗਉ ੧, ੮, ੨:੧ (153)
“ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ।”(ਮੌਤ ਨੇ)
-ਸਾਰ ੪, ਵਾਰ ੧੭ਸ, ੧, ੧:੧ (1244)

ਮਰਣੁ-
“ਮਤੀ ਮਰਣੁ ਵਿਸਾਰਿਆ ਖੁਸੀ ਕੀਤੀ ਦਿਨ ਚਾਰਿ।”(ਮੌਤ)
-ਸਿਰੀ ੧, ੧੫, ੧:੨ (15)

ਮਰਣੇ-
“ਜਮ ਕੈ ਪੰਥਿ ਨ ਪਾਈਅਹਿ ਫਿਰਿ ਨਾਹੀ ਮਰਣੇ।”(ਮੌਤ)
- ਗਉ ੪, ਵਾਰ ੯:੨ (320)

ਮਰਣੇਨ-
“ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ।” (ਮਰਣਾ)
-ਗਾਥਾ ੫, ੭:੨ (1360)

ਮਰਤ ------ (1) ਮਰਨ ਵੇਲੇ
"ਅਵਰ ਮਰਤ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ।"
-ਸਿਰੀ ਬੇਣੀ, ੧, ੩:੪ (93)
"ਜੀਵਤ ਮੁਕੰਦੇ ਮਰਤ ਮੁਕੰਦੇ।"(ਮਰਦਿਆਂ)
-ਗੋਂਡ ਰਵਿ, ੧, ੧*:੧ (875)
(2) ਮੌਤ
"ਮਰਤ ਨ ਸੋਗ ਬਿਓਗੀ।"
-ਗਉ ਕਬ, ੫੩, ੧*:੨ (334)
(3) ਮਾਤ ਲੋਕ
"ਮਰਤ ਪਇਆਲ ਅਕਾਸੁ ਦਿਖਾਇਓ ਗੁਰਿ ਸਤਿ ਗੁਰਿ ਕਿਰਪਾ ਧਾਰੀ ਜੀਉ।"
-ਸੋਰ ੧, ੮, ੨:੧ (598)

ਮਰੰਤਹ ----- ਮਰਦੇ
"ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ।"
-ਸਲੋ ਕਬ, ੯੧:੧ (1369)

ਮਰਤਬਾ ----- ਪਦਮੀ, ਦਰਜਾ
"ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸਨੋ ਕਿਰਪਾ ਕਰੇ ਰਜਾਇ।"
-ਬਿਹਾ ੪, ਵਾਰ ੧੯ਸ, ੩, ੨:੫ (556)

ਮਰਤਾ ------ ਮਰਦਾ, ਪ੍ਰਾਣਾਂ ਤੋਂ ਵਿਹੂਣਾ ਹੁੰਦਾ
"ਮਰਤ ਜਾਤਾ ਨਦਰਿ ਨ ਆਇਆ।"
-ਗਉ ੧, ੪, ੪:੪ (152)

ਹੋਰ ਰੂਪ:

ਮਰਤਿਆ-
"ਜਿਉ ਉਲਝਾਇਓ ਬਾਧਬੁਧਿ ਕਾ ਮਰਤਿਆ ਨਹੀ ਬਿਸਰਾਨੀ।"(ਮਰਨ ਤਕ)
-ਗਉ ੫, ਅਸ ੧੫, ੪:੧ (242)
ਮਰਤੀ-
"ਮਰਤੀ ਬਾਰ ਅਗਨਿ ਸੰਗਿ ਜਾਲੀ।"(ਮਰਦੀ)
-ਗਉ ਕਬ, ੧੧, ੨:੨ (325)
ਮਰੰਤੀ-
"ਲਾਜ ਮਰੰਤੀ ਮਰਿ ਗਈ ਘੂਘਟੁ ਖੋਲਿ ਚਲੀ।"
-ਰਾਮ ੧, ਦਓ ੧੨:੧ (931)

ਮਰਤੁ ------ (ਸੰ.) ਹਵਾ, ਪ੍ਰਾਣ
"ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿਲੈ ਜੁਗਤਿ ਕਰਿ ਮਰਤੁ ਸੁ ਸਨ ਬੰਧੁ ਕੀਜੈ।"
-ਮਾਰੂ ੧, ੯, ੧:੧ (991)

ਮਰਤੇ ------ (1) ਮਰਦਿਆਂ
"ਤਿਸ ਕਉ ਮਰਤੇ ਘੜੀ ਨ ਲਾਗੈ।"
-ਮਾਝ ੫, ੫੦, ੧:੨ (109)
(2) ਮਰਦੇ

“ਡਰਿ ਡਰਿ ਮਰਤੇ ਜਬ ਜਾਨੀਐ ਦੂਰਿ।”

-ਗਉ ੫, ੧੦੧, ੧:੧ (186)

ਹੋਰ ਰੂਪ:

ਮਰੰਤੇ-

“ਕਬੀਰ ਏਕ ਮਰੰਤੇ ਦੁਇ ਮੂਏ ਦੋਇ ਮਰੰਤਹ ਚਾਰਿ।”

-ਸਲੋ ਕਬ, ੯੧:੨ (1369)

ਮਰਦ ------ ਬਹਾਦਰ, ਸੂਰਮਾ

“ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ।”

-ਤਿਲੰ ੧, ੫, ੨:੫ (723)

“ਪੰਚ ਮਰਦ ਸਿਦਕਿ ਲੇ ਬਾਧਹੁ ਖੈਰਿ ਸਬੂਰੀ ਕਬੂਲ ਪਰਾ।”(ਪੰਜ ਬਹਾਦਰ ਭਾਵ ਕਾਮਾਦਕ)

-ਮਾਰੂ ੫, ਸੋਲਾ ੧੨, ੪:੩ (1083)

ਮਰੰਦ ------ ਮਰਦਾ

“ਸਾਧ ਸੰਗਮਿ ਲਾਭੁ ਪਾਇਓ ਨਾਨਕ ਫਿਰਿ ਨ ਮਰੰਦ।”

-ਕਾਨ ੫, ੩੨, ੨:੨ (1304)

ਮਰਦਨ ----- (1) ਮਲਦਾ ਹੈ

“ਚੋਆ ਚੰਦਨੁ ਮਰਦਨ ਅੰਗਾ।”

-ਗਉ ਕਬ, ੧੧, ੩:੧ (325)

“ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ।”

-ਗਉ ਕਬ, ੬੪, ੩:੧ (331)

(ਮਹਾਨਕੋਸ਼ ਇਥੇ ਪਾਠ ਮਰਦ ਨ ਕਰਕੇ ਮਰਦ ਦੇ ਅਰਥ ਰਗੜਾ ਸਖਤੀ ਨਾਲ ਮਸਲਣ ਦੀ ਕ੍ਰਿਯਾ ਕਰਦਾ ਹੈ ਅਤੇ ਦਰਖਣ ਮਰਦਨ ਦੇ ਅਰਥ ਮਰਦਾਂ ਭਾਵ ਗੁਰਮੁਖਾ ਕਰਦਾ ਹੈ)

(2) ਮਲਣ ਵਾਲੀ ਵਸਤੂ, ਵਟਣਾ

“ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ।”

-ਆਸਾ ੫, ੧੧੦, ੩:੧ (398)

(3) ਬਹੁਦਰ, ਵਿਸ਼ੇਸ਼ ਵਿਅਕਤੀ

“ਚਾਰਿ ਬਰਨ ਚਉਹਾ ਕੇ ਮਰਦਨ ਖਟੁ ਦਰਸਨ ਕਰ ਤਲੀਰੇ।”

-ਆਸਾ ੫, ੧੩੨, ੨:੧ (401)

(ਮਹਾਨਕੋਸ਼ ਇਸ ਦੇ ਅਰਥ ‘ਪੀਹਣਾ’ ਕਰਦਾ ਹੈ)

ਮਰਦਨਹ ---- (1) ਮਲ ਦੇਣ ਵਾਲੇ, ਬਲਵਾਨ

“ਹੇ ਅਜਿਤ ਸੂਰ ਸੰਗ੍ਰਾਮੰ ਅਤਿ ਬਲਨਾ ਬਹੁ ਮਰਦਨਹ।”

-ਸਸ ੫, ੪੫:੧ (1358)

(2) ਮਲਿਆ ਜਾਂਦਾ ਭਾਵ ਨਾਸ ਹੁੰਦਾ ਹੈ

“ਗਾਥਾ ਗੁੰਫ ਗੋਪਾਲ ਕਥੰ ਮਥੰ ਮਾਨ ਮਰਦਨਹ।”

-ਗਾਥਾ ੫, ੬:੧ (1360)

ਮਰਦਨੁ ----- (1) ਮਲਣਾ

“ਦੁਰਗਾ ਕੋਟਿ ਜਾ ਕੈ ਮਰਦਨੁ ਕਰੈ।”
–ਭੈਰ ਕਬ, ੨, ੧:੩ (1162)

(2) ਮਲਣ ਵਾਲਾ ਭਾਵ ਵਸ ਕਰਨ ਵਾਲਾ
“ਤਸਬੀ ਯਾਦਿ ਕਰਹੁ ਦਸ ਮਰਦਨੁ ਸੰਨਤਿ ਸੀਲੁ ਬੰਧਾਨਿ ਬਰਾ।”
(ਦਸਾਂ ਇੰਦ੍ਰੀਆਂ ਨੂੰ ਵਸ ਕਰਨ ਵਾਲਾ)
–ਮਾਰੂ ੫, ਸੋਲਾ ੧੨, ੭:੩ (1084)

ਮਰਦਾ ------ (1) ਮੌਤ ਦੇ ਘਾਟ ਉਤਰਦਾ, ਸੁਆਸਹੀਣ ਹੁੰਦਾ
“ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ।”
–ਬਿਹਾ ੪, ਛੰਤ ੩, ੩:੩ (539)

(2) ਪੁਰਸ਼
“ਚੇਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਹਾਰੇ।”
–ਪ੍ਰਭਾ ਕਬ, ੨, ੫:੧ (1349)

ਮਰਦਾਨਾ ---- (ਫਾ. ਮਰਦਾਨਾ) ਮਰਦਾਂ ਜਿਹਾ
“ਸੋਈ ਮਰਦੁ ਮਰਦੁ ਮਰਦਾਨਾ।”
–ਮਾਰੂ ੫, ਸੋਲਾ ੧੨, ੧੪:੨ (1084)

ਮਰਦਿਆ ---- ਮਰੀ ਜਾਂਦੇ
“ਭੁਖਿਆ ਦੇਇ ਨ ਮਰਦਿਆ ਰਖੈ।”
–ਸਾਰ ੪, ਵਾਰ ੯ਸ, ੧, ੧:੭ (1241)

ਹੋਰ ਰੂਪ:

ਮਰੰਦਿਆ–
“ਜੀਵੰਦਿਆ ਹਰਿ ਚੇਤਿਆ ਮਰੰਦਿਆ ਹਰਿ ਰੰਗਿ।”(ਮਰਇਆਂ)
–ਗੂਜ ੫, ਵਾਰ ੧੯ਸ, ੫, ੨:੧ (523)

ਮਰਦੀ ------ ਮਰਦਾਂ ਵਾਲੀ, ਬਹਾਦਰੀ ਦੀ
“ਪਏ ਕਬੂਲੁ ਖਸੰਮ ਕਾਲਿ ਜਾਂ ਘਾਲ ਮਰਦੀ ਘਾਲੀ।”
–ਰਾਮ ਬਸ, ਵਾਰ ੩:੧੧ (967)

ਮਰਦੁ ------ ਪੁਰਸ਼
“ਸੋਈ ਮਰਦੁ ਮਰਦੁ ਮਰਦਾਨਾ।”
–ਮਾਰੂ ੫, ਸੋਲਾ ੧੨, ੧੪:੨ (1084)

ਮਰਦੇ ------ ਮਰਦੇ ਹਨ, ਸੁਆਸ ਤਿਆਗਦੇ ਹਨ
“ਮਨਮੁਖ ਗੁਣ ਤੈ ਬਾਹਰੈ ਬਿਨੁ ਨਾਵੈ ਮਰਦੇ ਝੂਰਿ।”
–ਸਿਰੀ ੩, ੩੭, ੨:੪ (27)

ਮਰਦੈ ------ ਮਲ ਦੇਵੇ, ਖਤਮ ਕਰ ਦੇਵੇ
“ਕਾਲ ਪੁਰਖੁ ਕਾ ਮਰਦੈ ਮਾਨੁ।”
–ਭੈਰ ਕਬ, ੧੧, ੧:੩ (1159)

ਮਰਦੋ ------ **ਲਗਾਤਾਰ ਮਰਦਾ ਜਾਂਦਾ**
“ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ।”
-ਬਿਹਾ ੪, ਵਾਰ ੧੯ਸ, ੩, ੧:੧ (555)

ਮਰਨ ------ **ਸਰੀਰ ਤੋਂ ਪ੍ਰਾਣਾਂ ਦਾ ਵਿਯੋਗ, ਮੌਤ**
“ਜਨਮ ਮਰਨ ਦੁਖੁ ਪਰਹਰੈ ਸਬਦਿ ਰਹਿਆ ਭਰਪੂਰਿ।”
-ਸਿਰੀ ੩, ਪ੩, ੧*:੨ (34)

ਹੋਰ ਰੂਪ:

ਮਰਨਾ-
“ਇਆ ਮਾਇਆ ਮਹਿ ਜਨਮਹਿ ਮਰਨਾ।”(ਸੁਆਸ ਹੀਣ ਹੋਣਾ, ਮਰ ਜਾਣਾ)
-ਗਉ ੫, ਬਾਅ ੧੧:੩ (252)
“ਸੋ ਮਰਨਾ ਗੁਰ ਸਬਦਿ ਪ੍ਰਗਾਸਿਆ।”(ਮੌਤ)
-ਗਉ ਕਬ, ੨0, ੧:੨ (327)
ਮਰਨਿ-
“ਅਬ ਕੈਸੇ ਮਰਉ ਮਰਨਿ ਮਨੁ ਮਾਨਿਆ।”(ਮਰਨ ਲਈ, ਮੌਤ ਤੇ)
-ਗਉ ਕਬ, ੨0, ੧*:੧ (327)
“ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।”(ਮੌਤ, ਮਰਨਾ)
-ਵਡ ੧, ਅਲ ੨, ੩:੧ (579)
ਮਰੰਨਿ-
“ਦੁਨੀਆ ਕੇਰੀ ਦੋਸਤੀ ਮਨਮੁਖ ਦਝਿ ਮਰੰਨਿ।”(ਮਰਦੇ ਹਨ)
-ਸੂਹੀ ੩, ਅਸ ੩, ੨:੧ (755)
ਮਰਨੀ -
“ਐਸੀ ਮਰਨੀ ਜੋ ਮਰੈ ਬਹੁਰਿ ਨ ਮੁਰਨਾ ਹੋਇ।”(ਮੌਤ)
-ਬਿਹਾ ੪, ਵਾਰ ੧੭ਸ, ਕਬ, ੧:੨ (55)
ਮਰਨੁ-
“ਮਰਨੁ ਭਇਆ ਮਗਹਰਿ ਕੀ ਬਾਸੀ।”(ਮੌਤ, ਮਰਨਾ)
-ਗਉ ਕਬ, ੧੫, ੩:੨ (326)
ਮਰਨੇ -
“ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ।”(ਮੌਤ)
-ਸਲੋ ਕਬ, ੨੨:੧ (1365)
ਮਰਨੈ-
“ਮਰਨੈ ਤੇ ਕਿਆ ਡਰਪਨਾ ਜਬ ਹਾਥਿ ਸਿਧ ਉਰਾਲੀਨ।”(ਮਰਨ ਤੋਂ)
-ਸਲੋ ਕਬ, ੭੧:੨ (1368)
“ਜਿਹ ਮਰਨੈ ਸਭੁ ਜਗਤੁ ਤਰਾਸਿਆ।”(ਮੌਤ ਨੇ)
-ਗਉ ਕਬ, ੨0, ੧:੧ (327)
ਮਰਨੋ-
“ਮਰਨੋ ਮਰਨੁ ਕਹੈ ਸਭੁ ਕੋਈ।”(ਮੌਤ)
-ਗਉ ਕਬ, ੨0, ੨:੧ (327)
ਮਰਨਿ੍ -
“ਨਾਮ ਬਿਹੂਨੜਿਆ ਸੇ ਮਰਨਿ੍ ਵਿਸੂਰਿ ਵਿਸੂਰਿ।” (ਮਰਦੇ ਹਨ)

- ਆਸਾ ੫, ੧੦੬, ੨:੨ (397)

ਮਰੰਨਿ੍ -

“ਨਾਨਕ ਸਤੀਆ ਜਾਣੀ ਅਨਿ੍ ਜਿ ਬਿਰਹੇ ਚੋਟ ਮਰੰਨਿ੍।” (ਮਰਦੀਆਂ ਹਨ)

-ਸੂਹੀ ੩, ਵਾਰ ੬ਸ, ੩, ੧:੨ (787)

ਮਰਬੇ ------ ਮਰਨ ਦਾ

“ ਭੈ ਮਰਬੇ ਕੋ ਬਿਸਰਤ ਨਾਹਿ ਨ ਤਿਹ ਚਿੰਤਾ ਤਨੁ ਜਾਰਾ।”

-ਜੈਤ ੯, ੨, ੧:੨ (703)

ਮਰਮ ------ ਭੇਦ

“ਦੇਵੀਆ ਨਹੀ ਜਾਨੈ ਮਰਮ।”

-ਰਾਮ ੫, ੩੬, ੨:੩ (894)

ਹੋਰ ਰੂਪ:

ਮਰੰਮ-

“ਮੁਸਨ ਮਗਨ ਮਰੰਮ ਸਿਉ ਖੰਡ ਖੰਡ ਕਰਿਹਾਰ।”(ਭੇਦ)

-ਚਉ ੫, ੧੦:੨ (1364)

ਮਰੰਮ ------ (1) ਭੇਦ, ਵੇਖੋ ‘ਮਰਮ’

(2) ਸਰੀਰ ਦਾ ਕੋਈ ਗੁਝਾ ਅੰਗ ਜਿਥੇ ਸਟ ਲਗਨ ਨਾਲ ਆਦਮੀ ਮਰ ਜਾਂਦਾ ਹੈ

“ਲਾਗੀ ਚੋਟ ਮਰੰਮ ਕੀ ਰਹਿਓ ਕਬੀਰਾ ਠਉਰ।”

-ਸਲੋ ਕਬ, ੧੯੨:੨ (1374)

(‘ਦਰਪਣ’ ਅਰਥ ਦਿਲ ਨੂੰ ਵਿੰਨ੍ਹਣ ਵਾਲੀ ਕਰਦਾ ਹੈ ਤੇ ਨਿਰਣੈ ਦਿਲੀ ਪ੍ਰੇਮ)

ਮਰਮੀ ------ ਭੇਤੀ, ਭੇਦ ਜਾਣਨ ਵਾਲਾ

“ਮਰਮੀ ਹੋਇ ਸੁ ਮਨ ਕਉ ਜਾਨੈ।”

-ਗਉ ਕਬ, ਬਾਅ ੩੧:੨ (342)

ਮਰਮੁ ------ ਭੇਦ

“ਮਰਮੁ ਤੁਮਾਰਾ ਗੁਰ ਤੇ ਪਾਇਆ।”

-ਗਉ ੫, ੮੭, ੪:੨ (181)

ਹੋਰ ਰੂਪ:

ਮਰੰਮੁ-

“ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ।”

-ਫੁਨ ੫, ੧੨:੧ (1362)

ਮਰਾ ------- (1) ਮਰਾਂ, ਮਰਦੀ ਹਾਂ

“ਜਹ ਜਹ ਦੇਖਾ ਤਹ ਤਹ ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ।”

-ਸਿਰੀ ੧, ੩੧, ੧:੨ (25)

ਹੋਰ ਰੂਪ:

ਮਰਾਂ-

“ਖਿਨੁ ਪਲੁ ਘੜੀ ਨ ਜੀਵਉ ਬਿਨੁ ਦੇਖੇ ਮਰਾਂ ਮਾਇ।”(ਮਰਦੀ ਹਾਂ)

-ਸਾਰ ੪, ਵਾਰ ੨੯:੩ (1248)

(2) ਮੌਤ

“ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ।”

-ਗਉ ੪, ੫੧, ੪:੨ (168)

ਮਰਾਉ------ਮਰਦੀ ਹਾਂ

“ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ।”

-ਮਾਰੂ ੧, ਅਸ ੯, ੨:੨ (1014)

ਮਰਾਇ -----ਮਰਦੀ ਹੈ

“ਬਿਨੁ ਜਲ ਕਮਲ ਸੁ ਨਾ ਥੀਐ ਬਿਨੁ ਜਲ ਮੀਨੁ ਮਰਾਇ।”

-ਸਿਰੀ ੧, ਅਸ ੧੫, ੮:੨ (63)

ਮਰਾਇਦਾ----ਮਰਵਾਉਂਦਾ ਹੈ

“ਕੁਵਲੀਆ ਪੀੜੁ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ।”

- ਸੋਰ ੪, ੬, ੨:੩ (606)

ਮਰਾਈਐ----ਮਰ ਜਾਈਏ, ਮਰ ਜਾਈਦਾ ਹੈ

“ਜੇ ਦੂਜੈ ਪਾਸਹੁ ਮੰਗੀਐ ਤਾ ਲਾਜ ਮਰਾਈਐ।”

-ਵਡ ੪, ਵਾਰ ੧੦:੩ (590)

ਮਰਾਸਾ -----ਮਰਨਾ ਹੈ

“ਸੋ ਐਸਾ ਪ੍ਰਭੁ ਛੋਡਿ ਅਪਨੀ ਬਿਰਥਾ ਅਵਰਾ ਪਹਿ ਕਹੀਐ ਅਵਰਾ ਪਹਿ ਕਹਿ ਮਨ ਲਾਜ ਮਰਾਸਾ।”

-ਗੋਂਡ ੪, ੨, ੨:੩ (860)

ਮਰਾਹਾ ----- ਮਰ ਜਾਂਦੀ ਹੈ

“ਹਉ ਤੁਝੁ ਬਾਝਹੁ ਖਰੀ ਉਡੀਣੀਆ ਜਿਉ ਜਲ ਬਿਨੁ ਮੀਨੁ ਮਰਾਹਾ।”

-ਸੂਹੀ ੪, ਛੰਤ ੫, ੨:੩ (776)

ਹੋਰ ਰੂਪ:

ਮਰਾਹਿ-

“ਗੁਰਮੁਖਿ ਮੁਏ ਜੀਵ ਦੇ ਪਰਵਾਣੁ ਹਹਿ ਮਨਮੁਖ ਜਨਮਿ ਮਰਾਹਿ।”(ਮਰਦੇ ਹਨ)

-ਸੋਰ ੪, ਵਾਰ ੨ਸ, ੩, ੨:੪ (643)

ਮਰਾਹੀ-

“ਓਨਾ ਕਾ ਆਖਿਆ ਕੋ ਨ ਸੁਣੈ ਨਿਤ ਹਉਲੇ ਹਉਲਿ ਮਰਾਹੀ।”(ਮਰਦੇ ਹਨ)

-ਗਉ ੪, ਵਾਰ ੧੫ਸ, ੪, ੨:੬ (308)

ਮਰਾਲ------ਹੰਸ, ਰਾਜ ਹੰਸ

“ਸੰਤ ਮਰਾਲ ਕਰਹਿ ਕੰਤੂਹਲ ਤਿਨ ਜਮਤ੍ਰਾਸ ਮਿਟਿਓ ਦੁਖ ਕਾਗਰ।”

-ਸਵ ੪, ਮਥੁ ੪:੩ (1401)

ਮਰਿ ------- (1) ਪ੍ਰਾਣ ਹੀਨ ਹੋਣਾ, ਮਰਨਾ

"ਆਖਾ ਜੀਵਾ ਵਿਸਰੈ ਮਰਿ ਜਾਉ।"

-ਆਸਾ ੧, ਸੋਦ ੩, ੧:੧ (9)

(2) ਮਰ ਕੇ

"ਆਵਣੁ ਜਾਣੁ ਨ ਚੁਕਈ ਮਰਿ ਜਨਮੈ ਹੋਇ ਖੁਆਰੁ।"

-ਸਿਰੀ ੧, ੧੩, ੩:੩ (19)

ਹੋਰ ਰੂਪ:

ਮਰਿਓ-

"ਜੋਬਨ ਬੀਤਿ ਜਰਾ ਰੋਗਿ ਗ੍ਰਸਿਓ ਜਮਦੂਤ ਨ ਡੰਨੁ ਮਿਰਤੁ ਮਰਿਓ ਹੈ।"(ਮਰਿਆ)

-ਸਮੁ ੫, ੮*:੪ (1388)

ਮਰਿਓਦਿ ---- ਮਰੀਦਾ ਹੈ, ਮਰਨ ਲਗੀਦਾ ਹੈ

"ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ।"

-ਮਾਰੂ ੫, ਵਾਰ ੧੮ਸ, ੫, ੩:੧ (1100)

ਮਰਿਜੀਵਾ ---- ਮਰ ਕੇ ਜਿਊਣ ਵਾਲਾ

"ਰਾਮ ਕਸਉਟੀ ਸੋ ਸਹੈ ਜੋ ਮਰਿਜੀਵਾ ਹੋਇ।"

-ਸਲੋ ਕਬ, ੩੩:੨ (1366)

ਮਰਿਬੋ ------ ਮਰੇ ਹਨ

"ਮੈ ਨ ਮਰਉ ਮਰਿਬੋ ਸੰਸਾਰਾ।"

-ਗਉ ਕਬ, ੧੨, ੧*:੧ (325)

ਮਰੀ ------- ਮਰਦੀ ਹੈ

"ਕਰੁ ਗਹਿ ਲੀਨੇ ਹਰਿ ਜਸੋ ਦੀਨੇ ਜੋਨਿ ਨਾ ਧਾਵੈ ਨਹ ਮਰੀ।"

-ਸਿਰੀ ੫, ਛੰਤ ੩, ੫:੪ (81)

ਹੋਰ ਰੂਪ:

ਮਰੀਆ-

"ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ।"(ਮਰਦਾ ਹੈ)

-ਆਸਾ ੪, ਛੰਤ ੧੫, ੨:੩ (449)

ਮਰੀਐ-

"ਹਰਿ ਜਲ ਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ।"
(ਮਰੀਦਾ ਹੈ)

-ਮਾਝ ੪, ੩, ੪:੩ (95)

ਮਰੀਜਈ ---- ਮਰਦੇ ਹਨ

"ਕਰਮ ਵਧਹਿ ਕੈ ਲੋਅ ਖਪਿ ਮਰੀਜਈ।"

-ਮਲਾ ੧, ਵਾਰ ੧੭:੬ (1285)

ਮਰੀਜੈ ------ ਮਰਦੇ ਹਨ, ਮਰ ਜਾਈਏ

"ਨਾਨਕ ਸੂਤਕਿ ਜਨਮਿ ਮਰੀਜੈ।"

-ਆਸਾ ੧, ਅਸ ੪, ੮:੩ (413)

"ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।"

-ਵਡ ੧, ੩, ੧:੨੦ (558)
“ਤ੍ਰੈ ਗੁਣ ਬਿਖਿਆ ਜਨਮਿ ਮਰੀਜੈ।”(ਮਰੀਦਾ ਹੈ)
-ਰਾਮ ੧, ਅਸ ੫, ੨:੨ (905)

ਮਰੁ ------- (1) ਮਰ, ਮਰੋ ਮਰੀਏ
“ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ।”
-ਸਿਰੀ ੧, ੧੮, ੨:੨ (21)
“ਜੀਵਦਿਆ ਮਰੁ ਮਾਰਿ ਨ ਪਛੋਤਾਈਐ।”
-ਮਾਝ ੧, ਵਾਰ ੨੦:੧ (147)
“ਚਾਰੇ ਅਗਨਿ ਨਿਵਾਰਿ ਮਰੁ ਗੁਰਮੁਖਿ ਹਰਿ ਜਲੁ ਪਾਇ।”
-ਸਿਰੀ ੧, ੨੦, ੪:੧ (21)
(ਮਹਾਨ ਕੋਸ਼ ਇਥੇ ‘ਮਰੁ’ ਦੇ ਅਰਥ ‘ਮਾਰਨ ਵਾਲਾ’ ਕਰਦਾ ਹੈ)
(2) ਮੌਤ
“ਮਰੁ ਮੁਇਆ ਸਬਦੇ ਮਰਿ ਜਾਇ।”
-ਆਸਾ ੩, ੪੫, ੧*:੧ (362)
“ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ।” (ਮੌਤ)
-ਮਾਰੂ ੧, ਅਸ ੩, ੧:੧ (1010)

ਮਰੇ -------ਮਰਨ ਵਾਲਾ
“ਅਬ ਤਉ ਜਰੇ ਮਰੇ ਸਿਧਿ ਮਾਈਐ ਲੀਨੋ ਹਾਥਿ ਸੰਧਉਰਾ।”
-ਗਉ ਕਬ, ੬੮, ੧*:੨ (338)
ਹੋਰ ਰੂਪ:
ਮਰੈ-
“ਨਾ ਓਹੁ ਮਰੈ ਨ ਹੋਵੈ ਸੋਗੁ।”(ਮਰਦਾ ਹੈ)
-ਆਸਾ ੧, ਸੋਦ ੩, ੩:੧ (9)
“ਅਗਨਿ ਮਰੈ ਜਲੁ ਪਾਈਐ ਜਿਉ ਬਾਰਿਕ ਦੂਧੈ ਮਾਇ।”(ਭਾਵ ਬੁਝਦੀ ਹੈ)
-ਸਿਰੀ ੧, ਅਸ ੧੫, ੮:੧ (63)
“ਜੀਵਤੁ ਮਰੈ ਹਰਿ ਨਾਮੁ ਵਖਾਣੈ।” (ਮਰੇ)
-ਸਿਰੀ ੪, ਵਾਰ ੧੪ਸ, ੩, ੨:੪ (88)

ਮਰੋਰਉ -----ਮਰੋੜਦੀ ਹਾਂ, ਭਾਵ ਪਛਤਾਉਂਦੀ ਹਾਂ
“ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।”
-ਆਸਾ ਫਰ, ੧, ੧:੧ (794)

ਮਰੋੜੈ ------ ਮਰੋੜਦੇ ਹਨ
“ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ।”(ਭਾਵ ਦੁਖ ਦਿੰਦੇ ਹਨ)
-ਮਾਝ ੫, ਬਾਰ ੭:੬ (134)

ਮਲ ------- (1) ਪਹਿਲਵਾਨ
“ਮਲ ਲਥੇ ਲੈਦੇ ਫੇਰੀਆ।”
-ਸਿਰੀ ੫, ਅਸ ੨੯, ੧੮:੨ (74)
(2) ਬਲਵਾਨ ਵਿਅਕਤੀ ਭਾਵ ਜਮਦੂਤ

"ਖੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ।"

-ਮਾਝ ੧, ਵਾਰ ੧੧ਸ, ੧, ੨:੨ (143)

(3) ਗੰਦੇ ਲੋਕ

"ਮਲ ਮੂਤ ਮੂੜ ਜਿ ਮੁਗਧ ਹੋਤੇ ਸਿ ਦੇਖਿ ਦਰਸੁ ਸੁਗਿਆਨਾ।"

-ਗਉ ੫, ਛੰਤ ੨, ੩:੫ (248)

(4) ਮੈਲ

"ਮਲ ਭਰਮ ਕਰਮ ਅਹੰ ਮਮਤਾ ਮਰਣੁ ਚੀਤਿ ਨ ਆਵਏ।"

-ਆਸਾ ੫, ਛੰਤ ੮, ੨:੩ (458)

ਹੋਰ ਰੂਪ:

ਮਲੰ–

"ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ।"(ਮੈਲ)

-ਸਸ ੫, ੪੨:੧ (1357)

(5) ਭਾਵ ਪਾਪ, ਮਲੀਕ ਕਰਮ

"ਪ੍ਰੇਮਿ ਭਗਤਿ ਰਾਚੇ ਜਨ ਨਾਨਕ ਹਰਿ ਸਿਮਰਨਿ ਦਹਨ ਭਏ ਮਲ।"

-ਟੋਡੀ ੫, ੨੬, ੨:੨ (717)

(6) ਮਲਦੇ ਹਨ, ਕਬਜ਼ਾ ਕਰਦੇ ਹਨ

"ਜਿਨ੍ਹੀ ਪਛਾਤਾ ਖਸਮੁ ਸੇ ਦਰਗਹ ਮਲ।"

-ਰਾਮ ੫, ਵਾਰ ੧੬:੬ (964)

ਮਲਊਨ ----- (ਅ. ਮਲਅਊਨ) ਫਿਟਕਾਰੇ ਜਾਣ ਵਾਲਾ ਸੁਭਾਅ ਬੁਰਾ ਸੁਭਾਵ ਭਾਵ ਵਿਕਾਰ

"ਸੋ ਮੁਲਾ ਮਲਊਨ ਨਿਵਾਰੈ ਸੋ ਦਰਵੇਸੁ ਜਿਸੁ ਸਿਫਤਿ ਧਰਾ।"

-ਮਾਰੂ ੫, ਸੋਲਾ ੧੨, ੬:੩ (1084)

ਮਲਆਨਲੋ --- (ਸੰ) ਭਾਰਤ ਦੇ ਦਖਣ ਵਿਚ ਚੰਦਨ ਵਨਾਂ ਵਾਲੇ ਮਲਯ ਪਹਾੜ ਤੋਂ ਆਉਣ ਵਾਲੀ ਹਵਾ ਸੁਗੰਧਿਤ ਹਵਾ

"ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।"

-ਧਨਾ ੧, ਸੋਹ ੩, ੧:੨ (13)

ਮਲਹੁ ------ਮਲੋ, ਝਸੋ

"ਜਿਨ ਹਰਿ ਧਿਆਇਆ ਤਿਨਹਰਿ ਪਾਇਆ ਮੇਰਾ ਸੁਆਮੀ ਤਿਨ ਕੇ ਚਰਣ ਮਲਹੁ ਹਰਿ ਦਸਨਾ।"

-ਗੋਂਡ ੪, ੩, ੨:੨ (860)

ਮਲਕ ------ (ਅ. ਮਲਕ) ਰਾਜਾ, ਬਾਦਸ਼ਾਹ

"ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ।"

-ਮਾਰੂ ੫, ਸੋਲਾ ੧੨, ੮:੩ (1084)

ਮਲਕਲਮਉਤ - (ਅ. ਮਲਕੁਲ ਮੌਤ) ਮੌਤ ਦਾ ਫਰਿਸ਼ਤਾ

"ਮਲਕਲਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ।"

-ਸਲੋ ਫਰ, ੧00:੩ (1383)

ਮਲਕੁ ------ਮਲਕੁਲ ਮੌਤ, ਮੌਤ ਦਾ ਫਰਿਸ਼ਤਾ

"ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ।"
-ਸਲੋ ਫਰ, ੪੮:੧ (1380)

ਮਲਗਾਰੇ------ ਚੰਦਨ
"ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ ਮਲਗਾਰੇ।"
-ਨਟ ੪, ਅਸ ੨, ੧:੧ (981)

ਮਲਤਾ-------ਮਲੀਨ
"ਮੈਲਾ ਮਲਤਾ ਇਹੁ ਸੰਸਾਰੁ।"
-ਭੈਰ ਕਬ, ੩, ੧*:੧ (1158)

ਮਲਨ ------ (1) ਮੈਲ, ਗੰਦਗੀ, ਮਲੀਨਤਾ
"ਮੋਹ ਮਲਨ ਨੀਦ ਤੇ ਛੁਟਕੀ ਕਉਨੁ ਅਨੁਗ੍ਰਹੁ ਭਇਓਰੀ।"
-ਆਸਾ ੫, ੫੧, ੧*:੧ (383)

(2) ਪਾਪ
"ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ।"
-ਕਾਨ ੫, ੩੯, ੧*:੧ (1306)

(3) ਮਿਦੇ ਗਏ, ਦਬੇ ਗਏ
"ਅੰਤਰਿ ਸੂਖਾ ਬਾਹਰਿ ਸੂਖਾ ਹਰਿ ਜਪਿ ਮਲਨ ਭਏ ਦੁਸਟਾਰੀ।"
-ਰਾਮ ੫, ਅਸ ੮, ੧:੧ (916)

(4) ਦਲਣ ਵਾਲੇ
"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨ੍ਹ ਕੁਅਰਾ ਨਿਹਕਲੰਕ ਬਜੀ ਡੰਕ ਚੜ੍ਹੂ ਦਲ ਰਵਿੰਦ ਜੀਉ।"
-ਸਵ ੪, ਗਯੰ ੯:੨ (1403)

ਮਲਭਖੁ ------ ਗੰਦ ਖਾਣ ਵਾਲਾ
"ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ।"
-ਗੂਜ ੪, ਅਸ ੧, ੬:੧ (507)

ਮਲਵਾਣੀ ----ਮੈਲਾ ਪਾਣੀ
"ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।"
-ਮਾਝ ੧, ਵਾਰ ੨੬ਸ, ੧, ੧:੧ (149)

ਮਲਾਇਕਾਂ---- ਦੇਵਤਿਆਂ ਦਾ, ਫਰਿਸ਼ਤਿਆਂ ਦਾ
"ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ।"
-ਸਿਰੀ ੪, ਵਾਰ ੨ਸ, ੧, ੨:੧ (83)

ਮਲਾਖਾੜਾ---- (ਮਲ+ਅਖਾੜਾ) ਪਹਿਲਵਾਨਾਂ ਦਾ ਅਖਾੜਾ, ਭਾਵ ਜੀਵਾਂ ਦਾ ਜਗਤ
"ਆਪੇ ਛਿੰਝ ਪਵਾਇ ਮਲਾਖਾੜਾ ਰਚਿਆ।"
-ਮਲਾ ੧, ਵਾਰ ੪:੧ (1280)

ਮਲਾਰ------ ਵਰਖਾ ਰੁਤ ਤੇ ਰਾਤ ਨੂੰ ਗਾਉਣ ਵਾਲਾ ਇਕ ਰਾਗ
"ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ।"
-ਮਲਾ ੧, ਵਾਰ ੧੮ਸ, ੩, ੧:੧ (1285)

ਹੋਰ ਰੂਪ:

ਮਲਾਰੀ–
"ਸੋਰਠਿ ਗੋਂਡ ਮਲਾਰੀ ਧੁਨੀ।"(ਮੇਘ ਰਾਗ ਦੀਆਂ ਪੰਜ ਰਾਗਣੀਆਂ ਵਿਚੋਂ ਇਕ
–ਰਾਗ ੧:੫੧ (1430)

ਮਲਾਰੁ ----- (1) ਮਲਾਹ, ਖੇਵਟ
"ਨਾ ਬੇੜੀ ਨ ਤੁਲਹੜਾ ਨਾ ਤਿਸੁ ਵੰਝੁ ਮਲਾਰੁ।"
–ਸਿਰੀ ੧, ਅਸ ੧੦, ੪:੨ (59)
(2) ਵਰਖਾ ਰੁਤ ਦਾ ਇਕ ਰਾਗ, ਹੋਰ ਵੇਖੋ 'ਮਲਾਰ'
"ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ।"
–ਮਲਾ ੧, ਵਾਰ ੧੧ਸ, ੩, ੨:੧ (1283)

ਮਲਿ ------- (1) ਮਲ ਕੇ
"ਅੰਤਰਗਤਿ ਤੀਰਥਿ ਮਲਿ ਨਾਉ।"
–ਜਪੁ ੧, ੨੧:੪ (4)
"ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ।"
–ਗੂਜ ਤ੍ਰਿਲੋ, ੧, ੧:੧ (525)
(2) ਮੱਲ ਕੇ, ਕਬਜਾ ਕਰਕੇ
"ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ।"
–ਸਿਰੀ ੧, ਅਸ ੧੧, ੮:੩ (60)
"ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।"
–ਸਲੋ ਫਰ, ੯੭:੨ (1383)
(3) ਮਸਲ ਕੇ, ਮਲ ਕੇ
"ਗੁਰਮੁਖਿ ਕੋਈ ਗਾਰੜੂ ਤਿਨਿ ਮਲਿ ਦਲਿ ਲਾਈ ਪਾਇ।"
–ਗੂਜ ੩, ਵਾਰ ੫ਸ, ੩, ੨:੩ (510)

ਮਲਿਆ ----- ਮਧੋਲ ਦਿੱਤਾ, ਖਤਮ ਕਰ ਦਿੱਤਾ
"ਇਨਿ ਹਿਦੂੰ ਮੇਰਾ ਮਲਿਆ ਮਾਨੁ।"
–ਭੈਰ ਨਾਮ, ੧੦, ੯:੨ (1165)

ਮਲਿਆਗਰੁ --- ਚੰਦਨ
"ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ।"
–ਸਲੋ ਕਬ, ੧੭੪:੨ (1373)

ਮਲਿਨ ------ ਮਲੀਨ
"ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ।"
–ਗਉ ਰਵਿ, ੧, ੨:੧ (346)

ਮਲੀ ------- (1) ਮਲੀਂ, ਮਲ, ਕਾਬਜ਼ ਹੋ
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਦਰੁ ਨਿਹਚਲ ਮਲੀ।"
–ਸਿਰੀ ੫, ਛੰਤ ੨, ੩:੨ (79)
(2) ਲਾਈ, ਲੇਪਨ ਕੀਤੀ
"ਸੰਤਹ ਧੂਰਿ ਲੇ ਮੁਖਿ ਮਲੀ।"

-ਕੇਦਾ ੫, ੧੪, ੧*:੧ (1121)

ਮਲੀਆਗਰ--- **ਚੰਦਨ**

"ਤਾ ਤੇ ਸੰਗਤਿ ਸਘਨ ਭਾਇ ਭਉ ਮਾਨਹਿ ਭ੍ਰਮ ਮਲੀਆਗਰ ਪ੍ਰਗਟ ਸੁਬਾਸੁ।"

-ਸਵ ੪, ਕੀਰ ੨:੨ (1406)

ਮਲੀਐ ----- **ਕਬਜ਼ਾ ਕਰੀਏ ਭਾਵ ਗ੍ਰਹਿਣ ਕਰੀਏ, ਧਾਰਨ ਕਰੀਏ**

"ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ।"

-ਸੂਹੀ ੧, ਛੰਤ ੪, ੩:੪ (766)

ਮਲੀਣ------ **ਮੈਲੀ**

"ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ।"

-ਗਉ ੩, ੩੮, ੧:੨ (163)

ਹੋਰ ਰੂਪ:

ਮਲੀਣੰ-

"ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ।"(ਗੰਦਾ)

-ਗਾਥਾ ੫, ੧:੧ (1360)

ਮਲੀਣੁ-

"ਭਾਂਡਾ ਅਤਿ ਮਲੀਣੁ ਧੋਤਾ ਹਛਾ ਨ ਹੋਇਸੀ।"(ਗੰਦਾ, ਮੈਲਾ)

-ਸੂਹੀ ੧, ੬, ੧:੨ (729)

ਮਲੀਨ------ **ਗੰਦੀ, ਮੈਲੀ**

"ਸੰਤ ਕੈ ਦੂਖਨਿ ਮਤਿ ਹੋਇ ਮਲੀਨ।"

-ਗਉ ੫, ਸੁਖ ੧੩, ੧:੫ (279)

"ਬਿਬੇਕ ਦੀਪ ਮਲੀਨ।"(ਭਾਵ ਮਧਮ)

-ਆਸਾ ਰਵਿ, ੧, ੧*:੨ (486)

ਹੋਰ ਰੂਪ:

ਮਲੀਨੁ-

"ਸੋਈ ਮਲੀਨੁ ਦੀਨੁ ਹੀਨੁ ਜਿਸੁ ਪ੍ਰਭੁ ਬਿਸਰਾਨਾ।"(ਮੈਲਾ)

-ਬਿਲਾ ੫, ੫0, ੧:੧ (813)

ਮਲੁ ------- **ਮੈਲ**

"ਅਸੰਖ ਮਲੇਛ ਮਲੁ ਭਖਿ ਖਾਹਿ।"

-ਜਪੁ ੧, ੧੮:੭ (4)

"ਹੋਇ ਕੁਚੀਲੁ ਰਹਾ ਮਲੁ ਧਾਰੀ ਦੁਰਮਤਿ ਵਿਕਾਰ।"(ਭਾਵ ਮੈਲਾ)

-ਮਾਝ ੧, ਵਾਰ ੪ਸ, ੧, ੧:੫ (139)

ਮਲੂਕ ------ **ਬਾਦਸ਼ਾਹ**

"ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ।"

- ਸਿਰੀ ੧, ਅਸ ੧੬, ੬:੧ (63)

ਮਲੂਕੀ ----- **ਸਾਧੂਆਂ ਵਾਲਾ, ਫਰਸ਼ਿਆਂ ਵਾਲਾ**

"ਫਾਹੀ ਸੁਰਤਿ ਮਲੂਕੀ ਵੇਸੁ।"
– ਸਿਰੀ ੧, ੨੯, ੩:੧ (24)

ਮਲੇਛ ------ (1) ਕੁਕਰਮੀ, ਪਾਪੀ
"ਅਸੰਖ ਮਲੇਛ ਮਲੁ ਭਖਿ ਖਾਹਿ।"
– ਜਪੁ ੧, ੧੮:੭ (4)

(2) ਭਾਵ ਮੁਸਲਮਾਨ
"ਮਲੇਛ ਧਾਨੁ ਲੇ ਪੂਜਹਿ ਪੁਰਾਣੁ।"
– ਆਸਾ ੧, ਵਾਰ ੧੬ਸ, ੧, ੨:੧੨ (472)

"ਖੜੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ।" (ਮੁਸਲਮਾਨ ਦੀ ਭਾਵ ਫਾਰਸੀ)
– ਧਨਾ ੧, ੮, ੩:੧ (665)

ਹੋਰ ਰੂਪ:

ਮਲੇਛਾਂ –
"ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।" (ਮੁਸਲਮਾਨ)
– ਆਸਾ ੧, ਵਾਰ ੧੬ਸ, ੧, ੧:੨ (471)

(3) ਮਲੀਨ
"ਬ੍ਰਾਹਮਨ ਬੈਸ ਸੂਦ ਅਰੁ ਖੵਤ੍ਰੀ ਡੋਮ ਮਲੇਛ ਮਨ ਸੋਇ।"
– ਬਿਲਾ ਰਵਿ, ੨, ੧:੧ (858)

ਮਲੈ ------- (1) ਮੱਲਣਾ, ਕਬਜ਼ਾ ਕਰਨਾ
"ਨਾਨਕ ਪਕੜੇ ਚਰਣ ਹਰਿ ਤਿਸੁ ਦਰਗਹ ਮਲੈ।"
– ਗਉ ੫, ਵਾਰ ੮:੫ (320)

(2) ਮੈਲ ਦਾ
"ਮੈਲ ਨ ਲਾਛੈ ਪਾਰ ਮਲੋ ਪਰਮਲੀਓ ਬੈਠੋ ਰੀ ਆਈ।
– ਗੂਜ ਨਾਮ, ੨, ੧:੧ (525)

ਮਲੋ ------- ਮੈਲ
"ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ ਸੋ ਸਿਮਰਹੁ ਪਰਧਾਨੁ ਹੇ।"
– ਮਾਰੂ ੫, ੩੨, ੨:੧ (1008)

ਮਲੋਵਉ ---- ਮਲਾਂ
"ਪਾਵ ਮਲੋਵਉ ਸੰਗਿ ਨੈਨ ਭਤੀਰੀ।"
– ਸੂਹੀ ੫, ੧੦, ੨:੧ (739)

ਹੋਰ ਰੂਪ:

ਮਲੋਵਾ –
"ਪਾਵ ਮਲੋਵਾ ਆਪੁ ਤਿਆਗਿ ਸੰਤ ਸੰਗਿ ਸਮਾਵਉ।" (ਮਲਾਂ)
– ਬਿਲਾ ੫, ੪੫, ੨:੨ (812)

ਮਵਲਸਰਾ---- ਮੌਲਸਰੀ ਇਕ ਦਰਖਤ ਜਿਸ ਨਾਲ ਵਰਖਾ ਰੁਤ ਵਿਚ ਖੁਸ਼ਬੂਦਾਰ ਫੁਲ ਲਗਦੇ ਹਨ
"ਕੀਰਤਿ ਰਵਿ ਕਿਰਣਿ ਪ੍ਰਗਟਿ ਸੰਸਾਰਹ ਸਾਖ ਤਰੋਵਰ ਮਵਲਸਰਾ।"

-ਸਵ ੩, ੧:੫ (1392)

ਮੜਵੜੀ------ ਦੇਹ ਰੂਪੀ ਮੜ੍ਹ ਵਿਚ ਵੜੀ ਹੋਈ, ਦੇਹ ਅਭਿਮਾਨ ਵਾਲੀ

"ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ।"

-ਮਾਰੂ ੩, ਵਾਰ ੫ਸ, ੧, ੧:੧ (1088)

(ਮੜ (ਸ਼ਮਸ਼ਾਨ) ਵਿਚ ਵਸਨ ਵਾਲੀ, ਭੂਤਨੀ(ਮਹਾਨਕੋਸ਼)

ਮੜਾ -------- (1) ਲੋਥ, ਪ੍ਰਾਣ ਰਹਿਤ ਦੇਹ

"ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮ ਨਾਮੁ ਨਹੀ ਵਸਿਆ।"

-ਬਸੰ ੪, ਅਸ ੧, ੨:੧ (1191)

(2) ਸਮਾਧ

"ਨਿਰਜੀਉ ਪੂਜਹਿ ਮੜਾ ਸਰੇਵਹਿ ਸਭ ਬਿਰਥੀ ਘਾਲ ਗਵਾਵੈ।"

-ਮਲਾ ੪, ੪, ੩:੨ (1264)

ਮੜਿਆ ------ (1) ਮੜੇ, ਲਕੜਾਂ ਦੇ ਢੇਰ, ਗਰਾ, ਪੂਲਾ

"ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।"

-ਆਸਾ ੧, ੩੨, ੧*:੨ (358)

(2) ਲੋਥਾਂ

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ।"

-ਸੂਹੀ ੩, ਵਾਰ ੬ਸ, ੩, ੧:੧ (787)

ਮੜੀ -------- (1) ਮ੍ਰਿਤ ਸਰੀਰ ਨੂੰ ਦਾਹ ਕਰਨ ਦਾ ਸਥਾਨ ਮਸਾਨ

"ਰਹੈ ਬੇਬਾਣੀ ਮੜੀ ਮਸਾਣੀ।"

-ਆਸਾ ੧, ਵਾਰ ੯ਸ, ੧, ੨:੧੩ (467)

ਹੋਰ ਰੂਪ:

ਮੜੈ-

"ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ।"

-ਸੋਰ ੧, ਅਸ ੧, ੧:੧ (634)

(2) ਮਠ, ਕੋਠੜੀ, ਮੰਦਰ

"ਜਗੁ ਪਰਬੋਧਹਿ ਮੜੀ ਬਧਾਵਹਿ।"(ਸਰੀਰ ਰੂਪੀ ਮੜੀ)

-ਰਾਮ ੧, ਅਸ ੨, ੧:੧ (903)

"ਅਉ ਹਠਿ ਹਸਤ ਮੜੀ ਘਰੁ ਛਾਇਆ ਧਰਣਿ ਗਗਨ ਕਲ ਧਾਰੀ।"

- ਰਾਮ ੧, ਅਸ ੯, ੧:੧ (907)

"ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ।"(ਕੋਠਾ)

-ਮਾਰੂ ੩, ਵਾਰ ੮ਸ, ੩, ੧:੩ (1089)

ਹੋਰ ਰੂਪ:

ਮੜੈ-

"ਖਿਨੁ ਆਵੈ ਖਿਨ ਜਾਵੈ ਦੁਰਗੰਧ ਮੜੈ ਚਿਤੁ ਲਾਇਆ ਰਾਮ।" (ਕੋਠਾ/ਢੇਰ)

-ਆਸਾ ੪, ਛੰਤ ੮, ੨:੨ (442)

(3) ਦੇਹ

"ਰਕਤੁ ਬਿੰਦੁ ਕੀ ਮੜੀ ਨ ਹੋਤੀ ਮਿਤਿ ਕੀਮਤਿ ਨਹੀ ਪਾਈ।"

-ਰਾਮ ੧, ਸਿਗੋ ੬੬:੪ (945)

ਮੜੋਲੀ------ ਮੱਠ, ਮੰਦਰ ਭਾਵ ਦੇਹ

"ਉਸਾਰਿ ਮੜੋਲੀ ਰਾਖੈ ਦੁਆਰਾ ਭੀਤਰਿ ਬੈਠੀ ਸਾ ਧਨਾ।"

-ਗਉ ੧, ੧੪, ੨:੧ (155)

ਮਾ -------- (1) ਮੇਰਾ

"ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ।"

-ਸਿਰੀ ੫, ਛੰਤ ੩, ੧੩:੧ (80)

(2) ਮਾਂ, ਜਨਨੀ

"ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ।"

-ਸੋਰ ੪, ਵਾਰ ੨੯ਸ, ੩, ੨:੨ (653)

ਮਾਉ ------- ਮਾਂ

"ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ।"

-ਆਸਾ ਫਰ, ੧, ੨:੨ (488)

"ਮੈ ਸਤਿਗੁਰ ਸੇਤੀ ਪਿਰਹੜੀ ਕਿਉ ਗੁਰ ਬਿਨੁ ਜੀਵਾ ਮਾਉ।"(ਹੇ ਮਾਂ)

-ਸੂਹੀ ੪, ਅਸ ੨, ੮:੧ (759)

"ਸੁਤਿ ਮੁਕਲਾਈ ਅਪਨੀ ਮਾਉ।"(ਸੁਤਿ ਮਨ; ਮਾਉ, ਮਾਇਆ ਰੂਪੀ ਮਾਂ)

-ਬਸੰ ਕਬ, ੩, ੧*:੨ (1194)

ਹੋਰ ਰੂਪ:

ਮਾਊ-

"ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।"

-ਮਾਝ ੧, ਵਾਰ ੨੬ਸ, ੧, ੧:੪ (149)

ਮਾਇ ------ (1) ਹੇਮਾਂ

"ਸੋ ਕਿਉ ਵਿਸਰੈ ਮੇਰੀ ਮਾਇ।"

-ਆਸਾ ੧, ਸੋਦ ੩, ੧*:੧ (9)

(2) ਮਾਂ, ਮਾਤਾ

"ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ।"

-ਸਿਰੀ ੩, ੩੮, ੩:੨ (28)

"ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ।"

-ਗਉ ੫, ਸੁਖ ੨੧, ੫:੨ (291)

(3) ਮਾਇਆ

"ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ।"

-ਸਿਰੀ ੫, ੭੬, ੧*:੨ (44)

"ਹਲਤਿ ਪਲਤਿ ਮੁਖੁ ਊਜਲਾ ਨਹ ਪੋਹੈ ਤਿਸੁ ਮਾਇ।"

-ਗਉ ੫, ਥਿਤੀ ੧੭:੪ (300)

"ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ।" (ਭਾਵ ਅਗਿਆਨਤਾ)

-ਧਨਾ ੫, ਅਸ ੧, ੮:੧ (687)

(4) ਧਨ, ਦੌਲਤ
"ਤ੍ਰਿਤੀਅ ਬਿਵਸਥਾ ਸਿੰਚੇ ਮਾਇ।"
-ਰਾਮ ੫, ੨੩, ੨:੩ (890)

ਮਾਇਓ ----- (1) ਮਾਂ
"ਆਪਹਿ ਬਾਪ ਆਪ ਹੀ ਮਾਇਓ।"
-ਗਉ ੫, ਬਾਅ ੧:੬ (250)
(2) ਮਾਇਆ
"ਇਤਨੀ ਨ ਬੂਝੈ ਕਬਹੂ ਚਲਨਾ ਬਿਕਲ ਭਇਓ ਸੰਗਿ ਮਾਇਓ।"
-ਦੇਵ ੫, ੧੫, ੧*:੨ (531)

ਮਾਇਆ ---- (1) ਭੁਲੇਖਾ, ਭ੍ਰਮ, ਅਵਿਦਿਆ, ਅਗਿਆਨਤਾ
"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।"
-ਜਪੁ ੧, ੨੭:੧੯ (6)
"ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ ਮਾਇਆ ਕਾਰਣਿ ਰੋਵੈ।" (ਅਗਿਆਨਤਾ)
-ਵਡ ੧, ਅਲਾ ੧, ੪:੩ (579)
(2) ਧਨ, ਦੌਲਤ
"ਕਾਹੇ ਗਰਬਸਿ ਮੂੜੇ ਮਾਇਆ।"
-ਸਿਰੀ ੧, ੨੬, ੧*:੧ (23)
"ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ।"
-ਸਿਰੀ ੫, ੭੧, ੩:੧ (42)
"ਕਰਮ ਧਰਮ ਨਹੀ ਮਾਇਆ ਮਾਖੀ।"
-ਮਾਰੂ ੧, ਸੋਲਾ ੧੫, ੮:੧ (1035)
(ਮਹਾਨ ਕੋਸ਼ ਅਰਥ 'ਮਇਆ' (ਕਿਰਪਾ) ਕਰਦਾ ਹੈ ਤੇ ਮਾਖੀ ਦੇ ਕ੍ਰੋਧ)
(3) ਮਾਤਾ
"ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ।"
-ਸਿਰੀ ੫, ੯੭, ੧:੨ (51)
(4) ਹੇ ਮਾਂ ! ਹੇ ਮਾਤਾ
"ਪੂਰਬਿ ਲਿਖੇ ਡੇਹ ਸੇ ਆਏ ਮਾਇਆ।"
-ਆਸਾ ੪, ੬੪, ੨:੧ (269)
(5) ਭਲਾਉਣ/ਭਰਮ ਉਪਜਾਉਣ ਵਾਲੀ ਸ਼ਕਤੀ
"ਕਿਆ ਭਰਮ ਕਿਆ ਮਾਇਆ ਕਹੀਐ ਜੋ ਤਿਸੁ ਭਾਵੈ ਸੋਈ ਭਲਾ।"
-ਆਸਾ ੧, ਪਟੀ ੨0:੨ (433)
"ਅਨਿਕ ਮਾਇਆ ਜਾ ਕੀ ਲਖੀ ਨ ਜਾਇ।"
-ਸਾਰ ੫, ਅਸ ੨, ੧0:੧ (1236)
(6) ਸਰੀਰਕ ਭਾਵ ਦੁਨਿਆਵੀ
"ਮਾਇਆ ਕੇ ਸਨਬੰਧ ਸੈਨ ਸਾਕ ਕਿਤ ਹੀ ਕਾਮਿ ਨ ਆਇਆ।"
-ਗੂਜ ੫, ੭, ੨:੧ (497)
"ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ ਫਲ ਵਿਸੁ।"
-ਮਲਾ ੧, ਵਾਰ ੨੬ਸ, ੧, ੧:੧ (1290)

ਮਾਇਆਛੈ --- ਮਾਇਆ ਹੈ
“ਜੁਗਤਿ ਨ ਜਾਨਾ ਗੁਨੁ ਨਹੀ ਕੋਈ ਮਹਾ ਦੁਤਰੁ ਮਾਇਆਛੈ।”
-ਦੇਵ ੫, ੨੮, ੨:੧ (534)

ਮਾਇਆਧਾਰੀ - ਧਨਵਾਨ, ਅਮੀਰ
“ਸਾਕਤ ਬਧਿਕ ਮਾਇਆਧਾਰੀ ਤਿਨ ਜਮ ਜੋਹਨਿ ਲਾਗੇ।”
-ਗਉ ੪, ੬੨, ੪:੧ (172)

ਮਾਇਆਰਸ -- ਮਾਇਆ ਦੇ ਸੁਆਦ
“ਸੁਖ ਸੰਪਤਿ ਮਾਇਆਰਸ ਮੀਠੇ ਇਹ ਨਹੀ ਮਨ ਮਹਿ ਧਰਣੀ।”
-ਜੈਤ ੫, ੧੨, ੨:੧ (702)

ਮਾਈ ------ (1) ਮਾਂ, ਮਾਤਾ
“ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ।”
-ਜਪੁ ੧, ੫:੮ (2)
“ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ।”(ਹੇ ਮੇਰੀ ਮਾਂ)
-ਮਾਝ ੪, ੧, ੪:੨ (94)
“ਜੋ ਜੋ ਚਿਤਵੈ ਦਾਸੁ ਹਰਿ ਮਾਈ।” (ਹੇ ਮਾਂ)
-ਗਉ ੫, ੧੧੪*, ੧:੧ (203)
(ਮਹਾਨ ਕੋਸ਼ ਇਥੇ ‘ਮਾਈ’ ਦੇ ਅਰਥ ਕਰਤਾਰ ਕਰਦਾ ਹੈ)
“ਮਾਇਆ ਮਾਈ ਤ੍ਰੈਗੁਣ ਪਰਸੂਤਿ ਜਮਾਇਆ।” (ਮਾਇਆ-ਮਾਂ)
-ਮਾਰੂ ੩, ਸੋਲਾ ੨੨, ੨:੧ (1066)
(ਮਹਾਨ ਕੋਸ਼ ਇਥੇ ਵੀ ਅਰਥ ‘ਕਰਤਾਰ’ ਕਰਦਾ ਹੈ)
(2) ਮਾਇਆ, ਸ੍ਰਿਸ਼ਟੀ ਦਾ ਕਾਰਣ ਰੂਪ ਈਸ਼ਵਰੀ ਸ਼ਕਤੀ
“ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।”
-ਜਪੁ ੧, ੩੦:੧ (7)
(3) ਮਾਇਆ, ਅਵਿਦਿਆ, ਅਗਿਆਨਤਾ
“ਤਾ ਕੈ ਨਿਕਟਿ ਨ ਆਵੈ ਮਾਈ।”
-ਗਉ ੫, ੮੮, ੫:੪ (182)
(4) ਮਮਤਾ
“ਮੁਈ ਮੇਰੀ ਮਾਈ ਹਉ ਖਰਾ ਸੁਖਾਲਾ।”
-ਆਸਾ ਕਬ, ੩, ੨:੧ (476)
(5) ਮਾਇਆ, ਧਨ ਦੌਲਤ
“ਮਾਈ ਮਾਗਤ ਤ੍ਰੈ ਲੋਭਾਵਹਿ।”
-ਰਾਮ ੧, ਅਸ ੨, ੪:੨ (903)

ਮਾਈਏ ----- ਹੇ ਮਾਈ
“ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰਬਾਰੇ।”
-ਵਡ ੧, ਅਲਾ ੩, ੫:੩ (580)

ਮਾਏ ------- (1) ਮਾਇਆ, ਧਨ ਦੌਲਤ
“ਉਨ ਤੇ ਦੁਗੁਣ ਦਿੜੀ ਉਨ ਮਾਏ।”

-ਗਉ ੫, ੭੮, ੧:੪ (178)

(2) ਹੇ ਮਾਈ !

“ਗੁਰ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾਧਨ ਸੁਖੁ ਪਾਏ।”

-ਗਉ ੩, ਛੰਤ ੧, ੪:੩ (244)

(3) ਮਾਇਆ, ਅਗਿਆਨਤਾ, ਛਲ, ਕਪਟ

“ਨਾਨਕ ਤਾ ਕੈ ਨਿਕਟਿ ਨ ਮਾਏ।”

-ਗਉ ੫, ਬਾਅ ੭:੮ (251)

ਮਾਏਂ------- ਵਿਚ

“ਸੰਤਸੰਗਿ ਪੇਖਿਓ ਮਨ ਮਾਏਂ।”

-ਭੈਰ ੫, ੧੫, ੧*:੧ (1139)

ਮਾਸ ------- (1) ਮਾਂਸ, ਪ੍ਰਾਣੀ ਦੇ ਸਰੀਰ ਦੇ ਚਮੜੀ ਦੇ ਥਲੇ ਦਾ ਨਰਮ ਪਦਾਰਥ,ਗੋਸ਼ਤ

“ਜੈਤੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ।”

-ਗਉ ੪, ੫੧, ੩:੧ (168)

“ਸਿੰਘ ਰੁਚੈ ਸਦ ਭੋਜਨੁ ਮਾਸ।”

-ਬਸੰ ੫, ੨, ੩:੧ (1180)

(2) ਮਹੀਨੇ

“ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ।”

-ਆਸਾ ੧, ਵਾਰ ੯ਸ, ੧, ੧:੪ (467)

ਮਾਸਹਾਰੀ ---- ਮਾਸ ਖਾਣ ਵਾਲਾ

“ਇਕਿ ਮਾਸਹਾਰੀ ਇਕਿ ਤ੍ਰਿਣੁ ਖਾਹਿ।”

-ਮਾਝ ੧, ਵਾਰ ੧੪ਸ, ੧, ੨:੧ (144)

ਮਾਸਹੁ ------ ਮਾਸ ਤੋਂ

“ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।”

-ਮਲਾ ੧, ਵਾਰ ੨੫ਸ, ੧, ੧:੧ (1289)

ਮਾਸਪੁਰੀ ---- ਮਾਸ ਨਾਲ ਲੋਥਾਂ ਭਰੀ ਹੋਈ ਨਗਰੀ,ਇਥੇ ਭਾਵ ਸੈਦਪੁਰ (ਐਮਨਾਬਾਦ)

“ਸਾਹਿਬ ਦੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ।”

-ਤਿਲੰ ੧, ੫, ੨:੧ (722)

ਮਾਸਾ ------ (1) ਤੋਲ ਦੀ ਇਕ ਇਕਾਈ

“ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ।”

-ਮਾਝ ੩, ਅਸ ੨੯, ੫:੨ (127)

(2) ਥੋੜਾ ਜਿਹਾ ਵੀ

“ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ।”

-ਮਾਰੂ ੫, ਸੋਲਾ ੨, ੧੨:੩ (1073)

(3) ਮਹੀਨੇ

“ਨਾਨਕ ਮਿਲਹੁ ਕਪਟਦਰ ਖੋਲਹੁ ਏਕ ਘੜੀ ਖਟੁ ਮਾਸਾ।”

-ਤੁਖਾ ੧, ਬਾਰ ੧੨:੬ (1109)

ਮਾਸਾਰਾ ------ ਦਾਹੜੀ
"ਬਰਨੁ ਚਿਹਨੁ ਨਾਹੀ ਮੁਖੁ ਨ ਮਾਸਾਰਾ।"
-ਸੂਹੀ ੫, ੪੫, ੨:੧ (746)

ਮਾਸਿ ------ ਮਾਸ ਨੂੰ
"ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ।"
-ਸਲੋ ਫਰ, ੬੭:੧ (1381)

ਮਾਸੀ ------ ਮਹੀਨੀ, ਮਹੀਨਿਆਂ ਵਿਚ
"ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ।"
-ਸਿਰੀ ੫, ਪਹ ੪, ੧:੨ (77)

ਮਾਸੀਆ----- ਮਾਂ ਦੀ ਭੈਣ
"ਫੁਫੀ ਨਾਨੀ ਮਾਸੀਆ ਦੇਰ ਜੇਠਾਨੜੀਆਹ।"
-ਮਾਰੂ ੧, ਅਸ ੧੦, ੨:੧ (1015)

ਮਸੁ ------- (1) ਮਾਸ ਦਾ
"ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।"
-ਸਿਰੀ ੧, ੪, ੨:੨ (15)
"ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਮਾਸੁ।"
-ਮਾਝ ੧, ਵਾਰ ੧੦ਸ, ੧, ੨:੩ (142)

(2) ਸਰੀਰ
"ਸਾਸੁ ਮਾਸੁ ਸਭੁ ਜੀਉ ਤੁਮਾਰਾ ਤੂ ਮੈ ਖਰਾ ਪਿਆਰਾ।"
-ਧਨਾ ੧, ੨, ੨:੧ (660)

(3) ਮਹੀਨਾ
"ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।"
-ਰਾਮ ੫, ਰੁਤੀ ੨:੧ (927)

ਮਾਸੈ ------- ਮਾਸ ਵਿਚ ਅੰਦਰ
"ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ।"
-ਮਲਾ ੧, ਵਾਰ ੨੫ਸ, ੧, ੧:੧ (1289)
"ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ।"(ਮਾਸ ਹੀ)
-ਮਲਾ ੧, ਵਾਰ ੨੫ਸ, ੧, ੧:੪ (1289)

ਮਾਹ ------- (1) ਵਿਚ
"ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ।"
-ਸਿਰੀ ੧, ੨੩, ੪:੩ (23)

(2) ਮਹੀਨੇ, ਮਹੀਨਾ
"ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ।"
-ਮਾਝ ੫, ਬਾਰਾ ੧੪:੭ (136)
"ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ।"
-ਬਸੰ ੧, ੧, ੧:੧ (1168)

ਮਾਹਰਿ ------ ਵਡਿਆਈ/ਮਾਣਤਾ ਵਾਲੀ, ਆਗੂ

“ਉਨ੍ਹ ਕੈ ਸੰਗਿ ਤੂ ਗ੍ਰਿਹ ਮਹਿ ਮਾਹਰਿ।”

–ਆਸਾ ੫, ੮੧, ੨:੧ (390)

ਹੋਰ ਰੂਪ:

ਮਾਹਰੁ–
“ਹਉ ਹੋਆ ਮਾਹਰੁ ਪਿੰਡ ਦਾ ਬੰਨਿ ਆਦੇ ਪੰਜਿ ਸਰੀਕ ਜੀਉ।” (ਚੌਧਰੀ, ਮੁਖੀ)
–ਸਿਰੀ ੫, ਅਸ ੨੯, ੪:੩ (731)

ਮਾਹਰੋ–
“ਰੂੜੋ ਠਾਕਰੁ ਮਾਹਰੋ ਰੂੜੀ ਗੁਰਬਾਣੀ।”(ਮੁਖ, ਪ੍ਰਧਾਨ)
–ਆਸਾ ੧, ਅਸ ੧੯, ੧:੧ (421)

ਮਾਹਾ-------- (1) ਮਹੀਨੇ

“ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ।”

–ਮਾਝ ੧, ਵਾਰ ੬:੧ (140)

(2) ਅੰਦਰ,ਵਿਚ

“ਜਪਿ ਜਗਦੀਸੁ ਜਪਉ ਮਨ ਮਾਹਾ।”

–ਜੈਤ ੪, ੯, ੪:੧ (699)

ਹੋਰ ਰੂਪ:

ਮਾਹਿ–
“ਜਿਨ ਕੈ ਰਾਮੁ ਵਸੈ ਮਨ ਮਾਹਿ।”(ਵਿਚ

–ਜਪੁ ੧, ੩੭:੮ (8)

ਮਾਹਿ-------- (1) ਮਹੀਨੇ ਵਿਚ

“ਮੰਘਿਰਿ ਮਾਹਿ ਸੋ ਹੰਦੀਆ ਹਰਿ ਪਿਰ ਸੰਗਿ ਬੈਠੜੀਆਹ।”
–ਮਾਝ ੫, ਬਾਰਾ ੧੦:੧ (135)

(2) ਵਿਚ, ਵੇਖੋ ‘ਮਾਹਾ’ (2)
“ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ।”
–ਮਾਝ ੧, ਵਾਰ ੫:੭ (140)

ਹੋਰ ਰੂਪ:

ਮਾਂਹਿ–
“ਜਿਨਿ ਏਹੁ ਮੇਘੁ ਪਠਾਇਆ ਤਿਸੁ ਰਾਖਹੁ ਮਨ ਮਾਂਹਿ।”(ਵਿਚ)
–ਮਲਾ ੧, ਵਾਰ ੬ਸ, ੩, ੨:੨ (1280)

(3) ਵਿਚੋਂ
“ਸਭ ਪਰਵਾਰੈ ਮਾਹਿ ਸਰੇਸਟ।”

–ਆਸਾ ੫, ੩, ੪:੧ (371)

ਮਾਹਿਰ ------ ਪ੍ਰਧਾਨ ਚੌਧਰੀ

“ਜਾ ਪਿਰੁ ਬਾਹਰਿ ਤਾਂ ਧਨ ਮਾਹਿਰ।”

–ਰਾਮ ੫, ਵਾਰ ੧੮ਸ, ੫, ੧:੨ (965)

ਮਾਹੀ-------- ਵਿਚ, ਅੰਦਰ
“ਗੁਰ ਕੇ ਚਰਣ ਵਸੇ ਮਨ ਮਾਹੀ।”(ਅੰਦਰ)
-ਮਾਝ ੫, ੪੩, ੧:੧ (107)
“ਗੁਣ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ।”(ਵਿਚ)
-ਵਡ ੫, ਛੰਤ ੧, ੪:੪ (577)
“ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ।”(ਵਿਚ)
-ਸੋਰ ੫, ਅਸ ੩, ੨:੧ (641)

ਹੋਰ ਰੂਪ:

ਮਾਂਹੀ-
“ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ।”
-ਸੋਰ ਰਵਿ, ੧, ੧:੨ (657)

ਮਾਹੀਤਿ ----- (ਅ. ਮਾਹੀਯਤ) ਅਸਲੀਅਤ, ਤਤ, ਸਾਰ
“ਮੰਗਲਵਾਰੇ ਲੇ ਮਾਹੀਤਿ।”
-ਗਉ ਕਬ, ਵਾ ੩:੧ (344)

ਮਾਹੁ ------- ਮਹੀਨਾ
“ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।”
-ਜਪੁ ੧, ੨੧:੧੦ (4)

ਮਾਹੇ ------- ਵਿਚ, ਅੰਦਰ
“ਸੂਕੇ ਹਰੇ ਕੀਏ ਖਿਨ ਮਾਹੇ।”
-ਗਉ ੫, ੧੨੭, ੧:੧ (191)
“ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ।”
-ਗਉ ੧, ਛੰਤ ੨, ੧:੧ (243)

ਮਾਹੋ ------- ਸੂਤ, ਤਾਣਾ
“ਗਈ ਬੁਨਾਵਨ ਮਾਹੋ।”
-ਗਉ ਕਬ, ੫੪, ੧*:੧ (335)

ਮਾਕੁਰੀ ----- (ਸੰ) ਮਕੜੀ
“ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ।”
-ਸੋਰ ੧, ਅਸ ੨, ੨:੩ (635)

ਮਾਖਨ ------ ਮਖਨ
“ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ।”
-ਨਟ ੪, ਅਸ ੫, ੨:੨ (982)

ਹੋਰ ਰੂਪ:

ਮਾਖਨੁ-
“ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ।”
-ਗਉ ੧, ਅਸ ੧੮, ੭:੨ (229)

ਮਾਖਨੁ ------ (1) ਮਖਨ, ਮਥਨ (ਰਿੜਕਨ) ਤੋਂ ਨਿਕਲਿਆ ਹੋਇਆ, ਵੇਖੋ 'ਮਾਖਨ'
"ਸੰਤਹੁ ਮਾਖਨੁ ਖਾਇਆ ਛਾਡਿ ਪੀਐ ਸੰਸਾਰ।"
-ਸਲੋ ਕਬ, ੧੮:੨ (1365)
(ਮਹਾਨਕੋਸ਼ ਇਥੇ ਅਰਥ 'ਸਾਰ' 'ਤਤ' ਕਰਦਾ ਹੈ)
(2) ਦੁੱਧ
"ਥਨ ਚੋਖਤਾ ਮਾਖਨੁ ਘੁਟਲਾ।"
-ਗੋਂਡ ਨਾਮ, ੪, ੨:੨ (874)

ਮਾਖਿਉ ----- ਸ਼ਹਿਦ
"ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ।"
-ਆਸਾ ੧, ਵਾਰ ੧੦ਸ, ੧, ੧:੮ (468)

ਹੋਰ ਰੂਪ:

ਮਾਖਿਓ–
"ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓ ਮਾਂਝਾ ਦੁਧੁ।"
-ਸਲੋ ਫਰ, ੨੭:੧ (1379)
ਮਾਖਿਅ–
"ਫਰੀਦਾ ਰਬ ਖਜੂਰੀ ਪਕੀਆ ਮਾਖਿਅ ਨਈ ਵਹੰਨ੍ਹਿ।"(ਸ਼ਹਿਦ ਦੀਆਂ)
-ਸਲੋ ਫਰ, ੮੯:੧ (1382)

ਮਾਖੀ------- ਮੱਖੀ
"ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ।"
-ਸਿਰੀ ੪, ੭੦, ੧:੩ (41)

ਮਾਗ ------- (1) ਮੰਗ
"ਮਾਗਨਿ ਮਾਗ ਤ ਏਕਹਿ ਮਾਗ।"
-ਗਉ ੫, ਬਾਅ ੪੧:੭ (258)
(2) ਚੀਰ, ਇਸਤ੍ਰੀਆਂ ਦੇ ਵਾਲ ਗੁੰਦਨ ਲਗਿਆਂ ਬਣਾਈ ਕੇਸਾਂ ਦੀ ਰੇਖਾ
"ਮਾਠਿ ਗੁੰਦਾਂਈ ਪਟੀਆ ਭਰੀਐ ਮਾਗ ਸੰਧੂਰੇ।"
-ਵਡ ੧, ੩, ੧:੧੧ (558)

ਹੋਰ ਰੂਪ:

ਮਾਂਗ–
"ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ।"
-ਸਿਰੀ ੧, ੧੩, ੪:੧ (19)

ਮਾਗਉ------ ਮੈਂ ਮੰਗਦਾ ਹਾਂ
"ਸਾਧ ਜਨਾ ਕੀ ਮਾਗਉ ਧੂਰਿ।"
-ਗਉ ੫, ਅਸ ੨੦, ੧:੩ (289)

ਹੋਰ ਰੂਪ:

ਮਾਂਗਉ–
"ਹਉ ਮਾਂਗਉ ਸੰਤਨ ਰੇਨਾ।"

–ਸੋਰ ਕਬ, ੧੧, ੧:੩ (656)

ਮਾਂਗਹ–

“ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ।”(ਮੰਗੀਏ)

–ਤੁਖਾ ੪, ਛੰਤ ੪, ੫:੪ (1116)

ਮਾਗਹਿ–

“ਜਉ ਮਾਗਹਿ ਤਉ ਮਾਗਹਿ ਬੀਆ।”(ਮੰਗਦਾ ਹੈ)

–ਗਉ ੫, ਬਾਅ ੪੧:੫ (258)

“ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ।”(ਮੰਗਦੇ ਹਨ)

–ਗੂਜ ੪, ਅਸ ੧, ੩:੨ (507)

ਮਾਂਗਹਿ–

“ਤੁਧਨੋ ਸੇਵਹਿ ਤੁਝੁ ਕਿਆ ਦੇਵਹਿ ਮਾਂਗਹਿ ਲੇਵਹਿ ਰਹਹਿ ਨਹੀ।”(ਮੰਗਦਾ ਹੈ)

–ਮਲਾ ੧, ੧, ੨:੧ (1254)

“ਹਰਿ ਦਰਸਨ ਕੇ ਜਨ ਮੁਕਤਿ ਨ ਮਾਂਗਹਿ ਮਿਲਿ ਦਰਸਨ ਤ੍ਰਿਪਤਿ ਮਨੁ ਧੀਜੈ।”

–ਕਲਿ ੪, ਅਸ ੨, ੧:੨ (1324)

ਮਾਗਹੁ–

“ਤੁਮ ਹਰਿ ਦਾਤੇ ਸਮਰਥ ਸੁਆਮੀ ਇਕੁ ਮਾਗਹੁ ਤੁਝ ਪਾਸਹੁ ਹਰਿ ਦਾਨੈ।”

–ਕਲਿ ੪, ੫, ੪:੧ (1321)

ਮਾਗਤ------ ਮੰਗਦਿਆਂ

“ਲੋਕੁ ਧਿਕਾਰੁ ਕਹੈ ਮੰਗਤ ਜਨ ਮਾਗਤ ਮਾਨੁ ਨ ਪਾਇਆ।”

–ਰਾਮ ੧, ੮, ੪:੧ (878)

ਹੋਰ ਰੂਪ:

ਮਾਂਗਤ–

“ਸੁਖੁ ਮਾਂਗਤ ਦੁਖੁ ਆਗੈ ਆਵੈ।”(ਮੰਗਦਿਆਂ)

–ਗਉ ਕਬ, ੩੬, ੧:੧ (330)

ਮਾਗਤੁ–

“ਮੈ ਦਰਿ ਮਾਗਤੁ ਭੀਖਿਆ ਪਾਇ।”(ਮੰਗਦਿਆਂ)

–ਤਿਲੰ ੧, ੨, ੧*:੨ (721)

ਮਾਂਗਤੁ–

“ਨਾਨਕੁ ਮਾਂਗਤੁ ਨਾਮ ਅਧਾਰੇ।”(ਮੰਗਦਾ ਹੈ)

–ਗਉ ੫, ੧੧੭*, ੪:੩ (203)

ਮਾਗਨ------ ਮੰਗਣ, ਮੰਗ ਕਰਨ

“ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ।”

–ਗਉ ੫, ਬਾਅ ੪੧ਸ:੨ (258)

ਹੋਰ ਰੂਪ:

ਮਾਂਗਨ–

“ਆਠ ਪਹਰ ਨਾਨਕ ਜਸੁ ਗਾਵੈ ਮਾਂਗਨ ਕਉ ਹਰਿ ਦਾਨ।”(ਮੰਗਣ)

–ਕਾਨ ੫, ੨੧, ੨:੨ (1302)

ਮਾਗਨਹਾਰ --- ਮੰਗ ਕਰਨ ਵਾਲਾ

"ਮਮਾ ਮਾਗਨਹਾਰ ਇਆਨਾ।"

-ਗਉ ੫, ਬਾਅ ੪੧:੧ (258)

ਮਾਗਨਾ ----- ਮੰਗਨਾ, ਮੰਗਕਰਨੀ

"ਸਭੁ ਕਿਛੁ ਤੁਮ ਤੇ ਮਾਗਨਾ ਵਡਭਾਗੀ ਪਾਏ।"

-ਬਿਲਾ ੫, ੪੨, ੪:੧ (811)

ਹੋਰ ਰੂਪ:

ਮਾਗਨਿ-

"ਕਰਿ ਆਸਾ ਆਇਓ ਪ੍ਰਭ ਮਾਗਨਿ।"(ਮੰਗ ਕਰਨ ਲਈ ਮੰਗਣ ਲਈ)

-ਬਿਲਾ ੫, ੯, ੧*:੧ (804)

ਮਾਂਗਨਿ-

"ਮਾਂਗਨਿ ਮਾਂਗਉ ਹੋਇ ਅਚਿੰਤਾ ਮਿਲੁ ਨਾਨਕ ਕੇ ਹਰਿ ਪ੍ਰਾਨ।" (ਮੰਗ, ਮੰਗਨ ਵਾਲੀ ਵਸਤ)

-ਸਾਰ ੫, ੫੮, ੨:੨ (1215)

ਮਾਗਨੁ-

"ਸੇਵਾ ਥੋਰੀ ਮਾਗਨੁ ਬਹੁਤਾ।"(ਮੰਗਨਾ, ਮੰਗਾਂ)

-ਸੂਹੀ ੫, ੭, ੧:੧ (738)

ਮਾਗਰਮਛੁ-ਮਗਰ ਮੱਛ, ਮਛੀ ਜਾਤੀ ਦਾ ਇੱਕ ਹੋਰ ਰੂਪ ਜੋ ਆਕਾਰ ਵਿੱਚ ਬਹੁਤ ਵਡਾ ਹੁੰਦਾ ਹੈ

"ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ।"

-ਮਾਰੂ ੧, ਅਸ ੨, ੫:੧ (1009)

ਮਾਂਗਿਆ ---- ਮੰਗਿਆ, ਯਾਚਨਾ ਕੀਤਾ

"ਸੋ ਸੁਖੁ ਹਮਹੁ ਨ ਮਾਂਗਿਆ ਭਾਵੈ।"

-ਗਉ ਕਬ, ਅਸ ੩੬, ੧:੨ (330)

ਮਾਗੀ ------ ਮੰਗੀ ਹੈ

" ਹਰਿ ਹਰਿ ਜਪਨੁ ਜਪਾਵਹੁ ਅਪਨਾ ਹਮ ਮਾਗੀ ਭਗਤਿ ਇਕਾਕੀ।"

-ਧਨਾ ੪, ੬, ੧*:੨ (688)

ਮਾਂਗੀ ------ (1) ਮਾਂਗ/ਚੀਰ ਵਿਚ

"ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।"

-ਆਸਾ ੧, ਅਸ ੧੧, ੧:੧ (417)

(2) ਮੰਗੀ, ਮੰਗ ਕੀਤੀ

"ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ।"

-ਪ੍ਰਭਾ ੧, ਅਸ ੪, ੩:੧ (1344)

ਹੋਰ ਰੂਪ:

ਮਾਂਗੀਐ-

"ਦਫਤਰਿ ਲੇਖਾ ਮਾਂਗੀਐ ਤਬ ਹੋਇਗੋ ਕਉਨੁ ਹਵਾਲੁ।"(ਮੰਗੀਏ)

-ਸਲੋ ਕਬ, ੧੯੭:੨ (1374)

ਮਾਗੁ–
"ਨਾਮ ਭਗਤਿ ਮਾਗੁ ਸੰਤ ਤਿਆਗਿ ਸਗਲ ਕਾਮੀ।"(ਮੰਗ)
–ਸਾਰ ੫, ੧੩੪, ੧*:੧ (1230)

ਮਾਂਗੁ–
"ਐਸੀ ਮਾਂਗੁ ਗੋਬਿਦ ਤੇ।"(ਮੰਗ)
–ਕਾਨ ੫, ੪, ੧*:੧ (1298)

ਮਾਗੇ–
"ਹਮਰਾ ਬਿਨਉ ਸੁਨਹੁ ਪ੍ਰਭ ਠਾਕੁਰ ਹਮ ਸਰਣਿ ਪ੍ਰਭੂ ਹਰਿ ਮਾਗੇ।"(ਮੰਗਦੇ ਹਾਂ)
–ਗਉ ੪, ੬੨, ੫:੧ (172)

ਮਾਗੈ–
"ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ।"(ਮੰਗਦਾ ਹੈ)
–ਗਉ ੫, ਸੋਹ ੫, ੪:੨ (13)

ਮਾਂਗੈ–
"ਨਾਨਕ ਮਾਂਗੈ ਨਾਮੁ ਹਰਿ ਕਰਿ ਕਿਰਪਾ ਸੰਜੋਗੁ।"(ਮੰਗਦਾ ਹੈ)
–ਗਉ ੪, ਵਾਰ ੩੨ਸ, ੫, ੨:੨ (317)

ਮਾਘਿ ------ ਬਿਕਰਮੀ ਸੰਗਤ ਦਾ ਗਿਆਰਵਾਂ ਮਹੀਨਾ
"ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ।"
–ਮਾਝ ੫, ਬਾਰਾ ੧੨, ੧:੧ (135)

ਹੋਰ ਰੂਪ:

ਮਾਘੁ–
"ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ।"
–ਰਾਮ ੫, ਰੁਤੀ ੭:੧ (929)

ਮਾਚਿ ------ ਮਚ ਕੇ ਭਾਵ ਖੂਬ ਖੁਸ਼ ਹੋ ਕੇ
"ਤਿਨ ਸਿਉ ਰਾਚਿ ਮਾਚਿ ਹਿਤੁ ਲਾਇਓ ਜੋ ਕਾਮਿ ਨਹੀ ਗਾਵਾਰੀ।"
–ਸਾਰ ੫, ੫੯, ੧:੨ (1216)

ਹੋਰ ਰੂਪ:

ਮਾਚੇ–
"ਸਤਿਗੁਰਿ ਬਚਨੁ ਦੀਓ ਅਤਿ ਨਿਰਮਲੁ ਜਪੁ ਹਰਿ ਹਰਿ ਹਰਿ ਮਨੁ ਮਾਚੇ।"(ਮਚਦਾ, ਖੁਸ਼ ਹੁੰਦਾ ਹੈ)
–ਗਉ ੪, ੫੫, ੧:੨ (169)

ਮਾਛਲੋ ------ ਮੱਛੀ
"ਜਿਉ ਜਲ ਮਾਝੈ ਮਾਛਲੋ ਮਾਰਗੁ ਪੇਖਣੋ ਨ ਜਾਈ।"
–ਗੁਜ ਨਾਮ, ੨, ੨:੨ (525)

ਮਾਛਿੰਦੋ ----- ਮਾਛੰਦਰ ਜੋਗੀ
"ਨਾ ਤਦਿ ਗੋਰਖੁ ਨ ਮਾਛਿੰਦੋ।"
–ਮਾਰੂ ੧, ਸੋਲਾ ੧੫, ੯:੨ (1035)

ਹੋਰ ਰੂਪ:

ਮਾਛਿੰਦ੍ਰਾ–
“ਸੁਣਿ ਮਾਛਿੰਦ੍ਰਾ ਨਾਨਕੁ ਬੋਲੈ।”(ਹੇ ਮਛਿੰਦਰ)
–ਰਾਮ ੧, ੫, ੧:੧ (877)

ਮਾਛੀ ------ ਮਛੀਆਂ ਪਕੜਨ ਵਾਲਾ, ਮਾਹੀਗੀਰ
“ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ।”
–ਸਿਰੀ ੧, ੨੫, ੨:੧ (23)

ਮਾਛੁਲੀ ----- ਮੱਛੀ
“ਜਿਉ ਰਾਤੀ ਜਲਿ ਮਾਛੁਲੀ ਤਿਉ ਰਾਮ ਰਸਿ ਮਾਤੇ ਰਾਮ ਰਾਜੇ।”
–ਆਸਾ ੫, ਛੰਤ ੩, ੨:੧ (454)

ਮਾਂਜਸਿ ----- ਮਾਂਜਨਾ, ਸ਼ੁਧ ਕਰਨਾ
“ਕਾਂਇਆ ਮਾਂਜਸਿ ਕਉਨ ਗੁਨਾਂ।”
–ਸੋਰ ਕਬ, ੮, ੧*:੧ (656)

ਮਾਂਜਾਰ ----- (ਸੰ) ਬਿੱਲੇ
“ਮਾਂਜਾਰ ਗਾਡਰ ਅਰੁ ਲੂਬਰਾ।”
–ਭੈਰ ਕਬ, ੧੩, ੪:੩ (1160)

ਮਾਂਜਿ ------ ਮਾਂਜਕੇ ਭਾਵੇ ਸ਼ੁਧ ਕਰਕੇ
“ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ।”
–ਆਸਾ ਕਬ, ੨, ੨:੧ (476)

ਮਾਜੀਐ ------ ਮਾਂਜੀਏ, ਸ਼ੁਧ ਕਰੀਏ
“ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ।”
–ਗੂਜ ੧, ੧, ੨:੨ (489)

ਹੋਰ ਰੂਪ:

ਮਾਂਜੀਐ–
“ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ।”
–ਸੋਰ ੫, ਅਸ ੧, ੩:੨ (639)

ਮਾਜੀਠੈ ----- ਮਜੀਠ ਨਾਲ
“ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ।”
–ਸੋਰ ੪, ਵਾਰ ਪਸ, ੩, ੨:੨ (644)

ਮਾਂਜੈ ------- ਮਾਂਜਨ ਨਾਲ, ਸ਼ੁਧ ਕਰਨ ਨਾਲ
“ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ।”
–ਧਨਾ ੧, ਛੰਤ ੧, ੪:੬ (688)

ਮਾਝ ------- ਵਿਚ, ਭੀਤਰ ਅੰਦਰ
“ਆਸ ਪਾਸ ਘਨ ਤੁਰਸੀ ਕਾ ਬਿਰਵਾ ਮਾਝ ਬਨਾ ਰਸਿ ਗਾਊਂ ਰੇ।”
–ਗਉ ਕਬ, ੬੬, ੧:੧ (338)

“ਪਿਤਾ ਹਮਾਰੇ ਪ੍ਰਗਟੇ ਮਾਝ।”
-ਭੈਰ ੫, ੨੨, ੪:੧ (1141)

ਹੋਰ ਰੂਪ:

ਮਾਝਾ–
“ਮੇਰਾ ਮਨ ਜਪਿ ਰਾਮ ਨਾਮੁ ਹਰਿ ਮਾਝਾ।”(ਅੰਦਰ ਹੈ)
– ਜੈਤ ੪, ੫, ੧*:੧ (697)

ਮਾਝਾ------- (1) ਅੰਦਰ, ਭੀਤਰ, ਵੇਖੋ ‘ਮਾਝ’
(2) ਵਿਚੋਲੇਪਣ ਨਾਲ ਵਿਚ ਆਉਣ ਨਾਲ
“ਹਰਿ ਕੀਰਤਿ ਕਲਜੁਗਿ ਪਦੁ ਊਤਮੁ ਹਰਿ ਪਾਈਐ ਸਤਿਗੁਰ ਮਾਝਾ।”
-ਜੈਤ ੪, ੫, ੨:੧ (697)
(3) ਭਾਵ ਵਿਆਪਕ
“ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ।”
-ਸੂਹੀ ੫, ੫੦, ੪:੨ (747)

ਮਾਂਝਾ-------ਮੱਝ ਦਾ
“ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ।”
-ਸਲੋ ਫਰ, ੨੭:੧ (1379)

ਮਾਝੈ -------ਮੈਨੂੰ
“ਸੰਤ ਚੀ ਸੰਗਤਿ ਸੰਤ ਕਥਾ ਰਸੁ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ।”
-ਆਸਾ ਰਵਿ, ੨, ੧*:੧ (486)

ਮਾਵੀ ------ਲੜਕੀ ਦੇ ਪੇਕਿਆਂ ਦਾ ਸਬੰਧੀ
“ਆਪੇ ਜਾਵੀ ਆਪੇ ਮਾਵੀ ਆਪਿ ਸੁਆਮੀ ਆਪਿ ਦੇਵਾ।”
-ਆਸਾ ੫, ਛੰਤ ੧, ੨:੪ (452)

ਹੋਰ ਰੂਪ:

ਮਾਵੀਆ–
“ਮਿਲਿ ਇਕਤ੍ਰ ਹੋਏ ਸਹਜਿ ਢੋਏ ਮਨਿ ਪ੍ਰੀਤਿ ਉਪਜੀ ਮਾਵੀਆ।”(ਲੜਕੀ ਦੇ ਸਬੰਧੀਆਂ ਦਾ ਇਕੱਠਾ ਹੋਇਆ ਮੇਲ)
-ਬਿਲਾ ੫, ਛੰਤ ੧, ੩:੪ (846)

ਮਾਟ ------- (1) ਮਿੱਟੀ ਦੀ ਭਾਵ ਕਚੀ
“ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ।”
-ਮਾਲੀ ੪, ੬, ੩:੨ (986)
(ਮਹਾਨਕੋਸ਼ ਇਸ ਦੇ ਅਰਥ ‘ਝਟ’ ਕਰਦਾ ਹੈ)
(2) ਮਿਟਦੇ, ਪੈਂਦੇ (ਦਰਪਣ)
“ਕਲਿ ਕਲੇਸ ਮਿਟੇ ਦਾਸ ਨਾਨਕ ਬਹੁਰਿ ਨ ਜੋਨੀ ਮਾਟ।” (ਸ਼ਬਦਾਰਥ ਅਰਥ ‘ਸਰੀਰ’ ਨਿਰਣੈ ਅਤੇ ਮਹਾਨ ਕੋਸ਼ ‘ਬਚੇਦਾਨ’, ‘ਰਿਹਮ’ ਕਰਦੇ ਹਨ)
-ਮਲਾ ੫, ੧੪, ੨:੨ (1269)

ਮਾਟਾ-------ਮਟਕੀ, ਚਾਟੀ

"ਸਮੁੰਦੁ ਬਿਲੋਵਨ ਕਉ ਮਾਟਾ।"

-ਸੋਰ ਕਬ, ੫, ੧:੨ (655)

ਮਾਟੀ-------ਮਿੱਟੀ, ਰਾਖ

"ਤਾਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ।"

-ਸਿਰੀ ੧, ੧੫, ੧:੧ (19)

"ਮਾਟੀ ਮਹਿ ਜੋਤਿ ਰਖੀ ਨਿਵਾਜਿ।" (ਭਾਵ ਮਿਟੀ ਦੇ ਸਰੀਰ)

-ਗੋਂਡ ੫, ੩, ੧:੨ (862)

"ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ।"(ਭਾਵ ਦੇਹ, ਸਰੀਰ)

-ਮਾਰੂ ੫, ਸੋਲਾ ੨, ੧੦:੩ (1073)

ਮਾਟੁ -------ਮਟ, ਘੜਾ

"ਕਾਮ ਕ੍ਰੋਧ ਫੂਟੈ ਬਿਖੁ ਮਾਟੁ।"

-ਗਉ ੧, ੬, ੪:੨ (153)

ਮਾਟੁਕੇ------ਅੱਖ ਝਮਕਣ ਵਿਚ ਲਗਾ ਸਮਾ

"ਕਬੀਰ ਆਖੀ ਕੇਰੇ ਮਾਟੁਕੇ ਪਲੁ ਪਲੁ ਗਈ ਬਿਹਾਇ।"

-ਸਲੋ ਕਬ, ੨੨੭:੧ (1376)

ਮਾਟੁਲੀ -----ਮਟਕੀ ਭਾਵ ਸਰੀਰ

"ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ।"

-ਸਾਰ ੫, ੬੧, ੧*:੨ (1216)

ਮਾਠਾ ------ਮੱਠਾ, ਢਿਲਾ

"ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ।"

-ਮਾਰੂ ੫, ੧੫, ੧:੧ (1003)

ਮਾਠਿ ------ਘੋਟ ਕੇ, ਕੰਘੀ ਨਾਲ ਵਾਹ ਕੇ, ਹਮਵਾਰ, ਪਧਰਾ ਕਰਕੇ

"ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ।"

-ਵਡ ੧, ੩, ੧:੧੧ (558)

ਮਾਂਡਿਓ -----ਮਲਿਆ

"ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ।"

-ਮਾਰੂ ਕਬ, ੧੦, ੧:੨ (1105)

ਮਾਂਡੀਅਲੇ----ਜੁੜਿਆ ਰਹਿੰਦਾ ਹੈ ਦਰਪਣ/ਧਾਰਦਾ ਹੈ (ਸ਼ਬਦਾਰਥ); ਲਗ ਜਾਂਦਾ ਹੈ (ਕੋਸ਼)

"ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ।"

-ਰਾਮ ਨਾਮ, ੧, ੧*:੨ (972)

ਮਾਡੀਐ -----ਸਜਾਈਏ

"ਸਾਚੁ ਧੜੀ ਧਨ ਮਾਡੀਐ ਕਾਪੜੁ ਪ੍ਰੇਮ ਸੀਗਾਰੁ।"

-ਸਿਰੀ ੧, ਅਸ ੨, ੫:੧ (54)

ਮਾਡੈ -------ਧਰੇ, ਲਗਾਵੇ, ਜਮਾਏ

"ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ।"

-ਆਸਾ ਨਾਮ, ੪, ੧:੨ (485)

ਮਾਂਡੈ ------- (1) ਭਰਦਾ ਹੈ ਭਾਵ ਸਜਾਉਂਦਾ ਹੈ

"ਕਬੀਰ ਹਰਿ ਹੀਰਾ ਜਨ ਜਉਹਰੀ ਲੇ ਕੈ ਮਾਂਡੈ ਹਾਟ।"

-ਸਲੋ ਕਬ, ੧੬੨:੧ (1373)

(2) ਠਾਣਦਾ/ ਸੋਚ ਲੈਂਦਾ ਹੈ

"ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ।"

-ਬਸੰ ਨਾਮ, ੧, ੨:੧ (1195)

ਮਾਣਇ ------ ਮਾਣਦਾ ਹੈ

"ਸਤਗੁਰ ਕੈ ਪਰਸਾਦਿ ਸਹਜ ਸੇਤੀ ਰੰਗੁ ਮਾਣਇ।"

-ਸਵ ੪, ਕਲ ੫:੪ (1397)

ਮਾਣਸ ------ ਮਨੁੱਖ

"ਹਰਿ ਜਨ ਕਾ ਰਾਖਾ ਏਕੁ ਹੈ ਕਿਆ ਮਾਣਸ ਹਉਮੈ ਰੋਇ।"

-ਸਿਰੀ ੫, ੭੧, ੪:੩ (42)

ਮਾਣਸਖਾਣੇ --- ਮਨੁੱਖਾਂ ਨੂੰ ਖਾ ਜਾਣ ਵਾਲੇ

"ਮਾਣਸਖਾਣੇ ਕਰਹਿ ਨਿਵਾਜ।"(ਭਾਵ ਮਸੁਲਮਾਨ)

-ਆਸਾ ੧, ਵਾਰ ੧੬ਸ, ੧, ੨:੧ (471)

ਮਾਣਸਾ ----- (1) ਮਨੁੱਖ

"ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ।"

-ਸਿਰੀ ੧, ਅਸ ੪, ੧*:੨ (55)

ਹੋਰ ਰੂਪ:

ਮਾਣਸਿ–

"ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰ ਨ ਹੋਇ।" (ਮਨੁੱਖ ਵਿਚ)

-ਪ੍ਰਭਾ ੩, ਅਸ ੧, ੨:੨ (1346)

(2) ਮਨੁੱਖਾਂ ਦੀ/ਦੇ

"ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ।"

-ਮਾਝ ੧, ਵਾਰ ੬ਸ, ੧, ੧:੨ (140)

"ਮਾਣਸਾ ਕਿਅਹੁ ਦੀ ਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀ ਬਾਣਹੁ ਕੋਈ ਕਿਥੈ ਜਾਇਆ।"

-ਵਡ ੪, ਵਾਰ ੧੪:੩ (591)

ਹੋਰ ਰੂਪ:

ਮਾਣਸਾਂ–

"ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ।"(ਮਨੁੱਖਾਂ ਨੂੰ)

-ਸਾਰ ੪, ਵਾਰ ੧੧ਸ, ੧, ੨:੩ (1241)

ਮਾਣਸੀ ------ ਮਾਣੇਗਾ

"ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ।"

-ਸਿਰੀ ੧, ਅਸ ੫, ੧*:੨ (56)

ਮਾਣਸੁ------ਮਨੁੱਖ

“ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ।”

-ਬਿਹਾ ੪, ਵਾਰ ੧੯ਸ, ੩, ੧:੧ (554)

ਮਾਣਹਿ -----ਮਾਣਦਾ ਹੈ

“ਰਸ ਭੋਗਹਿ ਖੁਸੀਆ ਕਰਹਿ ਮਾਣਹਿ ਰੰਗ ਅਪਾਰ।”

-ਸਿਰੀ ੫, ੭੧, ੧:੨ (42)

ਹੋਰ ਰੂਪ:

ਮਾਣਹੀ-

“ਦੁਰਜਨ ਸੇਤੀ ਨੇਹੁ ਤੂ ਕੈ ਗੁਣਿ ਹਰਿ ਰੰਗ ਮਾਣਹੀ।”(ਮਾਣ ਸਕਦੀ ਹੈ)

-ਜੈਤ ੫, ਵਾਰ ੧੦ਸ, ੫, ੧:੨ (1097)

ਮਾਣਹੁ-

“ਹਰਿ ਸੇਤੀ ਸਦ ਮਾਣਹੁ ਰਲੀਆ ਜਨਮ ਮਰਣ ਦੁਖ ਖੋਵਹੁ।”(ਮਾਣੋ)

-ਸਿਰੀ ੪, ਪਹ ੩, ੪:੪ (77)

ਮਾਣਕ------ਲਾਲ ਰੰਗ ਦਾ ਕੀਮਤੀ ਹੀਰਾ, ਹੋਰ ਵੇਖੋ ‘ਮਾਣਿਕ’

“ਪ੍ਰਭੁ ਹਰਿ ਮੰਦਰੁ ਸੋਹਣਾ ਤਿਸੁ ਮਹਿ ਮਾਣਕ ਲਾਲ।”

-ਸਿਰੀ ੧, ੯, ੨:੧ (17)

ਹੋਰ ਰੂਪ:

ਮਾਣਕਾ-

“ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ।”(ਹੀਰੇ)

-ਸਿਰੀ ੫, ੮੪, ੨:੧ (47)

ਮਾਣਕਿ-

“ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ।” (ਹੀਰੇ)

-ਬਿਲਾ ੪, ਅਸ ੧, ੩:੧ (833)

ਮਾਣਕੀ-

“ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ।”(ਹੀਰੇ)

-ਸਿਰੀ ੧, ਅਸ ੧੦, ੨:੩ (59)

ਮਾਣਕੁ -

“ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥ ਹੀਰੁ।”

- ਸਿਰੀ ੧, ੨੧, ੪:੧ (22)

“ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ।”(ਆਤਮਕ ਗਿਆਨ ਰੂਪੀ ਹੀਰਾ)

-ਗਉ ਕਬ, ੫੧, ੩:੨ (334)

ਮਾਣਦਾ -----ਭੋਗਦਾ

“ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ।”

-ਜੈਤ ੫, ਵਾਰ ੬:੩ (707)

ਹੋਰ ਰੂਪ:

ਮਾਣਦੋ–
"ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ।"(ਮਾਣਦੇ ਭੋਗਦੇ)
-ਸਿਰੀ ੫, ਛੰਤ ੩, ੫੩:੨ (81)

ਮਾਣੰਨਿ -----ਭੋਗਦੇ ਹਨ, ਮਾਣਦੇ ਹਨ
"ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।"
-ਮਾਝ ੫, ਬਾਰਾ ੪:੮ (134)

ਹੋਰ ਰੂਪ:

ਮਾਣਨਿ੍–
"ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ।"(ਮਾਣਦੀਆਂ ਹਨ)
-ਆਸਾ ੧, ਅਸ ੧੧, ੩:੨ (417)

ਮਾਣਾ ------ (1) ਮਾਨ, ਆਸਰਾ, ਭਰੋਸਾ, ਸਹਾਰਾ
"ਗਰੀਬਾ ਅਨਾਥਾ ਤੇਰਾ ਮਾਣਾ।"
-ਮਾਝ ੫, ੧੪, ੧:੨ (98)
(2) ਮਾਣ, ਅੰਹਕਾਰ
"ਜੋ ਬਿਨੁ ਸਚੇ ਹੋਰਤੁ ਚਿਤੁ ਲਾਇਦੇ ਸੇ ਕੂੜਿਆਰ ਕੂੜਾ ਤਿਨ ਮਾਣਾ।"
-ਗਉ ੪, ਵਾਰ ੧੦:੪ (305)
(3) ਇਜ਼ਤ, ਮਾਣ, ਵਡਿਆਈ, ਹੋਰ ਵੇਖੋ 'ਮਾਣਿ' (3)
"ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਜੇ ਦੀਤਾ।"
-ਵਡ ੫, ਛੰਤ ੧, ੨:੫ (577)
(4) ਮਾਣਿਆ, ਭੋਗਿਆ
"ਠਾਕੁਰ ਭਾਣੀ ਸਾ ਗੁਣਵੰਤੀ ਤਿਨਹੀ ਸਭ ਰੰਗ ਮਾਣਾ।"
-ਸੂਹੀ ੫, ਛੰਤ ੪, ੩:੫ (779)

ਹੋਰ ਰੂਪ:

ਮਾਣਿ–
"ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ।"(ਭੋਗ ਲੈ)
-ਸਿਰੀ ੧, ੨੪, ੧*:੧ (23)
(5) ਰਤਨ, ਮਣੀ
"ਵਡ ਭਾਗੀਆ ਸੋਹਾਗਣੀ ਹਰਿ ਮਸਤਕਿ ਮਾਣਾ ਰਾਮ।"(ਭਾਗਾਂ ਦੀ ਮਣੀ)
-ਬਿਲਾ ੪, ਛੰਤ ੧, ੧:੩ (844)

ਮਾਣਿ ------ (1) ਭੋਗ, ਮਾਣ, ਵੇਖੋ 'ਮਾਣਾ' (4)
(2) ਮੰਨ, ਪੂਜ, ਸਤਿਕਾਰ ਕਰ
"ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ।"
-ਮਾਰੂ ੩, ਵਾਰ ੧੩ਸ, ੧, ੩:੧ (1090)
(3) ਮਾਣ, ਵਡਿਆਈ ਹੋਰ ਵੇਖੋ 'ਮਾਣਾ' (3)
"ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਣਿ ਮਹਤਿ ਪ੍ਰਭ ਤੇਰੈ।"
-ਸਾਰ ੫, ੫੦, ੧*:੨ (1214)

ਮਾਣਿਓ -----ਮਾਣਿਆ/ਭੋਗਿਆ

“ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ।”
-ਸਵ ੧, ੨:੪ (1389)

ਹੋਰ ਰੂਪ:

ਮਾਣਿਅਉ-
“ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ।”(ਭੋਗਿਆ ਮਾਣਿਆ ਹੈ)
-ਸਵ ੫, ਕਲ ੮:੧ (1407)

ਮਾਣਿਆ-
“ਸਰਬ ਸੂਖ ਰੰਗ ਮਾਣਿਆ।”(ਭੋਗਿਆ)
-ਗਉ ੫, ੧੪੭*, ੩:੨ (212)

ਮਾਣਿਹ-
“ਮਿਲਿ ਸੰਤ ਜਨਾ ਰੰਗੁ ਮਾਣਿਹ ਰਲੀਆ ਜੀਉ।”(ਭੋਗੇ)
-ਗਉ ੪, ੬੬, ੧:੨ (173)

ਮਾਣਿਕ ------ ਹੀਰਾ, ਰਤਨ, ਹੋਰ ਵੇਖੋ ‘ਮਾਣਕ’
“ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।”
-ਜਪੁ ੧, ੬:੩ (2)

ਹੋਰ ਰੂਪ:

ਮਾਣਿਕਾ-
“ਰਤਨ ਜਵੇਹਰ ਮਾਣਿਕਾ ਅੰਮ੍ਰਿਤੁ ਹਰਿ ਕਾ ਨਾਉ।(ਰਤਨ,ਹੀਰਾ)
-ਸਿਰੀ ੫, ੮੭, ੪:੧ (48)

ਮਾਣਿਕੁ-
“ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ।”
-ਸੂਹੀ ੧, ਕੁਚ ੧:੭ (762)

ਮਾਣਿਕੂ-
“ਮਾਣਿਕੂ ਮੋਹਿ ਮਾਉ ਡਿੰਨਾ ਧਣੀ ਅਪਾਹਿ।”(ਹੀਰਾ)
-ਮਾਰੂ ੫, ਵਾਰ ੧੨ਸ, ੫, ੨:੧ (1098)

ਮਾਣੀ ------ ਮਾਣ ਰਿਹਾ ਹੈ
“ਗੁਰੁ ਜੋਗੀ ਪੁਰਖੁ ਮਿਲਿਆ ਰੰਗੁ ਮਾਣੀ ਜੀਉ।”
-ਗਉ ੪, ੬੫, ੨:੧ (173)

“ਸੁੰਨੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ।”(ਮਾਣਦੇ /ਭੋਗਦੇ ਹਨ)
-ਗਉ ੪, ਵਾਰ ੨੭:੩ (315)

ਮਾਣੀਆ ---- (1) ਮਾਣ, ਭਰੋਸਾ
“ਸਜਣੁ ਤੂਹੈ ਸੈਣੁ ਤੂ ਮੈ ਤੁਝ ਉਪਰਿ ਬਹੁ ਮਾਣੀਆ।”
-ਸੂਹੀ ੫, ਅਸ ੪, ੨:੧ (761)

(2) ਮਾਣ ਲਵਾ, ਅਨੰਦ ਲਵਾਂ, ਭੋਗਾਂ
“ਹਿਕ ਭੋਰੀ ਨਦਰਿ ਨਿਹਾਲਿ ਦੇਹਿ ਦਰਸੁ ਰੰਗੁ ਮਾਣੀਆ।”
-ਸੂਹੀ ੫, ਅਸ ੪, ੬:੨ (761)

ਹੋਰ ਰੂਪ:

ਮਾਣੀਐ–
“ਸਤਿਗੁਰ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ।”(ਭੋਗੀਏ)
–ਮਾਝ ੧, ਵਾਰ ੨੫:੪ (149)

ਮਾਣੁ -------- (1) ਆਦਰ, ਸਤਿਕਾਰ, ਇਜ਼ਤ
“ਜਿਤੁ ਸੇਵਿਐ ਸੁਖੁ ਪਾਈਐ ਤੇਰੀ ਦਰਗਹ ਚਲੈ ਮਾਣੁ।”
–ਸਿਰੀ ੧, ੫, ੧*:੨ (15)
“ਤਾ ਕੀ ਸੇਵ ਕਰੀਜੈ ਲਾਹਾ ਲੀਜੈ ਹਰਿ ਦਰਗਹ ਪਾਈਐ ਮਾਣੁ ਜੀਉ।”
–ਆਸਾ ੧, ਛੰਤ ੪, ੩:੨ (438)
(2) ਆਸਰਾ, ਸਹਾਰਾ, ਭਰੋਸਾ
“ਨਿਮਾਣਿਆ ਗੁਰੁ ਮਾਣੁ ਹੈ ਗੁਰੁ ਸਤਿਗੁਰ ਕਰੇ ਸਾਬਾਸਿ।”
–ਸਿਰੀ ੪, ੬੮, ੨:੨ (41)
“ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ।”(ਭਰੋਸਾ)
–ਸਿਰੀ ੧, ਪਹ ੨, ੪:੫ (76)
(3) ਫਖਰ
“ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ।”
–ਸਿਰੀ ੫, ੯੭, ੨:੧ (51)
“ਬਹੁ ਮਾਣੁ ਕੀਆ ਤੁਧੁ ਉਪਰੇ ਤੂੰ ਆਪੇ ਪਾਇਹਿ ਥਾਇ ਜੀਉ।”
–ਸਿਰੀ ੫, ਅਸ ੨੯, ੧੪:੩ (74)
(4) ਅਹੰ, ਅਹੰਕਾਰ
“ਮਾਣੁ ਤਾਣੁ ਤਜਿ ਮੋਹੁ ਅੰਧੇਰਾ।”
–ਮਾਝ ੫, ੨੭, ੪:੨ (102)
“ਮਨ ਤੂੰ ਮਤ ਮਾਣੁ ਕਰਹਿ ਜਿ ਹਉ ਕਿਛੁ ਜਾਣਦਾ ਗੁਰਮੁਖਿ ਨਿਮਾਣਾ ਹੋਹੁ।”
–ਆਸਾ ੩, ਛੰਤ ੭, ੭:੧ (441)
(5) ਮਾਣਦੇ (ਭੋਗਦੇ) ਹਨ
“ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ।”
–ਗਉ ੫, ਬਾਅ ੧੩ਸ:੧ (252)

ਮਾਣੂ -------- ਮਨੁੱਖ
“ਮਾਣੂ ਘਲੈ ਉਠੀ ਚਲੈ।”
–ਸਲੋ ੧, ੨੪:੧ (1412)

ਹੋਰ ਰੂਪ:

ਮਾਣੂਆ–
“ਮਾਣੂਆ ਮੰਗਿ ਮੰਗਿ ਪੈਨੈ ਖਾਇ।” (ਮਨੁੱਖਾਂ ਤੋਂ)
–ਸਾਰ ੪, ਵਾਰ ੯ਸ, ੧, ੧:੫ (1240)

ਮਾਣੇ -------- ਭੋਗੇ
“ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ।”
–ਸਿਰੀ ੧, ਅਸ ੯, ੧:੨ (58)

ਹੋਰ ਰੂਪ:

ਮਾਣੇਹਿ–
“ਅਪੜੈ ਘਰਿ ਹਰਿ ਰੰਗੋ ਕੀ ਨ ਮਾਣੇਹਿ।”
–ਤਿਲੰ ੧, ੪, ੧:੨ (722)

ਮਾਣੈ ------- (1) ਮਾਣ, ਅਹੰਕਾਰ
“ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮ ਗਵਾਇਆ।”
–ਸਿਰੀ ੧, ੨੭, ੧*:੨ (24)
(2) ਮਾਣਦਾ/ਭੋਗਦਾ ਹੈ
“ਮਾਣੈ ਰੰਗ ਭੋਗ ਬਹੁ ਨਾਰੀ।”
–ਗਉ ੫, ੭੧, ੩:੨ (176)

ਮਾਣੋ ------- (1) ਮਾਣ, ਆਸਰਾ
“ਧਿਆਇ ਧਿਆਇ ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ।”
–ਮਾਝ ੫, ੪੪, ੨:੩ (107)
(2) ਇਜ਼ਤ, ਸਤਿਕਾਰ
“ਜਾਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ।”
–ਵਡ ੧, ੩, ੧:੪ (557)
(3) ਫਖ਼ਰ
“ਮਾਣੋ ਪ੍ਰਭ ਮਾਣੋ ਮੇਰੇ ਪ੍ਰਭ ਕਾ ਮਾਣੋ।”
–ਰਾਮ ੫, ਛੰਤ ੧, ੩:੧ (924)

ਮਾਤ ------- (1) ਮਾਂ, ਮਾਤਾ
“ਇਕੋ ਭਾਈ ਮਿਤੁ ਇਕ ਇਕੋ ਮਾਤ ਪਿਤਾ।”
–ਸਿਰੀ ੫, ੭੯, ੨:੧ (45)
(2) ਮੱਤਾ, ਮਸਤ, ਮੋਹਿਤ
“ਕੁਲ ਰੂਪ ਧੂਪ ਗਿਆਨਹੀਨੀ ਤੁਝ ਬਿਨਾ ਮੋਹਿ ਕਵਨ ਮਾਤ।”
–ਆਸਾ ੫, ਛੰਤ ੧੪, ੧:੫ (462)
“ਅਨਿਤ ਬਿਉਹਾਰ ਅਚਾਰ ਬਿਧਿ ਹੀਨਤ ਮਮਮਦ ਮਾਤ ਕੋਪ ਜਰੀਆ।”
–ਕਾਨ ੫, ੩੦, ੨:੧ (1303)
(3) ਮਾਤਰ, ਭਰ
“ਤੁਛ ਮਾਤ ਸੁਣਿ ਸੁਣਿ ਵਖਾਣਹਿ।”(ਭਾਵ ਥੋੜੀ ਜਿਹੀ)
–ਮਾਰੂ ੫, ਸੋਲਾ ੭, ੧੦:੨ (1078)
“ਧਨੁ ਜੋਬਨੁ ਸੰਪੈ ਸੁਖ ਭੁੋਗਵੈ ਸੰਗਿ ਨ ਨਿਬਹਤ ਮਾਤ।”(ਰਤਾ ਭਰ)
–ਕੇਦਾ ੫, ੭, ੧:੧ (1120)

ਮਾਤੰਗ ------ ਹਾਥੀ
“ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ।”
–ਸਾਰ ੫, ੧੨੯, ੩:੨ (1229)

ਮਾਤਰ ------ ਮਾਤਾ
“ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ।”
–ਸਾਰ ੫, ੧੩੭, ੧:੧ (1230)

ਮਾਤਲੋਕ------ **ਸੰਸਾਰੀ, ਇਸ ਸੰਸਾਰ ਦੇ ਲੋਕ**

"ਨੇੜੈ ਦਿਸੈ ਮਾਤਲੋਕ ਤੁਧੁ ਸੁਝੈ ਦੂਰੁ।"

-ਰਾਮ ਬਸ, ੫:੮ (967)

ਮਾਤਾ------- (1) ਮਾਂ

"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।"

-ਜਪੁ ੧, ੩੮ਸ:੧ (8)

(2) ਮੱਤਾ, ਮਸਤ ਹੋਇਆ

"ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ।"

-ਸਿਰੀ ਕਬ, ੩, ੪:੨ (92)

"ਮਾਤਾ ਭੈਸਾ ਅੰਮੁਹਾ ਜਾਇ।"(ਮੱਤਾ ਭਾਵ ਅਹੰਕਾਰੀ)

-ਗਉ ਕਬ, ੧੪, ੨:੧ (326)

ਹੋਰ ਰੂਪ:

ਮਾਤਿਆ–

"ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ।"(ਮਗਨ/ਮਸਤ ਹਨ)

-ਬਿਹਾ ੫, ਛੰਤ ੩, ੩:੪ (543)

ਮਾਤੀ–

"ਸਗਲ ਸਹੇਲੀ ਅਪਨੈ ਰਸ ਮਾਤੀ।" (ਭਾਵ ਪੰਜੇ ਇੰਦ੍ਰੀਆਂ ਆਪਣੇ ਰਸ ਵਿਚ ਮਗਨ/ਗਲਤਾਨ ਹਨ)

-ਗਉ ੫, ੮੯, ੨:੧ (182)

"ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ।"(ਮਸਤ ਹੋਈ)

-ਵਡ ੩, ਛੰਤ ੧, ੩:੪ (568)

ਮਾਤੀ------- (1) ਮਸਤ ਹੋਈ, ਮਰਨ ਹੋਈ, ਵੇਖੋ 'ਮਾਤਾ' (2)

(2) ਮਾਤਰ ਭਰ, ਥੋੜਾ ਜਿਹਾ

"ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ।"

-ਧਨਾ ੪, ੫, ੨:੧ (668)

ਮਾਤੇ ------- **ਮਸਤ, ਮਗਨ**

"ਕਾਮਿ ਕ੍ਰੋਧਿ ਅਹੰਕਾਰਿ ਮਾਤੇ ਵਿਆਪਿਆ ਸੰਸਾਰ।"

-ਸਿਰੀ ੫, ੯੫, ੨:੧ (51)

ਹੋਰ ਰੂਪ:

ਮਾਤੋ–

"ਮਾਤੋ ਹਰਿ ਰੰਗ ਮਾਤੋ।"(ਮਸਤ ਹੋਣਾ)

-ਗਉ ੫, ੧੫੭, ੧*:੧ (214)

ਮਾਤੌ–

"ਮਹਾ ਬਿਕਾਰ ਮੋਹ ਮਦ ਮਾਤੌ ਸਿਮਰਤ ਨਾਹਿ ਹਰੇ।"(ਮਸਤ ਹੈ)

-ਸਾਰ ੫, ੧੨੦, ੧*:੨ (1227)

ਮਾਤ੍ਰ ------- (1) ਮਾਤਾ

"ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ।"

-ਬਸੰ ੧, ਅਸ ੧, ੨:੩ (1187)

(ਕੋਸ਼ ਇਥੇ ਅਰਥ ‘ਥੋੜਾ’ ਕਰਦਾ ਹੈ)

(2) ਕੇਵਲ, ਸਿਰਫ

“ਤਿਨ ਭਉ ਨਿਵਾਰਿ ਅਨਭੈ ਪਦੁ ਦੀਨਾ ਸਬਦ ਮਾਤ੍ਰ ਉਧਰ ਧਰੇ।”

-ਸਵ ੪, ਕਲ ੨:੩ (1396)

(3) ਥੋੜਾ,ਤਿਨਕ

“ਤਾਰਣ ਤਰਣ ਖਿਨ ਮਾਤ੍ਰ ਜਾ ਕਉ ਦ੍ਰਿਸਿ ਧਾਰੈ ਸਬਦੁ ਰਿਦ ਬੀਚਾਰੈ ਕਾਮੁ ਕ੍ਰੋਧੁ ਖੋਵੈ ਜੀਉ।”

-ਸਵ ੪, ਨਲ ੧:੨ (1398)

ਮਾਥ -------**ਮਥਾ, ਮਸਤਕ**

“ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ।”

-ਰਾਮ ੫, ਛੰਤ ੪, ੪ਸ:੨ (927)

ਹੋਰ ਰੂਪ:

ਮਾਥਾ-

“ਸਫਲੁ ਓਹ ਮਾਥਾ ਸੰਤ ਨਮਸਕਾਰਸਿ।”(ਮਥਾ)

-ਗਉ ੫, ੧੨੯, ੩:੧ (191)

ਮਾਥੁ-

“ਤਿਨ ਤੂ ਧਿਆਇਆ ਮੇਰਾ ਰਾਮੁ ਜਿਨ ਕੈ ਧੁਰਿ ਲੇਖੁ ਮਾਥੁ।”(ਮਥਾ)

-ਤੁਖਾ ੪, ਛੰਤ ੩, ੧:੨ (1115)

ਮਾਥੇ-

“ਗੁਰ ਕੇ ਚਰਣ ਊਪਰਿ ਮੇਰੇ ਮਾਥੇ।” (ਮਥਾ)

-ਗਉ ੫, ੧੦੭, ੧:੧ (187)

“ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ।”(ਮਥੇ ਤੋਂ)

-ਗਉ ੫, ਸੁਖ ੨੪, ੩:੯ (295)

(ਮਹਾਨਕੋਸ਼ ਇਸ ਦੇ ਅਰਥ ਦਿਮਾਗ ਕਰਦਾ ਹੈ)

“ਨਾਮ ਬਿਹੂਣੈ ਮਾਥੇ ਛਾਈ।”(ਮੱਥੇ ਤੇ ਭਾਵ ਸਿਰ ਵਿਚ)

-ਆਸਾ ੧, ੨, ੧:੪ (412)

“ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੇ।”(ਮਥੇ ਤੇ ਭਾਵ ਸਿਰ ਉਪਰ)

-ਸਾਰ ੫, ੪੩, ੨:੧ (1213)

ਮਾਥੈ-

“ਜਾ ਕੈ ਮਾਥੈ ਏਹੁ ਨਿਧਾਨੁ।” (ਮਥੇ ਤੇ ਭਾਵ ਭਾਗਾਂ ਵਿਚ)

- ਗਉ ੫, ੮੭, ੪:੧ (185)

“ਪ੍ਰਭ ਕੀ ਆਗਿਆ ਮਾਨੈ ਮਾਥੈ।”(ਮਥੇ ਤੇ ਭਾਵ ਸਿਰ ਉਪਰ)

-ਗਉ ੫, ਸੁਖ ੫, ੨:੮ (268)

“ਓਹੁ ਹਮਰੈ ਮਾਥੈ ਕਾਇਮੁ ਅਉਰੁ ਹਮਾਰੈ ਨਿਕਟਿ ਨ ਆਵੈ।” (ਭਾਵ ਸਿਰਤੇ)

-ਆਸਾ ਕਬ, ੪, ੩;੨ (476)

“ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ।”(ਮਥੇ ਦਿਮਾਗ ਵਿਚ)

-ਰਾਮ ੫, ੭, ੧:੧ (884)

"ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣ ਨਾਮਿ।" (ਭਾਵ ਮੂੰਹ ਭਾਰ)
-ਮਾਰੂ ੩, ਵਾਰ ੧੩ਸ, ੧, ੩:੨ (1090)

ਮਾਦ -------ਮਦ, ਮਸਤੀ, ਖੁਮਾਰੀ
"ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ।"
-ਸਾਰ ੫, ੧੦੩, ੧:੧ (1224)

ਮਾਂਦਲੁ------ਨਗਾਰਾ, ਢੋਲ
"ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ।"
-ਸਲੋ ਕਬ, ੧੧੩:੧ (1370)

ਮਾਦਿ ------ਨਸ਼ੇ ਵਿਚ, ਮਸਤੀ ਵਿਚ
"ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ।"
-ਆਸਾ ੫, ੧੫੨, ੧:੧ (408)

ਮਾਧਉ -----ਮਾਧਵ, ਮਾਇਆ ਤੇ ਮਾਲਕ, ਪ੍ਰਭੂ
"ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।"
-ਗੂਜ ੫, ਸੋਦ ੫, ੧*:੧ (10)

ਮਾਧਵ ------ (1) ਮਾਇਆ ਤੇ ਪਤੀ,ਵਿਸ਼ਨੂੰ ਭਾਵ ਪ੍ਰਭੂ
"ਮੋਹਨ ਮਾਧਵ ਕ੍ਰਿਸ੍ਨ ਮੁਰਾਰੇ।"
-ਮਾਰੂ ੫, ਸੋਲਾ ੧੧, ੨:੧ (1082)
(2) ਰਾਗੁ ਭੈਰਉ ਦੇ ਅੱਠ ਪੁਤਰਾਂ ਵਿਚੋਂ ਇਕ ਬਾਕੀ ਸਤ ਹਨ ਪੰਚਮ, ਹਰਖ, ਦਿਸਾਖ ਬੰਗਾਲਮ, ਮਧੁ, ਲਲਤ ਤੇ ਬਿਲਾਵਲ
"ਬੰਗਾਲਮ ਮਧੁ ਮਾਧਵ ਗਾਵਹਿ।"
-ਰਾਗ ੧:੧੦ (1429)

ਹੋਰ ਰੂਪ:

ਮਾਧਵਹ-
"ਨਾਨਕ ਜਿਹ ਸੁ ਪ੍ਰਸੰਨ ਮਾਧਵਹ।"(ਪ੍ਰਭੂ)
-ਸਸ ੫, ੧੦:੫ (1354)

ਮਾਧਵਾ-
"ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ।"(ਹੇ ਪ੍ਰਭੂ)
-ਗਉ ਰਵਿ, ੧, ੨:੧ (346)

ਮਾਧਵੇ-
"ਮਾਧਵੇ ਕਿਆ ਕਹੀਐ ਭ੍ਰਮੁ ਐਸਾ।"(ਹੇ ਪ੍ਰਭੂ)
-ਸੋਰ ਰਵਿ, ੧, ੧*:੧ (657)

ਮਾਧਾਣਾ ----- ਵਡੀ ਮਧਾਣੀ
"ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।"
-ਰਾਮ ਬਸ, ਵਾਰ ੪:੩ (967)

ਹੋਰ ਰੂਪ:

ਮਾਧਾਣੀ-

"ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ।" (ਮੰਥਨ (ਰਿੜਕਨ) ਦਾ ਯੰਤਰ)
-ਮਾਝ ੧, ਵਾਰ ੨੬ਸ, ੧, ੧:੧੪ (150)

ਮਾਧਾਣੀਆ–
"ਲਾਟੂ ਮਾਧਾਣੀਆ ਅਨਗਾਹ।"
-ਆਸਾ ੧, ਵਾਰ ੫ਸ, ੧, ੨:੧੭ (465)

ਮਾਂਧਾਤਾ ------ ਮਾਨਧਾਤਾ, ਇਕ ਬਲੀ ਰਾਜਾ
"ਮਾਂਧਾਤਾ ਗੁਣ ਰਵੈ ਜੇਨ ਚਕ੍ਰਵੈ ਕਹਾਇਓ।"
-ਸਵ ੧, ੧੦:੨ (1390)

ਮਾਧੋ -------- ਮਾਇਆ ਦਾ ਪਤੀ, ਵਿਸ਼ਨੂੰ, ਪ੍ਰਭੂ
"ਜਪਿ ਮਨਾ ਤੂੰ ਰਾਮ ਨਰਾਇਣੁ ਗੋਵਿੰਦਾ ਹਰਿ ਮਾਧੋ।"
-ਗਉ ੫, ੩, ੧:੧ (248)

ਹੋਰ ਰੂਪ:

ਮਾਧੌ–
"ਮਾਧੌ ਤੂ ਠਾਕੁਰੁ ਸਿਰਿ ਮੋਰਾ।"(ਹੇ ਪ੍ਰਭੂ)
-ਸੋਰ ੫, ੧੮, ੧*:੧ (613)

ਮਾਨ -------- (1) ਆਦਰ, ਸਤਿਕਾਰ, ਇਜ਼ਤ
"ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ।"
-ਸਿਰੀ ੫, ੯੬, ੨:੧ (51)

"ਮਾਨੁ ਨਿਮਾਨੁ ਵਵਾ ਦੀਆਂ ਹਰਿ ਚਰਣੀ ਲਾਗੋ।"
-ਬਿਲਾ ੫, ਛੰਤ ੪, ੧:੨ (848)

(2) ਅਹੰਕਾਰ
"ਨਿਕੁਟੀ ਦੇਹ ਦੇਖਿ ਧੁਨਿ ਉਪਜੈ ਮਾਨ ਕਰਤ ਨਹੀ ਬੂਝੈ।"
-ਸਿਰੀ ਬੇਣੀ, ੧, ੫:੧ (93)

ਹੋਰ ਰੂਪ:

ਮਾਨੰ–
"ਬਸਿੰ੍ਤ ਰਿਖਿਅੰ ਤਿਆਗਿ ਮਾਨੰ।"
-ਸਸ ੫, ੧੩:੩ (1355)

"ਰਾਜੰਤ ਮਾਨੰ ਅਭਿਮਾਨੰ ਤ ਹੀਨੰ।"
-ਸਸ ੫, ੧੨:੩ (1355)

(ਮਹਾਨਕੋਸ਼ ਇਸ ਦੇ ਅਰਥ 'ਰੋਸ' ਰੰਜ ਕਰਦਾ ਹੈ)

ਮਾਂਨ–
"ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਂਨ ਕਉ।"
-ਸਾਰ ੫, ੨੦, ੨:੧ (1208)

(3) ਮਨ ਦਾ
"ਜੀਅ ਪ੍ਰਾਨ ਮਾਨ ਸੁਖਦਾਤਾ ਤੂੰ ਕਰਹਿ ਸੋਈ ਸੁਖੁ ਪਾਵਣਿਆ।"
-ਮਾਝ ੫, ਅਸ ੩੭, ੧:੩ (131)

“ਮੇਰੇ ਮਾਨ ਕੋ ਅਸਥਾਨੁ।”(ਮਨਦਾ)

-ਮਾਰੂ ੫, ਅਸ ੨, ੧*:੧ (1017)

(4) ਮੰਨ ਗਿਆ, ਨਿਸ਼ਾ ਹੋ ਗਈ, ਸ਼ਰਧਾਵਾਨ ਹੋਇਆ

“ਜੋਤੀ ਜੋਤਿ ਮਿਲੀ ਪ੍ਰਭੁ ਪਾਇਆ ਮਿਲਿ ਸਤਿਗੁਰ ਮਨੂਆ ਮਾਨ ਜੀਉ।”

-ਆਸਾ ੪, ਛੰਤ ੧੨, ੧:੪ (446)

“ਅਉਸਰੁ ਬੀਤਿਓ ਜਾਤੁ ਹੈ ਕਹਿਓ ਮਾਨ ਲੈ ਮੇਰੋ।” (ਮੰਨ ਲੈ, ਵਿਸ਼ਵਾਸ਼ ਲਿਆ)

- ਤਿਲੰ ੯, ੩, ੧*:੨ (727)

ਹੋਰ ਰੂਪ:

ਮਾਨੰ-

“ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ।”(ਮੰਨਣ ਨਾਲ)

-ਸੋਰ ੧, ਅਸ ੧, ੫:੪ (635)

(5) ਫ਼ਖ਼ਰ

“ਮੋਹਨੁ ਪ੍ਰਾਨ ਮਾਨ ਰਾਗੀਲਾ।” (ਮਨ ਦਾ ਫ਼ਖ਼ਰ)

-ਗੂਜ ੫, ੧੩, ੧*:੧ (498)

(6) ਮੰਨਣ ਵਾਲੇ

“ਥਾਨ ਪਵਿਤ੍ਰਾ ਮਾਨ ਪਵਿਤ੍ਰਾ ਪਵਿਤ੍ਰ ਸੁਨਨ ਕਹਨਹਾਰੇ।”

-ਸਾਰ ੫, ੫੫, ੨:੧ (1215)

(7) ਮਨ

“ਮਾਨ ਤਨੁ ਧਨੁ ਪ੍ਰਾਨ ਪ੍ਰਭ ਕੇ ਸਿਮਰਤ ਦੁਖੁ ਜਾਇ।”

-ਕਾਨ ੫, ੧੪, ੧*:੨ (1300)

ਮਾਨਉ------- **(1) ਮੰਨੋ, ਸਮਝੋ, ਜਾਣੋ**

“ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪਾਨੀ।”

-ਗਉ ੯, ੭, ੩:੨ (220)

(2) ਆਦਰ ਦੇਣਾ, ਸਵੀਕਾਰਨਾ

“ਸੰਤਾ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।”

-ਰਾਮ ਕਬ, ੪, ੧:੧ (969)

ਮਾਨਈ ----- **(1) ਪ੍ਰਵਾਨ ਕਰੇ**

“ਸਾਧੂ ਸੰਤੁ ਸੁਜਾਣੁ ਸੋਈ ਜਿਸਹਿ ਪ੍ਰਭ ਜੀ ਮਾਨਈ।”

-ਰਾਮ ੫, ਛੰਤ ੨, ੩:੫ (925)

(2) ਮੰਨਦਾ

“ਕਹਿਆ ਸਬਦੁ ਨ ਮਾਨਈ ਹਉਮੈ ਛਡੈ ਨ ਕੋਇ।”

-ਰਾਮ ੩, ਵਾਰ ੪ਸ, ੩, ੨:੨ (948)

“ਨਰਕਿ ਪਰਹਿ ਤੇ ਮਾਨਈ ਜੋ ਹਰਿ ਨਾਮ ਉਦਾਸ।” (ਮੰਨੋ)

-ਸਲੋ ਕਬ, ੯੫:੨ (1369)

ਹੋਰ ਰੂਪ:

ਮਾਂਨਈ-

“ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ।”(ਸਮਝੋ, ਮੰਨੋ)

-ਸਲੋ ਕਬ, ੧੯੫:੨ (1375)

ਮਾਨਸ ------ (1) ਮਨੁਖਾ

"ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹੇ ਗਵਾਵਉ।"

-ਗਉ ੯, ੫, ੧*:੨ (219)

(2) ਮਨੁੱਖ

"ਨਾਨਕ ਕਾ ਰਾਖਾ ਆਪਿ ਪ੍ਰਭ ਸੁਆਮੀ ਕਿਆ ਮਾਨਸ ਬਪੁਰੇ ਕਰੀਐ।"

-ਬਿਲਾ ੫, ੯੫, ੨:੨ (823)

"ਮਾਨਸ ਤੇ ਦੇਵਤੇ ਭਏ ਸਚੀ ਭਗਤਿ ਜਿਸੁ ਦੇਇ।"

-ਬਿਲਾ ੪, ਵਾਰ ੪ਸ, ੩, ੨:੨ (850)

(3) ਮਨੋਰਥ, ਸੰਕਲਪ

"ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ।"

-ਬਸੰ ੪, ੪, ੩:੧ (1178)

ਮਾਨਸਰੋਵਰ--- (1) ਤਿਬਤ ਦੀ ਇਕ ਸੁ ਪ੍ਰਸਿਧ ਝੀਲ ਜੋ ਪੁਰਾਣਾਂ ਅਨੁਸਾਰ ਬ੍ਰਹਮਾ ਨੇ ਕੈਲਾਸ ਪਰਬਤ ਕੋਲ ਰਚੀ ਸੀ, ਇਥੇ ਹੰਸਾਂ ਦਾ ਨਿਵਾਸ ਹੈ ਇਥੋਂ ਸੁਚੇ ਮੋਤੀ ਨਿਕਲਦੇ ਹਨ ਜੋ ਹੰਸਾ ਦੀ ਖੁਰਾਕ ਹਨ

"ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨਸਰੋਵਰ ਹੰਸੁਲਾ।"

-ਧਨਾ ਨਾਮ, ੩, ੩:੧ (693)

(2) ਭਾਵ ਸਤਿਸੰਗਤ

"ਕਬੀਰ ਹੀਰਾ ਬਨਜਿਆ ਮਾਨਸਰੋਵਰ ਤੀਰ।"

-ਸਲੋ ਕਬ, ੧੬੧:੨ (1373)

ਹੋਰ ਰੂਪ:

ਮਾਨਸਰੋਵਰਿ-

"ਮਾਨਸਰੋਵਰਿ ਕਰਿ ਇਸਨਾਨੁ।" (ਮਾਨਸਰੋਵਰ ਵਿਚ ਭਾਵ ਹਰੀ ਰੂਪੀ ਮਾਨਸਰੋਵਰ ਵਿਚ)

-ਭੈਰ ਕਬ, ੧, ੬:੨ (1162)

ਮਾਨਸਰੋਵਰ-

"ਗੁਰੁ ਸਰਵਰੁ ਮਾਨਸਰੋਵਰ ਹੈ ਵਡਭਾਗੀ ਪੁਰਖ ਲਹੰਨ੍ਹਿ।"

-ਸੂਹੀ ੩, ਅਸ ੪, ੨:੧ (756)

ਮਾਨਸੁ ------ ਮਨੁੱਖ-

"ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ।"

-ਸਿਰੀ ੫, ਪਹ ੪, ੧:੨ (77)

ਹੋਰ ਰੂਪ:

ਮਾਨਸੈ-

"ਅਵਗੁਨੀਆਰੇ ਮਾਨਸੈ ਭਲੋ ਨ ਕਹਿਹੈ ਕੋਇ।"(ਮਨੁੱਖ ਨੂੰ)

-ਸਲੋ ਕਬ, ੭੨:੨ (1368)

ਮਾਨਹਿ ----- (1) ਮੰਨਦਾ ਹੈ, ਮੰਨਦਾ ਹੈ

"ਬਿਨੁ ਹਰਿ ਭਉ ਕਾਹੇ ਨ ਮਾਨਹਿ।"(ਮੰਨਦਾ ਹੈ)

-ਗਉ ੫, ੯੫, ੧*:੧ (184)

“ਜਿਸਨੋ ਤੂੰ ਅਸਥਿਰੁ ਕਰਿ ਮਾਨਹਿ ਤੇ ਪਾਹੁਨ ਦੋ ਦਾਹਾ।”(ਮੰਨਦਾ ਹੈ)
-ਆਸਾ ੫, ੧੨੩, ੧:੧ (401)

ਹੋਰ ਰੂਪ:

ਮਾਨਹੁ-
“ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ।” (ਮੰਨੋ)
-ਗਉ ੫, ੧੩੭, ੧:੨ (209)
“ਨਾਨਕ ਮੁਕਤਿ ਤਾਹਿ ਤੁਮ ਮਾਨਹੁ ਜਿਹ ਘਟਿ ਰਾਮੁ ਸਮਾਵੈ।”(ਸਮਝੋ)
-ਗਉ ੯, ੬, ੨:੨ (220)
“ਤੁਮ ਦੇਵਹੁ ਤਿਲੁ ਸੰਕ ਨ ਮਾਨਹੁ ਹਮ ਭੁੰਚਹ ਸਦਾ ਨਿਹਾਲਾ।”(ਕਰਦੇ)
-ਰਾਮ ੫, ੬, ੨:੨ (884)

(2) ਮਨਾਉਂਣਾ
“ਜਨ ਭਲ ਮਾਨਹਿ ਨਿੰਦਕ ਵੇਕਾਰੀ।”
-ਗੋਂਡ ੫, ਅਸ ੧, ੬:੨ (869)

ਮਾਨੁਕ------ ਮੋਤੀ,ਹੀਰਾ
“ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ।”(ਨਾਮ ਰੂਪੀ ਹੀਰਾ)
-ਮਾਰੂ ੫, ੧੨, ੧*:੧ (1002)
“ਮਨੁ ਮਾਨਕੁ ਲਿਵ ਤਤੁ ਲੁਕਾਨਾ।”
-ਪ੍ਰਭਾ ਕਬ, ੧, ੨:੨ (1349)

ਮਾਨਤ ------ ਮੰਨਣ ਵਾਲੇ
“ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ।”
-ਬਿਲਾ ੩, ੪, ੪:੨ (798)

(2) ਮੰਨਦੇ ਹਨ
“ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭਪਰਨ।”
-ਸਾਰ ੫, ੧੩, ੨:੨ (1206)

ਮਾਨਨ ------ ਮਾਨ ਸਨਮਾਨ
“ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ।”
-ਸੋਰ ੫, ੧੬, ੧:੧ (613)

ਮਾਨਵ ------ ਮਨੁੱਖ
“ਇਕੁ ਬਿੰਨਿ ਦੁਗਣਜੁ ਤਉ ਰਹੈ ਜਾ ਸੁਮੰਤ੍ਰਿ ਮਾਨਵ ਹਿਲਹਿ।”
-ਸਵ ੩, ੧੪:੫ (1395)
(ਇਸ ਤੁਕ ਵਿਚ ਪਦ ਛੇਦ ‘ਮਾਨਵਹਿ ਲਹਿ’ ਕਰ ਕੇ ਵੀ ਕਰ ਲਿਆ ਜਾਂਦਾ ਹੈ)

ਮਾਨੜਾ ----- ਮਾਨ ਭਾਵ, ਮਾਨ ਅਹੰਕਾਰ
“ਇਆਨੜੀਏ ਮਾਨੜਾ ਕਾਇ ਕਰੇਇ।”
-ਤਿਲੰ ੧, ੪, ੧:੧ (722)

ਮਾਨਾ------- (1) ਮੰਨਿਆ, ਪਤੀਜਿਆ
“ਤੂੰ ਸੰਤਨ ਕਾ ਸੰਤ ਤੁਮਾਰੇ ਸੰਤ ਸਾਹਿਬ ਮਨੁ ਮਾਨਾ ਜੀਉ।”

-ਮਾਝ ੫, ੨੦, ੨:੩ (100)

ਹੋਰ ਰੂਪ:

ਮਾਨਾਂ–

"ਪਾਈ ਜੋਰਿ ਬਾਤ ਇਕਿ ਕੀਨੀ ਤਹ ਤਾਂਤੀ ਮਨੁ ਮਾਨਾਂ।"(ਪ੍ਰਤੀਜ ਗਿਆ)

-ਆਸਾ ਕਬ, ੩੬, ੩:੧ (484)

(2) ਵਾਂਗ, ਸਮਾਨ

"ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।"

-ਮਾਝ ੧, ਵਾਰ ੮ਸ, ੧, ੧:੨ (141)

(3) ਮੰਨ ਲਿਆ

"ਮੀਤੁ ਕਰੈ ਸੋਈ ਹਮ ਮਾਨਾ।"

-ਗਉ ੫, ੧੦੯, ੧:੧ (187)

"ਜੋ ਜੋ ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ।"(ਸਮਝਿਆ ਮੰਨਿਆ)

-ਆਸਾ ੫, ੪੧, ੩:੨ (381)

(4) ਮਾਨਿਆ

"ਗੁਰਮੁਖਿ ਮਿਲਿਆ ਰੰਗੁ ਮਾਨਾ।"

-ਰਾਮ ੫, ੧੪, ੧:੪ (886)

ਮਾਨਾਂ------- (1) ਪਤੀਜ ਗਿਆ, ਵੇਖਾਂ 'ਮਾਨਾਂ'(1)

(2) ਮਾਨ, ਇਜ਼ਤ, ਆਦਰ ਵਡਿਆਈ

"ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾਂ ਹੇ।"

-ਮਾਰੂ ੫, ਸੋਲਾ ੪, ੪:੩ (1075)

ਮਾਨਾਨਾਂ ----- ਪਤੀਜ ਗਿਆ

"ਕਹਿ ਕਬੀਰ ਗੁਰ ਭੇਟਿ ਮਹਾ ਸੁਖ ਭ੍ਰਮਤ ਰਹੇ ਮਨੁ ਮਾਨਾਨਾਂ।"

-ਗਉ ਕਬ, ੭੪, ੪:੨ (340)

ਮਾਨਿ ------ (1) ਮੰਨ ਲੈ

"ਸੰਤ ਕਾ ਕੀਆ ਸਤਿ ਕਰਿ ਮਾਨਿ।"

-ਗਉ ੫, ੭੪, ੧*:੨ (177)

"ਮਨਸਾ ਏਕ ਮਾਨਿ ਹਾਂ।" (ਮੰਨ/ਧਾਰ)

-ਆਸਾ ੫, ੧੫੮, ੧*:੨ (409)

(2) ਮੰਨ ਕੇ

"ਮਨਿ ਆਗਿਆ ਸਰਬ ਸੁਖ ਪਾਏ ਦੂਖਹ ਠਾਉ ਗਵਾਇਓ।"

-ਗਉ ੫, ੧੩੬*, ੩:੧ (209)

(3) ਮਾਣ, ਅੰਹਕਾਰ

"ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ।"

-ਆਸਾ ੫, ੧੫੨, ੧*:੨ (408)

(4) ਮਾਣਨਾ, ਭੋਗਨਾ

"ਹਰਿ ਰਸ ਰਸਹਿ ਮਾਨਿ ਹਾਂ।"

-ਆਸਾ ੫, ੧੫੮, ੨:੪ (409)

"ਪ੍ਰੇਮ ਭਗਤਿ ਜੋਰੀ ਸੁਖ ਮਾਨਿ।"

-ਰਾਮ ੫, ੫੧, ੨:੪ (899)

(5) ਇਜ਼ਤ/ਸਤਿਕਾਰ ਵਾਲਾ

“ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨਫੀਟੈ ਕੋਇ।”

-ਰਾਮ ੧, ਓਅੰ ੩੪:੨ (934)

“ਤੇਰੈ ਮਾਨਿ ਹਰਿ ਹਰਿ ਮਾਨਿ।” (ਸਤਿਕਾਰ ਵਾਲੇ)

-ਕਲਿ ੫, ੪, ੧*:੧ (1322)

ਪਹਿਲੇ ‘ਮਾਨਿ’ ਦਾ ਅਰਥ ‘ਮੰਨ ਕੇ’ ਹੈ।

ਮਾਨਿਓ ----- (1) ਮੰਨਿਆ, ਸਮਝਿਆ

“ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।”

-ਗਉ ੯, ੨, ੧:੨ (219)

(2) ਮਾਣ/ਇਜ਼ਤ ਬਣਾਉਣੀ

“ਕੋਟਿ ਜੋਧ ਉਆ ਕੀ ਬਾਤ ਨ ਪੁਛੀਐ ਤਾਂ ਦਰਗਹ ਭੀ ਮਾਨਿਓ।”

-ਸਾਰ ੫, ੬੨, ੧*:੨ (1216)

ਮਾਨਿਆ ---- (1) ਪਤੀਜਿਆ, ਸੰਤੁਸ਼ਟ ਹੋ ਗਿਆ

“ਇਕਸ ਸਿਉ ਮਨੁ ਮਾਨਿਆ ਤਾ ਹੋਆ ਨਿਹਚਲੁ ਚੀਤੁ।”

-ਸਿਰੀ ੫, ੭੫, ੪:੩ (44)

“ਜਨਮੁ ਜੀਤਿ ਮਰਣਿ ਮਨੁ ਮਾਨਿਆ।” (ਨਿਸ਼ਾ ਹੋਈ)

-ਗਉ ੧, ੮, ੨:੧ (153)

“ਸਾਹਿਬ ਸਿਉ ਮਨੁ ਮਾਨਿਆ ਦੇ ਸਾਚੁ ਅਧਾਰੁ।” (ਪਰਚ ਗਿਆ)

-ਆਸਾ ੧, ਅਸ ੨੦, ੨:੨ (421)

“ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ।” (ਸੰਤੁਸ਼ਟ ਹੋ ਗਿਆ)

-ਆਸਾ ਕਬ, ੧, ੩:੨ (485)

(2) ਮੰਨਿਆ, ਸਮਝਿਆ

“ਭਏ ਕਿਰਪਾਲ ਗੋਪਾਲ ਪ੍ਰਭ ਮੇਰੇ ਸਾਧਸੰਗਤਿ ਨਿਧਿ ਮਾਨਿਆ।”

-ਸਿਰੀ ੫, ਛੰਤ ੩, ੩:੪ (81)

(3) ਭੋਗਣਾ, ਮਾਣਨਾ

“ਜਿਉ ਗੂੰਗੇ ਸਾਕਰ ਮਨੁ ਮਾਨਿਆ।”

-ਗਉ ਕਬ, ੧੮, ੧:੪ (327)

(4) ਮਾਣ ਦਿੱਤਾ ਹੈ

“ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ।”

-ਜੈਤ ੫, ਛੰਤ ੨, ੪:੪ (705)

(5) ਮੰਨਣ ਨਾਲ

“ਗੁਰਮਤਿ ਮਾਨਿਆ ਕਰਣੀ ਸਾਰੁ।”

-ਬਿਲਾ ੩, ਅਸ ੧, ੮:੧ (833)

(6) ਭਾਵ ਪ੍ਰਸੰਨ ਹੋ ਗਿਆ

“ਧੰਨੁ ਅਨਾਦਿ ਠਾਕੁਰ ਮਨੁ ਮਾਨਿਆ।”

-ਗੋਂਡ ਕਬ, ੧੧, ੪:੪ (873)

“ਜਿਸੁ ਉਪਰਿ ਹਰਿ ਕਾ ਮਨੁ ਮਾਨਿਆ।”

-ਮਾਰੂ ੪, ੮, ੩:੧ (998)

ਹੋਰ ਰੂਪ:

ਮਾਨਿਐ –
“ਅਮਰ ਪਦਾਰਥੁ ਨਾਨਕਾ ਮਨਿ ਮਾਨਿਐ ਸੁਖੁ ਹੋਇ।” (ਮੰਨਣ ਨਾਲ)
–ਮਾਝ ੧, ਵਾਰ ੧ਸ, ੧, ੧:੨ (137)

ਮਾਨਿਕ ----- ਲਾਲ ਰਤਨ
“ਆਪਹਿ ਰਤਨ ਜਵਾਹਰ ਮਾਨਿਕ ਆਪੈ ਹੈ ਪਾਸਾਰੀ।”
–ਕੇਦਾ ਕਬ, ੨, ੩:੧ (1123)

ਮਾਨੀ ------ (1) ਮਾਣੀ, ਭੋਗੀ
“ਆਤਮ ਚੀਨਿ ਪਰਮ ਰੰਗ ਮਾਨੀ।”
–ਗਉ ੫, ੧੦੭, ੧*:੨ (187)
(2) ਮੰਨੀ, ਪਰਵਾਨ ਕੀਤੀ
“ਆਗੈ ਠਾਕੁਰਿ ਤਿਲੁ ਨਹੀ ਮਾਨੀ।”
–ਗਉ ੫, ਬਾਅ ੨੪:੪ (255)
“ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ।” (ਮੰਨੀ)
–ਆਸਾ ੫, ੧੨੮, ੧*:੨ (403)
“ਮੇਰਾ ਮਨੁ ਰਾਮ ਨਾਮਿ ਮਨੁ ਮਾਨੀ।” (ਪਰਵਾਨ ਕੀਤੀ, ਪਸੀਜ ਗਿਆ)
–ਸਾਰ ੪, ੫, ੧*:੧ (1199)
(3) ਮਾਨ ਵਾਲਾ, ਸਤਿਕਾਰਿਤ
“ਪ੍ਰਭ ਕੈ ਸਿਮਰਨਿ ਦਰਗਹ ਮਾਨੀ।”
–ਗਉ ੫, ਸੁਖ ੧, ੩:੬ (262)
“ਮਾਨੀ ਤੂੰ ਰਾਮ ਕੈ ਦਰਿ ਮਾਨੀ।” (ਦੂਜੇ ‘ਮਾਨੀ’ ਦੇ ਅਰਥ ਹਨ ਸਤਿਕਾਰਿਤ ਕੀਤੀ ਗਈ)
–ਸਾਰ ੫, ੧੨੭, ੧*:੧ (1228)
(4) ਮਾਨ ਦੇਣਾ, ਸਤਿਕਾਰ ਦੇਣਾ
“ਮਧੁਰ ਬਾਨੀ ਪਿਰਹਿ ਮਾਨੀ ਥਿਰੁ ਸੋਹਾਗੁ ਤਾਕਾ ਬਣਾ।”
–ਆਸਾ ੫, ਛੰਤ ੭, ੨:੫ (457)

ਮਾਨੀਅਹਿ --- ਮੰਨਦੇ ਹਨ, ਪੂਜਦੇ ਹਨ
“ਜਾ ਕੈ ਈਦਿ ਬ ਕਰੀਦਿ ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ।”
–ਮਲਾ ਰਵਿ, ੨, ੨:੧ (1293)

ਮਾਨੀਅਹੁ --- ਮਾਨ ਪਾਵਉ, ਸਤਿਕਾਰ ਪ੍ਰਾਪਤ ਕਰੋ
“ਬਚਨ ਗੁਰ ਰਿਦਿ ਧਰਹੁ ਪੰਚ ਭੂ ਬਸਿ ਕਰਹੁ ਜਨਮੁ ਕੁਲ ਉਧਰਹੁ ਦ੍ਵਾਰਿ ਹਰਿ ਮਾਨੀਅਹੁ।”
–ਸਵ ੪, ਨਲ ੧੩:੪ (1400)

ਮਾਨੀਐ ---- (1) ਮੰਨੀਆਂ ਜਾਂਦੀਆਂ, ਪਰਵਾਨ ਹੁੰਦੀਆਂ
“ਆਗੈ ਤਿਲੁ ਨਹੀ ਮਾਨੀਐ।”
–ਗਉ ੫, ੧੪੨*, ੨:੨ (211)

(2) ਮਾਨ/ਇਜ਼ਤ/ਸਤਿਕਾਰ ਪ੍ਰਾਪਤ ਕਰਦਾ ਹੈ
“ਜਿਸ ਨੋ ਮੰਨੇ ਆਪਿ ਸੋਈ ਮਾਨੀਐ।”
-ਆਸਾ ੫, ੧੦੮, ੩:੧ (398)
“ਗਹਿ ਭੁਜਾ ਲੇਵਹੁ ਨਾਮੁ ਦੇਵਹੁ ਤਉ ਪ੍ਰਸਾਦੀ ਮਾਨੀਐ।” (ਮਾਨ ਪਾਈਦਾ ਹੈ)
-ਮਲਾ ੫, ਛੰਤ ੧, ੩:੪ (1278)
(3) ਮੰਨੀਏ, ਪ੍ਰਵਾਨ ਕਰੀਏ
“ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇਰੀ।”
-ਆਸਾ ੫, ੧੧੮, ੨:੧ (400)
“ਜੈਸਾ ਮਾਨੀਐ ਹੋਇ ਨ ਤੈਸਾ।” (ਭਾਵ ਸਮਝੀਏ)
-ਸੋਰ ਰਵਿ, ੧, ੧*:੨ (657)

ਮਾਨੁ ------ (1) ਇਜ਼ਤ, ਸਤਿਕਾਰ, ਸਨਮਾਨ, ਵਡਿਆਈ
“ਜਿਨਿ ਸੇਵਿਆ ਤਿਨਿ ਪਾਇਆ ਮਾਨੁ।”
-ਜਪੁ ੧, ੫:੩ (2)
“ਕਿਸਹੀ ਮਾਨੁ ਕਿਸੈ ਅਪਮਾਨੁ।”
-ਆਸਾ ੧, ੧੮, ੧:੨ (354)
(2) ਮੰਨਣਾ, ਨਿਸ਼ਾ ਹੋਣੀ
“ਜੀਅਰੇ ਰਾਮ ਜਪਤ ਮਨੁ ਮਾਨੁ।”
- ਸਿਰੀ ੧, ੧੮, ੧*:੧ (20)
“ਗੁਰਮਤਿ ਗਿਆਨ ਧਿਆਨੁ ਮਨਿ ਮਾਨੁ।”
- ਆਸਾ ੧, ਅਸ ੬, ੧:੧ (414)
(3) ਅਭਿਮਾਨ, ਅੰਕਾਰ
“ਕੀਤਾ ਕਹਾ ਕਰੇ ਮਨਿ ਮਾਨੁ।”
- ਸਿਰੀ ੧, ੩੨, ੧:੧ (25)
“ਮਾਨੁ ਛੋਡਿ ਗੁਰ ਚਰਨੀ ਲਾਗੁ।”
- ਆਸਾ ੫, ੮, ੪:੪ (372)
(4) ਮੰਨ, ਵਿਸ਼ਵਾਸ ਲਿਆ, ਸਮਝ
“ਕਹੁ ਨਾਨਕ ਅਪਰੰਪਰ ਮਾਨੁ।”
-ਗਉ ੧, ਅਸ ੬, ੮:੨ (223)
“ਜੋ ਕਛੁ ਕਰੈ ਸੋਈ ਸੁਖੁ ਮਾਨੁ।”
- ਗਉ ੪, ਸੁਖ ੧੫, ੪:੫ (283)
(5) ਮਨ
“ਚਰਨ ਕਮਲ ਸਿਉ ਲਾਗੋ ਮਾਨੁ।”
-ਆਸਾ ੫, ੨੩, ੩:੧ (376)
“ਲੀਆ ਤਦੀਆ ਮਾਨੁ ਜਿਨ੍ ਸਿਉ ਸੇ ਸਜਨ ਕਿਉ ਵੀਸਰਹਿ।”
-ਸੂਹੀ ੧, ਛੰਤ ੪, ੨:੩ (765)
(6) ਦਾਦੀਆ, ਭਰੋਸਾ
“ਅਪਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ।”
- ਸਾਰ ੫, ੫੭, ੧:੨ (1215)

ਮਾਨੁਖ ----- () ਆਦਮੀ, ਮਾਨਵ

"ਭਈ ਪਰਾਪਤਿ ਮਾਨੁਖ ਦੇਹੁਰੀਆ।"
-ਆਸਾ ੫, ਸੋਪ ੪, ੧:੧ (12)

ਹੋਰ ਰੂਪ:

ਮਾਨੁਖਾ –
"ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ।" (ਮਨੁੱਖ ਵਾਲਾ ਮਨੁੱਖ ਦਾ)
– ਆਸਾ ਰਵਿ, ੧, ੨:੨ (486)

ਮਾਨੁਖ –
"ਜਤਨ ਕਰੈ ਮਾਨੁਖ ਡਹਕਾਵੈ ਓਹੁ ਅੰਤਰਜਾਮੀ ਜਾਨੈ।" (ਮਨੁੱਖ)
– ਧਨਾ ੫, ੩੬, ੧:੧ (680)

ਮਾਨੁਖੵ –
"ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖੵ ਦੇਹੰ ਮਲੀਣੰ।" (ਮਨੁੱਖੀ)
-ਗਾਥਾ ੫, ੧:੧ (1360)

ਮਾਨੁਖੵੰ –
"ਗਣ ਗੰਧਰਬ ਦੇਵ ਮਾਨੁਖੵੰ ਪਸੁ ਪੰਖੀ ਬਿਮੋਹਨਹ।"
-ਸਸ ੫, ੪੫:੨ (1358)

ਮਾਨੇ ------ (1) ਮੰਨੇ, ਜਾਨੇ, ਸਮਝੇ
"ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ।"
-ਗਉ ੪, ੫੬, ੧*:੧ (169)
"ਨਾਮੁ ਜਪਤ ਪ੍ਰਭ ਸਿਉ ਮਨ ਮਾਨੇ।" (ਮੰਨ ਗਿਆ ਹੈ)
-ਗਉ ੫, ੧੧੧*, ੩:੩ (202)
"ਹਰਿ ਕੈ ਰੰਗਿ ਰਤਾ ਮਨੁ ਮਾਨੇ।" (ਮੰਨ ਜਾਂਦਾ ਭਾਵ ਪ੍ਰਤੀਤ ਆ ਜਾਂਦੀ ਹੈ)
-ਬਿਲਾ ੧, ੪, ੧:੨ (796)
"ਸੋ ਬਾਜਾਰੀ ਹਮ ਗੁਰ ਮਾਨੇ।" (ਮੰਨਦੇ ਹਾਂ)
-ਗੋਂਡ ਕਬ, ੧੦, ੩:੪ (873)
(2) ਵਡਿਆਏ ਗਏ, ਇਜਤ ਪ੍ਰਾਪਤ ਕੀਤੀ, ਸਨਮਾਨੇ ਗਏ
"ਗੁਰ ਕੀ ਸਰਣਿ ਪਏ ਭੈ ਨਾਸੇ ਸਾਚੀ ਦਰਗਹ ਮਾਨੇ।"
-ਸੋਰ ੫, ੨੪, ੨:੧ (615)
"ਜਾ ਕਉ ਮੇਲਿ ਲਏ ਪ੍ਰਭੁ ਨਾਨਕੁ ਸੇ ਜਨ ਦਰਗਹ ਮਾਨੇ।"
-ਸਾਰ ੫, ੧੨੮, ੨:੨ (1229)
(3) ਕਬੂਲੇ, ਪਰਵਾਣ ਕਰੇ
"ਜੋ ਪ੍ਰਿਅ ਮਾਨੇ ਤਿਨ ਕੀ ਰੀਸਾ।"
-ਸੂਹੀ ੫, ੭, ੧*:੧ (738)
(4) ਮਾਨਦੇ ਹਨ
"ਸਬਦੁ ਸਹਜ ਰਸੁ ਅੰਤਰਿ ਮਾਨੇ।"
-ਮਾਰੂ ੧, ਸੋਲਾ ੧, ੧੫:੨ (1021)

ਮਾਨੈ ------ (1) ਮੰਨੇ, ਸਮਝੇ
"ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ।"
-ਸਿਰੀ ੧, ਅਸ ੨, ੩:੧ (54)

"ਗੁਰਮੁਖਿ ਸੰਧਿ ਮਿਲੈ ਮਨੁ ਮਾਨੈ।"(ਮੰਨਦਾ ਪਤੀਜਦਾ ਹੈ)

-ਗਉ ੧, ਅਸ ੧੬, ੭:੨ (228)

"ਜੋ ਜੋ ਹੋਇ ਸੋਈ ਸੁਖੁ ਮਾਨੈ।" (ਪਰਵਾਨ ਕਰੇ)

-ਗਉ ੫, ਸੁਖ ੨੩, ੪:੭ (294)

"ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ।" (ਪਤੀਜਦਾ ਹੈ)

-ਗਉ ਕਬ, ੧੦, ੨:੨ (325)

"ਜਿਉ ਅਪੁਨੋ ਸੁਆਮੀ ਸੁਖੁ ਮਾਨੈ ਤਾ ਮਹਿ ਸੋਭਾ ਪਾਵਉ।" (ਸਮਝੇ)

-ਦੇਵ ੫, ੫, ੧:੨ (529)

(2) ਮਾਣ ਕਰਦਾ ਹੈ, ਅੰਕਾਰ ਕਰਦਾ ਹੈ

"ਅਪਨਾ ਕੀਆ ਆਪਹਿ ਮਾਨੈ।"

-ਗਉ ੫, ਸੁਖ ੫, ੮:੨ (269)

(3) ਮਾਨ ਦੇਂਦੇ/ਆਦਰ ਕਰਦੇ/ ਸਤਿਕਾਰਦੇ ਹਨ

"ਜਿਹ ਪ੍ਰਸਾਦਿ ਤੁਝੁ ਸਭੁ ਕੋਊ ਮਾਨੈ।"

-ਗਉ ੫, ਸੁਖ ੬, ੨:੫ (270)

"ਭਰੁ ਮਾਨੈ ਮਾਨੈ ਸਭੁ ਕੋਇ।"

-ਮਲਾ ੩, ੧੩, ੫:੧ (1262)

(4) ਭਾਵ ਪ੍ਰਸ਼ਨ ਕਰੇ, ਖੁਸ਼ ਕਰੇ

"ਬੀਸ ਬਿਸਵੇ ਗੁਰ ਕਾ ਮਨੁ ਮਾਨੈ।"

-ਗਉ ੫, ਸੁਖ ੧੮, ੩:੧ (287)

(5) ਮਾਨਦਾ, ਭੋਗਦਾ

"ਸੁਖੁ ਮਾਨੈ ਭੇਟੈ ਗੁਰ ਪੀਰੁ।"

-ਆਸਾ ੧, ਅਸ ੩, ੫:੩ (413)

(6) ਪਰਵਾਨ ਕਰਨ, ਮੰਨ ਲੈਣਾ

"ਤਾ ਕਾ ਕੀਆ ਮਾਨੈ ਸੋਇ।"

-ਰਾਮ ੧, ੭, ੨:੨ (878)

(7) ਮਨ

"ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ।"

-ਪ੍ਰਭਾ ਨਾਮ, ੧, ੨:੧ (1350)

ਮਾਨੋ ------ (1) ਮੰਨ ਲਵੋ, ਜੇ ਕਰ

"ਪਾਰਸ ਮਾਨੋ ਤਾਬੋ ਛੁਏ ਕਨਕ ਹੋਤ ਨਹੀ ਬਾਰ।"

-ਗਉ ਰਵਿ, ਅਸ ੧, ੫:੨ (346)

(2) ਸਮਝੋ, ਜਾਣੋ, ਮੰਨੋ

"ਆਦਿ ਜੁਗਾਦੀ ਹੈ ਭੀ ਹੋਸੀ ਅਵਰੁ ਝੂਠਾ ਸਭੁ ਮਾਨੋ।"

-ਆਸਾ ੧, ਛੰਤ ੩, ੧:੪ (437)

"ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ।"

-ਰਾਮ ੯, ੨, ੨:੨ (902)

(3) ਮੰਨਦਾ, ਪਰਵਾਨ ਕਰਦਾ

"ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈ ਹੈ।"

-ਗੂਜ ਕਬ, ੧, ੨:੨ (524)

(4) ਮਾਣ, ਅਹੰਕਾਰ
"ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ।"
- ਸੂਹੀ ੫, ਛੰਤ ੧, ੩:੧ (777)

(5) ਮਨ
"ਅਵਿਗਤ ਸਿਉ ਮਾਨਿਆ ਮਾਨੋ।"
-ਸਾਰ ੫, ੨੩, ੨:੧ (1006)

(6) ਮਾਣਾਂ, ਭੋਗਾਂ
"ਕਹੁ ਨਾਨਕ ਪਾਹਨ ਪ੍ਰਭ ਤਾਰਹੁ ਸਾਧਸੰਗਤਿ ਸੁਖ ਮਾਨੋ।"
-ਮਲਾ ੫, ੧੫, ੨:੨ (1269)

ਮਾਨੋਰਥੁੋ ---- ਮਨੋਰਥ, ਉਦੇਸ਼, ਲਕਸ਼
"ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੁੋ ਪੂਰਾ।"
-ਆਸਾ ੫, ਛੰਤ ੩, ੪:੬ (454)

ਹੋਰ ਰੂਪ:

ਮਾਨੋਰਥੋ –
"ਹਰਿ ਮਿਲੇ ਨਰਾਇਣ ਨਾਨਕਾ ਮਾਨੋਰਥੋ ਪੂਰਾ।"
- ਆਸਾ ੫, ਛੰਤ ੩, ੪:੧ (454)

ਮਾਨੌ ------ ਇਉਂ ਸਮਝੋ ਜਿਵੇਂ
"ਮਾਨੌ ਸਭ ਸੁਖ ਨਉਨਿਧਿ ਤਾ ਕੈ ਸਹਜਿ ਸਹਜਿ ਜਸੁ ਬੋਲੈ ਦੇਵ।"
-ਬਿਲਾ ਕਬ, ੧੨, ੧*:੨ (857)

ਮਾਨ੍ਹਿਉ ---- ਮੰਨ ਗਿਆ
"ਸਭ ਬਿਧਿ ਮਾਨ੍ਹਿਉ ਮਨੁ ਤਬ ਹੀ ਭਯਉ ਪ੍ਰਸੰਨੁ ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ।"
-ਸਵ ੪, ਨਲ ੪:੫ (1399)

ਮਾਪਹਿ ----- ਮਿੰਨਦਾ
"ਡੋਰੀ ਪੂਰੀ ਮਾਪਹਿ ਨਾਹੀ ਬਹੁ ਬਿਸਟਾਲਾ ਲੇਹੀ।"
-ਸੂਹੀ ਕਬ, ੫, ੨:੨ (793)

ਮਾਪਿਆ ---- ਮਾਂ ਪਿਉ, ਜਨਮ ਦਾਤੇ
"ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ।"
-ਸਲੋ ਫਰ, ੭੩:੧ (1381)

ਮਾਮਲਾ ----- (ਅ ਮਆਮਲਹ) ਝਗੜਾ, ਵਿਵਾਦ, ਧੰਧਾ
"ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ।"
-ਮਾਝ ੧, ਵਾਰ ੨੨ਸ, ੨, ੨:੩ (148)

ਮਾਮਲੇ ----- ਜ਼ਿੰਮੇਵਾਰੀਆਂ, ਧੰਧੇ
"ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ।"
-ਸਲੋ ਫਰ, ੬੩:੧ (1381)

ਮਾਮਾਣੀਆ -- ਮਾਮੀਆਂ, ਮਾਂ ਦੇ ਭਰਾਵਾਂ ਦੀਆਂ ਪਤਨੀਆਂ
"ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ।"
-ਮਾਰੂ ੧, ਅਸ ੧੦, ੩:੧ (1015)

ਮਾਮੂਰ ----- (ਅ. ਮਘਮੂਰ) ਰਜੇ ਹੋਏ ਭਾਵ ਅਮੀਰ, ਖੁਸ਼ਹਾਲ
"ਊਹਾਂ ਗਨੀ ਬਸਹਿ ਮਾਮੂਰ।"
-ਗਉ ਰਵਿ, ੨, ੨:੪ (345)

ਮਾਮੇ ------ ਮਾਂ ਦੇ ਭਰਾ
"ਮਾਮੇ ਤੈ ਮਾਮਾਣੀਆ ਭਾਇਰ ਬਾਪ ਨ ਮਾਉ।"
-ਮਾਰੂ ੧, ਅਸ ੧੦, ੩:੧ (1015)

ਮਾਯਾ ------ ਮਾਇਆ
"ਜਿਉ ਨਲਨੀ ਸੁਅਟਾ ਗਹਿਓ ਮਨ ਬਉਰਾ ਰੇ ਮਾਯਾ ਇਹੁ ਬਿਉਹਾਰੁ।"
-ਗਉ ਕਬ, ੫੭, ੩:੧ (336)

ਮਾਰ ------ (1) ਕੁਟ, ਸਜ਼ਾ
"ਕੇਤਿਆ ਦੂਖ ਭੂਖ ਸਦ ਮਾਰ।"
-ਜਪੁ ੧, ੨੫:੮ (5)
"ਠਾਕੇ ਬੋਹਿਥ ਦਰਗਹ ਮਾਰ।" (ਭਾਵ ਫਿਟਕਾਰ)
-ਗਉ ੧, ੭, ੪:੨ (153)
(2) ਮੌਤ
"ਆਪਿ ਕਰਾਏ ਸਾਖਤੀ ਫਿਰਿ ਆਪਿ ਕਰਾਏ ਮਾਰ।" (ਮੌਤ ਦਿੰਦਾ ਹੈ)
-ਆਸਾ ੧, ਵਾਰ ੨੩:੨ (475)

ਮਾਰਉ ----- (1) ਮਾਰਾਂ
"ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ।"
-ਗਉ ਕਬ, ੩੧, ੨:੨ (329)
(2) ਮਾਰਦਾ ਹਾਂ
"ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ।"
-ਆਸਾ ੫, ੩੮, ੨:੨ (380)
(3) ਮਾਰਨਾ
"ਝਖ ਮਾਰਉ ਸਾਕਤੁ ਵੇਚਾਰਾ।"
-ਬਿਲਾ ੫, ੧੮, ੨:੨ (806)

ਮਾਰਈ ----- ਮਾਰਦਾ
"ਜੋ ਪ੍ਰਭਿ ਰਖੇ ਆਪਿ ਤਿਨ ਕੋਇ ਨ ਮਾਰਈ।"
-ਸਲੋ ੫, ੬:੧ (1425)

ਮਾਰਸੀ ----- (1) ਮਾਰੇ ਗਾ, ਕੁੱਟੇ ਗਾ
"ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ।"
-ਵਡ ੪, ਵਾਰ ੧੫ਸ, ੩, ੧:੪ (591)
(2) ਮਾਰੇਗਾ ਭਾਵ ਵਸ ਵਿਚ ਕਰੇਗਾ

“ਮਾਣਕੁ ਮਨ ਮਹਿ ਮਨੁ ਮਾਰਸੀ ਸਚਿ ਨ ਲਾਗੈ ਕਤੁ।”
-ਮਾਰੂ ੧, ੧੦, ੧:੩ (992)

(3) ਮਾਰੇ ਗਾ ਭਾਵ ਡੇਗੇ ਗਾ
“ਮਾਥੈ ਉਭੈ ਜਮੁ ਮਾਰਸੀ ਨਾਨਕ ਮੇਲਣ ਨਾਮਿ।”
-ਮਾਰੂ ੩, ਵਾਰ ੧੩ਸ, ੧, ੩:੨ (1090)

ਮਾਰਹਿ ----- (1) ਮਾਰਦਾ ਹੈ
“ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।”
-ਗਉ ੧, ੧੪, ੧:੨ (155)

(2) ਮਾਰਨਾ ਭਾਵ ਵਸ ਵਿਚ ਕਰਨਾ
“ਜੋ ਮਨੁ ਮਾਰਹਿ ਆਪਣਾ ਸੇ ਪੁਰਖ ਬੈਰਾਗੀ ਰਾਮ।”
-ਵਡ ੩, ਛੰਤ ੩, ੪:੨ (569)

ਮਾਰਹੁ ----- (1) ਮਾਰ (ਕੁੱਟ) ਤੋਂ
“ਗੁਰ ਪਰਸਾਦੀ ਮਰਹੁ ਡਰੈ।”
-ਗੋਂਡ ਕਬ, ੭, ੩:੨ (872)

(2) ਮਾਰੋ ਭਾਵ ਕਾਬੂ ਕਰੋ
“ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।”
-ਮਾਰੂ ੫, ੧੨, ੩:੩ (1083)

ਮਾਰਕੰਡੇ ---- ਇਕ ਰਿਸ਼ੀ ਜੋ ਦੀਰਘ ਆਯੂ ਦਾ ਹੋਇਆ
“ਮਾਰਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬਲਾਏ।”
-ਧਨਾ ਨਾਮ, ੧, ੧:੨ (692)

ਮਾਰਗ ----- ਰਸਤਾ, ਰਾਹ
“ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ।”
-ਗਉ ੫, ਸੁਖ ੨, ੪:੧ (264)

“ਜੈਨ ਮਾਰਗ ਸੰਜਮ ਅਤਿ ਸਾਧਨ।” (ਭਾਵ ਮਤਿ)
-ਗਉ ੫, ਸੁਖ ੩, ੨:੬ (265)

ਹੋਰ ਰੂਪ:

ਮਾਰਗੰ –
“ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ।” (ਰਸਤਾ)
-ਸਸ ੫, ੧੨:੪ (1355)

ਮਾਰਗਹ –
“ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ।” (ਰਸਤੇ)
-ਸਸ ੫, ੨੯:੩ (1356)

ਮਾਰਗਿ –
“ਮੰਨੈ ਮਾਰਗਿ ਠਾਕ ਨ ਪਾਇ।” (ਰਸਤੇ ਵਿਚ, ਰਾਹ ਵਿਚ)
-ਜਪੁ ੧, ੧੪:੧ (3)

“ਭੂਲਾ ਮਾਰਗਿ ਪਾਇਓਨੁ ਗੁਣ ਅਵਗੁਣ ਨ ਬੀਚਾਰਿ।” (ਰਸਤੇ ਤੇ)
-ਸਿਰੀ ੫, ੮੮, ੪:੩ (49)

"ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ।"
-ਵਡ ੪, ੩, ੩:੩ (561)

ਮਾਰਗੁ –
"ਗੁਰ ਤੇ ਮਾਰਗੁ ਪਾਈਐ ਚੂਕੈ ਮੋਹੁ ਗੁਬਾਰੁ।" (ਰਸਤਾ, ਰਾਹ)
-ਸਿਰੀ ੩, ੫੧, ੩:੧ (33)

ਮਾਰਣ ----- (1) ਮਸਾਲਾ, ਹੋਰ ਵੇਖੋ 'ਮਾਰਣੁ'
"ਖਟ ਤੁਰਸੀ ਮੁਖਿ ਬੋਲਵਾ ਮਾਰਣ ਨਾਦ ਕੀਏ।"
-ਸਿਰੀ ੧, ੭, ੧:੨ (16)
"ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ।" (ਮਸਾਲੇ)
-ਮਾਝ ੧, ਵਾਰ ੭ਸ, ੧, ੨:੪ (141)
(2) ਵਧ ਕਰਨ, ਮਾਰ ਦੇਣ
"ਮਨੁ ਮਾਰਣ ਕਾਰਣਿ ਬਨ ਜਾਈਐ।"
-ਗਉ ਕਬ, ੧, ੧:੧ (323)

ਹੋਰ ਰੂਪ:

ਮਾਰਣਾ –
"ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ।"
-ਮਾਰੂ ੩, ਵਾਰ ੨੨ਸ, ੩, ੧:੨ (1093)

ਮਾਰਣਿ ----- ਕੁਟਨ ਲਈ, ਝੰਬਣ ਲਈ
"ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ।"
-ਮਾਝ ੧, ਵਾਰ ੧੨ਸ, ੧, ੧:੭ (143)

ਮਾਰਣੁ ----- (1) ਮਸਾਲਾ, ਵੇਖੋ ਮਾਰਣ (1)
"ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ।"
-ਗਉ ੩, ੨੮, ੧:੨ (160)
"ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ।" (ਗਾਲਣ ਵਾਲਾ ਮਸਾਲਾ)
-ਗੂਜ ੩, ਵਾਰ ੧੩ਸ, ੩, ੧:੫ (513)
(2) ਉਲਟ ਅਸਰ ਕਰਨ ਵਾਲੀ ਦਵਾਈ, ਓਨਟੀ-ਡੋਟਣ
"ਬਿਖੁ ਕਾ ਮਾਰਣੁ ਹਰਿ ਨਾਮੁ ਹੈ ਗੁਰ ਗਰੁੜ ਸਬਦੁ ਮੁਖਿ ਪਾਇ।"
-ਸਲੋ ੩, ੨੨:੨ (1415)

ਮਾਰਣੇ ----- ਮਾਰੇ ਜਾਣ, ਬੱਧ ਕੀਤੇ ਜਾਣ
"ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ।"
-ਫੁਨ ੫, ੧੬:੨ (1363)

ਮਾਰਤ ----- (1) ਮਾਰਦੇ
"ਦੁਸਮਨ ਦੁਸਟ ਰਹੇ ਝਖ ਮਾਰਤ ਕੁਸਲੁ ਭਇਆ ਮੇਰੇ ਭਾਈ ਮੀਤ।"
-ਬਿਲਾ ੫, ੧੧੧, ੧*:੨ (826)
(2) ਮਾਰੇ ਹੋਏ ਭਾਵ ਕਾਰਨ
"ਬਿਪਰੀਤ ਬੁਧੂੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ।"

-ਸਸ ੫, ੨੪:੨ (1356)

ਮਾਰਤਾ ------ ਮਾਰਦਾ
"ਪਗਾ ਬਿਨੁ ਹੁਰੀਆ ਮਾਰਤਾ।"
-ਬਸੰ ਕਬ, ੩, ੨:੧ (1194)

ਮਾਰਦਾ ------ ਬੱਧ ਕਰਦਾ, ਮਾਰਦਾ
"ਕਾੜਾ ਅੰਦੇਸਾ ਕਿਉ ਕੀਜੈ ਜਾ ਨਾਹੀ ਅਧਰਮਿ ਮਾਰਦਾ।"
-ਸਿਰੀ ੪, ਵਾਰ ੧੮:੩ (90)

ਮਾਰਨਿ ------ ਮਾਰਦੇ ਹਨ
"ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ।"
-ਸਲੋ ਫਰ, ੭:੧ (1378)

ਮਾਰਨੁ ------ ਮਾਰਦੇ ਹਨ
"ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ।"
-ਬਿਹਾ ੪, ਛੰਤ ੫, ੩:੩ (541)

ਮਾਰਫਤਿ ---- (ਅ. ਮਅਰਫਤ) ਗਿਆਨ, ਆਤਮ ਗਿਆਨ
"ਮਾਰਫਤਿ ਮਨੁ ਮਾਰਹੁ ਅਬਦਾਲ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ।"
-ਮਾਰੂ ੫, ਸੋਲਾ ੧੨, ੩:੩ (1083)

ਮਾਰਵਾੜਿ --- ਰੇਤਲਾ ਖੁਸ਼ਕ ਇਲਾਕਾ ਜਰਾ ਰਾਜਸਥਾਨ ਵਿਚ ਜੋਧਪੁਰ ਦਾ ਇਲਾਕਾ
"ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ।"
-ਧਨਾ ਨਾਮ, ੩, ੧:੧ (693)

ਮਾਰਾ ------ (1) ਮਾਰਿਆ, ਬਧ ਕੀਤਾ
"ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ।"
-ਗਉ ੫, ਸੁਖ ੧੩, ੩:੪ (280)

(2) ਮਾਰੀ ਜਿਵੇਂ 'ਝੱਖ ਮਾਰੀ'
"ਜਿਨ ਹਰਿ ਸੇਤੀ ਮਨੁ ਮਾਨਿਆ ਸਭ ਦੁਸਟ ਝਖ ਮਾਰਾ।"
-ਆਸਾ ੪, ਛੰਤ ੨੦, ੩:੩ (451)

(3) ਮਾਰ/ਕੁਟ ਪੈਣੀ
"ਸਾਹੁਰੜੈ ਘਰਿ ਵਾਸੁ ਨ ਪਾਏ ਪੇਈਅੜੈ ਸਿਰਿ ਮਾਰਾ ਹੇ।"
-ਮਾਰੂ ੧, ਸੋਲਾ ੭, ੧੨:੩ (1027)

ਮਾਰਾਹਾ ---- ਮਰਵਾਉਂਦਾ ਹੈ
"ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਰਾਹਾ।"
-ਸੋਰ ੪, ੬, ੩:੨ (606)

ਮਾਰਿ ------ (1) ਮਾਰ ਕੇ
"ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ।"
-ਸਿਰੀ ੧, ੧੮, ੨:੨ (21)

“ਹਉਮੈ ਮਾਰਿ ਏਕ ਲਿਵ ਲਾਗੀ ਅੰਤਰਿ ਨਾਮ ਵਸਾਇਆ।” (ਭਾਵ ਖਤਮ ਕਰਕੇ, ਮੁਕਾਕੇ)

-ਸਲੋ ੪, ੨੮:੩ (1424)

(2) ਮਾਰਨਾ, ਬਧ ਕਰਨਾ

“ਜਿਸ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ।”

-ਸਿਰੀ ੫, ੭੫, ੨:੩ (43)

“ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ।”

-ਮਾਰੂ ੧, ਅਸ ੩, ੧:੧ (1010)

(ਮਹਾਨ ਕੋਸ਼ ਅਰਥ ‘ਮਰਨ ਵਾਲੀ ਮਰੁ (ਮੌਤ) ਕਰਦਾ ਹੈ)

(3) ਕੁਟ ਕੇ, ਮਾਰ ਕੇ

“ਹਰਿ ਨਾਮੁ ਨ ਪਾਇਆ ਜਨਮੁ ਬਿਰਥਾ ਗਵਾਇਆ ਨਾਨਕ ਜਮੁ ਮਾਰਿ ਕਰੇ ਖੁਆਰ।”

-ਗੂਜ ੩, ਵਾਰ ੧੫, ੩, ੨:੪ (509)

“ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ।”

-ਬਿਲਾ ੪, ਵਾਰ ੬:੪ (851)

“ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ।” (ਮਾਰ, ਮਾਰਕੇ)

-ਰਾਮ ੩, ਵਾਰ ੬ਸ, ੩, ੨:੪ (950)

ਮਾਰਿਓ ----- ਮਾਰਿਆ

“ਦੀਨ ਦਇਆਲ ਭਏ ਪ੍ਰਭ ਅਪਨੇ ਬਹੁੜਿ ਜਨਮਿ ਨਹੀ ਮਾਰਿਓ।” (ਭਾਵ ਪਾਇਆ ਸੁੱਟਿਆ)

-ਦੇਵ ੫, ੩੦, ੧*:੨ (534)

“ਇਨ ਦੂਤਨ ਖਲੁ ਬਧੁ ਕਰਿ ਮਾਰਿਓ।” (ਕੁਟਿਆ)

-ਜੈਤ ਰਵਿ, ੧, ੫:੧ (710)

“ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ।” (ਸੱਟ ਲਾਉਣਾ, ਚੋਟ ਲਾਉਣੀ)

-ਗੋਂਡ ਕਬ, ੪, ੧:੨ (870)

“ਰਾਮ ਚੰਦਿ ਮਾਰਿਓ ਅਹਿ ਰਾਵਣੁ।” (ਬੱਧ ਕੀਤਾ, ਮਾਰਿਆ)

-ਰਾਮ ੧, ਸਿਗੋ ੪੦:੩ (942)

ਮਾਰਿਅਨੁ --- ਮਾਰ ਦਿਤੇ, ਖਤਮ ਕਰ ਦਿੱਤੇ

“ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ।”

-ਗਉ ੪, ਵਾਰ ੨੭ਸ, ੫, ੧:੧ (315)

ਮਾਰਿਅੜਾ --- ਮਾਰ ਦਿੱਤਾ, ਖਤਮ ਕਰ ਦਿੱਤਾ

“ਗੁਰ ਗਿਆਨੁ ਖੜਗੁ ਹਥਿ ਧਾਰਿਆ ਜਮੁ ਮਾਰਿਅੜਾ ਜਮਕਾਲਿ।”

-ਗਉ ੪, ਕਰ ੨, ੭:੨ (235)

ਮਾਰਿਆ ---- ਮਾਰ ਦਿੱਤਾ, ਖਤਮ ਕਰ ਦਿੱਤਾ

“ਸਤਿਗੁਰ ਦਇਆਲ ਕਿਰਪਾਲ ਭੇਟਤ ਹਰੇ ਕਾਮੁ ਕ੍ਰੋਧੁ ਲੋਭੁ ਮਾਰਿਆ।”

-ਸਿਰੀ ੫, ਛੰਤ ੩, ੫:੫ (81)

"ਗੁਰਮੁਖ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ।" (ਕਾਬੂ ਕਰ ਲਿਆ)
-ਸਿਰੀ ੪, ਵਾਰ ੧੨ਸ, ੩, ੨:੪ (87)

"ਸਚੁ ਸਚਾ ਸਤਿਗੁਰੁ ਪੁਰਖੁ ਹੈ ਜਿਨਿ ਕਾਮੁ ਕ੍ਰੋਧੁ ਬਿਖੁ ਮਾਰਿਆ।" (ਖਤਮ ਕੀਤਾ, ਮੁਕਾ ਦਿਤਾ)
-ਗਉ ੪, ਵਾਰ ੧੭:੨ (310)

"ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ।" (ਘਾਇਲ ਕੀਤਾ)
-ਆਸਾ ੪, ਛੰਤ ੧੫, ੨:੧ (449)

"ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ।" (ਚੋਟ ਲਾਈ, ਸੱਟ ਲਾਈ)
-ਸਲੋ ਕਬ, ੧੩:੨ (1365)

ਮਾਰੀ ------ (1) ਮਾਰ ਲਿਆ, ਖਤਮ ਕਰ ਲਿਆ

"ਜਿਨਾ ਪੋਤੈ ਪੁੰਨੁ ਤਿਨ ਹਉਮੈ ਮਾਰੀ।"
-ਗਉ ੩, ੨੭, ੪:੧ (160)

"ਇਸੁ ਮਾਰੀ ਬਿਨੁ ਥਾਇ ਨ ਪਰੈ।" (ਮਾਰਨ, ਖਤਮ ਕਰਨ)
-ਗਉ ੫, ਅਸ ੫, ੬:੧ (238)

(2) ਚੋਟ ਕਰਨਾ, ਸਟ ਲਾਉਣੀ

"ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ।"
-ਆਸਾ ੫, ੪੨, ੧*:੨ (381)

(3) ਬਦ ਕਰਮ ਕਰਨਾ, ਬੇਹੂਦਾ ਕੰਮ ਕਰਨਾ

"ਕਿਆ ਹੋਵੈ ਕਿਸ ਹੀ ਕੀ ਝਖ ਮਾਰੀ ਜਾ ਸਚੇ ਸਿਉ ਬਣਿ ਆਈ।" (ਇਥੇ ਭਾਵ ਨਿੰਦਾ ਕੀਤੀ)
-ਬਿਲਾ ੪, ਵਾਰ ੪:੪ (850)

"ਮੂਰਖ ਸਿਉ ਬੋਲੇ ਝਖ ਮਾਰੀ।" (ਭਾਵ ਬੇਅਰਥ ਜਾਂਦਾ ਹੈ)
-ਗੋਂਡ ਕਬ, ੧, ੨:੨ (870)

ਮਾਰੀਅਹਿ --- ਮਾਰੇ ਜਾਂਦੇ ਹਨ, ਕੁਟੇ ਜਾਂਦੇ ਹਨ

"ਜਮ ਦਰ ਬਧੇ ਮਾਰੀਅਹਿ ਕੂਕ ਨ ਸੁਣੈ ਪੁਕਾਰ।"
-ਸਿਰੀ ੩, ਅਸ ੨੫, ੫:੨ (69)

ਹੋਰ ਰੂਪ:

ਮਾਰੀਅਨ –

"ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ।"
-ਗਉ ੩, ਅਸ ੯, ੧:੨ (233)

ਮਾਰੀਆ ---- ਮਾਰਨਾ ਭਾਵ ਟਪਣਾ

"ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ।"
-ਆਸਾ ੧, ਵਾਰ ੧੧ਸ, ੧, ੩:੨ (469)

ਮਾਰੀਐ ---- (1) ਕੁਟੀਏ, ਸਜ਼ਾ ਦੇਈਏ

"ਅਵਗਣਿ ਬਧਾ ਮਾਰੀਐ ਛੂਟੈ ਗੁਰਮਤਿ ਨਾਇ।"
-ਸਿਰੀ ੧, ਅਸ ੧੩, ੭:੩ (61)

(2) ਖਤਮ ਕਰੀਏ
"ਸਬਦੇ ਹਉਮੈ ਮਾਰੀਐ ਮਾਇਆ ਕਾ ਭ੍ਰਮੁ ਜਾਇ।"
-ਸਿਰੀ ੩, ਅਸ ੨੧, ੭:੨ (67)
"ਪਾਖੰਡਿ ਲੋਭੀ ਮਾਰੀਐ ਜਮ ਡੰਡੁ ਦੇਇ ਸਜਾਇ।" (ਤਬਾਹ ਕਰੀਏ)
-ਗਉ ੪, ਕਰ ੧, ੬:੨ (234)
(3) ਕਾਬੂ ਕਰੀਏ
"ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ।"
-ਰਾਮ ੩, ਵਾਰ ੪ਸ, ੩, ੨:੧ (948)

ਮਾਰੁ ਮਾਰੁ --- ਮਾਰੋਮਾਰ, ਤੇਜ਼ ਗਤੀ ਨਾਲ, ਛੇਤੀ ਛੇਤੀ
"ਮਾਰੁ-ਮਾਰੁ ਸ੍ਰਪਨੀ ਨਿਰਮਲ ਜਲਿ ਪੈਠੀ।"
-ਅਸ ਕਬ, ੧੯, ੧*:੧ (480)

ਮਾਰੂ ------ (1) (ਸੰ. ਮਰੁ, ਰੇਤਲਾ ਇਲਾਕਾ, ਰੇਗਸਤਾਨ)
"ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ।"
-ਮਾਝ ੧, ਵਾਰ ੨੩ਸ, ੧, ੧:੧ (148)
(2) ਤਪਦਾ ਥੱਲ, ਰੇਗਸਤਾਨ ਦਾ ਇਲਾਕਾ ਜਿਥੇ ਬਹੁਤ ਗਰਮੀ ਪੈਂਦੀ ਹੈ
"ਮਾਰੂ ਤੇ ਸੀਤਲੁ ਕਰੇ ਮਨੂ ਰਹੁ ਕੰਚਨੁ ਹੋਇ।"
-ਮਾਰੂ ੩, ੫, ੧:੧ (994)
(3) (ਸੰ.) ਨਿਰਜਨ ਬਸ, ਸੁੰਨਾ ਜੰਗਲ, ਉਜਾੜ ਥਾਂ
"ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ।"
-ਮਾਰੂ ੩, ਵਾਰ ੧੦ਸ, ੩, ੨:੧ (189)
(ਸ਼ਬਦਾਰਥ ਇਥੇ ਵੀ ਅਰਥ 'ਮਾਰੂਥਲ' ਹੀ ਕਰਦਾ ਹੈ)
(4) ਇਕ ਰਾਗ, ਮਾਲ ਕਉਕ ਰਾਗ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਦੇ ਸਨ - ਮਸਤ ਅੰਗ, ਮੇਵਰਾ, ਪ੍ਰਬਲ ਚੰਡ, ਕਉਸਕ, ਉਭਾਰਾ, ਖਉਖਟ, ਭਉਰਾਨਦ
"ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ।"
-ਸਲੋ ੫, ੩:੨ (1425)

ਮਾਰੇ ------ (1) ਮਾਰਿਆ, ਸਜ਼ਾ ਦਿਤੀ
"ਮਨਮੁਖ ਹੁਕਮੁ ਨ ਜਾਣਨੀ ਤਿਨ ਮਾਰੇ ਜਮਜੰਦਾਰੁ।"
-ਸਿਰੀ ੪, ਵਾਰ ੧੮ਸ, ੩, ੨:੫ (90)
"ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ।" (ਸਜ਼ਾ ਦੇਵੇ)
- ਆਸਾ ੧, ੩੯, ੧*:੨ (360)
"ਗਲਿ ਸੰਗਲੁ ਸਿਰਿ ਮਾਰੇ ਊਭੌ ਨਾ ਦੀਸੈ ਘਰ ਬਾਰੋ।" (ਸਟ ਮਾਰੇ)
-ਵਡ ੧, ਛੰਤ ੪, ੩:੪ (581)
(2) ਖਤਮ ਕਰੇ, ਮੁਕਾ ਦੇਵੇ
"ਦੁਬਿਧਾ ਮਾਰੇ ਇਕਸੁ ਸਿਉ ਲਿਵ ਲਾਏ।"
- ਮਾਝ ੩, ਅਸ ੧੭, ੨:੨ (119)
(3) ਮੌਤ ਦੇ ਘਾਟ ਉਤਾਰੇ, ਨਿਰਜਿੰਦ ਕਰ ਦੇਵੇ
"ਆਪੇ ਮਾਰੇ ਆਪਿ ਜੀਵਾਏ।"
-ਮਾਝ ੩, ਅਸ ੨੭, ੭:੧ (125)

"ਹੁਕਮੀ ਸਿਰਿ ਜੰਦਾਰੁ ਮਾਰੇ ਦਾਈਐ।" (ਚੋਟ ਮਾਰਨਾ)

-ਮਾਝ ੧, ਵਾਰ ੨੦:੫ (147)

(4) ਕਾਬੂ ਕਰੇ, ਵਸ ਕਰੇ

"ਮਨੁ ਮਾਰੇ ਧਾਤੁ ਮਰਿ ਜਾਇ।"

-ਗਉ ੩, ੨੫, ੧:੧ (159)

(5) ਭਾਵ ਫਿਟਕਾਰੇ

"ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ।"

-ਗਉ ੪, ਵਾਰ ੧੨:੭ (306)

"ਧੁਰਿ ਮਾਰੇ ਪੂਰੈ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ।"

-ਗਉ ੪, ਵਾਰ ੧੪ਸ, ੪, ੧:੧ (307)

(6) ਭਾਵ ਤੜਫਾਨਾ, ਦੁਖੀ ਕਰਨਾ

"ਕਰਵਟੁ ਦੇ ਮੋ ਕਉ ਕਾਹੇ ਕਉ ਮਾਰੇ।"

-ਅਸ ਕਬ, ੩੫, ੧*:੧ (484)

(7) ਸੁੱਟਣਾ, ਪਟਕਣਾ

"ਹਉਮੈ ਵਡਾ ਰੋਗੁ ਹੈ ਸਿਰਿ ਮਾਰੇ ਜਮਕਾਲਿ।"

-ਮਲਾ ੩, ੩, ੨:੨ (1258)

ਮਾਰੇਹਿਸੁ --- ਇਸ ਨੂੰ ਮਾਰੋ/ਖਤਮ ਕਰੋ

"ਮਾਰੇ ਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ।"

-ਸੂਹੀ ੪, ਛੰਤ ੬, ੧:੧ (776)

ਮਾਰੈ ------ (1) ਕਾਬੂ ਕਰੇ, ਵੇਖੋ 'ਮਾਰੇ' (4)

"ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ।"

-ਮਾਝ ੩, ਅਸ ੧੩, ੩:੩ (117)

"ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ।" (ਵਿਚਾਰਾ ਦੁਆਰਾ ਆਪਣਾ ਆਪ ਮਾਰੇ ਭਾਵ ਆਪੇ ਤੇ ਕਾਬੂ ਕਰੇ)

-ਧਨਾ ੧, ਛੰਤ ੧, ੨:੩ (688)

(2) ਮੌਤ ਦੇ ਘਾਟ ਉਤਾਰੇ

"ਮਾਰੈ ਰਾਖੈ ਏਕੋ ਸੋਇ।"

-ਗਉ ੫, ੧੩੦, ੧*:੨ (192)

(3) ਸੱਟ ਮਾਰੇ

"ਅਫਰਿਉ ਕਾਲੁ ਕੂੜੁ ਸਿਰਿ ਮਾਰੈ।"

-ਗਉ ੧, ਅਸ ੧੪, ੫:੩ (227)

(4) ਖਤਮ ਕਰੇ

"ਸੋ ਜਨੁ ਸਾਚਾ ਜਿ ਹਉਮੈ ਮਾਰੈ।"

-ਗਉ ੩, ਅਸ ੩, ੪:੧ (230)

(5) ਮੁਹਾਵਰੇ ਵਿਚ 'ਝਖ ਮਾਰਨਾ' ਭਾਵ ਵਿਅਰਥ ਖੇਚਲ ਉਠਾਉਣੀ

"ਆਪਾ ਦੇਖਿ ਅਵਰ ਨਹੀ ਦੇਖੈ ਕਾਹੇ ਕਉ ਝਖ ਮਾਰੈ।"

-ਆਸਾ ਕਬ, ੨੯, ੧:੨ (483)

(6) ਮਾਰਨੀਆਂ

"ਹਸਤਿ ਭਾਗਿ ਕੈ ਚੀਸਾ ਮਾਰੈ।" (ਭਾਵ ਆਵਾਜ਼ ਕਢਨੀ)

-ਗੋਂਡ ਕਬ, ੪, ੧:੩ (870)

"ਜਮ ਜੰਦਾਰੁ ਨ ਮਾਰੈ ਫੇਟੈ।" (ਭਾਵ ਸਟ ਲਾਉਣੀ)

-ਮਾਰੂ ੧, ਸੋਲਾ ੧੬, ੬:੨ (1036)

"ਮਤਿ ਕੋਊ ਮਾਰੈ ਈਂਟ ਢੇਮ।" (ਮਾਰਨਾ)

-ਬਸੰ ਕਬ, ੧, ੪:੨ (1196)

(7) ਸਜ਼ਾ ਦੇਂਦਾ ਹੈ

"ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕਉ ਮਾਰੈ।"

-ਸਾਰ ੫, ੬੮, ੧*:੨ (1217)

ਮਾਲ ------ (1) (ਅ. ਮਾਲ) ਧਨ, ਦੌਲਤ

"ਮਾਲ ਕੈ ਮਾਣੈ ਰੂਪ ਕੀ ਸੋਭਾ ਇਤੁ ਬਿਧੀ ਜਨਮ ਗਵਾਇਆ।"

-ਸਿਰੀ ੧, ੨੭, ੧*:੨ (24)

(2) ਸਾਜ਼ ਸਾਮਾਨ

"ਮਿਥਿਆ ਰਾਜ ਜੋਬਨ ਧਨ ਮਾਲ।"

-ਗਉ ੫, ਸੁਖ ੫, ੪:੩ (268)

(3) ਮਾਲਾ

"ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ।" (ਗਲ ਦਾ ਹਾਰ)

-ਗਉ ੪, ਵਾਰ ੧੧:੪ (320)

"ਰਮ ਰਾਮ ਰਾਮ ਮਾਲ।" (ਸਿਮਰਨੀ)

- ਮਲਾ ੫, ੨੩, ੨:੩ (1272)

(4) ਮਾਲ੍ਹ, ਖੂਹ ਦੀ ਮਾਲ੍ਹ

"ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ।"

-ਬਸੰ ੧, ੯, ੨:੧ (1171)

(5) ਇਕ ਰਾਗ ਰਾਗ ਮਾਲ ਕਉਸ, ਵੇਖੋ 'ਮਾਲ ਕਉਸਕ'

"ਮਾਲ ਰਾਗ ਕਉਸਕ ਸੰਗਿ ਲਾਈ।"

-ਰਾਮ ੧:੧੮ (1429)

ਮਾਲੰ ------ ਧਨ, ਦੌਲਤ

"ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ।"

-ਮਾਰੂ ੧, ਅਸ ੧੧, ੪:੧ (1015)

ਮਾਲਕਉਸਕ - ਭੈਰਵੀ ਠਾਠ ਦਾ ਇਕ ਰਾਗ

"ਦੁਤੀਆ ਮਾਲਕਉਸਕ ਆਲਾਪਹਿ।"

-ਰਾਗ ੧:੩੩ (1429)

ਮਾਲਕਾ ----- ਮਾਲਕ, ਸੁਆਮੀ

"ਅਪਨਾ ਸਿਮਰਨੁ ਦੇ ਪ੍ਰਤਿਪਾਲਿਆਓਹੁ ਸਗਲ ਘਟਾ ਕਾ ਮਾਲਕਾ।"

-ਮਾਰੂ ੫, ਸੋਲਾ ੧੩, ੨:੩ (1084)

ਮਾਲਕੁ ----- (ਅ. ਮਾਲਿਕ) ਮਾਲਕ, ਸੁਆਮੀ

"ਦਿਲਾ ਕਾ ਮਾਲਕੁ ਕਰੇ ਹਾਕੁ।"

-ਰਾਮ ੫, ੪੫, ੩:੩ (897)

ਮਾਲਣਾ ------ ਮਲਣਾ
“ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ।”
-ਆਸਾ ੫, ੧੧੦, ੩:੧ (398)

ਮਾਲਣਿ ------ ਮਾਲਾ (ਹਾਰ) ਬਣਾਉਣ ਵਾਲੀ, ਮਾਲਿਨੀ, ਮਾਲਣਾਂ
“ਭਾਰ ਅਠਾਰਹ ਮਾਲਣਿ ਤੇਰੀ।”
-ਮਾਰੂ ੧, ਸੋਲਾ ੧੩, ੬:੧ (1033)

ਹੋਰ ਰੂਪ:

ਮਾਲਣੀ –
“ਅਠਾਰਹ ਭਾਗ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘ ਮਾਲਾਪਾਣੀ ਹਾਰੀਆ।”
-ਮਲਾ ਨਾਮ, ੧, ੪:੨ (1292)

ਮਾਲਤ ----- ਮਲਦਿਆ, ਕਬਜ਼ਾ ਕਰਦਿਆਂ
“ਕਾਹੂ ਬਿਹਾਵੈ ਸੋ ਪਿੜੁ ਮਾਲਤ।”
-ਰਾਮ ੫, ਅਸ ੩, ੫:੨ (914)

ਮਾਲਨੀ ----- ਮਾਲਣ, ਫੁਲਾਂ ਦੇ ਹਾਰ ਬਣਾਉਣ ਵਾਲੀ
“ਭੂਲੀ ਮਾਲਨੀ ਹੈ ਏਉ।”
-ਆਸਾ ਕਬ, ੧੪, ੧*:੧ (479)

ਮਾਲਾ ------ (1) ਹਾਰ
“ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ।”
-ਗਉ ੧, ੧੦, ੨:੧ (225)

(2) ਸਿਮਰਨੀ
“ਹਰਿ ਹਰਿ ਅਖਰ ਦੁਇ ਇਹ ਮਾਲਾ।”
-ਆਸਾ ੫, ੭੦, ੧:੧ (388)

(3) ਮਾਲ
“ਜੀਉ ਪਿੰਡੁ ਸਭੁ ਤੁਮਰਾ ਮਾਲਾ।”
-ਸੂਹੀ ੫, ੩੮, ੧:੨ (744)

(4) ਸਿਲਸਿਲਾ
“ਫਿਰਤੀ ਮਾਲਾ ਬਹੁ ਬਿਧਿ ਭਾਇ।”
-ਰਾਮ ੫, ੧੨, ੩:੩ (886)

(5) ਮਾਲ੍ਹ
“ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ ਇਕ ਸਖਨੀ ਹੋਰ ਫੇਰ ਭਰੀਅਤ ਹੈ।”
-ਪ੍ਰਭਾ ੧, ੮, ੨:੧ (1329)

ਮਾਲਿ ------ ਧਨਾ ਨਾਲ
“ਜੋਰੁ ਨ ਰਾਜਿ ਮਾਲਿ ਮਨਿ ਸੋਰੁ।”
-ਜਪੁ ੧, ੩੩:੪ (7)

ਮਾਲਿਨਿ ---- ਮਾਲਣ, ਵੇਖੋ ‘ਮਾਲਣਿ’
“ਮਾਲਿਨਿ ਭੂਲੀ ਜਗੁ ਭੁਲਾਨਾ ਹਮ ਭੁਲਾਨੇ ਨਾਹਿ।”

–ਆਸਾ ਕਬ, ੧੪, ੫:੧ (479)

ਹੋਰ ਰੂਪ:

ਮਾਲਿਨੀ –
“ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ।”
–ਆਸਾ ਕਬ, ੧੪, ੧:੧ (479)

ਮਾਲੀ ------ (1) ਬਾਗ ਬਾਗ, ਫੁਲ ਲਾਉਣ ਵਾਲਾ
“ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ।”
–ਮਾਝ ੩, ਅਸ ੧੫, ੫:੧ (118)

(2) ਭਾਵ ਪ੍ਰਭੂ
“ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ।”
–ਬਸੰ ੧, ੯, ੨:੨ (1171)

ਮਾਲੰੀ ----- ਧਨ ਨਾਲ
“ ਨ ਭੀਜੈ ਰੁਪੰੀ ਮਾਲੰੀ ਰੰਗਿ।”
–ਸਾਰ ੪, ਵਾਰ ੧ਸ, ੧, ੨:੪ (1237)

ਮਾਂਲੀਹ ----- ਮਲੀਹ/ਗੋਤੇ ਵਾਂਗ
“ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਾ ਮਾ ਪਿਰੀ।”
–ਸਲੋ ਫਰ, ੮੭:੨ (1382)

ਮਾਲੁ ------ (1) ਸਾਜ਼ ਸਾਮਾਨ
“ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ।”
–ਜਪੁ ੧, ੨੩:੩ (5)

(2) ਧਨ
“ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ।”
–ਗਉ ੫, ੧੭੨*, ੪:੧ (218)

ਮਾਲੂਮੁ ----- (ਅ. ਮਅਲੂਮ) – ਗਿਆਨ ਵਿਚ ਆਇਆ ਹੋਇਆ, ਜਾਣਿਆ ਹੋਇਆ
“ਤੈ ਮੈ ਕੀਆ ਸੁ ਮਾਲੂਮੁ ਹੋਈ।”
–ਪ੍ਰਭਾ ਨਾਮ, ੪, ੧*:੨ (1351)

ਮਾਲੈ ------ ਧਨ ਨਾਲ
“ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ।”
–ਮਲਾ ੧, ਵਾਰ ੨੩ਸ, ੧, ੧:੨ (1288)

ਮਾਵਈ ----- ਸਮਾਉਂਦਾ
“ਚੂਹਾ ਖਡ ਨ ਮਾਵਈ ਤਿਕਲਿ ਬੰਨ੍ੈ ਛਜ।”
–ਮਲਾ ੧, ਵਾਰ ੧੯ਸ, ੧, ੧:੨ (1286)

ਮਾਵਤ ----- (1) ਮਸਤ ਨਸ਼ੇ ਵਿਚ
“ਦ੍ਰਿਸਟਿ ਨ ਆਵਹਿ ਅੰਧ ਅਗਿਆਨੀ ਸੋਇ ਰਹਿਓ ਮਦ ਮਾਵਤ ਹੇ।”
–ਬਿਲਾ ੫, ੮੮, ੩:੨ (822)

(2) ਮਿਓਣਾ, ਸਮਾਉਣਾ
"ਏਤਾ ਗਬੁ ਅਕਾਸਿ ਨ ਮਾਵਤ ਬਿਸਟਾ ਅਸ੍ਤ ਕ੍ਰਿਮਿ ਉਦਰੁ ਭਰਿਓ ਹੈ।"
-ਸਮੁ ੫, ੮*:੨ (1388)

ਮਾਵਨੀ ----- ਮਿਉਣਾ, ਸਮਾਉਣਾ
"ਜੋ ਅਸਮਾਨਿ ਨ ਮਾਵਨੀ ਤਿਨ ਨਕਿ ਨਥਾ ਪਾਇ।"
-ਸੋਰ ੧, ੧, ੩:੨ (595)

ਮਾਵਾ ------ ਸਮਾਉਂਦਾ
"ਏਵਡੁ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ।"
-ਮਾਝ ੧, ਵਾਰ ੧੯ਸ, ੧, ੧:੪ (147)

ਮਾਵਾਸੀ ---- ਆਕੀ, ਖ਼ੁਦਮੁਖਤਿਆਰ
"ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਤਹ ਮਨੁ ਮਾਵਾਸੀ ਰਾਜਾ।"
-ਭੈਰ ਕਬ, ੧੭, ੨:੨ (1161)

ਮਾਵੈ ------ ਸਮਾਉਂਦਾ
"ਹੋਇ ਸਤਾਣਾ ਘੁਰੈ ਨ ਮਾਵੈ ਸਾਹਿ ਗਇਐ ਪਛੁਤਾਵੈ।"
-ਮਲਾ ੧, ਵਾਰ ੧੯ਸ, ੧, ੨:੮ (1286)

ਮਾੜਤੀਐ --- ਮਾੜੀ, ਮੰਦਰ
"ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ।"
-ਸੂਹੀ ੧, ਛੰਤ ੩, ੪:੧ (765)

ਮਾੜੀ ------ ਮਠੋ ਹਵੇਲੀ, ਮਹਲ, ਉਚੇ ਮਕਾਨ
"ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ।"
-ਗਉ ੧, ੧੩, ੫:੩ (155)

ਹੋਰ ਰੂਪ:

ਮਾੜੀਆ –
"ਕੋਠੇ ਮੰਡਪ ਮਾੜੀਆ ਲਾਇ ਬੈਠਾ ਕਰਿ ਪਾਸਾਰਿਆ।" (ਉੱਚੇ ਘਰ)
-ਆਸਾ ੧, ਵਾਰ ੧੭:੨ (472)

ਮਿਆਨੇ ---- ਅੰਦਰ, ਭੀਤਰ
"ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ।"
-ਤਿਲੰ ਕਬ, ੧, ੨:੨ (727)

ਹੋਰ ਰੂਪ:

ਮਿਆਨ੍ਹੋ –
"ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨ੍ਹੋ।" (ਵਿਚ ਵਿਚਾਲੇ)
-ਸਿਰੀ ੧, ੩੧, ੪:੧ (25)

ਮਿਆਲਾ ---- (ਅ. ਮੁਆਲ) ਵੱਟ, ਡੌਲ
"ਖੇਤਿ ਮਿਆਲਾ ਉਚੀਆ ਘਰੁ ਉਚਾ ਨਿਰਣਉ।"
-ਗੂਜ ੩, ਵਾਰ ੨੧ਸ, ੩, ੧:੧ (517)

ਮਿਸਟ ----- (ਸੰ.) ਮਿੱਠੇ
"ਮਿਸਟ ਬਚਨ ਬੇਨਤੀ ਕਰਉ ਦੀਨ ਕੀ ਨਿਆਈ।"
-ਸੂਹੀ ੫, ੪੨, ੨:੧ (745)

ਹੋਰ ਰੂਪ:

ਮਿਸਟੰ –
"ਨਚ ਰਾਜ ਸੁਖ ਮਿਸਟੰ ਨਚ ਭੋਗ ਰਸ ਮਿਸਟੰ ਨਚ ਮਿਸਟੰ ਸੁਖ ਮਾਇਆ।" (ਮਿੱਠਾ)
-ਜੈਤ ੫, ਵਾਰ ੧੧ਸ, ੫, ੧:੧ (708)

ਮਿਸਟਾਏ –
"ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁਬਿੰਜਨ ਮਿਸਟਾਏ।" (ਮਿੱਠੇ)
-ਮਲਾ ੫, ੧, ੨:੧ (1266)

ਮਿਸਰ ----- (ਸੰ.) ਆਦਰਯੋਗ, ਬ੍ਰਾਹਮਣ ਦੀ ਉਪਾਧੀ, ਬ੍ਰਾਹਮਣ
"ਇਕਿ ਪਾਧੇ ਪੰਡਿਤ ਮਿਸਰ ਕਹਾਵਹਿ।"
-ਰਾਮ ੧, ਅਸ ੪, ੭:੧ (904)

ਮਿਸਲ ----- ਵਰਗੀ, ਬਰਾਬਰੀ
"ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ।"
-ਸਲੋ ਫਰ, ੧੧੧:੨ (1384)
('ਨਿਰਣੈ' ਅਰਥ 'ਮਰਯਾਦਾ' ਕਰਦਾ ਹੈ)

ਮਿਸਿਮਿਲਿ -- ਮਾਰ ਦੇਹ
"ਮਿਸਿਮਿਲਿ ਤਾਮਸੁ ਭਰਮੁ ਕਦੂਰੀ।"
-ਭੈਰ ਕਬ, ੪, ੨:੧ (1158)

ਮਿਸੁ ------ ਮਿਸਾ ਭੋਗ
"ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ।"
-ਸਿਰੀ ਬੇਣੀ, ੧, ੨:੨ (93)

ਮਿਸ੍ਰ ------ ਮਿੱਠਾ, ਵੇਖੋ 'ਮਿਸਟ'
"ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ ਚਾਯ ਮੁਖਿ ਮਿਸ੍ਰ ਬਾਣੀ।"
-ਸਵ ੩, ੮:੧ (1393)

ਮਿਹੰਡਾ ----- ਮੇਰਾ
"ਗੋਸਾਈ ਮਿਹੰਡਾ ਇਠੜਾ।"
-ਸਿਰੀ ੫, ਅਸ ੨੯, ੧:੧ (73)

ਹੋਰ ਰੂਪ:

ਮਿਹਡਿਆ –
"ਪੰਜਿ ਕਿਰਸਾਣ ਮੁਜੇਰੇ ਮਿਹਡਿਆ ।" (ਮੇਰੇ)
-ਸਿਰੀ ੫, ਅਸ ੨੯, ੫:੨ (73)

ਮਿਹਡੀ –

“ਗੁਰਿ ਕਟੀ ਮਿਹਡੀ ਜੇਵੜੀ।” (ਮੇਰੀ)
-ਸਿਰੀ ੫, ੨੯, ੨੧:੨ (74)

ਮਿਹਮਾਣਾ --- ਪਰਾਹੁਣੇਨੇ, ਮਹਿਮਾਨ ਨੇ
“ਆਗੈ ਸਰਪਰ ਜਾਣਾ ਜਿਉ ਮਿਹਮਾਣਾ ਕਾਹੇ ਗਾਰਬੁ ਕੀਜੈ।”
-ਵਡ ੧, ਅਲਾ ੧, ੨:੩ (579)

ਮਿਹਮਾਣੀ --- ਖਾਤਰਦਾਰੀ
“ਤੋਸਾ ਦਿਚੈ ਸਚੁ ਨਾਮੁ ਨਾਨਕ ਮਿਹਮਾਣੀ।”
-ਗਉ ੫, ਵਾਰ ੪:੫ (319)

ਮਿਹਮਾਣੁ --- ਮਿਹਮਾਣ ਭਾਵ ਮੁਸਾਫਰ
“ਵਾਟ ਨ ਕਰਈ ਮਾਮਲਾ ਜਾਣੈ ਮਿਹਮਾਣੁ।”
-ਮਾਝ ੧, ਵਾਰ ੨੨ਸ, ੨, ੨:੩ (148)

ਮਿਹਮਾਨੁ ---- ਪ੍ਰਾਹੁਣਾ
“ਗੁਰ ਪਰਸਾਦਿ ਜਾਣੈ ਮਿਹਮਾਨੁ।”
-ਆਸਾ ੧, ੪, ੪:੩ (350)

ਮਿਹਰ ----- (ਫਾ. ਮਿਹਰ) ਕ੍ਰਿਪਾ, ਦਇਆ
“ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ।”
-ਸਿਰੀ ੫, ੭੭, ੩:੩ (44)

ਮਿਹਰਵਾਨਿ -- ਕ੍ਰਿਪਾਲੂ, ਦਇਆਵਾਨ
“ਗੁਰਿ ਪੂਰੈ ਮਿਹਰਵਾਨਿ ਭਰਮੁ ਭਉ ਮਾਰਿਆ।”
-ਬਿਲਾ ੪, ਵਾਰ ੧੧:੨ (854)

ਹੋਰ ਰੂਪ:

ਮਿਹਰਵਾਨੁ –
“ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ।”
-ਸਿਰੀ ੫, ੭੭, ੩:੩ (44)

ਮਿਹਰਾਮਤਿ -- (ਮਰਹਮਤ) ਕ੍ਰਿਪਾ, ਦਇਆ
“ਤੂ ਕਰਿ ਮਿਹਰਾਮਤਿ ਸਾਈ।”
-ਪ੍ਰਭੂ ਕਬ, ੨, ੧*:੨ (1349)

ਮਿਹਰੀ ----- ਇਸਤਰੀ
“ਦਿਹਰੀ ਬੈਠੀ ਮਿਹਰੀ ਰੋਵੈ ਦੁਆਰੈ ਲਉ ਸੰਗਿ ਮਾਇ।”
-ਕੇਦਾ ਕਬ, ੬, ੧:੧ (1124)

ਮਿਕਦਾਰਾ --- ਸਮਾਨ, ਤੁਲ, ਬਰਾਬਰ, ਵਾਕਰ, ਨਿਆਈ
“ਮਨੁ ਮੈ ਮਤੁ ਮੈਗਲ ਮਿਕਦਾਰਾ।”
-ਗਉ ੩, ੨੫, ੨:੩ (159)

ਮਿਕਿਓਨੁ --- ਇਕ ਕਰ ਲਿਆ, ਮਿਲਾਇਆ
“ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ।”

-ਰਾਮ ਬਸ, ਵਾਰ ੪:੭ (967)

ਮਿਚਲਿ ---- **ਅਭੇਦ**
"ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ।"
-ਮਲਾ ੧, ਵਾਰ ੨੩ਸ, ੧, ੧:੨ (1288)

ਮਿਟ ------ **ਮਿਟਾ ਦੇਣਾ**
"ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ।"
-ਧਨਾ ਨਾਮ, ੨, ੧:੧ (693)

ਮਿਟਈ ----- **ਮਿਟਦਾ, ਖਤਮ ਹੁੰਦਾ, ਦੂਰ ਹੁੰਦਾ**
"ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ।"
-ਧਨਾ ੧, ਛੰਤ ੩, ੧:੩ (689)

ਹੋਰ ਰੂਪ:

ਮਿਟਈਆ –
"ਜਿਸੁ ਸਤਿ ਗੁਰੁ ਭੇਟੇ ਸੁ ਕੰਚਨੁ ਹੋਵੈ ਜੋ ਧੁਰਿ ਲਿਖਿਆ ਸੁ ਮਿਟੈ ਨ ਮਿਟਈਆ।" (ਮਿਟਾਇਆਂ)
-ਬਿਲਾ ੪, ਅਸ ੨, ੩:੨ (834)

ਮਿਟਸਿ ----- **ਮਿਟਦਾ, ਦੂਰ ਹੁੰਦਾ, ਮੁਕਦਾ**
"ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ।"
-ਭੈਰ ੧, ੭, ੩:੧ (1127)

ਮਿਟਹਿ ----- **ਮਿਟ ਜਾਏ, ਦੂਰ ਹੋ ਜਾਏ, ਮੁਕ ਜਾਏ/ਗਏ**
"ਮਿਟਹਿ ਕਲੇਸ ਸੁਖੀ ਹੋਇ ਰਹੀਐ।"
-ਗਉ ੫, ੬੩, ੧:੩ (183)

ਹੋਰ ਰੂਪ:

ਮਿਟਹੀ –
"ਨੀਕੇ ਗੁਣ ਗਾਉ ਮਿਟਹੀ ਰੋਗ।" (ਦੂਰ ਹੋਣਗੇ)
-ਟੋਡੀ ੫, ੮, ੧*:੧ (713)

ਮਿਟਤ ----- **ਮੁੱਕ ਜਾਣਾ**
"ਉਆ ਕੀ ਝਾੜਿ ਮਿਟਤ ਬਿਨਸਾਹੀ।"
-ਗਉ ੫, ਬਾਅ ੪੭:੪ (260)

ਹੋਰ ਰੂਪ:

ਮਿਟੰਤ –
"ਕਲਿ ਕਲੇਸ ਮਿਟੰਤ ਸਿਮਰਣਿ ਕਾਟਿ ਜਮਦੂਤ ਫਾਸ।" (ਮਿਟ ਜਾਂਦੇ ਹਨ)
-ਗੂਜ ੫, ੩੧, ੧*:੨ (502)
"ਜਲੁ ਪੀਵਤ ਜਿਉ ਤਿਖਾ ਮਿਟੰਤ।" (ਦੂਰ ਹੁੰਦੀ ਭਾਵ ਤ੍ਰਿਪਤ ਹੁੰਦੀ)
-ਰਾਮ ੫, ਅਸ ੪, ੨:੧ (914)

ਮਿਟੰਤਿ –

“ਮਿਟੰਤਿ ਤਤ੍ਰਾਗਤ ਭਰਮ ਮੋਹੰ।”
-ਸਸ ੫, ੮:੨ (1354)

ਮਿਟੰਤੁ –
“ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ।” (ਦੂਰ ਹੁੰਦਾ ਹੈ)
-ਸੂਹੀ ੩, ਵਾਰ ੧੭ਸ, ੧, ੧:੪ (791)

ਮਿਟਨਾਈ --- ਮਿਟ ਜਾਂਦੇ ਹਨ
“ਪਰਪਚ ਧ੍ਰੋਹ ਮੋਹ ਮਿਟਨਾਈ।”
-ਗਉ ੫, ਬਾਅ ੩੭:੫ (258)

ਮਿਟਵਾਇਆ – ਖਤਮ ਕਰ ਲਿਆ
“ਜੀਵਨ ਮਰਨ ਦੋਊ ਮਿਟਵਾਇਆ।”
-ਗੋਂਡ ਕਬ, ੫, ੪:੨ (871)

ਮਿਟਵੀ ----- ਖਤਮ ਹੋ ਗਈ, ਮਿਟ ਗਈ
“ਜਨਮ ਮਰਣ ਕੀ ਮਿਟਵੀ ਡੰਝਾ।”
-ਮਾਰੂ ੫, ਸੋਲਾ ੯, ੧੦:੨ (1080)

ਮਿਟਵੇ ----- ਮਿੱਟੀ ਦੇ ਭਾਂਡੇ
“ਪਾਂਚ ਨਾਰਦ ਕੇ ਮਿਟਵੇ ਫੂਟੇ।”
-ਗੋਂਡ ਕਬ, ੮, ੫:੩ (872)

ਮਿਟਵੈ ----- ਮਿਟਦਾ, ਖਤਮ ਹੁੰਦਾ
“ਜਲਤ ਰਹੈ ਮਿਟਵੈ ਕਬ ਨਾਹਿ।”
-ਭੈਰ ਨਾਮ, ੮, ੧*:੨ (1165)

ਮਿਟਾਇ ---- ਦੂਰ ਕਰੇ, ਖਤਮ ਕਰੇ
“ਜਨਮ ਮਰਣ ਕੀ ਤ੍ਰਾਸ ਮਿਟਾਇ।”
-ਗਉ ੫, ੧੨੦, ੩:੨ (190)
“ਰੋਗ ਮਿਟਾਇ ਜੀਵਾਲਿਅਨੁ ਜਾ ਕਾ ਵਡ ਪਰਤਾਪੁ।” (ਦੂਰ ਕਰਕੇ)
-ਬਿਲਾ ੫, ੮੦, ੧:੨ (820)

ਹੋਰ ਰੂਪ:

ਮਿਟਾਇਓ –
“ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ।” (ਦੂਰ ਕੀਤਾ)
-ਸੋਰ ੫, ੬੧, ੪:੧ (624)

ਮਿਟਾਇਆ –
“ਜਿਨਿ ਜਮ ਕਾ ਪੰਥ ਮਿਟਾਇਆ।” (ਦੂਰ ਕੀਤਾ, ਭਾਵ ਜਨਮ ਮਰਨ ਤੋਂ ਬਚਾ ਲਿਆ)
-ਸੋਰ ੫, ੫੮, ੨:੨ (625)

“ਤਾ ਸਹਸਾ ਸਗਲ ਮਿਟਾਇਆ।” (ਦੂਰ ਕੀਤਾ)
-ਸੋਰ ੫, ੬੬, ੧:੪ (626)

ਮਿਟਾਇਣ –

"ਨਾਨਕ ਜਿਸੁ ਮਨਿ ਵਸੈ ਤਿਸੁ ਕੇ ਸਭਿ ਦੂਖ ਮਿਟਾਇਣ।" (ਮਿਟਾ ਦੇਵੇ, ਦੂਰ ਕਰ ਦੇਣੇ)
-ਰਾਮ ੫, ਵਾਰ ੧੧ਸ, ੫, ੧:੪ (962)

ਮਿਟਾਈ –
"ਹਰਿ ਨਾਮੁ ਧਿਆਇਆ ਦੂਖੁ ਸਗਲ ਮਿਟਾਈ।" (ਦੂਰ ਕੀਤਾ)
-ਗਉ ੩, ਅਸ ੮, ੬:੨ (233)

ਮਿਟਾਈਆ –
"ਸਿਵਿ ਸਕਤਿ ਮਿਟਾਈਆ ਚੂਕਾ ਅੰਧਿਆਰਾ।" (ਦੂਰ ਕੀਤਾ)
-ਗਉ ੩, ੩੮, ੧:੩ (163)

ਮਿਟਾਈਐ –
"ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ।" (ਖਤਮ ਕਰੀਏ)
– ਜੈਤ ੫, ਛੰਤ ੨, ੨:੫ (704)

ਮਿਟਾਏ –
"ਜਿਨਿ ਸਗਲੇ ਰੋਗ ਮਿਟਾਏ।" (ਦੂਰ ਕੀਤੇ)
-ਸੋਰ ੫, ੮੮, ੨:੪ (630)

ਮਿਟਾਹਿਓ –
"ਜਨਮ ਜਨਮ ਕੇ ਮਹਾ ਪਰਾਛਤ ਦਰਸਨੁ ਭੇਟਿ ਮਿਟਾਹਿਓ।" (ਦੂਰ ਕੀਤੇ)
-ਕਾਨ ੫, ੨੬, ੧:੧ (1303)

ਮਿਟਾਨਾ ---- **ਦੂਰ ਕਰਨਾ**
"ਮਨ ਅਪੁਨੇ ਤੇ ਬੁਰਾ ਮਿਟਾਨਾ।" (ਭਾਵ ਛਡ ਦੇਣਾ)
-ਗਉ ੫, ਸੁਖ ੩, ੬:੭ (266)

ਹੋਰ ਰੂਪ:

ਮਿਟਾਨੇ –
"ਮਿਟਾਨੇ ਸਭਿ ਕਲਿ ਕਲੇਸ।" (ਦੂਰ ਕੀਤੇ)
-ਰਾਮ ੫, ੪੯, ੪:੧ (898)

ਮਿਟਾਵਉ --- **ਦੂਰ ਕਰਾਂ, ਖਤਮ ਕਰਾਂ**
"ਕਲਿ ਕਲੇਸ ਤਨ ਮਾਹਿ ਮਿਟਾਵਉ।"
-ਗਉ ੫, ਸੁਖ ੧, ੧:੨ (262)

ਮਿਟਾਵਹਿ --- **ਦੂਰ ਕਰੇ, ਖਤਮ ਕਰੇ**
"ਤਿਸ ਕੈ ਦਰਸਿ ਸਭ ਪਾਪ ਮਿਟਾਵਹਿ।"
- ਗਉ ੫, ਸੁਖ ੧੭, ੮:੬ (286)

ਹੋਰ ਰੂਪ:

ਮਿਟਾਵਹੁ –
"ਗੁਰ ਕੈ ਬਚਨਿ ਮਿਟਾਵਹੁ ਆਪੁ।" (ਦੂਰ ਕਰੋ, ਖਤਮ ਕਰੋ)
-ਗਉ ੫, ੭੩, ੪:੩ (177)

ਮਿਟਾਵਣਿਆ – **ਦੂਰ/ਖਤਮ ਕਰਦਾ ਹਾਂ**
"ਹਰਿ ਨਿਰਮਲੁ ਗੁਰ ਸਬਦਿ ਸਲਾਹੀ ਸਬਦੋ ਸੁਣਿ ਤਿਸਾ ਮਿਟਾਵਣਿਆ।"

–ਮਾਝ ੩, ਅਸ ੨੦, ੧*:੨ (121)

ਮਿਟਾਵਨਾ --- ਦੂਰ ਕਰਨਾ, ਖਤਮ ਕਰਨਾ

"ਸੰਤ ਕ੍ਰਿਪਾ ਤੇ ਹਿਰਦੈ ਵਾਸੈ ਦੂਜਾ ਭਾਉ ਮਿਟਾਵਨਾ।"

–ਮਾਰੂ ੫, ੫, ੨:੧ (1018)

ਮਿਟਾਵੈ ----- ਦੂਰ ਕਰੇ

"ਪਤਿ ਸੇਤੀ ਜਾਵੈ ਸਹਜਿ ਸਮਾਵੈ ਸਗਲੇ ਦੂਖ ਮਿਟਾਵੈ।"

–ਸਿਰੀ ੪, ਪਹ ੨, ੫:੫ (76)

"ਤਿਸੁ ਕਉਣੁ ਮਿਟਾਵੈ ਜਿ ਪ੍ਰਭਿ ਪਹਿਰਾਇਆ।" (ਖਤਮ ਕਰੇ)

–ਮਾਰੂ ੫, ਸੋਲਾ ੨, ੧੩:੨ (1073)

ਮਿਟਿ ------ ਮੁਕ ਗਿਆ, ਦੂਰ ਹੋ ਗਿਆ

"ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ।"

–ਸਿਰੀ ੫, ੭੨, ੧*:੨ (42)

ਹੋਰ ਰੂਪ:

ਮਿਟਿਓ –

"ਨਾਮੁ ਜਪਤ ਸਭੁ ਮਿਟਿਓ ਅੰਦੇਸਾ।" (ਦੂਰ ਹੋ ਗਿਆ, ਖਤਮ ਹੋ ਗਿਆ)

–ਗਉ ੫, ੧੪੨, ੧*:੨ (194)

"ਭਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ।"

– ਦੇਵ ੫, ੧੩, ੨:੧ (530)

ਮਿਟਿਅਉ –

"ਮਨਸਾ ਕਰਿ ਸਿਮਰੰਤ ਤੁਝੈ ਨਰ ਕਾਮੁ ਕ੍ਰੋਧੁ ਮਿਟਅਉ ਜੁ ਤਿਣੰ।" (ਖਤਮ ਹੋ ਗਏ)

–ਸਵ ੪, ਬਲ ੪:੧ (1405)

ਮਿਟਿਆ –

"ਤਹ ਭਇਆ ਪਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ।" (ਦੂਰ ਹੋਇਆ, ਮੁਕਿਆ)

–ਸਿਰੀ ੪, ਵਾਰ ੧੨:੪ (87)

ਮਿਟਿਹੈ –

"ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ।" (ਮੁਕਦਾ, ਦੂਰ ਹੁੰਦਾ)

–ਸਵ ੫, ਮਥ ੬:੨ (1409)

ਮਿਟਿਯਉ –

"ਬਾਚਾ ਕਰਿ ਸਿਮਰੰਤ ਤੁਝੈ ਤਿਨ੍ਹ ਦੁਖੁ ਦਰਿਦ੍ਰ ਮਿਟਿਯਉ ਜੁਖਿਣੰ।" (ਦੂਰ ਹੁੰਦਾ ਹੈ)

–ਸਵ ੪, ਬਲ ੪:੨ (1405)

ਮਿਟੀ ------ (1) ਦੂਰ ਹੋਈ

"ਖੁਦੀ ਮਿਟੀ ਚੂਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ।"

–ਮਾਝ ੫, ੩੨, ੩:੨ (104)

(2) ਮ੍ਰਿਤਕਾ, ਮਿੱਟੀ
"ਠੰਢੀ ਤਾਤੀ ਮਿਟੀ ਖਾਈ।" (ਭਾਵ ਮਿਟੀ ਵਿਚ ਦਬਿਆ ਗਿਆ)
-ਆਸਾ ੫, ੩੩, ੧*:੧ (378)
"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।"
-ਆਸਾ ੧, ਵਾਰ ੬ਸ, ੧, ੨:੧ (466)
"ਭਾਣੈ ਮਿਟੀ ਸਾਜਿ ਕੈ ਭਾਣੈ ਜੋਤਿ ਧਰੇਇ।" (ਭਾਵ ਮਿਟੀ ਦਾ ਸਰੀਰ)
-ਰਾਮ ੫, ਵਾਰ ੧੨ਸ, ੫, ੨:੫ (963)
(3) ਸਮਾਈ, ਰਲ ਗਈ
"ਖਸਮਿ ਮਿਟੀ ਫਿਰਿ ਭਾਨੀ।"
-ਮਲਾ ੧, ਵਾਰ ੧੯ਸ, ੧, ੨:੪ (1286)

ਮਿਟੀਆ ---- ਮਿਟੀ, ਮ੍ਰਿਤਕਾ
"ਇਕਿ ਮਿਟੀਆ ਮਹਿ ਮਿਟੀਆ ਖਾਹਿ।"
-ਮਾਝ ੧, ਵਾਰ ੧੪ਸ, ੧, ੨:੩ (144)

ਮਿਟੁ ------ ਦੂਰ ਹੋ ਜਾ
"ਚੀਤਿ ਚਿਤਵਉ ਮਿਟੁ ਅੰਧਾਰੇ ਜਿਉ ਆਸ ਚਕਵੀ ਦਿਨੁ ਚਰੈ।"
-ਬਿਲਾ ੫, ਛੰਤ ੩, ੪:੫ (847)

ਮਿਟੇ ------ ਦੂਰ ਹੋਏ
"ਸੰਤ ਪ੍ਰਸਾਦਿ ਸਗਲ ਦੁਖ ਮਿਟੇ।"
-ਗਉ ੫, ੯੧, ੨:੩ (183)

ਹੋਰ ਰੂਪ:

ਮਿਟੈ –
"ਪਉ ਸੰਤ ਸਰਣੀ ਲਾਗੁ ਚਰਣੀ ਮਿਟੈ ਦੂਖੁ ਅੰਧਾਰੁ।" (ਦੂਰ ਹੋਵੇ)
-ਸਿਰੀ ੫, ੯੫, ੨:੨ (51)

ਮਿਠ ------ (ਸੰ.) ਮਿਠਾ
"ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ।"
-ਗਉ ੧, ਛੰਤ ੧, ੧:੪ (282)

ਮਿਠਤੁ ----- ਮਿਠਾਸ
"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।"
-ਆਸਾ ੧, ਵਾਰ ੧੪ਸ, ੧, ੧:੪ (470)

ਮਿਠਬੋਲੜਾ -- ਮਿਠਾ ਬੋਲਣ ਵਾਲਾ
"ਮਿਠਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।"
-ਸੂਹੀ ੫, ਛੰਤ ੧੧, ੧:੧ (784)

ਮਿਠੜਾ ----- ਮਿਠਾ
"ਅੰਮ ਅਬੇ ਥਾਵਹੁ ਮਿਠੜਾ।"
-ਸਿਰੀ ੫, ਅਸ ੨੯, ੧:੨ (73)

ਹੋਰ ਰੂਪ:

ਮਿਠੜੇ –
“ਆਪੁ ਤਿਆਗਿ ਸਰਣੀ ਪਵਾ ਮੁਖਿ ਬੋਲੀ ਮਿਠੜੇ ਵੈਣ।” (ਮਿਠੇ)
–ਮਾਝ ੫, ਦਿਨ ੧:੨ (136)

ਮਿਠਾ –
(1) ਮਧੁਰ, ਪਿਆਰਾ
“ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ।”
–ਸਿਰੀ ੧, ੧੦, ੨:੨ (17)

“ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ।”
– ਸਿਰੀ ੩, ੪੬, ੨:੨ (31)

“ਮਨ ਤਨਿ ਮਿਠਾ ਤਿਸੁ ਲਗੈ ਜਿਸ ਮਸਤਕਿ ਨਾਨਕ ਲੇਖ।”
– ਸਿਰੀ ੫, ੮੯, ੪:੩ (49)

(2) ਮਿਸ਼ਟ, ਕਉੜੇ ਤੋਂ ਉਲਟ
“ਗੁੜੁ ਮਿਠਾ ਮਾਇਆ ਪਸਰਿਆ ਮਨਮੁਖੁ ਲਗਿ ਮਾਖੀ ਪਚੈ ਪਚਾਇ।”
–ਸਿਰੀ ੪, ੭੦, ੧:੩ (41)

“ਮਿਠਾ ਕਰਕੈ ਖਾਇਆ ਕਉੜਾ ਉਪਜਿਆ ਸਾਦੁ।”
–ਸਿਰੀ ੫, ੯੧, ੧:੧ (50)

(3) ਭਾਵ ਗੰਨਾ, ਕਮਾਦ
“ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ।”
–ਮਾਝ ੧, ਵਾਰ ੧੧ਸ, ੧, ੨:੧ (143)

(4) ਭਾਵ ਚੰਗਾ
“ਅੰਮ੍ਰਿਤ ਬਾਣੀ ਉਚਰਾ ਗੁਰਿ ਜਸੁ ਮਿਠਾ ਲਾਗੈ ਤੇਰਾ ਭਾਣਾ ਰਾਮ।”
–ਬਿਹਾ ੫, ਛੰਤ ੩, ੧:੨ (543)

ਮਿਠੀ ------ ਮਿੱਠੀਆਂ, ਭਲੀਆਂ, ਸੁਖਦਾਈ
“ਖੁਭੜੀ ਕੁਥਾਇ ਮਿਠੀ ਗਲਣਿ ਕੁਮੰਤ੍ਰੀਆ।”
–ਸਲੋ ੫, ੧੧:੧ (1425)

ਮਿਠੀਆਂ ---- ਸਵਾਦਿਸ਼ਟ, ਚੰਗੇ ਮਿਠੇ ਸੁਆਦ (ਰਸ) ਵਾਲੀਆਂ
“ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ।”
–ਸਲੋ ਫਰ, ੨੭:੨ (1379)

ਮਿਠੇ ------ (1) ਸਵਾਦਿਸ਼ਟ, ਮਿਸ਼ਠ
“ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ।”
–ਸਿਰੀ ੧, ੭, ੧:੧ (16)

(2) ਮੱਧੁਰ, ਚੰਗੇ ਲਗਨ ਵਾਲੇ, ਸੁਖਦਾਇਕ
“ਗੰਢੁ ਪਰੀਤੀ ਮਿਠੇ ਬੋਲ।”
–ਮਾਝ ੧, ਵਾਰ ੧੨ਸ, ੧, ੨:੮ (143)

“ਇਕਿ ਤਤੇ ਇਕਿ ਬੋਲਨਿ ਮਿਠੇ।”
–ਮਾਰੂ ੫, ਅਸ ੮, ੧:੨ (1019)

ਮਿਠੈ ------ ਮਿਠੇ ਉਪਰ
“ਮਿਠੈ ਮੁਖ ਮੁਆ ਕਿਉ ਲਏ ਉਡਾਰੀ।”

–ਆਸਾ ੫, ਛੰਤ ੧੧, ੩:੧ (460)

“ਮਖੀਂ ਮਿਠੈ ਮਰਣਾ।”

–ਮਲਾ ੧, ਵਾਰ ੧੯ਸ, ੧, ੨:੧੫ (1286)

ਮਿਠੈ ਪਤਰਿਐ ਮਿਠੇ ਪੱਤਰਾਂ ਵਾਲੇ ਭਾਵ ਮੰਨੇ

“ਨਾਨਕ ਮਿਠੈ–ਪਤਰਿਐ ਵੇਖਹੁ ਲੋਕਾ ਆਇ।”

–ਮਾਝ ੧, ਵਾਰ ੧੧ਸ, ੧, ੨:੫ (143)

ਮਿਣਿਆ ---- ਮਿਣਤੀ ਕੀਤੀ, ਮਾਪਿਆ

“ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ।”

–ਸਿਰੀ ੫, ੭੪, ੨:੩ (43)

ਮਿਤ ------ ਮਿੱਤਰ

“ਸੁਣਿ ਸੁਣਿ ਸਾਜਨ ਮਨ ਮਿਤ ਪਿਆਰੇ ਜੀਉ।”

–ਗਉ ੫, ੧੬੮, ੧:੧ (217)

“ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ।” (ਭਾਵ ਹਰੀ)

–ਗੂਜ ੫, ਵਾਰ ੨੦ਸ, ੫, ੨:੭ (523)

ਮਿਤੜਾ ----- ਪਿਆਰਾ ਮਿੱਤਰ

“ਅਨ ਕੋ ਕੀਜੈ ਮਿਤੜਾ ਖਾਕੁ ਰਲੈ ਮਰਿ ਜਾਇ ਜੀਉ।”

–ਸੂਹੀ ੧, ਅਸ ੨, ੬:੧ (751)

ਮਿਤਾ ------ ਮਿੱਤਰ, ਸਜਨ

‘ਰਸਨਾ ਉਚਰੈ ਹਰਿ ਸ੍ਰਵਣੀ ਸੁਣੈ ਸੋ ਉਧਰੈ ਮਿਤਾ।”

–ਗਉ ੫, ਵਾਰ ੧੯:੧ (322)

“ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ।” (ਮਿੱਤਰਾਂ)

–ਸੋਰ ੪, ਵਾਰ ੧੪:੪ (648)

ਮਿਤਿ ------ (1) ਮਿਣਤੀ, ਹਦ, ਅੰਦਾਜ਼ਾ

“ਸੁਖਾ ਕੀ ਮਿਤਿ ਕਿਆ ਗਣੀ ਜਾ ਸਿਮਰੀ ਗੋਵਿੰਦੁ।”

–ਸਿਰੀ ੫, ੮੮, ੨:੧ (48)

“ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ ਕਿਆ ਜਾਨਾ ਹੋਇ ਕੈਸੋਰੇ।” (ਹਦ ਵਿਚ ਰਖ ਕੇ)

–ਸੋਰ ੫, ੧੩, ੩:੧ (612)

“ਤੁਮਰੀ ਗਤਿ ਮਿਤਿ ਤੁਮਹੀ ਜਾਨੀ।”

–ਗਉ ੫, ਸੁਖ ੪, ੮:੯ (268)

(ਮਹਾਨਕੋਸ਼ ਇਥੇ ਅਰਥ ‘ਕੀਮਤ’ ਕਰਦਾ ਹੈ)

“ਊਤਮ ਗਤਿ ਮਿਤਿ ਹਰਿ ਗੁਨ ਸਰੀਰ।” (ਭਾਵ ‘ਅਵਸਥਾ’)

–ਬਸੰ ੧, ੫, ੪:੧ (1169)

(2) ਮਰਯਾਦਾ

“ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ।”

–ਸਿਰੀ ੩, ਅਸ ੨੨, ੫:੨ (67)

ਹੋਰ ਰੂਪ:

ਮਿਤੀ –
"ਕੀਮ ਨ ਸਕਾ ਪਾਇ ਸੁਖ ਮਿਤੀ ਹੂ ਬਾਹਰੇ।" (ਅੰਦਾਜ਼ੇ/ਹਦ ਤੋਂ)
-ਜੈਤ ੫, ਵਾਰ ੧੫ਸ, ੫, ੨:੧ (709)

ਮਿਤੁ ------ (1) ਮਿੱਤਰ
"ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ।"
-ਸਿਰੀ ੫, ੭੯, ੨:੧ (45)

ਮਿਤ੍ਰ ------ ਮਿੱਤਰ, ਦੋਸਤ, ਸਜਨ
"ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ।"
-ਸਿਰੀ ੧, ੧੭, ੧:੧ (20)
"ਪ੍ਰਭੁ ਸਦਾ ਸਮਾਲਹਿ ਮਿਤ੍ਰ ਤੂ ਦੁਖੁ ਸਬਾਇਆ ਲਥੁ।" (ਹੇ ਮਨ ਮਿੱਤਰ)
-ਗਉ ੪, ਵਾਰ ੩੨ਸ, ੫, ੧:੨ (317)

ਹੋਰ ਰੂਪ:

ਮਿਤ੍ਰੰ –
"ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ।" (ਮਿੱਤਰ)
-ਸਸ ੫, ੪੮:੩ (1358)

ਮਿਤ੍ਰਸੵ ----- ਮਿੱਤਰ
"ਸਹਣ ਸੀਲ ਸੰਤੰ ਸਮ ਮਿਤ੍ਰਸੵ ਦੁਰਜਨਹ।"
-ਸਸ ੫, ੨੭:੧ (1356)

ਮਿਤ੍ਰੇਖੁ ----- ਮਿੱਤਰ
"ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਧਵਹ।"
-ਗਾਥਾ ੫, ੪:੧ (1360)

ਮਿਤ੍ਰਾ ------ ਹੇ ਮਿੱਤਰ
"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।"
-ਸਿਰੀ ੧, ਪਹ ੧, ੧:੧ (74)

ਹੋਰ ਰੂਪ:

ਮਿਤ੍ਰਾਂ –
"ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ।" (ਦੋਸਤਾਂ, ਮਿੱਤਰਾਂ)
-ਸਲੋ ੧, ੨:੩ (1410)

ਮਿਤ੍ਰਾਈ ---- ਦੋਸਤੀ, ਮਿੱਤਰਤਾ
"ਨਾਨਕ ਮਿਤ੍ਰਾਈ ਤਿਸੁ ਸਿਉ ਸਭ ਕਿਛੁ ਜਿਸ ਕੈ ਹਾਥਿ।"
-ਗਉ ੫, ਵਾਰ ੩ਸ, ੫, ੨:੧ (318)

ਮਿਤ੍ਰੁ ------ ਮਿੱਤਰ, ਦੋਸਤ
"ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰਹਰੀਐ ਜੀਉ।"
-ਮਾਝ ੪, ੩, ੨:੩ (95)

ਮਿਥ ------ ਮਿਥਿਆ, ਝੂਠੇ

"ਪ੍ਰੇਮ ਪਿਰੰਮ ਨ ਬੇਧਿਓ ਉਰਝਿਓ ਮਿਥ ਬਿਉਹਾਰ।"
-ਚਉ ੫, ੬:੨ (1364)

ਮਿਥਨ ----- ਝੂਠੇ, ਮਿਥਿਆ
"ਮਿਥਨ ਮਨੋਰਥ ਸੁਪਨ ਆਨੰਦ ਉਲਾਸ ਮਨਿਮੁਖਿ ਸਤਿ ਕਹੇ।"
– ਆਸਾ ੫, ੧੪੨, ੨:੧ (406)

ਹੋਰ ਰੂਪ:

ਮਿਥਨੀ –
"ਮਿਥਨੀ ਬਿਸਥਾਰੁ।"
-ਸਾਰ ੫, ੧੩੦, ੧:੨ (1229)

ਮਿਥਿਆ ---- ਝੂਠਾ
"ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ।"
– ਸਿਰੀ ੫, ੭੬, ੧*:੨ (44)
"ਬੋਲਹਿ ਸਾਚੁ ਮਿਥਿਆ ਨਹੀ ਗਈ।" (ਝੂਠ)
– ਗਉ ੧, ਅਸ ੧੫, ੧:੧ (227)
"ਮਿਥਿਆ ਤਨੁ ਧਨੁ ਕੁਟੰਬੁ ਸਬਾਇਆ।" (ਭਾਵ ਨਾ ਰਹਿਣ ਵਾਲਾ)
– ਗਉ ੫, ਸੁਖ ੫, ੪:੧ (268)

ਮਿਥੇਨਾ ----- ਮਿਥਿਆ, ਨਾਸ਼ ਹੋਣ ਵਾਲਾ
"ਦ੍ਰਿਸਟਿਮਾਨ ਹੈ ਸਗਲ ਮਿਥੇਨਾ।"
– ਮਾਰੂ ੫, ਸੋਲਾ ੧੧, ੧੮:੧ (1083)

ਮਿਥੁੰਤ ----- ਮਿਥਿਆ, ਝੂਠੀ, ਨਾਸਵਾਨ
"ਮਿਥੁੰਤ ਦੇਹੰ ਖੀਣੰਤ ਬਲਨੰ।"
– ਸਸ ੫, ੩:੧ (1554)

ਮਿਥ੍ਯਾ ------ ਮਿਥਿਆ, ਝੂਠਾ
"ਤਤਹ ਕੁਟੰਬ ਮੋਹ ਮਿਥ੍ਯਾ ਸਿਮਰੰਤਿ ਨਾਨਕ ਰਾਮ ਰਾਮ ਨਾਮਹ।"
– ਸਸ ੫, ੩੦:੨ (1356)

ਮਿੰਨਤਿ ----- (ਅ.ਮਿਨਤ) ਬੇਨਤੀ, ਤਰਲਾ, ਪਰਾਥਨਾ
"ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।"
– ਸਿਰੀ ੪, ੬੮, ੧:੩ (41)

ਮਿਨਾ ------ ਤੋਲਾਂ, ਮਾਪਾ
"ਗਰਿ ਗੰਭੀਰ ਅਥਾਹ ਸੁਆਮੀ ਅਤੁ ਲੁ ਨ ਜਾਈ ਕਿਆ ਮਿਨਾ।"
– ਮਾਰੂ ੫, ਸੋਲਾ ੮, ੧੩:੩ (1079)

ਹੋਰ ਰੂਪ:

ਮਿਨਿ –
"ਗਨਿ ਮਿਨਿ ਦੇਖਹੁ ਮਨੈ ਮਾਹਿ ਸਰਪਰ ਚਲਨੋ ਲੋਗ।" (ਮਾਪ ਕੇ, ਤੋਲ ਕੇ)
– ਗਉ ੫, ਬਾਅ ੧੯ਸ:੧ (254)

ਮਿਨੀਐ –
“ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨੁ ਸੇਰ ਅਢਾਈ।” (ਮਾਪੀਏ)
– ਗਉ ਕਬ, ੫੪, ੨:੧ (335)

ਮਿਰਗ ----- ਹਿਰਨ, ਇਕ ਚੌਪਾਇਆ ਜੰਗਲੀ ਜਾਨਵਰ
“ਫਾਹੀ ਫਾਥੈ ਮਿਰਗ ਜਿਉ ਦੂਖੁ ਘਣੋ ਨਿਤ ਰੋਇ।”
– ਸਿਰੀ ੧, ੨੩, ੨:੩ (23)
“ਗੁਰ ਦਿਖਲਾਈ ਮੋਰੀ।”
“ਜਿਤੁ ਮਿਰਗ ਪੜਤ ਹੈ ਚੋਰੀ।” (ਕਾਮਾਦਿਕ ਰੂਪੀ ਹਿਰਨ)
– ਸੋਰ ਕਬ, ੧੦, ੧:੧;੨ (656)

ਮਿਰਗਮੈ ---- ਮਿਰਗ+ਮਦ, ਕਸਤੂਰੀ
“ਕੇਸਰਿ ਕੁਸਮ ਮਿਰਗਮੈ ਹਰਣਾ ਸਰਬ ਸਰੀਰੀ ਚੜ੍ਹਣਾ।”
– ਤਿਲੰ ੧, ੨, ੨:੧ (721)

ਮਿਰਗਾਂ ----- ਹਿਰਨਾਂ
“ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ।”
– ਮਲਾ ੧, ਵਾਰ ੨ਸ, ੧, ੧:੨ (1279)

ਹੋਰ ਰੂਪ:

ਮਿਰਗਾਏ –
“ਨਾਦ ਭ੍ਰਮੇ ਜੈਸੇ ਮਿਰਗਾਏ।” (ਹਿਰਨ)
– ਗੋਂਡ ਨਾਮ, ੨, ੧:੧ (873)

ਮਿਰਗਾਹਿ –
“ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ।” (ਹਿਰਨਾਂ ਨੂੰ)
– ਆਸਾ ੧, ਵਾਰ ੧੪ਸ, ੧, ੧:੭ (470)

ਮਿਰਗਾਣੀ --- ਮ੍ਰਿਗ ਚਰਮ/ਹਿਰਨ ਦੀ ਖਲੜੀ ਦਾ ਆਸਨ
“ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ।”
– ਆਸਾ ਕਬ, ੭, ੨:੨ (477)

ਮਿਰਗੀ ----- ਹਿਰਨੀ
“ਦਸ ਮਿਰਗੀ ਸਹਜੇ ਬੰਧਿ ਆਨੀ।” (ਭਾਵ ਇੰਦਰੀਆਂ)
– ਭੈਰ ੫, ੪, ੧:੧ (1136)

ਮਿਰਗੁ ----- ਹਿਰਨ
“ਮਿਰਗੁ ਮਰੈ ਸਹਿ ਅਪੁਨਾ ਕੀਨਾ।”
– ਗਉ ੧, ਅਸ ੧੧, ੩:੨ (225)
“ਬਨ ਕਾ ਮਿਰਗੁ ਮੁਕਤਿ ਸਭੁ ਹੋਗੁ।” (ਭਾਵ ਜਾਨਵਰ)
– ਗਉ ਕਬ, ੪, ੧:੨ (324)

ਮਿਰਤ ----- ਮਾਤ ਲੋਕ, ਇਹ ਸੰਸਾਰ
“ਸੁਰਗ ਪਇਆਲ ਮਿਰਤ ਭੂਅ ਮੰਡਲ ਸਰਬ ਸਮਾਨੋ ਏਕੈ ਓਹੀ।”
– ਗਉ ੫, ੧੨੯*, ੧:੧ (207)

"ਸੁਰਗ ਮਿਰਤ ਪਇਆਲ ਭੂ ਮੰਡਲ ਸਗਲ ਬਿਆਪੇ ਮਾਇ।"

– ਧਨਾ ੫, ੨੧, ੨:੧ (676)

(ਮਹਾਨ ਕੋਸ਼ ਅਰਥ 'ਹਵਾ ਭਰਿਆ ਗਗਨ ਮੰਡਲ' ਕਰਦਾ ਹੈ)

(2) ਮੌਤ

"ਏ ਮਨ ਮਿਰਤ ਸੁਭ ਚਿੰਤੰ ਗੁਰ ਸਬਦਿ ਹਰਿ ਰਮਣੰ।"

– ਗੂਜ ੧, ਅਸ ੫, ੨:੧ (505)

(3) ਮਰ ਰਿਹਾ ਹੈ

"ਮਿਰਤ ਮੋਹੰ ਅਲਪ ਬੁਧੵੰ ਰਚੰਤਿ ਬਨਿਤਾ ਬਿਨੋਦ ਸਾਹੰ।"

– ਸਸ ੫, ੧੧:੧ (1354)

ਮਿਰਤਕ ---- ਮਿੱਟੀ ਦੇ

"ਮਿਰਤਕ ਪਿੰਡਿ ਪਦ ਮਦ ਨਾ ਅਹਿਨਿਸਿ ਏਕੁ ਅਗਿਆਨ ਸੁ ਨਾਗਾ।"

– ਸਿਰੀ ਬੇਣੀ, ੧, ੧:੨ (93)

(2) (ਸੰ.) ਮੁਰਦਾ, ਪ੍ਰਾਣ ਹੀਣ

"ਕਵਨ ਅਰਥ ਮਿਰਤਕ ਸੀਗਾਰ।"

– ਗਉ ੫, ੧੧੧, ੨:੨ (188)

ਮਿਰਤਕੜਾ -- ਮੁਰਦਾ, ਪ੍ਰਾਣਹੀਣ ਸਰੀਰ

"ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ।"

– ਵਡ ੧, ਅਲਾ ੩, ੫:੨ (580)

ਮਿਰਤਕਾ --- ਮੁਰਦਾ

"ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ।"

– ਸਾਰ ੫, ੧੭, ੧*:੨ (1207)

ਮਿਰਤਕੁ ---- ਮੁਰਦਾ

"ਅੰਤਰਿ ਗਿਆਨੁ ਨ ਆਇਓ ਮਿਰਤਕੁ ਹੈ ਸੰਸਾਰਿ।"

– ਸਿਰੀ ੧, ਵਾਹਰ ੧੪ਸ, ੩, ੧:੨ (88)

"ਕਿਉ ਕਰਿ ਇਹੁ ਮਨੁ ਮਾਰੀਐ ਕਿਉ ਕਰਿ ਮਿਰਤਕੁ ਹੋਇ।" (ਸੰਸਾਰ ਵਲੋਂ ਮੁਰਦਾ)

– ਰਾਮ ੩, ਵਾਰ ੪ਸ, ੩, ੨:੧ (948)

ਹੋਰ ਰੂਪ:

ਮਿਰਤਕੋ –

"ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ।" (ਮੁਰਦਾ)

– ਗਉ ੫, ਵਾਰ ੧੭ਸ, ੫, ੨:੨ (322)

ਮਿਰਤਲੋਕ --- ਮਾਤ ਲੋਕ

"ਮਿਰਤਲੋਕ ਪਇਆਲ ਸਮੀਪਤ ਅਸਥਿਰ ਥਾਨੁ ਜਿਸੁ ਹੈ ਅਭਗਾ।"

– ਮਾਰੂ ੫, ਸੋਲ ੧੧, ੧੨:੩ (1083)

ਮਿਰਤਿ ----- ਮਾਤ ਲੋਕ ਵਿਚ

"ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ।"

– ਮਾਰੂ ੩, ਵਾਰ ੧੫ਸ, ੧, ੧:੧ (1091)

ਮਿਰਤੁ ----- ਮੌਤ
"ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ।"
– ਸਿਰੀ ੫, ੭੬, ੪:੩ (44)

ਮਿਰਿਆ ---- ਮਿਰਗਾਂ ਨੂੰ
"ਸਕਤਾ ਸੀਹੁ ਮਾਰੇ ਸੈ ਮਿਰਿਆ ਸਭ ਪਿਛੈ ਪੈ ਖਾਇ।"
–ਮਲਾ ੧, ਵਾਰ ੧੯ਸ, ੧, ੨:੭ (1286)

ਮਿਰੀਆ ---- ਮਿਲ ਗਈ, ਮਿਲੀ
"ਸਾਧ ਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ।"
–ਸਾਰ ੫, ੨੪, ੨:੨ (1209)

ਮਿਲਉ ----- ਮਿਲਾਂ
"ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ।"
–ਗਉ ੫, ੧੧੯*, ੧*:੧ (204)

ਹੋਰ ਰੂਪ:

ਮਿਲਉਗੀ –
"ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ।" (ਮਿਲਾਂਗੀ)
–ਗਉ ੧, ੧੯, ੩:੨ (157)

ਮਿਲਈ ----- ਮਿਲਣ ਤੇ, ਸੰਪਰਕ ਵਿਚ ਆਉਣ ਤੇ
"ਸੁਖ ਸੰਪਤਿ ਹਰਿ ਨਾਮ ਫਲ ਪਾਏ ਸਤਿਗੁਰ ਮਿਲਈ।"
–ਆਸਾ ੫, ੧੨੪, ੧*:੨ (402)

(2) ਪ੍ਰਾਪਤ ਹੁੰਦਾ, ਮਿਲਦਾ
"ਅਬ ਕੈ ਕਹਿਐ ਨਾਮੁ ਨ ਮਿਲਈ ਤੂ ਸਹੁ ਜੀਅੜੇ ਭਾਰੀ ਜੀਉ।"
–ਮਾਰੂ ੧, ੧੨, ੪:੨ (993)

(3) ਮਿਲਦਾ
"ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ।"
–ਮਾਰੂ ੫, ੧੧, ੩:੨ (1001)

ਮਿਲਈਆ --- ਮਿਲ ਜਾਣਾ, ਰਲ ਜਾਣਾ, ਲੀਨ ਹੋ ਜਾਣਾ
"ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ।"
–ਬਿਲਾ ੪, ਅਸ ੧, ੧:੨ (833)

ਮਿਲਸੀ ----- ਮਿਲੇਗਾ
"ਜਨ ਨਾਨਕ ਆਪਿ ਮਿਲਾਏ ਸੋਈ ਹਰਿ ਮਿਲਸੀ ਅਵਰ ਸਭ ਤਿਆਗਿ ਓਹਾ ਹਰਿ ਭਾਨੀ।"
–ਧਨਾ ੪, ੧੧, ੨:੨ (669)

ਮਿਲਹ ----- ਮਿਲੀਏ
"ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ।"

-ਸਿਰੀ ੧, ੧੦, ੧:੧ (17)

ਮਿਲਹਿ ----- ਮਿਲਣ, ਪ੍ਰਾਪਤ ਹੋਣ

“ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ।”

-ਸਿਰੀ ੧, ੬, ੨:੧ (16)

(2) ਮਿਲੇ, ਸੰਪਰਕ ਵਿਚ ਆਵੇ

“ਆਪੇ ਭਗਤੀ ਭਾਉ ਤੂੰ ਆਪੇ ਮਿਲਹਿ ਮਿਲਾਇ।”

-ਸਿਰੀ ੧, ਅਸ ੧੩, ੯:੨ (62)

“ਗੁਰ ਸਬਦਿ ਮਿਲਹਿ ਸੇ ਵਿਛੁੜਹਿ ਨਾਹੀ ਸਹਜੇ ਸਚਿ ਸਮਾਵਣਿਆ।” (ਮਿਲਦੇ ਹਨ)

-ਮਾਝ ੩, ਅਸ ੨੩, ੨:੩ (123)

“ਐਸੇ ਸੰਤ ਮਿਲਹਿ ਮੇਰੇ ਭਾਈ ਹਮ ਜਨ ਕੇ ਧੋਵਹ ਪਾਇ।” (ਮਿਲਣ)

-ਆਸਾ ੪, ੬੩, ੧*:੨ (368)

“ਕਿਉ ਨ ਮਿਲਹਿ ਕਾਟਹਿ ਮਨ ਪੀਰ।” (ਮਿਲਦਾ)

- ਰਾਗ ੧, ਓਅੰ ੧੬:੨ (931)

ਹੋਰ ਰੂਪ:

ਮਿਲਹੀ -

“ਮਨਮੁਖਿ ਬੰਨ੍ਹਿ ਚਲਾਈਅਹਿ ਨਾ ਮਿਲਹੀ ਵਗਿ ਸਗਿ।” (ਮਿਲਦੇ)

-ਸਲੋ ੩, ੬:੪ (1413)

ਮਿਲਹੁ -

“ਆਵਹੁ ਮਿਲਹੁ ਸਹੇਲੀਹੋ ਮੈ ਪਿਰੁ ਦੇਹੁ ਮਿਲਾਇ।” (ਮਿਲੋ/ਸੰਪਰਕ ਵਿਚ ਆਵੋ/ਇਕਠੀਆਂ ਹੋਵੋ)

-ਸਿਰੀ ੩, ੬੧, ੩:੩ (38)

ਮਿਲਹੈ -

“ਨਦੀ ਨਾਵ ਸੰਜੋਗ ਜਿਉ ਬਹੁਰਿ ਨ ਮਿਲਹੈ ਆਇ।” (ਮਿਲਦੇ, ਇਕੱਠੇ ਹੁੰਦੇ)

-ਸਲੋ ਕਬ, ੮੦:੨ (1368)

ਮਿਲਕ ----- (ਅ. ਮਿਲਕ) ਮਿਲਖ, ਜਾਗੀਰ

“ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ।”

-ਸਿਰੀ ੫, ਅਸ ੨੬, ੬:੧ (70)

ਮਿਲਖ ----- (1) ਵੇਖੋ ‘ਮਿਲਕ’, ਜਾਗੀਰ

“ਬਾਗ ਮਿਲਖ ਘਰ ਬਾਰ ਕਿਥੈ ਸਿ ਆਪਣੇ।”

-ਮਾਝ ੧, ਵਾਰ ੮:੬ (141)

(2) ਮਾਲਕੀ

“ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ।”

-ਰਾਮ ੫, ਅਸ ੩, ੧:੩ (914)

ਮਿਲਖਵੰਤ --- ਜਾਗੀਰਦਾਰ

“ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ ਸਭਿ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣ।”

–ਗੋਂਡ ੪, ੪, ੨:੧ (861)

ਮਿਲਖਾ ----- ਜਾਗੀਰ, ਜਾਇਦਾਦ

"ਕਿਨ ਹੀ ਰਾਜ ਜੋਬਨੁ ਧਨ ਮਿਲਖਾ ਕਿਨ ਹੀ ਬਾਪ ਮਹਤਾਰੀ।"

–ਸਾਰ ੫, ੫੭, ੨:੧ (1215)

ਮਿਲਛੇ ----- ਮਿਲੇ ਹਨ

"ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ ਕ੍ਰਿਪਾ ਪ੍ਰਭ ਮਿਲਛੇ।"

–ਬਸੰ ੪, ੪, ੪:੧ (1178)

ਮਿਲਣ ----- ਮਿਲਾਪ, ਸੰਪਰਕ, ਇਕੱਠੇ ਹੋਣ ਦੀ ਕਿਰਿਆ

"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।"

–ਆਸਾ ੫, ਸੋਪੁ ੪, ੧:੨ (12)

"ਰਾਮ ਮੇਰੇ ਮਨਿ ਤਨਿ ਲੋਚ ਮਿਲਣ ਹਰਿ ਕੇਰੀ।" (ਮਿਲਾਪ ਦੀ)

–ਗਉ ੪, ੫੮, ੧*:੧ (170)

"ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ।" (ਸੰਪਰਕ ਨਹੀ ਹੋਣ ਦਿੰਦੀ)

–ਆਸਾ ੧, ੨੨, ੨:੧ (355)

"ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ।" (ਮਿਲਾਪ, ਸੰਜੋਗ)

–ਸੂਹੀ ੫, ੩, ੧*:੧ (737)

ਹੋਰ ਰੂਪ:

ਮਿਲਣਾ –

"ਹੁਕਮੁ ਪਛਾਣਿ ਤਾ ਖਸਮੈ ਮਿਲਣਾ।" (ਦੇ ਨਿਕਟ ਹੋਣਾ, ਮਿਲਾਪ ਹੋਣਾ)

–ਸਿਰੀ ਕਬ, ੧, ੩*:੨ (92)

"ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ।" (ਮਿਲਾਪ)

–ਗੂਜ ੩, ਵਾਰ ੧੩:੧ (514)

ਮਿਲਣੁ –

"ਦਰਸਨ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ।" (ਮਿਲਾਪ, ਮਿਲਣਾ)

–ਮਾਝ ੫, ੧੪, ੪:੩ (98)

ਮਿਲਣੈ –

"ਕਰਿ ਮਿੰਨਤਿ ਕਰਿ ਜੋਦੜੀ ਮੈ ਪ੍ਰਭੁ ਮਿਲਣੈ ਕਾ ਚਾਉ।" (ਮਿਲਣ ਦਾ)

–ਸਿਰੀ ੪, ੬੮, ੧:੩ (41)

"ਪ੍ਰਭ ਮਿਲਣੈ ਕੀ ਏਹ ਨੀਸਾਣੀ।" (ਮਿਲਾਪ)

–ਮਾਝ ੫, ੪੨, ੩:੧ (106)

ਮਿਲਤ ----- (1) ਮਿਲਿਆ

"ਅਨਦ ਭਏ ਗੁਰ ਮਿਲਤ ਕ੍ਰਿਪਾਲ।"

–ਗਉ ੫, ੧੨੨, ੩:੧ (190)

ਹੋਰ ਰੂਪ:

ਮਿਲੰਤ –

“ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ।” (ਮਿਲਿਆਂ)

-ਸਵ ੪, ਕੀਰ ੪:੪ (1406)

ਮਿਲਤੇ –

“ਤੁਮ੍ ਮਿਲਤੇ ਮੇਰਾ ਮਨੁ ਜੀਓ ਤੁਮ੍ ਮਿਲਹੁ ਦਇਆਲ।” (ਮਿਲਿਆਂ)

-ਬਿਲਾ ੫, ੪੧, ੧*:੧ (810)

“ਬਿਛੁਰਤ ਮਰਨੁ ਜੀਵਨੁ ਹਰਿ ਮਿਲਤੇ ਜਨ ਕਉ ਦਰਸਨੁ ਦੀਜੈ।” (ਮਿਲਿਆ)

-ਮਲਾ ੫, ੬, ੨:੧ (1268)

(2) ਮਿਲਦਾ

“ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ।”

-ਦੇਵ ੫, ੨੨, ੧*:੨ (532)

“ਬੂਝਤ ਦੀਪਕ ਮਿਲਤ ਤਿਲਤ।” (ਮਿਲਦਾ ਹੈ)

-ਮਾਲੀ ੫, ੩, ੧:੨ (987)

ਹੋਰ ਰੂਪ:

ਮਿਲਤਾ –

“ਮਤ ਕੋਈ ਮਨ ਮਿਲਤਾ ਬਿਲਮਾਵੈ।” (ਮਿਲਦੇ ਨੂੰ)

-ਗਉ ਕਬ, ਬਾਅ ੩੧:੩ (342)

ਮਿਲਤੇ –

“ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।” (ਮਿਲਦੇ)

-ਮਾਝ ੫, ੮, ੩:੧ (96)

ਮਿਲੰਥਾ ----- ਮਿਲ ਕੇ, ਨਾਲ ਜੁੜਿਆਂ

“ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ।”

-ਜੈਤ ੪, ੧, ੪:੨ (696)

ਹੋਰ ਰੂਪ:

ਮਿਲਥੇ –

“ਸਭੁ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ ਮਿਲਥੇ।” (ਮਿਲਿਆ ਹੋਇਆ)

-ਕਲਿ ੫, ੩, ੩:੨ (1320)

ਮਿਲੰਦੜੋ ---- ਮਿਲੇ, ਮਿਲਾਪ ਹੋਵੇ

“ਨਾਨਕ ਸਾ ਵੇਲੜੀ ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ।”

- ਜੈਤ ੫, ਵਾਰ ੧੫ਸ, ੫, ੨:੨ (709)

ਮਿਲਦਿਆ --- ਮਿਲਾਪ ਹੁੰਦਿਆਂ

“ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ।”

-ਵਡ ੪, ਵਾਰ ੨੦ਸ, ੧, ੧:੨ (594)

ਹੋਰ ਰੂਪ:

ਮਿਲਦੋ –

“ਭਣਿਤ ਨਾਨਕ ਸਤਿਗੁਰ ਕਉ ਮਿਲਦੋ ਮਰੈ ਗੁਰਕੈ ਸਬਦਿ ਫਿਰਿ ਜੀਵੈ ਕੋਇ।” (ਮਿਲ ਕੇ, ਮਿਲਿਆ)
–ਵਡ ੩, ੧, ੪:੧ (558)

ਮਿਲਨ ----- ਮਿਲਾਪ, ਸੰਜੋਗ
“ਮਿਲੁ ਜਗਦੀਸ ਮਿਲਨ ਕੀ ਬਰੀਆ।”
–ਗਉ ੫, ੭੨, ੧*:੧ (176)

ਹੋਰ ਰੂਪ:

ਮਿਲਨਿ –
“ਚਿਰੀ ਵਿਛੁੰਨੇ ਭੀ ਮਿਲਨਿ ਜੋ ਸਤਿਗੁਰੁ ਸੇਵੰਨਿ।” (ਮਿਲਦੇ ਹਨ)
–ਸੂਹੀ ੩, ਅਸ ੩, ੩੨:੧ (756)

ਮਿਲੰਨਿ –
“ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ।”
–ਗੂਜ ੫, ਵਾਰ ੧੧ਸ, ੫, ੧:੨ (520)

ਮਿਲਨੀ –
“ਜਿਨੀ ਗੁਰਮੁਖਿ ਨਾਮੁ ਨ ਚੇਤਿਓ ਸੇ ਬਹਣਿ ਨ ਮਿਲਨੀ ਪਾਸਿ।” (ਮਿਲਦਾ)
–ਸੋਰ ੪, ਵਾਰ ੩ਸ, ੩, ੧:੪ (643)

ਮਿਲਨੁ –
“ਸੇਜ ਏਕ ਪੈ ਮਿਲਨੁ ਦੁਹੇਰਾ।” (ਮਿਲਾਪ)
–ਅਸ ਕਬ, ੩੦, ੨:੨ (483)

ਮਿਲਨੇ –
“ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ।” (ਮਿਲਣ ਲਈ)
–ਸਲੋ ਕਬ, ੧੧੬:੧ (1370)

ਮਿਲਨ੍ਹਿ –
“ਮਹਲਾ ਅੰਦਰਿ ਹੋਦੀਆ ਹੁਣਿ ਬਹਿਣ ਨ ਮਿਲਨ੍ਹਿ ਹਦੂਰਿ।” (ਮਿਲਦਾ)
–ਆਸਾ ੧, ਅਸ ੧੧, ੧:੩ (417)

ਮਿਲੰਨ੍ਹਿ –
“ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ।”
–ਸਲੋ ਫਰ, ੧੧੯:੨ (1384)

ਮਿਲਬੇ ----- (1) ਮਿਲਣੇ ਨੂੰ
“ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ।”
–ਗਉ ੫, ੧੧੯, ੧*:੧ (204)
“ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ।” (ਮਿਲਣ ਦੇ)
–ਰਾਮ ੫, ੫, ੨ਸ:੧ (928)

(2) ਮਿਲਾਪ
“ਬਿਨੁ ਮਿਲਬੇ ਇਹੁ ਦਿਨੁ ਨ ਬਿਹਾਵੈ।”
–ਆਸਾ ੫, ੧੧, ੩:੫ (373)

ਮਿਲਾ ------ ਮਿਲਾਂ, ਮਿਲਾਪ ਕਰਾਂ, ਸੰਪਰਕ
“ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ।”

-ਵਡ ੪, ੧, ੨:੨ (561)

ਹੋਰ ਰੂਪ:

ਮਿਲਾਂ –
“ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ ਕਿਵ ਮਿਲਾਂ ਪ੍ਰੀਤਮ ਪਿਆਰੇ।”
-ਵਡ ੩, ਅਲਾ ੩, ੨:੧ (584)

ਮਿਲਾਉ ---- (1) ਮਿਲੇ ਰਹੋ, ਜੁੜੇ ਰਹੋ
“ਸਾਚੋ ਸਾਚੁ ਕਮਾਵਣਾ ਸਾਚੈ ਸਬਦਿ ਮਿਲਾਉ।”
-ਸਿਰੀ ੩, ੪੪, ੧*:੨ (30)
(2) ਮਿਲਾਪ
“ਨਾਨਕ ਨਦਰੀ ਪਾਈਐ ਗੁਰਮੁਖਿ ਮੇਲਿ ਮਿਲਾਉ।”
-ਸਿਰੀ ੩, ੪੫, ੪:੩ (31)
(3) ਮੈਂ ਮਿਲਾਂ
“ਗੁਰਮਤਿ ਪਤਿ ਸਾਬਾਸਿ ਤਿਸੁ ਤਿਸ ਕੈ ਸੰਗਿ ਮਿਲਾਉ।”
-ਸਿਰੀ ੧, ਅਸ ੮, ੨:੧ (58)

ਮਿਲਾਇ ---- (1) ਮਿਲਾ, ਮਿਲਾਪ ਕਰਵਾ ਲਿਆ
“ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ।”
-ਸਿਰੀ ੧, ੧੦, ੪:੩ (18)
“ਸਤਿਗੁਰ ਅਗੈ ਅਰਦਾਸਿ ਕਰਿ ਸਾਜਨੁ ਦੇਇ ਮਿਲਾਇ।”
-ਸਿਰੀ ੧, ਅਸ ੪, ੫:੧ (55)
(2) ਰਲਾ ਲਿਆ
“ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ।”
-ਸਿਰੀ ੩, ੫੯, ੩:੨ (37)
“ਘਰਿ ਹੀ ਪਰਚਾ ਪਾਇਆ ਜੋਤੀ ਜੋਤਿ ਮਿਲਾਇ।”
-ਵਡ ੪, ਵਾਰ ੪ਸ, ੩, ੨:੬ (587)
“ਸੋ ਗੁਰੁ ਸੋ ਸਿਖੁ ਹੈ ਭਾਈ ਜਿਸੁ ਜੋਤੀ ਜੋਤਿ ਮਿਲਾਇ।”
-ਸੋਰ ੩, ੮, ੧:੨ (602)
(3) ਮਿਲਾ ਦਿਓ
“ਸਤਿਗੁਰੁ ਪੁਰਖੁ ਮਿਲਾਇ ਅਵਗਣ ਵਿਕਣਾ ਗੁਣ ਰਵਾ ਬਲਿ ਰਾਮ ਜੀਉ।”
-ਸੂਹੀ ੪, ਛੰਤ ੧, ੧:੧ (772)
“ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ।” (ਮਿਲਾ ਦਿਤੇ)
-ਬਿਲਾ ੪, ਵਾਰ ੨ਸ, ੩, ੨:੫ (849)

ਮਿਲਾਇਓ --- ਮਿਲਾਪ ਕਰਾਇਆ, ਭੇਟ ਕਰਵਾਈ
“ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ।”
-ਗਉ ੫, ੧੨੩*, ੪:੨ (205)
“ਦੀਨ ਦਇਆਲਿ ਮਿਲਾਇਓ ਗੁਰੁ ਸਾਧੂ ਗੁਰਿ ਮਿਲਿਐ ਹੀਰੁ ਪਰਾਖਾ।”
-ਜੈਤ ੪, ੨, ੧*:੨ (696)

ਹੋਰ ਰੂਪ:

ਮਿਲਾਇਓਨੁ –
“ਸਤਿਗੁਰੁ ਜਿਨਾ ਮਿਲਾਇਓਨੁ ਪਿਆਰੇ ਸਾਚਾ ਨਾਮੁ ਸਮਾਲਿ।” (ਮਿਲਾ ਦਿੱਤਾ)
–ਸੋਰ ੫, ਅਸ ੨, ੬:੪ (641)

ਮਿਲਾਇਅਉ –
“ਧਨੁ ਧੰਨੁ ਗੁਰੂ ਰਾਮਦਾਸ ਗੁਰੁ ਜਿਨਿ ਪਾਰਸੁ ਪਰਸਿ ਮਿਲਾਇਅਉ ।” (ਮਿਲਾਇਆ)
–ਸਵ ੫, ਕਲ ੫:੬ (1407)

ਮਿਲਾਇਅਨੁ –
“ਨਾਨਕ ਆਪਿ ਮਿਲਾਇਅਨੁ ਪੂਰੈ ਸਬਦਿ ਅਪਾਰ।” (ਮਿਲਾਇਆ ਹੈ)
–ਸਿਰੀ ੩, ੪੯, ੪:੩ (32)

ਮਿਲਾਇਆ –
“ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ।” (ਮਿਲਾਪ ਕਰਾਇਆ)
–ਆਸਾ ੪, ਸੋਪੁ ੨, ੧:੪ (11)

ਮਿਲਾਇਸੀ –
“ਭੁਲਿਆ ਸਹਜਿ ਮਿਲਾਇਸੀ ਸਬਦਿ ਮਿਲਾਵਾ ਹੋਇ।” (ਮਿਲਾਵੇਗਾ)
–ਸਿਰੀ ੩, ਅਸ ੨੩, ੭:੩ (68)

ਮਿਲਾਇਦਾ –
“ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ।” (ਮਿਲਾਉਂਦਾ ਹੈ)
–ਸਿਰੀ ੩, ੬੦, ੪:੩ (37)

ਮਿਲਾਈ ---- ਰਲਾਈ, ਸੰਗਮ ਕਰਵਾਇਆ
“ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ।”
–ਸਿਰੀ ੩, ੪੫, ੨:੩ (31)
“ਗੁਰ ਪਰਸਾਦੀ ਕਿਸੈ ਮਿਲਾਈ ।” (ਮਿਲਾਪ ਕਰਵਾਇਆ)
–ਮਾਝ ੩, ਅਸ ੨੩, ੩:੩ (123)

ਹੋਰ ਰੂਪ:

ਮਿਲਾਈਆ –
“ਜੋ ਹਰਿ ਕੰਤਿ ਮਿਲਾਈਆ ਸਿ ਵਿਛੜਿ ਕਤਹਿ ਨ ਜਾਇ।” (ਮਿਲਾਈਆਂ ਹਨ)
–ਮਾਝ ੫, ਬਾਰਾ ੮:੭ (135)
“ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ।” (ਮਿਲ ਸਕਾਂ)
–ਮਾਰੂ ੫, ਵਾਰ ੧੨:੪ (1098)

ਮਿਲਾਈਐ –
“ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ।” (ਸੰਜੋਗ ਕਰਾਈਐ)
–ਸਿਰੀ ੧, ੨੦, ੨:੧ (21)
“ਹਰਿ ਸਤਸੰਗਤਿ ਸਤ ਪੁਰਖੁ ਮਿਲਾਈਐ।” (ਮਿਲਾਓ)
–ਮਾਝ ੪, ੬, ੪:੩ (96)

ਮਿਲਾਏ –
“ਆਪੈ ਆਪੁ ਮਿਲਾਏ ਬੂਝੈ ਤਾ ਮਿਰਮਲੁ ਹੋਵੈ ਸੋਈ।” (ਮਿਲਾਵੈ, ਮਿਲਾਪ ਕਰਾਏ)
–ਸਿਰੀ ੩, ੪੮, ੧:੨ (32)

ਮਿਲਾਸਾ ---- ਮਿਲਦੇ ਹਨ
“ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ।”
-ਗੋਂਡ ੪, ੨, ੩:੧ (860)

ਹੋਰ ਰੂਪ:

ਮਿਲਾਸਿ –
“ਮੈ ਅੰਤਰਿ ਪ੍ਰੇਮੁ ਪਿਰੰਮ ਕਾ ਕਿਉ ਸਜਣੁ ਮਿਲੈ ਮਿਲਾਸਿ।” (ਮਿਲੇ, ਮਿਲ ਪਵੇ)
-ਮਾਰੂ ੪, ੪, ੧:੩ (996)

ਮਿਲਾਸੀ –
“ਜਾ ਕਉ ਹੋਂਹਿ ਕ੍ਰਿਪਾਲ ਸੁਜਨੁ ਪ੍ਰਭ ਤੁਮਹਿ ਮਿਲਾਸੀ।” (ਮਿਲਾਏਗਾ)
-ਸਮੁ ੫, ੫:੪ (1386)

ਮਿਲਾਹ ----- ਮਿਲ ਪਵਾਂ, ਮੇਲ ਹੋ ਜਾਏ
“ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ।”
-ਸਿਰੀ ੫, ਵਾਰ ੭ਸ, ੧, ੨:੬ (815)
“ਆਵਹੁ ਸੰਤ ਮਿਲਾਹ ਹਰਿ ਕਥਾ ਕਹਾਣੀਆ।” (ਭਾਵ ਇਕੱਠੇ ਹੋਈਏ)
-ਆਸਾ ੫, ੧੧੩, ੧*:੧ (399)

ਹੋਰ ਰੂਪ:

ਮਿਲਾਹਾ –
“ਅਉ ਸਖੀ ਹਰਿ ਮੇਲਿ ਮਿਲਾਹਾ।” (ਮਿਲੀਏ, ਜੁੜੀਏ)
-ਜੈਤ ੪, ੮, ੩:੧ (988)

ਮਿਲਾਹਿ –
“ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ।” (ਮਿਲਾਵੈ)
-ਸੋਰ ੪, ਵਾਰ ੭ਸ, ੩, ੧:੪ (645)

ਮਿਲਾਹੀ –
“ਵਡਭਾਗੀ ਹਰਿ ਸੰਤ ਮਿਲਾਹੀ।” (ਮਿਲਾਂਦਾ ਹੈ)
-ਗਉ ੫, ੧੧੭*, ੩:੨ (203)

ਮਿਲਾਹੁ –
“ਆਪੇ ਆਪਿ ਦਇਆਲੁ ਹੈ ਪਿਆਰਾ ਜਨ ਨਾਨਕ ਬਖਸਿ ਮਿਲਾਹੁ।” (ਮਿਲ ਪੈਂਦਾ ਹੈ)
-ਸੋਰ ੪, ੧, ੪:੩ (604)

ਮਿਲਾਤ ----- ਮਿਲਦਾ ਹੈ
“ਚਰਨ ਸਰਨ ਨਾਨਕ ਪ੍ਰਭ ਤੇਰੀ ਕਰਿ ਕਿਰਪਾ ਸੰਤਸੰਗਿ ਮਿਲਾਤ।”
-ਬਿਲਾ ੫, ੮੪, ੨:੨ (821)

ਹੋਰ ਰੂਪ:

ਮਿਲਾਤਾ –
“ਰਾਮ ਨਾਮੁ ਦੇਵੈ ਕਰਿ ਕਿਰਪਾ ਇਉ ਸਲਲੈ ਸਲਲ ਮਿਲਾਤਾ ਹੇ।” (ਮਿਲ ਜਾਂਦਾ ਹੈ)

-ਮਾਰੂ ੧, ਸੋਲਾ ੧੧, ੧੨:੩ (1032)

ਮਿਲਾਤਿ –
"ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ।" (ਮਿਲ ਜਾਂਦਾ ਹੈ)

– ਸਾਰ ੪, ੮, ੨:੨ (1201)

ਮਿਲਾਨਾ ---- ਮੇਲ ਹੋਣਾ/ਕਰਨਾ ਮਿਲ ਲੈਣਾ
"ਸੰਗਿ ਜੋਤੀ ਜੋਤਿ ਮਿਲਾਨਾ ਰਾਮ।"

-ਵਡ ੫, ਛੰਤ ੨, ੪:੨ (578)

"ਹਰਿ ਹਰਿ ਕ੍ਰਿਪਾ ਧਾਰੀ ਮੇਰੈ ਠਾਕੁਰਿ ਜਨੁ ਬਿਛੁਰਿਆ ਚਿਰੀ ਮਿਲਾਨਾ।"

-ਜੈਤ ੪, ੩, ੪:੧ (697)

ਮਿਲਾਪੁ ----- ਮੇਲ
"ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ।"

-ਸਿਰੀ ੧, ੧੭, ੩:੧ (20)

ਮਿਲਾਯਉ --- ਮਿਲਾ ਦਿੱਤਾ
"ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ।"

-ਸਵ ੩, ੧੬:੪ (1395)

"ਹੁਤੀ ਜੁ ਪਿਆਸ ਪਿਊਸ ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ।" (ਭਾਵ ਬਣਾ ਦਿੱਤੀ)

-ਸਵ ੪, ਨਲ ੧੦:੨ (1400)

ਮਿਲਾਵਉ --- ਰਲਾ/ਮਿਲਾ ਦਿਉ
"ਉਲਟੀ ਗੰਗਾ ਜਮੁਨ ਮਿਲਾਵਉ।"

-ਗਉ ਕਬ, ੧੮, ੩:੧ (327)

ਮਿਲਾਵਏ --- ਮਿਲਾ ਦੇਵੇ
"ਕੋ ਆਣਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ।"

-ਸਲੋ ੪, ੫:੨ (1427)

ਮਿਲਾਵਹਿ --- (1)ਮਿਲ+ਆਵੈ, ਮਿਲਣ ਆਉਂਦੇ ਹਨ
"ਸਾਧੁ ਸਾਧੁ ਮੁਖ ਤੇ ਕਹਹਿ ਸੁਣਿ ਦਾਸ ਮਿਲਾਵਹਿ।"

-ਬਿਲਾ ੫, ੭੨, ੧:੨ (818)

(2) ਮਿਲਾ ਦੇਂਦਾ ਹੈ, ਮਿਲਾਪ ਕਰਾ ਦੇਂਦਾ ਹੈ
"ਸਤਿਗੁਰੂ ਮਿਲਾਵਹਿ ਕਰਹਿ ਸਾਰ।"

-ਬਸੰ ੧, ੫, ੩:੨ (1169)

ਹੋਰ ਰੂਪ:

ਮਿਲਾਵਹੀ –
"ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ।" (ਮਿਲਾਉਂਦਾ ਹੈ)

-ਸਿਰੀ ੧, ੧੬, ੨:੩ (20)

ਮਿਲਾਵਹੁ –

"ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ ਸਬਦੁ ਮੁਖਿ ਲੀਠਾ।"
(ਮਿਲਾਪ ਕਰਾ ਦਿਓ, ਮੇਲੋ)
– ਗਉ ੪, ੬੧, ੪:੨ (171)

ਮਿਲਾਵਣਹਾਰ – ਮਿਲਾਪ ਕਰਵਾਉਣ ਵਾਲਾ, ਮਿਲਾ ਦੇਣ ਵਾਲਾ
"ਨਾਨਕ ਆਪਿ ਮਿਲਾਵਣਹਾਰ।"
–ਗਉ ੫, ਸੁਖ ੧੧, ੫:੧੦ (277)

ਹੋਰ ਰੂਪ:

ਮਿਲਾਵਣਹਾਰਾ –
"ਜੋਤੀ ਜੋਤਿ ਮਿਲਾਵਣਹਾਰਾ।" (ਮਿਲਾਪ ਕਰਾ ਦੇਣ ਦੇ ਸਮਰਥ)
–ਆਸਾ ੧, ਅਸ ੧, ੫:੪ (411)

ਮਿਲਾਵਣਹਾਰੀਆ –
"ਗੁਰਮੁਖੀਆ ਹਰਿ ਮੇਲੁ ਮਿਲਾਵਣਹਾਰੀਆ।"
–ਸੋਰ ੪, ਵਾਰ ੮:੪ (645)

ਮਿਲਾਵਹਾਰੁ –
"ਸਭਨਾ ਜੀਆ ਕਾ ਇਕੁ ਦਾਤਾ ਜੋਤੀ ਜੋਤਿ ਮਿਲਾਵਣਹਾਰੁ।"
–ਸਿਰੀ ੩, ਅਸ ੨੩, ੬:੨ (68)

ਮਿਲਾਵਣਿਆ – ਮੇਲ ਹੁੰਦਾ ਹੈ, ਮਿਲਾਉਂਦਾ ਹੈ
"ਜਿਨ ਸਤਿਗੁਰੁ ਮਿਲਿਆ ਸੇ ਵਡਭਾਗੀ ਪੂਰੈ ਕਰਮਿ ਮਿਲਾਵਣਿਆ।"
–ਮਾਝ ੩, ਅਸ ੩, ੩:੩ (110)
"ਨਾਨਕ ਨਾਮੁ ਮਿਲੈ ਵਡਿਆਈ ਆਪੇ ਮੇਲਿ ਮਿਲਾਵਣਿਆ।" (ਮਿਲਾਉਂਦਾ ਹੈ)
–ਮਾਝ ੩, ਅਸ ੩, ੮:੩ (111)

ਮਿਲਾਵੜਾ --- ਮੇਲ, ਮਿਲਾਪ, ਭੇਂਟ
"ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ।"
–ਸਿਰੀ ੩, ੪੭, ੧:੩ (31)

ਮਿਲਾਵਾ ---- (1) ਮਿਲਾਪ, ਮੇਲ
"ਸਤਗੁਰੁ ਸਚੁ ਪ੍ਰਭੁ ਨਿਰਮਲਾ ਸਬਦਿ ਮਿਲਾਵਾ ਹੋਇ।"
–ਸਿਰੀ ੩, ੩੬, ੧*:੨ (27)
"ਨਾਨਕੁ ਕਹੈ ਸਿਆਣੀਏ ਇਉ ਕੰਤ ਮਿਲਾਵਾ ਹੋਇ।"
–ਸੂਹੀ ੩, ਵਾਰ ੨੦ਸ, ੨, ੨:੨ (792)
(2) ਰਲਵਾ, ਮਿਲਣਾ
"ਬਾਬਾ ਬਿੰਦਹਿ ਬਿੰਦ ਮਿਲਾਵਾ।"
–ਗਉ ਕਬ, ਬਾਅ ੨੯:੧ (341)
"ਭਭਾ ਭੇਦਹਿ ਭੇਦ ਮਿਲਾਵਾ।" (ਮਿਲਾ ਦਿੱਤਾ, ਰਲਾ ਦਿੱਤਾ)
–ਗਉ ਕਬ, ਬਾਅ ੩੦:੧ (342)

ਮਿਲਾਵੇ ----- ਮਿਲਾਏ
"ਪਾਵ ਮਿਲਾਵੇ ਕੋਲਿ ਕਵਲਜਿਵੈ ਬਿਗਸਾਵਦੋ।" (ਛੁਹਾਏ)
–ਮਾਰੂ ੫, ਵਾਰ ੧੩ਸ, ੫, ੨:੨ (1098)

ਹੋਰ ਰੂਪ:

ਮਿਲਾਵੈ –
"ਸਤਿਗੁਰੁ ਦਾਤਾ ਹਰਿ ਨਾਮ ਕਾ ਪ੍ਰਭੁ ਆਪਿ ਮਿਲਾਵੈ ਸੋਇ।" (ਮੇਲਾਪ ਕਰਾਏ, ਮੇਲੇ)
-ਸਿਰੀ ੪, ੬੫, ੨:੧ (39)
"ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ।" (ਕਰਾਏ)
-ਗਉ ੧, ਅਸ ੧੨, ੬:੩ (226)

ਮਿਲਿ ------ (1) ਮਿਲ ਕੇ, ਸੰਪਰਕ ਵਿਚ ਆ ਕੇ
"ਸਭਿ ਸੁਰਤੀ ਮਿਲਿ ਸੁਰਤਿ ਕਮਾਈ।"
-ਆਸਾ ੧, ਸੋਦ ੨, ੨:੧ (9)
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ।"
-ਸਿਰੀ ੫, ਛੰਤ ੨, ੫:੨ (80)
(2) ਰਲ ਕੇ, ਇਕਠੇ ਹੋ ਕੇ
"ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ।"
-ਗਉ ੧, ਸੋਹ ੧, ੩:੧ (12)
"ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀ ਆਹ।" (ਇਕਠੀਆਂ ਹੋਕੇ)
-ਸਿਰੀ ੧, ੧੦, ੧:੨ (17)
"ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ।"
-ਗਉ ੫, ੧੨੨*, ੨:੧ (205)
(3) ਸਮੋ ਕੇ, ਰਲ ਕੇ
"ਆਪ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ।"
- ਸਿਰੀ ੧, ੨੨, ੨:੨ (22)
(4) ਮਿਲੀ
"ਸਹਜ ਕਲਾਲਨਿ ਜਉ ਮਿਲਿ ਆਈ।"
-ਗਉ ਕਬ, ੨੭, ੨:੧ (328)

ਮਿਲਿਓ ---- ਮਿਲਿਆ, ਲਭਾ, ਪ੍ਰਾਪਤ ਹੋਇਆ
"ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ।"
-ਸਿਰੀ ੧, ਪਹ ੧, ੪:੩ (75)
"ਸਹਜਿ ਮਿਲਿਓ ਪਾਰਬ੍ਰਹਮੁ ਨਿਸੰਗੁ।" (ਮਿਲ ਪਿਆ)
-ਗਉ ੫, ੩, ੪:੪ (236)
"ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ।"
-ਟੋਡੀ ੫, ੧, ੧:੨ (711)

ਮਿਲਿਓਹਿ --- ਮਿਲਿਆ ਹੈ
"ਜੋ ਤਉ ਕੀਨੇ ਆਪਣੇ ਤਿਨਾ ਕੂੰ ਮਿਲਿਓਹਿ।"
-ਸਿਰੀ ੫, ਛੰਤ ੩, ੪ਡ:੧ (81)

ਮਿਲਿਅਉ --- ਮਿਲਿਆ
"ਅਨਿਕ ਭੇਖ ਅਰੁ ਙਿਆਨ ਧਿਆਨ ਮਨਹਠਿ ਮਿਲਿਅਉ ਨ ਕੋਇ।"
- ਗਉ ੫, ਬਾਅ ਪਸ:੧ (251)

ਮਿਲਿਆ ---- (1) ਪ੍ਰਾਪਤ ਹੋਇਆ

“ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ।”

– ਸਿਰੀ ੧, ੫, ੧:੩ (15)

“ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ।”

– ਸਿਰੀ ੫, ੭੫, ੧:੪ (43)

(2) ਸੰਪਰਕ ਵਿਚ ਆਇਆ, ਮਿਲ ਪਿਆ

“ਜਿਨ ਕਉ ਪੂਰਬਿ ਲਿਖਿਆ ਤਿਨ ਸਤਗੁਰੁ ਮਿਲਿਆ ਆਇ।”

-ਸਿਰੀ ੩, ੩੬, ੪:੪ (27)

“ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੁ ਮਿਲਿਆ।” (ਭਾਵ ਦਰਸ਼ਨ ਹੋਏ)

-ਮਾਝ ੫, ੧੭, ੧:੧ (99)

“ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੇ ਨ ਮਿਲਿਆ ਭੇਤੁ।” (ਭਾਵ ਪ੍ਰਾਪਤ ਹੋ ਗਿਆ, ਲਭਾ)

-ਸਿਰੀ ੧, ਪਹ ੧, ੪:੨ (75)

“ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ।” (ਮਿਲ ਪਿਆ)

-ਮਾਝ ੫, ਬਾਰਾ ੧੧:੧ (135)

(3) ਰਲ ਗਿਆ, ਸੰਜੁਗਤ ਹੋ ਗਿਆ

“ਨਾਨਕ ਤਤੁ ਤਤ ਸਿਉ ਮਿਲਿਆ ਪੁਨਰਪਿ ਜਨਮਿ ਨ ਆਹੀ।”

-ਗਉ ੩, ੩੫, ੪:੨ (162)

(4) ਮਿਲਣ ਨਾਲ, ਮਿਲਿਆ

“ਜਿਨ ਮਿਲਿਆ ਦੁਖ ਜਾਹਿ ਹਮਾਰੇ।”

-ਗਉ ੪, ੪੧, ੧*:੨ (164)

“ਜਿਨ ਮਿਲਿਆ ਆਤਮ ਪਰਗਾਸੁ।”

-ਗਉ ੫, ੧੭੦, ੧:੨ (200)

ਹੋਰ ਰੂਪ:

ਮਿਲਿਆਂ –

“ਹਰਿ ਜਨ ਕਉ ਮਿਲਿਆਂ ਸੁਖੁ ਪਾਈਐ ਸਭ ਦੁਰਮਤਿ ਮੈਲੁ ਹਰੈ।” (ਮਿਲਣ ਨਾਲ)

-ਮਲਾ ੪, ੩, ੨:੨ (1263)

ਮਿਲਿਐ –

“ਸਾਜਨ ਮਿਲਿਐ ਸੁਖੁ ਪਾਇਆ ਜਮਦੂਤ ਮੁਏ ਬਿਖੁ ਖਾਇ।” (ਮਿਲਣ ਤੇ)

-ਸਿਰੀ ੧, ਅਸ ੪, ੫:੨ (55)

ਮਿਲਿਬੋ ----- ਮਿਲੇਗਾ

“ਤਿਨ ਕਉ ਮਿਲਿਬੋ ਸਾਰਿੰਗ ਪਾਨੀ।”

-ਗੋਂਡ ਕਬ, ੧੧, ੧:੪ (873)

ਮਿਲੀ ------ (1) ਸੰਜੁਗਤ ਹੋਈ, ਮਿਲਾਪ ਵਿਚ ਆਈ

“ਸਬਦਿ ਮਿਲੀ ਨ ਵੀਛੁੜੈ ਪਿਰ ਕੈ ਅੰਕਿ ਸਮਾਇ।”

-ਸਿਰੀ ੩, ਅਸ ੨੧, ੨:੩ (66)

ਹੋਰ ਰੂਪ:

ਮਿਲੀਆ –
“ਮਿਲੀਆ ਆਇ ਸੰਜੋਗਿ ਜਾਂ ਤਿਸੁ ਭਾਵੀਆ।”
–ਰਾਮ ੫, ਵਾਰ ੧੫:੮ (964)

(2) ਰਲੀ, ਮਿਲ ਗਈ, ਵਿਚ ਸਮਾਈ, ਸਮਾ ਗਈ
“ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ।”
–ਮਾਝ ੫, ੧੦, ੪:੩ (97)

ਹੋਰ ਰੂਪ:

ਮਿਲੀਆ –
“ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ।”
–ਗਉ ੪, ੬੬, ੧:੪ (173)

(3) ਪ੍ਰਾਪਤ ਹੋਈ
“ਨਾਨਕ ਭਗਤ ਮਿਲੀ ਵਡਿਆਈ।”
–ਆਸਾ ੫, ੨੪, ੪:੨ (377)
“ਅਬ ਮਸਲਤਿ ਮੋਹਿ ਮਿਲੀ ਹਦੂਰਿ।” (ਦਰਗਾਹ ਤੋਂ ਸਲਾਹ ਪ੍ਰਾਪਤ ਹੋਈ)
– ਆਸਾ ੫, ੫੩, ੧:੨ (384)

ਮਿਲੀਆਸੁ --- ਮਿਲ ਸਕੀ
“ਧਨ ਕੂ ਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ।”
–ਸਲੋ ਫਰ, ੫੪:੨ (1380)

ਮਿਲੀਐ ---- (1) ਮਿਲੀਦਾ ਹੈ, ਮਿਲ ਸਕੀਦਾ ਹੈ
“ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ।”
–ਸਿਰੀ ੧, ੯, ੧:੨ (17)
“ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।” (ਮਿਲੀਏ, ਭੇਂਟ ਕਰੀਏ)
–ਮਾਝ ੫, ੮, ੩:੨ (97)

(2) ਮਿਲਓ
“ਮੋ ਕਉ ਧਾਰਿ ਕ੍ਰਿਪਾ ਮਿਲੀਐ ਗੁਰ ਦਾਤੇ ਹਰਿ ਨਾਨਕ ਭਗਤਿ ਉਮਾਹਾ।”
–ਜੈਤ ੪, ੮, ੪:੩ (699)

ਮਿਲੀਹੈ ----- ਮਿਲਦਾ ਹੈ, ਰਲ ਜਾਂਦਾ ਹੈ
“ਜਿਉ ਪ੍ਰਤਿਬਿੰਬੁ ਬਿੰਬ ਕਉ ਮਿਲੀਹੈ ਉਦਕ ਕੁੰਭੁ ਬਿਗਰਾਨਾ।”
–ਆਸਾ ਕਬ, ੧, ੪:੧ (475)

ਮਿਲੀਜੈ ----- (1) ਮਿਲੀਏ
“ਪ੍ਰਭ ਸੰਗਿ ਮਿਲੀਜੈ ਇਹੁ ਮਨੁ ਦੀਜੈ।”
–ਆਸਾ ੫, ੧੫੦, ੨:੧ (408)

(2) ਮਿਲ ਪਵੇ
“ਹਰਿ ਕਾ ਭਾਣਾ ਤਿਨੀ ਮੰਨਿਆ ਜਿਨਾ ਗੁਰੂ ਮਿਲੀਜੈ।”
–ਗੂਜ ੩, ਵਾਰ ੧੬:੫ (515)

(3) ਮਿਲਣਯੋਗ
“ਮੇਰਾ ਠਾਕੁਰੁ ਵਡਾ ਵਡਾ ਹੈ ਸੁਆਮੀ ਹਮ ਕਿਉ ਕਰਿ ਮਿਲਹ ਮਿਲੀਜੈ।”

-ਕਲਿ ੪, ਅਸ ੨, ੮:੧ (1324)

ਮਿਲੀਤਾ ---- ਮਿਲਾ ਦਿੱਤਾ
“ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ।”
-ਗੂਜ ੩, ਵਾਰ ੪:੪ (510)

ਮਿਲੁ ------ ਰਲੋ ਮਿਲੋ
“ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।”
-ਆਸਾ ੫, ਸੋਪੁ ੪, ੧:੪ (12)
“ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ।”
-ਸਿਰੀ ੧, ੧੭, ੧:੧ (20)

ਮਿਲੇ ------ (1) ਰਲਦੇ/ਮਿਲਾਪ ਕਰਦੇ/ਮਿਲ ਜਾਂਦੇ ਹਨ
“ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।”
-ਗੂਜ ੫, ੫, ੧*:੧ (10)
(2) ਮਿਲਦੀ ਭਾਵ ਪ੍ਰਾਪਤ ਹੁੰਦੀ ਹੈ
“ਸਹਜਿ ਸੁਭਾਇ ਮਿਲੇ ਸਾਬਾਸਿ।”
-ਗਉ ੧, ੧੧, ੨:੨ (154)
“ਸਭਿ ਅਰਥਾ ਸਭਿ ਧਰਮ ਮਿਲੇ ਮੇਨਚਿਦਿਆ ਸੋ ਫਲੁ ਪਾਇਆ ਰਾਮ।”
-ਆਸਾ ੪, ਛੰਤ ੯, ੬:੨ (443)
(3) ਮਿਲਿਆ, ਮਿਲਣ ਨਾਲ
“ਹਰਖ ਜੋਗ ਹਾਨਿ ਮਿਰਤੁ ਦੂਖ ਸੁਖ ਚਿਤਿ ਸਮਸਰਿ ਗੁਰ ਮਿਲੇ।”
-ਗਉ ੫, ੧੫੯*, ੧*:੨ (214)

ਮਿਲੇਇ ---- ਮਿਲਦਾ ਹੈ
“ਨਾਨਕ ਤੇ ਜਨ ਨਾਮਿ ਮਿਲੇਇ।”
-ਗਉ ੫, ਸੁਖ ੧੧, ੩:੧੦ (277)

ਮਿਲੈ ------ (1) ਮਿਲਦੀ ਹੈ
“ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।”
-ਜਪੁ ੧, ੨:੨ (1)
“ਨਾਨਕ ਪੂਰਾ ਜੇ ਮਿਲੈ ਕਿਉ ਘਾਟੈ ਗੁਣ ਤਾਸ।” (ਮਿਲ ਪਵੇ)
-ਸਿਰੀ ੧, ੯, ੪:੩ (17)
(2) ਪ੍ਰਾਪਤ ਹੁੰਦਾ/ਲਭਦਾ ਹੈ
“ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।”
-ਜਪੁ ੧, ੬:੨ (2)
(3) ਰਲਣਾ, ਮਿਲਣਾ
“ਧਾਤੁ ਮਿਲੈ ਫੁਨਿ ਧਾਤੁ ਕਉ ਸਿਫਤੀ ਸਿਫਤਿ ਸਮਾਇ।”
-ਸਿਰੀ ੧, ੧੨, ੧:੧ (18)
(4) ਜੁੜਦੇ, ਮੇਲ ਪ੍ਰਾਪਤ ਕਰਦੇ
“ਸਬਦਿ ਮਿਲੈ ਸੋ ਮਿਲਿ ਰਹੈ ਜਿਸ ਨਉ ਆਪੇ ਲਏ ਮਿਲਾਇ।”
-ਸਿਰੀ ੩, ੩੬, ੨:੧ (27)

(3) ਮਿਲਦਾ ਭਾਵ ਹੁੰਦਾ
"ਅਉਗੁਣ ਵੰਤੀ ਗੁਣੁ ਕੋ ਨਹੀ ਬਹਣਿ ਨ ਮਿਲੈ ਹਦੂਰਿ।"
-ਸਿਰੀ ੩, ੫੯, ੨:੧ (37)

ਮਿਲੈਗਾ ---- ਸੰਜੋਗ ਹੋਏਗਾ, ਸੰਪਰਕ ਵਿਚ ਆਵੇਗਾ
"ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ।"
-ਆਸਾ ੫, ੩੪, ੨:੨ (359)

ਹੋਰ ਰੂਪ:

ਮਿਲੈਗੋ –
"ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ।" (ਮਿਲੇਗਾ)
-ਸਲੋ ਕਬ, ੨੨੫:੨ (1376)

ਮਿਲੋ ------ ਮਿਲ ਗਿਆ
"ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ।"
-ਸਾਰ ੫, ੩, ੪:੨ (1203)

ਮਿਲੋਗਨੀ --- ਮਿਲ ਜਾਂਦਾ ਹੈ
"ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ ਅੰਭੈ ਅੰਭੁ ਮਿਲੋਗਨੀ।"
-ਰਾਮ ੫, ੩, ੪:੨ (883)

ਮਿਲੵਿਉ ---- ਮਿਲ ਗਿਆ
"ਗੁਰੁ ਮਿਲੵਿਉ ਸੋਇ ਭਿਖਾ ਕਹੈ ਸਹਜ ਰੰਗਿ ਦਰਸਨੁ ਦੀਅਉ।"
-ਸਵ ੩, ੧੯:੬ (1395)

ਮਿਲੵਿੋ ------ ਮਿਲਿਆ, ਰਲਿਆ
"ਕੁਲ ਜਨ ਮਧੇ ਮਿਲੵਿੋ ਸਾਰਗ ਪਾਨ ਰੇ।"
-ਧਨਾ ਤ੍ਰਿਲੋ, ੧, ੧:੨ (695)

ਮੀਆ ----- (1) ਪਤੀ, ਖਾਵੰਦ
"ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ।"
-ਆਸਾ ੧, ਵਾਰ ੧੦ਸ, ੧, ੧:੫ (468)

(2) ਸਰਦਾਰ, ਚੌਧਰੀ
"ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ।"
-ਬਿਲਾ ੧, ੧, ੧:੧ (795)

(3) ਪਿਤਾ
"ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।"
-ਬਸੰ ੧, ਅਸ ੮, ੬:੨ (1191)

ਮੀਹ ------ ਮੀਂਹ, ਬਾਰਸ਼
"ਕਾਲਾ ਗੰਢੁ ਨਦੀਆ ਮੀਹ ਝੋਲ।"
-ਮਾਝ ੧, ਵਾਰ ੧੨ਸ, ੧, ੨:੭ (143)

ਮੀਹਾਹੁ ----- ਮੀਂਹ ਤੋਂ

“ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ।”
-ਸਲੋ ਫਰ, ੧੦੫:੨ (1383)

ਮੀਹਿ ------ ਮੀਂਹ ਨਾਲ, ਬਾਰਸ਼ ਨਾਲ
“ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ।”
-ਮਾਝ ੧, ਵਾਰ ੨੩ਸ, ੧, ੧:੧ (148)

ਹੋਰ ਰੂਪ:

ਮੀਹੁ –
“ਮੀਹੁ ਪਇਆ ਪਰਮੇਸਰਿ ਪਾਇਆ।” (ਬਾਰਸ਼)
-ਮਾਝ ੫, ੩੯, ੧:੧ (105)

ਮੀਕ ------ ਇਕ
“ਜਨ ਨਾਨਕ ਕਉ ਹਰਿ ਕਿਰਪਾ ਧਾਰੀ ਗੁਰ ਬਚਨ ਧਿਆਇਓ ਘਰੀ ਮੀਕ।”
-ਪ੍ਰਭਾ ੫, ੩, ੪:੨ (1336)

ਮੀਕਾ ------ ਬਰਾਬਰ, ਤੁਲ
“ਹੀਰਾ ਲਾਲੁ ਅਮੋਲਕੁ ਹੈ ਭਾਰੀ ਬਿਨੁ ਗਾਹਕ ਮੀਕਾ ਕਾਖਾ।” (ਕਖ ਦੇ ਬਰਾਬਰ)
-ਜੈਤ ੪, ੨, ੧:੧ (696)

ਮੀਕੇ ------ ਇਕਮਿਕ ਹੋ ਗਏ, ਮਿਲ ਗਏ
“ਨਾਨਕ ਜਲੁ ਜਲਹਿ ਸਮਾਇਆ ਜੋਤੀ ਜੋਤਿ ਮੀਕੇ ਰਾਮ।”
-ਬਿਲਾ ੫, ਛੰਤ ੫, ੪:੪ (848)

ਮੀਚ ------ ਮੌਤ
“ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ।”
-ਸਾਰ ੫, ੧੦੬, ੧*:੨ (1224)

ਹੋਰ ਰੂਪ:

ਮੀਚੁ –
“ਨਰਕ ਸੁਰਗ ਭ੍ਰਮਤਉ ਘਣੋ ਸਦਾ ਸੰਘਾਰੈ ਮੀਚੁ।”
-ਗਉ ੫, ਥਿਤੀ ੩:੨ (297)

ਮੀਟਹਿ ----- ਮੀਟਦੇ, ਬੰਦ ਕਰਦੇ
“ਅਖੀ ਤੇ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ।”
-ਧਨਾ ੧, ੮, ੧*:੨ (662)

ਹੋਰ ਰੂਪ:

ਮੀਟਦੇ –
“ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ।”
-ਸੂਹੀ ੪, ੧੧, ੩:੨ (734)

ਮੀਟਿ ------ ਬੰਦ ਕਰਕੇ, ਮੀਟ ਕੇ
“ਚਉਥੈ ਆਈ ਊਂਘ ਅਖੀ ਮੀਟਿ ਪਵਾਰਿ ਗਇਆ।”

-ਮਾਝ ੧, ਵਾਰ ੧੭ਸ, ੧, ੧:੭ (146)

ਮੀਠ ------ ਮਿਠਾ

"ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ।"

-ਗਉ ੪, ੫੬, ੨:੨ (170)

"ਪ੍ਰਭ ਕਾ ਕੀਆ ਜਨ ਮੀਠ ਲਗਾਨਾ।"

-ਗਉ ੫, ਸੁਖ ੧੪, ੮:੫ (282)

ਹੋਰ ਰੂਪ:

ਮੀਠਾ –

"ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ।" (ਮਿਠਾ)

-ਸਿਰੀ ੧, ੪, ੨:੨ (15)

ਮੀਠੀ –

"ਸਕਰਖੰਡੁ ਮਾਇਆ ਤਨਿ ਮੀਠੀ ਹਮ ਤਉ ਪੰਡ ਉਚਾਈ ਰੇ।"

-ਗਉ ੧, ੧੬, ੨:੧ (156)

"ਇਉ ਕਿੰਕੁਰੀ ਆਨੂਪ ਵਾਜੈ।"
"ਸੁਣਿ ਜੋਗੀ ਕੈ ਮਨਿ ਮੀਠੀ ਲਾਗੈ।" (ਅਨੰਦ ਦਾ ਦਿਨ)

-ਰਾਮ ੫, ੧੨, ੪*:੧;੨ (886)

(2) ਮਿਠਾ ਭਾਵ ਪਿਆਰਾ

"ਜਿਨ੍ ਹਰਿ ਮੀਠ ਲਗਾਨਾ ਤੇ ਜਨ ਪਰਧਾਨਾ ਤੇ ਊਤਮ ਹਰਿ ਹਰਿ ਲੋਗ ਜੀਉ।"

-ਆਸਾ ੪, ਛੰਤ ੧੦, ੪:੧ (445)

"ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ।"

-ਗੁਜ ੪, ੬, ੧:੧ (494)

ਹੋਰ ਰੂਪ:

ਮੀਠਾ –

"ਗੁਰਮਤਿ ਨਾਮੁ ਮੀਠਾ ਮਨਿ ਭਾਇਆ ਜਨ ਨਾਨਕ ਨਾਮਿ ਮਨੁ ਭੀਜੈ ਜੀਉ।" (ਪਿਆਰਾ)

-ਮਾਝ ੪, ੪, ੪:੩ (95)

"ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ।"

-ਮਾਝ ੫, ੪੯, ੧:੨ (108)

ਮੀਠੀ –

"ਅੰਮ੍ਰਿਤ ਬਾਣੀ ਗੁਰ ਕੀ ਮੀਠੀ।"

-ਮਾਝ ੩, ਅਸ ੮, ੧:੧ (113)

ਮੀਠੁਲੀ ----- ਮਿਠ

"ਬਈਅਰਿ ਬੋਲੈ ਮੀਠੁਲੀ ਭਾਈ ਸਾਚੁ ਕਹੈ ਪਿਰ ਭਾਇ।"

-ਸੋਰ ੧, ਅਸ ੪, ੮:੧ (637)

ਮੀਠੇ ------ ਮਿਠੇ, ਸਵਾਦਿਸ਼ਟ

"ਰਾਮ ਨਾਮੁ ਘਟ ਅੰਤਰਿ ਨਾਹੀ ਹੋਰਿ ਜਾਣੈ ਰਸ ਕਸ ਮੀਠੇ।"

-ਸਿਰੀ ੧, ਪਹ ੨, ੨:੩ (75)

ਹੋਰ ਰੂਪ:

ਮੀਠੈ –
"ਰਸਨਾ ਸੋਈ ਲੋਭਿ ਮੀਠੈ ਸਾਦਿ।" (ਮਿਠੇ, ਸ੍ਵਾਦਿਸ਼ਟ)
-ਗਉ ੫, ੮੯, ੧:੩ (182)

ਮੀਠੋ –
"ਪੂਰਨ ਪਰਮਾਨੰਦ ਮਨਿ ਮੀਠੋ ਤਿਸੁ ਬਿਨੁ ਦੂਸਰ ਨਾਹਿ।" (ਮਿਠਾ ਭਾਵ ਪਿਆਰਾ)
-ਸਾਰ ੫, ੯੫, ੧:੨ (1222)

ਮੀਡਕੋ ----- (ਸੰ. ਮੰਡੂਕ) ਮੈਂਡਕ, ਡਡੂ
"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ।"
-ਸਿਰੀ ੧, ੨੭, ੨:੧ (24)

ਮੀਤ ------ ਮਿੱਤਰ, ਦੋਸਤ
"ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ।"
-ਗੂਜ ੪, ੪, ੧*:੧ (10)

ਮੀਤਹ ----- ਮਿਤਰ ਦੀ
"ਨਹ ਚਿੰਤਾ ਬਨਿਤਾ ਸੁਤ ਮੀਤਹ ਪ੍ਰਵਿਰਤਿ ਮਾਇਆ ਸਨਬੰਧਨਹ।"
-ਸਮ ੫, ੧੫:੨ (1355)

ਮੀਤਾ ------ ਹੇ ਮਿੱਤਰ
"ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ।"
-ਗਉ ੫, ਸੋਹ ੫, ੧:੧ (13)

ਮੀਤਿ ------ ਮਿੱਤਰ/ਦੋਸਤ ਨੇ
"ਹਰਿ ਕੀਆ ਕਥਾ ਕਹਾਣੀਆ ਗੁਰਿ ਮੀਤਿ ਸੁਣਾਈਆ।"
-ਤਿਲੰ ੪, ਅਸ ੨, ੧:੧ (725)

ਹੋਰ ਰੂਪ:

ਮੀਤੁ –
"ਨਾਨਕ ਸਤਗੁਰੁ ਮੀਤੁ ਕਰਿ ਸਚੁ ਪਾਵਹਿ ਦਰਗਹ ਜਾਇ।" (ਮਿੱਤਰ)
-ਸਿਰੀ ੧, ੨੦, ੪:੩ (22)

ਮੀਤੁਲਾ ----- ਮਿੱਤਰ
"ਦਯ ਗੁਸਾਈ ਮੀਤੁਲਾ ਤੂੰ ਸੰਗਿ ਹਮਾਰੈ ਬਾਸੁ ਜੀਉ।"
-ਗਉ ੫, ੧੧੬*, ੧*:੧ (203)

ਮੀਨ ------ (ਸੰ.) ਮੱਛੀ
"ਤੂੰ ਜਲਨਿਧਿ ਹਮ ਮੀਨ ਤੁਮਾਰੇ।"
-ਮਾਝ ੫, ੨੧, ੧:੧ (100)

"ਬ੍ਰਹਮ ਕਮਲ ਪੁਤੁ ਮੀਨ ਬਿਆਸਾ ਤਪੁ ਤਾਪਨ ਪੂਜ ਕਰਾਵੈਗੋ।" (ਮਹਾਨ ਕੋਸ਼ ਇਥੇ ਅਰਥ ਬਿਆਸ ਰਿਸ਼ੀ ਦੀ ਮਾਂ 'ਮਤਸਯੋਦਰੀ' ਕਰਦੇ ਹਨ)

-ਕਾਨ ੪, ਅਸ ੨, ੬:੧ (1309)

ਹੋਰ ਰੂਪ:

ਮੀਨੰ –
"ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।" (ਮੱਛੀ)
-ਜੈਤ ੫, ਵਾਰ ੧੨ਸ, ੫, ੧:੧ (708)

ਮੀਨਾ –
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਜਲ ਮਿਲਿ ਜੀਵੇ ਮੀਨਾ।" (ਮੱਛੀ)
-ਸਿਰੀ ੫, ਛੰਤ ੨, ੫:੨ (80)

ਮੀਨਿ –
"ਫੂਲੁ ਭਵਰਿ ਜਲੁ ਮੀਨਿ ਬਿਗਾਰਿਓ।" (ਮਛੀ ਨੇ)
-ਗੂਜ ਰਵਿ, ੧, ੧:੨ (525)

ਮੀਨੁ –
"ਬਿਨੁ ਜਲ ਕਮਲ ਸੁਨਾ ਥੀਐ ਬਿਨੁ ਜਲ ਮੀਨੁ ਮਰਾਇ।" (ਮੱਛੀ)
-ਸਿਰੀ ੧, ਅਸ ੧੫, ੮:੨ (63)

ਮੀਨੇ –
"ਹਰਿ ਜਲ ਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ।" (ਮੱਛੀਆਂ)
-ਮਾਝ ੪, ੩, ੪:੩ (95)

ਮੀਰ ------ (ਫਾ: ਮੀਰ) ਸਰਦਾਰ, ਅਮੀਰ ਦਾ ਸੰਖੇਪ
"ਨਾਮੇ ਕੇ ਸ੍ਵਾਮੀ ਮੀਰ ਮੁਕੰਦ।"
-ਤਿਲੰ ਨਾਮ, ੩, ੪:੨ (727)
"ਜੈਸੀ ਦਾਸੇ ਧੀਰ ਮੀਰ।" (ਭਾਵ ਮਾਲਕ)
-ਬਸੰ ੫, ੬, ੧:੩ (1181)
"ਸੂਰ ਨ ਬੀਰ ਨ ਮੀਰ ਨ ਖਾਨਮ ਸੰਗਿ ਨ ਕੋਊ ਦ੍ਰਿਸਟਿ ਨਿਹਾਰਹੁ।" (ਬਾਦਸ਼ਾਹ)
-ਸਮੁ ੫, ੫*:੪ (1388)

ਮੀਰੰਨ ----- ਬਾਦਸ਼ਾਹ
"ਲੋੜੀਦੋ ਹਭ ਜਾਇ ਸੋ ਮੀਰਾ ਮੀਰੰਨ ਸਿਰਿ।"
-ਮਾਰੂ ੫, ਵਾਰ ੧੨ਸ, ੫, ੧:੧ (1098)

ਮੀਰਾ ------ ਮਾਲਕ, ਸ਼ਾਹ
"ਤੂ ਮੀਰਾ ਸਾਚੀ ਠਕੁਰਾਈ ਨਾਨਕ ਬਲਿ ਬਲਿ ਜਾਵਣਿਆ।"
-ਮਾਝ ੫, ਅਸ ੩੭, ੮:੩ (132)

ਹੋਰ ਰੂਪ:

ਮੀਰਾਂ –
"ਮੀਰਾਂ ਦਾਨਾਂ ਦਿਲ ਸੋਚ।" (ਹੇ ਸਰਦਾਰ)
-ਤਿਲੰ ੫, ੫, ੧*:੧ (724)

ਮੀਂਰਾ –
"ਕਹੁ ਕਬੀਰ ਨਦਰਿ ਕਰੇ ਜੇ ਮੀਂਰਾ।" (ਬਾਦਸ਼ਾਹ, ਸਰਦਾਰ)

-ਆਸਾ ਕਬ, ੧੦, ੪:੧ (478)

ਮੀਰੁ –
"ਕੋਈ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।"
- ਆਸਾ ੧, ਅਸ ੧੨, ੪:੨ (417)

ਮੀਰੇ –
"ਗਰੀਬ ਨਿਵਾਜਿ ਕਰੇ ਪ੍ਰਭੁ ਮੀਰੇ।" (ਸ਼ਾਹ, ਅਮੀਰ)
-ਮਾਰੂ ੫, ਸੋਲਾ ੧, ੪:੨ (1071)

ਮੁਓ ------- **ਮਰ ਗਿਆ**
"ਜਨਮਤ ਕਸ ਨ ਮੁਓ ਅਪਰਾਧੀ।"
-ਗਉ ਕਬ, ੨੫, ੧*:੨ (328)

ਮੁਆ ------ **ਮਰ ਗਿਆ, ਖਤਮ ਹੋ ਗਿਆ, ਮੁਕ ਗਿਆ**
"ਮੁਈ ਖਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ।"
-ਸਿਰੀ ੧, ੧੪, ੩:੧ (19)

ਮੁਇਓ ----- **ਮਰੇ**
"ਸਾਕਤੁ ਮੂੜ ਲਗੇ ਪਚਿ ਮੁਇਓ।"
-ਗਉ ੫, ਅਸ ੧੩, ੨:੨ (241)

ਹੋਰ ਰੂਪ:

ਮੁਇਓਹਿ –
"ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ।"
-ਸਲੋ ਫਰ, ੧੦੭:੧ (1383)

ਮੁਇਆ –
"ਮੁਇਆ ਜਿਤੁ ਘਰਿ ਜਾਈਐ ਤਿਤੁ ਜੀਵਦਿਆ ਮਰੁ ਮਾਰਿ।" (ਮਰਨ ਉਪਰੰਤ)
-ਸਿਰੀ ੧, ੧੮, ੨:੨ (21)
"ਆਇਆ ਗਇਆ ਮੁਇਆ ਨਾਉ।" (ਮਰ ਗਿਆ, ਨਾ ਮਰ ਗਿਆ, ਨਾ ਖਤਮ ਹੋ ਗਿਆ)
-ਮਾਝ ੧, ੧ਸ, ੧, ੨:੧੩ (138)
"ਮੁਇਆ ਗੰਢੁ ਨੇਕੀ ਸਤੁ ਹੋਇ।" (ਮੋਇਆਂ ਹੋਇਆਂ ਦੀ)
-ਮਾਝ ੧, ਵਾਰ ੧੨ਸ, ੧, ੨:੧੦ (143)

ਮੁਇਆਸੁ --- **ਮੋਇਆ ਹੋਇਆ**
"ਮਤੁ ਜਾਣਹੁ ਜਗੁ ਜੀਵਦਾ ਦੂਜੇ ਭਾਇ ਮੁਇਆਸੁ।"
-ਸੋਰ ੪, ਵਾਰ ੩ਸ, ੩, ੧:੩ (643)
"ਮਨਮੁਖੀਆ ਦੋਹਾਗਣੀ ਆਵਣ ਜਾਣਿ ਮੁਈਆਸੁ।" (ਮਰਦੀਆਂ)
-ਸਲੋ ੩, ੩੧:੪ (1416)

ਮੁਈ ------ **ਮਰੀ**
"ਭਲੀ ਸਰੀ ਜਿ ਉਬਾਰੀ ਹਉਮੈ ਮੁਈ ਘਰਾਹੁ।"
-ਸਿਰੀ ੧, ੧੧, ੧:੧ (18)
"ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ।" (ਮੁਕ ਗਈ)

-ਸਿਰੀ ੧, ੧੪, ੩:੧ (19)

ਮੁਈਆ ---- ਮਰ ਗਏ
"ਮਨਮੁਖਿ ਭਾਗ ਵਿਹੂਣਿਆ ਤਿਖ ਮੁਈਆ ਕੰਧੀ ਪਾਸਿ।"
-ਮਾਰੂ ੪, ੪, ੩:੩ (996)

ਮੁਈਆਸਿ --- ਮਰ ਰਹੀਦਾ/ਜਾਈਦਾ ਹੈ
"ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ।"
-ਸੂਹੀ ੧, ਕੁਚ ੨:੭ (762)

ਹੋਰ ਰੂਪ:

ਮੁਈਆਸੁ -
"ਮੁੰਢਹੁ ਭੁਲੀ ਨਾਨਕਾ ਫਿਰਿ ਫਿਰਿ ਜਨਮਿ ਮੁਈਆਸੁ।" (ਮਰਦੀ ਹੈ)
-ਸਿਰੀ ੪, ਵਾਰ ੧੫ਸ, ੫, ੨:੧ (89)

ਮੁਈਏ ----- ਮਰ ਜਾਣੀਏ, ਬੇਸਮਝੇ
"ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ।"
-ਵਡ ੩, ਛੰਤ ੧, ੧:੧ (567)

ਮੁਏ ------- ਮਰੇ, ਮਰ ਗਏ
"ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।"
-ਸਿਰੀ ੧, ੧੪, ੨:੨ (19)

ਮੁਸਕ ------ ਖੁਸ਼ਬੂ, ਸੁਗੰਧ
"ਰਸੀਆ ਹੋਵੈ ਮੁਸਕ ਕਾ ਤਬਫੂਲੁ ਪਛਾਣੈ।"
-ਤਿਲ ੧, ਅਸ ੧, ੯:੨ (725)

ਮੁਸਕਲ ---- ਔਖ, ਮੁਸ਼ਕਲ
"ਜਹ ਮੁਸਕਲ ਹੋਵੈ ਅਤਿ ਭਾਰੀ।"
-ਗਉ ੫, ਸੁਖ ੨, ੧:੫ (264)

ਹੋਰ ਰੂਪ:

ਮੁਸਕਲੁ -
"ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।"
-ਸਿਰੀ ੫, ੨੬, ੧:੧ (70)

ਮੁਸਕਾਈ --- (ਫਾ. ਮੁਸ਼ਕ) ਕਸਤੂਰੀ ਦੀ
"ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ।"
-ਨਟ ੪, ਅਸ ੪, ੪:੧ (982)

ਮੁਸਕਾਕ ---- (ਸੰ. =ਅੱਕ ਦੀ) ਅੱਕ ਦੀ ਗੰਧ ਅਰਥਾਤ ਬਦਬੂ
"ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਕ।"
-ਕਾਨ ੪, ੩:੨ (1295)

ਮੁਸਕਾਰੈ ---- ਹਸਦਾ/ਮੁਸਕਰਾਉਂਦਾ ਹੈ
"ਕਾਟੈ ਪੇਡ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ।"

– ਸਾਰ ੫, ੧੦, ੩:੧ (1205)

ਮੁਸਕਾਵਤ --- ਮੁਸਕਾਉਂਦਾ ਹੈ, ਹਸਦਾ/ਖੁਸ਼ ਹੁੰਦਾ ਹੈ
“ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ।”
– ਸਾਰ ੫, ੯, ੧:੨ (1205)

ਮੁਸਕਿ ----- ਕਸਤੂਰੀ ਵਿਚ, ਖੁਸ਼ਬੂ ਵਿਚ
“ਨਾਨਕ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ।”
– ਆਸਾ ੪, ਛੰਤ ੧੫, ੧:੪ (449)

ਮੁਸਕੀ ----- ਖੁਸ਼ਬੂ ਫੈਲੀ ਹੈ
“ਨਾਮੇ ਸੁਰਤਿ ਵਜੀ ਹੈ ਦਹ ਦਿਸਿ ਹਰਿ ਮੁਸਕੀ ਮੁਸਕ ਗੰਧਾਰੇ।”
– ਨਟ ੪, ਅਸ ੨, ੧:੨ (981)
“ਤਿਨ ਹਰਿ ਹਿਰਦੈ ਬਾਸੁ ਬਸਾਨੀ ਛੂਟਿ ਗਈ ਮੁਸਕੀ ਮੁਸਕਾਨ।” (ਗੰਧ)
– ਕਾਨ ੪, ੪, ੩:੨ (1295)

ਮੁਸਕੁ ----- ਸੁਗੰਧ, ਖੁਸ਼ਬੂ
“ਹੂਰ ਨੂਰ ਮੁਸਕੁ ਖੁਦਾਇਆ ਬੰਦਗੀ ਅਲਹ ਆਲਾ ਹੁਜਰਾ।”
– ਮਾਰੂ ੫, ਸੋਲਾ ੧੨, ੫:੩ (1084)

ਮੁਸਟਿ ----- (ਸੰ.) ਮੁਠ
“ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਧਿ ਨ ਤਿਆਗੁ ਦਇਓ।”
– ਗਉ ਕਬ, ੫੯, ੧:੧ (336)

ਹੋਰ ਰੂਪ:

ਮੁਸਟੀ –
“ਮਰਕਟ ਮੁਸਟੀ ਅਨਾਜ ਕੀ ਮਨ ਬਉਰਾ ਰੇ ਲੀਨੀ ਹਾਥੁ ਪਸਾਰੁ।”
– ਗਉ ਕਬ, ੫੭, ੨:੧ (336)

ਮੁਸਤਾਕ----- (ਅ. ਮੁਸ਼ਤਾਕ) ਇਛਾਵਾਨ, ਇਛਕ, ਚਾਹਵਾਨ
“ਨੈਣ ਪਸੰਦੋ ਸੋਇ ਪੇਖਿ ਮੁਸਤਾਕ ਭਈ।”
– ਆਸਾ ੫, ੧੦੫, ੩:੧ (397)

ਹੋਰ ਰੂਪ:

ਮੁਸਤਾਕੁ –
“ਕਰਤੇ ਕੁਦਰਤੀ ਮੁਸਤਾਕੁ।”
– ਤਿਲੰ ੫, ੪, ੧:੧ (724)

ਮੁਸਨ ------ ਠਗਣ
“ਸੰਗ ਹੀ ਚੋਰ ਘਰੁ ਮੁਸਨ ਲਾਗ।”
– ਬਸੰ ਕਬ, ੨, ੧*:੨ (1193)

ਮੁਸਨਹਾਰ --- ਲੁਟਣ ਵਾਲੇ
“ਮੁਸਨਹਾਰ ਪੰਚ ਬਟਵਾਰੇ।”
-ਗਉ ੫, ੮੯, ੨:੩ (182)

ਮੁੰਸਫ ------ (ਅ. ਮੁਨਸਿਫ) ਇਨਸਾਫ ਕਰਨ ਵਾਲਾ, ਜਮੀਨ ਮਿੰਨ ਕੇ ਮਾਲੀਆ ਲਾਣ ਵਾਲਾ ਅਫਸਰ
"ਨਉ ਡਾਡੀ ਦਸ ਮੁੰਸਫ ਧਾਵਹਿ ਰਈ ਅਤਿ ਬਸਨ ਨ ਦੇਹੀ।"
– ਸੂਹੀ ਕਬ, ੫, ੨:੧ (793)

ਮੁਸਫੀ ----- ਇਨਸਾਫ/ਨਿਆਂ ਦੀ ਕ੍ਰਿਆ
"ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।"
– ਆਸਾ ੧, ਵਾਰ ੧੭ਸ, ੧, ੧:੩ (472)

ਮੁਸਰੀ ----- ਚੂਹੀ
"ਘਰ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ।"
– ਆਸਾ ਕਬ, ੬, ੨:੨ (477)

ਮੁਸਲਮਾਣੁ --- (ਮੁਸਲਮਾਨ) ਇਸਲਾਮ ਨੂੰ ਮੰਨਣ ਵਾਲਾ
"ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।"
– ਮਾਝ ੧, ਵਾਰ ੭ਸ, ੧, ੧:੨ (140)

ਹੋਰ ਰੂਪ:

ਮੁਸਲਮਾਣੈ –
"ਹੋਰੁ ਫਕੜੁ ਹਿੰਦੂ ਮੁਸਲਮਾਣੈ।"
– ਰਾਮ ੩, ਵਾਰ ੧੧ਸ, ੧, ੨:੬ (952)

ਮੁਸਲਮਾਨ --- ਇਸਲਾਮ ਨੂੰ ਮੰਨਣ ਵਾਲਾ
"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ।"
– ਆਸਾ ੧, ਵਾਰ ੬ਸ, ੧, ੨:੧ (466)

ਹੋਰ ਰੂਪ:

ਮੁਸਲਮਾਨਾ –
"ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ।"
– ਆਸਾ ੧, ਵਾਰ ੬ਸ, ੧, ੧:੧ (465)

ਮੁਸਲਮਾਨੀਆ ਮੁਸਲਮਾਨ ਇਸਤ੍ਰੀਆਂ
"ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।"
– ਤਿਲੰ ੧, ੫, ੧:੫ (722)

ਮੁਸਲਮਾਨੁ --- ਇਸਲਾਮ ਦੇ ਮੰਨਣ ਵਾਲੇ
"ਮੁਸਲਮਾਨੁ ਕਰੇ ਵਡਿਆਈ।"
– ਰਾਮ ੩, ਵਾਰ ੧੧ਸ, ੧, ੨:੫ (951)

ਮੁਸਲਾ ----- (ਅ. ਮੁਸਲਾ) ਨਮਾਜ਼ ਪੜ੍ਹਨ ਲਈ ਹੇਠ ਵਛਾਈ ਜਾਣ ਵਾਲੀ 'ਸਫ', ਫੂਹੜੀ
"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।"
– ਮਾਝ ੧, ਵਾਰ ੭ਸ, ੧, ੧:੧ (140)

ਮੁਸਲਿਮੁ ---- (ਅ. ਮੁਸਲਮ) ਤਸਲੀਮ ਕਰਨ ਵਾਲਾ, ਮੰਨਣ ਵਾਲਾ
"ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ।"

– ਮਾਝ ੧, ਵਾਰ ੮ਸ, ੧, ੧:੩ (141)

ਮੁਸਾਫਰੁ ---- (ਅ. ਮੁਸਾਫ਼ਰ)-ਪਾਧੀ, ਰਾਹੀ, ਸਫਰ ਕਰਨ ਵਾਲਾ
"ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲੁਦਰਾ।"
– ਮਾਰੂ ੫, ਸੋਲਾ ੧੨, ੧:੩ (1083)

ਮੁਸਾਵੈ ----- ਲੁਟਾ ਦੇਵੇ
"ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ।"
– ਮਾਝ ੧, ਵਾਰ ੮ਸ, ੧, ੧:੨ (141)

ਮੁਸਿ ------ (1) ਤੜਪ ਕੇ, ਡੁਸਕ ਡੁਸਕ ਕੇ
"ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ।"
– ਆਸਾ ੫, ੪੨, ੧:੨ (381)
"ਮੁਸਿ ਮੁਸਿ ਰੋਵੈ ਕਬੀਰ ਕੀ ਮਾਈ।"
– ਗੂਜ ਕਬ, ੨, ੧:੧ (524)
(2) ਲੁੱਟ ਕੇ, ਖੋਹ ਕੇ
"ਪਾਚਹੁ ਮੁਸਿ ਮੁਸਲਾ ਬਿਛਾਵੈ ਤਬ ਤਉ ਦੀਨੁ ਪਛਾਨੈ।"
– ਆਸਾ ਕਬ, ੧੭, ੩:੨ (480)
"ਕਬੀਰੁ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ।" (ਠੱਗ ਠੱਗ ਕੇ)
– ਸਲੋ ਕਬ, ੨੦:੧ (1365)

ਹੋਰ ਰੂਪ:

ਮੁਸੀ –
"ਮਨਮੁਖਿ ਹਉਮੈ ਕਰ ਮੁਸੀ ਗੁਰਮੁਖਿ ਪਲੈ ਪਾਇ।" (ਲੁੱਟੀ ਗਈ)
– ਸਿਰੀ ੧, ਅਸ ੧੫, ੪:੩ (63)
(3) ਜਿਬਹ ਕਰਕੇ, ਮਾਰ ਕੇ
"ਮੁਸਿ ਮੁਸਿ ਮਨੂਆ ਸਹਜਿ ਸਮਾਨਾ।"
– ਭੈਰ ਕਬ, ੪, ੪:੨ (1158)

ਮੁਸੀਅਤ ---- ਲੁਟੇ ਜਾ ਰਹੇ ਹੋ
"ਦੁਨੀਆ ਹੁਸੀਆਰ ਬੇਦਾਰ ਜਾਗਤ ਮੁਸੀਅਤ ਹਉਰੇ ਭਾਈ।"
– ਰਾਮ ਕਬ, ੧੨, ੧*:੧ (972)

ਮੁਸੈ ------- ਲੁੱਟ ਲੈਂਦਾ ਹੈ
"ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰ ਜਾਈ।"
– ਗਉ ਕਬ, ੭੩, ੧*:੨ (339)
"ਨਾਨਕ ਮੁਸੈ ਗਿਆਨ ਵਿਹੂਣੀ ਖਾਇ ਗਇਆ ਜਮ ਕਾਲੁ।" (ਭਾਵ ਧੋਖਾ ਖਾ ਜਾਣਾ)
– ਆਸਾ ੧, ਵਾਰ ੫ਸ, ੧, ੧:੪ (465)
"ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ।" (ਠਗਿਆ ਜਾਵੈ)
– ਸੂਹੀ ੧, ਛੰਤ ੫, ੬:੨ (767)

ਮੁਹ ------- ਮੂੰਹ

"ਅਸੰਖ ਸੂਰ ਮੁਹ ਭਖ ਸਾਰ।"
– ਜਪੁ ੧, ੧੭:੭ (4)

"ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ।" (ਮੁਖ)
– ਆਸਾ ੧, ੧੨, ੧:੩ (417)

ਮੁਹਹਿ ----- ਲੁੱਟਦੇ ਹਨ
"ਪੰਚ ਦੂਤ ਮੁਹਹਿ ਸੰਸਾਰਾ।"
– ਮਾਝ ੩, ਅਸ ੭, ੨:੧ (113)

ਮੁਹਹੁ ------ ਮੂੰਹ ਤੋਂ, ਮੁਖ ਤੋਂ
"ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।"
– ਸਿਰੀ ੪, ਵਾਰ ੮:੨ (85)

ਮੁਹਕਮ ---- (ਅ. ਮੁਹਕਮ) ਪਕੀ, ਮਜ਼ਬੂਤ
"ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ।"
– ਆਸਾ ੫, ੧੩੨, ੨:੧ (404)

ਮੁਹਛੰਦਗੀ --- ਮੁਥਾਜੀ
"ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ।"
– ਰਾਮ ੫, ਵਾਰ ੮:੭ (961)

ਮੁਹਛੰਦਾ ---- ਮਥਾਜੀ
"ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ।"
– ਮਾਰੂ ੫, ਵਾਰ ੭:੧ (1096)

ਮੁਹਡੜਾ ---- ਮੋਢਾ
"ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।"
– ਮਾਰੂ ੫, ਵਾਰ ੭ਸ, ੫, ੧:੧ (1096)

ਮੁਹਤ ------ ਸਮੇਂ ਦਾਇਕ ਮਾਪ, ਦੋ ਘੜੀਆਂ ਦਾ ਸਮਾਂ, ਲਹਜਾ
"ਘੜੀ ਮੁਹਤ ਕਾ ਪਾਹੁਣਾ ਕਾਜ ਸਵਾਰਣਹਾਰੁ।"
– ਸਿਰੀ ੫, ੭੪, ੧:੧ (43)

ਮੁਹਤਕ ---- ਅੱਧੀ ਘੜੀ
"ਕਿਉ ਨ ਅਰਾਧਹੁ ਮਿਲਿ ਕਰਿ ਸਾਧਹੁ ਘਰੀ ਮੁਹਤਕ ਬੇਲਾ ਆਈ।"
– ਸਾਰ ੫, ਛੰਤ ੧, ੨:੪ (1236)

ਮੁਹਤਾਈਐ -- ਮੁਥਾਜੀ
"ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ ਮੁਹਤਾਈਐ।"
– ਸਾਰ ੫, ੪੯, ੨:੨ (1214)

ਮੁਹਤਾਜ ---- (1) (ਅ. ਮੁਹਤਾਜ) ਲੋੜਵੰਦ, ਥੁੜ ਵਾਲਾ
"ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜ ਭਇਆ।"
– ਆਸਾ ੩, ਪਟੀ ੭:੨ (435)

(2) ਦੂਜਿਆਂ ਉਪਰ ਨਿਰਭਰ ਆਤੁਰ, ਅਰਥੀਆ, ਤਰਲੇ ਕਢਣ ਵਾਲਾ

"ਹਰਿ ਬਿਸਰਤ ਸਭ ਕਾ ਮੁਹਤਾਜ।"
– ਬਿਲਾ ੫, ੩, ੩:੪ (802)

ਮੁਹਤਾਜਾ ---- ਮੁਥਾਜੀ ਭਾਵ ਆਸਰਾ
"ਮਾਣਸੁ ਬਪੁੜਾ ਕਿਆ ਸਾਲਾਹੀ ਕਿਆ ਤਿਸ ਕਾ ਮੁਹਤਾਜਾ।"
– ਸੋਰ ੫, ੧, ੧*:੨ (608)

ਹੋਰ ਰੂਪ:

ਮੁਹਤਾਜਿ –
"ਲਬਿ ਲੋਭਿ ਮੁਹਤਾਜਿ ਵਿਗੂਤੇ ਇਬ ਤਬ ਫਿਰਿ ਪਛੁਤਾਈ।" (ਮੁਥਾਜੀ/ਲੋੜਾਂ ਵਿਚ)
– ਰਾਮ ੧, ਓਅੰ ੬:੩ (930)
ਮੁਹਤਾਜੀ –
"ਤਿਨ ਚੁਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ।" (ਖੁਸ਼ਾਮਦ, ਨਿਰਭਰਤਾ)
– ਗਉ ੪, ਵਾਰ ੧੦ਸ, ੪, ੨:੨ (305)
"ਹਉ ਜੀਉ ਤੇਰਾ ਦਿੱਤਾ ਸਭੁ ਕੋ ਖਾਵੈ ਸਭੁ ਮੁਹਤਾਜੀ ਕਢੈ ਤੇਰੀ।" (ਖੁਸ਼ਾਮਦ)
– ਬਿਹਾ ੪, ਵਾਰ ੧੬:੨ (555)
ਮੁਹਤਾਜੁ –
"ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ।" (ਲੋੜਵੰਦ, ਖੁਸ਼ਾਮਦੀ)
– ਭੈਰ ੧, ਅਸ ੧, ੮:੨ (1153)

ਮੁਹਤਿ ----- ਦੋ ਘੜੀਆਂ ਦੇ ਸਮੇਂ ਅੰਦਰ, ਵੇਖੋ 'ਮੁਹਤ'
"ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ।"
– ਸਿਰੀ ੧, ਅਸ ੧੭, ੪:੨ (64)

ਹੋਰ ਰੂਪ:

ਮੁਹਤੁ –
"ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ।" (ਦੋ ਘੜੀਆਂ ਦਾ ਸਮਾਂ, ਮਹੂਰਤ)
– ਮਾਝ ੧, ਵਾਰ ੨੦:੭ (147)

ਮੁਹਨਿ੍ ----- ਲੁਟਦੇ ਹਨ
"ਪੰਚ ਚੋਰ ਤਿਨਾ ਘਰੁ ਮੁਹਨਿ੍ ਹਉਮੈ ਅੰਦਰਿ ਸੰਨਿ੍।"
– ਬਿਲਾ ੪, ਵਾਰ ੧੨ਸ, ੩, ੧:੨ (854)

ਮੁਹਬਤਿ ---- (ਅ. ਮੁਹਬਤ) ਪਿਆਰ, ਪ੍ਰੇਮ, ਸਨੇਹ
"ਭੋਈ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ।"
– ਗਉ ੫, ਵਾਰ ੧੯ਸ, ੫, ੧:੧ (322)

ਹੋਰ ਰੂਪ:

ਮੁਹਬਤੇ –
"ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ।" (ਪ੍ਰੇਮ ਨਾਲ)
– ਤਿਲੰ ੫, ੫, ੧*:੨ (724)

ਮੁਹਲਤਿ ---- (ਅ. ਮੁਹਲਤ) ਅਵਧਿ, ਸਮਾਂ, ਸਮੇਂ ਦੀ ਹਦ, ਮਿਆਧ
"ਮੁਹਲਤਿ ਪੁੰਨੀ ਚਲਣਾ ਤੂੰ ਸੰਮਲੁ ਘਰ ਬਾਰੁ।"
- ਸਿਰੀ ੫, ੯੨, ੧:੨ (50)

ਮੁਹਲੀ ----- ਛੋਟਾ ਮੁਸਲ, ਓਖਲੀ ਵਿਚ ਧਾਨ ਕੁਟਨ ਵਾਲਾ ਮੋਟਾ ਡੰਡਾ
"ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ।"
- ਰਾਮ ੫, ਵਾਰ ੨੦ਸ, ੫, ੨:੧ (965)

ਮੁਹਾਇ ----- ਠਗੇ ਗਏ
"ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ।"
- ਸਿਰੀ ੩, ੫੪, ੩:੧ (34)

ਮੁਹਾਇਓਨੁ -- ਲੁਟਿਆ ਗਿਆ
"ਕਿੜੀ ਪਵੰਦੀ ਮੁਹਾਇਓਨੁ ਭਾਈ ਕਿਆ ਮੁਹੁ ਦੇਸੀ ਜਾਇ।"
- ਸੋਰ ੩, ਅਸ ੩, ੭:੨ (639)

ਮੁਹਾਈਐ --- ਲੁਟੀਦਾ ਹੈ
"ਦਿਹੁ ਦੀਵੀ ਅੰਧ ਘੋਰੁ ਘਬੁ ਮੁਹਾਈਐ।"
- ਸੂਹੀ ੧, ਅਸ ੪, ੫:੧ (752)

ਮੁਹਾਏ ----- ਲੁਟਵਾਉਂਦਾ/ਠਗਾਉਂਦਾ ਹੈ
"ਮੁਠਾ ਆਪਿ ਮੁਹਾਏ ਸਾਥੈ।"
- ਮਾਝ ੧, ਵਾਰ ੫ਸ, ੧, ੧:੩ (140)

ਮੁਹਾਹੁ ----- ਮੂੰਹਾਂ ਦੁਆਰਾ
"ਆਪੇ ਸੁਣਿ ਸਭ ਵੇਖਦਾ ਪਿਆਰਾ ਮੁਖਿ ਬੋਲੇ ਆਪਿ ਮੁਹਾਹੁ।"
- ਸੋਰ ੪, ੧, ੨:੧ (604)

ਮੁਹਾਣੈ ----- ਆਗੂ ਦਾ, ਮੁਖੀਏ ਦਾ
"ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰ ਮੁਚੁਕਾਵੈ।"
- ਮਾਝ ੧, ਵਾਰ ੮ਸ, ੧, ੧:੩ (141)

ਮੁਹਾਰ ----- ਘੋੜੇ ਦੇ ਮੂੰਹ ਮਸਤਕ ਤੇ ਪਾਇਆ ਗਿਆ ਸਾਜ਼
"ਦੇਇ ਮੁਹਾਰ ਲਗਾਮੁ ਪਹਿ ਰਾਵਉ।"
- ਗਉ ਕਬ, ੩੧, ੧:੧ (329)

ਮੋੁਹਾਰਾ ----- ਮੋਹ ਵਿਚ
"ਉਰਝਿ ਪਰਿਓ ਮਨ ਮੀਠ ਮੋੁਹਾਰਾ।"
- ਪ੍ਰਭਾ ੫, ਅਸ ੧, ੧:੩ (1347)

ਮੁਹਾਵਹਿ ---- ਲੁਟਦੇ ਹਨ
"ਲੋਕ ਮੁਹਾਵਹਿ ਚਾੜੀ ਖਾਹਿ।"
- ਰਾਮ ੧, ਵਾਰ ੧੧ਸ, ੧, ੧:੧੨ (951)

ਮੁਹਿ ------ (1) ਮੂੰਹ ਤੇ
"ਮੰਨੈ ਮੁਹਿ ਚੋਟਾ ਨਾ ਖਾਇ।"

– ਜਪੁ ੧, ੧੩:੩ (3)

“ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ।” (ਮੂੰਹ ਨੂੰ)

– ਸਿਰੀ ੪, ਵਾਰ ੧੧:੨ (87)

“ਓਸੁ ਅਗੈ ਪਿਛੈ ਢੋਈ ਨਾਹੀ ਜਿਸੁ ਅੰਦਰਿ ਨਿੰਦਾ ਮੁਹਿ ਅੰਬੁ ਪਇਆ।” (ਮੂੰਹ ਅੰਦਰ/ਵਿਚ)

– ਗਉ ੪, ਵਾਰ ੧੩ਸ, ੪, ੨:੬ (307)

“ਮੁਹਿ ਚਲੈ ਸੁ ਅਗੈ ਮਾਰੀਐ।” (ਮੂੰਹ ਵਲ ਹੋ ਕੇ, ਭਾਵ ਅਮੋੜ ਜਾਂ ਮਨਮੁਖ)

– ਆਸਾ ੧, ਵਾਰ ੧੨:੫ (470)

(2) ਲੁਟ ਕੇ

“ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।”

– ਆਸਾ ੧, ਵਾਰ ੧੭ਸ, ੧, ੧:੧ (472)

(3) ਮੈਨੂੰ

“ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰ ਸਰੀਤਾ।”

– ਬਿਲਾ ੫, ੩੭, ੪:੨ (810)

“ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ।”

– ਸਲੋ ਕਬ, ੬੧:੧ (1367)

ਹੋਰ ਰੂਪ:

ਮੋੁਹਿ –

“ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨਿ੍ ਲੀਆ ਅੰਚਿਲ ਲਾਇ।” (ਮੈਨੂੰ)

– ਸਲੋ ਕਬ, ੭੮:੨ (1368)

(4) ਮੇਰੀ

“ਤੂੰ ਬ੍ਰਾਹਮਨੁ ਮੈ ਕਾਸੀਕ ਜੁਲਾਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ।”

– ਰਾਮ ਕਬ, ੫, ੩:੧ (970)

ਹੋਰ ਰੂਪ:

ਮੋੁਹਿ –

“ਬਾਜੀਗਰ ਸਉ ਮੋੁਹਿ ਪ੍ਰੀਤਿ ਬਨਿ ਆਈ।”

– ਆਸਾ ਰਵਿ, ੬, ੩:੨ (487)

ਮੁਹੀ ------ (1) ਮੂੰਹ ਵਿਚ, ਵੇਖੋ ‘ਮੁਹ’, ‘ਮੁਹਿ’

“ਤੀਜੈ ਮੁਹੀ ਗਿਰਾਹ ਭੁਖ ਤਿਖਾ ਦੁਇ ਭਉ ਕੀਆ।”

– ਮਾਝ ੧, ਵਾਰ ੧੭ਸ, ੧, ੧:੫ (146)

(2) ਮੂੰਹ ਵਾਲੀ

“ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ।”

– ਸਾਰ ੪, ਵਾਰ ੧੪ਸ, ੧, ੧:੧ (1242)

ਮੁਹੁ ------- ਮੂੰਹ, ਮੁਖ

“ਹਉ ਕਿਆ ਮੁਹੁ ਦੇਸਾ ਦੁਸਟੁ ਚੋਰੁ।”

– ਸਿਰੀ ੧, ੨੯, ੪:੨ (24)

ਹੋਰ ਰੂਪ:

ਮੁਹੇ –
“ਆਸਾ ਬੰਧਿ ਚਲਾਈਐ ਮੁਹੇ ਮੁਹਿ ਚੋਟਾ ਖਾਇ। (ਮੂੰਹੋਂ)
– ਸਿਰੀ ੧, ੧੩, ੭:੨ (61)

ਮੁਹੇ ------- (1) ਮੂੰਹ, ਮੂੰਹੋ, ਵੇਖੋ ‘ਮੁਹੁ’

ਹੋਰ ਰੂਪ:

ਮੁਹੈ –
“ਦਫਤਹਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ।” (ਮੂੰਹੋ)
– ਸਲੋ ਕਬ, ੨੦੦:੨ (1375)

ਮੁਹੌ –
“ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ।” (ਮੂੰਹ ਤੋਂ)
– ਜਪੁ ੧, ੪:੪ (2)

(2) ਮੁਠੇ/ਠਗੇ/ਲੁੱਟੇ, ਗਏ, ਵੇਖੋ ‘ਮੁਹਿ’ (2)
“ਜੋਨਰ ਭਰਮਿ ਭਰਮਿ ਉਦਿਆਨੇ ਤੇ ਸਾਕਤ ਮੂੜ ਮੁਹੇ।”
– ਪ੍ਰਭਾ ੪, ੪, ੩:੧ (1336)

ਹੋਰ ਰੂਪ:

ਮੁਹੈ –
“ਜੇ ਮੋਹਾ ਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ। (ਲੁਟੇ)
– ਆਸਾ ੧, ਵਾਰ ੧੭ਸ, ੧, ੧:੧ (472)

ਮੁਕਟ ------ (ਸੰ.) ਤਾਜ, ਸਿਰ ਦਾ ਭੂਸ਼ਨ
“ਸੁੰਦਰ ਕੁੰਡਲ ਮੁਕਟ ਬੈਨ।”
– ਮਾਰੂ ੫, ੧੧, ੧੦:੨ (1082)

ਮੁਕਟੁ ------ (1) (ਸੰ) ਜੂੜਾ
“ਜਟਾ ਮੁਕਟੁ ਤਨਿ ਭਸਮ ਲਗਾਈ।”
– ਭੈਰ ੧, ੮, ੪:੧ (1127)

(2) ਤਾਜ, ਸਿਰ ਦਾ ਭੂਸ਼ਨ, ਵੇਖੋ ‘ਮੁਕਟੁ’
“ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰ ਪੰਖ ਚਾਹਿ ਜੀਉ।”
– ਸਵ ੪, ਗਯੰ ੮:੧ (1402)

ਮੁਕਤ ------ (1) ਆਜ਼ਾਦ, ਨਿਰਬੰਧ, ਛੁਟਿਆ ਹੋਇਆ, ਬੰਧਨ ਰਹਿਤ
“ਜਉ ਸਾਧੂ ਕਰੁ ਮਸਤਕਿ ਧਰਿਓ ਤਬ ਹਮ ਮੁਕਤ ਭਏ।”
– ਗਉ ੫, ੧੫੯*, ੨:੨ (214)

“ਜੀਵਤ ਮੁਕਤ ਗੁਰਮਤੀ ਲਾਗੇ।” (ਜਨਮ ਮਰਨ ਤੋਂ ਛੁਟਕਾਰਾ ਪਾ ਚੁਕੇ)
– ਮਲਾ ੩, ੧੨, ੧:੧ (1262)

ਹੋਰ ਰੂਪ:

ਮੁਕਤਾ –

“ਕਥਨ ਕਹਨ ਤੇ ਮੁਕਤਾ ਗੁਰਮੁਖਿ ਕੋਈ ਵਿਰਲਾ।” (ਆਜ਼ਾਦ)
– ਸਿਰੀ ੫, ੯੬, ੩:੨ (51)
“ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ।” (ਮੁਕਤ)
– ਮਾਝ ੫, ਅਸ ੩੬, ੧:੧ (131)
“ਏਹ ਮੁਕਤਾ ਏਹ ਜੁਗਤਾ ਰਾਖਹੁ ਸੰਤ ਸੰਗਾਹਿ।” (ਮੁਕਤੀ)
– ਆਸਾ ੫, ੧੪੬, ੨:੧ (407)
“ਨਾਨਕ ਕੇ ਪ੍ਰਭ ਸਦ ਹੀ ਮੁਕਤਾ।” (ਨਿਰਲੇਪ, ਅਲਿਪਤ)
– ਬਿਲਾ ੫, ੬, ੪:੨ (803)
“ਸਤਿਗੁਰਿ ਮਿਲੀਐ ਮਾਰਗੁ ਮੁਕਤਾ ਸਹਜੇ ਮਿਲੇ ਸੁਆਮੀ।” (ਖੁਲ੍ਹਾ)
– ਰਾਮ ੫, ੨, ੪:੧ (883)

(2) ਮੋਤੀ
“ਮੁਕਤ ਲਾਲ ਅਨਿਕ ਭੋਗ ਬਿਨੁ ਨਾਮੁ ਨਾਨਕ ਹਾਤ।”
– ਕਾਨ ੫, ੪੨, ੨:੧ (1306)

ਮੁਕਤਾਹਲ --- ਮੋਤੀਆਂ ਦੀ ਲੜੀ
“ਕਾਹੂ ਲਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ।”
– ਆਸਾ ਕਬ, ੧੬, ੨:੨ (479)

ਮੁਕਤਿ ----- (1) ਮੁਕਤੀ
“ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ।”
– ਸਿਰੀ ੧, ੧੨, ੧*:੨ (18)
“ਗੁਰ ਕੈ ਸਬਦਿ ਮਨੁ ਜੀਤਿਆ ਗਤਿ ਮੁਕਤਿ ਘਰੈ ਮਹਿ ਪਾਇ।”
– ਸਿਰੀ ੩, ੩੫, ੨:੧ (26)

(2) ਮੁਕਤੀ ਪ੍ਰਾਪਤ ਕਰਨ ਵਾਲੇ
“ਬਨ ਕਾ ਮਿਰਗੁ ਮੁਕਤਿ ਸਭੁ ਹੋਗੁ।”
– ਗਉ ਕਬ, ੪, ੧:੨ (324)

ਮੁਕਤਿਦਾਤਾ -- ਮੁਕਤੀ ਦੇਣ ਵਾਲਾ, ਬੰਦ ਖਲਾਸੀ ਕਰਵਾਉਣ ਵਾਲਾ
“ਗੁਰੁ ਭੇਟਿਆ ਹੈ ਮੁਕਤਿਦਾਤਾ।”
– ਬਿਲਾ ੪, ੭, ੧:੩ (801)

ਮੁਕਤਿ ਦੁਆਰਾ ਮੁਕਤੀ ਦਾ ਦਰਵਾਜ਼ਾ, ਮੁਕਤੀ ਪ੍ਰਾਪਤ ਕਰਨ ਲਈ ਜਿਸ ਦਰਵਾਜ਼ੇ ਵਿਚੋਂ ਲੰਘਣਾ ਪਵੇ
“ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ।”
– ਗੂਜ਼ ੩, ਵਾਰ ੪ਸ, ਕਬ, ੧:੧ (509)

ਹੋਰ ਰੂਪ:

ਮੁਕਤਿ ਦੁਆਰੁ –
“ਗੁਰਿ ਦਿਖਲਾਇਆ ਮੁਕਤਿ ਦੁਆਰੁ।” (ਮੁਕਤੀ ਦਾ ਦਰਵਾਜ਼ਾ)
– ਪ੍ਰਭਾ ੫, ਅਸ ੩, ੨:੨ (1348)

ਮੁਕਤਿ ਪੰਥ -- ਮੁਕਤੀ ਦਾ ਰਾਹ
“ਮੁਕਤਿ ਪੰਥ ਜਾਨਿਓ ਤੈ ਨਾਹਿਨ ਧਨ ਜੋਰਨ ਕਉ ਧਾਇਆ।”
– ਸੋਰ ੯, ੩, ੧:੧ (632)

ਮੁਕਤਿ ਮਾਲ – ਮੋਤੀਆਂ ਦੀ ਮਾਲਾ

“ਮੁਕਤਿ ਮਾਲ ਕਨਿਕ ਲਾਲ ਹੀਰਾ ਮਨਰੰਜਨ ਕੀ ਮਾਇਆ।”

– ਜੈਤ ੫, ੧, ੨:੧ (700)

ਮੁਕਤੀ ----- ਬੰਧ ਖਲਾਸੀ

“ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ।”

– ਮਾਝ ੩, ਅਸ ੧੩, ੩:੩ (117)

ਮੁਕਤੀ ਸਰੁ -- ਮੁਕਤੀ ਦਾ ਮਾਲਕ, ਮੁਕਤੀ ਦਾਤਾ

“ਆਪੇ ਮੁਕਤਿ ਦਾਨੁ ਮੁਕਤੀ ਸਰੁ ਮਮਤਾ ਮੋਹੁ ਚੁਕਾਇਦਾ।”

– ਮਾਰੂ ੧, ਸੋਲਾ ੧੪, ੧੪:੩ (1035)

ਮੁਕਤੁ ------ (1) ਬੰਧ ਖਲਾਸ, ਅਜ਼ਾਦ, ਨਿਰਬੰਧਨ

“ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ ਤਿਨ ਤੂਟੀ ਜਮ ਕੀ ਫਾਸੀ।”

– ਆਸਾ ੪, ਸੋਪੁ ੧, ੩:੨ (11)

ਮੁਕਤੇ –

“ਮੁਕਤੇ ਸੇਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ।” (ਬੰਧ ਖਲਾਸ)

– ਸਿਰੀ ੫, ੭੩, ੨:੩ (43)

“ਮੁਕਤੇ ਸੇਵੇ ਮੁਕਤਾ ਹੋਵੈ।” (ਮੁਕਤ ਨੂੰ)

– ਮਾਝ ੩, ਅਸ ੧੨, ੬:੧ (116)

(2) ਬੰਧ ਖਲਾਸ ਕਰਨ ਵਾਲਾ, ਮੁਕਤੀ ਦੇਣ ਵਾਲਾ

“ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ।”

– ਸਿਰੀ ੫, ੯੭, ੩:੨ (52)

ਹੋਰ ਰੂਪ:

ਮੁਕਤੌ –

“ਮੁਕਤੌ ਸਾਧੂ ਧੂਰੀ ਨਾਵੈ।” (ਮੁਕਤ, ਬੰਧ ਖਲਾਸ)

– ਪ੍ਰਭਾ ੫, ੮, ੧*:੨ (1340)

ਮੁਕਤੇ ------ (1) ਮੁਕਤ, ਬੰਧ ਖਲਾਸ, ਵੇਖੋ ‘ਮੁਕਤੁ’

ਹੋਰ ਰੂਪ:

ਮੁਕਤੈ –

“ਮੁਕਤੈ ਗੁਰਿ ਅਨਲੁ ਬੁਝਾਇਆ।” (ਮੁਕਤ ਗੁਰੂ ਨੇ)

– ਰਾਮ ਕਬ, ੧੦, ੧:੨ (971)

ਮੁਕਤੋ –

“ਗੁਰਮੁਖਿ ਮੁਕਤੋ ਬੰਧੁ ਨ ਪਾਇਆ।” (ਮੁਕਤ ਹੈ)

– ਗਉ ੧, ੬, ੨:੩ (152)

(2) ਖੁਲੀ, ਮੋਕਲੀ

“ਨਾਮ ਤੇਰੇ ਕੀ ਮੁਕਤੇ ਬੀਥੀ ਜਮ ਕਾ ਮਾਰਗੁ ਦੂਰਿ ਰਹਿਆ।”

– ਆਸਾ ੫, ੯੧, ੧*:੨ (393)

(3) ਖੁਲ੍ਹਦੇ ਹਨ

“ਬਜਰਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ।”

– ਸੋਰ ੧, ੬, ੩:੨ (597)

(4) ਮੁਕਤੀ ਦਾ

“ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ।”

– ਮਾਰੂ ੧, ਅਸ ੧, ੮:੨ (1009)

ਮੁਕੰਦ ----- ਮੁਕਤੀ ਦਾਤਾ

“ਨਾਮੇ ਕੇ ਸ੍ਵਾਮੀ ਮੀਰ ਮੁਕੰਦ।”

– ਤਿਲੰ ਨਾਮ, ੩, ੪:੨ (727)

ਮੁਕਦਮ ---- (1) ਚੌਧਰੀ

“ਰਯਤਿ ਮਹਰ ਮੁਕਦਮ ਸਿਕਦਾਰੈ।”

– ਗਉ ੧, ਅਸ ੧੪, ੫:੧ (227)

(2) ਅਹਿਲਕਾਰ, ਮਾਮਲਾ ਉਗਰਾਹੁਣ ਵਾਲਾ ਮੁਲਾਜ਼ਮ

“ਰਾਜੇ ਸੀਹ ਮੁਕਦਮ ਕੁਤੇ।”

– ਮਲਾ ੧, ਵਾਰ ੨੨ਸ, ੧, ੨:੫ (1288)

ਮੁਕੰਦਾ ----- ਮੁਕਤੀ ਦਾਤਾ, ਪ੍ਰਭੂ

“ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ।”

– ਆਸਾ ਕਬ, ੨੬, ੧*:੨ (482)

ਮੁਕਦੀ ----- ਖਤਮ ਹੁਦੀ

“ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।”

– ਸਿਰੀ ੫, ੭੩, ੧*:੨ (43)

ਮੁਕੰਦੁ ----- ਮੁਕਤੀ ਦਾਤਾ ਭਾਵ ਪ੍ਰਭੂ

“ਮਨਿ ਮੁਕੰਦੁ ਜਿਹਬਾ ਨਾਰਾਇਨੁ ਪਰੈ ਨ ਜਮ ਕੀ ਫਾਸੀ।”

– ਗਉ ਕਬ, ੫੮, ੨:੨ (336)

ਹੋਰ ਰੂਪ:

ਮੁਕੰਦੇ –

“ਧਿਆਇ ਮਨਾ ਮੁਰਾਰਿ ਮੁਕੰਦੇ ਕਟੀਐ ਕਾਲ ਦੁਖ ਫਾਧੋ।” (ਮੁਕਤੀ ਦਾਤਾ)

– ਗਉ ੫, ਛੰਤ ੩, ੧:੨ (248)

ਮੁਕਰ ------ (ਸੰ੍) ਸ਼ੀਸ਼ਾ

“ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।”

– ਧਨਾ ੯, ੧, ੧:੧ (684)

ਮੁਕਰਨ ---- ਇਨਕਾਰ ਕਰਨ, ਮੁਕਰਨ ਦੀ

“ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ।”

– ਬਿਲਾ ੫, ੧੧੮, ੧:੧ (828)

ਮੁਕਰਾਈ --- ਹੁਜਤ, ਤਰਕ, ਉਜ਼ਰ

“ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ।”

– ਮਾਰੂ ੧, ਸੋਲਾ ੧, ੧:੩ (1020)

ਮੁਕਰਾਈਐ -- ਮੁਕਰ ਜਾਣਾ
"ਹਰਿ ਅੰਤਰਿ ਬਾਹਰਿ ਨਾਲਿ ਹੈ ਮੇਰੀ ਜਿੰਦੁੜੀਏ ਸਭ ਵੇਖੈ ਮਨਿ ਮੁਕਰਾਈਐ ਰਾਮ।"
– ਬਿਹਾ ੪, ਛੰਤ ੬, ੧:੨ (541)

ਮੁਕਰਾਨੀ --- ਮੁਕਰਦੇ ਹਨ, ਇਨਕਾਰ ਕਰਦੇ ਹਨ
"ਲੂਕਿ ਕਮਾਨੋ ਸੋਈ ਤੁਮ੍ ਪੇਖਿਓ ਮੂੜ ਮੁਗਧ ਮੁਕਰਾਨੀ।"
– ਆਸਾ ੫, ੧੨੮, ੧:੧ (403)

ਮੁਕਰਿ ----- ਇਨਕਾਰੀ ਹੋਣਾ
"ਤੂ ਦੇਖਹਿ ਹਉ ਮੁਕਰਿ ਪਾਉ।"
– ਸਿਰੀ ੧, ੩੧, ੨:੩ (25)

ਹੋਰ ਰੂਪ:

ਮੁਕਰੁ –
"ਕੇਤੇ ਲੈ ਲੈ ਮੁਕਰੁ ਪਾਹਿ।" (ਇਨਕਾਰੀ ਹੋਣਾ)
– ਜਪੁ ੧, ੨੫:੬ (5)

ਮੁਕਲਾਊ ---- ਮੁਕਲਾਵਾ ਲੈ ਜਾਣ ਵਾਲੇ ਭਾਵ ਯਮਰਾਜ
"ਪਾਹੂ ਘਰਿ ਆਏ ਮੁਕਲਾਊ ਆਏ।"
– ਗਉ ਕਬ, ੫੦, ੧*:੨ (333)

ਮੁਕਲਾਈ --- ਮੁਕਲਾਵੇ ਲਿਆਂਦੀ ਭਾਵ ਵਿਆਹੀ
"ਸੁਤਿ ਮੁਕਲਾਈ ਅਪਨੀ ਮਾਉ।"
– ਬਸੰ ਕਬ, ੩, ੧*:੨ (1194)

ਮੁਕਲਾਵਣਹਾਰ ਮੁਕਲਾਵੇ ਤੋਰ ਯੋਗ, ਵਿਆਹੁਣ ਯੋਗ
"ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ।"
– ਸਿਰੀ ੫, ੯੩, ੪:੧ (50)

ਮੁਕਾਤੀ ----- ਮੁਕਦੀ (ਸ਼ਬਦਾਰਥ) ਟੁਕੜੇ ਕੀਤੀ (ਮਹਾਨ ਕੋਸ਼)
"ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ।"
– ਗਉ ਕਬ, ੪੮, ੧*:੨ (333)

ਮੁਕਾਮ ----- (1) ਟਿਕਾਣੇ, ਠਹਿਰਨ ਦੀ ਥਾਂ
"ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।"
– ਆਸਾ ੧, ਅਸ ੧੨, ੪:੨ (417)

ਹੋਰ ਰੂਪ:

ਮੁਕਾਮਾ –
"ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ।" (ਟਿਕਾਣਾ)
– ਪ੍ਰਭਾ ਕਬ, ੨, ੨:੨ (1349)

ਮੁਕਾਮਿ –

"ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ।" (ਟਿਕਾਣੇ ਤੇ)

– ਸਿਰੀ ੧, ਅਸ ੧੭, ੨:੧ (64)

ਮੁਕਾਮੁ –

"ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ।" (ਟਿਕਾਣਾ)

– ਸਿਰੀ ੧, ਅਸ ੧੭, ੧:੧ (64)

ਮੁਕਾਮੇ –

"ਦੁਨੀਆ ਕੈਸਿ ਮੁਕਾਮੇ।" (ਟਿਕਣ ਦੀ ਥਾਂ)

– ਸਿਰੀ ੧, ਅਸ ੧੭, ੧*:੧ (64)

ਮੁਕਾਮੈ –

"ਪੰਜਵੈ ਪੰਜੇ ਇਕਤੁ ਮੁਕਾਮੈ ਏਹਿ ਪੰਜਿ ਵਖਤ ਤੇਰੇ ਅਪਰਪਰਾ।" (ਥਾਂ ਟਿਕਾਣੇ)

– ਮਾਰੂ ੫, ਸੋਲਾ ੧੨, ੯:੩ (1084)

(2) ਕਾਇਮ/ਥਿਰ ਰਹਿਣ ਵਾਲਾ

"ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ।"

– ਮਾਝ ੫, ਸੋਲਾ ੧੨, ੮:੩ (1084)

ਹੋਰ ਰੂਪ:

ਮੁਕਾਮੁ –

"ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।" (ਸਥਿਰ ਰਹਿਣ ਵਾਲਾ)

– ਸਿਰੀ ੧, ਅਸ ੧੭, ੬:੨ (64)

"ਚਉਧਰੀ ਰਾਜੇ ਨਹੀ ਕਿਸੈ ਮੁਕਾਮੁ।" (ਸਥਿਰਤਾ)

– ਗਉ ੧, ਅਸ ੧੪, ੪:੧ (227)

ਮੁਕਿਹਿ ----- ਮੁਕ ਜਾਂਦੇ/ਖਤਮ ਹੋ ਜਾਂਦੇ ਹਨ

"ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ।"

– ਸਵ ੩, ੧੪:੩ (1394)

ਮੁਕੀਆਂ ---- ਘਸੁੰਨ

"ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਾ ਨ ਮਾਰੇ ਘੁੰਮਿ।"

– ਸਲੋ ਫਰ, ੭:੧ (1378)

ਮੁਕੇ ------- ਖਤਮ ਹੋ ਗਏ

"ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ।"

– ਬਿਹਾ ੪, ਵਾਰ ੪ਸ, ੩, ੨:੬ (550)

ਮੁਖ ------- (1) ਚੇਹਰਾ

"ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।" ('ਮੁਖ ਉਜਲੇ' ਭਾਵ ਸੁਰਖਰੂ)

– ਜਪੁ ੧, ੩੮ਸ:੬ (8)

(2) ਮੂੰਹ

"ਙੰਙਾ ਙਿਆਨੁ ਨਹੀ ਮੁਖ ਬਾਤਉ।"

– ਗਉ ੫, ਬਾਅ ੫:੧ (251)

"ਹਰਿ ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖੁ ਹੋਇ।"

– ਗਉ ੫, ਬਾਅ ੫੧ਸ:੧ (260)

ਹੋਰ ਰੂਪ:

ਮੁਖਹਿ –
"ਜੈਸੇ ਬਾਰਿਕ ਮੁਖਹਿ ਖੀਰ।" (ਮੂੰਹ ਵਿਚ)
– ਮਾਲੀ ੫, ੩, ੧:੪ (987)

ਮੁਖਹੁ –
"ਉਸਤਤਿ ਕਹਨੁ ਨ ਜਾਇ ਮੁਖਹੁ ਤੁਹਾਰੀਆ।" (ਮੂੰਹ ਤੋਂ)
– ਗਉ ੫, ਬਾਅ ੫੫ਸ:੩ (261)
"ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ।" (ਮੂੰਹ ਜ਼ੁਬਾਨੀ)
– ਗਉ ੫, ਸੁਖ ੫, ੭:੨ (269)

ਮੁਖਨੇ ------ ਮੁਕਤ ਰੂਪ, ਮੁਕਤ ਕਰਨ ਯੋਗ
"ਜਿਉ ਜਲ ਕੁੰਚਰੁ ਤਦੂਐ ਬਾਂਧਿਓ ਹਰਿ ਚੇਤਿਓ ਮੋਖ ਮੁਖਨੇ।"
– ਨਟ ੪, ੫, ੩:੨ (976)

ਮੁਖਬਚਨੀ --- ਮੂੰਹ ਜ਼ੁਬਾਨੀ
"ਚਤੁਰ ਬੇਦ ਮੁਖਬਚਨੀ ਉਚਰੈ ਆਗੈ ਮਹਲੁ ਨ ਪਾਈਐ।"
– ਗਉ ੫, ੧੬੪*, ੩:੧ (216)

ਮੁਖਫਾ ----- (ਅ. ਮੁਖਿਫ) ਹਲਕਾ ਕਰਨ ਵਾਲਾ (ਕੇਵਲ ਮਹਾਨ ਕੋਸ਼) ਮੁਖੀ, ਇਜ਼ਤ ਵਾਲੇ
"ਤੁਮਰੇ ਜਨ ਤੁਮਹੀ ਤੇ ਜਾਨੇ ਪ੍ਰਭ ਜਾਨਿਓ ਜਨ ਤੇ ਮੁਖਫਾ।"
– ਪ੍ਰਭਾ ੪, ੫, ੪:੧ (1336)

ਮੁਖਮੰਗਾ ---- ਮੂੰਹ ਮੰਗੇ, ਮਨਚਾਹੇ
"ਐਸੋ ਮਿਲਿਓ ਮਨੋਹਰੁ ਪ੍ਰੀਤਮੁ ਸੁਖ ਪਾਏ ਮੁਖਮੰਗਾ।"
– ਸਾਰ ੫, ੩੦, ੧:੨ (1210)

ਮੁਖਾ ------ ਮੂੰਹ, ਮੁਖ
"ਨਾਮ ਬਿਹੂਨ ਸੂਨੇ ਸੇ ਮੁਖਾ।"
– ਗਉ ੫, ੧੩੪, ੧:੨ (192)
"ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ।" (ਮੂੰਹ ਨੂੰ)
– ਵਡ ੪, ਵਾਰ ੬:੫ (588)

ਮੁਖਾਗਰ ---- ਮੂੰਹ ਜ਼ੁਬਾਨੀ
"ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ।"
– ਸਿਰੀ ੫, ਅਸ ੨੬, ੫:੧ (70)

ਮੁਖਾਰਬਿੰਦ -- ਕੰਵਲ ਵਰਗਾ ਮੁਖ
"ਅਵਿਲੋਕਉ ਰਾਮ ਕੋ ਮੁਖਾਰਬਿੰਦ।"
– ਕਾਨ ੫, ੩੨, ੧*:੧ (1304)

ਮੁਖਿ ------ (1) ਮੁਖ ਤੋਂ, ਮੁਖ ਨਾਲ, ਮੂੰਹੋਂ
"ਸੁਣਿਐ ਮੁਖਿ ਸਾਲਾਹਣਮੰਦੁ।" (ਜਿਹਬਾ ਦੁਆਰਾ)
– ਜਪੁ ੧, ੯:੨ (2)
"ਖਟੁ ਸਾਸਤ ਬਿਚਰਤ ਮੁਖਿ ਗਿਆਨਾ।" (ਮੂੰਹ ਜ਼ੁਬਾਨੀ)

- ਮਾਝ ੫, ੧੨, ੨:੧ (98)

“ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ।” (ਮੂੰਹ ਵਿਚ)

- ਮਾਝ ੧, ਵਾਰ ੧੯ਸ, ੨, ੧:੫ (146)

“ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ।” (ਮੂੰਹ ਜੋੜਨ ਭਾਵ ਮੇਲ ਅਥਵਾ ਸਬੰਧ ਰਖਨ ਵਾਲਾ)

- ਬਿਲਾ ੫, ੪੪, ੪:੧ (811)

(2) ਚਿਹਰੇ ਉਪਰ

“ਮੋਹਣੀ ਮੁਖਿ ਮਣੀ ਸੋਹੈ ਕਰੈ ਰੰਗਿ ਪਸਾਉ।”

- ਸਿਰੀ ੧, ੧, ੨:੨ (14)

“ਤਿਨ ਮੁਖਿ ਟਿਕੇ ਨਿਕ ਲਹਿ ਜਿਨ ਮਨਿ ਸਚਾ ਨਾਉ।”

- ਸਿਰੀ ੧, ੬, ੨:੨ (16)

“ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤ ਥੀਵਿਆ।” (ਭਾਵ ਮਥੇ ਲਗਾ)

- ਸਿਰੀ ੪, ਪਹ ੩, ੧:੪ (76)

“ਜਿਤੁ ਮੁਖਿ ਭਾਗੁ ਲਿਖਿਆ ਧੁਰਿ ਸਾਚੈ ਹਰਿ ਤਿਤੁ ਮੁਖਿ ਨਾਮੁ ਜਪਾਤੀ।” (ਮਥੇ ਤੇ)

- ਸਿਰੀ ੪, ਵਾਰ ੧੩:੫ (88)

(3) ਮੁਖੀ

“ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ ਗੁਰਮੁਖਿ ਪ੍ਰੀਤਿ ਲਗਾਤੀ।” (ਮੁਖੀ ਸ਼੍ਰੋਮਣੀ ਗੁਰਮੁਖੀ ਨਾਲ)

- ਸਿਰੀ ੪, ਵਾਰ ੧੩:੪ (88)

“ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ।” (ਮੁਖੀ ਗੁਰੂ)

- ਆਸਾ ੪, ਛੰਤ ੨੧, ੬:੩ (452)

“ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ।” (ਮੁਖੀ ਦੀਵੇ)

- ਰਾਮ ੧, ੪, ੨:੧ (877)

(4) ਮੂੰਹ ਲਾਇ ਭਾਵ ਸਨਮੁਖ/ਸਾਹਮਣੇ ਬੁਲਾਏ

“ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ।”

- ਸਿਰੀ ੪, ਵਾਰ ੨੧:੨ (91)

“ਗੁਰਮੁਖਿ ਪ੍ਰੀਤਿ ਗੁਰੂ ਮੁਖਿ ਲਾਇ।” (ਦਰਸ਼ਨ ਕਰੇ)

- ਗਉ ੪, ੪੧, ੩:੧ (164)

“ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ।” (ਮੂੰਹ ਲਗੀ ਭਾਵ ਚੰਗੀ ਲਗੀ, ਭਾਅ ਗਈ)

- ਬਿਲਾ ੫, ੮੯, ੧:੨ (822)

“ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ।” (ਦਰਸ਼ਨ ਦੇਹ)

- ਮਾਰੂ ੫, ਵਾਰ ੧੯ਸ, ੫, ੧:੨ (1100)

(5) ਮੂੰਹ

“ਮੁਖਿ ਧਿਮਾਣੈ ਧਨ ਖੜੀ ਗੁਰਮੁਖਿ ਆਖੀ ਦੇਖੁ।” (ਮੂੰਹ ਧਿਆਨੇ ਭਾਵ ਸੋਚ ਵਿਚ ਡੁਬੀ)

- ਮਾਰੂ ੧, ਅਸ ੩, ੫:੨ (1010)

“ਤਿਨ ਕੀ ਧੂਰਿ ਲਾਈ ਮੁਖਿ ਮਸਤਕਿ ਸਤਸੰਗਤਿ ਬਹਿ ਗੁਣ ਗਾਇਦਾ।” (ਮੂੰਹ ਤੇ)

– ਮਾਰੂ ੫, ਸੋਲਾ ੨੧, ੨:੩ (1065)

ਮੁਖੀ ------ (1) ਮੁਖੀ ਜਨ, ਉਤਮ/ਸ੍ਰੇਸ਼ਟ ਪੁਰਸ਼
"ਮਨਿ ਤਨਿ ਮੁਖ ਬੋਲਹਿ ਹਰਿ ਮੁਖੀ।"
– ਗਉ ੫, ਸੁਖ ੧੪, ੩:੫ (281)
(2) ਮੁਖ ਦੁਆਰਾ, ਮੂੰਹ ਰਾਹੀਂ, ਮੂੰਹ ਨਾਲ
"ਸਾਸਿ ਸਾਸਿ ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ।"
– ਆਸਾ ੫, ਛੰਤ ੬, ੧:੪ (456)
"ਅਨਿਕ ਮੁਖੀ ਜਪੀਐ ਗੋਪਾਲ।" (ਮੂੰਹਾਂ ਨਾਲ)
– ਸਾਰ ੫, ਅਸ ੨, ੫:੪ (1236)

ਮੁਖੁ ------- (1) ਮੁਖ, ਮੂੰਹ
"ਤਾ ਮੁਖੁ ਹੋਵੈ ਉਜਲਾ ਲਖ ਦਾਤੀ ਇਕ ਦਾਤਿ।"
– ਸਿਰੀ ੧, ੫, ੩:੨ (16)
"ਰਾਮ ਗੋਬਿੰਦ ਜਪੇਦਿਆ ਹੋਆ ਮੁਖੁ ਪਵਿਤ੍ਰੁ।"
– ਗਉ ੫, ੧੭੧*, ੧:੧ (218)
(2) ਚਿਹਰਾ
"ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ।"
– ਸਿਰੀ ੫, ੭੮, ੧*:੧ (44)
"ਤਰਣ ਤੇਜੁ ਪਰ ਤ੍ਰਿਅ ਮੁਖੁ ਜੋਹਹਿ ਸਰੁ ਅਪਸਰੁ ਨ ਪਛਾਣਿਆ।"
– ਸਿਰੀ ਬੇਣੀ, ੧, ੩:੧ (93)
"ਓਸੁ ਬਿਨਾ ਕੋਊ ਮੁਖੁ ਨਹੀ ਜੋਰੈ।" (ਭਾਵ ਮਿਲਣਾ ਨਹੀਂ ਚਾਹੁੰਦਾ)
– ਆਸਾ ੫, ੮੨, ੧:੪ (390)
"ਹਉ ਵਾਰੀ ਮੁਖੁ ਫੇਰਿ ਪਿਆਰੇ।" (ਮੂੰਹ ਫੇਰ ਭਾਵ ਪਾਸਾ ਪਰਤ)
– ਆਸਾ ਕਬ, ੩੫, ੧*:੧ (484)

ਮੁਖੇ ------- ਮੂੰਹ ਵਿਚ
"ਕੜੀ ਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ।"
– ਵਡ ੪, ਘੋੜੀ ੧, ੩:੧ (575)

ਹੋਰ ਰੂਪ:

ਮੁਖੈ –
"ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।" (ਮੂੰਹ ਤੋਂ)
– ਗਉ ੪, ਵਾਰ ੧੨:੨ (306)

ਮੁਗਧ ------ (ਸ.) ਮੂੜ੍ਹ, ਬੇਸਮਝ
"ਹਮ ਮੂਰਖ ਮੁਗਧ ਸਰਣਾ ਗਤੀ ਕਰਿ ਕਿਰਪਾ ਮੇਲੇ ਹਰਿ ਸੋਇ।"
– ਸਿਰੀ ੪, ੬੫, ੧*:੨ (39)

ਹੋਰ ਰੂਪ:

ਮੁਗਧਾ –
"ਨਾ ਹਉ ਜਤੀ ਸਤੀ ਨਹੀ ਪੜਿਆ ਮੂਰਖ ਮੁਗਧਾ ਜਨਮੁ ਭਇਆ।" (ਬੇਸਮਝ)
– ਆਸਾ ੧, ਸੋਪੁ ੩, ੨:੧ (12)

ਮੁਗਧਾਹਾ ---- ਮੂਰਖ
"ਆਪੇ ਹੀ ਬਲੁ ਆਪਿ ਹੈ ਪਿਆਰਾ ਬੰਲੁ ਭੰਨੈ ਮੂਰਖ ਮੁਗਧਾਹਾ।"
– ਸੋਰ ੪, ੬, ੩:੩ (607)

ਮੁਗਧਾਰੀ --- ਮੂਰਖ
"ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ।"
– ਸਾਰ ਕਬ, ੨, ੩:੨ (1252)

ਮੁਗਧੁ ------ ਮੂਰਖੁ
"ਗੁਰਮੁਖਿ ਚਾਨਣੁ ਜਾਣੀਐ ਮਨਮੁਖਿ ਮੁਗਧੁ ਗੁਬਾਰੁ।" (ਮੂਰਖ)
– ਸਿਰੀ ੧, ੧੬, ੪:੨ (20)

ਹੋਰ ਰੂਪ:

ਮੁਗਧੌ –
"ਮਨ ਮੁਗਧੌ ਦਾਦਰੁ ਭਗਤਿ ਹੀਨੁ।"
– ਬਸੰ ੧, ਅਸ ੨, ੩:੧ (1188)

ਮੁਗਲ ----- ਤਾਤਾਰਦੀ ਇਕ ਆਭਸ਼ਪ੍ਰਸਤ ਬਹਾਦਰ ਜਾਤੀ ਜੋ ਪਿਛੋਂ ਮੁਸਲਮਾਨ ਬਣ ਗਏ
"ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ।"
– ਆਸਾ ੧, ਅਸ ੧੨, ੫:੧ (418)

ਹੋਰ ਰੂਪ:

ਮੁਗਲੁ –
"ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ।"
– ਆਸਾ ੧, ੩੯, ੧:੨ (360)

ਮੁਘਦ ----- ਮੂਰਖ, ਵੇਖੋ 'ਮੁਗਧ'
"ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ।"
– ਆਸਾ ੫, ੧੪੦, ੧*:੨ (406)

ਮੁਘਨਾਂ ----- ਮੁਗਧਾਂ ਵਾਲੇ, ਮੂਰਖਾਂ ਵਾਲੇ
"ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ।"
– ਸਮੁ ੫, ੪*:੧ (1387)
('ਮਹਾਨ ਕੋਸ਼' ਨੇ ਇਥੇ ਅਰਥ 'ਮਸਤ ਹੋਇਆ' ਕੀਤੇ ਹਨ)

ਮੁੰਚਹ ------ ਦੂਰ ਕਰੀਏ, ਛਡੀਏ, ਤਿਆਗੀਏ
"ਅੰਮ੍ਰਿਤ ਨਾਮੁ ਹਰਿ ਹਰਿ ਜਪਹ ਮਿਲਿ ਪਾਪਾ ਮੁੰਚਹ।"
– ਆਸਾ ੫, ੧੧੪, ੧:੨ (399)

ਮੁਚਤ ------ ਕਟੇ ਜਾਂਦੇ, ਦੂਰ ਹੁੰਦੇ
"ਜਾ ਕੈ ਸਿਮਰਨਿ ਮੁਚਤ ਪਾਪ।"
– ਮਾਲੀ ੫, ੨, ੨:੩ (968)

ਮੁਚੁ ------- (1) ਬਹੁਤਾ, ਅਧਿਕ
"ਭਉ ਮੁਚੁ ਭਾਰਾ ਵਡਾ ਤੋਲੁ।"

– ਗਉ ੧, ੧, ੧:੧ (151)
“ਮੁਚੁ ਮੁਚੁ ਗਰਭ ਗਏ ਕੰਨਿ ਬਚਿਆ।”
– ਗਉ ਕਬ, ੨੫, ੨:੧ (326)
(‘ਮਹਾਨ ਕੋਸ਼’ ਅਰਥ ‘ਗਿਰਨਾ, ਪਤਨ ਹੋਣਾ’ ਕਰਦਾ ਹੈ)
(2) ਮੋਟਾ, ਛਤਰੀਦਾਰ, ਗੁਛੇਦਾਰ
“ਸਿੰਮਲਾ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ।”
– ਆਸਾ ੧, ਵਾਰ ੧੪ਸ, ੧, ੧:੧ (470)

ਮੁਚੈ ------- ਬਹੁਤ ਸਾਰੇ
“ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ।”
– ਕੇਦਾ ੫, ੧੫, ੧:੧ (1122)

ਮੁਛਾਂ ------ ਉਪਰਲੇ ਬੁੱਲ ਤੇ ਉਗਨ ਵਾਲੇ ਵਾਲ/ਰੋਮ
“ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ।”
– ਸਲੋ ਫਰ, ੫੫:੧ (1380)

ਮੁਛਿ ਮੁਛਿ --- ਟੁਕੜੇ ਕਰਕੇ, ਟੁੱਕ ਟੁੱਕ ਕੇ
“ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ।”
– ਆਸਾ ੧, ਅਸ ੧੨, ੪:੨ (418)

ਮੁੰਜਿਤ ----- ਮੁੰਜ ਦੀ ਤੜਾਗੀ ਵਾਲੇ ਅਰਥਾਤ ਬੈਰਾਗੀ
“ਲੁੰਜਿਤ ਮੁੰਜਿਤ ਮੋਨਿ ਜਟਾ ਧਰ ਅੰਤਿ ਤਊ ਮਰਨਾ।”
– ਆਸਾ ਕਬ, ੫, ੧:੨ (476)

ਮੁਜੇਰੇ ------ (ਅ. ਮੁਜਾਰਿਆ) ਮੁਜਾਰਾ, ਖੇਤੀ ਕਰਨ ਵਾਲਾ
“ਪੰਜਿ ਕਿਰਸਾਣ ਮੁਜੇਰੇ ਮਿਹਡਿਆ।”
– ਸਿਰੀ ੫, ਅਸ ੨੯, ੫:੨ (73)

ਮੁਝ ------- ਮੇਰਾ, ਮੇਰੇ
“ਜਬ ਲਗੁ ਜਾਨੈ ਮੁਝ ਤੇ ਕਛੁ ਹੋਇ।” (ਮੇਰੇ ਤੋਂ)
– ਗਉ ੫, ਸੁਖ ੧੨, ੪:੧ (278)
“ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ।” (ਮੈਨੂੰ)
– ਸਲੋ ਫਰ, ੮੧:੧ (1382)

ਮੁਝਹਿ ----- (1) ਮੈਨੂੰ
“ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿ ਗੁਰ ਮੁਝਹਿ ਬਤਾਇਓ।”
– ਗਉ ੫, ੧੨੩*, ੧*:੨ (205)
(2) ਮੇਰੇ
“ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ।”
– ਗਉ ੫, ਅਸ ੧੫, ੨:੧ (242)

ਮੁਝੁ ------- ਮੇਰੇ ਵਿਚ
“ਮੁਝੁ ਅਵਗਨ ਸਹ ਨਾਹੀ ਦੋਸੁ।”
– ਸੂਹੀ ਫਰ, ੧, ੧:੪ (794)

ਹੋਰ ਰੂਪ:

ਮੁਝੈ –
“ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ।” (ਮੈਨੂੰ)
– ਆਸਾ ੧, ਛੰਤ ੫, ੨:੩ (439)

ਮੁੰਞੁ ------- ਕਟ ਦੇਹ, ਦੂਰ ਕਰ
“ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ।”
– ਬਸੰ ੪, ੭, ੧*:੧ (1179)

ਮੁਠੜੀ ----- ਠੱਗੀ ਹੋਈ, ਮੋਹੀ ਹੋਈ
“ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿ ਅੜੀ ਵਿਧਣਕਾਰੇ।”
– ਵਡ ੧, ਅਲਾ ੩, ੭:੨ (581)
“ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ।”
– ਮਾਰੂ ੧, ਅਸ ੯, ੨:੨ (1014)
(‘ਮਹਾਨ ਕੋਸ਼’ ਇਥੇ ਅਰਥ ‘ਫਾਹੀ, ਫੰਧਾ’ ਕਰਦਾ ਹੈ)

ਹੋਰ ਰੂਪ:

ਮੁਠੜੇ –
“ਮੁਠੜੇ ਸੇਈ ਸਾਥ ਜਿਨੀ ਸਚੁ ਨ ਲਦਿਆ।” (ਲੁੱਟੇ ਗਏ ਠਗੇ ਗਏ)
– ਗਉ ੫, ਵਾਰ ੫ਸ, ੫, ੨:੧ (319)

ਮੁਠਾ ------ (1) ਠਗ ਖਾਧਾ
“ਕੂੜੁ ਛੁਰਾ ਮੁਠਾ ਮੁਰਦਾਰੁ।”
– ਸਿਰੀ ੧, ੨੯, ੧:੩ (24)
(ਮਹਾਨ ਕੋਸ਼ ਇਸ ਦੇ ਅਰਥ ‘ਦਸਤਾ’ ਕਰਦਾ ਹੈ)
“ਪੂਰੇ ਗੁਰ ਕਾ ਹੁਕਮੁ ਨ ਮੰਨੈ ਓਹੁ ਮਨੁਮੁਖੁ ਅਗਿਆਨੁ ਮੁਠਾ ਬਿਖੁ ਮਾਇਆ।” (ਠਗਿਆ ਹੋਇਆ)
– ਗਉ ੪, ਵਾਰ ੮ਸ, ੪, ੨:੧ (303)
(2) ਲੁਟਿਆ
“ਗਿਆਨ ਪਦਾਰਥੁ ਖੋਦਿਆ ਠਗਿਆ ਮੁਠਾ ਜਾਇ।”
– ਸਿਰੀ ੧, ਅਸ ੧੨, ੧:੩ (60)
“ਖਾਲਕ ਥਾਵਹੁ ਭੁਲਾ ਮੁਠਾ।” (ਲੁਟਿਆ ਗਿਆ)
– ਮਾਰੂ ੫, ਅਸ ੮, ੬:੧ (1020)

ਮੁੱਠੀ ------ (1) ਠੱਗੀ ਗਈ, ਵੇਖੋ ‘ਮੁੱਠਾ’ (1)
“ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।”
– ਸਿਰੀ ੧, ੧੩, ੧:੧ (18)
“ਕੁਬੁਧਿ ਡੂਮਣੀ ਕੁਦਇਆ ਕਸਾਇਣ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ।”
– ਸਿਰੀ ੪, ਵਾਰ ੨੦ਸ, ੧, ੧:੧ (91)
(ਮਹਾਨ ਕੋਸ਼ ਇਥੇ ਅਰਥ ਕਰਦੇ ਹਨ ‘ਸ਼ਸਤ੍ਰ ਦਾ ਮੁੱਠਾ’)
(2) ਛਲੀ ਹੋਈ, ਠਗੀ ਹੋਈ, ਮੋਹੀ ਹੋਈ

"ਅਵਗਣਿ ਮੁਠੀ ਮਹਲੁ ਨ ਪਾਏ ਅਵਗੁਣ ਗੁਣਿ ਬਖਸਾਵਣਿਆ।"
– ਮਾਝ ੧, ਅਸ ੧, ੬:੩ (109)
"ਹੁਕਮੇ ਭਵੈ ਭਵਾਈਐ ਪਿਆਰੇ ਅਵਗਣਿ ਮੁਠੀ ਰੋਇ।" (ਮੋਹੀ ਹੋਈ)
– ਸੋਰ ੧, ਅਸ ੩, ੬:੨ (636)
(3) (ਸੰ.) ਮੁੱਠ, ਮੀਟਿਆ ਹੋਇਆ ਹਥ
"ਜਿਸ ਕੈ ਘਰਿ ਦੀ ਬਾਨੁ ਹਰਿ ਹੋਵੈ ਤਿਸ ਕੀ ਮੁਠੀ ਵਿਚਿ ਜਗਤੁ ਸਭੁ ਆਇਆ।"
– ਵਡ ੪, ਵਾਰ ੧੪:੧ (591)

ਮੁਠੀਆ ---- ਲੁੱਟੀ ਗਈ ਹੈ
"ਨਹ ਦ੍ਰਿਸਟਿ ਆਵੈ ਮਰਤ ਹਾਵੈ ਮਹਾ ਗਾਰਬਿ ਮੁਠੀਆ।"
– ਰਾਮ ੫, ਰੁਤੀ ੩:੩ (928)

ਮੁਠੇ ------- ਠੱਗੇ, ਲੁੱਟੇ
"ਘਰਿ ਹੋਦਾ ਪੁਰਖੁ ਨ ਪਛਾਣਿਆ ਅਭਿਮਾਨਿ ਮੁਠੇ ਅਹੰਕਾਰਿ।"
– ਸਿਰੀ ੩, ੫੩, ੧:੨ (34)
"ਪਾਪ ਕਰੇ ਦੜ ਸਰਪਰ ਮੁਠੇ।" (ਲੁਟੇ ਗਏ ਭਾਵ ਬਰਬਾਦ ਹੋਏ)
– ਮਾਰੂ ੫, ਅਸ ੮, ੨:੧ (1019)

ਮੁਡਾਇ ----- ਮੁਨਾ ਕੇ
"ਮੂੰਡੁ ਮੁਡਾਇ ਜਣਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ।"
– ਮਾਰੂ ੧, ਅਸ ੭, ੫:੧ (1013)

ਹੋਰ ਰੂਪ:

ਮੁੰਡਾਇਓ –
"ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ।" (ਮੁਨਾ ਲਿਆ)
– ਸੋਰ ੯, ੧੦, ੧*:੨ (633)
ਮੁੰਡਾਇਐ –
"ਮੂੰਡਿ ਮੁੰਡਾਇਐ ਜੇ ਗੁਰੂ ਪਾਈਐ ਹਮ ਗੁਰੁ ਕੀਨੀ ਗੰਗਾਤਾ।" (ਮੁਨਾਇਆਂ)
– ਗਉ ੧, ੧੫, ੨:੧ (155)
ਮੁਡਾਇਐ –
"ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।"
– ਸੂਹੀ ੧, ੮, ੧:੨ (730)
ਮੁਡਾਈ –
"ਨਾ ਸਤਿ ਮੂੰਡ ਮੁਡਾਈ ਕੇਸੀ ਨਾ ਸਤਿ ਪੜਿਆ ਦੇਸ ਫਿਰਹਿ।" (ਮੁਨਾਣ ਨਾਲ)
– ਰਾਮ ੩, ਵਾਰ ੧੨ਸ, ੧, ੧:੨ (952)
ਮੁਡਾਏ –
"ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਏ।" (ਮੁਨਾ ਲੈ)
– ਸਲੋ ਕਬ, ੨੫:੨ (1365)
ਮੁੰਡਾਏ –
"ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ।" (ਮੁਨਾਏ ਹਨ)
– ਸਲੋ ਕਬ, ੧੦੧:੧ (1366)

ਮੁੰਡਿਤ ------ ਮੁਨੇ ਹੋਏ
“ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ।”
– ਗਉ ਕਬ, ੫੧, ੧:੨ (334)

ਮੁੰਡੀ ------- ਗਰਦਨ, ਧੌਣ
“ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।”
– ਮਾਝ ੧, ਵਾਰ ੧੫ਸ, ੧, ੧:੫ (145)

ਮੁੰਡੀਅਨ ---- (1) ਸਿਰ ਮੁੰਨਿਆ, ਰੋਡਿਆ
“ਇਨੑ ਮੁੰਡੀਅਨ ਮੇਰਾ ਘਰੁ ਧੰਧਰਾਵਾ।”
– ਆਸਾ ਕਬ, ੩੩, ੧*:੧ (484)

(2) ਰੋਡੇ ਸਾਧੂ, ਸਾਧ ਜਨ, ਮੁੰਡੇ
“ਇਨੑ ਮੁੰਡੀਅਨ ਭਜਿ ਸਰਨਿ ਕਬੀਰ।”
– ਗੋਂਡ ਕਬ, ੬, ੪:੪ (871)

ਮੁਡੀਆ ---- ਮੁੰਡਾ ਭਾਵ ਭਗਤ ਕਬੀਰ
“ਸਾਤ ਸੂਤ ਇਨਿ ਮੁਡੀਂਏ ਖੋਏ ਇਹੁ ਮੁਡੀਆ ਕਿਉ ਨ ਮੁਇਓ।”
– ਬਿਲਾ ਕਬ, ੪, ੨:੧ (856)

ਮੁੰਡੀਆ ---- (1) ਮੁੰਡਾ ਭਾਵ ਭਗਤ ਕਬੀਰ, ਵੇਖੋ ‘ਮੁੰਡੀਆ’
“ਇਆ ਮੁੰਡੀਆ ਸਿਰਿ ਚਢਿਬੋ ਕਾਲ।”
– ਗੋਂਡ ਕਬ, ੬, ੧:੪ (871)

(2) ਰੋਡੇ, ਸਾਧ ਜਨ, ਮੁੰਡੇ
“ਮੁੰਡੀਆ ਮੁੰਡੀਆ ਹੂਏ ਏਕ॥”
“ਏ ਮੁੰਡੀਆ ਬੂਡਤ ਕੀ ਟੇਕ।”
– ਗੋਂਡ ਕਬ, ੬, ੪:੧;੨ (871)

ਮੁਡੀਂਏ ----- ਮੁੰਡੇ ਨੇ
“ਸਾਤ ਸੂਤ ਇਨਿ ਮੁਡੀਂਏ ਖੋਏ ਇਹ ਮੁਡੀਆ ਕਿਉ ਨ ਮੁਇਓ।”
– ਬਿਲਾ ਕਬ, ੪, ੨:੨ (856)

ਮੁੰਢ ------- ਮੁੱਢ, ਮੂਲ
“ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ।”
– ਗਉ ੪, ਵਾਰ ੨੭ਸ, ੫, ੨:੧ (315)

ਮੁੰਢਹੁ ------ (1) ਪਹਿਲਾਂ ਤੋਂ ਹੀ
“ਮੁੰਢਹੁ ਭੁਲੇ ਮੁੰਢ ਤੇ ਕਿਥੈ ਪਾਇਨਿ ਹਥੁ।”
– ਗਉ ੪, ਵਾਰ ੨੭ਸ, ੫, ੨:੧ (315)

(2) ਮੂਲ ਤੋਂ, ਮੁੱਢ ਤੋਂ ਹੀ, ਆਰੰਭ ਤੋਂ ਹੀ
“ਪੜੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ।”
– ਸਿਰੀ ੩, ਅਸ ੨੩, ੬:੨ (68)

ਹੋਰ ਰੂਪ:

ਮੁੰਢਾਹੂ –

"ਪੇਡੁ ਮੁੰਢਾਹੂ ਕਟਿਆ ਤਿਸੁ ਡਾਲ ਸੁਕੰਦੇ।" (ਮੁੱਢ ਤੋਂ/ਜੜ੍ਹ ਤੋਂ)
– ਗਉ ੪, ਵਾਰ ੧੨:੧੦ (306)

ਮੁੰਢੈ ------- ਸ਼ੁਰੂ ਦੀ, ਮੁੱਢਲੀ
"ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਇ।"
– ਬਿਹਾ ੪, ਵਾਰ ੪ਸ, ੩, ੨:੨ (549)

ਮੁਣਸਾ ----- ਮਨੁੱਖਾਂ
"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ।"
– ਵਡ ੧, ਅਲਾ ੨, ੩:੧ (579)

ਹੋਰ ਰੂਪ:

ਮੁਣਸਾਂ –
"ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ।"
– ਵਡ ੧, ਅਲਾ ੨, ੩:੬ (580)

ਮੁਤੀ ------ (1) ਛਡੀ/ਤਿਆਗੀ ਗਈ
"ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ।"
– ਸਿਰੀ ੧, ਅਸ ੫, ੫:੧ (56)
"ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨੁ ਮਹਲੁ ਨ ਪਾਈ।"
– ਗਉ ੩, ਛੰਤ ੧, ੩:੪ (244)
(2) ਤਿਆਗੀ/ਛਡੀ ਹੋਈ, ਛੁਟੜ
"ਕੰਤਿ ਵਿਸਾਰੀ ਅਵਗਣਿ ਮੁਤੀ।"
– ਮਾਝ ੩, ਅਸ ੩, ੪:੨ (110)
"ਪਿਰੁ ਮੁਤੀ ਡੋਹਾਗਣੀ ਤਿਨ ਡੁਖੀ ਰੈਣਿ ਵਿਹਾਇ।" (ਛਡੀਆਂ ਹੋਈਆਂ)
– ਮਾਰੂ ੧, ਅਸ ੯, ੪:੨ (1014)
(3) ਛਡੀ, ਮਾਰੀ
"ਹੇੜੇ ਮੁਤੀ ਧਾਤ ਸੇ ਜਾਨੀ ਚਲਿ ਗਏ।"
– ਸਲੋ ਫਰ, ੭੭:੨ (1381)

ਮੁਤੀਅਸੁ ---- ਵਿਛੜ ਗਈ
"ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ।"
– ਸੂਹੀ ੧, ਕੁਚ ੧:੧੪ (762)

ਮੁਤੀਆ ---- (1) ਛਡੀ/ਤਿਆਗੀ ਹੋਈ
"ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ।"
– ਸਿਰੀ ੩, ੬੧, ੩:੧ (38)
(2) (ਅ. ਮੁਤੀਅ) ਆਗਿਆਕਾਰ
"ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ।"
– ਸਲੋ ਕਬ, ੭੪:੧ (1368)

ਮੁਤੇ ------- ਛਡੇ ਗਏ
"ਫਿਰਿ ਫਿਰਿ ਜੂਨਿ ਭਵਾਈਅਨਿ ਜਮ ਮਾਰਗਿ ਮੁਤੇ।"

– ਗਉ ੫, ਵਾਰ ੧੨:੩ (321)

“ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ।” (ਛੱਡ ਦਿੱਤੇ)

– ਗੂਜ਼ ੫, ਵਾਰ ੨੦:੩ (524)

ਮੁਦਗਰ ---- (ਸੰ.) ਮੁਸਲ ਮੋਹਲਾ/ਮੁੰਗਲੀ, ਚਉਲ ਛਟਣ ਵਾਲਾ/ਭੰਗ ਘੋਟਨ ਵਾਲਾ ਮੋਟਾ ਸੋਟਾ

“ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ।”

– ਬਸ ੧, ਅਸ ੮, ੪:੧ (1191)

ਹੋਰ ਰੂਪ:

ਮੁਦਗਰੁ –

“ਭਾਰ ਅਠਾਰਹ ਮੁਦਗਰੁ ਤੇਰਾ ਸਹਨਕ ਸਭ ਸੰਸਾਰਾ।”

– ਭੈਰ ਨਾਮ, ੧, ੨:੨ (1167)

ਮੁੰਦਨਿ ----- (ਸੰ.) ਮੁੰਦੇ ਗਏ, ਬੰਦ ਹੋ ਗਏ

“ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਭਈ।” (ਮੋਨ ਪੈ ਗਈ)

– ਤੁਖਾ ੪, ਛੰਤ ੪, ੫:੩ (1116)

ਮੁਦਤਿ ----- (ਅ. ਮੁਦਤ) ਸਮਾਂ, ਦੇਰ

“ਏਤੀਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ।”

– ਮਾਰੂ ੫, ੪, ੧*:੨ (999)

ਮੁੰਦਰੀ ----- (ਸੰ.) ਅੰਗੂਠੀ

“ਮਧੁ ਸੂਦਨ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ।”

– ਆਸਾ ੧, ੩੫, ੩:੧ (359)

ਮੁੰਦੜੇ ----- ਵਾਲੇ, ਬੁੰਦੇ

“ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ।”

– ਆਸਾ ੧, ਵਾਰ ੪ਸ, ੧, ੨:੬ (464)

ਮੁੰਦਾ ------ ਯੋਗੀਆਂ ਦੇ ਕੰਨਾਂ ਵਿਚ ਪਾਈ ਗੋਲ ਜਹੀ ਮੁੰਦਰੀ, ਵਾਲੀ, ਮੁੰਦਰਾ

“ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿ ਭੂਤਿ।”

– ਜਪੁ ੧, ੨੮:੧ (6)

“ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ ਪਰਮਿਤਿ ਬਾਹਰਿ ਖਿੰਥਾ।”

– ਗਉ ਕਬ, ੫੩, ੧:੧ (334)

ਮੁਦਾਵਣੀ --- ਮੋਹਰ ਲਾ ਕੇ ਬੰਦ ਕੀਤੀ, ਬੁਝਾਰਤ, ਅੜਾਉਣੀ, ਭੇਤ ਵਾਲੀ ਗਲ

“ਏਹ ਮੁਦਾਵਣੀ ਕਿਉ ਵਿਚਹੁ ਕਢੀਐ ਸਦਾ ਰਖੀਐ ਉਰਿ ਧਾਰਿ।”

“ਏਹੁ ਮੁਦਾਵਣੀ ਸਤਿ ਗੁਰੂ ਪਾਈ ਗੁਰਸਿਖਾ ਲਧੀ ਭਾਲਿ।”

– ਸੋਰ ੪, ਵਾਰ ੮ਸ, ੩, ੧:੪;੫ (645)

ਮੁੰਦਿ ------ ਬੰਦ ਕਰ ਕੇ

“ਕਰਨ ਨ ਸੁਨਹੀ ਨਾਦੁ ਕਰਨ ਮੁੰਦਿ ਘਾਲਿਆ।”

– ਫੁਨ ੫, ੧੪:੨ (1362)

ਮੁੰਦੀ ------ ਮੁੰਦ੍ਰਾਂ ਪਾਉਣ ਨਾਲ
“ਜੋਗੁ ਨ ਮੁੰਦੀ ਮੁੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।”
– ਸੂਹੀ ੧, ੮, ੧:੨ (730)

ਮੁਦ੍ਰਾ ------ (ਸੰ.) ਮੋਹਰ ਛਾਪ, ਜ਼ਾਹਰੀ ਚਿੰਨ੍ਹ, ਭੇਖ
“ਹਮਰੀ ਮੁਦ੍ਰਾ ਨਾਮੁ ਹਰਿ ਸੁਆਮੀ ਰਿਦ ਅੰਤਰਿ ਦੁਸਟ ਦੁਸਟਾਰੀ।”
– ਦੇਵ ੪, ੫, ੨:੧ (528)

ਹੋਰ ਰੂਪ:

ਮੁਦ੍ਰਾ –
“ਦੁਆਦਸਿ ਮੁਦ੍ਰਾ ਮਨੁ ਅਉ ਧੂਤਾ।” (ਭੇਖ, ਨਿਸ਼ਾਨ, ਚਿੰਨ)
–ਬਿਲਾ ੧, ਥਿਤੀ ੧੫:੧ (240)

(12 ਮੁੰਦ੍ਰਾਂ (ਚਿੰਨ੍ਹ) ਹਨ: 5 ਬ੍ਰਹਮਚਾਰਜ ਦੇ (ਜਨੇਊ, ਮ੍ਰਿਗਛਾਲਾ, ਮੁੰਜ ਦੀ ਤੜਾਗੀ, ਕਰਮੰਡਲ ਤੇ ਸ਼ਿਖਾ); 3 ਚਿੰਨ੍ਹ ਵੈਸ਼ਨੂੰਆਂ ਦੇ (ਤਿਲਕ, ਕੰਠੀ, ਤੁਲਸੀ ਮਾਲਾ); ਦੋ ਚਿੰਨ੍ਹ ਸੈਵਾਂ ਦੇ (ਰੁਦਾਖਸ਼ ਮਾਲਾ, ਤ੍ਰਿਪਿੰਡ), 1 ਚਿੰਨ੍ਹ ਯੋਗੀ ਦਾ (ਮੁੰਦਰਾਂ); 1 ਚਿੰਨ੍ਹ ਸੰਨਿਆਸ ਦਾ (ਤ੍ਰਿਦੰਡ)

ਮੁਦ੍ਰਾ ------ (1) ਭੇਖ, ਵੇਖੋ ‘ਮੁਦ੍ਰ’
(2) ਮੁੰਦਰਾਂ
“ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ।” (ਮੁੰਦਰਾਂ)
– ਰਾਮ ੧, ਸਿਗੋ ੧੦:੧ (939)
(3) ਮਰਯਾਦਾ, ਧਾਰਨਾ, ਸਾਧਨ, ਯੋਗ ਦੇ ਪੰਜ ਸਾਧਨ (ਮੁਦ੍ਰਾ) ਹਨ: ਖੇਚਰੀ, ਭੂਚਰੀ, ਚੇਚਰੀ, ਗੋਚਰੀ, ਉਨਮਨੀ)
“ਗਿਆਨ ਕੀ ਮੁਦ੍ਰਾ ਕਵਨ ਅਉਧੂ ਸਿਧ ਕੀ ਕਵਨ ਕਮਾਈ।”
– ਰਾਮ ੧, ਸਿਗੋ ੬੧:੨ (944)
(4) ਮੁੰਦਣ ਵਾਲਾ ਸਾਧਨ, ਉਪਰੋਂ ਬੰਦ ਕਰਨ ਵਾਲਾ ਡਾਟਾ ਤਾਂ ਜੋ ਭਾਫ ਅਥਵ ਮਦ ਨਾਲ ਵਿਚੋਂ ਹੀ ਲੰਘੇ
“ਮੁਦ੍ਰਾ ਮਦਕ ਸਹਜ ਧੁਨਿ ਲਾਗੀ ਸੁਖਮਨ ਪੋਚਨਹਾਰੀ ਰੇ।”
– ਰਾਮ ਕਬ, ੧, ੨:੨ (969)

ਮੁੰਦ੍ਰਾ ------ ਜੋਗੀਆਂ ਦੇ ਕੰਨਾਂ ਵਿਚ ਪਾਣ ਵਾਲੇ ਗੋਲ ਵਾਲੇ, ਮੁੰਦਰਾਂ
“ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ।”
– ਗਉ ੧, ੧੫, ੧:੧ (155)

ਮੁੰਧ ------- ਇਸਤਰੀ, ਨਾਰੀ
“ਮੁੰਧ ਇਆਣੀ ਪੇਈਅੜੈ ਕਿਉ ਕਰਿ ਹਰਿ ਦਰਸਨੁ ਪਿਖੈ।”
– ਸਿਰੀ ੪, ਛੰਤ ੧, ੧:੧ (78)

ਹੋਰ ਰੂਪ:

ਮੁੰਧਿ –
“ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ।”
– ਵਡ ੪, ਵਾਰ ੨੦ਸ, ੧, ੧:੨ (594)

ਮੁੰਧੇ –
"ਮੁੰਧੇ ਪਿਰ ਬਿਨੁ ਕਿਆ ਸੀਗਾਰੁ।" (ਹੇ ਮੁਗਧ ਇਸਤ੍ਰੀ)
– ਸਿਰੀ ੧, ੧੩, ੧*:੧ (18)

ਮੁਨਾਰੇ ----- (ਅ.ਮੀਨਾਰ) ਉਚਾ ਬੁਰਜ
"ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।"
– ਸਲੋ ਕਬ, ੧੮੪:੧ (1374)

ਮੁਨਿ ------ ਮੁਨੀ, ਸੰਤ, ਸਾਧ, ਰਿਸ਼ੀ
"ਆਖਹਿ ਸੁਰਿ ਨਰ ਮੁਨਿ ਜਨ ਸੇਵ।"
– ਜਪੁ ੧, ੨੬:੧੮ (6)
"ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾ ਦਿਕ ਬ੍ਰਹਮਾਦਿ ਤਰੇ।" (ਮੋਨ ਧਾਰਨ ਕਰਨ ਵਾਲੇ)
– ਭੈਰ ੧, ੧, ੧:੧ (1125)
"ਸੌ ਮੁਨਿ ਜਿਮਨ ਕੀ ਦੁਬਿਧਾ ਮਾਰੇ।" (ਮੋਨੀ)
– ਭੈਰ ੩, ੫, ੧:੧ (1128)

ਮੋਨਿ ------ ਮੋਨ ਧਾਰ ਕੇ, ਚੁੱਪ
"ਨੋਟਿ ਮੁਨੀਸਰ ਮੋਨਿ ਮਹਿ ਰਹਤੇ।"
– ਭੈਰ ੫, ਅਸ ੨, ੭:੪ (1156)

ਮੁਨਿਜਨ ---- ਮੁਨੀ, ਰਿਸ਼ੀ
"ਮੁਨਿਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ।"
– ਸਿਰੀ ੧, ਅਸ ੭, ੬:੨ (57)

ਹੋਰ ਰੂਪ:

ਮੁਨਿਜਨਾ –
"ਸਭਸਿਧ ਸਾਧਿਕ ਮੁਨਿਜਨਾ ਮਨਿ ਭਾਵਨੀ ਹਰਿ ਧਿਆਇਓ।"
– ਮਾਲੀ ੪, ੩, ੧*:੧ (985)

ਮੁਨਿਜਨਾਂ –
"ਨਾਨਕ ਵੀਚਾਰਹਿ ਸੰਤ ਮੁਨਿਜਨਾਂ ਚਾਰਿ ਵੇਦ ਕਹੰਦੇ।"
– ਗਉ ੪, ਵਾਰ ੩੧:੩ (316)

ਮੁਨਿੰਦ੍ਰ ----- ਮੁਨੀਆਂ ਦਾ ਰਾਜਾ, ਵਿਸ਼ਨੂੰ
"ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ।"
– ਸਮੁ ੫, ੭*:੨ (1388)

ਮੁਨਿਵਰ ---- ਸ੍ਰੇਸ਼ਟ ਮੁਨੀ
"ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ।"
– ਸਲੋ ਕਬ, ੧੫੬:੨ (1372)

ਮੁਨੀ ------ (1) ਸੰਤ, ਸਾਧ, ਰਿਸ਼ੀ ਵੇਖੋ 'ਮੁਨਿ'
"ਖੋਜਹਿ ਜਨ ਮੁਨੀ ਹਾਂ।"
– ਆਸਾ ੫, ੧੫੯, ੧:੧ (409)

"ਜਾ ਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ।"
– ਆਸਾ ੫, ਛੰਤ ੫, ੧:੧ (455)

(2) ਮੋਨ
"ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ।"
– ਭੈਰ ੫, ੫੭, ੧:੨ (1153)

ਮੋੁਨੀ ------ ਮੋਨ ਵਰਤ ਰਖ ਕੇ ਸਾਧਨਾ ਕਰਨ ਵਾਲੇ
"ਪੜਿ੍ ਪੜਿ੍ ਪੰਡਿਤ ਮੋੁਨੀ ਥਕੇ ਦੇਸੰਤਰ ਭਵਿ ਥਕੇ ਭੇਖਧਾਰੀ।"
– ਸਾਰ ੪, ਵਾਰ ੨੪ਸ, ੩, ੧:੧ (1246)

ਮੁੰਨੀਅਨਿ੍ --- ਮੁੰਨੇ ਜਾਂਦੇ ਹਨ
"ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ।"
– ਆਸਾ ੧, ਅਸ ੧੧, ੧:੨ (417)

ਮੁਨੀਸਰ ---- ਸ੍ਰੇਸ਼ਟ ਮੁਨੀ
"ਕੋਟਿ ਮੁਨੀਸਰ ਮੋੁਨਿ ਮਹਿ ਰਹਤੇ।"
– ਭੈਰ ੫, ਅਸ ੨, ੭:੪ (1156)

ਹੋਰ ਰੂਪ:

ਮੁਨੀਸੁਰ –
"ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ।"
– ਸਮੁ ੫, ੭*:੧ (1388)

ਮੁਮਾਰਖੀ ---- (ਅੰ. ਮੁਬਾਰਕ) ਮੁਬਾਰਕ, ਸ਼ੁਭ, ਬਰਕਤ ਵਾਲਾ
"ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ।"
– ਬਸੰ ੧, ੧, ੧:੧ (1168)

ਮੁਯਉ ----- ਮਰਿਆ ਹੈ
"ਹਰਿਬੰਸ ਜਗਤਿ ਜਸੁ ਸੰਚਰ੍ਉ ਸੁ ਕਵਣੁ ਕਹੈ ਸ੍ਰੀ ਗੁਰੁ ਮੁਯਉ।"
– ਸਵ ੫, ਹਰਿ ੧:੬ (1409)

ਮੁਯੇ ------- ਮਰ ਜਾਣੀਏ, ਪਿਆਰ ਨਾਲ ਦਿਤੀ ਝਿੜਕ
"ਰਸਨਾ ਹਰਿ ਰਸੁ ਚਾਖੁ ਮੁਯੇ ਜੀਉ ਅਨਰਸ
ਸਾਦ ਗਵਾਏ।"
– ਗਉ ੩, ਛੰਤ ੫, ੨:੨ (246)

ਮੁਰਗਾਈ --- ਮੁਰਗਾਬੀ, ਇਕ ਪੰਛੀ, ਪਾਣੀ ਦਾ ਪੰਛੀ, ਆਬੀ ਮੁਰਗ
"ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੈ।"
– ਰਾਮ ੧, ਸਿਗੋ ੫:੧ (938)

ਮੁਰਗੀ ----- ਕੁਕੜੀ, ਇਕ ਮਦੀਨ ਪੰਛੀ
"ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ।"
– ਪ੍ਰਭਾ ਕਬ, ੪, ੧:੨ (1350)

ਮੁਰਟੀਐ ---- ਮੋੜ ਲਿਆ, ਫੇਰ ਲਿਆ

"ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ।"
– ਰਾਮ ਬਸ, ਵਾਰ ੨:੧੦ (967)

ਮੁਰਦਾਰ ---- ਲੋਥ ਤੁਲ ਅਵਿਤਰ ਵਸਤ, ਹਰਾਮ
"ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ।"
– ਤਿਲੰ ੫, ੧, ੧*:੧ (723)

ਹੋਰ ਰੂਪ:

ਮੁਰਦਾਰੁ –
"ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।" (ਲੋਥ, ਮੁਰਦਾ ਸਰੀਰ)
– ਸਿਰੀ ੧, ੪, ੧:੧ (15)
"ਕੂੜੁ ਛੁਰਾ ਮੁਠਾ ਮੁਰਦਾਰ।" (ਠਗ ਖਾਧਾ ਮੁਰਦਾ ਖਾਣ ਤੁਕ ਹੈ)
– ਸਿਰੀ ੧, ੨੯, ੧:੩ (24)
"ਕੂੜੁ ਬੋਲਿ ਮੁਰਦਾਰੁ ਖਾਇ।" (ਹਰਾਮ)
– ਮਾਝ ੧, ਵਾਰ ੫ਸ, ੧, ੧:੧ (140)
"ਗੁਰੁਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।" (ਹਰਾਮ ਦੀ ਕਮਾਈ)
– ਮਾਝ ੧, ਵਾਰ ੭ਸ, ੧, ੨:੨ (141)
"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।" (ਲੋਥ)
– ਆਸਾ ੧, ਵਾਰ ੧੧ਸ, ੧, ੨:੩ (469)

ਮੁਰਲੀ ----- ਬੰਸਰੀ
"ਰਿਖੀ ਕੇਸ ਗੋਵਰਧਨ ਧਾਰੀ ਮੁਰਲੀ ਮਨੋਹਰ ਹਰਿ ਰੰਗਾ।" (ਮੁਰਲੀ ਮਨੋਹਰ, ਸ੍ਰੀ ਕ੍ਰਿਸ਼ਨ ਭਾਵ ਪ੍ਰਭੂ)
– ਮਾਰੂ ੫, ਸੋਲਾ ੧੧, ੧:੩ (1082)

ਮੁਰਲੇ ------ ਮੋਰ ਦੇ ਬਚੇ
"ਉਨਵੈ ਘਨੁ ਘਨ ਘਨਿਹਰੁ ਗਰਜੈ ਮਨਿ ਬਿਗਿਸੈ ਮੋਰ ਮੁਰਲੇ।"
– ਨਟ ੪, ੨, ੩:੨ (975)

ਮੁਰਾਰ ----- ਮੁਰ ਰਾਕਸ਼ ਦਾ ਵੈਰੀ, ਕ੍ਰਿਸ਼ਨ, ਇਥੇ ਭਾਵ ਪ੍ਰਭੂ
"ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦ ਨਾਹੀ ਗੁਰਦੇਵ ਮੁਰਾਰ।"
– ਗੂਜ ੧, ਅਸ ੨, ੭:੧ (504)

ਹੋਰ ਰੂਪ:

ਮੁਰਾਰਾ –
"ਮਤਿ ਮਲੀਣ ਪਰਗਟੁ ਭਈ ਜਪਿ ਨਾਮੁ ਮੁਰਾਰਾ।" (ਪ੍ਰਭੂ ਦਾ)
– ਗਉ ੩, ੩੮, ੧:੨ (163)

ਮੁਰਾਰਿ –
"ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ।" (ਪ੍ਰਭੂ ਦਾ)
– ਸਿਰੀ ੧, ੧੨, ੨:੧ (18)

ਮੁਰਾਰਿ ----- (1) ਪ੍ਰਭੂ, ਵਾਹਿਗੁਰੂ, ਵੇਖੋ 'ਮੁਰਾਰ'
(2) ਮੁਰ ਰਾਕਸ਼ ਨੂੰ ਮਾਰਨ ਵਾਲਾ, ਸ੍ਰੀ ਕ੍ਰਿਸ਼ਨ

“ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।”
– ਸਵ ੧, ੭:੩ (1390)

ਮੁਰਾਰੀ ----- ਵਾਹਿਗੁਰੂ, ਪ੍ਰਭੂ
“ਗੁਰਮਤਿ ਜਾਨਿਆ ਰਿਦੈ ਮੁਰਾਰੀ।”
– ਗਉ ੧, ਅਸ ੧੦, ੮:੨ (225)
(2) ਹੇ ਹਰੀ, ਹੇ ਪ੍ਰਭੂ
“ਭਵ ਸਾਗਰੁ ਤਾਰਿ ਮੁਰਾਰੀ।”
– ਸੋਰ ਕਬ, ੮, ੩:੨ (656)
ਹੋਰ ਰੂਪ:
ਮੁਰਾਰੇ –
“ਧੰਨੁ ਸੁ ਦੇਸੁ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ।” (ਪ੍ਰਭੂ)
– ਮਾਝ ੫, ੮, ੨:੩ (96)
ਮੁਰਾਰੈ –
“ਸਾਚੇ ਸਿਰਜਣਹਾਰ ਮੁਰਾਰੈ।” (ਹਰਿ ਪ੍ਰਭੂ ਨੂੰ)
– ਮਾਰੂ ੧, ਸੋਲਾ ੨, ੧੩:੨ (1022)

ਮੁਰਿ ------ ਮੁੜਕੇ
“ਜਿਹ ਜਿਹ ਡਾਲੀ ਪਗੁ ਧਰਉ ਸੋਈ ਮੁਰਿ ਮੁਰਿ ਜਾਇ।”
– ਸਲੋ ਕਬ, ੮੭:੨ (1369)

ਮੁਰੀਦਾ ----- (ਅ. ਮੁਰੀਦ) ਸ਼ਿੱਸ਼, ਚੇਲਾ, ਪੈਰੋਕਾਰ
“ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ।”
– ਆਸਾ ਫਰ, ੨, ੩:੨ (488)

ਮੁਲ ------- ਕੀਮਤ
“ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ।”
– ਮਾਰੂ ੧, ੬, ੧:੧ (991)

ਮੁਲਖੁ ------ (ਅ. ਮੁਲਕ) ਦੇਸ
“ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ।”
– ਪ੍ਰਭਾ ਕਬ, ੨, ੧:੧ (1349)

ਮੁਲੰਮਾ ----- (ਅੰ. ਮੁਲੰਮਅ) ਗਿਲਟ ਕੀਤਾ ਹੋਇਆ, ਓਪਰੀ ਓਪਰੀ ਲਿਆਂਦੀ ਚਮਕ
“ਕੂੜੁ ਠਗੀ ਗੁਝੀ ਨ ਰਹੈ ਮੁਲੰਮਾ ਪਾਜੁ ਲਹਿ ਜਾਇ।”
– ਗਉ ੪, ਵਾਰ ੭ਸ, ੪, ੨:੫ (303)

ਮੁਲਾ ------ (ਅ. ਮੁਲਾ) ਵਿਦਿਆ ਨਾਲ ਭਰਪੂਰ, ਵਿਦਵਾਨ, ਆਲਿਮ, ਮੌਲਵੀ
“ਤਾ ਤੂ ਮੁਲਾ ਤਾ ਤੂ ਕਾਜੀ ਜਾਣਹਿ ਨਾਮੁ ਖੁਦਾਈ।”
– ਸਿਰੀ ੧, ੨੮, ੨:੧ (24)
“ਜਾ ਤੁਧੁ ਭਾਵੈ ਤਾ ਪੜਹਿ ਕਤੇਬਾ ਮੁਲਾ ਸੇਖ ਕਹਾਵਹਿ।”
– ਮਾਝ ੧, ਵਾਰ ੧੫ਸ, ੧, ੧:੩ (145)
ਹੋਰ ਰੂਪ:

ਮੁਲਾਂ –
“ਕਾਜੀ ਮੁਲਾਂ ਹੋਵਹਿ ਸੇਖ।”
– ਬਸੰ ੧, ੩, ੩:੧ (1169)

ਮੁੰਲਾ –
“ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ।”
– ਮਾਝ ੧, ਵਾਰ ੨, ੬ਸ, ੧, ੧:੧੦ (149)

ਮੁੰਲਾਂ –
“ਕਬੀਰ ਮੁੰਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।”
– ਸਲੋ ਕਬ, ੧੮੪:੧ (1374)

ਮੁਲਿ ------ **ਖਰੀਦ ਕੇ, ਕੀਮਤ ਦੇ ਕੇ**
“ਆਪੁਨਾ ਦਾਸਰਾ ਆਪੇ ਮੁਲਿ ਲੀਉ।”
– ਗਉ ੫, ਅਸ ੯, ੬:੨ (240)

ਹੋਰ ਰੂਪ:

ਮੁੋਲਿ –
“ਮੁੋਲਿ ਅਮੁੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ।” (ਮੁਲ ਦੇ ਕੇ, ਮੁਲ ਨਾਲ)
– ਮਾਰੂ ੩, ਵਾਰ ੧ਸ, ੧, ੧:੪ (1087)

ਮੁਲੀਐ ----- **ਮੁਲ ਮਿਲਣਾ, ਖਰੀਦਿਆ ਜਾ ਸਕਦਾ**
“ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ।”
– ਦੇਵ ੫, ੩੨, ੧:੨ (534)

ਮੁਲੁ ------- **ਕੀਮਤ**
“ਇਸ ਕਾ ਰੰਗੁ ਦਿਨ ਥੋੜਿਆ ਛੋਛਾ ਇਸ ਦਾ ਮੁਲੁ।”
– ਸਿਰੀ ੪, ਵਾਰ ੮ਸ, ੩, ੨:੨ (85)

ਹੋਰ ਰੂਪ:

ਮੁਲੋ –
“ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ।”
– ਸੂਹੀ ੫, ਛੰਤ ੧, ੧:੩ (777)

ਮੁੜਿ ------ **ਮੁੜ ਕੇ, ਲਿਫਕੇ**
“ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ।”
– ਆਸਾ ੧, ਵਾਰ ੪ਸ, ੧, ੨:੩ (464)

ਹੋਰ ਰੂਪ:

ਮੁੜੇ –
“ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।” (ਲਿਫਕੇ)
– ਸਲੋ ਫਰ, ੩੦:੧ (1379)

(2) ਮੁੜ ਕੇ, ਦੁਬਾਰਾ
“ਕਵਿ ਕੀਰਤ ਜੋ ਸੰਤ ਚਰਨ ਮੁੜਿ ਲਾਗਹਿ ਤਿਨ੍ ਕਾਮ ਕ੍ਰੋਧ ਜਮ ਕੋ ਨਹੀ ਤ੍ਰਾਸੁ।”
– ਸਵ ੪, ਕੀਰ, ੧:੩ (1405)

ਮੁ -------- (1) ਮੇਰੀ
"ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ।"
– ਵਡ ੫, ਛੰਤ ੨, ੨ਸ:੧ (577)

ਹੋਰ ਰੂਪ:

ਮੂੰ –
"ਮੂੰ ਪਿਰੀਆ ਸਉ ਨੇਹੁ ਕਿਉ ਸੱਜਣ ਮਿਲਹਿ ਪਿਆਰਿਆ।" (ਮੇਰਾ)
– ਸਲੋ ੪, ੪:੨ (1421)

(2) ਮੈਂ
"ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ।"
– ਜੈਤ ੫, ਛੰਤ ੧, ੨:੧ (703)

ਹੋਰ ਰੂਪ:

ਮੂੰ –
"ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ।" (ਮੈਂ)
– ਆਸਾ ਫਰ, ੧, ੩:੨ (488)

(2) ਮੈਨੂੰ
"ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ।"
– ਜੈਤ ੫, ੧, ੩:੨ (703)

ਹੋਰ ਰੂਪ:

ਮੂੰ –
"ਜੇ ਕੋ ਮੂੰ ਉਪਦੇਸੁ ਕਰਤ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ।" (ਮੈਨੂੰ)
– ਸਿਰੀ ਤ੍ਰਿਲੋ, ੨, ੫:੧ (92)

(4) ਮੇਰੇ
"ਤਉ ਭਾਵਨਿ ਤਉ ਜੇਹੀਆ ਮੂ ਜੇਹੀਆ ਕਿਤੀਆਹ।"
– ਮਾਰੂ ੧, ਅਸ ੯, ੮:੧ (1015)

ਮੂਓ ------- ਮਰ ਗਿਆ
"ਜਨਮਤ ਕੀ ਨ ਮੂਓ ਆਭਾਗਾ।"
– ਮਾਰੂ ੩, ਸੋਲਾ ੨, ੯:੨ (1045)

ਮੂਆ ------ ਮਰਿਆ, ਮਰ ਗਿਆ
"ਦੂਜੈ ਲਾਗਿ ਜਗੁ ਖਪਿ ਖਪਿ ਮੂਆ।"
– ਮਾਰੂ ੩, ਅਸ ੭, ੬:੨ (113)

ਹੋਰ ਰੂਪ:

ਮੂਐ –
"ਪਿੰਡਿ ਮੂਐ ਜੀਉ ਕਿਹ ਘਰਿ ਜਾਤਾ।" (ਮਰਨ ਨਾਲ)
– ਗਉ ਕਬ, ੧੮, ੧:੧ (327)

ਮੂਇ ------ (ਫਾ. ਮੂਏ) ਵਾਲ, ਕੇਸ
"ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ।"

- ਤਿਲੰ ੧, ੧, ੧*:੨ (721)

ਮੂਈ ------ ਮਰੀ, ਖਤਮ ਹੋ ਗਈ, ਮੁਕ ਗਈ

"ਮੂਈ ਸੁਰਤਿ ਬਾਦੁ ਅਹੰਕਾਰੁ।"

- ਗਉ ੧, ੪, ੨:੩ (152)

ਹੋਰ ਰੂਪ:

ਮੂਏ -

"ਬਿਨੁ ਮੂਏ ਕਿਉ ਪੂਰਾ ਹੋਇ।" (ਮਰਿਆ, ਮਰਨ ਦੇ)

- ਗਉ ੧, ੭, ੩:੨ (153)

"ਮੂਏ ਕਉ ਕਹੁ ਮਾਰੇ ਕਉਨੁ।" (ਮਰੇ ਹੋਏ, ਮੋਏ)

- ਗਉ ੧, ਅਸ ੨, ੫:੧ (221)

"ਸੰਚਿ ਸੰਚਿ ਸਾਕਤ ਮੂਏ ਨਾਨਕ ਮਾਇਆ ਨ ਸਾਥ।" (ਮਰ ਗਏ)

- ਗਉ ੫, ਬਾਅ ੩੩ਸ:੨ (257)

"ਮੂਏ ਮਰਮੁ ਕੋ ਕਾ ਕਰ ਜਾਨਾ।" (ਮਰੇ ਹੋਏ ਜੀਨ)

- ਗਉ ਕਬ, ੮, ੩:੨ (325)

ਮੂਏਂ -

"ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ।" (ਮਰਨ ਉਪਰੰਤ)

- ਗਉ ਕਬ, ੪੫, ੧:੧ (332)

ਮੂਸ ------- (1) {ਸੰ. , ਫਾ. (ਮੂਸ਼} ਚੂਹਾ

"ਰੇ ਮਨ ਮੂਸ ਬਿਲਾ ਮਹਿ ਗਰਬਤ ਕਰਤਬ ਕਰਤ ਮਹਾਂ ਮੁਘਨਾਂ।"

- ਸਮੁ ੫, ੪*:੧ (1387)

(2) (ਸੰ.) ਲੁਟਣਾ

"ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ।"

- ਤੁਖਾ ੧, ਛੰਤ ੨, ੧:੪ (1110)

ਮੂਸਹੁਗੇ ---- ਲੁਟੇ ਜਾਉਗੇ, ਵੇਖੋ 'ਮੂਸ' (2)

"ਦੁਬਿਧਾ ਛੋਡਿ ਕੁਵਾਟੜੀ ਮੂਸਹੁਗੇ ਭਾਈ।"

- ਆਸਾ ੧, ਅਸ ੧੫, ੬:੧ (419)

ਮੂਸਤ ------ ਚੁਰਾਉਂਦਾ, ਲੁੱਟਦਾ

"ਗਹਬਰ ਬਨ ਘੋਰ ਗਹਬਰ ਬਨ ਘੋਰ ਹੇ ਗ੍ਰਿਹ ਮੂਸਤ ਮਨ ਚੋਰ ਹੇ ਦਿਨ ਕਰੋ ਅਨਦਿਨੁ ਖਾਤ।"

- ਆਸਾ ੫, ਛੰਤ ੧੪, ੧:੨ (461)

"ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ।" (ਲੁਟੀਂਦਾ)

- ਸੋਰ ੧, ੧੦, ੧:੧ (594)

ਮੂਸਨ ------ ਗੁਰੂ ਅਰਜਨ ਦੇਵ ਜੀ ਦਾ ਇਕ ਸਿੱਖ

"ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ।"

- ਚਉ ੫, ੩:੨ (1364)

(ਦਰਪਣ ਅਰਥ 'ਹੇ ਲੁਟੇ ਜਾ ਰਹੇ ਮਨੁੱਖ' ਕਰਦਾ ਹੈ)

ਮੂਸਲਹਿ ---- ਮੋਹਲੇ ਨਾਲ
“ਸਾਰੋ ਦਿਨਸੁ ਮਜੂਰੀ ਕਰਤਾ ਤੁਹੁ ਮੂਸਲਹਿ ਛਰਾਇਆ।”
– ਟੋਡੀ ੫, ੪, ੩:੧ (712)

ਮੂਸਾ ------ (ਸੰ.) ਚੂਹਾ
“ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ।” (ਕਾਲ ਰੂਪ ਚੂਹਾ)
– ਸਿਰੀ ੪, ੭੦, ੧:੨ (41)
“ਜੈਸੇ ਕਾਗਦ ਕੇ ਭਾਰ ਮੂਸਾ ਟੂਕਿ ਗਵਾਵਤ ਕਾਮਿ ਨਹੀ ਗਾਵਾਰੀ।”
– ਧਨਾ ੫, ੪੨, ੧*:੨ (681)

ਮੂਸਿ ------ ਲੁਟ ਕੇ
“ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ।”
– ਸਾਰ ਸਧ, ੧, ੨:੧ (1253)

ਮੂਸੀਐ ----- ਲੁਟੇ ਜਾਈਦਾ ਹੈ
“ਮੂਸਨ ਤਬ ਹੀ ਮੂਸੀਐ ਬਿਸਰਤ ਪੁਰਖ ਦਇਆਲ।”
– ਚਉ ੫, ੭:੨ (1364)

ਮੂਸੇ ------- (1) ਲੁੱਟੇ ਜਾਂਦੇ ਹਨ
“ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ।”
– ਗਉ ੫, ੧੬੪*, ੧*:੨ (216)

(2) ਧੋਖੇ/ਭੁਲੇਖੇ ਕਰਕੇ
“ਭ੍ਰਮ ਕੇ ਮੂਸੇ ਤੂੰ ਰਾਖਵ ਪਰਦਾ ਪਾਛੈ ਜੀਅ ਕੀ ਮਾਨੀ।”
– ਆਸਾ ੫, ੧੨੮, ੧*:੨ (403)

ਹੋਰ ਰੂਪ:

ਮੂਸੈ –
“ਵੇ ਮਾਰਗਿ ਮੂਸੈ ਮੰਤ੍ਰਿ ਮਸਾਣਿ।”
– ਰਾਮ ੧, ਸਿਗੋ ੨੬:੪ (941)

ਮੂਕਰਿ ----- ਮੁਕਰ ਕੇ, ਮੁਨਕਰ ਹੋ ਕੇ
“ਖਾਦਾ ਪੈਨ ਦਾ ਮੂਕਰਿ ਪਾਇ।”
– ਗਉ ੫, ੧੪੭, ੧:੧ (195)

ਮੂਕਾ ------ (1) ਮੁਕਿਆ
“ਪਹੁਚਿ ਨ ਮੂਕਾ ਫਿਰਿ ਪਛੁਤਾਨਾ।” (ਮਸਾਂ ਪੁਜਿਆ ਹੀ ਹੈ)
– ਆਸਾ ੫, ੭੫, ੨:੨ (389)

(2) ਮੁਕ ਗਿਆ
“ਛੋਡਿਆ ਜਾਇ ਨ ਮੂਕਾ।”
– ਸੋਰ ਕਬ, ੬, ੩:੩ (655)

ਮੂਕੇ ------- ਮੁਕਦੇ
“ਅਖੁਟੁ ਖਜਾਨਾ ਸਤਿਗੁਰਿ ਦੀਆ ਤੋਟਿ ਨਹੀ ਰੇ ਮੂਕੇ।”
– ਗਉ ੫, ੧੬੧*, ੨:੨ (215)

ਹੋਰ ਰੂਪ:

ਮੂਕੈ –
“ਜਮ ਕਾ ਡੰਡੁ ਨ ਕਬਹੂ ਮੂਕੈ।” (ਮਕੁਦਾ)
– ਮਾਰੂ ੧, ਸੋਲਾ ੧੦, ੧੦:੨ (1030)

ਮੂਖਿ ------ ਮੁਖ ਵਿਚ, ਮੂੰਹ ਵਿਚ ਭਾਵ ਜਿਹਬਾ ਉਪਰ
“ਚਹੁ ਦਿਸ ਫੂਲਿ ਰਹੀ ਬਿਖਿਆ ਬਿਖੁ ਗੁਰਮੰਤ੍ਰੁ ਮੂਖਿ ਗਰੁੜਾਰੀ।”
– ਸਾਰ ੫, ੨੫, ੧:੧ (1209)

ਮੂਚ ------- (1) ਬਹੁਤੇ, ਅਧਿਕ ਗਿਣਤੀ ਵਿਚ, ਵਡਾ
“ਨਾਨਕ ਨਾਮਿ ਉਧਰੇ ਪਤਿਤ ਬਹੁ ਮੂਚ।”
– ਗਉ ੫, ਸੁਖ ੩, ੩:੧੦ (265)
“ਹਮ ਥੋਰੇ ਤੁਮ ਬਹੁਤ ਮੂਚ।”
– ਬਸੰ ੫, ੭, ੩:੪ (1182)

ਹੋਰ ਰੂਪ:

ਮੂਚਾ –
“ਤੂੰ ਬੇਅੰਤੁ ਅਤਿ ਮੂਚੋ ਮੂਚਾ।”
– ਮਾਝ ੫, ਅਸ ੩੫, ੮:੨ (130)
(ਕੋਸ਼ ਅਰਥ ‘ਉਚਾ’ ਕਰਦਾ ਹੈ)
(2) ਵਿਸਥਾਰ ਵਾਲੀ, ਬਹੁਤੀ
“ਸਾਧ ਕੀ ਸੋਭਾ ਮੂਚ ਤੇ ਮੂਚੀ।”
– ਗਉ ੫, ਸੁਖ ੭, ੮:੮ (272)
(3) ਵਡਾ
“ਗੰਭੀਰ ਧੀਰ ਨਾਮ ਹੀਰ ਉਚੇ ਮੂਚ ਅਪਾਰੰ।”
– ਰਾਮ ੫, ੫੯, ੨:੧ (901)

ਮੂਚਾ ------ (1) ਬਹੁਤੇ, ਅਧਿਕ ਗਿਣਤੀ, ਵੇਖੋ ‘ਮੂਚ’ (1)
“ਪ੍ਰਭ ਕੈ ਸਿਮਰਨਿ ਉਧਰੇ ਮੂਚਾ।”
– ਗਉ ੫, ਸੁਖ ੧, ੪:੨ (263)
(2) ਕਟੀਦਾ ਹੈ, ਖਤਮ ਹੁੰਦਾ ਹੈ, ਨਾਸ ਹੁੰਦਾ ਹੈ
“ਕਰਮਿ ਮਿਲੈ ਜਮ ਕਾ ਭਉ ਮੂਚਾ।”
– ਗਉ ੧, ੯, ੩:੩ (153)
(3) ਅਧਿਕ, ਬਹੁਤ ਸਾਰੇ
(4) ਜ਼ਿਆਦਾ, ਬਹੁਤਾ, (ਪਾਸਾਰ, ਅਕਾਰ)
“ਸਭੁ ਕਿਛੁ ਤਾ ਕਾ ਕਾਂਢੀਐ ਥੋਰਾ ਅਰੁ ਮੂਚਾ।”
– ਆਸਾ ੫, ੧੧੭, ੧:੨ (400)
(5) ਬਹੁਤ, ਬੜਾ
“ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ।”
– ਦੇਵ ੫, ੩੨, ੧*:੨ (534)

ਮੂਚੇ ------- ਬਹੁਤ, ਅਧਿਕ

“ਕੋਟਿ ਗ੍ਰਹਣ ਪੁੰਨ ਫਨ ਮੂਚੇ।”
– ਗਉ ੫, ੧੫੫, ੧*:੨ (197)

ਮੂਚੋ ------- ਵਡਾ, ਵਿਸਥਾਰ ਵਾਲਾ
“ਤੂੰ ਬੇਅੰਤ ਅਤਿ ਮੂਚੋ ਮੂਚਾ।”
– ਮਾਝ ੫, ਅਸ ੩੫, ੮:੨ (130)

ਹੋਰ ਰੂਪ:

ਮੂਚੌ –
“ਊਚ ਮੂਚੌ ਬਹੁ ਅਪਾਰ।”
– ਮਾਲੀ ੪, ੩, ੪:੩ (987)

ਮੂਠਉ ----- ਲੁਟਿਆ ਗਿਆ
“ਮੇਰੀ ਮੇਰੀ ਕਰਿ ਕਰਿ ਮੂਠਉ ਪਾਪ ਕਰਤ ਨਹ ਪਰੀ ਦਇਆ।”
– ਬਿਲਾ ੫, ੧੧੦, ੧:੨ (826)

ਮੂਠੜੀਏ ---- ਹੇ ਹਮੀ ਹੋਈਏ!
“ਪਿਰੁ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ।”
– ਧਨਾ ੧, ਛੰਤ ੩, ੧:੧ (689)

ਮੂਠਾ ------ ਫਸਿਆ ਹੋਇਆ
“ਮਾਇਆ ਮੂਠਾ ਚੇਤਸਿ ਨਾਹੀ ਜਨਮੁ ਗਵਾਇਓ ਆਲਸੀਆ।”
– ਸਿਰੀ ਤ੍ਰਿਲੋ, ੨, ੨:੨ (92)
“ਹਰਿ ਚੰਦਉਰੀ ਦੇਖਿ ਮੂਠਾ ਕੂੜੁ ਸੇਜਾ ਰਾਵਿਆ।” (ਠਗਿਆ ਗਿਆ, ਭਾਵ ਮੋਹਿਆ ਗਿਆ)
– ਆਸਾ ੫, ਛੰਤ ੧੧, ੨:੪ (460)

ਹੋਰ ਰੂਪ:

ਮੂਠੀ –
“ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ।” (ਠਗੀ ਗਈ)
– ਵਡ ੩, ਅਲਾ ੨, ੨:੩ (583)

ਮੂਠੁ –
“ਗੋਵਿਦ ਭਜਨ ਬਿਨੁ ਅਵਰ ਸੰਗਿ ਰਾਤੇ ਤੇ ਸਭਿ ਮਾਇਆ ਮੂਠੁ ਪਰਾਨੀ।” (ਠਗੇ ਹੋਏ)
– ਰਾਮ ੫, ੨੪, ੧*:੨ (890)
“ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ।” (ਲੁਟਿਆ ਜਾਂਦਾ ਹੈ)
– ਭੈਰ ੫, ੫੩, ੧*:੨ (1151)

ਮੂਠੇ –
“ਬਿਨੁ ਸਬਦੈ ਮੂਠੇ ਦਿਨੁ ਰੈਣੀ।” (ਲੁਟੇ ਜਾ ਰਹੇ ਹਨ)
– ਗਉ ੧, ਅਸ ੧੪, ੮:੩ (227)
“ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ।” (ਠੱਗੇ ਹੋਏ)
– ਗੂਜ ੫, ੩੦, ੩:੧ (502)

“ਦੁਰਮਤਿ ਅੰਧੁਲਾ ਬਿਨਸਿ ਬਿਨਾਸੈ ਮੂਠੇ ਰੋਇ ਪੁਕਾਰਾ ਹੇ।” (ਠਗੇ ਜਾਣ ਤੇ)
– ਮਾਰੂ ੧, ਸੋਲਾ ੭, ੯:੩ (1027)

ਮੂਠੌ –
“ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ ਮੂਠੌ ਮੂੜ ਲੋਭਾਇਲੇ।” (ਠਗੀ ਗਈ)
– ਗੋਂਡ ੫, ੨, ੩:੧ (862)
“ਬਿਖੁ ਠਗਉਰੀ ਖਾਇ ਮੂਠੋ ਚਿਤਿਨ ਸਿਰਜਨਹਾਰਾ।” (ਲੁਟਿਆ ਗਿਆ)
– ਸਾਰ ੫, ੧੨੯, ੩:੧ (1229)

ਮੂਡ ------ ਸਿਰ, ਮੁੰਡੀ
“ਉਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈ ਹੈ।”
– ਗੂਜ ਕਬ, ੧, ੧:੨ (524)

ਮੂੰਡ ------- ਸਿਰ
“ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ।”
– ਆਸਾ ਕਬ, ੧੬, ੩:੨ (479)

ਮੂੰਡਉ ----- ਮੁੰਨ ਦੇਣਾ
“ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਕੇ ਭਰਮ ਨਜਾਇ।”
– ਸਲੋ ਕਬ, ੧੦੪:੧ (1370)

ਮੂੰਡਹਿ ----- ਮੂੰਡ (ਸਿਰ) ਉਪਰ
“ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ।”
– ਸਾਰ ੫, ੧੦, ੨:੧ (1205)

ਮੂੰਡਾ ------ ਮੁੰਨਿਆ
“ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ।”
– ਸਲੋ ਕਬ, ੧੦੧:੨ (1369)

ਮੂੰਡਿ ------ ਸਿਰ ਨੂੰ
“ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ।”
– ਗਉ ੧, ੧੫, ੨:੧ (155)

ਮੂੰਡਿਆ ---- ਮੁੰਨਿਆ
“ਕਬੀਰ ਮਨ ਮੂੰਡਿਆ ਨਹੀ ਕੇਸ ਮੁੰਡਾ ਏ ਕਾਂਇ।” (ਭਾਵ ਕਾਬੂ ਨਹੀਂ ਕੀਤਾ)
– ਸਲੋ ਕਬ, ੧੦੧:੧ (1369)

ਮੂੰਡੁ ------- ਸਿਰ
“ਅੰਧੁਲੈ ਦਹਸਿਰਿ ਮੂੰਡੁ ਕਟਾਇਆ ਰਾਵਣੁ ਮਾਰਿ ਕਿਆ ਵਡਾ ਭਇਆ।”
– ਆਸਾ ੧, ੭, ੧:੨ (350)

ਮੂਢ ------- ਮੂੜ੍ਹ, ਮੂਰਖ
“ਰੀ ਕਲਵਾਰਿ ਗਵਾਰਿ ਮੂਢ ਮਤਿ ਉਲਟੋ ਪਵਨੁ ਫਿਰਾਵਉ।”
–ਕੇਦਾ ਕਬ, ੩, ੧:੧ (1123)

ਮੂੰਢਾਹੂ ----- ਮੁੱਢ ਤੋਂ ਹੀ

“ਪੇਡੁ ਮੁੰਢਾਹੁ ਕਟਿਆ ਤਿਸੁ ਡਾਲ ਸੁਕੰਦੇ।”
- ਗਉ ੪, ਵਾਰ ੩੧:੧੦ (317)

ਮੂਤ ------- ਪਿਸ਼ਾਬ, ਮੂਤਰ
“ਮੂਤ ਪਲੀਤੀ ਕਪੜੁ ਹੋਇ।”
-ਜਪੁ ੧, ੨੦:੩ (4)

ਮੂਤ੍ਰ ------- ਪਿਸ਼ਾਬ, ਮੂਤ
“ਬਿਸਟਾ ਮੂਤ੍ਰ ਖੋਦਿ ਤਿਲੁ ਤਿਲੁ ਮਨਿ ਨ ਮਨੀ ਬਿਪਰੀਤਿ।”
-ਮਾਰੂ ੫, ਅਸ ੩, ੩:੨ (1018)

ਮੂੰਦਿ ------ ਬੰਦ, ਭੀੜ
“ਮੂੰਦਿ ਲੀਏ ਦਰਵਾਜੇ।”
-ਸੋਰ ਕਬ, ੧੦, ੧:੩ (656)

ਮੂੰਦੇ ------- ਢਕੇ ਹੋਏ, ਵਲੇਟੇ ਹੋਏ
“ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ।”
- ਕੇਦਾ ਕਬ, ੪, ੧*:੨ (1124)

ਮੂਰਖ ------ (1) ਬੇਵਕੂਫ, ਬੇਸਮਝ, ਬੁਧੂ, ਬੁਧੀ ਰਹਿਤ
“ਅਸੰਖ ਮੂਰਖ ਅੰਧ ਘੋਰ।”
- ਜਪੁ ੧, ੧੮:੧ (4)

(2) ਮੂਰਖਤਾ
“ਹਮ ਮੂਰਖ ਮੂਰਖ ਮਨ ਮਾਹਿ।”
- ਧਨਾ ੩, ੮, ੨:੧ (666)

(ਪਹਿਲੇ ‘ਮੂਰਖ’ ਦੇ ਅਰਥ ‘ਬੇਸਮਝ’ ਹੈ, ‘ਮਹਾਨਕੋਸ਼’ ਅਰਥ ‘ਨਾ ਤਜ਼ਰਬੇਕਾਰ’ ਕਰਦੇ ਹਨ)

ਹੋਰ ਰੂਪ:

ਮੂਰਖਾ –
“ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ।” (ਬੇਸਮਝਾਂ)
- ਮਾਰੂ ੧, ਅਸ ੧੧, ੨:੨ (1015)

“ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ।” (ਹੇ ਮੂਰਖਾ !)
- ਮਾਰੂ ੩, ਵਾਰ ੩:੧ (1087)

ਮੂਰਖਾਰੇ ---- ਮੂਰਖ ਹਾਂ
“ਸੇਵਾ ਕਛੂ ਨ ਜਾਨਉ ਨੀਚੁ ਮੂਰਖਾਰੇ।”
- ਬਿਲਾ ੫, ੩੪, ੧:੨ (809)

ਮੂਰਖਿ ----- ਮੂਰਖ ਨੇ, ਬੇਸਮਝ ਨੇ
“ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ।”
- ਆਸਾ ੩, ਅਸ ੨੫, ੬:੨ (424)

ਹੋਰ ਰੂਪ:

ਮੂਰਖੁ –
“ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ।” (ਬੇਸਮਝ)
– ਸਿਰੀ ੧, ੧੯, ੧:੨ (21)

ਮੂਰਖੈ –
“ਮੂਰਖੈ ਨਾਲਿ ਨ ਲੁਝੀਐ।” (ਮੂਰਖ ਦੇ)
– ਆਸਾ ੧, ਵਾਰ ੧੯:੫ (473)

ਮੂਰਤ ------ ਮਹੂਰਤ, ਦੋ ਘੜੀਆਂ ਦਾ ਸਮਾਂ
“ਧੰਨੁ ਮੂਰਤ ਚਸੇ ਪਲ ਘੜੀਆ ਧੰਨਿ ਸੁ ਓਇ ਸੰਜੋਗਾ ਜੀਉ।”
– ਮਾਝ ੫, ੧੭, ੧:੩ (99)

ਮੂਰਤਿ ----- (1) ਸ਼ਕਲ, ਰੂਪ
“ਸਹਸ ਤਵ ਨੈਨ ਨਨ ਨੈਨ ਤਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ।”
– ਧਨਾ ੧, ਸੋਹ ੩, ੨:੧ (13)
“ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ।”
– ਗਉ ੯, ੭, ੧:੨ (220)
“ਮਾਣਸ ਮੂਰਤਿ ਨਾਨਕੁ ਨਾਮੁ।”
– ਆਸਾ ੧, ੪, ੪:੧ (350)
“ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ।” (ਰੂਪ)
– ਕਾਨ ੫, ੧੫, ੧:੧ (1300)
(2) ਹਸਤੀ
“ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ।”
– ਸਿਰੀ ੫, ੧੦੦, ੩:੧ (53)
“ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕ ਤਿਸੁ ਪਗ ਚਾਟੈ।”
– ਗਉ ੫, ੧੩੨*, ੫:੨ (208)
(3) ਮੂਰਤੀ
“ਪਾਖਾਨ ਗਢਿ ਕੈ ਮੂਰਤਿ ਕੀਨ੍ਹੀ ਦੇ ਕੈ ਛਾਤੀ ਪਾਉ।”
– ਆਸਾ ਕਬ, ੧੪, ੩:੧ (479)
(4) ਭਾਵ ਦਰਸ਼ਨ/ਰੂਪ
“ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ।”
– ਦੇਵ ੫, ੧੬, ੨:੧ (531)
“ਆਰਾਧਿ ਸ੍ਰੀਧਰ ਸਫਲ ਮੂਰਤਿ ਕਰਣ ਕਾਰਣ ਜੋਗੁ।”
– ਗੂਜ ੫, ੩੧, ੧:੧ (502)
(5) ਤਸਵੀਰ, ਪ੍ਰਤਿਮਾ
“ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਿਨ ਭੀਤਿ।”
– ਸਲੋ ੯, ੩੭:੨ (1428)
(6) ਮਿਸਾਲ, ਨਮੂਨਾ (ਮਹਾਨਕੋਸ਼)
“ਜੋ ਓਸੁ ਇਛੇ ਸੋ ਫਲੁ ਪਾਏ ਤਾਂ ਨਾਨਕ ਕਹੀਐ ਮੂਰਤਿ।”
– ਸਾਰ ੪, ਵਾਰ ੨੦ਸ, ੨, ੨:੩ (1245)

ਮੂਰਤੀ ----- ਰੂਪ, ਸਰੀਰ

"ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।"

– ਸੂਹੀ ੩, ਵਾਰ ੯ਸ, ੩, ੩:੨ (788)

ਮੂਰਤੁ ------ ਮਹੂਰਤ, ਦੋ ਘੜੀਆਂ ਦਾ ਸਮਾਂ

"ਸਫਲ ਮੂਰਤੁ ਸਫਲਾ ਘੜੀ ਜਿਤੁ ਸਚੇ ਨਾਲਿ ਪਿਆਰੁ।"

– ਸਿਰੀ ੫, ੭੬, ੩:੧ (44)

ਮੂਰਾ ------ ਮੂੜ੍ਹ, ਮੂਰਖ

"ਕੋਊ ਸੁਘਰੁ ਨ ਕੋਊ ਮੂਰਾ।"

– ਗਉ ੫, ਬਾਅ ੧੧:੬ (252)

ਮੂਰਾਖਾ ----- ਮੂਰਖ, ਬੇਸਮਝ

"ਹਉਮੈ ਪਚੈ ਮਨਮੁਖ ਮੂਰਾਖਾ।"

– ਆਸਾ ੫, ੯੬, ੪:੨ (394)

ਮੂਰੇ ------- ਬੁੱਟ, ਗੁੰਗੇ, ਜੜ੍ਹ

"ਕਰਤੇ ਕੀਆ ਤਪਾਵਸੋ ਦੁਸਟ ਮੁਏ ਹੋਇ ਮੂਰੇ।"

– ਮਾਝ ੫, ੩੯, ੭:੧ (133)

ਮੂਲ ------- ਜੜ੍ਹ

"ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ।"

– ਗਉ ੧, ੧੯, ੧:੧ (157)

ਹੋਰ ਰੂਪ:

ਮੂਲੰ –

"ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ।"

– ਸਸ ੫, ੪੧:੧ (1357)

(2) ਤੱਤ ਭਾਵ ਹਰਿ, ਮੁੱਢ

"ਬੇਦ ਪੁਰਾਨ ਸਿਮ੍ਰਿਤਿ ਬੁਝੈ ਮੂਲ।"

– ਗਉ ੫, ਸੁਖ ੯, ੪:੭ (274)

"ਅਉਖਧ ਮੰਤ੍ਰ ਮੂਲ ਮਨ ਏਕੈ ਮਨਿ ਬਿਸ੍ਵਾਸੁ ਪ੍ਰਭੁ ਧਾਰਿਆ।" (ਅਸਲ, ਆਦਿ, ਮੁੱਢਲਾ)

– ਧਨਾ ੫, ੧੬, ੨:੧ (675)

(3) ਆਧਾਰ ਅਥਵਾ ਰਕਤ ਬਿੰਦ

"ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ।"

– ਸਾਰ ੫, ੮੧, ੧*:੨ (1220)

(4) ਮੁੱਢ, ਆਰੰਭ

"ਹੇ ਕਲਿ ਮੂਲ ਕ੍ਰੋਧੇ ਕਦੰਚ ਕਰੁਣਾ ਨਉ ਪਰਜਤੇ।"

– ਸਸ ੫, ੪੬:੧ (1358)

ਹੋਰ ਰੂਪ:

ਮੂਲੰ –

"ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ।"

– ਸਸ ੫, ੪੯:੧ (1358)

ਮੂਲਹੁ ------ (1) ਅਸਲੀਅਤ ਤੋਂ, ਮੁੱਢੋਂ
"ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ।"
– ਮਾਝ ੩, ਅਸ ੩੧, ੬:੩ (128)
(2) ਮੁੱਢ ਤੋਂ ਭਾਵ ਪ੍ਰਮਾਤਮਾ ਤੋਂ, ਬੁਨਿਆਦ ਤੋਂ, ਆਧਾਰ ਤੋਂ
"ਮਨਮੁਖ ਮੂਲਹੁ ਭੁਲਿਆ ਵਿਚਿ ਲਬੁ ਲੋਭੁ ਅਹੰਕਾਰੁ।"
– ਗਉ ੪, ਵਾਰ ੩੧ਸ, ੪, ੧:੧ (316)
"ਮੂਲਹੁ ਭੂਲਾ ਆਵੈ ਜਾਇ।"
– ਭੈਰ ਨਾਮ, ੮, ੨:੩ (1165)

ਮੂਲ ਦੁਆਰੈ -- ਪ੍ਰਭੂ ਦੇ ਦਵਾਰੇ
"ਮੂਲ ਦੁਆਰੈ ਬੰਧਿਆ ਬੰਧੁ।"
– ਭੈਰ ਕਬ, ੧੦, ੨:੧ (1159)

ਮੂਲਿ ------ ਬਿਲਕੁਲ, ਮੂਲੋਂ, ਰਤਾਵੀ, ਉਨਾ ਹੀ, ਜ਼ਰਾ ਵੀ
"ਐਬ ਤਨਿ ਚਿਕੜੋ ਇਹੁ ਮਨੁ ਮੀਡਕੋ ਕਮਲ ਕੀ ਸਾਰ ਨਹੀ ਮੂਲਿ ਪਾਈ।"
– ਸਿਰੀ ੧, ੨੭, ੨:੧ (24)

ਹੋਰ ਰੂਪ:

ਮੂਲਿਆ –
"ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ।" (ਬਿਲਕੁਲ)
– ਸਲੋ ੧, ੨੧:੨ (1412)

(2) ਜੜ੍ਹ (ਸਬਜ਼ੀ ਦੀ)
"ਕੰਦ ਮੂਲਿ ਮਨੁ ਲਾਵਸਿ ਤਾ।"
– ਗਉ ੧, ੧੫, ੧*:੨ (155)
(3) ਚੰਗੀ ਤਰ੍ਹਾਂ, ਮੁਕੰਮਲ ਤੌਰ ਤੇ
"ਵਿਸਾਰੇ ਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ।"
– ਗਉ ੫, ਵਾਰ ੭ਸ, ੫, ੨:੧ (319)
(4) ਮੁੱਢ ਨਾਲ ਭਾਵ ਪ੍ਰਭੂ ਨਾਲ, ਅਸਲੀਅਤ ਨਾਲ
"ਮੂਲਿ ਲਾਗੇ ਸੇ ਜਨ ਪਰਵਾਣੁ।"
– ਆਸਾ ੩, ੪੪, ੧*:੧ (362)
"ਦ੍ਰਿਸਟਿ ਧਾਰਿ ਪ੍ਰਭਿ ਰਾਖਿਆ ਮਨੁ ਤਨੁ ਰਤਾ ਮੂਲਿ।"
– ਗੂਜ ੫, ਵਾਰ ੬ਸ, ੫, ੨:੧ (519)

ਮੂਲੁ ------- (1) ਅਸਲਾ, ਮੁੱਢ
"ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ।"
– ਸਿਰੀ ੧, ਅਸ ੬, ੨:੨ (56)
"ਸਾਕਤ ਨਿਰਗੁਣਿ ਆਰਿਆ ਆਪਣਾ ਮੂਲੁ ਪਛਾਣੁ।"
– ਸਿਰੀ ੧, ਅਸ ੧੫, ੫:੧ (63)
"ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ।" (ਆਧਾਰ, ਮੁੱਢ)
– ਭੈਰ ੩, ੫, ੨:੧ (1129)

“ਮੂਲੁ ਰਹੈ ਗੁਰੁ ਸੇਵਿਐ ਗੁਰ ਪਉੜੀ ਬੋਹਿਥੁ।” (ਜੜ੍ਹ, ਮੁੱਢ ਪੱਕਾ ਹੋ ਜਾਂਦਾ ਹੈ)
– ਮਲਾ ੧, ਵਾਰ ੧ਸ, ੩, ੧:੧੦ (1279)

(2) ਰਾਸ, ਪੂੰਜੀ
“ਗੁਰਮੁਖਿ ਲਾਹਾ ਲੈ ਗਏ ਮਨਮੁਖ ਚਲੇ ਮੂਲੁ ਗਵਾਇ ਜੀਉ।”
– ਸਿਰੀ ੫, ਅਸ ੨੯, ੧੯:੩ (74)
“ਨਾਮੁ ਬਿਸਾਰਿ ਲੋਭਿ ਮੂਲੁ ਖੋਇਓ ਸਿਰਿ ਧਰਮ ਰਾਇ ਕਾ ਡੰਡੁ ਪਰੇ।”
– ਮਾਰੂ ੧, ਅਸ ੮, ੧੦:੨ (1014)

(3) ਸ਼ਬਜ਼ੀ ਦੀ ਜੜ੍ਹ, ਵੇਖੋ ਮੂਲ (1) ਮੂਲਿ (2)
“ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ।”
– ਮਾਝ ੧, ਵਾਰ ੫:੧ (140)

(4) ਜੜ੍ਹੀ ਬੂਟੀ
“ਅਉਖਧ ਮੰਤ੍ਰ ਮੂਲੁ ਮਨ ਏਕੈ ਜੇ ਕਰਿ ਦ੍ਰਿੜੁ ਚਿਤੁ ਕੀ ਜੈਰੇ।”
– ਗਉ ੧, ੧੬, ੧:੧ (156)

(5) ਮੁੱਢ ਭਾਵ ਹਰੀ, ਪ੍ਰਭੂ
“ਮੂਲਿ ਛੋਡਿ ਲਾਗੇ ਦੂਜੈ ਭਾਈ।”
– ਗਉ ੧, ਅਸ ੬, ੩:੨ (232)

(6) ਦਵਾਈ
“ਕਤ ਨਹੀ ਠਉਰ ਮੂਲੁ ਕਤ ਲਾਵਉ।”
– ਗਉ ਕਬ, ੨੧, ੧:੧ (327)

(7) ਬਿਲਕੁਲ, ਜਰਾ ਵੀ
“ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ ਸਿਰਿ ਸਭਨਾ ਪਰਧਾਨਾ।”
– ਆਸਾ ੧, ਛੰਤ ੨, ੨:੪ (436)

(8) ਸੋਮੇ, ਮੁੱਢ
“ਆਨਦ ਮੂਲੁ ਜਗਜੀਵਨ ਦਾਤਾ ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ।”
– ਗੂਜ ੪, ੬, ੪:੧ (494)
“ਕਵਣ ਮੂਲੁ ਕਵਣ ਮਤਿ ਵੇਲਾ।” (ਆਰੰਭ, ਮੁੱਢ)
– ਰਾਮ ੧, ਸਿਗੋ ੪੩:੧ (942)

(9) ਮੁਲ, ਕੀਮਤ
“ਕਉਡੀ ਕਾਲਖ ਹੂਆ ਮੂਲੁ।”
– ਰਾਮ ੫, ੫੦, ੧:੨ (898)

ਮੂਲੇ ------- ਮੂਲੋ ਹੀ, ਬਿਲਕੁਲ, ਰਤਾ ਵੀ, ਵੇਖੋ ‘ਮੂਲੁ’ (7)
“ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ।”
– ਸਿਰੀ ੩, ੪੧, ੩:੨ (29)

ਹੋਰ ਰੂਪ:

ਮੂਲੋ –
“ਸਰ ਬਿਨੁ ਸਾਖੀ ਮੂਲੋ ਨ ਬਾਕੀ।” (ਰਤਾ ਵੀ, ਬਿਲਕੁਲ)
– ਸਲੋ ੧, ੨੩:੨ (1412)

ਮੂੜ ------- ਮੂਰਖ, ਬੇਸਮਝ

"ਮਨ ਏਕੁ ਨ ਏਤਸਿ ਮੂੜ ਮਨਾ।"

– ਆਸਾ ੧, ਸੋਪੁ ੩, ੧*:੨ (12)

ਮੂੜਤੋ ------ ਮੂਰਖ, ਬੇਸਮਝ

" ਗਰਬਿ ਗਹਿਲੜੋ ਮੂੜਤੋ ਹੀਓ ਰੇ।"

– ਟੋਡੀ ੧੮, ੧*:੧ (715)

ਮੂੜਾ ------ ਬੇਸਮਝ, ਮੂਰਖ

"ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ।"

– ਸਿਰੀ ੪, ਪਹ ੩, ੨:੪ (76)

ਹੋਰ ਰੂਪ:

ਮੂੜਿ –

"ਸੋਥਾਨੁ ਮੂੜਿ ਨਿਹਚਲੁ ਕਰਿ ਪਾਇਆ।" (ਮੂਰਖ ਨੇ)

– ਆਸਾ ੫, ੮੧, ੩:੨ (390)

ਮੂੜਿਆ –

"ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ।" (ਹੇ ਮੂਰਖਾ)

– ਸਿਰੀ ਬੇਣੀ, ੧, ੧*:੧ (93)

ਮੂੜੁ –

"ਸਿਰੁ ਹਾਥ ਪਛੋੜੈ ਅੰਧਾ ਮੂੜੁ।" (ਮੂਰਖ, ਬੇਸਮਝ)

– ਗਉ ੫, ੧੬੮, ੨:੨ (199)

ਮੂੜੇ –

"ਮੂੜੇ ਰਾਮੁ ਜਪਹੁ ਗੁਣ ਸਾਰਿ।" (ਹੇ ਮੂਰਖ)

– ਸਿਰੀ ੧, ੧੪, ੧*:੧ (19)

ਮੂੜ੍ਹ –

"ਮਨਮੁਖ ਮੂੜ੍ਹ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ।" (ਮੂਰਖ)

– ਮਲਾ ੪, ੭, ੧:੨ (1265)

ਮੂੜ੍ਹਾ –

"ਬਲਬੰਚ ਕਰੈ ਨ ਜਾਨੈ ਲਾਭੈ ਸੋ ਧੂਰਤੁ ਨਹੀ ਮੂੜ੍ਹਾ।"

– ਸਾਰ ੫, ੯੦, ੧:੧ (1221)

ਮੂੜ੍ਹੇ –

"ਮੂੜ੍ਹੇ ਕਾਹੇ ਬਿਸਾਰਿਓ ਤੈ ਰਾਮ ਨਾਮ।"

– ਬਸ ੧, ੫, ੧*:੧ (1189)

ਮੇ -------- (ਫਾ. ਮੇ) ਵਰਤਮਾਨ ਕਿਰਿਆ ਦਾ ਪ੍ਰਤਯਯ, ਪਦਮੂਰਤੀ ਅਥਵਾ ਰਚਨਾ ਦੀ ਸੋਭਾ ਲਈ ਵਰਤਿਆ ਜਾਂਦਾ ਹੈ

"ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ।"

– ਮਾਝ ੧, ਵਾਰ ੧੩ਸ, ੧, ੧:੨ (143)

ਮੇਂ -------- ਵਿਚ, ਅੰਦਰ

"ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ।"

– ਸਲੋ ਫਰ, ੫੪:੨ (1380)

ਮੇਉ ------- ਪਾਹੀਗੀਰ, ਪਾਛੀ, ਇਥੇ ਭਾਵ ਯਮ

"ਨਾ ਜਾਣਾ ਮੇਉ ਨ ਜਾਣਾ ਜਾਲੀ।"

– ਸਿਰੀ ੧, ੩੧, ੧*:੧ (25)

ਮੇਹ ------- (1) ਮੇਘ, ਬਦਲ

"ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ।"

– ਸਿਰੀ ੧, ਅਸ ੧੧, ੩:੧ (60)

ਹੋਰ ਰੂਪ:

ਮੇਹੁ –

"ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ ਬੂੰਦ ਚਵੈ ਬਰਸੁ ਸੁਹਾਵੇ ਮੇਹੁ।"

– ਅਸ ੫, ਛੰਤ ੪, ੨:੨ (455)

(2) ਮੀਂਹ, ਬਾਰਸ਼, ਬਰਖਾ

"ਕਿ ਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।"

– ਸਲੋ ਫਰ, ੧੮:੨ (1378)

"ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।"

– ਸਲੋ ਫਰ, ੨੫:੧ (1379)

ਹੋਰ ਰੂਪ:

ਮੇਂਹ –

"ਚਾਤ੍ਰਿਕ ਚਿਤਵਤ ਬਰਸਤ ਮੇਂਹ।" (ਮੀਂਹ, ਬਾਰਸ਼)

– ਜੈਤ ੫, ੧੦, ੧*:੧ (702)

ਮੇਹਾ –

"ਹੁਕਮੀ ਵਰਸਣ ਲਾਗੇ ਮੇਹਾ।" (ਮੀਂਹ)

– ਸਾਝ ੫, ੩੪, ੧:੧ (104)

ਮੇਹੁ –

"ਕਿਆ ਕਰਿ ਕੈ ਸੁਨਹੁ ਪ੍ਰਭੁ ਸਭ ਜਗ ਮਹਿ ਵਰਸੈ ਮੇਹੁ।"

– ਸੋਰ ੪, ਵਾਰ ੨੫ਸ, ੪, ੧:੪ (652)

ਮੇਕ ------- ਇਕ, ਅਦੁਤੀ (ਮਹਾਨ ਕੋਸ਼)

"ਬਿਨੁ ਹਰਿ ਨਾ ਬ੍ਰਿਥਾ ਜਗਿ ਜੀਵਨੁ ਹਰਿ ਬਿਨੁ ਨਿਹਫਲ ਮੇਕ ਘਰੀ।"

– ਗੂਜ ੧, ਅਸ ੪, ੨:੨ (505)

ਹੋਰ ਰੂਪ:

ਮੇਕਾ –

"ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮਾਲੀ।"

– ਬਸੰ ੧, ਅਸ ੮, ੮:੨ (1191)

ਮੇਖ

ਮੇਖਾ ------ (ਫਾ. ਮੇਖ) ਕਿਲ

"ਫਰੀਦਾ ਖਿੰਥੜਿ ਮੇਖਾ ਅਗਲੀਆ ਜਿਦੁ ਨਕਾਈ ਮੇਖ।"

– ਸਲੋ ਫਰ, ੪੭:੧ (1380)

ਮੇਖੁਲੀ ------ ਰਸੀ

"ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ।"

- ਸਿਰੀ ਕਬ, ੩, ੧:੨ (92)

"ਤ੍ਰਿਭਵਣ ਸਾਜਿ ਮੇਖੁਲੀ ਮਾਇਆ ਆਪਿ ਉਪਾਇ ਖਪਾਇਦਾ।"

- ਮਾਰੂ ੧, ਸੋਲਾ ੧੭, ੬:੩ (1037)

ਮੇਘ ------- (1) ਬੱਦਲ

"ਮੇਘ ਬਿਨਾ ਜਿਉ ਖੇਤੀ ਜਾਇ।"

- ਗਉ ੫, ਸੁਖ ੫, ੬:੬ (269)

(2) ਇਕ ਰਾਗ ਜਿਸ ਦੀਆਂ ਪੰਜ ਰਾਗਨੀਆਂ ਤੇ 8 ਪੁਤਰ ਹਨ

"ਖਸਟਮ ਮੇਘ ਰਾਗਵੈ ਗਾਵਹਿ।"

- ਰਾਗ ੧:੪੮ (1430)

ਮੇਘ ਮੰਡਲਹ - ਬਦਲਾਂ ਦਾ ਇਲਾਕਾ

"ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ।"

- ਜੈਤ ੫, ਵਾਰ ੧੨ਸ, ੫, ੧:੧ (708)

ਮੇਘਮਾਲਾ --- ਬਦਲਾਂ ਦੀਆਂ ਕਤਾਰਾਂ, ਘਟਾਂ

"ਅਠਾਰਹ ਭਾਰ ਬਨਾਸਪਤੀ ਮਾਲਣੀ ਛਿਨਵੈ ਕਰੋੜੀ ਮੇਘਮਾਲਾ ਪਾਣੀ ਹਾਰੀਆ।"

- ਮਲਾ ਨਾਮ, ੧, ੪:੨ (1292)

ਮੇਘਾ ------ ਭੇਡਾ, ਭੇਡੂ

"ਧਨਿ ਧਨਿ ਮੇਘਾ ਰੋਮਾਵਲੀ।"

- ਮਾਲੀ ਨਾਮ, ੧, ੧:੧ (988)

ਮੇਘਾਂ ------ ਬੱਦਲਾਂ ਦਾ

"ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ।"

- ਆਸਾ ੧, ਵਾਰ ੮ਸ, ੧, ੧:੧ (487)

ਮੇਘੁ ------- ਬੱਦਲ

"ਮੇਘੁ ਵਰਸੈ ਸਭਨੀ ਥਾਈ।"

- ਮਾਝ ੫, ੩੬, ੧:੨ (1271)

"ਮੇਘੁ ਵਰਸੈ ਅੰਮ੍ਰਿਤ ਧਾਰ।" (ਭਾਵ ਗੁਰ ਉਪਦੇਸ)

- ਮਲਾ ੫, ੨੧, ੧:੨ (1271)

ਮੇਘੁਲਾ ----- ਬੱਦਲ

"ਜੈਸੀ ਧਰਤੀ ਊਪਰਿ ਮੇਘੁਲਾ ਬਰਸਤੁ ਹੈ ਕਿਆ ਧਰਤੀ ਮਧੇ ਪਾਣੀ ਨਾਹੀ।"

- ਗਉ ੩, ੩੫, ੧:੧ (162)

ਮੇਘੈ ------- ਬੱਦਲ ਦੇ

"ਕਿਆ ਉਠਿ ਉਠਿ ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ।"

- ਮਲਾ ੧, ਵਾਰ ੬ਸ, ੩, ੨:੧ (1280)

ਮੇਟਣ ------ ਮਿਟਾਉਣ, ਖਤਮ ਕਰਨ

"ਆਈ ਨ ਮੇਟਣ ਕੋ ਸਮਰਥੁ।"

- ਰਾਮ ੧, ਓਅੰ ੧੪:੨ (931)

ਮੇਟਣਹਾਰ --- ਮਿਟਾ ਸਕਨ ਵਾਲਾ, ਮੇਟ ਸਕਨ ਦੇ ਸਮਰਥ
"ਪਟਿਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ।"
- ਸੂਹੀ ੩, ਅਸ ੩, ੧੯:੨ (756)

ਹੋਰ ਰੂਪ:

ਮੇਟਣਹਾਰਾ –
"ਸੋ ਧੁਰਿ ਲਿਖਿਆ ਸੋਇ ਕਮਾਵੈ ਕੋਇ ਨ ਮੇਟਣਹਾਰਾ।" (ਮਿਟਾ ਸਕਨ ਵਾਲਾ)
- ਵਡ ੩, ਛੰਤ ੫, ੩:੫ (571)

ਮੇਟਣਹਾਰੁ –
"ਪੂਰਬਿ ਲਿਖਿਆ ਕਮਾਵਣਾ ਕੋਇਨ ਮੇਟਣਹਾਰੁ।" (ਮਿਟਾ ਸਕਨ ਵਾਲਾ)
- ਸਿਰੀ ੩, ੩੬, ੩:੪ (27)

ਮੇਟਣਾ ----- ਖਤਮ ਕਰਨਾ, ਮਿਟਾ ਦੇਣਾ
"ਪੂਰਬ ਲਿਖਿਆ ਸੁ ਮੇਟਣਾ ਨ ਜਾਏ।"
- ਸਿਰੀ ੪, ਵਾਰ ੧੪ਸ, ੩, ੩:੮ (88)

"ਸੋਈ ਲਖਿ ਮੇਟਣਾ ਨ ਹੋਈ।" (ਨਾਸ ਹੋਣਾ)
- ਗਉ ਕਬ, ਬਾਅ ੬:੪ (340)

ਮੇਟਣੋ ------ ਮੇਟਣਹਾਰ, ਖਤਮ ਕਰਨ/ਮਿਟਾ ਦੇਣ ਵਾਲਾ
"ਸੁਖਦਾਤਾ ਦੁਖ ਮੇਟਣੋ ਸਤਿਗੁਰ ਅਸੁਰ ਸੰਘਾਰੁ।"
- ਸਿਰੀ ੧, ਅਸ ੧੦, ੩:੩ (59)

ਮੇਟਤ ------ ਮਿਟਾ ਸਕਦਾ
"ਲਿਖਿਓ ਲੇਖੁ ਨ ਮੇਟਤ ਕੋਊ।"
- ਗਉ ੫, ਬਾਅ ੧੭:੨ (253)

ਮੇਟਨ ------ ਮੇਟਨ ਵਾਲਾ, ਦੂਰ ਕਰਨ ਵਾਲਾ, ਨਾਸ ਕਰਨ ਵਾਲਾ
"ਅਨਾਥਾ ਨਾਥ ਭਗਤ ਭੈ ਮੇਟਨ।"
- ਸੂਹੀ ੫, ਅਸ ੨, ੨:੧ (760)

ਮੇਟਿ ------ ਖਤਮ ਕਰਨਾ, ਨਾਸ ਕਰਨਾ, ਮਿਟਾ ਸਕਨਾ
"ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ।" (ਦੂਰ ਕਰ ਸਕਨਾ)
- ਸਿਰੀ ੧, ੮, ੩:੧ (17)

"ਬਲਿਹਾਰੀ ਗੁਰ ਆਪਣੇ ਜਿਨਿ ਅਉਗਣ ਮੇਟਿ ਗੁਣ ਪਰਗਟੀਆਏ।" (ਮੇਟ ਕੇ, ਖਤਮ ਕਰਕੇ)
- ਗਉ ੪, ਵਾਰ ੭:੪ (303)

ਹੋਰ ਰੂਪ:

ਮੇਟਿਓ –
"ਭਉ ਜਨਮ ਮਰਣਾ ਮੇਟਿਓ ਗੁਰ ਸਬਦੀ ਹਰਿ ਅਸਥਿਰੁ ਸੇਵਿ ਸੁਖਿ ਸਮਾਇਆ।" (ਮਿਟਾਇਆ, ਦੂਰ ਕੀਤਾ)
- ਸੂਹੀ ੪, ੨, ੧:੨ (731)

ਮੇਟਿਆ –
"ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ।" (ਮਿਟਾਇਆ, ਦੂਰ ਕੀਤਾ)
– ਸਿਰੀ ੩, ਅਸ ੧੯, ੩:੧ (65)

ਮੇਟੀ –
"ਮੇਟੀ ਜਾਤਿ ਹੂਏ ਦਰਬਾਰਿ।"(ਖਤਮ ਕੀਤੀ)
– ਗੋਂਡ ਰਵਿ, ੧, ੩:੩ (875)

ਮੇਟੀਐ –
"ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ।" (ਦੂਰ ਕਰੀਏ, ਖਤਮ ਕਰੀਏ)
– ਸਿਰੀ ੧, ਅਸ ੧੦, ੭:੨ (59)

"ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ।" (ਮਿਟ ਸਕਦਾ)
– ਵਡ ੧, ਅਲਾ ੫, ੪:੨ (582)

ਮੇਟੇ –
"ਤ੍ਰੈ ਗੁਣ ਮੇਟੇ ਚਉਥੈ ਚਿਤੁ ਲਾਇਆ।" (ਦੂਰ ਕਰੇ)
– ਗਉ ੩, ਅਸ ੪, ੮:੨ (231)

ਮੇਟੈ –
"ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ।" (ਮੇਟ/ਟਾਲ ਸਕਦਾ)
– ਸਿਰੀ ੪, ੬੮, ੩:੩ (41)

ਮੇਟੈਗੋ –
"ਕਿਉ ਮੇਟੈਗੋ ਛਾਛਿ ਤੁਹਾਰੀ।" (ਦੂਰ ਕਰੇਗਾ, ਡੋਲ੍ਹੇਗਾ)
– ਸੋਰ ਕਬ, ੫, ੧:੪ (655)

ਮੇਂਡਕੁ ----- **ਡੱਡੂ**
"ਜਲ ਕੈ ਮਜਨਿ ਜੇ ਗਤਿ ਹੋਵੈ ਨਿਤਿ ਨਿਤ ਮੇਂਡਕ ਨਾਵਹਿ।"
– ਆਸਾ ਕਬ, ੩੭, ੨:੧ (484)

ਮੇਦਨਿ ----- **(ਸੰ.) ਪ੍ਰਿਥਵੀ, ਸ੍ਰਿਸ਼ਟੀ**
"ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ।"
– ਬਿਹਾ ੫, ਛੰਤ ੧, ੧:੩ (542)

ਹੋਰ ਰੂਪ:

ਮੇਦਨੀ –
"ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ।"
– ਆਸਾ ੧, ਵਾਰ ੧੬:੩ (472)

ਮੇਧੁ ------- **ਮਾਸ ਦਾ ਰਸ, ਸ਼ੋਰਬਾ, ਸ਼ਰਾਬ, ਮੱਦ (ਮਹਾਨ ਕੋਸ਼), ਪਵਿਤਰ (ਕੋਸ਼)**
"ਰਸੁ ਮਿਸੁ ਮੇਧੁ ਅੰਮ੍ਰਿਤੁ ਬਿਖੁ ਚਾਖੀ ਤਉ ਪੰਚ ਪ੍ਰਗਟ ਸੰਤਾਪੈ।"
– ਸਿਰੀ ਬੇਣੀ, ੧, ੨:੨ (93)

ਮੇਰ ------- (1) ਸੁਮੇਰ ਪਰਬਤ, ਪੁਰਾਣਾਂ ਅਨੁਸਾਰ ਪ੍ਰਿਥਵੀ ਦੇ ਮੱਧ ਵਿਚਲਾ ਇਕ ਵਡਾ ਪਹਾੜ ਜਿਸ ਉਪਰ ਇੰਦਰ ਕੁਬੇਰ ਆਦਿ ਦੇਵਤਿਆਂ ਦੀਆਂ ਪੁਰੀਆਂ ਹਨ
"ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ।"
- ਜਪੁ ੧, ੩੫:੫ (7)

(2) ਮੇਰਾਪਣ, ਆਪਣਾਪਣ, ਮਮਤਾ
"ਮੇਰ ਤੇਰ ਜਬ ਇਨਹਿ ਚੁਕਾਈ।"
- ਗਉ ੫, ਅਸ ੧, ੨:੩ (235)

(3) ਪਰਬਤ, ਪਹਾੜ
"ਮੇਰ ਸੁਮੇਰ ਮੋਹੁ ਬਹੁ ਨਾਚੈ ਜਬ ਉਨਵੈ ਘਨ ਘਨਹਾਰੇ।"
- ਨਟ ੪, ਅਸ ੬, ੪:੨ (983)

(ਕੋਸ਼ ਇਥੇ ਅਰਥ ਸ਼ੋ੍ਮਣੀ ਦਿੰਦੇ ਹਨ)
"ਇਤ ਉਤ ਦਹ ਦਿਸਿ ਰਵਿਓ ਮੇਰ ਤਿਨਹਿ ਸਮਾਨਿ।" (ਪਰਬਤ)
- ਕਲਿ ੫, ੪, ੧:੧ (1322)

ਹੋਰ ਰੂਪ:

ਮੇਰੰ -
"ਤ੍ਰਿਣੰ ਤ ਮੇਰੰ ਸਹਕੰਤ ਹਰੀਅੰ।"
- ਸਸ ੫, ੬੪:੧ (1360)

(3) ਚੋਟੀ, ਸਿਖਰ, ਕਮਲ ਦੇ ਫੁੱਲ ਦਾ ਸਿਖਰ
"ਬਸੁ ਜਲ ਨਿਤਨ ਵਸਤ ਅਲੀਅਲ ਮੇਰ ਚਚਾ ਗੁਨਰੇ।"
- ਮਾਰੂ ੧, ੪, ੨:੧ (990)

(4) ਭਾਵ ਦਸਮ ਦੁਆਰ
"ਮਨੁ ਮਤਵਾਰ ਮੇਰ ਸਰ ਭਾਠੀ ਅੰਮ੍ਰਿਤ ਧਾਰ ਚੁਆਵਉ।"
- ਕੇਦਾ ਕਬ, ੩, ੧:੨ (1123)

ਮੇਰਉ ----- ਮੇਰਾ
"ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ।"
- ਦੇਵ ੯, ੩, ੧:੧ (536)

(ਪੁਰਾਣੀਆਂ ਛਾਪਾਂ ਵਿਚ ਇਹ ਸ਼ਬਦ 'ਮੇਰੋ' ਕਰਕੇ ਹੈ)

ਮੇ ਰਵੀ ---- (ਫਾ. ਮੇਰਵੀ) ਤੂੰ ਜਾਂਦਾ ਹੈ
"ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ।"
- ਤਿਲੰ ਨਾਮ, ੩, ੧:੧ (727)

ਮੇਰਾ ------ (1) ਬੋਲਣ ਵਾਲੇ ਦਾ ਆਪਣਾ
"ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ।"
- ਗੂਜ ੪, ਸੋਦ ੪, ੧*:੨ (10)

(2) ਮੇਰਾਪਣਾ, ਮਮਤਾ, ਆਪਣਾਪਣ
"ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ।"
- ਸਿਰੀ ੩, ੫੫, ੩:੩ (35)

"ਪਾਇ ਲਗਉ ਤਜਿ ਮੇਰਾ ਤੇਰੈ।"
- ਗਉ ੫, ੮੫, ੨:੩ (181)

ਮੇਰਾਂ ------ ਪਹਾੜਾਂ
“ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ।”
– ਆਸਾ ੧, ਵਾਰ ੮ਸ, ੧, ੧:੪ (467)

ਮੇਰਾਣੁ ----- ਸੁਮੇਰ ਪਰਬਤ ਵਾਂਗ
“ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ।”
– ਰਾਮ ਬਸ, ਵਾਰ ੬:੧੪ (968)

ਮੇਰਿਆ ---- ਮੇਰੇ, ਨਿਜ ਦੇ
“ਕਹੈ ਨਾਨਕ ਸੁਣਿ ਮਨ ਮੇਰੇ ਤੂ ਸਦਾ ਸਚੁ ਸਮਾਲਿ।”
– ਵਡ ੩, ਛੰਤ ੩, ੧:੧ (569)

ਮੇਰਿਹੋ ----- ਮੇਰੇ, ਸਾਡੇ
“ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ।”
– ਰਾਮ ੩, ਅਨੰ ੩੬:੧ (922)

ਮੇਰੀ ------ (1) ਆਪਣੀ, ਨਿਜਦੀ
“ਸੋ ਕਿਉ ਵਿਸਰੈ ਮੇਰੀ ਮਾਇ।”
– ਅਸਾ ੧, ਸੋਦ ੩, ੧*:੧ (9)
“ਗੁਰ ਕ੍ਰਿਪਾਲਿ ਕ੍ਰਿਪਾ ਕਿੰਚਤ ਗੁਰਿ ਕੀਨੀ ਹਰਿ ਮਿਲਿਆ ਆਇ ਪ੍ਰਭੁ ਮੇਰੀ।” (ਮੇਰਾ)
– ਗਉ ੪, ੫੮, ੧*:੨ (170)
‘ਮਹਾਨ ਕੋਸ਼’ ਨੇ ਅਰਥ ‘ਮੇਰ (ਅਪਣਤ) ਰਖਨ ਵਾਲਾ’ ਕੀਤਾ ਹੈ)
“ਆਇਓ ਚੋਰੁ ਤਰੰਤਹ ਲੇ ਗਇਓ ਮੇਰੀ ਰਾਖਤ ਮੁਗਧੁਫਿਰੈ।” (ਆਪਣੀ ਜਾਨ)
– ਆਸਾ ਕਬ, ੧੫, ੨:੨ (479)
(2) ਮਮਤਾ
“ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ।”
– ਗਉ ੫, ੭੧, ੧:੧ (175)
“ਕਹੁ ਕਬੀਰੁ ਸੁਨਹੁ ਰੇ ਸਤੰਹੁ ਮੇਰੀ ਮੇਰੀ ਝੂਠੀ।” (ਮਮਤਾ)
– ਅਸਾ ਕਬ, ੧੬, ੫:੧ (480)
“ਮੇਰੀ ਮੇਰੀ ਧਾਰਿ ਬੰਧਨਿ ਬੰਧਿਆ।”(ਹਉਮੈ)
– ਸੂਹੀ ੫, ਅਸ ੫, ੩:੧ (761)
(3) ਮੇਲੀ, ਮਿਲਾਈ
“ਭਰਮੁ ਗਇਆ ਗੁਰਿ ਪਿਰ ਸੰਗਿ ਮੇਰੀ।”
– ਆਸਾ ੫, ੫੩, ੧*:੨ (384)

ਮੇਰੀਆ ---- ਮੇਰੀ, ਨਿਜਦੀ
“ਹਰਿ ਲੋਚਾ ਪੂਰਨ ਮੇਰੀਆ।”
–ਸਿਰੀ ੫, ਅਸ ੨੯, ੧੫:੨ (74)

ਮੇਰੁ ------- (1) ਸ਼ਰੋਮਣੀ ਮਣਕਾ
“ਤੂੰ ਗੰਠੀ ਮੇਰੁ ਸਿਰਿ ਤੂੰ ਹੈ।”
– ਮਾਝ ੫, ੨੮, ੨:੨ (102)

(2) ਸੁਮੇਰ ਪਰਬਤ
"ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ।"
– ਮਾਝ ੧, ਵਾਹਰ ੨੬ਸ, ੧, ੧:੧੪ (150)
(ਮਹਾਨ ਕੋਸ਼ ਅਰਥ 'ਮੰਦਰਾਚਲ' ਕਰਦਾ ਹੈ)
3. ਪਹਾੜ
"ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ।" (ਪਹਾੜ, ਪਰਬਤ)
– ਬਿਲਾ ੫, ੩੭, ੩:੧ (810)

ਮੇਰੇ ------- ਆਪਣੇ, ਨਿਜੀ
"ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।"
– ਆਸਾ ੧, ਸੋਦ ੨, ੧*:੧ (9)

ਮੇਰੈ ------- (1) ਮੇਰੇ, ਆਪਣੇ, ਨਿਜੀ
"ਮੇਰੈ ਮਨਿ ਤਨਿ ਭੁਖ ਅਤਿ ਅਗਲੀ ਕੋਈ ਆਣਿ ਮਿਲਾਵੈ ਮਾਇ।"
– ਸਿਰੀ ੫, ੮੯, ੨:੨ (49)
(2) ਪਹਾੜ ਦੇ, ਸੁਮੇਰ ਪਰਬਤ ਦੇ
"ਕੀਤੇ ਕਉ ਮੇਰੈ ਸੰਮਾਨੈ ਕਰਣਹਾਰੁ ਤ੍ਰਿਣੁ ਜਾਨੈ।"
– ਸੋਰ ੫, ੧੮, ੨:੧ (613)

ਮੇਰੋ ------- ਮੇਰਾ, ਆਪਣਾ, ਨਿਜ ਦਾ, ਬੋਲਣ ਵਾਲੇ ਦਾ
"ਜਉ ਲਉ ਮੇਰੋ ਮੇਰੋ ਕਰਤੋ ਤਉ ਲਉ ਬਿਖੁ ਘੇਰੇ।"
– ਗਉ ੫, ੧੫੯, ੩:੧ (214)

ਮੇਲ ------- (1) ਮਿਲਾਪ
"ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ।"
– ਗਉ ੫, ੧੫੭*, ੩:੧ (214)
"ਆਗੈ ਜਮ ਸਿਉ ਹੋਇ ਨ ਮੇਲ।" (ਟਾਕਰਾ)
– ਰਾਮ ੫, ੨੮, ੧:੨ (891)
(2) ਜੋੜ, ਸੰਚਿਤ ਕਰ, ਇਕੱਠੀ ਕਰ
"ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ।"
– ਸਾਰ ੫, ੧੩੦, ੧:੩ (1229)

ਹੋਰ ਰੂਪ:

ਮੇਲਉ –
"ਕਾਇਆ ਕਲਾ ਲਨਿ ਲਾਹਿਨ ਮੇਲਉ ਗੁਰ ਕਾ ਸਬਦੁ ਗੁੜੁ ਕੀਨ੍ਹੇ।" (ਇਕੱਠੀ ਕਰਾਂ ਭਾਵ ਪਾਵਾਂ)
– ਰਾਮ ਕਬ, ੧, ੧:੨ (968)
(3) ਮਿਲਾਉਂਦੀ ਹੈ
"ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੈ।"
– ਸਾਰ ੫, ੧੩੯, ੧*:੧ (1231)

ਹੋਰ ਰੂਪ:

ਮੇਲਸਾ –

"ਹਰਿ ਦਾਤੜੇ ਮੇਲਿ ਗੁਰੂ ਮੁਖਿ ਗੁਰਮੁਖਿ ਮੇਲਸਾ।" (ਮਿਲਾਵਾਂ)
– ਆਸਾ ੪, ਛੰਤ ੨੧, ੬:੩ (452)

ਮੇਲਸੀ –
"ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ।" (ਮੇਲੇਗਾ)
– ਸਿਰੀ ੪, ੬੮, ੪:੨ (41)

ਮੇਲਹਿ –
"ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ।" (ਮਿਲਾਉਂਦਾ ਹੈ)
– ਸਿਰੀ ੧, ਅਸ ੧੧, ੮:੩ (60)
"ਤਬ ਸਗਲੇ ਇਸੁ ਮੇਲਹਿ ਫੰਦਾ।" (ਭਾਵ ਜਾਲ ਖਿਲਾਰਦੇ ਹਨ)
– ਗਉ ੫, ਅਸ ੧, ੨:੨ (235)
"ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ।" (ਮੇਲ ਲਵੇ)
– ਮਾਰੂ ੧, ਅਸ ੬, ੨:੩ (1012)

ਮੇਲਹੁ –
"ਹਰਿ ਜੀਉ ਕ੍ਰਿਪਾ ਕਰਹੁ ਗੁਰੁ ਮੇਲਹੁ ਜਨ ਨਾਨਕ ਹਰਿ ਧਨੁ ਪਲੈ ਜੀਉ।" (ਮਿਲਾਪ ਕਰਾਓ ਮੇਲੋ)
– ਮਾਝ ੪, ੧, ੪:੩ (94)

ਮੇਲੰਗਾ ----- ਅੰਗਾਂ ਨੂੰ ਮੇਲ ਕੇ, ਭਾਵ ਚੌਕੜੀ ਮਾਰ ਕੇ
"ਪੂਜਾ ਚਾਰ ਕਰਤ ਮੇਲੰਗਾ।"
– ਮਾਨ ੫, ੩੬, ੧:੩ (1305)

ਮੇਲਣ ----- ਮਿਲਾਪ ਕਰਾਣ, ਸੰਜੋਗ ਕਰਵਾਉਣ
"ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮੇਲਣ ਕਰਤਾਰੇ।"
– ਗਉ ੪, ਵਾਰ ੧੪ਸ, ੪, ੧:੨ (307)
"ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣ ਨਾਮੁ।" (ਨਾਮ ਵਿਚ ਮਿਲਣ ਨਾਲ, ਨਾਮ ਦੀ ਪ੍ਰਾਪਤੀ ਨਾਲ)
– ਮਾਰੂ ੩, ਵਾਰ ੧੩ਸ, ੧, ੩:੨ (1090)

ਮੇਲਣਹਾਰ --- ਮਿਲਾਪ ਕਰਾਉਣ ਵਾਲਾ, ਸੰਜੋਗ ਕਰਾਉਣ ਦੇ ਸਮਰਥ
"ਹੈ ਕੋਈ ਸਾਜਨੁ ਸੰਤ ਜਨੁ ਨਾਨਕ ਪ੍ਰਭ ਮੇਲਣਹਾਰ।"
– ਰਾਮ ੫, ਰੁਤੀ ੫, ੧ਸ:੨ (928)

ਹੋਰ ਰੂਪ:

ਮੇਲਣਹਾਰਾ –
"ਨਾਨਕ ਹਰਿ ਜਪਿ ਹਰਿ ਮਨ ਮੇਰੇ ਹਰਿ ਮੇਲੇ ਮੇਲਣਹਾਰਾ ਹੇ।" (ਮਿਲਾਪ/ ਸੰਜੋਗ ਕਰਾਉਣ ਵਾਲਾ)
– ਮਾਰੂ ੧, ਸੋਲਾ ੯, ੧੭:੩ (1030)

ਮੇਲਣਹਾਰਿ –
"ਨਾਨਕ ਨਾਮਿ ਸੋਹਾਗਣੀ ਮੇਲੀ ਮੇਲਣਹਾਰਿ।" (ਮੇਲਾਪ ਕਰਵਾਉਣ ਵਾਲੇ ਨੇ)
– ਸਿਰੀ ੪, ਵਾਰ ੧੭ਸ, ੩, ੨:੪ (90)

ਮੇਲਣਹਾਰੁ –
"ਤੂੰ ਹੈ ਸਾਜਨੁ ਤੂੰ ਸੁਜਾਣੁ ਤੂੰ ਆਪੇ ਮੇਲਣਹਾਰੁ।" (ਮਿਲਾਪ ਕਰਵਾਉਣ ਵਾਲਾ)

– ਸਿਰੀ ੧, ਅਸ ੪, ੭:੧ (55)

ਮੇਲਣਹਾਰੋ –
“ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ।” (ਮਿਲਾਣ ਦੇ ਸਮਰਥ)
– ਵਡ ੧, ਅਲਾ ੩, ੪:੨ (580)

ਮੇਲਤ ------ ਮਿਲਾਉਂਦਿਆਂ
“ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ ਤਬ ਲਗੁ ਮੇਰਾ ਮਨੁ ਰਾਮ ਗੁਨ ਗਾਵੈ।”
– ਆਸਾ ੪, ੬੨, ੨:੨ (368)

ਮੇਲਤੇ ------ ਮਿਲਾਉਂਦੇ, ਇਥੇ ਭਾਵ ਪਾਉਂਦੇ
“ਕਰੁ ਮਾਇਆ ਅਗਨਿ ਨਿਤ ਮੇਲਤੇ ਗੁਰਿ ਰਾਖੇ ਦੀਨ ਦਇਆਲਾ।”
– ਮਾਲੀ ੪, ੫, ੩:੨ (985)

ਮੇਲਵੈ ------ ਇਕੱਠੀ ਕਰਦਾ, ਸੰਚਨ ਕਰਦਾ
“ਰਾਮੁ ਝੁਰੈ ਦਲ ਮੇਲਵੈ ਅੰਤਰਿ ਬਲੁ ਅਧਿਕਾਰ।”
– ਸਲੋ ੧, ੨੫:੧ (1412)

ਮੇਲੜੀਆਹ -- ਮੇਲ ਲਈਆਂ ਹਨ
“ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬ ਮੇਲੜੀਆਹ।”
– ਮਾਝ ੫, ਬਾਰਾ, ੧੦:੨ (135)

ਮੇਲਾ ------ (1) ਮਿਲਾਪ, ਮੇਲ
“ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ।”
– ਮਾਝ ੫, ੨੬, ੩:੩ (102)
“ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ।” (ਭਾਵ ਸੰਗ ਕਰੇਂ, ਮੇਲਾਪ ਕਰੇਂ)
– ਮਾਝ ੫, ੪੫, ੧:੨ (107)
(2) ਖੇਡ, ਲੋਕਾਂ ਦਾ ਸਮੂੰਹ
“ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ।”
– ਤਿਲੰ ਕਬ, ੧, ੧*:੨ (727)

ਮੇਲਾਇ ---- ਮਿਲਾਉਂਦਾ ਹੈ
“ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ।”
– ਸਿਰੀ ੩, ੪੪, ੧:੨ (30)

ਹੋਰ ਰੂਪ:

ਮੇਲਾਇਅਨੁ –
“ਕਰਿ ਕਿਰਪਾ ਮੇਲਾਇਅਨੁ ਹਰਿ ਨਾਮੁ ਵਸਿਆ ਮਨਿ ਆਇ।”
– ਸਿਰੀ ੩, ੪੪, ੧:੩ (30)

ਮੇਲਾਇਆ –
“ਅਚਰਜੁ ਰੂਪੁ ਨਿਰੰਜਨੋ ਗੁਰਿ ਮੇਲਾਇਆ ਮਾਇ।” (ਮੇਲਿਆ, ਮਿਲਾਇਆ)
– ਸਿਰੀ ੫, ੮੩, ੧:੪ (46)

ਮੇਲਾਇਸੀ –
“ਸੋ ਪ੍ਰਭੁ ਮੇਰਾ ਅਤਿ ਵਡਾ ਗੁਰਮੁਖਿ ਮੇਲਾਇਸੀ।” (ਮਿਲਾਵੇਗਾ, ਮਿਲਦਾ ਹੈ)

– ਗੂਜ ੩, ਵਾਰ ੫:੫ (510)

ਮੇਲਾਇਦਾ –
“ਜਿਸ ਨੋ ਨਾਮ ਦਾਨੁ ਕਰੇ ਸੋ ਪਾਏ ਗੁਰ ਸਬਦੀ ਮੇਲਾਇਦਾ।” (ਮਿਲਾਉਂਦਾ ਹੈ)
– ਮਾਰੂ ੩, ਸੋਲਾ ੧੯, ੨:੩ (1062)

ਮੇਲਾਈ ---- ਮਿਲ ਕੇ
“ਸੁਣਿ ਸੁਣਿ ਗੁਰਮੁਖਿ ਨਾਮੁ ਵਖਾਣਹਿ ਸਤਸੰਗਤਿ ਮੇਲਾਈ।”
– ਰਾਮ ੩, ਅਸ ੩, ੧੭:੨ (910)

ਹੋਰ ਰੂਪ:

ਮੇਲਾਈਆ –
“ਗੁਰ ਵਿਟੜਿਅਹੁ ਹਉ ਘੋਲੀ ਮੇਰੇ ਪਿਆਰੇ ਜਿਨਿ ਹਰਿ ਮੇਲਾਈਆ।” (ਮਿਲਾਇਆ ਹੈ)
– ਅਸ ੪, ਛੰਤ ੨੧, ੫:੨ (452)

ਮੇਲਾਈਐ –
“ਆਵਹੁ ਸੰਤ ਮੈ ਗਲਿ ਮੇਲਾਈਐ।” (ਮਿਲਾਓ)
– ਮਾਝ ੪, ੫, ੨:੧ (95)

ਮੇਲਾਪੁ ----- ਮੇਲ
“ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰ।”
– ਬਿਹਾ ੪, ਵਾਰ ੧੨ਸ, ਮਰ, ੩:੨ (553)

ਮੇਲਾਵਉ ---- ਮੇਲਾਪ ਕਰਾਉ, ਮੇਲੋ
“ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ।”
– ਆਸਾ ੫, ੧੦੬, ੧:੨ (397)

ਹੋਰ ਰੂਪ:

ਮੇਲਾਵਏ –
“ਆਨੰਦ ਅਨਹਦ ਵਜਹਿ ਵਾਜੇ ਹਰਿ ਆਪਿ ਗਲਿ ਮੇਲਾਵਏ।” (ਮਿਲਾਏ, ਮੇਲੇ)
– ਰਾਮ ਸੁੰਦ, ਸ੧, ੩:੪ (923)

ਮੇਲਾਵਣਿਆ – ਮੇਲ ਕਰਵਾਣ ਵਾਲਾ
“ਨਾਨਕ ਨਾਮੁ ਵਸੈ ਮਨ ਅੰਤਰਿ ਗੁਰ ਸਬਦੀ ਹਰਿ ਮੇਲਾਵਣਿਆ।”
– ਮਾਝ ੩, ਅਸ ੨੨, ੮:੩ (122)

ਮੇਲਾਵੜਾ --- ਮੇਲ ਹੋਣਾ, ਮਿਲਾਪ ਹੋਣਾ, ਸੰਜੋਗ ਹੋਣਾ
“ਵਡਭਾਗੀ ਮੇਲਾਵੜਾ ਗੁਰਮੁਖਿ ਪਿਰੁ ਚੀਨ੍ਹਾ ਰਾਮ।”
– ਬਿਲਾ ੪, ਛੰਤ ੫, ੨:੨ (848)

ਮੇਲਾਵਾ ----- ਮਿਲਾਪ, ਮੇਲ, ਸੰਜੋਗ
“ਨਦਰਿ ਕਰੇ ਮੇਲਾਵਾ ਹੋਈ।”
– ਆਸਾ ੧, ੨੭, ੧*:੨ (357)

ਮੇਲਾਵੈ ----- ਮੇਲ/ਮਿਲਾਪ/ਸੰਜੋਗ ਕਰਾਵੇ
"ਗੁਰੁ ਪੂਰਾ ਮੇਲਾਵੈ ਪ੍ਰੀਤਮੁ ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ।"
– ਵਡ ੪, ੧, ੧*:੨ (561)

ਮੇਲਿ ------ (1) ਇਕਠਾ ਕਰਕੇ
"ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।"
– ਸਿਰੀ ੧, ੧, ੪:੧ (14)

ਹੋਰ ਰੂਪ:

ਮੇਲਿਓ –
"ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ।" (ਇਕਠਾ ਕਰ ਦਿਤਾ ਹੈ)
– ਧਨਾ ੫, ੧੧, ੩:੧ (673)
(2) ਮਿਲਾਪ, ਸੰਜੋਗ
"ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ।"
– ਸਿਰੀ ੧, ੧੬, ੨:੩ (20)
(3) ਮਿਲਾ, ਮਲਾਪ ਕਰਾ
"ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ।"
– ਗਉ ੪, ੬੭, ੪:੩ (174)
(4) ਮਿਲਾ ਕੇ
"ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏਇਕਿ ਭਰਮਿ ਭੂਲੇ ਫਿਰਦਿਆ।"
– ਬਿਲਾ ੫, ਛੰਤ ੧, ੧:੪ (542)
"ਆਪੇ ਮੇਲਿ ਵਡਾਈ ਕੀਨੀ ਕੁਸਲ ਖੇਮ ਸਭ ਭਇਆ।" (ਮਿਲਾਪ ਕਰਾਕੇ)
– ਸੋਰ ੫, ੩੯, ੧:੨ (619)

ਹੋਰ ਰੂਪ:

ਮੇਲਿਓ –
"ਹਰਿ ਆਨਿ ਮੇਲਿਓ ਸਤਿਗੁਰੂ ਖਿਨੁ ਬੰਧ ਮੁਕਤਿ ਕਰਾਇਓ।" (ਮਿਲਾਇਆ)
– ਮਾਲ ੪, ੩, ੧:੨ (985)

ਮੇਲਿਓ ----- (1) ਇਕਠਾ ਕਰ ਦਿਤਾ, ਵੇਖੋ 'ਮੇਲਿ' (1)
(2) ਮਿਲਾਇਆ, ਵੇਖੋ 'ਮੇਲਿ' (4)
(3) ਪਾਇਆ (ਭਾਵ)
"ਕਬੀਰ ਥੋਰੈ ਜਲਿ ਮਾਛੁਲੀ ਝੀਵਰਿ ਮੇਲਿਓ ਜਾਲੁ।"
– ਸਲੋ ਕਬ, ੪੯:੧ (1367)

ਮੇਲਿਓਨੁ ---- ਮਿਲਾਇਆ
"ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ।"
– ਮਾਰੂ ੩, ਵਾਰ ੨੧:੨ (1093)

ਮੇਲਿਅਨੁ ---- ਮਿਲਾਏ
"ਚਿਰੀ ਵਿਛੁੰਨੇ ਮੇਲਿਅਨੁ ਸਤਗੁਰ ਪੰਨੈ ਪਾਇ।"
– ਸਿਰੀ ੩, ੪੯, ੩:੨ (32)

ਮੇਲਿਆ ---- ਮਿਲਾਇਆ
"ਕਰਿ ਕਿਰਪਾ ਪ੍ਰਭਿ ਮੇਲਿਆ ਦੀਆ ਅਪਣਾ ਨਾਮੁ।"
– ਸਿਰੀ ੫, ੮੧, ੩:੨ (46)

ਹੋਰ ਰੂਪ:

ਮੇਲਿਐ –
"ਸਚਿ ਰਤੇ ਗੁਰਿ ਮੇਲਿਐ ਸਚੇ ਸਚਿ ਸਮਾਇ।" (ਮਿਲਾ ਦੇਵੇ)
– ਸਿਰੀ ੧, ੨੧, ੩:੩ (22)

ਮੇਲਿਹਿ ----- ਮਿਲਾਉਂਦਾ ਹੈ
"ਤੂੰ ਆਪੇ ਮੇਲਿਹਿ ਗੁਰਮੁਖਿ ਜਾਤਾ।"
– ਮਾਝ ੩, ਅਸ ੨੨, ੬:੨ (122)

ਹੋਰ ਰੂਪ:

ਮੇਲਿਹੁ –
"ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ।" (ਮਿਲਾਓ)
– ਵਡ ੫, ੯, ੨:੧ (564)

ਮੇਲਿਮੁ ----- ਮੈਨੂੰ ਮੇਲ ਕੇ
"ਗੁਰ ਬਿਨੁ ਏਤਾ ਭਵਿ ਥਕੀ ਗੁਰਿ ਪਿਰੁ ਮੇਲਿਮੁ ਦਿਤਮੁ ਮਿਲਾਇ।"
– ਮਾਰੂ ੧, ਅਸ ੧੦, ੧*:੨ (1015)

ਮੇਲੀ ------ (1) ਮਿਲਾਈ
"ਸਤਿਗੁਰਿ ਮੇਲੀ ਭੈਵਸੀ ਨਾਨਕ ਪ੍ਰੇਮੁ ਸਖਾਇ।"
– ਸਿਰੀ ੧, ਅਸ ੨, ੮:੩ (54)

(2) ਮੇਲ (ਪਿਆਰ) ਵਾਲੀ
"ਸੁਣਿ ਸਖੀ ਸੁਹੇਲੀ ਜੀਅ ਕੀ ਮੇਲੀ ਗੁਰ ਕੈ ਸਬਦਿ ਸਮਾਓ।"
– ਗਉ ੩, ਛੰਤ ੧, ੨:੪ (243)

(3) ਮਿਲਣ ਵਾਲੇ ਭਾਵ ਸੰਗੀ, ਸਾਥੀ, ਸਜਣ
"ਮੇਲੀ ਅਪਨੇ ਉਨਿਲੇ ਬਾਂਧੇ।"
– ਆਸਾ ੫, ੮੭, ੩:੩ (392)
"ਹਰਿ ਭਗਤਾ ਨਾ ਮੇਲੀ ਸਰਬਤ ਸਉ ਨਿਸੁਲ ਜਨ ਟੰਗ ਧਰਿ।"
– ਬਿਲਾ ੪, ਵਾਰ ੨:੩ (849)

(4) ਪਾਈ
"ਕਾਲ ਫਾਸ ਜਬ ਗਰ ਮਹਿ ਮੇਲੀ ਤਿਹ ਸੁਧਿ ਸਭ ਬਿਸਰਾਈ।"
– ਮਾਰੂ ੯, ੨, ੧:੧ (1008)

ਹੋਰ ਰੂਪ:

ਮੇਲੀਂ –
"ਕਬੀਰ ਬੈਸਨੋ ਹੂਆ ਤ ਕਿਆ ਭਇਆ ਮਾਲਾ ਮੇਲੀਂ ਚਾਰਿ।"
– ਸਲੋ ਕਬ, ੧੪੫:੧ (1372)

ਮੇਲੀਅਹਿ --- ਇਕਠੇ ਕਰੀਏ

“ਜੇ ਸਉ ਸਾਇਰ ਮੇਲੀਅਹਿ ਤਿਲੁ ਨ ਪੁਜਾਵਹਿ ਰੋਇ।”
– ਸਿਰੀ ੧, ਅਸ ੧, ੨:੨ (53)

ਮੇਲੀਆ ---- ਮੇਲ ਦਿਤਾ, ਮਿਲਾਪ ਕਰਾ ਦਿਤਾ
“ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ।”
– ਜੈਤ ੫, ਛੰਤ ੧, ੧ਸ:੨ (703)

ਹੋਰ ਰੂਪ:

ਮੇਲੀਐ –
“ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀ ਆਇ।” (ਮਿਲਾਈਏ)
– ਸਿਰੀ ੧, ਅਸ ੧੧, ੧੦:੧ (60)

ਮੇਲੁ ------- (1) ਮਿਲਾਪ
“ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ।”
– ਆਸਾ ੪, ਸੋਪੁ ੨, ੨:੪ (11)

(2) ਸੰਗਤ
“ਆਉ ਸਖੀ ਹਰਿ ਮੇਲੁ ਕਰੇਹਾ।” (ਸਤਸੰਗਤ)
– ਮਾਝ ੪, ੩, ੨:੧ (95)

(3) ਸੰਜੋਗ, ਇਕੱਠ
“ਪਉਣੈ ਪਾਣੀ ਅਗਨੀ ਕਾ ਮੇਲੁ।”
– ਗਉ ੧, ੪, ੧:੧ (152)
“ਨਾਨਕ ਮੇਲੁ ਨ ਚੂਕਈ ਲਾਹਾ ਸਚੁ ਪਾਵੈ।” (ਸੰਜੋਗ)
– ਗਉ ੧, ਅਸ ੧੭, ੮:੨ (229)

(4) ਸੰਬੰਧ
“ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ।”
– ਆਸਾ ੧, ੩੨, ੧:੨ (358)

ਮੇਲੇ ------- ਮਿਲਾਏ, ਮਿਲਾਪ ਕਰਾਏ
“ਜਿਸ ਨੋ ਮੇਲੇ ਸੋ ਮਿਲੈ ਹਉ ਤਿਸੁ ਬਲਿਹਾਰੈ ਜਾਉ।”
– ਸਿਰੀ ੪, ੬੪, ੪:੧ (39)

ਹੋਰ ਰੂਪ:

ਮੇਲੇਈ –
“ਇਕਤੁ ਸੇਜੈ ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ ਹਰਿ ਮੇਲੇਈ।” (ਮਿਲਾ ਦੇਵੇ)
– ਸੂਹੀ ੪, ਛੰਤ ੬, ੪:੧ (776)

ਮੇਲੇਗਾ –
“ਜੇ ਗੁਣ ਹੋਵਹਿ ਗੰਠੜੀਐ ਮੇਲੇਗਾ ਸੋਈ।” (ਮਿਲਾਏਗਾ)
– ਸੂਹੀ ੧, ੪, ੨:੨ (729)

ਮੇਲੈ –
“ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ।”
– ਮਾਝ ੫, ੫੦, ੨:੩ (109)
“ਮਤੁ ਨਿਰਗੁਣ ਹਮ ਮੇਲੈ ਕਬਹੂੰ ਅਪੁਨੀ ਕਿਰਪਾ ਧਾਰਿ।” (ਮੇਲ ਲਵੇ)

– ਗਉ ੪, ੪੯, ੧*:੨ (167)
“ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ।” (ਭਾਵ ਸੁਰ ਕਰੇ)
– ਆਸਾ ੪, ੬੨, ੨:੧ (368)
“ਚੰਚਲ ਮਤਿ ਬਾਰਿਕ ਬਪੁਰੇ ਕੀ ਸਰਪ ਅਗਨਿ ਕਰ ਮੇਲੈ।” (ਭਾਵ ਹਥ ਪਾਉਣੋਂ)
– ਮਲਾ ੫, ੨, ੨:੧ (1266)
“ਸਭ ਤਨੁ ਮਨੁ ਅਰਪਉ ਅਰਪਿ ਅਰਾਪਉ ਕੋਈ ਮੇਲੈ ਪ੍ਰਭ ਮਿਲਥੇ।” (ਮਿਲਾਏ)
– ਕਲਿ ੪, ੩, ੩:੨ (1320)

ਮੇਲੋ –
“ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਉਮਾਹੈ ਸਰਸੀ।” (ਮਿਲਾਪ)
– ਤੁਖਾ ੧, ਬਾਰਾ ੧੨:੩ (1109)
“ਅਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ।” (ਮਿਲਾਣਾ ਹੈ)
– ਵਡ ੧, ਅਸ ੫, ੨:੩ (582)

ਮੇਵਾ ------ (ਫਾ. ਮੇਵਾ) ਫਲ, ਸੁਕਾਇਆ ਹੋਇਆ ਅੰਗੂਰ
“ਭਾਰ ਅਠਾਰਹ ਮੇਵਾ ਹੋਵੈ ਗਰੁੜਾ ਹੋਇ ਸੁਆਉ।”
– ਮਾਝ ੧, ਵਾਰ ੯ਸ, ੧, ੨:੧ (142)
“ਜਉ ਗੁਰ ਦੇਉ ਸਭੈ ਬਿਖੁ ਮੇਵਾ।” (ਭਾਵ ਅੰਮ੍ਰਿਤ)
– ਭੈਰ ਨਾਮ, ੧੧, ੭:੪ (1167)

ਮੇਵਾਰਾ ----- ਮਾਲਕ ਉਸ ਦੇ ਅੱਠ ਪੁੱਤਰਾਂ ਵਿਚੋਂ ਇਕ, ਬਾਕੀ ਸਤ ਹਨ: ਮਾਰੂ, ਮਸਤ ਅੰਗ, ਪ੍ਰਬਲ ਚੰਡ, ਕਉਸਕ, ਉਭਾਰਾ, ਖਉਖਟ, ਭਉਰਾਨਦ
“ਮਾਰੂ ਅਸਤ ਅੰਗ ਮੇਵਾਰਾ।”
– ਰਾਗ ੧:੧੯ (1430)

ਮੇਵੇ ------- ਫਲ
“ਸਗਲ ਮੇਵੇ ਸੁੰਦਰ ਬਾਗੀਚੇ।”
– ਗਉ ੫, ੮੧, ੩:੨ (179)

ਮੈ -------- (1) ਮੈਨੂੰ
“ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।”
– ਜਪੁ ੧, ੫:੧੧ (2)
“ਮੈ ਏਹਾ ਆਸਾ ਏਹੋ ਆਧਾਰ।”
– ਸਿਰੀ ੧, ੨੯, ੧*:੪ (24)

(2) ਮੇਰਾ
“ਸਭਿ ਗੁਣ ਤੇਰੇ ਮੈ ਨਾਹੀ ਕੋਇ।”
– ਜਪੁ ੧, ੨੧:੫ (4)
“ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ।” (ਮੇਰਾ)
– ਆਸਾ ੧, ਅਸ ੧੪, ੧:੨ (418)

(3) ਰੂਪੀ, ਸਮਾਨ
“ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ।”
– ਧਨਾ ੧, ਸੋਹ ੩, ੧:੧ (13)

(4) ਮੈਂ

“ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ।”
– ਸਿਰੀ ੧, ੧, ੧*:੨ (14)

ਹੋਰ ਰੂਪ:

ਮੈਂ –
“ਮੈਂ ਹਰਿ ਬਿਰਹੀ ਹਰਿ ਨਾਮੁ ਹੈ ਕੋਈ ਆਣਿ ਮਿਲਾਵੈ ਮਾਇ।”
– ਮਾਰੂ ੪, ੩, ੨:੧ (996)

(5) ਵਿਚ, ਭੀਤਰ
“ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕ ਇਵ ਏਕੁ ਤਾਰੈ।”
– ਸਿਰੀ ੧, ੨੬, ੩:੨ (23)
“ਅਹਿ ਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ।”
– ਗਉ ੯, ੩, ੧*:੨ (219)

ਹੋਰ ਰੂਪ:

ਮੈਂ –
“ਇਨ ਮੈਂ ਕਛੁ ਤੇਰੋ ਰੇ ਨਾਹਿਨ ਦੇਖੋ ਸੋਚ ਬਿਚਾਰੀ।” (ਵਿਚ)
– ਗਉ ੯, ੮, ੧:੨ (220)

(6) (ਫਾ. ਮੈ) ਮੱਧ, ਨਸ਼ਾ, ਸ਼ਰਾਬ
“ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਭਰਿ ਜੋ ਬਨਿ ਮੈ ਮਤਿ।”
– ਸਿਰੀ ੧, ਪਹ ੨, ੨:੧ (75)
“ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ।”
– ਗਉ ੧, ਛੰਤ ੧, ੧:੫ (242)

(7) ਅਭਿਮਾਨ, ਹਉਮੈ
“ਨਾਨਕ ਤਿਹ ਸਰਨੀ ਪਰਉ ਬਿਨਸਿ ਜਾਇ ਮੈ ਮੋਰ।”
– ਗਉ ੫, ਬਾਅ ੯ਸ:੨ (251)
“ਨਾ ਹਉ ਭੁਲੀ ਨਾ ਹਉ ਚੁਕੀ ਨਾ ਮੈ ਨਾਹੀ ਦੋਸਾ।”
– ਰਾਮ ੫, ਵਾਰ ੬ਸ, ੫, ੧:੬ (959)

(8) ਵਿਆਪਕ
“ਹੇ ਪੂਰਨ ਤੇ ਸਰਬ ਮੈ ਦੁਖ ਭਜੰਨ ਗੁਣਤਾਸ।”
– ਗਉ ੫, ਬਾਅ ੫੫:੨ (261)

ਮੈਕੁ ------- ਮੈਨੂੰ
“ਹਭਿ ਗੁਣ ਤੈਡੇ ਨਾਨਕ ਜੀਉ ਮੈਕੁ ਥੀਏ ਮੈ ਨਿਰਗੁਣ ਤੇ ਕਿਆ ਹੋਵੈ।”
– ਰਾਮ ੫, ਵਾਰ ੧੯ਸ, ੫, ੧:੧ (964)

ਮੈਗਲ ----- ਹਾਥੀ
“ਮਨੁ ਮੈ ਮਤੁ ਮੈਗਲ ਮਿਕਦਾਰਾ।”
– ਗਉ ੩, ੨੫, ੨:੩ (159)

ਮੈਗਲਹਿ ---- ਹਾਥੀ ਦਾ
“ਮੈਗਲਹਿ ਕਾਮੈ ਬੰਧੁ।”
– ਬਿਲਾ ੫, ਅਸ ੨, ੮:੩ (838)

ਮੈਗਲੁ ------ ਹਾਥੀ
"ਮਨੁ ਮੈਗਲੁ ਸਾਕਤੁ ਦੇਵਾਨਾ।" (ਅਹੰਕਾਰ ਨਾਲ)
– ਆਸਾ ੧, ਅਸ ੮, ੧:੧ (415)

ਮੈਡੜੇ ------- ਮੇਰੇ
"ਸੁਣਿ ਸਜਣ ਜੀ ਮੈਡੜੇ ਮੀਤਾ ਰਾਮ।"
– ਵਡ ੫, ਛੰਤ ੧, ੨:੧ (576)

ਮੈਡਾ ------- ਮੇਰਾ
"ਤੂੰ ਕਰਤਾ ਸਚਿਆਰੁ ਮੈਡਾ ਸਾਂਈ।" (ਮੇਰਾ)
– ਆਸਾ ੪, ੨, ੧*:੧ (11)

ਹੋਰ ਰੂਪ:

ਮੈਡਿਆ –
"ਤੂ ਚਉ ਸਜਣ ਮੈਡਿਆ ਛੇਈ ਸਿਸੁ ਉਤਾਰਿ।" (ਮੇਰਿਆ)
– ਮਾਰੂ ੫, ਵਾਰ ੧ਸ, ੫, ੧:੧ (1094)

ਮੈਡੀ –
"ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ।" (ਮੇਰੀ)
– ਮਾਰੂ ੫, ਵਾਰ ੩ਸ, ੫, ੧:੨ (1095)

ਮੈਡੇ –
"ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ।" (ਮੇਰੇ)
– ਆਸਾ ੪, ਛੰਤ ੨੦, ੩:੧ (452)

ਮੈਡੈ –
"ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ।" (ਮੇਰੇ)
– ਕਾਨ ੪, ਵਾਰ ੧੫ਸ, ੪, ੧:੧ (1318)

ਮੈਣ -------- ਮੋਮ
"ਮੈਣ ਕੇ ਦੰਤ ਕਿਉ ਖਾਈਐ ਸਾਰੁ।"
– ਰਾਮ ੧, ਸਿਗੋ ੪੫:੧ (943)

ਮੈਥੈ -------- ਮੇਰੇ ਪਾਸ, ਮੇਰੇ ਕੋਲ
"ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ।"
– ਸਲੋ ਫਰ, ੯੩:੨ (1382)

ਮੈਦਾ ------- (ਫਾ. ਮੈਦਾ) ਬਾਰੀਕ ਕੀਤਾ ਹੋਇਆ ਅੰਨ, ਬਾਰੀਕ ਆਟਾ
"ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ।"
– ਮਾਝ ੧, ਵਾਰ ੧੦ਸ, ੧, ੨:੩ (142)

ਮੈਦਾਨੁ ------ (ਫਾ. ਮੈਦਾਨ) ਪਧਰੀ ਸਤਹ, ਖੁਲੀ ਥਾਂ
"ਫਰੀਦਾ ਮਨ ਮੈਦਾਨੁ ਕਰਿ ਟੋਇ ਟਿਬੇ ਲਾਹਿ।"
– ਸਲੋ ਫਰ, ੭੪:੧ (1381)

ਮੈਨ -------- ਮੋਮ, ਵੇਖੋ 'ਮੈਣ'
"ਮੈਨ ਦੰਤ ਨਿਕਸੇ ਗੁਰ ਬਚਨੀ ਸਾਰੁ ਚਬਿ ਚਬਿ ਹਰਿ ਰਸੁ ਪੀਜੈ।"

– ਕਲਿ ੪, ਅਸ ੩, ੩:੨ (1324)

ਮੈਨੋ ------- ਮੈਨੂੰ
“ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ।”
– ਵਡ ੪, ਵਾਰ ੫:੩ (588)

ਮੈਮਤੁ ------ ਸ਼ਰਾਬ ਦਾ ਮਤਾ (ਮਸਤ)
“ਮਨੁ ਮੈਮਤੁ ਮੈਗਲ ਮਿਕਦਾਰਾ।” (ਭਾਵ ਅਹੰਕਾਰੀ)
– ਗਉ ੩, ੨੫, ੨:੩ (159)

ਮੈਲ ------- ਮਲ/ਮਲੀਨਗੀ ਨਾਲ
“ਬਿਨੁ ਗੁਰ ਮੈਲ ਮਲੀਨ ਅੰਗੁ।”
– ਬਸੰ ੧, ੫, ੨:੨ (1169)

ਮੈਲਾ ------ (1) ਮਲੀਨ, ਗੰਦਾ, ਅਪਵਿੱਤਰ
“ਨਿਰਮਲੁ ਮੈਲਾ ਨ ਥੀਐ ਸਬਦਿ ਰਤੇ ਪਤਿ ਹੋਇ।”
– ਸਿਰੀ ੧, ੧੫, ੩:੩ (19)
“ਹਰਿ ਇਕਸੈ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੇ ਨ ਭੰਗੁ।” (ਮੂੰਹ ਤੇ ਵੱਟ ਨਹੀਂ ਪਾਂਦਾ)
– ਰਾਮ ੫, ੫ਸ, ੫, ੧:੩ (958)
(2) ਮੈਲ, ਮਲੀਨਗੀ
“ਨਾ ਉਸੁ ਮੈਲੁ ਨ ਹਮ ਕਉ ਮੈਲਾ।”
– ਆਸਾ ੫, ੮੩, ੨:੩ (391)

ਮੈਲਾਗਰ------ ਚੰਦਨ
“ਮੈਲਾਗਰ ਬੇਰ੍ਹੇ ਹੈ ਭੁਇਅੰਗਾ।”
– ਗੂਰ ਰਵਿ, ੧, ੨:੧ (525)

ਹੋਰ ਰੂਪ:

ਮੈਲਾਗਰੁ –
“ਸਤਿਗੁਰ ਨਾਮੁ ਦ੍ਰਿੜਾਏ ਅਤਿ ਮੀਠਾ ਮੈਲਾਗਰੁ ਮਲਗਾਰੇ।”
– ਨਟ ੪, ਅਸ ੨, ੧:੧ (981)

ਮੈਲਾਣਾ ---- ਮੈਲ
“ਦਿਲ ਦਰੀਆਉ ਧੋਵਹੁ ਮੈਲਾਣਾ।”
– ਮਾਰੂ ੫, ਸੋਲਾ ੧੨, ੧੧:੨ (1084)

ਮੈਲਿਆ ---- ਮੈਲੇ ਹੀ
“ਨਾਨਕ ਬਿਨੁ ਨਾਵੈ ਮੈਲਿਆ ਮੁਏ ਜਨਮੁ ਪਦਾਰਥੁ ਖੋਇ।”
– ਸਲੋ ੩, ੨੦:੪ (1415)

ਹੋਰ ਰੂਪ:

ਮੈਲਿਐ –
“ਮੈਲੁ ਲਾਗੀ ਮਨਿ ਮੈਲਿਐ ਕਿਨੈ ਅੰਮ੍ਰਿਤੁ ਪੀਆ।” (ਮੈਲਾ ਰਹਿਆਂ)

– ਸੂਹੀ ੧, ਛੰਤ ੫, ੨:੨ (766)

ਮੈਲੀ ------ **ਮਲੀਣ, ਅਪਵਿਤਰ, ਗੰਦੀ**
“ਮਨਮੁਖ ਮੈਲੀ ਕਾਮਣੀ ਕੁਲਖਣੀ ਕੁਨਾਰਿ।”
– ਸਿਰੀ ੪, ਵਾਰ ੧੭ਸ, ੩, ੧:੧ (89)
“ਸਬਦਿ ਧੋਪੈ ਤ ਹਛੀ ਹੋਵੈ ਫਿਰਿ ਮੈਲੀ ਮੂਲਿ ਨ ਹੋਈ ਹੇ।”
– ਮਾਰੂ ੩, ਸੋਲਾ ੨, ੧੦:੩ (1045)
“ਫਰੀਦਾ ਮੈ ਭੋਲਾਵਾ ਪਗਦਾ ਮਤੁ ਮੈਲੀ ਹੋਇ ਜਾਇ।”
– ਸਲੋ ਫਰ, ੨੬:੧ (1379)

ਮੈਲੁ ------- **ਗੰਦ, ਮਲੀਣਤਾ**
“ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਅਰੁ ਵਾਸੁ।”
– ਸਿਰੀ ੧, ੧੨, ੪:੧ (18)

ਮੈਲੂ ------ **ਮੈਲ ਨੇ, ਮਲੀਨਤਾ ਨੇ**
“ਮੈਲੁ ਕੀਨੋ ਸਾਬੁਨੁ ਸੁਧੁ।”
– ਰਾਮ ੫, ੫੪, ੨:੨ (900)

ਮੈਲੇ ------- **ਮਲੀਨ, ਗੰਦੇ**
“ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ।”
– ਸਿਰੀ ੩, ੪੦, ੩:੧ (29)

ਹੋਰ ਰੂਪ:

ਮੈਲੈ –
“ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ।” (ਮਲੀਨ)
– ਸਿਰੀ ੩, ੬੪, ੨:੧ (39)

ਮੈਲੋ –
“ਜਗੁ ਮੈਲਾ ਮੈਲੋ ਹੋਇ ਜਾਇ।” (ਮਲੀਨ)
– ਧਨਾ ੩, ੪, ੧:੧ (664)

ਮੈਲੌ –
“ਮੈ ਮੈਲੌ ਊਜਲੁ ਸਚੁ ਸੋਇ।” (ਮਲੀਨ)
– ਪ੍ਰਭਾ ੧, ੧੨, ੩:੧ (1330)

ਮੋ -------- **(1) ਅੰਦਰ, ਵਿਚ**
“ਬੇਦ ਪੁਰਾਨ ਜਾਸ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ।”
– ਗਉ ੯, ੯, ੧:੧ (220)

(2) ਮੇਰੇ
“ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ।”
– ਰਾਮ ਕਬ, ੮, ੪:੧ (971)

(3) ਮੈਂ
“ਮੋ ਗਰੀਬ ਕੀ ਕੋ ਗੁਜਰਾਵੈ।”
– ਭੈਰ ਕਬ, ੧੫, ੧*:੧ (1161)

ਮੋਆ ------ ਮੌਤ
"ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ।"
– ਬਸੰ ੫, ਵਾਰ ੨:੪ (1193)

ਮੋਇਆ ---- ਮਰਨ ਤੇ, ਮੌਤ ਉਪਰੰਤ
"ਮੋਇਆ ਰੋਂਹਿ ਰੋਂਦੇ ਮਰਿ ਜਾਂਹੀ।"
– ਮਲਾ ੧, ਵਾਰ ੨੦ਸ, ੧, ੧:੮ (1287)

ਮੋਹ ------- ਸਨੇਹ, ਮੋਹ, ਲਗਾਓ
"ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹਿ ਡੂਬੀਅਲੇ।"
– ਆਸਾ ੧, ਸੋਪੁ ੩, ੧:੨ (12)

ਹੋਰ ਰੂਪ:

ਮੋਹੰ –
"ਏਕ ਨਿਮਖ ਓਪਾਇ ਸਮਾਵੈ ਦੇਖਿ ਚਰਿਤ ਮਨ ਮੋਹੰ।" (ਮੋਹਿਆ ਗਿਆ)
– ਸਾਰ ੫, ੩੭, ੧*:੨ (1211)
"ਭਰਮ ਮੋਹੰ ਮਾਨ ਅਪਮਾਨੰ ਮਦੰ ਮਾਇਆ ਬਿਆਪਿਤੰ।" (ਮੋਹ)
– ਸਸ ੫, ੪੨:੨ (1357)

ਮੋਹਹ ------ ਮੋਹ ਲਈਏ
"ਮਾਨੁ ਤਿਆਗਿ ਕਰਿ ਭਗਤਿ ਠਗਉਰੀ ਮੋਹਹ ਸਾਧੂ ਮੰਤੈ।"
– ਗਉ ੫, ਛੰਤ ੪, ੧:੨ (249)

ਹੋਰ ਰੂਪ:

ਮੋਹਹਿ –
"ਤੂੰ ਆਪੇ ਸੋਹਹਿ ਆਪੇ ਜਗੁ ਮੋਹਹਿ।" (ਮੋਹੰਦਾ ਹੈ)
– ਮਾਝ ੩, ਅਸ ੨੭, ੨:੧ (125)

ਮੋਹਣ ------ ਮੋਹੇ ਜਾਣ ਤੇ (ਦਰਪਣ), ਮੂੰਹਾਂ ਨੂੰ (ਮਹਾਨ ਕੋਸ਼) ਮੂੰਹ (ਸ਼ਬਦਾਰਥ)
"ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ।" (ਭਾਵ ਮੂੰਹੋਂ ਬੋਲ ਨ ਸਕੇ)
– ਤੁਖਾ ੪, ਛੰਤ ੪, ੫:੩ (1116)

ਮੋਹਣੀ ----- (1) ਮੋਹ ਲੈਣ ਵਾਲੀ
"ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।"
– ਸਿਰੀ ੧, ੧, ੨:੨ (14)
"ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ।" (ਭਾਵ ਮੋਹ ਲੈਣ ਵਾਲੀ ਮਾਇਆ)
– ਸੂਹੀ ੧, ਅਸ ੫, ੧*:੨ (752)

ਹੋਰ ਰੂਪ:

ਮੋਹਣੀਆ –
"ਸੁਰਗੈ ਦੀਆ ਮੋਹਣੀਆ ਇਸਤਰੀਆ ਹੋਵਨਿ ਨਾਨਕ ਸਭੋ ਜਾਉ।" (ਮੋਹ ਲੈਣ ਵਾਲੀਆਂ ਇਸਤ੍ਰੀਆਂ)
– ਮਾਝ ੧, ਵਾਰ ੯ਸ, ੧, ੪:੨ (142)

ਮੋਹਣੀਐ –
“ਗੁਣ ਜੰਵ ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ।” (ਮੋਹ ਲੈਣ ਵਾਲੀ ਇਸਤ੍ਰੀ ਨੇ)
– ਸੂਹੀ ੧, ਛੰਤ ੪, ੧:੪ (765)

ਮੋਹਤ ------ (1) ਮੋਹ ਦਾ
“ਤਮ ਅਗਿਆਨ ਮੋਹਤ ਘੂਪ।”
– ਬਿਲਾ ੫, ਅਸ ੨, ੨:੨ (838)
(2) ਮੋਹਿਆ ਰਹਿਣਾ
“ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੈ ਖਾਤ।”
– ਕੇਦਾ ੫, ੭, ੨:੧ (1120)

ਮੋਹਨ ------ ਮੋਹ ਲੈਣ ਵਾਲਾ, ਪਿਆਰਾ
“ਅਨਿਕ ਬਿਲਾਸ ਕਰਤ ਮਨ ਮੋਹਨ ਪੂਰਨ ਹੋਤ ਨ ਕਾਮਾ।”
– ਗਉ ੫, ੧੬੨, ੩:੧ (215)
“ਮੋਹਨ ਲਾਲ ਅਨੂਪ ਸਰਬ ਸਾਧਾਰੀਆ।” (ਮੋਹ ਲੈਣ ਵਾਲਾ ਹਰੀ)
– ਗਉ ੫, ੧੨, ੩:੧ (241)
“ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।”
– ਗਉ ੫, ਛੰਤ ੨, ੧:੧ (248)
(ਕਈ ਟੀਕਾਕਾਰ ਇਥੇ ਗੁਰੂ ਅਮਰਦਾਸ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਮੋਹਨ ਵਲ ਸੰਕੇਤ ਮੰਨਦੇ ਹਨ)

ਹੋਰ ਰੂਪ:

ਮੋਹਨਾ –
“ਹਿਰਦੈ ਗੋਬਿੰਦ ਗਾਇ ਚਰਨ ਕਮਲ ਪ੍ਰੀਤਿ ਲਾਇ ਦੀਨ ਦਇਆਲ ਮੋਹਨਾ।” (ਮੋਹ ਲੈਣ ਵਾਲਾ)
– ਕਾਨ ੫, ੩੮, ੨:੧ (1305)

ਮੋਹਨਿ –
“ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ।” (ਮੋਹ ਲੈਂਦੀਆਂ ਹਨ)
– ਜਪੁ ੧, ੨੭:੧੧ (6)
“ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ।” (ਮੋਹਨ ਨੇ)
– ਗਉ ੩, ਛੰਤ ੩, ੧:੨ (245)
“ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ।” (ਮੋਹ ਲੈਣ ਵਾਲੀ ਮਾਇਆ)
– ਸਾਰ ੫, ੪, ੨:੧ (1203)

ਮੋਹਨਿਆ --- ਮੋਹ ਰਖਿਆ ਹੈ
“ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ।”
– ਰਾਮ ੫, ਛੰਤ ੧, ੨:੪ (924)

ਮੋਹਨੀ ----- ਮੋਹ ਲੈਣ ਵਾਲੀ, ਮਾਇਆ
“ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ।”

– ਗਉ ੫, ੧੨੭*, ੩:੨ (206)

“ਮਹਾ ਮੋਹਨੀ ਮਗਨ ਪ੍ਰਿਅ ਪ੍ਰੀਤਿ ਪ੍ਰਾਨ।” (ਮੋਹ ਲੈਣ ਵਾਲੀ ਮਾਇਆ)
– ਆਸਾ ੫, ੩੯, ੨:੧ (380)

ਮੋਹਨੁ ------ **ਮੋਹ ਲੈਣ ਵਾਲੇ, ਸੁੰਦਰ**
“ਸਰਣਿ ਜੋਗੁ ਸਮਰਥੁ ਮੋਹਨੁ ਸਰਬ ਦੋਖ ਬਿਦਾਰੋ।”
– ਗਉ ੫, ਛੰਤ ੩, ੩:੪ (249)

“ਮੋਹਨੁ ਪ੍ਰਾਨ ਮਾਨ ਰਾਗੀ ਲਾ।” (ਹਰੀ)
– ਗੂਜ ੫, ੧੩, ੧*:੧ (496)

“ਪੇਖਿਉ ਮੋਹਨੁ ਸਭ ਕੈ ਸੰਗੇ ਊਨ ਨ ਕਾਹੂ ਸਗਲ ਭਰੀ।” (ਪ੍ਰਭੂ)
– ਬਿਲਾ ੫, ੯੩, ੨:੧ (823)

ਹੋਰ ਰੂਪ:

ਮੋਹਨੋ –
“ਸਭਿ ਸੇਵਹੁ ਮੋਹਨੋ ਮਨਮੋਹਨੋ ਜਗ ਮੋਹਨੋ ਜਿਨਿ ਜਗਤੁ ਉਪਾਇ ਸਭੋ ਵਸਿ ਕੀਤਾ।”
– ਕਾਨ ੪, ਵਾਰ ੧੧:੫ (1317)

ਮੋਹਰੀ ----- **ਗੁਰੂ ਅਮਰਦਾਸ ਜੀ ਦਾ ਛੋਟਾ ਸਪੁਤਰ**
“ਮੋਹਰੀ ਪੁਤੁ ਸਨਮੁਖ ਹੋਇਆ ਰਾਮਦਾਸੈ ਪੈਰੀ ਪਾਇ ਜੀਉ।”
– ਰਾਮ ਸੁੰਦ, ਸਦ ੨੬:੨ (924)

ਮੋਹਰੀਆ --- **ਮੋਹ**
“ਮਿਥਨ ਮੋਹਰੀਆ।”
– ਬਿਹਾ ੫, ੧, ੨:੧ (537)

ਮੋਹੜਾ ----- **ਮੋਹ**
“ਹਉਮੈ ਤੁਟਾ ਮੋਹੜਾ ਇਕੁ ਸਚੁ ਨਾਮੁ ਆਧਾਰੁ।”
– ਰਾਮ ੫, ਵਾਰ ੪ਸ, ੫, ੨:੪ (958)

ਮੋਹੜਿਆ --- **ਮੋਹਿਆ ਹੋਇਆ**
“ਕਦ ਹੀ ਸੁਰਤਿ ਨਲ ਧੀਆ ਮਾਇਆ ਮੋਹੜਿਆ।”
– ਗਉ ੫, ੧੬੯*, ੧:੨ (217)

ਮੋਹਾ ------ **ਮੋਹ**
“ਜਨਮ ਮਰਣ ਭੈ ਕਾਟੇ ਮੋਹਾ ਬਿਨਸੇ ਸੋਗ ਸੰਤਾਪੇ ਜੀਉ।”
– ਮਾਝ ੫, ੩੪, ੩:੩ (104)

ਮੋਹਾਸਾ ----- **ਮੋਹ, ਅਗਿਆਨ ਭਰੀ ਆਸਾ**
“ਉਠਿ ਸਿਧਾਰਿਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ।”
– ਮਾਰੂ ੫, ਸੋਲਾ ੨, ੧੦:੩ (1073)

ਮੋਹਾਕਾ ----- **ਚੋਰ**
“ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ।”
– ਆਸਾ ੧, ਵਾਰ ੧੭ਸ, ੧, ੧:੧ (472)

ਮੋਹਾਰਾ ----- ਮੋਹ
"ਮਿਥਨ ਮੋਹਾਰਾ ਝੂਠੁ ਪਸਾਰਾ।"
– ਮਾਰੂ ੫, ਸੋਲਾ ੭, ੧:੨ (1077)

ਮੋਹਾਵਤ ---- ਮੋਹੇ ਜਾਂਦਿਆ, ਠਗੇ ਜਾਂਦੇ
"ਜਾ ਸਿਉ ਰਾਚਿ ਮਾਚਿ ਤੁਮੑ ਲਾਗੇ ਓਹ ਮੋਹਨੀ ਮੋਹਾਵਤ ਹੇ।"
– ਬਿਲਾ ੫, ੮੮, ੧*:੨ (821)
"ਅਉਧ ਬਿਹਾਵਤ ਅਧਿਕ ਮੋਹਾਵਤ ਪਾਪ ਕਮਾਵਤ ਬੁਡੇ ਐਸੇ।"
– ਬਿਲਾ ੫, ੧੨੫, ੧:੨ (829)

ਮੋਹਿ ------- (1) ਮੈਨੂੰ
"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ।"
– ਧਨਾ ੧, ਸੋਹ ੩, ੪:੧ (13)
"ਮੋਹਿ ਰੈਣਿ ਵਿਹਾਵੈ ਨੀਦ ਨ ਆਵੈ ਬਿਨ ਦੇਖੇ ਗੁਰ ਦਰਬਾਰੇ ਜੀਉ।"
– ਮਾਝ ੫, ੮, ੩:੩ (97)

(2) ਮੋਹ ਵਿਚ, ਸਨੇਹ ਵਿਚ
"ਤਨੁ ਜਲਿ ਬਲਿ ਮਾਟੀ ਭਇਆ ਮਨੁ ਮਾਇਆ ਮੋਹਿ ਮਨੂਰੁ।"
–ਸਿਰੀ ੧, ੧੫, ੧:੧ (19)
"ਇਹੁ ਜਗਤੁ ਮੋਹਿ ਦੂਜੈ ਵਿਆਪਿਆ ਗੁਰਮਤੀ ਸਚੁ ਧਿਆਇ।" (ਮੋਹ ਸਦਕਾ/ਕਰਕੇ)
– ਸੂਹੀ ੩, ਅਸ ੩, ੨੯:੨ (756)

(3) ਮੈਂ
"ਜੋ ਤੁਮ ਕਹਹੁ ਸੋਈ ਮੋਹਿ ਮਰਨਾ।"
– ਗਉ ੫, ੮੭, ੨:੨ (181)
"ਰੂਪਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।"
– ਗਉ ੫, ੧੧੮*, ੧:੧ (204)

(4) ਮੇਰੇ ਉਪਰ
"ਕਰਿ ਕਿਰਪਾ ਮੋਹਿ ਸਾਰਿੰਗ ਪਾਣਿ।"
– ਗਉ ੫, ੮੯, ੪:੧ (182)
"ਕਰਿ ਕਿਰਪਾ ਮੋਹਿ ਠਾਕੁਰ ਦੇਵਾ।"
– ਪ੍ਰਭਾ ੫, ੨, ੪:੩ (1338)

(5) ਮੇਰਾ, ਮੇਰੀ
"ਗੁਰ ਕਿਰਪਾ ਤੇ ਮੋਹਿ ਅਸਨਾਹਾ।"
– ਗਉ ੫, ੧੦੯, ੨:੨ (187)
"ਮੋਹਿ ਨਿਰਗੁਨ ਮਤਿ ਥੋਰੀਆ ਤੂ ਸਦ ਹੀ ਦੀਨ ਦਇਆਲ।"
– ਗਉ ੫, ੧੧੬*, ੨:੨ (203)

(6) ਮੋਹਿਤ (ਕੀਤਾ), ਭਰਮਾ (ਲਿਆ)
"ਮਨੁ ਮੋਹਨਿ ਮੋਹਿ ਲੀਆ ਜੀਉ ਦੁਬਿਧਾ ਸਹਜਿ ਸਮਾਏ।"
– ਗਉ ੩, ਛੰਤ ੩, ੧:੨ (245)
"ਤ੍ਰੈ ਗੁਨ ਮਾਈ ਮੋਹਿ ਆਹੀ ਕਹੰਉ ਬੇਦਨ ਕਾਹਿ।" (ਮੋਹਨ ਲਈ, ਭਰਮਾਉਣ ਲਈ)

– ਮਲਾ ੫, ੨੪, ੧:੧ (1272)

“ਕਾਹੇ ਰੇ ਮਨ ਮੋਹਿ ਮਗਨੇਰੈ।” (ਮੋਹ ਵਿਚ)

– ਕਾਨ ੫, ੩੪, ੧*:੪ (1304)

(7) ਮੇਰੇ ਤੋਂ

“ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ।”

– ਸਾਰ ਨਾਮ, ੩, ੧:੧ (1252)

ਮੋਹਿਓ ----- ਮੋਹਿਆ, ਮੋਹ ਲਿਆ

“ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ।”

– ਗਉ ੫, ੧੨੭*, ੩:੨ (206)

ਹੋਰ ਰੂਪ:

ਮੋਹਿਓਹੁ –

“ਆਪੇ ਹੀ ਆਪਿ ਮੋਹਿਓਹੁ ਜਸੁ ਨਾਨਕ ਆਪਿ ਸੁਣਿਓਹਿ।” (ਮੋਹਿਆ ਜਾਂਦਾ)

– ਸਿਰੀ ੫, ਛੰਤ ੩, ੪੩:੨ (81)

ਮੋਹਿਅੜੀ --- ਮੋਹੀ ਹੈ

“ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ।”

– ਸੂਹੀ ੧, ਛੰਤ ੩, ੨:੨ (765)

ਮੋਹਿਆ ---- ਮੋਹ ਲਿਆ, ਭਰਮਾਇਆ ਹੋਇਆ

“ਸਚੈ ਸਬਦਿ ਮਨੁ ਮੋਹਿਆ ਪ੍ਰਭਿ ਆਪੇ ਲਏ ਮਿਲਾਇ।”

– ਸਿਰੀ ੩, ੫੬, ੨:੧ (35)

“ਅਉਰ ਸਗਲ ਜਗੁ ਮਾਇਆ ਮੋਹਿਆ ਨਿਰਭੈ ਪਦੁ ਨਹੀ ਪਾਵੈ।”

– ਗਉ ੯, ੮, ੩:੨ (220)

ਮੋਹਿਤ ----- ਮੋਹ ਕੇ, ਭਰਮਾ ਕੇ

“ਤਾਰ੍ਉ ਸੰਸਾਰੁ ਮਾਯਾ ਮਦ ਮੋਹਤਿ ਅੰਮ੍ਰਿਤ ਨਾਮੁ ਦੀ ਅਉ ਸਮਰਥੁ।”

– ਸਵ ੪, ਮਥੁ ੭:੧ (1404)

ਮੋਹਿਨਾ ----- ਹੇ ਮੋਹ ਲੈਣ ਵਾਲੇ, ਹੇ ਮੋਹਨ

“ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ।”

– ਆਸਾ ੫, ੧੪੪, ੧:੧ (407)

ਮੋਹਿਲੀ ----- ਮੋਹੀ ਗਈ

“ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ।”

– ਸਾਰ ੫, ੧੩੦, ੧:੩ (1229)

ਮੋਹੀ ------ (1) ਮੋਹੀ ਗਈ, ਭਰਮਾਈ ਗਈ

“ਸਹਸ ਪਦ ਬਿਮਲ ਨਮ ਏਕ ਪਦ ਗੰਧ ਬਿਨ ਸਹਸ ਤਵ ਗੰਧ ਇਵ ਚਲਤ ਮੋਹੀ।”

– ਧਨਾ ੧, ਸੋਹ ੩, ੨:੨ (13)

“ਦੂਜੈ ਭਾਇ ਭਰਮਿ ਵਿਗੁਤੀ ਮਨਮੁਖਿ ਮੋਹੀ ਜਮ ਕਾਲਿ।” (ਠਗ ਲਈ)

– ਵਡ ੩, ਛੰਤ ੩, ੧:੫ (569)

(2) ਮੇਰੇ

“ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।”
- ਸਿਰੀ ਰਵਿ, ੧, ੧:੧ (93)

“ਤੂ ਗੁਣ ਸਾਗਰੁ ਅਵਗੁਣ ਮੋਹੀ।” (ਮੇਰੇ ਵਿਚ)
- ਪ੍ਰਭਾ ੧, ਅਸ ੩, ੧*:੨ (1343)

ਮੋਹੀਅਉ ---- ਮੋਹੇ ਹੋਏ, ਫਸੇ ਹੋਏ
“ਜਉ ਦੇਖਉ ਤਉ ਸਗਲ ਮੋਹਿ ਮੋਹੀਅਉ ਤਉ ਸਰਨਿ ਪਰਿਓ ਗੁਰ ਭਾਗਿ।”
- ਜੈਤ ੫, ੫, ੧:੧ (701)

ਮੋਹੀਆ ---- ਮੋਹਿਆ ਹੋਇਆ
“ਪਿਰ ਕੈ ਪ੍ਰੇਮਿ ਮੋਹੀਆ ਮਿਲਿ ਪ੍ਰੀਤਮ ਸੁਖੁ ਪਾਇ।”
- ਆਸਾ ੩, ਅਸ ੩੦, ੩:੨ (426)
“ਵਣੁ ਤ੍ਰਿਵੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ।” (ਮੋਹਿਆ ਗਿਆ)
- ਰਾਮ ੫, ਰੁਤੀ ੭:੪ (929)

ਹੋਰ ਰੂਪ:

ਮੋਹੀਐ -
“ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ।” (ਮੋਹੇ ਜਾਈਦਾ ਹੈ)
- ਮਾਝ ੫, ਬਾਰਾ ੧੨:੩ (136)

ਮੋਹੁ ------- (1) ਸਨੇਹ, ਮੁਹਬਤ, ਲਗਨ
“ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ।”
- ਸਿਰੀ ੧, ੬, ੧:੧ (16)

“ਅਬ ਮਨ ਏਕਸ ਸਿਉ ਮੋਹੁ ਕੀਨਾ।” (ਪਿਆਰ)
- ਧਨਾ ੫, ੨, ੧*:੧ (670)

(2) ਭਰਮ, ਭੁਲਾਣਾ
“ਏਕਸ ਬਿਨੁ ਸਭ ਧੰਧੁ ਹੈ ਸਭ ਮਿਥਿਆ ਮੋਹੁ ਮਾਇ।”
- ਸਿਰੀ ੫, ੭੬, ੧*:੨ (44)
“ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ।” (ਅਵਿਦਿਆ, ਅਗਿਆਨਤਾ)
- ਵਡ ੪, ਵਾਰ ੧੯ਸ, ੩, ੧:੩ (593)

(3) ਮੋਹ ਦਾ ਆਕਾਰ ਭਾਵ ਦ੍ਰਿਸ਼ਟਮਾਨ
“ਸਭੋ ਸੂਤਕ ਜੇਤਾ ਮੋਹੁ ਆਕਾਰ।”
- ਗਉ ੩, ਅਸ ੧, ੨:੧ (239)

(4) ਮੋਹ, ਪੰਜ ਵਿਕਾਰਾਂ ਵਿਚੋਂ ਇਕ
“ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈਰਸ ਇਨ ਸੰਗਤਿ ਤੇ ਤੂ ਰਹੁ ਰੇ।”
- ਕੇਦਾ ੪, ੨, ੧:੧ (1118)

(5) ਬੇਹੋਸ਼ੀ (ਮਹਾਨ ਕੋਸ਼)
“ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ।”
- ਸਵ ੪, ਗਯੰ ੧੧:੩ (1403)

ਮੋਹੇ ------- (1) ਭਰਮਾਏ, ਆਕਰਸ਼ਤ ਕੀਤੇ, ਠਗੇ ਹੋਏ

“ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ।”
- ਸਿਰੀ ਕਬ, ੩, ੧:੨ (92)

“ਤ੍ਰੈ ਗੁਣ ਦੀਸਹਿ ਮੋਹੇ ਮਾਇਆ।” (ਠਗੇ ਹੋਏ)
- ਮਾਝ ੩, ੩੩, ੧:੨ (129)

“ਤਾ ਕੀ ਧੁਨਿ ਮੋਹੇ ਗੋਪਾਲਾ।” (ਆਕਰਸ਼ਤ ਕਰਦੀ/ਮੋਹੰਦੀ ਹੈ)
- ਗਉ ੫, ੧੦੪, ੨:੨ (186)

(2) ਮੋਹ ਨਾਲ
“ਮੋਹੇ ਲਾਗਾ ਜਮ ਪੁਰਿ ਜਾਹਿ।”
- ਆਸਾ ੧, ੨੩, ੪:੨ (356)

(3) ਮੋਹ ਪਾ ਲੈਣ ਵਾਲੇ
“ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ।”
- ਬਿਹਾ ੫, ਛੰਤ ੯, ੩:੨ (548)

ਮੋਹੈ ------- (1) ਮੋਹੰਦਾ ਹੈ
“ਅੰਮ੍ਰਿਤ ਨਾਮਿ ਅੰਤਰੁ ਮਨੁ ਮੋਹੈ।”
- ਮਾਝ ੩, ਅਸ ੧੭, ੫:੨ (119)

(2) ਮੋਹ ਕਰਕੇ
“ਮਨਮੁਖ ਕਉ ਆਵਤ ਜਾਵਤ ਦੁਖੁ ਮੋਹੈ।”
- ਗਉ ੧, ਅਸ ੧੫, ੧*:੨ (227)

(3) ਮਸਤ ਹੋਵੇ, ਮੋਹਿਆ ਜਾਵੇ
“ਰੂਪਵੰਤੁ ਹੋਇ ਨਾਹੀ ਮੋਹੈ।”
- ਗਉ ੫, ਸੁਖ ੧੫, ੨:੧ (282)

ਮੋਕਉ ----- ਮੈਨੂੰ
“ਮੇਰੇ ਮੀਤ ਗੁਰਦੇਵ ਮੋਕਉ ਰਾਮ ਨਾਮੁ ਪਰਗਾਸਿ।”
- ਗੂਜ ੪, ਸੋਦ ੪, ੧*:੧ (10)

ਮੋਕਲਾ ------ ਖੁਲ੍ਹਾ
“ਮੁਕਤਿ ਦੁਆਰਾ ਮੋਕਲਾ ਸਹਾਜੇ ਆਵਉ ਜਾਉ।”
- ਗੂਜ ੩, ਵਾਰ ੪ਸ, ਕਬ, ੧:੪ (509)

ਮੋਕਲਾਈ --- ਖੁਲ੍ਹ
“ਭੀੜਹੁ ਮੋਕਲਾਈ ਕੀਤੀਅਨੁ ਸਭ ਰਖੇ ਕੁਟੰਬੈ ਨਾਲਿ।”
- ਰਾਮੁ ੫, ਵਾਰ ੩ਸ, ੫, ੧:੧ (957)

ਮੋਖ ------- ਮੁਕਤੀ, ਛੁਟਕਾਰਾ, ਰਿਹਾਈ
“ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ।”
- ਸਿਰੀ ੧, ਅਸ ੧੪, ੫:੨ (62)

“ਸਰਬ ਬੈਕੁੰਠ ਮੁਕਤਿ ਮੋਖ ਪਾਏ।”
- ਗਉ ੫, ਸੁਖ ੨੦, ੮:੧ (290)

ਮੋਖੰਤਰੁ ---- ਮੁਕਤੀ, ਮੋਖ
“ਤਉ ਨਾਨਕ ਮੋਖੰਤਰੁ ਪਾਏ।”

-ਆਸਾ ੧, ਵਾਰ ੧੩ਸ, ੧, ੨:੧੪ (470)

ਮੋਖ ਦੁਆਰ -- ਮੁਕਤੀ ਦਾ ਦੁਆਰ, ਮੁਕਤੀ ਦਾ ਦਰਵਾਜ਼ਾ
“ਜੀਵਤ ਪਾਵਹੁ ਮੋਖ ਦੁਆਰ।”
-ਗਉ ਕਬ, ਥਿਤੀ ੧:੩ (343)

ਹੋਰ ਰੂਪ:

ਮੋਖ ਦੁਆਰਾ –
“ਫਿਰਿ ਓਇ ਕਿਥਹੁ ਪਾਇਨਿ ਮੋਖ ਦੁਆਰਾ।”
-ਮਾਝ ੩, ਅਸ ੧੧, ੪:੨ (115)

ਮੁਖਦੁਆਰੁ –
“ਨਾਨਕ ਗੁਰਮੁਖਿ ਬੁਝੀਐ ਪਾਈਐ ਮੋਖਦੁਆਰੁ।”
– ਸਿਰੀ ੩, ੩੬, ੫:੪ (27)

ਮੋਖੁ ------- ਮੁਕਤੀ
“ਨਾਨਕ ਬਿਨੁ ਸਤਿਗੁਰ ਸੇਵੇ ਮੋਖੁ ਨ ਪਾਏ।”
-ਸਿਰੀ ੪, ਵਾਰ ੧੪ਸ, ੩, ੩:੯ (88)

ਮੋਚ ------- ਮੋਚਨ ਵਾਲਾ, ਦੂਰ ਕਰਨ ਵਾਲਾ
“ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ।”
-ਮਾਝ ੫, ਬਾਰਾ ੯:੮ (135)

“ਨਾਨਕ ਟੇਕ ਗੋੁਪਾਲ ਕੀ ਗੋਵਿੰਦ ਸੰਕਟ ਮੋਚ।”
-ਰਾਮ ੫, ਛੰਤ ੪, ੨ਸ:੨ (926)

ਮੋਚਨ ------ ਨਾਸ ਕਰਨ ਵਾਲਾ
“ਦਰਬਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ।”
-ਸਾਰ ਨਾਮ, ੩, ੧*:੨ (1252)

ਮੋਟਉ ----- ਮੋਟਾ ਭਾਵ ਵਡਾ
“ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ।”
-ਮਾਰੂ ੩, ਵਾਰ ੧੩ਸ, ੧, ੩:੧ (1090)

ਮੋਟਾ ------ ਵਡਾ, ਸਥੂਲ
“ਤ੍ਰਿਭਵਣ ਠਾਕੁਰੁ ਪ੍ਰੀਤਮੁ ਮੋਟਾ।”
-ਰਾਮ ੧, ਓਅੰ ੨੮:੮ (933)

“ਮੋਟਾ ਨਾਉ ਧਰਾਈਐ ਗਲਿ ਅਵਗਣ ਭਾਰਾ।”
-ਮਾਰੂ ੧, ਅਸ ੧, ੭:੨ (1009)

ਹੋਰ ਰੂਪ:

ਮੋਟੀ –
“ਕਬੀਰ ਰਾਮੁ ਨ ਧਿਆਇਓ ਮੋਟੀ ਲਾਗੀ ਖੋਰਿ।” (ਵਡੀ)
-ਸਲੋ ਕਬ, ੭੦:੧ (1368)

ਮੋਠ ------- ਮੂੰਗੀ ਦੀ ਨਸਲ ਦਾ ਇਕ ਅੰਨ

"ਪੰਡਿਤੁ ਆਖਾ ਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ।"
-ਰਾਮ ੫, ਵਾਰ ੭ਸ, ੫, ੨:੧ (960)

ਮੋਤਸਰੀਆ -- ਮੋਤੀਆਂ ਦੀਆਂ ਲੜੀਆਂ, ਮੋਤੀਆਂ ਦੇ ਹਾਰ
"ਤਿਨੑ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ।"
-ਆਸਾ ੧, ਅਸ ੧੧, ੩:੩ (417)

ਮੋਤੀ ------ ਸਿਖ ਅੰਦਰ ਪੈਦਾ ਹੋਇਆ ਇਕ ਰਤਨ
"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।"
-ਸਿਰੀ ੧, ੧, ੧:੧ (14)
"ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ।" (ਭਾਵ ਮੋਤੀਆਂ ਵਰਗੇ ਦੰਦ)
-ਸੂਹੀ ੩, ਵਾਰ ੧੦ਸ, ੧, ੨:੧ (788)

ਮੋਤੀਅਨ ---- ਮੋਤੀਆਂ ਦੇ
"ਇਕਤੁ ਤਾਗੈ ਰਲਿ ਮਿਲੈ ਗਲਿ ਮੋਤੀਅਨ ਕਾ ਹਾਰੁ।"
-ਸਿਰੀ ੧, ਅਸ ੯, ੪:੨ (58)

ਮੋਤੀਸਾਲੁ --- ਮੋਤੀ ਨੂੰ ਵਿੰਨਣ ਵਾਲਾ, ਜੌਹਰੀ
"ਮਨੁ ਮੋਤੀਸਾਲੁ ਹੈ ਗੁਰ ਸਬਦੀ ਜਿਤੁ ਹੀਰਾ ਪਰਖਿ ਲਈਜੈ।"
-ਕਲਿ ੪, ਅਸ ੪, ੩:੨ (1325)

ਮੋਤੀਚੂਰੁ ---- ਸਿਰ ਉਪਰ ਪਾਏ ਜਾਣ ਵਾਲਾ ਮੋਤੀਆਂ ਨਾਲ ਜੜ੍ਹਿਆ ਗਹਿਣਾ
"ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ ਮੋਤੀਚੂਰੁ ਵਡਗਹਨ ਗਹਨੀਆ।"
-ਬਿਲਾ ੪, ਅਸ ੫, ੬:੧ (836)

ਮੋਦੀ ------ ਭੰਡਾਰੀ
"ਮੋਦੀ ਕੇ ਘਰ ਖਾਣਾ ਪਾਕਾ ਵਾਕਾ ਲੜਕਾ ਮਾਰਿਆ ਥਾ।"
-ਗੋਂਡ ਨਾਮ, ੭, ੨:੨ (875)

ਮੋਨਿ ------ (1) ਖਾਮੋਸ਼ੀ ਵਿਚ, ਚੁਪ
"ਅਸੰਖ ਮੋਨਿ ਲਿਵ ਲਾਇ ਤਾਰ।"
-ਜਪੁ ੧, ੧੭:੮ (4)
"ਬੋਲਿ ਸੁਧਰਮੀੜਿਆ ਮੋਨਿ ਕਤਧਾਰੀ ਰਾਮ।"
-ਬਿਹਾ ੫, ਛੰਦ ੯, ੧:੧ (547)
(2) ਚੁਪ ਦੀ ਸਮਾਧੀ
"ਮੋਨਿ ਵਿਗੂਤਾ।"
-ਆਸਾ ੧, ਵਾਰ ੯ਸ, ੧, ੨:੧੨ (467)
(3) ਮੋਨ ਵਿਚ ਰਹਿਣ ਵਾਲਾ, ਮੋਨ ਵਰਤ ਰਖਣ ਵਾਲਾ, ਮੋਨੀ ਸਾਧੂ
"ਲੁਜਿੰਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ।"
-ਆਸਾ ਕਬ, ੫, ੧:੨ (476)
"ਕਿਨਹੀ ਮੋਨਿ ਅਉਧੂਤੁ ਸਦਾਇਆ।"
-ਰਾਮ ੫, ਅਸ ੧, ੨:੨ (912)

ਮੋਨਿਜਨ ---- ਮੁਨੀ, ਰਿਸ਼ੀ

“ਸਿਵ ਬਿਰੰਚਿ ਅਰੁ ਸਗਲ ਮੋਨਿਜਨ ਗਹਿ ਨ ਸਕਾਹਿ ਗਤਾ।”
-ਗੂਜ ੫, ੧੧, ੧:੨ (498)

ਮੋਨਿਧਾਰੀ --- ਮੋਨ (ਚੁੱਪ) ਧਾਰਨ ਕਰਨ ਵਾਲੇ, ਮੋਨ ਵਿਚ ਰਹਿਣ ਵਾਲੇ
“ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ।”
-ਮਾਝ ੩, ਅਸ ੨੪, ੭:੩ (124)

ਮੋਨੀ ------ (1) ਮੋਨ ਧਾਰਨ ਵਾਲੇ, ਮੋਨ ਸਮਾਧੀ ਲਾਉਣ ਵਾਲੇ
“ਪੜਿ ਪੜਿ ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ।”
-ਸਿਰੀ ੩, ਅਸ ੨੫, ੭:੨ (70)
(2) ਮੁਨੀ, ਰਿਸ਼ੀ “ਪੰਡਿਤ ਮੋਨੀ ਪੜਿ ਪੜਿ ਥਕੇ ਭੇਖ ਥਕੇ ਤਨੁ ਧੋਇ।”
-ਸਾਰ ੪, ਵਾਰ ੩੩ਸ, ੩, ੨:੩ (1250)

ਮੋਮ ------- (ਫਾ (ਮੋਮ) ਮੱਖੀਆਂ ਰਾਹੀਂ ਬਣਿਆ ਇਕ ਲੇਸਦਾਰ ਪਦਾਰਥ ਜੋ ਬਹੁਤ ਨਰਮ ਹੁੰਦਾ ਹੈ
“ਮੁਸਲਮਾਣੁ ਮੋਮ ਦਿਲ ਹੋਵੈ।” (ਨਰਮ)
-ਮਾਰੂ ੫, ਸੋਲਾ, ੧੨, ੧੩:੧ (1084)

ਮੋਰ ------- (1) ਮੇਰਾ
“ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।”
-ਸਿਰੀ ਕਬ, ੧, ੧:੨ (91)
(2) ਇਕ ਪੰਛੀ
“ਬਰਸੈ ਨਿਸਿਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ।”
-ਤੁਖਾ ੧, ਬਾਰਾ ੧੦:੩ (1108)
(3) ਮੈਨੂੰ
“ਸਤਿਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ ਮੋਰ।”
-ਕੇਦਾ ੫, ੧੦, ੧:੨ (1121)

ਮੋਰਉ ----- ਮੋੜਾ
“ਜਉ ਤਨੁ ਚੀਰਹਿ ਅੰਗੁ ਨ ਮੋਰਉ।”
-ਆਸਾ ਕਬ, ੩੫, ੨:੧ (484)

ਮੋਰਚਾ ----- ਜੰਗਾਲ
“ਮੋਰਚਾ ਨ ਲਾਗੈ ਜਾ ਹਉਮੈ ਸੋਖੈ।”
-ਮਾਝ ੩, ਅਸ ੧੦, ੪:੨ (115)

ਮੋਰਪੰਖ ---- ਮੋਰਾਂ ਦੇ ਪੰਖਾਂ ਦਾ
“ਪੀਤ ਬਸਨ ਕੁੰਦ ਦਸਨ ਪ੍ਰਿਆ ਸਹਿਤ ਕੰਠ ਮਾਲ ਮੁਕਟੁ ਸੀਸਿ ਮੋਰਪੰਖ ਚਾਹਿ ਜੀਉ।”
-ਸਵ ੪, ਗਯੰ ੮:੧ (1402)

ਮੋਰਲੋ ------ ਮੇਰਾ
“ਸੰਤਹ ਚਰਨ ਮੋਰਲੋ ਮਾਥਾ।”

–ਸਾਰ ੫, ੧੪, ੧:੧ (1206)

ਮੋਰਾ ------ (1) ਮੇਰਾ
"ਮੈ ਨਾਹੀ ਕਛੁ ਆਹਿ ਨ ਮੋਰਾ।"
–ਗਉ ਕਬ, ੬੦, ੧*:੧ (336)
(2) ਮੋਰ, ਇਕ ਪੰਛੀ
"ਜਉ ਤੁਮ ਗਿਰਵਰ ਤਉ ਹਮ ਮੋਰਾ।"
–ਸੋਰ ਰਵਿ, ੫, ੧:੧ (658)
"ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ।" (ਮੋਰ ਰੂਪੀ ਮਨ)
–ਮਲਾ ੧, ੨, ੧:੨ (1254)

ਮੋਰਿਓ ----- ਮੋੜਿਆ
"ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀ ਮੋਰਿਓ।"
–ਮਾਰੂ ੫, ੫, ੨:੧ (1000)

ਮੋਰੀ ------ (1) ਮੇਰੀ
"ਅੰਧ ਕੂਪ ਮਹਿ ਹਾਥ ਦੇ ਰਾਖਹੁ ਕਛੂ ਸਿਆਨਪ ਉਕਤਿ ਨ ਮੋਰੀ।"
–ਗਉ ੫, ੧੩੪, ੧*:੨ (208)
(2) ਮੋਰਾਂ ਨੇ
"ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।"
–ਵਡ ੧, ੩, ੧:੧ (557)
(3) ਮੋਰੀ, ਸੁਰਾਖ
"ਗੁਰ ਦਿਖਲਾਈ ਮੋਰੀ।" (ਭਾਵ ਕਮਜੋਰੀ)
–ਸੋਰ ਕਬ, ੧੦, ੧:੧ (656)

ਮੋਰੁ ------- ਮੋਰ, ਇਕ ਪੰਛੀ
"ਮਨੁ ਮੋਰੁ ਕੁਹੁਕਿਅੜਾ ਸਬਦੁ ਮੁਖਿ ਪਾਇਆ।"
–ਗਉ ੪, ੬੫, ੪:੨ (173)

ਮੋਰੇ ------- ਮੇਰੇ
"ਦਇਆ ਮਇਆ ਕਰਿ ਪ੍ਰਾਨਪਤਿ ਮੋਰੇ ਮੋਹਿ ਅਨਾਥ ਸਰਣਿ ਪ੍ਰਭ ਤੋਰੀ।"
–ਗਉ ੪, ੧੩੪*, ੧*:੧ (208)
ਹੋਰ ਰੂਪ:
ਮੋਰੈ –
"ਸਾਜ ਅਨੰਦੁ ਭਇਆ ਮਨ ਮੋਰੈ ਗੁਰ ਆਗੈ ਆਪੁ ਵੇਚਾਇਆ।" (ਮੇਰੇ)
–ਗਉ ੪, ੬੩, ੩:੨ (172)

ਮੋਰੈ ------- (1) ਮੇਰੇ, ਵੇਖੋ 'ਮੇਰੇ'
(2) ਮੋੜੇ
"ਸਾਸਿ ਸਾਸਿ ਧਿਆਵਹੁ ਮੁਖੁ ਨਹੀ ਮੋਰੈ।"
–ਕਾਨ ੫, ੩੪, ੧:੪ (1304)

ਮੋਰੋ ------- ਮੇਰਾ

"ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ।"
-ਆਸਾ ੪, ੬੭, ੧:੧ (369)

ਮੋਲਿ ------ ਮੁਲ, ਕੀਮਤ ਦੇ ਕੇ
"ਚੰਦਨੁ ਮੋਲਿ ਅਣਾਇਆ ਕੁੰਗੂ ਮਾਂਗ ਸੰਧੂਰੁ।"
-ਸਿਰੀ ੧, ੧੩, ੪:੧ (19)
"ਤਜਿ ਅਭਿਮਾਨੁ ਲੇਹੁ ਮਨ ਮੋਲਿ।" (ਮਨ ਦੇ ਮੁਲ, ਮਨ ਦੇ ਬਦਲੇ)
-ਗਉ ੫, ਸੁਖ ੧੫, ੫:੩ (283)

ਹੋਰ ਰੂਪ:

ਮੋਲੀ –
"ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ।" (ਮੁਲ)
-ਗਉ ੪, ੫੩, ੩:੨ (169)

ਮੋਲੀਆ –
"ਕਰਿ ਕਿਰਪਾ ਨਾਨਕ ਮੇਲਿ ਗੁਰ ਪਹਿ ਸਿਰੁ ਵੇਚਿਆ ਮੋਲੀਆ।" (ਮੁਲ ਤੇ)
-ਗਉ ੪, ਵਾਰ ੧੯ਸ, ੪, ੧:੬ (311)

ਮੋਲੁ –
"ਆਪੇ ਰਤਨੁ ਪਰਖਿ ਤੂੰ ਆਪੇ ਮੋਲੁ ਅਪਾਰੁ।" (ਮੁਲ)
-ਸਿਰੀ ੧, ਅਸ ੩, ੧:੨ (54)

ਮੋਲੇ –
"ਬੰਧਨ ਤੋੜਿ ਲੀਏ ਪ੍ਰਭਿ ਮੋਲੇ।" (ਮੁਲ)
-ਮਾਰੂ ੫, ਸੋਲਾ ੧, ੧੨:੧ (1072)

ਮੋੜੰਨ੍ਹਿ ----- ਮੋੜਨ, ਪਰਤਾਨ
"ਰਤੇ ਸੇਈ ਜਿ ਮੁਖੁ ਨ ਮੋੜੰਨਿ ਜਿਨ੍ਹੀ ਸਿਵਾਤਾ ਸਾਈ।"
-ਸਲੋ ੫, ੧:੧ (1324)

ਮੋੜੀਐ ----- (1) ਵਾਪਸ ਕਰੀਦੇ, ਨਿਰਾਸ ਕਰੀਏ
"ਤ੍ਰੈਗੁਣ ਇਨ ਕੈ ਵਸਿ ਕਿਨੈ ਨ ਮੋੜੀਐ।"
-ਗੁਜ ੫, ਵਾਰ ੧੫:੫ (522)
(2) ਪਰਾਂ ਕਰੀਏ, ਪਰਤਾਈਏ
"ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ।"
-ਬਿਹਾ ੪, ਵਾਰ ੪:੨ (550)

ਮੋੜੇ ------- ਪਰਾਂ ਕਰੇ, ਪਰਤਾਏ, ਉਲਟਾਏ
"ਰਾਜ ਮਿਲਖ ਖੁਸੀਆ ਘਣੀ ਧਿਆਇ ਮੁਖੁ ਨ ਮੋੜੇ।"
-ਗਉ ੫, ਵਾਰ ੨੧:੩ (323)

ਮੋੜੇਹਿ ----- ਮੋੜਨਾ, ਡਿੰਗਾ ਕਰਨਾ ਭਾਵ ਤੋੜਨਾ
"ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ।
- ਸਲੋ ਫਰ, ੧੯:੧ (1378)

ਮੋੜੈ ------- ਪਿਛਾਂ ਕਰੇ, ਪਰਤਾਏ, ਉਲਟਾਏ
"ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੈ ਰੰਗੁ।"
-ਰਾਮ ੫, ਵਾਰ ੫ਸ, ੫, ੧:੪ (958)

ਮ੍ਰਿਗ ------ ਹਿਰਨ, ਇਕ ਜਾਨਵਰ
"ਨਾਨਕ ਮ੍ਰਿਗ ਅਗਿਆਨਿ ਬਿਨਸੇ ਨਹ ਮਿਟੈ ਆਵਣੁ ਜਾਇਣੁ।" (ਜੀਵ ਰੂਪੀ ਹਿਰਨ)
-ਆਸਾ ੫, ਛੰਤ ੧੧, ੨:੬ (460)
"ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ।"
-ਆਸਾ ੫, ਛੰਤ ੧੪, ੨:੨ (462)

ਮ੍ਰਿਗਛਾਲਾ --- ਮ੍ਰਿਗ ਦੀ ਖਲ
"ਮ੍ਰਿਗਛਾਲਾ ਪਰ ਬੈਠੇ ਕਬੀਰ।"
-ਭੈਰ ਕਬ, ੧੮, ੨:੨ (1162)

ਮ੍ਰਿਗਤਿਸਨਾ -- ਝੂਠੀ ਆਸ
"ਮ੍ਰਿਗਤਿਸਨਾ ਪੇਖਿ ਭੁਲਣੇ ਵੁਠੇ ਨਗਰ ਗੰਧ੍ਰਬ।"
-ਸਲੋ ੫, ੧੪:੧ (1425)

ਹੋਰ ਰੂਪ:

ਮ੍ਰਿਗਤਿਸਨਾ –
"ਮ੍ਰਿਗਤਿਸਨਾ ਜਿਉ ਜੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ।" (ਝੂਠੀ ਆਸ)
-ਗਉ ੯, ੩, ੧*:੨ (219)
"ਮ੍ਰਿਗਤਿਸਨਾ ਅਰੁ ਸੁਪਨ ਮਨੋਰਥ ਤਾ ਕੀ ਕਛੁ ਨ ਵਡਾਈ।"
-ਸੋਰ ੫, ੨੨, ੨:੧ (615)

ਮ੍ਰਿਗੀ ------ ਹਿਰਨੀ
"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੁ ਆਵਧਹ।"
-ਸਸ ੫, ੬:੧ (1354)

ਮ੍ਰਿਤਮੰਝਲ --- ਮੌਤ ਦਾ ਖੇਤਰ ਭਾਵ ਮਿਰਤ ਲੋਕ, ਮਾਤ ਲੋਕ, ਸੰਸਾਰ
"ਗਰਭ ਛੋਡਿ ਮ੍ਰਿਤਮੰਡਲ ਆਇਆ ਤਉ ਨਰਹਿਰ ਮਨਹੁ ਬਿਸਾਰਿਆ।"
-ਸਿਰੀ ਬੇਣੀ, ੧, ੧:੪ (93)

ਹੋਰ ਰੂਪ:

ਮ੍ਰਿਤਮੰਡਲਿ –
"ਅਵਗਤਿ ਬਾਨਿ ਛੋਡਿ ਮ੍ਰਿਤਮੰਡਲਿ ਹਉ ਪਾਛੈ ਪਛੁਤਾਣਾ।" (ਮਾਤ ਲੋਕ ਵਿਚ)
-ਸਿਰੀ ਬੇਣੀ, ੧, ੪:੪ (93)

ਮ੍ਰਿਤ੍ਰ ------ ਮੌਤ
"ਮ੍ਰਿਤ੍ਰ ਜਨਮ ਭ੍ਰਮੰਤਿ ਨਰਕਹ ਅਨਿਕ ਉਪਾਵੰ ਨ ਸਿਧ੍ਰਤੇ।"
-ਸਸ ੫, ੪੨:੩ (1357)

ਮ੍ਰਿਦੰਗ ----- ਢੋਲ ਦੀ ਕਿਸਮ ਦਾ ਇਕ ਸਾਜ਼
“ਬਾਜੇ ਬਜਹਿ ਮ੍ਰਿਦੰਗ ਅਨਾਹਦ ਕੋਕਿਲ ਰੀ ਰਾਮ ਨਾਮੁ ਬੋਲੈ ਮਧੁਰ ਬੈਨ ਅਤਿ ਸੁਹੀਆ।”
-ਮਲਾ ੫, ੨੩, ੧:੨ (1272)

ਮਿ੍ਯਾਨੇ ------ ਵਿਚ
“ਅਸਮਾਨ ਮਿ੍ਯਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ।”
-ਤਿਲੰ ਕਬ, ੧, ੩:੧ (727)

ਯ

ਯਹ ------- ਇਹ
“ਯਹ ਮਨੁ ਨੈਕ ਨ ਕਹਿਓ ਕਰੈ।”
- ਦੇਵ ੯, ੧, ੧*: ੧ (536)

ਯਹੈ ------- ਇਹੀ
“ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ
ਕਉ ਅਵਤਾਰੁ ਬਨਾਯਉ।”
- ਸਵ ੫, ਮਥੁ ੬ : ੩ (1409)

ਯਕ ------- (ਫਾ. ਯਕ) ਇਕ
“ਯਕ ਅਰਜ ਗੁਫਤਮ ਪੇਸਿ ਤੋ
ਦਰ ਗੋਸ ਕੁਨ ਕਰਤਾਰ।”
- ਤਿਲੰ ੧, ੧, ੧ : ੧ (721)

ਯਕੀਨਾ ---- (ਅ. ਯਕੀਨ) ਵਿਸ਼ਵਾਸ਼, ਭਰੋਸਾ, ਨਿਸਚਾ, ਸਿਦਕ
“ਨਾਨਕ ਤਿਨਾ ਖਾਕੁ ਜਿਨਾ ਯਕੀਨਾ ਹਿਕ ਸਿਉ।”
- ਮਾਰੂ ੫, ਵਾਰ ੧੫ ਸ, ੫, ੧ : ੨ (1099)

ਹੋਰ ਰੂਪ:

ਯਕੀਨੁ -
“ਸਚੁ ਨਿਵਾਜ ਯਕੀਨੁ ਮੁਸਲਾ।”
-ਮਾਰੂ ੫, ਸੋਲਾ ੧੨, ੨ : ੧ (1083)

ਯਯਾ ------ ਗੁਰਮੁਖੀ ਲਿਪੀ ਦਾ 31ਵਾਂ ਅੱਖਰ,‘ਯ’
“ਯਯਾ ਜਾਰਉ ਦੁਰਮਤਿ ਦੋਊ।”
(‘ਯ’ ਅੱਖਰ ਦੁਆਰਾ ਉਪਦੇਸ਼ ਹੈ)
- ਗਉ ੫, ਬਾਅ ੧੪ : ੧ (253)

ਹੋਰ ਰੂਪ:

ਯਯੈ -
“ਯਯੈ ਜਨਮੁ ਨ ਹੋਵੀ ਕਦਹੀ ਜੇਕਰਿ ਸਚੁ

ਪਛਾਣੈ।"

– ਆਸਾ ੧, ਪਟੀ ੨੯ : ੧ (434)

ਯਾ ------- (1) ਇਸ
"ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ।"

– ਗਉ ੯, ੪, ੧* : ੨ (219)

(2) ਉਸ
"ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ।"

– ਬਿਲਾ ੯, ੩, ੧ : ੨ (831)

ਯਾਸੁ ------ ਜਿਸਨੂੰ
" ਯਾਸੁ ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ।"

– ਗਉ ੫, ਬਾਅ ੧੪ ਸ : ੧ (252)

ਯਾਹੂ ------ (1) ਜਿਸ
" ਯਾਹੂ ਜਤਨ ਕਰਿ ਹੋਤ ਛੁਟਾਰਾ।"

– ਗਉ ੫, ਬਾਅ ੪੩ : ੩ (259)

(2) ਓਹੋ ਹੀ
"ਯਾਹੂ ਤਰਨ ਤਾਰਨ ਸਮਰਾਥਾ।"

– ਗਉ ੫, ਬਾਅ ੪੩ : ੭ (259)

ਯਾਦਿ ------ ਚੇਤੇ, ਸਮਰਣ ਵਿਚ
"ਜਬ ਲਗੁ ਰਿਦੈ ਨ ਆਵਹਿ ਯਾਦਿ।"

– ਆਸਾ ੧, ੯, ੧ : ੪ (351)

ਯਾਰ ------ (ਫਾ. ਯਾਰ) ਮਿੱਤਰ, ਦੋਸਤ
"ਯਾਰ ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ।"

– ਗਉ ੫, ਬਾਅ ੪੩ ਸ : ੧ (259)

ਹੋਰ ਰੂਪ:

ਯਾਰਾਂ –
"ਹਲੇ ਯਾਰਾਂ ਹਲੇ ਯਾਰਾਂ ਖੁਸਿ ਖਬਰੀ।" (ਹੇ ਮਿੱਤਰ)

– ਤਿਲੰ ਨਾਮ, ੩, ੧* : ੧ (727)

ਯਾਰੁ –
"ਅਜਰਾਈਲੁ ਯਾਰੁ ਬੰਦੇ ਜਿਸੁ ਤੇਰਾ ਆਧਾਰੁ।" (ਦੋਸਤ)

– ਤਿਲੰ ੫, ੪, ੩ : ੧ (724)

ਰ

ਰਉ ------- (1) ਰਉਂ ਕਰਨਾ, ਚਾਹੁੰਣਾ, ਅਭਿਲਾਸ਼ਾ
ਕਰਨੀ
“ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ।”
– ਸੂਹੀ ੩, ਵਾਰ ੧੯ਸ, ੧, ੧ : ੨ (791)

(2) ਜਪੋ, ਸਿਮਰੋ, ਉਚਾਰਣ ਕਰੋ
“ਮਨ ਮੇਰੇ ਰਾਮ ਰਉ ਨਿਤ ਨੀਤਿ।”
– ਮਾਰੂ ੫, ਅਸ ੩, ੧* : ੧ (1017)

ਹੋਰ ਰੂਪ:

ਰਉਂ –
“ਗੁਣ ਗੋਵਿੰਦ ਰਉਂ ਸਚੁ ਵਾਪਾਰੁ।”
(ਸਿਮਰਦਾ/ਜਪਦਾ ਹਾਂ)
– ਗੋਂਡ ੫, ੨੨, ੪ : ੨ (869)

ਰੰਉ –
“ਸੰਤਸੰਗੇ ਭਜੁ ਨਿਸੰਗੇ ਰੰਉ ਸਦਾ ਅੰਤਰਜਾਮੀਆ।” (ਸਿਮਰਾਂ, ਜਪਾਂ)
– ਮਲਾ ੫, ਛੰਤ ੧, ੨ : ੪ (1278)

“ਸਿਖ੍ਯਾ ਸੰਤ ਨਾਮੁ ਭਜੁ ਨਾਨਕ ਰਾਮ ਰੰਗਿ ਆਤਮ ਸਿਉ ਰੰਉ।”
(ਸਿਮਰੋ)
– ਸਮੁ ੫, ੨* : ੬ (1387)

ਰਉਣ ----- ਰਮਨ ਵਾਲੇ, ਵਿਆਪਕ
“ਤੇਰੀ ਕੁਦਰਤਿ ਕੋਇ ਨ ਜਾਣੈ ਮੇਰੇ ਠਾਕਰੁ
ਸਗਲ ਰਉਣ।”
–ਮਾਰੂ ੫, ਵਾਰ ੨ : ੩ (1094)

(ਕੇਵਲ ਮਹਾਨ ਕੋਸ਼ ਤੇ ਗੁਰੂ ਗ੍ਰੰਥ ਕੋਸ਼ ਇਸ ਦੇ ਅਰਥ ‘ਸੁਆਮੀ ਪਤੀ’ ਕਰਦੇ ਹਨ ਅਤੇ ਇਸਨੂੰ ਸੰਸਕ੍ਰਿਤ ਦੇ ‘਼’ ਤੋਂ ਵਿਉਤਪਤਿ ਮੰਨਦੇ ਹਨ)

ਰਈਅਤਿ --- (ਅ – ਰਈਅਤ) ਪਰਜਾ
“ਨਉ ਡਾਡੀ ਦਸ ਮੁੰਸਫ ਧਾਵਹਿ ਰਈਅਤਿ ਬਸਨ ਨ ਦੇਹੀ।”
– ਸੂਹੀ ਕਬ, ੫, ੨ : ੧ (793)

ਰਸ ------- (1) ਰਸਨਾ ਨਾਲ ਗ੍ਰਹਿਣ ਕਰਨ ਯੋਗ ਸੁਆਦ
“ਰਸ ਕਸ ਆਪੁ ਸਲਾਹਣਾ ਏ ਕਰਮ ਮੇਰੇ ਕਰਤਾਰ।” (ਭਾਵ ਐਸ਼ ਭੋਗ)
– ਸਿਰੀ ੧, ੪, ੧ : ੩ (15)

(2) ਜੂਸ, ਰਸ
“ਸਬਦਿ ਰਤੇ ਮੀਠੇ ਰਸ ਈਖ।”
– ਗਉ ੧, ੫, ੩ : ੪ (152)

“ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ

ਮਿਲਿ ਸਤਿਗੁਰ ਮੀਠ ਰਸ ਗਾਨੇ।”
(ਗੰਨੇ ਦੇ ਰਸ ਵਾਂਗ)

– ਗਉ ੧, ੫੬, ੨ : ੩ (170)

(3) (ਫੂਲਾਂ ਦਾ) ਰਸ, ਸ਼ਹਿਦ
“ਅਲੀਅਲ ਗੁੰਜਾਤ ਅਲੀਅਲ ਗੁੰਜਾਤ ਹੇ
ਮਕਰੰਦ ਰਸ ਬਾਸਨ ਮਾਤ ਹੇ ਪ੍ਰੀਤਿ ਕਮਲ ਬੰਧਾਵਤ ਆਪ।”

– ਆਸਾ ੫, ਛੰਤ ੧੪, ੩ : ੧ (462)

(4) ਭਾਵ ਸਵਾਦਿਸ਼ਟ ਪਦਾਰਥ
“ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ।”

– ਆਸਾ ੧, ਵਾਰ ੧੯ ਸ, ੧, ੧ : ੮ (473)

(5) (ਮੌਜ ਮੇਲੇ / ਅਨੰਦ ਖੁਸ਼ੀਆਂ ਦਾ) ਸੁਆਦ
“ਠੋਡੂੰ ੲਭੲ ੲਖਾਭਹ ੲ/ੋ; ਭਜ ੲਹੋਡਸ ਗਤਘ ਰਕਝਹ.”

– ਟੋਡੀ ੯, ੧, ੧* : ੨ (718)

(6) ਪਿਆਰ
“ਦਸ ਅਠ ਪੁਰਾਣ ਤੀਰਥ ਰਸ ਕੀਆ।”

– ਗੋਂਡ ਕਬ, ੮, ੪ : ੨ (872)

(7) ਰਸਦਾਇਕ, ਰਸਮਈ
“ਹਰਿ ਚਰਨ ਸਰਨ ਤਰਨ ਸਾਗਰ ਧੁਨਿ ਅਨਹਤਾ ਰਸ ਬੈਨ।”

– ਮਲਾ ੫, ੨੯, ੧ : ੧ (1272)

(8) ਕਾਵਿ ਅਨੁਸਾਰ ਮਨ ਵਿਚ ਉਤਪੰਨ ਹੋਣ ਵਾਲਾ ਰਸ (ਕੇਵਲ ‘ਮਹਾਨ ਕੋਸ਼’)
“ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ।”

– ਰਾਮ ੫, ਛੰਤ ੨, ੨ : ੪ (925)

(9) ਭੋਗ
“ਜੇਤੇ ਰਸ ਸਰੀਰ ਕੇ ਤੇਤੇ ਲਾਗਹਿ ਦੁਖ।”

– ਮਲਾ ੧, ਵਾਰ ੨੧ਸ, ੧, ੨ :੪ (1287)

ਰਸਹ ------ ਰਸਾਂ (ਮਸਤੀ) ਕਰਕੇ
“ਗ੍ਰਿਹ ਰਚਨਾ ਅਪਾਰੰ ਮਨਿ ਬਿਲਾਸ ਸੁਆਦੰ ਰਸਹ।”

– ਜੈਤ ੫, ਵਾਰ ੬ਸ, ੫, ੧ : ੧ (707)

ਹੋਰ ਰੂਪ:

ਰਸਹਿ –
“ਹਰਿ ਰਸ ਰਸਹਿ ਮਾਨਿ ਹਾਂ।” (ਰਸਾਂ ਵਿਚੋਂ)

– ਆਸਾ ੫, ੧੫੮, ੨ : ੪ (409)

“ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ।”
(ਰਸਾਂ ਨਾਲ)

– ਵਡ ੫, ਛੰਤ ੨, ੨ : ੪ (577)

“ਗੁਰਿ ਕਹਿਆ ਏਹ ਰਸਹਿ ਬਿਖਾਗਨਿ।” (ਰਸ)

– ਪ੍ਰਭਾ ੫, ਅਸ ੧, ੫ : ੨ (1347)

ਰਸਹੁ –
“ਗੁਰਮਤਿ ਹਰਿ ਰਸੁ ਮੀਠਾ ਲਾਗਾ ਤਿਨ
ਬਿਸਰੇ ਸਭਿ ਬਿਖ ਰਸਹੁ।”(ਸੁਆਦ)
– ਬਿਲਾ ੪, ੪, ੩ : ੨ (800)

“ਕਵਨ ਉਪਮਾ ਦੇਉ ਕਵਨ ਸੇਵਾ ਸਰੇਉ
ਏਕ ਮੁਖ ਰਸਨਾ ਰਸਹੁ ਜੁਗ ਜੋਰਿ ਕਰ।”(ਸੁਆਦ ਮਾਨੋ ਭਾਵ ਜਪੋ)
– ਸਵ ੪, ਕਲ ੩ : ੨ (1398)

ਰਸਕ ------ ਰਸੀਏ, ਰਸ ਮਾਣਨ ਵਾਲੇ
“ਫਲ ਲਾਗੇ ਹਰਿ ਰਸਕ ਰਸਾਈ।”
– ਆਸਾ ੪, ੫੯, ੧ : ੨ (367)

“ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ ਰਸਕ ਰਸੀਕ।”
– ਪ੍ਰਭਾ ੪, ੩, ੧ : ੧ (1336)

(ਗੁਰੂ ਗ੍ਰੰਥ ਕੋਸ਼ ਰਸਕ ਰਸੀਕ ਦੇ ਅਰਥ ਵਡਾ ਰਸੀਆਂ ਦਾ ਰਸੀਆ ਅਰਥਾਤ ਪਰਮੇਸ਼ਰ ਕਰਦਾ ਹੈ)

ਰਸਕਸ ---- ਵਭਿੰਨ ਰਸ
“ਨਾਮ ਬਿਨਾ ਰਸਕਸ ਦੁਖੁ ਖਾਵੈ ਮੁਖੁ ਫੀਕਾ ਥੁਕ ਥੁਕ ਮੁਖਿ ਪਾਈ।”
– ਗੂਜ ੪, ੪, ੩ : ੨ (493)

“ਰਸਕਸ ਖਾਏ ਪਿੰਡੁ ਵਧਾਏ।”(ਕਸੈਲਾ ਆਦਿ ਛੇ ਪ੍ਰਕਾਰ ਦੇ ਸੁਆਦ)
– ਮਾਰੂ ੩, ਸੋਲਾ ੧੪, ੧੦ : ੧ (1058)

ਰਸਕਿ ----- ਸਵਾਦ ਲੈ ਲੈ ਕੇ, ਸੁਆਦ ਨਾਲ
“ਮਨ ਰਸਕਿ ਰਸਕਿ ਹਰਿ ਰਸਿ ਆਘਾਨੇ ਫਿਰਿ ਬਹੁਰਿ ਨ ਭੂਖ ਲਗਾਵੈ।”
– ਗਉ ੪, ੬੪, ੩ : ੨ (172)

“ਤੇਰੇ ਜਨ ਰਸਕਿ ਰਸਕਿ ਗੁਣ ਗਾਵਹਿ।”
– ਆਸਾ ੫, ੪, ੧* : ੧ (380)

“ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ ਰਾਮ ਨਾਮ ਧਿਆਏ।”(ਭਾਵ ਪਿਆਰ ਨਾਲ)
-ਸਾਰ ੫, ੧੧੫, ੧ : ੨ (1226)

ਰਸਕੇ ------ ਰਸ ਕੇ, ਸੁਆਦ ਲੈ ਲੈ ਕੇ, ਰਸ ਨਾਲ
“ਰਾਮ ਨਾਮੁ ਸਭੁ ਹੈ ਰਾਮ ਨਾਮਾ ਰਸੁ ਗੁਰਮਤਿ ਰਸੁ ਰਸਕੇ।”
– ਸੂਹੀ ੪, ੧, ੩ : ੧ (731)

ਰਸਗੇ ------ ਰਸ ਤੋਂ ਪਰੀਚਿਤ, ਰਸਾਂ ਨੂੰ ਜਾਣਨ ਵਾਲੀ।
“ਹੇ ਜਿਹਬੇ ਹੇ ਰਸਗੇ ਮਧੁਰ ਪ੍ਰਿਅ ਤੁਯੰ।”
– ਸਸ ੫, ੬੨ : ੧ (1359)

ਰਸਨ ------ (1) ਰਸਾਂ ਵਿਚ
“ਮਨੁ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ।”
– ਸਿਰੀ ੩, ੪੭, ੪ :੨ (32)

“ਅੰਮ੍ਰਿਤ ਨਾਮੁ ਰਸਨ ਰਸੁ ਰਸਨਾ ਗੁਰਸਬਦੀ ਰਸੁ ਪੀਜੈ।” (ਰਸਾਂ ਦੇ)

– ਤੁਖਾ ੧, ਛੰਤ ੪, ੨ : ੪ (1111)

(2) ਮਹਾਂ ਰਸ

“ਤਿਸੁ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆ।”

– ਸਿਰੀ ਕਬ, ੩, ੨ : ੨ (92)

(3) ਰਸਨਾ, ਜੀਭ

“ਸੰਤ ਰਸਨ ਹਰਿ ਨਾਮੁ ਵਖਾਨਾ।”

– ਮਾਝ ੫, ੩੦, ੨ : ੨ (103)

“ਨਾਨਕੁ ਕਹਤ ਸੁਨਹੁ ਰੇ ਲੋਗਾ ਸੰਤ ਰਸਨ ਕੋ ਬਸਹੀਅਉ।”

– ਜੈਤ ੫, ੨, ੨ : ੨ (700)

(ਮਹਾਨ ਕੋਸ਼ ਇਥੇ ਅਰਥ ‘ਬਚਨ’ ਕਰਦੇ ਹਨ)

ਰਸਨਾ ----- (1) ਜੀਭ, ਜ਼ੁਬਾਨ

“ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ।”

– ਸਿਰੀ ੩, ੪੦, ੧ : ੩ (29)

“ਗੁਰਮਤੀ ਹਰਿ ਸਦਾ ਪਾਇਆ ਰਸਨਾ ਹਰਿ ਰਸੁ ਸਮਾਇ।”(ਜ਼ਬਾਨ ਵਿਚ)

– ਸਿਰੀ ੧, ਅਸ ੨੧, ੩ : ੩ (66)

“ਤਿਸੁ ਬਲਿਹਾਰੀ ਜਿਨਿ ਰਸਨਾ ਭਣਿਆ।” (ਜੀਭ ਦੁਆਰਾ)

– ਮਾਝ ੫, ੨੭, ੧ : ੨ (102)

“ਰਸਨਾ ਹਰਿ ਰਸੁ ਚਾਖੁ ਮੁਯੇ ਜੀਉ ਅਨ ਰਸ ਸਾਦ ਗਵਾਏ।”(ਹੇ ਰਸਨਾ)

– ਗਉ ੩, ਛੰਤ ੫, ੨ : ੨ (246)

ਹੋਰ ਰੂਪ:

ਰਸਨਾਂ

“ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ।”

– ਕਾਨ ੫, ੩, ੧* : ੧ (1298)

(2) ਰਸ ਲੈਣ ਵਾਲੀ

“ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ।”

– ਆਸਾ ੧, ੫, ੧ : ੨ (350)

ਰਸਨਾਗਰ --- ਰਸਨਾ ਦੁਆਰਾ ਭਾਵ ਮੂੰਹ ਜ਼ੁਬਾਨੀ

“ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ।”

– ਸਾਰ ੫, ੬੦, ੧ : ੧ (1216)

ਰਸਨਾਰੀ ---- ਰਸਨਾ ਦੁਆਰਾ

“ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ ਸਾਸਿ ਸਾਸਿ ਰਸਨਾਰੀ।”

– ਆਸਾ ੫, ੧੨੨, ੩ : ੧ (401)

ਰਸਨਿ ----- (1) ਰਸ ਲੈ ਕੇ

“ਰਸਨਿ ਰਸਨਿ ਰਸਿ ਗਾਵਹਿ ਹਰਿ ਗੁਣ ਰਸਨਾ ਹਰਿ ਰਸੁ ਧਾਰੀ।”

– ਗੂਜ ੪, ਅਸ ੧, ੮ : ੧ (507)

(2) ਰਸਨਾ ਦੁਆਰਾ, ਜੀਭ ਰਾਹੀਂ

“ਕਰਨਿ ਹਰਿ ਜਸੁ ਨੇਤ੍ਰ ਦਰਸਨੁ ਰਸਨਿ ਹਰਿ ਗੁਨ ਗਾਉ।”

– ਮਾਲੀ ੫, ੮, ੨ : ੧ (988)

"ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ।"

– ਪ੍ਰਭਾ ੧, ੧੫, ੪ : ੨ (1332)

ਰਸਪਤਿ ---- ਰਸ ਨੂੰ ਅਨੁਭਵ ਕਰਨ ਵਾਲੀ, ਰਸਨਾ, ਜੀਭ

"ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ।"

– ਮਾਰੂ ਕਬ, ੭, ੧ : ੨ (1104)

ਰਸਭਾ ----- ਰਸ ਨਾਲ, ਸੁਆਦ ਲਾ ਕੇ

"ਰਾਮ ਨਾਮੁ ਰਸੁ ਰਾਮ ਰਸਾਇਣੁ ਰਸੁ ਪੀਆ ਗੁਰਮਤਿ ਰਸਭਾ।"

– ਪ੍ਰਭਾ ੪, ੬, ੨ : ੧ (1337)

ਰਸਭੋਗੀ ---- ਰਸ ਭੋਗਨ ਵਾਲਾ, ਰਸੀਆ

"ਕਈ ਕੋਟਿ ਰਾਜੇ ਰਸਭੋਗੀ।"

– ਗਉ ੫, ਸੁਖ ੧੦, ੩ : ੨ (275)

ਰਸਾ ------ (1) ਰਸ, 'ਰਸ' ਦਾ ਬਹੁ ਵਚਨ

"ਆਨ ਰਸਾ ਜੇਤੇ ਤੈ ਚਾਖੈ।"

– ਗਉ ੫, ੮੪, ੧ : ੧ (180)

"ਰੰਗ ਰਸਾ ਤੂੰ ਮਨਹਿ ਅਧਾਰੁ।"

– ਗਉ ੫, ੮੭, ੩ : ੨ (181)

(ਮਹਾਨ ਕੋਸ਼ ਅਰਥ 'ਸ੍ਰਿਸ਼ਟੀ' ਕਰਦਾ ਹੈ)

(2) ਰਸਦਾਇਕ ਪਦਾਰਥ

"ਅਨਕ ਰਸਾ ਖਾਇ ਜੈਸੇ ਢੋਰ।"

– ਗਉ ੫, ੧੨੪, ੧ : ੧ (190)

ਰਸਾਇ ----- (1) ਰਸਮਈ ਹੋਏ

"ਮਨ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ।"

– ਸਿਰੀ ੬, ੪੭, ੪ : ੨ (32)

"ਨਾਨਕ ਰਸਨਾ ਸਬਦਿ ਰਸਾਇ ਜਿਨਿ ਹਰਿ ਹਰਿ ਮੰਨਿ ਵਸਾਇਆ।"

–ਬਿਹਾ ੪, ਵਾਰ ੫ ਸ, ੩, ੧ : ੨ (550)

(2) ਰਸ ਨਾਲ, ਸੁਆਦ ਲੈ ਕੇ

"ਜਿਹਵਾ ਜਲਉ ਜਲਾਵਣੀ ਨਾਮੁ ਨ ਜਪੈ ਰਸਾਇ।"

– ਸਿਰੀ ੧, ਅਸ ੧੦, ੫ : ੨ (59)

"ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ।" (ਭਾਵ ਪ੍ਰੇਮ ਨਾਲ)

– ਤੁਖਾ ੫, ਛੰਤ ੬, ੩ : ੩ (1113)

ਰਸਾਇਆ --- ਰਸ ਵਾਲਾ ਬਣਾਇਆ।

"ਨਾਇ ਮੰਨਿਐ ਸੁਣਿ ਉਧਰੇ ਜਿਨ ਰਸਨ ਰਸਾਇਆ।"

– ਸਾਰ ੪, ਵਾਰ ੧੦ : ੩ (1241)

ਰਸਾਇਣ --- ਰਸ ਦਾ ਘਰ, ਸੁਖਾਂ ਦਾ ਭੰਡਾਰ, ਭਾਵ ਪ੍ਰਭੂ

"ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ।"
– ਟੋਡੀ ੫, ੧੦, ੧ : ੧ (714)

ਹੋਰ ਰੂਪ:

ਰਸਾਇਣਾ–
"ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ ਨਾਮੁ ਕਮਾਇ ਰਸਾਇਣਾ।"(ਰਸ ਦਾ ਘਰ)
– ਮਾਰੂ ੫, ਸੋਲਾ ੭, ੬ : ੩ (1078)

ਰਸਾਇਣਿ –
"ਰਾਮ ਰਸਾਇਣਿ ਜੋ ਜਨ ਗੀਧੇ।" (ਰਸਾਂ ਦੇ ਘਰ ਵਿਚ)
– ਗਉ ੫, ੧੬੩, ੧* : ੧ (198)

"ਤੇਰਾ ਜਨੁ ਰਾਮ ਰਸਾਇਣਿ ਮਾਤਾ।"
(ਰਸਾਂ ਦੇ ਘਰ ਵਿਚ, ਉਸ ਮਿਸ਼ਰਣ ਵਿਚ ਜੋ ਬੁਢਾਪਾ ਨੇੜੇ ਨਾ ਆਉਣ ਦੇਵੇ)
– ਦੇਵ ੫, ੨੧, ੧* : ੧ (532)

ਰਸਾਇਣੁ –
"ਨਾਮ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ।" (ਅਕਸੀਰ ਦਵਾਈ, ਰਸਾਂ ਦਾ ਘਰ)
– ਮਾਝ ੫, ੧੬, ੩ : ੩ (99)

"ਰਾਮ ਰਸਾਇਣੁ ਪੀਵਤ ਬੀਰ।"
– ਗਉ ੫, ੧੬੧, ੧ : ੨ (198)

ਰਸਾਇਦਾ --- **ਰਸ ਪੈਦਾ ਕਰਦਾ ਹੈ।**
"ਤੁਧੁ ਭਾਣੇ ਤੂੰ ਭਾਵਹਿ ਕਰਤੇ ਆਪੇ ਰਸਨ ਰਸਾਇਦਾ।"
– ਮਾਰੂ ੧, ਸੋਲਾ ੧੪, ੧ : ੩ (1034)

ਰਸਾਇਨ --- **ਰਸਾਂ ਦਾ ਘਰ, ਬਿਮਾਰੀਆਂ ਦੀ ਅਕਸੀਰ ਦਵਾਈ**
"ਅਉਰ ਦੁਨੀ ਸਭ ਭਰਮਿ ਭੁਲਾਨੀ ਮਨੁ ਰਾਮ ਰਸਾਇਨ ਮਾਤਾ।"
– ਸਿਰੀ ਕਬ, ੩, ੪ : ੨ (92)

ਹੋਰ ਰੂਪ:

ਰਸਾਇਨਿ –
"ਰਸਨਾ ਰਾਮ ਰਸਾਇਨਿ ਮਾਤੀ।"
– ਧਨਾ ੫, ੪੩, ੨ : ੧ (681)

ਰਸਾਇਨੁ –
"ਰਾਮ ਰਸਾਇਨੁ ਰਸਨਾ ਪੀਵਹਿ।"
– ਗਉ ਕਬ, ੧੩, ੩ : ੨ (326)

ਰਸਾਈ ----- **(1) ਰਸ ਮਈ, ਰਸ ਦੇਣ ਵਾਲੀ**
"ਗੁਰਮੁਖਿ ਰਸਨਾ ਹਰਿ ਰਸਨ ਰਸਾਈ।" (ਰਸੀਲੀ ਬਣਾ)
– ਗਉ ੩, ੨੬, ੧* : ੨ (159)

"ਫਲ ਲਾਗੇ ਹਰਿ ਰਸਨ ਰਸਾਈ।" (ਰਸ ਦੇਣ ਵਾਲੇ)
– ਆਸਾ ੪, ੫੯, ੧ : ੨ (367)

(2) ਰਸ ਮਈ ਕਰ ਲਈ, ਰੰਗ ਲਈ

“ਤਿੰਨਾ ਭਰਮੁ ਨ ਭੇਦੁ ਹੈ ਹਰਿ ਰਸਨ ਰਸਾਈ।”
– ਆਸਾ ੧, ਅਸ ੨੦, ੭ : ੨ (421)

(3) ਭਾਵ ਬਣਾਈ, ਭਖਾਈ
“ਦੁਇ ਪੁਰਿ ਜੋਰਿ ਰਸਾਈ ਭਾਠੀ ਪੀਉ ਮਹਾ ਰਸੁ ਭਾਰੀ।
– ਰਾਮ ਕਬ, ੨, ੨ : ੧ (969)

ਰਸਾਏ ----- (1) ਰਸ ਮਾਨਦਾ ਹੈ।
“ਮਨ ਇਕਤੁ ਘਰਿ ਆਣੈ ਸਭ ਗਤਿ ਮਿਤਿ
ਜਾਣੈ ਹਰਿ ਰਾਮੋ ਨਾਮੁ ਰਸਾਏ।”
– ਆਸਾ ੪, ਛੰਤ ੯, ੫ : ੩ (443)

(2) ਰਸ ਮਈ ਕੀਤੇ
“ਰਸਨ ਰਸਾਏ ਨਾਮਿ ਤਿਸਾਏ ਗੁਰ ਕੇ ਸਬਦਿ ਵਿਕਾਣੇ।”
– ਧਨਾ ੧, ਛੰਤ ੨, ੪ : ੩ (688)
“ਨਾਨਕ ਰਸਨਿ ਰਸਾਏ ਰਾਤੇ ਰਵਿ ਰਹਿਆ ਪ੍ਰਭੁ ਸੋਈ।”
– ਪ੍ਰਭਾ ੧, ੧੫, ੪ : ੨ (1332)

ਰਸਾਕ ----- ਰਸ ਪੈਦਾ ਕਰਨ ਵਾਲਾ, ਰਸੀਆ ਭਾਵ ਪ੍ਰੇਮੀ
“ਸੰਤ ਜਨਾ ਕੀ ਬਹੁਤੁ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ।”
– ਕਾਨ ੪, ੪, ੨ : ੧ (1295)

ਰਸਾਤਲਿ --- ਪਾਤਾਲ / ਨਰਕ ਵਿਚ
“ਚਿਤਿ ਨ ਆਇਓ ਪਾਰਬ੍ਰਹਮੁ ਤਾ ਖੜਿ ਰਸਾਤਲਿ ਦੀਤਾ।”
– ਸਿਰੀ ੫, ਅਸ ੨੬, ੭ : ੪ (71)
“ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ।” (ਭਾਵ ਬਹੁਤ ਹੇਠਾਂ)
– ਸਾਰ ੫, ੧੦, ੩ : ੨ (1205)

ਰਸਾਦੰ ----- ਰਸ ਚਖਣਾ, ਸੁਆਦ ਚਖਣਾ
“ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ।”
– ਗੂਜ ੧, ਅਸ ੧, ੭ : ੨ (503)

ਰਸਾਲ ----- (1) ਰਸਵਾਲਾ, ਰਸੀਲਾ, ਸੁਆਦਲਾ
“ਗਗਨਿ ਰਸਾਲ ਚੁਐ ਮੇਰੀ ਭਾਠੀ।”
– ਗਉ ਕਬ, ੨੭, ੧ : ੧ (328)
“ਮਸਤਕੁ ਅਪਨਾ ਭੇਟ ਦੇਉ ਗੁਨ ਸੁਨਉ ਰਸਾਲ।”
– ਬਿਲਾ ੫, ੪੧, ੧ :੨ (810)

(2) ਰਸ ਦਾ ਘਰ, ਸੁਖਾਂ ਦਾ ਭੰਡਾਰ
“ਕ੍ਰਿਪਾਲ ਦਇਆਲ ਰਸਾਲ ਗੁਣ ਨਿਧਿ ਕਰਿ ਦਇਆ ਸੇਵਾ ਲਾਈਐ।”
– ਆਸਾ ੫, ਛੰਤ ੬, ੧ : ੫ (456)

ਰਸਾਲਾ ----- ਰਸ ਵਾਲਾ
“ਹਿਰਦੈ ਨਾਮੁ ਦੇ ਨਿਰਮਲ ਕੀਏ ਨਾਨਕ ਰੰਗਿ ਰਸਾਲਾ ਜੀਉ।”
– ਮਾਝ ੫, ੧੫, ੪ : ੩ (99)
“ਸਾਧ ਗਾਵਹਿ ਗੁਣ ਸਦਾ ਰਸਾਲਾ।” (ਰਸ ਵਾਲੇ/ਅਨੰਦੀ ਗੁਣ)

– ਸੂਹੀ ੫, ੩੨, ੧[*]: ੨ (743)

ਹੋਰ ਰੂਪ:

ਰਸਾਲੀ –
"ਨਾਨਕ ਦਾਨੁ ਕੀਆ ਦੁਖ ਭੰਜਨਿ ਰਤੇ ਰੰਗਿ ਰਸਾਲੀ ਜੀਉ।" (ਰਸਾਂ ਵਾਲੇ ਹਰੀ)
– ਮਾਝ ੫, ੩੯, ੪ : ੩ (106)

ਰਸਾਲੁ –
"ਰਸਿ ਰਸਿ ਰਾਮੁ ਰਸਾਲੁ ਸਲਾਹਾ।" (ਰਸਾਂ ਦਾ ਘਰ, ਰਸੀਲਾ)
– ਜੈਤ ੪, ੯, ੧ : ੧ (699)

ਰਸਾਲੇ –
"ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ।" (ਰਸ ਵਾਲੇ, ਰਸੀਏ)
– ਜਪੁ ੧, ੨੭ : ੧੫ (6)

ਰਸਿ ------ (1) ਖੁਸ਼ ਹੋ ਕੇ
"ਜਿੰਨਾ ਸਤਗੁਰੁ ਰਸਿ ਮਿਲੈ ਸੇ ਪੂਰੇ ਪੁਰਖ ਸੁਜਾਣ।"
– ਸਿਰੀ ੧, ੨੨, ੪ : ੧ (੨੨)
('ਮਹਾਨ ਕੋਸ਼' ਅਰਥ 'ਰਹਸ', 'ਗੁਪਤ ਸਿਧਾਂਤ' ਕਰਦਾ ਹੈ)
"ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ।"
– ਆਸਾ ੧, ਛੰਤ ੧, ੧ : ੨ (435)

(2) ਰਸ ਨਾਲ, ਪ੍ਰੇਮ ਨਾਲ
"ਜਿਹਵਾ ਰਤੀ ਸਬਦਿ ਸਚੈ ਅੰਮ੍ਰਿਤੁ ਪੀਵੈ ਰਸਿ ਗੁਣ ਗਾਇ।"
– ਸਿਰੀ ੩, ੫੮, ੨ : ੩ (36)
"ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ।"
– ਸਿਰੀ ੧, ਅਸ ੫, ੧[*] : ੨ (56)
"ਰਸਿ ਰਸਿਆ ਹਰਿਆ ਸਦਾ ਪਕੈ ਕਰਮਿ ਧਿਆਨਿ।"
– ਮਾਝ ੧, ਵਾਰ ੨੦ਸ, ੧, ੧ : ੨ (147)

(3) ਰਸ ਵਿਚ, ਅਨੰਦ ਵਿਚ, ਸੁਆਦ ਵਿਚ
"ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮ ਪਿਆਰਿ।"
– ਸਿਰੀ ੧, ਅਸ ੧੨, ੩ : ੧ (60)
"ਜਿਉ ਮੈਗਲੁ ਇੰਦ੍ਰੀ ਰਸਿ ਪ੍ਰੇਰਿਓ ਤੂ ਲਾਗਿ ਪਰਿਓ ਕੁਟੰਬਾਇਲੇ।"
– ਗੋਂਡ ੫, ੨, ੨ : ੧ (862)

(4) ਸੁਆਦ ਲਾ ਲਾ ਕੇ, ਸੁਆਦ ਨਾਲ
"ਹਰਿ ਰੰਗੁ ਚੜਿਆ ਅਤਿ ਅਪਾਰਾ ਹਰਿ ਰਸਿ ਰਸਿ ਗੁਣ ਗਾਵਣਿਆ।"
– ਮਾਝ ੩, ਅਸ ੧੩, ੬ : ੩[੨] (117)
"ਜਬ ਦੇਖਾਂ ਪਿਰੁ ਪਿਆਰਾ ਹਰਿ ਗੁਣ ਰਸਿ ਰਵਾ ਰਾਮਾ।"
– ਤੁਖਾ ੪, ਛੰਤ ੧, ੨ : ੧ (1113)

(5) ਰਸ ਤੋਂ, ਅਰਕ ਤੋਂ

“ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ
ਅਮਿਉ ਚੁਆਈਐ।”

– ਆਸਾ ੧, ੩੮, ੧ : ੨ (360)

(6) ਸੁਆਦ ਭਾਵ ਮੋਹ

“ਮਾਤ ਪਿਤਾ ਭਾਈ ਸੁਤ ਬਨਿਤਾ ਤਾ ਕੈ ਰਸਿ ਲਪਟਾਨਾ।”

– ਧਨਾ ੯, ੨, ੧ : ੧ (685)

(7) ਰਸ ਭਰੀ

“ਸੇਜ ਸੁਹਾਵੀ ਰਸਿ ਬਨੀ।” (ਭਾਵ ਸੋਹਣੀ)

– ਬਸੰ ੫, ੧੪, ੩ : ੧ (1184)

(8) ਰਸ ਕੇ, ਅਨੰਦਿਤ ਹੋ, ਸਰਸ਼ਾਰ ਹੋ

“ਦਰਸਨ ਦੇਖਤ ਹੀ ਮਨੁ ਮਾਨਿਆ ਜਲ
ਰਸਿ ਕਮਲ ਬਿਗਾਸੀ।”(ਮਹਾਨਕੋਸ਼ ਇਥੇ ਅਰਥ ‘ਰਿਸ਼ਮ’ ਕਰਦਾ ਹੈ)

– ਸਾਰ ੧, ੨, ੧ : ੨ (1197)

ਹੋਰ ਰੂਪ:

ਰਸਿਆ –

“ਰਸਿ ਰਸਿਆ ਭਰਿਆ ਸਦਾ ਪਕੈ ਕਰਮਿ ਧਿਆਨਿ।” (ਭਰਿਆ ਜਾ ਕੇ, ਸਰਸ਼ਾਰ ਹੋ)

– ਮਾਝ ੧, ਵਾਰ ੨੦ਸ, ੧, ੧ : ੨ (147)

“ਸਹਜ ਕਥਾ ਮਹਿ ਆਤਮੁ ਰਸਿਆ।” (ਸੁਆਦ ਲੈਂਦਾ ਹੈ।)

– ਗਉ ੫, ਅਸ ੩, ੬ : ੩ (237)

“ਅੰਮ੍ਰਿਤ ਨਾਮੁ ਤਹਾ ਜੀਅ ਰਸਿਆ।” (ਖੁਸ਼ ਹੋਇਆ)

– ਗਉ ੫, ਬਾਅ ੨੮ : ੬ (256)

“ਮਨ ਹਰਿ ਹਰਿ ਵਸਿਆ ਗੁਰਮਤਿ ਹਰਿ ਰਸਿਆ ਹਰਿ ਹਰਿ ਰਸ ਗਟਾਕ ਪੀਆਉ ਜੀਉ।”(ਰਸ ਭਰਪੂਰ ਹੋਇਆ)

– ਆਸਾ ੪, ਛੰਤ ੧੩, ੧ : ੫ (447)

(9) ਭਾਵ ਜਲ

“ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲ ਹੋਇ।”

– ਸੋਰ ੧, ਅਸ ੪, ੫ : ੨ (637)

ਰਸਿਆ ---- (1) ਚੋਇਆ, ਰਿਸਿਆ

“ਸੋਈ ਨਾਮੁ ਸਿਮਰਿ ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ।”

– ਸਵ ੩, ੪ : ੨ (1393)

(2) ਭਰੀ ਕੇ, ਸਰਸ਼ਾਰ ਹੋ, ਵੇਖੋ ਰਸਿ(8)
(3) ਸੁਆਦ ਲੈਂਦਾ ਹੈ, ਵੇਖੋ ਰਸਿ (8)
(4) ਖੁਸ਼ ਹੋਇਆ, ਵੇਖੋ ਰਸਿ (8)
(5) ਰਸ ਭਰਪੂਰ ਹੋਇਆ, ਵੇਖੋ ਰਸਿ (8)

ਰਸਿਕ ----- (1) ਰਸੀਆ, ਰਸ ਵਾਲਾ

“ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।”

– ਗਉ ੫, ੧੧੯*, ੨ : ੧ (204)

(2) ਸੁਆਦ ਲਾ ਲਾ ਕੇ (ਸ਼ਬਦਾਰਥ)
"ਗਿਆਨ ਧਿਆਨ ਮਾਨ ਦਾਨ ਮਨ ਰਸਿਕ ਰਸਨ ਨਾਮ ਜਪਤ ਤਹ ਪਾਪ ਖੰਡਲੀ।"
– ਕਲਿ ੫, ੫, ੧ : ੨ (1322)
"ਰਾਮ ਰਾਮ ਰਾਮ ਰੰਗਿ ਰਾਤੇ ਰਸਿਕ ਗਟਕ ਨਿਤ ਪੀਜੈ।"
– ਕਲਿ ੪, ਅਸ ੧, ੫ : ੨ (1323)
('ਦਰਪਣ', 'ਨਿਰਣੈ' ਇਥੇ ਦੁਹਾਂ ਥਾਵਾਂ ਤੇ ਅਰਥ 'ਰਸੀਆ' ਹੀ ਕਰਦੇ ਹਨ।)

ਰਸਿਕ ਰਸਾਕ ਰਸੀਆ ਨੂੰ ਰਸ ਦੇਣ ਵਾਲਾ ਭਾਵ ਵਾਹਿਗੁਰੂ
"ਸੰਤ ਜਨਾ ਕੀ ਬਹੁਤ ਬਹੁ ਸੋਭਾ ਜਿਨ ਉਰਿ ਧਾਰਿਓ ਹਰਿ ਰਸਿਕ ਰਸਾਕ।"
– ਕਾਨ ੪, ੪, ੨ : ੧ (1295)

ਰਸਿਕੁ ----- ਰਸੀਆ
"ਤਿਤੁ ਨਾਮਿ ਰਸਿਕੁ ਨਾਨਕੁ ਲਹਣਾ ਥਪਿਓ ਜੇਨ ਸੂਬ ਸਿਧੀ।" (ਰਸੀਆ)
– ਸਵ ੧, ੧ : ੩ (1392)

ਰਸਿ ਭਿੰਨੇ --- ਪ੍ਰੇਮ ਵਿਚ ਭਿਜੇ
"ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ।"
– ਆਸਾ ੪, ਛੰਤ ੧੬, ੩ : ੨ (449)

ਰਸੀ ------ ਰਸ ਵਾਲੀ ਹੋਈ, ਅਨੰਦਿਤ ਹੋਈ
"ਸਾ ਧਨ ਹਰਿ ਕੈ ਰਸਿ ਰਸੀ ਗੁਰ ਕੈ ਸਬਦਿ ਅਪਾਰੇ ਰਾਮ।"
– ਆਸਾ ੩, ਛੰਤ ੬, ੪ : ੨ (440)

ਰਸੀਅਹਿ --- ਰਸ ਵਾਲਾ ਹੋ
"ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰ ਹੇ।"
– ਤੁਖਾ ੧, ਛੰਤ ੬, ੩ : ੩ (1113)

ਰਸੀਅਨ ---- ਰਸ ਲੈਣ ਵਾਲਿਆਂ, ਸੁਹਜ ਸੁਆਦ ਵਾਲਿਆਂ
"ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ।"
– ਗੂਜ ੫, ਅਸ ੧, ੨ : ੨ (507)

ਰਸੀਅੜਾ --- ਰਸੀਆ, ਰਸ ਲੈਣ ਵਾਲਾ
"ਇਕ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ।"
– ਗਉ ੫, ੧੬੯*, ੩ : ੨ (218)

ਰਸੀਆ ---- (1) (ਸ.) ਰਸੀਲਾ, ਜਿਸ ਵਿਚ ਰਸ ਹੋਵੇ।
"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ।"
– ਸਿਰੀ ੧, ੨੫, ੧ : ੧ (23)
"ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ।"
– ਸੂਹੀ ੧, ਛੰਤ ੩, ੩ : ੪ (765)
(1) ਰਸ ਭੋਗਣ ਵਾਲਾ
"ਤੂੰ ਨਿਰਬਾਣੁ ਰਸੀਆ ਰੰਗਿ ਰਾਤਾ।"
– ਮਾਝ ੫, ੨੮, ੩ : ੨ (102)

ਹੋਰ ਰੂਪ:

ਰਸੀਆਂ –
"ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ
ਧਨੁ ਹੋਇ।"
– ਮਲਾ ੧, ਵਾਰ ੨ਸ, ੧, ੧ : ੨ (1279)

ਰਸੀਕ ----- ਰਸੀਏ
"ਇਕੁ ਖਿਨੁ ਹਰਿ ਪ੍ਰਭਿ ਕਿਰਪਾ ਧਾਰੀ ਗੁਨ ਗਾਏ ਰਸਕ ਰਸੀਕ।"
– ਪ੍ਰਭਾ ੪, ੩, ੧ : ੧ (1336)

ਰਸੀਣਾ ----- ਰਸੀ ਰਹਿੰਦੀ ਹੈ
"ਸਤੁ ਬੰਧਿ ਕੁਪੀਨ ਭਰਿਪੁਰਿ ਲੀਣਾ ਜਿਹਵਾ ਰੰਗਿ ਰਸੀਣਾ।"
– ਰਾਮ ੧, ਅਸ ੮, ੩ : ੧ (907)

ਰਸੀਦ ----- (ਫਾ. ਰਸੀਦਹ) ਪੁਜਾ ਹੋਇਆ
"ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ।"
– ਸਿਰੀ ੧, ਅਸ ੧, ੩ : ੧ (53)

ਰਸੁ ------- (1) ਸੁਆਦ ਲੈਣ ਯੋਗ ਪਦਾਰਥ, ਰਸਦਾਇਕ ਪਦਾਰਥ
"ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ।"
– ਗਉ ੫, ਸੋਹ ੫, ੨ : ੨ (13)

"ਰਸੁ ਅੰਮ੍ਰਿਤ ਨਾਮ ਰਸੁ ਅਤਿ ਭਲਾ ਕਿਤੁ
ਮਿਲੈ ਰਸੁ ਖਾਇ।"
– ਸਿਰੀ ੪, ੬੯, ੧ : ੧ (41)

(2) ਭੋਗਣ ਯੋਗ ਪਦਾਰਥ
"ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ
ਪਰਮਲ ਕੀ ਵਾਸੁ।"
– ਸਿਰੀ ੧, ੪, ੨ : ੧ (15)

(3) ਸੁਆਦ, ਜ਼ਾਇਕਾ
"ਜਿਨਾ ਭਾਣੇ ਕਾ ਰਸੁ ਆਇਆ।"
– ਸਿਰੀ ੧, ਅਸ ੨੮, ੧੦ : ੧ (72)

"ਜਬ ਲਗੁ ਰਸੁ ਤਬ ਲਗ ਨਹੀ ਨੇਹੁ।" (ਮਾਇਆ ਦਾ ਸੁਆਦ)
– ਗਉ ਕਬ, ੨੩, ੧* : ੨ (328)

(4) (ਨਿਚੋੜ ਕੇ ਕੱਢਿਆ) ਤਰਲ ਪਦਾਰਥ, ਰਹੁ
"ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ।"
– ਮਾਝ ੧ ਵਾਰ ੧੧ਸ, ੧, ੨ : ੩ (143)

"ਭਉ ਸੀਗਾਰੁ ਤੰਬੋਲ ਰਸੁ ਭੋਜਨ ਭਾਉ ਕਰੇਇ।"
– ਸੂਹੀ ੩, ਵਾਰ ੯ਸ, ੩, ੧ : ੫ (788)

(5) ਅਨੰਦ
"ਮਰਣ ਰਹਣ ਰਸੁ ਅੰਤਰਿ ਭਾਏ।"
– ਗਉ ੧, ਅਸ ੯, ੧ : ੨ (153)

"ਜਿਸਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ।"
– ਗਉ ੫, ਵਾਰ ੯ : ੩ (320)

"ਨਾ ਬੀਚਾਰਿਓ ਰਾਜਾ ਰਾਮ ਕੋ ਰਸੁ।" (ਸੁਆਦ, ਅਨੰਦ)
– ਸੋਰ ਰਵਿ, ੩, ੧* : ੧ (658)

(6) ਸਾਰ, ਤਤ (ਮਹਾਨ ਕੋਸ਼, ਨਿਰਣੈ)
"ਸਭਹੂ ਕੋ ਰਸੁ ਹਰਿ ਹੋ।"
– ਗਉ ੫, ੧੫੫, ੧* : ੧ (213)

(7) ਮਿਠਾਸ
"ਸਾਧ ਸਭਾ ਮਹਿ ਸਹਜੁ ਨ ਚਾਖਿਆ ਜਿਹਬਾ ਰਸੁ ਨਹੀ ਰਾਈ।"
– ਸੋਰ ੩, ੩, ੩ : ੧ (596)

(8) ਭਾਵ ਸ਼ਹਿਦ
"ਜਿਉ ਮਧੁ ਮਾਖੀ ਤਿਉ ਸਠੋਰਿ ਰਸੁ ਜੋਰਿ ਜੋਰਿ ਧਨੁ ਕੀਆ।"
– ਸੋਰ ਕਬ, ੨, ੨ : ੧ (654)

(9) ਪ੍ਰੇਮ, ਪਿਆਰ
"ਜਿਨੁ ਕਉ ਪੂਰਬਿ ਲਿਖਿਆ ਰਸੁ ਸੰਤ ਜਨਾ ਸਿਉ ਤਿਸੁ।"
– ਬਿਲਾ ੧, ਵਾਰ ੧੨ਸ, ੫, ੨ : ੬ (854)

(10) ਜੀਵਨ, ਸਤਾ
"ਮਨ ਕਾ ਜੀਉ ਪਵਨੁ ਕਥੀਅਲੇ ਪਵਨੁ ਕਹਾ ਰਸੁ ਖਾਈ।"
– ਰਾਮ ੧, ਸਿਗੋ ੬੧ : ੧ (944)

"ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ।"
– ਤੁਖਾ ੧, ਬਾਰਾ ੧੪ : ੧ (1109)

(11) ਭਾਵ ਪਾਣੀ
"ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ।"
– ਤੁਖਾ ੧, ਬਾਰਾ ੮ : ੩ (1108)

ਰਸੁਨਥੇ ---- ਜੀਭਾ ਵਾਲੇ
"ਰਸਨਾ ਏਕ ਜਸੁ ਗਾਇ ਨ ਸਾਕੈ ਬਹੁ ਕੀਜੈ ਬਹੁ ਰਸਨਥੇ।"
– ਕਲਿ ੪, ੩, ੧ : ੧ (1320)

ਰਸੂਆ ----- ਸੁਆਦ, ਰਸ
"ਛੋਡਿ ਛੋਡਿ ਰੇ ਬਿਖਿਆ ਕੇ ਰਸੂਆ।"
– ਗਉ ੫, ੧੨੭*, ੧* : ੧ (206)

ਰਸੂਲਿ ----- (ਫਾ. ਰਸੂਲੀ) ਪੈਗੰਬਰ ਦੀ (ਸਿਖਿਆ) (ਮਹਾਨਕੋਸ਼)
"ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ।"
– ਗਉ ੫, ਵਾਰ ੮ਸ, ੫, ੨ : ੨ (320)

ਰਸੇ ------- ਮਸਤ ਹਨ, ਰੁਝੇ ਹੋਏ ਹਨ
"ਤੀਨਿ ਗੁਣਾ ਕੈ ਸੰਗਿ ਰਚਿ ਰਸੇ।"
– ਗੋਂਡ ੫, ੧੧, ੩ : ੩ (865)

ਰਸੇਰੇ ------ ਰਸ ਨਾਲ, ਅਨੰਦ ਨਾਲ
"ਹਰਿ ਗੁਣ ਗਾਵਹਿ ਰਸਨ ਰਸੇਰੇ।"
– ਮਾਰੂ ੧, ਸੋਲਾ ੬, ੩ : ੨ (1025)

(ਮਹਾਨ ਕੋਸ਼ ਅਰਥ 'ਰਸ ਵਾਲੇ, ਰਸਦਾਇਕ' ਦਿੰਦਾ ਹੈ।)

ਰਸੈ ------- (1) ਰਸ ਨਾਲ

"ਤਹਾ ਸੰਗਤਿ ਸਾਧ ਗੁਣ ਰਸੈ।"

- ਗਉ ੫, ਅਸ ੪, ੬ : ੩ (237)

(2) ਮਸਤ ਹੋਏ, ਰੁਝ ਗਏ

"ਅਨਦ ਕੇਲ ਮਾਇਆ ਰੰਗਿ ਰਸੈ।"

- ਗਉ ੫, ਸੁਖ ੪, ੭ : ੪ (267)

(3) ਰਸਨਾ ਤੋਂ, ਮੁਖ ਤੋਂ

"ਨਾਨਕ ਉਧਰੈ ਸਾਧ ਸੁਨਿ ਰਸੈ।"

- ਗਉ ੫, ਸੁਖ ੭, ੬ : ੧੦ (272)

(4) ਰਸਦਾ ਹੈ, ਸਿੰਜਰ ਜਾਂਦਾ ਹੈ।

"ਭਉ ਬਿਨਸੈ ਅੰਮ੍ਰਿਤੁ ਰਸੈ ਰੰਗਿ ਰਤੇ ਨਿਰੰਕਾਰ।"

- ਗਉ ੫, ਥਿਤੀ ੪ : ੫ (297)

(5) ਰਸ ਨਾਲ ਭਰ ਜਾਂਦਾ ਹੈ

"ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ।"

- ਸੂਹੀ ੧, ਅਸ ੩, ੩ : ੨ (752)

(6) ਰਸ ਮਾਨਦਾ ਹੈ।

"ਅਨਿਕ ਰੂਪ ਰੰਗ ਭੋਗ ਰਸੈ।"

- ਰਾਮ ੫, ੨੬, ੧ : ੩ (890)

"ਨਾਨਾ ਪ੍ਰਕਾਰ ਜਿਨਿ ਜਗੁ ਕੀਓ ਜਨੁ ਮਥੁਰਾ ਰਸਨਾ ਰਸੈ।" (ਰਸ ਮਾਨਦਾ ਭਾਵ ਸਿਮਰਦਾ ਹੈ)

- ਸਵ ੪, ਮਥੁ ੧ : ੫ (1404)

ਹੋਰ ਰੂਪ:

ਰਸੋ–

"ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ।"(ਅਨੰਦ/ਰਸ ਮਾਣੋ)

- ਤੁਖਾ ੧, ਛੰਤ ੬, ੪ : ੫ (1113)

ਰਸੋਇ ----- ਰਸੋਈ ਵਿਚ

"ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ।"

- ਆਸਾ ੧, ਵਾਰ ੧੯ਸ, ੧, ੧ : ੫ (472)

ਹੋਰ ਰੂਪ:

ਰਸੋਈ –

"ਊਠਤ ਬੈਠਤ ਸੂਤਕੁ ਲਾਗੈ ਸੂਤਕੁ ਪਰੈ ਰਸੋਈ।"

- ਗਉ ਕਬ, ਅਸ ੪੧, ੨ : ੨ (331)

ਰਸੵਉ ----- ਰਸਾਇਆ, ਰਸਮਈ ਕੀਤਾ

"ਅੰਗਦਿ ਅਨੰਤ ਮੂਰਤਿ ਨਿਜਧਾਰੀ ਅਗਮ ਗੵਾਨਿ ਰਸਿ ਰਸੵਉ ਹੀਅਉ।"

- ਸਵ ੪, ਬਲ ੨ : ੨ (1405)

ਰਹਉ ------ (1) ਰਹਿੰਦਾ ਹਾਂ

"ਅਨਦਿਨੁ ਜਪਤੁ ਰਹਉ ਤੇਰੀ ਸਰਣਾਇ।"
- ਗਉ ੧, ਅਸ ੧੨, ੮ : ੨ (226)
"ਜਲ ਮਹਿ ਰਹਉ ਜਲਹਿ ਬਿਨੁ ਖੀਨੁ।"
- ਗਉ ਕਬ, ੨, ੧ : ੨ (323)
"ਵਰਤ ਨ ਰਹਉ ਨ ਮਹ ਰਮਦਾਨਾ।" (ਰਹਿੰਦਾ ਭਾਵ ਰਖਦਾ)
- ਭੈਰ ੫, ੩, ੧ : ੧ (1136)

(2) ਰਹਾਂ
"ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ।"
- ਆਸਾ ਕਬ, ੨੫, ੧* : ੨ (482)

ਰਹਈ ----- (1) ਰਹਿੰਦਾ ਭਾਵ ਮਿਟਦਾ
"ਬਿਨ ਗੁਰ ਪੂਰੇ ਜਨਮ ਮਰਣੁ ਨ ਰਹਈ
ਫਿਰਿ ਆਵਤ ਬਾਰੋ ਬਾਰਾ।"
- ਸੋਰ ੫, ੯, ੧* : ੨ (611)

(2) ਰਹਿੰਦਾ
"ਚੰਚਲ ਚੀਤੁ ਨ ਰਹਈ ਠਾਇ।"
- ਰਾਮ ੧, ਓਅੰ ੨੩ : ੧ (932)

ਰਹਸ ------ ਅਨੰਦ
"ਰਹਸ ਰੰਗ ਫੁਰਮਾਇਸਿ ਕਾਈ।"
- ਪ੍ਰਭਾ ੧, ੧੪, ੧ : ੨ (1331)

ਰਹਸਾਉ ---- ਅਨੰਦ
"ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ।"
- ਕੇਦਾ ੫, ੪, ੧ : ੧ (1120)

ਰਹਸਾਏ ---- ਅਨੰਦਤ ਹੋਇਆ, ਖੁਸ਼ ਹੋਇਆ
"ਗੁਰ ਗਿਆਨੁ ਮਨਿ ਦ੍ਰਿੜਾਏ ਰਹਸਾਏ ਨਹੀ ਆਏ ਸਹਜਾਏ ਮਨਿ ਨਿਧਾਨੁ ਪਾਏ।"
- ਆਸਾ ੫, ੧੫੩, ੨: ੧ (408)

ਰਹਸਿ ----- ਖੁਸ਼ ਹੋ ਕੇ, ਖਿੜ ਕੇ
"ਮਨੁ ਦੇ ਲੀਆ ਰਹਸਿ ਗੁਣ ਗਾਈ।"
- ਗਉ ੧, ਅਸ ੨, ੩ : ੩ (221)
"ਸੇਵਾ ਸੁਰਤਿ ਰਹਸਿ ਗੁਣ ਗਾਵਾ ਗੁਰਮੁਖਿ ਗਿਆਨੁ ਬੀਚਾਰਾ।" (ਭਾਵ ਟਿਕਾਉ ਨਾਲ, ਪੂਰੇ ਖਿੜਾਉ ਵਿਚ)
- ਮਲਾ ੧, ੩, ੩ : ੧ (1255)

ਰਹਸਿਆੜੀ -- ਹਰਸ਼ਵੰਤ, ਸੁਖੀ, ਅਨੰਦਿਤ, ਸਹਰਸ਼
"ਮੈ ਪਿਰੁ ਸਚੁ ਸਾਲਾਹਣਾ ਹਉ ਰਹਸਿਆੜੀ ਨਾਮਿ ਭਤਾਰੇ।"
- ਵਡ ੧, ਮਲਾ ੩, ੭ : ੪ (581)

ਰਹਸਿਆ --- ਖੁਸ਼ ਹੋਇਆ/ਖਿੜਿਆ ਹੈ
"ਸਤਿਗੁਰਿ ਤੁਠੈ ਨਾਉ ਪ੍ਰੇਮਿ ਰਹਸਿਆ।"

– ਮਾਝ ੧, ਵਾਰ ੧੮ : ੪ (146)

"ਖਸਮਹੁ ਪੂਰਾ ਪਾਇ ਮਨਹੁ ਰਹਸਿਆ।"(ਅਨੰਦਿਤ ਹੋਇਆ)

– ਮਾਝ ੧, ਵਾਰ ੨੩ : ੩ (148)

ਰਹਸੀ ----- (1) ਰਹੇ ਗਾ

"ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।"

– ਗਉ ੧, ੧੩, ੧* : ੧ (154)

(2) ਅਨੰਦ ਹੋਈ

"ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ।"

– ਗਉ ੧, ਛੰਤ ੧, ੪ : ੩ (242)

"ਰਹਸੀ ਵੇਖਿ ਹਦੂਰਿ ਪਿਰਿ ਰਾਵੀ ਘਰਿ ਸੋਹੀਐ ਬਲਿਰਾਮ ਜੀਉ।"(ਖੁਸ਼ ਹੋਈ)

– ਸੂਹੀ ੧, ਛੰਤ ੧, ੪ : ੨ (764)

ਹੋਰ ਰੂਪ:

ਰਹੰਸੀ –

"ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ।" (ਰਸ ਸਹਿਤ/ਪ੍ਰਸੰਨ ਹੋਈ)

– ਸੂਹੀ ੧, ਛੰਤ ੩, ੨ : ੨ (765)

(3) ਅਨੰਦ ਰੂਪ

"ਰਹਸੀ ਰਾਮੁ ਰਿਦੈ ਇਕ ਭਾਇ।"

– ਰਾਮ ੧, ਓਅੰ ੧੦ : ੭ (931)

ਰਹਸੀਓ ---- ਰਹੇ ਗਾ

"ਰਾਜੇ ਰਯਤਿ ਸਿਕਦਾਰ ਕੋਇ ਨਾ ਰਹਸੀਓ।"

– ਮਾਝ ੧, ਵਾਰ ੮ : ੧ (141)

ਰਹਸੀਐ ---- ਖੁਸ਼ ਹੋਵੈ, ਖਿੜੇ

"ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ।"

– ਆਸਾ ੧, ਵਾਰ ੧੦ਸ, ੧, ੨ : ੪ (468)

"ਨਾਇ ਸੁਣਿਐ ਮਨੁ ਰਹਸੀਐ ਨਾਮੇ ਸਾਂਤਿ ਆਈ।" (ਭਾਵ ਟਿਕਾਉ ਵਿਚ ਆਵੇ)

– ਸਾਰ ੪, ਵਾਰ ੬ : ੧ (1239)

ਰਹਸੁ ------ ਖਿੜਾਉ, ਖੁਸ਼ੀ, ਅਨੰਦ

"ਹਰਿ ਨਾਮੁ ਮਿਲਿਆ ਸੋਹਾਗਣੀ ਮੇਰੇ ਗੋਵਿੰਦਾ ਮਨਿ ਅਨਦਿਨੁ ਅਨਦ ਰਹਸੁ ਜੀਉ।"

– ਗਉ ੪, ੬੬, ੩ : ੩ (173)

"ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ।"

– ਭੈਰ ੧, ੩, ੧ : ੨ (1126)

ਰਹਸੇ ------ ਖਿੜੇ, ਖੁਸ਼ ਹੋਏ

"ਸਚਿ ਰਹਸੇ ਪੂਰੇ ਹਰਿ ਲੋਗ।"

– ਗਉ ੧, ੬, ੫ : ੨ (153)

ਹੋਰ ਰੂਪ:

ਰਹੰਸੇ –
"ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ।"(ਪ੍ਰਸੰਨ ਹੋਏ,ਖਿੜੇ)
– ਗਉ ੧, ਛੰਤ ੧, ੪ : ੪ (242)

ਰਹਸੈ –
"ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ ਜਨ ਨਾਨਕ ਗੁਰ ਮਿਲਿ ਰਹਸੈ ਜੀਉ।"
– ਮਾਝ ੪, ੨, ੪ : ੩ (94)

ਰਹਹਿ ----- ਰਹਿਣ, ਰਹਿੰਦੇ ਹਨ
"ਅਸੰਖ ਜੋਗ ਮਨਿ ਰਹਹਿ ਉਦਾਸ।"
– ਜਪੁ ੧, ੧੭ : ੪ (4)
"ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ।"
– ਆਸਾ ੩, ਅਸ ੩੧, ੬ : ੧ (427)

ਰਹਹੁ ------ (1) ਰਹੋ, ਰਵੋ
"ਸਤਿਗੁਰਿ ਸਚੁ ਦ੍ਰਿੜਾਇਆ ਸਚਿ ਰਹਹੁ ਲਿਵ ਲਾਇ।"
– ਸਿਰੀ ੪, ਵਾਰ ੫ ਸ, ੩, ੨ : ੨ (84)
(2) ਮੈ ਰਹਾਂ, ਰਵਾਂ
"ਗੁਰਮਤਿ ਰਾਮ ਨਾਮੁ ਪਰਗਾਸਹੁ ਸਦਾ ਰਹਹੁ ਸਰਣਾਈ।"
– ਸੋਰ ੪, ੯, ੧* : ੨ (607)
(3) ਰਹਿੰਦੇ ਹੋ
"ਕਵਣ ਕਥਾ ਲੇ ਰਹਹੁ ਨਿਰਾਲੇ।"
– ਰਾਮ ੧, ਸਿਗੋ ੪੩ : ੩ (942)

ਰਹਣ ------ ਰਹਿਣ / ਵਿਚਰਣ ਦਾ
"ਮਰਣ ਰਹਣ ਰਸੁ ਅੰਤਰਿ ਭਾਇ।"
– ਗਉ ੧, ੯, ੧ : ੨ (153)
"ਰਹਣ ਕਹਣ ਤੇ ਰਹੈ ਨ ਕੋਈ ਕਿਸੁ ਪਹਿ ਕਰਉ ਬਿਨੰਤੀ।" (ਰਹਿਣਾ ਹੈ)
– ਰਾਮ ੧, ਓਅੰ ੧੧ : ੩ (931)
(ਮਹਾਨ ਕੋਸ਼ ਅਰਥ 'ਤਿਆਗ' ਕਰਦਾ ਹੈ।)

ਰਹਣਾ ----- ਰਹਿਣਾ, ਟਿਕਣਾ, ਵਸਣਾ
"ਪਗਿ ਖਿਸਿਐ ਰਹਣਾ ਨਹੀ ਆਗੈ ਠਉਰੁ ਨ ਪਾਇ।"
– ਸਿਰੀ ੩, ੩੭, ੪ : ੨ (28)
"ਨੀਤ ਨੀਤ ਘਰ ਬਾਂਧੀਅਹਿ ਜੇ ਰਹਣਾ ਹੋਈ।" (ਭਾਵ ਜਿਊਣਾ)
– ਆਸਾ ੧, ਅਸ ੧੩, ੨ : ੧ (418)
"ਏਤੁ ਕਮਾਣੈ ਸਦਾ ਦੁਖ ਦੁਖ ਹੀ ਮਹਿ ਰਹਣਾ।" (ਜਿਊਣਾ)
– ਰਾਮ ੩, ਵਾਰ ੧੩ਸ, ੩, ੧ : ੪ (953)

ਰਹਣਿ ----- ਟਿਕਣ
"ਪਾਪੀਆ ਨੋ ਨ ਦੇਈ ਥਿਰੁ ਰਹਣਿ ਚੁਣਿ ਨਰਕ ਘੋਰਿ ਚਾਲਿਅਨੁ।"
– ਸਿਰੀ ੪, ਵਾਰ ੧੯ : ੪ (91)

ਰਹਣੀ ----- ਰਹਿਤ

"ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ।"
- ਸਿਰੀ ੧, ਅਸ ੫, ੬ : ੩ (56)

ਰਹਣੁ ------ (1) ਰਹਿਣਾ
"ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।"
- ਜਪੁ ੧, ੨੮ : ੨੨ (6)
"ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ।"(ਰਿਹਾ, ਜੀਵਿਆ)
- ਸਿਰੀ ੫, ੮੯, ੨ : ੧ (49)
(2) ਪੇਸ਼ (ਜਾਣੀ), ਟਿਕ (ਸਕਨਾ)
"ਤਿਨ ਆਗਲੜੈ ਮੈ ਰਹਣੁ ਨ ਜਾਇ।"
- ਸਿਰੀ ਤ੍ਰਿਲੋ, ੨, ੧* : ੨ (92)
(3) ਟਿਕਣਾ
"ਮਰਣੁ ਲਿਖਾਇ ਆਏ ਨਹੀ ਰਹਣਾ।"
- ਗਉ ੧, ੯, ੧* : ੧ (153)
"ਹੋਛੀ ਸਰਣਿ ਪਇਆ ਰਹਣੁ ਨ ਪਾਈ।"(ਟਿਕਾਉ, ਰਹਿਣਾ)
- ਆਸਾ ੫, ੪, ੩: ੩ (371)
(4) ਨਿਵਾਸ, ਟਿਕਾਣਾ
"ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ।"
- ਰਾਮ ੩, ਵਾਰ ੬ਸ, ੩, ੨ : ੪ (949)

ਰਹਤ ------ (1) ਮੁਕਤ, ਬਚਿਆ ਹੋਇਆ
"ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।"
- ਸਿਰੀ ੫, ੯੬, ੧ : ੨ (51)
"ਰਾਮ ਸੇਵਕ ਭੈ ਰਹਤ ਕੀਨਾ।"
- ਗਉ ੫, ੧੪੪*, ੨ : ੨ (211)
(2) ਰਹਿੰਦੇ ਹਨ
"ਭਗਉਤੀ ਰਹਤ ਜੁਗਤਾ।"
- ਸਿਰੀ ੫, ੨੭, ੨ : ੧ (71)
"ਜਿਹ ਪ੍ਰਸਾਦਿ ਤੇਰਾ ਓਲਾ ਰਹਤ।"
- ਗਉ ੫, ਸੁਖ ੬, ੩ : ੩ (270)
(3) ਰਹਿਣੀ
"ਰਹਤ ਰਹਤ ਰਹਿ ਜਾਹਿ ਬਿਕਾਰਾ।"
- ਗਉ ੫, ਬਾਅ ੪੪ : ੫ (259)
(ਦੂਜੇ 'ਰਹਤ' ਦੇ ਅਰਥ ਹਨ 'ਰਹਿਣ ਨਾਲ')
"ਰਹਤ ਅਵਰ ਕਛੁ ਅਵਰ ਕਮਾਵਤ।"
- ਗਉ ੫, ਸੁਖ ੫, ੭ : ੧ (269)
"ਸਭੁ ਕਛੁ ਜਾਨੈ ਆਤਮ ਕੀ ਰਹਤ।"
- ਗਉ ੫, ਸੁਖ ੫, ੮ : ੬ (269)
('ਮਹਾਨ ਕੋਸ਼' ਇਥੇ ਅਰਥ 'ਹਾਲਤ, ਦਸ਼ਾ' ਕਰਦਾ ਹੈ)
"ਸੰਤ ਰਹਤ ਸੁਨਹੁ ਮੇਰੇ ਭਾਈ।" (ਰਹਿਣੀ, ਮਰਯਾਦਾ)

– ਆਸਾ ੫, ੮੮, ੧* : ੧ (392)

(4) ਰਹਿਣ ਨਾਲ

“ਰਹਤ ਰਹਤ ਰਹਿ ਜਾਹਿ ਬਿਕਾਰਾ।”

– ਗਉ ੫, ਬਾਅ ੪੪ : ੫ (259)

(5) ਵਖਰਾ, ਬਿਨਾਂ

“ਉਪਾਵ ਸਿਆਨਪ ਸਗਲ ਤੇ ਰਹਤ।”

– ਗਉ ੫, ਸੁਖ ੫, ੮ : ੫ (269)

“ਸੰਤ ਕਾ ਦੋਖੀ ਧਰਮ ਤੇ ਰਹਤ।” (ਕੋਰਾ, ਖਾਲੀ, ਵਿਹੂਣਾ)

– ਗਉ ੫, ਸੁਖ ੧੩, ੬ : ੭ (280)

(6) ਰਹਿੰਦਾ ਹੈ

“ਜਿਹ ਪ੍ਰਸਾਦਿ ਤੇਰਾ ਓਲਾ ਰਹਤ।”

– ਗਉ ੫, ਸੁਖ ੬, ੩ : ੩ (270)

“ਕਰਤ ਫਿਰੇ ਬਨ ਭੇਖ ਮੋਹਨ ਰਹਤ ਨਿਰਾਰ।”

– ਦੇਵ ੫, ੩੧, ੧* : ੧ (534)

(7) ਨਿਵਾਸ, ਰਹਿਣੀ

“ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ।”

– ਗੂਜ ੩, ੫, ੩ : ੨ (490)

(8) ਰਹਿੰਦੀ, ਟਿਕਦੀ

“ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।”

– ਸੋਰ ੯, ੮, ੧ : ੧ (633)

(9) ਦੂਰ ਹੋ ਗਏ, ਮੁਕ ਗਏ

“ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ।”

– ਸਾਰ ੫, ੫੩, ੧ : ੨ (1215)

(10) ਰਹਿਤ ਰਖਣ ਵਾਲੇ

“ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ।”

– ਸਾਰ ੫, ੧੩੩, ੨ : ੩ (1230)

ਰਹੰਤ ------ (1) ਮੁਕ ਜਾਂਦੇ ਹਨ

“ਬਿਨਵੰਤਿ ਨਾਨਕ ਸਿਮਰਿ ਜੀਵਾ ਜਨਮ ਮਰਣ ਰਹੰਤ ਜੀਉ।”

– ਰਾਮ ੫, ਰੁਤੀ ੧ : ੬ (927)

(2) ਰਹਿੰਦਾ ਹੈ

“ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੵੰ ਅਚੁਤ ਤਨਹ।”

– ਸਸ ੫, ੧ : ੪ (1354)

ਰਹਤਉ ---- ਰਹਿੰਦਾ ਹੈ, ਵਸਦਾ ਹੈ

“ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ।”

– ਰਾਮ ੧, ਸਿਗੋ ੬੭ : ੩ (945)

ਰਹਤਹ ----- ਰਹਿੰਦੇ ਹਨ

“ਭਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ।”

– ਸਸ ੫, ੪੦ : ੪ (1357)

ਰਹਤਾ ----- (1) ਰੁਕ ਜਾਂਦਾ
"ਕਉਣ ਸੁ ਅਖਰੁ ਜਿਤੁ ਧਾਵਤੁ ਰਹਤਾ।"
– ਮਾਝ ੫, ਅਸ ੩੬, ੪ : ੧ (131)

(2) ਰਹਿੰਦਾ ਹੈ
"ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨਾ ਪਾਇਆ।"
– ਗਉ ੫, ੧੬੪*, ੧ : ੧ (216)

"ਅੰਨ ਤੇ ਰਹਤਾ ਦੁਖੁ ਦੇਹੀ ਸਹਤਾ।" (ਭਾਵ ਅੰਨ ਨਹੀਂ ਖਾਂਦਾ)
– ਪ੍ਰਭਾ ੫, ਅਸ ੨, ੬ : ੩ (1348)

(3) ਮੁਕਤ ਹੋ ਜਾਣਾ, ਛੁੱਟ ਜਾਣਾ
"ਵਰਨ ਚਿਹਨ ਸਗਲਹ ਤੇ ਰਹਤਾ।"
– ਗਉ ੫, ਬਾਅ ੪੬ : ੭ (260)

(4) ਰਹਿੰਦੀ ਹੈ ਭਾਵ ਨਿਭ ਜਾਂਦੀ ਹੈ
"ਜਿਹ ਪ੍ਰਸਾਦਿ ਤੇਰੋ ਰਹਤਾ ਧਰਮੁ।" (ਪ੍ਰਤਿਗਿਆ (ਧਰਮ) ਨਿਭਾ ਆਉਂਦੀ ਹੈ)
– ਗਉ ੫, ਸੁਖ ੬, ੨ : ੭ (270)

(5) ਪਰ੍ਹੇ ਹੈ
"ਸੁਨੀਐ ਅਵਰ ਅਵਰ ਬਿਧਿ ਬੁਝੀਐ ਬਕਨ ਕਥਨ ਰਹਤਾ।"
– ਗੁਜ ੫, ੧੧, ੧* : ੨ (498)

ਰਹੰਤਾ ----- ਰਹਿ ਜਾਂਦਾ ਹੈ, ਮੁਕ ਜਾਂਦਾ ਹੈ
"ਰਹੰਤਾ ਜਨਮ ਮਰਣੇਨ ਰਮਣੰ ਨਾਨਕ ਹਰਿ ਕੀਰਤਨਹ।"
– ਗਾਥਾ ੫, ੭ : ੨ (1360)

ਰਹਤੀ ----- ਰਹਿੰਦੀ
"ਏਕ ਵਸਤੁ ਕਉ ਪਹੁਚਿ ਨ ਸਾਕੈ ਧਨ ਰਹਤੀ ਭੂਖ ਪਿਆਸਾ ਹੇ।"
– ਮਾਰੂ ੫, ਸੋਲਾ ੨, ੩ : ੩ (1072)

ਰਹਤੁ ------ (1) ਨਿਰਲੇਪ, ਮੁਕਤ
"ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ।"
– ਧਨਾ ੫, ਅਸ ੧, ੩ : ੨ (687)

(2) ਰਹਿੰਦਾ
"ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ।"
– ਰਾਮ ੧, ੧, ੨ : ੨ (876)

ਰਹਤੇ ------ (1) ਨਿਰਲੇਪ, ਵਖਰੇ
"ਦੀਸਹਿ ਸਭ ਮਹਿ ਸਭ ਤੇ ਰਹਤੇ।"
– ਗਉ ੫, ੮੬, ੩ : ੩ (181)

(2) ਹਟਦੇ, ਰੁਕਦੇ
"ਦਰਬਿ ਸਿਆਣਪ ਨਾ ਓਇ ਰਹਤੇ।"
– ਗਉ ੫, ੮੯, ੩ : ੩ (182)

(3) ਰਹਿੰਦੇ ਹਨ

“ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ।”
– ਗਉ ੫, ਬਾਅ ੬ : ੪ (251)

(4) ਬਚਦੇ ਹਨ
“ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ।” (ਜਨਮ ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ।)
– ਸਾਰ ੫, ੧੩੩, ੨ : ੨ (1230)

ਰਹੰਤੌ ------ ਰਹਿੰਦਾ ਹੈ
“ਭਰਥਰਿ ਗੁਣ ਉਚਰੈ ਸਦਾ ਗੁਰ ਸੰਗਿ ਰਹੰਤੌ।”
– ਸਵ ੧, ੧੦ : ੪ (1390)

ਰਹਦਾ ----- ਰਹਿੰਦਾ ਹਾਂ/ਹੈ
“ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ।”
– ਸੂਹੀ ੧, ੯, ੪ : ੨ (731)
“ਕਪੜੁ ਭੋਜਨੁ ਸਚੁ ਰਹਦਾ ਲਿਵੈ ਧਾਰ।”
– ਰਾਮ ੫, ਵਾਰ ੧੧ : ੭ (962)

ਹੋਰ ਰੂਪ:

ਰਹੰਦਾ –
“ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ।”
– ਮਾਰੂ ੫, ਵਾਰ ੭ : ੩ (1096)

ਰਹਦੀ ----- ਬਚੀ ਹੋਈ, ਬਾਕੀ ਦੀ
“ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ
ਰਹਦੀ ਖੁਹਦੀ ਸਭ ਪਤਿ ਗਵਾਹੀ।”
– ਗਉ ੪, ਵਾਰ ੧੫ ਸ, ੪, ੨ : ੮ (309)

ਰਹਦੇ ------ ਬਾਕੀ ਦੇ, ਬਚੇ ਹੋਏ
“ਰਹਦੇ ਖੁਹਦੇ ਨਿੰਦਕ ਮਾਰਿਅਨੁ ਕਰਿ ਆਪੇ ਆਹਰੁ।”
– ਗਉ ੪, ਵਾਰ ੨੭ਸ, ੫, ੧ : ੧ (315)

ਰਹੰਦੇ ------ ਰਹਿੰਦੇ ਹਨ
“ਜਨ ਨਾਨਕ ਆਪੇ ਆਪਿ ਸਭੁ ਵਰਤੈ ਜਿਉ ਰਾਖੈ ਤਿਵੈ ਰਹੰਦੇ।”
– ਬਿਲਾ ੪, ੬, ੪ : ੨ (800)

ਰਹਨ ------ ਰਹਿਣ, ਨਿਵਾਸ
“ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ।”
– ਸੋਰ ਕਬ, ੨, ੨ : ੨ (654)

ਹੋਰ ਰੂਪ:

ਰਹਨਾ –
“ਜਿਉ ਤੁਮ ਰਾਖਹੁ ਤਿਵ ਹੀ ਰਹਨਾ।” (ਰਹਿਣਾ, ਵਸਣਾ, ਨਿਵਾਸ ਕਰਨਾ)
– ਗਉ ੫, ੮੭, ੨ : ੧ (181)
“ਸੁਲਤਾਨ ਖਾਨ ਬਾਦਿਸਾਹ ਨਹੀ ਰਹਨਾ।”(ਬਚਨਾ)

– ਗਉ ੧, ਅਸ ੧੪, ੩ : ੧ (227)
ਰਹਨਿ –
“ਹਰਿ ਨਾਮੁ ਸਲਾਹਨਿ ਨਾਮੁ ਮਨਿ ਨਾਮਿ ਰਹਨਿ ਲਿਵ ਲਾਇ।”(ਰਹਿੰਦੇ ਹਨ)
– ਸਿਰੀ ੫, ੭੦, ੩ : ੨ (42)
“ਮੇਰੀ ਮਤਿ ਬਉਰੀ ਮੈ ਰਾਮੁ ਬਿਸਾਰਿਓ ਕਿਨ ਬਿਧਿ ਰਹਨਿ ਰਹਉ ਰੇ।” (ਰਹਿਣੀ)
– ਆਸਾ ਕਬ, ੨੫, ੧* : ੨ (482)
“ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ।” (ਮੁਕਦੇ)
– ਮਾਰੂ ੧, ਅਸ ੧੦, ੨ : ੨ (1015)
ਰਹੰਨਿ –
“ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ।” (ਰਹਿੰਦੇ ਹਨ)
– ਸਿਰੀ ੩, ਅਸ ੨੫, ੮ : ੨ (70)
“ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ।” (ਰਖਨ, ਵਿਚ ਰਹਿਣ)
– ਸੂਹੀ ੩, ਵਾਰ ੬ਸ, ੩, ੨ : ੧ (787)

ਰਹਨੀ ----- ਰਹਿੰਦੀਆਂ
“ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ।”
– ਮਾਝ ੧, ਵਾਰ ੨੨ : ੨ (148)

ਰਹਨੁ ------ ਰਹਿਣਾ, ਨਿਵਾਸ, ਟਿਕਾਉ
“ਰਹਨੁ ਨਹੀ ਗਹੁ ਕਿਤਨੋ।”
– ਗਉ ੫, ੧੪੮, ੧* : ੨ (212)
“ਰੋਗ ਬੰਧ ਰਹਨੁ ਰਤੀ ਨ ਪਾਵੈ।”
– ਭੈਰ ੫, ੨੦, ੩ : ੩ (1141)

ਰਹਨ੍ਹਿ ----- ਰਹਿੰਦੇ ਹਨ
“ਇਕਨ੍ਹੀ ਦੁਧੁ ਸਮਾਈਐ ਇਕਿ ਚੁਲ੍ਹੈ ਰਹਨ੍ਹਿ ਚੜੇ।”
– ਆਸਾ ੧, ਵਾਰ ੨੪ਸ, ੧, ੧ : ੨ (475)
ਹੋਰ ਰੂਪ:
ਰਹੰਨ੍ਹਿ –
“ਪਇਐ ਕਿਰਤਿ ਕਮਾਵਦੇ ਜਿਵ ਰਾਖਹਿ ਤਿਵੈ ਰਹੰਨਿ।” (ਰਹਿੰਦੇ ਹਨ)
– ਬਿਲਾ ੪, ਵਾਰ ੧੨ਸ, ੩, ੧ : ੭ (854)

ਰਹਮ ------ (ਅ. ਰਹਮ) ਦਇਆ, ਕ੍ਰਿਪਾ
“ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ।”
– ਤਿਲੰ ੫, ੩, ੪ : ੨ (724)
ਹੋਰ ਰੂਪ:
ਰਹੰਮ –
“ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ।” (ਤਰਸ,ਰਹਿਮ,ਕ੍ਰਿਪਾ)
– ਗੂਜ ੫, ਵਾਰ ੪ : ੨ (516)

ਰਹਮਾਣੁ ---- (ਅ. ਰਹਮਾਣ) ਰਹਿਮ ਕਰਨ ਵਾਲਾ, ਦਇਆਲੂ

"ਨਾਨਕ ਨਾਉ ਭਇਆ ਰਹਮਾਣੁ।"

– ਰਾਮ ੧, ਅਸ ੧, ੭ : ੩ (903)

ਹੋਰ ਰੂਪ:

ਰਹਮਾਨਾ –
"ਭਿਸਤੁ ਨਜੀਕਿ ਰਾਖੁ ਰਹਮਾਨਾ।"
ਹੇ ਰਹਿਮ ਵਾਲੇ (ਪ੍ਰਭੂ)

– ਭੈਰ ਕਬ, ੧੫, ੪ : ੪ (1161)

ਰਹਰਾਸਿ ---- (1) ਰਹੁਰੀਤ, ਮਰਯਾਦਾ

"ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ।"

– ਗੂਜ ੪, ਸੋਦ ੪, ੧* : ੨ (10)

(2) ਬੇਨਤੀ, ਅਰਦਾਸ

"ਸਾਹੁ ਪਾਤਿਸਾਹੁ ਸਭੁ ਹਰਿ ਕਾ ਕੀਆ
ਸਭਿ ਜਨ ਕਉ ਆਇ ਕਰਹਿ ਰਹਰਾਸਿ।"

– ਗਉ ੪, ਵਾਰ ੧੦ਸ, ੪, ੨ : ੪ (305)

(ਮਹਾਨ ਕੋਸ਼ ਅਰਥ 'ਨਮਸਕਾਰ' ਕਰਦੇ ਹਨ)

"ਰਹਰਾਸਿ ਹਮਾਰੀ ਗੁਰ ਗੋਪਾਲਾ।"

– ਰਾਮ ੫, ੧੩, ੪ : ੨ (886)

(3) ਨਮਸਕਾਰ ਕੀਤੀ, ਮਥਾ ਟੇਕਿਆ

"ਗੁਰਿ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ।" (ਭਾਵ ਗੁਰਗਦੀ ਦਿੱਤੀ)

– ਰਾਮ ਬਸ, ਵਾਰ ੧ : ੬ (966)

ਰਹਾ ------ (1) ਰਹਵਾਂ, ਰਹਾਂ

"ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ।"

– ਜਪੁ ੧, ੧ : ੨ (1)

ਹੋਰ ਰੂਪ:

ਰਹਾਂ ------

"ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ।" (ਰਹਵਾਂ)

– ਧਨਾ ੧, ੧, ੩* : ੨ (660)

(2) ਰਿਹਾ

"ਕਹਿ ਕਬੀਰ ਹੀਰਾ ਅਸ ਦੇਖਿਓ ਜਗ ਮਹ ਰਹਾ ਸਮਾਈ।"

– ਆਸਾ ਕਬ, ੩੧, ੨ : ੧ (483)

"ਮਨ ਤਉ ਮੈਗਲੁ ਹੋਇ ਰਹਾ ਨਿਕਸਿਆ
ਕਿਉ ਕਰਿ ਜਾਇ।" (ਰਿਹਾ ਹੈ)

ਗੂਜ ੫, ਵਾਰ ੪ਸ, ਕਬ, ੧ : ੨ (509)

"ਹਮਰਾ ਝਗਰਾ ਰਹਾ ਨ ਕੋਉ।"

– ਭੈਰ ਕਬ, ੭, ੧* : ੧ (1158)

ਰਹਾਉ ----- (1) ਰਹੋ

"ਭਾਈ ਰੇ ਗੁਰਮਤਿ ਸਾਚਿ ਰਹਾਉ।"

– ਸਿਰੀ ੩, ੪੪, ੧* : ੧ (30)

(2) ਟਿਕਿਆ ਹੋਇਆ ਹਾਂ

"ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ।"

– ਸਿਰੀ ੫, ੮੨, ੩ : ੨ (46)

(3) ਰਹਿੰਦਾ ਹਾਂ

"ਮੈ ਗੁਰਬਾਣੀ ਆਧਾਰੁ ਹੈ ਗੁਰਬਾਣੀ ਲਾਗਿ ਰਹਾਉ।"

– ਸੂਹੀ ੪, ਅਸ ੨, ੮ : ੨ (759)

"ਜਿਉ ਤੂ ਰਾਖਹਿ ਤਿਵੈ ਰਹਾਉ।"

– ਬਸੰ ੧, ਅਸ ੪, ੪ : ੨ (1189)

"ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ।" (ਰਵਾਂ)

– ਸਲੋ ੩, ੫੧ : ੫ (1419)

(4) ਰਹਿਣ ਦਿਆਂ, ਛੱਡ ਦਿਆਂ

"ਇੜਾ ਪਿੰਗੁਲਾ ਅਉਰੁ ਸੁਖਮਨਾ ਪਉਨੈ ਬੰਧਿ ਰਹਾਉ ਗੋ।"

– ਰਾਮ ਨਾਮ, ੨, ੨ : ੧ (973)

ਰਹਾਇ ----- (1) ਰਹਿੰਦਾ

"ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ।"

– ਗਉ ਕਬ, ੬੪, ੨ : ੧ (337)

(2) ਰਖਦਾ ਹੈ

"ਹਉਮੈ ਮੇਰਾ ਵਡ ਰੋਗੁ ਹੈ ਵਿਚਹੁ ਠਾਕਿ ਰਹਾਇ।"

– ਸੂਹੀ ੫, ਅਸ ੩, ੨੧ : ੨ (756)

"ਵਿਣੁ ਥੰਮ੍ਹਾ ਗਗਨੁ ਰਹਾਇ ਸਬਦੁ ਨੀਸਾਣਿਆ।" (ਖੜਾ ਰਖਦਾ ਹੈ)

– ਮਲਾ ੧, ਵਾਰ ੧ : ੩ (1279)

"ਕਬੀਰ ਹਰਦੀ ਪੀਰਤਨੁ ਹਰੈ ਚੂਨ ਚਿਹਨੁ ਨ ਰਹਾਇ।"

– ਸਲੋ ਕਬ, ੫੭ : ੧ (1367)

ਹੋਰ ਰੂਪ:

ਰਹਾਇਆ –

"ਹਉਮੈ ਮੇਰਾ ਠਾਕਿ ਰਹਾਇਆ।" (ਰਖਿਆ)

– ਮਾਝ ੩, ਅਸ ੨, ੬ : ੨ (110)

"ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ।" (ਰਖਿਆ ਭਾਵ ਟਿਕਾਇਆ)

– ਆਸਾ ਕਬ, ੨੩, ੧ : ੧ (481)

ਰਹਾਇਦਾ –

"ਹੁਕਮੇ ਸੁਰਗੁ ਮਛੁ ਪਇਆਲਾ ਹੁਕਮੇ ਕਲਾ ਰਹਾਇਦਾ।" (ਰਖਦਾ ਭਾਵ ਧਾਰਨ ਕਰਦਾ ਹੈ)

– ਮਾਰੂ ੧, ਸੋਲਾ ੧੬, ੧੦ : ੩ (1037)

"ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ।" (ਰਖਦਾ ਹੈ)

– ਮਾਰੂ ੧, ਸੋਲਾ ੧੭, ੨ : ੩ (1037)

ਰਹਾਇਲੇ --- ਰਹਿੰਦਾ ਹੈ

“ਆਕਾਸਿ ਗਗਨੁ ਪਾਤਾਲਿ ਗਗਨੁ ਹੈ ਚਹੁ ਦਿਸਿ ਗਗਨੁ ਰਹਾਇਲੇ।”

– ਗੋਂਡ ਕਬ, ੩, ੧ : ੧ (870)

ਰਹਾਈ ----- ਰਖੀ

“ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ।”

– ਸਿਰੀ ੧, ੨੮, ੧ : ੨ (24)

“ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ।” (ਰਹਿੰਦੀ)

– ਗਉ ੯, ੪, ੧* : ੨ (219)

“ਸੀਤਲਾ ਠਾਕ ਰਹਾਈ।” (ਰਖੀ)

– ਸੋਰ ੫, ੭੫, ੧ : ੩ (627)

“ਜਤਨ ਕਰੈ ਬਿੰਦੁ ਕਿਵੈ ਨ ਰਹਾਈ।” (ਰਖ ਸਕਦਾ, ਰੋਕ ਸਕਦਾ)

– ਰਾਮ ੧, ਅਸ ੬, ੫ : ੧ (906)

ਹੋਰ ਰੂਪ:

ਰਹਾਈਆ –

“ਕਰਮਿ ਮਿਲੈ ਨਾਹੀ ਠਾਕਿ ਰਹਾਈਆ।” (ਰਖੀਆਂ)

– ਆਸਾ ੧, ੧, ੩ : ੪ (349)

(1) ਮੁਕ ਜਾਣਾ

“ਏਕ ਸਰੇਵੈ ਤਾ ਗਤਿ ਮਿਤਿ ਪਾਵੈ ਆਵਣੁ ਜਾਣੁ ਰਹਾਈ।”

– ਰਾਮ ੧, ਓਅੰ ੬ : ੪ (930)

“ਸਚੈ ਸਬਦਿ ਰਤੇ ਬੈਰਾਗੀ ਆਵਣੁ ਜਾਣੁ ਰਹਾਈ ਹੇ।” (ਰਹਿ ਜਾਂਦਾ ਭਾਵ ਮੁਕ ਜਾਂਦਾ ਹੈ।)

– ਮਾਰੂ ੩, ਸੋਲਾ ੧, ੧੧ : ੩ (1044)

ਰਹਾਈਐ --- (1) ਬਚ ਸਕਦੇ/ਟਿਕ ਸਕਦੇ/ਰਹਿ ਸਕਦੇ ਹਾਂ

“ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ
ਓਟ ਰਹਾਈਐ।”

– ਸੋਰ ੫, ੬੨, ੩ : ੩ (625)

(2) ਰਖਿਆ ਜਾ ਸਕਦਾ ਹੈ

“ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤ ਵਰਜਿ ਰਹਾਈਐ।”

– ਸੂਹੀ ੧, ੮, ੩ : ੧ (730)

ਰਹਾਏ ----- (1) ਮੁਕਾ ਦਿੰਦਾ ਹੈ

“ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ।”

– ਸਿਰੀ ੩, ਅਸ ੨੨, ੫ : ੩ (67)

(2) ਰਖਦਾ ਹੈ

“ਆਵਣੁ ਜਾਣਾ ਠਾਕਿ ਰਹਾਏ ਸਚੈ ਨਾਮਿ ਸਮਾਵਣਿਆ।” (ਰਖਦਾ ਹੈ)

– ਮਾਝ ੧, ਅਸ ੧, ੭ : ੩ (109)

“ਕਲ ਜੁਗਿ ਧਰਮ ਕਲਾ ਇਕ ਰਹਾਏ।” (ਰਖਦਾ ਹੈ, ਰਹਿ ਜਾਂਦੀ ਹੈ।)

– ਰਾਮ ੩, ੧, ੪ : ੧ (880)

(1) ਥਾਪੇ, ਥਿਰ ਕੀਤੇ
"ਭਗਤ ਸਚੈ ਦਰਿ ਸੋਹਦੇ ਸਚੈ ਸਬਦਿ ਰਹਾਏ।"
- ਗੂਜ ੩, ਵਾਰ ੧੧ : ੧ (513)

ਰਹਾਸੀ ----- ਰਹੇ ਹਨ
"ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ।"
- ਮਾਰੂ ੫, ਵਾਰ ੧੭ : ੫ (1100)

ਰਹਾਤਾ ----- ਰਖਿਆ ਹੈ
"ਦੇਹੀ ਨਗਰੀ ਨਉ ਦਰਵਾਜੇ ਸੋ ਦਸਵਾ ਗੁਪਤੁ ਰਹਾਤਾ ਹੇ।"
- ਮਾਰੂ ੧, ਸੋਲਾ ੧੧, ੪ : ੩ (1031)

ਰਹਾਵਾ ----- (1) ਰਹਿੰਦਾ ਭਾਵ ਟਿਕਦਾ
"ਜਹ ਅਬੋਲ ਤਹ ਮਨੁ ਨ ਰਹਾਵਾ।"
- ਗਉ ਕਬ, ਬਾਅ ੨ : ੨ (340)

(2) ਟਿਕਾਵਾਂ
"ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ।"
- ਸੂਹੀ ੧, ੯, ੨ : ੨ (731)

ਹੋਰ ਰੂਪ:

ਰਹਾਵੈ -
"ਹੁਕਮੈ ਧਰਿ ਅਧਰ ਰਹਾਵੈ।" (ਟਿਕਾਉਂਦਾ/ਰਖਦਾ ਹੈ)
- ਗਉ ੫, ਸੁਖ ੧੧, ੧ : ੫ (277)
"ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ।" (ਰਖੇ)
- ਸੋਰ ੧, ਅਸ ੧, ੨ : ੩ (634)

ਰਹਿ ------ (1) ਰੁਕ, ਮੁਕ
"ਧੰਧਾ ਧਾਵਤ ਰਹਿ ਗਏ ਲਾਗਾ ਸਾਚਿ ਪਿਆਰੁ।"
- ਸਿਰੀ ੩, ੫੩, ੪ : ੩ (34)
"ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ।" (ਮੁਕ ਗਿਆ)
- ਸਿਰੀ ੩, ੫੫, ੩ : ੩ (35)
"ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ।" (ਰੁਕ, ਟਿਕ)
- ਮਾਝ ੪, ੧, ੩ : ੩ (94)

"ਖਿਨੁ ਪਥੁ ਰਹਿ ਨ ਸਕੈ ਜੀਉ ਬਿਨੁ ਹਰਿ
ਪਿਆਰੇ।" (ਭਾਵ ਜੀ ਨ ਸਕੇ)
- ਗਉ ੩, ਛੰਤ ੧, ੧ :੨ (243)
"ਆਵਣੁ ਜਾਣਾ ਰਹਿ ਗਏ ਮਨਿ ਵੁਠਾ ਨਿਰੰਕਾਰੁ।" (ਮੁਕ ਗਿਆ)
- ਸੂਹੀ ੫, ਅਸ ੩, ੬ : ੧ (760)

ਹੋਰ ਰੂਪ:

ਰਹਿਓ -
"ਨਾਨਕ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ।" (ਮੁਕ ਗਿਆ)

– ਸਿਰੀ ੧, ੨੮, ੪ : ੨ (24)

(2) ਬਚੇ

“ਕੋਇ ਨ ਰਹਿ ਹੈ ਰਾਜਾ ਰਾਨਾ।”

– ਭੈਰ ਕਬ, ੨, ੧ : ੨ (1157)

“ਕਬੀਰ ਇਹ ਚਿਤਾਵਨੀ ਮਤ ਸਹਸਾ ਰਹਿ ਜਾਇ।”

– ਸਲੋ ਕਬ, ੪੪ : ੧ (1366)

ਰਹਿਓ ----- (1) ਮੁਕ ਗਿਆ, ਵੇਖੋ ਰਹਿ (2)

“ਹਮਰਾ ਜੋਰ ਸਭੁ ਰਹਿਓ ਮੇਰੇ ਬੀਰ।”

– ਗੂਜ ੪, ੭, ੧* : ੧ (494)

(2) ਰਿਹਾ ਹੈ

“ਪੂਰਨ ਪੂਰਿ ਰਹਿਓ ਸਭ ਜਾਇ।”

– ਗਉ ੫, ੭੭, ੪ : ੨ (178)

“ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ।” (ਰਿਹਾ ਹਾਂ)

– ਦੇਵ ੯, ੧, ੧* : ੨ (536)

(3) ਰਹੋ

“ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ।”

– ਗਉ ੯, ੨, ੨ : ੨ (219)

(4) ਬਚ ਰਿਹਾ (ਗਿਆ)

“ਜਨਮ ਮਰਨ ਤੁਝ ਤੇ ਰਹਿਓ।”

– ਗਉ ੫ ਅਸ ੧੩, ੬ : ੨ (241)

“ਸਾਧਸੰਗਤਿ ਭਗਵਾਨ ਭਜਨ ਬਿਨੁ ਕਹੀ ਨ ਸਚ ਰਹਿਓ।” (ਬਚ ਰਿਹਾ)

– ਗਉ ਕਬ, ੫੯, ੧* : ੨ (336)

(5) ਰਹਿੰਦਾ ਹੈ

“ਰਹਿਓ ਝਝਕਿ ਨਾਹੀ ਪਰਵਾਨਾ।”

– ਗਉ ਕਬ, ਬਾਅ ੧੫ : ੨ (341)

(6) ਰਹਿ ਗਿਆ, ਬਚਿਆ

“ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ।”

– ਟੋਡੀ ਨਾਮ, ੨, ੧* : ੧ (718)

(7) ਰਖੇ ਹਨ

“ਏ ਦੁਇ ਅਖਰ ਨਾ ਖਿਸਹਿ ਸੋ ਗਹਿ ਰਹਿਓ ਕਬੀਰੁ।”

– ਸਲੋ ਕਬ, ੧੭੧ : ੨ (1373)

ਰਹਿਓਸੁ ---- ਬਚਿਆ, ਬਾਕੀ ਰਿਹਾ

“ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ।”

– ਬਿਲਾ ੫, ੧੦੪, ੨ : ੧ (825)

ਰਹਿਆਉ --- ਰਹੀ

“ਤਾ ਤੇ ਅੰਗਦੁ ਲਹਣਾ ਪ੍ਰਗਟਿ ਤਾਸ ਚਰਣਹ ਲਿਵ ਰਹਿਆਉ।”

– ਸਵ ੩, ੧੫ : ੨ (1395)

ਰਹਿਆ ---- (1) ਰਿਹਾ

"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।"

– ਜਪੁ ੧, ੫ : ੭ (2)

(2) ਬਾਕੀ ਬਚਿਆ

"ਗਇਆ ਭਰਮੁ ਰਹਿਆ ਪਰਮਾਨੰਦਾ।"

– ਗਉ ਕਬ, ੨੦, ੩ : ੨ (327)

"ਜੋ ਗੁਰ ਮੇਲਿ ਸਵਾਰਿਆ ਪਿਆਰੇ ਤਿਨ ਕਾ ਰਹਿਆ ਮੂਲੁ।" (ਰਹਿ ਗਿਆ, ਬਚ ਗਿਆ, ਪਕਾ ਹੋ ਗਿਆ)

– ਸੋਰ ੫, ਅਸ ੨, ੪ : ੪ (641)

(3) ਮੁਕ ਗਈ, ਖਤਮ ਹੋ ਗਈ

"ਜੋਤਿ ਮਿਲੀ ਸੰਗਿ ਜੋਤਿ ਰਹਿਆ ਘਾਲਦਾ।"

– ਗੂਜ ੫, ਵਾਰ ੨੧ : ੪ (524)

"ਅਸਥਿਰੁ ਥੀਆ ਅੰਮ੍ਰਿਤ ਪੀਆ ਰਹਿਆ ਆਵਣ ਜਾਣੀ।"

– ਵਡ ੫, ਛੰਤ ੧, ੧ : ੪ (576)

(4) ਬਚ ਗਿਆ

"ਜਿਸੁ ਆਇਆ ਹਥਿ ਨਿਧਾਨੁ ਸੁ ਰਹਿਆ ਭਾਲਣੋ।"

– ਰਾਮ ੫, ਵਾਰ ੧੩ : ੫ (963)

ਰਹਿਤ ----- ਬਿਨਾ

"ਰੋਗ ਰਹਿਤ ਮੇਰਾ ਸਤਿਗੁਰੁ ਜੋਗੀ।"

– ਭੈਰ ੫, ੨੦, ੧* : ੨ (1140)

ਹੋਰ ਰੂਪ:

ਰਹਿਤੰ –

"ਨਵੰਤ ਦੁਆਰਿ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।"

– ਸਸ ੫, ੪ : ੨ (1354)

ਰਹਿਬੋ ----- ਰਹਿੰਦਾ ਹੈ

"ਉਪਜਤ ਬਿਨਸਤ ਰੋਵਤ ਰਹਿਬੋ।"

– ਗਉ ਕਬ, ੮, ੧* : ੨ (325)

ਰਹੀ ------ (1) ਰਹਿੰਦੀ ਹੈ

"ਮੇਰੇ ਮਨ ਅਹਿਨਿਸਿ ਰਹੀ ਨਿਤ ਆਸਾ।"

– ਸਿਰੀ ੩, ੪੧, ੧* : ੧ (29)

(2) ਰਹਿ ਗਈ

"ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ।"

– ਸਿਰੀ ੧, ਅਸ ੬, ੨ : ੨ (56)

"ਹਉ ਬਨੁ ਬਨੋ ਦੇਖਿ ਰਹੀ ਤ੍ਰਿਣੁ ਦੇਖਿ ਸਬਾਇਆ ਰਾਮਾ।" (ਰਹਿ ਗਈ, ਥਕ ਗਈ)

– ਆਸਾ ੧, ਛੰਤ ੨, ੪ : ੧ (437)

"ਜੋਗੀ ਬਪੁੜਾ ਖੇਲਿਓ ਆਸਨਿ ਰਹੀ ਬਿਭੂਤਿ।"

– ਸਲੋ ਕਬ, ੪੮ : ੨ (1367)

(3) ਹੋਈ ਹੈ

"ਸਿਧ ਸਾਧਿਕ ਅਰੁ ਜਖੵ ਕਿੰਨਰ ਨਰ ਰਹੀ ਕੰਚਿ ਉਰਝਾਇ।"
- ਗੂਜ ੫, ੨੧, ੨ : ੧ (500)

(4) ਖਤਮ ਹੋ ਗਈ, ਮੁਕ ਗਈ
"ਮਨ ਸਗਲ ਸਿਆਨਪ ਰਹੀ।"
- ਦੇਵ ੫, ੭, ੧* : ੧ (529)

"ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ।"
- ਸਾਰ ੫, ੫, ੧* : ੧ (1203)

ਰਹੀਅਹਿ --- ਰਹਿੰਦੀ ਹੈ
"ਤੂੰ ਕਾਇਆ ਰਹੀਅਹਿ ਸੁਪਨੰਤਰਿ ਤੁਧੁ ਕਿਆ ਕਰਮ ਕਮਾਇਆ।"
- ਗਉ ੧, ੧੩, ੩ : ੧ (155)

ਰਹੀਆ ---- (1) ਰਹਿੰਦੀ, ਰਹੀ, ਰਹੋ
"ਨਾਨਕ ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ।"
- ਗੂਜ ੫, ਵਾਰ ੨ਸ, ੫, ੨ : ੨ (518)

"ਕਾਈ ਬਾਤ ਨ ਰਹੀਆ ਊਰੀ।" (ਰਹੀ)
- ਸੋਰ ੫, ੫੮, ੧ : ੨ (623)

"ਮੇਰੇ ਮਨ ਸਾਧ ਸੰਗਤਿ ਮਿਲਿ ਰਹੀਆ।" (ਰਹੋ)
- ਬਿਲਾ ੪, ੭, ੧* : ੧ (835)

(2) ਰਹਿ ਜਾਣਾ, ਘਟ ਜਾਣਾ, ਰੁਕ ਜਾਣਾ
"ਅਧਿਕ ਬਕਉ ਤੇਰੀ ਲਿਵ ਰਹੀਆ।"
- ਪ੍ਰਭਾ ੧, ੧੨, ੧ : ੨ (1330)

ਰਹੀਐ ----- (1) ਵਸੀਏ, ਵਸੀਦਾ ਹੈ
"ਮਿਟਹਿ ਕਲੇਸ ਸੁਖੀ ਹੋਇ ਰਹੀਐ।"
- ਗਉ ੫, ੯੩, ੧ : ੩ (183)

"ਭਉ ਭਜਿ ਜਾਇ ਅਭੈ ਹੋਇ ਰਹੀਐ।"
- ਗਉ ਕਬ, ੯, ੧* : ੨ (325)

"ਕਿਉ ਰਹੀਐ ਉਠਿ ਚਲਣਾ ਬੁਝੁ ਸਬਦ ਬੀਚਾਰਾ।" (ਟਿਕੇ ਰਹਿ ਸਕਦੇ ਹਾਂ)
- ਮਾਰੂ ੧, ਅਸ ੬, ੧* : ੧ (1012)

(2) ਨਿਰੰਤਰ ਕਾਰਜ ਕਰਨਾ, ਰਹੀਏ
"ਅਪਿਉ ਪੀਅਉ ਅਕਥੁ ਕਥਿ ਰਹੀਐ।"
- ਗਉ ੧, ਅਸ ੧੫, ੨ : ੧ (227)

(3) ਰਹੀਏ, ਰਹਿ ਸਕੀਦਾ ਹੈ
"ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ।"
- ਬਿਲਾ ੧, ੪, ੧ : ੪ (796)

(4) ਰਹਿਣਾ ਚਾਹੀਦਾ ਹੈ
"ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ।"
- ਗਉ ਕਬ, ੪੪, ੧* : ੨ (332)

"ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ।" (ਰਹਿਣ ਦਾ ਕੀ ਲਾਭ)
- ਗਉ ਕਬ, ੫੧, ੩ : ੧ (334)

(5) ਰਖੀਏ
"ਤਜਿ ਬਾਵੇ ਦਾਹਨੇ ਬਿਕਾਰਾ ਹਰਿ ਪਦੁ ਦ੍ਰਿੜ ਕਰਿ ਰਹੀਐ।"
- ਗਉ ਕਬ, ੫੧, ੪ : ੧ (334)

(6) ਭਾਵ ਜੀਵੀਏ
"ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ।"
- ਧਨਾ ੧, ੨, ੫ : ੧ (661)
"ਦਾਸਨਿ ਦਾਸਦਾਸ ਹੋਇ ਰਹੀਐ ਜੋ ਜਨ ਰਾਮ ਭਗਤ ਨਿਜ ਭਈਆ।"
- ਬਿਲਾ ੪, ਅਸ ੩, ੩ : ੧ (834)

(7) ਜਾਈਏ
"ਹੋਇ ਰਹੀਐ ਸਗਲ ਕੀ ਰੀਨਾ।"
- ਗੋਂਡ ੫, ੧੧, ੧ : ੩ (866)

(8) ਰਹਿੰਦਾ ਹੈ
"ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ।"
- ਰਾਮ ੧, ਸਿਗੋ, ੨ : ੩ (938)

ਰਹੀਏਹਿ ---- ਰਹਿ ਗਈ ਹੈ
"ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ।"
- ਗਉ ੧, ੧੩, ੨ : ੪ (155)

ਰਹੀਜੈ ----- (1) ਰਹੀਏ
"ਆਸਾ ਮਾਹਿ ਨਿਰਾਸੁ ਰਹੀਜੈ।"
- ਮਾਰੂ ੧, ਸੋਲਾ ੨੨, ੯ : ੨ (1043)
"ਤਜਿ ਲਾਜ ਅਹੰਕਾਰੁ ਸਭੁ ਤਜੀਐ ਮਿਲਿ ਸਾਧੂ ਸੰਗਿ ਰਹੀਜੈ।"(ਰਹੀਏ, ਨਿਵਾਸ ਕਰੀਏ)
- ਕਲਿ ੪, ਅਸ ੬, ੨ : ੧ (1326)

(2) ਰਖੀਏ
"ਐਸਾ ਵਰਤੁ ਰਹੀਜੈ ਪਾਡੇ ਹੋਰ ਬਹੁਤੁ ਸਿਖ ਕਿਆ ਦੀਜੈ।"
- ਸਾਰ ੪, ਵਾਰ ੨੧ਸ, ੩, ੨ : ੫ (1245)

ਰਹੀਮ ----- (ਅ. ਰਹੀਮ) ਕ੍ਰਿਪਾਲੂ, ਰਹਿਮ ਕਰਨ ਵਾਲਾ
"ਕਿਰਪਾ ਧਾਰਿ ਰਹੀਮ।"
- ਰਾਮ ੫, ੯, ੧* : ੨ (885)

ਰਹੀਮਾ ----- ਕ੍ਰਿਪਾਲੂ ਪ੍ਰਭੂ, ਵੇਖੋ 'ਰਹੀਮ'
"ਸਿਫਤਿ ਮੁਹਬਤਿ ਅਥਾਹ ਰਹੀਮਾ।"
- ਮਾਰੂ ੫, ਸੋਲਾ ੧੨, ੧੫ : ੨ (1084)

ਹੋਰ ਰੂਪ:

ਰਹੀਮਾਂ -
ਕਰੀਮਾਂ ਰਹੀਮਾਂ ਅਲਾਹ ਤੂ ਗਨੰੀ।"
- ਤਿਲੰ ਨਾਮ, ੨, ੧ : ੧ (727)

ਰਹੀਮੁ ----- ਕ੍ਰਿਪਾਲੂ ਪ੍ਰਭੂ

“ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ।”
– ਸਿਰੀ ੧, ਅਸ ੧੭, ੬ : ੨ (64)

ਰਹੁ ------- (1) ਰਹੋ, ਟਿਕੋ
“ਪ੍ਰਭੂ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ।”
– ਸਿਰੀ ੫, ੮੪, ੧* : ੨ (47)
(2) ਰਹੋ (ਸਹਾਇਕ ਕਿਰਿਆ)
“ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ।”
– ਸਿਰੀ ੧, ਅਸ ੧੭, ੧* : ੨ (64)
“ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ।” (ਰਹੋ, ਹੋ ਜਾ)
– ਗਉ ਕਬ, ੭੩, ੨ : ੨ (339)
“ਸਤਿਗੁਰ ਕੈ ਭਾਣੈ ਕਰਹਿ ਕਾਰ ਸਤਿਗੁਰ ਕੈ ਭਾਣੈ ਲਾਗਿ ਰਹੁ।” (ਰਹੁ, ਰਹਿ)
– ਆਸਾ ੩, ਛੰਤ ੭, ੭ : ੫ (441)
“ਕਬੀਰ ਰੋੜਾ ਹੋਇ ਰਹੁ ਬਾਟ ਕਾ ਤਜਿ ਮਨ ਕਾ ਅਭਿਮਾਨੁ।” (ਰਹੋ ਭਾਵ ਹੋ ਜਾ)
– ਸਲੋ ਕਬ, ੧੪੬ : ੧ (1372)
(3) ਰੁਕ, ਠਹਿਰ
“ਰਹੁ ਰਹੁ ਰੀ ਬੁਰੀਆ ਘੂੰਘਟੁ ਜਿਨਿ ਕਾਢੈ।”
– ਆਸਾ ਕਬ, ੩੪, ੧* : ੧ (484)
“ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ।” (ਰੁਕ, ਹਟ, ਬਚ)
– ਕੇਦਾ ੪, ੧, ੧ : ੧ (1118)

ਰਹੇ ------- (1) ਰਹੇ ਹਨ
“ਆਖਿ ਆਖਿ ਰਹੇ ਲਿਵ ਲਾਇ।” (ਭਾਵ ਹੋ ਗਏ)
– ਜਪੁ ੧, ੨੬ : ੧੦ (5)
“ਕਹਣੈ ਵਾਲੇ ਤੇਰੇ ਰਹੇ ਸਮਾਇ।” (ਗਏ)
– ਆਸਾ ੧, ਸੋਦ ੨, ੧ : ੪ (9)
“ਪੁਤੁ ਕਲਤੁ ਕੁਟੰਬੁ ਹੈ ਇਕਿ ਅਲਿਪਤੁ ਰਹੇ ਜੋ ਤੁਧੁ ਭਾਇਆ।” (ਰਹਿੰਦੇ ਹਨ)
– ਮਾਝ ੧, ਵਾਰ ੩ : ੭ (139)
(2) ਰਹਿ ਗਈਆਂ, ਨਾਕਾਮ ਰਹੀਆਂ, ਮੁਕ ਗਏ
“ਸਭਿ ਸੰਜਮ ਰਹੇ ਸਿਆਣਪਾ।”
– ਸਿਰੀ ੧, ਆਸਾ ੨੮, ੧੭ : ੧ (72)
“ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ।”
– ਸਿਰੀ ੪, ਪਹ ੨, ੪ : ੩ (76)
“ਆਵਣ ਜਾਣ ਰਹੇ ਸੁਖ ਸਾਰੇ।” (ਮੁਕ ਗਏ)
– ਗਉ ੫, ੧੨੫, ੧ : ੨ (191)
“ਪੋਥੀ ਪੰਡਿਤ ਰਹੇ ਪੁਰਾਣ।” (ਭਾਵ ਨਹੀਂ ਮੰਨੇ ਜਾਂਦੇ)
– ਰਾਮ ੧, ਅਸ ੧, ੭ : ੨ (903)
(1) ਥਕ ਗਏ
“ਜੋਗੀ ਜਤਨ ਕਰਤ ਸਭਿ ਹਾਰੇ ਗੁਨੀ ਰਹੇ ਗੁਨ ਗਾਈ।”
– ਗਉ ੯, ੪, ੨ : ੧ (219)

ਰਹੈ ------- (1) ਰਹਿੰਦਾ ਹੈ
"ਦੇਦਾ ਰਹੈ ਨ ਚੂਕੈ ਭੋਗੁ।"
– ਆਸਾ ੧, ਸੋਦ ੩, ੩ : ੨ (9)
"ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ।" (ਰਵੈ)
– ਸਿਰੀ ੧, ਅਸ ੧੭, ੧ : ੨ (64)
"ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ।" (ਭਾਵ ਟਿਕਦਾ)
– ਆਸਾ ੧, ੧੯, ੪ : ੨ (354)
"ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ।" (ਰਹਿੰਦੀ)
– ਸੋਰ ੫, ੨੬, ੧* : ੨ (616)
(2) ਚੁਕਾ ਹੈ
"ਸਬਦਿ ਮਰੈ ਸੋ ਮਰਿ ਰਹੈ ਫਿਰਿ ਮਰੈ ਨ ਦੂਜੀ ਵਾਰ।"
– ਸਿਰੀ ੧, ਅਸ ੮, ੭ : ੧ (58)
(3) ਬਚੇ
"ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ।"
– ਗਉ ੫, ਵਾਰ ੮ਸ, ੫, ੨ : ੨ (320)
"ਐ ਜੀ ਕਿਆ ਮਾਗਉ ਕਿਛੁ ਰਹੈ ਨ ਦੀਸੈ ਇਸੁ ਜਗ ਮਹਿ ਆਇਆ ਜਾਈ।" (ਕਾਇਮ ਰਹੇ, ਸਥਿਰ ਰਹੇ)
– ਗੂਜ ੧, ਅਸ ੩, ੮ : ੧ (504)
(4) ਮੁਕ ਜਾਣਾ
"ਆਵਣ ਜਾਣੁ ਰਹੈ ਥਿਰੁ ਨਾਮਿ ਸਮਾਣੇ।"
– ਆਸਾ ੩, ੪੯, ੨ : ੪ (364)
"ਅਨਿਕ ਜਤਨ ਕਰਿ ਇਹੁ ਤਨੁ ਰਾਖਹੁ ਰਹੈ ਅਵਸਥਾ ਪੂਰੇ।"
– ਕੇਦਾ ਕਬ, ੪, ੨ : ੨ (1124)
"ਜੋ ਗੁਰੂ ਨਾਨਕੁ ਰਿਦ ਮਹਿ ਧਰੈ ਸੋ ਜਨਮ ਮਰਨ ਦੁਹ ਥੇ ਰਹੇ।" (ਭਾਵ ਮੁਕਤ ਹੋ ਗਏ, ਛੁਟ ਗਏ)
– ਸਵ ੪, ਨਲ ੭ : ੬ (1399)

ਹੋਰ ਰੂਪ:

ਰਹੋ -------
"ਅਬ ਮੋਰੋ ਨਾਚਨੋ ਰਹੋ।" (ਮੁਕ ਗਿਆ)
– ਸਾਰ ੫, ੩, ੧* : ੨ (1203)

ਰਹ੍ਹਾ ------ ਰਿਹਾ, ਰਹਿਆ
"ਤੂ ਜਲਿ ਥਲਿ ਗਗਨਿ ਪਯਾਲਿ ਪੂਰਿ ਰਹ੍ਹਾ ਅੰਮ੍ਰਿਤ ਤੇ ਮੀਠੇ ਜਾ ਕੇ ਬਚਨਾ।"
– ਸਵ ੪, ਗਯੰ ੧੩ : ੨ (1403)

ਰੰਕ ------- (1) ਗਰੀਬ, ਕੰਗਾਲ
"ਬਿਆਪਤ ਭੂਮਿ ਰੰਕ ਅਰੁ ਰੰਗਾ।"
– ਗਉ ੫, ੮੮, ੩ : ੧ (182)
(2) ਗਿਆਨਹੀਨ, ਮੂਰਖ, ਗਿਆਨ ਦੇ ਪੱਖ ਤੋਂ ਕੰਗਾਲ
"ਨਾਨਕ ਕੀ ਬੇਨੰਤੀ ਪ੍ਰਭ ਪਹਿ ਸਾਧਸੰਗਿ ਰੰਕ ਤਾਰਨ।"

– ਬਿਲਾ ੫, ੮੩, ੨ : ੨ (820)

ਰਕਤ ------ ਖੂਨ
"ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ।"
– ਸੋਰ ਰਵਿ, ੬, ੧ : ੧ (659)

ਰਕਤਬੀਜੁ --- ਇਕ ਸ਼ਕਤੀਸ਼ਾਲੀ ਦੈਂਤ, ਮਾਰਕੰਡੇ ਪੁਰਾਣ ਅਨੁਸਾਰ ਇਸ ਦੇ ਖੂਨ ਦੇ ਹਰ ਕਤਰੇ ਤੋਂ ਇਕ ਦੈਂਤ ਪੈਦਾ ਹੋ ਜਾਂਦਾ,ਦੁਰਗ ਤੇ ਕਾਲੀ ਨੇ ਰਲ ਕੇ ਇਸ ਨੂੰ ਮਾਰਿਆ।
"ਰਕਤਬੀਜੁ ਕਾਲੁ ਨੇਮੁ ਬਿਦਾਰੇ।"
– ਗਉ ੧, ਅਸ ੯, ੭ : ੨ (224)

ਰਕਤੀ ----- ਰਕਤ, ਖੂਨ, ਮਾਤਾ ਦਾ ਖੂਨ
"ਸਾਜਨੁ ਮੀਤੁ ਬਿੰਦ ਨਹੀ ਰਕਤੀ।"
– ਮਾਰੂ ੧, ਸੋਲ ੧੫, ੧੨ : ੨ (1036)

ਰਕਤੁ ------ ਖੂਨ
"ਰਕਤੁ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣੁ।"
– ਸਿਰੀ ੧, ਅਸ ੧੫, ੫ : ੨ (63)

ਹੋਰ ਰੂਪ:

ਰਕਤੂ ------
"ਨਾ ਇਸੁ ਪਿੰਡੁ ਨ ਰਕਤੂ ਰਾਤੀ।"
– ਗੋਂਡ ਕਬ, ੫, ੩ : ੩ (871)

ਰੰਕਾ ------ ਕੰਗਾਲ
"ਰਾਣਾ ਰਾਉ ਰਾਜ ਭਏ ਰੰਕਾ ਉਨਿ ਝੂਠੇ ਕਹਣੁ ਕਹਾਇਓ।"
– ਸਾਰ ੫, ਅਸ ੧, ੧ : ੧ (1235)

ਰੰਕਾਈ ----- ਕੰਗਾਲਪੁਨਾ ਭਾਵ ਨੀਚਤਾ
"ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ।"
– ਸਲੋ ਕਬ, ੧੧੮ : ੨ (1370)

ਰੰਕੁ ------- ਕੰਗਾਲ
"ਤੈਸਾ ਰੰਕੁ ਤੈਸਾ ਰਾਜਾਨੁ।"
– ਗਉ ੫, ਸੁਖ ੯, ੭ : ੮ (275)

ਰਖ ------- ਰਖਿਆ
"ਹਰਿ ਨਾਮੁ ਤਾਣੁ ਹਰਿ ਨਾਮੁ ਦੀਬਾਣੁ ਹਰਿ ਨਾਮੋ ਰਖ ਕਰਾਵੈ।"
– ਗਉ ੪, ਵਾਰ ੮ਸ, ੪, ੧ : ੩ (303)
"ਕੀਤੀਅਨੁ ਆਪਣੀ ਰਖ ਗਰੀਬ ਨਿਵਾਜਿ ਥਾਪ।"
– ਗੂਜ ੫, ਵਾਰ ੧੩ : ੫ (521)

ਰਖਉ ------ (1) ਮੈ ਰਖਾਂ, ਧਰਾਂ
"ਮਨ ਤਨੁ ਅਰਪਿ ਰਖਉ ਹਰਿ ਆਗੈ ਸਰਬ ਜੀਆ ਕਾ ਹੈ ਪ੍ਰਤਿਪਾਲ।"
– ਬਿਲਾ ੫, ੧੦੨, ੧* : ੨ (824)

(1) ਰਖੋ, ਧਰੋ
“ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ।”
– ਕੇਦਾ ੫, ੧੩, ੨ : ੨ (1121)

ਰਖਈਆ --- ਰਖਿਆ ਕਰਦਾ ਹੈ
“ਨਾਨਕ ਸਰਣਿ ਪਰੇ ਜਗਜੀਵਨ ਹਰਿ ਹਰਿ ਕਿਰਪਾ ਧਾਰਿ ਰਖਈਆ।”
– ਬਿਲਾ ੪, ਅਸ ੪, ੮ : ੨ (835)

ਰਖਸੀ ----- ਰਖੇਗਾ
“ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ।”
– ਵਡ ੪, ਵਾਰ ੨ਸ, ੩, ੧ : ੫ (586)

ਰਖਹਿ ----- (1) ਰਖੇ, ਸਥਿਤ ਕਰੇ
“ਸਤਗੁਰੁ ਸੇਵਹਿ ਤਾ ਉਬਰਹਿ ਸਚੁ ਰਖਹਿ ਉਰਧਾਰਿ।”
– ਸਿਰੀ ੩, ੫੩, ੩ : ੩ (34)
(2) ਰਖਿਆ ਕਰੇਂ, ਰਖੇਂ, ਬਚਾ ਲਵੇਂ
“ਜਿਸ ਤੂੰ ਰਖਹਿ ਹਥ ਦੇ ਤਿਸੁ ਮਾਰਿ ਨ ਸਕੈ ਕੋਇ।”
– ਸਿਰੀ ੫, ੭੫, ੨ : ੩ (43)
“ਜਿਨ ਤੂ ਰਖਹਿ ਤਿਨ ਨੇੜਿ ਨ ਆਵੈ ਤਿਨ ਭਉ ਸਾਗਰੁ ਤਰਣਾ।”
– ਮਲਾ ੧, ਵਾਰ ੧੯ਸ, ੧, ੨ : ੧੬ (1286)
(3) ਰਖਦਾ ਹੈਂ
“ਰਖਹਿ ਪੋਚਾਰਿ ਮਾਟੀ ਕਾ ਭਾਂਡਾ।”
– ਸੂਹੀ ੫, ੨੦, ੩ : ੧ (741)
“ਭਗਤਾ ਕੀ ਪੈਜ ਰਖਹਿ ਤੂੰ ਆਪੇ ਏਹ ਤੇਰੀ ਵਡਿਆਈ।”
– ਭੈਰ ੩, ਅਸ ੨, ੩ : ੧ (1155)
(1) ਰਖੇਂ
“ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ।”
– ਗੋਂਡ ੪, ੧, ੧ : ੧ (859)
“ਨਾ ਹਉ ਥਕਾਂ ਨ ਠਾਕੀਆ ਏਵਡ ਰਖਹਿ ਜੋਤਿ।”(ਭਾਵ ਦੇਵੇਂ, ਐਨਾ ਬਲ ਦੇਵੇਂ)
– ਸਾਰ ੪, ਵਾਰ ੧੦ ਸ, ੧, ੨ : ੩ (1241)
(1) ਜੇ ਰਖਨਾ ਚਾਹੇਂ
“ਸਾਬਤੁ ਰਖਹਿ ਤ ਰਾਮ ਭਜੁ ਨਾਹਿ ਤ ਬਿਨਠੀ ਬਾਤ।”
– ਸਲੋ ਕਬ, ੨੨੨ : ੨ (1376)

ਰਖਹੁ ------ (1) ਰਖੋ, ਧਾਰਨ ਕਰੋ
“ਏਕਾ ਟੇਕ ਰਖਹੁ ਮਨ ਮਾਹਿ।”
– ਗਉ ੫, ਸੁਖ ੨੨, ੬ : ੯ (293)
“ਉਠਿ ਚਲਤਾ ਠਾਕਿ ਰਖਹੁ ਘਰਿ ਅਪੁਨੈ ਦੁਖੁ ਕਾਟੇ ਕਾਟਣਹਾਰਾ ਹੇ।”
– ਮਾਰੂ ੧, ਸੋਲਾ ੧੦, ੧੬ : ੩ (1031)
(2) ਬਚਾ ਲਵੇਂ
“ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ।”

– ਗਉ ੫, ਬਾਅ ੪੧ ਸ : ੨ (258)
"ਮੋਹਿ ਅਨਾਥ ਪ੍ਰਿਅ ਨਾਥ ਜਿਉ ਜਾਨਹੁ ਤਿਉ ਰਖਹੁ।" (ਬਚਾ ਲਵੋ)
– ਬਿਲਾ ੪, ਛੰਤ ੩, ੩ : ੧ (847)

ਰਖਕੋ ------ ਰਖਿਕ, ਰਖਿਆ ਕਰਨ ਵਾਲਾ
"ਸੋ ਸੁਆਮੀ ਪ੍ਰਭੁ ਰਖਕੋ ਅੰਚਲਿ ਤਾ ਕੈ ਲਾਗ ਜੀਉ।"
– ਰਾਮ ੫, ਛੰਤ ੪, ੩ : ੧ (926)

ਰਖਣ ------ ਰਖਿਆ ਕਰਨਾ
"ਜਿਨ ਰਖਣ ਕਉ ਹਰਿ ਆਪਿ ਹੋਇ ਹੋਰ ਕੇਤੀ ਝਖਿ ਝਖਿ ਜਾਇਸੀ।"
– ਗਉ ੪, ਵਾਰ ੧੮ ਸ, ੪, ੧ : ੪ (310)

ਰਖਣਹਾਰਾ -- ਰਖਿਅਕ, ਰਖਿਆ ਕਰਨ ਵਾਲਾ
"ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ।"
– ਗਉ ੪, ਵਾਰ ੨੧ ਸ, ੪, ੨ : ੪ (312)

ਹੋਰ ਰੂਪ:

ਰਖਣਹਾਰਿ
"ਰਖੇ ਰਖਣਹਾਰਿ ਆਪਿ ਉਬਾਰਿਆਨੁ।" (ਰਖਿਆ ਕਰਨ ਵਾਲਾ)
– ਗੂਜ ੫, ਵਾਰ ੧ਸ, ੫, ੨ : ੧ (517)
ਰਖਣਹਾਰੁ
"ਇਕੁ ਪਛਾਣੂ ਜੀਅ ਕਾ ਇਕੋ ਰਖਣਹਾਰੁ।" (ਰਖਿਅਕ)
– ਸਿਰੀ ੫, ੭੯, ੧ : ੧ (45)
ਰਖਣਾਹਾਰੈ –
"ਰਾਖਿ ਲੀਏ ਰਖਣਹਾਰੈ ਸਦਾ ਨਿਰਮਲ ਕਰਣੀ।"
– ਆਸਾ ੫, ਛੰਤ ੧੧, ੪ : ੫ (460)

ਰਖਣਵਾਲਾ -- ਰਖਿਆ ਕਰਨ ਵਾਲਾ
"ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣਵਾਲਾ ਹੇਤੁ।"
– ਮਾਝ ੫, ਬਾਰਾ ੭ : ੯ (134)

ਹੋਰ ਰੂਪ:

ਰਖਣਵਾਲਿਆ –
"ਤੇਰੇ ਦਾਸ ਧਿਆਇਨਿ ਤੁਧੁ ਤੂ ਰਖਣਵਾਲਿਆ।" (ਰਖਿਆ ਕਰਨ ਵਾਲਾ ਹੈਂ)
– ਗੂਜ ੫, ਵਾਰ ੧੭ : ੮ (522)

ਰਖੰਦੜੋ ---- ਰਖਿਅਕ, ਰਖਣ ਵਾਲਾ
"ਭਾਹਿ ਬੁਲੰਦੜੀ ਬੁਝਿ ਗਈ ਰਖੰਦੜੋ ਪ੍ਰਭੁ ਆਪਿ।"
– ਜੈਤ ੫, ਵਾਰ ੧੮ ਸ, ੫, ੨ : ੧ (709)

ਰਖਦਾ ----- (1) ਰਖਿਆ ਕਰਦਾ
"ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ।"

– ਮਾਝ ੫, ਦਿਨ ੨ : ੭ (137)

“ਜਨੁ ਨਾਨਕੁ ਗੁਣ ਬੋਲੈ ਕਰਤੇ ਕੇ ਭਗਤਾ ਕੋ ਸਦਾ ਰਖਦਾ ਆਇਆ।”

–ਗਉ ੪, ਵਾਰ ੨੦ ਸ, ੪, ੨ : ੮ (305)

“ਜੁਗਿ ਜੁਗਿ ਭਗਤਾ ਕੀ ਰਖਦਾ ਆਇਆ।”

– ਭੈਰ ੩, ੨੧, ੧* : ੧ (1133)

(1) ਭਾਵ ਇਜ਼ਤ ਰਖਦਾ, ਇਜ਼ਤ ਬਚਾਉਂਦਾ

“ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ।”

– ਸੋਰ ੩, ਅਸ ੧, ੧ : ੧ (637)

(1) ਲਿਆਉਂਦਾ

“ਸਭ ਨਦਰੀ ਅੰਦਰਿ ਰਖਦਾ ਜੇਤੀ ਸਿਸਟਿ ਸਭ ਕੀਤੀ।”

– ਰਾਮ ੩, ਵਾਰ ੧੦ : ੧ (951)

ਰਖਨਹਾਰ --- ਰਖਿਆ ਕਰਨ ਵਾਲਾ, ਰਖਿਅਕ

“ਨਮਸਕਾਰ ਰਖਨਹਾਰ ਮਨਿ ਆਰਾਧਿ ਪ੍ਰਭੂ ਮੇਕ।”

– ਪ੍ਰਭਾ ੫, ੨, ੨ : ੧ (1341)

ਹੋਰ ਰੂਪ:

ਰਖਨਹਾਰਿ –

“ਰਾਖਿ ਲੀਏ ਤਿਨਿ ਰਖਨਾਹਾਰਿ ਸਭ ਬਿਆਧਿ ਮਿਟਾਈ।” (ਰਖਣ ਵਾਲੇ ਨੇ)

– ਬਿਲਾ ੫, ੭੯, ੨ : ੧ (819)

ਰਖਨਹਾਰੁ –

“ਬਿਨੁ ਪ੍ਰਭੁ ਕੋਇ ਨ ਰਖਨਹਾਰੁ ਮਹਾ ਬਿਕਟ ਜਮ ਭਇਆ।”

– ਸਿਰੀ ੫, ੮੪, ੪ : ੨ (47)

ਰਖਨਿ ----- ਰਖਦੇ ਹਨ

“ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ।”

– ਰਾਮ ੪, ਵਾਰ ੫ਸ, ੫, ੨ : ੩ (959)

ਰਖਵਾਰਾ ---- ਰਾਖਾ, ਰਖਿਆ ਕਰਨ ਵਾਲਾ

“ਅਨਿਕ ਕੋਠਰੀ ਬਹੁਤੁ ਭਾਤਿ ਕਰੀਆ ਆਪਿ ਹੋਆ ਰਖਵਾਰਾ।”

– ਗਉ ੫, ੧੨੬*, ੪ : ੧ (206)

ਹੋਰ ਰੂਪ:

ਰਖਵਾਰੇ –

“ਪਾਰਬ੍ਰਹਮ ਪ੍ਰਭ ਭਏ ਰਖਵਾਰੇ।” (ਰਾਖੇ, ਰਖਿਆ ਕਰਨ ਵਾਲੇ)

– ਮਾਝ ੫, ੩੯, ੨ : ੨ (106)

ਰਖਵਾਰੋ –

“ਮੇਰੋ ਗੁਰੁ ਰਖਵਾਰੋ ਮੀਤਾ।” (ਰਖਿਆ ਕਰਨ ਵਾਲਾ)

– ਸੋਰ ੫, ੩੭, ੧* : ੧ (618)

ਰਖਵਾਲ ---- ਰਖਵਾਲਾ

“ਇਸੁ ਨਾਚਨ ਕੇ ਮਨ ਰਖਵਾਲ।”

– ਗੋਂਡ ਕਬ, ੧੦, ੨ : ੪ (872)

ਹੋਰ ਰੂਪ:

ਰਖਵਾਲਾ –

“ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ।”(ਰਖਿਆ ਕਰਨ ਵਾਲਾ)

– ਮਾਝ ੪, ੨, ੩ : ੧ (94)

“ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।” (ਦੁਆਰਪਾਲ)

– ਰਾਮ ੧, ੩, ੨ : ੧ (877)

ਰਖਵਾਲਿਆ –

“ਨਾਨਕ ਗੁਰ ਸਰਣਾਈ ਉਬਰੇ ਹਰਿ ਗੁਰ ਰਖਵਾਲਿਆ।” (ਰਖਿਆ ਕਰਨ ਵਾਲਾ)

– ਸਾਰ ੪, ਵਾਰ ੩੦ : ੫ (1248)

ਰਖਵਾਲੀ –

“ਹੋਈ ਰਾਜੇ ਰਾਮ ਕੀ ਰਖਵਾਲੀ।” (ਰਖਿਆ)

– ਸੋਰ ੫, ੪੪, ੧* : ੧ (620)

ਰਖਵਾਲੇ –

“ਕਰਿ ਕਿਰਪਾ ਰਾਖਹੁ ਰਖਵਾਲੇ।” (ਰਖਿਆ ਕਰਨ ਵਾਲੇ)

– ਗਉ ੧, ਅਸ ੮, ੬ : ੧ (224)

ਰਖਾ ------ (1) ਮੈਂ ਧਰਾਂ, ਰਖਾਂ, ਟਿਕਾਵਾਂ

“ਆਪਣੇ ਪ੍ਰੀਤਮ ਮਿਲਿ ਰਹਾ ਅੰਤਰਿ ਰਖਾ ਉਰਿਧਾਰਿ।”

– ਸਿਰੀ ੪, ਵਾਰ ੧੯ਸ, ੩, ੧ : ੧ (90)

ਹੋਰ ਰੂਪ:

ਰਖਾਂ –

“ਹਰਿ ਸੁਖਦਾਤਾ ਸਦਾ ਸਲਾਹੀ ਅੰਤਰਿ ਰਖਾਂ ਉਰਧਾਰੇ।”(ਟਿਕਾਵਾਂ, ਧਰਾਂ)

– ਸਾਰ ੪, ਵਾਰ ੩੨ਸ, ੩, ੨ : ੪ (1249)

(2) ਰਖਿਆ ਕਰਨ ਵਾਲਾ, ਰਖਿਅਕ

“ਨਾਨਕ ਰਖਾ ਆਪੇ ਹੋਆ।”

– ਸੂਹੀ ੫, ੩੯, ੨ : ੨ (744)

ਰਖਾਇ ----- ਰਖਾ, ਧੱਰਾ

“ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ।”

– ਜਪੁ ੧, ੭ : ੩ (2)

ਰਖਾਇਆ --- (1) ਧਰਿਆ, ਰਖਿਆ

“ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ।”

– ਗਉ ੫, ੧੬੬*, ੧ : ੩ (216)

(2) ਰਖੀ, ਰਖੇ ਗਾ

“ਭਗਤਿ ਵਛਲੁ ਹਰਿ ਬਿਰਦੁ ਹੈ ਹਰਿ ਲਾਜ ਰਖਾਇਆ।”

– ਆਸਾ ੪, ਛੰਤ ੧੫, ੪ : ੩ (449)

“ਪ੍ਰਭੁ ਆਪਨਾ ਬਿਰਦੁ ਰਖਾਇਆ।” (ਰਖਿਆ ਭਾਵ ਪਾਲਿਆ, ਪੂਰਾ ਕੀਤਾ)

– ਸੋਰ ੫, ੬੦, ੪ : ੪ (624)

ਰਖਾਇਦਾ --- ਰਖਦਾ ਹੈ

"ਜਨ ਨਾਨਕੁ ਸਰਣਿ ਪਇਆ ਹਰਿਦੁਆਰੈ ਹਰਿ ਭਾਵੈ ਲਾਜ ਰਖਾਇਦਾ।"
– ਮਾਰੂ ੫, ਸੋਲਾ ੫, ੧੬ : ੩ (1076)

ਰਖਾਈ ----- (1) ਰਖੀ, ਰਖ ਲਈ
"ਅਪਨੇ ਸੇਵਕ ਕੀ ਆਪਿ ਪੈਜ ਰਖਾਈ।"
– ਗਉ ੫, ੧੧੨*, ੪ : ੨ (202)
"ਹਰਿ ਹਰਿ ਗੁਰ ਮਹਿ ਭਗਤਿ ਰਖਾਈ।" (ਰੱਖੀ ਹੈ)
– ਆਸਾ ੪, ੫੯, ੨ : ੧ (367)
(2) ਰਖੀ, ਧਰੀ
"ਭਲਾ ਸੰਜੋਗੁ ਮੂਰਤੁ ਪਲੁ ਸਾਚਾ ਅਬਿਚਲ ਨੀਵ ਰਖਾਈ।"
– ਸੂਹੀ ੫, ੭, ੧ : ੫ (781)
(3) ਰਖ ਕੇ, ਧਰ ਕੇ
"ਸਬਦੇ ਸਾਣ ਰਖਾਈ ਲਾਇ।" (ਸ਼ਬਦ ਰੂਪੀ ਸਾਣ ਤੇ ਰੱਖ ਕੇ ਲਾਓ।"
– ਰਾਮ ੩, ਵਾਰ ੧੯ਸ, ੧, ੨ : ੩ (956)

ਰਖਾਈਐ --- ਰਖ ਲਵੋ, ਰਖਾਓ
"ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ ਰਖਾਈਐ।"
– ਗੂਜ ੫, ੨੨, ੨ : ੨ (500)
"ਸਤਗੁਰ ਸਰਣਿ ਪਰੇ ਤਿਨ ਪਾਇਆ ਮੇਰੇ ਠਾਕੁਰ ਲਾਜ ਰਖਾਈਐ।" (ਰਖ ਲਈ)
– ਰਾਮ ੪, ੪, ੩ : ੧ (881)

ਰਖਾਏ ----- (1) ਰਖਦਾ ਹੈ
"ਜਨੁ ਨਾਨਕੁ ਹਰਿ ਕਾ ਦਾਸੁ ਹੈ ਹਰਿ ਦਾਸਨ ਕੀ ਹਰਿ ਪੈਜ ਰਖਾਏ।"
– ਗਉ ੪, ਵਾਰ ੧੪ਸ, ੪, ੨ : ੯ (308)
(2) ਰਖੇ
"ਦੁਆਪੁਰਿ ਧਰਮਿ ਦੁਇ ਪੈਰ ਰਖਾਏ।"
– ਰਾਮ ੩, ੧, ੩ : ੩ (880)

ਰਖਾਹਿ ----- ਰਖਦਾ ਹੈ
"ਜਨੁ ਨਾਨਕੁ ਹਰਿ ਕਾ ਦਾਸੁ ਹੈ ਕਰਿ ਕਿਰਪਾ ਹਰਿ ਲਾਜ ਰਖਾਹਿ।"
– ਵਡ ੪, ਵਾਰ ੧੬ ਸ, ੩, ੧ : ੫ (592)

ਰਖਾਂਤਿ ----- ਰਖਦਾ ਹੈ
"ਹਰਿ ਕਾ ਚਿਹਨੁ ਸੋਈ ਹਰਿ ਜਨ ਕਾ ਹਰਿ ਆਪੇ ਜਨ ਮਹਿ ਆਪੁ ਰਖਾਂਤਿ।"
– ਮਲਾ ੪, ੫, ੪ : ੧ (1264)

ਰਖਾਵਹਿਗੇ -- ਰਖੇ ਗਾ
"ਜਨ ਨਾਨਕੁ ਸਰਨਿ ਦੁਆਰਿ ਹਰਿ ਲਾਜ ਰਖਾਵਹਿਗੇ।
– ਕਲਿ ੪, ੬, ੪ : ੨ (1321)

ਰਖਾਵੈਗੋ ---- ਰਖੇਗਾ
"ਰਾਮ ਜਨਾ ਹਰਿ ਆਪਿ ਸਵਾਰੇ ਅਪਨਾ ਬਿਰਦੁ ਰਖਾਵੈਗੋ।
– ਕਾਲੂ ੪, ਅਸ ੩, ੩ : ੨ (1309)

ਰਖਿ ------ (1) ਬਚਾ, ਸਾਂਭ
"ਆਪਣੀ ਖੇਤੀ ਰਖਿ ਲੈ ਕੂੰਜ ਪੜੈ ਗੀ ਖੇਤਿ।"
– ਸਿਰੀ ੩, ੫੪, ੧* : ੨ (34)
"ਰਾਖਨਹਾਰ ਰਖਿ ਲੇਇ ਨਿਦਾਨਿ।"
– ਗਉ ੫, ੯੨, ੨ : ੨ (183)
(2) ਰਖ ਕੇ, ਧਰ ਕੇ
"ਹੋਰਿ ਮਨਮੁਖ ਦਾਜੁ ਜਿ ਰਖਿ ਦਿਖਲਾਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ।"
– ਸਿਰੀ ੪, ਛੰਤ ੧, ੪ : ੫ (79)
"ਖੁੰਢਾ ਅੰਦਰਿ ਰਖਿ ਕੈ ਦੇਨਿ ਸੁ ਮਲ ਸਜਾਇ।"
– ਮਾਝ ੧, ਵਾਰ ੧੧ਸ, ੧, ੨ : ੨ (143)
"ਚਿਤਵਉ ਚਿਤ ਨਾਥ ਚਿਤਵਉ ਚਿਤ ਨਾਥ ਹੇ ਰਖਿ ਲੇਵਹੁ ਸਰਣਿ ਅਨਾਥ ਹੇ,
ਮਿਲੁ ਚਾਉ ਚਾਈਲੇ ਪ੍ਰਾਨ।" (ਸਥਿਤ ਕਰ ਲਵੋਂ, ਬੈਠਾ ਲਵੋਂ)
– ਆਸਾ ੫, ਛੰਤ ੧੪, ੪ : ੨ (462)
"ਰਖਿ ਰਖਿ ਚਰਨ ਧਰੇ ਵੀਚਾਰੀ।" (ਰਖਦਾ ਹੈ, ਧਰਦਾ ਹੈ)
– ਧਨਾ ੧, ਅਸ, ੧, ੨ : ੧ (685)

ਰਖਿਓ ----- (1) ਧਰਦੇ, ਰਖਦੇ
"ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।"
– ਆਸਾ ੧, ਵਾਰ ੭ : ੨ (467)
"ਸਗਲੋ ਸਾਜਿ ਰਖਿਓ ਪਾਸਾਰਾ।" (ਧਰਿਆ /ਰਖਿਆ ਹੈ)
– ਸੂਹੀ ੫, ੪੫, ੧* : ੨ (746)
(2) ਬਚਾ ਲਿਆ
"ਹਰਿ ਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ।"
– ਗੂਜ ੫, ੨੪, ੧ : ੧ (500)
(3) ਰਖਨਾ
"ਸੁਰਤਿ ਗਈ ਕਾਲੀ ਹੂ ਧਉਲੇ ਕਿਸੈ ਨ ਭਾਵੈ ਰਖਿਓ ਘਰੈ।"
– ਮਾਰੂ ੧, ਅਸ ੮, ੮ : ੧ (1014)

ਰਖਿਓਨੁ ---- ਰਖਿਓ ਨੇ
"ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ।"
– ਸਿਰੀ ੧, ਅਸ ੨੮, ੧੮ : ੩ (72)

ਰਖਿਅਨੁ ---- ਰਖਿਓ ਨੇ, ਬਚਾ ਲਿਓ ਨੇ
"ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ।"
– ਮਾਝ ੫, ਬਾਰਾ ੧੩ : ੮ (136)

ਰਖਿਆ ---- (1) ਸਥਿਤ ਕੀਤਾ, ਧਰਿਆ ਹੈ
"ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।"
– ਜਪੁ ੧, ੧੬ : ੮ (3)
(2) ਬਚਾ ਲਿਆ, ਰਖਿਆ ਕੀਤੀ
"ਸੀਤਲਾ ਤੇ ਰਖਿਆ ਬਿਹਾਰੀ।"
– ਗਉ ੫, ੧੭੨, ੧ : ੧ (200)

“ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ।”
– ਗੂਜ ੫, ਵਾਰ ੨੦ਸ, ੫, ੧ : ੧ (523)

(3) ਬਚਾ, ਹਿਫ਼ਾਜ਼ਤ
“ਪਿਰਿ ਰਖਿਆ ਕੀਨੀ ਸੁਘੜ ਸੁਜਾਣਿ।”
– ਆਸਾ ੫, ੨, ੧ : ੪ (370)

ਰਖਿਐ ----- ਰਖਣ ਨਾਲ
“ਸੁਖ ਸੇਵਾ ਅੰਦਰਿ ਰਖਿਐ ਆਪਣੀ ਨਦਰਿ ਕਰਹਿ ਨਿਸਤਾਰਿ ਜੀਉ।”
– ਸਿਰੀ ੧, ਆਸ ੨੮, ੧੨ : ੩ (72)

ਰਖੀ ------ (1) ਧਰੀ, ਟਿਕਾਈ
“ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ।”
– ਜਪੁ ੧, ੩੪, ੩ (7)

“ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ
ਦੁਖੁ ਗਵਾਇ ਜੀਉ।” (ਬਣਾਈ ਹੋਈ)
– ਸੂਹੀ ੫, ਕੁਚ ੩ : ੬ (763)

(2) ਬਚਾਈ
“ਜਨ ਕੀ ਪੈਜ ਰਖੀ ਕਰਤਾਰੇ।”
– ਗਉ ੫, ੧੦੮, ੨ : ੧ (201)

(3) ਰਖੀ ਹੋਈ
“ਉਨ੍ਹ ਕੈ ਸੰਗਿ ਤੂ ਰਖੀ ਪਪੋਲਿ।”
– ਆਸਾ ੫, ੮੨, ੨ : ੩ (390)

ਰਖੀਅਹਿ --- (1) ਧਰੀਏ
“ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ।”
– ਸਿਰੀ ੧, ੬, ੩ : ੧ (16)

(2) ਰਖੀਏ
“ਚੰਦੁ ਸੂਰਜੁ ਦੁਇ ਫਿਰਦੇ ਰਖੀਅਹਿ ਨਿਹਚਲੁ ਹੋਵੈ ਥਾਉ।”
– ਮਾਝ ੧, ਵਾਰ ੯ਸ, ੧, ੨ : ੨ (142)

ਰਖੀਆ ---- ਰਖੀ
“ਆਪਣੇ ਸੇਵਕ ਕੀ ਪੈਜ ਰਖੀਆ ਦੁਇ ਕਰ ਮਸਤਕਿ ਧਾਰਿ ਜੀਉ।”
– ਸਿਰੀ ੬, ਅਸ ੨੮, ੧੬ : ੩ (72)

ਰਖੀਐ ----- (1) ਧਰੀਏ
“ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ।”
– ਜਪੁ ੧, ੪ : ੩ (2)

(2) ਰਖੀਏ, ਰਖਨਾ ਚਾਹੀਦਾ ਹੈ
“ਇਹੁ ਮਨੂਆ ਦ੍ਰਿੜੁ ਕਰਿ ਰਖੀਐ ਗੁਰਮੁਖਿ ਲਾਈਐ ਚਿਤੁ।”
– ਗਉ ੪, ਵਾਰ ੨੫ਸ, ੪, ੧ : ੧ (314)

(3) ਰਖਿਆ ਜਾ ਸਕਦਾ ਹੈ, ਬਚਿਆ ਜਾ ਸਕਦਾ ਹੈ
“ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ।”

– ਆਸਾ ੧, ਵਾਰ ੧੮ਸ, ੧, ੧ : ੫ (472)

ਰਖੀਸਰ ---- ਵਡੇ ਰਿਖੀ, ਰਿਖੀ ਰਾਜ
"ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ।"
– ਜਪੁ ੧, ੨੭ : ੧੦ (6)

ਹੋਰ ਰੂਪ:

ਰਖੀਸੁਰ –
"ਗਾਵਨਿ ਤੁਧਨੋ ਪੰਡਿਤ ਪੜਨਿ ਰਖੀਸੁਰ ਜੁਗੁ ਜੁਗੁ ਵੇਦਾ ਨਾਲੇ।"
– ਆਸਾ ੧, ਸੋਦ ੧, ੧ : ੧੦ (9)

ਰਖੀਜੈ ----- ਰਖੀਏ
"ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ ਜਿਸ ਕੀ ਵਸਤੁ ਸੋ ਲੈ ਜਾਇ ਜੀਉ।"
– ਆਸਾ ੪, ਛੰਤ ੧੩, ੨ : ੩ (447)
"ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ।" (ਰਖਿਆ ਹੈ)
– ਰਾਮ ੩, ਵਾਰ ੧੫ : ੧ (954)
"ਤੂ ਜਲ ਨਿਧਿ ਮੀਨ ਹਮ ਤੇਰੇ ਕਰਿ ਕਿਰਪਾ ਸੰਗਿ ਰਖੀਜੈ।" (ਰਖੋ)
– ਕਲਿ ੪, ਅਸ ੩, ੮ : ੨ (1325)

ਰਖੁ ------- (1) ਸਥਿਤ ਕਰ, ਰਖ, ਧਰ
"ਸਦਾ ਸਦਾ ਪ੍ਰਭੁ ਸਿਮਰੀਐ ਅੰਤਰਿ ਰਖੁ ਉਰਧਾਰਿ।"
– ਸਿਰੀ ੫, ੮੪, ੧ : ੩ (47)
"ਤਿਸੁ ਠਾਕੁਰ ਕਉ ਰਖੁ ਮਨ ਮਾਹਿ।" (ਰਖੋ)
– ਗਉ ੫, ਸੁਖ ੬, ੧ : ੨ (269)
"ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ।" (ਰਖ, ਧਾਰਨ ਕਰ)
– ਸੋਰ ੧, ੨, ੧ : ੨ (695)
"ਹਮ ਊਪਰਿ ਕਰਿ ਸੁਆਮੀ ਰਖੁ ਸੰਗਤਿ ਤੁਮ ਜੁ ਪਿਆਰੀ।" (ਰਖੋ, ਵਾਸਾ ਦਿਓ)
– ਧਨਾ ੪, ੧, ੧ : ੨ (666)
(3) ਬਚਾ ਲੈ, ਰਖਿਆ ਕਰ, ਸੰਭਾਲ
"ਜਿਉ ਭਾਵੈ ਤਿਉ ਰਖੁ ਤੂੰ ਮੈ ਤੁਝ ਬਿਨੁ ਕਵਨੁ ਭਤਾਰੁ।"
– ਸਿਰੀ ੧, ਅਸ ੧੨, ੩ : ੩ (61)
"ਜਿਉ ਭਾਵੈ ਤਿਉ ਰਖੁ ਤੂੰ ਸਚਿਆ ਨਾਨਕ ਮਨਿ ਆਸ ਤੇਰੀ ਵਡ ਵਡੇ।"
– ਗਉ ੪, ਵਾਰ ੩੩ : ੫ (317)

ਰਖੇ ------- (1) ਧਰੇ ਹਨ
"ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ।"
– ਜਪੁ ੧, ੨੭ : ੧੪ (6)
(2) ਰਖੇ, +ਲਤਕਗਡਕਦ
"ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ।"
– ਸਿਰੀ ੧, ੨੭, ੪ : ੧ (24)
(3) ਬਚਾਏ, ਰਖਿਆ ਕੀਤੀ, ਬਚਾ ਲਏ
"ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦੁ।"

– ਸਿਰੀ ੫, ੮੨, ੪ : ੨ (46)

"ਰਖੇ ਰਖਣਹਾਰਿ ਆਪਿ ਉਬਾਰਿਅਨੁ।"

– ਗੂਜ ੫, ਵਾਰ ੧ : ੧ (517)

(4) ਮੁਕਾ ਦਿੱਤਾ, ਖਤਮ ਕਰ ਦਿੱਤਾ

"ਆਵਣ ਜਾਣ ਰਖੇ ਕਰਿ ਕਰਮ।"

– ਗਉ ੫, ੯੨, ੨ : ੪ (183)

(5) ਸਥਿਤ ਕੀਤਾ

"ਸਾਚੈ ਘਰਿ ਸਾਚੈ ਰਖੇ ਗੁਰ ਬਚਨਿ ਸੁਭਾਖਿਆ।"

– ਮਾਰੂ ੧, ਅਸ ੪, ੫ : ੩ (1011)

(6) ਸਾਂਭਣਾ

"ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ।"

– ਬਸੰ ੧, ੧੦, ੧ : ੨ (1171)

ਰਖੇਸਾ ----- ਰਖਿਆ ਹੈ

"ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ।"

– ਰਾਮ ੩, ਵਾਰ ੧੬ : ੩ (955)

ਰਖੇਣ ------ ਰਖੇ, ਰਖਿਆ ਕਰੇ, ਬਚਾ ਲਵੇ

"ਅਹੋ ਜਸੁ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ।"

– ਸਸ ੫, ੬ : ੨ (1354)

ਰਖੈ ------- (1) ਬਚਾ ਲਵੇ, ਰਖਿਆ ਕਰ ਲਵੇ

"ਜਿਸ ਨੋ ਰਖੈ ਸੋ ਰਹੈ ਸੰਮ੍ਰਿਥੁ ਪੁਰਖੁ ਅਪਾਰੁ।"

– ਸਿਰੀ ੫, ੯੧, ੪ : ੨ (50)

"ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ।" (ਰਖਿਆ ਕਰਦਾ ਹੈ)

– ਗੂਜ ੫, ਵਾਰ ੨ : ੨ (519)

(2) ਸਥਿਤ ਕਰੇ, ਨਿਵਾਸ ਕਰਾਇ।

"ਜਿਥੇ ਰਖੈ ਸਾ ਭਲੀ ਜਾਏ।"

– ਮਾਝ ੫, ੪੯, ੧ : ੨ (108)

"ਗੁਰ ਕਾ ਸਬਦੁ ਰਖੈ ਉਰਧਾਰੇ।" (ਸਾਂਭ ਕੇ ਰਖੇ, ਸਥਿਤ ਕਰੇ)

– ਮਾਝ ੩, ਅਸ ੧੩, ੪ : ੨ (117)

(3) ਰਖਦਾ ਹੈ

"ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ।"

– ਗਉ ੪, ੫੧, ੨ : ੩ (168)

"ਨਿਰਮਲ ਨਾਮੁ ਰਖੈ ਉਰਿਧਾਰੇ।" (ਰਖੇ)

– ਆਸਾ ੩, ਅਸ ੨੪, ੬ : ੨ (423)

(4) ਧਰੇ

"ਨਾਰਾਇਣਿ ਲਇਆ ਨਾ ਠੂੰਗੜਾ ਪੈਰ ਕਿਥੈ ਰਖੈ।"

– ਗਉ ੪, ਵਾਰ ੨੯ : ੧ (315)

ਰਖ੍ਯਾ ------ ਰਖਿਆ

"ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ।"

– ਸਸ ੫, ੪੭ : ੫ (1358)

ਰੰਗ ------- (1) ਪ੍ਰਕਾਰ

“ਤਿਸੁ ਵਿਚਿ ਜੀਅ ਜੁਗਤਿ ਕੇ ਰੰਗ।”

– ਜਪੁ ੧, ੩੪ : ੪ (7)

(2) ਪ੍ਰੇਮ, ਲਗਨ

“ਮਨੁ ਤਨੁ ਰਾਤਾ ਰੰਗ ਸਿਉ ਰਸਨਾ ਰਸਨ ਰਸਾਇ।”

– ਸਿਰੀ ੩, ੪੭, ੪ : ੨ (32)

“ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ।” (ਪ੍ਰੇਮ ਨਾਲ)

– ਸਿਰੀ ੪, ੬੭, ੨ : ੨ (40)

“ਹਰਿ ਨਾਮੁ ਧਿਆਵਹਿ ਰੰਗ ਸਿਉ ਹਰਿ ਨਾਮਿ ਰਹੇ ਲਿਵ ਲਾਇ।” (ਪ੍ਰੇਮ/ਸੁਆਦ ਨਾਲ)

– ਗੂਜ ੩, ਵਾਰ ੫ਸ, ੩, ੧ : ੬ (510)

(3) ਖੁਸ਼ੀਆਂ, ਮੌਜ, ਮੇਲਾ, ਅਨੰਦ

“ਰਸ ਭੋਗਹਿ ਖੁਸ਼ੀਆ ਕਰਹਿ ਮਾਣਹਿ ਰੰਗ ਅਪਾਰ।”

– ਸਿਰੀ ੫, ੭੧, ੧ : ੨ (42)

“ਸੁਤ ਦਾਰਾ ਬਨਿਤਾ ਅਨੇਕ ਬਹੁਤੁ ਰੰਗ ਅਰੁ ਵੇਸ।”

– ਸਿਰੀ ੫, ੮੫, ੧ : ੨ (47)

“ਅਨਿਕ ਮਾਇਆ ਰੰਗ ਤਿਖ ਨ ਬੁਝਾਵੈ।” (ਤਮਾਸ਼ੇ, ਖੁਸ਼ੀਆਂ)

– ਗਉ ੫, ਸੁਖ ੨, ੨ : ੫ (264)

“ਰੰਗ ਰੂਪ ਰਸ ਬਾਦਿ ਕਿ ਕਰਹਿ ਪਰਾਣੀਆ।”

– ਗਉ ੫, ਵਾਰ ੧੬ਸ, ੫, ੨ : ੫ (322)

(‘ਮਹਾਨਕੋਸ਼’ ਅਰਥ ‘ਧਨ’ ਕਰਦਾ ਹੈ।)

(4) ਵਰਣ, ਰੰਗ

“ਬਹੁ ਰੰਗ ਮਾਇਆ ਬਹੁ ਬਿਧਿ ਪੇਖੀ।”

– ਗਉ ੫, ੮੧, ੧ : ੧ (179)

“ਲਾਲ ਰੰਗ ਪੂਰਨ ਪੁਰਖੁ ਬਿਧਾਤਾ।”

– ਗਉ ੫, ੧੪੧, ੧* : ੨ (194)

“ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ।”

– ਗਉ ੫, ਬਾਅ ੯ਸ : ੧ (251)

“ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ।”

– ਦੇਵ, ੫, ੧੫, ੧ : ੧ (531)

(5) ਚੋਜ

“ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।”

– ਗਉ ੫, ਸੁਖ ੯, ੮ : ੬ (275)

(6) ਮੌਜ, ਮਸਤੀ, ਮਗਨਤਾ

“ਅਪਨੇ ਰੰਗ ਰਵੈ ਅਕੇਲਾ।”

– ਸੋਰ ਕਬ, ੪, ੨ : ੪ (655)

“ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ।”

– ਭੈਰ ੫, ੫੭, ੧* : ੨ (1153)

(7)ਸ਼ੋਭਾ (ਮਹਾਨਕੋਸ਼)
"ਰੰਗ ਰਸਾ ਤੂੰ ਮਨਹਿ ਅਧਾਰੁ।"
– ਗਉ ੫, ੮੭, ੩ : ੨ (181)

(8) ਕੰਗਾਲ, ਰੰਕ
"ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ।"
– ਮਾਰੂ ੫, ਵਾਰ ੧੭ : ੩ (1100)
"ਭੂਪਤਿ ਰਾਜੇ ਰੰਗ ਰਾਇ ਸੰਚਹਿ ਬਿਖੁ ਮਾਇਆ।"
– ਸਾਰ ੪, ਵਾਰ ੨੧ : ੧ (1245)

(9) ਅਨੰਦੀ, ਮੌਜ/ਅਨੰਦ ਕਰਨ ਵਾਲਾ
"ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ।"
– ਸਾਰ ੫, ੧੫, ੪ : ੨ (1207)

ਰੰਗੰ ------- ਮੌਜ ਮੇਲੇ, ਰੰਗ ਤਮਾਸ਼ੇ
"ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੁਆਰੀ।"
– ਮਾਰੂ ੧, ਅਸ ੧੧, ੪ : ੧ (1015)

ਰੰਗਹੁ ------ ਰੰਗੋ, ਰੰਗ ਚੜਾਓ
"ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ।"
– ਸਿਰੀ ੪, ੬੭, ੨ : ੧ (40)

ਰੰਗਕੀ ----- ਰੰਗੀਲੀ
"ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗਕੀ।"
– ਵਡ ੪, ਘੋੜੀ ੨, ੪ : ੪ (576)

ਰੰਗਣ ਃ ---- ਰੰਗਾਂ ਵਿਚ
"ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣਃ।"
– ਗਾਥਾ ੫, ੨੪ : ੧ (1361)

ਰੰਗਣ ਵਾਲਾ -- ਰੰਗ ਦੇਣ ਵਾਲਾ, ਰੰਗ ਚਾੜ੍ਹਨ ਵਾਲਾ
"ਰੰਗਣ ਵਾਲਾ ਸੇਵੀਐ ਸਚੇ ਸਿਉ ਚਿਤੁ ਲਾਇ ਜੀਉ।"
– ਸੂਹੀ ੧, ਅਸ ੨, ੧* : ੨ (751)

ਰੰਗਣਿ ----- ਰੰਗ ਦੀ ਮਟੀ ਵਿਚ
"ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ।"
– ਸਿਰੀ ੩, ੫੯, ੩ : ੧ (37)

ਰੰਗਨ ------ ਰੰਗ ਚੜ੍ਹਾਉਣਾ
"ਰੰਗਾ ਰੰਗ ਰੰਗਨ ਕੇ ਰੰਗਾ।"
– ਕਾਨ ੫, ੩੬, ੧* : ੧ (1305)

ਹੋਰ ਰੂਪ:

ਰੰਗਨਾ –
"ਨਿਰਮਲ ਸੋਇ ਬਣੀ ਹਰਿ ਬਾਣੀ ਮਨੁ ਨਾਮਿ ਮਜੀਠੈ ਰੰਗਨਾ।" (ਰੰਗ ਚੜਾਉਣਾ)
– ਮਾਰੂ ੫, ਸੋਲਾ ੯, ੧੫ : ੩ (1081)

“ਸਭ ਜੋਤਿ ਤੇਰੀ ਜਗਜੀਵਨਾ ਤੂ ਘਟਿ ਘਟਿ ਹਰਿ ਰੰਗ ਰੰਗਨਾ।” (ਰੰਗਨ ਵਾਲਾ)
– ਕਾਨ ੪, ਵਾਰ ੨ : ੧ (1313)

ਰੰਗਨਿ –
“ਹਰਿ ਹਰਿ ਨਾਮੁ ਚਰਾਵਹੁ ਰੰਗਨਿ ਆਪੇ ਹੀ ਪ੍ਰਭ ਰੰਗਿ।” (ਰੰਗਣ, ਰੰਗ)
– ਆਸਾ ੫, ੧੩੯, ੧ : ੨ (405)

ਰੰਗਨੁ ------ ਰੰਗ ਦੀ ਮਟੀ
“ਲਾਲਨੁ ਲਾਲੁ ਲਾਲੁ ਹੈ ਰੰਗਨੁ ਮਨੁ ਰੰਗਨ ਕਉ ਗੁਰ ਦੀਜੈ।”
– ਕਲਿ ੪, ੧, ੫ : ੧ (1323)
(ਮਹਾਨ ਕੋਸ਼ ਅਰਥ ‘ਰੰਗਣ ਦੀ ਕਿਰਿਆ’ ਕਰਦਾ ਹੈ।)

ਰੰਗਮਹਲੀ --- ਰੰਗ ਰਲੀਆਂ ਮਨਾਉਣ ਵਾਲੇ ਮਹਲ ਵਿਚ
“ਪ੍ਰਭ ਜਾਇ ਪਵੈ ਰੰਗਮਹਲੀ ਹਰਿ ਰੰਗੁ ਮਾਣੈ ਰੰਗਕੀ।”
– ਵਡ ੪, ਘੋੜੀ ੨, ੪ : ੪ (576)
“ਆਪੇ ਚੋਜ ਕਰੇ ਰੰਗਮਹਲੀ ਹੋਰ ਮਾਇਆ ਮੋਹ ਪਸਾਰਾ ਹੇ।” (ਭਾਵ ਸਰੀਰ)
– ਮਾਰੂ ੧, ਸੋਲ ੭, ੪ : ੩ (1026)

ਰੰਗਰਸ ---- ਪ੍ਰੇਮ ਦੇ ਸੁਆਦ, ਖੁਸ਼ੀਆਂ ਦੇ ਸੁਆਦ
“ਜਿਹ ਪ੍ਰਸਾਦਿ ਰੰਗਰਸ ਭੋਗ।”
– ਗਉ ੫, ਸੁਖ ੬, ੧ : ੯ (269)
“ਉਰਝਿ ਰਹੀ ਰੰਗਰਸ ਮਾਣੀ।”
– ਮਾਰੂ ੫, ਸੋਲਾ ੨, ੧ : ੨ (1072)

ਰਗੜੈ ------ ਝਗੜੇ ਵਿਚ
“ਮਨਮੁਖਿ ਕਮਲਾ ਰਗੜੈ ਲੁਝੈ।”
– ਸਲੋ ੩, ੪੬ : ੩ (1418)

ਰੰਗਾ ------ (1) ਰੰਗਾਂ ਦੇ, ਪ੍ਰਕਾਰ ਦੇ
“ਜੀਅ ਜਾਤਿ ਰੰਗਾ ਕੇ ਨਾਵ।” (ਭਾਵ ਪ੍ਰਕਾਰ ਦੇ)
– ਜਪੁ ੧, ੧੬ : ੧੪ (3)
“ਅਨਿਕ ਜਨਮ ਕੀਏ ਬਹੁ ਰੰਗਾ।” (ਬਹੁਤ ਪ੍ਰਕਾਰ ਦੇ)
– ਗਉ ਕਬ, ੧੩, ੧ : ੨ (326)
“ਕੁਦਰਤਿ ਵਰਤੈ ਰੂਪ ਅਰੁ ਰੰਗਾ।”(ਰੰਗਾਂ ਵਿਚ)
– ਆਸਾ ੫, ੨੧, ੧ : ੨ (376)
“ਹਮ ਓਇ ਮਿਲਿ ਹੋਏ ਇਕ ਰੰਗਾ।” (ਇਕ ਰੰਗ ਦੇ ਭਾਵ ਇਕ ਰਸ)
– ਆਸਾ ੫, ੮੩, ੪ : ੪ (391)

(2) ਖੁਸ਼ੀਆ
“ਦੇਦੇ ਤੋਟਿ ਨਾਹੀ ਪ੍ਰਭ ਰੰਗਾ।”
– ਮਾਝ ੫, ੧੫, ੩ : ੨ (99)
“ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ।”(ਪ੍ਰੇਮ ਬਿਲਾਸ)
– ਸਾਰ ੫, ੩੦, ੧* : ੧ (1210)

(3) ਰੰਗ ਅਥਵਾ ਅਵਸਥਾ ਵਿਚ

"ਰੈਣਿ ਦਿਨਸੁ ਰਹੈ ਇਕ ਰੰਗਾ।"

– ਗਉ ੫, ੮੬, ੧ : ੧ (181)

(4) ਰੰਗ ਮਾਣਨ ਵਾਲਾ ਭਾਵ ਅਮੀਰ

"ਬਿਆਪਤ ਭੂਮਿ ਰੰਕ ਅਰੁ ਰੰਗਾ।"

– ਗਉ ੫, ੮੮, ੩ : ੧ (182)

(5) ਚੋਜ

"ਬਰਨਿ ਨ ਸਾਕਉ ਤੁਮਰੇ ਰੰਗਾ ਗੁਣ ਨਿਧਾਨ ਸੁਖਦਾਤੇ।"

– ਗਉ ੫, ੧੨੮, ੨ : ੧ (207)

(6) ਪ੍ਰੇਮ ਨਾਲ, ਪਿਆਰ ਨਾਲ

"ਸਚੁ ਸਾਲਾਹਣੁ ਨਾਨਕ ਹਰਿ ਰੰਗਾ।"

– ਗਉ ੫, ਅਸ ੧, ੮ : ੪ (236)

"ਤੁਮ੍ਹਰੋ ਧਿਆਨੁ ਤੁਮ੍ਹਾਰੋ ਰੰਗਾ।" (ਪਿਆਰ ਵਿਚ)

– ਬਿਲਾ ੫, ੧੨੦, ੧* : ੨ (828)

"ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਜਾ ਹੇ।" (ਪਿਆਰ)

– ਮਾਰੂ ੫, ਸੋਲਾ ੩, ੧੫ : ੩ (1074)

(7) ਮੌਜ ਵਿਚ ਰਹਿਣ ਵਾਲਾ, ਮੌਜੀ

"ਹਮ ਮੂਰਖ ਮੁਗਧ ਸਰਣਾਗਤੀ ਮਿਲੁ ਗੋਵਿੰਦ ਰੰਗਾ।"

– ਆਸਾ ੪, ਛੰਤ ੧੫, ੩ : ੧ (449)

(8) ਦੁਨਿਆਵੀ ਮੌਜ ਮੇਲੇ

"ਆਪਿ ਉਪਾਵਹਿ ਆਪਿ ਖਪਾਵਹਿ ਤੁਧੁ ਲੇਪੁ ਨਹੀ ਇਕੁ ਤਿਲੁ ਰੰਗਾ।"

– ਮਾਰੂ ੫, ਸੋਲਾ ੧੧, ੧੫ : ੩ (1083)

(9) ਰੰਗਾਂ ਵਿਚੋਂ

"ਹਰਿ ਰੰਗ ਰੰਗਾ ਸਹਜਿ ਮਾਣੁ।"

– ਬਸੰ ੫, ੩, ੪ : ੩ (1180)

(10) ਰੰਗਨ ਵਾਲਾ

"ਰੰਗਾ ਰੰਗ ਰੰਗਨ ਕੇ ਰੰਗਾ।"

– ਕਾਨ ੫, ੩੬, ੧* : ੧ (1305)

ਰੰਗਾਇਆ --- (1) ਰੰਗਿਆ ਗਿਆ

"ਸ੍ਰਵਣੀ ਨਾਮੁ ਸੁਣੈ ਹਰਿ ਬਾਣੀ ਅਨਕ ਹਰਿ ਰੰਗਿ ਰੰਗਾਇਆ।"

– ਮਾਰੂ ੧, ਸੋਲਾ ੨੦, ੧੫ : ੩ (1041)

(2) ਰੰਗਵਾਇਆ, ਰੰਗ ਕਰਾਇਆ

"ਕਾਪੜੁ ਕਾਠੁ ਰੰਗਾਇਆ ਰਾਂਗਿ।"

– ਸਾਰ ੪, ਵਾਰ ੧੫ਸ, ੧, ੨ : ੧ (1243)

ਰੰਗਾਏ ----- (1) ਰੰਗਦਾ ਹੈ

"ਸਬਦਿ ਰੰਗਾਏ ਹੁਕਮਿ ਸਬਾਏ।"

– ਮਾਝ ੧, ਅਸ ੧, ੧ : ੧ (109)

"ਗੁਰਮੁਖਿ ਰਾਤੇ ਸਬਦਿ ਰੰਗਾਏ।"(ਰੰਗੇ ਗਏ)

– ਬਿਲਾ ੩, ੫, ੩ : ੧ (798)

"ਏਹੁ ਮਨੁ ਭੈ ਭਾਇ ਰੰਗਾਏ।" (ਰੰਗਾ ਲੈ)

– ਮਾਰੂ ੩, ਸੋਲਾ ੨੧, ੮ : ੧ (1066)
(2) ਰੰਗ ਵਿਚ
“ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ।”
– ਤਿਲੰ ੧, ੩, ੧ : ੧ (721)

ਰੰਗਾਨਾ ------ ਰੰਗ ਨਾਲ
“ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ।”
– ਸੂਹੀ ੫, ਛੰਤ ੧, ੧ : ੨ (777)

ਰੰਗਾਰੇ ------ ਰੰਗੀਆਂ ਹੋਈਆਂ ਭਾਵ ਮਸਤ
“ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ।”
– ਜੈਤ ੫, ਛੰਤ ੧, ੧ : ੪ (703)

ਹੋਰ ਰੂਪ:

ਰੰਗਾਰੈ –
“ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ।”
– ਕਾਨ ੫, ੨੦, ੨ : ੧ (1302)

ਰੰਗਾਵਣਿਆ – ਰੰਗੇ ਗਏ
“ਗੁਰਮਤੀ ਮਨੁ ਇਕਤੁ ਘਰਿ ਆਇਆ ਸਚੈ ਰੰਗਿ ਰੰਗਾਵਣਿਆ।”
– ਮਾਝ ੩, ਅਸ ੪, ੧* : ੨ (111)

ਰੰਗਾਵਲਾ --- ਰੰਗੀਲਾ
“ਨਾਨਕ ਮਨ ਹੀ ਮੰਝਿ ਰੰਗਾਵਲਾ ਪਿਰੀ ਤਹਿਜਾ ਨਾਉ।”
– ਮਾਰੂ ੫, ਵਾਰ ੧੧ਸ, ੫, ੧ : ੨ (1098)
“ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜ।” (ਆਪਣੀ ਮੌਜ ਵਿਚ ਮਸਤ)
– ਸਲੋ ਫਰ, ੧੦੮ : ੧ (1383)

ਰੰਗਾਵਲੀ --- ਸੁੰਦਰ, ਆਕਰਸ਼ਕ ਰੰਗਾਂ ਵਾਲੀ
“ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ।”
– ਸਲੋ ਫਰ, ੮੨ : ੧ (1382)

ਰੰਗਾਵਲੇ ---- ਰਸੀਏ, ਅਨੰਦੀ
“ਗੁਰਮੁਖਿ ਸਬਦਿ ਰੰਗਾਵਲੇ ਅਹਿਨਿਸਿ ਹਰਿ ਰਸੁ ਭੋਗੁ।”
– ਸਿਰੀ ੧, ਅਸ ੧੫, ੩ : ੩ (63)

ਰੰਗਾਵਲੋ ---- ਰੰਗੀਲਾ, ਮੌਜੀ
“ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ।”
– ਮਾਰੂ ੧, ਅਸ ੧੦, ੪ : ੧ (1015)

ਰੰਗਿ ------ (1) ਰੰਗ ਦੁਆਰਾ, ਪਿਆਰ ਨਾਲ
“ਓਹੁ ਧੋਪੈ ਨਾਵੈ ਕੈ ਰੰਗਿ।”
– ਜਪੁ ੧, ੨੦ : ੬ (4)

(2) ਪ੍ਰੇਮ ਵਿਚ

“ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ।(ਪਿਆਰ ਵਿਚ)
- ਆਸਾ ੫, ਸੋਪੁ ੪, ੧* : ੨ (12)

“ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ।”
- ਸਿਰੀ ੩, ੫੦, ੪ : ੩ (33)

(3) ਰਸ ਹੋ ਕੇ

“ਮੇਰੇ ਮਨ ਹਰਿ ਭਜੁ ਸਦਾ ਇਕ ਰੰਗਿ।” (ਭਾਵ ਇਕਾਗਰ ਚਿਤ)
- ਸਿਰੀ ੫, ੮੮, ੧* : ੧ (48)

(4) ਰੂਪ ਵਿਚ

“ਅਠੀ ਵੇਪਰਵਾਹ ਰਹਨਿ ਇਕਤੈ ਰੰਗਿ।”
- ਮਾਰੂ ੧, ਵਾਰ ੧੭ਸ, ੨, ੨ : ੨ (146)

(5) ਮੌਜ ਵਿਚ

“ਜੋ ਕਿਛੁ ਕੀਨੋ ਸੁ ਆਪਨੈ ਰੰਗਿ।”
- ਗਉ ੫, ਸੁਖ ੧੨, ੬ : ੫ (279)

“ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ।”
- ਆਸਾ ੧, ਵਾਰ ੨੦ਸ, ੧, ੨ : ੫ (473)

(6) ਰੰਗ ਵਿਚ, ਵਰਣ ਵਿਚ

“ਹਰਿ ਰੰਗਿ ਚਲੂਲੈ ਜੋ ਰਤੇ ਤਿਨ ਭਿਨੀ ਹਰਿ ਰੰਗਿ ਚੋਲੀਆ।”
- ਗਉ ੪, ਵਾਰ ੧੯ਸ, ੪, ੧ : ੫ (311)

“ਬਸਤ੍ਰ ਹਮਾਰੈ ਰੰਗਿ ਚਲੂਲ।”(ਰੰਗ ਦੇ)
- ਆਸਾ ੫, ੭, ੩ : ੧ (372)

“ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ।”
- ਆਸਾ ੫, ੫੨, ੪ : ੧ (384)

(7) ਸੁਆਦਾਂ, ਖੁਸ਼ੀਆਂ

“ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ।”
- ਆਸਾ ੧, ਅਸ ੧੧, ੫ : ੨ (417)

“ਰੰਗਿ ਰਲੀਆ ਮਾਣਹੁ ਮੇਰੇ ਪਿਆਰੇ ਹਰਿ ਕਿਰਪਾ ਕਰੇ।” (ਖੁਸ਼ੀਆਂ)
- ਆਸਾ ੪, ਛੰਤ ੨੧, ੧ : ੩ (451)

(8) ਰੰਗ ਲੈ

“ਸਾਧ ਪ੍ਰਸਾਦਿ ਹਰਿ ਸਿਉ ਮਨੁ ਰੰਗਿ।”
- ਗੋਂਡ ੫, ੧੩, ੨ : ੪ (866)

ਰੰਗਿਓਨੁ ---- ਉਸ ਨੇ ਰੰਗਿਆ ਹੈ

“ਆਪੇ ਰੰਗਣਿ ਰੰਗਿਓਨੁ ਸਬਦੇ ਲਇਓਨੁ ਮਿਲਾਇ।”
- ਸਿਰੀ ੩, ੫੯, ੩ : ੧ (37)

ਰੰਗਿਆ ---- (1) ਰੰਗਨ ਕੀਤਾ ਹੈ, ਪਿਆਰ ਵਾਲਾ ਕੀਤਾ

“ਗੁਰਸਬਦੀ ਮਨੁ ਰੰਗਿਆ ਰਸਨਾ ਪ੍ਰੇਮ ਪਿਆਰਿ।”
- ਸਿਰੀ ੩, ੫੯, ੧ : ੨ (36)

“ਸਬਦਿ ਮਨੁ ਰੰਗਿਆ ਲਿਵ ਲਾਇ।”
- ਗਉ ੩, ਅਸ ੮, ੧ : ੨ (233)

(2) ਰੰਗ ਲਿਆ

"ਮਾਇਆ ਮੋਹਿ ਮਨੁ ਰੰਗਿਆ ਮੋਹਿ ਸੁਧਿ ਨ ਕਾਈ ਰਾਮ।"

- ਵਡ ੩, ਛੰਤ ੫, ੪ : ੧ (571)

ਰੰਗਿਰਤੇ ---- ਪਿਆਰ ਵਿਚ ਭਿਜੇ ਹੋਏ

"ਰੰਗਿਰਤੇ ਅਪੁਨੇ ਸੁਆਮੀ ਸੇਤੀ ਮਰੈ ਨ ਆਵੈ ਜਾਈ ਰਾਮ।"

- ਸੂਹੀ ੫, ਛੰਤ ੫, ੪ : ੨ (780)

ਰੰਗਿਰਾਤੜੀਏ - ਪਿਆਰ ਵਿਚ ਭਿਜ ਕੇ

"ਪਿਰੁ ਰਾਵੇ ਰੰਗਿਰਾਤੜੀਏ ਪਿਰ ਕਾ ਮਹਲ ਤਿਨ ਪਾਇਆ ਰਾਮ।"

- ਸੂਹੀ ੩, ਛੰਤ ੬, ੩ : ੧ (771)

ਰੰਗਿਰਾਤਾ --- ਪਿਆਰ/ਪ੍ਰੇਮ ਵਿਚ ਭਿਜਿਆ

"ਅਨਦਿਨੁ ਸਹਜਿ ਰਹੈ ਰੰਗਿਰਾਤਾ।"

- ਸੂਹੀ ੪, ਛੰਤ ੪, ੧ : ੫ (775)

ਹੋਰ ਰੂਪ:

ਰੰਗਿਰਾਤੇ -

"ਕਹੁ ਨਾਨਕ ਰਵਹਿ ਰੰਗਿਰਾਤੇ ਪ੍ਰੇਮ ਮਹਾ ਰਸ ਭੀਨੇ।" (ਪਿਆਰ ਵਿਚ ਭਿਜੇ)

- ਸੂਹੀ ੫, ਛੰਤ ੮, ੨ : ੬ (782)

ਰੰਗੀ ------ (1) ਵਰਣ ਦੇ, ਰੰਗਾਂ ਦੇ

"ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।"

- ਜਪੁ ੧, ੨੭ : ੧੯ (6)

"ਆਪੇ ਜਗਤੁ ਉਪਾਇਦਾ ਮੇਰੇ ਗੋਵਿਦਾ ਹਰਿ ਆਪਿ ਖੇਲੈ ਬਹੁ ਰੰਗੀ ਜੀਉ।"

(ਅਨੇਕਾਂ) ਪ੍ਰਕਾਰ ਨਾਲ੍ਹ

- ਗਉ ੪, ੬੮, ੨ : ੧ (174)

"ਸਰਬੀ ਰੰਗੀ ਰੂਪੀ ਤੂੰ ਹੈ ਤਿਸੁ ਬਖਸੇ ਜਿਸੁ ਨਦਰਿ ਕਰੇ।" (ਰੰਗਾਂ ਵਿਚ)

- ਆਸਾ ੧, ੨੨, ੧* : ੨ (355)

"ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ।" (ਰੰਗਾਂ ਦੇ)

- ਤੁਖਾ ੧, ਛੰਤ ੫, ੨ : ੪ (1112)

(2) ਰੰਗੀ ਹੋਈ

"ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ।"

- ਆਸਾ ੫, ੧੩੮, ੧ : ੨ (404)

ਰੰਗੀਓ ----- ਰੰਗੀਲਾ ਪ੍ਰੀਤਮ

"ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ।"

- ਮਲਾ ੫, ੧, ੩ : ੨ (1266)

ਰੰਗੀਆ ---- ਰੰਗਿਆ ਹੋਇਆ

"ਤਨੁ ਮਨੁ ਸੀਤਲੁ ਰੰਗਿ ਰੰਗੀਆ।"

- ਰਾਮ ੧, ਸਿਗੋ ੪੭ : ੪ (943)

ਰੰਗੀਐ ----- (1) ਰੰਗਿਆ ਜਾ ਸਕਦਾ

"ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ।"

– ਆਸਾ ੩, ਅਸ ੩੧, ੩ : ੧ (427)

(2) ਰੰਗਿਆਂ
“ਗੁਰਮੁਖਿ ਇਹੁ ਮਨੁ ਰੰਗੀਐ ਦੂਜਾ ਰੰਗ ਜਾਈ ਰਾਮ।”
– ਵਡ ੩, ਛੰਤ ੫, ੪ : ੨ (571)
“ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ।”
– ਸੂਹੀ ੧, ਅਸ ੨, ੧* : ੧ (751)

ਰੰਗੀਣਾ ----- ਰੰਗਿਆ ਭਾਵ ਰਮਿਆ ਰਹਿਣਾ
“ਰਹੈ ਗਗਨਪੁਰਿ ਦ੍ਰਿਸਟਿ ਸਮੈਸਰਿ ਅਨਹਤ ਸਬਦਿ ਰੰਗੀਣਾ।”
– ਰਾਮ ੧, ਅਸ ੮, ੨ : ੧ (907)

ਰੰਗੀਤਿ ----- ਰੰਗਿਆ ਹੈ
“ਹਰਿ ਕੇ ਸੰਤ ਸੰਤ ਜਨ ਨੀਕੇ ਜਿਨ ਮਿਲਿਆਂ ਮਨੁ ਰੰਗਿ ਰੰਗੀਤਿ।”
– ਕਾਨ ੪, ੫, ੩ : ੧ (1296)

ਰੰਗੀਨਾ ----- ਰੰਗਿਆ ਗਿਆ
“ਮਿਲਿ ਪ੍ਰੀਤਮ ਜਿਉ ਹੋਤ ਅਨੰਦਾ ਤਿਉ ਹਰਿ ਰੰਗਿ ਮਨੁ ਰੰਗੀਨਾ ਜੀਉ।”
– ਮਾਝ ੫, ੨੧, ੩ : ੩ (100)

ਰੰਗੀਲੜੇ ---- ਰੰਗੇ ਹੋਏ
“ਸਾਜਨ ਰਾਂਗਿ ਰੰਗੀਲੜੇ ਰੰਗੁ ਲਾਲੁ ਬਣਾਇਆ।”
– ਸੂਹੀ ੧, ਛੰਤ ੫, ੫ : ੬ (767)

ਰੰਗੀਲਾ ----- (1) ਪਿਆਰ ਕਰਨ ਵਾਲਾ
“ਸਦਾ ਰੰਗੀਲਾ ਲਾਲੁ ਪਿਆਰਾ ਏਹੁ ਮਹਿੰਜਾ ਆਸਰਾ।”
– ਸੂਹੀ ੫, ਅਸ ੪, ੧* : ੨ (761)

ਹੋਰ ਰੂਪ:

ਰਗੀਲਾ –
“ਲਾਲੁ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ।”
– ਸਾਰ ੫, ੩, ੧* : ੨ (1203)

(2) ਰੰਗੀਲਾ
“ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।”
– ਮਾਝ ੫, ਬਾਰਾ ੪ : ੯ (134)

ਰੰਗੀਲੇ ----- ਰੰਗ ਵਾਲੇ, ਪਿਆਰ ਸਰੂਪ
“ਲਾਲ ਗੋਪਾਲ ਦਇਆਲ ਰੰਗੀਲੇ।”
– ਮਾਝ ੫, ੧੬, ੧ : ੧ (99)

ਹੋਰ ਰੂਪ:

ਰੰਗੀਲੈ –
“ਜਬ ਕੀ ਰਾਮ ਰੰਗੀਲੈ ਰਾਤੀ ਰਾਮ ਜਪਤ ਮਨ ਧੀਰੇ।” (ਪਿਆਰ ਸਰੂਪ ਨਾਲ)
– ਸਾਰ ੧, ੧, ੨ : ੨ (1197)

ਰੰਗੁ ------- (1) ਰੰਗ, ਵਰਣ, ਰੂਪ
"ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ।"
- ਸਿਰੀ ੧, ੧੨, ੧ : ੨ (18)
"ਸਤਿਗੁਰਿ ਮਿਲਿਐ ਭਉ ਉਪਜੈ ਭੈ ਭਾਇ ਰੰਗੁ ਸਵਾਰਿ।" (ਰੂਪ)
- ਸੂਹੀ ੩, ਵਾਰ ੯ : ੨ (788)
(2) ਅਨੰਦ, ਮੌਜ, ਖੁਸ਼ੀ
"ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ।"
- ਸਿਰੀ ੧, ੨੪, ੧* : ੧ (23)
"ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ।"
- ਆਸਾ ੫, ੪੯, ੩ : ੨ (383)
"ਗੁਰ ਮਨਾਰਿ ਪ੍ਰਿਅ ਦਇਆਰ ਸਿਉ ਰੰਗੁ ਕੀਆ।" (ਪਿਆਰ ਦੇ ਚੋਜ)
- ਮਲਾ ੫, ੨੩, ੧* : ੧ (1271)
(3) ਪਿਆਰ, ਪ੍ਰੇਮ
"ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ।"
- ਸਿਰੀ ੫, ਅਸ ੨੬, ੫ : ੪ (70)
"ਸੰਤਾ ਸੇਤੀ ਰੰਗੁ ਨ ਲਾਏ।"
- ਮਾਝ ੫, ੩੭, ੩ : ੧ (105)
(4) ਰੰਗ ਵਾਲਾ, ਪਿਆਰ ਸਰੂਪ, ਪ੍ਰੀਤਮ
"ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ।"
- ਗਉ ੪, ੬੭, ੧ : ੨ (173)
(5) ਚੋਜ, ਤਮਾਸ਼ਾ
"ਨੈਨਹੁ ਪੇਖੁ ਠਾਕੁਰ ਕਾ ਰੰਗੁ।"
- ਗਉ ੫, ਸੁਖ ੧੪, ੨ : ੫ (281)
(6) ਸਰੂਪ
"ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ।"
- ਤਿਲੰ ੪, ਅਸ ੨, ੨੨ : ੧ (726)
(7) ਗਰੀਬ, ਰੰਕ, ਕੰਗਾਲ
"ਰਾਣਾ ਰਾਉ ਨ ਕੋ ਰਤੈ ਰੰਗੁ ਨ ਤੁੰਗੁ ਫਕੀਰ।"
- ਰਾਮ ੧, ਓਅੰ ੪੪ : ੧ (936)

ਰੰਗੁਲ ----- ਰੰਗੀ ਗਈ (ਪਿਆਰ ਵਿਚ)
"ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ।"
- ਸਾਰ ੧, ਅਸ ੧, ੫ : ੨ (1232)

ਰੰਗੁਲਾ ----- ਚੋਜ ਕਰਨ ਵਾਲਾ, ਰੰਗੀਲਾ, ਖੁਸ਼ੀਆਂ ਦੇਣ ਵਾਲਾ, ਅਨੰਦ ਦੇਣ ਵਾਲਾ
"ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ।"
- ਸਿਰੀ ੧, ੨੫, ੩ : ੧ (23)

ਹੋਰ ਰੂਪ:

ਰੰਗੁਲੇ –
"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ।" (ਪਿਆਰ ਵਾਲੇ, ਰੰਗੀਲੇ)

– ਸਿਰੀ ੧, ੨੪, ੨ : ੧ (23)
"ਨਾਨਕ ਨਾਮ ਰਤੇ ਸੇ ਰੰਗੁਲੇ ਗੁਰ ਕੈ ਸਹਜਿ ਸੁਭਾਇ।" (ਪਿਆਰ ਵਾਲੇ)
– ਸਿਰੀ ੪, ਵਾਰ ੮ਸ, ੩, ੨ : ੫ (85)

ਰੰਗੇ ------- (1) ਰੰਗ ਦੇਂਦਾ ਹੈ (ਪ੍ਰੇਮ ਵਿਚ)
"ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ।"
– ਸਿਰੀ ੩, ੪੯, ੨ : ੨ (32)
(2) ਪਿਆਰ ਨਾਲ
"ਅਨਦਿਨੁ ਨਾਮੁ ਧਿਆਵਹਿ ਰੰਗੇ।"
– ਗਉ ੫, ਬਾਅ ੧੩ : ੪ (252)
"ਨਾਮੁ ਧਿਆਵਹੁ ਸਦ ਸਦਾ ਹਰਿ ਹਰਿ ਮਨੁ ਰੰਗੇ।" (ਚਾਉ ਨਾਲ)
– ਆਸਾ ੫, ੧੦੪, ੪ : ੧ (397)
(3) ਰੰਗੇ ਹੋਏ
"ਰੰਗੇ ਕਾ ਕਿਆ ਰੰਗੀਐ ਜੋ ਰਤੇ ਰੰਗੁ ਲਾਇ ਜੀਉ।"
– ਸੂਹੀ ੧, ਅਸ ੨, ੧* : ੧ (751)

ਰੰਗੇਤੜਾ ---- ਰੰਗਿਆ ਹੋਇਆ, ਗੜ੍ਹਚ
"ਗੁਰਮੁਖਿ ਹਰਿ ਗੁਣ ਗਾਇ ਰੰਗਿ ਰੰਗੇਤੜਾ।"
– ਸੂਹੀ ੧, ਅਸ ੩, ੪ : ੨ (752)

ਰੰਗੇਤੀ ----- ਰੰਗੀ ਹੋਈ
"ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ।"
– ਧਨਾ ੧, ਛੰਤ ੩, ੩ : ੫ (689)

ਰੰਗੋ ------- ਰੰਗ ਲਵੋ
"ਨਾਰਾਇਣ ਹਰਿ ਰੰਗ ਰੰਗੋ।"
– ਗਉ ੫, ਅਸ ੧੩, ੧*: ੧ (241)

ਰੰਗੌ ------- ਰੰਗੇ ਜਾਓ
"ਪਰਮ ਅਤੀਤੁ ਪਰਮੇਸੁਰ ਕੈ ਰੰਗ ਰੰਗੌ ਬਾਸਨਾ ਤੇ ਬਾਹਰਿ ਪੈ ਦੇਖੀਅਤੁ ਧਾਮ ਸਿਉ।"
– ਸਵ ੫, ਮਥੁ ੩ : ੨ (1408)

ਰਘੁ ------- ਰਘੁਵੰਸ਼, ਰਘੁ ਕੁਲ ਦੇ ਲੋਕ, ਸੂਰਜਵੰਸ਼ੀ ਕੁਲ ਦਾ ਅਯੋਧਿਆ ਦਾ ਰਾਜਾ
"ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ।"
– ਸਵ ੧, ੪ : ੨ (1389)

ਰਘੁਨਾਥ ---- ਅਖਰੀ ਅਰਥ ਰਘੁਵੰਸ਼ ਦੇ ਮੁਖੀ, ਭਾਵ ਪ੍ਰਭੂ, ਵਾਹਿਗੁਰੂ
"ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ।"
– ਜੈਤ ਰਵਿ, ੧, ੬ : ੨ (710)

ਰਘੁਪਤਿ ---- ਅਖਰੀ ਅਰਥ 'ਰਘੁਵੰਸ਼' ਦਾ ਮਾਲਕ (ਪਤੀ), ਭਾਵ ਪ੍ਰਭੂ, ਅਕਾਲ ਪੁਰਖ
"ਭਜਿਓ ਨ ਰਘੁਪਤਿ ਰਾਜਾ।"
– ਸੋਰ ਕਬ, ੩, ੧* : ੨ (654)

ਰਘੁਬੰਸਿ ---- ਰਘੁ ਕੀ ਕੁਲ ਵਿਚ
“ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ ਮੁਨਿ ਬੰਛਹਿ ਜਾ ਕੀ ਸਰਣੰ।”
– ਸਵ ੪, ਗਯੰ ੨ : ੫ (1401)

ਰਘੁਰਾਇਓ -- ਅਖਰੀ ਅਰਥ ਰਘੁਵੰਸ਼ ਦਾ ਰਾਜਾ ਭਾਵ ਵਾਹਿਗੁਰੂ
“ਕੈ ਪਹਿ ਕਰਉ ਅਰਦਾਸਿ ਬੇਨਤੀ ਜਉ ਸੁਨਤੋ ਹੈ ਰਘੁਰਾਇਓ।”
– ਗਉ ੫, ੧੨੩*, ੧ : ੨ (205)

ਹੋਰ ਰੂਪ:

ਰਘੁਰਾਇਆ –
“ਭੋਲੇ ਭਾਇ ਮਿਲੇ ਰਘੁਰਾਇਆ।” (ਪ੍ਰਭੂ)
– ਗਉ ਕਬ, ੬, ੪ : ੨ (324)
“ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ।” (ਹੇ ਪ੍ਰਭੂ)
– ਭੈਰ ਕਬ, ੧੭, ੧ : ੨ (1161)

ਰਘੁਰਾਈ –
“ਏ ਬਾਰਿਕ ਕੈਸੇ ਜੀਵਹਿ ਰਘੁਰਾਈ।”
(ਹੇ ਪ੍ਰਭੂ)
– ਗੂਜ ਕਬ, ੨, ੧ : ੨ (524)

ਰਘੁਵੰਸੁ ---- ਰਘੁ ਵੰਸ਼ ਦਾ
“ਤ੍ਰੇਤੈ ਤੈ ਮਾਨਿਓ ਰਾਮੁ ਰਘੁਵੰਸੁ ਕਹਾਇਓ।”
– ਸਵ ੧, ੭ : ੨ (1390)

ਰੰਙਣ ਵਾਲਾ -- ਰੰਗ ਕਰਨ ਵਾਲਾ
“ਰੰਙਣ-ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ।”
– ਤਿਲੰ ੧, ੩, ੨ : ੨ (722)

ਰੰਙਣਿ ----- ਰੰਗ ਵਾਲੀ ਮੱਟੀ
“ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ।”
– ਤਿਲੰ ੧, ੩, ੨ : ੧ (722)

ਰੰਙੁ ------- (1) ਰੰਗ, ਵਰਣ
“ਹਰਿ ਨਾਮਾ ਹਰਿ ਰੰਙੁ ਹੈ ਹਰਿ ਰੰਙੁ ਮਜੀਠੈ ਰੰਙੁ।”
– ਸੂਹੀ ੪, ੩, ੧ : ੧ (731)
(2) ਰੰਗਣ
“ਮਿਲਿ ਸੰਗਤਿ ਹਰਿ ਰੰਗੁ ਪਾਇਆ ਜਨ ਨਾਨਕ ਮਨਿ ਤਨਿ ਰੰਙੁ।”
– ਸੂਹੀ ੪, ੩, ੪ : ੨ (732)

ਰੰਙੈ ------- ਰੰਗ ਚਾੜ੍ਹੇ
“ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ।”
– ਤਿਲੰ ੧, ੩, ੨ : ੨ (722)

ਰੰਚ ------- ਰਤਾ ਭਰ
“ਭਾਉ ਭਗਤਿ ਭਗਵਾਨ ਸੰਗਿ ਮਾਇਆ ਲਿਪਤ ਨ ਰੰਚ।”

– ਗਉ ੫, ਥਿਤੀ ੫ : ੭ (297)

ਰਚਸਿ ----- ਰਚਾ ਕੇ, ਜੋੜ ਕੇ
"ਜਪਸਿ ਨਿਰੰਜਨੁ ਰਚਸਿ ਮਨਾ।"
– ਗਉ ੧, ੧੫, ੩* : ੧ (156)

ਰਚਹਿ ----- ਜੁੜਦੇ, ਖਚਿਤ ਹੁੰਦੇ
"ਨਾਨਕ ਬਿਰਲੇ ਪਾਈਅਹਿ ਜੋ ਨ ਰਚਹਿ ਪਰਪੰਚ।"
– ਗਉ ੫, ਥਿਤੀ ੫ : ੮ (297)

ਹੋਰ ਰੂਪ:

ਰਚਹੁ –
"ਰੇ ਮਨ ਬਿਨੁ ਹਰਿ ਜਹ ਰਚਹੁ ਤਹ ਤਹ ਬੰਧਨ ਪਾਹਿ।" (ਜੁੜਦੇ ਹੋ)
– ਗਉ ੫, ਬਾਅ ੯ : ੧ (252)

ਰੰਚਕ ------ ਥੋੜੀ ਜਹੀ, ਰਤਾ ਕੁ
"ਈਧਨੁ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ।"
– ਸੋਰ ੧, ਅਸ ੪, ੧੦ : ੧ (637)

ਰਚੰਤਿ ----- (1) ਰਚ ਕੇ, ਬਣਾ ਕੇ
"ਰਚੰਤਿ ਜੀਅ ਰਚਨਾ ਮਾਤ ਗਰਭ ਅਸਥਾਪਨੰ।"
– ਜੈਤ ੫, ਵਾਰ ੨ਸ, ੫, ੧ : ੧ (706)

(2) ਖਚਿਤ ਹੋਣਾ, ਫਸ ਜਾਣਾ
"ਰੰਚਿਤ ਮੂੜ ਅਗਿਆਨ ਅੰਧਹ ਨਾਨਕ ਸੁਖਨ ਮਨੋਰਥ ਮਾਇਆ।"
– ਜੈਤ ੫, ਵਾਰ ੮ਸ, ੫, ੧ : ੨ (707)

(3) ਲੀਨ ਹੋਣਾ
"ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ।"
– ਜੈਤ ੫, ਵਾਰ ੧੨ਸ, ੫, ੧ : ੩ (708)

ਰਚਨ ------ (1) ਰਚੇ/ਜੁੜੇ/ਖਚਿਤ ਰਹਿੰਦੇ ਹਨ
"ਸਰਬ ਬਿਆਪੀ ਰਾਮ ਸੰਗਿ ਰਚਨ।"
– ਗਉ ੫, ਸੁਖ ੨੩, ੪ : ੪ (294)

ਹੋਰ ਰੂਪ:

ਰਚਨੰ –
"ਸੁਖੇਣ ਬੈਣ ਰਤਨੰ ਰਚਨੰ ਕਸੁੰਭ ਰੰਗਣਃ।"
– ਗਾਥਾ ੫, ੨੪ : ੧ (1361)

(2) ਰਚਨਾ, ਸ੍ਰਿਸ਼ਟੀ
"ਤਿਨ ਕੀ ਗਤਿ ਅਵਗਤਿ ਤੂੰ ਹੈ ਜਾਣਹਿ ਜਿਨਿ ਇਹ ਰਚਨ ਰਚਾਈ।"
– ਆਸਾ ੩, ਛੰਤ ੭, ੯ : ੪ (441)

ਰਚਨਹਾਰੁ --- ਕਰਤਾ, ਰਚਨਾ ਕਰਨ ਵਾਲਾ ਭਾਵ ਪ੍ਰਭੂ
"ਰਚਨਹਾਰੁ ਨਹ ਸਿਮਰਿਓ ਮਨਿ ਨ ਬੀਚਾਰਿ ਬਿਬੇਕ।"
– ਗਉ ੫, ਥਿਤੀ ੫ : ੬ (297)

ਰਚਨਾ ----- (1) ਸ੍ਰਿਸ਼ਟੀ, ਕਿਰਤ
"ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।"
– ਜਪੁ ੧, ੨੭ : ੧੮ (6)
"ਬਾਬਾ ਮਾਇਆ ਰਚਨਾ ਧੋਹੁ।" (ਕਿਰਤ)
– ਸਿਰੀ ੧, ੩, ੧* : ੧ (15)
"ਅਨਿਤ੍ ਰਚਨਾ ਨਿਰਮੋਹਤੇ।" (ਸੰਸਾਰ)
– ਸਸ ੫, ੨੩ : ੫ (1356)
(2) ਖਚਿਤ ਹੋਣਾ, ਲੀਨ ਹੋਣਾ, ਰੁਚਿਤ ਹੋਣਾ
"ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ।"
– ਗਉ ੫, ੯੮, ੧ : ੨ (185)
(3) ਸਾਜ ਸਮਾਨ
"ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ।"
– ਸੋਰ ੫, ਅਸ ੩, ੭ : ੧ (642)

ਰਚੰਨਿ ----- ਰੁਚਿਤ/ਲੀਣ ਰਹਿੰਦੇ ਹਨ
"ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ।"
– ਸਿਰੀ ੫, ਅਸ ੨੫, ੮ : ੩ (70)

ਰਚਨੀ ----- ਰਚਿਤ ਹੋਏ, ਜੁੜੇ
"ਅਨਦਿਨੁ ਸੇਵੀ ਗੁਣ ਰਵਾ ਮਨੁ ਸਚੈ ਰਚਨੀ।"
– ਸੂਹੀ ੩, ਵਾਰ ੧੮ : ੨ (791)

ਰਚਨੁ ------ ਰਚਨਾ, ਸ੍ਰਿਸ਼ਟੀ, ਪਰਪੰਚ
"ਅਪਨੇ ਕਰਤਬ ਆਪੇ ਜਾਨੈ ਜਿਨਿ ਇਹੁ ਰਚਨੁ ਰਚਾਇਆ।"
– ਗਉ ੫, ੧੬੩*, ੪ : ੧ (216)
"ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ।" (ਰਚਨਾ, ਸਰੂਪ)
– ਰਾਮ ੩, ਅਨੰ ੩੫ : ੩ (922)

ਰਚੰਨ੍ਹਿ ----- ਰਚੇ ਰਹਿੰਦੇ ਹਨ, ਖਚਿਤ ਰਹਿੰਦੇ ਹਨ
"ਜਿਨ੍ਹੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨ੍ਹਿ।"
– ਬਿਲਾ ੪, ਵਾਰ ੧੨ਸ, ੩, ੧ : ੪ (854)

ਰਚਾ ------ (1) ਰਚਿਆ ਹੋਇਆ, ਵਿਆਪਕ
"ਸਭਨਾ ਕਾ ਸਾਹਿਬੁ ਏਕੁ ਹੈ ਗੁਰਸਬਦੀ ਰਚਾ।"
– ਮਾਰੂ ੩, ਵਾਰ ੨੨ : ੪ (1094)
(2) ਖਚਿਜ, ਲੀਣ
"ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ।"
– ਮਾਰੂ ੫, ਵਾਰ ੧੫ : ੧ (1099)
(3) ਰਚਿਆ, ਸਿਰਜਿਆ
"ਤਿਨ੍ਹ ਤਰਿਓ ਸਮੁਦ੍ਰ ਖਿਨ ਇਕ ਮਹਿ ਜਲ ਹਰ ਬਿੰਬ ਜਗਤਿ ਜਗੁ ਰਚਾ।"
– ਸਵ ੪, ਗਯੰ ੫ : ੨ (1402)

ਰਚਾਇ ----- **ਰਚ ਕੇ, ਸਿਰਜ ਕੇ**

"ਆਪੇ ਰਚਨੁ ਰਚਾਇ ਆਪੇ ਹੀ ਪਾਲਿਆ।"

– ਗੂਜ ੫, ਵਾਰ ੧੯ : ੬ (523)

ਹੋਰ ਰੂਪ:

ਰਚਾਇਓ –

"ਏਕੈ ਕਨਿਕ ਅਨਿਕ ਭਾਤਿ ਸਾਜੀ ਬਹੁ ਪਰਕਾਰ ਰਚਾਇਓ।" (ਰਚਨਾ ਕੀਤੀ)

– ਗਉ ੫, ੧੨੩*, ੪ : ੨ (205)

"ਅਬ ਕਿਆ ਰੰਗੁ ਲਾਇਓ ਮੋਹੁ ਰਚਾਇਓ ਨਾਗੇ ਆਵਣੁ ਜਾਵਣਿਆ।" (ਭਾਵ ਆਰੰਭਿਆ)

– ਆਸਾ ੫, ਛੰਤ ੪, ੩ : ੪ (455)

"ਇਹੁ ਆਵਾਗਵਣੁ ਰਚਾਇਓ ਕਰਿ ਚੋਜ ਦੇਖੰਤਾ।"(ਅਰੰਭਿਆ, ਸਿਰਜਿਆ)

– ਮਾਰੂ ੫, ਵਾਰ ੪ : ੬ (1095)

ਰਚਾਇਓਨੁ –

"ਮਾਇਆ ਕਾ ਮੂਲੁ ਰਚਾਇਓਨੁ ਤੁਰੀਆ ਸੁਖੁ ਪਾਇਆ।" (ਸਿਰਜਿਆ)

– ਗੂਜ ੩, ਵਾਰ ੨ : ੫ (509)

ਰਚਾਇਆ –

"ਤਿਨਿ ਕਰਤੈ ਇਕੁ ਖੇਲੁ ਰਚਾਇਆ।" (ਰਚਿਆ, ਸਿਰਜਿਆ)

– ਮਾਝ ੩, ਅਸ ੧੪, ੩ : ੧ (117)

"ਉਦਮੁ ਕੀਆ ਕਰਾਇਆ ਆਰੰਭ ਰਚਾਇਆ।" (ਬੱਧਾ)

– ਆਸਾ ੫, ੧੧੫, ੧ : ੧ (399)

"ਸਚੇ ਭਾਇ ਪਿਆਰੀ ਕੰਤਿ ਸਵਾਰੀ ਹਰਿ
ਹਰਿ ਸਿਉ ਨੇਹੁ ਰਚਾਇਆ।" (ਪਾਇਆ)

– ਵਡ ੩, ਛੰਤ ੧, ੧ : ੩ (567)

ਰਚਾਇਦਾ --- **ਰਚਦਾ, ਸਿਰਜਦਾ**

"ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇਦਾ।" (ਰਚਦਾ)

– ਮਾਰੂ, ੧, ਸੋਲਾ ੧੬, ੧ : ੩ (1036)

"ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ।"

– ਸਲੋ ੩, ੨੩ : ੨ (1415)

ਰਚਾਈ ----- **ਰਚੀ, ਸਿਰਜੀ**

"ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।"

– ਜਪੁ ੧, ੨੭ : ੧੮ (6)

ਹੋਰ ਰੂਪ:

ਰਚਾਏ –

"ਸਤਸੰਗਤਿ ਸਿਉ ਬਾਦੁ ਰਚਾਏ। (ਅਰੰਭਿਆਂ)
ਅਨਦਿਨੁ ਦੁਖੀਆ ਦੂਜੈ ਭਾਇ ਰਚਾਏ।" (ਲਗਿਆਂ)

– ਸਿਰੀ ੪, ਵਾਰ ੧੪ਸ, ੩, ੩ : ੫;੬ (88)

"ਨਿਰਵੈਰੈ ਨਾਲਿ ਜਿ ਵੈਰ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ।" (ਰਚੇ)

– ਗਉ ੪, ਵਾਰ ੧੩ਸ, ੪, ੨ : ੪ (307)

ਰਚਾਹੀ ----- ਰਚਦੇ ਹਨ, ਬਣਾਂਦੇ ਹਨ
“ਕਾਇਆ ਰਤਿ ਬਹੁ ਰੂਪ ਰਚਾਹੀ।”
– ਗਉ ਕਬ, ੫, ੨ : ੧ (324)

ਰਚਾਨਾ ----- ਰਚਿਆ, ਸਿਰਜਿਆ
“ਪੰਚ ਤਤੁ ਕਾ ਰਚਨੁ ਰਚਾਨਾ।।”
– ਮਾਰੂ ੫, ਸੋਲਾ ੨, ੬ : ੨ (1073)

ਰਚਾਵਹਿ ---- ਖਚਿਤ ਕਰਦਾ, ਲੀਨ ਕਰਦਾ, ਲਾਉਂਦਾ
“ਜਾ ਤੁਧੁ ਭਾਵੈ ਤਾ ਨਾਇ ਰਚਾਵਹਿ ਤੂੰ ਆਪੇ ਨਾਉ ਜਪਾਵਣਿਆ।”
– ਮਾਝ ੩, ਅਸ ੨੨, ੩ : ੩ (122)

ਰਚਾਵੈ ----- ਆਰੰਭੇ, ਰਚੇ, ਪਾਵੈ
“ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ।”
– ਸਾਰ ੫, ੬੮, ੧ : ੧ (1217)

ਰਚਿ ------ (1) ਲੀਣ ਹੋਇਆ, ਖੁਭਾ ਹੋਇਆ, ਹੋਰ ਵੇਖੋ ‘ਰਚਿਓ’ (2)
“ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ।”
– ਸਿਰੀ ੫, ੮੪, ੩ : ੨ (47)
“ਜਾ ਸਿਉ ਰਚਿ ਰਹੇ ਹਾਂ।”
– ਆਸਾ ੫, ੧੬੩, ੧ : ੧ (411)
(2) ਸਿਰਜ ਕੇ, ਸਾਜ ਕੇ, ਬਣਾ ਕੇ, ਹੋਰ ਵੇਖੋ ‘ਰਚਿਓ’ (1)
“ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨਿ ਭੀਤਰਿ ਧਰਿ ਗਿਆਨੁ।”
– ਸਿਰੀ ੧, ਪਹ ੧, ੨ : ੫ (75)
“ਜਿਹ ਸਿਰਿ ਰਚਿ ਰਚਿ ਬਾਧਤ ਪਾਗ।” (ਸਿਰਜ ਸਿਰਜ ਭਾਵ ਸਵਾਰ ਸਵਾਰ ਕੇ)
– ਗਉ ਕਬ, ੩੫, ੧ : ੧ (330)
(3) ਲਗਾ, ਜੁੜਿਆ
“ਭੈ ਰਚਿ ਰਹੈ ਨ ਬਾਹਰਿ ਜਾਇ।”
– ਗਉ ੧, ਅਸ ੬, ੫ : ੧ (223)

ਰਚਿਓ ----- (1) ਸਿਰਜਿਆ
“ਭੈ ਮਹਿ ਰਚਿਓ ਸਭੁ ਸੰਸਾਰਾ।”
– ਗਉ ੫, ੧੩੨, ੧ : ੧ (192)
“ਅਗਮ ਦ੍ਰੁਗਮ ਗੜਿ ਰਚਿਓ ਬਾਸ।” (ਵਾਸਾ ਕੀਤਾ)
– ਭੈਰ ਕਬ, ਅਸ ੧, ੧ : ੧ (1162)
(2) ਲੀਣ ਹੋਇਆ, ਖੁਭਿਆ
“ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ।”
– ਸੋਰ ੯, ੩, ੧* : ੨ (632)

ਰਚਿਓਨੁ ---- ਸਿਰਜਿਆ, ਖੜਾ ਕੀਤਾ

“ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ।”
– ਮਾਝ ੧, ਵਾਰ ੧੭ਸ, ੧, ੧ : ੮ (146)

ਰਚਿਆ ---- (1) ਸਿਰਜਿਆ, ਖੜਾ ਕੀਤਾ
“ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ।”
– ਸਿਰੀ ੫, ੯੧, ੧ : ੨ (50)
“ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ।” (ਬਣਾਇਆ)
– ਸੋਰ ੫, ੨੬, ੧ : ੨ (616)
(2) ਮਿਲਿਆ ਹੋਇਆ, ਸ਼ਾਮਲ ਹੋਇਆ
“ਆਪੇ ਰਚਿਆ ਸਭ ਕੈ ਸਾਥਿ।”
– ਗਉ ੫, ਸੁਖ ੧੨, ੭ : ੨ (279)
(3) ਲੀਣ ਹੋਇਆ, ਖੁਭਿਆ
“ਕੁਸਮ ਰੰਗ ਸੰਗ ਰਸਿ ਰਚਿਆ ਬਿਖਿਆ ਏਕ ਉਪਾਇਓ।”
– ਦੇਵ ੫, ੧੫, ੧ : ੧ (531)

ਰਚਿਤ ----- (1) ਰਚੀ ਹੋਈ, ਸਿਰਜੀ/ਬਣਾਈ ਹੋਈ
“ਚਚਾ ਰਚਿਤ ਚਿਤ੍ਰ ਹੈ ਭਾਰੀ।”
– ਗਉ ਕਬ, ਬਾਅ ੧੨ : ੧ (340)
(2) ਲਗੇ ਹੋਏ, ਖੁਭੇ ਹੋਏ
“ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।”
– ਸਾਰ ੫, ੧੩੯, ੧ : ੧ (1231)

ਰਚੀ ------ (1) ਬਣਾਈ, ਸਿਰਜੀ
“ ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ।”
– ਗਉ ੫, ਸੁਖ ੧੦ਸ : ੨ (275)
(2) ਲਗੀ ਰਹੀ, ਖਚਿਤ ਰਹੀ, ਲੀਣ ਰਹੀ
“ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ।”
– ਗਉ ਕਬ, ੬੪, ੩ : ੧ (337)

ਰਚੀਆ ---- ਖੁਭਿਆ ਹੋਇਆ ਹਾਂ, ਲੀਣ ਹਾਂ, ਜੁੜਿਆ ਹੋਇਆ ਹਾਂ
“ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ।”
– ਗਉ ੫, ੮੭, ੩ : ੩ (181)

ਰਚੀਐ ----- ਸਿਰਜੀ/ ਬਣਾਈ ਹੈ
“ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ।”
– ਪ੍ਰਭਾ ੧, ਅਸ ੪, ੭ : ੧ (1344)

ਰਚੁ ------- (1) ਲਗ ਜਾ, ਜੁਟ ਜਾ, ਲੀਣ ਹੋ ਜਾ
“ਮਨ ਮੇਰੇ ਰਚੁ ਰਾਮ ਕੈ ਸੰਗਿ।
– ਗਉ ੫, ਅਸ ੬, ੪ : ੪ (238)
(2) ਰਚਨਾ, ਸ੍ਰਿਸ਼ਟੀ
“ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤ ਵੀਚਾਰਿ ਪਤੀਣਾ।”

– ਰਾਮ ੧, ਅਸ ੮, ੪ : ੧ (907)

ਰਚੇ ------- (1) ਲੀਣ ਹੋਏ, ਜੁੜੇ, ਲਗੇ
"ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ।"
– ਗਉ ੫, ਥਿਤੀ ੬ : ੪ (298)

ਹੋਰ ਰੂਪ:

ਰਚੈ –
"ਅੰਦਰੁ ਰਚੈ ਹਰਿ ਸਚ ਸਿਉ ਰਸਨਾ ਹਰਿ ਗੁਣ ਗਾਇ।"
– ਸਿਰੀ ੩, ੪੦, ੧ : ੩ (29)

(2) ਸਿਰਜ ਲੈਣਾ
"ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।"
– ਗਉ ੫, ਵਾਰ ੬ਸ, ੫, ੧ : ੨ (319)

ਰਛਕ ------ ਰਖਿਆ ਕਰਨ ਵਾਲਾ
"ਨਾਨਕ ਕਹਤ ਭਗਤ ਰਛਕ ਹਰਿ ਨਿਕਟਿ ਤਾਹਿ ਤੁਮ ਮਾਨੋ।"
– ਬਿਲਾ ੯, ੧, ੨ : ੨ (830)

ਰਜ ------- (1) ਧੂੜ, ਖਾਕ
"ਦੀਨ ਦਇਆਲ ਪ੍ਰਸੰਨ ਪੂਰਨ ਜਾਚੀਐ ਰਜ ਸਾਧ।" (ਭਾਵ ਚਰਨ ਧੂੜ)
– ਗੂਜ ੫, ਅਸ ੨, ੪ : ੨ (508)

(2) ਰਜੋ, ਮਾਇਆ ਦੇ ਤਿੰਨਾਂ ਗੁਣਾਂ ਵਿਚੋਂ ਇਕ ਜੋ ਅਹੰਕਾਰ ਤੇ ਮੋਹ ਦਾ ਉਤੇਜਕ ਹੈ
"ਰਜ ਤਮ ਸਤ ਕਲ ਤੇਰੀ ਛਾਇਆ।"
– ਮਾਰੂ ੧, ਸੋਲਾ ੧੭, ੧੧ : ੧ (1038)

3) ਪਰਾਗ
"ਰਜ ਪੰਕਜ ਮਹਿ ਲੀਓ ਨਿਵਾਸ।"
– ਭੈਰ ਕਬ, ਅਸ ੧, ੪ : ੨ (1162)

ਰਜਊ ------ ਰਜਦਾ, ਸੰਤੁਸ਼ਟ ਹੁੰਦਾ
"ਹਉ ਗੁਰੁ ਸਾਲਾਹਿ ਨ ਰਜਊ ਮੈ ਮੇਲੇ ਹਰਿ ਪ੍ਰਭੁ ਪਾਸਿ।"
– ਸਿਰੀ ੪, ੬੮, ੨ : ੩ (41)

ਰਜਈ ----- ਰਜਦੀ
"ਜਿਹਵਾ ਸਾਲਾਹਿ ਨ ਰਜਈ ਹਰਿ ਪ੍ਰੀਤਮ ਚਿਤੁ ਲਾਇ।"
– ਗਉ ੪, ਵਾਰ ੨੩ਸ, ੪, ੨ : ੩ (313)

ਰਜਨਿ ----- (ਸੰ.) ਰਾਤ
"ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ।" (ਉਮਰ ਰੂਪੀ ਰਾਤ)
– ਸਾਰ ੫, ੩੦, ੧* : ੨ (1210)

ਹੋਰ ਰੂਪ:

ਰਜਨੀ –
"ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਭ ਸੰਸਾਰ।" (ਰਾਤ)

– ਗਉ ਰਵਿ, ਅਸ ੧, ੫ : ੧ (346)

ਰਜਾ ------ (1) ਰਜਾਂ, ਸੰਤੁਸ਼ਟ ਹੋਵਾਂ
"ਤੁਧੁ ਸਾਲਾਹਿ ਨ ਰਜਾ ਕਬਹੂੰ ਸਚੇ ਨਾਵੈ ਕੀ ਭੁਖ ਲਾਵਣਿਆ।"
– ਮਾਝ ੩, ਅਸ ੮, ੨ : ੩ (113)

(2) ਰਜ ਗਿਆ, ਰਜਿਆ
"ਗੁਰਮਤਿ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ।"
– ਮਾਝ ੧, ਵਾਰ ੨ : ੬ (139)
"ਨਾ ਤਿਸੁ ਭੁਖ ਪਿਆਸ ਰਜਾ ਧਾਇਆ।"(ਰਜਿਆ ਹੋਇਆ)
– ਮਲਾ ੧, ਵਾਰ ੨ : ੬ (1279)

ਰਜਾਇ ----- (ਅ. ਰਜ਼ਾ) ਖੁਸ਼ੀ; ਪ੍ਰਸੰਨਤਾ; ਭਾਣੇ ਅਨੁਸਾਰ/ਮਰਜ਼ੀ ਨਾਲ (ਦਰਪਣ)
"ਹਰਿ ਹਰਿ ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ।" (ਖੁਸ਼ੀ/ ਭਾਣੇ ਅਨੁਸਾਰ)
(ਮਹਾਨ ਕੋਸ਼ ਤੇ ਨਿਰਣੈ ਇਥੇ ਅਰਥ 'ਰਜ਼ਾ ਵਾਲਾ' ਕਰਦੇ ਹਨ)
– ਸਿਰੀ ੩, ੩੮, ੩ : ੩ (28)
"ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ।"(ਖੁਸ਼ੀ ਵਿਚ)
– ਸਿਰੀ ੧, ਅਸ ੯, ੬ : ੨ (59)
"ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ।"(ਹੁਕਮ ਅਨੁਸਾਰ)
– ਸਿਰੀ ੧, ਅਸ ੧੦, ੭ : ੨ (59)
"ਨਾਨਕ ਪੂਰੈ ਕਰਮਿ ਸਤਿਗੁਰੁ ਮਿਲੈ ਹਰਿ ਜੀਉ ਕਿਰਪਾ ਕਰੇ ਰਜਾਇ।"(ਭਾਣੇ ਅਨੁਸਾਰ)
– ਵਡ ੪, ਵਾਰ ੧੪ਸ, ੩, ੨ : ੫ (591)

(2) ਹੁਕਮ, ਭਾਣਾ
"ਮਨ ਮੇਰੇ ਗੁਰ ਕੀ ਮੰਨਿ ਲੈ ਰਜਾਇ।"
– ਸਿਰੀ ੩, ੬੦, ੧* : ੧ (37)
"ਮਨ ਰੇ ਸਾਚੀ ਖਸਮ ਰਜਾਇ।"
– ਸਿਰੀ ੧, ਅਸ ੧੪, ੧* : ੧ (62)
"ਜਿਉ ਭਾਵੈ ਤਿਉ ਰਖਸੀ ਆਪੇ ਕਰੇ ਰਜਾਇ।" (ਹੁਕਮ)
– ਵਡ ੩, ਅਸ ੧, ੮ : ੨ (565)

(3) ਰਜ਼ਾ ਦਾ ਮਾਲਕ
"ਸਾਹਾ ਹੁਕਮੁ ਰਜਾਇ ਸੋ ਨ ਟਲੈ ਜੋ ਪ੍ਰਭੁ ਕਰੈ ਬਲਿਰਾਮ ਜੀਉ।"
– ਸੂਹੀ ੧, ਛੰਤ ੧, ੩ : ੨ (763)

ਰਜਾਇਆ --- ਰਜਾ ਦਿੱਤਾ, ਤ੍ਰਿਪਤ ਕਰ ਦਿੱਤਾ
"ਕਰਿ ਕਿਰਪਾ ਪ੍ਰਭਿ ਸਗਲ ਰਜਾਇਆ।"
– ਮਾਝ ੫, ੩੪, ੨ : ੨ (104)

ਰਜਾਈ ----- (1) ਰਜ਼ਾ ਵਾਲਾ, ਰਜ਼ਾ ਦਾ ਮਾਲਕ
"ਹੁਕਮ ਰਜਾਈ ਚਲਣਾ, ਨਾਨਕ ਲਿਖਿਆ ਨਾਲਿ।"
– ਜਪੁ ੧, ੧ : ੬ (1)
"ਸਿਫਤਿ ਸਾਲਾਹਣੁ ਤੇਰਾ ਹੁਕਮੁ ਰਜਾਈ।" (ਹੇ ਰਜ਼ਾ ਦੇ ਮਾਲਕ)

– ਮਾਝ ੫, ੨੦, ੧ : ੧ (100)

(2) ਰਜ਼ਾ ਵਿਚ, ਭਾਣੇ ਵਿਚ, ਹੁਕਮ ਵਿਚ

"ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ।"

– ਜਪੁ ੧, ੨੭ : ੨ (6)

"ਸੇ ਧਨ ਖਸਮੈ ਚਲੈ ਰਜਾਈ।"

– ਸਿਰੀ ੪, ਵਾਰ, ੮ਸ, ੩, ੧ : ੩ (85)

(3) ਤ੍ਰਿਪਤ ਹੋਇਆ, ਅਨੰਦਿਤ (ਮਹਾਨ ਕੋਸ਼); ਹੁਕਮ ਮੰਨਣ ਵਾਲਾ (ਸ਼ਬਦਾਰਥ); ਹੇ ਰਜ਼ਾ ਦੇ ਮਾਲਕ ਪ੍ਰਭੂ! (ਦਰਪਣ) ਰਜ਼ਾ ਅਨੁਸਾਰ (ਨਿਰਣੈ)

"ਜੈਸੇ ਸਚ ਮਹਿ ਰਹਉ ਰਜਾਈ।"

– ਬਿਲਾ ੧, ੧, ੧* : ੨ (795)

ਰਜਾਏ ----- ਰਜ਼ਾ ਅਨੁਸਾਰ, ਹੁਕਮ ਅਨੁਸਾਰ

"ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ।"

– ਆਸਾ ੫, ੧੦੩, ੨ : ੨ (396)

ਰਜਿ ------ ਰਜ ਕੇ, ਤ੍ਰਿਪਤ ਹੋ ਕੇ

"ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ।"

– ਮਾਝ ੧, ਵਾਰ ੨੭ : ੬ (150)

"ਰਜਿ ਨ ਕੋਈ ਜੀਵਿਆ ਪਹੁਚਿ ਨ ਚਲਿਆ ਕੋਇ।"

– ਸਲੋ ੧, ੩੧ : ੧ (1412)

ਰਜਿਆ ---- ਤ੍ਰਿਪਤ ਹੋਇਆ

"ਆਖਣੁ ਆਖਿ ਨ ਰਜਿਆ ਸੁਨਣਿ ਨ ਰਜੇ ਕੰਨ।"

– ਮਾਝ ੧, ਵਾਰ ੧੯ਸ, ੨, ੨ : ੧ (147)

ਰਜੀ ------ ਤ੍ਰਿਪਤ ਹੋਈ, ਰਜ ਗਈ

"ਅੰਨੁ ਧੰਨੁ ਬਹੁਤੁ ਉਪਜਿਆ ਪ੍ਰਿਥਮੀ ਰਜੀ ਤ੍ਰਿਪਤਿ ਅਘਾਇ।"

– ਸਿਰੀ ੪, ਵਾਰ ੧੬ਸ, ੫, ੧ : ੨ (321)

ਰਜੀਆ ---- ਤ੍ਰਿਪਤ ਹੋਈਆਂ

"ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ।"

– ਮਾਝ ੧, ਵਾਰ ੧੯ਸ, ੨, ੨ : ੨ (147)

ਰੰਜੀਐ ----- ਖੁਸ਼ ਹੁੰਦਾ ਹੈ

"ਹਰਿ ਬਿਸਰਿਐ ਕਿਉ ਤ੍ਰਿਪਤਾਵੈ ਨਾ ਮਨੁ ਰੰਜੀਐ।"

– ਜੈਤ ੫, ਵਾਰ ੧੦ : ੩ (708)

ਰਜੇ ------- ਤ੍ਰਿਪਤ ਹੋਵੇ

"ਭਿਖਿਆ ਨਾਮਿ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ।"

– ਸੋਰ ੧, ਅਸ ੧, ੩ : ੪ (634)

ਹੋਰ ਰੂਪ:

ਰਜੈ –

"ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂ ਹਰਿ ਸੁਖਦਾਤਾ ਵਡਨੁ।" (ਰਜਦਾ, ਤ੍ਰਿਪਤ ਹੁੰਦਾ)

– ਬਿਹਾ ੪, ਵਾਰ ੧੦ : ੫ (552)

ਰਵਾਣਦਾ --- ਦੁਖ ਦਿੰਦਾ

"ਪੈ ਕੋਇ ਨ ਕਿਸੈ ਰਵਾਣਦਾ।"

– ਸਿਰੀ ੫, ਅਸ ੨੯, ੧੩ : ੨ (74)

ਰਵਾਣਿ ----- ਦੁਖ ਦੇ ਕੇ

"ਅਨਾਥ ਰਵਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ।"

– ਸਾਰ ੫, ੧੦੫, ੧ : ੧ (1224)

ਰੰਵਾਣੀ ----- (ਛਾ, ਰੰਜ) ਦੁਖੀ

"ਹਉ ਦੋਹਾਗਣਿ ਖਰੀ ਰੰਵਾਣੀ।"

– ਮਾਰੂ ੧, ੫, ੨ : ੧ (990)

ਹੋਰ ਰੂਪ:

ਰੰਵਾਣੈ –

"ਤਉ ਕੜੀਐ ਜੇ ਭੂਲਿ ਰੰਵਾਣੈ।"(ਦੁੱਖ ਦੇਵੇ)

– ਭੈਰ ੫, ੧੮, ੩ : ੨ (1140)

ਰਟਿਆ ---- ਰਤਿਆ, ਰੰਗਿਆ ਹੋਇਆ

"ਕਰਤੇ ਪਾਪ ਅਨੇਕ ਮਾਇਆ ਰੰਗ ਰਟਿਆ।"

– ਜੈਤ ੫, ਛੰਤ ੩, ੧ : ੨ (705)

ਰਡ ------- ਭਟ (ਸ਼ਬਦਾਰਥ); ਧੁਨੀ, ਸ਼ਬਦ (ਮਹਾਨਕੋਸ਼) ਉਸਤਤੀ ਦਾ ਇਕ ਛੰਦ (ਨਿਰਣੈ, ਦਰਪਣ)

"ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ।"

– ਸਲੋ ਫਰ, ੪੫ : ੧ (1380)

ਰੰਡ ------- ਰੰਡੀ, ਵਿਧਵਾ

"ਸਾਧਨ ਰੰਡ ਨ ਬੈਸਈ ਜੇ ਸਤਿਗੁਰ ਮਾਹਿ ਸਮਾਇ।"

– ਸਿਰੀ ੧, ਅਸ ੨, ੪ : ੧ (54)

"ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੈ ਭਾਇ।" (ਭਾਵ ਪ੍ਰਭੂ ਤੋਂ ਵਿਛੜੀ)

– ਸੂਹੀ ੩, ਵਾਰ ੩ਸ, ੩, ੨ : ੨ (786)

ਰੰਡੀਆ ---- 'ਰੰਡ' ਦਾ ਬਹੁਵਚਨ, ਵਿਭਚਾਰਨਾਂ

"ਚੋਰਾ ਜਾਗ ਰੰਡੀਆ ਕੁਟਣੀਆ ਦੀਬਾਣੁ।"

– ਸੂਹੀ ੩, ਵਾਰ ੧੪ਸ, ੧, ੧ : ੧ (790)

ਰਣ ------- ਜੰਗ, ਜੁੱਧ

"ਣਾਣਾ ਰਣ ਤੇ ਸੀਝੀਐ ਆਤਮ ਜੀਤੈ ਕੋਇ।"

– ਗਉ ੫, ਬਾਅ ੩੧ : ੧ (256)

ਰਣਝੁੰਝਨੜਾ -- ਮਿੱਠੀ ਰਸਦਾਇਕ ਆਵਾਜ਼ ਵਿਚ

“ਰਣਝੁੰਝਨੜਾ ਗਾਉ ਸਖੀ ਹਰਿ ਏਕੁ ਧਿਆਵਹੁ।”
– ਰਾਮ ੫, ਛੰਤ ੫, ੧ : ੨ (927)

ਰਣਿ ------ ਜੰਗ ਵਿਚ, ਰਣ ਭੂਮੀ ਵਿਚ
“ਰਣਿ ਦਰਗਹਿ ਤਉ ਸੀਝਹਿ ਭਾਈ।”
– ਗਉ ੫, ਬਾਅ ੪੪ : ੩ (259)

ਰਣੁ ------- ਘੋਲ, ਜੁੱਧ
“ਸਾਧਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਅਖਾੜਾ।”
– ਆਸਾ ੫, ਛੰਤ, ੧੨, ੪ : ੫ (461)

ਰਤ ------- (1) ਪ੍ਰੇਮੀ
“ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ।” (ਭਾਵ ਕਰਮ–ਕਾਂਡੀ)
– ਗਉ ੫, ਬਾਅ ੯ : ੩ (252)
(2) ਪਿਆਰ, ਪ੍ਰੇਮ
“ਮਨੂਆ ਡੋਲੈ ਦਹਦਿਸਿ ਧਾਵੈ ਬਿਨੁ ਰਤ ਆਤਮ ਗਿਆਨਾ।”
– ਮਾਰੂ ੧, ਅਸ ੭, ੫ : ੨ (1013)
(3) ਰਤੀ ਹੋਈ, ਲਗਾ ਹੋਇਆ
“ਜੈਸੀ ਪਰਪੁਰਖਾ ਰਤ ਨਾਰੀ।”
– ਭੈਰ ਨਾਮ, ੭, ੨ : ੧ (1164)
“ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ।”
– ਸਾਰ ੫, ੧੨੯, ੨ : ੧ (1229)
(4) ਲਗਨ
“ਆਤਮ ਰਤ ਸੰਗ੍ਰਹਣ ਕਹਣ ਅੰਮ੍ਰਿਤ ਕਲ ਢਾਲਣ।”
– ਸਵ ੨, ੫ : ੪ (1391)

ਰਤੰ ------- (1) ਜੁੜਨਾ
“ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।”
– ਸਸ ੫, ੮ : ੧ (1354)
(2) ਪ੍ਰੀਤੀ
“ਆਤਮ ਰਤੰ ਸੰਸਾਰ ਗਹੰਤੇ ਨਰ ਨਾਨਕ ਨਿਹਫਲਹ।”
– ਸਸ ੫, ੬੫ : ੨ (1360)

ਰਤਉ ------ ਜੁੜਕੇ, ਰਚ ਕੇ
“ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ।”
– ਸੋਰ ੧, ਅਸ ੧, ੧* : ੧ (634)

ਰਤਕ ------ ਰਤੀ, ਤੋਲ ਦੀ ਇਕ ਇਕਾਈ
“ਤੋਲਾ ਮਾਸਾ ਰਤਕ ਪਾਇ।”
– ਸਾਰ ੪, ਵਾਰ ੬ਸ, ੧, ੧ : ੭ (1239)

ਰਤਨ ------ (1) ਅਮੋਲਕ ਵਸਤੂ, ਅਮੋਲਕ

"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।" (ਅਮੋਲਕ ਗੁਣ)

– ਜਪੁ ੧, ੬ : ੩ (2)

"ਤਿਤੁਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ।" (ਅਮੋਲਕ ਬੋਲ)

– ਮਾਝ ੧, ਵਾਰ ੨੦ਸ, ੧, ੨ : ੨ (147)

"ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ।" (ਅਮੋਲਕ ਨਾਮ ਪਦਾਰਥ)

– ਵਡ ੩, ਛੰਤ ੪, ੧ : ੧ (569)

(2) ਪੌਰਾਣਿਕ ਕਥਾ ਅਨੁਸਾਰ ਦੇਵਤਿਆਂ ਦੇ ਸਮੁੰਦਰ ਮੰਥਨ ਤੋਂ ਨਿਕਲੇ ਚੰਦਰਮਾ, ਧਨੰਤਰ, ਕਾਮਧੇਨ ਆਦਿ ਚੌਦਾਂ ਰਤਨ, ਅਥਵਾ ਵਡਮੁੱਲੇ ਪਦਾਰਥ।

"ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ।"

– ਜਪੁ ੧, ੨੭ : ੧੨ (6)

(3) ਕੀਮਤੀ ਪੱਥਰ

"ਰਤਨ ਪਦਾਰਥ ਮਾਣਕਾ ਸੁਇਨਾ ਰੁਪਾ ਖਾਕੁ।"

– ਸਿਰੀ ੫, ੮੪, ੨ : ੧ (47)

"ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ।"

– ਮਾਝ ੫, ਬਾਅ ੧੦ : ੭ (135)

ਰਤਨੰ ------ ਅਮੋਲਕ ਭਾਵ ਸੁੰਦਰ, ਮਿਠੇ

"ਸੁਖੇਣ ਬੈਣ ਰਤਨੰ ਕਸੁੰਭ ਰੰਗਣਃ।"

– ਗਾਥਾ ੫, ੨੪ : ੧ (1361)

ਰਤੰਨ ------ ਭਾਵ ਅਖਾਂ, ਨੇਤਰ

"ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ।"

– ਸਲੋ ਫਰ, ੨੭ : ੧ (1381)

ਰਤਨਾ ----- (1) ਹੀਰਿਆਂ

"ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ।"

– ਸਿਰੀ ੧, ੮, ੧ : ੧ (17)

(2) ਮੁਲਵਾਨ ਵਸਤੂਆਂ

"ਪੁੰਨ ਦਾਨ ਹੋਮੇ ਬਹੁ ਰਤਨਾ।"

– ਗਉ ੫, ਸੁਖ ੩, ੧ : ੬ (265)

"ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ।"

– ਆਸਾ ੪, ਛੰਤ ੮, ੪ : ੧ (442)

(3) ਰਤਨਾਂ ਦੀ

"ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ।"

– ਗਉ ੫, ਵਾਰ ੪ : ੩ (319)

(4) ਭਾਵ ਅਖਾਂ

"ਉਜਲ ਮੋਤੀ ਸੋਹਣੇ ਰਤਨਾ ਨਾਲਿ ਜੁੜੰਨਿ।"

– ਸੂਹੀ ੩, ਵਾਰ ੧੦ਸ, ੧, ੨ : ੧ (788)

(5) ਭਾਵ ਸੁਭਬਚਨ

"ਮਨੁ ਮਾਣਕੁ ਰਤਨਾ ਮਹਿ ਗਹੈ।"

- ਰਾਮ ਬੇਣੀ, ੧, ੮ : ੪ (974)

ਰਤੰਨਾ ----- (1) ਰਤਿਆ (ਰੰਗਿਆ) ਗਿਆ

"ਜਨ ਨਾਨਕ ਪ੍ਰੇਮਿ ਰਤੰਨਾ।"

- ਗਉ ੪, ੬੫, ੪ : ੪ (173)

(2) ਰਤਨ, ਕੀਮਤੀ ਪੱਥਰ

"ਜੜਿ ਹਰਿ ਹਰਿ ਨਾਮੁ ਰਤੰਨਾ ਰਾਮ।"

- ਵਡ ੪, ਘੋੜੀ ੨, ੨ : ੨ (576)

ਰਤਨਾਗਰ --- (ਸੰ.) ਰਤਨ ਪੈਦਾ ਕਰਨ ਵਾਲਾ, ਰਤਨਾਂ ਦੀ ਖਾਣ (ਭੰਡਾਰ)

"ਹਰਿ ਹਰਿ ਨਾਮੁ ਸਿਮਰਿ ਰਤਨਾਗਰ।" (ਭਾਵ ਅਮੋਲਿਕ ਗੁਣਾਂ ਦਾ ਸੋਮਾ)

- ਸੂਹੀ ੫, ੩੪, ੧ : ੨ (744)

ਹੋਰ ਰੂਪ:

ਰਤਨਾਗਰਾ –

"ਗੁਣਹ ਸੁਖਸਾਗਰਾ ਬ੍ਰਹਮ ਰਤਨਾਗਰਾ ਭਗਤਿ ਵਛਲੁ ਨਾਨਕ ਗਾਇਓ।"(ਹੇ ਰਤਨਾਂ ਦੀ ਖਾਣ, ਭੰਡਾਰ)

- ਧਨਾ ੫, ੫੩, ੨ : ੨ (683)

ਰਤਨਾਗਰੁ –

"ਗੁਰੁ ਬੋਹਿਥੁ ਤਾਰੇ ਰਤਨਾਗਰੁ।" (ਰਤਨਾ ਦੀ ਖਾਣ)

- ਆਸਾ ੫, ੨੬, ੨ : ੨ (377)

ਰਤਨਾਗਰੋ ---

"ਤੂੰ ਸਾਗਰੋ ਰਤਨਾਗਰੋ।" (ਰਤਨਾਂ ਦਾ ਭੰਡਾਰ)

- ਸੂਹੀ ੫, ਛੰਤ ੪, ੧ : ੨ (779)

ਰਤਨਾਗੀ ---- ਰਤਨਾ (ਗੁਣਾਂ) ਦਾ ਭੰਡਾਰ (ਕਾਣ)

"ਤੂ ਅਥਾਹੁ ਅਤਿ ਬਡੋ ਸੁਆਮੀ ਕ੍ਰਿਪਾ ਸਿੰਧੁ ਪੂਰਨ ਰਤਨਾਗੀ।"

- ਕਾਨ ੫, ੧੮, ੨ : ੧ (1301)

ਰਤਨਿ ----- ਰਤਨ ਦੀ, ਅਮੋਲਕ ਵਸਤ ਦੀ

"ਗਿਆਨ ਰਤਨਿ ਸਭ ਸੋਝੀ ਹੋਇ।"

- ਆਸਾ ੩, ੪੯, ੧* : ੧ (364)

"ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ।" (ਰਤਨਾਂ ਦੇ)

- ਵਡ ੪, ਛੰਤ ੩, ੩ : ੪ (574)

"ਗਿਆਨ ਰਤਨਿ ਮਨੁ ਮਾਜੀਐ ਬਹੁੜਿ ਨ ਮੈਲਾ ਹੋਇ।" (ਰਤਨ ਨਾਲ)

- ਮਾਰੂ ੧, ੧੦, ੪ : ੨ (992)

"ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ।"(ਰਤਨ ਦੁਆਰਾ)

- ਪ੍ਰਭਾ ੩, ਅਸ ੧, ੨ : ੧ (1346)

ਰਤਨੀ ----- (1) ਰਤਨਾਂ ਨਾਲ

"ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।"

– ਸਿਰੀ ੧, ੧, ੧ : ੧ (14)

(2) ਰਤਨਾ ਦਾ ਪਾਰਖੂ

“ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ।”

– ਰਾਮ ੩, ਵਾਰ ੧੫ਸ, ੨, ੨ : ੧ (954)

ਰਤਨੁ ------ (1) ਵਡਮੁੱਲੀ ਵਸਤ, ਹੀਰਾ

“ਜਿਸ ਨੋ ਕਿਰਪਾ ਕਰਹਿ ਤਿਨਿ ਨਾਮ ਰਤਨੁ ਪਾਇਆ।”

– ਆਸਾ ੪, ਸੋਪੁ, ੨, ੧ : ੨ (11)

“ਤਿਸਹਿ ਪਰਾਪਤਿ ਰਤਨੁ ਹੋਇ ਜਿਸੁ ਮਸਤਕਿ ਹੋਵੈ ਭਾਗੁ।” (ਭਾਵ ਨਾਮ)

– ਸਿਰੀ ੫, ੭੮, ੩ : ੩ (45)

“ਜਿਨਿ ਕੀਤਾ ਮਾਟੀ ਤੇ ਰਤਨੁ।” (ਭਾਵ ਸਰੀਰ)

– ਗਉ ੫, ੭੫, ੧ : ੧ (177)

ਰਤੰਨੁ ------ ਅਮੋਲਕ ਵਸਤ, ਹੀਰਾ

“ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਪਾਇ।”

– ਸਿਰੀ ੪, ੬੯, ੨ : ੨ (41)

ਰਤਵਾਈ ---- ਰਤ ਵਰਗੇ ਲਾਲ

“ਨਿਰਖਤ ਨੈਨ ਰਹੇ ਰਤਵਾਈ।”

– ਗਉ ਕਬ, ਬਾਅ ੨੬ : ੨ (341)

ਰਤੜਾ ----- ਰੰਗਿਆ ਹੋਇਆ

“ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ।”

– ਸਿਰੀ ੪, ਵਣ ੧, ੫ : ੫ (82)

“ਜੇ ਕੋ ਮੂੰ ਉਪਦੇਸੁ ਕਰਤੁ ਹੈ ਤਾ ਵਣਿ ਤ੍ਰਿਣਿ ਰਤੜਾ ਨਾਰਾਇਣਾ।” (ਰੰਗਿਆ ਹੋਇਆ)

– ਸਿਰੀ ਤ੍ਰਿਲੋ, ੨, ੫ : ੧ (92)

ਹੋਰ ਰੂਪ:

ਰਤੜੀਆਹ –

“ਨਾਨਕ ਨਾਹੁ ਨ ਵੀਛੁੜੈ ਤਿਨ ਸਚੈ ਰਤੜੀਆਹ।” (ਰਤਿਆਂ ਹੋਇਆ ਦੇ)

– ਮਾਰੂ ੧, ਅਸ ੯, ੮ : ੨ (1015)

ਰਤੜੀਏ –

“ਅਨਦਿਨੁ ਰਤੜੀਏ ਸਹਜਿ ਮਿਲੀਜੈ।” (ਰਤੀ ਰਹਿਣ ਵਾਲੀਏ)

– ਤੁਖਾ ੧, ਛੰਤ ੪, ੪ : ੨ (1112)

ਰਤੜੇ –

“ਰੰਗਿ ਰਤੜੇ ਮਨ ਕਰਹਲੇ ਹਰਿ ਰੰਗੁ ਸਦਾ ਸਮਾਲਿ।” (ਰਤੇ ਹੋਏ)

– ਗਉ ੪, ਕਰ ੨, ੯ : ੧ (235)

“ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ।” (ਰੰਗੇ ਹੋਏ)

– ਤਿਲੰ ੧, ੩, ੩ : ੧ (722)

ਰਤਾ ------ (1) ਗੂੜਾ ਲਾਲ

“ਰਤਾ ਪੈਨਣ ਮਨੁ ਰਤਾ ਸਪੇਦੀ ਸਤੁ ਦਾਨੁ।”

- ਸਿਰੀ ੧, ੭, ੨ : ੧ (16)

(ਦੂਜੇ 'ਰਤਾ' ਦਾ ਅਰਥ 'ਰੰਗਿਆ ਗਿਆ' ਹੈ)

"ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ।"

- ਮਾਝ ੧, ਵਾਰ ੪ਸ, ੧, ੧ : ੪ (139)

(2) ਰੰਗਿਆ ਹੋਇਆ

"ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ।"

- ਸਿਰੀ ੧, ੨੫, ੧* : ੧ (23)

(3) ਮਸਤ ਹੋਇਆ, ਮਗਨ ਹੋਇਆ

"ਕਿਆ ਤੂ ਰਤਾ ਦੇਖਿ ਕੈ ਪੁਤ੍ਰ ਕਲਤ੍ਰ ਸੀਗਾਰ।"

- ਸਿਰੀ ੫, ੭੧ : ੧ (42)

"ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ।" (ਰਚਿਆ ਹੋਇਆ)

- ਸੋਰ ੧, ੩, ੨ : ੩ (596)

ਰਤਿ ------ (1) ਪ੍ਰੀਤ, ਪ੍ਰੇਮ

"ਜਨ ਨਾਨਕ ਨਾਮੁ ਧਿਆਇਆ ਰੰਗਿ ਰਤੜਾ ਹਰਿ ਰੰਗਿ ਰਤਿ।"

- ਸਿਰੀ ੪, ਵਣ, ੧, ੫ : ੪ (82)

"ਮਨ ਰਤਿ ਨਾਮਿ ਰਤੇ ਨਿਹਕੇਵਲ ਆਦਿ ਜੁਗਾਦਿ ਦਇਆਲਾ।"

- ਸਾਰ ੧, ਅਸ ੨, ੩ : ੨ (1233)

(2) ਰਤੇ ਹੋਏ

"ਜਉ ਪੈ ਰਾਮ ਨਾਮ ਰਤਿ ਨਾਹੀ।"

- ਗਉ ਕਬ, ੫, ੧* : ੧ (324)

(3) ਲਗ ਕੇ

"ਏਕ ਸੁਮਤਿ ਰਤਿ ਜਾਨਿ ਮਾਨਿ ਪ੍ਰਭ ਦੂਸਰ ਮਨਹਿ ਨ ਆਨਾਨਾ।"

- ਗਉ ਕਬ, ੭੪, ੨ : ੧ (339)

ਰਤਿਅੜੇ ---- ਲਗੇ ਹੋਏ

"ਪਿਰ ਰਤਿਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ।"

- ਆਸਾ ੪, ਛੰਤ ੨੧, ੩ : ੧ (452)

ਰਤਿਆ ---- (1) ਰੰਗੇ ਜਾਣ ਨਾਲ, ਮਸਤ ਹੋਣ ਨਾਲ

"ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ।"

- ਸਿਰੀ ੧, ੨੩, ੪ : ੨ (23)

"ਨਾਨਕ ਨਾਮੇ ਰਤਿਆ ਨਾਮੋ ਪਲੈ ਪਾਇ।"

- ਸੋਰ ੪, ਵਾਰ ੨੭ਸ, ੪, ੧ : ੫ (653)

(2) ਰਤੇ ਹੋਣ ਨਾਲ, ਪ੍ਰੇਮ ਕਰਨ ਨਾਲ

"ਇਕਸੁ ਸੇਤੀ ਰਤਿਆ ਨ ਹੋਵੀ ਸੋਗ ਸੰਤਾਪੁ।"

- ਸਿਰੀ ੫, ੭੯, ੩ : ੩ (45)

"ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ।"

- ਗੂਜ ੫, ਵਾਰ ੧ਸ, ੫, ੧ : ੩ (517)

(3) ਰੰਗੇ ਹੋਏ

"ਨਾਨਕ ਨਾਮਿ ਰਤਿਆ ਬਲਿ ਜਾਉ।"

– ਸੋਰ ੪, ਵਾਰ ੯ਸ, ੩, ੨ : ੬ (646)
(4) ਮਿਲਿਆ ਹੋਇਆ
“ਆਪੇ ਕੀਤੋ ਰਚਨੁ ਆਪੇ ਹੀ ਰਤਿਆ।”
– ਰਾਮ ੫, ਵਾਰ ੨੨ : ੧ (966)

ਰਤੀ ------ (1) ਰਤੀ ਹੋਈ, ਜੁੜੀ ਹੋਈ
“ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ।”
– ਸਿਰੀ ੧, ਅਸ ੨, ੨ : ੩ (54)
(ਦੂਸਰੇ ‘ਰਤੀ’ ਦਾ ਅਰਥ ‘ਲਗੀ ਹੋਈ’)
(2) ਲਗੀ ਹੋਈ
“ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ।”
– ਸਿਰੀ ੧, ਅਸ ੫, ੩ : ੨ (56)
(3) ਤੋਲ ਦੀ ਇਕ ਇਕਾਈ
“ਤਨੁ ਬੈਸੰਤਰਿ ਹੋਮੀਐ ਇਕ ਰਤੀ ਤੋਲਿ ਕਟਾਇ।”
– ਸਿਰੀ ੧, ਅਸ ੧੪, ੨ : ੧ (62)
(4) ਥੋੜਾ ਜਿਹਾ ਵੀ, ਰਤਾ ਵੀ, ਜ਼ਰਾ ਵੀ
“ਇਕ ਰਤੀ ਗੁਣ ਨ ਸਮਾਣਿਆ ਵਣਜਾਰਿਆ ਮਿਤ੍ਰਾ ਅਵਗਣ ਖੜਸਨਿ ਬੰਨਿ।”
– ਆਸਾ ੧, ਪਹ ੨, ੫ : ੨ (76)
“ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ।”
– ਆਸਾ ੧, ੩੨, ੧* : ੨ (358)
“ਰੋਗ ਬੰਧ ਰਹਨੁ ਰਤੀ ਨ ਪਾਵੈ।”(ਜ਼ਰਾ ਭੀ)
– ਭੈਰ ੫, ੨੦, ੩ : ੩ (1141)
(5) ਲਾਲ ਰੰਗ ਦੀ
“ਹਰਿ ਮੀਠਾ ਲਾਇਆ ਪਰਮ ਸੁਖ ਪਾਇਆ ਮੁਖਿ ਭਾਗਾ ਰਤੀ ਚਾਰੇ।” (ਭਾਗਾਂ ਕਰਕੇ ਲਾਲ ਤੇ ਸੁੰਦਰ)
– ਆਸਾ ੪, ਛੰਤ ੧੨, ੨ : ੪ (446)
“ਮਨੁ ਤਨੁ ਰਤਾ ਲਾਲੁ ਹੋਆ ਰਸਨਾ ਰਤੀ ਗੁਣ ਸਾਰਿ।” (ਲਾਲ ਹੋਈ)
– ਸੂਹੀ ੩, ਵਾਰ ੫ਸ, ੩, ੧ : ੪ (787)
(6) ਰੰਗੀ ਹੋਈ
“ਅਪਨੇ ਪ੍ਰੀਤਮ ਕੈ ਰੰਗਿ ਰਤੀ।”
– ਸੂਹੀ ੫, ੧੦, ੧* : ੨ (739)
(7) ਪਿਆਰ ਕਰਨ ਨਾਲ
“ਗੁਣ ਕੀ ਮਾਰੀ ਹਉ ਮੁਈ ਸਬਦਿ ਰਤੀ ਮਨਿ ਚੋਟ।”
– ਰਾਮ ੧, ਓਅੰ ੪੩ : ੮ (936)

ਰਤੀਅਹੁ ---- ਥੋੜਾ, ਜ਼ਰਾ
“ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ।”
– ਮਾਝ ੩, ਅਸ ੨੯, ੫ : ੩ (127)

ਰਤੀਆ ---- ਜੁੜੀਆਂ ਹੋਈਆਂ, ਪਿਆਰ ਕਰਦੀਆਂ
“ਸਬਦਿ ਰਤੀਆ ਸੋਹਾਗਣੀ ਤਿਨ ਵਿਚਹੁ ਹਉਮੈ ਜਾਇ।”

– ਸਿਰੀ ੩, ੬੧, ੨ : ੩ (38)
"ਨਾਮਿ ਰਤੀਆ ਸੇ ਰੰਗਿ ਚਲੂਲਾ ਪਿਰ ਕੈ ਅੰਕਿ ਸਮਾਏ। (ਮਸਤ, ਮਗਨ)
– ਵਡ ੩, ਅਲਾ ੪, ੩ : ੪ (585)

ਰਤੁ ------- (ਸੰ.) (1) ਲਹੂ
"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।"
– ਮਾਝ ੧, ਵਾਰ ੬ਸ, ੧, ੧ : ੧ (140)
(2) ਰਤਾ ਹੋਇਆ, ਮਸਤ, ਮਗਨ
"ਨਾਮ ਰਤੁ ਜੋ ਭਗਤੁ ਪਰਵਾਨੁ।"
– ਗਉ ੫, ੧੧੮, ੨ : ੨ (189)
"ਕਾਮ ਕ੍ਰੋਧ ਲੋਭ ਰਤੁ ਨਿੰਦਾ ਸਤੁ ਸੰਤੋਖੁ ਬਿਦਾਰਨ।" (ਪ੍ਰੀਤਵਾਨ)
– ਬਿਲਾ ੫, ੮੩, ੧ :੨ (820)
(3) ਲਗਿਆ ਹੋਇਆ
"ਪੂਜਾ ਅਰਚਾ ਬੰਦਨ ਡੰਡਉਤ ਖਟ ਕਰਮਾ ਰਤੁ ਰਹਤਾ।"
– ਸੋਰ ੫, ਅਸ ੩, ੫ : ੧ (642)
(4) ਪ੍ਰੇਮ
"ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ।"
– ਮਲਾ ੧, ੩, ੧ : ੨ (1255)

ਰਤੇ ------- (1) ਰੰਗੇ ਹੋਏ, ਮਸਤ, ਮਗਨ, ਰਚੇ ਹੋਏ
"ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ।"
– ਜਪੁ ੧, ੨੭ : ੧੫ (6)
(2) ਪਿਆਰ ਕਰਨ ਨਾਲ
"ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ।" (ਰੰਗੇ ਜਾਣ ਨਾਲ, ਪਿਆਰ ਕਰਨ ਨਾਲ)
– ਸਿਰੀ ੧, ੧੫, ੩ : ੩ (19)

ਹੋਰ ਰੂਪ::

ਰਤੋ –
"ਨਾਮਿ ਰਤੋ ਚਾਹਉ ਤੁਝ ਓਰੁ।" (ਰੰਗੀਜ ਕੇ)
– ਬਸੰ ੧, ਅਸ ੧, ੩ : ੩ (1187)

ਰਤੌ –
"ਰੰਗਿ ਰਤੌ ਨਾਮ ਸਿਉ ਕਲ ਨਾਮੁ ਸੁਰਿ ਨਰਹ ਬੋਹੈ।" (ਰੰਗੀਜ ਕੇ)
– ਸਵ ੨, ੮ : ੨ (1392)

ਰਥ ------- ਦੋ ਅਥਵਾ ਚਾਰ ਪਹੀਆਂ ਦੀ ਘੋੜਿਆਂ ਨਾਲ ਖਿਚੀ ਜਾਣ ਵਾਲੀ ਗੱਡੀ, ਇਕ ਵਾਹਨ
"ਹੈਵਰ ਗੈਵਰ ਬਹੁ ਰੰਗੇ ਕੀਏ ਰਥ ਅਥਾਕ।"
– ਸਿਰੀ ੫, ੭੧, ੨ : ੨ (42)

ਹੋਰ ਰੂਪ:

ਰਥੁ –
"ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ।"

– ਆਸਾ ੧, ਵਾਰ ੧੩ਸ, ੧, ੧ : ੧ (470)

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ
ਲਵੈ ਮੰਝਿ ਬਾਰੇ।" (ਸੂਰਜ ਦਾ ਰਥ, ਭਾਵ ਸੂਰਜ ਢਲੇ)

– ਤੁਖਾ ੧, ਬਾਰਾ ੮ : ੪ (1108)

"ਜਗੁ ਜੀਤਉ ਗੁਰ ਦੁਆਰਿ ਖੇਲਹਿ ਸਮਤ ਸਾਰਿ ਰਥੁ ਉਨਮਨਿ ਲਿਵ ਰਾਖਿ ਨਿਰੰਕਾਰਿ।" (ਭਾਵ ਪ੍ਰਵਾਹ)

– ਸਵ ੨, ੧ : ੬ (1391)

(ਮਹਾਨ ਕੋਸ਼ ਇਥੇ ਅਰਥ 'ਸਰੀਰ' ਕਰਦਾ ਹੈ)

ਰਨ ------- ਜੰਗ/ਲੜਾਈ ਦਾ ਮੈਦਾਨ

"ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ।"

– ਗਉ ਕਬ, ੬੮, ੧ : ੨ (338)

ਰੰਨ ------- ਇਸਤ੍ਰੀ, ਔਰਤ

"ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।"

– ਗਉ ੪, ਵਾਰ ੮ਸ, ੪, ੨ : ੪ (303)

ਹੋਰ ਰੂਪ:

ਰੰਨਾ –

"ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ।" (ਇਸਤ੍ਰੀਆਂ)

– ਸਾਰ ੪, ਵਾਰ ੧੪ਸ, ੧, ੨ : ੧ (1242)

ਰੰਨੀ –

"ਸਤੀ ਰੰਨੀ ਘਰੇ ਸਿਆਪਾ ਰੋਵਨਿ ਕੂੜੀ ਕੰਮੀ।"

– ਸਲੋ ੧, ੨੯ : ੩ (1412)

ਰਪਸੀ ----- ਰੰਗਿਆ ਜਾਏ ਗਾ

"ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ।"

– ਆਸਾ ੩, ਅਸ ੩੧, ੫ : ੧ (427)

ਰਪੈ ------- ਰੰਗੇ ਜਾਣ ਨਾਲ

"ਸਬਦਿ ਰਪੈ ਘਰੁ ਪਾਈਐ ਨਿਰਬਾਣੀ ਪਦੁ ਨੀਤਿ।"

– ਸਿਰੀ ੧, ਅਸ ੮, ੪ : ੩ (58)

ਰਫਤੀ ----- (ਫ਼ਾ. ਰਫ਼ਤੀ) ਤੂੰ ਗਿਆ

"ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ।"

– ਤਿਲੰ ਨਾਮ ੩, ੧ : ੧ (727)

ਰਬ ------- (ਅ. ਰਬ) ਪ੍ਰਭੂ

"ਰਬ ਦੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ।"

– ਮਾਝ ੧, ਵਾਰ ੮ਸ, ੧, ੧ : ੪ (141)

ਰਬਾਣੀਐ --- (ਅ. ਰਬਾਨੀ) ਰੱਬ ਦੀ, ਜਿਸਦਾ ਰਬ ਨਾਲ ਸੰਬੰਧ ਹੈ।

"ਹੁਕਮੇ ਹੀ ਸਿਰਿ ਮਾਰ ਬੰਦਿ ਰਬਾਣੀਐ।"

- ਆਸਾ ੧, ਅਸ ੧੬, ੫ : ੨ (420)
“ਇਕਨ੍ਹਾ ਗਲੀਂ ਜੰਜੀਰ ਬੰਦਿ ਰਬਾਣੀਐ।”
- ਮਲਾ ੧, ਵਾਰ ੨੧ : ੧ (1287)

ਰਬਾਬ ----- (ਅ. ਰਬਾਬ) ਇਕ ਤੰਤੀ ਸਾਜ਼
“ਤੁਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ।”
- ਰਾਮ ੧, ਓਅੰ ੩੨ : ੭ (934)

ਹੋਰ ਰੂਪ:

ਰਬਾਬਾ -
“ਕਰ ਕਰਿ ਤਾਲ ਪਖਾਵਜੁ ਨੈਨਹੁ ਮਾਥੈ ਵਜਹਿ ਰਬਾਬਾ।” (ਰਬਾਬ)
- ਰਾਮ ੫, ੭, ੧ : ੧ (884)

ਰਬਾਬੀ ----- (ਅ. ਰਬਾਬੀ) ਰਬਾਬ ਵਜਾਉਣ ਵਾਲਾ
“ਫੀਲੁ ਰਬਾਬੀ ਬਲਦ ਪਖਾਵਜ ਕਉਆ ਤਾਲ ਬਜਾਵੈ।”
- ਆਸਾ ਕਬ, ੬, ੧ : ੧ (477)

ਰਬਾਬੁ ----- (ਅ. ਰਬਾਬ) ਇਕ ਤੰਤੀ ਸਾਜ਼
“ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ।”
- ਆਸਾ ੪, ੬੨, ੧ : ੧ (368)

ਰਬਿ ------ ਰਬ ਨੇ
“ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ।”
- ਸਲੋ ਫਰ, ੧੦੭ : ੨ (1383)

ਹੋਰ ਰੂਪ:

ਰਬੁ -
“ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ।” (ਪ੍ਰਭੂ)
- ਰਾਮ ੩, ਵਾਰ ੧੩ਸ, ੧, ੨ : ੨ (953)

ਰਮ ------- (1) (ਸੰ.) ਉਚਾਰਣ ਕਰਨਾ ਸਿਮਰਨਾ
“ਖਿਨੁ ਰਮ ਗੁਰ ਗਮ ਹਰਿ ਦਮ ਨਹ ਜਮ ਹਰਿ ਕੰਠਿ ਨਾਨਕ ਉਰਹਾਰੀ ਰੇ।”
- ਆਸਾ ੫, ੧੩੪, ੨ : ੧ (404)
“ਰਮ ਰਾਮ ਰਾਮ ਮਾਲ।”
- ਮਲਾ ੫, ੨੩, ੨ : ੩ (1272)

ਹੋਰ ਰੂਪ:

ਰਮੰ -
“ਕੇਵਲ ਰਾਮ ਨਾਮ ਮਨੋ ਰਮੰ।”(ਮਨ ਵਿਚ ਸਿਮਰਨ ਕਰੋ)
- ਗੂਜ ਜੈਦੇ, ੧, ੧* : ੧ (526)

(2) ਰਾਮ
“ਸੰਸਾਰ ਸਾਗਰ ਤਾਰਿ ਤਾਰਣ ਰਮ ਨਾਮ ਕਰਿ ਕਰਣੀ।”

– ਗੂਜ ੧, ਅਸ ੫, ੧* : ੨ (505)

(3) ਵਿਆਪਕ

“ਰਾਮਾ ਰਮ ਰਾਮੈ ਅੰਤੁ ਨ ਪਾਇਆ।”

– ਕਲਿ ੪, ੧, ੧* : ੧ (1319)

ਰਮਊਆ ---- ਸਿਮਰਨ ਤੇ, ਉਚਾਰਣ ਤੇ

“ਬਿਟਵਹਿ ਰਾਮ ਰਮਊਆ ਲਾਵਾ।”

– ਆਸਾ ਕਬ, ੩੩, ੧* : ੨ (484)

ਰਮਈਆ --- ਸਰਬ ਵਿਆਪਕ, ਪ੍ਰਭੂ

“ਹਰਿ ਜੀਅ ਸਭੈ ਪ੍ਰਤਿਪਾਲਦਾ ਘਟਿ ਘਟਿ ਰਮਈਆ ਸੋਇ।”

– ਸਿਰੀ ੪, ਵਣ, ੧, ੧ : ੨ (81)

“ਰਮੀਆ ਰੇਨੁ ਸਾਧ ਜਨ ਪਾਵਉ।” (ਹੇ ਪ੍ਰਭੂ)

– ਗਉ ੫, ੭੫, ੧* : ੧ (177)

ਹੋਰ ਰੂਪ:

ਰਮਈਐ –

“ਤੂ ਘਰ ਘਰ ਰਮਈਐ ਫੇਰੀ।” (ਪ੍ਰਭੂ ਨੇ)

– ਸੋਰ ਕਬ, ੫, ੨ : ੨ (655)

ਰਮਈਏ –

“ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ।”(ਪ੍ਰਭੂ)

– ਗਉ ਰਵਿ, ੧, ੧ : ੨ (345)

ਰਮਹਿ ----- (1) ਭੋਗਦੇ ਹਨ

“ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ।”

– ਗਉ ੫, ਥਿਤੀ ੯ : ੩ (298)

(2) ਸਿਰਮਨ ਕਰੇ

“ਸੁਖ ਸਾਗਰ ਮਹਿ ਰਮਹਿ ਕਬੀਰ।”

– ਗਉ ਕਬ, ਥਿਤੀ ੧੬ : ੪ (344)

ਹੋਰ ਰੂਪ:

ਰਮਹੁ –

“ਹਿਰਦੈ ਰਾਮੁ ਰਮਹੁ ਮੇਰੇ ਭਾਈ।” (ਸਿਮਰੋ, ਭਜੋ)

– ਗਉ ੩, ੨੬, ੧* : ੧ (159)

ਰਮਹੁ–

(1) ਸਿਮਰੋ, ਵੇਖੋ ‘ਰਮਹਿ’(2)

(2) ਮਾਨੋ, ਭੋਗੋ, ਵੇਖੋ ‘ਰਮਹਿ’ (1)

“ਐਸਾ ਹਰਿ ਰਸੁ ਰਮਹੁ ਸਭ ਕੋਇ।

– ਗਉ ੫, ੧੫੨, ੧* : ੧ (196)

ਰਮਜਾਨਾ ---- ਹਿਜ਼ਰੀ ਸੰਮਤ ਦਾ ਇਕ ਮਹੀਨਾ ਜਿਸ ਨੂੰ ਪਵਿਤਰ ਮੰਨਿਆ ਜਾਂਦਾ ਹੈ ਤੇ ਰੋਜ਼ੇ ਰਖੇ ਜਾਂਦੇ ਹਨ।

"ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ।"
– ਪ੍ਰਭਾ ਕਬ, ੨, ੩ : ੧ (1349)

ਰਮਣ ------ (1) ਸਿਮਰਨ
"ਅਉਸਰਿ ਹਰਿਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ।"
– ਸਿਰੀ ੫, ੮੮, ੩ : ੧ (49)

ਹੋਰ ਰੂਪ:

ਰਮਣੰ –
"ਗੁਰ ਗਿਆਨ ਕੀਰਤਨ ਗੋਬਿੰਦ ਰਮਣੰ ਕਾਟੀਐ ਜਮ ਜਾਲ।" (ਸਿਮਰਨ)
– ਗੂਜ ੫, ੩੦, ੨ : ੨ (502)

(2) ਵਿਆਪਕ
"ਤਰਣ ਸਰਣ ਸੁਆਮੀ ਰਮਣ ਸੀਲ ਪਰਮੇਸੁਰਹ।"
– ਸਸ ੫, ੪੩ : ੧ (1357)

ਹੋਰ ਰੂਪ:

ਰਮਣੰ –
"ਜੀਅ ਦਇਆ ਮਇਆ ਸਰਬਤ੍ਰ ਰਮਣੰ
ਪਰਮ ਹੰਸਹ ਰੀਤਿ।" (ਵਿਆਪਕ)
– ਗੂਜ ੫, ਅਸ ੨, ੭ : ੨ (508)

"ਭਗਵਾਨ ਰਮਣੰ ਸਰਬਤ੍ਰ ਥਾਨਿੰ।"
(ਵਸਦਾ ਹੈ)
– ਸਸ ੫, ੮ : ੩ (1354)

(3) ਫਿਰਦੇ ਹਨ
"ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ।"
– ਸਸ ੫, ੪੯ : ੪ (1358)

ਰਮਣੀਯ ---- ਸਿਮਰਨ
"ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ।"
– ਸਸ ੫, ੩੨ : ੧ (1356)

ਰਮਤ ------ (1) ਵਿਆਪਕ/ਵਰਤ ਰਿਹਾ ਹੈ
"ਘਟਿ ਘਟਿ ਰਮਈਆ ਰਮਤੁ ਰਾਮ ਰਾਇ ਗੁਰ ਸਬਦਿ ਗੁਰੂ ਲਿਵ ਲਾਗੇ।"
– ਗਉ ੪, ੬੨, ੨ : ੧ (172)

ਹੋਰ ਰੂਪ:

ਰਮਤੁ –
"ਐਸਾ ਗੁਰਮਤਿ ਰਮਤੁ ਸਰੀਰਾ।" (ਰਮਿਆ ਹੋਇਆ, ਵਿਆਪਕ)
– ਆਸਾ ੧, ੧੭, ੧* : ੧ (354)

(2) ਸਿਮਰਦਿਆਂ
"ਇਨ ਬਿਧਿ ਰਾਮ ਰਮਤੁ ਮਨੁ ਮਾਨਿਆ।"
– ਗਉ ੧, ਅਸ ੧, ੧* : ੧ (220)

ਹੋਰ ਰੂਪ:

ਰਮੰਤ –
“ਗੁਣ ਰਮੰਤ ਦੂਖ ਨਾਸਹਿ ਰਿਦ
ਭਇਅੰਤ ਸਾਂਤਿ।”(ਸਿਮਰਦਿਆਂ, ਸਿਮਰਨ ਨਾਲ)
– ਕਾਨ ੫, ੧੫, ੩ : ੧ (1301)

ਰਮਤੁ ------ (1) ਰਮਿਆ ਹੋਇਆ, ਵਿਆਪਕ (ਵੇਖੋ ‘ਰਮਤ’ (1)
“ਸੇਜੈ ਰਮਤੁ ਨੈਨ ਨਹੀ ਪੇਖਉ ਇਹੁ ਦੁਖੁ ਕਾ ਸਉ ਕਹਉਰੇ।” (ਵਿਆਪਕ ਹੈ)
– ਆਸਾ ਕਬ, ੨੫, ੧* : ੩ (482)

(2) ਮਾਣਦਾ ਰਹੇ, ਭੋਗਦਾ ਰਹੇ
“ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ।”
– ਆਸਾ ੧, ਪਟੀ ੮ : ੨ (432)

ਰਮਤੇ ------ ਚਲਦੇ ਬਣੇ, ਤੁਰ ਗਏ
“ਥਾਕਾ ਮਨੁ ਕੁੰਚਰ ਉਰੁ ਥਾਕਾ ਤੇਜੁ ਸੂਤੁ ਧਰਿ ਰਮਤੇ।”
– ਆਸਾ ਕਬ, ੧੮, ੪ : ੨ (480)

ਹੋਰ ਰੂਪ:

ਰਮਤੈ –
“ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ।” (ਭਟਕਦਾ, ਜਾਂਦਾ ਹੈ)
– ਕਾਨ ੫, ੨੨, ੨ : ੨ (1302)

ਰਮਦਾਨਾ ---- ਰਮਜ਼ਾਨ – ਰੋਜ਼ਿਆਂ ਦਾ ਮਹੀਨਾ, ਹਿਜਰੀ ਸਮਤ ਦਾ ਇਕ ਮਹੀਨਾ ਜੋ ਪਵਿਤਰ ਮੰਨਿਆ ਜਾਂਦਾ ਹੈ
“ਵਰਤ ਨ ਰਹਉ ਨ ਮਹ ਰਮਦਾਨਾ।”
– ਭੈਰ ੫, ੩, ੧ : ੧ (1136)

ਰਮਨਾ ----- ਭੋਗਨਾ, ਮਾਣਨਾ
“ਰਾਜਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ।”
– ਆਸਾ ਕਬ, ੫, ੩ : ੧ (476)
(ਮਹਾਨਕੋਸ਼, ‘ਦਰਪਣ’ ਇਸਦੇ ਅਰਥ ‘ਇਸਤ੍ਰੀ’ ਲੈਂਦਾ ਹੈ)

ਰਮਯੇ ----- ਪ੍ਰਭੂ ਨੂੰ, ਸਰਬ ਵਿਆਪਕ ਹਰੀ ਨੂੰ
“ਸੋ ਰਮਯੇ ਕਉ ਮਿਲੈ ਨ ਸੁਪਨੈ।”
– ਗਉ ਕਬ, ੨੩, ੨ : ੨ (328)

ਰਮਾ ------ (1) ਵਿਆਪਕ, ਰਮ ਰਹੇ
“ਰਾਮ ਰਮਾ ਰਾਮਾ ਗੁਨ ਗਾਉ।”
– ਰਾਮ ੫, ੮, ੧ : ੨ (885)

(2) ਸੁੰਦਰ
“ਰਾਮ ਰਾਮਾ ਰਾਮ ਰਮਾ ਕੰਠਿ ਉਰ ਧਾਰਿਐ।”
– ਰਾਮ ੫, ਛੰਤ ੨, ੧ : ੨ (925)

(ਸ਼ਬਦਾਰਥ ਇਸ ਨੂੰ ‘ਰਾਮ’ ਦਾ ਹੀ ਰੂਪਾਂਤਰ ਮੰਨਦਾ ਹੈ)

ਰਮਾਣਾ ----- ਰਾਮ ਦਾ, ਰਾਮ ਵਾਲਾ
“ਤਾ ਜਪਿਆ ਨਾਮੁ ਰਮਾਣਾ।”
– ਸੋਰ ੫, ੭੯, ੧ : ੨ (628)

ਰਮਿ ------ (1) ਲੀਣ, ਸਮਾਏ ਹੋਏ
“ਰਾਮ ਰਾਮ ਰਾਮ ਰਮੇ ਰਮਿ ਰਹੀਐ।”
– ਆਸਾ ਕਬ, ੨੦, ੧* : ੧ (481)
“ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ।”
– ਸਲੋ ੯, ੩੭ : ੧ (1428)
(2) ਸਿਮਰ ਕੇ
“ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿਤ ਬੂਡੇ ਭਾਈ।”
– ਮਾਰੂ ਕਬ, ੧, ੪ : ੨ (1103)
(3) ਹੇ ਵਿਆਪਕ (ਹਰੀ)
“ਭਣਤਿ ਨਾਮਦੇਉ ਰਮਿ ਰਹਿਆ ਅਪਨੇ ਭਗਤ ਪਰ ਕਰਿ ਦਇਆ।”
– ਬਸੰ ਨਾਮ, ੩, ੩ : ੧ (1196)
(4) ਲੰਘਣਾ
“ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ।”
– ਸਲੋ ੯, ੩੬ : ੨ (1428)

ਰੰਮਿਆ ---- ਸਿਮਰਿਆ
“ਬਦਤਿ ਜੈ ਦੇਉ ਜੈ ਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ।”
– ਮਾਰੂ ਜੈਦੇ, ੧, ੨ : ੨ (1106)

ਰਮੀਤਿ ----- ਰਮਿਆ ਅਰਥਾਤ ਵਿਆਪਕ ਹੈ
“ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ।”
– ਕਾਨ ੪, ਵਾਰ ੧੦ਸ, ੪, ੧ : ੧ (1316)

ਰਮੁ ------- (1) ਸੁੰਦਰ
“ਰਾਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ।”
– ਆਸਾ ੪, ਛੰਤ ੯, ੫ : ੫ (443)
(2) ਰਾਮ
“ਉਰਧਾਰਿ ਬੀਚਾਰਿ ਮੁਰਾਰਿ ਰਮੋ ਰਮੁ ਮਨਮੋਹਨ ਨਾਮੁ ਜਪੀਨੇ।”
– ਧਨਾ ੪, ੭, ੧ : ੧ (668)
(3) ਸਿਮਰ
“ਰਾਮ ਨਾਮੁ ਰਮੁ ਰਵਿ ਰਹੇ ਰਮੁ ਰਾਮੋ ਰਾਮੁ ਰਮੀਤਿ।”
– ਕਾਨ ੪, ਵਾਰ ੧੦ਸ, ੪, ੧ : ੧ (1316)

ਰਮੇ ------- (1) ਸਿਮਰਦੇ (ਦਰਪਣ); ਵਿਆਪਕ (ਸੰਥਿਆ, ਨਿਰਣੈ)
“ਰਾਮ ਰਾਮ ਰਾਮ ਰਮੇ ਰਮਿ ਰਹੀਐ।”
– ਆਸਾ ਕਬ, ੨੦, ੧* : ੧ (481)

(‘ਸ਼ਬਦਾਰਥ’ ਅਰਥ ‘ਲੀਣ ਹੋਣਾ’ ਕਰਦਾ ਹੈ)

ਹੋਰ ਰੂਪ:

ਰਮੈ –
“ਰਾਮ ਰਮੈ ਸੋਈ ਰਮਾਣਾ।” (ਸਿਮਰੇ, ਜਪੇ)
– ਗਉ ੫, ੧੪੦, ੧* : ੧ (194)

(2) ਚਲਦੇ ਬਣੇ, ਵਿਚਰੇ, ਗਏ
“ਬਿਨੁ ਹਰਿ ਭਗਤਿ ਨ ਮੁਕਤਿ ਹੋਇ ਇਉ ਕਹਿ ਰਮੈ ਕਬੀਰ।”
– ਸਲੋ ਕਬ, ੫੪ : ੨ (1367)

ਰਮੈ ------- (1) ਸਿਮਰੇ, ਜਪੇ, ਵੇਖੋ ‘ਰਮੇ’ (1)
(2) ਵਿਆਪਕ, ਮੌਜੂਦ
“ਮਾਇਆ ਬ੍ਰਹਮ ਰਮੈ ਸਭ ਸੰਗ।
– ਗਉ ਕਬ, ਥਿਤੀ ੩ : ੨ (343)

(ਸ਼ਬਦਾਰਥ ਅਰਥ ‘ਮਿਲੇ’ ਕਰਦਾ ਹੈ)

ਰਮੋ ------- ਉਚਾਰਣ ਕਰੋ, ਸਿਮਰੋ
“ਰਮੋ ਰਾਮੁ ਰਮੋ ਰਮੁ ਊਚਾ ਗੁਣ ਕਹਤਿਆ ਅੰਤੁ ਨ ਪਾਇਆ।”
– ਆਸਾ ੪, ਛੰਤ ੯, ੫ : ੫ (443)

ਰਮੋਰੀ ----- ਸਿਮਰਦੇ ਹਨ
“ਜਾ ਕੈ ਹੀਐ ਪ੍ਰਗਟੁ ਪ੍ਰਭੁ ਹੋਆ ਅਨਦਿਨੁ ਕੀਰਤਨੁ ਰਸਨ ਰਮੋਰੀ।”
– ਗਉ ੫, ੧੩੪*, ੩ : ੨ (208)

ਰਯਤਿ ----- ਪਰਜਾ
“ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।”
– ਮਾਝ ੧, ਵਾਰ ੮ : ੧ (141)

ਰਯਨਿ ----- ਰਾਤ
“ਤਿਹ ਜਨ ਜਾਚਹੁ ਜਗਤ੍ਰ ਪਰ ਜਾਨੀਅਤ ਬਾਸੁਰ ਰਯਨਿ ਬਾਸੁ ਜਾ ਕੋ ਹਿਤੁ ਨਾਮ ਸਿਉ।”
– ਸਵ ੫, ਮਥੁ ੩ : ੧ (1408)

ਰਲਈ ----- ਰਲਦੀ, ਮਿਲਦੀ
“ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ।”
– ਮਾਝ ੪, ੭, ੩ : ੨ (96)

ਰਲਸੀ ----- ਰਲੇਗਾ, ਮਿਲੇਗਾ
“ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ
ਰਲਸੀ।”
– ਸੋਰ ੫, ੧, ੧ : ੨ (608)

ਰਲਣਾ ----- ਨਾਲ ਮਿਲਣਾ

“ਅਗੈ ਸੰਗਤੀ ਕੁੜਮੀ ਵੇਮੁਖ ਰਲਣਾ ਨ ਮਿਲੈ ਤਾ ਵਹੁਟੀ ਭਤੀਜੀ ਫਿਰਿ ਆਣਿ ਘਰਿ ਪਾਇਆ।”
– ਗਉ ੪, ਵਾਰ ੧੨ਸ, ੪, ੧ : ੫ (306)

ਰਲੰਦੜੋ ---- ਰਲ ਗਿਆ
“ਜੀਵਦਿਆ ਨ ਚੇਤਿਓ ਮੁਆ ਰਲੰਦੜੋ ਖਾਕ।”
– ਗੂਜ ੫, ਵਾਰ ੧੯ਸ, ੫, ੧ : ੧ (523)

ਰਲਨਿ ----- ਮਿਲਣ
“ਓਇ ਧਰਮਿ ਰਲਾਏ ਨਾ ਰਲਨਿ ਓਨਾ ਅੰਦਰਿ ਕੂੜੁ ਸੁਆਉ।”
– ਗੂਜ ੩, ਵਾਰ ੮ਸ, ੩, ੨ : ੪ (511)

ਰਲਨੀ ----- ਰਲਦੇ, ਮਿਲਦੇ
“ਓਇ ਅਗੈ ਪਿਛੈ ਬਹਿ ਮੁਹੁ ਛਪਾਇਨਿ ਨ ਰਲਨੀ ਖੋਟੇਆਰੇ।”
– ਗਉ ੪, ਵਾਰ ੨੧ਸ, ੪, ੧ : ੪ (312)

ਰਲਾਇ ----- ਮਿਲਾ ਲਵੇ, ਮਿਲਾਏ, ਸ਼ਾਮਲ ਕਰੇ
“ਨਦਰਿ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਉ।”
– ਸਿਰੀ ੧, ਅਸ ੨੮, ੧੪ : ੩ (72)
“ਸੁ ਏਤੁ ਖਜਾਨੈ ਲਇਆ ਰਲਾਇ।”
(ਮਿਲਾ ਲਿਆ, ਸ਼ਾਮਲ ਕੀਤਾ)
– ਗਉ ੫, ੧੦੦, ੪ :੨ (186)
“ਧਾਤੂ ਪੰਜਿ ਰਲਾਇ ਕੂੜਾ ਪਾਜਿਆ।” (ਰਲਾ ਕੇ)
– ਸਲੋ ੧, ੧੪ : ੨ (1411)

ਹੋਰ ਰੂਪ:

ਰਲਾਇਆ –
“ਸੋ ਜਨੁ ਰਲਾਇਆ ਨ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ।”
(ਮਿਲਾਇਆ, ਸ਼ਾਮਲ ਕੀਤਾ)
– ਸਿਰੀ ੩, ੩੯, ੨ : ੩ (28)

ਰਲਾਇਦਾ --- ਰਲਾਉਂਦਾ/ ਸ਼ਾਮਲ ਕਰਦਾ ਹੈ
“ਬਿਨੁ ਸਬਦੈ ਭਸਮੈ ਕੀ ਢੇਰੀ ਖੇਹੂ ਖੇਹ ਰਲਾਇਦਾ।”
– ਮਾਰੂ ੩, ਸੋਲਾ ੧੬, ੨ : ੩ (1059)

ਰਲਾਈ ----- ਮਿਲਾਈ, ਸ਼ਾਮਲ ਕੀਤੀ
“ਓਹ ਰਲਾਈ ਕਿਸੈ ਦੀ ਨਾ ਰਲੈ ਜਿਸੁ ਰਾਵੇ ਸਿਰਜਨਹਾਰੁ।”
– ਸੂਹੀ ੩, ਵਾਰ ੪ਸ, ੩, ੧ : ੬ (786)

ਹੋਰ ਰੂਪ:

ਰਲਾਈਆ –
“ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ।” (ਮਿਲਾਈ ਹੋਈ)
– ਮਾਝ ੪, ੭, ੩ : ੨ (96)

ਰਲਾਈਐ –
“ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ।” (ਮਿਲਾ ਦੇਈਏ)
– ਸਿਰੀ ੧, ੮, ੪ : ੧ (17)
“ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ।” (ਮਿਲ ਜਾਂਦੀ ਹੈ)
– ਸਿਰੀ ੧, ਅਸ ੧੬, ੫ : ੩ (63)
“ਸੁਰਤੀ ਸੁਰਤਿ ਰਲਾਈਐ ਏਤੁ।” (ਮਿਲਾਈਏ)
– ਰਾਮ ੧, ੭, ੧ : ੧ (878)
ਰਲਾਏ –
“ਓਇ ਧਰਮਿ ਰਲਾਏ ਨ ਰਲਨੑਿ ਓਨਾ ਅੰਦਰਿ ਕੂੜ ਸੁਆਉ।” (ਰਲਾਣ/ਸ਼ਾਮਲ ਕਰਨ ਨਾਲ)
– ਗੂਜ ੩, ਵਾਰ ੮ਸ, ੩, ੨ : ੪ (511)
“ਨਿਰਗੁਣ ਕਉ ਸੰਗਿ ਲੇਹੁ ਰਲਾਏ।” (ਮਿਲਾ ਲਵੋ, ਸ਼ਾਮਲ ਕਰ ਲਵੋ)
– ਮਾਰੂ ੫, ਸੋਲਾ ੭, ੧੩ : ੧ (1078)

ਰਲਾਧਿਆ --- ਰਲੇ ਹਨ, ਮਿਲੇ ਹਨ, ਸ਼ਾਮਲ ਹੋਏ ਹਨ।
“ਸਚੁ ਸਚਾ ਸਭ ਦੂ ਵਡਾ ਹੈ ਸਚੁ ਸੇਵਨਿ ਸੇ ਸਚਿ ਰਲਾਧਿਆ।”
– ਗਉ ੪, ਵਾਰ ੨੨ : ੪ (313)

ਰਲਾਵੈ ----- ਮਿਲਾ ਲਵੇ, ਸ਼ਾਮਲ ਕਰ ਲਵੇ
“ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਿਸੰਗਤਿ ਨਾਲਿ ਰਲਾਵੈ।”
– ਬਿਲਾ ੪, ਵਾਰ ੧੩ : ੨ (854)

ਰਲਿ ------ (1) ਮਿਲ, ਸ਼ਾਮਲ ਹੋ
“ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ।”
– ਸਿਰੀ ੧, ੨, ੨ : ੨ (14)
“ਜੇ ਸੁਇਨੇ ਨੋ ਓਹੁ ਹਥੁ ਪਾਏ ਤਾ ਖੇਹੂ ਸੇਤੀ ਰਲਿ ਗਇਆ।”
– ਗਉ ੪, ਵਾਰ ੧੩ਸ, ੪, ੨ : ੭ (307)
(2) ਰਲ ਕੇ, ਸ਼ਾਮਲ ਹੋ ਕੇ
“ਸਚੇ ਸੇਤੀ ਰਲਿ ਮਿਲੇ ਸਚੇ ਗੁਣ ਪਰਗਾਸਿ।”
– ਸਿਰੀ ੧, ੧੬, ੫ : ੨ (20)
(3) ਇਕਠੇ ਹੋਕੇ (ਭਾਵ)
“ਖਾਵਹਿ ਖਰਚਹਿ ਰਲਿ ਮਿਲਿ ਭਾਈ।”
– ਗਉ ੫, ੧੦੦, ੩ : ੧ (186)

ਰਲਿਆ ---- ਮਿਲ ਗਿਆ
“ਸਭ ਕੋ ਵਸ ਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ।”
– ਸਿਰੀ ੫, ੭੨, ੩ : ੨ (42)

ਰਲੀ ------ (1) ਮਿਲੀ
“ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ।”
– ਸੂਹੀ ੧, ਛੰਤ ੩, ੩ : ੨ (765)
ਹੋਰ ਰੂਪ:

ਰਲੀਆ –
“ਨਾਮ ਬਿਨਾ ਮਾਟੀ ਸੰਗਿ ਰਲੀਆ।” (ਮਿਲ ਜਾਏਗਾ)
– ਆਸਾ ੫, ੫੫, ੧ : ੨ (385)

(2) ਚਾਉ, ਖ਼ੁਸ਼ੀ, ਪ੍ਰਸੰਨਤਾ
“ਪ੍ਰੇਮਿ ਬੁਲਾਈ ਰਲੀ ਸਿਉ ਮਨ ਮਹਿ ਸਬਦੁ ਅਨੰਦੁ।”
– ਰਾਮ ੧, ਓਅੰ ੧੨ : ੩ (931)

ਹੋਰ ਰੂਪ:

ਰਲੀਆ –
“ਜਿਨ੍ ਦਿਸਿ ਆਇਆ ਹੋਹਿ ਰਲੀਆ ਜੀਅ ਸੇਤੀ ਗਹਿ ਰਹਹਿ।” (ਖ਼ੁਸ਼ੀ, ਅਨੰਦ)
– ਸੂਹੀ ੧, ਛੰਤ ੪, ੨ : ੪ (765)

(2) ਮੌਜ, ਰੰਗ ਰਲੀਆਂ
“ਖਾਜੈ ਪੈਝੈ ਰਲੀ ਕਰੀਜੈ।”
– ਮਾਰੂ ੧, ਸੋਲਾ ੭, ੧੩ : ੧ (1027)

ਹੋਰ ਰੂਪ:

ਰਲੀਆ –
“ਪਿਰੁ ਰਲੀਆ ਰਸਿ ਮਾਣਸੀ ਸਾਚਿ ਸਬਦਿ ਸੁਖੁ ਨੇਹਿ।” (ਮੌਜਾਂ)
– ਸਿਰੀ ੧, ਅਸ ੫, ੧* : ੨ (56)

ਰਲੀਆਂ –
“ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ।” (ਮੌਜਾਂ)
– ਸਲੋ ਫਰ, ੫੫ : ੨ (1380)

ਰਲੀਆਹ –
“ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ।”
– ਸਿਰੀ ੪, ਵਾਰ ੭ਸ, ੧, ੨ : ੪ (85)

ਰਲੀਆਲਾ --- ਮੌਜਾਂ ਵਾਲਾ, ਚੋਜੀ, ਰੰਗੀਲਾ
“ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ।”
– ਆਸਾ ੧, ਛੰਤ ੧, ੧ : ੧ (435)

ਰਲੀਐ ----- ਮਿਲਦੀ ਹੈ
“ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ।”
– ਵਡ ੪, ੩, ੩ : ੪ (561)
“ਚੀਤਿ ਆਵਹਿ ਤਬ ਹੀ ਪਤਿ ਪੂਰੀ ਬਿਸਰਤ ਰਲੀਐ ਖਾਕੁ।” (ਰਲੀਦਾ/ ਮਿਲੀਦਾ ਹੈ)
– ਮਾਰੂ ੫, ੧੬, ੧* : ੨ (1003)

ਰਲੇ – ਮਿਲੇ, ਮਿਲ ਗਏ
“ਸਚ ਸਚਾ ਜਿਨੀ ਅਰਾਧਿਆ ਸੇ ਜਾਇ ਰਲੇ ਸਚ ਨਾਲੇ।”
– ਗਉ ੪, ਵਾਰ ੧੯ : ੩ (311)

ਰਲੇਤੁ ------ ਰਲਦੇ ਹਨ

“ਜਿਨਾ ਨਾਨਕ ਸਚੁ ਪਛਾਣਿਆ ਸੇ ਸਚਿ ਰਲੇਤੁ।”
– ਸਿਰੀ ੪, ਵਾਰ ੫ : ੫ (84)

ਰਲੈ ------- ਮਿਲੇ, ਰਲੇ, ਮੇਲ ਖਾਏ
“ਸੋ ਜਨੁ ਰਲਾਇਆ ਨ ਰਲੈ ਜਿਸੁ ਅੰਤਰਿ ਬਿਬੇਕ ਬੀਚਾਰੁ।”
– ਸਿਰੀ ੩, ੩੯, ੨ : ੩ (28)
“ਖੰਡ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ।” (ਮੇਲ ਖਾਏ)
– ਸਿਰੀ ੪, ਛੰਤ ੧, ੪ : ੪ (79)
“ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ।” (ਮਿਲ ਜਾਏ)
– ਗੂਜ ੧, ੧, ੧ : ੨ (489)

ਰਵਉ ------ ਭੋਗਾਂ, ਮੇਲ ਦਾ ਰਸ ਮਾਨਾਂ
“ਬਿਨੁ ਦਰਸਨ ਕੈਸੇ ਰਵਉ ਸਨੇਹੀ।”
– ਮਾਰੂ ੧, ੫, ੪ : ੨ (990)

ਰਵਈਆ --- ਯਾਦ ਕਰਦਾ/ਜਪਦਾ/ਰਾਵਦਾ ਹੈ
“ਸੁਨਿ ਸੁਨਿ ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ।”
– ਬਿਲਾ ੪, ਅਸ ੧, ੬ : ੨ (833)
ਰਵਹਿ –
(1) ਮਾਣਦੀਆਂ ਹਨ
“ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ।”
– ਸਿਰੀ ੧, ੨੦, ੩ : ੩ (21)
“ਸਦਾ ਰਵਹਿ ਪਿਰੁ ਆਪਣਾ ਸਚੈ ਨਾਮਿ ਸੁਖੁ ਪਾਇਆ।”
– ਆਸਾ ੩, ੩੫, ੨ : ੨ (429)
(2) ਜਪਦੇ ਹਨ, ਸਿਮਰਦੇ ਹਨ
“ਸਚੋ ਸਚੁ ਰਵਹਿ ਦਿਨੁ ਰਾਤੀ ਇਹੁ ਮਨੁ ਸਚਿ ਰੰਗਾਵਣਿਆ।”
– ਮਾਝ ੩, ਅਸ ੩੧, ੩ : ੩ (128)
ਹੋਰ ਰੂਪ:
ਰਵਹੁ –
“ਗਗਾ ਗੋਬਿਦ ਗੁਣ ਰਵਹੁ ਸਾਸਿ ਸਾਸਿ ਜਪਿ ਨੀਤ।” (ਜਪੋ)
– ਗਉ ੫, ਬਾਅ ੧੯ : ੧ (254)
(3) ਬੋਲਦੇ, ਚੀਕਦੇ
“ਬਾਬਾ ਰੋਵਹਿ ਰਵਹਿ ਸੁ ਜਾਣੀਅਹਿ ਮਿਲਿ ਰੋਵੈ ਗੁਣ ਸਾਰੇਵਾ।”
– ਵਡ ੧, ਅਲਾ ੪, ੪ : ੧ (581)

ਰਵਹੁ ------ (1) ਸਿਮਰੋ, ਵੇਖੋ ਰਵਹਿ (2)
(2) ਚੇਤਾ ਕਰੋ, ਯਾਦ ਕਰੋ
“ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ।”
– ਗਉ ਕਬ, ੧੮, ੨ : ੨ (327)
(3) ਚਲੋ
“ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤ ਲਾਈ।”

– ਸਾਰ ੧, ਅਸ ੧, ੩ : ੧ (1232)

ਰਵਣ ------ (1) ਸਿਮਰਨ/ਗਾਇਣ ਕਰਨ ਨਾਲ
"ਰਵਣ ਗੁਣਾ ਕਟੀਐ ਜਮ ਜਾਲਾ।"
– ਸੂਹੀ ੫, ੨, ੩ : ੨ (760)
(2) ਸਿਮਰਨ ਵਾਲੇ
"ਰਾਮ ਰਵਣ ਦੁਰਤ ਦਵਣ ਸਕਲ ਭਵਣ ਕੁਸਲ ਕਰਣ ਸਰਬ ਭੂਤ ਆਪਿ ਹੀ ਦੇਵਾਧਿ ਦੇਵ ਸਹਸ ਮੁਖ ਫਨਿੰਦ ਜੀਉ।"
– ਸਵ ੪, ਗਯੰ ੯ : ੩ (1403)

ਰਵਣਜੋਗੁ --- ਸਿਮਰਨਯੋਗ
"ਤੁਮ ਰਵਹੁ ਗੋਬਿੰਦੈ ਰਵਣਜੋਗੁ।"
– ਬਸੰ ੫, ੧੪, ੧* : ੧ (1184)

ਰਵਣਾ ----- ਗਾਉਣਾ, ਅਲਾਪਣਾ
"ਆਠ ਪਹਰ ਹਰਿ ਕਾ ਜ਼ਸੁ ਰਵਣਾ ਬਿਖੈ ਠਰਟਉਰੀ ਲਾਥੀ।"
– ਸੋਰ ੫, ੭੯, ੩ : ੧ (628)

ਰਵਣਿ ----- ਮਾਣਨਯੋਗ
"ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ।" (ਭਾਵ ਜੁਆਨੀ)
– ਮਾਝ ੧, ਵਾਰ ੩ਸ, ੧, ੧ : ੧ (138)

ਰਵਣੁ ------ ਸਿਮਰਨ
"ਸਰਨਿ ਦੁਖ ਭੰਜਨ ਪੁਰਖ ਨਿਰੰਜਨ ਸਾਧੂ ਸੰਗਤਿ ਰਵਣੁ ਜੈਸੇ।"
– ਬਿਲਾ ੫, ੧੨੫, ੨ : ੧ (829)

ਰਵਤ ------ (1) ਜਪਣ/ ਸਿਮਰਨ ਨਾਲ
"ਰਾਮੁ ਰਵਤ ਸਦ ਹੀ ਸੁਖੁ ਪਾਇਆ।"
– ਗਉ ੫, ੧੦੬, ੧* : ੧ (201)
"ਬਾਬਾ ਐਸੀ ਰਵਤ ਰਵੈ ਸੰਨਿਆਸੀ।" (ਸਿਮਰਨ,ਰਟਨ)
– ਮਾਰੂ ੧, ਅਸ ੭, ੧* : ੧ (1012)
(2) ਭੋਗਣਾ
"ਬੇਸੁਆ ਰਵਤ ਅਜਾਮਲੁ ਉਧਰਿਓ ਮੁਖਿ ਬੋਲੈ ਨਾਰਾਇਣੁ ਨਰਹਰੇ।"
– ਮਾਰੂ ੪, ੧, ੩ : ੨ (995)
(3) ਚਾਲ
"ਐਸੀ ਰਵਤ ਰਵਹੁ ਮਨ ਮੇਰੇ ਹਰਿ ਚਰਣੀ ਚਿਤੁ ਲਾਈ।"
– ਸਾਰ ੧, ਅਸ ੧, ੩ : ੧ (1232)

ਰਵੰਤ ------ ਜਪਦੀ/ਸਿਮਰਦੀ ਹੈ
"ਰਸਨਾ ਰਾਮ ਰਾਮ ਰਵੰਤ।"
– ਗੂਜ ੫, ੨੬, ੧* : ੧ (501)

ਰਵੰਤਾ ----- (1) ਵਿਆਪਕ, ਪਸਰਿਆ ਹੋਇਆ, ਰਮਿਆ ਹੋਇਆ

“ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ।”
– ਸੋਰ ੧, ੪, ੩ : ੨ (596)

(2) ਸਿਮਰਨ ਵਾਲਾ
“ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ।”
– ਬਸੰ ੧, ੧੧, ੩ : ੧ (1171)

ਰਵਤੁ ------ (1) ਸਮਾਇਆ ਹੋਇਆ, ਰਮਿਆ ਹੋਇਆ
“ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ।”
– ਆਸਾ ੧, ਪਟੀ ੧੮ : ੧ (433)

(2) (ਸੰਜੋਗ) ਮਾਣਦਾ, ਭੋਗਨਾ
“ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨੁ ਬਿਧਿ ਸਾਹਿਬੁ ਰਵਤੁ ਰਹੈ।”
– ਸੂਹੀ ੧, ੧, ੩ : ੨ (728)

(3) ਸਿਮਰਦਾ
“ਸਿਫਤਿ ਸਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਤੁ ਰਹੈ।”
– ਪ੍ਰਭਾ ੧, ੭, ੪ : ੨ (1329)

ਹੋਰ ਰੂਪ:

ਰਵੰਤੁ –
“ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗਿ ਰਵੰਤੁ।” (ਸਿਮਰਦੀ ਹੈ)
– ਮਾਰੂ ੧, ਅਸ ੧੦, ੪ : ੨ (1015)

ਰਵਤੌ ------ ਰਵਿ ਰਿਹਾ/ਪ੍ਰਗਟ ਹੋ ਰਿਹਾ ਹੈ
“ਅੰਤਰਿ ਰਵਤੌ ਰਾਜ ਰਵਿੰਦਾ।”
– ਪ੍ਰਭਾ ੧, ੧੪, ੨ : ੪ (1331)

ਰਵਦਿ ----- (ਫ. ਰਵਦ) ਜ਼ਾਂਦਾ ਹੈ
“ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ।”
– ਮਾਝ ੧, ਵਾਰ ੧੩ਸ, ੧, ੧ : ੨ (143)

ਰਵਨ ------ ਸਿਮਰਨ ਨਾਲ
“ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ।”
– ਗਉ ੫, ਥਿਤੀ ੧੫ : ੬ (300)

ਰਵਨਾ ----- ਚੇਤੇ ਕਰਨਾ, ਯਾਦ ਵਿਚ ਲਿਆਉਣਾ
“ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ।”
– ਗਉ ਕਬ, ੧੮, ੨ : ੨ (327)

ਰਵੰਨਿ ----- ਉਚਾਰਦੇ, ਜਪਦੇ, ਸਿਮਰਦੇ
“ਅੰਤਰਿ ਨਵ ਨਿਧਿ ਨਾਮੁ ਹੈ ਖਾਨਿ ਖਰਚਨਿ ਨ ਨਿਖੁਟਈ ਹਰਿ ਗੁਣ ਸਹਜਿ ਰਵੰਨਿ।”
– ਸੂਹੀ ੩, ਅਸ ੩, ੩੨ : ੨ (756)

ਰਵਨੀ ----- ਕਹਿਣ ਦੀ ਕਿਰਿਆ, ਜ਼ਬਾਨੀ ਜ਼ਬਾਨੀ
“ਰਵਨੀ ਰਵੈ ਬੰਧਨ ਨਹੀ ਤੂਟਹਿ ਵਿਚ ਹਉਮੈ ਭਰਮੁ ਨ ਜਾਈ।”

– ਆਸਾ ੧, ੧੬, ੨ : ੧ (353)

ਰਵੰਨੇ ------ ਰਮਿਆ ਹੋਇਆ ਹੈ
“ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ।”
– ਤੁਖਾ ੧, ਬਾਰਾ ੩ : ੨ (1107)

ਰਵਾ ------ ਉਚਰਾਂ, ਵਰਣਨ ਕਰਾਂ, ਜਪਾਂ, ਸਿਮਰਾਂ
“ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ।”
– ਸੋਰ ੪, ਵਾਰ ੧੯ : ੩ (650)

ਰਵਾਇਆ --- ਰਮਾਇਆ, ਵਸਾਇਆ
“ਗੁਰ ਪਰਚੈ ਗੁਰ ਪਰਚੈ ਧਿਆਇਆ ਮੈ
ਹਿਰਦੈ ਰਾਮੁ ਰਵਾਇਆ ਰਾਮ।”
– ਆਸਾ ੪, ਛੰਤ ੯, ੨ : ੨ (443)

ਰਵਾਈ ----- ਲਾਈ, ਰੁਚਿਤ ਕੀਤੀ
“ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ।”
– ਤਿਲੰ ੧, ੫, ੨ : ੨ (723)

ਰਵਾਂਈ – ਜਪਦਾ ਹਾਂ, ਜਪਾਂ
“ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ।”
– ਪ੍ਰਭਾ ਨਾਮ, ੧, ੧ : ੨ (1350)

ਰਵਾਣੀ ----- (ਫ. ਰਵਾਨੀ) ਤੇਜ਼ੀ ਨਾਲ, ਫਰ ਫਰ, ਰਵਾਨਗੀ ਨਾਲ
“ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ।”
– ਰਾਮ ੩, ਅਨੰ ੨੪ : ੫ (920)

ਰਵਾਂਤਉ ---- ਸਿਮਰਦਾ ਹੈ
“ਮੁਕਤੋ ਰਾਤਉ ਰੰਗਿ ਰਵਾਂਤਉ।”
– ਆਸਾ ੧, ੧੨, ੩ : ੧ (352)

ਰਵਾਰੈ ----- ਰਵਾਲ ਵਤ, ਮਿਟੀ ਵਾਂਗ,ਮਿਟੀ ਤੁਲ
“ਤਬ ਅਰੋਗ ਜਬ ਤੁਮ ਸੰਗਿ ਬਸਤੌ ਛੁਟਕਤ ਹੋਇ ਰਵਾਰੈ।”
– ਸਾਰ ੫, ੫੨, ੧ : ੨ (1214)

ਰਵਾਰੋ ----- ਮਿਟੀ, ਧੂੜ, ਰੇਣ
“ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ।”
– ਗੂਜ ੫, ੧੦, ੧ : ੨ (498)

ਰਵਾਲ ----- (1) ਧੂੜ, ਰੇਣੁਕਾ, ਚਰਨ ਧੂੜ
“ਨਾਨਕ ਜਾਚੈ ਸਾਧ ਰਵਾਲ।”
– ਗਉ ੫, ੧੬੧, ੪ : ੨ (198)

ਹੋਰ ਰੂਪ:

ਰਵਾਲਾ –
ਜਾਚਿਕੁ ਜਾਚੈ ਸਾਧ ਰਵਾਲਾ।” (ਚਰਨ ਧੂੜੀ)

– ਮਾਝ ੫, ੪੫, ੪ : ੨ (107)

(2) ਧੂੜੀ ਵਰਗੇ ਭਾਵ ਤੁਛ

"ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।"

– ਆਸਾ ੧, ਵਾਰ ੪ਸ, ੧, ੨ : ੧ (464)

(3) ਮਿਟੀ (ਹੋ ਗਏ) ਭਾਵ ਮਿਟ ਗਏ

"ਅੰਗੀਕਾਰੁ ਕੀਆ ਪ੍ਰਭਿ ਅਪਨੈ ਦੋਖੀ ਸਗਲੇ ਭਏ ਰਵਾਲ।"

– ਬਿਲਾ ੫, ੧੧੩, ੧ : ੧ (826)

ਰਵਿ ------ (1) (ਸੰ.) ਸੂਰਜ

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕ ਮੰਡਲ ਜਨਕ ਮੋਤੀ।"

– ਧਨਾ ੧, ਸੋਹ ੩, ੧ : ੧ (13)

(2) ਰੁਝੇ ਹੋਏ, ਮਸਤ ਹੋਏ

"ਜਹ ਦੇਖਾ ਤਹ ਰਵਿ ਰਹੇ ਸਿਵ ਸਕਤੀ ਕਾ ਮੇਲ।"

– ਸਿਰੀ ੧, ੧੮, ੪ : ੧ (21)

(3) ਰਮਿਆ ਹੋਇਆ, ਵਿਆਪਕ, ਸਮਾਇਆ ਹੋਇਆ, ਮਿਲਿਆ ਹੋਇਆ, ਵਸਿਆ ਹੋਇਆ

"ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ।"

– ਸਿਰੀ ੧, ੨੫, ੧* : ੧ (23)

"ਅੰਤਰਿ ਹਰਿ ਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ।" (ਸਿੰਜਰਿਆ ਹੋਇਆ)

– ਸਿਰੀ ੩, ੩੪, ੨ : ੨ (26)

"ਅੰਤਰਿ ਬਾਹਰਿ ਰਵਿ ਰਹਿਆ ਤਿਸ ਨੋ ਜਾਣੈ ਦੂਰਿ।"

– ਸਿਰੀ ੫, ੮੪, ੩ : ੧ (47)

"ਏਕੋ ਰਵਿ ਰਹਿਆ ਘਟ ਅੰਤਰਿ ਮਿਲਿ ਸਤਸੰਗਤਿ ਹਰਿ ਗੁਣ ਗਾਵਣਿਆ।" (ਵਸ ਰਿਹਾ)

– ਮਾਝ ੩, ਅਸ ੩੩, ੬ : ੩ (129)

(4) ਸਿਮਰਦਾ ਰਿਹਾ, ਜਪਦਾ ਰਿਹਾ, ਮਗਨ ਰਿਹਾ

"ਮਨ ਨਿਰਮਲ ਹਰਿ ਰਵਿ ਰਹਿਆ ਪਾਇਆ ਦਰਗਹਿ ਮਾਨੁ।"

– ਸਿਰੀ ੩, ੩੪, ੨ : ੪ (26)

"ਇਸੁ ਮਨ ਕਉ ਰਵਿ ਰਹੇ ਕਬੀਰਾ।"

– ਗਉ ਕਬ, ੩੬, ੯ : ੨ (330)

"ਮਨੁ ਤਨੁ ਹਰਿਆ ਰਵਿ ਗੁਣ ਗੋਵਿੰਦ।" (ਸਿਮਰ ਕੇ)

– ਬਸੰ ੩, ੫, ੩ : ੨ (1173)

(5) ਭਾਵ ਸਤੋ ਸੁਭਾਵ, ਗਿਆਨ ਰੂਪੀ ਸੂਰਜ

"ਰਵਿ ਊਪਰਿ ਮਹਿ ਰਾਖਿਆ ਚੰਦੁ।"

– ਭੈਰ ਕਬ, ੧੦, ੨ : ੨ (1159)

ਰਵਿਓ ----- (1) ਰਮਿਆ ਹੋਇਆ, ਪਸਰਿਆ ਹੋਇਆ, ਸਮਾਇਆ ਹੋਇਆ

"ਰਵਿਓ ਸਰਬ ਥਾਨਿ ਹਾਂ।"

– ਆਸਾ ੫, ੧੫੮, ੧ : ੨ (409)

(2) ਰਤੇ ਹੋਏ

"ਘਟ ਘਟ ਅੰਤਰਿ ਸਰਬ ਨਿਰੰਤਰਿ ਰੰਗਿ ਰਵਿਓ ਰੰਗਿ ਰਾਤਾ।"
– ਗੂਜ ੫, ੬, ੩ : ੨ (496)

(3) ਸਿਮਰਿਆ
"ਸਤਿਗੁਰੁ ਸਾਜ ਸਮਾਧਿ ਰਵਿਓ ਸਾਮਾਨਿ ਨਿਰੰਤਰਿ।"
– ਸਵ ੨, ੭ : ੪ (1392)

ਰਵਿਆ ---- (1) ਸਮਾਇਆ ਹੋਇਆ, ਰਮਿਆ ਹੋਇਆ
"ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ।"
– ਸਿਰੀ ੫, ਛੰਤ ੨, ੪ : ੫ (80)
"ਤਿਸ ਕੈ ਹਿਰਦੈ ਰਵਿਆ ਸੋਇ।" (ਵਸਿਆ)
– ਗਉ ੫, ਅਸ ੨, ੧ : ੩ (236)
"ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ।" (ਵਿਆਪਕ)
– ਤੁਖਾ ੪, ਛੰਤ ੩, ੩ : ੧ (1115)
(2) ਸਿਮਰਿਆ, ਜਪਿਆ
"ਨਾਮ ਬਿਨਾ ਮੈ ਧਰ ਨਹੀ ਕਾਈ ਨਾਮੁ ਰਵਿਆ ਸਭ ਸਾਸ ਗਿਰਾਸਾ।"
– ਆਸਾ ੪, ੫੮, ੧* : ੨ (367)
"ਭਉ ਨਾਠਾ ਭ੍ਰਮੁ ਮਿਟਿ ਗਇਆ ਰਵਿਆ ਨਿਤ ਰਾਮ।"
– ਬਿਲਾ ੫, ੭੬, ੧ : ੨ (819)

ਰਵਿਆਸੁ --- ਗਏ, ਤੁਰ ਗਏ
"ਜਿਨਾ ਪਿਛੈ ਹਉ ਗਈ ਸੇ ਮੈ ਪਿਛੈ ਭੀ ਰਵਿਆਸੁ।"
– ਮਾਰੂ ੫, ਵਾਰ ਡਸ, ੫, ੧ : ੧ (1097)

ਰਵਿਐ ----- ਜਪੀਏ, ਸਿਮਰੀਏ
"ਜਿਤੁ ਰਵਿਐ ਸੁਖ ਸਹਜ ਭੋਗੁ।"
– ਬਸੰ ੫, ੧੪, ੨ : ੪ (1331)

ਰਵਿੰਦ ----- ਗਜਦਾ ਹੋਇਆ
"ਬਲਿਹਿ ਛਲਨ ਸਬਲ ਮਲਨ ਭਗ੍ਤਿ ਫਲਨ ਕਾਨੑ ਕੁਅਾਰ ਨਿਹਕਲੰਕ ਬਜੀ ਡੰਕ ਚੜੑੂ ਦਲ ਰਵਿੰਦ ਜੀਉ।"
– ਸਵ ੪, ਗਯੰ ੯ : ੨ (1403)

ਰਵਿੰਦਾ ----- ਕਰ ਰਿਹਾ ਹੈ
"ਅੰਤਰਿ ਰਵਤੌ ਰਾਜ ਰਵਿੰਦਾ।"
– ਪ੍ਰਭਾ ੧, ੧੪, ੨ : ੪ (1331)
('ਸ਼ਬਦਾਰਥ' ਤੇ 'ਨਿਰਣੈ' ਨੇ ਅਰਥ 'ਰਵਿ' (ਸੂਰਜ) ਇੰਦ (ਚੰਦਰਮਾ) ਕੀਤਾ ਹੈ।)

ਰਵਿਦਾਸ ---- ਭਗਤ ਕਬੀਰ ਦਾ ਸਮਕਾਲੀ ਕਾਸ਼ੀ ਨਿਵਾਸੀ ਰਾਮਾਨੰਦ ਦਾ ਚੇਲਾ ਇਕ ਚਮਾਰ ਭਗਤ ਜਿਸਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ
"ਕਹੁ ਰਵਿਦਾਸ ਪਰਉ ਤੇਰੀ ਸਾਭਾ।"
– ਗਉ ਰਵਿ, ੧, ੩ : ੧ (345)

ਹੋਰ ਰੂਪ:

ਰਵਿਦਾਸਾ –
“ਭਗਤਿ ਹੇਤ ਗਾਵੈ ਰਵਿਦਾਸਾ।”
– ਸੋਰ ਰਵਿ, ੫, ੫ : ੨ (659)

ਰਵਿਦਾਸੁ –
“ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ।”
– ਆਸਾ ਰਵਿ, ੨, ੪ : ੧ (486)

ਰਵਿੰਦੁ ----- ਰਮਿਆ ਹੋਇਆ, ਵਿਆਪਕ
“ਦੇਖੈ ਸੁਣੈ ਹਦੂਰਿ ਸਦ ਘਟਿ ਘਟਿ ਬ੍ਰਹਮ ਰਵਿੰਦੁ।”
– ਸਿਰੀ ੫, ੮੩, ੪ : ੩ (47)

ਰਵੀ ------ ਭੋਗੀ, ਮਾਣੀ
“ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ।”
– ਬਿਲਾ ੫, ੮੯, ੨ : ੨ (822)

ਰਵੀਅਹਿ --- ਸਿਮਰੀਏ, ਜਪੀਏ
“ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ ਸਾਧਸੰਗਿ ਕਰਿ ਮਨ ਕੀ ਪ੍ਰੀਤਿ।”
– ਰਾਮ ੫, ੪੮, ੧* : ੨ (898)

ਰਵੀਐ ----- ਯਾਦ ਰਖੀਏ, ਸਿਮਰੀਏ
“ਘੜੀ ਮੁਹਤੁ ਨਹ ਵੀਸਰੈ ਨਾਨਕ ਰਵੀਐ ਨਿਤੁ।”
– ਗੂਜ ੫, ਵਾਰ ੧੫ਸ, ੫, ੨ : ੨ (522)

ਰਵੀਜੈ ----- (1) ਸਿਮਰੀਏ, ਗਾਵੀਐ
“ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ।”
– ਗਉ ਕਬ, ੬੫, ੨ : ੨ (338)

(2) ਵਿਆਪਕ ਹੈ
“ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ ਰੇ।”
– ਕਲਿ ੪, ੫, ੪ : ੧ (1326)

ਰਵੇ ------- (1) ਜਪ ਕੇ
“ਸਬਦਿ ਰਵੇ ਮਨੁ ਹਰਿ ਸਿਉ ਲਾਗਿਆ।”
– ਗਉ ੧, ਅਸ ੧, ੩ : ੨ (221)

(2) ਜਪਦਾ ਹੈ, ਸਿਮਰਦਾ ਹੈ
“ਭੇਟਤ ਸੰਗਿ ਰਾਮ ਗੁਨ ਰਵੇ।”
– ਗਉ ੫, ਸੁਖ ੧੮, ੪ : ੩ (287)

(3) ਯਾਦ ਕੀਤੇ
“ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤਸੰਗਤਿ ਮਿਲਿ ਗੁਣ ਰਵੇ।”
– ਤੁਖਾ ੪, ਛੰਤ ੨, ੨ : ੩ (1114)

ਰਵੈ ------- (1) ਮਾਣਦਾ ਹੈ, ਭੋਗਦਾ ਹੈ
“ਮਿਠਾ ਬੋਲਹਿ ਨਿਵਿ ਚਲਹਿ ਸੇਜੈ ਰਵੈ ਭਤਾਰੁ।”

– ਸਿਰੀ ੩, ੪੬, ੨ : ੨ (31)

“ਗੁਰ ਕੈ ਬਚਨਿ ਰਸਨਾ ਅੰਮ੍ਰਿਤੁ ਰਵੈ।”
(ਮਾਨਦੀ ਹੈ)

– ਗਉ ੫, ੭੪, ੩ : ੪ (177)

(2) ਰਮਿਆ ਹੋਇਆ, ਵਿਆਪਕ

“ਸਰਬ ਜੀਅ ਮਹਿ ਏਕੋ ਰਵੈ।”

– ਗਉ ੧, ਅਸ ੧੬, ੫ : ੧ (228)

“ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ।”(ਵਸ ਜਾਂਦਾ ਹੈ)

– ਬਿਲਾ ੩, ੪, ੧* : ੨ (797)

(3) ਸਿਮਰਦਾ ਹੈ

“ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ ਗੁਣ ਆਖਿ ਵਖਾਣੀ।”

– ਗਉ ੪, ਵਾਰ ੫ : ੪ (302)

(4) ਉਚਾਰਣ ਕਰੇ, ਜਪੇ, ਗਾਵੈ

“ਰਵਨੀ ਰਵੈ ਬੰਧਨ ਨਹੀ ਤੁਟਹਿ ਵਿਚਿ ਹਉਮੈ ਭਰਮੁ ਨ ਜਾਈ।”

– ਆਸਾ ੧, ੧੬, ੨ : ੧ (353)

“ਸਹਜਿ ਸਹਜਿ ਗੁਨ ਰਵੈ ਕਬੀਰਾ।”

– ਆਸਾ ਕਬ, ੧੨, ੪ : ੨ (478)

“ਗਿਆਨੁ ਧਿਆਨੁ ਸਭੁ ਕੋਈ ਰਵੈ।” (ਉਚਾਰਣ ਕਰੇ, ਬੋਲੇ)

– ਸੂਹੀ ੧, ੨, ੨ : ੧ (728)

(5) ਮਸਤ

“ਅਪਨੇ ਰੰਗ ਰਵੈ ਅਕੇਲਾ।”

– ਸੋਰ ਕਬ, ੪, ੨ : ੪ (655)

ਰਾ ------- (ਫਾ. ਰਾ) ਨੂੰ

“ਹਮਾ ਰਾ ਏਕੁ ਆਸ ਵਸੇ।”

– ਮਾਝ ੧, ਵਾਰ ੧੩ਸ, ੧, ੫ : ੨ (144)

ਰਾਉ ------ ਰਾਜਾ, ਅਮੀਰਾਂ ਦੀ ਇਕ ਪਦਵੀ, ਸਤਿਕਾਰ ਸੂਚਕ ਸ਼ਬਦ

“ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ।”

– ਸਿਰੀ ੧, ਅਸ ੧੬, ੬ : ੧ (63)

“ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।”

– ਬਿਹਾ ੯, ੨, ੧ : ੧ (537)

ਹੋਰ ਰੂਪ:

ਰਾਓ –

“ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਓ।” (ਰਾਜਾ)

– ਸਾਰ ੪, ੧੦, ੨ : ੨ (1201)

ਰਾਇ ------ (1) ਰਾਜਾ

“ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ।”

– ਮਾਝ ੫, ਬਾਰਾ ੧੧ : ੩ (135)

“ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ। (ਅਮੀਰ, ਰਾਜਾ)

– ਸਲੋ ੧, ੩੨ : ੧ (1412)

(2) ਮਾਲਕ

“ਨਾਤਰੁ ਖਰਾ ਰਿਸੈ ਹੈ ਰਾਇ।”

– ਗਉ ਕਬ, ਵਾ ੩ : ੪ (344)

(3) ਭਾਵ ਵਾਹਿਗੁਰੂ, ਪ੍ਰਭੂ

“ਜਾ ਕੇ ਬੰਧਨ ਕਾਟੇ ਰਾਇ।”

– ਰਾਮ ੫, ੧੫, ੨ : ੩ (887)

ਰਾਈਓ ----- ਰਾਜਾ

“ਸਰਬ ਗੁਨਾ ਨਿਧਿ ਰਾਇਓ।”

– ਸੋਰ ੫, ੬੧, ੪* : ੩ (624)

ਰਾਇਆ ---- (1) ਰਾਜਾ, ਪਾਤਸ਼ਾਹ

“ਹਰਿ ਹਰਿ ਸਜਣੁ ਮੇਰਾ ਪ੍ਰੀਤਮੁ ਰਾਇਆ।”

– ਮਾਝ ੪, ੧, ੩ : ੧ (94)

“ਏਕੈ ਏਕੈ ਤੂ ਰਾਇਆ।”

– ਰਾਮ ੫, ੬, ੧* : ੨ (884)

(2) ਪ੍ਰਭੂ (ਭਾਵ)

“ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰਿ ਲੇਹਿ ਤਾਰਣ ਰਾਇਆ।”

– ਆਸਾ ੧, ਪਟੀ ੧੯ : ੨ (433)

(3) ਰਿਆਇਆ, ਪਰਜਾ

“ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ ਕਹ ਕਹ ਚੇਰਾ।”

– ਬਿਲਾ ੫, ੧੧੭, ੧ :੨ (827)

ਰਾਇਸਾ ---- ਕਥਾ, ਪ੍ਰਸੰਗ

“ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ।”

– ਤਿਲੰ ੧, ਅਸ ੧, ੧* : ੧ (725)

ਰਾਈ ------ (1) ਰਤਾ ਵੀ, ਥੋੜਾ ਜਿਨਾ ਵੀ

“ਬੋਲਹਿ ਸਾਚੁ ਮਿਥਿਆ ਨਹੀ ਰਾਈ।”

– ਗਉ ੧, ਅਸ ੧੫, ੧ : ੧ (227)

ਰਾਸਿ ------ (1) ਪੂੰਜੀ

“ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ।”

– ਸਿਰੀ ੧, ੧੧, ੪ : ੧ (18)

“ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖ ਹੋਇ।”

– ਸਿਰੀ ੧, ੨੩, ੨ : ੧ (22)

(2) ਠੀਕ, ਦਰੁਸਤ

“ਨਾਨਕ ਆਣੇ ਆਵੈ ਰਾਸਿ।”

– ਸਿਰੀ ੧, ੩੨, ੩ : ੩ (25)

“ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ।”

- ਸਿਰੀ ੫, ੭੭, ੩ : ੩ (44)

"ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ।" (ਸੁਆਰੀ ਗਈ)

- ਸਿਰੀ ੧, ਅਸ ੨, ੨ : ੩ (54)

"ਆਪੇ ਪਰਖੇ ਪਾਰਖੁ ਪਵੈ ਖਜਾਨੈ ਰਾਸਿ।" (ਸ਼ੁਧ ਹੋ ਕੇ)

- ਸਿਰੀ ੧, ਅਸ ੨, ੪ : ੩ (61)

"ਆਪਿ ਬਿਨਾਹੇ ਆਪਿ ਕਰੇ ਰਾਸਿ।"
(ਠੀਕ ਕਰਦਾ ਭਾਵ ਜਿਵਾਉਂਦਾ ਹੈ)

- ਗਉ ੫, ੮੦, ੪ : ੩ (179)

"ਜਿਨਾ ਅੰਦਰਿ ਨਾਮੁ ਨਿਧਾਨੁ ਹਰਿ ਤਿਨ ਕੇ ਕਾਜ ਦਯਿ ਆਦੇ ਰਾਸਿ।" (ਸਵਾਰ ਦਿੱਤੇ)

- ਗਉ ੪, ਵਾਰ ੧੧ਸ, ੪, ੨ : ੧ (315)

"ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ।"(ਸਿਰੇ ਨਹੀ ਲਗਦੀ)

- ਆਸਾ ੧, ਵਾਰ ੨੨ਸ, ੧, ੩ : ੧ (474)

(3)(ਫਾ.ਆਰਾਸਤਾ) ਸਵਾਰਿਆ/ਸਜਾਇਆ ਹੋਇਆ

"ਜੋ ਨ ਢਹੰਦੋ ਮੂਲਿ ਸੋ ਘਰੁ ਰਾਸਿ ਕਰਿ।"

- ਆਸਾ ੫, ੧੦੭, ੩ : ੧ (397)

"ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ।" (ਆਰਾਸਤਾ)

- ਆਸਾ ੧, ਅਸ ੧੧, ੨ : ੨ (417)

"ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸਿ ਜੀਉ।"

- ਸੂਹੀ ੧, ਕੁਚ ੧ : ੯ (762)

(4) (ਫਾ. ਰਾਸਤੀ) ਠੀਕ ਰਾਹ ਉਪਰ

"ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ।" (ਸੁਧਾਰੇ, ਰਾਸਤੀ ਤੇ ਲਿਆਵੇ)

- ਆਸਾ ੧, ਵਾਰ ੨ਸ, ੨, ੩ : ੪ (463)

(5) ਸਚਾ

"ਮਿਠਾ ਸੋ ਜੋ ਭਾਵਦਾ ਸਜਣੁ ਸੋ ਜਿ ਰਾਸਿ।"

- ਗੂਜ ੩, ਵਾਰ ੨੧ਸ, ੩, ੨ : ੧ (517)

(6) ਸਚ

"ਦ੍ਵਾਰਿਕਾ ਨਗਰੀ ਰਾਸਿ ਬੁਗੋਈ।"

- ਤਿਲੰ ਨਾਮ, ੩, ੧ : ੨ (727)

(7) ਰਾਸ ਪਾਣ ਲਈ, ਚੋਜ ਕਰਨ ਲਈ

"ਰਾਸਿ ਮੰਡਲੁ ਕੀਨੋ ਅਖਾਰਾ।"

- ਸੂਹੀ ੫, ੪੫, ੧* : ੧ (746)

(8) ਖਰੀਦਿਆ ਹੋਇਆ ਮਾਲ

"ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ।"

- ਮਾਰੂ ੧, ਸੋਲਾ ੧੨, ੧੦ : ੩ (1032)

(9) ਗਾਹੇ ਹੋਏ ਅੰਨ ਦਾ ਢੇਰ (ਧੜ)

"ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ।"

– ਸਲੋ ਕਬ, ੯੮ : ੨ (1369)

(10) ਠੀਕ ਬੈਠਦਾ ਹੈ, ਫਲਦਾ ਹੈ
"ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ।"
– ਸਲੋ ੪, ੨੪ : ੪ (1423)

ਰਾਸੀ ------ (1) ਪੂੰਜੀ, ਸਰਮਾਇਆ
"ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ।"
– ਸਿਰੀ ੧, ਅਸ ੬, ੨ : ੧ (56)
"ਜਹ ਦੇਖਉ ਤਤ ਦੁਖ ਕੀ ਰਾਸੀ।" (ਸਮਾਨ, ਪੂੰਜੀ)
– ਜੈਤ ਰਵਿ, ੧, ੩ : ੧ (710)

(2) ਠੀਕ ਹੋ ਜਾਣ, ਵਸ ਵਿਚ ਆ ਜਾਣ
"ਜਾਂ ਪੰਚ ਰਾਸੀ ਤਾਂ ਤੀਰਥ ਵਾਸੀ।"
– ਆਸਾ ੧, ੨੫, ੧ : ੨ (356)
(ਮਹਾਨਕੋਸ਼ ਅਰਥ 'ਰਾਸ ਕਰਨ ਵਾਲਾ ਜੋ ਇੰਦ੍ਰੀਆਂ ਨੂੰ ਟੇਢੇ ਰਾਹ ਨਹੀਂ ਜਾਣ ਦਿੰਦਾ' ਕਰਦੇ ਹਨ।)
"ਦੂਖ ਪਾਪ ਕਾ ਡੇਰਾ ਢਾਠਾ ਕਾਰਜੁ ਆਇਆ ਰਾਸੀ ਰਾਮ।" (ਸਫਲ, ਪੂਰਾ)
– ਸੂਹੀ ੫, ਛੰਤ ੭, ੩ : ੨ (781)

(3) ਰਸੀ ਹੋਈ
"ਸਾਚਾ ਸੁਖੁ ਸਦਾ ਤਿਨ ਅੰਤਰਿ ਰਸਨਾ ਹਰਿ ਰਸਿ ਰਾਸੀ ਹੇ।"
– ਮਾਰੂ ੩, ਸੋਲਾ ੫, ੬ : ੩ (1048)

ਰਾਸੇ ------ (1) ਰਾਸ, ਪੂੰਜੀ
"ਗੁਰੁ ਸਤਿਗੁਰੁ ਸਚਾ ਸਾਹੁ ਹੈ ਬਿਖ ਦੇਇ ਹਰਿ ਰਾਸੇ।"
– ਆਸਾ ੪, ਛੰਤ ੧੭, ੧ : ੨ (449)

(2) ਠੀਕ, ਸਫਲ, ਸੰਵਰ (ਗਿਆ)
"ਵਡੀ ਵਡਿਆਈ ਅਚਰਜ ਸੋਭਾ ਕਾਰਜੁ ਆਇਆ ਰਾਸੇ।"
– ਸੋਰ ੫, ੫, ੪ : ੧ (609)

ਰਾਹ ------ (1) (ਫਾ. ਰਾਹ) ਰਸਤਾ, ਮਾਰਗ
"ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ।"
– ਸਿਰੀ ੪, ਵਾਰ ੨੪ਸ, ੩, ੨ : ੩ (87)
"ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ।" (ਧਰਮ)
– ਮਾਝ ੧, ਵਾਰ ੯ : ੫ (142)
"ਰਾਹ ਦੋਵੈ ਖਸਮੁ ਏਕੋ ਜਾਣੁ।"
(ਮਾਇਆ ਤੇ ਹਰੀ ਦੀ ਪ੍ਰੀਤਿ)
– ਗਉ ੧, ਅਸ ੫, ੮ : ੧ (223)
"ਵਿਸਮਾਦੁ ਉਝੜ ਵਿਸਮਾਦੁ ਰਾਹ।"
– ਆਸਾ ੧ ਵਾਰ, ੩ਸ, ੧, ੧ : ੧੨ (464)

(2) ਨੀਯਮ, ਦਸਤੂਰ, ਤਰੀਕਾ
"ਘਾਹੁ ਖਾਨਿ ਤਿਨਾ ਮਾਸੁ ਖਵਾਏ ਏਹਿ ਚਲਾਏ ਰਾਹ।"
– ਮਾਝ ੧, ਵਾਰ ੧੪ਸ, ੧, ੧ : ੨ (144)

ਰਾਹਕੁ ----- ਵਾਹੀ ਕਰਨ ਵਾਲਾ, ਕਿਸਾਨ
"ਆਪੇ ਧਰਤੀ ਆਪੇ ਹੈ ਰਾਹਕੁ ਆਪਿ ਜੰਮਾਇ ਪੀਸਾਵੈ।"
– ਬਿਹਾ ੪, ਵਾਰ ੬ : ੧ (550)

ਰਾਹਾ ------ ਰਸਤਾ, ਮਾਰਗ
"ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚੁ ਸੂਚੇ ਸਚੁ ਰਾਹਾ ਹੇ।"
– ਮਾਰੂ ੧, ਸੋਲਾ ੧੨, ੪ : ੩ (1032)
ਹੋਰ ਰੂਪ:
ਰਾਹਿ –
"ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ।" (ਰਾਹ ਉਪਰ)
– ਜਪੁ ੧, ੩੨ : ੩ (7)
"ਊਝੜਿ ਭਰਮੈ ਰਾਹਿ ਨ ਪਾਈ।" (ਰਸਤਾ)
– ਆਸਾ ੧, ਅਸ ੨, ੧ : ੨ (412)
ਰਾਹੀ –
"ਭਰਮੇ ਭੂਲਾ ਬਹੁਤੀ ਰਾਹੀ।" (ਰਾਹਾਂ ਤੇ)
– ਆਸਾ ੫, ੮, ੨ : ੪ (372)
"ਪੰਡਿਤੁ ਆਖਾਏ ਬਹੁਤੀ ਰਾਹੀ ਕੋਰੜ ਮੋਠ ਜਿਨੇਹਾ।" (ਰਾਹਾਂ ਕਰਕੇ ਭਾਵ ਬਹੁਤ ਸਸਤ੍ਰਾਂ ਦੇ ਗਿਆਤਾ ਹੋਣ ਕਰਕੇ)
– ਰਾਮ ੫, ਵਾਰ ੭ਸ, ੫, ੨ : ੧ (960)
"ਦਸ ਅਉਰਾਤ ਰਖਹੁ ਬਦ ਰਾਹੀ।" (ਰਾਹਾਂ ਤੋਂ)
– ਮਾਰੂ ੫, ਸੋਲਾ ੧੨, ੪ : ੨ (1083)

ਰਾਹੀਐ ---- (ਸੰ. ਬੀਜਨਾ) ਬੀਜੀਏ
"ਸਹਜੇ ਖੇਤੀ ਰਾਹੀਐ ਸਚੁ ਨਾਮੁ ਬੀਜੁ ਪਾਇ।"
– ਸਿਰੀ ੩, ੫੫, ੨ : ੧ (35)

ਰਾਹੁ ------ (1) ਮਾਰਗ, ਰਸਤਾ
"ਹੁਕਮੀ ਹੁਕਮੁ ਚਲਾਏ ਰਾਹੁ।"
– ਜਪ ੧, ੩ : ੧੩ (2)
"ਜੇਹੀ ਸੁਰਤਿ ਤੇਹਾ ਤਿਨ ਰਾਹੁ।" (ਮਾਰਗ ਭਾਵ ਰਹਿਣੀ ਬਹਿਣੀ)
– ਸਿਰੀ ੧, ੩੦, ੧ : ੩ (24)
(2) ਰਾਹੂ, ਇਕ ਰਾਖਸ਼ ਜਿਸ ਦੀਆਂ 4 ਬਾਹਵਾਂ ਤੇ ਮੱਛੀ ਦੀ ਪੂਛ ਵਰਗਾ ਧੜ ਸੀ। ਧੋਖੇ ਨਾਲ ਦੇਵਤਿਆਂ ਵਲੋਂ ਸਮੁੰਦਰ ਵਿਚੋਂ ਕਢੇ ਚੌਦਾਂ ਰਤਨਾਂ ਵਿਚੋਂ ਇਕ ਰਤਨ ਅੰਮ੍ਰਿਤ ਨੂੰ ਚੋਰੀ ਨਾਲ ਪੀ ਕੇ ਅਮਰ ਹੋ ਗਿਆ। ਪਤਾ ਲਗਨ ਤੇ ਵਿਸ਼ਨੂੰ ਨੇ ਇਸ ਦਾ ਸਿਰ ਤੇ ਦੋ ਬਾਹਵਾਂ ਕਟ ਦਿੱਤੀਆਂ ਪਰ ਅਮਰ ਹੋ ਜਾਣ ਕਰਕੇ ਦੋ ਸਰੀਰ ਹੋ ਗਏ।ਰਾਹੂ ਤੇ ਕੇਤੂ
"ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ।"
– ਮਾਝ ੧, ਵਾਰ ੯ਸ, ੧, ੩ : ੧ (142)
(3) ਵੰਸ਼ ਦਾ, ਸਿਲਸਿਲਾ
"ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।"

– ਆਸਾ ੧, ਵਾਰ ੧੯ਸ, ੧, ੨ : ੨ (473)

ਰਾਹੇ ------ ਬੀਜੇ ਹੋਏ
"ਇਬ ਕੇ ਰਾਹੇ ਜੰਮਨਿ ਨਾਹੀ ਪਛੁਤਾਣੇ ਸਿਰਿ ਭਾਰੋ।"
– ਵਡ ੧, ਅਸ ੪, ੩ : ੫ (581)

ਰਾਹੇਦੇ ----- ਬੀਜਦੇ
"ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ।"
– ਸਲੋ ਫਰ, ੩੭ : ੨ (1379)

ਰਾਹੈ ------ ਰਾਹ, ਮਾਰਗ
"ਨਾਨਕ ਅੰਧਾ ਹੋਇ ਕੈ ਦਸੇ ਰਾਹੈ ਸਭਸੁ ਮੁਹਾਏ ਸਾਥੈ।"
– ਮਾਝ ੧, ਵਾਰ ੬ਸ, ੧, ੨ : ੪ (140)

ਹੋਰ ਰੂਪ:

ਰਾਹੋ –
"ਨਾਨਕੁ ਬੋਲੈ ਸੁਣਿ ਬੈਰਾਗੀ ਕਿਆ ਤੁਮਾਰਾ ਰਾਹੋ।"(ਮਾਰਗ)
– ਰਾਮ ੧, ਸਿਗੋ ੨ : ੪ (938)

ਰਾਖ ------ (1) ਰਖ ਲੈ, ਬਚਾ ਲੈ
"ਅਪਨੀ ਖੇਤੀ ਆਪੇ ਰਾਖ।"
– ਆਸਾ ੫, ੬੮, ੧ : ੨ (387)

ਹੋਰ ਰੂਪ:

ਰਾਖਉ –
"ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ।" (ਬਚਾਵਾਂ)
– ਗਉ ੧, ੧੪, ੧ : ੧ (155)

(2) ਰਾਖੇ, ਰਖਿਆ ਕਰਨ ਵਾਲੇ
"ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ।"
– ਸਾਰ ੫, ੩੨, ੧ : ੧ (1210)

ਰਾਖਉ – (1) ਬਚਾਵਾਂ, ਵੇਖੋ 'ਰਾਖ' (1)

(2) ਰਖਾਂ, ਅਰਪਨ ਕਰਾਂ
"ਮਨੁ ਅਰਪਉ ਧਨ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ।"
– ਗਉ ੫, ੧੧੯*, ੧ : ੧ (204)

(3) ਸਾਂਭ ਕੇ ਰਖਾਂ
"ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ।"
– ਗਉ ੫, ਬਾਅ ੫੫ : ੮ (262)

"ਮਨ ਮਹਿ ਰਾਖਉ ਏਕ ਅਸਾਰੇ।" (ਰਖਦਾ ਹਾਂ)
– ਦੇਵ ੫, ੨੫, ੪ : ੧ (533)

(4) ਬਚਾ ਲਵੋ, ਰਖਿਆ ਕਰ ਲਵੋ
"ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਛੁ ਤਮਹੀ ਪਾਸੀ।"
– ਸਾਰ ੫, ੫੧, ੧ : ੨ (1214)

ਰਾਖਈ ----- ਰਖ/ਬਚਾ ਸਕਦਾ ਹੈ
"ਜਿਸ ਕੀ ਪੂਜੇ ਅਉਧ ਤਿਸੈ ਕਉਣੁ ਰਾਖਈ।"
– ਫਰ ੫, ੨੧ : ੧ (1363)

ਰਾਖਸਿ ----- ਰਖਦੀ
"ਜਨਨੀ ਚੀਤਿ ਨ ਰਾਖਸਿ ਤੇਤੇ।"
– ਆਸਾ ਕਬ, ੧੨, ੧ : ੨ (478)

ਹੋਰ ਰੂਪ:

ਰਾਖਸੀ –
"ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ।" (ਰਖੇਗਾ)
– ਆਸਾ ਨਾਮ, ੫, ੧ : ੨ (486)

ਰਾਖਹਿ ----- (1) ਰਖੇ, ਰਖਦਾ ਹਾਂ
"ਨਾਮੁ ਸਲਾਹਨਿ ਸਦ ਸਦਾ ਹਰਿ ਰਾਖਹਿ ਉਰ ਧਾਰਿ।"
– ਸਿਰੀ ੧, ੮, ੬ : ੨ (58)
"ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ।" (ਰਖਦਾ ਹੈ)
– ਗਉ ੧, ਅਸ ੧੭, ੧ : ੧ (228)
(2) ਰਖੇਂ
"ਜਿਉ ਤੂੰ ਰਾਖਹਿ ਤਿਉ ਰਹਾ ਤੇਰਾ ਦਿਤਾ ਪੈਨਾ ਖਾਉ।"
– ਮਾਝ ੫, ਦਿਨ ੪ : ੪ (137)
(3) ਰਖਿਆ ਕਰੇਂ, ਬਚਾ ਲਏਂ
"ਹੋਇ ਸਹਾਈ ਜਿਸ ਤੂੰ ਰਾਖਹਿ ਤਿਸੁ ਕਹਾ ਕਰੇ ਸੰਸਾਰੁ।"
– ਗੂਜ ੫, ੨੩, ੨ : ੨ (500)
"ਮਾਰਹਿ ਰਾਖਹਿ ਏਕੁ ਤੂ ਬੀਜਉ ਨਹੀਂ ਥਾਉ।" (ਬਚਾ ਲਏ)
– ਮਾਰੂ ੧, ਅਸ ੩, ੧ : ੩ (1010)
(4) ਸਾਂਭਦਾ, ਬਚਾਂਦਾ
"ਬਿੰਦੁ ਨ ਰਾਖਹਿ ਜਤੀ ਕਹਾਵਹਿ।"
– ਰਾਮ ੧, ਅਸ ੨, ੪ : ੧ (903)

ਰਾਖਹੁ ----- (1) ਰਖੋ, ਬਚਾ ਲਵੋ
"ਸਰਣਿ ਪਰੇ ਕੀ ਰਾਖਹੁ ਸਰਮਾ।"
– ਆਸਾ ੫, ਸੋਦ ੪, ੨ : ੪ (12)
"ਕਰਿ ਕਿਰਪਾ ਨਾਨਕੁ ਗੁਣ ਗਾਵੈ ਰਾਖਹੁ ਸਰਮ ਅਸਾੜੀ ਜੀਉ।"
– ਮਾਝ ੫, ੩੭, ੪ : ੩ (105)
(2) ਰਖੋ, ਸੰਭਾਲ ਲਵੋ
"ਪ੍ਰਾਨ ਆਧਾਰੁ ਰਾਖਹੁ ਸਦ ਚੀਤ।"
– ਗਉ ੫, ੧੦੮, ੧* : ੨ (187)
"ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇਤੇ ਪਾਰਿ ਪਰਾਤੇ।"
– ਗਉ ੫, ੧੩੫*, ੨ : ੨ (209)
(3) ਧਰੋ

"ਰਾਖਹੁ ਕੰਧ ਉਸਾਰਹੁ ਨੀਵਾਂ।"
– ਸੋਰ ਰਵਿ, ੬, ੨ : ੧ (659)

ਰਾਖਣ ----- ਰਖਣ
"ਦੀਨ ਬੰਧਪ ਜੀਅ ਦਾਤਾ ਸਰਣਿ ਰਾਖਣ ਜੋਗੁ।"
– ਆਸਾ ੫, ੧੩੭, ੧ : ੨ (405)

ਰਾਖਣਹਾਰਾ -- (ਸੰ.) ਰਖਿਆ ਕਰਨ ਵਾਲਾ, ਬਚਾ ਲੈਣ ਵਾਲਾ
"ਭਗਤ ਜਨਾ ਕਾ ਰਾਖਣਹਾਰਾ।"
– ਮਾਰੂ ੫, ੩੨, ੫ : ੧ (1008)

ਹੋਰ ਰੂਪ:

ਰਾਖਣਹਾਰਿਆ –
"ਜਿਉ ਭਾਵੈ ਤਿਉ ਰਾਖੁ ਰਾਖਣਹਾਰਿਆ।"
(ਹੇ ਰਖਿਆ ਕਰਨ ਵਾਲੇ ਪ੍ਰਭੂ)
– ਆਸਾ ੫, ੧੦੫, ੧* : ੧ (398)

ਰਾਖਣਹਾਰੁ –
"ਜੀਅ ਜੁਗਤਿ ਸੁਜਾਣੁ ਸੁਆਮੀ ਸਦਾ ਰਾਖਣਹਾਰੁ।" (ਰਖਿਆ ਕਰਨ ਵਾਲਾ)
– ਮਾਰੂ ੫, ਅਸ ੨, ੩ : ੨ (1017)

ਰਾਖਤ ----- (1) ਬਚਾ ਲੈਂਦਾ ਹੈ, ਰਖ ਲੈਂਦਾ ਹੈ
"ਤਾ ਕਉ ਰਾਖਤ ਦੇ ਕਰਿ ਹਾਥ।"
– ਗਉ ੫, ਸੁਖ ੧੭, ੫ : ੪ (286)
"ਆਇਓ ਚੋਰੁ ਤੁਰੰਤਹ ਲੇ ਗਇਓ ਮੇਰੀ ਰਾਖਤ ਮੁਗਧੁ ਫਿਰੈ।" (ਬਚਾਉਂਦਾ)
– ਆਸਾ ਕਬ, ੧੫, ੨ : ੨ (479)

ਹੋਰ ਰੂਪ:

ਰਾਖਤਾ –
"ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ।" (ਰਖਿਆ ਕਰਦਾ ਹੈ)
– ਗਉ ੪, ੫੧, ੧ : ੩ (168)

ਰਾਖਤੇ –
"ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ।" (ਬਚਾਉਂਦਾ, ਰਖਿਆ ਕਰਦਾ)
– ਸਲੋ ਕਬ, ੯੮ : ੨ (1369)

(2) ਰਖਦਾ/ਕਰਦਾ ਹੈ
"ਭ੍ਰਮ ਕੇ ਮੂਸੇ ਤੂੰ ਰਾਖਤ ਪਰਦਾ ਪਾਛੈ ਜੀਅ ਕੀ ਮਾਨੀ।"
– ਆਸਾ ੫, ੧੨੮, ੧* : ੨ (403)

ਰਾਖਦਾ ----- ਬਚਾ ਲੈਂਦਾ ਹੈ, ਰਖਿਆ ਕਰਦਾ ਹੈ
"ਭਗਤ ਜਨਾ ਕਉ ਰਾਖਦਾ ਆਪਣੀ ਕਿਰਪਾ ਧਾਰਿ।"
– ਸਿਰੀ ੫, ੮੧, ੪ : ੧ (46)

ਹੋਰ ਰੂਪ:

ਰਾਖਦੇ –

"ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ।" (ਬਚਾਉਂਦੇ, ਰੋਕਦੇ)
– ਆਸਾ ੧, ਅਸ ੧੪, ੬ : ੧ (419)

ਰਾਖਨ ----- (1) ਰਖਨ, ਸੰਭਾਲਣ
"ਸੁਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ।"
– ਆਸਾ ਕਬ, ੧੬, ੩ : ੧ (479)
(2) ਬਚਾਉਣ, ਰਖਿਆ ਕਰਨ ਦੇ
"ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ।"
– ਜੈਤ ੫, ਛੰਤ ੨, ੧ਸ : ੨ (704)
(3) ਬਚਾਉਣ ਵਾਲਾ, ਰਖਿਆ ਕਰਨ ਵਾਲਾ, ਰਖਿਅਕ
"ਜਲ ਥਲ ਰਾਖਨ ਹੈ ਰਘੁਨਾਥ।"
– ਭੈਰ ਕਬ, ੧੮, ੩ : ੨ (1162)

ਰਾਖਨਹਾਰ --- (1) ਰਖਿਅਕ, ਰਖਿਆ ਕਰਨ ਵਾਲਾ
"ਦਾਸ ਅਪਨੇ ਕੀ ਰਾਖਨਹਾਰ।"
– ਗਉ ੫, ੭੬, ੧ : ੪ (177)
(2) ਹੇ ਰਖਨਹਾਰ
"ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ।"
– ਧਨਾ ੫, ੧੨, ੩ : ੨ (674)

ਹੋਰ ਰੂਪ:

ਰਾਖਨਹਾਰਾ –
"ਰਾਖਿ ਲੇਇ ਪ੍ਰਭੁ ਰਾਖਨਹਾਰਾ।" (ਰਖਿਆ ਕਰਨ ਵਾਲੇ)
– ਗਉ ੫, ੧੩੨, ੪ : ੧ (192)

ਰਾਖਨਹਾਰੁ –
"ਅਪੁਨੇ ਦਾਸ ਕਉ ਰਾਖਨਹਾਰੁ।"
(ਰਖਿਆ ਕਰਨ ਵਾਲਾ)
– ਗਉ ੫, ੧੬੭, ੧* : ੨ (199)

ਰਾਖਨਹਾਰੇ –
"ਰਾਖਨਹਾਰੇ ਕਉ ਸਾਲਾਹੀ।" (ਰਖਿਅਕ)
– ਗਉ ੫, ੭੫, ੪ : ੪ (177)
"ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ।" (ਹੇ ਰਖਿਅਕ)
– ਗਉ ੫, ੧੨੫*, ੧ : ੧ (206)

ਰਾਖਨਹਾਰੈ –
"ਰਾਖਿ ਲੀਏ ਪ੍ਰਭਿ ਰਾਖਨਹਾਰੈ ਜੋ ਪ੍ਰਭ ਅਪੁਨੇ ਭਾਣੇ।" (ਰਾਖਨਹਾਰ ਪ੍ਰਭੂ ਨੇ)
– ਆਸਾ ੫, ੫੦, ੪ : ੧ (383)

ਰਾਖਨਹਾਰੋ –
"ਤੁਝ ਰਾਖਨਹਾਰੋ ਮੋਹਿ ਬਤਾਇ।" (ਰਖਿਅਕ)
– ਬਸੰ ਕਬ, ੪, ੪ : ੨ (1194)

ਰਾਖਨਜੋਗੁ --- ਰਖਿਆ ਕਰਨ ਦੇ ਸਮਰਥ

“ਜੋ ਤੇਰੀ ਸਰਣਾਈ ਹਰਿ ਜੀਉ ਤਿਨ ਤੂ ਰਾਖਨਜੋਗੁ।”
– ਪ੍ਰਭਾ ੩, ੪, ੧ : ੧ (1333)

ਰਾਖਾ ------ (1) ਰਖਾਂ, ਧਰਾਂ
“ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।”
– ਸਿਰੀ ੧, ੧, ੪ : ੧ (14)
(2) ਰਖਿਅਕ, ਰਖਿਆ ਕਰਨ ਵਾਲਾ
“ਹਰਿ ਜਨ ਕਾ ਰਾਖਾ ਏਕ ਹੈ ਕਿਆ ਮਾਣਸ ਹਉਮੈ ਰੋਇ।”
– ਸਿਰੀ ੫, ੭੧, ੪ : ੨ (42)
(3) ਰਾਖੀ ਕਰਨ ਵਾਲਾ
“ਜਿਉ ਰਾਖਾ ਖੇਤ ਊਪਰਿ ਪਰਾਏ।”
– ਗਉ ੫, ੮੦, ੩ : ੧ (179)
(4) ਬਚਾ ਲਿਆ
“ਮਹਾ ਅਗਨਿ ਤੇ ਹਾਥੁ ਦੇ ਰਾਖਾ।”
– ਗਉ ੫, ਅਸ ੯, ੩ : ੨ (239)
“ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ ਰਾਖਾ।”
– ਜੈਤ ੪, ੨, ੪ : ੨ (697)
(5) ਰਖਿਆ ਹੈ, ਧਰਿਆ ਹੈ
“ਮੇਰੈ ਮਨਿ ਗੁਪਤ ਹੀਰੁ ਹਰਿ ਰਾਖਾ।”
– ਜੈਤ ੪, ੨, ੧* : ੧ (696)
(6) ਸੰਭਾਲਾਂ, ਬਚਾਵਾਂ
“ਹਰਿ ਬਿਨੁ ਜੀਉ ਨ ਰਹੈ ਕੈਸੇ ਰਾਖਾ ਮਾਈ।”
– ਮਾਰੂ ੧, ੫, ੧* : ੨ (990)

ਰਾਖਿ ------ (1) ਰਖਿਆ (ਕਰੋ), ਬਚਾ (ਲਵੋ)
“ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ।”
– ਸਿਰੀ ੫, ੮੪, ੪ : ੧ (47)
“ਹਾ ਹਾ ਪ੍ਰਭੁ ਰਾਖਿ ਲੇਹੁ।”
– ਧਨਾ ੫, ੧੯, ੧* : ੧ (675)
(2) ਸਥਾਨ ਦਿਓ
“ਹਰਿ ਸਰਣਾਗਤਿ ਰਾਖਿ ਲੇਹੁ ਮੂੜ ਮੁਗਧ ਨਿਸਤਾਰੇ।”
– ਗਉ ੩, ੩੮, ੩ : ੪ (163)
“ਜਨ ਨਾਨਕ ਮੈ ਨਾਹਿ ਕੋਊ ਗੁਨੁ ਰਾਖਿ ਲੇਹੁ ਸਰਨਾਈ।”
– ਸੋਰ ੯, ੬, ੨ : ੨ (632)
(3) ਬਚਾ ਕੇ, ਸੰਭਾਲ ਕੇ
“ਬਿੰਦੁ ਰਾਖਿ ਜੌ ਤਰੀਐ ਭਾਈ।”
– ਗਉ ਕਬ, ੪, ੩ : ੧ (324)
ਗੁਰਿ ਪੂਰੇ ਮੇਰੀ ਰਾਖਿ ਲਈ।” (ਬਚਾ)
– ਬਿਲਾ ੫, ੯੮, ੧* : ੧ (823)
(4) ਰਖ, ਧਰ

"ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ।"
- ਗਉ ਕਬ, ਬਾਅ ੧੨ : ੪ (340)

(5) ਅਰਪਨ ਕਰ, ਪੇਸ਼ ਕਰ
"ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।"
- ਸੋਰ ੪, ਵਾਰ ੧੪ਸ, ੩, ੧ : ੨ (648)

ਰਾਖਿਉ ----- ਰਖਿਆ, ਧਰਿਆ
"ਕਬੀਰ ਮਾਟੀ ਕੇ ਹਮ ਪੂਤਰੇ ਮਾਨਸੁ ਰਾਖਿਉ ਨਾਉ।"
- ਸਲੋ ਕਬ, ੬੪ : ੨ (1367)

ਹੋਰ ਰੂਪ:

ਰਾਖਿਓ –
"ਬਾਹਰਿ ਰਾਖਿਓ ਰਿਦੈ ਸਮਾਲਿ।" (ਰਖਿਆ)
- ਗਉ ੫, ੧੫੭, ੧ : ੧ (197)

ਰਾਖਿਓ ----- (1) ਰਖਿਆ, ਧਰਿਆ, ਵੇਖੋ "ਰਖਿਓ।"
"ਜੈਸੇ ਅੰਭ ਕੁੰਡ ਕਰਿ ਰਾਖਿਓ ਪਰਤ ਸਿੰਧੁ ਗਲਿ ਜਾਹ।" (ਰਖਿਆ ਹੋਵੇ)
- ਆਸਾ ੫, ੧੨੩, ੩ : ੧ (402)
"ਲੇ ਰਾਖਿਓ ਰਾਮ ਜਨੀਆ ਨਾਉ।" (ਰਖ ਦਿੱਤਾ, ਧਰ ਦਿੱਤਾ)
- ਆਸਾ ਕਬ, ੩੩, ੧ : ੨ (484)
"ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ।"(ਰਖਣ/ ਧਰਨ ਨਾਲ)
- ਬਿਲਾ ੯, ੩, ੨ : ੧ (831)

(2) ਰਖਿਆ ਕੀਤੀ, ਬਚਾ ਲਿਆ
"ਕਰ ਮਸਤਕਿ ਧਾਰਿ ਰਾਖਿਓ ਕਰਿ ਅਪੁਨਾ ਕਿਆ ਜਾਨੈ ਇਹੁ ਲੋਕੁ ਅਜਾਨਾ।"
- ਆਸਾ ੫, ੭, ੧* : ੨ (372)

(3) ਰਖੀ ਬੈਠਾ ਭਾਵ ਕਰੀ ਬੈਠਾ ਹੈ
"ਇਸੁ ਊਪਰਿ ਲੇ ਰਾਖਿਓ ਗੁਮਾਨ।"
- ਆਸਾ ੫, ੧੪, ੩ : ੨ (374)

ਰਾਖਿਅਨੁ --- ਰਖੇ ਹਨ
"ਜੋ ਧੁਰਿ ਰਾਖਿਅਨੁ ਮੇਲਿ ਮਿਲਾਇ।"
- ਗਉ ੩, ੨੫, ੪ : ੧ (159)

ਰਾਖਿਆੜਾ -- ਬਚਾ ਰਖਿਆ ਹੈ
"ਤਿਨ ਘਰੁ ਰਾਖਿਅੜਾ ਜੋ ਅਨਦਿਨੁ ਜਾਗੈ ਰਾਮ।"
- ਤੁਖਾ ੧, ਛੰਤ ੨, ੪ : ੨ (1110)

ਰਾਖਿਆ ---- (1) ਰਖਿਆ, ਵਸਾਇਆ
"ਹਉਮੈ ਮਮਤਾ ਮਾਰਿ ਕੈ ਹਰਿ ਰਾਖਿਆ ਉਰਧਾਰਿ।"
- ਸਿਰੀ ੩, ੩੪, ੩ : ੨ (26)

(2) ਬਚਾ ਲਿਆ, ਰਖਿਆ ਕੀਤੀ
"ਹਰਿ ਤੁਧਨੋ ਕਰਹਿ ਸਭ ਨਮਸਕਾਰੁ ਜਿਨਿ ਪਾਪੈ ਤੇ ਰਾਖਿਆ।"
- ਸਿਰੀ ੪, ਵਾਰ ੧੭ : ੨ (90)

(3) ਰੋਕ ਦਿੱਤਾ, ਹਟਾ ਦਿੱਤਾ, ਮੁਕਾ ਦਿੱਤਾ
"ਡਰੁ ਰਾਖਿਆ ਗੁਰਿ ਅਪਣੈ ਨਿਰਭਉ ਨਾਮੁ ਵਖਾਣਿ।"
– ਰਾਮ ੧, ਓਅੰ ੩੦ : ੪ (933)

(4) ਧਰਿਆ, ਅਰਪਨ ਕੀਤਾ
"ਤਨੁ ਮਨੁ ਧਨੁ ਹਰਿ ਆਗੈ ਰਾਖਿਆ।"
– ਪ੍ਰਭਾ ੧, ਅਸ ੨, ੮ : ੩ (1343)

ਰਾਖੀ ------ (1) ਬਚਾ ਲਈ, ਰਖੀ
"ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦ।"
– ਸਿਰੀ ੫, ੮੨, ੪ : ੨ (46)

"ਪੂਰੀ ਰਹੀ ਜਾ ਪੂਰੈ ਰਾਖੀ।"
(ਰਖ ਲਈ, ਬਚਾ ਲਈ)
– ਗਉ ੫, ੧੧੪, ੧* : ੧ (188)

(2) ਰਖੀ, ਧਰੀ
"ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ।"
– ਸਿਰੀ ੪, ਵਾਰ ੧੨ : ੨ (87)

"ਬਿਨਵੰਤਿ ਨਾਨਕ ਟੇਕ ਰਾਖੀ ਜਿਤੁ ਲਗਿ ਤਰਿਆ ਸੰਸਾਰੇ।"
– ਗਉ ੫, ਛੰਤ ੨, ੪ : ੬ (248)

(3) ਭਾਵ ਵਰਤਾਈ, ਜਾਹਰ ਕੀਤੀ।
"ਉਸਤਤਿ ਕਰਹੁ ਪ੍ਰਭ ਅਪਨੇ ਜਿਨਿ ਪੂਰੀ ਕਲ ਰਾਖੀ।" (ਟਿਕਾ ਰਖੀ)
– ਸੋਰ ੫, ੫੩, ੩ : ੧ (622)

ਰਾਖੀਅਲੇ --- ਰਖਦਾ ਹੈ
"ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ।"
– ਰਾਮ ਨਾਮ, ੧, ੧ : ੨ (972)

ਰਾਖੀਐ ---- (1) ਰਖ ਲਵੋ, ਬਚਾ ਲਵੋ
"ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ।"
– ਸਿਰੀ ੪, ਵਾਰ ੨੦ : ੪ (91)

"ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ ਉਡੈ ਨਹ ਹੰਸੁ ਨਹ ਕੰਧੁ ਛੀਜੈ।"
(ਸਾਂਭ ਲਈਏ)
– ਮਾਰੂ ੧, ੯, ੧ : ੨ (991)

(2) ਧਰੀਏ
"ਜਲ ਮਹਿ ਕੇਤਾ ਰਾਖੀਐ ਅਭ ਅੰਤਰਿ ਸੂਕਾ।"
– ਆਸਾ ੧, ਅਸ ੧੫, ੭ : ੨ (419)

ਰਾਖੁ ------ (1) ਸੰਭਾਲ
"ਸੋ ਘਰੁ ਰਾਖੁ ਵਡਾਈ ਤੋਇ।"
– ਆਸਾ ੧, ਸੋਰ ੨, ੧* : ੨ (12)

(2) ਰਖਿਆ ਕਰ, ਬਚਾ ਲੈ
"ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।"

- ਗਉ ੪, ਸੋਹ ੪, ੪ : ੧ (13)

(3) ਧਰ, ਰਖ

“ਤਿਸ ਕੀ ਟੇਕ ਮਨੈ ਮਾਹਿ ਰਾਖੁ।”

- ਗਉ ੫, ੭੬, ੨ : ੧ (178)

“ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ।”
(ਰਖ, ਸਥਿਤ ਕਰ, ਸਥਾਨ ਦੇ)

- ਆਸਾ ੫, ੩੦, ੨ : ੧ (378)

(4) ਰਖਨ ਵਾਲਾ, ਬਚਾ ਲੈਣ ਵਾਲਾ

“ਤੂ ਆਪੇ ਸੁਰਤਾ ਆਪਿ ਰਾਖੁ।”

- ਬਸੰ ੧, ਅਸ ੨, ੪ : ੩ (1188)

ਰਾਖੇ ------ (1) ਬਚਾਏ

“ਗੁਰਿ ਰਾਖੇ ਸੇ ਉਬਰੇ ਹੋਰਿ ਮੁਠੀ ਧੰਧੈ ਠਗਿ।”

- ਸਿਰੀ ੧, ੧੪, ੨ : ੩ (19)

(2) ਰੋਕੇ

“ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਾਨੈ ਮਧੁ ਆਸ੍ਰਮਾਈ।”

- ਸਿਰੀ ੧, ੨੬, ੨ : ੨ (23)

“ਧਾਵਤ ਰਾਖੇ ਠਾਕਿ ਰਹਾਇਆ।”

- ਮਾਰੂ ੧, ਅਸ ੩, ੬ : ੨ (1022)

“ਪੰਚ ਤਸਕਰ ਧਾਵਤ ਰਾਖੇ ਚੂਕਾ ਮਨਿ ਅਭਿਮਾਨੁ।”

- ਪ੍ਰਭਾ ੧, ੭, ੨ : ੧ (1329)

(3) ਰਖੇ ਹਨ

“ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ।”

- ਰਾਮ ੧, ੪, ੨ : ੧ (877)

“ਚੰਦੁ ਸੂਰਜੁ ਦੁਇ ਜਰੇ ਚਰਾਗਾ ਚਹੁ ਕੁੰਟ ਭੀਤਰਿ ਰਾਖੇ।” (ਧਰੇ)

- ਰਾਮ ੫, ੭, ੩ : ੧ (884)

“ਚਰਨ ਕਮਲ ਪ੍ਰਭ ਰਾਖੇ ਚੀਤਿ।” (ਰਖੇ)

- ਮਾਰੂ ੫, ੯, ੧ : ੧ (1001)

“ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ।” (ਧਰੇ ਹੋਏ)

- ਸਾਰ ੫, ੭੭, ੧ : ੨ (1219)

“ਨੀਰੁ ਧਰਣਿ ਕਰਿ ਰਾਖੇ ਏਕਤ ਕੋਇ ਨ ਕਿਸਹੀ ਸੰਗੇ।” (ਟਿਕਾਏ ਹੋਏ)

- ਸਾਰ ੫, ਅਸ ੧, ੩ : ੨ (1235)

(4) ਰਖਿਆ ਕਰਨ ਵਾਲੇ, ਰਖਿਅਕ

“ਜਿਸ ਕੇ ਰਾਖੇ ਹੋਏ ਹਰਿ ਆਪਿ।”

- ਭੈਰ ੫, ੨੮, ੪ : ੧ (1143)

“ਜਨ ਕੇ ਤੁਮ੍ਹ ਹਰਿ ਰਾਖੇ ਸੁਆਮੀ ਤੁਮ੍ਹ ਜੁਗਿ ਜੁਗਿ ਜਨ ਰਖਿਆ।”

- ਕਲਿ ੪, ੨, ੩ : ੧ (1319)

ਰਾਖੈ ------ (1) ਰਖਣ, ਰਖੇ

“ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।”

- ਸਿਰੀ ੧, ੧, ੩ : ੨ (14)

"ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲਪਲੈ।"

– ਸਿਰੀ ੧, ੩੩, ੧* : ੨ (25)

"ਥਾਵਰ ਥਿਰੁ ਕਰਿ ਰਾਖੈ ਸੋਇ।" (ਟਿਕਾਏ)

– ਗਉ ਕਬ, ਵਾ ੭ : ੧ (344)

(2) ਰੋਕੇ

"ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ।"

– ਸਿਰੀ ੫, ੯੭, ੩ : ੨ (52)

(3) ਬਚਾਏ, ਸੁਰਖਿਅਤ ਰਖੇ, ਰਖਿਆ ਕਰੇ

"ਗੁਰਮੁਖਿ ਹੋਵੈ ਸੁ ਅਪਣਾ ਘਰੁ ਰਾਖੈ ਪੰਜ ਦੂਤ ਸਬਦਿ ਪਚਾਵਣਿਆ।"

– ਮਾਝ ੩, ੭, ੨ : ੩ (113)

"ਮਾਰੈ ਰਾਖੈ ਏਕੋ ਸੋਇ।" (ਬਚਾਉਂਦਾ)

– ਗਉ ੫, ੧੩੦, ੧* : ੨ (192)

(4) ਧਰੇ

"ਜਾ ਕੈ ਮਸਤਕਿ ਰਾਖੈ ਹਾਥੁ।"

– ਰਾਮ ੫, ੫੬, ੨ : ੧ (900)

"ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ।" (ਧਰੇ)

– ਤੁਖਾ ੧, ਛੰਤ ੪, ੩ : ੫ (1111)

ਰਾਗ ------ (1) ਸੁਰਪ੍ਰਬੰਧ

"ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ।"

– ਜਪੁ ੧, ੨੭ : ੩ (6)

"ਰਾਗ ਸੁਣਾਇ ਕਹਾਵਹਿ ਬੀਤੇ।"

– ਆਸਾ ੧, ਅਸ ੭, ੧ : ੨ (414)

(2) ਰਸ

"ਗੁਰਮੁਖਿ ਰਾਗ ਸੁਆਦ ਅਨ ਤਿਆਗੇ।"

– ਆਸਾ ੧, ਅਸ ੮, ੭ : ੧ (415)

(3) ਪ੍ਰੀਤ, ਮੋਹ

"ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ।"

– ਸੂਹੀ ੫, ਛੰਤ ੧੧, ੩ : ੫ (785)

ਰਾਂਗ ------ ਰੰਗ ਕੇ

"ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ।"

– ਸਾਰ ੫, ੯੧, ੧ : ੨ (1222)

ਰਾਗਉ ----- ਪ੍ਰੇਮ ਤੋਂ

"ਪੰਚ ਸੰਗੁ ਗੁਰ ਤੇ ਛੁਟੇ ਦੋਖ ਅਰੁ ਰਾਗਉ।"

– ਬਿਲਾ ੫, ੩੨, ੩ : ੧ (808)

ਰਾਂਗਉ ----- ਰੰਗਦਾ ਹਾਂ

"ਰਾਂਗਨਿ ਰਾਂਗਉ ਸੀਵਨਿ ਸੀਵਉ।"

– ਆਸਾ ਨਾਮ, ੩, ੨ : ੧ (485)

ਰਾਗਹੁ ----- ਰੰਗੋ

"ਨਾਨਕ ਨਾਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ।"

– ਕੇਦਾ ੫, ੩, ੨ : ੨ (1119)

ਰਾਗੰਨ ----- ਰਾਗਾਂ, ਸੁਰਪ੍ਰਬੰਧਾਂ

"ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ।"

– ਰਾਗ ੧ : ੬੦ (1430)

ਰਾਂਗਨਹਾਰਾ -- ਰੰਗਨ ਵਾਲਾ

"ਅੰਤਰਿ ਦੇਖਿ ਸਬਦਿ ਮਨੁ ਮਾਨਿਆ ਅਵਰੁ ਨ ਰਾਂਗਨਹਾਰਾ।"

– ਪ੍ਰਭਾ ੧, ੧੫, ੧ : ੧ (1331)

ਰਾਂਗਨਿ ----- ਮੱਟੀ, ਜਿਸ ਵਿਚ ਕਪੜੇ ਰੰਗੇ ਜਾਂਦੇ ਹਨ

"ਰਾਂਗਨਿ ਰਾਂਗਉ ਸੀਵਨਿ ਸੀਵਉ।"

– ਆਸਾ ਨਾਮ, ੩, ੨ : ੧ (485)

(ਮਹਾਨਕੋਸ਼ ਤੇ ਸੰਥਿਆ ਅਰਥ 'ਰੰਗਣ ਯੋਗ' ਕਰਦੇ ਹਨ।)

ਰਾਗਨੀ ----- ਰਾਗ ਦੀ ਪਤਨੀ

"ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ।"

– ਸੋਰ ਕਬ, ੩, ੩ : ੨ (654)

ਰਾਗਾ ------ ਰਾਗਾਂ, ਸੁਰਪ੍ਰਬੰਧਾਂ

"ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।"

– ਸਿਰੀ ੪, ਵਾਰ ੧ਸ, ੩, ੧ : ੧ (83)

ਹੋਰ ਰੂਪ:

ਰਾਗਾਂ –

"ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ।"

– ਸਲੋ ੪, ੨੪ : ੧ (1423)

ਰਾਂਗਾ ------ ਰੰਗਿਆ

"ਹਰਿ ਚਾਰ੍ਹਿਉ ਰੰਗੁ ਮਿਲੈ ਗੁਰੁ ਸੋਭਾ ਹਰਿ ਰੰਗਿ ਚਲੂਲੈ ਰਾਂਗਾ।"

– ਮਾਲੀ ੪, ੪, ੪ : ੧ (985)

ਰਾਗਿ ------ (1) ਸੁਰਪ੍ਰਬੰਧ, ਰਾਗਨੀ

"ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ।"

– ਗਉ ੪, ਵਾਰ ੨੦ਸ, ੩, ੧ : ੧ (311)

(2) ਰਾਗ ਨਾਲ

"ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ।"

– ਮਲਾ ੧, ਵਾਰ ੧੭ : ੨ (1285)

"ਰਾਗਿ ਨਾਦਿ ਮਨੁ ਦੂਜੈ ਭਾਇ।" (ਰਾਗਾਂ ਵਿਚ)

– ਪ੍ਰਭਾ ੧, ਅਸ ੧, ੪ : ੧ (1342)

ਰਾਂਗਿ ------ (1) ਰੰਗ ਨਾਲ

"ਕਾਪੜੁ ਕਾਠੁ ਰੰਗਾਇਆ ਰਾਂਗਿ।"
– ਸਾਰ ੪, ਵਾਰ ੧੫ਸ, ੧, ੨ : ੧ (1243)

(2) ਰੰਗ ਵਾਲਾ, ਰੰਗੀਲਾ
"ਮੇਰਾ ਪ੍ਰਭੁ ਰਾਂਗਿ ਘਣੌ ਅਤਿ ਰੂੜੌ।"
– ਪ੍ਰਭਾ ੧, ੧੫, ੧* : ੧ (1331)

ਰਾਗਿਓ ---- ਪ੍ਰੇਮ (ਰਾਗ) ਸਹਿਤ ਹੋਇਆ, ਪ੍ਰੇਮੀ ਹੋਇਆ
"ਚਰਨ ਕਮਲ ਜਾ ਕਾ ਮਨੁ ਰਾਗਿਓ।"
– ਧਨਾ ੫, ੪੭, ੧ : ੨ (682)

ਰਾਗੀ ------ (1) ਰਾਗਾਂ ਦੁਆਰਾ, ਰਾਗੀਂ
"ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀ ਹਰਿ ਹਰਿ ਭੀਜੈ ਰਾਮ ਰਾਜੇ।"
– ਆਸਾ ੪, ਛੰਤ ੧੮, ੪ : ੧ (450)
(ਮਹਾਨਕੋਸ਼ ਨੇ ਅਰਥ 'ਰਾਗ', 'ਕੰਠ' ਦੇ ਆਲਾਪ ਦੁਆਰਾ' ਕੀਤਾ ਹੈ)

ਰਾਂਗੀ ------ ਰੰਗੀਜ ਕੇ
"ਸੁਨਿ ਉਪਦੇਸੁ ਭਏ ਮਨ ਨਿਰਮਲ ਗੁਨ ਗਾਏ ਰੰਗਿ ਰਾਂਗੀ।"
– ਮਲਾ ੫, ੫, ੧ : ੨ (1267)

ਰਾਗੰੀ ----- ਰਾਗਾਂ ਵਿਚ
"ਜੁਠਿ ਨ ਰਾਗੰੀ ਜੁਠਿ ਨ ਵੇਦੰੀ।"
– ਸਾਰ ੪, ਵਾਰ ੭ਸ, ੧, ੧ : ੧ (1240)

ਰਾਗੀਲਾ ---- ਰੰਗਲਾ, ਚੋਜੀ
"ਮੋਹਨੁ ਪ੍ਰਾਨ ਮਾਨ ਰਾਗੀਲਾ।"
– ਗੂਜ ੫, ੧੩, ੧* : ੧ (498)
ਰਾਗੁ – ਸੰਗੀਤ ਪ੍ਰਬੰਧ
"ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।"
– ਸਿਰੀ ੪, ਵਾਰ ੧ਸ, ੩, ੧ : ੧ (83)

ਰਾਂਗੇ ------ ਰੰਗੀਜ ਕੇ
"ਬਿਛੁਰਤ ਮਿਲਾਇ ਗੁਰ ਸੇਵ ਰਾਂਗੇ।"
– ਬਸੰ ੩, ੨, ੨ : ੩ (1172)

ਰਾਗੈ ------ ਰਾਗਾਂ ਤੋਂ
"ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੁਝਿਆ ਜਾਇ।"
– ਸਲੋ ੪, ੨੪ : ੩ (1423)

ਰਾਚਉ ----- ਰਚਦਾ/ਟਿਕਦਾ ਹਾਂ
"ਭਗਤਿ ਕਰੀ ਰਾਚਉ ਹਰਿ ਨਾਇ।"
– ਗਉ ੧, ਅਸ ੧, ੬ : ੨ (220)

ਰਾਚਹਿ ----- ਰਚਿਤ ਹੁੰਦੇ, ਦਿਲਚਸਪੀ ਰਖਦੇ, ਮਗਨ ਹੁੰਦੇ, ਪਿਆਰ ਪਾਂਦੇ

“ਨਾਨਕ ਨਦਰੀ ਬਾਹਰੇ ਰਾਚਹਿ ਦਾਨਿ ਨ ਨਾਇ।”

– ਸਿਰੀ ੧, ੪, ੪ : ੩ (15)

ਹੋਰ ਰੂਪ:

ਰਾਚਹੁ –
“ਤਿਸੁ ਪ੍ਰਭ ਤਿਆਗਿ ਅਵਰ ਕਤ ਰਾਚਹੁ ਜੋ ਸਭ ਮਹਿ ਰਹਿਆ ਸਮਾਈ।”
(ਪਿਆਰ ਪਾਓ, ਰਚੋ)

– ਸੋਰ ੫, ੩੨, ੧ : ੨ (617)

ਰਾਚਤ ----- ਰੁਚਿਤ ਹੋਣਾ, ਪਿਆਰ ਪਾਉਣਾ
“ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ।”

– ਕੇਦਾ ੫, ੭, ੧* : ੨ (1120)

ਰਾਚਾ ------ ਰਚ ਗਿਆ, ਮਗਨ (ਮਸਤ) ਹੋ ਗਿਆ
“ਸੋ ਸਾਚਾ ਮਿਲਿ ਸਾਚੇ ਰਾਚਾ।”

– ਧਨਾ ੧, ਅਸ ੨, ੩ : ੨ (686)

ਰਾਚਿ ------ (1) ਮਸਤ ਹੋ ਕੇ, ਮਗਨ ਹੋ ਕੇ, ਲਗ ਕੇ
“ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ।”

– ਗਉ ੫, ੧੨੭*, ੨ : ੧ (206)

(2) ਲਗੇ ਹੋਣਾ
“ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ।”

– ਰਾਮ ੩, ਅਨੰ ੩੨ : ੧ (921)

(3) ਬਚਾ ਕੇ, ਰਚ ਕੇ
“ਰਚਨਾ ਰਾਚਿ ਜਿਨਿ ਰਚੀ ਜਿਨਿ ਸਿਰਿਆ ਆਕਾਰੁ।”

– ਰਾਮ ੧, ਓਅੰ ੪੬ : ੭ (936)

(4) ਰਚੇ ਹੋਣਾ, ਸਮਾਏ ਹੋਣਾ
“ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ।”

– ਤੁਖਾ ੧, ਬਾਰਾ ੧ : ੫ (1107)

ਰਾਚੀ ------ (1) ਰਚੀ, ਸਿਰਜੀ, ਪੈਦਾ ਕੀਤੀ
“ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੁ ਜਿਨਿ ਏਹ ਰਚਨਾ ਰਾਚੀ।”

– ਵਡ ੧, ਅਲਾ ੪, ੧ : ੩ (581)

(2) ਰਚਾ ਕੇ, ਲਾ ਕੇ
“ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ।”

– ਭੈਰ ੫, ੬, ੧* : ੨ (1157)

“ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖੁ ਅਪਾਰੋ।” (ਲਾਈ)

– ਸਾਰ ੫, ੧੧੦, ੧ : ੨ (1225)

“ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ।” (ਲਗਾ)

– ਮਲਾ ੫, ੨੨, ੩ : ੪ (1271)

ਰਾਚੀਲੇ ----- ਬਣਾਇਆ ਹੈ

"ਜਾਂਚੈ ਘਰਿ ਕੁਲਾਲੁ ਬ੍ਰਹਮਾ ਚਤੁਰ ਮੁਖੁ ਡਾਵੜਾ ਜਿਨਿ ਬਿਸ੍ਵ ਸੰਸਾਰ ਰਾਚੀਲੇ।"
– ਮਲਾ ਨਾਮ, ੧, ੨ : ੧ (1292)

ਰਾਚੁ ------ ਰਚ, ਲੀਨ ਹੋ
"ਰੇ ਮਨ ਮੇਰੇ ਤੂੰ ਤਾ ਸਿਉ ਰਾਚੁ।"
– ਗਉ ੫, ਸੁਖ ੬, ੭ : ੮ (270)

ਰਾਚੇ ------ (1) ਰਚੇ, ਲੀਨ ਹੋਵੇ
"ਮਨੁ ਸਚਾ ਸਚੈ ਸਬਦਿ ਰਾਚੇ।"
– ਮਾਝ ੩, ਅਸ ੧੩, ੧ : ੨ (116)
(2) ਰਚੀ ਹੈ
"ਮਿਲੈ ਗੁਰ ਸਾਚੇ ਜਿਨਿ ਰਚੁ ਰਾਚੇ ਕਿਰਤੁ ਵੀਚਾਰੁ ਪਤੀਣਾ।"
– ਰਾਮ ੧, ਅਸ ੮, ੪ : ੧ (907)

ਰਾਚੈ ------ ਲਗਿਆਂ
"ਭੈ ਰਾਚੈ ਸਚ ਰੰਗਿ ਸਮਾਇ।"
– ਗਉ ੩, ੨੧, ੧* : ੨ (157)
"ਕੇਵਲ ਭਾਤਿ ਕੀਰਤਨ ਸੰਗਿ ਰਾਚੈ।"
(ਲੀਨ ਹੋਇਆਂ)
– ਗਉ ੫, ਸੁਖ ੯, ੨ : ੬ (274)
"ਕਹੁ ਨਾਨਕ ਜੋ ਰਾਚੈ ਨਾਇ।" (ਲੀਨ ਹੋਏ)
– ਆਸਾ ੫, ੭੦, ੪ : ੧ (388)

ਰਾਜ ------ (1) ਦੇਸ, ਰਿਆਸਤ, ਹਕੂਮਤ, ਬਾਦਸ਼ਾਹਿਤ
"ਮੇਰਾ ਤਨੁ ਅਰੁ ਧਨੁ ਮੇਰਾ ਰਾਜ ਰੂਪ ਮੈ ਦੇਸੁ।"
– ਸਿਰੀ ੫, ੮੫, ੧ : ੧ (47)
"ਰਾਜ ਮਿਲਕ ਸਿਕਦਾਰੀਆ ਰਸ ਭੋਗਣ ਬਿਸਥਾਰ।"
– ਸਿਰੀ ੫, ਅਸ ੨੬, ੬ : ੧ (70)
"ਖਿਨ ਮਹਿ ਨੀਚ ਕੀਟ ਕਉ ਰਾਜ।" (ਤਖ਼ਤ)
– ਗਉ ੫, ਸੁਖ ੧੧, ੪ : ੧ (277)
(2) ਰਾਜਾ
"ਜਿਨਿ ਸੇਵਿਆ ਪ੍ਰਭੁ ਆਪਣਾ ਸੋਈ ਰਾਜ ਨਰਿੰਦੁ।"
– ਸਿਰੀ ੫, ੮੮, ੨ : ੪ (49)
"ਬਿਖੈ ਰਾਜ ਤੇ ਅੰਧੁਲਾ ਭਾਰੀ।" (ਰਾਜਾ)
– ਗਉ ੫, ੧੫੧, ੧ : ੧ (196)
"ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।" (ਅਮੀਰ)
– ਗਉ ੫, ਸੁਖ ੮, ੧ : ੬ (272)
(3) ਸ਼ਾਹਾਨਾ, ਰਾਜਿਆਂ ਵਾਲੀ
"ਰਾਜ ਲੀਲਾ ਤੇਰੈ ਨਾਮਿ ਬਨਾਈ।"
– ਆਸਾ ੫, ੫੭, ੧ : ੧ (385)
(4) (ਸੰ.) ਰਸੀ
"ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮ ਜਨਾਇਆ।"

– ਸੋਰ ਰਵਿ, ੧, ੩ : ੧ (658)

(5) ਐਸਵਰਜ
“ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ।”
– ਮਾਰੂ ੫, ਅਸ ੭, ੨ : ੧ (1019)

(6) ਮਾਇਆ ਦੇ ਤਿੰਨਾਂ ਗੁਣਾਂ ਵਿਚੋਂ ਇਕ, ਰਜ ਗੁਣ, ਅਹੰਕਾਰ ਤੇ ਮੋਹ ਦਾ ਉਤੇਜਕ
“ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ।”
– ਸਾਰ ੫, ੬, ੩ : ੧ (1204)

(7) ਪ੍ਰਕਾਸ਼
“ਅੰਤਰਿ ਰਵਤੌ ਰਾਜ ਰਵਿੰਦਾ” (ਪ੍ਰਕਾਸ਼ ਕਰ ਰਿਹਾ ਹੈ)
– ਪ੍ਰਭਾ ੧, ੧੪, ੨ : ੪ (1331)

ਰਾਜੰ ------ ਰਾਜ, ਬਾਦਸ਼ਾਹਤ
“ਰਾਜੰ ਰੰਗੰ ਰੂਪੰ ਮਾਲੰ ਜੋਬਨੁ ਤੇ ਜੂਆਰੀ।”
– ਮਾਰੂ ੧, ਅਸ ੧੧, ੪ : ੧ (1015)

ਰਾਜਇਆ --- ਬਾਦਸ਼ਾਹਤ, ਰਾਜ
“ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ ਰਾਜਇਆ।”
– ਸਾਰ ੫, ੪੭, ੨ : ੨ (1213)

ਰਾਜਸ ----- ‘ਰਜ’ ਗੁਣ ਵਾਲੇ
“ਕਈ ਕੋਟਿ ਰਾਜਸ ਤਾਮਸ ਸਾਤਕ।”
– ਗਉ ੫, ਸੁਖ ੧੦, ੪ : ੧ (276)

ਰਾਜਸਭਾ ---- ਰਾਜ ਦਰਬਾਰ
“ਪੰਚਾਲੀ ਕਉ ਰਾਜਸਭਾ ਮਹਿ ਰਾਮ ਨਾਮ ਸੁਧਿ ਆਈ।”
– ਮਾਰੂ ੯, ੧, ੧ : ੧ (1008)

ਰਾਜਸੁ ----- ‘ਰਜ’ ਗੁਣ
“ਰਾਜਸੁ ਸਾਤਕੁ ਤਾਮਸੁ ਡਰਪਹਿ ਕੇਤੇ ਰੂਪ ਉਪਾਇਆ।”
– ਮਾਰੂ ੫, ੧, ੩ : ੧ (998)

ਰਾਜਕੁਆਰਿ - ਰਾਜ-ਕੁਮਾਰੀ
“ਗਾਛਹੁ ਪੁਤ੍ਰੀ ਰਾਜਕੁਆਰਿ।”
– ਬਸੰ ੧, ਅਸ ੧, ੭ : ੧ (1187)

ਰਾਜੰਗਾ ----- ਰਾਜੇ
“ਖਿਨ ਮਹਿ ਥਾਪਿ ਨਿਵਾਜੇ ਠਾਕੁਰ ਨੀਚ ਕੀਟ ਤੇ ਕਰਹਿ ਰਾਜੰਗਾ।”
– ਬਿਲਾ ੫, ੧੦੧, ੧ : ੧ (824)

ਰਾਜਜੋਗ ---- ਜੋਗ ਦੀ ਇਕ ਪ੍ਰਕਾਰ, ਗ੍ਰਹਸਥ ਵਿਚ ਰਹਿੰਦਿਆਂ ‘ਨਿਰਲੇਪ ਰਹਿਣਾ’
“ਇਹ ਰਾਜਜੋਗ ਗੁਰ ਰਾਮਦਾਸ ਤੁਮ੍ ਹੁ ਰਸੁ ਜਾਣੇ।”
– ਸਵ ੪, ਕਲ ੧੨ : ੪ (1398)

ਹੋਰ ਰੂਪ:

ਰਾਜਜੋਗੁ –
"ਤੂੰ ਗੁਰ ਪ੍ਰਸਾਦਿ ਕਰਿ ਰਾਜਜੋਗੁ।"
– ਗਉ ੫, ੧੪੬*, ੧ : ੨ (211)

ਰਾਜਦੁਆਰੈ -- ਰਾਜੇ ਦੇ ਦਰ ਤੇ
"ਰਾਜਦੁਆਰੈ ਸੋਭ ਸੁ ਮਾਨੈ।"
– ਗਉ ੧, ਅਸ ੨, ੧ : ੩ (221)

ਰਾਜਨ ----- (1) ਰਾਜਿਆਂ
"ਆਖੇੜ ਬਿਰਤਿ ਰਾਜਨ ਕੀ ਲੀਲਾ।"
– ਗਉ ੫, ੮੧, ੩ : ੩ (179)
"ਰਾਜਨ ਰਾਜਿ ਸਦਾ ਬਿਗਸਾਂਤਉ।"
– ਆਸਾ ੧, ੧੨, ੩ : ੨ (352)
(2) ਹੇ ਰਾਜਾ!
"ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ।"
– ਬਿਹਾ ੫, ਛੰਤ ੯, ੨ : ੧ (547)
(3) ਰਾਜਾ
"ਮਿਲਿ ਰਾਜਨ ਰਾਮ ਨਿਬੇਰਾ।"
– ਸੋਰ ੫, ੫੧, ੧ : ੪ (621)
(4) ਭਾਵ ਪ੍ਰਭੂ
"ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਉ ਮੇਰੈ ਰਾਜਨ।"
– ਧਨਾ ੫, ੩, ੩ : ੨ (671)
(5) ਰਾਜ ਦੇ ਕੰਮ, ਰਾਜ
"ਰਾਜਨ ਮਹਿ ਰਾਜਾ ਉਰਝਾਇਓ ਮਾਨਨ ਮਹਿ ਅਭਿਮਾਨੀ।"
– ਸੋਰ ੫, ੧੬, ੧ : ੧ (613)

ਰਾਜਨਹ ---- (1) ਰਾਜ, ਬਾਦਸ਼ਾਹਤ, ਹਕੂਮਤ
"ਨਚ ਦੁਰਲਭੰ ਧਨੰ ਰੂਪੰ ਨਚ ਦਰਲਭੰ ਸ੍ਵਰਗ ਰਾਜਨਹ।"
– ਸਸ ੫, ੩੫ : ੧ (1357)
(2) ਰਾਜਾ
"ਤਿਲਕਹੀਣ ਜਥਾ ਬਿਪ੍ਰਾ ਅਮਰ ਹੀਣੰ ਜਥਾ ਰਾਜਨਹ।"
– ਸਸ ੫, ੫੬ : ੧ (1359)

ਰਾਜਨਜੋਗੁ --- ਰਾਜਜੋਗੁ
"ਰਾਜਨਜੋਗੁ ਕਰਿ ਹਾਂ।"
– ਆਸਾ ੫, ੧੫੭, ੨ : ੫ (409)

ਰਾਜਨੁ ----- (1) ਰਾਜੇ ਨੇ
"ਰਾਜਨੁ ਜਾਣਹਿ ਆਪਣਾ ਦਰਿ ਘਰਿ ਠਾਕ ਨ ਹੋਇ।"
– ਸਿਰੀ ੧, ਅਸ ੬, ੮ : ੨ (57)
(2) ਰਾਜਾ
"ਆਪੇ ਰਾਜਨੁ ਆਪੇ ਲੋਗਾ।"

– ਮਾਝ ੫, ੧੦, ੩ : ੧ (97)
“ਹਮਰਾ ਰਾਜਨੁ ਸਦਾ ਸਲਾਮਤਿ ਤਾ ਕੋ ਸਗਲ ਘਟਾ ਜਸੁ ਗਾਇਓ।” (ਪ੍ਰਭੂ)
– ਸਾਰ ੫, ਅਸ ੧, ੧ : ੨ (1235)

ਰਾਜਰਸ ---- ਰਾਜ ਦੇ ਭੋਗ
“ਅਨਿਕ ਲੀਲਾ ਰਾਜਰਸ ਰੂਪੰ ਛਤ੍ਰ ਚਮਰ ਤਖਤ ਆਸਨੰ।”
– ਜੈਤ ੫, ਵਾਰ ੮ਸ, ੫, ੧ : ੧ (707)

ਰਾਜਲੀਲਾ --- ਰਾਜਿਆਂ ਦੇ ਕੌਤਕ
“ਰਾਜਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ।”
– ਸੋਰ ੫, ਅਸ ੩, ੭ : ੧ (642)

ਰਾਜਾ –
(1) (ਸੰ.) – ਆਪਣੀ ਨੀਤੀ ਤੇ ਸਦਗੁਣਾਂ ਕਰਕੇ ਪਰਜਾ ਨੂੰ ਖੁਸ਼ ਕਰਨ ਵਾਲਾ, ਰਾਜ ਦਾ ਮੁਖੀ, ਮਾਲਕ
“ਗਾਵਹਿ ਤੁਧਨੋ ਪਉਣ ਪਾਣੀ ਬੈਸੰਤਰੁ
ਗਾਵੈ ਰਾਜਾ ਧਰਮ ਦੁਆਰੇ।”
(ਧਰਮ ਰਾਜ)
– ਜਪੁ ੧, ੨੭ : ੪ (6)
“ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ।”
– ਸਿਰੀ ੧, ਅਸ ੧੨, ੪ : ੩ (61)
“ਰਾਜਾ ਬਾਲਕ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ।” (ਮਨ ਰੂਪੀ ਰਾਜਾ)
– ਬਸੰ ੧, ੧੧, ੧ : ੧ (1171)
(2) ਰਜ ਸਕਦਾ ਹਾਂ, ਤ੍ਰਿਪਤ ਹੋ ਸਕਦਾ ਹਾਂ
“ਹਰਿ ਜੀਉ ਤੇਰੀ ਦਾਤੀ ਰਾਜਾ।”
– ਸੋਰ ੫, ੧, ੧* : ੧ (608)
“ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚ ਸੂਖ ਮਨਾਈ।”
– ਸੂਹੀ ੪, ਅਸ ੧, ੩ : ੧ (757)
(3) ਰਾਜ, ਹਕੂਮਤ
“ਇਕ ਹੀ ਕਉ ਘਾਸੁ ਇਕ ਹੀ ਕਉ ਰਾਜਾ ਇਨ ਮਹਿ ਕਹੀਐ ਕਿਆ ਕੂੜਾ।”
– ਮਾਰੂ ੫, ਸੋਲਾ ੧੦, ੫ : ੩ (1081)
(4) ਪ੍ਰਭੂ ਰਾਜਾ
“ਰਾਜਾ ਰਾਮ ਮਉਲਿਆ ਅਨਤ ਭਾਇ।”
– ਬਸੰ ਕਬ, ੧, ੧* : ੧ (1193)

ਰਾਜਾਸ੍ਰਮ --- ਰਾਜ-ਆਸ਼ਰਮ, ਜਗਤ, ਰਾਜਾ (ਪ੍ਰਭੂ) ਦਾ ਨਿਵਾਸ ਸਥਾਨ
“ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ।”
– ਸਾਰ ਕਬ, ੨, ੧* : ੧ (1252)

ਰਾਜਾਨ ----- ਰਾਜੇ, ਸੂਰਵੀਰ
“ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।”
– ਆਸਾ ੧, ਵਾਰ ੧੯ਸ, ੧, ੨ : ੪ (473)

ਹੋਰ ਰੂਪ:

ਰਾਜਾਨੁ –
“ਤੈਸਾ ਰੰਗੁ ਤੈਸਾ ਰਾਜਾਨੁ।”
– ਗਉ ੫, ਸੁਖ ੯, ੭ : ੮ (275)
“ਪੰਚੇ ਸੋਹਹਿ ਦਰਿ ਰਾਜਾਨੁ।”(ਰਾਜਿਆਂ ਦੇ)
– ਜਪੁ ੧, ੧੬ : ੩ (3)

ਰਾਜਾਰਾਮ --- ਪ੍ਰਭੂ, ਕਰਤਾਰ
“ਰਾਜਾਰਾਮ ਕਕਰੀਆ ਬਰੇ ਪਕਾਏ।”
– ਆਸਾ ਕਬ, ੬, ੧* : ੧ (477)

ਰਾਜਿ ------ (1) ਹਕੂਮਤ, ਹਕੂਮਤ ਦਾ
“ਜੋਰੁ ਨ ਰਾਜਿ ਮਾਲਿ ਮਨਿ ਸੋਰੁ।”
– ਜਪੁ ੧, ੩੩ : ੪ (7)
“ਰਾਜਿ ਰੰਗੁ ਮਾਲਿ ਰੰਗੁ।” (ਹਕੂਮਤ ਦਾ, ਹਕੂਮਤ ਵਿਚ)
– ਮਾਝ ੧, ਵਾਰ ੧੦ਸ, ੧, ੧ : ੫ (142)
“ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ।” (ਰਾਜ ਭਾਗ ਵਿਚ)
– ਗਉ ਕਬ, ੫੮, ੧* : ੨ (336)
“ਸਚੁ ਆਪਿ ਨਿਬੇੜੇ ਰਾਜੁ ਰਾਜਿ।” (ਰਾਜ ਕਰਕੇ, ਹੁਕਮ ਕਰਕੇ)
– ਬਸੰ ੧, ੭, ੧ : ੨ (1170)
(2) ਰਾਜਿਆਂ ਦਾ
“ਰਾਜਨ ਰਾਜਿ ਸਦਾ ਬਿਗਸਾਂਤਉ।”
– ਆਸਾ ੧, ੧੨, ੩ : ੨ (352)
(3) ਰਾਜ ਵਾਲਾ, ਰਾਜਾ
“ਗੁਰ ਰਾਮਦਾਸ ਸਚੁ ਸਲ੍ਯ ਭਣਿ ਤੂ ਅਟਲੁ ਰਾਜਿ ਅਭਗੁ ਦਲਿ।”
– ਸਵ ੪, ਸਲ ੧ : ੬ (1406)

ਰਾਜੁ ------ (1) ਮਿਸਤਰੀ, ਉਸਾਰੀ ਕਰਨ ਵਾਲਾ
“ਕਚੀ ਕੰਧ ਕਚਾ ਵਿਚਿ ਰਾਜੁ।”
– ਸਿਰੀ ੧, ੩੨, ੩ : ੧ (25)
(2) ਹਕੂਮਤ
“ਜੇ ਲਖ ਇਸਤਰੀਆ ਭੋਗ ਕਰਹਿ ਨਵਖੰਡ ਰਾਜੁ ਕਮਾਹਿ।”
– ਸਿਰੀ ੩, ੩੫, ੩ : ੧ (26)
(3) ਰਾਜਾ
“ਰਾਜੁ ਕਹਾਵੈ ਹਉ ਕਰਮ ਕਮਾਵੈ ਬਾਧਿਓ ਨਲਿਨੀ ਭ੍ਰਮਿ ਸੂਆ।”
– ਆਸਾ ੫, ੧੪੯, ੨ : ੧ (407)
“ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ।”
– ਸਾਰ ਕਬ, ੨, ੩ : ੧ (1252)
(4) ਰਿਆਸਤ
“ਰਾਜਾ ਜਾਨੈ ਸਗਲ ਰਾਜੁ ਹਮਰਾ ਤਿਉ ਹਰਿ ਜਨ ਟੇਕ ਸੁਆਮੀ।”

- ਧਨਾ ੫, ੩੪, ੧ : ੨ (679)

(5) ਭਾਵ ਰਾਜਗਦੀ
"ਸਤਿਗੁਰੁ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ।"
- ਰਾਮ ਸੁੰਦ, ਸਦ ੪ : ੫ (923)

ਰਾਜਜੋਗੁ ---- ਜੋਗ ਦੀ ਇਕ ਪ੍ਰਕਾਰ, ਗ੍ਰਹਿਸਤ ਵਿਚ ਰਹਿੰਦਿਆਂ ਨਿਰਲੇਪ ਰਹਿਣਾ
"ਪੂਰਾ ਤਪੁ ਪੂਰਨ ਰਾਜੁਜੋਗੁ।"
- ਗਉ ੫, ੧੧੪, ੨ : ੨ (188)

ਰਾਜੇ ------ (1) ਹਕੂਮਤ/ਰਾਜ ਕਰਨ ਵਾਲੇ, ਪਾਤਸ਼ਾਹ
"ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।"
- ਮਾਝ ੧, ਵਾਰ ੮ : ੧ (141)
"ਗਾਵਨਿ ਸੀਤਾ ਰਾਜੇ ਰਾਮ।" (ਰਾਜਾ)
- ਆਸਾ ੧, ਵਾਰ ੫ਸ, ੧, ੨ : ੮ (465)
"ਰੋਵਹਿ ਰਾਜੇ ਕੰਨ ਪੜਾਇ।"
(ਭਾਵ ਭਰਥਰੀ, ਗੋਪੀ ਚੰਦ ਆਦਿ ਰਾਜੇ)
- ਰਾਮ ੩, ਵਾਰ ੧੪ਸ, ੧, ੧ : ੧੫ (954)
"ਬਸੁਧਾ ਬਸਿ ਕੀਨੀ ਸਭ ਰਾਜੇ ਬਿਨਤੀ ਕਰੈ ਪਟਰਾਨੀ।"
- ਭੈਰ ਨਾਮ, ੯, ੨ : ੧ (1165)
(2) ਰਜੀਦਾ ਹੈ, ਤ੍ਰਿਪਤ ਹੋਈਦਾ ਹੈ
"ਮਨਿ ਸੰਤੋਖੁ ਸਬਦਿ ਗੁਰ ਰਾਜੇ।"
- ਰਾਮ ੫, ੪੭, ੩ : ੩ (897)

ਰਾਜੈ ------ ਰਜਦਾ
"ਬਿਨਾ ਸੰਤੋਖ ਨਹੀ ਕੋਊ ਰਾਜੈ।"
- ਗਉ ੫, ਸੁਖ ੧੨, ੫ : ੫ (279)

ਰਾਜੋ ------ ਰਾਜ, ਹਕੂਮਤ
"ਰਾਜੋ ਤ ਤੇਰਾ ਸਦਾ ਨਿਹਚਲੁ ਏਹੁ ਕਬਹੁ ਨ ਜਾਵਏ।"
- ਵਡ ੧, ਛੰਤ ੨, ੪ : ੩ (567)

ਰਾਂਡ ------ (ਸੰ.) ਰੰਡੀ, ਪਤੀ ਵਿਹੂਣੀ, ਜਿਸਦਾ ਪਤੀ ਮਰ ਜਾਵੇ, ਵਿਧਵਾ
"ਰਾਂਡ ਨ ਬੈਸਈ ਪ੍ਰਭ ਪੁਰਖ ਚਿਰਾਣੇ।"
- ਬਿਹਾ ੫, ਛੰਤ ੪, ੩ : ੨ (544)

ਰਾਂਡੀ ------ ਰੰਡੀ, ਵਿਧਵਾ
"ਬਾਮਨ ਕੇ ਘਰ ਰਾਂਡੀ ਆਛੈ ਰਾਂਡੀ ਸਾਂਡੀ ਹਾਂਡੀ ਗੋ।"
- ਟੋਡੀ ਨਾਮ, ੩, ੧ : ੨ (718)

ਰਾਡੇਪਾ ----- ਵਿਧਵਾ ਪੁਣਾ
"ਨਾਨਕ ਬਾਲਤਣਿ ਰਾਡੇਪਾ ਬਿਨੁ ਪਿਰ ਧਨ ਕੁਮਲਾਣੀ।"
- ਸੂਹੀ ੧, ਛੰਤ ੧, ੧ : ੬ (763)

ਰਾਣਾ ------ ਰਾਜਾ

“ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ।”
- ਰਾਮ ੧, ਓਅੰ ੪੪ : ੧ (936)

ਰਾਣੀਆ ---- ਰਾਜੇ/ਰਾਜਿਆਂ ਦੀਆਂ ਪਤਨੀਆਂ
“ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ।”
- ਆਸਾ ੧, ਵਾਰ ੪ਸ, ੧, ੨ : ੫ (464)

ਰਾਣੇ ------ ਰਾਜੇ
“ਏਹੁ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ।”
- ਸੋਰ ੪, ਵਾਰ ੬ : ੧ (645)

ਰਾਤ ------ (1) ਰਤਿਆਂ, ਲਗਿਆਂ
“ਸਭ ਕਿਛੁ ਬਿਆਪਤ ਬਿਨੁ ਹਰਿ ਰੰਗ ਰਾਤਿ।”
- ਗਉ ੫, ੮੮, ੪ : ੪ (182)
“ਨਾਮ ਸੰਗਿ ਮਨ ਤਨਹਿ ਰਾਤ।” (ਰਤਾ ਰਹੁ)
- ਮਾਲੀ ੫, ੫, ੪ : ੩ (987)
“ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ।” (ਰੰਗੀਜ ਕੇ)
- ਕਾਨ ੫, ੧੫, ੪ : ੧ (1301)

ਹੋਰ ਰੂਪ:

ਰਾਤਉ -
“ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ।” (ਲਗਾ, ਰਚਿਆ)
- ਸਿਰੀ ੧, ੧੪, ੧ : ੨ (62)
“ਮੁਕਤੋ ਰਾਤਉ ਰੰਗਿ ਰਵਾਤਉ।”
(ਲਗਾ/ਜੁੜਿਆ ਹੋਇਆ ਹੈ ਭਾਵ ਪਿਆਰ ਕਰਦਾ ਹੈ)
- ਆਸਾ ੧, ੧੨, ੩ : ੧ (352)
“ਨਾਨਕ ਰਾਤਉ ਰੰਗਿ ਗੋਪਾਲ।” (ਰਤਾ ਹਾਂ)
- ਰਾਮ ੫, ੧੬, ੪ : ੪ (887)

ਰਾਤਓ -
“ਬੀਚਾਰਿ ਸਤਿਗੁਰੁ ਮੁਝੈ ਪੂਛਿਆ ਭਵਰੁ ਬੇਲੀ ਰਾਤਓ।” (ਰਤਾ ਹੋਇਆ)
- ਆਸਾ ੧, ਛੰਤ ੫, ੨ : ੩ (439)

(2) ਰਜਨੀ, ਦਿਨ ਦਾ ਹਨੇਰਾ ਪੱਖ
“ਸੁਖੁ ਪ੍ਰਿਅ ਸੁਹਾਗ ਪਲਕ ਰਾਤ।”
- ਕਾਨ ੫, ੪੨, ੧* : ੨ (1306)

ਰਾਤੜਿਆ --- ਰਤਾ ਹੋਇਆ, ਰਚਿਆ ਪਿਆ
“ਰਾਵੇ ਰੰਗਿ ਰਾਤੜਿਆ ਮਨੁ ਲੀਅੜਾ ਦੀਤਾ ਰਾਮ।”
- ਆਸਾ ੧, ਛੰਤ ੧, ੪ : ੨ (436)

ਰਾਤਾ ------ ਰਤਾ ਹੋਇਆ, ਮਗਨ, ਲਗਿਆ ਹੋਇਆ
“ਮਨ ਬੈਰਾਗੀ ਘਰਿ ਵਸੈ ਸਚ ਭੈ ਰਾਤਾ ਹੋਇ।”(ਭਾਵ ਪਿਆਰ ਕਰਦਾ)
- ਸਿਰੀ ੧, ੧੮, ੫ : ੧ (21)

"ਤਪਸੀ ਤਪਹਿ ਰਾਤਾ।" (ਮਗਨ)

– ਸਿਰੀ ੫, ਅਸ ੨੭, ੨ : ੩ (71)

"ਤੂੰ ਨਿਰਬਾਣੁ ਰਸੀਆ ਰੰਗਿ ਰਾਤਾ।"

– ਮਾਝ ੫, ੨੮, ੩ : ੨ (102)

"ਤਨ ਮਹਿ ਮੈਲੁ ਨਾਹੀ ਮਨੁ ਰਾਤਾ।" (ਰੰਗਿਆ ਹੋਇਆ)

– ਗਉ ੧, ੧੦, ੪ : ੧ (154)

"ਜੈ ਸਿਉ ਰਾਤਾ ਤੈਸੋ ਹੋਵੈ।" (ਪ੍ਰੇਮ ਲਾਇਆ ਹੈ)

– ਆਸਾ ੧, ਅਸ ੧, ੩ : ੩ (411)

"ਲਾਲਚ ਬਿਖੁ ਕਾਮ ਲੁਬਧ ਰਾਤਾ ਮਨਿ ਬਿਸਰੇ ਪ੍ਰਭ ਹੀਰੇ।" (ਰੰਗਿਆ ਹੋਇਆ)

– ਆਸਾ ਧੰਨਾ, ੧, ੧* : ੨ (487)

"ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉ ਗੋ।" (ਲੀਨ ਹੋਇਆ)

– ਰਾਮ ਨਾਮ, ੨, ੧* : ੨ (973)

"ਤਿਸ ਸਿਉ ਪ੍ਰੀਤ ਛਾਡਿ ਅਨ ਰਾਤਾ ਕਾਹੂ ਸਿਰੈ ਨ ਲਾਵਣਾ।" (ਭਾਵ ਪ੍ਰੀਤ ਜੋੜੀ)

– ਮਾਰੂ ੫, ਸੋਲਾ ੧੪, ੮ : ੩ (1086)

(2) ਰਸ ਗਿਆਤਾ

"ਤੇਜਨ ਮਹਿ ਤੇਜਵੰਸੀ ਕਹੀਅਹਿ ਰਸੀਅਨ ਮਹਿ ਰਾਤਾ।"

– ਗੂਜ ੫, ਅਸ ੧, ੨ : ੨ (507)

(3) ਪ੍ਰੇਮ ਵਾਲਾ, ਲਗਨ ਲਗੀ ਵਾਲਾ

"ਮਨਿ ਨਹੀ ਪ੍ਰੀਤਿ ਕਹੈ ਮੁਖਿ ਰਾਤਾ।"

– ਸੂਹੀ ੫, ੭, ੩ : ੨ (738)

(4) ਸਮਾਇਆ ਹੋਇਆ, ਵਿਆਪਕ

"ਮਨ ਤਨ ਅੰਤਰਿ ਏਕੁ ਪ੍ਰਭ ਰਾਤਾ।"

– ਗਉ ੫, ਸੁਖ ੧੯, ੮ : ੬ (289)

"ਪੂਰਨ ਪਰਮੇਸੁਰ ਸੁਆਮੀ ਘਟਿ ਘਟਿ ਰਾਤਾ ਮੇਰਾ ਪ੍ਰਭੁ।"

– ਰਾਮ ੫, ੩੮, ੧* : ੨ (894)

ਰਾਤਿ ------ ਰਾਤ, ਦਿਨ ਦਾ ਹਨੇਰਾ ਪੱਖ

"ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ।"

– ਜਪੁ ੧, ੩੮ਸ : ੧ (8)

"ਮੈ ਰਾਤਿ ਦਿਹੈ ਵਡਿਆਈਆਂ।" (ਰਾਤੀਂ)

– ਸਿਰੀ ੧, ਅਸ ੨੮, ੨੪ : ੨ (73)

"ਰਾਤਿ ਅਨੇਰੀ ਸੁਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ।" (ਅਵਿਦਿਆ ਰੂਪ ਰਾਤ)

– ਗਉ ੧, ੧੬, ੨ : ੨ (156)

"ਰਾਤਿ ਕਾਰਣਿ ਧਨੁ ਸੰਚਿਐ ਭਲਕੇ ਚਲਣੁ ਹੋਇ।" (ਭਾਵ ਜੀਵਨ)

– ਸੂਹੀ ੩, ਵਾਰ ੭ਸ, ੨, ੨ : ੧ (787)

"ਈਹਾ ਬਸਨਾ ਰਾਤਿ ਮੁੜੇ।"(ਥੋੜਾ ਚਿਰ)

– ਰਾਮ ੫, ੨੩, ੧* : ੨ (889)

ਰਾਤਿਆ ---- ਰੰਗੇ ਹੋਏ, ਲਗੇ ਹੋਏ, ਪ੍ਰੇਮ ਕਰਦੇ

"ਕਿਰਪਾ ਪਾਏ ਸਹਜਾਏ ਦਰਸਾਏ ਅਬ ਰਾਤਿਆ ਗੋਵਿੰਦ ਸਿਉ।"
– ਆਸਾ ੫, ੧੫੩, ੧ : ੧ (408)

ਰਾਤਿਓ ------ ਜੁੜੇ ਹੋਇਓ, ਰੰਗੇ ਹੋਇਓ
"ਗਾਵਹੁ ਗਾਵਹੁ ਰੰਗਿ ਰਾਤਿਹੋ ਭਾਈ ਹਰਿ ਸੇਤੀ ਰੰਗੁ ਲਾਇ।"
– ਸੋਰ ੫, ਅਸ ੩, ੧* : ੨ (639)

ਰਾਤੀ ------- (1) ਰਾਤਾਂ
"ਰਾਤੀ ਰੁਤੀ ਥਿਤੀ ਵਾਰ।"
– ਜਪੁ ੧, ੩੪ : ੧ (7)
"ਭੈ ਭਾਇ ਭਗਤਿ ਕਰਹਿ ਦਿਨੁ ਰਾਤੀ ਹਰਿ ਜੀਉ ਵੇਖੈ ਸਦਾ ਹਦੂਰਿ।" (ਰਾਤ)
– ਸਿਰੀ ੩, ੫੪, ੨ : ੨ (34)
"ਰਾਤੀ ਉਘੈ ਦਬਿਆ ਨਵੇ ਸੋਤ ਸਭਿ ਢਿਲਾ।" (ਰਾਤ ਸਮੇਂ)
– ਗਉ ੪, ਵਾਰ ੯ਸ, ੪, ੨ : ੨ (304)
"ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ।" (ਰਾਤਾਂ)
– ਰਾਮ ੧, ਕੁਚ ੧: ੧੬ (762)
(2) ਰੰਗੀ
"ਭੈ ਸਚਿ ਰਾਤੀ ਦੇਹੁਰੀ ਜਿਹਵਾ ਸਚੁ ਸੁਆਉ।"
– ਸਿਰੀ ੧, ੧੫, ੨ : ੨ (19)
"ਰਸਨਾ ਰਸੁ ਚਾਖਿ ਸਦਾ ਰਹੈ ਰੰਗਿ
ਰਾਤੀ ਸਹਜੇ ਹਰਿਗੁਣ ਗਾਵਣਿਆ।"
(ਰਤੀ/ਰੰਗੀ ਹੋਈ)
– ਮਾਝ ੩, ਅਸ ੧੭, ੧* : ੨ (119)
"ਗੁਰ ਸਬਦੇ ਰਾਤੀ ਸਹਜੇ ਮਾਤੀ ਅਨਦਿਨੁ ਰਹੈ ਸਮਾਏ।" (ਲਗੀ ਹੋਈ)
– ਗਉ ੩, ਛੰਤ ੧, ੩ : ੫ (244)

ਹੋਰ ਰੂਪ:

ਰਾਤੰੀ –
"ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੰੀ ਇਹ ਹਉਮੈ ਕੀ ਢੀਠਾਈ।" (ਰਤੀਆਂ ਹੋਈਆਂ)
– ਮਲਾ ੫, ੬, ੧ : ੨ (1267)
(3) ਰਤੀ ਵੀ, ਥੋੜੀ ਵੀ
"ਸਤਿ ਹੋਵਨੁ ਮਨਿ ਲਗੈ ਨ ਰਾਤੀ।"
– ਗਉ ੫, ੯੮, ੨ : ੨ (185)
"ਸਰੀਰ ਕਟਾਇ ਹੋਮੈ ਕਰਿ ਰਾਤੀ।" (ਰਤੀ ਰਤੀ ਕਰ ਕੇ)
– ਗਉ ੫, ਸੁਖ ੩, ੧ : ੭ (265)
"ਤਿਤੁ ਤਨਿ ਮੈਲੁ ਨ ਰਾਤੀ ਹਰਿ ਪ੍ਰਭਿ ਰਾਤੀ ਮੇਰਾ ਪ੍ਰਭੁ ਮੇਲਿ ਮਿਲਾਏ।"
– ਸੂਹੀ ੩, ਛੰਤ ੬, ੨ : ੩ (771)
(ਦੂਜੇ 'ਰਾਤੀ' ਦਾ ਅਰਥ ਪ੍ਰੇਮ ਵਿਚ ਲਗੀ ਹੋਈ
ਭਾਵ ਮਗਨ, 'ਰਤੀ' ਹੈ)
(4) ਮਸਤ

“ਮੈ ਮਨਿ ਤਨਿ ਹਰਿ ਭਾਵੈ ਪ੍ਰਭ ਸੰਗਮਿ ਰਾਤੀ ਰਾਮ।” (ਪ੍ਰਭੂ ਮਿਲਾਪ ਵਿਚ ਮਸਤ)
– ਆਸਾ ੧, ਛੰਤ ੧, ੨ : ੨ (436)

ਰਾਤੇ ------ (1) ਲਗੇ ਹੋਏ, ਜੁੜੇ ਹੋਏ, ਰਤੇ ਹੋਏ, ਰਚੇ ਹੋਏ
“ਨਾਨਕ ਨਿਰਮਲ ਉਜਲੇ ਜੋ ਰਾਤੇ ਹਰਿ ਨਾਇ।”
– ਸਿਰੀ ੧, ਅਸ ੭, ੮ : ੩ (57)
“ਤੁਮ ਹਰਿ ਸੇਤੀ ਰਾਤੇ ਸੰਤਹੁ।”
– ਗਉ ੫, ੧੩੫, ੧* : ੧ (209)

ਹੋਰ ਰੂਪ:

ਰਾਤੈ –
“ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ।” (ਰਤੇ)
– ਸੂਹੀ ੧, ਛੰਤ ੩, ੨ : ੩ (765)

ਰਾਤੋ –
“ਉਆਹੂ ਸਿਉ ਮਨੁ ਰਾਤੋ।” (ਜੁੜਿਆ/ਰਤਾ ਹੈ)
– ਗਉ ੫, ੧੫੭*, ੧ : ੨ (214)
“ਮਨੁ ਤਨੁ ਰਾਤੋ ਹਰਿ ਕੈ ਰੰਗਿ।” (ਰੰਗਿਆ ਹੋਇਆ)
– ਰਾਮ ੫, ੩੧, ੨ : ੪ (892)

ਰਾਤੌ ------
“ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੌ ਹਰਿ ਨਾਮ ਰੰਗਿ।” (ਰੰਗਿਆ ਹੋਇਆ)
– ਬਸੰ ੫, ੧੫, ੧* : ੨ (1184)

(2) ਰਾਤ ਨੂੰ
“ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ।”
– ਗਉ ੫, ਛੰਤ ੧, ੧ : ੫ (247)
“ਪਿਰਿ ਛੋਡੀ ਸੁਤੀ ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ।” (ਰਾਤ ਨੂੰ)
– ਤੁਖਾ ੧, ਛੰਤ ੪, ੧ : ੩ (1111)
“ਜਨ ਸੰਗਿ ਰਾਤੇ ਦਿਨਸੁ ਰਾਤੇ ਇਕ ਨਿਮਖ ਮਨਹੁ ਨ ਵਿਸਰੈ।”
– ਮਲਾ ੫, ਛੰਤ ੧, ੧ : ੩ (1278)
(ਪਹਿਲੇ ‘ਰਾਤੇ’ ਦੇ ਅਰਥ ਹਨ ਜੁੜੇ ਹੋਏ, ਰਤੇ ਹੋਏ ਹੈ)

ਰਾਦੇ ------ ਰਦ ਕੀਤੇ, ਖੰਡਨ ਕੀਤੇ
“ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ।” (ਖਿਆਲਾ ਹੀ ਛੱਡ ਦਿੱਤਾ)
– ਰਾਮ ਕਬ, ੩, ੫ : ੧ (969)

ਰਾਂਧਿ ------ ਰਿੰਨ ਕੇ, ਪਕਾ ਕੇ
“ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ।”
– ਸੋਰ ਰਵਿ, ੨, ੨ : ੧ (658)

ਰਾਧੀ ------ ਤਿਆਰ ਕੀਤੀ ਹੋਈ ਭਾਵ ਵਾਹੀ ਹੋਈ, ਬੀਜੀ ਹੋਈ ਨੂੰ
“ਇਕਿ ਰਹਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ।”

– ਸਲੋ ਫਰ, ੩੭ : ੨ (1379)

ਰਾਧੇ ------ ਬੀਜੇ
“ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ।”
– ਸਿਰੀ ੧, ਅਸ ੬, ੧ : ੩ (56)

ਰਾਨਾ ------ ਰਾਜਨ, ਰਾਜਾ
“ਕੋਇ ਨ ਰਹਿ ਹੈ ਰਾਜਾ ਰਾਨਾ।”
– ਭੈਰ ਕਬ, ੨, ੧ : ੨ (1157)

ਰਾਨੀ ------ ਭਾਵ ਪਤਨੀ
“ਊਚੇ ਮੰਦਰ ਮਹਲ ਅਰੁ ਰਾਨੀ।”
– ਆਸਾ ੫, ੮੬, ੩ : ੧ (392)
“ਕੰਤ ਪਕਰਿ ਹਮ ਕੀਨੀ ਰਾਨੀ।” (ਸਤਿਕਾਰ ਯੋਗ ਇਸਤ੍ਰੀ)
– ਆਸਾ ੫, ੯੫, ੩ : ੪ (394)
“ਆਸਿ ਪਾਸਿ ਪੰਚ ਜੋਗੀਆ ਬੈਠੇ ਬੀਚਿ ਨਕਟ ਦੇ ਰਾਨੀ।” (ਭਾਵ ਇਸਤ੍ਰੀ)
– ਆਸਾ ਕਬ, ੪, ੧ : ੨ (476)

ਰਾਪੈ ------ ਰੰਗਿਆ ਜਾਂਦਾ ਹੈ, ਰੰਗੀਜਦਾ ਹੈ
“ਰਾਮਿ ਨਾਮਿ ਚਿਤੁ ਰਾਪੈ ਜਾ ਕਾ।”
– ਗਉ ੧, ਅਸ ੧੬, ੧ : ੧ (228)

ਰਾਂਬੀ ------ ਚਮਿਆਰ ਦੀ ਖੁਰਪੀ, ਮੋਚੀ ਦਾ ਇਕ ਹਥਿਆਰ
“ਨਹੀ ਰਾਂਬੀ ਠਾਉ ਰੋਪਉ।”
– ਸੋਰ ਰਵਿ, ੭, ੧ : ੨ (659)

ਰਾਮ ------ (1) (ਸੰ.) ਸਰਬ ਵਿਆਪੀ, ਪ੍ਰਭੂ
“ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ।”
– ਗੂਜ ੪, ਸੋਦ ੪, ੧* : ੧ (10)
(2) ਰਾਮਚੰਦ, ਸੂਰਜਵੰਸ਼ੀ ਅਯੋਧਿਆ ਦੇ ਰਾਜਾ ਦਸ਼ਰਥ ਦਾ ਪੁੱਤਰ
“ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ।”
– ਆਸਾ ੧, ਵਾਰ ੪ ਸ, ੧, ੨ : ੧ (464)
“ਗਾਵਨਿ ਸੀਤਾ ਰਾਜੇ ਰਾਮ।”
– ਆਸਾ ੧, ਵਾਰ ੫ ਸ, ੧, ੨ : ੮ (465)
(3) ਹੇ ਰਾਮ, ਹੇ ਪ੍ਰਭੂ
“ਰਾਮ ਮੋ ਕਉ ਹਰਿ ਜਨ ਮੇਲਿ ਪਿਆਰੇ।”
– ਗੂਜ ੪, ੩, ੧* : ੧ (493)
(4) ਭਾਵ ਪ੍ਰਭੂ ਦਾ, ਆਤਮਕ
“ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ।”
– ਮਾਰੂ ਨਾਮ, ੧, ੨ : ੨ (1105)
(5) ਰਾਮ ਗਣ ਦਾ ਸੰਖੇਪ, ਦੇਵਦੂਤ
(ਕੇਵਲ ਮਹਾਨਕੋਸ਼ ਬਾਕੀ ਸਭ ਅਰਥ ‘ਪ੍ਰਭੂ’ ਹੀ ਕਰਦੇ ਹਨ)

“ਜਮ ਤੇ ਉਲਟ ਭਏ ਹੈ ਰਾਮ।”
- ਗਉ ਕਬ, ੧੭, ੧ : ੧ (326)

ਰਾਮਈਆ --- ਪ੍ਰਭੂ, ਪਾਰਬ੍ਰਹਮ
“ਐ ਜੀ ਤੂੰ ਆਪੇ ਸਭ ਕਿਛੁ ਜਾਣਦਾ ਬਦਤਿ ਤ੍ਰਿਲੋਚਨੁ ਰਾਮਈਆ।”
- ਸਿਰੀ ਤ੍ਰਿਲੋ, ੨, ੫ : ੨ (95)
“ਰਾਮਈਆ ਹਉ ਬਾਰਿਕੁ ਤੇਰਾ।”
- ਆਸ ਕਬ, ੧੨, ੧* : ੧ (478)

ਰਾਮਸਰਿ ---- ਪ੍ਰਭੂ ਨਾਮ ਦੇ ਸਰੋਵਰ ਵਿਚ
“ਨਿਤਪ੍ਰਤਿ ਨਾਵਣੁ ਰਾਮਸਰਿ ਕੀਜੈ।”
- ਗਉ ੫, ੧੬੪, ੧* : ੧ (198)

ਰਾਮਹਿ ----- (1) ਰਾਮ ਨੂੰ, ਪ੍ਰਭੂ ਨੂੰ
“ਰਾਮੁ ਬਡਾ ਕੈ ਰਾਮਹਿ ਜਾਨਿਆ।”
- ਗਉ ਕਬ, ਅਸ ੪੨, ੧ : ੨ (331)
(2) ਚੌਥੇ ਗੁਰੂ ਗੁਰੂ ਰਾਮਦਾਸ ਜੀ ਨੂੰ
“ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ।”
- ਸਵ ਮਥੁ, ੧ : ੪ (1408)

ਰਾਮਕਲੀ --- ਇਕ ਰਾਗਨੀ ਜੋ ਪ੍ਰਾਤੇਕਾਲ ਗਾਈ ਜਾਂਦੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਅਠਾਰ੍ਹਵੀਂ ਥਾਂ ਤੇ ਆਈ ਹੈ
“ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ।”
- ਰਾਮ ੩, ਵਾਰ ੮ ਸ, ੩, ੨ : ੧ (950)

ਰਾਮਕਾਰ ---- ਰਖਿਆ ਦੀ ਲਕੀਰ, ਰਾਮਚੰਦਰ ਜੀ ਦੀ ਕਾਰ (ਲਕੀਰ) ਜੋ ਸੀਤਾ ਦੇ ਬਚਾਉ ਲਈ ਉਹ ਸ਼ਿਕਾਰ ਜਾਣ ਤੋਂ ਪਹਿਲਾਂ ਬਣਾ ਗਏ ਸਨ
“ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ।”
- ਬਿਲਾ ੫, ੭੯, ੧ : ੨ (819)

ਰਾਮਗੁਣ ---- ਪ੍ਰਭੂ ਦੇ ਗੁਣ
“ਰਸਨਾ ਰਮਹੁ ਰਾਮਗੁਣ ਨੀਤ।”
- ਗਉ ੫, ੯੭, ੧ : ੩ (185)

ਹੋਰ ਰੂਪ:

ਰਾਮਗੁਨ –
“ਹਰਿ ਰੰਗਿ ਰਾਤਾ ਮਨੁ ਰਾਮਗੁਨ ਗਾਵੈ।”
- ਪ੍ਰਭਾ ੫, ੮, ੧* : ੧ (1340)

ਰਾਮਚੰਦ ---- ਰਾਜਾ ਦਸ਼ਰਥ ਦਾ ਪੁੱਤਰ, ਸੀਤਾ ਦਾ ਪਤੀ
“ਤੁਮ ਸਰਨਾਗਤਿ ਰਾਜਾ ਰਾਮਚੰਦ ਕਹਿ ਰਵਿਦਾਸ ਚਮਾਰਾ ।”
- ਸੋਰ ਰਵਿ, ੬, ੫ : ੨ (659)

ਹੋਰ ਰੂਪ:

ਰਾਮਚੰਦਿ –
“ਰਾਮਚੰਦਿ ਮਾਰਿਓ ਅਹਿ ਰਾਵਣੁ।” (ਰਾਮਚੰਦਰ ਨੇ)
– ਰਾਮ ੧, ਸਿਗੋ ੪੦ : ੩ (942)

ਰਾਮਚੰਦੁ –
“ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ।”
– ਗੋਂਡ ਨਾਮ, ੭, ੩ : ੧ (875)

ਰਾਮਚੇ ----- **ਰਾਮ (ਪ੍ਰਭੂ) ਦਾ**
“ਪੂਰਬਲੋ ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾਚੇ ਜਾਪੀਅਲੇ ਰਾਮਚੇ ਨਾਮੰ।”
– ਧਨਾ ਤ੍ਰਿਲੋ, ੧, ੬ : ੧ (695)

ਰਾਮਜਸੁ ---- **ਪ੍ਰਭੂ ਦੀ ਵਡਿਆਈ**
“ਜੋ ਜੋ ਸੁਨੈ ਰਾਮਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ।”
– ਸਾਰ ੫, ੨੩, ੨ : ੧ (1209)

ਹੋਰ ਰੂਪ:

ਰਾਮਜਸੋ –
“ਅਬ ਮੋਹਿ ਰਾਮਜਸੋ ਮਨਿ ਗਾਇਓ।”
– ਧਨਾ ੫, ੪, ੧* : ੧ (671)

ਰਾਮਜਨ – ਪ੍ਰਭੂ ਦੇ ਸੇਵਕ
“ਰਾਮਜਨ ਗੁਰਮਤਿ ਰਾਮੁ ਬੋਲਾਇ।”
– ਰਾਮ ੪, ੨, ੧* : ੧ (881)

ਹੋਰ ਰੂਪ:

ਰਾਮਜਨਾ –
“ਰਾਮਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ।” (ਪ੍ਰਭੂ ਦੇ ਸੇਵਕ, ਸੰਤ)
– ਰਾਮ ੪, ੨, ੧ : ੧ (880)

ਰਾਮਜਨੀ –
“ਰਾਮਜਨੀ ਕੀਨੀ ਖੰਡ ਖੰਡ।”
– ਰਾਮ ੫, ੨੯, ੩ : ੪ (892)

ਰਾਮਜੀਉ --- **ਪ੍ਰਭੂ ਜੀ**
“ਭਰਿ ਜੋਬਨਿ ਮੈ ਮਤਿ ਪੇਈਅੜੈ ਘਰਿ ਪਾਹੁਣੀ ਬਲਿ ਰਾਮਜੀਉ।”
– ਸੂਹੀ ੧, ਛੰਤ ੧, ੧ : ੧ (763)

ਰਾਮਦਾਸ ---- **(1) ਚੌਥੇ ਗੁਰੂ, ਗੁਰੂ ਰਾਮਦਾਸ ਜੀ**
“ਸੰਤਹੁ ਰਾਮਦਾਸ ਸਰੋਵਰੁ ਨੀਕਾ।”
– ਸੋਰ ੫, ੫੭, ੧* : ੧ (623)
(‘ਦਰਪਣ’ ‘ਰਾਮਦਾਸ ਸਰੋਵਰ’ ਦੇ ਅਰਥ ‘ਸਾਧ ਸੰਗਤ’ ਕਰਦਾ ਹੈ)
“ਗੁਰੂ ਰਾਮਦਾਸ ਘਰਿ ਕੀਅਉ ਪ੍ਰਗਾਸਾ।”
– ਸਵ ੫, ਕਲ ੧ : ੫ (1407)

(2) ਇਕ ਸੰਪਰਦਾ ਦੇ ਬੈਰਾਗੀ ਸਾਧੂ ਜੋ
ਰਾਮਚੰਦਰ ਜੀ ਦੇ ਉਪਾਸਕ ਹੁੰਦੇ ਹਨ
“ਜੋਗੀ ਜਤੀ ਬੈਸਨੋ ਰਾਮਦਾਸ।”
– ਗੋਂਡ ੫, ੧੭, ੨ : ੩ (867)

ਰਾਮਦਾਸਸਰ – ਗੁਰੂ ਰਾਮਦਾਸ ਜੀ ਦਾ
ਬਣਵਾਇਆ ਸਰੋਵਰ, ਹਰਿਮੰਦਰ ਸਾਹਿਬ ਦਾ ਸਰੋਵਰ
“ਹਰਿ ਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸਸਰ।”
– ਫੁਨ ੫, ੧੦ : ੪ (1362)
(‘ਦਰਪਣ’ ਅਰਥ ‘ਸਾਧਸੰਗਤਿ ਰੂਪੀ ਸਰੋਵਰ’ ਹੀ ਕਰਦਾ ਹੈ)

ਰਾਮਦਾਸਪੁਰ – ਅੰਮ੍ਰਿਤਸਰ ਦਾ ਪੁਰਾਣਾ ਨਾਂ
“ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ।”
– ਫੁਨ ੫, ੧੦ : ੩ (1362)

ਹੋਰ ਰੂਪ:

ਰਾਮਦਾਸਪੁਰਿ –
“ਰਾਮਰਾਜ ਰਾਮਦਾਸਪੁਰਿ ਕੀਨ੍ੇ ਗੁਰਦੇਵ।”
– ਬਿਲਾ ੫, ੬੭, ੧* : ੨ (817)
(‘ਦਰਪਣ’ ਅਰਥ ‘ਸਤਿ ਸੰਗੀਆ ਦਾ ਟਿਕਾਣਾ’ ਕਰਦੇ ਹਨ)

ਰਾਮਦਾਸਾ --- ਦੇਵ ਮੰਦਰਾਂ ਵਿਚ ਕੀਰਤਨ ਕਰਨ ਵਾਲੇ ਭਗਤੀਏ
“ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ।”
– ਮਾਰੂ ੫, ੧੫, ੩ : ੧ (1003)

ਰਾਮਦਾਸਿ --- ਗੁਰੂ ਰਾਮਦਾਸ ਦੇ
“ਰਾਮਦਾਸਿ ਸਰੋਵਰ ਨਾਤੇ।”
– ਸੋਰ ੫, ੬੦, ੨ : ੩ (624)
(‘ਦਰਪਣ’ ਅਰਥ ‘ਸਤਸੰਗੀਆ ਦੀ ਸੰਗਤ ਵਿਚ’ਕਰਦਾ ਹੈ)
“ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ।”
– ਸਵ ੫, ਮਥੁ ੪ : ੪ (1409)

ਰਾਮਦਾਸੁ --- (1) ਰਾਮ/ਪ੍ਰਭੂ ਦਾ ਸੇਵਕ
“ਹਰਿ ਜੀਉ ਨਾਮੁ ਪਰਿਓ ਰਾਮਦਾਸੁ।”
– ਸੋਰ ੫, ੧੩, ੧* : ੨ (612)
(2) ਗੁਰੂ ਰਾਮਦਾਸ, ਸਿੱਖਾਂ ਦੇ ਚੌਥੇ ਗੁਰੂ
“ਕਾਟੇ ਸੁ ਪਾਪ ਤਿਨ੍ ਨਰਹੁ ਕੇ ਗੁਰੁ ਰਾਮਦਾਸੁ ਜਿਨ੍ ਪਾਇਯਉ।”
– ਸਵ ੫, ਹਰਿ ੨ : ੫ (1409)

ਹੋਰ ਰੂਪ:

ਰਾਮਦਾਸੈ –
“ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ।” (ਰਾਮਦਾਸ ਦੇ)
– ਰਾਮ ਸੁੰਦ, ਸਦ ੬ : ੨ (924)

ਰਾਮਨਾ ----- ‘ਰਾਮਨਾਮ’ ਦਾ ਸੰਖੇਪ, ਪ੍ਰਭੂ ਨਾਮ
“ਤਾ ਤੇ ਸੇਵੀਅਲੇ ਰਾਮਨਾ।”
– ਆਸਾ ਕਬ, ੫, ੧* : ੧ (476)

ਰਾਮਨਾਮ ---- ਪ੍ਰਭੂ ਨਾਮ, ਵਾਹਿਗੁਰੂ
“ਰਾਮਨਾਮ ਬਿਨੁ ਮੁਕਤਿ ਨ ਹੋਈ ਬੂਡੀ ਦੂਜੈ ਹੇਤਿ।”
– ਸਿਰੀ ੧, ਪਹ ੨, ੧ : ੫ (75)
“ਰਾਮਨਾਮ ਜਪਿ ਏਕੰਕਾਰੁ।”
– ਗਉ ੫, ੯੭, ੩ : ੨ (185)

ਹੋਰ ਰੂਪ:

ਰਾਮਨਾਮਾ –
“ਜਨ ਕੀ ਪੈਜ ਰਖੈ ਰਾਮਨਾਮਾ ਪ੍ਰਹਿਲਾਦ ਉਧਾਰਿ ਤਰਾਏ।” (ਪ੍ਰਭੂ ਨਾਮ)
– ਆਸਾ ੪, ਛੰਤ ੯, ੫ : ੪ (443)

ਰਾਮਨਾਮਿ –
“ਅੰਦਰੁ ਲਗਾ ਰਾਮਨਾਮਿ ਅੰਮ੍ਰਿਤ ਨਦਰਿ ਨਿਹਾਲੁ।” (ਪ੍ਰਭੂ ਨਾਮ)
– ਸਿਰੀ ੫, ੮੬, ੧ : ੩ (48)
“ਇਸੁ ਜੁਗ ਮਹਿ ਰਾਮਨਾਮਿ
ਨਿਸਤਾਰਾ।”(ਪ੍ਰਭੂ ਨਾਮ ਦੁਆਰਾ)
– ਗਉ ੩, ੩੦, ੩ : ੧ (160)

ਰਾਮਨਾਮੁ –
“ਸੰਤਾ ਸੰਗਤਿ ਮਿਲਿ ਰਹੈ ਜਪਿ ਰਾਮਨਾਮੁ ਸੁਖੁ ਪਾਇ।”
– ਸਿਰੀ ੩, ੪੬, ੧* : ੨ (31)

ਰਾਮਨਾਮੈ –
“ਮੇਰਾ ਮਨੁ ਤਨੁ ਲੀਨੁ ਭਇਆ ਰਾਮਨਾਮੈ ਮਤਿ ਗੁਰਮਤਿ ਰਾਮ ਰਸਾਲਾ।” (ਰਾਮ ਨਾਮ (ਪ੍ਰਭੂ ਨਾਮ) ਵਿਚ)
– ਮਾਲੀ ੪, ੫, ੧* : ੨ (985)
“ਸਭ ਨਰ ਮਹਿ ਪ੍ਰਾਨੀ ਊਤਮੁ ਹੋਵੈ ਰਾਮਨਾਮੈ ਬਾਸੁ ਬਸੀਜੈ।”
– ਕਲਿ ੪, ਅਸ ੪, ੪ : ੨ (1325)

ਰਾਮਭਗਤ --- ਪ੍ਰਭੂ ਦੀ ਅਰਾਧਨਾ ਕਰਨ ਵਾਲਾ
“ਕਬੀਰ ਪਾਟਨ ਤੇ ਊਜਰੁ ਭਲਾ ਰਾਮਭਗਤ ਜਿਹ ਠਾਇ।”
– ਸਲੋ ਕਬ, ੧੫੧ :੧ (1372)

ਰਾਮਭਗਤਿ -- ਪ੍ਰਭੂ ਭਗਤੀ
“ਜਿਹ ਨਰ ਰਾਮਭਗਤਿ ਨਹ ਸਾਧੀ।”
– ਗਉ ਕਬ, ੨੫, ੧* : ੧ (328)

ਰਾਮਭਜਨ --- ਪ੍ਰਭੂ ਅਰਾਧਨਾ, ਪ੍ਰਭੂ ਭਗਤੀ
“ਰਾਮਭਜਨ ਬਿਨੁ ਕਾਮਿ ਨ ਆਵਸਿ ਸੰਗਿ ਨ ਕਾਹੂ ਜਾਈ।”
– ਸੋਰ ੫, ੨੨, ੨ : ੨ (615)

ਰਾਮਰਸੁ ---- ਪ੍ਰਭੂ ਪਿਆਰ ਦਾ ਉਚਾ ਸੁਆਦ
“ਸਤਿਗੁਰ ਭੇਟਿ ਰਾਮਰਸੁ ਪਾਇਆ ਜਨ ਨਾਨਕ ਨਾਮਿ ਉਧਾਰੇ।”
– ਵਡ ੪, ਛੰਤ ੪, ੪ : ੫ (575)

ਰਾਮਰੰਗਿ --- ਪ੍ਰਭੂ ਪਿਆਰ
“ਜਨ ਰਵਿਦਾਸ ਰਾਮਰੰਗਿ ਰਾਤਾ।”
– ਆਸਾ ਰਵਿ, ੫, ੩ : ੧ (487)
“ਸਖੀ ਸਹੇਲੀ ਰਾਮਰੰਗਿ ਰਾਤੀ ਮਨ ਤਨ ਇਛ ਪੁਜਾਏ।”
– ਬਿਲਾ ੫, ੫, ੪ : ੩ (803)

ਰਾਮਰਤਨੁ --- ਪ੍ਰਭੂ ਨਾਮ-ਰਤਨ, ਪ੍ਰਭੂ ਨਾਮ ਦੀ ਅਮੋਲਕ ਵਸਤੂ
“ਖਾਤ ਖਰਚਤ ਕਿਛੁ ਨਿਖੁਟਤ ਨਾਹੀ ਰਾਮ ਰਤਨੁ ਧਨੁ ਖਾਟਿਓ।”
– ਟੋਡੀ ੫, ੧੧, ੧ : ੨ (714)

ਰਾਮਰਵੰਤਾ -- ਪ੍ਰਭੂ ਨਾਮ ਦਾ ਜਾਪ ਕਰਨ ਵਾਲਾ, ਪ੍ਰਭੂ ਨਾਮ ਦਾ ਅਭਿਆਸੀ
“ਰਾਮਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ।”
– ਬਸੰ ੧, ੧੧, ੩ : ੧ (1171)

ਰਾਮਰਾਇ --- ਪ੍ਰਭੂ ਰਾਜਾ, ਰਾਜਾ ਰੂਪ ਪ੍ਰਭੂ, ਪ੍ਰਭੂ
“ਇਕੁ ਦੁਖੁ ਰਾਮਰਾਇ ਕਾਟਹੁ ਮੇਰਾ।”
– ਗਉ ਕਬ, ੩੨, ੧* : ੧ (329)
“ਰਾਮਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ।” (ਪ੍ਰਭੂ)
– ਆਸਾ ਕਬ, ੨੪, ੧ : ੨ (482)

ਰਾਮਰਾਜ ---- ਪੂਰੇ ਇਨਸਾਫ ਵਾਲਾ ਰਾਜ, ਨਿਆਂ ਵਾਲਾ ਰਾਜ
“ਰਾਮਰਾਜ ਰਾਮਦਾਸਪੁਰਿ ਕੀਨ੍ਹੇ ਗੁਰਦੇਵ।”
– ਬਿਲਾ ੫, ੬੭, ੧* : ੨ (817)

ਰਾਮਰਾਜਿਆ – ਹੇ ਰਾਮ ਰਾਜੇ! ਹੇ ਪ੍ਰਭੂ!
“ਸਾਧਨ ਆਸਾ ਚਿਤਿ ਕਰੇ ਰਾਮ- ਰਾਜਿਆ ਹਰਿ ਪ੍ਰਭ ਸੇਜੜੀਐ ਆਈ।”
– ਸੂਹੀ ੪, ਛੰਤ ੬, ੩ : ੧ (776)

ਹੋਰ ਰੂਪ:

ਰਾਮਰਾਜੇ –
“ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮਰਾਜੇ।” (ਹੇ ਪ੍ਰਭੂ)
– ਆਸਾ ੪, ਛੰਤ ੧੫, ੧ : ੧ (449)

ਰਾਮਾ ------ (1) ਹੇ ਰਾਮ! ਹੇ ਪ੍ਰਭੂ!
“ਤਿਨ ਦਾਸਨਿ ਦਾਸ ਕਰਹੁ ਹਮ ਰਾਮਾ।”
– ਗਉ ੪, ੪੦, ੨ : ੨ (164)
(2) ਰਾਮ ਦੀ ਭਾਵ ਪ੍ਰਭੂ ਦੀ, ਪ੍ਰਭੂ ਨੂੰ
“ਮਤਿ ਮਾਤਾ ਮਤਿ ਜੀਉ ਨਾਮੁ ਮੁਖਿ ਰਾਮਾ।” (ਪ੍ਰਭੂ ਦੀ)
– ਗਉ ੪, ੬੫, ੧ : ੨ (172)
“ਵਡਭਾਗੀ ਮਿਲੁ ਰਾਮਾ।” (ਪ੍ਰਭੂ ਨੂੰ)

- ਗਉ ੪, ੬੫, ੧ : ੪ (173)

“ਰਾਮਾ ਭਗਤਹ ਚੇਤੀਅਲੇ ਅਚਿੰਤ ਮਨੁ ਰਾਖਸੀ।” (ਪ੍ਰਭੂ ਦੀ)
- ਆਸਾ ਨਾਮ, ੫, ੧ : ੨ (486)

(3) ਪ੍ਰਭੂ
“ਜਹ ਜਹ ਦੇਖਉ ਤਹ ਤਹ ਰਾਮਾ।”
- ਗੋਂਡ ਨਾਮ, ੨, ੪ : ੧ (873)

ਰਾਮਾਣਾ ---- ਰਾਮ ਦਾ ਭਾਵ ਪ੍ਰਭੂ ਦਾ
“ਰਾਮੁ ਰਮੈ ਸੋਈ ਰਾਮਾਣਾ।”
- ਗਉ ੫, ੧੪੦, ੧* : ੧ (194)

ਰਾਮਾਨੰਦ ---- ਵੈਰਾਗੀ ਆਚਾਰੀਆ ਦਾ ਗੁਰੂ ਜਿਸ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਸੰਤ ਰਾਗ ਵਿਚ ਦਰਜ ਹੈ
“ਰਾਮਾਨੰਦ ਸੁਆਮੀ ਰਮਤ ਬ੍ਰਹਮ।”
- ਬਸੰ ਰਾਮਾ, ੧, ੩ : ੧ (1195)

ਹੋਰ ਰੂਪ:

ਰਾਮਾਨੰਦੁ -
“ਰਾਮਾ ਭਗਤਿ ਰਾਮਾਨੰਦੁ ਜਾਨੈ।”
- ਧਨਾ ਸੈਣ, ੧, ੩ : ੧ (695)

ਰਾਮਿ ------ ਰਾਮ ਨੇ, ਪ੍ਰਭੂ ਨੇ
“ਐਸੀ ਇਸਤ੍ਰੀ ਇਕ ਰਾਮਿ ਉਪਾਈ।”
- ਆਸਾ ੫, ੯੬, ੧* : ੧ (394)

ਹੋਰ ਰੂਪ:

ਰਾਮੁ -
“ਤਿਨ ਮਹਿ ਰਾਮੁ ਰਹਿਆ ਭਰਪੂਰ।” (ਪ੍ਰਭੂ)
- ਜਪੁ ੧, ੩੭ : ੪ (8)

“ਭਾਈ ਰੇ ਰਾਮੁ ਕਹਹੁ ਚਿਤੁ ਲਾਇ।”
- ਸਿਰੀ ੧, ੨੩, ੧* : ੧ (22)

ਰਾਮੁ ------ (1) ਪ੍ਰਭੂ, ਵੇਖੋ ‘ਰਾਮਿ’
(2) ਅਯੋਧਿਆ ਦਾ ਸੂਰਜਵੰਸ਼ੀ ਰਾਜਾ ‘ਰਾਮਚੰਦਰ’ ਜਿਸਨੂੰ ਹਿੰਦੂ ਧਰਮ ਅਨੁਸਾਰ ਦੇਵਤਾ ਮੰਨਿਆ ਜਾਂਦਾ ਹੈ
“ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ।”
- ਆਸਾ ੧, ਅਸ ੧੧, ੬ : ੩ (417)

“ਰੋਵੈ ਰਾਮੁ ਨਿਕਾਲਾ ਭਇਆ।”
- ਰਾਮ ੩, ਵਾਰ ੧੪ਸ, ੧, ੧ : ੫ (953)

“ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ।”
- ਸਵ ੧, ੭ : ੨ (1390)

ਰਾਮੈ ------ (1) ਰਾਮ ਦੇ ਭਾਵ ਪ੍ਰਭੂ ਦੇ

“ਸਤਸੰਗਤਿ ਮਿਲਿ ਰਾਮਰਸੁ ਪਾਇਆ ਹਰਿ ਰਾਮੈ ਨਾਮਿ ਸਮਾਤੇ।”
– ਗਉ ੪, ੫੪, ੧* : ੨ (169)

“ਮੁਆ ਕਬੀਰੁ ਰਮਤ ਸ੍ਰੀ ਰਾਮੈ।”
(ਰਾਮ/ ਪ੍ਰਭੂ ਨੂੰ)
– ਗਉ ਕਬ, ੧੫, ੫ : ੨ (326)

(2) ਰਾਮ ਭਾਵ ਪ੍ਰਭੂ
“ਹਿਰਦੈ ਰਾਮੁ ਮੁਖਿ ਰਾਮੈ ਹੋਇ।”
– ਗਉ ਕਬ, ੨੯, ੩ : ੨ (329)

“ਕਹੈ ਕਬੀਰੁ ਰਾਮੈ ਹੋਇ ਨਿਬਰਿਓ।”
– ਭੈਰ ਕਬ, ੫, ੪ : ੨ (1158)

ਰਾਮੋ ------ ਰਾਮ (ਪ੍ਰਭੂ) ਹੀ
“ਰਾਮੋ ਰਾਮ ਨਾਮ ਜਪਿਆ ਦੁਖ ਕਿਲਵਿਖ ਨਾਸ ਗਵਾਇਆ ਰਾਮ।”
– ਆਸਾ ੪, ਛੰਤ ੯, ੨ : ੧ (443)

ਰਾਰਾ ------ ਗੁਰਮੁਖੀ ਲਿਪੀ ਦਾ 32ਵਾਂ ਅੱਖਰ, ‘ਰ’
“ਰਾਰਾ ਰੰਗਹੁ ਇਆ ਮਨੁ ਅਪਨਾ।”
– ਗਉ ੫, ਬਾਅ ੧੦ : ੧ (252)

ਰਾਰਿ ------ ਝਗੜਾ
“ਰਾਰਿ ਕਰਤ ਝੂਠੀ ਲਗਿ ਗਾਥਾ।”
– ਆਸਾ ੫, ੨੨, ੧* : ੨ (376)

ਰਾਰੈ ------ (1) ‘ਰ’ ਅੱਖਰ ਦੁਆਰਾ
ਰਾਰੈ ਰਵਿ ਰਹਿਆ ਸਭ ਅੰਤਰਿ ਜੇਤੇ ਕੀਏ ਜੰਤਾ।”
– ਆਸਾ ੧, ਪਟੀ ੩੦ : ੧ (434)

(2) ਝਗੜੇ
“ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ।”
– ਆਸਾ ੧, ੮, ੩ : ੨ (351)

(ਮਹਾਨ ਕੋਸ਼ ਇਸ ਨੂੰ ਅਰਬੀ ਦੇ ਸ਼ਬਦ ‘ਰਅ਼ ਰਅ਼’ ਤੋਂ ਵਿਉਤਪਤ ਮੰਨ ਅਰਥ ‘ਅਦਭੁਤ, ਮਨੋਹਰ’ ਕਰਦਾ ਹੈ)

ਰਾਲਾ ------ ਧੂੜ, ਰਜ
“ਸਗਲ ਚਰਨ ਕੀ ਇਹੁ ਮਨੁ ਰਾਲਾ।”
– ਆਸਾ ੫, ੫੪, ੩ : ੨ (50)

ਹੋਰ ਰੂਪ:

ਰਾਲੀ –
“ਜਨ ਨਾਨਕ ਸੰਗਤਿ ਸਾਧ ਹਰਿ ਮੇਲਹੁ ਹਮ ਸਾਧ ਜਨਾ ਪਗ ਰਾਲੀ।” (ਧੂੜ)
– ਧਨਾ ੪, ੪, ੪ : ੨ (668)

ਰਾਲੀਐ ---- ਰੋਲਿਆ ਜਾਂਦਾ ਹੈ, ਸੁਟਿਆ ਜਾਂਦਾ ਹੈ, ਧੂੜ (ਰਾਲਾ) ਵਿਚ ਪਾਈਦਾ ਹੈ
“ਖੋਟੇ ਪੂਠੇ ਰਾਲੀਐ ਬਿਨੁ ਨਾਵੈ ਪਤਿ ਜਾਇ।”

– ਪ੍ਰਭਾ ੧, ੧੦, ੩ : ੨ (1330)
(ਮਹਾਨ ਕੋਸ਼ ਅਰਥ ਦਿੰਦਾ ਹੈ 'ਸਾਲ ਦੀ ਗੂੰਦ ਗਰਮ ਕਰਕੇ ਕੜਛਿਆਂ ਨਾਲ ਉਸ ਉਪਰ ਪਾਉਣਾ','ਪੁਰਾਣੇ ਸਮੇਂ ਵਿਚ ਅਪਰਾਧੀ ਨੂੰ ਦਿੱਤੀ ਜਾਂਦੀ ਇਕ ਪ੍ਰਕਾਰ ਦੀ ਸਜ਼ਾ' ਕਰਦਾ ਹੈ।)

ਰਾਵਉ ----- (1) ਭੋਗਾਂ, ਮਾਣਾਂ
"ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ।"
– ਆਸਾ ੫, ਛੰਤ ੧੨, ੧ : ੨ (460)
(2) ਸਿਮਰਾਂ, ਸਿਮਰਨ ਕਰਾਂ
"ਇਤ ਉਤ ਦੇਖਉ ਸਹਜੇ ਰਾਵਉ।"
– ਬਸੰ ੧, ਅਸ ੩, ੮ : ੧ (1189)

ਰਾਵਏ ----- ਮਾਣਦੀ /ਭੋਗਦੀ ਹੈ
"ਆਪਣਾ ਮਨੁ ਦੀਆ ਹਰਿ ਵਰੁ ਲੀਆ ਜਿਉ ਭਾਵੈ ਤਿਉ ਰਾਵਏ।"
– ਆਸਾ ੧, ਛੰਤ ੧, ੪ : ੩ (436)

ਰਾਵਹ ----- ਸਿਮਰੇ, ਭੋਗੇ
"ਮਨਿ ਤਨਿ ਪ੍ਰੇਮੁ ਕਰੇ ਤਿਸੁ ਪ੍ਰਭ ਕਉ ਰਾਵਹ ਰਾਮ।"
– ਬਿਲਾ ੫, ਛੰਤ ੨, ੨ : ੨ (846)

ਹੋਰ ਰੂਪ:

ਰਾਵਹਿ –
"ਸਦਾ ਪਿਰੁ ਰਾਵਹਿ ਆਪਣਾ ਤਿਨਾ ਸੁਖੇ ਸੁਖਿ ਵਿਹਾਇ।" (ਭੋਗਦੀਆਂ)
– ਸਿਰੀ ੩, ੬੧, ੨ : ੪ (38)

ਰਾਵਣ ----- (1) ਭੋਗਣ, ਮਾਣਨ
"ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ।"
– ਵਡ ੧, ੨, ੧ : ੨ (557)
(2) ਲੰਕਾ ਦਾ ਰਾਜਾ ਜਿਸ ਨੇ ਸੀਤਾ ਹਰਣ ਕੀਤਾ ਸੀ
"ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ।"
– ਧਨਾ ਤ੍ਰਿਲੋ, ੧, ੫ : ੧ (695)

ਰਾਵਣਹਾਰੁ -- ਮਾਣਨ ਵਾਲਾ, ਭੋਗਣ ਵਾਲਾ ਭਾਵ ਪ੍ਰਭੂ
"ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ।"
– ਸਿਰੀ ੧, ੨੫, ੧ : ੧ (23)

ਰਾਵਣਾ ----- ਚੇਤੇ ਕਰਨਾ, ਸਿਮਰਨਾ
"ਸਰਬ ਕਲਿਆਣ ਜੇ ਮਨ ਮਹਿ ਚਾਹਹਿ ਮਿਲਿ ਸਾਧੂ ਸੁਆਮੀ ਰਾਵਣਾ।"
– ਮਾਰੂ ੫, ਸੋਲਾ ੧੪, ੪ : ੩ (1086)

ਰਾਵਣਿ ----- ਭੋਗਣ ਲਈ, ਮਾਣਨ ਲਈ, ਮੇਲ ਦਾ ਸੁਖ ਲੈਣ ਲਈ
"ਸਭਿ ਸਹੀਆ ਸਹੁ ਰਾਵਣਿ ਗਈਆ
ਹਉ ਦਾਧੀ ਕੈ ਦਰਿ ਜਾਵਾ।"
– ਵਡ ੧, ੩, ੧ : ੯ (558)

ਰਾਵਣੁ ----- ਲੰਕਾ ਦਾ ਰਾਜਾ
"ਭੂਲੋ ਰਾਵਣੁ ਮੁਗਧੁ ਅਚੇਤਿ।"
– ਗਉ ੧, ਅਸ ੯, ੫ : ੧ (224)

ਰਾਵਣੇ ----- ਭੋਗਦੇ, ਮਾਣਦੇ
"ਹਰਿਹਾਂ ਹਉ ਬਲਿਹਾਰੀ ਤਿੰਨ੍ਹ ਜਿ ਹਰਿ ਰੰਗੁ ਰਾਵਣੇ।"
– ਫੁਨ ੫, ੨੨, ੪ (1363)

ਰਾਵਨ ----- ਲੰਕਾ ਦਾ ਰਾਜਾ
"ਤਿਹ ਰਾਵਨ ਘਰ ਖਬਰਿ ਨ ਪਾਈ।"
– ਆਸਾ ਕਬ, ੨੧, ੧, ੨ (481)

ਰਾਵਨਾ ----- ਮਾਣਨਾ, ਸਿਮਰਨਾ
"ਕਹੁ ਨਾਨਕ ਗੁਰਿ ਚਲਤੁ ਦਿਖਾਇਆ
ਮਨ ਮਧੇ ਹਰਿ ਹਰਿ ਰਾਵਨਾ।"
– ਮਾਰੂ ੫, ਅਸ ੫, ੮ : ੧ (1018)

ਰਾਵਨੁ ----- ਲੰਕਾ ਦਾ ਰਾਜਾ
"ਜਿਨਿ ਗੜ ਕੋਟ ਕੀਏ ਕੰਚਨ ਕੇ ਛੋਡਿ ਗਇਆ ਸੋ ਰਾਵਨੁ।"
– ਮਾਰੂ ਕਬ, ੬, ੧ : ੧ (1104)

ਰਾਵਲ ----- ਹੇ ਜੋਗੀ, 'ਅਲਖ਼' ਦੀ ਧੁਨੀ ਕਰ ਭਿਖਿਆ ਮੰਗਨ ਵਾਲੇ !
"ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ।"
– ਗਉ ੧, ੧੫, ੧ : ੨ (155)

ਰਾਵਾ ------ ਧੂੜ, ਰਜ, ਘਟਾ
"ਉਡਿ ਉਡਿ ਰਾਵਾ ਝਾਟੈ ਪਾਇ।"
– ਆਸਾ ੧, ਵਾਰ ੫ਸ, ੧, ੨ : ੩ (465)

ਰਾਵਾਸੀ ---- ਭੋਗਿਆ, ਮਾਣਿਆ
"ਗੁਰ ਸਬਦਿ ਵਿਗਾਸੀ ਸਹੁ ਰਾਵਾਸੀ
ਫਲੁ ਪਾਇਆ ਗੁਣਕਾਰੀ।"
– ਧਨਾ ੧, ਛੰਤ ੩, ੫ : ੫ (690)

ਰਾਵਾਰ ----- ਧੂੜੀ
"ਹੋਹੁ ਕ੍ਰਿਪਾਲੁ ਦੀਨ ਦੁਖ ਭੰਜਨ ਤੇਰਿਆ ਸੰਤਹ ਕੀ ਰਾਵਾਰ।"
– ਸਾਰ ੫, ੧੦੧, ੨ : ੧ (1223)

ਰਾਵਿਓ ----- ਚੇਤੇ ਰਖਿਆ, ਯਾਦ ਕੀਤਾ
"ਜਾਂ ਸੁਖ ਤਾ ਸਹੁ ਰਾਵਿਓ ਦੁਖਿ ਭੀ ਸੰਮ੍ਹਾਲਿਓਇ।"
– ਸੂਹੀ ੩, ਵਾਰ ੨੦ਸ, ੨, ੨ : ੧ (792)

ਰਾਵਿਅੜਾ --- ਮਾਣਿਆ, ਭੋਗਿਆ
"ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ।"
– ਵਡ ੪, ੩, ੨ : ੪ (561)

ਹੋਰ ਰੂਪ:

ਰਾਵਿਅੜੀ –

"ਪਿਰਿ ਰਾਵਿਅੜੀ ਸਬਦਿ ਰਲੀ ਰਵਿ ਰਹਿਆ ਨਹ ਦੂਰੀ ਰਾਮ।" (ਮਾਣਿਆ, ਭੋਗਿਆ)

– ਸੂਹੀ ੧, ਛੰਤ ੩, ੩ : ੨ (765)

ਰਾਵਿਆ ---- (1) ਭੋਗਿਆ, ਮਾਣਿਆ

"ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ।"

– ਸਿਰੀ ੧, ੧੦, ੨ : ੧ (17)

(2) ਸਿਮਰਿਆ

"ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ।" (ਸਿਮਰਿਆ)

– ਮਾਝ ੧, ਬਾਰਾ ੨ : ੭ (133)

"ਫਰੀਦਾ ਕਾਲੀਂ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ।"

– ਸਲੋ ਫਰ, ੧੨ : ੧ (1378)

ਰਾਵੀ ------ ਭੋਗੀ, ਮਾਣੀ

"ਨਾਨਕ ਸਾ ਸੁਆਲਿਓ ਸੁਲਖਣੀ ਜਿ ਰਾਵੀ ਸਿਰਜਨਹਾਰਿ।"

– ਸਿਰੀ ੪, ਵਾਰ ੧੬ਸ, ੩, ੧ : ੭ (89)

ਹੋਰ ਰੂਪ:

ਰਾਵੀਐ –

"ਸੰਗੇ ਸੋਹੰਤੀ ਕੰਤ ਸੁਆਮੀ ਦਿਨਸੁ ਰੈਣੀ ਰਾਵੀਐ।" (ਮਾਣੀਏ)

– ਆਸਾ ੫, ਛੰਤ ੧੨, ੧ : ੩ (460)

ਰਾਵੀਐ ---- (1) ਮਾਣੀਏ, ਵੇਖੋ, 'ਰਾਵੀ'

(2) ਸਿਮਰੀਏ, ਬੋਲੀਏ

"ਅੰਮ੍ਰਿਤੁ ਹਰਿ ਕਾ ਨਾਮੁ ਸਾਧਸੰਗਿ ਰਾਵੀਐ ਜੀਉ।"

– ਧਨਾ ੫, ਛੰਤ ੧, ੧ : ੨ (691)

ਰਾਵੀਏ ----- ਭੋਗਦਾ ਹੈ

"ਪਿਰ ਖੁਸੀਏ ਧਨ ਰਾਵੀਏ ਧਨ ਉਰਿ ਨਾਮੁ ਸੀਗਾਰੁ।"

– ਮਾਰੂ ੫, ਵਾਰ ੬ਸ, ੩, ੧ : ੧ (1088)

ਰਾਵੀਜੈ ----- ਸਿਮਰੀ ਦੇ, ਉਚਾਰਣ ਕਰੀਏ

"ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ ਅਨਦਿਨੁ ਨਾਮੁ ਵਖਾਣੈ।"

– ਵਡ ੩, ਛੰਤ ੨, ੧ : ੩ (568)

ਰਾਵੇ ------ ਭੋਗਦਾ ਹੈ, ਰਸ ਮਾਣਦਾ ਹੈ

"ਜਿਨਿ ਪਿਰੁ ਸੰਗੇ ਜਾਣਿਆ ਪਿਰੁ ਰਾਵੇ ਸਦਾ ਹਦੂਰਿ।"

– ਸਿਰੀ ੩, ੬੨, ੧ : ੪ (38)

"ਗੁਰਮੁਖਿ ਹਰਿ ਰਾਵੇ ਸੁਖ ਸਾਗਰੁ।" (ਮਾਣਦਾ ਹੈ)

– ਵਡ ੪, ੧, ੧ : ੨ (560)

ਰਾਵੇਇ ----- ਭੋਗੇ
“ਸਚਾ ਸਬਦੁ ਭਤਾਰੁ ਹੈ ਸਦਾ ਸਦਾ ਰਾਵੇਇ।”
– ਗਉ ੪, ਵਾਰ ੨੦ ਸ, ੩, ੧ : ੩ (311)

ਰਾਵੇਸੀ ----- ਭੋਗਦਾ ਹੈ, ਮਾਣਦਾ ਹੈ
“ਜੈ ਭਾਵੈ ਪਿਆਰਾ ਤੈ ਰਾਵੇਸੀ।”
– ਸੂਹੀ ੧, ਅਸ ੧, ੮ : ੨ (750)

ਰਾਵੇਹਾ ----- ਸਿਮਰੀਏ
“ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ।”
– ਗਉ ੧, ਛੰਤ ੧, ੩ : ੧ (242)

ਰਾਵੈ ------ ਭੋਗਦਾ ਹੈ, ਮਾਣਦਾ ਹੈ
“ਹਰਿ ਜੀਉ ਇਉ ਪਿਰੁ ਰਾਵੈ ਨਾਰਿ।”
– ਸਿਰੀ ੧, ਅਸ ੨, ੧* : ੧ (54)
“ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ।” (ਮਾਣਦਾ ਹੈ)
– ਮਾਝ ੫, ੨੩, ੧ : ੩ (101)
“ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ।” (ਮਾਣਦੀ, ਸਿਮਰਦੀ)
– ਆਸਾ ੩, ਅਸ, ੨੩, ੧ : ੨ (422)

ਰਾੜਿ ------ ਝਗੜਾ
“ਝਾੜੈ ਰਾੜਿ ਕਰਹਿ ਕਿਆ ਪ੍ਰਾਣੀ
ਤਿਸਹਿ ਧਿਆਵਹੁ ਜਿ ਅਮਰੁ ਹੋਆ।”
– ਆਸਾ ੧, ਪਟੀ ੩੩ : ੧ (434)

ਰਿਸਾਇ ---- ਗੁਸੇ ਹੋ ਜਾਵੇਗਾ
“ਨਾਹੀ ਤ ਘਰ ਕੋ ਬਾਪੁ ਰਿਸਾਇ।”
– ਭੈਰ ਨਾਮ, ੩, ੧* : ੩ (1163)
“ਕਾਢਿ ਖੜਗੁ ਕੋਪਿਓ ਰਿਸਾਇ।” (ਛਿੱਥਾ ਪੈਣਾ)
– ਬਸੰ ਕਬ, ੪, ੪ : ੧ (1194)

ਰਿਸੈ ------ ਗੁਸੇ ਹੋਵੇਗਾ
“ਨਾਤਰੁ ਖਰਾ ਰਿਸੈ ਹੈ ਰਾਇ।”
– ਗਉ ਕਬ, ਵਾ ੩ : ੪ (344)

ਰਿਖ ------ (ਸੰ.) ਇੰਦਰੀਆਂ (ਦਰਪਣ, ਕੋਸ਼, ਗਿਰਾਰਥ); (ਸੰ – ਜੋ ਮਾਰੇ ਸੋ ਰਿਖ) ਧਰਮ ਰਾਜ (ਕੋਸ਼ ਸ਼ਬਦਾਰਥ); ਆਵਾਗਵਨ (ਨਿਰਣੈ)
“ਅਨ ਤੇ ਟੂਟੀਐ ਰਿਖ ਤੇ ਛੂਟੀਐ।”
– ਬਿਲਾ ੫, ੧੨੯, ੨ : ੧ (830)

ਰਿਖਾ ------ ਰੇਖਾ, ਲਕੀਰ, ਚਿਹਨ
“ਕਿਛੁ ਵਖਰੁ ਹੋਇ ਸੁ ਵਰਨੀਐ ਤਿਸੁ ਰੂਪੁ ਨ ਰਿਖਾ।”
– ਕਾਨ ੪, ਵਾਰ ੮ : ੨ (1316)

ਰਿਖਿ –
(1) ਧਰਮਰਾਜ
"ਸੁਰਿ ਨਰ ਗਣ ਗੰਧਰਬੇ ਜਪਿਓ ਰਿਖਿ ਬਪੁਰੈ ਹਰਿ ਗਾਇਆ।"
– ਮਾਰੂ ੪, ੨, ੨ : ੧ (995)
(2) ਰਿਸ਼ੀ, ਗਿਆਨਵਾਨ
"ਸੁਖਦੇਉ ਪਰੀਖ੍ਯਤ ਗੁਣ ਰਵੈ ਗੋਤਮ ਰਿਖਿ ਜਸੁ ਗਾਇਓ।"
– ਸਵ ੧, ੮ : ੫ (1390)
(3) ਤਾਰੇ, ਨਛਰ
"ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ ਫਲ ਫੁਲ ਦੀਅਉ।"
– ਸਵ ੧, ਨਲ ੫ : ੨ (1399)

ਰਿਖਿਅੰ ---- ਇੰਦ੍ਰੀਆਂ
"ਬਸ੍ਰਿੰਤ ਰਿਖਿਅੰ ਤਿਆਗਿ ਮਾਨੰ।"
– ਸਸ ੫, ੧੩ : ੩ (1355)

ਰਿਖਿਆ ---- ਰੇਖ, ਚਿਹਨ
"ਨਾਵੈ ਜੇਵਡ ਹੋਰ ਦਾਤਿ ਨਾਹੀ ਤਿਸੁ ਰੂਪੁ ਨ ਰਿਖਿਆ।"
– ਸੂਹੀ ੩, ਵਾਰ ੬ : ੨ (787)

ਰਿਖੀ ------ ਰਿਸ਼ੀ
"ਬ੍ਰਹਮਾ ਬਿਸਨੁ ਰਿਖੀ ਮੁਨੀ ਸੰਕਰੁ ਇੰਦੁ ਤਪੈ ਭੇਖਾਰੀ।"
– ਮਾਰੂ ੧, ੧੦, ੨ : ੧ (992)

ਰਿਖੀਕੇਸ --- ਇੰਦ੍ਰਆਂ ਦਾ ਸੁਆਮੀ, ਪ੍ਰਭੂ, ਵਾਹਿਗੁਰੂ
"ਰਿਖੀਕੇਸ ਗੋਪਾਲ ਗੁੋਵਿੰਦ।"
– ਰਾਮ ੫, ੪੫, ੨ : ੩ (897)

ਹੋਰ ਰੂਪ:

ਰਿਖੀਕੇਸੁ –
"ਸਭਿ ਕਹਹੁ ਮੁਖਹੁ ਰਿਖੀਕੇਸੁ ਹਰੇ
ਰਿਖੀਕੇਸੁ ਹਰੇ ਜਿਤੁ ਪਾਵਹਿ ਸਭ
ਫਲ ਫਲਨਾ।"
– ਕਾਨ ੪, ਵਾਰ ੨ : ੫ (1313)

ਰਿਗੁ ----- ਚਹੁੰ ਵੇਦਾਂ ਵਿਚੋਂ ਇਕ ਵੇਦ
"ਰਿਗੁ ਕਹੈ ਰਹਿਆ ਭਰਪੂਰਿ।"
– ਆਸਾ ੧, ਵਾਰ ੧੩ਸ, ੧, ੨ : ੩ (470)

ਰਿਜਕੁ ----- (ਅ. ਰਿਜ਼ਕ) ਰੋਜ਼ੀ, ਉਪਜੀਵਕਾ
"ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ।"
– ਗੂਜ ੫, ੫, ੧ : ੨ (10)

ਰਿਜਮ ----- ਥੋੜਾ ਜਿਹਾ, ਰਤਾ ਕੁ
"ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ।"

– ਸੂਹੀ ਕਬ, ੫, ੩ : ੨ (793)

ਰਿਤਨੋ ----- ਖਾਲੀ, ਰਹਿਤ, ਵਿਹੂਣਾ
“ਹਰਨ ਭਰਨ ਸੰਪੂਰਨਾ ਚਰਨ ਕਮਲ ਰੰਗਿ ਰਿਤਨੋ।”

ਰਿਦ ------ (ਸੰ.) ਮਨ, ਦਿਲ
“ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ।”
– ਸਿਰੀ ੧, ੨੧, ੧ : ੩ (22)
“ਚਰਨ ਕਵਲ ਰਿਦ ਅੰਤਰਿ ਧਾਰੇ।”
– ਗਉ ੫, ੧੨੫, ੨ : ੧ (191)
“ਚਰਨ ਕਮਲ ਰਿਦ ਮਹਿ ਉਰਿ ਧਾਰਹੁ।”
– ਗਉ ੫, ਸੁਖ ੧੯, ੧ : ੪ (288)
(ਮਹਾਨ ਕੋਸ਼ ਇਥੇ ‘ਰਿਦ’ ਨੂੰ ãëਜ ਤੋਂ ਵਿਉਤਪਤ ਮੰਨ ਅਰਥ ‘ਤਾਲ’ (ਡੂੰਘਾ ਤਾਲਾਬ) ਕਰਦੇ ਹਨ)
“ਵਜਹੁ ਨਾਨਕ ਮਿਲੈ ਏਕੁ ਨਾਮੁ ਰਿਦ ਜਪਿ ਜਪਿ ਜੀਵੈ।” (ਦਿਲ ਵਿਚ)
– ਆਸਾ ੫, ੧੧੬, ੪ : ੨ (400)

ਰਿਦਸੁਧ ---- ਸੁਧ ਹਿਰਦੇ ਵਾਲੇ
“ਤਾ ਤੇ ਜਨ ਕਉ ਅਨਦੁ ਭਇਆ ਹੈ ਰਿਦਸੁਧ ਮਿਲੇ ਖੋਟੇ ਪਛੁਤਾਨੈ।”
– ਕਲਿ ੪, ੫, ੩ : ੨ (1320)

ਰਿਦੰਤਰਹ --- ਹਿਰਦੇ ਵਿਚ
“ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸੵ ਸਿਮਰਣ ਰਿਦੰਤਰਹ।”
– ਸਸ ੫, ੨੫, ੧ (1356)

ਹੋਰ ਰੂਪ:

ਰਿਦੰਤਰਿ –
“ਰਾਜੁ ਜੋਗੁ ਮਾਣਿਓ ਬਸਿਓ ਨਿਰਵੈਰੁ ਰਿਦੰਤਰਿ।” (ਰਿਦੇ ਵਿਚ)
– ਸਵ ੧, ੬ : ੧ (1390)

ਰਿਦਦਾਸ --- ਦਾਸਾਂ ਦੇ ਦਿਲ / ਹਿਰਦੇ ਵਿਚ
“ਸੁੰਦਰੁ ਸੁਘੜੁ ਚਤੁਰੁ ਸਭ ਬੇਤਾ ਰਿਦਦਾਸ ਨਿਵਾਸ ਭਗਤ ਗੁਨ ਗਾਵਨ।”
– ਟੋਡੀ ੫, ੨੫, ੧ : ੧ (717)

ਰਿਦਯਾ ---- ਹਿਰਦਾ, ਦਿਲ
“ਸੀਤਲੰਤ ਰਿਦਯੰ ਦ੍ਰਿੜੁ ਸੰਤ ਗਿਆਨੰ।”
– ਸਸ ੫, ੧੩ : ੪ (1355)

ਰਿਦਰਮਣੰ --- ਹਿਰਦੇ ਵਿਚ ਵਸਾਉਣ ਨਾਲ
“ਭਜੁ ਸਰਣਿ ਸਤਿਗੁਰ ਊਬਰਹਿ ਹਰਿ ਨਾਮੁ ਰਿਦਰਮਣੰ।”
– ਗੂਜ ੧, ਅਸ ੫, ੫ : ੨ (505)

ਰਿਦਾ ------ ਹਿਰਦਾ
“ਸੋ ਰਿਦਾ ਸੁਹੇਲਾ ਜਿਤੁ ਰਿਦੈ ਤੂੰ ਵੁਠਾ ਸਭਨਾ ਕੇ ਦਾਤਾਰਾ ਜੀਉ।”

– ਮਾਝ ੫, ੯, ੧ : ੩ (97)

ਰਿਦਿ ------ (ਸੰ. ਹਿਰਦੇ ਵਿਚ

"ਰਿਦਿ ਬਿਗਾਸੁ ਜਾਗਿਓ ਅਲਖਿ ਕਲ ਧਰੀ ਜੁਗੰਤਰਿ।"

– ਸਵ ੨, ੭ : ੩ (1392)

ਰਿਦੇ ------ (ਸੰ.) ਹਿਰਦੇ, ਦਿਲ

"ਪ੍ਰਾਨ ਮਨੁ ਤਨੁ ਜਿਨਹਿ ਦੀਆ ਰਿਦੇ ਕਾ ਆਧਾਰੁ।"

– ਸਿਰੀ ੫, ੯੫, ੧* : ੨ (51)

ਹੋਰ ਰੂਪ:

ਰਿਦੈ –

"ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ।" (ਹਿਰਦੇ ਵਿਚ)

– ਸਿਰੀ ੧, ੨੬, ੧ : ੨ (23)

"ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ।"

– ਮਾਝ ੧, ਵਾਰ ੨੦ਸ, ੧, ੨ : ੨ (147)

(ਮਹਾਨਕੋਸ਼ ਇਸੇ 'ਰਿਦੈ' ਨੂੰ ãëਨੂੰ ਤੋਂ ਵਿਉਤਪਤ ਮਨ ਅਰਥ 'ਮਨ ਭਾਵਨ' ਕਰਦਾ ਹੈ)

ਰਿਧਿ ------ (1) ਕਰਾਮਾਤੀ ਸ਼ਕਤੀਆਂ ਜੋ ਕਰੜੀ ਘਾਲਣਾ ਉਪਰੰਤ ਜੋਗੀਆਂ ਨੂੰ ਪ੍ਰਾਪਤ ਹੁੰਦੀਆਂ ਹਨ; ਧਨ ਸੰਪਦਾ ਪੈਦਾ ਕਰਨ ਵਾਲੀਆਂ ਸ਼ਕਤੀਆਂ

"ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ।"

– ਜਪੁ ੧, ੨੯ : ੨ (6)

"ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।"

– ਸਿਰੀ ੧, ੧, ੩ : ੧ (14)

"ਹਿਰਦੈ ਕਾਮ ਕਾਮਨੀ ਮਾਗਹਿ ਰਿਧਿ ਮਾਗਹਿ ਹਾਥੁ ਪਸਾਰੇ।" (ਸੰਪਦਾ, ਧਨ, ਦੌਲਤ)

– ਰਾਮ ੪, ੬, ੨ : ੨ (882)

(2) ਰਿਧੀਆਂ ਵਾਲੇ, ਕਰਾਮਾਤੀ ਸ਼ਕਤੀਆਂ ਦੇ ਧਾਰਨੀ

"ਤੇਤੀਸ ਕਰੋੜੀ ਦਾਸ ਤੁਮ੍ਹਾਰੇ ਰਿਧਿ ਸਿਧਿ ਪ੍ਰਾਣ ਆਧਾਰੀ।"

– ਆਸਾ ੩, ਅਸ ੨੩, ੨ : ੧ (423)

"ਰਿਧਿ ਬੁਧਿ ਸਿਧਿ ਗਿਆਨੁ ਗੁਰੂ ਤੇ ਪਾਈਐ ਪੂਰੈ ਭਾਗਿ ਮਿਲਾਇਦਾ।" (ਸੰਸਾਰਕ ਪਦਾਰਥ)

– ਮਾਰੂ ੧, ਸੋਲਾ ੧੭, ੧੫ : ੩ (1038)

ਰਿਨਿ ------ ਕਰਜ਼ੇ ਨਾਲ

"ਖਿਨੁ ਪਲੁ ਹਰਿ ਪ੍ਰਭੁ ਰਿਦੈ ਨਾ ਵਸਿਓ ਰਿਨਿ ਬਾਧੇ ਬਹੁ ਬਿਧਿ ਬਾਲ।"

– ਪ੍ਰਭਾ ੪, ੨, ੨ : ੨ (1335)

ਹੋਰ ਰੂਪ:

ਰਿਨੁ –

"ਜਨਮ ਜਨਮ ਕੇ ਕਿਲਬਿਖ ਦੁਖ ਉਤਰੇ ਗੁਰਿ ਨਾਮੁ ਦੀਓ ਰਿਨੁ ਲਾਥਾ।" (ਕਰਜਾ)
– ਜੈਤ ੪, ੧, ੧ : ੨ (696)

ਰਿੰਨ੍ਹਿ ------ ਰਿੰਨ ਕੇ, ਪਕਾ ਕੇ
"ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ।"
– ਆਸਾ ੧, ਵਾਰ ੧੫ਸ, ੧, ੨ : ੪ (471)

ਰਿਪ ------ ਵੈਰੀ
"ਸੁਖ ਲਹਹਿ ਤਿਨਰ ਸੰਸਾਰ ਮਹਿ ਅਭੈ ਪਦੁ ਰਿਪ ਮਧਿ ਤਿਹ।"
– ਸਵ ੩, ੧੧ : ੫ (1394)

ਰਿੜਕਿਓਨੁ -- ਉਨ੍ਹਾਂ ਨੇ ਰਿੜਕਿਆ
"ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।"
– ਰਾਮ ਬਸ, ਵਾਰ ੪ : ੩ (967)

ਰੀ ------- (1) ਇਸਤ੍ਰੀ ਸੰਬੋਧਕ ਸ਼ਬਦ, ਹੇ
"ਭਾਵਨੁ ਤਿਆਗਿਓ ਰੀ ਤਿਆਗਿਓ।"
– ਗਉ ੫, ੧੬੦*, ੧* : ੧ (214)
"ਕਿਆ ਜਾਨਾ ਕਿਆ ਹੋਇਗਾ ਰੀ ਮਾਈ।"
– ਆਸਾ ੧, ੨੬, ੨* : ੧ (357)
(2) ਦੀ
"ਹੀਓ ਮਹਰਾਜ ਰੀ ਮਾਇਓ।"
– ਟੋਡੀ ੫, ੧੯, ੧* : ੨ (715)

ਰੀਸ ------ (1) ਬਰਾਬਰੀ ਦੀ ਅਭਿਲਾਸ਼ਾ
"ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ।"
– ਜਪੁ ੧, ੩੨ : ੪ (7)
(2) ਬਰਾਬਰੀ
"ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।"
– ਸਿਰੀ ੧, ੩, ੪ : ੨ (15)
"ਓਨਾ ਦੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ।" (ਬਰਾਬਰੀ, ਨਕਲ)
– ਸੋਰ ੩, ਅਸ ੧, ੫ : ੩ (638)

ਹੋਰ ਰੂਪ:

ਰੀਸਾ –
"ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਅਹ।" (ਨਕਲ, ਬਰਾਬਰੀ)
– ਸਿਰੀ ੪, ਵਾਰ ੭ਸ, ੧, ੨ : ੩ (85)
"ਜੋ ਪ੍ਰਿਅ ਮਾਨੇ ਤਿਨ ਕੀ ਰੀਸਾ।" (ਬਰਾਬਰੀ)
– ਸੂਹੀ ੫, ੭, ੧* : ੧ (738)

ਰੀਸਾਈ ---- ਰੁਸ ਕੇ, ਗੁਸੇ ਹੋ ਕੇ
"ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ।"

– ਗਉ ਕਬ, ੫੪, ੩ : ੨ (335)

ਰੀਸਾਲ ----- ਰਸਵਾਲੇ
"ਮੋਤੀ ਹੀਰਾ ਨਿਰਮਲਾ ਕੰਚਨ ਕੋਟ ਰੀਸਾਲ।"
– ਸਿਰੀ ੧, ੯, ੨ : ੨ (17)

ਹੋਰ ਰੂਪ:

ਰੀਸਾਲਾ –
"ਤੇਰੇ ਬੰਕੇ ਲੋਇਣ ਦੰਤ ਰੀਸਾਲਾ।" (ਰਸਾਲੇ, ਰਸ ਵਾਲੇ)
– ਵਡ ੧, ਛੰਤ ੨, ੭ : ੧ (567)

ਰੀਸਾਲੂ –
"ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ।" (ਰਸ ਵਾਲਾ, ਅਨੰਦੀ, ਸੁੰਦਰ)
– ਸਿਰੀ ੧, ੧੦, ੨ : ੩ (17)

ਰੀਸੈ ------ (1) ਨਿਕਲਦਾ, ਰਿਸਦਾ
"ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ।"
– ਗਉ ੧, ਅਸ ੧੮, ੭ : ੨ (229)
"ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ।"
– ਸਾਰ ੫, ੧੧, ੩ : ੧ (1205)

(2) ਬਰਾਬਰੀ ਕਰਕੇ, ਨਕਲ ਕਰਕੇ
"ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ।"
– ਗਉ ੪, ਵਾਰ ੯ : ੪ (304)

ਰੀਝਹਿ ----- ਰੀਝਦਾ, ਲੋਚਦਾ
"ਮੂਲੁ ਨ ਬੂਝਹਿ ਸਾਚਿ ਨ ਰੀਝਹਿ ਦੂਜੇ
ਭਰਮਿ ਭੁਲਾਈ ਹੇ।"
– ਮਾਰੂ ੧, ਸੋਲਾ ੫, ੩ : ੩ (1024)

ਰੀਝਾਇ ---- ਖੁਸ਼ ਕਰਨਾ, ਭਰਮਾਉਣਾ
"ਪ੍ਰੇਮ ਠਗਉਰੀ ਪਾਇ ਰੀਝਾਇ ਗੋਬਿੰਦ ਮਨੁ ਮੋਹਿਆ ਜੀਉ।"
– ਸਿਰੀ ੫, ਛੰਤ ੩, ੪ : ੧ (81)

ਹੋਰ ਰੂਪ:

ਰੀਝਾਇਓ –
"ਭੁਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ।" (ਖੁਸ਼ ਹੋਇਆ)
– ਸਾਰ ੫, ੧੪, ੧* : ੨ (1206)

ਰੀਝਾਇਆ –
"ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ।" (ਖੁਸ਼ ਕੀਤਾ)
– ਜੈਤ ੫, ਛੰਤ ੧, ੨ : ੫ (703)

ਰੀਝਾਈ –

"ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ।" (ਖੁਸ਼ ਹੁੰਦਾ ਹੈ, ਰੀਝਦਾ ਹੈ)
– ਆਸਾ ੪, ੬੭, ੧* : ੨ (369)

ਰੀਝਏ –
"ਕਵਨ ਉਪਮਾ ਕਉਨ ਬਡਾਈ ਕਿਆ ਗੁਨ ਕਹਉ ਰੀਝਾਏ।" (ਖੁਸ਼ ਹੋਵੇ)
– ਸਾਰ ੫, ੮, ੪ : ੧ (1205)

ਰੀਝਾਨਾ ---- ਰੀਝਨਾ, ਪ੍ਰਸੰਨ ਹੋਣਾ
"ਕੂੜਿ ਕਪਟਿ ਅਹੰਕਾਰਿ ਰੀਝਾਨਾ।"
– ਰਾਮ ੫, ੩੨, ੨ : ੩ (892)

ਰੀਝਾਵਉ --- ਖੁਸ਼ ਕਰਾਂ, ਪ੍ਰਸੰਨ ਕਰਾਂ
"ਕਵਨ ਬੋਲ ਪਾਰਬ੍ਰਹਮ ਰੀਝਾਵਉ ।"
– ਗਉ ੫, ੧੦੫, ੧* : ੨ (187)

ਰੀਝਾਵੈ ----- ਪ੍ਰਸੰਨ ਕਰੇ, ਖੁਸ਼ ਕਰੇ
"ਤੁਝ ਬਿਨੁ ਕਵਨੁ ਰੀਝਾਵੈ ਤੋਹੀ।"
– ਗਉ ੫, ੧੨੯, ੧* : ੧ (207)

"ਕਵਨ ਜੋਗ ਕਵਨ ਗਿਆਨ ਧਿਆਨਾ
ਕਵਨ ਗੁਨੀ ਰੀਝਾਵੈ।" (ਖੁਸ਼ ਹੋਵੇ)
– ਨਟ ੫, ੧, ੨ : ੧ (978)

ਰੀਝੈ ------ ਪ੍ਰਸੰਨ ਹੋਏ, ਖੁਸ਼ ਹੋਏ
"ਮਨੁ ਮਾਰਿ ਰੀਝੈ ਸਬਦਿ ਸੀਝੈ ਤ੍ਰੈਲੋਕ ਨਾਥੁ ਪਛਾਣਏ।"
– ਬਿਲਾ ੧, ਛੰਤ ੨, ੪ : ੩ (844)

ਰੀਣੇ ------ ਖਾਲੀ ਹੋ ਗਏ
"ਫਰੀਦਾ ਆਖੀ ਦੇਖਿ ਪਤੀਣੀਆ ਸੁਣਿ ਸੁਣਿ ਰੀਣੇ ਕੰਨ।" (ਭਾਵ ਬੋਲੇ ਹੋ ਗਏ)
– ਸਲੋ ਫਰ, ੧੧ : ੧ (1378)
(ਮਹਾਨ ਕੋਸ਼ ਅਰਥ 'ਨਕੰਮਾ ਹੋਇਆ' ਕਰਦਾ ਹੈ)

ਰੀਤਾ ------ (1) ਰੀਤ, ਵਰਤ ਵਰਤਾਰਾ
"ਪ੍ਰਭ ਕਉ ਸਿਮਰਹਿ ਤਿਸ ਨਿਰਮਲ ਰੀਤਾ।"
– ਗਉ ੫, ਸੁਖ ੧, ੬ : ੬ (263)
(2) ਸਖਨਾ, ਵਿਹੂਣਾ
"ਕਰਿ ਕਿਰਪਾ ਮੁਹਿ ਨਾਮੁ ਦੇਹੁ ਨਾਨਕ ਦਰਸ ਰੀਤਾ।"
– ਬਿਲਾ ੫, ੩੭, ੪ : ੨ (810)

ਰੀਤਾਵੀਆ -- ਰੀਤ (ਜੁਗਤ) ਵਾਲੀਆਂ
"ਅੰਤਰਿ ਬਾਹਰਿ ਇਕੁ ਇਕ ਰੀਤਾਵੀਆ।"
– ਰਾਮ ੫, ਵਾਰ ੧੫ : ੫ (964)

ਰੀਤਿ ------ ਰੀਤ, ਮਰਯਾਦਾ, ਜੁਗਤ

“ਇਕਸੈ ਦੀ ਸਾਮਗਰੀ ਇਕਸੈ ਦੀ ਹੈ ਰੀਤਿ।”

– ਸਿਰੀ ੫, ੭੫, ੪ : ੨ (44)

“ਬਹੁਤੁ ਧਨਾਢਿ ਅਚਾਰਵੰਤੁ ਸੋਭਾ ਨਿਰਮਲ ਰੀਤਿ।” (ਵਰਤ ਵਰਤਾਰਾ)

– ਸਿਰੀ ੫, ਅਸ ੨੬, ੭ : ੧ (30)

“ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ।” (ਰਹਿਣੀ)

– ਗਉ ੫, ਸੁਖ ੧੭, ੩ : ੪ (285)

“ਜਲ ਦੁਧ ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ।”(ਭਾਵ ਪਿਆਰ)

– ਆਸਾ ੫, ਛੰਤ ੪, ੧ : ੧ (454)

“ਹਰਿ ਮੇਰੀ ਪ੍ਰੀਤਿ ਰੀਤਿ ਹੈ ਹਰਿ ਮੇਰੀ, ਹਰਿ ਮੇਰੀ ਕਥਾ ਕਹਾਣੀ ਜੀ।” (ਰਹਿਣੀ)

– ਗੁਜ ੩, ੪, ੨* : ੧ (490)

“ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ।” (ਜੀਵਨ ਜੁਗਤਿ, ਜੀਵਨ ਮਰਯਾਦਾ)

– ਮਾਰੂ ੫, ਅਸ ੩, ੧* : ੨ (1017)

(2) ਰੰਗੀਜ ਕੇ, ਰਤੇ ਜਾ ਕੇ

“ਘਟਿ ਘਟਿ ਆਤਮਰਾਮੁ ਹੈ ਪ੍ਰਭਿ ਖੇਲੁ ਕੀਓ ਰੰਗਿ ਰੀਤਿ।”

– ਕਾਨ ੪, ਵਾਰ ੧੦ਸ, ੪, ੧ : ੨ (1316)

ਰੀਤੇ ------ ਖਾਲੀ ਹੋਣੇ, ਸਖਣੇ ਹੋਣੇ

“ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ।”

– ਮਾਝ ੧, ਵਾਰ ੮ : ੪ (141)

“ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ।” (ਖਾਲੀ)

– ਬਿਹਾ ੯, ੧, ੧ : ੨ (537)

ਰੀਧਾਈਲੇ --- ਰਿੰਨ੍ਹ ਲਵਾਂ

“ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ।”

– ਆਸਾ ਨਾਮ, ੨, ੩ : ੧ (485)

ਰੀਧੇ ------ ਸੰਤੁਸ਼ਟ ਹੋਏ, ਤਸਲੀ ਹੋਈ

“ਗੁਰ ਕੈ ਸਬਦਿ ਅੰਤਰਿ ਸਹਜਿ ਰੀਧੇ।”

– ਗਉ ੩, ਅਸ ੫, ੨ : ੨ (231)

ਰੀਨਾ ------ ਚਰਨ ਧੂੜ

“ਜਬ ਇਹੁ ਹੂਆ ਸਗਲ ਕੀ ਰੀਨਾ।”

– ਗਉ ੫, ਅਸ ੧, ੧ : ੩ (235)

ਰੀਰੀ ------ ਰਿਰਿ, ਨਾਗਰੀ ਲਿੱਪੀ ਦੇ ਦੋ ਅਰਧ ਸ੍ਵਰ

“ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ।”

– ਆਸਾ ੩, ਪਟੀ ੧ : ੨ (434)

ਰੁਸਾਏ ----- ਗੁਸੇ ਕੀਤੇ

“ਪੰਚ ਮਨਾਏ ਪੰਚ ਰੁਸਾਏ।”
– ਆਸਾ ੫, ਅਸ ੧, ੧ : ੧ (430)

ਰੁਹਲਾ ----- ਲੂਲ
“ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ।”
– ਮਾਝ ੧, ਵਾਰ ੩ਸ, ੨, ੨ : ੨ (139)

ਰੁਕਮਾਂਗਦ --- ਇਕ ਪੌਰਾਣਿਕ ਧਰਮਾਤਮਾ ਰਾਜਾ, ਨਾਮ ਸਿਮਰਨ ਜਿਸ ਦੀ ਨਿਤਕਾਰ ਸੀ
“ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ।”
– ਸਵ ੩, ੧੩ : ੩ (1394)

ਰੁਖ ------- ਦਰਖਤ
“ਜਾ ਕੇ ਰੁਖ ਬਿਰਖ ਆਰਾਉ।”
– ਸਿਰੀ ੧, ੩੨, ੨ : ੧ (25)

ਰੁਖੜਾ ----- ਦਰਖਤ
“ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ।”
– ਵਡ ੧, ੧, ੨ : ੨ (557)

ਰੁਖਾਂ ------ ਦਰਖਤਾਂ
“ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ।”
– ਸਲੋ ਫਰ, ੬੦ : ੨ (1381)

ਰੁਖੀ ------ (1) ਖੁਸ਼ਕ
“ਹਰਿ ਰੁਖੀ ਰੋਟੀ ਖਾਇ ਸਮਾਲੇ।”
– ਮਾਝ ੫, ੩੭, ੨ : ੧ (105)
(2) ਦਰਖਤਾਂ ਵਿਚ
“ਗੁਰ ਨਾਨਕ ਕਉ ਪ੍ਰਭੁ ਦਿਖਾਇਆ ਜਲਿ ਥਲਿ ਤ੍ਰਿਭਵਣਿ ਰੁਖੀ।”
– ਸੋਰ ੫, ੩੦, ੨ : ੨ (617)

ਰੁਖੁ ------- ਦਰਖਤ
“ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ।”
– ਮਾਝ ੧, ਵਾਰ ੨੦ਸ, ੧, ੧ : ੧ (147)

ਰੁਗੁ ------- ਰਿਗ ਵੇਦ, ਚਹੁੰ ਵੇਦਾਂ ਵਿਚੋਂ ਇਕ
“ਸਾਮਵੇਦ, ਰੁਗੁ ਜੁਜਰੁ ਅਥਰਬਣੁ।”
– ਮਾਰੂ ੧, ਸੋਲਾ ੧੭, ੯ : ੧ (1037)

ਰੁਚ ------- (1) ਰੁਚੀ, ਲਗਾਓ, ਪ੍ਰੀਤ
“ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ।”
– ਗਉ ੫, ੧੨੭*, ੩ : ੨ (206)
“ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ।”(ਪ੍ਰਸੰਨਤਾ ਦੀ ਨਜ਼ਰ)
– ਨਟ ੫, ੧, ੧ : ੧ (978)
(2) ਤਾਂਘ, ਲੋਚਾ

"ਧਨਿ ਤੇਊ ਜਿਹ ਰੁਚ ਇਆ ਮਨੁਆ।"
- ਗਉ ੫, ਬਾਅ ੪ : ੨ (251)

ਰੁਚਤੇ ------ ਲੁਭਾਇਮਾਨ ਹੁੰਦੇ, ਆਕਰਸ਼ਤ ਹੁੰਦੇ
"ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ।"
- ਜੈਤ ੫, ਵਾਰ ੧੨ਸ, ੫, ੧ : ੩ (708)

ਰੁਚਾਂਗੈ ----- ਰੁਚੀ
"ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ।"
- ਸਾਰ ੫, ੨੮, ੧ : ੧ (1210)

ਰੁਚਿ ------ ਰੁਚੀ, ਧਿਆਨ, ਪ੍ਰੀਤ
"ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ।"
- ਆਸਾ ੫, ੧੨੫, ੩ : ੨ (402)

ਰੁਚਿਤ ----- ਲਗਨ ਲਗੀ ਹੋਈ ਹੈ
"ਦਰਸਨ ਰੁਚਿਤ ਪਿਆਸ ਮਨਿ ਸੁੰਦਰ ਸਕਤ ਨ ਕੋਈ ਤੋਰਿ।"
- ਸਾਰ ੫, ੧੨੪, ੧* : ੨ (1228)

ਰੁਚੀਐ ----- ਰੁਚਿਤ ਹੋਈਏ (ਭਾਵ ਫਸੀਏ)
"ਕਾਂਏ ਆਨ ਆਨ ਰੁਚੀਐ।"
- ਸਾਰ ੫, ੧੩੦, ੨ : ੩ (1229)

ਰੁਚੈ ------- (1) ਰੁਚੀ/ ਤਾਂਘ/ਪ੍ਰੀਤ ਹੋਈ
"ਹਰਿ ਕੇ ਨਾਮ ਕੀ ਮਨ ਰੁਚੈ।"
- ਕੇਦਾ ੫, ੧੫, ੧* : ੧ (1122)

(2) ਪ੍ਰਸੰਨ ਹੋਣਾ
"ਸਿੰਘ ਰੁਚੈ ਸਦ ਭੋਜਨੁ ਮਾਸ।"
- ਬਸੰ ੫, ੨, ੩ : ੧ (1180)

ਰੁਠ - ਰੁਸਿਆ ਹੋਇਆ
"ਦੁਨੀਆਂ ਖੇਲੁ ਬੁਰਾ ਰੁਠ ਤੁਠਾ।"
- ਮਾਰੂ ੫, ਅਸ ੮, ੬ : ੨ (1020)

ਰੁਠੀਆ ---- ਰੁਸੀ ਹੋਈ
"ਜਲ ਬਾਝੁ ਮਛੁਲੀ ਤੜਫੜਾਵੈ ਸੰਗਿ ਮਾਇਆ ਰੁਠੀਆ।"
- ਰਾਮ ੫, ਰੁਤੀ ੩ : ੪ (928)

ਰੁੰਡਿਤ ----- ਅੰਗ ਭੰਗ, ਜਿਸਦਾ ਕੋਈ ਅੰਗ ਕਟਿਆ ਹੋਵੇ
"ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ।"
- ਗਉ ਕਬ, ੫੧, ੧ : ੨ (334)

ਰੁਣਝੁਣ ---- ਖੁਸ਼ੀ/ਅਨੰਦ ਦੀ ਧੁਨੀ
"ਮੋਰੀ ਰੁਣਝੁਣ ਲਾਇਆ ਭੈਣੇ ਸਾਵਣੁ ਆਇਆ।"
- ਵਡ ੧, ੩, ੧ : ੧ (557)

ਰੁਣਝੁਣਕਾਰੁ -- ਘੁੰਗਰੂ ਅਥਵਾ ਝਾਂਝਰਾਂ ਦੀ ਆਵਾਜ਼, ਮਿਠੀ ਮਿਠੀ ਆਵਾਜ਼
"ਸਹਜੇ ਰੁਣਝੁਣਕਾਰੁ ਸੁਹਾਇਆ।"
- ਗਉ ੫, ਅਸ ੩, ੭ : ੩ (237)

ਹੋਰ ਰੂਪ:

ਰੁਣਝੁਣਕਾਰੇ –
"ਅਨਹਦੋ ਅਨਹਦੁ ਵਾਜੈ ਰੁਣਝੁਣਕਾਰੇ ਰਾਮ।" (ਘੁੰਗਰੂਆਂ ਤੇ ਝਾਂਝਰਾਂ ਦੀ ਆਵਾਜ਼)
- ਆਸਾ ੧, ਛੰਤ ੨, ੧ : ੧ (436)

ਰੁਣਝੁਣਕਾਰੋ –
"ਬਿਨਵੰਤਿ ਨਾਨਕ ਸਦਾ ਨਿਰਮਲ ਸਚੁ ਸਬਦੁ ਰੁਣਝੁਣਕਾਰੋ।"
- ਬਿਹਾ ੫, ਛੰਤ ੫, ੨ : ੬ (545)

ਰੁਣਝੁਣੋ ---- ਮਿੱਠੀ ਮਿੱਠੀ ਰਸਦਾਇਕ ਆਵਾਜ਼
"ਰੁਣਝੁਣੋ ਸਬਦੁ ਅਨਾਹਦੁ ਨਿਤ ਉਠਿ ਗਾਈਐ ਸੰਤਨ ਕੈ।"
- ਰਾਮ ੫, ਛੰਤ ੩, ੧ : ੧ (925)

ਰੁਣੁਝੁਣੁ ---- ਮਧੁਰ ਧੀਮੀ ਆਵਾਜ਼
"ਮੰਦਰਿ ਭਾਗੁ ਸੋਭ ਦੁਆਰੈ ਅਨਹਤ ਰੁਣੁਝੁਣੁ ਲਾਏ।"
- ਦੇਵ ੫, ੨੭, ੨ : ੧ (533)

ਰੁਤਿ ------ ਮੌਸਮ
"ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।"
- ਜਪੁ ੧, ੨੧ : ੧੫ (4)

ਹੋਰ ਰੂਪ:

ਰੁਤੀ –
"ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।" (ਮੌਸਮ ਵਿਚ)
- ਜਪੁ ੧, ੨੧ : ੧੦ (4)
"ਸਭੇ ਰੁਤੀ ਚੰਗੀਆਂ ਜਿਤੁ ਸਚੇ ਸਿਉ ਨੇਹੁ।" (ਮੌਸਮ)
- ਮਾਰੂ ੧, ਅਸ ੧੦, ੫ : ੧ (1015)

ਰੁਤੇ ------- ਮੌਸਮ
"ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ।"
- ਗਉ ੫, ਵਾਰ ੧੨ : ੫ (321)
"ਜਲ ਥਲ ਨੀਰਿ ਭਰੈ ਬਰਸ ਰੁਤੇ ਰੰਗੁ ਮਾਣੀ।" (ਮੌਸਮ ਵਿਚ)
- ਤੁਖਾ ੧, ਬਾਅ ੧੦ : ੨ (1108)

ਰੁਤੇਣ ------ ਰੁਤ, ਮੌਸਮ
"ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ।"
- ਸਸ ੫, ੩੯ : ੨ (1357)

ਰੁਦਨੁ ------ ਰੋਣਾ, ਪਿਟਣਾ
"ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ।"

– ਸਿਰੀ ੧, ਪਹ ੧, ੪ : ੪ (75)
“ਪੰਚ ਸਖੀ ਮਿਲਿ ਰੁਦਨੁ ਕਰੇਹਾਂ।” (ਪਛਤਾਵੇ ਦਾ ਰੋਣਾ)
– ਆਸਾ ੧, ੩੪, ੩ : ੧ (359)

ਰੁਦ੍ਰ ------- ਸ਼ਿਵਜੀ, ਅਖਰੀ ਅਰਥ ਰੋਣ ਵਾਲਾ
“ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ਯ ਉਨਹ ਜੁੋ ਗਾਵੈ।”(ਭਾਵ ਆਖੰਡ ਲਿਵ)
– ਸਵ ੩, ੨੨ : ੩ (1396)

ਰੁਦ੍ਰ ਲੋਕ ---- ਸ਼ਿਵਮੰਡਲ, ਸ਼ਿਵਲੋਕ, ਕੈਲਾਸ਼
“ਬ੍ਰਹਮ ਲੋਕ ਅਰੁ ਰੁਦ੍ਰ-ਲੋਕ ਆਈ ਇੰਦ੍ਰ ਲੋਕ ਤੇ ਧਾਏ।”
– ਗੂਜ ੫, ੨੧, ੧ : ੧ (500)

ਰੁਦ੍ਰਾਖੰ ----- ਰੁਦ੍ਰ ਦੀ ਅੱਖ ਵਰਗਾ ਜਿਸ ਦਾ ਦਰਖਤ ਫਲ ਹੈ ਤੇ ਜਿਸ ਦੀ ਮਾਲਾ ਸ਼ਿਵ ਜੀ ਰਖਦੇ ਹਨ
“ਰਿਦੈ ਕੂੜੁ ਕੰਠਿ ਰੁਦ੍ਰਾਖੰ।”
– ਪ੍ਰਭਾ ਬੇਣੀ, ੧, ੪ : ੩ (1351)

ਰੁਦ੍ਰਾਇਕ --- ਸ਼ਿਵ ਜੀ ਆਦਿ ਦੇਵਤੇ
“ਮਾਨਹਿ ਬ੍ਰਹਮਾਦਿਕ ਰੁਦ੍ਰਾਇਕ ਕਾਲ ਕਾ ਕਾਲੁ ਨਿਰੰਜਨ ਜਚਨਾ।”
– ਸਵ ੪, ਗਯੰ ੧੩ : ੩ (1403)

ਰੁਦ੍ਰੁ ------- (1) ਡਰਾਉਣਾ, ਭਿਆਨਿਕ
“ਤਿਨ੍ਹ ਤਰਿਓ ਸਮੁਦ੍ਰ ਰੁਦ੍ਰੁ ਖਿਨ ਇਕ ਮਹਿ ਜਲ ਹਰ ਬਿੰਬ ਜੁਗਤਿ ਜਗੁ ਰਚਾ।”
– ਸਵ ੪, ਗਯੰ ੫ : ੨ (1402)

(2) ਸ਼ਿਵਜੀ
“ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ।”
– ਭੈਰ ੩, ੧੧, ੫ : ੧ (1130)

ਰੁਧਾ ------ ਰੁਕਿਆ ਹੋਇਆ, ਫਸਿਆ ਹੋਇਆ
“ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ।”
– ਤੁਖਾ ੧, ਛੰਤ ੬, ੧ : ੫ (1112)

ਰੁਧਿਰ ----- ਰਕਿਤ, ਖੂਨ, ਲਹੂ
“ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ।”
– ਗਾਥਾ ੫, ੧ : ੨ (1360)

ਰੁਧੇ ------- ਰੋਕੇ, ਫਸਾਏ
“ਅਉਘਟ ਰੁਧੇ ਰਾਹ ਗਲੀਆਂ ਰੋਕੀਆਂ।”
– ਮਲਾ ੧, ਵਾਰ ੨੩ : ੩ (1288)

ਹੋਰ ਰੂਪ:

ਰੁਧੈ –
“ਹਰਿ ਸਿਮਰਤ ਗਰਭ ਜੋਨਿ ਨ ਰੁਧੈ।” (ਫਸੇ, ਰੁਝੇ)

– ਭੈਰ ੫, ੪੯, ੪ : ੨ (1150)

ਰੁੰਨੜੇ ------ **ਰੋਏ**

"ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ।"

– ਵਡ ੧, ੩, ੧ : ੧੩ (558)

ਰੁਨਾ ------ **ਰੋਇਆ**

"ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ।"

– ਵਡ ੧, ੩, ੧ : ੧੪ (558)

ਹੋਰ ਰੂਪ:

ਰੁੰਨਾ –

"ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ।" (ਰੋਇਆ)

– ਵਡ ੧, ਅਲਾ ੧, ੪ : ੧ (579)

ਰੁੰਨਿਆ ---- **ਰੋਇਆ**

"ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ।"

– ਆਸਾ ੫, ੧੧੦, ੨ : ੨ (398)

"ਹਰਿ ਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ।" (ਰੋਂਦੇ ਹਨ)

– ਆਸਾ ੧, ਛੰਤ ੫, ੪ : ੫ (439)

ਰੁੰਨੀ ------ **ਰੋਈ**

"ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ।"

– ਆਸਾ ੧, ਛੰਤ ੫, ੩ : ੩ (439)

"ਸੁਰਤਿ ਮੁਈ ਮਰੁ ਮਾਈਏ ਮਹਲ ਰੁੰਨੀ ਦਰਬਾਰੇ।" (ਰੋਈ ਭਾਵ ਪੁਕਾਰ ਕੀਤੀ)

– ਵਡ ੧, ਅਲਾ ੩, ੫ : ੩ (580)

ਹੋਰ ਰੂਪ:

ਰੁੰਨੀਆ –

"ਬਜੀ ਬਧਾਈ ਸਹਜੇ ਸਮਾਈ ਬਹੁੜਿ ਦੂਖਿ ਨ ਰੁੰਨੀਆ।" (ਰੋਈ)

– ਕਾਨ ੫, ਛੰਤ ੧, ੪ : ੪ (1312)

ਰੁੰਨੇ –

"ਪੰਚੇ ਰੁੰਨੇ ਦੁਖਿ ਭਰੇ ਬਿਨਸੇ ਦੂਜੈ ਭਾਇ।" (ਰੋਏ)

– ਸਿਰੀ ੧, ੧੪, ੧ : ੩ (19)

ਰੁੰਨੈ –

"ਜੋ ਤਿਸੁ ਭਾਵੈ ਸੋ ਥੀਐ ਰੰਨ ਕਿ ਰੁੰਨੈ ਹੋਇ।" (ਰੋਇਆ)

– ਸੋਰ ੧, ੧, ੨ : ੩ (595)

ਰੁਪਾ ------ **ਚਾਂਦੀ, ਸਫੈਦ ਰੰਗ ਦੀ ਇਕ ਕੀਮਤੀ ਧਾਤ**

"ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।"

– ਸਿਰੀ ੧, ੪, ੨ : ੧ (15)

ਹੋਰ ਰੂਪ:

ਰੁਪੇ –

“ਸੁਇਨੇ ਕੀ ਸੂਈ ਰੁਪੇ ਕਾ ਧਾਗਾ।” (ਚਾਂਦੀ)
– ਆਸਾ ਨਾਮ, ੩, ੪ : ੧ (485)

ਰੁਲਸੀ ----- ਰੁਲੇ ਹਨ
“ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠ ਰੁਲਸੀ ਰੇ।”
– ਦੇਵ ੫, ੩੭, ੨ : ੨ (536)

ਰੁਲਤਾ ----- ਰੁਲਦਾ, ਖੁਆਰ ਹੁੰਦਾ
“ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ।”
– ਗੌਂਡ ੫, ੨੦, ੩ : ੪ (868)

ਹੋਰ ਰੂਪ:

ਰੁਲਤੇ –
“ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ।”
(ਰੁਲਦੇ, ਖੁਆਰ ਹੁੰਦੇ)
– ਗਉ ੪, ੪੯, ੪ : ੨ (167)

ਰੁਲਦੀ ----- ਖੁਆਰ ਹੁੰਦੀ
“ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ।”
– ਗਉ ੧, ੧੩, ੧ : ੩ (154)

ਰੁਲਾਇ ----- ਖੁਆਰ ਕਰੇ, ਰੋਲੇ
“ਦੇਹੀ ਭਸਮ ਰੁਲਾਇ ਨ ਜਾਪੀ ਕਹ ਗਇਆ।”
– ਸੂਹੀ ੧, ਅਸ ੫, ੬ : ੧ (752)

ਹੋਰ ਰੂਪ:

ਰੁਲਾਇਆ –
“ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ
ਮੁਛਿ ਕੁਇਰ ਰੁਲਾਇਆ।” (ਰੁਲਾ ਦਿੱਤਾ, ਰੋਲ ਦਿੱਤਾ, ਖੁਆਰ ਕੀਤਾ)
– ਆਸਾ ੧, ਅਸ ੧੨, ੪ : ੨ (418)

ਰੁਲਾਈ –
“ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ।” (ਰੁਲਾਓ, ਖੁਆਰ ਕਰੋ)
– ਭੈਰ ਕਬ, ੧੨, ੩ : ੩ (1160)

ਰੁਲਿ ------ ਖੁਆਰ ਹੋਣਾ
“ਤੂ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ।”
– ਤੁਖਾ ੧, ਛੰਤ ੪, ੨ : ੨ (1111)
“ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ।” (ਖੁਆਰ ਹੋ ਕੇ)
– ਸਲੋ ੩, ੪੧ : ੩ (1417)

ਹੋਰ ਰੂਪ:

ਰੁਲੀ –
“ਵੰਨੁ ਗਇਆ ਰੂਪੁ ਵਿਣਸਿਆ ਦੁਖੀ ਏਹ ਰੁਲੀ।” (ਖੁਆਰ ਹੋਈ)
– ਮਲਾ ੧, ਵਾਰ ੨੦ਸ, ੧, ੨ : ੨ (1287)

ਰੁਲੀਜੈ ------ ਰੁਲੀਏ
"ਬਸੁਧਾ ਤਲੈ ਤਲੈ ਸਭ ਊਪਰਿ ਮਿਲਿ ਸਾਧੂ ਚਰਨ ਰੁਲੀਜੈ।"
– ਕਲਿ ੪, ਅਸ ੩, ੨ : ੧ (1324)

ਰੁਲੈ -------- ਰੁਲਦਾ/ਖੁਆਰ ਹੁੰਦਾ ਹੈ
"ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ।"
– ਵਡ ੩, ਮਲਾ ੨, ੪ : ੪ (583)

ਰੁੜਣੇ ------- ਰੁੜ, ਸੁੰਦਰ
"ਹਰਿ ਤੁਮ ਵਡ ਅਗਮ ਅਗੋਚਰ ਸੁਆਮੀ ਸਭਿ ਧਿਆਵਹਿ ਹਰਿ ਰੁੜਣੇ।" (ਸੁੰਦਰ ਹਰੀ)
– ਨਟ ੪, ੬, ੧ : ੧ (977)
(ਮਹਾਨਕੋਸ਼ ਅਰਥ 'ਪ੍ਰਗਟ' ਕਰਦਾ ਹੈ)

ਰੁੜਾਈ ------ ਰੋੜ੍ਹ ਦਿੱਤੇ
"ਕਹੁ ਨਾਨਕ ਸੰਤ ਹਰਿ ਰਾਖੇ ਨਿੰਦਕ ਦੀਏ ਰੁੜਾਈ।"
– ਆਸਾ ੫, ੪੧, ੪ : ੧ (381)

ਹੋਰ ਰੂਪ:

ਰੁੜ੍ਹਾਈ –
"ਜਿਨਿ ਜਿਨਿ ਕਰੀ ਅਵਗਿਆ ਜਨ ਕੀ ਤੇ ਤੈਂ ਦੀਏ ਰੁੜ੍ਹਾਈ।" (ਰੁੜ੍ਹਾ ਦਿੱਤੇ)
– ਸਾਰ ੫, ਅਸ ੧, ੬ : ੨ (1235)

ਰੂਆਇਆ -- ਰੋਇ ਨੂੰ
"ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ।"
– ਆਸਾ ੧, ਵਾਰ ੩ : ੪ (464)

ਰੂਆਇਦਾ --- ਰੁਆਉਂਦਾ, ਸਹਿਮ ਪਾ ਰਿਹਾ, ਗਜਦਾ
"ਮਨਮੁਖੁ ਅੰਧੁ ਨ ਚੇਤੈ ਮੂੜਾ ਸਿਰ ਊਪਰਿ ਕਾਲੁ ਰੂਆਇਦਾ।"
– ਮਾਰੂ ੩, ਸੋਲ ੧੭, ੭ : ੩ (1061)

ਰੂਆਈਐ --- ਰੋਈਏ ਭਾਵ ਪੁਕਾਰ ਕਰੀਏ
"ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸ ਥੈ ਜਾਇ ਰੂਆਈਐ।"
– ਆਸਾ ੧, ਅਸ ੧੨, ੭ : ੨ (418)
"ਗਰਬਿ ਮੁਸੈ ਘਰੁ ਚੋਰੁ ਕਿਸੁ ਰੂਆਈਐ।" (ਰੋ ਰੋ ਕੇ ਦਸੀਏ)
– ਸੂਹੀ ੧, ਅਸ ੪, ੫ : ੨ (752)

ਰੂਆਏ ------ ਰੁਆਉਂਦਾ ਹੈ
"ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ।"
– ਵਡ ੧, ਅਲਾ ੫, ੧ : ੬ (582)

ਰੂਆਵਣਾ --- ਸ਼ਿਕਾਇਤ ਕਰਨਾ, ਪੁਕਾਰ ਕਰਨਾ, ਰੋਸ ਕਰਨਾ
"ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ।"
– ਵਡ ੧, ਛੰਤ ੧, ੩ : ੪ (566)

ਰੂਸੀਐ ----- ਰੁਸੀਏ, ਗੁੱਸੇ ਹੋਈਏ
"ਤਿਸੁ ਸਿਉ ਕਿਉ ਮਨ ਰੂਸੀਐ ਜਿਸਹਿ ਹਮਾਰੀ ਚਿੰਦ।"
– ਮਾਰੂ ੫, ਵਾਰ ੧੦ਸ, ੫, ੨: ੨(1097)

ਰੂਹੜੇ ------ ਰੂਹ ਭਾਵ ਜੀਵ
"ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ।"
– ਮਾਰੂ ੫, ਵਾਰ ੫ਸ, ੫, ੩ : ੧ (1095)

ਰੂਹਾਂ ------ ਆਤਮਾਵਾਂ
"ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ।"
– ਸਲੋ ਫਰ, ੯੭ : ੨ (1383)

ਰੂਹੁ – ਆਤਮਾ ਭਾਵ ਜੀਵ
"ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ।"
– ਸਲੋ ਫਰ, ੨੬ : ੨ (1379)

ਰੂਖ ------- ਦਰਖਤ, ਬ੍ਰਿਛ
"ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ।"
– ਆਸਾ ਰਵਿ, ੩, ੧ : ੨ (486)

ਰੂਖਾ ------ ਰੁਖਾ
"ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ।"
– ਬਿਲਾ ੫, ੪੪, ੨ : ੧ (811)

ਰੂਖਿ ------ ਰੁਖ, ਦਰਖਤ
"ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ।"
– ਗਉ ੫, ਅਸ ੭, ੧* : ੨ (223)

ਹੋਰ ਰੂਪ:

ਰੂਖੰੀ –
"ਰੂਖੰੀ ਬਿਰਖੰੀ ਊਡਉ ਭੂਖਾ ਪੀਵਾ ਨਾਮੁ ਸੁਭਾਈ।" (ਰੁਖਾਂ ਵਿਚ)
– ਮਲਾ ੧, ਅਸ ੩, ੪ : ੧ (1274)

ਰੂਖੋ ------- ਭੁਖਾ, ਅਣਚੋਪੜਿਆ
"ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ।"
– ਕਾਨ ੫, ੪੨, ੨ : ੨ (1306)

ਰੂਚਾ ------ (1) ਰੁਚੀ, ਸ਼ਰਾਬ ਪੀਣ ਦੀ ਉਮੰਗ
"ਓਹੀ ਭਾਠੀ ਓਹੀ ਪੋਚਾ ਉਹੀ ਪਿਆਰੋ ਓਹੀ ਰੂਚਾ।"
– ਗਉ ੫, ੧੫੭*, ੨ : ੧ (214)

(2) ਭਾਉਂਦਾ
"ਤੋਲਿ ਨ ਤੁਲੀਐ ਮੋਲਿ ਨ ਮੁਲੀਐ ਕਤ ਪਾਈਐ ਮਨ ਰੂਚਾ।"
– ਦੇਵ ੫, ੩੨, ੧ : ੨ (534)

ਰੂਤਉ ----- ਰੁਝਿਆ ਹੋਇਆ

"ਞਾਞਾ ਰਣਿ ਰੂਤਉ ਨਰ ਨੇਹੀ ਕਰੈ।"
– ਗਉ ਕਬ, ਬਾਅ ੨੧ : ੧ (341)

ਰੁਤਿ ------ ਰੁਤ, ਮੌਸਮ
"ਅਨ ਰੁਤਿ ਨਾਹੀ ਨਾਹੀ।"
– ਬਸੰ ੫, ੧੮, ੨ : ੩ (1185)

ਰੁਤੀ ------ ਰੁਤਾਂ ਵਿਚ
"ਆਨ ਰੁਤੀ ਆਨ ਬੋਈਐ ਫਲੁ ਨ ਫੂਲੈ ਤਾਹਿ।"
– ਮਾਰੂ ੫, ੧੩, ੧ : ੨ (1002)

ਰੂੰਧਹਿ ----- ਰੋਕਣਾ, ਮਲਣਾ
"ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ।"
– ਸਲੋ ਕਬ, ੬੪ : ੨ (1367)

ਰੂਧਾ ------ (1) ਰੁਝਿਆ, ਰੁਚਿਤ
"ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ।"
– ਵਡ ੩, ੫, ੩ : ੧ (559)

(2) ਰੁਕਿਆ ਹੋਇਆ
"ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ।"
– ਸੋਰ ਭੀਖ, ੧, ੧ : ੨ (659)

ਰੂਪ ------- (1) ਸ਼ਕਲ, ਸੂਰਤ, ਪ੍ਰਕਾਰ
"ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।"
– ਜਪੁ ੧, ੩੫ : ੪ (7)

"ਨਾਨਾ ਰੂਪ ਜਿਉ ਸ੍ਵਾਗੀ ਦਿਖਾਵੈ।"
– ਗਉ ੫, ਸੁਖ ੧੧, ੭ : ੭ (278)

(2) ਸੁੰਦਰਤਾ
"ਤਾ ਕੇ ਰੂਪ ਨ ਕਥਨੇ ਜਾਹਿ।"
– ਜਪੁ ੧, ੩੭ : ੬ (8)

(3) ਸਰੂਪ
"ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ।"
– ਗਉ ੫, ੧੬੫*, ੨ : ੧ (216)

"ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ।" (ਸਰੂਪ ਨੂੰ ਸਿੰਗਾਰਦੇ ਹਨ)
– ਆਸਾ ੧, ਵਾਰ ੧੧ਸ, ੧, ੨ : ੪ (469)

"ਆਨਦ ਰੂਪ ਧਿਆਵਹੁ।" (ਅਨੰਦ ਦੀ ਮੂਰਤ)
– ਬਿਲਾ ੫, ੧੨੮, ੨ : ੩ (830)

(4) ਰੂਪੀ
"ਕਲਿਆਣ ਰੂਪ ਮੰਗਲ ਗੁਣ ਗਾਮ।" (ਮੁਕਤ ਰੂਪੀ ਖੁਸ਼ੀ)
– ਗਉ ੫, ਸੁਖ ੯, ੫ : ੮ (274)

"ਰੋਗ ਰੂਪ ਮਾਇਆ ਨ ਬਿਆਪੈ।"

– ਸੂਹੀ ੫, ਅਸ ੨, ੪ : ੨ (760)

ਰੂਪੰ ------- (1) ਸੁੰਦਰਤਾ
“ਅਨਿਕ ਲੀਲਾ ਰਾਜ ਰਸ ਰੂਪੰ ਛਤ੍ਰ ਚਮਰ ਤਖਤ ਆਸਨੰ।”
– ਜੈਤ ੫, ਵਾਰ ੮ਸ, ੫, ੧ : ੧ (707)
(2) ਰੂਪੀ
“ਨਵੰਤ ਦੁਆਰੰ ਭੀਤ ਰਹਿਤੰ ਬਾਇ ਰੂਪੰ ਅਸਥੰਭਨਹ।”
– ਸਸ ੫, ੪ : ੨ (1354)

ਰੂਪਹੀਣ ---- ਸੁੰਦਰਤਾ ਤੋ ਵਿਹੂਣੀ
“ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ।”
– ਜੈਤ ੫, ਵਾਰ ੭ : ੩ (707)
ਹੋਰ ਰੂਪ:
ਰੂਪਹੀਨ –
“ਰੂਪਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ।”
– ਗਉ ੫, ੧੧੮, ੧ : ੧ (204)

ਰੂਪਵੰਤਿ ---- ਸੁੰਦਰ
“ਰੂਪਵੰਤਿ ਸਾ ਸੁਘੜਿ ਬਿਚਖਣਿ ਜੋ ਧਨ ਕੰਤ ਪਿਆਰੀ ਜੀਉ।”
– ਮਾਝ ੫, ੧੧, ੨ : ੨ (97)
ਹੋਰ ਰੂਪ:
ਰੂਪਵੰਤੁ –
“ਰੂਪਵੰਤੁ ਸੋ ਚਤੁਰੁ ਸਿਆਣਾ।”
– ਗਉ ੫, ੯੦, ੨ : ੧ (198)

ਰੂਪਾ ------ (1) ਚਾਂਦੀ
“ਸੁਇਨਾ ਰੂਪਾ ਫੁਨਿ ਨਹੀ ਦਾਮ।”
– ਗਉ ੫, ੧੦੬, ੩ : ੧ (187)
(2) ਸੁੰਦਰਤਾ
“ਸਰਬ ਨਿਧਾਨ ਮੰਗਲ ਰਸ ਰੂਪਾ ਹਰਿ ਕਾ ਨਾਮੁ ਅਧਾਰੋ।”
– ਸੋਰ ੫, ੪੮, ੨ : ੧ (620)

ਰੂਪਾਦ ----- ਰੂਪ ਆਦਿ, ਸੁੰਦਰਤਾ ਆਦਿ
“ਮਿਥਿਆ ਨੇਤ੍ਰ ਪੇਖਤ ਪਰ ਤ੍ਰਿਅ ਰੂਪਾਦ।”
– ਗਉ ੫, ਸੁਖ ੫, ੫ : ੩ (269)

ਰੂਪਾਵਤੀ ---- ਹੇ ਰੂਪਵਾਨ, ਹੇ ਸੁੰਦਰ
“ਉਰਝਿ ਰਹਿਓ ਸਭ ਸੰਗਿ ਅਨੂਪ ਰੂਪਾਵਤੀ।”
– ਗਉ ੫, ਬਾਅ ੫੫ਸ : ੨ (261)

ਰੂਪਿ ------ (1) ਰੂਪ ਵਿਚ, ਆਕਾਰ ਵਿਚ
“ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ।”

– ਆਸਾ ੧, ਸੋਪੁ ੧, ੩ : ੪ (11)

"ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ।" (ਭਾਵ ਦ੍ਰਿਸਟਮਾਨ ਸੰਸਾਰ)

– ਆਸਾ ੧, ੮, ੩ : ੨ (351)

(2) ਸ਼ਕਲ ਵਿਚ

"ਧਾਣਕ ਰੂਪਿ ਰਹਾ ਕਰਤਾਰ।"

– ਸਿਰੀ ੧, ੨੯, ੧ : ੪ (24)

(3) ਸੁੰਦਰਤਾ ਵਿਚ, ਸੁੰਦਰਤਾ ਕਰਕੇ

"ਰੂਪਿ ਅਨੂਪ ਪੂਰੀ ਆਚਾਰਿ।"

– ਆਸਾ ੧, ੩, ੧ : ੨ (370)

ਰੂਪੀ ------ (1) ਰੂਪਾਂ ਵਿਚ, ਸ਼ਕਲ/ ਆਕਾਰ ਵਿਚ

"ਸਰਬੀ ਰੰਗੀ ਰੂਪੀ ਤੂੰਹੈ ਤਿਸੁ ਬਖਸੇ ਜਿਸੁ ਨਦਰਿ ਕਰੇ।"

– ਆਸਾ ੧, ੨੨, ੧* : ੨ (355)

"ਗੋਬਿਦੁ ਗਾਜੈ ਸਬਦੁ ਬਾਜੈ ਅਨਦ ਰੂਪੀ ਮੇਰੋ ਰਾਮਈਆ।"

– ਪ੍ਰਭਾ ਨਾਮ, ੨, ੧* : ੧ (1351)

(2) ਸੁੰਦਰਤਾ ਦੁਆਰਾ

"ਰੂਪੀ ਭੁਖ ਨ ਉਤਰੈ ਜਾ ਦੇਖਾਂ ਤਾਂ ਭੁਖ।"

– ਮਲਾ ੧, ਵਾਰ ੨੧ਸ, ੧, ੨ : ੩ (1287)

ਹੋਰ ਰੂਪ:

ਰੂਪੰੀ –

"ਨ ਭੀਜੈ ਰੂਪੰੀ ਮਾਲੰੀ ਰੰਗਿ।"

– ਸਾਰ ੪, ਵਾਰ ੧ਸ, ੧, ੨ : ੪ (1237)

ਰੂਪੀਆ ---- ਰੂਪ ਵਾਲਾ, ਸ਼ਕਲਾਂ ਵਾਲਾ

"ਸਰਬ ਸਾਸਤ੍ਰ ਬਹੁ ਰੂਪੀਆ ਅਨ ਗੁਰੂਆ ਅਖਾੜਾ ਮੰਡਲੀਕ ਬੋਲ ਬੋਲਹਿ ਕਾਛੇ।"

– ਮਲਾ ਨਾਮ, ੧, ੩ : ੨ (1292)

ਰੂਪੁ ------- (1) ਸੁੰਦਰਤਾ

"ਕੇਤਾ ਤਾਣੁ ਸੁਆਲਿਹੁ ਰੂਪੁ।"

– ਜਪੁ ੧, ੧੬ : ੧੮ (3)

"ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ।"

– ਗਉ ੫, ਸੁਖ ੯, ੧ : ੩ (274)

(2) ਸ਼ਕਲ, ਪ੍ਰਤਖ ਦਿਖ

"ਸਰਮ ਖੰਡ ਕੀ ਬਾਣੀ ਰੂਪੁ।"

– ਜਪੁ ੧, ੩੬ : ੩ (7)

"ਤਿਸੁ ਰੂਪੁ ਨ ਰੇਖਿਆ ਘਟਿ ਘਟਿ ਦੇਖਿਆ ਗੁਰਮੁਖਿ ਅਲਖੁ ਲਖਾਵਣਿਆ।" (ਭਾਵ 'ਚਿਹਨ ਚੱਕਰ')

– ਗਉ ੪, ਅਸ ੩੪, ੧*, : ੨ (129)

"ਕਵਨ ਰੂਪੁ ਤੇਰਾ ਆਰਾਧਉ।" (ਸਰੂਪ)

– ਗਉ ੫, ੧੦੫, ੧ : ੧ (186)

(3) ਰੂਪ, ਸਮਾਨ

"ਹਰਿ ਹਰਿ ਰੂਪੁ ਸਭ ਜੋਤਿ ਸਬਦੀ ਹਰਿ ਨਿਕਟਿ ਵਸੈ ਹਰਿ ਕੋਲੀ।"

– ਗਉ ੪, ੫੩, ੨ : ੨ (168)

"ਜੋ ਦੀਸੈ ਸੋ ਤੇਰਾ ਰੂਪੁ।"

– ਤਿਲੰ ੫, ੨, ੩ :੧ (724)

(4) ਸਮਰਥਾ

"ਭਗਤਾ ਕਾ ਅੰਗੀਕਾਰੁ ਕਰਦਾ ਆਇਆ ਕਰਤੈ ਅਪਣਾ ਰੂਪੁ ਦਿਖਾਇਆ।"

– ਭੈਰ ੩, ਅਸ ੧, ੧੩ : ੪ (1155)

ਰੂਪੇਣ ------ ਰੂਪ ਵਾਲਾ, ਹਸਤੀ ਵਾਲਾ

"ਗੁਸਾਂਈ ਗਰਿਸ੍ਰ ਰੂਪੇਣ ਸਿਮਰਣੰ ਸਰਬਤ੍ਰ ਜੀਵਣਹ।"

– ਸਸ ੫, ੫੪ : ੧ (1359)

ਰੂਪੈ ------- ਸੁੰਦਰਤਾ ਨਾਲ

"ਰੂਪੈ ਕਾਮੈ ਦੋਸਤੀ ਭੁਖੈ ਸਾਦੈ ਗੰਢੁ।"

–ਮਲਾ ੧, ਵਾਰ ੨੩ਸ, ੧, ੧ : ੧ (1288)

ਰੂਪੋ ------- ਰੂਪ ਹੀ, ਸਮਾਨ ਹੀ

"ਹਰਿ ਹਰਿ ਰੂਪ ਹਰਿ ਰੂਪੋ ਹੋਵੈ ਹਰਿ ਜਨ ਕਉ ਪੂਜ ਕਰਾਵੈ ਗੋ।"

– ਕਾਨ ੪, ਅਸ ੬, ੬ : ੩ (1311)

ਰੂਲਣਾ ----- ਰੁਲਣਾ, ਖੁਆਰ ਹੋਣਾ

"ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ।"

– ਮਾਝ ੫, ਦਿਨ ੧ : ੮ (136)

(ਮਹਾਨਕੋਸ਼ ਅਰਥ 'ਮਿਲਣਾ' ਕਰਦੇ ਹਨ)

ਰੂਲਿਆ ---- ਰੁਲਿਆ

"ਸੋ ਤਨੁ ਧਰ ਸੰਗਿ ਰੂਲਿਆ।" (ਭਾਵ ਮਿਲਿਆ)

– ਗਉ ੫, ੧੩੯*, ੩ : ੨ (210)

ਰੂਲੇ ------- ਰੁਲੇ, ਖੁਆਰ ਹੋਏ

"ਖਸਮ ਬਿਸਾਰਿ ਮਾਟੀ ਸੰਗਿ ਰੂਲੇ।"

– ਸੂਹੀ ਕਬ, ੩, ੪ : ੪ (793)

ਰੂੜਉ ----- ਪ੍ਰਸਿੱਧ ਤੇ ਸ੍ਰੇਸਟ (ਮਹਾਨ ਕੋਸ਼) ਸੁੰਦਰ (ਸ਼ਬਦਾਰਥ, ਦਰਪਣ)

"ਰੂੜਉ ਠਾਕੁਰੁ ਨਾਨਕਾ ਸਭਿ ਸੁਖ ਸਾਚਉ ਨਾਮੁ।"

– ਮਲਾ ੧, ਵਾਰ ੧ਸ, ੧, ੨ : ੨ (1279)

ਰੂੜਾ ------ ਸੋਹਣਾ, ਸੁੰਦਰ

"ਗੁਰਮੁਖਿ ਨਾਮੁ ਜਪੈ ਮਨੁ ਰੂੜਾ।"

– ਆਸਾ ੧, ਅਸ ੮, ੩ : ੪ (415)

ਹੋਰ ਰੂਪ:

ਰੂੜੀ –
"ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ।" (ਸੁੰਦਰ)
– ਆਸਾ ੧, ਅਸ ੧੯, ੧ : ੧ (421)
ਰੂੜੈ –
"ਘਰਿ ਘਰਿ ਕੰਤੁ ਸਹੇਲੀਆ ਰੂੜੇ ਹੇਤਿ ਪਿਆਰੇ।" (ਸੁੰਦਰ ਪਤੀ)
– ਵਡ ੧, ਅਲਾ ੩, ੭ : ੩ (581)
ਰੂੜੋ –
"ਰੂੜੋ ਜਿਹ ਬਸਿਓ ਰਿਦ ਮਾਹੀ।" (ਸੁੰਦਰ ਹਰੀ)
– ਗਉ ੫, ਬਾਅ ੪੭ : ੩ (260)
"ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ।" (ਪ੍ਰਸਿੱਧ, ਉੱਤਮ)
– ਆਸਾ ੧, ਅਸ ੧੯, ੧ : ੧ (421)
"ਰੂੜੋ ਮਨੁ ਹਰਿ ਰੰਗੋ ਲੋੜੈ।"(ਭਾਵ ਰੰਗਲਾ)
– ਟੋਡੀ ੫, ੧੮, ੧* : ੧ (715)
ਰੂੜੌ –
"ਰੂੜੌ ਰੂੜੌ ਆਖੀਐ ਭਾਈ ਰੂੜੌ ਲਾਲ ਚਲੂਲ।" (ਸੁੰਦਰ)
– ਸੋਰ ੧, ਅਸ ੪, ੩ : ੧ (637)
ਰੂੜ੍ਹੀ –
"ਨਾਮੁ ਸਮ੍ਹਾਲਸਿ ਰੂੜ੍ਹੀ ਬਾਣਿ।" (ਸੁੰਦਰ)
– ਮਲਾ ੧, ਅਸ ੪, ੨ : ੩ (1275)
ਰੂੜ੍ਹੇ –
"ਏ ਮਨ ਰੂੜ੍ਹੇ ਰੰਗਲੇ ਤੂੰ ਸਚਾ ਰੰਗੁ ਚੜਾਇ।"
– ਆਸਾ ੩, ਅਸ ੩੧, ੧* : ੧ (427)

ਰੇ -------- (1) ਸੰਬੋਧਕ ਸ਼ਬਦ, ਹੇ
"ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।"
– ਗੂਜ ੫, ਸੋਦ ੫, ੧ : ੧ (10)
"ਕਹਤ ਕਬੀਰ ਚੇਤਿ ਰੇ ਅੰਧਾ।"
– ਗਉ ਕਬ, ੧੬, ੬ : ੧ (326)
(2) ਨਿਰਾਦਰੀ ਦੇ ਬਚਨ, ਦੁਰਬਚਨ
"ਰੇ ਰੇ ਦਰਗਹ ਕਹੈ ਨ ਕੋਊ।"
– ਗਉ ੫, ਬਾਅ ੧੦ : ੩ (252)
(3) ਕਰੜੇ, ਸਖਤ
"ਇਕ ਆਪੀਨੈ੍ਹ ਪਤਲੀ ਸਹ ਕੇ ਰੇ ਬੋਲਾ।"
– ਸੂਹੀ ਫਰ, ੨, ੨ : ੧ (794)

ਰੇਸਮੀ ----- (ਫ. ਰੇਸ਼ਮੀ) ਰੇਸ਼ਮੀ, ਪਟ ਦਾ ਬਣਿਆ ਹੋਇਆ
"ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ।"
– ਬਿਲਾ ੫, ੪੪, ੩ : ੨ (811)

ਰੇਖ ------- (1) ਲੀਹ
"ਕੁੰਟ ਚਾਰਿ ਦਹਦਿਸਿ ਭ੍ਰਮੇ ਕਰਮ ਕਿਰਤਿ ਕੀ ਰੇਖ।"

– ਗਉ ੫, ਬਾਅ ੧੭ਸ : ੧ (253)

(2) (ਸੰ.) ਲਕੀਰਾਂ, ਨਿਖੇੜੇ ਦਾ ਚਿੰਨ੍ਹ, ਚਿਹਨ

"ਰੂਪ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ।

– ਗਉ ੫, ਸੁਖ ੧੬ਸ : ੧ (283)

"ਕਿਰਤ ਰੇਖ ਕਰਿ ਕਰਮਿਆ।" (ਕੀਤੇ ਕੰਮਾਂ ਦੀ ਲਿਖਤ ਅਨੁਸਾਰ)

– ਬਸੰ ੫, ਅਸ ੨, ੬ : ੨ (1193)

(3) ਧਾਰ

"ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ।"

– ਸਲੋ ਫਰ, ੧੪ : ੨ (1378)

ਰੇਖੰ -------- ਚਿਹਨ

"ਮੁਕਤ ਭਏ ਪ੍ਰਭ ਰੂਪ ਨ ਰੇਖੰ।"

– ਗਉ ੧, ਅਸ ੭, ੧ : ੩ (223)

ਰੇਖਾ ------- ਲਕੀਰ

"ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ ਫੋਰਿ ਭਰਮ ਕੀ ਰੇਖਾ।"

– ਸਾਰ ੫, ੮੮, ੧* : ੨ (1221)

ਰੇਖਿਆ ----- ਲਕੀਰ, ਚਿਹਨ

"ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ।"

– ਮਾਝ ੩, ਅਸ ੧੯, ੧* : ੨ (120)

ਰੇਗਿ ------- ਰਸਤੇ ਤੇ, ਰਾਹੋ ਰਾਹ

"ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕਧਕਾ ਦਿਵਈਹੈ ਰੇ।"

– ਬਿਲਾ ਕਬ, ੧, ੧* : ੨ (855)

ਰੇਚਕ ------- ਸੁਆਸਾਂ ਦਾ ਬਾਹਰ ਕਢਣਾ

"ਪੂਰਕੁ ਕੁੰਭਕ ਰੇਚਕ ਕਰਮਾਤਾ।"

– ਗਉ ੫, ਬਾਅ ੧੬ : ੨ (253)

ਰੇਣ -------- ਮਿਟੀ, ਚਰਨ ਧੂੜ, ਧੂੜੀ

"ਰੇਣ ਸਗਲ ਇਆ ਮਨੁ ਕਰੈ ਏਊ ਕਰਮ ਕਮਾਇ।"

– ਗਉ ੫, ਬਾਅ ੩੧ : ੭ (256)

"ਸਰਬ ਕੀ ਰੇਣ ਹੋਵੀਜੈ।"

– ਰਾਮ ੩, ੪੪, ੪ : ੧ (896)

ਹੋਰ ਰੂਪ:

ਰੇਣਾ –

"ਆਪ ਛੋਡਿ ਸਭ ਹੋਇ ਰੇਣਾ ਜਿਸੁ ਦੇਇ ਪ੍ਰਭੁ ਨਿਰੰਕਾਰੁ।" (ਚਰਨਧੂੜੀ)

– ਸਿਰੀ ੫, ੯੫, ੩ : ੨ (51)

ਰੇਣਾਰੀ ------ ਧੂੜੀ, ਚਰਨ ਧੂੜੀ

"ਨਾਮੁ ਦਾਨੁ ਨਾਨਕ ਵਡਿਆਈ ਤੇਰਿਆ ਸੰਤ ਜਨਾ ਰੇਣਾਰੀ।"

– ਰਾਮ ੫, ਅਸ ੮, ੮ : ੧ (916)

ਹੋਰ ਰੂਪ:

ਰੇਣਾਰੁ –
“ਨਾਨਕ ਇਕੁ ਆਰਾਧੇ ਸੰਤਨ ਰੇਣਾਰ।” (ਚਰਨ ਧੂੜਾ)
– ਰਾਮ ੫, ਵਾਰ ੧੦ਸ, ੫, ੧ : ੮ (962)

ਰੇਣੁ ------- ਚਰਨਧੂੜ, ਧੂੜੀ
“ਭਾਈ ਰੇ ਸੰਤ ਜਨਾ ਕੀ ਰੇਣੁ।”
– ਸਿਰੀ ੧, ੧੨, ੧* : ੧ (18)
“ਚਰਣ ਰੇਣੁ ਗੁਰ ਕੀ ਮੁਖਿ ਲਾਗੀ।”
– ਗਉ ੫, ੧੦੭, ੨ : ੧ (187)

ਰੇਣੁਕਹ ---- ਧੂੜੀ
“ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗ ਸਗਲ ਰੇਣੁਕਹ।”
– ਸਸ ੫, ੪੦ : ੬ (1357)

ਹੋਰ ਰੂਪ:

ਰੇਣੁਕਾ
“ਸਾਧੂ ਕੀ ਹੋਹੁ ਰੇਣੁਕਾ ਅਪਣਾ ਆਪੁ ਤਿਆਗਿ।” (ਚਰਨ ਧੂੜ)
– ਸਿਰੀ ੫, ੭੮, ੩ : ੧ (45)

ਰੇਤ ------- (ਸੰ–) ਵੀਰਜ, ਧਾਤੁ
“ਰੰਚਕ ਰੇਤ ਖੇਤ ਤਨਿ ਨਿਰਮਿਤ ਦੁਰਲਭ ਦੇਹ ਸਵਾਰਿ ਧਰੀ।”
– ਸਮੁ ੫, ੩* : ੧ (1387)

ਰੇਤੁ ------- ਬਾਲੂ
“ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ।”
– ਸਲੋ ਕਬ, ੨੩੮ : ੧ (1377)

ਰੇਨ ------- ਮਿਟੀ, ਧੂੜੀ
“ਰਾਰਾ ਰੇਨ ਹੋਤ ਸਭ ਜਾ ਕੀ।”
– ਗਉ ੫, ਬਾਅ ੪੪ : ੧ (259)

ਹੋਰ ਰੂਪ:

ਰੇਨਾ –
“ਹਉ ਮਾਂਗਉ ਸੰਤਨ ਰੇਨਾ।”
– ਸੋਰ ਕਬ, ੧੧, ੧ : ੩ (656)

ਰੇਨਾਇਆ --- ਕਰਜੇ ਨਾਲ, ਰਿਨ ਨਾਲ
“ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ।”
– ਆਸਾ ੫, ੧੨੫, ੧ : ੨ (402)

ਰੇਨਾਈ ----- ਚਰਨ ਧੂੜ
“ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ।

– ਸਾਰ ੫, ੧੮, ੨ : ੧ (1207)

ਰੇਨਾਰਾ ----- ਚਰਨ ਧੂੜ
“ਹਮ ਸੰਤਜਨਾਂ ਰੇਨਾਰਾ।”
– ਸੋਰ ੫, ੫੯, ੨ : ੨ (623)

ਹੋਰ ਰੂਪ:

ਰੇਨਾਰੀ –
“ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ।” (ਚਰਨ ਧੂੜ)
– ਸੋਰ ੫, ੨੮, ੧ : ੧ (616)
ਰੇਨਾਰੁ –
“ਨਾਨਕੁ ਮੰਗੈ ਦਾਨੁ ਹਰਿ ਸੰਤਾ ਰੇਨਾਰੁ।” (ਚਰਨ ਧੂੜ)
– ਬਿਹਾ ੪, ਵਾਰ ੨੧ : ੪ (556)
ਰੇਨਾਰੇ –
“ਪਾਵਉ ਦਾਨੁ ਢੀਠੁ ਹੋਇ ਮਾਗਉ ਮੁਖਿ ਲਾਗੈ ਸੰਤ ਰੇਨਾਰੇ।” (ਧੂੜ)
– ਸੂਹੀ ੫, ੬, ੪ : ੧ (738)

ਰੇਨੁ ------- ਚਰਨ ਧੂੜ
“ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ।”
– ਮਾਝ ੫, ੧੮, ੪ : ੧ (100)

ਰੈ -------- ਕਿਰਨਾਂ ਵਾਲਾ
“ਕਲਿ ਵਿਚ ਧੂ ਅੰਧਾਰੁ ਸਾ ਚੜਿਆ ਰੈ ਭਾਣ।”
– ਰਾਮ ਬਸ, ਵਾਰ ੬ : ੮ (968)

ਰੈਣ ------- ਰਾਤ
“ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ।”
– ਗਉ ੫, ੧੫੨*, ੧ : ੧ (212)

ਰੈਣਾਇਰ --- ਸਮੁੰਦਰ
“ਰੈਣਾਇਰ ਮਾਹਿ ਅਨੰਤੁ ਹੈ ਕੂੜੀ ਆਵੈ ਜਾਇ।” (ਸੰਸਾਰ ਸਮੁੰਦਰ)
– ਰਾਮ ੩, ਵਾਰ, ੭ਸ, ੩, ੧ : ੨ (949)

ਰੈਣਾਰ ----- ਰਾਤ
“ਓਹੁ ਢਾਢੀ ਤੁਧੁ ਧਿਆਇ ਕਲਾਣੇ ਦਿਨੁ ਰੈਣਾਰ।”
– ਰਾਮ ੫, ਵਾਰ ੧੧ : ੫ (962)

ਹੋਰ ਰੂਪ:

ਰੈਣਾਰੇ –
“ਅਉਧ ਘਟੈ ਦਿਨਸੁ ਰੈਣਾਰੇ।” (ਰਾਤ)
– ਗਉ ੫, ਸੋਹ ੫, ੧* : ੧ (13)

ਰੈਣਿ ------ ਰਾਤ
“ਬਿਨੁ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ।”

– ਸਿਰੀ ੩, ੪੭, ੨ : ੨ (31)

"ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।" (ਉਮਰ ਰੂਪੀ ਰਾਤ)

– ਸਿਰੀ ੫, ੧੩, ੧* : ੨ (43)

"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ।" (ਰਾਤ ਦੇ)

– ਸਿਰੀ ੫, ੯੨, ੨ : ੧ (50)

ਹੋਰ ਰੂਪ:

ਰੈਣੀ –

"ਹਰਿ ਆਇ ਮਿਲਿਆ ਜਗ ਜੀਵਨੁ ਮੇਰੇ
ਗੋਵਿੰਦਾ ਮੈ ਸੁਖਿ ਵਿਹਾਣੀ ਰੈਣੀ ਜੀਉ।" (ਰਾਤ)

– ਗਉ ੪, ੬੭, ੪ : ੨ (174)

ਰੈਣੇ –

"ਸਫਲਾ ਸੁ ਦਿਨਸ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਾਨਾ।"

– ਬਿਹਾ ੫, ਛੰਤ ੨, ੪ : ੩ (543)

ਰੈਨੜੀਐ ---- **ਰਾਤੇ, ਹੇ (ਸੁਹਾਵਣੀ) ਰਾਤੇ**

"ਭਿੰਨੀ ਰੈਨੜੀਐ ਚਾਮਕਨਿ ਤਾਰੇ।

– ਆਸਾ ੫, ਛੰਤ ੧੦, ੧ : ੧ (459)

ਹੋਰ ਰੂਪ:

ਰੈਨੜੀਏ –

"ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ।" (ਰਾਤੇ)

– ਬਿਹਾ ੫, ਛੰਤ ੪, ੧ : ੧ (544)

ਰੈਨਾਇਰ --- **ਸਮੁੰਦਰ**

"ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ।"

– ਸਲੋ ਕਬ, ੧੨੬ : ੧ (1371)

ਰੈਨਾਈ ----- **ਰਾਤ ਦਾ**

"ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।"

– ਗਉ ੯, ੨, ੧ : ੨ (219)

ਰੈਨਾਰੇ ----- **ਰਾਤ**

"ਅਉਧ ਘਟੈ ਦਿਨਸੁ ਰੈਨਾਰੇ।"

– ਗਉ ੫, ੧੨੪, ੧* : ੧ (205)

ਰੈਨਿ ------ **ਰਾਤ**

"ਸਿਮਰਉ ਦਿਨ ਰੈਨਿ ਸਾਸ ਗਿਰਾਸਾ।"

– ਗਉ ੫, ੭੫, ੩ : ੪ (177)

"ਰੈਨਿ ਗਈ ਮਤ ਦਿਨੁ ਭੀ ਜਾਇ।"
(ਜੁਆਨੀ ਰੂਪੀ ਰਾਤ)

– ਸੂਹੀ ਕਬ, ੨, ੧* : ੧ (792)

ਹੋਰ ਰੂਪ:

ਰੈਨੀ –
“ਆਸ ਪਿਆਸੀ ਚਿਤਵਉ ਦਿਨੁ ਰੈਨੀ ਹੈ ਕੋਈ ਸੰਤੁ ਮਿਲਾਵੈ ਨੇਰਾ।”
– ਗਉ ੫, ੧੨੧*, ੧* : ੨ (204)

ਰੈਨੀ ------ (1) ਰਾਤ, ਵੇਖੋ ‘ਰੈਨਿ’
(2) ਰੰਗ ਦੀ ਮੱਟੀ
“ਤਨਿ ਰੈਨੀ ਮਨੁ ਪੁਨਰਪਿ ਕਰਿਹਉ ਪਾਚਉ ਤਤ ਬਰਾਤੀ।”
– ਆਸਾ ਕਬ, ੨੪, ੧ : ੧ (482)

ਰੈਨੇਹੀ ----- ਰਾਤ
“ਜਿਨਿ ਤੁਮ ਸਿਰਜੇ ਸਿਰਜਿ ਸਵਾਰੇ ਤਿਸੁ ਧਿਆਵਹੁ ਦਿਨੁ ਰੈਨੇਹੀ।”
– ਸੋਰ ੫, ੪, ੪ : ੧ (609)

ਰੈਬਾਰਿਆ --- (ਫਾ. ਰਹਿਬਰ), ਵਕੀਲ, ਅਗਵਾਈ ਕਰਨ ਵਾਲਾ
“ਪਰਵਿਰਤ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ।”
– ਮਲਾ ੧, ਵਾਰ ੫ : ੩ (1280)

ਰੈਬਾਰੀ ----- (ਫਾ. ਰਹਿਬਰੀ), ਅਗਵਾਈ
“ਸਤਿਗੁਰੁ ਵਿਸਟੁ ਮੇਲਿ ਮੇਰੇ ਗੋਵਿੰਦਾ ਹਰਿ ਮੇਲੇ ਕਰਿ ਰੈਬਾਰੀ ਜੀਉ।”
– ਗਉ ੪, ੬੭, ੪ : ੩ (174)

ਰੋ -------- ਸਬੰਧ ਬੋਧਕ, ਦਾ
“ਮਹਾਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹਭਾਗੜੋ ਭਾਹਿ ਸੰਜੋਇਓ ਰੇ।”
– ਟੋਡੀ ੫, ੧੯, ੧ : ੨ (715)

ਰੋਆਇਆ -- ਰੁਆਇਆ, ਰੁਦਨ ਕਰਾਇਆ
“ਸਹੰਸਰ ਦਾਨ ਦੇ ਇੰਦ੍ਰੁ ਰੋਆਇਆ।”
– ਰਾਮ ੩, ਵਾਰ ੧੪ਸ, ੧, ੧ : ੧ (953)

ਰੋਇ ------ ਰੁਦਨ ਕਰੇ
“ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ।”
– ਸਿਰੀ ੧, ੪, ੧* : ੨ (15)

ਹੋਰ ਰੂਪ:

ਰੋਇਆ –
“ਕੂਕ ਪੁਕਾਰ ਕੋ ਨ ਸੁਣੇ ਓਹੁ ਆਉਖਾ ਹੋਇ ਹੋਇ ਰੋਇਆ।” (ਰੁਦਨ ਕੀਤਾ)
– ਗਉ ੪, ਵਾਰ ੧੬ਸ, ੪, ੧ : ੩ (309)

ਰੋਈ –
“ਵਿਚਿ ਹਉਮੈ ਕਰਿ ਦੁਖੁ ਰੋਈ।” (ਰੁਦਨ ਕੀਤਾ)
– ਮਾਝ ੧, ਵਾਰ ੧੬ਸ, ੧, ੧ : ੫ (145)

ਰੋਈਹੈ
“ਰਾਜਾ ਰੰਕੁ ਦੋਊ ਮਿਲਿ ਰੋਈਹੈ।”(ਰੋਂਦੇ ਹਨ)

– ਗਉ ਕਬ, ੮, ੧ : ੨ (325)
ਰੋਏ –
“ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ।” (ਰੁਦਨ ਕਰੇ)
– ਆਸਾ ੫, ੪੨, ੧ : ੨ (381)

ਰੋਸੀ ------ ਰੋਏਗਾ
“ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ।”
– ਧਨਾ ੧, ਛੰਤ ੩, ੧ : ੪ (689)

ਰੋਸੁ ------- (ਸੰ.) ਗੁੱਸਾ, ਕ੍ਰੋਧ, ਰੋਸਾ
“ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ।”
– ਗਉ ੫, ਬਾਅ ੪੪ ਸ : ੧ (259)
“ਕਬੀਰ ਨਿਰਗੁਣ ਨਾਮ ਨ ਰੋਸੁ।” (ਭਾਵ ਬੇਮੁਖ ਨਾ ਹੋ)
– ਗਉ ਕਬ, ੯, ੪ : ੧ (325)
“ਰੋਸੁ ਨ ਕੀਜੈ ਅੰਮ੍ਰਿਤ ਪੀਜੈ ਰਹਣੁ ਨਹੀ ਸੰਸਾਰੇ।”
– ਰਾਮ ੧, ਓਅੰ ੧੧ : ੧ (931)

ਰੋਹਾ ------ ਗੁੱਸਾ, ਕ੍ਰੋਧ
“ਸਚੁ ਕਹੈ ਤਾ ਛੋਹੋ ਆਵੈ ਅੰਤਰਿ ਬਹੁਤਾ ਰੋਹਾ।”
– ਰਾਮ ੫, ਵਾਰ ੭ਸ, ੫, ੨ : ੪ (960)

ਰੋਹਿ ------ ਗੁੱਸੇ ਵਿਚ, ਕ੍ਰੋਧ ਵਿਚ
“ਕਿਤ ਕਉ ਸਾਹਿਬ ਆਵਹਿ ਰੋਹਿ।”
– ਸਿਰੀ ੧, ੩੦, ੨ : ੨ (25)

ਰੋਂਹਿ ------ ਰੋਂਦੇ ਹਨ
“ਮੋਇਆ ਰੋਂਹਿ ਰੋਂਦੇ ਮਰਿ ਜਾਂਹੀ।”
– ਮਲਾ ੧, ਵਾਰ ੨੦ਸ, ੧, ੧ : ੮ (1287)

ਰੋਹਿਆ ---- ਗੁੱਸੇ ਹੋਇਆ
“ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ।”
– ਧਨਾ ੪, ਛੰਤ ੧, ੪ : ੩ (690)

ਰੋਹੁ ------- ਗੁੱਸਾ, ਕ੍ਰੋਧ
“ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ।”
– ਰਾਮ ੧, ੩, ੨ : ੧ (877)

ਹੋਰ ਰੂਪ:
ਰੋਹੈ –
“ਦੁਰਮਤਿ ਭਾਗਹੀਨ ਮਤਿ ਫੀਕੇ ਨਾਮੁ ਸੁਨਤ ਆਵੈ ਮਨਿ ਰੋਹੈ।” (ਗੁੱਸੇ ਵਿਚ)
– ਗੂਜ ੪, ੨, ੩ : ੧ (493)

ਰੋਕਉ ----- ਰੋਕਾਂ
“ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ।”

– ਸੋਰ ੯, ੭, ੧* : ੨ (632)

ਹੋਰ ਰੂਪ:

ਰੋਕਿਆ –

“ਬਾਣੀ ਰੋਕਿਆ ਰਹੈ ਦੁਆਰਾ।”

(ਹਟਾਇਆ, ਮੋੜਿਆ, ਰੋਕਿਆ)

– ਗਉ ਕਬ, ਵਾ ੨ : ੩ (344)

ਰੋਕੀਆਂ –

“ਅਉਘਟ ਰੁਧੇ ਰਾਹ ਗਲੀਆਂ ਰੋਕੀਆਂ।” (ਰੁਕੀਆਂ ਹੋਈਆਂ ਹਨ)

– ਮਲਾ ੫, ਵਾਰ ੨੩ : ੩ (1288)

ਰੋਗ ------- ਬਿਮਾਰੀ, ਦੁਖ

“ਜਨਮ ਮਰਣ ਰੋਗ ਸਭ ਨਿਵਾਰੇ।”

– ਮਾਝ ੫, ੪੨, ੪ : ੨ (106)

ਹੋਰ ਰੂਪ:

ਰੋਗੰ –

“ਜਨਮੰ ਤ ਮਰਣੰ ਹਰਖੰ ਤ ਸੋਗੰ ਭੋਗੰ ਤ ਰੋਗੰ।” (ਦੁਖ, ਬਿਮਾਰੀ)

– ਸਸ ੫, ੧੨ : ੧ (1355)

ਰੋਗਹੁ ------ ਬਿਮਾਰੀ ਤੋਂ

“ਬਾਹ ਪਕੜਿ ਰੋਗਹੁ ਕਢਿ ਲਇਆ।”

– ਭੈਰ ੫, ੨੦, ੪ : ੨ (1141)

ਰੋਗਣਹ ---- ਰੋਗ

“ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ।”

– ਸਸ ੫, ੪੯ : ੪ (1358)

ਰੋਗਨੀ ----- ਰੋਗ

“ਆਵਤ ਹਰਖ ਨ ਜਾਵਤ ਦੂਖਾ ਨਹ ਬਿਆਪੈ ਮਨ ਰੋਗਨੀ।”

– ਰਾਮ ੫, ੩, ੧ : ੧ (883)

ਰੋਗਾ ------ (1) ਰੋਗ, ਬਿਮਾਰੀ

“ਨਾਮੁ ਨਿਧਾਨੁ ਸਤਿਗੁਰੂ ਸੁਣਾਇਆ ਮਿਟਿ ਗਏ ਸਗਲੇ ਰੋਗਾ ਜੀਉ।”

– ਮਾਝ ੫, ੧੭, ੨ : ੩ (99)

(2) ਰੋਗਾਂ ਦੀ, ਬਿਮਾਰੀਆਂ ਦੀ

“ਵੰਞੈ ਰੋਗਾਂ ਘਾਣਿ ਹਰਿ ਗੁਣ ਗਾਇਐ।”

– ਗੂਜ ੫, ਵਾਰ ੮ : ੨ (520)

ਰੋਗਿ ------ ਬਿਮਾਰੀ ਦੇ ਵਿਚ

“ਜੋ ਜਨਮੇ ਸੇ ਰੋਗਿ ਵਿਆਪੇ।”

– ਆਸਾ ੧, ੧੩, ੩ : ੧ (352)

“ਹਉਮੈ ਰੋਗਿ ਜਾ ਕਾ ਮਨੁ ਬਿਆਪਤਿ ਓਹੁ ਜਨਮਿ ਮਰੈ ਬਿਲਲਾਤੀ।”

– ਸੋਰ ੫, ੬, ੨ : ੨ (610)

ਰੋਗੀ ------ ਬਿਮਾਰ, ਰੋਗ ਗ੍ਰਹਸਤ
"ਮਨਮੁਖ ਰੋਗੀ ਹੈ ਸੰਸਾਰਾ।"
– ਮਾਝ ੩, ਅਸ ੧੫, ੬ : ੧ (118)

ਹੋਰ ਰੂਪ:

ਰੋਗੀਅੰ –
"ਨਿਰਧਨ ਭਯੰ ਧਨਵੰਤਹ ਰੋਗੀਅੰ ਰੋਗ ਖੰਡਨਹ।"
– ਸਸ ੫, ੨੦ : ੨ (1355)

ਰੋਗੁ ------- (1) ਬਿਮਾਰੀ
"ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਬਿਕਾਰੁ।"
– ਸਿਰੀ ੧, ੧੭, ੨ : ੨ (20)

(2) ਦੁਖ
"ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ।"
– ਸਿਰੀ ੧, ੨੦, ੧ : ੧ (21)

ਰੋਗੇ ------- ਬਿਮਾਰੀ ਨਾਲ /ਸਦਕਾ
"ਰੋਗੇ ਮਰਤਾ ਰੋਗੇ ਜਨਮੈ।"
– ਭੈਰ ੫, ੨੦, ੩ : ੧ (1141)

ਰੋਗੰ ------- ਰੋਗੀ, ਬਿਮਾਰ
"ਆਰੋਗੰ ਮਹਾ ਰੋਗੰ ਬਿਸਿਮ੍ਰਿਤੇ ਕਰੁਣਾ– ਮਯਹ।"
– ਸਸ ੫, ੨੫ : ੨ (1356)

ਰੋਜ ------- (1) ਨਿਤਾਪ੍ਰਤ, ਨਿਤ
"ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ।"
– ਮਾਝ ੧, ਬਾਰ ੯ : ੫ (135)

(2) (ਫਾ.ਰੋਜ਼) ਦਿਨ
"ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ।"
– ਤਿਲੰ ੧, ੧, ੩ : ੧ (721)

(3) ਗਮ, ਸ਼ੋਕ
"ਖੇਦੁ ਨ ਪਾਇਓ ਨਹ ਫੁਨਿ ਰੋਜ।"
– ਰਾਮ ੫, ੫੧, ੩ : ੨ (899)

ਰੋਜਗਾਰੁ ---- ਰੋਜ਼ੀ
"ਖਾਟਣ ਕਉ ਹਰਿ ਹਰਿ ਰੋਜਗਾਰੁ।"
– ਧਨਾ ੫, ੨੩, ੧ : ੨ (676)

ਰੋਜ਼ਾ ------ (ਫਾ. ਰੋਜ਼ਾ) ਹਿਜ਼ਰੀ ਸੰਮਤ ਦੇ ਰਮਜ਼ਾਨ ਦੇ ਮਹੀਨੇ ਰਖਿਆ ਜਾਣ ਵਾਲਾ ਵਰਤ
"ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।"
– ਮਾਝ ੧, ਵਾਰ ੭ਸ, ੧, ੧ : ੨ (140)
"ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ।"
– ਆਸਾ ਕਬ, ੧੭, ੨ : ੧ (480)

ਰੋਜਿ – ਨਿਤ, ਹੋਰ ਵੇਖੋ ਰੋਜ (1)

“ਨ ਭੀਜੈ ਸੋਗੀ ਕੀਤੈ ਰੋਜਿ।”

– ਸਾਰ ੪, ਵਾਰ ੧ਸ, ੧, ੨ : ੩ (1237)

ਰੋਜੀ ------ (ਫਾ. ਰੋਜ਼ੀ) ਨਿਤ ਦਾ ਭੋਜਨ, ਉਪਜੀਵਕਾ

“ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ।”

– ਰਾਮ ੩, ਵਾਰ ੧੯ਸ, ੨, ੧ : ੨ (955)

ਰੋਜੁ ------- ਹਰ ਰੋਜ਼ (ਦਾ ਨੇਮ), ਨਿਤ (ਦਾ ਨੇਮ)

“ਰੋਵਨਹਾਰੀ ਰੋਜੁ ਬਨਾਇਆ।”

– ਭੈਰ ੫, ੩੩, ੧ : ੧ (1145)

ਰੋਟੀ ------ ਚਪਾਤੀ

“ਹਰਿ ਰੁਖੀ ਰੋਟੀ ਖਾਇ ਸਮਾਲੇ।”

– ਮਾਝ ੫, ੩੭, ੨ : ੧ (105)

“ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।” (ਭਾਵ ਭੋਜਨ)

– ਆਸਾ ੧, ਅਸ ੧੧, ੫ : ੩ (417)

ਹੋਰ ਰੂਪ:

ਰੋਟੀਅਨ –

“ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ।”(ਰੋਟੀਆਂ ਦੇ, ਉਪਜੀਵਕਾ ਦਾ)

– ਮਾਰੂ ੫, ੧੫, ੩ : ੧ (1003)

ਰੋਟੀਆ –

“ਰੋਟੀਆ ਕਾਰਣਿ ਪੂਰਹਿ ਤਾਲ।” (ਉਪਜੀਵਕਾ ਲਈ)

– ਆਸਾ ੧, ਵਾਰ ੫ਸ, ੧, ੨ : ੫ (465)

ਰੋਡਤੀ ----- ਗੁੜ ਦੀ ਰੋੜੀ

“ਗਿਲੀ ਗਿਲੀ ਰੋਡੜੀ ਭਉਦੀ ਭਵਿ ਭਵਿ ਆਇ।” (ਭਾਵ ਮਾਇਆ)

– ਮਾਰੂ ੫, ਵਾਰ ੬ਸ, ੫, ੨ : ੧ (1097)

ਰੋਤ ------- ਰੋਂਦੇ ਹਨ

“ਤਜਿ ਗੋਪਾਲੁ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ।”

– ਕੇਦਾ ੫, ੧੩, ੨ : ੧ (1121)

ਹੋਰ ਰੂਪ:

ਰੋਤਾ –

“ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ।”(ਰੋਂਦਾ, ਰੁਦਨ ਕਰਦਾ)

– ਗਉ ੧, ਅਸ ੧੮, ੪ : ੨ (229)

ਰੋਤਿ –

“ਏਕੋ ਪਵਨੁ ਕਹਾ ਕਉਨੁ ਰੋਤਿ।” (ਰੋਂਦਾ)

– ਗਉ ੫, ੧੧੨, ੨ : ੨ (188)

ਰੋਂਦੇ ------ ਰੁਦਨ ਕਰਦੇ

"ਮੋਇਆ ਰੋਂਹਿ ਰੋਂਦੇ ਮਰਿ ਜਾਹੀਂ।"

– ਮਲਾ ੧, ਵਾਰ ੨੦ਸ, ੧, ੧ : ੮ (1287)

ਰੋਪਉ ----- (ਸੰ.) – ਜਮਾਉਣਾ, ਲਗਾਉਣਾ, ਕਿਸੇ ਫਟੇ ਥਾਂ ਉਪਰ ਬਰਾਬਰ ਦੀ ਟਾਕੀ ਕਟ ਕੇ ਲਗਾਉਣਾ ਤੇ ਛੇਦ ਬੰਦ ਕਰਨੇ

"ਨਹੀ ਰਾਂਬੀ ਠਾਉ ਰੋਪਉ।"

– ਸੋਰ ਰਵਿ, ੭, ੧ : ੨ (659)

ਰੋਪੈ ------- ਗੱਡੇ, ਕਾਇਮ ਕਰੇ

"ਗਗਨ ਮੰਡਲ ਮਹਿ ਰੋਪੈ ਥੰਮੁ।"

– ਰਾਮ ੩, ਵਾਰ ੧੨ਸ, ੧, ੬ : ੨ (953)

ਰੋਮ ------- (ਸੰ.) ਲੂੰ, ਵਾਲ, ਕੇਸ

"ਰੋਮ ਰੋਮ ਮਹਿ ਬਸਹਿ ਮੁਰਾਰਿ।"

– ਗਉ ਕਬ, ਥਿਤੀ ੧੫ : ੨^{੨} (344)

ਰੋਮਾਈ ----- ਰੋਮ ਵੀ

"ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ।"

– ਬਿਲਾ ੫, ੯੧, ੧ : ੧ (822)

ਰੋਮਾਵਲਿ --- ਰੋਮ, ਵਾਲ

"ਰੋਮਾਵਲਿ ਕੋਟਿ ਅਠਾਰਹ ਭਾਰ।"

– ਭੈਰ ਕਬ, ਅਸ ੨, ੩ : ੪ (1163)

ਹੋਰ ਰੂਪ:

ਰੋਮਾਵਲੀ –

"ਧਨਿ ਧਨਿ ਮੇਘਾ ਰੋਮਾਵਲੀ।" (ਭਾਵ ਉਂਨ)

– ਮਾਲੀ ਨਾਮ, ੧, ੧ : ੧ (988)

"ਬਾਵਨ ਕੋਟਿ ਜਾ ਕੈ ਰੋਮਾਵਲੀ।" (ਭਾਵ ਬਾਂਦਰਾਂ ਦੀ ਸੈਨਾ)

– ਭੈਰ ਕਬ, ੨, ੭ : ੧ (1163)

ਰੋਮਿ ------ ਰੋਮ ਦੁਆਰਾ

"ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ।"

– ਆਸਾ ੪, ਛੰਤ ੯, ੩ : ੨ (443)

"ਰੋਮਿ ਰੋਮਿ ਮਨਿ ਤਨਿ ਇਕ ਬੇਦਨ ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ।" (ਰੋਮ ਰੋਮ ਵਿਚ)

– ਬਿਲਾ ੪, ਅਸ ੯, ੨ : ੧ (836)

ਹੋਰ ਰੂਪ:

ਰੋਮੇ –

"ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖ ਧਿਆਏ ਰਾਮ।" (ਰੋਮ ਦੁਆਰਾ)

– ਆਸਾ ੪, ਛੰਤ ੯, ੩ : ੨ (443)

ਰੋਲ ------- ਰੌਲਾ

“ਸਬਦੁ ਨ ਸੁਣਈ ਬਹੁ ਰੋਲ ਘਚੋਲਾ।”

– ਗਉ ੪, ਵਾਰ ੨੪ਸ, ੩, ੨ : ੨ (313)

ਰੋਲਿ ------ ਰੁਲਾ ਕੇ

“ਓਸੁ ਬਿਨਾ ਤੂੰ ਛੁਟਕੀ ਰੋਲਿ।”

– ਆਸਾ ੫, ੮੨, ੨ : ੪ (390)

ਰੋਲੀਆ ---- ਰੁਲਾਵਾਂ

“ਹਰਿ ਮੇਲਹੁ ਸਜਣੁ ਪੁਰਖੁ ਮੇਰਾ ਸਿਰੁ ਤਿਸ ਵਿਟਹੁ ਤਲ ਰੋਲੀਆ।”

– ਗਉ ੪, ਵਾਰ ੧੯ਸ, ੪, ੧ : ੩ (311)

ਰੋਲੁ ------- (1) ਸਾਂਝ/ਸ਼ਿਰਕਤ ਦਾ ਝਗੜਾ

“ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ ਕਿਸੈ ਨਾ ਖਤੁ ਨਾਹੀ ਕਿਸੈ ਕੈ ਸੀਵ ਬੰਨੈ ਰੋਲੁ ਨਾਹੀ ਜੇ ਕੋ ਹਰਿ ਧਨ ਕੀ ਬਖੀਲੀ ਕਰੇ ਤਿਸ ਕਾ ਮੁਹੁ ਹਰਿ ਚਹੁ ਕੁੰਡਾ ਵਿਚ ਕਾਲਾ ਕਰਾਇਆ।”

– ਬਿਲਾ ੪, ਵਾਰ ੯ : ੪ (853)

(2) ਰੌਲਾ, ਗੜਬੜ

“ਘਰਿ ਦਰਿ ਸਾਚਾ ਨਾਹੀ ਰੋਲੁ।”

– ਰਾਮ ੧, ਅਸ ੬, ੨ : ੪ (905)

(3) ਸ਼ਕ, ਸੰਸਾ, ਭੁਲੇਖਾ

“ਜਿਨ ਧਿਆਇਆ ਹਿਰਦੈ ਦਿਨਸੁ ਰਾਤਿ ਤੇ ਮਿਲੇ ਨਹੀ ਹਰਿ ਰੋਲੁ।”

– ਕਾਨ ੪, ਵਾਰ ੧੨ : ੩ (1317)

ਰੋਵਸੀ ----- ਰੋਵੇ

“ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।”

– ਰਾਮ ਸੁੰਦ, ਸਦ ੪ : ੨ (923)

ਰੋਵਹ ------ ਰੋਈਏ, ਭਾਵ ਅਫਸੋਸ ਕਰੀਏ

“ਰੋਵਹ ਬਿਰਹਾ ਮਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ।”

– ਵਡ ੧, ਅਲਾ ੨, ੧ : ੨ (579)

ਰੋਵਹਿ ----- (1) ਫਰਿਆਦ ਕਰੇ, ਪੁਕਾਰ ਕਰੇ, ਰੋਏ

“ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ।”

– ਮਾਝ ੧, ਬਾਰਾ ੯ : ੫ (135)

(2) ਰੋਂਦੇ ਹਨ, ਅਫਸੋਸ ਕਰਦੇ ਹਨ

“ਏਕੁ ਮਰੈ ਪੰਚੇ ਮਿਲਿ ਰੋਵਹਿ।”

– ਆਸਾ ੧, ਅਸ ੪, ੧ : ੧ (413)

“ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ।” (ਰੋਣ)

– ਆਸਾ ੧, ਅਸ ੧੧, ੭ : ੨ (417)

ਰੋਵਹੀ ----- ਰੋਂਦੇ ਹਨ

“ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ।”

– ਮਲਾ ੧, ਵਾਰ ੧੫ : ੭ (1285)

ਰੋਵਹੁ ------ ਰੋਂਦੇ ਹੋ

"ਮੋਇਆ ਕਉ ਕਿਆ ਰੋਵਹੁ ਰੋਇ ਨ ਜਾਣਹੁ।"

– ਆਸਾ ੧, ਅਸ ੧੬, ੩ : ੧ (419)

"ਰੋਵਹੁ ਕੰਤ ਮਹੇਲੀਹੋ ਸਚੇ ਕੇ ਗੁਣ ਸਾਰੇ।"

– ਵਡ ੧, ਅਲਾ ੩, ੫ : ੪ (580)

ਹੋਰ ਰੂਪ:

ਰੋਵਹੁਗੇ –

"ਤੁਮ ਰੋਵਹੁਗੇ ਓਸ ਨੋ ਤੁਮ੍ ਕਉ ਕਉਣੁ ਰੋਈ।" (ਰੋਵੋਗੇ)

– ਆਸਾ ੧, ਅਸ ੧੩, ੩ : ੨ (418)

ਰੋਵਣ ------ ਰੋਣ ਲਈ

"ਤੁਸੀ ਰੋਵਹੁ ਰੋਵਣ ਆਈਹੋ ਝੂਠਿ ਮੁਠੀ ਸੰਸਾਰੇ।"

– ਵਡ ੧, ਅਲਾ ੩, ੭ : ੧ (580)

ਰੋਵਣਹਾਰਾ -- ਰੋਣ ਵਾਲਾ, ਅਫਸੋਸ ਕਰਨ ਵਾਲਾ

"ਜਿਸ ਕਾ ਸਾ ਸੋ ਤਿਨ ਹੀ ਲੀਆ ਭੂਲਾ ਰੋਵਣਹਾਰਾ ਹੇ।"

– ਮਾਰੂ ੧, ਸੋਲਾ ੭, ੭ : ੩ (1027)

ਹੋਰ ਰੂਪ:

ਰੋਵਣਹਾਰੇ –

"ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ।" (ਰੋਣ ਵਾਲੇ, ਅਫਸੋਸ ਦੇ ਪਾਤਰ)

– ਵਡ ੧, ਅਲਾ ੫, ੪ : ੩ (582)

ਰੋਵਣਹਾਰੇਵਾ –

"ਰੋਵੈ ਮਾਇਆ ਮੁਠੜੀ ਧੰਧੜਾ ਰੋਵਣਹਾਰੇਵਾ।" (ਰੋਂਦੀ ਹੈ)

– ਵਡ ੧, ਅਲਾ ੪, ੪ : ੨ (581)

ਰੋਵਣਵਾਲੇ --- ਰੋਣਹਾਰ

"ਰੋਵਣਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ।"

– ਸਿਰੀ ੧, ੩, ੨ : ੩ (15)

ਰੋਵਣਾ ----- ਰੋਣਾ, ਪਛਤਾਵਣਾ, ਅਫਸੋਸ ਕਰਨਾ

"ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ।"

– ਗੂਜ ੫, ਵਾਰ ੧੮ : ੭ (523)

"ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ।"

– ਵਡ ੧, ਅਲਾ ੫, ੪ : ੧ (582)

ਰੋਵਣੁ ------ ਰੋਣਾ, ਰੁਦਨ

"ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ।"

– ਵਡ ੧, ਅਲਾ ੧, ੪ : ੨ (579)

ਰੋਵਤ ------- **ਰੋਂਦਾ**

"ਉਪਜਤ ਬਿਨਸਤ ਰੋਵਤ ਰਹਿਬੋ।"

– ਗਉ ਕਬ, ੮, ੧* : ੨ (325)

ਹੋਰ ਰੂਪ:

ਰੋਵਤੁ –

"ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ।" (ਰੋਂਦਾ)

– ਸਾਰ ਕਬ, ੨, ੧ : ੧ (1252)

ਰੋਵੰਦੀ ------ **ਰੋਂਦੀ**

"ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ।"

– ਵਡ ੧, ੩, ੧ : ੧੩ (558)

ਰੋਵਨਹਾਰਾ --- **ਰੋਣ ਵਾਲਾ ਬਣਦਾ ਹੈ, ਰੋਂਦਾ ਹੈ**

"ਕਰੈ ਨ ਝੁਰੈ ਨਾ ਮਨੁ ਰੋਵਨਹਾਰਾ।"

– ਆਸਾ ੫, ੨੧, ੧* : ੧ (376)

ਹੋਰ ਰੂਪ:

ਰੋਵਨਹਾਰੀ –

"ਰੋਵਨਹਾਰੀ ਰੋਜੁ ਬਨਾਇਆ।" (ਰੋਣ ਵਾਲੀ ਨੇ)

– ਭੈਰ ੫, ੩੩, ੧ : ੧ (1145)

ਰੋਵਨਹਾਰੁ –

"ਏਕੁ ਕਬੀਰਾ ਨਾ ਮੂਆ ਜਿਹ ਨਾਹੀ ਰੋਵਨਹਾਰੁ।" (ਰੋਣ ਵਾਲਾ)

– ਸਲੋ ਕਬ, ੬੯ : ੨ (1368)

ਰੋਵਨਹਾਰੈ –

"ਰੋਵਨਹਾਰੈ ਝੂਠੁ ਕਮਾਨਾ।" (ਰੋਣ ਵਾਲੇ ਨੇ)

– ਆਸਾ ੫, ੭੫, ੧ : ੧ (389)

ਰੋਵਨਿ ------ **ਰੋਂਦੇ ਹਨ**

"ਮਾਉ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ।"

– ਮਾਝ ੧, ਵਾਰ ੨੬ਸ, ੧, ੧ : ੪ (149)

ਹੋਰ ਰੂਪ:

ਰੋਵੰਨਿ –

"ਆਪਣਾ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ।"(ਰੋਣ, ਅਫਸੋਸ ਕਰਨ)

– ਮਾਝ ੫, ਬਾਰਾ ੪ : ੭ (134)

ਰੋਵਨੁ –

"ਮਾਇਆ ਗਈ ਤਬ ਰੋਵਨੁ ਲਗਤੁ ਹੈ।"(ਰੋਣ)

– ਆਸਾ ਰਵਿ, ੬, ੧ : ੨ (487)

ਰੋਵਾ ------- **ਰੁਦਨ ਕਰਾਂ, ਰੋਵਾਂ**

"ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ।"

– ਸਿਰੀ ੧, ੨੪, ੨ : ੨ (23)

ਰਵੀਜੈ ------ ਰੋਵੋ
"ਮੇਰਾ ਮੇਰਾ ਕਰਿ ਰੋਵੀਜੈ।"
– ਮਾਰੂ ੧, ਸੋਲਾ ੭, ੮ : ੨ (1027)

ਰੋਵੈ ------- (1) ਰੋਂਦੀ ਹੈ, ਰੁਦਨ ਕਰਦੀ ਹੈ, ਅਫਸੋਸ ਕਰਦੀ ਹੈ।
"ਹੁਕਮੁ ਨ ਜਾਣੈ ਬਹੁਤਾ ਰੋਵੈ।"
– ਸਿਰੀ ੪, ਵਾਰ ੮ਸ, ੩, ੧ : ੧ (85)
"ਝੂਠਿ ਵਿਛੁੰਨੀ ਰੋਵੈ ਧਾਹੀ।"
– ਮਾਝ ੧, ਅਸ ੧, ੬ : ੨ (109)
"ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ।"
(ਪਛਤਾਉਂਦਾ ਹੈ)
– ਸੂਹੀ ੪, ੧੫, ੩ : ੨ (736)
(2) ਤਰਲੇ ਲਵੇ, ਲੋਚੇ
"ਵਸਤੁ ਪਰਾਈ ਕਉ ਉਠਿ ਰੋਵੈ।"
– ਧਨਾ ੫, ੨੨, ੩ : ੧ (676)
(3) ਦੁਖੀ ਹੋਏ
"ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ।"
– ਧਨਾ ੧, ਅਸ ੧, ੬ : ੪ (686)

ਰੋੜਾ ------ ਕੰਕਰ, ਰੁਕਾਵਟ
"ਕਬੀਰਾ ਰੋੜਾ ਹੋਇ ਰਹੁ ਬਾਟ ਕਾ ਤਜ ਮਨ ਕਾ ਅਭਿਮਾਨ।"
– ਸਲੋ ਕਬ, ੧੪੬ : ੧ (1372)

ਲ

ਲਉ ------- (1) ਲੀਨ ਹੋ, ਗਰਕ ਹੋ (ਮਹਾਨਕੋਸ਼); ਨਾਲ
"ਪੇਖਿ ਪੇਖਿ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ।"
– ਗਉ ੫, ੧੨੭*, ੨ : ੧ (206)
(2) ਤਕ, ਤੋੜੀ
"ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖੁਨੁ ਭਰੇ।"
– ਗਉ ੫, ੧੫੯, ੨ : ੧ (214)
"ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ।"
– ਸੋਰ ਕਬ, ੨, ੩ : ੧ (654)
(3) ਤਗੁਾਂ
"ਏਕ ਨਾਮ ਬਿਨੁ ਕਹ ਲਉ ਸਿਧੀਆ।"
– ਗਉ ੫, ਬਾਅ ੪੩ : ੨ (259)
(4) ਨਗੰਦੇ, ਤੋਪੇ
"ਲਉ ਨਾੜੀ ਸੂਆ ਹੈ ਅਸਤੀ।"
– ਰਾਮ ੫, ੧੩, ੧ : ੨ (886)
(ਮਹਾਨਕੋਸ਼ ਅਰਥ 'ਤੰਤ, ਧਾਗਾ' ਕਰਦਾ ਹੈ)
(5) ਲਵਾਂ, ਲੈਣ ਦੀ

"ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ।"
- ਸਸ ੫, ੬੬ : ੨ (1360)

(6) ਲੈ, ਉਚਾਰ
"ਮੂਰਤ ਘਰੀ ਚਸਾ ਪਲ ਸਿਮਰਨ ਰਾਮ ਨਾਮੁ ਰਸਨਾ ਸੰਗਿ ਲਉ।"
- ਸਮੁ ੫, ੨* : ੪ (1387)

ਲਉਕੀ ----- ਤੁੰਮੀ, ਤੁੰਬੀ, ਕਦੂ ਵਰਗੀ ਇਕ ਕਉੜੀ ਸਬਜ਼ੀ
"ਲਉਕੀ ਅਠਸਠਿ ਤੀਰਥ ਨ੍ਹਾਈ।"
- ਸੋਰ ਕਬ, ੮, ੨ : ੧ (656)

ਲਉਕੇ ----- ਤੂੰਬੇ
"ਰਵ ਸਸਿ ਲਉਕੇ ਇਹੁ ਤਨ ਕਿੰਗਰੀ ਵਾਜੈ ਸਬਦ ਨਿਰਾਰੀ।"
- ਰਾਮ ੧, ਅਸ ੯, ੭ : ੧ (907)

ਲਉਗ ----- ਲੌਂਗ
"ਕਿਨਹੀ ਬਨਜਿਆ ਕਾਂਸੀ ਤਾਂਬਾ ਕਿਨਹੀ ਲਉਗ ਸੁਪਾਰੀ।"
- ਕੇਦਾ ਕਬ, ੨, ੧ : ੧ (1123)

ਲਉਡਾ ----- ਲੌਂਡਾ, ਸੇਵਕ
"ਜੋ ਲਉਡਾ ਪ੍ਰਭਿ ਕੀਆ ਅਜਾਤਿ।"
- ਆਸਾ ੫, ੨੧, ੩ : ੧ (376)

ਹੋਰ ਰੂਪ:

ਲਉਡੇ -
"ਤਿਸੁ ਲਉਡੇ ਕਉ ਕਿਸ ਕੀ ਤਾਤਿ।"
- ਆਸਾ ੫, ੨੧, ੩ : ੨ (376)

ਲਇਉ ----- ਲਇਆ, ਲਿਆ
"ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ ਥਾਵਹੁ ਲਇਉ ਪਰਖਾਇ।"
- ਸਾਰ ੪, ਵਾਰ ੩੨ਸ, ੩, ੧ : ੫ (1249)

ਹੋਰ ਰੂਪ:

ਲਇਓ -
"ਜਿਉ ਉਦਿਆਨੁ ਕੁਸਮ ਪਰਫੁਲਿਤ ਕਿਨਹਿ ਨਾ ਘ੍ਰਾਉ ਲਇਓ।" (ਲਈ)
- ਗਉ ਕਬ, ੫੯, ੨ : ੧ (336)
"ਘਰ ਕੇ ਦੇਵ ਪਿਤਰ ਕੀ ਛੋਡੀ ਗੁਰ ਕੋ ਸਬਦੁ ਲਇਓ।"(ਲਿਆ, ਗ੍ਰਹਿਣ ਕੀਤਾ)
- ਬਿਲਾ ਕਬ, ੪, ੪ : ੧ (856)

ਲਇਓਨੁ ---- ਲੈਂਦਾ ਹੈ
"ਇਕਿ ਆਪਣੈ ਭਾਣੈ ਕਢਿ ਲਇਅਨੁ ਆਪੇ ਲਇਓਨੁ ਮਿਲਾਇ।"
- ਸਿਰੀ ੩, ੫੮, ੩ : ੨ (36)
"ਸਭੁ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ।" (ਲੈਂਦੇ ਹਨ)
- ਸਿਰੀ ੫, ੭੨, ੩ : ੨ (42)

ਲਇਅਨੁ ---- ਲੈਂਦਾ ਹੈ
"ਠੋਕਿ ਵਜਾਇ ਸਭ ਡਿਠੀਆ ਤੁਸਿ ਆਪੇ ਲਇਅਨੁ ਛਡਾਇ ਜੀਉ।"
– ਸਿਰੀ ੫, ਅਸ ੨੯, ੧੨ : ੩ (74)
"ਨਾਨਕ ਤਿਨ ਕਾ ਆਖਿਆ ਆਪਿ ਸੁਣੇ ਜਿ ਲਇਅਨੁ ਪੰਨੈ ਪਾਇ।"
(ਲਏ ਹਨ; ਭਾਵ ਆਪਣੇ ਬਣਾ ਲਏ ਹਨ, ਆਪਣੀ ਵਹੀ ਤੇ ਚੜਾ ਲਏ ਹਨ)
– ਬਿਲਾ ੪, ਵਾਰ ੯ਸ, ੩, ੧ : ੭ (853)

ਲਇਆ ---- (1) ਲਿਆ
"ਹਉਮੈ ਮੇਰਾ ਰਹਿ ਗਇਆ ਸਚੈ ਲਇਆ ਮਿਲਾਇ।"
– ਸਿਰੀ ੩, ੫੫, ੩ : ੩ (35)
(2) ਪ੍ਰਾਪਤ ਕੀਤਾ
"ਕਰਮਿ ਮਿਲੈ ਤਾ ਪਾਈਐ ਆਪਿ ਨ ਲਇਆ ਜਾਇ।"
– ਸਿਰੀ ੧, ਅਸ ੧੨, ੭ : ੧ (61)
"ਆਪਹੁ ਕਛੂ ਨ ਕਿਨਹੂ ਲਇਆ।"
– ਗਉ ੫, ਸੁਖ ੬, ੮ : ੮ (271)
(3) ਉਚਾਰਨ ਕੀਤਾ, ਜਪਿਆ
"ਸਾਧਸੰਗਿ ਨਾਨਕ ਨਾਮੁ ਲਇਆ।"
– ਗਉ ੫, ੯੧, ੪ : ੪ (183)
"ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ।"
– ਵਡ ੪, ਵਾਰ ੧੮ : ੪ (593)
(4) ਭਾਵ ਮਾਰਿਆ
"ਵਿਝਣ ਕਲਾ ਨ ਦੇਵਦਾ ਤਾਂ ਲਇਆ ਕਰਤੇ।"
– ਗਉ ੪, ਵਾਰ 3੨ : ੭ (317)
(5) ਖਰੀਦਿਆ
"ਕੀਮਤਿ ਕਿਨੈ ਨ ਪਾਈਆ ਕਿਤੈ ਨ ਲਇਆ ਜਾਇ।"
– ਬਿਹਾ ੪, ਵਾਰ ੧੮ਸ, ੩, ੧ : ੩ (555)

ਲਇਐ ----- ਲੈਣ ਨਾਲ, ਜਪਨ ਨਾਲ
"ਨਾਉ ਤੇਰਾ ਨਿਰੰਕਾਰੁ ਹੈ ਨਾਇ ਲਇਐ ਨਰਕਿ ਨ ਜਾਈਐ।"
– ਆਸਾ ੧, ਵਾਰ ੫ : ੧ (465)

ਲਈ ------ (1) ਲਈਂ, ਲਵਾਂ, ਮੈ ਪ੍ਰਾਪਤ ਕਰਾਂ
"ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।"
– ਜਪੁ ੧, ੬ : ੨ (2)
"ਲਉ ਲਈ ਤ੍ਰਿਸਨਾ ਅਤਿਪਤਿ ਮਨ ਮਾਏ ਕਰਮ ਕਰਤ ਸਿ ਸੂਕਰਹ।"
– ਸਸ ੫, ੬੬ : ੨ (1360)
(2) ਲਵਾਂ, ਸਹਾਇਕ ਕਿਰਿਆ
"ਸਤਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ।"
– ਸਿਰੀ ੩, ੫੪, ੧ : ੨ (34)
(3) ਪ੍ਰਾਪਤ ਕੀਤੀ
"ਸਤਿਗੁਰ ਤੇ ਨਿਰਮਲ ਮਤਿ ਲਈ।"

– ਗਉ ੫, ਸੁਖ ੨੦, ੩ : ੨ (289)

"ਪਹਿਲੇ ਬਾਸੁ ਲਈ ਹੈ ਭਵਰਹ ਬੀਠਲੁ ਭੈਲਾ ਕਾਇ ਕਰਉ।"

– ਆਸਾ ਨਾਮ, ੨, ੨ : ੨ (485)

(4) ਭਾਵ ਠੱਗ ਲਈ

"ਅੰਤਰਿ ਮਮਤਾ ਕੂਰਿ ਕੂੜ ਵਿਹਾਝੇ ਕੂੜਿ ਲਈ ਬਲਿ ਰਾਮ ਜੀਉ।"

– ਸੂਹੀ ੪, ਛੰਤ ੧, ੩ : ੨ (773)

(5) ਲੈਣ ਨਾਲ, ਜਪਨ ਨਾਲ

"ਅਘ ਕੋਟਿ ਹਰਤੇ ਨਾਮ ਲਈ।"

– ਮਲਾ ੫, ੨੬, ੨ : ੨ (1272)

(6) ਪੱਖ, ਤਰਫਦਾਰੀ (ਮਹਾਨਕੋਸ਼)

"ਜੋ ਮਾਨੁਖੁ ਮਾਨੁਖ ਕੀ ਸੇਵਾ ਓਹੁ ਤਿਸ ਕੀ ਲਈ ਲਈ ਫੁਨਿ ਜਾਈਐ।"

– ਬਿਲਾ ੫, ੯੨, ੨ : ੧ (822)

('ਦਰਪਣ', 'ਸ਼ਬਦਾਰਥ', 'ਨਿਰਣੈ' ਅਰਥ 'ਲਈ ਜਾਂਦਾ' ਕਰਦੇ ਹਨ)

ਲਈਅਸੁ ---- ਲਿਆ ਸੁ

"ਸਭੇ ਧਿਰਾਂ ਨਿਖੁਟੀਅਸੁ ਹਿਰਿ ਲਈਅਸੁ ਧਰਤੇ।"

– ਗਉ ੪, ਵਾਰ ੩੨ : ੬ (317)

ਲਈਅਹਿ --- ਲਈਦਾ ਹੈ

"ਇਕਸੁ ਹਰਿ ਕੇ ਨਾਮ ਬਿਨੁ ਆਗੈ ਲਈਅਹਿ ਖੋਹਿ।"

– ਮਾਝ ੫, ਬਾਰਾ ੩ : ੫ (133)

ਲਈਅਨਿ – ਲਇਓ ਨੇ

"ਲਈਅਨਿ ਖਰੇ ਪਰਖਿ ਦਰਿ ਬੀਨਾਈਐ।"

– ਮਾਝ ੧, ਵਾਰ ੧੭ : ੭ (146)

ਲਈਆ ---- (1) ਲਈਆਂ

"ਗੁਰ ਸਬਦੀ ਸੀਗਾਰੀਆ ਆਪਣੇ ਸਹਿ ਲਈਆ ਮਿਲਾਇ।"

– ਆਸਾ ੩, ਅਸ ੩੭, ੬ : ੨ (430)

(2) ਲਾ ਕੇ, ਜੋੜ ਕੇ

"ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ।"

– ਬਿਲਾ ੪, ਅਸ ੧, ੩ : ੧ (833)

(3) ਲਿਆ ਹੈ

"ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ।"

– ਬਿਲਾ ੪, ਅਸ ੫, ੧[*] : ੧ (836)

(4) ਲਾਈ ਹੈ, ਲਗਾਈ ਹੈ

"ਪ੍ਰਭਿ ਆਨਿ ਆਨਿ ਮਹਿੰਦੀ ਪੀਸਾਈ ਆਪੇ ਘੋਲਿ ਘੋਲਿ ਅੰਗਿ ਲਈਆ।"

– ਬਿਲਾ ੪, ਅਸ ੬, ੮ : ੧ (837)

ਲਈਐ ----- (1) ਲਈਦਾ ਹੈ

"ਦੇ ਸਾਬੂਣੁ ਲਈਐ ਓਹੁ ਧੋਇ।"

– ਜਪੁ ੧, ੨੦ : ੪ (4)

(2) ਲੈਂਦਾ ਹੈ

“ਸੋ ਐਸਾ ਹਰਿ ਸੇਵਿ ਸਦਾ ਮਨ ਮੇਰੇ ਜੋ ਤੁਧਨੋ ਸਭਦੂ ਰਖਿ ਲਈਐ।”
– ਗੋਂਡ ੪, ੫, ੧ : ੨ (861)

(3) ਉਚਾਰਣ ਕਰੀਏ, (ਯਾਦ) ਕਰੀਏ, ਜਪੀਏ
“ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ।”
– ਸਲੋ ੩, ੬੨ : ੧ (1420)

ਲਈਜੈ ----- ਲਵੋ, ਲਈਦੀ ਹੈ
“ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।”
– ਸੂਹੀ ੧, ਛੰਤ ੪, ੩ : ੧ (765)

ਲਏ ------- (1) ਲੈਂਦਾ ਹੈ, ਲਵੇ
“ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ।”
– ਸਿਰੀ ੧, ੧੦, ੪ : ੪ (18)
“ਜਿਸੁ ਲਾਇ ਲਏ ਸੋ ਨਿਰਮਲੁ ਹੋਈ।”
– ਮਾਝ ੩, ਅਸ ੧੫, ੮ : ੨ (118)

(2) ਉਚਾਰਨ ਕਰੇ, ਜਪੇ, ਲਵੇ
“ਜਨ ਨਾਨਕੁ ਨਾਮੁ ਲਏ ਤਾ ਜੀਵੈ ਬਿਨੁ
ਨਾਵੈ ਖਿਨੁ ਮਰਿ ਜਾਇਆ।”
– ਸਿਰੀ ੪, ਵਾਰ ੧੧ਸ, ੩, ੨ : ੬ (87)

(3) ਲੈਣ ਨਾਲ
“ਮੇਰੇ ਮਨ ਨਾਮਿ ਲਏ ਜਮ ਬੰਧ ਤੇ ਛੂਟਹਿ ਸਰਬ ਸੁਖਾ ਸੁਖ ਪਾਈਐ।”
– ਗਉ ੫, ੧੫੩*, ੨ : ੧ (213)

(4) ਪ੍ਰਾਪਤ ਕਰਦਾ
“ਸਚੁ ਸਚਾ ਸਭ ਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ।”
– ਗਉ ੪, ਵਾਰ ੮ : ੧ (304)

(5) ਲੈਣ
“ਲਏ ਦਿਤੇ ਵਿਣੁ ਰਹੈ ਨ ਕੋਇ।”
– ਆਸਾ ੧, ੪, ੩ : ੨ (350)

(6) ਲੈ ਕੇ
“ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ।”
– ਆਸਾ ੫, ੧੦, ੧ : ੧ (373)

(6) ਭਾਵ ਧਾਰਨ ਕਰੇ, ਰਖੇ
“ਤਿਸ ਕਾ ਭਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ।”
– ਆਸਾ ਕਬ, ੭, ੩ : ੨ (477)

(8) ਖਰੀਦੇ
“ਨਾਨਕ ਗਾਹਕੁ ਕਿਉ ਲਏ ਸਕੈ ਨ ਵਸਤੁ ਪਛਾਣਿ।”
– ਰਾਮ ੩, ਵਾਰ ੧੬ਸ, ੨, ੨ : ੪ (954)

ਲਏਇ ----- (1) ਲਵੇ, ਉਚਾਰੇ, ਜਪੇ
“ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ।”
– ਗੂਜ ੩, ਵਾਰ ੧੮ਸ, ੩, ੧ : ੬ (516)

(2) ਲਵੇ
"ਆਪੇ ਪੀਸੈ ਆਪੇ ਘਸੈ ਆਪੇ ਹੀ ਲਾਇ ਲਏਇ।"
– ਰਾਮ ੩, ਵਾਰ ੨ਸ, ੩, ੨ : ੨ (947)

ਲਏਹਾਂ ----- ਲਈਏ
"ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ।"
– ਵਡ ੧, ਅਲਾ ੨, ੧ : ੧ (579)

ਲਏਗਾ ----- ਲਵੇਗਾ
"ਭੈ ਬਿਨੁ ਕਿਉ ਨਿਰਭਉ ਸਚ ਪਾਈਐ ਜਮੁ ਕਾਢਿ ਲਏਗਾ ਸਾਹਾ ਹੇ।"
– ਮਾਰੂ ੫, ਸੋਲਾ ੧੧, ੬ : ੩ (1054)

ਲਏਨਿ ----- (1) ਲੈਣ, ਜਪਨ
"ਸੇ ਵਡਭਾਗੀ ਜਿ ਓਨਾ ਮਿਲਿ ਰਹੇ ਅਨਦਿਨੁ ਨਾਮੁ ਲਏਨਿ।"
– ਸੂਹੀ ੩, ਅਸ ੩, ੯ : ੨ (755)

(2) ਲੈਣ, ਪ੍ਰਾਪਤ ਕਰਨ
"ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ।"
– ਸੂਹੀ ੩, ਅਸ ੩, ੨੬ : ੨ (756)

ਲਸਕਰ ---- (ਅ. ਲਸ਼ਕਰ) ਫੌਜ, ਸੈਨਾ
"ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।"
– ਸਿਰੀ ੧, ੧, ੪ : ੧ (14)

ਲਸਕਰੀਆ -- ਸਿਪਾਹੀਆਂ ਨੇ
"ਲਸਕਰੀਆ ਘਰ ਸੰਮਲੇ ਆਏ ਵਜਹੁ ਲਿਖਾਇ।"
– ਰਾਮ ੧, ਓਅੰ ੪੫ : ੧ (936)

ਲਸਕਰੁ ---- ਫੌਜ
"ਘਰੁ ਲਸਕਰੁ ਸਭੁ ਤੇਰਾ।"
– ਸੋਰ ੫, ੫੪, ੧ : ੨ (622)

"ਗਗਨ ਮੰਡਲ ਮਹਿ ਲਸਕਰੁ ਕਰੈ।" (ਸਦਗੁਣਾਂ ਦੇ ਲਸਕਰ)
– ਭੈਰ ਕਬ, ੧੧, ੩ : ੩ (1160)

ਲਸਟਿਕਾ --- ਸੋਟੀ, ਡੰਡਾ
"ਰਾਮਚੰਦ ਕੀ ਲਸਟਿਕਾ ਜਿਨਿ ਮਾਰਿਆ
ਰੋਗੁ।"
– ਬਿਲਾ ੫, ੬੪, ੧* : ੨ (817)

ਲਸਨ ------ ਗੰਢੇ ਵਰਗਾ ਇਕ ਕੰਦ ਜੋ ਮਸਾਲੇ ਤੇ ਦੁਆਈ ਲਈ ਵਰਤਿਆ ਜਾਂਦਾ ਹੈ
"ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ।"
– ਸਲੋ ਕਬ, ੧੭ : ੧ (1365)

ਲਹਉ ------ (1) ਲਵੋਂ, ਲਉ
"ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ।"

– ਗਉ ੫, ਛੰਤ ੪, ੩ : ੩ (249)

(2) ਜਾਣ ਲਵਾਂ, ਲਖ ਲਵਾਂ
“ਅਲਾ ਲਹਉ ਤਉ ਕਿਆ ਕਹਉ ਕਹਉ ਤ ਕੋ ਉਪਕਾਰ।”
– ਗਉ ਕਬ, ਬਾਅ ੩ : ੧ (340)

(3) ਪਾਵਾਂ, ਪ੍ਰਾਪਤ ਕਰਾਂ
“ਬਿਨੁ ਗੁਰ ਇਹੁ ਰਸੁ ਕਿਉ ਲਹਉ ਗੁਰੁ ਮੇਲੈ ਹਰਿ ਦੇਇ।”
– ਸੋਰ ੧, ੭, ੧* : ੨ (597)

ਲਹਸਹਿ ---- ਪ੍ਰਾਪਤ ਹੋਵਗਾ, ਲਭੇਗਾ
“ਏਹ ਵੇਲਾ ਨ ਲਹਸਹਿ ਮੂੜੇ ਫਿਰਿ ਤੂੰ ਜਮ ਕੈ ਵਸਿ ਪਇਆ।”
– ਆਸਾ ੩, ਪਟੀ ੧੨ : ੨ (435)

ਲਹਸਿ ----- (1) ਪ੍ਰਾਪਤ ਕਰੇਂਗਾ, ਹਾਸਲ ਕਰੇਂਗਾ
“ਬਿਨੁ ਨਾਵੈ ਕਿਆ ਲਹਸਿ ਨਿਦਾਨਿ।”
– ਆਸਾ ੧, ਅਸ ੬, ੬ : ੩ (414)

(2) ਲਵੇਗਾ, ਲਏਗਾ
“ਥੈਂ ਭਾਵੈ ਦਰੁ ਲਹਸਿ ਪਿਰਾਣਿ।”
– ਮਲਾ ੧, ਅਸ ੪, ੨ : ੪ ((1275)

ਲਹਹਿ ----- (1) ਲਏ, ਲਵੇ
“ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ।”
– ਸਿਰੀ ੧, ੧੮, ੪ : ੩ (21)

(2) ਪ੍ਰਾਪਤ ਕਰੇਂ
“ਗੁਰ ਸਰਣਾਈ ਸੁਖੁ ਲਹਹਿ ਅਨਦਿਨੁ ਨਾਮੁ ਧਿਆਇ।”
– ਸਿਰੀ ੩, ੪੦, ੧ : ੨ (29)

(3) ਉਤਰਨ, ਲਹਿਣ
“ਕੋਟਿ ਜਨਮ ਕੇ ਲਹਹਿ ਪਾਤਿਕ ਗੋਬਿੰਦ ਲੋਚਾ ਪੂਰਿ।”
– ਗੂਜ ੫, ੩੦, ੧* : ੨ (502)

(4) ਲਾਭ ਲਵੇ
“ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ।”
– ਰਾਮ ੩, ਅਸ ੧, ੮ : ੨ (909)

ਲਹਹੁ ------ (1) ਪ੍ਰਾਪਤ ਕਰੋ
“ਗੁਰਮੁਖਿ ਜਾਇ ਲਹਹੁ ਘਰੁ ਅਪਨਾ ਘਸਿ ਚੰਦਨੁ ਹਰਿ ਜਸੁ ਘਸੀਐ।”
– ਗਉ ੪, ੫੭, ੨ : ੨ (170)

(2) ਲਵੋ, ਲਭੋ
“ਜਾ ਮਹਿ ਸਭਿ ਨਿਧਾਨ ਸੋ ਹਰਿ ਜਪਿ ਮਨ ਮੇਰੇ ਗੁਰਮੁਖਿ ਖੋਜਿ ਲਹਹੁ ਹਰਿ ਰਤਨਾ।”
– ਗੋਂਡ ੪, ੩, ੨ : ੧ (860)

ਲਹੰਗ ------ ਲੰਘਦਾ ਹੈ, ਵਗਦਾ ਹੈ
“ਅਸਮਾਨ ਮ੍ਹਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ।”

– ਤਿਲੰ ਕਬ, ੧, ੩ : ੧ (727)

ਲਹਗੁ ------ ਲਹੇਗਾ, ਉਘੜੇਗਾ
“ਬਿਨੁ ਨਾਵੈ ਪਾਜੁ ਲਹਗੁ ਨਿਦਾਨਿ।”
– ਬਿਲਾ ੩, ਅਸ ੧, ੧ : ੩ (832)

ਲਹਣਾ ----- (1) ਪ੍ਰਾਪਤ ਕਰਨਾ, ਲੈਣਾ
“ਪ੍ਰਭ ਤੁਮ ਤੇ ਲਹਣਾ ਤੂੰ ਮੇਰਾ ਗਹਣਾ।”
– ਮਾਝ ੫, ੪੦, ੩ : ੧ (106)
(2) ਨਫਾ, ਲਾਹਾ, ਪ੍ਰਾਪਤ ਕਰਨ ਵਾਲੀ ਵਸਤ
“ਪੂਰਬ ਲਿਖੇ ਕਾ ਲਹਣਾ ਪਾਹਿ।”
– ਗਉ ੫, ਸੁਖ ੧੫, ੭ : ੪ (283)
(3) ਸਿੱਖਾਂ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ
“ਜਾ ਸੁਧੋਸੁ ਤਾਂ ਲਹਣਾ ਟਿਕਿਓਨੁ।”
– ਰਾਮ ਬਸ, ਵਾਰ ੪ : ੯ (967)

ਲਹਣੇ ------ (1) ਲਾਹੇ, ਨਫੇ
“ਘਣੋ ਘਣੋ ਘਣੋ ਸਦ ਲੋੜੈ ਬਿਨੁ ਲਹਣੇ ਕੈਠੈ ਪਾਇਓ ਰੇ।”
– ਟੋਡੀ ੫, ੧੯, ੧ : ੧ (715)

ਹੋਰ ਰੂਪ:

ਲਹਣੋ –
“ਜਾ ਕੋ ਲਹਣੋ ਮਹਰਾਜ ਰੀ ਗਾਠੜੀਓ ਜਨ ਨਾਨਕ ਗਰਭਾਸਿ ਨ ਪਉੜਿਓ ਰੇ।”
– ਟੋਡੀ ੫, ੧੯, ੨ : ੨ (715)
(2) ਸਿੱਖਾਂ ਦੇ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ,ਲਹਣੇ ਦੀ /ਦੇ
“ਲਹਣੇ ਦੀ ਫੇਰਾਈਐ ਨਾਨਕ ਦੋਹੀ ਖਟੀਐ।”
– ਰਾਮ ਬਸ, ਵਾਰ ੨ : ੧ (966)

ਹੋਰ ਰੂਪ:

ਲਹਣੈ –
“ਲਹਣੈ ਪੰਥੁ ਧਰਮ ਕਾ ਕੀਆ।”
– ਸਵ ੪, ਗਯੰ ੧ : ੧੩ (1401)

ਲਹਤਾ ----- ਉਤਰਦਾ, ਲਹਿੰਦਾ
“ਕਹੁ ਨਾਨਕ ਗੁਰ ਭਏ ਦਇਆਲਾ ਹਰਿ ਰੰਗੁ ਨ ਕਬਹੂ ਲਹਤਾ।”
– ਬਿਲਾ ੫, ੯੪, ੨ : ੨ (823)

ਲਹੰਤਾ ----- ਲਭਿਆਂ, ਪ੍ਰਾਪਤ ਹੋਇਆਂ
“ਅਲਹ ਲਹੰਤਾ ਭੇਦ ਛੈ ਕਛੁ ਕਛੁ ਪਾਇਓ ਭੇਦ।”
– ਗਉ ਕਬ, ਬਾਅ ੪ : ੧ (340)

ਲਹੰਤਿ ----- ਪ੍ਰਾਪਤ, ਲਭਿਆ
“ਇਕਨਾ ਸੁਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ।”
– ਸਾਰ ੪, ਵਾਰ ੨੨ਸ, ੧, ੨ : ੫ (1246)

ਲਹੰਤੀ ----- (1) ਦੂਰ ਕਰ ਸਕਨ ਵਾਲੀ, ਲਾਹ ਸਕਨ ਵਾਲੀ
“ਸਭ ਕਿਲਵਿਖ ਪਾਪ ਲਹੰਤੀ।”
- ਨਟ ੪, ੮, ੧* : ੩ (977)
(2) ਦੂਰ ਹੋ ਗਈ, ਮਿਟ ਗਈ
“ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ।”
- ਨਟ ੪, ੮, ੨ : ੧ (977)

ਲਹੰਤੇ ------ ਲਭਦੇ ਹਨ
“ਆਤਮ ਮਹਿ ਪਾਰਬ੍ਰਹਮੁ ਲਹੰਤੇ।”
- ਗਉ ੫, ਸੁਖ ੧੦, ੬ : ੪ (276)

ਲਹੰਥਾ ----- ਲਭਦਾ ਹੈ
“ਬਚਨ ਸਾਧ ਸੁਖ ਪੰਥਾ ਲਹੰਥਾ ਬਡ ਕਰਮਣਾ।”
- ਗਾਥਾ ੫, ੭ : ੧ (1360)

ਲਹੰਦੜੋ ---- ਪ੍ਰਾਪਤ ਕਰਦਾ, ਲਭਦਾ
“ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ।”
- ਜੈਤ ੫, ਵਾਰ ੧੦ਸ, ੫, ੨ : ੨ (708)

ਲਹਦਾ ----- ਲਭਿਆ, ਪ੍ਰਾਪਤ ਕੀਤਾ
“ਗੁਰਸਿਖਾ ਲਹਦਾ ਭਾਲਿ ਕੈ।”
- ਸਿਰੀ ੫, ਅਸ ੨੯, ੧੦ : ੨ (73)

ਲਹਦੀ ----- ਪ੍ਰਾਪਤ ਕਰਦੀ
“ਤਉ ਸਜਣ ਦੀ ਮੈ ਕੀਮ ਨ ਪਉਦੀ ਹਉ ਤੁਧੁ ਬਿਨੁ ਅਢੁ ਨ ਲਹਦੀ।” (ਅੱਧੀ ਦਮੜੀ ਵੀ ਮੁਲ ਨਹੀਂ ਪਾਉਂਦੀ)
- ਰਾਮ ੫, ਵਾਰ ੧੩ਸ, ੫, ੧ : ੨ (963)

ਲਹਦੇ ------ ਉਤਰਦੇ, ਲਹਿੰਦੇ
“ਇਸੁ ਲਹਦੇ ਬਿਲਮ ਨ ਹੋਵਈ ਰੰਡ ਬੈਠੀ ਦੂਜੇ ਭਾਇ।”
- ਸੂਹੀ ੩, ਵਾਰ ੩ਸ, ੩, ੨ : ੨ (786)

ਲਹਨ ------ ਮਿਲਦਾ ਹੈ, ਪ੍ਰਾਪਤ ਹੁੰਦਾ ਹੈ
“ਪ੍ਰਭ ਕਹਨ ਮਲਨ ਦਹਨ ਲਹਨ ਗੁਰ ਮਿਲੇ ਆਨ ਨਹੀ ਉਪਾਉ।”
- ਕਾਨ ੫, ੩੯, ੧* : ੧ (1306)

ਲਹਨਾ ----- ਪ੍ਰਾਪਤ ਕਰਨਾ ਹੈ, ਲੈਣਾ ਹੈ, ਮਿਲਦਾ ਹੈ
“ਜਿਸਹਿ ਪਰਾਪਤਿ ਤਿਸ ਹੀ ਲਹਨਾ।”
- ਆਸਾ ੫, ੯੦, ੪ : ੧ (393)

ਲਹਨਿ ----- (1) ਉਤਰਨ, ਦੂਰ ਹੋਣ
“ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ।”
- ਮਾਝ ੫, ੪੮, ੩ : ੨ (108)
(2) ਮਿਲਦੀ, ਪ੍ਰਾਪਤ ਹੁੰਦੀ

"ਸਤਸੰਗਤਿ ਢੋਈ ਨ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ।"
– ਗਉ ੪, ਵਾਰ ੧੪ਸ, ੪, ੧ : ੩ (307)

(3) ਲੈਂਦੇ ਹਨ, ਪ੍ਰਾਪਤ ਕਰਦੇ ਹਨ
"ਓਨਾ ਦਾ ਭਖੁ ਸੁ ਓਥੈ ਨਾਹੀ ਜਾਇ ਕੂੜੁ ਲਹਨਿ ਭੇਡਾਰੇ।"
– ਗਉ ੪, ਵਾਰ ੨੧ਸ, ੪, ੧ : ੫ (312)

ਹੋਰ ਰੂਪ:

ਲਹੰਨਿ –
"ਇਕ ਜਾਗੰਦੇ ਨਾ ਲਹੰਨਿ ਇਕਨਾਸੁਤਿਆ ਦੇਇ ਉਠਾਲਿ।"(ਲੈਂਦੇ, ਪ੍ਰਾਪਤ ਕਰਦੇ)
– ਸਿਰੀ ੪, ਵਾਰ ੨ਸ, ੧, ੧ : ੨ (83)
"ਜਿਨਾ ਸਤਿਗੁਰੁ ਮੰਨਿਆ ਜਨ ਨਾਨਕ ਵਡਭਾਗ ਲਹੰਨਿ।"
– ਕਾਨ ੪, ਵਾਰ ੮ਸ, ੪, ੧ : ੨ (1316)

ਲਹਨੋ ------ ਲੈਣਾ
"ਲਹਨੋ ਤਿਸੁ ਮਥਾਨਿ ਹਾਂ।"
– ਆਸਾ ੫, ੧੫੮, ੨ : ੧ (409)

ਲਹਨ੍ਹਿ ----- ਲੈਂਦੀਆਂ ਹਨ, ਪ੍ਰਾਪਤ ਕਰਦੀਆਂ ਹਨ
"ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ।"
– ਆਸਾ ੧, ਅਸ ੧੧, ੩ : ੧ (417)

ਹੋਰ ਰੂਪ:

ਲਹੰਨ੍ਹਿ –
"ਗੁਰ ਸਰਵਰੁ ਮਾਨ ਸਰੋਵਰੁ ਹੈ ਵਡਭਾਗੀ ਪੁਰਖ ਲਹੰਨ੍ਹਿ।" (ਪ੍ਰਾਪਤ ਕਰਦੇ ਹਨ)
– ਸੂਹੀ ੩, ਅਸ ੪, ੨ : ੧ (756)

ਲਹਨ੍ਹੀ –
"ਨਾਨਕ ਕਰਮਾ ਬਾਹਰੇ ਦਰਿ ਢੋਅ ਨ ਲਹਨ੍ਹੀ ਧਾਵਦੇ।" (ਮਿਲਦੀ, ਪ੍ਰਾਪਤ ਹੁੰਦੀ)
– ਆਸਾ ੧, ਵਾਰ ੯ : ੨ (468)

ਲਹਬਰ ----- (ਅ. ਲਹਬ) ਅਗ ਦੀ ਲਾਟ ਭਾਵ ਤ੍ਰਿਸ਼ਨਾ ਦੀ ਅਗ
"ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ।"
– ਆਸਾ ੫, ੪੪, ੧ : ੨ (381)

ਲਹਿਰ ----- (1) ਤਰੰਗ, ਮੌਜ
"ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਿਰ ਲੁਭਾਨੁ।"
– ਸਿਰੀ ੫, ਪਹ ੪, ੩ : ੨ (77)
"ਮਨਮੁਖ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ।" (ਜੋਸ਼ ਅਥਵਾ ਝੂਠੇ ਵੈਰਾਗ ਦੀ ਲਹਿਰ)
– ਮਾਰੂ ੧, ਅਸ ੭, ੧ : ੧ (1012)

(2) ਹੜ, ਤੂਫ਼ਾਨ
"ਲਬ ਲੋਭ ਲਹਰਿ ਨਿਵਾਰਣੰ ਹਰਿ ਨਾਮ ਰਾਸਿ ਮਨੰ।"
– ਗੂਜ ੧, ਅਸ ੫, ੮ : ੧ (506)

ਲਹਰੀ ----- ਲਹਿਰਾਂ, ਮੌਜਾਂ, ਉਛਾਲਾਂ
"ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।"
- ਸਿਰੀ ੧, ਅਸ ੧੧, ੧ : ੨ (59)
"ਓਹੁ ਜੇਵ ਸਾਇਰ ਦੇਇ ਲਹਰੀ ਬਿਜੁਲ ਜਿਵੈ ਚਮਕਏ।"
- ਆਸਾ ੧, ਛੰਤ ੫, ੧ : ੪ (438)
"ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ।" (ਲਹਿਰਾਂ ਵਿਚ ਭਾਵ ਇਕਾਗਰਤਾਹੀਨ)
- ਸਾਰ ੪, ਵਾਰ ੨੭ਸ, ੩, ੧ : ੧ (1247)

ਲਹਰੇ ------ ਲਹਿਰਾਂ, ਮੌਜਾਂ
"ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ।"
- ਗਉ ੫, ੧੬੨*, ੨ : ੧ (215)

ਲਹਾ ------ (1) ਲਵਾਂ, ਸਮਝਾਂ, ਲਖਾਂ
"ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।"
- ਸਿਰੀ ੧, ੩੧, ੧ : ੧ (25)
(2) ਲਵਾਂ, ਪ੍ਰਾਪਤ ਕਰਾਂ
"ਗੁਰ ਪੂਰੇ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ।"
- ਗੁਜ ੫, ਵਾਰ ੭ : ੪ (519)
(3) ਲਭਦਾ
"ਅਖੀ ਲੋੜੀ ਨ ਲਹਾ ਹਉ ਚੜਿ ਲੰਘਾ ਕਿਤੁ।"
- ਸੂਹੀ ੧, ੩, ੫ : ੨ (729)
"ਆਪਿ ਮੁਕਤੁ ਮੋਕਉ ਪ੍ਰਭੁ ਮੇਲੇ ਐਸੋ ਕਹਾ ਲਹਾ।" (ਲਭਾਂ)
- ਮਾਰੂ ੫, ੧੫, ੧* : ੨ (1003)

ਲਹਾਂ ------ (1) ਪ੍ਰਾਪਤ ਹੁੰਦਾ
"ਫਰੀਦਾ ਗਲੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ।"
- ਸਲੋ ਫਰ, ੮੭ : ੧ (1382)
(2) ਲਭਾਂ, ਲਵਾਂ
"ਤੰਨਿ ਜੜਾਂਈ ਆਪਣੈ ਲਹਾਂ ਸੁ ਸਜਣੁ ਟੋਲਿ।"
- ਸਲੋ ੫, ੨੧ : ੨ (1426)

ਲਹਾਉ ----- ਪ੍ਰਾਪਤ ਕਰਦਾ ਹਾਂ
"ਜਾ ਮੂੰ ਆਵਹਿ ਚਿਤਿ ਤੂ ਤਾ ਹਭੇਸੁਖ ਲਹਾਉ।"
- ਮਾਰੂ ੫, ਵਾਰ ੧੧ਸ, ੫, ੧ : ੧ (1098)

ਲਹਾਇਆ --- ਲਭਾਇਆ, ਪ੍ਰਾਪਤ ਕਰਵਾਇਆ
"ਸੋ ਸਤਿਗੁਰੁ ਕਹਹੁ ਸਭਿ ਧੰਨੁ ਧੰਨੁ ਜਿਨਿ ਹਰਿ ਭਗਤਿ ਭੰਡਾਰ ਲਹਾਇਆ।"
- ਵਡ ੪, ਵਾਰ ੩ : ੫ (586)

ਲਹਾਇਦਾ --- ਲਭਾਉਂਦਾ, ਪ੍ਰਾਪਤ ਕਰਵਾਉਂਦਾ
"ਹਰਿ ਭਗਤਿ ਭੰਡਾਰ ਲਹਾਇਦਾ ਆਪੇ ਵਰਤਾਈ।"
- ਗਉ ੪, ੪੬, ੩ : ੩ (166)

ਲਹਾਈ ----- ਲਭਾਈ, ਪ੍ਰਾਪਤ ਕਰਾਈ
"ਗੁਰਮੁਖਿ ਹਰਿ ਭਗਤਿ ਹਰਿ ਆਪਿ ਲਹਾਈ।"
- ਵਡ ੪, ਵਾਰ ੧੩ : ੫ (591)

ਹੋਰ ਰੂਪ:

ਲਹਾਈਐ -
"ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ।" (ਲਭਾਈ ਹੈ)
- ਬਸੰ ੪, ੬, ੨ : ੨ (1179)

ਲਹਾਏ ----- ਲਭਾਉਂਦਾ ਹੈ
"ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ।"
- ਬਿਹਾ ੪, ਵਾਰ ੯ : ੩ (552)

ਲਹਾਸਾ ----- ਲਹਿੰਦੀ ਹੈ, ਮੁਕਦੀ ਹੈ
"ਮੇਰੇ ਮਨ ਹਰਿ ਸੇਵਹਿ ਸੁਖਦਾਤਾ ਸੁਆਮੀ ਜਿਸੁ ਸੇਵਿਐ ਸਭ ਭੁਖ ਲਹਾਸਾ।"
- ਗੋਂਡ ੪, ੨, ੧ : ੩ (860)

ਲਹਾਤੀ ----- ਉਤਰਦੇ ਹਨ
"ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਸਿਮਰਤ ਸਭਿ ਕਿਲਵਿਖ ਪਾਪ ਲਹਾਤੀ।"
- ਸਿਰੀ ੪, ਵਾਰ ੧੩ : ੨ (88)

ਲਹਾਨ ----- ਲਹਿ ਜਾਂਦੇ ਹਨ, ਉਤਰ ਜਾਂਦੇ ਹਨ
"ਜਸੁ ਗਾਵਤ ਪਾਪ ਲਹਾਨ।"
- ਕਾਨ ੪, ੧੨, ੧* : ੨ (1298)

ਲਹਾਵਣਿਆ -- ਲਹਿ ਜਾਂਦੀ ਭਾਵ ਤ੍ਰਿਪਤ ਹੋ ਜਾਂਦੀ ਹੈ
"ਹਰਿ ਜੀਉ ਸਫਲਿਓ ਬਿਰਖੁ ਹੈ ਅੰਮ੍ਰਿਤੁ ਜਿਨਿ ਪੀਤਾ ਤਿਸੁ ਤਿਖਾ ਲਹਾਵਣਿਆ।"
- ਮਾਝ ੩, ਅਸ ੧੦, ੧ : ੩ (114)

ਲਹਿ ------ (1) ਉਤਰ ਜਾਣਾ, ਮੁਕ ਜਾਣਾ
"ਹਰਿ ਹਰਿ ਨਾਮੁ ਜਪਹੁ ਮਨ ਮੇਰੇ ਜਿਤੁ ਦਾਲਦੁ ਦੁਖ ਭੁਖ ਸਭ ਲਹਿ ਜਾਤੀ।"
- ਸਿਰੀ ੪, ਵਾਰ ੧੩ : ੩ (88)

(2) ਲਖ ਕੇ, ਸਮਝ ਕੇ, ਪਾ ਕੇ
"ਤਉ ਅਲਹ ਲਹੈ ਲਹਿ ਚਰਨ ਸਮਾਵੈ।"
- ਗਉ ਕਬ, ਬਾਅ ੩੬ : ੪ (342)
"ਤੁਮ ਹਰਿ ਸਰਵਰ ਅਤਿ ਅਗਾਹ ਹਮ ਲਹਿ ਨ ਸਕਹਿ ਅੰਤੁ ਮਾਤੀ।"
- ਧਨਾ ੪, ੫, ੨ : ੧ (668)

(3) ਲਭ ਕੇ
"ਚਉਦਸਿ ਚਉਥੇ ਥਾਵਹਿ ਲਹਿ ਪਾਵੈ।"
- ਬਿਲਾ ੧, ਥਿਤੀ ੧੮ : ੧ (840)
"ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ।" (ਲਭ)

– ਬਸੰ ੪, ੬, ੨ : ੧ (1179)

(4) ਪ੍ਰਾਪਤ ਕਰਦੇ ਹਨ

"ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰ ਮਾਨਵਹਿ ਲਹਿ।"

– ਸਵ ੩, ੧੪ : ੫ (1395)

('ਸ਼ਬਦਾਰਥ', ਨਿਰਣੈ ਪਦਛੇਦ 'ਮਾਨਵ ਹਿਲਹਿ' ਕਰਦਾ ਹੈ)

ਲਹਿਓ ----- (1) ਉਤਰਿਆ

"ਲਹਿਓ ਸਹਸਾ ਬੰਧਨ ਗੁਰਿ ਤੋਰੇ ਤਾਂ ਸਦਾ ਸਹਜ ਸੁਖੁ ਪਾਇਓ।"

– ਗਉ ੫, ੧੨੩*, ੨ : ੧ (205)

(2) ਲਭਿਆ

"ਕੋਟਿ ਮਧੇ ਕਿਨੈ ਗੁਰਮੁਖਿ ਲਹਿਓ।"

– ਗਉ ੫, ਅਸ ੧੩, ੩ : ੨ (241)

"ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ।" (ਲਭਾ)

– ਸਾਰ ੫, ੨੦, ੨ : ੨ (1208)

(3) ਲਿਆ, ਪ੍ਰਾਪਤ ਕੀਤਾ

"ਹਰਿ ਕਾ ਨਾਮੁ ਲਹਿਓ ਮੈ ਲਾਹਾ।"

– ਗੁਜ ਕਬ, ੨, ੩ : ੨ (524)

ਲਹਿਆ ---- (1) ਲਖਿਆ, ਲਭਿਆ, ਸਮਝਿਆ

"ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ।"

– ਮਾਝ ੫, ੧੦, ੪ : ੨ (97)

"ਗੁਰ ਪਰਸਾਦੀ ਸਚੁ ਸਚੋ ਸਚੁ ਲਹਿਆ।"

– ਰਾਮ ੩, ਵਾਰ ੮ਸ, ੫, ੧ : ੮ (861)

(2) ਲਥਾ, ਦੂਰ ਹੋਇਆ

"ਤਾਰਿਆ ਜਹਾਨੁ ਲਹਿਆ ਅਭਿਮਾਨੁ ਜਿਨੀ ਦਰਸਨੁ ਪਾਇਆ।"

– ਗਉ ੫, ਛੰਤ ੨, ੪ : ੩ (248)

(3) ਪ੍ਰਾਪਤ ਕੀਤਾ, ਲਿਆ

"ਸੋ ਸੁਖ ਸਾਚਾ ਲਹਿਆ।"

– ਸੋਰ ੫, ੫੨, ੧ : ੪ (621)

ਲਹੀ ------ (1) ਲਭੀ, ਲਭ ਪਈ

"ਅਗਿਆਨੁ ਅੰਧੇਰਾ ਬਿਨਸਿ ਬਿਨਾਸਿਓ ਘਰਿ ਵਸਤੁ ਲਹੀ ਮਨ ਜਾਗੇ।"

– ਗਉ ੪, ੬੨, ੩ : ੨ (172)

(2) ਪਕੜੀ, ਲਈ

"ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ।"

– ਅਸ ੧, ੨੨, ੪ : ੨ (356)

(3) ਉਤਰ ਗਈ, ਦੂਰ ਹੋਈ

"ਨਿਰਭਉ ਭਏ ਪਰਾਨ ਚਿੰਤਾ ਸਗਲ ਲਹੀ।"

– ਆਸਾ ੫, ੯, ੧ : ੨ (458)

(4) ਬੁਝ ਲਈ, ਸਮਝ ਲਈ

"ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ।"

– ਗੂਜ ੫, ੧੪, ੧* : ੨ (499)

(5) ਪ੍ਰਾਪਤ ਕੀਤਾ, ਲਿਆ

"ਮੁਕਤਿ ਜੁਗਤਿ ਰਵਾਲ ਸਾਧੂ ਨਾਨਕ ਹਰਿ ਨਿਧਿ ਲਹੀ।"

– ਗੂਜ ੫, ੨੬, ੨ : ੨ (501)

ਹੋਰ ਰੂਪ:

ਲਹੀਅੰ –

"ਅਪ੍ਉ ਹਰਿ ਨਾਮੁ ਅਖੈ ਨਿਧਿ ਚਉ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ।" (ਪ੍ਰਾਪਤ ਕੀਤਾ)

– ਸਵ ੪, ਗਯੰ ੧ : ੧੫ (1401)

ਲਹੀਅਹਿ --- ਪਾਇਆ ਜਾਣਾ, ਲਭਣਾ

"ਤਿਨਰ ਸੋਕੁ ਨਹੁ ਹੁਐ ਤਿਨਰ ਸੇ ਅੰਤੁ ਨ ਲਹੀਅਹਿ।"

– ਸਵ ੩, ੧੧ : ੨ (1394)

ਲਹੀਆ ---- ਪਾਇਆ, ਲਖਿਆ, ਜਾਣਿਆ, ਸਮਝਿਆ

"ਈਸਰੁ ਬ੍ਰਹਮਾ ਸੇਵਦੇ ਅੰਤੁ ਤਿਨ੍ਹੀ ਨ ਲਹੀਆ।"

– ਗੂਜ ੩, ਵਾਰ ੧੯ : ੩ (516)

(2) ਪ੍ਰਾਪਤ ਕੀਤਾ

"ਨਿਜ ਘਰਿ ਧਾਰ ਚੂਐ ਅਤਿ ਨਿਰਮਲ ਜਿਨਿ ਪੀਆ ਤਿਨਹੀ ਸੁਖੁ ਲਹੀਆ।"

– ਬਿਲਾ ੪, ਅਸ ੩, ੬ : ੨ (835)

(3) ਉਤਰੀ

"ਹਰਿ ਕੇ ਸੰਤ ਸੰਤ ਭਲ ਨੀਕੇ ਮਿਲਿ ਸੰਤ ਜਨਾ ਮਲੁ ਲਹੀਆ।"

– ਕਾਨ ੪, ੧, ੩ : ੧ (1294)

ਲਹੀਐ ----- (1) ਪ੍ਰਾਪਤ ਕਰੀਏ, ਪ੍ਰਾਪਤ ਕਰੀਦਾ ਹੈ

"ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ।"

– ਗਉ ੪, ੫੨, ੧ : ੨ (168)

"ਗੁਰ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ।" (ਧਿਆਨ ਪ੍ਰਾਪਤ ਹੁੰਦਾ ਭਾਵ ਲਗ ਜਾਂਦਾ ਹੈ)

– ਸਵ ੩, ੧੪ : ੩ (1394)

(2) ਲਭਦਾ ਹੈ, ਲਖਿਆ ਜਾਂਦਾ ਹੈ, ਲਭੀਦਾ ਹੈ

"ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ।"

– ਆਸਾ ੧, ੧੫, ੩ : ੨ (353)

"ਇਕ ਬਸਤੁ ਅਗੋਚਰ ਲਹੀਐ।

– ਸੋਰ ਕਬ, ੭, ੨ : ੨ (655)

ਲਹੀਜੈ ----- ਪ੍ਰਾਪਤ ਕਰੇ

"ਅੰਤਰਿ ਚੋਰੁ ਕਿਉਸਾਦੁ ਲਹੀਜੈ।"

– ਰਾਮ ੧, ਅਸ ੫, ੪ : ੨ (905)

ਲਹੁ ------- (1) ਲਵੋ

"ਐਸਾ ਸਤਿਗੁਰ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ।"

- ਸਿਰੀ ੩, ੪੪, ੩ : ੨ (30)

(2) ਪ੍ਰਾਪਤ ਕਰੋ
"ਮਨਹਿ ਨਿਧਾਨੁ ਲਹੁ ਹਾਂ।"
- ਆਸਾ ੫, ੧੬੦, ੧* : ੪ (410)

"ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ।"
- ਗੂਜ ੫, ਵਾਰ ੧੨ : ੪ (521)

(3) ਲਖੋ, ਸਮਝੋ, ਲਭੋ
"ਗੁਨ ਕਹੁ ਹਰਿ ਲਹੁ ਕਰਿ ਸੇਵਾ ਸਤਿਗੁਰ ਇਵ ਹਰਿ ਹਰਿ ਨਾਮ ਧਿਆਈ।"
- ਧਨਾ ੪, ੮, ੧ : ੧ (669)

"ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭ ਲਹੁ ਰੇ।" (ਲਭੋ)
- ਕੇਦਾ ੪, ੨, ੧* : ੨ (1118)

ਲਹੁਰੀ ----- ਛੋਟੀ
"ਕਹੁ ਕਬੀਰ ਜਬ ਲਹੁਰੀ ਆਈ ਬਡੀ ਕਾ ਸੁਹਾਗੁ ਟਰਿਓ।"
- ਆਸਾ ਕਬ, ੩੨, ੨ : ੧ (483)

ਲਹੁਰੀਆ --- ਛੋਟੀ, ਨਿਕੜੀ
"ਰਾਮ ਬਡੇ ਮੈ ਤਨਕ ਲਹੁਰੀਆ।"
- ਆਸਾ ਕਬ, ੩੦, ੧* : ੨ (483)

ਲਹੁੜਾ ----- ਛੋਟਾ, ਨਿਕਾ (ਮੁੰਡਾ)
"ਇਹੁ ਲਹੁੜਾ ਗੁਰੂ ਉਬਾਰਿਆ।"
- ਸੋਰ ੫, ੭੪, ੧ : ੨ (627)

ਲਹੁੜੇ ------ ਨਿੱਕੇ, ਛੋਟੇ
"ਪ੍ਰਭੁ ਮਾਤ ਪਿਤਾ ਕੰਠਿ ਲਾਇਦਾ ਲਹੁੜੇ ਬਾਲਕ ਪਾਲਿ।"
- ਰਾਮ ੫, ਵਾਰ ੩ਸ, ੫, ੧ : ੩ (957)

ਲਹੇ ------- (1) ਪ੍ਰਾਪਤ ਕੀਤੇ, ਲਏ
"ਗੁਰ ਕੈ ਬਚਨਿ ਪਦਾਰਥ ਲਹੇ।"
- ਗਉ ੫, ਸੁਖ ੧੬, ੮ : ੪ (285)

"ਅੰਮ੍ਰਿਤੁ ਨਾਮੁ ਪਦਾਰਥੁ ਸੰਗੇ ਤਿਲੁ ਮਰਮੁ ਨ ਲਹੇ।"
- ਆਸਾ ੫, ੧੪੨, ੩ : ੧ (406)

(2) ਲਥੇ, ਉਤਰੇ
"ਕੋਟਿ ਜਨਮ ਕੇ ਪਾਪ ਲਹੇ।"
- ਆਸਾ ੫, ੬੬, ੩ : ੨ (387)

(3) ਲਭਦਾ ਹੈ
"ਨਿਰਭਉ ਹੋਇ ਭਜਹੁ ਜਗਦੀਸੈ ਏਹੁ ਪਦਾਰਥੁ ਵਡਭਾਗਿ ਲਹੇ।"
- ਬਿਲਾ ੫, ੧੦੩, ੨ : ੧ (825)

ਲਹੈ ------- (1) ਲਭਦੀ, ਮਿਲਦੀ

"ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ।"

– ਸਿਰੀ ੧, ੧੩, ੧* : ੨ (19)

(2) ਪ੍ਰਾਪਤ ਕਰਦਾ

"ਪੂਰੈ ਭਾਗਿਸਤਸੰਗਤਿ ਲਹੈ ਸਤਗੁਰ ਭੇਟੈ

– ਸਿਰੀ ੩, ੫੫, ੪ : ੨ (35)

"ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਉ।"

– ਵਡ ੧, ਅਲਾ ੫, ੧ : ੩ (581)

"ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।" (ਪਾਉਂਦਾ ਹੈ)

– ਆਸਾ ੧, ਵਾਰ ੨੦ਸ, ੧, ੧ : ੪(473)

"ਜਮਪੁਰਿ ਬਾਧੋ ਲਹੈ ਸਜਾਈ।" (ਪਾਉਂਦਾ ਹੈ)

– ਰਾਮ ੧, ਅਸ ੬, ੫ : ੩ (906)

(3) ਲੈਂਦਾ ਹੈ, ਮਾਣਦਾ ਹੈ

"ਪਤਿ ਕੇ ਸਾਦ ਖਾਦਾ ਲਹੈ ਦਾਨਾ ਕੈ ਸਿਰਿ ਦਾਨੁ।"

– ਮਾਝ ੧, ਵਾਰ ੨੦ਸ, ੧, ੧ : ੩ (147)

(4) ਉਤਰਦੀ, ਮੁਕਦੀ

"ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ।"

– ਮਾਝ ੧, ਵਾਰ ੨੩ਸ, ੧, ੧ : ੧ (148)

"ਲਹੈ ਭਰਾਤਿ ਹੋਵੈ ਜਿਸੁ ਦਾਤਿ।"

– ਮਾਝ ੧, ਵਾਰ ੨੭ਸ, ੧, ੨ : ੭ (150)

"ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ।" (ਉਤਰੇ)

– ਆਸਾ ੩, ਅਸ ੩੧, ੧* : ੨ (427)

(5) ਲਖੈ, ਸਮਝੇ

"ਤਉ ਅਲਹ ਲਹੈ ਲਹਿ ਚਰਨ ਸਮਾਵੈ।"

– ਗਉ ਕਬ, ਬਾਅ ੩੬ : ੪ (342)

"ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ।"

– ਧਨਾ ਤ੍ਰਿਲੋ, ੧, ੩ : ੧ (695)

"ਸਤਿਗੁਰੁ ਸੇਵੇ ਤਾ ਨਾਮੁ ਲਹੈ।"

– ਮਲਾ ੩, ੧੩, ੧ : ੨ (1262)

(6) ਲਭ ਲੈਂਦਾ ਹੈ

"ਗੁਰਮੁਖਿ ਖੋਜਿ ਲਹੈ ਘਰੁ ਆਪੇ।"

– ਆਸਾ ੧, ਅਸ ੮, ੧ : ੪ (415)

"ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ।" (ਲਭੇ)

– ਰਾਮ ੧, ਓਅੰ ੫੩ : ੨ (938)

ਲਹੈਗੀ ----- ਪ੍ਰਾਪਤ ਕਰੇਗੀ

"ਅੰਤ ਕੀ ਬਾਰ ਲਹੈਗੀ ਨ ਆਢੈ।"

– ਆਸਾ ਕਬ, ੩੪, ੧* : ੨ (484)

ਲਹੋ ------- ਲਭਿਆ, ਪ੍ਰਾਪਤ ਕੀਤਾ

"ਲਾਲ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ।"
– ਸਾਰ ੫, ੩, ੧* : ੨ (1203)

ਲਹੋਗੀਆ --- ਲਥਾ, ਉਤਰਿਆ, ਲਹਿ ਗਿਆ
"ਸਭਿ ਕਹਹੁ ਮੁਖਹੁ ਹਰਿ ਹਰਿ ਹਰੇ ਹਰਿ ਹਰਿ ਹਰੇ ਹਰਿ ਬੋਲਤ ਸਭਿ ਪਾਪ ਲਹੋਗੀਆ।"
– ਕਾਨ ੪, ਵਾਰ ੧ : ੫ (1313)

ਲੰਕ ------- ਇਕ ਨਗਰੀ ਜਿਥੋਂ ਦਾ ਰਾਜਾ ਰਾਵਨ ਸੀ ਹੋਰ ਵੇਖੋ 'ਲੰਕਾ'
"ਰੋਵੈ ਦਹਸਿਰੁ ਲੰਕ ਗਵਾਇ।"
– ਰਾਮ ੩, ਵਾਰ ੧੪ਸ, ੧, ੧ : ੭ (954)

ਲਕਰੀ ----- ਲਕੜੀ
"ਹਾਡ ਜਲੇ ਜੈਸੇ ਲਕਰੀ ਕਾ ਤੂਲਾ।"
– ਗੋਂਡ ਕਬ, ੨, ੨ : ੧ (870)

ਲਕੜੀ ----- (1) ਕਾਠ ਵਾਲੇ, ਡੰਡਧਾਰੀ
"ਖਲੜੀ ਖਪਰੀ ਲਕੜੀ ਚਮੜੀ ਸਿਖ੍ਹਾ ਸੂਤੁ ਧੋਤੀ ਕੀਨ੍ਹੀ।"
– ਆਸਾ ੧, ੩੩, ੪ : ੧ (358)
(2) ਲਕੜ, ਕਾਠ
"ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ।"
– ਆਸਾ ੧, ਵਾਰ ੧੮ਸ, ੧, ੧ : ੨ (472)

ਲੰਕਾ ------ ਇਕ ਨਗਰੀ, (ਦੇਸ) ਜਿਸ ਦੇ ਰਾਜੇ ਰਾਵਨ ਨੇ ਬਨ ਵਿਚੋਂ ਛਲ ਨਾਲ 'ਸੀਤਾ' ਨੂੰ ਚੁੱਕ ਲਿਆਂਦਾ ਸੀ
"ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ।"
– ਗਉ ੧, ੧੩, ੫ : ੩ (155)

ਲਕੀ ------ ਲਕ ਨਾਲ
"ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ।"
– ਮਾਝ ੧, ਵਾਰ ੨੬ਸ, ੧, ੧ : ੬ (149)

ਲਕੁ ------- ਕਮਰ, ਲਕ
"ਜੋ ਉਬਰੇ ਸੇ ਬੰਧਿ ਲਕੁ ਖਰੇ।"
– ਗਉ ੫, ੭੮, ੧ : ੨ (178)

ਲਕੁਟੀ ----- ਲਕੜ, ਸੋਟੀ
"ਮੈ ਅੰਧੁਲੇ ਹਰਿ ਨਾਮੁ ਲਕੁਟੀ ਟੋਹਣੀ।"
– ਸੂਹੀ ੧, ਅਸ ੫, ੧* : ੧ (752)

ਲੰਕੂਰੁ ----- ਪੂਛ, ਦੁੰਮ
"ਹਣਵੰਤੁ ਜਾਗੈ ਧਰਿ ਲੰਕੂਰੁ।"
– ਬਸੰ ਕਬ, ੨, ੨ : ੨ (1193)

ਲਖ ------- ਗਿਣਤੀ ਦੀ ਇਕ ਇਕਾਈ, ਭਾਵ ਅਨੇਕ, ਬਹੁਤ ਸਾਰੇ, ਬੇਅੰਤ

“ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ।”
– ਜਪੁ ੧, ੧ : ੪ (1)
“ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ।”
– ਸਿਰੀ ੧, ੨, ੪ : ੧ (15)
“ਲਖ ਚਉਰਾਸੀਹ ਤਰਸਦੇ ਜਿਸੁ ਮੇਲੇ ਸੋ ਮਿਲੈ ਹਰਿ ਆਇ।” (ਸਾਰੀਆਂ ਜੂਨਾਂ ਦੇ ਜੀਵ)
– ਸਿਰੀ ੩, ੩੯, ੪ : ੨ (29)
“ਲਖ ਚਉਰਾਸੀਹ ਫੇਰੁ ਪਇਆ ਕਾਮਣਿ ਦੂਜੇ ਭਾਇ।”(ਚਉਰਾਸੀ ਲਖ ਜੂਨਾਂ)
– ਸਿਰੀ ੩, ੪੭, ੨ : ੧ (31)
“ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ।”(ਬੇਅੰਤ)
– ਸਿਰੀ ੫, ੭੬, ੨ : ੧ (44)

ਲਖਉ ----- ਲਖਦਾ, ਜਾਣਦਾ, ਪਛਾਣਦਾ
“ਮਾਈ ਮੈ ਕਿਹਿ ਬਿਧਿ ਲਖਉ ਗੁਸਾਈ।”
– ਸੋਰ ੯, ੬, ੧* : ੧ (632)

ਲਖਈਆ --- ਸਮਝ ਆ ਗਿਆ, ਲਖਿਆ ਗਿਆ, ਜਾਣਿਆ ਗਿਆ
“ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ।”
– ਬਿਲਾ ੪, ਅਸ ੧, ੮ : ੧ (833)

ਲਖਸਿ ----- ਪਛਾਣਦਾ, ਲਖਦਾ
“ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ।”
– ਮਾਰੂ ੧, ੪, ੧* : ੨ (990)

ਲਖਹੁ –
(1) ਜਾਣ ਸਕਨਾ, ਸਮਝ ਸਕਨਾ
“ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਣਾਪਤਿ ਗਤਿ ਕਿਨਿ ਲਖਹੁ।”
– ਬਿਲਾ ੫, ਛੰਤ ੩, ੩ : ੫ (847)
(2) ਲਖਾਂ (ਜੀਵਾਂ) ਤੋਂ
“ਇਕਹੁ ਜਿ ਲਾਖੁ ਲਖਹੁ ਅਲਖ ਹੈ ਇਕੁ ਇਕੁ ਕਰਿ ਵਰਨਿਅਉ।”
– ਸਵ ੩, ਜਾਲ ੧੨ : ੫ (1394)

ਲਖਣ ------ (1) ਲਗਨ, ਭਾਗ
“ਗੁਰ ਕੇ ਚਰਨ ਬਸੇ ਰਿਦ ਭੀਤਰਿ ਸੁਭ ਲਖਣ ਪ੍ਰਭਿ ਕੀਨੇ।”
– ਸੋਰ ੫, ੩੭, ੧ : ੧ (618)
(2) ਲਛਣ, ਨਿਸ਼ਾਨੀ, ਚਿੰਨ੍ਹ
“ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ।”
– ਰਾਮ ੧, ਅਸ ੧, ੧* : ੨ (902)

ਲਖਣਾ ----- ਸਮਝਿਆ, ਜਾਣਿਆ
“ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ ਅਲਖੁ ਨ ਲਖਣਾ ਜਾਈ ਰੇ।”
– ਗਉ ੧, ੧੬, ੧* : ੨ (156)

ਲਖਣੇ ------ ਜਾਣੇ, ਸਮਝੇ
"ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ।"
– ਆਸਾ ੫, ਅਸ ੨੩, ੨ : ੨ (423)

ਲਖਨ ------ ਲਛਣਾਂ, ਨਿਸਾਣੀਆਂ
"ਕਹੁ ਕਬੀਰ ਹਮ ਐਸੇ ਲਖਨ।"
– ਗੋਂਡ ਕਬ, ੧੦, ੪ : ੩ (873)

ਲਖਨੀ ----- ਜਾਣਿਆ, ਸਮਝਿਆ, ਲਖਿਆ
"ਪ੍ਰਭ ਮੇਰਾ ਬੇਅੰਤੁ ਹੈ ਅੰਤੁ ਕਿਨੈ ਨ ਲਖਨੀ।" (ਭਾਵ ਪਾਇਆ)
– ਸੂਹੀ ੩, ਵਾਰ ੧੮ : ੩ (791)

ਲਖਨੁ ------ ਜਾਣਿਆ, ਸਮਝਿਆ
"ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ।"
– ਰਾਮ ੧, ਅਸ ੮, ੬ : ੧ (907)

ਲਖਮਣੁ ---- ਸ੍ਰੀ ਰਾਮ ਚੰਦਰ ਦਾ ਭਰਾ, ਰਾਜਾ ਦਸ਼ਰਥ ਦਾ ਬੇਟਾ
"ਸੀਤਾ ਲਖਮਣੁ ਵਿਛੁੜਿ ਗਇਆ।"
– ਰਾਮ ੩, ਵਾਰ ੧੪ਸ, ੧, ੧ : ੬ (953)

ਲਖਮੀ ----- (1) (ਸੰ.) ਮਾਇਆ, ਧਨ ਦੌਲਤ
"ਤੀਨਿ ਭਵਨ ਕੀ ਲਖਮੀ ਜੋਰੀ ਬੂਝਤ ਨਾਹੀ ਲਹਰੇ।"
– ਗਉ ੫, ੧੬੨*, ੨ : ੧ (215)
"ਲਖਮੀ ਤੋਟਿ ਨ ਆਵਈ ਖਾਇ ਖਰਚ ਰਹੰਦਾ।"
– ਮਾਰੂ ੫, ਵਾਰ ੭ : ੩ (1096)
(2) ਪ੍ਰਤਾਪ
"ਮੁਕੰਦ ਮਨੋਹਰ ਲਖਮੀ ਨਾਰਾਇਣ।"
– ਮਾਰੂ ੫, ਸੋਲਾ ੧੧, ੬ : ੧ (1082)

ਲਖਾ ------ (1) ਲਖਾਂ, ਅਨੇਕਾਂ, ਬੇਅੰਤ
"ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ।"
– ਆਸਾ ੧, ੩੧, ੧ : ੨ (358)
(2) ਲਖ, ਸਮਝ, ਵੇਖ
"ਚਲਦਿਆ ਨਾਲਿ ਨ ਚਲਈ ਸਭੁ ਝੂਠ ਦਰਬੁ ਲਖਾ।"
– ਮਾਰੂ ੩, ਵਾਰ ੩ : ੨ (1087)

ਲਖਾਇ ----- ਲਖਾ ਦਿੱਤਾ, ਵਿਖਾ ਦਿੱਤਾ
"ਜਨ ਨਾਨਕਿ ਗੁਰੁ ਪੂਰਾ ਪਾਇਆ ਮਨਿ
ਹਿਰਦੈ ਨਾਮੁ ਲਖਾਇ ਜੀਉ।"
– ਆਸਾ ੪, ਛੰਤ ੧੧, ੪ : ੫ (446)
"ਰਤਨਾ ਸਾਰ ਨ ਜਾਣਈ ਆਵੈ ਆਪੁ ਲਖਾਇ।" (ਪ੍ਰਗਟ ਕਰਕੇ, ਵਿਖਾ ਕੇ)
– ਰਾਮ ੩, ਵਾਰ ੧੫ਸ, ੨, ੧ : ੨ (954)

ਲਖਾਇਓ --- ਸਮਝਾ ਦਿੱਤਾ, ਵਖਾ ਦਿੱਤਾ

"ਅਪਰੰਪਰੋ ਪਾਰਬ੍ਰਹਮ ਸੁਆਮੀ ਹਰਿ ਅਲਖ ਗੁਰੂ ਲਖਇਓ।"
– ਮਾਲੀ ੪, ੩, ੧* : ੨ (985)

ਲਖਾਇਆ --- ਲਖਾ ਦਿੱਤਾ, ਸਮਝਾ ਦਿੱਤਾ
"ਸਾਚ ਮਹਲਿ ਗੁਰਿ ਅਲਖੁ ਲਖਾਇਆ।"
– ਗਉ ੧, ਅਸ ੧੫, ੮ : ੧ (228)

ਲਖਾਇਦਾ --- ਸਮਝਾਉਂਦਾ
"ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ।"
– ਮਾਰੂ ੧, ਸੋਲਾ ੧੩, ੩ : ੩ (1033)

ਲਖਾਈ ----- ਸਮਝਾ, ਵਿਖਾ
"ਸਤਿਗੁਰੁ ਸੇਵੇ ਸਦਾ ਸੁਖੁ ਪਾਏ ਸਤਿਗੁਰਿ
ਅਲਖੁ ਦਿਤਾ ਲਖਾਈ।"
– ਸੂਹੀ ੩, ਅਸ ੨, ੩ : ੩ (754)
"ਭਗਤਿ ਭਾਉ ਗੁਰ ਕੀ ਮਤਿ ਪੂਰੀ ਅਨਹਦਿ ਸਬਦਿ ਲਖਾਈ ਹੇ।" (ਸਮਝ ਆਉਂਦੀ ਹੈ)
– ਮਾਰੂ ੧, ਸੋਲਾ ੫, ੧੨ : ੩ (1025)

ਲਖਾਈਐ --- ਸਮਝਾਈਏ
"ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ।"
– ਮਾਰੂ ੩, ਵਾਰ ੧੯ਸ, ੧, ੧ : ੬ (1093)

ਲਖਾਏ ----- ਸਮਝਾ ਦੇਣਾ, ਸੋਝੀ ਕਰਾ ਦੇਣੀ
"ਅੰਤਰਿ ਨਵਨਿਧਿ ਨਾਮੁ ਹੈ ਮੇਰੀ ਜਿੰਦੁੜੀਏ ਗੁਰੁ ਸਤਿਗੁਰੁ ਅਲਖ ਲਖਾਏ ਰਾਮ।"
– ਬਿਹਾ ੪, ਛੰਤ ੩, ੨ : ੨ (539)

ਲਖਾਹਾ ----- ਸਮਝ ਜਾਂਦਾ ਹੈ
"ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ।"
– ਮਾਰੂ ੩, ਸੋਲਾ ੧੦, ੧੦ : ੩ (1053)

ਲਖਾਹਿ ----- ਪ੍ਰਗਟ ਕਰ ਆਉਣਾ, ਵਿਖਾ ਆਉਣਾ
"ਪਰਾਈ ਬਖੀਲੀ ਕਰਹਿ ਆਪਣੀ ਪਰਤੀਤਿ ਖੋਵਨਿ ਸਗਵਾ ਭੀ ਆਪੁ ਲਖਾਹਿ।"
– ਬਿਲਾ ੪, ਵਾਰ ੮ : ੩ (852)

ਲਖਾਹੰੀ ---- ਵਿਖਾ ਦਿੰਦਾ ਹੈ, ਸਮਝਾ ਦਿੰਦਾ ਹੈ
"ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰ ਪੂਰਾ ਅਲਖੁ ਲਖਾਹੰੀ ਜੀਉ।"
– ਗਉ ੪, ੬੭, ੧ : ੨ (173)

ਲਖਾਯਉ ---- ਸਮਝਾਇਆ ਹੈ
"ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ।"
– ਸਵ ੫, ਕਲ ੮ : ੧ (1408)

ਲਖਾਰੀ ----- ਲਖ ਲਿਆ, ਜਾਣ ਲਿਆ
"ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖ ਲਖਾਰੀ।"

– ਸਾਰ ੪, ੨, ੨ : ੨ (1198)

ਲਖਾਰੇ ----- ਸਮਝਿਆ (ਲਖਿਆ) ਜਾਂਦਾ ਹੈ
"ਤੂ ਸਚਾ ਸਾਹਿਬੁ ਅਲਖੁ ਹੈ ਗੁਰ ਸਬਦਿ ਲਖਾਰੇ।"
– ਗਉ ੪, ਵਾਰ ੧੪ : ੫ (308)
"ਹਉ ਬਲਿਹਾਰੀ ਸਤਿਗੁਰ ਆਪਣੇ ਜਿਨਿ ਮੇਰਾ ਹਰਿ ਅਲਖੁ ਲਖਾਰੇ।" (ਸਮਝਾ ਦਿਤਾ)
– ਵਡ ੪, ਵਾਰ ੮ : ੫ (589)

ਲਖਾਵਉ ---- ਦਸਾਂ, ਪ੍ਰਗਟ ਕਰਾਂ
"ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ।"
– ਸਲੋ ਕਬ, ੨੩੪ : ੨ (1377)

ਲਖਾਵਹੁ ---- ਦਿਖਾਵੋ
"ਜਣੀ ਲਖਾਵਹੁ ਅਸੰਤ ਪਾਪੀਸਣਿ।"
– ਆਸਾ ਰਵਿ, ੨, ੩ : ੨ (486)

ਲਖਾਵਹੇ ---- ਦਸੇ, ਜਤਾਵੇ
"ਹੋਹੁ ਨਿਮਾਣਾ ਸਤਿਗੁਰੂ ਅਗੈ ਮਤ ਕਿਛੁ ਆਪੁ ਲਖਾਵਹੇ।"
– ਆਸਾ ੩, ਛੰਤ ੭, ੭ : ੩ (441)

ਲਖਾਵਣਿਆ – ਸਮਝਾਣਾ
"ਸਦਾ ਮੁਕਤੁ ਆਪੇ ਹੈ ਸਚਾ ਆਪੇ ਅਲਖੁ ਲਖਾਵਣਿਆ।"
– ਮਾਝ ੩, ਅਸ ੨੭, ੪ : ੩ (125)

ਲਖਾਵੀਐ --- ਸਮਝ ਸਕੀਦਾ ਹੈ
"ਅਗਮ ਅਗੋਚਰ ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ ਲਖਾਵੀਐ ਰੇ।"
– ਕੇਦਾ ੪, ੧, ੧*: ੨ (1118)

ਲਖਾਵੈ ----- ਜਣਾਉਂਦਾ, ਸੁਝਾਉਂਦਾ
"ਆਪੇ ਅਲਖੁ ਨ ਲਖੀਐ ਪਿਆਰਾ ਆਪਿ ਲਖਾਵੈ ਸੋਇ।"
– ਸੋਰ ੪, ੨, ੩ : ੩ (605)

ਲਖਾਵੈਗੋ ---- ਸਮਝਿਆ ਜਾ ਸਕਦਾ ਹੈ
"ਗੁਰਮੁਖਿ ਏਕੋ ਏਕ ਪਛਾਤਾ ਗੁਰਮੁਖਿ ਹੋਇ ਲਖਾਵੈਗੋ।"
– ਕਾਨ ੪, ਅਸ ੪, ੫ : ੧ (1310)

ਲਖਿ ------ (1) ਜਾਣ ਕੇ
"ਸੋਈ ਲਖਿ ਮੇਟਣਾ ਨ ਹੋਈ।"
– ਗਉ ਕਬ, ਬਾਅ ੬ : ੪ (340)
(2) ਵੇਖ
"ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ।"
– ਮਾਰੂ ੫, ਵਾਰ ੧੭ਸ, ੫, ੩ : ੨ (1100)

ਲਖਿਓ ----- ਜਾਣਿਆ, ਸਮਝਿਆ

"ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ।"
- ਗਉ ੯, ੨, ੧* : ੨ (219)

ਲਖਿਆ ---- ਜਾਣਿਆ, ਸਮਝਿਆ
"ਸਭ ਏਕੋ ਇਕੁ ਵਰਤਦਾ ਅਲਖੁ ਨ ਲਖਿਆ ਜਾਇ।"
- ਸਿਰੀ ੩, ੬੦, ੧ : ੨ (37)

ਲਖਿਮੀ ----- (1) ਵਿਸ਼ਨੂੰ ਦੀ ਪਤਨੀ, ਵੇਖੋ 'ਲਖਮੀ' (2)
"ਲਖਿਮੀ ਬਰ ਸਿਉ ਜਉ ਲਿਉ ਲਾਵੈ।"
- ਗਉ ਕਬ, ਬਾਅ ੪੩ : ੩ (342)
"ਦੇਵ ਕੁਲੀ ਲਖਿਮੀ ਕਉ ਕਰਹਿ ਜੈਕਾਰੁ।"
- ਭੈਰ ੩, ਅਸ ੧, ੧੧ : ੧ (1154)
(2) ਮਾਇਆ
"ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ।"
- ਆਸਾ ੫, ਛੰਤ ੫, ੩ : ੨ (456)
"ਲਖਿਮੀ ਕੇਤਕ ਗਨੀ ਨਾ ਜਾਈਐ ਗਨਿ ਨ ਸਕਉ ਸੀਕਾ।"
- ਗੂਜ ੫, ਅਸ ੧, ੫ : ੨ (507)

ਲਖੀ ------ (1) ਜਾਣੀ, ਸਮਝੀ
"ਲਖੀ ਨ ਜਾਈ ਨਾਨਕ ਲੀਲਾ।"
- ਗਉ ੫, ਬਾਅ ੧ : ੮ (250)
(2) ਲਖਾਂ ਹੀ
"ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਤਿਸਾਹ।"
- ਮਲਾ ੧, ਵਾਰ ੨੧ਸ, ੧, ੪ : ੨ (1287)

ਲਖੀਐ ----- ਜਾਣੀਐ, ਸਮਝੀਐ
"ਹਰਿ ਰੰਗੁ ਨਾਲਿ ਨ ਲਖੀਐ ਮੇਰੇ ਗੋਵਿਦਾ ਗੁਰੁ ਪੂਰਾ ਅਲਖੁ ਲਖਾਹੀ ਜੀਉ।"
- ਗਉ ੪, ੬੭, ੧ : ੨ (173)

ਲਖੁ ------- ਅਨੇਕ
"ਲਖੁ ਲਖੁ ਗੇੜਾ ਆਖੀਐ ਏਕੁ ਨਾਮੁ ਜਗਦੀਸ।"
- ਜਪੁ ੧, ੩੨ : ੨ (7)
"ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ।"(ਬਹੁਤ ਸਾਰੀਆਂ)
- ਆਸਾ ੧, ਅਸ ੧੧, ੩ : ੧ (417)

ਲਖੇ ------- ਸਮਝਦਾ, ਜਾਣਦਾ
"ਗੁਰ ਕਿਰਪਾ ਤੇ ਕੋ ਲਖੇ।"
- ਗਉ ੫, ੧੪੩*, ੩ : ੨ (211)

ਲਖੇਸਰੀ ---- ਲਖਾਂ ਦੀਆਂ ਲੜੀਆਂ (ਸ਼ਬਦਾਰਥ); ਸਿਰ ਤੇ ਲਖਾਂ ਹੀ (ਮਹਾਨਕੋਸ਼); ਲਖਾਂ ਹੀ (ਦਰਪਣ, ਨਿਰਣੈ)
"ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ।"

– ਸਲੋ ੧, ੪ : ੧ (1140)

ਲਖੈ ------- (1) ਜਾਣੇ, ਸਮਝੇ
“ਜਸ ਓਹੁ ਹੈ ਤਸ ਲਖੈ ਨ ਕੋਈ।”
– ਗਉ ਕਬ, ਬਾਅ ੨ : ੪ (340)
“ਹਿਰਦੈ ਨਾਮੁ ਲਖੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ।” (ਵੇਖ ਲਏ, ਸਹੀ ਕਰੇ)
– ਭੈਰ ੩, ੧੬, ੨ : ੧ (1132)

ਲਖੵ ------- ਲਖ ਕੇ, ਵੇਖ ਕੇ, ਤਾੜ ਕੇ
“ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ।”
– ਸਸ ੫, ੬ : ੧ (1354)

ਲਖੵਣ ------ ਲਛਣ, ਨਿਸ਼ਾਨੀਆਂ
“ਖਟ ਲਖੵਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ।”
– ਸਸ ੫, ੪੦ : ੭ (1357)

ਲਖੵਾ ------ ਜਾਣਿਆ
“ਅਲਖ ਰੂਪ ਜੀਅ ਲਖੵਾ ਨ ਜਾਈ।”
– ਸਵ ੪, ਗਯੰ ੧ : ੫ (1401)

ਲਖੵਿਣ ----- ਲਛਣ, ਨਿਸ਼ਾਣੀਆਂ, ਗੁਣ
“ਪ੍ਰਾਪਤੰ ਧਰਮ ਲਖੵਿਣ।”
– ਸਸ ੫, ੧੦ : ੪ (1354)

ਲਗਉ ----- (1) ਲਗਾਂ
“ਪਾਇ ਲਗਉ ਤਜਿ ਮੇਰਾ ਤੇਰੈ।”
– ਗਉ ੫, ੮੫, ੨ : ੩ (181)
(2) ਲਗੇ
“ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ।”
– ਬਿਹਾ ੫, ਛੰਤ ੩, ੨ : ੨ (543)
“ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ।”
– ਸਲੋ ਕਬ, ੧੫ : ੨ (1365)

ਲਗਈ ----- ਲਗਦਾ, ਪੋਹੰਦਾ
“ਜਮਜੰਦਾਰੁ ਨ ਲਗਈ ਇਉ ਭਉਜਲੁ ਤਰੈ ਤਰਾਸਿ।” (ਪੋਹੇ)
– ਸਿਰੀ ੧, ੨੧, ੨ : ੩ (22)

ਲਗਈਆ --- (1) ਲਗੇ ਹੋਏ ਹਨ
“ਏਕੁ ਗਿਰਹੁ ਦਸ ਦੁਆਰ ਹੈ ਜਾ ਕੇ ਅਹਿਨਿਸਿ ਤਸਕਰ ਪੰਚਚੋਰ ਲਗਈਆ।”
(ਭਾਵ ਲੁਟਦੇ ਰਹਿੰਦੇ ਹਨ)
– ਬਿਲਾ ੪, ਅਸ ੧, ੨ : ੧ (833)
(2) ਲਗਦਾ ਹੈ
“ਅੰਤਰਿ ਪਿਆਸ ਉਠੀ ਪ੍ਰਭ ਕੇਰੀ ਸੁਣਿ ਗੁਰ ਬਚਨ ਮਨਿ ਤੀਰ ਲਗਈਆ।”
– ਬਿਲਾ ੪, ਅਸ ੮, ੧ : ੧ (835)

ਲਗਹ ------ ਲਗੀਏ
“ਮੇਰੀ ਸਖੀ ਸਹੇਲੜੀਹੋ ਪ੍ਰਭ ਕੈ ਚਰਣਿ ਲਗਹ।”
- ਬਿਹਾ ੫, ਛੰਤ ੪, ੨ : ੧ (544)
“ਪਾਇ ਲਗਹ ਨਿਤ ਕਰਹ ਬਿਨੰਤੀ ਗੁਰਿ ਸਤਿਗੁਰਿ ਪੰਥੁ ਬਤਾਇਆ।” (ਪੈਂਦੇ/ਲਗਦੇ ਹਾਂ)
- ਵਡ ੪, ਛੰਤ ੪, ੧ : ੪ (574)

ਲਗਹਿ ----- (1) ਲਗੇ ਹਨ
“ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ।”
- ਮਾਝ ੧, ਵਾਰ ੨੦ਸ, ੧, ੨ : ੨ (147)
“ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ।” (ਲਗੇ ਹਨ, ਰੁਝੇ ਹਨ/ਜੁਟੇ ਹਨ)
- ਗਉ ੫, ਬਾਅ ੩੩ : ੮ (257)
“ਓਹ ਵੇਲਾ ਹਥਿ ਨ ਆਵਈ ਫਿਰਿ ਸਤਿਗੁਰ ਲਗਹਿ ਪਾਇ।” (ਲਗਨ, ਲਗ ਸਕਨ)
- ਗਉ ੪, ਵਾਰ ੨੬ਸ, ੬, ੧ : ੩ (314)
“ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।” (ਖੁਭਿਆ, ਲਗਾ)
- ਬਿਲਾ ੫, ੩੧, ੨ : ੨ (808)
(2) ਲਗਦੇ/ਪੋਂਹਦੇ ਹਨ
“ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ।”
- ਆਸਾ ੫, ੧੨੦, ੨ : ੧ (401)

ਲਗਹੁ ------ ਲਗਦਾ
“ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ ਏਹੁ ਸਤਿਗੁਰਿ ਹੈ ਫਿਟਕਾਰਿਆ।”
- ਗਉ ੪, ਵਾਰ ੩੦ਸ, ੪, ੧ : ੧੨ (316)
(2) ਜੁੱਟ ਜਾਓ, ਰੁਝ ਜਾਓ
“ਸੰਤ ਸਭਾ ਕੀ ਲਗਹੁ ਸੇਵ।”
- ਬਸੰ ੫, ੯, ੩ : ੪ (1182)

ਲਗਣੰ ----- ਲਗਦਾ ਹੈ, ਪੈਂਦਾ ਹੈ
“ਤਥ ਲਗਣੰ ਪ੍ਰੇਮ ਨਾਨਕ।”
- ਗਾਥਾ ੫, ੧੭ : ੨ (1361)

ਲਗਤ ------ ਲਗਦਾ
“ਤਹ ਛਲ ਛਿਦ੍ਰ ਲਗਤ ਕਹੁ ਕੀਸ।” (ਪੋਂਹਦੀ)
- ਗਉ ੫, ਸੁਖ ੨੧, ੪ : ੬ (291)
“ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ।”
- ਸੋਰ ੯, ੮, ੧ : ੨ (633)
“ਜੈਸੇ ਹਰਹਟ ਕੀ ਮਾਲਾ ਟਿੰਡ ਲਗਤ ਹੈ
ਇਕ ਸਖਨੀ ਹੋਰ ਫੇਰ ਭਰੀਅਤ ਹੈ।” (ਜੁੜੀ ਹੋਈ, ਲਗੀ ਹੋਈ)
- ਪ੍ਰਭਾ ੧, ੮, ੨ : ੧ (1329)

ਲਗਤੁ ----- (1) ਲਗ ਕੇ, ਜੁੜ ਕੇ

"ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ।"

– ਗਉ ੫, ਸੁਖ ੧੫, ੩ : ੪ (282)

(2) ਲਗਦਾ, ਸ਼ੁਰੂ ਹੁੰਦਾ

"ਮਾਇਆ ਗਈ ਤਬ ਰੋਵਨੁ ਲਗਤੁ ਹੈ।"

– ਆਸਾ ਕਬ, ੬, ੧ : ੨ (487)

ਲਗਥਈ ---- ਲਗੀ ਹੈ

"ਹਮਰੇ ਦੋਖ ਬਹੁ ਜਨਮ ਜਨਮ ਕੇ ਦੁਖ ਹਉਮੈ ਮੈਲੁ ਲਗਥਈ।"

– ਕਲਿ ੪, ੪, ੨ : ੧ (1320)

ਲਗਦਾ ----- ਭਾਵ ਜ਼ੋਰ ਪਾਉਂਦਾ, ਫੜਦਾ

"ਹੁਕਮੀ ਹੀ ਜਮੁ ਲਗਦਾ ਸੋ ਉਬਰੈ ਜਿਸੁ ਬਖਸੈ ਕਰਤਾਰ।"

– ਬਿਲਾ ੪, ਵਾਰ ਪਸ, ੩, ੨ : ੩ (851)

ਲਗਦੀਆ --- ਰੁਚਿਤ ਹੁੰਦੀਆਂ

"ਜਿਤੁ ਲਾਇਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ।"

– ਮਾਰੂ ੫, ਵਾਰ ੧੦ : ੬ (1098)

ਲਗਨਾ ----- (1) ਰੁਚਿਤ ਹੋਣਾ, ਖਚਿਤ ਹੋਣਾ, ਜੁਟਨਾ

"ਜਿਤੁ ਜਿਤੁ ਲਾਵਹਿ ਤਿਤੁ ਤਿਤੁ ਲਗਨਾ।"

– ਗਉ ੫, ੭੮, ੪ : ੩ (178)

(2) ਲਗਾ ਹੈ (ਪਿਆਰਾ)

"ਪਾਇਓ ਰੇ ਪਰਮ ਨਿਧਾਨੁ ਮਿਟਿਓ ਹੈ ਅਭਿਮਾਨੁ ਏਕੈ ਨਿਰੰਕਾਰ ਨਾਨਕ ਮਨੁ ਲਗਨਾ।"

– ਧਨਾ ੫, ੩੦, ੨ : ੨ (679)

ਲਗਨਿ ----- ਲਗਦੇ ਹਨ

"ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।" (ਭਾਵ ਪੈਂਦੇ ਹਨ)

– ਮਾਝ ੫, ਬਾਰਾ ੯ : ੩ (135)

"ਪ੍ਰਤਿਪਾਲਿ ਮਾਤਾ ਉਦਰਿ ਰਾਖੈ ਲਗਨਿ ਦੇਤ ਨ ਸੇਕ।" (ਲਗਨ, ਛੂੰਹਨ)

– ਮਾਰੂ ੫, ੨੯, ੧ : ੧ (1007)

ਹੋਰ ਰੂਪ:

ਲਗੰਨਿ –

"ਮੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠੇ ਪਹਰ ਲਗੰਨਿ।"(ਲਗੇ ਰਹਿੰਦੇ ਹਨ)

– ਗਉ ੪, ਵਾਰ ੪ਸ, ੪, ੧ : ੧ (301)

"ਸੁਣਿ ਸਾਜਨ ਪ੍ਰੇਮ ਸੰਦੇਸਰਾ ਅਖੀ ਤਾਰ ਲਗੰਨਿ।"(ਭਾਵ ਉਡੀਕ ਵਿਚ ਰਹਿੰਦੀਆ ਹਨ)

– ਗਉ ੪, ਵਾਰ ਪਸ, ੪, ੧ : ੧ (302)

"ਗੁਰਮੁਖਿ ਜਨਮੁ ਸਕਾਰਥਾ ਸਚੈ ਸਬਦਿ ਲਗੰਨਿ।" (ਲਗੇ ਭਾਵ ਜੁੜੇ ਰਹਿੰਦੇ ਹਨ)

– ਸੂਹੀ ੩, ਅਸ ੩, ੩ : ੧ (755)

ਲਗਨੁ ------ ਮਹੂਰਤ, ਸ਼ੁਭ ਘੜੀ
“ਬਾਬਾ ਲਗਨੁ ਗਣਾਇ ਹੰਭੀ ਵੰਞਾ ਸਾਹੁਰੈ ਬਲਿਰਾਮ ਜੀਉ।”
- ਸੂਹੀ ੧, ਛੰਤ ੧, ੩ : ੧ (763)

ਲਗੰਨ੍ਹਿ ----- ਜੁੜਨ, ਲਗਨ
“ਨਾਮੁ ਧਿਆਇਨਿ ਰੰਗ ਸਿਉ ਗੁਰਮੁਖ ਨਾਮਿ ਲਗੰਨ੍ਹਿ।”
- ਸੂਹੀ ੩, ਅਸ ੪, ੩ : ੧ (757)
“ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ।” (ਲਗਦੀਆਂ/ਛੋਹ ਪ੍ਰਾਪਤ ਕਰਦੀਆਂ ਹਨ।)
- ਸਲੋ ੩, ੫੨ : ੧ (1419)

ਲਗਮਾਤ ---- ਲਗ ਮਾਤ੍ਰਾ ਭਾਵ ਛੋਟਾ, ਨਿਗੁਣਾ
“ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗਮਾਤ।”
- ਮਾਰੂ ਕਬ, ੧, ੨ : ੧ (1105)

ਲੰਗਰਿ ----- ਰਸੋਈ ਘਰ/ਭੋਜਨ ਸ਼ਾਲਾ ਵਿਚ, ਹੋਰ ਵੇਖੋ ‘ਲੰਗਰੁ’
“ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ।”
- ਰਾਮ ਬਸ, ਵਾਰ ੩ : ੯ (967)

ਲਗਰੀ ----- ਲਗੇ ਹਾਂ
“ਜਿਨਹਿ ਨਿਵਾਜਿ ਸਾਜਿ ਹਮ ਕੀਏ ਤਿਸਹਿ ਬਿਸਾਰਿ ਅਵਰ ਲਗਰੀ।”
- ਬਿਲਾ ਕਬ, ੬, ੧ : ੨ (856)

ਲੰਗਰੁ ----- (ਫਾ. ਲਨਗਰ) ਭੋਜਨ ਸ਼ਾਲਾ
“ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ।” (ਭਾਵ ਪਰਵਾਹ)
- ਰਾਮ ਬਸ, ਵਾਰ ੨ : ੫ (966)

ਲਗੜਾ ----- (1) ਲਗਿਆ, ਜੁੜਿਆ
“ਮਨੁ ਬੇਧਿਆ ਚਰਨਾਰ ਬਿੰਦ ਦਰਸਨਿ ਲਗੜਾ ਸਾਹੁ।”
- ਮਾਝ ੫, ਬਾਰਾ ੧੧ : ੨ (135)
“ਲਗੜਾ ਸੋ ਨੇਹੁ ਮੰਨ ਮਝਾਹੂ ਰਤਿਆ।”
- ਜੈਤ ੫, ਵਾਰ ੧੧ਸ, ੫, ੨ : ੧ (708)
(2) ਲਗਾ, ਪ੍ਰਤੀਤ ਹੋਇਆ
“ਸੁਪਨੈ ਹਭਿ ਰੰਗ ਮਾਣਿਆ ਮਿਠਾ ਲਗੜਾ ਮੋਹੁ।”
- ਜੈਤ ੫, ਵਾਰ ੮ਸ, ੫, ੨ : ੧ (707)

ਲਗੜੀ ----- ਲਗੀ, ਜੁੜੀ
“ਲਗੜੀ ਸੁਥਾਨਿ ਜੋੜਣਹਾਰੈ ਜੋੜੀਆ।”
- ਗੂਜ ੫, ਵਾਰ ੭ਸ, ੫, ੧ : ੧ (519)

ਲਗੜੀਆ --- (1) ਲਗੀਆਂ ਹੋਈਆਂ
“ਖਖੜੀਆ ਸੁਹਾਵੀਆ ਲਗੜੀਆ ਅਕ ਕੰਠਿ।”
- ਗਉ ੫, ਵਾਰ ੭ਸ, ੫, ੧ : ੧ (319)
(2) ਜੁੜੀਆਂ

"ਲਗੜੀਆ ਪਿਰੀਅੰਨਿ ਪੇਖੰਦੀਆ ਨਾ ਤਿਪੀਆ।"

– ਮਾਰੂ ੫, ਵਾਰ ੨੧ਸ, ੫, ੧ : ੧ (1101)

ਲਗੜੋ ----- ਜੁੜ ਗਏ, ਲਗ ਗਏ

"ਛਡਿਓ ਹਭੁ ਆਪੁ ਲਗੜੋ ਚਰਣਾ ਪਾਸਿ।"

– ਜੈਤ ੫, ਵਾਰ ੧੬ਸ, ੫, ੨ : ੧ (709)

ਲਗਾ ------ (1) ਸ਼ੁਰੂ ਹੋਇਆ, ਲਗਾ

"ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ।"

– ਸਿਰੀ ੧, ੧੯, ੧ : ੧ (21)

"ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ।"

– ਸਿਰੀ ੫, ਅਸ ੨੯, ੨ : ੩ (73)

"ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕ।"

– ਆਸਾ ੧, ਵਾਰ ੧੯ਸ, ੧, ੧ : ੩ (473)

(2) ਹੋ ਗਿਆ, ਜੁੜ ਗਿਆ, ਪੈ ਗਿਆ

"ਹਉ ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ।"

– ਸਿਰੀ ੩, ੩੪, ੩ : ੩ (26)

"ਵਡਭਾਗੀ ਹਰਿ ਪਾਇਆ ਹਰਿ ਅਹਿਨਿਸਿ ਲਗਾ ਭਾਉ।"

– ਸਿਰੀ ੪, ਵਣ ੧, ੨ : ੪ (82)

"ਅਹੰਕਾਰੁ ਤਿਸਨਾ ਰੋਗੁ ਲਗਾ ਬਿਰਥਾ ਜਨਮੁ ਗਵਾਵਹੇ।" (ਹੋ ਗਿਆ, ਚਿੰਬੜ ਗਿਆ)

– ਆਸਾ ੩, ਛੰਤ ੭, ੬ : ੪ (441)

(3) ਜੁੜਿਆ ਰਹਾਂ, ਲਗਾਂ, ਢਹਿ ਪਵਾਂ

"ਆਪੁ ਛੋਡਿ ਚਰਣੀ ਲਗਾ ਚਲਾ ਤਿਨ ਕੈ ਭਾਇ।"

– ਸਿਰੀ ੩, ੪੪, ੨ : ੨ (30)

"ਸਚੁ ਸਲਾਹੀ ਸਚਿ ਲਗਾ ਸਚੈ ਨਾਇ ਤ੍ਰਿਪਤਿ ਹੋਇ।"

– ਸਿਰੀ ੩, ੬੦, ੪ : ੧ (37)

"ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।" (ਲਗਾਂ, ਢਹਿ ਪਵਾਂ)

– ਸਿਰੀ ੫, ਅਸ ੨੯, ੧੦ : ੩ (73)

(4) ਜੁਟਿਆ

"ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ।"

– ਸਿਰੀ ੫, ੭੩, ੧* : ੨ (43)

(5) ਭਾਵ ਮਿਲਿਆ

"ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ ਸਭੁ ਗਇਆ ਤਪੇ ਕਾ ਘਾਲਿਆ।"

– ਗਉ ੪, ਵਾਰ ੨੦ਸ, ੪, ੧ : ੭ (315)

"ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ।" (ਤੇ ਆਇਆ)

– ਆਸਾ ੧, ਵਾਰ ੧੯ਸ, ੧, ੧ : ੪ (473)

(6) ਲਗਨ, ਪ੍ਰੇਮ

“ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ।”
- ਆਸਾ ੧, ਵਾਰ ੨੨ਸ, ੨, ੧ : ੪ (474)

(7) ਜੁੜਿਆ ਹੋਇਆ
“ਤਾਮਸਿ ਲਗਾ ਸਦਾ ਫਿਰੈ ਅਹਿਨਿਸਿ ਜਲਤੁ ਬਿਹਾਇ।”
- ਬਿਹਾ ੪, ਵਾਰ ੧੫ਸ, ੩, ੧ : ੩ (554)

(8) ਜੁੜਿਆ, ਲਗਾ
“ਹਰਿ ਪਾਟੁ ਲਗਾ ਅਧਿਕਾਈ ਬਹੁ ਬਹੁ ਬਿਧਿ ਭਾਤਿ ਕਰਿ।”
- ਸੋਰ ੪, ਵਾਰ ੧੧ : ੨ (646)
“ਗਚੁ ਜਿ ਲਗਾ ਗਿੜਵੜੀ ਸਖੀਏ ਧਉਲ- ਹਰੀ।”
- ਸਲੋ ੧, ੧ : ੩ (1410)

(9) ਵਜਿਆ, ਪਿਆ
“ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ।”
- ਜੈਤ ੫, ਵਾਰ ੯ : ੪ (708)
“ਤਬ ਨਰੁ ਸੁਤਾ ਜਾਗਿਆ ਸਿਰਿ ਡੰਡ ਲਗਾ ਬਹੁ ਭਾਰੁ।”
- ਸਲੋ ੩, ੪੨ : ੩ (1417)

(10) ਲਗਿਆ, ਜਾਪਿਆ
“ਸਦਾ ਸੁਖ ਕਲਿਆਣ ਕੀਰਤਨੁ ਪ੍ਰਭ ਲਗਾ
ਮੀਠਾ ਭਾਣਾ।”
- ਰਾਮ ੫, ਛੰਤ ੩, ੪ : ੪ (926)

(11) ਫੱਬਿਆ, ਜਚਿਆ
“ਅਬਿਨਾਸੀ ਅਬਿਗਤੁ ਅਗੋਚਰ ਸਭੁ ਕਿਛੁ ਤੁਝ ਹੀ ਹੈ ਲਗਾ।”
- ਮਾਰੂ ੫, ਸੋਲ ੧੧, ੭ : ੩ (1082)

ਲਗਾਇ ---- ਲਾਵੇ, ਲਾਏ
“ਸਹਜਿ ਸਾਲਾਹੀ ਸਦਾ ਸਦਾ ਸਹਜਿ ਸਮਾਧਿ ਲਗਾਇ।”
- ਸਿਰੀ ੩, ਅਸ ੨੩, ੩ : ੧ (68)
“ਆਗਿ ਲਗਾਇ ਮੰਦਰ ਮੈ ਸੋਵਹਿ।” (ਲਾਕੇ)
- ਗਉ ਕਬ, ੪੪, ੫ : ੨ (332)
“ਜਿਉ ਜਿਉ ਰਾਮ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ।” (ਭਾਵ ਮਾਰਦਾ)
- ਰਾਮ ੪, ੨, ੩ : ੨ (881)

ਲਗਾਇਓ --- ਲਾਇਆ
“ਕਹੰਉ ਕਹਾ ਯਿਆ ਮਨ ਬਉਰੇ ਕਉ ਇਨ ਸਿਉ ਨੇਹੁ ਲਗਾਇਓ।”
- ਸੋਰ ੯, ੯, ੨ : ੧ (633)

ਲਗਾਇਆ -- ਲਾਏ, ਲਾ ਦਿੱਤੇ
“ਕੋਟਿ ਜਨਾ ਕਰਿ ਸੇਵ ਲਗਾਇਆ ਜੀਉ।”
- ਗਉ ੫, ੧੬੬*, ੧ : ੨ (216)
“ਹਰਿ ਹਰਿ ਪੁਰਖੁ ਦਇਆਲੁ ਹੈ ਮੇਰੀ ਜਿੰਦੁੜੀਏ ਗੁਰ ਸਤਿਗੁਰ ਮੀਠ ਲਗਾਇਆ ਰਾਮ।” (ਭਾਵ ਮਿਠਾ ਕਰ ਦਸਿਆ)
- ਬਿਹਾ ੪, ਛੰਤ ੨, ੪ : ੩ (539)

“ਨਿਤ ਆਸਾ ਮਨਿ ਚਿਤਵੈ ਮਨ ਤ੍ਰਿਸਨਾ ਭੁਖ ਲਗਾਇਆ।” (ਲਾਈ)
– ਸੂਹੀ ੪, ਛੰਤ ੫, ੩ : ੨ (776)

ਲਗਾਇਦਾ --- ਲਾ ਰਖੀ
“ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।”
– ਮਾਰੂ ੧, ਸੋਲਾ ੧੫, ੧ : ੩ (1035)

ਲਗਾਇਬਾ --- ਲਗਦਾ ਹੈ
“ਹਰਿ ਦੇਹੁ ਬਿਮਲ ਮਤਿ ਗੁਰ ਸਾਧ ਪਗ ਸੇਵਹ ਹਮ ਹਰਿ ਮੀਠ ਲਗਾਇਬਾ।”
– ਜੈਤ ੪, ੪, ੪ : ੧ (697)

ਲਗਾਈ ---- (1) ਲਾਈ, ਲਾ ਦਿੱਤੀ
“ਇਹੁ ਮੋਹੁ ਮਾਇਆ ਤੇਰੈ ਸੰਗਿ ਨ ਚਾਲੈ ਝੂਠੀ ਪ੍ਰੀਤਿ ਲਗਾਈ।”
– ਸਿਰੀ ੫, ਪਹ ੪, ੪ : ੪ (77)
“ਕਾਹੂ ਮਹਿ ਮੋਤੀ ਮੁਕਤਾਹਲ ਕਾਹੂ ਬਿਆਧਿ ਲਗਾਈ।” (ਭਾਵ ਨੁਕਸ ਪਾ ਦਿਤਾ)
– ਆਸਾ ਕਬ, ੧੬, ੨ : ੨ (479)
“ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ।” (ਲਾਈ ਭਾਵ ਮਲੀ)
– ਗੂਜ ਤ੍ਰਿਲੋ, ੧, ੨ : ੨ (526)
(2) ਭਾਵ ਬਾਲੀ, ਜਗਾਈ
“ਨਾਮ ਤੇਰੇ ਕੀ ਜੋਤਿ ਲਗਾਈ ਭਇਓ ਉਜਿਆਰੋ ਭਵਨ ਸਗਲਾਰੇ।”
– ਧਨਾ ਰਵਿ, ੩, ੨ : ੨ (694)
(3) ਲਾਉਂਦਾ
“ਹਰਿ ਧਨ ਕਉ ਉਚਕਾ ਨੇੜਿ ਨ ਆਵਈ ਜਮੁ ਜਾਗਤੀ ਡੰਡੁ ਨ ਲਗਾਈ।”
– ਸੂਹੀ ੪, ੧੦, ੪ : ੨ (734)
(4) ਜੋੜੀ
“ਲੋਇਣ ਦੇਖਿ ਰਹੇ ਬਿਸਮਾਦੀ ਚਿਤੁ ਅਦਿਸਟਿ ਲਗਾਈ।”
– ਰਾਮ ੩, ਅਸ ੨, ੨੪ : ੧ (910)

ਲਗਾਈਆ --- ਲਾਈ ਹੈ
“ਮੈ ਮੇਲਹੁ ਸੰਤ ਮੇਰਾ ਹਰਿ ਪ੍ਰਭੁ ਸਜਣੁ ਮੈ ਮਨਿ ਤਨਿ ਭੁਖ ਲਗਾਈਆ ਜੀਉ।”
– ਗਉ ੪, ੬੭, ੩ : ੧ (174)

ਲਗਾਈਐ --- ਲਗਾਵੇ, ਲਾਏ, ਲਾਉਂਦਾ ਹੈ
“ਇਕਿ ਅਪਣੈ ਸੁਆਇ ਆਇ ਬਹਹਿ ਗੁਰ ਆਗੈ ਜਿਉ ਬਗੁਲ ਸਮਾਧ ਲਗਾਈਐ।”
– ਰਾਮ ੪, ੪, ੩ : ੨ (881)
“ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ।” (ਲਾਈਏ)
– ਬਸੰ ੪, ੬, ੧* : ੨ (1179)

ਲਗਾਏ ----- ਲਗਾਵੇ
“ਹਰਿ ਹਰਿ ਅਨਦੁ ਭਇਆ ਦਿਨੁ ਰਾਤੀ ਨਾਨਕ ਹਰਿ ਮੀਠ ਲਗਾਏ।”

– ਸੂਹੀ ੬, ਛੰਤ ੭, ੪ : ੫ (772)

ਲਗਾਹਿ ----- ਲਗਾਉਂਦੇ ਭਾਵ ਪਟਕਾਰਦੇ

"ਹਾਥ ਪਛੋਰਹਿ ਸਿਰੁ ਧਰਨਿ ਲਗਾਹਿ।"

– ਭੈਰ ੫, ੫੪, ੨ : ੩ (1152)

ਲਗਾਹੀ ----- ਲਗਾਉਂਦਾ ਹੈ

"ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ।"

– ਸਾਰ ੯, ੨, ੧ : ੧ (1231)

ਲਗਾਤੀ ----- ਲਗਦੀ ਹੈ

"ਹਰਿ ਹਰਿ ਨਾਮੁ ਜਪਹੁ ਮਨ ਮੇਰੇ ਮੁਖਿ ਗੁਰਮੁਖਿ ਪ੍ਰੀਤਿ ਲਗਾਤੀ।"

– ਸਿਰੀ ੪, ਵਾਰ ੧੩ : ੪ (88)

ਲਗਾਨ ----- ਲਗਦੀ ਹੈ

"ਹਰਿ ਕੀਰਤਿ ਮਨਿ ਭਾਈ ਪਰਮ ਗਤਿ ਪਾਈ ਹਰਿ ਮਨਿ ਤਨਿ ਮੀਠ ਲਗਾਨ ਜੀਉ।"

– ਆਸਾ ੪, ਛੰਤ ੧੨, ੧ : ੧ (446)

"ਰਸਕਿ ਰਸਕਿ ਗੁਨ ਗਾਵਹ ਗੁਰਮਤਿ ਲਿਵ ਉਨਮਨਿ ਨਾਮਿ ਲਗਾਨ।"

– ਪ੍ਰਭਾ ੪, ੧, ੧ : ੧ (1335)

ਲਗਾਨਾ ----- (1) ਲਗਦਾ ਹੈ

"ਪ੍ਰਭ ਕਾ ਕੀਆ ਜਨ ਮੀਠ ਲਗਾਨਾ।"

– ਗਉ ੫, ਸੁਖ ੧੪, ੮ : ੫ (282)

"ਤਿਸੁ ਜਨ ਕਉ ਹਰਿ ਮੀਠ ਲਗਾਨਾ ਜਿਸੁ ਹਰਿ ਹਰਿ ਕ੍ਰਿਪਾ ਕਰੈ।"

– ਮਲਾ ੪, ੩, ੧ : ੧ (1263)

(2) ਲਗਾ ਹੈ, ਚੰਬੜਿਆ ਹੈ

"ਅੰਤਰਿ ਮਮਤਾ ਰੋਗੁ ਲਗਾਨਾ ਹਉਮੈ ਅਹੰਕਾਰੁ ਵਧਾਇਆ।"

– ਆਸਾ ੪, ਛੰਤ ੧੧, ੨ : ੪ (445)

(3) ਜੋੜਨਾ, ਲਾਉਣਾ

"ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਮਨੁ ਨ ਲਗਾਨਾ।"

– ਧਨਾ ੯, ੨, ੨ : ੧ (685)

(4) ਮਾਰਿਆ, ਲਗਾ

"ਧਰਮ ਰਾਇ ਸਿਰਿ ਡੰਡੁ ਲਗਾਨਾ ਫਿਰਿ ਪਛੁਤਾਨੇ ਹਥ ਫਲਘਾ।"

– ਸੂਹੀ ੪, ੨, ੨ : ੨ (731)

(5) ਬਰਕ ਜ?,ˋ ਿਕ ਜ?

"ਜਿਤੁ ਕੋ ਲਾਇਆ ਤਿਤ ਹੀ ਲਗਾਨਾ।"

– ਰਾਮ ੫, ਅਸ ੩, ੮ : ੧ (914)

ਲਗਾਨੀ ----- (1) ਲਗੀ

"ਜਬ ਘਰ ਮੰਦਰਿ ਆਗਿ ਲਗਾਨੀ ਕਢਿ ਕੂਪੁ ਕਢੈ ਪਨਿਹਾਰੇ।"

– ਨਟ ੪, ਅਸ ੩, ੪ : ੨ (982)

(2) ਲਗੀ, ਜੁੜੀ

"ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ ਵੰਞੁ।"
– ਬਸੰ ੪, ੭, ੩ : ੨ (1179)

(3) ਲਗਾ ਹਾਂ, ਰੁਚਿਤ ਹੋਇਆ ਹਾਂ
"ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ।"
– ਸਾਰ ੪, ੫, ੪ : ੧ (1200)

(4) ਲਾਈ, ਲਗਾਈ
"ਹਰਿ ਕੇ ਸੰਤ ਮਿਲਿ ਪ੍ਰੀਤਿ ਲਗਾਨੀ ਵਿਚੇ ਗਿਰਹ ਉਦਾਸ।"
– ਕਾਨ ੪, ੩, ੧* : ੨ (1295)

ਲਗਾਨੇ ----- ਲਗੇ/ਜੁੱਟੇ ਹਨ
"ਜਿਨ ਕਉ ਤੁਮ ਦਇਆ ਕਰਿ ਮੇਲਹੁ ਤੇ ਹਰਿ ਹਰਿ ਸੇਵ ਲਗਾਨੇ।"
– ਗਉ ੪, ੫੬, ੪ : ੧ (170)

ਲਗਾਮੁ ----- (ਫ. ਲਗਾਮ) ਘੋੜੇ ਦਾ ਦਹਾਨਾ, ਵਾਗਡੋਰ
"ਦੇਇ ਮੁਹਾਰ ਲਗਾਮੁ ਪਹਿਰਾਵਉ।"
– ਗਉ ਕਬ, ੩੧, ੧ : ੧ (329)

ਲਗਾਵਹਿ --- ਲਾਵੇ, ਮਲੇ
"ਕਰਹਿ ਬਿਭੂਤਿ ਲਗਾਵਹਿ ਭਸਮੈ।"
– ਮਾਰੂ ੧, ਸੋਲਾ ੨੨, ੧੨ : ੧ (1043)

ਲਗਾਵਹੁ ---- ਲਾਵੋ, ਜੋੜੋ
"ਗੁਰ ਖਿਨੁ ਖਿਨੁ ਪ੍ਰੀਤਿ ਲਗਾਵਹੁ ਮੇਰੈ ਹੀਅਰੈ ਮੇਰੇ ਪ੍ਰੀਤਮ ਨਾਮੁ ਪਰਾਨਾ।"
– ਜੈਤ ੪, ੩, ੨ : ੧ (697)

ਲਗਾਵਣਿਆ – ਲਾਉਂਦੇ ਹਨ
"ਹਉ ਵਾਰੀ ਜੀਉ ਵਾਰੀ ਸੁਖ ਸਹਜਿ ਸਮਾਧਿ ਲਗਾਵਣਿਆ।"
– ਮਾਝ ੩, ਅਸ ੨੨, ੧* : ੧ (122)

ਲਗਾਵੈ ----- (1) ਲਗੀ ਹੈ
"ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ।"
– ਮਾਝ ੪, ੨, ੪ : ੨ (94)

(2) ਕਰਦੀ ਹੈ
"ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ।" (ਭਾਵ ਖੁਸ਼ ਹੁੰਦੀ ਹੈ)
– ਗਉ ੪, ੪੧, ੨ : ੧ (164)

(3) ਲਗਦੀ
"ਮਨ ਰਸਕਿ ਰਸਕਿ ਹਰਿ ਰਸਿ ਆਘਾਨੇ ਫਿਰ ਬਹੁਰਿ ਨ ਭੂਖ ਲਗਾਵੈ।"
– ਗਉ ੪, ੬੪, ੩ : ੨ (172)

(4) ਲਾਏ, ਮਲੇ
"ਵੇਸ ਕਰੈ ਬਹੁ ਭਸਮ ਲਗਾਵੈ।"
– ਗਉ ੧, ਅਸ ੧੨, ੧ : ੨ (226)

(5) ਲਾਏ

"ਗਗਨਿ ਨਿਵਾਸਿ ਸਮਾਧਿ ਲਗਾਵੈ।"

– ਆਸਾ ੧, ਅਸ ੧, ੨ : ੩ (411)

"ਸੇਵਕ ਜਨ ਸੇਵਹਿ ਸੇ ਵਡਭਾਗੀ ਰਿਦ ਮਨਿ ਤਨਿ ਪ੍ਰੀਤਿ ਲਗਾਵੈ।"

– ਰਾਮ ੪, ੩, ੩ : ੧ (881)

(6) ਭਾਵ ਤਿਆਰ ਕਰੇ

"ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।"

– ਆਸਾ ਕਬ, ੬, ੨ : ੧ (477)

(7) ਭਾਵ ਕਰਦਾ ਹੈ

"ਆਪਨ ਦੇਉ ਦੇਹੁਰਾ ਆਪਸ ਆਪ ਲਗਾਵੈ ਪੂਜਾ।"

– ਸਾਰ ਨਾਮ, ੨, ੧ : ੧ (1252)

(8) ਜੋੜੇ

"ਕ੍ਰਿਪਾ ਕ੍ਰਿਪਾ ਕ੍ਰਿਪਾ ਕਰਿ ਹਰਿ ਜੀਉ ਕਰਿ ਕਿਰਪਾ ਨਾਮਿ ਲਗਾਵੈ ਗੋ।"

– ਕਾਨ ੪, ਅਸ ੨, ੧ : ੧ (1309)

(9) ਲਗੇਗਾ, ਵਜੇਗਾ

"ਜੇ ਕੋ ਸਰੁ ਸੰਧੈ ਜਨ ਊਪਰਿ ਫਿਰਿ ਉਲਟੋ ਤਿਸੈ ਲਗਾਵੈ ਗੋ।"

– ਕਾਨ ੪, ਅਸ ੬, ੪ : ੨ (1311)

ਲਗਿ ------ (1) ਲਗ ਕੇ, ਰੁਚਿਤ ਹੋ ਕੇ, ਜੁੜ ਕੇ

"ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ।"

– ਸਿਰੀ ੧, ੧੪, ੨ : ੧ (19)

"ਜਨ ਨਾਨਕ ਗੁਰ ਕੇ ਲਾਲੇ ਗੋਲੇ ਲਗਿ ਸੰਗਤਿ ਕਰੂਆ ਮੀਠਾ।"

– ਗਉ ੪, ੬੧, ੪ : ੨ (171)

(2) ਜੁੜਿਆ

"ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪੁ ਗਵਾਇ।"

– ਸਿਰੀ ੧, ਅਸ ੧੨, ੭ : ੨ (61)

(3) ਜੁੜ ਕੇ, ਸਬੰਧਤ ਹੋ ਕੇ

"ਤਿਸੁ ਲਗਿ ਮੁਕਤੁ ਭਏ ਘਣੇਰੇ।"

– ਮਾਝ ੫, ੨੨, ੪ : ੨ (101)

"ਕਿਉ ਪਾਈ ਗੁਰੁ ਜਿਤ ਲਗਿ ਪਿਆਰਾ ਦੇਖਸਾ।"

– ਆਸਾ ੪, ਛੰਤ ੨੧, ੬ : ੨ (452)

(4) ਲਗਦਾ ਹੈ

"ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ।"

– ਮਾਝ ੧, ਵਾਰ ੨੪ : ੭ (149)

(5) ਭਾਵ ਨਾਲ

"ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ।"

– ਸੂਹੀ ੩, ਵਾਰ ੬ਸ, ੩, ੧ : ੧ (687)

(6) ਤਕ, ਤੋੜੀ

"ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ ਹੰਸ ਇਕੇਲਾ ਜਾਇ।"

– ਕੇਦਾ ਕਬ, ੬, ੧ : ੨ (1124)

"ਜਬ ਲਗਿ ਸਾਸੁ ਹੋਇ ਮਨ ਅੰਤਰਿ ਸਾਧੂ ਧੂਰਿ ਪਿਵੀਜੈ।"

– ਕਲਿ ੪, ਅਸ ੬, ੧* : ੨ (1326)

(7) ਲਗੇ (ਸਹਾਇਕ ਕਿਰਿਆ)

"ਧਰਮੁ ਅਰਥੁ ਸਭੁ ਕਾਮੁ ਮੋਖੁ ਹੈ ਜਨ ਪੀਛੈ ਲਗਿ ਫਿਰਥਦੀ।"

– ਕਲਿ ੪, ੪, ੧* : ੨ (1320)

(8) ਤੁਲ,ਸਮਾਨ, (ਮਹਾਨਕੋਸ਼)

"ਗੁੜ ਮਿਠਾ ਮਾਇਆ ਪਸਰਿਆ ਮਨਮੁਖ ਲਗਿ ਮਾਖੀ ਪਚੈ ਪਚਾਇ।"

– ਸਿਰੀ ੪, ੭੦, ੧ : ੩ (41)

ਲਗਿਆ ---- ਲਗਨ ਨਾਲ, ਸਬੰਧਤ ਹੋਣ ਨਾਲ, ਜੁੜਨ ਨਾਲ

"ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ।"

– ਸਿਰੀ ੪, ੬੬, ੨ : ੨ (40)

"ਕੂੜੇ ਲਾਲਚਿ ਲਗਿਆ ਨਾ ਉਰਵਾਰੁ ਨ ਪਾਰੁ।"

– ਗੂਜ ੩, ਵਾਰ ੧੧ਸ, ੩, ੧ : ੪ (512)

ਲਗਿਐ ----- ਲਗਨ ਨਾਲ, ਜੁੜਨ ਨਾਲ

"ਜਿਸੁ ਲੜਿ ਲਗੀਐ ਜੀਵੀਐ ਭਵਜਲੁ ਪਾਈਐ ਪਾਰਿ।"

– ਗਉ ੫, ੧੭੧*, ੩ : ੧ (218)

ਲਗੀ ------ (1) ਰਹੀ ਹੈਂ

"ਲਗੀ ਆਵਹਿ ਸਾਹੁਰੈ ਨਿਤ ਨ ਪੇਈਆ ਹੋਇ।"

– ਸਿਰੀ ੧, ੨੪, ੩ : ੨ (23)

(2) ਜੁੜ ਗਈ, ਪੈ ਗਈ, ਹੋਈ

"ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ।"

– ਸਿਰੀ ੫, ੮੩, ੧ : ੧ (46)

"ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ।"

– ਸਿਰੀ ੫, ਅਸ ੨੬, ੫ : ੪ (70)

(3) ਚਿਪਕਣਾ, ਚੰਬੜਨਾ

"ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ ਮਲਿ ਮਲਿ ਧੋਵੈ।"

– ਮਾਝ ੧, ਵਾਰ ੪ਸ, ੧, ੨ : ੨ (139)

"ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੇ।"

– ਕੇਦਾ ੫, ੧੫, ੧ : ੨ (1122)

(4) ਚਲੀ ਆ ਰਹੀ ਹੈ

"ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ।"

– ਮਾਝ ੧, ਵਾਰ ੨੧ਸ, ੧, ੨ : ੩ (148)

(5) ਭਾਵ ਆਈ

"ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ।" ('ਵਤ ਲਗੀ' ਮੁਹਾਵਰਾ ਹੈ ਭਾਵ ਵਤਰ ਆਇਆ ਹੈ)

– ਗਉ ੫, ਵਾਰ ੧੫ਸ, ੫, ੧ : ੧ (321)

(6) ਜੁੜੀ

"ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ।"

– ਵਡ ੧, ੨, ੪ : ੨ (557)

“ਨਾਨਕ ਲਗੀ ਤਤ ਲੈ ਤੂੰ ਸਚਾ ਮਨਿ ਸਚੁ।”

– ਮਲਾ ੧, ਵਾਰ ੧ਸ, ੩, ੧ : ੧੧ (1279)

(7) ਜਾਗੀ, ਉਤਪਨ ਹੋਈ

“ਨਾਨਕ ਪਿਆਸ ਲਗੀ ਦਰਸਨ ਕੀ ਪ੍ਰਭੁ ਮਿਲਿਆ ਅੰਤਰਜਾਮੀ।”

– ਸੋਰ ੫, ੧੬, ੪ : ੨ (613)

“ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭੁ ਹੇਰਾ।”

– ਟੋਡੀ ੪, ੧, ੧ : ੧ (711)

(8) ਜਾਪੀ, ਭਾਸੀ

“ਪ੍ਰਭ ਕੀ ਆਗਿਆ ਲਗੀ ਪਿਆਰੀ।”

– ਰਾਮ ੫, ੧੬, ੧ : ੨ (887)

(9) ਲਗੇ ਹੋਣ ਤੇ, ਪਈ ਹੋਣ ਤੇ

“ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ।”

– ਮਲਾ ੧, ਵਾਰ ੨੨ਸ, ੧, ੨ : ੨ (1288)

(10) ਸ਼ੁਰੂ ਹੋਈ, ਆਰੰਭ ਹੋਈ

“ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ।”

– ਸਲੋ ਫਰ, ੪੧ : ੧ (1380)

(11) (ਚੋਟ) ਲਗੀ

“ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ।”

– ਸਲੋ ੧, ੧੩ : ੧ (1411)

ਲਗੀਆ ---- ਜੁੜੀਆਂ

“ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ।”

– ਵਡ ੧, ੩, ੧ : ੮ (558)

“ਜਿਨਾ ਪ੍ਰੀਤਿ ਨ ਲਗੀਆ ਭਾਈ ਸੇ ਨਿਤ ਨਿਤ ਮਰਦੇ ਝੂਰਿ।”(ਲਗੀ, ਜੁੜੀ)

– ਸੋਰ ੫, ਅਸ ੧, ੮ : ੪ (640)

“ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ।”

– ਸੋਰ ੪, ਵਾਰ ੧੯ਸ, ੩, ੧ : ੨ (649)

ਲਗੀਐ ----- (1) ਰੁਝੀਦਾ ਹੈ, ਲਗੀਦਾ ਹੈ

“ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ।”

– ਗੂਜ ੫, ਵਾਰ ੨ : ੮ (518)

(2) ਛੂਹੀਏ

“ਤਾ ਕੈ ਮੂਲਿ ਨ ਲਗੀਐ ਪਾਇ।” (ਭਾਵ ਪੈਰਾਂ ਤੇ ਝੁਕੀਦਾ)

– ਸਾਰ ੪, ਵਾਰ ੨੨ਸ, ੧, ੧ : ੬ (1245)

ਲਗੀਜੈ ----- (1) ਲਾ ਦਿੰਦਾ ਹੈ

“ਮਾਇਆ ਮੋਹੁ ਸਬਲੁ ਹੈ ਭਾਰੀ ਮੋਹੁ ਕਾਲਖ ਦਾਗ ਲਗੀਜੈ।”

– ਕਲਿ ੪, ਅਸ ੨, ੨ : ੧ (1324)

(2) ਲਗੋ, ਛੂਹੋ, ਪਕੜੋ

“ਤਾ ਤੇ ਬਿਲਮੁ ਪਲੁ ਢਿਲ ਨ ਕੀਜੈ ਜਾਇ ਸਾਧੂ ਚਰਨਿ ਲਗੀਜੈ।”

– ਕਲਿ ੪, ਅਸ ੬, ੩ : ੨ (1326)

ਲਗੁ ------- (1) ਤਕ, ਤੋੜੀ
“ਜਬ ਲਗੁ ਮਨਿ ਬੈਕੁੰਠ ਕੀ ਆਸ।”
– ਗਉ ਕਬ, ੧੦, ੩ : ੧ (325)
(2) ਜੁੜ ਕੇ
“ਲਗੁ ਚਰਣ ਸਰਣ ਦਇਆਲ ਪ੍ਰੀਤਮ ਸਗਲ ਦੁਰਤ ਬਿਖੰਡਨੋ।”
– ਬਿਲਾ ੫, ਛੰਤ ੩, ੧ : ੪ (847)
“ਆਉ ਸਜਣ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਢਾ ਹੋਇ।”(ਭਾਵ ਦਰਸ਼ਨ ਦੇ)
– ਮਾਰੂ ੫, ਵਾਰ ੧੯ਸ, ੫, ੧ : ੨ (1100)

ਲਗੇ ------- (1) ਜੁਟ ਗਏ
“ਦੂਤ ਲਗੇ ਫਿਰਿ ਚਾਕਰੀ ਸਤਿਗੁਰ ਕਾ ਵੇਸਾਹੁ।”
– ਸਿਰੀ ੧, ੧੧, ੧ : ੨ (18)
“ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ।”
– ਆਸਾ ੫, ੧੪੦, ੧* : ੨ (406)
(2) ਰੁਚਿਤ ਹੋਏ
“ਦੂਜੇ ਲਗੇ ਪਚਿ ਮੁਏ ਮੂਰਖ ਅੰਧ ਗਵਾਰ।”
– ਸਿਰੀ ੪, ਵਾਰ ੮ਸ, ੩, ੨ : ੩ (85)
(3) ਜੁੜੇ
“ਨਿਰਮਲ ਨਾਮਿ ਲਗੇ ਬਡਭਾਗੀ ਨਿਰਮਲੁ ਨਾਮਿ ਸੁਹਾਵਣਿਆ।”
– ਮਾਝ ੩, ਅਸ ੧੯, ੫ : ੨ (121)
(4) ਸ਼ੁਰੂ ਹੋਏ
“ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ।”
– ਗਉ ੪, ਵਾਰ ੩੦ਸ, ੪, ੧ : ੩ (315)
(5) ਭਾਵ ਪੁਜੇ
“ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ।” (ਭਾਵ ਮੁਕ ਗਏ ਥੋੜੇ ਦਿਨ ਜੋ ਸਨ)
– ਗਉ ੪, ਵਾਰ ੩੦ : ੩ (316)
(6) ਲਗੇ ਹੋਏ ਹਨ, ਫਲੇ ਫੁਲੇ ਹਨ
“ਤਿਸ ਕੈ ਪੇਡਿ ਲਗੇ ਫਲ ਫੂਲਾ।”
– ਆਸਾ ਕਬ, ੨੨, ੩ : ੨ (481)
“ਫੂਲ ਲਗੇ ਫਲ ਰਤਨ ਭਾਂਤਿ।”
– ਬਸੰ ੫, ੧, ੪ : ੨ (1180)
(7) ਭਾਸੇ, ਜਾਪੇ
“ਬਿਖੁ ਫਲ ਮੀਠ ਲਗੇ ਮਨ ਬਉਰੇ ਚਾਰ ਬਿਚਾਰ ਨ ਜਾਨਿਆ।”
– ਆਸਾ ਧੰਨਾ, ੧, ੧ : ੧ (487)
(8) ਲਗੋ, ਜੁੜੋ, ਰੁਚਿਤ ਹੋਵੋ
“ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ।”
– ਆਸਾ ਫਰ, ੨, ੧ : ੧ (488)

(9) ਲਗਨ ਨਾਲ, ਜੁੜਨ ਨਾਲ

"ਸਤਿਗੁਰ ਚਰਨ ਲਗੈ ਭਉ ਮਿਟਿਆ ਹਰਿ ਗੁਨ ਗਾਏ ਮਨ ਮਾਹੀ।"

– ਸੋਰ ੫, ੯੦, ੨ : ੨ (630)

(10) ਵਜੇ, ਲਗੇ

"ਪ੍ਰੇਮ ਕੇ ਕਾਨ ਲਗੇ ਤਨ ਭੀਤਰਿ ਵੈਦੁ ਕਿ ਜਾਣੈ ਕਾਰੀ ਜੀਉ।"

– ਮਾਰੂ ੧, ੧੨, ੧ : ੩ (993)

ਲਗੈ ------- **(1) ਲਗਦੀ ਭਾਵ ਹੁੰਦੀ ਹੋਵੇ**

"ਪੂਜ ਲਗੈ ਪੀਰੁ ਆਖੀਐ ਸਭੁ ਮਿਲੈ ਸੰਸਾਰੁ।"

– ਸਿਰੀ ੧, ੮, ੨ : ੧ (17)

"ਜਿਸੁ ਅੰਤਰਿ ਪ੍ਰੀਤਿ ਲਗੈ ਸੋ ਮੁਕਤਾ।"

– ਮਾਝ ੩, ਅਸ ੨੧, ੭ : ੧ (122)

(2) ਲਗਦਾ ਹੈ

"ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ।"

– ਸਿਰੀ ੫, ੮੯, ੪ : ੩ (49)

(3) ਲਗਦਾ (ਪੋਂਹਦਾ)

"ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ।"

– ਸਿਰੀ ੫, ੯੩, ੩ : ੨ (50)

"ਚਿਤਿ ਆਵੈ ਉਸੁ ਪਾਰਬ੍ਰਹਮ ਲਗੈ ਨ ਤਤੀ ਵਾਉ।"

– ਸਿਰੀ ੫, ਅਸ ੨੬, ੧ : ੪ (70)

"ਜਮਕਾਲੁ ਤਿਨ ਕਉ ਲਗੈ ਨਾਹੀ ਜੋ ਇਕ ਮਨਿ ਧਿਆਵਹੇ।"

– ਗਉ ੫, ਛੰਤ ੨, ੩ : ੩ (248)

(4) ਲਗਦਾ ਭਾਵ ਜੁੜਦਾ ਹੈ ਅਰਥਾਤ ਹੁੰਦਾ ਹੈ, ਪੈਂਦਾ ਹੈ

"ਸਬਦੈ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ।"

– ਸਿਰੀ ੧, ਅਸ ੮, ੭ : ੨ (58)

"ਮਾਇਆ ਭੁਲੇ ਸਿਧ ਫਿਰਹਿ ਸਮਾਧਿ ਨ ਲਗੈ ਸੁਭਾਇ।" (ਜੁੜਦੀ, ਲਗਦੀ)

– ਸਿਰੀ ੩, ਅਸ ੨੧, ੫ : ੧ (67)

(5) ਵਜਦਾ ਹੈ

"ਹਉਮੈ ਕਰਮ ਕਮਾਵਦੇ ਜਮ ਡੰਡੁ ਲਗੈ ਤਿਨ ਆਇ।"

– ਸਿਰੀ ੩, ਅਸ ੧੯, ੧ : ੧ (65)

"ਜਿਨਿ ਜਪਿਆ ਤਿਨ ਹੀ ਸੁਖੁ ਪਾਇਆ ਹਰਿ ਕੈ ਨਾਮਿ ਨ ਲਗੈ ਜਮ ਤੀਰੁ।"

– ਰਾਮ ੧, ਅਸ ੬, ੧* : ੨ (905)

(6) ਛੂਹੇ, ਲਗੇ, ਚੰਬੜੇ

"ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ।"

– ਸਿਰੀ ੩, ਅਸ ੨੫, ੧* : ੨ (69)

"ਰੁਹਲਾ ਟੁੰਡਾ ਅੰਧੁਲਾ ਕਿਉ ਗਲਿ ਲਗੈ ਧਾਇ।"

– ਮਾਝ ੧, ਵਾਰ ੩ਸ, ੨, ੨ : ੨ (139)

"ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।" (ਲਗ ਜਾਏ)

– ਮਾਝ ੧, ਵਾਰ ੬ਸ, ੧, ੧ : ੧ (140)

"ਲੋਭੀ ਕਪਟੀ ਪਾਪੀ ਪਾਖੰਡੀ ਮਾਇਆ ਅਧਿਕ ਲਗੈ।" (ਚੰਬੜੀ ਹੈ)

– ਆਸਾ ੫, ੩੪, ੧* : ੨ (359)

(7) ਜਾਪਦਾ/ਲਗਦਾ ਹੈ, ਭਾਉਂਦਾ

"ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ।"

– ਮਾਝ ੫, ੪੯, ੧ : ੩ (108)

"ਸਤਿ ਹੋਵਨੁ ਮਨਿ ਲਗੈ ਨ ਰਾਤੀ।" (ਭਾਵੇ)

– ਗਉ ੫, ੯੮, ੨ : ੨ (185)

"ਤੁਲਿ ਨਹੀ ਚਢੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ।" (ਜਾਪੇ)

– ਗਉ ਕਬ, ੪੮, ੧* : ੨ (333)

(8) ਲਗਦੀ

"ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ।"

– ਮਾਝ ੫, ਬਾਰਾ ੪ : ੩ (134)

"ਅਹਿਕਰੁ ਕਰੇ ਸੁ ਅਹਿਕਰੁ ਪਾਏ ਇਕ ਘੜੀ ਮੁਹਤੁ ਨ ਲਗੈ।" (ਲਗਨਾ)

– ਮਾਰੂ ੫, ਵਾਰ ੧੧ : ੩ (1098)

(9) ਹਥ ਪਾਏ

"ਮੰਤ੍ਰੀ ਹੋਇ ਅਠੂਹਿਆ ਨਾਗੀ ਲਗੈ ਜਾਇ।"

– ਮਾਝ ੧, ਵਾਰ ੨੨ਸ, ੨, ੧ : ੧ (148)

(10) ਹੁੰਦੀ ਹੋਵੈ

"ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ।" (ਕਥਾ ਵਾਰਤਾ ਹੁੰਦੀ ਹੋਵੈ)

– ਮਾਝ ੧, ਵਾਰ ੨੬ਸ, ੧, ੧ :੧੫ (150)

(11) ਰੁਚਿਤ ਹੋਵੇ

"ਨਾਮੁ ਬਿਸਾਰਿ ਲਗੈ ਅਨ ਸੁਆਇ।"

– ਗਉ ੫, ੧੩੪, ੩ : ੧ (192)

"ਸੋਇ ਲਗੈ ਸਚਿ ਜਿਸੁ ਤੂੰ ਦੇਹਿ ਅਲਾ।"

– ਆਸਾ ੫, ੧੦੭, ੨ : ੨ (397)

(12) ਆਉਂਦਾ, ਢੁੱਕਦਾ

"ਪ੍ਰਭ ਸੇਵਾ ਜਮੁ ਲਗੈ ਨ ਨੇਰੇ।"

– ਗਉ ੫, ੧੫੮, ੨ : ੨ (197)

"ਕੋਇ ਨ ਲਗੈ ਬਿਘਨੁ ਆਪੁ ਗਵਾਇਐ।"

– ਗੂਜ ੫, ਵਾਰ ੮ : ੫ (520)

(13) ਮੰਨਦਾ

"ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ ਪੂਕਾਰੇ ਖਲਾ।"

– ਗਉ ੪, ਵਾਰ ੧੫ਸ, ੪, ੧ : ੨ (308)

(14) ਜੁਟੇ, ਲਗਦਾ

"ਚਾਕਰੁ ਲਗੈ ਚਾਕਰੀ ਜੇ ਚਲੈ ਖਸਮੈ ਭਾਇ।"

– ਆਸਾ ੧, ਵਾਰ ੨੨ : ੧ (474)

"ਹੋਇ ਹਲਾਲੁ ਲਗੈ ਹਕਿ ਜਾਇ।"

– ਰਾਮ ੩, ਵਾਰ ੧੯ਸ, ੧, ੨ : ੭ (956)

(15) ਲਗਦਾ, ਮਹਿਸੂਸ ਹੁੰਦਾ

"ਪਹਿਰਉ ਨਹੀ ਦਗਲੀ ਲਗੈ ਨ ਪਾਲਾ।"

– ਆਸਾ ਕਬ, ੩, ੧* : ੨ (476)

(16) ਲਗਨ ਤੇ, ਲਗਨ ਨਾਲ

“ਦੁਖਿ ਲਗੈ ਘਰਿ ਘਰਿ ਫਿਰੈ ਅਗੈ ਦੂਣੀ ਮਿਲੈ ਸਜਾਇ।”

– ਵਡ ੪, ਵਾਰ ੪ਸ, ੩, ੧ : ੨ (587)

“ਸਾਚਿ ਲਗੈ ਤਾ ਹਉਮੈ ਜਾਈਐ।”

– ਸੂਹੀ ੫, ੨, ੨ : ੪ (736)

(17) ਟਿਕੈ

“ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ ਲਗੈ।”

– ਮਾਰੂ ੫, ਵਾਰ ੧੧ : ੧ (1098)

ਲਗੋ ------- (1) ਲਗਾ, ਜੁੜਿਆ

“ਸਿਰਜਨਹਾਰੁ ਵਿਸਾਰਿਆ ਸੁਆਮੀ ਇਕ ਨਿਮਖ ਨ ਲਗੋ ਧਿਆਨੁ।”

– ਸਿਰੀ ੫, ਪਹ ੪, ੩ : ੫ (77)

(2) ਅਨੁਭਵ ਹੋਇਆ, ਜਾਪਿਆ

“ਗੁਰ ਕਾ ਸਬਦੁ ਲਗੋ ਮਨਿ ਮੀਠਾ।”

– ਗਉ ੫, ੧੦੭, ੩ : ੧ (187)

(3) ਲਾਇਆ ਹੈ

“ਸਾਠ ਸੂਤ ਨਵਖੰਡ ਬਹਤਰਿ ਪਾਟੁ ਲਗੋ ਅਧਿਕਾਈ।”

– ਗਉ ਕਬ, ੫੪, ੧ : ੨ (335)

(4) ਲਗਾ, ਵਜਿਆ

“ਮੇਰੈ ਮਨਿ ਪ੍ਰੇਮ ਲਗੋ ਹਰਿ ਤੀਰ।”

– ਗੋਂਡ ੪, ੬, ੧* : ੧ (861)

ਲੰਗੋਟੀ ----- ਲਿੰਗ ਢਕਣ ਦਾ ਵਸਤਰ, ਲਿੰਗੋਟ

“ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ।”

– ਸਲੋ ਕਬ, ੧੪੪ : ੨ (1372)

ਲੰਘਉ ----- ਲੰਘ ਜਾਵਾਂਗਾ

“ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ ਲੰਘਉ ਬਿਖੁ ਸੰਸਾਰ।”

– ਸੋਰ ੫, ੩੮, ੧* : ੨ (618)

ਲੰਘੀਆ ---- ਲੰਘਾਂਦਾ ਹੈ

“ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ।”

– ਬਿਲਾ ੪, ਅਸ ੧, ੪ : ੧ (833)

ਲੰਘਸਿ ----- ਲੰਘੇਗਾ

“ਕਿਉ ਕਰਿ ਭਵਜਲੁ ਲੰਘਸਿ ਪਾਰਾ।”

– ਮਾਰੂ ੧, ਸੋਲਾ ੯, ੮ : ੨ (1029)

ਲੰਘਹਿ ----- ਲੰਘ ਜਾਏ

“ਜਪ ਤਪ ਕਾ ਬੰਧੁ ਬੇੜਲਾ ਜਿਤੁ ਲੰਘਹਿ ਵਹੇਲਾ।”

– ਸੂਹੀ ੧, ੪, ੧ : ੧ (729)

“ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ।” (ਲੰਘਦੀ ਹੈ)
- ਮਲਾ ੫, ੪, ੨ : ੨ (1267)

ਲੰਘਣਾ ----- ਪਾਰ ਕਰਨਾ
“ਜਿਥੇ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ।”
- ਮਲਾ ੧, ਵਾਰ ੨੧ਸ, ੧, ੪ : ੩ (1287)

ਲੰਘਤਿ ----- ਲੰਘ ਜਾਵੇ
“ਸਾਗਰੰ ਲੰਘਤਿ ਪਿੰਗੰ ਤਮ ਪਰਗਾਸ ਅੰਧਕਹ।”
- ਸਸ ੫, ੫੪ : ੨ (1359)

ਲੰਘਦਾ ----- ਗੁਜਰਦਾ
“ਆਪੇ ਹੀ ਚੜਿ ਲੰਘਦਾ ਪਿਆਰਾ ਕਰਿ ਚੋਜ ਵੇਖੈ ਪਾਤਿਸਾਹੁ।”
- ਸੋਰ ੪, ੧, ੪ : ੨ (604)

ਲੰਘੰਦੇ ----- ਲੰਘਦੇ, ਹੁੰਦੇ
“ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ।”
- ਆਸਾ ਫਰ, ੨, ੪ : ੧ (488)

ਲੰਘਨਹ ---- ਲੰਘਿਆ ਜਾਣਾ
“ਪਾਵਕ ਤੋਅ ਅਸਾਧ ਘੋਰੰ ਅਗਮ ਤੀਰ ਨਹ ਲੰਘਨਹ।”
- ਸਸ ੫, ੫੮ : ੪ (1359)

ਲੰਘਨਾ ----- ਪਾਰ ਕਰਨਾ ਹੈ
“ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ।”
- ਮਾਰੂ ੫, ੧੧, ੨ : ੨ (1001)

ਲੰਘਾ ------ ਲੰਘਾਂ, ਪਾਰ ਕਰਾਂ
“ਚੜਿ ਲੰਘਾ ਜੀ ਬਿਖਮੁ ਭੁਇਅੰਗਾ ਰਾਮ।”
- ਵਡ ੪, ਘੋੜੀ ੧, ੨ : ੨ (575)

ਲਘਾਇ ---- ਲੰਘਾ ਦਿੰਦਾ ਹੈ, ਕਰ ਦਿੰਦਾ ਹੈ
“ਵਡਭਾਗੀ ਗੁਰੁ ਪਾਇਆ ਗੁਰ ਸਬਦੀ ਪਾਰਿ ਲਘਾਇ।”
- ਸਿਰੀ ੪, ਵਣ ੧, ੩* : ੨ (82)

ਲੰਘਾਇ ---- ਲੰਘਾ ਦਿੱਤਾ, ਪਾਰ ਕਰ ਦਿੱਤਾ
“ਜਾਗਾਤੀ ਮਿਲੈ ਦੇ ਭੇਟ ਗੁਰ ਪਿਛੈ ਲੰਘਾਇ ਦੀਆ।”
- ਤੁਖਾ ੪, ਛੰਤ ੪, ੪ : ੨ (1116)

ਲੰਘਾਇਆ -- ਲੰਘਾ ਦਿੱਤਾ, ਪਾਰ ਕਰ ਦਿੱਤਾ, ਪਾਰ ਟੱਪਾ ਦਿੱਤਾ
“ਮਹਾ ਮਾਰਗੁ ਪੰਥੁ ਬਿਖੜਾ ਜਨ ਨਾਨਕ ਪਾਰਿ ਲੰਘਾਇਆ।”
- ਵਡ ੪, ਘੋੜੀ ੧, ੩ : ੬ (575)

ਲਘਾਈ ---- ਲੰਘਾ ਦਿੱਤੀ
“ਤੇਰੀ ਸਿਫਤਿ ਸੁਆਲਿਉ ਸਰੂਪ ਹੈ ਜਿਨਿ ਕੀਤੀ ਤਿਸੁ ਪਾਰਿ ਲਘਾਈ।”
- ਗਉ ੪, ਵਾਰ ੧ : ੩ (301)

ਲੰਘਾਈ ---- ਲੰਘਾ ਦਿੱਤੀ
"ਇਹੁ ਸੰਸਾਰੁ ਬਿਖੁਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ।"
- ਆਸਾ ੧, ੧੫, ੧* : ੨ (353)

ਲਘਾਈਐ --- ਕਟ ਸਕੀਦਾ/ਲੰਘਾ ਸਕੀਦਾ ਹੈ
"ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ।"
- ਸਲੋ ਫਰ, ੧੮ : ੨ (1378)

ਲਘਾਏ ----- ਲੰਘਾਏ, ਪਾਰ ਕੀਤੇ
"ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ।"
- ਗਉ ੩, ਛੰਤ ੪, ੧ : ੩ (245)

ਲੰਘਾਏ ----- ਪਾਰ ਕਰਦਾ ਹੈ, ਲੰਘਾਂਦਾ ਹੈ।
"ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇ ਕਰਿ ਸਚਿ ਸਮਾਵਾਂ।"
- ਬਸੰ ੧, ੧੦, ੩ : ੨ (1171)

ਲੰਘਾਹੁ ----- ਲੰਘਾਂਦਾ ਹੈ
"ਆਪੇ ਪਤਣੁ ਪਾਤਣੀ ਪਿਆਰਾ ਆਪੇ ਪਾਰਿ ਲੰਘਾਹੁ।"
- ਸੋਰ ੪, ੧, ੩ : ੩ (604)

ਲੰਘਾਵਏ ---- ਲੰਘਾਂਦਾ ਹੈ
"ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸਬਦ ਸੁਰਤਿ ਲੰਘਾਵਏ।"
- ਤੁਖਾ ੧, ਛੰਤ ੬, ੫ : ੩ (1113)

ਲੰਘਾਵਹਿ --- ਲੰਘਾਂਦਾ ਹੈ
"ਇਕਨਾ ਪਾਰਿ ਲੰਘਾਵਹਿ ਆਪੇ ਸਤਿਗੁਰੁ ਜਿਨ ਕਾ ਸਚੁ ਬੇੜਾ।"
- ਮਾਰੂ ੫, ਸੋਲਾ ੧੦, ੮ : ੩ (1081)

ਲੰਘਾਵਹੁ ---- ਲੰਘਾਂਦੇ ਹੋ
"ਕਿਉ ਕਰਿ ਸਾਥੁ ਲੰਘਾਵਹੁ ਪਾਰੇ।"
- ਰਾਮ ੧, ਸਿਗੋ ੧੭ : ੪ (939)

ਲਘਾਵਣਹਾਰੁ - ਪਾਰ ਕਰਨ ਵਾਲਾ, ਲੰਘਾਣ ਦੇ ਸਮਰਥ
"ਸਾਚੀ ਵਾਟ ਸੁਜਾਣੁ ਤੂੰ ਸਬਦਿ ਲਘਾਵਣਹਾਰੁ।"
- ਸਿਰੀ ੧, ਅਸ ੩, ੩ : ੨ (54)

ਲੰਘਾਵਣਹਾਰੁ - ਪਾਰ ਕਰਨ ਵਾਲਾ, ਲੰਘਾਉਣ ਵਾਲਾ
"ਭਵਜਲੁ ਸਬਦਿ ਲੰਘਾਵਣਹਾਰੁ।"
- ਰਾਮ ੧, ਸਿਗੋ ੪੩ : ੬ (946)

ਲਘਾਵੈ ----- ਕਰੇ
"ਇਸ ਬੇੜੇ ਕਉ ਪਾਰਿ ਲਘਾਵੈ।"
- ਗਉ ਕਬ, ੬੧, ੨ : ੪ (337)

ਲੰਘਾਵੈ ----- ਕਰੇ, ਪਾਰ ਕਰੇ

“ਸਤਿਗੁਰੁ ਬੋਹਿਥੁ ਦੇਇ ਪ੍ਰਭੁ ਸਾਚਾ ਜਪਿ ਹਰਿ ਹਰਿ ਪਾਰਿ ਲੰਘਾਵੈ ਜੀਉ।”
– ਮਾਰੂ ੪, ੭, ੪ : ੩ (998)
“ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ।”
– ਬਸੰ ੫, ੧੯, ੩ : ੨ (1185)

ਲੰਘਿ ------ ਲੰਘ ਕੇ, ਪਾਰ ਕਰਕੇ
“ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ।”
– ਸੂਹੀ ੪, ਅਸ ੧, ੧੪ : ੧ (757)

ਲੰਘਿਆ ---- ਪਾਰ ਕੀਤਾ, ਟਪਿਆ
“ਦੁਖ ਸਾਗਰੁ ਤਿਨ ਲੰਘਿਆ ਪਿਆਰੇ ਭਵਜਲੁ ਪਾਰਿ ਪਰੇ।”
– ਸੋਰ ੫, ਅਸ ੨, ੭ : ੩ (641)

ਲੰਘੀਐ ----- ਪਾਰ ਕਰੀਦਾ ਹੈ, ਲੰਘੀਦਾ ਹੈ
“ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ।”
– ਸਿਰੀ ੧, ੨੨, ੪ : ੨ (22)

ਲੰਘੇ ------ ਲੰਘਦਾ ਹੈ, ਜਾਂਦਾ ਹੈ
“ਨਾਨਕ ਜਿਨ ਕਉ ਨਦਰਿ ਕਰੇ ਸੇ ਗੁਰਮੁਖਿ ਲੰਘੇ ਪਾਰਿ।”
– ਵਡ ੪, ਵਾਰ ੧੭ਸ, ੩, ੧ : ੪ (592)

ਲੰਘੈ ------ ਲੰਘਦਾ ਹੈ, ਪਾਰ ਹੁੰਦਾ ਹੈ
“ਹਰਿ ਬੋਹਿਥਿ ਚੜਿ ਵਡਭਾਗੀ ਲੰਘੈ ਗੁਰੁ ਖੇਵਟੁ ਸਬਦਿ ਤਰਾਏ।”
– ਵਡ ੪, ਘੋੜੀ ੧, ੨ : ੪ (575)

ਲਛਣ ------ ਨਿਸਾਣੀਆਂ, ਗੁਣ
“ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ।”
– ਗਉ ੫, ਸੁਖ ੮ਸ : ੩ (272)

ਲਛਣੁ ----- ਕਲੰਕ, ਬਦਨਾਮੀ
“ਓਹੁ ਘਰਿ ਘਰਿ ਹੰਢੈ ਜਿਉ ਰੰਨ ਦੋੁਹਾਗਣਿ ਓਸੁ ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ।”
– ਗਉ ੪, ਵਾਰ ੮ਸ, ੪, ੨ : ੪ (303)

ਲਛਮਣ ---- ਰਾਜਾ ਦਸ਼ਰਥ ਸੁਤ, ਰਾਮਚੰਦਰ ਜੀ ਦਾ ਛੋਟਾ ਭਰਾ
“ਮਨ ਮਹਿ ਝੂਰੈ ਰਾਮਚੰਦੁ ਸੀਤਾ ਲਛਮਣ ਜੋਗੁ।”
– ਸਲੋ ੧, ੨੬ : ੧ (1412)

ਲਛਮਣੁ ---- ਰਾਮਚੰਦਰ ਜੀ ਦਾ ਛੋਟਾ ਭਰਾ ਜੋ ਉਨ੍ਹਾਂ ਨਾਲ ਬਨਬਾਸ ਗਏ ਸੀ
“ਸੀਤਾ ਲੈ ਗਇਆ ਦਹਿਸਰੋ ਲਛਮਣੁ ਮੂਓ ਸਰਾਪ।”
– ਸਲੋ ੧, ੨੫ : ੩ (1412)

ਲਛਮੀ ----- ਮਾਇਆ, ਮਾਇਆ ਦੀ ਦੇਵੀ
“ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।”
– ਗੂਜ ਤ੍ਰਿਲੋ, ੨, ੧ : ੧ (526)

"ਪੁਤ੍ਰ ਕਲਤ੍ਰ ਲਛਮੀ ਮਾਇਆ।" (ਦੌਲਤ)
– ਧਨਾ ਕਬ, ੪, ੩ : ੧ (692)

ਲਜ ------- ਸ਼ਰਮ, ਲਜਾ
"ਜਨ ਨਾਨਕ ਕੀ ਲਜ ਪਾਤਿ ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ।"
– ਗਉ ੪, ੬੨, ੫ : ੨ (172)
"ਤ੍ਰਿਕੁਟੀ ਫੋਰਿ ਭਰਮੁ ਭਉ ਭਾਗਾ ਲਜ ਭਾਨੀ ਮਟੁਕੀ ਮਾਟ।" (ਲੋਕ ਲਾਜ)
– ਮਾਲੀ ੪, ੬, ੩ : ੨ (986)

ਲਜਯਾ ----- ਸ਼ਰਮ, ਲਜਾ
"ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ।"
– ਸਸ ੫, ੪੮ : ੩ (1358)

ਲਜਾ ------ ਇਜ਼ਤ
"ਕਲੀ ਕਾਲ ਮਹਾ ਬਿਖਿਆ ਮਹਿ ਲਜਾ ਰਾਖੀ ਰਾਮ।"
– ਧਨਾ ੫, ੪੮, ੧ : ੨ (682)

ਲਜਾਇ ----- ਸ਼ਰਮ ਖਾ ਕੇ, ਸ਼ਰਮਿੰਦਾ ਹੋ ਕੇ
"ਜਮੁ ਲਜਾਇ ਕਰਿ ਭਾਗਾ।"
– ਸੋਰ ੫, ੬੮, ੧ : ੪ (626)

ਲਜਾਇਆ --- ਸ਼ਰਮਿੰਦਾ ਹੋ ਗਿਆ
"ਬਿਰਹਾ ਲਜਾਇਆ ਦਰਸੁ ਪਾਇਆ ਅਮਿਉ ਦ੍ਰਿਸਟਿ ਸਿੰਚੰਤੀ।"
– ਆਸਾ ੫, ਛੰਤ ੧੨, ੧ : ੫ (460)

ਲਜਾਈ ----- ਸ਼ਰਮਿੰਦਾ ਹੁੰਦੇ ਹਨ
"ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ।"
– ਮਲਾ ੪, ੭, ੨ : ੧ (1265)

ਲਜਾਈਐ --- ਸ਼ਰਮ ਕਰੀਏ
"ਗਹਿ ਕੰਠਿ ਲਾਈਐ ਨਹ ਲਜਾਈਐ ਚਰਨ ਰਜ ਮਨੁ ਪਾਗੀਐ।"
– ਬਿਲਾ ੫, ਛੰਤ ੨, ੨ : ੪ (846)

ਲਜਾਨੇ ----- ਸ਼ਰਮਿੰਦਾ ਹੋਣਾ, ਲਜਿਆਵਾਨ ਹੋਣਾ
"ਤਿਨ ਕਉ ਦੇਖਿ ਕਬੀਰ ਲਜਾਨੇ।"
– ਗਉ ਕਬ, ੪੪, ੬ : ੨ (332)

ਲਜਾਵਉ ---- ਸ਼ਰਮਾਂਦਾ ਹਾਂ, ਸ਼ਰਮ ਆਉਂਦੀ ਹੈ
"ਹਰਿ ਮਾਗਉ ਆਨ ਲਜਾਵਉ।"
– ਆਸਾ ੫, ੧੨੧, ੧* : ੧ (401)

ਲਜਿਆ ---- ਇਜ਼ਤ
"ਹਰਿ ਦੇਵਹੁ ਦਾਨੁ ਦਇਆਲ ਪ੍ਰਭ ਜਨ ਰਾਖਹੁ ਹਰਿ ਪ੍ਰਭ ਲਜਿਆ।"
– ਕਾਨ ੪, ਵਾਰ ੭ : ੪ (1316)

ਲਜੀਵਦੋ ---- ਲਜਿਆਵਾਨ ਭਾਵ ਸ਼ਰਮਿੰਦਾ ਹੋਣਾ

"ਨਾਨਕ ਆਸੜੀ ਨਿਬਾਹਿ ਮਾਨੁਖ ਪਰਥਾਈ ਲਜੀਵਦੋ।"
– ਮਾਰੂ ੫, ਵਾਰ ੧੯ਸ, ੫, ੩ : ੨ (1101)

ਲਜੁ ------- ਰਸੀ
"ਰਾਤਿ ਅਨੇਰੀ ਸੁਝਸਿ ਨਾਹੀ ਲਜੁ ਟੂਕਸਿ ਮੂਸਾ ਭਾਈ ਰੇ।"
– ਗਉ ੧, ੧੬, ੨ : ੨ (156)
"ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ।" (ਖੂਹ ਵਿਚੋਂ ਪਾਣੀ ਕਢਨ ਵਾਲੀ ਰਸੀ)
– ਸਲੋ ਫਰ, ੬੮ : ੧ (1381)

ਲਜੈ ------- ਲਾਜ (ਕਲੰਕ) ਲਾਉਂਦਾ ਹੈ
"ਚਿਰੰਕਾਲ ਜੀਵੈ ਦੋਊ ਕੁਲ ਲਜੈ।"
– ਬਸੰ ਨਾਮ, ੧, ੧ : ੨ (1195)

ਲਜੋ ------- ਸ਼ਰਮ ਨਾਲ, ਲਜਾ ਨਾਲ
"ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖਿ ਕਾਜਿ ਲਜੋ।"
– ਸਾਰ ੫, ੩, ੧ : ੨ (1203)

ਲੰਞੁ ------- (1) ਪ੍ਰਕਾਸ਼ ਕਰਾਂ
"ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ ਸਤਸੰਗਤਿ ਮਿਲਿ ਬੁਧਿ ਲੰਞੁ।
– ਬਸੰ ੪, ੭, ੩ : ੧ (1179)
(2) ਪ੍ਰਕਾਸ਼ ਲਈ
"ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿ ਨਾਮੁ ਦੇਵਹੁ ਹਰਿ ਲੰਞੁ।"
– ਬਸੰ ੪, ੭, ੪ : ੧ (1179)

ਲਟ ------- ਲਿੱਟ, ਵਾਲਾਂ ਦਾ ਸਮੂੰਹ, ਕੇਸਾਂ ਦੀ ਜਟਾ
"ਲਟ ਛੂਟੀ ਵਰਤੈ ਬਿਕਰਾਲ।"
– ਭੈਰ ਕਬ, ਅਸ ੨, ੫ : ੩ (1163)
"ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ।"(ਸ਼ਬਦਾਰਥ ਅਰਥ 'ਲੜ ਛੁੜਾ ਕੇ' ਕਰਦਾ ਹੈ)
– ਆਸਾ ਕਬ, ੯, ੩ : ੨ (478)

ਲਟਕਾਵੈ ---- ਲੰਮਕਾਵੇ
"ਗਲ ਮਹਿ ਪਾਹਣੁ ਲੈ ਲਟਕਾਵੈ।"
– ਸੂਹੀ ੫, ੯, ੧ : ੨ (739)

ਲਟੂਰੀ ----- ਖਿਲਰੀਆਂ ਲਿੱਟਾਂ ਵਾਲੀ, ਕਰੂਪ
"ਲਟੂਰੀ ਮਧੁਰੀ ਠਾਕੁਰ ਭਾਈ ਓਹ ਸੁੰਦਰਿ ਹਰਿ ਢੁਲਿ ਮਿਲੀ।"
– ਦੇਵ ੪, ੨, ੧ : ੨ (527)

ਲਡਾਇ ----- ਕਰੇ
"ਲਾਡਲੇ ਲਾਡ ਲਡਾਇ ਸਭ ਮਹਿ ਮਿਲੁ ਹਮਾਰੀ ਹੋਇ ਗਤੇ।"
– ਬਿਲਾ ੫, ਛੰਤ ੩, ੪ : ੪ (847)

ਲਡਾਇਓ --- ਕਰਦਾ ਹੈ

“ਕਰੇ ਪ੍ਰਤਿਪਾਲ ਬਾਰਿਕ ਕੀ ਨਿਆਈ ਜਨ ਕਉ ਲਾਡ ਲਡਾਇਓ।”
– ਗੂਜ ੫, ੧੨, ੧* : ੨ (498)

ਲਡਾਇਆ --- ਕੀਤਾ
“ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ।”
– ਸਿਰੀ ੫, ੯੭, ੧ : ੧ (51)

ਲਡਾਵਹ ---- ਕਰਦੇ ਹਾਂ
“ਹਮ ਖੇਲਹ ਸਭਿ ਲਾਡ ਲਡਾਵਹ ਤੁਮ ਸਦ ਗੁਣੀ ਗਹੀਰਾ।”
– ਰਾਮ ੫, ੬, ੩ : ੨ (884)

ਲਡੇ ------- ਲੱਦੇ ਹੋਏ
“ਸਾਥ ਲਡੇ ਤਿਨ ਨਾਠੀਆ ਭੀੜ ਘਣੀ ਦਰੀਆਉ।”
– ਮਾਰੂ ੧, ਅਸ ੧੦, ੩ : ੨ (1015)

ਲਤਾ ------ (ਸੰ.) ਸਾਖ਼, ਵੇਲ
“ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ।”
– ਮਾਰੂ ੫, ਸੋਲਾ ੮, ੪ : ੩ (1079)

ਲਤਾੜੀਅਹਿ -- ਪੈਰਾਂ ਹੇਠ ਮਿਧਨਾਂ/ ਕੁਚਲਣਾ
“ਇਕ ਛਿਜਹਿ ਬਿਆ ਲਤਾੜੀਅਹਿ।”
– ਸਲੋ ਫਰ, ੧੬ : ੩ (1378)

ਲਤੀਫੁ ----- (ਫਾ. ਲਤੀਫ਼) ਬਾਰੀਕ
“ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ।”
– ਸਲੋ ਫਰ, ੬ : ੧ (1378)

ਲਥਾ ------ ਉਤਰਿਆ, ਦੂਰ ਹੋਇਆ
“ਜੀਇ ਸਮਾਲੀ ਤਾ ਸਭੁ ਦੁਖੁ ਲਥਾ।”
– ਮਾਝ ੫, ੧੫, ੨ : ੨ (99)

ਲਥਿਅੜੇ ---- ਲਹਿ ਗਏ, ਉਤਰ ਗਏ
“ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ਲਥਿਅੜੇ ਜਗਿ ਤਾਪਾ ਰਾਮ।”
– ਵਡ ੪, ਛੰਤ ੪, ੨ : ੨ (574)

ਲਥੀ ------ ਦੂਰ ਹੋਏ, ਲਹਿ ਗਏ
“ਜੇ ਜੀਵੈ ਪਤਿ ਲਥੀ ਜਾਇ।”
– ਮਾਝ ੧, ਵਾਰ ੧੦ਸ, ੧, ੧ : ੩ (142)
“ਇਕ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ।”
– ਸੂਹੀ ੩, ਵਾਰ ੧੨ਸ, ੧, ੨ : ੨ (789)
“ਚਿੰਤ ਲਥੀ ਭੇਟੇ ਗੋਬਿੰਦ।”(ਉਤਰੀ, ਮੁਕ ਗਈ)
– ਬਸੰ ੫, ੧, ੧ : ੪ (1180)

ਲਥੁ ------- (1) ਲਾਹੁਣ ਵਾਲਾ, ਦੂਰ ਕਰਨ ਵਾਲਾ
“ਗੁਰ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ।”

- ਸਿਰੀ ੫, ੫੦, ੩ : ੪ (50)

(2) ਉਤਰ ਗਿਆ, ਦੂਰ ਹੋਇਆ

"ਪ੍ਰਭ ਸਦਾ ਸਲਾਮਤਿ ਮਿਤ੍ਰੁ ਤੂ ਦੁਖੁ ਸਬਾਇਆ ਲਥੁ।"

- ਗਉ ੪, ਵਾਰ ੩੨ਸ, ੫, ੧ : ੨ (317)

ਲਥੇ ------- (1) (ਅਖਾੜੇ ਵਿਚ) ਉਤਰੇ, ਪ੍ਰਵੇਸ਼ ਕੀਤਾ, ਆਏ

"ਮਲ ਲਥੇ ਲੈਦੇ ਫੇਰੀਆ।"

- ਸਿਰੀ ੫, ਅਸ ੨੯, ੧੮ : ੨ (74)

"ਆਪੇ ਛਿੰਝ ਪਵਾਇ ਮਲਾਖਾੜਾ ਰਚਿਆ। ਲਥੇ ਭੜਥੂ ਪਾਇ ਗੁਰਮੁਖਿ ਮਚਿਆ।"

- ਮਲਾ ੧, ਵਾਰ ੪ : ੧; ੨ (1280)

(2) ਦੂਰ ਹੋਏ, ਮਿਟ ਗਏ

"ਅਚਿੰਤ ਹਮਾਰੈ ਲਥੇ ਵਿਸੂਰੇ।"

- ਭੈਰ ੫, ਅਸ ੩, ੩ : ੨ (1157)

ਲਥੋ ------- ਦੂਰ ਹੋਇਆ

"ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੋ ਦੁਖੁ।"

- ਗਉ ੫, ਵਾਰ ੫ਸ, ੫, ੧ : ੨ (319)

ਲਦਾਈ ----- ਲੱਦੇ ਹੋਏ

"ਪਚਿ ਪਚਿ ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ।"

- ਮਾਰੂ ੧, ਸੋਲਾ ੫, ੮ : ੩ (1025)

ਲਦਿ ------ (1) ਲਦ ਕੇ

"ਵਖਰੁ ਨਾਮੁ ਲਦਿ ਖੇਪ ਚਲਾਵਹੁ।"

- ਆਸਾ ੫, ਅਸ ੧, ੬ : ੧ (430)

(2) ਤੁਰ ਗਏ, ਕੂਚ ਕਰ ਗਏ ਭਾਵ ਮਰ ਗਏ

"ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ।"

- ਸਲੋ ਫਰ, ੭੩ : ੨ (1381)

ਲਦਿਅੜਾ --- ਲਦਿਆ ਹੈ

"ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ।"

- ਸਿਰੀ ੪, ਵਣ ੧, ੬ : ੨ (82)

ਲਦਿਆ ---- (1) ਵਸਤ ਨੂੰ ਲੈ ਜਾਣ ਲਈ ਪਸ਼ੂ ਅਥਵਾ ਗੱਡੇ ਆਦਿ ਉਪਰ ਰਖਿਆ

"ਹਰਿ ਜਪਿ ਹਰਿ ਵਖਰੁ ਲਦਿਆ ਜਮੁ ਜਾਗਾਤੀ ਨੇੜਿ ਨ ਆਇਆ।"

- ਗਉ ੪, ੪੫, ੨ : ੨ (165)

"ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ।" (ਭਾਵ ਭਾਰ ਚੁਕ ਕੇ)

- ਆਸਾ ੩, ਛੰਤ ੭, ੬ : ੧ (441)

"ਪਥਰ ਪਾਪ ਬਹੁ ਲਦਿਆ ਕਿਉ ਤਰੀਐ ਤਾਰੀ।" (ਭਾਵ ਚੁਕਿਆ)

- ਗੂਜ ੩, ਵਾਰ ੩ : ੨ (509)

(2) ਕੂਚ ਕੀਤਾ, ਤੁਰ ਪਇਆ

"ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ।"

- ਸਲੋ ਫਰ, ੮ : ੨ (1378)

ਲਦੀਅਹਿ --- ਸਮਾਨ ਢੋਣ ਲਈ ਗਡੇ / ਪਸ਼ੂ ਆਦਿ ਉਪਰ ਰਖੀਏ
"ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ।"
– ਆਸਾ ੧, ਵਾਰ ੯ਸ, ੧, ੧ : ੧ (467)

ਲਦੇ ------- ਢੋਣ ਲਈ ਪਸ਼ੂਆਂ / ਗੱਡਿਆ ਆਦਿ ਉਪਰ ਰਖੇ
"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਲਦੇ ਖੇਪ ਸਵਲੀ।"
– ਸਿਰੀ ੫, ਛੰਤ ੨, ੩ : ੧ (79)

ਲਧਮੁ ------ (1) ਲਭਾ ਹੈ
"ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ।"
– ਗੂਜ ੫, ਵਾਰ ੭ਸ, ੫, ੨ : ੧ (519)
(2) ਪ੍ਰਾਪਤ ਕੀਤਾ ਹੈ
"ਤੇਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ।"
– ਗੂਜ ੫, ਵਾਰ ੮ਸ, ੫, ੨ : ੧ (520)

ਲਧੜਾ ----- ਲਭ ਲਿਆ, ਪ੍ਰਾਪਤ ਕਰ ਲਿਆ
"ਗੁਰੁ ਪੁਰਖੁ ਪੂਰਾ ਭੇਟਿਆ ਹਰਿ ਸਜਣੁ ਲਧੜਾ ਨਾਲਿ।"
– ਗਉ ੪, ਕਰ ੨, ੮ : ੨ (235)

ਲਧੜੀਆ --- ਲਭੀਆਂ
"ਨਾਨਕ ਲਧੜੀਆ ਤਿੰਨਾਹ ਜਿਨਾ ਭਾਗੁ ਮਥਾਹੜੈ।"
– ਮਾਰੂ ੫, ਵਾਰ ੨੧ ਸ, ੫, ੨ : ੨ (1101)

ਲਧਾ ------ ਲਭਾ ਹੈ
"ਹਉ ਬਹੁੜਿ ਛਿੰਝ ਨ ਨਚਊ ਨਾਨਕ ਅਉਸਰੁ ਲਧਾ ਭਾਲਿ ਜੀਉ।"
– ਸਿਰੀ ੫, ਅਸ ੨੯, ੨੧ : ੩ (74)

ਲਧਿਆ ---- ਲਭਿਆ
"ਵਿਣੁ ਗੁਰ ਕਿਨੈ ਨ ਲਧਿਆ ਅੰਧੈ ਭਉਕਿ ਮੁਏ ਕੂੜਿਆਰਾ।"
– ਮਾਝ ੧, ਵਾਰ ੭ : ੩ (141)

ਲਧੀ ------ ਲਭੀ
"ਵਾਹੁ ਵਾਹੁ ਬਾਣੀ ਸਚੁ ਹੈ ਗੁਰਮੁਖਿ ਲਧੀ ਭਾਲਿ।"
– ਗੂਜ ੩, ਵਾਰ ੧੫ਸ, ੩, ੨ : ੧ (514)

ਲਧੀਆ ---- ਲਭੀ ਭਾਵ ਕੀਤੀ
"ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ।"
– ਗਉ ੫, ੧੬੯*, ੧ : ੨ (217)
"ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ।" (ਲਭ ਸਕਨਾ)
– ਮਾਰੂ ੩, ਵਾਰ ੯ਸ, ੩, ੧ : ੪ (1089)

ਲਧੇ ------- ਲਭ ਲਏ, ਪ੍ਰਾਪਤ ਕੀਤੇ
"ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ।"
– ਸਿਰੀ ੫, ਛੰਤ ੩, ੩ਡ : ੨ (80)
"ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ।" (ਪ੍ਰਾਪਤ ਕੀਤੇ ਭਾਵ ਮਿਲੇ)

– ਸਲੋ ਫਰ, ੫੬ : ੨ (1380)

ਲਧੋਵਾਰੇ ---- ਲਭਣ ਵਾਲੇ
“ਗੁਰਸਿਖਾ ਅੰਦਰਿ ਸਤਿਗੁਰੁ ਵਰਤੈ ਚੁਣਿ ਕਢੇ ਲਧੋਵਾਰੇ।”
– ਗਉ ੪, ਵਾਰ ੨੧ਸ, ੪, ੧ : ੩ (312)

ਲੰਪਟ ------ (1) (ਸੰ.) ਵਿਸ਼ਈ, ਵਿਸ਼ਿਆਂ ਵਿਚ ਡੁਬਾ ਹੋਇਆ
“ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ।”
– ਗਉ ੫, ਬਾਅ ੫੨ : ੬ (261)
(2) ਡੁਬ ਜਾਂਦੇ ਹਨ, ਲਪਟ ਵਿਚ ਆ ਜਾਂਦੇ ਹਨ
“ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ।”
– ਸਸ ੫, ੪੮ : ੧ (1358)

ਲਪਟਹੀ ---- ਲਿਪਟੀ (ਚੰਬੜੀ) ਹੋਈ ਹੈ
“ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ।”
– ਗੂਜ ੫, ੧੪, ੨ : ੧ (499)

ਲਪਟਤ ----- ਖਚਿਤ, ਲਿਪਟੇ
“ਮੋਹ ਮਗਨ ਲਪਟਤ ਰਹੈ ਹਉ ਹਉ ਆਵੈ ਜਾਇ।”
– ਗਉ ੫, ਬਾਅ ੩੦ : ੬ (256)

ਲਪਟਾਉ ---- ਚੰਬੜਦਾ ਹਾਂ, ਲਿਪਟਦਾ ਹਾਂ
“ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ।”
– ਸੂਹੀ ੫, ੪੩, ੧ : ੨ (745)

ਲਪਟਾਇ --- (1) ਚੰਬੜੀ ਹੈ
“ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ।”
– ਸਿਰੀ ੩, ਅਸ ੨੧, ੫ : ੨ (67)
“ਮੋਹ ਝੂਠੁ ਪਸਾਰਾ ਝੂਠ ਕਾ ਝੂਠੇ ਲਪਟਾਇ।” (ਚੰਬੜਿਆ ਹੋਇਆ ਹੈ,ਫਸਿਆ ਹੋਇਆ ਹੈ, ਲਿਪਟਿਆ ਹੋਇਆ ਹੈ)
– ਗਉ ੪, ੪੭, ੩ : ੨ (166)
“ਜੋ ਦੇਵੈ ਤਿਸੈ ਨ ਜਾਣਈ ਦਿਤੇ ਕਉ ਲਪਟਾਇ।” (ਚੰਬੜਦਾ ਹੈ)
– ਰਾਮ ੩, ਵਾਰ ੧ਸ, ੩, ੨ : ੪ (947)
(2) ਖਚਿਤ ਹੋ; ਲਿਪਟ ਕੇ
“ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ।”
– ਬਿਲਾ ੫, ੯੬, ੧ : ੨ (823)
(3) ਫਸੇ ਹਨ, ਖਚਿਤ ਹਨ
“ਤੀਨਿ ਭਉਨੇ ਲਪਟਾਇ ਰਹੀ ਕਾਚ ਕਰਮਿ ਨ ਜਾਤ ਸਹੀ ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ।”
– ਸਾਰ ੫, ੧੩੯, ੧ : ੧ (1231)

ਲਪਟਾਇਓ -- ਲਪਟਦਾ, ਖਚਤ ਹੁੰਦਾ, ਚੰਬੜਦਾ
“ਸੋ ਅਨਰਸ ਨਾਹੀ ਲਪਟਾਇਓ।”

– ਗਉ ੫, ੧੦੨, ੨ : ੨ (186)
ਲਪਟਾਇਆ – ਖਚਿਤ ਹੋਇਆ
“ਕਪੜਿ ਭੋਗਿ ਲਪਟਾਇਆ ਸੁਇਨਾ ਰੁਪਾ ਖਾਕੁ।”
– ਸਿਰੀ ੫, ੭੧, ੨ : ੧ (42)

ਲਪਟਾਈ --- (1) ਮਸਤ ਹੋਏ, ਖਚਿਤ ਹੋਏ
“ਮਗਨ ਭਏ ਊਹਾ ਸੰਗਿ ਮਾਤੇ ਓਤਿ ਪੋਤਿ ਲਪਟਾਈ।”
– ਬਿਲਾ ੫, ੮੭, ੧ : ੨ (821)
(2) ਚੰਬੜੀ ਹੈ
“ਅਨਿਕ ਜਤਨ ਕਰਿ ਰਾਖੀਐ ਫਿਰਿ ਫਿਰਿ ਲਪਟਾਈ।”
– ਬਿਲਾ ਕਬ, ੩, ੨ : ੨ (855)
(3) ਫਸਿਆ ਹੈ
“ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ।”
– ਸਾਰ ੯, ੧, ੧ : ੨ (1231)

ਲੰਪਟਾਈ --- ਖਚਿਤ ਹੋਣਾ
“ਹਉਮੈ ਧੰਧੁ ਛੋਡਹੁ ਲੰਪਟਾਈ।”
– ਮਾਰੂ ੧, ਸੋਲ ੬, ੮ : ੨ (1026)

ਲਪਟਾਏ ---- (1) ਚੰਬੜਦਾ
“ਜੋ ਦੇਵੈ ਤਿਸੈ ਨ ਜਾਣੈ ਮੂੜਾ ਦਿਤੇ ਨੋ ਲਪਟਾਏ।”
– ਸਿਰੀ ੪, ਪਹ ੩, ੨ : ੪ (76)
(2) ਫਸੇ ਹੋਏ
“ਜਿਹ ਧੰਧੇ ਮਹਿ ਓਇ ਲਪਟਾਏ।”
– ਗਉ ੫, ੭੮, ੧ : ੩ (178)

ਲਪਟਾਹਿ ---- ਚੰਬੜਦਾ ਹੈ
“ਛਾਡਿ ਛਾਡਿ ਸਗਲੀ ਗਈ ਮੂੜ ਤਹਾ ਲਪਟਾਹਿ।”
– ਗਉ ੫, ਬਾਅ ੧੯ : ੬ (254)

ਲਪਟਾਹੀ ---- ਲਿਪਟਦਾ / ਚੰਬੜਦਾ ਹੈ
“ਜੋ ਸਗਲ ਤਿਆਗਿ ਏਕਹਿ ਲਪਟਾਹੀ।”
– ਗਉ ੫, ਬਾਅ ੨੮ : ੨ (256)

ਲਪਟਾਣਾ --- ਪਲਚਨਾ, ਲਿਪਟਨਾ
“ਜਿਨਿ ਦੀਆ ਸੋ ਚਿਤਿ ਨ ਆਵੈ ਮੋਹਿ ਅੰਧੁ ਲਪਟਾਣਾ।”
– ਰਾਮ ੫, ੧, ੩ : ੨ (883)

ਲਖਟਾਣੀ --- ਲਿਪਟਦੀ ਹੈ, ਚੰਬੜਦੀ ਹੈ
“ਸੰਗੀ ਜੋਗੀ ਨਾਰਿ ਲਪਟਾਣੀ।”
– ਮਾਰੂ ੫, ਸੋਲਾ ੨, ੧ : ੧ (1072)

ਲਪਟਾਧੇ ---- ਖਚਿਤ ਸਨ, ਲਪਟੇ ਹੋਏ ਸਨ
“ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ।”

– ਆਸਾ ੫, ੧੨੬, ੩ : ੧ (403)

ਲਪਟਾਨਾ ---- (1) ਖਚਿਤ ਹੈ, ਉਲਝਿਆ ਪਿਆ ਹੈ, ਫਸਿਆ ਪਿਆ ਹੈ
“ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ।”
– ਗਉ ਕਬ, ੪੫, ੪ : ੨ (332)
(2) ਲਿਪਟ ਕੇ, ਚੰਬੜ ਕੇ
“ਅੰਤ ਕੀ ਬਾਰ ਮੂਆ ਲਪਟਾਨਾ।”
– ਭੈਰ ਨਾਮ, ੪, ੧ : ੪ (1165)

ਲਪਟਾਨੀ ---- ਲਿਪਟਨ ਲਈ ਉਤੇਜਿਤ ਭਾਵ ਲੁਭਾਇਮਾਨ
“ਦੇਖਿ ਰਤਨੁ ਇਹੁ ਮਨੁ ਲਪਟਾਨੀ।”
– ਆਸਾ ੫, ੬, ੧ : ੪ (372)
“ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ।” (ਉਸ ਨਾਲ ਚੰਬੜ ਗਿਆ ਹੈ; ਲਿਪਟ ਗਿਆ ਹੈ, ਉਸ ਪ੍ਰਤੀ ਲੁਭਾਇਮਾਨ ਹੋ ਗਿਆ ਹੈ)
– ਕੇਦਾ ੫, ੧, ੨ : ੧ (1119)

ਲਪਟਾਨੈ ---- ਚੰਬੜ ਰਿਹਾ ਹੈ
“ਅਚੇਤ ਬਿਵਸਥਾ ਮਹਿ ਲਪਟਾਨੈ।”
– ਸੂਹੀ ੫, ੧੬, ੧* : ੨ (740)

ਲਪਟਾਨੋ ---- ਖਚਿਤ ਹੋ ਗਿਆ, ਲਗ ਗਿਆ
“ਨਾਰਦ ਕਹਤ ਸੁਨਤ ਧ੍ਰੂਅ ਬਾਰਿਕ ਭਜਨ ਮਾਹਿ ਲਪਟਾਨੋ।”
– ਬਿਲਾ ੯, ੧, ੧ : ੨ (830)

ਲਪਟਾਵਉ --- ਚੰਬੜਾਂ
“ਇਹ ਸੰਸਾਰ ਤੇ ਤਬ ਹੀ ਛੂਟਉ ਜਉ ਮਾਇਆ ਨਾ ਲਪਟਾਵਉ।”
– ਧਨਾ ਨਾਮ, ੨, ੩ : ੧ (693)

ਲਪਟਾਵਏ --- ਲਿਪਟ ਰਿਹਾ ਹਾਂ, ਫਸਿਆ ਹੋਇਆ ਹਾਂ
“ਬਨਿਤਾ ਬਿਨੋਦ ਅਨੰਦ ਮਾਇਆ ਅਗਿਆਨਤਾ ਲਪਟਾਵਏ।”
– ਆਸਾ ੫, ਛੰਤ ੮, ੨ : ੪ (458)

ਲਪਟਾਵਹਿ -- ਚੰਬੜਦਾ ਹੈ
“ਤੂੰ ਕਿਆ ਲਪਟਾਵਹਿ ਮੂਰਖ ਮਨਾ।”
– ਗਉ ੫, ਸੁਖ ੧੯, ੫ : ੨ (288)

ਲਪਟਾਵੈ ---- ਚੰਬੜਦਾ ਹੈ
“ਬਿਨਸਿ ਜਾਇ ਤਾਹੂ ਲਪਟਾਵੈ।”
– ਗਉ ੫, ੭੮, ੧* : ੨ (178)

ਲਪਟਿ ----- (1) ਖਚਿਤ ਹੋ ਕੇ
“ਲਲਾ ਲਪਟਿ ਬਿਖੈ ਰਸ ਰਾਤੇ।”
– ਗਉ ੫, ਬਾਅ ੧੧ : ੧ (252)
(2) ਖਚਿਤ ਹੋਣਾ, ਚੰਬੜਨਾ, ਫਸਨਾ

“ਲਪਟਿ ਰਹਿਓ ਤਹ ਅੰਧ ਅੰਧਾਰੁ।”
– ਗਉ ੫, ਸੁਖ ੫, ੩ : ੬ (268)

ਲਪਟਿਓ ---- (1) ਫਸਿਆ ਹੋਇਆ, ਖਚਿਤ ਹੋਇਆ, ਉਲਝਿਆ
“ਕਾਮ ਕ੍ਰੋਧ ਲਪਟਿਓ ਅਸਨੇਹ।”
– ਗਉ ੫, ੭੮, ੨ : ੨ (178)
“ਮੋਹ ਮਗਨ ਲਪਟਿਓ ਭ੍ਰਮ ਗਿਰਹ।” (ਉਲਝੇ ਰਹੀਦਾ ਹੈ)
– ਰਾਮ ੫, ੩੨, ੪ : ੩ (893)
(2) ਚੰਬੜਿਆ ਹੋਇਆ
“ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ।”
– ਗਉ ੫, ਬਾਅ ੪੧ਸ : ੧ (258)

ਲਪਟਿਆ --- ਫਸਿਆ, ਉਲਝਿਆ, ਖਚਿਤ ਹੋਇਆ
“ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ।”
– ਸਿਰੀ ੫, ਪਹ ੪, ੩ : ੨ (77)

ਲੰਪਟੁ ------ ਖਚਿਤ (ਸੰਸਾਰਕ ਪਦਾਰਥਾਂ ਵਿਚ)
“ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ।”
– ਮਾਰੂ ੧, ਅਸ ੭, ੬ : ੩ (1013)

ਲਪਟੇਰਾ ---- ਚੰਬੜਦਾ ਹੈ
“ਬਹੁਰਿ ਬਹੁਰਿ ਉਆਹੂ ਲਪਟੇਰਾ।”
– ਗਉ ੫, ੮੨, ੧ : ੨ (180)

ਲਪਟੈ ------ ਚੰਬੜਿਆ ਰਹਿੰਦਾ ਹੈ, ਫਸਿਆ ਰਹਿੰਦਾ ਹੈ
“ਕੂੜੇ ਲਾਲਚਿ ਲਪਟੈ ਲਪਟਾਇ।”
– ਬਿਲਾ ੧, ਥਿਤੀ ੧੪ : ੫ (840)

ਲਪੇਟੇ ------ ਲਪੇਟਿਆ / ਵਲਿਆ ਹੋਇਆ
“ਕਬੀਰ ਗਰਬੁ ਨ ਕੀਜੀਐ ਚਾਮ ਲਪੇਟੇ ਹਾਡ।”
– ਸਲੋ ਕਬ, ੩੭ : ੧ (1366)

ਲਫਜ ------ (ਫਾ. ਲਫ਼ਜ਼) ਸ਼ਬਦ, ਬੋਲ ਭਾਵ ਹੁਕਮ
“ਭਿਸਤ ਪੀਰ ਲਫਜ ਕਮਾਇ ਅੰਦਾਜਾ।”
– ਮਾਰੂ ੫, ਸੋਲਾ ੧੨, ੫ : ੨ (1084)

ਲਬ ------- ਲਾਲਚ
“ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ।”
– ਆਸਾ ੧, ਛੰਤ ੨, ੩, : ੫ (437)

ਲਬਹੂੰ ------ ਲਾਲਚ ਨੂੰ, ਲੋਭ ਨੂੰ
“ਕਹੁ ਨਾਨਕ ਮੇਰੇ ਪੂਰੇ ਮਨੋਰਥ ਸਾਧ ਸੰਗਿ ਤਜਿ ਲਬਹੂੰ।”
– ਦੇਵ ੫, ੪, ੨ : ੨ (529)

ਲਬਧ ------ ਲਭਦੀ ਹੈ, ਪ੍ਰਾਪਤ ਹੁੰਦੀ ਹੈ

“ਨਾਨਕ ਲਬਧ ਕਰਮਣਹ।”
- ਗਾਥਾ ੫, ੨੧ : ੨ (1361)

ਲਬਧਿ ----- (1) ਜੋ ਪ੍ਰਾਪਤ ਕਰਨਾ ਸੀ, ਪ੍ਰਾਪਤੀ, ਲਾਭ
“ਲਬਧਿ ਆਪਣੀ ਪਾਈ।”
- ਸੋਰ ੫, ੫੧, ੨ : ੩ (621)
(2) ਭਾਗ (ਸ਼ਬਦਾਰਥ), ਪਰਾਲਬਧ (ਨਿਰਣੈ), ਜਿਸ ਨੂੰ ਲਭਦੇ ਸੀ (ਦਰਪਣ)
“ਸੰਤਨ ਕੈ ਚਰਨ ਲਾਗੇ ਕਾਮ ਕ੍ਰੋਧ ਲੋਭ ਤਿਆਗੇ ਗੁਰ ਗੋਪਾਲ ਭਏ ਕ੍ਰਿਪਾਲ ਲਬਧਿ ਅਪਨੀ ਪਾਈ।”
- ਸਾਰ ੫, ੧੩੨, ੧ : ੧ (1230)

ਲਬਧਿਓ ---- ਲਭ ਲਈ, ਲਭੀ
“ਅਬ ਮੋਹਿ ਲਬਧਿਓ ਹੈ ਹਰਿ ਟੇਕਾ।”
- ਸਾਰ ੫, ੨੭, ੧* : ੧ (1209)

ਲਬਧਿਅੰ ---- ਲਭਦੀ ਹੈ
“ਲਬਧਿਅੰ ਸਾਧ ਸੰਗੇਣਿ ਨਾਨਕ ਵਡਭਾਗੀ ਭੇਟੰਤਿ ਦਰਸਨਹ।”
- ਗਾਥਾ ੫, ੨੧ : ੨ (1361)

ਲਬਧੇਣਿ ---- ਲਭਦੇ ਹਨ
“ਲਬਧੇਣਿ ਸਾਧ ਸੰਗੇਣਿ ਨਾਨਕ ਮਸਤਕਿ ਲਿਖੁਣਃ।”
- ਗਾਥਾ ੫, ੨੨ : ੨ (1361)

ਲਬਧੋ ------ ਲਭਦਾ ਹੈ, ਪ੍ਰਾਪਤ ਹੁੰਦਾ ਹੈ
“ਹਰਿ ਲਬਧੋ ਮਿਤ੍ਰ ਸੁਮਿਤੋ।”
- ਗਾਥਾ ੫, ੧੩ : ੧ (1361)

ਲਬਧੵੰ ------ ਲਭਦਾ ਹੈ, ਪ੍ਰਾਪਤ ਹੁੰਦਾ ਹੈ
“ਰਹੰਤ ਸੰਗ ਭਗਵਾਨ ਸਿਮਰਣ ਨਾਨਕ ਲਬਧੵੰ ਅਚੁਤ ਤਨਹ।”
- ਸਸ ੫, ੧ : ੪ (1354)

ਲਬਧੵਿੰ------ ਪ੍ਰਾਪਤ ਹੁੰਦਾ ਹੈ, ਲਭਦਾ ਹੈ
“ਦੁਰਲਭੰ ਏਕ ਭਗਵਾਨ ਨਾਮਹ ਨਾਨਕ ਲਬਧੵਿੰ ਸਾਧਸੰਗਿ ਕ੍ਰਿਪਾ ਪ੍ਰਭੰ।”
- ਸਸ ੫, ੩੫ : ੫ (1357)

ਲਬਿ ------ ਲਾਲਚ
“ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।”
- ਸਿਰੀ ੧, ਅਸ ੧੩, ੧ : ੨ (61)

ਲਬੀ ------ ਲਬ, ਲਾਲਚ
“ਅਵਰ ਸਭ ਮਿਥਿਆ ਲੋਭ ਲਬੀ।”
- ਗੁਜ ੫, ੮, ੧* : ੧ (497)

ਲਬੁ ------- ਲਾਲਚ
“ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ।”

– ਸਿਰੀ ੧, ੪, ੧ : ੧ (15)
ਲਬੈ – ਲਬ (ਲਾਲਚ) ਵਾਲਾ
“ਲਬੈ ਮਾਲੈ ਘੁਲਿ ਮਿਲਿ ਮਿਚਲਿ ਉੰਘੈ ਸਉੜਿ ਪਲੰਘੁ।”
–ਮਲਾ ੧, ਵਾਰ ੨੩ਸ, ੧, ੧ : ੨ (1288)

ਲਬੋ ------- ਲਾਲਚ, ਲੋਭ
“ਮੈ ਨਾਹੀ ਕੀਤਾ ਲਬੋ।”
– ਸੋਰ ਕਬ, ੧੧, ੪ : ੧ (656)

ਲਭਈ ----- ਲਭਦਾ, ਪ੍ਰਾਪਤ ਹੁੰਦਾ
“ਬਿਨੁ ਸਤਿਗੁਰ ਹਰਿ ਨਾਮੁ ਨ ਲਭਈ ਲਖ ਕੋਟੀ ਕਰਮ ਕਮਾਉ।”
– ਸਿਰੀ ੪, ੬੭, ੨ : ੩ (40)

ਲਭਹੀ ----- ਲਭਦਾ, ਪ੍ਰਾਪਤ ਹੁੰਦਾ
“ਤੂ ਹੋਰਤੁ ਉਪਾਇ ਨ ਲਭਹੀ ਅਬਿਨਾਸੀ ਸ੍ਰਿਸਟਿ ਕਰਣ।”
– ਮਾਰੂ ੫, ਵਾਰ ੨ : ੮ (1095)

ਲਭਣੰ ------ ਲਭਦਾ ਹੈ, ਪ੍ਰਾਪਤ ਹੁੰਦਾ ਹੈ
“ਲਭਣੰ ਸਾਧ ਸੰਗੇਣ।”
– ਗਾਥਾ ੫, ੧੫ : ੩ (1361)

ਲਭਣਹਾਰੁ --- ਲਭਣਯੋਗ
“ਲਧਮੁ ਲਭਵਣਹਾਰੁ ਕਰਮੁ ਕਰੰਦੇ ਮਾ ਪਿਰੀ।”
– ਗੂਜ ੫, ਵਾਰ ੧੩ਸ, ੫, ੧ : ੧ (521)

ਲਭਣੇ ------ ਲਭਦਾ ਹੈ
“ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ।”
– ਸਿਰੀ ੫, ਛੰਤ ੩, ੧੩ : ੨ (80)

ਲਭੰਤੰ ------ ਲਭਦੀ ਹੈ
“ਭਾਵਨੀ ਸਾਧ ਸੰਗੇਣ ਲਭੰਤੰ ਬਡ ਭਾਗਣਹ।”
– ਗਾਥਾ ੫, ੯ : ੧ (1360)

ਲਭੰਨਿ ----- ਲਭਣ
“ਗੁਰ ਸਾਧੂ ਸੰਗਤਿ ਮਿਲੈ ਹੀਰੇ ਰਤਨ ਲਭੰਨਿ।”
– ਸਲੋ ੩, ੩੦ : ੩ (1416)

ਲਭਨੀ ----- ਲਭਦੇ
“ਸਚਿਆਰ ਸਿਖ ਬਹਿ ਸਤਿਗੁਰ ਪਾਸਿ
ਘਾਲਨਿ ਕੂੜਿਆਰ ਨ ਲਭਨੀ ਕਿਤੈ ਥਾਇ ਭਾਲੇ।”
– ਗਉ ੪, ਵਾਰ ੧੦ਸ, ੪, ੧ : ੩ (305)

ਲਭਾ ------ ਮਿਲ ਗਿਆ, ਲਭ ਪਿਆ
“ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲਭਾ।”
– ਸਿਰੀ ੫, ੭੬, ੪ : ੨ (44)

ਲਭੀ ------ ਲਭੇ, ਮਿਲੇ, ਪ੍ਰਾਪਤ ਹੋਵੇ
“ਥੀਉ ਸੰਤਨ ਕੀ ਰੇਣੁ ਜਿਤੁ ਲਭੀ ਸੁਖ ਦਾਤਾਰੁ।”
- ਮਾਰੂ ੫, ਵਾਰ ੧੧ਸ, ੫, ੩ : ੨ (1098)

ਲਭੈ ------- ਪ੍ਰਾਪਤ ਹੋਵੇ, ਮਿਲੇ, ਲਭੇ
“ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ।”
- ਮਾਝ ੪, ੪, ੩ : ੩ (95)

ਲਭ੍ਤੇ ------ ਲਭਦਾ, ਪ੍ਰਾਪਤ ਹੁੰਦਾ
“ਪਾਰਬ੍ਰਹਮ ਪੁਰਖ ਦਾਤਾਰ ਨਾਨਕ ਗੁਰ ਸੇਵਾ ਕਿੰ ਨ ਲਭ੍ਤੇ।”
- ਸਸ ੫, ੨੦ : ੫ (1355)

ਲੰਮੜੇ ----- ਲੰਮੇ
“ਸੋਹਣੇ ਨਕ ਜਿਨ ਲੰਮੜੇ ਵਾਲਾ।”
- ਵਡ ੧, ਛੰਤ ੨, ੭ : ੨ (567)

ਲੰਮਾ ------ ਦੀਰਘ
“ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ।” (ਭਾਵ ਬੋਦੀ ਵਾਲਾ ਤਾਰਾ)
- ਤੁਖਾ ੧, ਛੰਤ ੩, ੧ : ੧ (1110)
“ਲੰਮਾ ਨਕੁ ਕਾਲੇ ਤੇਰੇ ਨੈਣ।”
- ਮਲਾ ੧, ੯, ੧ : ੨ (1257)

ਲੰਮੀ ------ ਦੀਰਘ
“ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ।”
- ਸਲੋ ਫਰ, ੮੬ : ੧ (1382)

ਲੰਮੀਨਦਰਿ -- ਦੂਰ ਅੰਦੇਸ਼ੀ ਨਾਲ, ਦੂਰ ਦੀ ਸੋਚ ਕੇ
“ਮੰਦਾ ਮੂਲਿ ਨ ਕੀਚਈ ਦੇ ਲੰਮੀਨਦਰਿ ਨਿਹਾਲੀਐ।”
- ਆਸਾ ੧, ਵਾਰ ੨੧ : ੩ (474)

ਲੰਮੇ ------- ਲੰਮੇ ਸਮੇਂ ਤੋਂ, ਚਿਰ ਤੋਂ
“ਨਾਨਕ ਬੈਠਾ ਭਖੇ ਵਾਉ ਲੰਮੇ ਸੇਵਹਿ ਦਰੁ ਖੜਾ।”
- ਮਾਰੂ ੫, ਵਾਰ ੪ਸ, ੫, ੨ : ੧ (1095)

ਲੰਮੈ ------- ਦੀਰਘ
“ਬਹੁਤੁ ਸਜਾਇ ਪਇਆ ਦੇਸਿ ਲੰਮੈ।”
- ਮਾਰੂ ੫, ਅਸ ੮, ੫ : ੨ (1020)

ਲਯੌ ------- ਲਿਆ
“ਗੁਰ ਗਮਿ ਪ੍ਰਮਾਣੁ ਤੈ ਪਾਇਓ ਸਤੁ ਸੰਤੋਖੁ ਗ੍ਰਾਹਜਿ ਲਯੌ।”
- ਸਵ ੨, ੬ : ੫ (1392)

ਲਰਨੇ ------ ਲੜਨ
“ਸਤੁ ਸੰਤੋਖੁ ਲੈ ਲਰਨੇ ਲਗਾ ਤੋਰੇ ਦੁਇ ਦਰਵਾਜਾ।”

– ਭੈਰ ਕਬ, ੧੭, ੫ : ੧ (1161)

ਲਰਾਈ ----- ਲੜਾਈ, ਝਗੜਾ
“ਬਾਪੁ ਸਾਵਕਾ ਕਰੈ ਲਰਾਈ ਮਾਇਆ ਸਦ ਮਤਵਾਰੀ।”
– ਆਸਾ ਕਬ, ੨੫, ੨ : ੧ (482)

ਲਰਿ ------ ਲੜ ਕੇ, ਝਗੜ ਕੇ
“ਹਉਮੈ ਅਨ ਸਿਉ ਲਰਿ ਮਰੈ ਸੋ ਸੋਭਾਦੂ ਹੋਇ।”
– ਗਉ ੫, ਬਾਅ ੩੧ : ੨ (256)

ਲਰਿਕਨ ---- ਲੜਕਿਆਂ
“ਲਰਿਕੀ ਲਰਿਕਨ ਖੈਬੋ ਨਾਹਿ।”
– ਗੋਂਡ ਕਬ, ੬, ੩ : ੨ (871)

ਲਰਿਕਾ ----- ਲੜਕੇ, ਪੁੱਤਰ
“ਪਾਂਚਉ ਲਰਿਕਾ ਜਾਰਿ ਕੈ ਰਹੈ ਰਾਮ ਲਿਵ ਲਾਗਿ।”
– ਸਲੋ ਕਬ, ੪੨ : ੨ (1366)

ਲਰਿਕੀ ----- ਲੜਕੀ, ਪੁਤਰੀ
“ਕੋਹੈ ਲਰਿਕਾ ਬੇਚਈ ਲਰਿਕੀ ਬੇਚੈ ਕੋਇ।”
– ਸਲੋ ਕਬ, ੪੩ : ੧ (1366)

ਲਰਿਕੇ ----- ਲੜਕੇ, ਸੁਤ, ਪੁੱਤਰ
“ਪਾਂਚਉ ਲਰਿਕੇ ਮਾਰਿ ਕੈ ਰਹੈ ਰਾਮ ਲਿਉ ਲਾਇ।”
– ਸਲੋ ਕਬ, ੮੩ : ੨ (1368)

ਲਰੀ ------ ਲਗੀ ਹੈ
“ਸੰਸਾਰੈ ਕੈ ਅੰਚਲਿ ਲਰੀ।”
– ਗੋਂਡ ਕਬ, ੭, ੪ : ੪ (872)

ਲਰੈ ------- ਲੜੇ, ਯੁੱਧ ਕਰੇ
“ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।”
– ਮਾਰੂ ਕਬ, ੧੦, ੨ : ੧ (1105)

ਲਲਤ ------ ਭੈਰਉ, ਰਾਗ ਦੇ ਅੱਠ ਪੁਤਰਾਂ ਵਿਚੋਂ ਇਕ, ਬਾਕੀ ਸਤ ਹਨ : ਪੰਚਮ, ਹਰਖ, ਦਿਸਾਖ, ਬੰਗਾਲਮ, ਮਧੁ, ਮਾਧਵ ਤੇ ਬਿਲਾਵਲ
“ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ।”
– ਰਾਗ ੧ : ੧੧ (1429)

ਲਲਤਾ ----- ਜੀਭ, ਜੁਬਾਨ
“ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ।”
– ਸੋਰ ੧, ਅਸ ੩, ੮ : ੨ (636)
(ਮਹਾਨ ਕੋਸ਼ ਇਥੇ ਭਾਵ ਅਰਥ ‘ਬੁੱਧੀ’ ਕਰਦੇ ਹਨ)
“ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ।”
– ਮਲਾ ੧, ਅਸ ੩, ੫ : ੧ (1274)

(ਮਹਾਨਕੋਸ਼ ਇਥੇ ਅਰਥ ‘ਇਸਤ੍ਰੀ’ ਕਰਦੇ ਹਨ)

ਲਲਨਾ ----- ਇਸਤ੍ਰੀ, ਪਤਨੀ
“ਘਟੰਤ ਲਲਨਾ ਸੁਤ ਭ੍ਰਾਤ ਹੀਤੰ।”
ਸ਼, ੫, ੯ ਲ਼ ੩ (1354)

ਲਲਾ ------ ਗੁਰਮੁਖੀ ਵਰਣਮਾਲਾ ਦਾ ਤੇਤੀਵਾਂ ਅਖਰ, ‘ਲ’
“ਲਲਾ ਲਪਟਿ ਬਿਖੈ ਰਸ ਰਾਤੇ।”
– ਗਉ ੫, ਬਾਅ ੧੧ : ੧ (252)

ਲਲਿਤ ----- ਸੁੰਦਰ
“ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ।”
– ਭੈਰ ੫, ੫੭, ੧ : ੨ (1153)

ਲਲਿਤਾ ----- ਜੀਭ
“ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ।”
– ਸਿਰੀ ੧, ੮, ੧ : ੧ (17)

ਲਲੀ ------ ‘ਲ੍ਰਿ’,‘ਲ੍ਰਿ’, ਨਾਗਰੀ ਵਰਣਮਾਲਾ ਦਾ ਇਕ ਸ੍ਵਰ
“ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ।”
– ਆਸਾ ੩, ਪਟੀ ੧ : ੨ (439)

ਲਲੈ ------- ਗੁਰਮੁਖੀ ਵਰਣਮਾਲਾ ਦੇ ਤੇਤੀਵੇਂ ਅਖਰ ਦੁਆਰਾ, ‘ਲ’ ਦੁਆਰਾ
“ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ।”
– ਆਸਾ ੧, ਪਟੀ ੩੧ : ੧ (434)

ਲਵੰਤੇ ------ ਬੋਲਦੇ ਹਨ
“ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ।”
– ਤੁਖਾ ੧, ਬਾਰਾ ੧੦ : ੩ (1108)

ਲਵੰਨਿੑ ----- ਪੁਕਾਰਨ, ਬੋਲਣ
“ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨਿੑ।”
– ਸਲੋ ੫, ੧੨ : ੨ (1425)

ਲਵਾਇ ----- ਬੋਲ ਕੇ, ਉਚਾਰ ਕੇ ਭਾਵ ਜਪ ਕੇ
“ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ।”
– ਮਾਰੂ ੩, ਵਾਰ ੧੫ ਸ, ੧, ੨ : ੪ (1091)
(‘ਮਹਾਨਕੋਸ਼’ ਅਰਥ ‘ਲਿਵਲੀਨ, ਤਦਰੂਪ’ ਕਰਦਾ ਹੈ)

ਲਵਾਇਆ --- ਲਵਾਏ ਹੋਏ, ਦਿੱਤੇ ਹੋਏ
“ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ।”
– ਸੋਰ ੪, ੪, ੩ : ੩ (606)

ਲਵਾਇਦਾ --- ਲੈਣ ਦਿੰਦਾ ਹੈ
“ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ।”
– ਮਾਰੂ ੧, ਸੋਲਾ ੧੪, ੪ : ੩ (1034)

ਲਵਾਈਅਹਿ -- ਲਈਦੇ ਹਨ

“ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ।”

– ਸਿਰੀ ੧, ੩, ੧ : ੩ (15)

ਲਵਾਏ ----- ਲਾ ਲੈਂਦਾ ਹੈ

“ਨਾਨਕ ਨਾਮੁ ਗੁਰਮਤੀ ਪਾਈਐ ਆਪੇ ਲਏ ਲਵਾਏ।”

– ਗਉ ੩, ਛੰਤ ੫, ੨ : ੬ (246)

ਲਵਿਆ ---- ਬੋਲਿਆ

“ਬਹੁ ਤੀਰਥ ਭਵਿਆ, ਤੋਤੇ ਲਵਿਆ।”

– ਆਸਾ ੧, ਵਾਰ ੯ਸ, ੧, ੨ : ੨ (467)

ਲਵੇ ------- ਬੋਲਦੇ ਭਾਵ ਕਥਕੇ ਹਨ

“ਹਉ ਬਲਿਹਾਰੀ ਤਿਨ ਕਉ ਜਿ ਅਨਦਿਨੁ ਸਚੁ ਲਵੇ।”

– ਗਉ ੪, ਵਾਰ ੨੧ : ੩ (312)

ਲਵੇਰੀ ----- ਦੁੱਧ ਦੇਣ ਵਾਲਾ ਪਸ਼ੂ

“ਬਿਨੁ ਅਸਥਨ ਗਊ ਲਵੇਰੀ।”

– ਬਸੰ ਕਬ, ੩, ੩ : ੧ (1194)

ਲਵੈ ------- (1) ਨੇੜੇ, ਬਰਾਬਰ

“ਆਦਿ ਅੰਤਿ ਮਧਿ ਪ੍ਰਭੁ ਸੋਈ ਦੂਜਾ ਲਵੈ ਨ ਲਾਈ ਜੀਉ।”

– ਮਾਝ ੫, ੪੫, ੩ : ੩ (107)

“ਤੁਧੁ ਜੇਵਡੁ ਦਾਤਾ ਅਵਰੁ ਨ ਸੁਆਮੀ ਲਵੈ ਨ ਕੋਈ ਲਾਵਣਿਆ।”(ਭਾਵ ਬਰਾਬਰ ਨਹੀਂ ਲਗਦਾ)

– ਮਾਝ ੫, ਅਸ ੩੫, ੬ : ੩ (130)

(2) ਬੋਲਣਾ, ਨਿਕੰਮਾ ਬੋਲਣਾ, ਨਿਰਾਰਥਕ ਬੋਲਣਾ

“ਸੰਤਨ ਕੈ ਦੂਖਨਿ ਕਾਗ ਜਿਉ ਲਵੈ।”

– ਗਉ ੫, ਸੁਖ ੧੩, ੨ : ੨ (279)

ਲੜਕਾ ----- ਬਾਲਕ

“ਮੋਦੀ ਦੇ ਘਰ ਖਾਣਾ ਪਕਾ ਵਾਕਾ ਲੜਕਾ ਮਾਰਿਆ ਥਾ।”

– ਗੋਂਡ ਨਾਮ, ੭, ੨ : ੨ (875)

ਲੜਾਈ ----- ਯੁੱਧ

“ਮੁਗਲ ਪਠਾਣਾ ਭਾਈ ਲੜਾਈ ਰਣ ਮਹਿ ਤੇਗ ਵਗਾਈ।”

– ਆਸਾ ੧, ਅਸ ੧੨, ੫ : ੧ (418)

ਲੜਿ ------ (1) ਪੱਲੇ, ਦਾਮਨ ਵਿਚ

“ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬਸੁ ਠਾਕੁਰਿ ਦੀਨਾ।”

– ਸਿਰੀ ੫, ਛੰਤ ੨, ੫ : ੫ (80)

(2) ਜੂਝ ਕੇ, ਲੜ ਕੇ

“ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ।”

– ਮਾਝ ੧, ਵਾਰ ੧੭ ਸ, ੧, ੧ : ੨ (145)

ਲੜਿਓ ----- ਲੜ ਗਿਆ, ਡੰਗ ਮਾਰ ਗਿਆ, ਕਟ ਗਿਆ
“ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ।”
– ਸਲੋ ਫਰ, ੬੭ : ੧ (1381)

ਲੜਿਅਉ --- ਲੜਿਆ, ਯੁੱਧ ਕੀਤਾ
“ਧ੍ਰੰਮ ਧਨਖੁ ਕਰ ਗਹਿਓ ਭਗਤ ਸੀਲਹ ਸਰਿ ਲੜਿਅਉ।”
– ਸਵ ੩, ੨੧ : ੨ (1396)

ਲੜਿਕੇ ----- ਲੜਕੇ, ਪੁੱਤਰ
“ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ।”
– ਗੂਜ ਤ੍ਰਿਲੋ, ੨, ੩ : ੧ (526)

ਲੜੁ ------- ਪਲਾ
“ਅੰਧ ਕੂਪ ਤੇ ਕਾਢਿਅਨੁ ਲੜੁ ਆਪਿ ਫੜਾਏ।”
– ਰਾਮ ੫, ਵਾਰ ੨੧ : ੭ (966)

ਲੜੈ ------- ਜੁੱਧ ਕਰੇ, ਝਗੜੇ
“ਅਨਦਿਨ ਆਪਿ ਆਪ ਸਿਉ ਲੜੈ।”
– ਗਉ ਕਬ, ਵਾ ੬ : ੨ (344)

ਲਾਉ ------ (1) ਲਾਵੋ, ਜੋੜੋ
“ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ।”
– ਆਸਾ ੫, ੧੩੭, ੧* : ੨ (405)

(2) ਕਰੋ
“ਬਰਸੁ ਮੇਘ ਜੀ ਤਿਲੁ ਬਿਲਮੁ ਨ ਲਾਉ।”
– ਮਲਾ ੫, ੭, ੧* : ੧ (1268)

ਲਾਇ ------ (1) ਲਾ ਕੇ, ਲਗਾ ਕੇ
“ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ।”
– ਜਪੁ ੧, ੧ : ੨ (1)

(2) ਲਾ, ਲਗਾ
“ਗੁਰਮੁਖਿ ਦਰਗਹ ਮੰਨੀਅਹਿ ਹਰਿ ਆਪਿ ਲਏ ਗਲਿ ਲਾਇ।”
– ਸਿਰੀ ੫, ੭੦, ੨ : ੩ (42)

‘ਮੇਰੇ ਮਨ ਏਕਸ ਸਿਉ ਚਿਤੁ ਲਾਇ।” (ਲਗਾ)
– ਸਿਰੀ ੫, ੭੬, ੧* : ੧ (44)

“ਜਿਸੁ ਲਾਇ ਲਏ ਸੋ ਨਿਰਮੁਲ ਹੋਈ।” (ਮਿਲਾ ਲਵੇ)
– ਮਾਝ ੩, ੧੫, ੮ : ੨ (118)

“ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ।” (ਲਾਉਂਦਾ ਹੈ)
– ਮਾਝ ੧, ਵਾਰ ੨੨ਸ, ੨, ੧ : ੨ (148)

“ਮੇਰੇ ਮਨ ਗੁਰ ਚਰਣੀ ਚਿਤੁ ਲਾਇ।” (ਜੋੜ)
– ਗਉ ੩, ੩੬, ੧* : ੧ (162)

“ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ।” (ਮਲ ਕੇ)

– ਗਉ ੪, ੩੯, ੨ : ੧ (164)

“ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਇ।” (ਮੂੰਹ ਲਾਏ ਭਾਵ ਪ੍ਰਸੰਨ ਹੋ ਕੇ ਦਰਸ਼ਨ ਦੇਵੇ)

– ਗਉ ੪, ੪੨, ੩ : ੩ (164)

ਲਾਇਓ ---- **ਲਾਇਆ ਹੈ, ਲਾਉਂਦਾ ਹੈ**

“ਆਪੇ ਲਾਇਓ ਅਪਨਾ ਪਿਆਰੁ।”

– ਗਉ ੫, ਅਸ ੯, ੭ : ੧ (240)

“ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ।”

– ਆਸਾ ੫, ੧੫੬, ੨ : ੨ (409)

“ਕਬਹੂ ਹਰਿ ਸਿਉ ਚੀਤੁ ਨ ਲਾਇਓ।”

– ਗੂਜ ੫, ੨੫, ੧* : ੧ (501)

“ਕਾਂਇ ਰੇ ਬਕਬਾਦੁ ਲਾਇਓ।” (ਲਾ ਰਖਿਆ ਹੈ)

– ਟੋਡੀ ਨਾਮ, ੧, ੧* : ੧ (718)

ਲਾਇਓਨੁ --- **ਲਾਇਆ ਹੈ**

“ਹਰਿ ਇਕਤੈ ਕਾਰੈ ਲਾਇਓਨੁ ਜਿਉ ਭਾਵੈ ਤਿੰਵੈ ਨਿਬਾਹਿ ਜੀਉ।”

– ਸਿਰੀ ੫, ਅਸ ੨੯, ੩ : ੩ (73)

ਲਾਇਅਨੁ --- **(1) ਲਾਇਆ ਹੈ**

“ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ।”

– ਆਸਾ ੩, ਅਸ ੩੪, ੩ : ੨ (428)

(2) ਲਾਉਂਦਾ ਹੈ

“ਚੰਗੇ ਮੰਦੇ ਆਪਿ ਲਾਇਅਨੁ ਸੋ ਕਰਨਿ ਜਿ ਆਪਿ ਕਰਾਏ ਕਰਤਾਰੁ।”

– ਰਾਮ ੩, ਵਾਰ ੮ਸ, ੩, ੨ : ੧੦ (950)

ਲਾਇਆ ---- **ਜੋੜਿਆ / ਸਬੰਧਤ ਕੀਤਾ ਹੈ**

“ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ।”

– ਸਿਰੀ ੫, ੮੦, ੧ : ੧ (45)

“ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ।” (ਭਾਵ ਚੰਭੜਾਇਆ)

– ਗਉ ੪, ੫੧, ੪ : ੨ (168)

“ਮੇਰਾ ਜੀਉ ਪਿੰਡੁ ਸਭੁ ਸਤਿਗੁਰ ਆਗੈ ਜਿਨਿ ਵਿਛੁੜਿਆ ਹਰਿ ਗਲਿ ਲਾਇਆ।” (ਭਾਵ ਮਿਲਾਇਆ)

– ਗਉ ੪, ੬੩, ੨ : ੨ (172)

ਲਾਇਐ – ਲਾਣ ਨਾਲ, ਮਲਣ ਨਾਲ

“ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ।”

– ਮਲਾ ੧, ਵਾਰ ੨੧ਸ, ੧, ੩ : ੨ (1287)

ਲਾਇਸੀ ---- **ਲਾਏਗਾ, ਸਬੰਧਿਤ ਕਰੇਗਾ, ਜੋੜੇਗਾ**

“ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ।”

– ਵਡ ੩, ਛੰਤ ੪, ੪ : ੨ (570)

ਲਾਇਹਿ ---- **ਲਾਏ, ਸਬੰਧਿਤ ਕਰੇ, ਜੋੜੇ**

“ਜਿਤੁ ਜਿਤੁ ਲਾਇਹਿ ਆਪਿ ਤਿਤੁ ਤਿਤੁ ਲਗੀਐ।”
- ਗੂਜ ੫, ਵਾਰ ੨ : ੮ (518)
“ਜਿਤੁ ਤੂ ਲਾਇਹਿ ਸਚਿਆ ਤਿਤੁ ਕੋ ਲਾਗੈ ਨਾਨਕ ਗੁਣ ਗਾਈ।”(ਲਾਏਂ, ਜੋੜੇਂ)
- ਮਲਾ ੧, ਵਾਰ ੨੮ : ੮ (1291)

ਲਾਇਹੁ ----- ਲਾਇਆ, ਪੈਦਾ ਕੀਤਾ
“ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ।”
- ਰਾਮ ੫, ਵਾਰ ੧੨ਸ, ੫, ੧ : ੪ (963)

ਲਾਇਕ ---- (1) ਯੋਗ
“ਤਖਤਿ ਬਹੈ ਤਖਤੈ ਕੀ ਲਾਇਕ।”
- ਮਾਰੂ ੧, ਸੋਲਾ ੧੮, ੧੪ : ੧ (1039)
“ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ।”
- ਮਾਰੂ ੫, ਵਾਰ ੨੧ : ੬ (1102)
(2) ਲਾਉਂਦਾ ਹੈ
“ਅਉਗੁਣ ਕੋ ਨ ਚਿਤਾਰਦਾ ਗਲ ਸੇਤੀ ਲਾਇਕ।”
- ਮਾਰੂ ੫, ਵਾਰ ੨੧ : ੪ (1101)
(2) ਸਮਰਥ
“ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ।”
- ਮਾਰੂ ੫, ਵਾਰ ੨੧ : ੮ (1102)

ਲਾਇਣ ---- (1) ਲਾਉਂਦੇ ਹਨ
“ਏਹਿ ਵੈਦ ਜੀਅ ਕਾ ਦੁਖੁ ਲਾਇਣ।”
- ਰਾਮ ੫, ਵਾਰ ੧੧ਸ, ੫, ੧ : ੨ (962)
(2) ਲਾਏ ਜਾ ਸਕਦੇ ਭਾਵ ਬਰਾਬਰੀ ਕਰ ਸਕਦੇ
“ਜਾਪ ਤਾਪ ਕੋਟਿ ਲਖ ਪੂਜਾ ਹਰਿ ਸਿਮਰਣ ਤੁਲਿ ਨ ਲਾਇਣ।”
- ਨਟ ੫, ੭, ੨ : ੧ (979)

ਲਾਇਣੁ ---- ਲਾਈਦੇ ਹਨ
“ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ।”
- ਭੈਰ ੪, ੧, ੧ : ੧ (1134)

ਲਾਇਤਬਾਰ -- (ਫਾ. ਲਾ-ਇਅ਼ਤਿਬਾਰ)
ਬਿਨਾ+ਭਰਸੇ ਵਾਲਾ, ਇਤਬਾਰ ਗੁਆਉਣ ਵਾਲਾ, ਬੇਇਤਬਾਰੀ
“ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ।” (ਭਾਵ ਚੁਗਲ)
- ਮਲਾ ੧, ਵਾਰ ੨੧ : ੭ (1288)
“ਨਕੀਂ ਵਢੀਂ ਲਾਇਤਬਾਰ।”
-ਮਲਾ ੧, ਵਾਰ ੨੨ਸ, ੧, ੨ : ੧੦ (1288)

ਲਾਇਤਬਾਰੀ - ਇਤਬਾਰ ਦਾ ਅਭਾਵ, ਉਹ ਗਲ ਜਿਸ ਨਾਲ ਵਿਸ਼ਵਾਸ ਜਾਂਦਾ ਰਹੇ ਭਾਵ ਚੁਗਲੀ
“ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ।”
- ਗਉ ੧, ੧੩, ੨ : ੨ (155)

ਲਾਇਤਬਾਰੁ -- ਚੁਗਲੀ
“ਲਾੜੀ ਚਾੜੀ ਲਾਇਤਬਾਰੁ।”
– ਰਾਮ ੧, ਓਅੰ ੧੩ : ੩ (931)

ਲਾਇਦਾ ---- ਲਾਉਂਦਾ ਹੈ
“ਦੂਜੈ ਭਾਇ ਦੁਖੁ ਲਾਇਦਾ ਬਹੁਤੀ ਦੇਇ ਸਜਾਇ।”
– ਸਿਰੀ ੩, ੫੧, ੪ : ੨ (33)
“ਹੋਮ ਜਗ ਨਹੀ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ।” (ਭਾਵ ਕਰਦਾ ਹੈ)
– ਮਾਰੂ ੧, ਸੋਲਾ ੧੫, ੧੦ : ੩ (1036)
“ਸਾਇਰ ਸਪਤ ਭਰੇ ਜਲਿ ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ।” (ਭਾਵ ਨਹੀਂ ਲਗਦੀ)
– ਮਾਰੂ ੧, ਸੋਲਾ ੧੬, ੨ : ੩ (1036)
“ਆਪੇ ਮੇਲੇ ਦੇ ਵਡਿਆਈ ਸਚੇ ਸਿਉ ਚਿਤੁ ਲਾਇਦਾ।” (ਜੋੜਦਾ)
– ਮਾਰੂ ੩, ਸੋਲਾ ੧੬, ੯ : ੩ (1060)

ਲਾਇਦੇ ---- ਲਾਉਂਦੇ ਹਨ, ਜੋੜਦੇ ਹਨ
“ਜੋ ਮੋਹਿ ਮਾਇਆ ਚਿਤੁ ਲਾਇਦੇ ਸੋ ਛੋਡਿ ਚਲੇ ਦੁਖੁ ਰੋਇ।”
– ਸਿਰੀ ੪, ਵਣ ੧, ੧ : ੪ (81)

ਲਾਇਨਿ ---- ਲਾਉਂਦੇ ਹਨ, ਜੋੜਦੇ ਹਨ
“ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।”
– ਸੂਹੀ ੫, ੫੪, ੨ : ੨ (749)

ਲਾਇਨੀ ---- ਲਾਉਂਦੇ, ਜੋੜਦੇ
“ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ।”
– ਮਾਰੂ ੩, ਵਾਰ ੧੬ਸ, ੩, ੧ : ੩ (1091)

ਲਾਇਨ੍ਹਿ ---- ਲਾਉਂਦੇ, ਜੋੜਦੇ
“ਤਿਸੁ ਸਿਉ ਲਾਇਨ੍ਹਿ ਰੰਗੁ ਜਿਸ ਦੀ ਸਭ ਧਾਰੀਆ।”
– ਗੂਜ ੫, ਵਾਰ ੯ : ੫ (520)

ਲਾਈ ------ (1) ਲਾਵਾਂ
“ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।” (ਭਾਵ ਪ੍ਰਦਰਸ਼ਨ ਕਰਾਂ)
– ਸਿਰੀ ੧, ੧, ੩ : ੧ (14)
“ਪ੍ਰਭੁ ਹੋਇ ਕ੍ਰਿਪਾਲੁ ਤ ਇਹੁ ਮਨੁ ਲਾਈ।”
– ਆਸਾ ੫, ੧੭, ੧ : ੧ (375)

(2) ਲਾਇਆ ਹੋਇਆ ਹੈ
“ਸਭ ਆਪੇ ਤੁਧੁ ਉਪਾਇ ਕੈ ਆਪਿ ਕਾਰੈ ਲਾਈ।”
– ਸਿਰੀ ੪, ਵਾਰ ੨ : ੧ (83)

(3) ਜੋੜੀ ਭਾਵ ਬੰਨੀ
“ਸੁਰਿ ਨਰ ਗਣ ਗੰਧ੍ਰਬ ਜਿਨਿ ਮੋਹੇ ਤ੍ਰਿਭਵਣ ਮੇਖੁਲੀ ਲਾਈ।”
– ਸਿਰੀ ਕਬ, ੩, ੧ : ੨ (92)

(2) ਲਗਾਈ

"ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ।"
– ਮਾਝ ੫, ੧੦, ੧ : ੩ (97)
"ਆਦਿ ਅੰਤਿ ਮਧਿ ਪ੍ਰਭ ਸੋਈ ਦੂਜਾ ਲਵੈ ਨ ਲਾਈ ਜੀਉ।" (ਲਾਉਂਦਾ)
– ਮਾਝ ੫, ੪੫, ੩ : ੩ (107)
"ਜਿਨਿ ਪ੍ਰੀਤਿ ਲਾਈ ਸੋ ਜਾਣਤਾ ਹਮਰੈ ਮਨਿ ਚਿਤਿ ਹਰਿ ਬਹੁਤੁ ਪਿਆਰਾ।" (ਜੋੜੀ)
– ਗਉ ੪, ੪੯, ੧ : ੨ (167)
"ਹਰਿ ਠਗ ਜਗ ਕਉ ਠਗਉਰੀ ਲਾਈ।" (ਭਾਵ ਸੁੰਘਾਂਈ ਹੈ)
– ਗਉ ਕਬ, ਅਸ ੩੯, ੧* : ੧ (331)
"ਧੰਨੁ ਧੰਨੁ ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ।" (ਲਾ ਕੇ)
– ਗੂਜ ੪, ੪, ੪ : ੨ (493)
"ਆਪੇ ਜਾਣੈ ਕਰੇ ਆਪਿ ਜਿਨਿ ਵਾੜੀ ਹੈ ਲਾਈ।" (ਭਾਵ ਬੀਜੀ)
– ਤਿਲੰ ੧, ਅਸ ੧, ੧ : ੨ (724)
"ਮਹਾ ਮੋਹਨੀ ਦੂਤਾ ਲਾਈ।" (ਮਗਰ ਲਾ ਦਿੱਤੀ)
– ਸੂਹੀ ੫, ੪੦, ੧ : ੨ (745)
"ਤਾਗਾ ਕਰਿ ਕੈ ਲਾਈ ਥਿਗਲੀ।" (ਸੀਤੀ, ਜੋੜੀ)
– ਰਾਮ ੫, ੧੩, ੧ : ੧ (886)
"ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ।" (ਭਾਵ 'ਪਾਇਆ')
– ਮਾਰੂ ੧, ਸੋਲਾ ੧, ੨ : ੩ (1020)

ਲਾਈੰ ----- ਲਿਆਵਾਂ, ਰਖਾਂ
"ਤੁਮ੍ਰੈ ਲਵੈ ਨ ਕੋਊ ਲਾਈੰ।"
– ਆਸਾ ੫, ੬੦, ੩ : ੨ (386)

ਲਾਈਅਨਿ --- ਲਾਈਦਾ ਹੈ
"ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ।"
– ਮਾਰੂ ੫, ਵਾਰ ੧੦ : ੬ (1098)

ਲਾਈਅਨੁ --- ਲਾਉਂਦਾ ਹੈ
"ਆਪੇ ਤਾੜੀ ਲਾਈਅਨੁ ਸਭ ਮਹਿ ਪਰਵੇਸਾ।"
– ਰਾਮ ੩, ਵਾਰ ੧੬ : ੨ (955)

ਲਾਈਆ ---- (1) ਲਾਇਆ ਹੈ
"ਹਉ ਰਹਿ ਨ ਸਕਉ ਬਿਨੁ ਦੇਖੇ ਮੇਰੇ ਪ੍ਰੀਤਮ ਮੈ ਅੰਤਰਿ ਬਿਰਹੁ ਹਰਿ ਲਾਈਆ ਜੀਉ।"
– ਗਉ ੪, ੬੭, ੩ : ੨ (174)
(2) ਲਾਈਆਂ ਹਨ
"ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ।"
– ਤਿਲੰ ੪, ਅਸ ੨, ੧੧ : ੨ (726)
"ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ।" (ਭਾਵ ਪਾਈਆਂ)
– ਤਿਲੰ ੪, ਅਸ ੨, ੧੩ : ੧ (726)

(3) ਜੋੜੀ ਹੈ
“ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ।”
– ਸਾਰ ੪, ਵਾਰ ੩੪ : ੩ (1250)

ਲਾਈਆਂ ---- ਨਿਸਚਿਤ ਕੀਤੀਆਂ
“ਸੇਵਾ ਮੰਗੈ ਸੇਵਕੋ ਲਾਈਆਂ ਅਪੁਨੀ ਸੇਵ।”
– ਸਿਰੀ ੩, ੭੫, ੩ : ੧ (43)

ਲਈਐ ----- (1) ਲਾ ਦਈਏ
“ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੈ ਤੋਲਿ।”
– ਸਿਰੀ ੧, ੨੧, ੧ : ੨ (22)
“ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ।” (ਭਾਵ ਦੇਈਏ)
– ਮਾਝ ੧, ਵਾਰ ੯ਸ, ੧, ੩ : ੧ (142)
(2) ਜੋੜਦਾ ਹੈ, ਸਬੰਧਿਤ ਕਰਦਾ ਹੈ, ਲਾਉਂਦਾ ਹੈ
“ਸਭੁ ਆਪੇ ਆਪਿ ਵਰਤਦਾ ਆਪੇ ਨਾਇ ਲਾਈਐ।”
– ਗਉ ੩, ੩੭, ੨ : ੪ (163)
“ਬਗੁਲਾ ਕਾਗ ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ।”
– ਰਾਮ ੪, ੪, ੪ : ੧ (881)
(3) ਮਲੀਏ, ਛੁਹਾਈਏ
“ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ।”
– ਆਸਾ ੧, ਵਾਰ ੧੦ : ੧ (468)
“ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ।”
– ਤਿਲੰ ੧, ੪, ੩ : ੪ (722)
(4) ਜੋੜੀਏ, ਪਾਈਏ
“ਤਿਸੁ ਸਿਉ ਨ ਲਾਈਐ ਹੀਤੁ ਜਾ ਕੋ ਕਿਛੁ ਨਾਹੀ ਬੀਤੁ ਅੰਤ ਕੀ ਬਾਰ ਓਹੁ ਸੰਗਿ ਨ ਚਾਲੈ।”
– ਧਨਾ ੫, ੨੯, ੨ : ੧ (678)
(5) ਲਾਉਣ ਵਿਚ
“ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ।“
– ਸੂਹੀ ੧, ੮, ੨ : ੧ (730)
(6) ਕਰੀਏ
“ਜੇ ਵਡਭਾਗ ਹੋਵਹਿ ਵਡ ਮੇਰੇ ਜਨ ਮਿਲਦਿਆ ਢਿਲ ਨ ਲਾਈਐ।”
– ਰਾਮ ੪, ੪, ੧ : ੧ (881)

ਲਾਈਕੀ ---- ਯੋਗਤਾ, ਲਿਆਕਤ
“ਬਹੁ ਗੁਨਿ ਧੁਨਿ ਮੁਨਿ ਜਨ ਖਟੁ ਬੇਤੇ ਅਵਰੁ ਨ ਕਿਛੁ ਲਾਈਕੀ ਰੇ।”
– ਆਸਾ ੫, ੧੩੩, ੧ : ੨ (404)

ਲਾਏ ------ (1) ਲਾਉਂਦਾ ਹੈ
“ਇਕੁ ਸੰਸਾਰੀ ਇਕੁ ਭੰਡਾਰੀ ਇਤ ਲਾਏ ਦੀਬਾਣੁ।”
– ਜਪੁ ੧, ੩੦ : ੨ (7)
“ਏਹੁ ਸਹਸਾ ਮੂਲੇ ਨਾਹੀ ਭਾਉ ਲਾਏ ਜਨੁ ਕੋਇ।” (ਲਾ ਕੇ)

- ਸਿਰੀ ੩, ੪੪, ੪ : ੨ (30)

"ਜੋ ਪਿਰਿ ਮੇਲਿ ਲਈ ਅੰਗਿ ਲਾਏ।" (ਲਾ ਕੇ)

- ਮਾਝ ੫, ੧੧, ੪ : ੨ (97)

(2) ਜੋੜਦਾ ਹੈ, ਜੋੜਦਾ

"ਸਦ ਬਲਿਹਾਰੀ ਗੁਰ ਅਪੁਨੇ ਵਿਟਹੁ ਜਿ ਹਰਿ ਸੇਤੀ ਚਿਤੁ ਲਾਏ।"

- ਸਿਰੀ ੩, ਅਸ ੨੨, ੭ : ੩ (68)

"ਮਾਇਆ ਮਹਿ ਫਿਰਿ ਚਿਤੁ ਨ ਲਾਏ।" (ਜੋੜਦਾ)

- ਮਾਝ ੩, ਅਸ ੧੯, ੫ : ੧ (120)

(3) ਭਾਵ ਪੁਜਦੇ

"ਅਨਿਕ ਅਨਿਕ ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ।"

- ਦੇਵ ੫, ੨੭, ੧ : ੨ (533)

(4) ਭਾਵ ਪਾਉਂਦਾ ਹੈ

"ਆਪੇ ਕਰਿ ਵੇਖੈ ਮਾਰਗਿ ਲਾਏ ਭਾਈ ਤਿਸੁ ਬਿਨੁ ਅਵਰੁ ਨ ਕੋਈ।"

- ਸੋਰ ੩, ੪, ੪ : ੧ (601)

ਲਾਏਇ ---- ਲਾਵੇ

"ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ।"

- ਰਾਮ ੩, ਵਾਰ ੪ਸ, ੩, ੩ : ੨ (948)

ਲਾਏਹੁ ----- ਲਾਇਆ ਜੇ, ਲਾਇਓ, ਲਾਵਣਾ

"ਹਰਿ ਕਾ ਨਾਮੁ ਅੰਮ੍ਰਿਤੁ ਹੈ ਦਾਰੂ ਏਹੁ ਲਾਏਹੁ।"

- ਬਿਹਾ ੪, ਵਾਰ ੧੫ਸ, ੩, ੨ : ੪ (554)

ਲਾਹਓ ----- ਲਾਹਾ ਲਿਆ, ਖਟਿਆ

"ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ।"

- ਗਉ ੧, ਛੰਤ ੧, ੪ : ੪ (242)

ਲਾਹਸਿ ----- ਲਾਹ ਦਿੱਤਾ, ਦੂਰ ਕਰ ਦਿੱਤਾ

"ਅਗਨਿ ਸੀਤ ਕਾ ਲਾਹਸਿ ਦੂਖ।"

- ਗਉ ੫, ੭੯, ੨ : ੩ (179)

ਲਾਹਣਿ ----- ਮੱਟੀ, ਬਰਤਨ ਜਿਸ ਵਿਚ ਸ਼ਰਾਬ ਕੱਢੀ ਜਾਵੇ

"ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।"

- ਬਿਹਾ ੪, ਵਾਰ ੧੨ਸ, ਮਰ, ੧ : ੪ (553)

ਲਾਹਨਿ ----- ਸ਼ਰਾਬ ਬਣਾਨ ਦੀ ਸਾਮਗ੍ਰੀ, ਕਸ ਗੁੜ ਆਦਿ ਦਾ ਸਾੜ

"ਕਾਇਆ ਕਲਾਲਨਿ ਲਾਹਨਿ ਮੇਲਿਉ ਗੁਰ ਕਾ ਸਬਦੁ ਗੁੜ ਕੀਨੁ ਰੇ।"

- ਰਾਮ ਕਬ, ੧, ੧ : ੧ (968)

ਲਾਹੰਨਿ ----- ਪ੍ਰਾਪਤ ਹੋਣਾ, ਮਿਲਣਾ

"ਜਮ ਪੁਰਿ ਬਧੇ ਮਾਰੀਅਹਿ ਵੇਲਾ ਨ ਲਾਹੰਨਿ।"

- ਸੂਹੀ ੩, ਅਸ ੩, ੨ : ੨ (755)

ਲਾਹਰਾ ----- ਲਗਦਾ

"ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ ਲਾਹਰਾ।"
– ਮਾਰੂ ੫, ਵਾਰ ੫ : ੩ (1096)
('ਮਹਾਨ ਕੋਸ਼' ਅਰਥ 'ਲਗ ਮਾਤਰ' ਕਰਦਾ ਹੈ)

ਲਾਹਾ ------ (1) ਲਾਭ, ਨਫਾ
"ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ।"
– ਗਉ ੫, ਸੋਹ ੫, ੧ : ੨ (13)
(2) ਲਾਈ ਹੋਈ ਹੈ ਭਾਵ ਟਿਕਿਆ ਹੋਇਆ ਹੈ
"ਆਪੇ ਨਿਰਭਉ ਤਾੜੀ ਲਾਹਾ।"
– ਜੈਤ ੪, ੧੦, ੧ : ੨ (699)

ਲਾਹਾਂ ------ ਉਤਾਰਾ, ਲਾਹਵਾਂ
"ਜਨਮ ਜਨਮ ਕੇ ਕਿਲਵਿਖ ਲਾਹਾਂ।
– ਸੂਹੀ ੫, ੨੬, ੨ : ੨ (742)

ਲਾਹਿ ------ (1) ਲਾਹ, ਪਰਾਂ ਕਰ, ਛੱਡ, ਖਤਮ ਕਰ
"ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ।"
– ਸਿਰੀ ੫, ੭੫, ੧ : ੩ (43)
"ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ।" (ਦੂਰ ਕਰੋ)
– ਟੋਡੀ ੫, ੯, ੧* : ੨ (713)
(2) ਉਤਾਰ ਕੇ
"ਲਾਹਿ ਪਰਦਾ ਠਾਕੁਰੁ ਜਉ ਭੇਟਿਓ ਤਉ ਬਿਸਰੀ ਤਾਤਿ ਪਰਾਈ।"
– ਗਉ ੫, ੧੬੧*, ੩ : ੨ (215)
(3) ਲਾਉਂਦੇ ਹਨ, ਜੋੜਦੇ ਹਨ
"ਓਇ ਸਦਾ ਸਦਾ ਜਨ ਜੀਵਤੇ ਜੋ ਹਰਿ ਚਰਣੀ ਚਿਤੁ ਲਾਹਿ।"
– ਗੂਜ ੩, ਵਾਰ ੧ਸ, ੩, ੧ : ੩ (508)
(4) ਲਾਹਾ, ਨਫਾ
"ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ।" (ਲਾਹਾ ਹੀ ਲਾਹਾ ਹੈ)
– ਰਾਮ ੫, ਵਾਰ ੨੦ਸ, ੫, ੧ : ੨ (965)
"ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ।" (ਲਾਭ ਵਿਚ ਭਾਵ ਨਾਮ ਜਪਨ ਦੇ ਮੁਕਾਬਲੇ)
– ਸਾਰ ੫, ੯੫, ੨ : ੧ (1222)

ਲਾਹਿਓ ----- ਦੂਰ ਕੀਤਾ, ਹਟਾਇਆ
"ਓਤਿ ਪੋਤਿ ਮਿਲਿਓ ਭਗਤਨ ਕਉ ਜਨ ਸਿਉ ਪਰਦਾ ਲਾਹਿਓ।"
– ਕਾਨ ੫, ੬, ੩ : ੧ (1299)

ਲਾਹਿਓਨੁ --- ਦੂਰ ਕਰ ਦਿੱਤਾ
"ਤਿਨ ਕਾ ਕਾੜਾ ਅੰਦੇਸਾ ਸਭੁ ਲਾਇਓਨੁ ਜਿਨੀ ਸਤਿਗੁਰੁ ਪੁਰਖੁ ਧਿਆਇਆ।"
– ਗਉ ੪, ਵਾਰ ੯ਸ, ੪, ੧ : ੭ (304)

ਲਾਹਿਆ ---- (1) ਦੂਰ ਕੀਤਾ

"ਆਪਣਿਆ ਸੰਤਾ ਨੋ ਆਪਿ ਸਹਾਈ ਪ੍ਰਭਿ ਭਰਮ ਭੁਲਾਵਾ ਲਾਹਿਆ ਜੀਉ।"
– ਮਾਝ ੫, ੪੩, ੩ : ੩ (107)

(2) ਉਤਾਰਿਆ
"ਤਾਪੁ ਲਾਹਿਆ ਗੁਰ ਸਿਰਜਨਹਾਰਿ।"
– ਬਿਲਾ ੫, ੮੬, ੧* : ੧ (821)

ਲਾਹਿਲੇ ------ ਮੁਕਾ ਦਿੱਤਾ, ਖਤਮ ਕਰ ਦਿੱਤਾ, ਨਿਬੇੜ ਦਿੱਤਾ
"ਨਾਮੇ ਕੇ ਸੁਆਮੀ ਲਾਹਿਲੇ ਝਗਰਾ।"
– ਆਸਾ ਨਾਮ, ੪, ੩ : ੧ (486)

ਲਾਹੀ ------ (1) ਲਾਉਂਦੇ ਹਨ, ਜੋੜਦੇ ਹਨ
"ਹਰਿ ਤਿਨ ਕਾ ਦਰਸਨ ਨਾ ਕਰਹੁ ਜੋ ਦੂਜੈ ਭਾਇ ਚਿਤੁ ਲਾਹੀ।"
– ਗਉ ੪, ਵਾਰ ੧੫ਸ, ੪, ੨ : ੧੦ (309)

(2) ਮੁਕਾ ਦਿੱਤੀ, ਛੱਡ ਦਿੱਤੀ
"ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ।"
– ਗੂਜ ੫, ੧੯, ੨ : ੨ (500)

(3) ਦੂਰ ਕੀਤੀ, ਉਤਾਰੀ
"ਕੁਲ ਸਮੂਹ ਉਧਰੇ ਖਿਨ ਭੀਤਰ ਜਨਮ ਜਨਮ ਕੀ ਮਲੁ ਲਾਹੀ।"
– ਬਿਲਾ ੫, ੧੦੦, ੧ : ੧ (824)

ਲਾਹੀਅਨੁ --- ਦੂਰ ਕੀਤੀ, ਤ੍ਰਿਪਤ ਕੀਤੀ
"ਸਭੇ ਕਾਜ ਸਵਾਰਿਅਨੁ ਲਾਹੀਅਨੁ ਮਨ ਕੀ ਭੁਖ ਜੀਉ।"
– ਸਿਰੀ ੫, ਅਸ ੨੯, ੭ : ੩ (73)

ਲਾਹੁ ------ (1) ਲਾਹਾ, ਲਾਭ
"ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ।"
– ਮਾਝ ੫, ਬਾਰਾ ੧੧ : ੩ (135)

(2) ਲਾਉਂਦਾ ਹੈ
"ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ।"
– ਸੋਰ ੪, ੧, ੩ : ੧ (604)

ਲਾਹੂ ------ ਲਾਹਾ, ਲਾਭ
"ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ।"
– ਰਾਮ ੫, ਵਾਰ ੨੦ ਸ, ੫, ੧ : ੨ (965)

ਲਾਹੇ ------ (1) ਉਤਾਰਦਾ ਹੈ
"ਗਰਧਪ ਵਾਂਗੂ ਲਾਹੇ ਪੇਟਿ।" (ਪੇਟ ਵਿਚ ਉਤਾਰਦਾ ਹੈ ਭਾਵ ਪੇਟ ਭਰਦਾ ਹੈ।)
– ਗਉ ੫, ੧੦੭*, ੧ : ੨ (201)

(2) ਲਾਭ, ਨਫਾ
"ਜੋਤੀ ਜੋਤਿ ਸਮਾਣੀ ਭੀਤਰਿ ਤਾ ਛੋਡੇ ਮਾਇਆ ਕੇ ਲਾਹੇ।"
– ਆਸਾ ੧, ੮, ੨ : ੨ (351)

ਲਾਹੈ ------ (1) ਲਾਭ ਵਿਚ

“ਜੋ ਇਤੁ ਲਾਹੈ ਲਾਇਅਨੁ ਭਗਤੀ ਦੇਇ ਭੰਡਾਰ।”
– ਆਸਾ ੩, ੩੪, ੩ : ੨ (428)
(2) ਦੂਰ ਕਰ ਦੇਵੇ
“ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ।”
– ਧਨਾ ੫, ਅਸ ੧, ੨ : ੨ (687)
(3) ਲਭਦਾ ਹੈ, ਇਛੁਕ ਹੈ
“ਅਨ ਰਸ ਨਹੀ ਚਾਹੇ ਏਕੈ ਹਰਿ ਲਾਹੈ।”
– ਬਿਲਾ ੫, ੧੨੯, ੧ : ੨ (830)

ਲਾਹੌਰ ----- ਪਛਮੀ ਪੰਜਾਬ ਦਾ ਇਕ ਸੁਪ੍ਰਸਿਧ ਨਗਰ
“ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ।”
– ਸਲੋ ੧, ੨੮ : ੧ (1412)

ਲਾਕਰੀ ----- (1) ਲਕੜੀ, ਬਾਲਨ
“ਕਬੀਰ ਹਾਡ ਜਰੇ ਜਿਉ ਲਾਕਰੀ ਕੇਸ ਜਰੇ ਜਿਉ ਘਾਸੁ।”
– ਸਲੋ ਕਬ, ੩੬ : ੧ (1366)
(2) ਲਕੜੀ ਭਾਵ ਸੋਟੀ (ਸਹਾਰਾ)
“ਸੋ ਹਰਿ ਅੰਧੁਲੇ ਕੀ ਲਾਕਰੀ।”
– ਗੋਂਡ ਨਾਮ, ੫, ੧ : ੪ (874)

ਲਾਖ ------ (1) ਲਖਾਂ, ਬੇਅੰਤ, ਬਹੁਤ
“ਲਾਖ ਕੋਟ ਖੁਸੀਆ ਰੰਗ ਰਾਵੈ ਜੋ ਗੁਰ ਲਾਗਾ ਪਾਈ ਜੀਉ।”
– ਮਾਝ ੫, ੨੩, ੧ : ੩ (101)
“ਲਾਖ ਕਰੋਰੀ ਬੰਧੁ ਨ ਪਰੈ।”
– ਗਉ ੫, ਸੁਖ ੨, ੨ : ੨ (264)
(2) ਲਖ, ਗਿਣਤੀ ਦੀ ਇਕ ਇਕਾਈ
“ਕਿਨਹੂ ਲਾਖ ਪਾਂਚ ਕੀ ਜੋਰੀ।”
– ਗਉ ਕਬ, ੬੦, ੩ : ੧ (337)
“ਲਾਖ ਜਿਹਵਾ ਦੇਹੁ ਮੇਰੇ ਪਿਆਰੇ ਮੁਖੁ ਹਰਿ ਆਰਾਧੇ ਮੇਰਾ ਰਾਮ।”
– ਸੂਹੀ ੫, ਛੰਤ ੬, ੧ : ੨ (780)
(3) ਦ੍ਰਿਸ਼ਟਮਾਨ, ਪ੍ਰਤਖ
“ਭੈ ਨਿਰਭਉ ਮਾਣਿਅਉ ਲਾਖ ਮਹਿ ਅਲਖੁ ਲਖਾਯਉ।”
– ਸਵ ੫, ਕਲ ੮ : ੧ (1408)

ਲਾਖਾ ------ (1) ਲਖਾਂ ਦਾ
“ਰਤਨ ਗਾਹਕੁ ਗੁਰੁ ਸਾਧੁ ਦੇਖਿਓ ਤਬ ਰਤਨੁ ਬਿਕਾਨੋ ਲਾਖਾ।”
– ਜੈਤ ੪, ੨, ੧ : ੨ (696)
(2) ਲਖਿਆ, ਜਾਣਿਆ
“ਮਨਮੁਖ ਕੋਠੀ ਅਗਿਆਨੁ ਅੰਧੇਰਾ ਤਿਨ ਘਰਿ ਰਤਨੁ ਨ ਲਾਖਾ।”
– ਜੈਤ ੪, ੨, ੨ : ੧ (696)

ਲਾਖਿਆ ---- ਲਖਿਆ, ਸਮਝਿਆ, ਬੁਝਿਆ, ਜਾਣਿਆ
"ਸਭ ਅੰਦਰਿ ਇਕੁ ਵਰਤੈ ਕਿਨੈ ਵਿਰਲੈ ਲਾਖਿਆ।"
- ਵਡ ੪, ਵਾਰ ੨੦ : ੪ (594)

ਲਾਖੀ ------ ਸਮਝੀ, ਜਾਣੀ
"ਤੂ ਬੇਅੰਤੁ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ ਲਾਖੀ।"
- ਸਾਰ ੫, ੧੨੧, ੧ : ੧ (1227)

ਲਾਖੀਐ ---- ਸਮਝੀਐ, ਜਾਣੀਐ
"ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ।"
- ਸਿਰੀ ੪, ਵਾਰ ੨੦ : ੫ (91)

ਲਾਖੀਣਾ ---- ਲਖਪਤੀ
"ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ।"
- ਆਸਾ ਧਨਾ, ੨, ੧* : ੨ (487)

ਲਾਖੁ ------ (1) ਲਖ
"ਭਾਗਹੀਣ ਮਨਮੁਖਿ ਨਹੀ ਲੀਆ ਤ੍ਰਿਣ ਓਲੈ ਲਾਖੁ ਛਪਾਇਆ।"
- ਰਾਮ ੪, ੧, ੩ : ੨ (880)
"ਮਨਮੁਖ ਤ੍ਰਿਸਨਾ ਭਰਿ ਰਹੇ ਮਨਿ ਆਸਾ
ਦਹ ਦਿਸ ਬਹੁ ਲਾਖੁ।" (ਲਖਾਂ ਹੀ, ਬੇਅੰਤ)
- ਮਾਰੂ ੪, ੬, ੩ : ੧ (997)
(ਮਹਾਨ ਕੋਸ਼ ਅਰਥ 'ਮੰਤਵ, ਇਰਾਦਾ, ਲਕਸ਼' ਕਰਦਾ ਹੈ)
"ਇਕਹੁ ਜਿ ਲਾਖ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ।"
- ਸਵ ੩, ੧੨ : ੫ (1394)
(2) ਲਾਖ਼
"ਕਬੀਰ ਐਸਾ ਜੰਤੁ ਇਕੁ ਦੇਖਿਆ ਜੈਸੀ ਧੋਈ ਲਾਖੁ।"
- ਸਲੋ ਕਬ, ੧੩੯ : ੧ (1371)

ਲਾਖੈ ------ (1) ਲਖਦਾ ਹੈ, ਸਮਝਦਾ ਹੈ, ਬੁਝਦਾ ਹੈ
"ਤਾ ਕੀ ਗਤਿ ਮਿਤਿ ਕੋਇ ਨ ਲਾਖੈ।"
- ਗਉ ੫, ਸੁਖ ੧੭, ੪ : ੬ (285)
(2) ਲਖਾਂ ਹੀ
"ਭਸਮ ਕਰੈ ਲਸਕਰ ਕੋਟਿ ਲਾਖੈ।"
- ਗਉ ੫, ਸੁਖ ੧੭, ੫ : ੨ (285)

ਲਾਗ ------ (1) ਲਗਦਾ ਹੈ, ਜੁੜਦਾ ਹੈ।
"ਹਰਿ ਚਰਣੀ ਤਾ ਕਾ ਮਨੁ ਲਾਗ।"
- ਗਉ ੫, ੧੫੯, ੪ : ੨ (198)
(2) ਲਗੀ ਹੈ
"ਜਹ ਕੀ ਉਪਜੀ ਤਾ ਰਚੀ ਪੀਵਤ ਮਰਦਨ ਲਾਗ।"
- ਗਉ ਕਬ, ੬੪, ੩ : ੧ (337)
(3) ਲਗਦੀ, ਪੋਂਹਦੀ

"ਜੋ ਨਰ ਪੀਰਿ ਨਿਵਾਜਿਆ ਤਿਨ੍ਾ ਅੰਚ ਨ ਲਾਗ।"
– ਰਾਮ ੫, ਵਾਰ ੨੧ਸ, ੫, ੧ : ੨ (966)

(4) ਲਗ ਪਏ
"ਪ੍ਰਭ ਸੰਗੀ ਮਿਲਿ ਖੇਲਨ ਲਾਗ।"
– ਬਸੰ ੫, ੧, ੨ : ੨ (1180)

(5) ਲਗੀ
"ਖਿੰਥਾ ਜਲਿ ਕੋਇਲਾ ਭਈ ਤਾਗੇ ਆਂਚ ਨ ਲਾਗ।"
– ਸਲੋ ਕਬ, ੪੭ : ੨ (1366)

ਲਾਗਉ ----- (1) ਲਗਾਂ
"ਸਤਿਗੁਰੁ ਸੇਵਨਿ ਆਪਣਾ ਹਉ ਤਿਨ ਕੈ ਲਾਗਉ ਪਾਇ।"
– ਸਿਰੀ ੩, ੫੪, ੪ : ੩ (35)

(2) ਜੁੱਟ ਜਾਵਾਂ
"ਕਰਿ ਕਿਰਪਾ ਲਾਗਉ ਤੇਰੀ ਸੇਵ।"
– ਗਉ ੫, ੧੩੯, ੧* : ੨ (193)

(3) ਲਗ ਜਾਵੇ, ਪੈ ਜਾਵੇ
"ਚਰਨ ਕਮਲ ਸਿਉ ਲਾਗਉ ਨੇਹੁ।"
– ਧਨਾ ੫, ੫੮, ੨ : ੧ (684)

(4) ਲਗੇ
"ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ।"
– ਟੋਡੀ ੫, ੫, ੨ : ੧ (713)

ਲਾਗਈ ---- ਲਗਦੀ, ਲਗਦਾ
"ਸਾਚੇ ਮੈਲੁ ਨ ਲਾਗਈ ਮਨੁ ਨਿਰਮਲੁ ਹਰਿ ਧਿਆਇ।"
– ਸਿਰੀ ੩, ੪੦, ੨ : ੧ (29)
"ਮੋਹਿ ਜਮ ਡੰਡੁ ਨ ਲਾਗਈ ਤਜੀਲੇ ਸਰਬ ਜੰਜਾਲ।"
– ਗਉ ਰਵਿ, ੧, ੩ : ੨ (346)
"ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ।" (ਪੋਂਹਦੀ)
– ਸਲੋ ਕਬ, ੧੫੮ : ੨ (1372)

ਲਾਗਏ ----- ਲਗਦਾ
"ਸਤਸੰਗਿ ਪਾਈਐ ਹਰਿ ਧਿਆਈਐ ਬਹੁੜਿ ਦੂਖੁ ਨ ਲਾਗਏ।"
– ਕਾਨ ੫, ਛੰਤ ੧, ੨ : ੪ (1312)

ਲਾਗਸਿ ---- ਲਗਦੀ ਹੈ
"ਅੰਤਰਿ ਸਹਸਾ ਬਾਹਰਿ ਮਾਇਆ ਨੈਣੀ ਲਾਗਸਿ ਬਾਣੀ।"
– ਰਾਮ ੧, ੨, ੪ : ੧ (877)

ਲਾਗਹ ----- ਲਗਦੇ ਹਾਂ
"ਤੁਮ ਲਾਵਹੁ ਤਉ ਲਾਗਹ ਸੇਵ।"
– ਗਉ ੫, ੯੩, ੧* : ੧ (180)

ਲਾਗਹਿ ----- (1) ਲਗੇ, ਰੁਝੇ, ਰੁਚਿਤ ਹੋਏ
"ਖਸਮੁ ਬਿਸਾਰਿ ਆਨ ਕੰਮਿ ਲਾਗਹਿ।"
- ਗਉ ੫, ੧੪੫, ੧* : ੧ (195)
(2) ਲਗੇ, ਚੰਬੜੇ
"ਬਿਸਰਤ ਨਾਮ ਐਸੇ ਦੋਖ ਲਾਗਹਿ ਜਮੁ ਮਾਰਿ ਸਮਾਰੇ ਨਰਕਿ ਖਰੇ।"
- ਮਾਰੂ ੧, ਅਸ ੮, ੮ : ੨ (1014)
(3) ਲਗਦੇ
"ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ।"
- ਸਲੋ ਕਬ, ੩੦ : ੨ (1366)

ਲਾਗਹੁ ----- (1) ਲਗਦੇ ਹੋ, ਰੁਚਿਤ ਹੁੰਦੇ ਹੋ
"ਐਸਾ ਪ੍ਰਭੁ ਤਿਆਗਿ ਅਵਰ ਕਤ ਲਾਗਹੁ।"
- ਗਉ ੫, ਸੁਖ ੬, ੬ : ੯ (270)
"ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ।"
- ਰਾਮ ੩, ਅੰਨ ੧੯ : ੪ (919)
(2) ਲਗੋ
"ਜਗਤ ਉਧਾਰਨ ਸਾਧ ਪ੍ਰਭ ਤਿਨ੍ ਲਾਗਹੁ ਪਾਲ।"
- ਬਿਲਾ ੫, ੪੧, ੨ : ੧ (811)

ਲਾਗਨਿ ---- ਲਗਣ, ਜੁੜਨ
"ਦੂਜਾ ਭਾਉ ਨ ਦੇਈ ਲਿਵ ਲਾਗਨਿ ਜਿਨਿ ਹਰਿ ਕੇ ਚਰਣ ਵਿਸਾਰੇ।"
- ਬਿਲਾ ੩, ੧, ੧* : ੧ (796)

ਲਾਗਤ ----- (1) ਲਗਦਾ ਹੈ
"ਪ੍ਰਭੁ ਤਿਆਗਿ ਲਾਗਤ ਅਨ ਲੋਭਾ।"
- ਗਉ ੫, ੧੪੫, ੨ : ੧ (195)
(2) ਲਗਦਿਆਂ ਹੀ
"ਲਾਗਤ ਪਵਨ ਖਸਮੁ ਬਿਸਰਾਇਓ।"
- ਗਉ ਕਬ, ੬੨, ੧ : ੨ (337)
"ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ।"
- ਸਲੋ ਕਬ, ੧੫੭ : ੨ (1372)
"ਕਬੀਰ ਚੋਟ ਸੁਹੇਲੀ ਸੇਲ ਕੀ ਲਾਗਤ ਲੇਇ ਉਸਾਸ।"
- ਸਲੋ ਕਬ, ੧੮੩ : ੧ (1374)

ਲਾਂਗਤ ----- ਲੰਙਾ ਕੇ
"ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ।"
- ਗੋਂਡ ਨਾਮ, ੭, ੧ : ੨ (875)

ਲਾਗਤਾ ----- ਲਗਦਾ, ਪੈਂਦਾ
"ਬਿਘਨੁ ਨ ਕੋਊ ਲਾਗਤਾ ਗੁਰ ਪਹਿ ਅਰਦਾਸਿ।"
- ਬਿਲਾ ੫, ੬੩, ੧ : ੧ (817)

ਲਾਗਤੀ ----- ਲਗਦੀ ਹੈ
"ਮੋਹਿ ਲਾਗਤੀ ਤਾਲਾ ਬੇਲੀ।"
– ਗੋਂਡ ਨਾਮ, ੪, ੧ : ੧ (874)

ਲਾਗਤੇ ----- ਲਗਦੇ ਹਨ, ਭਾਵ ਪੈਂਦੇ ਹਨ
"ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ।"
– ਗੂਜ ੫, ਵਾਰ ੧੫ਸ, ੫, ੧ : ੧ (522)

ਲਾਗਨ ----- ਲਗਨ
"ਲਵੈ ਨ ਲਾਗਨ ਕਉ ਹੈ ਕਛੂਐ ਜਾ ਕਉ ਫਿਰਿ ਇਹੁ ਧਾਵੈ।"
– ਧਨਾ ੫, ੭, ੧ : ੧ (672)

ਲਾਗਨਾ ਲਾਗਨੁ ਲਗਨਾ
"ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ।"
– ਮਾਰੂ ੫, ਅਸ ੪, ੬ : ੧ (1018)

ਲਾਗਾ ------ (1) ਲਗਾ, ਜੁੜਿਆ
"ਹਿਰਦੈ ਕਮਲੁ ਪ੍ਰਗਾਸਿਆ ਲਾਗਾ ਸਹਜਿ ਧਿਆਨੁ।"
– ਸਿਰੀ ੩, ੩੪, ੨ : ੩ (26)
"ਬਾਹਰਿ ਜਨਮੁ ਭਇਆ ਮੁਖਿ ਲਾਗਾ ਸਰਸੇ ਪਿਤਾ ਮਾਤਾ ਥੀਵਿਆ।" (ਮਥੇ ਲਗਾ, ਸਾਹਮਣੇ ਆਇਆ)
– ਸਿਰੀ ੪, ਪਹ ੩, ੧ : ੪ (76)

(2) ਲਗਾਂ
"ਮਨੁ ਤਨੁ ਅਰਪੀ ਸਿਰੁ ਦੇਈ ਤਿਨ ਕੈ ਲਾਗਾ ਪਾਇ।"
– ਸਿਰੀ ੩, ੬੨, ੩ : ੨ (38)

(3) ਰੁਚਿਤ ਹੋਇਆ
"ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਮਨੁ ਲਾਗਾ ਦੂਜੈ ਭਾਇ।"
– ਸਿਰੀ ੪, ਪਹ ੩, ੨ : ੧ (76)

(4) ਮਹਿਸੂਸ ਹੋਇਆ
"ਜਾ ਕੈ ਮਨਿ ਲਾਗਾ ਪ੍ਰਭੁ ਮੀਠਾ।"
– ਗਉ ੫, ਸੁਖ ੫, ੧ : ੭ (268)

(5) ਲਗਾ, ਜੁਟ ਗਿਆ
"ਮਨੁ ਤਨੁ ਸੀਤਲੁ ਸਾਂਤਿ ਸਹਜ ਲਾਗਾ ਪ੍ਰਭ ਕੀ ਸੇਵ।"
– ਗਉ ੫, ਥਿਤੀ ੧੫ : ੨ (300)

(6) ਲਗਾ ਹੋਇਆ, ਚੰਬੜਿਆ ਹੋਇਆ
"ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ।"
– ਗਉ ਕਬ, ੨੯, ੧* : ੧ (329)

(7) ਆਰੰਭ ਹੋਇਆ
"ਸੋ ਦਿਨੁ ਆਵਨ ਲਾਗਾ।"
– ਧਨਾ ਕਬ, ੨, ੧* : ੧ (692)

(8) ਭਾਵ ਅਸਰ ਹੁੰਦਾ

“ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ।”
- ਸਲੋ ਕਬ, ੧੯੯ : ੧ (1374)

ਲਾਗਿ ------ (1) ਲਗਦੀ, ਛੂੰਹਦੀ
“ਅੰਤਰਿ ਲਾਗਿ ਨ ਤਾਮਸੁ ਮੂਲੇ ਵਿਚਹੁ ਆਪੁ ਗਵਾਏ।”
- ਸਿਰੀ ੩, ੪੧, ੩ : ੨ (29)
“ਮਨਮੁਖ ਫਿਰਹਿ ਨ ਜਾਣਹਿ ਸਤਿਗੁਰੁ ਹਉਮੈ ਅੰਦਰਿ ਲਾਗਿ।”
- ਸਿਰੀ ੩, ੪੧ : ੪ : ੨ (29)
(ਮਹਾਨਕੋਸ਼ ਅਰਥ ਅਗਨੀ ਕਰਦਾ ਹੈ)
(2) ਲਗ ਕੇ
“ਜਿਨੀ ਮੇਰਾ ਪਿਆਰਾ ਰਾਵਿਆ ਤਿਨ ਪੀਛੈ ਲਾਗਿ ਫਿਰਾਉ।”
- ਸਿਰੀ ੪, ੬੮, ੧ : ੨ (41)
(3) ਜੁੜ ਕੇ
“ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ।”
- ਸਿਰੀ ੧, ਅਸ ੧੭, ੧* : ੨ (64)
“ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ।”
- ਬਿਲਾ ੫, ੩੪, ੩ : ੨ (809)
(4) ਪਿੱਛਾ
“ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮਿ ਛੋਡੀ ਮੋਰੀ ਲਾਗਿ।”
- ਜੈਤ ੫, ੫, ੧ : ੨ (701)
(5) ਪਾਹ, ਲਾਗ (ਸ਼ਬਦਾਰਥ ਦਰਪਣ, ਨਿਰਣੈ); ਲਗਨ, ਪਿਆਰ, ਪ੍ਰੀਤ (ਮਹਾਨ ਕੋਸ਼)
“ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ।”
- ਆਸਾ ੩, ਅਸ ੩੧, ੪ : ੧ (427)
“ਲਗੀ ਲਾਗਿ ਸੰਤ ਸੰਗਾਰਾ।”
- ਮਾਰੂ ੫, ਸੋਲਾ ੯, ੧੫ : ੨ (1081)
(6) ਲਗ ਗਿਆ
“ਜਨ ਨਾਨਕ ਸਰਬ ਸੁਖ ਪਾਏ ਮੋਰੋ ਹਰਿ ਚਰਨੀ ਚਿਤੁ ਲਾਗਿ।”
- ਜੈਤ ੫, ੫, ੨ : ੨ (701)
(7) ਲਗਦਾ ਭਾਵ ਪੈਂਦਾ
“ਗੁਰਮੁਖਿ ਚੋਰੁ ਨ ਲਾਗਿ ਹਰਿ ਨਾਮਿ ਜਗਾਈਐ।”
- ਸੂਹੀ ੧, ਅਸ ੪, ੬ : ੧ (752)
(8) ਲਗੀ ਹੋਈ
“ਕਾਇਆ ਅਹਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ।”
- ਮਾਰੂ ੧, ੩, ੩ : ੧ (990)

ਲਾਗਿਉ ---- ਲਗਾ ਹੈਂ, ਵਲ ਰੁਚਿਤ ਹੈਂ
“ਸਾਚ ਛਾਡਿ ਕੈ ਝੂਠਹ ਲਾਗਿਉ ਜਨਮ ਅਕਾਰਥੁ ਖੋਇਓ।”
- ਸੋਰ ੯, ੧੦, ੧ : ੧ (633)

ਲਾਗਿਓ ---- (1) ਲਗਾ ਹੈ

"ਸੰਪਤ ਹਰਖੁ ਨ ਆਪਤ ਦੂਖਾ ਰੰਗੁ ਠਾਕੁਰੈ ਲਾਗਿਓ।"
- ਗਉ ੫, ੧੬੦*, ੧ : ੨ (215)

"ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ।" (ਲਗਦੀ ਹੈ)
- ਮਾਰੂ ੫, ਅਸ ੩, ੬ : ੨ (1018)

(2) ਲਗਦੀ ਹੈ, ਜਾਪਦੀ ਹੈ, ਅਨੁਭਵ ਹੁੰਦੀ ਹੈ

"ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ ਬਿਨੁ ਪਿਰ ਸਭੈ ਬਿਖੁ ਲਾਗਿਓ।"
- ਸਾਰ ੫, ੫, ੧ : ੨ (1203)

ਲਾਗਿਆ ---- ਲਗਾ, ਜੁੜ ਗਿਆ

"ਸਬਦਿ ਰਵੈ ਮਨੁ ਹਰਿ ਸਿਉ ਲਾਗਿਆ।"
- ਗਉ ੧, ਅਸ ੧, ੩ : ੨ (221)

"ਰਾਮ ਨਾਮਿ ਮਨੁ ਲਾਗਿਆ।" (ਲੀਨ ਹੋ ਗਿਆ)
- ਸੋਰ ੫, ੭੨, ੨ : ੧ (627)

ਲਾਗਿਬਾ ---- ਲਗ ਪੈਂਦਾ ਹੈ

"ਸਤਿਗੁਰੁ ਸਾਜਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ।"
- ਜੈਤ ੪, ੪, ੧ : ੧ (697)

"ਮੇਰਾ ਮਨੁ ਰਾਮਨਾਮ ਰਸਿ ਲਾਗਿਬਾ।" (ਲਗ ਗਿਆ ਭਾਵ ਮਗਨ ਹੋ ਗਿਆ ਹੈ)
- ਜੈਤ ੪, ੪, ੧* : ੧ (697)

ਲਾਗਿਲਾ ---- ਲਗਦਾ ਹੈ, ਮਹਿਸੂਸ ਹੁੰਦਾ ਹੈ

"ਬਾਵਨ ਬੀਖੂ ਬਾਨੈ ਬੀਖੇ ਬਾਸੁ ਤੇ ਸੁਖ ਲਾਗਿਲਾ।"
- ਪ੍ਰਭਾ ਨਾਮ, ੨, ੨ : ੧ (1351)

ਲਾਗੀ ------ (1) ਲਗੀ, ਰੁਚਿਤ ਹੋਈ

"ਅੰਤਰਿ ਲਾਗੀ ਜਲਿ ਬੁਝੀ ਪਾਇਆ ਗੁਰਮੁਖਿ ਗਿਆਨੁ।"
- ਸਿਰੀ ੧, ੧੮, ੧* : ੨ (20)

"ਤ੍ਰਿਸਨਾ ਲਾਗੀ ਰਚਿ ਰਹਿਆ ਅੰਤਰਿ ਹਉਮੈ ਕੂਰਿ।" (ਲਗੀ ਹੈ)
- ਸਿਰੀ ੫, ੮੪, ੨ : ੨ (47)

(2) ਲਗੀ, ਅਨੁਭਵ ਹੋਈ, ਜਾਪੀ

"ਗੁਰਮੁਖਿ ਬਾਣੀ ਮੀਠੀ ਲਾਗੀ।"
- ਗਉ ੩, ਅਸ ੭, ੬ : ੧ (232)

(3) ਲਗੀ, ਚੰਬੜੀ

"ਮਨ ਕਰਹਲਾ ਅਤਿ ਨਿਰਮਲਾ ਮਲੁ ਲਾਗੀ ਹਉਮੈ ਆਇ।"
- ਗਉ ੪, ਕਰ ੧, ੩ : ੧ (234)

"ਲਾਗੀ ਮੈਲੁ ਮਿਟੈ ਸਚ ਨਾਇ।" (ਲਗੀ ਹੋਈ)
- ਆਸਾ ੧, ੧੩, ੧ : ੩ (352)

(4) ਜੁੜੀ, ਜੁੜ ਗਈ

"ਰਾਮ ਨਾਮ ਸੰਗਿ ਤਿਨਿ ਲਿਵ ਲਾਗੀ।"
- ਗਉ ੫, ਸੁਖ ੧੦, ੬ : ੨ (276)

(5) ਲਗੀ ਹੋਈ, ਵਜੀ ਹੋਈ

"ਲਾਗੀ ਹੋਈ ਸੁ ਜਾਨੈ ਪੀਰ।"

– ਗਉ ਕਬ, ੨੧, ੧* : ੧ (327)

(6) ਛੂੰਹਦੀ, ਪੋਂਹਦੀ

"ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨ ਲਾਗੀ।"

– ਗਉ ਕਬ, ੫੩, ੪ : ੧ (335)

"ਗੁਰੂ ਕੀ ਸੇਵਾ ਦੂਖੁ ਨ ਲਾਗੀ।"

– ਗੋਂਡ ੫, ੯, ੪ : ੨ (865)

(7) ਸਹਾਇਕ ਕਿਰਿਆ

"ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।"

– ਆਸਾ ੧, ਵਾਰ ੧ਸ, ੧, ੧ : ੨ (463)

(8) ਲਗ ਗਈ, ਜੁਟ ਗਈ

"ਜਿਤੁ ਲਾਈ ਤਿਤੁ ਲਾਗੀ।"

– ਸੋਰ ਕਬ, ੫, ੩ : ੪ (655)

(9) ਪਰਵਾਨ ਹੋਈ

"ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ।"

– ਤਿਲੰ ੧, ੪, ੧ : ੫ (722)

(10) (ਆ) ਪੁਜੀ

"ਅਉਘਟ ਕੀ ਘਟ ਲਾਗੀ ਆਇ।"

– ਭੈਰ ਨਾਮ, ੧੦, ੨੧ : ੨ (1166)

ਲਾਗੀਆ ---- ਜੁੜੀ ਹੈ

"ਸਤਸੰਗਿ ਜਾਗੇ ਨਾਮਿ ਲਾਗੇ ਏਕ ਸਿਉ ਲਿਵ ਲਾਗੀਆ।"

– ਕਾਨ ੫, ਛੰਤ ੧, ੧ : ੪ (1312)

ਲਾਗੀਐ ---- (1) ਜੁਟ ਜਾਈਐ, ਲਗ ਜਾਈਐ

"ਆਉ ਸਖੀ ਸੰਤ ਪਾਸਿ ਸੇਵਾ ਲਾਗੀਐ।"

– ਆਸਾ ੫, ਛੰਤ ੭, ੩ : ੧ (457)

(2) ਜੁੜੀਏ

"ਸੋ ਪ੍ਰਭੁ ਤਜਿ ਕਤ ਲਾਗੀਐ ਜਿਸੁ ਬਿਨੁ ਮਰਿ ਜਾਈਐ ਰਾਮ।"

– ਬਿਲਾ ੫, ਛੰਤ ੪, ੨ : ੧ (848)

ਲਾਗੁ ------ (1) ਰੁਚਿਤ ਹੋ, ਲਗ

"ਸਰੰਜਾਮਿ ਲਾਗੁ ਭਵਜਲ ਤਰਨ ਕੈ।"

– ਆਸਾ ੫, ੪, ੧* : ੧ (12)

(2) ਜੁੜ, ਪਉ

"ਉਪਾਵ ਸਿਆਣਪ ਸਗਲ ਛਡਿ ਗੁਰ ਕੀ ਚਰਣੀ ਲਾਗੁ।"

– ਸਿਰੀ ੫, ੭੮, ੩ : ੨ (45)

"ਗੁਰੁ ਪੂਰਾ ਆਰਾਧਿ ਨਿਤ ਇਕਸੁ ਕੀ ਲਿਵ ਲਾਗੁ।" (ਜੁਟਜਾ)

– ਸਿਰੀ ੫, ੭੯, ੧* : ੨ (45)

"ਨਾਮ ਸੰਗਿ ਤਾ ਕਾ ਮਨੁ ਲਾਗੁ।" (ਜੁੜ ਜਾਂਦਾ ਹੈ)

– ਗਉ ੫, ੧੧੮, ੪ : ੨ (189)

"ਲਾਗੁ ਗਲੇ ਸੁਨੁ ਬਿਨਤੀ ਮੇਰੀ।" (ਲਗ, ਮਿਲ)
– ਆਸਾ ਕਬ, ੩੫, ੧ : ੨ (484)

ਲਾਗੂ ------ ਵੈਰ ਨਾਲ ਪਿਛੈ ਪੈ ਜਾਣ ਵਾਲੇ, ਖੈੜੇ ਪੈ ਜਾਣ ਵਾਲੇ
"ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ।"
– ਸਿਰੀ ੧, ੧੫, ੧ : ੨ (19)

ਲਾਗੇ ------ (1) ਪਏ, ਪੈਕੇ
"ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ।"
– ਸਿਰੀ ੧, ੧੪, ੨ : ੨ (19)
"ਸਾਕਤ ਬਧਿਕ ਮਾਇਆਧਾਰੀ ਤਿਨ ਜਨ ਜੋਹਨਿ ਲਾਗੇ।" (ਲਗਦਾ ਹੈ)
– ਗਉ ੪, ੬੨, ੪ : ੧ (172)
(2) ਵਲ ਰੁਚਿਤ ਹੋਏ, ਜੁੜੇ, ਲਗੇ ਹਨ
"ਜੋ ਸਚਿ ਲਾਗੇ ਸੇ ਅਨਦਿਨੁ ਜਾਗੇ ਦਰਿ ਸਚੈ ਸੋਭਾ ਪਾਵਣਿਆ।"
– ਮਾਝ ੩, ੩, ੧* : ੨ (110)
"ਸਿਮਰਨ ਤੇ ਲਾਗੇ ਜਿਨ ਆਪਿ ਦਇਆਲਾ।"
– ਗਉ ੫, ਸੁਖ ੧, ੫ : ੯ (263)
"ਕੇਤਕ ਸਿਧ ਭਏ ਲਿਵ ਲਾਗੇ।" (ਜੁੜਨ ਨਾਲ)
– ਗਉ ਕਬ, ੩੭, ੧* : ੨ (330)
"ਹਰਿ ਕੰਠਿ ਲਾਗੇ ਦਿਨ ਸਭਾਗੇ ਮਿਲਿ ਨਾਹ ਸੇਜ ਸੋਹੰਤੀਆ।" (ਲਗੇ, ਜੁੜੇ ਭਾਵ ਮਿਲੇ)
– ਆਸਾ ੫, ਛੰਤ ੧੪, ੪ : ੪ (462)
"ਹਮਰਾ ਮਨੁ ਮੋਹਿਓ ਗੁਰ ਮੋਹਨਿ ਹਮ ਬਿਸਮ ਭਈ ਮੁਖਿ ਲਾਗੇ।" (ਭਾਵ ਦਰਸ਼ਨ ਕਰਕੇ)
– ਦੇਵ ੪, ੧, ੧ : ੨ (527)
(3) ਲਗਦੇ ਹਨ, ਮਿਲਦੇ ਹਨ
"ਹਰਿ ਸੇਵਾ ਬਿਨੁ ਏਹ ਫਲ ਲਾਗੇ।"
– ਗਉ ੫, ਥਿਤੀ ੯ : ੭ (298)
(4) ਅਨੁਭਵ ਹੋਏ
"ਤਬ ਪ੍ਰਭ ਨਾਨਕ ਮੀਠੇ ਲਾਗੇ।"
– ਆਸਾ ੫, ੬੩, ੪ : ੨ (386)
(5) ਲਗੇ, ਸ਼ੁਰੂ ਹੋਏ, ਆਰੰਭ ਹੋਏ
"ਹੁਕਮੀ ਵਰਸਣ ਲਾਗੇ ਮੇਹਾ।" (ਲਗਦਾ ਹੈ, ਸ਼ੁਰੂ ਹੁੰਦਾ ਹੈ)
– ਮਾਝ ੫, ੩੪, ੧ : ੧ (104)
"ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ
ਅਸਾਰ ਬਹੈ।"
– ਆਸਾ ਕਬ, ੧੫, ੩ : ੧ (479)
(6) ਛੁਹਿਆ, ਲਗਿਆ ਹੈ
"ਧਨੁ ਧੰਨੁ ਤਿਨਾ ਕਾ ਗੁਰੂ ਹੈ ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ।"
– ਵਡ ੪, ਵਾਰ ੬ : ੫ (588)

(7) ਵਜੇ, ਲਗੇ

"ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ।"

– ਸੋਰ ੪, ੯, ੧ : ੨ (607)

"ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ।" (ਲਗਦਾ ਹੈ)

– ਮਾਰੂ ੩, ਵਾਰ ੧੩ : ੩ (1090)

(8) ਲਗਿਆ ਹੋਇਆ,ਚੰਬੜਿਆ ਹੋਇਆ

"ਜਨਮ ਜਨਮ ਕੇ ਲਾਗੇ ਬਿਖੁ ਮੋਰਚਾ ਲਗਿ ਸੰਗਤਿ ਸਾਧ ਸਵਾਰੀ।"

– ਧਨਾ ੪, ੧, ੨ : ੧ (666)

"ਜਿਸ ਤੇ ਲਾਗੇ ਤਿਨਹਿ ਨਿਵਾਰੇ ਪ੍ਰਭ ਜੀਉ ਆਪਣੀ ਕਿਰਪਾ ਧਾਰੀ।"(ਲਗੇ, ਪ੍ਰਾਪਤ ਹੋਏ)

– ਰਾਮ ੫, ੮, ੨ : ੧ (916)

(9) ਲਗੇ, ਬੀਤ ਗਏ, ਲੰਘ ਗਏ

"ਭਈ ਨਿਰਾਸੀ ਬਹੁਤੁ ਦਿਨ ਲਾਗੇ।"

– ਸੂਹੀ ੫, ੫, ੩ : ੧ (737)

ਲਾਗੈ ------ **(1) ਲਗਦਾ / ਜੁੜ ਜਾਂਦਾ ਹੈ**

"ਸੁਣਿਐ ਲਾਗੈ ਸਹਜਿ ਧਿਆਨੁ।"

– ਜਪੁ ੧, ੧੦ : ੪ (3)

"ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ।"

– ਸਿਰੀ ੩, ਅਸ ੨੨, ੫ : ੩ (67)

"ਸਾਧ ਜਨਾ ਕੀ ਸੇਵਾ ਲਾਗੈ।"(ਜੁਟ ਜਾਂਦੇ, ਲਗ ਜਾਂਦੇ)

– ਗਉ ੫, ਸੁਖ ੩, ੫ : ੨ (266)

(2) ਲਗਦੀ, ਮਹਿਸੂਸ ਹੁੰਦੀ, ਅਨੁਭਵ ਹੋਣਾ, ਉਪਜਣਾ, ਪੈਦਾ ਹੋਣਾ

"ਸਾਚੈ ਨਾਮ ਕੀ ਲਾਗੈ ਭੂਖ।"

– ਆਸਾ ੧, ੩, ੧ : ੩ (9)

"ਇਕੁ ਤਿਲੁ ਪਿਆਰਾ ਵਿਸਰੈ ਦੁਖੁ ਲਾਗੈ ਸੁਖੁ ਜਾਇ।"

– ਸਿਰੀ ੧, ਅਸ ੧੦, ੫ : ੧ (59)

"ਆਨ ਨ ਸਮਸਰਿ ਕੋਊ ਲਾਗੈ ਢੂਢਿ ਰਹੇ ਹਮ ਮੂਚਾ।"

– ਦੇਵ ੫, ੩੨, ੧* : ੨ (534)

(3) ਅਸਰ ਕਰੇ, ਪ੍ਰਭਾਵਤ ਕਰੇ

"ਇਤੁ ਤਨਿ ਲਾਗੈ ਬਾਣੀਆ।"

– ਸਿਰੀ ੧, ੩੩, ੩ : ੧ (25)

(4) ਵਜੇ, ਲਗੇ

"ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ।"

– ਸਿਰੀ ੫, ੯੦, ੪ : ੨ (353)

"ਸਹਜੈ ਤੇ ਸੁਖੁ ਅਗਲੋ ਨਾ ਲਾਗੈ ਜਮਤੀਰੁ।"

– ਸਿਰੀ ੧, ਅਸ ੭, ੧ : ੩ (57)

(5) ਲਗਦੀ ਹੈ, ਚੰਬੜਦੀ ਹੈ

"ਸਚੇ ਮੈਲੁ ਨ ਲਗਈ ਮਲੁ ਲਾਗੈ ਦੂਜੈ ਭਾਇ।"

– ਸਿਰੀ ੪, ਵਾਰ ੧੨ਸ, ੩, ੧ : ੬ (87)

"ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ
ਲਾਗੈ ਮੈਲੁ ਗਵਾਵਣਿਆ।"(ਦੂਜੇ 'ਲਾਗੈ' ਦੇ ਅਰਥ 'ਜੁੜਨਾ' ਹੈ)

– ਮਾਝ ੩, ਅਸ ੧੨, ੪ : ੩ (116)

(6) ਆਰੰਭੇ, ਕੰਮ ਕਰਨਾ ਸ਼ੁਰੂ ਕਰੇ

"ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ।"

– ਮਾਝ ੩, ਅਸ ੧੨, ੨ : ੨ (116)

"ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ।" (ਆਰੰਭ ਹੋਏ)

– ਸੂਹੀ ੧, ੮, ੩ : ੨ (730)

(7) ਭਾਵ ਵੇਖਣਾ

"ਚਕਵੀ ਪ੍ਰੀਤਿ ਸੂਰਜ ਮੁਖਿ ਲਾਗੈ। ....ਗੁਰਸਿਖ ਪ੍ਰੀਤਿ ਗੁਰੂ ਮੁਖਿ ਲਾਗੈ।"

– ਗਉ ੪, ੪੨, ੨ : ੧; ੩ (164)

(8) ਲਗਦੀ ਭਾਵ ਹੁੰਦੀ

"ਕੋਟਿ ਪਤਿਤ ਉਧਾਰੇ ਖਿਨ ਮਹਿ ਕਰਤੇ ਬਾਰ ਨ ਲਾਗੈ ਰੇ।"

– ਗਉ ੫, ੧੩੭*, ੨ : ੧ (209)

"ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ।" (ਪੈਂਦੀ)

– ਗਉ ੫, ਸੁਖ ੧, ੨ : ੫ (262)

"ਪਾਹਰੂਅਰਾ ਛਬਿ ਚੋਰੁ ਨ ਲਾਗੈ।" (ਭਾਵ ਪੈਂਦੇ)

– ਆਸਾ ੧, ੨੦, ੪ : ੨ (355)

(9) ਲਗਦੇ, ਉਪਜਦੇ,(ਡਾਲ ਨਾਲ) ਲਗਦੇ

"ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ।"

– ਆਸਾ ੧, ੧੯, ੩ : ੨ (354)

(10) ਰੁਚਿਤ ਹੋਏ

"ਦੂਜੈ ਭਾਇ ਨ ਲਾਗੈ ਕੋਇ।"

– ਆਸਾ ੩, ੪੪, ੧ : ੪ (362)

(11) ਹੋ ਜਾਏ, ਪੈ ਜਾਂਦਾ ਹੈ

"ਗੁਰਮੁਖਿ ਨਿਰਤਿ ਹਰਿ ਲਾਗੈ ਭਾਉ।"

– ਆਸਾ ੩, ੫੧, ੨ : ੧ (364)

"ਜਿਸੁ ਭੇਟਤ ਲਾਗੈ ਪ੍ਰਭ ਰੰਗੁ।"

– ਆਸਾ ੫, ੮੯, ੧ : ੪ (393)

(12) ਲਗਦੀ, ਜੁੜਦੀ

"ਪਲਕਾ ਨ ਲਾਗੈ ਪ੍ਰਿਅ ਪ੍ਰੇਮ ਪਾਗੈ ਚਿਤਵੰਤਿ ਅਨਦਿਨੁ ਪ੍ਰਭ ਮਨਾ।"

– ਆਸਾ ੫, ਛੰਤ ੧੪, ੨ : ੪ (462)

(13) ਭਾਵ ਪੈ, ਚਲ, ਲਗ

"ਉਨ ਕੀ ਗੈਲਿ ਤੋਹਿ ਜਿਨਿ ਲਾਗੈ।"

– ਆਸਾ ਕਬ, ੩੪, ੧ : ੨ (484)

ਲਾਗੋ ------ (1) ਲਗਾ, ਪਿਆ, ਹੋਇਆ

"ਵਿਣੁ ਸਤਿਗੁਰ ਪਰਤੀਤਿ ਨ ਆਵਈ ਨਾਮਿ ਨ ਲਾਗੋ ਭਾਉ।"

– ਸਿਰੀ ੩, ਅਸ ੧੯, ੨ : ੧ (65)

(2) ਜੁੜਿਆ, ਲਗਾ
“ਜਨ ਚਰਨ ਕਮਲ ਸਿਉ ਲਾਗੋ ਮਨਾ।”
– ਗਉ ੫, ੧੬੨, ੩ : ੨ (198)

(3) ਲਗੀ ਪਈ ਭਾਵ ਬਣੀ ਹੋਈ
“ਕਤ ਜਾਈਐ ਰੇ ਘਰ ਲਾਗੋ ਰੰਗੁ।”
– ਬਸੰ ਰਾਮਾ, ੧, ੧* : ੧ (1195)

ਲਾਗੌੑ ------ ਲਗਾ ਹੋਇਆ
“ਅਪਰ ਪਰੰਪਰ ਪੁਰਖ ਸਿਉ ਪ੍ਰੇਮੁ ਲਾਗੌੑਬਿਨੁ ਭਗਵੰਤ ਰਸੁ ਨਾਹੀ ਅਉਰੈ ਕਾਮ ਸਿਉ।”
– ਸਵ ੫, ਮਥੁ ੩ : ੩ (1408)

ਲਾਘਣਉ ---- ਲੰਘਣਾ ਹੈ
“ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ।”
– ਮਾਰੂ ੩, ਵਾਰ ੧੩ਸ, ੧, ੧ : ੨ (1090)

ਲਾਛੈ ------ ਲਛਣ, ਚਿਹਨ (ਮਹਾਨ ਕੋਸ਼), ਨਿਸ਼ਾਨ
“ਮਲੈ ਨ ਲਾਛੈ ਪਾਰਮਲੋ ਪਰਮਲੀਓ ਬੈਠੋ ਰੀ ਆਈ।”
– ਗੂਜ ਨਾਮ, ੨, ੧ : ੧ (525)

ਲਾਜ ------ (1) ਇਜ਼ਤ, ਪਤਿ
“ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।”
– ਮਾਝ ੧, ਵਾਰ ੭ਸ, ੧, ੧ : ੪ (140)

(2) (ਸੰ.) ਸ਼ਰਮ, ਲੱਜਾ, ਹਿਆ
“ਪਤਿ ਅਪਤਿ ਤਾ ਕੀ ਨਹੀ ਲਾਜ।”
– ਗਉ ਕਬ, ੩, ੩ : ੧ (324)

“ਲਾਜ ਨ ਮਰਹੁ ਕਹਹੁ ਘਰੁ ਮੇਰਾ।” (ਸ਼ਰਮ ਨਾਲ)
– ਗਉ ਕਬ, ੧੧, ੧* : ੧ (325)

(3) ਲੋਕ-ਲਾਜ, ਓਪਰੀ ਝਿਜਕ
“ਅਹਨਿਸਿ ਭਗਤ ਕਰੇ ਦਿਨੁ ਰਾਤੀ ਲਾਜ ਛੋਡਿ ਹਰਿ ਕੇ ਗੁਣ ਗਾਵੈ।”
– ਰਾਮ ੧, ੧੦, ੧* : ੨ (879)

ਲਾਜਸੀ ----- ਲਾਜ ਆਵੇਗੀ, ਲਜਾਵਾਨ ਹੋਵੇਗਾ
“ਤਬ ਕੁਲੁ ਕਿਸ ਕਾ ਲਾਜਸੀ ਜਬ ਲੇ ਧਰਹਿ ਮਸਾਨਿ।”
– ਸਲੋ ਕਬ, ੧੯੯ : ੨ (1373)

ਲਾਜੀਅਹਿ --- ਸ਼ਰਮਸਾਰ ਹੁੰਦੇ ਹਨ, ਲਜਿਆਵਾਨ ਹੁੰਦੇ ਹਨ
“ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਹਿ।”
– ਸਸ ੫, ੮ : ੧ (1362)

ਲਾਜੁ ------ (1) ਰਸੀ
“ਆਵ ਘਟੈ ਨਰੁ ਨ ਬੁਝੈ ਨਿਤਿ ਮੂਸਾ ਲਾਜੁ ਟੁਕਾਇ।” (ਭਾਵ ਉਮਰ)
– ਸਿਰੀ ੪, ੭੦, ੧ : ੨ (41)

(2) ਲੱਜ
“ਟੂਟੀ ਲਾਜੁ ਭਰੈ ਮਤਿ ਹਾਰੀ।”
– ਗਉ ਕਬ, ੧੨, ੩ : ੨ (325)

ਲਾਜੈ ------ ਇਜ਼ਤ, ਪਤਿ
“ਆਪੇ ਸਰਣਿ ਪਵਾਇਦਾ ਮੇਰੇ ਗੋਵਿੰਦਾ ਹਰਿ ਭਗਤ ਜਨਾ ਰਾਖੁ ਲਾਜੈ ਜੀਉ।”
– ਮਾਝ ੪, ੬੮, ੪ : ੩ (174)

ਲਾਟੂ ------ ਮਧਾਨੀ ਦੇ ਸਿਰੇ ’ਤੇ ਲਗਾ ਚਾਰ ਦੰਦਿਆਂ ਵਾਲਾ ਯੰਤਰ, ਘੁੰਮਣ ਵਾਲਾ ਖਿਲੌਣਾ
“ਲਾਟੂ ਮਧਾਣੀਆ ਅਨਗਾਹ।”
– ਆਸਾ ੧, ਵਾਰ ਪਸ, ੧, ੨ : ੧੭ (465)

ਲਾਡ ------ (ਸੰ.) ਪਿਆਰ, ਮਲਾਰ
“ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ।” (ਚਾਅ ਮਲਾਰ ਕੀਤੇ)
– ਸਿਰੀ ੫, ੯੭, ੧ : ੧ (51)

ਲਾਡਾਇਦਾ -- ਪਿਆਰ ਕਰਦਾ
“ਅਨਿਕ ਰੰਗ ਕਰਹਿ ਬਹੁ ਭਾਤੀ ਜਿਉ ਪਿਤਾ ਪੂਤੁ ਲਾਡਾਇਦਾ।”
– ਮਾਰੂ ੫, ਸੋਲਾ ੫, ੧੪ : ੩ (1076)

ਲਾਡਾਵੈ ----- (ਪਿਆਰ) ਕਰੇ
“ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ।”
– ਸਾਰ ੫, ੪੮, ੧ : ੧ (1214)

ਲਾਡਿਲੇ ---- ਪਿਆਰੇ ਦੇ
“ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ।”
– ਸਾਰ ੫, ੫੩, ੧* : ੧ (1214)

ਲਾਡੁ ------ ਪਿਆਰ, ਮਲਾਰ
“ਮੋਰ ਮੋਰ ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ।”
– ਸਿਰੀ ਕਬ, ੧, ੧ : ੨ (91)

ਲਾਡੁਲੀ ----- ਪਿਆਰੀ
“ਸਰਿ ਧੋਵਨਿ ਚਾਲੀ ਲਾਡੁਲੀ।”
– ਬਸੰ ਨਾਮ, ੩, ੧* : ੧ (1196)

ਲਾਤਿਆ ---- ਲਾਏ ਗਏ
“ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ ਲਾਤਿਆ।”
– ਬਿਹਾ ੫, ਛੰਤ ੭, ੩ : ੪ (546)

ਲਾਥ ------ ਉਤਰਨਾ, ਮੁਕਨਾ, ਲਥਨਾ
“ਥਾਕੇ ਬਹੁ ਬਿਧਿ ਘਾਲਤੇ ਤ੍ਰਿਪਤਿ ਨ ਤ੍ਰਿਸਨਾ ਲਾਥ।”
– ਗਉ ੫, ਬਾਅ ੩੩ ਸ : ੧ (257)

ਲਾਥਾ ------ ਉਤਰਿਆ, ਦੂਰ ਹੋਇਆ, ਮੁਕਿਆ

"ਹਉਮੈ ਰੋਗੁ ਗਇਆ ਦੁਖਾ ਲਾਥਾ ਆਪੁ ਆਪੈ ਗੁਰਮਤਿ ਖਾਧਾ।"
– ਸਿਰੀ ੪, ਛੰਤ ੧, ੨ : ੪ (78)

ਲਾਥੀ ------ ਦੂਰੀ ਹੋਈ, ਮੁੱਕ ਗਈ
"ਲਾਥੀ ਭੁਖ ਤ੍ਰਿਸਨ ਸਭ ਲਾਥੀ ਚਿੰਤਾ ਸਗਲ ਬਿਸਾਰੀ।"
– ਗਉ ੫, ੧੬੧, ੧ : ੧ (215)

ਲਾਥੀਆ ---- ਮੁਕ ਗਈ, ਦੂਰ ਹੋਈ
"ਤਾ ਕੀ ਤ੍ਰਿਸਨਾ ਲਾਥੀਆ।"
– ਗਉ ੫, ੧੪੬*, ੨ : ੨ (211)

ਲਾਥੇ ------ ਉਤਰ ਗਏ, ਦੂਰ ਹੋ ਗਏ
"ਸਿਮਰਤ ਨਾਮੁ ਦੋਖ ਸਭਿ ਲਾਥੇ।"
– ਮਾਝ ੫, ੪੫, ੨ : ੧ (107)

ਲਾਦਸਿ ----- ਲੱਦਦਾ ਹੈ
"ਕਾਲਰੁ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ।"
– ਮਾਰੂ ੩, ਵਾਰ ੧੩ ਸ, ੧, ੧ : ੨ (1090)

ਲਾਦਾ ------ ਲਦਿਆ ਗਿਆ
"ਖਰ ਕਾ ਪੈਖਰੁ ਤਉ ਛੁਟੈ ਜਉ ਊਪਰਿ ਲਾਦਾ।"
– ਬਿਲਾ ੫, ੫੮, ੧* : ੨ (815)

ਲਾਦਿ ------ ਲੱਦ ਕੇ
"ਲਾਦਿ ਖੇਪ ਸੰਤਹ ਸੰਗਿ ਚਾਲੁ।"
– ਗਉ ੫, ਸੁਖ ੧੫, ੫ : ੫ (283)

ਲਾਦਿਉ ---- ਲੱਦ ਲਿਆ
"ਕਾਬੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ।"
– ਸਾਰ ੫, ੪, ੧ : ੨ (1203)

ਲਾਦਿਆ ---- ਲੱਦਿਆ
"ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ।"
– ਗਉ ਰਵਿ, ੧, ੧* : ੧ (345)

ਲਾਦੀ ------ ਲੱਦੀ
"ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰਿ।"
– ਗਉ ਰਵਿ, ੧, ੨ : ੨ (346)

ਲਾਦੀਐ ---- ਲੱਦੀਏ
"ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ।"
– ਸਿਰੀ ੧, ਅਸ ੩, ੭ : ੧ (55)

ਲਾਦੇ ------ ਲੱਦੇ ਹੋਏ
"ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ।"
– ਧਨਾ ੧, ਛੰਤ ੧, ੪ : ੪ (688)

ਲਾਧਾ ------ ਲਭ ਲਿਆ, ਪ੍ਰਾਪਤ ਕਰ ਲਿਆ
"ਗੁਰਮੁਖਿ ਲਾਧਾ ਮਨਮੁਖਿ ਗਵਾਇਆ।"
– ਆਸਾ ੪, ਸੋਪੁ ੨, ੧ : ੩ (11)

ਲਾਧਿਓ ---- ਲੱਭਾ ਹੈ
"ਭਾਇਓ ਅਨੁਗ੍ਰਹੁ ਮਿਟਿਓ ਮੋਰਚਾ ਅਮੋਲ ਪਦਾਰਥੁ ਲਾਧਿਓ।"
– ਦੇਵ ੫, ੧੩, ੨ : ੧ (530)

ਲਾਧਿਆ ---- ਲੱਭਿਆ, ਪ੍ਰਾਪਤ ਕੀਤਾ
"ਜਿਨ ਗੁਰਮੁਖਿ ਖੋਜਿ ਢੰਢੋਲਿਆ ਤਿਨ ਅੰਦਰਹੁ ਹੀ ਸਚੁ ਲਾਧਿਆ।"
– ਗਉ ੪, ਵਾਰ ੨੨ : ੨ (313)

ਲਾਧੀ ------ ਲੱਭਾ ਹੈ
"ਸੋਈ ਮੁਕੰਦੁ ਦੁਰਬਲੁ ਧਨੁ ਲਾਧੀ।"
– ਗੋਂਡ ਰਵਿ, ੧, ੨ : ੪ (875)

ਲਾਧੇ ------ ਲੱਭਾ ਹੈ
"ਮਨੁ ਦੇਵਾ ਤਿਸੁ ਅਪੁਨੇ ਸਾਜਨ ਜਿਨਿ ਗੁਰ ਮਿਲਿ ਸੋ ਪ੍ਰਭੁ ਲਾਧੇ ਜੀਉ।"
– ਮਾਝ ੫, ੨੭, ੨ : ੩ (102)
"ਅਨਿਕ ਲਾਭ ਮਨੋਰਥ ਲਾਧੇ।" (ਲਭੇ)
– ਗਉ ੫, ੧੧੧, ੩ : ੨ (202)

ਲਾਧੋ ------ ਲੱਭ ਲਿਆ
"ਮਤਿ ਗੁਰਮਤਿ ਹਰਿ ਪ੍ਰਭੁ ਲਾਧੋ।"
– ਕਾਨ ੪, ੧੧, ੧* : ੩ (1293)

ਲਾਪਸੀ ----- ਪਤਲਾ ਕੜਾਹ
"ਭਾਤੁ ਪਹਿਤਿ ਅਰੁ ਲਾਪਸੀ ਕਰਕਰਾ ਕਾਸਾਰੁ।"
– ਆਸਾ ਕਬ, ੧੪, ੪ : ੧ (479)

ਲਾਂਬੇ ------ ਲੰਮੇ
"ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ।"
– ਸਲੋ ਕਬ, ੧੨੮ : ੨ (1371)

ਲਾਭ ------ (1) ਫਾਇਦਾ
"ਅਨਿਕ ਲਾਭ ਮਨੋਰਥ ਲਾਧੇ।" (ਫਾਇਦੇ)
– ਗਉ ੫, ੧੧੧*, ੨ : ੨ (202)
(2) ਨਫ਼ਾ
"ਖੇਪ ਨਿਬਾਹੀ ਬਹੁਤੁ ਲਾਭ ਘਰਿ ਆਏ ਪਤਿਵੰਤ।"
– ਗਉ ੫, ਬਾਅ ੫੩ : ੫ (261)

ਲਾਭਨ ----- ਲਭਣ, ਖਟਨ
"ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਗਉਰੀ ਸਿਉ ਉਲਝਿ ਪਹਾ।"
– ਸਾਰ ੫, ੪, ੨ : ੧ (1203)

ਲਾਭਾ ------ ਲਭਿਆ, ਪ੍ਰਾਪਤ ਕੀਤਾ
"ਉਪਜੰਪਿ ਉਪਾਇ ਨ ਪਾਈਐ ਕਤਹੂ ਗੁਰਿ ਪੂਰੈ ਹਰਿ ਪ੍ਰਭੁ ਲਾਭਾ।"
- ਪ੍ਰਭਾ ੪, ੬, ੧* : ੨ (1337)

ਲਾਭਾਇਆ -- ਲਾਭਦਾਇਕ
"ਵਸਤੁ ਅਨੂਪ ਸੁਣੀ ਲਾਭਾਇਆ।"
- ਆਸਾ ੫, ੬, ੧ : ੨ (372)

ਲਾਭੁ ------ (1) ਲਭਣਯੋਗ
"ਪਾਇਆ ਲਾਹਾ ਲਾਭੁ ਨਾਮ ਪੂਰਨ ਹੋਇ ਕਾਮ।"
- ਸਿਰੀ ੫, ੮੧, ੩ : ੧ (46)
(2) ਨਫ਼ਾ, ਲਾਭ, ਫਾਇਦਾ
"ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ।"
- ਸਿਰੀ ੧, ਅਸ ੩, ੭ : ੧ (55)
"ਲਾਭੁ ਮਿਲੈ ਤੋਟਾ ਹਿਰੈ ਹਰਿ ਦਰਗਹ ਪਤਿਵੰਤਿ।"
- ਗਉ ੫, ਥਿਤੀ ੨ : ੫ (297)
"ਨਾਮੁ ਪਦਾਰਥੁ ਪਾਇਆ ਲਾਭੁ ਸਦਾ ਮਨਿ ਹੋਇ।"
- ਸਿਰੀ ੧, ਅਸ ੧੨, ੬ : ੩ (61)
"ਇਕਨਾ ਨੋ ਹਰਿ ਲਾਭੁ ਦੇਇ ਜੋ ਗੁਰਮੁਖਿ ਥੀਵੈ।"
- ਸਿਰੀ ੪, ਵਾਰ ੩ : ੩ (83)

ਲਾਭੈ ------ ਲਭਿਆ, ਪ੍ਰਾਪਤ ਹੋਇਆ
"ਤਉ ਲਉ ਮਹਲਿ ਨ ਲਾਭੈ ਜਾਨ।"
- ਗਉ ਕਬ, ਵਾ ੮ : ੨ (345)

ਲਾਂਮੀ ------ ਲੰਮੀ
"ਜਬ ਤੇ ਹੋਈ ਲਾਂਮੀ ਧਾਈ ਚਲਹਿ ਨਾਹੀ ਇਕ ਪੈਰੇ।"
- ਗੂਜ ੫, ੮, ੪ : ੨ (497)

ਲਾਯਉ ----- ਲਿਆਂਦੀ
"ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ।"
- ਸਵ ੩, ੨੦ : ੩ (1395)

ਲਾਲ ------ (1) ਮਾਣਕ, ਲਾਲ ਰੰਗ ਦਾ ਰਤਨ
"ਧਰਤੀ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ।"
- ਸਿਰੀ ੧, ੧, ੨ : ੧ (14)
"ਲਾਲ ਨਾਮ ਜਾ ਕੈ ਭਰੇ ਭੰਡਾਰਾ।"
- ਗੋਂਡ ੫, ੩, ੩ : ੩ (863)
(2) ਪਿਆਰਾ, ਪ੍ਰਿਯ
"ਲਾਲ ਗੋਪਾਲ ਦਇਆਲ ਰੰਗੀਲੇ।"
- ਮਾਝ ੫, ੧੬, ੧ : ੧ (99)
"ਮੋਹਨ ਲਾਲ ਅਨੂਪ ਸਰਬ ਸਾਧਾਰੀਆ।"
- ਗਉ ੫, ਅਸ ੧੨, ੩ : ੧ (241)

(3) (ਫਾ. ਲਾਅਲ) ਇਕ ਵਰਣ, ਸੂਹਾ, ਸੁਰਖ ਰੰਗ
"ਲਾਲ ਰੰਗ ਪੂਰਨ ਪੁਰਖੁ ਬਿਧਾਤਾ।"
– ਗਉ ੫, ੧੪੧, ੧* : ੨ (194)
"ਲਾਲ ਨਿਹਾਲੀ ਫੂਲ ਗੁਲਾਲਾ।"(ਲਾਲ ਰੰਗ ਦੀ)
– ਗਉ ੧, ਅਸ ੧੦, ੨ : ੨ (225)
"ਪ੍ਰਭ ਸਾਚੇ ਸੇਤੀ ਰੰਗਿ ਰੰਗੇਤੀ ਲਾਲ ਭਈ ਮਨੁ ਮਾਰੀ।" (ਰੰਗੀਲੀ ਹੋ ਗਈ)
– ਧਨਾ ੧, ਛੰਤ ੩, ੩ : ੫ (689)

ਲਾਲਸਾ ----- ਪ੍ਰਬਲ ਇੱਛਾ
"ਪ੍ਰਭ ਮਿਲਬੇ ਕੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ।"
– ਆਸਾ ੫, ੭੬, ੧* : ੨ (389)

ਲਾਲਹਿ ----- ਪਿਆਰੇ ਨੂੰ, ਪ੍ਰੀਤਮ ਨੂੰ
"ਮਨੁ ਲਾਲਹਿ ਦੀਜੈ ਭੋਗ ਕਰੀਜੈ ਹਭਿ ਖੁਸੀਆ ਰੰਗ ਮਾਣੇ।"
– ਆਸਾ ੫, ਛੰਤ ੪, ੪ : ੩ (455)

ਲਾਲਚ ----- ਲੋਭ, ਲਾਲਸਾ
"ਲਾਲਚ ਝੂਠ ਬਿਕਾਰ ਮੋਹ ਬਿਆਪਤ ਮੂੜੇ ਅੰਧ।"
– ਗਉ ੫, ਬਾਅ ੧੧ ਸ : ੧ (252)

ਲਾਲਚਾ ---- ਲਾਲਚ ਵਿਚ
"ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ।"
– ਮਾਰੂ ੫, ਵਾਰ ੧੫ : ੫ (1099)

ਲਾਲਚਿ ---- ਲਾਲਚ ਵਿਚ
"ਕੂੜੈ ਲਾਲਚਿ ਲਗਿ ਮਹਲ ਖੁਆਈਐ।"
– ਮਾਝ ੧, ਵਾਰ ੧੯ : ੬ (147)

ਲਾਲਚੁ ----- ਲੋਭ
"ਲਾਲਚੁ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ।"
– ਸਿਰੀ ਬੇਣੀ, ੧, ੫ : ੨ (93)

ਲਾਲਤੀ ----- ਅਤਲਸ, ਕੀਮਖਾਬ, ਕੀਮਤੀ ਕਪੜਾ
"ਤੰਬੂ ਪਲੰਘ ਨਿਵਾਰ ਸਰਾਂਇਚੇ ਲਾਲਤੀ।"
– ਮਾਝ ੧, ਵਾਰ ੮ : ੭ (141)

ਲਾਲਨ ----- (1) ਲਾਡ ਲਡਾਉਣ ਵਾਲਾ, ਪਿਆਰਾ
"ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ।"
– ਗਉ ੫, ੮੭, ੧* : ੧ (181)
(2) ਅਮੋਲਕ ਰਤਨ
"ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ।"
– ਆਸਾ ੫, ੧੪੩, ੧ : ੧ (406)

ਲਾਲਨਾ ----- ਪਿਆਰਾ, ਪ੍ਰੀਤਮ

“ਪ੍ਰੀਤਿ ਪ੍ਰੀਤਿ ਗੁਰੀਆ ਮੋਹਨ ਲਾਲਨਾ।”

– ਸੂਹੀ ੫, ੪੪, ੧* : ੧ (746)

ਲਾਲਨੁ ----- ਪਿਆਰਾ

“ਤੁਮ ਘਰਿ ਲਾਲਨੁ ਤੁਮ ਘਰਿ ਭਾਗੁ।”

– ਆਸਾ ੫, ੫੨, ੨ : ੨ (384)

ਲਾਲਾ –

(1) (ਫਾ. ਲਾਲਾ) ਗੁਲਾਮ, ਸੇਵਕ

“ਲਾਲਾ ਹਾਟਿ ਵਿਹਾਜਿਆ ਕਿਆ ਤਿਸੁ ਚਤੁਰਾਈ।”

– ਗਉ ੪, ੪੬, ੪ : ੧ (166)

(2) ਲਾਲ, ਕੀਮਤੀ ਪਥਰ

“ਰਤਨ ਜਵਾਹਰ ਹਰਿ ਮਾਣਕ ਲਾਲਾ।”

– ਵਡ ੫, ੬, ੨ : ੧ (563)

(3) (ਫਾ. ਲਾਲਹ) ਲਾਲ ਰੰਗ ਦਾ ਇਕ ਫੁਲ

“ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ।”

– ਸੂਹੀ ੫, ਛੰਤ ੧, ੧ : ੪ (777)

(4) ਲਾਲ ਰੰਗ ਦਾ

“ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ।”

– ਸਾਰ ੫, ੯੧, ੧ : ੨ (1222)

ਲਾਲਿ ------ ਪਿਆਰੇ ਨਾਲ

“ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ।”

– ਸਿਰੀ ੧, ਅਸ ੨, ੨ : ੩ (54)

ਲਾਲੀ ------ (1) ਦਾਸੀ

“ਪ੍ਰਿਅ ਕੀ ਚੇਰੀ ਕਾਂਢੀਐ ਲਾਲੀ ਮਾਨੈ ਨਾਉ।”

– ਸਿਰੀ ੧, ਅਸ ੨, ੩ : ੧ (54)

(2) ਲਾਲ ਰੰਗ ਦੀ ਭਾਅ

“ਕਵਨ ਬਨੀ ਰੀ ਤੇਰੀ ਲਾਲੀ।”

– ਆਸਾ ੫, ੫੨, ੧* : ੧ (384)

ਲਾਲੁ ------ (1) ਲਾਲ ਰੰਗ ਦਾ

“ਲਾਲੁ ਗੁਲਾਲੁ ਗਹਬਰਾ ਸਚਾ ਰੰਗੁ ਚੜਾਉ।”

– ਸਿਰੀ ੧, ੧੨, ੧ : ੨ (18)

(2) ਕੀਮਤੀ ਪਥਰ, ਰਤਨ

“ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ।”

– ਸਿਰੀ ੧, ੨੧, ੪ : ੧ (22)

(3) ਪਿਆਰਾ, ਪ੍ਰੀਤਮ

“ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ।”

– ਸਿਰੀ ੧, ੨੫, ੩ : ੧ (23)

ਲਾਲੇ ------ ਸੇਵਕ, ਗੁਲਾਮ

"ਰਾਮ ਹਮ ਸਤਿਗੁਰ ਲਾਲੇ ਕਾਂਢੇ।"
– ਗਉ ੪, ੫੯, ੧* : ੧ (171)

ਲਾਲੈ ------ ਸੇਵਕ ਨੇ
"ਲਾਲੈ ਆਪਣੀ ਜਾਤਿ ਗਵਾਈ।"
– ਆਸਾ ੩, ੪੬, ੧ : ੧ (362)

ਲਾਲੋ ------ (1) ਸੈਦਪੁਰ (ਐਮਨਾਬਾਦ) ਦਾ ਇਕ ਤਰਖਾਣ ਜੋ ਗੁਰੂ ਨਾਨਕ ਸਾਹਿਬ ਦਾ ਅਨਿੰਨ ਸਿਖ ਸੀ
"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ।"
– ਤਿਲੰ ੧, ੫, ੧ : ੧ (722)
(2) ਲਾਲ ਰੰਗ ਦਾ ਵਡਮੁਲਾ ਹੀਰਾ
"ਲਾਲੁ ਅਮੋਲਾ ਲਾਲੋ।"
– ਮਾਰੂ ੫, ੨੩, ੧* : ੧ (1006)

ਲਾਲੋਲਾਲੁ --- ਬਹੁਤ ਗੂੜੇ ਲਾਲ ਰੰਗ ਦਾ
"ਨਾਨਕ ਲਾਲੋਲਾਲੁ ਹੈ ਸਚੈ ਰਤਾ ਸਚੁ।"
– ਮਾਰੂ ੩, ਵਾਰ ੮ਸ, ੧, ੧ : ੨ (1089)

ਲਾਵ ------ ਵਿਆਹ ਸਮੇਂ ਅਗਨ-ਕੁੰਡ ਅਥਵਾ ਗੁਰੂ ਗ੍ਰੰਥ ਸਾਹਿਬ ਦੁਆਲੇ ਲਿਆ ਜਾਂਦਾ ਫੇਰਾ
"ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ।"
– ਸੂਹੀ ੪, ਛੰਤ ੨, ੧ : ੬ (773)

ਲਾਵਉ ----- (1) ਲਾਓ, ਜੋੜੋ
"ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ।"
– ਗਉ ੯, ੫, ੨ : ੧ (219)
(2) ਲਾਈਏ, ਮਲੀਏ
"ਲਲਾ ਲਾਵਉ ਅਉਖਧ ਜਾਹੂ।"
– ਗਉ ੫, ਬਾਅ ੪੫ : ੨ (259)
"ਕਤ ਨਹੀ ਠਉਰ ਮੂਲੁ ਕਤ ਲਾਵਉ।" (ਲਾਵਾਂ, ਮਲਾਂ)
– ਗਉ ਕਬ, ੨੧, ੧ : ੧ (327)
(3) ਲਿਆਵਾਂ, ਰਖਾਂ, ਗਿਣਾਂ
"ਸਗਲ ਛਤ੍ਰਪਤਿ ਏਕੋ ਠਾਕੁਰੁ ਕਉਨ ਸਮਸਰਿ ਲਾਵਉ।"
– ਆਸਾ ੫, ੧੨੧, ੧* : ੨ (401)

ਲਾਵਈ ----- ਲਾਉਂਦਾ, ਜੋੜਦਾ
"ਸਬਦੈ ਸਿਉ ਚਿਤੁ ਨ ਲਾਵਈ ਜਿਤੁ ਸੁਖੁ ਵਸੈ ਮਨਿ ਆਇ।"
– ਬਿਹਾ ੪, ਵਾਰ ੧੫ਸ, ੩, ੧ : ੨ (554)

ਲਾਵਏ ----- ਲਾਉਂਦਾ ਹੈ, ਜੋੜਦਾ ਹੈ
"ਕਹੈ ਨਾਨਕੁ ਜਿਸੁ ਕਰੇ ਕਿਰਪਾ ਸੋ ਹਰਿ ਭਗਤੀ ਚਿਤੁ ਲਾਵਏ।"
– ਆਸਾ ੩, ਛੰਤ ੭, ੧ : ੬ (440)

ਲਾਵਸਿ ----- ਲਾਉਂਦਾ ਹੈ

"ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ।"
- ਗਉ ੧, ੧੫, ੩ : ੧ (155)

ਲਾਵਸਿਤਾ --- ਲਾਉਣਾ
"ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ।"
- ਗਉ ੧, ੧੫, ੧* : ੨ (155)

ਲਾਵਹਿ ----- (1) ਲਾਉਂਦਾ ਹੈ, ਜੋੜਦਾ ਹੈ
"ਧਿਆਨੀ ਧਿਆਨੁ ਲਾਵਹਿ।"
- ਸਿਰੀ ੫, ਅਸ ੨੭, ੧ : ੧ (71)
"ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿ ਗੇ।" (ਲਾਉਣ)
- ਕਲਿ ੪, ੬, ੧* : ੨ (1321)
(2) ਅਲਾਉਣਾ
"ਪਾਂਚਉ ਸੰਗਿ ਬਰੰਗਨ ਲਾਵਹਿ।"
- ਰਾਗ ੧ : ੫੦ (1430)

ਲਾਵਹੀ ----- ਲਾਉਂਦਾ ਹੈ
"ਜਿਸੁ ਹੋਵਹਿ ਆਪਿ ਦਇਆਲੁ ਤਿਸੁ ਸਤਿਗੁਰ ਸੇਵਾ ਲਾਵਹੀ।"
- ਮਾਰੂ ੫, ਵਾਰ ੩ : ੭ (1095)

ਲਾਵਹੁ ----- (1) ਲਾਉ, ਜੋੜੋ
"ਕਰਿ ਕਿਰਪਾ ਪ੍ਰਭੁ ਭਗਤੀ ਲਾਵਹੁ ਸਚੁ ਨਾਨਕ ਅੰਮ੍ਰਿਤੁ ਪੀਏ ਜੀਉ।"
- ਮਾਝ ੫, ੩੫, ੪ : ੩ (105)
"ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧਸੰਗਿ ਮਨੁ ਲਾਵਹੁ।"
- ਕੇਦਾ ੫, ੬, ੧ : ੧ (1120)
(2) ਲਾਉਂਦੇ ਹੋ
"ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣੁ ਨ ਜਾਈ।"
- ਆਸਾ ੧, ਵਾਰ ੧੬ਸ, ੧, ੧ : ੧ (471)

ਲਾਵਹੇ ----- ਲਾਉਂਦਾ ਹੈ
"ਤੇਰੇ ਗੁਣ ਗਾਵਹਿ ਜਾ ਤੁਧੁ ਭਾਵਹਿ ਸਚੇ ਸਿਉ ਚਿਤੁ ਲਾਵਹੇ।"
- ਆਸਾ ੩, ਛੰਤ ੭, ੧੦ : ੪ (442)

ਲਾਵਣ ----- (ਸੰ.) ਸਲੂਣਾ, ਨਮਕੀਨ, ਲਾ ਕੇ ਖਾਣ ਵਾਲੀ ਵਸਤ, ਸਬਜ਼ੀ, ਹੋਰ ਵੇਖੋ 'ਲਾਵਣੁ'
"ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ।"
- ਮਾਰੂ ੫, ਵਾਰ ੧੩ਸ, ੫, ੨ : ੧ (1098)

ਲਾਵਣਾ ----- (1) ਲਾਉਣਾ, ਮਲਣਾ
"ਪ੍ਰੇਮ ਪਿਰਮਲੁ ਤਨਿ ਲਾਵਣਾ ਅੰਤਰਿ ਰਤਨੁ ਵੀਚਾਰੁ।"
- ਆਸਾ ੩, ਅਸ ੩੦, ੬ : ੨ (426)
(2) ਲਾਉਣਾ, ਪਹੁੰਚਾਵਣਾ
"ਤਿਸੁ ਸਿਉ ਪ੍ਰੀਤਿ ਛਾਡਿ ਅਨ ਰਾਤਾ ਕਾਹੂ ਸਿਰੈ ਨ ਲਾਵਣਾ।"
- ਮਾਰੂ ੫, ਸੋਲਾ ੧੪, ੮ : ੩ (1086)

"ਨਾਨਕ ਦਾਸ ਸਦਾ ਸਰਣਾਈ ਦੂਸਰ ਲਵੈ ਨ ਲਾਵਣਾ।" (ਨੇੜੇ ਨਾਹ ਢੁਕਣ ਦੇਣਾ)
– ਮਾਰੂ ੫, ਸੋਲਾ ੧੪, ੧੦ : ੩ (1086)

ਲਾਵਣਿਆ --- ਲਾਉਂਦੇ ਹਨ
"ਹਉ ਵਾਰੀ ਜੀਉ ਵਾਰੀ ਇਕਸੁ ਸਿਉ ਚਿਤੁ ਲਾਵਣਿਆ।" (ਜੋੜਦੇ ਹਨ)
– ਮਾਝ ੩, ਅਸ ੪, ੧* : ੧ (111)

ਲਾਵਣੀ ----- ਲਾਉਂਦਾ ਹੈ
"ਸਭਿ ਤੇਰੀ ਜੋਤਿ ਜੋਤੀ ਵਿਚਿ ਵਰਤਹਿ ਗੁਰਮਤੀ ਤੁਧੈ ਲਾਵਣੀ।"
– ਕਾਨ ੪, ਵਾਰ ੩ : ੩ (1314)

ਲਾਵਣੁ ----- ਸਲੂਣਾ, ਲਾ ਕੇ ਖਾਣ ਵਾਲੀ ਵਸਤ, ਸਬਜ਼ੀ
"ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ।"
– ਸਲੋ ਫਰ, ੨੮ : ੧ (1379)

ਲਾਵਤ ----- ਲਾਉਂਦਾ ਹੈ
"ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ।"
– ਗਉ ੫, ਸੁਖ ੫, ੭ : ੨ (269)

ਲਾਵਨ ----- ਲਾਉਂਦੇ ਭਾਵ ਸਮਝਦੇ
"ਬਿਸਮਨ ਬਿਸਮ ਭਏ ਬਿਸਮਾਦ ਆਨ ਨ ਬੀਓ ਦੂਸਰ ਲਾਵਨ।"
– ਟੋਡੀ ੫, ੨੫, ੨ : ੧ (717)

ਲਾਵਨੋ ----- ਲਗਦਾ ਹੈ
"ਜਨੁ ਨਾਨਕੁ ਤਿਸੁ ਪਗਿ ਲਾਵਨੋ।"
– ਬਿਲਾ ੪, ੭, ੨ : ੬ (801)
"ਮੁਕਤਿ ਜੁਗਤਿ ਅਨਿਕ ਸੂਖ ਹਰਿ ਭਗਤਿ ਲਵੈ ਨ ਲਾਵਨੋ।" (ਲਾਉਣਾ)
– ਕਲਿ ੫, ੧੦, ੨ : ੧ (1323)

ਲਾਵਾ ------ (1) ਲਾਵਾਂ, ਜੋੜਾਂ
"ਪਰਮ ਜੋਤਿ ਸਿਉ ਪਰਚਉ ਲਾਵਾ।"
– ਗਉ ਕਬ, ਬਾਅ ੨੭ : ੨ (341)
(2) ਲਾ ਦਿੱਤਾ, ਜੋੜ ਦਿੱਤਾ
"ਬਿਟਵਹਿ ਰਾਮ ਰਮਊਆ ਲਾਵਾ।"
– ਆਸਾ ਕਬ, ੩੩, ੧* : ੨ (484)

ਲਾਵੀ ------ ਵਾਢੀ ਕਰਨ ਵਾਲਾ, ਭਾਵ ਜਮ
"ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ।"
– ਸਿਰੀ ੧, ਪਹ ੧, ੪ : ੧ (75)

ਲਾਵੀਐ ---- ਲਾ ਲੈਂਦਾ ਹੈ
"ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ।"
– ਕੇਦਾ ੪, ੧, ੧ : ੧ (1118)

ਲਾਵੇ ------ ਵਾਢੀ ਕਰਨ ਵਾਲੇ

"ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ।"
- ਸਿਰੀ ੫, ੭੪, ੨ : ੨ (43)

"ਭਾਗਿ ਗਏ ਪੰਚ ਦੂਤ ਲਾਵੇ।" (ਭਾਵ ਦੁਖ ਦੇਣ ਵਾਲੇ)
- ਆਸਾ ੫, ੯੫, ੨ : ੪ (394)

ਲਾਵੇਰੀ ------ ਦੁੱਧ ਦੇਣ ਵਾਲੀ
"ਗਊ ਭੈਸ ਮਗਉ ਲਾਵੇਰੀ।"
- ਧਨਾ ਧੰਨਾ, ੧, ੨ : ੧ (695)

ਲਾਵੈ ------ (1) ਲਾਉਂਦੇ ਹਨ
"ਲਾਵੈ ਮਾਤ ਪਿਤਾ ਸਦਾ ਗਲ ਸੇਤੀ ਮਨਿ ਜਾਣੈ ਖਟਿ ਖਵਾਏ।"
- ਸਿਰੀ ੪, ਪਹ ੩, ੨ : ੩ (76)

(2) ਲਾਉਂਦਾ, ਜੋੜਦਾ
"ਤਾ ਸਿਉ ਮੂੜਾ ਮਨੁ ਨਹੀ ਲਾਵੈ।"
- ਗਉ ੫, ਸੁਖ ੪, ੩ : ੪ (267)

(3) ਲਾਉਂਦਾ, ਕਰਦਾ
"ਤਉ ਭਵਜਲ ਤਰਤ ਨ ਲਾਵੈ ਬਾਰਾ।"
- ਗਉ ਕਬ, ਬਾਅ ੪੦ : ੪ (342)

(4) ਲਾਉਂਦਾ ਹੈ ਭਾਵ ਮਲਦਾ ਹੈ
"ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ।"
- ਆਸਾ ੫, ੪੩, ੩ : ੧ (381)

(5) ਲਾਂਵਾਂ ਸਮੇਂ, ਫੇਰੇ ਸਮੇਂ
"ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ।"
- ਸੂਹੀ ੪, ਛੰਤ ੨, ੩ : ੬ (774)

(6) ਲਾਉਂਦੀ ਭਾਵ ਸਜਾਉਂਦੀ ਹੈ
"ਕਬੀਰ ਮਾਇਆ ਚੋਰਟੀ ਮੁਸਿ ਮੁਸਿ ਲਾਵੈ ਹਾਟਿ।"
- ਸਲੋ ਕਬ, ੨੦ : ੧ (1365)

(7) ਲਾਏ ਭਾਵ ਵਿਚ ਬਾਲੇ
"ਕਬੀਰ ਐਸਾ ਕੋਈ ਨ ਜਨਮਿਓ ਅਪਨੈ ਘਰਿ ਲਾਵੈ ਆਗਿ।"
- ਸਲੋ ਕਬ, ੪੨ : ੧ (1366)

ਲਾੜੀ ------ ਲਾ ਕੇ ਗਲ ਕਹਿਣੀ (ਸ਼ਬਦਾਰਥ)
ਲੂਤੀ, (ਨਿਰਣੈ); ਚੋਭਵੀਂ ਗਲ; ਲੜਾਈ ਕਰਾ ਦੇਣ ਵਾਲੀ ਗਲ (ਕੋਸ਼)
"ਲਾੜੀ ਚਾੜੀ ਲਾਇਤਬਾਰੁ।"
- ਰਾਮ ੧, ਓਅੰ ੧੩ : ੩ (931)

ਲਾੜੇ ------ ਪਤੀ, ਦੁਲਹਾ, ਵਿਆਹੁਨ ਆਇਆ ਮਰਦ
"ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।"
- ਆਸਾ ੧, ਅਸ ੧੧, ੨ : ੧ (417)

ਲਿਉ ------ ਲਿਵ, ਧਿਆਨ
"ਲਖਿਮੀ ਬਰ ਸਿਉ ਜਉ ਲਿਉ ਲਾਵੈ।"

– ਗਉ ਕਬ, ਬਾਅ ੪੩ : ੩ (342)

ਲਿੰਉ ------ ਲੈ ਲਵਾਂ
“ਲਿੰਉ ਲਿੰਉ ਕਰਤ ਫਿਰੈ ਸਭੁ ਲੋਗੁ।”
– ਸਲੋ ਕਬ, ਬਾਅ ੪੩ : ੧ (342)

ਲਿਆਵਉ --- ਲਿਆਉਂਦਾ
“ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਨਿ ਮਹਤਿ ਪ੍ਰਭ ਤੇਰੈ।”
– ਸਾਰ ੫, ੫੦, ੧* : ੨ (1214)

ਲਿਆਵਹਿ --- ਲਿਆਵੀਏ
“ਪਿਛੈ ਰਵਹਿ ਲਿਆਵਹਿ ਫੇਰਿ।”
– ਮਲਾ ੧, ਵਾਰ ੨੦ਸ, ੧, ੧ : ੬ (1287)

ਲਿਆਵੈ ---- (1) ਭਾਵ ਦੇਵੇ
“ਤ੍ਰਿਤੀਆ ਤੀਨੇ ਸਮ ਕਰਿ ਲਿਆਵੈ।”
– ਗਉ ਕਬ, ਥਿਤੀ ੪ : ੧ (343)

(2) ਲਿਆਏ
“ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।”
– ਆਸਾ ਕਬ, ੬, ੨ : ੨ (477)
“ਬਹੁ ਪਰਪੰਚ ਕਰਿ ਪਰ ਧਨੁ ਲਿਆਵੈ।”
– ਸੋਰ ਕਬ, ੯, ੧ : ੧ (656)

ਲਿਖਉਗੀ --- ਮੈਂ ਲਿਖਾਂਗੀ
“ਗੁਰ ਪੁਛਿ ਲਿਖਉਗੀ ਜੀਉ ਸਬਦਿ ਸਨੇਹਾ।”
– ਗਉ ੧, ਛੰਤ ੧, ੩ : ੨ (242)

ਲਿਖਹ ----- ਲਿਖਤੁ, ਲੇਖਾ
“ਸਰਣਿ ਪਰਹਿ ਤੇ ਉਬਰਹਿ ਛੋਡਿ ਜਮ ਪੁਰ ਕੀ ਲਿਖਹ।”
– ਸਵ ੩, ੧੭ : ੨ (1395)

ਲਿਖਹਿ ----- ਲਿਖ ਕੇ, ਲਿਖਦਾ ਹੈ
“ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ।”
– ਮਾਝ ੩, ਅਸ ੨੩, ੬ : ੩ (123)
“ਹਰਿ ਜਸੁ ਲਿਖਹਿ ਬੇਅੰਤ ਸੋਹਹਿ ਸੇ ਹਥਾ।”
– ਜੈਤ ੫, ਵਾਰ ੧੪ : ੩ (709)

ਲਿਖਹੁ ----- ਲਿਖੋ, ਕਲਮਬੰਦ ਕਰੋ
“ਲਲਤਾ ਲੇਖਣਿ ਸਚ ਕੀ ਪਿਆਰੇ ਹਰਿ ਗੁਣ ਲਿਖਹੁ ਵੀਚਾਰਿ।”
– ਸੋਰ ੧, ਅਸ ੩, ੮ : ੨ (636)
“ਸੁਣਿ ਪਾਡੇ ਕਿਆ ਲਿਖਹੁ ਜੰਜਾਲਾ।” (ਲਿਖਦਾ ਹੈਂ)
– ਰਾਮ ੧, ਓਅੰ ੧* : ੧ (930)

ਲਿਖਣ ----- ਕਲਮਬੰਦ ਕਰਨ (ਲਈ)

“ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ।”
– ਆਸਾ ੫, ਛੰਤ ੮, ੪ : ੫ (458)

ਲਿਖਣਹ ---- ਲਿਖੇ ਅਨੁਸਾਰ
“ਨਾਨਕ ਹਰਿ ਪੂਰਬਿ ਲਿਖਣਹ।”
– ਗਾਥਾ ੫, ੧੫ : ੪ (1361)

ਲਿਖਣਹਾਰਾ -- ਲਿਖਤ ਕਰਨ ਵਾਲਾ, ਲਿਖਣ ਵਾਲਾ, ਲਿਖਾਰੀ
“ਆਪੇ ਪਟੀ ਕਲਮ ਆਪਿ ਆਪਿ ਲਿਖਣਹਾਰਾ ਹੋਆ।”
– ਰਾਮ ਬਸ, ਵਾਰ ੮ : ੩ (968)

ਲਿਖਣਹਾਰੁ -- ਲਿਖਣ ਵਾਲੇ, ਲਿਖ ਸਕਨ ਵਾਲੇ
“ਕਾਗਦਿ ਕਲਮ ਨ ਲਿਖਣਹਾਰੁ।”
– ਜਪੁ ੧, ੧੨ : ੩ (3)

ਲਿਖਣਵਾਲਾ -- ਲਿਖਤ ਕਰਨ ਵਾਲਾ
“ਲਿਖਣਵਾਲਾ ਜਲਿ ਬਲਉ ਜਿਨਿ ਲਿਖਿਆ ਦੂਜਾ ਭਾਉ।”
– ਸਿਰੀ ੪, ਵਾਰ ੬ਸ, ੩, ੧ : ੨ (84)

ਲਿਖਣੁ ----- ਲਿਖਣਾ, ਲਿਖਤ ਵਿਚ ਲਿਆਉਣਾ
“ਅਖਰੀ ਲਿਖਣੁ ਬੋਲਣੁ ਬਾਣਿ।”
– ਜਪੁ ੧, ੧੯ : ੬ (4)

ਲਿਖਤ ----- ਲਿਖੀ ਹੋਈ
“ਪੂਰਬਿ ਲਿਖਤ ਲਿਖੇ ਗੁਰੁ ਪਾਇਆ ਮਨ ਹਰਿ ਲਿਵ ਮੰਡਲ ਮੰਡਾ ਹੇ।”
– ਗਉ ੪, ਸੋਹ ੪, ੧ : ੨ (13)
ਲਿਖੰਤੀ – ਲਿਖੀ ਹੋਈ
“ਹਰਿ ਹੋ ਹੋ ਹੋ ਲਿਖਤੁ ਲਿਖੰਤੀ।”
– ਨਟ ੪, ੮, ੧* : ੪ (977)

ਲਿਖਤੰੀ ---- ਲਿਖਣ ਵਾਲੇ, ਜਿਨ੍ਹਾਂ ਨੇ ਲਿਖਿਆ
“ਕਹਤੇ ਪਵਿਤ੍ਰ ਸੁਣਤੇ ਸਭਿ ਧੰਨ ਲਿਖਤੰੀ ਕੁਲੁ ਤਾਰਿਆ ਜੀਉ।”
– ਸਿਰੀ ੫, ਛੰਤ ੩, ੫ : ੧ (81)

ਲਿਖਤੁ ----- ਲੇਖਣੀ, ਲਿਖਿਆ ਹੋਇਆ
“ਐਸੈ ਧੰਧੁ ਪਿਟਾਈਐ ਸਚੁ ਲਿਖਤੁ ਪਰਵਾਨੁ।”
– ਸਿਰੀ ੧, ੧੯, ੪ : ੧ (21)
“ਮੁਹਲਤਿ ਕਰਿ ਦੀਨੀ ਕਰਮ ਕਮਾਣੇ ਜੈਸਾ ਲਿਖਤੁ ਧੁਰਿ ਪਾਇਆ।” (ਲੇਖਣੀ ਵਿਚ)
– ਸਿਰੀ ੫, ਪਹ ੪, ੧ : ੩ (77)

ਲਿਖਤੇ ----- ਲਿਖਦੇ ਹਨ
“ਚਿਤ੍ਰ ਗੁਪਤੁ ਸਭ ਲਿਖਤੇ ਲੇਖਾ।”
– ਆਸਾ ੫, ੯੧, ੪ : ੧ (393)

ਲਿਖੰਤੈ ----- ਲਿਖੇ ਹੋਏ
"ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ।"
- ਬਸੰ ੫, ਵਾਰ ੧ : ੨ (1193)

ਲਿਖਦਾ ----- ਲਿਖਤ ਵਿਚ ਲਿਆਉਂਦਾ
"ਗੁਣਦਾਤਾ ਵਰਤੈ ਸਭ ਅੰਤਰਿ ਸਿਰਿ ਸਿਰਿ ਲਿਖਦਾ ਸਾਹਾ ਹੇ।"
- ਮਾਰੂ ੩, ਸੋਲਾ ੧੨, ੭ : ੩ (1055)

ਲਿਖਦਿਆ --- ਲੇਖਣੀ ਕਰਦਿਆਂ, ਲਿਖਤ ਕਰਦਿਆਂ
"ਲਿਖਦਿਆ ਲਿਖਦਿਆ ਕਾਗਦ ਮਸੁ ਖੋਈ।"
- ਮਾਝ ੩, ਅਸ ੨੩, ੬ : ੧ (123)

ਲਿਖਨਿ ----- ਲਿਖਦੇ ਹਨ
"ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।"
- ਜਪੁ ੧, ੨੧ : ੧੨ (4)

ਲਿਖਨੁ ----- ਲਿਖਿਆ, ਲਿਖਤ ਵਿਚ ਲਿਆਂਦਾ
"ਬਸੁਧਾ ਕਾਗਦੁ ਜਉ ਕਰਉ ਹਰਿ ਜਸੁ ਲਿਖਨੁ ਨ ਜਾਇ।"
- ਸਲੋ ਕਬ, ੮੧ : ੨ (1368)

ਲਿਖਾ ------ (1) ਲਿਖਤ ਵਿਚ ਲਿਆਵਾਂ
"ਸੁਣਿ ਕੀਰਤਨੁ ਹਰਿ ਗੁਣ ਰਵਾ ਹਰਿ ਜਸੁ ਮਨਿ ਲਿਖਾ।"
- ਸੋਰ ੪, ਵਾਰ ੧੯ : ੩ (650)
(2) ਲਿਖਿਆ ਹੋਇਆ ਹੈ, ਅੰਕਤ ਹੈ
"ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ ਲੇਖ ਲਿਖਾ।"
- ਸਾਰ ੫, ੪੦, ੧ : ੧ (1212)
"ਧਨੁ ਧੰਨੁ ਸੁ ਰਸਨਾ ਧੰਨੁ ਕਰ ਧੰਨੁ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ।" (ਲਿਖਿਆ)
- ਕਾਨ ੪, ਵਾਰ ੮ : ੫ (1316)

ਲਿਖਾਇ ---- (1) ਲਿਖਾ ਕੇ
"ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ।"
- ਸਿਰੀ ੧, ਅਸ ੯, ੬ : ੧ (59)
(2) ਲਿਖਾਏ ਹਨ
"ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ।"
- ਗਉ ੫, ੧੦੦, ੪ : ੧ (186)

ਲਿਖਾਇਆ -- ਲਿਖਿਆ ਹੈ, ਲਿਖਵਾਇਆ ਹੈ
"ਮੇਰੈ ਹਰਿ ਪ੍ਰਭਿ ਲੇਖੁ ਲਿਖਾਇਆ ਧੁਰਿ ਮਸਤਕਿ ਪੂਰਾ।"
- ਗਉ ੩, ੩੭, ੪ : ੧ (163)
"ਧੁਰਿ ਮਰਣੁ ਲਿਖਾਇਆ ਗੁਰਮੁਖਿ ਸੋਹਾਇਆ ਜਨ ਉਬਰੇ ਹਰਿ ਹਰਿ ਧਿਆਨਿ ਜੀਉ।"
- ਆਸਾ ੪, ਛੰਤ ੧੩, ੩ : ੧ (447)

“ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ।” (ਲਿਖੇ ਗਏ)
– ਸੋਰ ਕਬ, ੩, ੨ : ੨ (654)

ਲਿਖਾਇਦਾ -- ਲਿਖਿਆ ਹੋਇਆ ਹੈ
“ਗੁਰਮੁਖਿ ਪ੍ਰਗਟੁ ਭਇਆ ਤਿਨ ਜਨ ਕਉ ਜਿਸ ਧੁਰਿ ਮਸਤਕਿ ਲੇਖੁ ਲਿਖਾਇਦਾ।”
– ਮਾਰੂ ੫, ਸੋਲਾ ੫, ੧੫ : ੩ (1076)

ਲਿਖਾਈ ---- ਲਿਖਵਾ ਦਿੱਤਾ, ਲਿਖਤ ਵਿਚ ਲਿਆ ਦਿੱਤਾ
“ਬਹਤਰਿ ਘਰ ਇਕੁ ਪੁਰਖੁ ਸਮਾਇਆ ਉਨਿ ਦੀਆ ਨਾਮੁ ਲਿਖਾਈ।”
– ਸੂਹੀ ਕਬ, ੫, ੩ : ੧ (793)

ਲਿਖਾਈਐ --- ਉਕਰੀਏ, ਲਿਖੀਏ
“ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ।”
– ਵਡ ੧, ਛੰਤ ੧, ੧ : ੫ (566)

ਲਿਖਾਏ ------ ਲਿਖੇ ਹੋਏ
“ਪੂਰਨ ਗੁਰ ਪਾਇ ਪੂਰਬਿ ਲਿਖਾਏ ਸਭ ਨਿਧਿ ਦੀਨ ਦਇਆਲਾ।”
– ਆਸਾ ੫, ਛੰਤ ੩, ੪ : ੩ (454)

ਲਿਖਾਸਿ ---- ਲੇਖ
“ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ।”
– ਗੂਜ ੪, ਸੋਦ ੪, ੪ : ੧ (10)

ਲਿਖਾਸੇ ------ ਲੇਖ
“ਜਨੁ ਨਾਨਕੁ ਗੁਰੁ ਤਿਨੀ ਪਾਇਆ ਜਿਨ ਧੁਰਿ ਲਿਖਤੁ ਲਿਲਾਟਿ ਲਿਖਾਸੇ।”
– ਆਸਾ ੪, ਛੰਤ ੧੭, ੧ : ੪ (449)

ਲਿਖਾਹਾ ---- (1) ਲਿਖਿਆ ਹੋਇਆ ਹੈ
“ਤਿਨ੍ਹਾ ਪਰਾਪਤਿ ਏਹੁ ਨਿਧਾਨਾ ਜਿਨ੍ਹ ਕੈ ਕਰਮਿ ਲਿਖਾਹਾ।”
– ਦੇਵ ੫, ੧੦, ੧ : ੨ (530)

(2) ਲਿਖਦਾ ਹੈ
“ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ।”
– ਸੋਰ ੪, ੬, ੧ : ੩ (606)

ਲਿਖਾਹੀ ---- ਲਿਖਿਆ ਹੋਇਆ ਹੈ
“ਸੇਈ ਪੁਰਖ ਹਰਿ ਸੇਵਦੇ ਜਿਨ ਧੁਰਿ ਮਸਤਕਿ ਲੇਖੁ ਲਿਖਾਹੀ।”
– ਸੋਰ ੪, ਵਾਰ ੧੭ : ੩ (649)

ਲਿਖਾਂਹੀ ---- ਲਿਖਿਆ ਹੋਇਆ ਹੈ
“ਸੋ ਮਿਲਿਆ ਜੋ ਪ੍ਰਭੁ ਮਿਲਾਇਆ ਜਿਸੁ ਮਸਤਕਿ ਲੇਖੁ ਲਿਖਾਂਹੀ।”
– ਸਾਰ ੫, ੧੬, ੪ : ੧ (1207)

ਲਿਖਾਧਾ ---- ਲਿਖਿਆ ਹੈ
“ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ।”

– ਮਾਰੂ ੫, ਵਾਰ ੧੯ : ੫ (1101)

ਲਿਖਾਰੀ ---- ਲੇਖਕ, ਲਿਖਣ ਵਾਲਾ
"ਆਪੇ ਲੇਖਣਿ ਆਪਿ ਲਿਖਾਰੀ ਆਪੇ ਲੇਖੁ ਲਿਖਾਹਾ।"
– ਸੋਰ ੪, ੬, ੧ : ੩ (606)

ਲਿਖਾਵਉ --- ਲਿਖਦਾ ਹਾਂ
"ਨਾਨਕੁ ਦਾਸ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ ਲਿਖਾਵਉ ਰੇ।"
– ਆਸਾ ੫, ੧੩੧, ੨ : ੨ (404)

ਲਿਖਾਵਣਿਆ – ਲਿਖਿਆ ਹੈ
"ਨਾਨਕ ਨਾਮੁ ਮਿਲਿਆ ਤਿਨ ਜਨ ਕਉ ਜਿਨ ਧੁਰਿ ਮਸਤਕਿ ਲੇਖੁ ਲਿਖਾਵਣਿਆ।"
– ਮਾਝ ੩, ਅਸ ੩੩, ੮ : ੩ (129)

ਲਿਖਾਵਤੀ --- ਲਿਖਦਾ ਹੈ
"ਹਥਿ ਕਲੰਮ ਅਗੰਮ ਮਸਤਕਿ ਲਿਖਾਵਤੀ।"
– ਗਉ ੫, ਬਾਅ ੫੫ਸ : ੧ (261)

ਲਿਖਾਵੈ ----- ਲਿਖਾਉਂਦਾ ਹੈ
"ਜਿਤਨੇ ਜੀਅ ਜੰਤ ਪ੍ਰਭਿ ਕੀਨੇ ਤਿਤਨੇ ਸਿਰਿ ਕਾਰ ਲਿਖਾਵੈ।"
– ਮਲਾ ੪, ੪, ੧ : ੧ (1263)

ਲਿਖਿ ------ ਲਿਖਕੇ, ਲਿਖੇ ਅਨੁਸਾਰ
"ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ।" (ਲਿਖੇ ਅਨੁਸਾਰ)
– ਜਪੁ ੧, ੨ : ੩ (1)
"ਏਹੁ ਲੇਖਾ ਲਿਖਿ ਜਾਣੈ ਕੋਇ।" (ਲਿਖ ਕੇ)
– ਜਪੁ ੧, ੧੬ : ੧੪ (3)
"ਕਲਉ ਮਸਾਜਨੀ ਕਿਆ ਸਦਾਈਐ ਹਿਰਦੈ ਹੀ ਲਿਖਿ ਲੇਹੁ।" (ਲਿਖ ਲਵੋ)
– ਸਿਰੀ ੪, ਵਾਰ ੫ਸ, ੩, ੧ : ੧ (84)

ਲਿਖਿਓ ---- (1) ਲਿਖਿਆ ਹੈ
"ਮਿਲਿ ਸੰਗਤਿ ਧੁਰਿ ਕਰਮ ਲਿਖਿਓ।"
– ਗਉ ੫, ੧੩, ੧ : ੨ (241)
"ਲਿਖਿਓ ਲੇਖੁ ਨ ਮੇਟਤ ਕੋਊ।" (ਲਿਖਿਆ ਹੋਇਆ)
– ਗਉ ੫, ਬਾਅ ੧੭ : ੨ (253)
(2) ਲਿਖਿਆ ਹੁਕਮ, ਹੁਕਮਨਾਮਾ
"ਅਭੂਲੁ ਨ ਭੂਲੈ ਲਿਖਿਓ ਨ ਚਲਾਵੈ ਮਤਾ ਨ ਕਰੈ ਪਚਾਸਾ।"
– ਸਾਰ ੫, ੩੮, ੧ : ੧ (1212)

ਲਿਖਿਅੜਾ --- ਲਿਖਿਆ ਹੋਇਆ
"ਲਿਖਿਅੜਾ ਸਾਹਾ ਨਾ ਟਲੈ ਜਿਹੜਾ ਪੁਰਬਿ ਕਮਾਇਆ।"
– ਵਡ ੧, ਅਲਾ ੫, ੩ : ੨ (582)

ਲਿਖਿਅੜੇ --- ਲਿਖੇ ਹੋਏ

“ਮਿਲੁ ਪੂਰਬਿ ਲਿਖਿਅੜੇ ਧੁਰਿ ਕਰਮਾ।”

– ਗਉ ੪, ੬੫, ੩ : ੪ (173)

ਲਿਖਿਆ ---- (1) ਅੰਕਤ ਕੀਤਾ

“ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।”

– ਜਪੁ ੧, ੧ : ੬ (1)

“ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ।”

– ਰਾਮ ੧, ਓਅੰ ੫੨ : ੪ (937)

(2) ਲਿਖਣ ਨਾਲ, ਅੰਕਤ ਕਰਨ ਨਾਲ

“ਲੇਖਾ ਲਿਖਿਆ ਕੇਤਾ ਹੋਇ।”

– ਜਪੁ ੧, ੧੬ : ੧੬ (3)

(3) ਲਿਖੇ ਅਨੁਸਾਰ, ਅੰਕਤ ਕੀਤੇ ਅਨੁਸਾਰ

“ਪੂਰਬਿ ਲਿਖਿਆ ਪਾਇਆ।”

– ਸੋਰ ੫, ੮੧, ੨ : ੪ (629)

(4) ਪੱਤਰ, ਲਿਖਤ

“ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ।”

– ਸਾਰ ੪, ਵਾਰ ੩ਸ, ੨, ੧ : ੧ (1238)

ਲਿਖਿਆਸਾ -- ਲਿਖਿਆ ਹੋਇਆ ਹੈ, ਅੰਕਤ ਕੀਤਾ ਹੋਇਆ ਹੈ

“ਬਹੁ ਜੋਨੀ ਭਵਹਿ ਧੁਰਿ ਕਿਰਤਿ ਲਿਖਿਆਸਾ।”

– ਗਉ ੫, ੭੧*, ੩ : ੧ (176)

ਲਿਖਿਆਸਿ -- ਲਿਖਿਆ ਹੋਇਆ ਹੈ

“ਨਾਨਕ ਗੁਰਮੁਖਿ ਤਿਨੀ ਨਾਮੁ ਧਿਆਇਆ
ਜਿਨ ਕੰਉ ਧੁਰਿ ਪੂਰਬਿ ਲਿਖਿਆਸਿ।”

– ਵਡ ੪, ਵਾਰ ੧੭ਸ, ੩, ੨ : ੪ (593)

ਲਿਖਿਆਸੁ --- (1) ਲਿਖਿਆ ਹੋਇਆ ਹੈ

“ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ।”

– ਮਾਝ ੫, ਬਾਰਾ ੫ : ੪ (134)

(2) ਲਿਖੇ ਅਨੁਸਾਰ

“ਦਹਦਿਸਿ ਧਾਵਹਿ ਕਰਮ ਲਿਖਿਆਸੁ।”

– ਗਉ ੧, ੬, ੩ : ੪ (152)

ਲਿਖੀ ------ ਅੰਕਤ ਹੈ

“ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ।”

– ਬਿਹਾ ੫, ਛੰਤ ੫, ੩ : ੨ (545)

ਲਿਖੀਐ ---- (1) ਅੰਕਤ ਕਰੀਏ

“ਲੇਖਾ ਹੋਇ ਤਾ ਲਿਖੀਐ ਲੇਖੈ ਹੋਇ ਵਿਣਾਸੁ।”

– ਜਪੁ ੧, ੨੨ : ੪ (5)

“ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ।” (ਭਾਵ ਗਿਣਿਆ ਜਾਂਦਾ ਹੈ)

– ਜਪੁ ੧, ੨੬ : ੨੬ (6)

(2) ਅੰਕਤ ਕਰਦੇ ਹਾਂ, ਲਿਖਦੇ ਹਾਂ
"ਨਾਨਕ ਹੁਕਮੀ ਲਿਖੀਐ ਲੇਖੁ।"
– ਆਸਾ ੧, ਵਾਰ ੭ਸ, ੧, ੧ : ੧੭ (466)

ਲਿਖੁ ------ (1) ਲਿਖੋ, ਅੰਕਤ ਕਰੋ
"ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।"
– ਸਿਰੀ ੧, ੬, ੧ : ੨ (16)
(2) ਲਿਖਿਆ ਹੋਇਆ
"ਨਾਲੇ ਅਲਖੁ ਨ ਲਖੀਐ ਮੂਲੇ ਗੁਰਮੁਖਿ ਲਿਖੁ ਵੀਚਾਰਾ ਹੇ।"
– ਮਾਰੂ ੧, ਸੋਲਾ ੧੭, ੧ : ੩ (1028)

ਲਿਖੇ ------ ਅੰਕਤ ਕੀਤੇ
"ਜਿਸਿ ਏਹਿ ਲਿਖੇ ਤਿਸੁ ਸਿਰਿ ਨਾਹਿ।"
– ਜਪੁ ੧, ੧੯ : ੮ (4)
"ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ।" (ਭਾਵ ਲਿਖੇ ਹੁਕਮ)
– ਵਡ ੧, ਛੰਤ ੧, ੧ : ੪ (566)

ਲਿਖੇਰਾ ----- ਲਿਖਿਆ ਹੋਇਆ / ਅੰਕਤ ਕੀਤਾ ਹੋਇਆ ਸੀ
"ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ।"
– ਟੋਡੀ ੪, ੧, ੪ : ੨ (711)

ਲਿਖੈ ------ ਲਿਖੇ, ਲਿਖਤ ਕਰੇ
"ਧਨੁ ਲੇਖਾਰੀ ਨਾਨਕਾ ਪਿਆਰੇ ਸਾਚੁ ਲਿਖੈ ਉਰਿ ਧਾਰਿ।"
– ਸੋਰ ੧, ਅਸ ੩, ੮ : ੩ (636)
"ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ।"
– ਮਲਾ ੧, ਵਾਰ ੪ : ੬ (1280)

ਲਿਖੋਈਐ --- ਲਿਖਿਆ / ਅੰਕਤ ਕੀਤਾ ਹੁੰਦਾ ਹੈ
"ਸੋ ਪਾਏ ਪੂਰਾ ਸਤਗੁਰੂ ਜਿਸੁ ਧੁਰਿ ਮਸਤਕਿ ਲਿਲਾਟਿ ਲਿਖੋਈਐ।"
– ਵਡ ੪, ਵਾਰ ੪ : ੪ (587)

ਲਿਖੋਗੁ ----- ਲਿਖਣਯੋਗ ਭਾਵ ਲੇਖ
"ਸੰਤ ਟਹਲ ਸੋਈ ਹੈ ਲਾਗਾ ਜਿਸੁ ਮਸਤਕਿ ਲਿਖਿਆ ਲਿਖੋਗੁ।"
– ਟੋਡੀ ੫, ੮, ੨ : ੧ (713)

ਲਿਖੵਉ ----- ਲਿਖਿਆ
"ਆਦਿ ਪੁਰਖਿ ਪਰਤਖਿ ਲਿਖੵਉ ਅਛਰੁ ਮਸਤਕਿ ਧੁਰਿ।"
– ਸਵ ੫, ਮਥੁ ੨ : ੨ (1408)

ਲਿਖੵਣ ਃ --- ਲਿਖੇ (ਭਾਗਾ) ਅਨੁਸਾਰ
"ਲਬਧੇਣ ਸਾਧ ਸੰਗੇਣਿ ਨਾਨਕ ਮਸਤਕਿ ਲਿਖੵਣ ਃ।"
– ਗਾਥਾ ੫, ੨੨ : ੨ (1361)

ਲਿੰਙ ------ ਨਰੋਏ ਅੰਗ

"ਹੋਵਹਿ ਲਿੰਙ ਝਿੰਙ ਨ ਹੋਵਹਿ ਐਸੀ ਕਹੀਐ ਸੁਰਤਿ।"
– ਸਾਰ ੪, ਵਾਰ ੨੦ਸ, ੨, ੨ :੨ (1245)

ਲਿਜੈ ------ ਲਏ ਜਾਂਦੇ ਹਨ
"ਸਚੁ ਸਚਾ ਜਿਨ ਮਨਿ ਭਾਵਦਾ ਸੇ ਮਨਿ ਸਚੀ ਦਰਗਹ ਲਿਜੈ।"
– ਗਉ ੪, ਵਾਰ ੨੦ : ੪ (312)

ਲਿਤਾ ------ ਲਿਆ
"ਹਉਮੈ ਮੇਰਾ ਕਰਿ ਮੁਏ ਕਿਛੁ ਸਾਥਿ ਨ ਲਿਤਾ।"
– ਸੂਹੀ ੩, ਵਾਰ ੫ : ੨ (787)

ਲਿਤੇ ------ ਲਏ
"ਗੁਰਿ ਅਪਣੀ ਕਿਰਪਾ ਧਾਰਿ ਅਪਣੇ ਕਰਿ ਲਿਤੇ।"
– ਸੋਰ ੪, ਵਾਰ ੨੭ : ੪ (653)

ਲਿਪਤ ----- ਲਗਦੀ, ਛੁਹੰਦੀ, ਲੇਪ ਹੋਣਾ
"ਨਾਨਕ ਲਿਪਤ ਨਹੀ ਤਿਹ ਮਾਇਆ।"
– ਗਉ ੫, ਬਾਅ ੪੨ : ੮ (259)

ਲਿਪ੍ਤੇ ----- ਛੁਹੰਦੇ, ਲਗਦੇ, ਲੇਖ ਹੁੰਦਾ
"ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਤੇ।"
– ਸਸ ੫, ੩੬ : ੨ (1357)

ਲਿਲਾਟ ----- (ਸੰ.) ਮਸਤਕ / ਮੱਥੇ (ਉਪਰ)
"ਪਰਮ ਪਰਸ ਗੁਰੁ ਭੇਟੀਐ ਪੂਰਬ ਲਿਖਤ ਲਿਲਾਟ।"
– ਗਉ ਰਵਿ, ਅਸ ੧, ੬ : ੧ (346)

ਲਿਲਾਟੰ ---- ਮਸਤਕ / ਮਥੇ ਤੇ, ਵੇਖੋ ਲਿਲਾਟ
"ਗਲਿ ਮਾਲਾ ਤਿਲਕੁ ਲਿਲਾਟੰ।"
– ਆਸਾ ੧, ਵਾਰ ੧੪ਸ, ੧, ੨ : ੫ (470)

ਲਿਲਾਟਹਿ --- ਮਸਤਕ / ਮੱਥੇ ਤੇ
"ਜਉ ਗੁਰਦੇਉ ਲਿਲਾਟਹਿ ਲੇਖ।"
– ਭੈਰ ਨਾਮ, ੧੧, ੫ : ੪ (1167)

ਲਿਲਾਟਿ ---- ਮੱਥੇ ਤੇ, ਵੇਖੋ 'ਲਿਲਾਟ'
"ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ।"
– ਆਸਾ ੧, ੨੦, ੪ : ੩ (355)
"ਜਿਨ ਕਉ ਲਿਲਾਟਿ ਲਿਖਿਆ ਧੁਰਿ ਨਾਮੁ।" (ਭਾਵ ਭਾਗਾਂ ਵਿਚ)
– ਮਲਾ ੩, ੬, ੧* : ੧ (1259)

ਲਿਲਾਧੋ ----- ਮੱਥੇ ਤੇ, ਭਾਗਾਂ ਵਿਚ
"ਧੁਰਿ ਹੋ ਹੋ ਲਿਖੇ ਲਿਲਾਧੋ।"
– ਕਾਨ ੪, ੧, ੪ : ੧ (1297)

ਲਿਲਾਰ ------ ਮੱਥਾ

“ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ।”

– ਸੂਹੀ ੫, ਮਥੁ ੬ : ੧ (1409)

ਲਿਲਾਰਾ ---- ਮਥੇ ਉਤੇ

“ਤਿਨ੍ਹੀ ਅੰਤਰਿ ਹਰਿ ਆਰਾਧਿਆ ਜਿਨ ਕਉ ਧੁਰਿ ਲਿਖਿਆ ਲਿਖਤੁ ਲਿਲਾਰਾ।”

– ਸੂਹੀ ੪, ੯, ੧ : ੧ (733)

ਲਿਲਾਰਿ ---- ਮੱਥੇ ਉਤੇ

“ਨਾਨਕ ਲਿਲਾਰਿ ਲਿਖਿਆ ਸੋਇ।”

– ਮਾਝ ੧, ਵਾਰ ੧੩ਸ, ੧, ੭ : ੧ (144)

ਲਿਲਾਰੇ ---- ਮੱਥੇ ਤੇ

“ਸੋ ਪਾਏ ਪੂਰਾ ਸਤਿਗੁਰੂ ਜਿਸੁ ਲਿਖਿਆ ਲਿਖਤੁ ਲਿਲਾਰੇ।”

– ਗਉ ੪, ਵਾਰ ੧੪ਸ, ੪, ੧ : ੧੧ (307)

ਲਿਲੇਰੈ ------ ਮੱਥੇ ਤੇ

“ਸੋ ਪਾਵੇ ਜਿਸੁ ਲਿਖਤੁ ਲਿਲੇਰੈ।”

– ਕਾਨ ੫, ੩੪, ੧* : ੫ (1304)

ਲਿਵ ------ (1) ਲੀਨਤਾ, ਬਿਰਤੀ (ਸੁਰਤ) ਦਾ ਇਕਰਸ ਲਗਾਓ, ਧਿਆਨ ਦੀ ਇਕਾਗਰਤਾ, ਲਗਨ

“ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।”

– ਜਪੁ ੧, ੧ : ੨ (1)

“ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ।” (ਪ੍ਰਭੂ ਲੀਨਤਾ)

– ਸਿਰੀ ੪, ਵਾਰ ੧੨ਸ, ੩, ੨ : ੩ (87)

“ਨਾਨਕੁ ਨੀਚੁ ਕਹੈ ਲਿਵ ਲਾਇ।” (ਭਾਵ ਵਿਚਾਰ ਕੇ)

– ਗਉ ੧, ਅਸ ੪, ੮ : ੪ (223)

(2) ਪ੍ਰੀਤ, ਪਿਆਰ

“ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ।”

– ਗਉ ੫, ੧੬੫*, ੨ : ੧ (216)

“ਜੈਸਾ ਕਰਮ ਤੈਸੀ ਲਿਵ ਲਾਵੈ।” (ਲਗਨ)

– ਪ੍ਰਭਾ ੧, ਅਸ ੧, ੩, ੩ (1342)

“ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ।” (ਪ੍ਰੀਤ ਵਿਚ)

– ਗੂਜ ੧, ਅਸ ੧, ੨ : ੨ (503)

“ਧਾਤੁ ਮਿਲੈ ਫੁਨਿ ਧਾਤੁ ਕਉ ਲਿਵ ਲਿਵੈ ਕਉ ਧਾਵੈ।” (ਪਿਆਰ)

– ਤਿਲੰ ੧, ਅਸ ੧, ੮ : ੧ (725)

“ਓਸ ਕੋ ਕਿਹੁ ਪੋਹਿ ਨ ਸਕੀ ਜਿਸ ਕਉ ਆਪਣੀ ਲਿਵ ਲਾਵਏ।” (ਪਿਆਰ)

– ਰਾਮ ੩, ਅਨੰ ੨੮ : ੩ (920)

(3) ਧਿਆਨ ਲਾ ਕੇ, ਵਿਚਾਰ ਕਰਕੇ

“ਬਿਨੁ ਸਤਿਗੁਰ ਸੇਵੇ ਮੁਕਤਿ ਨ ਹੋਈ ਮਨਿ ਦੇਖਹੁ ਲਿਵ ਲਾਈ ਹੇ।”

– ਮਾਰੂ ੩, ਸੋਲਾ ੩, ੧੫ : ੩ (1046)

ਲਿਵਤਾਰ ---- ਅਖੰਡ ਲਿਵ, ਇਕ ਰਸ ਲਿਵ
"ਨਾਨਕ ਹਰਿ ਨਾਮੁ ਜਿਨੀ ਆਰਾਧਿਆ ਅਨਦਿਨੁ ਹਰਿ ਲਿਵਤਾਰ।"
– ਸਿਰੀ ੪, ਵਾਰ ੧੮ਸ, ੩, ੨ : ੧ (90)

ਲਿਵਤਾਰਾ --- ਇਕ ਰਸ ਲਗਨ ਨਾਲ
"ਸਬਦੁ ਵੀਚਾਰੇ ਏਕ ਲਿਵਤਾਰਾ।"
– ਆਸਾ ੧, ਅਸ ੨, ੮ : ੩ (412)

ਲਿਵਲੀਣੁ --- ਸਭ ਵਿਚ ਰਵਿਆ ਹੋਇਆ
"ਬਦਤਿ ਜੈ ਦੇਉ ਜੈ ਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵਲੀਣੁ ਪਾਇਆ।"
– ਮਾਰੂ ਜੈਦੇ, ੧, ੨ : ੨ (1106)

ਲਿਵਾੜਿ ---- ਲਿਬੇੜ ਕੇ, ਗਲੇਫ ਕੇ
"ਫਰੀਦਾ ਏ ਵਿਸੁ ਗੰਦਲਾ ਧਰੀਆ ਖੰਡ ਲਿਵਾੜਿ।"
– ਸਲੋ ਫਰ, ੩੭ : ੧ (1379)

ਲਿਵੈ ------ ਲਿਵ ਦੀ ਭਾਵ ਪ੍ਰੀਤ ਦੀ
"ਨਾਨਕ ਧਾਤੁ ਲਿਵੈ ਜੋੜ ਨ ਆਵਈ ਜੇ ਲੋਚੈ ਸਭੁ ਕੋਇ।"
– ਗਉ ੪, ਵਾਰ ੩੧ਸ, ੪, ੨ : ੫ (316)
"ਹਰਿ ਸਜਣੁ ਲਧਾ ਮੇਰੇ ਪਿਆਰੇ ਨਾਨਕ ਗੁਰੂ ਲਿਵੈ।" (ਪ੍ਰੇਮ ਸਦਕਾ)
– ਆਸਾ ੪, ਛੰਤ ੨੧, ੩ : ੪ (452)
"ਸਾਚੀ ਲਿਵੈ ਬਿਨੁ ਦੇਹ ਨਿਮਾਣੀ।" (ਲਗਨ / ਪ੍ਰੀਤ ਤੋਂ)
– ਰਾਮ ੩, ਅਨੰ ੬ : ੧ (917)

ਲੀਉ ------ (1) ਲਿਆ ਹੈ
"ਅਪੁਨਾ ਦਾਸਰਾ ਆਪੇ ਮੁਲਿ ਲੀਉ।"
– ਗਉ ੫, ਅਸ ੯, ੬ : ੨ (240)
(2) ਲਿਵ
"ਨਾਮੁ ਇਕ ਰਸ ਰੰਗ ਨਾਮਾ ਨਾਮਿ ਲਾਗੀ ਲੀਉ।"
– ਮਾਰੂ ੫, ੨੮, ੨ : ੧ (1007)

ਲੀਓ ------ (1) ਲਿਆ
"ਰਾਮ ਮੇਰਾ ਮਨੁ ਬੇਧਿ ਲੀਓ ਹਰਿ ਸਾਚੇ।"
– ਗਉ ੪, ੫੫, ੧* : ੧ (169)
"ਰਜ ਪੰਕਜ ਮਹਿ ਲੀਓ ਨਿਵਾਸ।" (ਧਾਰਨ ਕੀਤਾ, ਲਿਆ)
– ਭੈਰ ਕਬ, ਅਸ ੧, ੪ : ੨ (1162)
"ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ।" (ਧਾਰਨ ਕੀਤਾ)
– ਸਲੋ ੯, ੧੭ : ੧ (1427)
(2) ਪ੍ਰਾਪਤ ਕੀਤਾ
"ਕੀਓ ਸੀਗਾਰੁ ਮਿਲਣ ਕੈ ਤਾਈ, ਪ੍ਰਭੁ ਲੀਓ ਸੁਹਾਗਨਿ, ਥੂਕ ਮੁਖਿ ਪਾਈਆ।"
– ਬਿਲਾ ੪, ਅਸ ੫, ੭ : ੨ (836)
"ਦਾਸੁ ਕਮੀਰੁ ਚੜਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ।"
– ਭੈਰ ਕਬ, ੧੭, ੬ : ੨ (1162)

ਲੀਓਇ ---- ਲਿਆ ਹੈ

"ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ।"

– ਸਿਰੀ ੪, ਵਾਰ ੧੬ : ੪ (89)

ਲੀਅਉ ----- ਲਿਆ ਹੈ

"ਪਰਤਛਿ ਰਿਦੈ ਗੁਰ ਅਰਜਨੁ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ।"

– ਸਵ ੫, ਮਥੁ ੫ : ੪ (1409)

ਲੀਅੜਾ ---- ਲਿਆ ਹੈ

"ਰਾਵੇ ਰੰਗਿ ਰਾਤੜਿਆ ਮਨੁ ਲੀਅੜਾ ਦੀਤਾ ਰਾਮ।"

– ਆਸਾ ੧, ਛੰਤ ੧, ੪ : ੨ (436)

ਲੀਆ ----- (1) ਲਿਆ

"ਓਨੀ ਚਲਣੁ ਸਦਾ ਨਿਹਾਲਿਆ ਹਰਿ ਖਰਚੁ ਲੀਆ ਪਤਿ ਪਾਇ।"

– ਸਿਰੀ ੪, ੭੦, ੨ : ੨ (42)

"ਰਾਖਿ ਲੀਆ ਗੁਰਿ ਪੂਰੈ ਆਪਿ।"

– ਗਉ ੫, ੧੨੩, ੧ : ੧ (190)

(2) ਪ੍ਰਾਪਤ ਕੀਤਾ

"ਕਰਿ ਚੋਰੀ ਮੈ ਜਾ ਕਿਛੁ ਲੀਆ ਤਾ ਮਨਿ ਭਲਾ ਭਾਇਆ।"

– ਗਉ ੧, ੧੩, ੩ : ੨ (155)

"ਮਨੁ ਦੇ ਰਾਮੁ ਲੀਆ ਹੈ ਮੋਲਿ।"

– ਗਉ ਕਬ, ੧੯, ੧ : ੨ (327)

(3) ਲਿਆਂ

"ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ।"

– ਗਉ ੧, ੧੮, ੩ : ੧ (157)

(4) ਲਿਆ ਭਾਵ ਉਚਾਰਿਆ, ਸਿਮਰਿਆ

"ਜਾ ਕਉ ਕ੍ਰਿਪਾ ਕਰੀ ਪ੍ਰਭਿ ਮੇਰੈ ਮਿਲਿ ਸਾਧ ਸੰਗਤਿ ਨਾਉ ਲੀਆ।"

– ਸੋਰ ੫, ੯, ੩ : ੨ (611)

"ਸੁਪਨੈ ਨਾਮੁ ਨ ਹਰਿ ਲੀਆ।"

– ਬਸੰ ੫, ਅਸ ੨, ੩ : ੪ (1192)

(5) (ਅ. ਲਅਈਨ) ਮਰਦੂਦ, ਫਿਟਕਾਰਿਆ ਹੋਇਆ

"ਸੰਤਾ ਕਾ ਲੀਆ ਧਰਤਿ ਬਿਦਾਰਉ।"

– ਗੋਂਡ ੫, ੧੮, ੧ : ੧ (867)

(6) ਨਾਲ ਲਿਆ, ਚੁਕਿਆ

"ਛਾਡਿ ਚਲੇ ਹਮ ਕਛੂ ਨ ਲੀਆ।"

– ਭੈਰ ਕਬ, ੭, ੩ : ੨ (1159)

ਲੀਏ ------ (1) ਲਏ

"ਰਾਖਿ ਲੀਏ ਸਗਲੇ ਪ੍ਰਭਿ ਆਪੇ।"

– ਮਾਝ ੫, ੩੬, ੪ : ੧ (105)

(2) ਧਾਰਨ ਕੀਤਾ, ਲਿਆ

"ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ।"

– ਆਸਾ ੧, ੩੩, ੩ : ੧ (358)

ਲੀਕ ------ ਰੇਖਾ, ਲਕੀਰ
"ਪਾਣੀ ਅੰਦਰਿ ਲੀਕ ਜਿਉ ਤਿਸ ਦਾ ਥਾਉ ਨ ਥੇਹੁ।"
– ਆਸਾ ੧, ਵਾਰ ੨੨ਸ, ੨, ੪ : ੨ (474)
"ਜਾ ਤੇ ਭ੍ਰਮ ਕੀ ਲੀਕ ਮਿਟਾਈ।"
– ਸੋਰ ਕਬ, ੫, ੪ : ੨ (655)
(ਮਹਾਨਕੋਸ਼ ਅਰਥ 'ਲਿਖਤ' ਕਰਦਾ ਹੈ)

ਲੀਖਿਆ ---- ਲਿਖਿਆ ਹੋਇਆ ਭਾਵ ਭਾਗਾਂ ਵਿਚ
"ਤਿਨ੍ਹਾ ਮਿਲਿਆ ਗੁਰੁ ਆਇ ਜਿਨ ਕਉ ਲੀਖਿਆ।"
– ਸੂਹੀ ੧, ੫, ੨ : ੧ (729)

ਲੀਖੇ ------ ਲਿਖੇ ਹਨ, ਅੰਕਤ ਹਨ
"ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨੁ ਬੀਜਾਇਦਾ।"
– ਮਾਰੂ ੧, ਸੋਲਾ ੧੭, ੧੪ : ੩ (1038)
"ਦਸ ਅਠ ਲੀਖੇ ਹੋਵਹਿ ਪਾਸਿ।" (ਲਿਖੇ ਹੋਏ)
– ਬਸੰ ੧, ੩, ੨ : ੧ (1169)

ਲੀਗੁ ------ ਲਿੰਗ, ਸ਼ਿਵ-ਲਿੰਗ
"ਦੇਵਲ ਮਧੇ ਲੀਗੁ ਆਛੈ ਲੀਗੁ ਸੀਗੁ ਹੀਗੁ ਗੋ।"
– ਟੋਡੀ ਨਾਮ, ੩, ੨ : ੨ (718)

ਲੀਚੈ ------ ਲਵੋ, ਗ੍ਰਹਣ ਕਰੋ
"ਅੰਮ੍ਰਿਤ ਰਸੁ ਸਚੁ ਅੰਮ੍ਰਿਤੁ ਬੋਲੀ ਗੁਰਿ ਪੂਰੈ ਅੰਮ੍ਰਿਤੁ ਲੀਚੈ ਜੀਉ।"
– ਮਾਝ ੪, ੬, ੩ : ੩ (96)
"ਅਚਿੰਤ ਹਮਾਰੈ ਲੀਚੈ ਨਾਉ।" (ਲਿਆ ਜਾਂਦਾ ਹੈ)
– ਭੈਰ ੫, ੬, ੨ : ੨ (1157)

ਲੀਜਹਿਗੇ --- ਲੈਣਗੇ
"ਗੁਰੂ ਜੁ ਨ ਚੇਤਹਿ ਆਪਨੋ ਅਧਮਾਝਿ ਲੀਜਹਿਗੇ ਲੂਟਿ।"
– ਸਲੋ ਕਬ, ੭੩ : ੨ (1368)

ਲੀਜੀ ------ ਲੈਣ ਯੋਗ ਭਾਵ ਲਾਭ
"ਜਨਮਿ ਜਨਮਿ ਕਿਛੁ ਲੀਜੀ ਲੀਜੈ।"
– ਆਸਾ ੧, ੯, ੧* : ੨ (351)

ਲੀਜੀਐ ---- ਲਵੋ
"ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ।"
– ਬਿਹਾ ੫, ਛੰਤ ੬, ੧ : ੩ (545)

ਲੀਜੈ ------ (1) ਲਓ
"ਕਰਿ ਕਿਰਪਾ ਡੁਬਦਾ ਪਥਰੁ ਲੀਜੈ।" (ਭਾਵ ਬਚਾ ਲਵੋ, ਕੱਢ ਲਵੋ)
– ਮਾਝ ੫, ੨੯, ੪ : ੨ (103)

"ਡੂਬਤ ਪਾਹਨ ਪ੍ਰਭ ਮੇਰੇ ਲੀਜੈ।" (ਤਾਰ ਲਵੋ)

– ਸੂਹੀ ੫, ੨੦, ੫ : ੨ (741)

"ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ।" (ਲਵੋ ਭਾਵ ਪ੍ਰਾਪਤ ਕਰੋ)

– ਗਉ ੧, ੧੬, ੧ : ੨ (156)

"ਸਹਜ ਕੈ ਪਾਵੜੈ ਪਗੁ ਧਰਿ ਲੀਜੈ।" (ਲਈਏ)

– ਗਉ ਕਬ, ੩੧, ੧* : ੨ (329)

(2) ਜਪੀਏ, ਲਈਏ

"ਅਹਿਨਿਸਿ ਨਾਮੁ ਤਿਸੈ ਕਾ ਲੀਜੈ ਹਰਿ ਊਤਮੁ ਪੁਰਖੁ ਪਰਧਾਨੁ ਜੀਉ।"

– ਆਸਾ ੧, ਛੰਤ ੪, ੩ : ੫ (438)

"ਸੁਕ੍ਰਿਤੁ ਕੀਜੈ ਨਾਮੁ ਲੀਜੈ ਨਰਕਿ ਮੂਲਿ ਨ ਜਾਈਐ।"

– ਆਸਾ ੫, ਛੰਤ ੧੩, ੧ : ੪ (461)

(3) ਲੈਂਦੇ ਹਨ, ਪ੍ਰਾਪਤ ਕਰਦੇ ਹਨ

"ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ।"

– ਆਸਾ ੪, ਛੰਤ ੧੮, ੪ : ੪ (450)

"ਗੁਰਮੁਖਿ ਹੋਇ ਕਾਇਆ ਗੜ ਲੀਜੈ।" (ਭਾਵ ਜਿਤੇ)

– ਰਾਮ ੧, ਅਸ ੫, ੪ : ੩ (905)

"ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ।" (ਲਵੋ, ਪਕੜੋ, ਪ੍ਰਾਪਤ ਕਰੋ)

– ਮਾਰੂ ੫, ੨, ੪ : ੨ (999)

(4) ਲਈਏ, ਪਕੜੀਏ

"ਬਿਨੁ ਰਘੁਨਾਥ ਸਰਨਿ ਦਾ ਕੀ ਲੀਜੈ।"

– ਜੈਤ ਰਵਿ, ੧, ੬ : ੨ (710)

(5) ਲਵੋ

"ਮੋਹਿ ਨਿਰਗੁਨ ਲੀਜੈ ਲੜਿ ਲਾਇ।"

– ਬਿਲਾ ੫, ੩, ੧* : ੨ (802)

(6) ਲਈਦਾ ਹੈ

"ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ।"

– ਰਾਮ ੧, ਅਸ ੫, ੩ : ੩ (905)

(7) ਲੈਂਦੇ ਹਨ, ਕਰਦੇ ਹਨ

"ਲੇਖਾ ਲੀਜੈ ਤਿਲ ਜਿਉ ਪੀੜੀ।"

– ਮਾਰੂ ੧, ਸੋਲਾ ੮, ੧੦ : ੧ (1028)

ਲੀਠਾ ------ **ਚਟਿਆ**

"ਹਰਿ ਪ੍ਰਭ ਆਨਿ ਮਿਲਾਵਹੁ ਗੁਰੁ ਸਾਧੂ ਘਸਿ ਗਰੁੜੁ ਸਬਦੁ ਮੁਖਿ ਲੀਠਾ।"

– ਗਉ ੪, ੬੧, ੪ : ੧ (171)

ਲੀਣ ------ **ਸਮਾਇਆ ਹੋਇਆ, ਮਗਨ**

"ਇਹ ਮਨਿ ਲੀਣ ਭਏ ਸੁਖਦੇਉ।"

– ਗਉ ਕਬ, ਅਸ ੩੬, ੮ : ੨ (330)

ਲੀਣਉ ----- **ਮਗਨ ਹੋਣਾ**

"ਸੁਪਨਿ ਇਕੁ ਪਰਤਖਿ ਇਕੁ ਇਕਸ ਮਹਿ ਲੀਣਉ।"
– ਸਵ ੩, ੧੨ : ੩ (1394)

ਲੀਣਾ ------ (1) ਸਮਾ ਗਿਆ, ਵਿਲਯ ਹੋਇਆ, ਲੀਨ ਹੋਇਆ
"ਉਦੈ ਅਸਤ ਕੀ ਮਨ ਬੁਧਿ ਨਾਸੀ ਤਉ ਸਦਾ ਸਹਜਿ ਲਿਵ ਲੀਣਾ।"
– ਆਸਾ ਕਬ, ੧, ੩ : ੨ (475)
"ਨਾਨਕ ਸਾਹਿਬੁ ਭਰਪੁਰਿ ਲੀਣਾ।"
(ਮਿਲਿਆ ਹੋਇਆ, ਵਿਆਪਕ)
– ਵਡ ੫, ੨, ੪ : ੨ (562)
(2) ਮਸਤ ਹੋਇਆ, ਮਗਨ ਹੋਇਆ
"ਪ੍ਰੇਮ ਭਗਤਿ ਤਾ ਕਾ ਮਨੁ ਲੀਣਾ ਪਾਰਬ੍ਰਹਮ ਮਨਿ ਭਾਵੈ।"
– ਸੋਰ ੫, ੭੯, ੨ : ੨ (628)

ਲੀਤ ------ ਲਿਆ
"ਸੰਤ ਪ੍ਰਸਾਦਿ ਭਏ ਮਨ ਨਿਰਮਲ ਕਰਿ ਕਿਰਪਾ ਅਪੁਨੇ ਕਰਿ ਲੀਤ।"
– ਟੋਡੀ ੫, ੨੧, ੨ : ੧ (716)

ਲੀਤੜਾ ----- ਲਿਆ
"ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ।"
– ਤਿਲੰ ੧, ੩, ੧ : ੧ (721)

ਲੀਤਾ ------ ਲਿਆ, ਪ੍ਰਾਪਤ ਕੀਤਾ
"ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ।"
– ਵਡ ੫, ਛੰਤ ੧, ੨ : ੬ (577)
"ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ।" (ਜਿਤਿਆ, ਲਿਆ)
– ਸਲੋ ਫਰ, ੪੮ : ੨ (1380)

ਲੀਤੀ ------ ਲਈ
"ਮੋਹਿ ਦੀਨ ਹਰਿ ਹਰਿ ਓਟ ਲੀਤੀ।"
– ਰਾਮ ੫, ਅਸ ੧, ੨ : ੪ (912)

ਲੀਤੀਅਨੁ --- ਉਸਨੇ ਲਿਆ
"ਸਉਪੇ ਜਿਸੁ ਭੰਡਾਰ ਫਿਰਿ ਪੁਛ ਨ ਲੀਤੀਅਨੁ।"
– ਰਾਮ ੫, ਵਾਰ ੪ : ੨ (958)

ਲੀਤੀਆ ---- ਲੈ ਲਈਆਂ
"ਨਾਨਕ ਜਿਨਿ ਅਖੀ ਲੀਤੀਆ ਸੋਈ ਸਚਾ ਦੇਇ।"
– ਸਿਰੀ ੪, ਵਾਰ ੧ਸ, ੩, ੨ : ੪ (83)

ਲੀਨ ------ (1) ਸਮਾ ਜਾਣਾ, ਵਿਲਯ ਹੋਣਾ
"ਨਿਮਖ ਨ ਲੀਨ ਭਇਓ ਚਰਨਨ ਸਿੰਉ ਬਿਰਥਾ ਅਉਧ ਸਿਰਾਨੀ।"
– ਗਉ ੯, ੮, ੨ : ੨ (220)
"ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ।"
– ਸਲੋ ੯, ੧੧ : ੨ (1426)

(2) ਲਿਆ

"ਕਾਢਿ ਲੀਨ ਸਾਗਰ ਸੰਸਾਰ।"

- ਗਉ ਕਬ, ਅਸ ੪੦, ੨ : ੨ (331)

"ਕਰਮ ਭਾਵਨੀ ਸੰਗ ਲੀਨ।" (ਲਏ)

- ਬਸੰ ਕਬ, ੬, ੨ : ੨ (1195)

"ਦੀਨ ਲੀਨ ਪਿਆਸ ਮੀਨ ਸੰਤਨਾ ਹਰਿ ਸੰਤਨਾ।" (ਦੀਨਤਾ ਲੈ, ਨਮਰ ਬਣ)

- ਕਾਨ ੫, ੩੫, ੨ : ੧ (1305)

(3) ਲੈਂਦਾ ਹੈ

"ਤਾ ਕੈ ਜਾਤਿ ਨ ਪਾਤੀ ਨਾਮ ਲੀਨ।" (ਭਾਵ ਨਾ ਕੋਈ ਜਾਣਦਾ ਹੈ)

- ਬਸੰ ੧, ਅਸ ੨, ੩ : ੩ (1188)

(4) ਲਿਆ ਭਾਵ ਪਕੜਿਆ

"ਮਰਨੇ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ।"

- ਸਲੋ ਕਬ, ੭੧ : ੨ (1368)

ਲੀਨਉ ----- ਲਿਆ ਹੈ, ਜਪਿਆ ਹੈ

"ਨਾਨਕ ਲਾਜ ਬਿਰਦ ਕੀ ਰਾਖਹੁ ਨਾਮੁ ਤੁਹਾਰਉ ਲੀਨਉ।"

- ਸੋਰ ੯, ੯, ੩ : ੨ (633)

ਲੀਨਾ ------ (1) ਲੀਨ ਹੋਇਆ, ਸਮਾਇਆ, ਰਚਿਆ

"ਮਨ ਪਿਆਰਿਆ ਜੀਉ ਮਿਤ੍ਰਾ ਹਰਿ ਪ੍ਰੇਮ ਭਗਤਿ ਮਨੁ ਲੀਨਾ।"

- ਸਿਰੀ ੫, ਛੰਤ ੨, ੫ : ੧ (80)

"ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ।"

- ਸੋਰ ੫, ੧੫, ੧ : ੧ (612)

"ਦੁਖ ਬਿਸਾਰਿ ਸੁਖ ਅੰਤਰਿ ਲੀਨਾ।" (ਲੈ ਲਿਆ, ਵਸਾ ਲਿਆ)

- ਬਿਲਾ ਨਾਮ, ੧, ੧ : ੨ (857)

(2) ਲਿਆ

"ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ।"

- ਗਉ ੯, ੪, ੧ : ੨ (219)

"ਅੰਧ ਕੂਪ ਤੇ ਕਰੁ ਗਹਿ ਲੀਨਾ।" (ਬਚਾ ਲਿਆ)

- ਬਿਲਾ ੫, ੧੨, ੨ : ੧ (804)

(3) ਮਸਤ

"ਖੀਰ ਸੰਗਿ ਬਾਰਿਕੁ ਹੈ ਲੀਨਾ ਪ੍ਰਭ ਸੰਤ ਐਸੇ ਹਿਤਕਾਰੀ।"

- ਸੋਰ ੫, ੧੬, ੨ : ੨ (613)

"ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ।" (ਮਸਤ ਹੋ ਗਿਆ)

- ਸੋਰ ੫, ੫੫, ੧* : ੧ (622)

(4) ਲਿਆ, ਜਪਿਆ

"ਰਾਮ ਕੋ ਨਾਮੁ ਨ ਕਬਹੁ ਲੀਨਾ।"

- ਸੂਹੀ ਕਬ, ੧, ੧ : ੨ (792)

"ਅੰਮ੍ਰਿਤ ਨਾਮੁ ਮਹਾਂ ਰਸੁ ਲੀਨਾ।"

- ਬਿਲਾ ੫, ੧੨, ੩ : ੨ (804)

(5) ਲਿਆ ਭਾਵ ਕੀਤਾ
“ਨਾਨਕ ਦਰਸਿ ਲੀਨਾ ਜਿਉ ਜਲ ਮੀਨਾ ਸਭ ਦੇਖਿਐ ਅਨਭੈ ਕਾ ਦਾਤਾ।”
– ਸਾਰ ੫, ਛੰਤ ੧, ੧ : ੬ (1236)

ਲੀਨੀ ------ (1) ਬਚਾ ਲਿਆ
“ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜਿਆਹੁ।”
– ਮਾਝ ੫, ਬਾਰਾ ੧੧ : ੬ (135)
(2) ਲੀਨ ਹੋ ਗਿਆ
“ਹਰਿ ਰਸੁ ਗੁਰ ਤੇ ਪਾਇਆ ਮੇਰਾ ਮਨੁ ਤਨੁ ਲੀਨੀ।”
– ਗਉ ੩, ੩੮, ੨ : ੨ (163)
“ਸਭੁ ਤਨੁ ਮਨੁ ਦੇਹ ਹਰਿ ਲੀਨੀ।”
– ਸੋਰ ਕਬ, ੪, ੪ : ੨ (655)
(3) ਲਈ, ਪ੍ਰਾਪਤ ਕੀਤੀ
“ਆਗਿਆ ਨਹੀ ਲੀਨੀ ਭਰਮਿ ਭੁਲਾਇਆ।”
– ਗਉ ੧, ਅਸ ੧੪, ੧ : ੩ (227)
“ਮਨ ਰੇ ਕਉਨੁ ਕੁਮਤਿ ਤੈ ਲੀਨੀ।” (ਧਾਰਨ ਕੀਤੀ)
– ਸੋਰ ੯, ੩, ੧* : ੧ (632)
(4) ਲਈ
“ਨਾ ਤੁਮ ਡੋਲਹੁ ਨਾ ਹਮ ਗਿਰਤੇ ਰਖਿ ਲੀਨੀ ਹਰਿ ਮੇਰੀ।”
– ਰਾਮ ਕਬ, ੩, ੧ : ੨ (969)

ਲੀਨੁ ------ (1) ਮਗਨ
“ਮੇਰਾ ਮਨੁ ਤਨੁ ਲੀਨੁ ਭਇਆ ਰਾਮ ਨਾਮੈ ਮਤਿ ਗੁਰਮਤਿ ਰਾਮ ਰਸਾਲਾ।”
– ਮਾਲੀ ੪, ੫, ੧* : ੨ (985)
(2) ਲਿਆ ਹੈ
“ਮਾਨਸ ਕੋ ਜਨਮੁ ਲੀਨੁ ਸਿਮਰਨੁ ਨਹ ਨਿਮਖ ਕੀਨੁ।”
– ਜੈਜਾ ੯, ੩, ੧ : ੧ (1352)

ਲੀਨੇ ------ (1) ਲਏ
“ਲੜਿ ਲੀਨੇ ਲਾਏ ਨਉ ਨਿਧਿ ਪਾਏ ਨਾਉ ਸਰਬ ਸੁ ਠਾਕੁਰਿ ਦੀਨਾ।”
– ਸਿਰੀ ੫, ਛੰਤ ੨, ੫ : ੫ (80)
(2) ਠੱਗੇ ਹੋਏ, ਗ੍ਰਸੇ ਹੋਏ
“ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ।”
– ਗਉ ਕਬ, ੬੮, ੨ : ੧ (338)
“ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ।”
– ਕੇਦਾ ਕਬ, ੪, ੧ : ੧ (1124)

ਲੀਨੋ ------ (1) ਲਿਆ
“ਬਾਹ ਪਕਰਿ ਲੀਨੋ ਕਰਿ ਅਪਨਾ।”
– ਗਉ ੫, ੯੬, ੨ : ੩ (183)
(2) ਲੀਨ ਹੋਇਆ, ਖਚਿਤ ਹੋਇਆ, ਮਗਨ ਹੋਇਆ

"ਕਾਮਿ ਕ੍ਰੋਧਿ ਲੋਭਿ ਮੋਹਿ ਮਨੁ ਲੀਨੋ ਨਿਰਗੁਣ ਕੇ ਦਾਤਾਰੇ।"
– ਗਉ ੫, ੧੩੮*, ੪ : ੧ (210)

(3) ਪ੍ਰਾਪਤ ਕੀਤਾ
"ਜੋ ਜੋ ਦੀਨੋ ਸੁ ਨਾਨਕ ਲੀਨੋ।"
– ਗਉ ੫, ਬਾਅ ੧੭ : ੮ (253)

(4) ਪਕੜਿਆ
"ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ।"
– ਗਉ ਕਬ, ੬੮, ੧* : ੨ (338)

ਲੀਨ੍ਹ ------ ਲਿਆ
"ਜਿਨਿ ਗਿਆਨੁ ਰਤਨੁ ਹਿਰਿ ਲੀਨ੍ਹ।"
– ਆਸਾ ਕਬ, ੨੭, ੧* : ੨ (482)

ਲੀਨ੍ਹੀ ------ ਲਈ
"ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ।"
– ਬਿਲਾ ੫, ਛੰਤ ੨, ੩ : ੩ (846)

ਲੀਨ੍ਹੇ ------ ਲਏ
"ਪਾਰਬ੍ਰਹਮਿ ਪ੍ਰਭਿ ਦਇਆ ਧਾਰੀ ਬਖਸਿ ਲੀਨ੍ਹੇ ਆਪਿ।"
– ਗੂਜ ੫, ੨੮, ੪ : ੧ (501)

ਲੀਪ ------ ਲੇਪ
"ਬਸੈ ਘਟਾ ਘਟ ਲੀਪ ਨ ਛੀਪੈ।"
– ਕਾਨ ਨਾਮ, ੧, ੧ : ੧ (1318)

ਲੀਪਤ ----- ਲਿਪਦਿਆਂ, ਲੇਪਨ ਕਰਦਿਆਂ
"ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ।"
– ਬਿਲਾ ਕਬ, ੪, ੧ : ੧ (856)

ਲੀਪਿ ------ ਲਿਪ ਕੇ, ਲਾ ਕੇ
"ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।"
– ਸਿਰੀ ੧, ੧, ੧ : ੨ (14)

ਲੀਪਿਐ ---- ਲਿਪਨ ਨਾਲ
"ਲੀਪਿਐ ਥਾਇ ਨ ਸੁਚਿ ਹਰਿ ਮਾਨੈ।"
– ਭੈਰ ੫, ੫੩, ੨ : ੨ (1151)

ਲੀਲ ------ ਲੀਲਾ, ਚੋਜ, ਕੌਤਕ
"ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ।"
– ਮਾਰੂ ੧, ਅਸ ੩, ੭ : ੧ (1010)

ਲੀਲਾ ------ ਖੇਡਾਂ, ਚੋਜ, ਕੌਤਕ
"ਆਖੇੜ ਬਿਰਤਿ ਰਾਜਨ ਕੀ ਲੀਲਾ।"
– ਗਉ ੫, ੮੧, ੩ : ੩ (179)

"ਮੇਰੇ ਸਤਿਗੁਰ ਅਪਨੇ ਬਾਲਿਕ ਰਾਖਹੁ ਲੀਲਾ ਧਾਰਿ।" (ਚੋਜ ਵਰਤਾ ਕੇ)
– ਆਸਾ ੫, ੩੭, ੧* : ੧ (379)

ਲੀਲਿਤ ----- ਨਿਗਲਦੀ ਹੈ
"ਜਿਹਬਾ ਸੁਆਦੀ ਲੀਲਿਤ ਲੋਹ।"
– ਸਾਰ ਨਾਮ, ੧, ੧ : ੩ (1252)

ਲੀਵਨਾ ----- ਪੀਣਾ (ਸ਼ਬਦਾਰਥ, ਦਰਪਣ); ਲੀਨ ਹੋਣਾ (ਮਹਾਨਕੋਸ਼); ਜੁੜਨਾ (ਨਿਰਣੈ)
"ਭੋਗਨਾ ਮਨ ਮਧੇ ਹਰਿ ਰਸੁ ਸੰਤਸੰਗਤਿ ਮਹਿ ਲੀਵਨਾ।
– ਮਾਰੂ ੫, ਅਸ ੬, ੪ : ੧ (1019)

ਲੀਵਨਿ ----- ਜੁੜਨਾ, ਲੀਨ ਹੋਣਾ
"ਜਿਉ ਮੀਨਾ ਜਲ ਸਿਉ ਉਰਝਾਨੋ ਰਾਮ ਨਾਮ ਸੰਗਿ ਲੀਵਨਿ।"
– ਸਾਰ ੫, ੯੧, ੨ : ੧ (1222)

ਲੀਵਾ ------ ਲਵਾਂ ਗਾ
"ਮਨ ਅੰਦਰਿ ਅੰਮ੍ਰਿਤੁ ਗੁਰਮਤਿ ਹਰਿ ਲੀਵਾ ਜੀਉ।"
– ਗਉ ੪, ੭੦, ੧ : ੨ (175)

ਲੀੜਾ ------ ਪੀਤਾ
"ਅਨਹਤ ਧੁਨਿ ਵਾਜਹਿ ਨਿਤ ਵਾਜੇ ਹਰਿ ਅੰਮ੍ਰਿਤ ਧਾਰ ਰਸ ਲੀੜਾ।"
– ਜੈਤ ੪, ੬, ੧ : ੨ (698)

ਲੁਹਾਰ ----- ਲੋਹਕਾਰ, ਲੋਹੇ ਦਾ ਕੰਮ ਕਰਨ ਵਾਲਾ ਕਾਰੀਗਰ
"ਮਤਿ ਬਸਿ ਪਰਉ ਲੁਹਾਰ ਕੇ ਜਾਰੈ ਦੂਜੀ ਬਾਰ।"
– ਸਲੋ ਕਬ, ੯੦ : ੨ (1369)

ਲੁਹਾਰੀ ----- ਲੋਹੇ ਦੀ ਬੇੜੀ
"ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ।"
– ਬਸੰ ੧, ਅਸ ੮, ੩ : ੨ (1191)

ਲੁਹਿ ------ ਲੁੱਛਕੇ, ਜਲ ਕੇ
"ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।"
– ਸੂਹੀ ਫਰ, ੧, ੧ : ੧ (794)

ਲੁਕਈਹੈ ---- ਲੁਕਾਵੇਂਗਾ
"ਊਠਤ ਬੈਠਤ ਠੇਗਾ ਪਰਿ ਹੈ ਤਬ ਕਤ ਮੂਡ ਲੁਕਈਹੈ।"
– ਗੂਜ ਕਬ, ੧, ੧ : ੨ (524)

ਲੁਕਾਇਆ -- ਲੁਕਾ ਕੇ ਰਖਿਆ, ਛੁਪਾ ਕੇ ਰਖਿਆ
"ਤਿਨਿ ਕਰਤੈ ਆਪੁ ਲੁਕਾਇਆ।"
– ਸਿਰੀ ੧, ਅਸ ੨੮, ੧੫ : ੨ (72)
"ਜਗਿ ਮਰਣੁ ਨ ਭਾਇਆ ਨਿਤ ਆਪੁ ਲੁਕਾਇਆ ਮਤ ਜਮੁ ਪਕਰੈ ਲੈ ਜਾਇ ਜੀਉ।"
– ਆਸਾ ੪, ਛੰਤ ੧੩, ੨ : ੧ (447)

ਲੁਕਾਇਦੜੋ -- ਲੁਕਾਉਂਦਾ ਹੈ
"ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੇ।"
- ਆਸਾ ੫, ਛੰਤ ੧੩, ੧ : ੨ (461)

ਲੁਕਾਈ ---- (1) ਲੁਕਾ ਕੇ, ਛੁਪਾ ਕੇ
"ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ।"
- ਸੋਰ ੪, ੯, ੪ : ੨ (608)
(2) ਲੋਕ, ਖਲਕਤ
"ਸਭ ਕਥਿ ਕਥਿ ਰਹੀ ਲੁਕਾਈ।"
- ਸੋਰ ਕਬ, ੪, ੩ : ੨ (655)

ਲੁਕਾਣਾ ---- ਲੁਕਿਆ ਹੋਇਆ ਹੈ
"ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ।"
- ਆਸਾ ੧, ਅਸ ੧੪, ੪ : ੨ (419)

ਲੁਕਾਨਾ ----- ਲੁਕ ਗਿਆ, ਭਾਵ ਜੁੜ ਗਿਆ ਹੈ
"ਮਨੁ ਮਾਨਕੁ ਲਿਵ ਤਤੁ ਲੁਕਾਨਾ।"
- ਪ੍ਰਭਾ ਕਬ, ੧, ੨ : ੨ (1349)

ਲੁਕਾਨੀ ----- ਲੁਕੀ ਹੈ
"ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ।"
- ਬਸੰ ੪, ੩, ੧ : ੧ (1178)

ਲੋੁਕਾਨੀ ---- ਲੋਕਾਂ ਦੀ
"ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੋੁਕਾਨੀ।" (ਲੋਕ-ਲਾਜ)
- ਸਾਰ ੧, ੧, ੩ : ੨ (1197)

ਲੁਕਾਨੇ ----- ਲੁਕੇ, ਛੁਪੇ
"ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ।"
- ਬਿਲਾ ੪, ਅਸ ੧, ੩ : ੨ (833)

ਲੁਕਿ ------ (1) ਛੁਪ
"ਗੁਹਜ ਰਤਨ ਵਿਚਿ ਲੁਕਿ ਰਹੇ ਕੋਈ ਗੁਰਮੁਖਿ ਸੇਵਕੁ ਕਢੈ ਖੋਤਿ।"
- ਗਉ ੪, ਵਾਰ ੧੬ : ੨ (309)
"ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ।" (ਛੁਪ ਕੇ)
- ਗਉ ੪, ਵਾਰ ੨੭ : ੨ (315)
(2) ਲੁਕਾਓ, ਓਲ੍ਹਾ
"ਅੰਤਰਿ ਬਾਹਰਿ ਸੰਗਿ ਕਿਆ ਕੋ ਲੁਕਿ ਕਰੈ।"
- ਰਾਮ ੫, ਵਾਰ ੧੩ : ੩ (958)

ਲੁਚਾਨੀ ----- ਲੱਗੀ ਹੋਈ ਹੈ
"ਤਿਨ ਕੀ ਧੂਰਿ ਮੰਗਹ ਪ੍ਰਭ ਸੁਆਮੀ ਹਮ ਹਰਿ ਹਰਿ ਲੋਚ ਲੁਚਾਨੀ।"
- ਧਨਾ ੪, ੩, ੨ : ੨ (669)

ਲੋਚਾਨੀ ---- ਲਗ ਗਈ
"ਹਰਿ ਹਰਿ ਜਪਨੁ ਜਪਿ ਲੋਚ ਲੋਚਾਨੀ ਹਰਿ ਕਿਰਪਾ ਕਰਿ ਬਨਵਾਲੀ।"
– ਧਨਾ ੪, ੪, ੪ : ੧ (668)

ਲੁੰਜਿਤ ----- ਜਿਨ੍ਹਾਂ ਦੇ ਸਿਰ ਤੋਂ ਵਾਲ ਪੁਟੇ ਹੋਏ (ਨੋਚੇ ਗਏ) ਹੋਣ ਭਾਵ ਜੈਨੀ ਪੂਜਯ
"ਲੁੰਜਿਤ ਮੁੰਜਿਤ ਮੋਨਿ ਜਟਾ ਧਰ ਅੰਤਿ ਤਊ ਮਰਨਾ।"
– ਆਸਾ ਕਬ, ੫, ੧ : ੨ (476)

ਲੁਝਣਾ ----- ਝਗੜਣਾ
"ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ ਜਾਸੀ
ਜਨਮ ਗਵਾਇ।"
– ਸਿਰੀ ੪, ਵਾਰ ੧੨ਸ, ੩, ੨ : ੮ (87)

ਲੁਝੀ ------ ਝਗੜਦਾ ਹੈ, ਲੁਝਦਾ ਹੈ
"ਪਰੈ ਪਰੈ ਹੀ ਕਉ ਲੁਝੀ ਹੇ।"
– ਗਉ ੫, ੧੫੪*, ੧ : ੨ (213)
"ਮਨ ਬਿਖੈ ਹੀ ਮਹਿ ਲੁਝੀ ਹੇ।" (ਫਸਿਆ ਰਹਿਣਾ)
– ਗਉ ੫, ੧੫੪*, ੩ : ੨ (213)

ਲੁਝੀਐ ----- ਝਗੜੀਏ
"ਮੂਰਖੈ ਨਾਲਿ ਨ ਲੁਝੀਐ।"
– ਆਸਾ ੧, ਵਾਰ ੧੯ : ੫ (473)

ਲੁਝੈ ------- ਝਗੜਦਾ/ਲੜਦਾ ਹੈ
"ਭੂਮੀਆ ਭੂਮਿ ਊਪਰਿ ਨਿਤ ਲੁਝੈ।"
– ਗਉ ੫, ੧੧੩, ੨ : ੧ (188)
"ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ।" (ਝਗੜਦਾ ਭਾਵ ਤੰਗ ਕਰਦਾ)
– ਕੇਦਾ ੫, ੧੫, ੨ : ੨ (1122)

ਲੁਟਾਇਆ -- ਲੁੱਟਾ ਦੇਣਾ, ਅਜਾਈਂ ਗੁਆ ਦੇਣਾ
"ਜਿਨੀ ਅੰਮ੍ਰਿਤੁ ਭਰਮਿ ਲੁਟਾਇਆ ਬਿਖੁ ਸਿਉ ਰਚਹਿ ਰਚੰਨਿ੍।"
– ਬਿਲਾ ੪, ਵਾਰ ੧੨ਸ, ੩, ੧ : ੪ (854)

ਲੁਟਾਵੈ ----- ਲੁਟਾ ਦੇਵੈ, ਅਜਾਈਂ ਗੁਆ ਦੇਵੇ, ਐਵੇਂ ਵੰਡੀ ਜਾਵੇ
"ਸੁਤ ਦਾਰਾ ਪਹਿ ਆਨਿ ਲੁਟਾਵੈ।"
– ਸੋਰ ਕਬ, ੯, ੧ : ੨ (656)

ਲੁਟਿਓ ----- ਲੁਟ ਲਿਆ, ਧਕੇ ਨਾਲ ਖੋਹ ਲਿਆ
"ਸੁਰਿ ਨਰ ਦੇਵ ਅਸੁਰ ਤ੍ਰੈ ਗੁਨੀਆ ਸਗਲੋ ਭਵਨੁ ਲੁਟਿਓ ਰੀ।"
– ਆਸਾ ੫, ੫੧, ੧ : ੨ (384)

ਲੁਟਿਆ ---- ਲੁਟ ਲਿਆ, ਧੱਕੇ ਨਾਲ ਖੋਹ ਲਿਆ
"ਗੜੁ ਲੀਤਾ ਘਟੁ ਲੁਟਿਆ ਦੀਵੜੇ ਗਿਆ ਬੁਝਾਇ।"

– ਸਲੋ ਫਰ, ੪੮ : ੨ (1380)

ਲੁਟੀਐ ----- ਲੁਟਿਆ ਜਾ ਰਿਹਾ ਹੈ, ਧਕੇ ਨਾਲ ਖੋਹਿਆ ਜਾ ਰਿਹਾ ਹੈ
"ਜਗਤੁ ਮੁਸੈ ਅੰਮ੍ਰਿਤ ਲੁਟੀਐ ਮਨਮੁਖ ਬੂਝ ਨ ਪਾਇ।"
– ਮਲਾ ੧, ਵਾਰ ੮ : ੬ (1282)

ਲੁਟੇਨਿ ----- ਲੁਟਦੇ ਰਹਿੰਦੇ ਹਨ
"ਅੰਮ੍ਰਿਤ ਕੇਲ ਕਰੇ ਨਿਤ ਕਾਮਣਿ ਅਵਰਿ ਲੁਟੇਨਿ ਸੁ ਪੰਚ ਜਨਾ।"
– ਗਉ ੧, ੧੪, ੨ : ੨ (155)

ਲੁਡੰਦੜੀ ---- ਲੇਟਦੀ, ਲਿਪਟੀ ਹੋਈ
"ਧੂੜੀ ਵਿਚ ਲੁਡੰਦੜੀ ਸੋਹਾਂ ਨਾਨਕ ਤੈ ਸਹ ਨਾਲੇ।"
– ਸਲੋ ੫, ੨ : ੨ (1424)

ਲੁਡਾਇ ---- ਹਿਲਾ ਕੇ, ਹੁਲਾਰ ਕੇ, ਭਾਵ ਖੁਸ਼ੀ ਵਿਚ
"ਸੁਣਿ ਸੁਣਿ ਕਾਮ ਗਹੇਲੀਏ ਕਿਆ ਚਲਹਿ ਬਾਹ ਲੁਡਾਇ।"
– ਸਿਰੀ ੩, ੬੧, ੧ : ੧ (37)

ਲੁਡਾਈਐ --- ਹੁਲਾਰੀਏ (ਖੁਸ਼ੀ ਵਿਚ)
"ਕਹੁ ਨਾਨਕ ਬਾਹ ਲੁਡਾਈਐ।"
– ਸਿਰੀ ੧, ੩੩, ੪ : ੩ (26)

ਲੁਡਾਏ ----- ਹਲਾਂਦੀ, ਹੁਲਾਰਦੀ
"ਸਹੀਆ ਵਿਚਿ ਫਿਰੈ ਸੁਹੇਲੀ ਹਰਿ ਦਰਗਹ ਬਾਹ ਲੁਡਾਏ।"
– ਸਿਰੀ ੪, ਛੰਤ ੧, ੧ : ੪ (78)

ਲੁਡਾਰੀਆ --- ਹੁਲਾਰੀ, ਖੁਸ਼ੀ ਨਾਲ ਹਿਲਾਣਾ/ ਘੁਮਾਣਾ
"ਹਰਿ ਦਰਗਹ ਸੋਭਾਵੰਤ ਬਾਹ ਲੁਡਾਰੀਆ।"
– ਗਉ ੫, ਅਸ ੧੨, ੭ : ੨ (241)

ਲੁਡਿ ------ ਪ੍ਰਸੰਨਤਾ ਨਾਲ, ਲੁਡੀ ਪਾਉਂਦੇ, ਅਨੰਦ ਵਿਚ ਝੂਮਦੇ
"ਜਨ ਨਾਨਕ ਨਾਮ ਸਲਾਹਿ ਤੂ ਲੁਡਿ ਲੁਡਿ ਦਰਗਹਿ ਵੰਞੁ।"
– ਕਾਨ ੪, ਵਾਰ ੧੪ਸ, ੪, ੧ : ੨ (1318)

ਲੁਣਿ ------ ਵੱਢ ਕੇ
"ਜਾ ਹੋਆ ਹੁਕਮੁ ਕਿਰਸਾਣ ਦਾ ਤਾ ਲੁਣਿ ਮਿਣਿਆ ਖੇਤਾਰੁ।"
– ਸਿਰੀ ੫, ੭੪, ੨ : ੩ (43)

ਲੁਣਿਆ ---- ਵੱਢਿਆ, ਕੱਟਿਆ
"ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ।"
– ਸਿਰੀ ੧, ਪਹ, ੧, ੪ : ੬ (75)

ਲੁਣੀਐ ----- ਕਟੀਏ, ਵੱਢੀਏ
"ਆਇ ਲਗੇ ਨੀ ਦਿਹ ਥੋੜੜੇ ਜਿਉ ਪਕਾ ਖੇਤੁ ਲੁਣੀਐ।"
– ਗਉ ੪, ਵਾਰ ੩੦ : ੩ (316)

ਲੁਣੇ ------- ਵੱਢਦਾ ਹੈ, ਕੱਟਦਾ ਹੈ
"ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ।"
– ਸੂਹੀ ੧, ੭, ੨ : ੧ (730)

ਲੁਣੈ ------- ਕੱਟਦਾ/ ਵੱਢਦਾ ਹੈ
"ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ।"
– ਸਿਰੀ ੧, ਅਸ ੬, ੧ : ੩ (56)

ਲੁਤੇ ------- ਉਡਦੀ ਹੈ
"ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ।"
– ਆਸਾ ੪, ਛੰਤ ੨੧, ੪ : ੨ (452)

ਲੁਨੇ ------- ਕੱਟੇ, ਵੱਢੇ
"ਕਿਲਬਿਖ ਪਾਪ ਨਾਮ ਹਰਿ ਕਾਟੇ ਜਿਵ ਖੇਤ ਕ੍ਰਿਸਾਨਿ ਲੁਨੇ।"
– ਨਟ ੪, ੫, ੧ : ੨ (976)

ਲੁਬਧ ------ (ਸੰ.) ਲੋਭੀ, ਲਾਲਚੀ, ਲੁਭਾਇਮਾਨ
"ਸੁੰਦਰ ਤਨ ਧਿਆਨੁ ਸੁੰਦਰ ਤਨ ਧਿਆਨ ਹੇ ਮਨੁ ਲੁਬਧ ਗੋਪਾਲ ਗਿਆਨ ਹੇ ਜਾਚਕ ਜਨ ਰਾਖਤ ਮਾਨ।"
– ਆਸਾ ੫, ਛੰਤ ੧੪, ੪ : ੨ (462)

ਲੁਬਧਿ ----- ਲੋਭ/ਲਾਲਚ ਵਿਚ
"ਜਿਉ ਕਪਿ ਕੇ ਕਰ ਮੁਸਟਿ ਚਨਨਿ ਕੀ ਲੁਬਧਿ ਨ ਤਿਆਗੁ ਦਇਓ।"
– ਗਉ ਕਬ, ੫੯, ੧ : ੧ (336)

ਲੁਬਧੋ ------ ਲੁਭਾਇਮਾਨ ਹੋਇਆ
"ਮਿਥਿਆ ਭਰਮਿ ਭਰਮਿ ਬਹੁ ਭ੍ਰਮਿਆ ਲੁਬਧੋ ਪੁਤ੍ਰ ਕਲਤ੍ਰ ਮੋਹ ਪ੍ਰੀਤਿ।"
– ਕਾਨ ੪, ੫, ੧ : ੧ (1295)

ਲੁਭਤ ------ ਲੋਭਿਤ ਹੋਇਆ, ਫਸਿਆ ਹੋਇਆ
"ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦਰਸ ਨੈਤ ਬਿਕਾਰਿਓ ਰੇ।"
– ਗਉ ਕਬ, ੫੬, ੩ : ੧ (335)

ਲੁਭਤਉ ---- ਲੋਭ ਵਿਚ ਆਉਂਦਾ ਹੈ, ਲਲਚਾਉਂਦਾ ਹੈ
"ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ।"
– ਆਸਾ ੧, ਅਸ ੧੫, ੩ : ੧ (419)

ਲੁਭਤੁ ------ (1) ਲੁਭਾਇਮਾਨ
"ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹੁ ਮੀਠਾ ਮਾਇਆ।"
– ਗਉ ੪, ੫੦, ੧ : ੧ (167)

(2) (ਸੰ.) ਸ਼ਿਕਾਰੀ
"ਅਜਾਮਲੁ ਪਿੰਗਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ।"
– ਕੇਦਾ ਰਵਿ, ੧, ੩ : ੧ (1124)

ਲੁਭਤੇ ------ ਲੁਭਾਇਮਾਨ ਹੁੰਦੇ

"ਕਾਮ ਕ੍ਰੋਧ ਬਿਖਿਆ ਲੋਭਿ ਲੁਭਤੇ ਕਾਸਟ ਲੋਹ ਤਰੇ ਸੰਗਿ ਸਾਥਾ।"
– ਕਾਨ ੪, ੬, ੧ : ੨ (1296)

ਲੁਭੜਿਓ ---- ਲੁਭਾਇਮਾਨ ਹੋਇਆ, ਫਸ ਰਿਹਾ ਹੈ
"ਮਹਰਾਜ ਰੋ ਗਾਥੁ ਵਾਹੂ ਸਿਉ ਲੁਭੜਿਓ ਨਿਹ ਭਾਗੜੋ ਭਾਹਿ ਸੰਜੋਇਓ ਰੇ।"
– ਟੋਡੀ ੫, ੧੫, ੧ : ੨ (715)

ਲੋੁਭਾਇ ---- ਲੁਭਾਇਮਾਨ ਹੈ, ਫਸੀ ਹੋਈ ਹੈ
"ਮੁੰਧ ਇਆਣੀ ਦੁੰਮਣੀ ਸੁਹੈ ਵੇਸਿ ਲੋੁਭਾਇ।"
– ਸੂਹੀ ੩, ਵਾਰ ੩ਸ, ੩, ੨ : ੩ (786)

ਲੁਭਾਇਆ --- ਲੁਭਾਇਮਾਨ ਕੀਤਾ, ਮੋਹਿਤ ਕੀਤਾ
"ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।"
– ਵਡ ੧, ੨, ੧ : ੨ (557)

ਲੋੁਭਾਈਆ --- ਲੁਭਾਇਮਾਨ ਹੋਈਆਂ
"ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੋੁਭਾਈਆ।"
– ਮਾਰੂ ੫, ਵਾਰ ੬ : ੩ (1096)

ਲੁਭਾਈਐ --- ਲੁਭਾਇਮਾਨ ਕਰੀਏ, ਰੁਚਿਤ ਕਰੀਏ
"ਮਨ ਕਹਾ ਲੁਭਾਈਐ ਆਨ ਕਉ।"
– ਸਾਰ ੫, ੨੦, ੧* : ੧ (1208)

ਲੁਭਾਏ ----- ਲੁਭਾਇਮਾਨ ਹੋਏ
"ਦੂਜੇ ਕਿਨੈ ਸੁਖੁ ਨ ਪਾਇਓ ਪਿਰਾ ਜੀਉ ਬਿਖਿਆ ਲੋਭਿ ਲੁਭਾਏ।"
– ਗਉ ੩, ਛੰਤ ੫, ੩ : ੨ (246)
"ਚਰਨ ਲੁਭਾਏ ਆਨ ਤਜਾਏ।" (ਚੰਗੇ ਲਗੇ)
– ਕਾਨ ੫, ੪੬, ੨ : ੧ (1307)

ਲੁਭਾਣੀ ----- ਲੁਭਾਇਮਾਨ ਹੋਈ, ਫਸੀ
"ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ।"
– ਬਿਹਾ ੫, ਛੰਤ ੭, ੨ : ੬ (546)

ਲੁਭਾਣੇ ----- ਲੁਭਾਇਮਾਨ ਹੋਏ, ਫਸੇ, ਮੋਹੇ ਹੋਏ
"ਹਰਿ ਦਰਗਹ ਢੋਈ ਨ ਲਹਨਿ੍ ਮੇਰੀ ਜਿੰਦੁੜੀਏ ਜੋ ਮਨਮੁਖ ਪਾਪਿ ਲੁਭਾਣੇ ਰਾਮ।"
– ਬਿਹਾ ੪, ਛੰਤ ੫, ੧ : ੩ (540)

ਲੁਭਾਨਉ ---- ਲੁਭਾਇਮਾਨ ਹੋਣਾ, ਲਲਚਾਉਣਾ
"ਅਤਿ ਲੁਬਧ ਲੁਭਾਨਉ ਬਿਖਮ ਮਾਇ।"
– ਬਸੰ ੧, ਅਸ ੨, ੧ : ੨ (1187)

ਲੁਭਾਨਾ ----- ਲੁਭਾਇਮਾਨ ਹੋਇਆ, ਫਸਿਆ, ਮੋਹਿਆ ਹੋਇਆ
"ਇਹੁ ਮਨੁ ਲੋਭੀ ਲੋਭਿ ਲੁਭਾਨਾ।"
– ਬਸੰ ੩, ੨, ੨ : ੧ (1172)

ਲੋੁਭਾਨਾ ----- ਲੁਭਿਤ ਹੋਇਆ, ਫਸਿਆ
"ਜਿਹਵਾ ਇੰਦ੍ਰੀ ਸਾਦਿ ਲੋੁਭਾਨਾ।"
– ਰਾਮ ੧, ਅਸ ੨, ੬ : ੩ (903)

ਲੁਭਾਨਿ ----- ਲੁਭਾਇਮਾਨ ਹੋਣਾ, ਮੋਹਿਆ ਜਾਣਾ, ਫਸਨਾ
"ਬਿਖਿਅਨ ਸਿਉ ਅਤਿ ਲੁਭਾਨਿ ਮਤਿ ਨਾਹਿਨ ਫੇਰੀ।"
– ਜੈਜਾ ੯, ੩, ੧ : ੩ (1352)

ਲੁਭਾਨੀ ----- ਲੁਭਾਇਮਾਨ ਹੋਈ, ਖਚਿਤ ਹੋਈ
"ਜੈਸੇ ਰਸਨਾ ਸਾਦਿ ਲੁਭਾਨੀ ਤਿਉ ਹਰਿ ਜਨ ਹਰਿ ਗੁਣ ਗਾਵਹਿ।"
– ਸੋਰ ੫, ੧੬, ੩ : ੨ (613)

ਲੋੁਭਾਨੁ ----- ਲੋਭਾਇਮਾਨ ਹੋਣਾ
"ਏਹ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨ।"
– ਸਿਰੀ ੧, ੧੯, ੧ : ੧ (21)

ਲੁਭਾਨੇ ----- ਲੁਭਿਤ ਹੋਏ
"ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ।"
– ਪ੍ਰਭਾ ੪, ੬, ੩ : ੧ (1337)

ਲੁਭਾਵਹਿ ---- ਲੁਭਾਇਮਾਨ ਹੋਵੇ
"ਮਿਥਿਆ ਮਨ ਪਰਲੋਭ ਲੁਭਾਵਹਿ।"
– ਗਉ ੫, ਸੁਖ ੫, ੫ : ੬ (269)

ਲੁਭਾਵੈ ----- ਖਚਿਤ/ਮਸਤ ਹੋਵੇ
"ਜਿਉ ਕਾਮੀ ਕਾਮਿ ਲੁਭਾਵੈ।"
– ਸੋਰ ੫, ੮੩, ੨ : ੧ (629)

ਲੁਭਿਤ ----- ਲੁਭਾਇਮਾਨ, ਮੋਹਿਤ
"ਸੇਵਕ ਸਿਖ ਸਦਾ ਅਤਿ ਲੁਭਿਤ ਅਲਿ ਸਮੂਹ ਜਿਉ ਕੁਸਮ ਸੁਬਾਸੇ।"
– ਸਵ ੪, ਮਥੁ ੬ : ੩ (1404)

ਲੁਭਿਭਾ ----- ਲੋਭਿਤ ਭਇਆ, ਲੁਭਾਇਮਾਨ ਹੋਇਆ
"ਹਉਮੈ ਬਿਖਿਆ ਨਿਤ ਲੋਭਿ ਲੁਭਾਨੇ ਪੁਤ ਕਲਤ ਮੋਹਿ ਲੁਭਿਭਾ।"
– ਪ੍ਰਭਾ ੪, ੬, ੩ : ੧ (1337)

ਲੋੁੜੇਦਾ ----- ਢੂੰਢਦਾ, ਯਾਚਨਾ ਕਰਦਾ, ਮੰਗਦਾ
"ਖਾਕੁ ਲੋੁੜੇਦਾ ਤੰਨਿ ਖੇ ਜੋ ਰਤੇ ਦੀਦਾਰ।"
– ਮਾਰੂ ੫, ਵਾਰ ੧੧ਸ, ੫, ੨ : ੨ (1098)

ਲੁੜੇਨਿ ----- ਲੋੜਦੇ ਭਾਵ ਚਾਹੁੰਦੇ ਹਨ, ਲੋਚਦੇ ਹਨ
"ਕਾਮਣਿ ਲੋੜੈ ਸੁਇਨਾ ਰੁਪਾ ਮਿਤ੍ਰ ਲੁੜੇਨਿ ਸੁ ਖਾਧਾਤਾ।"
– ਗਉ ੧, ੧੪, ੪ : ੧ (155)

ਲੁੜ੍ਹੰਦੜੀ ---- ਲੁੜਕਦੀ ਹੋਈ
"ਦੂਜੈ ਭਾਵੰਤੀ ਨਾਨਕਾ ਵਹਣਿ ਲੁੜ੍ਹੰਦੜੀ ਜਾਇ।"

– ਸਲੋ ੫, ੧੬ : ੨ (1425)

ਲੂਹ ------- ਭਸਮ ਕਰਨਾ, ਸਾੜਨਾ

"ਏਕਸੁ ਬਿਨੁ ਹਉ ਆਨੁ ਨ ਜਾਨਉ ਦੁਤੀਆ ਭਾਉ ਸਭ ਲੂਹ।"

– ਸਾਰ ੫, ੧੧੮, ੧* : ੨ (1227)

ਲੂਹੈ ------- ਸਾੜਦਾ ਹੈ

"ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ।"

– ਰਾਮ ੫, ਵਾਰ ੧੩ਸ, ੫, ੨ : ੧ (963)

ਲੂਕ ------- (1) ਲੁਕਾਉ

"ਤਿਸੁ ਸਿਉ ਲੂਕ ਜੋ ਸਦ ਹੀ ਸੰਗੀ।"

– ਆਸਾ ੫, ੨੨, ੩ : ੧ (376)

"ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨਰੇਹੂ ਤੇ ਨੇਰਿਆ।"(ਲੁਕਾਉ ਵਿਚ, ਗੁਪਤ ਤੌਰ ਤੇ)

– ਜੈਤ ੫, ਛੰਤ ੨, ੧ : ੫ (704)

(2) ਲੁਕਨ ਵਾਲੀ ਥਾਂ, ਓਟ, ਸ਼ਰਨ

"ਹਾਰਿ ਪਰਿਓ ਤੁਮ੍ਹਰੈ ਪ੍ਰਭ ਦੁਆਰੈ ਦ੍ਰਿੜੁ ਕਰਿ ਗਹੀ ਤੁਮ੍ਹਾਰੀ ਲੂਕ।"

– ਜੈਤ ੫, ੮, ੨ : ੧ (701)

ਲੂਕਿ ------ (1) ਲੁਕ ਕੇ, ਗੁਪਤ ਰੂਪ ਵਿਚ

"ਲੂਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ।"

– ਸਿਰੀ ੫, ੮੬, ੩ : ੨ (48)

(2) ਲੁਕੇ ਫਿਰਨ / ਰਹਿਣ ਵਾਲੇ, ਜੋ ਕਿਸੇ ਨੂੰ ਦਰਸ਼ਨ ਨਹੀਂ ਦਿੰਦੇ

"ਇਕਿ ਲੂਕਿ ਨ ਦੇਵਹਿ ਦਰਸਾ।"

– ਸਿਰੀ ੫, ਅਸ ੨੭, ੬ : ੨ (71)

ਲੂਕੀ ------ (1) ਲੁਕੇ ਹੋਏ, ਗੁਝੇ

"ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ।"

– ਆਸਾ ਕਬ, ੬, ੪ : ੨ (477)

(2) ਚੁਆਤੀ ਲਾ ਕੇ

"ਜਿਉ ਜਨ ਚੰਦ੍ਰ ਹਾਂਸੁ ਦੁਖੀਆ ਧ੍ਰਿਸਟ ਬੁਧੀ ਅਪੁਨਾ ਘਰੁ ਲੂਕੀ ਜਾਰੇ।"

– ਨਟ ੪, ਅਸ ੪, ੬ : ੨ (982)

"ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ ਅਪਣੈ ਘਰਿ ਲੂਕੀ ਲਾਈ।"

– ਬਸੰ ੪, ਅਸ ੧, ੬ : ੨ (1191)

ਲੂਕੇ ------- ਲੁਕਦਾ, ਓਟ ਲੈਂਦਾ, ਪਨਾਹ ਲੈਂਦਾ

"ਮਾਇਆ ਫਾਸਬੰਧ ਨਹੀ ਫਾਰੈ ਘਰੁ ਮਨ ਸੁੰਨਿ ਨ ਲੂਕੇ।"

– ਆਸਾ ਕਬ, ੧, ੨ : ੧ (475)

ਲੂਕੈ ------- ਲੁਕਦਾ

"ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ।"

– ਸੋਰ ੪, ੯, ੪ : ੨ (608)

ਲੂਕਟ ------ ਚੁਆਤੀ, ਲੰਬੂ
“ਤਿਹ ਮੁਖ ਦੇਖਤ ਲੂਕਟ ਲਾਏ।”
– ਗਉ ਕਬ, ੩੨, ੧ : ੨ (329)

ਲੂਗਰਾ ----- ਪਾਟਾ ਹੋਇਆ ਭੂਰਾ
“ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ।”
– ਬਿਲਾ ੫, ੪੪, ੩ : ੧ (811)

ਲੂਝਹਿ ----- ਝਗੜਦੇ/ਲੜਦੇ ਹਨ
“ਮਾਇਆ ਕਉ ਲੂਝਹਿ ਗਾਵਾਰੀ।”
– ਆਸਾ ੪, ੫੪, ੩ : ੨ (366)

ਲੂਝਦੇ ------ ਝਗੜਦੇ, ਲੜਦੇ
“ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ।”
– ਮਾਰੂ ੩, ਵਾਰ ੯ : ੩ (1089)

ਲੂਝੁ ------- ਝਗੜਾ ਕਰ
“ਮੂਰਖ ਸਿਉ ਨਾ ਲੂਝੁ ਪਰਾਣੀ ਹਰਿ ਜਪੀਐ ਪਦੁ ਨਿਰਬਾਣੀ ਹੇ।”
– ਮਾਰੂ ੪, ਸੋਲਾ ੨, ੫ : ੩ (1070)

ਲੂਝੈ ------- ਲੜੇ, ਝਗੜੇ, ਜੁੱਧ ਕਰੇ
“ਸਬਦੁ ਸੁਝੈ ਤਾ ਮਨ ਸਿਉ ਲੂਝੈ ਮਨਸਾ ਮਾਰਿ ਸਮਾਵਣਿਆ।”
– ਮਾਝ ੩, ਅਸ ੭, ੧* : ੨ (113)
“ਮਨਸਾ ਮਾਰਿ ਮਨੈ ਸਿਉ ਲੂਝੈ।” (ਜੁੱਧ ਕਰੇ)
– ਮਾਰੂ ੧, ਸੋਲਾ ੨, ੪ : ੨ (1021)

ਲੂਟਹਿ ----- ਲੁਟਦਾ ਹੈ
“ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।”
– ਗਉ ੧, ੧੪, ੧ : ੨ (155)

ਲੂਟਨਾ ----- ਲੁਟਨਾ
“ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ।”
– ਸਲੋ ਕਬ, ੪੧ : ੧ (1366)

ਲੂਟਾ ------ ਲੁਟਿਆ
“ਕਾਮੁ ਕ੍ਰੋਧ ਗੁਰ ਸਬਦੀ ਲੂਟਾ।”
– ਰਾਮ ੧, ੧੧, ੪ : ੨ (879)
“ਬਿਖਮ ਗਾਰ੍ਹੁ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ।” (ਲੁੱਟੇ ਗਏ)
– ਸਾਰ ੫, ੩੨, ੧ : ੨ (1210)

ਲੂਟਿ ------ (1) ਲੁਟਨਾ, ਧੱਕੇ ਨਾਲ ਖੋਹਨਾ
“ਲੂਟਿ ਲੇਹਿ ਸਾਕਤ ਪਤਿ ਖੋਵਹਿ।”
– ਗੋਂਡ ੫, ੧੧, ੨ : ੩ (865)

(2) ਲੁਟ

"ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ।"
– ਸਲੋ ਕਬ, ੪੧ : ੧ (1366)

ਲੂਟਿਆ ---- ਲੁਟ ਗਿਆ, ਧੱਕੇ ਨਾਲ ਖੋਹ ਲਿਆ
"ਢਾਹਿ ਮੜੋਲੀ ਲੂਟਿਆ ਦੇਹੁਰਾ ਸਾਧਨ ਪਕੜੀ ਏਕ ਜਨਾ।"
– ਗਉ ੧, ੧੪, ੩ : ੧ (155)

ਲੂਟੀ ------ ਲੁਟ ਲਈ, ਧੱਕੇ ਨਾਲ ਖੋਹ ਲਈ
"ਲੂਟੀ ਲੰਕਾ ਸੀਸ ਸਮੇਤਿ।"
– ਗਉ ੧, ਅਸ ੯, ੫ : ੨ (224)

ਲੂਟੇ ------- (1) ਲੁਟ ਲਏ
"ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ।"
– ਰਾਮ ਰਵਿ, ੧, ੧* : ੨ (973)
(2) ਲੁਟੇ ਗਏ
"ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤ ਭਾਈ ਹੇ।"
– ਮਾਰੂ ੧, ਸੋਲਾ ੫, ੪ : ੩ (1024)

ਲੂਟੈ ------- ਲੁੱਟ ਲਏ, ਧੱਕੇ ਨਾਲ ਖੋਹ ਲਏ
"ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ।"
– ਸੂਹੀ ੫, ੫੦, ੧ : ੧ (747)

ਲੂਠੈ ------- ਸੜੇ ਹੋਏ
"ਇੰਦ੍ਰੀ ਕੀ ਜੂਠਿ ਉਤਰਸਿ ਨਾਹੀ ਬ੍ਰਹਮ ਅਗਨਿ ਕੇ ਲੂਠੇ।"
– ਬਸੰ ਕਬ, ੭, ੨ : ੨ (1195)

ਲੂਣਹਰਾਮੀ -- ਨਾ ਸ਼ੁਕਰਾ, ਕ੍ਰਿਤਘਨ
"ਕਹੁ ਨਾਨਕ ਹਮ ਲੂਣਹਰਾਮੀ।"
– ਗਉ ੫, ੧੪੫, ੪ : ੧ (195)

ਲੂਣਹਰਾਮ --- ਅਕ੍ਰਿਤਘਨ, ਨ ਸ਼ੁਕਰਾ
"ਮਨਮੁਖ ਲੂਣਹਰਾਮ ਕਿਆ ਨ ਜਾਣਿਆ।"
– ਮਾਝ ੧, ਵਾਰ ੧੧ : ੫ (143)

ਲੂਣੁ ------- (ਸੰ.) ਨਮਕ
"ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ।"
– ਆਸਾ ੧, ਵਾਰ ੧੯ਸ, ੧, ੧ : ੫ (474)

ਲੂਣੈ ------- ਵੱਢੇ ਹੋਏ, ਕੱਟੇ ਹੋਏ
"ਸੂਕੇ ਸਰਵਰਿ ਮਾਲਿ ਬੰਧਾਵੈ ਲੂਣੈ ਖੇਤਿ ਹਥ ਵਾਰਿ ਕਰੈ।"
– ਆਸਾ ਕਬ, ੧੫, ੨ : ੧ (479)

ਲੂਨਾ ------ ਨਮਕ, ਲੂਣ
"ਪਾਉ ਘੀਉ ਸੰਗਿ ਲੂਨਾ।"
– ਸੋਰ ਕਬ, ੧੧, ੨ : ੨ (656)

ਲੂਬਰਾ ----- ਲੂੰਬੜ
“ਮਾਂਜਰ ਗਾਡਰ ਘਰੁ ਲੂਬਰਾ।”
– ਭੈਰ ਕਬ, ੧੩, ੪ : ੩ (1160)

ਲੇ -------- (1) ਲੈ ਕੇ
“ਹਰਿ ਹਰਿ ਜਪਹੁ ਪਿਆਰਿਆ ਗੁਰਮਤਿ ਲੇ ਹਰਿ ਬੋਲਿ।”
– ਸਿਰੀ ੧, ੨੧, ੧ : ੧ (22)
(2) ਲਵੇ, ਲਵੋ
“ਗੁਰ ਪਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ।” (ਲਵੇ)
– ਗਉ ੧, ਅਸ ੧੮, ੧ : ੧ (229)
“ਮੋ ਕਉ ਤਾਰਿ ਲੇ ਰਾਮਾ ਤਾਰਿ ਲੇ।”
– ਗੋਂਡ ਨਾਮ, ੩, ੧* : ੧ (873)
(3) ਲੈਂਦਾ ਹੈ
“ਬ੍ਰਹਮ ਗਿਆਨੀ ਲੇ ਧਾਵਤੁ ਬੰਧਾ।”
– ਗਉ ੫, ਸੁਖ ੮, ੪ : ੬ (273)
(4) ਲੈ
“ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ ਭਜਿ ਲੇ ਨਾਮ ਮੁਰਾਰਿ।”
– ਸੋਰ ੯, ੮, ੨ : ੧ (633)
(5) ਹੈ
“ਮੇਰੈ ਮਾਥੈ ਲਾਗੀ ਲੇ ਧੂਰਿ ਗੋਬਿੰਦ ਚਰਨਨ ਕੀ ।”
– ਧਨਾ ਨਾਮ, ੫, ੧* : ੧ (694)
(6) ਲਏ ਹਨ
“ਚੇਰੀ ਸਕਤਿ ਜੀਤਿ ਲੇ ਭਵਣੁ।”
– ਮਲਾ ਨਾਮ, ੧, ੩ : ੪ (1292)
(7) ਲਿਆਂਦਾ
“ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲ।”
– ਸਲੋ ਕਬ, ੧੧੫ : ੨ (1370)
(8) ਪ੍ਰਾਪਤ ਕਰਕੇ
“ਪ੍ਰਾਨ ਮਾਨ ਦਾਨ ਮਗ ਜੋਹਨ ਹੀਤੁ ਚੀਤੁ ਦੇ ਲੇ ਲੇ ਪਾਰੀ।”
– ਸਵ ੫, ੬* : ੧ (1388)

ਲੇਉ ------- (1) ਲਵੋ
“ਲੇਉ ਨਿਬੇਰਿ ਆਜੁ ਕੀ ਰਾਤੀ।”
ਸੂਹੀ ਕਬ, ੩, ੨ : ੨ (792)
(2) ਪ੍ਰਾਪਤ ਕਰੋ
“ਨਾਨਕ ਸੰਤੁ ਮਿਲੈ ਸਚੁ ਪਾਈਐ ਸਹਜ ਭਾਇ ਜਸੁ ਲੇਉ।”
– ਰਾਮ ੧, ਸਿਗੋ ੧ : ੪ (938)

ਲੇਉਗੀ ----- ਲਵਾਂਗੀ
“ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥੁ ਬਤਾਏ।”

– ਤਿਲੰ ੧, ਅਸ ੧, ੫ : ੨ (725)

ਲੇਇ ------ (1) ਲਵੇ, ਪ੍ਰਾਪਤ ਕਰੇ
“ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ।”
– ਜਪੁ ੧, ੭ : ੨ (2)
“ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ।”
– ਸੋਰ ੪, ਵਾਰ ੧੪ਸ, ੩, ੧ : ੩ (648)
(2) ਲੈਂਦਾ ਹੈ (ਵਾਪਸ)
“ਪੁਛਿ ਨ ਸਾਜੇ ਪੁਛਿ ਨ ਢਾਹੇ ਪੁਛਿ ਨ ਦੇਵੈ ਲੇਇ।”
– ਸਿਰੀ ੧, ਅਸ ੧, ੪ : ੧ (53)
“ਆਪੁਨੀ ਅਮਾਨ ਕਛੁ ਬਹੁਰਿ ਸਾਹ ਲੇਇ।”
– ਗਉ ੫, ਸੁਖ ੫, ੨ : ੩ (268)
(3) ਲਏ, ਲਵੇ
“ਜਿਸ ਕੀ ਮਾਨਿ ਲੇਇ ਸੁਖਦਾਤਾ।”
– ਗਉ ੫, ੧੦੫, ੪* : ੨ (187)
(4) ਜਪੇ, ਉਚਾਰਨ ਕਰੇ
“ਹਰਿ ਕਾ ਨਾਮੁ ਸੋਈ ਜਨੁ ਲੇਇ।”
– ਗਉ ੫, ਅਸ ੧੦, ੮ : ੧ (240)
(5) ਲਿਆ ਹੋਇਆ ਹੈ
“ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ।”
– ਗਉ ਕਬ, ੬੪, ੧ : ੧ (337)
(6) ਲਵੈ, ਧਾਰਨ ਕਰੇ
“ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ।”
– ਆਸਾ ੧, ਵਾਰ ੧੦ਸ, ੧, ੨ : ੭ (468)
(7) ਲੈਂਦਾ/ਤਲਬ ਕਰਦਾ/ਮੰਗਦਾ ਹੈ
“ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ।”
– ਸਲੋ ਕਬ, ੨੦੦ : ੧ (1375)

ਲੇਇਗਾ ---- ਲਵੇਗਾ
“ਹੋਇਗਾ ਖਸਮੁ ਤ ਲੇਇਗਾ ਰਾਖਿ।”
– ਗਉ ਕਬ, ੩੩, ੩ : ੨ (329)

ਲੇਈ ------ (1) ਲੈਂਦਾ
“ਜਨ ਨਾਨਕ ਸਾਹੁ ਹਰਿ ਸੇਵਿਆ ਫਿਰਿ ਲੇਖਾ ਮੂਲਿ ਨ ਲੇਈ।”
– ਗਉ ੪, ੪੫, ੪ : ੨ (165)
(2) ਲੈ (ਲੁਟ) ਰਿਹਾ ਹੈ
“ਘਰ ਮਹਿ ਅੰਮ੍ਰਿਤੁ ਤਸਕਰੁ ਲੇਈ।”
– ਗਉ ੧, ਅਸ ੨, ੨ : ੧ (221)
(3) ਲਵੇ ਭਾਵ ਬਣਾਵੇ
“ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ।”
– ਆਸਾ ੧, ੩੫, ੨ : ੧ (359)

ਲੇਹ ------- (1) ਲਵੇ, ਹਾਸਲ ਕਰੇ, ਪ੍ਰਾਪਤ ਕਰੇ

"ਕਰਿ ਸੇਵਾ ਤਿਸੁ ਪਾਰਬ੍ਰਹਮ ਗੁਰ ਤੇ ਮਤਿ ਲੇਹ।"

- ਬਿਲਾ ੫, ੪੭, ੩ : ੨ (812)

(2) ਲਵੇ, ਉਚਾਰਨ ਕਰੇ, ਜਪੇ

"ਮੇਰੇ ਮਨ ਨਾਮੁ ਨਿਤ ਨਿਤ ਲੇਹ।"

- ਮਾਰੂ ੫, ੨੫, ੧* : ੧ (1006)

(3) ਲੈ, ਜਾ

"ਕਛੁ ਸੰਗਿ ਨ ਚਾਲੈ ਸਮਝ ਲੇਹ।"

- ਬਸੰ ੯, ੪, ੨ : ੨ (1187)

(4) ਲਵੇ, ਪਕੜੇ, ਧਾਰਨ ਕਰੇ

"ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ।"

- ਸਲੋ ੯, ੨੭ : ੧ (1427)

ਲੇਹਿ ------ (1) ਲਵੋ

"ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ।"

- ਸਿਰੀ ਤ੍ਰਿਲੋ, ੨, ੧* : ੫ (92)

"ਅਹਿਨਿਸ ਪਾਲਹਿ ਰਾਖਿ ਲੇਹਿ ਆਤਮ ਸੁਖ ਧਾਰਾ।" (ਲਵੇ)

- ਗਉ ੧, ਅਸ ੧, ੧ : ੨ (228)

(2) ਪ੍ਰਾਪਤ ਕਰਦੇ/ ਲੈਂਦੇ ਹਾਂ

"ਸਾਹੁ ਹਮਾਰਾ ਤੂੰ ਧਣੀ ਜੈਸੀ ਤੂੰ ਰਾਸਿ ਦੇਹਿ ਤੈਸੀ ਹਮ ਲੇਹਿ।"

- ਗਉ ੪, ੪੫, ੧ : ੧ (165)

(3) ਲਏਂ ਗਾ

"ਸਦਾ ਸੁਹੇਲਾ ਕਰਿ ਲੇਹਿ ਜੀਉ।"

- ਗਉ ੫, ਸੁਖ ੧੪, ੨ : ੪ (281)

(4) ਲੈ, ਲਵੋ

"ਮਨ ਮੇਰੇ ਤਿਨ ਕੀ ਓਟ ਲੇਹਿ।" (ਪਕੜੋ)

- ਗਉ ੫, ਸੁਖ ੧੭, ੮ : ੧ (286)

"ਗਾਵਿ ਲੇਹਿ ਤੂੰ ਗਾਵਨਹਾਰੇ।"

- ਆਸਾ ੫, ੯੯, ੧ : ੧ (395)

(5) ਲੈਂਦਾ, ਜਪਦਾ

"ਇਕੁ ਖਿਨੁ ਲੇਹਿ ਨ ਹਰਿ ਕੋ ਨਾਮ।"

- ਗਉ ਕਬ, ੧੬, ੨ : ੨ (326)

(6) ਲੈਂਦਾ ਹੈ

"ਨਾਨਕ ਨਦਰੀ ਬਖਸਿ ਲੇਹਿ ਸਬਦੇ ਮੇਲਿ ਮਿਲਾਹਿ।"

- ਸੋਰ ੪, ਵਾਰ ੭ਸ, ੩, ੧ : ੪ (645)

(7) ਵਾਪਸ ਲੈ, ਖੋਹ ਲੈ

"ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ।"

- ਤਿਲੰ ਨਾਮ, ੨, ੨ : ੨ (727)

"ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।"

- ਸਲੋ ਫਰ, ੪੨ : ੨ (1380)

(8) ਲੈ, ਸੰਭਾਲ ਕਰ
"ਪ੍ਰਾਨੀ ਨਾਰਾਇਨ ਸੁਧਿ ਲੇਹਿ।"
- ਰਾਮ ੯, ੩, ੧* : ੧ (902)

ਲੇਹੀ ------ (1) ਲੈਣਾ, ਪ੍ਰਾਪਤ ਕਰਨਾ
"ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ।"
- ਗਉ ਕਬ, ੪੫, ੨ : ੨ (332)

(2) ਲਵੋ, ਜਪੋ
"ਤਜਿ ਭਰਮ ਕਰਮ ਬਿਧਿ ਨਿਖੇਧ ਰਾਮ ਨਾਮੁ ਲੇਹੀ।"
- ਧਨਾ ਕਬ, ੫, ੪ : ੧ (692)

ਲੇਹੁ ------- (1) ਲਵੋ
"ਰਾਖਿ ਲੇਹੁ ਪ੍ਰਭੁ ਕਰਣਹਾਰ ਜੀਅ ਜੰਤ ਕਰਿ ਦਇਆ।"
- ਸਿਰੀ ੫, ੮੪, ੪ : ੧ (47)

(2) ਭਾਵ ਸੰਭਾਲੋ, ਪ੍ਰਾਪਤ ਕਰੋ
"ਗੁਰ ਉਪਦੇਸੁ ਮਨੈ ਮਹਿ ਲੇਹੁ।" (ਸੰਭਾਲੋ)
- ਗਉ ੫, ੭੬, ੪ : ੨ (178)

"ਆਤਮ ਰਾਮ ਲੇਹੁ ਪਰਿਵਾਣਿ।"
- ਗਉ ਕਬ, ਥਿਤੀ ੮ : ੨ (343)

"ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ।" (ਲਵੋ, ਪ੍ਰਾਪਤ ਕਰੋ ਭਾਵ ਸੁਣੋ)
- ਪ੍ਰਭਾ ਕਬ, ੫, ੧* : ੧ (1350)

(3) ਜਪੋ
"ਹਰਿ ਨਾਮ ਲੇਹੁ ਮੀਤਾ ਲੇਹੁ ਆਗੈ ਬਿਖਮ ਪੰਥੁ ਭੈਆਨ।"
- ਗਉ ੫, ੧੫੮*, ੧* : ੧ (214)

"ਸਹਜੇ ਹੀ ਹਰਿ ਨਾਮ ਲੇਹੁ ਹਰਿ ਤਤੁ ਨ ਖੋਈਐ।"
- ਵਡ ੪, ਵਾਰ ੪ : ੨ (587)

(4) ਲਵੋ, ਧਾਰਨ ਕਰੋ, ਦੇ ਭਾਗੀ ਬਣੋ
"ਥਿਤਿ ਪਾਵਹੁ ਗੋਬਿਦ ਭਜਹੁ ਸੰਤਹ ਕੀ ਸਿਖ ਲੇਹੁ।"
- ਗਉ ੫, ਬਾਅ ੩੩ : ੫ (257)

"ਗੁਰਮਤਿ ਲੇਹੁ ਤਰਹੁ ਭਵ ਦੁਤਰੁ ਮੁਕਤਿ ਭਏ ਸੁਖੁ ਪਾਇਆ।"
- ਮਾਰੂ ੧, ਸੋਲਾ ੨੦, ੯ : ੩ (1041)

(5) ਲੈ ਜਾਓ
"ਮਰਤੀ ਬਾਰ ਲੇਹੁ ਲੇਹੁ ਕਰੀਐ ਭੂਤੁ ਰਹਨ ਕਿਉ ਦੀਆ।"
- ਸੋਰ ਕਬ, ੨, ੨ : ੨ (654)

(6) ਲਵੋ, ਲੈਂਦੇ ਰਹੋ, ਖਾਂਦੇ ਰਹੋ
"ਨਿਤ ਨਿਤ ਲੇਹੁ ਨ ਛੀਜੈ ਦੇਹ।"
- ਮਲਾ ੧, ੮, ੧ : ੩ (1257)

ਲੇਹੋ ------- ਪ੍ਰਾਪਤ ਕਰੋ, ਲਵੋ
"ਗੁਰੁ ਸੇਵਹੁ ਸਦਾ ਆਪਣਾ ਨਾਮੁ ਪਦਾਰਥੁ ਲੇਹੋ।"

– ਆਸਾ ੩, ਛੰਤ ੭, ੧ : ੨ (440)

ਲੇਖ ------- (1) ਲਿਖਤ, ਭਾਗ
"ਮਨਿ ਤਨਿ ਮਿਠਾ ਤਿਸੁ ਲਗੈ ਜਿਸੁ ਮਸਤਕਿ ਨਾਨਕ ਲੇਖ।"
– ਸਿਰੀ ੫, ੮੯, ੪ : ੩ (49)
"ਸੁਖ ਦੂਖ ਮੁਕਤਿ ਜੋਨਿ ਨਾਨਕ ਲਿਖਿਓ ਲੇਖ।"
– ਗਉ ੫, ਬਾਅ ੧੭ਸ : ੨ (253)
(2) ਲਿਖਤਾਂ, ਵਿਚਾਰ, ਪੁਸਤਕਾਂ
"ਲੇਖ ਅਸੰਖ ਲਿਖਿ ਲਿਖਿ ਮਾਨੁ।"
– ਆਸਾ ੧, ਅਸ ੩, ੧ : ੧ (412)

ਲੇਖੰ ------- ਲਿਖਤ, ਭਾਗ
"ਭੂਲਾ ਮਾਰਗ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ।"
ਮਾਰੂ ੫, ਵਾਰ ੧੩ : ੭ (1099)

ਲੇਖਏ ----- ਲੇਖੇ ਵਿਚ, ਕੰਮ ਵਿਚ
"ਸੀਗਾਰ ਮਿਠ ਰਸ ਭੋਗ ਭੋਜਨ ਸਭੁ ਝੂਠੁ ਕਿਤੈ ਨ ਲੇਖਏ।" (ਕੰਮ ਦਾ ਨਹੀਂ)
– ਗਉ ੧, ਛੰਤ ੧, ੧ : ੩ (242)

ਲੇਖਹਿ ----- (1) ਲਿਖਦੇ ਹਨ
"ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿਜਸੁ ਹਰਿ ਹਰਿ ਲੇਖਹਿ ਰਾਮ।"
– ਬਿਹਾ ੪, ਛੰਤ ੪, ੩ : ੨ (540)
(2) ਲੇਖੇ ਵਿਚ
"ਵਿਣੁ ਗੁਰ ਸਬਦੈ ਜਨਮੁ ਕਿ ਲੇਖਹਿ।" (ਭਾਵ ਕੀ ਲਾਭ)
– ਆਸਾ ੧, ਅਸ ੯, ੫ : ੪ (416)

ਲੇਖਣਿ ----- ਕਲਮ
"ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ।"
– ਸਿਰੀ ੧, ੨, ੪ : ੨ (15)

ਲੇਖਾ ------ (1) ਹਿਸਾਬ ਕਿਤਾਬ, ਗਿਣਤੀ ਮਿਣਤੀ
"ਏਹੁ ਲੇਖਾ ਲਿਖਿ ਜਾਣੈ ਕੋਇ। ਲੇਖਾ ਲਿਖਿਆ ਕੇਤਾ ਹੋਇ।"
– ਜਪੁ ੧, ੧੬ : ੧੬;੧੭ (3)
(2) ਲਿਖਿਆ
"ਸੇ ਕਰ ਭਲੇ ਜਿਨੀ ਹਰਿ ਜਸੁ ਲੇਖਾ।"
– ਮਾਝ ੫, ੨੯, ੨ : ੨ (103)

ਲੇਖਾਰੀ ----- ਲਿਖਣ ਵਾਲਾ, ਲਿਪੀ ਬਧ ਕਰਨ ਵਾਲਾ
"ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ।"
– ਸਿਰੀ ੧, ੬, ੧ : ੨ (16)

ਲੇਖਾਵਤੀ --- ਲਿਖਣ ਵਾਲੀ
"ਹਾਥਿ ਕਲੰਮ ਅਗੰਮ ਮਸਤਕਿ ਲੇਖਾਵਤੀ।"

– ਫੁਨ ੫, ੧ : ੧ (1361)

ਲੇਖਿ ------ ਲੇਖੇ ਵਿਚ
"ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ।"
– ਸਿਰੀ ੫, ੮੫, ੧ : ੩ (47)

ਲੇਖਿਆ ---- ਲਿਖਿਆ ਹੈ
"ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ।"
– ਗਉ ੫, ੧੩੨*, ੩ : ੨ (208)

ਲੇਖੀ ------ ਲਿਖੀ
"ਕਲਮ ਕਾਗਦ ਸਿਆਨਪ ਲੇਖੀ।"
– ਗਉ ੫, ੮੧, ੧ : ੨ (179)

ਲੇਖੀਆ ---- ਲੇਖਾਰੀ, ਲਿਖਣ ਵਾਲਾ
"ਪਾਪੁ ਪੁੰਨੁ ਜਾਂਚੈ ਡਾਂਗੀਆ ਦੁਆਰੈ ਚਿਤ੍ਰ ਗੁਪਤੁ ਲੇਖੀਆ।"
– ਮਲਾ ਨਾਮ, ੧, ੨ : ੩ (1292)

ਲੇਖੀਐ ----- (1) ਲਿਖੀਦੇ ਹਨ
"ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾ ਕੀ ਜਾਤਿ ਅਛੋਪ ਛੀਪਾ।"
– ਮਲਾ ਰਵਿ, ੨, ੧ : ੧ (1293)
(2) ਲਿਖੀ ਹੋਈ
"ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ।"
– ਮਲਾ ਰਵਿ, ੨, ੧ : ੨ (1293)

ਲੇਖੁ ------- (1) ਲਿਖਿਆ ਹੋਇਆ
"ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।"
– ਜਪੁ ੧, ੨੧ : ੧੧ (4)
(2) ਭਾਗ, ਲੇਖ, ਲਿਖਤ
"ਲਿਖਿਆ ਲੇਖੁ ਤਿਨਿ ਪੁਰਖਿ ਬਿਧਾਤੈ ਦੁਖੁ ਸਹਸਾ ਮਿਟਿ ਗਇਆ।"
– ਸਿਰੀ ੫, ੭੨, ੧* : ੨ (42)
"ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ।"
– ਆਸਾ ੫, ੧੧੦, ੪ : ੨ (398)
(3) ਲੇਖਾ, ਹਿਸਾਬ
"ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ।"
– ਸਿਰੀ ੧, ਅਸ ੧੭, ੭ : ੧ (64)
"ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ।"
– ਆਸਾ ੧, ਪਟੀ ੨ : ੨ (432)
(4) ਲਿਖ, ਉਕਰ ਕੇ ਰਖ
"ਪ੍ਰਭ ਅਵਿਨਾਸੀ ਮਨ ਮਹਿ ਲੇਖੁ।"
– ਗਉ ੫, ੧੨੦, ੨ : ੨ (190)
(5) ਲਿਖਤ ਅਰਥਾਤ ਚਿਠੀ
"ਸਾਜਨੁ ਦੇਖਾ ਤਾ ਗਲਿ ਮਿਲਾ ਸਾਚੁ ਪਠਾਇਓ ਲੇਖੁ।"

– ਮਾਰੂ ੧, ਅਸ ੩, ੫ : ੧ (1010)

ਲੇਖੇ ------- (1) (ਕੀਤੇ ਕਰਮਾਂ ਦੇ) ਹਿਸਾਬ ਅਨੁਸਾਰ
“ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।”
– ਜਪੁ ੧, ੨੯ : ੩ (6)
(2) ਹਿਸਾਬ ਕਿਤਾਬ ਵਿਚ, ਗਿਣਤੀ ਮਿਣਤੀ ਵਿਚ
“ਲੇਖਾ ਪੜੀਐ ਜੇ ਲੇਖੇ ਵਿਚ ਹੋਵੈ।”
– ਮਾਝ ੩, ਅਸ ੧੮, ੬ : ੧ (120)
(3) ਅਰਥ
“ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ।”
– ਧਨਾ ਰਵਿ, ੧, ੨ : ੧ (694)

ਲੇਖੇਦਾਰ ---- ਲੇਖਾ ਦੇਣ ਵਾਲਾ, ਭਾਵ ਜ਼ਿਮੇਦਾਰ
“ਪੜਿਆ ਲੇਖੇਦਾਰ ਲੇਖਾ ਮੰਗੀਐ।”
– ਮਲਾ ੧, ਵਾਰ ੨੩ : ੧ (1288)

ਲੇਖੈ –
(1) ਲੇਖਾ ਕਰਦਿਆਂ, ਹਿਸਾਬ ਕਿਤਾਬ ਕਰਦਿਆਂ
“ਲੇਖਾ ਹੋਇ ਤ ਲਿਖਿਐ ਲੇਖੈ ਹੋਇ ਵਿਣਾਸੁ।”
– ਜਪੁ ੧, ੨੨ : ੪ (5)
(2) ਹੱਦ ਵਿਚ, ਹਿਸਾਬ ਵਿਚ, ਸੰਜਮ ਵਿਚ, ਲਿਖੇ ਮੁਤਾਬਕ
“ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ।”
– ਸਿਰੀ ੧, ੩, ੧ : ੧ (15)
“ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ।”
– ਆਸਾ ੫, ੧੨੩, ੪ : ੧ (402)
(3) ਲੇਖੇ ਵਿਚ ਭਾਵ ਪਲੇ
“ਜਾ ਪਤਿ ਲੇਖੈ ਨਾ ਪਵੈ ਸਭਾ ਪੂਜ ਖੁਆਰੁ।”
– ਸਿਰੀ ੧, ੮, ੨ : ੩ (17)
“ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਨਾ ਝਾਖ।”
– ਆਸਾ ੧, ਵਾਰ ੯ਸ, ੧, ੧ : ੫ (467)
(4) ਹਿਸਾਬ ਕਿਤਾਬ ਅਨੁਸਾਰ
“ਨਾਨਕ ਤਾ ਪਰੁ ਜਾਪੈ ਜਾ ਪਤਿ ਲੇਖੈ ਪਾਏ।”
– ਸਿਰੀ ੪, ਵਾਰ ੩ਸ, ੧, ੧ : ੪ (83)
“ਲੇਖੈ ਤੇਰੈ ਸਾਸ ਗਿਰਾਸ।”
– ਆਸਾ ੧, ੧੮, ੨ : ੬ (354)
(5) ਪਰਵਾਨ ਹੋਏ, ਮਨਜ਼ੂਰ ਹੋਏ (ਮੁਹਾਵਰੇ ਵਿਚ)
“ਸਤਿਗੁਰੁ ਸੇਵੇ ਆਪਣਾ ਸੋ ਸਿਰੁ ਲੇਖੈ ਲਾਇ।”
– ਸਿਰੀ ੪, ਵਾਰ ੧੩ਸ, ੩, ੧ : ੧ (88)
“ਜਿਸ ਨੋ ਨਦਰਿ ਕਰੇ ਸੋਈ ਜਨੁ ਲੇਖੈ।”
(ਕਬੂਲ ਹੁੰਦਾ ਹੈ, ਉਸਦੇ ਲੇਖੇ ਵਿਚ ਪੈਂਦਾ ਹੈ)
– ਮਾਝ ੩, ਅਸ ੩, ੨ : ੨ (110)
(6) ਲਿਖਤ ਤੋਂ, ਲੇਖ ਤੋਂ, ਭਾਗਾਂ ਤੋਂ

"ਸਰਬ ਜੀਅ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ।"
– ਸੋਰ ੧, ੧੧, ੧ : ੧ (598)

(7) ਲੇਖ, ਭਾਗ, ਹੁਕਮ ਦੀ ਲਿਖਤ
"ਆਪੇ ਕਰਿ ਵੇਖੈ ਸਿਰਿ ਸਿਰਿ ਲੇਖੈ ਆਪੇ ਸੁਰਤਿ ਬੁਝਾਈ।"
– ਧਨਾ ੧, ਛੰਤ ੨, ੧ : ੫ (688)

"ਕੋਇ ਨ ਮੇਟੈ ਤੇਰੈ ਲੇਖੈ।"
– ਬਿਲਾ ੩, ਵਾ ੨, ੨ : ੨ (845)

(8) ਹਿਸਾਬ ਵਿਚ
"ਜਿਸੁ ਨਾਹੀ ਕੋਇ ਸਰੀਕੁ ਕਿਸੁ ਲੇਖੈ ਹਉ ਗਨੀ।"
– ਤਿਲੰ ੪, ੧, ੧* : ੨ (723)

(9) ਲੇਖਾ, ਹਿਸਾਬ ਕਿਤਾਬ
"ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ।"
– ਰਾਮ ੩, ਵਾਰ ੯ਸ, ੩, ੨ : ੪ (950)

ਲੇਖੋ ------- ਲੇਖਾ, ਹਿਸਾਬ ਕਿਤਾਬ
"ਕਹੁ ਰਵਿਦਾਸ ਭਇਓ ਜਬ ਲੇਖੋ।"
ਖ਼ ਾਬਕ ੋਡਟ, ੩, ੩ ਲ਼ ੧ (1293)

ਲੇਟ ------- ਪੈਂਦਾ, ਲੇਟਦਾ, ਭਾਵ ਰੁਲਦਾ, ਭਟਕਦਾ
"ਪਸੁ ਪਰੇਤ ਉਸਟ ਗੁਰਧਭ ਅਨਿਕ ਜੋਨੀ ਲੇਟ।"
– ਸਾਰ ੫, ੧੦੪, ੨ : ੧ (1224)

ਲੇਟਣਾ ----- ਲੰਮੇ ਪੈਣਾ
"ਆਜੁ ਕਾਲ੍ਹਿ ਭੁਇ ਲੇਟਣਾ ਊਪਰਿ ਜਾਮੈ ਘਾਸੁ।"
– ਸਲੋ ਕਬ, ੩੮ : ੨ (1366)

ਲੇਟਣਿ ----- ਧਰਤੀ ਤੋਂ ਲੰਮੇ ਪੈ ਕੇ ਨ੍ਰਿਤ ਕਰਨਾ
"ਲੇਟਣਿ ਲੇਟਿ ਜਾਣੈ ਤਨੁ ਸੁਆਹੁ।"
– ਆਸਾ ੧, ੬, ੩ : ੩ (350)

ਲੇਟਿ ------ ਲੇਟ ਕੇ
"ਲੇਟਣਿ ਲੇਟਿ ਜਾਣੈ ਤਨੁ ਸੁਆਹੁ।"
– ਆਸਾ ੧, ੬, ੩ : ੩ (350)

ਲੇਟਿਆ ---- ਪਿਆ
"ਪਾਇਆ ਨਿਹਚਲੁ ਥਾਨੁ ਫਿਰਿ ਗਰਭਿ ਨ ਲੇਟਿਆ।"
– ਗੂਜ ੫, ਵਾਰ ੧੦ : ੩ (520)

ਲੇਤ ------- ਲੈਂਦਾ ਹੈ
"ਮਿਥਿਆ ਬਾਸੁ ਲੇਤ ਬਿਕਾਰਾ।"
– ਗਉ ੫, ਸੁਖ ੫, ੫ : ੮ (269)

"ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਜਹ." (ਲੈਣ ਨਾਲ)
– ਟੋਡੀ ਨਾਮ, ੨, ੧* : ੧ (718)

"ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ।" (ਲੈਂਦਿਆ ਭਾਵ ਲਾਹੁੰਦਿਆਂ)

– ਮਾਲੀ ਨਾਮ, ੨, ੧ : ੨ (988)

ਲੇਤਾ ------ **ਲੈਂਦਾ**

"ਏਕ ਮਹਲਿ ਤੂੰ ਸਭੁ ਕਿਛੁ ਗ੍ਰਾਹਜੁ ਏਕ ਮਹਲਿ ਕਛੂ ਨ ਲੇਤਾ।"

– ਗਉ ੫, ੧੨੬, ੨ : ੨ (206)

"ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ।" (ਪ੍ਰਾਪਤ ਕਰਦਾ ਹੈ)

– ਬਿਲਾ ੫, ੬੬, ੧[*] : ੨ (817)

ਲੇਤੁ ------- **ਲੈਂਦਾ ਹੈ**

"ਮਾਨਿ ਲੇਤੁ ਜਿਸੁ ਸਿਰਜਨਹਾਰੁ।"

– ਗਉ ੫, ੧੬੩, ੪ : ੨ (198)

ਲੇਤੇ – ਲੈਂਦੇ ਹਨ

"ਜਗਤ ਪਾਸ ਤੇ ਲੇਤੇ ਦਾਨੁ।"

– ਗੋਂਡ ੫, ੧੧, ੨ : ੧ (865)

ਲੇਤੈ ------- **ਲੈਂਦੇ**

"ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਾਹੀ ਕਿਛੁ ਲੇਤੈ।"

ਸ਼ ਇਕਭ ੫, ੨੨, ੨ ਲ਼ ੧ (1302)

ਲੇਨ – ਲਈਏ

"ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਲਦਿ ਵਾਖਰੁ ਹਰਿ ਹਰਿ ਲੇਨ।"

ਸ਼ ਇਕਭ ੪, ੨, ੪ ਲ਼ ੨ (1295)

ਲੇਨਾ ------ **ਲੈਣ ਲਈ**

"ਆਏ ਕਠਿਨ ਦੂਤ ਜਮ ਲੇਨਾ।"

– ਸੂਹੀ ਕਬ, ੩, ੧ : ੨ (792)

ਲੇਪ ------- **(1) ਪੋਚਾ**

"ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।"

– ਗਉ ੫, ਸੁਖ ੮, ੧ : ੮ (272)

(2) ਅਪਵਿਤਰਤਾ, ਦਾਗ, ਕਲੰਕ

"ਸਰਬਤ੍ਰ ਰਮਣੰ ਗੋਬਿੰਦਹ ਨਾਨਕ ਲੇਪ ਛੇਪ ਨ ਲਿਪ੍ਤੇ।"

– ਸਸ ੫, ੩੬ : ੨ (1357)

ਲੇਪਨ ------ **ਪੋਚਾ, ਲੇਪਾ**

"ਚੰਦਨ ਅਗਰ ਕਪੂਰ ਲੇਪਨ ਤਿਸੁ ਸੰਗੇ ਨਹੀ ਪ੍ਰੀਤਿ।"

– ਮਾਰੂ ੫, ਅਸ ੩, ੩ : ੧ (1018)

ਲੇਪਨੰ ------ **ਪੋਚਾ ਦਿੱਤਾ ਹੋਣਾ**

"ਕਾਚ ਕੋਟੰ ਰਚੰਤਿ ਤੋਯੰ ਲੇਪਨੰ ਰਕਤ ਚਰਮਣਹ।"

– ਸਸ ੫, ੪ : ੧ (1354)

ਲੇਪਾ ------ **ਭਾਵ ਅਸਰ, ਪੋਚਾ**

“ਨਾਨਕ ਪਾਪ ਪੁੰਨ ਨਹੀ ਲੇਪਾ।”
– ਗਉ ੫, ਸੁਖ ੩, ੬ : ੧੦ (266)

ਲੇਪੁ ------- (1) ਅਸਰ, ਪ੍ਰਭਾਵ, ਲੇਸ, ਲਾਗ
“ਲੇਪੁ ਨਹੀ ਜਗਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ।”
– ਮਾਝ ੫, ੪੮, ੩ : ੩ (108)
“ਅੰਦਰਹੁ ਮੁਕਤੁ ਲੇਪੁ ਕਦੇ ਨ ਲਾਏ।”
– ਆਸਾ ੧, ਅਸ ੨, ੪ : ੨ (412)
“ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਉ।”
– ਜੈਤ ੫, ੨, ੨ : ੧ (700)
“ਲੇਪੁ ਨ ਲਾਗੋ ਤਿਲ ਕਾ ਮੂਲਿ।” (ਬੁਰਾ ਅਸਰ)
– ਭੈਰ ੫, ੯, ੧ : ੧ (1137)
(2) ਪੋਚਾ
“ਚੰਦਨ ਲੇਪੁ ਉਤਾਰੈ ਧੋਇ।”
– ਗਉ ੫, ਸੁਖ ੪, ੪ : ੭ (267)
“ਤਿਸੁ ਜਨ ਲੇਪੁ ਨ ਬਿਆਪੈ ਕੋਇ।” (ਮੈਲ ਦਾ ਪੋਚਾ)
– ਆਸਾ ੫, ੭੧, ੧ : ੨ (388)
(3) ਭਾਵ ਸਬੰਧ, ਲਗਾਉ, ਜੋੜ
“ਮੋਹ ਮਾਇਆ ਕੈ ਸੰਗਿ ਨ ਲੇਪੁ।”
– ਗਉ ੫, ਸੁਖ ੧੮, ੬ : ੭ (287)

ਲੇਫ ------- (ਅ. ਲਹਾਫ) ਰਜਾਈ
“ਨ ਜਲੁ ਲੇਫ ਤੁਲਾਈਆ ਨ ਭੋਜਨ ਪਰਕਾਰੋਵਾ।”
– ਵਡ ੧, ਅਲਾ ੪, ੩ : ੨ (581)

ਲੇਫੁ ------- ਰਜਾਈ
“ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ।”
– ਮਾਰੂ ੧, ਅਸ ੯, ੪ : ੧ (1014)

ਲੇਲੇ ------- ਭੇਡ ਦੇ ਬਚੇ
“ਲੇਲੇ ਕਉ ਚੂਘੈ ਨਿਤ ਭੇਡ।”
– ਗਉ ਕਬ, ੧੪, ੩ : ੨ (326)

ਲੇਵਉ ----- ਲਵਾਂ
“ਆਪਿ ਨ ਦੇਹੁ ਤ ਲੇਵਉ ਮੰਗੇ।”
– ਸੋਰ ਕਬ, ੧੧, ੧* : ੨ (656)

ਲੇਵਏ ----- ਲੈਂਦਾ ਹੈ
“ਆਪਿ ਜਾਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ।”
– ਸੂਹੀ ੧, ਛੰਤ ੫, ੪ : ੩ (766)

ਲੇਵਹਿ ----- (1) ਲਵੇ, ਪ੍ਰਾਪਤ ਕਰੇ
“ਜੋ ਮੰਗਹਿ ਸੋ ਲੇਵਹਿ।”
– ਸੋਰ ੫, ੭੦, ੨ : ੧ (626)

(2) ਜਪੇ, ਲਵੇ
“ਤੇ ਤਸਕਰ ਜੋ ਨਾਮੁ ਨ ਲੇਵਹਿ ਵਾਸਹਿ ਕੋਟ ਪੰਚਾਸਾ।”
– ਪ੍ਰਭਾ ੧, ੩, ੨ : ੨ (1328)

ਲੇਵਹੁ ------ (1) ਜਪੋ, ਲਵੋ
“ਤਿਸੁ ਬਾਝੁ ਵਖਰੁ ਕੋਇ ਨ ਸੂਝੈ ਨਾਮੁ ਲੇਵਹੁ ਖਿਨੁ ਖਿਨੋ।”
– ਗਉ ੧, ਛੰਤ ੨, ੪ : ੪ (243)
(2) ਲਵੋ, ਪ੍ਰਾਪਤ ਕਰੋ
“ਦੁਰਮਤਿ ਤਿਆਗਿ ਲਾਹਾ ਕਿਛੁ ਲੇਵਹੁ।”
– ਆਸਾ ੧, ੨੪, ੩ : ੧ (356)
(3) ਲਵੋ
“ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਢਿ ਲੇਵਹੁ ਸਬਦਿ ਸੁਭਾਇ ਜੀਉ।”
– ਆਸਾ ੪, ਛੰਤ ੧੨, ੪ : ੧ (446)
(4) ਲਵੋ, ਧਾਰਨ ਕਰੋ
“ਹਉਮੈ ਰੋਗੁ ਮਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗੁ ਗਇਆ।”
– ਰਾਮ ੧, ਅਸ ੭, ੬ : ੨ (906)

ਲੇਵਾ ------ (1) ਲਵਾਂ
“ਦਾਸਨਿ ਦਾਸੁ ਨਾਮੁ ਜਪਿ ਲੇਵਾ ਜੀਉ।”
– ਗਉ ੫, ੧੬੭*, ੩ : ੩ (217)
(2) ਲਵੇ
“ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ।”
– ਸੂਹੀ ੧, ੯, ੧ : ੨ (730)

ਲੇਵਾ ਦੇਈ --- ਲੈਣ ਦੇਣ
“ਕਿਆ ਖੇਤੀ ਕਿਆ ਲੇਵਾ ਦੇਈ ਪਰਪੰਚ ਝੂਠੁ ਗੁਮਾਨਾ।”
– ਬਿਲਾ ਕਬ, ੯, ੨ : ੧ (857)

ਲੇਵਾ ਦੇਵੀ --- ਲੈਣ ਦੇਣ, ਵਰਤੋਂ ਵਿਹਾਰ
“ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ।”
– ਸੋਰ ੫, ੧੯, ੨ : ੧ (614)

ਲੇਵੈ ------- (1) ਲੈਂਦਾ ਹੈ
“ਲੇਵੈ ਦੇਵੈ ਢਿਲ ਨ ਪਾਈ।”
– ਸਿਰੀ ੧, ੩੦, ੧* : ੨ (25)
“ਅਗੈ ਜਮਕਾਲੁ ਲੇਖਾ ਲੇਵੈ ਜਿਉ ਤਿਲ ਘਾਣੀ ਪੀੜਾਇਦਾ।”
– ਮਾਰੂ ੩, ਸੋਲਾ ੧੯, ੯ : ੩ (1063)
(2) ਜਪਦਾ
“ਨਾਮੁ ਨ ਲੇਵੈ ਮਰੈ ਬਿਖੁ ਖਾਏ।”
– ਮਾਝ ੩, ਅਸ ੧੭, ੬ : ੨ (119)
(3) ਪ੍ਰਾਪਤ ਕਰਦਾ ਹੈ

“ਨਾਨਕ ਜਿਸੁ ਨਾਮੁ ਦੇਵੈ ਸੋ ਲੇਵੈ ਨਾਮੋ ਮੰਨਿ ਵਸਾਵਣਿਆ।”
– ਮਾਝ ੩, ਅਸ ੨੪, ੮ : ੩ (124)

ਲੈ --------- (1) ਲੈਂਦਾ ਹੈ
“ਗਾਵੈ ਕੋ ਜੀਅ ਲੈ ਫਿਰਿ ਦੇਹ।”
– ਜਪੁ ੧, ੩ : ੬ (2)

(2) ਪ੍ਰਾਪਤ ਕਰ
“ਕੇਤੇ ਲੈ ਲੈ ਮੁਕਰੁ ਪਾਹਿ।”
– ਜਪੁ ੧, ੨੫ : ੬ (5)

(3) ਵਿਹਾਝ ਕੇ, ਖਰੀਦ ਕੇ
“ਅਮੁਲ ਆਵਹਿ ਅਮੁਲ ਲੈ ਜਾਹਿ।”
– ਜਪੁ ੧, ੨੬ : ੩ (5)

(4) ਲਵੋ
“ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉਹੁਲਾ।”
– ਸਿਰੀ ੧, ੨੪, ੧* : ੧ (23)

(5) ਜਪ ਕੇ, ਉਚਾਰ ਕੇ, ਆਖ ਕੇ
“ਜਨੁ ਨਾਨਕ ਜੀਵੈ ਨਾਮੁ ਲੈ ਹਰਿ ਦੇਵਹੁ ਸਹਜਿ ਸੁਭਾਇ।”
– ਸਿਰੀ ੩, ੩੫, ੫ : ੨ (27)

“ਸਹੰਸ ਨਾਮੁ ਲੈ ਲੈ ਕਰਉ ਸਲਾਮੁ।”
– ਆਸਾ ਕਬ, ੧੩, ੩ : ੨ (478)

(6) ਲੈ ਕੇ
“ਲੈ ਲੈ ਦਾਤ ਪਹੁਤਿਆ ਲਾਵੇ ਕਰਿ ਤਈਆਰੁ।”
– ਸਿਰੀ ੫, ੭੪, ੨ : ੨ (43)

“ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ।”
– ਮਾਝ ੧, ਵਾਰ ੧੪ਸ, ੧, ੧ : ੫ (144)

(7) ਲਿਆ
“ਨਾਮ ਹੇਤਿ ਕੁੰਚਰੁ ਲੈ ਫਾਂਕਿਓ ਓਹੁ ਪਰਵਸਿ ਭਇਓ ਬਿਚਾਰਾ।”
– ਧਨਾ ੫, ੨, ੨ : ੧ (671)

(8) ਲਿਵਲੀਨਤਾ
“ਪੰਚ ਬਜਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ।”
– ਰਾਮ ੫, ੮, ੨ : ੧ (885)

ਲੈਸਹਿ ----- ਲੈ ਲਵੇਂ ਗਾ
“ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ।”
– ਆਸਾ ੧, ਵਾਰ ੧ : ੪ (463)

ਲੈਸੀ ------ ਲਵੇਗਾ
“ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ।”
– ਸਿਰੀ ੧, ੨੩, ੧ : ੩ (22)

ਲੈਹਉ ----- ਲਵਾਂ

“ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ।”
– ਆਸਾ ਕਬ, ੨੪, ੧ : ੨ (482)
“ਹਉ ਤਉ ਏਕ ਰਮਈਆ ਲੈਹਉ।” (ਲੈਂਦਾ ਹੈ)
– ਗੋਂਡ ਨਾਮ, ੬, ੧* : ੧ (874)

ਲੈਹਿ ------ (1) ਲੈਂਦਾ ਹੈਂ
“ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ।”
– ਸਿਰੀ ੧, ਅਸ ੨, ੧* : ੨ (54)
(2) ਲਈਏ
“ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ।”
– ਗਉ ੫, ੪, ੧ : ੧ (249)
(3) ਲਵੇਂ
“ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ।”
– ਸੂਹੀ ੩, ਵਾਰ ੨ਸ, ੩, ੧ : ੧ (785)

ਲੈਹੀ ------ ਲੈਂਦੇ
“ਛਾਦਨੁ ਭੋਜਨੁ ਨ ਲੈਹੀ ਸਤ ਭਿਖਿਆ ਮਨਹਠਿ ਜਨਮੁ ਗਵਾਇਆ।”
– ਗੂਜ ੩, ਵਾਰ ੧੨ਸ, ੩, ੨ : ੫ (513)

ਲੈਹੁ ------- ਲਵੋ
“ਦੇਹੁ ਦਰਸੁ ਸੁਖ ਦਾਤਿਆ ਮੈ ਗਲਿ ਵਿਚਿ ਲੈਹੁ ਮਿਲਾਇ ਜੀਉ।”
– ਸਿਰੀ ੫, ਅਸ ੨੯, ੧੫ : ੩ (74)

ਲੈਹੈ ------- ਲੈਂਦਾ
“ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ।”
– ਸਲੋ ਕਬ, ੧੪੩ : ੨ (1372)

ਲੈਣ ------- ਲੈਣਾ ਭਾਵ ਜਪਨਾ
“ਹੋਇ ਢੀਠ ਮੀਠੀ ਮਨਹਿ ਲਾਗੈ ਨਾਮੁ ਲੈਣ ਨ ਆਵਏ।”
– ਬਿਲਾ ੫, ਛੰਤ ੩, ੨ : ੪ (847)

ਲੈਣਾ ------ (1) ਲਈਦਾ ਅਰਥਾਤ ਪ੍ਰਾਪਤ ਕਰੀਦਾ ਹੈ
“ਕਹਿਆ ਕਰਣਾ ਦਿਤਾ ਲੈਣਾ।”
– ਮਾਝ ੫, ੧੪, ੧ : ੧ (98)
(2) ਜਿਸ ਤੋਂ ਲਈਦਾ ਹੈ
“ਮਨਹਤਿ ਜਿਸ ਤੇ ਮੰਗਣਾ ਲੈਣਾ ਦੁਖੁ ਮਨਾਇ।”
– ਵਡ ੪, ਵਾਰ ੪ਸ, ੩, ੧ : ੪ (587)
(3) ਲੈਂਦੇ, ਪ੍ਰਾਪਤ ਕਰਦੇ
“ਦੇ ਦੇ ਲੈਣਾ ਲੈ ਲੈ ਦੇਣਾ।”
– ਸਾਰ ੪, ੧੬ਸ, ੨, ੧ : ੨ (1243)

ਲੈਣਿ ------ ਪ੍ਰਾਪਤ ਕਰਨ ਲਈ, ਲੈਣ ਲਈ
“ਪ੍ਰਾਣੀ ਤੂੰ ਆਇਆ ਲਾਹਾ ਲੈਣਿ।”

– ਸਿਰੀ ੫, ੭੩, ੧* : ੧ (43)

ਲੈਣੀ ------ ਲਵਾਂ, ਪ੍ਰਾਪਤ ਕਰਾਂ
"ਹਰਿ ਨਾਮੁ ਧਿਆਈ ਹਰਿ ਉਚਰਾ ਹਰਿ ਲਾਹਾ ਲੈਣੀ।"
– ਸੋਰ ੪, ਵਾਰ ੨੪ : ੨ (652)

ਲੈਣੈ ------- ਲੈਣ ਦੇ, ਪ੍ਰਾਪਤ ਕਰਨ ਦੇ
"ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ।"
– ਸਿਰੀ ੧, ਅਸ ੧, ੭ : ੧ (53)

ਲੈਤ ------- ਲੈਂਦਿਆਂ, ਲੈਣ ਨਾਲ
"ਸੁਆਦ ਲੁਭਤ ਇੰਦ੍ਰੀ ਰਸ ਪ੍ਰੇਰਿਓ ਮਦ ਰਸ ਲੈਤ ਬਿਕਾਰਿਓ ਰੇ।"
– ਗਉ ਕਬ, ੫੬, ੩ : ੧ (335)

ਲੈਦਾ ------ (1) ਲੈਂਦਾ, ਪ੍ਰਾਪਤ ਕਰਦਾ, ਪਾਤਰ ਬਣਦਾ
"ਲੈਦਾ ਬਦ ਦੁਆਇ ਤੂੰ ਮਾਇਆ ਕਰਹਿ ਇਕਤ।"
– ਸਿਰੀ ੫, ੭੧, ੩ : ੧ (42)
(2) ਲੈਂਦਾ
"ਰੇ ਮਨ ਲੇਖੈ ਚਾਲਹਿ ਲੇਖੈ ਬੈਸਹਿ ਲੇਖੈ ਲੈਦਾ ਸਾਹਾ।"
– ਆਸਾ ੫, ੧੨੩, ੪ : ੧ (402)

ਲੈਦੇ ------- (1) ਪ੍ਰਾਪਤ ਕਰਦੇ, ਲੈਂਦੇ
"ਦੇਦਾ ਦੇ ਲੈਦੇ ਥਕਿ ਪਾਹਿ।"
– ਜਪੁ ੧, ੩ : ੧੧ (2)
(2) ਲੈਂਦੇ
"ਮਲ ਲਥੇ ਲੈਦੇ ਫੇਰੀਆ।"
– ਸਿਰੀ ੫, ਅਸ ੨੯, ੧੮ : ੨ (74)
(3) ਲੈਣ ਵਾਲੇ, ਪ੍ਰਾਪਤ ਕਰਤਾ
"ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ।"
– ਮਲਾ ੧, ਵਾਰ ੨੫ਸ, ੧, ੨ : ੨੧ (1290)

ਲੈਂਦੇ ------ (1) ਲੈਣ ਵਾਲੇ, ਪ੍ਰਾਪਤ ਕਰਤਾ
"ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ।"
– ਮਲਾ ੧, ਵਾਰ ੧੯ਸ, ੧, ੧ : ੧ (1286)
(2) ਪ੍ਰਾਪਤ ਕਰਦੇ, ਖਰੀਦਦੇ, ਵਣਜਦੇ
"ਨਾਨਕ ਹਟ ਪਟਣ ਵਿਚਿ ਕਾਂਇਆ ਹਰਿ ਲੈਂਦੇ ਗੁਰਮੁਖਿ ਸਉਦਾ ਜੀਉ।"
– ਮਾਝ ੪, ੫, ੪ : ੩ (95)

ਲੈਨ ------- (1) ਲੈਂਦੇ ਹਨ, ਪ੍ਰਾਪਤ ਕਰਦੇ ਹਨ
"ਅੰਮ੍ਰਿਤ ਨਾਮੁ ਸਾਧਸੰਗਿ ਲੈਨ।"
– ਗਉ ੫, ਸੁਖ ੨੪, ੪ : ੪ (295)
(2) ਲਿਆ, ਪ੍ਰਾਪਤ ਕੀਤਾ
"ਬਹੁ ਪ੍ਰਕਾਰ ਖੋਜਹਿ ਸਭਿ ਤਾ ਕਉ ਬਿਖਮੁ ਨ ਜਾਈ ਲੈਨ।"

– ਧਨਾ ੫, ੧੩, ੧* : ੨ (674)

ਲੈਨਾ ------ (1) ਪ੍ਰਾਪਤ ਹੁੰਦਾ ਹੈ
"ਨਾਮ ਬਿਨਾ ਮੈ ਅਵਰੁ ਨ ਕੋਈ ਵਡੈ ਭਾਗਿ ਗੁਰਮੁਖਿ ਹਰਿ ਲੈਨਾ।"
– ਆਸਾ ੪, ੫੬, ੧* : ੨ (366)
(2) ਜਪਨਾ, ਉਚਾਰਨ ਕਰਨਾ
"ਜਿਸਹਿ ਬੁਝਾਏ ਤਿਸੁ ਨਾਮੁ ਲੈਨਾ।"
– ਸੂਹੀ ੫, ੮, ੪* : ੨ (738)
(3) ਲੈਂਦਾ
"ਆਪਿ ਕਰਾਵਨ ਦੋਸੁ ਨ ਲੈਨਾ।"
– ਬਿਲਾ ੫, ੭, ੧ : ੨ (803)

ਲੈਨਿ ------ ਲੈਂਦੇ ਹਨ, ਪ੍ਰਾਪਤ ਕਰਦੇ ਹਨ
"ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ।"
– ਸਿਰੀ ੩, ਅਸ ੨੩, ੧੦ : ੨ (68)
"ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ।" (ਲੈਂਦੇ, ਸੁੰਘਦੇ ਹਨ)
– ਮਾਝ ੧, ਵਾਰ ੨੬ਸ, ੧, ੧ : ੨ (149)
"ਸਚੁ ਸੁਣਹਿ ਸਚੁ ਮੰਨਿ ਲੈਨਿ ਸਚੀ ਕਾਰ ਕਮਾਹਿ।" (ਲੈਂਦੇ ਹਨ)
– ਸਲੋ ੩, ੫੩ : ੪ (1419)

ਲੈਨੀ ------ ਲੈ ਕੇ, ਗ੍ਰਹਿਣ ਕਰਕੇ
"ਅਨਦਿਨੁ ਹਰਿ ਹਰਿ ਨਾਮੁ ਧਿਆਵਹੁ ਗੁਰ ਸਤਿਗੁਰ ਕੀ ਮਤਿ ਲੈਨੀ।"
– ਬਿਲਾ ੪, ੪, ੩ : ੨ (800)

ਲੈਨੋ ------- ਲੈਣਾ, ਜਪਨਾ
"ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ।"
– ਸਾਰ ੫, ੪, ੧* : ੨ (1203)

ਲੈਨਿ ------- (1) ਜਪਨ, ਲੈਣ
"ਨਾਮੁ ਲੈਨ੍ਹਿ ਸਿ ਸੋਹਹਿ ਤਿਨ੍ਹ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ।"
– ਆਸਾ ੧, ਛੰਤ ੪, ੪ : ੬ (438)
(2) ਲੈਣ
"ਜਿਣਿ ਜਿਣਿ ਲੈਨ੍ਹਿ ਰਲਾਇ ਏਹੋ ਏਨਾ ਲੋੜੀਐ।"
– ਗੂਜ ੫, ਵਾਰ ੧੫ : ੪ (522)

ਲੋਉ ------- ਲੋਕ, ਭਵਨ, ਦੇਸ
"ਖੰਡ ਦੀਪ ਸਭ ਭੀਤਰਿ ਰਵਿਆ ਪੂਰਿ ਰਹਿਓ ਸਭ ਲੋਉ।"
– ਦੇਵ ੫, ੩੩, ੧* : ੨ (535)

ਲੋਅ ------ (1) ਲੋਕ, ਤਬਕ, ਰਚਨਾ ਦੇ ਮੰਡਲ
"ਸੁਣਿਐ ਦੀਪ ਲੋਅ ਪਾਤਾਲ।"
– ਜਪੁ ੧, ੮ : ੩ (2)
"ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ।"

– ਸਿਰੀ ੩, ਅਸ ੨੧, ੫ : ੨ (67)

“ਸਸੀਅਰੁ ਅਰੁ ਸੂਰੁ ਨਾਮੁ ਉਲਾਸਹਿ ਸੈਲ ਲੋਅ ਜਿਨਿ ਉਧਰਿਆ। (ਪਥਰਾਂ ਦੇ ਸਮੂਹ)

– ਸਵ ੩, ੨ : ੩ (1393)

(2) ਲੋਗ, ਜਨ, ਮਨੁੱਖ

“ਨਾਮੇ ਉਧਰੇ ਸਭਿ ਜਿਤਨੇ ਲੋਅ।”

– ਭੈਰ ੩, ੭, ੧ : ੧ (1129)

“ਕਰਮ ਵਧਹਿ ਕੈ ਲੋਅ ਖਪਿ ਮਰੀਜਈ।”

– ਮਲਾ ੧, ਵਾਰ ੧੭ : ੬ (1285)

ਲੋਅਹ ------ ਲੋਕਾਂ, ਤਬਕਾਂ

“ਆਦਿ ਜੁਗਾਦਿ ਅਨਾਦਿ ਕਲਾ ਧਾਰੀ ਤ੍ਰਿਹੁ ਲੋਅਹ।”

– ਸਵ ੪, ਸਲ ੨; ੩ (1406)

ਲੋਆ ------ (1) ‘ਲੋਅ’ ਦਾ ਬਹੁ ਵਚਨ, ਲੋਕ

“ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ।”

– ਆਸਾ ੧, ਵਾਰ ੬ਸ, ੧, ੧ : ੧੧ (466)

(2) ਪ੍ਰਕਾਸ਼, ਲੋ, ਚਾਣਨ

“ਉਗਵਣਹੁ ਤੈ ਆਥਵਣਹੁ ਚਹੁ ਚਕੀ ਕੀਅਨੁ ਲੋਆ।”

– ਰਾਮ ਬਸ, ਵਾਰ ੮ : ੬ (968)

ਲੋਆਂ ------ ਲੋਕਾਂ, ਰਚਨਾ ਖੰਡਾਂ

“ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।”

– ਆਸਾ ੧, ਵਾਰ ੮ਸ, ੧, ੧ : ੨ (467)

ਲੋਐ ------ ਲੋਕਾਂ ਨੂੰ

“ਦੇਹਿ ਦਾਨੁ ਸਭਸੈ ਜੰਤ ਲੋਐ।”

– ਮਾਰੂ ੫, ੩, ੮ : ੨ (1074)

ਲੋਇ ------ (1) ਦੇਸ਼, ਤਬਕ, ਲੋਕ, ਭਵਨ

“ਆਸਣੁ ਲੋਇ ਲੋਇ ਭੰਡਾਰ।”

– ਜਪੁ ੧, ੩੧ : ੧ (7)

“ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ।” (ਜਗਤ ਵਿਚ)

– ਗਉ ਰਵਿ, ਅਸ ੧, ੨ : ੧ (346)

(2) ਦੇਖ, ਪ੍ਰਤੀਤ ਕਰ

“ਗੁਰਮਤਿ ਹੋਇ ਵੀਚਾਰੀਐ ਸੁਪਨਾ ਇਹੁ ਜਗੁ ਲੋਇ।”

– ਸਿਰੀ ੧, ਅਸ ੧੫, ੭ : ੩ (63)

(‘ਦਰਪਣ’ ਇਥੇ ਵੀ ਅਰਥ ‘ਲੋਕ’ ਹੀ ਕਰਦਾ ਹੈ)

(3) ਲੋਕਾਈ, ਲੋਕ

“ਨਾਰੀ ਪੁਰਖ ਸਬਾਈ ਲੋਇ।”

– ਗਉ ੧, ਅਸ ੫, ੩ : ੨ (223)

(4) ਪ੍ਰਕਾਸ਼, ਚਾਣਨ

“ਨਾਮ ਰਤਨੁ ਸਭ ਜਗ ਮਹਿ ਲੋਇ।”
- ਗਉ ੩, ਅਸ ੭, ੫ : ੪ (232)

“ਤੇਰਾ ਨਾਮੁ ਰਤਨੁ ਕਰਮੁ ਚਾਨਣੁ ਸੁਰਤਿ ਤਿਥੈ ਲੋਇ।”
- ਪ੍ਰਭਾ ੧, ੨, ੧ : ੧ (1327)

(5) ਲੋਕਾਂ ਵਿਚ, ਦੁਨੀਆ ਵਿਚ

“ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ।”
- ਗਉ ੫, ਸੁਖ ੨੪, ੫ : ੬ (295)

“ਕਾਮੁ ਨ ਕਰਹੀ ਆਪਣਾ ਫਿਰਹਿ ਅਵਤਾ ਲੋਇ।” (ਸੰਸਾਰ ਵਿਚ)
- ਗਉ ੫, ਵਾਰ ੧੧ਸ, ੫, ੧ : ੧ (320)

“ਕਬੀਰ ਜਪਨੀ ਕਾਠ ਕੀ ਕਿਆ ਦਿਖਲਾਵਹਿ ਲੋਇ।” (ਲੋਕਾਂ ਨੂੰ)
- ਸਲੋ ਕਬ, ੭੫ : ੧ (1368)

ਲੋਇਣ ----- ਅਖਾਂ, ਨੇਤਰ

“ਭੈ ਕੇ ਚਰਣ ਕਰ ਭਾਵ ਕੇ ਲੋਇਣ ਸੁਰਤਿ ਕਰੇਇ।”
- ਮਾਝ ੧, ਵਾਰ ੩ਸ, ੨, ੨ : ੩ (139)

ਲੋਇਣਾ ---- ਅਖਾਂ, ‘ਲੋਇਣ’ ਦਾ ਬਹੁਵਚਨ

“ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ।”
- ਆਸਾ ੪, ਛੰਤ ੧੫, ੧ : ੧ (448)

ਲੋਇਣੀ ---- (1) ਲੋਇਣ (ਅਖਾਂ) ਵਾਲੇ ਨਾਲ, ਭਾਵ ਪ੍ਰਭੂ ਨਾਲ

“ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ।”
- ਮਾਰੂ ੩, ਵਾਰ ੧੫ਸ, ੧, ੨ : ੩ (1091)

(2) ਅਖਾਂ ਨਾਲ, ਨੇਤਰਾਂ ਨਾਲ

“ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ।”
- ਸਲੋ ਫਰ, ੬੪ : ੧ (1382)

ਲੋਇਨ ----- ਅੱਖਾਂ

“ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ।”
- ਮਾਰੂ ਕਬ, ੨, ੩ : ੨ (1103)

ਲੋਇਨਾ ----- ਅਖੀਂ, ਅਖਾਂ ਨਾਲ

“ਗੁਰਹਿ ਦਿਖਾਇਓ ਲੋਇਨਾ।”
- ਆਸਾ ੫, ੧੪੪, ੧* : ੧ (407)

ਲੋਈ ------ (1) ਜਗਤ/ਲੋਕ ਵਿਚ

“ਏਕੋ ਹੁਕਮੁ ਵਰਤੈ ਸਭ ਲੋਈ।”
- ਗਉ ੧, ਅਸ ੫, ੭ : ੧ (223)

“ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ।”
- ਜੈਤ ੫, ਵਾਰ ੧ : ੪ (706)

(2) ਲੋਕਾਂ ਵਿਚ

“ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸ ਵਰਤਿਆ ਲੋਈ।” (ਭਾਵ ਸੰਸਾਰ ਵਿਚ)

– ਗਉ ੪, ਵਾਰ ੧੫ਸ, ੪, ੨ : ੩ (309)

(3) ਲੋਕ, ਜਨ ਸੰਮ੍ਰਦਾਇ

“ਆਸਾ ਵਿਚਿ ਸੁਤੇ ਕਈ ਲੋਈ।”

– ਆਸਾ ੩, ਅਸ ੨੫, ੧ : ੩ (423)

“ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ।” (ਹੇ ਲੋਕੋ)

– ਧਨਾ ਕਬ, ੩, ੨ : ੧ (692)

“ਦੁਨੀਆ ਦੋਸੁ ਰੋਸੁ ਹੈ ਲੋਈ।” (ਲੋਕਾਂ ਤੇ)

– ਭੈਰ ਕਬ, ੧੫, ੩ : ੩ (1161)

(ਮਹਾਨ ਕੋਸ਼ ਇਥੇ ਅਰਥ ‘ਪ੍ਰਕਾਸ਼ਕ ਭਾਵ ਕਰਤਾਰ’ ਕਰਦਾ ਹੈ)

(4) ਭਗਤ ਕਬੀਰ ਜੀ ਦੀ ਇਸਤ੍ਰੀ

“ਕਹਤ ਕਬੀਰ ਸੁਨਹੁ ਰੇ ਲੋਈ।”

– ਆਸਾ ਕਬ, ੨੧, ੫ : ੧ (481)

“ਸੁੰਨਿ ਅੰਧਲੀ ਲੋਈ ਬੇਪੀਰਿ।”

– ਗੋਂਡ ਕਬ, ੬, ੪ : ੩ (871)

(5) ਦੁਨੀਆਂ, ਜਗਤ

“ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ।”

– ਵਡ ੫, ਛੰਤ ੨, ੨ਸ : ੧ (577)

“ਆਪਿ ਅਗੋਚਰੁ ਧੰਧੈ ਲੋਈ।”

– ਰਾਮ ੧, ਓਅੰ ੧੫ : ੫ (931)

(6) ਪ੍ਰਕਾਸ਼, ਚਾਣਨ

“ਨਾਇ ਮੰਨਿਐ ਪੰਥੁ ਪਰਗਟਾ ਨਾਮੇ ਸਭ ਲੋਈ।”

– ਸਾਰ ੪, ਵਾਰ ੯ : ੪ (1241)

ਲੋਸਟ ------ ਲੋਹਾ, ਲੋਹੇ ਦੀ ਮੈਲ, ਮਨੂਰ

“ਰਾਮ ਪਾਰਸ ਚੰਦਨ ਹਮ ਕਾਸਟ ਲੋਸਟ।”

– ਧਨਾ ੪, ੭, ੧* : ੧ (668)

ਲੋਹ ------- (1) ਲੋਹਾ

“ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ।”

– ਗਉ ੪, ਵਾਰ ੩੨ : ੨ (317)

“ਬੂਡਤ ਲੋਹ ਸਾਧਸੰਗਿ ਤਰੈ।”

– ਰਾਮ ੫, ੪੨, ੪ : ੩ (895)

(2) ਮੱਛੀ ਫਸਾਉਣ ਦੀ ਕੁੰਡੀ

“ਜਿਹਬਾ ਸੁਆਦੀ ਲੀਲੀਤ ਲੋਹ।”

– ਸਾਰ ਨਾਮ, ੧, ੧ : ੩ (1252)

ਲੋਹਉ ----- ਲੋਹਾ

“ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ।”

– ਸਵ ੪, ਨਲ ੬ : ੩ (1399)

ਲੋਹਟੁ ------ ਲੋਹਾ

“ਹਰਿ ਮੰਦਰ ਮਹਿ ਮਨੁ ਲੋਹਟੁ ਹੈ ਮੋਹਿਆ ਦੂਜੈ ਭਾਇ।”

– ਪ੍ਰਭਾ ੩, ਅਸ ੧, ੧੦ : ੧ (1346)

ਲੋਹਾ ------ ਲੋਹ, ਇਕ ਧਾਤ
"ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ।"
– ਮਾਝ ੧, ਵਾਰ ੧੨ਸ, ੧, ੧ : ੭ (143)

ਲੋਹਾਰੀ ----- ਲੋਹੇ ਦੀ ਬੇੜੀ
"ਓਹਾ ਪੈਰਿ ਲੋਹਾਰੀ।"
– ਮਾਰੂ ੫, ੧੭, ੩ : ੪ (1004)

ਲੋਹਾਰੀਪਾ --- ਇਕ ਜੋਗੀ ਜੋ ਗੋਰਖ ਦਾ ਪੁੱਤਰ (ਚੇਲਾ) ਸੀ
"ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ।"
– ਰਾਮ ੧, ਸਿਗੋ ੭ : ੪ (939)

ਲੋਹਾਰੁ ----- ਲੋਹੇ ਦਾ ਕੰਮ ਕਰਨ ਵਾਲਾ
"ਅਗਨੀ ਗੰਢੁ ਪਾਏ ਲੋਹਾਰੁ।"
– ਮਾਝ ੧, ਵਾਰ ੧੨ਸ, ੧, ੨ : ੨ (143)

ਲੋਹੁ ------- ਲੋਹਾ
"ਬਿਨੁ ਸਤਿਗੁਰ ਭੇਟੇ ਕੰਚਨੁ ਨਾ ਥੀਐ ਮਨਮੁਖੁ ਲੋਹੁ ਬੂਡਾ ਬੇੜੀ ਪਾਸਿ।"
– ਸਿਰੀ ੪, ੬੭, ੩ : ੩ (40)

ਲੋਹੂ ------- ਲਹੂ, ਰਕਤ
"ਹਮ ਕਤ ਲੋਹੂ ਤੁਮ ਕਤ ਦੂਧ।"
– ਗਉ ਕਬ, ੭, ੩ : ੨ (324)

ਲੋਹੇ ------- ਲੋਹੇ ਦੀ
"ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ।"
– ਮਾਰੂ ੩, ਵਾਰ ੧੦ਸ, ੩, ੧ : ੧ (1089)

ਲੋਕ ------- (1) ਲੋਕੀ, ਜਨ
"ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸ ਕੀ ਧਰਿਆ।"
– ਗੂਜ ੫, ਸੋਦ ੫, ੨ : ੧ (10)
"ਆਪ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾਂ।" (ਲੋਕਾਂ ਨੂੰ)
– ਮਾਝ ੧, ਵਾਰ ੬ਸ, ੧, ੨ : ੩ (140)
ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ।" (ਭਗਤ)
– ਭੈਰ ੫, ੫੧, ੧ : ੧ (1151)
(2) ਭੂ ਖੰਡ, ਦੁਨੀਆ
"ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ।"
– ਸਿਰੀ ੧, ਅਸ ੧੭, ੧ : ੨ (64)
"ਸਰਬ ਲੋਕ ਮਾਇਆ ਕੇ ਮੰਡਲ ਗਿਰਿ ਗਿਰਿ ਪਰਤੇ ਧਰਣੀ।"
– ਗਉ ੫, ੧੬੨*, ੧* : ੨ (215)
(3) ਬ੍ਰਹਮੰਡ ਦਾ ਹਿੱਸਾ
"ਤੀਨਿ ਲੋਕ ਜਾ ਕੈ ਹਹਿ ਭਾਰਿ।" (ਭਾਵ ਦੇਵ ਲੋਕ, ਮਾਤ ਲੋਕ, ਪਾਤਾਲ ਲੋਕ)

– ਗਉ ਕਬ, ੨੨, ੨ : ੧ (328)

(4) ਸ੍ਰਿਸਟੀ, ਪਰਜਾ

“ਮਾਇਆ ਮੋਹ ਸਭ ਲੋਕ ਹੈ ਤੇਰੀ ਤੂ ਏਕੋ ਪੁਰਖੁ ਬਿਧਾਤਾ।”

– ਸੋਰ ੩, ਅਸ ੧, ੪ : ੨ (638)

ਲੋਕਹ ------ (1) ਲੋਕਾਂ ਨੂੰ

“ਆਪਿ ਤਰੈ ਲੋਕਹ ਨਿਸਤਾਰ।”

– ਗਉ ੫, ਸੁਖ ੨੪, ੩ : ੪ (295)

(2) ਲੋਕ ਵਿਚ, ਬ੍ਰਹਮੰਡ ਦੇ ਹਿੱਸੇ ਵਿਚ

“ਬਸੰਤਿ ਸ੍ਵਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ।”

– ਜੈਤ ੫, ਵਾਰ ੯ਸ, ੫, ੧ : ੧ (707)

ਲੋਕਨ ------ ਲੋਕਾਂ ਦੀ

“ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਪ੍ਰਭੁ ਅੰਗੁ ਕਰਿ ਬੈਠਾ ਪਾਸਿ।”

– ਗਉ ੪, ਵਾਰ ੧੦ਸ, ੪, ੨ : ੨ (305)

ਲੋਕਾ ------ (1) ਹੇ ਲੋਕੋ!

“ਨਾਨਕ ਮਿਠੈ ਪਤਰੀਐ ਵੇਖਹੁ ਲੋਕਾ ਆਇ।”

– ਮਾਝ ੧, ਵਾਰ ੧੧ਸ, ੧, ੨ : ੫ (143)

(2) ਬ੍ਰਹਮੰਡ ਦੇ ਹਿੱਸਿਆਂ ਵਿਚ

“ਤਿਹੁ ਲੋਕਾ ਮਹਿ ਸਬਦੁ ਰਵਿਆ ਹੈ ਆਪੁ ਗਇਆ ਮਨੁ ਮਾਨਿਆ।”

– ਆਸਾ ੧, ੧੦, ੨ : ੨ (351)

(3) ਲੋਕਾਂ, ਲੋਕਾਂ ਦਾ, ਲੋਕਾਂ ਨੂੰ

“ਲੋਕਾ ਦਾ ਕਿਆ ਜਾਇ ਜਾ ਤੁਧੁ ਭਾਣਿਆ।”

– ਆਸਾ ੧, ਅਸ ੨੧, ੧ : ੨ (42੨)

“ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ”। (ਲੋਕਾਂ ਦਾ)

– ਵਡ ੧, ਅਲਾ ੨, ੨ : ੧ (579)

“ਲੋਕਾ ਨ ਸਾਲਾਹਿ ਜੋ ਮਰਿ ਖਾਕੁ ਥੀਈ।” (ਲੋਕਾਂ ਨੂੰ)

– ਸੂਹੀ ੩, ਅਸ ੩, ੧ : ੨ (755)

ਲੋਕਾਂ ------ (1) ਲੋਕਾਂ ਦੇ

“ਇੰਦੁ ਵਰਸੈ ਕਰਿ ਦਇਆ ਲੋਕਾਂ ਮਨਿ ਉਪਜੈ ਚਾਉ।”

– ਮਲਾ ੧, ਵਾਰ ੧੯ਸ, ੩, ੨ : ੧ (1285)

(2) ਬਹੁਤ ਸਾਰੇ ਲੋਕ, ਲੋਕ ਦਾ ਬਹੁਵਚਨ

“ਫੜੁ ਕਰਿ ਲੋਕਾਂ ਨੋ ਦਿਖਲਾਵਹਿ ਗਿਆਨੁ ਧਿਆਨੁ ਨਹੀ ਸੂਝੈ।”

– ਮਲਾ ੧, ਵਾਰ ੨੫ਸ, ੧, ੨ : ੫ (1289)

(3) ਲੋਕਾਂ ਨੂੰ, ਲੋਕਾਂ ਲਈ

“ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ।”

– ਸਲੋ ਫਰ, ੯੪ : ੨ (1382)

“ਧਨ ਲੋਕਾਂ ਤਨੁ ਭਸਮੈ ਢੇਰੀ।”

– ਬਿਲਾ ੧, ਅਸ ੨, ੨ : ੨ (832)

ਲੁੋਕਾਈ ---- ਲੋਕ ਸਮੂੰਹ
"ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ ਤਾਂ ਝਖਿ ਝਖਿ ਮਰੈ ਸਭ ਲੁੋਕਾਈ।"
– ਗਉ ੪, ਵਾਰ ੧੩ਸ, ੪, ੧ : ੩ (307)

ਲੋਕਾਈ ---- ਲੋਕ ਸਮੂੰਹ
"ਜੇ ਗਲ ਕਰਤੇ ਭਾਵੈ ਸਾ ਨਿਤ ਨਿਤ ਚੜੈ ਸਵਾਈ ਸਭ ਝਖਿ ਝਖਿ ਮਰੈ ਲੋਕਾਈ।"
– ਬਿਲਾ ੪, ਵਾਰ ੪ : ੫ (850)

ਲੋਕਾਚਾਰ --- ਸੰਸਾਰੀ ਰੀਤ ਨੂੰ ਪੂਰਿਆਂ ਕਰਨ ਵਾਲੇ, ਦਿਖਾਵੇ ਦੇ
"ਅਵਰਿ ਕਰਮ ਸਭਿ ਲੋਕਾਚਾਰ।"
– ਬਿਲਾ ੫, ੧੧, ੨ : ੧ (804)

ਲੋਕਾਚਾਰੁ --- ਲੋਕ + ਆਚਾਰ, ਦਿਖਾਵਾ, ਲੋਕ ਰੀਤ
"ਪਰਹਰੁ ਲੋਭੁ ਅਰੁ ਲੋਕਾਚਾਰੁ।"
– ਗਉ ਕਬ, ੬, ੨ : ੧ (324)

ਲੋਕਾਣੀ ---- ਲੋਕਾਂ ਦੀ, ਦੁਨਿਆਵੀ
"ਸਭ ਚੂਕੀ ਕਾਣਿ ਲੋਕਾਣੀ।"
– ਸੋਰ ੫, ੫੫, ੨ : ੧ (622)

ਲੋਕਾਣੀਆ -- ਲੋਕਾਂ ਦੀ, ਦੁਨਿਆਵੀ
"ਅਨਦਿਨੁ ਸਿਮਰਹ ਨਾਮੁ ਤਜਿ ਲਾਜ ਲੋਕਾਣੀਆ।"
– ਆਸਾ ੫, ੧੧੩, ੧* : ੨ (399)

ਲੋਕਾਣੇ ----- ਗੈਰ ਲੋਕ, ਓਪਰੇ ਬੰਦੇ
"ਨਾਨਕ ਠਾਕੁਰ ਮੀਤ ਹਮਾਰੇ ਹਮ ਨਾਹੀ ਲੋਕਾਣੇ।"
– ਆਸਾ ੧, ਛੰਤ ੧, ੪ : ੬ (436)

ਲੋਕਾਂਤਰ ---- ਲੋਕਾਂ ਨੂੰ, ਬ੍ਰਹਮੰਡ ਦੇ ਭਾਗਾਂ ਨੂੰ
"ਰਿਧਿ ਬਸੈ ਬਾਂਵਾਂਗਿ ਜੁ ਤੀਨਿ ਲੋਕਾਂਤਰ ਮੋਹੈ।"
– ਸਵ ੩, ੯ : ੨ (1394)

ਲੋਕਾਨੀ ----- ਲੋਕਾਂ ਦੀ, ਦੁਨਿਆਵੀ
"ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ।"
– ਸੂਹੀ ੫, ੩, ੧* : ੨ (737)

ਲੋਕਿ ------ (1) ਲੋਕਾਂ ਦੇ
"ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ।"
– ਆਸਾ ੪, ੬੨, ੪ : ੧ (368)

(2) ਦੁਨੀਆ ਵਿਚ, ਜਗਤ ਵਿਚ
"ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ।"
– ਧਨਾ ੫, ੩੨, ੧ : ੨ (679)

ਲੋਕੀ ------ (1) (ਸੰ.) ਦੇਵ ਲੋਕ ਦੇ ਨਿਵਾਸੀ, ਦੇਵਤੇ

“ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।”
– ਆਸਾ ੧, ੩੨, ੪ : ੧ (358)
(2) ਲੋਕਾਂ ਨੇ
“ਦੂਜੈ ਲੋਕੀ ਬਹੁਤੁ ਦੁਖੁ ਪਾਇਆ।”
– ਬਸੰ ੩, ੪, ੧ : ੩ (1173)

ਲੋਕੀਕ ----- ਲੋਕਾਚਾਰੀ, ਸੰਸਾਰੀਪੁਣਾ, ਲੋਕ ਵਿਹਾਰ
“ਪੂਰੀ ਸੋਭਾ ਪੂਰਾ ਲੋਕੀਕ।”
– ਗਉ ੫, ੧੧੪, ੩ : ੨ (188)

ਲੋਕੁ ------- (1) ਲੋਕਾਈ, ਜਨ ਸਮੂੰਹ, ਲੋਕ
“ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।”
– ਸਿਰੀ ੧, ੧, ੩ : ੧ (14)
(2) ਨਿਵਾਸ ਸਥਾਨ, ਦੁਨੀਆ
“ਜੀਤਹਿ ਜਮ ਲੋਕੁ ਪਤਿਤ ਜੇ ਪ੍ਰਾਣੀ ਹਰਿ ਜਨ ਸਿਵ ਗੁਰ ਗ੍ਯਾਨਿ ਰਤੇ।”
– ਸਵ ੪, ਗਯੰ ੨ : ੪ (1401)

ਲੋਕੇ ------- ਲੋਕ (ਸੰਸਾਰ)
“ਇਹ ਲੋਕੇ ਸੁਖੁ ਪਾਇਆ।”
– ਰਾਮ ੫, ੪੯, ੧ : ੧ (898)

ਲੋਗ ------- (1) ਲੋਕ, ਲੋਕੀ
“ਸਚਿ ਰਹਸੇ ਪੂਰੇ ਹਰਿ ਲੋਗ।”
– ਗਉ ੧, ੬, ੫ : ੨ (153)
“ਵਡੇ ਵਡੇ ਜੋ ਦੀਸਹਿ ਲੋਗ।”
– ਗਉ ੫, ੧੧੩, ੧ : ੧ (188)
“ਐਜੀ ਨ ਹਮ ਉਤਮ ਨੀਚ ਨ ਮਧਿਮ ਹਰਿ ਸਰਣਾਗਤਿ ਹਰਿ ਕੇ ਲੋਗ।”
– ਗੂਜ ੧, ਅਸ ੪, ੧ : ੧ (504)
“ਸਿਚੰਹਿ ਦਰਬੁ ਦੇਹਿ ਦੁਖੁ ਲੋਗ।” (ਲੋਕਾਂ ਨੂੰ)
– ਰਾਮ ੫, ੨੩, ੧ : ੧ (889)
(2) ਜਨ
“ਪੰਚ ਲੋਗ ਸਭ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ।”
– ਗਉ ੪, ਵਾਰ ੩੦ਸ, ੪, ੧ : ੩ (315)
(3) ਲੋਕ, ਬ੍ਰਹਮੰਡ ਦੇ ਭਾਗ
“ਨਾਮੁ ਨਿਧਾਨੁ ਧਿਆਨ ਅੰਤਰ ਗਤਿ ਤੇਜ ਪੁੰਜ ਤਿਹੁ ਲੋਗ ਪ੍ਰਗਾਸੇ।”
– ਸਵ ੪, ਮਥੁ ੬ : ੧ (1404)

ਲੋਗਹ ------ ਲੋਕਾਂ ਨੇ /ਨੂੰ
“ਤਬ ਲੋਗਹ ਕਾਹੇ ਦੁਖੁ ਮਾਨਿਆ।”
– ਗਉ ਕਬ, ੩, ੧ : ੨ (324)
“ਪੰਡਿਤ ਲੋਗਹ ਕਉ ਬਿਉਹਾਰ।” (ਲੋਕਾਂ ਨੂੰ ਅਖਰ ਦਸਨੇ)
– ਗਉ ਕਬ, ਬਾਅ ੪੫ : ੫ (343)

ਲੋਗਨ ------ ਲੋਕਾਂ ਨੂੰ
"ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ।"
– ਗਉ ੫, ੧੬੪*, ੨ : ੨ (216)
"ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ।" (ਲੋਕ)
– ਆਸਾ ੫, ੪੯, ੧* : ੧ (383)
"ਲੋਗਨ ਰਾਮੁ ਖਿਲਉਨਾ ਜਾਨਾਂ।" (ਲੋਕਾਂ ਨੇ)
– ਭੈਰ ਕਬ, ੬, ੧ : ੨ (1158)

ਲੋਗਾ ------ (1) ਪਰਜਾ
"ਆਪੇ ਰਾਜਨੁ ਆਪੇ ਲੋਗਾ।"
– ਮਾਝ ੫, ੧੦, ੩ : ੧ (97)
(2) ਲੋਕ
"ਗਵਨੁ ਕਰੈਗੋ ਸਗਲੋ ਲੋਗਾ।"
– ਗਉ ੫, ਅਸ ੪, ੪ : ੪ (237)
"ਦੁਤੀਆ ਤਿਆਗੀ ਲੋਗਾ ਰੀਤਿ।" (ਲੋਕ–ਰੀਤ)
– ਆਸਾ ੫, ੨, ੨ : ੨ (370)
"ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ।" (ਭਾਵ ਸੰਸਾਰੀ)
– ਰਾਮ ੧, ਅਸ ੨, ੭ : ੧ (903)
(3) ਹੇ ਭਗਤੋ1 ਹੇ ਲੋਕੋ!
"ਹਰਿ ਕੇ ਲੋਗਾ ਮੋ ਕਉ ਨੀਤਿ ਡਸੈ ਪਟਵਾਰੀ।"(ਹੇ ਭਗਤ ਜਨੋ!)
– ਸੂਹੀ ਕਬ, ੫, ੧* : ੧ (793)
"ਕਬ ਕਉ ਡਹਕਾਵਉ ਲੋਗਾ ਮੋਹਨ ਦੀਨ ਕਿਰਪਾਈ।"
– ਮਾਰੂ ੫, ੨੦, ੧ : ੧ (1005)

ਲੋਗੁ ------- (1) ਲੋਕ, ਲੋਕੀ
"ਗੁਰ ਕੈ ਸੰਗਿ ਤਰਿਆ ਸਭੁ ਲੋਗੁ।"
– ਗਉ ੫, ਅਸ ੮, ੫ : ੨ (239)
"ਨਿਹਕੇਵਲੁ ਰਾਜਨ ਸੁਖੀ ਲੋਗੁ।" (ਭਾਵ ਪਰਜਾ)
– ਬਸੰ ੧, ਅਸ ੧, ੭ : ੨ (1190)
(2) ਬ੍ਰਹਮੰਡ ਦਾ ਭਾਗ
"ਮੁਖ ਊਜਲ ਮਨੁ ਨਿਰਮਲ ਹੋਈ ਹੈ ਤੇਰੋ ਰਹੈ ਈਹਾ ਊਹਾ ਲੋਗੁ।"
– ਟੋਡੀ ੫, ੮, ੧* : ੨ (713)
(3) ਭਾਵ ਲੋਕ – ਲਾਜ
"ਮੋਹੁ ਸੋਗੁ ਰੋਗੁ ਲੋਗੁ ਨ ਬਿਆਪੈ ਤਹ ਹਰਿ ਹਰਿ ਹਰਿ ਰਸ ਭੋਗਨੀ।"
– ਰਾਮ ੫, ੩, ੧*; ੨ (883)
(4) ਸੇਵਕ, ਭਗਤ, ਜਨ
"ਹਰਿ ਸੇਵੇ ਸੋ ਹਰਿ ਕਾ ਲੋਗੁ।"
– ਬਸੰ ੩, ੩, ੧ : ੧ (1172)

ਲੋਚ ------- (1) ਲੋਚਾ, ਇਛਾ, ਖਾਹਿਸ਼, ਉਮੰਗ, ਮੁਰਾਦ
"ਕਰਿ ਕਿਰਪਾ ਲੋਚ ਪੂਰਿ ਹਮਾਰੀ।"

– ਗਉ ੪, ੪੨, ੧* : ੨ (164)

(2) ਚਾਹ, ਸਿਕ, ਤਾਂਘ

"ਦਇਆ ਕਰਹੁ ਹਰਿ ਦਰਸੁ ਦਿਖਾਵਹੁ ਮੇਰੈ ਮਨਿ ਤਨਿ ਲੋਚ ਘਣੇਰੀ।"

– ਗਉ ੪, ੫੮, ੪ : ੨ (170)

"ਮੇਰੈ ਹੀਅਰੈ ਲੋਚ ਲਗੀ ਪ੍ਰਭ ਕੇਰੀ ਹਰਿ ਨੈਨਹੁ ਹਰਿ ਪ੍ਰਭ ਹੇਰਾ।"

– ਟੋਡੀ ੪, ੧, ੧ : ੧ (711)

(3) ਪ੍ਰੀਤ, ਲਗਨ

"ਤੂੰ ਆਪੇ ਦਾਤਾ ਪ੍ਰਭੁ ਅੰਤਰਜਾਮੀ ਕਰਿ ਕਿਰਪਾ ਲੋਚ ਮੇਰੈ ਮਨਿ ਲਾਈ।"

– ਗੂਜ ੪, ੪, ੨ : ੧ (493)

"ਮੈ ਮਨਿ ਤਨਿ ਲੋਚ ਲਗੀ ਹਰਿ ਸੇਤੀ ਪ੍ਰਭਿ ਲੋਚ ਪੂਰੀ ਸਤਿਗੁਰ ਸਰਣਾਈ।"

– ਗੂਜ ੪, ੪, ੨ : ੨ (493)

(ਦੂਜੀ ਲੋਚ ਦਾ ਅਰਥ 'ਲੋਚਾ', 'ਉਮੰਗ', 'ਇਛਾ' ਹੈ)

ਲੋਚਹ ------ ਲੋਚਦੇ ਹਾਂ, ਸਿਕਦੇ ਹਾਂ

"ਹਮ ਬਹੁ ਪ੍ਰੀਤਿ ਲਗੀ ਪ੍ਰਭ ਸੁਆਮੀ ਹਮ ਲੋਚਹ ਪ੍ਰਭੁ ਦਿਖਨਥੇ।"

– ਕਲਿ ੪, ੩, ੨ : ੧ (1320)

ਲੋਚਹਿ ----- ਲੋਚਦੇ ਹਨ, ਚਾਹੁੰਦੇ ਹਨ

"ਜੈ ਜੈ ਕਾਰੁ ਜਗਤ੍ਰ ਮਹਿ ਲੋਚਹਿ ਸਭਿ ਜੀਆ।"

– ਬਿਲਾ ੫, ੩੦, ੧ : ੧ (808)

ਲੋਚਦਾ ----- ਚਾਹੁੰਦਾ, ਤਾਂਘਦਾ, ਸਿਕ ਕਰਦਾ

"ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ।"

– ਸਿਰੀ ੪, ੬੮, ੩ : ੧ (41)

ਲੋਚਦੀ ----- ਤਾਂਘਦੀ, ਸਿਕਦੀ, ਚਾਹੁੰਦੀ

"ਸਹਜੈ ਨੋ ਸਭ ਲੋਚਦੀ ਬਿਨੁ ਗੁਰ ਪਾਇਆ ਨ ਜਾਇ।"

– ਸਿਰੀ ੩, ੨੩, ੧ : ੧ (68)

ਲੋਚਦੇ ----- ਚਾਹੁੰਦੇ, ਤਾਂਘਦੇ, ਸਿਕਦੇ

"ਸੁਰਿ ਨਰ ਮੁਨਿ ਜਨ ਲੋਚਦੇ ਸੋ ਸਤਿਗੁਰਿ ਦੀਆ ਬੁਝਾਇ ਜੀਉ।"

– ਸਿਰੀ ੧, ਅਸ ੨੮, ੪ : ੩ (72)

ਲੋਚਨ ------ ਅਖਾਂ

"ਲੋਚਨ ਸੂਮਹਿ ਬੁਧਿ ਬਲ ਨਾਠੀ ਤਾ ਕਾਮੁ ਪਵਸਿ ਮਾਧਾਣੀ।"

– ਸਿਰੀ ਬੇਣੀ, ੧, ੪ : ੨ (93)

ਲੋਚਨਿ ----- ਲੋਚਦੇ ਹਨ, ਚਾਹੁੰਦੇ ਹਨ

"ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ।"

– ਗਉ ੪, ਵਾਰ ੧੨ : ੫ (306)

ਲੋਚਾ ------ (1) ਇਛਾ, ਚਾਹ, ਖਾਹਿਸ਼, ਉਮੰਗ, ਮਨਸਾ

"ਹਰਿ ਲੋਚਾ ਪੂਰਨ ਮੇਰੀਆ।"

– ਸਿਰੀ ੫, ਅਸ ੨੯, ੧੫ : ੨ (74)

(2) ਅਖਾਂ ਨਾਲ
"ਲੋਚਾ ਸਮਸਰਿ ਇਹੁ ਬਿਉਹਾਰਾ।"
– ਗਉ ਕਬ, ੧੮, ੩ : ੩ (327)

ਲੋਚਾਹੀ ----- ਲੋਚੀਏ, ਖਾਹਿਸ਼ ਕਰੀਏ
"ਬਿਨੁ ਕਰਮਾ ਕਿਛੁ ਨ ਪਾਈਐ ਜੇ ਬਹੁਤੁ ਲੋਚਾਹੀ।"
– ਮਾਰੂ ੩, ਵਾਰ ੧੬ : ੩ (1092)

ਲੋਚਿ ------ ਚਾਹ ਨਾਲ, ਪਿਆਰ ਨਾਲ
"ਜੇ ਸਉ ਲੋਚਿ ਲੋਚਿ ਖਾਵਾਇਆ।"
– ਭੈਰ ੫, ੫, ੧ : ੧ (1136)

ਲੋਚੀਐ ----- ਚਾਹੀਦੇ, ਲੋਚਾ ਕਰੀਏ, ਇਛਾ ਕਰੀਏ
"ਜੇ ਹਰਿ ਹਰਿ ਕੀਚੈ ਬਹੁਤੁ ਲੋਚੀਐ ਕਿਰਤੁ ਨ ਮੇਟਿਆ ਜਾਇ।"
– ਸਿਰੀ ੩, ਅਸ ੧੯, ੩ : ੧ (65)

ਲੋਚੀਜੈ ----- ਲੋਚਦੇ ਹਨ, ਪ੍ਰਾਪਤ ਕਰਨਾ ਚਾਹੁੰਦੇ ਹਨ
"ਸੰਕਰੁ ਨਾਰਦੁ ਸੇਖ ਨਾਗ ਮੁਨਿ ਧੂਰਿ ਸਾਧੂ ਕੀ ਲੋਚੀਜੈ।"
– ਕਲਿ ੪, ਅਸ ੬, ੧ : ੧ (1326)

ਲੋਚੈ ------- (1) ਚਾਹੈ, ਤਾਂਘ ਕਰੇ, ਇਛਾ ਕਰੇ
"ਬਿਨੁ ਗੁਰ ਭਗਤਿ ਨ ਪਾਈਐ ਜੇ ਲੋਚੈ ਸਭੁ ਕੋਇ।" (ਢੂੰਡੇ)
– ਸਿਰੀ ੩, ੪੭, ੧* : ੨ (31)
"ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।"
– ਮਾਝ ੫, ੮, ੧ : ੧ (96)
"ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ।" (ਜੀ ਕਰ ਕੇ ਚਾਹੁੰਦਾ ਹੈ)
– ਗਉ ੪, ੪੭, ੧ : ੧ (166)
(2) ਭਾਵ ਪਿਆਰ ਕਰੇ, ਚਾਹ ਕਰੇ
"ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ।"
– ਗਉ ੪, ਵਾਰ ੩੨ਸ, ੪, ੨ : ੨ (317)

ਲੋਟ ਪੋਟ ---- ਲੇਟ ਕੇ ਪੋਟਲੀ ਦੇ ਸ਼ਕਲ ਬਣਿਆ ਭਾਵ ਬੇਹੋਸ਼, ਬੇਸੁਰਤ ਹੋਇਆ
"ਹਉ ਆਕਲ ਬਿਕਲ ਭਈ ਗੁਰ ਦੇਖੇ ਹਉ ਲੋਟ ਪੋਟ ਹੋਇ ਪਈਆ।"
– ਬਿਲਾ ੪, ਅਸ ੫, ੧* : ੨ (836)

ਲੋਟੇ ------- ਗੜਵੇ
"ਗਲੀ ਜਿਨ੍ਹਾ ਜਪਮਾਲੀਆ ਲੋਟੇ ਹਥਿ ਨਿਬਗ।"
– ਆਸਾ ਕਬ, ੨, ੧ : ੨ (475)

ਲੋਣੁ ------- ਲੂਣ, ਨਮਕ
"ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ।"
– ਸਲੋ ਫਰ, ੪੪ : ੧ (1380)

ਲੋਥਾ ------ ਲੋਥ, ਮੁਰਦਾ ਸਰੀਰ

"ਜਿਉ ਸਾਸ ਬਿਨਾ ਮਿਰਤਕ ਕੀ ਲੋਥਾ।"

- ਗਉ ੫, ਸੁਖ ੧੩, ੫ : ੬ (280)

ਲੋਧੇ ------- ਇਕ ਵਾਹੀ ਕਰਨ ਵਾਲੀ ਜਾਤੀ

"ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ।"

- ਗੋਂਡ ਨਾਮ, ੭, ੧ : ੧ (875)

ਲੋਨ ------- ਲੂਣ, ਨਮਕ

"ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ।"

- ਸਲੋ ਕਬ, ੧੧੭ : ੨ (1370)

ਲੋਨੁ ------- ਲੂਣ, ਨਮਕ

"ਤੇ ਗਰਭ ਜੋਨੀ ਗਾਲੀਅਹਿ ਜਿਉ ਲੋਨੁ ਜਲਹਿ ਗਲਾਇਓ।"

- ਮਾਲੀ ੪, ੩, ੩ : ੨ (985)

"ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ।" (ਲਾਜ ਨਾਲ ਲੂਣ ਵਤ ਹੋ ਜਾਈਦਾ ਹੈ ਭਾਵ ਸ਼ਰਮ ਨਾਲ ਘੁਲ ਘੁਲ ਮਰੀਦਾ ਹੈ)

- ਸਾਰ ੫, ੪੯, ੧ : ੨ (1214)

ਲੋਭ ------- ਲਾਲਚ

"ਪੂੰਜੀ ਪਾਪ ਲੋਭ ਕੀ ਕੀਤੁ।"

- ਗਉ ੧, ੭, ੧ : ੩ (153)

ਲੋਭਈਆ --- ਲੋਭ, ਲਾਲਚ

"ਕਰਿ ਕਰਿ ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ।"

- ਬਿਲਾ ੪, ਅਸ ੬, ੬ : ੧ (837)

ਲੋਭਨ ------ ਲੋਭ, ਲਾਲਚ

"ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ।"

- ਸੋਰ ੫, ੧੬, ੧ : ੨ (613)

ਲੋਭਾ ------ ਲੋਭ, ਲਾਲਚ

"ਮੂਲੁ ਬਿਆਧੀ ਬਿਆਪਸਿ ਲੋਭਾ।"

- ਗਉ ੫, ੮੮, ੧ : ੪ (182)

ਲੋਭਾਇ ----- ਆਕਰਸ਼ਤ ਹੋਇਆ, ਖਿਚੇ ਜਾਣ ਨਾਲ, ਲਲਚਾਨ ਨਾਲ, ਲਲਚਾਇਆ, ਮੋਹੇ ਜਾਣਾ

"ਬਿਰਥਾ ਜਨਮੁ ਦੂਜੈ ਲੋਭਾਇ।"

- ਆਸਾ ੩, ੪੫, ੨ : ੨ (362)

ਲੋਭਾਇਓ --- ਮੋਹਿਆ ਗਿਆ, ਆਕਰਸ਼ਤ ਹੋਇਆ

"ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ।"

- ਸੋਰ ੫, ੧੬, ੧ : ੨ (613)

ਲੋਭਾਇਆ --- ਮੋਹਿਆ ਗਿਆ, ਆਕਰਸ਼ਤ ਹੋਇਆ

"ਇਕੁ ਵਿਸਾਰਿ ਦੂਜੈ ਲੋਭਾਇਆ।"

– ਮਾਝ ੩, ਅਸ ੪, ੨ : ੨ (111)

ਲੋਭਾਇਲੇ --- ਮੋਹੀ ਜਾ ਕੇ, ਲਲਚਾ ਕੇ
"ਜੈਸੇ ਮੀਨੁ ਰਸਨ ਸਾਦਿ ਬਿਨਸਿਓ ਓਹੁ ਮੂਠੌ ਮੂੜ ਲੋਭਾਇਲੇ।"
– ਗੋਂਡ ੫, ੨, ੩ : ੧ (862)

ਲੋਭਾਈ ----- ਮੋਹਿਆ ਜਾਂਦਾ, ਲਲਚਦਾ, ਲੋਭਾਇਆ ਹੁੰਦਾ
"ਇਹੁ ਮਨੁ ਰਾਜਾ ਲੋਭੀਆ ਲੁਭਤਉ ਲੋਭਾਈ।"
– ਆਸਾ ੧, ਅਸ ੧੫, ੩ : ੧ (419)

ਲੋਭਾਏ ----- ਲੋਭ ਵਿਚ ਆਵੇ, ਮੋਹਿਆ ਜਾਵੇ, ਲਲਚਾਏ
"ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ।"
– ਆਸਾ ੫, ੧੨੬, ੨ : ੨ (403)

ਲੋਭਾਹਿ ----- ਲਲਚਾਉਂਦਾ ਹੈ, ਮੋਹਿਆ ਜਾਂਦਾ ਹੈ
"ਏਕੁ ਨ ਚੇਤਹਿ ਦੂਜੈ ਲੋਭਾਹਿ।"
– ਬਿਲਾ ੩, ਵਾ ੨, ੮ : ੨ (842)

ਲੋਭਾਂਗੈ ----- ਲੁਭਾਇਮਾਨ ਹੁੰਦਾ ਹੈ, ਮੋਹਿਆ ਜਾਂਦਾ ਹੈ
"ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ।"
– ਸਾਰ ੫, ੨੮, ੧ : ੨ (1210)

ਲੋਭਾਣਾ ----- ਲੁਭਾਇਮਾਨ ਹੋਇਆ, ਮੋਹਿਆ ਗਿਆ
"ਦੇਖਿ ਕੁੰਟਬੁ ਮੋਹਿ ਲੋਭਾਣਾ ਚਲਦਿਆ ਨਾਲਿ ਨ ਜਾਈ।"
– ਸਿਰੀ ੩, ੪੮, ੩ : ੧ (32)

ਲੋਭਾਣੀ ----- ਲੁਭਾਇਮਾਨ ਹੋਏ, ਮੋਹੇ ਗਏ, ਆਕਰਸ਼ਤ ਹੋਏ, ਰਚ ਗਏ
"ਮਾਇਆ ਮੋਹਿ ਦੂਜੈ ਲੋਭਾਣੀ।"
– ਆਸਾ ੩, ੨੪, ੩ : ੨ (423)

ਲੋਭਾਣੇ ----- ਲੁਭਾਇਮਾਨ ਹੋਏ, ਆਕਰਸ਼ਤ ਹੋਏ, ਖਿਚੇ ਗਏ
"ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ।"
– ਸਿਰੀ ੩, ੪੫, ੧ : ੧ (31)

ਲੋਭਾਦਿ ----- ਲੋਭ ਆਦਿਕ, ਲਾਲਚ ਵਗੈਰਾ
"ਲੋਭਾਦਿ ਦ੍ਰਿਸਟਿ ਪਰਗ੍ਰਿਹੰ ਜਦਿ ਬਿਧਿ ਆਚਰਣੰ।"
– ਗੂਜ ਜੈਦੇ, ੧, ੩ : ੧ (526)

ਲੋਭਾਨਾ ----- ਲੁਭਾਇਮਾਨ ਹੋਇਆ, ਆਕਰਸ਼ਤ ਹੋਇਆ
"ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ।"
– ਬਿਲਾ ੫, ੫੭, ੨ : ੧ (815)

ਲੋਭਾਨੁ ----- ਲੋਭਵਾਨ/ਲੋਭੀ ਹੋਇਆ ਹੈ
"ਪੁਤ੍ਰਿ ਕਲਤ੍ਰਿ ਮੋਹਿ ਲਪਟਿਆ ਵਣਜਾਰਿਆ ਮਿਤ੍ਰਾ ਅੰਤਰਿ ਲਹਰਿ ਲੋਭਾਨੁ।"
– ਸਿਰੀ ੫, ਪਹ ੪, ੩ : ੨ (598)

ਲੋਭਾਨੇ ----- ਲੁਭਾਇਮਾਨ ਹੋਇਆ
"ਨਾਮੁ ਵਿਸਾਰਿ ਅਨਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ।"
– ਸੋਰ ੧, ੧੦, ੧* : ੨ (598)

ਲੋਭਾਵਹਿ ---- ਲੁਭਾਇਮਾਨ ਹੋਇਆ
"ਮਾਈ ਮਾਗਤ ਤ੍ਰੈ ਲੋਭਾਵਹਿ।"
– ਰਾਮ ੧, ਅਸ ੨, ੪ : ੨ (903)

ਲੋਭਾਵੈ ----- ਲੁਭਾਇਮਾਨ ਹੁੰਦਾ ਹੈ, ਮੋਹ ਧਾਰਨ ਕਰਦਾ ਹੈ
"ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ।"
– ਸਾਰ ੯, ੩, ੧ : ੧ (1231)

ਲੋਭਿ ------ ਲਾਲਚ ਨੇ
"ਧਨਿ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।"
– ਸਿਰੀ ੧, ਅਸ ੧੩, ੧ : ੨ (61)

ਲੋਭਿਤ ----- ਲੁਭਾਇਮਾਨ ਹੋਣਾ, ਲਲਚਾਨਾ
"ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨੋੁ ਮੋਹਿ ਆਹੀ ਪਿਆਸਾ।"
– ਧਨਾ ੧, ਸੋਹ ੩, ੪ : ੧ (13)

ਲੋਭੀ ------ ਲਾਲਚੀ, ਲਾਲਚ ਕਰਨ ਵਾਲਾ
"ਜਿਉ ਸਾਹਿਬੁ ਰਾਖੈ ਤਿਉ ਰਹੈ ਇਹੁ ਲੋਭੀ ਕਾ ਜੀਉ ਟਲਪਲੈ।"
– ਸਿਰੀ ੧, ੩੩, ੧ : ੨ (25)

ਲੋਭੀਆ ---- ਲੋਭ ਕਰਨ ਵਾਲਾ, ਲਾਲਚੀ
"ਕੋਈ ਜਿ ਮੂਰਖੁ ਲੋਭੀਆ ਮੂਲਿ ਨ ਸੁਣੀ ਕਹਿਆ।"
– ਗਉ ੫, ੧੬੯*, ੨ : ੨ (218)

ਲੋਭੀਆਂ ---- ਲਾਲਚੀਆਂ ਦੇ
"ਮੂਹ ਕਾਲੇ ਤਿਨ੍ ਲੋਭੀਆਂ ਜਾਸਨਿ ਜਨਮੁ ਗਵਾਇ।"
– ਸਲੋ ੩, ੪੦ : ੪ (1417)

ਲੋਭੀਐ ----- ਲਾਲਚੀ ਨੂੰ
"ਜਿਉ ਲੋਭੀਐ ਧਨੁ ਦਾਨੁ।"
– ਬਿਲਾ ੫, ਅਸ ੨, ੭ : ੨ (838)

ਲੋਭੁ ------- ਲਾਲਚ
"ਕਾਮੁ ਕ੍ਰੋਧ ਲੋਭੁ ਬਿਨਸਿਆ ਤਜਿਆ ਸਭੁ ਅਭਿਮਾਨੁ।"
– ਸਿਰੀ ੫, ੮੧, ੨ : ੪ (46)

ਲੋਭੇ ------- ਲੋਭ ਵਿਚ, ਲਾਲਚ ਵਿਚ
"ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੋੁਭਾਨੁ।"
– ਸਿਰੀ ੧, ੧੯, ੧ : ੧ (21)

ਲੋਰਉ ----- ਚਾਹੁੰਦਾ ਹਾਂ

“ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ।”
– ਆਸਾ ਕਬ, ੬, ੪ : ੨ (477)

ਲੋਰਹਿ ----- ਲੋੜਦੇ ਹਨ, ਚਾਹੁੰਦੇ ਹਨ
“ਜੀਵਨ ਲੋਰਹਿ ਭਰਮ ਮੋਹ ਨਾਨਕ ਤੇਊ ਗਵਾਰ।”
– ਗਉ ੫, ਬਾਅ ੨੧ਸ : ੨ (254)

ਲੋਰੈ ------- ਲਭਦਾ ਹੈ, ਚਾਹੁੰਦਾ ਹੈ, ਇਛਾ ਕਰਦਾ ਹੈ
“ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ।”
– ਗਉ ੫, ੧੫੦*, ੧ : ੧ (212)

ਲੋਰੋ ------- ਲੋੜ ਹੈ, ਆਵਸ਼ਕਤਾ ਹੈ
“ਗੁਰੁ ਗੁਰੁ ਕਰਤ ਮਨੁ ਲੋਰੋ।”(ਮਨ ਨੂੰ ਲੋੜ ਹੈ)
– ਕਾਨ ੫, ੪੩, ੧* : ੨ (1306)

ਲੋਰੋਨੀ ----- ਲੋਰੀ
“ਸਗਲ ਪਰਾਧ ਦੇਹਿ ਲੋਰੋਨੀ।”
– ਭੈਰ ੫, ੧, ੩ : ੧ (1136)

ਲੋੜਹਿ ----- (1) ਚਾਹੇ, ਇਛਾ ਕਰੇ
“ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ।”
– ਸਿਰੀ ੧, ੯, ੧ : ੨ (17)
“ਕੀਤਾ ਲੋੜਹਿ ਸੋ ਪ੍ਰਭਿ ਹੋਇ।”
– ਸੂਹੀ ੫, ੨, ੧ : ੧ (736)
(2) ਲਭਦਾ ਹੈਂ, ਢੂੰਡਦਾ ਹੈਂ
“ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ।”
– ਸਲੋ ਫਰ, ੪੩ : ੨ (1380)

ਲੋੜਹੁ ------ ਚਾਹੋ, ਇਛਹੁ
“ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ।”
– ਕਲਿ ੪, ਅਸ ੬, ੫ : ੨ (1326)

ਲੋੜਤੇ ----- ਚਾਹੁੰਦੇ ਸੀ, ਢੂੰਡਦੇ ਸੀ
“ਬਿਨਵੰਤਿ ਨਾਨਕੁ ਕੰਤੁ ਮਿਲਿਆ ਲੋੜਤੇ ਹਮ ਜੈਸਾ।”
– ਗਉ ੫, ਛੰਤ ੧, ੩ : ੬ (247)

ਲੋੜਨਿ ----- ਚਹੁੰਨ, ਇਛਾ ਕਰਨ
“ਕੀਤਾ ਲੋੜਨਿ ਸੋਈ ਕਰਾਇਨਿ ਦਰਿ ਫੇਰੁ ਨ ਕੋਈ ਪਾਇਦਾ।”
– ਮਾਰੂ ੫, ਸੋਲਾ ੫, ੧੦ : ੩ (1076)

ਲੋੜਿ ------ ਲਭ, ਢੂੰਡ
“ਐਸਾ ਸਤਗੁਰੁ ਲੋੜਿ ਲਹੁ ਜਿਦੂ ਪਾਈਐ ਸਚੁ ਸੋਇ।”
– ਸਿਰੀ ੩, ੪੪, ੩ : ੨ (30)
“ਮੈ ਮਨੁ ਤਨੁ ਖੋਜਿ ਖੋਜੇਦਿਆ ਸੋ ਪ੍ਰਭੁ ਲਧਾ ਲੋੜਿ।” (ਢੂੰਡ ਕੇ)
– ਗਉ ੪, ਵਾਰ ੨੪ਸ, ੪, ੧ : ੧ (313)

ਲੋੜੀ ------ (1) ਲਭਾਂ, ਲਭਦਾ ਹਾਂ
“ਅਖੀ ਲੋੜੀ ਨ ਲਹਾ ਹਉ ਚੜਿ ਲੰਘਾ ਕਿਤੁ।” (ਟੋਲਦਾ ਹਾਂ)
– ਸੂਹੀ ੧, ੩, ੫ : ੨ (729)
“ਅਸ ਪਿਆਸੀ ਪਿਰ ਕਉ ਲੋੜੀ।” (ਲਭਦੀ ਹਾਂ, ਇਛਕ ਹਾਂ)
– ਸੂਹੀ ੫, ੪, ੧ : ੪ (737)
(2) ਚਾਹੀ
“ਸਾਚੇ ਪਿਰ ਲੋੜੀ ਪ੍ਰੀਤਮ ਜੋੜੀ ਮਤਿ ਪੂਰੀ ਪਰਧਾਨੇ।”
– ਸੂਹੀ ੧, ਛੰਤ ੧, ੪ : ੩ (764)

ਲੋੜੀਅਹਿ --- ਚਾਹੀਏ, ਲਭੀਦੇ ਹਨ
“ਜਿਸੁ ਸਰਬ ਸੁਖਾ ਫਲ ਲੋੜੀਅਹਿ ਸੋ ਸਚੁ ਕਮਾਵਉ।”
– ਗਉ ੪, ਵਾਰ ੧੭ : ੧ (322)

ਲੋੜੀਐ ----- ਚਾਹੀਏ, ਇਛਾ ਕਰੀਏ
“ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ।”
– ਸਿਰੀ ੪, ਵਾਰ ੨੦ : ੧ (91)
“ਜਿਣਿ ਜਿਣਿ ਲੈਨਿ੍ ਰਲਾਇ ਏਹੋ ਏਨਾ ਲੋੜੀਐ।” (ਚਾਹੀਦਾ ਹੈ ਭਾਵ ਇਛਾ ਹੈ)
– ਗੂਜ ੫, ਵਾਰ ੧੫ : ੪ (522)

ਲੋੜੀਜੈ ----- ਚਾਹੀਦੀ ਹੈ
“ਕਿਉ ਜੀਉ ਰਖੀਜੈ ਹਰਿ ਵਸਤੁ ਲੋੜੀਜੈ ਜਿਸ ਦੀ ਵਸਤੁ ਸੋ ਲੈ ਜਾਇ ਜੀਉ।”
– ਆਸਾ ੪, ਛੰਤ ੧੩, ੨ : ੩ (447)

ਲੋੜੀਦੜਾ --- ਲੋੜੀਂਦਾ ਹੈ, ਚਾਹੀਦਾ ਹੈ, ਦੀ ਇਛਾ ਹੈ, ਦੀ ਸਿਕ ਹੈ
“ਲੋੜੀਦੜਾ ਸਾਜਨੁ ਮੇਰਾ।”
– ਜੈਤ ੫, ੪, ੧* : ੧ (700)

ਲੋੜੀਦਾ ----- ਚਾਹੀਦਾ ਸੀ, ਦੀ ਇਛਾ (ਸਿਕ) ਸੀ
“ਜੋ ਲੋੜੀਦਾ ਸੋਈ ਪਾਇਆ।”
– ਮਾਝ ੫, ੧੦, ੨ : ੨ (97)

ਲੋੜੀਦੇ ----- ਇਛਾ ਕਰਦੇ, ਲੋੜਦੇ, ਢੂੰਡਦੇ
“ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ।”
– ਵਡ ੫, ਛੰਤ ੨੪ਸ : ੧ (578)

ਲੋੜੇ ------- ਚਾਹੇ, ਇਛੇ, ਲੋਚੇ
“ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ।”
– ਸਿਰੀ ੫, ੮੦, ੩ : ੩ (45)
“ਤੁਧਨੋ ਸਭ ਧਿਆਇਦੀ ਸੇ ਥਾਇ ਪਏ ਜੋ ਸਾਹਿਬ ਲੋੜੇ।”(ਚਾਹੇ ਭਾਵ ਪਰਵਾਨ ਪਏ, ਕਬੂਲ ਹੋਏ)
– ਗਉ ੪, ਵਾਰ ੧੧ : ੩ (306)
“ਨਾਨਕ ਮਨਿ ਤਨਿ ਚਾਉ ਏਹੁ ਨਿਤ ਪ੍ਰਭ ਕਉ ਲੋੜੇ।” (ਲੋਚੇ)
– ਗਉ ੫, ਵਾਰ ੨੧ : ੫ (323)

ਲੋੜੈ ------- ਚਾਹੁੰਦਾ, ਇਛਦਾ, ਮੰਗਦਾ

"ਬਹੁਤਾ ਜੀਵਣੁ ਮੰਗੀਐ ਮੁਆ ਨ ਲੋੜੈ ਕੋਇ।"

– ਸਿਰੀ ੧, ਅਸ ੧੫, ੬ : ੧ (63)

"ਰੂੜੋ ਮਨੁ ਹਰਿ ਰੰਗੋ ਲੋੜੈ।" (ਮੰਗਦਾ ਹੈ)

– ਟੋਡੀ ੫, ੧੭, ੧* : ੧ (715)

ਵ

ਵਸ ------- ਕਾਬੂ, ਅਧੀਨ

"ਪੰਚ ਚੇਲੇ ਵਸ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ।"

– ਗਉ ੧, ੧੫, ੧ : ੨ (155)

ਵਸਈ ----- ਵਸਦਾ, ਨਿਵਾਸ ਕਰਦਾ, ਸਥਿਤ ਹੁੰਦਾ

"ਹਰਿ ਨਾਮੁ ਰਿਦੈ ਨ ਵਸਈ ਕਾਰਜਿ ਕਿਤੈ ਨ ਲੇਖਿ।"

– ਸਿਰੀ ੫, ੮੫, ੧ : ੩ (47)

ਵਸਸੀ ----- ਵਸੇਗਾ, ਪਵੇਗਾ (ਮੀਂਹ)

"ਆਪਣੀ ਕਿਰਪਾ ਕਰਿ ਕੈ ਵਸਸੀ ਵਣੁ ਤ੍ਰਿਣੁ ਹਰਿਆ ਹੋਇ।"

– ਮਲਾ ੧, ਵਾਰ ੭ਸ, ੩, ੧ : ੨ (1281)

ਵਸਹਿ ----- ਵਸਦੇ ਹਨ, ਨਿਵਾਸ ਕਰਦੇ ਹਨ, ਸਥਿਤ ਹਨ, ਰਹਿੰਦੇ ਹਨ

"ਤਿਥੈ ਭਗਤ ਵਸਹਿ ਕੇ ਲੋਅ।"

– ਜਪੁ ੧, ੩੭ : ੯ (8)

"ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ।"

– ਸਿਰੀ ੧, ੨੯, ੨ : ੩ (24)

"ਨਿਜ ਘਰਿ ਵਸਹਿ ਅੰਮ੍ਰਿਤੁ ਪੀਵਹਿ ਤਾ ਸੁਖ ਲਹਹਿ ਮਹਲੁ।" (ਵਸੇਂ ਗਾ, ਰਹੇਂ ਗਾ)

– ਸਿਰੀ ੩, ੫੯, ੧* : ੨ (37)

"ਤੂੰ ਵਸਹਿ ਮਨ ਮਾਹਿ ਸਹਜੇ ਰਸਿ ਰਸੈ।" (ਵਸਦਾ ਹੈਂ)

– ਸੂਹੀ ੧, ਅਸ ੩, ੩ : ੨ (752)

ਵਸਹੁ ------ ਵਸੋ, ਨਿਵਾਸ ਕਰੋ

"ਕਰਿ ਕਿਰਪਾ ਵਸਹੁ ਮੇਰੈ ਹਿਰਦੈ ਹੋਇ ਸਹਾਈ ਆਪਿ।"

– ਆਸਾ ੫, ੧੩੯, ੧* : ੨ (405)

ਵਸਗਤਿ ---- ਕਾਬੂ, ਵਸ ਵਿਚ, ਅਧੀਨ, ਅਧਿਕਾਰ ਵਿਚ

"ਸਭ ਕੋ ਵਸਗਤਿ ਕਰਿ ਲਇਓਨੁ ਬਿਨੁ ਨਾਵੈ ਖਾਕੁ ਰਲਿਆ।"

– ਸਿਰੀ ੫, ੭੨, ੩ : ੨ (42)

"ਸਭ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ।"

– ਸਿਰੀ ੫, ੭੫, ੩ : ੨ (44)

ਵਸਤ ------ ਵਸਦੇ ਹੋਏ, ਨਿਵਾਸ ਕਰਦੇ

"ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ।"
– ਸਾਰ ੪, ਵਾਰ ੧ਸ, ੧, ੩ : ੫ (1237)

ਵਸੰਤੀ ----- ਵਸਣ ਲਗੀ
"ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ।"
– ਸੋਰ ੫, ੬੨, ੪ : ੩ (625)

ਵਸਤੁ ------ ਪਦਾਰਥ, ਵਸਤੂ
"ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ।"
– ਸਿਰੀ ੧, ੧੧, ੪ : ੧ (18)
"ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ।" (ਨਾਮ ਪਦਾਰਥ)
– ਰਾਮ ੧, ਓਅੰ ੨ : ੨ (930)

ਵਸਤੂ ------ ਪਦਾਰਥ, ਚੀਜਾਂ
"ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ।"
– ਗਉ ੫, ਵਾਰ ੧੩ : ੧ (321)

ਵਸਤ੍ਰ ------ ਕਪੜੇ
"ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ।"
– ਮਾਝ ੧, ਵਾਰ ੪ਸ, ੧, ੨ : ੧ (139)

ਵਸੰਦੜੋ ---- ਵਸ ਜਾਏ
"ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ।"
– ਜੈਤ ੫, ਵਾਰ ੫ਸ, ੫, ੨ : ੨ (706)

ਵਸਦਾ ----- ਨਿਵਾਸ ਕਰਦਾ
"ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ।"
– ਮਾਰੂ ੫, ਵਾਰ ੧੦ : ੮ (1098)

ਵਸੰਦਾ ----- ਵਸਦਾ ਹੈ, ਨਿਵਾਸ ਕਰਦਾ ਹੈ
"ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ।"
– ਜੈਤ ੫, ਛੰਤ ੧, ੩ : ੬ (704)

ਵਸਦੀ ----- (1) ਵਸਦੀ ਰਸਦੀ ਕੀਤੀ, ਵਸਾ ਦਿੱਤੀ
"ਧਾਰਿ ਅਨੁਗ੍ਰਹੁ ਪਾਰਬ੍ਰਹਮ ਸੁਆਮੀ ਵਸਦੀ ਕੀਨੀ ਆਪਿ।"
– ਟੋਡੀ ੫, ੧੪, ੧* : ੨ (714)
(2) ਵਸੋਂ, ਆਬਾਦੀ
"ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ।"
– ਫੁਨ ੫, ੧੦ : ੩ (1362)

ਵਸੰਦੀ ----- ਵਸੀ ਹੋਈ/ਟਿਕੀ ਹੋਈ ਹੈ
"ਜਿਮੀ ਵਸੰਦੀ ਪਾਣੀਐ ਈਧਣੁ ਰਖੈ ਭਾਹਿ।"
– ਗੂਜ ੫, ਵਾਰ ੧੧ਸ, ੫, ੨ : ੧ (521)

ਵਸੰਦੀਆ --- ਵਸਦੀਆਂ ਹਨ, ਰਹਿੰਦੀਆਂ ਹਨ

“ਅਸੁ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ।”
– ਮਾਝ ੫, ਬਾਰਾ ੮ : ੯ (135)

ਵਸੰਦੋ ------ ਵਸਦਾ ਸੈਂ
“ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ।”
– ਜੈਤ ੫, ਵਾਰ ੨ਸ, ੫, ੨ : ੧ (706)

ਵਸਨਿ ----- ਵਸਦੇ
“ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ।”
– ਮਾਝ ੫, ਦਿਨ ੧ : ੪ (136)

ਵਸੰਨਿ ----- ਵਸਨ, ਵਸਦੇ ਹਨ
“ਜਨ ਨਾਨਕ ਕਿਰਪਾ ਧਾਰਿ ਪ੍ਰਭ ਸਤਿਗੁਰ ਸੁਖਿ ਵਸੰਨਿ।”
– ਗਉ ੪, ਵਾਰ ੪ਸ, ੪, ੧ : ੨ (301)

ਵਸੰਨ੍ਹਿ ----- ਵਸਦੇ ਹਨ
“ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ।”
– ਸੂਹੀ ੧, ੩, ੩ : ੧ (729)

ਵਸਾ ------ (1) ਵਸਦਾ ਹਾਂ
“ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ।”
– ਸੂਹੀ ੧, ਕੁਚ ੨ : ੨ (762)
(2) ਸਥਿਤ ਕਰ, ਵਸਾ ਦੇ
“ਬਾਬਾ ਦੇਹਿ ਵਸਾ ਸਚ ਗਾਵਾ।”
– ਮਾਰੂ ੩, ੧, ੧* : ੧ (993)

ਵਸਾਂ ------ ਨਿਵਾਸ ਕਰਾਂ, ਸਥਿਤ ਹੋਵਾਂ
“ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ।”
– ਸਿਰੀ ੧, ਅਸ ੪, ੫ : ੩ (55)
“ਜੋਰਿ ਤੁਮਾਰੈ ਸੁਖਿ ਵਸਾਂ ਸਚੁ ਸਬਦੁ ਵੀਸਾਣੁ।” (ਵਸਦਾ ਹਾਂ)
– ਗਉ ੫, ੧੬੯*, ੧* : ੨ (217)

ਵਸਾਇ ----- (1) ਵਸਾ ਲੈ
“ਗੁਰ ਕੇ ਚਰਣ ਹਿਰਦੈ ਵਸਾਇ।”
– ਗਉ ੫, ੧੨੩, ੨ : ੧ (190)
(2) ਵਸ ਚਲੇ
“ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।”
– ਬਿਹਾ ੪, ਵਾਰ ੧੬ਸ, ੩, ੧ : ੫ (554)
“ਗੁਰਮਤੀ ਜਾਗੇ ਤਿਨ੍ਹੀ ਘਰ ਰਖਿਆ ਦੂਤਾ ਕਾ ਕਿਛੁ ਨ ਵਸਾਇ।”
– ਮਲਾ ੧, ਵਾਰ ੮ : ੮ (1282)

ਵਸਾਇਅਉ -- ਵਸਾਇਆ, ਸਥਿਤ ਕੀਤਾ
“ਅਬਿਗਤ ਅਗੋਚਰ ਅਪਰਪਰੁ ਮਨਿ ਗੁਰ ਸਬਦੁ ਵਸਾਇਅਉ।”
– ਸਵ ੪, ਕਲ ੮ : ੫ (1397)

ਵਸਾਇਓ --- ਆਬਾਦ ਕੀਤਾ, ਵਸੋਂ ਵਾਲਾ ਕੀਤਾ
"ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ।"
- ਸਿਰੀ ੫, ਅਸ ੨੯, ੬ : ੩ (73)

ਵਸਾਇਆ --- (1) ਵਾਸਾ ਕਰਵਾਇਆ, ਸਥਿਤ ਕੀਤਾ, ਟਿਕਾਇਆ
"ਚੰਦਨੁ ਚੀਤਿ ਵਸਾਇਆ ਮੰਦਰੁ ਦਸਵਾ ਦੁਆਰੁ।"
- ਸਿਰੀ ੧, ਅਸ ੨, ੫ : ੨ (54)
"ਜੀਅ ਜੰਤ ਸਭਿ ਸੁਖੀ ਵਸਾਇਆ।" (ਵਸਾਏ, ਸਥਿਤ ਕੀਤੇ)
- ਮਾਝ ੫, ੩੯, ੧ : ੨ (105)
(2) ਆਬਾਦ ਕੀਤਾ
"ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ।"
- ਸੂਹੀ ੫, ਛੰਤ ੯, ੧ : ੩ (783)
"ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ।"
- ਰਾਮ ਬਸ, ਵਾਰ ੫ : ੧ (967)

ਵਸਾਇਐ --- ਵਸਾਨ ਨਾਲ, ਸਥਿਤ ਕਰਨ ਨਾਲ, ਟਿਕਾਉਣ ਨਾਲ
"ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ।"
- ਗੂਜ ੫, ਵਾਰ ੮ : ੪ (520)

ਵਸਾਇਸੀ --- ਵਸਾਏ ਗਾ, ਟਿਕਾਏ, ਸਥਿਤ ਕਰੇਗਾ
"ਸੋ ਕਰੇ ਜਿ ਸਤਿਗੁਰ ਭਾਵਸੀ ਗੁਰੁ ਪੂਰਾ ਘਰੀ ਵਸਾਇਸੀ।"
- ਗਉ ੪, ਵਾਰ ੧੮ਸ, ੪, ੧ : ੨ (310)

ਵਸਾਇਹੁ --- ਵਸਾਓ, ਟਿਕਾਓ
"ਹਿਰਦੈ ਨਾਮੁ ਵਸਾਇਹੁ।"
- ਸੋਰ ੫, ੫੨, ੧ : ੧ (621)

ਵਸਾਇਦਾ --- ਵਸਾਉਂਦਾ ਹੈ, ਟਿਕਾਉਂਦਾ ਹੈ
"ਆਪਣੈ ਭਾਣੈ ਸਦਾ ਰੰਗਿ ਰਾਤਾ ਭਾਣੈ ਮੰਨਿ ਵਸਾਇਦਾ।"
- ਮਾਰੂ ੩, ਸੋਲਾ ੧੫, ੧੦ : ੩ (1059)

ਵਸਾਈ ----- (1) ਵਸਾਉਂਦਾ ਹੈ, ਟਿਕਾਉਂਦਾ ਹੈ
"ਹਰਿ ਜੀਉ ਦਾਤਾ ਭਗਤਿ ਵਛਲੁ ਹੈ ਕਰਿ ਕਿਰਪਾ ਮੰਨਿ ਵਸਾਈ।"
- ਸਿਰੀ ੩, ੪੮, ੪ : ੨ (32)
"ਗੁਰ ਪਰਸਾਦੀ ਮੰਨਿ ਵਸਾਈ।" (ਟਿਕਾਈ ਰਖ)
- ਮਾਝ ੩, ਅਸ ੨, ੪ : ੨ (110)
"ਕਰਣੀ ਕੀਰਤਿ ਨਾਮੁ ਵਸਾਈ।" (ਟਿਕਾਈ, ਸਥਿਤ ਕੀਤੀ)
- ਆਸਾ ੩, ੪੬, ੨ : ੩ (363)
"ਗੁਰਮੁਖਿ ਬਾਣੀ ਨਾਮੁ ਹੈ ਨਾਮੁ ਰਿਦੈ ਵਸਾਈ।" (ਵਸਾਉਂਦਾ ਹਾਂ ਟਿਕਾਉਂਦਾ ਹਾਂ)
- ਸਾਰ ੪, ਵਾਰ ੪ : ੩ (1239)
(2) ਵਸ ਚਲਣਾ
"ਤਿਨਿ ਸਹਿ ਆਪਿ ਭੁਲਾਏ ਕੁਮਾਰਗਿ ਪਾਏ ਤਿਨ ਕਾ ਕਿਛੁ ਨ ਵਸਾਈ।"

- ਆਸਾ ੩, ਛੰਤ ੭, ੯ : ੩ (441)

ਵਸਾਈਆ --- ਵਸਾਈਦੀਆਂ ਹਨ, ਟਿਕਾਈਦੀਆਂ ਹਨ
“ਜਾ ਤਿਸੁ ਭਾਣਾ ਤਾ ਮਨਿ ਵਸਾਈਆ।”
- ਆਸਾ ੧, ਵਾਰ ੧੮ : ੩ (473)

ਵਸਾਈਐ --- (1) ਵਸਾਨ ਨਾਲ, ਸਥਿਤ ਕਰਨ ਨਾਲ
“ਆਪੇ ਦੇਇ ਪਿਆਰੁ ਮੰਨਿ ਵਸਾਈਐ।”
- ਮਾਝ ੧, ਵਾਰ ੨੦ : ੬ (147)
“ਲਾਹਾ ਸਚੁ ਨਿਆਉ ਮਨਿ ਵਸਾਈਐ।”
- ਆਸਾ ੧, ਅਸ ੧੬, ੬ : ੧ (420)
(2) ਵਸਾਨਾ ਚਾਹੀਦਾ ਹੈ, ਵਸਾਈਦਾ ਹੈ
“ਰਾਤਿ ਦਿਹੈ ਹਰਿ ਨਾਉ ਮੰਨਿ ਵਸਾਈਐ।”
- ਸੂਹੀ ੧, ਅਸ ੪, ੮ : ੧ (752)

ਵਸਾਏ ----- (1) ਸਥਿਤ ਕਰੇ, ਟਿਕਾਏ
“ਸੋ ਸਾਧੂ ਬੈਰਾਗੀ ਸੋਈ ਹਿਰਦੈ ਨਾਮੁ ਵਸਾਏ।”
- ਸਿਰੀ ੩, ੪੧, ੩ : ੧ (29)
(2) ਵਸਾਨ ਨਾਲ
“ਅਨ ਰਸੁ ਚੂਕੈ ਹਰਿ ਰਸੁ ਮਨਿ ਵਸਾਏ।”
- ਮਾਝ ੩, ਅਸ ੧੧, ੩ : ੨ (115)
(3) ਆਬਾਦ ਕੀਤੇ
“ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ।”
- ਸਲੋ ਫਰ, ੬੬ : ੧ (1381)

ਵਸਾਹਿ ----- ਵਸਾਏ, ਟਿਕਾਏ, ਸਥਿਤ ਕਰੇ
“ਗੁਰ ਪੁਛਿ ਸੇਵਾ ਕਰਹਿ ਸਚੁ ਨਿਰਮਲੁ ਮੰਨਿ ਵਸਾਹਿ।”
- ਆਸਾ ੩, ਅਸ ੩੩, ੫ : ੨ (428)

ਵਸਾਹੀ ----- ਸਥਿਤ ਕਰੇ, ਟਿਕਾਏ
“ਨਾਮੁ ਭੈ ਭਾਇ ਰਿਦੈ ਵਸਾਹੀ ਗੁਰ ਕਰਣੀ ਸਚੁ ਬਾਣੀ।”
- ਮਲਾ ੧, ਅਸ ੪, ੬ : ੧ (1275)

ਵਸਾਮੰ ----- ਵਸਾਉਣ ਨਾਲ, ਟਿਕਾਉਣ ਨਾਲ
“ਬੰਧਨ ਤੂਟੇ ਇਕੁ ਨਾਮੁ ਵਸਾਮੰ।”
- ਬਿਲਾ ੧, ਅਸ ੧, ੭ : ੪ (831)

ਵਸਾਵਏ ---- ਵਸਾਏ, ਟਿਕਾਏ, ਸਥਿਤ ਕਰੇ
“ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ।”
- ਰਾਮ ੩, ਅਨੰ ੩ : ੩ (917)

ਵਸਾਵਹੇ ---- ਵਸਾ ਲਏ, ਟਿਕਾ ਲਏ
“ਸਾਚਾ ਮੁਰਾਰੇ ਤਾਮਿ ਜਾਪਹਿ ਜਾਮਿ ਮੰਨਿ ਵਸਾਵਹੇ।”
- ਵਡ ੧, ਛੰਤ ੨, ੫ : ੪ (567)

ਵਸਾਵਣਾ ---- ਟਿਕਾਉਣਾ, ਵਸਾਣਾ
“ਨਾਨਕ ਜੁਗੁ ਜੁਗੁ ਏਕੁ ਮੰਨਿ ਵਸਾਵਣਾ।”
- ਮਾਝ ੧, ਵਾਰ ੨੧ : ੮ (148)

ਵਸਾਵਣਿਆ -- (1) ਵਸਾਇਆ ਹੈ, ਟਿਕਾਇਆ ਹੈ
“ਅੰਮ੍ਰਿਤ ਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ।”
- ਮਾਝ ੧, ਅਸ ੧, ੧* : ੨ (109)
(2) ਵਸਾਉਣ ਨਾਲ, ਟਿਕਾਉਣ ਨਾਲ
“ਤ੍ਰਿਸਨਾ ਤਜਿ ਸਹਜ ਸੁਖੁ ਪਾਇਆ ਏਕੋ ਮੰਨਿ ਵਸਾਵਣਿਆ।”
- ਮਾਝ ੩, ਅਸ ੪, ੧ : ੩ (111)

ਵਸਾਵੈ ----- ਟਿਕਾ ਦੇਵੇ, ਵਸਾ ਦੇਵੇ
“ਜਿਸ ਕੈ ਅੰਤਰਿ ਸਾਚੁ ਵਸਾਵੈ।”
- ਗਉ ੧, ਅਸ ੬, ੨ : ੧ (223)
“ਏਕਾਦਸੀ ਇਕੁ ਰਿਦੈ ਵਸਾਵੈ।” (ਵਸਾਏ, ਟਿਕਾਏ)
- ਬਿਲਾ ੧, ਥਿਤੀ ੧੩ : ੧ (840)

ਵਸਿ ------ (1) ਕਾਬੂ, ਅਧੀਨ, ਅਧਿਕਾਰ
“ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ।”
- ਸਿਰੀ ੪, ੬੬, ੩ : ੧ (40)
“ਪਵਣੈ ਕੈ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ।” (ਭਾਵ ਆਸਰੇ)
- ਸਿਰੀ ੧, ਅਸ ੧੫, ੫ : ੩ (63)
“ਨਾਨਕ ਕਾਰਣੁ ਕਰਤੇ ਵਸਿ ਹੈ ਗੁਰਮੁਖਿ ਬੂਝੈ ਕੋਇ।”(ਅਧਿਕਾਰ ਵਿਚ, ਹੱਥ ਵਿਚ)
- ਸਿਰੀ ੪, ਵਾਰ ੧੮ਸ, ੩, ੧ : ੪ (90)
“ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ।” (ਕਾਬੂ ਵਿਚ)
- ਗਉ ੪, ੪੩, ੨ : ੧ (165)
(2) ਟਿਕੇ ਹੋਏ, ਵਸੇ ਹੋਏ, ਸਥਿਤ
“ਮਨ ਤਨ ਅੰਤਰਿ ਵਸਿ ਰਹੇ ਨਾਨਕ ਨਹੀ ਸੁਮਾਰੁ।”
- ਮਾਝ ੫, ਦਿਨ ੨ : ੮ (137)
(3) ਭਾਵ ਰਜ਼ਾ ਵਿਚ
“ਸਖੀ ਆਉ ਸਖੀ ਵਸਿ ਆਉ ਸਖੀ ਅਸੀ ਪਿਰ ਕਾ ਮੰਗਲੁ ਗਾਵਹ।” (ਰਜ਼ਾ ਵਿਚ ਤੁਰੀਏ)
- ਬਿਲਾ ੫, ਛੰਤ ੩, ੧ : ੧ (847)

ਵਸਿਓ ----- ਸਥਿਤ ਹੋਇਆ, ਵਸਿਆ, ਟਿਕਿਆ
“ਜਾ ਮਨਿ ਵਸਿਓ ਹਰਿ ਕੋ ਨਾਮੁ।”
- ਗਉ ੫, ੧੧੧*, ੧ : ੩ (202)

ਵਸਿਅੜਾ --- ਵਸਿਆ ਹੋਇਆ ਹੈ
“ਤੂੰ ਨਿਜ ਘਰਿ ਵਸਿਅੜਾ ਹਉ ਰੁਲਿ ਭਸਮੈ ਢੇਰੀ।”
- ਤੁਖਾ ੧, ਛੰਤ ੪, ੨ : ੨ (1111)

ਵਸਿਆ ---- ਟਿਕਿਆ, ਸਥਿਤ ਹੋਇਆ
"ਗੁਰ ਪ੍ਰਸਾਦਿ ਨਾਨਕ ਮਨਿ ਵਸਿਆ ਦੂਖਿ ਨ ਕਬਹੂ ਝੂਰਉ ਬੁਝਿ ਪ੍ਰਭ ਕਉ।"
- ਜੈਤ ੫, ੩, ੪ : ੧ (700)

ਵਸਿਐ ----- ਵਸਨ ਨਾਲ, ਟਿਕਨ ਨਾਲ
"ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ।"
- ਸਿਰੀ ੧, ੧੧, ੨ : ੩ (18)

ਵਸੀ ------ ਨਿਵਾਸ ਕੀਤਾ, ਰਹੀ, ਵਸਦੀ ਹੈ
"ਲਾਲਿ ਰਤੀ ਸਚ ਭੈ ਵਸੀ ਭਾਇ ਰਤੀ ਰੰਗਿ ਰਾਸਿ।" (ਭਾਵ ਆਈ, ਰਹੀ)
- ਸਿਰੀ ੧, ਅਸ ੨, ੧ : ੩ (54)
"ਜਿਚਰੁ ਵਸੀ ਪਿਤਾ ਕੈ ਸਾਥਿ।"
- ਆਸਾ ੫, ੩, ੨ : ੧ (371)

ਵਸੀਅਲੇ ---- ਵਸਦਾ ਹੈ
"ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ।"
- ਰਾਮ ੧, ਸਿਗੋ ੬੫ : ੧ (945)

ਵਸੀਐ ----- ਵਸੀਦਾ ਹੈ, ਨਿਵਾਸ ਕਰੀਦਾ ਹੈ, ਟਿਕੀਦਾ ਹੈ
"ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ ਜਿਤੁ ਸੇਵਿਐ ਨਿਜ ਘਰਿ ਵਸੀਐ।"
- ਗਉ ੪, ੫੭, ੨ : ੧ (170)

ਵਸੀਜੈ ----- ਵਸਦੇ ਹਨ
"ਹਰਿ ਕੈ ਤਖਤਿ ਬਹਾਲੀਐ ਨਿਜ ਘਰਿ ਸਦਾ ਵਸੀਜੈ।"
- ਗੂਜ ੩, ਵਾਰ ੧੬ : ੪ (515)

ਵਸੁ ------- ਵਸ, ਨਿਵਾਸ ਕਰ, ਰਹੋ
"ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ।"
- ਸਿਰੀ ੫, ੯੩, ੩ : ੧ (50)

ਵੰਸੁ ------- (1) ਬੰਸਰੀ, ਵੰਝਲੀ
"ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ।"
- ਸੋਰ ੪, ੬, ੨ : ੨ (606)
(2) ਕੁਲ
"ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ।"
- ਭੈਰ ੪, ੭, ੩ : ੧ (1135)

ਵਸੇ ------- (1) ਸਥਿਤ ਹੋਏ, ਟਿਕੇ, ਨਿਵਾਸ ਕਰੇ
"ਗੁਰ ਕੇ ਚਰਣ ਵਸੇ ਮਨ ਮਾਹੀ।"
- ਮਾਝ ੫, ੪੩, ੧ : ੨ (107)
"ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ।" (ਵਿਚ ਹੀ ਆ ਜਾਂਦੇ ਹਨ)
- ਪ੍ਰਭਾ ੧, ੧੬, ੪ : ੧ (1332)
(2) ਬਸ, ਕਾਫੀ ਹੈ

“ਹਮਾ ਰਾ ਏਕੁ ਆਸ ਵਸੇ।”
– ਮਾਝ ੧, ਵਾਰ ੧੩ਸ, ੧, ੫ : ੨ (144)

ਵਸੇਹਾ ----- ਵਸਦਾ ਹੈ
“ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ।”
– ਰਾਮ ੫, ਵਾਰ ੭ਸ, ੫, ੨ : ੧੨ (961)

ਵਸੇਰਾ ----- ਨਿਵਾਸ ਹੋਵੇ
“ਮੁਕਤਿ ਭਇਆ ਜਿਸੁ ਰਿਦੈ ਵਸੇਰਾ।”
– ਮਾਝ ੫, ੨੩, ੪ : ੨ (101)

ਵਸੈ ------- (1) ਨਿਵਾਸ ਕਰਦਾ ਹੈ, ਵਸਦਾ ਹੈ
“ਜਿਨ ਕੈ ਰਾਮੁ ਵਸੈ ਮਨ ਮਾਹਿ।”
– ਜਪੁ ੧, ੩੭ : ੮ (8)
(2) ਵਰ੍ਹੇ, ਬਰਸੇ, ਮੀਂਹ ਪਵੇ
“ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ।”
– ਮਲਾ ੧, ਵਾਰ ੨ਸ, ੧, ੧ : ੧ (1279)

ਵਸੵੰ ------- ਵਸ ਕਰ ਲੈਣਾ
“ਜਿਤਤੇ ਬਿਸ੍ਵ ਸੰਸਾਰਹ ਨਾਨਕ ਵਸੵੰ ਕਰੋਤਿ ਪੰਚ ਤਸਕਰਹ।”
– ਸਸ ੫, ੨੯ : ੫ (1356)

ਵਹਣ ------ ਹੇ ਵਹਾ !
“ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ।”
– ਸਲੋ ਫਰ, ੮੪ : ੧ (1382)

ਵਹਣਿ ----- (1) ਵਹਾ ਵਿਚ ਭਾਵ ਨਦੀ ਵਿਚ
“ਦੂਜੈ ਭਾਵੰੀ ਨਾਨਕ ਵਹਣਿ ਲੁੜ੍ਹੰਦੜੀ ਜਾਣਿ।”
– ਸਲੋ ੫, ੧੬ : ੨ (1425)
(2) ਵਹਾ/ਰੋਹੜ ਵਿਚ
“ਢਹਦੀ ਜਾਇ ਕਰਾਰਿ ਵਹਣਿ ਵਹੰਦੇ ਮੈ ਡਿਠਿਆ।”
– ਮਾਰੂ ੫, ਵਾਰ ੮ਸ, ੫, ੩ : ੧ (1097)

ਵਹਣੁ ------ ਵਹਾ, ਰੋਹੜ ਭਾਵ ਰੁਖ
“ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ।”
– ਸਲੋ ਫਰ, ੮੪ : ੨ (1382)

ਵਹਦਿਆ --- ਰੁੜਦਿਆ
“ਕਿਤੰੀ ਇਤੁ ਦਰਿਆਇ ਵੰਞਨਿ ਵਹਦਿਆ।”
– ਆਸਾ ੫, ੧੧੦, ੧ : ੨ (398)

ਵਹੰਦੇ ------ ਵਗਦੇ
“ਢਹਦੀ ਜਾਇ ਕਰਾਰਿ ਵਹਣਿ ਵਹੰਦੇ ਮੈ ਡਿਠਿਆ।”
– ਮਾਰੂ ੫, ਵਾਰ ੮ਸ, ੫, ੩ : ੧ (1097)

ਵਹਨਿ ----- ਵਗਦੀਆਂ ਹਨ
“ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ।”
– ਸਲੋ ੧, ੪ : ੧ (1410)

ਵਹੰਨਿ ----- ਵਗ ਤੁਰਦੇ ਹਨ
“ਭਗਤਿ ਸਰੋਵਰੁ ਉਛਲੈ ਸੁਭਰ ਭਰੇ ਵਹੰਨਿ।”
– ਕਾਨ ੪, ਵਾਰ ੮ਸ, ੪, ੧ : ੧ (1316)

ਵਹੰਨ੍ਹਿ ----- ਵਗਦੀਆਂ
“ਫਰੀਦਾ ਰਬ ਖਜੂਰੀ ਪਕੀਆਂ ਮਾਖਿਆ ਨਈ ਵਹੰਨ੍ਹਿ।”
– ਸਲੋ ਫਰ, ੮੯ : ੧ (1382)

ਵਹਾਇਦਾ --- ਵਗਾਉਂਦਾ
“ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ।”
– ਮਾਰੂ ੧, ਸੋਲਾ ੧੫, ੨ : ੩ (1035)

ਵਹਾਈਐ --- ਵਗਾ ਦਿੱਤੀ
“ਹੋਰਿਂਉ ਗੰਗ ਵਹਾਇਐ ਦੁਨਿਆਈ ਆਖੈ ਕਿ ਕਿਓਨੁ।”
– ਰਾਮ ਬਸ, ਵਾਰ ੪ : ੧ (967)

ਵਹਾਰੀ ----- ਵਹਾਨ ਵਾਲੀ, ਵਗਾਉਣ ਵਾਲੀ
“ਓਹ ਜਿ ਦਿਸੈ ਖੂਹੜੀ ਕਉਨ ਲਾਜੁ ਵਹਾਰੀ।”
– ਗਉ ਕਬ, ੫੦, ੨ : ੧ (333)

ਵਹਿ ------ ਵਗ ਕੇ
“ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ।”
– ਮਾਝ ੧, ੧, ੩ : ੩ (94)

ਵਹੀ ------ ਹਿਸਾਬ ਦੀ ਕਿਤਾਬ
“ਲੇਖਾ ਰਬ ਮੰਗੇਸੀਆ ਬੈਠਾ ਕਢਿ ਵਹੀ।”
– ਰਾਮ ੩, ਵਾਰ ੧੩ਸ, ੧, ੨ : ੨ (953)

ਵਹੁ ------- ਉਹ
“ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ।”
– ਸਲੋ ੯, ੧੯ : ੨ (1427)

ਵਹੁਟੀ ----- ਪਤਨੀ, ਬਹੂ
“ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ।”
– ਸਲੋ ਫਰ, ੧ : ੫ (1377)

ਵਹੇ ------- ਵਗੇ
“ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ।”
– ਮਾਝ ੧, ੧, ੩ : ੩ (94)

ਵਹੇਲਾ ----- ਛੇਤੀ, ਸ਼ੀਘਰ

“ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ।”
– ਸੂਹੀ ੧, ੪, ੧ : ੧ (729)

ਵਹੈ ------- ਵਗਦੀ ਹੈ
“ਭੈ ਵਿਚਿ ਪਵਣੁ ਵਹੈ ਸਦਵਾਉ।”
– ਆਸਾ ੧, ਵਾਰ ੪ਸ, ੧, ੧ : ੧ (464)
“ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ।” (ਵਗ ਤੁਰੇ)
– ਸੂਹੀ ੧, ਕੁਚ ੨ : ੪ (762)
“ਘਟਿ ਘਟਿ ਪਉਣੁ ਵਹੈ ਇਕ ਰੰਗੀ ਮਿਲਿ ਪਵਣੈ ਸਭ ਵਜਾਇਦਾ।” (ਸੁਆਸ ਚਲਦਾ ਹੈ)
– ਮਾਰੂ ੩, ਸੋਲਾ ੧੯, ੪ : ੩ (1061)

ਵਖਤ ------ (ਫਾ. ਵਕਤ) ਸਮਾਂ, ਮੌਸਮ, ਘੜੀ, ਪਲ
“ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ।”
– ਸਿਰੀ ੧, ੨੯, ੪ : ੧ (24)
“ਵੇਲਾ ਵਖਤ ਸਭਿ ਸੁਹਾਇਆ।”
– ਮਾਝ ੩, ਅਸ ੧੧, ੨ : ੧ (115)
“ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ।”
– ਆਸਾ ੧, ਅਸ ੧੧, ੬ : ੧ (411)

ਵਖਤੁ ------ ਸਮਾਂ, ਘੜੀ, ਪਲ, ਮੌਸਮ
“ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।”
– ਜਪੁ ੧, ੨੧ : ੧੨ (4)
“ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ।”
– ਸਿਰੀ ੩, ੫੫, ੧ : ੧ (35)
“ਵਖਤੁ ਵੀਚਾਰੇ ਸੁ ਬੰਦਾ ਹੋਇ।” (ਭਾਵ ਮਨੁਖਾ ਜਨਮ)
– ਸਿਰੀ ੪, ਵਾਰ ੪ਸ, ੧, ੧ : ੨ (84)

ਵਖਤੈ ------ ਵੇਲੇ ਸਿਰ
“ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ।” (ਅਰਥਾਤ ਅੰਮ੍ਰਿਤ ਵੇਲੇ ਨੂੰ ਸੰਭਾਲ ਲਿਆ)
– ਮਾਝ ੧, ਵਾਰ ੧੭ਸ, ੧, ੧ : ੨ (145)

ਵਖਰ ------ ਸੌਦਾ, ਸਾਮਾਨ
“ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ।”
– ਸਿਰੀ ੧, ਅਸ ੬, ੨ : ੩ (56)
“ਬਿਨੁ ਵਖਰ ਫਿਰਿ ਫਿਰਿ ਉਠਿ ਲਾਗੈ।” (ਭਾਵ ਨਾਮ ਦੀ ਪੂੰਜੀ)
– ਰਾਮ ੫, ੫੪, ੩ : ੪ (900)
“ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ।” (ਭਾਵ ਵਖਰ ਵਾਲੇ ਗੁਰੂ ਤੇ ਗੁਰਮੁਖਾਂ)
– ਰਾਮ ੩, ਵਾਰ ੧੫ਸ, ੨, ੨ : ੨ (954)

ਵਖਰੁ ------ ਸੌਦਾ, ਸੌਦਾਗਰੀ ਦਾ ਮਾਲ

“ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ।”
– ਸਿਰੀ ੧, ੧੧, ੪ : ੧ (18)

ਵਖਰੋ ------ ਸੌਦਾ
“ਰਾਮ ਨਾਮੁ ਧਨੁ ਵਖਰੋ ਨਾਨਕ ਸਦਾ ਧਿਆਇ।”
– ਗਉ ੫, ਵਾਰ ੨੮ਸ, ੫, ੨ : ੨ (315)

ਵਖਾਣ ----- ਬਿਆਨ ਕਰਨੇ
“ਜੋ ਤਿਸੁ ਭਾਵਹਿ ਸੇ ਭਲੇ ਹੋਰਿ ਕਿ ਕਹਣ ਵਖਾਣ।”
– ਸਿਰੀ ੧, ੪, ੩ : ੩ (15)

ਵਖਾਣਉ ---- ਬਿਆਨ ਕਰਾਂ
“ਤਿਤੁ ਕੁਲਿ ਗੁਰ ਅਮਰਦਾਸੁ ਆਸਾ ਨਿਵਾਸੁ ਤਾਸੁ ਗੁਣ ਕਵਣੁ ਵਖਾਣਉ।”
– ਸਵ ੩, ੧੫ : ੩ (1395)

ਵਖਾਣਏ ---- ਬਿਆਨ ਕਰੇ
“ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ।”
– ਰਾਮ ੩, ਅਨੰ ੧੨ : ੩ (918)

ਵਖਾਣਹ ---- ਬਿਆਨ ਕਰੀਏ
“ਜਿਹਵਾ ਕਿਆ ਗੁਣ ਆਖਿ ਵਖਾਣਹ ਤੁਮ ਵਡ ਅਗਮ ਵਡ ਪੁਰਖਾ।”
– ਜੈਤ ੪, ੨, ੪ : ੧ (696)

ਵਖਾਣਹਿ ---- (1) ਬਿਆਨ ਕਰਦੇ ਹਨ
“ਸੁਣਹਿ ਵਖਾਣਹਿ ਜੇਤੜੇ ਹਉ ਤਿਨ ਬਲਿਹਾਰੈ ਜਾਉ।”
– ਸਿਰੀ ੧, ੫, ੨ : ੨ (16)
“ਪੜਿ ਵਾਦੁ ਵਖਾਣਹਿ ਸਿਰਿ ਮਾਰੇ ਜਮ ਕਾਲਾ।” (ਭਾਵ ਝਗੜੇ ਦੀਆਂ ਗਲਾਂ ਕਰਦੇ ਹਨ, ਬਹਿਸਾਂ ਛੇੜਦੇ ਹਨ)
– ਗਉ ੩, ਅਸ ੪, ੨ : ੨ (230)
“ਪੰਡਿਤ ਪੜਹਿ ਵਖਾਣਹਿ ਵੇਦੁ।” (ਭਾਵ ਸਮਝਾਉਂਦੇ)
– ਆਸਾ ੧, ੨੧, ੪ : ੧ (355)
(2) ਬਿਆਨ ਕਰਦਾ ਹੈਂ
“ਤੂ ਆਪੇ ਬੂਝਹਿ ਸੁਣਿ ਆਪਿ ਵਖਾਣਹਿ।”
– ਮਲਾ ੫, ੨੦, ੪ : ੨ (1271)

ਵਖਾਣਦੇ ---- ਬਿਆਨ ਕਰਦੇ
“ਪੜਿ ਪੜਿ ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ।”
–ਸਾਰ ੪, ਵਾਰ ੩੧ਸ, ੩, ੧ : ੧ (1249)

ਵਖਾਣਾ ----- (1) ਬਿਆਨ ਕਰਾਂ
“ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ ਤੇਰੇ ਕਿਆ ਗੁਣ ਆਖਿ ਵਖਾਣਾ।”
– ਆਸਾ ੪, ਸੋਪੁ ੧, ੨ : ੪ (11)
(2) ਜਪਾਂ, ਉਚਾਰਾਂ, ਸਿਮਰਾਂ
“ਕਰਹੁ ਦਇਆ ਤੇਰਾ ਨਾਮੁ ਵਖਾਣਾ।”

– ਵਡ ੧, ਛੰਤ ੨, ੧ : ੧ (566)

“ਦੀਨਾ ਨਾਥੁ ਦਇਆਲੁ ਨਿਰੰਜਨੁ ਅਨਦਿਨੁ ਨਾਮੁ ਵਖਾਣਾ।”

– ਧਨਾ ੧, ਛੰਤ ੨, ੫ : ੪ (689)

“ਸਦਾ ਸਾਹਿਬ ਕੈ ਰੰਗੇ ਰਾਤਾ ਅਨਦਿਨੁ ਨਾਮੁ ਵਖਾਣਾ।” (ਉਚਾਰਦਾ ਹਾਂ)

– ਮਾਰੂ ੧, ਅਸ ੧੧, ੧ : ੨ (1015)

ਵਖਾਣਿ ----- (1) ਬਿਆਨ ਕੀਤਾ ਜਾਂਦਾ ਹੈ

“ਅਖਰਾ ਸਿਰਿ ਸੰਜੋਗੁ ਵਖਾਣਿ।”

– ਜਪੁ ੧, ੧੯ : ੭ (4)

(2) ਬਿਆਨ ਕਰਕੇ

“ਝੂਠੋ ਝੂਠੁ ਵਖਾਣਿ ਸੁ ਮਹਲੁ ਖੁਆਈਐ।”

– ਮਾਝ ੧, ਵਾਰ ੧੮ : ੬ (146)

“ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ।” (ਬਿਆਨ ਕਰੀਏ ਤਾਂ)

– ਮਾਝ ੧, ਵਾਰ ੧੮ : ੮ (147)

“ਬੇਦ ਵਖਾਣਿ ਕਹਹਿ ਇਕੁ ਕਹੀਐ।” (ਵਖਿਆਣ ਕਰਕੇ)

– ਬਸੰ ੧, ਅਸ ੩, ੨ : ੧ (1188)

ਵਖਾਣਿਓ --- ਬਿਆਨ ਕਰਦਾ ਹੈ, ਕਹਿੰਦਾ ਹੈ

“ਪਾਤਾਲਪੁਰੀ ਜੈਕਾਰ ਧੁਨਿ ਕਬਿ ਜਨ ਕਲ ਵਖਾਣਿਓ।”

– ਸਵ ੧, ੬ : ੫ (1390)

ਵਖਾਣਿਆ --- ਬਿਆਨ ਕੀਤਾ

“ਗੁਰ ਪਰਸਾਦਿ ਅਕਥੁ ਨਾਨਕਿ ਵਖਾਣਿਆ।”

– ਆਸਾ ੫, ੧੦੭, ੪ : ੨ (397)

“ਮਨ ਆਦਿ ਗੁਣ ਆਦਿ ਵਖਾਣਿਆ।” (ਭਾਵ ਸਿਮਰਿਆ)

– ਮਾਰੂ ਜੈਦ, ੧, ੧*: ੧ (1106)

“ਤੁਧੁ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ।” (ਬਿਆਨ ਕਰੀਏ)

– ਮਲਾ ੧, ਵਾਰ ੧ : ੭ (1279)

ਵਖਾਣੀ ----- (1) ਬਿਆਨ ਕੀਤੀ

“ਤੁਧੁ ਆਪਿ ਕਥੀ ਤੈ ਆਪਿ ਵਖਾਣੀ।”

– ਮਾਝ ੫, ੧੭, ੩ : ੨ (99)

“ਤੁਧੁ ਭਾਵੈ ਤਾ ਸਚੁ ਵਖਾਣੀ।” (ਬਿਆਨ ਕਰਾਂ, ਆਖਾਂ, ਬੋਲਾਂ)

– ਗਉ ੫, ੮੩, ੨ : ੨ (180)

“ਗੁਰ ਕੈ ਬਚਨਿ ਸੁਣਿ ਰਸਨ ਵਖਾਣੀ।” (ਬਿਆਨ ਕਰਦਾ ਹਾਂ)

– ਗਉ ੫, ਅਸ ੮, ੨ : ੧ (239)

“ਨਾਨਕ ਸਾਚੇ ਸਾਚਿ ਸਮਾਣੇ ਹਰਿ ਕਾ ਨਾਮੁ ਵਖਾਣੀ।” (ਬਿਆਨ ਕਰਕੇ)

– ਸਾਰ ੩, ਅਸ ੧, ੮ : ੨ (1233)

(2) ਉਚਾਰੀ

“ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ ਹਰਿ ਰੰਗੁ ਤੁਰੀ ਚੜਾਇਆ।”

– ਵਡ ੪, ਘੋੜੀ ੧, ੩ : ੫ (575)

“ਨਾਨਕ ਦਾਸ ਵਖਾਣੀ।” (ਉਚਾਰਨ ਕੀਤੀ)

– ਸੋਰ ੫, ੬੬, ੨ : ੩ (626)
"ਅਨਦਿਨੁ ਹਰਿ ਕਾ ਨਾਮੁ ਵਖਾਣੀ।" (ਉਚਾਰਣ ਕਰੀਂ, ਜਪੀਂ)
– ਮਾਰੂ ੩, ਸੋਲ ੧੩, ੧੦ : ੨ (1057)
"ਏਕੁ ਨਿਧਾਨੁ ਦੇਹਿ ਤੂ ਅਪਣਾ ਅਹਿਨਿਸਿ ਨਾਮੁ ਵਖਾਣੀ।" (ਜਪਾਂ)
– ਮਲਾ ੩, ੧, ੩ : ੩ (1257)

ਵਖਾਣੀਆ --- (1) ਜਪਨ ਨਾਲ
"ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਨਾਮਿ ਵਖਾਣੀਆ।"
– ਵਡ ੪, ਘੋੜੀ ੨, ੧ : ੪ (576)
(2) ਜਪਾਂ, ਸਿਮਰਾਂ, ਬਿਆਨ ਕਰਾਂ, ਵਖਾਣਾਂ
"ਅੰਮ੍ਰਿਤ ਨਾਮ ਦਾਨੁ ਨਾਨਕ ਕਉ ਗੁਣ ਗੀਤਾ ਨਿਤ ਵਖਾਣੀਆ।"
– ਮਾਰੂ ੫, ਅਸ ੮, ੮ : ੩ (1020)

ਵਖਾਣੀਐ --- (1) ਬਿਆਨ ਕਰੀਏ, ਆਖੀਐ, ਦਸੀਏ
"ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ।"
– ਸਿਰੀ ੫, ੭੭, ੪ : ੧ (44)
"ਸਬਦਾਹ ਮਾਹਿ ਵਖਾਣਿਐ ਵਿਰਲਾ ਤ ਬੂਝੈ ਕੋਇ।" (ਬਿਆਨ ਕੀਤੀ ਜਾ ਰਹੀ ਹੈ)
– ਸਿਰੀ ੧, ਅਸ ੧੭, ੫ : ੧ (64)
(2) ਜਪੀਏ
"ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ।"
– ਸਿਰੀ ੫, ੯੮, ੪ : ੨ (52)
"ਜਿਤੁ ਮਿਲਿਐ ਨਾਮੁ ਵਖਾਣੀਐ।" (ਉਚਾਰੀਦਾ/ਜਪੀਦਾ ਹੈ)
– ਸਿਰੀ ੧, ਅਸ ੨੮, ੧੩ : ੨ (72)

ਵਖਾਣੁ ----- (1) ਵਿਖਿਆਣ
"ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ।"
– ਸਿਰੀ ੧, ਅਸ ੫, ੭ : ੩ (56)
(2) ਬਿਆਨ ਕਰੀਦਾ ਹੈ, ਉਚਾਰਨ ਕਰੀਦਾ ਹੈ
"ਗੁਰ ਕਿਰਪਾ ਤੇ ਨਾਮੁ ਵਖਾਣੁ।"
– ਸਿਰੀ ੫, ੧੧੬, ੩ : ੨ (189)
(3) ਆਖ, ਬਿਆਨ ਕਰ
"ਜਿਸੁ ਸਚੁ ਸੰਜਮੁ ਵਰਤੁ ਸਚੁ ਕਬਿ ਜਨ ਕਲ ਵਖਾਣੁ।"
– ਸਵ ੨, ੯ : ੩ (1392)

ਵਖਾਣੇ ----- ਉਚਾਰਨ ਦੇ, ਜਪਨ ਦੇ
"ਹਉ ਰਹਿ ਨ ਸਕਾ ਬਿਨੁ ਨਾਮ ਵਖਾਣੇ।"
– ਮਾਝ ੪, ੩, ੩ : ੨ (95)
"ਹਰਿ ਗੁਣ ਗਾਵਹਿ ਸਚੁ ਵਖਾਣੇ।"
(ਬਿਆਨਦੇ ਹਨ, ਆਖਦੇ ਹਨ)
– ਮਾਝ ੩, ਅਸ ੪, ੮ : ੨ (111)
"ਮੁਕਤ ਬੰਧ ਸਭਿ ਤੁਝ ਤੇ ਹੋਏ ਐਸਾ ਆਖਿ ਵਖਾਣੇ।" (ਆਖਣਾ ਬਣਦਾ ਹੈ)
– ਬਿਲਾ ੩, ੧, ੨ : ੨ (796)

ਵਖਾਣੈ ----- (1) ਬਿਆਨ ਕਰੇ
“ਹਰਿ ਗੁਣ ਸਦ ਹੀ ਆਖਿ ਵਖਾਣੈ।”
– ਆਸਾ ੪, ਸੋਪੁ ੨, ੩ : ੨ (11)
(2) ਕਰਦਾ ਹੈ, ਕਹਿੰਦਾ ਹੈ, ਆਖਦਾ ਹੈ
“ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ।”
– ਸਿਰੀ ੧, ਅਸ ੧੭, ੫ : ੨ (64)
“ਜੇ ਕਿਸੈ ਦੇਇ ਵਖਾਣੈ ਨਾਨਕੁ ਆਗੈ ਪੂਛ ਨ ਲੇਇ।” (ਕਹਿੰਦਾ ਹੈ)
– ਆਸਾ ੧, ੩, ੪ : ੩ (349)
(3) ਉਚਾਰਨ ਕਰਦਾ ਹੈ, ਪੜਦਾ ਹੈ
“ਸਿਮ੍ਰਿਤਿ ਸਾਸਤ ਬੇਦ ਵਖਾਣੈ।”
– ਮਾਝ ੩, ਅਸ ੮, ੭ : ੧ (114)
“ਤੇਰਾ ਦੀਆ ਨਾਮੁ ਵਖਾਣੈ।”
(ਜਪਦਾ/ਸਿਮਰਦਾ ਹੈ)
– ਵਡ ੫, ੮, ੧ : ੨ (563)

ਵਖਾਣੋ ----- ਬਿਆਨ ਕਰੇ, ਕਹੇ
“ਜਿਨਿ ਥਾਪੀ ਬਿਧਿ ਜਾਣੈ ਸੋਈ ਕਿਆ ਕੋ ਕਹੈ ਵਖਾਣੋ।”
– ਵਡ ੧, ਅਲਾ ੪, ੧ : ੫ (581)

ਵਖਾਨ ----- ਬਿਆਨ ਕਰੀਏ, ਉਚਾਰੀਏ
“ਆਵਹੁ ਸੰਤ ਮਿਲਹੁ ਮੇਰੇ ਭਾਈ ਮਿਲਿ ਹਰਿ ਹਰਿ ਨਾਮੁ ਵਖਾਨ।”
– ਪ੍ਰਭਾ ੪, ੧, ੨ : ੧ (1335)

ਵਖਾਨੰ ----- ਬਿਆਨ ਕਰਦਾ ਹੈ, ਆਖਦਾ ਹੈ
“ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ।”
– ਸੋਰ ੧, ਅਸ ੧, ੮ : ੨ (635)

ਵਖਾਨਉ ---- ਬਿਆਨ ਕਰਾਂ, ਆਖਾਂ
“ਸੰਤਨ ਕੀ ਮਹਿਮਾ ਕਵਨ ਵਖਾਵਉ।”
– ਗਉ ੫, ੮੬, ੪ : ੧ (181)

ਵਖਾਨਈ ---- ਬਿਆਨ ਕਰਦੇ ਹਨ
“ਦੇਖਿ ਚਲਤ ਦਇਆਲ ਸੁਣਿ ਭਗਤ ਵਖਾਨਈ।”
– ਰਾਮ ੫, ਛੰਤ ੨, ੩ : ੨ (925)

ਵਖਾਨਹਿ ---- ਬਿਆਨ ਕਰਦੇ ਹਨ, ਆਖਦੇ ਹਨ
“ਖਟੁ ਭੀ ਏਕਾ ਬਾਤ ਵਖਾਨਹਿ।”
– ਰਾਮ ੫, ੧੨, ੧ : ੨ (886)

ਵਖਾਨਣਿਆ -- ਬਿਆਨ ਕਰੀਦਾ ਹੈ
“ਤਨੁ ਸਾਚਾ ਰਸਨਾ ਸਚਿ ਰਾਤੀ ਸਚੁ ਸੁਣਿ ਆਖਿ ਵਖਾਨਣਿਆ।”
– ਮਾਝ ੩, ਅਸ ੧੮, ੨ : ੩ (119)

ਵਖਾਨਾ ----- (1) ਉਚਾਰਿਆ

“ਸੰਤ ਰਸਨ ਹਰਿ ਨਾਮੁ ਵਖਾਨਾ।”
- ਮਾਝ ੫, ੩੦, ੨ : ੨ (103)
“ਸੁਖ ਸਹਜ ਹਰਿ ਨਾਮੁ ਵਖਾਨਾ।” (ਜਪਨ/ਸਿਮਰਨ ਨਾਲ)
- ਮਾਝ ੫, ੩੨, ੪ : ੨ (104)
“ਦਿਨੁ ਰੈਣਿ ਤੇਰਾ ਨਾਮੁ ਵਖਾਨਾ।” (ਉਚਾਰਦਾ/ਜਪਦਾ ਹਾਂ)
- ਆਸਾ ੫, ੬੯, ੧ : ੨ (388)
(2) ਬਿਆਨ ਕਰਦਾ ਹੈ
“ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ।”
- ਵਡ ੫, ਛੰਤ ੨, ੪ : ੫ (578)
(3) ਆਖਦਾ ਹੈ
“ਹਰਿ ਨਾਨਕ ਸਾਚੁ ਵਖਾਨਾ।”
- ਸੋਰ ੫, ੭੭, ੨ : ੪ (628)

ਵਖਾਨਿਆ --- ਆਖਿਆ, ਬਿਆਨ ਕੀਤਾ
“ਜਿਨਿ ਕਹਿਆ ਤਿਨਿ ਕਹਨੁ ਵਖਾਨਿਆ।”
- ਗਉ ੧, ਅਸ ੨, ੬ : ੧ (221)

ਵਖਾਨੀ ----- (1) ਕਹੀਦਾ ਹੈ, ਜਪੀਦਾ ਹੈ
“ਪਹਰ ਮੂਰਤ ਪਲ ਗਾਵਤ ਗਾਵਤ ਗੋਵਿੰਦ ਗੋਵਿੰਦ ਵਖਾਨੀ।”
- ਆਸਾ ੫, ੧੩੫, ੧ : ੧ (404)
“ਜਿ ਕਰਾਵੈ ਸੁ ਨਾਮੁ ਵਖਾਨੀ।” (ਪੈਂਦਾ ਹੈ, ਕਹਾਉਂਦਾ ਹੈ, ਆਖੀਦਾ ਹੈ)
- ਮਾਰੂ ੫, ੧੭, ੪ : ੪ (1004)
(2) ਉਚਾਰਨ ਕਰਾਂ, ਜਪਾਂ
“ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ।”
- ਸਾਰ ੪, ੫, ੩ : ੧ (1200)

ਵਖਾਨੁ ----- ਬਿਆਨ, ਕਥਨ
“ਮਨਿ ਮਾਨਿਐ ਸਚੁ ਸੁਰਤਿ ਵਖਾਨੁ।”
- ਆਸਾ ੧, ਅਸ ੩, ੧ : ੨ (412)
“ਅਵਰੁ ਸਭੁ ਕਿਛੁ ਮਿਥਿਆ ਰਸਨਾ ਰਾਮ ਰਾਮ ਵਖਾਨੁ।” (ਉਚਾਰ)
- ਮਾਰੂ ੫, ੨੪, ੧ : ੨ (1006)

ਵਖਾਨੈ ----- (1) ਬਿਆਨ ਕਰੇ
“ਕਿਆ ਕੋ ਕਹੈ ਕਿਆ ਆਖਿ ਵਖਾਨੈ।”
- ਗਉ ੫, ੭੮, ੪ : ੨ (178)
(2) ਕਹਿੰਦਾ ਹੈ, ਜਪਦਾ ਹੈ, ਉਚਾਰਦਾ ਹੈ
“ਗੁਰਮੁਖਿ ਨਾਮੁ ਸਦਾ ਸਦਾ ਵਖਾਨੈ।”
- ਬਿਲਾ ੩, ਅਸ ੧, ੫ : ੩ (833)

ਵਖਿ ------ (1) ਵਖਰੇ, ਇਕ ਪਾਸੇ
“ਜਿਨ ਅੰਦਰਿ ਕਪਟੁ ਵਿਕਾਰੁ ਝੂਠੁ ਓਇ
ਆਪੇ ਸਚੈ ਵਖਿ ਕਢੇ ਜਜਮਾਲੇ।”

– ਗਉ ੪, ਵਾਰ ੧੦ਸ, ੪, ੧ : ੨ (304)

(2) ਅਡ ਅਡ, ਨਿਰਾਲਾ
“ਗ੍ਰਿਹਿ ਬਸਨਿ ਨ ਦੇਈ ਵਖਿ ਵਖਿ ਭਰਮਾਵੈ।”
– ਆਸਾ ੫, ੪, ੧ : ੪ (371)
“ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ।”
– ਤਿਲੰ ੧, ੫, ੨ : ੨ (723)

ਵਖਿਆਣ --- ਕਥਨ, ਵਿਆਖਿਆ ਭਰਿਆ ਕਥਨ, ਬਿਆਨ
“ਆਖਹਿ ਪੜੇ ਕਰਹਿ ਵਖਿਆਣ।”
– ਜਪੁ ੧, ੨੬ : ੧੨ (5)

ਵਖਿਆਣੁ --- ਬਿਆਨ, ਕਥਨ
“ਕਰੇ ਵਖਿਆਣੁ ਜਾਣੈ ਜੇ ਕੋਈ।”
– ਆਸਾ ੧, ੮, ੧* : ੧ (351)

ਵਖਿਆਨ --- ਕਥਨ, ਬਿਆਨ
“ਖਟ ਸਾਸਤ੍ਰ ਸਿਮ੍ਰਿਤਿ ਵਖਿਆਨ।”
– ਗਉ ੫, ਸੁਖ ੩, ੧ : ੨ (265)

ਵਖਿਆਨਾ --- ਕਥਨ, ਬਿਆਨ
“ਜਬ ਅਪੁਨੀ ਜੋਤਿ ਖਿੰਚਤਿ ਤੂ ਸੁਆਮੀ ਤਬ ਕੋਈ ਕਰਉ ਦਿਖਾ ਵਖਿਆਨਾ।”
– ਬਿਲਾ ੩, ੩, ੨ : ੨ (797)

ਵਖਿਆਨੀ --- ਬਿਆਨ ਕਰਨਾ, ਕਥਨ ਕਰਨਾ
“ਗੁਰ ਪਰਸਾਦਿ ਕਿਨੈ ਵਖਿਆਨੀ।”
– ਗਉ ੫, ਸੁਖ ੧੨, ੮ : ੨ (279)

ਵਖਿਆਨੁ --- ਬਿਆਨ, ਕਥਨ
“ਤੀਨਿ ਅਵਸਥਾ ਕਹਹਿ ਵਖਿਆਨੁ।”
– ਗਉ ੧, ੧੨, ੧ : ੩ (154)

ਵਖੇ ------- ਵਖਰਾ, ਵਖੇਪਤਾਮਈ
“ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ।”
– ਬਸੰ ੧, ੧੦, ੧ : ੧ (1171)

ਵਖ੍ਯਾਨਾ ----- ਬਿਆਨ ਹੁੰਦਾ ਹੈ, ਕਥਨ ਕੀਤਾ ਜਾਂਦਾ ਹੈ
“ਅਖਰ ਨਾਦ ਕਥਨ ਵਖ੍ਯਾਨਾ।”
– ਗਉ ੫, ਬਾਅ ੫੪ : ੪ (261)

ਵਗਨਿ ----- ਵਗ ਰਹੀਆਂ ਹਨ, ਉਠ ਰਹੀਆਂ ਹਨ
“ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।”
– ਗਉ ੫, ਵਾਰ ੬ਸ, ੫, ੧ : ੧ (319)

ਵਗਾਇਨਿ --- ਚਲਾਉਂਦੇ ਹਨ
“ਛੁਰੀ ਵਗਾਇਨਿ ਤਿਨ ਗਲਿ ਤਾਗ।”

– ਆਸਾ ੧, ਵਾਰ ੧੬ਸ, ੧, ੨ : ੨ (471)

ਵਗਾਈ ------ ਚਲਾਈ
"ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ।"
– ਆਸਾ ੧, ਅਸ ੧੨, ੫ : ੧ (418)

ਵਗਾਵਹਿ ---- ਚਲਾਏ
"ਜਾ ਤੁਧੁ ਭਾਵੈ ਤੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ।"
– ਮਾਝ ੧, ਵਾਰ ੧੫ਸ, ੧, ੧ : ੫ (145)

ਵਗਿ ------ ਵਗ/ਸਮੂੰਹ/ਇਜੜ/ਚੌਣਾ ਵਿਚ
"ਮਨਮੁਖਿ ਬੰਨ੍ਹਿ ਚਲਾਈਅਹਿ ਨਾ ਮਿਲਹੀ ਵਗਿ ਸਗਿ।"
– ਸਲੋ ੩, ੬ : ੪ (1413)

ਵੰਗੁੜੀਆਹਾ – ਵੰਗਾਂ, ਚੂੜੀਆਂ
"ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ।"
– ਵਡ ੧, ੩, ੧ : ੭ (557)

ਵਗੈ ------- (1) ਚਲੈ, ਫਿਰੇ
"ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ।"
– ਗਉ ੧, ੧੭, ੬ : ੧ (156)
"ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ।" (ਚਲੇ)
– ਸਲੋ ਫਰ, ੯੮ : ੨ (1382)
(2) ਵਗ ਨੂੰ, ਇਜੜ ਨੂੰ, ਚੌਣੇ ਨੂੰ
"ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ।"
– ਆਸਾ ੧, ੩੯, ੨ : ੧ (360)

ਵਚਨ ------ ਕਥਨ, ਬੋਲ, ਬਚਨ
"ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।"
– ਗਉ ੪, ਵਾਰ ੧੨ : ੨ (306)

ਵਚਨੁ ------ ਬਚਨ, ਕਥਨ, ਬੋਲ
"ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੈ ਸੁ ਹਰਿ ਰਸੁ ਖਾਇ।"
– ਸਿਰੀ ੪, ੬੯, ੨ : ੨ (41)
"ਤੁਝੈ ਬਿਨਾ ਹਉ ਕਿਤਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ।"(ਭਾਵ ਇਕਰਾਰ ਕਰ)
– ਮਾਰੂ ੫, ਸੋਲਾ ੨, ੭ : ੩ (1073)

ਵਛਲ ------ (ਸੰ.) ਪਿਆਰ ਵਾਲਾ, ਸਨੇਹ ਵਾਲਾ, ਪਿਆਰਾ
"ਭਗਤਿ ਵਛਲ ਸਦਾ ਕਿਰਪਾਲ।"
– ਗਉ ੫, ਸੁਖ ੨੦, ੭ : ੨ (290)

ਵਛਲੁ ------ ਪਿਆਰ ਕਰਨ ਵਾਲਾ, ਵੇਖੋ 'ਵਛਲਾ'
"ਭਗਤਿ ਵਛਲੁ ਹਰਿ ਮਨਿ ਵਸਿਆ ਸਹਜਿ ਮਿਲਿਆ ਪ੍ਰਭੁ ਸੋਇ।"

– ਸਿਰੀ ੩, ਅਸ ੨੧, ੮ : ੨ (67)
“ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ।”
– ਗਉ ੫, ਵਾਰ ੫ : ੪ (319)

ਵਜ ------- ਵਾਜੇ
“ਕਿਤੀ ਬੈਹਨਿ੍ ਬੈਹਣੇ ਮੁਚੁ ਵਜਾਇਨਿ ਵਜ।”
– ਗੂਜ ੫, ਵਾਰ ੨ਸ, ੫, ੨ : ੧ (518)

ਵਜਈਆ --- ਵਜਦੇ ਰਹਿੰਦੇ ਹਨ
“ਇਹੁ ਮਨੁ ਨਾਚੈ ਸਤਿਗੁਰ ਆਗੈ ਅਨਹਦ ਸਬਦ ਧੁਨਿ ਤੂਰ ਵਜਈਆ।”
– ਬਿਲਾ ੪, ਅਸ ੩, ੫ : ੧ (835)

ਵਜਹਿ ----- (1) ਵਜਦੇ ਹਨ
“ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ।”
– ਮਾਝ ੩, ਅਸ ੨੫, ੬ : ੩ (124)
(2) (ਫਾ. ਵਜਹ) ਵਜਾ ਤੋਂ, ਕਾਰਨ ਤੋਂ ਸਬਦ ਤੋਂ
“ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ।”
– ਆਸਾ ੫, ੧੫੨, ੩ : ੧ (408)
(3) ਵਜਦੇ ਹਨ, ਪੈਂਦੇ ਹਨ
“ਜਮਪੁਰਿ ਵਜਹਿ ਖੜਗ ਕਰਾਰੇ।”
– ਮਾਰੂ ੧, ੧੨, ੪ : ੨ (993)

ਵਜਹੁ ------ (1) (ਅ. ਵਜ਼ਹ) ਤਨਖਾਹ, ਉਜਰਤ
“ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ।”
– ਸਿਰੀ ੧, ਅਸ ੯, ੬ : ੧ (59)
“ਵਜਹੁ ਸਾਹਿਬੁ ਕਾ ਸੇਵ ਬਿਰਾਨੀ।”
– ਆਸਾ ੫, ੨੨, ੨ : ੧ (376)
(2) ਬਤੌਰ, ਦੇ ਰੂਪ ਵਿਚ
“ਬਖਸੀਸ ਵਜਹੁ ਮਿਲਿ ਏਕੁ ਨਾਮੁ।”
– ਗਉ ੫, ੧੪੧*, ੩ : ੧ (210)

ਵਜਗਿ ----- ਵਜਦੀ ਹੈ
“ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ।”
– ਆਸਾ ੧, ਵਾਰ ੧੧ਸ, ੧, ੩ : ੧ (469)

ਵਜਦਾ ----- ਬੋਲਦਾ
“ਨਾਨਕ ਵਜਦਾ ਜੰਤ ਵਜਾਇਆ।”
– ਗਉ ੪, ਵਾਰ ੨੪ਸ, ੩, ੨ : ੬ (313)
“ਸੋਈ ਜੀਉ ਨ ਵਜਦਾ ਜਿਸੁ ਅਲਹੁ ਕਰਦਾ ਸਾਰ।” (ਭੇਡ ਚਾਲ ਨਹੀਂ ਚਲਦਾ, ਮਾਇਆ ਵਿਚ ਨਹੀਂ ਰੁੜਦਾ)
– ਸਲੋ ਫਰ, ੧੧੦ : ੨ (1383)

ਵਜਦੀ ----- ਬੋਲਦੀ

"ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ।"
– ਸਲੋ ਫਰ, ੧੧੦ : ੧ (1383)

ਵਜਦੇ ------ ਵਜਦੇ/ਆਵਾਜ਼ ਕਢਦੇ/ਬੋਲਦੇ ਹਨ
"ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ।"
– ਸਿਰੀ ੫, ੭੦, ੩ : ੩ (42)

ਵਜਨਿ ----- ਵਜਦੇ ਹਨ
"ਵਾਤ ਵਜਨਿ ਟੰਮਕ ਭੇਰੀਆ।"
– ਸਿਰੀ ੫, ਅਸ ੨੯, ੧੮ : ੧ (74)

ਵਜਾਇ ----- ਵਜ ਕੇ
"ਤੇਰੀ ਕੀਮਤਿ ਨਾ ਪਵੈ ਸਭ ਡਿਠੀ ਠੋਕ ਵਜਾਇ।" (ਭਾਵ ਪਰਖ ਕੇ)
– ਸਿਰੀ ੧, ਅਸ ੧੩, ੫ : ੧ (61)
"ਧਰਤੀ ਉਪਰਿ ਕੋਟ ਗੜ ਕੇਤੀ ਗਈ ਵਜਾਇ।" (ਭਾਵ ਰਾਜ ਕਰਕੇ, ਢੋਲ ਵਜਾ ਕੇ)
– ਸੋਰ ੧, ੧, ੩ : ੧ (595)
"ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ।" (ਵਜਾਉ)
– ਰਾਮ ੩, ਅਸ ੧, ੧੨ : ੧ (909)

ਵਜਾਇਆ --- (1) ਵਜਾ ਕੇ ਭਾਵ ਸੁਣ ਕੇ, ਪ੍ਰਗਟ ਕਰਕੇ, ਪ੍ਰਚਾਰ ਕੇ
"ਢਾਢੀ ਕਰੇ ਪਸਾਉ ਸਬਦੁ ਵਜਾਇਆ।"
– ਮਾਝ ੧, ਵਾਰ ੨੭ : ੭ (150)
"ਸਹਜੇ ਅਨਹਤ ਸਬਦੁ ਵਜਾਇਆ।"
– ਗਉ ੫, ਅਸ ੩, ੭ : ੨ (237)
(2) ਵਜਾਨ ਨਾਲ
"ਨਾਨਕ ਵਜਦਾ ਜੰਤੁ ਵਜਾਇਆ।"
– ਗਉ ੪, ਵਾਰ ੨੪ਸ, ੩, ੨ : ੬ (313)
(3) ਵਾਦਨ ਕੀਤਾ
"ਅਨਹਦ ਬਾਣੀ ਨਾਦੁ ਵਜਾਇਆ।"
– ਆਸਾ ੫, ੧੭, ੩ : ੨ (375)

ਵਜਾਇਦਾ --- ਵਜਾਉਂਦਾ ਹੈ
"ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ।"
– ਮਾਰੂ ੧, ਸੋਲਾ ੧੫, ੭ : ੩ (1035)

ਵਜਾਇਨਿ --- ਵਜਾਉਂਦੇ ਹਨ
"ਕਿਤੀ ਬੈਹਨ੍ਹਿ ਬੈਹਣੇ ਮੁਚੁ ਵਜਾਇਨਿ ਵਜ।"
– ਗੂਜ ੫, ਵਾਰ ੨ਸ, ੫, ੨ : ੧ (518)

ਵਜਾਈ ----- (1) ਵਜਾਇਆ
"ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ।"
– ਰਾਮ ੩, ਅਸ ੧, ੨ : ੨ (908)

(2) ਵਜਾਉਣ ਦੇ
"ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗੁਰੀ ਵਜਾਇ।"
– ਰਾਮ ੩, ਅਸ ੧, ੧੨ : ੧ (909)

(3) ਭਾਵ ਉਚਾਰੀ, ਗਾਇਣ ਕੀਤੀ
"ਗੁਰ ਕੀ ਦਾਤਿ ਸਦਾ ਮਨ ਅੰਤਰਿ ਬਾਣੀ ਸਬਦਿ ਵਜਾਈ ਹੇ।"
– ਮਾਰੂ ੩, ਸੋਲਾ ੧, ੧੪ : ੩ (1044)

(4) ਵਜਾਉਣ ਨਾਲ
"ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ।"
– ਸਲੋ ਫਰ, ੧੧੦ : ੧ (1383)

ਵਜਾਏ ----- (1) ਵਜਾਉਂਦਾ ਹੈ
"ਅਨਹਤ ਬਾਣੀ ਨਿਰਮਲ ਸਬਦੁ ਵਜਾਏ ਗੁਰ ਸਬਦੀ ਸਚਿ ਸਮਾਵਣਿਆ।"
– ਮਾਝ ੩, ਅਸ ੧੦, ੪ : ੩ (115)
"ਬਾਣੀ ਵਜੈ ਸਬਦਿ ਵਜਾਏ ਗੁਰਮੁਖਿ ਭਗਤਿ ਥਾਇ ਪਾਵਣਿਆ।"
(ਵਜਾਉਣ ਨਾਲ ਭਾਵ ਕੀਰਤਨ ਕਰਨ ਨਾਲ)
– ਮਾਝ ੩, ਅਸ ੨੧, ੫ : ੩ (122)

(2) ਪ੍ਰਗਟ ਕਰ ਦੇਵੇ
"ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ ਓਇ ਤੇਹੋ ਜੇਹੇ ਦਯਿ ਵਜਾਏ।"
– ਗਉ ੪, ਵਾਰ ੭ਸ, ੪, ੧ : ੬ (303)
"ਗੁਰ ਕੀ ਬਾਣੀ ਨਾਮਿ ਵਜਾਏ।" (ਨਾਮ ਦੁਆਰਾ ਪ੍ਰਗਟ ਕਰਦਾ ਹੈ)
– ਆਸਾ ੩, ੪੪, ੪ : ੧ (362)

(3) ਉਚਾਰਨ ਕਰੇ, ਸਿਮਰੇ
"ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ।"
– ਵਡ ੩, ਛੰਤ ੧, ੪ : ੩ (568)

(4) ਵਜਾਉਣ ਨਾਲ
"ਨਾਨਕ ਜੰਤ ਵਜਾਏ ਵਾਜਹਿ ਜਿਤੁ ਭਾਵੈ ਤਿਤੁ ਰਾਹਿ ਚਲਈਆ।"
– ਬਿਲਾ ੪, ਅਸ ੨, ੮ : ੨ (834)

ਵਜਾਹਾ ----- ਵਜਾਉਂਦਾ ਹੈ
"ਆਪੇ ਸਾਵਲ ਸੁੰਦਰਾ ਪਿਆਰਾ ਆਪੇ ਵੰਸੁ ਵਜਾਹਾ।"
– ਸੋਰ ੪, ੬, ੨ : ੨ (606)

ਵਜਾਵਹਿ ---- ਵਜਾਉਂਦੇ ਹਨ
"ਜਾ ਤੁਧ ਭਾਵਹਿ ਤਾ ਕਰਹਿ ਬਿਭੂਤਾ ਸਿੰਙੀ ਨਾਦੁ ਵਜਾਵਹਿ।"
– ਮਾਝ ੧, ਵਾਰ ੧੫ਸ, ੧, ੧ : ੨ (145)

ਵਜਾਵਣਹਾਰਾ - ਵਜਾਉਣ ਵਾਲਾ
"ਆਪਿ ਵਜਾਏ ਵਜਾਵਣਹਾਰਾ।"
– ਮਾਰੂ ੩, ਸੋਲਾ ੧੮, ੪ : ੨ (1061)

ਵਜਾਵਣਿਆ -- ਵਜਦਾ ਹੈ
"ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।"

– ਮਾਝ ੩, ਅਸ ੨, ੩ : ੩ (110)

ਵਜਾਵੈ ----- ਵਜਾਉਂਦਾ ਹੈ
“ਅਉਗਣ ਫਿਰਿ ਲਾਗੂ ਭਏ ਕੂਰਿ ਵਜਾਵੈ ਤੂਰੁ।”
– ਸਿਰੀ ੧, ੧੫, ੧ : ੨ (19)
“ਨਿਰਮਲ ਬਾਣੀ ਨਾਦੁ ਵਜਾਵੈ।” (ਵਜਾਏ)
– ਆਸਾ ੧, ਅਸ ੧, ੪ : ੪ (411)

ਵਜਿਓ ----- ਵਜਿਆ, ਪ੍ਰਗਟ ਹੋਇਆ
“ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ।”
– ਮਾਰੂ ੫, ੧੨, ੨ : ੨ (1002)

ਵਜਿਆ ---- ਆਵਾਜ਼ ਵਿਚ ਆਇਆ
“ਪੰਚੇ ਸਬਦ ਵਜੇ ਮਤਿ ਗੁਰਮਤਿ ਵਡਭਾਗੀ ਅਨਹਦੁ ਵਜਿਆ।”
– ਕਾਨ ੪, ਵਾਰ ੭ : ੧ (1315)

ਵਜੀ ------ (1) ਪ੍ਰਗਟ ਹੋਈ
“ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ।”
– ਸਿਰੀ ੩, ੫੫, ੩ : ੨ (35)
“ਪ੍ਰਭਿ ਰਾਖੀ ਪੈਜ ਵਜੀ ਵਾਧਾਈ।” (ਪ੍ਰਗਟ ਹੋਈ, ਭਾਵ ਮਿਲੀ, ਖੁਸ਼ੀ ਹੋਈ)
– ਆਸਾ ੫, ੫, ੪ : ੪ (371)
“ਨਾਮੈ ਸੁਰਤਿ ਵਜੀ ਹੈ ਦਹਦਿਸਿ ਹਰਿ ਮੁਸਕੀ ਮੁਸਕ ਗੰਧਾਰੇ।” (ਭਾਵ ਫੈਲੀ)
– ਨਟ ੪, ਅਸ ੨, ੧ : ੨ (981)
(2) ਖੜਕੀ
“ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ।”
– ਸਲੋ ਫਰ, ੭੯ : ੨ (1382)

ਵਜੀਆ ---- ਪ੍ਰਗਟ ਹੋਈਆਂ
“ਗੁਰ ਚਰਣ ਲਾਗੇ ਸਦਾ ਜਾਗੇ ਮਨਿ ਵਜੀਆ ਵਾਧਾਈਆ।”
– ਸੂਹੀ ੫, ੭, ੪ : ੫ (782)

ਵੰਜੀਐ ----- ਜਾਣਾ ਭਾਵ ਵਿਛੜ ਜਾਣਾ
“ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ।”
– ਜੈਤ ੫, ਵਾਰ ੧੦ : ੨ (708)

ਵਜੀਰ ----- (ਅ. ਵਜ਼ੀਰ) – ਮੰਤ੍ਰੀ, ਦੀਵਾਨ
“ਆਪੇ ਸਾਹਿਬੁ ਆਪਿ ਵਜੀਰ।”
– ਗਉ ੩, ੨੬, ੪ : ੩ (59)

ਵਜੀਰਟਿਆ -- ਵਜ਼ੀਰ, ਮੰਤ੍ਰੀ
“ਆਪੇ ਵਡ ਪਾਤਿਸਾਹੁ ਆਪਿ ਵਜੀਰਟਿਆ।”
– ਰਾਮ ੫, ਵਾਰ ੧ : ੬ (957)

ਵਜੀਰਾ ----- ਵਜ਼ੀਰ ਦੇ
“ਸਰਣਿ ਪਰਿਓ ਠਾਕਰੁ ਵਜੀਰਾ।”

– ਗਉ ੫, ੧੪੯*, ੩ : ੧ (212)

ਵਜੀਰੁ ----- ਮੰਤ੍ਰੀ, ਵੇਖੋ ‘ਵਜੀਰ’
“ਏਕੋ ਸਾਹਿਬੁ ਏਕੁ ਵਜੀਰੁ।”
– ਆਸਾ ੧, ਅਸ ੩, ੫ : ੪ (413)

ਵਜੇ ------- ਆਵਾਜ਼ ਵਿਚ ਆਏ
“ਵਾਜੇ ਵਜੇ ਸਚੀ ਬਾਣੀਆ ਪੰਚ ਮੁਏ ਮਨੁ ਮਾਰੇ।”
– ਵਡ ੧, ਅਲਾ ੩, ੬ : ੨ (580)

ਵੰਜੇ ------- ਰਹਿ ਗਏ, ਵਿਹੂਣੇ ਰਹੇ
“ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ।”
– ਮਾਝ ੧, ਵਾਰ ੨੬ਸ, ੧, ੧ : ੧੩ (150)

ਵਜੈ ------- (1) ਆਵਾਜ਼ ਵਿਚ ਆਏ, ਪ੍ਰਗਟ ਹੋਵੇ
“ਬਾਣੀ ਵਜੈ ਸਬਦਿ ਵਜਾਇ ਗੁਰਮੁਖਿ ਭਗਤਿ ਥਾਇ ਪਾਵਣਿਆ।”
– ਮਾਝ ੩, ਅਸ ੨੧, ੫ : ੩ (122)
(2) ਆਖਿਆ ਜਾਂਦਾ ਹੈ, ਕਰਕੇ ਮਸ਼ਹੂਰ ਹੁੰਦਾ ਹੈ
“ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ।”
– ਗਉ ੪, ਵਾਰ ੧੫ਸ, ੪, ੧ : ੩ (308)
(3) ਵਜਦੀ ਹੈ, ਖੜਕਦੀ ਹੈ
“ਓਸ ਪਿਛੈ ਵਜੈ ਫਕੜੀ ਮੁਹੁ ਕਾਲਾ ਆਗੈ ਭਇਆ।”
– ਸੋਰ ੪, ਵਾਰ ੨੭ਸ, ੪, ੨ : ੨ (653)

ਵੰਝੀ ------ ਵੰਝ, ਲੰਮਾਂ ਸਾਰਾ ਬਾਂਸ ਜੋ ਚਪੂ ਕਰਕੇ ਵਰਤਿਆ ਜਾਂਦਾ ਹੈ
“ਵੰਝੀ ਹਾਥਿ ਨ ਖੇਵਟੂ ਜਲੁ ਸਾਗਰੁ ਅਸਰਾਲੁ।”
– ਮਾਰੂ ੧, ਅਸ ੨, ੧ : ੩ (1009)

ਵੰਝੁ ------- ਬਾਂਸ
“ਨਾ ਬੇੜੀ ਨ ਤੁਲਾੜਾ ਨਾ ਤਿਸੁ ਵੰਝੁ ਮਲਾਰੁ।”
– ਸਿਰੀ ੧, ਅਸ ੧੦, ੪ : ੨ (59)

ਵੰਞਉ ----- ਜਾਂਦੀ ਹਾਂ
“ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ।”
– ਮਾਰੂ ੧, ਅਸ ੯, ੧ : ੧ (1014)

ਵੰਞਸੀ ----- ਜਾਵੇਗੀ
“ਦੁਨੀਆ ਨ ਸਾਲਾਹਿ ਜੋ ਮਰਿ ਵੰਞਸੀ।”
– ਸੂਹੀ ੩, ਅਸ ੩, ੧ : ੧ (755)

ਵੰਞਹਿ ----- (1) ਜਾਂਦੇ ਹਨ
“ਭਗਤੀ ਨਾਮੁ ਵਿਹੂਣਿਆ ਆਵਹਿ ਵੰਞਹਿ ਪੂਰ।”
– ਸਿਰੀ ੫, ੮੪, ੩ : ੩ (47)
(2) ਲੰਘੇ, ਗੁਜ਼ਰੇ

"ਘੜੀ ਮੂਰਤ ਸਿਮਰਤ ਪਲ ਵੰਞਹਿ ਜੀਵਣੁ ਸਫਲੁ ਤਿਥਾਈ ਜੀਉ।"
– ਮਾਝ ੫, ੪੫, ੧ : ੩ (107)

ਵੰਞਹੁ ------ (1) ਜਾਓ
"ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ।"
– ਆਸਾ ੫, ਛੰਤ ੧੨, ੨ : ੧ (460)
(2) ਲੰਘੋ
"ਪਤਣਿ ਕੂਕੇ ਪਾਤਣੀ ਵੰਞਹੁ ਧ੍ਰੁਕਿ ਵਿਲਾੜਿ।
– ਮਾਰੂ ੧, ਅਸ ੧੦, ੬ : ੧ (1015)

ਵੰਞਣਾ ----- ਜਾਣਾ ਹੈ
"ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ।"
– ਸਿਰੀ ੫, ੯੩, ੪ : ੧ (50)

ਵੰਞਨਿ ----- (1) ਦੂਰ ਹੋਣ
"ਅਵਗੁਣ ਵੰਞਨਿ ਗੁਣ ਰਵਹਿ ਮਨਿ ਸੁਖੁ ਵਸੈ ਆਇ।"
– ਰਾਮ ੩, ਵਾਰ ੨੧ਸ, ੧, ੨ : ੩ (956)
(2) ਜਾਂਦੀਆਂ ਹਨ
"ਆਵਨਿ ਵੰਞਨਿ ਨਾ ਰਹਨਿ ਪੂਰ ਭਰੇ ਪਹੀਆਹ।"
– ਮਾਰੂ ੧, ਅਸ ੧੦, ੨ : ੨ (1015)
"ਵਿਛੋਹੇ ਜੰਬੂਰ ਖਵੈ ਨ ਵੰਞਨਿ ਗਾਖੜੇ।" (ਨਹੀਂ ਜਾਂਦੇ)
– ਗੂਜ ੫, ਵਾਰ ੧੧ਸ, ੫, ੧ : ੧ (520)

ਵੰਞਨ੍ਹਿ ----- ਜਾਂਦੇ ਹਨ
"ਕਿਤੰੀ ਇਤੁ ਦਰੀਆਇ ਵੰਞਨ੍ਹਿ ਵਹਦਿਆ।"
– ਆਸਾ ੫, ੧੧੦, ੧ : ੨ (398)
"ਜੈ ਡਿਠੈ ਮਨੁ ਧੀਰੀਐ ਕਿਲਵਿਖ ਵੰਞਨ੍ਹਿ ਦੂਰੇ।" (ਜਾਵਨ)
– ਸੂਹੀ ੫, ਅਸ ੪, ੭ : ੧ (761)

ਵੰਞਾ ------ ਜਾਵਾਂ
"ਹੰ ਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ।"
– ਸਿਰੀ ੧, ੨੪, ੨ : ੨ (23)
"ਹਉ ਕੁਰਬਾਣੀ ਤੇਰੈ ਵੰਞਾ ਨਾਨਕ ਦਾਸ ਦਸਾਵਣਿਆ।"
– ਮਾਝ ੫, ਅਸ ੩੫, ੮ : ੩ (131)
"ਤਾਹੂ ਖਰੇ ਸੁਜਾਣ ਵੰਞਾ ਏਨ੍ਹੀ ਕਪਰੀ।" (ਲੰਘ ਗਏ ਹਨ)
– ਸਲੋ ੧, ੩ : ੨ (1401)

ਵੰਞਾਂ ------ ਜਾਵਾਂ
"ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ।"
– ਵਡ ੫, ਛੰਤ ੨, ੩ : ੧ (577)

ਵਞਾਇ ----- ਦੂਰ ਕਰ
"ਭੋਰੀ ਭਰਮੁ ਵਞਾਇ ਪਿਰੀ ਮੁਹਬਤਿ ਹਿਕੁ ਤੂ।"

– ਗਉ ੫, ਵਾਰ ੧੯ਸ, ੫, ੧ : ੧ (322)

ਵੰਞਾਇਆ --- ਵਰਗਲਾ ਲਿਆ, ਕੁਰਾਹੇ ਪਾਇਆ, ਖਰਾਬ (ਤਬਾਹ) ਕੀਤਾ
“ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ।”
– ਸਲੋ ਫਰ, ੧੫ : ੨ (1378)

ਵਞਾਈ ----- (1) ਛਡ ਦਿਤੀ
“ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ।”
– ਰਾਮ ੫, ਵਾਰ ੧੪ਸ, ੫, ੧ : ੧ (963)
(2) ਮੁਕ ਗਈ
“ਢੂੰਢ ਵਞਾਈ ਥੀਆ ਥਿਤਾ।”
– ਰਾਮ ੫, ਵਾਰ ੧੭ਸ, ੫, ੨ : ੩ (964)

ਵੰਞਾਈ ----- ਦੂਰ ਕੀਤਾ
“ਪਤਿਤ ਪੁਨੀਤ ਕੀਏ ਖਿਨ ਭੀਤਰਿ ਅਗਿਆਨੁ ਅੰਧੇਰੁ ਵੰਞਾਈ।”
– ਰਾਮ ੫, ਅਸ ੬, ੩ : ੧ (915)

ਵਞਾਈਐ --- ਦੂਰ ਕਰੀਏ, ਛੱਡ ਦੇਈਏ
“ਲਿਖਿਆ ਪਲੈ ਪਾਇ ਗਰਬੁ ਵਞਾਈਐ।”
– ਆਸਾ ੧, ਅਸ ੧੬, ੬ : ੨ (420)
“ਝੂਠੀ ਦੁਨੀਆ ਲਗਿ ਨ ਆਪੁ ਵਞਾਈਐ।” (ਗਵਾਈਐ)
– ਆਸਾ ਫਰ, ੨, ੨ : ੨ (488)

ਵਞਾਏ ----- ਗੁਆਏ, ਦੂਰ ਕਰੇ
“ਆਪੁ ਵਞਾਏ ਤਾ ਸਭ ਕਿਛੁ ਪਾਏ।”
– ਮਾਝ ੩, ਅਸ ੧੧, ੧ : ੧ (115)
“ਇਕਿ ਦਰਿ ਸੇਵਹਿ ਦਰਦੁ ਵਞਾਏ।” (ਦੂਰ ਕਰਦੇ ਹਨ)
– ਮਾਰੂ ੧, ਸੋਲਾ ੮, ੧੬ : ੧ (1028)

ਵਞਾਵਣਾ ---- ਗੁਆਉਣਾ
“ਸੋਈ ਹੋਇ ਜਿ ਕਰਤੇ ਭਾਵੈ ਕਹਿ ਕੈ ਆਪੁ ਵਞਾਵਣਾ।”
– ਮਾਰੂ ੫, ਸੋਲਾ ੧੪, ੧੩ : ੩ (1086)

ਵਞਾਵਣਿਆ -- ਗੁਆ ਦਿੱਤਾ ਹੈ
“ਆਪੇ ਗੁਪਤੁ ਪਰਗਟੁ ਹੈ ਆਪੇ ਗੁਰਸਬਦੀ ਆਪੁ ਵੰਞਾਵਣਿਆ।”
– ਮਾਝ ੩, ਅਸ ੨੫, ੧ : ੩ (124)

ਵੰਞੁ ------- ਚਲ ਪਓ
“ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ।”
– ਆਸਾ ੫, ਛੰਤ ੧੧, ੧ : ੧ (459)
(2) ਜਾ, ਦੂਰ ਹੋ
“ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ।”
– ਆਸਾ ੫, ਛੰਤ ੧੨, ੧ : ੧ (460)
(3) ਜਾਈਏ, ਜਾਓ

"ਹਰਿ ਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ ਵੰਞੁ।"
- ਬਸੰ ੪, ੭, ੩ : ੨ (1179)

ਵਵੇਸਾ ----- ਚਲਾ ਜਾਂਦਾ ਹੈ
"ਮਾਲੁ ਜੋਬਨੁ ਧਨੁ ਛੋਡਿ ਵਵੇਸਾ।"
- ਮਾਰੂ ੫, ਅਸ ੮, ੩ : ੨ (1020)

ਵੰਞੈ ------- (1) ਜਾਏਂ ਗਾ
"ਜਿਥਹੁ ਵੰਞੈ ਜਾਇ ਤਿਥਾਊ ਮਉਜੂਦੁ ਸੋਇ।"
- ਗਉ ੫, ਵਾਰ ੧੯ਸ, ੫, ੧ : ੨ (322)
"ਜੀਉ ਵੰਞੈ ਚਉ ਖੰਨੀਐ ਸਚੇ ਸੰਦੜੈ ਨੇਹਿ।" (ਭਾਵ ਹੋਏ)
- ਸੋਰ ੪, ਵਾਰ ੫ਸ, ੩, ੧ : ੨ (644)
"ਅਨਿਕ ਬਾਰ ਕੋਟਿ ਜਨ ਊਪਰਿ ਨਾਨਕੁ ਵੰਞੈ ਵਾਰਨਾ।" (ਜਾਂਦਾ ਹੈ)
- ਰਾਮ ੫, ਅਸ ੫, ੮ : ੧ (915)
"ਮਨੁ ਲੋਚੈ ਉਨ੍ ਮਿਲਣ ਕਉ ਕਿਉ ਵੰਞੈ ਘਿਤਾ।" (ਲਿਆ ਜਾਵੇ)
- ਰਾਮ ੫, ਵਾਰ ੧੯ : ੨ (965)
"ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰ।" (ਹੁੰਦਾ ਹੈ)
- ਰਾਮ ਬਸ, ਵਾਰ ੫ : ੭ (967)
(2) ਦੂਰ ਹੁੰਦੀ ਹੈ
"ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ।"
- ਗੂਜ ੫, ਵਾਰ ੮ : ੨ (520)

ਵੰਞੈਂ ------ ਲੰਘਦਾ ਹੈ, ਜਾਂਦਾ ਹੈ
"ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ।"
- ਸਲੋ ਫਰ, ੮੯ : ੨ (1382)

ਵਟ ------- ਗੋਲੀ (ਸ਼ਬਦਾਰਥ, ਸੰਥਿਆ); ਵਟਾਉ, ਵੇਸ (ਦਰਪਣ); ਵਾਂਗੂੰ (ਮਹਾਨਕੋਸ਼, ਸੰਥਿਆ)
"ਨਟ ਵਟ ਖੇਲੈ ਸਾਰਿੰਗਪਾਨਿ।"
- ਗਉ ਕਬ, ੩੩, ੨ : ੨ (329)

ਵਟਵਾਰੇ ---- ਰਾਹਗੀਰ, ਰਾਹਮਾਰ, ਲੁਟੇਰਾ, ਡਾਕੂ
"ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ।"
- ਤੁਖਾ ੪, ਛੰਤ ੪, ੬ : ੪ (1117)

ਵਟਾਊ ----- ਰਾਹੀ, ਮੁਸਾਫਰ ਭਾਵ ਜੀਵ
"ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ।"
- ਸਿਰੀ ੧, ਅਸ ੧੩, ੨ : ੩ (61)

ਵਟਾਊੜਿਆ - ਹੇ ਰਾਹੀ, ਹੇ ਮੁਸਾਫਰ
"ਉਠਿ ਵੰਞੁ ਵਟਾਊੜਿਆ ਤੈ ਕਿਆ ਚਿਰੁ ਲਾਇਆ।"
- ਆਸਾ ੫, ਛੰਤ ੧੧, ੧ : ੧ (459)

ਵਟਾਇਆ --- (1) ਵਟਾ ਕੇ, ਬਦਲ ਕੇ

“ਘਰਿ ਜਾਸਨਿ ਵਾਟ ਵਟਾਇਆ।”
– ਸਿਰੀ ੫, ਅਸ ੨੯, ੧੯ : ੨ (74)

(2) ਬਦਲਿਆ, ਤਬਦੀਲ ਕੀਤਾ, ਪਲਟਾ ਦਿੱਤਾ
“ਕਿਤੁ ਬਿਧਿ ਪੁਰਖਾ ਜਨਮੁ ਵਟਾਇਆ।”
– ਰਾਮ ੧, ਸਿਗੋ ੧੯ : ੧ (939)

ਵਟਾਈਅਹਿ -- ਵਟਾਈਦੇ ਹਨ, ਵਟਾਏ ਜਾਂਦੇ ਹਨ
“ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ।”
– ਆਸਾ ੧, ਵਾਰ ੧੩ਸ, ੧, ੧ : ੨ (470)

ਵਟਿ ------ (1) ਵਟਿਆਂ ਨਾਲ
“ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ।”
– ਮਾਝ ੧, ਵਾਰ ੧੭ : ੫ (146)

(2) ਵਟ ਕੇ
“ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ।”
– ਆਸਾ ੧, ੩੨, ੪ : ੧ (358)
“ਵਟਿ ਧਾਗੇ ਅਵਰਾ ਘਤੈ।”
– ਆਸਾ ੧, ਵਾਰ ੧੫ਸ, ੧, ੪ : ੬ (471)

ਵਟੁ ------- ਮਰੋੜ
“ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।”
– ਆਸਾ ੧, ਵਾਰ ੧੫ਸ, ੧, ੧ : ੧ (471)

ਵਟੇ ------- ਵਟਦਾ ਹੈ, ਮਰੋੜ ਚਾੜ੍ਹਦਾ ਹੈ
“ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ।”
– ਆਸਾ ੧, ਵਾਰ ੧੫ਸ, ੧, ੨ : ੩ (471)

ਵਡ ------- ਵਡਾ, ਅਤਿ, ਬਹੁਤ
“ਹਰਿ ਜਨ ਕੇ ਵਡ ਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।”
– ਗੂਜ ੪, ਸੋਦ ੪, ੨ : ੧ (10)
“ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ।” (ਵਡੇ)
– ਸਿਰੀ ੪, ੬੯, ੨ : ੩ (41)
“ਸਤਿਗੁਰੁ ਸੁਜਾਨੁ ਪੁਰਖੁ ਵਡ ਪਾਇਆ ਹਰਿ ਰਸਕਿ ਰਸਕਿ ਫਲ ਲਾਗਿਬਾ।”
(ਵੱਡਾ, ਮਹਾਨ)
– ਜੈਤ ੪, ੪, ੧ : ੧ (697)

ਵੰਡ ------- ਹਿੱਸਾ
“ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ ਤਿਸੁ ਹਰਿ ਧਨ ਕੀ ਵੰਡ ਹਥਿ ਆਵੈ ਜਿਸ ਨੋ ਕਰਤੈ ਧੁਰਿ ਲਿਖਿ ਪਾਇਆ।”
– ਬਿਲਾ ੪, ਵਾਰ ੯ : ੩ (853)

ਵਡਈਆ --- ਵਡਿਆਈ
“ਜਨ ਕੀ ਉਪਮਾ ਤੁਝਹਿ ਵਡਈਆ।”

– ਗਉ ੪, ੪੬, ੧* : ੨ (166)

ਵਡਸਮਰਥਾ -- ਵਡੀ ਸ਼ਕਤੀ (ਸਮਰਥਾ) ਵਾਲਾ
"ਬਾਬੁਲੁ ਮੇਰਾ ਵਡਸਮਰਥਾ ਕਰਣ ਕਾਰਣ ਪ੍ਰਭਹਾਰਾ।"
– ਸੂਹੀ ੫, ਛੰਤ ੨, ੧ : ੩ (777)

ਵਡਸਾਹਾ ---- ਵਡਾ ਸ਼ਾਹ
"ਆਪੇ ਵਡਦਾਣਾ ਵਡਸਾਹਾ।"
– ਜੈਤ ੪, ੧੦, ੪ : ੧ (699)

ਵਡਸਾਹਿਬੀ -- ਵਡੀ ਅਮੀਰੀ ਵਾਲੀ
"ਗਿਰੰਬਾਰੀ ਵਡਸਾਹਿਬੀ ਸਭੁ ਨਾਨਕ ਸੁਪਨੁ ਥੀਆ।"
– ਸਿਰੀ ੫, ੭੨, ੪ : ੨ (42)

ਵਡਹੰਸ ----- ਪਰਮਹੰਸ, ਪਰਮ ਬਿਬੇਕੀ, ਵਡੇ ਸੰਤ
"ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ।"
– ਵਡ ੪, ਵਾਰ ੧ਸ, ੩, ੧ : ੧ (585)

ਵਡਹੰਸੁ ----- ਪਰਮ ਹੰਸ, ਮਹਾਪੁਰਖ, ਮਹਾਂ ਬਿਬੇਕੀ
"ਮੈ ਜਾਨਿਆ ਵਡਹੰਸੁ ਹੈ ਤਾ ਮੈ ਕੀਆ ਸੰਗੁ।"
– ਵਡ ੪, ਵਾਰ ੧ਸ, ੩, ੨ : ੧ (585)

ਵਡਹੁ ------ ਵਡੇ ਤੋਂ
"ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ।"
– ਸਿਰੀ ੧, ਅਸ ੮, ੮ : ੧ (58)

ਵਡਗਹਨ --- ਵਡਾ ਗਹਿਣਾ, ਵਡਾ ਭੂਸ਼ਨ
"ਹਰਿ ਹਰਿ ਹਾਰੁ ਕੰਠਿ ਹੈ ਬਨਿਆ ਮਨੁ
ਮੋਤੀਚੂਰੁ ਵਡਗਹਨ ਗਹਨਈਆ।"
– ਬਿਲਾ ੪, ਅਸ ੫, ੬ : ੧ (836)

ਵਡਗੇ ------ ਵਡੇ, ਬਹੁਤ ਵਡੇ
"ਤੁਮਰੇ ਗੁਨ ਪ੍ਰਭ ਕਹਿ ਨ ਸਕਹਿ ਹਮ ਤੁਮ ਵਡ ਵਡ ਪੁਰਖ ਵਡਗੇ।"
– ਨਟ ੪, ੪, ੪ : ੧ (976)
(ਮਹਾਨਕੋਸ਼ ਅਰਥ 'ਚੰਗੀ ਤਰ੍ਹਾਂ ਜਾਣਨਯੋਗ' ਕਰਦਾ ਹੈ)

ਵਡਦਾਣਾ ---- ਬਹੁਤ ਸਿਆਣਾ
"ਸਤਿਗੁਰੁ ਸਾਹੁ ਪਾਇਆ ਵਡਦਾਣਾ ਹਰਿ ਕੀਏ ਬਹੁ ਗੁਣ ਸਾਝਾ।"
– ਜੈਤ ੪, ੫, ੩ : ੨ (698)

ਵਡਦਾਤਾ ---- ਵਡ ਦਾਤਾ, ਮਹਾਦਾਨੀ
"ਤੂ ਵਡਦਾਤਾ ਅੰਤਰਜਾਮੀ।"
– ਵਡ ੫, ੫, ੧ : ੧ (563)

ਵਡਨੁ ------ ਮਹਾਨ, ਵਡਾ
"ਜਨੁ ਨਾਨਕੁ ਸਾਲਾਹਿ ਨ ਰਜੈ ਤੁਧੁ ਕਰਤੇ ਤੂੰ ਹਰਿ ਸੁਖਦਾਤਾ ਵਡਨੁ।"

– ਬਿਹਾ ੪, ਵਾਰ ੧੦ : ੫ (552)

ਵਡਨੇ ------ ਵਡੇ
"ਤੁਮਰੀ ਥਾਹ ਪਾਈ ਨਹੀ ਪਾਵੈ ਜਨ ਨਾਨਕ ਕੇ ਪ੍ਰਭ ਵਡਨੇ।"
– ਨਟ ੪, ੫, ੪ : ੨ (976)

ਵਡਪਰਤਾਪ -- ਵਡਾ ਇਕਬਾਲ, ਵਡਾ ਤੇਜ, ਵਡੀ ਵਡਿਆਈ
"ਨਾਨਕ ਪ੍ਰਭ ਸਰਣਾਗਤੀ ਜਾ ਕਾ ਵਡਪਰਤਾਪ।"
– ਬਿਲਾ ੫, ੭੫, ੨ : ੨ (819)

ਵਡਪਰਤਾਪੁ -- ਵਡਾ ਇਕਬਾਲ, ਵਡੀ ਵਡਿਆਈ
"ਵਡਪਰਤਾਪੁ ਅਚਰਜ ਰੂਪੁ ਹਰਿ ਕੀਨ੍ਹੀ ਦਾਤਿ।"
– ਬਿਲਾ ੫, ੭੭, ੧ : ੨ (819)

ਵਡਪਰਵਾਰੁ -- ਵਡੇ ਪਰਵਾਰ ਵਾਲਾ
"ਆਪਿ ਇਕਾਤੀ ਹੋਇ ਰਹੈ ਆਪੇ ਵਡਪਰਵਾਰੁ।"
– ਬਿਹਾ ੪, ਵਾਰ ੨੧ : ੩ (556)

ਵਡਪੁਨੀ ---- ਵਡੇ ਪੁੰਨਾਂ ਦੁਆਰਾ
"ਪਾਈਐ ਵਡਪੁਨੀ ਮੇਰੇ ਮਨਾ।"
– ਆਸਾ ੫, ੧੫੯, ੧* : ੫ (409)

ਵਡਪੁੰਨੀ ---- ਵਡੇ ਪੁੰਨਾਂ ਸਦਕਾ, ਚੰਗੇ ਕੀਤੇ ਕਰਮਾਂ ਕਰਕੇ
"ਵਡਪੁੰਨੀ ਹਰਿ ਧਿਆਇਆ ਜਨ ਨਾਨਕ ਹਮ ਮੂਰਖ ਮੁਗਧ ਨਿਸਤਾਰੇ ਰਾਮ।"
– ਬਿਹਾ ੪, ਛੰਤ ੩, ੧ : ੪ (539)

ਵਡਪੁੰਨੁ ---- ਵਡਾ ਪੁੰਨ, ਵਡਾ ਉਪਕਾਰ
"ਤਿਸੁ ਸਤਿਗੁਰ ਕਉ ਵਡਪੁੰਨੁ ਹੈ ਜਿਨਿ
ਅਵਗਣ ਕਟਿ ਗੁਣੀ ਸਮਝਾਇਆ।"
– ਵਡ ੪, ਵਾਰ ੭ : ੪ (588)

ਵਡਪੁੰਨੇ ---- ਵਡੇ ਪੁੰਨਾਂ ਸਦਕਾ, ਸ਼ੁਭ ਕਰਮਾਂ ਸਦਕਾ
"ਮਾਣਸ ਜਨਮੁ ਵਡਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ।"
– ਵਡ ੪, ਘੋੜੀ ੧, ੧ : ੩ (575)

ਵਡਪੁੰਨੋ ---- ਵਡਾ ਪੁੰਨ, ਵਡਾ ਉਪਕਾਰ
"ਗੁਰਿ ਹਰਿ ਮਾਰਗੁ ਦਸਿਆ ਗੁਰ ਪੁੰਨੁ ਵਡਪੁੰਨੋ।"
– ਤਿਲੰ ੪, ਅਸ ੨, ੯ : ੨ (725)

ਵਡਪੁਰਖ --- ਵਡਾ ਮਾਲਕ
"ਕਿਆ ਹਮ ਕਿਰਮ ਨਾਨ੍ਹ ਨਿਕ ਕੀਰੇ ਤੁਮ੍ ਵਡਪੁਰਖ ਵਡਾਗੀ।"
– ਧਨਾ ੪, ੨, ੩ : ੧ (667)

ਵਡਪੁਰਖੁ --- ਵਡਾ ਮਾਲਕ, ਵਡਾ ਸਮਰਥ ਮਾਲਕ
"ਕਿਆ ਹਉ ਕਹਉ ਸੁਣਉ ਸੁਆਮੀ ਤੂੰ ਵਡਪੁਰਖੁ ਸੁਜਾਣਾ।"
– ਸਿਰੀ ੫, ੯੬, ੧* : ੨ (51)

ਵਡਫਾ ------ ਵਡਾ
"ਮਨ ਲਾਗੀ ਪ੍ਰੀਤਿ ਰਾਮ ਨਾਮ ਹਰਿ ਹਰਿ ਜਪਿਓ ਹਰਿ ਪ੍ਰਭੁ ਵਡਫਾ।"
– ਪ੍ਰਭਾ ੪, ੫, ੧ : ੧ (1336)

ਵਡਭਾਗ ---- ਚੰਗੇ ਭਾਗ
"ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।"
– ਗੂਜ ੪, ੧, ੨ : ੧ (492)

ਵਡਭਾਗਣਿ -- ਵਡੇ/ਚੰਗੇ ਭਾਗਾਂ ਵਾਲੀ
"ਸਾ ਗੁਣਵੰਤੀ ਸਾ ਵਡਭਾਗਣਿ।"
– ਮਾਝ ੫, ੧੧, ੨ : ੧ (97)

ਵਡਭਾਗਣੀ -- ਚੰਗੇ ਭਾਗਾਂ ਵਾਲੀ
"ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ।"
– ਮਾਝ ੫, ਬਾਰਾ ੧੩ : ੪ (136)

ਵਡਭਾਗਣੇ --- ਵਡੇ ਭਾਗਾਂ ਵਾਲੀ ਹੈ
"ਜਿਸੁ ਘਰਿ ਵਸਿਆ ਕੰਤੁ ਸਾ ਵਡਭਾਗਣੇ।"
– ਫੁਨ ੫, ੪ : ੧ (1362)

ਵਡਭਾਗਾ ---- (1) ਚੰਗੇ ਭਾਗਾਂ ਵਾਲਾ
"ਜੋ ਇਸੁ ਮਾਰੇ ਸੋ ਵਡਭਾਗਾ।"
– ਗਉ ੫, ਅਸ ੫, ੪ : ੩ (238)
(2) ਚੰਗੇ ਭਾਗ
"ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ ਵਡਭਾਗਾ।"
– ਆਸਾ ੫, ੧੧੬, ੧ : ੧ (399)

ਵਡਭਾਗਿ ---- ਵਡੇ ਭਾਗਾਂ ਨਾਲ
"ਨਾਮੁ ਨਿਧਾਨੁ ਅਖੁਟੁ ਹੈ ਵਡਭਾਗਿ ਪਰਾਪਤਿ ਹੋਇ।"
– ਸਿਰੀ ੩, ੪੨, ੧ : ੩ (29)

ਵਡਭਾਗੀ ---- (1) ਵਡੇ ਭਾਗਾਂ ਵਾਲੇ, ਚੰਗੇ ਭਾਗਾਂ ਵਾਲੇ
"ਧੰਨੁ ਵਡਭਾਗੀ ਵਡਭਾਗੀਆ ਜੋ ਆਇ ਮਿਲੇ ਗੁਰ ਪਾਸਿ।"
– ਸਿਰੀ ੪, ੬੬, ੨ : ੩ (40)
(2) ਵਡੇ ਭਾਗਾਂ ਨਾਲ
"ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ।"
– ਸਿਰੀ ੫, ੮੨, ੨ : ੨ (46)
"ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ।"
– ਸਿਰੀ ੫, ੮੭, ੧ : ੧ (48)

ਵਡਭਾਗਂੀ --- ਵਡੇ ਭਾਗਾਂ ਨਾਲ
"ਕਹੁ ਨਾਨਕ ਪਾਈਐ ਵਡਭਾਗਂੀ ਮਨ ਤਨ ਹੋਇ ਬਿਗਾਸਾ।"
– ਸਾਰ ੫, ੨੩, ੨ : ੨ (1209)

ਵਡਭਾਗੀਆ -- (1) ਵਡੇ ਭਾਗਾਂ ਵਾਲਾ/ਚੰਗੇ ਭਾਗਾਂ ਵਾਲਾ ਹੈ

“ਧੰਨੁ ਵਡਭਾਗੀ ਵਡਭਾਗੀਆ ਜੋ ਆਇ ਮਿਲੇ ਗੁਰ ਪਾਸਿ।”
- ਸਿਰੀ ੪, ੬੬, ੨ : ੩ (40)
(2) ਵਡੇ ਭਾਗਾਂ ਵਾਲੇ ਦੇ
“ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ।”
- ਗੂਜ ੩, ਵਾਰ ੧੪ਸ, ੩, ੨ : ੩ (514)
(3) ਵਡੇ ਭਾਗਾਂ ਵਾਲੇ
“ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ।”
- ਬਿਹਾ ੫, ਛੰਤ ੫, ੩ : ੧ (545)

ਵਡਭਾਗੀਈ -- ਵਡੇ ਭਾਗਾਂ ਵਾਲਿਆਂ ਨੇ
“ਹਰਿ ਪਾਇਅੜਾ ਵਡਭਾਗੀਈ ਮੇਰੇ ਗੋਵਿੰਦਾ ਨਿਤ ਲੈ ਲਾਹਾ ਮਨਿ ਹਸੁ ਜੀਉ।”
- ਗਉ ੪, ੬੬, ੩ : ੪ (173)

ਵਡਭਾਗੀਹੋ -- ਵਡੇ ਭਾਗਾਂ ਵਾਲਿਓ
“ਮਨੁ ਰੰਗਹੁ ਵਡਭਾਗੀਹੋ ਗੁਰੁ ਤੁਠਾ ਕਰੇ ਪਸਾਉ।”
- ਸਿਰੀ ੪, ੬੭, ੨ : ੧ (40)

ਵਡਭਾਗੁ ---- (1) ਚੰਗੇ ਭਾਗਾਂ/ਵਡੇ ਭਾਗਾਂ ਵਾਲਾ
“ਸਤਿਗੁਰੁ ਪੁਰਖੁ ਪਾਇਆ ਵਡਭਾਗੁ।”
- ਆਸਾ ੪, ੫੫, ੨ : ੨ (366)
“ਹਰਿ ਪ੍ਰਭੁ ਸਜਣੁ ਲੋੜਿ ਲਹੁ ਮਨਿ ਵਸੈ ਵਡਭਾਗੁ।” (ਵਡੇ ਭਾਗਾਂ ਵਾਲਾ ਹੋ ਜਾਂਦਾ ਹੈ)
- ਬਿਲਾ ੪, ਛੰਤ ੨, ੧ਸ : ੧ (845)
(2) ਚੰਗੇ ਭਾਗ, ਵਡੇ ਭਾਗ
“ਨਾਨਕ ਮਸਤਕਿ ਜਿਸੁ ਵਡਭਾਗੁ।”
- ਵਡ ੩, ੭, ੪ : ੧ (560)

ਵਡਭਾਗੇ ---- ਵਡੇ ਭਾਗਾਂ ਵਾਲੇ
“ਸਾਧਸੰਗੁ ਜਿਨ ਪਾਇਆ ਸੇਈ ਵਡਭਾਗੇ।”
- ਗਉ ੫, ਵਾਰ ੧੬ : ੩ (322)
“ਸਤਿਗੁਰੁ ਆਇ ਮਿਲਿਆ ਵਡਭਾਗੇ।” (ਵਡੇ ਭਾਗਾਂ ਵਾਲੇ ਨੂੰ)
- ਮਾਰੂ ੩, ਸੋਲਾ ੨, ੧੨ :੨ (1045)
“ਅੰਤਰਿ ਸਬਦੁ ਮਸਤਕਿ ਵਡਭਾਗੇ।” (ਚੰਗੇ ਭਾਗ)
- ਮਾਰੂ ੩, ਸੋਲਾ ੭, ੩ :੨ (1050)
“ਹਰਿ ਨਾਮੁ ਦੀਓ ਮਸਤਕਿ ਵਡਭਾਗੇ।” (ਚੰਗੇ ਭਾਗਾਂ ਕਰਕੇ)
- ਬਸੰ ੩, ੨, ੨ : ੪ (1172)

ਵਡਭਾਗੈ ---- ਵਡੇ ਭਾਗਾਂ ਸਦਕਾ
“ਸੁਣਿ ਸ੍ਰਵਣ ਬਾਣੀ ਸਹਜਿ ਜਾਣੀ ਹਰਿ ਨਾਮੁ ਜਪਿ ਵਡਭਾਗੈ।”
- ਸੂਹੀ ੫, ਛੰਤ ੩, ੧ : ੫ (778)

ਵਡਭਾਗੋ ---- ਵਡੇ ਭਾਗਾਂ ਦੀ
“ਹਰਿ ਵਾਪਾਰਿ ਸੇ ਜਨ ਲਾਗੇ ਜਿਨਾ ਮਸਤਕਿ ਮਣੀ ਵਡਭਾਗੋ ਰਾਮ।”

– ਵਡ ੩, ਛੰਤ ੨, ੩ : ੧ (568)

“ਪ੍ਰਿਅ ਮੁਖਿ ਲਾਗੋ ਜਉ ਵਡਭਾਗੋ ਸੁਹਾਗੁ ਹਮਾਰੋ ਕਤਹੁ ਨ ਡੋਲੀ।” (ਚੰਗੇ ਭਾਗ)

– ਬਿਲਾ ੫, ੮੯, ੧ : ੨ (822)

ਵਡਭੂਮੀਆ -- ਜਾਗੀਰਦਾਰ, ਵਿਸ਼ਾਲ ਭੂਮੀ ਦਾ ਮਾਲਕ, ਵਡਾ ਜ਼ਿਮੀਦਾਰ

“ਧਨਪਾਤੀ ਵਡਭੂਮੀਆ ਮੇਰੀ ਮੇਰੀ ਕਰਿ ਪਰਿਆ।”

– ਸਿਰੀ ੫, ੭੨, ੨ : ੨ (42)

ਵਡਰੋਗੁ ---- ਵਡੀ ਬਿਮਾਰੀ

“ਦੂਖੁ ਦਰਦੁ ਵਡਰੋਗੁ ਨ ਪੋਹੇ ਤਿਸੁ ਮਾਇ।”

– ਗੂਜ ੫, ਵਾਰ ੧੪ : ੫ (522)

ਵਡੜੀ ----- ਵਡੀ

“ਮੇਰੈ ਮਨਿ ਤਨਿ ਵਡੜੀ ਗੋਵਿੰਦ ਪ੍ਰਭ ਆਸਾ ਜੀਉ।” (ਬੜੀ ਤੀਬਰ)

– ਮਾਝ ੪, ੬੯, ੪ : ੧ (175)

ਵਡੜੈ ------ ਵਡੇ, ਬਹੁਤ ਵਡੇ

“ਵਡੜੈ ਝਾਲਿ ਝਲੁੰਭਲੈ ਨਾਵੜਾ ਲਈਐ ਕਿਸੁ।”

– ਸਲੋ ੫, ੬੨ : ੧ (1420)

ਵਡਾ ------ (1) ਮਹਾਨ

“ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ।”

– ਜਪੁ ੧, ੨੧ : ੧੭ (5)

“ਕਉਨ ਵਡਾ ਮਾਇਆ ਵਡਿਆਈ।”

– ਗਉ ੫, ੧੧੩, ੧* : ੧ (188)

(2) ਪਤਿਵੰਤ

“ਵਡਾ ਦਾਤਾ ਤਿਲੁ ਨ ਤਮਾਇ।”

– ਜਪੁ ੧, ੨੫ : ੨ (5)

“ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ।” (ਪਤਿਵੰਤਾ)

– ਸਿਰੀ ੧, ਅਸ ੧, ੬ : ੧ (53)

(3) ਬਹੁਤ, ਵਿਸ਼ਾਲ

“ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ।” (ਬਹੁਤ)

– ਗਉ ੪, ਸੋਲਾ ੪, ੧* : ੧ (13)

“ਸਸੁਰੈ ਪੇਈਐ ਤਿਸੁ ਕੰਤ ਕੀ ਵਡਾ ਜਿਸੁ ਪਰਵਾਰੁ।” (ਵਿਸ਼ਾਲ)

– ਮਾਝ ੫, ਦਿਨ ੨ : ੩ (137)

“ਸਾਧਸੰਗੇ ਨਾਮ ਰੰਗੇ ਰਣੁ ਜੀਤਿ ਵਡਾ ਅਖਾੜਾ।” (ਵਿਸ਼ਾਲ)

– ਆਸਾ ੫, ਛੰਤ ੧੨, ੪ : ੫ (461)

“ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ।” (ਬਹੁਤ)

– ਮਾਰੂ ੩, ਵਾਰ ੧੪ਸ, ੧, ੩ : ੨ (1091)

(4) ਵਧੇਰੇ, ਜ਼ਿਆਦਾ

“ਭਉ ਮੁਚੁ ਭਾਰਾ ਵਡਾ ਤੋਲੁ।”

– ਗਉ ੧, ੧, ੧ : ੧ (151)

(5) ਵਡਾ ਉਮਰ ਵਿਚ

"ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ।"

– ਗਉ ੪, ੪੬, ੧ : ੨ (165)

"ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ।"

– ਮਲਾ ੧, ਵਾਰ ੨੫ਸ, ੧, ੧ : ੫ (1289)

(6) ਦੀਰਘ

"ਮੰਮੈ ਮਤਿ ਹਿਰਿ ਲਈ ਤੇਰੀ ਮੂੜੈ ਹਉਮੈ ਵਡਾ ਰੋਗੁ ਪਇਆ।"

– ਆਸਾ ੩, ਪਟੀ ੭ : ੧ (435)

"ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ।" (ਘੋਰ)

– ਵਡ ੩, ੯, ੨ : ੨ (560)

(7) ਪੂਰਾ ਹੋਣਾ, ਸੁਆਸ ਤਿਆਗਨੇ, ਮਰ ਜਾਣਾ

"ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ।"

– ਆਸਾ ੧, ਵਾਰ ੩ : ੨ (464)

"ਡੋਲੈ ਵਾਉ ਨ ਵਡਾ ਹੋਇ।" (ਬੁਝਨਾ)

– ਰਾਮ ੧, ੭, ੪ : ੧ (878)

(8) ਭਾਵ ਵਡਾ ਪ੍ਰਭੂ

"ਵਡਿਆਈ ਵਡਾ ਪਾਇਆ।"

– ਆਸਾ ੧, ਵਾਰ ੭ : ੫ (467)

"ਵਡਹੁ ਵਡਾ ਵਡ ਮੇਦਨੀ ਸਿਰੇ ਸਿਰਿ ਧੰਧੈ ਲਾਇਦਾ।"

– ਆਸਾ ੧, ਵਾਰ ੧੬ : ੩ (472)

(9) ਬਜ਼ੁਰਗ

"ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰੁਲਸੀ।"

– ਸੋਰ ੫, ੧, ੧ : ੨ (608)

(10) ਦੀਰਘ ਅਕਾਰ ਦਾ

"ਹੁਕਮੇ ਨਾਨ੍ਹਾ ਵਡਾ ਥੀਵੈ।"

– ਰਾਮ ੫, ਵਾਰ ੧੧ਸ, ੫, ੨ : ੬ (962)

ਵੰਡਾਇਆ --- ਹਿੱਸੇ ਕਰਨਾ, ਭਾਗ ਕਰਨਾ

"ਜੇ ਕਿਸੈ ਕਿਹੁ ਦਿਸਿ ਆਵੈ ਤਾ ਕੋਈ ਕਿਹੁ ਮੰਗਿ ਲਏ ਅਕੈ ਕੋਈ ਕਿਹੁ ਦੇਵਾਏ
ਏਹੁ ਹਰਿ ਧਨੁ ਜੋਰਿ ਕੀਤੈ
ਕਿਸੈ ਨਾਲਿ ਨ ਜਾਇ ਵੰਡਾਇਆ।"

– ਬਿਲਾ ੪, ਵਾਰ ੯ : ੨ (853)

ਵਡਾਈ ----- (1) ਉੱਚਤਾ, ਬਜ਼ੁਰਗੀ

"ਸੋ ਘਰੁ ਰਾਖੁ ਵਡਾਈ ਤੋਇ।"

– ਆਸਾ ੧, ਸੋਹ ੨, ੧* : ੨ (12)

(2) ਮਾਨ, ਸੋਭਾ, ਵਡਿਆਈ

"ਗੁਰਮੁਖਿ ਆਪੇ ਦੇਇ ਵਡਾਈ ਆਪੇ ਸੇਵ ਕਰਾਏ।"

– ਸਿਰੀ ੩, ੪੮, ੨ : ੩ (32)

"ਨਾਨਕ ਤਿਹ ਜਨ ਮਿਲੀ ਵਡਾਈ।"

– ਗਉ ੫, ਬਾਅ ੩੫ : ੮ (257)

“ਤੁ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ।” (ਇਜ਼ਤ)

– ਬਿਲਾ ੧, ੧, ੧ : ੧ (795)

(3) ਉਸਤਤ, ਉਪਮਾ

“ਸਰਬ ਸੁਖ ਹਰਿ ਨਾਮਿ ਵਡਾਈ।”

– ਬੈਰਾ ੫, ੭, ੨ :੧ (720)

“ਕਵਨ ਵਡਾਈ ਕਹਿ ਸਕਉ ਬੇਅੰਤ ਗੁਨੀਤਾ।”

– ਬਿਲਾ ੫, ੩੭, ੪ : ੧ (810)

ਵਡਾਈਆ --- (1) ਮਾਨ, ਸ਼ੋਭਾ

“ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ।”

– ਸਿਰੀ ੫, ੮੫, ੩ : ੩ (47)

(2) ਸਿਫਤਾਂ

“ਕੂੜੀ ਕਰਨਿ ਵਡਾਈਆ ਕੂੜੇ ਸਿਉ ਲਗਾ ਨੇਹੁ।”

– ਗਉ ੪, ਵਾਰ ੨੦ਸ, ੩, ੧ : ੭ (311)

ਵੰਡਾਏ ----- ਵੰਡਿਆ ਜਾਏ

“ਅਣਹੋਦੇ ਆਪੁ ਵੰਡਾਏ।”

– ਸਲੋ ਫਰ, ੧੨੮ : ੩ (1384)

ਵਡਾਗੀ ----- ਵਡਾ, ਮਹਾਨ

“ਕਿਆ ਹਮ ਕਿਰਮ ਨਾਨ੍ਹ ਨਿਕ ਕੀਰੇ ਤੁਮ੍ਹ ਵਡਪੁਰਖ ਵਡਾਗੀ।”

– ਧਨਾ ੪, ੨, ੩ : ੧ (667)

ਵਡਾਤੀ ----- ਵਡਾ

“ਤੂੰ ਆਪੇ ਆਪਿ ਸੁਜਾਣੁ ਹੈ ਵਡਪੁਰਖੁ ਵਡਾਤੀ।”

– ਮਾਝ ੧, ਵਾਰ ੧ : ੭ (138)

ਵਡਾਨੀ ----- ਵਡੇ

“ਐਸਾ ਸੰਤੁ ਸਾਧੁ ਜਿਨ ਪਾਇਆ ਤੇ ਵਡ ਪੁਰਖੁ ਵਡਾਨੀ।”

– ਧਨਾ ੪, ੩, ੨ : ੧ (667)

ਵਡਾਮ ----- ਵਡਾ

“ਜਿਸੁ ਰੂਪ ਨ ਰੇਖ ਵਡਾਮ।”

– ਕਾਨ ੪, ੬, ੧* : ੨ (1297)

ਵਡਾਰੂ ----- ਵਡੀ ਪਦਵੀ/ਸ਼ਾਨ ਵਾਲਾ ਮਨੁੱਖ (ਸ਼ਬਦਾਰਥ); ਸ਼ੇਖੀ ਮਾਰਨ ਵਾਲਾ (ਮਹਾਨਕੋਸ਼)

“ਨਾਲਿ ਇਆਣੇ ਦੋਸਤੀ ਵਡਾਰੂ ਸਿਉ ਨੇਹੁ।”

– ਆਸਾ ੧, ਵਾਰ ੨੨ਸ, ੨, ੪ : ੧ (474)

ਵਡਾਲਕਾ --- ਵਡਾ

“ਨਾਨਕ ਸੰਤ ਤੇਰੈ ਰੰਗਿ ਰਾਤੇ ਤੁ ਸਮਰਥੁ ਵਡਾਲਕਾ।”

– ਮਾਰੂ ੫, ਸੋਲਾ ੧੩, ੧੬ : ੩ (1085)

ਵੰਡਿ ------ ਤਕਸੀਮ (ਕਰ ਦਿੱਤਾ)

"ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ।"

– ਆਸਾ ੧, ੭, ੪ : ੨ (351)

"ਏਕ ਘੜੀ ਮਹਿ ਥਾਪਿ ਉਥਾਪੇ ਜਰੁ ਵੰਡਿ ਦੇਵੈ ਭਾਂਈ।" (ਵੰਡ ਦਿੰਦੀ ਭਾਵ ਨਿਖੇੜ/ਵਿਛੋੜ ਦਿੰਦੀ ਹੈ)

– ਆਸਾ ੧, ਅਸ ੧੨, ੧* : ੨ (417)

ਵਡਿਆ ---- ਅਮੀਰਾਂ, ਵਡਿਆਂ

"ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।"

– ਸਿਰੀ ੧, ੩, ੪ : ੨ (15)

ਵਡਿਆਈ --- (1) ਸ਼ੋਭਾ, ਮਾਨ, ਇਜ਼ਤ

"ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ।"

– ਜਪੁ ੧, ੨ : ੨ (1)

"ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ।"

– ਸਿਰੀ ੪, ਵਾਰ ੧੬ : ੩ (89)

"ਵਡੀ ਵਡਿਆਈ ਗੁਰ ਸੇਵਾ ਤੇ ਪਾਏ।"

– ਗਉ ੩, ੨੯, ੪ : ੨ (160)

(2) ਉਚਤਾ, ਬਜ਼ੁਰਗੀ, ਗੁਣ, ਮਹਾਨਤਾ

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।"

– ਜਪੁ ੧, ੪ : ੫ (2)

"ਕਹਣੁ ਨ ਜਾਈ ਤੇਰੀ ਤਿਲੁ ਵਡਿਆਈ।"

– ਆਸਾ ੧, ਸੋਦ ੨, ੨ : ੪ (9)

"ਜੋ ਕਿਛੁ ਕੀਆ ਸੋ ਹਰਿ ਕੀਆ ਹਰਿ ਕੀ ਵਡਿਆਈ।"

– ਗਉ ੪, ੪੬, ੩ : ੧ (166)

"ਆਪੇ ਰਸੀਆ ਆਪੇ ਰਾਵੇ ਜਿਉ ਤਿਸ ਦੀ ਵਡਿਆਈ।"(ਸ਼ਾਨ)

– ਸੂਹੀ ੧, ਛੰਤ ੩, ੩ : ੪ (765)

"ਏਕੁ ਨਾਮੁ ਵਸਿਆ ਘਟ ਅੰਤਰਿ ਪੂਰੇ ਕੀ ਵਡਿਆਈ।" (ਬਜ਼ੁਰਗੀ ਭਾਵ ਕ੍ਰਿਪਾ)

– ਰਾਮ ੩, ਅਸ ੫, ੧* : ੧ (912)

(3) ਰਜ਼ਾ (ਭਾਵ)

"ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਕੀ ਵਡਿਆਈ।"

– ਜਪੁ ੧, ੨੭ : ੨੦ (6)

"ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ।"

– ਪ੍ਰਭਾ ੧, ੮, ੨ : ੨ (1329)

(4) ਉਸਤਤਿ, ਸਿਫਤ, ਉਪਮਾ

"ਹਰਿ ਭਗਤਾਂ ਹਰਿ ਆਰਾਧਿਆ ਹਰਿ ਕੀ ਵਡਿਆਈ।"

– ਗਉ ੪, ਵਾਰ ੩੦ਸ, ੪, ੨ : ੧ (316)

"ਵਡਿਆਈ ਵਡਾ ਪਾਇਆ।" (ਸਿਫਤ ਰਾਹੀਂ)

– ਆਸਾ ੧, ਵਾਰ ੭ : ੫ (467)

ਵਡਿਆਈਆ – (1) ਉਚਤਾ, ਬਜ਼ੁਰਗੀ

“ਗਾਵੈ ਕੋ ਗੁਣ ਵਡਿਆਈਆ ਚਾਰ।”
– ਜਪੁ ੧, ੩ : ੩ (1)

(2) ਮਾਨ, ਇਜ਼ਤ
“ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ।”
– ਸਿਰੀ ੧, ੬, ੨ : ੧ (16)
“ਮੇਰੇ ਠਾਕੁਰ ਹਥਿ ਵਡਿਆਈਆ ਮੇਲਹਿ ਮਨਿ ਚਾਉ।” (ਬਖਸ਼ਿਸ਼ਾਂ)
– ਮਾਰੂ ੧, ਅਸ ੬, ੨ : ੩ (1012)

(3) ਗੁਣ
“ਸਤਿਗੁਰ ਵਡਾ ਕਰਿ ਸਾਲਾਹੀਐ ਜਿਸੁ ਵਿਚਿ ਵਡੀਆ ਵਡਿਆਈਆ।”
– ਆਸਾ ੧, ਵਾਰ ੧੯ : ੧ (473)
“ਬਹੁਤੁ ਵਡਿਆਈਆ ਸਾਹਿਬੈ ਨਾ ਜਾਹੀ ਗਣੀਆ।”
– ਬਿਲਾ ੪, ਵਾਰ ੧੨ : ੩ (854)

(4) ਸਿਫਤ, ਸ਼ੋਭਾ
“ਜੇ ਵਡਿਆਈਆ ਆਪੇ ਖਾਇ।”
– ਧਨਾ ੧, ੬, ੩ : ੩ (662)

ਵਡਿਆਈਆਂ – (1) ਸਾਲਾਹੀਆਂ ਹਨ
“ਮੈ ਰਾਤਿ ਦਿਹੈ ਵਡਿਆਈਆਂ।”
– ਸਿਰੀ ੫, ਅਸ ੨੯, ੨੪ : ੨ (73)

(2) ਪ੍ਰਤਾਪ, ਉਚਤਾ, ਬਜ਼ੁਰਗੀ
“ਸਿਧਾ ਪੁਰਖਾ ਕੀਆ ਵਡਿਆਈਆਂ।”
– ਆਸਾ ੧, ੧, ੩ : ੨ (349)

(3) ਇਜ਼ਤ ਮਾਨ
“ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ।”
– ਮਲਾ ੧, ਵਾਰ ੨੬ਸ, ੨, ੨ : ੧ (1290)

ਵਡਿਆਂਈਆ – ਮਾਨ ਇਜ਼ਤ
“ਜਾ ਤੂੰ ਵਡਾ ਸਭਿ ਵਡਿਆਂਈਆ ਚੰਗੈ ਚੰਗਾ ਹੋਈ।”
– ਮਾਝ ੧, ਵਾਰ ੧੫ਸ, ੧, ੨ : ੧ (145)

ਵਡਿਆਈਐ – ਬਜ਼ੁਰਗੀ, ਉੱਚਤਾ
“ਰਸ ਕਸ ਸਾਦਾ ਬਾਹਰਾ ਸਚੀ ਵਡਿਆਈਐ।”
– ਰਾਮ ੩, ਵਾਰ ੯ : ੩ (951)

ਵਡਭਾਗੀ ---- ਚੰਗੇ ਭਾਗਾਂ ਵਾਲਾ
“ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਇ।”
– ਭੈਰ ੩, ੧੨, ੪ : ੧ (1130)

ਵਡੀ ------ (1) ਬਹੁਤੁ, ਉਚੀ
“ਵਡਾ ਸਾਹਿਬ ਵਡੀ ਨਾਈ ਕੀਤਾ ਜਾ ਕਾ ਹੋਵੈ।”
– ਜਪੁ ੧, ੨੧ : ੧੭ (5)
“ਵਡੀ ਹੂੰ ਵਡਾ ਅਪਾਰ ਖਸਮੁ ਜਿਸੁ ਲੇਪੁ ਨ ਪੁੰਨਿ ਪਾਪਿ।”

– ਗੂਜ ੩, ਵਾਰ ੧੩ : ੮ (521)

"ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ।" (ਜ਼ਬਰਦਸਤ, ਬਹੁਤ ਤੀਬਰ)

– ਵਡ ੪, ੩, ੧ : ੧ (561)

(2) ਦੀਰਘ ਅਕਾਰੀ

"ਵਡੀ ਕੋਮ ਵਸਿ ਭਾਗਹਿ ਨਾਹੀ ਮੁਹਕਮ ਫਉਜ ਹਠਲੀ ਰੇ।"

– ਆਸਾ ੫, ੧੩੨, ੨ : ੧ (404)

(3) ਭਾਵ ਉਤਮ, ਉਚੀ

"ਹਰਿ ਤੇਰੀ ਵਡੀ ਕਾਰ ਮੈ ਮੂਰਖ ਲਾਈਐ।"

– ਸੋਰ ੪, ਵਾਰ ੨ : ੩ (643)

(4) ਲੰਮੀ

"ਵਡੀ ਆਰਜਾ ਹਰਿ ਗੋਬਿੰਦ ਕੀ ਸੂਖ ਮੰਗਲ ਕਲਿਆਣ ਬੀਚਾਰਿਆ।"

– ਬਿਲਾ ੫, ੨੩, ੧* : ੨ (807)

(5) ਵਡੇਰੀ ਉਮਰ

"ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ।"

– ਸਲੋ ਫਰ, ੫੪ : ੧ (1380)

ਵਡੀਆ ---- ਬਹੁਤ, ਉਤਮ

"ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ।"

– ਸਲੋ ੩, ੫੧ : ੮ (1419)

ਵਡੀਆਂ ---- ਦੀਰਘ, ਲੰਮੀਆਂ

"ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ।"

– ਸਲੋ ਫਰ, ੨੧ : ੧ (1378)

ਵਡੀਆਏ --- ਮਾਨ ਦੇਣਾ, ਸ਼ੋਭਾ ਦੇਣੀ, ਇਜ਼ਤ ਦੇਣੀ

"ਸਾਚੇ ਭਾਵੈ ਤਿਸੁ ਵਡੀਆਏ।"

– ਮਾਰੂ ੧, ਸੋਲਾ ੨੨, ੧੦ : ੧ (1043)

ਵੰਡੀਐ ----- ਤਕਸੀਮ ਹੁੰਦਾ ਹੈ, ਵੰਡਿਆ (ਵਰਤਾਇਆ) ਜਾਂਦਾ ਹੈ

"ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ।"

– ਮਾਝ ੧, ਵਾਰ ੧੮ਸ, ੨, ੧ : ੬ (146)

ਵਡੇ ------- ਉਚੇ, ਮਹਾਨ

"ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।"

– ਆਸਾ ੧, ਸੋਦ ੨, ੧* : ੧ (9)

"ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ।"

– ਧਨਾ ੫, ੬, ੧ : ੧ (672)

"ਧਨੁ ਧਨੁ ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਉਮਾਹਾ ਰਾਮ।"

– ਜੈਤ ੪, ੯, ੪ : ੩ (699)

(2) ਚੰਗੇ, ਸੁਭ

"ਨਾਨਕ ਭਾਗ ਵਡੇ ਤਿਨਾ ਗੁਰਮੁਖਾ ਜਿਨ ਅੰਤਰਿ ਨਾਮੁ ਪਰਗਾਸਿ।"

- ਸਿਰੀ ੪, ੭੦, ੪ : ੩ (42)

(3) ਭਾਵ ਪ੍ਰਭੂ

"ਵਡੇ ਹਾਥਿ ਵਡਿਆਈਆ ਜੈ ਭਾਵੈ ਤੈ ਦੇਇ।"

- ਸਿਰੀ ੧, ਅਸ ੧, ੬ : ੨ (53)

"ਸਚੋ ਸਚੁ ਕਮਾਵਣਾ ਵਡਿਆਈ ਵਡੇ ਪਾਸਿ।"

- ਸਿਰੀ ੪, ਵਾਰ ੯ਸ, ੩, ੨ : ੩ (86)

(4) ਭਾਵ ਅਮੀਰ, ਉਚੇ ਮਰਤਬੇ ਵਾਲੇ

"ਵਡੇ ਵਡੇ ਜੋ ਦੀਸਹਿ ਲੋਗ।"

- ਗਉ ੫, ੧੧੩, ੧ : ੧ (188)

(5) ਬਹੁਤ, ਬੜੇ

"ਅਗਰਕ ਉਸ ਕੇ ਵਡੇ ਠਗਾਉ।"

- ਆਸਾ ੫, ੮੭, ੩ : ੧ (392)

ਵਡੇਰਾ ----- (1) ਅਮੀਰ, ਵਡਾ

"ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ।"

- ਸੋਰ ੫, ੧, ੧ : ੨ (608)

(2) ਦੀਰਘ, ਪਸਾਰ ਵਿਚ ਵਡਾ

"ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ।"

- ਭੈਰ ੧, ਅਸ ੧, ੮ : ੨ (1153)

ਵਡੇਰੀ ----- ਵਡੀ, ਹੋਰ ਵਡੀ

"ਸਭ ਸਾਲਾਹੈ ਆਪ ਕਉ ਵਡਹੁ ਵਡੇਰੀ ਹੋਇ।"

- ਸਿਰੀ ੧, ਅਸ ੮, ੮ : ੧ (58)

"ਰਾਮ ਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ।"

- ਬਸੰ ੪, ਅਸ ੧, ੫ : ੧ (1191)

ਵਡੇਰੇ ------ (1) ਵਡੇ, ਬਹੁਤ ਵਡੇ

"ਹਰਿ ਜਨ ਕੇ ਵਡਭਾਗ ਵਡੇਰੇ ਜਿਨ ਹਰਿ ਹਰਿ ਸਰਧਾ ਹਰਿ ਪਿਆਸ।"

- ਗੂਜ ੪, ਸੋਦ ੪, ੨ : ੧ (10)

(2) ਚੰਗੇ

"ਜਪਿ ਗੁਰਮੁਖਿ ਨਾਮੁ ਜੀਉ ਭਾਗ ਵਡੇਰੇ ਜੀਉ।"

- ਮਾਝ ੪, ੬੯, ੨ : ੨ (175)

(3) ਮਹਾਨ

"ਕਰਿ ਕਰਿ ਥਾਕੇ ਵਡੇ ਵਡੇਰੇ।"

- ਰਾਮ ੫, ੨੨, ੩ : ੧ (889)

ਵਡੈ ------- ਉਚੇ, ਚੰਗੇ

"ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ।"

- ਸਿਰੀ ੩, ੪੧, ੨ : ੩ (29)

ਵਡੋ ------- ਵਡਾ, ਦੀਰਘ

"ਰੋਗੁ ਵਡੋ ਕਿਉ ਬਾਂਧਉ ਧੀਰਾ।"

– ਬਸੰ ੧, ਅਸ ੪, ੩ : ੧ (1189)

ਵਡੋਨਾ ----- ਵਡੇ
"ਤੁਮ ਜੈਸੇ ਹਰਿ ਪੁਰਖ ਜਾਨੇ ਮਤਿ ਗੁਰਮਤਿ ਮੁਖਿ ਵਡ ਵਡਭਾਗ ਵਡੋਨਾ।"
– ਕਾਨ ੪, ਵਾਰ ੫ : ੪ (1315)

ਵਡੋਲੀ ----- ਵਡੇ
"ਹਰਿ ਜੀ ਅੰਤਰਿ ਬਾਹਰਿ ਤੁਮ ਸਰਣਾਗਤਿ ਤੁਮ ਵਡ ਪੁਰਖ ਵਡੋਲੀ।"
– ਗਉ ੪, ੫੩, ੪ : ੧ (169)
(ਮਹਾਨਕੋਸ਼ ਅਰਥ 'ਵਡ ਓਲੀ (ਝੋਲੀ) ਵਾਲਾ" ਕਰਦਾ ਹੈ)

ਵਡੌਨਾ ----- ਵਡੇ
"ਹਰਿ ਤੁਮ੍ ਵਡ ਵਡੇ ਵਡੇ ਵਡ ਊਚੇ ਸਭ ਊਪਰਿ ਵਡੇ ਵਡੌਨਾ।"
– ਕਾਨ ੪, ਵਾਰ ੫ : ੧ (1315)

ਵਢਣਹਾਰ --- ਕਟਣਜੋਗ, ਭਾਵ ਪਕੀ ਹੋਈ
"ਹਰੀ ਨਾਹੀ ਨਹ ਡਡੁਰੀ ਪਕੀ ਵਢਣਹਾਰ।"
– ਸਿਰੀ ੫, ੭੪, ੩ : ੧ (43)

ਵਢਾਇਆ --- ਕਟਾਇਆ
"ਨਾਮਹੀਣ ਫਿਰਹਿ ਸੇ ਨਕਟੇ ਤਿਨ ਘਸਿ ਘਸਿ ਨਕ ਵਢਾਇਆ।"
– ਰਾਮ ੪, ੫, ੩ : ੨ (882)

ਵਢੀ ------ ਰਿਸ਼ਵਤ
"ਵਢੀ ਲੈ ਕੈ ਹਕੁ ਗਵਾਏ।"
– ਰਾਮ ੩, ਵਾਰ ੧੧ਸ, ੧, ੧ : ੯ (951)

ਵਢੀਂ ------ ਵਢਿਆ ਹੋਇਆ, ਕਟਿਆ ਹੋਇਆ
"ਨਾਨਕ ਵਿਣੁ ਨਾਵੈ ਨਕੀਂ ਵਢੀਂ ਫਿਰਹਿ ਸੋਭਾ ਮੂਲਿ ਨ ਪਾਹਿ।"
– ਵਡ ੪, ਵਾਰ ੧੧ਸ, ੩, ੧ : ੬ (590)

ਵਢੀਅਹਿ --- ਵਢੇ ਜਾਣਗੇ
"ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ।"
– ਆਸਾ ੧, ਵਾਰ ੧੭ਸ, ੧, ੧ : ੩ (472)

ਵਢੀਜੈ ----- ਵਢਿਆ ਜਾਂਦਾ ਹੈ, ਵਢ ਦੀਜੈ
"ਨਾਮ ਬਿਨਾ ਨਕਟੇ ਨਰ ਦੇਖਹੁ ਤਿਨ ਘਸਿ ਘਸਿ ਨਾਕ ਵਢੀਜੈ।"
– ਕਲਿ ੪, ਅਸ ੪, ੭ : ੧ (1325)

ਵਢੇ ------- (1) ਵੱਢ ਕੇ
"ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।"
– ਵਡ ੧, ੩, ੧ : ੧੯ (558)
(2) ਵਢਦਾ/ਕਟਦਾ ਹੈ
"ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ।"
– ਰਾਮ ੩, ਵਾਰ ੧੯ਸ, ੧, ੧ : ੩ (955)

(3) ਵਢੇ ਹੋਏ
"ਜਿਨ ਅੰਦਰਿ ਨਿੰਦਾ ਦੁਸਟੁ ਹੈ ਨਕ ਵਢੇ ਨਕ ਵਢਾਇਆ।"
– ਸਾਰ ੪, ਵਾਰ ੧੭ : ੧ (1244)

ਵਣ ------- ਜੰਗਲ
"ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ।"
– ਬਿਲਾ ੫, ੨੩, ੨ : ੧ (807)

ਵਣਸਪਤਿ --- ਵਨਸਪਤੀ, ਫੁਲ ਬੂਟੇ
"ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ।"॥
– ਮਾਰੂ ੩, ਵਾਰ ੮ਸ, ੩, ੨ : ੧ (1089)

ਵਣਹੁ ------ ਜੰਗਲ ਵਿਚ/ਦੇ
"ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ।"
– ਵਡ ੧, ੩, ੧ : ੧੩ (558)

ਵਣਖੰਡਿ ---- ਜੰਗਲ ਵਾਲੀ ਜ਼ਮੀਨ ਵਿਚ
"ਇਕਿ ਕੰਦ ਮੂਲੁ ਚੁਣਿ ਖਾਹਿ ਵਣਖੰਡਿ ਵਾਸਾ।"
– ਮਾਝ ੧, ਵਾਰ ੫ : ੧ (140)
"ਕਿਨਹੀ ਗ੍ਰਿਹੁ ਤਜਿ ਵਣਖੰਡਿ ਪਾਇਆ।" (ਜੰਗਲ ਵਿਚ)
– ਰਾਮ ੫, ਅਸ ੧, ੨ : ੧ (912)

ਵਣੰਜਹ ----- ਵਣਜਦੇ ਹਨ, ਖਰੀਦਦੇ ਹਨ, ਵਿਹਾਝਦੇ ਹਨ
"ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ।"
– ਗਉ ੪, ੪੫, ੧ : ੨ (165)

ਵਣਜਹਿ ---- ਵਿਹਾਝਦੇ ਹਨ, ਖਰੀਦਦੇ ਹਨ
"ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ।"
– ਰਾਮ ੩, ਵਾਰ ੧੫ਸ, ੨, ੨ : ੩ (954)

ਵਣੰਜਹਿ ---- ਖਰੀਦੇ/ਵਿਹਾਝਦੇ ਹਨ
"ਸਚੁ ਵਣੰਜਹਿ ਰੰਗ ਸਿਉ ਸਚੁ ਸਉਦਾ ਹੋਇ।"
– ਗਉ ੪, ਵਾਰ ੧੯ਸ, ੪, ੨ : ੩ (311)

ਵਣਜਹੁ ----- ਵਿਹਾਝੋ, ਖਰੀਦੋ
"ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ।"
– ਸਾਰ ੫, ੮੦, ੧ : ੨ (1220)

ਵਣਜਦੇ ---- ਵਿਹਾਝਦੇ, ਖਰੀਦਦੇ
"ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ।"
– ਮਾਝ ੧, ਵਾਰ ੭ : ੧ (141)

ਵਣਜਨਿ ---- ਵਿਹਾਝਦੇ ਹਨ, ਖਰੀਦਦੇ ਹਨ
"ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ।"
– ਮਾਰੂ ੩, ਸੋਲਾ ੧੬, ੪ : ੩ (1059)

ਵਣੰਜੜਿਆ -- ਵਣਜ ਕੀਤਾ, ਵਿਹਾਝਿਆ
“ਹਰਿ ਨਾਮੋੁ ਵਣੰਜੜਿਆ ਮੋਲਿ ਅਪਾਰਾ ਰਾਮ।”
- ਆਸਾ ੧, ਛੰਤ ੧, ੩ : ੨ (436)

ਵਣਜਾਰ ---- ਵਣਜ ਕਰਨ ਵਾਲਾ, ਵਪਾਰੀ
“ਆਪਿ ਤੁਲੈ ਆਪੇ ਵਣਜਾਰ।” (ਵਣਜਾਰਾ)
- ਗਉ ੧, ੫, ੪ : ੩ (152)

ਵਣਜਾਰਈ -- ਵਣਜਾਰਿਆ ਨੇ, ਵਪਾਰੀਆਂ ਨੇ
“ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ।”
- ਸਾਰ ੪, ਵਾਰ ੩ਸ, ੨, ੧ : ੩ (1238)

ਵਣਜਾਰਾ ---- ਵਣਜ (ਵਾਪਾਰ) ਕਰਨ ਵਾਲਾ, ਵਪਾਰੀ, ਸੌਦਾਗਰ
“ਸਚਾ ਸਾਹੁ ਇਕੁ ਤੂੰ ਹੋਰੁ ਜਗਤੁ ਵਣਜਾਰਾ।”
- ਮਾਝ ੧, ਵਾਰ ੬ : ੮ (140)
“ਜਾਗਹੁ ਜਾਗਹੁ ਸੁਤਿਹੋ ਚਲਿਆ ਵਣਜਾਰਾ।” (ਭਾਵ ਜੀਵ, ਪ੍ਰਾਣੀ)
- ਆਸਾ ੧, ਅਸ ੧੩, ੧* : ੧ (418)

ਵਣਜਾਰਿਆ -- (1) ਵਪਾਰੀਆਂ, ਵਣਜ ਕਰਨ ਵਾਲਿਆਂ ਨਾਲ
“ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮੁ ਬੀਚਾਰਿ।”
- ਸਿਰੀ ੧, ਅਸ ੬, ੩ : ੩ (56)
“ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ।” (ਭਾਵ ਗੁਰਮੁਖਾਂ)
- ਰਾਮ ੩, ਵਾਰ ੧੫ਸ, ੨, ੨ : ੨ (954)
(2) ਹੇ ਵਣਜ ਕਰਨ ਵਾਲੇ !, ਹੇ ਵਣਜਾਰੇ!
“ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ।”
- ਸਿਰੀ ੧, ਪਹ ੧, ੧ : ੧ (74)
(3) ਭਾਵ ਜੀਵ
“ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ।”
- ਸਾਰ ੪, ਵਾਰ ੩ਸ, ੨, ੧ : ੧ (1238)

ਵਣਜਾਰਿਹੋ -- ਹੇ ਵਣਜਾਰਿਓ !, ਹੇ ਵਪਾਰੀਓ!
“ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।”
- ਸਿਰੀ ੧, ੨੩, ੧ : ੧ (22)

ਵਣਜਾਰੇ ---- ਵਪਾਰੀ, ਵਣਜ ਕਰਨ ਵਾਲੇ, ਸੌਦਾਗਰ
“ਸਚਾ ਸਾਹੁ ਸਚੇ ਵਣਜਾਰੇ।”
- ਮਾਝ ੩, ਅਸ ੧੪, ੪ : ੧ (117)

ਵਣਜਾਰੋ ---- ਵਪਾਰੀ, ਸੌਦਾਗਰ
“ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ।”
- ਵਡ ੧, ਅਲਾ ੩, ੩ : ੪ (580)

ਵਣਜਿ ----- (1) ਵਪਾਰ
“ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।”

– ਸਿਰੀ ੧, ੨੩, ੨ : ੨ (23)

(2) ਖਰੀਦ ਕੇ

"ਭਗਤਿ ਭੰਡਾਰ ਦੀਏ ਹਰਿ ਅਪੁਨੇ ਗੁਣ ਗਾਹਕੁ ਵਣਜਿ ਲੈ ਜਾਇ।"

– ਆਸਾ ੪, ੬੩, ੪ : ੨ (368)

"ਗੁਰਮੁਖਿ ਵਣਜਿ ਸਦਾ ਸੁਖੁ ਪਾਏ ਸਹਜੇ ਸਹਜਿ ਮਿਲਾਇਦਾ।" (ਵਣਜ ਕਰਕੇ, ਖਰੀਦ ਕੇ, ਵਪਾਰ ਕਰਕੇ)

– ਮਾਰੂ ੩, ਸੋਲਾ ੨੨, ੧੨ : ੩ (1066)

ਵਣੰਜਿ ----- ਵਿਹਾਝ, ਖਰੀਦ

"ਸਚੁ ਸੇਵਹਿ ਸਚੁ ਵਣੰਜਿ ਲੈਹਿ ਗੁਣ ਕਥਹ ਨਿਰਾਰੇ।"

– ਗਉ ੪, ਵਾਰ ੧੪ : ੩ (308)

ਵਣੰਜਿਆ --- ਖਰੀਦਿਆ, ਵਿਹਾਝਿਆ

"ਜਿਨੀ ਸਚੁ ਵਣੰਜਿਆ ਗੁਰ ਪੂਰੇ ਸਾਬਾਸਿ।"

– ਸਿਰੀ ੧, ੧੧, ੪ : ੧ (18)

ਵਣੰਜਿਐ ---- ਵਿਹਾਝਨ ਨਾਲ, ਖਰੀਦਨ ਨਾਲ

"ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ।"

– ਸਿਰੀ ੧, ੨੩, ੨ : ੨ (23)

ਵਣਜੀਅਹਿ -- ਵਿਹਾਝੀਏ, ਖਰੀਦੀਏ

"ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ।"

– ਵਡ ੩, ਛੰਤ ੪, ੧ : ੧ (569)

ਵਣਜੀਐ ---- ਵਿਹਾਝੀਏ, ਖਰੀਦੀਏ

"ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ।"

– ਗਉ ੪, ਵਾਰ ੧੫ : ੩ (309)

ਵਣਜੁ ------ ਵਿਹਾਰ, ਵਪਾਰ

"ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।"

– ਸਿਰੀ ੧, ੨੩, ੧ : ੧ (22)

ਵਣਜੇ ------ ਵਪਾਰ ਕਰਦਾ ਹੈ

"ਗੁਰਮੁਖਿ ਵਣਜੇ ਸਦਾ ਵਾਪਾਰੀ ਲਾਹਾ ਨਾਮੁ ਸਦਾ ਪਾਵਣਿਆ।"

– ਮਾਝ ੩, ਅਸ ੨੮, ੭ : ੩ (126)

ਵਣਜੈ ------ ਵਪਾਰ ਕਰਦਾ ਹੈ

"ਵਣਜੁ ਵਾਪਾਰੁ ਵਣਜੈ ਵਾਪਾਰੀ।"

– ਰਾਮ ੧, ਓਅੰ ੧੬ : ੭ (931)

ਵਣਾ ------ ਬਨ, ਉਜਾੜ, ਜੰਗਲ

"ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ।"

– ਮਾਝ ੫, ਬਾਰਾ ੨ : ੫ (133)

ਵਣਾਹੰਬੈ ---- ਬਣਦਾ ਹੈ

"ਬਿਨੁ ਭੈ ਅਨਭਉ ਹੋਇ ਵਣਾਹੰਬੈ।"

- ਮਾਰੂ ਕਬ, ੮, ੧; ੨ (1104)

(ਸ਼ਬਦਾਰਥ ਇਸ ਨੂੰ ਨਿਰਾਰਥ ਸ਼ਬਦ ਦਸਦਾ ਹੈ ਜੋ ਕੇਵਲ ਛੰਦ ਦੀ ਟੇਕ ਹੈ, ਨਿਰਣੈ ਵੀ ਇਸ ਨੂੰ ਕਾਵਿ ਪੂਰਤੀ ਸ਼ਬਦ ਮੰਨਦਾ ਹੈ)

ਵਣਿ ------ ਰੁਖਾਂ ਵਿਚ, ਜੰਗਲ ਵਿਚ

"ਇਹ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ।"

- ਸਿਰੀ ੪, ੬੯, ੩ : ੧ (41)

"ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ।"

- ਸਲੋ ਫਰ, ੧੯ : ੧ (1378)

ਵਣੀ ------ ਜੰਗਲਾਂ

"ਮਨਮੁਖ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ।"

- ਮਲਾ ੧, ਵਾਰ ੧੧ : ੭ (1283)

ਵਣੁ ------- ਜੰਗਲ

"ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ।"

- ਮਾਝ ੫, ੩੦, ੪ : ੧ (103)

ਵਤ ------- (1) ਵਤਰ

"ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ।"

- ਗਉ ੫, ਵਾਰ ੧੫ਸ, ੫, ੧ : ੧ (321)

(2) ਵਾਂਗ

"ਇਹੁ ਸੰਸਾਰੁ ਬਿਖੁ ਵਤ ਅਤਿ ਭਉਜਲੁ ਗੁਰ ਸਬਦੀ ਹਰਿ ਪਾਰਿ ਲੰਘਾਈ।"

- ਆਸਾ ੧, ੧੫, ੧* : ੨ (353)

ਵਤਹਿ ----- (1) ਫਿਰਦੇ ਹਨ

"ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ।"

- ਰਾਮ ੩, ਵਾਰ ੧੫ਸ, ੨, ੨ : ੪ (954)

(2) ਜਾਵੇਂ

"ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ।"

- ਮਾਰੂ ੫, ਵਾਰ ੩ਸ, ੫, ੧ : ੧ (1095)

ਵੰਤਗਿਆਨ -- (ਸੰ. ਵਾਲਾ) -ਗਿਆਨ ਵਾਲਾ, ਗਿਆਨਵਾਨ

"ਹਰਿ ਹਰਿ ਦਰਸ ਸਮਾਨ ਆਤਮਾ ਵੰਤਗਿਆਨ ਜਾਣੀਆ ਅਕਲ ਗਤਿ ਗੁਰ ਪਰਵਾਨ।"

- ਸਵ ੨, ੪ : ੨ (1391)

ਵਤਨਗਹ --- (ਫਾ. ਵਤਨਗਹਿ) - ਰਹਿਣ ਦੀ ਥਾਂ, ਨਿਵਾਸ ਸਥਾਨ

"ਅਬ ਮੋਹਿ ਖੂਬ ਵਤਨਗਹ ਪਾਈ।"

- ਗਉ ਰਵਿ, ੨, ੧* : ੧ (345)

ਵਤਨੁ ------ ਪਏ ਫਿਰਨ

"ਹਭੇ ਭਸੁ ਪੁਣਦੇ ਵਤਨੁ ਜਾ ਮੈ ਸਜਣੁ ਤੂਹੈ।"

– ਰਾਮ ੫, ਵਾਰ ੧੩ਸ, ੫, ੨ : ੨ (963)

ਵਤਾ ------ ਜਾਂਦਾ ਹਾਂ
“ਮਨਿ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ।”
– ਜੈਤ ੫, ਵਾਰ ੭ਸ, ੫, ੨ : ੧ (707)

ਵਤਾਇ ----- ਫੇਰ ਕੇ, ਪਾ ਕੇ, ਸੁਟ ਕੇ
“ਮਾਗਰਮਛੁ ਫਹਾਈਐ ਕੁੰਡੀ ਜਾਲੁ ਵਤਾਇ।”
– ਮਾਰੂ ੧, ਅਸ ੨, ੫ : ੧ (1009)

ਵਤਾਇਆ --- (1) ਵਾਰਨੇ/ਕੁਰਬਾਨ ਜਾਣਾ
“ਗੁਰ ਪਰਸਾਦੀ ਇਕੁ ਨਦਰੀ ਆਇਆ ਹਉ ਸਤਿਗੁਰ ਵਿਟਹੁ ਵਤਾਇਆ ਜੀਉ।”
– ਮਾਝ ੪, ੭, ੩ : ੩ (96)
(2) ਵਛਾਇਆ
“ਜਿਨਿ ਜਗੁ ਥਾਪਿ ਵਤਾਇਆ ਜਾਲੋੁ ਸੋ ਸਾਹਿਬੁ ਪਰਵਾਣੋ।”
– ਵਡ ੧, ਅਲਾ ੪, ੧ : ੬ (581)

ਵਤਾਇਦਾ --- ਪਾਉਂਦਾ, ਸੁਟਦਾ, ਵਛਾਉਂਦਾ
“ਆਪੇ ਜਾਲੁ ਵਤਾਇਦਾ ਪਿਆਰਾ ਸਭੁ ਜਗੁ ਮਛੁਲੀ ਹਰਿ ਆਪੈ।”
– ਸੋਰ ੪, ੩, ੨ : ੨ (605)

ਵਤਾਈ ----- ਕੁਰਬਾਨ ਕਰਾਂ, ਵਾਰਨੇ ਜਾਵਾਂ
“ਇਹੁ ਜੀਉ ਵਤਾਈ ਬਲਿ ਬਲਿ ਜਾਈ ਜੀਉ।”
– ਗਉ ੫, ੧੬੬*, ੨ : ੩ (216)

ਵਤਾਵੈ ----- ਫੈਲਾਉਂਦਾ, ਫੇਰਦਾ
“ਹਰਿ ਕੇ ਸਖਾ ਸਾਧ ਜਨ ਨੀਕੇ ਤਿਨ ਊਪਰਿ ਹਾਥੁ ਵਤਾਵੈ।”
– ਰਾਮ ੪, ੩, ੧ : ੧ (881)

ਵਤਿ ------ (1) ਫਿਰ, ਦੁਬਾਰਾ
“ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ।”
– ਸਲੋ ਫਰ, ੬੩ : ੨ (1381)
(2) ਵੱਥ, ਤੋਸਾ
“ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ।”
– ਸਲੋ ਫਰ, ੧੦੦ : ੨ (1383)

ਵਤੈ ------- (1) ਫਿਰਦਾ ਹੈ
“ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।”
– ਮਾਝ ੧, ਵਾਰ ੨੬ਸ, ੧, ੧ : ੧੧ (150)
“ਵੇਤਗਾ ਆਪੇ ਵਤੈ।”
– ਆਸਾ ੧, ਵਾਰ ੧੫ਸ, ੧, ੪ : ੫ (471)
(2) ਵੱਤਰ ਵਿਚ, ਵੱਤਰ ਵੇਲੇ
“ਹੁਣਿ ਵਤੈ ਹਰਿ ਨਾਮੁ ਨ ਬੀਜਿਓ ਆਗੈ ਭੁਖਾ ਕਿਆ ਖਾਏ।”
– ਆਸਾ ੪, ਛੰਤ ੧੮, ੨ : ੩ (450)

ਵਤ੍ਰ ------- ਜ਼ਮੀਨ ਦੀ ਨਮੀ ਵਾਲੀ ਹਾਲਤ ਜਦੋਂ ਫਸਲ ਬੀਜਣੀ ਯੋਗ ਹੁੰਦੀ ਹੈ
"ਲਬੁ ਵਤ੍ਰ ਦਰੋਗੁ ਬੀਉ ਹਾਲੀ ਰਾਹਕੁ ਹੇਤ।"
– ਰਾਮ ੩, ਵਾਰ ੧੭ਸ, ੧, ੧ : ੨ (955)

ਵਥੁ ------- ਵਸਤ, ਚੀਜ਼, ਪਦਾਰਥ
"ਘਰ ਹੀ ਸਉਦਾ ਪਾਈਐ ਅੰਤਰਿ ਸਭ ਵਥੁ ਹੋਇ।"
– ਸਿਰੀ ੩, ੪੨, ੧ : ੧ (29)

ਵਥੂ ------- ਵਸਤਾਂ ਦਾ, ਚੀਜ਼ਾਂ ਦਾ
"ਸਤਿਗੁਰੁ ਦਾਤਾ ਸਭਨਾ ਵਥੂ ਕਾ ਪੂਰੈ ਭਾਗਿ ਮਿਲਾਵਣਿਆ।"
– ਮਾਝ ੩, ਅਸ ੧੨, ੧ : ੩ (116)

ਵਦੀ ------ ਹੋਈ ਹੈ
"ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ।"
– ਆਸਾ ੧, ਵਾਰ ੧੧ਸ, ੧, ੩ : ੧ (469)

ਵਧਹਿ ----- (1) ਵੱਧਦਾ ਹੈ
"ਕੂੜ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ।"
– ਵਡ ੩, ਛੰਤ ੪, ੨ : ੨ (570)
(2) ਬੱਧੇ ਹਨ, ਬਝੇ ਹੋਏ ਹਨ
"ਕਰਮ ਵਧਹਿ ਕੈ ਲੋਅ ਖਪਿ ਮਰੀਜਈ।"
– ਮਲਾ ੧, ਵਾਰ ੧੭ : ੬ (1285)

ਵਧੰਦਿਆ --- ਵੱਧਦੇ ਹਨ
"ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ ਜੀਉ।"
– ਧਨਾ ੧, ਛੰਤ ੨, ੩ : ੨ (688)

ਵਧੰਦੀ ----- ਵੱਧਦੀ ਹੈ
"ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ।"
– ਸਿਰੀ ੪, ਛੰਤ ੧, ੫ : ੧ (79)

ਵਧਦੋ ------ ਵੱਧਦਾ
"ਤੋਟਿ ਨ ਆਵੈ ਵਧਦੋ ਜਾਈ।"
– ਗਉ ੫, ੧੦੦, ੩ : ੨ (186)

ਵਧਵੀਏਹ --- ਚੰਗੀਆਂ ਹਨ, ਅਗੇ ਹਨ
"ਕੰਤੁ ਲੀਆ ਸੋਹਾਗਣੀ ਮੈ ਤੇ ਵਧਵੀਏਹ।"
– ਤਿਲੰ ੧, ਅਸ ੧, ੪ : ੧ (725)

ਵਧਾ ------ ਆਕਾਰ ਵਿਚ ਵਡਾ ਹੋਵਾਂ, ਮੌਲਾਂ
"ਏਵਡ ਵਧਾ ਮਾਵਾ ਨਾਹੀ ਸਭਸੈ ਨਥਿ ਚਲਾਈ।"
– ਮਾਝ ੧, ਵਾਰ ੧੯ਸ, ੧, ੧ : ੪ (147)

ਵਧਾਇ ----- ਵਧਾਉਂਦਾ ਹੈ, ਜ਼ਿਆਦਾ ਕਰਦਾ ਹੈ
"ਪੁਤੁ ਕਲਤੁ ਕੁਟੰਬੁ ਹੈ ਮਾਇਆ ਮੋਹੁ ਵਧਾਇ।"

– ਸਲੋ ੪, ੧੭ : ੨ (1422)

ਵਧਾਇਆ --- ਵੱਧਾ ਲਿਆ, ਜ਼ਿਆਦਾ ਕਰ ਲਿਆ, ਵਾਧਾ ਕੀਤਾ
"ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ।"
– ਮਾਝ ੧, ਵਾਰ ੧੬ : ੫ (145)

ਵਧਾਇਹਿ --- ਵਧਾਉਂਦਾ ਹੈ
"ਕਨਿਕ ਕਾਮਨੀ ਸਿਉ ਹੇਤੁ ਵਧਾਇਹਿ ਕੀ ਨਾਮੁ ਵਿਸਾਰਹਿ ਭਰਮਿ ਗਇਆ।"
– ਰਾਮ ੧, ਅਸ ੭, ੧* : ੨ (906)

ਵਧਾਇਦਾ --- ਵਧਾਉਂਦਾ ਹੈ
"ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ।"
– ਮਾਰੂ ੧, ਸੋਲਾ ੧੫, ੧੪ : ੩ (1036)

ਵਧਾਇਦੇ --- ਵਧਾਉਂਦੇ ਹਨ
"ਕਰਿ ਕਰਿ ਹੇਤੁ ਵਧਾਇਦੇ ਪਰਦਰਬੁ ਚੁਰਾਇਆ।"
– ਸਾਰ ੪, ਵਾਰ ੨੧ : ੨ (1245)

ਵਧਾਈ ----- (1) ਵਾਧਾ ਕੀਤਾ
"ਨਿੰਦਕਾ ਕੇ ਮੁਹ ਕਾਲੇ ਕਰੇ ਹਰਿ ਕਰਤੈ ਆਪਿ ਵਧਾਈ।"
– ਗਉ ੪, ਵਾਰ ੧੩ਸ, ੪, ੧ : ੪ (307)
(2) ਮੁਬਾਰਕਬਾਦ, ਅਸ਼ੀਰਵਾਦ
"ਨਿਰਗੁਨੁ ਮਿਲਿਓ ਵਜੀ ਵਧਾਈ।" (ਖੁਸ਼ੀ ਹੋਈ)
– ਆਸਾ ੫, ੮੭, ੧* : ੨ (392)
"ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ।" (ਖੁਸ਼ੀ ਹੋਈ)
– ਆਸਾ ੫, ਛੰਤ ੧੨, ੨ : ੫ (460)

ਵਧਾਈਆ --- ਖੁਸ਼ੀਆਂ
"ਮੇਰੈ ਮਨਿ ਤਨਿ ਆਸਾ ਪੂਰੀਆ ਮੇਰੇ ਗੋਵਿੰਦਾ ਹਰਿ ਮਿਲਿਆ ਮਨਿ ਵਧਾਈਆ ਜੀਉ।"
– ਗਉ ੪, ੬੭, ੩ : ੪ (174)

ਵਧਾਈਐ --- ਵਾਧਾ ਕਰੀਏ
"ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ।"
– ਸਿਰੀ ੫, ਅਸ ੨੬, ੯ : ੨ (71)

ਵਧਾਏ ----- ਵਾਧਾ ਕਰੇ
"ਮੈਲਾ ਖਾਇ ਫਿਰਿ ਮੈਲੁ ਵਧਾਏ ਮਨਮੁਖ ਮੈਲੁ ਦੁਖੁ ਪਾਵਣਿਆ।"
– ਮਾਝ ੩, ਅਸ ੨੦, ੭ : ੩ (121)

ਵਧਾਣੀਆ --- ਵਧ ਚੜ੍ਹ ਕੇ ਹਨ
"ਸਹੀਆ ਤਉ ਅਸੰਖ ਮੰਞਹੁ ਹਭਿ ਵਧਾਣੀਆ।"
– ਸੂਹੀ ੫, ਅਸ ੪, ੬ : ੧ (761)

ਵਧਾਵੈ ----- ਵਾਧਾ ਕਰੇ, ਜ਼ਿਆਦਾ ਕਰੇ

“ਧਨੁ ਖਾਟੈ ਆਸਾ ਕਰੈ ਮਾਇਆ ਮੋਹੁ ਵਧਾਵੈ।”

– ਗਉ ੪, ੪੭, ੨ : ੨ (166)

ਵਧਿ ------ ਵਧੇਰਾ, ਜ਼ਿਆਦਾ, ਅਧਿਕ

“ਘਟਿ ਵਧਿ ਕੋ ਕਰੈ ਬੀਚਾਰਾ।”

– ਭੈਰ ੩, ੧, ੪ : ੨ (1128)

“ਵਧਿ ਥੀਵਹਿ ਦਰਿਆਉ ਟੁਟਿ ਨ ਥੀਵਹਿ ਵਾਹੜਾ।”(ਵਧ ਕੇ, ਅਧਿਕ ਹੋ ਕੇ)

– ਸਲੋ ਫਰ, ੧੧੭ : ੨ (1384)

ਵਧਿਆ ---- ਜ਼ਿਆਦਾ ਹੋਇਆ, ਅਧਿਕ ਹੋਇਆ

“ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ।”

– ਸੂਹੀ ੩, ਵਾਰ ੧ ਸ, ੩, ੧ : ੩ (785)

ਵਧੀ ------ ਵਾਧਾ ਹੋਇਆ, ਅਗੇ ਚਲੀ

“ਵਧੀ ਵੇਲਿ ਬਹੁ ਪੀੜੀ ਚਾਲੀ।”

– ਆਸਾ ੫, ੧੦੧, ੩ : ੧ (396)

ਵਧੁ ------- ਜ਼ਿਆਦਾ ਹੋ ਜਾ, ਲੰਬੀ ਹੋ ਜਾ

“ਵਧੁ ਸੁਖੁ ਰੈਨੜੀਏ ਪ੍ਰਿਅ ਪ੍ਰੇਮੁ ਲਗਾ।”

– ਬਿਹਾ ੫, ਛੰਤ ੪, ੧ : ੧ (544)

ਵਧੇਰੀ ----- ਹੋਰ ਜ਼ਿਆਦਾ, ਹੋਰ ਵਧ

“ਜਉ ਮਿਲੀਐ ਤਉ ਵਧੈ ਵਧੇਰੀ।”

– ਆਸਾ ੫, ੮੭, ੧ : ੨ (392)

ਵਧੇਰੈ ------ ਹੋਰ ਜ਼ਿਆਦਾ, ਹੋਰ ਅਧਿਕ

“ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ।”

– ਮਾਝ ੩, ਅਸ ੧੨, ੩ : ੩ (116)

ਵਧੈ ------- ਵਧੇਰੀ ਹੋਏ, ਜ਼ਿਆਦਾ ਹੋਏ

“ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ।”

– ਰਾਮ ੧, ਓਅੰ ੪੩ : ੨ (936)

ਵੰਨ ------- (1) ਪ੍ਰਕਾਰ

“ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ।”

– ਮਾਝ ੧, ਵਾਰ ੧੯ ਸ, ੨, ੨ : ੨ (147)

(2) ਰੰਗ

“ਰਾਤੀ ਹੋਵਨਿ ਕਾਲੀਆ ਸੁਪੇਦਾ ਸੇ ਵੰਨ।”

– ਸੂਹੀ ੩, ਵਾਰ ੧੩ ਸ, ੧, ੨ : ੧ (789)

ਵਨਾ ------ ਜੰਗਲ

“ਪਹਿਲ ਪੁਰੀਏ ਪੁੰਡਰਕ ਵਨਾ।”

– ਧਨਾ ਨਾਮ, ੪, ੧ : ੨ (693)

ਵੰਨਿ ------ ਰੰਗ ਵਾਲੇ

“ਪਬਰ ਤੂੰ ਹਰਿਆਵਲਾ ਕਵਲਾ ਕੰਚਨ ਵੰਨਿ।”
– ਸਲੋ ੧, ੩੦ : ੧ (1412)

ਵੰਨੀ ------ **ਰੰਗ, ਰੰਗਤ**
“ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ।
– ਮਾਝ ੧, ਵਾਰ ੧੮ ਸ, ੨, ੧ : ੭ (146)
“ਨਦਰਿ ਸਰਾਫ ਵੰਨੀ ਸਚੜਾਉ।” (ਸਚੀ ਵੰਨੀ ਵਾਲਾ)
– ਰਾਮ ੧, ਓਅੰ ੧੮ : ੪ (932)
(‘ਦਰਪਣ’ ਪਦ ਛੇਦ ‘ਵੰਨੀਸ ਚੜਾਓ’ ਕਰਕੇ ‘ਵੰਨੀਸ’ ਦੇ ਅਰਥ ‘ਚੰਗਾ ਰੰਗ’ ਕਰਦਾ ਹੈ।)

ਵੰਨੀਆ ---- **ਰੰਗ ਵਾਲੀ**
“ਦੇਹ ਕੰਚਨ ਵੇ ਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ।”
– ਸੂਹੀ ੪, ਛੰਤ ੬, ੧ : ੨ (776)

ਵੰਨੁ ------- **(1) ਰੰਗੁ**
“ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ।” (ਭਾਵ ਲਾਲੀ)
– ਸੋਰ ੧, ੨, ੪ : ੩ (596)
“ਅੰਭੈ ਕੈ ਸੰਗਿ ਨੀਕਾ ਵੰਨੁ।”
– ਗੋਂਡ ਕਬ, ੧੧, ੨ : ੨ (873)
(ਸ਼ਬਦਾਰਥ ਇਥੇ ਅਰਥ ‘ਸਵਾਦ’ ਕਰਦਾ ਹੈ)

ਵੰਨੇ ------- **ਰੰਗ**
“ਜਿਨ ਸਤਿਗੁਰ ਦਾ ਭਾਣਾ ਮੰਨਿਆ ਤਿਨ ਚੜੀ ਚਵਗਣਿ ਵੰਨੇ।”
– ਗਉ ੪, ਵਾਰ ੨੫ : ੪ (314)

ਵਪਾਰੀ ----- **ਸੌਦਾਗਰ, ਵਣਜ ਕਰਨ ਵਾਲਾ**
“ਬੇਦ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ।”
– ਸਾਰ ੪, ਵਾਰ ੧੬ ਸ, ੧, ੨ : ੫ (1243)

ਵਪਾਰੀਏ ---- **ਵਪਾਰੀ, ਵਣਜਾਰੇ**
“ਛਤੜੇ ਬਾਜਾਰ ਸੋਹਨਿ ਵਿਚਿ ਵਪਾਰੀਏ।” (ਭਾਵ ਮੁਤਲਾਸ਼ੀ, ਅਭਿਆਗਤ)
– ਰਾਮ ੫, ਵਾਰ ੧੯ ਸ, ੫, ੧ : ੧ (965)

ਵਰ ------- **(1) ਪਤੀ**
“ਮਿਲਿ ਵਰ ਨਾਰੀ ਮੰਗਲੁ ਗਾਇਆ ਠਾਕੁਰ ਕਾ ਜੈਕਾਰੁ।”
– ਗੂਜ ੫, ੧੫, ੨ : ੧ (499)
(2) ਅਸੀਸ, ਦਾਤ
“ਪ੍ਰਭਿ ਅਪਨੈ ਵਰ ਦੀਨੇ।”
– ਸੋਰ ੫, ੬੯, ੨ : ੧ (626)

ਵਰਸ ------ **ਬਾਰਸ਼ ਵਾਲਾ**
“ਸਾਗਰ ਲਹਰਿ ਸਮੁੰਦਰ ਵੇਲਿ ਵਰਸ ਵਰਾਹੁ।”
– ਸੂਹੀ ੩, ਵਾਰ ੧੦ਸ, ੧, ੧ : ੨ (788)

ਵਰਸਉ ---- ਵਰ੍ਹੇ, ਪਵੇ, ਵਸੇ
“ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ।”
– ਸਲੋ ਫਰ, ੨੫ : ੧ (1379)

ਵਰਸਹਿ ---- ਵਸਦੇ ਹਨ
“ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।”
– ਤੁਖਾ ੧, ਬਾਹਾ ੯ : ੧ (1108)

ਵਰਸਹੁ ----- ਵਸੋ
“ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ।”
– ਮਲਾ ੧, ਵਾਰ ੧੬ ਸ, ੩, ੧ : ੨ (1285)

ਵਰਸਣ ----- ਵਸਨ
“ਹੁਕਮੀ ਵਰਸਣ ਲਾਗੇ ਮੇਹਾ।”
– ਮਾਝ ੫, ੩੪, ੧ : ੧ (104)

ਵਰਸਤ ----- ਵਸਦਾ
“ਜੈਸੇ ਧਰਤੀ ਮਧੇ ਪਾਣੀ ਪਰਗਾਸਿਆ ਬਿਨੁ ਪਗਾ ਵਰਸਤ ਫਿਰਾਹੀ।”
– ਗਉ ੩, ੩੫, ੧ : ੨ (162)

ਵਰਸਦਾ ---- ਵਸਦਾ, ਪੈਂਦਾ
“ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ।”
– ਸਿਰੀ ੫, ਅਸ ੨੯, ੧੪ : ੧ (74)

ਵਰਸਦੈ ----- ਵਸਦਿਆਂ
“ਏਤੈ ਜਲਿ ਵਰਸਦੈ ਤਿਖ ਮਰਹਿ ਭਾਗ ਤਿਨਾ ਕੇ ਨਾਹਿ।”
– ਮਲਾ ੧, ਵਾਰ ੯ ਸ, ੩, ੨ : ੪ (1282)

ਵਰਸਾਇ ---- ਲਾਭ ਉਠਾਣਾ, ਫਾਇਦਾ ਹੋਣਾ
“ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ।”
– ਵਡ ੪, ਵਾਰ ੪ ਸ, ੩, ੧ : ੫ (587)

ਵਰਸਾਇਆ -- ਵਸਾਇਆ, ਮੀਂਹ ਪੁਆਇਆ
“ਜਲਿ ਥਲਿ ਮਹੀਅਲਿ ਦਹ ਦਿਸਿ ਵਰਸਾਇਆ।”
– ਮਾਝ ੫, ੪੧, ੧ : ੨ (106)

ਵਰਸਾਣਾ ---- ਲਾਭ ਉਠਾਉਣਾ
“ਇਸੁ ਧਨ ਤੇ ਸਭੁ ਜਗੁ ਵਰਸਾਣਾ।”
– ਆਸਾ ੫, ੧੮, ੩ : ੨ (375)

ਵਰਸਾਣੇ ---- ਲਾਭ ਉਠਾਉਣਾ
“ਹਰਿ ਇਕਸੁ ਹਥਿ ਆਇਆ ਵਰਸਾਣੇ ਬਹੁਤੇਰੇ।”
– ਮਾਝ ੫, ੨੨, ੪ : ੧ (101)

ਵਰਸਾਤੇ ---- ਲਾਭ ਉਠਾਉਂਦੇ ਭਾਵ ਸੁਖ ਪਾਉਂਦੇ ਹਨ

“ਤਿਨ ਕੇ ਘਰ ਮੰਦਰ ਮਹਲ ਸਰਾਈ ਸਭ ਪਵਿਤੁ ਹਹਿ ਜਿਨੀ ਗੁਰਮੁਖਿ ਸੇਵਕ ਸਿਖ ਅਭਿਅਗਤ ਜਾਇ ਵਰਸਾਤੇ।”
– ਸੋਰ ੪, ਵਾਰ ੧੬ : ੨ (648)

ਵਰਸਾਂਨੇ ---- ਲਾਭ ਉਂਠਾਦੇ ਹਨ, ਦਾਤਾਂ ਪ੍ਰਾਪਤ ਕਰਨੀਆਂ
“ਮੁਇਆ ਉਨ ਤੇ ਕੋ ਵਰਸਾਂਨੇ।”
– ਗਉ ੫, ੧੬੬, ੧ : ੨ (199)

ਵਰਸਾਵੈ ---- ਲਾਭ ਉਠਾਉਣਾ, ਦਾਤਾਂ ਪ੍ਰਾਪਤ ਕਰਨੀਆਂ
“ਸਭ ਕੋ ਤੁਮਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ।”
– ਮਾਝ ੫, ੧੮, ੨ : ੩ (99)

ਵਰਸੁ ------ ਬਦਲ, ਵਸਨ ਵਾਲਾ
“ਸਾਵਣਿ ਵਰਸੁ ਅੰਮ੍ਰਿਤਿ ਜਗੁ ਛਾਇਆ ਜੀਉ।”
– ਗਉ ੪, ੬੫, ੪ : ੧ (173)

ਵਰਸੈ ------ ਵਸਦੀ ਹੈ
“ਝਿਮਿ ਝਿਮਿ ਵਰਸੈ ਅੰਮ੍ਰਿਤ ਧਾਰਾ।”
– ਮਾਝ ੫, ੨੬, ੨ : ੧ (102)

ਵਰਕਾਮਣਿ -- ਵਰ ਦੀ ਇਸਤ੍ਰੀ, ਪਤੀ ਦੀ (ਪਿਆਰੀ) ਪਤਨੀ
“ਸਹਜਿ ਸੁਖੀ ਵਰਕਾਮਣਿ ਪਿਆਰੀ ਜਿਸੁ ਗੁਰਬਚਨੀ ਮਨੁ ਮਾਨਿਆ।”
– ਮਲਾ ੧, ੨, ੨ : ੧ (1254)

ਵਰਕਾਮਨਿ -- ਵਰ ਦੀ ਇਸਤ੍ਰੀ
“ਹਰਿ ਪ੍ਰਭ ਸੰਗਿ ਖੇਲਹਿ ਵਰਕਾਮਨਿ ਗੁਰਮੁਖਿ ਖੋਜਤ ਮਨ ਮਨੇ।”
– ਬਸੰ ੧, ੬, ੧* : ੨ (1170)

ਵਰਖਾ ----- ਬਾਰਸ਼, ਮੀਂਹ
“ਸਾਚ ਨਾਮ ਕੀ ਅੰਮ੍ਰਿਤ ਵਰਖਾ।”
– ਸੂਹੀ ੫, ੧੨, ੩ : ੨ (739)

ਵਰਖੈ ------ ਵਸਦਾ ਹੈ
“ਅੰਮ੍ਰਿਤੁ ਵਰਖੈ ਅਨਹਦ ਬਾਣੀ।”
– ਮਾਝ ੫, ੩੭, ੩ : ੧ (105)

ਵਰਜਿ ----- ਰੋਕ
“ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ।”
– ਆਸਾ ੧, ਅਸ ੧੨, ੪ : ੧ (417)

ਵਰਜੇ ------ ਰੋਕੇ
“ਧਾਵਤ ਵਰਜੇ ਠਾਕਿ ਰਹਾਏ।”
– ਗਉ ੩, ੨੬, ੩ : ੨ (159)

ਵਰਤ ------ ਨਿਸਚਿਤ ਸਮੇਂ ਲਈ ਭੋਜਨ ਦਾ ਤਿਆਗ
“ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ।”

– ਸਿਰੀ ੫, ੮੬, ੩ : ੧ (48)

ਵਰਤਉ ---- ਵਰਤ ਰਿਹਾ
“ਜਿਥੈ ਸੁ ਵਸਤੁ ਨ ਜਾਪਈ ਆਪੇ ਵਰਤਉ ਜਾਣਿ।”
– ਰਾਮ ੩, ਵਾਰ ੧੬ ਸ, ੨, ੨ : ੩ (954)

ਵਰਤਹਿ ---- ਵਿਚਰ ਰਿਹਾ, ਵਰਤ ਰਿਹਾ
“ਬਹਤੁ ਕਰਹਿ ਫੁਰਮਾਇਸੀ ਵਰਤਹਿ ਹੋਇ ਅਫਾਰ।”
– ਸਿਰੀ ੫, ੭੧, ੧ : ੩ (42)
“ਵਰਨ ਰੂਪ ਵਰਤਹਿ ਸਭ ਤੇਰੇ।” (ਵਿਚਰ ਰਹੇ, ਵਰਤ ਰਹੇ)
– ਮਾਝ ੩, ਅਸ ੧੯, ੧ : ੧ (120)
“ਸਤਿ ਬਚਨ ਵਰਤਹਿ ਹਰਿ ਦੁਆਰੇ।” (ਉਤਰਦੇ ਹਨ)
– ਗੋਂਡ ੫, ਅਸ ੧, ੭ : ੨ (869)

ਵਰਤਣ ----- ਵਰਤਨ, ਇਸਤਮਾਲ ਕਰਨ, ਵਰਤੋਂ ਵਿਚ ਲਿਆਉਣ
“ਸਭੁ ਜੀਉ ਪਿੰਡੁ ਮੁਖੁ ਨਕੁ ਦੀਆ ਵਰਤਣ ਕਉ ਪਾਣੀ।”
– ਗਉ ੪, ੫੦, ੩ : ੧ (167)

ਵਰਤਣਹਾਰ -- ਪ੍ਰਵੇਸ਼ ਕਰਨ ਵਾਲਾ, ਵਿਚਰਨ ਵਾਲਾ
“ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ।”
– ਗਉ ੫, ਸੁਖ ੨੨ ਸ : ੧ (292)

ਵਰਤਣਾ ---- ਵਿਚਰਨਾ, ਰਹਿਣਾ
“ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ।”
– ਸਿਰੀ ੫, ੭੩, ੩ : ੨ (43)

ਵਰਤਣਿ ---- (1) ਵਰਤਨ ਵਾਲੀ ਵਸਤੂ, ਰੋਜ਼ਾਨਾ ਖਰਚ ਦੀ ਰਕਮ
“ਵਰਤਣਿ ਨਾਮੁ ਨਾਨਕ ਸਚੁ ਕੀਨਾ ਹਰਿ ਨਾਮੇ ਰੰਗਿ ਸਮਾਇਆ।”
– ਆਸਾ ੫, ੪੦, ੪ : ੨ (380)
“ਨਾਮੁ ਵਰਤਣਿ ਨਾਮੋ ਵਾਲੇਵਾ ਨਾਮ ਨਾਨਕ ਪ੍ਰਾਨ ਅਧਾਰਾ।”
– ਸੋਰ ੫, ੨੦, ੪ : ੨ (614)
“ਹਰਿ ਮੇਰੀ ਵਰਤਣਿ ਹਰਿ ਮੇਰੀ ਰਾਸਿ।”
– ਰਾਮ ੫, ੩੫, ੪ : ੪ (894)
(2) ਰਹਤ, ਮਰਯਾਦਾ
“ਵਰਤਣਿ ਜਾ ਕੇ ਕੇਵਲ ਨਾਮ।”
– ਆਸਾ ੫, ੮੮, ੨ : ੧ (392)
“ਸਗਲੀ ਧਰਤੀ ਮਾਲੁ ਧਨੁ ਵਰਤਣਿ ਸਰਬ ਜੰਜਾਲ।” (ਵਰਤੋਂ ਵਿਹਾਰ)
– ਆਸਾ ੧, ਵਾਰ ੫ਸ, ੧, ੧ : ੩ (465)
“ਰਾਤਿ ਦਿਨਸੁ ਉਪਾਇਅਨੁ ਸੰਸਾਰ ਕੀ ਵਰਤਣਿ।” (ਵਰਤੋਂ ਵਿਹਾਰ ਲਈ)
– ਰਾਮ ੩, ਵਾਰ ੫ : ੧ (948)

ਵਰਤਣੀ ---- ਵਰਤੋਂ ਦੀ ਵਸਤੂ/ਸਮਾਨ/ਸਾਮਗ੍ਰੀ
“ਏਤੇ ਜੀਅ ਜਾਂਚੈ ਵਰਤਣੀ।”

– ਮਲਾ ਨਾਮ, ੧, ੪ : ੫ (1292)

ਵਰਤਣੁ ---- ਵਿਚਰਨਾ
“ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ।”
– ਸਾਰ ੪, ਵਾਰ ੮ਸ, ੧, ੧ : ੧ (1240)

ਵਰਤੰਤ ----- ਵਿਚਰ ਰਿਹਾ, ਭਰਪੂਰ
“ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ।”
– ਜੈਤ ੫, ਵਾਰ ੨੦ਸ, ੫, ੧ : ੧ (710)

ਵਰਤੰਤਾ ---- (1) ਵਾਪਰ ਰਿਹਾ ਹੈ, ਹੋ ਰਿਹਾ ਹੈ
“ਓਹੁ ਸਭੁ ਕਿਛੁ ਜਾਣੈ ਜੋ ਵਰਤੰਤਾ।”
– ਮਾਰੂ ੫, ੭੧*, ੨ : ੩ (176)

(2) ਵਿਚਰ ਰਿਹਾ, ਵਿਆਪਕ
“ਸੁਘੜੁ ਸੁਜਾਣੁ ਸਰੂਪੁ ਤੂ ਸਭ ਮਹਿ ਵਰਤੰਤਾ।”
– ਮਾਰੂ ੫, ਵਾਰ ੪ : ੧ (1095)

ਵਰਤੰਤਿ ---- ਵਰਤਾਰਾ
“ਪ੍ਰਵਿਰਤਿ ਮਾਰਗੰ ਵਰਤੰਤਿ ਬਿਨਾਸਨੰ।”
– ਸਸ ੫, ੧੨ : ੪ (1355)

ਵਰਤਦਾ ---- (1) ਵਿਚਰਦਾ, ਵਿਆਪਕ
“ਸਭ ਮਹਿ ਇਕੁ ਵਰਤਦਾ ਏਕੋ ਰਹਿਆ ਸਮਾਇ।”
– ਸਿਰੀ ੩, ੩੬, ੨ : ੩ (27)
“ਨਾਨਕ ਸਹਜੇ ਹੀ ਰੰਗਿ ਵਰਤਦਾ ਹਰਿ ਗੁਣ ਪਾਵੈ ਸੋਇ।” (ਵਿਚਰਦਾ ਭਾਵ ਨਿਭਦਾ ਹੈ)
– ਸਿਰੀ ੩, ੫੦, ੪ : ੩ (33)
“ਸਕਤੀ ਅੰਦਰਿ ਵਰਤਦਾ ਕੂੜੁ ਤਿਸ ਕਾ ਹੈ ਉਪਾਉ।” (ਵਿਚਰਦਾ)
– ਗੂਜ ੩, ਵਾਰ ੮ ਸ, ੩, ੨ : ੨ (511)

(2) ਚਲਦਾ ਹੈ
“ਸਚਾ ਸਾਹੁ ਵਰਤਦਾ ਕੋਇ ਨ ਮੇਟਣਹਾਰ।” (ਹੁਕਮ ਚਲਦਾ ਹੈ, ਕੰਮ ਕਰ ਰਿਹਾ ਹੈ)
– ਸਿਰੀ ੩, ੫੩, ੨ : ੩ (34)
“ਸਭੁ ਕੀਤਾ ਤੇਰਾ ਵਰਤਦਾ ਤੂੰ ਅੰਤਰਜਾਮੀ।” (ਚਲਦਾ ਹੈ)
– ਗਉ ੪, ੫੦, ੪ : ੧ (167)
“ਭਗਤਾ ਵਿਚਿ ਆਪਿ ਵਰਤਦਾ ਪ੍ਰਭ ਜੀ ਭਗਤੀ ਹੂ ਤੂ ਜਾਤਾ।” (ਕੰਮ ਕਰਦਾ ਹੈ)
– ਸੋਰ ੩, ਅਸ ੧, ੪ : ੧ (638)

ਵਰਤੰਦਾ ---- ਵਰਤਦਾ ਹੈਂ
“ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ।”
– ਗਉ ੫, ਵਾਰ ੫ : ੪ (319)

ਵਰਤਦੇ ----- (1) ਵਿਆਪਕ ਹਨ, ਮੌਜੂਦ ਹਨ

"ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ।"

– ਆਸਾ ੩, ਅਸ ੨੭, ੮ : ੧ (425)

(2) ਵਿਚਰਦੇ ਹਨ, ਰਹਿੰਦੇ ਹਨ

"ਨਾਮੇ ਹੀ ਨਾਮਿ ਵਰਤਦੇ ਨਮੇ ਵਰਤਾਰਾ।"

– ਆਸਾ ੩, ਅਸ ੨੯, ੩ : ੧ (426)

ਵਰਤਨਿ ---- (1) ਵਰਤੋਂ ਦੀ ਵਸਤੂ, ਰਹਿਣੀ, ਵਰਤਾਰਾ

"ਠਾਕੁਰ ਨਾਮੁ ਕੀਓ ਉਨਿ ਵਰਤਨਿ।"

– ਗਉ ੫, ੮੬, ੧ : ੩ (181)

(2) ਵਿਚਰਨ ਵਾਲੀ, ਰਹਿਣ ਵਾਲੀ

"ਨਿਕਟਿ ਵਰਤਨਿ ਸਾ ਸਦਾ ਸੁਹਾਗਨਿ ਦਹ ਦਿਸ ਸਾਈ ਜਾਨੀ।"

– ਸਾਰ ੫, ੧੨੭, ੨ : ੧ (1228)

ਵਰਤਨੀ ---- ਵਿਚਰਦੇ ਹਨ, ਕੰਮ ਕਰਦੇ ਹਨ

"ਸਭਿ ਆਏ ਹੁਕਮਿ ਖਸਮਾਹੁ ਹੁਕਮਿ ਸਭ ਵਰਤਨੀ।"

– ਤਿਲੰ ੪, ੧, ੧ : ੧ (723)

ਵਰਤਮਾਨ --- ਵਿਆਪਕ/ਹਾਜ਼ਰ ਨਾਜ਼ਰ ਸਮਝਣਾ

"ਪਤਿ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ।"

– ਆਸਾ ੧, ੩੭, ੩ : ੧ (360)

ਵਰਤਾ ----- (1) ਵਿਚਰਾਂ, ਚਲਾਂ

"ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ।"

– ਸੂਹੀ ੪, ਅਸ ੧, ੧੭ : ੧ (758)

(2) ਵਰਤ ਰਖਣੇ, ਨਿਸਚਿਤ ਸਮੇਂ ਲਈ ਭੋਜਨ ਦਾ ਤਿਆਗ

"ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ।"

– ਸਾਰ ੫, ੨, ੩ : ੧ (1203)

ਵਰਤਾਇ ---- ਵਰਤੋਂ ਵਿਚ ਲਿਆ ਭਾਵ ਵਿਸਤਾਰ ਕਰਕੇ

"ਤ੍ਰੈ ਵਰਤਾਇ ਚਉਥੈ ਘਰਿ ਵਾਸਾ।"

– ਮਾਰੂ ੧, ਸੋਲਾ ੧੮, ੪ : ੧ (1038)

"ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ।" (ਚਲਾ ਕੇ, ਵਰਤੋਂ ਵਿਚ ਲਿਆ ਕੇ)

– ਮਲਾ ੧, ਵਾਰ ੫ : ੨ (1280)

ਵਰਤਾਇਓ -- (1) ਵਰਤੋਂ ਵਿਚ ਲਿਆਉਣਾ, ਪ੍ਰਗਟ ਕਰਨਾ, ਪ੍ਰਚਲਤ ਕਰਨਾ

"ਪ੍ਰਗਟ ਪ੍ਰਤਾਪੁ ਵਰਤਾਇਓ ਸਭੁ ਲੋਕੁ ਕਰੈ ਜੈਕਾਰੁ ਜੀਉ।"

– ਸਿਰੀ ੧, ਅਸ ੨੮, ੧੭ : ੩ (72)

"ਨਿੰਦਕ ਮਾਰਿ ਚਰਨ ਤਲ ਦੀਨੇ ਅਪੁਨੋ ਜਸੁ ਵਰਤਾਇਓ।"

– ਮਲਾ ੫, ੧੮, ੧* : ੨ (1270)

"ਨਾਨਕ ਪ੍ਰਸਾਦਿ ਅੰਗਦ ਸੁਮਤਿ ਗੁਰਿ ਅਮਰਿ ਅਰਮੁ ਵਰਤਾਇਓ।" (ਪ੍ਰਚਲਤ ਕੀਤਾ)

– ਸਵ ੪, ਕਲ ੫ : ੫ (1397)

ਵਰਤਾਇਆ -- ਪ੍ਰਚਲਤ ਕੀਤਾ, ਵਰਤੋਂ ਵਿਚ ਲਿਆਂਦਾ
“ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ।”
- ਆਸਾ ੧, ਵਾਰ ੮ : ੧ (467)
“ਸਭ ਅੰਤਰਿ ਜਨ ਵਰਤਾਇਆ ਹਰਿਜਨ ਤੇ ਜਾਪੈ।” (ਪ੍ਰਚਲਤ ਕੀਤਾ, ਉਘਾ ਕੀਤਾ)
- ਮਾਰੂ ੫, ਵਾਰ ੮ : ੮ (1097)

ਵਰਤਾਇਸੀ -- ਪ੍ਰਚਲਿਤ ਕਰੇਗਾ
“ਮੈਲੇ ਹਛੇ ਕਾ ਵੀਚਾਰੁ ਆਪਿ ਵਰਤਾਇਸੀ।”
- ਸੂਹੀ ੧, ੬, ੧ : ੫ (730)

ਵਰਤਾਈ ---- (1) ਵੰਡੀ
“ਹਰਿ ਭਗਤਿ ਭੰਡਾਰ ਲਹਾਇਦਾ ਆਪੇ ਵਰਤਾਈ।”
- ਗਉ ੪, ੪੬, ੩ : ੩ (166)
(2) ਵਰਤਾ ਦਿਤੀ, ਸਥਾਪਤ ਕੀਤੀ
“ਤਪਤਿ ਮਾਹਿ ਠਾਢਿ ਵਰਤਾਈ।”
- ਗਉ ੫, ਸੁਖ ੧੮, ੭ : ੧ (287)

ਵਰਤਾਈਅਨੁ - ਵਰਤਾਈ, ਸਥਾਪਤ ਕੀਤੀ
“ਆਪੇ ਸਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ।”
- ਮਾਰੂ ੫, ਸੋਲਾ ੧੦, ੧੩ : ੩ (1082)

ਵਰਤਾਈਆ -- ਸਥਾਪਤ ਕੀਤੀਆਂ, ਪ੍ਰਚਲਤ ਕੀਤੀਆਂ
“ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ।”
- ਮਾਰੂ ੫, ਵਾਰ ੬ : ੫ (1096)

ਵਰਤਾਏ ---- ਪ੍ਰਗਟ ਕਰੇ, ਪ੍ਰਚਲਤ ਕਰੇ, ਵੰਡੇ
“ਅੰਤਰਿ ਸਾਚੁ ਬਾਹਰਿ ਸਾਚੁ ਵਰਤਾਏ।”
- ਗਉ ੩, ਅਸ ੬, ੫ : ੧ (232)
“ਗੁਰ ਪਰਸਾਦੀ ਦੇ ਵਡਿਆਈ ਅਪਣਾ ਸਬਦੁ ਵਰਤਾਏ।” (ਪ੍ਰਗਟ ਕਰਦਾ ਭਾਵ ਭਰ ਦਿੰਦਾ ਹੈ)
- ਗੂਜ ੩, ੭, ੪ : ੨ (491)

ਵਰਤਾਰਾ ---- (1) ਵਰਤ ਰਿਹਾ ਹੈ, ਪ੍ਰਤਖ ਹੈ, ਵਿਆਪਕ ਹੈ
“ਸਰਬ ਭੂਤ ਆਪਿ ਵਰਤਾਰਾ।”
- ਗਉ ੫, ਸੁਖ ੨੩, ੬ : ੧ (294)
(2) ਵਿਹਾਰ, ਵਰਤੋਂ
“ਦਾਮਨੀ ਚਮਤਕਾਰ ਤਿਉ ਵਰਤਾਰਾ ਜਗ ਖੇ।”
- ਗਉ ੫, ਵਾਰ ੪ ਸ, ੫, ੨ : ੧ (319)
“ਨਾਮੇ ਹੀ ਨਾਮਿ ਵਰਤਦੇ ਨਾਮੇ ਵਰਤਾਰਾ।” (ਵਰਤੋਂ ਵਿਹਾਰ)
- ਆਸਾ ੫, ਅਸ ੨੯, ੩ : ੧ (426)
(3) ਪ੍ਰਚਲਤ ਕਰਨਾ, ਪ੍ਰਚਲਤ ਹੋਣਾ
“ਦੂਜਾ ਭਾਉ ਕਚਾਇਓਨੁ ਤ੍ਰੈ ਗੁਣ ਵਰਤਾਰਾ।”

– ਰਾਮ ੩, ਵਾਰ ੪ : ੧ (948)

“ਹੁਕਮੇ ਹੋਆ ਹੁਕਮੇ ਵਰਤਾਰਾ।”

– ਭੈਰ ੩, ੩, ੧* : ੨ (1128)

ਵਰਤਾਰੇ ---- ਵਿਹਾਰਾਂ ਵਿਚ, ਢੰਗਾਂ ਨਾਲ

“ਛਿਅ ਵਰਤਾਰੇ ਵਰਤਹਿ ਪੂਤ।”

– ਰਾਮ ੩, ਵਾਰ ੧੨ ਸ, ੧, ੭ : ੭ (953)

ਵਰਤਾਵਣਹਾਰਾ ਵਰਤਾਉਣ ਵਾਲਾ, ਪ੍ਰਚਲਤ ਕਰਨ ਵਾਲਾ

“ਸਬਦੁ ਗੁਰੂ ਕਾ ਸਦ ਉਚਰਹਿ ਜੁਗੁ ਜੁਗੁ ਵਰਤਾਵਣਹਾਰਾ।”

– ਵਡ ੪, ਵਾਰ ੧੮ ਸ, ੩, ੨ : ੪ (593)

ਵਰਤਾਵਣਿਆ ਵਿਆਪਕ ਹੋਣਾ, ਪ੍ਰਚਲਤ ਹੋਣਾ

“ਥਾਨਿ ਥਨੰਤਰਿ ਤੂੰ ਹੈ ਤੂੰ ਹੈ ਇਕੋ ਇਕੁ ਵਰਤਾਵਣਿਆ।”

– ਮਾਝ ੫, ਅਸ ੩੭, ੩ : ੩ (131)

ਵਰਤਾਵਾ ---- ਵਰਤੋਂ ਵਿਹਾਰ

“ਅੰਧ ਵਰਤਾਵਾ ਭਾਉ ਦੂਜਾ।”

– ਸਲੋ ੧, ੨੨ : ੨ (1412)

ਵਰਤਿਆ --- (1) ਪ੍ਰਚਲਤ ਹੋਇਆ, ਪ੍ਰਗਟ ਹੋਇਆ

“ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ।”

– ਗਉ ੪, ਵਾਰ ੧੫ ਸ, ੪, ੩ : ੨ (309)

“ਸੋਈ ਵਰਤਿਆ ਜਗਤ ਮਹਿ ਘਟਿ ਘਟਿ ਮੁਖਿ ਭਣਿਆ।” (ਪਸਰ ਗਿਆ)

– ਬਿਲਾ ੪, ਵਾਰ ੧੨ : ੨ (854)

(2) ਘਟਿਆ, ਵਾਪਰਿਆ

“ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ।”

– ਗਉ ੪, ਵਾਰ ੩੦ ਸ, ੪, ੧ : ੧੩ (316)

(3) ਵਿਚਰਨਾ

“ਦੋਵੈ ਤਰਫਾ ਉਪਾਇ ਇਕੁ ਵਰਤਿਆ।”

– ਮਲਾ ੧, ਵਾਰ ੫ : ੧ (1280)

(4) ਵਰਤਿਆ ਗਿਆ, ਵਰਤੋਂ ਵਿਚ ਆਇਆ

“ਵਰਤਣਿ ਵਰਤਿਆ ਸਰਬ ਜੰਜਾਲੁ।”

– ਮਲਾ ੧, ਵਾਰ ੨੦ ਸ, ੧, ੧ : ੩ (1287)

ਵਰਤੀ ----- (1) ਵਰਤ ਰਖਨ ਵਾਲੇ, ਨਿਸਚਿਤ ਸਮੇਂ ਲਈ ਭੁਖੇ ਰਹਿਣ ਵਾਲੇ

“ਨਿਰਹਾਰ ਵਰਤੀ ਆਪਰਸਾ।”

– ਸਿਰੀ ੫, ਅਸ ੨੭, ੫ : ੧ (71)

(2) ਵਿਚਰੀ

“ਗਿਆਨੀ ਕੀ ਹੋਇ ਵਰਤੀ ਦਾਸਿ।”

– ਆਸਾ ੫, ੧, ੪ : ੧ (370)

(3) ਭਾਵ ਫੈਲੀ, ਵਿਆਪਕ ਹੋਈ

“ਗੁਰ ਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ।”

– ਮਾਰੂ ੩, ਸੋਲਾ ੨੨, ੩ : ੩ (1066)

ਵਰਤੀਆ --- ਵਰਤਦਾ ਹੈ, ਹੁੰਦਾ ਹੈ
“ਨਾਨਕ ਜੋ ਤਿਸੁ ਭਾਵੈ ਸੋ ਵਰਤੀਆ।”
– ਗਉ ੫, ਸੁਖ ੧੬, ੭ : ੧੦ (285)

ਵਰਤੀਜਾ ---- (1) ਵਰਤਾਇਆ; ਵਿਆਪਕ ਕੀਤਾ
“ਆਪਨ ਖੇਲੁ ਆਪਿ ਵਰਤੀਜਾ।”
– ਗਉ ੫, ਸੁਖ ੨੧, ੧ : ੯ (291)
(2) ਵਿਚਰ ਰਿਹਾ, ਵਰਤੋਂ ਵਿਹਾਰ ਕਰ ਰਿਹਾ
“ਆਪੇ ਸਚੁ ਧਾਰਿਓ ਸਭੁ ਸਾਚਾ ਸਚੇ ਸਚਿ ਵਰਤੀਜਾ ਹੇ।”
– ਮਾਰੂ ੫, ਸੋਲਾ ੩, ੪ : ੩ (1073)

ਵਰਤੀਜੈ ---- ਵਿਚਰਦਾ ਹੈ, ਵਿਆਪਕ ਹੈ
“ਆਪੇ ਪੁੰਨੁ ਸਭੁ ਆਪਿ ਕਰਾਏ ਆਪਿ ਅਲਿਪਤੁ ਵਰਤੀਜੈ।”
– ਬਿਹਾ ੪, ਵਾਰ ੮ : ੪ (551)
“ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ।”
– ਮਾਰੂ ੩, ਵਾਰ ੭ : ੨ (1089)

ਵਰਤੁ ------ ਨਿਸਚਿਤ ਸਮੇਂ ਲਈ ਅੰਨ ਦਾ ਤਿਆਗ
“ਵਰਤੁ ਨੇਮੁ ਨਿਤਾ ਪ੍ਰਤਿ ਪੂਜਾ।”
– ਬਿਲਾ ੩, ਵਾ ੧, ੭ : ੫ (841)

ਵਰਤੇ ------ (1) ਵਿਚਰੇ
“ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ।”
– ਸੂਹੀ ੫, ੪੯, ੩ : ੧ (747)
(2) ਵਾਪਰੇ, ਲੰਘੇ
“ਕੇਤੇ ਜੁਗ ਵਰਤੇ ਗੁਬਾਰੈ।”
– ਮਾਰੂ ੧, ਸੋਲਾ ੭, ੧ : ੧ (1026)

ਵਰਤੈ ------ (1) ਹੁੰਦਾ ਹੈ
“ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ।”
– ਆਸਾ ੪, ਸੋਪੁ ੧, ੫ : ੩ (11)
“ਵਰਤੈ ਸਭ ਕਿਛੁ ਤੇਰਾ ਭਾਣਾ।”
– ਮਾਝ ੫, ੧੪, ੩ : ੨ (98)
“ਸਭ ਤੇਰਾ ਸਬਦੁ ਵਰਤੈ ਉਪਾਵਣਹਾਰਿਆ।” (ਚਲਦਾ ਹੈ)
– ਸੋਰ ੪, ਵਾਰ ੧ : ੪ (642)
(2) ਵਿਚਰਦਾ ਹੈ, ਵਰਤਦਾ ਹੈ
“ਹੁਕਮੁ ਚਲਾਏ ਨਿਸੰਗ ਹੋਇ ਵਰਤੈ ਅਫਰਿਆ।”
– ਸਿਰੀ ੫, ੭੨, ੩ : ੧ (42)
“ਮੋਹ ਠਗਉਲੀ ਹਉ ਮੁਈ ਸਾ ਵਰਤੈ ਸੰਸਾਰਿ।”
– ਸਿਰੀ ੧, ਅਸ ੧੩, ੧ : ੩ (61)
“ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ।” (ਚਲਦਾ ਹੈ)

– ਸਿਰੀ ੪, ਵਾਰ ੧੧ ਸ, ੩, ੧ : ੬ (86)

(3) ਵਿਚਰਦੀ ਹੈ, ਵਿਆਪਕ ਹੈ

“ਸਭ ਇਕਾ ਜੋਤਿ ਵਰਤੈ ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ।”

– ਮਾਝ ੪, ੭, ੩ : ੨ (96)

“ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ।” (ਵਿਆਪਕ ਹੈ)

– ਗਉ ੩, ਛੰਤ ੪, ੧ : ੧ (245)

“ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤਾ ਅਹੰਕਾਰਾ।” (ਭਾਵ ਮਸਤ ਹੈ, ਵਿਆਪਕ ਹੈ)

– ਵਡ ੩, ੫, ੨ : ੨ (559)

“ਵਿਚਿ ਵਰਤੈ ਨਾਨਕ ਆਪਿ ਝੂਠੁ ਕਹੁ ਕਿਆ ਗਨੀ।” (ਵਸਦਾ ਹੈ)

– ਤਿਲੰ ੪, ੧, ੨ : ੨ (723)

(4) ਵੰਡਦਾ ਹੈ

“ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ।”

– ਮਾਝ ੩, ਅਸ ੧੫, ੫ : ੩ (118)

(5) ਭਾਵ ਮਾਣਦਾ, ਵਰਤਦਾ

“ਸਤਿਗੁਰ ਨੋ ਮਿਲੈ ਸੁ ਆਪਣਾ ਮਨੁ ਥਾਇ ਰਖੈ ਓਹੁ ਆਪਿ ਵਰਤੈ ਆਪਣੀ ਵਥੁ ਨਾਲੇ।”

– ਗਉ ੪, ਵਾਰ ੧੦ ਸ, ੪, ੧ : ੬ (305)

(6) ਵਾਪਰ ਰਿਹਾ ਹੈ, ਹੋ ਰਿਹਾ ਹੈ

“ਤੂ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰਿ ਵਰਤੈ।”

– ਗਉ ੪, ਵਾਰ ੨੪ : ੧ (314)

“ਪਾਪ ਪੁੰਨ ਵਰਤੈ ਸੰਸਾਰਾ।”

– ਮਾਰੂ ੩, ਸੋਲਾ ੯, ੬ : ੧ (1052)

“ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ।” (ਵਰਤ ਸਕਦੀ ਭਾਵ ਹੋ ਸਕਦੀ ਹੈ)

– ਮਲਾ ੧, ਵਾਰ ੧੧ ਸ, ੩, ੨ : ੨ (1283)

(7) ਕਿਰਿਆਸ਼ੀਲ ਹੁੰਦਾ ਹੈ

“ਸੰਤ ਸਹਾਈ ਨਾਨਕਾ ਵਰਤੈ ਸਭ ਜਾਹਰੁ।”

– ਗਉ ੪, ਵਾਰ ੨੭ ਸ, ੫, ੧ : ੨ (315)

“ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ।” (ਕਰਦਾ ਹੈ)

– ਆਸਾ ੧, ਵਾਰ ੩ਸ, ੧, ੨ : ੯ (464)

“ਜੈਸਾ ਬਿਤੁ ਤੈਸਾ ਹੋਇ ਵਰਤੈ ਆਪਨਾ ਬਲੁ ਨਹੀ ਹਾਰੈ।” (ਕੰਮ ਕਰਦਾ ਹੈ)

– ਧਨਾ ੫, ੩੪, ੧* : ੨ (679)

“ਜੇਹਾ ਜਾਣੈ ਤੇਹੋ ਵਰਤੈ ਜੇ ਸਉ ਆਖੈ ਕੋਇ।”

– ਰਾਮ ੩, ਵਾਰ ੧੬ ਸ, ੨, ੨ : ੨ (954)

(8) ਵਿਚਰੇ, ਰਹੇ, ਟਿਕੇ

“ਤ੍ਰੈ ਗੁਣ ਮੇਟੇ ਚਉਥੈ ਵਰਤੈ ਏਹਾ ਭਗਤ ਨਿਰਾਰੀ।”

– ਰਾਮ ੧, ਅਸ ੯, ੧੬ : ੧ (908)

"ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ ਤਿਉ ਵਿਚੇ ਗਿਰਹ ਉਦਾਸੁ।"
– ਰਾਮ ੩, ਵਾਰ ੭ ਸ, ੩, ੨ : ੭ (949)

ਵਰਦਾਤਾ ---- ਵਰ ਦੇਣ ਵਾਲਾ
"ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ।"
– ਆਸਾ ੧, ੭, ੩ : ੧ (350)

ਵਰਨ ------ (1) ਜਾਤ
"ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ।"
– ਸਿਰੀ ੧, ਅਸ ੧, ੬ : ੧ (53)
"ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਏ।"
– ਸੂਹੀ ੪, ੮, ੨ : ੨ (733)
(2) ਰੰਗ
"ਵਰਨ ਰੂਪ ਵਰਤਹਿ ਸਭ ਤੇਰੇ।"
– ਮਾਝ ੩, ਅਸ ੧੯, ੧ : ੧ (120)

ਵਰਨਉ ---- ਬਿਆਨ ਕਰਦਾ ਹਾਂ
"ਹਰਿ ਬਿਅੰਤੁ ਹਉ ਮਿਤਿ ਕਰਿ ਵਰਨਉ
ਕਿਆ ਜਾਨਾ ਹੋਇ ਕੈਸੋ ਰੇ।"
– ਸੋਰ ੫, ੧੩, ੩ : ੧ (612)

ਵਰਨਾ ----- (1) ਰੰਗਾਂ
"ਵਰਨਾ ਚਿਹਨਾ ਬਾਹਰਾ ਕੀਮਤਿ ਕਹਿ ਨ ਸਕਾਉ।"
– ਸਿਰੀ ੫, ੭੭, ੪ : ੨ (44)
(2) ਜਾਤਾਂ
"ਵਰਨਾ ਵਰਨ ਨ ਭਾਵਨੀ ਜੇ ਕਿਸੈ ਵਡਾ ਕਰੇਇ।"
– ਸਿਰੀ ੧, ਅਸ ੧, ੬ : ੧ (53)
"ਚਹੁ ਵਰਨਾ ਕਉ ਦੇ ਉਪਦੇਸੁ।"
– ਗਉ ੫, ਸੁਖ ੯, ੪ : ੯ (274)

ਵਰਨਾਂ ----- ਜਾਤਾਂ
"ਪੁਰਬੀ ਨਾਵੈ ਵਰਨਾਂ ਕੀ ਦਾਤਿ।"
– ਬਸੰ ੧, ੩, ੨ : ੩ (1169)

ਵਰਨਿ ----- ਬਿਆਨ ਕਰਨਾ, ਕਥਨ ਕਰਨਾ
"ਐਸੋ ਸਮਰਥੁ ਵਰਨਿ ਨ ਸਾਕਉ ਤਾ ਕੀ ਉਪਮਾ ਜਾਤ ਨ ਕਹਿਓ ਰੀ।"
– ਆਸਾ ੫, ੫੧, ੨ : ੨ (384)

ਵਰਨਿਅਉ -- ਬਿਆਨ ਕੀਤਾ
"ਇਕਹੁ ਜਿ ਲਾਖੁ ਲਖਹੁ ਅਲਖੁ ਹੈ ਇਕੁ ਇਕੁ ਕਰਿ ਵਰਨਿਅਉ।"
– ਸਵ ੩, ੧੨ : ੫ (1394)

ਵਰੰਨਿਆ --- ਵਰਣਨ ਕੀਤਾ, ਬਿਆਨਿਆ
"ਆਪਣਾ ਕੀਤਾ ਆਪਿ ਆਪਿ ਵਰੰਨਿਆ।"

– ਰਾਮ ੫, ਵਾਰ ੨੦ : ੪ (965)

ਵਰਨੀ ----- ਬਿਆਨ ਕਰਾਂ, ਵਰਣਨ ਕਰਾਂ
"ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ।"
– ਜਪੁ ੧, ੨੧ : ੧੫ (4)

ਵਰਨੀਐ ---- ਬਿਆਨ ਕਰੀਏ, ਆਖੀਐ
"ਤਿਸ ਕੀ ਮਹਿਮਾ ਕਿਆ ਵਰਨੀਐ ਜਿਸ ਕੈ ਹਿਰਦੈ ਵਸਿਆ ਹਰਿ ਪੁਰਖੁ ਭਗਵਾਨੁ।"
– ਸੂਹੀ ੪, ੧੧, ੧ : ੨ (734)

ਵਰਨੁ ------ ਰੰਗ
"ਤਿਸੁ ਰੂਪੁ ਨ ਰੇਖਿਆ ਵਰਨੁ ਨ ਕੋਈ ਗੁਰਮਤੀ ਆਪਿ ਬੁਝਾਵਣਿਆ।"
– ਮਾਝ ੩, ਅਸ ੨੯, ੧* : ੨ (120)

ਵਰਫ ------ (ਫਾ. ਬਰਫ਼) ਬਰਫ਼, ਕਕਰ, ਜੰਮਿਆ ਹੋਇਆ ਪਾਣੀ
"ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ।"
– ਸੂਹੀ ੪, ਅਸ ੧, ੨੭ : ੨ (758)

ਵਰਭੰਡ ----- ਬ੍ਰਹਮੰਡ
"ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ।"
– ਬਿਹਾ ੪, ਵਾਰ ੯ : ੧ (552)

ਵਰਭੰਡਾ ---- ਬ੍ਰਹਮੰਡ
"ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ।"
– ਜਪੁ ੧, ੨੭ : ੧੪ (6)

ਵਰਭੰਡਾਂਹ --- ਬ੍ਰਹਿਮੰਡਾਂ ਦਾ
"ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ।"
– ਆਸਾ ੧, ਵਾਰ ੮ ਸ, ੧, ੧ : ੨ (467)

ਵਰਭੰਡਿ ---- ਬ੍ਰਹਿਮੰਡ ਵਿਚ
"ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲਾਇਆ।"
– ਸਿਰੀ ੪, ਛੰਤ ੧, ੪ : ੪ (79)

ਵਰਭੰਡੀ ---- ਬ੍ਰਹਿਮੰਡ ਵਿਚ
"ਤੁਧੁ ਜੇਵਡ ਦਾਤਾਰ ਮੈ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ।"
– ਬਿਹਾ ੪, ਵਾਰ ੩ : ੫ (549)

ਵਰਮੀ ----- ਸਿਉਂਕ ਦਾ ਬਣਾਇਆ ਮਿਟੀ ਦਾ ਢੇਰ, ਸਪ ਦੀ ਖੁੱਡ
"ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ।"
– ਆਸਾ ੫, ੪੨, ੧* : ੨ (381)

ਵਰਾ ------ ਸ੍ਰੇਸ਼ਟ, ਉਤਮ
"ਸਿਮਰਹਿ ਨਖੵਤ੍ਰ ਅਵਰ ਧ੍ਰੂ ਮੰਡਲ ਨਾਰਦਾਦਿ ਪ੍ਰਹਲਾਦਿ ਵਰਾ।"

– ਸਵ ੩, ੨ : ੨ (1393)

ਵਰਾਹੁ ----- ਵਰ੍ਹਨ ਵਾਲਾ, ਵਸਨ ਵਾਲਾ, ਅਰਥਾਤ ਬਦਲ
"ਸਾਗਰ ਲਹਰਿ ਸਮੁੰਦਸਰ ਵੇਲਿ ਵਰਸ ਵਰਾਹੁ।"
– ਸੂਹੀ ੩, ਵਾਰ ੧੦ਸ, ੧, ੧ : ੨ (788)

ਵਰੀ ------ ਵਰਿਆ ਅਰਥਾਤ ਵਿਆਹਿਆ ਜਾਣਾ ਹੈ, ਵਿਆਹੀ ਗਈ
"ਜਿਤੁ ਦਿਹਾੜੇ ਧਨ ਵਰੀ ਸਾਹੇ ਲਏ ਲਿਖਾਇ।"
– ਸਲੋ ਫਰ, ੧ : ੧ (1377)

ਵਰੀਆ ---- ਵਾਰੀ, ਦਫਾ
"ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ।"
– ਮਾਝ ੫, ੧੯, ੧ : ੩ (99)

ਵਰੀਆਮ --- ਬਹਾਦਰ, ਜੋਧਾ, ਸੂਰਮਾ
"ਸੂਰਬੀਰ ਵਰੀਆਮ ਕਿਨੈ ਨ ਹੋੜੀਐ।"
– ਗੂਜ ੫, ਵਾਰ ੧੫ : ੧ (522)

ਵਰੀਆਮੁ --- ਸੂਰਮਾ, ਬਹਾਦਰ
"ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ।"
– ਵਡ ੩, ਛੰਤ ੪, ੪ : ੩ (570)

ਵਰੁ ------- (1) ਪਤੀ
"ਜੇ ਲੋੜਹਿ ਵਰੁ ਕਾਮਣੀ ਨਹ ਮਿਲੀਐ ਪਿਰ ਕੂਰਿ।"
– ਸਿਰੀ ੧, ੯, ੧ : ੨ (17)

(2) ਮੰਗ, ਬਖਸ਼ੀਸ਼, ਦਾਤ
"ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ।"
– ਸਿਰੀ ੩, ੩੪, ੧ : ੩ (26)

(3) ਅਸੀਸ
"ਏਹੋ ਵਰੁ ਏਹਾ ਵਡਿਆਈ ਇਹੁ ਧਨੁ ਹੋਇ ਵਡਭਾਗਾ ਰਾਮ।"
– ਸੂਹੀ ੫, ਛੰਤ ੬, ੪ : ੧ (781)

ਵਰੋ ------- ਸ੍ਰੇਸ਼ਟ, ਉਤਮ
"ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ।"
– ਸਵ ੧, ੪ : ੧ (1389)

ਵਰ੍ਹਿਉ ------ ਵਰ ਪਾਇਆ (ਦਿਤਾ), ਵਰ ਬਖਸ਼ਿਆ
"ਗੁਰਿ ਨਾਨਕਿ ਅੰਗਦੁ ਵਰ੍ਹਿਉ ਗੁਰਿ ਅੰਗਦਿ ਅਮਰ ਨਿਧਾਨੁ।"
– ਸਵ ੫, ਕਲ ੪ : ੩ (1407)

ਵਰ੍ਹਿਆ ---- ਸਾਲਾਂ, ਵਰਸ਼ਾਂ
"ਭੀ ਉਠਿ ਰਚਿਓਨੁ ਵਾਦੁ ਸੈ ਵਰ੍ਹਿਆ ਕੀ ਪਿੜ ਬਧੀ।"
– ਮਾਝ ੧, ਵਾਰ ੧੭ਸ, ੧, ੧ : ੮ (146)

ਵਰ੍ਹਿਆ ---- ਸਾਲ

“ਜੇ ਸਉ ਵਰ੍ਹਿਆ ਜੀਵਣ ਖਾਣੁ।”
– ਆਸਾ ੧, ੪, ੨ : ੩ (350)

ਵਰ੍ਹਿਐ ----- ਵਸਦਾ ਹੈ, ਵਰ੍ਹਦਾ ਹੈ
“ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ।”
– ਰਾਮ ਬਸ, ਵਾਰ ੫ : ੪ (967)

ਵਰ੍ਹੇ ------- ਸਾਲ
“ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ।”
– ਮਾਰੂ ੩, ਸੋਲਾ ੨੨, ੨ : ੩ (1066)

ਵਲਵੰਚ ---- ਵਲ ਛਲ, ਹੇਰ ਫੇਰ, ਠੱਗੀ ਧੋਖਾ
“ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ।”
– ਆਸਾ ੫, ਛੰਤ ੧੩, ੨ : ੧ (461)

ਵਲਾਇ ----- ਵਲ ਲੈ
“ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ।”(ਭਾਵ ਗਲਵਕੜੀ ਪਾ ਲੈ)
– ਸਿਰੀ ਤ੍ਰਿਲੋ, ੨, ੧* : ੪ (92)

ਵਲਾਈਂ ---- ਬਿਤਾਵਾਂ, ਲੰਘਾਵਾਂ, ਗੁਜ਼ਾਰਾਂ
“ਤਉ ਪ੍ਰਸਾਦਿ ਪ੍ਰਭ ਸੁਖੀ ਵਲਾਈਂ।”
– ਆਸਾ ੫, ੬੦, ੨ : ੨ (386)

ਵਲਾਏ ----- ਬਿਤਾਏ, ਲੰਘਾਵੇ
“ਆਸਾ ਮਾਹਿ ਨਿਰਾਸੁ ਵਲਾਏ।”
– ਰਾਮ ੧, ੫, ੩ : ੩ (877)

ਵਲਿ ------ (1) ਪੱਖ ਵਿਚ, ਸਹਾਇਤਾ ਤੇ, ਤਰਫ
“ਜਾ ਕਰਤਾ ਵਲਿ ਤਾ ਸਭੁ ਕੋ ਵਲਿ ਸਭਿ ਦਰਸਨੁ ਦੇਖਿ ਕਰਹਿ ਸਾਬਾਸਿ।”
– ਗਉ ੪, ਵਾਰ ੧੦ਸ, ੪, ੨ : ੩ (305)
“ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ।”
– ਗੂਜ ੫, ਵਾਰ ੪ : ੭ (519)
(2) ਮੁੜ, ਫੇਰ, ਬਹੁੜ
“ਸਰਪ ਜੋਨਿ ਵਲਿ ਵਲਿ ਅਉਤਰੈ।”
– ਗੂਜ ਤ੍ਰਿਲੋ, ੨, ੧ : ੨ (526)

ਵਲੀ ------ (ਫਾ. ਵਲੀ) ਮਾਲਕ, ਸੁਆਮੀ
“ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ।”
– ਤਿਲੰ ੫, ੧, ੩ : ੧ (723)

ਵਲੁ ------- ਧਕਾ, ਸੀਨਾਜੋਰੀ, ਫਰੇਬ
“ਇਕਿ ਵਲੁ ਛਲੁ ਕਰਿ ਕੈ ਖਾਵਦੇ ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ।”
– ਸਿਰੀ ੪, ਵਾਰ ੮ : ੨ (85)
“ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ।”

– ਗਉ ੪, ਵਾਰ ੨੬ : ੩ (314)

ਵਲੇਵਾ ------ ਵਰਤੋਂ, ਵਿਹਾਰ

"ਇਹੁ ਵਲੇਵਾ ਸਾਕਤ ਸੰਸਾਰ।"

– ਗਉ ੫, ੮੨, ੨ : ੪ (180)

ਵਵਾ ------- 'ਵ', ਗੁਰਮੁਖੀ ਲਿਪੀ ਦਾ 34ਵਾਂ ਅਖਰ

"ਵਵਾ ਵੈਰੁ ਨ ਕਰੀਐ ਕਾਹੂ।"

– ਗਉ ੫, ਬਾਅ ੪੬ : ੧ (259)

ਵਵੈ -------- 'ਵ' ਦੁਆਰਾ

"ਵਵੈ ਵਾਸੁ ਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ।"

– ਆਸਾ ੧, ਪਟੀ ੩੨ : ੧ (434)

ਵੜੀਐ ------ ਵਡਿਆਈਐ, ਤੁਲਨਾ ਦੇਈਏ

"ਤੂ ਕਰਤਾ ਪੁਰਖੁ ਅਗੰਮੁ ਹੈ ਕਿਸੁ ਨਾਲਿ ਤੂ ਵੜੀਐ।"

– ਗਉ ੪, ਵਾਰ ੩ : ੧ (301)

ਵਾ -------- ਉਹ; ਉਸ

"ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ।" (ਉਹ)

– ਗਉ ਕਬ, ਬਾਅ ੩੮ : ੧ (342)

"ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ।" (ਉਸ ਦੇ)

– ਗੂਜ ਤ੍ਰਿਲੋ, ੨, ੫ : ੨ (526)

"ਵਾ ਕੇ ਗਲੇ ਜਮ ਕਾ ਹੈ ਫਾਂਸ।" (ਉਸ)

– ਭੈਰ ਨਾਮੁ, ੮, ੩ : ੪ (1165)

"ਚਿਤਵਉ ਵਾ ਅਉਸਰ ਮਨ ਮਾਹਿ।"

– ਸਾਰ ੫, ੯੫, ੧* : ੧ (1222)

ਵਾਉ ------- (1) ਪਉਣ ਵਤ, ਵਿਅਰਥ, ਫਜ਼ੂਲ

"ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।"

– ਸਿਰੀ ੧, ੧, ੪ : ੨ (14)

"ਨਾਨਕ ਮਨਮੁਖਿ ਬੋਲਣੁ ਵਾਉ।" (ਫਜ਼ੂਲ)

– ਗਉ ੧, ੧, ੩ : ੩ (151)

(2) ਹਵਾ

"ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ।"

– ਸਿਰੀ ੫, ੨੬, ੧ : ੪ (70)

"ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ।"

– ਮਾਝ ੧, ਵਾਰ ੯ਸ, ੧, ੪ : ੧ (142)

"ਭੈ ਵਿਚਿ ਪਵਣੁ ਵਹੈ ਸਦ ਵਾਉ।" (ਹਵਾ ਦੇ ਬੁਲ੍ਹੇ)

– ਆਸਾ ੧, ਵਾਰ ੪ਸ, ੧, ੧ : ੧ (464)

"ਅਨਲ ਵਾਉ ਭਰਮਿ ਭੁਲਾਈ।" (ਵਾਸ਼ਨਾ ਰੂਪੀ ਪਵਨ)

– ਮਾਰੂ ੩, ਸੋਲਾ ੫, ੧੪ : ੧ (1048)

"ਨਾਨਕ ਬੈਠਾ ਭਖੈ ਵਾਉ ਲੰਮੇ ਸੇਵਹਿ ਦਰ ਖੜਾ।" (ਭਾਵ ਕੰਸੋਆਂ ਲੈਂਦਾ ਹੈ)

– ਮਾਰੂ ੫, ਵਾਰ ੪ਸ, ੫, ੨ : ੧ (1095)

ਵਾਉਦੁਆਉ -- ਐਵੇਂ ਕਿਵੇਂ ਦੀਆਂ, ਫਜ਼ੂਲ, ਰੋਲ ਘਚੋਲਾ
"ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉਦੁਆਉ।"
– ਸਿਰੀ ੧, ੬, ੨ : ੩ (16)
"ਅੰਧਾ ਅਖਰੁ ਵਾਉਦੁਆਉ।"
– ਗਉ ੧, ੧, ੩ : ੪ (151)

ਵਾਊ ------ ਹਵਾ ਦੇ ਅਰਥਾਤ ਹਵਾ ਵਰਗੇ ਕੋਮਲ
"ਵਾਊ ਸੰਦੇ ਕਪੜੇ ਪਹਿਰਹਿ ਗਰਬਿ ਗਵਾਰ।"
– ਗਉ ੫, ਵਾਰ ੨ਸ, ੫, ੨ : ੧ (318)

ਵਾਇ ------ (1) ਵਜਾ ਕੇ
"ਜਿਸ ਨੋ ਵਾਇ ਸੁਣਾਇਐ ਸੋ ਕੇਵਡੁ ਕਿਤੁ ਥਾਇ।"
– ਸਿਰੀ ੧, ਅਸ ੧, ੧ : ੨ (53)
(2) ਹਵਾ
"ਅਪੁ ਤੇਜੁ ਵਾਇ ਪ੍ਰਿਥਮੀ ਆਕਾਸਾ।"
– ਮਾਰੂ ੧, ਸੋਲਾ ੧੧, ੬ : ੧ (1031)

ਵਾਇਆ ---- ਵਜਾਇਆ
"ਪੰਚ ਸਬਦ ਮਿਲਿ ਵਾਜਾ ਵਾਇਆ।"
– ਮਾਰੂ ੩, ਸੋਲਾ ੧੪, ੭ : ੨ (1057)

ਵਾਇਸੀ ---- ਵਜਾਵੇਗਾ
"ਚਲਿਆ ਪਤਿ ਸਿਉ ਜਨਮੁ ਸਵਾਰਿ ਵਾਜਾ ਵਾਇਸੀ।"
– ਸੂਹੀ ੧, ੬, ੧ : ੯ (730)

ਵਾਇਦਾ ---- ਵਜਾਉਂਦਾ ਹੈ
"ਅਨਹਦ ਰੁਣ ਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ।"
– ਮਾਰੂ ੧, ਸੋਲਾ ੧੩, ੯ : ੩ (1034)

ਵਾਇਨਿ ---- ਵਜਾਉਂਦੇ ਹਨ (ਵਾਜੇ)
"ਵਾਇਨਿ ਚੇਲੇ ਨਚਨਿ ਗੁਰ।"
– ਆਸਾ ੧, ਵਾਰ ੫ਸ, ੧, ੨ : ੧ (465)

ਵਾਈ ------ (1) ਵਜਾ ਦਿਤੀ
"ਮੋਹਿ ਗਇਆ ਬੈਰਾਗੀ ਜੋਗੀ ਘਟਿ ਘਟਿ ਕਿੰਗੁਰੀ ਵਾਈ।"
– ਰਾਮ ੧, ਅਸ ੮, ੯ : ੧ (907)
(2) ਹਵਾ
"ਤ੍ਰੈਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨ ਅਧਾਰੋ।"
– ਰਾਮ ੧, ਸਿਗੋ ੫੮ : ੨ (944)
(3) (ਅ. ਵਾਈ) ਵਾਇਦਾ ਕਰਨ ਵਾਲਾ, ਜ਼ਿਮੇਦਾਰ ਹੋਣਾ, ਜ਼ਮਾਨਤ ਦੇਣ ਵਾਲਾ, ਰਖਿਅਕ (ਕੋਸ਼, ਮਹਾਨਕੋਸ਼, ਸ਼ਬਦਾਰਥ)
"ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।"

– ਮਾਰੂ ੫, ੩੨, ੧ : ੧ (1008)
(‘ਦਰਪਣ’ ਅਰਥ ‘ਦਵਾਈ’ ਕਰਦਾ ਹੈ)

ਵਾਈਐ ---- ਵਜਾਣ ਨਾਲ
“ਜੋਗੁ ਨ ਮੁੰਦੀ ਮੁੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ।”
– ਸੂਹੀ ੧, ੮, ੧ : ੨ (730)

ਵਾਸ ------ ਨਿਵਾਸ, ਵਾਸਾ
“ਪ੍ਰਥਮੇ ਗਰਭ ਵਾਸ ਤੇ ਟਰਿਆ।”
– ਗਉ ੫, ਅਸ ੪, ੧ : ੧ (237)

ਵਾਸਹਿ ----- (1) ਵਸਨ, ਨਿਵਾਸ ਕਰਨ
“ਚਰਨ ਤੁਮ੍ਹਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ।”
– ਧਨਾ ੫, ੪੯, ੧ : ੧ (682)
(2) ਵਸਦੇ ਹਨ
“ਤਾ ਮਹਿ ਵਾਸਹਿ ਭਗਤ ਪਿਆਰੇ।”
– ਸੂਹੀ ੫, ੧੨, ੧ : ੨ (734)

ਵਾਸਨਾ ----- ਖੁਸ਼ਬੂ, ਸੁਗੰਧੀ
“ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ।”
– ਮਾਝ ੩, ਅਸ ੧੫, ੫ : ੩ (118)

ਵਾਸਾ ------ ਨਿਵਾਸ, ਰਹਿਣਾ, ਵਾਸ
“ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ।”
– ਧਨਾ ੧, ਸੋਹ ੩, ੪ : ੨ (13)

ਵਾਸਾਈਐ --- ਵਸਾਈਏ, ਵਾਸ ਕਰਾਈਏ
“ਮਨਿ ਵਾਸਾਈਐ ਸਾਚਾ ਸੋਈ।”
– ਆਸਾ ੫, ੯੯, ੨ : ੪ (395)

ਵਾਸਿ ------ (1) ਵਸ ਵਿਚ
“ਜਨਮੁ ਜਰਾ ਮਿਰਤੁ ਜਿਸੁ ਵਾਸਿ।”
– ਗਉ ੫, ੧੫੬, ੩ : ੧ (197)
“ਦਸ ਇੰਦ੍ਰੀ ਕਰਿ ਰਾਖੈ ਵਾਸਿ।”
– ਗਉ ੫, ਅਸ ੩, ੧ : ੩ (236)

ਵਾਸਿਆ ---- ਵਸਿਆ, ਨਿਵਾਸ ਕੀਤਾ
“ਨਾਨਕ ਹਰਿ ਭਜੁ ਸਦਾ ਦਿਨੁ ਰਾਤੀ ਗੁਰਮੁਖਿ ਨਿਜ ਘਰਿ ਵਾਸਿਆ।”
– ਆਸਾ ੪, ਛੰਤ ੯, ੬ : ੬ (444)
“ਬਾਬਾ ਐਸਾ ਬਿਖਮ ਜਾਲਿ ਮਨੁ ਵਾਸਿਆ।” (ਮਨ ਐਸੇ ਕਠਿਨ ਜਾਲ ਵਿਚ ਫਸਿਆ ਹੈ)
– ਪ੍ਰਭਾ ੧, ੧੩, ੧* : ੧ (1331)

ਵਾਸੀ ------ (1) ਨਿਵਾਸ ਕਰਨ ਵਾਲੇ, ਨਿਵਾਸੀ

“ਕਈ ਕੋਟਿ ਪਾਤਾਲ ਕੇ ਵਾਸੀ।”
– ਗਉ ੫, ਸੁਖ ੧੦, ੫ : ੧ (276)
(2) ਵਸ ਵਿਚ
“ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ।”
– ਮਾਰੂ ੫, ਵਾਰ ੧੮ : ੫ (1100)

ਵਾਸੀਐ ---- ਵਸਦਾ ਹੈ, ਨਿਵਾਸ ਕਰਦਾ ਹੈ
“ਬਲਿਹਾਰੀ ਤਿਸੁ ਸੰਤ ਪਿਆਰੇ ਜਿਸੁ ਪ੍ਰਸਾਦਿ ਪ੍ਰਭੁ ਮਨਿ ਵਾਸੀਐ।”
– ਆਸਾ ੫, ੯੯, ੧* : ੨ (395)

ਵਾਸੁ ------ (1) ਸੁਗੰਧੀ, ਵਾਸਨਾ, ਖੁਸ਼ਬੂ
“ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ।”
– ਸਿਰੀ ੧, ੪, ੨ : ੧ (15)
“ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।”
– ਸੂਹੀ ੧, ਛੰਤ ੪, ੩ : ੧ (765)
(2) ਵਾਸਾ
“ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ।”
– ਸਿਰੀ ੧, ੧੨, ੪ : ੧ (18)
“ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ।”
– ਸਿਰੀ ੧, ਅਸ ੬, ੧ : ੧ (56)
“ਘਰ ਕੀ ਨਾਇਕਿ ਘਰ ਵਾਸੁ ਨ ਦੇਵੈ।” (ਟਿਕਾਣਾ, ਭਾਵ ਵੜਨ ਨਹੀਂ ਦਿੰਦੀ)
– ਆਸਾ ੫, ੪, ੧* : ੧ (371)
“ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ।” (ਵਿਸੇਬਾ)
– ਰਾਮ ੩, ਵਾਰ ੭ਸ, ੩, ੨ : ੪ (949)

ਵਾਸੁਦੇਉ ---- ਜਿਸ ਵਿਚ ਸਭ ਦਾ ਵਾਸਾ ਹੈ ਤੇ ਜੋ ਸਭ ਵਿਚ ਹੈ, ਵਿਆਪਕ
“ਵਵੈ ਵਾਸੁਦੇਉ ਪਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ।”
– ਆਸਾ ੧, ਪਟੀ ੩੨ : ੧ (434)

ਵਾਸੁਦੇਵ ---- ਵਿਆਪਕ, ਜਿਸਦਾ ਸਭ ਵਿਚ ਵਾਸਾ ਹੈ ਤੇ ਜਿਸ ਵਿਚ ਸਭ ਹਨ
“ਵਾਸਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ।”
– ਗਉ ੫, ਬਾਅ ੪੬ਸ : ੧ (259)

ਵਾਸੁਲਾ ----- ਸੁਗੰਧ ਵਾਲਾ ਬਰਤਨ (ਡਬਾ)
“ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।”
– ਸੂਹੀ ੧, ਛੰਤ ੪, ੩ : ੧ (765)

ਵਾਸੂ ------ ਖੁਸ਼ਬੂ ਤੋਂ, ਸੁਗੰਧੀ ਤੋਂ
“ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ।”
– ਮਾਝ ੩, ਅਸ ੧੫, ੫ : ੩ (118)

ਵਾਸੇ ------ ਵਸਿਆ
“ਏਉ ਜੀਅ ਬਹੁਤੁ ਗ੍ਰਭ ਵਾਸੇ।”

– ਗਉ ੫, ਬਾਅ ੭ : ੧ (251)
"ਭੀਤਰਿ ਪੰਚ ਗੁਪਤ ਮਨਿ ਵਾਸੇ।" (ਵਸੇ ਭਾਵ ਲੁਕੇ ਰਹਿੰਦੇ ਹਨ)
– ਆਸਾ ੧, ੩੪, ੧ : ੧ (359)

ਵਾਸੇਰਾ ----- ਵਾਸਾ, ਨਿਵਾਸ
"ਜੀਅ ਜੰਤ ਸਭਿ ਮਾਸਹੁ ਹੋਏ ਜੀਇ ਲਇਆ ਵਾਸੇਰਾ।"
–ਮਲਾ ੧, ਵਾਰ ੨੫ਸ, ੧, ੨ : ੧੩ (1290)

ਵਾਸੈ ------ ਵਸੇ, ਨਿਵਾਸ ਕਰੇ
"ਮੇਰੈ ਮਨਿ ਤਨਿ ਵਾਸੈ ਨਾਮੁ ਹਰਿ।"
– ਗਉ ੫, ੧੪੫, ੪ : ੨ (211)
"ਜੋਗੀ ਜੁਗਤਿ ਸਹਜ ਘਰਿ ਵਾਸੈ।" (ਰਹਿੰਦਾ ਹੈ)
– ਰਾਮ ੧, ੧੧, ੧* : ੧ (879)

ਵਾਸੋ ------ ਵਾਸ ਹੈ, ਨਿਵਾਸ ਹੈ
"ਵਡਭਾਗੀ ਸੇ ਕਾਢੀਅਹਿ ਪਿਆਰੇ ਸੰਤ ਸੰਗਤਿ ਜਿਨਾ ਵਾਸੋ।"
– ਬਿਲਾ ੫, ੪, ੩ : ੧ (802)

ਵਾਹ ------ (1) ਪ੍ਰਵਾਹ, ਨਾਲੇ
"ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ।"
– ਜਪੁ ੧, ੨੩ : ੨ (5)
(2) ਧੰਨ ਹੈਂ
"ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹ ਗੁਰੂ ਤੇਰਾ ਸਭੁ ਸਦਕਾ।"
– ਸਵ ੪, ਗਯੰ ੧੧ : ੧ (1403)

ਵਾਹਗੁਰੂ ---- ਪ੍ਰਭੂ, ਪ੍ਰਮਾਤਮਾ, ਧੰਨਾਤਾਯੋਗ ਕਰਤਾਰ
"ਕੀਆ ਖੇਲੁ ਬਡ ਮੇਲੁ ਤਮਾਸਾ ਵਾਹਗੁਰੂ ਤੇਰੀ ਸਭ ਰਚਨਾ।"
– ਸਵ ੪, ਗਯੰ ੧੩ : ੫ (1404)
ਵਾਹੜਾ – ਪ੍ਰਵਾਹ, ਨਾਲਾ
"ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ।"
– ਸਲੋ ਫਰ, ੧੧੭ : ੨ (1384)

ਵਾਹਿ ------ ਵਾਹ, ਧੰਨ ਹੈਂ!
"ਵਾਹਿ ਗੁਰੂ ਵਾਹਿ ਗੁਰੂ ਵਾਹਿ ਗੁਰੂ ਵਾਹਿ ਜੀਉ।"
– ਸਵ ੪, ਗਯੰ ੬ : ੧ (1402)
ਵਾਹਿਆ – ਜੋਰ ਲਾਇਆ
"ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ ਇਨ੍ ਕਾ ਵਾਹਿਆ ਕਛੁ ਨ ਵਸਾਈ।"
– ਗੋਂਡ ੪, ੧, ੨ : ੨ (859)

ਵਾਹੀ ------ ਉਸੇ (ਹਰੀ) ਨੂੰ
"ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ।"
– ਗਉ ਕਬ, ਬਾਅ ੩੮ : ੧ (342)

ਵਾਹੁ ------ (1) ਧਨ ਹੈ, ਧੰਨਤਾ ਹੈ
"ਸਤਿਗੁਰ ਸਚੇ ਵਾਹੁ ਸਚੁ ਸਮਾਲਿਆ।"
– ਮਾਝ ੧, ਵਾਰ ੨੪ : ੪ (149)
"ਤਿਸੁ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ।" (ਭਾਵ ਕੁਰਬਾਨ ਜਾਈਏ)
– ਗਉ ੧, ਅਸ ੧੨, ੬ : ੧ (226)
(2) ਵਾਹਿਗੁਰੂ, ਪ੍ਰਭੂ, ਪ੍ਰਮਾਤਮਾ
"ਵਾਹੁ ਵਾਹੁ ਸਾਚੇ ਮੈ ਤੇਰੀ ਟੇਕ।"
– ਗਉ ੧, ੭, ੧* : ੧ (153)
"ਵਾਹੁ ਵਾਹੁ ਬੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ।"
– ਗੂਜ ੩, ਵਾਰ ੧੮ਸ, ੩, ੧ : ੩ (515)
(3) ਵਾਹਿਗੁਰੂ ਦਾ ਸੰਖੇਪ
"ਵਾਹੁ ਵਾਹੁ ਕਰਤੀ ਰਸਨਾ ਸਬਦਿ ਸੁਹਾਈ।"
– ਗੂਜ ੩, ਵਾਰ ੧੪ਸ, ੩, ੨ : ੧ (514)
"ਵਡਭਾਗੀਆ ਵਾਹੁ ਵਾਹੁ ਮੁਹਹੁ ਕਢਾਈ।"
– ਗੂਜ ੩, ਵਾਰ ੧੪ਸ, ੩, ੨ : ੧ (514)

ਵਾਹੂ ------ ਉਸੇ ਨਾਲ
"ਛੋਡਿ ਜਾਹਿ ਵਾਹੂ ਚਿਤੁ ਲਾਇਓ।"
– ਟੋਡੀ ੫, ੧੬, ੨ : ੨ (715)

ਵਾਹੇ ------ ਵਾਹੁੰਦਾ ਹੈ
"ਕੋਈ ਵਾਹੇ ਕੋ ਲੁਣੈ ਕੋ ਪਾਏ ਖਲਿਹਾਨਿ।"
– ਬਿਲਾ ੪, ਵਾਰ ੧੧ਸ, ੧, ੧ : ੧ (854)

ਵਾਹੇਦੜੁ ---- (ਤੀਰ) ਵਾਹਣ (ਚਲਾਣ) ਵਾਲਾ
"ਅਗੈ ਓਹੁ ਅਗੰਮੁ ਹੈ ਵਾਹੇਦੜੁ ਜਾਣੁ।"
– ਮਾਝ ੧, ਵਾਰ ੨੨ਸ, ੨, ੨ : ੭ (148)

ਵਾਹੈ ------ (1) ਲਈ, ਵਾਸਤੇ
"ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਣ ਵਾਹੈ ਤਈ ਕੀਆ।"
– ਆਸਾ ੧, ਪਟੀ ੭ : ੨ (432)
(2) ਓਹਨਾਂ ਨੇ
"ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ।"
– ਤਿਲੰ ੧, ੪, ੩ : ੧ (722)

ਵਾਕਿ ------ ਵਾਕ (ਸ਼ਬਦ) ਦੁਆਰਾ, ਬਚਨ ਦੁਆਰਾ
"ਹਰਿ ਜੀਉ ਸਬਦਿ ਪਛਾਣੀਐ ਸਾਚਿ ਰਤੇ ਗੁਰ ਵਾਕਿ।"
– ਸਿਰੀ ੧, ਅਸ ੩, ੫ : ੧ (55)
"ਸਤਿਗੁਰ ਵਾਕਿ ਹਿਰਦੈ ਹਰਿ ਨਿਰਮਲੁ ਨ ਜਮ ਕਾਣਿ ਨ ਜਮ ਕੀ ਬਾਕੀ।"
– ਗੂਜ ੧, ਅਸ ੪, ੧* : ੨ (505)
"ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਿਆ ਨ ਜਾਈ।" (ਵਾਕ ਦੁਆਰਾ, ਗਲ ਬਾਤ ਨਾਲ)

– ਸੂਹੀ ੪, ੧੦, ੨ : ੨ (734)
(ਦਰਪਣ ਅਰਥ ‘ਸਿਖਿਆ ਨਾਲ’ ਅਤੇ ਮਹਾਨਕੋਸ਼ ‘ਵਾਂਗ, ਸਮਾਨ, ਨਿਆਈਂ’ ਕਰਦੇ ਹਨ)

ਵਾਕੁ ------ ਬਚਨ, ਬੋਲ
“ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ।”
– ਬਿਲਾ ੫, ੧੦੪, ੨ : ੨ (825)

ਵਾਖਰੁ ----- ਵਖਰ, ਸੌਦਾ
“ਜਨ ਨਾਨਕ ਕਉ ਦਇਆ ਪ੍ਰਭ ਧਾਰਹੁ ਲਦਿ ਵਾਖਰੁ ਹਰਿ ਹਰਿ ਲੇਨ।”
– ਕਾਨ ੪, ੨, ੪ : ੨ (1295)

ਵਾਖਿ ------ ਵੱਖ, ਜੁਦਾ, ਅਡਰਾ
“ਸਸੂ ਤੇ ਪਿਰਿ ਕੀਨੀ ਵਾਖਿ।”
– ਆਸਾ ੫, ੨, ੧ : ੧ (370)

ਵਾਗਿ ------ ਵਾਂਗੂੰ, ਨਿਆਈਂ
“ਪਾਲੇ ਬਾਲਕ ਵਾਗਿ ਦੇ ਕੈ ਆਪਿ ਕਰ।”
– ਰਾਮ ੫, ਵਾਰ ੨ : ੪ (957)

ਵਾਗੀ ------ ਵਾਂਗ, ਨਿਆਈਂ
“ਜਿਸਹਿ ਬੁਝਾਏ ਸੋਈ ਬੂਝੈ ਓਹੁ ਬਾਲਕ ਵਾਗੀ ਪਾਲੀਐ।”
– ਮਾਰੂ ੫, ਅਸ ੭, ੫ : ੩ (1019)

ਵਾਂਗੀ ------ ਵਾਂਗ
“ਬਾਰਿਕ ਵਾਂਗੀ ਹਉ ਸਭ ਕਿਛੁ ਮੰਗਾ।”
– ਮਾਝ ੫, ੧੫, ੩ : ੧ (99)

ਵਾਂਗੂ ------ ਵਾਂਗ, ਦੀ ਨਿਆਈਂ
“ਗਰਧਪ ਵਾਂਗੂ ਲਾਹੇ ਪੇਟਿ।”
– ਗਉ ੫, ੧੦੭*, ੧ : ੨ (201)

ਵਾਚਹਿ ----- ਪੜਦੇ ਹਨ
“ਪੰਡਿਤ ਵਾਚਹਿ ਪੋਥੀਆਂ ਨਾ ਬੂਝਹਿ ਵੀਚਾਰੁ।”
– ਸਿਰੀ ੧, ਅਸ ੫, ੬ : ੧ (56)

ਵਾਚਣੀ ----- ਪੜਨੀ
“ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ।”
– ਮਾਰੂ ੩, ਵਾਰ ੨੨ਸ, ੩, ੨ : ੧ (1093)

ਵਾਚਾਈ ---- ਪੜੀ
“ਪਤੀ ਵਾਚਾਈ ਮਨਿ ਵਜੀ ਵਧਾਈ ਜਬ ਸਾਜਨ ਸੁਣੇ ਘਰਿ ਆਏ।”
– ਸੂਹੀ ੪, ਛੰਤ ੧, ੪ : ੩ (773)

ਵਾਚਾਈਆ -- ਵਾਚੀ ਹੈ, ਪੜ ਕੇ ਦੇਖੀ ਹੈ

"ਪੰਡਿਤ ਪਾਧੇ ਆਨਿ ਪਤੀ ਬਹਿ ਵਾਚਾਈਆ ਬਲਿਰਾਮ ਜੀਉ।"
– ਸੂਹੀ ੪, ਛੰਤ ੧, ੪ : ੨ (773)

ਵਾਚੀਐ ---- (1) ਪੜੀਏ, ਪੜਤਾਲੀਐ
"ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ।"
– ਸਿਰੀ ੧, ਅਸ ੭, ੬ : ੧ (57)
"ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ।"
– ਆਸਾ ੧, ਵਾਰ ੩ : ੩ (464)

ਵਾਚੈ ------ ਪੜੇ/ਪੜਤਾਲੇ ਜਾਂਦੇ ਹਨ
"ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ।"
– ਜਪੁ ੧, ੩੮ਸ : ੩ (8)

ਵਾਜ ------ ਵਾਜੇ, ਸਾਜ਼
"ਦੋਲਕ ਦੁਨੀਆ ਵਾਜਹਿ ਵਾਜ।"
– ਆਸਾ ੧, ੪, ੧ : ੨ (349)

ਵਾਜਹਿ ----- ਵਜਦਾ ਹੈ
"ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।"
– ਜਪੁ ੧, ੨੯ : ੧ (6)
ਵਾਜੰਗਾ – ਵਜੇਗਾ
"ਸਗਲ ਨਾਮ ਨਿਧਾਨੁ ਤਿਨ ਪਾਇਆ ਅਨਹਦ ਸਬਦ ਮਨਿ ਵਾਜੰਗਾ।"
– ਮਾਰੂ ੫, ਸੋਲਾ ੧੧, ੧੯ : ੩ (1083)

ਵਾਜੰਤ ----- ਵਜਦਾ ਹੈ
"ਅਨਹਤਾ ਸਬਦ ਵਾਜੰਤ ਭੇਰੀ।"
– ਧਨਾ ੧, ਸੋਹ ੩, ੧* : ੩ (13)

ਵਾਜਾ ------ ਸਾਜ਼
"ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ।" (ਧੌਂਸਾ)
– ਸਿਰੀ ੧, ੭, ੩ : ੩ (16)

ਵਾਜਿਆ ---- ਵੱਜਿਆ
"ਜੋਤਿ ਸਰੂਪ ਅਨਾਹਦੁ ਵਾਜਿਆ।"
– ਆਸਾ ੫, ੨, ੩ : ੨ (370)

ਵਾਜੇ ------ (1) ਵਜੇ
"ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ।"
– ਜਪੁ ੧, ੨੭ : ੨ (6)
(2) ਬੰਦ ਹੋਏ, (ਕੇਵਲ ਮਹਾਨਕੋਸ਼)
"ਨਉ ਦਰਵਾਜੇ ਦਸਵਾ ਦੁਆਰੁ।"
– ਗਉ ੧, ੪, ੧ : ੩ (152)
(3) ਸਾਜ਼
"ਬਹੁ ਤਾਲ ਪੂਰੇ ਵਾਜੇ ਵਜਾਏ।"

– ਮਾਝ ੩, ਅਸ ੨੧, ੬ : ੧ (122)
“ਹੈਵਰ ਗੈਵਰ ਨੇਜੇ ਵਾਜੇ।” (ਵਜਨ ਵਾਲੇ ਭਾਵ ਧੌਂਸੇ)
– ਗਉ ੧, ਅਸ ੧੦, ੫ : ੧ (225)

(4) ਵਜਾਏ, ਵਜਾਣ ਤੋਂ
“ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ।”
– ਸੂਹੀ ੧, ੮, ੪ : ੨ (730)

ਵਾਜੈ ------ ਵਜਦੀ ਹੈ
“ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ।”
– ਸਿਰੀ ੧, ਅਸ ੧੪, ੮ : ੧ (62)
“ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ।” (ਵਜਦੀ ਭਾਵ ਆਵਾਜ਼ ਸੁਣਾਈ ਦਿੰਦੀ)
– ਆਸਾ ੧, ੧੯, ੨ : ੧ (354)
“ਵਾਜੈ ਪਉਣੁ ਤੈ ਆਪਿ ਵਜਾਏ।” (ਵਜਦਾ ਭਾਵ ਸਰੀਰ ਵਿਚ ਸੁਆਸ ਚਲਦਾ ਹੈ)
– ਮਾਰੂ ੩, ਸੋਲਾ ੧੩, ੨ : ੧ (1056)

ਵਾਟ –
(1) ਪੈਂਡਾ, ਰਾਹ, ਮਾਰਗ, ਰਸਤਾ
“ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ।”
– ਸਿਰੀ ੧, ੩, ੧ : ੨ (15)
“ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।” (ਤੇਰੇ ਰਾਹ ਦਾ ਗਿਆਨ)
– ਸਿਰੀ ੧, ੭, ੩ : ੧ (16)

(2) ਰੀਤ, ਲੀਹ
“ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ।”
– ਆਸਾ ੧, ਅਸ ੧੩, ੧੦ : ੧ (418)

ਵਾਟੜੀ ----- ਰਸਤਾ
“ਆਪਿ ਦਿਖਾਵੈ ਵਾਟੜੀ ਸਚੀ ਭਗਤਿ ਦ੍ਰਿੜਾਏ।”
– ਆਸਾ ੧, ਅਸ ੧੮, ੪ : ੨ (420)

ਵਾਟੜੀਆਸੁ -- ਰਸਤਾ, ਮਾਰਗ
“ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟੜੀਆਸੁ ਜੀਉ।”
– ਸੂਹੀ ੧, ਕੁਚ ੧ : ੧੩ (762)

ਵਾਟਾਊ ----- ਵਾਟ ਵਾਲੇ, ਰਾਹੀ, ਜੋ ਸਦਾ ਵਾਟ ਵਿਚ ਰਹੇ
“ਜੇਤੇ ਜੀਅ ਤੇਤੇ ਵਾਟਾਊ।”
– ਰਾਮ ੩, ਵਾਰ ੧੧ਸ, ੧, ੨ : ੧੩ (952)

ਵਾਢੀ ------ ਵਾਂਢੇ (ਪ੍ਰਦੇਸ) ਗਈ ਹੋਈ ਭਾਵ ਵਿਛੜੀ ਹੋਈ
“ਸਾ ਧਨ ਢੋਈ ਨ ਲਹੈ ਵਾਢੀ ਕਿਉ ਧੀਰੇਉ।”
– ਮਾਰੂ ੧, ਅਸ ੯, ੧ : ੨ (1014)

ਵਾਂਢੀ ------ ਪ੍ਰਦੇਸਨ, ਵਿਛੜੀ ਹੋਈ
“ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ।”

– ਸਿਰੀ ੧, ਅਸ ੫, ੨ : ੧ (56)

ਵਾਢੀਆ ---- ਵਿਛੜੀਆਂ ਹੋਈਆਂ, ਪ੍ਰਦੇਸ ਗਈਆਂ, ਦੂਰ ਗਈਆਂ
“ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।”
– ਮਾਝ ੫, ਬਾਰਾ ੩ : ੧ (133)
“ਜਿਨ੍ਾ ਨੇਹੁ ਦੂਜਾਣੇ ਲਗਾ ਝੂਰਿ ਮਰਹੁ ਸੇ ਵਾਢੀਆ।” (ਭਾਵ ਛੁਟੜਾਂ)
– ਸੂਹੀ ੫, ਅਸ ੪, ੧ : ੨ (761)

ਵਾਂਢੀਆ ---- ਵਿਛੜਿਆਂ ਨੂੰ
“ਨਾਨਕ ਨਦਰਿ ਕਰੇਹੁ ਮਿਲੈ ਸਚੁ ਵਾਂਢੀਆ।”
– ਆਸਾ ੧, ਅਸ ੨੧, ੮ : ੨ (422)

ਵਾਣੁ ------ ਮੁੰਝ ਆਦਿ ਦੀ ਰਸੀ ਜਿਸ ਨਾਲ ਮੰਜੀ ਉਨੀ ਜਾਂਦੀ ਹੈ
“ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ ਵਿਛਾਵਣ ਲੇਫੁ।”
– ਸਲੋ ਫਰ, ੩੫ : ੧ (1379)

ਵਾਤ ------ (1) ਗਲ, ਹਾਲ, ਖਬਰ
“ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ।”
– ਜਪੁ ੧, ੭ : ੪ (2)
“ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।”
– ਜਪੁ ੧, ੨੨ : ੨ (5)
(2) ਮੂੰਹ ਨਾਲ ਵੱਜਣ ਵਾਲੇ ਵਾਜੇ
“ਵਾਤ ਵਜਨਿ ਟੰਮਕ ਭੇਰੀਆ।”
– ਸਿਰੀ ੫, ਅਸ ੨੯, ੧੮ : ੧ (74)

ਵਾਤੜੀ ----- ਹਾਲ, ਖਬਰ
“ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ।”
– ਸਲੋ ਫਰ, ੩੧ : ੨ (1379)

ਵਾਤਿ ------ ਮੂੰਹ ਵਿਚ
“ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ।”
– ਸੂਹੀ ੩, ਵਾਰ ੧੫ਸ, ੧, ੪ : ੧ (790)
“ਜਿਨ ਕਉ ਪੋਤੈ ਪੁੰਨੁ ਹੈ ਤਿਨ੍ ਵਾਤਿ ਸਿ ਪੀਤੀ।”
– ਰਾਮ ੩, ਵਾਰ ੧੦ : ੪ (951)

ਵਾਤੀ ------ ਮੂੰਹ ਵਿਚ
“ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦਿ।”
– ਪ੍ਰਭਾ ੧, ਅਸ ੩, ੩ : ੪ (1343)

ਵਾਦ ------ (1) ਝਗੜੇ
“ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ।”
– ਸਿਰੀ ੩, ੩੬, ੩ : ੧ (27)
“ਏਕ ਸਾਹਿਬ ਦੁਇ ਰਾਹ ਵਾਦ ਵਧੰਦਿਆ ਜੀਉ।” (ਭਾਵ ਦੁੱਖ)
– ਧਨਾ ੧, ਛੰਤ ੨, ੩ : ੨ (688)

(2) (ਸੰ.) ਬਹਿਸ
“ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ।”
– ਸੋਰ ੩, ਅਸ ੧, ੭ : ੨ (638)

ਵਾਦਾ ------ ਝਗੜਿਆਂ ਦੀਆਂ (ਕਹਾਣੀਆਂ)
“ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ।”
– ਆਸਾ ੧, ਵਾਰ ੧੧ਸ, ੧, ੩ : ੫ (469)

ਵਾਦਿ ------ (1) ਝਗੜਿਆਂ ਨੂੰ
“ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।”
– ਸਿਰੀ ੧, ਅਸ ੫, ੭ : ੨ (56)
“ਵਾਦਿ ਅਹੰਕਾਰਿ ਨਾਹੀ ਪ੍ਰਭ ਮੇਲਾ।” (ਝਗੜੇ ਵਿਚ)
– ਗਉ ੧, ਅਸ ੧੨, ੪ : ੧ (226)
(2) ਫਜੂਲ, ਬੇਅਰਥ, ਨਿਰਾਰਥਕ
“ਬਿਨੁ ਬੂਝੇ ਸਭੁ ਵਾਦਿ ਜੋਨੀ ਭਰਪਤੇ।”
– ਸੂਹੀ ੫, ਅਸ ੫, ੫ : ੨ (762)
(3) ਝਗੜਾ ਕਰਨ ਵਾਲੇ, ਝਗੜਾਲੂ
“ਇਕੁ ਸਜਣੁ ਸਭਿ ਸਜਣਾ ਇਕੁ ਵੈਰੀ ਸਭਿ ਵਾਦਿ।”
– ਰਾਮ ੫, ਵਾਰ ੧ਸ, ੫, ੨ : ੧ (957)

ਵਾਦੀ ------ (1) ਝਗੜਾਲੂ
“ਸਸੁ ਵਿਰਾਇਨਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ।”
– ਰਾਮ ੫, ਵਾਰ ੧੩ਸ, ੫, ੨ : ੧ (963)
(2) ਝਗੜਿਆਂ ਵਿਚ
“ਹਰਿ ਸਿਉ ਚਿਤੁ ਨ ਲਾਇਨੀ ਵਾਦੀ ਕਰਨਿ ਪਿਆਰੁ।”
– ਮਾਰੂ ੩, ਵਾਰ ੧੬ਸ, ੩, ੧ : ੩ (1091)
(3) ਝਗੜੇ
“ਮੁਆ ਪਿਆਰੁ ਪ੍ਰੀਤਿ ਮੁਈ ਮੁਆ ਵੈਰੁ ਵਾਦੀ।”
– ਮਲਾ ੧, ਵਾਰ ੨੦ਸ, ੧, ੨ : ੧ (1287)

ਵਾਦੁ ------ (1) ਝਗੜਾ
“ਜਿਤੁ ਤਨਿ ਨਾਮੁ ਨ ਭਾਵਈ ਤਿਤੁ ਤਨਿ ਹਉਮੈ ਵਾਦੁ।”
– ਸਿਰੀ ੧, ਅਸ ੧੩, ੬ : ੧ (61)
(2) ਵਿਅਰਥ ਗਲਾਂ
“ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ।”
– ਮਲਾ ੩, ੧, ੨ : ੧ (1257)

ਵਾਦੇ ------ ਝਗੜਿਆਂ ਵਿਚ
“ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।”
– ਸਿਰੀ ੧, ਅਸ ੫, ੭ : ੨ (56)

ਵਾਧਾਈ ---- (1) ਅਸ਼ੀਰਵਾਦ, ਮੁਬਾਰਕ ਬਾਦ

"ਗੁਰਿ ਪੂਰੈ ਵਜੀ ਵਾਧਾਈ ਨਾਨਕ ਜਿਤਾ ਬਿਖਾੜਾ ਜੀਉ।"
- ਮਾਝ ੫, ੩੧, ੪ : ੨ (103)

(2) ਖੁਸ਼ੀ ਹੋਈ
"ਗੁਰਿ ਪੂਰੈ ਹਰਿ ਪ੍ਰਭੁ ਸੇਵਿਆ ਮਨਿ ਵਜੀ ਵਾਧਾਈ।"(ਵਧਾਈਆਂ ਮਿਲੀਆਂ)
- ਗਉ ੪, ਵਾਰ ੧੮ : ੫ (311)

ਵਾਧਾਈਆ -- ਖੁਸ਼ੀਆਂ ਹੋਈਆਂ
"ਗੁਰਸਿਖਾ ਮਨਿ ਵਾਧਾਈਆ ਜਿਨ ਮੇਰਾ ਸਤਿਗੁਰੂ ਡਿਠਾ ਰਾਮ ਰਾਜੇ।"
- ਆਸਾ ੪, ਛੰਤ ੧੯, ੪ : ੧ (451)

ਵਾਧਾਏ ---- ਵਾਧਾਈਆਂ ਮਿਲਦੀਆਂ ਹਨ
"ਜਨਮੇ ਕਉ ਵਾਜਹਿ ਵਾਧਾਏ।"
- ਮਾਰੂ ੧, ਸੋਲਾ ੧੨, ੭ : ੧ (1032)

ਵਾਧਿ ------ ਵੱਧ
"ਕਿਸ ਹੀ ਵਾਧਿ ਘਾਟਿ ਕਿਸਹੀ ਪਹਿ ਸਗਲੇ ਲਰਿ ਲਰਿ ਮੂਆ।"
- ਧਨਾ ੫, ੧੧, ੩ : ੨ (673)

ਵਾਪਰੇ ----- ਲੰਘ ਗਏ, ਬੀਤ ਗਏ
"ਕੇਤੜਿਆਂ ਜੁਗ ਵਾਪਰੇ ਇਕਤੁ ਪਇਆ ਪਾਸਿ।"
- ਸਲੋ ਫਰ, ੬੭ : ੨ (1381)

ਵਾਪਰੈ ----- ਵਾਪਰਦਾ ਰਹਿੰਦਾ ਹੈ, ਹੁੰਦਾ ਰਹਿੰਦਾ ਹੈ
"ਅੰਧੇਰੁ ਅੰਧੀ ਵਾਪਰੈ ਸਗਲ ਲੀਜੈ ਖੋਇ।"
- ਪ੍ਰਭਾ ੧, ੨, ੧ : ੨ (1327)

ਵਾਪਾਰ ----- ਵਣਜ, ਲੈਣ ਦੇਣ
"ਅਮੁਲ ਗੁਣ ਅਮੁਲ ਵਾਪਾਰ।"
- ਜਪੁ ੧, ੨੬ : ੧ (5)

ਵਾਪਾਰਹੁ ---- ਦਾ ਵਾਪਾਰ ਕਰੋ, ਦਾ ਵਣਜ ਕਰੋ
"ਸਾਚਾ ਹਟੁ ਪੂਰਾ ਸਉਦਾ ਵਖਰੁ ਨਾਮੁ ਵਾਪਾਰਹੁ।"
- ਆਸਾ ੫, ੧੧੪, ੨ : ੨ (399)

ਵਾਪਾਰਨ ---- ਵਾਪਾਰੀਆਂ, ਵਣਜ ਕਰਨ ਵਾਲਿਆਂ
"ਸਾਹਨ ਮਹਿ ਤੂੰ ਸਾਚਾ ਸਾਹਾ ਵਾਪਾਰਨ ਮਹਿ ਵਾਪਾਰੀ।"
- ਗੂਜ ੫, ਅਸ ੧, ੪ : ੨ (507)

ਵਾਪਾਰਾ ---- (1) ਵਾਪਾਰ, ਵਣਜ
"ਕਾਇਆ ਅੰਦਰਿ ਵਣਜੁ ਕਰੇ ਵਾਪਾਰਾ ਨਾਮੁ ਨਿਧਾਨੁ ਸਚੁ ਪਾਵਣਿਆ।"
- ਮਾਝ ੩, ਅਸ ੧੦, ੬ : ੩ (115)

(2) ਵਾਪਾਰ ਕਰਨ ਵਾਲੇ, ਵਾਪਾਰੀ
"ਇਕਿ ਰਤਨ ਪਦਾਰਥ ਵਣਜਦੇ ਇਕਿ ਕਚੈ ਦੇ ਵਾਪਾਰਾ।"
- ਮਾਝ ੧, ਵਾਰ ੭ : ੧ (141)

ਵਾਪਾਰਿ ---- ਵਣਜ ਵਿਚ, ਵਾਪਾਰ ਵਿਚ
“ਵਖਰੁ ਨਾਮੁ ਸਦਾ ਲਾਭੁ ਹੈ ਜਿਸਨੋ ਏਤੁ ਵਾਪਾਰਿ ਲਾਏ।”
– ਵਡ ੩, ਛੰਤ ੪, ੧ : ੫ (570)

ਵਾਪਾਰੀ ---- ਵਾਪਾਰ ਕਰਨ ਵਾਲੇ
“ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ।”
– ਸਿਰੀ ੧, ਅਸ ੯, ੬ : ੧ (59)
“ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ।” (ਭਾਵ ਖਰੀਦਦਾਰ, ਚਾਹਵਾਨ)
– ਧਨਾ ੧, ਛੰਤ ੨, ੪ : ੬ (689)

ਵਾਪਾਰੀਆ -- ਵਾਪਾਰ ਕਰਨ ਵਾਲਾ, ਵਾਪਾਰੀ
“ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ।”
– ਸਿਰੀ ੧, ਅਸ ੬, ੨ : ੧ (56)

ਵਾਪਾਰੀਏ --- ਵਾਪਾਰ ਕਰਨ ਵਾਲੇ, ਵਾਪਾਰੀ
“ਅਮੁਲ ਵਾਪਾਰੀਏ ਅਮੁਲ ਭੰਡਾਰ।”
– ਜਪੁ ੧, ੨੬ : ੨ (5)

ਵਾਪਾਰੁ ----- ਵਣਜ, ਸੌਦਾਗਰੀ
“ਹਰਿ ਭਗਤਾ ਹਰਿ ਧਨੁ ਰਾਸਿ ਹੈ ਗੁਰ ਪੂਛਿ ਕਰਹਿ ਵਾਪਾਰੁ।”
– ਸਿਰੀ ੩, ੩੯, ੧ : ੧ (28)

ਵਾਪਾਰੈ ----- (1) ਵਿਹਾਜਦਾ ਹੈ
“ਇਹੁ ਵਾਪਾਰੁ ਵਿਰਲਾ ਵਾਪਾਰੈ।”
– ਗਉ ੫, ਸੁਖ ੧੫, ੫ : ੯ (283)
(2) ਵਾਪਾਰ ਦੀ, ਵਣਜ ਦੀ
“ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਹਾਝਹਿ ਬਿਖੁ ਸੰਗ੍ਰਹਹਿ ਬਿਖੁ ਸਿਉ ਧਰਹਿ ਪਿਆਰੁ।”
– ਮਾਰੂ ੩, ਵਾਰ ੧੯ਸ, ੩, ੧ : ੧ (1091)

ਵਾਪਾਰੋ ----- ਵਿਹਾਜੋ, ਦਾ ਵਾਪਾਰ ਕਰੋ
“ਆਠ ਪਹਰ ਰਾਮ ਨਾਮੁ ਵਾਪਾਰੋ।”
– ਮਾਝ ੫, ੪੩, ੪ : ੨ (107)
(2) ਵਣਜ, ਵਾਪਾਰ
“ਤੇਰਾ ਮਹਲੁ ਸਚਾ ਜੀਉ ਨਾਮੁ ਸਚਾ ਵਾਪਾਰੋ।”
– ਗਉ ੧, ਛੰਤ ੨, ੪ : ੨ (243)

ਵਾਰ ------ (1) ਵਾਰੀ, ਦਫਾ
“ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ।”
– ਜਪੁ ੧, ੧ : ੧ (1)
“ਕਰਉ ਬੰਦਨਾ ਅਨਿਕ ਵਾਰ ਸਰਨਿ ਪਰਉ ਹਰਿ ਰਾਇ।”
– ਗਉ ੫, ਥਿਤੀ ੨ਸ : ੧ (296)

(2) ਸੂਰਜ ਆਦਿ ਗ੍ਰਹਾਂ ਦੇ ਆਧਾਰ ਤੇ ਸਮੇਂ ਦੀ ਇਕ ਇਕਾਈ ਭਾਵ ਦਿਨ
“ਰਾਤੀ ਰੁਤੀ ਥਿਤੀ ਵਾਰ।”
– ਜਪੁ ੧, ੩੪ : ੧ (7)

(3) ਫੇਰ ਫੇਰ, ਦੁਬਾਰਾ ਦੁਬਾਰਾ, ਮੁੜ ਮੁੜ ਕੇ
“ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ।”
– ਸਿਰੀ ੧, ੨, ੨ : ੧ (14)
“ਬਿਨੁ ਸਬਦੈ ਜਗੁ ਭੁਲਾ ਫਿਰੈ ਮਰਿ ਜਨਮੈ ਵਾਰੋ ਵਾਰ।”
– ਸਿਰੀ ੧, ਅਸ ੮, ੭ : ੩ (58)
“ਮਰਿ ਮਰਿ ਜੰਮੈ ਵਾਰੋ ਵਾਰ।”
– ਗਉ ੩, ਅਸ ੧, ੨ : ੨ (229)
“ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ।”
– ਆਸਾ ੧, ਵਾਰ ੧ਸ, ੧, ੧ : ੧ (462)

(4) ਕ੍ਰਮ ਅਨੁਸਾਰ
“ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ।”
– ਬਿਲਾ ੫, ੩੧, ੩ : ੨ (808)

(5) ਉਹ ਕਾਵਿ ਰਚਨਾ ਜਿਸ ਵਿਚ ਨਾਇਕ ਦੀ ਵਡਿਆਈ/ਜਸ ਕੀਤਾ ਜਾਂਦਾ ਹੈ; ਭਾਵ ਹਰਿ ਜਸ
“ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ।”
– ਮਾਝ ੧, ਵਾਰ ੨੭ : ੨ (150)

(6) ਸਮੇਂ, ਅਵਸਰ ਤੇ
“ਜਨ ਨਾਨਕ ਅੰਤਿ ਵਾਰ ਨਾਮੁ ਗਹਣਾ।”
– ਆਸਾ ੫, ੧੮, ੪ : ੨ (375)
“ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।”
– ਮਾਰੂ ੫, ਵਾਰ ੭ਸ, ੫, ੧ : ੧ (1096)

(7) ਦੇਰ, ਦੇਰੀ, ਢਿਲ, ਚਿਰ
“ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨਾ ਲਾਗੀ ਵਾਰ।”
– ਆਸਾ ੧, ਵਾਰ ੧ਸ, ੧, ੧ : ੨ (462)
“ਮਨਮੁਖਿ ਅਸਥਿਰੁ ਨ ਥੀਐ ਮਰਿ ਬਿਨਸਿ ਜਾਇ ਖਿਨ ਵਾਰ।”
– ਸਲੋ ੩, ੨੮ : ੨ (1417)

(8) ਪੂਰੀ ਪੈਣੀ, ਓਡਕ, ਅੰਤ
“ਹਰਿ ਜੀਉ ਲੇਖੈ ਵਾਰ ਨ ਆਵਈ ਤੂੰ ਬਖਸਿ ਮਿਲਾਵਣਹਾਰੁ।”
– ਸਲੋ ੩, ੨੯ : ੩ (1416)

ਵਾਰਉ ----- ਵਾਰਦੀ ਹਾਂ, ਕੁਰਬਾਨ ਕਰਦੀ ਹਾਂ
“ਵਾਰਿ ਵਾਰਉ ਅਨਿਕ ਡਾਰਉ।”
– ਕਾਨ ੫, ੪੨, ੧* : ੧ (1306)

ਵਾਰਣੈ ----- ਕੁਰਬਾਣ, ਬਲਿਹਾਰ
“ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ।”
– ਸਿਰੀ ੧, ਅਸ ੨੮, ੧* : ੧ (71)

ਵਾਰਨੇ ----- ਕੁਰਬਾਣ, ਬਲਿਹਾਰ
“ਵਾਰਨੇ ਜਾਉ ਕਮਲਾਪਤੀ।”
– ਧਨਾ ਸੈਣ, ੧, ੧ : ੨ (695)

ਵਾਰਾ ------ (1) ਫੇਰ, ਦੁਬਾਰਾ
“ਮਰਿ ਜੰਮਹਿ ਫਿਰਿ ਵਾਰੋ ਵਾਰਾ।”
– ਗਉ ੩, ਅਸ ੬, ੨ : ੩ (232)
(2) ਅੰਤ, ਓੜਕ
“ਕਹਣਿ ਕਰਨਿ ਵਾਰਾ ਨਹੀ ਆਵੈ।”
– ਆਸਾ ੧, ੧੩, ੨ : ੨ (352)
(3) ਕੁਰਬਾਨ ਕਰਕੇ, ਸਦਕੇ ਕਰਕੇ
“ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ।”
– ਵਡ ੫, ਛੰਤ ੧, ੧ : ੨ (576)

ਵਾਰਿ ------ (1) ਕੁਰਬਾਨ, ਸਦਕੇ, ਵਾਰਨੇ
“ਵਾਰਿ ਵਾਰਿ ਜਾਈ ਲਖ ਵਾਰੀਆ ਦੇਹੁ ਸੰਤਨ ਕੀ ਧੂਰਾ ਜੀਉ।”
– ਮਾਝ ੫, ੧੮, ੧ : ੩ (99)
(2) ਵਾੜ
“ਸਾਚ ਧਰਮ ਕੀ ਕਰਿ ਦੀਨੀ ਵਾਰਿ।”
– ਆਸਾ ੫, ਅਸ ੧, ੨ : ੧ (430)

ਵਾਰਿਆ ---- (1) ਕੁਰਬਾਨ, ਸਦਕੇ
“ਵਾਰਿਆ ਨ ਜਾਵਾ ਏਕ ਵਾਰ।”
– ਜਪੁ ੧, ਵਾਰ ੧੬ : ੨੩ (3)
“ਹਉ ਸਤਿਗੁਰ ਵਿਟਹੁ ਵਾਰਿਆ ਜਿਨਿ ਹਰਿ ਪ੍ਰਭੁ ਦੀਆ ਦਿਖਾਇ।”
– ਸਿਰੀ ੪, ੬੮, ੧* : ੨ (41)
(2) ਪਿਛੇ ਰਖਿਆ, ਲੁਕਾਇਆ
“ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ।”
– ਸਲੋ ਫਰ, ੨੨ : ੧ (1379)

ਵਾਰੀ ------ (1) ਕੁਰਬਾਨ, ਬਲਿਹਾਰ, ਸਦਕੇ
“ਹਉ ਵਾਰੀ ਜਿਤੁ ਸੋਹਿਲੈ ਸਦਾ ਸੁਖੁ ਹੋਇ।”
– ਗਉ ੧, ਸੋਹ ੧, ੧* : ੨ (12)
(2) ਵਾਰਾਂ ਨਾਲ, ਸੂਰਜ ਆਦਿ ਗ੍ਰਹਾਂ ਦੇ ਆਧਾਰ ਤੇ ਸਮੇਂ ਦੀ ਇਕ ਇਕਾਈ, ਦਿਨਾਂ ਨਾਲ
“ਵਿਸੁਏ ਚਸਿਆ ਘੜਿਆ ਪਹਰਾ ਥਿਤੀ ਵਾਰੀ ਮਾਹੁ ਹੋਆ।”
– ਆਸਾ ੧, ਸੋਹ ੨, ੨ : ੧ (12)
(3) ਵਾਰ, ਵੇਰ, ਨੰਬਰ (ਅੰ. turn), ਕ੍ਰਮ
“ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ।”
– ਗਉ ੧, ੧੩, ੧* : ੨ (154)
“ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ।”

– ਵਡ ੧, ਛੰਤ ੧, ੧ : ੩ (566)

_ਮਾਲਕ ਸਾਡੀ ਕਮਾਈ ਕਿਰਤ ਅਨੁਸਾਰ ਸਾਡੀ ਵਾਰੀ ਕਢਦਾ ਹੈ(ਜਨਮ ਦਿੰਦਾ ਹੈ)=
"ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ।"

– ਰਾਮ ੧, ਓਅੰ ੪੪ : ੨ (936)

"ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ।"

– ਸਲੋ ਫਰ, ੪੭ : ੨ (1380)

ਵਾਰੀਆ ---- (1) ਕੁਰਬਾਨ ਜਾਂਦਾ ਹਾਂ, ਸਦਕੇ/ਬਲਿਹਾਰ ਜਾਂਦਾ ਹਾਂ
"ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ।"

– ਮਾਝ ੪, ੭, ੧ : ੨ (96)

(2) ਰੋਕੀਆਂ, ਵਰਜੀਆਂ
"ਕਰਨਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ।"

– ਮਾਝ ੧, ਵਾਰ ੨੨ : ੨ (148)

ਵਾਰੀਐ ---- (1) ਕੁਰਬਾਣ ਕਰ ਦੇਈਏ
"ਤਨੁ ਮਨੁ ਧਨੁ ਅਰਪੀ ਸਭੋ ਸਗਲ ਵਾਰੀਐ ਇਹ ਜਿੰਦੁ।"

– ਸਿਰੀ ੫, ੮੩, ੪ : ੨ (47)

(2) ਸਿਰ ਤੋਂ ਹੀ ਘੁਮਾਉਣਾ, ਇਕ ਸ਼ੁਭ ਸ਼ਗਨ
"ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।"

– ਆਸਾ ੧, ਅਸ ੧੧, ੨ : ੩ (417)

(3) ਵੇਰ, ਕ੍ਰਮ ਅਨੁਸਾਰ, ਵਾਰ, ਵਾਰੀ, ਮੌਕਾ, ਅਵਸਰ
"ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ।"

– ਆਸਾ ੧, ਵਾਰ ੨੦ : ੩ (474)

ਵਾਰੁ ------ (1) ਦਿਨ
"ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ।"

– ਜਪੁ ੧, ੨੧ : ੯ (4)

(2) ਵਾਰੀ, ਵੇਰ
"ਬੋਹਿਥਿ ਚੜਉ ਜਾ ਆਵੈ ਵਾਰੁ।"

– ਗਉ ੧, ੭, ੪ : ੧ (153)

ਵਾਰੇ ------ (1) ਕੁਰਬਾਣ ਕਰੇ
"ਸਰਬਸੁ ਦੀਜੈ ਅਪਨਾ ਵਾਰੇ।"

– ਮਾਝ ੫, ੪੭, ੧ : ੨ (108)

"ਮਨੁ ਤਨੁ ਤੇਰਾ ਇਹੁ ਜੀਉ ਭਿ ਵਾਰੇ ਜੀਉ।"

– ਗਉ ੫, ੧੬੯*, ੧ : ੨ (217)

(2) ਵਾੜੇ, ਦਾਖਲ ਕੀਤੇ
"ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ।"

– ਆਸਾ ੫, ੩੬, ੧ : ੨ (379)

(3) ਰੋਕੇ ਗਏ, ਵਰਜੇ ਗਏ
"ਜਿਤਨੇ ਕਰਜ ਕਰਜ ਕੇ ਮੰਗੀਏ ਕਰਿ ਸੇਵਕ ਪਗਿ ਲਗਿ ਵਾਰੇ।"

– ਨਟ ੪, ਅਸ ੨, ੭ : ੨ (981)

ਵਾਰੋਲੇ ----- ਹਵਾ ਦੀ ਗੰਢ, ਵਾਵਰੋਲਾ
"ਥਲ ਵਾਰੋਲੇ ਬਹੁਤੁ ਅਨੰਤੁ।"
- ਆਸਾ ੧, ਵਾਰ ੪ਸ, ੧, ੨ : ੧੬ (465)

ਵਾਰੋਵਾਰ ---- (1) ਵਾਰੀ ਅਨੁਸਾਰ, ਕ੍ਰਮ ਅਨੁਸਾਰ
"ਬਿਨੁ ਸਬਦੈ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋਵਾਰ।"
- ਸਿਰੀ ੧, ਅਸ ੮, ੭ : ੩ (58)
(2) ਦੁਬਾਰਾ, ਫੇਰ, ਮੁੜ ਮੁੜ
"ਜਿਉ ਜੋਰੂ ਸਿਰ ਨਾਵਣੀ ਆਵੈ ਵਾਰੋਵਾਰ।"
- ਆਸਾ ੧, ਵਾਰ ੧੭ਸ, ੧, ੨ : ੧ (472)

ਵਾਰੋਵਾਰਾ --- (1) ਬਾਰ ਬਾਰ, ਮੁੜ ਮੁੜ
"ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋਵਾਰਾ।"
- ਵਡ ੩, ਅਲਾ ੨, ੨ : ੨ (583)
(2) ਸਦਕੇ, ਕੁਰਬਾਨ, ਬਲਿਹਾਰ
"ਇਹੁ ਤਨੁ ਮਨੁ ਦਿਤੜਾ ਵਾਰੋਵਾਰਾ ਰਾਮ।"
- ਵਡ ੫, ਛੰਤ ੧, ੧ : ੨ (576)

ਵਾਲਹੁ ----- ਵਾਲ ਤੋਂ
"ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ।"
- ਰਾਮ ੩, ਅਨੰ ੧੪ : ੪ (918)

ਵਾਲਾ ------ (1) ਵਾਨ, ਵੰਤ, ਕਾਰਜ ਦੇ ਕਰਤਾ
"ਆਖਣ ਵਾਲਾ ਕਿਆ ਵੇਚਾਰਾ।" (ਵਕਤਾ)
- ਆਸਾ ੧, ਸੋਦ ੨, ੪ : ੧ (9)
"ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ।" (ਕਰਤਾ)
- ਸਿਰੀ ੩, ੬੪, ੩ : ੨ (39)
"ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ।" (ਕਰਮਾਂ ਦੇ ਹਿਸਾਬ ਦਾ ਬਾਕੀ ਕਢਣ ਵਾਲਾ ਭਾਵ ਧਰਮਰਾਜ)
- ਸੂਹੀ ੧, ਅਸ ੨, ੫ : ੧ (751)
(2) ਵਾਲ, ਕੇਸ
"ਸੋਹਣੇ ਨਕ ਜਿਨ ਲੰਮੜੇ ਵਾਲਾ।"
- ਵਡ ੧, ਛੰਤ ੨, ੭ : ੨ (567)

ਵਾਲਿ ------ ਕੇਸਾਂ ਤੋਂ
"ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ।"
- ਗੂਜ ੫, ਵਾਰ ੨੦ : ੩ (524)

ਵਾਲਿਆ ---- ਵਾਲੇ, ਕਾਰਜ ਦੇ ਕਰਤਾ
"ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ।"
- ਆਸਾ ੧, ਵਾਰ ੨ : ੪ (463)

ਵਾਲੀ ------ ਵਤੀ, ਧਾਰਨ ਕਰਤਾ

“ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ।”
– ਗਉ ੪, ੫੧, ੨ : ੧ (168)

ਵਾਲੁ ------ ਕੇਸ
“ਵਾਲੁ ਨ ਵਿੰਗਾ ਹੋਆ।” (ਮੁਹਾਵਰਾ, ਜਰਾ ਜਿਨਾ ਨੁਕਸਾਨ ਵੀ ਨ ਹੋਣਾ)
– ਸੋਰ ੫, ੫੭, ੧ : ੨ (623)

ਵਾਲੇ ------ ਕਾਰਜ ਕਰਤਾ, ਵੰਤ
“ਕਹਣੈ ਵਾਲੇ ਤੇਰੇ ਰਹੇ ਸਮਾਇ।”
– ਆਸਾ ੧, ਸੋਦ ੨, ੧ : ੪ (9)

ਵਾਲੇਵਾ ----- ਸਾਮਾਨ, ਨਿਤ ਵਰਤੋਂ ਦੀਆਂ ਵਸਤਾਂ, ਪਦਾਰਥ
“ਨਾਮੁ ਵਰਤਣਿ ਨਾਮੋ ਵਾਲੇਵਾ ਨਾਮੁ ਨਾਨਕ ਪ੍ਰਾਨ ਅਧਾਰਾ।”
– ਸੋਰ ੫, ੨੦, ੪ : ੨ (614)

ਵਾਲੇਵੇ ----- ਪਦਾਰਥਾਂ, ਸਾਮਾਨ
“ਵਾਲੇਵੇ ਕਾਰਣਿ ਬਾਬਾ ਰੋਈਐ ਰੋਵਣੁ ਸਗਲ ਬਿਕਾਰੋ।”
– ਵਡ ੧, ਅਲਾ ੧, ੪ : ੨ (579)

ਵਾਵਸੀ ----- ਵਜਾਏਗਾ
“ਪਰਮ ਜੋਤਿ ਜਾਗਾਇ ਵਾਜਾ ਵਾਵਸੀ।”
– ਸਲੋ ੧, ੧੪ : ੪ (1411)

ਵਾਵਹਿ ----- ਵਜਾਂਦੇ ਹਨ
“ਤੁਧੁ ਭਾਵੈ ਤਾ ਵਾਵਹਿ ਗਾਵਹਿ ਤੁਧੁ ਭਾਵੈ ਜਲਿ ਨਾਵਹਿ।”
– ਮਾਝ ੧, ਵਾਰ ੧੫ਸ, ੧, ੧ : ੧ (144)

ਵਾਵਣਹਾਰੇ -- ਵਾਜੰਤ੍ਰੀ, ਵਜਾਵਣ ਵਾਲੇ
“ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ।”
– ਜਪੁ ੧, ੨੭ : ੨ (6)

ਵਾਵਣਾ ----- (1) ਵਜਾਉਣਾ
“ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ।”
– ਸਿਰੀ ੧, ਅਸ ੧, ੧ : ੧ (53)
(2) ਐਵੇਂ ਆਖਦੇ ਫਿਰਨਾ, ਬਕਨਾ
“ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ।”
– ਵਡ ੧, ਛੰਤ ੧, ੩ : ੫ (566)

ਵਾਵਾ ------ ‘ਵ’, ਗੁਰਮੁਖੀ ਲਿੱਪੀ ਦਾ 34ਵਾਂ ਚਿੰਨ੍ਹ
“ਵਾਵਾ ਵਾਹੀ ਜਾਨੀਐ ਵਾ ਜਾਨੇ ਇਹੁ ਹੋਇ।”
– ਗਉ ਕਬ, ਬਾਅ ੩੮ : ੧ (342)

ਵਾਵੈ ------ ਵਜਾਉਂਦਾ ਹੈ
“ਜੋਗੀ ਸਬਦੁ ਅਨਾਹਦੁ ਵਾਵੈ।”
– ਮਾਰੂ ੧, ਸੋਲਾ ੧੯, ੮ : ੨ (1040)

ਵਾੜਾ ------ ਵਾੜ ਦੇਣਾ, ਧਕ ਦੇਣਾ
"ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ।" (ਅੰਤਰਮੁਖੀ ਕਰ ਦਿੱਤਾ)
– ਮਾਰੂ ੫, ਵਾਰ ੧੦ : ੭ (1098)

ਵਾੜਿ ------ (1) ਫਸਲ ਦੀ ਰਾਖੀ ਲਈ ਖੇਤ ਦੁਆਲੇ ਕੰਡੇਦਾਰ ਝਾੜੀ ਦੀ ਰਖਿਆ
"ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ।"
– ਮਾਝ ੧, ਵਾਰ ੧੧ਸ, ੧, ੧ : ੧ (142)
(2) ਵਾੜੀ, ਖੇਤੀ, ਬਗੀਚੀ
"ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ।"
– ਮਾਰੂ ੫, ਵਾਰ ੪ਸ, ੫, ੩ : ੨ (1095)

ਵਾੜੀ ------ ਬਗੀਚੀ, ਖੇਤੀ
"ਇਹੁ ਜਗੁ ਵਾੜੀ ਮੇਰਾ ਪ੍ਰਭੁ ਮਾਲੀ।"
– ਮਾਝ ੩, ਅਸ ੧੫, ੫ : ੧ (118)

ਵਾੜੀਅਹਿ --- ਅੰਦਰ ਦਾਖਲ ਕਰੀਏ, ਅੰਦਰ ਧਕੀਏ
"ਤਾਂ ਸਾਈ ਦੈ ਦਰਿ ਵਾੜੀਅਹਿ।"
– ਸਲੋ ਫਰ, ੧੬ : ੪ (1378)

ਵਾੜੀਐ ---- ਵਾੜੀ (ਖੇਤੀ) ਵਿਚ
"ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ।"
– ਆਸਾ ੧, ਛੰਤ ੫, ੧ : ੧ (438)

ਵਿਉਹਾਰੁ --- (ਸੰ.) ਵਿਹਾਰ, ਕੰਮ
"ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ।"
– ਮਾਝ ੧, ਵਾਰ ੧ਸ, ੧, ੩ : ੩ (138)

ਵਿਉਪਾਇ --- ਨਿਰਣਾ ਕਰਕੇ
"ਨਦਰੀ ਆਵਦਾ ਨਾਲਿ ਨ ਚਲਈ ਵੇਖਹੁ ਕੋ ਵਿਉਪਾਇ।"
– ਸਿਰੀ ੪, ਵਾਰ ੫ਸ, ੩, ੨ : ੧ (84)
"ਦੁਹਾ ਸਿਰਿਆ ਆਪੇ ਖਸਮੁ ਵੇਖੈ ਕਰਿ ਵਿਉਪਾਇ।" (ਨਿਰਨਾ)
– ਮਾਝ ੧, ਵਾਰ ੨੨ਸ, ੨, ੧ : ੫ (148)

ਵਿਆਇ ---- ਪੈਦਾ ਕੀਤਾ
"ਉਤਭੁਜ ਖੇਲੁ ਕਰਿ ਜਗਤ ਵਿਆਇ।" (ਪ੍ਰਸੂਤ ਹੋਈ)
– ਗੋਂਡ ੫, ੧੧, ੩ : ੨ (865)

ਵਿਆਈ – ਪ੍ਰਸੂਤ ਹੋਣਾ, ਸੂਣਾ
"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।"
– ਜਪੁ ੧, ੩੦ : ੧ (7)

ਵਿਆਪਈ --- ਲਗਦੇ, ਗ੍ਰਸਦੇ, ਪੋਂਹਦਾ
"ਦੁਖ ਭੁਖ ਨਹ ਵਿਆਪਈ ਜੇ ਸੁਖਦਾਤਾ ਮਨਿ ਹੋਇ।"
– ਸਿਰੀ ੫, ੭੫, ੨ : ੧ (43)

ਵਿਆਪਣੇ --- ਪੋਂਹਦੇ, ਲਗਦੇ

"ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਣੇ।"

– ਰਾਮ ੩, ਅਨੰ ੩੪ : ੩ (921)

ਵਿਆਪਸਿ --- (1) ਲਗੀ ਰਹਿੰਦੀ ਹੈ, ਰੁਝਾ ਰਹਿੰਦਾ ਹੈ

"ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ।"

– ਭੈਰ ੧, ੪, ੨ : ੨ (1126)

(2) ਲਗਦਾ ਹੈ

"ਮਨਮੁਖ ਕਉ ਦੁਖੁ ਦਰਦੁ ਵਿਆਪਸਿ ਮਨਮੁਖਿ ਦੁਖੁ ਨ ਜਾਈ।"

– ਪ੍ਰਭਾ ੧, ੭, ੨ : ੧ (1345)

ਵਿਆਪਹਿ --- ਲਗੇ

"ਹੋਇ ਅਨੰਦੁ ਨ ਵਿਆਪਹਿ ਤਾਪ।"

– ਭੈਰ ੫, ੨੬, ੧ : ੪ (1142)

ਵਿਆਪਦਾ --- ਲਗਦਾ, ਪੋਂਹਦਾ, ਦਬਾਈ ਰਖਦਾ

"ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ।"

– ਮਾਰੂ ੩, ਵਾਰ ੧੨ : ੧ (1090)

ਵਿਆਪਤ --- (1) ਫੈਲੀ ਹੋਈ, ਵਿਆਪਕ, ਲਗੀ (ਚੰਬੜੀ) ਹੋਈ

"ਤੀਨੇ ਲੋਅ ਵਿਆਪਤ ਹੈ ਅਧਿਕ ਰਹੀ ਲਪਟਾਇ।"

– ਸਿਰੀ ੩, ਅਸ ੨੧, ੫ : ੨ (67)

(2) ਲਗਦਾ, ਪੋਂਹਦਾ

"ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ।"

– ਸਲੋ ੩, ੧੬ : ੩ (1414)

ਵਿਆਪਨਿ – ਲਗਦੇ ਹਨ

"ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ।"

– ਮਾਝ ੫, ਬਾਰਾ ੬ : ੨ (135)

ਵਿਆਪਿ ---- ਚੰਬੜੀ ਹੋਈ

"ਪਰਪੰਚਿ ਵਿਆਪਿ ਰਹਿਆ ਮਨੁ ਦੋਇ।" (ਵਿਚ ਫਸਿਆ ਪਿਆ ਹੈ)

– ਗਉ ੧, ੭, ੩ : ੩ (153)

"ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ।"

– ਗੂਜ ੩, ਵਾਰ ੧੩ਸ, ੩, ੧ : ੨ (513)

"ਇੰਦ੍ਰੀ ਵਿਆਪਿ ਰਹੀ ਅਧਿਕਾਈ ਕਾਮੁ ਕ੍ਰੋਧੁ ਨਿਤ ਸੰਤਾਵੈ।"

– ਵਡ ੩, ਅਸ ੨, ੧ : ੨ (565)

ਵਿਆਪਿਆ -- ਚੰਬੜਿਆ ਹੈ, ਵਿਚ ਫਸਿਆ ਹੈ

"ਮਨਮੁਖੁ ਮੋਹਿ ਵਿਆਪਿਆ ਬੈਰਾਗੁ ਉਦਾਸੀ ਨ ਹੋਇ।"

– ਸਿਰੀ ੩, ੪੧, ੧ : ੧ (29)

"ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ।" (ਫਸਿਆ ਹੈ, ਪਿਛੇ ਪਿਆ ਹੈ)

– ਸਿਰੀ ੫, ੭੧, ੩ : ੩ (42)

"ਤਿਖਾ ਭੂਖ ਬਹੁ ਤਪਤਿ ਵਿਆਪਿਆ।" (ਪਿਆ ਹੋਇਆ, ਫਸਿਆ ਹੋਇਆ)
– ਬਿਲਾ ੫, ੧੦, ੨ : ੧ (804)

ਵਿਆਪੀ ---- ਲਗੀ ਹੋਈ, ਗ੍ਰਸਤ
"ਮਨਮੁਖਿ ਕਾਮਿ ਵਿਆਪੀ ਮੋਹਿ ਸੰਤਾਪੀ ਕਿਸੁ ਆਗੈ ਜਾਇ ਪੁਕਾਰੇ।"
– ਗਉ ੩, ਛੰਤ ੩, ੩ : ੫ (245)
"ਸਗਲ ਸਮਗ੍ਰੀ ਮੋਹਿ ਵਿਆਪੀ ਕਬ ਊਚੇ ਕਬ ਨੀਚੇ।" (ਫਸੀ ਹੋਈ)
– ਸੋਰ ੫, ੯, ੧ : ੧ (610)

ਵਿਆਪੀਐ -- ਲਗਦਾ, ਚੰਬੜਦਾ
"ਸੋ ਜਨੁ ਦੂਖਿ ਨ ਵਿਆਪੀਐ।"
– ਗਉ ੫, ੧੪੫, ੨ : ੨ (211)

ਵਿਆਪੇ ---- ਗ੍ਰਸੇ ਹੋਏ
"ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ।" (ਵਿਪਤਾ ਵਿਚ ਪੈ ਗਏ)
– ਗਉ ੧, ਛੰਤ ੧, ੪ : ੪ (242)
"ਸੰਤ ਜਨਾ ਕੀ ਨਿੰਦਾ ਵਿਆਪੇ ਨਾ ਉਰਵਾਰਿ ਨ ਪਾਰੀ।" (ਫਸੇ ਹੋਏ)
– ਗੂਜ ੪, ਅਸ ੧, ੬ : ੨ (507)
"ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ ਦੂਜੇ ਪਤਿ ਗਵਾਈ।" (ਫਸੇ ਹੋਏ)
– ਵਡ ੩, ਛੰਤ ੩, ੩ : ੪ (569)
"ਸਾਧੂ ਜਨ ਕੀ ਨਿੰਦਾ ਵਿਆਪੇ ਜਾਸਨਿ ਜਨਮੁ ਗਵਾਈ।" (ਗ੍ਰਸਤ)
– ਸੋਰ ੩, ੫, ੩ : ੨ (601)
"ਇਕਿ ਕਢੇ ਇਕਿ ਲਹਰਿ ਵਿਆਪੇ।" (ਫਸੇ)
– ਮਾਰੂ ੫, ਅਸ ੮, ੭ : ੨ (1020)
(2) ਲਗਦਾ, ਗ੍ਰਸਦਾ, ਚੰਬੜਦਾ
"ਹਰਿ ਜਪੁ ਰਸਨਾ ਦੁਖੁ ਨ ਵਿਆਪੇ।"
– ਬਿਲਾ ੫, ੧੦, ੧* : ੨ (804)
"ਤ੍ਰੈ ਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ।"
– ਬਿਲਾ ੪, ਅਸ ੧, ੭ : ੧ (833)
"ਦੁਸਮਨ ਹਤੇ ਦੋਖੀ ਸਭਿ ਵਿਆਪੇ।" (ਲਪੇਟੇ ਗਏ, ਗ੍ਰਸੇ ਗਏ)
– ਮਲਾ ੫, ੮, ੧ : ੧ (1268)

ਵਿਆਪੈ ---- (1) ਲਗਦਾ, ਚਿੰਬੜਦਾ
"ਪ੍ਰਭ ਸਰਣਾਈ ਸਦਾ ਰਹੁ ਦੂਖੁ ਨ ਵਿਆਪੈ ਕੋਇ।" (ਆ ਪੈਂਦਾ)
– ਸਿਰੀ ੫, ੮੪, ੧* : ੨ (47)
"ਭੁਖ ਵਿਆਪੈ ਬਹੁ ਬਿਧਿ ਧਾਵੈ।" (ਲਗਦੀ ਹੈ)
– ਮਾਝ ੫, ੧੫, ੧ : ੨ (98)
"ਅਧਕੀ ਤ੍ਰਿਸਨਾ ਵਿਆਪੈ ਨਾਮੁ।" (ਚਿੰਬੜਦੀ ਹੈ)
– ਗਉ ੧, ਅਸ ੧੨, ੩ : ੨ (226)
"ਮਹਾ ਸਾਗਰੁ ਨਹ ਵਿਆਪੈ ਖਿਨਹਿ ਉਤਰਿਓ ਤੀਰਿ।" (ਪੋਂਹਦਾ)
– ਮਾਰੂ ੫, ਅਸ ੩, ੨ : ੨ (1018)

(2) ਭਾਵ ਲਗਦਾ, ਪੈਂਦਾ, ਗਲਤਾਨ ਹੁੰਦਾ
"ਸੋਗ ਅਗਨਿ ਮਹਿ ਮਨੁ ਨ ਵਿਆਪੈ ਆਠ ਪਹਰ ਗੁਣ ਗਾਵਉ।"
– ਧਨਾ ੫, ੪੯, ੧ : ੨ (682)
"ਰਾਮੁ ਜਪਤ ਕਛੁ ਬਿਘਨੁ ਨ ਵਿਆਪੈ।" (ਪੈਂਦਾ)
– ਗੋਂਡ ੫, ੨੨, ੧* : ੧ (869)

ਵਿਸਹੀ ----- ਵਿਸਾਹ ਕਰਨਾ, ਇਤਬਾਰ ਕਰਨਾ
"ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ।"
– ਸੋਰ ੪, ਵਾਰ ੩ਸ, ੩, ੧ : ੭ (643)

ਵਿਸਟਾ ----- ਗੰਦਗੀ, ਮੈਲਾ
"ਹਰਿ ਕਾ ਮਹਲੁ ਨ ਪਾਵਈ ਵਿਸਟਾ ਮਾਹਿ ਸਮਾਇ।"(ਭਾਵ ਗਰਭ ਜੂਨ)
– ਸਿਰੀ ੩, ੩੫, ੧ : ੨ (26)
"ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ।"
– ਸਿਰੀ ੩, ੩੮, ੨ : ੩ (28)

ਵਿਸਟੁ ----- (1) ਵਿਚੋਲਾ, ਵਕੀਲ
"ਲਬਿ ਨ ਚਲਈ ਸਚਿ ਰਹੈ ਸੋ ਵਿਸਟੁ ਪਰਵਾਣੁ।"
– ਮਾਝ ੧, ਵਾਰ ੨੨ਸ, ੨, ੨ : ੫ (148)
"ਵਿਸਟੁ ਗੁਰੂ ਮੈ ਪਾਇਆ ਜਿਨਿ ਹਰਿ ਪ੍ਰਭੁ ਦਿਤਾ ਜੋੜਿ।"
– ਗਉ ੪, ਵਾਰ ੨੪ਸ, ੪, ੧ : ੨ (313)
(ਮਹਾਨਕੋਸ਼ ਇਸ ਨੂੰ ਤੋਂ ਉਤਪਤਿ ਮੰਨ ਅਰਥ 'ਵਿਸ਼ੇਸ਼ਣ ਯੁਕਤ, ਗੁਣ ਧਾਰਨ ਵਾਲਾ' ਕਰਦੇ ਹਨ)
(2) ਵਿਸ਼ਸ਼ਟ ਭਾਵ ਉਤਮ, ਚੰਗੇ
"ਵਿਸਟੁ ਸੁਭਾਈ ਪਾਇਆ ਮੀਤ।"
– ਆਸਾ ੫, ੬, ੨ : ੩ (372)

ਵਿਸਨ ----- ਕਰਤਾਰ, ਪ੍ਰਭੂ
"ਵਿਸਨ ਮਿਲੇ ਸਭ ਹੀ ਸਚੁ ਪਾਵੈ।"
– ਗਉ ਕਬ, ਬਾਅ ੩੭ : ੪ (342)

ਵਿਸਮਾਦੁ --- ਹੈਰਾਨੀ, ਅਸਚਰਜਤਾ
"ਵਿਸਮਾਦੁ ਨਾਦੁ ਵਿਸਮਾਦੁ ਵੇਦ।"
– ਆਸਾ ੧, ਵਾਰ ੩ਸ, ੧, ੧ : ੧ (463)

ਵਿਸਰਉ ---- ਭੁਲਾਂ, ਵਿਸਰਾਂ
"ਹਰਿ ਨਾਨਕ ਕਦੇ ਨ ਵਿਸਰਉ ਏਹੁ ਜੀਉ ਪਿੰਡੁ ਤੇਰਾ ਸਾਸੁ।"
– ਸਿਰੀ ੫, ੯੯, ੪ : ੪ (52)

ਵਿਸਰਹਿ ---- (1) ਭੁਲੇ
"ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ।"
– ਮਾਝ ੫, ੧੯, ੪ : ੧ (100)
(2) ਭੁਲੇਂ, ਭੁਲਦਾ ਹੈਂ, ਵਿਸਾਰਦਾ ਹੈਂ, ਭੁਲ ਜਾਵੇਂ

"ਤਿਨ ਤੂੰ ਵਿਸਰਹਿ ਜਿ ਤੁਧੁ ਆਪਿ ਭੁਲਾਏ।"
- ਗਉ ੩, ੨੭, ੨ : ੧ (160)

ਵਿਸਰਹੁ ---- ਭੁਲੇ, ਵਿਸਰੇ
"ਸਦਾ ਸਦਾ ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ।"
- ਸਿਰੀ ੫, ੮੩, ੩ : ੪ (47)

ਵਿਸਰਜਿਆ -- ਵਿਦਾ ਕੀਤਾ ਭਾਵ ਛਡਿਆ, ਤਿਆਗਿਆ
"ਮਮਤਾ ਮੋਹੁ ਵਿਸਰਜਿਆ ਅਪਨੈ ਘਰਿ ਆਇਆ।"
- ਆਸਾ ੧, ਅਸ ੧੬, ੧* : ੨ (419)

ਵਿਸਰਜੀ ---- ਤਿਆਗੀ, ਵਿਦਾ ਕੀਤੀ
"ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ।"
- ਸਿਰੀ ੧, ੨, ੩ : ੫ (76)

ਵਿਸਰਨੁ ---- ਭੁੱਲ ਜਾਣ
"ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ।"
- ਸਿਰੀ ੫, ੭੫, ੧ : ੧ (43)

ਵਿਸਰਿ ----- ਭੁਲ
"ਸਭਨਾ ਜੀਅ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ।"
- ਜਪੁ ੧, ੫ : ੧੧ (2)

ਵਿਸਰਿਓਹਿ -- ਵਿਸਾਰਿਆ, ਭੁਲਾਇਆ
"ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਾਰਿਓਹਿ।"
- ਸਲੋ ਫਰ, ੧੦੭ : ੨ (1383)

ਵਿਸਰਿਆ --- ਭੁਲ ਗਿਆ, ਭੁਲਿਆ
"ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ।"
- ਸਿਰੀ ੩, ੬੪, ੩ : ੨ (39)

ਵਿਸਰਿਐ --- ਭੁਲਣ ਨਾਲ
"ਨਾਇ ਵਿਸਰਿਐ ਧ੍ਰਿਗੁ ਜੀਵਣਾ ਤੁਟੇ ਕਚ ਧਾਗੇ।"
- ਸਿਰੀ ੫, ਵਾਰ ੧੬ : ੪ (322)

ਵਿਸਰੀ ----- ਭੁਲ ਗਈ
"ਵਿਸਰੀ ਤਿਸੈ ਪਰਾਈ ਤਾਤਾ।"
- ਗਉ ੫, ੧੧੭, ੧ : ੨ (189)

ਵਿਸਰੀਆਂ --- ਭੁਲ ਗਈਆਂ
"ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ।"
- ਸਲੋ ਫਰ, ੯੯ : ੩ (1383)

ਵਿਸਰੁ ----- ਭੁਲ, ਚੇਤੇ ਤੋਂ ਬਾਹਰ ਹੋ
"ਵਿਸਰੁ ਨਾਹੀ ਏਵਡ ਦਾਤੇ।"
- ਮਾਝ ੫, ੧੯, ੧ : ੧ (100)

ਵਿਸਰੇ ----- (1) ਭੁਲ ਜਾਏ, ਭੁਲੇ
"ਅਨ ਭੈ ਵਿਸਰੇ ਨਾਮਿ ਸਮਾਇਆ।"
- ਗਉ ੧, ੧੧, ੧ : ੨ (154)
(2) ਭੁਲ ਗਏ
"ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ।"(ਉਪਕਾਰ ਭੁਲ ਗਏ)
- ਰਾਮ ੧, ੪, ੨ : ੨ (877)
(3) ਭੁਲਣ ਨਾਲ
"ਨਾਨਕ ਜਿਸੁ ਬਿਨੁ ਘੜੀ ਨ ਜੀਵਣਾ ਵਿਸਰੇ ਸਰੈ ਨ ਬਿੰਦ।"
- ਮਾਰੂ ੫, ਵਾਰ ੧੦ਸ, ੫, ੨ : ੧ (1097)

ਵਿਸਰੈ ----- (1) ਵਿਸਰਨ ਨਾਲ, ਭੁਲਣ ਨਾਲ
"ਆਖਾ ਜੀਵਾ ਵਿਸਰੈ ਮਰਿ ਜਾਉ।"
- ਆਸਾ ੧, ਸੋਦ ੩, ੧ : ੧ (9)
(2) ਭੁਲ ਗਏ, ਵਿਸਰ ਜਾਏ
"ਇਕੁ ਤਿਲੁ ਪਿਆਰਾ ਵਿਸਰੈ ਭਗਤਿ ਕਿਨੇਹੀ ਹੋਇ।"
- ਸਿਰੀ ੩, ੫੫, ੧ : ੩ (35)

ਵਿਸਾਸੁ -----ਵਿਸ਼ਵਾਸ, ਯਕੀਨ
"ਓਲਾ ਆਪਣੀ ਅੰਦਰਿ ਸੁਧਿ ਨਹੀ ਗੁਰ ਬਚਨਿ ਨ ਕਰਹਿ ਵਿਸਾਸੁ।"
- ਸਲੋ ੩, ੨੧ : ੩ (1415)

ਵਿਸਾਹਾ ---- (1) ਭਰੋਸਾ, ਯਕੀਨ, ਇਤਬਾਰ
"ਸੁੰਦਰ ਸੁਘੜ ਸਰੂਪ ਤੇ ਨਾਨਕ ਜਿਨ੍ ਹਰਿ ਹਰਿ ਨਾਮੁ ਵਿਸਾਹਾ।"
- ਦੇਵ ੫, ੧੦, ੨ : ੨ (530)
(2) ਖਰੀਦਦਾ
"ਗੁਰਮੁਖਿ ਪੂੰਜੀ ਨਾਮੁ ਵਿਸਾਹਾ।"
- ਜੈਤ ੪, ੧੦, ੪ : ੨ (699)
"ਭਇਆ ਸਮਾਹੜਾ ਹਰਿ ਰਤਨੁ ਵਿਸਾਹਾ ਰਾਮ।" (ਖਰੀਦਿਆ)
- ਬਿਲਾ ੫, ਛੰਤ ੧, ੨ : ੧ (845)
(3) ਸੌਦਾ ਭਾਵ ਵਖਰ
"ਏਕ ਨਾਮਿ ਜੁਗ ਚਾਰਿ ਉਧਾਰੇ ਸਬਦੇ ਨਾਮ ਵਿਸਾਹਾ ਹੇ।"
- ਮਾਰੂ ੩, ਸੋਲਾ ੧੧, ੧੧ : ੩ (1055)

ਵਿਸਾਹੀਐ --- (1) ਖਰੀਦੀਏ, ਵਿਹਾਜੀਏ
"ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ।"
- ਸਿਰੀ ੧, ੨੩, ੧ : ੨ (22)
(2) ਵਿਸਾਹ (ਇਤਬਾਰ, ਭਰੋਸਾ) ਕਰ ਲਈਏ
"ਬਿਸੀਅਰੁ ਮੰਤ੍ਰਿ ਵਿਸਾਹੀਐ ਬਹੁ ਦੂਧੁ ਪੀਆਇਆ।"
- ਸਾਰ ੪, ਵਾਰ ੧੯ : ੨ (1244)

ਵਿਸਾਹੁ ----- (1) ਖਰੀਦ, ਵਿਹਾਜ
"ਵਡਭਾਗੀ ਮਿਲੁ ਸੰਗਤੀ ਸਚਾ ਸਬਦੁ ਵਿਸਾਹੁ।"

– ਸਿਰੀ ੫, ੮੨, ੨ : ੨ (46)
“ਮੈ ਹਰਿ ਹਰਿ ਨਾਮੁ ਵਿਸਾਹੁ।” (ਖਰੀਦਿਆ ਹੈ)
– ਸੂਹੀ ੪, ਅਸ ੨, ੧* : ੧ (758)

(2) ਭਰੋਸਾ, ਯਕੀਨ, ਵਿਸ਼ਵਾਸ
“ਮੈ ਹਰਿ ਹਰਿ ਨਾਮੁ ਵਿਸਾਹੁ ਹੈ ਹਰਿ ਨਾਮੇ ਹੀ ਜਤਿ ਪਤਿ।”
– ਸਿਰੀ ੪, ਵਣ ੧, ੫ : ੪ (82)
“ਕਵਨੁ ਬਾਪਾਰੀ ਜਾ ਕਾ ਊਹਾ ਵਿਸਾਹੁ।” (ਭਰੋਸਾ, ਇਤਿਬਾਰ, ਸਾਖ)
– ਗਉ ੫, ੮੧, ੧ : ੪ (181)

ਵਿਸਾਹੇ ----- ਖਰੀਦਦਾ ਹੈ, ਵਿਹਾਜਦਾ ਹੈ
“ਆਪੇ ਰਤਨੁ ਵਿਸਾਹੇ ਲੇਵੈ ਆਪੇ ਕੀਮਤਿ ਪਾਇਦਾ।”
– ਮਾਰੂ ੧, ਸੋਲਾ ੧੬, ੪ : ੩ (1036)

ਵਿਸਾਰਸੀ --- ਭੁਲ ਜਾਏ ਗਾ
“ਸੁਖੀ ਕਰੈ ਪਸਾਉ ਦੂਖ ਵਿਸਾਰਸੀ।”
– ਸੂਹੀ ੧, ੫, ੧ : ੨ (729)

ਵਿਸਾਰਹਿ --- ਭੁਲਾਵੇ
“ਖਸਮੁ ਵਿਸਾਰਹਿ ਤੇ ਕਮਜਾਤਿ।”
– ਆਸਾ ੧, ਸੋਦ ੩, ੪ : ੩ (10)

ਵਿਸਾਰਹੁ ---- ਭੁਲਾਓ
“ਨਿਮਖ ਨ ਵਿਸਾਰਹੁ ਸੇਵਹੁ ਸਾਰਿਗਪਾਨੀ।”
– ਪ੍ਰਭਾ ੫, ੧, ੧ : ੪ (1337)

ਵਿਸਾਰਣਹਾਰਾ ਭੁਲਵਾ ਦੇਣ ਵਾਲਾ, ਭੁਲਵਾ ਦੇਣ ਦੀ ਸਮਰਥਾ ਵਾਲਾ
“ਹਰਿ ਧਿਆਵਹੁ ਸੰਤਹੁ ਜੀ ਸਭਿ ਦੂਖ ਵਿਸਾਰਣਹਾਰਾ।”
– ਆਸਾ ੪, ਸੋਪੁ ੧, ੧ : ੪ (10)

ਵਿਸਾਰਣਹਾਰੁ – ਭੁਲਵਾ ਦੇਣ ਵਾਲਾ
“ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ।”
– ਆਸਾ ੩, ਅਸ ੨੪, ੪ : ੨ (425)

ਵਿਸਾਰਦਾ --- ਭੁਲਾਂਦਾ, ਚੇਤੇ ਤੋਂ ਪਰ੍ਹਾਂ ਕਰਦਾ
“ਜਿਸ ਨੋ ਕਰੇ ਰਹੰਮ ਤਿਸੁ ਨ ਵਿਸਾਰਦਾ।”
– ਗੂਜ ੫, ਵਾਰ ੪ : ੨ (519)

ਵਿਸਾਰਨਿ --- ਭੁਲਾ ਦੇਣ
“ਸਬਦੁ ਵਿਸਾਰਨਿ ਤਿਨਾ ਠਉਰੁ ਨ ਠਾਉ।”
– ਮਾਝ ੩, ਅਸ ੨੩, ੫ : ੧ (123)

ਵਿਸਾਰਾ ---- ਵਿਸਾਰ ਦਿੱਤਾ ਹੈ, ਭੁਲਾ ਦਿੱਤਾ ਹੈ
“ਦੁਬਿਧਾ ਲਾਗੇ ਨਾਮੁ ਵਿਸਾਰਾ।”
– ਆਸਾ ੧, ਅਸ ੬, ੨ : ੨ (416)

ਵਿਸਾਰਿ ---- ਭੁਲਾ ਕੇ
“ਆਵਣ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ।”
- ਸਿਰੀ ੧, ਅਸ ੫, ੪ : ੩ (56)

ਵਿਸਾਰਿਓ --- ਭੁਲਾਇਆ ਹੈ
“ਨਾਨਕ ਸੋ ਧਣੀ ਕਿਉ ਵਿਸਾਰਿਓ ਉਧਰਹਿ ਜਿਸੁ ਦੈ ਨਾਇ।”
- ਜੈਤ ੫, ਵਾਰ ੨ਸ, ੫, ੨ : ੨ (706)

ਵਿਸਾਰਿਓਨੁ -- ਭੁਲਾ ਦਿੱਤਾ ਹੈ
“ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ।”
- ਸਲੋ ਫਰ, ੧੦੬ : ੧ (1383)

ਵਿਸਾਰਿਅਨੁ -- ਭੁਲਾਇਆ, ਚੇਤੇ ਤੋਂ ਉਹਲੇ ਕੀਤਾ
“ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ।”
- ਗੂਜ ੫, ਵਾਰ ੧ਸ, ੫, ੨ : ੩ (517)

ਵਿਸਾਰਿਆ -- ਭੁਲਾਇਆ
“ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ।”
- ਸਿਰੀ ੧, ੩, ੧* : ੨ (15)

ਵਿਸਾਰਿਐ --- ਭੁਲਾਣ ਨਾਲ, ਭੁਲਿਆਂ
“ਨਾਨਕ ਨਾਇ ਵਿਸਾਰਿਐ ਸਭ ਮੰਦੀ ਰੁਤੇ।”
- ਗਉ ੫, ਵਾਰ ੧੨ : ੫ (321)

ਵਿਸਾਰੀ ---- (1) ਭੁਲਾਈ, ਭੁਲਾ ਦਿੱਤੀ
“ਕੰਤ ਵਿਸਾਰੀ ਅਵਗਣਿ ਮੁਤੀ।”
- ਮਾਝ ੩, ਅਸ ੩, ੪ : ੨ (110)

(2) ਭੁਲਾ ਕੇ
“ਪਤਿ ਮਤਿ ਖੋਵਹਿ ਨਾਮੁ ਵਿਸਾਰੀ।”
- ਗਉ ੧, ਅਸ ੧੧, ੪ : ੩ (225)

(3) ਭੁਲਾਵਾਂ
“ਤਿਸੁ ਬਾਪ ਕਉ ਕਿਉ ਮਨਹੁ ਵਿਸਾਰੀ।”
- ਆਸਾ ਕਬ, ੩, ੧ : ੩ (476)

ਵਿਸਾਰੀਆ -- ਭੁਲਾਇਆ ਹੈ
“ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ।”
- ਰਾਮ ੫, ਵਾਰ ੧੪ : ੮ (964)

ਵਿਸਾਰੀਐ --- ਭੁਲਾਈਏ
“ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ।”
- ਸਿਰੀ ੧, ੫, ੪ : ੧ (16)

ਵਿਸਾਰੁ ----- ਭੁਲਾ
“ਕਰੇ ਦਇਆ ਪ੍ਰਭੁ ਆਪਣੀ ਇਕ ਨਿਮਖ ਨ ਮਨਹੁ ਵਿਸਾਰੁ।”

– ਸਿਰੀ ੫, ੮੬, ੧* : ੨ (48)

ਵਿਸਾਰੇ ----- ਭੁਲਾ ਦਿੱਤੇ
"ਨਾਨਕ ਕਾਮਣਿ ਹਰਿ ਵਰੁ ਪਾਇਆ ਸਗਲੇ ਦੂਖ ਵਿਸਾਰੇ।"
– ਗਉ ੩, ਛੰਤ ੨, ੨ : ੬ (244)

ਵਿਸਾਰੇਂ ---- ਭੁਲਾ ਦੇਹ
"ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ।"
– ਸੂਹੀ ੫, ਕੁਚ ੩ : ੮ (763)

ਵਿਸਾਰੇਉ --- ਭੁਲਾਵਾਂ
"ਸਾਹਿ ਸਾਹਿ ਤੁਝੁ ਸੰਮਲਾ ਕਦੇ ਨ ਵਿਸਾਰੇਉ।"
– ਸਿਰੀ ੧, ੧੬, ੩ : ੧ (20)

ਵਿਸਾਰੇਦੇ --- ਭੁਲਾਣ ਵਾਲੇ, ਵਿਸਾਰਨ ਵਾਲੇ
"ਵਿਸਾਰੇਦੇ ਮਰਿ ਗਏ ਮਰਿ ਭਿ ਨ ਸਕਹਿ ਮੂਲਿ।"
– ਗਉ ੫, ਵਾਰ ੭ਸ, ੫, ੨ : ੧ (519)

ਵਿਸੁ ------ (1) ਜ਼ਹਿਰ
"ਵਿਣੁ ਨਾਵੈ ਸਭ ਵਿਸੁ ਪੈਝੈ ਖਾਈਐ।"
– ਮਾਝ ੧, ਵਾਰ ੧੪ : ੪ (144)

(2) (ਸੰ.) ਸਾਰਾ, ਸਮਤ
"ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ ਹਰਿ ਰੂਪੁ ਨਦਰੀ ਆਇਆ।"
– ਰਾਮ ੩, ਅਨੰ ੩੬ : ੩ (922)

(3) ਭਾਵ ਦੁਖ
"ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ।"
– ਸਾਰ ੪, ਵਾਰ ੧੫ਸ, ੧, ੧ : ੨ (1243)

ਵਿਸੁਏ ----- ਵਿਸਾ, ਸਮੇਂ ਦੀ ਇਕ ਇਕਾਈ, 15 ਵਾਰੀ ਅਖਾਂ ਝਪਕਨ ਦਾ ਸਮਾਂ
"ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ ਹੋਆ।"
– ਆਸਾ ੧, ਸੋਹ ੨, ੨ : ੧ (12)

ਵਿਸੂ ------ ਜ਼ਹਿਰ
"ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ।"
– ਮਾਝ ੫, ੩੭, ੨ : ੩ (105)

ਵਿਸੂਰਾ ----- ਝੋਰਾ, ਦੁਖ
"ਭਰਮੁ ਗਇਆ ਭੈ ਮੋਹ ਬਿਨਾਸੇ ਮਿਟਿਆ ਸਗਲ ਵਿਸੂਰਾ।"
– ਸੂਹੀ ੫, ੫੨, ੪ : ੧ (748)

ਵਿਸੂਰਿ ----- ਝੁਰ ਕੇ, ਪਛਤਾ ਕੇ, ਸ਼ੋਕ ਕਰਕੇ
"ਨਾਮ ਬਿਹੂਨੜਿਆ ਸੇ ਮਰਨਿ੍ ਵਿਸੂਰਿ ਵਿਸੂਰਿ।"
– ਆਸਾ ੫, ੧੦੬, ੨ : ੨ (397)

ਵਿਸੂਰਿਆ --- ਝੋਰੇ, ਸ਼ੋਕ, ਪਛਾਵੇ
“ਇਕ ਨਿਮਖ ਜਾ ਕੈ ਰਿਦੈ ਵਸਿਆ ਮਿਟੇ ਤਿਸਹਿ ਵਿਸੂਰਿਆ।”
– ਆਸਾ ੫, ਛੰਤ ੬, ੨ : ੪ (456)

ਵਿਸੂਰੀਐ --- ਝੋਰੇ, ਪਛਤਾਵੇ, ਦੁਖ, ਫਿਕਰ
“ਦੇਹੁ ਦਰਸੁ ਮਨਿ ਚਾਉ ਲਹਿ ਜਾਹਿ ਵਿਸੂਰੀਐ।”
– ਜੈਤ ੫, ਵਾਰ ੧੩ : ੩ (708)

ਵਿਸੂਰੇ ----- (1) ਝੋਰੇ, ਸ਼ੋਕ, ਫਿਕਰ, ਚਿੰਤਾ
“ਮਿਟੇ ਵਿਸੂਰੇ ਉਤਰੀ ਚਿੰਤ।”
– ਗਉ ੫, ੧੨੨, ੨ : ੨ (190)
(2) ਝੋਰੇ ਨਾਲ, ਦੁਖ ਨਾਲ
“ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ।”
– ਵਡ ੧, ੩, ੧ : ੧੨ (558)

ਵਿਸੂਲਾ ----- ਵਿਹੁਲਾ, ਜ਼ਹਿਰੀਲਾ
“ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗੁ।”
– ਰਾਮ ੫, ਵਾਰ ੨੧ਸ, ੫, ੧ : ੧ (966)

ਵਿਸੇਖ ----- (1) ਵਿਸ਼ੇਸ਼, ਚੰਗੀ, ਸ੍ਰੇਸ਼ਟ
“ਸਦਾ ਸਦਾ ਆਰਾਧੀਐ ਏਹਾ ਮਤਿ ਵਿਸੇਖ।”
– ਸਿਰੀ ੫, ੮੯, ੪ : ੨ (49)
(2) ਖਾਸ ਤਰ੍ਹਾਂ ਦੀ
“ਕ੍ਰਿਆ ਵਿਸੇਖ ਪੂਜਾ ਕਰੇਇ।”
– ਬਸੰ ੧, ੪, ੩ : ੨ (1169)

ਵਿਸੇਖਿਆ --- ਬਹੁਤ ਕਰਕੇ, ਅਧਿਕਤਰ (ਸ਼ਬਦਾਰਥ), ਵਧੀਆ, ਉਤਮ (ਦਰਪਣ), ਵਿਸ਼ੇਸ਼, ਬਹਤੁ (ਨਿਰਣੈ)
“ਸਭਿ ਕਹਹੁ ਮੁਖਹੁ ਨਰ ਨਰ ਹਰੇ ਨਰ ਨਰ ਹਰੇ ਨਰ ਨਰ ਹਰੇ ਹਰਿ ਲਾਹਾ ਹਰਿ ਭਗਤਿ ਵਿਸੇਖਿਆ।”
– ਕਾਨ ੪, ਵਾਰ ੯ : ੫ (1316)

ਵਿਸੇਖੁ ----- (1) ਵਿਸ਼ੇਸ਼, ਵਧੀਆ, ਉਤਮ
“ਅਠਿਸਠਿ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ।”
– ਮਾਝ ੧, ਵਾਰ ੨੦ਸ, ੧, ੨ : ੪ (147)
“ਤੇ ਅਨਦਿਨੁ ਨਾਮੁ ਸਦਾ ਧਿਆਵਹਿ ਗੁਰ ਪੂਰੇ ਤੇ ਭਗਤਿ ਵਿਸੇਖੁ।”
– ਆਸਾ ੩, ੫੦, ੧* : ੨ (364)
(2) ਖਾਸ
“ਸਤੁ ਭਾਈ ਕਰਿ ਏਹੁ ਵਿਸੇਖੁ।”
– ਗਉ ੧, ੩, ੧ : ੨ (151)
(3) ਵਿਸ਼ੇਸ਼ ਕਰਕੇ
“ਹਉ ਪਾਪੀ ਪਾਖੰਡੀਆ ਭਾਈ ਮਨਿ ਤਨਿ ਨਾਮ ਵਿਸੇਖੁ।”
– ਸੋਰ ੧, ਅਸ ੪, ੧* : ੨ (637)

(4) ਵਿਸ਼ੇਸ਼ਤਾ, ਵਡਿਆਈ
“ਤੁਧੁ ਭਾਵੈ ਤੂ ਮਨਿ ਵਸਹਿ ਨਦਰੀ ਕਰਮਿ ਵਿਸੇਖੁ।”
– ਮਾਰੂ ੧, ਅਸ ੩, ੫ : ੩ (1010)

ਵਿਸੋ ------ ਵਿਹੁ ਹੀ, ਜ਼ਹਿਰ ਹੀ
“ਕਰਦਾ ਪਾਪ ਅਮਿਤਿਆ ਨਿਤ ਵਿਸੋ ਚਖੈ।”
– ਗਉ ੪, ਵਾਰ ੨੮ : ੨ (315)

ਵਿਹਾਇ ---- ਲੰਘਦੀ ਹੈ, ਗੁਜ਼ਰਦੀ ਹੈ
“ਬਿਨ ਗੁਰ ਨੀਦ ਨ ਆਵਈ ਦੁਖੀ ਰੈਣਿ ਵਿਹਾਇ।”
– ਸਿਰੀ ੩, ੪੭, ੨ : ੨ (31)

ਵਿਹਾਈ ---- ਗੁਜ਼ਰਦੀ ਹੈ, ਲੰਘਦੀ ਹੈ
“ਅਨਦਿਨੁ ਗੁਰੁ ਗੁਰੁ ਕਰਤ ਵਿਹਾਈ।”
– ਮਾਰੂ ੪, ਸੋਲਾ ੧, ੭ : ੨ (1069)

ਵਿਹਾਏ ----- ਲੰਘਦੀ ਹੈ
“ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ।”
– ਬਿਹਾ ੪, ਵਾਰ ੪ਸ, ੩, ੨ : ੫ (550)

ਵਿਹਾਝਹਿ --- ਖਰੀਦਦਾ ਹੈ
“ਸਚੁ ਵਿਹਾਝਹਿ ਸਚੁ ਕਮਾਵਹਿ ਸਚੋ ਸਚੁ ਕਮਾਵਣਿਆ।”
– ਮਾਝ ੩, ਅਸ ੧੪, ੪ : ੩ (117)

ਵਿਹਾਝਹੁ ---- ਖਰੀਦੋ
“ਜਾ ਕਉ ਆਏ ਸੋਈ ਵਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ।”
– ਗਉ ੫, ੧੨੪*, ੩ : ੧ (205)

ਵਿਹਾਝਿਆ -- ਖਰੀਦਿਆ ਹੋਇਆ
“ਲਾਲਾ ਹਾਟਿ ਵਿਹਾਝਿਆ ਕਿਆ ਤਿਸੁ ਚਤੁਰਾਈ।”
– ਗਉ ੪, ੪੬, ੪ : ੧ (166)

ਵਿਹਾਝੀ ---- ਖਰੀਦੀ
“ਸਹਜਿ ਵਿਹਾਝੀ ਸਹਜਿ ਲੈ ਜਾਨੀ।”
– ਆਸਾ ੫, ੬, ੩ : ੨ (372)
“ਕਰਿ ਕਰਿ ਅਨਰਥ ਵਿਹਾਝੀ ਮਾਇਆ।” (ਖਰੀਦੀ ਭਾਵ ਇਕਠੀ ਕੀਤੀ)
– ਆਸਾ ੫, ੮੬, ੧ : ੨ (391)

ਵਿਹਾਝੇ ----- ਖਰੀਦਦਾ ਹੈ
“ਨਾਮੁ ਵਿਹਾਝੇ ਨਾਮੁ ਲਏ ਨਾਮਿ ਰਹੇ ਸਮਾਏ।”
– ਆਸਾ ੩, ਛੰਤ ੭, ੪ : ੨ (440)
“ਨਾਨਕ ਜਿਸੁ ਕ੍ਰਿਪਾ ਕਰੇ ਸੁ ਹਰਿ ਨਾਮੁ ਵਿਹਾਝੇ ਸੋ ਸਾਹੁ ਸਚਾ ਵਣਜਾਰਾ।”
(ਖਰੀਦਦਾ ਭਾਵ ਪ੍ਰਾਪਤ ਕਰਦਾ ਹੈ)
– ਬੈਰਾ ੪, ੪, ੨ : ੨ (720)

ਵਿਹਾਝੈ ----- ਖਰੀਦਦਾ
“ਲੋਕੁ ਅਵਗਣਾ ਕੀ ਬੰਨੈ ਗੰਠੜੀ ਗੁਣ ਨ ਵਿਹਾਝੈ ਕੋਇ।”
– ਮਾਰੂ ੩, ਵਾਰ ੧੮ਸ, ੩, ੧ : ੧ (1092)

ਵਿਹਾਣ ----- ਲੰਘਦਾ ਹੈ, ਬਤੀਤ ਹੁੰਦਾ ਹੈ, ਗੁਜ਼ਰਦਾ ਹੈ
“ਵਣੁ ਤ੍ਰਿਣੁ ਤ੍ਰਿਭਵਣੁ ਤੁਝੈ ਧਿਆਇਦਾ ਅਨਦਿਨੁ ਸਦਾ ਵਿਹਾਣ।”
– ਸਲੋ ੩, ੬੩ : ੬ (1420)

ਵਿਹਾਣਾ ---- ਗੁਜ਼ਰਦੀ ਹੈ, ਬੀਤਦੀ ਹੈ
“ਆਗੈ ਹੁਕਮੁ ਨ ਚਲੈ ਮੂਲੇ ਸਿਰਿ ਸਿਰਿ ਕਿਆ ਵਿਹਾਣਾ।”
– ਵਡ ੧, ਅਲਾ ੧, ੨ : ੫ (579)

ਵਿਹਾਣੀ ---- ਲੰਘਦੀ ਹੈ, ਬਤੀਤ ਹੁੰਦੀ ਹੈ, ਗੁਜ਼ਰਦੀ ਹੈ
“ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ।”
– ਸਿਰੀ ੩, ੪੫, ੧ : ੨ (31)
“ਮੇਰੀ ਮੇਰੀ ਕਰਤ ਵਿਹਾਣੀ।” (ਲੰਘ ਗਈ, ਬਤੀਤ ਹੋ ਗਈ)
– ਮਾਰੂ ੩, ਸੋਲਾ ੬, ੪ : ੧ (1049)

ਵਿਹਾਣੀਆ -- ਲੰਘ ਜਾਂਦੀ ਹੈ, ਬਤੀਤ ਹੋ ਜਾਂਦੀ ਹੈ
“ਨੈਨ ਤਰਸਨ ਦਰਸ ਪਰਸਨ ਨਹ ਨੀਦ ਰੈਣਿ ਵਿਹਾਣੀਆ।”
– ਬਿਹਾ ੫, ਛੰਤ ੨, ੧ : ੪ (542)

ਵਿਹਾਦੀ ---- ਗੁਜ਼ਰਦੀ, ਲੰਘਦੀ, ਬਤੀਤ ਹੁੰਦੀ
“ਕਰਿ ਸੇਵਹੁ ਪੂਰਾ ਸਤਿਗੁਰੂ ਵਣਜਾਰਿਆ ਮਿਤ੍ਰਾ ਸਭ ਚਲੀ ਰੈਣਿ ਵਿਹਾਦੀ।”
– ਸਿਰੀ ੪, ਪਹ ੩, ੪ : ੨ (77)

ਵਿਹਾਨਾ ---- ਗੁਜ਼ਰਦਾ ਹੈ, ਲੰਘਦਾ ਹੈ
“ਧੰਧਾ ਕਰਤਿਆ ਅਨਦਿਨੁ ਵਿਹਾਨਾ।”
– ਗਉ ੩, ੨੬, ੧ : ੪ (159)

ਵਿਹਾਵਣੇ ---- ਲੰਘਦੀ ਹੈ, ਬਤੀਤ ਹੁੰਦੀ ਹੈ, ਗੁਜ਼ਰਦੀ ਹੈ
“ਮਾਇਆ ਦੁਖਿ ਮੋਹਿਆ ਹਉ ਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਣੇ।”
– ਧਨਾ ੪, ਛੰਤ ੧, ੪ : ੩ (690)

ਵਿਹਾਵਣਿਆ - ਗੁਜ਼ਰਦੀ ਹੈ
“ਹਲਤੁ ਪਲਤੁ ਤਿਨੀ ਦੋਵੈ ਗਵਾਏ ਦੁਖੇ ਦੁਖਿ ਵਿਹਾਵਣਿਆ।”
– ਮਾਝ ੩, ਅਸ ੨੩, ੫ : ੩ (123)

ਵਿਹਾਵੀ ---- ਵਿਹਾਂਦੀ, ਲੰਘਦੀ, ਗੁਜ਼ਰਦੀ
“ਰਾਤਿ ਨ ਵਿਹਾਵੀ ਸਾਕਤਾਂ ਜਿਨ੍ਹਾ ਵਿਸਰੈ ਨਾਉ।”
– ਮਲਾ ੧, ਵਾਰ ੧੪ਸ, ੫, ੧ : ੧ (1284)

ਵਿਹਾਵੇ ----- ਲੰਘੇ, ਬੀਤੇ
“ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ।”
– ਰਾਮ ੫, ਵਾਰ ੯ਸ, ੫, ੧ : ੧ (961)

ਵਿਹਾਵੈ ----- ਲੰਘਦੀ, ਬਤੀਤ ਹੁੰਦੀ
"ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ।"
– ਮਾਝ ੫, ੮, ੧ : ੩ (97)

ਵਿਹੂਣ ----- ਬਿਨਾਂ, ਰਹਿਤ
"ਨਾਮ ਵਿਹੂਣ ਗਰਭ ਗਲਿ ਜਾਇ।"
– ਆਸਾ ੩, ੪੫, ੨ : ੧ (362)

ਵਿਹੂਣਾ ----- ਰਹਿਤ, ਬਿਨਾਂ
"ਸੁਰਤਿ ਵਿਹੂਣਾ ਕੋਇ ਨ ਕੀਆ।"
– ਸਿਰੀ ੧, ੩੦, ੧ : ੨ (24)
"ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ।" (ਖਾਲੀ, ਵਿਛੁੜਿਆ ਹੋਇਆ)
– ਜੈਤ ੫, ਵਾਰ ੧੨ : ੨ (708)
"ਭਗਤਿ ਵਿਹੂਣਾ ਸਭੁ ਜਗੁ ਭਰਮਿਆ ਅੰਤਿ ਗਇਆ ਪਛੁਤਾਨਿਆ।" (ਸਖਣਾ)
– ਸੂਹੀ ੩, ਛੰਤ ੨, ੩ : ੪ (768)

ਵਿਹੂਣਿਆ --- ਸਖਣਾ/ਖਾਲੀ (ਹੋਣ ਕਰਕੇ), ਬਿਨਾਂ, ਬਾਝੋਂ
"ਭਗਤੀ ਨਾਮ ਵਿਹੂਣਿਆ ਆਵਹਿ ਵੰਵਹਿ ਪੂਰ।"
– ਸਿਰੀ ੫, ੮੪, ੩ : ੩ (47)

ਵਿਹੂਣੀ ----- ਖਾਲੀ, ਸਖਣੀ, ਬਿਨਾਂ, ਬਾਝੋਂ, ਵਿਰਵੀਂ
"ਗਿਆਨ ਵਿਹੂਣੀ ਪਿਰ ਮੁਤੀਆ ਪਿਰਮੁ ਨ ਪਾਇਆ ਜਾਇ।"
– ਸਿਰੀ ੩, ੬੧, ੩ : ੧ (38)

ਵਿਹੂਣੰੀ ---- ਵਿਰਵੀਂ, ਬਾਝ
"ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੰੀ ਤਤੀਆ।"
– ਮਾਰੂ ੫, ਵਾਰ ੨੨ਸ, ੫, ੩ : ੩ (1102)
ਵਿਹੂਣੀਆ – ਖਾਲੀ, ਸਖਣੀ, ਬਿਨਾਂ
"ਨਾਨਕ ਨਾਮ ਵਿਹੂਣੀਆ ਨਿਮੁਣੀਆਦੀ ਦੇਹ।"
– ਮਾਰੂ ੫, ਵਾਰ ੨੦ਸ, ੫, ੩ : ੨ (1101)

ਵਿਹੂਣੇ ----- ਬਿਨਾਂ, ਸਖਣੇ, ਵਿਰਵੇਂ, ਖਾਲੀ
"ਨਾਮ ਵਿਹੂਣੇ ਕਿਆ ਗਣੀ ਜਿਸੁ ਹਰਿ ਗੁਰ ਦਰਸੁ ਨ ਹੋਇ।"
– ਸਿਰੀ ੧, ਅਸ ੧੫, ੬ : ੩ (63)

ਵਿਕਣਹਿ --- ਵਿਕ ਜਾਂਦੇ ਹਨ
"ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ।"
– ਆਸਾ ੩, ਅਸ ੩੧, ੭ : ੧ (427)
"ਗੁਣ ਸੰਗ੍ਰਹਿ ਅਵਗਣ ਵਿਕਣਹਿ ਆਪੈ ਆਪੁ ਪਛਾਣੈ।" (ਭਾਵ ਦੂਰ ਹੋ ਜਾਂਦੇ ਹਨ)
– ਵਡ ੩, ਛੰਤ ੨, ੧ : ੪ (568)

ਵਿਕਣਾ ----- ਵੇਚ ਦੇਵਾਂ

“ਸਤਿਗੁਰੁ ਪੁਰਖੁ ਮਿਲਾਇ ਅਵਗਣਿ ਵਿਕਣਾ ਗੁਣ ਰਤਾ ਬਲਿਰਾਮ ਜੀਉ।” (ਦੂਰ ਕਰ ਦੇਵਾਂ, ਤਿਆਗ ਦੇਵਾ)
- ਸੂਹੀ ੪, ਛੰਤ ੧, ੧ : ੧ (772)

ਵਿਕਣਿ ----- ਵਿਕਨ ਨਾਲ, ਭਾਵ ਦੂਰ ਹੋਣ ਨਾਲ
“ਅਵਗਣ ਵਿਕਣਿ ਪਲ੍ਹਰਨਿ ਗੁਣ ਕੀ ਸਾਝ ਕਰੰਨ੍ਹਿ।”
- ਸੂਹੀ ੩, ਅਸ ੩, ੨੫ : ੨ (756)

ਵਿਕਰਮ ---- ਬੁਰੇ ਕੰਮ
“ਸਾਕਤ ਸੰਗਿ ਵਿਕਰਮ ਕਮਾਏ।”
- ਮਾਝ ੫, ੩੭, ੩ : ੨ (105)

ਵਿਕਰਾਲ --- ਬਹੁਤ ਭਿਆਨਕ, ਡਰਾਉਣੀ
“ਓਇ ਫਿਰਿ ਫਿਰਿ ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ।”
- ਸਿਰੀ ੪, ੬੬, ੩ : ੨ (40)

ਵਿਕਰਾਲਾ --- ਡਰਾਉਣਾ
“ਰਾਖੁ ਰਾਖੁ ਸਰਣਿ ਪ੍ਰਭ ਅਪਨੀ ਅਗਨਿ ਸਾਗਰ ਵਿਕਰਾਲਾ।”
- ਆਸਾ ੫, ੩੦, ੨ : ੧ (378)

ਵਿਕਰਾਲਿ --- ਡਰਾਉਣੀ
“ਮਨ ਕਰਹਲਾ ਤੂੰ ਚੰਚਲਾ ਚਤੁਰਾਈ ਛਡਿ ਵਿਕਰਾਲਿ।”
- ਗਉ ੪, ਕਰ ੨, ੬ : ੧ (235)

ਵਿਕਰਾਲੁ --- ਡਰਾਉਣਾ
“ਖੁਧਿਆ ਤ੍ਰਿਸਨਾ ਨਿੰਦਾ ਬੁਰੀ ਕਾਮੁ ਕ੍ਰੋਧੁ ਵਿਕਰਾਲੁ।”
- ਮਲਾ ੧, ਵਾਰ ੧ਸ, ੩, ੧ : ੭ (1279)

ਵਿਕਾਇ ---- (1) ਖਰੀਦ ਲਏ
“ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ।”
- ਸੂਹੀ ੧, ੭, ੪ : ੧ (730)

(2) ਵਿਕਦਾ ਹੈ
“ਨਾ ਇਹ ਮਾਰੀ ਨ ਮਰੈ ਨਾ ਇਹ ਹਟਿ ਵਿਕਾਇ।”
- ਬਿਲਾ ੪, ਵਾਰ ੧੦ਸ, ੩, ੨ : ੨ (853)

ਵਿਕਾਣੇ ----- ਵਿਕੇ ਹੋਏ
“ਰਸਨ ਰਸਾਏ ਨਾਮਿ ਤਿਸਾਏ ਗੁਰ ਕੈ ਸਬਦਿ ਵਿਕਾਣੇ।”
- ਧਨਾ ੧, ਛੰਤ ੨, ੪ : ੩ (688)

ਵਿਕਾਂਦੜੇ --- ਵਿਕਦੇ
“ਖੰਭ ਵਿਕਾਂਦੜੇ ਜੇ ਲਹਾਂ ਘਿੰਨਾ ਸਾਵੀ ਤੋਲਿ।”
- ਸਲੋ ੫, ੨੧ : ੧ (1426)

ਵਿਕਾਰ ----- (1) ਮਾੜੇ ਵਿਚਾਰ, ਮੰਦ ਭਾਵਨਾ
“ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।”

– ਸਿਰੀ ੧, ੭, ੧* : ੨ (16)

“ਹੋਇ ਕੁਚੀਲੁ ਰਹਾ ਮਲੁਧਾਰੀ ਦੁਰਮਤਿ ਮਤਿ ਵਿਕਾਰ।” (ਭੈੜਾਪਣ)

– ਮਾਝ ੧, ਵਾਰ ੪ਸ, ੧, ੧ : ੫ (139)

(2) ਮਾੜੇ, ਖਰਾਬ, ਵਿਅਰਥ

“ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ।”

– ਸਿਰੀ ੧, ੧੩, ੫ : ੧ (19)

“ਗਾਲ੍ਹੀ ਬਿਆ ਵਿਕਾਰ ਨਾਨਕ ਧਣੀ ਵਿਹੂਣੀਆ।” (ਵਿਅਰਥ)

– ਗਉ ੫, ਵਾਰ ੧੪ਸ, ੫, ੧ : ੨ (321)

(3) ਬੁਰਾਈਆਂ

“ਗੁਣਵੰਤੀ ਸਚੁ ਪਾਇਆ ਤ੍ਰਿਸਨਾ ਤਜਿ ਵਿਕਾਰ।”

– ਸਿਰੀ ੩, ੫੯, ੧ : ੧ (36)

(4) ਬੁਰੇ ਬਣੇ

“ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ।”

– ਆਸਾ ੩, ਅਸ ੩੧, ੨ : ੧ (427)

ਵਿਕਾਰਾ ---- ਬੁਰਾਈ, ਮੰਦ ਕਰਮ

“ਪੰਡਿਤ ਹਰਿ ਪੜੁ ਤਜਹੁ ਵਿਕਾਰਾ।”

– ਗਉ ੩, ਅਸ ੨, ੧* : ੧ (229)

ਵਿਕਾਰਿ ---- ਬੁਰਾਈ ਵਿਚ

“ਝੂਠ ਵਿਕਾਰਿ ਜਾਗੈ ਹਿਤ ਚੀਤੁ।”

– ਗਉ ੧, ੭, ੧ : ੨ (153)

ਵਿਕਾਰੀ ---- (1) ਬੁਰਾਈ ਵਾਲੀ, ਭੈੜੀ, ਮੰਦੀ

“ਦਿਸਟਿ ਵਿਕਾਰੀ ਨਾਹੀ ਭਉ ਭਾਉ।”

– ਗਉ ੧, ੭, ੨ : ੩ (153)

(2) ਬੁਰਾਈਆਂ/ਵਿਕਾਰਾਂ ਦਾ

“ਸਗਲ ਵਿਕਾਰੀ ਹਾਰੁ ਪਰੋਇ।”

– ਗਉ ੧, ਅਸ ੪, ੩ : ੨ (222)

“ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ।” (ਵਿਕਾਰਾਂ ਦੇ ਭਾਵ ਐਸ਼ ਦੇ)

– ਬਿਹਾ ੫, ਛੰਤ ੯, ੧ : ੫ (547)

(3) ਵਿਕਾਰਾਂ ਵਾਲੇ, ਬੁਰੇ

“ਕ੍ਰੋਧੁ ਬਿਨਾਸੈ ਸਗਲ ਵਿਕਾਰੀ।”

– ਗਉ ੧, ਅਸ ੧੧, ੪ : ੨ (225)

(4) ਵਿਕਾਰ ਨੂੰ, ਬੁਰਾਈ ਨੂੰ

“ਗੁਰ ਸਬਦੀ ਮਨੁ ਨਿਰਮਲਾ ਹਉਮੈ ਛਡਿ ਵਿਕਾਰੀ।”

– ਗੁਜ ੩, ਵਾਰ ੩ : ੪ (509)

ਵਿਕਾਰੁ ----- (1) ਬੁਰਾਈ, ਵਿਗਾੜ, ਰੋਗ

“ਤ੍ਰਿਸਨਾ ਅਹਿਨਿਸਿ ਅਗਲੀ ਹਉਮੈ ਰੋਗੁ ਵਿਕਾਰੁ।”

– ਸਿਰੀ ੧, ੧੭, ੨ : ੨ (20)

“ਤ੍ਰੈ ਗੁਣ ਸਭਾ ਧਾਤੁ ਹੈ ਦੂਜਾ ਭਾਉ ਵਿਕਾਰੁ।” (ਰੋਗ, ਬੁਰਾ)

– ਸਿਰੀ ੩, ਪ੧, ੨ : ੧ (33)

"ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ।" (ਖੋਟੇ ਕੰਮ)

– ਬਿਹਾ ੪, ਵਾਰ ੯ਸ, ੩, ੨ : ੪ (552)

"ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ।" (ਮੰਦ ਭਾਵਨਾ)

– ਸਲੋ ਫਰ, ੧੦੯ : ੧ (1383)

(2) ਬੇਅਰਥ, ਨਿਕੰਮਾ

"ਸੂਹਾ ਰੰਗ ਵਿਕਾਰੁ ਹੈ ਕੰਤੁ ਨ ਪਾਇਆ ਜਾਇ।"

– ਸੂਹੀ ੩, ਵਾਰ ੩ਸ, ੩, ੨ : ੧ (786)

"ਸੇਜੈ ਕੰਤੁ ਨ ਆਇਆ ਏਵੈ ਭਇਆ ਵਿਕਾਰੁ।"

– ਸੂਹੀ ੩, ਵਾਰ ੬ਸ, ੩, ੨ :੨ (788)

ਵਿਕਾਰੋ ----- ਬੁਰਾਈਆਂ, ਮੰਦ ਕਰਮ, ਵਿਕਾਰ

"ਅਜੁ ਕਲਿ ਕਰਦਿਆ ਕਾਲੁ ਬਿਆਪੈ ਦੂਜੈ ਭਾਇ ਵਿਕਾਰੋ।"

– ਵਡ ੧, ਅਲਾ ੪, ੨ : ੬ (581)

ਵਿਕੁੰਨੀ ----- ਵਿਆਕੁਲ, ਹੈਰਾਨ ਪਰੇਸ਼ਾਨ

"ਹਉ ਭਾਲਿ ਵਿਕੁੰਨੀ ਹੋਈ।"

– ਮਾਝ ੧, ਵਾਰ ੧੬ਸ, ੧, ੧ : ੩ (145)

ਵਿਖ ------ ਕਦਮ

"ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ।"

– ਗਉ ੫, ਵਾਰ ੩ਸ, ੫, ੨ : ੨ (318)

ਵਿਖੰਮ ----- ਔਖਾ, ਮੁਸ਼ਕਲ, ਕਠਿਨ

"ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ।"

– ਗਉ ੪, ਵਾਰ ੨੭ : ੩ (315)

ਵਿਖਮੁ ----- ਔਖਾ, ਕਠਿਨ

"ਗਾਵੈ ਕੋ ਵਿਦਿਆ ਵਿਖਮੁ ਵੀਚਾਰੁ।"

– ਜਪੁ ੧, ੩ : ੪ (2)

ਵਿਖਲੀਪਤੇ -- ਦੁਰਾਚਾਰੀ

"ਇਕਿ ਕੁਚਲ ਕੁਚੀਲ ਵਿਖਲੀਪਤੇ ਨਾਵਹੁ ਆਪਿ ਖੁਆਏ।"

– ਆਸਾ ੩, ਅਸ ੩੨, ੫ : ੧ (427)

ਵਿਖੜਾ ----- ਔਖਾ, ਉਚਾ ਨੀਵਾਂ, ਕਠਿਨ

"ਹਰਿ ਕਾ ਮਾਰਗੁ ਸਦਾ ਪੰਥੁ ਵਿਖੜਾ ਕੋ ਪਾਏ ਗੁਰ ਵੀਚਾਰਾ।"

– ਸੋਰ ੩, ੩, ੪ : ੧ (600)

ਵਿਖਾ ------ (1) ਵੇਖ ਖਾਂ, ਵੇਖ ਲੈ (ਸ਼ਬਦਾਰਥ, ਦਰਪਣ); ਵਖਾ (ਨਿਰਣੈ); ਵਿਸਾ ਮਾਤ੍ਰ, ਕਣ ਮਾਤ੍ਰ (ਮਹਾਨਕੋਸ਼)

"ਝਝੈ ਕਦੇ ਨ ਝੂਰਹਿ ਮੂੜੇ ਸਤਿਗੁਰ ਕਾ ਉਪਦੇਸੁ ਸੁਣਿ ਤੂੰ ਵਿਖਾ।"

– ਆਸਾ ੩, ਪਟੀ ੧੩ : ੧ (435)

(2) ਕਦਮ, ਪੈਰ

"ਧਨੁ ਧੰਨੁ ਸੁਹਾਵਾ ਸੋ ਸਰੀਰੁ ਥਾਨੁ ਹੈ ਜਿਥੈ ਮੇਰਾ ਗੁਰੁ ਧਰੇ ਵਿਖਾ।"
– ਸੋਰ ੪, ਵਾਰ ੧੯ : ੫ (650)

(3) ਵੇਖਾਂ, ਦੇਖਾਂ
"ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ।"
– ਰਾਮ ੫, ਵਾਰ ੬ਸ, ੫, ੧ : ੩ (959)

ਵਿਖਾਂ ------ ਕਦਮ
"ਜੇ ਇਕ ਵਿਖ ਅਗਾਹਾ ਭਰੇ ਤਾਂ ਦਸ ਵਿਖਾਂ ਪਿਛਾਹਾ ਜਾਇ।"
– ਸਾਰ ੪, ਵਾਰ ੨੩ਸ, ੪, ੨ : ੪ (1246)

ਵਿਖਾਲਣਿਆ – ਵਿਖਾਲਦਾ ਹੈ, ਦਿਖਾਉਂਦਾ ਹੈ
"ਨਾਨਕ ਨਾਮੁ ਵਸੈ ਘਟ ਅੰਤਰਿ ਆਪੇ ਵੇਖਿ ਵਿਖਾਲਣਿਆ।"
– ਮਾਝ ੩, ਅਸ ੨੭, ੮ : ੩ (125)

ਵਿਖਾਲਿਆ -- ਦਿਖਾ ਦਿੱਤਾ
"ਸਤਿਗੁਰਿ ਪੁਰਖਿ ਵਿਖਾਲਿਆ ਮਸਤਕਿ ਧਰਿ ਕੈ ਹਥੁ ਜੀਉ।"
– ਸਿਰੀ ੫, ਅਸ ੨੯, ੯ : ੩ (73)

ਵਿਖਾਲੇ ----- ਦਿਖਾ ਦੇਵੇ, ਦਿਖਾਵੇ
"ਜਿਸੁ ਆਪਿ ਵਿਖਾਲੇ ਸੁ ਵੇਖੈ ਸੋਈ।"
– ਮਾਝ ੩, ਅਸ ੨੭, ੮ : ੨ (125)
"ਆਪੇ ਉਝੜਿ ਪਾਇਦਾ ਪਿਆਰਾ ਆਪਿ ਵਿਖਾਲੇ ਰਾਹੁ।" (ਦਿਖਾਉਂਦਾ ਹੈ)
– ਸੋਰ ੪, ੧, ੨ : ੨ (604)

ਵਿਖੁ ------ ਜ਼ਹਿਰ, ਬਿਖ
"ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ।"
– ਸੋਰ ੪, ਵਾਰ ੧੦ਸ, ੩, ੨ : ੫ (646)

ਵਿਖੋਟਿ ----- ਨਿਖੁਟ, ਨਾਚਾਕੀ, ਅਣਬਣ
"ਲੋਭ ਮੋਹ ਸਿਉ ਗਈ ਵਿਖੋਟਿ।"
– ਪ੍ਰਭਾ ੫, ਅਸ ੧, ੩ : ੧ (1347)

ਵਿਗਸਦਾ --- ਖੁਸ਼ ਹੁੰਦਾ, ਪ੍ਰਸੰਨ ਹੁੰਦਾ, ਖਿੜਦਾ
"ਤੂੰ ਆਪੇ ਵੇਖਿ ਵਿਗਸਦਾ ਆਪਣੀ ਵਡਿਆਈ।"
– ਸਿਰੀ ੪, ਵਾਰ ੨ : ੨ (83)

ਵਿਗਸਿਆ --- ਖਿੜਿਆ ਹੈ, ਪ੍ਰਸੰਨ ਹੋਇਆ ਹੈ, ਅਨੰਦਿਤ ਹੋਇਆ
"ਮਨੁ ਤਨੁ ਸਾਚਿ ਵਿਗਸਿਆ ਕੀਮਤਿ ਕਹਣੁ ਨ ਜਾਇ।"
– ਸਿਰੀ ੧, ਅਸ ੯, ੩ : ੨ (58)
"ਗੁਰਮੁਖਿ ਕਮਲੁ ਵਿਗਸਿਆ ਸਭੁ ਆਤਮ ਬ੍ਰਹਮ ਪਛਾਨੁ।" (ਖਿੜਿਆ)
– ਸਲੋ ੩, ੫੦ : ੩ (1419)

ਵਿਗਸੀ ----- ਖਿੜੀ, ਖੁਸ਼ ਹੋਈ
"ਦੇਖਿ ਪਿਰੁ ਵਿਗਸੀ ਅੰਦਰਹੁ ਸਰਸੀ ਸਚੈ ਸਬਦਿ ਸੁਭਾਏ।"

– ਆਸਾ ੩, ਛੰਤ ੬, ੨ : ੫ (439)

ਵਿਗਸੀਆ --- ਖੁਸ਼ ਹੋਇਆ, ਖਿੜ ਗਿਆ
“ਹਉ ਸਤਿਗੁਰੁ ਵੇਖਿ ਵਿਗਸੀਆ ਹਰਿ ਨਾਮੇ ਲਗਾ ਪਿਆਰੁ।”
– ਸੂਹੀ ੪, ਅਸ ੨, ੨ : ੧ (758)

ਵਿਗਸੀਐ --- ਖੁਸ਼ ਹੋਈਦਾ ਹੈ
“ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ।”
– ਸਿਰੀ ੧, ਅਸ ੧੬, ੫ : ੧ (63)

ਵਿਗਸੀਤਾ --- ਖੁਸ਼ ਹੁੰਦਾ ਹੈ
“ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ।”
– ਗੂਜ ੩, ਵਾਰ ੪ : ੫ (510)

ਵਿਗਸੁ ----- ਖੁਸ਼ ਹੋਇਆ
“ਮਨਿ ਚਿੰਦੜਿਆ ਫਲੁ ਪਾਇਆ ਮੇਰੇ ਗੋਵਿੰਦਾ ਗੁਰੁ ਪੂਰਾ ਵੇਖਿ ਵਿਗਸੁ ਜੀਉ।”
– ਗਉ ੪, ੬੬, ੩ : ੨ (173)

ਵਿਗਸੇ ----- ਖਿੜ ਜਾਣਾ
“ਹਰਿ ਨਾਮੋ ਹਰਿ ਨਾਮੁ ਦ੍ਰਿੜਾਏ ਜਪਿ ਹਰਿ ਹਰਿ ਨਾਮੁ ਵਿਗਸੇ ਰਾਮ।”
– ਵਡ ੪, ਛੰਤ ੧, ੨ : ੨ (572)

ਵਿਗਸੇਤੁ ---- ਖੁਸ਼ ਹੁੰਦਾ ਹੈ
“ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ।”
– ਸਿਰੀ ੪, ਵਾਰ ੫ : ੩ (84)

ਵਿਗਸੈ ----- (1) ਖੁਸ਼ ਹੁੰਦਾ ਹੈ, ਪ੍ਰਸੰਨ ਹੁੰਦਾ ਹੈ
“ਨਾਨਕ ਵਿਗਸੈ ਵੇਪਰਵਾਹੁ।”
– ਜਪੁ ੧, ੩ : ੧੪ (2)

(2) ਖਿੜਦਾ ਹੈ
“ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ ਗੁਰ ਜਲ ਮਿਲਿ ਕਮਲੁ ਵਿਗਸੈ ਜੀਉ।”
(ਹਿਰਦੇ ਰੂਪੀ ਕਮਲ)
– ਮਾਝ ੪, ੨, ੩ : ੩ (94)

ਵਿਗਤੀ ----- ਬੇਗਤੇ, ਗਤੀ ਤੋਂ ਬਿਨਾਂ
“ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ।”
– ਮਾਰੂ ੩, ਵਾਰ ੯ : ੫ (1089)

ਵਿਗੜਿਆ – ਖਰਾਬ ਹੋਇਆ
“ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੈ।”
– ਭੈਰ ੩, ੨੦, ੩ : ੨ (1133)

ਵਿੰਗਾ ------ ਟੇਡਾ
“ਵਾਲੁ ਨ ਵਿੰਗਾ ਹੋਆ।” (ਮੁਹਾਵਰਾ, ਕੋਈ ਤਕਲੀਫ ਨ ਹੋਣੀ)
– ਸੋਰ ੫, ੫੭, ੧ : ੨ (623)

ਵਿਗਾਸਾ ---- ਖੁਸ਼ ਹੁੰਦਾ ਹੈ
"ਹਸਤੀ ਘੋੜੇ ਦੇਖਿ ਵਿਗਾਸਾ।"
- ਗਉ ੫, ੭੧, ੨ : ੧ (176)

ਵਿਗਾਸਿ ---- ਖੁਸ਼ੀ ਮਿਲਦੀ ਹੈ
"ਅਸਟ ਧਾਤੁ ਪਾਤਿਸਾਹ ਕੀ ਘੜੀਐ ਸਬਦਿ ਵਿਗਾਸਿ।"
- ਸਿਰੀ ੧, ਅਸ ੧੩, ੪ : ੨ (61)
"ਕੂੜਿ ਕਮਾਣੈ ਕੂੜੋ ਹੋਵੈ ਨਾਨਕ ਸਿਫਤਿ ਵਿਗਾਸਿ।"
- ਆਸਾ ੧, ਵਾਰ ੨੨ਸ, ੨, ੩ : ੫ (474)

ਵਿਗਾਸਿਆ -- ਪ੍ਰਕਾਸ਼ਮਾਨ ਕੀਤਾ
"ਦੀਪਕੁ ਸਬਦਿ ਵਿਗਾਸਿਆ ਰਾਮ ਨਾਮੁ ਉਰ ਹਾਰੁ।"
- ਸਿਰੀ ੧, ਅਸ ੨, ੫ : ੩ (54)
"ਹਰਿ ਹਰਿ ਆਰਾਧਿਆ ਗੁਰ ਸਬਦਿ ਵਿਗਾਸਿਆ ਬੀਜਾ ਅਵਰੁ ਨ ਕੋਇ ਜੀਉ।"
- ਆਸਾ ੪, ਛੰਤ ੧੨, ੩ : ੨ (446)
"ਮੇਰਾ ਮਨੁ ਤਨੁ ਸਬਦਿ ਵਿਗਾਸਿਆ ਜਪਿ ਅਨਤ ਤਰੰਗਾ।" (ਖਿੜਿਆ)
- ਆਸਾ ੪, ਛੰਤ ੧੫, ੩ : ੩ (449)

ਵਿਗਾਸੀ ---- ਖਿੜ ਗਈ, ਖੁਸ਼ ਹੋਈ
"ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ।"
- ਧਨਾ ੧, ਛੰਤ ੩, ੫ : ੫ (690)

ਵਿਗਾਸੀਅਹਿ - ਖੁਸ਼ ਹੁੰਦੇ ਹਨ, ਖਿੜ ਜਾਂਦੇ ਹਨ
"ਨਾਰੀ ਦੇਖਿ ਵਿਗਾਸੀਅਹਿ ਨਾਲੇ ਹਰਖੁ ਸੁ ਸੋਗੁ।"
- ਸਿਰੀ ੧, ਅਸ ੧੫, ੩ : ੨ (63)

ਵਿਗਾਸੁ ----- (1) ਅਨੰਦ
"ਨਾਨਕ ਭਗਤਾ ਸਦਾ ਵਿਗਾਸੁ।"
- ਜਪੁ ੧, ੮ : ੫ (2)
(2) ਪ੍ਰਕਾਸ਼, ਚਾਣਨਾ
"ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ।"
- ਸਿਰੀ ੧, ੮, ੧ : ੨ (17)
"ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ।"
- ਗਉ ੪, ੫੨, ੪ : ੧ (168)

ਵਿਗਾਸੇ ----- ਖੁਸ਼ੀ ਹੋਈ
"ਵਡਭਾਗੀ ਹਰਿ ਪਾਇਆ ਜਨ ਨਾਨਕ ਨਾਮਿ ਵਿਗਾਸੇ।"
- ਸੂਹੀ ੪, ਛੰਤ ੫, ੧ : ੪ (776)

ਵਿਗਾਰੇ ----- ਵਿਗਾੜੇ
"ਪ੍ਰਹਲਾਦਿ ਸਭਿ ਚਾਟੜੇ ਵਿਗਾਰੇ।"
- ਭੈਰ ੩, ਅਸ ੧, ੪ : ੧ (1154)

ਵਿਗਾੜਹ ---- ਵਿਗਾੜਦੇ ਹਾਂ, ਖਰਾਬ ਕਰਦੇ ਹਾਂ

"ਅਸੀ ਬੋਲਵਿਗਾੜ ਵਿਗਾੜਹ ਬੋਲ।"
- ਸਿਰੀ ੧, ੩੦, ੩ : ੧ (25)

ਵਿਗਾੜਹਿ --- ਖਰਾਬ ਕਰਦੇ ਹਾਂ
"ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ।"
- ਆਸਾ ੩, ੪੫, ੧ : ੧ (362)

ਵਿਗਾੜਿ ---- ਖਰਾਬ ਕਰਕੇ, ਵਿਗਾੜਕੇ
"ਰਤਨ ਵਿਗਾੜਿ ਵਿਗੋਏ ਕੁਤੰੀ ਮੁਇਆ ਸਾਰ ਨ ਕਾਈ।"
- ਆਸਾ ੧, ੩੯, ੨ : ੨ (360)

ਵਿਗਾੜਿਆ -- ਖਰਾਬ ਕਰ ਲਿਆ
"ਮਨਮੁਖ ਮਰਹਿ ਅਹੰਕਾਰਿ ਮਰਣੁ ਵਿਗਾੜਿਆ।"
- ਸਿਰੀ ੪, ਵਾਰ ੧੧ਸ, ੩, ੧ : ੫ (86)

ਵਿਗਾੜੀ ---- ਵਿਗਾੜ ਲਏ
"ਫਾਥਾ ਚੁਗੈ ਨਿਤ ਚੋਗੜੀ ਲਗਿ ਬੰਧੁ ਵਿਗਾੜੀ।"
- ਮਾਰੂ ੧, ਅਸ ੪, ੬ : ੨ (1011)

ਵਿਗਾੜੇ ----- ਖਰਾਬ ਕੀਤੇ
"ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ।"
- ਭੈਰ ੩, ੨੦, ੩ : ੨ (1133)

ਵਿਗੁਚਣਾ --- ਖੁਆਰ ਹੋਣਾ, ਖਰਾਬ ਹੋਣਾ
"ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ।"
- ਸਿਰੀ ੧, ੪, ੩ : ੨ (15)

ਵਿਗੁਚੀਐ --- ਖੁਆਰ (ਖਰਾਬ) ਹੋਈਦਾ ਹੈ
"ਬਾਹਰਿ ਢੂੰਢਿ ਵਿਗੁਚੀਐ ਘਰ ਮਹਿ ਵਸਤੁ ਸੁਥਾਇ।"
- ਸਿਰੀ ੧, ਅਸ ੧੫, ੪ : ੨ (63)

ਵਿਗੁਚੈ ----- ਖੁਆਰ ਹੁੰਦਾ ਹੈ
"ਓਨਾ ਦੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ।"
- ਸੋਰ ੩, ਅਸ ੧, ੫ : ੩ (638)

ਵਿਗੁਤਾ ----- ਤਬਾਹ ਹੋਇਆ, ਬਰਬਾਦ ਹੋਇਆ, ਖੁਆਰ ਹੋਇਆ
"ਨਾਮੁ ਵਿਸਾਰਿ ਅੰਤਿ ਵਿਗੁਤਾ।"
- ਮਾਝ ੩, ਅਸ ੫, ੬ : ੨ (112)

"ਮਨਮੁਖੁ ਨਿੰਦਾ ਕਰਿ ਕਰਿ ਵਿਗੁਤਾ।"
- ਮਾਰੂ ੩, ਸੋਲਾ ੩, ੮ : ੧ (1046)

ਵਿਗੁਤੀ ----- ਖਰਾਬ ਹੋਈ
"ਕੂੜਿ ਵਿਗੁਤੀ ਤਾ ਪਿਰਿ ਮੁਤੀ ਸਾ ਧਨ ਮਹਲੁ ਨ ਪਾਈ।"
- ਗਉ ੩, ਛੰਤ ੧, ੩ : ੪ (244)

"ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ।"

– ਤੁਖਾ ੧, ਬਾਰਾ ੧੧ : ੩ (1108)

ਵਿਗੁਤੀਆ --- ਖਰਾਬ (ਤਬਾਹ) ਕਰ ਦਿੱਤਾ ਹੈ
“ਦੇਹ ਕੰਚਨ ਵੇਵੰਨੀਆ ਇਨਿ ਹਉਮੈ ਮਾਰਿ ਵਿਗੁਤੀਆ।”
– ਸੂਹੀ ੪, ਛੰਤ ੬, ੧ : ੨ (776)

ਵਿਗੁਤੇ ----- ਖਰਾਬ ਹੋਏ, ਖੁਆਰ ਹੋਏ
“ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।”
– ਮਾਝ ੧, ਵਾਰ ੨੬ਸ, ੧, ੧ : ੧੧ (150)
“ਧੋਹਿ ਨ ਚਲੀ ਖਸਮ ਨਾਲਿ ਲਬਿ ਮੋਹਿ ਵਿਗੁਤੇ।” (ਬਰਬਾਦ ਹੋਏ)
– ਗਉ ੫, ਵਾਰ ੧੨ : ੧ (321)
“ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ।” (ਨਾਸ ਹੋਏ)
– ਮਾਰੂ ੩, ਵਾਰ ੧੯ : ੩ (1093)

ਵਿਗੂਚਹਿ --- ਖਰਾਬ ਹੁੰਦੇ ਹਨ, ਖੁਆਰ ਹੁੰਦੇ ਹਨ
“ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ।”
– ਮਾਰੂ ੧, ਅਸ ੭, ੩ : ੪ (1013)
“ਮਾਇਆ ਕਾਰਣਿ ਰੋਇ ਵਿਗੂਚਹਿ ਧ੍ਰਿਗੁ ਜੀਵਣੁ ਸੰਸਾਰਾ ਹੇ।”
– ਮਾਰੂ ੧, ਸੋਲਾ ੭, ੮ : ੩ (1027)

ਵਿਗੂਚੈ ----- ਖਰਾਬ ਹੁੰਦੇ ਹਨ, ਖੁਆਰ ਹੁੰਦੇ ਹਨ
“ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ।”
– ਮਾਰੂ ੧, ਅਸ ੭, ੧ : ੧ (1012)
ਵਿਗੂਤਾ – ਖੁਆਰ ਹੋਇਆ
“ਮੇਰਾ ਮੇਰਾ ਕਰਿ ਕਰਿ ਵਿਗੂਤਾ।”
– ਆਸਾ ੩, ੪੫, ੧ : ੩ (362)

ਵਿਗੂਤੀ ----- ਨਾਸ ਹੋਈ, ਖੁਆਰ ਹੋਈ
“ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ।”
– ਸੋਰ ੧, ਅਸ ੨, ੩ : ੧ (635)
“ਧੰਧਾ ਮੁਆ ਵਿਗੂਤੀ ਮਾਇਆ।”
– ਰਾਮ ੧, ਓਅੰ ੪੩ : ੪ (936)

ਵਿਗੂਤੇ ----- ਖਰਾਬ ਹੋਏ
“ਕਾਮਿ ਕ੍ਰੋਧਿ ਅਹੰਕਾਰਿ ਵਿਗੂਤੇ।” (ਭਾਵ ਫਸੇ)
– ਆਸਾ ੫, ੭੩, ੧ : ੧ (388)

ਵਿਗੋਇਆ -- ਖਰਾਬ ਕੀਤਾ, ਗਵਾ ਲਿਆ
“ਅਵਰ ਮਰਤ ਮਾਇਆ ਮਨੁ ਤੋਲੇ ਤਉ ਭਗ ਮੁਖਿ ਜਨਮੁ ਵਿਗੋਇਆ।”
– ਸਿਰੀ ਬੇਣੀ, ੧, ੩ : ੪ (93)
(ਮਹਾਨ ਕੋਸ਼ ਨੇ ਅਰਥ ‘ਨਿੰਦਤ ਕੀਤਾ’ ਕੀਤਾ ਹੈ)

ਵਿਗੋਈ ----- ਖਰਾਬ ਹੁੰਦੀ ਹੈ, ਖੁਆਰ ਹੁੰਦੀ ਹੈ
“ਸਬਦਿ ਲਗੇ ਤਿਨ ਬੁਝਿਆ ਦੂਜੈ ਪਰਜ ਵਿਗੋਈ।”

– ਵਡ ੩, ੩, ੧ : ੨ (559)

ਵਿਗੋਏ ----- (1) ਗੁਆਚੇ ਹੋਏ, ਖੁੰਝੇ ਹੋਏ
“ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ।”
– ਮਾਝ ੧, ਵਾਰ ੨੬ਸ, ੧, ੧ : ੧੧ (150)
(2) ਖਰਾਬ ਕੀਤੇ
“ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ।”
– ਆਸਾ ੧, ੩੯, ੨ : ੨ (360)
(ਕੋਸ਼ ਅਰਥ ‘ਗੁਆਚੇ, ਰੁਲੇ’ ਕਰਦਾ ਹੈ)

ਵਿਗੋਵਹੀ ---- ਖਰਾਬ ਕਰਦੇ ਹਨ
“ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ।”
– ਮਲਾ ੧, ਵਾਰ ੧੫ : ੬ (1285)

ਵਿਗੋਵੈ ----- ਖਰਾਬ ਹੁੰਦਾ ਹੈ
“ਮਨ ਹਰਿ ਕੀਚੈ ਅੰਤਿ ਵਿਗੋਵੈ।”
– ਆਸਾ ੧, ੨੩, ੧* : ੨ (356)
“ਭੋਗਹੁ ਰੋਗ ਸੁ ਅੰਤਿ ਵਿਗੋਵੈ।” (ਖੁਆਰ ਹੋਣਾ)
– ਮਾਰੂ ੧, ਸੋਲਾ ੧੪, ੭ : ੨ (1034)

ਵਿਘਨ ----- ਰੁਕਾਵਟ, ਬਾਧਾ
“ਪਰ ਦਰਬ ਹਿਰਣੰ ਬਹੁ ਵਿਘਨ ਕਰਣੰ ਉਚਰਣੰ ਸਰਬ ਜੀਅ ਕਹ।”
– ਸਸ ੫, ੬੬ : ੧ (1360)

ਵਿਚਹੁ ----- (1) ਅੰਦਰੋਂ, ਭੀਤਰੋਂ
“ਸੁੰਞੀ ਦੇਹ ਡਰਾਵਣੀ ਜਾ ਜੀਉ ਵਿਚਹੁ ਜਾਇ।”
– ਸਿਰੀ ੧, ੧੪, ੧ : ੧ (19)
“ਸਤਿਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ।”
– ਸਿਰੀ ੩, ੪੯, ੧ : ੨ (32)
(2) ਵਿਚੋਂ
“ਏਤੜਿਆ ਵਿਚਹੁ ਸੋ ਜਨੁ ਸਮਧਾ ਜਿਨਿ ਗੁਰਮੁਖਿ ਨਾਮੁ ਧਿਆਇਆ।”
– ਗੂਜ ੩, ਵਾਰ ੧੨ਸ, ੩, ੨ : ੬ (513)

ਵਿਚਦੋ ----- ਵਿਚੋਂ ਦੀ
“ਸਤਿਗੁਰੂ ਸਰਾਫੁ ਨਦਰੀ ਵਿਚਦੋ ਕਢੈ ਤਾਂ ਉਘੜਿ ਆਇਆ ਲੋਹਾ।”
– ਰਾਮ ੫, ਵਾਰ ੭ਸ, ੫, ੨ : ੭ (960)

ਵਿਚਾਰਾ ---- (1) (ਫਾ. ਬੇਚਾਰਾ) ਦੀਨ, ਜਿਸ ਦਾ ਕੋਈ ਸਹਾਇਕ ਨਹੀਂ, ਨਿਤਾਣਾ
“ਹਰਿ ਆਪੇ ਠਾਕੁਰੁ ਹਰਿ ਆਪੇ ਸੇਵਕੁ ਜੀ ਕਿਆ ਨਾਨਕ ਜੰਤ ਵਿਚਾਰਾ।”
– ਆਸਾ ੪, ਸੋਪੁ ੧, ੧ : ੫ (10)
(2) ਵਿਚਾਰ, ਖਿਆਲ, ਗਲ
“ਸਬਦਿ ਅਨਾਹਦਿ ਸੋ ਸਹੁ ਰਾਤਾ ਨਾਨਕੁ ਕਹੈ ਵਿਚਾਰਾ।”
– ਆਸਾ ੧, ੮, ੪ : ੨ (351)

"ਚਲੇ ਚਲਣਹਾਰ ਵਿਚਾਰਾ ਲੇਇ ਮਨੋ।"

– ਆਸਾ ਫਰ, ੨, ੭ : ੧ (488)

"ਜਨ ਨਾਨਕੁ ਕਹੈ ਵਿਚਾਰਾ ਗੁਰਮੁਖਿ ਹਰਿ ਸਤਿ ਹਰਿ।" (ਵਿਚਾਰ ਕਰਕੇ)

– ਸੋਰ ੪, ਵਾਰ ੧੧ : ੫ (647)

ਵਿਚਾਰਿਆ -- ਵਿਚਾਰੇ, ਨਿਤਾਣੇ, ਦੀਨ

"ਸਭੋ ਵਰਤੈ ਹੁਕਮੁ ਕਿਆ ਕਰਹਿ ਵਿਚਾਰਿਆ।"

– ਸਿਰੀ ੪, ਵਾਰ ੧੧ਸ, ੩, ੧ : ੪ (86)

ਵਿਚਾਰੀ ---- (1) ਦੀਨ, ਨਿਤਾਣੀ

"ਏਸ ਨੋ ਕਿਆ ਆਖੀਐ ਕਿਆ ਕਰੇ ਵਿਚਾਰੀ।"

– ਗਉ ਕਬ, ੫੦, ੪ : ੨ (334)

(2) ਵਿਚਾਰਵਾਨ

"ਆਪੇ ਸਿਧ ਸਾਧਿਕੁ ਵਿਚਾਰੀ।"

– ਮਾਰੂ ੧, ਸੋਲਾ ੨, ੧੦ : ੧ (1022)

ਵਿਚਾਰੇ ----- ਦੀਨ, ਨਿਤਾਣੇ

"ਹਮ ਜੰਤ ਵਿਚਾਰੇ ਕਿਆ ਕਰਹ ਸਭੁ ਖੇਲੁ ਤੁਮ ਸੁਆਮੀ।"

– ਗਉ ੪, ੫੦, ੪ : ੩ (167)

ਵਿਚਿ ------ ਅੰਦਰ, ਭੀਤਰ, ਵਿਚ

"ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ।"

– ਜਪੁ ੧, ੬ : ੩ (2)

"ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ।" (ਭਾਵ ਤਕ)

– ਆਸਾ ੧, ਅਸ ੧੧, ੧ : ੨ (417)

ਵਿਚੁ ------ ਵਿਚੋਲਗੀ, ਵਿਚੋਲਾਪਨ

"ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ।"

– ਮਾਝ ੫, ਬਾਰਾ ੯ : ੫ (135)

ਵਿਚੁਦੇ ----- (1) ਵਿਚੋਂ

"ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁਦੇ ਜਾਇ।"

– ਗੂਜ ੩, ਵਾਰ ੪ਸ, ੩, ੨ : ੨ (510)

(2) ਰਾਹੀਂ, ਵਿਚੋਂ ਦੀ, ਦੁਆਰਾ

"ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁਦੇ ਤੁਝਹਿ ਧਿਆਈ।"

– ਸੂਹੀ ੪, ਅਸ ੧, ੧੯ : ੧ (758)

ਵਿਚੇ ------ ਵਿਚ ਹੀ, ਅੰਦਰ ਹੀ

"ਵਿਚੇ ਗ੍ਰਿਸਤ ਉਦਾਸ ਰਹਾਈ।"

– ਗੂਜ ੪, ੭, ੨ : ੨ (494)

ਵਿਚੋਲਾ ----- ਵਿਚੋਲਗੀ ਕਰਨ ਵਾਲਾ, ਵਕੀਲ

"ਪਵਨ ਵਿਚੋਲਾ ਕਰਤ ਇਕੇਲਾ ਜਲ ਤੇ ਓਪਤਿ ਹੋਆ।"

– ਰਾਮ ੫, ੭, ੨ : ੨ (884)

ਵਿਚੋਲੇ ----- ਵਿਚੋਲਗੀ ਕਰਨ ਵਾਲੇ, ਵਕੀਲ
"ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ।"
– ਰਾਮ ੫, ਵਾਰ ੧੫ਸ, ੫, ੧ : ੨ (964)

ਵਿਛਾਇ ---- ਵਿਛਾ ਕੇ, ਖਿਲਾਰ ਕੇ
"ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ।"
– ਬਸੰ ੫, ੧੯, ੧ : ੨ (1185)

ਵਿਛਾਈ ---- ਖਿਲਾਰੀ, ਫੈਲਾਈ
"ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ।"
– ਗਉ ੫, ਛੰਤ ੧, ੪ : ੫ (247)

ਵਿਛਾਈਐ --- ਖਿਲਾਰੀਏ, ਫੈਲਾਈਐ
"ਆਸ ਪਿਆਸੀ ਸੇਜ ਸੁ ਕੰਤਿ ਵਿਛਾਈਐ।"
– ਫੁਨ ੫, ੨ : ੩ (1361)

ਵਿਛਾਏ ----- ਖਿਲਾਰੇ, ਬੈਠਣ/ਲੇਟਣ ਲਈ ਖਿਲਾਰੇ
"ਧੋਤੀ ਖੋਲਿ ਵਿਛਾਏ ਹੇਠਿ।"
– ਗਉ ੫, ੧੦੭*, ੧ : ੧ (201)

ਵਿਛਾਵਣ ---- ਵਿਛੌਣਾ, ਬਿਸਤਰਾ
"ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹ ਵਿਛਾਵਣ ਲੇਫੁ।"
– ਸਲੋ ਫਰ, ੩੫ : ੧ (1379)

ਵਿਛਾਵਣਾ --- ਵਿਛੌਣਾ, ਬਿਸਤਰਾ
"ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ।"
– ਮਾਰੂ ੫, ਵਾਰ ੧੨ਸ, ੫, ੩ : ੧ (1098)

ਵਿਛੀ ------ ਖਿਲਰੀ, ਫੈਲੀ
"ਏਕਾ ਸੇਜ ਵਿਛੀ ਧਨ ਕੰਤਾ।"
– ਸੂਹੀ ੫, ੫, ੨ : ੧ (737)

ਵਿਛੁੰਨੜੇ ---- ਵਿਛੜੇ
"ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ ਧ੍ਰਿਗੁ ਜੀਵਣੁ ਸੰਸਾਰੇ।"
– ਵਡ ੧, ਅਲਾ ੩, ੬ : ੩ (580)

ਵਿਛੁੰਨਾ ----- ਵਿਛੜਿਆ
"ਚਿਰੀ ਵਿਛੁੰਨਾ ਮੇਲਿ ਪ੍ਰਭ ਮੈ ਮਨਿ ਤਨਿ ਵਡੜੀ ਆਸ।"
– ਮਾਰੂ ੪, ੪, ੪ : ੨ (996)

ਵਿਛੁੰਨਿਆ --- (1) ਵਿਛੋੜਨਾ
"ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ।" (ਵਿਛੋੜਦਾ ਹੈ)
– ਸਿਰੀ ੧, ਅਸ ੧੧, ੪ : ੩ (60)
"ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ।" (ਵਿਛੜਿਆਂ)
– ਆਸਾ ੧, ਛੰਤ ੫, ੪ : ੧ (439)

"ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ।" (ਵਿਛੋੜ ਦਿੱਤੇ)
– ਵਡ ੧, ਅਲਾ ੩, ੪ : ੨ (480)
(2) ਵਿਛੜੇ ਹੋਏ
"ਪੂਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ।"
– ਸਿਰੀ ੫, ਛੰਤ ੨, ੪ : ੪ (80)
"ਸੁਖੁ ਨ ਪਾਇਨਿ੍ ਮੂਲਿ ਨਾਮ ਵਿਛੁੰਨਿਆ।"
– ਸੂਹੀ ੫, ਅਸ ੫, ੨ : ੨ (761)
"ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ।" (ਵਿਛੜਿਆਂ ਹੋਇਆਂ ਨੂੰ)
– ਸਲੋ ੪, ੧੨ : ੨ (1422)

ਵਿਛੁੰਨੀ ----- (1) ਵਿਛੁੜੀ ਹੋਈ
"ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ।"
– ਤੁਖਾ ੧, ਛੰਤ ੪, ੩ : ੫ (1111)
(2) ਵਿਛੁੜ ਗਈ, ਵਿਛੜੀ
"ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕ ਪਾਇਆ।"
– ਆਸਾ ੧, ਛੰਤ ੫, ੩ : ੩ (439)

ਵਿਛੁੰਨੀਆ --- ਵਿਛੜੀਆਂ
"ਪਿਰਹੁ ਵਿਛੁੰਨੀਆ ਭੀ ਮਿਲਹ ਜੇ ਸਤਿਗੁਰ ਲਾਗਹ ਸਾਚੇ ਪਾਏ।"
– ਵਡ ੩, ਅਲਾ ੧, ੪ : ੧ (583)

ਵਿਛੁੰਨੇ ----- ਵਿਛੜੇ ਹੋਏ
"ਚਿਰੀ ਵਿਛੁੰਨੇ ਮੇਲਿ ਮਿਲਾਈ।"
– ਆਸਾ ੩, ੪੨, ੨ : ੧ (361)

ਵਿਛੁਰੈ ----- ਵਿਛੜਦੇ ਹਨ
"ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ।"
– ਮਾਝ ੫, ਅਸ ੩੬, ੭ : ੩ (131)

ਵਿਛੁੜਹਿ ---- ਵਿਛੜਦੇ, ਵਖ ਹੁੰਦੇ, ਜੁੱਦਾਹ ਹੁੰਦੇ
"ਸਚਿ ਮਿਲੇ ਸੇ ਨ ਵਿਛੁੜਹਿ ਤਿਨ ਨਿਜ ਘਰਿ ਵਾਸਾ ਹੋਇ।"
– ਸਿਰੀ ੩, ੩੬, ੧ : ੪ (27)

ਵਿਛੁੜਾ ----- ਵਖ ਹੋਵਾਂ, ਵਿਛੜਾਂ
"ਸੇਵ ਕਰੀ ਪਲੁ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ।"
– ਮਾਝ ੫, ੮, ੪ : ੩ (97)

ਵਿਛੁੜਿ ----- ਵਿਛੜ ਕੇ, ਵੱਖ ਹੋ ਕੇ, ਜੁੱਦਾਹ ਹੋ ਕੇ
"ਸਚੈ ਸਚਿ ਸਮਾਇਆ ਮਿਲਿ ਰਹੈ ਨ ਵਿਛੁੜਿ ਜਾਇ।"
– ਸਿਰੀ ੩, ੪੯, ੨ : ੩ (32)
"ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ।"
– ਮਾਝ ੫, ਬਾਰਾ ੮ : ੭ (135)
"ਸੀਤਾ ਲਖਮਣੁ ਵਿਛੁੜਿ ਗਇਆ।" (ਵਖ ਹੋਣਾ)

– ਰਾਮ ੩, ਵਾਰ ੧੪ਸ, ੩, ੧ : ੬ (953)

ਵਿਛੁੜਿਆ --- (1)ਵਿਛੜ ਗਿਆ, ਵਖ ਹੋ ਗਿਆ
“ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ।”
– ਆਸਾ ੪, ਸੋਪੁ ੨, ੨ : ੪ (11)
(2) ਵਿਛੜੇ ਹੋਇਆਂ ਨੂੰ
“ਵਿਛੁੜਿਆ ਗੁਰੁ ਮੇਲਸੀ ਹਰਿ ਰਸਿ ਨਾਮੁ ਪਿਆਰਿ।”
– ਸਿਰੀ ੧, ਅਸ ੧੨, ੩ : ੧ (60)
(3) ਵਿਛੜਿਆ ਹੋਇਆ
“ਜਨਮ ਜਨਮ ਕਾ ਵਿਛੁੜਿਆ ਮਿਲਿਆ।”
– ਮਾਝ ੫, ੨੬, ੩ : ੧ (102)

ਵਿਛੁੜੀ ----- ਵਿਛੜ ਗਈ, ਦੂਰ ਹੋਈ, ਵੱਖ ਹੋਈ
“ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ।”
– ਮਾਝ ੫, ਦਿਨ ੧ : ੬ (136)

ਵਿਛੁੜੀਆਹੁ -- ਵਿਛੁੜਦੀਆਂ, ਵਖ ਹੁੰਦੀਆਂ
“ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ।”
– ਮਾਝ ੫, ਬਾਰਾ ੧੧ : ੬ (135)

ਵਿਛੁੜੇ ----- ਵੱਖ ਹੋਏ, ਨਿਖੜੇ ਹੋਏ
“ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ।”
– ਸਿਰੀ ੧, ੧੮, ੪ : ੩ (21)

ਵਿਛੁੜੈ ----- ਵਖ ਹੁੰਦਾ ਹੈ
“ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ।”
– ਸਿਰੀ ੫, ੮੩, ੧ : ੨ (46)
“ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ।” (ਵਿਛੋੜਾ ਹੋਣਾ ਹੈ)
– ਵਡ ੪, ਵਾਰ ੫ਸ, ੩, ੧ : ੬ (587)

ਵਿਛੋਹਾ ----- ਵਿਛੋੜਾ
“ਪ੍ਰੇਮ ਵਿਛੋਹਾ ਧਣੀ ਸਉ ਅਠੇ ਪਹਰ ਲਵੰਨਿ੍।”
– ਸਲੋ ੫, ੧੨ : ੨ (1425)

ਵਿਛੋਹੇ ----- ਵਿਛੋੜੇ ਦਾ
“ਵਿਛੋਹੇ ਜੰਬੂਰ ਖਵੇ ਨ ਵੰਵਨਿ ਗਾਖੜੇ।”
– ਗੂਜ ੫, ਵਾਰ ੧੧ਸ, ੫, ੧ : ੧ (520)

ਵਿਛੋੜਹਿ ---- ਵਖ ਕਰਦਾ, ਨਿਖੇੜਦਾ
“ਜਿਨ ਆਪੇ ਮੇਲਿ ਵਿਛੋੜਹਿ ਨਾਹੀ।”
– ਮਾਰੂ ੩, ਸੋਲਾ ੧੩, ੧੩ : ੧ (1056)

ਵਿਛੋੜਾ ----- ਜੁਦਾਈ, ਵਿਜੋਗ
“ਬਿਰਹ ਵਿਛੋੜਾ ਧਣੀ ਸਿਉ ਨਾਨਕ ਸਹਸੈ ਗੰਠਿ।”

– ਗਉ ੫, ਵਾਰ ੭ਸ, ੫, ੧ : ੨ (319)

ਵਿਛੋੜਿ ----- ਵਖ ਕਰਕੇ, ਜੁੱਦਾਹ ਕਰਕੇ
"ਅੰਡਜ ਫੋੜਿ ਜੋੜਿ ਵਿਛੋੜਿ।"
– ਬਿਲਾ ੧, ਥਿਤੀ ੩ : ੨ (859)
"ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ।"
– ਮਲਾ ੧, ਵਾਰ ੧ : ੨ (1279)

ਵਿਛੋੜਿਅਨੁ -- ਵਖ ਵਖ ਕਰ ਦਿੱਤੇ, ਵਿਛੋੜੇ
"ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ।"
– ਵਡ ੧, ਅਲਾ ੩, ੧ : ੩ (580)

ਵਿਛੋੜਿਆ --- ਵਖ ਕੀਤਾ, ਜੁੱਦਾਹ ਕੀਤਾ
"ਤੁਧੁ ਆਪਿ ਵਿਛੋੜਿਆ ਆਪਿ ਮਿਲਾਇਆ।"
– ਆਸਾ ੪, ਸੋਪੁ ੨, ੧ : ੪ (11)

ਵਿਛੋੜਿਐ --- ਵਖ ਕਰਦਾ ਹੈ, ਵਿਛੋੜਦਾ ਹੈ
"ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ।"
– ਮਲਾ ੧, ਵਾਰ ੭ : ੩ (1281)

ਵਿਛੋੜੀ ----- ਵਖ ਕੀਤੀ, ਜੁੱਦਾਹ ਕੀਤੀ
"ਪੰਚ ਦੂਤ ਮਿਲਿ ਪਿਰਹੁ ਵਿਛੋੜੀ।"
– ਆਸਾ ੫, ੧੫, ੩ : ੧ (375)

ਵਿਛੋੜੇ ----- ਵਖ ਕੀਤੇ, ਜੁੱਦਾਹ ਕੀਤੇ
"ਮਨਿ ਖੋਟੇ ਦਯਿ ਵਿਛੋੜੇ।"
– ਗਉ ੪, ਵਾਰ ੧੧ : ੬ (306)
ਵਿਛੋੜੇਨਿ – ਵਿਛੋੜੇ
"ਆਪਿ ਵਿਛੋੜੇਨਿ ਸੇ ਵਿਛੁੜੇ ਦੂਜੈ ਭਾਇ ਖੁਆਇ।"
– ਸੋਰ ੪, ਵਾਰ ੮ਸ, ੩, ੨ : ੨ (645)

ਵਿਜੋਗ ----- ਵਿਛੋੜਾ
"ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।"
– ਮਾਝ ੫, ਬਾਰਾ ੯ : ੩ (135)

ਵਿਜੋਗਾ ----- ਵਿਛੋੜਾ
"ਲੇਪੁ ਨਹੀ ਜਗ ਜੀਵਨ ਦਾਤੇ ਦਰਸਨ ਡਿਠੇ ਲਹਨਿ ਵਿਜੋਗਾ ਜੀਉ।"
– ਮਾਝ ੫, ੪੮, ੩ : ੩ (108)

ਵਿਜੋਗਿ ----- ਵਿਛੋੜੇ ਕਰਕੇ
"ਵਿਜੋਗਿ ਮਿਲਿ ਵਿਛੁੜਿਆ ਸੰਜੋਗੀ ਮੇਲੁ।"
– ਆਸਾ ੪, ਸੋਪੁ ੨, ੨ : ੪ (11)
"ਤੂਟੀ ਤੰਤੁ ਰਬਾਬ ਕੀ ਵਾਜੈ ਨਹੀ ਵਿਜੋਗਿ।" (ਵਿਛੋੜੇ ਕਰਕੇ, ਨਿਖੜ ਜਾਣ ਕਰਕੇ)

– ਰਾਮ ੧, ਓਅੰ ੩੨ : ੭ (934)

"ਸੂਰਜੁ ਚੜੈ ਵਿਜੋਗਿ ਸਭਸੈ ਘਟੈ ਆਰਜਾ।" _ਵਿਛੜਨ ਤਕ ਭਾਵ ਡੁਬਣ (ਅਸਤ ਹੋਣਾ)ਤਕ=

– ਸਾਰ ੪, ਵਾਰ ੧੯ਸ, ੧, ੨ : ੧ (1244)

ਵਿਜੋਗੀ ----- (1) ਵਿਜੋਗ ਅਨੁਸਾਰ, ਵਿਛੋੜੇ (ਦੇ ਨਿਯਮ) ਅਨੁਸਾਰ

"ਸੰਜੋਗੀ ਮਿਲਿ ਏਕ ਸੇ ਵਿਜੋਗੀ ਉਠਿ ਜਾਇ।"

– ਸਿਰੀ ੧, ੧੧, ੩ : ੨ (18)

(2) ਵਿਛੋੜੇ ਦਾ ਪਾਤਰ, ਵੱਖ ਹੋਇਆ

"ਵਿਜੋਗੀ ਦੁਖਿ ਵਿਛੁੜੇ ਮਨਮੁਖਿ ਲਹਹਿ ਨ ਮੇਲੁ।"

– ਸਿਰੀ ੧, ੧੮, ੪ : ੩ (21)

(3) ਵਿਜੋਗ, ਵਿਛੋੜਾ

"ਹਰਿ ਗੁਰਮੁਖਿ ਨਾਮੁ ਧਿਆਈਐ ਲਹਿ ਜਾਹਿ ਵਿਜੋਗੀ।"

– ਗੂਜ ੩, ਵਾਰ ੧੩ : ੫ (514)

ਵਿਜੋਗੁ ----- ਵਿਛੋੜਾ

"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।"

– ਜਪੁ ੧, ੨੯ : ੩ (6)

"ਸਾਹਾ ਸੰਜੋਗੁ ਵੀਆਹੁ ਵਿਜੋਗੁ।" (ਸਤਿਸੰਗਤ ਦਾ ਮੇਲ 'ਸਾਹਾ' ਹੈ ਤੇ ਸੰਸਾਰ ਤੋਂ ਉਪਰਾਮਤਾ 'ਵਿਆਹ')

– ਗਉ ੧, ੩, ੩ : ੧ (152)

ਵਿਜੋਗੋ ----- ਵਿਛੋੜਾ

"ਗੁਣਵੰਤਿਆ ਗੁਣ ਸਾਰਹਿ ਆਪਣੇ ਕੰਤ ਸਮਾਲਹਿ ਨਾ ਕਦੇ ਲਗੈ ਵਿਜੋਗੋ।"

– ਵਡ ੩, ਅਲਾ ੧, ੧ : ੫ (582)

ਵਿਝਣ ----- ਬੁਝਨ, ਸ਼ਾਂਤ ਹੋਣ

"ਵਿਝਣ ਕਲਹ ਨ ਦੇਵਦਾ ਤਾਂ ਲਇਆ ਕਰਤੇ।"

– ਗਉ ੪, ਵਾਰ ੩੨ : ੭ (317)

ਵਿਝਵੀ ----- ਬੁਝ ਗਈ

"ਭਾਹਿ ਬਲੰਦੀ ਵਿਝਵੀ ਧੂਉ ਨ ਨਿਕਸਿਓ ਕਾਇ।"

– ਸਿਰੀ ੧, ੧੪, ੧ : ੨ (19)

ਵਿਝਵੈ ----- ਬੁਝਦੀ, ਸ਼ਾਂਤ ਹੁੰਦੀ

"ਭਰਮੇ ਭਾਹਿ ਨ ਵਿਝਵੈ ਜੇ ਭਵੈ ਦਿਸੰਤਰ ਦੇਸੁ।"

– ਸਿਰੀ ੧, ੨੨, ੧ : ੧ (22)

ਵਿਟਉ ----- ਉਤੋਂ, ਤੋਂ

"ਹਉ ਜੀਉ ਕਰੀ ਤਿਸ ਵਿਟਉ ਚਉ ਖੰਨੀਐ ਜੋ ਮੈ ਪਿਰੀ ਦਿਖਾਵਏ।"

– ਸਲੋ ੪, ੫ : ੩ (1421)

ਵਿਟਹੁ ----- ਉਤੋਂ, ਤੋਂ

"ਜਿਨੀ ਨਾਮੁ ਪਛਾਣਿਆ ਤਿਨ ਵਿਟਹੁ ਬਲਿ ਜਾਉ।"

- ਸਿਰੀ ੩, ੪੪, ੨ : ੧ (30)

ਵਿਟੜਿਅਹੁ -- ਉਤੋਂ, ਤੋਂ
“ਹਰਿ ਵਿਟੜਿਅਹੁ ਸਦਾ ਘੋਲੇ ਜੀਉ।”
- ਮਾਝ ੪, ੬੬, ੨ : ੪ (173)

ਵਿਡਾਣ ----- ਅਸਚਰਜ
“ਸਭਿ ਤੇਰੇ ਚੋਜ ਵਿਡਾਣ।”
- ਰਾਮ ੫, ਵਾਰ ੧੩ : ੮ (963)

ਵਿਡਾਣਾ ---- (1) (ਸੰ.) ਅਸਚਰਜ, ਹੈਰਾਨੀਜਨਕ
“ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ।”
- ਆਸਾ ੪, ਸੋਪੁ ੧, ੨ : ੨ (11)
(2) ਓਪਰਾ, ਬੇਗਾਨਾ
“ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ।”
- ਵਡ ੧, ੩, ੧ : ੨੦ (558)
“ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ।”_ਓਪਰਾ, ਨਿਖਸਮਾ (ਦਰਪਣ)=
- ਸੂਹੀ ੧, ਅਸ ੩, ੬ : ੨ (752)
(ਕੋਸ਼ ਤੇ ਨਿਰਣੈ ਅਰਥ ‘ਦੁਖੀ, ਹੈਰਾਨਿਆ ਪਰੇਸ਼ਾਨਿਆ ਹੋਇਆ’ ਕਰਦਾ ਹੈ)

ਵਿਡਾਨਿਆ -- ਅਸਚਰਜ, ਹੈਰਾਨੀਜਨਕ
“ਕੀਤਾ ਰਾਤਿ ਦਿਨੰਤੁ ਚੋਜ ਵਿਡਾਨਿਆ।”
- ਮਲਾ ੧, ਵਾਰ ੧ : ੫ (1279)

ਵਿਡਾਣੀ ---- (1) ਬੇਗਾਨੀ, ਪਰਾਈ, ਹੋਰਾਂ ਦੀ
“ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ।”
- ਸਿਰੀ ੩, ੪੫, ੧ : ੧ (31)
“ਹੋਰ ਵਿਡਾਣੀ ਚਾਕਰੀ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ।”
- ਵਡ ੪, ਵਾਰ ੩ਸ, ੩, ੨ : ੧ (586)
(2) ਅਸਚਰਜ
“ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ।”
- ਮਾਝ ੩, ਅਸ ੧੪, ੨ : ੨ (117)
“ਜਪਿ ਨਾਨਕ ਪ੍ਰਭ ਅਲਖ ਵਿਡਾਣੀ।” (ਅਸਚਰਜ ਰੂਪ)
- ਗਉ ੫, ਸੁਖ ੧੭, ੫ : ੧੦ (286)
(3) ਅਸਚਰਜ ਕੌਤਕਾਂ ਵਾਲੇ
“ਤੂੰ ਆਪੇ ਜਾਣਹਿ ਸਰਬ ਵਿਡਾਣੀ।” (ਅਸਚਰਜ ਚੋਜਾਂ ਵਾਲੇ)
- ਆਸਾ ੧, ੨੧, ੫ : ੨ (355)
“ਤੂ ਆਪੇ ਜਾਣਹਿ ਸਰਬ ਵਿਡਾਣੀ।” (ਹਰ ਤਰ੍ਹਾਂ ਦੇ ਕੌਤਕਾਂ ਵਾਲੇ)
- ਭੈਰ ੧, ੧, ੩ : ੨ (1125)

ਵਿਡਾਣੁ ----- ਅਸਚਰਜਤਾ, ਹੈਰਾਨਗੀ, ਅਸਚਰਜ ਗਲ
“ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।”
- ਜਪੁ ੧, ੩੦ : ੪ (7)

“ਸੁਣਿ ਵੇਖਹੁ ਲੋਕਾ ਏਹੁ ਵਿਡਾਣੁ।” (ਹੈਰਾਨੀਜਨਕ ਗਲ)
- ਆਸਾ ੧, ਵਾਰ ੧੫ਸ, ੧, ੪ : ੯ (471)

ਵਿਡਾਣੈ ----- ਅਸਚਰਜ
“ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ।”
- ਗਉ ੧, ਅਸ ੧੮, ੩ : ੨ (229)

ਵਿਡਾਨ ----- ਅਸਚਰਜ
“ਹਰਿ ਕੇ ਚੋਜ ਵਿਡਾਨ ਦੇਖੁ ਜਨ ਜੋ ਖੋਟਾ ਖਰਾ ਇਕ ਨਿਮਖ ਪਛਾਨੈ।”
- ਕਲਿ ੪, ੫, ੩ : ੧ (1320)

ਵਿਡਾਨੜੈ ---- ਹੈਰਾਨੀਜਨਕ, ਅਸਚਰਜ
“ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ।”
- ਗੂਜ ੫, ਵਾਰ ੧੦ਸ, ੫, ੧ : ੧ (520)

ਵਿਡਾਨੀ ---- ਅਸਚਰਜ
“ਆਪੇ ਗੁਰੁ ਚੇਲਾ ਹੈ ਆਪੇ ਆਪੇ ਹਰਿ ਪ੍ਰਭੁ ਚੋਜ ਵਿਡਾਨੀ।”
- ਧਨਾ ੪, ੧੧, ੨ : ੧ (669)

ਵਿਡਾਨੁ ----- ਅਸਚਰਜ
“ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜੁ ਵਿਡਾਨੁ।”
- ਸੂਹੀ ੩, ਵਾਰ ੪ : ੧ (786)

ਵਿਡਾਰਣਿ - ਉਡਾਣ
“ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ।”
- ਸਲੋ ਫਰ, ੬੫ : ੧ (1381)

ਵਿਡਾਰਿ ---- ਪਾੜ ਕੇ, ਮਾਰ ਕੇ
“ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ।”
- ਮਾਰੂ ੩, ਵਾਰ ੨ਸ, ੩, ੧ : ੪ (1087)

ਵਿਡਾਰਿਆ -- ਦੂਰ ਕੀਤਾ, ਮਾਰਿਆ
“ਸਹਜੇ ਕਾਲੁ ਵਿਡਾਰਿਆ ਸਚ ਸਰਣਾਈ ਪਾਇ।”
- ਸਿਰੀ ੩, ਅਸ ੨੩, ੪ : ੧ (68)

ਵਿਡਾਰੀ ---- ਦੂਰ ਕੀਤੀ, ਪਰ੍ਹਾਂ ਹਟਾਈ
“ਸਭਿ ਤਿਸੈ ਨੋ ਸਾਲਾਹਿਹੁ ਸੰਤਹੁ ਜਿਨਿ ਦੂਜੇ ਭਾਵ ਕੀ ਮਾਰਿ ਵਿਡਾਰੀ ਢੇਰੀ।”
- ਬਿਹਾ ੪, ਵਾਰ ੧੬ : ੫ (555)

ਵਿਡਾਰੇ ----- ਦੂਰ ਕੀਤੇ
“ਦੁਸਮਨ ਮਾਰਿ ਵਿਡਾਰੇ ਸਗਲੇ ਦਾਸ ਕਉ ਸੁਮਤਿ ਦੀਤੀ।”
- ਸੋਰ ੫, ੮੮, ੧* : ੨ (630)

ਵਿਣਸਣਾ --- ਨਾਸ ਹੋਣਾ ਹੈ, ਨਾਸਵੰਤ ਹੈ
“ਜੋ ਦੀਸੈ ਸੋ ਵਿਣਸਣਾ ਮਨ ਕੀ ਮਤਿ ਤਿਆਗੁ।”
- ਸਿਰੀ ੫, ੯੧, ੧* : ੨ (50)

ਵਿਣਸਣੀ --- ਨਾਸ ਹੋਈ
“ਕਾਚੀ ਦੇਹ ਵਿਣਸਣੀ ਕੂੜੁ ਕਮਾਵੈ ਧੰਧੁ ਜੀਉ।”
– ਸੂਹੀ ੫, ਅਸ ੩, ੨ : ੨ (760)

ਵਿਣਸਿਆ --- ਨਾਸ ਹੋਇਆ
“ਵੰਨੁ ਗਇਆ ਰੂਪੁ ਵਿਣਸਿਆ ਦੁਖੀ ਦੇਹ ਰੁਲੀ।”
– ਮਲਾ ੧, ਵਾਰ ੨੦ਸ, ੧, ੨ : ੨ (1287)

ਵਿਣਾਸੁ ----- ਨਾਸ ਹੋ ਜਾਣਾ, ਮੁਕ ਜਾਣਾ
“ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।”
– ਜਪੁ ੧, ੨੨ : ੪ (5)
“ਇਕਨ੍ਾ ਹੁਕਮਿ ਸਮਾਇ ਲਏ ਇਕਨ੍ਾ ਹੁਕਮੇ ਕਰੇ ਵਿਣਾਸੁ।”(ਨਾਸ ਕਰਦਾ ਹੈ)
– ਆਸਾ ੧, ਵਾਰ ੨ਸ, ੨, ੩ : ੨ (463)
(2) ਬੇ ਅਰਥ, ਫਜ਼ੂਲ
“ਨਾਨਕ ਮੂਰਖ ਏਹਿ ਗੁਣਿ ਬੋਲੇ ਸਦਾ ਵਿਣਾਸੁ।”
– ਮਾਝ ੧, ਵਾਰ ੧੨ਸ, ੧, ੧ : ੮ (143)
(3) ਨਾਸਵੰਤ
“ਨਿਹਚਲੁ ਏਕੁ ਸਰੇਵਿਆ ਹੋਰੁ ਸਭ ਵਿਣਾਸੁ।”
– ਗਉ ੫, ਵਾਰ ੧੫ : ੩ (321)

ਵਿਣਾਹੇ ----- ਨਾਸ ਕਰਦਾ ਹੈ
“ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ।”
– ਰਾਮ ਬਸ, ਵਾਰ ੫ : ੩ (967)

ਵਿਣੁ ------ ਬਿਨਾਂ, ਬਗੈਰ
“ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ।”
– ਜਪੁ ੧, ੬ : ੧ (2)

ਵਿਤ ------ ਧਨ, ਦੌਲਤ
“ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ।”
– ਆਸਾ ੫, ੧੫੨, ੧* : ੧ (408)

ਵਿਤੰ ------ ਧਨ, ਮਾਇਆ
“ਅਨਿਤ੍ ਵਿਤੰ ਅਨਿਤ੍ ਚਿਤੰ ਅਨਿਤ੍ ਆਸਾ ਬਹੁ ਬਿਧਿ ਪ੍ਰਕਾਰੰ।”
– ਸਸ ੫, ੧੬ : ੧ (1355)

ਵਿਤੁ ------ ਧਨ, ਮਾਇਆ
“ਚਿਤੁ ਚਲੈ ਵਿਤੁ ਜਾਵਣੋ ਸਾਕਤ ਡੋਲਿ ਡੋਲਾਇ।”
– ਸਿਰੀ ੧, ਅਸ ੧੫, ੪ : ੧ (63)

ਵਿਤੋ ------ ਧਨ, ਮਾਇਆ
“ਚਿਤਿ ਸਚੈ ਵਿਤੋ ਸਚਾ ਸਾਚਾ ਰਸੁ ਚਾਖਿਆ।”
– ਮਾਰੂ ੧, ਅਸ ੪, ੫ : ੨ (1011)

ਵਿਥਰਹ ---- ਖੋਲ ਕੇ ਬਿਆਨੀਏ, ਵਿਸਤਾਰ ਕਰੀਏ, ਵਿਚਾਰ ਕਰੀਏ
"ਹਮ ਕਿਆ ਗੁਣ ਤੇਰੇ ਵਿਥਰਹ ਸੁਆਮੀ ਤੂੰ ਅਪਰ ਅਪਾਰੋ ਰਾਮ ਰਾਜੇ।"
– ਆਸਾ ੪, ਛੰਤ ੧੭, ੩ : ੧ (450)

ਵਿਥਰਾ ----- (1) ਵਿਸਤਾਰ ਕਰਾਂ, ਖੋਲ੍ਹ ਕੇ ਸਮਝਾਵਾਂ
"ਗੁਣ ਗਾਵਾ ਗੁਣ ਵਿਥਰਾ ਗੁਣ ਬੋਲੀ ਮੇਰੀ ਮਾਇ।"
– ਸਿਰੀ ੪, ੬੭, ੧ : ੧ (40)
(2) ਪਈ ਹੋਵਾਂ, ਖਿਲਰੀ ਪਈ ਹੋਵਾਂ
"ਪਿਰੀਆ ਸੰਦੜੀ ਭੁਖ ਮੂ ਲਾਵਣ ਥੀ ਵਿਥਰਾ।"
– ਮਾਰੂ ੫, ਵਾਰ ੧੩ਸ, ੫, ੨ : ੧ (1098)

ਵਿਥਾਰ ----- ਫੈਲਾਉ, ਅਡੰਬਰ, ਪਸਾਰੇ, ਖਿਲਾਰੇ
"ਜਿਨੀ ਚਲਣੁ ਜਾਣਿਆ ਸੇ ਕਿਉ ਕਰਹਿ ਵਿਥਾਰ।"
– ਸੂਹੀ ੩, ਵਾਰ ੭ਸ, ੨, ੧ : ੧ (787)
"ਕਰਹਿ ਬਿਕਾਰ ਵਿਥਾਰ ਘਨੇਰੇ ਸੁਰਤਿ ਸਬਦ ਬਿਨੁ ਭਰਮਿ ਪਇਆ।"
– ਰਾਮ ੧, ਅਸ ੭, ੬ : ੧ (906)

ਵਿਦਾ ------ ਰੁਖ਼ਸਤ, ਵਿਦਾਇਗੀ
"ਆਪੇ ਸੰਗਤਿ ਸਦਿ ਬਹਾਲੈ ਆਪੇ ਵਿਦਾ ਕਰਾਵੈ।"
– ਬਿਹਾ ੪, ਵਾਰ ੬ : ੪ (551)

ਵਿਦਿਆ ---- ਇਲਮ, ਜਾਣਨ ਦੀ ਕਿਰਿਆ, ਗਿਆਨ
"ਵਿਦਿਆ ਵੀਚਾਰੀ ਤਾ ਪਰਉਪਕਾਰੀ।"
– ਆਸਾ ੧, ੨੫, ੧ : ੧ (356)
"ਗੁਰਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ।" (ਬ੍ਰਹਮ ਗਿਆਨ)
– ਪ੍ਰਭਾ ੧, ੭, ੧ : ੧ (1329)

ਵਿਦੇਸਿ ----- ਪ੍ਰਦੇਸ ਵਿਚ
"ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ।"
– ਵਡ ੪, ਵਾਰ ੨੦ਸ, ੧, ੧ : ੧ (594)

ਵਿਦੇਸੀਅੜੇ -- ਪ੍ਰਦੇਸਾਂ ਵਿਚ
"ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ।"
– ਤੁਖਾ ੧, ਛੰਤ ੪, ੩ : ੧ (1111)

ਵਿਧਉਸਿਆ – ਨਾਸ ਕੀਤਾ
"ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ।"
– ਮਾਝ ੧, ਵਾਰ ੨੩ : ੬ (149)

ਵਿਧਣ ----- (1) ਧਣੀ ਤੋਂ ਬਿਨਾਂ, ਪਤੀ ਤੋਂ ਬਿਨਾਂ, ਨਖਸਮੀ
"ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ।"
– ਧਨਾ ੧, ਛੰਤ ੩, ੪ : ੪ (689)
(2) ਬਿਨਾਂ ਇਸਤ੍ਰੀ ਤੋਂ, ਭਾਵ ਸੁੰਨੀ
"ਵਿਧਣ ਖੂਹੀ ਮੁੰਧ ਇਕੇਲੀ।"

– ਸੂਹੀ ਫਰ, ੧, ੩ : ੧ (794)

ਵਿਧਣਕਾਰੇ -- ਨਖਸਮੀ ਵਾਲੇ ਕੰਮ
“ਹਉ ਮੁਠੜੀ ਧੰਧੈ ਧਾਵਣੀਆ ਪਿਰਿ ਛੋਡਿਅੜੀ ਵਿਧਣਕਾਰੇ।”
– ਵਡ ੧, ਅਲਾ ੩, ੭ : ੨ (580)
(ਮਹਾਨਕੋਸ਼ ਨੇ ਅਰਥ ‘ਵੇਧਨ ਕਰਨ ਵਾਲੀ’ ਕੀਤਾ ਹੈ ਅਤੇ ਕੋਸ਼ ਅਰਥ ‘ਕੰਬਾਉਣ ਵਾਲੀ, ਦੁਖੀ ਕਰਨ ਵਾਲੀ’ ਕਰਦਾ ਹੈ)

ਵਿਧਣੀਆ --- ਪਤੀ ਤੋਂ ਵਿਹੂਣੀ, ਵਿਧਵਾ
“ਸਾ ਧਨ ਛੁਟੀ ਮੁਠੀ ਝੂਠਿ ਵਿਧਣੀਆ ਮਿਰਤਕੜਾ ਅੰਙਨੜੇ ਬਾਰੇ।”
– ਵਡ ੧, ਅਲਾ ੩, ੫ : ੨ (580)

ਵਿਧੜੋ ----- ਵਿੰਨ੍ਹ ਦਿੱਤਾ, ਛੇਕ ਦਿੱਤਾ, ਭਾਵ ਮੋਹ ਲਿਆ
“ਵਿਧੜੋ ਸਚ ਥੋਕਿ ਨਾਨਕ ਮਿਠੜਾ ਸੋ ਧਣੀ।”
– ਜੈਤ ੫, ਵਾਰ ੧੧ਸ, ੫, ੨ : ੨ (708)

ਵਿਧਾ ------ ਵਿੰਨ੍ਹਿਆ, ਭਾਵ ਮੋਹ ਲਿਆ
“ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ।”
– ਗਉ ੫, ਵਾਰ ੧੪ਸ, ੫, ੨ : ੧ (321)
“ਹਰਿ ਹਰਿ ਹੀਰਾ ਰਤਨੁ ਹੈ ਮੇਰਾ ਮਨੁ ਤਨੁ ਵਿਧਾ।”
– ਆਸਾ ੪, ਛੰਤ ੧੬, ੧ : ੩ (449)

ਵਿਰਤਿਪਖਿ -- ਤਿਆਗੀ, ਤਿਆਗ ਦਾ ਸਮਰਥਕ
“ਸੁਰਿ ਨਰ ਵਿਰਤਿਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ।”
– ਗੂਜ ੩, ਅਸ ੧, ੪ : ੧ (506)

ਵਿਰਤੀ ----- (1) ਵਰਤੀ ਹੋਵੇ
“ਜਿਸ ਘਰਿ ਵਿਰਤੀ ਸੋਈ ਜਾਣੈ ਜਗਤ ਗੁਰ ਨਾਨਕ ਪੂਛਿ ਕਰਹੁ ਬੀਚਾਰਾ।”
– ਸੂਹੀ ੪, ੯, ੪ : ੧ (733)
(2) (ਸੰ. ਰਾਤ ਤੇ ਬਿਨਾਂ) ਦਿਹੁੰ ਦੀਵੀਂ
“ਨਾਨਕ ਸੁਤੀ ਪੇਈਐ ਜਾਣੁ ਵਿਰਤੀ ਸੰਨਿ।”
– ਸਿਰੀ ੧, ੨੪, ੪ : ੧ (23)

ਵਿਰਲਾ ----- ਚੁਣਿਆ ਹੋਇਆ, ਚੀਦਾ, ਕੋਈ ਹੀ
“ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।”
– ਸਿਰੀ ੫, ੯੬, ੧ : ੨ (51)

ਵਿਰਲੀ ----- (1) ਵਿਰਲਿਆਂ ਨੇ, ਚੁਣਿਆਂ ਹੋਇਆਂ ਨੇ
“ਗੁਰਮੁਖਿ ਨਾਮੁ ਜਮੀਐ ਤਿਤੁ ਤਰੀਐ ਗਤਿ ਨਾਨਕ ਵਿਰਲੀ ਜਾਤੀ ਜੀਉ।”
– ਮਾਝ ੫, ੧੩, ੪ : ੩ (98)
(2) ਕੋਈ ਹੀ, ਚੁਣ ਹੋਈ
“ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ।”
– ਗਉ ੫, ੧੬੯*, ੩ : ੨ (218)

ਵਿਰਲੇ ----- ਚੁਣੇ ਹੋਏ, ਕੋਈ ਹੀ
"ਜਿਨ ਖਿਨੁ ਪਲੁ ਨਾਮੁ ਨ ਵੀਸਰੈ ਤੇ ਜਨ ਵਿਰਲੇ ਸੰਸਾਰਿ।"
– ਸਿਰੀ ੧, ੨੦, ੧* : ੨ (21)

ਵਿਰਲੈ ----- ਵਿਰਲਿਆਂ ਨੇ ਹੀ, ਚੁਣੇ ਹੋਇਆਂ ਨੇ ਹੀ
"ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਵਿਰਲੈ ਜਾਤਾ।"
– ਸਿਰੀ ੩, ਅਸ ੨੨, ੮ : ੨ (68)

ਵਿਰਲੋ ----- ਕਿਸੇ ਵਿਰਲੇ ਨੂੰ ਹੀ, ਕਿਸੇ ਨੂੰ ਹੀ
"ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ।"
– ਗਉ ੫, ਵਾਰ ੧੪ਸ, ੫, ੨ : ੧ (321)

ਵਿਰਾਇਣਿ -- ਰੁਆ ਦੇਣ ਵਾਲੀ ਭਾਵ ਦੁਖ ਦੇਣ ਵਾਲੀ (ਮਹਾਨ ਕੋਸ਼); ਵੈਰਣ (ਸ਼ਬਦਾਰਥ, ਦਰਪਣ)
"ਸਸੁ ਵਿਰਾਇਣਿ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ।"
– ਰਾਮ ੫, ਵਾਰ ੧੩ਸ, ੫, ੨ : ੧ (963)

ਵਿਰਾਗੀ ---- (ਸੰ.) ਵੈਰਾਗ ਵਾਲਾ
"ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ।"
– ਗਉ ੫, ੧੧੯*, ੧ : ੨ (204)

ਵਿਰਿਕਿਓਨੁ -- ਆਖਿਆ, ਕਹਿਆ
"ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ।"
– ਰਾਮ ਬਸ, ਵਾਰ ੪ : ੨ (967)

ਵਿਰੋਧ ----- ਵੈਰ, ਦੁਸ਼ਮਨੀ, ਮੁਖ਼ਾਲਫਤ
"ਗੁਰਮੁਖਿ ਵੈਰ ਵਿਰੋਧ ਗਵਾਵੈ।"
– ਰਾਮ ੧, ਸਿਗੋ ੩੭ : ੩ (942)

ਵਿਰੋਧਿ ----- ਵੈਰ, ਦੁਸ਼ਮਨੀ, ਮੁਖ਼ਾਲਫਤ
"ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ।"
– ਸਿਰੀ ੧, ਅਸ ੫, ੭ : ੨ (56)

ਵਿਰੋਧੁ ----- ਮੁਖ਼ਾਲਫਤ, ਵੈਰ
"ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ।"
– ਸਿਰੀ ੧, ੧੪, ੩ : ੧ (19)
"ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ।"
– ਵਡ ੩, ੯, ੧ : ੧ (560)

ਵਿਰੋਲਿ ----- ਫੋਲ ਕੇ, ਰਿੜਕ ਕੇ
"ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ।"
– ਆਸਾ ੪, ਛੰਤ ੮, ੪ : ੫ (442)

ਵਿਰੋਲਿਆ --- ਰਿੜਕਿਆ
"ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ।"
– ਰਾਮ ਬਸ, ਵਾਰ ੬ : ੪ (968)

ਵਿਰੋਲੀਐ --- ਰਿੜਕੀਏ
"ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ।"
– ਗਉ ੧, ਅਸ ੧੮, ੭ : ੨ (229)

ਵਿਰੋਲੈ ----- ਰਿੜਕਦਾ ਹੈ
"ਪੀਵੈ ਅੰਮ੍ਰਿਤੁ ਤਤੁ ਵਿਰੋਲੈ।"
– ਗਉ ੧, ਅਸ ੧੫, ੩ : ੩ (227)

ਵਿਲਮੁ ----- (ਸੰ.) ਦੇਰੀ
"ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ।"
– ਵਡ ੪, ਵਾਰ ੫ਸ, ੩, ੧ : ੮ (587)

ਵਿਲੰਮੁ ----- ਦੇਰੀ, ਵੇਖੋ 'ਵਿਲਮੁ'
"ਮੁਹਤੁ ਨ ਚਸਾ ਵਿਲੰਮੁ ਭਰੀਐ ਪਾਈਐ।"
– ਮਾਝ ੧, ਵਾਰ ੨੦ : ੭ (147)

ਵਿਲਲਾਇ --- ਰੋਂਦਾ ਹੈ, ਚੀਕਦਾ ਪੁਕਾਰਦਾ ਹੈ
"ਰਸੁ ਕਸੁ ਟਟਰਿ ਪਾਈਐ ਤਪੈ ਤੈ ਵਿਲਲਾਇ।"
– ਮਾਝ ੧, ਵਾਰ ੧੧ਸ, ੧, ੨ : ੩ (143)

ਵਿਲਾਇ ---- ਦੂਰ ਹੋ ਗਿਆ, ਲੋਪ ਹੋ ਗਿਆ
"ਹਉਮੈ ਏਹੋ ਬੀਜੁ ਹੈ ਸਹਸਾ ਗਇਆ ਵਿਲਾਇ।"
– ਰਾਮ ੩, ਵਾਰ ੧ਸ, ੩, ੨ : ੧ (947)

ਵਿਲਾਇਤਿ -- ਵਤਨ, ਆਪਣਾ ਦੇਸ
"ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ।"
– ਆਸਾ ੧, ੩੩, ੨ : ੧ (358)

ਵਿਲਾੜਿ ---- ਲੰਘ ਜਾਵੋ
"ਪਤਣਿ ਕੂਕੇ ਪਾਤਣੀ ਵੰਞਹੁ ਧ੍ਰੂਕਿ ਵਿਲਾੜਿ।"
– ਮਾਰੂ ੧, ਅਸ ੧੦, ੬ : ੧ (1015)

ਵਿਲੋਇ ---- ਰਿੜਕੀਏ
"ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ।"
– ਸੋਰ ੧, ਅਸ ੩, ੨ : ੩ (636)

ਵਿਲੋਈਐ --- ਰਿੜਕੀਏ
"ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ।"
– ਸੋਰ ੧, ਅਸ ੨, ੫ : ੧ (635)

ਵਿਲੋਵੈ ----- ਰਿੜਕਦੀ ਹੈ
"ਵੁਠੈ ਘਾਹੁ ਚਰਹਿ ਸੁਰਹੀ ਸਾਧਨ ਦਹੀ ਵਿਲੋਵੈ।"
– ਮਾਝ ੧, ਵਾਰ ੨੬ਸ, ੧, ੧ : ੨੧ (150)

ਵਿੜਤੇ ----- ਵੱਟ ਲਏ

“ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ।”
- ਮਾਰੂ ੫, ਵਾਰ ੧੨ : ੨ (1098)

ਵੀਆਹਣ --- ਵਿਆਹੁਣ ਲਈ
“ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ।”
- ਆਸਾ ੧, ੧੦, ੧ : ੨ (351)

ਵੀਆਹਣਿ --- ਵਿਆਹੁਣ ਲਈ
“ਗੁਰਮੁਖਿ ਵੀਆਹਣਿ ਆਇਆ।” (ਗੁਰੂ ਦੇ ਰਾਹੀਂ)
- ਸੂਹੀ ੪, ਛੰਤ ੩, ੪ : ੨ (775)

ਵੀਆਹਿ ---- ਵਿਆਹ ਵਿਚ, ਅਨੰਦ ਕਾਰਜ ਵਿਚ
“ਜਜਿ ਕਾਜਿ ਵੀਆਹਿ ਸੁਹਾਵੈ ਓਥੈ ਮਾਸੁ ਸਮਾਣਾ।”
–ਮਲਾ ੧, ਵਾਰ ੨੫ਸ, ੧, ੨ : ੧੮ (1290)

ਵੀਆਹਿਆ -- ਵਿਆਹਿਆ ਗਿਆ
“ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ।”
- ਮਲਾ ੧, ਵਾਰ ੨੫ਸ, ੧, ੧ : ੫ (1289)

ਵਿਆਹੀਆ -- ਦੇ ਵਿਆਹ ਹੋ ਗਏ, ਵਿਆਹੀਆਂ ਗਈਆਂ
“ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ।”
- ਆਸਾ ੧, ਅਸ ੧੧, ੨ : ੧ (417)

ਵੀਆਹੁ ---- ਸ਼ਾਦੀ, ਅਨੰਦ ਕਾਰਜ, ਨਿਕਾਹ
“ਵੀਆਹੁ ਹੋਆ ਮੇਰੇ ਬਾਬੁਲਾ ਗੁਰਮੁਖੇ ਹਰਿ ਪਾਇਆ।”
- ਸਿਰੀ ੪, ਛੰਤ ੧, ੨ : ੧ (78)

ਵੀਸ ------ ਵੀਹ
“ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ।”
- ਜਪੁ ੧, ੩੨ : ੧ (7)

ਵੀਸਰਉ ---- ਵੀਸਰੋਂ, ਮੈਂ ਵਿਸਰਾਂ (ਭੁਲਾਂ)
“ਨਾਨਕ ਨਾਮੁ ਨ ਵੀਸਰਉ ਕਰਿ ਅਪੁਨੀ ਹਰਿ ਮਇਆ।”
- ਸਿਰੀ ੫, ੮੪, ੪ : ੩ (47)

ਵੀਸਰਹਿ ---- ਭੁੱਲੇ, ਵਿਸਰੇ
“ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ।”
- ਜਪੁ ੧, ੨੩ : ੪ (5)

ਵੀਸਰਿ ----- ਭੁੱਲ, ਵਿਸਰ
“ਰਾਮ ਰਾਮ ਵੀਸਰਿ ਨਹੀ ਜਾਇ।”
- ਗੋਂਡ ੫, ੧੦, ੨ : ੩ (865)

ਵੀਸਰਿਆ --- ਭੁਲਿਆ
“ਪ੍ਰਣਵਤਿ ਨਾਨਕ ਤਿਨ ਕੀ ਸਰਣਾ ਜਿਨ ਤੂ ਨਾਹੀ ਵੀਸਰਿਆ।”
- ਆਸਾ ੧, ਸੋਪੁ ੩, ੨ : ੨ (12)

"ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ।"(ਭੁਲ ਗਿਆ)
– ਆਸਾ ੧, ਪਟੀ ੨੮ : ੨ (434)

ਵੀਸਰੇ ----- ਭੁਲੇ
"ਨਾਨਕ ਅਉਗਣ ਵੀਸਰੇ ਗੁਰਿ ਰਾਖੇ ਪਤਿ ਤਾਹਿ।"
– ਸਿਰੀ ੧, ੧੫, ੪ : ੩ (20)

ਵੀਸਰੈ ----- ਭੁਲ ਜਾਵੈ
"ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।"
– ਸਿਰੀ ੧, ੧, ੧ : ੩ (14)
"ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ।" (ਭੁਲਦੀ)
– ਮਾਰੂ ੫, ਵਾਰ ੨੧ਸ, ੫, ੧ : ੧ (1093)

ਵੀਹ ------ ਗਿਣਤੀ ਦੀ ਇਕ ਇਕਾਈ
"ਗਲਂੀ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ।"(ਭਾਵ ਕਈ)
– ਸਲੋ ਫਰ, ੮੭ : ੧ (1382)

ਵੀਗਾ ------ ਟੇਢਾ
"ਵਾਟ ਨ ਪਾਵਉ ਵੀਗਾ ਜਾਉ।"
– ਆਸਾ ੧, ੧੮, ੨ : ੧ (354)

ਵੀਚਾਰ ----- (1) ਵੀਚਾਰ ਕਰਨ ਵਾਲੇ
"ਅਸੰਖ ਭਗਤ ਗੁਣ ਗਿਆਨ ਵੀਚਾਰ।"
– ਜਪੁ ੧, ੧੭ : ੫ (4)
(2) ਵਿਵੇਕ ਨਾਲ ਕੀਤੀ ਪੁੰਨ ਛਾਣ ਅਥਵਾ ਵਿਵੇਚਨ, ਵਿਚਾਰ, ਚਿੰਤਨ
"ਆਪੁ ਛੋਡਿ ਜੀਵਤ ਮਰੈ ਗੁਰ ਕੈ ਸਬਦਿ ਵੀਚਾਰ।"
– ਸਿਰੀ ੩, ੫੩, ੪ : ੨ (34)
"ਤੀਰਥ ਧਰਮ ਵੀਚਾਰ ਨਾਵਣ ਪੁਰਬਾਣਿਆ।" (ਵਿਚਾਰਾਂ)
– ਮਲਾ ੧, ਵਾਰ ੧ : ੬ (1279)
(3) ਖਿਆਲ
"ਆਪੈ ਜਾਣੈ ਸਰਬ ਵੀਚਾਰ।"
– ਮਾਝ ੧, ਵਾਰ ੨੭ਸ, ੧, ੨ : ੫ (150)
(4) ਵਿਚਾਰ ਕੇ
"ਮਨਸਾ ਮਨਹਿ ਸਮਾਇਲੈ ਗੁਰ ਸਬਦੀ ਵੀਚਾਰ।"
– ਭੈਰ ੩, ੧੭, ੧ : ੧ (1132)
ਵੀਚਾਰਸਿ – ਵਿਚਾਰਦਾ ਹੈ
"ਆਪੇ ਸੁਰਤਾ ਸਚੁ ਵੀਚਾਰਸਿ ਆਪੇ ਬੂਝੈ ਪਦੁ ਨਿਰਬਾਣੀ।"
– ਪ੍ਰਭਾ ੧, ਅਸ ੭, ੫ : ੨ (1345)

ਵੀਚਾਰਹਿ --- ਵਿਚਾਰਦੇ ਹਨ
"ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ।"
– ਗਉ ੪, ਵਾਰ ੧੨ : ੧ (306)
"ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ ਇਹੁ ਮਨਮੁਖ ਕਾ ਆਚਾਰੁ।" (ਵਿਚਾਰਦਾ)

– ਗੂਜ ੩, ਵਾਰ ੧ਸ, ੩, ੨ : ੩ (509)

ਵੀਚਾਰਹੁ ---- ਵਿਚਾਰੋ, ਵਿਚਾਰ ਕਰੋ

"ਤਤੁ ਵੀਚਾਰਹੁ ਸੰਤ ਜਨਹੁ ਤਾ ਤੇ ਬਿਘਨੁ ਨ ਲਾਗੈ।"

– ਆਸਾ ੫, ੧੧੪, ੧* : ੧ (399)

ਵੀਚਾਰਦਾ --- ਵਿਚਾਰ ਕਰਦਾ ਹੈ

"ਸਭੁ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ।"

– ਗੂਜ ੫, ਵਾਰ ੪ : ੪ (519)

ਵੀਚਾਰਾ ---- (1) ਵਿਚਾਰ ਕੀਤਾ

"ਮਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ।" (ਭਾਵ ਧਿਆਨ ਕੀਤਾ, ਬਾਰੇ ਚਿੰਤਨ ਕੀਤਾ)

– ਮਾਝ ੧, ਵਾਰ ੬ : ੧ (140)

(2) ਵਿਚਾਰ ਨੂੰ, ਖਿਆਲ ਨੂੰ, ਚਿੰਤਨ ਨੂੰ

"ਮਨਮੁਖ ਦੂਜੈ ਪਚਿ ਮੁਏ ਨਾ ਬੂਝਹਿ ਵੀਚਾਰਾ।

– ਮਾਝ ੧, ਵਾਰ ੭ : ੪ (141)

"ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ।"

– ਗਉ ੩, ੩੦, ੩ : ੨ (160)

(3) ਵਿਚਾਰ ਕੇ

"ਬਿਨੁ ਗੁਰ ਸਬਦ ਨ ਛੂਟੀਐ ਦੇਖਹੁ ਵੀਚਾਰਾ।"

– ਗਉ ੧, ਅਸ ੧੮, ੧* : ੧ (229)

"ਗੁਰਮੁਖਿ ਸੇਵਿਆ ਸਬਦਿ ਵੀਚਾਰਾ।"

– ਮਾਰੂ ੩, ਸੋਲਾ ੬, ੯ : ੨ (1049)

"ਆਪੇ ਮੇਲੈ ਗੁਰ ਸਬਦਿ ਵੀਚਾਰਾ।" (ਵਿਚਾਰ ਦੁਆਰਾ)

– ਮਾਰੂ ੩, ਸੋਲਾ ੯, ੨ : ੨ (1052)

(4) ਵਿਚਾਰ, ਚਿੰਤਨ

"ਤੀਰਥੁ ਮਜਨੁ ਗੁਰ ਵੀਚਾਰਾ।"

– ਆਸਾ ੧, ਅਸ ੧, ੫ : ੨ (411)

"ਰਾਮ ਨਾਮ ਬਿਨੁ ਮੁਕਤਿ ਨ ਹੋਈ ਨਾਨਕ ਕਹੈ ਵੀਚਾਰਾ।"

– ਆਸਾ ੧, ਛੰਤ ੨, ੪ : ੬ (437)

(5) ਵਿਚਾਰਦਾ ਹੈ, ਵਿਚਾਰ ਕਰਦਾ ਹੈ

"ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ।"

– ਆਸਾ ੧, ਅਸ ੨੨, ੫ : ੨ (422)

(6) ਵੀਚਾਰਿਆ, ਭਾਵ ਸਮਝਿਆ

"ਦਾਨਾ ਕੈ ਸਿਰਿ ਦਾਨੁ ਵੀਚਾਰਾ।"

– ਮਾਰੂ ੧, ਸੋਲਾ ੧੪, ੧੫ : ੧ (1035)

ਵੀਚਾਰਿ ---- (1) ਵਿਚਾਰ ਕਰਨ ਵਿਚ ਭਾਵ ਵਿਚਾਰਨ ਦੀ

"ਜੋਰੁ ਨ ਸੁਰਤੀ ਗਿਆਨਿ ਵੀਚਾਰਿ।"

– ਜਪੁ ੧, ੩੩ : ੫ (7)

(2) ਵਿਚਾਰ ਕਰਨ ਨਾਲ, ਵਿਚਾਰ ਦੁਆਰਾ, ਵਿਚਾਰ ਰਾਹੀਂ

“ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ।”
– ਸਿਰੀ ੧, ੧੬, ੧ : ੧ (20)

“ਸਿਖੀ ਸਿਖਿਆ ਗੁਰ ਵੀਚਾਰਿ।”
– ਆਸਾ ੧, ਵਾਰ ੫ਸ, ੧, ੨ : ੧੩ (465)

(3) ਖਿਆਲ ਨਾਲ

“ਸਭੁ ਕੋ ਆਖੈ ਬਹੁਤੁ ਬਹੁਤੁ ਲੈਣੈ ਕੈ ਵੀਚਾਰਿ।”
– ਸਿਰੀ ੧, ਅਸ ੧, ੭ : ੧ (53)

“ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ।”
– ਆਸਾ ੧, ਵਾਰ ੬ਸ, ੧, ੧ : ੭ (466)

(4) ਵਿਚਾਰ ਕੇ, ਸੋਚ ਕੇ

“ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ।”
– ਸਿਰੀ ੧, ਅਸ ੬, ੩ : ੧ (56)

“ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ।”
– ਧਨਾ ੧, ੨, ੧* : ੧ (660)

(5) ਵਿਚਾਰ ਨੂੰ

“ਸੁਣਿ ਮਨ ਮੇਰੇ ਸਬਦੁ ਵੀਚਾਰਿ।”
– ਗਉ ੩, ੩੧, ੧* : ੧ (161)

(6) ਉਪਦੇਸ਼ ਰਾਹੀਂ

“ਭਗਤਿ ਨਿਰਾਲੀ ਅਲਾਹ ਦੀ ਜਾਪੈ ਗੁਰ ਵੀਚਾਰਿ।”
– ਆਸਾ ੩, ਅਸ ੩੬, ੯ : ੧ (430)

“ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰਿ।”
– ਗੂਜ ੧, ੨, ੧* : ੨ (489)

(7) ਵਿਚਾਰੋ

“ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ।”
– ਸੋਰ ੪, ਵਾਰ ੧੦ਸ, ੩, ੨ : ੧ (646)

“ਗੁਰ ਕਾ ਸਬਦੁ ਵੀਚਾਰਿ ਜੋਗੀ।”
– ਰਾਮ ੧, ੧੧, ੩ : ੧ (879)

(8) ਸਮਝੋ, ਜਾਣੋ

“ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ।”
– ਰਾਮ ੧, ਅਸ ੧, ੧* : ੨ (902)

(9) ਵਿਚਾਰਵਾਨ, ਗਿਆਨੀ

“ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ।”
– ਤੁਖਾ ੧, ਛੰਤ ੬, ੨ : ੫ (1113)

ਵੀਚਾਰਿਆ -- ਵਿਚਾਰ ਕੀਤਾ, ਸੋਚਿਆ, ਨਿਰਣਾ ਕੀਤਾ

“ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥਿ ਏਨਾ ਵੇਚਾਰੇ।”
– ਗਉ ੪, ਵਾਰ ੧੪ਸ, ੪, ੧ : ੬ (307)

“ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ ਬਹਿ ਸਾਧ ਜਨਾ ਵੀਚਾਰਿਆ।” (ਵਿਚਾਰ ਕੀਤੀ ਭਾਵ ਨਿਰਣਾ ਕੀਤਾ ਹੈ)
– ਗਉ ੪, ਵਾਰ ੩੦ਸ, ੪, ੧ : ੫ (315)

ਵੀਚਾਰੀ ---- (1) ਵਿਚਾਰ ਕਰਾਂ

"ਗੁਣ ਵੀਚਾਰੀ ਗੁਣ ਸੰਗ੍ਰਹਾ ਅਵਗੁਣ ਕਢਾ ਧੋਇ।"

– ਸਿਰੀ ੩, ੬੦, ੪ : ੨ (37)

(2) ਵਿਚਾਰਵਾਨ

"ਨਾਨਕ ਨਾਮਿ ਰਤੇ ਵੀਚਾਰੀ ਸਚੋ ਸਚੁ ਕਮਾਵਣਿਆ।"

– ਮਾਝ ੩, ਅਸ ੧੯, ੮ : ੩ (121)

"ਵਿਦਿਆ ਵੀਚਾਰੀ ਤਾਂ ਪਰਉਪਕਾਰੀ।"

– ਆਸਾ ੧, ੨੫, ੧ : ੧ (356)

"ਘਰ ਮਹਿ ਪੰਚ ਵਰਤਦੇ ਪੰਚੇ ਵੀਚਾਰੀ।" (ਵਿਚਾਰਵਾਨ ਹੋ ਕੇ)

– ਆਸਾ ੩, ਅਸ ੨੬, ੮ : ੨ (425)

(3) ਵਿਚਾਰਦੀ ਹੈ

"ਹਰਿ ਸਿਉ ਰਾਤੀ ਸਬਦੁ ਵੀਚਾਰੀ।"

– ਆਸਾ ੧, ੧੪, ੩ : ੨ (353)

"ਐਸੇ ਪ੍ਰੇਮ ਭਗਤਿ ਵੀਚਾਰੀ।" (ਵਿਚਾਰੀ ਜਾਂਦੀ ਹੈ)

– ਆਸਾ ੧, ਅਸ ੬, ੧* : ੧ (414)

"ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ।" (ਵਿਚਾਰ ਕੇ)

– ਆਸਾ ੩, ਅਸ ੨੩, ੨ : ੨ (423)

"ਸਿਧ ਸਾਧਿਕ ਲਿਵ ਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ।" (ਵਿਚਾਰਿਆ ਹੈ)

– ਗੂਜ ੩, ਅਸ ੧, ੪ : ੨ (506)

"ਸਦਾ ਸੁਖੁ ਸਾਚੈ ਸਬਦਿ ਵੀਚਾਰੀ।" (ਵਿਚਾਰਿਆਂ, ਵਿਚਾਰ ਕੇ)

– ਵਡ ੩, ੭, ੧* : ੧ (560)

(4) ਵਿਚਾਰ ਭਾਵ ਗਿਆਨ

"ਭਿਖਿਆ ਸਹਜ ਵੀਚਾਰੀ ਖਾਇ।"

– ਰਾਮ ੧, ਅਸ ੨, ੨ : ੪ (903)

ਵੀਚਾਰੀਆ -- ਵਿਚਾਰਵਾਨ

"ਮਨ ਕਰਹਲਾ ਵੀਚਾਰੀਆ ਹਰਿ ਰਾਮ ਨਾਮ ਧਿਆਇ।"

– ਗਉ ੪, ਕਰ ੧, ੨ :੧ (234)

"ਗੁਰਿ ਸਬਦੁ ਦੀਆ ਦਾਨੁ ਕੀਆ ਨਾਨਕਾ ਵੀਚਾਰੀਆ।" (ਵਿਚਾਰਵਾਨਾਂ ਨੂੰ)

– ਬਿਲਾ ੧, ਛੰਤ ੧, ੨ : ੬ (843)

ਵੀਚਾਰੀਐ --- ਵਿਚਾਰ ਕਰੀਏ, ਧਿਆਨ ਵਿਚ ਲਿਆਈਏ

"ਏਕੋ ਸਬਦੁ ਵੀਚਾਰੀਐ ਅਵਰ ਤਿਆਗੈ ਆਸ।"

– ਸਿਰੀ ੧, ੧੨, ੪ : ੨ (18)

"ਜੇ ਵੇਲਾ ਵਖਤੁ ਵੀਚਾਰੀਐ ਤਾ ਕਿਤੁ ਵੇਲਾ ਭਗਤਿ ਹੋਇ।" (ਧਿਆਨ ਵਿਚ ਰਖੀਏ)

– ਸਿਰੀ ੩, ੫੫, ੧ : ੧ (35)

"ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ।" (ਭਾਵ ਨਿਰਣਾ)

– ਆਸਾ ੧, ਵਾਰ ੧੨ : ੪ (469)

ਵੀਚਾਰੁ ----- (1) ਖਿਆਲ, ਗਲ, ਮਤਿ, ਗਿਆਨ

“ਗਾਵੈ ਕੋ ਵਿਦਿਆ ਵਿਖਮੁ ਵੀਚਾਰੁ।”

– ਜਪੁ ੧, ੩ : ੪ (2)

“ਨਾਨਕ ਸਾਚੁ ਕਹੈ ਵੀਚਾਰੁ।”

– ਆਸਾ ੩, ਅਸ ੨੪, ੮ : ੧ (423)

“ਧੰਧੈ ਧਾਵਤ ਜਗੁ ਬਾਧਿਆ ਨਾ ਬੂਝੈ ਵੀਚਾਰੁ।”

– ਮਾਰੂ ੧, ਅਸ ੨, ੭ : ੧ (1010)

“ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ ਜਿਸੁ ਅੰਤਰਿ ਬ੍ਰਹਮ ਵੀਚਾਰੁ।” (ਆਤਮ, ਗਿਆਨ)

– ਸਲੋ ੪, ੨ : ੫ (1421)

(2) ਵਿਵੇਚਨ, ਵਿਚਾਰ ਕਰਨਾ

“ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।”

– ਜਪੁ ੧, ੪ : ੫ (2)

“ਕੁਦਰਤਿ ਕਵਣ ਕਹਾ ਵੀਚਾਰੁ।” (ਵਿਚਾਰ ਕਰ ਸਕਾਂ)

– ਜਪੁ ੧, ੧੬ : ੨੨ (3)

“ਕਰਮੀ ਕਰਮੀ ਹੋਇ ਵੀਚਾਰੁ।” (ਭਾਵ ਨਿਰਣਾ)

– ਜਪੁ ੧, ੩੪ : ੬ (7)

“ਹਉਮੈ ਗਰਬੁ ਗਵਾਈਐ ਪਾਈਐ ਵੀਚਾਰੁ।” (ਵਿਚਾਰ ਕਰਨ ਦਾ ਗੁਣ)

– ਆਸਾ ੧, ਅਸ ੨੦, ੨ : ੧ (421)

“ਤ੍ਰੈਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ।” (ਵਿਚਾਰਦੇ)

– ਮਲਾ ੩, ਅਸ ੨, ੬ : ੧ (1277)

(3) ਅਨੁਮਾਨ, ਅੰਦਾਜ਼ਾ

“ਕੇਤਿਆ ਗਣਤ ਨਹੀ ਵੀਚਾਰੁ।”

– ਜਪੁ ੧, ੨੫ : ੪ (5)

(4) ਵਿਚਾਰਵਾਨ

“ਆਚਾਰਾ ਵੀਚਾਰੁ ਸਰੀਰਿ।”

– ਧਨਾ ੧, ਅਸ ੨, ੭ : ੧ (686)

ਵੀਚਾਰੇ ----- (1) ਵਿਚਾਰਦਾ ਹੈ

“ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ।”

– ਜਪੁ ੧, ੨੭ : ੫ (6)

(2) ਵਿਚਾਰ ਅੰਦਰ, ਵਿਚਾਰ ਵਿਚਾਰ ਕੇ, ਵਿਚਾਰ ਰਾਹੀਂ, ਵਿਚਾਰ ਦੁਆਰਾ

“ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ।”

– ਜਪੁ ੧, ੨੭ : ੮ (6)

“ਆਸਣਿ ਬੈਸਣਿ ਥਿਰੁ ਨਾਰਾਇਣੁ ਤਿਤੁ ਮਨੁ ਰਾਤਾ ਵੀਚਾਰੇ।”

– ਆਸਾ ੧, ਛੰਤ ੨, ੧ : ੫ (436)

(3) ਵਿਚਾਰ ਕਰੇ

“ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ।”

– ਜਪੁ ੧, ੨੭ : ੧੬ (6)

“ਵਖਤੁ ਵੀਚਾਰੇ ਸੁ ਬੰਦਾ ਹੋਇ।” (ਭਾਵ ਚੰਗੀ ਤਰ੍ਹਾਂ ਵਰਤੇ)

– ਸਿਰੀ ੪, ਵਾਰ ੪ਸ, ੧, ੧ : ੨ (84)

“ਇਸੁ ਪਦ ਵੀਚਾਰੇ ਸੋ ਜਨੁ ਪੂਰਾ ਤਿਸੁ ਮਿਲੀਐ ਭਰਮੁ ਚੁਕਾਇਦਾ।”

– ਮਾਰੂ ੧, ਸੋਲਾ ੧੭, ੩ : ੩ (1037)

(4) ਵਿਚਾਰ ਨੂੰ, ਤਤ ਨੂੰ

“ਦੁਸਟ ਚਉਕੜੀ ਸਦਾ ਕੂੜ ਕਮਾਵਹਿ ਨ ਬੂਝਹਿ ਵੀਚਾਰੇ।”

– ਸੋਰ ੩, ੫, ੨ : ੧ (601)

(5) ਵਿਚਾਰਵਾਨ

“ਸਾਧਿਕ ਸਾਚ ਭਲੇ ਵੀਚਾਰੇ।”

– ਮਾਰੂ ੧, ਸੋਲਾ ੧੪, ੧੦ : ੨ (1035)

“ਹੁਕਮੇ ਸਿਧ ਸਾਧਿਕ ਵੀਚਾਰੇ।”

– ਮਾਰੂ ੧, ਸੋਲਾ ੧੬, ੧੪ : ੨ (1037)

ਵੀਚਾਰੈ ----- (1) ਵਿਚਾਰਨ ਨਾਲ

“ਹਉਮੈ ਨਿਵਰੈ ਗੁਰਸਬਦੁ ਵੀਚਾਰੈ।”

– ਗਉ ੧, ਅਸ ੧੩, ੩ : ੧ (226)

“ਸਬਦੁ ਵੀਚਾਰੈ ਚੂਕਸਿ ਸੋਗਾ।”

– ਰਾਮ ੧, ਅਸ ੨, ੭ : ੨ (903)

(2) ਵਿਚਾਰ ਕਰੇ

“ਸਤਿਗੁਰੁ ਸੇਵਿ ਤਤੁ ਵੀਚਾਰੈ।”

– ਆਸਾ ੧, ੧੪, ੩ : ੪ (353)

ਵੀਚਾਰੋ ----- ਵਿਚਾਰ, ਚਿੰਤਨ

“ਤੇਰਾ ਨਾਮੁ ਸਚਾ ਜੀਉ ਸਬਦੁ ਸਚਾ ਵੀਚਾਰੋ।”

– ਗਉ ੧, ਛੰਤ ੨, ੪ : ੧ (243)

“ਆਵਣ ਜਾਵਣੁ ਠਾਕਿ ਰਹਾਏ ਗੁਰਮੁਖਿ ਤਤੁ ਵੀਚਾਰੋ।” (ਵਿਚਾਰ ਕੇ, ਵਿਚਾਰ ਰਾਹੀਂ)

– ਆਸਾ ੧, ਛੰਤ ੩, ੩ : ੪ (437)

“ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ।” (ਵਿਚਾਰਦਾ ਹੈ, ਨਿਗਰਾਨੀ ਕਰਦਾ ਹੈ)

– ਵਡ ੧, ਅਲਾ ੩, ੧ : ੪ (580)

ਵੀਚਾਰੋਵਾ --- ਵਿਚਾਰ ਅਨੁਸਾਰ

“ਸਿਰਿ ਸਿਰਿ ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ।”

– ਵਡ ੧, ਅਲਾ ੪, ੨ : ੨ (581)

ਵੀਛੁੜਣਾ --- ਵਿਛੜਨਾ, ਵਖ ਹੋਣਾ

“ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ।”

– ਬਿਹਾ ੫, ਛੰਤ ੯, ੩ : ੨ (548)

ਵੀਛੁੜਿ ----- ਵਿਛੜ ਕੇ, ਵੱਖ ਹੋ ਕੇ

“ਮਨਮੁਖਿ ਸੋਝੀ ਨ ਪਵੈ ਵੀਛੁੜਿ ਚੋਟਾ ਖਾਇ।”

– ਸਿਰੀ ੧, ਅਸ ੧੧, ੧੦ : ੨ (60)

ਵੀਛੁੜਿਆ --- ਵੱਖ ਹੋਇਆ, ਵਿਛੜਿਆ, ਵਿਯੋਗਿਆ
"ਜਾ ਤੇ ਵੀਛੁੜਿਆ ਤਿਨਿ ਆਪਿ ਮਿਲਾਇਆ ਰਾਮ।"
– ਬਿਹਾ ੫, ਛੰਤ ੮, ੪ : ੧ (547)

ਵੀਛੁੜੇ ----- ਵੱਖ ਹੋਏ, ਵਿਯੋਗੇ ਗਏ
"ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।"
– ਮਾਝ ੫, ਬਾਰਾ ੧ : ੧ (133)

ਵੀਛੁੜੈ ----- ਵੱਖ ਹੁੰਦੇ, ਵਿਛੁੜਦੇ
"ਸਬਦਿ ਮਿਲੀ ਨ ਵੀਛੁੜੈ ਪਿਰ ਕੈ ਅੰਕਿ ਸਮਾਇ।"
– ਸਿਰੀ ੩, ਅਸ ੨੧, ੨ : ੩ (66)

ਵੀਥਰੈ ----- ਵਿਸਥਾਰ ਕਰਦੀ ਹੈ, ਖਿਲਾਰਦੀ ਹੈ
"ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ।"
– ਸਿਰੀ ੧, ੯, ੧ : ੧ (17)

ਵੀਰ ------ (1) ਬਹਾਦਰ, ਜੋਧੇ
"ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ।"
– ਜਪੁ ੧, ੨੭ : ੯ (6)
(2) ਭਰਾ ਭਾਵ ਸਾਕ ਸੰਬੰਧੀ
"ਜਾਨੀ ਘਤਿ ਚਲਾਇਆ ਲਿਖਿਆ ਆਇਆ ਰੁੰਨੇ ਵੀਰ ਸਬਾਏ।"
– ਵਡ ੧, ਅਲਾ ੧, ੧ : ੩ (579)
(3) ਬੀਰ (ਹਨੂਮਾਨ, ਭੈਰਉ ਆਦਿ) ਜੋ ਪੁਰਾਣਾ ਅਨੁਸਾਰ 52 ਹਨ
"ਵੀਰਵਾਰਿ ਵੀਰ ਭਰਮਿ ਭੁਲਾਏ।"
– ਬਿਲਾ ੩, ਵਾ ੧, ੬ : ੧ (841)

ਵੀਰਵਾਰਿ --- ਹਫਤੇ ਦਾ ਚੌਥਾ ਦਿਨ
"ਵੀਰਵਾਰਿ ਵੀਰ ਭਰਮਿ ਭੁਲਾਏ।"
– ਬਿਲਾ ੩, ਵਾ ੧, ੬ : ੧ (841)

ਵੀਵਾਹੀ ---- ਵਿਆਹੀ ਗਈ, ਪਰਨਾਹੀ ਗਈ
"ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ।"
– ਸਲੋ ਫਰ, ੬੩ :੧ (1381)

ਵੀਵਾਹੁ ----- ਵਿਆਹ
"ਵੀਵਾਹੁ ਹੋਆ ਸੋਭ ਸੇਤੀ ਪੰਚ ਸਬਦੀ ਆਇਆ।"
– ਸੂਹੀ ੧, ਛੰਤ ੪, ੧ : ੫ (765)

ਵੂਠਉ ----- ਵਸਿਆ
"ਤ ਧਰਿਓ ਮਸਤਕਿ ਹਥੁ ਸਹਜਿ ਅਮਿਉ ਵੁਠਉ ਛਜਿ ਸੁਰਿ ਨਰ ਗਣ ਮੁਨਿ ਬੋਹਿਥ ਅਗਾਜਿ।"
– ਸਵ ੨, ੧ : ੩ (1391)

ਵੂਠੜਾ ----- ਵਸਿਆ, ਸਥਿਤ ਹੋਇਆ, ਨਿਵਾਸ ਕੀਤਾ

"ਜਨ ਨਾਨਕਿ ਕਮਲੁ ਪਰਗਾਸਿਆ ਮਨਿ ਹਰਿ ਹਰਿ ਵੁਠੜਾ ਹੇ।"
– ਸਿਰੀ ੪, ਵਣ ੧, ੪ : ੫ (82)

ਵੁਠਾ ------ (1) ਵਸਿਆ, ਆ ਟਿਕਿਆ, ਸਥਿਤ ਹੋਇਆ, ਨਿਵਾਸ ਕੀਤਾ
"ਸਚਾ ਸਾਹਿਬੁ ਮਨਿ ਵੁਠਾ ਹੋਆ ਖਸਮੁ ਦਇਆਲੁ।"
– ਸਿਰੀ ੫, ੯੮, ੧ : ੨ (52)
"ਕੰਨੁ ਕੋਈ ਕਢਿ ਨ ਹੰਘਈ ਨਾਨਕ ਵੁਠਾ ਘੁਘਿ ਗਿਰਾਉ ਜੀਉ।" (ਆਬਾਦ ਹੋਇਆ, ਵਸਿਆ)
– ਸਿਰੀ ੫, ਅਸ ੨੯, ੫ : ੩ (73)
(2) ਵਰ੍ਹਿਆ, ਵਸਿਆ
"ਇੰਦ੍ਰੈ ਨੋ ਫੁਰਮਾਇਆ ਵੁਠਾ ਛਹਬਰ ਲਾਇ।"
– ਮਲਾ ੧, ਵਾਰ ੭ਸ, ੩, ੨ : ੩ (1281)
"ਹਰਿ ਦਾਤੈ ਦਾਤਾਰਿ ਹਥੁ ਕਢਿਆ ਮੀਹੁ ਵੁਠਾ ਸੈਸਾਰੇ।"
– ਕਾਨ ੪, ਵਾਰ ੧੪ਸ, ੪, ੨ : ੩ (1318)

ਵੁਠਿਆ ---- ਵਸਣ ਨਾਲ, ਨਿਵਾਸ ਕਰਨ ਨਾਲ
"ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ।"
– ਗੂਜ ੫, ਵਾਰ ੯ : ੨ (520)

ਵੁਠੀ ------ ਵਸਨਾ
"ਇਕੁ ਅਧੁ ਨਾਇ ਰਸੀਅੜਾ ਕਾ ਵਿਰਲੀ ਜਾਇ ਵੁਠੀ।"
– ਗਉ ੫, ੧੬੯*, ੩ : ੨ (218)
"ਓਦੋਸੀਆ ਘਰੇ ਹੀ ਵੁਠੀ ਕੁੜਿਈਂ ਰੰਨੀ ਧੰਮੀ।" (ਭਾਵ ਵਰਤੇ ਰਹਿਣਾ)
– ਸਲੋ ੧, ੨੯ : ੨ (1412)
ਵੁਠੀਆ – ਵਸੇਗੀ
"ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ।"
– ਸਿਰੀ ੫, ਅਸ ੨੯, ੧੩ : ੩ (74)

ਵੁਠੇ ------- (1) ਵਸੇ, ਸਥਿਤ ਹੋਏ, ਨਿਵਾਸ ਕੀਤਾ
"ਹਰਿ ਪੀ ਆਘਾਨੇ ਅੰਮ੍ਰਿਤ ਬਾਨੇ ਸ੍ਰਬ ਸੁਖਾ ਮਨ ਵੁਠੇ।"
– ਸਿਰੀ ੫, ਛੰਤ ੨, ੫ : ੩ (80)
"ਸੁਖ ਸਹਜ ਆਨੰਦ ਵੁਠੇ ਤਿਤੁ ਘਰਿ।" (ਆ ਵਸੇ)
– ਗੂਜ ੫, ਵਾਰ ੨੧ : ੫ (524)
(2) ਵਰ੍ਹੇ, ਵਸੇ, ਬਰਸੇ
"ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ।"
– ਰਾਮ ੫, ਰੁਤੀ ੪ : ੨ (928)
"ਵੁਠੇ ਮੇਘ ਸੁਹਾਵਣੇ ਹੁਕਮੁ ਕੀਤਾ ਕਰਤਾਰਿ।"
– ਸਾਰ ੪, ਵਾਰ ੩੬ਸ, ੫, ੨ : ੧ (1251)

ਵੁਠੈ ------- (ਮੀਂਹ) ਵਸਣ ਨਾਲ
"ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾ ਧਨ ਦਹੀ ਵਿਲੋਵੈ।"
– ਮਾਝ ੧, ਵਾਰ ੨੬ਸ, ੧, ੧ : ੨੧ (150)

ਵੁਣਾਇਆ --- ਉਨਾਇਆ
"ਵੇਲਿ ਪਿੰਵਾਇਆ ਕਤਿ ਵੁਣਾਇਆ।"
– ਰਾਮ ੩, ਵਾਰ ੧੯ਸ, ੧, ੧ : ੧ (955)

ਵੁੜੀ ------ ਵਗਦੀ, ਚਲਦੀ
"ਸਭਨਾ ਲਿਖਿਆ ਵੁੜੀ ਕਲਾਮ।"
– ਜਪੁ ੧, ੧੬ : ੧੫ (3)
"ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ।" (ਵਗੀ ਹੈ, ਚਲੀ ਹੈ)
– ਸਿਰੀ ੧, ਪਹ ੧, ੧ : ੫ (74)

ਵੂਠਾ ------ (1) ਵਸਿਆ ਹੈ
"ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ।"
– ਮਾਝ ੫, ੨੨, ੨ : ੩ (101)
(2) ਵਰ੍ਹਿਆ, ਬਰਸਿਆ
"ਹਰਿ ਘਟਿ ਘਟੇ ਡੀਠਾ ਅੰਮ੍ਰਿਤੋ ਵੂਠਾ ਜਨਮ ਮਰਣ ਦੁਖ ਨਾਠੇ।"
– ਆਸਾ ੫, ਛੰਤ ੩, ੧ : ੩ (454)
"ਅਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ।"
– ਆਸਾ ੫, ਛੰਤ ੧੨, ੨ : ੪ (460)

ਵੂਠਿਆ ---- ਵਸਿਆ
"ਸ੍ਰੀਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ।"
– ਜੈਤ ੫, ਛੰਤ ੩, ੩ : ੫ (705)

ਵੂਠੇ ------- ਵਸੇ
"ਨਿਰਬਿਘਨ ਹੋਇ ਸਭ ਥਾਂਈ ਵੂਠੇ।"
– ਬਿਲਾ ੫, ੨, ੩ : ੨ (801)

ਵੂਠੈ ------- ਵਸਣ ਨਾਲ
"ਹਰਿ ਹਰਿ ਮੁਖ ਤੇ ਬੋਲਨਾ ਮੁਨਿ ਵੂਠੈ ਸੁਖੁ ਹੋਇ।"
– ਗਉ ੫, ਬਾਅ ਪ੧ਸ : ੧ (260)

ਵੇ -------- (1) ਹੇ, ਸੰਬੋਧਕ ਸ਼ਬਦ
"ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ।"
– ਆਸਾ ੪, ਛੰਤ ੨੧, ੧ : ੧ (451)
"ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ।"
– ਸੂਹੀ ੪, ਛੰਤ ੬, ੧ : ੧ (776)
(ਮਹਾਨਕੋਸ਼ ਅਰਥ 'ਦੇਖ' ਕਰਦਾ ਹੈ)

ਵੇਸ ------- (1) (ਸੰ.) ਪਹਿਰਾਵਾ, ਲਬਾਸ, ਕਪੜੇ
"ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ।"
– ਜਪੁ ੧, ੩੪ : ੪ (7)
"ਮੈਲੇ ਵੇਸ ਤਿਨਾ ਕਾਮਣੀ ਦੁਖੀ ਰੈਣਿ ਵਿਹਾਇ ਜੀਉ।"
– ਸਿਰੀ ੧, ਅਸ ੨੮, ੭ : ੩ (72)

(2) ਰੂਪ
“ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ।”
– ਜਪੁ ੧, ੩੩ : ੭ (7)
“ਗੁਰੁ ਗੁਰੁ ਏਕੋ ਵੇਸ ਅਨੇਕ।”
– ਆਸਾ ੧, ਸੋਲਾ ੨, ੧ : ੨ (12)
“ਨਾਨਕ ਕਰਤੇ ਕੇ ਕੇਤੇ ਵੇਸ।”
– ਆਸਾ ੧, ਸੋਲਾ ੨, ੨ : ੩ (12)
“ਏਕ ਤੂ ਹੋਰਿ ਵੇਸ ਬਹੁਤੇਰੇ।” (ਭੇਖ, ਰੂਪ)
– ਆਸਾ ੧, ੨੫, ੪ : ੧ (356)
(3) ਸਿੰਗਾਰ
“ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ।”
– ਵਡ ੧, ੩, ੧ : ੬ (557)
“ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ।”
– ਵਡ ੪, ੩, ੨ : ੧ (561)
“ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ।”
– ਸਲੋ ਫਰ, ੧੨੭ : ੨ (1384)
(ਮਹਾਨਕੋਸ਼ ਇਥੇ ਅਰਥ ‘ਕਰਮ’ ਕਰਦਾ ਹੈ)

ਵੇਸਾ ------ (1) ਪੌਸ਼ਾਕ, ਲਿਬਾਸ
“ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ।”
– ਵਡ ੫, ੯, ੩ : ੩ (564)
(2) ਰੂਪ, ਸਰੂਪ
“ਦੇਵੀ ਦੇਵ ਉਪਾਏ ਵੇਸਾ।”
– ਬਿਲਾ ੧, ਥਿਤੀ ੪ : ੨ (839)
(3) ਭੇਖ
“ਆਨ ਨ ਜਾਨਾ ਵੇਸਾ।”
– ਰਾਮ ੫, ਅਸ ੧, ੧* : ੨ (912)

ਵੇਸਾਸੁ ----- ਭਰੋਸਾ, ਵਿਸ਼ਵਾਸ, ਵਿਸਾਹ, ਇਤਿਬਾਰ
“ਮਨਮੁਖਾ ਨੋ ਕੋ ਨ ਵਿਸਹੀ ਚੁਕਿ ਗਇਆ ਵੇਸਾਸੁ।”
– ਸੋਰ ੪, ਵਾਰ ੩ਸ, ੩, ੧ : ੭ (643)

ਵੇਸਾਹਾ ----- ਵਣਜ ਕਰੋ ਭਾਵ ਪ੍ਰਾਪਤ ਕਰੋ, ਖਰੀਦੋ
“ਪੂੰਜੀ ਨਾਮੁ ਗੁਰਮੁਖਿ ਵੇਸਾਹਾ।”
– ਜੈਤ ੪, ੧੧, ੧ : ੨ (699)

ਵੇਸਾਹਿ ----- ਇਤਬਾਰ ਨਾਲ, ਭਰੋਸੇ ਤੇ
“ਕਹੁ ਨਾਨਕ ਗੁਰ ਕੈ ਵੇਸਾਹਿ।”
– ਗਉ ੫, ੮੫, ੪ : ੪ (181)

ਵੇਸਾਹੀਐ --- ਵਹਾਜੀਏ, ਖਰੀਦੀਏ
“ਗੁਰਮੁਖਿ ਵਸਤੁ ਵੇਸਾਹੀਐ ਸਚੁ ਵਖਰੁ ਸਚੁ ਰਾਸਿ।”

– ਸਿਰੀ ੧, ੧੧, ੪ : ੧ (18)

ਵੇਸਾਹੁ ----- (1) ਭਰੋਸਾ, ਇਤਿਬਾਰ, ਵਿਸ਼ਵਾਸ
“ਤਿਸ ਹੀ ਕੀ ਕਰਿ ਆਸ ਮਨ ਜਿਸ ਕਾ ਸਭਸੁ ਵੇਸਾਹੁ।”
– ਸਿਰੀ ੫, ੭੭, ੧ : ੨ (44)
“ਲਾਹਾ ਨਾਮੁ ਪੂੰਜੀ ਵੇਸਾਹੁ।” (ਸਿਦਕ)
– ਰਾਮ ੧, ਓਅੰ ੧੩ : ੭ (931)
“ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ
ਦਾ ਵੇਸਾਹੁ।” (ਸਿਦਕ ਦਾ ਆਸਰਾ)
– ਸਲੋ ੫, ੨੨ : ੨ (1426)
(2) ਖਰੀਦਿਆ ਹੈ
“ਮੈ ਹਰਿ ਨਾਮੁ ਨ ਵੀਸਰੈ ਹਰਿ ਨਾਮੁ ਰਤਨੁ ਵੇਸਾਹੁ।”
– ਸਿਰੀ ੧, ਅਸ ੧੬, ੮ : ੨ (64)
(3) ਸਾਥ, ਭਰੋਸਾ, ਇਤਿਬਾਰ
“ਹਰਿ ਮੇਰੀ ਪੂੰਜੀ ਮੇਰਾ ਹਰਿ ਵੇਸਾਹੁ।”
– ਆਸਾ ੫, ੧੬, ੩ : ੧ (375)
“ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ।”
– ਸੋਰ ੪, ੧, ੧ : ੩ (604)
(4) ਵਣਜ, ਵਾਪਾਰ
“ਤਿਸ ਕੀ ਮੁਹਤਾਜੀ ਲੋਕੁ ਕਢਦਾ ਹੋਰਤੁ ਹਟਿ ਨ ਵਥੁ ਨ ਵੇਸਾਹੁ।”
– ਬਿਲਾ ੪, ਵਾਰ ੭ : ੨ (852)

ਵੇਸੀ ------ ਵੇਸ ਨਾਲ, ਸਿੰਗਾਰ ਨਾਲ, ਰੂਪ ਬਣਾਨ ਨਾਲ, ਵੇਸ ਭੂਸ਼ਾ ਨਾਲ
“ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ।”
– ਸੂਹੀ ੩, ਵਾਰ ੨ਸ, ੩, ੨ : ੨ (785)
“ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸੁ ਕਰੇਉ।”
– ਸਲੋ ਫਰ, ੧੦੩ : ੨ (1383)
(ਮਹਾਨਕੋਸ਼ ਅਰਥ ‘ਕਰਮਾਂ’ ਕਰਦਾ ਹੈ)

ਵੇਸੁ ------- (1) ਰੂਪ
“ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।”
– ਜਪੁ ੧, ੨੮ : ੫ (6)
“ਅੰਤਰਿ ਮੈਲੁ ਨ ਉਤਰੈ ਧ੍ਰਿਗੁ ਜੀਵਣੁ ਧ੍ਰਿਗੁ ਵੇਸੁ।” (ਭੇਖ)
– ਸਿਰੀ ੧, ੨੨, ੧ : ੨ (22)
(2) ਪਹਿਰਾਵਾ, ਲਬਾਸ
“ਫਾਹੀ ਸੁਰਤਿ ਮਲੂਕੀ ਵੇਸੁ।”
– ਸਿਰੀ ੧, ੨੯, ੩ : ੧ (24)
“ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ।”
– ਸਿਰੀ ੧, ਅਸ ੨, ੧ : ੨ (54)
“ਗੁਰਿ ਮਿਲਿਐ ਵੇਸੁ ਪਲਟਿਆ ਸਾਧਨ ਸਚੁ ਸੀਗਾਰੋ।” (ਭਾਵ ਸੁਭਾ)
– ਵਡ ੧, ਅਸ ੩, ੮ : ੧ (581)

“ਛੋਡਹੁ ਵੇਸੁ ਭੇਖ ਚਤੁਰਾਈ ਦੁਬਿਧਾ ਇਹੁ ਫਲੁ ਨਾਹੀ ਜੀਉ।”
– ਸੋਰ ੧, ੯, ੧ : ੨ (598)
(ਮਹਾਨਕੋਸ਼ ਅਰਥ ‘ਭੈੜੀ ਵਾਦੀ’ ਕਰਦਾ ਹੈ)
“ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ।”
– ਸਲੋ ਫਰ, ੬੧ : ੧ (1381)
(ਮਹਾਨਕੋਸ਼ ਅਰਥ ‘ਅੰਤਰਕਰਣ, ਮਨ’ ਕਰਦਾ ਹੈ)

ਵੇਸੁਆ ----- ਦੁਰਾਚਾਰਣ, ਕੰਜਰੀ
“ਵਿਚਿ ਹਉਮੈ ਕਰਮ ਕਮਾਵਦੇ ਜਿਉ ਵੇਸੁਆ ਪੁਤੁ ਨਿਨਾਉ।”
– ਸਿਰੀ ੪, ਵਣ ੧, ੨ : ੨ (82)

ਵੇਸੇ ------- ਵੇਸ ਨਾਲ, ਪਹਿਰਾਵੇ ਨਾਲ
“ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ।”
– ਵਡ ੧, ਅਲਾ ੫, ੨ : ੫ (582)

ਵੇਸੋ ------- (1) ਸਰੂਪ (ਵਾਲਾ)
“ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ।”
– ਭੈਰ ੧, ੬, ੧ : ੨ (1127)
(2) ਪਹਿਰਾਵਾ, ਸਿੰਗਾਰ
“ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ।”
– ਸਲੋ ਫਰ, ੧੨੬ : ੨ (1384)

ਵੇਹਾਝੀਅਹਿ -- ਖਰੀਦੀਏ
“ਗੁਰਮੁਖਿ ਗੁਣ ਵੇਹਾਝੀਅਹਿ ਮਲੁ ਹਉਮੈ ਕਢੈ ਧੋਇ।”
– ਗਉ ੪, ਵਾਰ ੧੯ਸ, ੪, ੨ : ੨ (311)

ਵੇਕ ------- (1) ਵਖ
“ਨਾਨਕ ਆਪੇ ਵੇਕ ਕੀਤਿਅਨੁ ਨਾਮੇ ਲਇਅਨੁ ਲਾਇ।”
– ਵਡ ੩, ੪, ੪ : ੨ (559)
(2) ਅਡ ਅਡ, ਵਖ ਵਖ
“ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ।”
– ਮਾਰੂ ੩, ਸੋਲਾ ੧੮, ੨ : ੩ (1061)
“ਆਪਿ ਉਪਾਏ ਨਾਨਕਾ ਆਪੈ ਰਖੈ ਵੇਕ।”
– ਸਾਰ ੪, ਵਾਰ ੨ਸ, ੨, ੧ : ੧ (1237)

ਵੇਕਾ ------ (1) ਵਖ, ਅਡਰੇ, ਭਿੰਨ
“ਹੋਰਿ ਜੀਅ ਉਪਾਏ ਵੇਕੋ ਵੇਕਾ।”
– ਬਿਲਾ ੧, ਥਿਤੀ ੧੪ : ੨ (840)
(2) ਵਖਰਾ, ਅਡਰਾ
“ਆਪਿ ਉਪਾਏ ਕਰਿ ਵੇਖੈ ਵੇਕਾ।”
– ਬਿਲਾ ੩, ਵਾ ੧, ੬ : ੩ (941)

ਵੇਕਾਰ ----- (1) ਵਿਕਾਰੀ

“ਕੇਤੇ ਖਪਿ ਤੁਟਹਿ ਵੇਕਾਰ।”
– ਜਪੁ ੧, ੨੫ : ੫ (5)
“ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ।” (ਵਿਕਾਰੀ ਲੋਕ)
– ਆਸਾ ੧, ਵਾਰ ੬ਸ, ੧, ੧ : ੯ (466)
(2) ਵਿਅਰਥ
“ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ।”
– ਸਿਰੀ ੧, ੬, ੩ : ੩ (16)
“ਹੋਰ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ।”
– ਮਾਝ ੧, ਵਾਰ ੩ : ੬ (139)
(3) ਐਬ, ਖਰਾਬੀ
“ਮੋਹੁ ਤੁਮ ਤਜਹੁ ਸਗਲ ਵੇਕਾਰ।”
– ਆਸਾ ੧, ੨੩, ੧ : ੨ (356)

ਵੇਕਾਰਾ ----- ਐਬਾਂ ਵਿਚ ਫਸਿਆ, ਐਬੀ (ਵਿਕਾਰੀ) ਬਣ
“ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ।”
– ਸਿਰੀ ੪, ਵਾਰ ੧੩ਸ, ੩, ੨ : ੧ (88)

ਵੇਕਾਰਿ ----- (1) ਵਿਕਾਰ ਵਿਚ, ਐਬ ਵਿਚ
“ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ।”
– ਸਿਰੀ ੧, ਅਸ ੫, ੪ : ੨ (56)
(2) ਬੇਅਰਥ ਵਿਚ, ਫਜ਼ੂਲ ਵਿਚ
“ਵਿਣੁ ਨਾਵੈ ਵੇਕਾਰਿ ਭਰਮੇ ਪਚੀਐ।”
– ਮਾਝ ੧, ਵਾਰ ੯ : ੪ (142)

ਵੇਕਾਰੀ ----- (1) ਵਿਕਾਰਾਂ ਨਾਲ
“ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ।”
– ਸਿਰੀ ੪, ਵਾਰ ੧੩ਸ, ੩, ੨ : ੧ (88)
(2) ਵਿਕਾਰੀ, ਐਬੀ
“ਇਸੁ ਆਗੈ ਕੋ ਨ ਟਿਕੈ ਵੇਕਾਰੀ।”
– ਸੋਰ ੫, ੮੦, ੧ : ੩ (628)
(3) ਖਰਾਬੀ ਵਾਲੇ
“ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ।”
– ਸੋਰ ੧, ਅਸ ੨, ੧ : ੩ (635)
(4) ਬੁਰਾ
“ਜਨ ਭਲ ਮਾਨਹਿ ਨਿੰਦਕ ਵੇਕਾਰੀ।”
– ਗੋਂਡ ੫, ਅਸ ੧, ੬ : ੨ (869)

ਵੇਕਾਰੁ ----- (1) ਫਜ਼ੂਲ, ਬੇਅਰਥ
“ਬਿਨੁ ਨਾਵੈ ਬੋਲੈ ਸਭੁ ਵੇਕਾਰੁ।”
– ਰਾਮ ੧, ਸਿਗੋ ੩੩ : ੫ (941)
(2) ਐਬੀ, ਵਿਕਾਰੀ

"ਮਨੁ ਮੈਲਾ ਵੇਕਾਰੁ ਹੋਵੈ ਸੰਗਿ ਪਾਕੁ।"
– ਰਾਮ ੫, ਵਾਰ ੫ : ੩ (959)

(3) ਵਿਹਲਾ, ਬੇਕਾਰ
"ਹਉ ਵਾਢੀ ਵੇਕਾਰੁ ਕਾਰੈ ਲਾਇਆ।"
– ਮਾਝ ੧, ਵਾਰ ੨੭ : ੧ (150)

ਵੇਕੀ ------ ਤਰ੍ਹਾਂ ਤਰ੍ਹਾਂ ਦਾ, ਵਖਰਾ ਵਖਰਾ, ਭਾਂਤ ਭਾਂਤ ਦਾ
"ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ।"
– ਆਸਾ ੧, ਵਾਰ ੧੧ : ੨ (469)

ਵੇਕੋ ਵੇਕਾ --- ਭਾਂਤ ਭਾਂਤ ਦੇ, ਵੱਖ ਵੱਖ ਤਰ੍ਹਾਂ ਦੇ
"ਹੋਰਿ ਜੀਅ ਉਪਾਏ ਵੇਕੋ ਵੇਕਾ।"
– ਬਿਲਾ ੧, ਥਿਤੀ ੧੪ : ੨ (840)

ਵੇਖਹਿ ----- ਵੇਖਦਾ ਹੈਂ
"ਤੂ ਕਰਿ ਕਰਿ ਵੇਖਹਿ ਜਾਣਹਿ ਸੋਇ।"
– ਆਸਾ ੪, ਸੋਪੁ ੨, ੪ : ੩ (12)

ਵੇਖਹੁ ------ ਵੇਖੋ, ਵੇਖ ਲਵੋ
"ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ।"
– ਸਿਰੀ ੩, ੫੯, ੧ : ੩ (37)
"ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ।" (ਅਜ਼ਮਾ ਲਵੋ)
– ਸੂਹੀ ੩, ਅਸ ੪, ੬ : ੨ (757)
"ਚਉਕਾ ਦੇ ਕੈ ਸੁਚਾ ਹੋਇ।
ਐਸਾ ਹਿੰਦੂ ਵੇਖਹੁ ਕੋਇ।" (ਲਭੋ, ਭਾਲੋ)
– ਰਾਮ ੩, ਵਾਰ ੧੧ਸ, ੧, ੧:੧੩;੧੪ (951)

ਵੇਖਣ ------ ਦੇਖਣ, ਦਰਸ਼ਨ ਕਰਨ
"ਗੁਰ ਵੇਖਣ ਕਉ ਸਭੁ ਕੋਈ ਲੋਚੈ ਨਵ ਖੰਡ ਜਗਤਿ ਨਮਸਕਾਰਿਆ।"
– ਗਉ ੪, ਵਾਰ ੨੦ਸ, ੪, ੨ : ੪ (311)

ਵੇਖਣਹਾਰਾ -- ਦਰਸ਼ਕ, ਵੇਖਣ ਵਾਲਾ
"ਜਿਨਿ ਕੀਏ ਕਰਿ ਵੇਖਣਹਾਰਾ।"
– ਬਿਲਾ ੧, ਥਿਤੀ ੩ : ੫ (839)

ਵੇਖਣਹਾਰੁ --- ਵੇਖਣ ਵਾਲਾ, ਦਰਸ਼ਕ
"ਆਪੇ ਵੇਖੈ ਵੇਖਣਹਾਰੁ।"
– ਭੈਰ ੩, ੮, ੪ : ੧ (1129)

ਵੇਖਣਾ ----- ਦੇਖਣਾ, ਦ੍ਰਿਸ਼ਟੀ ਗੋਚਰ ਕਰਨਾ
"ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ।"
– ਮਾਝ ੧, ਵਾਰ ੩ਸ, ੨, ੧ : ੧ (139)

ਵੇਖਣਿ ----- ਦੇਖਣ ਦਾ

"ਅੰਤੁ ਨ ਵੇਖਣਿ ਸੁਣਣਿ ਨ ਅੰਤੁ।"

– ਜਪੁ ੧, ੨੪ : ੩ (5)

"ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ।" (ਦੇਖਣ ਲਈ)

– ਤੁਖਾ ੪, ਛੰਤ ੪, ੨ : ੩ (1116)

ਵੇਖਣੁ ------ ਵੇਖਣਾ, ਦ੍ਰਿਸ਼ਟੀ ਕਰਨਾ

"ਆਖਣੁ ਵੇਖਣੁ ਬੋਲਣਾ ਸਬਦੇ ਰਿਹਾ ਸਮਾਇ।"

– ਸਿਰੀ ੩, ੫੫, ੩ : ੧ (35)

ਵੇਖਦਾ ----- ਵੇਖਦਾ ਹੈ

"ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ।"

– ਸਿਰੀ ੩, ੫੬, ੪ : ੧ (36)

ਵੇਖਦਿਆ --- ਵੇਖਦੇ ਸਾਰ

"ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ।"

– ਰਾਮ ੫, ਵਾਰ ੫ਸ, ੫, ੨ : ੨ (959)

ਵੇਖਦੇ ------ ਦੇਖਦੇ ਹਨ

"ਸਦਾ ਸਚੁ ਹਰਿ ਵੇਖਦੇ ਗੁਰ ਕੈ ਸਬਦਿ ਸੁਭਾਇ।"

– ਮਲਾ ੩, ੨, ੧ : ੩ (1258)

ਵੇਖਾ ------ (1) ਵੇਖਦਾ ਹਾਂ, ਮੈਂ ਵੇਖਾਂ

"ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ।"

– ਜਪੁ ੧, ੬ : ੨ (2)

(2) ਸਮਝਾਂ, ਜਾਣਾਂ

"ਗੁਰਮੁਖਿ ਸਾਚੁ ਮਿਲੈ ਤਾ ਵੇਖਾ।"

– ਮਾਝ ੩, ਅਸ ੨, ੩ : ੨ (110)

ਵੇਖਾਂ ------ ਵੇਖਦਾ ਹਾਂ

"ਜਿਉ ਵੇਖਾਲੇ ਤਿਉ ਵੇਖਾਂ ਬੀਰ।"

– ਮਲਾ ੧, ੯, ੩ : ੪ (1257)

ਵੇਖਾਉ ----- ਵੇਖੀਦਾ ਹੈ

"ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ।"

– ਸਿਰੀ ੧, ੩, ੧ : ੨ (15)

ਵੇਖਾਲਿ ----- ਦਿਖਾ, ਵਿਖਾ

"ਜੇ ਤੂ ਤੁਠਾ ਕ੍ਰਿਪਾ ਨਿਧਾਨ ਨਾ ਦੂਜਾ ਵੇਖਾਲਿ।"

– ਸੂਹੀ ੫, ਅਸ ੪, ੩ : ੧ (761)

ਵੇਖਾਲਿਓਨੁ -- ਵਿਖਾਇਆ

"ਨਾਨਕ ਦਰਸਨੁ ਜਿਨਾ ਵੇਖਾਲਿਓਨੁ ਤਿਨਾ ਦਰਗਹ ਲਏ ਛਡਾਇ।"

– ਗਉ ੪, ਵਾਰ ੨੬ਸ, ੩, ੧ : ੬ (314)

ਵੇਖਾਲਿਆ --- ਦਿਖਾਇਆ

"ਉਝੜਿ ਭੁਲੇ ਰਾਹ ਗੁਰਿ ਵੇਖਾਲਿਆ।"
– ਮਾਝ ੧, ਵਾਰ ੨੪ : ੩ (149)

ਵੇਖਾਲੀ ----- ਦਿਖਾਵਾਂ
"ਕਿਸੁ ਵੇਖਾਲੀ ਚੰਗਾ ਹੋਇ।" (ਭਾਵ ਪੇਸ਼ ਕਰਾਂ)
– ਆਸਾ ੧, ੧੯, ੧ : ੬ (354)

ਵੇਖਾਲੀਅਨੁ -- ਵਖਾਈ ਹੈ
"ਹਰਿ ਆਪਣੀ ਭਗਤਿ ਕਰਾਇ ਵਡਿਆਈ ਵੇਖਾਲੀਅਨੁ।"
– ਸਿਰੀ ੪, ਵਾਰ ੧੯ : ੧ (90)

ਵੇਖਾਲੇ ----- ਵਖਾਏ, ਵਖਾਉਂਦਾ ਹੈ
"ਜਿਸੁ ਵੇਖਾਲੇ ਸੋਈ ਵੇਖੈ ਨਾਨਕ ਗੁਰਮੁਖਿ ਪਾਇ।"
– ਸਿਰੀ ੩, ੫੬, ੪ : ੪ (36)

ਵੇਖਿ ------ ਵੇਖ ਕੇ
"ਕਉਲੁ ਤੂ ਹੈ ਕਵੀਆ ਤੂ ਹੈ ਆਪੇ ਵੇਖਿ ਵਿਗਸੁ।"
– ਸਿਰੀ ੧, ੨੫, ੪ : ੨ (23)

ਵੇਖੀ ------ ਵੇਖ ਰਿਹਾ ਈ
"ਜਿਸੁ ਪਾਸਿ ਲੁਕਾਇਕੜੋ ਸੋ ਵੇਖੀ ਸਾਥੈ।"
– ਆਸਾ ੫, ਛੰਤ ੧੩, ੧ : ੨ (461)

ਵੇਖੁ ------- (1) ਦੇਖ, ਵੇਖੋ
"ਮਨ ਮੇਰੇ ਸਦਾ ਹਰਿ ਵੇਖੁ ਹਦੂਰਿ।"
– ਸਿਰੀ ੩, ੫੩, ੧* : ੧ (34)

(2) ਵੇਖਦਾ ਹੈ
"ਮੇਰੇ ਪ੍ਰੀਤਮਾ ਤੂ ਕਰਤਾ ਕਰਿ ਵੇਖੁ।"
– ਸੋਰ ੧, ਅਸ ੪, ੧* : ੧ (636)

(3) ਵਿਚਾਰ ਕਰੋ, ਚੇਤੰਨ ਰੂਪ ਵਿਚ ਵੇਖੋ
"ਖੋਟਾ ਕਾਮਿ ਨ ਆਵੈ ਵੇਖੁ।"
– ਧਨਾ ੧, ੭, ੧ : ੪ (662)

ਵੇਖੇ ------- ਵੇਖੀਂ ! ਸਾਵਧਾਨ ਕਰਨ ਵਾਲਾ ਸ਼ਬਦ
"ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ।"
– ਮਾਰੂ ੫, ਵਾਰ ੫ਸ, ੫, ੨ : ੧ (1095)

ਵੇਖੈ ------- (1) ਵੇਖਦਾ ਹੈ
"ਗਾਵੈ ਕੋ ਵੇਖੈ ਹਾਦਰਾ ਹਦੂਰਿ।"
– ਜਪੁ ੧, ੩ : ੮ (2)

(2) ਦੇਖ ਭਾਲ ਕਰਦਾ ਹੈ, ਸੰਭਾਲਦਾ ਹੈ
"ਹਰਿ ਆਪਿ ਉਪਾਏ ਹਰਿ ਆਪੇ ਵੇਖੈ ਹਰਿ ਆਪੇ ਕਾਰੈ ਲਾਇਆ ਜੀਉ।"
– ਗਉ ੪, ੬੬, ੪ : ੧ (173)
"ਕਰਿ ਕਰਿ ਕਰਤਾ ਆਪੇ ਵੇਖੈ ਜਿਤੁ ਭਾਵੈ ਤਿਤੁ ਲਾਏ।"

– ਮਲਾ ੩, ੧, ੧ : ੨ (1257)

(3) ਸਮਝੇ
“ਜੀਵਣ ਮਰਣੁ ਕੋ ਸਮਸਰਿ ਵੇਖੈ।”
– ਬਿਲਾ ੩, ੬, ੨ : ੩ (798)

ਵੇਗ ------- ਵਹਾਉ, ਤੇਜ਼ ਚਾਲ
“ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ।”
– ਆਸਾ ੧, ਵਾਰ ੧੭ : ੧ (472)

ਵੇਗਾਰਿ ----- (1) (ਫਾ. ਬੇਗਾਰ) ਵਿਗਾਰੀਆਂ ਵਾਂਗ, ਬਿਨਾਂ ਮਜੂਰੀ ਦੇ ਕੰਮ ਕਰਨ ਵਾਲਾ
“ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ।”
– ਮਾਝ ੩, ਅਸ ੨੫, ੪ : ੨ (124)

(2) ਬਿਨਾ ਮਜ਼ਦੂਰੀ ਦਾ ਕੰਮ
“ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ।”
– ਗਉ ੪, ੪੮, ੧ : ੨ (166)
“ਭੈ ਵਿਚਿ ਅਗਨਿ ਕਢੈ ਵੇਗਾਰਿ।”
– ਆਸਾ ੧, ਵਾਰ ੪ਸ, ੧, ੧ : ੩ (464)

ਵੇਗਾਰੀਆ --- ਬਿਨਾ ਮਜ਼ਦੂਰੀ ਦੇ ਕੰਮ ਕਰਨ ਵਾਲਾ
“ਵੇਗਾਰਿ ਫਿਰੈ ਵੇਗਾਰੀਆ ਸਿਰਿ ਭਾਰੁ ਉਠਾਇਆ।”
– ਗਉ ੪, ੪੮, ੧ : ੨ (166)

ਵੇਚਹਿ ----- ਵੇਚਦੇ ਹਨ
“ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ।”
– ਸਾਰ ੪, ਵਾਰ ੨੦ਸ, ੧, ੧ :੧ (1245)

ਵੇਚਣ ------ ਫਰੋਖਤ ਕਰਨ ਲਈ, ਵੇਚਨ ਲਈ
“ਅੰਨ੍ਹੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ।”
– ਸਾਰ ੪, ਵਾਰ ੩੨ਸ, ੩, ੧ : ੩ (1249)

ਵੇਚਾਇਆ --- ਵੇਚਿਆ, ਫਰੋਖਤ ਕੀਤਾ
“ਸਹਜ ਅਨੰਦੁ ਭਇਆ ਮਨਿ ਮੋਰੈ ਗੁਰ ਆਗੈ ਆਪੁ ਵੇਚਾਇਆ।” (ਭਾਵ ਕੁਰਬਾਨ ਕੀਤਾ)
– ਗਉ ੪, ੬੩, ੩ : ੨ (172)

ਵੇਚਾਈ ----- ਵੇਚਾਂ, ਕੁਰਬਾਨ ਹੋਵਾਂ
“ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ।”
– ਸੂਹੀ ੪, ਅਸ ੧, ੧ : ੧ (757)

ਵੇਚਾਰਾ ----- (ਫਾ. ਬੇਚਾਰਾ) ਦੀਨ, ਸਹਾਇਤਾ ਰਹਿਤ, ਗਰੀਬ, ਨਿਤਾਣਾ
“ਆਖਣ ਵਾਲਾ ਕਿਆ ਵੇਚਾਰਾ।”
– ਆਸਾ ੧, ਸੋਦ ੨, ੪ : ੧ (9)
“ਜਿਸ ਕਾ ਕਾਰਜੁ ਤਿਨਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ।”
– ਸੂਹੀ ੫, ਛੰਤ ੧੦, ੩ : ੧ (784)

ਵੇਚਾਰਿਆ --- ਵਿਚਾਰੇ, ਦੀਨ

“ਪਾਵੈ ਤ ਸੋ ਜਨੁ ਦੇਹਿ ਜਿਸਨੋ ਹੋਰ ਕਿਆ ਕਰਹਿ ਵੇਚਾਰਿਆ।”

– ਰਾਮ ੩, ਅਨੰ ੮ : ੨ (918)

ਵੇਚਾਰੀਆ --- ਵਿਚਾਰੀ, ਦੀਨ

“ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ।”

– ਰਾਮ ੩, ਅਨੰ ੬ : ੨ (917)

“ਸਚੁ ਕਹਨਿ ਅਰਦਾਸਿ ਸੇ ਵੇਚਾਰੀਆ।” (ਨਿਮਾਣੀਆਂ, ਨਿਮ੍ਰਤਾ ਵਾਲੀਆਂ)

– ਮਾਝ ੧, ਵਾਰ ੨੨ : ੪ (148)

ਵੇਚਾਰੇ ----- ਵਿਚਾਰੇ, ਦੀਨ

“ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ।”

– ਸਿਰੀ ੩, ੪੮, ੨ : ੨ (32)

ਵੇਚਿ ------ ਵੇਚ ਕੇ, ਫਰੋਖਤ ਕਰਕੇ

“ਚਾਕਰੀ ਵਿਡਾਣੀ ਖਰੀ ਦੁਖਾਲੀ ਆਪੁ ਵੇਚਿ ਧਰਮੁ ਗਵਾਏ।”

– ਗਉ ੩, ਛੰਤ ੫, ੩ : ੪ (246)

ਵੇਚਿਓ ----- ਵੇਚਿਆ ਹੈ

“ਹਰਿ ਹਰਿ ਪ੍ਰਗਟੁ ਕੀਓ ਗੁਰਿ ਪੂਰੈ ਸਿਰੁ ਵੇਚਿਓ ਗੁਰ ਪਹਿ ਮੋਲੀ।”

– ਗਉ ੪, ੧, ੪ : ੧ (169)

ਵੇਚਿਆ ---- ਵੇਚ ਦਿੱਤਾ, ਫਰੋਖਤ ਕੀਤਾ

“ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ।” (ਭਾਵ ਭੇਟਾ ਕਰ ਦਿੱਤਾ)

– ਸਿਰੀ ੧, ੧੭, ੪ : ੧ (20)

ਵੇਚੀ ------ ਵੇਚ ਦੇਵਾਂ

“ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ।”

– ਆਸਾ ੫, ਬਿਰ ੧, ੩ : ੧ (431)

ਵੇਚੀਐ ----- ਵੇਚ ਦੇਈਏ, ਮੁਲ ਦੇ ਦੇਈਏ

“ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ।”

– ਆਸਾ ੧, ਅਸ ੧੭, ੫ : ੧ (420)

“ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ।”(ਮੁਲ ਦੇਈਏ)

– ਮਾਰੂ ੩, ਵਾਰ ੧ਸ, ੧, ੧ : ੧ (1086)

ਵੇਚੇ ------- ਮੁਲ ਦੇਵੇ ਭਾਵ ਭੇਟਾ ਕਰ ਦੇਵੇ

“ਜਿਸੁ ਹਰਿ ਆਪਿ ਕ੍ਰਿਪਾ ਕਰੇ ਸੋ ਵੇਚੇ ਸਿਰੁ ਗੁਰ ਆਗੈ।”

– ਗਉ ੪, ੪੮, ੪ : ੨ (167)

ਵੇਚੋਲੀ ----- ਵਿਚੋਲੇ/ਵਕੀਲ ਨੂੰ

“ਜਨੁ ਨਾਨਕ ਅਨਦਿਨੁ ਹਰਿ ਗੁਣ ਗਾਵੈ ਮਿਲਿ ਸਤਿਗੁਰ ਗੁਰ ਵੇਚੋਲੀ।”

– ਗਉ ੪, ੫੩, ੪ : ੨ (169)

ਵੇਚੋਲੇ ----- ਵਿਚ ਪੈ ਕੇ ਸੰਬੰਧ ਕਰਾਨ ਵਾਲਾ

"ਮੈ ਮੇਲੇ ਮਿਤ੍ਰ ਸਤਿਗੁਰੁ ਵੇਚੋਲੇ ਜੀਉ।"
– ਗਉ ੪, ੬੬, ੨ : ੨ (173)

ਵੇਛੋੜਾ ----- ਵਿਛੋੜਾ, ਵਿਯੋਗ
"ਆਪੇ ਮੇਲਿ ਮਿਲਾਇਦਾ ਫਿਰਿ ਵੇਛੋੜਾ ਨ ਹੋਇ।"
– ਸਿਰੀ ੩, ੬੦, ੪ : ੩ (37)

ਵੇਛੋੜਿ ----- ਵਖ ਕਰ, ਵਿਯੋਗ ਦੇ
"ਜੇ ਤੂ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ।"
– ਮਾਰੂ ੫, ਵਾਰ ੨ਸ, ੫, ੧ : ੧ (1094)

ਵੇਛੋੜਿਆ --- ਵਖ ਕੀਤਿਆਂ
"ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ।"
– ਸਿਰੀ ੫, ੮੩, ੧ : ੨ (46)

ਵੇਜਾਤਿ ----- ਜਿਸ ਦੀ ਕੋਈ ਜਾਤ ਅਥਵਾ ਵਰਣ ਨ ਹੋਵੈ, ਕੁਜਾਤ
"ਬਾਪੁ ਦਿਸੈ ਵੇਜਾਤਿ ਨ ਹੋਇ।"
– ਬਿਲਾ ੧, ੩, ੩ : ੨ (796)

ਵੇਤਗਾ ----- ਜੰਞੂ (ਧਾਗੇ) ਰਹਿਤ
"ਓਹੁ ਮੁਆ ਓਹੁ ਝੜਿ ਪਿਆ ਵੇਤਗਾ ਗਇਆ।"
– ਆਸਾ ੧, ਵਾਰ ੧੫ਸ, ੧, ੧ : ੭ (471)

ਵੇਦ ------- (1) ਹਿੰਦੂ ਧਰਮ ਦੇ ਧਰਮ ਗ੍ਰੰਥ ਜੋ 4 ਹਨ
"ਸੁਣਿਐ ਸਾਸਤ ਸਿਮ੍ਰਿਤ ਵੇਦ।"
– ਜਪੁ ੧, ੯ : ੪ (2)
"ਵਿਸਮਾਦੁ ਨਾਦ ਵਿਸਮਾਦੁ ਵੇਦ।" (ਧਰਮ ਗ੍ਰੰਥ)
– ਆਸਾ ੧, ਵਾਰ ੩ਸ, ੧, ੧ : ੧ (463)

ਵੇਦੰ ------- ਵੇਦ, ਗਿਆਨ
"ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ।"
– ਜਪੁ ੧, ੫ : ੭ (2)

ਵੇਦਣ ------ ਵੇਦਨਾ, ਪੀੜਾ, ਦੁੱਖ
"ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ।"
– ਸਲੋ ਫਰ, ੧੦ : ੨ (1378)

ਵੇਦਨ ------ (ਸੰ.) ਪੀੜ, ਦੁਖ, ਸੰਤਾਪ
"ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ।"
– ਮਾਝ ੪, ੨, ੪ : ੨ (94)
"ਜਿਨ ਮੇਰਾ ਸਾਹਿਬ ਵੀਸਰੈ ਵਡੜੀ ਵੇਦਨ ਤਿਨਾਹ।" (ਮੁਸੀਬਤ, ਦੁਖ)
– ਸੋਰ ੧, ੧, ੧ : ੩ (595)

ਵੇਦਾ ------ ਹਿੰਦੂ ਧਰਮ ਦੇ ਧਰਮ ਗ੍ਰੰਥ (ਜੋ ਚਾਰ ਹਨ) ਵਿਚ
"ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ।"

– ਰਾਮ ੩, ਅਨੰ ੧੯ : ੪ (919)

ਵੇਦਾਵੈ ----- ਨਿਮਾਣਾ
"ਹਉ ਨਿਰਗੁਣ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ।"
– ਮਾਰੂ ੫, ਵਾਰ ੯ : ੮ (1097)

ਵੇਦੰੀ ------ ਵੇਦਾਂ ਵਿਚ
"ਜੂਠਿ ਨ ਰਾਗੰੀ ਜੂਠਿ ਨ ਵੇਦੰੀ।"
– ਸਾਰ ੪, ਵਾਰ ੭ਸ, ੧, ੧ : ੧ (1240)

ਵੇਦੀਨਾ ----- ਅਧਰਮੀ, ਜਿਨ੍ਹਾਂ ਦਾ ਕੋਈ ਧਰਮ ਨਹੀਂ
"ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ।"
– ਸੂਹੀ ੩, ਵਾਰ ੧੪ਸ, ੧, ੧ : ੨ (790)

ਵੇਦੁ ------- (1) ਗਿਆਨ
"ਅਹਰਣਿ ਮਤਿ ਵੇਦੁ ਹਥਿਆਰੁ।"
– ਜਪੁ ੧, ੩੮ : ੨ (8)

(2) ਹਿੰਦੂ ਧਰਮ ਦੇ ਧਰਮ ਗ੍ਰੰਥ
"ਪੰਡਿਤੁ ਵੇਦੁ ਪੁਕਾਰਾ।"
– ਸਿਰੀ ੫, ਅਸ ੨੭, ੪ : ੨ (71)
"ਵੇਦੁ ਪੜਹਿ ਹਰਿ ਰਸੁ ਨਹੀ ਆਇਆ।"
– ਮਾਝ ੩, ਅਸ ੩੧, ੨ : ੧ (128)

ਵੇਧਿਆ ---- ਵਿੰਨਿਆ ਗਿਆ
"ਸਬਦਿ ਰਤੀ ਮਨੁ ਵੇਧਿਆ ਹਉ ਸਦ ਬਲਿਹਾਰੈ ਜਾਉ।"
– ਸਿਰੀ ੧, ਅਸ ੨, ੩ : ੩ (54)

ਵੇਪਰਵਾਹ --- (ਫਾ. ਬੇਪਰਵਾਹ) ਬੇਪਰਵਾਹ, ਬੇਫਿਕਰ, ਜੋ ਕਿਸੇ ਦੀ ਪਰਵਾਹ ਨਹੀ ਕਰਦਾ, ਨਿਡਰ, ਨਿਸੰਗ
"ਓਇ ਵੇਪਰਵਾਹ ਨ ਬੋਲਨੀ ਹਉ ਮਲਿ ਮਲਿ ਧੋਵਾ ਤਿਨ ਪਾਇ।"
– ਸਿਰੀ ੪, ੬੯, ੧ : ੩ (41)
"ਅਠੀ ਵੇਪਰਵਾਹ ਰਹਨਿ ਇਕਤੈ ਰੰਗਿ।" (ਬੇਫਿਕਰ)
– ਮਾਝ ੧, ਵਾਰ ੧੭ਸ, ੨, ੨ : ੨ (146)
"ਵੇਪਰਵਾਹ ਅਖੁਟ ਭੰਡਾਰੈ।"
– ਮਾਰੂ ੧, ਸੋਲਾ ੧੩, ੧੪ : ੨ (1034)

ਵੇਪਰਵਾਹਾ --- ਬੇਪਰਵਾਹ, ਬੇਫਿਕਰ
"ਮੀਤੁ ਹਮਾਰਾ ਵੇਪਰਵਾਹਾ।"
– ਗਉ ੫, ੧੦੯, ੨ : ੧ (187)

ਵੇਪਰਵਾਹੁ --- ਬੇਫਿਕਰ, ਬੇਪਰਵਾਹ, ਬੇਮੁਹਤਾਜ
"ਨਾਨਕ ਵਿਗਸੈ ਬੇਪਰਵਾਹੁ।"
– ਜਪੁ ੧, ੨ : ੧੪ (2)
"ਵੇਪਰਵਾਹੁ ਅਨੰਦ ਮੈ ਨਾਉ ਮਾਣਕ ਹੀਰਾ।" (ਬੇਮੁਹਤਾਜ)

– ਆਸਾ ੫, ੧੧੭, ੨ : ੧ (400)

ਵੇਪਰਵਾਹੇ --- ਜੋ ਬੇਪਰਵਾਹ ਹੈ, ਬੇਮੁਹਤਾਜ ਹੈ
“ਸਾਚੇ ਠਾਕੁਰ ਵੇਪਰਵਾਹੇ।”
– ਮਾਝ ੩, ਅਸ ੨੨, ੮ : ੨ (122)
“ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ।”
– ਗਉ ੧, ਛੰਤ ੨, ੧ : ੨ (243)

ਵੇਪਰਵਾਹੈ --- ਬੇਫਿਕਰ, ਬੇਮੁਹਤਾਜ
“ਸਰ ਭਰ ਸੋਖੈ ਭੀ ਭਰਿ ਪੋਖੈ ਸਮਰਥ ਵੇਪਰਵਾਹੈ।”
– ਰਾਮ ੧, ਓਅੰ ੪੧ : ੩ (935)

ਵੇਪਾੜਾ ----- ਉਲਟੇ ਰਾਹ
“ਓਝੜ ਮਾਰਗੁ ਸਭੁ ਤੁਮ ਹੀ ਕੀਨਾ ਚਲੈ ਨਾਹੀ ਕੋ ਵੇਪਾੜਾ।”
– ਮਾਰੂ ੫, ਸੋਲਾ ੧੦, ੪ : ੩ (1081)

ਵੇਪੀਰ ----- ਨਿਗੁਰੇ
“ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ।”
– ਸੋਰ ੧, ੧, ੪ : ੩ (595)

ਵੇਬਾਣੀ ----- ਕਥਨ ਤੋਂ ਬਾਹਰ
“ਆਪੇ ਵੇਬਾਣੀ ਨਿਰੰਕਾਰੀ ਨਿਰਭਉ ਤਾੜੀ ਲਾਈ ਹੇ।”
– ਮਾਰੂ ੧, ਸੋਲਾ ੧, ੧੨ : ੩ (1021)

ਵੇਮਾਰਗਿ --- ਕੁਰਾਹ, ਕੁਮਾਰਗ
“ਵੇਮਾਰਗਿ ਮੂਸੈ ਮੰਤ੍ਰਿ ਮਸਾਣਿ।”
– ਰਾਮ ੧, ਸਿਗੋ ੨੬ : ੪ (941)

ਵੇਮੁਹਤਾਜਾ -- (ਫਾ. ਬੇਮੁਹਤਾਜ) ਜਿਸ ਨੂੰ ਕਿਸੇ ਦੀ ਮੁਹਤਾਜੀ ਨਹੀਂ, ਜਿਸਨੂੰ ਕੋਈ ਥੁੜ ਨਹੀਂ
“ਵੇਮੁਹਤਾਜਾ ਵੇਪਰਵਾਹੁ।”
– ਆਸਾ ੫, ੨੧, ੪ : ੧ (376)

ਵੇਮੁਹਤਾਜੁ --- ਜਿਸ ਨੂੰ ਕਿਸੇ ਦੀ ਮੁਹਤਾਜੀ ਨਹੀਂ, ਜਿਸ ਨੂੰ ਕੋਈ ਥੁੜ ਨਹੀਂ, ਵੇਖੋ ‘ਵੇਮੁਹਤਾਜਾ’
“ਵੇਮੁਹਤਾਜੁ ਪੂਰਾ ਪਾਤਿਸਾਹੁ।”
– ਰਾਮ ੫, ੩੨, ੪ : ੨ (893)

ਵੇਮੁਖ ------ ਜਿਸ ਦਾ ਮੂੰਹ ਦੂਜੇ ਪਾਸੇ ਹੈ ਭਾਵ ਅਨੁਸਾਰੀ ਨਹੀਂ, ਵਿਰੋਧੀ
“ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।”(ਭਾਵ ‘ਮੁਨਕਰ ਹੋਇਆ’)
– ਮਾਝ ੫, ਬਾਰਾ ੯ : ੩ (135)
“ਭਗਤਜਨਾ ਕਉ ਸਨਮੁਖ ਹੋਵੈ ਸੁ ਹਰਿ ਰਾਸਿ ਲਏ ਵੇਮੁਖ ਭਸੁ ਪਾਹੁ।”
– ਬਿਲਾ ੪, ਵਾਰ ੭ : ੩ (852)

ਵੇਮੁਖਾ ----- ਵਿਰੋਧੀਆਂ, ਜੋ ਅਨੁਸਾਰੀ ਨਹੀਂ, ਜਿਨ੍ਹਾਂ ਦਾ ਮੁਖ ਦੂਜੇ ਪਾਸੇ ਹੈ
“ਪਰਾਈ ਜੋ ਨਿੰਦਾ ਚੁਗਲੀ ਨੋ ਵੇਮੁਖੁ ਕਰਿ ਕੈ ਭੇਜਿਆ ਓਥੈ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ।”

– ਗਉ ੪, ਵਾਰ ੧੨ਸ, ੪, ੧ : ੩ (306)

ਵੇਮੁਖਿ ----- ਵੇਮੁਖ ਨੇ, ਜਿਸਦਾ ਮੂੰਹ ਦੂਜੇ ਵਾਸੇ ਵਲ ਹੈ ਉਸਨੇ; ਵਿਰੋਧੀ ਨੇ
“ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।”
– ਗਉ ੪, ਵਾਰ ੧੨ਸ, ੪, ੧ : ੧ (306)

ਵੇਮੁਖੀਆ --- ਬਾਗੀ, ਜੋ ਗੁਰੂ ਦੇ ਸਨਮੁਖ ਨਹੀਂ ਅਰਥਾਤ ਉਸਦਾ ਕਹਿਆ ਨਹੀਂ ਮੰਨਦਾ
“ਕਉਣੁ ਸੁ ਸਨਮੁਖ ਕਉਣੁ ਵੇਮੁਖੀਆ।”
– ਮਾਝ ੫, ਅਸ ੩੬, ੩ : ੨ (131)

ਵੇਮੁਖੁ ------ ਗੁਰੂ ਤੋਂ ਮੁੰਨਕਰ
“ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ।”
– ਰਾਮ ੩, ਅਨੰ ੨੨ : ੧ (920)

ਵੇਮੁਖੈ ------ ਬੇਮੁਖ, ਗੁਰੂ ਤੋਂ ਮੁੰਨਕਰ,ਗੁਰੂ ਤੋਂ ਵਿਰੋਧੀ ਦਿਸ਼ਾ ਵਿਚ ਵਿਚਰਨ ਵਾਲਾ
“ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।”
– ਗਉ ੪, ਵਾਰ ੧੨ਸ, ੪, ੧ : ੧ (306)

ਵੇਰ ------- ਵਾਰੀ
“ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ।”
– ਸਿਰੀ ੧, ੮, ੧* : ੨ (17)

ਵੇਰਾ ------ (1) ਸਮਾਂ, ਵੇਲਾ
“ਮਾਣਸ ਜਨਮਿ ਹਰਿ ਪਾਈਐ ਹਰਿ ਰਾਵਣ ਵੇਰਾ ਰਾਮ।”
– ਬਿਲਾ ੪, ਛੰਤ ੧, ੩ : ੧ (844)
(2) ਵਾਰੀ
“ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ।”
– ਬਸੰ ੧, ਅਸ ੮, ੨ : ੨ (1190)

ਵੇਰਾਈਅਨਿ -- ਵਰਾਏ ਜਾਣ, ਪਰਚਾਏ ਜਾਣ
“ਜਿਨ ਅੰਦਰਿ ਪ੍ਰੀਤਿ ਨਹੀ ਹਰਿ ਕੇਰੀ ਸੇ ਕਿਚਰਕ ਵੇਰਾਈਅਨਿ ਮਨਮੁਖ ਬੇਤਾਲੇ।”
– ਗਉ ੪, ਵਾਰ ੧੦ਸ, ੪, ੧ : ੫ (305)

ਵੇਰਾਸਿ ----- ਵਿਗਾੜ ਵਾਲੀ, ਖਰਾਬ
“ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ।”
– ਆਸਾ ੧, ਵਾਰ ੨੨ਸ, ੨, ੫ : ੨ (474)

ਵੇਰਾਵੇਰ ---- ਫਿਰ ਫਿਰ, ਨਿਤ
“ਨਾਨਕ ਆਖਣੁ ਵੇਰਾਵੇਰ।”
– ਆਸਾ ੧, ੬, ੪ : ੩ (350)

ਵੇਰੋਧ ------ ਵਿ+ਰੋਧ, ਰੋਕਨ ਤੋਂ ਰਹਿਤ, ਅਮੋੜ
“ਵਿਣੁ ਨਾਵੈ ਵੇਰੋਧੁ ਸਰੀਰ।”
– ਰਾਮ ੧, ਓਅੰ ੧੯ : ੧ (631)

ਵੇਲ ------- (1) ਸਮਾਂ, ਵੇਲਾ

"ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।"

– ਜਪੁ ੧, ੨੧ : ੧੧ (4)

(2) ਪੀੜ੍ਹੀ, ਵੰਸ

"ਹਰਿ ਰਾਮ ਰਾਮ ਮੇਰੇ ਬਾਬੋਲਾ ਪਿਰ ਮਿਲਿ ਧਨ ਵੇਲ ਵਧੰਦੀ।"

– ਸਿਰੀ ੪, ਛੰਤ ੧, ੫ : ੧ (79)

ਵੇਲੜੀ ----- ਸਮਾਂ, ਘੜੀ

"ਨਾਨਕ ਸਾ ਵੇਲੜੀ ਪਰਵਾਣੁ ਜਿਤੁ ਮਿਲੰਦੜੋ ਮਾ ਪਿਰੀ।"

– ਜੈਤ ੫, ਵਾਰ ੧੫ਸ, ੫, ੨ : ੨ (709)

ਵੇਲਾ ------ ਸਮਾਂ

"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ।"

– ਜਪੁ ੧, ੪ : ੫ (2)

"ਅਨਦਿਨੁ ਬਧੇ ਮਾਰੀਅਨਿ ਫਿਰਿ ਵੇਲਾ ਨਾ ਲਹੰਨਿ।" (ਸਮਾਂ ਭਾਵ ਮੌਕਾ, ਅਵਸਰ)

– ਗਉ ੩, ਅਸ ੬, ੧ : ੨ (233)

"ਵੇਲਾ ਸਚੁ ਪਰਵਾਣੁ ਸਬਦੁ ਪਛਾਣਸੀ।" (ਭਾਵ ਜੀਵਨ)

– ਆਸਾ ੧, ਅਸ ੨੧, ੪ : ੨ (422)

ਵੇਲਿ ------ (1) ਬੇਲ, ਲਤਾ

"ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ।" (ਇਸਤ੍ਰੀ ਰੂਪ ਵੇਲ)

– ਗਉ ੧, ੧੩, ੨ : ੩ (155)

(2) ਪੀੜ੍ਹੀ, ਵੰਸ਼

"ਵਧੀ ਵੇਲਿ ਬਹੁ ਪੀੜੀ ਚਾਲੀ।"

– ਆਸਾ ੫, ੧੦੧, ੩ : ੧ (396)

(3) ਵੇਲ ਕੇ, ਵੇਲਣੇ ਵਿਚੋਂ ਲੰਘਾ ਕੇ

"ਵੇਲਿ ਪਿੰਵਾਇਆ ਕਤਿ ਵੁਣਾਇਆ।"

– ਰਾਮ ੩, ਵਾਰ ੧੯ਸ, ੧, ੧ : ੧ (955)

ਵੇਲੈ ------- ਸਮੇਂ, ਵੇਲੇ

"ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ।"

– ਮਾਝ ੫, ਬਾਰਾ ੭ : ੩ (134)

ਵੇੜਿਆ ---- ਲਪੇਟਿਆ ਹੋਇਆ, ਘਿਰਿਆ ਹੋਇਆ

"ਮਨੁ ਵੇਕਾਰੀ ਵੇੜਿਆ ਵੇਕਾਰਾ ਕਰਮ ਕਮਾਇ।"

– ਸਿਰੀ ੪, ਵਾਰ ੧੩ਸ, ੩, ੨ : ੧ (88)

ਵੇੜੀ ------ ਘੇਰਿਆ ਹੋਇਆ ਹੈ

"ਚੰਦਨ ਵਾਸੁ ਭਇਅੰਗਮ ਵੇੜੀ ਕਿਵ ਮਿਲੀਐ ਚੰਦਨੁ ਲੀਜੈ।"

– ਕਲਿ ੪, ਅਸ ੨, ੩ : ੧ (1324)

ਵੈੜੁ ------- ਘੇਰਾ, ਵਲਾਵਾ

“ਪਾਇਆ ਵੇੜੁ ਮਾਇਆ ਸਰਬ ਭੁਇਅੰਗਾ।”
– ਬਿਲਾ ੫, ੧, ੩ : ੧ (801)

ਵੇੜ੍ਹੀ ------ ਘੇਰੀ ਹੋਈ
“ਹਰਿ ਹਰਿ ਵਸਤੁ ਮਾਇਆ ਗੜ੍ਹਿ ਵੇੜ੍ਹੀ ਗੁਰ ਕੈ ਸਬਦਿ ਲੀਓ ਗੜੁ ਜੀਤਿ।”
– ਕਾਨ ੪, ੫, ੧* : ੨ (1295)

ਵੈ --------- (ਫ਼ਾ. ਵੈ) ਉਸ/ਉਨ੍ਹਾਂ ਨੇ, ਉਹ
“ਪ੍ਰਥਮ ਰਾਗ ਭੈਰਉ ਵੈ ਕਰੀ।”
– ਰਾਗ ੧ : ੩ (1429)
“ਵੈ ਸੁਤ ਵੈ ਬਿਤ ਵੈ ਪੁਰ ਪਾਟਨ ਬਹੁਰਿ ਨ ਦੇਖੈ ਆਇ।”
– ਕੇਦਾ ਕਬ, ੬, ੨ : ੧ (1124)

ਵੈਸ ------- ਵੈਸ਼, ਇਕ ਵਰਣ, ਤੀਜਾ ਵਰਣ, ਹਲ ਵਾਹੁਣ ਵਾਲਾ ਤੇ ਵਾਪਾਰ ਕਰਨ ਵਾਲਾ
“ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ।”
– ਸੂਹੀ ੫, ੫੦, ੪ : ੧ (747)

ਵੈਸੰਤਰ ---- ਅਗਨੀ
“ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕਾਨ ਮਹੇਸ।”
– ਜਪੁ ੧, ੩੫ : ੩ (7)

ਵੈਸਾਖ ----- ਬਿਕਰਮੀ ਸੰਮਤ ਦਾ ਦੂਜਾ ਮਹੀਨਾ
“ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ।”
– ਰਾਮ ੫, ਰੁਤੀ ੨ : ੧ (927)

ਵੈਸਾਖਿ ----- ਬਿਕਰਮੀ ਸੰਤਮ ਦੇ ਦੂਜੇ ਮਹੀਨੇ ਵਿਚ
“ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ।”
– ਮਾਝ ੫, ਬਾਰਾ ੩ : ੧ (133)

ਵੈਸਾਖੀਂ ---- (1) ਵੈਸਾਖ ਦੇ ਮਹੀਨੇ ਵਿਚ
“ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ।”
– ਤੁਖਾ ੧, ਬਾਰਾ ੬ : ੬ (1108)

ਵੈਸਾਖੁ ----- ਬਿਕਰਮੀ ਸੰਮਤ ਦਾ ਦੂਜਾ ਮਹੀਨਾ
“ਵੈਸਾਖੁ ਭਲਾ ਸਾਖਾ ਵੇਸ ਕਰੇ।”
– ਤੁਖਾ ੧, ਬਾਰਾ ੬ : ੧ (1108)

ਵੈਸੀ ------ (1) ਜਾਵੇ ਗਾ
“ਮਾਲੁ ਜੋਬਨੁ ਛੋਡਿ ਵੈਸੀ ਰਹਿਓ ਪੈਨਣੁ ਖਾਇਆ।”
– ਆਸਾ ੫, ਛੰਤ ੧੧, ੧ : ੫ (460)
(2) ਉਸ ਤਰ੍ਹਾਂ ਦੀ
“ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ।”
– ਮਲਾ ਰਵਿ, ੨, ੨ : ੨ (1293)

ਵੈਸੁ ------- ਤੀਜਾ ਵਰਣ, ਵੇਖੋ ‘ਵੇਸ’

“ਸੂਦੁ ਵੈਸੁ ਪਰ ਕਿਰਤਿ ਕਮਾਵੈ।”
– ਗਉ ੪, ੩੯, ੩ : ੨ (164)

ਵੈਣ ------- ਬਚਨ, ਬਾਣੀ
“ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ।”
– ਸਿਰੀ ੧, ਪਹ ੨, ੪ : ੨ (76)
“ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ।”
– ਮਾਝ ੫, ਦਿਨ ੧ : ੨ (136)

ਵੈਣਿ ------ ਬੋਲ/ਬਾਣੀ/ਬਚਨ ਵਿਚ/ ਨਾਲ
“ਗੰਧਣ ਵੈਣਿ ਰਤਾ ਹਿਤਕਾਰੀ ਸਬਦੈ ਸੁਰਤਿ ਨ ਆਈ।”
– ਸੋਰ ੧, ੩, ੨ : ੩ (596)
ਵੈਣੀ – ਬਚਨਾਂ ਦੁਆਰਾ
“ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ।”
– ਮਾਝ ੩, ਅਸ ੧੬, ੨ : ੧ (118)

ਵੈਣੁ ------- ਬਚਨ, ਗਲ
“ਹਰਣਾਖੀ ਕੂ ਸਚੁ ਵੈਣੁ ਸੁਣਾਈ ਜੋ ਤਉ ਕਰੇ ਉਧਾਰਣੁ।”
– ਰਾਮ ੫, ਵਾਰ ੬ਸ, ੫, ੧ : ੧ (959)

ਵੈਦ ------- ਹਕੀਮ, ਡਾਕਟਰ, ਰੋਗ ਦਾ ਇਲਾਜ ਕਰਨ ਵਾਲਾ
“ਏਹਿ ਵੈਦ ਜੀਅ ਕਾ ਦੁਖੁ ਲਾਇਣ।”
– ਰਾਮ ੫, ਵਾਰ ੧੧ਸ, ੫, ੧ : ੨ (962)

ਵੈਦਗੀ ----- ਵੈਦ ਦੀ ਕ੍ਰਿਆ, ਡਾਕਟਰੀ
“ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।”
– ਮਲਾ ੧, ਵਾਰ ੩ਸ, ੧, ੧ : ੧ (1279)

ਵੈਦਾ ------ ਹੇ ਵੈਦ !
“ਵੈਦਾ ਵੇਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ।”
– ਮਲਾ ੧, ਵਾਰ ੩ਸ, ੨, ੨ : ੧ (1279)

ਵੈਦਿਓ ----- ਜਾਣ ਵਾਲੇ
“ਸਚੁ ਜਾਣੈ ਕਚੁ ਵੈਦਿਓ ਤੂ ਆਘੂ ਆਘੇ ਸਲਵੇ।”
– ਮਾਰੂ ੫, ਵਾਰ ੫ਸ, ੫, ੨ : ੧ (1095)

ਵੈਦਿਆ ---- ਹੇ ਜਾਣ ਵਾਲੇ !
“ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ।”
– ਮਾਰੂ ੫, ਵਾਰ ੫ਸ, ੫, ੧ : ੧ (1095)

ਵੈਦੁ ------- ਵੈਦ, ਡਾਕਟਰ
“ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ।”
– ਮਾਝ ੧, ਵਾਰ ੨੨ਸ, ੨, ੨ : ੨ (148)

ਵੈਦੋ ------- ਵੈਦ

“ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ।”
- ਮਾਰੂ ੫, ੩੨, ੧ : ੧ (1008)

ਵੈਰ ------- ਦੁਸ਼ਮਨੀ, ਵਿਰੋਧ, ਦੋਖ
“ਵੈਰ ਵਿਰੋਧ ਮਿਟੇ ਤਿਨ ਮਨ ਤੇ।”
- ਗਉ ੫, ਬਾਅ ੪੬ : ੫ (259)
“ਗੁਰਮੁਖਿ ਵੈਰ ਵਿਰੋਧ ਗਵਾਵੈ।”
- ਰਾਮ ੧, ਸਿਗੋ ੩੭ : ੩ (942)

ਵੈਰਣਹ ----- ਵੈਰ, ਦੁਸ਼ਮਨੀ
“ਸਿਆਮਲੰ ਮਧੁਰ ਮਨੁਖ੍ੰ ਰਿਦਯੰ ਭੂਮਿ ਵੈਰਣਹ।”
- ਸਸ ੫, ੬੦ : ੧ (1359)

ਵੈਰਾਈ ----- ਦੁਸ਼ਮਣ, ਵੈਰੀ
“ਐ ਜੀ ਕਾਲੁ ਸਦਾ ਸਿਰ ਊਪਰਿ ਠਾਢੇ ਜਨਮਿ ਜਨਮਿ ਵੈਰਾਈ।”
- ਗੂਜ ੧, ਅਸ ੩, ੩ : ੧ (504)

ਵੈਰਿ ------ ਦੁਸ਼ਮਨੀ ਵਿਚ
“ਕਾਹੇ ਜਨਮੁ ਗਵਾਵਹੁ ਵੈਰਿ ਵਾਦਿ।”
- ਬਸੰ ੩, ੧੩, ੨ : ੨ (1176)

ਵੈਰੀ ------ ਦੁਸ਼ਮਣ
“ਜਿਸੁ ਪਰਸਾਦਿ ਵੈਰੀ ਸਭ ਮੀਤਾ।”
- ਗਉ ੫, ਅਸ ੯, ੫ : ੨ (239)

ਵੈਰੁ ------- ਦੁਸ਼ਮਣੀ
“ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ।”
- ਸਿਰੀ ੧, ੧੪, ੩ : ੧ (19)

ੜ

ੜੜਕਿ ----- ਦੁਖੀ ਹੋ ਕੇ
“ੜੜਕਿ ਮੁਏ ਜਿਉ ਤ੍ਰਿਖਾਵੰਤ ਨਾਨਕ ਕਿਰਤਿ ਕਮਾਨ।”
- ਗਉ ੫, ਬਾਅ ੪੭ਸ : ੨ (260)

ੜਾੜਾ ------ ਗੁਰਮੁਖੀ ਵਰਣਮਾਲਾ ਦਾ 35ਵਾਂ ਅਖਰ, ‘ੜ’
“ੜਾੜਾ ੜਾੜਿ ਮਿਟੈ ਸੰਗਿ ਸਾਧੂ।”
- ਗਉ ੫, ਬਾਅ ੪੭ : ੧ (260)

ੜਾੜਿ ------ ਝਗੜਾ, ਵਿਵਾਦ
“ੜਾੜਿ ਕਰਤ ਸਾਕਤ ਗਾਵਾਰਾ।”
- ਗਉ ੫, ਬਾਅ ੪੭ : ੫ (260)

ੜਾੜੈ ------ ‘ੜ’ ਅਖਰ ਦੁਆਰਾ ਉਪਦੇਸ਼ ਹੈ
“ੜਾੜੈ ਰਾੜਿ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ।”

– ਆਸਾ ੧, ਪਟੀ ੩੩ : ੧ (434)